ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ

# ਨਿਹਕਲੰਕ ਹਰਿਸ਼ਬਦ ਭੰਡਾਰ



## ਬਾਈਵਾਂ ਭਾਗ









# ✪ ਤਤਕਰਾ ✪


| ਮਿਤੀ-ਸੰਮਤ | ਨਾਮ | ਸਥਾਨ | | ਪੰਨਾ ਨੰ: |
|---|---|---|---|---|
| ੧੭ ਭਾਦਰੋਂ ਸ਼ ਸੰ ੫ | ਕਰਨੈਲ ਸਿੰਘ ਦੇ ਗ੍ਰਿਹਿ | ਕਾਦਰਾਬਾਦ | ਗੁਰਦਾਸਪੁਰ | ੦੧ |
| ੧੭ ਭਾਦਰੋਂ ਸ਼ ਸੰ ੫ | ਸੰਪੂਰਨ ਕੌਰ ਦੇ ਗ੍ਰਿਹਿ | ਕਾਦਰਾਬਾਦ | ਗੁਰਦਾਸਪੁਰ | ੦੨ |
| ੧੭ ਭਾਦਰੋਂ ਸ਼ ਸੰ ੫ | ਸਵਰਨ ਸਿੰਘ ਦੇ ਗ੍ਰਿਹਿ | ਕਾਦਰਾਬਾਦ | ਗੁਰਦਾਸਪੁਰ | ੦੩ |
| ੧੭ ਭਾਦਰੋਂ ਸ਼ ਸੰ ੫ | ਬੂੜ ਸਿੰਘ ਦੇ ਗ੍ਰਿਹਿ | ਕਾਦਰਾਬਾਦ | ਗੁਰਦਾਸਪੁਰ | ੦੪ |
| ੧੭ ਭਾਦਰੋਂ ਸ਼ ਸੰ ੫ | ਮੱਸਾ ਸਿੰਘ ਦੇ ਗ੍ਰਿਹਿ | ਬਲ | ਗੁਰਦਾਸਪੁਰ | ੦੫ |
| ੧੮ ਭਾਦਰੋਂ ਸ਼ ਸੰ ੫ | ਅਮਰਾਉ ਸਿੰਘ ਦੇ ਗ੍ਰਿਹਿ | ਬਲ | ਗੁਰਦਾਸਪੁਰ | ੦੮ |
| ੨੧ ਭਾਦਰੋਂ ਸ਼ ਸੰ ੫ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੦੯ |
| ਪਹਿਲੀ ਅੱਸੂ ਸ਼ ਸੰ ੫ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੦ |
| | ਅਜੀਤ ਸਿੰਘ ਦੇ ਬੇਨੰਤੀ ਕਰਨ ਤੇ ਸ਼ਬਦ ਉਚਾਰਿਆ | | | ੧੩ |
| ੮ ਅੱਸੂ ਸ਼ ਸੰ ੫ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੬ |
| ੯ ਅੱਸੂ ਸ਼ ਸੰ ੫ | ਸਵੇਰੇ ਸਾਢੇ ਅੱਠ ਵਜੇ | ਜੇਠੂਵਾਲ | ਅੰਮ੍ਰਿਤਸਰ | ੨੧ |
| ੧੨ ਅੱਸੂ ਸ਼ ਸੰ ੫ | ਠੇਕੇਦਾਰ ਠਾਕਰ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੨੪ |
| ੧੩ ਅੱਸੂ ਸ਼ ਸੰ ੫ | ਸੰਗਤ ਦੇ ਨਵਿਤ | ਗੁਰਦਾਸਪੁਰ | | ੨੫ |
| ੧੩ ਅੱਸੂ ਸ਼ ਸੰ ੫ | ਤੇਜ ਭਾਨ ਦੇ ਘਰ | ਸਈ ਕੈਂਪ | ਜੰਮੂ | ੨੬ |
| ੧੪ ਅੱਸੂ ਸ਼ ਸੰ ੫ | ਚੇਲਾ ਸਿੰਘ ਦੇ ਘਰ | ਸਈ ਕੈਂਪ | ਜੰਮੂ | ੨੯ |
| ੧੪ ਅੱਸੂ ਸ਼ ਸੰ ੫ | ਨੰਦੂ ਸ਼ਾਹ ਦੇ ਗ੍ਰਿਹਿ | ਸਈ ਕੈਂਪ | ਜੰਮੂ | ੩੧ |
| ੧੪ ਅੱਸੂ ਸ਼ ਸੰ ੫ | ਗੁੜਾ ਰਾਮ ਦੇ ਗ੍ਰਿਹਿ | ਸਈ ਕੈਂਪ | ਜੰਮੂ | ੩੨ |
| ੧੪ ਅੱਸੂ ਸ਼ ਸੰ ੫ | ਸ਼ਿਵ ਸਿੰਘ ਦੇ ਗ੍ਰਿਹਿ | ਸਈ ਕੈਂਪ | ਜੰਮੂ | ੩੩ |
| ੧੪ ਅੱਸੂ ਸ਼ ਸੰ ੫ | ਕਿਰਪਾਲ ਸਿੰਘ ਦੇ ਗ੍ਰਿਹਿ | ਸਈ ਕੈਂਪ | ਜੰਮੂ | ੩੪ |
| ੧੪ ਅੱਸੂ ਸ਼ ਸੰ ੫ | ਬੀਬੀ ਵੀਰੋ ਦੇ ਗ੍ਰਿਹਿ | ਸਈ ਕੈਂਪ | ਜੰਮੂ | ੩੪ |




1 ੨੨

| | | | |
|---|---|---|---|
| ੧੪ ਅੱਸੂ ਸ਼ ਸੰ ੫ ਪਰਕਾਸ਼ ਸਿੰਘ ਦੇ ਗ੍ਰਹਿ | ਸਈ ਕੈਂਪ | ਜੰਮੂ | ੩੫ |
| ੧੪ ਅੱਸੂ ਸ਼ ਸੰ ੫ ਬੀਬੀ ਇੰਦਰੋ ਦੇ ਗ੍ਰਹਿ | ਸਈ ਕੈਂਪ | ਜੰਮੂ | ੩੫ |
| ੧੪ ਅੱਸੂ ਸ਼ ਸੰ ੫ ਲਛਮਣ ਸਿੰਘ, ਕੁਲਵੰਤ ਸਿੰਘ, ਖੇਮ ਕੌਰ ਦੇ ਗ੍ਰਹਿ | ਸਈ ਕੈਂਪ | ਜੰਮੂ | ੩੬ |
| ੧੫ ਅੱਸੂ ਸ਼ ਸੰ ੫ ਵਕੀਲ ਸਿੰਘ ਅੰਗਰੇਜ਼ ਸਿੰਘ | ਸੇਈ ਕਲਾਂ | ਜੰਮੂ | ੩੮ |
| ੧੫ ਅੱਸੂ ਸ਼ ਸੰ ੫ ਦੌਲਤ ਰਾਮ ਦੇ ਗ੍ਰਹਿ | ਕੋਟਲੀ | ਜੰਮੂ | ੩੯ |
| ੧੫ ਅੱਸੂ ਸ਼ ਸੰ ੫ ਪਰਕਾਸ਼ ਚੰਦ ਦੇ ਗ੍ਰਹਿ | ਮਘੋ ਵਾਲੀ | ਜੰਮੂ | ੪੧ |
| ੧੫ ਅੱਸੂ ਸ਼ ਸੰ ੫ ਹੰਸਰਾਜ ਦੇ ਗ੍ਰਹਿ | ਮਘੋ ਵਾਲੀ | ਜੰਮੂ | ੪੨ |
| ੧੫ ਅੱਸੂ ਸ਼ ਸੰ ੫ ਦੇਵੀ ਸਿੰਘ ਦੇ ਗ੍ਰਹਿ | ਮਘੋ ਵਾਲੀ | ਜੰਮੂ | ੪੩ |
| ੧੫ ਅੱਸੂ ਸ਼ ਸੰ ੫ ਲਕਸ਼ਮੀ ਦੇ ਗ੍ਰਹਿ | ਸੀੜ | ਜੰਮੂ | ੪੪ |
| ੧੫ ਅੱਸੂ ਸ਼ ਸੰ ੫ ਗੁਰਨਾਮ ਸਿੰਘ ਦੇ ਗ੍ਰਹਿ | ਸੀੜ | ਜੰਮੂ | ੪੫ |
| ੧੫ ਅੱਸੂ ਸ਼ ਸੰ ੫ ਕੇਸਰੀ ਦੇਵੀ ਦੇ ਗ੍ਰਹਿ | ਰਾਣੀ ਬਾਗ | ਜੰਮੂ | ੪੬ |
| ੧੫ ਅੱਸੂ ਸ਼ ਸੰ ੫ ਚੇਲਾ ਸਿੰਘ ਦੇ ਗ੍ਰਹਿ | ਜੰਮੂ | ਜੰਮੂ | ੪੭ |
| ੧੬ ਅੱਸੂ ਸ਼ ਸੰ ੫ ਪਰਕਾਸ਼ ਚੰਦ ਦੇ ਗ੍ਰਹਿ | ਜੰਮੂ | ਜੰਮੂ | ੫੦ |
| ੧੯ ਅੱਸੂ ਸ਼ ਸੰ ੫ ਤੇਜਾ ਸਿੰਘ ਦੇ ਗ੍ਰਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੫੧ |
| ੨੦ ਅੱਸੂ ਸ਼ ਸੰ ੫ ਦਲੀਪ ਸਿੰਘ ਦੇ ਗ੍ਰਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੫੩ |
| ੨੦ ਅੱਸੂ ਸ਼ ਸੰ ੫ ਸਵਰਨ ਸਿੰਘ ਦੇ ਗ੍ਰਹਿ | ਜਡਿਆਲਾ ਗੁਰੂ | ਅੰਮ੍ਰਿਤਸਰ | ੫੬ |
| ੨੦ ਅੱਸੂ ਸ਼ ਸੰ ੫ ਸੁਰੈਣ ਸਿੰਘ ਦੇ ਗ੍ਰਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੫੮ |
| ੨੦ ਅੱਸੂ ਸ਼ ਸੰ ੫ ਦੀਦਾਰ ਸਿੰਘ ਦੇ ਗ੍ਰਹਿ | ਸ਼ਫ਼ੀਪੁਰ | ਅੰਮ੍ਰਿਤਸਰ | ੫੯ |
| ੨੦ ਅੱਸੂ ਸ਼ ਸੰ ੫ ਸੋਹਣ ਸਿੰਘ ਦੇ ਗ੍ਰਹਿ | ਤਰਨਤਾਰਨ | ਅੰਮ੍ਰਿਤਸਰ | ੬੦ |
| ੨੧ ਅੱਸੂ ਸ਼ ਸੰ ੫ ਹਰਨਾਮ ਸਿੰਘ ਦੇ ਗ੍ਰਹਿ | ਪੰਡੋਰੀ | ਅੰਮ੍ਰਿਤਸਰ | ੬੩ |
| ੨੨ ਅੱਸੂ ਸ਼ ਸੰ ੫ ਮੱਖਣ ਸਿੰਘ ਦੇ ਗ੍ਰਹਿ | ਨੌਰੰਗਾਬਾਦ | ਅੰਮ੍ਰਿਤਸਰ | ੬੬ |


2
੨੨

| | | | | | | | |
|---|---|---|---|---|---|---|---|
| ੨੨ | ਅੱਸੂ | ਸ਼ | ਸੰ ੫ | ਕਰਨੈਲ ਸਿੰਘ ਦੇ ਗ੍ਰਿਹਿ | ਨੌਰੰਗਾਬਾਦ | ਅੰਮ੍ਰਿਤਸਰ | ੭੦ |
| ੨੨ | ਅੱਸੂ | ਸ਼ | ਸੰ ੫ | ਮੱਸਾ ਸਿੰਘ ਦੇ ਗ੍ਰਿਹਿ | ਨੌਰੰਗਾਬਾਦ | ਅੰਮ੍ਰਿਤਸਰ | ੭੨ |
| ੨੩ | ਅੱਸੂ | ਸ਼ | ਸੰ ੫ | ਦਾਰਾ ਸਿੰਘ ਦੇ ਗ੍ਰਿਹਿ | ਨੌਰੰਗਾਬਾਦ | ਅੰਮ੍ਰਿਤਸਰ | ੭੪ |
| ੨੩ | ਅੱਸੂ | ਸ਼ | ਸੰ ੫ | ਗਿਆਨੀ ਕੁੰਦਨ ਸਿੰਘ ਦੇ ਗ੍ਰਿਹਿ | ਮਾਲਚੱਕ | ਅੰਮ੍ਰਿਤਸਰ | ੭੫ |
| ੨੩ | ਅੱਸੂ | ਸ਼ | ਸੰ ੫ | ਗੁਰਨਾਮ ਸਿੰਘ ਦੇ ਗ੍ਰਿਹਿ | ਕੰਗ | ਅੰਮ੍ਰਿਤਸਰ | ੭੯ |
| ੨੩ | ਅੱਸੂ | ਸ਼ | ਸੰ ੫ | ਭਾਈ ਨਰੈਣ ਸਿੰਘ ਦੇ ਗ੍ਰਿਹਿ | ਕੰਗ | ਅੰਮ੍ਰਿਤਸਰ | ੮੧ |
| ੨੪ | ਅੱਸੂ | ਸ਼ | ਸੰ ੫ | ਸੁਖਦੇਵ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੮੪ |
| ੨੪ | ਅੱਸੂ | ਸ਼ | ਸੰ ੫ | ਪ੍ਰੀਤਮ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੯੦ |
| ੨੪ | ਅੱਸੂ | ਸ਼ | ਸੰ ੫ | ਬੀਬੀ ਪਿਆਰੋ ਦੇ ਗ੍ਰਿਹਿ | ਕੱਲਾ, | ਅੰਮ੍ਰਿਤਸਰ | ੯੨ |
| ੨੪ | ਅੱਸੂ | ਸ਼ | ਸੰ ੫ | ਗੁਰਬਖਸ਼ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੯੩ |
| ੨੪ | ਅੱਸੂ | ਸ਼ | ਸੰ ੫ | ਕਰਮ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੯੩ |
| ੨੪ | ਅੱਸੂ | ਸ਼ | ਸੰ ੫ | ਸਰਦਾਰਾ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੯੩ |
| ੨੪ | ਅੱਸੂ | ਸ਼ | ਸੰ ੫ | ਸਰਮੁਖ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੯੪ |
| ੨੪ | ਅੱਸੂ | ਸ਼ | ਸੰ ੫ | ਹਰਨਾਮ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੯੫ |
| ੨੪ | ਅੱਸੂ | ਸ਼ | ਸੰ ੫ | ਪੂਰਨ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੯੫ |
| ੨੪ | ਅੱਸੂ | ਸ਼ | ਸੰ ੫ | ਪ੍ਰੀਤਮ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੯੫ |
| ੨੪ | ਅੱਸੂ | ਸ਼ | ਸੰ ੫ | ਸਵਰਨ ਸਿੰਘ, ਭਜਨ ਸਿੰਘ | ਕੱਲਾ | ਅੰਮ੍ਰਿਤਸਰ | ੯੬ |
| ੨੪ | ਅੱਸੂ | ਸ਼ | ਸੰ ੫ | ਸਾਧੂ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੯੭ |
| ੨੪ | ਅੱਸੂ | ਸ਼ | ਸੰ ੫ | ਲਾਲ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੯੭ |
| ੨੪ | ਅੱਸੂ | ਸ਼ | ਸੰ ੫ | ਹਰਦੀਪ ਸਿੰਘ, ਗੁਰਦਿਆਲ ਸਿੰਘ | ਕੱਲਾ | ਅੰਮ੍ਰਿਤਸਰ | ੯੮ |
| ੨੪ | ਅੱਸੂ | ਸ਼ | ਸੰ ੫ | ਕੁੰਦਨ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੯੮ |
| ੨੪ | ਅੱਸੂ | ਸ਼ | ਸੰ ੫ | ਹਰੀ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੯੯ |


3
੨੨

| | | | |
|---|---|---|---|
| ੨੪ ਅੱਸੂ ਸ਼ ਸੰ ੫ ਸੁਖਦੇਵ ਰਾਮ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੧੦੦ |
| ੨੫ ਅੱਸੂ ਸ਼ ਸੰ ੫ ਸੋਹਣ ਸਿੰਘ ਦੇ ਗ੍ਰਹਿ | ਰਾਮ ਪੁਰ | ਅੰਮ੍ਰਿਤਸਰ | ੧੦੩ |
| ੨੫ ਅੱਸੂ ਸ਼ ਸੰ ੫ ਊਧਮ ਸਿੰਘ ਦੇ ਗ੍ਰਹਿ | ਜਲਾਲਾਬਾਦ | ਅੰਮ੍ਰਿਤਸਰ | ੧੦੫ |
| ੨੫ ਅੱਸੂ ਸ਼ ਸੰ ੫ ਗਿਆਨੀ ਗੁਰਮੁਖ ਸਿੰਘ ਦੇ ਗ੍ਰਹਿ | ਭਲਾਈ ਪੁਰ ਡੋਗਰਾ | | ੧੦੮ |
| ੨੬ ਅੱਸੂ ਸ਼ ਸੰ ੫ ਗਿਰਧਾਵਰ ਸਿੰਘ ਦੇ ਖੂਹ ਉਤੇ | ਰੁੜਕਾ ਕਲਾਂ | ਜਲੰਧਰ | ੧੧੧ |
| ੨੭ ਅੱਸੂ ਸ਼ ਸੰ ੫ ਸੁਰਜੀਤ ਸਿੰਘ ਤੇ ਦਰਸ਼ਨ ਸਿੰਘ | ਰੁੜਕਾ ਕਲਾਂ | ਜਲੰਧਰ | ੧੨੦ |
| ੨੭ ਅੱਸੂ ਸ਼ ਸੰ ੫ ਨਾਜਰ ਸਿੰਘ ਦੇ ਗ੍ਰਹਿ | ਰਾਜੋ ਕੇ | ਜਲੰਧਰ | ੧੨੧ |
| ੨੭ ਅੱਸੂ ਸ਼ ਸੰ ੫ ਲਛਮਣ ਸਿੰਘ ਦੇ ਗ੍ਰਹਿ | ਰੁੜਕਾ ਕਲਾਂ | ਜਲੰਧਰ | ੧੨੨ |
| ਪਹਿਲੀ ਕੱਤਕ ਸ਼ ਸੰ ੫ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੨੫ |
| ੨ ਕੱਤਕ ਸ਼ ਸੰ ੫ ਸੁਲੱਖਣ ਸਿੰਘ ਦੇ ਗ੍ਰਹਿ | ਰੁਕਨਾ ਮੂੰਗਲਾ | ਫ਼ਿਰੋਜ਼ਪੁਰ | ੧੩੮ |
| ੩ ਕੱਤਕ ਸ਼ ਸੰ ੫ ਗੁਰਚਰਨ ਕੌਰ ਦੇ ਗ੍ਰਹਿ | ਫ਼ਿਰੋਜ਼ਪੁਰ | | ੧੪੦ |
| ੩ ਕੱਤਕ ਸ਼ ਸੰ ੫ ਸੂਬੇਦਾਰ ਰਾਮ ਸਿੰਘ ਦੇ ਗ੍ਰਹਿ | ਫ਼ਿਰੋਜ਼ਪੁਰ ਛਾਉਣੀ | | ੧੪੩ |
| ੪ ਕੱਤਕ ਸ਼ ਸੰ ੫ ਸੋਭਾ ਸਿੰਘ ਦੇ ਗ੍ਰਹਿ | ਵਲੂਰ | ਫ਼ਿਰੋਜ਼ਪੁਰ | ੧੪੭ |
| ੪ ਕੱਤਕ ਸ਼ ਸੰ ੫ ਕੁਲਵੰਤ ਕੌਰ ਦੇ ਗ੍ਰਹਿ | ਬਸਤੀ ਖਲੀਲ | ਫ਼ਿਰੋਜ਼ਪੁਰ | ੧੪੮ |
| ੪ ਕੱਤਕ ਸ਼ ਸੰ ੫ ਹਰੀ ਸਿੰਘ ਦੇ ਗ੍ਰਹਿ | ਬਸਤੀ ਖਲੀਲ | ਫ਼ਿਰੋਜ਼ਪੁਰ | ੧੪੯ |
| ੪ ਕੱਤਕ ਸ਼ ਸੰ ੫ ਸੰਪੂਰਨ ਸਿੰਘ ਦੇ ਗ੍ਰਹਿ | ਫਿਰੋਜ਼ਸ਼ਾਹ | ਫ਼ਿਰੋਜ਼ਪੁਰ | ੧੪੯ |
| ੪ ਕੱਤਕ ਸ਼ ਸੰ ੫ ਕਪੂਰ ਸਿੰਘ ਦੇ ਗ੍ਰਹਿ ਸਰਬ ਮਾਲਵਾ ਸੰਗਤ ਨਵਿਤ | | ਮੋਗਾ | ੧੫੦ |
| ੫ ਕੱਤਕ ਸ਼ ਸੰ ੫ ਕਪੂਰ ਸਿੰਘ ਦੇ ਗ੍ਰਹਿ ਮਾਲਵਾ ਸੰਗਤ ਨਵਿਤ | | ਮੋਗਾ | ੧੫੮ |
| ਕਪੂਰ ਸਿੰਘ ਦੀ ਵਰਕਸ਼ਾਪ ਵਿਚ | | | ੧੬੩ |
| ੫ ਕੱਤਕ ਸ਼ ਸੰ ੫ ਸਰਦਾਰਾ ਸਿੰਘ ਦੇ ਗ੍ਰਹਿ | ਮਨਾਵਾਂ | ਫ਼ਿਰੋਜ਼ਪੁਰ | ੧੬੪ |
| ੫ ਕੱਤਕ ਸ਼ ਸੰ ੫ ਗੁਰਬਚਨ ਸਿੰਘ ਦੇ ਗ੍ਰਹਿ | ਉਸਮਾ | ਅੰਮ੍ਰਿਤਸਰ | ੧੬੫ |
| ੬ ਕੱਤਕ ਸ਼ ਸੰ ੫ ਅਰਜਨ ਸਿੰਘ ਦੇ ਗ੍ਰਹਿ | ਉਸਮਾ | ਅੰਮ੍ਰਿਤਸਰ | ੧੬੮ |


4
੨੨

| | | | |
|---|---|---|---|
| ੬ ਕੱਤਕ ਸ਼ ਸੰ ੫ ਕੇਸ਼ੋ ਰਾਮ ਦੇ ਗ੍ਰਿਹ | ਸਰਹਾਲੀ ਜੰਡੋ ਕੀ | ਅੰਮ੍ਰਿਤਸਰ | ੧੭੧ |
| ੬ ਕੱਤਕ ਸ਼ ਸੰ ੫ ਮੱਖਣ ਸਿੰਘ ਦੇ ਗ੍ਰਿਹ | ਜੌੜਾ | ਅੰਮ੍ਰਿਤਸਰ | ੧੭੩ |
| ੬ ਕੱਤਕ ਸ਼ ਸੰ ੫ ਅਰਜਨ ਸਿੰਘ ਦੇ ਗ੍ਰਿਹ | ਮਾਣਕ ਪੁਰ | ਅੰਮ੍ਰਿਤਸਰ | ੧੭੫ |
| ੬ ਕੱਤਕ ਸ਼ ਸੰ ੫ ਕਰਨੈਲ ਸਿੰਘ, ਜਰਨੈਲ ਸਿੰਘ ਦੇ ਗ੍ਰਿਹ | ਰਾਜੋ ਕੇ | ਅੰਮ੍ਰਿਤਸਰ | ੧੭੬ |
| ੭ ਕੱਤਕ ਸ਼ ਸੰ ੫ ਬੀਬੀ ਦੀਪੋ ਦੇ ਗ੍ਰਿਹ | ਬਾਸਰ ਕੇ | ਅੰਮ੍ਰਿਤਸਰ | ੧੮੩ |
| ੭ ਕੱਤਕ ਸ਼ ਸੰ ੫ ਬੀਬੀ ਜੀਤੋ ਦੇ ਗ੍ਰਿਹ | ਬਾਸਰ ਕੇ | ਅੰਮ੍ਰਿਤਸਰ | ੧੮੫ |
| ੭ ਕੱਤਕ ਸ਼ ਸੰ ੫ ਹਰਬੰਸ ਕੌਰ ਦੇ ਗ੍ਰਿਹ | ਨਾਰਲਾ | ਅੰਮ੍ਰਿਤਸਰ | ੧੮੬ |
| ੧੫ ਕੱਤਕ ਸ਼ ਸੰ ੫ ਜਮਾਂਦਾਰ ਕਿਸ਼ਨ ਸਿੰਘ ਦੇ ਨਵਿਤ ਰਸਤੇ ਵਿਚ | ਅੱਲੜਪਿੰਡੀ | ਗੁਰਦਾਸਪੁਰ | ੧੮੮ |
| ੧੫ ਕੱਤਕ ਸ਼ ਸੰ ੫ ਜਮਾਂਦਾਰ ਕਿਸ਼ਨ ਸਿੰਘ ਦੇ ਗ੍ਰਿਹ | ਅੱਲੜਪਿੰਡੀ | ਗੁਰਦਾਸਪੁਰ | ੧੯੧ |
| ੧੫ ਕੱਤਕ ਸ਼ ਸੰ ੫ ਜਮਾਂਦਾਰ ਕਿਸ਼ਨ ਸਿੰਘ ਦੇ ਗ੍ਰਿਹ ਰਾਤ ਸਾਢੇ ੯ ਵੱਜੇ | ਅੱਲੜਪਿੰਡੀ | ਗੁਰਦਾਸਪੁਰ | ੧੯੫ |
| ੧੬ ਕੱਤਕ ਸ਼ ਸੰ ੫ ਸਾਂਝੀ ਰਾਮ ਦੇ ਨਵਿਤ | ਅੱਲੜਪਿੰਡੀ | ਗੁਰਦਾਸਪੁਰ | ੨੦੫ |
| ੧੬ ਕੱਤਕ ਸ਼ ਸੰ ੫ ਕੁਲਵੰਤ ਸਿੰਘ ਦੇ ਨਵਿਤ | ਅੱਲੜ ਪਿੰਡੀ | ਗੁਰਦਾਸਪੁਰ | ੨੦੭ |
| ੧੬ ਕੱਤਕ ਸ਼ ਸੰ ੫ ਬਾਵਾ ਸਿੰਘ ਦੇ ਗ੍ਰਿਹ | ਅੱਲੜ ਪਿੰਡੀ | ਗੁਰਦਾਸਪੁਰ | ੨੦੯ |
| ੧੬ ਕੱਤਕ ਸ਼ ਸੰ ੫ ਹਜ਼ਾਰਾ ਸਿੰਘ ਦੇ ਟਿਓਬਵੈਲ ਉਤੇ | ਬਾਬੂਪੁਰ | ਗੁਰਦਾਸਪੁਰ | ੨੧੦ |
| ੧੬ ਕੱਤਕ ਸ਼ ਸੰ ੫ ਆਸਾ ਸਿੰਘ ਦੇ ਗ੍ਰਿਹ | ਬਾਬੂਪੁਰ | ਗੁਰਦਾਸਪੁਰ | ੨੧੧ |
| ੧੭ ਕੱਤਕ ਸ਼ ਸੰ ੫ ਮੇਲਾ ਸਿੰਘ ਸਰਪੰਚ ਦੇ ਗ੍ਰਿਹ | ਬਾਬੂਪੁਰ | ਗੁਰਦਾਸਪੁਰ | ੨੦੭ |
| ੧੭ ਕੱਤਕ ਸ਼ ਸੰ ੫ ਹਜ਼ਾਰਾ ਸਿੰਘ ਦੇ ਗ੍ਰਿਹ | ਬਾਬੂਪੁਰ | ਗੁਰਦਾਸਪੁਰ | ੨੧੮ |
| ੧੭ ਕੱਤਕ ਸ਼ ਸੰ ੫ ਚਰਨ ਸਿੰਘ ਦੇ ਗ੍ਰਿਹ | ਹੇਮਰਾਜਪੁਰ | | ੨੧੮ |
| ੧੮ ਕੱਤਕ ਸ਼ ਸੰ ੫ ਬੀਬੀ ਸ਼ਿੰਦਰੋ ਦੇ ਗ੍ਰਿਹ | ਹੇਮਰਾਜਪੁਰ | | ੨੨੧ |
| ਪਹਿਲੀ ਮੱਘਰ ਸ਼ ਸੰ ੫ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੨੨੩ |


5 ੨੨

| | | | |
|---|---|---|---|
| ੨ ਮੱਘਰ ਸ਼ ਸੰ ੫ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੨੩੨ |
| ੩ ਮੱਘਰ ਸ਼ ਸੰ ੫ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੨੩੩ |
| ੩ ਮੱਘਰ ਸ਼ ਸੰ ੫ ਰਾਤ ਢਾਈ ਵਜੇ | ਜੇਠੂਵਾਲ | ਅੰਮ੍ਰਿਤਸਰ | ੨੩੪ |
| ੧੪ ਮੱਘਰ ਸ਼ ਸੰ ੫ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੨੩੫ |
| ੨੨ ਮੱਘਰ ਸ਼ ਸੰ ੫ ਹਰਿ ਭਗਤ ਦੁਵਾਰ ਜੇਠੂਵਾਲ | | | |
| | ਜਸਬੀਰ ਸਿੰਘ ਜਲਾਲਾਬਾਦ ਦੇ ਨਵਿਤ | | ੨੩੭ |
| ੨੮ ਮੱਘਰ ਸ਼ ਸੰ ੫ ਗਿਆਨ ਚੰਦ ਗਾਂਧੀ ਦੇ ਗ੍ਰਹਿ | ਤਲਵਾੜਾ | ਹੁਸ਼ਿਆਰਪੁਰ | ੨੩੯ |
| ੨੯ ਮੱਘਰ ਸ਼ ਸੰ ੫ ਜੀਆ ਲਾਲ ਦੇ ਗ੍ਰਹਿ | ਤਲਵਾੜਾ | ਹੁਸ਼ਿਆਰਪੁਰ | ੨੪੧ |
| ੨੯ ਮੱਘਰ ਸ਼ ਸੰ ੫ ਜਾਗੀਰ ਸਿੰਘ ਨਰੈਣ ਸਿੰਘ | ਤਲਵਾੜਾ | ਹੁਸ਼ਿਆਰਪੁਰ | ੨੪੧ |
| ੨੯ ਮੱਘਰ ਸ਼ ਸੰ ੫ ਜੁਗਿੰਦਰ ਸਿੰਘ ਦੇ ਗ੍ਰਹਿ | ਤਲਵਾੜਾ | ਹੁਸ਼ਿਆਰਪੁਰ | ੨੪੩ |
| ੨੯ ਮੱਘਰ ਸ਼ ਸੰ ੫ ਹਜ਼ਾਰਾ ਸਿੰਘ ਦੇ ਗ੍ਰਹਿ | ਪੰਜ ਢੇਰਾ | ਹੁਸ਼ਿਆਰਪੁਰ | ੨੪੩ |
| ੨੯ ਮੱਘਰ ਸ਼ ਸੰ ੫ ਰੇਸ਼ਮ ਸਿੰਘ ਦੇ ਗ੍ਰਹਿ | ਪੰਜ ਢੇਰਾ | ਹੁਸ਼ਿਆਰਪੁਰ | ੨੪੪ |
| ੩੦ ਮੱਘਰ ਸ਼ ਸੰ ੫ ਲਾਲ ਸਿੰਘ ਦੇ ਗ੍ਰਹਿ | ਪੰਜ ਢੇਰਾ | ਹੁਸ਼ਿਆਰਪੁਰ | ੨੪੫ |
| ੩੦ ਮੱਘਰ ਸ਼ ਸੰ ੫ ਕਰਤਾਰ ਸਿੰਘ ਦੇ ਗ੍ਰਹਿ | ਪੰਜ ਢੇਰਾ | ਹੁਸ਼ਿਆਰਪੁਰ | ੨੪੭ |
| ੩੦ ਮੱਘਰ ਸ਼ ਸੰ ੫ ਦਿਆਲ ਸਿੰਘ ਦੇ ਗ੍ਰਹਿ | ਡੱਡਾਂ | ਹੁਸ਼ਿਆਰਪੁਰ | ੨੪੮ |
| ੩੦ ਮੱਘਰ ਸ਼ ਸੰ ੫ ਦਰਬਾਰਾ ਸਿੰਘ, ਰਾਮ ਸਿੰਘ ਦੇ ਗ੍ਰਹਿ ਗਾਲੜੀ | | ਹੁਸ਼ਿਆਰਪੁਰ | ੨੪੯ |
| ਪਹਿਲੀ ਪੋਹ ਸ਼ ਸੰ ੫ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੨੫੧ |
| ੮ ਪੋਹ ਸ਼ ਸੰ ੫ ਮਾਈ ਦੁਰਗੀ ਦੇ ਨਵਿਤ | ਗੁਜਰਾਤ | ਗੁਰਦਾਸਪੁਰ | ੨੫੬ |
| ੧੧ ਪੋਹ ਸ਼ ਸੰ ੫ ਗੁਰਚਰਨ ਸਿੰਘ ਦੇ ਗ੍ਰਹਿ | ਜੰਮੂ | ਜੰਮੂ | ੨੫੭ |
| ੧੨ ਪੋਹ ਸ਼ ਸੰ ੫ ਅਜੀਤ ਸਿੰਘ ਦੇ ਗ੍ਰਹਿ | ਜੰਮੂ | ਜੰਮੂ | ੨੫੯ |
| ੧੨ ਪੋਹ ਸ਼ ਸੰ ੫ ਰਾਮ ਕੌਰ ਦੇ ਗ੍ਰਹਿ | ਜੰਮੂ | ਜੰਮੂ | ੨੬੦ |
| ੧੨ ਪੋਹ ਸ਼ ਸੰ ੫ ਪਰਕਾਸ਼ ਚੰਦ ਦੇ ਗ੍ਰਹਿ | ਜੰਮੂ | ਜੰਮੂ | ੨੬੧ |

7
੨੨




| | | | |
|---|---|---|---|
| ੧੨ ਪੋਹ ਸ਼ ਸੰ ੫ ਗੁਰਦਿਤ ਸਿੰਘ ਦੇ ਗ੍ਰਹਿ | ਛੰਬ | ਜੰਮੂ | ੨੬੨ |
| ੧੩ ਪੋਹ ਸ਼ ਸੰ ੫ ਹਰਿ ਸੰਗਤ | ਛੰਬ | ਜੰਮੂ | ੨੬੩ |
| ੧੩ ਪੋਹ ਸ਼ ਸੰ ੫ ਫ਼ੁੱਮਣ ਸਿੰਘ ਦੇ ਗ੍ਰਹਿ | ਛੰਬ | ਜੰਮੂ | ੨੬੪ |
| ੧੩ ਪੋਹ ਸ਼ ਸੰ ੫ ਪਰਤਾਪ ਸਿੰਘ, ਈਸ਼ਰ ਸਿੰਘ, ਪਰਕਾਸ਼ ਸਿੰਘ ਦੇ ਗ੍ਰਹਿ | ਦੜ | ਜੰਮੂ | ੨੬੫ |
| ੧੪ ਪੋਹ ਸ਼ ਸੰ ੫ ਰਣੀਆ ਰਾਮ, ਸੇਵਾ ਰਾਮ, ਪਿਆਰਾ ਲਾਲ ਦੇ ਗ੍ਰਹਿ | ਕਲੋਏ | ਜੰਮੂ | ੨੬੬ |
| ੧੪ ਪੋਹ ਸ਼ ਸੰ ੫ ਸਰਦਾਰ ਸਿੰਘ ਗੁਰਨਾਮ ਸਿੰਘ ਦੇ ਗ੍ਰਹਿ | ਸੀੜ | ਜੰਮੂ | ੨੬੭ |
| ੧੪ ਪੋਹ ਸ਼ ਸੰ ੫ ਦੇਵੀ ਸਿੰਘ ਦੇ ਗ੍ਰਹਿ | ਮੱਘੋਵਾਲੀ | ਜੰਮੂ | ੨੬੮ |
| ੧੫ ਪੋਹ ਸ਼ ਸੰ ੫ ਪਰਕਾਸ਼ ਕੌਰ ਦੇ ਗ੍ਰਹਿ | ਮਘੋਵਾਲੀ | ਜੰਮੂ | ੨੭੦ |
| ੧੫ ਪੋਹ ਸ਼ ਸੰ ੫ ਵਕੀਲ ਸਿੰਘ ਦੇ ਗ੍ਰਹਿ | ਹੰਸਾ | ਜੰਮੂ | ੨੭੦ |
| ੧੫ ਪੋਹ ਸ਼ ਸੰ ੫ ਤੇਜਭਾਨ ਦੇ ਗ੍ਰਹਿ | ਸੇਈ ਕੈਂਪ | ਜੰਮੂ | ੨੭੨ |
| ੧੬ ਪੋਹ ਸ਼ ਸੰ ੫ ਬੇਲੂ ਰਾਮ ਦੇ ਗ੍ਰਹਿ | ਸਈ | ਜੰਮੂ | ੨੭੪ |
| ੧੬ ਪੋਹ ਸ਼ ਸੰ ੫ ਗੁਰੇ ਸ਼ਾਹ ਦੇ ਗ੍ਰਹਿ | ਸਈ | ਜੰਮੂ | ੨੭੪ |
| ੧੬ ਪੋਹ ਸ਼ ਸੰ ੫ ਨਾਨਕ ਚੰਦ ਦੇ ਗ੍ਰਹਿ | ਸਈ | ਜੰਮੂ | ੨੭੪ |
| ੧੬ ਪੋਹ ਸ਼ ਸੰ ੫ ਸ਼ਿਵ ਸਿੰਘ ਦੇ ਗ੍ਰਹਿ | ਸਈ | ਜੰਮੂ | ੨੭੫ |
| ੧੬ ਪੋਹ ਸ਼ ਸੰ ੫ ਲਛਮਣ ਸਿੰਘ ਦੇ ਗ੍ਰਹਿ | ਸਈ | ਜੰਮੂ | ੨੭੫ |
| ੧੬ ਪੋਹ ਸ਼ ਸੰ ੫ ਕਿਰਪਾਲ ਸਿੰਘ ਦੇ ਗ੍ਰਹਿ | ਸਈ | ਜੰਮੂ | ੨੭੭ |
| ੧੬ ਪੋਹ ਸ਼ ਸੰ ੫ ਲਛਮਣ ਸਿੰਘ ਦੇ ਗ੍ਰਹਿ | ਸਈ | ਜੰਮੂ | ੨੭੭ |
| ੨੬ ਪੋਹ ਸ਼ ਸੰ ੫ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੨੮੦ |
| ੨੬ ਪੋਹ ਸ਼ ਸੰ ੫ ਰਾਤ ਦੇ ਸਮੇਂ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੨੮੫ |
| ਪਹਿਲਾ ਕਾਰਡ ਕਪੂਰ ਸਿੰਘ ਮੋਗਾ ਦੇ ਨਾਮ | ਹਰਿ ਭਗਤ ਦੁਵਾਰ ਜੇਠੂਵਾਲ | ਅੰਮ੍ਰਿਤਸਰ | ੨੯੯ |




7
੨੨

| | | | |
|---|---|---|---|
| ਦੂਸਰਾ ਕਾਰਡ ਕਿਰਪਾਲ ਸਿੰਘ ਗੋਲੇਵਾਲ ਦੇ ਨਵਿਤ ਹਰਿ ਭਗਤ ਦੁਵਾਰ | ਜੇਠੂਵਾਲ | | ੩੦੦ |
| ਤੀਸਰਾ ਕਾਰਡ ਕੇਹਰ ਸਿੰਘ ਰਜ਼ੀਵਾਲਾ ਫ਼ਿਰੋਜ਼ਪੁਰ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੩੦੦ |
| ਚੌਥਾ ਕਾਰਡ ਨਾਜ਼ਰ ਸਿੰਘ ਮਾੜੀ ਦੇ ਨਵਿਤ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੩੦੦ |
| ਪੰਜਵਾਂ ਕਾਰਡ ਮਾਝਾ ਸੰਗਤ ਦੇ ਨਵਿਤ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੩੦੧ |
| ਛੇਵਾਂ ਕਾਰਡ ਮਾਲਵਾ ਸੰਗਤ ਦੇ ਨਵਿਤ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੩੦੧ |
| ਸਤਵਾਂ ਕਾਰਡ ਜੰਮੂ ਸੰਗਤ ਦੇ ਨਵਿਤ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੩੦੧ |
| ਅੱਠਵਾਂ ਕਾਰਡ ਦੁਆਬਾ ਸੰਗਤ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੩੦੨ |
| ਨੌਵਾਂ ਕਾਰਡ ਹਰਿ ਸੰਗਤ ਦੀ ਗੋਬਿੰਦ ਅੱਗੇ ਅਰਦਾਸ | ਜੇਠੂਵਾਲ | ਅੰਮ੍ਰਿਤਸਰ | ੩੦੨ |
| ੨੭ ਪੋਹ ਸ਼ ਸੰ ੫ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੧੬ |
| ੨੮ ਪੋਹ ਸ਼ ਸੰ ੫ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੩੫ |
| ੨੯ ਪੋਹ ਸ਼ ਸੰ ੫ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੪੦ |
| ਪਹਿਲੀ ਮਾਘ ਸ਼ ਸੰ ੫ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੪੩ |
| ੧੬ ਮਾਘ ਸ਼ ਸੰ ੫ ਸਰਮੁਖ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੩੪੬ |
| ੧੯ ਮਾਘ ਸ਼ ਸੰ ੫ ਜਮਾਂਦਾਰ ਕਿਸ਼ਨ ਸਿੰਘ ਦੇ ਗ੍ਰਹਿ | ਅੱਲੜਪਿੰਡੀ | ਗੁਰਦਾਸਪੁਰ | ੩੪੮ |
| ੨੦ ਮਾਘ ਸ਼ ਸੰ ੫ ਬਾਵਾ ਸਿੰਘ ਦੇ ਗ੍ਰਹਿ | ਅੱਲੜਪਿੰਡੀ | ਗੁਰਦਾਸਪੁਰ | ੩੫੦ |
| ੨੫ ਮਾਘ ਸ਼ ਸੰ ੫ ਸਰਬ ਧਰਮ ਸਮੇਲਨ ੬ ਫਰਵਰੀ ੧੯੭੦ | ਰਾਮ ਲੀਲਾ ਗਰਾਉਂਡ | ਦਿੱਲੀ | ੩੫੧ |
| ੨੬ ਮਾਘ ਸ਼ ਸੰ ੫ ਚੌਥਾ ਧਰਮ ਸਮੇਲਨ ੭ ਫਰਵਰੀ ੧੯੭੦ | ਰਾਮ ਲੀਲਾ ਗਰਾਉਂਡ | ਦਿੱਲੀ | ੩੫੨ |
| ੨੮ ਮਾਘ ਸ਼ ਸੰ ੫ ਰੇਸ਼ਮ ਸਿੰਘ ਦੇ ਗ੍ਰਹਿ | ਮੇਰਠ ਛਾਉਣੀ | ਮੇਰਠ | ੩੫੬ |
| ੨੯ ਮਾਘ ਸ਼ ਸੰ ੫ ਲਛਮਣ ਸਿੰਘ ਦੇ ਗ੍ਰਹਿ | ਧਨੌਰੀ | ਰੋਪੜ | ੩੫੮ |
| ਪਹਿਲੀ ਫੱਗਣ ਸ਼ ਸੰ ੫ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੬੧ |

8
੨੨

| | | | |
|---|---|---|---|
| ੨ ਫੱਗਣ ਸ਼ ਸੰ ੫ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੬੫ |
| ੮ ਫੱਗਣ ਸ਼ ਸੰ ੫ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੬੬ |
| ੯ ਫੱਗਣ ਸ਼ ਸੰ ੫ ਹਰਿ ਸੰਗਤ ਨਿਵਿਤ | ਜੇਠੂਵਾਲ | ਅੰਮ੍ਰਿਤਸਰ | ੩੬੭ |
| ੧੧ ਫੱਗਣ ਸ਼ ਸੰ ੫ ਸੁਰਜੀਤ ਸਿੰਘ ਦੇ ਨਿਵਿਤ | ਜੇਠੂਵਾਲ | ਅੰਮ੍ਰਿਤਸਰ | ੩੬੮ |
| ਪਹਿਲੀ ਚੇਤ ਸ਼ ਸੰ ੬ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੬੮ |
| ੨ ਚੇਤ ਸ਼ ਸੰ ੬ ਹਰਿ ਭਗਤ ਦਵਾਰ ਜੇਠੂਵਾਲ (ਹਰਦੇਵ ਸਿੰਘ ਰੁੜਕਾ ਕਲਾਂ) | | | ੩੮੯ |
| ੩ ਚੇਤ ਸ਼ ਸੰ ੬ ਚੀਫ ਇੰਜੀਨੀਅਰ ਆਰ੦ ਐਲ੦ ਸ਼ਰਮਾ ਦੇ ਗ੍ਰਿਹ ਜੰਮੂ | | ਜੰਮੂ | ੩੯੩ |
| ੪ ਚੇਤ ਸ਼ ਸੰ ੬ ਚੇਲਾ ਸਿੰਘ ਦੇ ਗ੍ਰਿਹ | ਜੰਮੂ | ਜੰਮੂ | ੩੯੮ |
| ੪ ਚੇਤ ਸ਼ ਸੰ ੬ ਫੁਮਣ ਸਿੰਘ ਦੇ ਗ੍ਰਿਹ | ਜੰਮੂ | ਜੰਮੂ | ੩੯੯ |
| ੫ ਚੇਤ ਸ਼ ਸੰ ੬ ਤੇਜ ਭਾਨ ਦੇ ਗ੍ਰਿਹ | ਸਈ ਖੁਰਦ | ਜੰਮੂ | ੪੦੦ |
| ੫ ਚੇਤ ਸ਼ ਸੰ ੬ ਸ਼ਿਵ ਸਿੰਘ ਦੇ ਗ੍ਰਿਹ | ਜੰਮੂ | ਜੰਮੂ | ੪੦੧ |
| ੫ ਚੇਤ ਸ਼ ਸੰ ੬ ਲਛਮਣ ਸਿੰਘ ਦੇ ਗ੍ਰਿਹ | ਸਈ ਖੁਰਦ | ਜੰਮੂ | ੪੦੨ |
| ੬ ਚੇਤ ਸ਼ ਸੰ ੬ ਅੰਗ੍ਰੇਜ਼ ਸਿੰਘ ਦੇ ਗ੍ਰਿਹ | ਜੰਮੂ | ਜੰਮੂ | ੪੦੩ |
| ੬ ਚੇਤ ਸ਼ ਸੰ ੬ ਵਕੀਲ ਸਿੰਘ ਦੇ ਗ੍ਰਿਹ | ਸਈ ਕੈਂਪ | ਜੰਮੂ | ੪੦੪ |
| ੬ ਚੇਤ ਸ਼ ਸੰ ੬ ਇੰਦਰੋ ਦੇਵੀ ਦੇ ਗ੍ਰਿਹ | ਸਈ ਕੈਂਪ | ਜੰਮੂ | ੪੦੪ |
| ੬ ਚੇਤ ਸ਼ ਸੰ ੬ ਰੌਸ਼ਨ ਲਾਲ ਦੇ ਗ੍ਰਿਹ | ਸਈ ਖੁਰਦ | ਜੰਮੂ | ੪੦੫ |
| ੬ ਚੇਤ ਸ਼ ਸੰ ੬ ਦੇਵਾ ਸਿੰਘ ਦੇ ਗ੍ਰਿਹ | ਜੰਮੂ | ਜੰਮੂ | ੪੦੫ |
| ੬ ਚੇਤ ਸ਼ ਸੰ ੬ ਕਿਰਪਾਲ ਸਿੰਘ ਦੇ ਗ੍ਰਿਹ | ਜੰਮੂ | ਜੰਮੂ | ੪੦੫ |
| ੬ ਚੇਤ ਸ਼ ਸੰ ੬ ਗੁਰਮੁਖ ਸਿੰਘ ਦੇ ਗ੍ਰਿਹ | ਸਈ | ਜੰਮੂ | ੪੦੬ |
| ੬ ਚੇਤ ਸ਼ ਸੰ ੬ ਕਰਮ ਸਿੰਘ ਦੇ ਗ੍ਰਿਹ | ਸਈ | ਜੰਮੂ | ੪੦੭ |
| ੬ ਚੇਤ ਸ਼ ਸੰ ੬ ਪੂਰਨ ਸਿੰਘ ਦੇ ਗ੍ਰਿਹ | ਸਈ | ਜੰਮੂ | ੪੦੭ |
| ੬ ਚੇਤ ਸ਼ ਸੰ ੬ ਰਾਜਾ ਸਿੰਘ ਦੇ ਗ੍ਰਿਹ | ਸਈ | ਜੰਮੂ | ੪੦੭ |


9
੨੨

| | | | |
|---|---|---|---|
| ੬ ਚੇਤ ਸ਼ ਸੰ ੬ ਭਗਵਾਨ ਸਿੰਘ ਦੇ ਗ੍ਰਹਿ | ਸਈ | ਜੰਮੂ | ੪੦੮ |
| ੬ ਚੇਤ ਸ਼ ਸੰ ੬ ਪਰਕਾਸ਼ ਸਿੰਘ ਦੇ ਗ੍ਰਹਿ | ਸਈ ਕੈਂਪ | ਜੰਮੂ | ੪੦੮ |
| ੬ ਚੇਤ ਸ਼ ਸੰ ੬ ਕੁਲਵੰਤ ਸਿੰਘ ਦੇ ਗ੍ਰਹਿ | ਜੰਮੂ | ਜੰਮੂ | ੪੦੯ |
| ੬ ਚੇਤ ਸ਼ ਸੰ ੬ ਗੁਰਨਾਮ ਸਿੰਘ ਦੇ ਗ੍ਰਹਿ | ਸੀੜ | ਜੰਮੂ | ੪੦੯ |
| ੮ ਚੇਤ ਸ਼ ਸੰ ੬ ਹਰਜਿੰਦਰ ਕੌਰ ਦੇ ਨਵਿਤ | ਫ਼ਿਰੋਜ਼ਪੁਰ ਛਾਉਣੀ | | ੪੧੦ |
| ੯ ਚੇਤ ਸ਼ ਸੰ ੬ ਹਰਦੇਵ ਸਿੰਘ ਦੇ ਨਵਿਤ | ਰੁੜਕਾ ਕਲਾਂ | ਜਲੰਧਰ | ੪੧੫ |
| ੧੬ ਚੇਤ ਸ਼ ਸੰ ੬ ਬੀਬੀ ਹਰਨਾਮ ਕੌਰ ਦੇ ਨਵਿਤ | ਵੇਰਕਾ | ਅੰਮ੍ਰਿਤਸਰ | ੪੧੬ |
| ੧੮ ਚੇਤ ਸ਼ ਸੰ ੬ ਠੇਕੇਦਾਰ ਠਾਕਰ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੪੧੮ |
| ੨੦ ਚੇਤ ਸ਼ ਸੰ ੬ ਰਛਪਾਲ ਕੌਰ ਨਾਥੇਵਾਲ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੪੧੯ |
| ੨੦ ਚੇਤ ਸ਼ ਸੰ ੬ ਬੀਬੀ ਹਰਜਿੰਦਰ ਕੌਰ ਫਿਰੋਜਪੁਰ ਦੇ ਨਵਿਤ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੪੨੦ |
| ੨੨ ਚੇਤ ਸ਼ ਸੰ ੬ ਸੁਰਜੀਤ ਕੌਰ ਦੇ ਗ੍ਰਹਿ | ਕਲਸੀਆਂ | ਅੰਮ੍ਰਿਤਸਰ | ੪੨੧ |
| ੨੩ ਚੇਤ ਸ਼ ਸੰ ੬ ਦਲਬੀਰ ਸਿੰਘ ਦੇ ਗ੍ਰਹਿ | ਕਲਸੀਆਂ | ਅੰਮ੍ਰਿਤਸਰ | ੪੨੨ |
| ੨੩ ਚੇਤ ਸ਼ ਸੰ ੬ ਬਾਬੇ ਮੌਤਾ ਸਿੰਘ ਦੇ ਗ੍ਰਹਿ | ਕਲਸੀਆਂ | ਅੰਮ੍ਰਿਤਸਰ | ੪੨੪ |
| ੨੩ ਚੇਤ ਸ਼ ਸੰ ੬ ਦਿਆਲ ਸਿੰਘ ਦੇ ਗ੍ਰਹਿ | ਡਲ | ਅੰਮ੍ਰਿਤਸਰ | ੪੨੫ |
| ੨੩ ਚੇਤ ਸ਼ ਸੰ ੬ ਮਨੀ ਸਿੰਘ ਦੇ ਗ੍ਰਹਿ | ਸਿਧਵਾਂ | ਅੰਮ੍ਰਿਤਸਰ | ੪੨੬ |
| ੨੪ ਚੇਤ ਸ਼ ਸੰ ੬ ਸਮੁੰਦ ਸਿੰਘ ਦੇ ਗ੍ਰਹਿ | ਮਾੜੀ | ਅੰਮ੍ਰਿਤਸਰ | ੪੨੭ |
| ੨੪ ਚੇਤ ਸ਼ ਸੰ ੬ ਗੰਡਾ ਸਿੰਘ ਦੇ ਘਰ | ਦੁਰਾਜਕੇ | ਅੰਮ੍ਰਿਤਸਰ | ੪੨੯ |
| ੨੫ ਚੇਤ ਸ਼ ਸੰ ੬ ਦਲੀਪ ਸਿੰਘ ਦੇ ਗ੍ਰਹਿ | ਗਗੋਬੂਆ | ਅੰਮ੍ਰਿਤਸਰ | ੪੩੦ |
| ੨੫ ਚੇਤ ਸ਼ ਸੰ ੬ ਮੁਖਤਾਰ ਸਿੰਘ ਦੇ ਗ੍ਰਹਿ | ਗੱਗੋਬੂਆ | ਅੰਮ੍ਰਿਤਸਰ | ੪੩੧ |
| ੨੫ ਚੇਤ ਸ਼ ਸੰ ੬ ਗੁਰਬਖਸ਼ ਸਿੰਘ ਦੇ ਘਰ | ਗੱਗੋਬੂਆ | ਅੰਮ੍ਰਿਤਸਰ | ੪੩੨ |
| ੨੫ ਚੇਤ ਸ਼ ਸੰ ੬ ਕਰਮ ਸਿੰਘ ਦੇ ਗ੍ਰਹਿ | ਗੱਗੋਬੂਆ | ਅੰਮ੍ਰਿਤਸਰ | ੪੩੨ |

10 ੨੨

| | | | | |
|---|---|---|---|---|
| ੨੫ ਚੇਤ ਸ਼ ਸੰ ੬ ਬੀਰ ਸਿੰਘ ਦੇ ਗ੍ਰਹਿ | ਗੱਗੋਬੂਆ | ਅੰਮ੍ਰਿਤਸਰ | ੪੩੩ |
| ੨੫ ਚੇਤ ਸ਼ ਸੰ ੬ ਜਗੀਰ ਸਿੰਘ ਦੇ ਗ੍ਰਹਿ | ਗੱਗੋਬੂਆ | ਅੰਮ੍ਰਿਤਸਰ | ੪੩੩ |
| ੨੫ ਚੇਤ ਸ਼ ਸੰ ੬ ਚੰਨਣ ਸਿੰਘ ਦੇ ਗ੍ਰਹਿ | ਗੱਗੋਬੂਆ | ਅੰਮ੍ਰਿਤਸਰ | ੪੩੪ |
| ੨੫ ਚੇਤ ਸ਼ ਸੰ ੬ ਕਰਤਾਰ ਸਿੰਘ ਦੇ ਗ੍ਰਹਿ | ਭੋਜੀਆਂ | ਅੰਮ੍ਰਿਤਸਰ | ੪੩੫ |
| ੩੦ ਚੇਤ ਸ਼ ਸੰ ੬ ਭਗਤ ਸਿੰਘ ਇਟਾਰਸੀ ਵਾਲੇ ਦੇ | | | |
| ਨਵਿਤ ਹਰਿ ਭਗਤ ਦਵ੍ਾਰ | ਜੇਠੂਵਾਲ | ਅੰਮ੍ਰਿਤਸਰ | ੪੩੭ |
| ਪਹਿਲੀ ਵਿਸਾਖ ਸ਼ ਸੰ ੬ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੪੩੮ |
| ੫ ਵਿਸਾਖ ਸ਼ ਸੰ ੬ ਰਤਨ ਸਿੰਘ ਦੇ ਗ੍ਰਹਿ | ਪੱਚੀ ਬੀ ਬੀ | ਗੰਗਾਨਗਰ | ੪੪੩ |
| ੬ ਵਿਸਾਖ ਸ਼ ਸੰ ੬ ਤਾਰਾ ਸਿੰਘ ਦੇ ਗ੍ਰਹਿ | ਪੱਚੀ ਬੀ ਬੀ | ਗੰਗਾਨਗਰ | ੪੪੫ |
| ੭ ਵਿਸਾਖ ਸ਼ ਸੰ ੬ ਗੁਰਦਿਆਲ ਸਿੰਘ ਦੇ ਗ੍ਰਹਿ | ਪੱਚੀ ਬੀ ਬੀ | ਗੰਗਾਨਗਰ | ੪੪੭ |
| ੭ ਵਿਸਾਖ ਸ਼ ਸੰ ੬ ਜਗੀਰ ਸਿੰਘ ਦੇ ਗ੍ਰਹਿ | ਰੱਤੇਵਾਲ | | ੪੪੮ |
| ੧੩ ਵਿਸਾਖ ਸ਼ ਸੰ ੬ ਮਾਝਾ ਸੰਗਤ ਦੇ ਨਵਿਤ ਵਾਢੀ ਦੇ ਦਿਨ | | | |
| ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੪੫੦ |
| ੧੪ ਵਿਸਾਖ ਸ਼ ਸੰ ੬ ਮਾਝਾ ਸੰਗਤ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੪੫੦ |
| ੧੫ ਵਿਸਾਖ ਸ਼ ਸੰ ੬ ਮਾਝਾ ਸੰਗਤ ਦੇ ਘਰ ਜਾਣ ਸਮੇਂ | | | |
| ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੪੫੨ |
| ੧੭ ਵਿਸਾਖ ਸ਼ ਸੰ ੬ ਮਾਲਵਾ ਸੰਗਤ ਦਾ ਖੇਤਾਂ ਵਿਚ ਇਕੱਠ | ਰਜੋਵਾਲ | ਦੁਆਬਾ | ੪੫੨ |
| ੧੮ ਵਿਸਾਖ ਸ਼ ਸੰ ੬ ਮਾਲਵਾ ਸੰਗਤ ਦੇ ਨਵਿਤ | ਰਜੋਵਾਲ | ਦੁਆਬਾ | ੪੫੪ |
| ੨੨ ਵਿਸਾਖ ਸ਼ ਸੰ ੬ ਗੁੜਾ ਰਾਮ ਜੰਮੂ ਦੀ ਸ਼ਾਦੀ ਨਵਿਤ | ਜੇਠੂਵਾਲ | ਅੰਮ੍ਰਿਤਸਰ | ੪੫੫ |
| ਜਮਾਂਦਾਰ ਸਾਹਿਬ ਅੱਲੜਪਿੰਡੀ ਦੇ ਬੇਨੰਤੀ ਕਰਨ ਤੇ | | | ੪੫੬ |
| ੨੩ ਵਿਸਾਖ ਸ਼ ਸੰ ੬ ਬਾਦ ਦੁਪਹਿਰ ਗੁਰਦਾਸਪੁਰ ਸੰਗਤ ਦੇ ਘਰ ਜਾਣ ਤੋਂ ਪਹਿਲਾਂ | | | |
| ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੪੫੬ |


11
੨੨

| | | | |
|---|---|---|---|
| ਪਹਿਲੀ ਜੇਠ ਸ਼ ਸੰ ੬ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੪੫੮ |
| ੧੦ ਜੇਠ ਸ਼ ਸੰ ੬ ਮਹਿੰਗਾ ਸਿੰਘ ਦੇ ਗ੍ਰਿਹਿ | ਹਰੀਪੁਰ | ਜਲੰਧਰ | ੪੬੮ |
| ੧੧ ਜੇਠ ਸ਼ ਸੰ ੬ ਬੀਬੀ ਹਰਭਜਨ ਕੌਰ ਦੇ ਗ੍ਰਿਹਿ | ਹਰੀਪੁਰ | ਜਲੰਧਰ | ੪੭੩ |
| ੧੧ ਜੇਠ ਸ਼ ਸੰ ੬ ਡਾਕਟਰ ਪਾਲ ਸਿੰਘ ਦੇ ਗ੍ਰਿਹਿ | ਦਾਊਦ ਪੁਰ | ਕਪੂਰਥਲਾ | ੪੭੬ |
| ੧੧ ਜੇਠ ਸ਼ ਸੰ ੬ ਜੁਗਿੰਦਰ ਸਿੰਘ ਦੇ ਘਰ | ਫਤਹਗੜ੍ਹ | ਕਪੂਰਥਲਾ | ੪੭੮ |
| ੧੭ ਜੇਠ ਸ਼ ਸੰ ੬ ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹਿ | ਭਲਾਈਪੁਰ | ਅੰਮ੍ਰਿਤਸਰ | ੪੮੧ |
| ੧੮ ਜੇਠ ਸ਼ ਸੰ ੬ ਊਧਮ ਸਿੰਘ ਦੇ ਗ੍ਰਿਹਿ | ਜਲਾਲਾਬਾਦ | ਅੰਮ੍ਰਿਤਸਰ | ੪੮੬ |
| ੨੩ ਜੇਠ ਸ਼ ਸੰ ੬ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੪੮੮ |
| ੨੪ ਜੇਠ ਸ਼ ਸੰ ੬ ਕਿਸ਼ਨ ਸਿੰਘ ਦੇ ਗ੍ਰਿਹਿ | ਅੱਲੜਪਿੰਡੀ | ਗੁਰਦਾਸਪੁਰ | ੪੯੦ |
| ੨੫ ਜੇਠ ਸ਼ ਸੰ ੬ ਦਲੀਪ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੫੦੦ |
| ੨੫ ਜੇਠ ਸ਼ ਸੰ ੬ ਪਿਆਰਾ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੫੦੨ |
| ੨੫ ਜੇਠ ਸ਼ ਸੰ ੬ ਬਲਾਕਾ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੫੦੩ |
| ੨੫ ਜੇਠ ਸ਼ ਸੰ ੬ ਹਜ਼ਾਰਾ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੫੦੪ |
| ੨੫ ਜੇਠ ਸ਼ ਸੰ ੬ ਬਾਬੂਪੁਰ ਘਰੋਂ ਨਿਕਲ ਕੇ ਵਾਪਸੀ ਤੇ ਨਜ਼ਦੀਕ | | ਗੁਰਦਾਸਪੁਰ | ੫੦੬ |
| ੨੫ ਜੇਠ ਸ਼ ਸੰ ੬ ਪਿਆਰਾ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੫੦੭ |
| ਪਹਿਲੀ ਹਾੜ ਸ਼ ਸੰ ੬ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੫੧੦ |
| ੨ ਹਾੜ ਸ਼ ਸੰ ੬ ਪਿਆਰੀ, ਹਜ਼ਾਰਾ ਸਿੰਘ ਦੀ ਲੜਕੀ ਦੀ ਸ਼ਾਦੀ ਸਮੇਂ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੫੨੪ |
| ੨ ਹਾੜ ਸ਼ ਸੰ ੬ ਹਰਿ ਭਗਤ ਦਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੫੨੭ |
| ੩ ਹਾੜ ਸ਼ ਸੰ ੬ ਗੁਰਮੁਖ ਸਿੰਘ ਦੇ ਗ੍ਰਿਹਿ | ਭਲਾਈ ਪੁਰ ਡੋਗਰਾ | | ੫੨੮ |
| ੪ ਹਾੜ ਸ਼ ਸੰ ੬ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੫੨੯ |
| ੫ ਹਾੜ ਸ਼ ਸੰ ੬ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੫੩੦ |


12
੨੨

| | | | |
|---|---|---|---|
| ੬ ਹਾੜ ਸ਼ ਸੰ ੬ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੫੩੧ |
| ੭ ਹਾੜ ਸ਼ ਸੰ ੬ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੫੩੨ |
| ੮ ਹਾੜ ਸ਼ ਸੰ ੬ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੫੩੩ |
| ੯ ਹਾੜ ਸ਼ ਸੰ ੬ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੫੩੫ |
| ੧੦ ਹਾੜ ਸ਼ ਸੰ ੬ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੫੩੬ |
| ੧੧ ਹਾੜ ਸ਼ ਸੰ ੬ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੫੩੭ |
| ੧੨ ਹਾੜ ਸ਼ ਸੰ ੬ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੫੩੮ |
| ੧੩ ਹਾੜ ਸ਼ ਸੰ ੬ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੫੩੯ |
| ੧੪ ਹਾੜ ਸ਼ ਸੰ ੬ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੫੪੦ |
| ੧੫ ਹਾੜ ਸ਼ ਸੰ ੬ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੫੪੧ |
| ੧੬ ਹਾੜ ਸ਼ ਸੰ ੬ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੫੪੨ |
| ੧੭ ਹਾੜ ਸ਼ ਸੰ ੬ ਹਰਿ ਭਗਤ ਦੁਵਾਰ ਜੇਠੂਵਾਲ ਦੁਪਿਹਰ ਇਸ਼ਨਾਨ ਦੇ ਸਮੇਂ | | | ੫੪੩ |
| ੧੭ ਹਾੜ ਸ਼ ਸੰ ੬ ਹਰਿ ਭਗਤ ਦੁਵਾਰ ਇਸ਼ਨਾਨ ਤੋਂ ਬਾਅਦ ਮੂੰਹ ਮਿੱਠਾ ਕਰੌਣ ਸਮੇਂ | ਜੇਠੂਵਾਲ | ਅੰਮ੍ਰਿਤਸਰ | ੫੪੭ |
| ੧੭ ਹਾੜ ਸ਼ ਸੰ ੬ ਹਰਿ ਭਗਤ ਦੁਵਾਰ ਘੋੜੇ ਦੀ ਵਾਗ ਗੁੰਦਣ ਸਮੇਂ ਜੇਠੂਵਾਲ | | | ੫੪੭ |
| ੧੭ ਹਾੜ ਸ਼ ਸੰ ੬ ਹਰਿ ਭਗਤ ਦੁਵਾਰ ਜਲੂਸ ਦਰਬਾਰ ਵਿਚ ਪੁੱਜਣ ਤੇ ਜੇਠੂਵਾਲ | | | ੫੪੭ |
| ੧੭ ਹਾੜ ਸ਼ ਸੰ ੬ ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | | ੫੫੨ |
| ੧੮ ਹਾੜ ਸ਼ ਸੰ ੬ ਹਰਿ ਭਗਤ ਦੁਵਾਰ ਸਵੇਰੇ ਵਿਆਹਾਂ ਦੇ ਸਮੇਂ ਜੇਠੂਵਾਲ | | | ੫੬੯ |
| ੧੮ ਹਾੜ ਸ਼ ਸੰ ੬ ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | | ੫੭੩ |
| ੨੯ ਹਾੜ ਸ਼ ਸੰ ੬ ਸ਼੍ਰੀ ਆਰ ਐਲ ਸ਼ਰਮਾ ਦੇ ਨਵਿਤ ਧਰਮ ਅਰਥ ਰੋਡ ਸ੍ਰੀਨਗਰ ਕੋਠੀ ਨੰ੦ ੧੦੨ ਕਸ਼ਮੀਰ | | | ੫੮੭ |
| ੩੦ ਹਾੜ ਸ਼ ਸੰ ੬ ਲੈਫਟੀਨੈਂਟ ਚੇਲਾ ਸਿੰਘ ਦੇ ਗ੍ਰਹਿ | ਜੰਮੂ | ਜੰਮੂ | ੫੯੮ |




| | | | |
|---|---|---|---|
| ੩੧ ਹਾੜ ਸ਼ ਸੰ ੬ ਸਰਦਾਰਾ ਸਿੰਘ ਗੁਰਨਾਮ ਸਿੰਘ | ਸੀੜ | ਜੰਮੂ | ੫੯੯ |
| ੩੧ ਹਾੜ ਸ਼ ਸੰ ੬ ਲਛਮਣ ਸਿੰਘ ਦੇ ਗ੍ਰਿਹਿ | ਸਈ ਕੈਂਪ | ਜੰਮੂ | ੬੦੦ |
| ੩੧ ਹਾੜ ਸ਼ ਸੰ ੬ ਬਚਨ ਸਿੰਘ ਦੇ ਗ੍ਰਿਹਿ | ਸਈ ਕੈਂਪ | ਜੰਮੂ | ੬੦੧ |
| ੩੧ ਹਾੜ ਸ਼ ਸੰ ੬ ਕੁਲਵੰਤ ਸਿੰਘ ਦੇ ਗ੍ਰਿਹਿ | ਸਈ ਕੈਂਪ | ਜੰਮੂ | ੬੦੨ |
| ੩੧ ਹਾੜ ਸ਼ ਸੰ ੬ ਦੇਵਾ ਸਿੰਘ ਦੇ ਗ੍ਰਿਹਿ | ਸਈ ਕੈਂਪ | ਜੰਮੂ | ੬੦੨ |
| ੩੧ ਹਾੜ ਸ਼ ਸੰ ੬ ਕਿਰਪਾਲ ਸਿੰਘ ਦੇ ਗ੍ਰਿਹਿ | ਸਈ ਕੈਂਪ | ਜੰਮੂ | ੬੦੨ |
| ੩੧ ਹਾੜ ਸ਼ ਸੰ ੬ ਤੇਜ ਭਾਨ ਦੇ ਘਰ | ਸਈ ਕੈਂਪ | ਜੰਮੂ | ੬੦੩ |
| ੩੨ ਹਾੜ ਸ਼ ਸੰ ੬ ਸ਼ਿਵ ਸਿੰਘ ਦੇ ਗ੍ਰਿਹਿ | ਸਈ ਕੈਂਪ | ਜੰਮੂ | ੬੦੫ |
| ੩੨ ਹਾੜ ਸ਼ ਸੰ ੬ ਗੁੜਾ ਰਾਮ ਦੇ ਗ੍ਰਿਹਿ | ਸਈ ਕੈਂਪ | ਜੰਮੂ | ੬੦੫ |
| ੩੨ ਹਾੜ ਸ਼ ਸੰ ੬ ਛੁੱਮਣ ਸਿੰਘ ਦੇ ਗ੍ਰਿਹਿ | | ਜੰਮੂ | ੬੦੫ |
| ਪਹਿਲੀ ਸਾਵਣ ਸ਼ ਸੰ ੬ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੬੦੬ |
| ੧੪ ਸਾਵਣ ਸ਼ ਸੰ ੬ ਕਪੂਰ ਸਿੰਘ ਬਰਾੜ ਦੇ ਗ੍ਰਿਹਿ | ਮੋਗਾ | ਫ਼ਿਰੋਜ਼ਪੁਰ | ੬੧੨ |
| ੩੦ ਸਾਵਣ ਸ਼ ਸੰ ੬ ਬੀਬੀ ਹਰਜਿੰਦਰ ਕੌਰ ਦੇ ਨਵਿਤ | ਫਿਰੋਜਪੁਰ ਛਾਉਣੀ | | ੬੧੬ |
| ਪਹਿਲੀ ਭਾਦਰੋਂ ਸ਼ ਸੰ ੬ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੬੧੮ |
| ੨ ਭਾਦਰੋਂ ਸ਼ ਸੰ ੬ ਹਰਿ ਭਗਤ ਦੁਵਾਰ ਦੁਪਹਿਰ ਨੂੰ | ਜੇਠੂਵਾਲ | ਅੰਮ੍ਰਿਤਸਰ | ੬੨੬ |
| ੨ ਭਾਦਰੋਂ ਸ਼ ਸੰ ੬ ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੬੨੮ |
| ੫ ਭਾਦਰੋਂ ਸ਼ ਸੰ ੬ ਹਰੀ ਸਿੰਘ ਤੇ ਪੂਰਨ ਸਿੰਘ | ਸੋਹਲ | ਅੰਮ੍ਰਿਤਸਰ | ੬੩੦ |
| ੬ ਭਾਦਰੋਂ ਸ਼ ਸੰ ੬ ਮਹਿੰਦਰ ਸਿੰਘ ਦੇ ਗ੍ਰਿਹਿ | ਸੋਹਲ | ਅੰਮ੍ਰਿਤਸਰ | ੬੩੩ |
| ੬ ਭਾਦਰੋਂ ਸ਼ ਸੰ ੬ ਕਰਮ ਸਿੰਘ ਦੇ ਗ੍ਰਿਹਿ | ਮੀਆਂ ਪੁਰ | ਅੰਮ੍ਰਿਤਸਰ | ੬੩੪ |
| ੬ ਭਾਦਰੋਂ ਸ਼ ਸੰ ੬ ਬੀਬੀ ਬੰਤੀ ਦੇ ਗ੍ਰਿਹਿ | ਮੀਆਂ ਪੁਰ | ਅੰਮ੍ਰਿਤਸਰ | ੬੩੫ |
| ੬ ਭਾਦਰੋਂ ਸ਼ ਸੰ ੬ ਅਵਤਾਰ ਸਿੰਘ ਦੇ ਗ੍ਰਿਹਿ | ਕਾਉਂਕੇ | ਅੰਮ੍ਰਿਤਸਰ | ੬੩੬ |
| ੭ ਭਾਦਰੋਂ ਸ਼ ਸੰ ੬ ਨਰੈਣ ਸਿੰਘ ਦੇ ਗ੍ਰਿਹਿ | ਗੁਮਾਨ ਪੁਰਾ | ਅੰਮ੍ਰਿਤਸਰ | ੬੩੯ |




| | | | |
|---|---|---|---|
| ੭ ਭਾਦਰੋਂ ਸ਼ ਸੰ ੬ ਜੀਤ ਸਿੰਘ ਦੇ ਗ੍ਰਿਹਿ | ਗੁਮਾਨ ਪੁਰਾ | ਅੰਮ੍ਰਿਤਸਰ | ੬੪੦ |
| ੭ ਭਾਦਰੋਂ ਸ਼ ਸੰ ੬ ਹਰਨਾਮ ਸਿੰਘ ਦੇ ਗ੍ਰਿਹਿ | ਗੁਮਾਨਪੁਰਾ | ਅੰਮ੍ਰਿਤਸਰ | ੬੪੧ |
| ੭ ਭਾਦਰੋਂ ਸ਼ ਸੰ ੬ ਮੰਗਲ ਸਿੰਘ ਦੇ ਗ੍ਰਿਹਿ | ਸਾਰੰਗੜਾ | ਅੰਮ੍ਰਿਤਸਰ | ੬੪੧ |
| ੮ ਭਾਦਰੋਂ ਸ਼ ਸੰ ੬ ਕਾਰਜ ਸਿੰਘ ਦੇ ਗ੍ਰਿਹਿ | ਸਾਰੰਗੜਾ | ਅੰਮ੍ਰਿਤਸਰ | ੬੪੪ |
| ੮ ਭਾਦਰੋਂ ਸ਼ ਸੰ ੬ ਦਲੀਪ ਸਿੰਘ ਦੇ ਗ੍ਰਿਹਿ | ਮਾਨਾਂਵਾਲਾ | ਅੰਮ੍ਰਿਤਸਰ | ੬੪੫ |
| ੮ ਭਾਦਰੋਂ ਸ਼ ਸੰ ੬ ਚਰਨ ਸਿੰਘ ਦੇ ਗ੍ਰਿਹਿ | ਮਾਨਾਂਵਾਲਾ | ਅੰਮ੍ਰਿਤਸਰ | ੬੪੭ |
| ੮ ਭਾਦਰੋਂ ਸ਼ ਸੰ ੬ ਧੰਨਤੋ ਦੇ ਗ੍ਰਿਹਿ | ਮਾਨਾਂਵਾਲਾ | ਅੰਮ੍ਰਿਤਸਰ | ੬੪੯ |
| ੮ ਭਾਦਰੋਂ ਸ਼ ਸੰ ੬ ਗੁਰਦਿਤ ਸਿੰਘ ਦੇ ਗ੍ਰਿਹਿ | ਮਾਨਾਂਵਾਲਾ | ਅੰਮ੍ਰਿਤਸਰ | ੬੪੯ |
| ੮ ਭਾਦਰੋਂ ਸ਼ ਸੰ ੬ ਹਜ਼ਾਰਾ ਸਿੰਘ ਦੇ ਗ੍ਰਿਹਿ | ਛੀਨਾ | ਅੰਮ੍ਰਿਤਸਰ | ੬੫੦ |
| ੯ ਭਾਦਰੋਂ ਸ਼ ਸੰ ੬ ਸੁਰਿੰਦਰ ਸਿੰਘ ਦੇ ਗ੍ਰਿਹਿ | ਭੁੱਲਰ | ਅੰਮ੍ਰਿਤਸਰ | ੬੫੨ |
| ੯ ਭਾਦਰੋਂ ਸ਼ ਸੰ ੬ ਭਾਗ ਸਿੰਘ ਦੇ ਗ੍ਰਿਹਿ | ਮਾਹਲ | ਅੰਮ੍ਰਿਤਸਰ | ੬੫੫ |
| ੯ ਭਾਦਰੋਂ ਸ਼ ਸੰ ੬ ਹਜਾਰਾ ਸਿੰਘ ਦੇ ਗ੍ਰਿਹਿ | ਘਨਕਪੁਰ | ਅੰਮ੍ਰਿਤਸਰ | ੬੫੬ |
| ੨੦ ਭਾਦਰੋਂ ਸ਼ ਸੰ ੬ ਜੁਗਿੰਦਰ ਸਿੰਘ ਦੇ ਗ੍ਰਿਹਿ | ਇਟਾਰਸੀ | ਮਧਿਆ ਪ੍ਰਦੇਸ | ੬੫੮ |
| ੨੧ ਭਾਦਰੋਂ ਸ਼ ਸੰ ੬ ਭਗਤ ਸਿੰਘ ਦੇ ਗ੍ਰਿਹਿ | ਇਟਾਰਸੀ | ਮਧਿਆ ਪ੍ਰਦੇਸ | ੬੬੦ |
| ੨੨ ਭਾਦਰੋਂ ਸ਼ ਸੰ ੬ ਟੋਪਨ ਰਾਮ ਦੇ ਗ੍ਰਿਹਿ | ਇਟਾਰਸੀ | ਮਧਿਆ ਪ੍ਰਦੇਸ | ੬੬੧ |
| ੨੩ ਭਾਦਰੋਂ ਸ਼ ਸੰ ੬ ਹਰਦਿਤ ਸਿੰਘ ਦੇ ਗ੍ਰਿਹਿ | ਇਟਾਰਸੀ | ਮਧਿਆ ਪ੍ਰਦੇਸ | ੬੬੨ |
| ੨੪ ਭਾਦਰੋਂ ਸ਼ ਸੰ ੬ ਸੁਰਿੰਦਰ ਸਿੰਘ ਦੇ ਗ੍ਰਿਹਿ | ਇਟਾਰਸੀ | ਮਧਿਆ ਪ੍ਰਦੇਸ | ੬੬੩ |
| ੨੫ ਭਾਦਰੋਂ ਸ਼ ਸੰ ੬ ਪਾਰੂ ਮਲ ਦੇ ਗ੍ਰਿਹਿ | ਇਟਾਰਸੀ | ਮਧਿਆ ਪ੍ਰਦੇਸ | ੬੬੮ |
| ੨੫ ਭਾਦਰੋਂ ਸ਼ ਸੰ ੬ ਸਦਰ ਮਲ ਕੌੜਾ ਮਲ ਦੇ ਗ੍ਰਿਹਿ | ਇਟਾਰਸੀ | ਮਧਿਆ ਪ੍ਰਦੇਸ | ੬੬੯ |
| ੨੫ ਭਾਦਰੋਂ ਸ਼ ਸੰ ੬ ਜਸਵੰਤ ਸਿੰਘ ਦੇ ਗ੍ਰਿਹਿ | ਇਟਾਰਸੀ | ਮਧਿਆ ਪ੍ਰਦੇਸ | ੬੭੦ |
| ੨੭ ਭਾਦਰੋਂ ਸ਼ ਸੰ ੬ ਹਰਬੰਸ ਸਿੰਘ ਦੇ ਗ੍ਰਿਹਿ | ਗੁੜਗਾਉਂ | ਹਰਿਆਣਾ | ੬੭੫ |
| ੨੭ ਭਾਦਰੋਂ ਸ਼ ਸੰ ੬ ਸੇਵਾ ਸਿੰਘ ਦੇ ਗ੍ਰਿਹਿ | ਗੁੜਗਾਉਂ | ਹਰਿਆਣਾ | ੬੭੫ |

15
੨੨

16

੨੨

| | | | |
|---|---|---|---|
| ੨੮ ਭਾਦਰੋਂ ਸ਼ ਸੰ ੬ ਰੇਸ਼ਮ ਸਿੰਘ ਦੇ ਗ੍ਰਿਹਿ | ਮੇਰਠ ਛਾਉਣੀ ਮੇਰਠ | | ੬੭੬ |
| ੨੯ ਭਾਦਰੋਂ ਸ਼ ਸੰ ੬ ਸਰਮੈਲ ਸਿੰਘ ਦੇ ਗ੍ਰਿਹਿ | ਮੇਰਠ ਛਾਉਣੀ ਮੇਰਠ | | ੬੭੯ |
| ੨੯ ਭਾਦਰੋਂ ਸ਼ ਸੰ ੬ ਮੁਲਖ ਰਾਜ ਦੇ ਗ੍ਰਿਹਿ | ਮੇਰਠ ਛਾਉਣੀ ਮੇਰਠ | | ੬੮੦ |
| ੨੯ ਭਾਦਰੋਂ ਸ਼ ਸੰ ੬ ਹੰਸ ਰਾਜ ਦੇ ਗ੍ਰਿਹਿ | ਮੇਰਠ ਛਾਉਣੀ ਮੇਰਠ | | ੬੮੦ |
| ੨੯ ਭਾਦਰੋਂ ਸ਼ ਸੰ ੬ ਪਿਆਰਾ ਲਾਲ ਦੇ ਗ੍ਰਿਹਿ | ਮੇਰਠ ਛਾਉਣੀ ਮੇਰਠ | | ੬੮੦ |
| ੨੯ ਭਾਦਰੋਂ ਸ਼ ਸੰ ੬ ਹਰਭਜਨ ਸਿੰਘ ਦੇ ਗ੍ਰਿਹਿ | ਦਿੱਲੀ | | ੬੮੧ |
| ੨੯ ਭਾਦਰੋਂ ਸ਼ ਸੰ ੬ ਗੁਰਬਲਵਿੰਦਰ ਸਿੰਘ ਦੇ ਘਰ | ਦਿੱਲੀ | | ੬੮੨ |
| ੨੯ ਭਾਦਰੋਂ ਸ਼ ਸੰ ੬ ਚੰਦਾ ਸਿੰਘ ਦੇ ਗ੍ਰਿਹਿ | ਦਿੱਲੀ | | ੬੮੩ |
| ੨੯ ਭਾਦਰੋਂ ਸ਼ ਸੰ ੬ ਕੈਪਟਨ ਮਹਿੰਦਰ ਸਿੰਘ ਦੇ ਗ੍ਰਿਹਿ | ਦਿੱਲੀ | | ੬੮੪ |
| ਪਹਿਲੀ ਅੱਸੂ ਸ਼ ਸੰ ੬ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੬੮੭ |
| ਸੱਤਾਂ ਲਾਂਗਰੀਆਂ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੬੯੭ |
| ੩ ਅੱਸੂ ਸ਼ ਸੰ ੬ ਗੁਰਮੁਖ ਦੁਵਾਰੇ ਨੀਂਹ ਰੱਖਣ ਸਮੇਂ | ਭਲਾਈ ਪੁਰ ਡੋਗਰਾ | | ੬੯੮ |
| ੩ ਅੱਸੂ ਸ਼ ਸੰ ੬ ਗੁਰਮੁਖ ਸਿੰਘ ਦੇ ਘਰ | ਭਲਾਈ ਪੁਰ ਡੋਗਰਾ | | ੭੦੦ |
| ੫ ਅੱਸੂ ਸ਼ ਸੰ ੬ ਦਰਬਾਰ ਵਿਚ ਜਸਬੀਰ ਸਿੰਘ | | | |
| ਜਲਾਲਬਾਦ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੭੦੧ |
| ੧੧ ਅੱਸੂ ਸ਼ ਸੰ ੬ ਸੁਖਦੇਵ ਸਿੰਘ ਦੇ ਘਰ | ਕੱਲਾ | ਅੰਮ੍ਰਿਤਸਰ | ੭੦੩ |
| ੧੨ ਅੱਸੂ ਸ਼ ਸੰ ੬ ਦਰਸ਼ਨ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੭੦੫ |
| ੧੨ ਅੱਸੂ ਸ਼ ਸੰ ੬ ਪ੍ਰੀਤਮ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੭੦੬ |
| ੧੨ ਅੱਸੂ ਸ਼ ਸੰ ੬ ਜਗੀਰ ਕੌਰ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੭੦੭ |
| ੧੨ ਅੱਸੂ ਸ਼ ਸੰ ੬ ਗੁਰਬਖਸ਼ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੭੦੭ |
| ੧੨ ਅੱਸੂ ਸ਼ ਸੰ ੬ ਪਿਆਰੋ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੭੦੮ |
| ੧੨ ਅੱਸੂ ਸ਼ ਸੰ ੬ ਕਰਮ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੭੦੯ |

16

੨੨

| | | | | |
|---|---|---|---|---|
| ੧੨ ਅੱਸੂ ਸ਼ ਸੰ ੬ | ਸਰਦਾਰਾ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੭੦੯ |
| ੧੨ ਅੱਸੂ ਸ਼ ਸੰ ੬ | ਸਰਮੁਖ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੭੦੯ |
| ੧੨ ਅੱਸੂ ਸ਼ ਸੰ ੬ | ਹਰਨਾਮ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੭੧੦ |
| ੧੨ ਅੱਸੂ ਸ਼ ਸੰ ੬ | ਪ੍ਰੀਤਮ ਸਿੰਘ ਦੇ ਘਰ | ਕੱਲਾ | ਅੰਮ੍ਰਿਤਸਰ | ੭੧੧ |
| ੧੨ ਅੱਸੂ ਸ਼ ਸੰ ੬ | ਸਵਰਨ ਸਿੰਘ ਹਰਭਜਨ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੭੧੧ |
| ੧੨ ਅੱਸੂ ਸ਼ ਸੰ ੬ | ਸਾਧੂ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੭੧੨ |
| ੧੨ ਅੱਸੂ ਸ਼ ਸੰ ੬ | ਲਾਲ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੭੧੨ |
| ੧੨ ਅੱਸੂ ਸ਼ ਸੰ ੬ | ਪ੍ਰੀਤਮ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੭੧੨ |
| ੧੨ ਅੱਸੂ ਸ਼ ਸੰ ੬ | ਕੁੰਦਨ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੭੧੩ |
| ੧੨ ਅੱਸੂ ਸ਼ ਸੰ ੬ | ਗੁਰਦਿਆਲ ਸਿੰਘ ਦੇ ਘਰ | ਕੱਲਾ | ਅੰਮ੍ਰਿਤਸਰ | ੭੧੩ |
| ੧੨ ਅੱਸੂ ਸ਼ ਸੰ ੬ | ਹਰਦੀਪ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੭੧੪ |
| ੧੨ ਅੱਸੂ ਸ਼ ਸੰ ੬ | ਮੱਸਾ ਸਿੰਘ ਦੇ ਗ੍ਰਿਹਿ | ਨੌਰੰਗਾਬਾਦ | ਅੰਮ੍ਰਿਤਸਰ | ੭੧੫ |
| ੧੩ ਅੱਸੂ ਸ਼ ਸੰ ੬ | ਮੱਖਣ ਸਿੰਘ ਦੇ ਗ੍ਰਿਹਿ | ਨੌਰੰਗਾਬਾਦ | ਅੰਮ੍ਰਿਤਸਰ | ੭੧੮ |
| ੧੩ ਅੱਸੂ ਸ਼ ਸੰ ੬ | ਕਰਨੈਲ ਸਿੰਘ ਦੇ ਘਰ | ਨੌਰੰਗਾਬਾਦ | ਅੰਮ੍ਰਿਤਸਰ | ੭੧੯ |
| ੧੩ ਅੱਸੂ ਸ਼ ਸੰ ੬ | ਦਾਰਾ ਸਿੰਘ ਦੇ ਘਰ | ਨੌਰੰਗਾਬਾਦ | ਅੰਮ੍ਰਿਤਸਰ | ੭੨੦ |
| ੧੩ ਅੱਸੂ ਸ਼ ਸੰ ੬ | ਸੋਹਣ ਸਿੰਘ ਦੇ ਗ੍ਰਿਹਿ | ਤਰਨਤਾਰਨ | ਅੰਮ੍ਰਿਤਸਰ | ੭੨੧ |
| ੧੬ ਅੱਸੂ ਸ਼ ਸੰ ੬ | ਲਾਲ ਸਿੰਘ ਦੇ ਗ੍ਰਿਹਿ | ਡੱਲੇਵਾਲ | ਜਲੰਧਰ | ੭੨੨ |
| ੧੬ ਅੱਸੂ ਸ਼ ਸੰ ੬ | ਕੇਹਰ ਸਿੰਘ ਰੁੜਕਾ ਦੇ ਨਿਵਿਤ | ਡੱਲੇਵਾਲ | ਜਲੰਧਰ | ੭੨੪ |
| ੧੭ ਅੱਸੂ ਸ਼ ਸੰ ੬ | ਕਰਮ ਦੇ ਘਰ | ਗੁੜਾ | ਲੁਧਿਆਣਾ | ੭੨੫ |
| ੧੮ ਅੱਸੂ ਸ਼ ਸੰ ੬ | ਮਿਹਰ ਸਿੰਘ ਦੇ ਘਰ | ਜਗਰਾਉ | ਲੁਧਿਆਣਾ | ੭੨੭ |
| ੧੮ ਅੱਸੂ ਸ਼ ਸੰ ੬ | ਮਹਿੰਦਰ ਸਿੰਘ ਦੇ ਘਰ | ਦਾਖਾਂ | ਲੁਧਿਆਣਾ | ੭੨੮ |
| ੧੮ ਅੱਸੂ ਸ਼ ਸੰ ੬ | ਪਾਖਰ ਸਿੰਘ ਦੇ ਗ੍ਰਿਹਿ | ਮੋਹੀ | ਲੁਧਿਆਣਾ | ੭੨੯ |

17
੨੨

| | | | |
|---|---|---|---|
| ੧੮ ਅੱਸੂ ਸ਼ ਸੰ ੬ ਗੁਰਨਾਮ ਸਿੰਘ ਦੇ ਘਰ | ਬੁਢੇਲ | ਲੁਧਿਆਣਾ | ੭੩੦ |
| ੧੮ ਅੱਸੂ ਸ਼ ਸੰ ੬ ਪਲਟੂ ਰਾਮ ਦੇ ਗ੍ਰਿਹਿ | ਸੁਧਾਰ | ਲੁਧਿਆਣਾ | ੭੩੨ |
| ੧੮ ਅੱਸੂ ਸ਼ ਸੰ ੬ ਸਰਵਣ ਸਿੰਘ ਦੇ ਘਰ | ਪਖੋਵਾਲ | ਲੁਧਿਆਣਾ | ੭੩੩ |
| ੧੯ ਅੱਸੂ ਸ਼ ਸੰ ੬ ਸਾਧੂ ਸਿੰਘ ਦੇ ਗ੍ਰਿਹਿ | ਪਖੋਵਾਲ | ਲੁਧਿਆਣਾ | ੭੩੫ |
| ੧੯ ਅੱਸੂ ਸ਼ ਸੰ ੬ ਸਰਦਾਰਾ ਸਿੰਘ ਦੇ ਗ੍ਰਿਹਿ | ਪਖੋਵਾਲ | ਲੁਧਿਆਣਾ | ੭੩੬ |
| ੧੯ ਅੱਸੂ ਸ਼ ਸੰ ੬ ਕਰਮ ਸਿੰਘ ਦੇ ਗ੍ਰਿਹਿ | ਪਖੋਵਾਲ | ਲੁਧਿਆਣਾ | ੭੩੭ |
| ੧੯ ਅੱਸੂ ਸ਼ ਸੰ ੬ ਭਾਗ ਸਿੰਘ ਦੇ ਗ੍ਰਿਹਿ | ਪਖੋਵਾਲ | ਲੁਧਿਆਣਾ | ੭੩੭ |
| ੧੯ ਅੱਸੂ ਸ਼ ਸੰ ੬ ਬਾਊ ਭਗਵਾਨ ਸਿੰਘ ਦੇ ਗ੍ਰਿਹਿ | ਪਖੋਵਾਲ | ਲੁਧਿਆਣਾ | ੭੩੮ |
| ੧੯ ਅੱਸੂ ਸ਼ ਸੰ ੬ ਬੀਬੀ ਭਗਵਾਨ ਕੌਰ ਦੇ ਘਰ | ਪਖੋਵਾਲ | ਲੁਧਿਆਣਾ | ੭੩੯ |
| ੧੯ ਅੱਸੂ ਸ਼ ਸੰ ੬ ਮੰਗਲ ਸਿੰਘ ਦੇ ਘਰ | ਪਖੋਵਾਲ | ਲੁਧਿਆਣਾ | ੭੩੯ |
| ੧੯ ਅੱਸੂ ਸ਼ ਸੰ ੬ ਨਾਜ਼ਰ ਸਿੰਘ ਦੇ ਘਰ | ਪਖੋਵਾਲ | ਲੁਧਿਆਣਾ | ੭੪੦ |
| ੧੯ ਅੱਸੂ ਸ਼ ਸੰ ੬ ਅਮਰੀਕ ਸਿੰਘ ਦੇ ਘਰ | ਭੈਣੀ | ਲੁਧਿਆਣਾ | ੭੪੧ |
| ੧੯ ਅੱਸੂ ਸ਼ ਸੰ ੬ ਧੰਨਾ ਸਿੰਘ ਦੇ ਘਰ | ਢਹਿ ਪਈ | ਲੁਧਿਆਣਾ | ੭੪੩ |
| ੨੦ ਅੱਸੂ ਸ਼ ਸੰ ੬ ਨਿਰੰਜਣ ਸਿੰਘ ਦੇ ਘਰ ਨੇੜੇ | ਐਗਰੀਕਲਚਰ ਵਿਦਿਆਲਾ | ਲੁਧਿਆਣਾ | ੭੪੪ |
| ੨੧ ਅੱਸੂ ਸ਼ ਸੰ ੬ ਹਰਚਰਨ ਸਿੰਘ ਦੇ ਗ੍ਰਿਹਿ | ਚੰਦਾ ਸਿੰਘ ਕਲੋਨੀ | ਲੁਧਿਆਣਾ | ੭੪੬ |
| ੨੨ ਅੱਸੂ ਸ਼ ਸੰ ੬ ਲਾਲ ਸਿੰਘ ਦੇ ਘਰ | ਲੁਧਿਆਣਾ | ਲੁਧਿਆਣਾ | ੭੪੮ |
| ੨੨ ਅੱਸੂ ਸ਼ ਸੰ ੬ ਸੁਰਜਨ ਸਿੰਘ ਦੇ ਘਰ | ਲੁਧਿਆਣਾ | ਲੁਧਿਆਣਾ | ੭੪੮ |
| ੨੨ ਅੱਸੂ ਸ਼ ਸੰ ੬ ਮਦਨ ਲਾਲ ਦੇ ਘਰ | ਲੁਧਿਆਣਾ | ਲੁਧਿਆਣਾ | ੭੫੦ |
| ੨੨ ਅੱਸੂ ਸ਼ ਸੰ ੬ ਮੱਘਰ ਸਿੰਘ ਦੇ ਘਰ | ਲੁਧਿਆਣਾ | ਲੁਧਿਆਣਾ | ੭੫੧ |
| ੨੨ ਅੱਸੂ ਸ਼ ਸੰ ੬ ਗੁਰਦੇਵ ਸਿੰਘ ਦੇ ਘਰ | ਲੁਧਿਆਣਾ | ਲੁਧਿਆਣਾ | ੭੫੧ |
| ੨੨ ਅੱਸੂ ਸ਼ ਸੰ ੬ ਨਿਰਵੈਰ ਸਿੰਘ ਦੇ ਘਰ | ਲੋਕੋ ਸ਼ੈਡ | ਲੁਧਿਆਣਾ | ੭੫੨ |
| ੨੨ ਅੱਸੂ ਸ਼ ਸੰ ੬ ਹਰਨੇਕ ਸਿੰਘ ਦੇ ਘਰ | ਲੁਧਿਆਣਾ | ਲੁਧਿਆਣਾ | ੭੫੨ |

18
੨੨

| | | | | | | | | |
|---|---|---|---|---|---|---|---|---|
| ੨੨ | ਅੱਸੂ | ਸ਼ | ਸੰ | ੬ | ਸਮਿਤਰੀ ਦੇਵੀ ਦੇ ਘਰ | ਲੁਧਿਆਣਾ | ਲੁਧਿਆਣਾ | ੭੫੩ |
| ੨੨ | ਅੱਸੂ | ਸ਼ | ਸੰ | ੬ | ਸੁਖਵੰਤ ਕੌਰ ਦੇ ਗ੍ਰਹਿ | ਲੁਧਿਆਣਾ | ਲੁਧਿਆਣਾ | ੭੫੩ |
| ੨੨ | ਅੱਸੂ | ਸ਼ | ਸੰ | ੬ | ਹਰਬੰਸ ਕੌਰ ਦੇ ਘਰ | ਆਰੀਆ ਮਹੱਲਾ | ਲੁਧਿਆਣਾ | ੭੫੪ |
| ੨੨ | ਅੱਸੂ | ਸ਼ | ਸੰ | ੬ | ਗਿਆਨ ਚੰਦ ਦੇ ਘਰ | ਲੁਧਿਆਣਾ | ਲੁਧਿਆਣਾ | ੭੫੫ |
| ੨੨ | ਅੱਸੂ | ਸ਼ | ਸੰ | ੬ | ਮਹਿੰਦਰ ਸਿੰਘ ਦੇ ਗ੍ਰਹਿ | ਯੋਧਾ ਬਸਤੀ | ਲੁਧਿਆਣਾ | ੭੫੫ |
| ੨੨ | ਅੱਸੂ | ਸ਼ | ਸੰ | ੬ | ਭਜਨ ਸਿੰਘ ਦੇ ਗ੍ਰਹਿ | ਯੋਧਾ ਬਸਤੀ | ਲੁਧਿਆਣਾ | ੭੫੬ |
| ੨੨ | ਅੱਸੂ | ਸ਼ | ਸੰ | ੬ | ਰਵੇਲ ਸਿੰਘ ਦੇ ਘਰ | ਲੁਧਿਆਣਾ | | ੭੫੬ |
| ੨੨ | ਅੱਸੂ | ਸ਼ | ਸੰ | ੬ | ਨਛੱਤਰ ਸਿੰਘ ਦੇ ਘਰ | ਦੁਰਾਹਾ | ਲੁਧਿਆਣਾ | ੭੫੭ |
| ੨੩ | ਅੱਸੂ | ਸ਼ | ਸੰ | ੬ | ਗੱਜਣ ਸਿੰਘ ਦੇ ਘਰ | ਦੁਰਾਹਾ | ਲੁਧਿਆਣਾ | ੭੫੮ |
| ੨੩ | ਅੱਸੂ | ਸ਼ | ਸੰ | ੬ | ਜਸਵੰਤ ਕੌਰ ਦੇ ਗ੍ਰਹਿ | ਦੁਰਾਹਾ | ਲੁਧਿਆਣਾ | ੭੫੯ |
| ੨੩ | ਅੱਸੂ | ਸ਼ | ਸੰ | ੬ | ਗੁਰਨਾਮ ਕੌਰ ਦੇ ਗ੍ਰਹਿ | ਦੁਰਾਹਾ | ਲੁਧਿਆਣਾ | ੭੬੦ |
| ੨੩ | ਅੱਸੂ | ਸ਼ | ਸੰ | ੬ | ਜਗਦੀਸ਼ ਸਿੰਘ ਦੇ ਘਰ | ਅਜਨੋਧ | ਲੁਧਿਆਣਾ | ੭੬੦ |
| ੨੩ | ਅੱਸੂ | ਸ਼ | ਸੰ | ੬ | ਸ੍ਰੀ ਰਾਮ ਦੇ ਗ੍ਰਹਿ | ਮਕਸੂਦੜਾ | ਲੁਧਿਆਣਾ | ੭੬੧ |
| ੨੩ | ਅੱਸੂ | ਸ਼ | ਸੰ | ੬ | ਹਰੀ ਸਿੰਘ ਦੇ ਘਰ | ਮਹਿਮਾ ਸਿੰਘ ਵਾਲਾ | ਲੁਧਿਆਣਾ | ੭੬੨ |
| ੨੪ | ਅੱਸੂ | ਸ਼ | ਸੰ | ੬ | ਬਲਵੰਤ ਸਿੰਘ ਦੇ ਘਰ | ਗੁਜਰਵਾਲ | ਲੁਧਿਆਣਾ | ੭੬੪ |
| ੨੪ | ਅੱਸੂ | ਸ਼ | ਸੰ | ੬ | ਠਾਣੇਦਾਰ ਹਰਚਰਨ ਸਿੰਘ | ਜਟਵਾਂ | ਲੁਧਿਆਣਾ | ੭੬੫ |
| ੨੫ | ਅੱਸੂ | ਸ਼ | ਸੰ | ੬ | ਹਰਬੰਸ ਸਿੰਘ ਦੇ ਗ੍ਰਹਿ | ਸੰਗਰੂਰ | | ੭੬੭ |
| ੨੬ | ਅੱਸੂ | ਸ਼ | ਸੰ | ੬ | ਤਰਲੋਕ ਸਿੰਘ ਦੇ ਘਰ | ਸਨਾਮ | | ੭੭੧ |
| ੨੭ | ਅੱਸੂ | ਸ਼ | ਸੰ | ੬ | ਬੀਬੀ ਦਲੀਪੀ ਦੇ ਗ੍ਰਹਿ | ਸਨਾਮ | | ੭੭੪ |
| ੨੭ | ਅੱਸੂ | ਸ਼ | ਸੰ | ੬ | ਸ਼ਾਮ ਸਿੰਘ ਦੇ ਗ੍ਰਹਿ | ਬਰਨਾਲਾ | | ੭੭੫ |
| ੨੭ | ਅੱਸੂ | ਸ਼ | ਸੰ | ੬ | ਕਪੂਰ ਸਿੰਘ ਬਰਾੜ ਦੇ ਗ੍ਰਹਿ | ਮੋਗਾ | ਫ਼ਿਰੋਜ਼ਪੁਰ | ੭੭੭ |
| ੨੮ | ਅੱਸੂ | ਸ਼ | ਸੰ | ੬ | ਗੁਰਬਚਨ ਸਿੰਘ ਦੇ ਗ੍ਰਹਿ | ਸਦਾ ਸਿੰਘ ਵਾਲਾ | ਫ਼ਿਰੋਜ਼ਪੁਰ | ੭੭੯ |


19
੨੨

| | | | | |
|---|---|---|---|---|
| ੨੮ ਅੱਸੂ ਸ਼ ਸੰ ੬ | ਗੁਰਦਿਆਲ ਸਿੰਘ ਦੇ ਗ੍ਰਿਹਿ | ਸਦਾ ਸਿੰਘ ਵਾਲਾ | ਫ਼ਿਰੋਜ਼ਪੁਰ | ੭੮੦ |
| ੨੮ ਅੱਸੂ ਸ਼ ਸੰ ੬ | ਸੀਤਲ ਸਿੰਘ ਦੇ ਘਰ | ਡਗਰੂ | ਫ਼ਿਰੋਜ਼ਪੁਰ | ੭੮੧ |
| ੨੮ ਅੱਸੂ ਸ਼ ਸੰ ੬ | ਚੰਦ ਸਿੰਘ ਦੇ ਗ੍ਰਿਹਿ | ਡਗਰੂ | ਫ਼ਿਰੋਜ਼ਪੁਰ | ੭੮੨ |
| ੨੮ ਅੱਸੂ ਸ਼ ਸੰ ੬ | ਧੰਨਾ ਸਿੰਘ ਦੇ ਗ੍ਰਿਹਿ | ਡਗਰੂ | ਫ਼ਿਰੋਜ਼ਪੁਰ | ੭੮੨ |
| ੨੮ ਅੱਸੂ ਸ਼ ਸੰ ੬ | ਮੇਲਾ ਸਿੰਘ ਦੇ ਗ੍ਰਿਹਿ | ਡਗਰੂ | ਫ਼ਿਰੋਜ਼ਪੁਰ | ੭੮੨ |
| ੨੮ ਅੱਸੂ ਸ਼ ਸੰ ੬ | ਮਲ ਸਿੰਘ ਦੇ ਘਰ | ਰਜੀਆਣਾ | ਫ਼ਿਰੋਜ਼ਪੁਰ | ੭੮੩ |
| ੨੯ ਅੱਸੂ ਸ਼ ਸੰ ੬ | ਕੇਹਰ ਸਿੰਘ ਦੇ ਗ੍ਰਿਹਿ | ਰਜੀਆਣਾ | ਫ਼ਿਰੋਜ਼ਪੁਰ | ੭੮੪ |
| ੨੯ ਅੱਸੂ ਸ਼ ਸੰ ੬ | ਇੰਦਰ ਸਿੰਘ ਦੇ ਗ੍ਰਿਹਿ | ਕਾਦਰ ਵਾਲਾ | ਫ਼ਿਰੋਜ਼ਪੁਰ | ੭੮੬ |
| ੨੯ ਅੱਸੂ ਸ਼ ਸੰ ੬ | ਸੋਹਣ ਸਿੰਘ ਦੇ ਘਰ | ਮੁੰਡੀ ਜੁਮਾਲ | ਫ਼ਿਰੋਜ਼ਪੁਰ | ੭੮੭ |
| ੩੦ ਅੱਸੂ ਸ਼ ਸੰ ੬ | ਬਗੀਚਾ ਸਿੰਘ ਦੇ ਗ੍ਰਿਹਿ | ਮੁੰਡੀ ਜੁਮਾਲ | ਫ਼ਿਰੋਜ਼ਪੁਰ | ੭੮੮ |
| ੩੦ ਅੱਸੂ ਸ਼ ਸੰ ੬ | ਬੀਬੀ ਛਿੰਦੋ ਦੇ ਗ੍ਰਿਹਿ | ਮੁੰਡੀ ਜੁਮਾਲ | ਫ਼ਿਰੋਜ਼ਪੁਰ | ੭੮੯ |
| ੩੦ ਅੱਸੂ ਸ਼ ਸੰ ੬ | ਥਾਨੇਦਾਰ ਸਰੂਪ ਸਿੰਘ ਦੇ ਗ੍ਰਿਹਿ | ਢੁੱਡੀ | ਫ਼ਿਰੋਜ਼ਪੁਰ | ੭੮੯ |
| ੩੦ ਅੱਸੂ ਸ਼ ਸੰ ੬ | | ਮੰਡ | ਫ਼ਿਰੋਜ਼ਪੁਰ | ੭੯੧ |
| ੩੦ ਅੱਸੂ ਸ਼ ਸੰ ੬ | ਸਰਦਾਰਾ ਸਿੰਘ ਦੇ ਗ੍ਰਿਹਿ | ਮਨਾਵਾ | ਫ਼ਿਰੋਜ਼ਪੁਰ | ੭੯੨ |
| ੩੧ ਅੱਸੂ ਸ਼ ਸੰ ੬ | ਬਲਵੰਤ ਸਿੰਘ ਦੇ ਗ੍ਰਿਹਿ | ਤਲਵੰਡੀ ਜਲੇ ਖਾਂ | ਫ਼ਿਰੋਜ਼ਪੁਰ | ੭੯੪ |
| ੩੧ ਅੱਸੂ ਸ਼ ਸੰ ੬ | ਕਰਤਾਰ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫ਼ਿਰੋਜ਼ਪੁਰ | ੭੯੫ |
| ੩੧ ਅੱਸੂ ਸ਼ ਸੰ ੬ | ਜਰਨੈਲ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫ਼ਿਰੋਜ਼ਪੁਰ | ੭੯੬ |
| ਪਹਿਲੀ ਕੱਤਕ ਸ਼ ਸੰ ੬ | ਗੁਰਦਾਸ ਸਿੰਘ ਦੇ ਘਰ | ਸ਼ਾਹਵਾਲਾ | ਫ਼ਿਰੋਜ਼ਪੁਰ | ੭੯੮ |
| ਪਹਿਲੀ ਕੱਤਕ ਸ਼ ਸੰ ੬ | ਕਰਨੈਲ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫ਼ਿਰੋਜ਼ਪੁਰ | ੭੯੯ |
| ਪਹਿਲੀ ਕੱਤਕ ਸ਼ ਸੰ ੬ | ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੮੦੦ |
| ੨ ਕੱਤਕ ਸ਼ ਸੰ ੬ | ਗੁਰਦਿਆਲ ਸਿੰਘ ਦੇ ਘਰ | ਮੂਧਲ | ਅੰਮ੍ਰਿਤਸਰ | ੮੦੫ |
| ੨ ਕੱਤਕ ਸ਼ ਸੰ ੬ | ਵਚਿਤਰ ਸਿੰਘ ਦੇ ਘਰ | ਮੂਧਲ | ਅੰਮ੍ਰਿਤਸਰ | ੮੦੭ |

20
੨੨

| | | | |
|---|---|---|---|
| ੨ ਕੱਤਕ ਸ਼ ਸੰ ੬ ਪਿਸ਼ੋਰਾ ਸਿੰਘ ਦੇ ਘਰ | ਵੇਰਕਾ | ਅੰਮ੍ਰਿਤਸਰ | ੮੦੮ |
| ੨ ਕੱਤਕ ਸ਼ ਸੰ ੬ ਹਰਨਾਮ ਕੌਰ ਦੇ ਘਰ | ਵੇਰਕਾ | ਅੰਮ੍ਰਿਤਸਰ | ੮੦੯ |
| ੨ ਕੱਤਕ ਸ਼ ਸੰ ੬ ਸੁਰਜੀਤ ਸਿੰਘ ਦੇ ਘਰ | ਵੇਰਕਾ | ਅੰਮ੍ਰਿਤਸਰ | ੮੦੯ |
| ੨ ਕੱਤਕ ਸ਼ ਸੰ ੬ ਗੁਰਨਾਮ ਸਿੰਘ ਦੇ ਗ੍ਰਹਿ | ਵੇਰਕਾ | ਅੰਮ੍ਰਿਤਸਰ | ੮੧੦ |
| ੬ ਕੱਤਕ ਸ਼ ਸੰ ੬ ਦਵਿੰਦਰ ਕੌਰ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੮੧੨ |
| ੮ ਕੱਤਕ ਸ਼ ਸੰ ੬ ਉਤਮ ਸਿੰਘ ਦੇ ਘਰ | ਵੈਰੋਵਾਲ | ਅੰਮ੍ਰਿਤਸਰ | ੮੧੩ |
| ੯ ਕੱਤਕ ਸ਼ ਸੰ ੬ ਉਤਮ ਸਿੰਘ ਦੇ ਘਰ | ਵੈਰੋਵਾਲ | ਅੰਮ੍ਰਿਤਸਰ | ੮੧੬ |
| ੯ ਕੱਤਕ ਸ਼ ਸੰ ੬ ਮਾਸਟਰ ਸੋਹਣ ਸਿੰਘ ਦੇ ਘਰ | ਰਾਮਪੁਰ | ਅੰਮ੍ਰਿਤਸਰ | ੮੧੭ |
| ੧੩ ਕੱਤਕ ਸ਼ ਸੰ ੬ ਦੀਵਾਲੀ ਵਾਲੇ ਦਿਨ | ਜੇਠੂਵਾਲ | ਅੰਮ੍ਰਿਤਸਰ | ੮੧੯ |
| ੧੫ ਕੱਤਕ ਸ਼ ਸੰ ੬ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੮੨੦ |
| ੧੭ ਕੱਤਕ ਸ਼ ਸੰ ੬ ਸਾਧੂ ਸਿੰਘ ਦੇ ਘਰ ਬਸਤੀ | ਤੇਗਾ ਸਿੰਘ ਵਾਲੀ | ਫਿਰੋਜ਼ ਪੁਰ | ੮੨੧ |
| ੨੧ ਕੱਤਕ ਸ਼ ਸੰ ੬ ਕਰਨੈਲ ਸਿੰਘ ਰਾਜੋਕੇ ਵਾਲੇ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੮੨੨ |
| ੨੨ ਕੱਤਕ ਸ਼ ਸੰ ੬ ਅਜੀਤ ਸਿੰਘ ਬਟਾਲੇ ਵਾਲੇ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੮੨੩ |
| ੨੩ ਕੱਤਕ ਸ਼ ਸੰ ੬ ਮਿਲਖਾ ਸਿੰਘ ਦੀ ਦੇਹ ਛੁੱਟਣ ਦੇ ਨਵਿਤ | ਛੱਤੀ ਬੀ ਬੀ | ਗੰਗਾ ਨਗਰ | ੮੨੫ |
| ੨੩ ਕੱਤਕ ਸ਼ ਸੰ ੬ ਮਿਲਖਾ ਸਿੰਘ ਦੇ ਅਰਥੀ ਚੁੱਕਣ ਸਮੇਂ | ਛੱਤੀ ਬੀ ਬੀ | ਗੰਗਾ ਨਗਰ | ੮੨੭ |
| ੨੩ ਕੱਤਕ ਸ਼ ਸੰ ੬ ਰਤਨ ਸਿੰਘ ਦੇ ਗ੍ਰਹਿ | ਪੱਚੀ ਬੀ ਬੀ | ਗੰਗਾ ਨਗਰ | ੮੨੭ |
| ੨੬ ਕੱਤਕ ਸ਼ ਸੰ ੬ ਅਮੀਰ ਚੰਦ ਗੁਲਾਟੀ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੮੨੮ |
| ਪਹਿਲੀ ਮੱਘਰ ਸ਼ ਸੰ ੬ ਰਾਤ ਨੂੰ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੮੨੯ |
| ੨ ਮੱਘਰ ਸ਼ ਸੰ ੬ ਕਾਕਾ ਗੁਰਦੇਵ ਸਿੰਘ ਜੇਠੂਵਾਲ ਦੇ ਸਗਣ ਨਵਿਤ ਸਵੇਰੇ | ਜੇਠੂਵਾਲ | ਅੰਮ੍ਰਿਤਸਰ | ੮੩੭ |


21
੨੨

| | | | |
|---|---|---|---|
| ੨ ਮੱਘਰ ਸ਼ ਸੰ ੬ ਨੰਬਰਦਾਰ ਪ੍ਰੀਤਮ ਸਿੰਘ ਦੇ ਘਰ | ਜੇਠੂਵਾਲ | ਅੰਮ੍ਰਿਤਸਰ | ੮੩੯ |
| ੫ ਮੱਘਰ ਸ਼ ਸੰ ੬ ਅਜੀਤ ਦੇ ਘਰ | ਬਟਾਲਾ | ਗੁਰਦਾਸਪੁਰ | ੮੪੦ |
| ੬ ਮੱਘਰ ਸ਼ ਸੰ ੬ ਸੁਰਜੀਤ ਸਿੰਘ ਦੇ ਘਰ | ਬਟਾਲਾ | ਗੁਰਦਾਸਪੁਰ | ੮੪੨ |
| ੬ ਮੱਘਰ ਸ਼ ਸੰ ੬ ਬੰਤਾ ਸਿੰਘ ਦੇ ਗ੍ਰਹਿ | ਪੰਜ ਗਰਾਈਆਂ | ਗੁਰਦਾਸਪੁਰ | ੮੪੩ |
| ੬ ਮੱਘਰ ਸ਼ ਸੰ ੬ ਦਰਸ਼ਨ ਸਿੰਘ ਦੇ ਘਰ | ਨਯਾ ਸ਼ਾਲਾ | ਗੁਰਦਾਸਪੁਰ | ੮੪੪ |
| ੭ ਮੱਘਰ ਸ਼ ਸੰ ੬ ਦਰਸ਼ਨ ਸਿੰਘ ਦੇ ਗ੍ਰਹਿ | ਨਯਾ ਸ਼ਾਲਾ | ਗੁਰਦਾਸਪੁਰ | ੮੪੬ |
| ੭ ਮੱਘਰ ਸ਼ ਸੰ ੬ ਮਹਿੰਦਰ ਸਿੰਘ ਦੇ ਘਰ | ਮਾਂਗਾ ਸਰਾਏ | ਅੰਮ੍ਰਿਤਸਰ | ੮੪੭ |
| ੮ ਮੱਘਰ ਸ਼ ਸੰ ੬ ਸੁਰਜਨ ਸਿੰਘ ਦੇ ਘਰ | ਮਾਂਗਾ ਸਰਾਏ | ਅੰਮ੍ਰਿਤਸਰ | ੮੪੮ |
| ੮ ਮੱਘਰ ਸ਼ ਸੰ ੬ ਦਰਸ਼ਨ ਸਿੰਘ ਦੇ ਘਰ | ਮਾਗਾ ਸਰਾਏ | ਅੰਮ੍ਰਿਤਸਰ | ੮੪੯ |
| ੮ ਮੱਘਰ ਸ਼ ਸੰ ੬ ਬਚਨ ਸਿੰਘ ਦੇ ਘਰ | ਮਾਂਗਾ ਸਰਾਏ | ਅੰਮ੍ਰਿਤਸਰ | ੮੪੯ |
| ੮ ਮੱਘਰ ਸ਼ ਸੰ ੬ ਪ੍ਰੀਤਮ ਸਿੰਘ ਦੇ ਘਰ | ਮਾਂਗਾ ਸਰਾਏ | ਅੰਮ੍ਰਿਤਸਰ | ੮੫੦ |
| ੮ ਮੱਘਰ ਸ਼ ਸੰ ੬ ਅਜੀਤ ਸਿੰਘ ਦੇ ਗ੍ਰਹਿ | ਮਾਂਗਾ ਸਰਾਏ | ਅੰਮ੍ਰਿਤਸਰ | ੮੫੦ |
| ੮ ਮੱਘਰ ਸ਼ ਸੰ ੬ ਜਾਗੀਰ ਸਿੰਘ ਦੇ ਘਰ | ਮੈਣੀਆਂ | ਅੰਮ੍ਰਿਤਸਰ | ੮੫੧ |
| ੮ ਮੱਘਰ ਸ਼ ਸੰ ੬ ਪ੍ਰੀਤਮ ਸਿੰਘ ਦੇ ਘਰ | ਨਿਜ਼ਾਮਪੁਰ | ਅੰਮ੍ਰਿਤਸਰ | ੮੫੨ |
| ੮ ਮੱਘਰ ਸ਼ ਸੰ ੬ ਗੁਗ ਸਿੰਘ ਦੇ ਘਰ | ਨਿਜ਼ਾਮ ਪੁਰ | ਅੰਮ੍ਰਿਤਸਰ | ੮੫੩ |
| ੧੩ ਮੱਘਰ ਸ਼ ਸੰ ੬ ਗੁਰਚਰਨ ਸਿੰਘ, ਸਵਰਨ ਸਿੰਘ ਦੇ ਘਰ | ਝਹੂਰਾ | ਹੁਸ਼ਿਆਰਪੁਰ | ੮੫੪ |
| ੧੪ ਮੱਘਰ ਸ਼ ਸੰ ੬ ਮਾਧਾ ਸਿੰਘ ਦੇ ਘਰ | ਰਾਮੂਵਾਲਾ | ਫ਼ਿਰੋਜ਼ਪੁਰ | ੮੫੭ |
| ੧੪ ਮੱਘਰ ਸ਼ ਸੰ ੬ ਗੁਰਦਿਆਲ ਸਿੰਘ ਦੇ ਘਰ | ਰਾਮੂ ਵਾਲਾ | ਫ਼ਿਰੋਜ਼ਪੁਰ | ੮੫੮ |
| ੧੪ ਮੱਘਰ ਸ਼ ਸੰ ੬ ਕਰਤਾਰ ਸਿੰਘ ਦੇ ਘਰ | ਚੜਿਕ | ਤਹਿਸੀਲ ਮੋਗਾ | ੮੫੯ |
| ੧੫ ਮੱਘਰ ਸ਼ ਸੰ ੬ ਮਹਿੰਦਰ ਕੌਰ ਦੇ ਘਰ | ਚੜਿਕ | ਤਹਿਸੀਲ ਮੋਗਾ | ੮੬੧ |
| ੧੫ ਮੱਘਰ ਸ਼ ਸੰ ੬ ਕਪੂਰ ਸਿੰਘ ਬਰਾੜ ਦੇ ਘਰ | ਮੋਗਾ | ਮੋਗਾ | ੮੬੨ |
| ੧੫ ਮੱਘਰ ਸ਼ ਸੰ ੬ ਰਛਪਾਲ ਕੌਰ ਦੇ ਨਵਿਤ | ਨਾਥੇਵਾਲ | ਫ਼ਿਰੋਜ਼ਪੁਰ | ੮੬੨ |

22
੨੨

23
੨੨

| | | | | |
|---|---|---|---|---|
| ੧੬ ਮੱਘਰ ਸ਼ ਸੰ ੬ | ਸੁਦਾਗਰ ਸਿੰਘ ਦੇ ਘਰ | ਨਾਥੇਵਾਲਾ | ਫ਼ਿਰੋਜ਼ਪੁਰ | ੮੬੪ |
| ੧੬ ਮੱਘਰ ਸ਼ ਸੰ ੬ | ਨਛੱਤਰ ਸਿੰਘ ਦੇ ਘਰ | ਨਾਥੇਵਾਲਾ | ਫ਼ਿਰੋਜ਼ਪੁਰ | ੮੬੫ |
| ੧੬ ਮੱਘਰ ਸ਼ ਸੰ ੬ | ਪ੍ਰੀਤਮ ਸਿੰਘ ਦੇ ਘਰ | ਨਾਥੇਵਾਲ | ਫ਼ਿਰੋਜ਼ਪੁਰ | ੮੬੬ |
| ੧੬ ਮੱਘਰ ਸ਼ ਸੰ ੬ | ਪ੍ਰੀਤਮ ਸਿੰਘ ਦੇ ਗ੍ਰਹਿ | ਨਾਥੇਵਾਲ | ਫ਼ਿਰੋਜ਼ਪੁਰ | ੮੬੬ |
| ੧੬ ਮੱਘਰ ਸ਼ ਸੰ ੬ | ਮਹਿੰਦਰ ਸਿੰਘ ਦੇ ਘਰ | ਨਾਥੇਵਾਲ | ਫ਼ਿਰੋਜ਼ਪੁਰ | ੮੬੭ |
| ੧੬ ਮੱਘਰ ਸ਼ ਸੰ ੬ | ਜਸਵੰਤ ਸਿੰਘ ਦੇ ਘਰ | ਰਾਜੇਆਣਾ ਤਹਿਸੀਲ ਮੋਗਾ | | ੮੬੮ |
| ੧੬ ਮੱਘਰ ਸ਼ ਸੰ ੬ | ਕੁਲਵੰਤ ਸਿੰਘ ਦੇ ਘਰ | ਮਾੜੀ | ਫ਼ਿਰੋਜ਼ਪੁਰ | ੮੬੯ |
| ੧੭ ਮੱਘਰ ਸ਼ ਸੰ ੬ | ਨਾਜ਼ਰ ਸਿੰਘ, ਜਾਗੀਰ ਸਿੰਘ ਦੇ ਗ੍ਰਹਿ | ਮਾੜੀ ਮੁਸਤਫ਼ਾ | | ੮੭੦ |
| | ਸਾਰੀ ਸੰਗਤ ਨਵਿਤ | | | ੮੭੧ |
| ੧੭ ਮੱਘਰ ਸ਼ ਸੰ ੬ | ਬਸੰਤ ਕੌਰ ਦੇ ਗ੍ਰਹਿ | ਸਮਾਲਸਰ | ਫ਼ਿਰੋਜ਼ਪੁਰ | ੮੭੨ |
| ੧੭ ਮੱਘਰ ਸ਼ ਸੰ ੬ | ਸੁਹਾਵਾ ਸਿੰਘ ਦੇ ਗ੍ਰਹਿ | ਪੰਜ ਗਰਾਈਆਂ | ਫ਼ਿਰੋਜ਼ਪੁਰ | ੮੭੩ |
| ੧੭ ਮੱਘਰ ਸ਼ ਸੰ ੬ | ਖੇਮ ਸਿੰਘ ਦੇ ਘਰ | ਕੋਟਕਪੁਰਾ | ਬਠਿੰਡਾ | ੮੭੫ |
| ੧੮ ਮੱਘਰ ਸ਼ ਸੰ ੬ | ਭਾਈ ਬੁਘਰ ਸਿੰਘ ਦੇ ਘਰ | ਬਰਗਾੜੀ | ਬਠਿੰਡਾ | ੮੭੬ |
| ੧੮ ਮੱਘਰ ਸ਼ ਸੰ ੬ | ਹਰਚੰਦ ਸਿੰਘ ਦੇ ਗ੍ਰਹਿ | ਹਰਿਰਾਏ ਪੁਰ | ਬਠਿੰਡਾ | ੮੭੮ |
| ੧੯ ਮੱਘਰ ਸ਼ ਸੰ ੬ | ਮਿਤ ਸਿੰਘ ਦੇ ਗ੍ਰਹਿ | ਬਹਿਮਣ ਦੀਵਾਨਾ | ਬਠਿੰਡਾ | ੮੭੯ |
| ੧੯ ਮੱਘਰ ਸ਼ ਸੰ ੬ | ਬੀਬੀ ਹਰਿਜਿੰਦਰ ਕੌਰ ਦੇ ਗ੍ਰਹਿ | ਸ਼ੇਖ | ਬਠਿੰਡਾ | ੮੮੧ |
| ੨੦ ਮੱਘਰ ਸ਼ ਸੰ ੬ | ਧਰਮਜੀਤ ਕੌਰ ਦੇ ਗ੍ਰਹਿ | ਸ਼ੇਖ਼ | ਬਠਿੰਡਾ | ੮੮੪ |
| ੨੦ ਮੱਘਰ ਸ਼ ਸੰ ੬ | ਪਰਸਿੰਨ ਕੌਰ ਦੇ ਗ੍ਰਹਿ | ਸ਼ੇਖ਼ | ਬਠਿੰਡਾ | ੮੮੫ |
| ੨੦ ਮੱਘਰ ਸ਼ ਸੰ ੬ | ਮਾਇਆ ਦੇਵੀ ਦੇ ਗ੍ਰਹਿ | ਸ਼ੇਖ਼ | ਬਠਿੰਡਾ | ੮੮੬ |
| ੨੦ ਮੱਘਰ ਸ਼ ਸੰ ੬ | ਮਹਿੰਦਰ ਕੌਰ ਦੇ ਗ੍ਰਹਿ | ਸ਼ੇਖ਼ ਰਖਾਲਾ | ਬਠਿੰਡਾ | ੮੮੭ |
| ੨੦ ਮੱਘਰ ਸ਼ ਸੰ ੬ | ਆਤਮਾ ਸਿੰਘ ਦੇ ਗ੍ਰਹਿ | ਗਦਾ ਡੋਬ | ਬਠਿੰਡਾ | ੮੮੭ |
| ੨੦ ਮੱਘਰ ਸ਼ ਸੰ ੬ | ਤੇਜਾ ਸਿੰਘ ਦੇ ਘਰ | ਸਾਦਕ | ਫ਼ਿਰੋਜ਼ਪੁਰ | ੮੮੯ |

| | | | |
|---|---|---|---|
| ੨੦ ਮੱਘਰ ਸ਼ ਸੰ ੬ ਸੁਲੱਖਣ ਸਿੰਘ ਦੇ ਗ੍ਰਿਹਿ | ਮੂੰਗਲਾ | ਫ਼ਿਰੋਜ਼ਪੁਰ | ੮੯੦ |
| ੨੧ ਮੱਘਰ ਸ਼ ਸੰ ੬ ਰਾਮ ਸਿੰਘ ਦੇ ਗ੍ਰਿਹਿ | ਫ਼ਿਰੋਜ਼ਪੁਰ | | ੮੯੧ |
| ੨੧ ਮੱਘਰ ਸ਼ ਸੰ ੬ ਕੁਲਵੰਤ ਕੌਰ ਮਹਿੰਦਰ ਸਿੰਘ | ਖ਼ਲੀਲ ਬਸਤੀ | ਫ਼ਿਰੋਜ਼ਪੁਰ | ੮੯੧ |
| ੨੧ ਮੱਘਰ ਸ਼ ਸੰ ੬ ਗੁਰਦੀਪ ਸਿੰਘ ਦੇ ਗ੍ਰਿਹਿ | ਤੂਤ | ਫ਼ਿਰੋਜ਼ਪੁਰ | ੮੯੨ |
| ੨੧ ਮੱਘਰ ਸ਼ ਸੰ ੬ ਕਰਨੈਲ ਸਿੰਘ, ਅਜੈਬ ਸਿੰਘ ਦੇ ਘਰ | ਫ਼ਰੀਦਕੋਟ ਸ਼ਹਿਰ | | ੮੯੩ |
| ੨੨ ਮੱਘਰ ਸ਼ ਸੰ ੬ ਗੁਰਦੇਵ ਸਿੰਘ ਦੇ ਗ੍ਰਿਹਿ | ਫ਼ਰੀਦਕੋਟ ਸ਼ਹਿਰ | | ੮੯੫ |
| ੨੨ ਮੱਘਰ ਸ਼ ਸੰ ੬ ਨਛੱਤਰ ਸਿੰਘ ਦੇ ਗ੍ਰਿਹਿ | ਫ਼ਰੀਦਕੋਟ ਸ਼ਹਿਰ | | ੮੯੬ |
| ੨੨ ਮੱਘਰ ਸ਼ ਸੰ ੬ ਰਣਜੀਤ ਸਿੰਘ ਦੇ ਘਰ | ਫ਼ਰੀਦਕੋਟ ਸ਼ਹਿਰ | | ੮੯੮ |
| ੨੨ ਮੱਘਰ ਸ਼ ਸੰ ੬ ਕਿਰਪਾਲ ਸਿੰਘ ਦੇ ਘਰ | ਗੋਲੇਵਾਲ | ਬਠਿੰਡਾ | ੮੯੮ |
| ੨੨ ਮੱਘਰ ਸ਼ ਸੰ ੬ ਭਾਨ ਸਿੰਘ ਦੇ ਘਰ | ਗੋਲੇਵਾਲ | ਬਠਿੰਡਾ | ੯੦੧ |
| ੨੨ ਮੱਘਰ ਸ਼ ਸੰ ੬ ਹਜ਼ੂਰਾ ਸਿੰਘ ਦੇ ਘਰ | ਗੋਲੇਵਾਲ | ਬਠਿੰਡਾ | ੯੦੨ |
| ੨੨ ਮੱਘਰ ਸ਼ ਸੰ ੬ ਨਿਹਾਲ ਕੌਰ ਦੇ ਗ੍ਰਿਹਿ | ਗੋਲੇਵਾਲ | ਬਠਿੰਡਾ | ੯੦੩ |
| ੨੭ ਮੱਘਰ ਸ਼ ਸੰ ੬ ਗੁਰਮੀਤ ਸਿੰਘ ਦੇ ਗ੍ਰਿਹਿ | ਫਰਾਲਾ | ਜਲੰਧਰ | ੯੦੬ |
| ੨੮ ਮੱਘਰ ਸ਼ ਸੰ ੬ ਚਰਨ ਕੌਰ ਦੇ ਗ੍ਰਿਹਿ | ਫਰਾਲਾ | ਜਲੰਧਰ | ੯੦੯ |
| ੨੮ ਮੱਘਰ ਸ਼ ਸੰ ੬ ਮੁਣਸ਼ਾ ਸਿੰਘ ਦੇ ਗ੍ਰਿਹਿ | ਫਰਾਲਾ | ਜਲੰਧਰ | ੯੧੦ |
| ੨੮ ਮੱਘਰ ਸ਼ ਸੰ ੬ ਚਰਨੋ ਦੇ ਗ੍ਰਿਹਿ | ਫਰਾਲਾ | ਜਲੰਧਰ | ੯੧੧ |
| ੨੮ ਮੱਘਰ ਸ਼ ਸੰ ੬ ਸਾਧੂ ਸਿੰਘ ਦੇ ਘਰ | ਫਗਵਾੜਾ | ਕਪੂਰਥਲਾ | ੯੧੨ |
| ੨੮ ਮੱਘਰ ਸ਼ ਸੰ ੬ ਪ੍ਰੀਤਮ ਸਿੰਘ ਦੇ ਗ੍ਰਿਹਿ | ਫਗਵਾੜਾ | ਕਪੂਰਥਲਾ | ੯੧੩ |
| ਪਹਿਲੀ ਪੋਹ ਸ਼ ਸੰ ੬ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੯੧੪ |
| ੪ ਪੋਹ ਸ਼ ਸੰ ੬ ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੯੨੪ |
| ੫ ਪੋਹ ਸ਼ ਸੰ ੬ ਹਰਿ ਭਗਤ ਦੁਵਾਰ ਸਵੇਰ ਵੇਲੇ | ਜੇਠੂਵਾਲ | ਅੰਮ੍ਰਿਤਸਰ | ੯੨੫ |
| ੬ ਪੋਹ ਸ਼ ਸੰ ੬ ਗੁਰਚਰਨ ਸਿੰਘ ਦੇ ਗ੍ਰਿਹਿ | ਜੰਮੂ | ਜੰਮੂ | ੯੩੦ |

24
੨੨

| | | | |
|---|---|---|---|
| ੭ ਪੋਹ ਸ਼ ਸੰ ੬ ਜੀਤ ਸਿੰਘ ਦੇ ਗ੍ਰਿਹਿ | ਜੰਮੂ | ਜੰਮੂ | ੯੩੨ |
| ੭ ਪੋਹ ਸ਼ ਸੰ ੬ ਰਾਮ ਕੌਰ ਦੇ ਗ੍ਰਿਹਿ | ਜੰਮੂ | ਜੰਮੂ | ੯੩੨ |
| ੭ ਪੋਹ ਸ਼ ਸੰ ੬ ਸਧਰੋ ਦੇਵੀ ਦੇ ਗ੍ਰਿਹਿ | ਦੀਵਾਨਾ | ਜੰਮੂ | ੯੩੩ |
| ੭ ਪੋਹ ਸ਼ ਸੰ ੬ ਗੁਰਦਿਤ ਸਿੰਘ ਦੇ ਗ੍ਰਿਹਿ | ਛੰਬ ਖਾਸ | ਜੰਮੂ | ੯੩੪ |
| ੮ ਪੋਹ ਸ਼ ਸੰ ੬ ਸੰਸਾਰ ਸਿੰਘ ਦੇ ਗ੍ਰਿਹਿ | ਖਾਸ ਛੰਬ | ਜੰਮੂ | ੯੩੫ |
| ੮ ਪੋਹ ਸ਼ ਸੰ ੬ ਗਿਆਨ ਚੰਦ ਦੇ ਗ੍ਰਿਹਿ | ਖੈਰੋਆਲੀ | ਜੰਮੂ | ੯੩੬ |
| ੮ ਪੋਹ ਸ਼ ਸੰ ੬ ਗਿਆਨ ਸਿੰਘ ਦੇ ਗ੍ਰਿਹਿ | ਨਵਾਂ ਚੱਕ | ਜੰਮੂ | ੯੩੭ |
| ੮ ਪੋਹ ਸ਼ ਸੰ ੬ ਭਾਗ ਸਿੰਘ ਦੇ ਗ੍ਰਿਹਿ | ਮਲਕ ਕੈਂਪ | ਜੰਮੂ | ੯੩੮ |
| ੯ ਪੋਹ ਸ਼ ਸੰ ੬ ਪੂਰਨ ਸਿੰਘ ਦੇ ਗ੍ਰਿਹਿ | ਮਲਕ ਕੈਂਪ | ਜੰਮੂ | ੯੩੯ |
| ੯ ਪੋਹ ਸ਼ ਸੰ ੬ ਰਸਾਲ ਸਿੰਘ ਦੇ ਗ੍ਰਿਹਿ | ਮਨਾਵਰ | ਜੰਮੂ | ੯੪੧ |
| ੯ ਪੋਹ ਸ਼ ਸੰ ੬ ਸਾਹਿਬ ਸਿੰਘ ਦੇ ਗ੍ਰਿਹਿ | ਮਨਾਵਰ | ਜੰਮੂ | ੯੪੨ |
| ੯ ਪੋਹ ਸ਼ ਸੰ ੬ ਤੋਤੀ ਦੇਵੀ ਦੇ ਗ੍ਰਿਹਿ | ਨਗਿਆਲ | ਜੰਮੂ | ੯੪੩ |
| ੯ ਪੋਹ ਸ਼ ਸੰ ੬ ਸ਼ਾਹਣੀ ਦੇਵੀ ਦੇ ਗ੍ਰਿਹਿ | ਛੰਬ | ਜੰਮੂ | ੯੪੪ |
| ੯ ਪੋਹ ਸ਼ ਸੰ ੬ ਫੁਮਣ ਸਿੰਘ ਦੇ ਗ੍ਰਿਹਿ | ਛੰਬ | ਜੰਮੂ | ੯੪੫ |
| ੯ ਪੋਹ ਸ਼ ਸੰ ੬ ਪਰਤਾਪ ਸਿੰਘ ਦੇ ਘਰ | ਦੜ | ਜੰਮੂ | ੯੪੬ |
| ੧੦ ਪੋਹ ਸ਼ ਸੰ ੬ ਈਸ਼ਰ ਸਿੰਘ ਦੇ ਘਰ | ਦੜ | ਜੰਮੂ | ੯੪੮ |
| ੧੦ ਪੋਹ ਸ਼ ਸੰ ੬ ਪਰਕਾਸ਼ ਸਿੰਘ ਦੇ ਗ੍ਰਿਹਿ | ਦੜ | ਜੰਮੂ | ੯੫੦ |
| ੧੦ ਪੋਹ ਸ਼ ਸੰ ੬ ਸੇਵਾ ਰਾਮ ਦੇ ਗ੍ਰਿਹਿ | ਜਿਉੜੀਆਂ | ਜੰਮੂ | ੯੫੧ |
| ੧੦ ਪੋਹ ਸ਼ ਸੰ ੬ ਝੰਡੂ ਰਾਮ ਸਿੰਘ ਦੇ ਗ੍ਰਿਹਿ | ਜਿਉੜੀਆਂ | ਜੰਮੂ | ੯੫੨ |
| ੧੦ ਪੋਹ ਸ਼ ਸੰ ੬ ਸਰਦਾਰਾ ਸਿੰਘ ਦੇ ਗ੍ਰਿਹਿ | ਸੀੜ | ਜੰਮੂ | ੯੫੨ |
| ੧੧ ਪੋਹ ਸ਼ ਸੰ ੬ ਗੁਰਨਾਮ ਸਿੰਘ ਦੇ ਗ੍ਰਿਹਿ | ਸੀੜ | ਜੰਮੂ | ੯੫੪ |
| ੧੧ ਪੋਹ ਸ਼ ਸੰ ੬ ਲਛਮੀ ਦੇਵੀ ਦੇ ਗ੍ਰਿਹਿ | ਸੀੜ | ਜੰਮੂ | ੯੫੫ |

25
੨੨

26
੨੨

| | | | |
|---|---|---|---|
| ੧੧ ਪੋਹ ਸ਼ ਸੰ ੬ ਪਰਕਾਸ਼ ਚੰਦ ਦੇ ਗ੍ਰਿਹ | ਮਘੋਵਾਲੀ | ਜੰਮੂ | ੯੫੫ |
| ੧੧ ਪੋਹ ਸ਼ ਸੰ ੬ ਦੇਵੀ ਸਿੰਘ ਦੇ ਗ੍ਰਿਹ | ਮੱਘੋਵਾਲੀ | ਜੰਮੂ | ੯੫੬ |
| ੧੨ ਪੋਹ ਸ਼ ਸੰ ੬ ਮਾਇਆ ਦੇਵੀ ਦੇ ਗ੍ਰਿਹ | ਮੱਘੋਵਾਲੀ | ਜੰਮੂ | ੯੫੭ |
| ੧੨ ਪੋਹ ਸ਼ ਸੰ ੬ ਦੌਲਤ ਰਾਮ ਦੇ ਗ੍ਰਿਹ | ਕੋਟਲੀ | ਜੰਮੂ | ੯੫੮ |
| ੧੨ ਪੋਹ ਸ਼ ਸੰ ੬ ਸ਼ਿਵ ਸਿੰਘ ਦੇ ਗ੍ਰਿਹ | ਸਈ ਖ਼ੁਰਦ | ਜੰਮੂ | ੯੫੯ |
| ੧੨ ਪੋਹ ਸ਼ ਸੰ ੬ ਤੇਜ ਭਾਨ ਦੇ ਗ੍ਰਿਹ | ਸਈ ਖ਼ੁਰਦ | ਜੰਮੂ | ੯੬੧ |
| ੧੩ ਪੋਹ ਸ਼ ਸੰ ੬ ਬੇਲੂ ਰਾਮ ਦੇ ਗ੍ਰਿਹ | ਸਈ ਖ਼ੁਰਦ | ਜੰਮੂ | ੯੬੩ |
| ੧੩ ਪੋਹ ਸ਼ ਸੰ ੬ ਗੁਰਾ ਰਾਮ ਦੇ ਗ੍ਰਿਹ | ਸਈ ਖ਼ੁਰਦ | ਜੰਮੂ | ੯੬੪ |
| ੧੩ ਪੋਹ ਸ਼ ਸੰ ੬ ਕ੍ਰਿਸ਼ਨ ਲਾਲ ਦੇ ਗ੍ਰਿਹ | ਸਈ ਖ਼ੁਰਦ | ਜੰਮੂ | ੯੬੫ |
| ੧੩ ਪੋਹ ਸ਼ ਸੰ ੬ ਰਵੇਲਾ ਰਾਮ ਦੇ ਗ੍ਰਿਹ | ਸਈ ਖ਼ੁਰਦ | ਜੰਮੂ | ੯੬੫ |
| ੧੩ ਪੋਹ ਸ਼ ਸੰ ੬ ਨਾਨਕ ਚੰਦ ਦੇ ਗ੍ਰਿਹ | ਸਈ ਖ਼ੁਰਦ | ਜੰਮੂ | ੯੬੬ |
| ੧੩ ਪੋਹ ਸ਼ ਸੰ ੬ ਨੰਦੂ ਦੇ ਗ੍ਰਿਹ | ਸਈ ਖ਼ੁਰਦ | ਜੰਮੂ | ੯੬੭ |
| ੧੩ ਪੋਹ ਸ਼ ਸੰ ੬ ਗੂਹੜਾ ਰਾਮ ਦੇ ਗ੍ਰਿਹ | ਸਈ ਖ਼ੁਰਦ | ਜੰਮੂ | ੯੬੮ |
| ੧੩ ਪੋਹ ਸ਼ ਸੰ ੬ ਸੇਵਾ ਸਿੰਘ ਦੇ ਗ੍ਰਿਹ | ਕੀਰ ਪਿੰਡ | ਜੰਮੂ | ੯੬੯ |
| ੧੩ ਪੋਹ ਸ਼ ਸੰ ੬ ਚਰਨ ਦਾਸ ਦੇ ਗ੍ਰਿਹ | ਸਈ ਖ਼ੁਰਦ | ਜੰਮੂ | ੯੭੦ |
| ੧੩ ਪੋਹ ਸ਼ ਸੰ ੬ ਗਿਆਨ ਚੰਦ ਦੇ ਗ੍ਰਿਹ | ਸਈ ਖ਼ੁਰਦ | ਜੰਮੂ | ੯੭੧ |
| ੧੩ ਪੋਹ ਸ਼ ਸੰ ੬ ਰਾਮ ਚੰਦ ਦੇ ਗ੍ਰਿਹ | ਨਿਕੋਵਾਲ | ਜੰਮੂ | ੯੭੨ |
| ੧੪ ਪੋਹ ਸ਼ ਸੰ ੬ ਕੇਸਰੀ ਦੇਵੀ ਦੇ ਗ੍ਰਿਹ | ਸਈ ਖ਼ੁਰਦ | ਜੰਮੂ | ੯੭੪ |
| ੧੪ ਪੋਹ ਸ਼ ਸੰ ੬ ਅਮਰੋ ਦੇਵੀ ਦੇ ਗ੍ਰਿਹ | ਸਈ ਖ਼ੁਰਦ | ਜੰਮੂ | ੯੭੫ |
| ੧੪ ਪੋਹ ਸ਼ ਸੰ ੬ ਪ੍ਰੇਮ ਚੰਦ ਦੇ ਗ੍ਰਿਹ | ਸਈ ਖ਼ੁਰਦ | ਜੰਮੂ | ੯੭੬ |
| ੧੪ ਪੋਹ ਸ਼ ਸੰ ੬ ਚੇਲਾ ਸਿੰਘ ਦੇ ਗ੍ਰਿਹ | ਸਈ ਖ਼ੁਰਦ | ਜੰਮੂ | ੯੭੭ |
| ੧੪ ਪੋਹ ਸ਼ ਸੰ ੬ ਸਰਦਾਰਾ ਸਿੰਘ ਦੇ ਗ੍ਰਿਹ | ਸਈ ਖ਼ੁਰਦ | ਜੰਮੂ | ੯੭੮ |

| | | | | | | | |
|---|---|---|---|---|---|---|---|
| ੧੪ | ਪੋਹ | ਸ਼ ਸੰ ੬ | ਸੋਭਾ ਸਿੰਘ ਦੇ ਗ੍ਰਹਿ | ਸਈ ਕਲਾਂ | ਜੰਮੂ | ੯੭੯ |
| ੧੪ | ਪੋਹ | ਸ਼ ਸੰ ੬ | ਅੰਗਰੇਜ਼ ਸਿੰਘ ਦੇ ਗ੍ਰਹਿ | ਸਈ ਕਲਾਂ | ਜੰਮੂ | ੯੮੦ |
| ੧੪ | ਪੋਹ | ਸ਼ ਸੰ ੬ | ਅੰਗਰੇਜ਼ ਸਿੰਘ ਦੇ ਗ੍ਰਹਿ ਰਾਤ ਨੂੰ | ਸਈ ਕਲਾਂ | ਜੰਮੂ | ੯੮੧ |
| ੧੫ | ਪੋਹ | ਸ਼ ਸੰ ੬ | ਦੇਵਾ ਸਿੰਘ ਦੇ ਗ੍ਰਹਿ | ਸਈ ਕਲਾਂ | ਜੰਮੂ | ੯੮੯ |
| ੧੫ | ਪੋਹ | ਸ਼ ਸੰ ੬ | ਬੀਬੀ ਰਾਜੋ ਦੇ ਘਰ | ਸਈ ਕਲਾਂ | ਜੰਮੂ | ੯੯੦ |
| ੧੫ | ਪੋਹ | ਸ਼ ਸੰ ੬ | ਅਜੀਤ ਸਿੰਘ ਦੇ ਗ੍ਰਹਿ | ਸਈ ਕਲਾਂ | ਜੰਮੂ | ੯੯੦ |
| ੧੫ | ਪੋਹ | ਸ਼ ਸੰ ੬ | ਗੁਰਮੁਖ ਸਿੰਘ ਦੇ ਗ੍ਰਹਿ | ਸਈ ਕਲਾਂ | ਜੰਮੂ | ੯੯੧ |
| ੧੫ | ਪੋਹ | ਸ਼ ਸੰ ੬ | ਪੂਰਨ ਸਿੰਘ ਦੇ ਗ੍ਰਹਿ | ਸਈ ਕਲਾਂ | ਜੰਮੂ | ੯੯੨ |
| ੧੫ | ਪੋਹ | ਸ਼ ਸੰ ੬ | ਇੰਦਰ ਰਾਮ ਦੇ ਗ੍ਰਹਿ | ਸਈ ਕਲਾਂ | ਜੰਮੂ | ੯੯੨ |
| ੧੫ | ਪੋਹ | ਸ਼ ਸੰ ੬ | ਵਕੀਲ ਸਿੰਘ ਦੇ ਗ੍ਰਹਿ | ਸਈ ਕਲਾਂ | ਜੰਮੂ | ੯੯੩ |
| ੧੫ | ਪੋਹ | ਸ਼ ਸੰ ੬ | ਮੰਗਲ ਸਿੰਘ ਦੇ ਗ੍ਰਹਿ | ਸਈ ਕਲਾਂ | ਜੰਮੂ | ੯੯੪ |
| ੧੫ | ਪੋਹ | ਸ਼ ਸੰ ੬ | ਪ੍ਰੇਮੀ ਦੇਵੀ ਦੇ ਗ੍ਰਹਿ | ਸਈ ਕਲਾਂ | ਜੰਮੂ | ੯੯੪ |
| ੧੫ | ਪੋਹ | ਸ਼ ਸੰ ੬ | ਚੂਹੜ ਸਿੰਘ ਦੇ ਗ੍ਰਹਿ | ਸਈ ਕਲਾਂ | ਜੰਮੂ | ੯੯੫ |
| ੧੫ | ਪੋਹ | ਸ਼ ਸੰ ੬ | ਲਛਮਣ ਸਿੰਘ ਦੇ ਗ੍ਰਹਿ | ਸਈ ਕਲਾਂ | ਜੰਮੂ | ੯੯੫ |
| ੧੬ | ਪੋਹ | ਸ਼ ਸੰ ੬ | ਕੁਲਵੰਤ ਸਿੰਘ ਦੇ ਗ੍ਰਹਿ | ਸਈ ਕਲਾਂ | ਜੰਮੂ | ੯੯੭ |
| ੧੬ | ਪੋਹ | ਸ਼ ਸੰ ੬ | ਖੇਮੋ ਦੇਵੀ ਦੇ ਗ੍ਰਹਿ | ਸਈ ਕਲਾਂ | ਜੰਮੂ | ੯੯੮ |
| ੧੬ | ਪੋਹ | ਸ਼ ਸੰ ੬ | ਬਚਨ ਸਿੰਘ ਦੇ ਘਰ | ਸਈ ਕਲਾਂ | ਜੰਮੂ | ੯੯੮ |
| ੧੬ | ਪੋਹ | ਸ਼ ਸੰ ੬ | ਪੁੰਨੂ ਰਾਮ ਦੇ ਗ੍ਰਹਿ | ਸਈ ਕਲਾਂ | ਜੰਮੂ | ੯੯੯ |
| ੧੬ | ਪੋਹ | ਸ਼ ਸੰ ੬ | ਫਰੰਗੀ ਰਾਮ ਦੇ ਘਰ | ਤਰੇਵਾ ਕੈਂਪ | ਜੰਮੂ | ੯੯੯ |
| ੧੬ | ਪੋਹ | ਸ਼ ਸੰ ੬ | ਅਨੰਤ ਰਾਮ ਦੇ ਗ੍ਰਹਿ | ਤਰੇਵਾ | ਜੰਮੂ | ੧੦੦੦ |
| ੧੬ | ਪੋਹ | ਸ਼ ਸੰ ੬ | ਕਿਰਪਾਲ ਸਿੰਘ ਦੇ ਗ੍ਰਹਿ | ਸਈ ਕਲਾਂ | ਜੰਮੂ | ੧੦੦੧ |
| ੧੭ | ਪੋਹ | ਸ਼ ਸੰ ੬ | ਵੀਰੋ ਦੇਵੀ ਦੇ ਗ੍ਰਹਿ | ਸਈ ਕਲਾਂ | ਜੰਮੂ | ੧੦੦੨ |


27
੨੨

| | | | |
|---|---|---|---|
| ੧੭ ਪੋਹ ਸ਼ ਸੰ ੬ ਦੇਵਾ ਸਿੰਘ ਦੇ ਗ੍ਰਿਹਿ | ਸਈ ਕਲਾਂ | ਜੰਮੂ | ੧੦੦੩ |
| ੧੭ ਪੋਹ ਸ਼ ਸੰ ੬ ਭਾਈਆ ਦੇਵੀ ਦੇ ਗ੍ਰਿਹਿ | ਸਈ ਕਲਾਂ | ਜੰਮੂ | ੧੦੦੩ |
| ੧੭ ਪੋਹ ਸ਼ ਸੰ ੬ ਸੇਵਾ ਸਿੰਘ ਦੇ ਗ੍ਰਿਹਿ | ਸਈ ਕਲਾਂ | ਜੰਮੂ | ੧੦੦੪ |
| ੧੭ ਪੋਹ ਸ਼ ਸੰ ੬ ਬੰਤੀ ਦੇਵੀ ਦੇ ਗ੍ਰਿਹਿ | ਸਈ ਕਲਾਂ | ਜੰਮੂ | ੧੦੦੪ |
| ੧੭ ਪੋਹ ਸ਼ ਸੰ ੬ ਬੇਲਾ ਸਿੰਘ ਦੇ ਗ੍ਰਿਹਿ | ਸਈ ਕਲਾਂ | ਜੰਮੂ | ੧੦੦੫ |
| ੧੭ ਪੋਹ ਸ਼ ਸੰ ੬ ਵਕੀਲ ਸਿੰਘ ਦੇ ਗ੍ਰਿਹਿ | ਹੰਸਾ | ਜੰਮੂ | ੧੦੦੬ |
| ੧੭ ਪੋਹ ਸ਼ ਸੰ ੬ ਰਣੀਆ ਰਾਮ ਦੇ ਘਰ | ਕਲੋਏ | ਜੰਮੂ | ੧੦੦੭ |
| ੧੭ ਪੋਹ ਸ਼ ਸੰ ੬ ਸੇਵਾ ਸਿੰਘ ਦੇ ਗ੍ਰਿਹਿ | ਕਲੋਏ | ਜੰਮੂ | ੧੦੦੭ |
| ੧੭ ਪੋਹ ਸ਼ ਸੰ ੬ ਪਿਆਰਾ ਸਿੰਘ ਦੇ ਗ੍ਰਿਹਿ | ਕਲੋਆ | ਜੰਮੂ | ੧੦੦੮ |
| ੧੭ ਪੋਹ ਸ਼ ਸੰ ੬ ਲੀਲਾ ਵਤੀ ਦੇ ਗ੍ਰਿਹਿ | ਕਰਨ ਨਗਰ | ਜੰਮੂ | ੧੦੦੯ |
| ੨੧ ਪੋਹ ਸ਼ ਸੰ ੬ ਜਸਵੰਤ ਸਿੰਘ ਦੇ ਗ੍ਰਿਹਿ | ਕਰਤਾਰਪੁਰ | ਅੰਮ੍ਰਿਤਸਰ | ੧੦੧੦ |
| ੨੨ ਪੋਹ ਸ਼ ਸੰ ੬ ਹਰਬੰਸ ਸਿੰਘ ਦੇ ਗ੍ਰਿਹਿ | ਕਰਤਾਰਪੁਰ | ਅੰਮ੍ਰਿਤਸਰ | ੧੦੧੧ |
| ੨੨ ਪੋਹ ਸ਼ ਸੰ ੬ ਬੰਨਾ ਸਿੰਘ ਦੇ ਘਰ | ਕਰਤਾਰਪੁਰ | ਅੰਮ੍ਰਿਤਸਰ | ੧੦੧੨ |
| ੨੪ ਪੋਹ ਸ਼ ਸੰ ੬ ਜੇਠੂਵਾਲ ਦਰਬਾਰ ਦੇ ਨਿਵਾਸੀਆਂ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੦੧੨ |
| ੨੫ ਪੋਹ ਸ਼ ਸੰ ੬ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੦੧੩ |
| ੨੬ ਪੋਹ ਸ਼ ਸੰ ੬ ਸੇਵਾ ਸਿੰਘ ਨੂੰ ਪੰਜ ਪਿਆਰਿਆਂ ਵਿਚ ਸ਼ਾਮਲ ਕਰਨ ਸਮੇਂ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੧੦੧੬ |
| ੨੬ ਪੋਹ ਸ਼ ਸੰ ੬ ਜਲੂਸ ਦੇ ਦਰਬਾਰ ਪੁੱਜਣ ਤੇ | ਜੇਠੂਵਾਲ | ਅੰਮ੍ਰਿਤਸਰ | ੧੦੧੭ |
| ੨੬ ਪੋਹ ਸ਼ ਸੰ ੬ ਰਾਤ ਨੂੰ ਸਾਢੇ ਨੌ ਵਜੇ | ਜੇਠੂਵਾਲ | ਅੰਮ੍ਰਿਤਸਰ | ੧੦੧੯ |
| ੨੭ ਪੋਹ ਸ਼ ਸੰ ੬ ਸਵੇਰੇ ਪੰਜਾਬ ਮੰਤਰੀ ਸਤਿਨਾਮ ਸਿੰਘ ਬਾਜਵਾ ਦੇ ਆਉਣ ਤੇ | ਜੇਠੂਵਾਲ | ਅੰਮ੍ਰਿਤਸਰ | ੧੦੪੭ |
| ੨੭ ਪੋਹ ਸ਼ ਸੰ ੬ ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੦੪੮ |


28
੨੨

| | | | |
|---|---|---|---|
| ੨੮ ਪੋਹ ਸ਼ ਸੰ ੬ ਹਰਿ ਭਗਤ ਦਵਾਰ ਸ਼ਾਦੀਆਂ ਸਮੇਂ | ਜੇਠੂਵਾਲ | ਅੰਮ੍ਰਿਤਸਰ | ੧੦੫੬ |
| ੩੦ ਪੋਹ ਸ਼ ਸੰ ੬ ਹਰਿ ਭਗਤ ਦੁਵਾਰ ਲੋਹੜੀ ਸਮੇਂ | ਜੇਠੂਵਾਲ | ਅੰਮ੍ਰਿਤਸਰ | ੧੦੫੭ |
| ਪਹਿਲੀ ਮਾਘ ਸ਼ ਸੰ ੬ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੧੦੫੯ |
| ੩ ਮਾਘ ਸ਼ ਸੰ ੬ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੧੦੬੧ |
| ੪ ਮਾਘ ਸ਼ ਸੰ ੬ ਊਧਮ ਸਿੰਘ ਦੇ ਗ੍ਰਿਹਿ | ਜਲਾਲਾਬਾਦ | ਅੰਮ੍ਰਿਤਸਰ | ੧੦੬੨ |
| ੫ ਮਾਘ ਸ਼ ਸੰ ੬ ਲਛਮਣ ਸਿੰਘ ਦੇ ਗ੍ਰਿਹਿ | ਰੁੜਕਾ ਕਲਾਂ | ਜਲੰਧਰ | ੧੦੬੩ |
| ੬ ਮਾਘ ਸ਼ ਸੰ ੬ ਕੇਹਰ ਸਿੰਘ | ਰੁੜਕਾ ਕਲਾਂ | ਜੰਲਧਰ | ੧੦੬੫ |
| ੬ ਮਾਘ ਸ਼ ਸੰ ੬ ਗਰਦਾਵਰ ਸਿੰਘ ਦੇ ਗ੍ਰਿਹਿ | ਰੁੜਕਾ ਕਲਾਂ | ਜਲੰਧਰ | ੧੦੬੫ |
| ੭ ਮਾਘ ਸ਼ ਸੰ ੬ ਡੋਗਰ ਸਿੰਘ ਦੇ ਗ੍ਰਿਹਿ | ਸੁੱਨੜ ਕਲਾਂ | ਜਲੰਧਰ | ੧੦੬੬ |
| ੭ ਮਾਘ ਸ਼ ਸੰ ੬ ਪ੍ਰਕਾਸ਼ ਕੌਰ ਦੇ ਗ੍ਰਿਹਿ | ਸੁੱਨੜ ਕਲਾਂ | ਜਲੰਧਰ | ੧੦੬੮ |
| ੭ ਮਾਘ ਸ਼ ਸੰ ੬ ਪ੍ਰੀਤਮ ਸਿੰਘ ਦੇ ਘਰ | ਜੰਡਿਆਲਾ | ਜਲੰਧਰ | ੧੦੬੮ |
| ੭ ਮਾਘ ਸ਼ ਸੰ ੬ ਪਿੰਦਰ ਸਿੰਘ ਦੇ ਗ੍ਰਿਹਿ | ਜੰਡਿਆਲਾ | ਜਲੰਧਰ | ੧੦੬੮ |
| ੭ ਮਾਘ ਸ਼ ਸੰ ੬ ਉਜਾਗਰ ਸਿੰਘ ਦੇ ਗ੍ਰਿਹਿ | ਸਰੀਂਹ | ਜਲੰਧਰ | ੧੦੬੯ |
| ੭ ਮਾਘ ਸ਼ ਸੰ ੬ ਉਜਾਗਰ ਸਿੰਘ ਦੇ ਗ੍ਰਿਹਿ | ਸਰੀਂਹ | ਜਲੰਧਰ | ੧੦੬੯ |
| ੭ ਮਾਘ ਸ਼ ਸੰ ੬ ਪ੍ਰੀਤਮ ਸਿੰਘ ਦੇ ਗ੍ਰਿਹਿ | ਖੇੜਾ | ਜਲੰਧਰ | ੧੦੭੦ |
| ੭ ਮਾਘ ਸ਼ ਸੰ ੬ ਲਾਲ ਸਿੰਘ ਦੇ ਗ੍ਰਿਹਿ | ਹੇਰਾਂ | ਜਲੰਧਰ | ੧੦੭੧ |
| ੮ ਮਾਘ ਸ਼ ਸੰ ੬ ਸਰਵਣ ਸਿੰਘ ਦੇ ਗ੍ਰਿਹਿ | ਹੇਰ | ਜਲੰਧਰ | ੧੦੭੩ |
| ੮ ਮਾਘ ਸ਼ ਸੰ ੬ ਮਨਜੀਤ ਕੌਰ ਦੇ ਗ੍ਰਿਹਿ | ਨੂਰ ਪੁਰ | ਜਲੰਧਰ | ੧੦੭੪ |
| ੯ ਮਾਘ ਸ਼ ਸੰ ੬ ਫਕੀਰ ਸਿੰਘ ਦੇ ਗ੍ਰਿਹਿ | ਮਜੀਦ ਪੁਰ | ਜਲੰਧਰ | ੧੦੭੫ |
| ੯ ਮਾਘ ਸ਼ ਸੰ ੬ ਮਹਿੰਦਰ ਸਿੰਘ, ਮੁਖਤਿਆਰ ਸਿੰਘ | ਹਰਨਾਮ ਪੁਰਾ | ਜਲੰਧਰ | ੧੦੭੬ |
| ੧੦ ਮਾਘ ਸ਼ ਸੰ ੬ ਪਿਆਰਾ ਸਿੰਘ ਦੇ ਗ੍ਰਿਹਿ | ਬਸਤੀ ਜਾਂਗਲਾ | | ੧੦੭੮ |
| ੧੦ ਮਾਘ ਸ਼ ਸੰ ੬ ਜਾਗੀਰ ਸਿੰਘ ਦੇ ਗ੍ਰਿਹਿ | ਬਸਤੀ ਸ਼ਿਕਾਰ ਪੁਰ | ਜਲੰਧਰ | ੧੦੭੯ |


29
੨੨

| | | | |
|---|---|---|---|
| ੧੦ ਮਾਘ ਸ਼ ਸੰ ੬ ਗਿਆਨ ਸਿੰਘ ਦੇ ਗ੍ਰਿਹਿ | ਸੁਰਖਪੁਰ | ਕਪੂਰਥਲਾ | ੧੦੮੦ |
| ੧੦ ਮਾਘ ਸ਼ ਸੰ ੬ ਦੌਲਤ ਸਿੰਘ ਦੇ ਗ੍ਰਿਹਿ | ਕਪੂਰਥਲਾ | | ੧੦੮੨ |
| ੧੧ ਮਾਘ ਸ਼ ਸੰ ੬ ਗੁਰਦਿਆਲ ਸਿੰਘ ਦੇ ਗ੍ਰਿਹਿ | ਕਪੂਰਥਲਾ | | ੧੦੮੩ |
| ੧੧ ਮਾਘ ਸ਼ ਸੰ ੬ ਕਰਤਾਰ ਸਿੰਘ ਦੇ ਘਰ | ਕਪੂਰਥਲਾ | | ੧੦੮੪ |
| ੧੧ ਮਾਘ ਸ਼ ਸੰ ੬ ਅਮਰ ਕੌਰ ਦੇ ਗ੍ਰਿਹਿ | ਕਪੂਰਥਲਾ | | ੧੦੮੫ |
| ੧੧ ਮਾਘ ਸ਼ ਸੰ ੬ ਗੁਰਬਚਨ ਸਿੰਘ ਦੇ ਗ੍ਰਿਹਿ | ਅਹਿਮਦਪੁਰ | ਕਪੂਰਥਲਾ | ੧੦੮੬ |
| ੧੨ ਮਾਘ ਸ਼ ਸੰ ੬ ਜੁਗਿੰਦਰ ਸਿੰਘ ਦੇ ਗ੍ਰਿਹਿ | ਅਹਿਮਦਪੁਰ | ਕਪੂਰਥਲਾ | ੧੦੮੮ |
| ੧੨ ਮਾਘ ਸ਼ ਸੰ ੬ ਫੁੱਮਣ ਸਿੰਘ ਦੇ ਗ੍ਰਿਹਿ | ਅਹਿਮਦਪੁਰ | ਕਪੂਰਥਲਾ | ੧੦੮੮ |
| ੧੨ ਮਾਘ ਸ਼ ਸੰ ੬ ਜੀਤ ਸਿੰਘ ਦੇ ਗ੍ਰਿਹਿ | ਅਹਿਮਦਪੁਰ | ਕਪੂਰਥਲਾ | ੧੦੮੯ |
| ੧੨ ਮਾਘ ਸ਼ ਸੰ ੬ ਕਰਮ ਸਿੰਘ ਦੇ ਗ੍ਰਿਹਿ | ਅਹਿਮਦਪੁਰ | ਕਪੂਰਥਲਾ | ੧੦੮੯ |
| ੧੨ ਮਾਘ ਸ਼ ਸੰ ੬ ਪ੍ਰੀਤਮ ਸਿੰਘ ਦੇ ਗ੍ਰਿਹਿ | ਕੋਟਲੀ ਇਬਰਾਹੀਮ ਖਾਂ | ਜਲੰਧਰ | ੧੦੯੦ |
| ੧੨ ਮਾਘ ਸ਼ ਸੰ ੬ ਬਲਜੀਤ ਸਿੰਘ ਦੇ ਗ੍ਰਿਹਿ | ਜੈਤੋਵਾਲੀ | ਜਲੰਧਰ | ੧੦੯੧ |
| ੧੨ ਮਾਘ ਸ਼ ਸੰ ੬ ਹਰਭਜਨ ਕੌਰ ਦੇ ਗ੍ਰਿਹਿ | ਕੋਟਲੀ ਥਾਨ ਸਿੰਘ | ਜਲੰਧਰ | ੧੦੯੩ |
| ੧੩ ਮਾਘ ਸ਼ ਸੰ ੬ ਗੁਰਦਿਆਲ ਸਿੰਘ ਦੇ ਗ੍ਰਿਹਿ | ਚੀਮਾਂ ਕਲਾ | ਜਲੰਧਰ | ੧੦੯੩ |
| ੧੩ ਮਾਘ ਸ਼ ਸੰ ੬ ਗੁਰਦੇਵ ਸਿੰਘ ਦੇ ਗ੍ਰਿਹਿ | ਦੁਸਾਂਝ ਖੁਰਦ | ਜਲੰਧਰ | ੧੦੯੪ |
| ੧੪ ਮਾਘ ਸ਼ ਸੰ ੬ ਦਰਸ਼ਨ ਸਿੰਘ ਦੇ ਗ੍ਰਿਹਿ | ਦੁਸਾਂਝ | ਜਲੰਧਰ | ੧੦੯੫ |
| ੧੪ ਮਾਘ ਸ਼ ਸੰ ੬ ਸੰਤੋਖ ਸਿੰਘ ਦੇ ਗ੍ਰਿਹਿ | ਸੋਢੀਆਂ | ਜਲੰਧਰ | ੧੦੯੬ |
| ੧੫ ਮਾਘ ਸ਼ ਸੰ ੬ ਲਛਮਣ ਸਿੰਘ ਦੇ ਗ੍ਰਿਹਿ | ਧਨੌਰੀ | ਰੋਪੜ | ੧੦੯੮ |
| ੧੬ ਮਾਘ ਸ਼ ਸੰ ੬ ਜਗੀਰ ਸਿੰਘ ਦੇ ਗ੍ਰਿਹਿ | ਰੰਗੀਲਪੁਰ | ਰੋਪੜ | ੧੦੯੯ |
| ੧੬ ਮਾਘ ਸ਼ ਸੰ ੬ ਪ੍ਰੀਤਮ ਸਿੰਘ ਦੇ ਗ੍ਰਿਹਿ | ਰਾਜੋ ਮਾਜਰਾ | ਰੋਪੜ | ੧੧੦੦ |
| ੧੬ ਮਾਘ ਸ਼ ਸੰ ੬ ਹਜ਼ੂਰਾ ਸਿੰਘ ਦੇ ਗ੍ਰਿਹਿ | ਗੁਰਾਇਆ | ਜਲੰਧਰ | ੧੧੦੧ |
| ੧੭ ਮਾਘ ਸ਼ ਸੰ ੬ ਗੁਰਦੇਵ ਸਿੰਘ ਦੇ ਗ੍ਰਿਹਿ | ਨਵਾਂ ਪਿੰਡ | ਜਲੰਧਰ | ੧੧੦੩ |

30
੨੨

| | | | |
|---|---|---|---|
| ੧੭ ਮਾਘ ਸ਼ ਸੰ ੬ ਪਿਆਰਾ ਸਿੰਘ ਦੇ ਗ੍ਰਿਹਿ | ਮਾਡਲ ਟਾਊਨ | ਜਲੰਧਰ | ੧੧੦੪ |
| ੧੭ ਮਾਘ ਸ਼ ਸੰ ੬ ਨਗੀਨਾ ਸਿੰਘ ਦੇ ਗ੍ਰਿਹਿ | ਮਾਡਲ ਹਾਉਸ | ਜਲੰਧਰ | ੧੧੦੭ |
| ੧੭ ਮਾਘ ਸ਼ ਸੰ ੬ ਗੁਰਦਿਆਲ ਸਿੰਘ ਦੇ ਗ੍ਰਿਹਿ | ਜਲੰਧਰ | | ੧੧੦੭ |
| ੧੮ ਮਾਘ ਸ਼ ਸੰ ੬ ਪਿਆਰਾ ਸਿੰਘ ਦੇ ਗ੍ਰਿਹਿ | ਜਲੰਧਰ | | ੧੧੦੯ |
| ੧੮ ਮਾਘ ਸ਼ ਸੰ ੬ ਗੁਰਨਾਮ ਸਿੰਘ ਦੇ ਗ੍ਰਿਹਿ | ਸੂਰਾ ਨੱਸੀ | ਜਲੰਧਰ | ੧੧੧੦ |
| ੧੮ ਮਾਘ ਸ਼ ਸੰ ੬ ਜਰਨੈਲ ਸਿੰਘ ਦੇ ਗ੍ਰਿਹਿ | ਸਗਵਾਲ | ਜਲੰਧਰ | ੧੧੧੧ |
| ੨੧ ਮਾਘ ਸ਼ ਸੰ ੬ ਬੀਬੀ ਜੁਗਿੰਦਰ ਕੌਰ ਦੇ ਨਿਵਿਤ | ਜੇਠੂਵਾਲ | ਅੰਮ੍ਰਿਤਸਰ | ੧੧੧੨ |
| ੨੭ ਮਾਘ ਸ਼ ਸੰ ੬ ਰਣਜੀਤ ਸਿੰਘ ਦੇ ਗ੍ਰਿਹਿ | ਗਵਾਲ ਟੋਲੀ ਫਿਰੋਜ਼ਪੁਰ ਛਾਉਣੀ | | ੧੧੧੪ |
| ੨੮ ਮਾਘ ਸ਼ ਸੰ ੬ ਰਾਮ ਸਿੰਘ ਦੇ ਗ੍ਰਿਹਿ | ਗਵਾਲ ਟੋਲੀ ਫ਼ਿਰੋਜ਼ਪੁਰ ਛਾਉਣੀ | | ੧੧੧੯ |
| ਪਹਿਲੀ ਫੱਗਣ ਸ਼ ਸੰ ੬ ਹਰਿ ਭਗਤ ਦਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੧੨੧ |
| ੧੪ ਫੱਗਣ ਸ਼ ਸੰ ੬ ਬਸੰਤ ਕੌਰ ਦੇ ਸਰੀਰ ਛੱਡਣ ਤੇ | ਮਲੂਵਾਲ | ਅੰਮ੍ਰਿਤਸਰ | ੧੧੨੫ |
| ੧੫ ਫੱਗਣ ਸ਼ ਸੰ ੬ ਬਖ਼ਸ਼ੀਸ਼ ਸਿੰਘ ਦੇ ਗ੍ਰਿਹਿ | ਕਾਦਰਾਬਾਦ | ਗੁਰਦਾਸਪੁਰ | ੧੧੨੭ |
| ੧੬ ਫੱਗਣ ਸ਼ ਸੰ ੬ ਸਵਰਨ ਸਿੰਘ ਦੇ ਗ੍ਰਿਹਿ | ਕਾਦਰਾਬਾਦ | ਗੁਰਦਾਸਪੁਰ | ੧੧੨੯ |
| ੧੬ ਫੱਗਣ ਸ਼ ਸੰ ੬ ਸੰਪੂਰਨ ਕੌਰ ਦੇ ਗ੍ਰਿਹਿ | ਕਾਦਰਾਬਾਦ | ਗੁਰਦਾਸਪੁਰ | ੧੧੨੯ |
| ੧੬ ਫੱਗਣ ਸ਼ ਸੰ ੬ ਕਰਨੈਲ ਸਿੰਘ ਦੇ ਗ੍ਰਿਹਿ | ਕਾਦਰਾਬਾਦ | ਅੰਮ੍ਰਿਤਸਰ | ੧੧੩੦ |
| ੧੬ ਫੱਗਣ ਸ਼ ਸੰ ੬ ਬੂੜ ਸਿੰਘ ਦੇ ਗ੍ਰਿਹਿ | ਕਾਦਰਾਬਾਦ | ਅੰਮ੍ਰਿਤਸਰ | ੧੧੩੧ |
| ੧੬ ਫੱਗਣ ਸ਼ ਸੰ ੬ ਅਮਰਾਓ ਸਿੰਘ ਦੇ ਗ੍ਰਿਹਿ | ਬਲ | ਗੁਰਦਾਸਪੁਰ | ੧੧੩੧ |
| ੧੬ ਫੱਗਣ ਸ਼ ਸੰ ੬ ਮੱਸਾ ਸਿੰਘ ਦੇ ਗ੍ਰਿਹਿ | ਬਲ | ਗੁਰਦਾਸਪੁਰ | ੧੧੩੨ |
| ੧੬ ਫੱਗਣ ਸ਼ ਸੰ ੬ ਮੋਹਣ ਸਿੰਘ ਦੇ ਗ੍ਰਿਹਿ | ਤਾਰਾ ਚੱਕ | ਗੁਰਦਾਸਪੁਰ | ੧੧੩੩ |
| ੧੬ ਫੱਗਣ ਸ਼ ਸੰ ੬ ਮਹਿੰਦਰ ਸਿੰਘ ਦੇ ਗ੍ਰਿਹਿ | ਧੀਰਾ ਦਈਆ | ਗੁਰਦਾਸਪੁਰ | ੧੧੩੪ |
| ੧੭ ਫੱਗਣ ਸ਼ ਸੰ ੬ ਅਵਤਾਰ ਸਿੰਘ ਦੇ ਗ੍ਰਿਹਿ | ਮਾੜੀ ਪਨੂਆਂ | ਗੁਰਦਾਸਪੁਰ | ੧੧੩੪ |
| ੧੭ ਫੱਗਣ ਸ਼ ਸੰ ੬ ਰਣਧੀਰ ਸਿੰਘ ਦੇ ਗ੍ਰਿਹਿ | ਮਾੜੀ ਪਨੂਆਂ | ਗੁਰਦਾਸਪੁਰ | ੧੧੩੫ |

31
੨੨

| | | | |
|---|---|---|---|
| ੧੭ ਫੱਗਣ ਸ਼ ਸੰ ੬ ਬੀਬੀ ਸੁਰਿੰਦਰ ਕੌਰ ਦੇ ਗ੍ਰਿਹ | ਮਾੜੀ ਪਨੂਆਂ | ਗੁਰਦਾਸਪੁਰ | ੧੧੩੬ |
| ੧੭ ਫੱਗਣ ਸ਼ ਸੰ ੬ ਵਿਰਸਾ ਸਿੰਘ ਦੇ ਗ੍ਰਿਹ | ਸ੍ਰੀ ਹਰਿਗੋਬਿੰਦ ਪੁਰਾ | ਗੁਰਦਾਸਪੁਰ | ੧੧੩੭ |
| ੧੭ ਫੱਗਣ ਸ਼ ਸੰ ੬ ਕਰਤਾਰ ਸਿੰਘ ਦੇ ਗ੍ਰਿਹ | ਭੁੰਬਲੀ | ਗੁਰਦਾਸਪੁਰ | ੧੧੩੯ |
| ੧੭ ਫੱਗਣ ਸ਼ ਸੰ ੬ ਜੁਗਿੰਦਰ ਸਿੰਘ ਦੇ ਗ੍ਰਿਹ | ਡਡਵਾਂ | ਗੁਰਦਾਸਪੁਰ | ੧੧੩੯ |
| ੧੭ ਫੱਗਣ ਸ਼ ਸੰ ੬ ਜਾਗੀਰ ਸਿੰਘ ਦੇ ਗ੍ਰਿਹ | ਸੋਹਲ | ਗੁਰਦਾਸਪੁਰ | ੧੧੪੧ |
| ੧੮ ਫੱਗਣ ਸ਼ ਸੰ ੬ ਗੁਰਚਰਨ ਸਿੰਘ ਦੇ ਗ੍ਰਿਹ | ਪੰਡੋਰੀ | ਕਪੂਰਥਲਾ | ੧੧੪੨ |
| ੧੯ ਫੱਗਣ ਸ਼ ਸੰ ੬ ਜੁਗਿੰਦਰ ਸਿੰਘ ਦੇ ਗ੍ਰਿਹ | ਫਤਿਹ ਗੜ੍ਹ | ਕਪੂਰਥਲਾ | ੧੧੪੩ |
| ੧੯ ਫੱਗਣ ਸ਼ ਸੰ ੬ ਮੁਣਸ਼ੀ ਰਾਮ ਦੇ ਗ੍ਰਿਹ | ਬੇਗੋਵਾਲ | ਹੁਸ਼ਿਆਰਪੁਰ | ੧੧੪੪ |
| ੧੯ ਫੱਗਣ ਸ਼ ਸੰ ੬ ਅਰਜਨ ਸਿੰਘ ਦੇ ਗ੍ਰਿਹ | ਸਲੀਮ ਪੁਰ | ਹੁਸ਼ਿਆਰਪੁਰ | ੧੧੪੪ |
| ੧੯ ਫੱਗਣ ਸ਼ ਸੰ ੬ ਭਗਵਾਨ ਸਿੰਘ ਦੇ ਗ੍ਰਿਹ | ਓੜ ਮੁੜ ਟਾਂਡਾ | ਹੁਸ਼ਿਆਰਪੁਰ | ੧੧੪੫ |
| ੧੯ ਫੱਗਣ ਸ਼ ਸੰ ੬ ਅਮਰੀਕ ਸਿੰਘ ਦੇ ਗ੍ਰਿਹ | ਸਰਾਈ | ਹੁਸ਼ਿਆਰਪੁਰ | ੧੧੪੬ |
| ੧੯ ਫੱਗਣ ਸ਼ ਸੰ ੬ ਮੇਲਾ ਸਿੰਘ ਦੇ ਗ੍ਰਿਹ | ਸਰਾਈ | ਹੁਸ਼ਿਆਰਪੁਰ | ੧੧੪੭ |
| ੧੯ ਫੱਗਣ ਸ਼ ਸੰ ੬ ਹਰਭਜਨ ਸਿੰਘ ਦੇ ਗ੍ਰਿਹ | ਬੈਹਰਮ ਪੁਰ | ਹੁਸ਼ਿਆਰਪੁਰ | ੧੧੪੮ |
| ੨੦ ਫੱਗਣ ਸ਼ ਸੰ ੬ ਤਰਸੇਮ ਸਿੰਘ ਦੇ ਗ੍ਰਿਹ | ਖੁਰਦਨ | ਹੁਸ਼ਿਆਰਪੁਰ | ੧੧੪੯ |
| ੨੦ ਫੱਗਣ ਸ਼ ਸੰ ੬ ਸਵਿੰਦਰ ਸਿੰਘ ਦੇ ਗ੍ਰਿਹ | ਰੂਪੋਵਾਲ | ਹੁਸ਼ਿਆਰਪੁਰ | ੧੧੫੧ |
| ੨੦ ਫੱਗਣ ਸ਼ ਸੰ ੬ ਧੰਨਾ ਸਿੰਘ ਦੇ ਗ੍ਰਿਹ | ਕੁੱਲੀਆਂ | ਹੁਸ਼ਿਆਰਪੁਰ | ੧੧੫੧ |
| ੨੦ ਫੱਗਣ ਸ਼ ਸੰ ੬ ਖਿਆਲ ਸਿੰਘ ਦੇ ਗ੍ਰਿਹ | ਦਸੂਹਾ | ਹੁਸ਼ਿਆਰਪੁਰ | ੧੧੫੩ |
| ੨੦ ਫੱਗਣ ਸ਼ ਸੰ ੬ ਵਤਨ ਸਿੰਘ ਦੇ ਗ੍ਰਿਹ | ਸ਼ਰੀਹ ਪੁਰ | ਹੁਸ਼ਿਆਰਪੁਰ | ੧੧੫੩ |
| ੨੦ ਫੱਗਣ ਸ਼ ਸੰ ੬ ਦਿਆਲ ਸਿੰਘ ਦੇ ਗ੍ਰਿਹ | ਡੱਡਾਂ | ਹੁਸ਼ਿਆਰਪੁਰ | ੧੧੫੪ |
| ੨੦ ਫੱਗਣ ਸ਼ ਸੰ ੬ ਕਰਤਾਰ ਸਿੰਘ ਦੇ ਗ੍ਰਿਹ | ਪੰਜ ਢੇਰਾ | ਹੁਸ਼ਿਆਰਪੁਰ | ੧੧੫੪ |
| ੨੧ ਫੱਗਣ ਸ਼ ਸੰ ੬ ਲਾਲ ਸਿੰਘ ਦੇ ਗ੍ਰਿਹ | ਪੰਜ ਢੇਰਾ | ਹੁਸ਼ਿਆਰਪੁਰ | ੧੧੫੫ |
| ੨੧ ਫੱਗਣ ਸ਼ ਸੰ ੬ ਹਜ਼ਾਰਾ ਸਿੰਘ ਦੇ ਗ੍ਰਿਹ | ਪੰਜ ਢੇਰਾ | ਹੁਸ਼ਿਆਰਪੁਰ | ੧੧੫੬ |


32
੨੨

| | | | |
|---|---|---|---|
| ੨੧ ਫੱਗਣ ਸ਼ ਸੰ ੬ ਰਾਮ ਸਿੰਘ, ਦਰਬਾਰਾ ਸਿੰਘ, ਮੰਗਾ ਸਿੰਘ ਦੇ ਗ੍ਰਿਹਿ | ਗਾਲੜੀਆਂ | ਹੁਸ਼ਿਆਰਪੁਰ | ੧੧੫੭ |
| ੨੧ ਫੱਗਣ ਸ਼ ਸੰ ੬ ਜੀਆ ਲਾਲ ਦੇ ਗ੍ਰਿਹਿ | ਤਲਵਾੜਾ | ਹੁਸ਼ਿਆਰਪੁਰ | ੧੧੫੯ |
| ੨੨ ਫੱਗਣ ਸ਼ ਸੰ ੬ ਹਰਿ ਸੰਗਤ ਦੇ ਨਵਿਤ | ਤਲਵਾੜਾ | ਹੁਸ਼ਿਆਰਪੁਰ | ੧੧੬੧ |
| ੨੨ ਫੱਗਣ ਸ਼ ਸੰ ੬ ਜਾਗੀਰ ਸਿੰਘ ਦੇ ਗ੍ਰਿਹਿ | ਤਲਵਾੜਾ | ਹੁਸ਼ਿਆਰਪੁਰ | ੧੧੬੨ |
| ੨੨ ਫੱਗਣ ਸ਼ ਸੰ ੬ ਜੁਗਿੰਦਰ ਸਿੰਘ ਦੇ ਗ੍ਰਿਹਿ | ਤਲਵਾੜਾ | ਹੁਸ਼ਿਆਰਪੁਰ | ੧੧੬੩ |
| ੨੨ ਫੱਗਣ ਸ਼ ਸੰ ੬ ਰੇਸ਼ਮ ਸਿੰਘ ਦੇ ਗ੍ਰਿਹਿ | ਮਕੇਰੀਆਂ | ਹੁਸ਼ਿਆਰਪੁਰ | ੧੧੬੪ |
| ੨੨ ਫੱਗਣ ਸ਼ ਸੰ ੬ ਬਲਵੰਤ ਸਿੰਘ ਦੇ ਗ੍ਰਿਹਿ | ਮਕੇਰੀਆਂ | ਹੁਸ਼ਿਆਰਪੁਰ | ੧੧੬੪ |
| ੨੨ ਫੱਗਣ ਸ਼ ਸੰ ੬ ਲਾਲ ਚੰਦ ਦੇ ਗ੍ਰਿਹਿ | ਭੀਮ ਪੁਰ | ਗੁਰਦਾਸਪੁਰ | ੧੧੬੫ |
| ੨੩ ਫੱਗਣ ਸ਼ ਸੰ ੬ ਕੁਸ਼ੱਲਿਆ ਦੇਵੀ ਦੇ ਗ੍ਰਿਹਿ | ਭੀਮ ਪੁਰ | ਗੁਰਦਾਸਪੁਰ | ੧੧੬੫ |
| ੨੩ ਫੱਗਣ ਸ਼ ਸੰ ੬ ਦੇਵ ਰਾਜ ਦੇ ਗ੍ਰਿਹਿ | ਭੀਮ ਪੁਰ | ਗੁਰਦਾਸਪੁਰ | ੧੧੬੬ |
| ੨੩ ਫੱਗਣ ਸ਼ ਸੰ ੬ ਅਜੀਤ ਸਿੰਘ ਦੇ ਗ੍ਰਿਹਿ | ਕੱਤੋਵਾਲੀ | ਗੁਰਦਾਸਪੁਰ | ੧੧੬੬ |
| ੨੩ ਫੱਗਣ ਸ਼ ਸੰ ੬ ਗੁਰਚਰਨ ਸਿੰਘ ਦੇ ਗ੍ਰਿਹਿ | ਕੱਤੋਵਾਲ | ਗੁਰਦਾਸਪੁਰ | ੧੧੬੯ |
| ੨੩ ਫੱਗਣ ਸ਼ ਸੰ ੬ ਸਰੂਪ ਸਿੰਘ ਦੇ ਗ੍ਰਿਹਿ | | ਗੁਰਦਾਸਪੁਰ | ੧੧੬੯ |
| ੨੩ ਫੱਗਣ ਸ਼ ਸੰ ੬ ਬੀਬੀ ਬਾਵੀ ਦੇ ਗ੍ਰਿਹਿ | ਮਰ੍ਹਾਜ | ਗੁਰਦਾਸਪੁਰ | ੧੧੭੧ |
| ੨੪ ਫੱਗਣ ਸ਼ ਸੰ ੬ ਰਾਜ ਸਿੰਘ ਦੇ ਗ੍ਰਿਹਿ | ਮਰ੍ਹਾਜ ਪੁਰ | ਗੁਰਦਾਸਪੁਰ | ੧੧੭੨ |
| ੨੪ ਫੱਗਣ ਸ਼ ਸੰ ੬ ਮਹਿੰਗਾ ਸਿੰਘ ਦੇ ਗ੍ਰਿਹਿ | ਸਦਾ | ਗੁਰਦਾਸਪੁਰ | ੧੧੭੩ |
| ੨੪ ਫੱਗਣ ਸ਼ ਸੰ ੬ ਜਰਨੈਲ ਸਿੰਘ ਦੇ ਗ੍ਰਿਹਿ | ਸਦਾ | ਗੁਰਦਾਸਪੁਰ | ੧੧੭੫ |
| ੨੫ ਫੱਗਣ ਸ਼ ਸੰ ੬ ਚਤੁਰ ਸਿੰਘ ਦੇ ਗ੍ਰਿਹਿ | ਓਗਰਾ | ਗੁਰਦਾਸਪੁਰ | ੧੧੭੬ |
| ੨੫ ਫੱਗਣ ਸ਼ ਸੰ ੬ ਓਗਰਾ ਸੰਗਤ ਨਵਿਤ | ਓਗਰਾ | ਗੁਰਦਾਸਪੁਰ | ੧੧੭੮ |
| ੨੬ ਫੱਗਣ ਸ਼ ਸੰ ੬ ਗੁਰਬਖ਼ਸ਼ ਸਿੰਘ ਦੇ ਗ੍ਰਿਹਿ | ਨੌਸ਼ਹਿਰਾ | ਹੁਸ਼ਿਆਰਪੁਰ | ੧੧੭੯ |
| ੨੬ ਫੱਗਣ ਸ਼ ਸੰ ੬ ਬੂੜ ਸਿੰਘ ਦੇ ਗ੍ਰਿਹਿ | ਵਜੀਰ ਪੁਰ | ਗੁਰਦਾਸਪੁਰ | ੧੧੮੦ |

| | | | |
|---|---|---|---|
| ੨੬ ਫੱਗਣ ਸ਼ ਸੰ ੬ ਦਲੀਪ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੧੧੮੧ |
| ੨੭ ਫੱਗਣ ਸ਼ ਸੰ ੬ ਪਿਆਰਾ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੧੧੮੨ |
| ੨੭ ਫੱਗਣ ਸ਼ ਸੰ ੬ ਰਵੇਲ ਕੌਰ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੧੧੮੩ |
| ੨੭ ਫੱਗਣ ਸ਼ ਸੰ ੬ ਦੀਦਾਰ ਸਿੰਘ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੧੧੮੪ |
| ੨੭ ਫੱਗਣ ਸ਼ ਸੰ ੬ ਹਜ਼ਾਰਾ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੧੧੮੫ |
| ੨੮ ਫੱਗਣ ਸ਼ ਸੰ ੬ ਆਸਾ ਸਿੰਘ ਬਲਾਕਾ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੧੧੮੬ |
| ੨੮ ਫੱਗਣ ਸ਼ ਸੰ ੬ ਭਾਗ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੧੧੮੭ |
| ੨੮ ਫੱਗਣ ਸ਼ ਸੰ ੬ ਮੇਲਾ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੧੧੮੮ |
| ੨੮ ਫੱਗਣ ਸ਼ ਸੰ ੬ ਸੰਤਾ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੧੧੮੯ |
| ੨੮ ਫੱਗਣ ਸ਼ ਸੰ ੬ ਕਰਤਾਰ ਕੌਰ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੧੧੮੯ |
| ੨੮ ਫੱਗਣ ਸ਼ ਸੰ ੬ ਹਜ਼ਾਰਾ ਸਿੰਘ ਦਲੀਪ ਸਿੰਘ | ਬਾਬੂਪੁਰ | ਗੁਰਦਾਸਪੁਰ | ੧੧੯੦ |
| ੨੯ ਫੱਗਣ ਸ਼ ਸੰ ੬ ਕਿਸ਼ਨ ਸਿੰਘ ਦੇ ਗ੍ਰਿਹਿ | ਅੱਲੜਪਿੰਡੀ | ਗੁਰਦਾਸਪੁਰ | ੧੧੯੧ |
| ੨੯ ਫੱਗਣ ਸ਼ ਸੰ ੬ ਬੀਬੀ ਧਿਆਨੋ ਦੇ ਗ੍ਰਿਹਿ | ਅੱਲੜਪਿੰਡੀ | ਗੁਰਦਾਸਪੁਰ | ੧੧੯੩ |
| ੨੯ ਫੱਗਣ ਸ਼ ਸੰ ੬ ਬੀਬੀ ਚਰਨੋ ਦੇ ਗ੍ਰਿਹਿ | ਅੱਲੜਪਿੰਡੀ | ਗੁਰਦਾਸਪੁਰ | ੧੧੯੪ |
| ੨੯ ਫੱਗਣ ਸ਼ ਸੰ ੬ ਬੀਬੀ ਜੀਤੋ ਗ੍ਰਿਹਿ | ਅੱਲੜਪਿੰਡੀ | ਗੁਰਦਾਸਪੁਰ | ੧੧੯੫ |
| ੨੯ ਫੱਗਣ ਸ਼ ਸੰ ੬ ਬੀਬੀ ਦੀਪੋ ਗ੍ਰਿਹਿ | ਅੱਲੜਪਿੰਡੀ | ਗੁਰਦਾਸਪੁਰ | ੧੧੯੬ |
| ੩੦ ਫੱਗਣ ਸ਼ ਸੰ ੬ ਗੁਰਮੁਖ ਸਿੰਘ ਦੇ ਗ੍ਰਿਹਿ | ਸ਼ੋਹਣ | ਗੁਰਦਾਸਪੁਰ | ੧੧੯੭ |
| ੩੦ ਫੱਗਣ ਸ਼ ਸੰ ੬ ਗੁਰਦੇਵ ਸਿੰਘ ਦੇ ਗ੍ਰਿਹਿ | ਸ਼ੋਹਣ | ਗੁਰਦਾਸਪੁਰ | ੧੧੯੯ |
| ੩੦ ਫੱਗੁਣ ਸ਼ ਸੰ ੬ ਹਰਭਜਨ ਸਿੰਘ ਦੇ ਗ੍ਰਿਹਿ | ਜੀਊ ਜੁਲਾਈ | ਗੁਰਦਾਸਪੁਰ | ੧੧੯੯ |
| ੩੦ ਫੱਗਣ ਸ਼ ਸੰ ੬ ਧਿਰਤਾ ਸਿੰਘ ਦੇ ਗ੍ਰਿਹਿ | ਕਲਾਨੌਰ | ਗੁਰਦਾਸਪੁਰ | ੧੨੦੧ |
| ੩੦ ਫੱਗਣ ਸ਼ ਸੰ ੬ ਬੀਬੀ ਸੁਖਰਾਜ ਦੇ ਗ੍ਰਿਹਿ | ਕਲਾਨੌਰ | ਗੁਰਦਾਸਪੁਰ | ੧੨੦੨ |
| ਪਹਿਲੀ ਚੇਤ ਸ਼ ਸੰ ੭ ਮੰਗਲ ਸਿੰਘ ਦੇ ਗ੍ਰਿਹਿ | ਫਤੂਪੁਰ | ਗੁਰਦਾਸਪੁਰ | ੧੨੦੩ |

34
੨੨

ਪਹਿਲੀ ਚੇਤ ਸ਼ ਸੰ ੭ ਗੁਲਜ਼ਾਰ ਸਿੰਘ ਦੇ ਗ੍ਰਿਹਿ ਫਤੂਪੁਰ ਗੁਰਦਾਸਪੁਰ ੧੨੦੪
ਪਹਿਲੀ ਚੇਤ ਸ਼ ਸੰ ੭ ਜੁਗਿੰਦਰ ਸਿੰਘ ਦੇ ਗ੍ਰਿਹਿ ਫਤੂਪੁਰ ਗੁਰਦਾਸਪੁਰ ੧੨੦੪
ਪਹਿਲੀ ਚੇਤ ਸ਼ ਸੰ ੭ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੨੦੫
੩ ਚੇਤ ਸ਼ ਸੰ ੭ ਗੁਰਮੁਖ ਸਿੰਘ ਦੇ ਗ੍ਰਿਹਿ ਭਲਾਈਪੁਰ ਅੰਮ੍ਰਿਤਸਰ ੧੨੧੩
੪ ਚੇਤ ਸ਼ ਸੰ ੭ ਪਾਲ ਸਿੰਘ, ਫੌਜਾ ਸਿੰਘ, ਸ਼ਿੰਗਾਰਾ ਸਿੰਘ, ਸੁੱਚਾ ਸਿੰਘ ਮਹਿੰਦਰ ਸਿੰਘ,
ਤਰਸੇਮ ਸਿੰਘ, ਹਰਭਜਨ ਸਿੰਘ, ਮਹਿੰਦਰ ਸਿੰਘ, ਗੁਰਚਰਨ ਸਿੰਘ
ਗਗੜੇਵਾਲ, ਭਲਾਈਪੁਰ ਡੋਗਰਾ ਅੰਮ੍ਰਿਤਸਰ ੧੨੧੮
੪ ਚੇਤ ਸ਼ ਸੰ ੭ ਊਧਮ ਸਿੰਘ, ਗੁਲਜ਼ਾਰ ਸਿੰਘ, ਬਲਵੰਤ ਸਿੰਘ,
ਮੁਖਤਿਆਰ ਸਿੰਘ, ਧਰਮਬੀਰ ਜਲਾਲਾਬਾਦ ਅੰਮ੍ਰਿਤਸਰ ੧੨੧੯
੪ ਚੇਤ ਸ਼ ਸੰ ੭ ਸੋਹਣ ਸਿੰਘ ਦੇ ਗ੍ਰਿਹਿ ਰਾਮਪੁਰ ਅੰਮ੍ਰਿਤਸਰ ੧੨੨੧
੪ ਚੇਤ ਸ਼ ਸੰ ੭ ਉਤਮ ਸਿੰਘ, ਚੰਨਣ ਸਿੰਘ ਦੇ ਗ੍ਰਿਹਿ ਵੈਰੋਵਾਲ ਅੰਮ੍ਰਿਤਸਰ ੧੨੨੧
੪ ਚੇਤ ਸ਼ ਸੰ ੭ ਸੁਰੈਣ ਸਿੰਘ, ਦਲੀਪ ਸਿੰਘ, ਸਵਰਨ ਸਿੰਘ, ਤੇਜਾ ਸਿੰਘ,
ਗੁਲਜ਼ਾਰ ਸਿੰਘ, ਸੰਤੋਖ ਸਿੰਘ, ਸੁਰੈਣ ਸਿੰਘ, ਤਰਲੋਕ ਸਿੰਘ,
ਗਗੜੇਆਲ ਸ਼ਿੰਗਾਰਾ ਸਿੰਘ, ਪੱਖੋ ਕੇ ਔਕਲ ਗੰਡਾ, ਬੂਟਾ ਸਿੰਘ,
ਜਰਨੈਲ ਸਿੰਘ ਸਰਲੀ ਖੁਰਦ, ਸੰਤੋ ਬੰਡਾਲਾ ਜਿੰਦੋ ਬਡਾਲਾ, ਸਵਰਨੀ
ਬੰਡਾਲਾ, ਅਮਰ ਕੌਰ ਬੰਡਾਲਾ, ਧੰਨਤੋ ਬੰਡਾਲਾ, ਬੰਸੋ ਠੱਠੀਆਂ
ਕਸ਼ਮੀਰੋ ਤਖਤੂ ਚੱਕ ਜੰਡਿਆਲਾ ਗੁਰੂ ਅੰਮ੍ਰਿਤਸਰ ੧੨੨੨
੭ ਚੇਤ ਸ਼ ਸੰ ੭ ਸੁਖਦੇਵ ਰਾਜ, ਪ੍ਰੀਤਮ ਸਿੰਘ, ਜਾਗੀਰ ਕੌਰ, ਕਰਮ ਸਿੰਘ,
ਬੀਬੀ ਪਿਆਰੋ, ਗੁਰਬਖ਼ਸ਼ ਸਿੰਘ, ਸਰਦਾਰਾ ਸਿੰਘ, ਸਰਮੁਖ ਸਿੰਘ,
ਪੂਰਨ ਸਿੰਘ, ਨਾਜ਼ਰ ਸਿੰਘ, ਤਾਰਾ ਸਿੰਘ, ਸਵਰਨ ਸਿੰਘ, ਪ੍ਰੀਤਮ ਸਿੰਘ,
ਦਰਸ਼ਨ ਸਿੰਘ, ਸਾਧੂ ਸਿੰਘ, ਗੇਜਾ ਸਿੰਘ, ਮੰਗਲ ਸਿੰਘ, ਜਿੰਦਰ ਸਿੰਘ,
ਪ੍ਰੀਤਮ ਸਿੰਘ, ਹਰੀ ਸਿੰਘ, ਹਰਦੀਪ ਸਿੰਘ, ਦਿਆਲ ਸਿੰਘ, ਕੁੰਦਨ ਸਿੰਘ,

ਹਰਨਾਮ ਸਿੰਘ, ਦਰਬਾਰਾ ਸਿੰਘ ਵਰਿਆ, ਬੀਬੀ ਬੀਰੋ ਕੈਰੋ ਕੱਲਾ ੧੨੨੪

੮ ਚੇਤ ਸ਼ ਸੰ ੭ ਨਿਰੰਜਣ ਦਈ ਦੇ ਗ੍ਰਿਹ ਕੱਲਾ ਅੰਮ੍ਰਿਤਸਰ ੧੨੨੭

੮ ਚੇਤ ਸ਼ ਸੰ ੭ ਮੱਸਾ ਸਿੰਘ, ਮੱਖਣ ਸਿੰਘ, ਦਾਰਾ ਸਿੰਘ, ਕਰਨੈਲ ਸਿੰਘ, ਬੀਬੀ ਅਜੈਬ
ਕੌਰ ਬਾਠ, ਨਰਾਇਣ ਸਿੰਘ ਕੰਗ, ਗੁਰਨਾਮ ਸਿੰਘ ਕੰਗ, ਕੁੰਦਨ ਸਿੰਘ
ਮਾਲ ਚਕ, ਸੋਹਣ ਸਿੰਘ ਮਾਲ ਚਕ, ਹਰਨਾਮ ਸਿੰਘ ਪੰਡੋਰੀ,
ਉਜਾਗਰ ਸਿੰਘ ਖਡੂਰ ਸਾਹਿਬ, ਸਵਰਨ ਸਿੰਘ ਫਤਿਆਬਾਦ
ਨੌਰੰਗਾਬਾਦ ਅੰਮ੍ਰਿਤਸਰ ੧੨੨੮



36
੨੨

੯ ਚੇਤ ਸ਼ ਸੰ ੭ ਸੋਹਣ ਸਿੰਘ, ਸੰਤਾ ਸਿੰਘ, ਸਵਰਨ ਸਿੰਘ, ਕਰਤਾਰ ਕੌਰ, ਦਲੀਪ ਸਿੰਘ,
ਬਸੰਤ ਕੌਰ,ਬਲੀ ਸਿੰਘ ਕੈਰੋਂ, ਮਖਣ ਸਿੰਘ ਜੌੜਾ, ਕੇਸੋ ਰਾਮ ਜੰਡੋ ਕੀ
ਸਰਹਾਲੀ,ਪ੍ਰੀਤਮ ਕੌਰ ਸਾਹਬ ਪੁਰਾ, ਮਹਿੰਦਰ ਸਿੰਘ ਬੁੱਗੇ, ਸੰਤਾ ਸਿੰਘ
ਬੁੱਗੇ, ਜਗੀਰ ਸਿੰਘ ਮੁਗ਼ਲ ਚੱਕ, ਕਰਨੈਲ ਕੌਰ ਸ਼ਫੀਪੁਰ, ਪਰਤਾਪ ਸਿੰਘ
ਸੁੱਗਾ, ਪ੍ਰਤਾਪ ਕੌਰ ਭੋਜੀਆ ਤਰਨਤਾਰਨ ਅੰਮ੍ਰਿਤਸਰ ੧੨੩੦

੧੦ ਚੇਤ ਸ਼ ਸੰ ੭ ਗੁਰਬਚਨ ਸਿੰਘ, ਅਰਜਨ ਸਿੰਘ, ਪੂਰਨ ਸਿੰਘ, ਦੀਦਾਰ ਸਿੰਘ ਜੱਟਾ,
ਭਗਵੰਤ ਸਿੰਘ ਜੱਟਾ, ਜੁਗਿੰਦਰ ਸਿੰਘ ਜੱਟਾ, ਤੇਜਾ ਸਿੰਘ ਚੰਬਲ,
ਪੂਰਨ ਸਿੰਘ ਚੰਬਲ, ਚੰਨਣ ਸਿੰਘ ਚੰਬਲ, ਨਿਰੰਜਣ ਸਿੰਘ ਚੰਬਲ,
ਅਨੋਖ ਸਿੰਘ ਚੰਬਲ, ਮੋਹਣ ਸਿੰਘ ਚੰਬਲ, ਹੀਰਾ ਨੰਦ ਚੰਬਲ,
ਦਲੀਧ ਸਿੰਘ ਚੰਬਲ, ਸੱਜਣ ਸਿੰਘ ਚੰਬਲ, ਰਤਨ ਸਿੰਘ ਚੰਬਲ,
ਗੁਪਾਲ ਸਿੰਘ ਮੁੰਡਾ ਪਿੰਡ, ਅਜੀਤ ਸਿੰਘ ਚੋਲਾ ਸਾਹਿਬ ਫੌਜਾ ਸਿੰਘ ਸਰਹਾਲੀ,
ਦਰਸ਼ਨ ਸਿੰਘ ਦੁਰਗਾਪੁਰ ਉਸਮਾ ਅੰਮ੍ਰਿਤਸਰ ੧੨੩੬

੧੧ ਚੇਤ ਸ਼ ਸੰ ੭ ਮਹਿੰਮਦ ਕੌਰ, ਕਸ਼ਮੀਰ ਸਿੰਘ, ਦਰਸ਼ਨ ਸਿੰਘ, ਲਾਖਨਾ, ਕਾਬਲ ਸਿੰਘ,
ਬਾਸਰਕੇ, ਲਛਮਣ ਸਿੰਘ, ਗੋਪਾਲ ਕੌਰ, ਭੂਰੇ, ਬੀਬੀ ਵੀਰੋ ਮਾੜੀ

ਕੰਬਕੋ ਕੀ, ਜੀਤੋ ਬਾਸਰ ਕੇ, ਰਾਜੋ ਕੇ ਅੰਮ੍ਰਿਤਸਰ ੧੨੩੮
੧੨ ਚੇਤ ਸ਼ ਸੰ ੭ ਬਾਬਾ ਮੌਤਾ ਸਿੰਘ, ਦਲੀਪ ਸਿੰਘ, ਫੁੱਮਣ ਸਿੰਘ, ਪਰਤਾਪ ਸਿੰਘ,
ਸੁਰਜੀਤ ਕੌਰ, ਸੇਵਾ ਸਿੰਘ, ਬੀਬੀ ਬੀਰੋ, ਬੇਬੇ ਭਜਨੋ, ਸੱਜਣ ਸਿੰਘ,
ਗੁਲਾਬ ਕੌਰ ਡਲ, ਦਿਆਲ ਸਿੰਘ ਡਲ, ਗੰਡਾ ਸਿੰਘ ਦੁਰਾਜਕੇ,
ਕਰਮੋ ਬਰਨਾਲਾ, ਸੁਰਜਨ ਸਿੰਘ ਨੂਰਪੁਰ, ਮਨੀ ਰਾਮ ਸਿੱਧਮ,
ਮਿਲਖਾ ਸਿੰਘ ਮਾੜੀ ਮੇਘਾ, ਸਮੁੰਦ ਸਿੰਘ ਮਾੜੀ ਮੇਘਾ, ਹਰਬੰਸ ਕੌਰ
ਨਾਰਲਾ, ਸਾਧੂ ਸਿੰਘ ਝਾਮਕੇ, ਦਲੀਪ ਸਿੰਘ ਨੂਰਪੁਰ,
ਅਮਰੀਕ ਕੌਰ ਡਲੀਰੀ ਕਲਸੀਆਂ ਅੰਮ੍ਰਿਤਸਰ ੧੨੪੦
੧੩ ਚੇਤ ਸ਼ ਸੰ ੭ ਮੁਖਤਿਆਰ ਸਿੰਘ, ਗੁਰਬਖ਼ਸ਼ ਸਿੰਘ, ਕਰਮ ਸਿੰਘ, ਜਾਗੀਰ ਸਿੰਘ,
ਚੰਨਣ ਸਿੰਘ, ਭਜਨ ਕੌਰ, ਕਰਤਾਰ ਸਿੰਘ ਭੋਜੀਆਂ, ਬੀਬੀ ਸੇਵੀ ਠੱਠਾ,
ਵੀਰੋ ਬਗਿਆੜੀ, ਪੂਰਨ ਸਿੰਘ ਸੋਹਲ, ਹੀਰਾ ਸਿੰਘ ਸੋਹਲ,
37 ੨੨ ਮਹਿੰਦਰ ਸਿੰਘ ਸੋਹਲ, ਬਚਨ ਸਿੰਘ ਸੋਹਲ, ਗੁਰਦੀਪ ਕੌਰ ਸੋਹਲ, 37 ੨੨
ਸੁਰਜਨ ਸਿੰਘ ਭੁੱਚਰ, ਗੁਰਬਚਨ ਕੌਰ ਬਗਿਆੜੀਗਗੋ ਬੂਆ ੧੨੪੩
੧੪ ਚੇਤ ਸ਼ ਸੰ ੭ ਬੀਬੀ ਸੁਰਜੀਤ ਕੌਰ, ਗੁਰਦੀਪ ਸਿੰਘ, ਬਲਬੀਰ ਕੌਰ ਚੇਤਨ ਪੁਰਾ,
ਅਵਤਾਰ ਸਿੰਘ ਕਾਉਂਕੇ ਸਮਾਂ ਸਿੰਘ ਮੋਦੇ ਭਰੋਭਾਲ ਅੰਮ੍ਰਿਤਸਰ ੧੨੪੫
੧੫ ਚੇਤ ਸ਼ ਸੰ ੭ ਬੀਬੀ ਛਿੰਦੋ, ਬੀਬੀ ਗੁਰਬਚਨ ਕੌਰ ਦੇ ਗ੍ਰਹਿ
ਮੋਦੇ ਧਨੋਏ ਅੰਮ੍ਰਿਤਸਰ ੧੨੪੬
੧੫ ਚੇਤ ਸ਼ ਸੰ ੭ ਸੁਰਿੰਦਰ ਸਿੰਘ, ਹਜ਼ਾਰਾ ਸਿੰਘ ਛੀਨੇ, ਗੁਰਦਿਤ ਸਿੰਘ ਮਾਨਾਵਾਲਾ,
ਚਰਨ ਸਿੰਘ ਮਾਨਾਵਾਲਾ, ਦਲੀਪ ਸਿੰਘ ਮਾਨਾਵਾਲਾ, ਤਾਰਾ ਸਿੰਘ ਮਾਨਾਵਾਲਾ,
ਮੰਗਲ ਸਿੰਘ ਸਾਰੰਗੜਾ, ਕਾਰਜ ਸਿੰਘ ਸਾਰੰਗੜਾ, ਸੰਤਾ ਸਿੰਘ ਲੇਲੀਆਂ,
ਲਛਮੀ ਲੇਲੀਆ, ਜਾਗੀਰ ਕੌਰ ਲੇਲੀਆਂ, ਦਰਸ਼ਨ ਕੌਰ ਲੇਲੀਆਂ,
ਕੁਲਵੰਤ ਕੌਰ ਡੇਰੀ ਵਾਲਾ, ਹਰਦੇਵ ਕੌਰ ਕਲੇਰ, ਬਾਹਲ ਸਿੰਘ ਭੰਗਮ,

ਜੁਗਿੰਦਰ ਕੌਰ ਲੋਪੋ ਕੇ ਭੁੱਲਰ ਅੰਮ੍ਰਿਤਸਰ ੧੨੪੮

੧੬ ਚੇਤ ਸ਼ ਸੰ ੭ ਨਰਾਇਣ ਸਿੰਘ, ਅਜੀਤ ਸਿੰਘ, ਸਵਰਨ ਸਿੰਘ, ਹਰਨਾਮ ਸਿੰਘ,
ਭਾਗ ਸਿੰਘ ਮਾਹਲ, ਬੇਲਾ ਸਿੰਘ ਮਾਹਲ, ਹਰਬੰਸ ਸਿੰਘ ਐਸ ਡੀ ਓ ਅੰਮ੍ਰਿਤਸਰ,
ਹਜ਼ਾਰਾ ਸਿੰਘ ਕਾਉਂਕੇ ਮਹਿੰਦਰ ਸਿੰਘ ਕਾਉਂਕੇ, ਕਰਮ ਸਿੰਘ ਮੀਆਂਪੁਰ,
ਬਲਵੰਤ ਕੌਰ ਧਾਰੜ, ਗੁਰਮੇਜ਼ ਕੌਰ ਮੀਆਂਪੁਰ, ਸਵਰਨ ਕੌਰ ਭੁਸੇ, ਆਸ
ਕੌਰ ਬੋਪਾਰਾਏ, ਜਗਮੋਹਣ ਸਿੰਘ ਬੋਪਾਰਾਏ, ਗੁਮਾਨਪੁਰ ਅੰਮ੍ਰਿਤਸਰ ੧੨੪੯

੧੭ ਚੇਤ ਸ਼ ਸੰ ੭ ਗੁਰਨਾਮ ਸਿੰਘ, ਅਜਮੇਰ ਸਿੰਘ, ਪਿਸ਼ੌਰਾ ਸਿੰਘ, ਹਰਜੀਤ ਸਿੰਘ, ਹਰਨਾਮ
ਕੌਰ, ਜੁਗਿੰਦਰ ਕੌਰ, ਰਤਨ ਕੌਰ ਮੂਧਲ, ਗੁਰਦਿਆਲ ਸਿੰਘ ਮੂਧਲ, ਹਰਬੰਸ
ਕੌਰ ਮੂਧਲ, ਕੁੰਦਨ ਸਿੰਘ ਪੰਡੋਰੀ, ਹਜ਼ਾਰਾ ਸਿੰਘ ਚੇਤਨ ਪੁਰਾ, ਗੁਰਮੁਖ
ਸਿੰਘ ਚੇਤਨ ਪੁਰਾ ਹੀਰਾ ਸਿੰਘ ਚੇਤਨ ਪੁਰਾ, ਹਜ਼ਾਰਾ ਸਿੰਘ ਜੇਠੂਨੰਗਲ
ਵੇਰਕਾ ਅੰਮ੍ਰਿਤਸਰ ੧੨੫੧

38
੨੨

ਅਜੀਤ ਸਿੰਘ ਦੇ ਬੇਨੰਤੀ ਕਰਨ ਤੇ ੧੨੫੩

੧੮ ਚੇਤ ਸ਼ ਸੰ ੭ ਸੁਰਜਨ ਸਿੰਘ, ਮਹਿੰਦਰ ਸਿੰਘ, ਪ੍ਰੀਤਮ ਸਿੰਘ, ਅਜੀਤ ਸਿੰਘ, ਬਚਨ ਸਿੰਘ,
ਜਸਵੰਤ ਕੌਰ, ਚਰਨ ਸਿੰਘ, ਜਗੀਰ ਸਿੰਘ ਮੈਣੀਆਂ, ਗਿਰਧਾਰਾ ਸਿੰਘ
ਬਲੋਆਲੀ, ਕੇਸਰ ਸਿੰਘ ਮੈਸਮ ਪੂਰਾ, ਚਰਨ ਸਿੰਘ ਮਾਂਗਾ ਸਰਾਏ
ਮਾਂਗਾ ਸਰਾਏ ਅੰਮ੍ਰਿਤਸਰ ੧੨੫੩

੨੦ ਚੇਤ ਸ਼ ਸੰ ੭ ਤਾਰਾ ਸਿੰਘ ਨਿਰੰਜਣ ਸਿੰਘ ਜਮਨਾ ਨਗਰ ਅੰਬਾਲਾ ੧੨੫੫

੨੧ ਚੇਤ ਸ਼ ਸੰ ੭ ਲਛਮਣ ਸਿੰਘ ਤੇ ਹਰਬੰਸ ਸਿੰਘ ਦੇ ਨਵਿਤ ਸਹਾਰਨਪੁਰ ੧੨੫੭

੨੧ ਚੇਤ ਸ਼ ਸੰ ੭ ਵਿਸ਼ਵਾ ਮਿੱਤਰ ਮੇਰਠ, ਹੰਸ ਰਾਜ ਮੇਰਠ, ਜੁਗਿੰਦਰ ਸਿੰਘ ਫਤਿਹ ਗੜ੍ਹ,
ਨਿਰੰਜਣ ਸਿੰਘ ਅਜਿਤਵਾਲ, ਪਿਆਰੇ ਲਾਲ ਕਲੋਏ, ਸੇਵਾ ਰਾਮ ਕਲੋਏ,
ਰੇਸ਼ਮ ਸਿੰਘ ਖਹਿਰਾ ਮੱਜਾ, ਜਗਜੀਤ ਸਿੰਘ ਸਲੀਮਪੁਰ, ਗੁਰਦੀਪ ਸਿੰਘ
ਦਬੁਰਜੀ, ਮਹਿੰਦਰ ਸਿੰਘ ਬਸਤੀ ਗੁਜਰਾਂ, ਸੰਤ ਸਿੰਘ ਘਗਰਾਲੀ, ਮੁਲਖ

38
੨੨

ਰਾਜ ਮੇਰਠ, ਪ੍ਰੇਮੀ ਦੇਵੀ ਝੰਡੇ, ਪੂਰਨ ਸਿੰਘ ਮੁੰਡਿਆਣੀ, ਸਰਮੇਲ ਸਿੰਘ
ਦਾਊਦਪੁਰ, ਗਿਆਨ ਚੰਦ ਮਿਰਜ਼ਾਪੁਰ ਮੇਰਠ ਸ਼ਹਿਰ ੧੨੫੮

੨੨ ਚੇਤ ਸ਼ ਸੰ ੭ ਗੁਰਬਲਵਿੰਦਰ ਸਿੰਘ ਚੰਦ ਪੁਰਾਣਾ, ਗੁਰਚਰਨ ਸਿੰਘ ਜਟਵਾਂ, ਬੂਆ ਸਿੰਘ
ਬਲਪੁਰੀਆ, ਮਾਇਆ ਦਿੱਲੀ, ਹਰਭਜਨ ਸਿੰਘ ਫੇਰੂਮਾਨ, ਅਵਤਾਰ ਸਿੰਘ
ਚਬੇਵਾਲ, ਤਰਲੋਕ ਸਿੰਘ ਸਨਾਮ, ਸੁਰਿੰਦਰ ਕੌਰ ਦਿਲੀ ਹਰਿ ਭਗਤ ਦੁਵਾਰ,
ਦਰਸ਼ਨ ਸਿੰਘ ਹਰਿ ਭਗਤ ਦੁਵਾਰ, ਪੀ ਪੀ ਸਿੰਘ ਕਿਸ਼ਨ ਪੁਰ,
ਹਰਭਜਨ ਸਿੰਘ ਦਿੱਲੀ, ਚੰਦਾ ਸਿੰਘ ਨੰਗਲ ਰਾਏ, ਰਤਨ ਸਿੰਘ ਦਿੱਲੀ,
ਮਹਿੰਦਰ ਸਿੰਘ ਨਯਾਸ਼ਾਲਾ, ਪੂਰਨ ਸਿੰਘ ਦਿੱਲੀ, ਸਰੂਪ ਸਿੰਘ ਢੁਡੀਕੇ,
ਦਰਸ਼ਨ ਸਿੰਘ ਬਾਗੇ, ਇੰਦਰ ਸਿੰਘ ਸੋਨੀਪਤ, ਸਤਪਾਲ ਹਾਂਡਾ ਫ਼ਰੀਦਾਬਾਦ,
ਰਾਜਾ ਰਾਮ ਦਿਲੀ, ਜਗਤ ਸਿੰਘ ਚਮਨਾਓ, ਹਰਿ ਭਗਤ ਦੁਵਾਰ ਦਿੱਲੀ ੧੨੬੦

੨੩ ਚੇਤ ਸ਼ ਸੰ ੭ ਸੇਵਾ ਸਿੰਘ ਦੇ ਨਿਵਿਤ ਗੁੜਾਗਾਉਂ ੧੨੬੨

੨੩ ਚੇਤ ਸ਼ ਸੰ ੭ ਹਰਬੰਸ ਸਿੰਘ ਦੇ ਗ੍ਰਿਹਿ ਗੁੜਗਾਉਂ ੧੨੬੩


39
੨੨

੨੫ ਚੇਤ ਸ਼ ਸੰ ੭ ਅਵਤਾਰ ਸਿੰਘ, ਗੁਰਦਿਤ ਸਿੰਘ, ਕਿਰਪਾ ਸਿੰਘ, ਮਹਿਲ ਸਿੰਘ,
ਗੁਰਬਚਨ ਸਿੰਘ, ਸਤਵੰਤ ਕੌਰ, ਬਸੰਤ ਕੌਰ ਸੁਖਦੇਵ ਸਿੰਘ, ਮੋਹਣ ਸਿੰਘ
ਕਾਦੀਆਂ, ਅੰਮ੍ਰਿਤ ਕੌਰ ਲਖਨਊ, ਜੁਗਿੰਦਰ ਕੌਰ ਲਖਨਊ ਕਾਨਪੁਰ ੧੨੬੪

੨੭ ਚੇਤ ਸ਼ ਸੰ ੭ ਦੇਵਦਤ ਦੇ ਨਿਵਿਤ ਪਟਨਾ ੧੨੬੭

੩੦ ਚੇਤ ਸ਼ ਸੰ ੭ ਗੁਰਮੇਜ ਸਿੰਘ, ਸੂਰਤ ਸਿੰਘ, ਕਰਤਾਰ ਦੇ ਗ੍ਰਿਹਿ ਸ਼ਕੂਰ ਬਸਤੀ ਦਿੱਲੀ ੧੨੭੦

੩੦ ਚੇਤ ਸ਼ ਸੰ ੭ ਭਾਨ ਸਿੰਘ, ਸੋਹਣ ਸਿੰਘ, ਜਗਤਾਰ ਸਿੰਘ ਬੀੜ ਅਮੀਨ, ਨਿਰੰਜਣ ਸਿੰਘ
ਫਾਰਮ ਗੁਰੂ ਕੁਲ ਥਾਨੇਸਰ ਗੁਰ ਮੇਜ ਸਿੰਘ ਥਾਨੇਸਰ, ਬਚਨ ਸਿੰਘ ਚਿਬਾ,
ਮਾਨ ਸਿੰਘ ਬੋਢੀ, ਸੰਤਾ ਸਿੰਘ ਸ਼ਰੀਫਗੜ੍ਹ, ਬੰਤਾ ਸਿੰਘ ਮੁਗਲ ਮਾਜਰਾ
ਕਾਲਾ ਸਿੰਘ ਕਿਰਸਾਣਾ, ਸਰੈਣ ਸਿੰਘ ਕਿਰਸਾਣੀ, ਆਸਾ ਸਿੰਘ ਕਿਰਸਾਣੀ, ਇੰਦਰ ਪਾਲ ਸਿੰਘ ਬਬੈਨ
ਵਰਿਆਮ ਸਿੰਘ ਠੀਕਰੀ ਛੰਨਾਂ ਹਜ਼ਾਰਾ ਸਿੰਘ ਰੋਹਤਕ, ਨਾਨਕਪੁਰਾ ਕਰਨਾਲ ੧੨੭੧

੩੧ ਚੇਤ ਸ਼ ਸੰ ੭ ਹਰਬੰਸ ਸਿੰਘ, ਸੰਪੂਰਨ ਸਿੰਘ, ਸੌਦਾਗਰ ਸਿੰਘ ਭਠ ਮਾਜਰਾ, ਰਣਧੀਰ
ਸਿੰਘ ਹਰਨਾਇਆ, ਅਰਜਨ ਸਿੰਘ ਬਲੋਚਪੁਰ, ਜਰਨੈਲ ਸਿੰਘ ਸਤੌੜਾ, ਅਜੈਬ
ਸਿੰਘ ਭੇਵਾ, ਜੁਗਿੰਦਰ ਕੌਰ ਭੇਵਾ, ਮੋਹਣ ਸਿੰਘ ਗੜ੍ਹੀ ਲਾਂਗਰੀ, ਮਹਿੰਦਰ
ਸਿੰਘ ਗੜ੍ਹੀ ਲਾਂਗਰੀ, ਕਰਤਾਰ ਸਿੰਘ ਕੌਮੀ ਫਾਰਮ, ਚਾਨਣ ਸਿੰਘ ਹਰਨੌਲਾ
ਰਣ ਸਿੰਘ ਜੀਤ ਨਗਰ, ਸੁਰਜੀਤ ਕੌਰ ਜੀਤ ਨਗਰ, ਲਖਬੀਰ ਸਿੰਘ ਜੀਤ
ਨਗਰ, ਰਾਜ ਕੌਰ ਖਾਰੇ ਠੀਕਰੀ ਛੰਨਾ ਕਰਨਾਲ ੧੨੭੩

ਪਹਿਲੀ ਵਿਸਾਖ ਸ਼ ਸੰ ੭ ਹਰਿ ਭਗਤ ਦੁਵਾਰ ਜੇਠੂਵਾਲ ਵਿਚ ਰਾਤ ਨੂੰ ੧੨੭੫

੦੨ ਵਿਸਾਖ ਸ਼ ਸੰ ੭ ਰੂੜ ਸਿੰਘ ਧੁੰਨ ਢਾਇਆ ਅਵਲਾ, ਜਗਤ ਸਿੰਘ ਘਣੀ ਕੀ ਬਾਂਗਰ,
ਸਰਦੂਲ ਸਿੰਘ, ਬਲਸਕੰਦਰ, ਹਰਭਜਨ ਕੌਰ ਭਗਵਾਨ ਪੁਰਾ,
ਹਰਿ ਭਗਤ ਦੁਵਾਰ ਜੇਠੂਵਾਲ ੧੨੮੨



੨੦ ਵਿਸਾਖ ਸ਼ ਸੰ ੭ ਹਰਿ ਭਗਤ ਦੁਵਾਰ ਮਾਝਾ ਗੁਰਦਾਸਪੁਰ ਸੰਗਤ ਦੇ
ਵਾਢੀ ਕਰ ਕੇ ਜਾਣ ਸਮੇਂ ਜੇਠੂਵਾਲ ਅੰਮ੍ਰਿਤਸਰ ੧੨੮੩

੩੦ ਵਿਸਾਖ ਸ਼ ਸੰ ੭ ਗੁਰਬਖ਼ਸ਼ ਸਿੰਘ ਦੇ ਅੰਤਮ ਸਮੇਂ ਪਗੜੀ ਦਾ ਵਿਹਾਰ
ਹਰਿ ਭਗਤ ਦੁਵਾਰ ਜੇਠੂਵਾਲ ਅੰਮ੍ਰਿਤਸਰ ੧੨੮੫

ਪਹਿਲੀ ਜੇਠ ਸ਼ ਸੰ ੭ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੨੮੯

੧੭ ਜੇਠ ਸ਼ ਸੰ ੭ ਹਰਜੀਤ ਸਿੰਘ ਦੇ ਪੁੱਤਰ ਨਵਿਤ ਜੇਠੂਵਾਲ ਅੰਮ੍ਰਿਤਸਰ ੧੨੯੮

੧੯ ਜੇਠ ਸ਼ ਸੰ ੭ ਕਪੂਰ ਸਿੰਘ ਦੇ ਨਵਿਤ ਜੇਠੂਵਾਲ ਅੰਮ੍ਰਿਤਸਰ ੧੨੯੯

੨੩ ਜੇਠ ਸ਼ ਸੰ ੭ ਚੇਲਾ ਸਿੰਘ, ਗੁਰਚਰਨ ਸਿੰਘ, ਅਜੀਤ ਸਿੰਘ, ਪਰਕਾਸ਼ੋ ਦੇਵੀ ਜੰਮੂ, ਅਮਰੋ
ਦੇਵੀ, ਸਵਰਨੋ ਦੇਵੀ, ਲੀਲ੍ਹਾ ਵੰਤੀ, ਬੰਤੀ, ਵੰਤੀ, ਰਾਜ ਸਿੰਘ ਹਮਰਾਜ ਪੁਰ,
ਰਾਮ ਕੌਰ ਛੰਬ, ਸਦਰੋ ਦੇਵੀ ਦੀਵਾਨਾ,ਜੀਵਣ ਸਿੰਘ ਅੰਬਾ ਰਾਏ,
ਕਰਮੋ ਦੇਵੀ ਘਗਰੇਲ, ਬਾਜ਼ ਸਿੰਘ ਮਾਣੂ ਜੰਮੂ ੧੩੦੧

੨੪ ਜੇਠ ਸ਼ ਸੰ ੭ ਗੁਰਦਿਤ ਸਿੰਘ, ਸੰਸਾਰ ਸਿੰਘ, ਫੁੱਮਣ ਸਿੰਘ, ਭਾਗ ਕੌਰ, ਸ਼ਾਹਣੀ ਦੇਵੀ,
ਬੀਬੀ ਜੀਤੋ, ਬੰਤੀ ਦੇਵੀ, ਗਿਆਨ ਚੰਦ ਖੈਰੋਵਾਲ,ਖੋਜੂ ਰਾਮ, ਰੇਲੂ ਰਾਮ,
ਗਿਆਨ ਸਿੰਘ ਨਵਾਂ ਚੱਕ, ਭਾਗ ਸਿੰਘ ਮਲਕ ਕੈਂਪ, ਪੂਰਨ ਚੰਦ, ਭਾਗ
ਸਿੰਘ, ਰਸਾਲ ਸਿੰਘ ਮਨਾਵਰ, ਇੰਦਰੋਂ ਨਗਿਆਲ, ਪਰਕਾਸ਼ੋ ਦੇਵੀ, ਤੋਤੀ
ਦੇਵੀ, ਪਰਤਾਪ ਸਿੰਘ ਦੜ, ਈਸ਼ਰ ਸਿੰਘ, ਪਰਕਾਸ਼ ਸਿੰਘ, ਝੰਡੂ ਰਾਮ
ਜੌੜੀਆ ਛੰਬ ਜੰਮੂ ੧੩੦੪

41

੨੨

੨੫ ਜੇਠ ਸ਼ ਸੰ ੭ ਗੁਰਨਾਮ ਸਿੰਘ, ਸਰਦਾਰ ਸਿੰਘ, ਜੁਗਿੰਦਰ ਸਿੰਘ, ਲਛਮੀ ਦੇਵੀ, ਹਰਬੰਸ
ਕੌਰ, ਲਛਮੀ ਦੇਵੀ ਮੂਸਾ ਚੱਕ, ਦੇਵੀ ਸਿੰਘ ਮੱਘੋਵਾਲੀ, ਹਰੀ ਸਿੰਘ,
ਪਰਕਾਸ਼ ਚੰਦ, ਠਾਕਰ ਦਾਸ, ਜੀਤੋ ਦੇਵੀ, ਪ੍ਰੀਤੋ ਦੇਵੀ ਮੇਲੂ ਜਿੰਦੜ, ਦੌਲਤ
ਰਾਮ ਕੋਟਲੀ, ਰਣੀਆਂ ਰਾਮ ਕਲੋਏ, ਖਜ਼ਾਨ ਸਿੰਘ ਰਣਬੀਰ ਸਿੰਘ ਪੁਰਾ,
ਸੇਵਾ ਸਿੰਘ ਕੀਰ, ਜਾਗੀਰ ਸਿੰਘ ਕੀਰ, ਭਗਤ ਸਿੰਘ ਕੀਰ, ਕ੍ਰਿਸ਼ਨਾ ਦੇਵੀ
ਬਿਰਲਾ, ਸ਼ਾਹਣੀ ਦੇਵੀ ਮਾਜਰਾ, ਸੰਤ ਸਿੰਘ ਦੀਵਾਨ ਗੜ
ਸੀੜ ਜੰਮੂ ੧੩੦੫

41

੨੨

੨੬ ਜੇਠ ਸ਼ ਸੰ ੭ ਤੇਜਭਾਨ, ਸ਼ਿਵ ਸਿੰਘ, ਗੂੜ੍ਹਾ ਰਾਮ, ਰਾਮ ਚੰਦ, ਅਮਰੋ ਦੇਵੀ, ਚਰਨ ਦਾਸ,
ਸੋਭਾ ਸਿੰਘ, ਕੇਸਰੀ ਦੇਵੀ, ਪ੍ਰੇਮ ਚੰਦ, ਸਰਦਾਰ ਚੰਦ, ਗੁਰਾ ਰਾਮ, ਕ੍ਰਿਸ਼ਨ
ਲਾਲ, ਰਵੇਲਾ ਰਾਮ, ਬਲੂ ਰਾਮ, ਨਾਨਕ ਚੰਦ, ਨੰਦੂ ਰਾਮ, ਫਕੀਰ ਸਿੰਘ,
ਪੀਰਾ ਰਾਮ, ਗਿਆਨ ਚੰਦ, ਈਸ਼ਰ ਦਾਸ ਸਈ ਖੁਰਦ ਜੰਮੂ ੧੩੦੮

੨੭ ਜੇਠ ਸ਼ ਸੰ ੭ ਲਛਮਣ ਸਿੰਘ, ਕੁਲਵੰਤ ਸਿੰਘ, ਬਚਨ ਸਿੰਘ, ਭਜਨ ਸਿੰਘ, ਸਰੈਣ ਸਿੰਘ,
ਅੰਗਰੇਜ਼ ਸਿੰਘ, ਵਕੀਲ ਸਿੰਘ, ਬੰਸੋ ਦੇਵੀ, ਇੰਦਰ ਰਾਮ, ਦੇਵਾ ਸਿੰਘ,
ਧਰਮ ਕੌਰ, ਬਿਸ਼ਨ ਕੌਰ, ਚੂਹੜ ਸਿੰਘ, ਬਚਨ ਸਿੰਘ, ਧਰਮੋ ਦੇਵੀ, ਪੁੰਨੂੰ
ਰਾਮ, ਰੋਸ਼ਨ ਲਾਲ, ਗੁਰਦੇਈ, ਕਿਰਪਾਲ ਸਿੰਘ, ਸੰਤੋ ਦੇਵੀ, ਕਰਮ ਸਿੰਘ,
ਗੁਰਮੁਖ ਸਿੰਘ, ਅਜੀਤ ਸਿੰਘ, ਕਰਮੋ ਦੇਵੀ, ਪੂਰਨ ਸਿੰਘ, ਖੇਮੋ ਦੇਵੀ, ਵੀਰੋ

| | | | | |
|---|---|---|---|---|
| | ਦੇਵੀ, ਬੇਲਾ ਸਿੰਘ, ਸੇਵਾ ਸਿੰਘ, ਭਾਈਆ ਦੇਵੀ, ਬੰਤੀ ਦੇਵੀ, ਮੰਗਲ ਸਿੰਘ, ਚੰਨੋ ਦੇਵੀ, ਰਾਜਾ ਸਿੰਘ, ਬਾਬੂ ਰਾਮ, ਬਚਨੋ ਦੇਵੀ, ਪਿਆਰੀ ਦੇਵੀ, ਫਰੰਗੀ ਰਾਮ, ਸਾਈਂ ਰਾਮ, ਅਨੰਤ ਰਾਮ, ਵਕੀਲ ਸਿੰਘ, ਤੋਤੀ ਦੇਵੀ, ਪ੍ਰੇਮੀ ਦੇਵੀ | ਸਈ ਕਲਾ | ਜੰਮੂ | ੧੩੧੨ |
| ੨੮ ਜੇਠ ਸ਼ ਸੰ ੭ | ਸੰਤ ਰਾਮ, ਪ੍ਰੀਤਮ ਸਿੰਘ ਜਾੜ, ਪਿਆਰੀ ਦੇਵੀ ਬਦੀਪੁਰ | ਗੋਖਲੇ ਚੱਕ | ਜੰਮੂ | ੧੩੧੭ |
| ੨੯ ਜੇਠ ਸ਼ ਸੰ ੭ | ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੧੩੧੮ |
| ੩੧ ਜੇਠ ਸ਼ ਸੰ ੭ | ਕਪੂਰ ਸਿੰਘ ਤੇ ਰਣਜੀਤ ਸਿੰਘ | ਮੋਗਾ | ਫ਼ਿਰੋਜ਼ਪੁਰ | ੧੩੨੧ |
| ਪਹਿਲੀ ਹਾੜ ਸ਼ ਸੰ ੭ | ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੩੨੪ |
| ੦੨ ਹਾੜ ਸ਼ ਸੰ ੭ | ਮਾਤਾ ਬਿਸ਼ਨ ਕੌਰ, ਰਣਜੀਤ ਕੌਰ, ਅਮਰਜੀਤ ਸਿੰਘ, ਸੁਰਜੀਤ ਸਿੰਘ, ਪ੍ਰੀਤਮ ਸਿੰਘ, ਜਗਜੀਤ ਸਿੰਘ, ਗੁਰਮੀਤ ਸਿੰਘ ਗੁਰਚਰਨ ਸਿੰਘ, ਹਰਭਜਨ ਸਿੰਘ, ਵਰਿਆਮ ਸਿੰਘ, ਪਾਲ ਸਿੰਘ, ਅਮਰ ਸਿੰਘ, ਜਗਮੇਲ ਸਿੰਘ, ਮਿਲਖਾ ਸਿੰਘ, ਬਚਨ ਸਿੰਘ, ਦਲੀਪ ਸਿੰਘ, ਸੰਤੋਖ ਸਿੰਘ, ਸਾਧੂ ਸਿੰਘ, ਠਾਕਰ ਸਿੰਘ, ਕਰਤਾਰ ਕੌਰ, ਨੰਤੀ, ਗੁਪਾਲ ਕੌਰ, ਸੁਭਾਗ ਵੰਤੀ, ਚੰਨਣ ਕੌਰ, ਪ੍ਰੀਤਮ ਕੌਰ, ਪਿਆਰਾ ਸਿੰਘ, ਰੂਪ ਸਿੰਘ, ਕੁੰਨਣ ਸਿੰਘ, ਭਗਤ ਸਿੰਘ ਪਿੰਡ ਕੀਰ ਜੰਮੂ, ਸਵਰਨ ਸਿੰਘ ਪਿੰਡ ਬਾਠ | ਜੇਠੂਵਾਲ | ਅੰਮ੍ਰਿਤਸਰ | ੧੩੩੩ |
| ੬ ਹਾੜ ਸ਼ ਸੰ ੭ | ਹਰਿ ਭਗਤ ਦੁਵਾਰ ਦੁਪਹਿਰ ਵੇਲੇ | ਜੇਠੂਵਾਲ | ਅੰਮ੍ਰਿਤਸਰ | ੧੩੩੫ |
| ੬ ਹਾੜ ਸ਼ ਸੰ ੭ | ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੩੩੬ |
| ੮ ਹਾੜ ਸ਼ ਸੰ ੭ | ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੩੩੭ |
| ੧੭ ਹਾੜ ਸ਼ ਸੰ ੭ | ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੩੩੮ |
| ੧੮ ਹਾੜ ਸ਼ ਸੰ ੭ | ਹਰਿ ਭਗਤ ਦਵਾਰ ਸਵੇਰੇ ਸ਼ਾਦੀਆਂ ਸਮੇਂ | ਜੇਠੂਵਾਲ | ਅੰਮ੍ਰਿਤਸਰ | ੧੩੬੬ |


42
੨੨

੧੮ ਹਾੜ ਸ਼ ਸੰ ੭ ਹਰਿ ਭਗਤ ਦੁਵਾਰ ਰਾਤ ਨੂੰ ਵਿਹਾਰ ਸਮੇਂ ਜੇਠੂਵਾਲ ਅੰਮ੍ਰਿਤਸਰ ੧੩੬੯

੧੯ ਹਾੜ ਸ਼ ਸੰ ੭ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੩੭੬

੨੦ ਹਾੜ ਸ਼ ਸੰ ੭ ਬਖ਼ਸ਼ੀਸ਼ ਸਿੰਘ, ਕਰਨੈਲ, ਸਵਰਨ ਸਿੰਘ, ਬੂੜ ਸਿੰਘ, ਕਰਮ ਸਿੰਘ,
ਸੰਪੂਰਨ ਕੌਰ ਮੱਸਾ ਸਿੰਘ ਬਲਪੁਰੀਆ ਅਮਰਾਉ ਸਿੰਘ, ਬਲਪੁਰੀਆ
ਰਛਪਾਲ ਸਿੰਘ, ਸਠਿਆਲਾ, ਤੇਜਾ ਸਿੰਘ ਸਠਿਆਲਾ,
ਪਰਕਾਸ਼ ਕੌਰ ਦਿੱਲੀ ਕਾਦਰਾਬਾਦ ਅੰਮ੍ਰਿਤਸਰ ੧੩੭੯

੨੯ ਹਾੜ ਸ਼ ਸੰ ੭ ਕਪੂਰ ਸਿੰਘ ਰਣਜੀਤ ਸਿੰਘ ਮੋਗਾ ਫ਼ਿਰੋਜ਼ਪੁਰ ੧੩੮੧

ਪਹਿਲੀ ਸਾਵਣ ਸ਼ ਸੰ ੭ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੩੮੨

੩ ਸਾਵਣ ਸ਼ ਸੰ ੭ ਸੁਭਾਗਵੰਤੀ ਦੇ ਗ੍ਰਿਹਿ ਜੇਠੂਵਾਲ ਅੰਮ੍ਰਿਤਸਰ ੧੩੮੭

੫ ਸਾਵਣ ਸ਼ ਸੰ ੭ ਜੁਗਿੰਦਰ ਕੌਰ ਤਰਿਪਤ ਦੇ ਨਵਿਤ ਜੇਠੂਵਾਲ ਅੰਮ੍ਰਿਤਸਰ ੧੩੮੮


43
੨੨

੧੦ ਸਾਵਣ ਸ਼ ਸੰ ੭ ਅਜੀਤ ਸਿੰਘ ਬਟਾਲਾ ਦੀ ਬੇਨਤੀ ਕਰਨ ਤੇ
ਹਰਿ ਭਗਤ ਦੁਵਾਰ ਜੇਠੂਵਾਲ ਅੰਮ੍ਰਿਤਸਰ ੧੩੯੩

੧੩ ਸਾਵਣ ਸ਼ ਸੰ ੭ ਆਤਮਾ ਸਿੰਘ, ਫੌਜਾ ਸਿੰਘ, ਪਿਆਰਾ ਸਿੰਘ, ਦਰਬਾਰਾ ਸਿੰਘ,
ਜੀਵਣ ਸਿੰਘ, ਦਰਸ਼ਨ ਸਿੰਘ, ਕਿਸ਼ਨ ਸਿੰਘ, ਪ੍ਰੀਤਮ ਕੌਰ ਮੈਣੀਆਂ
ਗੁਰਦਿਆਲ ਸਿੰਘ, ਜਗੀਰ ਕੌਰ, ਹਰਭਜਨ ਸਿੰਘ, ਗੁਰਮੇਜ ਕੌਰ
ਮੱਖਣ ਵਿੰਡੀ ਤਾਰਾ ਸਿੰਘ ਅੰਮ੍ਰਿਤਸਰ ਸ਼ਹਿਰ
ਮਲੂਵਾਲ ਅੰਮ੍ਰਿਤਸਰ ੧੩੯੪

੧੪ ਸਾਵਣ ਸ਼ ਸੰ ੭ ਕਪੂਰ ਸਿੰਘ ਦੇ ਗ੍ਰਿਹਿ ਮੋਗਾ ਫ਼ਿਰੋਜ਼ ਪੁਰ ੧੩੯੭

੧੫ ਸਾਵਣ ਸ਼ ਸੰ ੭ ਹਰਜੀਤ ਸਿੰਘ ਦੇ ਨਵਿਤ ਜੇਠੂਵਾਲ ਅੰਮ੍ਰਿਤਸਰ ੧੩੯੯

੧੭ ਸਾਵਣ ਸ਼ ਸੰ ੭ ਗੁਰਦਿਆਲ ਸਿੰਘ ਦੇ ਗ੍ਰਿਹਿ ਮੂਧਲ ਅੰਮ੍ਰਿਤਸਰ ੧੪੦੦

੨੧ ਸਾਵਣ ਸ਼ ਸੰ ੭ ਜਗਜੀਤ ਸਿੰਘ ਦੇ ਨਵਿਤ ਜੇਠੂਵਾਲ ਅੰਮ੍ਰਿਤਸਰ ੧੪੦੧

੨੮ ਸਾਵਣ ਸ਼ ਸੰ ੭ ਹਰਿ ਭਗਤ ਦੁਵਾਰ ਜੇਠੂਵਾਲ ਕੰਮ ਕਰਨ ਵਾਲੇ ਗੁਰਸਿਖਾਂ ਨਵਿਤ ੧੪੦੪

੩੦ ਸਾਵਣ ਸ਼ ਸੰ ੭ ਕਪੂਰ ਸਿੰਘ ਦੇ ਗ੍ਰਹਿ ਮੋਗਾ ਫਿਰੋਜ਼ ਪੁਰ ੧੪੦੬

ਪਹਿਲੀ ਭਾਦਰੋਂ ਸ਼ ਸੰ ੭ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੪੦੭

੨ ਭਾਦਰੋਂ ਸ਼ ਸੰ ੭ ਟਹਿਲ ਸਿੰਘ, ਗੁਲਜ਼ਾਰ ਸਿੰਘ, ਵਰਿਆਮ ਸਿੰਘ ਰਾਮ ਦੁਵਾਲੀ
ਰੂਪੋਵਾਲੀ ਅੰਮ੍ਰਿਤਸਰ ੧੪੧੩

੨੦ ਭਾਦਰੋਂ ਸ਼ ਸੰ ੭ ਕਪੂਰ ਸਿੰਘ ਦੇ ਗ੍ਰਹਿ ਮੋਗਾ ਸ਼ਹਿਰ ਫ਼ਿਰੋਜ਼ਪੁਰ ੧੪੧੫

੨੩ ਭਾਦਰੋਂ ਸ਼ ਸੰ ੭ ਭਗਤ ਸਿੰਘ, ਹਰਦਿਤ ਸਿੰਘ, ਜਸਵੰਤ ਸਿੰਘ, ਸੁਰਿੰਦਰ ਸਿੰਘ,
ਜੋਗਿੰਦਰ ਸਿੰਘ, ਚਮਨ ਲਾਲ, ਪਟੋਲਾ ਬਾਈ, ਟੋਪਨ ਰਾਮ,
ਗੁਰਮੁਖ ਸਿੰਘ ਪਿੰਡ ਕੱਲਾ, ਮਹਾਂ ਸਿੰਘ ਜਬਲਪੁਰ, ਸ਼ਿੰਗਾਰਾ ਸਿੰਘ ਬੜੋਦਾ,
ਮੰਗਲ ਸਿੰਘ, ਜੋਗਿੰਦਰ ਸਿੰਘ, ਸਰੂਪ ਸਿੰਘ ਭੂਪਾਲ, ਸੰਤ ਸਿੰਘ ਉਜੈਨ
ਇਟਾਰਸੀ ਸ਼ਹਿਰ ਮਧ ਪਰਦੇਸ਼ ੧੪੧੮

ਪਹਿਲੀ ਅੱਸੂ ਸ਼ ਸੰ ੭ ਹਰਿ ਭਗਤ ਦਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੪੨੨

੦੩ ਅੱਸੂ ਸ਼ ਸੰ ੭ ਮੇਲਾ ਸਿੰਘ ਦੇ ਗ੍ਰਹਿ ਬਾਬੂਪੁਰ ਗੁਰਦਾਸਪੁਰ ੧੪੩੫

੦੪ ਅੱਸੂ ਸ਼ ਸੰ ੭ ਸੰਗਤ ਨਵਿਤ ਬਾਬੂਪੁਰ ਗੁਰਦਾਸਪੁਰ ੧੪੪੧

੪ ਅੱਸੂ ਸ਼ ਸੰ ੭ ਕਿਸ਼ਨ ਸਿੰਘ ਦੇ ਗ੍ਰਹਿ ਅਲੱੜ ਪਿੰਡੀ ਗੁਰਦਾਸਪੁਰ ੧੪੪੩

੯ ਅੱਸੂ ਸ਼ ਸੰ ੭ ਹਰਦੇਵ ਸਿੰਘ ਦੇ ਨਵਿਤ ਜੇਠੂਵਾਲ ੧੪੪੮

੧੪ ਅੱਸੂ ਸ਼ ਸੰ ੭ ਪੰਜ ਵਜੇ ਸ਼ਾਮ ਬਿਆਸ ਦਰਿਆ ਦੇ ਕੰਢੇ ੧੪੪੯

੧੪ ਅੱਸੂ ਸ਼ ਸੰ ੭ ਪਾਲ ਸਿੰਘ, ਹਜ਼ਾਰਾ ਸਿੰਘ ਫਤੂ ਚੱਕ, ਗੁਰਚਰਨ ਸਿੰਘ ਜ਼ਹੂਰਾ,
ਤਖ਼ਤ ਸਿੰਘ ਜ਼ਹੂਰਾ, ਗੁਰਚਰਨ ਸਿੰਘ ਪੰਡੋਰੀ, ਚਰਨ ਕੌਰ ਢਿਲਵਾਂ,
ਸੁਰਜੀਤ ਕੌਰ ਢਿਲਵਾਂ ਦਾਊਦ ਪੁਰ ਕਪੂਰਥਲਾ ੧੪੫੭

੧੫ ਅੱਸੂ ਸ਼ ਸੰ ੭ ਅਰਜਨ ਸਿੰਘ, ਸੋਮਰਾਜ ਸਿੰਘ ਕਾਲੂ ਵਾਲਾ ਕੋਟਲਾ, ਮੁਨਸ਼ੀ ਰਾਮ ਬੇਗੋਵਾਲ,
ਭਗਵਾਨ ਸਿੰਘ ਉੜ ਮੁੜ ਟਾਂਡਾ, ਗੁਰਮੀਤ ਕੌਰ ਕਰਾਲਾ, ਤਾਰੂ ਸਿੰਘ ਜੰਡੀਰੇ,

ਮਹਿੰਦਰ ਕੌਰ ਸੁਸਾਣਾ, ਗੁਨਾਮ ਕੌਰ ਸੁਸਾਣਾ, ਰਾਮ ਸਿੰਘ ਫਤੋਵਾਲ
ਗੁਰਦੇਵ ਕੌਰ ਘਦਾਲਾ ਸ਼ੇਖਾਂ, ਅਮਰੀਕ ਸਿੰਘ ਸਰਾਈਂ, ਮੇਲਾ ਸਿੰਘ ਸਰਾਈ,
ਭਜਨ ਸਿੰਘ ਬੈਰਮ ਪੁਰ, ਤਰਸੇਮ ਸਿੰਘ ਖੁਰਦਾਂ, ਸੁਰਿੰਦਰ ਸਿੰਘ ਰੂਪੋਵਾਲ
ਸਲੀਮ ਪੁਰ ਹੁਸ਼ਿਆਰਪੁਰ ੧੪੫੯

੧੬ ਅੱਸੂ ਸ਼ ਸੰ ੭ ਵਤਨ ਸਿੰਘ, ਖਿਆਲ ਸਿੰਘ ਦਸੂਹਾ, ਹਰਭਜਨ ਸਿੰਘ ਸਾਹਿਬ ਦਾ ਪਿੰਡ,
ਦਿਆਲ ਸਿੰਘ ਡੱਡ, ਲਾਲ ਸਿੰਘ ਪੰਜ ਢੇਰਾ, ਕਰਤਾਰ ਸਿੰਘ, ਹਜ਼ਾਰਾ ਸਿੰਘ,
ਰੇਸ਼ਮ ਸਿੰਘ, ਦਰਬਾਰਾ ਸਿੰਘ ਗਾਲੜੀਆਂ, ਮੰਗਲ ਸਿੰਘ, ਰਾਮ ਸਿੰਘ,
ਦਲਜੀਤ ਸਿੰਘ ਤਲਵਾੜਾ, ਨਰਾਇਣ ਸਿੰਘ, ਜੀਆ ਲਾਲ, ਆਤਮ ਚੰਦ,
ਗਿਆਨ ਚੰਦ ਜਗੀਰ ਸਿੰਘ, ਧੰਨਾ ਸਿੰਘ ਕੁਲੀਆ
ਸਰੀਹ ਪੁਰ ਹੁਸ਼ਿਆਰਪੁਰ ੧੪੬੨

੧੭ ਅੱਸੂ ਸ਼ ਸੰ ੭ ਜਸਵੰਤ ਸਿੰਘ, ਬੰਨਾ ਸਿੰਘ, ਹਰਬੰਸ ਸਿੰਘ, ਗੁਰਨਾਮ ਸਿੰਘ ਸੂਰਾਨਸੀ,
ਪ੍ਰੀਤਮ ਸਿੰਘ ਕੋਟਲੀ, ਇੰਬਰਾਹਿਮ ਜਰਨੈਲ ਸਿੰਘ ਸਗਵਾਲ, ਦਰਸ਼ਨ ਕੌਰ
ਪਾਤੜ ਖੁਰਦ, ਨਗੀਨਾ ਸਿੰਘ, ਪਿਆਰਾ ਸਿੰਘ ਹਰਦਿਆਲ ਸਿੰਘ ਜਲੰਧਰ,
ਗੁਰਬਚਨ ਸਿੰਘ ਆਹਮ ਪੁਰ, ਜੁਗਿੰਦਰ ਸਿੰਘ, ਢੁੱਮਣ ਸਿੰਘ, ਅਜੀਤ ਸਿੰਘ,
ਤਰਸੇਮ ਸਿੰਘ, ਹਰਭਜਨ ਸਿੰਘ ਆਦਮਪੁਰ, ਜੁਗਿੰਦਰ ਕੌਰ ਬੂਲ੍ਹੇ,
ਅਜੀਤ ਕੌਰ ਜਲਪੋਤ ਕਰਤਾਰ ਪੁਰ ਜਲੰਧਰ ੧੪੬੫

੧੮ ਅੱਸੂ ਸ਼ ਸੰ ੭ ਭਗਤ ਸਿੰਘ ਦੀ ਮਾਤਾ ਦੇ ਨਵਿਤ ਦਿਆਲ ਗੜ੍ਹ ਕਪੂਰਥਲਾ ੧੪੬੭

੧੮ ਅਸੂ ਸ਼ ਸੰ ੭ ਦੌਲਤ ਸਿੰਘ, ਗੁਰਦਿਆਲ ਸਿੰਘ, ਕਰਤਾਰ ਸਿੰਘ, ਅਮਰ ਕੌਰ, ਕਿਸ਼ਨ ਸਿੰਘ
ਸੁਰਖਪੁਰਾ, ਪਿਆਰਾ ਸਿੰਘ ਜਾਂਗਲੇ, ਜਗੀਰ ਸਿੰਘ ਸ਼ਿਕਾਰ ਪੁਰ, ਸਰੂਪ ਸਿੰਘ
ਟਿੱਬਾ, ਮਨਜੀਤ ਕੌਰ ਨੂਰ ਪੁਰ, ਹਰਭਜਨ ਕੌਰ ਨੂਰ ਪੁਰ, ਕਰਤਾਰ ਕੌਰ
ਮਜੀਦ ਪੁਰ, ਬਸੰਤ ਕੌਰ ਕੜਾਲ ਕਲਾ, ਸੁਰਜੀਤ ਕੌਰ ਗੌਸਲ, ਬਨਤ ਕੌਰ


45 ੨੨

ਦਰਿਆ, ਅਵਤਾਰ ਸਿੰਘ ਅਹਿਮਦ ਪੁਰ, ਧੰਨ ਕੌਰ ਢਿਲਵਾਂ, ਪਿਆਰ ਕੌਰ
ਢੁਡੀਆਂ ਬਾਜ਼ੀ ਸਾਧੂ ਸਿੰਘ ਮਤਾਬ ਗੜ ਕਪੂਰਥਲਾ ੧੪੬੮

੧੯ ਅੱਸੂ ਸ਼ ਸੰ ੭ ਲਾਲ ਸਿੰਘ, ਸਵਰਨ ਸਿੰਘ, ਕਰਤਾਰ ਸਿੰਘ ਗਾਧਰਾਂ, ਬਚਨ ਕੌਰ ਬੇਪਾਰਾਏ,
ਮਲ ਸਿੰਘ ਲੱਲੀਆਂ ਕਲਾਂ, ਪ੍ਰੇਮ ਸਿੰਘ ਜਮਸ਼ੇਰ ਖੇੜਾ, ਮਹਿੰਦਰ ਕੌਰ ਜਮਸ਼ੇਰ
ਖੇੜਾ, ਪ੍ਰੀਤਮ ਸਿੰਘ ਜੜਿਆਲਾ, ਰਾਮ ਸਿੰਘ ਸ਼ਰੀਹ, ਗੁਰਦਿਆਲ ਸਿੰਘ ਚੀਮਾਂ
ਕਲਾਂ, ਲਛਮਣ ਸਿੰਘ ਧਨੌਰੀ, ਜਗੀਰ ਕੌਰ ਬਾਹਮਣੀਆਂ
ਹੇਰ ਜਲੰਧਰ ੧੪੭੨

੨੦ ਅੱਸੂ ਸ਼ ਸੰ ੭ ਲਛਮਣ ਸਿੰਘ, ਗੁਰਮੇਜ ਸਿੰਘ, ਸੁਰਜੀਤ ਸਿੰਘ, ਜਗੀਰ ਕੌਰ, ਕੇਹਰ ਸਿੰਘ,
ਜੁਗਿੰਦਰ ਸਿੰਘ, ਭਜਨ ਕੌਰ, ਗਰਦਾਵਰ ਸਿੰਘ, ਕਰਤਾਰ ਸਿੰਘ, ਊਧਮ ਕੌਰ,
ਦਰਸ਼ਨ ਸਿੰਘ, ਆਤਮਾ ਸਿੰਘ, ਕਰਨੈਲ ਸਿੰਘ ਬਿਲਗਾ, ਪਰਕਾਸ਼ ਕੌਰ ਸੁੰਨੜਾਂ,
ਸਮਾਂ ਕੌਰ ਸੁੰਨੜਾਂ, ਛਿੰਦੋ ਬਿਲਗਾ, ਸੰਪੂਰਨ ਕੌਰ ਰੁੜਕਾ, ਰਾਮ ਕੌਰ ਸੁੰਨੜਾਂ
ਰੁੜਕਾ ਕਲਾਂ ਜਲੰਧਰ ੧੪੭੫


46
੨੨

੨੧ ਅੱਸੂ ਸ਼ ਸੰ ੭ ਪ੍ਰੀਤਮ ਸਿੰਘ, ਸਾਧੂ ਸਿੰਘ, ਹਜ਼ੂਰਾ ਸਿੰਘ ਗੁਰਾਇਆ, ਨਛੱਤਰ ਕੌਰ
ਗੁਰਾਇਆ, ਬੇਅੰਤ ਕੌਰ ਧਨੇਤਾ, ਲਾਲ ਸਿੰਘ ਡਲੇਵਾਲ, ਪ੍ਰੇਮ ਸਿੰਘ, ਕੇਸਰ
ਸਿੰਘ, ਗੁਰਦੇਵ ਸਿੰਘ ਨਵਾਂ ਪਿੰਡ, ਸਾਧੂ ਸਿੰਘ ਸਲਾਰ ਪੁਰ, ਨਸੀਬ
ਕੌਰ ਡਵਿਡਾਰਿਹਾਣਾ, ਅਜੀਤ ਸਿੰਘ ਜਸਵੰਤ ਸਿੰਘ ਭਾਮ, ਗੁਰਦੇਵ ਸਿੰਘ
ਦੁਸਾਂਝ ਖੁਰਦ, ਦਰਸ਼ਨ ਸਿੰਘ ਦੁਸਾਂਝ ਖੁਰਦ ਫਗਵਾੜਾ ੧੪੮੦

੨੨ ਅੱਸੂ ਸ਼ ਸੰ ੭ ਗੁਰਮੀਤ ਸਿੰਘ ਚਰਨ ਕੌਰ ਪਿੰਦਰ ਸਿੰਘ ਮਨਸਾ ਸਿੰਘ ਰਾਮ ਸਿੰਘ
ਪ੍ਰੀਤਮ ਕੌਰ ਮਾਲ ਗਹਿਲਾ ਚਰਨ ਕੌਰ ਸੰਤੋਖ ਸਿੰਘ ਸੋਢੀਆਂ ਗਨੇਸ਼ਾ ਸਿੰਘ
ਕੋਟ ਕਲਾਂ, ਹਰਭਜਨ ਕੌਰ ਕੋਟਲੀਥਾਨ ਸਿੰਘ, ਮਹਿੰਗਾ ਸਿੰਘ ਹਰੀਪੁਰ
ਮਿਲਖਾ ਸਿੰਘ ਸੈਲਾ ਖੁਰਦ ਕਰਤਾਰ ਕੌਰ ਜਮਸ਼ੇਦ ਖੇੜਾ, ਇਕਬਾਲ ਸਿੰਘ
ਜਗਪਾਲ ਪੁਰ, ਜੁਗਿੰਦਰ ਸਿੰਘ ਦੌਲਤ ਪੁਰ ਫਰਾਲਾ ਜੰਲਧਰ ੧੪੮੪

੩੦ ਅੱਸੂ ਸ਼ ਸੰ ੭ ਜੋਗਿੰਦਰ ਕੌਰ ਦੇ ਨਵਿਤ ਜੇਠੂਵਾਲ ਅੰਮ੍ਰਿਤਸਰ ੧੪੮੬

ਪਹਿਲੀ ਕੱਤਕ ਸ਼ ਸੰ ੭ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੪੮੮

੨ ਕੱਤਕ ਸ਼ ਸੰ ੭ ਹਰਿ ਭਗਤ ਦੁਵਾਰ ਦੀਵਾਲੀ ਦੀ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੪੯੬

੩ ਕੱਤਕ ਸ਼ ਸੰ ੭ ਕਰਤਾਰ ਸਿੰਘ, ਠਾਕਰ ਸਿੰਘ, ਗੁਰਾ ਸਿੰਘ, ਇੰਦਰ ਕੌਰ ਬੋਹੜੂ, ਗੁਰਬਚਨ ਕੌਰ ਮਲਕਪੁਰ, ਚਰਨਜੀਤ ਕੌਰ ਗਮਟਾਲਾ, ਸਰਮੁਖ ਸਿੰਘ ਮਾਲ ਮੰਡੀ ਤਰਨਤਾਰਨ, ਨਜ਼ਾਮਪੁਰ ਅੰਮ੍ਰਿਤਸਰ ੧੪੯੭

੬ ਕੱਤਕ ਸ਼ ਸੰ ੭ ਸੰਤਾ ਸਿੰਘ ਬਾਊਪੁਰ ਦੇ ਨਵਿਤ ਜੇਠੂਵਾਲ ਅੰਮ੍ਰਿਤਸਰ ੧੪੯੯

੭ ਕੱਤਕ ਸ਼ ਸੰ ੭ ਸੰਤਾ ਸਿੰਘ ਦੇ ਨਵਿਤ ਬਾਬੂਪੁਰ ਗੁਰਦਾਸਪੁਰ ੧੫੦੧

੭ ਕੱਤਕ ਸ਼ ਸੰ ੭ ਸਾਰੀ ਸੰਗਤ ਦੇ ਪਰਸ਼ਾਦ ਕਰਾਉਣ ਤੇ ਅੱਲੜਪਿੰਡੀ ਗੁਰਦਾਸਪੁਰ ੧੫੦੩

੮ ਕੱਤਕ ਸ਼ ਸੰ ੭ ਹਰਿ ਸੰਗਤ ਨਵਿਤ ਬਾਬੂਪੁਰ ਗੁਰਦਾਸਪੁਰ ੧੫੦੫

੧੪ ਕੱਤਕ ਸ਼ ਸੰ ੭ ਸੋਹਣ ਸਿੰਘ ਮੁੰਡੀ ਜਮਾਲ, ਇੰਦਰ ਸਿੰਘ ਕਾਦਰ ਵਾਲਾ, ਸਰਦਾਰਾ ਸਿੰਘ ਮਨਾਂਵਾ, ਹਰਨਾਮ ਕੌਰ ਤਲਵੰਡੀ ਨੌ ਬਹਾਰ, ਅਨੰਤ ਸਿੰਘ ਉਮਰੀਆਣਾ, ਕੇਹਰ ਸਿੰਘ ਰਜੀਵਾਲ, ਮਲ ਸਿੰਘ ਰਜੀਵਾਲ, ਗੁਰਦੇਵ ਸਿੰਘ ਰਜੀਵਾਲ, ਬਲਵੰਤ ਸਿੰਘ ਤਲਵੰਡੀ ਜਲੇ ਖਾਂ, ਚਮਕੌਰ ਸਿੰਘ ਮਨਾਵਾ, ਜਰਨੈਲ ਸਿੰਘ ਸ਼ਾਹਵਾਲਾ, ਗੁਰਦਾਸ ਸਿੰਘ, ਕਰਤਾਰ ਸਿੰਘ, ਨਿਰੰਜਣ ਸਿੰਘ, ਗੁਰਬੰਸ ਕੌਰ ਚਬਾ, ਕਰਤਾਰ ਕੌਰ ਰਟੌਲ, ਮਾਧਾ ਸਿੰਘ ਰਾਮੂਵਾਲਾ, ਗੁਰਬਚਨ ਸਿੰਘ ਸਦਾ ਸਿੰਘ ਵਾਲਾ, ਗੁਰਦਿਆਲ ਸਿੰਘ ਸਦਾ ਸਿੰਘ ਵਾਲਾ

ਮਨਾਂਵਾ ਫ਼ਿਰੋਜ਼ਪੁਰ ੧੫੦੭

੧੫ ਕੱਤਕ ਸ਼ ਸੰ ੭ ਕਪੂਰ ਸਿੰਘ, ਕਰਮ ਸਿੰਘ, ਸਰਵਣ ਸਿੰਘ, ਹਰਦਿਆਲ ਕੌਰ, ਗੁਰਦੀਪ ਸਿੰਘ, ਗੁਰਤੇਜ ਸਿੰਘ ਘਲ ਕਲਾਂ ਅਜੈਬ ਸਿੰਘ ਹਰਿ ਰਾਏ ਪੁਰ, ਸੀਤਲ ਸਿੰਘ ਡਗਰੂ, ਮੇਲਾ ਸਿੰਘ, ਧੰਨਾ ਸਿੰਘ, ਚੰਦ ਸਿੰਘ, ਹਰਬੰਸ ਸਿੰਘ ਨਿਧਾਂ ਵਾਲਾ, ਗੁਰਿੰਦਰ ਕੌਰ ਦੁਨਿਆਣਾ, ਮਹਿੰਦਰ ਕੌਰ ਚੜਿਕ, ਨੰਦ ਸਿੰਘ ਥੱਮਣ


47 ੨੨

ਵਾਲਾ, ਹਰਦੇਵ ਕੌਰ, ਦਲੀਪ ਸਿੰਘ ਬਦਨੀ ਕਲਾਂ, ਸੁਖ ਰਾਮ ਚੱਕਰ,
ਗੁਰਦਿਆਲ ਸਿੰਘ ਰਾਮੂਵਾਲਾ, ਕਰਤਾਰ ਸਿੰਘ, ਨਰੈਣ ਕੌਰ ਦੀਦਾਰੇ ਵਾਲਾ,
ਕਰਤਾਰ ਸਿੰਘ ਚੜ੍ਹਿਕ, ਚੰਨਣ ਸਿੰਘ, ਸ਼ਾਮ ਸਿੰਘ ਬਰਨਾਲਾ
ਮੋਗਾ ਫ਼ਿਰੋਜ਼ਪੁਰ ੧੫੧੦
੧੬ ਕੱਤਕ ਸ਼ ਸੰ ੭ ਰਾਮ ਸਿੰਘ ਦੇ ਘਰ ਜਾਣ ਵਾਸਤੇ ਕੇਹਰ ਸਿੰਘ, ਨਾਜ਼ਰ ਸਿੰਘ, ਕਿਰਪਾਲ
ਸਿੰਘ ਨੇ ਪਾਤਸ਼ਾਹ ਜੀ ਨੂੰ ਇਸ਼ਨਾਨ ਕਰਵਾਇਆ ਮੋਗਾ ਫ਼ਿਰੋਜ਼ਪੁਰ ੧੫੧੫
੧੬ ਕੱਤਕ ਸ਼ ਸੰ ੭ ਰਾਮ ਸਿੰਘ ਤੇ ਘਰ ਤੋਂ ਬਾਹਰ ਨੌ ਨੌ ਦੀਵਿਆਂ ਨਾਲ ਤਿੰਨੇ ਜੰਗਜੂ
ਪਾਤਸ਼ਾਹ ਜੀ ਨੂੰ ਮਿਲਣ ਤੇ ਫ਼ਿਰੋਜ਼ਪੁਰ ਛਾਉਣੀ ੧੫੧੯
੧੬ ਕੱਤਕ ਸ਼ ਸੰ ੭ ਰਾਮ ਸਿੰਘ ਗੁਰਚਰਨ ਕੌਰ ਤਾਰਾ ਸਿੰਘ ਪ੍ਰੀਤਮ ਕੌਰ ਮਦਰਸਾ
ਮੁਖਤਿਆਰ ਸਿੰਘ ਕਾਮਲ ਵਾਲਾ ਸੁਰਜੀਤ ਸਿੰਘ ਜਗਤ ਪੁਰ
ਜੋਗਿੰਦਰ ਸਿੰਘ ਬਸਤੀ ਖਲੀਲ, ਅਰਜਨ ਸਿੰਘ ਹਰੀ ਸਿੰਘ ਮਹਿੰਦਰ ਸਿੰਘ
ਸਾਧੂ ਸਿੰਘ ਬਸਤੀ ਤੇਗਾ ਸਿੰਘ, ਤੇਜ ਕੌਰ ਵਲੂਰ ਸੰਪੂਰਨ ਸਿੰਘ
ਈਸ਼ਰ ਕੌਰ ਫੇਰੂ ਸ਼ਹਿਰ, ਗਹਿਣਾ ਸਿੰਘ ਕੈਲਾਸ਼, ਗੁਰਦੀਪ ਸਿੰਘ ਤੂਤ
ਨਿਰਵੈਰ ਸਿੰਘ ਲੁਧਿਆਣਾ ਗਵਾਲ ਟੋਲੀ ਫ਼ਿਰੋਜ਼ਪੁਰ ਛਾਉਣੀ ੧੫੨੧
੧੭ ਕੱਤਕ ਸ਼ ਸੰ ੭ ਸੁਲੱਖਣ ਸਿੰਘ, ਕਿਰਪਾਲ ਸਿੰਘ, ਗਿਆਨ ਕੌਰ, ਹਜ਼ੂਰਾ ਸਿੰਘ, ਨਿਹਾਲ
ਕੌਰ ਗੋਲੇ ਵਾਲ ਅਜੈਬ ਸਿੰਘ, ਰਾਜ ਸਿੰਘ, ਇਕਬਾਲ ਸਿੰਘ, ਜਿੰਦ ਕੌਰ
ਫ਼ਰੀਦਕੋਟ, ਹਰਿਜੰਦਰ ਕੌਰ, ਪਰਸਿੰਨ ਕੌਰ ਮਾਇਆ ਸ਼ੇਖਾਂ ਬੇਅੰਤ ਸਿੰਘ ਲੀਲ,
ਨਛੱਤਰ ਸਿੰਘ ਪੰਜ ਗਰਾਈਆਂ, ਰੁਕਨਾ ਮੂੰਗਲਾ ਫ਼ਿਰੋਜ਼ਪੁਰ ੧੫੨੮
੧੮ ਕੱਤਕ ਸ਼ ਸੰ ੭ ਸੁਲੱਖਣ ਸਿੰਘ ਦੇ ਗ੍ਰਿਹ ਰੁਕਨਾ ਮੂੰਗਲਾ ਫ਼ਿਰੋਜ਼ਪੁਰ ੧੫੩੩
੧੮ ਕੱਤਕ ਸ਼ ਸੰ ੭ ਹਰਚੰਦ ਸਿੰਘ, ਪ੍ਰੀਤਮ ਕੌਰ ਖਿਆਲੀ ਵਾਲਾ, ਬਖਤਾਵਰ ਸਿੰਘ ਖਿਆਲੀ
ਵਾਲਾ, ਰੂਪ ਕੌਰ ਖਿਆਲੀ ਵਾਲਾ, ਧੰਨ ਕੌਰ ਚੱਕ, ਫਤਿਹ ਸਿੰਘ, ਭਾਗ ਸਿੰਘ
ਦਬੜੀ ਖਾਨਾ, ਮਲ ਸਿੰਘ ਅਕਾਲਗੜ੍ਹ, ਸਾਧੂ ਸਿੰਘ ਗਾਮੀ ਵਾਲਾ,


48
੨੨

ਕੁੰਢਾ ਸਿੰਘ ਵਰ੍ਹੇ ਇਕਬਾਲ ਸਿੰਘ ਬੁਢਲਾਡਾ, ਮਿਤ ਸਿੰਘ ਬੈਹਿਮਣ ਦੀਵਾਨਾ,
ਕਰਨੈਲ ਸਿੰਘ ਮਲੂਕਾ, ਜਗੀਰ ਕੌਰ ਖੋਖਰ, ਬੁਗਰ ਸਿੰਘ ਬਰਗਾੜੀ,
ਸਰਦਾਰਾ ਸਿੰਘ ਛਾਜਲਾ ਕੌੜੀ ਰਤੀਆਂ, ਕਿਰਪਾ ਸਿੰਘ ਖੇੜੀ
ਹਰਿਰਾਏ ਪੁਰ ਬਠਿੰਡਾ ੧੫੩੫

੧੯ ਕੱਤਕ ਸ਼ ਸੰ ੭ ਜਫਰਨਾਮਾ ਸਾਹਿਬ ਗੁਰੂਦੁਵਾਰੇ ਵਿਚ ੧੫੩੮

੧੯ ਕੱਤਕ ਸ਼ ਸੰ ੭ ਜਫਰਨਾਮਾ ਗੁਰੂਦੁਵਾਰੇ ਦੇ ਉਪਰ ਮੰਜੀ ਸਾਹਿਬ ਵਿਚ ੧੫੩੯

੧੯ ਕੱਤਕ ਸ਼ ਸੰ ੭ ਗੁਰੂਦੁਵਾਰੇ ਤੋਂ ਬਾਹਰ ਨਿਕਲ ਕੇ ਸੜਕ ਉਤੇ ਸ਼ਬਦ ਚਲਿਆ ੧੫੪੦

੧੯ ਕੱਤਕ ਸ਼ ਸੰ ੭ ਗੁਰੂਦੁਵਾਰੇ ਤੋਂ ਲਗਭਗ ਤਿੰਨ ਕੂ ਫਰਲਾਂਗ ਦੂਰ ਸੜਕ ਤੇ ੧੫੪੧

੧੯ ਕੱਤਕ ਸ਼ ਸੰ ੭ ਗੁਰੂਦੁਵਾਰੇ ਤੋਂ ਥੋੜੀ ਦੂਰ ਚਲਦੇ ਚਲਦੇ ਸੜਕ ਤੇ ਹੀ ਰੁਕ ਕੇ ੧੫੪੨

੧੯ ਕੱਤਕ ਸ਼ ਸੰ ੭ ਸੜਕ ਤੇ ਚਲਦੇ ਚਲਦੇ ਗੁਰੂਦੁਵਾਰੇ ਤੋਂ ਥੋੜੀ ਹੀ ਦੂਰ
ਰੁਕ ਕੇ ਫਿਰ ਸ਼ਬਦ ਚਲਿਆ ੧੫੪੨

49 ੨੨

੧੯ ਕੱਤਕ ਸ਼ ਸੰ ੭ ਨਾਜ਼ਰ ਸਿੰਘ ਦੇ ਗ੍ਰਹਿ ਲੰਗਰ ਛਕਣ ਸਮੇਂ ਵਿਹਾਰ ਹੋਇਆ
ਮਾੜੀ ਮੁਸਤਫਾ ਫ਼ਿਰੋਜ਼ਪੁਰ ੧੫੪੩

੧੯ ਕੱਤਕ ਸ਼ ਸੰ ੭ ਨਾਜ਼ਰ ਸਿੰਘ, ਜਗੀਰ ਸਿੰਘ, ਭਾਗ ਸਿੰਘ, ਕੁਲਵੰਤ ਸਿੰਘ, ਕਰਤਾਰ ਕੌਰ,
ਗੁਰਦਿਆਲ ਕੌਰ, ਬਸੰਤ ਕੌਰ, ਸਮਾਲਸਰ, ਸੁਹਾਵਾ ਸਿੰਘ ਪੰਜ ਗਰਾਂਈਆਂ,
ਬਿਸ਼ਨ ਸਿੰਘ ਪੰਜ ਗਰਾਂਈਆ, ਖੇਮ ਸਿੰਘ ਕੋਟਕਪੂਰਾ, ਤਾਰਾ ਸਿੰਘ
ਗਾਜੀਆਣਾ, ਨਰਾਇਣ ਸਿੰਘ ਨਿਹਾਲ ਸਿੰਘ ਵਾਲਾ, ਗੁਰਨਾਮ ਸਿੰਘ ਗਾਲਬ
ਰਣ ਸਿੰਘ ਸਰਦਾਰਾ ਸਿੰਘ ਰੋਡੇ ਮਾੜੀ ਮੁਸਤਫਾ ਫ਼ਿਰੋਜ਼ਪੁਰ ੧੫੪੫

੨੦ ਕੱਤਕ ਸ਼ ਸੰ ੭ ਬੂੜ ਸਿੰਘ, ਸੌਦਾਗਰ ਸਿੰਘ, ਪੂਰਨ ਸਿੰਘ, ਮਹਿੰਦਰ ਸਿੰਘ, ਗੁਲਜ਼ਾਰ
ਸਿੰਘ, ਪ੍ਰੀਤਮ ਸਿੰਘ, ਇੰਦਰ ਸਿੰਘ, ਜੁਗਿੰਦਰ ਸਿੰਘ, ਬਾਵਾ ਸਿੰਘ ਰੋਡੇ,
ਪ੍ਰੀਤਮ ਸਿੰਘ ਨਾਥੇਵਾਲ, ਜਸਵੰਤ ਸਿੰਘ ਰਾਜੇ ਆਣਾ, ਬਸੰਤ ਕੌਰ ਪਤੋ
ਹੀਰਾ ਸਿੰਘ ਨਾਥੇਵਾਲ ਫ਼ਿਰੋਜ਼ਪੁਰ ੧੫੪੮

49 ੨੨

੨੧ ਕੱਤਕ ਸ਼ ਸੰ ੭ ਨਾਜ਼ਰ ਸਿੰਘ, ਸਾਧੂ ਸਿੰਘ, ਮਲਕੀਅਤ ਸਿੰਘ, ਮੰਗਲ ਸਿੰਘ, ਸਰਦਾਰਾ
ਸਿੰਘ, ਕਰਮ ਸਿੰਘ, ਭਵਗਾਨ ਕੌਰ, ਸਰਵਣ ਸਿੰਘ ਪੱਖੋਵਾਲ, ਭਗਤ ਸਿੰਘ
ਲਤਾਲਾ, ਬਲਵੰਤ ਸਿੰਘ ਗੁਜ਼ਰਵਾਲ, ਹਰਜੀਤ ਸਿੰਘ ਲੀਲ, ਭਾਗ ਸਿੰਘ
ਬਸਰਾਓ, ਗੁਰਦਿਆਲ ਕੌਰ ਬੋਪਾਰਾਏ, ਧੰਨਾ ਸਿੰਘ ਢਹਿ ਪਈ, ਹਰੀ ਸਿੰਘ
ਮਹਿਮਾ ਸਿੰਘ ਵਾਲਾ, ਬਾਬੂ ਸਿੰਘ ਦੱਦਾ ਹੂਰ, ਨਾਹਰ ਸਿੰਘ ਰਕਬਾ,
ਗੁਰਦਿਆਲ ਸਿੰਘ ਨੰਗਲ ਖੁਰਦ, ਪਲਟੂ ਰਾਮ ਤੇ ਚੈਂਚਲ ਸਿੰਘ ਸੁਧਾਰ,
ਹਰਬੰਸ ਸਿੰਘ ਸੰਗਰੂਰ, ਗੁਰਨਾਮ ਸਿੰਘ ਬੁਢੇਲ, ਦਰਬਾਰਾ ਸਿੰਘ ਬਾਠ,
ਪਾਖਰ ਸਿੰਘ ਮੋਹੀ, ਗੁਰਨਾਮ ਸਿੰਘ ਜਨੇਤਪੁਰਾ, ਬਾਬੂ ਸਿੰਘ ਡੇਲੋਂ, ਅਜਮੇਰ
ਸਿੰਘ ਤੇ ਜਗੀਰ ਸਿੰਘ ਘੁੰਗਰਾਣਾ ਪੱਖੋਵਾਲ ਲੁਧਿਆਣਾ ੧੫੫੦



੨੨ ਕੱਤਕ ਸ਼ ਸੰ ੭ ਨਛੱਤਰ ਸਿੰਘ, ਭਾਗ ਸਿੰਘ, ਗੱਜਣ ਸਿੰਘ, ਗੁਰਨਾਮ ਕੌਰ ਦੁਰਾਹਾ, ਕਾਕਾ
ਸਿੰਘ ਲਿਬੜਾ, ਬੱਗਾ ਸਿੰਘ ਨਤ, ਮਹਿੰਦਰ ਸਿੰਘ ਝਮਟ, ਗੁਰਦੇਵ ਸਿੰਘ
ਲਲਹੇੜੀ, ਸ੍ਰੀ ਰਾਮ ਮਕਸੂਦੜਾ, ਭਜਨ ਸਿੰਘ ਜੀਰਖ, ਦਰਸ਼ਨ ਸਿੰਘ,
ਜਗਦੀਸ਼ ਸਿੰਘ ਅਜਨੌਧ, ਗੁਰਨਾਮ ਸਿੰਘ ਮੁਰਿੰਡਾ, ਚੈਂਚਲ ਸਿੰਘ, ਈਸ਼ਰ ਕੌਰ
ਤੇ ਉਜਾਗਰ ਸਿੰਘ ਮਹੌਣ ਬਚਨ ਕੌਰ ਤੇ ਮੇਜਰ ਸਿੰਘ ਝਮਟ ਬਦੋਵਾਲ
ਦੁਰਾਹਾ ਲੁਧਿਆਣਾ ੧੫੫੫

50
੨੨

੨੩ ਕੱਤਕ ਸ਼ ਸੰ ੭ ਸੁਰਜਨ ਸਿੰਘ, ਨਿਰੰਜਣ ਸਿੰਘ, ਮਹਿੰਦਰ ਸਿੰਘ, ਗੁਰਦੇਵ ਸਿੰਘ, ਮਦਨ
ਲਾਲ, ਮੱਘਰ ਸਿੰਘ, ਭਜਨ ਸਿੰਘ, ਲਾਲ ਸਿੰਘ, ਹਰਨੇਕ ਸਿੰਘ, ਗਿਆਨ
ਚੰਦ, ਹਰਬੰਸ ਕੌਰ, ਕੁਲਦੀਪ ਕੌਰ, ਮਲਕੀਅਤ ਸਿੰਘ, ਰਵੇਲ ਸਿੰਘ
ਲੁਧਿਆਣਾ, ਸੁਖਵੰਤ ਕੌਰ, ਹਰਚਰਨ ਸਿੰਘ ਲੁਧਿਆਣਾ, ਮਹਿੰਦਰ ਸਿੰਘ ਦਾਖੇ,
ਕਰਮ ਸਿੰਘ ਗੁੜੇ, ਸਰਦਾਰਾ ਸਿੰਘ ਚੋਲੇਵਾਲ, ਮੁਖਤਿਆਰ ਸਿੰਘ ਮੁੰਡੀਆਂ,
ਬਲਵੰਤ ਸਿੰਘ ਸੰਤ ਕਲੋਨੀ ਪਟਿਆਲਾ, ਭਜਨ ਸਿੰਘ ਚੁਪਕੀ, ਹਰਬੰਸ ਸਿੰਘ

ਸ਼ੇਰਪੁਰ, ਸਰਵਣ ਸਿੰਘ ਜਮਾਲ ਪੁਰ, ਜੁਗਿੰਦਰ ਸਿੰਘ ਦਾਖੇ, ਸ਼ਾਮ ਕੌਰ
ਮੰਡਿਆਣੀ ਜੁਗਿੰਦਰ ਸਿੰਘ ਤਲਵਾੜਾ, ਫੂਲਾ ਰਾਣੀ ਲੁਧਿਆਣਾ ੧੫੬੦

੨੪ ਕੱਤਕ ਸ਼ ਸੰ ੭ ਮਾਛੂਵਾੜਾ ਸਾਹਿਬ ਗੁਰੂਦੁਵਾਰੇ ਵਿਚ ਵਿਹਾਰ ਹੋਇਆ ੧੫੬੫

੨੪ ਕੱਤਕ ਸ਼ ਸੰ ੭ ਜਗੀਰ ਸਿੰਘ, ਪ੍ਰੀਤਮ ਸਿੰਘ ਤੇ ਸਰਜੀਤਮ ਸਿੰਘ ਰਾਜੋ ਮਾਜਰਾ,
ਸਰੂਪ ਕੌਰ ਗੋਸਲਾਂ, ਬਚਨ ਸਿੰਘ ਧਿਆਨ ਪੁਰ, ਭਜਨ ਸਿੰਘ ਸ਼ੇਖੂਪੁਰ,
ਮਿਹਰ ਸਿੰਘ ਸ਼ੇਖੂ ਪੁਰ, ਪਿਆਰਾ ਸਿੰਘ ਲਖਨੌਰ, ਨੱਥਾ ਸਿੰਘ ਬੜਹੇੜੀ,
ਅਮਰ ਚੰਦ ਪੰਜਕੋਹਾ, ਪ੍ਰਿਥੀ ਸਿੰਘ ਚੰਡੀਗੜ੍ਹ, ਸੰਤ ਸਿੰਘ ਤੇ ਗੁਰਦੇਵ ਸਿੰਘ
ਮਾਣਕ ਪੁਰ, ਵੀਰ ਸਿੰਘ ਤੇ ਜੇਠਾ ਸਿੰਘ ਬਠਲਾਣਾ, ਸੁਰਜੀਤ ਸਿੰਘ ਤੇ
ਗੁਰਦੇਵ ਸਿੰਘ ਘੜੂੰਆ, ਪਿਆਰਾ ਸਿੰਘ ਰਾਜ ਪੁਰਾ, ਸੁਰਜੀਤ ਸਿੰਘ ਤੇ
ਗੁਰਸ਼ਰਨ ਸਿੰਘ ਨੰਗਲ ਟਾਊਨ, ਜੁਗਿੰਦਰ ਸਿੰਘ ਲੋਟੇ ਕਲੋਨੀ,
ਗੁਰਨਾਮ ਸਿੰਘ ਜ਼ਨੇਤਪੁਰ, ਸੇਵਾ ਸਿੰਘ ਖਰੜ, ਸੁਰਿੰਦਰ ਕੌਰ ਪੰਜੌਰ,
ਸਵਰਨ ਸਿੰਘ ਬਰਕਤ ਪੁਰ, ਹਜ਼ਾਰਾ ਸਿੰਘ ਚੂਨੀ ਕਲਾਂ, ਸੁਰਜੀਤ ਸਿੰਘ ਜਗਤਪੁਰ,
ਗੁਰਦੇਵ ਕੌਰ ਬਸੀ, ਹਰਬੰਸ ਕੌਰ ਮੋਰਿੰਡਾ, ਰੰਗੀਲ ਪੁਰ ਰੋਪੜ ੧੫੭੦

ਪਹਿਲੀ ਮੱਘਰ ਸ਼ ਸੰ ੭ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੫੭੪

੨ ਮੱਘਰ ਸ਼ ਸੰ ੭ ਹਰਚਰਨ ਸਿੰਘ ਧੂਤਾ ਖ਼ੁਰਦ ਹੁਸ਼ਿਆਰ ਪੁਰ, ਰਣਜੀਤ ਕੌਰ ਬਰਦਬਾਨ
ਸਵੇਰੇ ਵਿਹਾਰ ਹੋਇਆ ਜੇਠੂਵਾਲ ਅੰਮ੍ਰਿਤਸਰ ੧੫੮੭

੨ ਮੱਘਰ ਸ਼ ਸੰ ੭ ਹਰਿ ਭਗਤ ਦਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੫੮੮

੩ ਮੱਘਰ ਸ਼ ਸੰ ੭ ਰਾਮ ਸਿੰਘ ਦੇ ਗ੍ਰਿਹਿ ਗਵਾਲ ਟੋਲੀ ਫ਼ਿਰੋਜ਼ਪੁਰ ਛਾਉਣੀ ੧੫੯੦

੫ ਮੱਘਰ ਸ਼ ਸੰ ੭ ਅਜੀਤ ਸਿੰਘ ਬਟਾਲਾ, ਸੁਰਜੀਤ ਸਿੰਘ, ਹੁਕਮ ਸਿੰਘ, ਦਲੀਪ ਸਿੰਘ ਤੇ
ਜਸਵੰਤ ਸਿੰਘ ਫੈਜ਼ਪੁਰ, ਕਾਸ਼ੀ ਰਾਮ, ਜੀਤ ਸਿੰਘ, ਚਰਨ ਸਿੰਘ ਤੇ ਭਜਨ ਕੌਰ
ਸੁਨਈਆ, ਬੰਤਾ ਸਿੰਘ ਤੇ ਕਰਤਾਰ ਕੌਰ ਪੰਜ ਗਰਾਈਂ, ਮੋਹਣ ਸਿੰਘ ਤਾਰਾ ਚੱਕ,
ਵਿਰਸਾ ਸਿੰਘ ਸ੍ਰੀ ਹਰਿ ਗੋਬਿੰਦ ਪੁਰਾ, ਅਵਤਾਰ ਸਿੰਘ ਮਾੜੀ ਪਨੂਆ,


51 ੨੨

ਜਸਬੀਰ ਸਿੰਘ, ਜਗੀਰ ਸਿੰਘ ਤੇ ਸੋਹਣ ਸਿੰਘ ਭੋਲੇ ਕੇ, ਚੰਨਨ ਸਿੰਘ ਠੀਕਰੀ,
ਕਸ਼ਮੀਰ ਸਿੰਘ ਮਾਨ ਖੈਰੇ, ਕਰਤਾਰ ਸਿੰਘ ਵਹੀਲਾ, ਅਜੀਤ ਕੌਰ ਬਰਦਬਾਨ,
ਹਰਚਰਨ ਸਿੰਘ ਗੁਜਰਾਤ ਬਟਾਲਾ ਗੁਰਦਾਸਪੁਰ ੧੫੯੨

੧੧ ਮੱਘਰ ਸ਼ ਸੰ ੭ ਸੈਦਪੁਰ ਦੇ ਸੰਤ ਰਸੀਲਾ ਰਾਮ ਦੇ ਆਉਣ ਤੇ ਪਿੰਡ ਵਿਚ
ਜੇਠੂਵਾਲ ਅੰਮ੍ਰਿਤਸਰ ੧੫੯੫

੧੨ ਮੱਘਰ ਸ਼ ਸੰ ੭ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੫੯੭

੧੪ ਮੱਘਰ ਸ਼ ਸੰ ੭ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੬੦੧

੧੭ ਮੱਘਰ ਸ਼ ਸੰ ੭ ਦਲੀਪ ਸਿੰਘ, ਰਤਨ ਸਿੰਘ, ਸੁੱਚਾ ਸਿੰਘ, ਜਰਨੈਲ ਸਿੰਘ, ਭਾਨ ਸਿੰਘ,
ਸੁਲੱਖਣ ਸਿੰਘ, ਜਗਜੀਤ ਸਿੰਘ, ਪ੍ਰੀਤਮ ਸਿੰਘ ਤੇ ਹਰਜੀਤ ਸਿੰਘ, ਦਰਬਾਰ
ਦੇ ਖੇਤਾਂ ਵਿਚ ਕੰਮ ਕਰਨ ਵਾਲਿਆ ਨਿਵਤ ਹਰਿ ਭਗਤ ਦੁਵਾਰ ਰਾਤ ਨੂੰ
ਜੇਠੂਵਾਲ ਅੰਮ੍ਰਿਤਸਰ ੧੬੦੪

੧੮ ਮੱਘਰ ਸ਼ ਸੰ ੭ ਹਰਿ ਭਗਤ ਦੁਵਾਰ ਰਾਤ ਬਾਰਾਂ ਵਜੇ ਦਿਨ
ਦੇ ਪਹਿਲੇ ਮਿੰਟ ਹੀ ਸਮਾਂ ੦੦,੦੧ ਜੇਠੂਵਾਲ ਅੰਮ੍ਰਿਤਸਰ ੧੬੦੭

੧੯ ਮੱਘਰ ਸ਼ ਸੰ ੭ ਸੋਹਣ ਸਿੰਘ ਦੇ ਗ੍ਰਹਿ ਸ਼ਾਹ ਬੁੱਕਰ ਫ਼ਿਰੋਜ਼ਪੁਰ ੧੬੧੨

੨੨ ਮੱਘਰ ਸ਼ ਸੰ ੭ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੬੧੪

੨੪ ਮੱਘਰ ਸ਼ ਸੰ ੭ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੬੧੫

ਪਹਿਲੀ ਪੋਹ ਸ਼ ਸੰ ੭ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੬੧੮

੭ ਪੋਹ ਸ਼ ਸੰ ੭ ਪ੍ਰੀਤਮ ਸਿੰਘ ਰਤਨ ਸਿੰਘ ਦੇ ਨਿਵਤ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੬੨੭

੮ ਪੋਹ ਸ਼ ਸੰ ੭ ਚੇਲਾ ਸਿੰਘ ਦੇ ਗ੍ਰਹਿ ਜੰਮੂ ਜੰਮੂ ੧੬੩੦

੯ ਪੋਹ ਸ਼ ਸੰ ੭ ਰਾਮ ਰੱਖੀ ਦੇ ਗ੍ਰਹਿ ਜੰਮੂ ਜੰਮੂ ੧੬੩੨

੯ ਪੋਹ ਸ਼ ਸੰ ੭ ਗੁਰਦਿਤ ਸਿੰਘ, ਫੁੱਮਣ ਸਿੰਘ, ਭਾਗ ਸਿੰਘ, ਪੂਰਨ ਸਿੰਘ,
ਗਿਆਨ ਚੰਦ ਛੰਭ ਜੰਮੂ ੧੬੩੩

52
੨੨

| | | | | |
|---|---|---|---|---|
| ੯ ਪੋਹ ਸ਼ ਸੰ ੭ | ਈਸ਼ਰ ਸਿੰਘ, ਪਰਤਾਪ ਸਿੰਘ ਦੇ ਗ੍ਰਿਹਿ | ਦੜ | ਜੰਮੂ | ੧੬੩੪ |
| ੯ ਪੋਹ ਸ਼ ਸੰ ੭ | ਤੇਜਭਾਨ ਦੇ ਗ੍ਰਿਹਿ | ਸਈ ਖੁਰਦ | ਜੰਮੂ | ੧੬੩੫ |
| ੧੦ ਪੋਹ ਸ਼ ਸੰ ੭ | ਭਗਤ ਸਿੰਘ ਦੇ ਨਵਿਤ | ਕੀਰ ਪਿੰਡ | ਜੰਮੂ | ੧੬੩੭ |
| ੧੦ ਪੋਹ ਸ਼ ਸੰ ੭ | ਪ੍ਰਕਾਸ਼ ਸਿੰਘ | ਦੜ | ਜੰਮੂ | ੧੬੩੮ |
| ੧੦ ਪੋਹ ਸ਼ ਸੰ ੭ | ਸ਼ਿਵ ਸਿੰਘ ਦੇ ਗ੍ਰਿਹਿ | ਸਈ | ਜੰਮੂ | ੧੬੪੦ |
| ੧੦ ਪੋਹ ਸ਼ ਸੰ ੭ | ਰਾਜ ਸਿੰਘ ਦੇ ਗ੍ਰਿਹਿ | ਜੰਮੂ ਸ਼ਹਿਰ | ਜੰਮੂ | ੧੬੪੦ |
| ੧੦ ਪੋਹ ਸ਼ ਸੰ ੭ | ਕੇਸਰੀ ਦੇਵੀ ਦੇ ਗ੍ਰਿਹਿ | ਰਾਣੀ ਬਾਗ | ਜੰਮੂ | ੧੬੪੧ |
| ੧੦ ਪੋਹ ਸ਼ ਸੰ ੭ | ਸਰਦਾਰ ਸਿੰਘ ਗੁਰਨਾਮ ਸਿੰਘ ਦੇ ਗ੍ਰਿਹਿ | ਸੀੜ | ਜੰਮੂ | ੧੬੪੨ |
| ੧੧ ਪੋਹ ਸ਼ ਸੰ ੭ | ਧਰਮ ਕੌਰ ਦੇ ਗ੍ਰਿਹਿ | ਡਿਗਿਆਣਾ | ਜੰਮੂ | ੧੬੪੫ |
| ੧੧ ਪੋਹ ਸ਼ ਸੰ ੭ | ਮਨਿਸਟਰ ਛੱਜੂ ਰਾਮ ਦੀ ਬੇਨਤੀ ਤੇ ਵਿਹਾਰ ਹੋਇਆ | ਡਗਿਆਣਾ | ਜੰਮੂ | ੧੬੪੬ |
| ੧੧ ਪੋਹ ਸ਼ ਸੰ ੭ | ਲਛਮਣ ਸਿੰਘ ਦੇ ਗ੍ਰਿਹਿ | ਸਈ | ਜੰਮੂ | ੧੬੪੮ |
| ੧੧ ਪੋਹ ਸ਼ ਸੰ ੭ | ਦੇਵਾ ਸਿੰਘ ਦੇ ਗ੍ਰਿਹਿ ਸਈ ਕੈਂਪ ਵਾਲੇ ਪਿੰਡ | ਬਾੜੀਆਂ | ਜੰਮੂ | ੧੬੫੦ |
| ੧੧ ਪੋਹ ਸ਼ ਸੰ ੭ | ਬਿਸ਼ਨ ਸਿੰਘ ਦੇ ਗ੍ਰਿਹਿ | ਬਾੜੀਆ | ਜੰਮੂ | ੧੬੫੧ |
| ੧੧ ਪੋਹ ਸ਼ ਸੰ ੭ | ਕਿਰਪਾਲ ਸਿੰਘ ਦੇ ਗ੍ਰਿਹਿ | ਬਾੜੀਆਂ | ਜੰਮੂ | ੧੬੫੧ |
| ੧੧ ਪੋਹ ਸ਼ ਸੰ ੭ | ਜੰਮੂ ਸੰਗਤ ਦੇ ਨਵਿਤ ਜੰਮੂ ਤੋਂ ਗੁਰਦਾਸਪੁਰ ਦੇ ਰਸਤੇ ਵਿਚ | | ਜੰਮੂ | ੧੬੫੨ |
| ੧੧ ਪੋਹ ਸ਼ ਸੰ ੭ | ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੧੬੫੪ |
| ੨੧ ਪੋਹ ਸ਼ ਸੰ ੭ | ਰਤਨ ਕੌਰ ਫਰਾਲਾ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੬੫੫ |
| ੨੪ ਪੋਹ ਸ਼ ਸੰ ੭ | ਸਾਧੂ ਸਿੰਘ ਬਸਤੀ ਤੇਗਾ ਸਿੰਘ ਵਾਲੇ ਨਵਿਤ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੧੬੫੮ |
| ੨੫ ਪੋਹ ਸ਼ ਸੰ ੭ | ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੬੫੯ |
| ੨੬ ਪੋਹ ਸ਼ ਸੰ ੭ | ਹਰਿ ਭਗਤ ਦੁਵਾਰ ਦਿਨ ਦੇ ਢਾਈ ਵਜੇ | ਜੇਠੂਵਾਲ | ਅੰਮ੍ਰਿਤਸਰ | ੧੬੬੧ |

53
੨੨

| | | | |
|---|---|---|---|
| ੨੬ ਪੋਹ ਸ਼ ਸੰ ੭ ਲੰਗਰ ਦੀ ਨੀਂਹ ਰੱਖਣ ਸਮੇਂ | ਜੇਠੂਵਾਲ | ਅੰਮ੍ਰਿਤਸਰ | ੧੬੬੪ |
| ੨੬ ਪੋਹ ਸ਼ ਸੰ ੭ ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੬੬੫ |
| ੨੭ ਪੋਹ ਸ਼ ਸੰ ੭ ਮਹਿੰਦਰ ਕੌਰ ਭੁੱਲਰ ਹਾਂਸ ਮੇਹਰ ਸਿੰਘ ਜਗਰਾਉਂ, ਆਸਾ ਸਿੰਘ ਖਾਂਘ,<br>ਪਾਲ ਸਿੰਘ ਲੱਲੀਆਂ, ਸਵਰਨ ਸਿੰਘ ਨੰਦਾਪੁਰ, ਹਜ਼ਾਰਾ ਸਿੰਘ ਮਨਿਆਲਾ,<br>ਕੁੰਦਨ ਸਿੰਘ ਸ਼ਾਹਪੁਰ ਥੇੜੀ, ਸੁੰਦਰ ਸਿੰਘ ਰੋਸੇ, ਜੋਗਿੰਦਰ ਸਿੰਘ ਮਹਿਰਮਪੁਰਾ,<br>ਸੁਰਿੰਦਰ ਕੌਰ ਕਮੇਜਹਰਾ, ਸਵਰਨ ਕੌਰ ਸੈਦ ਪੁਰ, ਗੁਰਮੀਤ ਕੌਰ ਕਰਾਲਾ,<br>ਜੋਗਿੰਦਰ ਕੌਰ ਗੋਲੇਵਾਲ, ਮਾਧੋ ਸਿੰਘ ਚੀਮਾ, ਅਰਜਨ ਸਿੰਘ ਮਾਣਕ ਪੁਰਾ,<br>ਚੰਦਾ ਸਿੰਘ ਦਿੱਲੀ, ਜੀਤੋ ਬਾਬੇਵਾਲ, ਰਜਵੰਤ ਅਟਾਰੀ, ਤਾਰੋ ਛਾਪਾ,<br>ਰਾਮ ਸਿੰਘ ਗੁਰਭੇਜ ਕੌਰ ਕਹੋਰੂ, ਸ਼ਿੰਦਰੋ ਮਲੂਵਾਲ, ਸ਼ਾਂਤੀ ਅੰਮ੍ਰਿਤਸਰ,<br>ਗੁਰਬਚਨ ਸਿੰਘ ਅਹਿਮਦਪੁਰ, ਬਲਜੀਤ ਸਿੰਘ ਜੇਤੇਅਲੀ, ਦਲੀਪ ਸਿੰਘ ਟਾਂਗਰਾ,<br>ਰਮੇਸ਼ ਚੰਦਰ ਫ਼ਿਰੋਜ਼ਪੁਰ, ਈਸ਼ਰ ਸਿੰਘ ਡਡਹੇਰੀ, ਬਗੀਚਾ ਸਿੰਘ ਮੁੰਡੀ ਜਮਾਲ,<br>ਹਰਿ ਭਗਤ ਦੁਵਾਰ ਸਵੇਰ ਵੇਲੇ | ਜੇਠੂਵਾਲ | ਅੰਮ੍ਰਿਤਸਰ | ੧੬੮੩ |
| ੨੭ ਪੋਹ ਸ਼ ਸੰ ੭ ਹਰਿ ਭਗਤ ਦੁਵਾਰ ਰਾਤ ਵੇਲੇ | ਜੇਠੂਵਾਲ | ਅੰਮ੍ਰਿਤਸਰ | ੧੬੮੪ |
| ੨੮ ਪੋਹ ਸ਼ ਸੰ ੭ ਸਵੇਰੇ ਸ਼ਾਦੀਆਂ ਸਮੇਂ | ਜੇਠੂਵਾਲ | ਅੰਮ੍ਰਿਤਸਰ | ੧੬੯੨ |
| ੨੮ ਪੋਹ ਸ਼ ਸੰ ੭ ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੬੯੩ |
| ੨੯ ਪੋਹ ਸ਼ ਸੰ ੭ ਹਰਿ ਭਗਤ ਦੁਆਰ ਰਾਤ ਦੇ ਸਮੇਂ | ਜੇਠੂਵਾਲ | ਅੰਮ੍ਰਿਤਸਰ | ੧੬੯੫ |
| ਪਹਿਲੀ ਮਾਘ ਸ਼ ਸੰ ੭ ਹਰਿ ਭਗਤ ਦੁਵਾਰ ਰਾਤ ਵੇਲੇ | ਜੇਠੂਵਾਲ | ਅੰਮ੍ਰਿਤਸਰ | ੧੬੯੭ |
| ੭ ਮਾਘ ਸ਼ ਸੰ ੭ ਰਾਮ ਸਿੰਘ ਦੇ ਗ੍ਰਿਹ | ਗਵਾਲ ਟੋਲੀ ਫ਼ਿਰੋਜ਼ਪੁਰ ਛਾਉਣੀ | | ੧੬੯੮ |
| ੧੦ ਮਾਘ ਸ਼ ਸੰ ੭ ਹਰਿ ਭਗਤ ਦਵਾਰ ਸੰਗਤ ਦੇ ਨਵਿਤ | ਧੀਰਪੁਰ | ਦਿੱਲੀ | ੧੬੯੯ |
| ੧੧ ਮਾਘ ਸ਼ ਸੰ ੭ ਸੇਵਾ ਸਿੰਘ ਦੇ ਗ੍ਰਿਹ | ਗੁੜਗਾਉਂ | | ੧੭੦੦ |
| ੧੨ ਮਾਘ ਸ਼ ਸੰ ੭ ਹਰਬੰਸ ਸਿੰਘ ਦੇ ਗ੍ਰਿਹ | ਗੁੜਗਾਉਂ | | ੧੭੦੨ |
| ੧੨ ਮਾਘ ਸ਼ ਸੰ ੭ ਰਤਨ ਸਿੰਘ ਦੇ ਗ੍ਰਿਹ | | ਦਿੱਲੀ | ੧੭੦੩ |

55
੨੨

੧੨ ਮਾਘ ਸ਼ ਸੰ ੭ ਪੂਰਨ ਸਿੰਘ ਦੇ ਗ੍ਰਿਹ ਦਿੱਲੀ ੧੭੦੫

੧੨ ਮਾਘ ਸ਼ ਸੰ ੭ ਸਤਿੰਦਰ ਪਾਲ ਸਿੰਘ ਦੇ ਗ੍ਰਿਹ ਦਿੱਲੀ ਛਾਉਣੀ ੧੭੦੬

੧੩ ਮਾਘ ਸ਼ ਸੰ ੭ ਸਰਮੈਲ ਸਿੰਘ ਦੇ ਗ੍ਰਿਹ ਮੇਰਠ ਛਾਉਣੀ ੧੭੦੮

੨੩ ਮਾਘ ਸ਼ ਸੰ ੭ ਕਰਮ ਸਿੰਘ ਦੇ ਗ੍ਰਿਹ ਗੁਰਬਚਨ ਸਿੰਘ ਦਰਸ਼ਨ ਸਿੰਘ ਨਯਾਸ਼ਾਲਾ,
ਜੋਗਿੰਦਰ ਸਿੰਘ ਡਡਵਾਂ, ਕਰਤਾਰ ਸਿੰਘ ਭੂਮਲੀ, ਪ੍ਰਸਿੰਨ ਕੌਰ ਫਤਹਿ ਨੰਗਲ,
ਬੀਰੋ ਫਤਹਿ ਨੰਗਲ, ਜਗੀਰ ਸਿੰਘ ਸੋਹਲ, ਸਰੂਪ ਸਿੰਘ ਗੁਰਦਾਸਪੁਰ, ਚਰਨ
ਸਿੰਘ ਨਵਾਂ ਪਿੰਡ, ਜਵੰਦ ਸਿੰਘ ਨਵਾਂ ਪਿੰਡ, ਦੁਰਗੀ ਨਵਾਂ ਪਿੰਡ, ਗੁਰਚਰਨ
ਕੌਰ ਨਯਾਸ਼ਾਲਾ ਨਯਾਸ਼ਾਲਾ ਗੁਰਦਾਸਪੁਰ ੧੭੧੦

੨੪ ਮਾਘ ਸ਼ ਸੰ ੭ ਗੁਰਬਚਨ ਸਿੰਘ ਤੇ ਦਰਸ਼ਨ ਸਿੰਘ ਨਯਾਸ਼ਾਲਾ ਗੁਰਦਾਸਪੁਰ ੧੭੧੫

੨੪ ਮਾਘ ਸ਼ ਸੰ ੭ ਮਹਿੰਗਾ ਸਿੰਘ, ਕਰਮ ਸਿੰਘ, ਜਰਨੈਲ ਸਿੰਘ ਦੇਵਾਂ, ਗੁਰੋ ਰਾਮ ਕੌਰ
ਚਤੁਰ ਕੌਰ ਸੱਦਾ, ਅਜੀਤ ਸਿੰਘ, ਹਮਰਾਜ ਬੰਸੋ ਗਜ਼ਨੀ ਪੁਰ, ਸੁਲੱਖਣੀ
ਗਜ਼ਨੀ ਪੁਰ, ਦਾਰਾ ਸਿੰਘ ਗਜ਼ਨੀ ਪੁਰ, ਛਿੰਦੋ ਮਦੀਪੁਰ, ਗੁਰਮੇਜ ਕੌਰ
ਕਠਿਆਲੀ ਕਰਤਾਰੀ ਦੋਰਾਂਗਲਾ ਮਹਿੰਦਰ ਕੌਰ ਕਾਲਾ ਨੰਗਲ
ਸੱਦਾ ਗੁਰਦਾਸਪੁਰ ੧੭੧੬

੨੫ ਮਾਘ ਸ਼ ਸੰ ੭ ਚਤਰ ਸਿੰਘ, ਗਿਆਨ ਸਿੰਘ, ਅਤਰ ਸਿੰਘ, ਲੱਖਾ ਸਿੰਘ, ਹਰਦੀਪ ਸਿੰਘ,
ਤਰਲੋਕ ਸਿੰਘ ਓਗਰਾ, ਚਰਨ ਸਿੰਘ, ਪ੍ਰੀਤਮ ਕੌਰ ਅੰਤੋਰ, ਬਚਨ ਸਿੰਘ,
ਚਰਨ ਸਿੰਘ ਸੰਤੋਖ ਸਿੰਘ ਸੋਹਣ ਸਿੰਘ ਗਿਆਨੋ ਸਿਮਲ ਸਕੋਰ, ਉਜਾਗਰ
ਸਿੰਘ ਚੇਬੇ, ਗੁਰਬਖ਼ਸ਼ ਸਿੰਘ, ਰਤਨ ਕੌਰ, ਨੁਸ਼ਹਿਰਾ ਬਿਸ਼ਨ ਸਿੰਘ ਓਗਰਾ,
ਦੀਪੋ ਉਚਾ ਪਿੰਡ, ਅਵਤਾਰ ਸਿੰਘ ਸਿਮਲ ਸਕੋਰ, ਲਾਲ ਸਿੰਘ, ਮਹਿੰਦਰ
ਸਿੰਘ ਧੀਰਾ ਦਈਆ, ਲਾਲਚੰਦ ਭੀਮਪੁਰ, ਪਰਕਾਸ਼ ਕੌਰ ਪੁੰਨੀ ਸਾਲੋਵਾਲ,
ਸੰਸਾਰ ਸਿੰਘ ਹਮਰਾਜ ਪੁਰ ਓਗਰਾ ਗੁਰਦਾਸਪੁਰ ੧੭੨੩

55
੨੨

੨੬ ਮਾਘ ਸ਼ ਸੰ ੭ ਦਲੀਪ ਸਿੰਘ, ਪਿਆਰੀ, ਦਲੀਪ ਸਿੰਘ, ਦੀਦਾਰ ਸਿੰਘ, ਸੰਤਾ ਸਿੰਘ,
ਮੇਲਾ ਸਿੰਘ ਹਜ਼ਾਰਾ ਸਿੰਘ, ਮੁਣਸ਼ਾ ਸਿੰਘ, ਆਸਾ ਸਿੰਘ, ਬਲਾਕਾ ਸਿੰਘ,
ਪਿਆਰਾ ਸਿੰਘ, ਰਵੇਲ ਕੌਰ, ਕਰਤਾਰ ਕੌਰ, ਮੱਖਣ ਸਿੰਘ, ਭਾਗ ਸਿੰਘ,
ਦਰਸ਼ਨ ਕੌਰ, ਨੰਤੀ ਗੰਡਾ ਸਿੰਘ, ਹਜ਼ਾਰਾ ਸਿੰਘ ਬਾਬੂਪੁਰ, ਬੂੜ ਸਿੰਘ,
ਮਹਿੰਦਰ ਕੌਰ ਵਜ਼ੀਰਪੁਰ, ਵਰਖਾ ਸਿੰਘ ਬਾਬੂਪੁਰ, ਪ੍ਰੀਤੋ ਤਲਵੰਡੀ, ਅਜੀਤ ਸਿੰਘ
ਕੱਤੋਵਾਲ, ਸਵਰਨੀ ਸੇਖਵਾਂ, ਗੁਰਚਰਨ ਸਿੰਘ ਕੱਤੋਵਾਲ, ਬਾਬੂਪੁਰ ਗੁਰਦਾਸਪੁਰ ੧੭੨੯

੨੭ ਮਾਘ ਸ਼ ਸੰ ੭ ਦੀਦਾਰ ਸਿੰਘ ਦੇ ਘਰ ਦੁਪਹਿਰ ਨੂੰ ਬਾਬੂਪੁਰ ਗੁਰਦਾਸਪੁਰ ੧੭੩੫

੨੭ ਮਾਘ ਸ਼ ਸੰ ੭ ਮੇਲਾ ਸਿੰਘ ਦੀ ਬੰਬੀ ਉਤੇ ਬਾਬੂਪੁਰ ਗੁਰਦਾਸਪੁਰ ੧੭੩੮

੨੭ ਮਾਘ ਸ਼ ਸੰ ੭ ਕਿਸ਼ਨ ਸਿੰਘ, ਪਰਕਾਸ਼ ਕੌਰ ਵਕੀਲ ਸਿੰਘ, ਵਸਣ ਸਿੰਘ, ਆਸ਼ਾ ਸਿੰਘ,
ਲਾਜ ਕੌਰ, ਹਜ਼ਾਰਾ ਸਿੰਘ, ਸਰੂਪ ਸਿੰਘ, ਸਾਂਝੀ ਰਾਮ ਗੰਡਾ ਸਿੰਘ, ਧਿਆਨੋ
ਚਨੋ ਧੰਨੀ ਪੂਰੋ, ਗੁਲਜ਼ਾਰ ਸਿੰਘ, ਬੰਤੀ ਅੱਲੜਪਿੰਡੀ, ਦੀਪੋ ਦੋਸਤਪੁਰ, ਬਾਵੀ
ਦੋਸਤ ਪੁਰ, ਗੁਰਮੁਖ ਸਿੰਘ ਸ਼ੋਹਣ,ਗੁਰਦੇਵ ਸਿੰਘ ਸ਼ੋਹਣ, ਅਮਰੋ ਰਡਿਆਣਾ,
ਦੀਪੋ ਛੋੜ, ਚਰਨ ਕੌਰ ਖ਼ੁਸ਼ੀ ਪੁਰ ਅੱਲੜਪਿੰਡੀ ਗੁਰਦਾਸਪੁਰ ੧੭੩੯

੨੮ ਮਾਘ ਸ਼ ਸੰ ੭ ਧਿਰਤਾ ਸਿੰਘ, ਸੁਖਰਾਜ ਕੌਰ, ਸਰਦਾਰਾ ਸਿੰਘ, ਮੰਗਲ ਸਿੰਘ ਫਤੂਪੁਰ,
ਜੀਤੋ ਸਰਜਾਚਕ, ਗੁਲਜ਼ਾਰ ਸਿੰਘ, ਸਮਾਂ ਸਿੰਘ ਫਤੂਪੁਰ, ਰਤਨ ਸਿੰਘ ਕਲਾਨੌਰ,
ਸੁਰਿੰਦਰ ਸਿੰਘ ਡੇਢ ਗਵਾੜ, ਗੁਰਮੀਤੋ ਰਸੂਲਪੁਰਾ, ਜੋਗਿੰਦਰ ਕੌਰ ਬਲਵੰਤ
ਜਟਾ, ਸੁਰਜੀਤ ਕੌਰ ਸ਼ਿਕਾਰਮਾਸ਼ੀਆ, ਸਵਿੰਦਰ ਕੌਰ, ਦਿਆਲ ਕੌਰ ਬੋਹੜ
ਵਾਲਾ ਭੁਗਟਾਣਾ, ਦਿਆਲ ਸਿੰਘ ਡੇਢ ਗਵਾੜ, ਦਲੀਪ ਸਿੰਘ, ਬਲਵੰਤ ਕੌਰ
ਦਾਲਮ ਨੰਗਲ, ਪੂਰਨ ਕੌਰ ਨਵਾਂ ਪਿੰਡ, ਸੁਖਰਾਜ ਸਿੰਘ ਰਹਿਮਗੜ੍ਹ,
ਕਲਾਨੌਰ ਗੁਰਦਾਸਪੁਰ ੧੭੫੦

੨੯ ਮਾਘ ਸ਼ ਸੰ ੭ ਰਣਜੀਤ ਸਿੰਘ ਕਲਸੀਆਂ, ਤਰਿਪਤ ਕੌਰ ਦੇ ਪ੍ਰਸਾਦ ਕਰਾਉਣ ਤੇ
ਹਰਿ ਭਗਤ ਦੁਵਾਰ ਜੇਠੂਵਾਲ ਅੰਮ੍ਰਿਤਸਰ ੧੭੫੫


56
੨੨

ਪਹਿਲੀ ਫੱਗਣ ਸ਼ ਸੰ ੭ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੭੫੬

੨ ਫੱਗਣ ਸ਼ ਸੰ ੭ ਜੋਗਿੰਦਰ ਸਿੰਘ ਡੇਢ ਗੁਵਾੜ, ਮੁਣਸ਼ਾ ਸਿੰਘ ਬਾਬੂਪੁਰ, ਪਰਮਿੰਨ ਕੌਰ ਵਰਪਾਲ, ਪ੍ਰੀਤਮ ਸਿੰਘ ਮਦੀ ਪੁਰ, ਸੁਰਜੀਤ ਕੌਰ ਧਰਮ ਕੋਟ, ਸੰਸਾਰ ਸਿੰਘ ਜਜ਼ਾ ਖੁਰਦ, ਹਰਿ ਭਗਤ ਦੁਵਾਰ ਜੇਠੂਵਾਲ ਅੰਮ੍ਰਿਤਸਰ ੧੭੬੨

੨ ਫੱਗਣ ਸ਼ ਸੰ ੭ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੭੬੩

੩ ਫੱਗਣ ਸ਼ ਸੰ ੭ ਹੀਰਾ ਸਿੰਘ ਦੇ ਗ੍ਰਹਿ ਅੰਮ੍ਰਿਤਸਰ ੧੭੬੬

੫ ਫੱਗਣ ਸ਼ ਸੰ ੭ ਤਾਰਾ ਸਿੰਘ ਦੇ ਗ੍ਰਹਿ ਪੱਚੀ ਬੀ ਬੀ ਗੰਗਾ ਨਗਰ ੧੭੬੯

੬ ਫੱਗਣ ਸ਼ ਸੰ ੭ ਰਤਨ ਸਿੰਘ, ਸੁਖਨਿੰਦਰ ਸਿੰਘ, ਮਾਂਹ ਸਿੰਘ, ਤਾਰਾ ਸਿੰਘ, ਗੁਰਦਿਆਲ ਸਿੰਘ ਪੱਚੀ ਬੀ੦ ਬੀ੦, ਜਗੀਰ ਸਿੰਘ ਰੱਤੇਵਾਲ, ਮਲਕੀਅਤ ਸਿੰਘ ਬਣ ਵਾਲੀ, ਸੰਤੋਖ ਸਿੰਘ ਵੀਹ ਜੈਡ, ਅਜਮੇਰ ਸਿੰਘ, ਲਾਭ ਸਿੰਘ ਸਜਾਵਲ ਪੁਰ, ਸੁਰਜੀਤ ਸਿੰਘ ਬਣਵਾਲੀ ਪਰਕਾਸ਼ ਸਿੰਘ ਪੱਚੀ ਬੀ ਬੀ ਗੰਗਾ ਨਗਰ ੧੭੭੨

੭ ਫੱਗਣ ਸ਼ ਸੰ ੭ ਰਤਨ ਸਿੰਘ ਦੇ ਗ੍ਰਹਿ ਪੱਚੀ ਬੀ ਬੀ ਗੰਗਾ ਨਗਰ ੧੭੭੬

੮ ਫੱਗਣ ਸ਼ ਸੰ ੭ ਸੁਲੱਖਣ ਸਿੰਘ ਦੇ ਗ੍ਰਹਿ ਮੂੰਗਲਾ ਫ਼ਿਰੋਜ਼ਪੁਰ ੧੭੭੯

੯ ਫੱਗਣ ਸ਼ ਸੰ ੭ ਪ੍ਰੀਤਮ ਸਿੰਘ ਦੇ ਗ੍ਰਹਿ ਜੰਡਿਆਲਾ ਜਲੰਧਰ ੧੭੮੧

੧੧ ਫੱਗਣ ਸ਼ ਸੰ ੭ ਸੁਰਜੀਤ ਸਿੰਘ ਦੇ ਨਵਿਤ ਜੇਠੂਵਾਲ ਅੰਮ੍ਰਿਤਸਰ ੧੭੮੨

੧੪ ਫੱਗਣ ਸ਼ ਸੰ ੭ ਰਣਜੀਤ ਸਿੰਘ, ਮੌਤਾ ਸਿੰਘ ਕਲਸੀਆਂ ਨਵਿਤ ਹਰਿ ਭਗਤ ਦੁਵਾਰ ਜੇਠੂਵਾਲ ਅੰਮ੍ਰਿਤਸਰ ੧੭੮੪

੧੫ ਫੱਗਣ ਸ਼ ਸੰ ੭ ਕੱਲਾ ਹਰਿ ਸੰਗਤ ਨਵਿਤ ਕੱਲਾ ਅੰਮ੍ਰਿਤਸਰ ੧੭੮੫

੧੬ ਫੱਗਣ ਸ਼ ਸੰ ੭ ਗੁਰਦਿਆਲ ਸਿੰਘ ਦੇ ਗ੍ਰਹਿ ਕੱਲਾ ਅੰਮ੍ਰਿਤਸਰ ੧੭੮੯

੧੬ ਫੱਗਣ ਸ਼ ਸੰ ੭ ਕੁੰਦਨ ਸਿੰਘ ਦੇ ਗ੍ਰਹਿ ਕੱਲਾ ਅੰਮ੍ਰਿਤਸਰ ੧੭੯੦

੧੬ ਫੱਗਣ ਸ਼ ਸੰ ੭ ਸੁਖਦੇਵ ਰਾਜ ਦੇ ਗ੍ਰਹਿ ਕੱਲਾ ਅੰਮ੍ਰਿਤਸਰ ੧੭੯੦

੧੬ ਫੱਗਣ ਸ਼ ਸੰ ੭ ਪ੍ਰੀਤਮ ਸਿੰਘ ਦੇ ਗ੍ਰਹਿ ਕੱਲਾ ਅੰਮ੍ਰਿਤਸਰ ੧੭੯੧


57 ੨੨

੧੬ ਫੱਗਣ ਸ਼ ਸੰ ੭ ਗੁਰਬਖ਼ਸ਼ ਸਿੰਘ ਦੇ ਗ੍ਰਿਹਿ ਕੱਲਾ ਅੰਮ੍ਰਿਤਸਰ ੧੭੯੧
੧੬ ਫੱਗਣ ਸ਼ ਸੰ ੭ ਸਰਦਾਰਾ ਸਿੰਘ ਦੇ ਗ੍ਰਿਹਿ ਕੱਲਾ ਅੰਮ੍ਰਿਤਸਰ ੧੭੯੨
੧੬ ਫੱਗਣ ਸ਼ ਸੰ ੭ ਸਵਰਨ ਸਿੰਘ ਦੇ ਗ੍ਰਿਹਿ ਕੱਲਾ ਅੰਮ੍ਰਿਤਸਰ ੧੭੯੩
੧੬ ਫੱਗਣ ਸ਼ ਸੰ ੭ ਪ੍ਰੀਤਮ ਸਿੰਘ ਦੇ ਗ੍ਰਿਹਿ ਕੱਲਾ ਅੰਮ੍ਰਿਤਸਰ ੧੭੯੩
੧੬ ਫੱਗਣ ਸ਼ ਸੰ ੭ ਹਰਦੀਪ ਸਿੰਘ ਦੇ ਗ੍ਰਿਹਿ ਕੱਲਾ ਅੰਮ੍ਰਿਤਸਰ ੧੭੯੪
੧੬ ਫੱਗਣ ਸ਼ ਸੰ ੭ ਕੁੰਦਨ ਸਿੰਘ ਦੇ ਗ੍ਰਿਹਿ ਮਾਲਚੱਕ ਅੰਮ੍ਰਿਤਸਰ ੧੭੯੪
੧੬ ਫੱਗਣ ਸ਼ ਸੰ ੭ ਮਾਨ ਸਿੰਘ ਦੇ ਗ੍ਰਿਹਿ ਕੰਗ ਅੰਮਿਤਸਰ ੧੭੯੭
੧੬ ਫੱਗਣ ਸ਼ ਸੰ ੭ ਕਰਨੈਲ ਸਿੰਘ ਦੇ ਗ੍ਰਿਹਿ ਨੌਰੰਗਾਬਾਦ ਅੰਮ੍ਰਿਤਸਰ ੧੭੯੯
੧੬ ਫੱਗਣ ਸ਼ ਸੰ ੭ ਮੱਖਣ ਸਿੰਘ ਦੇ ਗ੍ਰਿਹਿ ਨੌਰੰਗਾਬਾਦ ਅੰਮ੍ਰਿਤਸਰ ੧੮੦੦
੧੭ ਫੱਗਣ ਸ਼ ਸੰ ੭ ਹਰਜੀਤ ਸਿੰਘ ਦੇ ਨਿਵਿਤ ਜੇਠੂਵਾਲ ਅੰਮ੍ਰਿਤਸਰ ੧੮੦੧
੩੦ ਫੱਗਣ ਸ਼ ਸੰ ੭ ਲੀਲਾ ਵੰਤੀ ਸ੍ਰੀ ਨਗਰ ਨਿਵਿਤ ਹਰਿ ਭਗਤ ਦੁਵਾਰ
ਜੇਠੂਵਾਲ ਅੰਮ੍ਰਿਤਸਰ ੧੮੦੨
੩੦ ਫੱਗਣ ਸ਼ ਸੰ ੭ ਅਮੀਰ ਸਿੰਘ, ਭਾਨ ਸਿੰਘ, ਈਸ਼ਰ ਸਿੰਘ, ਵਰਿਆਮ ਕੌਰ, ਇੰਦਰ ਸਿੰਘ
ਸੁਲੱਖਣ ਸਿੰਘ, ਦਲੀਪ ਸਿੰਘ, ਰਤਨ ਸਿੰਘ, ਜਰਨੈਲ ਸਿੰਘ, ਹਰਜੀਤ ਸਿੰਘ,
ਕਸ਼ਮੀਰ ਸਿੰਘ, ਗੁਰਚਰਨ ਸਿੰਘ, ਨਾਜ਼ਰ ਸਿੰਘ, ਨਾਜ਼ਰ ਸਿੰਘ ਜੇਠੂਵਾਲ,
ਅਮਰੀਕ ਕੌਰ ਬਲੋਵਾਲ, ਚਰਨ ਕੌਰ, ਤ੍ਰਿਪਤ ਕੌਰ, ਜੁਗਿੰਦਰ ਕੌਰ, ਬੰਤੀ,
ਬਲਵਿੰਦਰ ਕੌਰ ਜੇਠੂਵਾਲ, ਹਰਬੰਸ ਕੌਰ ਅੱਲੜਪਿੰਡੀ, ਸੁਰਜੀਤ ਕੌਰ ਸੈਦਪੁਰ,
ਬਚਨੀ ਬਾਉਪੁਰ ਹਰਿ ਭਗਤ ਦੁਵਾਰ ਜੇਠੂਵਾਲ ਅੰਮ੍ਰਿਤਸਰ ੧੮੦੪
ਪਹਿਲੀ ਚੇਤ ਸ਼ ਸੰ ੮ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੮੦੮
੨ ਚੇਤ ਸ਼ ਸੰ ੮ ਹਰਿ ਭਗਤ ਦੁਵਾਰ ਸਵੇਰੇ ਊਧਮ ਸਿੰਘ ਜਲਾਲਾਬਾਦ ਲਾਲ ਸਿੰਘ ਹੇਰਾਂ ਦੇ
ਪਰਸ਼ਾਦ ਕਰਾਉਣ ਤੇ ਜੇਠੂਵਾਲ ਅੰਮ੍ਰਿਤਸਰ ੧੮੨੭
੨ ਚੇਤ ਸ਼ ਸੰ ੮ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੮੨੮

58
੨੨

| | | | |
|---|---|---|---|
| ੧੫ ਚੇਤ ਸ਼ ਸੰ ੮ ਹਰਿ ਭਗਤ ਦੁਵਾਰ | ਧੀਰ ਪੁਰ | ਦਿੱਲੀ | ੧੮੨੯ |
| ੧੯ ਚੇਤ ਸ਼ ਸੰ ੮ ਗੁਰਮੀਤ ਕੌਰ ਰਾਮਦੁਵਾਲੀ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੮੩੧ |
| ੨੭ ਚੇਤ ਸ਼ ਸੰ ੮ ਅਜੀਤ ਸਿੰਘ ਬਟਾਲਾ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੮੩੨ |
| ਪਹਿਲੀ ਵਿਸਾਖ ਸ਼ ਸੰ ੮ ਸਵੇਰ ਦੇ ਸਮੇਂ | ਜੇਠੂਵਾਲ | ਅੰਮ੍ਰਿਤਸਰ | ੧੮੩੩ |
| ਪਹਿਲੀ ਵਿਸਾਖ ਸ਼ ਸੰ ੮ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੮੩੫ |
| ੮ ਵਿਸਾਖ ਸ਼ ਸੰ ੮ ਮਾਲਵਾ ਦੁਆਬਾ ਸੰਗਤ ਨਵਿਤ | ਲਾਡੋਵਾਲ | ਲੁਧਿਆਣਾ | ੧੮੪੮ |
| ੧੫ ਵਿਸਾਖ ਸ਼ ਸੰ ੮ ਗੁਰਦਾਸਪੁਰ ਦੀ ਸੰਗਤ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੮੪੮ |
| ੧੮ ਵਿਸਾਖ ਸ਼ ਸੰ ੮ ਮਾਝਾ ਸੰਗਤ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੮੫੦ |
| ੨੨ ਵਿਸਾਖ ਸ਼ ਸੰ ੮ ਕੁਲਵੰਤ ਕੌਰ ਬਸਤੀ ਖਲੀਲ ਦੇ ਪ੍ਰਸ਼ਾਦ ਕਰਾਉਣ ਤੇ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੧੮੫੨ |
| ੨੫ ਵਿਸਾਖ ਸ਼ ਸੰ ੮ ਨਿਰੰਜਣ ਸਿੰਘ ਦੇ ਬਚਨਾਂ ਤੇ | ਜੇਠੂਵਾਲ | ਅੰਮ੍ਰਿਤਸਰ | ੧੮੫੩ |
| ੨੬ ਵਿਸਾਖ ਸ਼ ਸੰ ੮ ਜਗਜੀਤ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੮੫੫ |
| ੨੮ ਵਿਸਾਖ ਸ਼ ਸੰ ੮ ਬੀਬੀ ਗੁਰਦਰਸ਼ਨ ਕੌਰ ਪੱਟੀ, ਮੇਹਰ ਸਿੰਘ ਅੰਬਾਲਾ ਸ਼ਹਿਰ,੫੬ ਦੇ ਨਵਿਤ | | ਦਿੱਲੀ | ੧੮੫੬ |
| ੩੧ ਵਿਸਾਖ ਸ਼ ਸੰ ੮ ਜਸਬੀਰ ਕੌਰ ਇਟਾਰਸੀ, ਨਿਵਾਸੀ ਦੇ ਪਰਸ਼ਾਦ ਕਰਾਉਣ ਤੇ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੧੮੫੭ |
| ਪਹਿਲੀ ਜੇਠ ਸ਼ ਸੰ ੮ ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੮੫੮ |
| ੫ ਜੇਠ ਸ਼ ਸੰ ੮ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੧੮੭੦ |
| ੧੩ ਜੇਠ ਸ਼ ਸੰ ੮ ਦਰਬਾਰ ਨਿਵਾਸੀ ਦਲੀਪ ਸਿੰਘ, ਰਤਨ ਸਿੰਘ, ਪ੍ਰੀਤਮ ਸਿੰਘ, ਜਰਨੈਲ ਸਿੰਘ, ਸੁਲੱਖਣ ਸਿੰਘ, ਕਸ਼ਮੀਰ ਸਿੰਘ, ਕਸ਼ਮੀਰ ਸਿੰਘ, ਸਤਵੰਤ ਸਿੰਘ ਕਲਸੀਆਂ, ਗੁਰਚਰਨ ਸਿੰਘ, ਭਾਨ ਸਿੰਘ, ਹਰਭਜਨ ਸਿੰਘ | ਜੇਠੂਵਾਲ | ਅੰਮ੍ਰਿਤਸਰ | ੧੮੮੦ |


59
੨੨

| | | | | | | | |
|---|---|---|---|---|---|---|---|
| ੧੫ | ਜੇਠ | ਸ਼ | ਸੰ ੮ | ਦਰਬਾਰ ਨਿਵਾਸੀ ਜੁਗਿੰਦਰ ਕੌਰ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੮੮੨ |
| ੧੮ | ਜੇਠ | ਸ਼ | ਸੰ ੮ | ਗੁਰਦੇਵ ਸਿੰਘ ਘੜੂਆ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੮੮੫ |
| ੧੯ | ਜੇਠ | ਸ਼ | ਸੰ ੮ | ਰਾਮ ਸਿੰਘ ਦੇ ਗ੍ਰਹਿ | ਗਵਾਲ ਟੋਲੀ | ਫ਼ਿਰੋਜ਼ਪੁਰ ਛਾਉਣੀ | ੧੮੮੫ |
| ੨੫ | ਜੇਠ | ਸ਼ | ਸੰ ੮ | ਗੁਰਦੇਵ ਸਿੰਘ ਦੇ ਘਰ | ਨਵਾਂ ਪਿੰਡ | ਜਲੰਧਰ | ੧੮੮੭ |
| ੨੬ | ਜੇਠ | ਸ਼ | ਸੰ ੮ | ਜਗੀਰ ਸਿੰਘ ਭੜੀ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੮੮੯ |


60
੨੨



ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।



## ✪ ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਕਰਨੈਲ ਸਿੰਘ ਦੇ ਗ੍ਰਿਹ ਪਿੰਡ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ✪

ਸੰਮਤ ਪੰਜ ਕਹੇ ਨਵੇਂ ਜੁਗ ਦਾ ਤਕਣਾ ਅਗੰਮ ਨਜ਼ਾਰਾ, ਨੂਰੇ ਨਜ਼ਰ ਨਾਜ਼ਰੀਨ ਇਕ ਜਣਾਈਆ । ਪੰਝੀ ਪੰਝੀ ਗੁਰਮੁਖ ਬੈਠੇ ਹੋਣ ਵਿਚ ਪੰਜ ਕਤਾਰਾਂ, ਕਾਤਬ ਧਰਮ ਧਾਰ ਦਾ ਰੂਪ ਬਦਲਾਈਆ । ਸ਼ਸਤਰ ਧਾਰ ਨੰਗੀਆਂ ਹੱਥ ਹੋਵਣ ਕਟਾਰਾਂ, ਕੰਧੇ ਸੱਜੇ ਉਤੇ ਵਡਿਆਈਆ । ਤਨ ਸ਼ਿੰਗਾਰ ਹੋਵੇ ਗਲ ਹਾਰਾ, ਗੁਲ ਸੋਹਣਾ ਰੰਗ ਰੰਗਾਈਆ । ਤਿੱਖੀਆਂ ਕੀਤੀਆਂ ਹੋਵਣ ਧਾਰਾਂ, ਜਲ ਧਾਰ ਰੂਪ ਦਰਸਾਈਆ । ਪਿਛੇ ਬੈਠਣ ਸਤਵੰਤੀਆਂ ਇਕ ਸੌ ਪੰਝੀ ਨਾਰਾਂ, ਨਰ ਨਰਾਇਣ ਹੱਥ ਵਿਚ ਫੜ ਕੇ ਲੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਨਰ ਨਰਾਇਣ ਲਿਖ ਕੇ ਫੜਿਆ ਹੋਵੇ ਸਭ ਦੇ ਹੱਥ, ਹਥੇਲੀ ਸੱਜੀ ਉਤੇ ਟਿਕਾਈਆ । ਨਿਗਾਹ ਟਿਕਾਉਣੀ ਪ੍ਰੇਮ ਧਾਰ ਦੀ ਅੱਖ, ਅੱਖ ਨੈਣ ਸਕੇ ਨਾ ਕੋਇ ਬਦਲਾਈਆ । ਮਨ ਕਲਪਣਾ ਕਰ ਕੇ ਵਸ, ਦ੍ਰਿਸ਼ਟ ਇਸ਼ਟ ਲੈਣਾ ਮਨਾਈਆ । ਤੂੰ ਮੇਰਾ ਮੈਂ ਤੇਰਾ ਗਾ ਕੇ ਜਸ, ਸੋਹੰ ਢੋਲਾ ਦੇਣਾ ਸੁਣਾਈਆ । ਤੇਰੇ ਨਾਮ ਦਾ ਸ਼ਬਦ ਪ੍ਰੇਮ ਸਚ, ਸਤਿ ਸਚ ਦਾ ਤੂੰ ਹੀ ਨਜ਼ਰੀ ਆਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਹਰਿ ਤੇਰੀ ਇਕ ਸਰਨਾਈਆ । ਤੂੰ ਸਾਹਿਬ ਸਰਬ ਕਲਾ ਸਮਰਥ, ਦਾਤਾ ਦਾਨੀ ਧੁਰਦਰਗਾਹੀਆ । ਇਕੋ ਵਾਰ ਆਪਣੇ ਨਾਮ ਦੀ ਬਖ਼ਸ਼ ਦੇ ਵਥ, ਵਸਤ ਮੰਗਣ ਦੀ ਲੋੜ ਰਹੇ ਨਾ ਰਾਈਆ । ਬਿਨ ਤੇਰੀ ਕਿਰਪਾ ਕਿਛ ਨਾ ਆਵੇ ਹੱਥ, ਖ਼ਾਲੀ ਝੋਲੀ ਨਾ ਕੋਇ ਭਰਾਈਆ । ਫੇਰ ਛੁਹਾ ਕੇ ਨਾਲ ਮੱਥ, ਮਸਤਕ ਪੰਜ ਵਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੰਮਤ ਕਹੇ ਜੁਗ ਚੌਕੜੀ ਖੇਲ ਵੇਖੀ ਬੜੀ, ਨਿਤ ਨਵਿਤ ਧਿਆਨ ਲਗਾਈਆ । ਕਲਜੁਗ ਅੰਤਮ ਮੂਸਾ ਧਾਰ ਬੰਨ੍ਹਣੀ ਘੜੀ, ਗੁਰਮੁਖ ਛਾਤੀ ਨਾਲ ਲਗਾਈਆ । ਹੁਕਮ ਸੁਣਨਾ ਸਾਢੇ ਤਿੰਨ ਹੱਥ ਦੀ ਗੜ੍ਹੀ, ਕਾਇਆ ਕਾਇਆ ਵਿਚੋਂ ਜਣਾਈਆ । ਜਿਸ ਨੇ ਅੰਤਰ ਆਤਮ ਤੂੰ ਮੇਰਾ ਮੈਂ ਤੇਰਾ ਤੁਕ ਹੋਵੇ ਪੜ੍ਹੀ, ਪੜ੍ਹਨ ਲਿਖਣ ਦਾ ਝਗੜਾ ਗਿਆ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਛਾਤੀ ਉਤੇ ਬੰਨ੍ਹੇ ਘੜਿਆਲ, ਘੜੀ ਘੜੀ ਨਾਲ ਸਮਝਾਈਆ । ਪਰਗਟ ਸਿੰਘ ਪ੍ਰਭੂ ਦਾ ਲਾਲ, ਸੇਵਾ ਸਚ ਲਏ ਕਮਾਈਆ । ਪਿਠ ਤੇ ਬੱਧੀ ਹੋਵੇ ਮਿਰਗਸ਼ਾਲ, ਸ਼ਾਲਾ ਦੇਵੇ ਮਾਣ ਵਡਿਆਈਆ ।

ਦੋ ਹੱਥਾਂ ਵਜਾਵੇ ਤਾਲ, ਤਾੜੀ ਧਰਮ ਧਾਰ ਸਮਝਾਈਆ । ਮੁਖੋਂ ਕਹੇ ਸਮਾਂ ਵਕਤ ਵੇਖੋ ਹਾਲ, ਮਾਜ਼ੀ ਧਿਆਨ ਨਾ ਕੋਇ ਲਗਾਈਆ । ਕਰੇ ਖੇਲ ਪੁਰਖ ਅਕਾਲ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਇਕ ਨੌ ਸਾਲ ਦਾ ਹੋਵੇ ਗੁਰਮੁਖ ਬੱਚਾ ਲਾਲ, ਨਿਸ਼ਾਨਾ ਸੱਤ ਰੰਗ ਉਠਾਈਆ । ਉਚੀ ਕੂਕੇ ਕਰੇ ਹਾਲ ਹਾਲ, ਬਹੁੜੀ ਬਹੁੜੀ ਤੇਰੀ ਦੁਹਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਰਿਹਾ ਵਜਾਈਆ । ਕਲਜੁਗ ਜੀਵੋ ਸੁਰਤ ਲਉ ਸੰਭਾਲ, ਸੰਬਲ ਆਇਆ ਬੇਪਰਵਾਹੀਆ । ਸ਼ਬਦ ਗੁਰੂ ਦੀ ਕਰੋ ਭਾਲ, ਸਤਿਗੁਰ ਸ਼ਬਦ ਖੋਜੋ ਥਾਉਂ ਥਾਈਆ । ਦੀਨ ਦੁਨੀ ਦਾ ਲੱਭੋ ਉਹ ਦਲਾਲ, ਜੋ ਦਿਲਦਾਰ ਨੂਰ ਅਲਾਹੀਆ । ਸਭ ਦਾ ਹੱਲ ਕਰੇ ਸਵਾਲ, ਸਵਾਮੀ ਹੋ ਕੇ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਸੁਹੇਲੇ ਜਗਤ ਵਿਚੋਂ ਕਰ ਬਹਾਲ, ਦਰ ਠਾਂਡੇ ਦਏ ਵਡਿਆਈਆ ।

## ✪ ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਸੰਪੂਰਨ ਕੌਰ ਦੇ ਗ੍ਰਹਿ ਪਿੰਡ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ✪

ਸੰਮਤ ਕਹੇ ਖੇਲ ਵੇਖਣਾ ਪ੍ਰਭ ਨਿਰੰਕਾਰੀ, ਹਰਿ ਕਰਤਾ ਦਏ ਵਖਾਈਆ । ਜਨ ਭਗਤਾਂ ਸਾਚੀ ਕਰਕੇ ਆਉਣਾ ਤਿਆਰੀ, ਤ੍ਰੈਗੁਣ ਮਮਤਾ ਡੇਰਾ ਢਾਹੀਆ । ਪ੍ਰੇਮ ਪ੍ਰੀਤੀ ਚੜ੍ਹੀ ਹੋਵੇ ਖ਼ੁਮਾਰੀ, ਰੰਗ ਆਪਣਾ ਆਪ ਰੰਗਾਈਆ । ਗੁਲਜ਼ਾਰ ਸਿੰਘ ਬਣਿਆ ਹੋਵੇ ਮਦਾਰੀ, ਖੇਲ ਕਰਤਬ ਕਲਜੁਗ ਦਏ ਵਖਾਈਆ । ਅੱਧੀ ਪੁੱਠੀ ਅੱਧੀ ਸਿੱਧੀ ਚਾੜ੍ਹੀ ਹੋਵੇ ਦਾੜ੍ਹੀ, ਸਿੰਮਤ ਸਿੰਮਤ ਨਾਲ ਬਦਲਾਈਆ । ਖੇਲ ਕਰੇ ਬੜਾ ਨਾਲ ਹੁਸ਼ਿਆਰੀ, ਹੁਸ਼ਿਆਰ ਹੋ ਕੇ ਦਏ ਜਣਾਈਆ । ਖੋਲ੍ਹ ਕੇ ਆਪਣੀ ਜਗਤ ਪਟਾਰੀ, ਪਟਨੇ ਵਾਲੇ ਦਾ ਲੇਖਾ ਦਏ ਸਮਝਾਈਆ । ਫੇਰ ਵਿਚੋਂ ਕੱਢ ਕੇ ਚਾਰ ਯਾਰੀ, ਚੌਹਾਂ ਕੂਟਾਂ ਦਏ ਵਖਾਈਆ । ਫੇਰ ਵਿਚੋਂ ਮਾਇਆ ਰੂਪੀ ਕਢ ਕੇ ਨਾਰੀ, ਨਾਰੀ ਨਰਾਂ ਦਏ ਦਰਸਾਈਆ । ਫੇਰ ਕੱਢ ਕੇ ਵਿਚੋਂ ਭਗਤ ਪੁਜਾਰੀ, ਧਿਆਨ ਭਗਤਾਂ ਵਾਲਾ ਦਰਸਾਈਆ । ਫੇਰ ਵਖਾ ਕੇ ਖ਼ਾਲੀ ਖਾਰੀ, ਹੋਕਾ ਹੱਕ ਹੱਕ ਅਲਾਹੀਆ । ਫੇਰ ਵਜਾ ਕੇ ਤਾਲੀ, ਨੌਂ ਵਾਰ ਆਪਣਾ ਆਪ ਭਵਾਈਆ । ਫੇਰ ਕਹੇ ਮੈਂ ਬੰਦ ਕੀਤੀ ਜੋਤ ਨਿਰੰਕਾਰੀ, ਪਟਾਰੀ ਵਿਚੋਂ ਦਏ ਵਖਾਈਆ । ਫੇਰ ਦ੍ਰਿੜਾਏ ਅੱਖਰਾਂ ਵਾਲੀ ਧਾਰੀ, ਚੌਂਹ ਜੁਗਾਂ ਦੇ ਨਾਮ ਲੇਖੇ ਲਿਖੇ ਦਏ ਵਖਾਈਆ । ਫੇਰ ਕਢੇ ਕਮਾਦ ਵਾਲੀ ਕਾਂਗਿਆਰੀ, ਸੜੀ ਫੂਕੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਮਾਂ ਕਹੇ ਮੈਂ ਫੇਰ ਵੇਖਾਂ ਸਿੰਘ ਗੱਜਣ, ਗਜਾ ਕਰਕੇ ਨੌਂ ਗੁਰਮੁਖਾਂ ਘਰੋਂ ਆਈਆ । ਸਚ ਪ੍ਰੇਮ ਦਾ ਦੱਸੇ ਮਜਨ, ਪਾਪ ਪਾਪਾਂ ਮੈਲ ਧਵਾਈਆ । ਢਾਈ ਰਤੀ ਨਾਲ ਲੈ ਕੇ ਆਵੇ ਕੱਜਲ, ਕਾਲੀ ਧਾਰ ਸੋਭਾ ਪਾਈਆ । ਪੰਧ ਮੁਕਾ ਕੇ ਆਪਣੀ ਮੰਜ਼ਲ, ਮਜਲਸ ਭਗਤਾਂ ਨਾਲ ਰਖਾਈਆ । ਸਾਫ਼ ਸੁਥਰਾ ਕਰਕੇ ਬਦਨ, ਸੀਲ ਸੰਤੋਖ ਅੰਦਰ ਇਕ ਟਿਕਾਈਆ । ਕਾਲੇ ਰੰਗ ਦਾ ਚਰਨ ਵਿਚ ਲਗਾ ਕੇ ਪਦਮ, ਪਦ ਯਾਤਰਾ ਸਭ ਦੀ ਸੁਫਲ ਕਰਾਈਆ । ਨਾਮ ਖ਼ੁਮਾਰੀ ਵਿਚ ਹੋ ਕੇ ਮਗਨ, ਮਾਂਗਤ ਹੋ ਕੇ ਝੋਲੀ ਡਾਹੀਆ । ਮੁਖੋਂ ਕਹੇ ਪ੍ਰਭੂ ਲਗਾ ਲੈ ਅੰਗਣ, ਅੰਗੀਕਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਮਾਂ ਕਹੇ ਸਤਿਗੁਰ ਕੱਜਲ ਹੋਵੇ ਨੇਤਰ ਧਾਰ, ਨੈਣ ਨੈਣ ਵਿਚ ਸਮਾਈਆ । ਪੰਜ ਪਿਆਰੇ ਪਾਵਣ ਹੋ ਤਿਆਰ, ਤਰਾ ਤਰਾ ਦੇਵੇ ਵਡਿਆਈਆ । ਪੰਜ ਲਿਖਾਰੀ ਸੇਵਾ ਕਰਨ ਨਾਲ ਪਿਆਰ, ਸਲਾਈ ਸਲਾਈ ਨਾਲ ਬਦਲਾਈਆ । ਪੰਜ ਦਰਬਾਰੀ ਧੂੜੀ ਲਾ ਕੇ ਛਾਰ, ਮਸਤਕ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਦਾ ਖ਼ਬਰਦਾਰ, ਖ਼ਬਰ ਸੰਦੇਸ਼ਾ ਧੁਰ ਦਾ ਇਕ ਜਣਾਈਆ ।

### ✪ ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਸਵਰਨ ਸਿੰਘ ਦੇ ਗ੍ਰਿਹਿ ਪਿੰਡ ਕਾਦਰਾਬਾਦ ✪

ਸੰਮਤ ਕਹੇ ਮੈਂ ਭੇਵ ਦੱਸਣੇ ਗੋਝੇ, ਗੁੱਝੀ ਰਮਜ਼ ਲਗਾਈਆ । ਜਿਹੜੇ ਹੋ ਗਏ ਪ੍ਰਭੂ ਜੋਗੇ, ਉਹ ਜੁਗੀਸ਼ਰ ਦੇਣੇ ਬਣਾਈਆ । ਕਾਇਆ ਮਾਟੀ ਰੰਗ ਕੇ ਚੋਗ਼ੇ, ਚੋਲੇ ਦੀਨ ਦੁਨੀ ਬਦਲਾਈਆ । ਰੱਖਣੇ ਪੈਣ ਕਿਸੇ ਨਾ ਰੋਜ਼ੇ, ਨਿਮਾਜ਼ਾਂ ਵਿਚ ਨਾ ਸੀਸ ਝੁਕਾਈਆ । ਮਾਇਆ ਭਰਨੇ ਪੈਣ ਨਾ ਬੋਝੇ, ਬੋਝਲ ਭਾਰ ਨਾ ਕੋਇ ਉਠਾਈਆ । ਝਗੜੇ ਮੁਕਾ ਕੇ ਬੋਦੀ ਬੋਦੇ, ਹੁਕਮ ਧੁਰ ਦਾ ਇਕ ਸੁਣਾਈਆ । ਸਾਚੇ ਹਿਰਦੇ ਲੈਣੇ ਸੋਧੇ, ਬਾਹਰੋਂ ਵੰਡ ਨਾ ਕੋਇ ਵੰਡਾਈਆ । ਸਤਿਗੁਰ ਹੋ ਕੇ ਚੁੱਕਣਾ ਮੋਢੇ, ਪ੍ਰਭ ਆਪਣੀ ਦਇਆ ਕਮਾਈਆ । ਜਨ ਭਗਤ ਹੋ ਕੇ ਨਾ ਪੀਵੇ ਕੋਇ ਡੋਡੇ, ਪੋਸਤ ਦੋਸਤ ਰਹਿਣ ਕੋਇ ਨਾ ਪਾਈਆ । ਕੁਛ ਲੇਖ ਲਿਖਾਉਣਾ ਕਪੂਰ ਸਿੰਘ ਕੋਲ ਜਾ ਕੇ ਮੋਗੇ, ਨਾਨਕ ਬਾਬਰ ਮੁਗ਼ਲੀਆ ਕੀ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸੰਮਤ ਪੰਜ ਕਹੇ ਕੁੱਛ ਲੇਖਾ ਦੱਸਣਾ ਅਬੂ ਬਕਰ, ਅਵਤਰ ਭੇਵ ਖਲ੍ਹਾਈਆ । ਮੁਹੰਮਦੇ ਦਰੀਂ ਦੱਸਣਾ ਦਰ, ਅਜ਼ੀਂ ਅਜ਼ੱਸ਼ ਪੜਦਾ ਲਾਹੀਆ । ਕੀ ਖੇਲ ਕਰੇ ਨਰਾਇਣ ਨਰ, ਹਰਿ ਕਰਤਾ ਧੁਰਦਰਗਾਹੀਆ । ਸਤਿਜੁਗ ਸਾਚੇ ਦੇਵੇ ਵਰ, ਹਜ਼ਰਤ ਆਪਣਾ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੰਮਤ ਕਹੇ ਮੈਂ ਧਾਰ ਦੱਸਣੀ ਉਹ ਅਗੰਮੀ ਦੱਬੀ, ਜੋ ਦਬਦਬਾ ਸਭ ਦੇ ਉਤੇ ਪਾਈਆ । ਜਿਸ ਨੂੰ ਮੰਨਦੇ ਰਸੂਲ ਨਬੀ, ਪੈਗ਼ੰਬਰ ਸੀਸ ਝੁਕਾਈਆ । ਜਿਸ ਦੀ ਖੇਲ ਕਦੇ ਨਾ ਹੋਵੇ ਅੱਧੀ, ਅਧ ਆਤਮ ਵੇਖ ਵਖਾਈਆ । ਕੂੜ ਕੁੜਿਆਰ ਦੀ ਰਹਿਣ ਨਾ ਦੇਵੇ ਗੱਦੀ, ਗਦਾਗਰ ਕਰੇ ਲੋਕਾਈਆ । ਬੀਤਦੀ ਜਾਂਦੀ ਚੌਧਵੀਂ ਸਦੀ, ਸੱਦੇ ਦੇ ਕੇ ਰਹੀ ਸੁਣਾਈਆ । ਵੇਖਿਓ ਧਾਰ ਪ੍ਰਭੂ ਦੀ ਬੱਗੀ, ਬੱਗ ਬਘੜਿਓ ਆਪਣਾ ਰੂਪ ਲਓ ਬਦਲਾਈਆ । ਜਿਥੇ ਮਾਣ ਮਿਲਦਾ ਜਨ ਭਗਤ ਸੁਹੇਲੇ ਪੱਗੀ, ਪਗ ਚਰਨ ਆਪਣੇ ਦਏ ਸਰਨਾਈਆ । ਜਿਸ ਲੇਖਾ ਮੁਕਾਉਣਾ ਨੂਹ ਨਦੀ, ਨਈਆ ਨੌਕਾ ਨਾਮ ਚਲਾਈਆ । ਉਹ ਕਿਸੇ ਕੋਲੋਂ ਲਏ ਕਦੇ ਨਾ ਵੱਢੀ, ਮਾਇਆ ਮਮਤਾ ਵੰਡ ਨਾ ਕੋਇ ਵੰਡਾਈਆ । ਜਨ ਭਗਤਾਂ ਨਾਤਾ ਤੁੱਟਿਆ ਮੱਛੀ ਡੱਡੀ, ਡੰਡਾਵਤ ਇਕੋ ਦਿਤੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਤੇਰਾ ਮੇਲ ਉਪਰ ਸ਼ਾਹਰਗੀ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸਤਿਗੁਰ ਸਤਿਗੁਰ ਵਾਲੀ ਇਕੋ ਨਜ਼ਰੀ ਆਈਆ ।

## ✪ ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਬੂੜ ਸਿੰਘ ਦੇ ਗ੍ਰਿਹਿ ਪਿੰਡ ਕਾਦਰਾਬਾਦ ✪

ਸੰਮਤ ਪੰਜ ਕਹੇ ਮੈਂ ਧੁਰ ਦੀ ਸੋਚ ਸੋਚੀ, ਸਮਝ ਸਾਹਿਬ ਦਿਤੀ ਸਮਝਾਈਆ । ਗੁਰਮੁਖ ਸਿੰਘ ਨੇ ਪੁੱਠੀ ਪੱਗ ਹੋਵੇ ਪੋਚੀ, ਆਸਾ ਪਿਛਲੀ ਸੋਭਾ ਪਾਈਆ । ਇਕ ਦਿਨ ਪਟਕਾ ਬੱਧਾ ਸੀ ਰਵਦਾਸ ਚਮਾਰੇ ਮੋਚੀ, ਪੇਚ ਪੇਚ ਉਤੇ ਟਿਕਾਈਆ । ਫੇਰ ਪ੍ਰਭ ਦਾ ਦਰਸ਼ਨ ਕੀਤਾ ਲੋਚੀ, ਲੋਚਣ ਲੋਇਣ ਸੋਭਾ ਪਾਈਆ । ਖ਼ੁਮਾਰੀ ਵਿਚ ਹੋ ਕੇ ਮਦਹੋਸ਼ੀ, ਹੁਸ਼ਿਆਰੀ ਨਾਲ ਦਿਤਾ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਜਨ ਭਗਤਾਂ ਕਰੇਂ ਕਦੋਂ ਤਾਜ ਪੋਸ਼ੀ, ਤਖ਼ਤ ਨਿਵਾਸੀ ਦਇਆ ਕਮਾਈਆ । ਜੁਗ ਜੁਗ ਆਪਣੇ ਨਾਮ ਦੀ ਸਿਫ਼ਤਾਂ ਵਾਲੀ ਪੜ੍ਹਾਉਂਦਾਂ ਰਿਹੋਂ ਪੋਥੀ, ਸੰਦੇਸ਼ਾ ਹੁਕਮੀ ਸ਼ਬਦ ਜਣਾਈਆ । ਸਭ ਨੂੰ ਜੰਗਮ ਘੜੀ ਵਖਾਉਂਦਾ ਰਿਹੋਂ ਔਖੀ, ਦੀਨ ਦੁਨੀ ਤਤਾਂ ਵਾਲੀ ਦੇ ਸਜ਼ਾਈਆ । ਚਾਰ ਜੁਗ ਦੀ ਆਯੂ ਲੰਘ ਗਈ ਚੋਖੀ, ਚੋਖਰਾਂ ਦੀ ਖੱਲ ਲਾਹ ਕੇ ਆਪਣਾ ਝਟ ਲੰਘਾਈਆ । ਦੀਨ ਦੁਨੀਆ ਕਦੋਂ ਵੇਖੇਂ ਦੋਖੀ, ਦੁਖੀਆਂ ਦਰਦ ਮਿਟਾਈਆ । ਤੇਰੇ ਵਰਗੀ ਤੇਰੀ ਧਾਰ ਕਿਸ ਬਿਧ ਹੋਸੀ, ਹੌਸਲੇ ਨਾਲ ਦੇ ਸਮਝਾਈਆ । ਤੈਨੂੰ ਸਮਝ ਨਾ ਸਕਿਆ ਕੋਈ ਪੰਡਤ ਪਾਂਧਾ ਜੋਸ਼ੀ, ਜੋਤਸ਼ ਵਿਦਿਆ ਵਿਚ ਨਾ ਕੋਇ ਚਤੁਰਾਈਆ । ਮੈਂ ਕੋਈ ਬਚਨ ਨਹੀਂ ਕਰਦਾ ਵਿਚ ਬੇਹੋਸ਼ੀ, ਸਚ ਸਚ ਦਿਆਂ ਸੁਣਾਈਆ । ਓਸ ਵੇਲੇ ਕੀ ਕਾਰ ਕਰੇ ਜਨ ਕੋਸੀ, ਕੋਸੀ ਜਨ ਦਾ ਲੇਖਾ ਰਵਦਾਸ ਗਿਆ ਦ੍ਰਿੜਾਈਆ । ਕਿਸ ਬਿਧ ਜਗਤ ਜਹਾਨ ਰੋਸੀ, ਰੁੱਸਿਆਂ ਨਾ ਕੋਇ ਮਨਾਈਆ । ਵਿਦਿਆ ਹੱਥ ਨਾ ਆਵੇ ਵਿਚੋਂ ਕੋਸ਼ੀ, ਕੋਸ਼ਾਂ ਵਿਚ ਕਾਸ਼ ਤੇਰੀ ਸਮਝ ਕਿਛ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸੰਮਤ ਕਹੇ ਪਗੜੀ ਬੱਧੀ ਹੋਵੇ ਪੇਚ ਪਾਚ, ਪੇਚ ਸੱਤ ਸੱਤ ਟਿਕਾਈਆ । ਵਿਚ ਛੁਪਾਇਆ ਹੋਵੇ ਇਕ ਚਾਕ, ਟੁਕੜਾ ਢਾਈ ਇੰਚ ਵਡਿਆਈਆ । ਨਾਲ ਹਿੱਸਾ ਰੱਖਿਆ ਹੋਵੇ ਕਾਚ, ਵੱਡਾ ਛੋਟਾ ਨਾ ਕੋਇ ਜਣਾਈਆ । ਵਿਚ ਰੱਖੀ ਹੋਵੇ ਮਾਚਸ ਮਾਚ ਜਿਹੜੀ ਲਾਵੇ ਆਂਚ, ਅਗਨੀ ਅੱਗ ਜਲਾਈਆ । ਛੱਬੀ ਪੋਹ ਦੀ ਹੋਵੇ ਰਾਤ, ਸੁਹੰਞਣੀ ਖ਼ੁਸ਼ੀ ਬਣਾਈਆ । ਜਲ ਦੀ ਭਰੀ ਹੋਵੇ ਪਰਾਤ, ਪੁਰਾਤਨ ਲੇਖਾ ਦਏ ਦ੍ਰਿੜਾਈਆ । ਵਿਚਕਾਰੇ ਰੱਖੀ ਹੋਵੇ ਕਲਮ ਦਵਾਤ, ਲਾਲ ਰੰਗ ਨਾਲ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਮਾਂ ਕਹੇ ਪਗੜੀ ਦੇ ਪੇਚ ਹੋਣ ਸੱਤ, ਸਤਿ ਵਿਚ ਸਮਝਾਈਆ । ਢਾਈ ਵਿਚ ਰੱਖਣੇ ਪਿੱਪਲ ਦੇ ਪੱਤ, ਜਿਸ ਨੂੰ ਪੂਜੇ ਜਗਤ ਲੋਕਾਈਆ । ਤੂੰ ਮੇਰਾ ਮੈਂ ਤੇਰਾ ਲਿਖ ਕੇ ਰੱਖਣਾ ਖ਼ਤ, ਖ਼ੁਸ਼ਖ਼ਤੀ ਨਾਲ ਵਡਿਆਈਆ । ਇਕ ਤੁਪਕਾ ਖ਼ੂਨ ਦਾ ਕਢ ਕੇ ਰੱਤ, ਹਿੱਸਾ ਉਪਰ ਦਾ ਦੇਣਾ ਰੰਗਾਈਆ । ਇਹ ਬਚਨ ਸੰਦੇਸ਼ਾ ਪੱਕ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸੰਮਤ ਕਹੇ ਮੈਂ ਸਭ ਦਾ ਦੱਸਣਾ ਮੁੱਦਾ, ਮੁੱਦਤਾਂ ਦਾ ਲੇਖਾ ਵੇਖ ਵਖਾਈਆ । ਕੀ ਸੰਦੇਸ਼ਾ ਦਿਤਾ ਬੁੱਧਾ, ਬੋਹੜ ਪੀਪਲ ਦਏ ਗਵਾਹੀਆ । ਕਿਸ ਬਿਧ ਜਗਤ ਮਿਟੇ ਦੁਬਦਾ, ਬੁੱਧੀ ਹੋਵੇ ਸਫ਼ਾਈਆ । ਅੰਮ੍ਰਿਤ ਜਲ ਮਿਲੇ ਸੁਧਾਸਰ ਸੁਧਾ, ਨੀਰ ਸੀਰ ਰੂਪ ਵਖਾਈਆ । ਕਿਸ ਬਿਧ ਭਗਤ ਸੁਹੇਲਾ ਹੋਵੇ ਉਘਾ, ਉਘਣ ਆਥਣ ਮਿਲੇ ਵਡਿਆਈਆ । ਸਤਿਗੁਰ ਆਪਣੇ ਨਾਮ ਦਾ ਲੈਣ ਨਾ ਦੇਵੇ ਕਿਸੇ ਭੁੱਗਾ, ਮਾਇਆ ਵਿਚ ਨਾ ਕੋਇ ਹਲਕਾਈਆ । ਮੜ੍ਹੀ ਮਸਾਣ

ਨਾ ਪੂਜੇ ਗੁੱਗਾ, ਪੀਰ ਫ਼ਕੀਰਾਂ ਸੀਸ ਨਾ ਕੋਇ ਨਿਵਾਈਆ । ਕਰਨਾ ਪਏ ਕੋਈ ਨਾ ਯੁੱਧਾ, ਯੁਧਿਸ਼ਟਰ ਨੂੰ ਕ੍ਰਿਸ਼ਨ ਗਿਆ ਦ੍ਰਿੜਾਈਆ । ਜਿਸ ਵੇਲੇ ਮੇਰਾ ਕਾਹਨ ਆਇਆ ਉਤੇ ਬਸੁਧਾ, ਧਰਨੀ ਉਤੇ ਸੋਭਾ ਪਾਈਆ । ਓਸ ਵੇਲੇ ਦੋ ਜਹਾਂ ਵਰੋਲੇ ਪਾਣੀ ਦਾ ਪਾਣੀ ਤੇ ਦੂਧ ਦਾ ਦੁੱਧਾ, ਫੁੱਟ ਕੇ ਦਹੀ ਦਾ ਰੂਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸੰਮਤ ਕਹੇ ਮੈਂ ਸਭ ਦੀ ਦੱਸਣੀ ਸਾਖੀ, ਸਖ਼ੀਆਂ ਵਾਲਾ ਕਾਹਨ ਗਿਆ ਦ੍ਰਿੜਾਈਆ । ਪੈਗ਼ੰਬਰਾਂ ਪੂਰੀ ਕਰਾਉਣੀ ਆਖੀ, ਆਖ਼ਰ ਪੜਦਾ ਲਾਹੀਆ । ਕਲਜੁਗ ਮਿਟਾਉਣੀ ਗੁਸਤਾਖੀ, ਸ਼ੇਖ਼ੀ ਸ਼ਰਅ ਵਾਲੀ ਗਵਾਈਆ । ਪ੍ਰਭ ਨੂੰ ਕਹਿਣਾ ਜਨ ਭਗਤਾਂ ਕਰ ਰਾਖੀ, ਰੱਖਕ ਹੋ ਕੇ ਵੇਖ ਵਖਾਈਆ । ਗੋਬਿੰਦ ਪੰਥ ਪਰਗਟਾਇਆ ਵਿਚ ਵਿਸਾਖੀ, ਜਨ ਭਗਤ ਬਾਰਾਂ ਮਾਸ ਇਕੋ ਰੰਗ ਰੰਗਾਈਆ । ਜਿਨ੍ਹਾਂ ਨੂੰ ਰਾਏ ਧਰਮ ਕਦੇ ਨਾ ਦੇਵੇ ਫਾਸੀ, ਸਜ਼ਾ ਸਕੇ ਨਾ ਕੋਇ ਭੁਗਤਾਈਆ । ਉਨ੍ਹਾਂ ਲੇਖਾ ਮੁਕ ਗਿਆ ਪੰਡਤਾਂ ਵਾਲਾ ਕਾਸ਼ੀ, ਕੰਚਨ ਗੜ੍ਹ ਦਏ ਵਡਿਆਈਆ । ਮੈਂ ਪ੍ਰਭ ਨੂੰ ਕਹਿਣਾ ਸਭ ਦੇ ਅੰਦਰ ਕਰ ਤਲਾਸ਼ੀ, ਗ੍ਰਹਿ ਗ੍ਰਹਿ ਆਪਣਾ ਫੇਰਾ ਪਾਈਆ । ਛਾਣ ਪੁਣ ਮਦਿਰਾ ਮਾਸੀ, ਮਸਤ ਦੀਵਾਨੇ ਵੇਖ ਵਖਾਈਆ । ਇਕ ਗੱਲ ਕਹਿਣੀ ਪ੍ਰਭੁ ਪਿਛਲੀ ਕਥਾ ਕਹਾਣੀ ਛਡਾ ਦੇ ਕੜ੍ਹੀ ਬਾਸੀ, ਅਗਲਾ ਆਪਣਾ ਹੁਕਮ ਨਾਮ ਵਰਤਾਈਆ । ਜਿਹੜੀ ਅਜੇ ਤਕ ਅੱਖਰਾਂ ਵਿਚ ਨਹੀਂ ਛਾਪੀ, ਉਹ ਸ਼ਹਿਨਸ਼ਾਹ ਦੇਣੀ ਸਮਝਾਈਆ । ਜਿਸ ਨੂੰ ਪੜ੍ਹ ਕੇ ਗੁਰਮੁਖ ਰਹੇ ਕੋਈ ਨਾ ਪਾਪੀ, ਪਤਤ ਪੁਨੀਤ ਦੇਣਾ ਕਰਾਈਆ । ਸਤਿਗੁਰ ਪੁਸ਼ਤ ਪਨਾਹ ਲੱਗ ਜਾਏ ਥਾਪੀ, ਥਪਕ ਥਪਕ ਕੇ ਆਪਣੀ ਗੋਦ ਟਿਕਾਈਆ । ਜਿਸ ਦੀ ਜੁਗ ਚੌਕੜੀ ਕੋਈ ਕਰ ਨਾ ਸਕੇ ਕਾਪੀ, ਨਕਲ ਅਕਲ ਨਾ ਕੋਇ ਵਡਿਆਈਆ । ਤੂੰ ਕਦੇ ਨਹੀਂ ਆਇਆ ਸਤਿ ਸਰੂਪ ਹੋ ਕੇ ਤਤ ਵਿਚ ਖ਼ਾਕੀ, ਗੁਰ ਅਵਤਾਰ ਪੈਗ਼ੰਬਰ ਭੇਜ ਕੇ ਆਪਣਾ ਹੁਕਮ ਵਰਤਾਈਆ । ਹੁਣ ਕਲਜੁਗ ਬਣ ਵਡ ਪਰਤਾਪੀ, ਪਾਰਬ੍ਰਹਮ ਬ੍ਰਹਮ ਆਪਣੀ ਦਇਆ ਕਮਾਈਆ । ਸਭ ਦੀ ਪੂਰੀ ਕਰ ਆਸੀ, ਆਹਿਸਤਾ ਆਹਿਸਤਾ ਲੇਖਾ ਦੇ ਮੁਕਾਈਆ । ਤੇਰਾ ਨੂਰ ਜੋਤ ਪ੍ਰਕਾਸ਼ੀ, ਪ੍ਰਕਾਸ਼ਤ ਹੋ ਕੇ ਵੇਖ ਵਖਾਈਆ । ਕਲਜੁਗ ਜੀਵਾਂ ਲਾਹ ਉਦਾਸੀ, ਚਿੰਤਾ ਗ਼ਮ ਰਹੇ ਨਾ ਰਾਈਆ । ਤੇਰੇ ਭਗਤਾਂ ਅੰਤਰ ਤੇਰੇ ਨਾਮ ਦੀ ਰਹੇ ਹਾਸੀ, ਹਸਤੀ ਵਿਚ ਮਸਤੀ ਦੇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸ਼ਬਦ ਹੋਵੇ ਸਚ ਪੋਸ਼ਾਕੀ, ਪੋਸ਼ ਦੀ ਲੋੜ ਰਹੇ ਨਾ ਰਾਈਆ ।

## ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਮੱਸਾ ਸਿੰਘ ਦੇ ਗ੍ਰਹਿ ਪਿੰਡ ਬਲ ਜ਼ਿਲਾ ਗੁਰਦਾਸ ਪੁਰ

ਭਾਦਰੋਂ ਕਹੇ ਪੁਰਖ ਅਕਾਲ ਧੁਰ ਦੇ ਪਿਤਾ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਧਾਰ ਕਰ ਹਿੱਤਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਮਿਹਰ ਨਜ਼ਰ ਉਠਾਈਆ । ਦੀਨ ਦਿਆਲ ਭੇਵ ਚੁਕਾ ਦੇ ਵਡਾ ਨਿੱਕਾ, ਨਰ ਨਰਾਇਣ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਧਰਮ ਦੀ ਧਾਰ ਕੱਢ ਦੇ ਸਿੱਟਾ, ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ

ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਕਦੀਮੀ ਕੱਢ ਕੇ ਬੈਠੇ ਚਿੱਠਾ, ਸਚ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਰਹੇ ਦਸਾਈਆ । ਤੇਰਾ ਖੇਲ ਤਕਣਾ ਅਗੰਮ ਅਥਾਹ ਮਿੱਠਾ, ਸਚ ਸਵਾਮੀ ਅੰਤਰਜਾਮੀ ਪਰਦਾ ਆਪ ਉਠਾਈਆ । ਕਲਜੁਗ ਜੀਵਾਂ ਕੂੜੀ ਕਿਰਿਆ ਲੇਖਾ ਕਰ ਦੇ ਚਿੱਟਾ, ਦੁਰਮਤ ਮੈਲ ਧਵਾਈਆ । ਕਿਸੇ ਨੂੰ ਯਾਦ ਨਾ ਰਹੇ ਪਿਛਲਾ ਸਮਾਂ ਜਨਮ ਕਰਮ ਦਾ ਪਿੱਛਾ, ਪਸਚਾਤਾਪ ਵਿਚ ਨਾ ਕੋਇ ਕੁਰਲਾਈਆ । ਪਰਵਰਦਿਗਾਰ ਸਾਂਝੇ ਯਾਰ ਕਰ ਰਿਛਾ, ਰੱਛਕ ਹੋ ਕੇ ਵੇਖ ਥਾਉਂ ਥਾਈਂਆ । ਸਮਾਂ ਸੁਹੰਞਣਾ ਜੋ ਭਵਿਖਤਾਂ ਵਿਚ ਮਿਥਾ, ਵਾਰ ਥਿਤ ਦੇ ਦ੍ਰਿੜਾਈਆ । ਦਰ ਦਰਵੇਸ਼ ਤੇਰੇ ਠਾਂਡੇ ਦਰ ਮਾਂਗਾਂ ਆਪਣਾ ਹਿੱਸਾ, ਹਸਤੀ ਤਕ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਿਰ ਆਪਣਾ ਹੱਥ ਰਖਾਈਆ । ਭਾਦਰੋਂ ਕਹੇ ਕਿਰਪਾ ਕਰ ਮੇਰੇ ਭਗਵੰਤ, ਭਾਗਹੀਣ ਵੇਖ ਲੋਕਾਈਆ । ਭਰਮੇ ਭੁੱਲੇ ਮਾਇਆ ਸੰਤ, ਕਲਜੁਗ ਕੂੜੀ ਕਿਰਿਆ ਦਏ ਦੁਹਾਈਆ । ਆਤਮ ਮਿਲੇ ਨਾ ਪਰਮਾਤਮ ਧੁਰ ਦਾ ਕੰਤ, ਸੇਜ ਸੁਹੰਞਣੀ ਨਾ ਕੋਇ ਸੁਹਾਈਆ । ਮਾਨਵ ਗੜ੍ਹ ਬਣਿਆ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਸਮਝਾਈਆ । ਬੋਧ ਅਗਾਧਾ ਦਿਸੇ ਕੋਈ ਨਾ ਪੰਡਤ, ਅਨਭਵ ਭੇਵ ਨਾ ਕੋਇ ਖੁਲ੍ਹਾਈਆ । ਦਰ ਠਾਂਡੇ ਤੇਰੇ ਮੇਰੀ ਇਕੋ ਮਿੰਨਤ, ਨਿਉਂ ਨਿਉਂ ਲਾਗਾਂ ਪਾਈਆ । ਸਚ ਦੱਸ ਦੇ ਕੀ ਖੇਲ ਹੋਣਾ ਲਹਿੰਦੀ ਸਿੰਮਤ, ਸਮਾਂ ਸਮੇਂ ਨਾਲ ਟਕਰਾਈਆ । ਮੂਸਾ ਵਾਲਿਆਂ ਪੈਣੀ ਚਿੰਨਤ, ਈਸਾ ਵਾਲੇ ਸੰਗ ਰਖਾਈਆ । ਮੁਹੰਮਦੀ ਧਾਰ ਕਰਨੀ ਇਲਤ, ਸ਼ਾਹ ਈਰਾਨ ਰਿਹਾ ਕੁਰਲਾਈਆ । ਜਗਤ ਖ਼ੁਆਰੀ ਹੋਵੇ ਜ਼ਿੱਲਤ, ਆਬਰੂ ਖ਼ਾਕ ਵਿਚ ਮਿਲਾਈਆ । ਸਾਹਿਬ ਸਤਿਗੁਰ ਤੇਰੀ ਧਾਰ ਕਿਸ ਬਿਧ ਮੇਟੇ ਜਗਤ ਨਿੰਦਕ, ਕੂੜ ਕੁੜਿਆਰ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਸੁਹੰਞਣਾ ਸੋਭਾ ਪਾਈਆ । ਭਾਦਰੋਂ ਕਹੇ ਪ੍ਰਭ ਦੀਨ ਦੁਨੀ ਤੇਰੀ ਹੋਈ ਭਾਗਹੀਣ, ਸਿਰ ਹੱਥ ਨਾ ਕੋਇ ਟਿਕਾਈਆ । ਕਿਸ ਬਿਧ ਝਗੜਾ ਹੋਣਾ ਰੂਸਾ ਚੀਨ, ਚੈਨ ਲੈਣ ਕੋਇ ਨਾ ਪਾਈਆ । ਕੀ ਖੇਲ ਹੋਣਾ ਭਾਰਤ ਖੰਡ ਨਵੀਨ, ਬੁੱਧਾ ਲਿਖ ਧਾਰ ਸਮਝਾਈਆ । ਕਿਉਂ ਅਮਰੀਕਾ ਹੋਣਾ ਗ਼ਮਗ਼ੀਨ, ਇੰਗਲਸਤਾਨ ਨੈਣਾਂ ਨੀਰ ਵਹਾਈਆ । ਕਿਧਰ ਜਾਣੀ ਤੇਰੀ ਚਾਰ ਜੁਗ ਦੀ ਸ਼ਾਸਤਰਾਂ ਵਾਲੀ ਤਾਲੀਮ, ਪੜਦਾ ਦੇਣਾ ਉਠਾਈਆ । ਤੇਰਾ ਖੇਲ ਸਦਾ ਕਦੀਮ, ਕੁਦਰਤ ਦੇ ਮਾਲਕ ਚਲਿਆ ਆਈਆ । ਅਗਲਾ ਮਾਰਗ ਦੱਸ ਮਹੀਨ, ਭੇਵ ਅਭੇਦਾ ਆਪ ਜਣਾਈਆ । ਕਿਸ ਬਿਧ ਦੀਨ ਦੁਨੀ ਬਿਨ ਨੈਣਾਂ ਬਦਲਣਾ ਸੀਨ, ਸੀਨ ਸ਼ੀਨ ਦਏ ਗਵਾਹੀਆ । ਪੜਦਾ ਲਾਹ ਦੇ ਰਹਿਬਰ ਰਹੀਮ, ਰਹਿਮਤ ਆਪਣੀ ਇਕ ਕਮਾਈਆ । ਕਿਉਂ ਧਰਨੀ ਧਰਤ ਧਵਲ ਰੋਵੇ ਜ਼ਮੀਨ, ਅਸਮਾਨਾਂ ਗ੍ਰਹਿ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਆਸਾ ਇਕ ਰਖਾਈਆ । ਭਾਦਰੋਂ ਕਹੇ ਪ੍ਰਭੂ ਤੇਰੀ ਆਵੇ ਕਵਣ ਬਹਾਰ, ਭੇਵ ਅਭੇਦ ਦੇ ਖੁਲ੍ਹਾਈਆ । ਕਿਸ ਬਿਧ ਜਗਤ ਹੋਵੇ ਖ਼ੁਆਰ, ਖ਼ਾਲਕ ਖ਼ਲਕ ਪਏ ਦੁਹਾਈਆ । ਸਦੀ ਚੌਧਵੀਂ ਕੀ ਰਫ਼ਤਾਰ, ਕਿਸ ਬਿਧ ਰਫ਼ਤਾ ਰਫ਼ਤਾ ਪੰਧ ਮੁਕਾਈਆ । ਕੀ ਮੁਹੰਮਦ ਨਾਲ ਤੇਰੀ ਗੁਫ਼ਤਾਰ, ਗੁਫ਼ਤ ਸ਼ਨੀਦ ਦੇਣਾ ਜਣਾਈਆ । ਕੀ ਈਸਾ ਮੂਸਾ ਕਰੇ ਗੁਫ਼ਤਾਰ, ਬਿਨ ਨੇਤਰ ਲੋਚਨ ਨੈਣ ਅੱਖ ਉਠਾਈਆ । ਕਿਸ ਬਿਧ ਸ੍ਰਿਸ਼ਟੀ ਦ੍ਰਿਸ਼ਟੀ ਕਰਨੀ ਗ੍ਰਿਫ਼ਤਾਰ, ਹੁਕਮੇ ਅੰਦਰ ਹੁਕਮ ਬਦਲਾਈਆ । ਭੇਵ ਦੱਸ ਦੇ ਸਾਂਝੇ ਯਾਰ, ਚਾਰ ਯਾਰੀ ਲਾਗੇ ਪਾਈਆ । ਚਾਰ ਕੁੰਟ ਵੇਖ ਅੰਧ ਅੰਧਿਆਰ, ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਭਾਦਰੋਂ ਕਹੇ ਪ੍ਰਭੂ ਕੀ ਤਕਦੇ ਪੈਗ਼ੰਬਰ ਪੀਰ, ਸ਼ਰਅ ਬਗ਼ਲ ਵਿਚ ਟਿਕਾਈਆ । ਕੀ ਖੇਲ ਹੋਣਾ ਅਖ਼ੀਰ, ਆਖ਼ਰ ਪੜਦਾ ਦੇ ਉਠਾਈਆ । ਕਿਸ ਬਿਧ ਉਮਤ ਪੜ੍ਹੀ ਜਾਏ ਤਕਬੀਰ, ਤਦਬੀਰ ਆਪਣੀ ਦੇ ਜਣਾਈਆ । ਕੀ ਹੋਕਾ ਦੇਵੇ ਕਬੀਰ, ਸਚ ਦਵਾਰੇ ਕੂਕ ਸੁਣਾਈਆ । ਕਿਸ ਬਿਧ ਕਲਜੁਗ ਕੂੜੀ ਕਿਰਿਆ ਮੇਟਣੀ ਲਕੀਰ, ਲਾਈਨ ਐਨ ਕਰ ਸਫ਼ਾਈਆ । ਝਗੜਾ ਰਹੇ ਨਾ ਸ਼ਾਹ ਹਕੀਰ, ਸ਼ਹਿਨਸ਼ਾਹ ਤੇਰੀ ਸਰਨਾਈਆ । ਸਚ ਦੱਸ ਕਿਸ ਬਿਧ ਦੀਨ ਦੁਨੀ ਬਦਲੇਂ ਤਕਦੀਰ, ਧੁਰ ਦਾ ਹੁਕਮ ਆਪ ਵਰਤਾਈਆ । ਲੇਖਾ ਰਹੇ ਨਾ ਗ਼ਰੀਬ ਅਮੀਰ, ਅਮਰਾਪਦ ਇਕ ਜਣਾਈਆ । ਸਭ ਦੀ ਸਾਫ਼ ਹੋਵੇ ਜ਼ਮੀਰ, ਜ਼ਾਮਨ ਇਕੋ ਨੂਰ ਅਲਾਹੀਆ । ਸ਼ਰਅ ਛੁਰੀ ਫੜੇ ਨਾ ਕੋਇ ਸ਼ਮਸ਼ੀਰ, ਸ਼ਹਿਨਸ਼ਾਹ ਝਗੜਾ ਦੇਣਾ ਗਵਾਈਆ । ਤੂੰ ਆਦਿ ਅੰਤ ਦਾ ਪਾਤਸ਼ਾਹ ਆਤਮਾ ਤੇਰਾ ਵਜ਼ੀਰ, ਦੂਸਰ ਵੁਜ਼ਰਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਆਪਣਾ ਹੁਕਮ ਵਰਤਾਈਆ । ਸ੍ਰੀ ਭਗਵਾਨ ਕਹੇ ਭਾਦਰੋਂ ਮੈਂ ਭਾਂਡਾ ਭਰਮ ਭੰਨਾਵਾਂਗਾ । ਨਿਰਗੁਣ ਨੂਰ ਜੋਤ ਚਮਕਾਵਾਂਗਾ । ਸ਼ਬਦ ਅਗੰਮੀ ਆਵਾਜ਼ ਲਗਾਵਾਂਗਾ । ਦੋ ਜਹਾਨਾਂ ਆਪ ਉਠਾਵਾਂਗਾ । ਮਰਦ ਮਰਦਾਨਾ ਆਪਣਾ ਵੇਸ ਵਟਾਵਾਂਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਿਛਲਾ ਨਾਵਾਂ ਵੇਖ ਵਖਾਵਾਂਗਾ । ਕਲਜੁਗ ਜੀਵਾਂ ਬੁੱਧੀ ਹੋਈ ਕਾਵਾਂ, ਕਾਗੋਂ ਹੰਸ ਆਪ ਪਰਗਟਾਵਾਂਗਾ । ਲੱਖ ਚੁਰਾਸੀ ਕਾਇਆ ਮੰਦਰ ਵੇਖ ਗਰਾਵਾਂ, ਗ੍ਰਿਹ ਗ੍ਰਿਹ ਭੀਤਰ ਨੂਰ ਚਮਕਾਵਾਂਗਾ । ਹਰਿਜਨ ਰਹੇ ਨਾ ਕੋਈ ਨਿਥਾਵਾਂ, ਬਾਹੋਂ ਪਕੜ ਆਪ ਉਠਾਵਾਂਗਾ । ਸਚ ਸੰਦੇਸ਼ਾ ਦੇਵਾਂ ਨਾਲ ਚਾਵਾਂ, ਚਾਉ ਘਨੇਰਾ ਇਕ ਰਖਾਵਾਂਗਾ । ਹਉਮੇਂ ਵਿਚ ਭਰੇ ਕੋਈ ਨਾ ਹਾਵਾ, ਹਾਹਾਕਾਰ ਦਾ ਅੰਤ ਕਰਾਵਾਂਗਾ । ਗੁਰ ਅਵਤਾਰ ਪੈਗ਼ੰਬਰ ਜੋ ਸ਼ਬਦੀ ਧਾਰ ਕੀਤਾ ਦਾਅਵਾ, ਮਿਸਲ ਸਭ ਦੀ ਵੇਖ ਵਖਾਵਾਂਗਾ । ਕਿਉਂ ਕਲਜੁਗ ਅੰਤਮ ਨਾਤਾ ਤੁਟਾ ਪੁਤਰਾਂ ਮਾਵਾਂ, ਪਿਤਾ ਪੂਤ ਗੋਦ ਸੁਹਾਵਾਂਗਾ । ਕਿਉਂ ਨਾਨਕ ਨਿਰਗੁਣ ਚਾਰ ਜਣਾਈਆਂ ਲਾਵਾਂ, ਚੌਥੀ ਮੰਜ਼ਲ ਸਭ ਦੀ ਪੂਰ ਕਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਸਾਚਾ ਇਕ ਵਖਾਵਾਂਗਾ । ਦਰ ਸਾਚਾ ਇਕ ਵਖਾਏਗਾ । ਦੀਨ ਦਿਆਲ ਦਇਆ ਕਮਾਏਗਾ । ਸਤਿਜੁਗ ਸਾਚਾ ਰਾਹ ਚਲਾਏਗਾ । ਸ਼ਬਦ ਸ਼ਬਦ ਗੁਰੂ ਵਡਿਆਏਗਾ । ਡੰਕਾ ਇਕੋ ਨਾਮ ਵਜਾਏਗਾ । ਰਾਉ ਰੰਕ ਰੰਗ ਰੰਗਾਏਗਾ । ਸਾਧ ਸੰਤ ਬੰਕ ਸੁਹਾਏਗਾ । ਜੀਵ ਜੰਤ ਸਰਬ ਤਰਾਏਗਾ । ਇਸ਼ਟ ਦੇਵ ਇਕ ਮਨਾਏਗਾ । ਦੀਨ ਮਜ਼੍ਹਬ ਨਾ ਵੰਡ ਵੰਡਾਏਗਾ । ਆਤਮ ਬ੍ਰਹਮ ਪੜਦਾ ਲਾਹੇਗਾ । ਨਿਰਗੁਣ ਨੂਰ ਜੋਤ ਰੁਸ਼ਨਾਏਗਾ । ਸ਼ਬਦ ਨਾਦ ਧੁਨ ਸੁਣਾਏਗਾ । ਭੇਦ ਅਭੇਦਾ ਆਪ ਖੁਲ੍ਹਾਏਗਾ । ਚਾਰ ਵਰਨ ਦਾ ਸਾਂਝਾ ਮੀਤ, ਏਕੰਕਾਰਾ ਇਕੋ ਨਜ਼ਰੀ ਆਏਗਾ । ਤੂੰ ਮੇਰਾ ਮੈਂ ਤੇਰਾ ਸਾਰੀ ਸ੍ਰਿਸ਼ਟੀ ਗਾਏ ਗੀਤ, ਸੋਹੰ ਢੋਲਾ ਆਪ ਸੁਣਾਏਗਾ । ਸਤਿਜੁਗ ਸਾਚੇ ਕਰ ਬਖ਼ਸ਼ੀਸ਼, ਰਹਿਮਤ ਆਪਣੀ ਆਪ ਕਮਾਏਗਾ । ਧੁਰ ਦਾ ਕਲਮਾ ਇਕ ਹਦੀਸ, ਹਜ਼ਰਤਾਂ ਤੋਂ ਪਰੇ ਆਪ ਪੜ੍ਹਾਏਗਾ । ਸਦੀ ਚੌਧਵੀਂ ਸਭ ਦੀ ਕਰ ਤਸਦੀਕ, ਲੇਖਾ ਸਭ ਦਾ ਲੇਖੇ ਲਾਏਗਾ । ਅੰਤਮ ਇਕੋ ਪਾਏ ਤਾਰੀਖ਼, ਤਵਾਰੀਖ਼ ਆਪ ਬਦਲਾਏਗਾ । ਜਿਸ ਦੇ ਵਿਚ ਹੱਕ ਤੌਫ਼ੀਕ, ਸੋ ਕਰਤਾ ਕਾਰ ਕਮਾਏਗਾ । ਸਭ ਦੀ ਮਨਸਾ ਪੂਰੀ ਕਰ ਉਮੀਦ, ਮੁੱਦਤ ਤੋਂ ਵਿਛੜੇ ਮੇਲ ਮਿਲਾਏਗਾ । ਕਲਜੁਗ ਦਾ ਅੰਤ ਹੁੰਦਾ ਜਾਏ ਕਰੀਬ, ਲੇਖਾ ਸਭ ਦੇ ਹੱਥ ਫੜਾਏਗਾ ।

ਸਤਿਜੁਗ ਸਚ ਦੇ ਤਰਤੀਬ, ਤਾਬਿਆਦਾਰੀ ਇਕ ਸਮਝਾਏਗਾ । ਗਫ਼ਲਤ ਸੋਏ ਕੋਇ ਨਾ ਨੀਂਦ, ਆਲਸ ਨਿੰਦਰਾ ਸਰਬ ਮਿਟਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਾਚੇ ਨਾਮ ਧੁਰ ਦੇ ਕਲਮੇ ਦੱਸ ਤਮਹੀਦ, ਸਿਫ਼ਤਾਂ ਵਿਚ ਸਿਫ਼ਤ ਸਿਫ਼ਤ ਸਾਲਾਹੇਗਾ ।

## ✪ ੧੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਅਮਰਾਉ ਸਿੰਘ ਦੇ ਗ੍ਰਿਹਿ ਪਿੰਡ ਬਲ ✪

ਸਤਿਗੁਰ ਸ਼ਬਦ ਸੁਹਾਵੀ ਹੋਵੇ ਰੁਤੀ, ਰੁਤੜੀ ਸਤਿ ਰੰਗ ਰੰਗਾਈਆ । ਕਲਜੁਗ ਅੰਤਮ ਦੋ ਜਹਾਨ ਕਰੇ ਬੁਤੀ, ਬੁਤਖ਼ਾਨਿਆਂ ਕਰ ਸਫ਼ਾਈਆ । ਤੇਰੀ ਸ੍ਰਿਸ਼ਟੀ ਰਹੇ ਮੂਲ ਨਾ ਸੁਤੀ, ਸੁਤਿਆਂ ਲਏ ਜਗਾਈਆ । ਜਿਹੜੀ ਗੁਰ ਅਵਤਾਰ ਪੈਗ਼ੰਬਰਾਂ ਭਵਿਖਤਾਂ ਵਿਚ ਕਥਾ ਕਹਾਣੀ ਪੁਛੀ, ਪੋਸ਼ੀਦਾ ਪੜਦਾ ਦੇ ਉਠਾਈਆ । ਸਚ ਧਾਰ ਸ਼ਰਅ ਚਲਾ ਸੁੱਚੀ, ਲਾ ਮਜ਼੍ਹਬ ਦਇਆ ਕਮਾਈਆ । ਜਿਸ ਨਾਲ ਤੇਰੇ ਨਾਮ ਦੀ ਇਕੋ ਹੋਵੇ ਰੁਚੀ, ਰਚਨਾ ਆਪਣੀ ਦੇ ਦ੍ਰਿੜਾਈਆ । ਮਨ ਕਲਪਣਾ ਰਹੇ ਨਾ ਉਘੀ, ਉਗਣ ਆਥਣ ਇਕੋ ਵੱਜੇ ਵਧਾਈਆ । ਤੇਰੀ ਖੇਲ ਕਦੇ ਨਾ ਰੁਕੀ, ਰੁਕਮਣੀ ਕ੍ਰਿਸ਼ਨ ਗਿਆ ਸਮਝਾਈਆ । ਦੀਨ ਦੁਨੀ ਵੇਖ ਦੁਖੀ, ਦੁਖੀਆਂ ਦਰਦ ਮਿਟਾਈਆ । ਗ਼ਰੀਬ ਨਿਮਾਣੇ ਵੇਖ ਭੁੱਖੀ, ਭੁੱਖਿਆਂ ਭੁੱਖ ਗਵਾਈਆ । ਭਾਗ ਲਗਾ ਜਣੇਂਦੀ ਕੁੱਖੀ, ਭਗਤ ਸੁਹੇਲੇ ਲੈ ਪਰਗਟਾਈਆ । ਤੇਰੀ ਧਾਰ ਚਲੇ ਪੰਜ ਮੁਖੀ, ਪੰਚਮ ਮੀਤੇ ਹੋ ਸਹਾਈਆ । ਆਤਮ ਰਹੇ ਕੋਈ ਨਾ ਰੁੱਸੀ, ਰੁੱਸਿਆਂ ਲੈ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਾਸਤਾ ਤੇਰੇ ਅੱਗੇ ਪਾਈਆ । ਵਾਸਤਾ ਤੇਰੇ ਅੱਗੇ ਪਾਵਾਂ, ਪਾਰਬ੍ਰਹਮ ਤੇਰੀ ਸਰਨਾਈਆ । ਮਿਹਰਵਾਨ ਹੋ ਕੇ ਦੇ ਠੰਡੀਆਂ ਛਾਵਾਂ, ਸ਼ਹਿਨਸ਼ਾਹ ਸ਼ਬਦ ਨਾਮ ਲਗਾਈਆ । ਖ਼ਾਲੀ ਰਹਿਣ ਨਾ ਪੁੱਤਰਾਂ ਮਾਵਾਂ, ਪਿਤਾ ਪੂਤ ਗੋਦ ਸੁਹਾਈਆ । ਹੰਸ ਬੁੱਧੀ ਬਣਾ ਦੇ ਕਾਵਾਂ, ਕਾਗੋਂ ਹੰਸ ਉਡਾਈਆ । ਹਰਿਜਨ ਰਹੇ ਨਾ ਕੋਇ ਨਥਾਵਾਂ, ਦਰਗਾਹ ਸਾਚੀ ਸਚ ਸੁਹਾਈਆ । ਇਕੋ ਪ੍ਰੀਤ ਪਤਿਪਰਮੇਸ਼ਵਰ ਰਾਵਾਂ, ਦੂਸਰ ਕੰਤ ਨਾ ਕੋਇ ਹੰਢਾਈਆ । ਚਰਨ ਧੂੜੀ ਤੇਰੇ ਇਸ਼ਨਾਨ ਕਰਾਵਾਂ, ਦੁਰਮਤ ਮੈਲ ਧਵਾਈਆ । ਆਤਮਾ ਪਰਮਾਤਮਾ ਕੰਡਾ ਤਰਾਜ਼ੂ ਕਰਦੇ ਸਾਵਾਂ, ਸਾਹਿਬ ਸਤਿਗੁਰ ਆਪਣੀ ਦਇਆ ਕਮਾਈਆ । ਕਲਜੁਗ ਅੰਤਮ ਭਰੇ ਕੋਈ ਨਾ ਹਾਵਾ, ਹਰ ਹਿਰਦਾ ਦੇ ਸਮਝਾਈਆ । ਤੇਰੇ ਚਰਨ ਕਵਲ ਬਲ ਬਲ ਜਾਵਾਂ, ਬਲਿਹਾਰੀ ਤੇਰੀ ਵਡ ਵਡਿਆਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰ ਦੇ ਦਾਅਵਾ, ਦਾਇਰਾ ਦੀਨ ਮਜ਼੍ਹਬ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਠਾਕਰ ਤੇਰੀ ਸਰਨਾਈਆ । ਸਰਨਗਤ ਦੇ ਮਾਲਕ ਸਵਾਮੀ, ਸਚ ਤੇਰੀ ਵਡਿਆਈਆ । ਸਭ ਦਾ ਨਾਤਾ ਜੋੜ ਦੇ ਬਾਹਮੀ, ਬ੍ਰਹਿਮਣ ਸ਼ੱਤਰੀ ਸ਼ੂਦਰ ਵੈਸ਼ ਰੰਗ ਰੰਗਾਈਆ । ਤੇਰੇ ਨਾਮ ਦੀ ਇਕੋ ਹੋਵੇ ਸਲਾਮੀ, ਸੱਜਦਾ ਸੀਸ ਜਗਦੀਸ ਝੁਕਾਈਆ । ਮਜ਼੍ਹਬਾਂ ਰਹੇ ਨਾ ਕੋਇ ਗ਼ੁਲਾਮੀ, ਸ਼ਰਅ ਜ਼ੰਜੀਰ ਦੇਣੀ ਕਟਾਈਆ । ਸਦੀ ਚੌਧਵੀਂ ਵੇਖ ਬਦਇੰਤਜਾਮੀ, ਬੰਦੋਬਸਤ ਨਾ ਕੋਇ ਰਖਾਈਆ । ਰਸਨਾ ਕੂੜ ਕਰੇ ਕਲਾਮੀ, ਕਾਇਨਾਤ ਰਹੀ ਕੁਰਲਾਈਆ । ਕਿਰਪਾ ਕਰ ਧੁਰ ਅਮਾਮੀ, ਅਮਾਮ ਅਮਾਮਾ ਤੇਰੀ ਸਰਨਾਈਆ । ਤੇਰੇ ਨਾਮ ਦੀ ਹੋਈ ਬਦਨਾਮੀ,

ਬਦਲਾ ਦੀਨ ਦੁਨੀ ਚੁਕਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਕੋਲੋਂ ਰਹਿ ਗਈ ਖ਼ਾਮੀ, ਉਹ ਖ਼ਾਲਕ ਪੂਰ ਦੇਣੀ ਕਰਾਈਆ । ਤੂੰ ਆਦਿ ਅੰਤ ਦਾ ਅੰਤਰਜਾਮੀ, ਘਟ ਸਵਾਮੀ ਵੇਖ ਵਖਾਈਆ । ਕੂੜੀ ਰੈਣ ਵੇਖ ਅੰਧੇਰੀ ਸ਼ਾਮੀ, ਸ਼ਮਾਂ ਸਚ ਦੇ ਚਮਕਾਈਆ । ਤੇਰੀ ਬੋਧ ਅਗਾਧੀ ਦੋ ਜਹਾਨਾ ਹੋਵੇ ਇਕੋ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਅੰਮ੍ਰਿਤ ਰਸ ਧੁਰ ਵਰੋਲੇ ਠੰਡਾ ਪਾਣੀ, ਜਗਤ ਸਰੋਵਰ ਲੋੜ ਰਹੇ ਨਾ ਰਾਈਆ । ਤੇਰੇ ਧਰਮ ਦੀ ਧਰਮ ਹੋਵੇ ਨਿਸ਼ਾਨੀ, ਚਾਰ ਵਰਨ ਇਕੋ ਘਰ ਵਸਾਈਆ । ਸਾਹਿਬ ਸਤਿਗੁਰ ਹੱਕ ਬੇਨੰਤੀ ਪਾਰਬ੍ਰਹਮ ਬ੍ਰਹਮ ਮਾਨੀ, ਮਾਨਵ ਮਾਨਸ ਮਾਨੁਖ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਅਗੰਮ ਆਲੀਸ਼ਾਨੀ, ਆਲੀਜ਼ਾਹ ਦਰ ਸਯਦਾ ਸੀਸ ਝੁਕਾਈਆ ।

## ✪ ੨੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ✪

ਸਤਿ ਪੁਰਖ ਸਤਿ ਦੇ ਮਾਲਕ, ਸਚ ਤੇਰੀ ਵਡਿਆਈਆ । ਤੇਰਾ ਖੇਲ ਭਗਤ ਜਨ ਯਾਚਕ, ਯਾਦਵ ਬੰਸੀ ਕ੍ਰਿਸ਼ਨ ਗਿਆ ਦ੍ਰਿੜਾਈਆ । ਸੰਤ ਸੁਹੇਲੇ ਤੇਰੇ ਸਾਦਕ, ਸਾਹਿਬ ਸੁਲਤਾਨ ਤੇਰੀ ਵਡਿਆਈਆ । ਆਪਣੀ ਧਾਰ ਦੀ ਆਪੇ ਕਰ ਸਫ਼ਾਰਸ਼, ਕੂੜਾ ਸੰਗ ਨਾ ਕੋਇ ਮਿਲਾਈਆ । ਤੇਰਾ ਲਹਿਣਾ ਦੇਣਾ ਬੜਾ ਅਜੇ ਵਿਚ ਭਾਰਤ, ਭਾਂਡਾ ਭਰਮ ਭਉ ਭੰਨਾਈਆ । ਤੇਰੇ ਨਾਮ ਦੀ ਲਵੇ ਕੋਈ ਨਾ ਆੜ੍ਹਤ, ਸਤਿ ਸਚ ਤੇਰਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿ ਕਹੇ ਸਤਿ ਸਤਿਵੰਤ, ਆਦਿ ਜੁਗਾਦਿ ਅਖਵਾਈਆ । ਮੇਰਾ ਮਾਲਕ ਇਕ ਭਗਵੰਤ, ਦੂਜਾ ਨਜ਼ਰ ਕੋਇ ਨਾ ਆਈਆ । ਦੋ ਜਹਾਨਾਂ ਅਗੰਮੀ ਕੰਤ, ਕੰਤੂਹਲ ਇਕ ਅਖਵਾਈਆ । ਜਿਸ ਨੇ ਉਧਾਰਨੇ ਨੌਂ ਖੰਡ ਪ੍ਰਿਥਮੀ ਸੰਤ, ਸੂਫ਼ੀਆਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਸਤਿ ਕਹੇ ਸਤਿ ਕਦੇ ਨਾ ਮਰਿਆ, ਜਨਮ ਮਰਨ ਨਾ ਕੋਇ ਵਡਿਆਈਆ । ਜਿਸ ਆਦਿ ਜੁਗਾਦਿ ਜੁਗ ਚੌਕੜੀ ਖੇਲ ਕਰਿਆ, ਕਰਨੀ ਦਾ ਕਰਤਾ ਬੇਪਰਵਾਹੀਆ । ਓਸ ਜਗਤ ਵਿਚ ਜੀਵਣ ਦਾ ਨਵਾਂ ਜੀਵਣ ਧਰਿਆ, ਜੁਗਤ ਦੀਨ ਦੁਨੀ ਸਮਝਾਈਆ । ਚਾਰੋਂ ਕੁੰਟ ਅੰਧੇਰਾ ਹੋਣਾ ਘਰ ਘਰਿਆ, ਕਲਜੁਗ ਕੂੜ ਕੂਕੇ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿ ਕਹੇ ਮੈਂ ਸ਼ਬਦੀ ਧਾਰ, ਧਾਰ ਵਿਚ ਪਰਗਟਾਈਆ । ਜਨਮ ਮਰਨ ਜਿਸ ਦੇ ਅਖਤਿਆਰ, ਬੇਅਖਤਿਆਰੀ ਕੀਤੀ ਜਗਤ ਲੋਕਾਈਆ । ਨਵੇਂ ਜੁਗ ਦਾ ਨਵਾਂ ਖੇਲ ਕਰਨਾ ਸੰਸਾਰ, ਸਮਾਂ ਸਮੇਂ ਵਿਚੋਂ ਬਦਲਾਈਆ । ਲਿਖਤ ਭਵਿਖਤ ਨੇੜੇ ਆ ਕੇ ਕਰੇ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਤੇਰਾ ਖੇਲ ਕਲ ਕਲਕੀ ਅਵਤਾਰ, ਕਲਧਾਰੀ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦੀ ਸਦਾ ਕਰੇ ਸਾਚੀ ਕਾਰ, ਕਰਨੀ ਦਾ ਕਰਤਾ ਕੁਦਰਤ ਦਾ ਕਾਦਰ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਨੌਂ ਰਤੀਆਂ ਖਾਧਾ

ਜ਼ਹਿਰ, ਨੌਂ ਦਿਨ ਆਪਣੇ ਬਗ਼ਲ ਵਿਚ ਛੁਪਾਈਆ । ਫੇਰ ਕੀਤੀ ਮਿਹਰ, ਮਿਹਰ ਨਜ਼ਰ ਉਠਾਈਆ । ਕਿਉਂ, ਜਿਸ ਦਾ ਮਾਲਕ ਸਿੰਘ ਸ਼ੇਰ, ਸ਼ਰਅ ਤੋਂ ਬਾਹਰ ਸੋਭਾ ਪਾਈਆ । ਉਹ ਆਦਿ ਅੰਤ ਦੇ ਲਹਿਣੇ ਦੇਣੇ ਦਏ ਨਬੇੜ, ਜਗਤ ਵਿਚ ਨਾ ਕੋਇ ਸਮਝਾਈਆ । ਸਾਢੇ ਸੈਂਤੀ ਸਾਲ ਬੁੱਕਣਾ ਵਾਂਗ ਕੇਹਰ, ਕਾਇਆ ਮਾਟੀ ਰੰਗ ਰੰਗਾਈਆ । ਝਗੜਾ ਮੁਕਾ ਕੇ ਜ਼ਬਰ ਜ਼ੇਰ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸ਼ਬਦ ਕਹੇ ਜੇ ਰਵਦਾਸ ਸੱਤ ਰੰਗਾ ਸੀਸ ਨਾ ਮਾਰਦਾ ਡੰਡਾ, ਡੰਡਾਵਤ ਜਗਤ ਨਾ ਕੋਇ ਬਦਲਾਈਆ । ਜ਼ਹਿਰ ਖਾ ਕੇ ਬਚੇ ਕੋਇ ਨਾ ਬੰਦਾ, ਬੰਦਗੀ ਵਾਲੇ ਬੈਠਣ ਮੁਖ ਭਵਾਈਆ । ਇਹ ਖੇਲ ਸੂਰਾ ਸਰਬੰਗਾ, ਜੋ ਸਤਿ ਸਚ ਦਾ ਮਾਲਕ ਇਕ ਅਖਵਾਈਆ । ਦੁੱਖ ਦੇ ਥਾਂ ਭੁੱਖ ਦੇ ਥਾਂ ਦੇਵੇ ਆਪਣਾ ਆਪ ਅਨੰਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਵੇਖ ਲਉ ਸਰੀਰ ਹੋ ਗਿਆ ਠੰਡਾ, ਅਗਨੀ ਅੱਗ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਧਾਮ ਸੁਹੰਦਾ, ਸੁਹੰਝਣੀ ਰੁਤ ਵਡਿਆਈਆ ।

## ਪਹਿਲੀ ਅੱਸੂ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ

ਅੱਸੂ ਕਹੇ ਮੈਂ ਆਸਾ ਰੱਖੀ, ਹਰਿ ਰੱਖਕ ਬੇਪਰਵਾਹੀਆ । ਕਥਾ ਕਹਾਣੀ ਵਿਸ਼ਨ ਬ੍ਰਹਮਾ ਸ਼ਿਵ ਜਿਹੜੀ ਦੱਸੀ, ਪੁਰਖ ਅਕਾਲ ਦਿਆਲ ਦ੍ਰਿੜਾਈਆ । ਚਾਰ ਜੁਗ ਸਮਝ ਨਾ ਆਈ ਰਾਗ ਛੱਤੀ, ਸਿਫ਼ਤਾਂ ਵਿਚ ਨਾ ਕੋਇ ਸਲਾਹੀਆ । ਜੇ ਕਿਸੇ ਨੇ ਬੜਾ ਕਿਹਾ ਪ੍ਰਭ ਨੂੰ ਕਿਹਾ ਕਮਲਾਪਤੀ, ਅੱਗੇ ਭੇਵ ਨਾ ਕੋਇ ਜਣਾਈਆ । ਜੇ ਦਇਆ ਕੀਤੀ ਅੱਖਰਾਂ ਵਾਲੀ ਪੜ੍ਹਾਈ ਪੱਟੀ, ਸਿਫ਼ਤਾਂ ਵਿਚ ਜਣਾਈਆ । ਜੇ ਮਿਹਰ ਕੀਤੀ ਮਜ਼੍ਹਬਾਂ ਵਾਲੀ ਚਲਾ ਕੇ ਹੱਟੀ, ਹਟਵਾਣੇ ਦਿਤੇ ਉਪਜਾਈਆ । ਜੇ ਖੇਲ ਕੀਤੀ ਜੁਗ ਜੁਗ ਨਿਰਾਲੀ ਅੱਛੀ, ਅੱਛਾ ਆਪਣਾ ਹੁਕਮ ਵਰਤਾਈਆ । ਜਿਸ ਦੀ ਧਾਰ ਸ੍ਰਿਸ਼ਟੀ ਵਸੀ, ਬਸਤੀ ਦੀਨ ਦੁਨੀ ਬਣਾਈਆ । ਓਸ ਦਾ ਖੇਲ ਵੇਖਣਾ ਅੱਖੀਂ, ਹਰਿ ਕਰਤਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਅੱਸੂ ਕਹੇ ਮੇਰੀ ਆਸਾ ਅਗੰਮ, ਅਗੰਮ ਦਿਆਂ ਦ੍ਰਿੜਾਈਆ । ਪ੍ਰਭੂ ਮੇਰਾ ਤੇ ਮੇਰਾ ਪ੍ਰਭੂ ਹੋਣਾ ਹਮ, ਹਮਸਾਜਣ ਨੂਰ ਅਲਾਹੀਆ । ਨਾ ਕੋਈ ਮਾਟੀ ਨਾ ਕੋਈ ਚੰਮ, ਦ੍ਰਿਸ਼ਟੀ ਜਗਤ ਨਾ ਕੋਇ ਜਣਾਈਆ । ਨਾ ਕੋਈ ਹਰਖ਼ ਸੋਗ ਗ਼ਮ, ਚਿੰਤਾ ਚਿਖਾ ਨਾ ਕੋਇ ਤਪਾਈਆ । ਨਾ ਕੋਈ ਪਵਣ ਸਵਾਸੀ ਦਮ, ਦਾਮਨਗੀਰ ਨਾ ਕੋਇ ਵਡਿਆਈਆ । ਜੋ ਕਰਨਾ ਸੋ ਆਪਣਾ ਆਪੇ ਕੰਮ, ਕਰਨੀ ਕਰਤਾ ਕਾਰ ਕਮਾਈਆ । ਅੱਸੂ ਕਹੇ ਮੈਂ ਕਹਿਣਾ ਧੰਨ ਧੰਨ, ਧੰਨ ਤੇਰੀ ਸਰਨਾਈਆ । ਜਿਨ ਕੋਟਾਂ ਵਿਚੋਂ ਭਗਤ ਸੁਹੇਲੇ ਵੇਖੇ ਥੋੜ੍ਹੇ ਜਨ, ਬਣੀ ਆਪ ਜਣੇਂਦੀ ਮਾਈਆ । ਪ੍ਰੇਮ ਪ੍ਰੀਤੀ ਅੰਦਰ ਬੰਨ੍ਹ ਕੇ ਮਨ, ਮਨ ਮਨਕਾ ਲਿਆ ਭਵਾਈਆ । ਬਿਨਾ ਰਾਗ ਸੁਣਾ ਕੇ ਕੰਨ, ਧੁਨ ਅੰਤਰ ਇਕ ਉਪਜਾਈਆ । ਮੈਂ ਬ੍ਰਹਿਮੰਡ ਖੰਡ ਛਡੇ ਵੇਖੇ ਭਗਤ ਪ੍ਰਭੂ ਦੇ ਚੰਨ, ਚੰਨ ਨੂਰ ਰੁਸ਼ਨਾਈਆ । ਜਿਹੜੇ ਨੇਤਰਹੀਣ ਹੋਏ ਅੰਨ੍ਹ, ਨਿਜ ਲੋਚਨ ਨੈਣ ਰਹੇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਅੱਸੂ

ਕਹੇ ਮੇਰੀ ਆਸਾ ਲੰਬੀ, ਸਚ ਦਿਆਂ ਦ੍ਰਿੜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖਾਂ ਕੰਬੀ, ਧੀਰਜ ਧੀਰ ਨਾ ਕੋਇ ਰਖਾਈਆ । ਸਭ ਦੀ ਹਾਲਤ ਹੋਣੀ ਮੰਦੀ, ਮੰਦ ਭਾਗ ਹੋਈ ਲੋਕਾਈਆ । ਵਾਸ਼ਨਾ ਰਹੇ ਕਿਸੇ ਨਾ ਚੰਗੀ, ਚਾਰੋਂ ਕੁੰਟ ਕੂੜ ਹਲਕਾਈਆ । ਸਿਧੀ ਰਹਿਣ ਨਹੀਂ ਦੇਣੀ ਡੰਡੀ, ਡੰਡਾਵਤ ਸਭ ਦੀ ਦੇਣੀ ਭੁਲਾਈਆ । ਮਨ ਕਲਪਣਾ ਮੁਸ਼ਟੰਡੀ, ਘਰ ਘਰ ਦੇਣੀ ਫਿਰਾਈਆ । ਸਤਿ ਦੀ ਧਾਰ ਕਰ ਕੇ ਰੰਡੀ, ਜਗਤ ਦੁਹਾਗਣ ਰੂਪ ਨਚਾਈਆ । ਓਢਣ ਸੀਸ ਤਨ ਰਹੇ ਨਾ ਅੰਗੀ, ਅੰਗੀਕਾਰ ਨਾ ਕੋਇ ਕਰਾਈਆ । ਜਿਹੜੀ ਮੰਗ ਗੁਜਰੀ ਨੇ ਗੋਬਿੰਦ ਕੋਲੋਂ ਸੀ ਮੰਗੀ, ਜਿਸ ਵੇਲੇ ਗੰਗੂ ਨਾਲੋਂ ਹੋਈ ਜੁਦਾਈਆ । ਗੋਬਿੰਦ ਮੌਤ ਤੇਰੇ ਵਿਛੋੜੇ ਨਾਲੋਂ ਚੰਗੀ, ਚੰਗੀ ਤੇਰੀ ਪਿਆਰ ਦੁਹਾਈਆ । ਗੋਬਿੰਦ ਖਿੱਚ ਕਟਾਰ ਨੰਗੀ, ਸਨਮੁਖ ਹੋ ਕੇ ਦਿਤਾ ਵਖਾਈਆ । ਅਜੇ ਤੇ ਗੁਜਰੀ ਇਕੋ ਸਰਸਾ ਧਾਰ ਲੰਘੀ, ਕਲਜੁਗ ਸਾਰਾ ਬਾਕੀ ਨਜ਼ਰੀ ਆਈਆ । ਤੇਰਾ ਸੂਰਬੀਰ ਬਹਾਦਰ ਜੋਧਾ ਇਕੋ ਜੰਗੀ, ਜਿਸ ਨੂੰ ਜਨਮੇ ਅਵਰ ਕੋਇ ਨਾ ਮਾਈਆ । ਜਿਸ ਵੇਲੇ ਸਦੀ ਚੌਧਵੀਂ ਲੰਘੀ, ਜਗ ਆਵਾਂ ਚਾਈਂ ਚਾਈਂਆ । ਇਕੇ ਵਾਰ ਤੇਰਿਆਂ ਭਗਤਾਂ ਦੀ ਆਪਣੇ ਸਿਰ ਤੇ ਚੁੱਕ ਕੇ ਤੰਗੀ, ਦੁੱਖ ਸਭ ਦੇ ਦਿਆਂ ਮਿਟਾਈਆ । ਜਿਹੜੀ ਚਾਰ ਜੁਗ ਦੀ ਵਿਛੜੀ ਉਹ ਆਤਮਾ ਲਵਾਂ ਗੰਢੀ, ਆਪਣੀ ਗੰਢ ਕੇ ਫੇਰ ਲਵਾਂ ਤੁੜਾਈਆ । ਆਪਣੀ ਧਾਰ ਰੱਖਾਂ ਸਦਾ ਠੰਡੀ, ਅਗਨੀ ਅੱਗ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੁਜਰੀ ਨੇ ਨੌਂ ਵਾਰੀ ਫੇਰੀ ਅੱਖਾਂ ਦੇ ਉਤੇ ਉਂਗਲ, ਆਹ ਕਰ ਕੇ ਦਿਤਾ ਸੁਣਾਈਆ । ਗੋਬਿੰਦ ਤੇਰੇ ਬਿਨਾ ਕੌਣ ਤੇਰਿਆਂ ਆਵੇ ਚੁੱਕਣ, ਕਵਣ ਗੋਦ ਉਠਾਈਆ । ਗੋਬਿੰਦ ਕਿਹਾ ਮਾਤਾ ਜਿਸ ਵੇਲੇ ਕਲਜੁਗ ਅੰਤਮ ਆਇਆ ਮੁਕਣ, ਮੁਕੰਮਲ ਵੇਸ ਵਟਾਈਆ । ਸ਼ੇਰ ਹੋ ਕੇ ਆਵਾਂ ਬੁੱਕਣ, ਭਬਕ ਇਕੋ ਨਾਮ ਲਗਾਈਆ । ਤੇਰਿਆਂ ਭਗਤਾਂ ਤੇਰਿਆਂ ਸਿੱਖਾਂ ਤੇਰਿਆਂ ਪਿਆਰਿਆਂ ਪਿਛੇ ਆਪਣੀ ਕਟ ਕੇ ਭੁੱਖਣ, ਦੁੱਖ ਭੁੱਖ ਸਭ ਦਾ ਦੂਰ ਕਰਾਈਆ । ਔਖਾ ਰਹੇ ਨਾ ਕੋਈ ਕਦੀ ਕਿਸੇ ਟੁੱਕਣ, ਟੁਕੜੇ ਘਰ ਘਰ ਦਿਆਂ ਪੁਚਾਈਆ । ਸੂਰਬੀਰ ਬਹਾਦਰ ਬਣ ਕੇ ਆਵਾਂ ਉਠਣ, ਆਪਣੀ ਲੈ ਅੰਗੜਾਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਮੂਲ ਨਾ ਪੁੱਜਣ, ਉਥੇ ਜਾਵਾਂ ਚਾਈਂ ਚਾਈਂਆ । ਜਿਹੜੇ ਵਿਚਾਰ ਚਾਰ ਜੁਗ ਕਿਸੇ ਨਾ ਸੁਝਣ, ਉਨ੍ਹਾਂ ਪੜਦਾ ਦਿਆਂ ਖੁਲ੍ਹਾਈਆ । ਮੇਰੇ ਮੇਰੇ ਨਾਲੋਂ ਕਦੇ ਨਾ ਰੁੱਸਣ, ਇਹ ਰੀਤੀ ਦੇਣੀ ਬਣਾਈਆ । ਮੇਰੇ ਨਿਸ਼ਾਨਿਉਂ ਕਦੇ ਨਾ ਉਕਣ, ਚਲਣ ਚਾਈਂ ਚਾਈਂਆ । ਜੇ ਚਲਦੇ ਚਲਦੇ ਘੁੱਸਣ, ਅੱਗੇ ਫੜ ਕੇ ਲਵਾਂ ਉਠਾਈਆ । ਕਰ ਪਿਆਰ ਚੁੱਕਾਂ ਕੁੱਛੜ, ਗੋਦੀ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਗੁਜਰੀ ਨੇ ਤਿੰਨ ਵਾਰ ਅੱਖਾਂ ਤੇ ਮਾਰੀ ਮੁੱਠੀ, ਆਹ ਆਹ ਆਹ ਕਰ ਸੁਣਾਈਆ । ਗੋਬਿੰਦ ਕਿਉਂ ਦੁਨੀਆ ਸਾਡੇ ਨਾਲੋਂ ਰੁੱਠੀ, ਸੰਗੀ ਨਜ਼ਰ ਕੋਇ ਨਾ ਆਈਆ । ਗੋਬਿੰਦ ਕਿਹਾ ਮਾਤਾ ਮੇਰੀ ਓਸ ਨਾਲੋਂ ਨਹੀਂ ਟੁੱਟੀ, ਜੋ ਟੁੱਟਿਆਂ ਗੰਢ ਪਵਾਈਆ । ਸ਼ਬਦ ਰੂਪ ਹੱਥ ਮਾਰਿਆ ਗੁਟ ਤੇ ਗੁੱਟੀ, ਨਾਤਾ ਧੁਰ ਦਾ ਲਿਆ ਬਣਾਈਆ । ਹੁਣ ਲੈ ਜਾ ਏਸ ਜਗਤ ਚੋਂ ਛੁੱਟੀ, ਲੋਕਮਾਤ ਦੇਣਾ ਤਜਾਈਆ । ਜਿਸ ਵੇਲੇ ਮੇਰੀ ਤੇ ਮੇਰੇ ਸਾਹਿਬ ਦੀ ਪੋਹ ਫੁੱਟੀ, ਤੇਰਾ ਨੂਰ ਦਿਆਂ ਚਮਕਾਈਆ । ਤੂੰ ਫੇਰ ਕਦੇ ਜਾਣਾ ਨਹੀਂ ਲੁੱਟੀ, ਤੇਰਾ ਲੁਟੇਰਾ ਸਭ ਨੂੰ ਲੁੱਟ ਪੁੱਟ ਖਾਈਆ । ਗੁਜਰੀ ਹੌਸਲਾ ਕਰ ਕੇ ਉਠੀ, ਚਾਰੋਂ ਕੁੰਟ ਲਈ ਅੰਗੜਾਈਆ । ਗੋਬਿੰਦ ਲਾਹ ਕੇ ਪੈਰੋਂ ਜੁੱਤੀ, ਚਰਨ ਚਰਨ ਉਤੇ

ਟਿਕਾਈਆ । ਫੇਰ ਚਾੜ੍ਹ ਕੇ ਤਾਅ ਮੁੱਛੀਂ, ਸੂਰਬੀਰ ਰੂਪ ਬਦਲਾਈਆ । ਗੁਜਰੀ ਇਕ ਵਾਰ ਫੇਰ ਪੁਛੀਂ, ਤੈਨੂੰ ਦਿਆਂ ਸੁਣਾਈਆ । ਗੁਜਰੀ ਰੋ ਪਈ ਭੁੱਬੀ ਭੁੱਬੀਂ, ਹਾਏ ਹਾਏ ਕਰ ਸੁਣਾਈਆ । ਗੋਬਿੰਦ ਹੱਥ ਲਾ ਕੇ ਗੋਡੀਂ, ਗੁਟਨੇ ਦਿਤੇ ਦਬਾਈਆ । ਮਾਤਾ ਇਹ ਤੇਰੀ ਫੁਲਵਾੜੀ ਨਿੱਕੀ ਜਿਹੀ ਡੋਡੀ, ਗੁਲ ਮੈਂ ਫੇਰ ਦੇਣੇ ਖਿਲਾਈਆ । ਢਾਈ ਸੌ ਸਾਲ ਮੈਨੂੰ ਕਰ ਲੈਣ ਦੇ ਗੋਡੀ, ਸੋਹਣਾ ਜ਼ੋਰ ਲਗਾਈਆ । ਨਾ ਮੈਂ ਸਨਿਆਸੀ ਤੇ ਨਾ ਮੈਂ ਜੋਗੀ, ਨਾ ਮੈਂ ਰਸੀਆ ਨਾ ਮੈਂ ਭੋਗੀ, ਨਾ ਕੋਈ ਸਾਧ ਸੰਤ ਨਾ ਕੋਈ ਵਿਜੋਗੀ, ਜਦ ਵੇਖੇਂ ਇਕੋ ਧਾਰ ਇਕ ਸਲੋਕੀ, ਦੂਜਾ ਨਜ਼ਰ ਕੋਇ ਨਾ ਆਈਆ । ਨਾ ਮੈਂ ਪੁਸਤਕ ਨਾ ਸ਼ਾਸਤਰ ਵੇਦ ਪੁਰਾਨ ਨਾ ਕੋਈ ਪੜ੍ਹਨ ਵਾਲੀ ਪੋਥੀ, ਨਾ ਕੋਈ ਅੱਖਰਾਂ ਵਾਲੀ ਲਿਖਾਈਆ । ਨਾ ਕੋਈ ਮੰਜ਼ਲ ਨਾ ਕੋਈ ਚੋਟੀ, ਅੰਦਰ ਬਾਹਰ ਨਜ਼ਰ ਕੋਇ ਨਾ ਆਈਆ । ਗੁਜਰੀ ਜਦ ਤਕੇਂ ਤੇ ਮੈਂ ਭਗਤਾਂ ਦਾ ਸੱਚਾ ਗੋਤੀ, ਉਹ ਮੇਰੇ ਮਾਣਕ ਮੋਤੀ, ਜਿਨ੍ਹਾਂ ਦੀ ਜਗਦੀ ਜੋਤੀ, ਜਿਸ ਜੋਤੀ ਪਿਛੇ ਤੁਹਾਡਾ ਜੋਤੀ ਜਾਤਾ ਨਜ਼ਰੀ ਆਈਆ । ਜਿਹਨੂੰ ਕਹਿਣ ਸਭਦਾ ਮਾਲਕ ਤੇ ਸਭਦਾ ਮੋਖੀ, ਨਾ ਕੋਈ ਹਰਖ਼ ਤੇ ਨਾ ਕੋਈ ਸੋਗੀ, ਜਦ ਵੇਖੋ ਤੇ ਤੁਹਾਡੀ ਚੜ੍ਹਿਆ ਉਤੇ ਚੋਟੀ, ਚੋਟਿਓ ਤੁਹਾਡੇ ਨਾਲੋਂ ਚੋਟਾ ਬਣ ਕੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਜਰੀ ਕਿਹਾ ਗੋਬਿੰਦ ਭੇਵ ਦੱਸ ਦੇ ਗੁੱਝਾ, ਕਿਉਂ ਗੁੰਝਲ ਵਿਚ ਰਖਾਈਆ । ਗੋਬਿੰਦ ਕਿਹਾ ਮਾਤਾ ਇਕ ਮੈਂ ਤੇ ਇਕ ਮੇਰਾ ਪ੍ਰਭੂ ਦੋਹਾਂ ਦਾ ਇਕੋ ਵਸਣਾ ਝੁਗਾ, ਝੁਗੀ ਨਜ਼ਰ ਕੋਇ ਨਾ ਆਈਆ । ਜਿਸ ਨੇ ਲੇਖਾ ਮੁਕਾਉਣਾ ਚਹੁੰ ਜੁਗਾ, ਜੁਗਤੀ ਆਪਣੇ ਵਿਚ ਛੁਪਾਈਆ । ਬਿਨਾ ਕਿਸੇ ਦੀ ਮਦਦ ਤੋਂ ਆਪੇ ਹੋ ਜਾਣਾ ਉਘਾ, ਦੋ ਜਹਾਨ ਕਰੇ ਰੁਸ਼ਨਾਈਆ । ਪਰਗਟ ਹੋ ਬਸੁਧਾ, ਸੁਧ ਸਭ ਦੀ ਦਏ ਬਦਲਾਈਆ । ਗੁਜਰੀ ਕਿਹਾ ਗੋਬਿੰਦ ਕੀ ਤੂੰ ਓਨੇ ਚਿਰ ਨੂੰ ਹੋ ਜਾਣਾ ਬੁੱਢਾ, ਮੈਨੂੰ ਦੇ ਦ੍ਰਿੜਾਈਆ । ਗੋਬਿੰਦ ਕਿਹਾ ਮੈਂ ਸ਼ਬਦੀ ਧਾਰ ਨਾ ਲੰਗੜਾ ਲੂਲ੍ਹਾ ਡੁੱਡਾ, ਵੱਡਾ ਛੋਟਾ ਰੂਪ ਨਾ ਕੋਇ ਬਦਲਾਈਆ । ਮੇਰੇ ਮਾਲਕ ਦਾ ਮੇਰੇ ਨਾਲ ਆਦਿ ਤੋਂ ਲੈ ਕੇ ਜੁਗਾਂ ਤਕ ਇਕੋ ਜਿਹਾ ਮੁੱਦਾ, ਮੁੱਦਤਾਂ ਦਾ ਭੇਵ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪਹਿਲੀ ਅੱਸੂ ਕਹੇ ਮੇਰੀ ਆਸਾ ਇਕ ਨਿਰਾਲੀ, ਨਿਰਾਕਾਰ ਦ੍ਰਿੜਾਈਆ । ਜਨ ਭਗਤੋ ਖੇਲ ਦੱਸਾਂ ਸੁਖਾਲੀ, ਸੁੱਖੀ ਸਾਂਦੀ ਸਰਬ ਸਮਝਾਈਆ । ਛੱਬੀ ਪੋਹ ਨੂੰ ਸਭ ਦੇ ਮਸਤਕ ਚੜ੍ਹੀ ਹੋਵੇ ਲਾਲੀ, ਲਾਲ ਬਿੰਦੀ ਨਾਲ ਵਡਿਆਈਆ । ਨਾਲ ਸਹੇਲੀ ਹੋਵੇ ਕਾਲੀ, ਕਲਜੁਗ ਰੋਂਦੀ ਧਾਰ ਮਾਰੇ ਧਾਹੀਂਆ । ਦੋਹਾਂ ਦੀ ਨਿਰਗੁਣ ਧਾਰ ਕਰੇ ਦਲਾਲੀ, ਵਿਚਲੀ ਆਪਣੀ ਕਾਰ ਕਮਾਈਆ । ਵੇਖਿਓ ਕੋਈ ਹੱਥ ਨਾ ਆਇਓ ਖ਼ਾਲੀ, ਭੇਟਾ ਕੁਛ ਨਾ ਕੁਛ ਚੜ੍ਹਾਈਆ । ਭਾਂਵੇ ਹਰਿਆਂ ਪੱਤਿਆਂ ਦੀ ਲੈ ਆਇਓ ਡਾਲੀ, ਇਹ ਤੁਹਾਡੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਛੱਬੀ ਪੋਹ ਕਹੇ ਪੰਜ ਬਣਾਉਣੇ ਅਨੋਖੇ ਰੂਪ, ਜਿਹੜੇ ਗੋਦਾਵਰੀ ਵਿਚ ਬੰਦੇ ਨੂੰ ਗੋਬਿੰਦ ਦਿਤੇ ਸਮਝਾਈਆ । ਉਹ ਹੋਣ ਪ੍ਰਭੂ ਦੇ ਪੂਤ, ਬਿਨਾ ਪੁਰਖ ਅਕਾਲ ਤੋਂ ਸੀਸ ਨਾ ਕਿਸੇ ਨਿਵਾਈਆ । ਅੰਦਰੋਂ ਕਢ ਕੇ ਦੂਜ, ਝਗੜਾ ਜ਼ਾਤ ਪਾਤ ਮਿਟਾਈਆ । ਲਿਖ ਕੇ ਦੇਣ ਤੇਰੇ ਹੁਕਮ ਵਿਚ ਗਏ ਝੂਜ, ਸਾਡਾ ਨਾ ਕੋਈ ਪਿਤਾ ਨਾ ਕੋਈ ਮਾਈਆ । ਸਾਨੂੰ ਸਾਰੀ ਦੁਨੀਆ ਲਾਵੇ ਊਜ, ਬਦਮਾਸ਼ ਕਹੇ ਲੋਕਾਈਆ । ਅਸੀਂ ਸ੍ਰਿਸ਼ਟੀ ਦਾ ਛੱਡਿਆ ਕੂਚ,

ਕੂਚਾ ਗਲੀ ਦਿਤੀ ਤਜਾਈਆ । ਜਿਸ ਨੇ ਦਿਤਾ ਸ਼ਰੀਰ ਪੰਜ ਭੂਤ, ਓਸੇ ਦੀ ਝੋਲੀ ਪਾਈਆ । ਭਾਵੇਂ ਪੂਤ ਬਣਾ ਭਾਵੇਂ ਕਪੂਤ, ਇਹ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਕਰਨੀ ਕਾਰ ਕਮਾਈਆ । ਓਹ ਛੱਬੀ ਪੋਹ ਕਹਿੰਦਾ ਉਹ ਸ਼ਬਦ ਯਾਦ ਕਿਸੇ ਨਹੀਂ ਕੀਤਾ, ਪੰਜ ਸੌ ਸਾਲ ਸਮਝ ਕਿਸੇ ਨਾ ਆਈਆ । ਜਿਸ ਵੇਲੇ ਨਾਨਕ ਨੂੰ ਨਾਨਕ ਦੀ ਦੱਸੀ ਰੀਤਾ, ਬਿਨਾ ਜਨਮ ਤੋਂ ਬਿਨਾ ਅੱਖਰਾਂ ਤੋਂ ਨਾਨਕ ਨਾਮ ਦਿਤਾ ਪੜ੍ਹਾਈਆ । ਓਸ ਵਿਦਿਆਲੇ ਵਿਚ ਨਾ ਕੋਈ ਰਾਮ ਤੇ ਨਾ ਕੋਈ ਸੀਤਾ, ਨਾ ਕੋਈ ਕਾਹਨ ਕ੍ਰਿਸ਼ਨ ਗੀਤਾ, ਨਾ ਕੋਈ ਈਸਾ ਮੂਸਾ ਮੁਹੰਮਦ ਨਾ ਕੋਈ ਚਰਚ ਮਸੀਤਾ, ਨਾ ਕੋਈ ਮਸਲਾ ਕੁਰਾਨ ਈਮਾਨ ਨਜ਼ਰੀ ਆਈਆ । ਜਿਸ ਵੇਲੇ ਨਿਰਗੁਣ ਧਾਰ ਨਿਰਗੁਣ ਨਿਰਗੁਣ ਦਾ ਕੀਤਾ ਟੀਕਾ, ਟਿੱਕਾ ਨਿਰਗੁਣ ਨਿਰਗੁਣ ਤਾਈਂ ਲਗਾਈਆ । ਓਸ ਵੇਲੇ ਪਤਾ ਨਹੀਂ ਸੀ ਕਿ ਨਾਨਕ ਜੀਅ ਧਰਨਾ ਇਕ ਜੀਅ ਕਾ, ਤਨ ਸ਼ਰੀਰ ਵਿਚ ਵਡਿਆਈਆ । ਇਹ ਖੇਲ ਬੇਵਜ਼ੀਹ ਕਾ, ਵਜ਼ਾਹਤ ਵਿਚ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਅੱਸੂ ਕਹੇ ਮੈਂ ਬੜਾ ਖ਼ੁਸ਼ਹਾਲ, ਖ਼ੁਸ਼ੀਆਂ ਵਿਚ ਜਣਾਈਆ । ਸਾਰੇ ਬਣ ਜਾਉ ਇਕ ਦੇ ਲਾਲ, ਲਾਲਾ ਪਾਪਾ ਅਵਰ ਨਾ ਕੋਇ ਮਨਾਈਆ । ਬਹਿ ਜਾਉ ਇਕੋ ਧਰਮਸਾਲ, ਧਰਮ ਦਵਾਰਾ ਧੁਰ ਦਾ ਨਜ਼ਰੀ ਆਈਆ । ਜਿਥੇ ਨਾ ਕੋਈ ਸ਼ਾਹ ਤੇ ਨਾ ਕੋਈ ਕੰਗਾਲ, ਭਗਤ ਭਗਵਾਨ ਮਿਲ ਕੇ ਦੋਵੇਂ ਝਟ ਲੰਘਾਈਆ । ਇੱਕੀ ਅੱਸੂ ਨੂੰ ਦੁਆਬੇ ਵਾਲਿਓ ਹੋਣਾ ਸਵਾਧਾਨ, ਸਚ ਸੰਦੇਸ਼ਾ ਦਿਆਂ ਸੁਣਾਈਆ । ਛੱਬੀ ਅੱਸੂ ਸਭ ਨੇ ਲੌਣੀ ਮੀਜ਼ਾਨ, ਗੁਰਮੁਖ ਅੰਕੜਿਆਂ ਵਿਚ ਜਣਾਈਆ । ਢਾਈ ਘੰਟੇ ਹੋਣਾ ਫ਼ਰਮਾਨ, ਸੰਦੇਸ਼ਾ ਅਗੰਮ ਅਥਾਹੀਆ । ਜਿਸ ਵਿਚ ਛੱਬੀ ਪੋਹ ਦਾ ਲਿਖਿਆ ਜਾਣਾ ਵਿਧਾਨ, ਕੀ ਵਹਦਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵਣਹਾਰਾ ਦਾਨ, ਦਾਤਾ ਦਇਆਵਾਨ ਅਖਵਾਈਆ ।

## ✪ ਅਜੀਤ ਸਿੰਘ ਦੇ ਬੇਨੰਤੀ ਕਰਨ ਤੇ ਸ਼ਬਦ ਉਚਾਰਿਆ ਗਿਆ ✪

ਏਸ ਸ਼ਰੀਰ ਨੂੰ ਕੋਈ ਕਹੇ ਚੰਗਾ ਕੋਈ ਕਹੇ ਮਾੜਾ, ਉਂਗਲਾਂ ਸਾਰੇ ਰਹੇ ਉਠਾਈਆ । ਕੋਈ ਕਹੇ ਸਤਿਗੁਰੂ ਕੋਈ ਕਹੇ ਲਾੜਾ, ਕੋਈ ਕਹੇ ਪਾਰਬ੍ਰਹਮ ਪਤਿਪਰਮੇਸ਼ਵਰ ਸੋਭਾ ਪਾਈਆ । ਕੋਈ ਕਹੇ ਖੇਲ ਕਰੇ ਲਾ ਅਗੰਮੀ ਖਾੜਾ, ਆਪਣੀ ਕਾਰ ਕਮਾਈਆ । ਕੋਈ ਕਹੇ ਇਹ ਭਰਿਆ ਪੰਚ ਵਿਕਾਰ ਧਾੜਾ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਕੋਈ ਕਹੇ ਇਹ ਖੇਲ ਬਹੱਤਰ ਨਾੜਾ, ਤਤਾਂ ਵਰਗਾ ਤਤ ਸੋਭਾ ਪਾਈਆ । ਕੋਈ ਕਹੇ ਇਹ ਫਿਰਦਾ ਜੰਗਲ ਜੂਹਾਂ ਪਹਾੜਾਂ, ਭੱਜੇ ਥਾਉਂ ਥਾਈਂਆ । ਪਰ ਇਹ ਸਾਰਾ ਖੇਲ ਓਸੇ ਦਾ ਅਪਰ ਅਪਾਰਾ, ਜਿਸ ਅਪਰੰਪਰ ਆਪਣੀ ਬਣਤ ਬਣਾਈਆ । ਜਿਹੜਾ ਅੰਦਰ ਬਾਹਰ ਗੁਪਤ ਜ਼ਾਹਰਾ, ਉਹ ਆਪਣੀ ਕਾਰ ਕਮਾਈਆ । ਦੁੱਖ ਸੁਖ ਦਾ ਜਿਹੜਾ ਸਹਾਰਾ, ਰਸੀਆ ਭੋਗੀਆ ਆਪਣੀ ਕਰਨੀ ਵਿਚ ਆਪਣਾ ਆਪ ਰਖਾਈਆ । ਇਹ ਧਾਰ ਸੰਸਾਰ ਵਿਹਾਰ ਜੁਗ ਜੁਗ ਚਲਦੀ ਰਹੀ ਕਾਰਾ, ਕਰਨੀ ਕਰਤਾ ਆਪ ਭੁਗਤਾਈਆ ।

ਭਾਵੇਂ ਤਾਪ ਹੋਵੇ ਤੇ ਭਾਵੇਂ ਉਹਨੂੰ ਕਹੋ ਬੁਖਾਰਾ, ਭਾਵੇਂ ਅਗਨੀ ਤਤ ਜਲਾਈਆ । ਜੇ ਸ਼ਬਦ ਹੈ ਤੇ ਸ਼ਬਦ ਗੁਰੂਦਵਾਰਾ, ਦੁੱਖ ਰੋਗ ਨਾ ਲਾਗੇ ਰਾਈਆ । ਜੇ ਜੋਤ ਹੈ ਜੋਤ ਨੂਰ ਉਜਿਆਰਾ, ਨੂਰੋ ਨੂਰ ਡਗਮਗਾਈਆ । ਜੇ ਤਤ ਹੈ ਤੇ ਜਗਤ ਵਾਲਾ ਖੇਲ ਅਪਾਰਾ, ਤਾੜੀ ਦਿਉ ਲਗਾਈਆ । ਇਹ ਹੁਕਮ ਮੰਨਣ ਦੀ ਧਾਰਾ, ਸਭ ਨੂੰ ਰਿਹਾ ਸਮਝਾਈਆ । ਇਕ ਦਾ ਇਕ ਨਾਲ ਪਿਆਰਾ, ਇਕ ਇਕ ਵਿਚ ਸਮਾਈਆ । ਏਸ ਇਕ ਦਾ ਤੁਹਾਡੇ ਨਾਲ ਵਿਹਾਰਾ, ਕਿਉਂ ਬੈਠੇ ਮੁਖ ਭਵਾਈਆ । ਇਕ ਦਾ ਇਕ ਨਾਲ ਪਿਆਰਾ, ਇਕ ਇਕ ਨਾਲ ਨਿਭਾਈਆ । ਇਹ ਕੋਈ ਪੂਰਨ ਨਹੀਂ ਵਿਭਚਾਰਾ, ਕੁਕਰਮੀ ਕਰਮ ਕਾਂਡ ਨਾ ਕੋਇ ਵਖਾਈਆ । ਜੋ ਕਰੇ ਕਰਾਏ ਸੋ ਕਰਨੇਹਾਰਾ, ਖ਼ੁਦ ਮਾਲਕ ਬੇਪਰਵਾਹੀਆ । ਸਾਰੀ ਸ੍ਰਿਸ਼ਟੀ ਏਸੇ ਦੀ ਇਸਤਰੀ ਤੇ ਏਸੇ ਦਾ ਪੁਰਖ ਤੇ ਏਹੋ ਏਸ ਦੀ ਨਾਰਾ, ਏਹੋ ਮਾਤ ਪਿਤ ਭੈਣ ਭਾਈਆ । ਜਿਹੜਾ ਅੰਦਰ ਹੈ ਗੁਪਤ ਹੈ ਜ਼ਾਹਰ ਹੈ (ਬਾਹਰਾ,) ਹਰ ਘਟ ਵਸਿਆ ਸਾਹਿਬ ਸਵਾਮੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, । ਕੀ ਪੂਰਨ ਕਦੀ ਮਰਦਾ ! ਮਰਨ ਵਿਚ ਨਾ ਆਈਆ । ਇਹ ਸੜਦਾ ! ਸੜਨ ਵਿਚ ਨਾ ਆਈਆ । ਇਹ ਡਰਦਾ ! ਡਰਨ ਵਿਚ ਨਾ ਆਈਆ । ਜਿਧਰ ਜਾਵਾਂ ਉਧਰ ਚੜ੍ਹਦਾ, ਜੋਧਾ ਸੂਰਬੀਰ ਅਖਵਾਈਆ । ਇਹ ਖੇਲ ਨਰਾਇਣ ਨਰ ਦਾ, ਸ਼ਾਹ ਪਾਤਸ਼ਾਹ ਆਪਣੀ ਕਾਰ ਭੁਗਤਾਈਆ । ਤੁਹਾਡੇ ਪਿਛੇ ਸਾਰੇ ਦੁੱਖ ਝਲਦਾ, ਦੁਖੀਆਂ ਦਾ ਦਰਦ ਆਪਣੀ ਝੋਲੀ ਪਾਈਆ । ਤੇ ਗੋਬਿੰਦ ਦਾ ਬਚਨ ਪੂਰਾ ਕਰਦਾ, ਜੋ ਗੁਜਰੀ ਨਾਲ ਵਾਅਦਾ ਕਰ ਕੇ ਤੇ ਘੁੱਟ ਨਾਲ ਘੁੱਟ ਕਰ ਕੇ ਮਾਂ ਨੂੰ ਗਿਆ ਸਮਝਾਈਆ । ਅੱਜ ਇਹ ਖੇਲ ਨਾ ਕਰਦਾ, ਗ਼ਰੀਬਾਂ ਨਿਮਾਣਿਆਂ ਗੋਦ ਨਾ ਕੋਇ ਟਿਕਾਈਆ । ਆਪਣਾ ਖ਼ੂਨ ਤੁਹਾਡਾ ਰੂਪ ਨਾ ਬਣਦਾ, ਦਰਦੀ ਦਰਦ ਕਵਣ ਅਖਵਾਈਆ । ਉਫ਼ ਹਾਏ ਨਾ ਕਰਦਾ, ਤੁਹਾਡੇ ਅੰਦਰ ਵੜ ਕੇ ਕਵਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਭੁਗਤਾਈਆ । ਜਿਤਨਾ ਲੱਗਾ ਦੁੱਖ ਰੋਗ ਸਰੀਰ, ਸਰੀਰ ਇਕ ਦਿਤਾ ਜਣਾਈਆ । ਇਹ ਵੀ ਇਕ ਖ਼ਾਸ ਤਹਿਰੀਰ, ਤਰੀਕੇ ਨਾਲ ਬਣਾਈਆ । ਜਿਸ ਦਾ ਖੇਲ ਬੇਨਜ਼ੀਰ, ਨਜ਼ਰ ਤੋਂ ਪਰੇ ਦਏ ਸਮਝਾਈਆ । ਜੇ ਮੈਂ ਪਾਤਸ਼ਾਹ ਤੇ ਤੁਸੀਂ ਮੇਰੇ ਵਜ਼ੀਰ, ਤੇ ਦੋਹਾਂ ਦਾ ਮੇਲਾ ਸਹਿਜ ਸੁਭਾਈਆ । ਜੇ ਮੈਂ ਹੀ ਤੁਹਾਡਾ ਮਾਲਕ ਅਖ਼ੀਰ, ਕਿਉਂ ਨਾ ਦੁੱਖੜੇ ਤੁਹਾਡੇ ਪਹਿਲੋਂ ਦਿਆਂ ਮਿਟਾਈਆ । ਥੋੜ੍ਹੀ ਜਿਹੀ ਖੇਲ ਕਰ ਕੇ ਤੁਹਾਡੀ ਬਦਲ ਦੇਵਾਂ ਤਕਦੀਰ, ਇਹ ਮੇਰੀ ਬੇਪਰਵਾਹੀਆ । ਜੇ ਝਾੜੀਆਂ ਪਿਛੇ ਲੁਕਿਆ ਕਬੀਰ, ਤੇ ਓਹਲੇ ਲੁਕ ਲੁਕ ਝਟ ਲੰਘਾਈਆ । ਜੇ ਬਣ ਗਿਆ ਪੈਗ਼ੰਬਰਾਂ ਪਿਛੇ ਖ਼ਮੀਰ, ਆਪਣਾ ਰੂਪ ਬਦਲਾਈਆ । ਤੇ ਜੇ ਬਦਲ ਗਈ ਤਦਬੀਰ, ਤਰੀਕਾ ਢੰਗ ਰਿਹਾ ਸਿਖਲਾਈਆ । ਫਿਰ ਦਿਉ ਬਾਦ ਅਸ਼ੀਰ, ਵਾਹਵਾ ਪ੍ਰਭੂ ਤੇਰੀ ਬੇਪਰਵਾਹੀਆ । ਜਿਸ ਨੇ ਦੁੱਖ ਵਿਚ ਸੁਖ ਵਿਚ ਸਭ ਦੀ ਬਦਲ ਦੇਣੀ ਜ਼ਮੀਰ, ਜ਼ਾਮਨ ਆਪਣਾ ਆਪ ਕਰਾਈਆ । ਇਹ ਕੋਈ ਜੰਡ ਨਹੀਂ ਕਰੀਰ, ਜਿਹੜਾ ਸੜ ਸੁੱਕ ਕੇ ਅਗਨੀ ਵਿਚ ਦਿਉ ਡਾਹੀਆ । ਇਹ ਕੋਈ ਇੱਟਾਂ ਪੱਥਰਾਂ ਵਾਲਾ ਮੰਦਰ ਨਹੀਂ ਜਿਹਨੂੰ ਕਰ ਕੇ ਤਾਅਮੀਰ, ਫੇਰ ਦਿਉ ਢਾਹੀਆ । ਇਹ ਕੋਈ ਦੀਨ ਮਜ਼੍ਹਬ ਦੀ ਨਹੀਂ ਜਗੀਰ, ਧਨ ਦੌਲਤ ਕਿਸੇ ਦੀ ਨਜ਼ਰੀ ਆਈਆ । ਇਹ ਕੋਈ ਕੜਾਹ ਪੂੜੀ ਖਾਣ ਵਾਲਾ ਨਹੀਂ ਖੀਰ, ਟੁਕੜਿਆਂ ਨਾਲ ਝਟ ਲੰਘਾਈਆ । ਇਹ ਦਾਤਾ ਬੇਨਜ਼ੀਰ, ਜਦ ਚਾਹੇ ਤੁਹਾਡੇ ਵਰਗਾ ਤੁਹਾਡੇ ਵਿਚ ਸਮਾਈਆ । ਪਿਛਲੀ ਸਭ ਦੇ ਉਤੇ ਫੇਰਨੀ ਲਕੀਰ,

ਲਾਈਨ ਇਕੋ ਦੇਣੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਦੁੱਖ ਸੁਖ ਰੋਗ ਨਹੀਂ ਸੰਤਾਪ, ਜਗਤ ਵਾਲੀ ਕਾਰ ਭੁਗਤਾਈਆ । ਨਾਲੇ ਅਕਾਲ ਤੇ ਨਾਲੇ ਆਪ ਤੇ ਨਾਲੇ ਪਿਤਾ ਤੇ ਨਾਲੇ ਬਾਪ, ਤੇ ਨਾਲੇ ਬੱਚਿਆਂ ਨੂੰ ਕਹੇ ਉਫ ਹਾਏ ਬਹੁੜੀ ਮਰ ਕੇ ਦਏ ਦੁਹਾਈਆ । ਨਾਲੇ ਪਵਿੱਤਰ ਨਾਲੇ ਪਾਕ, ਨਾਲੇ ਦੇਵੇ ਸਭ ਦਾ ਸਾਥ, ਨਾਲੇ ਕਹੇ ਫੜੋ ਘੁੱਟੋ ਡੱਕੋ ਮੇਰੀ ਜਾਨ, ਬਹੁੜੀ ਬਹੁੜੀ ਕਰ ਕੇ ਦਏ ਦੁਹਾਈਆ । ਇਹ ਗੋਬਿੰਦ ਦਾ ਵਾਕ, ਗੁਜਰੀ ਦਾ ਸਾਕ, ਦੁੱਖ ਸੁਖ ਸਭ ਦਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਲੇ ਲੱਭਾ ਪੁਰਖ ਅਕਾਲ ਤੇ ਲਭ ਗਿਆ ਬੌਰਾ, ਭੋਲਾ ਭਾਲਾ ਨਜ਼ਰੀ ਆਈਆ । ਸੁਧ ਬੁਧ ਵਿਚ ਹੋ ਜਾਏ ਡੋਰਾ ਭੌਰਾ, ਸੁਰਤ ਰਹੇ ਨਾ ਰਾਈਆ । ਕਦੀ ਸੱਸੇ ਦਾ ਲਾ ਕੇ ਹੋੜਾ, ਹਾਹੇ ਦਿਤੀ ਵਡਿਆਈਆ । ਕਦੀ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀ ਅਸਮਾਨ ਬਣਾ ਕੇ ਚੌੜਾ, ਘਰ ਵਡਾ ਛੋਟਾ ਦਿਤਾ ਸਮਝਾਈਆ । ਕਦੀ ਪਾ ਕੇ ਹਾਏ ਲੋਹੜਾ, ਜੁਗ ਚੌਕੜੀ ਦਿਤੇ ਬਦਲਾਈਆ । ਕਦੀ ਦੇ ਕੇ ਨਾਮ ਥੋੜ੍ਹਾ ਥੋੜ੍ਹਾ, ਸਾਰੇ ਦਿਤੇ ਵਰਚਾਈਆ । ਕਦੀ ਬਣਾ ਕੇ ਜੋੜਾ ਜੋੜਾ, ਨਾਰੀ ਇਸਤਰੀ ਵੰਡ ਵੰਡਾਈਆ । ਕਦੀ ਫੜ ਕੇ ਨਾਮ ਸ਼ਬਦ ਘੋੜਾ, ਪਿਠ ਸਭ ਦੀ ਦਏ ਠੁਕਰਾਈਆ । ਨਾਂ ਰਖਾ ਕੇ ਬ੍ਰਹਿਮਣ ਗੌੜਾ, ਆਪਣਾ ਭੇਵ ਨਾ ਕਿਸੇ ਸਮਝਾਈਆ । ਲੱਭੇ ਥੱਲੇ ਉਤੇ ਲਾਏ ਪੌੜਾ, ਨਾ ਅੰਦਰ ਦਿਸੇ ਨਾ ਬਾਹਰ ਦਿਸੇ, ਹਾਏ ਬਹੁੜੀ ਸਾਰੇ ਕਰ ਕੇ ਦੇਣ ਦੁਹਾਈਆ । ਏਥੇ ਦੱਸ ਕਿਸੇ ਦਾ ਕੀ ਜੋਰਾ, ਜੋਰੂ ਜ਼ਰ ਸਾਰੇ ਰਹੇ ਕੁਰਲਾਈਆ । ਜਦ ਵੇਖੋ ਤੇ ਨਵੇਂ ਦਾ ਨਵਾਂ ਨਕੋਰਾ, ਨਵ ਨੌ ਜੋਬਨ ਸੋਭਾ ਪਾਈਆ । ਆਦਿ ਤੋਂ ਲੈ ਕੇ ਅੰਤ ਤਕ ਨਾ ਇਹ ਬੁੱਢਾ ਤੇ ਨਾ ਇਹ ਛੋਹਰਾ, ਰੂਪ ਰੰਗ ਰੇਖ ਵਿਚ ਨਾ ਕੋਇ ਵਡਿਆਈਆ । ਜਿਸ ਦਾ ਮੰਤਰ ਸਦਾ ਫੋਰਾ, ਫੁਰਨੇ ਸਭ ਦੇ ਬੰਦ ਕਰਾਈਆ । ਗ਼ੁੱਸੇ ਵਿਚ ਦਿਉ ਖਾਂ ਹਨੋਰਾ, ਪਾਸੇ ਲਉ ਬਦਲਾਈਆ । ਤੇ ਜੇ ਸ਼ਬਦ ਗੁਰੂ ਤੇ ਅੱਗੇ ਉਹਦਾ ਘੋੜਾ, ਕਿਧਰ ਭੱਜੋਗੇ ਨੱਠੋ ਕਿਹੜੀ ਥਾਈਆ । ਫੇਰ ਵੇਖੋ ਤੇ ਸੋਹੰ ਦੁਹਰਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਫੇਰ ਵੇਖੋ ਤੇ ਅੱਗੋਂ ਲਾ ਕੇ ਮੋੜਾ, ਆਪਣੇ ਵੱਲ ਖਿਚਾਈਆ । ਫੇਰ ਵੇਖੋ ਤੇ ਫੇਰ ਜੋੜੇ ਦਾ ਜੋੜਾ, ਆਤਮ ਪਰਮਾਤਮ ਸੋਭਾ ਪਾਈਆ । ਫੇਰ ਵੇਖੋ ਪਾਵੇ ਲੋਹੜਾ, ਤੂੰ ਏਧਰ ਤੇ ਮੈਂ ਏਧਰ, ਸਭ ਨੂੰ ਦਏ ਭਵਾਈਆ । ਫੇਰ ਵੇਖੋ ਖਿੱਚ ਕੇ ਡੋਰਾ, ਸ਼ਬਦੀ ਡੋਰੀ ਤੰਦ ਬੰਧਾਈਆ । ਇਹ ਸਤਿਗੁਰੂ ਪਤਾ ਨਹੀਂ ਕਿਧਰੋਂ ਆ ਗਿਆ ਜਿਸ ਦੀ ਨੰਗੀ ਹੋ ਗਈ ਕੰਗਰੋੜਾ, ਹੱਡ ਮਾਸ ਦਾ ਖੇਲ ਨਜ਼ਰ ਕੋਇ ਨਾ ਆਈਆ । ਇਹ ਨਹੀਂ ਪਤਾ ਇਹ ਜਨਮ ਕਰਮ ਦੇ ਸਭ ਦੀ ਗੋਬਿੰਦ ਦੇ ਪ੍ਰੇਮੀਆਂ ਦੀ ਕਢਣ ਆਇਆ ਖੋਰਾ, ਆਪਣੇ ਆਪ ਨੂੰ ਖੋਰ ਖੋਰ ਕੇ ਖੁਰਿਆਂ ਨੂੰ ਖੁਰੇ ਤੋਂ ਫੜ ਕੇ ਲਿਆ ਬਚਾਈਆ ।

ਇਹ ਪ੍ਰੀਤੀ ਬੜੀ ਸ਼ੈਤਾਨ, ਸ਼ੈਤਾਨੀ ਵਿਚ ਭੱਜੇ ਚਾਈਂ ਚਾਈਂਆ । ਕਹਿੰਦੀ ਗਿਆਨੀਆਂ ਨੂੰ ਦੇ ਗਿਆਨ, ਧਿਆਨੀਆਂ ਨੂੰ ਦੇ ਧਿਆਨ, ਮਾਨੀਆਂ ਨੂੰ ਦੇ ਮਾਣ, ਤੇ ਖਾਣ ਪੀਣ ਵਾਲਿਆਂ ਨੂੰ ਦੇ ਪੀਣ ਖਾਣ, ਤੇ ਢਿੱਡ ਸਭਦੇ ਦੇ ਫੁਲਾਈਆ । ਚੁਗਲਾਂ ਨੂੰ ਦੇ ਕਾਨ, ਪਾਪੀਆਂ ਨੂੰ ਦੇ ਇਸ਼ਨਾਨ, ਨਾਹ ਧੋ ਕੇ ਆਪਣਾ ਝਟ ਲੰਘਾਈਆ । ਤੇ ਹੋਰ ਕੀ ਸਭ ਕੁਛ ਮੰਗੀ ਜਾਨੀ ਏ, ਜੇ ਭਗਤਾਂ ਨੂੰ ਦੇਣਾ ਈ ਤੇ ਪ੍ਰੀਤੀ ਦਾਨ, ਹੋਰ

ਕੁਛ ਨਾ ਮੰਗ ਮੰਗਾਈਆ । ਪ੍ਰਭੂ ਕਹੇ ਓ ਕਮਲੀਏ ਜੋ ਇਕ ਵੇਰਾਂ ਮੇਰਾ ਦਰਸ਼ਨ ਪਾਣ, ਜਨਮ ਮਰਨ ਦੀ ਲੋੜ ਰਹੀ ਨਾ ਰਾਈਆ । ਮੇਰਾ ਇਕੋ ਇਕ ਮਕਾਨ, ਦੂਜਾ ਘਰ ਨਾ ਕੋਇ ਵਸਾਈਆ । ਜਿਥੇ ਕਦੇ ਨਾ ਹੋਵੇ ਕੋਈ ਗ਼ੁਲਾਮ, ਸ਼ਰਅ ਬੰਧਨ ਨਾ ਕੋਇ ਬੰਧਾਈਆ । ਜਦੋਂ ਕਿਰਪਾ ਕੀਤੀ ਤੇ ਕੀਤੀ ਮਿਹਰ ਨਾਲ ਅਸਾਨ, ਰੋੜਾ ਰਾਹ ਨਾ ਕੋਇ ਅਟਕਾਈਆ । ਜਦੋਂ ਆਇਆ ਭਗਤਾਂ ਨੂੰ ਖਿੱਚ ਕੇ ਲੈ ਗਿਆ ਵਿਚੋਂ ਮੈਦਾਨ, ਮਵਾਇਦੇ ਪਿਛਲੇ ਪੂਰ ਕਰਾਈਆ । ਕਦੀ ਨਹੀਂ ਕਲਾਮਾਂ ਵਾਲਾ ਅੱਖਰਾਂ ਵਾਲਾ ਦਿਤਾ ਗਿਆਨ, ਸਿਫ਼ਤਾਂ ਵਿਚ ਸਿਫ਼ਤਾਂ ਨਾ ਕੋਇ ਜਣਾਈਆ । ਜਦੋਂ ਹੋਇਆ ਤੇ ਹੋਇਆ ਮਿਹਰਵਾਨ, ਮਿਹਰ ਨਿਗਾਹ ਨਾਲ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਦਵਾਰ ਏਕੰਕਾਰ ਜਨ ਭਗਤਾਂ ਦਏ ਟਿਕਾਈਆ ।

### ੮ ਅੱਸੂ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ

ਵਿਸ਼ਨੂੰ ਵਿਸ਼ਵ ਧਾਰ ਹੋ ਜਾ ਹਾਜ਼ਰ, ਹਾਜ਼ਰੀ ਆਪਣੀ ਲੈ ਲਗਾਈਆ । ਤੂੰ ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਬਣਿਓ ਰਿਹੋਂ ਤਾਜਰ, ਵਣਜ ਵਪਾਰ ਆਪਣਾ ਨਫਾ ਦੇ ਦ੍ਰਿੜਾਈਆ । ਧਰਮ ਦੀ ਧਾਰ ਰਿਹੋਂ ਸੌਦਾਗਰ, ਭੱਜਿਆ ਵਾਹੋ ਦਾਹੀਆ । ਹੁਕਮ ਸੁਣਾਉਂਦਾ ਰਿਹੋਂ ਕਰੀਮ ਕਾਦਰ, ਕੀ ਕਰਤਾ ਖੇਲ ਖਿਲਾਈਆ । ਕਿਉਂ ਨਹੀਂ ਸਚ ਕੀਤਾ ਆਦਲ, ਇਨਸਾਫ਼ ਨਾ ਕੋਇ ਵਖਾਈਆ । ਗ਼ਰੀਬ ਨਿਮਾਣਿਆਂ ਮਿਲਿਆ ਕਿਸੇ ਨਾ ਆਦਰ, ਭੁੱਖਿਆਂ ਭੁੱਖ ਨਾ ਕੋਇ ਮਿਟਾਈਆ । ਯਾਦ ਕਰਨਾ ਕੀ ਪੁਕਾਰ ਕੀਤੀ ਤੇਗ਼ ਬਹਾਦਰ, ਸੀਸ ਧੜ ਨਾਲੋਂ ਵੱਖ ਕਰਾਈਆ । ਜਗਤ ਮਜ਼੍ਹਬ ਬਣਿਆ ਕਾਤਲ, ਛੁਰੀ ਇਸਲਾਮ ਰੂਪ ਕਸਾਈਆ । ਉਸ ਨੇ ਭੇਦ ਖੋਲ੍ਹਿਆ ਬਾਤਨ, ਪਰਦਾ ਦਿਤਾ ਚੁਕਾਈਆ । ਜਿਸ ਵੇਲੇ ਕਲਜੁਗ ਅੰਧੇਰਾ ਹੋਵੇ ਰਾਤਨ, ਸਾਚਾ ਚੰਦ ਨਾ ਕੋਇ ਚਮਕਾਈਆ । ਉਸ ਵੇਲੇ ਆਵੇ ਪੁਰਖ ਅਬਿਨਾਸ਼ਣ, ਨਿਰਗੁਣ ਨਿਰਵੈਰ ਬੇਪਰਵਾਹੀਆ । ਗੋਬਿੰਦ ਸੂਰਾ ਹੋਵੇ ਸਾਥਨ, ਸਗਲਾ ਸੰਗ ਨਿਭਾਈਆ । ਜਿਸ ਨੂੰ ਕਹਿੰਦੇ ਗ਼ਰੀਬ ਨਿਵਾਜ਼ਨ, ਨਵਾਜ਼ਿਸ਼ ਕਰੇ ਥਾਉਂ ਥਾਈਆ । ਸਚ ਦੀ ਥਾਪਣ ਆਏ ਥਾਪਣ, ਧੁਰ ਫ਼ਰਮਾਨਾ ਇਕ ਉਪਜਾਈਆ । ਦੀਨ ਦੁਨੀ ਦਾ ਮੇਟ ਕੇ ਪਾਪਨ, ਦੁਰਮਤ ਮੈਲ ਕਰੇ ਸਫ਼ਾਈਆ । ਜੁਗ ਚੌਕੜੀ ਬਦਲ ਕੇ ਜਾਪਨ, ਸਿਖਿਆ ਇਕੋ ਦਏ ਸਮਝਾਈਆ । ਸਚ ਦਵਾਰੇ ਕਰਕੇ ਵਾਸਨ, ਵਸਲ ਆਪਣਾ ਇਕ ਵਖਾਈਆ । ਨਿਰਗੁਣ ਨੂਰ ਕਰ ਪ੍ਰਕਾਸ਼ਨ, ਜੋਤੀ ਜੋਤ ਡਗਮਗਾਈਆ । ਖੇਲ ਖੇਲੇ ਪ੍ਰਿਥਮੀ ਆਕਾਸ਼ਨ, ਗਗਨ ਮੰਡਲ ਪੜਦਾ ਲਾਹੀਆ । ਦੋ ਜਹਾਨਾਂ ਪਾ ਰਾਸਨ, ਨਿਰਗੁਣ ਸਰਗੁਣ ਨਾਚ ਨਚਾਈਆ । ਲੇਖਾ ਜਾਣ ਭੋਗ ਬਲਾਸਨ, ਲੱਖ ਚੁਰਾਸੀ ਖੋਜ ਖੁਜਾਈਆ । ਜਿਸ ਦਾ ਹੁਕਮ ਸਾਰੇ ਵਾਚਨ, ਪੜ ਪੜ੍ਹ ਰਹੇ ਸੁਣਾਈਆ । ਉਹ ਕਰੇ ਆਪਣਾ ਵਡ ਪਰਤਾਪਨ, ਬੇਪਰਵਾਹ ਆਪਣਾ ਵੇਸ ਵਟਾਈਆ । ਕੂੜੀ ਕਿਰਿਆ ਕਰੇ ਨਾਸਨ, ਨਾਸਤਕ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਵਿਸ਼ਨੂੰ ਛੇਤੀ ਆ ਗਿਆ ਅੱਗੇ, ਕਦਮ ਚੁੰਮ ਕੇ ਸੀਸ ਨਿਵਾਈਆ । ਪ੍ਰਭ ਵੇਖ ਲੈ ਮੇਰੇ ਲੇਖ ਬੱਗੇ, ਕਾਲੀ ਧਾਰ ਨਾ ਕੋਇ ਜਣਾਈਆ । ਤੇਰਾ ਨੂਰ ਨੁਰਾਨਾ ਜਗੇ, ਇਕੋ ਇਕ ਡਗਮਗਾਈਆ । ਤੇਰੇ ਅੱਗੇ ਕੋਈ

ਨਾ ਵਧੇ, ਵਾਧਾ ਨਜ਼ਰ ਕੋਇ ਨਾ ਆਈਆ । ਮੇਰੇ ਦੋਵੇਂ ਹੱਥ ਬੱਧੇ, ਨਿਉਂ ਨਿਉਂ ਸੀਸ ਝੁਕਾਈਆ । ਤੇਰੇ ਹੁਕਮ ਅੰਦਰ ਫਿਰੀਏ ਭੱਜੇ, ਜੁਗ ਚੌਕੜੀ ਵਾਹੋ ਦਾਹੀਆ । ਵਿਸਰ ਨਾ ਜਾਈਏ ਕਦੇ, ਕਦੀਮ ਦੇ ਮਾਲਕ ਤੇਰੀ ਓਟ ਤਕਾਈਆ । ਤੇਰੀ ਸਮਝ ਨਾ ਸਕੇ ਆਰ ਪਾਰ ਹੱਦੇ, ਅਗੰਮ ਪੜਦਾ ਨਾ ਕੋਇ ਚੁਕਾਈਆ । ਤੇਰੀ ਸਰਨ ਇਕੋ ਲੱਗੇ, ਲਗ ਮਾਤਰ ਡੇਰਾ ਢਾਹੀਆ । ਪੁਰਖ ਅਕਾਲ ਪਿਠ ਉਤੇ ਮਾਰ ਕੇ ਧੱਫੇ, ਸਹਿਜ ਨਾਲ ਸੁਣਾਈਆ । ਉਹ ਵਿਸ਼ਨੂੰ ਮੈਥੋਂ ਲੈ ਕੇ ਭੰਡਾਰ ਦੇ ਗੱਫੇ, ਆਪਣੀ ਝੋਲੀ ਲਈ ਭਰਾਈਆ । ਨਿਰਗੁਣ ਦੀ ਧਾਰ ਉਤੇ ਵੇਖ ਤੀਸਰੇ ਸਫ਼ੇ, ਜਿਸ ਦਾ ਅੰਕ ਨਾ ਕੋਇ ਜਣਾਈਆ । ਉਥੇ ਸਭ ਨੂੰ ਮਿਲਦੇ ਨਫੇ, ਨੁਕਸਾਨ ਵੰਡ ਨਾ ਕੋਇ ਵੰਡਾਈਆ । ਇਹ ਖੇਲ ਅਲਖਣਾ ਅਲਖੇ, ਲੱਖ ਕਰੋੜ ਕਹਿਣ ਕੋਇ ਨਾ ਪਾਈਆ । ਸਚ ਸਚ ਦੇ ਦੱਸੇ, ਦਹਿ ਦਿਸ਼ਾ ਧਿਆਨ ਲਗਾਈਆ । ਲੋਕਮਾਤ ਵੇਖ ਮੇਰੇ ਭੁੱਖੇ ਰਹਿੰਦੇ ਬਹੁਤੇ ਬੱਚੇ, ਪੇਟ ਭਰ ਨਾ ਕੋਇ ਰਜਾਈਆ । ਚਾਰ ਜੁਗ ਦੇ ਮਾਰਗ ਹੋ ਗਏ ਕੱਚੇ, ਕੱਚੀ ਧਾਰ ਤੰਦ ਵਖਾਈਆ । ਮਾਇਆ ਮਮਤਾ ਮੋਹ ਨੱਸੇ, ਭੱਜੇ ਵਾਹੋ ਦਾਹੀਆ । ਮੇਰਾ ਨੂਰ ਕਿਤੇ ਨਾ ਵਸੇ, ਸਚ ਜੋਤ ਨਾ ਕੋਇ ਰੁਸ਼ਨਾਈਆ । ਤੂੰ ਦੱਸ ਮੇਰੇ ਭੰਡਾਰੇ ਕਿਥੇ ਰੱਖੇ, ਜਿਹੜੇ ਅਤੋਟ ਅਤੁਟ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਵਿਸ਼ਨੂੰ ਮਾਰ ਕੇ ਉਪਰ ਹੱਥ ਆਪਣੀ ਛਾਤੀ, ਸ਼ਹਿਨਸ਼ਾਹ ਦਿਤਾ ਵਖਾਈਆ । ਇਹ ਵੇਖ ਲੇਖ ਕਮਲਾਪਾਤੀ, ਪਤਿਪਰਮੇਸ਼ਵਰ ਤੇਰਾ ਨਜ਼ਰੀ ਆਈਆ । ਮੈਨੂੰ ਦੇ ਕੇ ਭੰਡਾਰਾ ਦਾਤੀ, ਦਾਤੇ ਦਇਆ ਕਮਾਈਆ । ਇਕ ਗੱਲ ਅਨੋਖੀ ਆਖੀ, ਸਹਿਜ ਨਾਲ ਸਮਝਾਈਆ । ਮੈਂ ਸਭ ਦੀ ਕਰਾਂ ਰਾਖੀ, ਵੇਖਾਂ ਥਾਉਂ ਥਾਈਆ । ਤੂੰ ਥੋੜ੍ਹੀ ਥੋੜ੍ਹੀ ਮਾਤਲੋਕ ਵੰਡਣੀ ਚਪਾਤੀ, ਚਾਰੇ ਖਾਣੀ ਝੋਲੀ ਪਾਈਆ । ਕਿਸੇ ਨੂੰ ਆਉਣ ਨਾ ਦੇਵੀਂ ਸ਼ਾਂਤੀ, ਸਤਿ ਵਿਚ ਨਾ ਕੋਇ ਸਮਾਈਆ । ਅੰਦਰ ਭਰਮ ਰਹੇ ਭਰਾਂਤੀ, ਭਾਂਡਾ ਨਾ ਕੋਇ ਭੰਨਾਈਆ । ਮੈਂ ਅਵਤਾਰ ਪੈਗ਼ੰਬਰ ਗੁਰੂ ਭੇਜਾਂ ਸ਼ਬਦ ਦੇ ਬਣਾ ਜਮਾਤੀ, ਅੱਖਰਾਂ ਵਾਲੀ ਕਰ ਪੜ੍ਹਾਈਆ । ਆਪਣੀ ਮੰਜ਼ਲ ਦੱਸ ਕੇ ਘਾਟੀ, ਥੱਲੇ ਸਭ ਨੂੰ ਦਿਆਂ ਭਵਾਈਆ । ਸਰੀਰ ਤਨ ਦੀ ਦੇ ਦੇ ਖਾਟੀ, ਸੇਜ ਸਿੰਘਾਸਣ ਉਤੇ ਟਕਾਈਆ । ਨਾਮ ਦੀ ਦੇ ਕੇ ਪਾਤੀ, ਅੱਖਰਾਂ ਵਿਚ ਵਖਾਈਆ । ਅੰਤ ਹੁਕਮ ਦੀ ਦੇ ਕੇ ਫਾਸੀ, ਫ਼ੈਸਲੇ ਦਿਆਂ ਕਰਾਈਆ । ਭੇਵ ਰੱਖ ਪੁਰਖ ਅਬਿਨਾਸ਼ੀ, ਪਰਦਾ ਪਰਦਿਆਂ ਵਿਚ ਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਆਹ ਮੇਰਾ ਮਸਤਕ ਲੈ ਤਕ, ਪ੍ਰਭ ਆਪਣੀ ਦਇਆ ਕਮਾਈਆ । ਜਿਸ ਵਿਚ ਲੇਖ ਲਿਖਿਆ ਆਪਣੇ ਅਗੰਮੇ ਹੱਥ, ਸ਼ਾਹੀ ਕਲਮ ਨਾ ਕੋਇ ਵਡਿਆਈਆ । ਜੁਗ ਚੌਕੜੀ ਖੇਲ ਹੋਣਾ ਵੱਖ ਵੱਖ, ਧੁਰ ਦਾ ਰਾਹ ਨਾ ਕੋਇ ਦ੍ਰਿੜਾਈਆ । ਅਵਤਾਰ ਪੈਗ਼ੰਬਰ ਆਉਣੇ ਨੱਠ, ਗੁਰੂਆਂ ਗੋਦ ਜਣਾਈਆ । ਕਲਮੇ ਨਾਮ ਜਾਣੇ ਜਪ, ਸਿਫ਼ਤਾਂ ਵਿਚ ਸਾਲਾਹੀਆ । ਜੋਗ ਅਭਿਆਸ ਕਰਨੇ ਤਪ, ਪੂਜਾ ਪਾਠ ਵਿਚ ਵਡਿਆਈਆ । ਸਰੀਰ ਉਤੇ ਝਲਣੇ ਕਸ਼ਟ ਝਟ, ਸਿਰ ਸਕੇ ਨਾ ਕੋਇ ਉਠਾਈਆ । ਅੰਤਮ ਸਾਰੇ ਪਾਸਾ ਜਾਣ ਵਟ, ਆਪਣਾ ਪੰਧ ਮੁਕਾਈਆ । ਤੇਰੇ ਭਾਣੇ ਅੰਦਰ ਵਸ, ਸੀਸ ਜਗਦੀਸ ਝੁਕਾਈਆ । ਤੇਰੇ ਕੋਲੋਂ ਮੰਗਦੇ ਰਹਿਣ ਕਰਕੇ ਹੱਥ, ਝੋਲੀ ਆਪਣੀ ਖ਼ਾਲੀ ਡਾਹੀਆ । ਤੂੰ ਕਿਰਪਾ ਨਾਲ ਦੇਣੀ ਵਥ, ਇਹ ਤੇਰੀ ਬੇਪਰਵਾਹੀਆ । ਸਾਰੀ ਸ੍ਰਿਸ਼ਟੀ ਦਾ ਭਾਰ ਸਕਣਾ ਨਹੀਂ ਕਿਸੇ ਚੱਕ, ਹਿੱਸਾ ਥੋੜ੍ਹਾ ਥੋੜ੍ਹਾ ਰਖਾਈਆ । ਅੰਤਮ ਸਾਰਿਆਂ ਜਾਣਾ ਅੱਕ, ਵਾਸਤਾ ਤੇਰੇ ਅੱਗੇ ਪਾਈਆ ।

ਦੀਨ ਦੁਨੀ ਦਾ ਪੂਰਾ ਦੇਵੇ ਕੋਇ ਨਾ ਹੱਕ, ਮੰਜ਼ਲ ਹੱਕ ਨਾ ਕੋਇ ਪਹੁੰਚਾਈਆ । ਸਭ ਨੇ ਤੇਰਾ ਮਾਰਗ ਜਾਣਾ ਦੱਸ, ਉਚੀ ਕੂਕ ਕੂਕ ਸੁਣਾਈਆ । ਕਲਜੁਗ ਅੰਤਮ ਹੋਵੇ ਪਰਗਟ, ਪੁਰਖ ਅਕਾਲਾ ਧੁਰ ਦਾ ਮਾਹੀਆ । ਜਿਸਨੇ ਸਭ ਦਾ ਮੇਟਣਾ ਫੱਟ, ਦੁੱਖੜਾ ਦਏ ਗਵਾਈਆ । ਉਸਨੇ ਧੁਰ ਦਾ ਖੋਲ੍ਹਣਾ ਹੱਟ, ਹਟਵਾਣਾ ਆਪ ਹੋ ਜਾਈਆ । ਅਵਤਾਰ ਪੈਗ਼ੰਬਰ ਗੁਰੂਆਂ ਨੌ ਨੌ ਵਾਰ ਦੱਸਿਆ ਸ਼ਬਦੀ ਧਾਰ ਤੇ ਸ਼ਬਦ ਸਤਿਗੁਰੂ ਤੇ ਸ਼ਬਦ ਸਰੀਰ ਹੋਣਾ ਜੱਟ, ਜਟਾ ਜੂਟ ਰਹਿਣ ਕੋਇ ਨਾ ਪਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਦੀ ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਲਮਿਆਂ ਦੀ ਭੁੱਖ ਆਪੇ ਲਏ ਕਟ, ਵਿਸ਼ਨੂੰ ਦੂਸਰ ਚਲੇ ਨਾ ਕੋਇ ਚਤੁਰਾਈਆ । ਛੱਤੀ ਜੁਗ ਨਾਨਕ ਦੱਸਿਆ ਨਾਲ ਹੱਠ, ਚੌਥੇ ਜੁਗ ਚਾਰ ਵਰਨ ਵੰਡ ਵੰਡਾਈਆ । ਚਾਲੀ ਦਿਨ ਏਸੇ ਕਾਰਨ ਖੇਲ ਕੀਤਾ ਅਲਗ, ਵੱਖਰੀ ਆਪਣੀ ਕਾਰ ਕਮਾਈਆ । ਨਾ ਜ਼ਿਮੀਂ ਰਿਹਾ ਨਾ ਅਸਮਾਨ ਰਿਹਾ ਨਾ ਜਗਤ ਰਿਹਾ ਨਾ ਜਗ, ਜੀਵਣ ਦਾਤਾ ਹੋ ਕੇ ਗੁਰਮੁਖਾਂ ਹਿਰਦੇ ਅੰਦਰ ਡੇਰਾ ਲਾਈਆ । ਜਿਤਨਾ ਸਰੀਰ ਨੂੰ ਚੜ੍ਹਦਾ ਸੀ ਤਪ, ਉਤਨਾ ਗੁਰਮੁਖ ਅੰਦਰ ਨਾਮ ਲੈਂਦੇ ਸੀ ਜਪ, ਪਿਆਰ ਪਿਆਰ ਵਿਚੋਂ ਪਰਗਟਾਈਆ । ਹਾਏ ਜੇ ਸਤਿਗੁਰ ਸਾਥ ਗਿਆ ਛਡ, ਜਾਵਾਂਗੇ ਕਿਹੜੀ ਥਾਈਂਆ । ਵਿਸ਼ਨੂੰ ਕਹੇ ਮੈਂ ਪ੍ਰਭੂ ਤੇਰੇ ਚਰਨਾਂ ਦੇ ਵਿਚਕਾਰੇ ਤੇਰਾ ਨਿਸ਼ਾਨਾ ਰੱਖਦਾ ਸਾਂ ਗੱਡ, ਜਗਤ ਜਹਾਨ ਦੀ ਅੱਗ ਤੇਰੇ ਚਰਨਾਂ ਵਿਚ ਤਪਾਈਆ । ਪਿਛੇ ਹੋ ਕੇ ਛਡਦਾ ਸਾਂ ਹੱਸ, ਬਾਹਵਾਂ ਕੱਛਾਂ ਵਿਚ ਰਖਾਈਆ । ਵੇਖੇ ਕਿਸ ਬਿਧ ਆਪਣੀ ਖੇਲ ਕਰੇ ਸਮਰਥ, ਦਾਤਾ ਬੇਪਰਵਾਹੀਆ । ਜਿਸ ਨੇ ਸਤਿਜੁਗ ਸਭ ਨੂੰ ਦੇਣੀ ਵਥ, ਵਸਤ ਅਮੋਲਕ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਵਿਸ਼ਨੂੰ

੧੮ ਕਹੇ ਮੈਂ ਇਕ ਦਿਨ ਅੱਖਾਂ ਲਈਆਂ ਮੀਟ, ਆਪਣਾ ਧਿਆਨ ਬਦਲਾਈਆ । ਜਾਂ ਤੱਕਿਆ ਗੁਰ ਅਵਤਾਰ ਪੈਗ਼ੰਬਰ ਸਾਰੇ ਕਰਨ ਉਡੀਕ, ਅੱਖਾਂ ੧੮

੨੨ ਚੁਕ ਚੁਕ ਵੇਖਣ ਥਾਉਂ ਥਾਈਂਆ । ਹਾਏ ਉਫ਼ ਬੌਹੜੀ ਤੇ ਕਿਤੇ ਆ ਤੇ ਨਹੀਂ ਗਈ ਤਰੀਕ, ਜਿਸ ਵਿਚ ਤਵਾਰੀਖ ਦੇਣੀ ਬਦਲਾਈਆ । ਵਿਸ਼ਨੂੰ ੨੨

ਕਹੇ ਮੈਂ ਵੀ ਡਰ ਗਿਆ ਉਸ ਦਿਨ ਮੈਨੂੰ ਕੰਨੋਂ ਫੜ ਕੇ ਕਿਹਾ ਗ਼ਰੀਬ ਨਿਮਾਣਿਆਂ ਦੀ ਝੋਲੀ ਪਾ ਦੇ ਭੀਖ, ਭੁੱਖਾ ਰਹਿਣ ਕੋਇ ਨਾ ਪਾਈਆ । ਗੋਬਿੰਦ ਦੀ ਭੁੱਖ ਦੋ ਜਹਾਨਾਂ ਦੀ ਕਰੇ ਤਸਦੀਕ, ਸ਼ਹਾਦਤ ਆਪਣੇ ਉਤੇ ਭੁਗਤਾਈਆ । ਗੁਰਮੁਖੋ ਹੁਣ ਤੁਹਾਨੂੰ ਵੱਟਣੀ ਨਹੀਂ ਪੈਂਦੀ ਕਸੀਸ, ਤੁਹਾਡਾ ਖ਼ਸਮ ਹੋ ਕੇ ਸਦ ਆਪਣਾ ਸੰਗ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਾਨੂੰ ਵੀ ਦੇ ਬਖ਼ਸ਼ੀਸ਼, ਬੌਹੜੀ ਸਾਡੀ ਝੋਲੀ ਦੇ ਭਰਾਈਆ । ਪੁਰਖ ਅਕਾਲ ਕਹੇ ਨਾਨਕ ਤੂੰ ਕਿਉਂ ਕਿਹਾ ਮੈਂ ਨੀਚਾਂ ਦਾ ਨੀਚ, ਨੀਚਾਂ ਵਿਚ ਸਮਾਈਆ । ਭਗਤ ਉਧਾਰਨਾ ਗ਼ਰੀਬਾਂ ਨੂੰ ਤਾਰਨਾ ਮੇਰੀ ਸਦਾ ਦੀ ਰੀਤ, ਸ਼ਾਹ ਸੁਲਤਾਨਾਂ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਆਪ ਬਣ ਕੇ ਰਹੀਮ ਰਿਜ਼ਕ, ਰਾਜ਼ਕ ਮੈਨੂੰ ਦਿਤੀ ਵਡਿਆਈਆ । ਜੋ ਜੁਗ ਚੌਕੜੀ ਰਿਹਾ ਝਿਜਕ, ਖੁਲ੍ਹਾ ਗੱਫਾ ਨਾ ਕਦੇ ਵਰਤਾਈਆ । ਜੇ ਤੂੰ ਕਿਰਪਾ ਕਰੇਂ ਅੱਗੇ ਸਤਿਜੁਗ ਵਿਚ ਸਭ ਨੂੰ ਦੇ ਦਿਆਂ ਸਿਦਕ, ਸਬੂਰੀ ਸਭ ਦੇ ਅੰਦਰ ਵਸਾਈਆ । ਤੇਰਾ ਰਹੇ ਕੋਇ ਨਾ ਨਿੰਦਕ, ਨਿੰਦਿਆ ਕੂੜ ਨਾ ਕੋਇ ਸੁਣਾਈਆ । ਮੇਰੀ ਤੇਰੇ ਅੱਗੇ ਮਿੰਨਤ, ਵਾਸਤਾ ਰਿਹਾ ਪਾਈਆ । ਤੇਰੀ ਰਹਿਮਤ ਤੇ ਮੇਰੀ ਹੋਵੇ ਹਿੰਮਤ, ਬਖ਼ਸ਼ਿਸ਼ ਧੁਰ ਦੀ ਨਾਲ ਰਖਾਈਆ । ਪਰ ਉਠ ਕੇ ਵੇਖ ਲੈ ਜ਼ਰਾ ਲਹਿੰਦੀ ਸਿੰਮਤ, ਸਮਾਂ ਤੇਰਾ ਗਿਆ ਆਈਆ । ਕੰਜੂਸਾਂ

ਵਾਂਗ ਸਚਖੰਡ ਨਾ ਜਾਵੀਂ ਚਿੰਮਟ, ਲੋਕਮਾਤ ਲੈ ਅੰਗੜਾਈਆ । ਕਿਉਂ ਤੇਰੇ ਭਗਤ ਵਿਛੋੜਾ ਸਹਿ ਨਾ ਸਕਣ ਮਿੰਟ, ਅੰਤਰ ਝਲਣ ਨਾ ਕਦੇ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਵਿਸ਼ਨੂੰ ਕਹੇ ਮੈਨੂੰ ਦੇ ਦੇ ਭੰਡਾਰਾ ਹੋਰ, ਹੋਰ ਦਾ ਹੋਰ ਝੋਲੀ ਪਾਈਆ । ਨਾਲ ਸਤਿਗੁਰ ਸ਼ਬਦ ਦੇ ਤੋਰ, ਤੁਰਤ ਆਪਣਾ ਹੁਕਮ ਸਮਝਾਈਆ । ਜਿਹੜਾ ਮਿਟਾਵੇ ਕਲਜੁਗ ਅੰਧੇਰਾ ਘੋਰ, ਕੂੜੀ ਕਿਰਿਆ ਕਰੇ ਸਫ਼ਾਈਆ । ਸਭ ਦੀ ਅੰਤਰ ਪਕੜ ਡੋਰ, ਸ਼ਬਦੀ ਨਾਮ ਤੰਦ ਜੁੜਾਈਆ । ਮਨ ਕਲਪਨਾ ਮੇਟ ਕੇ ਸ਼ੋਰ, ਸ਼ਰਅ ਵਿਚੋਂ ਬਾਹਰ ਰਖਾਈਆ । ਸਭ ਦਾ ਕਾਰਜ ਜਾਏ ਸੌਰ, ਸੌਹਰੇ ਪੇਈਏ ਵੱਜੇ ਵਧਾਈਆ । ਜੇ ਪ੍ਰਭੂ ਤੂੰ ਤਕ ਲਏਂ ਵਾਰੀ ਇਕ ਗ਼ੌਰ, ਗਹਿਰ ਗੰਭੀਰ ਦਇਆ ਕਮਾਈਆ । ਫੇਰ ਮੈਂ ਘਰ ਘਰ ਜਾਵਾਂ ਬੌਹੜ, ਦਰ ਦਰ ਪੰਧ ਮੁਕਾਈਆ । ਸਭ ਦੀ ਆਸਾ ਮਨਸਾ ਪੂਰੀ ਕਰਾਂ ਲੋੜ, ਲੁੜੀਂਦੇ ਸੱਜਣ ਹੋਣਾ ਸਹਾਈਆ । ਤੇਰਾ ਨਾਤਾ ਤੇਰੇ ਨਾਲ ਜੋੜ, ਜੋੜੀ ਧੁਰ ਦੀ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਜਨ ਭਗਤੋ ਵੇਖਿਆ ਖੇਲ ਤਮਾਮ, ਅੱਖੀਂ ਸਭ ਨੂੰ ਦਿਤਾ ਵਖਾਈਆ । ਗੋਬਿੰਦ ਕੀਤਾ ਨਹੀਂ ਅਰਾਮ, ਆਸਣ ਸਿੰਘਾਸਣ ਨਾ ਕੋਇ ਵਡਿਆਈਆ । ਅੱਗੇ ਤੋਂ ਬਣੇ ਨਾ ਕਦੇ ਤੁਹਾਡਾ ਨਿਮਕ ਹਰਾਮ, ਜਿਸ ਘਰ ਦਾ ਖਾਧਾ ਉਸਦਾ ਪਿਉ ਦਾਦਾ ਸਚਖੰਡ ਪਹੁੰਚਾਈਆ । ਇਹ ਖੇਲ ਬਕਾਇਦਾ ਸੀ ਜੁਗ ਜੁਗਾਂ ਦਾ, ਜੁਗ ਚੌਕੜੀ ਲੇਖਾ ਨਾ ਕੋਇ ਮੁਕਾਈਆ । ਸੋ ਵਕਤ ਸੁਹੰਜਣਾ ਆਂਦਾ, ਵੇਲਾ ਵਕਤ ਨਾਲ ਮਿਲਾਈਆ । ਜਿਸਨੂੰ ਸਮਝੇ ਨਾ ਕੋਇ ਪੰਡਤ ਪਾਂਧਾ, ਵਿਦਿਆ ਵਿਚ ਨਾ ਕੋਇ ਚਤੁਰਾਈਆ । ਸਭ ਦੀਆਂ ਆਸਾ ਮਨਸਾ ਪੂਰ ਕਰਾਂਦਾ, ਪੂਰਨ ਹੋ ਕੇ ਪੂਰਨ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਜਨ ਭਗਤੋ ਤੁਹਾਡਾ ਸਾਥੀ ਹੋ ਗਿਆ ਸੱਚਾ, ਸਚ ਦਿਆਂ ਦ੍ਰਿੜਾਈਆ । ਭਾਵੇਂ ਤੁਸੀਂ ਆਪਣਾ ਨਾਤਾ ਸਮਝੋ ਕੱਚਾ, ਇਹ ਕੰਚਨ ਗੜ੍ਹ ਦਏ ਵਡਿਆਈਆ । ਜਿਹੜਾ ਇਕ ਵਾਰ ਬਣਾ ਲਿਆ ਬੱਚਾ, ਗੋਦੀ ਵਿਚੋਂ ਬਾਹਰ ਨਾ ਕੋਇ ਕਢਾਈਆ । ਜਿਹੜੇ ਮੇਰੇ ਭਗਤ ਉਹੋ ਮੇਰੇ ਰੂਪ ਦਾ ਸਚਾ, ਤੇ ਨੂਰ ਇਕੋ ਨਜ਼ਰੀ ਆਈਆ । ਤੁਸੀਂ ਇਕ ਦੂਜੇ ਨੂੰ ਕਹਿਣਾ ਅੱਛਾ, ਨਿੰਦਣ ਵਾਲਾ ਗੁਰਸਿਖ ਇਕ ਦੂਜੇ ਨੂੰ ਸਾਹਮਣੇ ਕਦੇ ਨਾ ਆਈਆ । ਤੁਸੀਂ ਕੋਈ ਮੁਸਾਫ਼ਰ ਨਹੀਂ ਚੜ੍ਹਨ ਵਾਲੇ ਉਤੇ ਬੱਸਾ, ਆਏ ਤੇ ਉਠ ਜਾਈਆ । ਤੁਹਾਡਾ ਸਾਹਿਬ ਇਕ ਸਮਰਥਾ, ਜੋ ਸਭ ਦਾ ਪਿਤਾ ਮਾਈਆ । ਤੁਹਾਡਾ ਏਥੇ ਇਕ ਤੇ ਅੱਗੇ ਥਾਂ ਇਕੱਠਾ, ਵਿਛੋੜੇ ਵਾਲਾ ਰਾਹ ਨਾ ਕੋਇ ਵਖਾਈਆ । ਜੇ ਸਚ ਪੁੱਛੋ ਤੇ ਗੋਬਿੰਦ ਦੇ ਸੀਨੇ ਵਿਚ ਤੁਹਾਡਾ ਲਿਖਿਆ ਪੱਟਾ, ਚਾਰ ਸਾਹਿਬਜ਼ਾਦਿਆਂ ਦਾ ਖ਼ੂਨ ਅੱਖਰ ਰਿਹਾ ਬਣਾਈਆ । ਵੇਖਿਓ ਸਤਿਗੁਰੂ ਦਵਾਰੇ ਕੋਇ ਨਾ ਬਣਿਓ ਨਾਮ ਕਟਾ, ਜਗਤ ਜੀਵਣ ਕੰਮ ਕਿਸੇ ਨਾ ਆਈਆ । ਤੁਸਾਂ ਤੇ ਸਿਰਫ਼ ਇਕੋ ਗਾਉਣਾ ਸੋਹੰ ਟੱਪਾ, ਬਾਕੀ ਦੋ ਜਹਾਨ ਦੇ ਟਾਪੂਆਂ ਤੋਂ ਆਪੇ ਪਾਰ ਕਰਾਈਆ । ਕਿਉਂ ਤੁਹਾਡਾ ਪੂਰਨ ਪਰਮੇਸ਼ਵਰ ਤੇ ਪਰਮੇਸ਼ਵਰ ਨੂੰ ਪਹਿਲਾਂ ਪੱਪਾ, ਪੱਪੇ ਦਾ ਪਾਰਬ੍ਰਹਮ ਬ੍ਰਹਮ ਤੁਹਾਡੇ ਵਿਚ ਰਲਾਈਆ । ਆਪ ਭੁੱਖਾ ਰਿਹਾ ਤੇ ਤੁਹਾਨੂੰ ਦੇਣ ਆ ਗਿਆ ਗੱਫਾ, ਦੁਖੀਆਂ ਦੁੱਖ ਦਰਦ ਗਵਾਈਆ । ਏਸ ਦਾ ਇਹੋ ਤੁਹਾਨੂੰ ਨਫ਼ਾ, ਅੱਗੇ ਬਿਨਾ ਸਤਿਗੁਰ ਤੋਂ ਲੋਕਮਾਤ ਫੇਰਾ ਕੋਇ ਨਾ ਪਾਈਆ । ਪਿਛੇ ਗ਼ੁੱਸੇ ਵਿਚ ਤੁਹਾਨੂੰ ਹੋ ਗਿਆ ਖ਼ਫ਼ਾ, ਅੱਜ ਤੋਂ ਉਹ ਵੀ ਲੇਖਾ ਦਿਤਾ ਗਵਾਈਆ ।

੧੯ ੨੨

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਜਨ ਭਗਤੋ ਅੱਜ ਤੋਂ ਤੁਹਾਨੂੰ ਕਦੇ ਕਹਿਣਾ ਨਹੀਂ ਬਚਨ ਸਖ਼ਤ, ਸਦ ਪ੍ਰੇਮ ਨਾਲ ਬੁਲਾਈਆ । ਯਾਦ ਰੱਖਿਓ ਇਹ ਵਕਤ, ਜੁਗ ਚੌਕੜੀ ਫੇਰ ਹੱਥ ਕਿਸੇ ਨਾ ਆਈਆ । ਬਿਨਾ ਪ੍ਰਭੂ ਤੋਂ ਕਿਸੇ ਨਹੀਂ ਕਹਿਣਾ ਭਗਤ, ਕੋਝੇ ਕਮਲਿਆਂ ਗਲੇ ਨਾ ਕੋਇ ਲਗਾਈਆ । ਤੁਸੀਂ ਉਤੇ ਫ਼ਰਸ਼ ਮੈਂ ਮਾਲਕ ਉਤੇ ਅਰਸ਼, ਅੰਤਰ ਅੰਮ੍ਰਿਤ ਮੇਘ ਬਰਸ ਤੁਹਾਡੀ ਮੈਲ ਧਵਾਈਆ । ਕਿਉਂ, ਗੁਰ ਅਵਤਾਰ ਪੈਗ਼ੰਬਰਾਂ ਨੂੰ ਵੇਖ ਕੇ ਮੈਨੂੰ ਤੁਹਾਡੇ ਉਤੇ ਆ ਗਿਆ ਤਰਸ, ਚਾਰ ਜੁਗ ਤੁਹਾਡਾ ਲੇਖ ਨਾ ਕੋਇ ਮੁਕਾਈਆ । ਜਿਹੜਾ ਆਇਆ ਉਹ ਕਰਕੇ ਗਿਆ ਮੇਰੇ ਅੱਗੇ ਅਰਜ਼, ਤੇਰੇ ਤੇਰੀ ਝੋਲੀ ਪਾਈਆ । ਜਿਸ ਦੇ ਤੁਸੀਂ ਤੇ ਓਸੇ ਨੂੰ ਆਇਆ ਦਰਦ, ਦਰਦੀਆਂ ਦੁੱਖ ਵੰਡਾਈਆ । ਕਿਸ਼ਨ ਸਿੰਘਾਂ ਯਾਦ ਰੱਖੀਂ ਪੰਦਰਾਂ ਕੱਤਕ ਨੂੰ ਸਤਿਗੁਰ ਦੀ ਬਗ਼ਲ ਵਿਚ ਦੇਣੀ ਕਰਦ, ਖੱਬੇ ਹੱਥ ਨਾਲ ਖੱਬੀ ਬਗ਼ਲ ਟਿਕਾਈਆ । ਏਸੇ ਕਰਕੇ ਤੈਨੂੰ ਅੱਜ ਆਉਣਾ ਪਿਆ ਪਰਤ, ਹੋਰ ਦੁੱਖ ਨਾ ਕੋਇ ਸਤਾਈਆ । ਜਨ ਭਗਤੋ ਖੇਲ ਹੋਣਾ ਅਸਚਰਜ, ਛੱਬੀ ਪੋਹ ਵਡਿਆਈਆ । ਇੱਕੀ ਬੀਬੀਆਂ ਤੇ ਇੱਕੀ ਹੋਣੇ ਮਰਦ, ਬਸਤਰ ਸੋਹਣੇ ਤਨ ਸਜਾਈਆ । ਗੁਟਨੇ ਟੇਕੇ ਹੋਣ ਉਤੇ ਫ਼ਰਸ਼, ਆਹਮੋ ਸਾਹਮਣੇ ਸੋਭਾ ਪਾਈਆ । ਨੈਣ ਸਤਿਗੁਰ ਚਰਨ ਕਰਦੇ ਹੋਣ ਦਰਸ, ਜ਼ਿਮੀਂ ਉਤੇ ਟਕਾਈਆ । ਹੱਥੀਂ ਫੜੇ ਹੋਣ ਤੀਰ ਤਰਕਸ਼, ਅਸਮਾਨ ਵੱਲ ਕਮੰਦ ਖਿਚਾਈਆ । ਪੰਜੇ ਲਿਖਾਰੀ ਆਪਣੇ ਹਿਰਦੇ ਅੰਦਰ ਕਰਨ ਸਰਚ, ਧਿਆਨ ਧਿਆਨ ਵਿਚ ਟਿਕਾਈਆ । ਪੰਜ ਪਿਆਰੇ ਜੈਕਾਰਾ ਬੋਲਣ ਗਰਜ, ਸਾਰੀ ਸੰਗਤ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੰਜਾਂ ਲਿਖਾਰੀਆਂ ਆਪਣੀ ਜੋਬਨ ਵਾਲੀ ਬਣਾਉਣੀ ਹਯਾਤੀ, ਆਪਣਾ ਬਲ ਧਰਾਈਆ । ਵਾਰੀ ਵਾਰੀ ਆਪਣਾ ਰਜਿਸਟਰ ਲਾਉਣਾ ਪ੍ਰਭ ਦੀ ਉਤੇ ਛਾਤੀ, ਲਾਈਨਾਂ ਪੰਜ ਪੰਜ ਅੱਖਰਾਂ ਵਿਚ ਰਖਾਈਆ । ਪੰਜਾਂ ਨੇ ਲਿਖ ਕੇ ਪੱਟਾਂ ਉਤੇ ਮਾਰਨੀ ਥਾਪੀ, ਸਾਹਿਬ ਸਤਿਗੁਰ ਸਾਨੂੰ ਦਿਤੀ ਵਡਿਆਈਆ । ਸਾਡੀ ਨਿੰਦਿਆ ਕਰੇ ਕੋਈ ਨਾ ਪਾਪੀ, ਅਸੀਂ ਹਰਿ ਸੰਗਤ ਦੇ ਭੈਣ ਭਾਈਆ । ਜਿਹੜਾ ਸਾਡੇ ਸਾਹਿਬ ਦੀ ਮੰਨੇ ਨਾ ਆਖੀ, ਉਹਦਾ ਦਰਸ ਕੋਇ ਨਾ ਪਾਈਆ । ਫੇਰ ਸਾਰੀ ਸੰਗਤ ਨੇ ਕਹਿਣਾ ਸਾਡੀ ਇਕੋ ਜ਼ਾਤੀ, ਦੂਜੀ ਵੰਡ ਨਾ ਕੋਇ ਵੰਡਾਈਆ । ਤਾਲੀ ਮਾਰਨੀ ਸਾਡਾ ਰੂਹ ਬੁਤ ਹੋਇਆ ਪਾਕੀ, ਦੁੱਖ ਦਰਦ ਦਿਤਾ ਗਵਾਈਆ । ਫੇਰ ਖ਼ੁਸ਼ੀ ਵਿਚ ਕਰਨੀ ਹਾਸੀ, ਵਾਹਵਾ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੰਜਾਂ ਲਿਖਾਰੀਆਂ ਪੰਜਾਂ ਉਂਗਲਾਂ ਦੇ ਲਾਉਣੇ ਪੰਜੇ, ਹਰਿ ਸੰਗਤ ਦੇਣਾ ਵਖਾਈਆ । ਛੱਬੀ ਪੋਹ ਤੋਂ ਬਾਦ ਇੱਕੀ ਦਿਨ ਅਸੀਂ ਸੌਣਾ ਨਹੀਂ ਉਤੇ ਮੰਜੇ, ਸੇਜ ਸੁਹੰਜਣੀ ਧਰਨ ਧਰਤ ਸੁਹਾਈਆ । ਇਹ ਲੇਖਾ ਦੁਆਪਰ ਵਿਚ ਦੱਸਿਆ ਸੀ ਸੰਜੇ, ਦੋ ਜਹਾਨਾਂ ਅੱਖ ਖੁਲ੍ਹਾਈਆ । ਜਿਸ ਵੇਲੇ ਜਗਤ ਨਾਮ ਮੁਹਾਣੇ ਰਹੇ ਨਾ ਵੰਝੇ, ਖੇਟਾ ਪਾਰ ਨਾ ਕੋਇ ਲੰਘਾਈਆ । ਸਤਿਗੁਰ ਸ਼ਬਦ ਧਾਰ ਕੋਈ ਨਾ ਜੰਮੇ, ਧੁਰ ਦਾ ਹੁਕਮ ਨਾ ਕੋਇ ਸੁਣਾਈਆ । ਚਾਰ ਜੁਗ ਦੇ ਸ਼ਾਸਤਰ ਹੋਣੇ ਨਿਕੰਮੇ, ਭਾਰ ਸਕੇ ਨਾ ਕੋਇ ਉਠਾਈਆ । ਮੋਹ ਰਹਿਣਾ ਨਹੀਂ ਕਿਸੇ ਧੰਮੇ, ਪਾਰਬ੍ਰਹਮ ਆਪਣੀ ਕਾਰ ਕਮਾਈਆ । ਇਹ ਖੇਲ ਹੋਣਾ ਪ੍ਰਭੂ ਦੀ ਧਾਰ ਪ੍ਰਭੂ ਦੇ ਸਮੇਂ, ਜਿਸ ਨੂੰ ਸਕੇ ਨਾ ਕੋਇ ਬਦਲਾਈਆ । ਗੁਰਮੁਖੋ ਬੜੇ ਖੇਲ ਹੋਣੇ ਨਵੇਂ, ਨਵੇਂ ਜੁਗ ਦੀ ਨਵੀਂ ਰੀਤ ਦੇਣੀ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਵਾਹਵਾ ਦੇਣ ਵਾਲੇ ਲਾਰੇ, ਤੇਰੀ ਵਡੀ ਵਡਿਆਈਆ । ਅਸੀਂ ਵੀ ਕਢਦੇ ਰਹੇ ਹਾੜੇ, ਤੂੰ ਇਸ਼ਾਰਿਆਂ ਨਾਲ ਪਰਚਾਈਆ । ਕਦੀ ਆਹ ਲੰਘ ਜਾਣ ਦਿਓ ਜੁਗ ਚਾਰੇ, ਅੱਗੇ ਜੁਗਾਂ ਵਿਚ ਹੋਰ ਦਿਆਂ ਵਡਿਆਈਆ । ਅਸੀਂ ਦਿਨੋ ਦਿਨ ਹੁੰਦੇ ਗਏ ਨਕਾਰੇ, ਆਪਣਾ ਬਲ ਨਾ ਕੋਇ ਰਖਾਈਆ । ਭੁੱਖਿਆਂ ਭੁੱਖ ਨਾ ਕੋਇ ਨਵਾਰੇ, ਦੁਖੀਆਂ ਦੁੱਖ ਨਾ ਕੋਇ ਮਿਟਾਈਆ । ਅੰਤ ਹੋ ਗਏ ਤੇਰੇ ਸਹਾਰੇ, ਸਾਡੀ ਚਲੇ ਨਾ ਕੋਇ ਚਤੁਰਾਈਆ । ਜਿਸ ਦਿਨ ਗੋਬਿੰਦ ਦੇ ਪੇਟ ਹੋਇਆ ਸੀ ਅਫਾਰੇ, ਉਸ ਦਿਨ ਵਿਸ਼ਨ ਬ੍ਰਹਮਾ ਸ਼ਿਵ ਸਾਰੇ ਰਹੇ ਕੁਰਲਾਈਆ । ਕਹਿਣ ਵੇਖੋ ਖੇਲ ਨਿਰੰਕਾਰੇ, ਨਿਰਗੁਣ ਸਰਗੁਣ ਭਰਮ ਭੁਲਾਈਆ । ਫੇਰ ਅਸਾਂ ਹੌਸਲੇ ਛਡ ਦਿਤੇ ਸਾਰੇ, ਸਭ ਕੁਛ ਤੇਰੀ ਝੋਲੀ ਪਾਈਆ । ਤੂੰ ਬੜਾ ਬੇਦਰਦੀ ਜੋ ਆਪਣਾ ਆਪ ਸਾੜ ਫੂਕ ਕੇ ਫੇਰ ਆ ਗਿਆ ਦੁਬਾਰੇ, ਦੋਹਰੀ ਆਪਣੀ ਕਾਰ ਕਮਾਈਆ । ਤੇਰੇ ਖੇਲ ਸਦਾ ਸਦ ਨਿਆਰੇ, ਨਿਰਾਕਾਰ ਤੇਰੀ ਵਡਿਆਈਆ । ਵਿਸ਼ਨੂੰ ਕਹੇ ਪ੍ਰਭੂ ਤੇਰੇ ਚਰਨ ਨਿਮਸਕਾਰੇ, ਨਮੋ ਨਮੋ ਨਮੋ ਸੀਸ ਝੁਕਾਈਆ । ਪਰ ਯਾਦ ਰੱਖਿਓ ਸਵੇਰੇ ਪੰਜ ਗੁਰਮੁਖ ਪਰਸ਼ਾਦਾ ਕਰਨਾ ਤਿਆਰੇ, ਨਹਾ ਧੋ ਕੇ ਆਪਣੀ ਸੇਵ ਕਮਾਈਆ । ਫੇਰ ਭੋਗ ਲਗਾਵੇ ਆ ਕੇ ਵਿਚ ਦਰਬਾਰੇ, ਸਤਿਗੁਰ ਬੈਠੇ ਆਸਣ ਲਾਈਆ । ਇਹ ਸਾਰਾ ਸਵੇਰੇ ਸਾਢੇ ਅੱਠ ਵਜੇ ਹੋਵੇ ਵਿਵਹਾਰੇ, ਵਿਵਹਾਰੀ ਆਪਣੀ ਕਾਰ ਕਮਾਈਆ । ਫੇਰ ਤੁਸੀਂ ਖ਼ੁਸ਼ੀਆਂ ਵਿਚ ਰਹੋ ਸਾਰੇ, ਸਾਰੀ ਉਮਰ ਤੁਹਾਡਾ ਸਾਥ ਨਾ ਕੋਇ ਤੁੜਾਈਆ । ਸਤਿਗੁਰ ਦੇ ਘਰ ਵਿਚ ਇਕੋ ਜਿਹੇ ਵਿਆਹੇ ਕਵਾਰੇ, ਦੂਜੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ
੨੧ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਸਦਾ ਜੁਗ ਚਾਰੇ, ਜੁਗ ਚੌਕੜੀ ਚਲੇ ਤੇਰੀ ਰਜ਼ਾਈਆ । ੨੧

੨੨ ੨੨

### ✪ ੯ ਅੱਸੂ ਸ਼ਹਿਨਸ਼ਾਹੀ ਸੰਮਤ ੫ ਸਵੇਰੇ ਸਾਢੇ ਅੱਠ ਵਜੇ ਹਰਿ ਭਗਤ ਦਵਾਰ ਜੇਠੂਵਾਲ ✪

ਵਿਸ਼ਨੂੰ ਕਹੇ ਦੀਨ ਦੁਨੀ ਦੀ ਬਦਲ ਪ੍ਰਕਿਰਤੀ, ਪਰਮ ਪੁਰਖ ਦਇਆ ਕਮਾਈਆ । ਅੰਤਰ ਧਾਰ ਬਦਲ ਦੇ ਬਿਰਤੀ, ਜਿਹੜੀ ਬਿਪਰ ਸੁਦਾਮੇ ਮੰਗ ਮੰਗਾਈਆ । ਯਕਸੂਈ ਕਰ ਦੇ ਸੁਰਤੀ ਨਿਰਤੀ, ਨਿਰਾਕਾਰ ਹੋ ਸਹਾਈਆ । ਤੇਰਿਆਂ ਭਗਤਾਂ ਤੇਰੀ ਸੇਵਾ ਜਾਏ ਨਾ ਬਿਰਥੀ, ਜੋ ਪ੍ਰੇਮ ਪਿਆਰ ਵਿਚ ਕਮਾਈਆ । ਲਹਿਣਾ ਦੇਣਾ ਪੂਰਾ ਕਰ ਪ੍ਰਿਥਮੀ ਪ੍ਰਿਥੀ, ਪ੍ਰਿਥਮ ਆਪਣਾ ਰੰਗ ਰੰਗਾਈਆ । ਦੁੱਖ ਭੁੱਖ ਕਟ ਸ੍ਰਿਸ਼ਟੀ, ਸ੍ਰੇਸ਼ਟ ਆਪਣਾ ਨਾਮ ਵਡਿਆਈਆ । ਨਿਰਗੁਣ ਨੂਰ ਨਜ਼ਰ ਆ ਇਸ਼ਟੀ, ਇਸ਼ਟ ਦੇਵ ਆਤਮਾ ਪਰਮਾਤਮਾ ਸੋਭਾ ਪਾਈਆ । ਆਤਮ ਧਾਰ ਬਣ ਗ੍ਰਿਹਸਥੀ, ਗ੍ਰਹਿ ਮੰਦਰ ਸੇਜ ਸਿੰਘਾਸਣ ਸੋਭਾ ਪਾਈਆ । ਤੇਰਿਆਂ ਭਗਤਾਂ ਲੋੜ ਰਹੇ ਨਾ ਸਵਰਗ ਬਹਿਸ਼ਤੀ, ਚਰਨ ਕਵਲ ਦੇ ਸਰਨਾਈਆ । ਸਤਿ ਧਾਰ ਜਣਾ ਚਾਰ ਵਰਨ ਸਿੱਖ ਦੀ, ਸਿਖਿਆ ਸਿੱਖ ਇਕ ਉਪਜਾਈਆ । ਜਿਹੜੀ ਕਲਮ ਚਾਰ ਜੁਗ ਦੇ ਸ਼ਾਸਤਰ ਰਹੀ ਲਿਖਦੀ, ਸੋ ਕਲਮਾ ਲੇਖਾ ਸਭ ਦਾ ਪੂਰ ਕਰਾਈਆ । ਤੇਰੀ ਪੂਜਾ ਰਹਿ ਜਾਏ ਇਕ ਦੀ, ਏਕੰਕਾਰ ਤੇਰੀ ਵਡਿਆਈਆ । ਸਦਾ ਬਾਜ਼ੀ ਹੋਵੇ ਜਿੱਤ ਦੀ, ਹਾਰ ਹਰ ਹਿਰਦਿਉਂ ਦੇਣੀ ਕਢਾਈਆ । ਧੁਰ ਮਿਲੇ ਪਰਮ ਪੁਰਖ ਪੁਰਖੋਤਮ ਪਿਤ ਦੀ, ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਚਾਰ ਕੁੰਟ ਦਹਿ ਦਿਸ਼ਾ ਤੇਰੀ ਨੂਰ

ਜੋਤ ਹੋਵੇ ਦਿਸਦੀ, ਅੰਧ ਅੰਧੇਰ ਰਹੇ ਨਾ ਰਾਈਆ । ਮਮਤਾ ਕੂੜ ਰਹੇ ਨਾ ਵਿਸਦੀ, ਵਿਸ਼ੇ ਵਿਕਾਰਾਂ ਡੇਰਾ ਢਾਈਆ । ਪ੍ਰਭੂ ਆਸਾ ਪੂਰੀ ਕਰ ਦੇ ਗੁਰਮੁਖ ਜਿਸ ਜਿਸ ਦੀ, ਜਿਸ ਤਰਾ ਪਿਤਾ ਪੂਤ ਗੋਦ ਸੁਹਾਈਆ । ਤੇਰੀ ਯਾਦ ਸਦਾ ਰਹੇ ਨਿਤ ਦੀ, ਨਵਿਤ ਆਪਣੀ ਕਾਰ ਕਮਾਈਆ । ਗੁੰਝਲ ਰਹੇ ਨਾ ਕਾਇਆ ਵਿਚ ਦੀ, ਵਿਚਲਾ ਪੜਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਵਿਸ਼ਨੂੰ ਕਹੇ ਤੇਰਾ ਆਦਿ ਜੁਗਾਦਿ ਭੰਡਾਰਾ, ਵਰਭੰਡ ਤੇਰੀ ਚਤੁਰਾਈਆ । ਮੈਂ ਸੇਵਕ ਸੇਵਾਦਾਰਾ, ਸੇਵ ਸਵਾਮੀ ਸਚ ਕਮਾਈਆ । ਜੁਗ ਚੌਕੜੀ ਖੇਲ ਵੇਖਿਆ ਸਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਮੁਕਾਈਆ । ਮੈਂ ਭਰਪੂਰ ਕਰ ਨਾ ਸਕਿਆ ਸੰਸਾਰਾ, ਸੰਸਾਰੀ ਮੇਰੀ ਦਏ ਗਵਾਹੀਆ । ਸ਼ੰਕਰ ਉਂਗਲਾਂ ਨਾਲ ਬਣ ਲਿਖਾਰਾ, ਲੇਖਾ ਮੈਨੂੰ ਰਿਹਾ ਸਮਝਾਈਆ । ਜਿਸ ਵੇਲੇ ਨਿਰਗੁਣ ਧਾਰ ਪੁਰਖ ਅਕਾਲ ਆਇਆ ਦੁਬਾਰਾ, ਦੋਹਰੀ ਆਪਣੀ ਕਾਰ ਕਮਾਈਆ । ਸਚ ਦਾ ਮਾਰਗ ਦੱਸੇ ਅਪਾਰਾ, ਅਪਾਰ ਅਗੰਮ ਅਥਾਹੀਆ । ਸਤਿਜੁਗ ਸਚ ਸਚ ਕਰੇ ਪਸਾਰਾ, ਪਸਰ ਪਸਾਰੀ ਵੇਖ ਵਖਾਈਆ । ਸਭ ਨੂੰ ਇਕੋ ਜਿਹਾ ਦਏ ਅਧਾਰਾ, ਆਦਮ ਇਕੋ ਰੰਗ ਰੰਗਾਈਆ । ਚਾਕਰ ਸੇਵਕ ਬਣ ਪਨਿਹਾਰਾ, ਪਾਰਬ੍ਰਹਮ ਆਪਣੀ ਸੇਵ ਕਮਾਈਆ । ਦੀਨ ਦੁਨੀ ਵਿਚ ਵੇਖੇ ਵਿਗਸੇ ਵੇਖਣਹਾਰਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਸਭ ਦਾ ਸਾਂਝਾ ਕਰ ਪਿਆਰਾ, ਪ੍ਰੇਮ ਪ੍ਰੀਤੀ ਨਾਲ ਜੁੜਾਈਆ । ਗ਼ਰੀਬ ਨਿਮਾਣਿਆਂ ਲੇਖੇ ਲਾ ਅਹਾਰਾ, ਭੱਖ ਭੋਜ ਲਹਿਜ ਫਹਿਜ ਇਕੋ ਰੰਗ ਰੰਗਾਈਆ । ਸਤਿਜੁਗ ਸਤਿ ਚਲਦੀ ਰਹੇ ਧਾਰਾ, ਧਰਮ ਦੀ ਧਾਰ ਇਕ ਵਖਾਈਆ । ਜਿਸ ਵੇਲੇ ਛੱਬੀ ਪੋਹ ਸਤਾਰਾਂ ਹਾੜ ਦਾ ਆਏ ਤਿਉਹਾਰਾ, ਸਾਲ ਬਸਾਲਾ ਇਕੋ ਹੁਕਮ ਵਰਤਾਈਆ । ਪੰਜ ਗੁਰਮੁਖ ਸਦਾ ਤਿਆਰ ਕਰਨ ਭੰਡਾਰਾ, ਸੇਵਾ ਸਤਿ ਸਚ ਕਮਾਈਆ । ਅੰਦਰ ਕਰੇ ਨਾ ਕੋਇ ਹੰਕਾਰਾ, ਹਉਮੇ ਵਿਚ ਨਾ ਕੋਇ ਰਖਾਈਆ । ਲੰਗਰ ਪਕੌਣ ਤੋਂ ਪਹਿਲਾਂ ਪੰਜ ਵੇਰ ਜਰੂਰ ਲਾਉਣਾ ਜੈਕਾਰਾ, ਬਿਨ ਜੈਕਾਰਿਉਂ ਚਪਾਤੀ ਹੱਥ ਨਾ ਕੋਇ ਛੁਹਾਈਆ । ਖ਼ਤਮ ਹੋਣ ਤੋਂ ਬਾਦ ਫੇਰ ਏਹੋ ਹੁਕਮ ਦੁਬਾਰਾ, ਜੈ ਜੈਕਾਰ ਦੇਣਾ ਸੁਣਾਈਆ । ਅੱਜ ਤੋਂ ਇਹ ਭੁੱਲਣਾ ਨਹੀਂ ਵਿਵਹਾਰਾ, ਧੁਰ ਦਾ ਹੁਕਮ ਇਕ ਸੁਣਾਈਆ । ਉਸ ਵੇਲੇ ਜ਼ਰੂਰ ਹਾਜ਼ਰ ਹੋਵੇ ਨਿਰੰਕਾਰਾ, ਨਿਰਗੁਣ ਆਪਣੀ ਦਇਆ ਕਮਾਈਆ । ਜਨ ਭਗਤੋ ਤੁਹਾਡਾ ਨਿਖੁੱਟ ਨਾ ਜਾਏ ਭੰਡਾਰਾ, ਭਰਪੂਰ ਘਰ ਘਰ ਦਏ ਵਖਾਈਆ । ਹਰਿ ਭਗਤਾਂ ਵੇਖੇ ਸੱਚਾ ਦਵਾਰਾ, ਸਚ ਸਿੰਘਾਸਣ ਸੋਭਾ ਪਾਈਆ । ਜਿਥੇ ਨਿਰਗੁਣ ਧਾਰ ਬੈਠਾ ਉਹ ਚੌਵੀਵਾਂ ਅਵਤਾਰਾ, ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਉਸ ਦਾ ਸ਼ਬਦ ਸ਼ਬਦੀ ਸ਼ਬਦ ਇਸ਼ਾਰਾ, ਬਿਨਾ ਸ਼ਬਦ ਤੋਂ ਦੂਜਾ ਰਾਗ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਸਾਹਿਬ ਸਤਿਗੁਰ ਦਾ ਜਿਥੇ ਚਲਦਾ ਹੋਵੇ ਲੰਗਰ, ਲਾਂਗਰੀ ਸੇਵਾ ਪ੍ਰੇਮ ਕਮਾਈਆ । ਹਿਰਦੇ ਅੰਦਰੋਂ ਗਾਵਣ ਚਾਰ ਮੰਗਲ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਕੋਈ ਗੰਦੀ ਰੱਖੇ ਨਾ ਉਂਗਲ, ਸਾਫ਼ ਸੁਥਰੇ ਸੋਭਾ ਪਾਈਆ । ਸਤਿਗੁਰ ਦੇ ਲੰਗਰ ਦਾ ਕੋਈ ਮਾਰੇ ਕਦੇ ਨਾ ਚੁਗ਼ਲੀ ਚੁਗ਼ਲ, ਮਾੜਾ ਕਹਿ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਜੋ ਲੰਗਰ ਵਿਚ ਹੋਵਣ ਸੇਵਾਦਾਰ, ਸੇਵਾ ਪ੍ਰੇਮ ਨਾਲ ਕਮਾਈਆ । ਮੁਖੋਂ ਕੁਬਚਨ ਸਕੇ ਨਾ ਕੋਇ ਉਚਾਰ, ਰਸਨਾ ਫਿਕ ਨਾ ਕੋਇ ਰਖਾਈਆ ।

ਇਹ ਸਭ ਤੋਂ ਵਡਾ ਵਿਵਹਾਰ, ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਥੋੜ੍ਹਾ ਥੋੜ੍ਹਾ ਥੋੜ੍ਹਾ ਕਰਕੇ ਗਏ ਚਲਾਈਆ । ਵਿਸ਼ਨੂੰ ਜੋੜ ਕੇ ਹੱਥ ਕਰੇ ਨਿਮਸਕਾਰ, ਸੀਸ ਬੰਦਨਾ ਵਿਚ ਨਿਵਾਈਆ । ਇਹ ਖੇਲ ਸੱਚੀ ਸਰਕਾਰ, ਹਰਿ ਨਿਰੰਕਾਰ ਆਪ ਵਖਾਈਆ । ਸਤਿਜੁਗ ਵਿਚ ਸਤਿ ਧਰਮ ਦਾ ਸਤਿ ਹੋਣਾ ਵਿਹਾਰ, ਵਿਹਾਰੀ ਆਪਣਾ ਹੁਕਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਵੇਖੋ ਮੇਰੇ ਸਾਹਿਬ ਦਾ ਲਗਦਾ ਭੋਗ, ਭੋਜਨ ਬਿਨਾ ਭਜਨ ਬੰਦਗੀ ਤੋਂ ਪਾਰ ਕਰਾਈਆ । ਸਭ ਤੋਂ ਵਡਾ ਇਹ ਯੋਗ, ਜਿਸ ਦੀ ਜੁਗੀਸ਼ਰ ਬੈਠੇ ਓਟ ਰਖਾਈਆ । ਏਸ ਦੀ ਸਭ ਤੋਂ ਵੱਖਰੀ ਮੌਜ, ਜੋ ਮੌਜੂਦ ਹੋ ਕੇ ਦਏ ਪਰਗਟਾਈਆ । ਜਿਸ ਨੂੰ ਲੱਭਣ ਚੌਦਾਂ ਲੋਕ, ਲੱਭਿਆਂ ਹੱਥ ਕਿਸੇ ਨਾ ਆਈਆ । ਜਨ ਭਗਤੋ ਸਭ ਨੂੰ ਮਿਲੇ ਉਹ ਮੋਖ, ਜਿਹਨੂੰ ਅਟੱਲ ਪਦਵੀ ਕਹਿ ਕੇ ਸਾਰੇ ਗਾਈਆ । ਜਿਸ ਗ੍ਰਹਿ ਵਿਚੋਂ ਇਕ ਵਾਰ ਛੱਕਿਆ ਉਨ੍ਹਾਂ ਦੇ ਦੇਵੇ ਸੰਤੋਖ, ਸਤਿ ਧੀਰ ਨਾਲ ਮਿਲਾਈਆ । ਭਾਵੇਂ ਭਗਤੀ ਕਰੋ ਜਨਮ ਕੋਟੀ ਕੋਟ, ਬਿਨਾ ਪ੍ਰਭ ਕਿਰਪਾ ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਤੁਹਾਡਾ ਪ੍ਰੇਮ ਸਤਿਗੁਰ ਦਾ ਪਿਆਰ ਅਤੋਟ, ਸ਼ਬਦ ਦੀ ਧਾਰ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਧਾਰ ਪਰਗਟਾਈਆ । ਵਿਸ਼ਨੂੰ ਕਹੇ ਵੇਖੋ ਸਾਹਿਬ ਦਾ ਸਚ ਪਕਵਾਨ, ਪੱਕੀ ਸਭ ਨੂੰ ਦਿਆਂ ਕਰਾਈਆ । ਜਿਸ ਗ੍ਰਹਿ ਵਿਚੋਂ ਛਕ ਲਿਆ ਇਕ ਵਾਰ ਵਿਚ ਜਹਾਨ, ਸ਼ੱਕ ਸਹਿੰਸਾ ਅੱਗੇ ਰਹੇ ਨਾ ਰਾਈਆ । ਜਨ ਭਗਤੋ ਮੱਥੇ ਟੇਕਣ ਨਾਲੋਂ ਲੰਗਰ ਦੀ ਸੇਵਾ ਮਹਾਨ, ਮਹਿੰਮਾ ਅਕਥ ਕਥ ਨਾ ਕੋਇ ਦ੍ਰਿੜਾਈਆ । ਇਹ ਰੀਤੀ ਸਭ ਤੋਂ ਵੱਖਰੀ ਦੱਸੀ ਸ੍ਰੀ ਭਗਵਾਨ, ਭਾਗ ਹਿੱਸਾ ਆਪਣਾ ਤੁਹਾਡੇ ਵਿਚ ਪਾਈਆ । ਥੋੜ੍ਹਾ ਜਿਹਾ ਇਸ਼ਾਰਾ ਦਿਤਾ ਕ੍ਰਿਸ਼ਨ ਕਾਹਨ, ਸੁਦਾਮੇ ਕੰਨ ਵਿਚ ਸੁਣਾਈਆ । ਦਲਿਦ੍ਰੀਆ ਜਿਸ ਵੇਲੇ ਆਇਆ ਮੇਰਾ ਮਿਹਰਵਾਨ, ਮਿਹਰਵਾਨ ਮਿਹਰਵਾਨ ਫੇਰਾ ਪਾਈਆ । ਗ਼ਰੀਬ ਨਿਮਾਣੇ ਕੋਝੇ ਕਮਲੇ ਪਾਰ ਲੰਘਾਏ ਵਿਚ ਜਹਾਨ, ਜਹਾਲਤ ਵਿਚ ਅਦਾਲਤ ਆਪਣੀ ਇਕ ਲਗਾਈਆ । ਉਸ ਨੇ ਸੁਦਾਮਿਆਂ ਨਾਮ ਦੱਸਣਾ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ," ਜਿਸ ਨੂੰ ਸੁਣ ਕੇ ਗੁਰੂ ਅਵਤਾਰ ਪੈਗ਼ੰਬਰ ਸਾਰੇ ਸੀਸ ਨਿਵਾਣ, ਬਹੁਤੇ ਤ੍ਰੈਲੋਕੀ ਨਾਥਾਂ ਨੂੰ ਇਹ ਮਿਲਿਆ ਨਹੀਂ ਦਾਨ, ਰਾਮ ਦੀ ਰਾਮ ਨੇ ਝੋਲੀ ਨਾ ਕਦੇ ਭਰਾਈਆ । ਪੈਗ਼ੰਬਰਾਂ ਨੂੰ ਦੱਸ ਕੇ ਸ਼ਰਅ ਵਾਲਾ ਈਮਾਨ, ਅਮਲ ਵਿਚ ਦਿਤਾ ਫਸਾਈਆ । ਗੁਰੂਆਂ ਨੂੰ ਦੇ ਕੇ ਗੱਦੀ ਦਾ ਦਾਨ, ਸ਼ਬਦਾਂ ਦੀ ਸਿਫ਼ਤ ਵਿਚ ਲਗਾਈਆ । ਫੇਰ ਸੰਦੇਸ਼ਾ ਦੇ ਕੇ ਇਕ ਜਵਾਨ, ਗੋਬਿੰਦ ਗੋਬਿੰਦ ਆਪ ਪਰਗਟਾਈਆ । ਜਿਸ ਵੇਲੇ ਆਵਾਂ ਆਪ ਹੋ ਕੇ ਸਵਾਧਾਨ, ਸੋ ਸਵਾਮੀ ਆਪਣਾ ਵੇਸ ਵਟਾਈਆ । ਸਤਿਜੁਗ ਦਾ ਮਾਰਗ ਫੇਰ ਦੱਸਾਂ ਮਹਾਨ, ਮਹਿੰਮਾ ਅਕਥ ਅਕਥ ਦ੍ਰਿੜਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਰਾਓ ਰੰਕ ਸ਼ਾਹ ਹਕੀਰ ਸਤਿਗੁਰ ਫ਼ਕੀਰ ਸਭ ਦਾ ਇਕੋ ਕਰ ਪਕਵਾਨ, ਪੱਕਾ ਨਾਤਾ ਸਭ ਦੇ ਨਾਲ ਜੁੜਾਈਆ । ਜਨ ਭਗਤੋ ਗੁਰਮੁਖੋ ਗੁਰਸਿਖੋ ਵੇਖੋ ਕਿਸ ਬਿਧ ਦੇ ਨਾਲ ਤੁਹਾਡਾ ਬਣਾਇਆ ਵਿਧਾਨ, ਵਿਦਿਆ ਸਮਝ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਜਨ ਭਗਤੋ ਜੰਮੂ ਨੂੰ ਨੌਂ ਛਟਾਂਕ ਨਾਲ ਲੈ ਕੇ ਜਾਣੀ ਮਿਸ਼ਰੀ, ਮਿਸਲ ਗੋਬਿੰਦ ਦਏ ਦੁਹਰਾਈਆ । ਕਿਉਂ ਕਲਜੁਗ ਦੀ ਧਾਰ ਚੜ੍ਹੀ ਸਿਖ਼ਰੀ, ਸਿਖ਼ਰ ਦੀ ਚੋਟ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰਾਂ ਦੀ ਲਾਹੁਣੀ

ਬੇਫ਼ਿਕਰੀ, ਫ਼ਿਕਰਾ ਆਪਣਾ ਨਾਮ ਸੁਣਾਈਆ । ਜਿਹੜੀ ਕਾਹਨ ਖੇਲ ਕੀਤੀ ਗ਼ਰੀਬਾਂ ਨਾਲ ਮਿਤਰੀ, ਮਿੱਤਰ ਪਿਆਰਾ ਸਭ ਦਾ ਨਜ਼ਰੀ ਆਈਆ । ਜਿਹੜੀ ਪੂਜਾ ਹੁੰਦੀ ਰਹੀ ਜਲ ਧਾਰਾ ਵਿਚ ਪਿਤਰੀ, ਸੋ ਪੁਰਖ ਅਕਾਲ ਪਿਛਲੀ ਰੀਤੀ ਸਾਰੀ ਦਏ ਮਿਟਾਈਆ । ਤੁਹਾਡੀ ਆਤਮਾ ਤੁਹਾਡੇ ਵਿਚੋਂ ਨਿਤਰੀ, ਸਾਫ਼ ਸੁਥਰੀ ਸੋਭਾ ਪਾਈਆ । ਵੇਖਿਓ ਪ੍ਰਭ ਦਾ ਪਿਆਰ ਨਾ ਸਮਝਿਓ ਜਗਤ ਹੱਟ ਵਾਲੀ ਵਿਕਰੀ, ਪੈਸੇ ਵਾਲੀ ਕੀਮਤ ਨਾ ਕੋਇ ਰਖਾਈਆ । ਜਨ ਭਗਤੋ ਕਲਜੁਗ ਦੀ ਧਾਰ ਅੰਤ ਲਹਿਣਾ ਦੇਣਾ ਮੁਕਣਾ ਜਗਤ ਮੰਦਰ ਛਿਤਰੋ ਛਿਤਰੀ, ਛੱਤੀ ਜੁਗ ਦਾ ਮਾਲਕ ਨਾਨਕ ਦਏ ਗਵਾਹੀਆ । ਕਿਸੇ ਵਾਚ ਨਹੀਂ ਸਕਣੀ ਪੱਤਰੀ, ਪਤਰਕਾ ਸਕੇ ਨਾ ਕੋਇ ਸਮਝਾਈਆ । ਕਿਸੇ ਸਮਝ ਨਹੀਂ ਆਉਣੀ ਨਾੜ ਬਹੱਤਰੀ, ਬਿਨਾ ਬਹੱਤਰ ਭਗਤ ਜਨਾਂ ਮਿਲੇ ਨਾ ਕੋਇ ਵਡਿਆਈਆ । ਮੁਖ ਵਿਚੋਂ ਧਾਹ ਲੈ ਸਪਤ ਰਿਖੀਆਂ ਵਿਚੋਂ ਵਾਸਤਾ ਪਾਇਆ ਅਤਰੀ, ਅਤੀਤ ਆਪਣਾ ਧਿਆਨ ਲਗਾਈਆ । ਬਿਨਾ ਪ੍ਰਭੂ ਤੋਂ ਕਿਸੇ ਝਗੜਾ ਨਹੀਂ ਮੇਟਣਾ ਸ਼ੂਦਰ ਵੈਸ਼ ਬ੍ਰਾਹਮਣ ਖੱਤਰੀ, ਝਗੜਾ ਕੂੜ ਨਾ ਕੋਇ ਮਿਟਾਈਆ । ਜਨ ਭਗਤੋ ਵਿਸ਼ਨੂੰ ਕਹੇ ਛੱਬੀ ਪੋਹ ਨੂੰ ਸੱਜੇ ਹੱਥ ਨਾਲ ਸਭ ਨੇ ਬੰਨ੍ਹਣੀ ਰੱਖੜੀ, ਸਾਰਿਆਂ ਦਾ ਨਾਤਾ ਇਕੋ ਵਾਰ ਇਕੋ ਘਰ ਦਏ ਬਣਾਈਆ । ਅਮੀਰ ਚੰਦ ਨੇ ਪਿੱਤਲ ਦੀ ਲਿਆਉਣੀ ਤਕੜੀ, ਪਾਸਕੂ ਥੋੜ੍ਹਾ ਜਿਹਾ ਰਖਾਈਆ । ਨਾਲ ਵਿਛਾਉਣ ਵਾਲੀ ਲਿਆਉਣੀ ਟਾਟ ਦੀ ਤਪੜੀ, ਸਵਾ ਗਜ਼ ਲੰਬਾਈ ਚੌੜਾਈਆ । ਇਕ ਲਿਖਣ ਵਾਸਤੇ ਲਿਆਉਣੀ ਫਟੜੀ, ਕੀਮਤ ਪਚਵੰਜੇ ਪੈਸੇ ਸਮਝਾਈਆ । ਇਕ ਕੋਲ ਨਿੱਕੀ ਜਿਹੀ ਬਣਾਉਣੀ ਟੱਪਰੀ, ਸਿੰਘਾਸਣ ਲਾਗੇ ਸੋਭਾ ਪਾਈਆ । ਇਕ ਸੂਤ ਦੀ ਰੱਖਣੀ ਅੱਟੜੀ, ਤੇਜ ਕੌਰ ਦੁਆਬੇ ਵਿਚੋਂ ਦਏ ਪਹੁੰਚਾਈਆ । ਇਹ ਖੇਲ ਪ੍ਰਭੂ ਨੇ ਦੱਸਣੀ ਅੱਛੜੀ, ਅੱਛੀ ਤਰਾਂ ਵਖਾਈਆ । ਕੋਈ ਸ਼ਰੀਣੀ ਜ਼ਾਤ ਸਾਹਿਬ ਸਤਿਗੁਰ ਦੇ ਚਰਨ ਤੋਂ ਰਹੇ ਨਾ ਪਛੜੀ, ਜੋ ਆ ਕੇ ਸੀਸ ਨਿਵਾਈਆ । ਉਹ ਆਤਮਾ ਕਹੇ ਮੈਂ ਉਸ ਪਰਮਾਤਮਾ ਕੋਲ ਅੱਪੜੀ, ਜਿਥੇ ਅਨਪੜ੍ਹਾਂ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਗ੍ਰਹਿ ਨਛੱਤਰੀ, ਪਰਦਾ ਓਹਲਾ ਆਪ ਉਠਾਈਆ ।

## ੧੨ ਅੱਸੂ ਸ਼ਹਿਨਸ਼ਾਹੀ ਸੰਮਤ ੫ ਠੇਕੇਦਾਰ ਠਾਕਰ ਸਿੰਘ ਦੇ ਗ੍ਰਹਿ ਪਿੰਡ ਜੇਠੂਵਾਲ

ਸਾਹਿਬ ਸਤਿਗੁਰ ਸ਼ਬਦ ਬਹਾਦਰ, ਸੂਰਬੀਰ ਅਖਵਾਈਆ । ਆਦਿ ਜੁਗਾਦੀ ਕਰਨੀ ਦਾ ਕਰਤਾ ਕਾਦਰ, ਕਦੀਮ ਦਾ ਲਹਿਣਾ ਵੇਖ ਵਖਾਈਆ । ਜੁਗ ਚੌਕੜੀ ਨਿਰਮਲ ਕਰਮ ਕਰੇ ਉਜਾਗਰ, ਜਗਤ ਜੀਵਣ ਜੁਗਤ ਦਏ ਵਡਿਆਈਆ । ਪਾਰ ਕਰਾਏ ਜਨਮ ਕਰਮ ਦਾ ਡੂੰਘਾ ਸਾਗਰ, ਸਾਹਿਬ ਸਵਾਮੀ ਆਪਣੀ ਦਇਆ ਕਮਾਈਆ । ਦੋ ਜਹਾਨ ਸ੍ਰੀ ਭਗਵਾਨ ਦਰਗਾਹ ਸਾਚੀ ਦੇਵੇ ਆਦਰ, ਆਦਰਸ਼ ਆਪਣਾ ਇਕ ਰਖਾਈਆ । ਠਾਕਰ ਸਿੰਘ ਨਾਲ ਮਿਲਾ ਕੇ ਸਿੰਘ ਠਾਕਰ, ਠਾਕਰ ਸਿੰਘ ਤਿੰਨਾਂ ਇਕਾ ਦਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਤਿੰਨੇ ਠਾਕਰ ਸਿੰਘ ਤਿੰਨੇ ਰੰਗ ਦੇ ਪਾਉਣ ਬਸਤਰ, ਚਿੱਟਾ ਸੂਹਾ ਪੀਲਾ ਵੇਸ ਵਟਾਈਆ । ਪਿਠ ਉਤੇ ਬੱਧਾ ਹੋਵੇ ਇਕ ਇਕ ਸ਼ਸਤਰ, ਸ਼ਰਅ ਦੀ ਧਾਰ ਨਾ ਕੋਇ ਰਖਾਈਆ । ਸਚ ਪ੍ਰੇਮ ਦੀ ਅੰਤਰ ਹੋਵੇ ਹਸਰਤ, ਹਾਸਲ ਜ਼ਰਬ ਨਾ

ਕੋਇ ਵਖਾਈਆ । ਜੀਵਣ ਜ਼ਿੰਦਗੀ ਪ੍ਰਭ ਦੇ ਚਰਨ ਹੋਵੇ ਬਸਰਤ, ਵਿਛੜੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਤਿੰਨੇ ਠਾਕਰ ਸਿੰਘ ਛੱਬੀ ਪੋਹ ਨੂੰ ਸੇਵਾ ਕਰਨੀ ਖ਼ਾਸ, ਖ਼ਾਲਸ ਆਪਣਾ ਆਪ ਬਣਾਈਆ । ਨੌਂ ਰੰਗ ਦਾ ਸਾਹਿਬ ਸਤਿਗੁਰ ਦਾ ਬਣਾਉਣਾ ਲਿਬਾਸ, ਪ੍ਰੇਮ ਪ੍ਰੀਤੀ ਨਾਲ ਰਖਾਈਆ । ਜਿਸ ਦਾ ਰੰਗ ਹੋਵੇ ਵਾਂਗ ਆਕਾਸ਼, ਨੌਂ ਸਿਤਾਰੇ ਵੱਖ ਵੱਖ ਵੰਡ ਵੰਡਾਈਆ । ਚੰਦ ਦੀ ਪੂਰੀ ਕਰਨੀ ਆਸ, ਸੂਰੀਆ ਆਪਣੀ ਛਡੇ ਛਵਾਈਆ । ਮੰਡਲ ਦੀ ਮੰਡਪ ਵਾਲੀ ਹੋਵੇ ਰਾਸ, ਰਸਤਾ ਰਹਿਬਰ ਇਕ ਵਖਾਈਆ । ਸਦੀ ਚੌਧਵੀਂ ਮਿਲੇ ਸ਼ਾਬਾਸ਼, ਸ਼ਰਅ ਦਾ ਬੰਧਨ ਪੂਰ ਕਰਾਈਆ । ਵੱਖਰੀ ਨਿਰਾਲੀ ਹੋਵੇ ਪੋਸ਼ਾਕ, ਪੁਸ਼ਤ ਨੌਂ ਰੰਗ ਨਾਲ ਲਿਖਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਿਆ ਹੋਵੇ ਖ਼ਾਸ, ਖ਼ਾਲਸ ਸਭ ਨੂੰ ਦਏ ਜਣਾਈਆ । ਸ਼ੰਕਰ ਦੀ ਮੂਰਤੀ ਨਜ਼ਰੀ ਆਵੇ ਨਾਲ ਵਾਂਗ ਕੈਲਾਸ਼, ਪਰਬਤ ਦਾ ਰੂਪ ਸੋਭਾ ਪਾਈਆ । ਬ੍ਰਹਮਾ ਚਾਰੇ ਮੁਖ ਖੋਲ੍ਹ ਚਾਰੋਂ ਕੁੰਟ ਰੱਖੇ ਆਸ, ਆਸਾ ਆਪਣੀ ਇਕ ਵਧਾਈਆ । ਵਿਸ਼ਨੂੰ ਵਸਤ ਭੰਡਾਰ ਉਠਾਏ ਸਾਥ, ਥਾਲ ਤਲੀ ਉਤੇ ਟਿਕਾਈਆ । ਇੰਦਰ ਜਲ ਦਾ ਲੈ ਕੇ ਗਲਾਸ, ਖਵਾਜ਼ੇ ਨਾਲ ਮਿਲ ਕੇ ਸੀਸ ਨਿਵਾਈਆ । ਸਭ ਦੇ ਉਤੇ ਪੂਰਨ ਦਾ ਪੂਰਨ ਹੋਏ ਪ੍ਰਕਾਸ਼, ਜੋਤੀ ਜੋਤ ਡਗਮਗਾਈਆ । ਠਾਕਰਾਂ ਦਾ ਠਾਕਰ ਉਤੇ ਹੋਏ ਵਿਸ਼ਵਾਸ਼, ਵਿਸ਼ਿਆਂ ਦਾ ਵਿਸ਼ਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਹੁਕਮ ਵਰਤਾਈਆ । ਛੱਬੀ ਪੋਹ ਕਹੇ ਨੌਂ ਰੰਗ ਦੇ ਨੌਂ ਹੋਣ ਪੱਥਰ, ਪੰਜ ਚਾਰ ਸੋਭਾ ਪਾਈਆ । ਨਾਲ ਗੋਬਿੰਦ ਦਾ ਹੋਵੇ ਸੱਥਰ, ਯਾਰੜਾ ਸੇਜ ਹੰਢਾਈਆ । ਸੋਹੰ ਲਿਖਿਆ ਹੋਵੇ ਅੱਖਰ, ਹਾਹਾ ਸੱਸੇ ਵਿਚ ਛੁਪਾਈਆ । ਬਾਹਰ ਬਣਿਆ ਹੋਵੇ ਚੱਕਰ, ਸੁਦਰਸ਼ਨ ਸੋਹਣਾ ਰੂਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਦਏ ਬਣਾਈਆ । ਛੱਬੀ ਪੋਹ ਕਹੇ ਠਾਕਰ ਸਿੰਘ ਤਿੰਨਾਂ ਠਾਕਰਾਂ ਹੋਣਾ ਮਿਲਾਪ, ਪੂਰਬ ਲੇਖਾ ਲੇਖ ਜਣਾਈਆ । ਜਿਨ੍ਹਾਂ ਦਾ ਦੁਰਬਾਸ਼ੇ ਨਾਲ ਸਾਥ, ਰਿਖੀਆਂ ਦੀ ਰੇਖ ਫੋਲ ਫੁਲਾਈਆ । ਉਹ ਸਾਰੇ ਇਕੱਠੇ ਕਰਨੇ ਆਪ, ਆਪ ਆਪਣੀ ਦਇਆ ਕਮਾਈਆ । ਤਿੰਨਾਂ ਕੋਲੋਂ ਕਰਾ ਕੇ ਇਕ ਜਾਪ, ਜਗਜੀਵਣ ਦਾਤਾ ਦਏ ਵਡਿਆਈਆ । ਤ੍ਰੈਲੋਕੀ ਤੋਂ ਬਾਹਰ ਜਿਨ੍ਹਾਂ ਦਾ ਸਾਥ, ਤਿਨ੍ਹਾਂ ਦਾ ਤ੍ਰੈਗੁਣ ਡੇਰਾ ਢਾਹੀਆ । ਦੁਰਬਾਸ਼ੇ ਦੀ ਮੰਗ ਕ੍ਰਿਸ਼ਨ ਦਾ ਵਾਕ, ਕਾਹਨਾਂ ਦਾ ਕਾਹਨ ਪੂਰ ਕਰਾਈਆ । ਲਹਿਣਾ ਦੇਣਾ ਚੁਕਾਏ ਸਾਖਿਆਤ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।



## ✪ ੧੩ ਅੱਸੂ ਸ਼ਹਿਨਸ਼ਾਹੀ ਸੰਮਤ ੫ ਸੰਗਤ ਦੇ ਨਵਿਤ ਗੁਰਦਾਸ ਪੁਰ ✪

ਜਨ ਭਗਤੋ ਤੁਹਾਡੀ ਲੇਖੇ ਲਾਈ ਜਨਮ ਦੀ ਫ਼ਕੀਰੀ, ਫ਼ਿਕਰਾ ਇਕੋ ਨਾਮ ਸੁਣਾਈਆ । ਜੀਵਣ ਮਰਨ ਦੀ ਕਟ ਦਲਗੀਰੀ, ਮੰਜ਼ਲ ਇਕੋ ਘਰ ਵਖਾਈਆ । ਤੁਹਾਡੀ ਗ਼ਰੀਬੀ ਵਿਚੋਂ ਬਦਲ ਗਈ ਅਮੀਰੀ, ਸ਼ਹਿਨਸ਼ਾਹ ਦੇ ਸੁਤ ਹੋ ਕੇ ਘਰ ਸ਼ਹਿਨਸ਼ਾਹ ਸੋਭਾ ਪਾਈਆ । ਪ੍ਰਭ ਦਾ ਖੇਲ ਬੇਨਜ਼ੀਰੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋ ਯਾਦ ਕੀਤਾ ਭਗਤ ਧਾਰ ਧਾਰ ਕਬੀਰੀ, ਕਾਅਬੇ ਤੋਂ ਪਰੇ ਅੱਖ ਉਠਾਈਆ । ਨਿਗਾਹ

ਮਾਰੀ ਲਾਲੋ ਦੇ ਕੋਲ ਆਉਣਾ ਨਾਨਕ ਦਾ ਪਾਤਸ਼ਾਹ ਅਖ਼ੀਰੀ, ਆਖ਼ਰ ਆਪਣੀ ਖੇਲ ਖਿਲਾਈਆ । ਜਿਸ ਦਾ ਮੇਲ ਓਸ ਦੀ ਕਿਰਪਾ ਨਾਲ ਹੋਣਾ ਤਕਦੀਰੀ, ਤਕਦੀਰ ਸਭ ਦੀ ਦਏ ਬਦਲਾਈਆ । ਛੱਬੀ ਪੋਹ ਨੂੰ ਭਗਤ ਭਗਵਾਨ ਇਕੋ ਰੰਗ ਦੇਣਾ ਸ਼ਹਿਨਸ਼ਾਹ ਹਕੀਰੀ, ਪਾਤਸ਼ਾਹ ਵਜ਼ੀਰੀ ਮਾਣ ਵਡਿਆਈਆ । ਸਰਬ ਸੰਗਤ ਸਤਾਈ ਇੰਚ ਦੀ ਲਿਆਉਣੀ ਉਹ ਜ਼ੰਜੀਰੀ, ਜਿਹੜੀ ਗੋਬਿੰਦ ਨੇ ਇੱਕੀ ਸਾਲ ਦੀ ਆਯੂ ਵਿਚ ਆਪਣੇ ਗਲ ਛੁਹਾਈਆ । ਜਿਸ ਦੀ ਧਾਰ ਹਰਿਗੋਬਿੰਦ ਨੇ ਦੱਸੀ ਮੀਰੀ ਪੀਰੀ, ਪੀਰ ਪੀਰਾਂ ਸੋਭਾ ਪਾਈਆ । ਨਾਲ ਦਸਤਾਰ ਹੋਵੇ ਕਸ਼ਮੀਰੀ, ਜੰਮੂ ਵਾਲੇ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਦਏ ਮੁਕਾਈਆ । ਜਨ ਭਗਤੋ ਤੁਸੀਂ ਆਏ ਭੱਜੇ ਦੌੜੇ, ਪ੍ਰੇਮ ਪਿਆਰ ਵਿਚ ਵਡਿਆਈਆ । ਮੰਜ਼ਲ ਓਸ ਬੌਹੜੇ, ਜਿਥੇ ਮਿਲੇ ਧੁਰਦਰਗਾਹੀਆ । ਤੁਹਾਨੂੰ ਚੜ੍ਹਾ ਕੇ ਜਾਏ ਆਪਣੇ ਪੌੜੇ, ਅਧ ਵਿਚ ਨਾ ਕੋਇ ਅਟਕਾਈਆ । ਮੇਰੇ ਨਾਲ ਤੁਹਾਡੇ ਬਣਾਏ ਜੋੜੇ, ਜੋੜੀ ਧੁਰਦਰਗਾਹੀਆ । ਤੁਹਾਡੀ ਕਾਇਆ ਫਲ ਨਾ ਹੋਵਣ ਕੌੜੇ, ਮਿੱਠਾ ਰਸ ਸਭ ਨੂੰ ਦਿਤਾ ਚਖਾਈਆ । ਜਿਸ ਨੂੰ ਚਾਰ ਜੁਗ ਦੇ ਸ਼ਾਸਤਰ ਕਹਿੰਦੇ ਬ੍ਰਾਹਮਣ ਗੌੜੇ, ਇਹੋ ਤੁਹਾਡਾ ਪਾਲਕ ਤੁਹਾਡਾ ਪਿਤਾ ਮਾਈਆ । ਜਿਹੜਾ ਆਦਿ ਅੰਤ ਜੀਵਤ ਮਰਨ ਅੰਤਮ ਬੌਹੜੇ, ਆਪਣੇ ਗਲੇ ਲਗਾਈਆ । ਵੇਖਿਓ ਆਪਣੇ ਮਨ ਨਾ ਕਰਿਓ ਕੌੜੇ, ਅੰਦਰ ਵੱਜਦੀ ਰਹੇ ਵਧਾਈਆ । ਤੁਹਾਡੇ ਜਨਮ ਜੁਗ ਚੌਕੜੀ ਸਾਹਿਬ ਸਤਿਗੁਰ ਨਾਲ ਸਦਾ ਨਵੇਂ ਨਕੋਰੇ, ਚੁਰਾਸੀ ਵਿਚ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਜਨ ਭਗਤੋ ਤੁਹਾਡਾ ਆਉਣਾ ਹੋਇਆ ਮਨਜ਼ੂਰ, ਲੇਖਾ ਸਭ ਦਾ ਲੇਖੇ ਪਾਈਆ । ਦਰਸ ਕਰਕੇ ਇਕ ਹਜ਼ੂਰ, ਹਾਜ਼ਰੀ ਆਪਣੀ ਲੈਣੀ ਲਗਾਈਆ । ਤੁਹਾਡਾ ਸਾਹਿਬ ਬੜਾ ਮਸ਼ਕੂਰ, ਖ਼ੁਸ਼ੀ ਵਿਚ ਆਪਣਾ ਰੰਗ ਰੰਗਾਈਆ । ਤੁਸੀਂ ਸਮਝਿਓ ਨਾ ਕਦੇ ਦੂਰ, ਹਰ ਹਿਰਦੇ ਬੈਠਾ ਡੇਰਾ ਲਾਈਆ । ਚੁਰਾਸੀ ਵਿਚੋਂ ਨਿਤਰੇ ਵਾਂਗ ਕਪੂਰ, ਸੁਗੰਧੀ ਧੁਰ ਦਾ ਨਾਮ ਭਰਾਈਆ । ਤੁਹਾਡੀ ਪ੍ਰੇਮ ਮੁਹੱਬਤ ਵਾਲੀ ਧਾਰ ਭਰਪੂਰ, ਭਾਂਡਾ ਭਰਮ ਭਾਉ ਭੰਨਾਈਆ । ਤੁਸੀਂ ਹੁਣ ਖ਼ੁਸ਼ੀ ਨਾਲ ਘਰਾਂ ਨੂੰ ਜਾਣਾ ਜ਼ਰੂਰ, ਯਾਦ ਪ੍ਰਭ ਦੀ ਨਾਲ ਰਖਾਈਆ । ਸਭ ਦੇ ਤਨ ਮਾਟੀ ਵਜੂਦ ਮਸਤਕ ਲਾ ਕੇ ਜਾਵਾਂ ਉਹ ਧੂੜ, ਜਿਸ ਦੇ ਨਾਲ ਦੁਰਮਤ ਮੈਲ ਰਹੇ ਨਾ ਰਾਈਆ । ਸਭ ਦੀ ਆਸਾ ਮਨਸਾ ਕਰਕੇ ਪੂਰ, ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਉਧਾਰਨਾ ਜਿਸ ਦਾ ਦਸਤੂਰ, ਦਰਸ ਦੇ ਕੇ ਦਰਸ ਕਰ ਕੇ ਦਰਸ ਦਾ ਦਰਸ ਤਰਸ ਵਿਚ ਰਖਾਈਆ ।

## ✪ ੧੩ ਅੱਸੂ ਸ਼ਹਿਨਸ਼ਾਹੀ ਸੰਮਤ ੫ ਤੇਜ ਭਾਨ ਦੇ ਘਰ ਸਈ ਕੈਂਪ ਜੰਮੂ ✪

ਤੇਰਾਂ ਸੌ ਸਤਾਸੀ ਰਿਸ਼ੀਓ ਆਹ ਲਓ ਸਗਣ ਛਟਾਂਕ ਨੌਂ, ਬਾਵਨ ਦੀ ਆਸਾ ਨਾਲ ਮਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲਿਆ ਭੌਂ, ਭਾਵਨਾ ਸਭ ਦੀ ਖੋਜ ਖੁਜਾਈਆ । ਸਭ ਨੇ ਤਿੰਨ ਜੁਗ ਲਿਆ ਸੌਂ, ਆਲਸ ਨਿੰਦਰਾ ਅੰਤ ਲੈਣਾ ਚੁਕਾਈਆ । ਲੇਖਾ ਰਿਹਾ ਨਾ ਮੈਂ ਹਉਂ,

ਹੰ ਹੰਗਤਾ ਦਏ ਤੁੜਾਈਆ । ਜੁਗ ਜਨਮ ਦੇ ਵਿਛੜੇ ਪਕੜੇ ਬਾਹੋਂ, ਪਾਰਬ੍ਰਹਮ ਆਪਣੀ ਦਇਆ ਕਮਾਈਆ । ਕਲਜੁਗ ਅੰਤਮ ਕਰੇ ਨਿਆਉਂ,
ਨਿਆਂਕਾਰ ਇਕ ਅਖਵਾਈਆ । ਹਰਿਜਨ ਕਦੇ ਨਾ ਭੁੱਲੇ ਰਾਹੋਂ, ਰਸਤਾ ਬਾਵਸਤਾ ਆਪਣੇ ਨਾਲ ਰਖਾਈਆ । ਪੁਰਖ ਅਕਾਲਾ ਬਣਕੇ ਪਿਤਾ
ਮਾਉਂ, ਪੂਤ ਸਪੂਤਾ ਗੋਦ ਟਿਕਾਈਆ । ਵਕਤ ਸੁਹੰਜਣਾ ਵੇਖੇ ਨਾਲ ਚਾਓ, ਚਾਓ ਘਨੇਰਾ ਇਕ ਸਮਝਾਈਆ । ਸਾਚਾ ਢੋਲਾ ਧੁਰ ਦਾ ਗਾਓ,
ਗਹਿਰ ਗੰਭੀਰ ਹੋਏ ਸਹਾਈਆ । ਵਿਛੋੜਾ ਹੋਏ ਨਾ ਧੁਰਦਰਗਾਹੇ, ਦਰਗਾਹ ਸਾਚੀ ਮੇਲ ਮਿਲਾਈਆ । ਫੜ ਕੇ ਹੰਸ ਬਣਾਏ ਕਾਉਂ, ਸੋਹੰ
ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਸਚ ਸਾਹਿਬ ਦੇ ਲਾਗੇ ਪਾਉਂ, ਪਾਰਬ੍ਰਹਮ ਸਿਰ ਆਪਣਾ ਹੱਥ ਟਿਕਾਈਆ । ਜੋ ਸ਼ਾਹੋ ਭੂਪ ਵਡ ਸ਼ਾਹੋ,
ਸ਼ਹਿਨਸ਼ਾਹ ਸ਼ਾਹ ਇਕ ਅਖਵਾਈਆ । ਤਿਸ ਸਵਾਮੀ ਬਲ ਬਲ ਜਾਓ, ਜੋ ਦੋ ਜਹਾਨਾਂ ਲਏ ਤਰਾਈਆ । ਨਿਥਾਵਿਆਂ ਦੇਵਣਹਾਰਾ ਥਾਉਂ, ਥਾਨ
ਥਨੰਤਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ ।
ਮਿਸਰੀ ਕਹੇ ਮੈਂ ਲੇਖਾ ਜਾਣਾ ਪੰਡਤ ਮਿਸਰ, ਮੈਨੂੰ ਵਿਦਿਆ ਵਿਚ ਭਟਕਾਈਆ । ਬਾਵਨ ਦਾ ਲਹਿਣਾ ਗਿਆ ਨਾ ਵਿਸਰ, ਯਾਦ ਇਕੋ ਇਕ
ਸਤਾਈਆ । ਜਿਸ ਸੰਦੇਸ਼ਾ ਦਿਤਾ ਵੇਖ ਕੇ ਚੋਟੀ ਸ਼ਿਖ਼ਰ, ਸ਼ਿਖ਼ਰ ਚੜ੍ਹ ਕੇ ਖੋਜ ਖੁਜਾਈਆ । ਜਿਸ ਵੇਲੇ ਕਲਜੁਗ ਚੇਲਾ ਗੁਰੂ ਰਿਹਾ ਨਾ ਮਿੱਤਰ,
ਸੱਜਣ ਮਿੱਤਰ ਨਾ ਕੋਇ ਅਖਵਾਈਆ । ਸ੍ਰਿਸ਼ਟੀ ਦ੍ਰਿਸ਼ਟੀ ਭਰੇ ਚਿੱਕੜ, ਕੀਚੜ ਭਰੀ ਹੋਵੇ ਲੋਕਾਈਆ । ਚੁਰਾਸੀ ਵਿਚੋਂ ਸਕੇ ਕੋਈ ਨਾ ਨਿਕਲ,
ਆਵਣ ਜਾਵਣ ਫੰਦ ਨਾ ਕੋਇ ਕਟਾਈਆ । ਸ੍ਰਿਸ਼ਟੀ ਧਾਰ ਹੋਵੇ ਪਿੱਤਲ, ਪਤਿਪਰਮੇਸ਼ਵਰ ਸੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ,
੨੧ ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਨੀ ਕਾਰ ਕਮਾਈਆ । ਮਿਸਰੀ ਕਹੇ ਮੈਂ ਦੇਵਾਂ ਆਪਣੀ ਮਿਸਾਲ, ਮਿਸਰਾ ਸਕੇ ੨੧
੨੨ ਨਾ ਕੋਇ ਸਮਝਾਈਆ । ਜਿਸ ਵੇਲੇ ਬਾਵਨ ਅੱਗੇ ਛੋਟੀ ਕੰਨਿਆਂ ਰੱਖਿਆ ਥਾਲ, ਵਸਤ ਵਸਤ ਵਿਚ ਰਖਾਈਆ । ਨੈਣ ਰੋ ਕੇ ਕਿਹਾ ਬਾਲ, ੨੨
ਬਾਲੀ ਬੁਧ ਵਿਚ ਜਣਾਈਆ । ਕੁਛ ਦੱਸ ਅਗਲਾ ਹਾਲ, ਹਾਲਤ ਅਗਲੀ ਦੇ ਜਣਾਈਆ । ਬਾਵਨ ਹੱਸ ਕੇ ਕਿਹਾ ਕਲਜੁਗ ਖੇਲ ਅੰਤ ਮਹਾਨ,
ਮਹਿੰਮਾ ਸਿਫ਼ਤ ਨਾ ਕੋਇ ਸਾਲਾਹੀਆ । ਸਖ਼ੀਆਂ ਦਾ ਦਿਸੇ ਕੋਈ ਨਾ ਕਾਹਨ, ਸੀਤਾ ਸੁਰਤ ਰਾਮ ਨਾ ਕੋਇ ਪਰਨਾਈਆ । ਪੈਗ਼ੰਬਰ ਦਿਸੇ ਨਾ
ਕੋਇ ਨਿਸ਼ਾਨ, ਸਵੰਬਰ ਸਚ ਨਾ ਕੋਇ ਜਣਾਈਆ । ਗੁਰੂ ਦੇਵੇ ਨਾ ਕੋਇ ਗਿਆਨ, ਸਤਿਗੁਰ ਸਤਿ ਨਾ ਕੋਇ ਮਿਲਾਈਆ । ਓਸ ਵੇਲੇ ਪਰਗਟ
ਹੋਵੇ ਸ੍ਰੀ ਭਗਵਾਨ, ਹਰਿ ਕਰਤਾ ਧੁਰਦਰਗਾਹੀਆ । ਜਿਹੜਾ ਤੇਰਾਂ ਸੌ ਸਤਾਸੀ ਰਿਖੀਆਂ ਖਾਧਾ ਪਕਵਾਨ, ਕੱਚਾ ਪੱਕਾ ਪੇਟ ਟਿਕਾਈਆ । ਸਾਰੇ
ਖਾ ਕੇ ਖ਼ੁਸ਼ੀ ਮਨਾਣ, ਚੱਲਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ
ਕਾਰ ਕਮਾਈਆ । ਮਿਸਰੀ ਕਹੇ ਜਿਸ ਵੇਲੇ ਰਿਸ਼ੀ ਆਏ ਕੋਲ, ਬਾਵਨ ਵੱਲ ਧਿਆਨ ਲਗਾਈਆ । ਬਾਵਨ ਪਿਆ ਬੋਲ, ਕੀ ਮਿਲਿਆ ਬੇਪਰਵਾਹੀਆ ।
ਸਾਰੇ ਢਿੱਡ ਵਜਾਣ ਵਾਂਗ ਢੋਲ, ਹੱਥ ਹੱਥ ਨਾਲ ਮਿਲਾਈਆ । ਬਲ ਭੰਡਾਰਾ ਦਿਤਾ ਖੋਲ੍ਹ, ਤੇ ਰਿਸ਼ੀ ਮੁਨੀ ਦਿਤੇ ਰਜਾਈਆ । ਬਿਰਧਾ ਤੂੰ
ਕੀ ਕਰੇਂ ਮਖੌਲ, ਮੈਨੂੰ ਸਮਝ ਕੋਇ ਨਾ ਆਈਆ । ਓਸ ਹੱਸ ਕੇ ਕਿਹਾ ਆਹ ਵੇਖੋ ਆਪਣਾ ਤੋਲ, ਮਾਸਾ ਰੱਤੀ ਨਾ ਕੋਇ ਚੜ੍ਹਾਈਆ । ਅੰਦਰ
ਨਿਗਾਹ ਮਾਰੋ ਸਭ ਦੇ ਅੰਦਰ ਪੋਲ, ਪ੍ਰਭ ਦਾ ਦਰਸ ਕੋਇ ਨਾ ਪਾਈਆ । ਤੁਹਾਡਾ ਬਣਿਆ ਨਾ ਕੋਇ ਵਿਚੋਲ, ਵਿਚਲਾ ਭੇਵ ਨਾ ਕੋਇ ਖੁਲ੍ਹਾਈਆ ।

ਜੰਗਲਾਂ ਵਿਚ ਤੁਹਾਡੇ ਨਾਲ ਵੱਜਦਾ ਰੋਲ, ਰਾਮ ਮਿਲਣ ਕੋਇ ਨਾ ਪਾਈਆ । ਤੁਸੀਂ ਸਰਬ ਅਜੇ ਅਨਭੋਲ, ਭਾਂਡਾ ਭਰਮ ਨਾ ਕੋਇ ਭੰਨਾਈਆ । ਕੀ ਤੁਹਾਡੀ ਵਸਤ ਕੋਈ ਏਸ ਵੇਲੇ ਪਈ ਕੋਲ, ਮੈਨੂੰ ਦਿਓ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਬਾਵਨ ਕਿਹਾ ਕੀ ਬਲ ਦਵਾਰਿਉਂ ਮਿਲਿਆ ਸਗਨ, ਸਗਲਾ ਦਿਓ ਜਣਾਈਆ । ਕਿਸ ਪਿਆਰ ਵਿਚ ਹੋਵੇ ਮਗਨ, ਮਸਤੀ ਨਾਮ ਚੜ੍ਹਾਈਆ । ਕਿਸ ਬਿਧ ਮਿਟਾਓ ਅਗਨ, ਅਗਨੀ ਤਤ ਜਲਾਈਆ । ਕਿਸ ਸਵਾਮੀ ਮਿਲੋ ਸੱਜਣ, ਮੇਲਾ ਸਹਿਜ ਸੁਭਾਈਆ । ਕਿਸ ਲੇਖੇ ਲਾਓ ਬਦਨ, ਆਪਣਾ ਆਪ ਗਵਾਈਆ । ਕਿਸ ਪਿਆਰ ਦੀ ਚਾੜ੍ਹੋ ਰੰਗਣ, ਦੁਰਮਤ ਮੈਲ ਧਵਾਈਆ । ਕਿਉਂ ਪਿੰਡਿਉਂ ਹੋਏ ਨਗਨ, ਕਿਉਂ ਧੂੜੀ ਖ਼ਾਕ ਰਮਾਈਆ । ਕਿਉਂ ਨਹੀਂ ਦੀਪਕ ਲੱਗੇ ਜਗਣ, ਅੰਧ ਅੰਧੇਰ ਨਾ ਕੋਇ ਮਿਟਾਈਆ । ਕਿਉਂ ਮੇਰੇ ਕੋਲੋਂ ਲੱਗੇ ਸੰਗਣ, ਮੈਨੂੰ ਦਿਓ ਸਮਝਾਈਆ । ਸਾਰੇ ਬੋਲਣ ਲੱਗੇ ਬਚਨ, ਸਾਡੇ ਨੇਤਰ ਨੈਣ ਨੈਣ ਸ਼ਰਮਾਈਆ । ਸਾਡੇ ਅੰਦਰ ਨਾਦ ਨਾ ਵੱਜਣ, ਧੁਨੀ ਨਾਦ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਾਰੇ ਕਹਿਣ ਸਾਡੇ ਖ਼ਾਲੀ ਹੱਥ, ਹਥੇਲੀ ਉਤੇ ਨਾ ਕੁਝ ਟਿਕਾਈਆ । ਨਾ ਮਿਲਿਆ ਪੁਰਖ ਸਮਰਥ, ਨੇਤਰ ਦਰਸ ਕੋਇ ਨਾ ਪਾਈਆ । ਨਿਜ ਨੇਤਰ ਖੁਲ੍ਹੀ ਨਾ ਅੱਖ, ਲੋਚਨ ਮਿਲੇ ਨਾ ਕੋਇ ਵਡਿਆਈਆ । ਰਸਨਾ ਨਾਲ ਨਾ ਹੋਵੇ ਜਸ, ਸਿਫ਼ਤਾਂ ਵਿਚ ਸਾਲਾਹੀਆ । ਜੰਗਲਾਂ ਵਿਚ ਕਰਕੇ ਹਠ, ਬੈਠੇ ਡੇਰਾ ਲਾਈਆ । ਬਲ ਸੰਦੇਸ਼ੇ ਉਤੇ ਆਏ ਨੱਠ, ਭੱਜੇ ਵਾਹੋ ਦਾਹੀਆ । ਅਸਵਮੇਧ ਯੱਗ ਦਾ ਵੇਖ ਇਕੱਠ, ਆਪਣੀ ਲਈ ਅੰਗੜਾਈਆ । ਖਾਧਾ ਪੀਤਾ ਝੱਟ, ਦੱਛਣਾ ਹੱਥ ਨਾ ਕਿਸੇ ਫੜਾਈਆ । ਹੁਣ ਪਿਛੇ ਚਲੇ ਹਟ, ਆਪਣਾ ਮੁਖ ਭਵਾਈਆ । ਬਾਵਨ ਨੇ ਰੂਪ ਬਦਲਿਆ ਝੱਟ, ਸਰੂਪ ਅਨੂਪ ਦਰਸਾਈਆ । ਸਾਰਿਆਂ ਦੇ ਹਿਰਦੇ ਲਾਇਆ ਫੱਟ, ਤੀਰ ਅਣਿਆਲਾ ਇਕ ਲਗਾਈਆ । ਜਾਂ ਤੱਕਿਆਂ ਤੇ ਸਭ ਦੇ ਵਸੇ ਘਟ ਘਟ, ਬੁੱਢਾ ਬੈਠਾ ਡੇਰਾ ਲਾਈਆ । ਜਾਂ ਇਸ਼ਾਰਾ ਕਰਕੇ ਝੱਟ, ਜੋਤ ਜਗੇ ਲਟ ਲਟ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਰਿਸ਼ੀ ਵੇਖ ਹੋਏ ਹੈਰਾਨ, ਹੈਰਾਨੀ ਅੰਦਰ ਆਪਣਾ ਆਪ ਪਰਗਟਾਈਆ । ਬ੍ਰਾਹਮਣ ਬੜਾ ਸ਼ੈਤਾਨ, ਸਾਨੂੰ ਰਿਹਾ ਭਰਮਾਈਆ । ਕੁਛ ਬੋਲੇ ਨਾ ਨਾਲ ਜ਼ਬਾਨ, ਇਸ਼ਾਰੇ ਸਿਰ ਨਾਲ ਦ੍ਰਿੜਾਈਆ । ਸਾਡੇ ਵੱਲ ਨਾ ਕਰੇ ਧਿਆਨ, ਉਂਗਲਾਂ ਜ਼ਿਮੀਂ ਉਤੇ ਘਸਾਈਆ । ਸਾਡੇ ਆਵਾਜ਼ ਦਿਤੀ ਵਿਚ ਕਾਨ, ਧੁਨ ਦਿਤੀ ਉਪਜਾਈਆ । ਝਟ ਤੀਰ ਮਾਰਿਆ ਬਾਣ, ਸੋਈ ਸੁਰਤ ਉਠਾਈਆ । ਝਟ ਦੇ ਕੇ ਨੂਰ ਮਹਾਨ, ਅੰਦਰ ਕੀਤੀ ਰੁਸ਼ਨਾਈਆ । ਮੁਖੋਂ ਲੱਗੇ ਗਾਣ, ਤੇਰੀ ਬੇਪਰਵਾਹੀਆ । ਬਾਵਨ ਨੇ ਆਪਣੀ ਗੋਦੜੀ ਵਿਚੋਂ ਕਢ ਕੇ ਦਾਨ, ਦਾਤਾ ਹੋ ਕੇ ਦਿਤਾ ਵਰਤਾਈਆ । ਆਹ ਲਓ ਨੌਂ ਕੂਜੇ ਤੁਹਾਡਾ ਨੌ ਖੰਡ ਪ੍ਰਿਥਮੀ ਦਾ ਪੀਣ ਖਾਣ, ਤ੍ਰਿਸ਼ਨਾ ਜਗਤ ਵਾਲੀ ਗਵਾਈਆ । ਇਕ ਹੁਕਮ ਦਿਤਾ ਫ਼ਰਮਾਨ, ਫੁਰਨੇ ਵਿਚ ਦ੍ਰਿੜਾਈਆ । ਤ੍ਰੇਤਾ ਦੁਆਪਰ ਪ੍ਰਭੂ ਦੇ ਘਰ ਰਹਿਣਾ ਮਹਿਮਾਨ, ਸਚਖੰਡ ਸਾਚੇ ਡੇਰਾ ਲਾਈਆ । ਕਲਜੁਗ ਅੰਤ ਫੇਰ ਬਣਨਾ ਇਨਸਾਨ, ਪੰਜਾਂ ਤਤਾਂ ਵਾਲਾ ਵੇਸ ਵਟਾਈਆ । ਪਰਗਟ ਹੋਵੇ ਸ੍ਰੀ ਭਗਵਾਨ, ਪਾਰਬ੍ਰਹਮ ਆਪਣਾ ਫੇਰਾ ਪਾਈਆ । ਤੁਹਾਡੀ ਚੁਰਾਸੀ ਵਿਚੋਂ ਕਰੇ ਪਹਿਚਾਨ, ਬੇਪਹਿਚਾਨ ਆਪ ਜਗਾਈਆ । ਮਿੱਠਾ ਰਸ ਦੇ ਕੇ ਪੀਣ ਖਾਣ, ਤੁਹਾਡੀ

ਤ੍ਰਿਸ਼ਨਾ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਰਿਸ਼ੀਆਂ ਕਿਹਾ ਇਹ ਕੀ ਸਾਨੂੰ ਦਿਤੀ ਦਾਤ, ਸਚ ਦੇ ਸਮਝਾਈਆ । ਬਾਵਨ ਕਿਹਾ ਇਹ ਮੇਰੀ ਸੌਗ਼ਾਤ, ਜਿਹੜੀ ਜੁਗ ਜੁਗ ਭਗਤਾਂ ਆਪ ਵਰਤਾਈਆ । ਜਿਸ ਵੇਲੇ ਕਲਜੁਗ ਹੋਈ ਅੰਧੇਰੀ ਰਾਤ, ਏਸੇ ਨਾਲ ਤੁਹਾਡਾ ਨਾਤਾ ਲਏ ਜੁੜਾਈਆ । ਤੁਸੀਂ ਓਸ ਦੇ ਹੋਏ ਉਹ ਤੁਹਾਡਾ ਬਣਿਆ ਸਾਕ, ਸਗਨ ਆਪਣਾ ਆਪ ਪਵਾਈਆ । ਤੁਹਾਡੀ ਇਕੋ ਕਰਕੇ ਜ਼ਾਤ, ਜਨਮ ਜਨਮ ਦਾ ਗੇੜ ਕਟਾਈਆ । ਇਹ ਮੇਰਾ ਮੁਖ ਵਾਕ, ਨਾ ਕੋਈ ਮੇਟੇ ਮੇਟ ਮਿਟਾਈਆ । ਪੂਰਾ ਹੋਵੇ ਪ੍ਰਿਥਮੀ ਆਕਾਸ਼, ਸ਼ਹਾਦਤ ਗਗਨ ਦਏ ਭੁਗਤਾਈਆ । ਤੁਸਾਂ ਇਕ ਤੇ ਰੱਖਣਾ ਵਿਸ਼ਵਾਸ਼, ਜੋ ਵਿਸ਼ਵ ਦਾ ਲਹਿਣਾ ਦਏ ਚੁਕਾਈਆ । ਤੁਹਾਡਾ ਨੂਰ ਕਰ ਪ੍ਰਕਾਸ਼, ਜੋਤ ਆਪਣੀ ਡਗਮਗਾਈਆ । ਛੋਟੀ ਨੰਨ੍ਹੀ ਬੱਚੀ ਦਾ ਹੋਵੇ ਸਾਥ, ਜਨਮ ਕਰਮ ਦਾ ਲੇਖਾ ਨਾਲ ਰਖਾਈਆ । ਦਵਿੰਦਰ ਸੁਨਹਿਰੀ ਰੰਗ ਦੀ ਪਹਿਨ ਪੌਸ਼ਾਕ, ਛੱਬੀ ਪੋਹ ਨੂੰ ਤੁਹਾਡਾ ਸਾਥ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਮਿਸਰੀ ਕਹੇ ਰਿਸ਼ੀਓ ਛੱਬੀ ਪੋਹ ਵਕਤ ਸੁਹਾਉਣਾ, ਸੋਹਣੀ ਖ਼ੁਸ਼ੀ ਬਣਾਈਆ । ਇਕ ਇਕ ਕੂਜਾ ਸਭ ਨੇ ਨਾਲ ਲਿਆਉਣਾ, ਖ਼ਾਲੀ ਵਿਚੋਂ ਨਾ ਕੋਇ ਜਣਾਈਆ । ਦੂਜਾ ਧਾਰ ਦਾ ਧਰਮ ਰਖਾਉਣਾ, ਦਰ ਦਰ ਮਿਲੇ ਵਡਿਆਈਆ । ਸਾਹਿਬ ਸਤਿਗੁਰ ਭੇਟ ਚੜ੍ਹਾਉਣਾ, ਵਕਤ ਨੌਂ ਦਸ ਸੁਹਾਈਆ । ਇਕ ਇਕ ਦਾ ਰੰਗ ਰੰਗਾਉਣਾ, ਮਾਇਆ ਮਮਤਾ ਮੋਹ ਚੁਕਾਈਆ । ਅਗਲਾ ਲੇਖਾ ਫੇਰ ਸਮਝਾਉਣਾ, ਪਾਰਬ੍ਰਹਮ ਪੜਦਾ ਦਏ ਉਠਾਈਆ । ਹੁਣ ਸਭ ਨੂੰ ਇਹ ਪਰਸ਼ਾਦ ਕਰਕੇ ਵਰਤਾਉਣਾ, ਛੋਟਾ ਮੋਟਾ ਹਿੱਸਾ ਸਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਾ ਨਗਰ ਸਾਚਾ ਇਕ ਸੁਹਾਉਣਾ, ਸੋਹਣਾ ਆਪਣਾ ਹੁਕਮ ਵਰਤਾਈਆ ।



### ✪ ੧੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਚੇਲਾ ਸਿੰਘ ਦੇ ਘਰ ਸਈ ਕੈਂਪ ✪

ਰਿਸ਼ੀਓ ਛੱਬੀ ਪੋਹ ਨੂੰ ਲੈ ਕੇ ਆਉਣੀ ਨਿਸ਼ਾਨੀ, ਨਿਸ਼ਾਨਾ ਪਿਛਲਾ ਨਾਲ ਮਿਲਾਈਆ । ਤੁਹਾਡੀ ਲੇਖੇ ਲੱਗੇ ਭਗਤੀ ਦੀ ਕੁਰਬਾਨੀ, ਭਗਵਨ ਆਪਣੀ ਦਇਆ ਕਮਾਈਆ । ਬਾਵਨ ਧਾਰ ਲਿਖੀ ਹੋਵੇ ਪੇਸ਼ਾਨੀ, ਮਸਤਕ ਸੋਭਾ ਪਾਈਆ । ਸਭ ਦੀ ਹੋਵੇ ਤਰਲ ਜਵਾਨੀ, ਬਿਰਧ ਬਾਲ ਇਕੋ ਰੰਗ ਸਮਾਈਆ । ਸਾਹਿਬ ਸਤਿਗੁਰ ਜਾਣ ਜਾਣੀ, ਜਾਨਣਹਾਰ ਵੇਖ ਵਖਾਈਆ । ਇਕ ਕਲਮ ਲਿਆਉਣੀ ਨਾਲ ਕਾਨੀ, ਕਾਇਨਾਤ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਰਿਸ਼ੀਓ ਮਸਤਕ ਲਿਖੇ ਹੋਣ ਤਿੰਨ ਅੱਖਰ, ਬਾਵਨ ਸੋਭਾ ਪਾਈਆ । ਇਕ ਯਾਰੜੇ ਦਾ ਹੋਵੇ ਸੱਥਰ, ਸੇਜ ਸਾਢੇ ਤਿੰਨ ਹੱਥ ਵਡਿਆਈਆ । ਇਕ ਹੋਵੇ ਨਾਲ ਗੋਬਿੰਦ ਪੱਤਰ, ਤਾਬਿਆਦਾਰੀ ਜਿਸ ਦੇ ਵਿਚ ਦਏ ਸਮਝਾਈਆ । ਢਾਈ ਰਤੀਆਂ ਲਿਆਉਣਾ ਅਤਰ, ਜਿਹੜਾ ਬਲ ਬਾਵਨ ਭੇਟ ਕਰਾਈਆ । ਅੰਤਰ ਪੜ੍ਹਨਾ ਸੋਹੰ ਮੰਤਰ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

ਹਰਿ, ਸਚ ਕਰਨੀ ਕਾਰ ਕਮਾਈਆ । ਰਿਸ਼ੀਓ ਇਕ ਲਿਆਉਣਾ ਕੁੰਡਲ, ਕੁੰਡਲੀਆਂ ਪਿਛਲੀਆਂ ਵੇਖ ਵਖਾਈਆ । ਜਿਸ ਵਿਚ ਢਾਈ ਵਾਰ ਪਏ ਗੁੰਝਲ, ਢਾਈ ਕਦਮ ਦਾ ਲੇਖ ਚੁਕਾਈਆ । ਸੋਹਣਾ ਰੂਪ ਹੋਵੇ ਸੁੰਦਰ, ਨੈਣ ਬਲ ਅੱਖ ਉਠਾਈਆ । ਨਾਲ ਸਾਰ ਹੋਵੇ ਕੁੰਦਨ, ਕੰਚਨ ਵਡ ਵਡਿਆਈਆ । ਲੇਖਾ ਜਾਣੇ ਨੈਣ ਮੂਧਨ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਘਰ ਵਸਾਈਆ । ਰਿਸ਼ੀਓ ਬਾਵਨ ਧਾਰ ਮਸਤਕ ਬੱਧੀ ਹੋਵੇ ਪੱਟੀ, ਰੰਗ ਚਿੱਟਾ ਸੋਭਾ ਪਾਈਆ । ਦੋਹਾਂ ਸਿਰਿਆਂ ਤੋਂ ਤਿੱਖੀ ਹੋਵੇ ਕਟੀ, ਨੋਕਦਾਰ ਵਖਾਈਆ । ਸਭ ਨੇ ਇਕੋ ਜਿਹੀ ਕਰਕੇ ਆਉਣਾ ਮਤੀ, ਕੂੜੀ ਕਿਰਿਆ ਬਾਹਰ ਕਢਾਈਆ । ਕੇਸਰ ਕੋਲ ਰੱਖਣਾ ਇਕ ਇਕ ਰਤੀ, ਜੋ ਪ੍ਰਭ ਦੇ ਅੱਗੇ ਭੇਟਾ ਦੇਣੀ ਕਰਾਈਆ । ਇਕ ਕੱਚੀ ਰੂਈ ਦੀ ਰੱਖਣੀ ਵੱਟੀ, ਨੌ ਇੰਚ ਵਿਚ ਲੰਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬਖ਼ਸ਼ਣਹਾਰ ਇਕ ਸਰਨਾਈਆ । ਰਿਸ਼ੀਓ ਨੌਆਂ ਨੇ ਮਸਤਕ ਲਾ ਕੇ ਆਉਣਾ ਧੂੜੀ, ਲਾਈਨਾਂ ਤਿੰਨ ਤਿੰਨ ਬਣਾਈਆ । ਪਿਛੇ ਗਿੱਚੀ ਵਿਚ ਕੀਤੀ ਹੋਵੇ ਜੂੜੀ, ਸੀਸ ਪੱਗ ਨਾ ਕੋਇ ਰਖਾਈਆ । ਮਤ ਅੰਦਰ ਹੋਵੇ ਨਾ ਮੂੜ੍ਹੀ, ਮੂਰਖਾਂ ਕੋਲੋਂ ਪੱਲਾ ਛੁਡਾਈਆ । ਸਵਾ ਸੇਰ ਕੁੱਟ ਕੇ ਲਿਆਉਣੀ ਚੂਰੀ, ਚਾਰ ਘਰ ਮਿਲ ਕੇ ਲੈਣ ਬਣਾਈਆ । ਮੇਰੀ ਰੱਖਣੀ ਵਿਚ ਹਜ਼ੂਰੀ, ਹਾਜ਼ਰ ਹੋ ਕੇ ਸੀਸ ਨਿਵਾਈਆ । ਮੁਖੋਂ ਕਹਿਣਾ ਭੁੱਖਿਆਂ ਦੀ ਭੁੱਖ ਕਰੋ ਦੂਰੀ, ਦਰਦੀਆਂ ਦਰਦ ਮਿਟਾਈਆ । ਗ਼ਰੀਬਾਂ ਮਾਣ ਦੇਣਾ ਜ਼ਰੂਰੀ, ਇਹ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਰਿਸ਼ੀਓ ਨੌ ਲਿਆਉਣੇ ਮਣਕੇ ਉਹ, ਜਿਹੜੇ ਬਾਵਨ ਤੁਹਾਨੂੰ ਦਿਤੇ ਵਖਾਈਆ । ਜਿਹਨਾਂ ਦੇ ਆਰ ਪਾਰ ਹੋਵੇ ਲੋ, ਲੋਇਣ ਇਕ ਨਾਲ ਤਕਾਈਆ । ਇਹ ਲੇਖਾ ਛੱਬੀ ਪੋਹ, ਪਾਰਬ੍ਰਹਮ ਪ੍ਰਭ ਦਏ ਵਡਿਆਈਆ । ਤੁਹਾਡੇ ਅੰਦਰ ਰੂਪ ਵਸਾਉਣਾ ਸੋ, ਹੰ ਬ੍ਰਹਮ ਆਪਣਾ ਘਰ ਬਣਾਈਆ । ਜਗਤ ਨਾਤਾ ਤੋੜ ਕੇ ਮੋਹ, ਮੁਹੱਬਤ ਇਕੋ ਨਾਲ ਰਖਾਈਆ । ਚਾਰ ਜੁਗ ਦੇ ਵਿਛੜਿਆਂ ਆਪਣੇ ਨਾਮ ਵਿਚ ਲਏ ਪ੍ਰੋਅ, ਪਰੋਹਤਾਂ ਦਾ ਝਗੜਾ ਦਏ ਛੁਡਾਈਆ । ਇਕ ਦੇ ਇਕ ਰੂਪ ਜਾਣਾ ਹੋ, ਇਕ ਦਾ ਇਕੋ ਘਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਰਿਸ਼ੀਓ ਇਕ ਇਕ ਜੇਬ ਵਿਚ ਪਾ ਕੇ ਲਿਆਉਣੀ ਰੱਸੀ, ਨੌ ਨੌ ਇੰਚ ਲੰਬਾਈਆ । ਜਿਹੜੀ ਬਾਵਨ ਤੁਹਾਨੂੰ ਧਾਰ ਦੱਸੀ, ਦਹਿ ਦਿਸ਼ਾ ਧਿਆਨ ਕਰਾਈਆ । ਓਸ ਕਹਿਣਾ ਬਿਨਾ ਪ੍ਰਭੂ ਤੋਂ ਕੋਈ ਕਟੇ ਨਾ ਚੁਰਾਸੀ ਚਾਰ ਲੱਖ ਅੱਸੀ, ਗੁਰ ਅਵਤਾਰ ਪੈਗ਼ੰਬਰ ਓਸੇ ਨੂੰ ਸੀਸ ਨਿਵਾਈਆ । ਸੋ ਪੁਰਖ ਅਕਾਲਾ ਕਲਜੁਗ ਅੰਤ ਆਏ ਸਮਰਥੀ, ਸਾਹਿਬ ਸਤਿਗੁਰ ਫੇਰਾ ਪਾਈਆ । ਤੁਹਾਡਾ ਲੇਖਾ ਮੁਕਾਵੇ ਹੱਥੋ ਹੱਥੀ, ਓਹੀ ਨਿੱਕੀ ਰੱਸੀ ਦਏ ਗਵਾਹੀਆ । ਅੱਗੇ ਪ੍ਰੇਮ ਪ੍ਰੀਤੀ ਧਾਰ ਹੋਵੇ ਪੱਕੀ, ਪਕਵਾਨ ਖਾ ਕੇ ਭਗਵਾਨ ਤੁਹਾਡਾ ਸ਼ੁਕਰ ਮਨਾਈਆ । ਨਾਲ ਆਟਾ ਲਿਆਉਣਾ ਸਵਾ ਵੱਟੀ, ਵੱਖਰਾ ਇਕੋ ਥਾਂ ਬੰਧਾਈਆ । ਵਿਚ ਰੱਖਕੇ ਸੂਤ ਦੀ ਅੱਟੀ, ਤੰਦ ਮੌਲੀ ਨਾਲ ਜੁੜਾਈਆ । ਫੇਰ ਹਿੰਦਸੇ ਲਿਖ ਕੇ ਛੱਤੀ, ਤਿੰਨ ਛੇ ਸੋਭਾ ਪਾਈਆ । ਇਹ ਖੇਲ ਕਮਲਾਪਤੀ, ਪਤਿਪਰਮੇਸ਼ਵਰ ਦਏ ਜਣਾਈਆ । ਲਹਿਣਾ ਦੇਣਾ ਸਭ ਦਾ ਵਖਾਵੇ ਅੱਖੀਂ, ਆਖ਼ਰ ਆਪਣਾ ਰੰਗ ਰੰਗਾਈਆ । ਇਕ ਗੁਰਮੁਖ ਪ੍ਰੇਮ ਪਿਆਰ ਮੁਹੱਬਤ ਵਾਲੀ ਬਣੀ ਹੋਵੇ ਸਖ਼ੀ, ਹਾਰ ਸ਼ਿੰਗਾਰ ਜੋਬਨਵੰਤਾ ਆਪ ਪਰਗਟਾਈਆ ।

ਸਤਾਈ ਪੋਹ ਨੂੰ ਇਹ ਖੇਲ ਕਰਨੀ ਅੱਛੀ, ਅੱਛੀ ਤਰਾ ਦਏ ਜਣਾਈਆ । ਧਰਮ ਧਾਰ ਦੀ ਗੋਲੀ ਸਤਿ ਸਰੂਪ ਵਿਚ ਫਿਰੇ ਨੱਸੀ, ਨਰ ਨਰਾਇਣ ਆਪਣਾ ਪੜਦਾ ਲਾਹੀਆ । ਚੇਲਾ ਸਿੰਘ ਨੇ ਫੜੀ ਹੋਵੇ ਹੱਥ ਵਿਚ ਲਿਖੀ ਪੱਟੀ, ਜਿਸ ਦਾ ਲੇਖ ਹੋਵੇ ਪਟਨੇ ਵਾਲਾ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਰਿਸ਼ੀਓ ਵੇਖਿਓ ਆਪਣਾ ਰਾਹ, ਰਸਤਾ ਇਕ ਵਖਾਈਆ । ਤੁਹਾਡਾ ਸਗਣ ਬਣੇ ਗਵਾਹ, ਸ਼ਹਾਦਤ ਇਕ ਭੁਗਤਾਈਆ । ਤਿੰਨਾਂ ਗੁਰਮੁਖਾਂ ਮਸਤਕ ਲਾ ਕੇ ਆਉਣੀ ਸਵਾਹ, ਛੱਬੀ ਪੋਹ ਰੈਣ ਸੋਭਾ ਪਾਈਆ । ਮੁਖੋਂ ਕਹਿਣਾ ਤੂੰ ਹੀ ਪਿਤਾ ਤੂੰ ਹੀ ਮਾਂ, ਦੂਜਾ ਨਜ਼ਰ ਕੋਇ ਨਾ ਆਈਆ । ਓਮ ਲਿਖਿਆ ਹੋਵੇ ਉਤੇ ਸੱਜੀ ਬਾਂਹ, ਕੱਪੜ ਤਨ ਨਾ ਕੋਇ ਛੁਹਾਈਆ । ਤਿੰਨਾਂ ਗੁਰਮੁਖਾਂ ਹੱਥ ਵਿਚ ਮੂਰਤੀ ਫੜੀ ਹੋਵੇ ਗਾਂ, ਉਚੀ ਕੱਢ ਕੇ ਸਭ ਨੂੰ ਦੇਣ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਸਭ ਦਾ ਵੇਖੇ ਥਾਉਂ ਥਾਂ, ਥਾਨ ਥਨੰਤਰ ਹਰ ਘਟ ਫੋਲ ਫੁਲਾਈਆ ।

## ✪ ੧੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਨੰਦੂ ਸ਼ਾਹ ਦੇ ਗ੍ਰਿਹ ਸਈ ਕੈਂਪ ✪



ਰਿਖੀਓ ਬਿਨਾ ਰਿਸ਼ਵਤ ਤੋਂ ਪ੍ਰਭ ਸੱਦਾ, ਲਾਲਚ ਜਗਤ ਨਾ ਕਦੇ ਵਖਾਈਆ । ਲਾਲ ਰੰਗ ਦਾ ਗਾਨਾ ਸਭ ਨੇ ਹੋਵੇ ਬੱਧਾ, ਬੰਧਨ ਅੱਗੇ ਨਾ ਕੋਇ ਰਖਾਈਆ । ਅੰਤਮ ਕਹਿਣਾ ਪਰਮ ਪੁਰਖ ਪਰਮਾਤਮ ਲੱਧਾ, ਹਰਿ ਦਾਤਾ ਧੁਰਦਰਗਾਹੀਆ । ਜੋ ਸਚ ਸਰਨਾਈ ਲੱਗਾ, ਲਗ ਮਾਤਰ ਗਿਆ ਗਾਈਆ । ਪਿਛਲਾ ਅੱਗੇ ਸਵਾਰਿਆ ਅੱਗਾ, ਅਗਲਾ ਪੰਧ ਮੁਕਾਈਆ । ਬਾਵਨ ਦਾ ਕੌਲ ਕਲਜੁਗ ਅੰਤਮ ਕੀਤਾ ਨਹੀਂ ਦਗ਼ਾ, ਲਹਿਣਾ ਸਭ ਦਾ ਵੇਖ ਵਖਾਈਆ । ਨਾਮ ਖ਼ੁਮਾਰੀ ਦੇ ਕੇ ਮਧਾ, ਮਧੁਰ ਧੁਨ ਆਪਣਾ ਰਾਗ ਸੁਣਾਈਆ । ਇਹ ਉਹ ਸੁਹੰਜਣੀ ਜਗਹ, ਜਿਥੇ ਸਪਤ ਰਿਖੀ ਬਹਿ ਕੇ ਆਪਣਾ ਆਸਣ ਗਏ ਲਾਈਆ । ਮੁਖੋਂ ਨੌਂ ਵਾਰ ਕਿਹਾ ਸਾਥੋਂ ਹੋਈਂ ਨਾ ਕਦੇ ਅਲੱਗਾ, ਵੱਖ ਰਹਿਣ ਕਦੇ ਨਾ ਪਾਈਆ । ਆਪਣੇ ਪਿਆਰ ਦਾ ਦੇਵੀਂ ਮਜ਼ਾ, ਮਜ਼ਾਕ ਵਿਚ ਨਾ ਕੋਇ ਰਖਾਈਆ । ਸੀਸ ਆਵੇ ਕਦੇ ਨਾ ਕਜ਼ਾ, ਕਤਲ ਕਰੇ ਨਾ ਕੋਇ ਲੋਕਾਈਆ । ਸਦ ਚਲੀਏ ਤੇਰੀ ਵਿਚ ਰਜ਼ਾ, ਰਹਿਮਤ ਆਪਣੀ ਦੇਣੀ ਕਮਾਈਆ । ਜਿਸ ਦੀ ਸਮਝੇ ਨਾ ਕੋਇ ਵਜਹ, ਵਜ਼ਾਹਤ ਨਾਲ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਪਤਸ ਰਿਖੀਆਂ ਕੀਤੀ ਅਰਜ਼ੋਈ, ਅਰਜ਼ ਇਕ ਸੁਣਾਈਆ । ਤੇਰੇ ਦਰ ਬਿਨ ਤੇਰੀ ਕਿਰਪਾ ਮਿਲੇ ਨਾ ਢੋਈ, ਸਿਰ ਹੱਥ ਨਾ ਕੋਇ ਟਿਕਾਈਆ । ਤੇਰਾ ਨਾਮ ਦਰੋਹੀ ਦਰੋਹੀ, ਚਹੁੰ ਯਾਰਾਂ ਗਈ ਸੁਣਾਈਆ । ਜਿਸ ਵੇਲੇ ਕਲਜੁਗ ਅੰਤਮ ਪਤ ਸਭ ਦੀ ਸੀ ਖੋਈ, ਖ਼ਾਲਸ ਨਜ਼ਰ ਕੋਇ ਨਾ ਆਈਆ । ਓਸ ਵੇਲੇ ਮੁਹੱਬਤ ਵਿਚ ਆਤਮਾ ਜਾਏ ਮੋਹੀ, ਮੇਲਾ ਮੇਲ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਪਤਸ ਰਿਖੀਆਂ ਮੁੱਠੀ ਲੈ ਕੇ ਰਾਖ, ਨਵ ਤਨ ਬਦਨ ਸੁਹਾਈਆ । ਮੁਖੋਂ ਦਿਤਾ ਆਖ, ਆਖ਼ਰ ਧਿਆਨ ਲਗਾਈਆ ।

ਜਿਸ ਵੇਲੇ ਸਤਿ ਧਰਮ ਦੀ ਰਹੇ ਕੋਈ ਨਾ ਸ਼ਾਖ਼, ਸ਼ਨਾਖ਼ਤ ਪ੍ਰਭੂ ਨਾ ਕੋਇ ਕਰਾਈਆ । ਓਸ ਵੇਲੇ ਸਾਹਿਬ ਸਤਿਗੁਰ ਆਉਣਾ ਆਪ, ਆਪ ਆਪਣਾ ਫੇਰਾ ਪਾਈਆ । ਤੂੰ ਮੇਰਾ ਮੈਂ ਤੇਰਾ ਦੱਸਣਾ ਜਾਪ, ਆਤਮ ਪਰਮਾਤਮ ਵੱਜੇ ਵਧਾਈਆ । ਸਚ ਸਿੰਘਾਸਣ ਬੈਠਾ ਸਾਖਿਆਤ, ਸਤਿ ਸਵਾਮੀ ਸੋਭਾ ਪਾਈਆ । ਸਪਤਸ ਰਿਖੀਆਂ ਲੇਖ ਦੱਸਿਆ ਤੇ ਲੇਖਾ ਬਿਨ ਕਲਮ ਦਵਾਤ, ਅੱਖਰ ਅਗਲਾ ਨਾਲ ਵਖਾਈਆ । ਸੰਮਤ ਸ਼ਹਿਨਸ਼ਾਹੀ ਪੰਜ ਛੱਬੀ ਪੋਹ ਦੀ ਹੋਣੀ ਰਾਤ, ਰਾਤੀ ਰੁਤੜੀ ਆਪ ਸੁਹਾਈਆ । ਜਿਸ ਵੇਲੇ ਨੌਂ ਰੰਗ ਦੀ ਪਹਿਨੀ ਪੋਸ਼ਾਕ, ਨਵ ਜੋਬਨ ਰੂਪ ਬਦਲਾਈਆ । ਜਨ ਭਗਤੋ ਸਭ ਨੇ ਮੰਗਣੀ ਦਾਤ, ਪ੍ਰਭ ਅੱਗੇ ਝੋਲੀ ਢਾਹੀਆ । ਇਕ ਦਾ ਇਕ ਭੇਟਾ ਕਰਨਾ ਆਪ, ਮਾਇਆ ਮਮਤਾ ਮਾਇਆ ਸੰਗ ਰਖਾਈਆ । ਅਸੀਂ ਓਸ ਵੇਲੇ ਹਾਜ਼ਰ ਹੋ ਕੇ ਵੇਖਾਂਗੇ ਸਾਖਿਆਤ, ਤੁਹਾਡੇ ਪਿਛੇ ਖਲੋ ਕੇ ਆਪਣੀ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਚ ਪੋਸ਼ਾਕ ਦੀ ਸਤਿ ਸਚ ਭੇਟਾ, ਇਕ ਇਕ ਸੀਸ ਨਿਵਾਈਆ । ਸਤਿਜੁਗ ਵਿਚ ਇਕ ਦਾ ਇਕ ਹੋਵੇ ਕਿਸੇ ਨਾ ਬੇਟਾ, ਇਕ ਦਾ ਇਕ ਦਏ ਵਡਿਆਈਆ । ਗੁਰ ਅਵਤਾਰ ਪੈਗ਼ੰਬਰਾਂ ਦਾ ਰੱਖੇ ਚੇਤਾ, ਚੇਤਨ ਸਭ ਨੂੰ ਦਏ ਕਰਾਈਆ । ਇਹ ਗੋਬਿੰਦ ਦਾ ਅੰਤਮ ਪੁਰੀ ਅਨੰਦ ਦਾ ਲੇਖਾ, ਗੁਰਮੁਖਾਂ ਗਿਆ ਜਣਾਈਆ । ਤੁਸੀਂ ਮੈਨੂੰ ਕਹਿੰਦੇ ਦਸ ਦਸਮੇਸ਼ਾ, ਦਹਿ ਦਿਸ਼ਾ ਦਾ ਮਾਲਕ ਧੁਰਦਰਗਾਹੀਆ । ਮੇਰਾ ਪੁਰਖ ਅਕਾਲ ਮੇਰਾ ਨਰ ਨਰੇਸ਼ਾ, ਨਰ ਨਰਾਇਣ ਇਕ ਅਖਵਾਈਆ । ਜਿਸ ਨੇ ਖੇਲ ਕਰਨਾ ਦੇਸ਼ ਬਦੇਸ਼ਾ, ਦੋ ਜਹਾਨਾਂ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਰਹੇ ਹਮੇਸ਼ਾ, ਜੁਗ ਜੁਗ ਨਿਤ ਨਵਿਤ ਆਪਣਾ ਖੇਲ ਵਖਾਈਆ ।



੩੨ ੨੨

### ✪ ੧੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਗੂੜਾ ਰਾਮ ਦੇ ਗ੍ਰਿਹ ਸਈ ਕੈਂਪ ਜੰਮੂ ✪

ਰਿਸ਼ੀਓ ਤੁਹਾਡੀ ਜਨਮ ਕਰਮ ਦੀ ਇਕੋ ਰਾਸੀ, ਪਿਛਲੀ ਇਕੋ ਝੋਲੀ ਪਾਈਆ । ਇਕੋ ਦਵਾਰ ਦੇ ਬਣਨਾ ਵਾਸੀ, ਇਕੋ ਘਰ ਮਿਲੇ ਵਡਿਆਈਆ । ਇਕੋ ਪੂਰੀ ਕਰੇ ਸਭ ਦੀ ਆਸੀ, ਇਕੋ ਤ੍ਰਿਸ਼ਨਾ ਦਏ ਗਵਾਈਆ । ਇਕੋ ਪਰਮੇਸ਼ਵਰ ਹੋਵੇ ਸਾਥੀ, ਦੂਜਾ ਸੰਗ ਨਾ ਕੋਇ ਨਿਭਾਈਆ । ਜਿਹੜੀ ਬਾਵਨ ਪੁਸ਼ਤ ਪਨਾਹ ਦਿਤੀ ਥਾਪੀ, ਮਿਹਰ ਨਿਗਾਹ ਉਠਾਈਆ । ਸੰਦੇਸ਼ਾ ਦਿਤਾ ਜਿਸ ਵੇਲੇ ਆਵੇ ਕਮਲਾਪਾਤੀ, ਪਤਿਪਰਮੇਸ਼ਵਰ ਫੇਰਾ ਪਾਈਆ । ਜਨਮ ਕਰਮ ਦੇ ਤਾਰ ਦੇਵੇ ਪਾਪੀ, ਪਤਤਾਂ ਕਰੇ ਸਫ਼ਾਈਆ । ਸੋ ਪੂਰਾ ਕਰਨਾ ਭਵਿਖਤ ਵਾਕੀ, ਵਾਕਫ਼ਕਾਰ ਹੋ ਕੇ ਖੋਜ ਖੁਜਾਈਆ । ਤੁਹਾਡਾ ਲਹਿਣਾ ਦੇਣਾ ਬਾਕੀ, ਬਕਾਇਦਾ ਆਪਣਾ ਖੇਲ ਵਖਾਈਆ । ਵਕਤ ਸੁਹਾਉਣਾ ਸੁਹੰਜਣੀ ਰਾਤੀ, ਛੱਬੀ ਪੋਹ ਰੰਗ ਰੰਗਾਈਆ । ਕਥਾ ਕਹਾਣੀ ਲਏ ਵਾਚੀ, ਵਾਚਕ ਹੋ ਕੇ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਧਾਰ ਦਾ ਬਣ ਪਰਤਾਪੀ, ਪਰਤ ਕੇ ਆਪਣਾ ਹੁਕਮ ਵਰਤਾਈਆ ।

## ✪ ੧੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਸ਼ਿਵ ਸਿੰਘ ਦੇ ਗ੍ਰਿਹਿ ਸਈ ਕੈਂਪ ਜੰਮੂ ✪

ਰਿਸ਼ੀਓ ਤਿੰਨਾਂ ਪੈਰੀਂ ਪਾ ਕੇ ਆਉਣਾ ਖੜਾਵਾਂ, ਦੂਸਰ ਜੋੜਾ ਚਰਨ ਨਾ ਕੋਇ ਛੁਹਾਈਆ । ਸਚ ਦਵਾਰੇ ਪੁਜਣਾ ਨਾਲ ਚਾਵਾਂ, ਚਾਓ ਘਨੇਰਾ ਇਕ ਵਖਾਈਆ । ਪੁੱਤਰਾਂ ਨਾਲ ਪਿਆਰ ਕਰਦੀਆ ਆਉਣ ਮਾਵਾਂ, ਰਸਨਾ ਬੁਰਾ ਕਹਿ ਨਾ ਕੋਇ ਸੁਣਾਈਆ । ਹਉਕੇ ਵਿਚ ਭਰੇ ਕੋਈ ਨਾ ਹਾਵਾ, ਹਾਏ ਕਰ ਨਾ ਕੋਇ ਸੁਣਾਈਆ । ਸਭ ਦਾ ਭਾਰ ਕਰਨਾ ਸਾਵਾਂ, ਇਸਤਰੀ ਮਰਦ ਇਕੋ ਰੰਗ ਰੰਗਾਈਆ । ਜਨਮ ਕਰਮ ਦਾ ਖਾਰਜ ਹੋਣਾ ਦਾਅਵਾ, ਲੇਖਾ ਪੂਰਬ ਦਏ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਆਪ ਅਖਵਾਈਆ । ਰਿਸ਼ੀਓ ਸਚ ਪ੍ਰੇਮ ਦਾ ਜੋੜਨਾ ਰਿਸ਼ਤਾ, ਭਗਤ ਭਗਤ ਨਾਲ ਵਡਿਆਈਆ । ਕਲਜੁਗ ਬਦਲ ਦੇਣਾ ਆਹਿਸਤਾ ਆਹਿਸਤਾ, ਸਤਿਜੁਗ ਸੱਚਾ ਰਾਹ ਦਰਸਾਈਆ । ਨੇਤਰ ਨੀਰ ਵਹਾਵੇ ਜਬਰਾਈਲ ਫ਼ਰਿਸ਼ਤਾ, ਨੇਤਰ ਨੈਣ ਅੱਖ ਉਠਾਈਆ । ਸਚ ਤਿਉਹਾਰ ਲੇਖੇ ਲੱਗਣਾ ਪਰਵਿਸ਼ਟਾ, ਪਾਰਬ੍ਰਹਮ ਪ੍ਰਭ ਦਏ ਮਾਣ ਵਡਿਆਈਆ । ਦੀਨ ਦੁਨੀ ਦਾ ਇਕ ਦਰਸਾਉਣਾ ਇਸ਼ਟਾ, ਇਸ਼ਟ ਗੁਰਦੇਵ ਸਵਾਮੀ ਸੋਭਾ ਪਾਈਆ । ਮਨ ਰਹੇ ਨਾ ਕੋਇ ਭਰਿਸ਼ਟਾ, ਦੁਰਮਤ ਮੈਲ ਕਰੇ ਸਫ਼ਾਈਆ । ਸਭ ਦਾ ਪੱਕਾ ਹੋਵੇ ਨਿਸਚਾ, ਚਿੰਤਾ ਚਿਖਾ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਿਰ ਆਪਣਾ ਹੱਥ ਟਿਕਾਈਆ । ਰਿਸ਼ੀਓ ਹਰ ਹਿਰਦੇ ਦੇਣਾ ਇਸ਼ਾਰਾ, ਸ਼ਬਦੀ ਸਤਿਗੁਰ ਆਪ ਜਗਾਈਆ । ਮਾਹੀ ਵੇਖਣਾ ਭਗਤ ਦਵਾਰਾ, ਦੁਆਰਕਾ ਵਾਸੀ ਸੋਭਾ ਪਾਈਆ । ਨਿਰਗੁਣ ਧਾਰ ਦਏ ਨਜ਼ਾਰਾ, ਨਿਰਵੈਰ ਨਜ਼ਰੀਆ ਆਪ ਬਦਲਾਈਆ । ਕਲਜੁਗ ਕੂੜ ਦੱਸੇ ਕਿਨਾਰਾ, ਕੂੜੀ ਨਈਆ ਮੇਟੇ ਥਾਉਂ ਥਾਈਂਆ । ਸਤਿ ਦਾ ਸਚ ਹੋਵੇ ਜੈਕਾਰਾ, ਜੈ ਜੈਕਾਰ ਕਰੇ ਲੋਕਾਈਆ । ਪੁਰਖ ਅਕਾਲ ਦੀਨ ਦਿਆਲ ਜੋਤੀ ਨੂਰ ਕਰੇ ਚਮਤਕਾਰਾ, ਚਮਕ ਆਪਣੀ ਇਕ ਪਰਗਟਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਵਖਾਏ ਸਚ ਘਰ ਬਾਹਰਾ, ਗ੍ਰਿਹਿ ਮੰਦਰ ਇਕੋ ਇਕ ਵਡਿਆਈਆ । ਕਰੇ ਖੇਲ ਚਵੀਆਂ ਅਵਤਾਰਾ, ਜਿਸ ਨੂੰ ਜਨਮੇ ਕੋਈ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਚ ਮਾਰਗ ਇਕ ਪਰਗਟਾਈਆ । ਸਚ ਦਾ ਮਾਰਗ ਦੱਸੇ ਰਾਹ, ਰਹਿਬਰ ਇਕੋ ਨਜ਼ਰੀ ਆਈਆ । ਜਿਸ ਨੂੰ ਪੈਗ਼ੰਬਰਾਂ ਲਾਸ਼ਰੀਕ ਕਿਹਾ ਖ਼ੁਦਾ, ਖ਼ੁਦੀ ਤਕੱਬਰ ਡੇਰਾ ਢਾਈਆ । ਜਲਵਾਗਰ ਨੂਰ ਰੁਸ਼ਨਾ, ਆਲਮੀਨ ਬੇਪਰਵਾਹੀਆ । ਜਿਸ ਨੇ ਕੂੜੀ ਸਫ਼ਾ ਦੇਣੀ ਉਠਾ, ਮੋਹ ਵਿਕਾਰਾ ਡੇਰਾ ਢਾਈਆ । ਏਕਾ ਕਲਮਾ ਦਏ ਦ੍ਰਿੜਾ, ਕਾਇਨਾਤ ਕੁਨ ਕਰੇ ਪੜ੍ਹਾਈਆ । ਏਕਾ ਸੀਸ ਜਗਦੀਸ ਸੱਜਦਾ ਦਏ ਸਮਝਾ, ਸਾਹਿਬ ਸੁਲਤਾਨ ਪੜਦਾ ਲਾਹੀਆ । ਇਕੋ ਦਰ ਹੋਏ ਅਦਾ, ਅਦਾਬ ਇਕੋ ਇਕ ਜਣਾਈਆ । ਵਾਹਦ ਨੂਰ ਆਪ ਚਮਕਾ, ਵਾਅਦਾ ਪਿਛਲਾ ਪੂਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਚ ਦਵਾਰੇ ਸੋਭਾ ਪਾਈਆ । ਸਚ ਦਵਾਰਾ ਇਕ ਸੁਹੰਜਣਾ, ਹਰਿ ਸੋਭਾਵੰਤ ਸੁਹਾਏ । ਕਰੇ ਖੇਲ ਦਰਦ ਦੁਖ ਭੈ ਭੰਜਣਾ, ਪਾਰਬ੍ਰਹਮ ਬੇਪਰਵਾਹੇ । ਜੋ ਆਦਿ ਜੁਗਾਦੀ ਇਕ ਨਿਰੰਜਣਾ, ਜੋਤੀ ਜਾਤਾ ਡਗਮਗਾਏ । ਚਾਰ ਵਰਨਾਂ ਬਣੇ ਸੱਜਣਾ, ਸਗਲਾ ਸੰਗ ਰਖਾਏ । ਚਰਨ ਧੂੜੀ ਦੇਵੇ ਮਜਨਾ, ਦੁਰਮਤ ਮੈਲ ਧਵਾਏ । ਦੀਨਾਂ ਮਜ਼੍ਹਬਾਂ ਦੱਸੇ ਅਗੰਮੀ ਬੰਦਨਾ, ਡੰਡਾਵਤ ਸੱਜਦਾ ਇਕ ਦਰਸਾਏ । ਦੂਜਾ ਦਰ ਪਏ ਨਾ

ਮੰਗਣਾ, ਗ੍ਰਿਹ ਗ੍ਰਿਹ ਅਲਖ ਨਾ ਕੋਇ ਜਗਾਏ । ਸਚਖੰਡ ਦਵਾਰਾ ਸਭ ਨੇ ਮੰਗਣਾ, ਜਿਥੇ ਨਿਰਗੁਣ ਨੂਰ ਜੋਤ ਰੁਸ਼ਨਾਏ । ਸ਼ਬਦ ਅਨਾਦੀ ਨਾਦ ਵੱਜਣਾ, ਧੁਨ ਅਗੰਮੀ ਰਾਗ ਅਲਾਹੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਏ । ਸਚ ਦਾ ਪੜਦਾ ਖੋਲ੍ਹੇ ਆਪ, ਹਰਿ ਵੱਡਾ ਵਡ ਵਡਿਆਈਆ । ਤੂੰ ਮੇਰਾ ਮੈਂ ਤੇਰਾ ਕਰਨਾ ਜਾਪ, ਆਤਮ ਪਰਮਾਤਮ ਰੰਗ ਰੰਗਾਈਆ । ਤ੍ਰੈਗੁਣ ਮਾਇਆ ਕੂੜ ਕਲਪਨਾ ਮੇਟੇ ਪਾਪ, ਅਗਨੀ ਅੱਗ ਬੁਝਾਈਆ । ਨਿਰਗੁਣ ਸਰਗੁਣ ਦੇਵੇ ਸਾਥ, ਸਗਲਾ ਸੰਗ ਰਖਾਈਆ । ਜਿਸ ਦਾ ਰਾਹ ਤਕਦੇ ਗਏ ਤ੍ਰਿਲੋਕੀ ਨਾਥ, ਲੋਆਂ ਪੁਰੀਆਂ ਬਾਹਰ ਅੱਖ ਉਠਾਈਆ । ਸੋ ਸ੍ਰਿਸ਼ਟੀ ਦ੍ਰਿਸ਼ਟੀ ਮੇਟੇ ਸੰਤਾਪ, ਸਹਿੰਸਾ ਰੋਗ ਦਏ ਗਵਾਈਆ । ਨਿਰਗੁਣ ਧਾਰ ਪਰਗਟ ਹੋਵੇ ਲੋਕਮਾਤ, ਧਰਨੀ ਧਰਤ ਧਵਲ ਕਰੇ ਰੁਸ਼ਨਾਈਆ । ਭਗਤ ਸੁਹੇਲੇ ਖੋਲ੍ਹ ਜਾਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਦੀਨ ਦੁਨੀ ਦਾ ਬਦਲ ਸਮਾਜ, ਸਮੱਗਰੀ ਇਕੋ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਤਤ ਪਾਪੀਆਂ ਕਰਕੇ ਪਾਕ, ਪੁਨੀਤ ਆਪਣੇ ਵਿਚ ਰਖਾਈਆ ।

### ✪ ੧੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਕਿਰਪਾਲ ਸਿੰਘ ਦੇ ਗ੍ਰਿਹ ਸਈ ਕੈਂਪ ✪



ਵਿਸ਼ਨੂੰ ਕਹੇ ਮੈਂ ਤੱਕਿਆ ਖੇਲ ਵਿਸ਼ੇਸ਼, ਵਿਸ਼ਵ ਦਾ ਪੜਦਾ ਦਿਤਾ ਉਠਾਈਆ । ਸਿੰਘਾਸਣ ਤੱਕਿਆ ਉਪਰ ਸ਼ੇਸ਼, ਆਸਣ ਅਬਿਨਾਸ਼ਣ ਦਿਤਾ ਟਿਕਾਈਆ । ਧਾਰਾ ਤੱਕੀ ਗਣੇਸ਼, ਸ਼ੰਕਰ ਰੰਗ ਚੜ੍ਹਾਈਆ । ਸੇਵਾ ਵੇਖੀ ਹਮੇਸ਼, ਜੁਗ ਜੁਗ ਜੋਗ ਕਮਾਈਆ । ਸਚ ਦਰ ਦਾ ਬਣ ਦਰਵੇਸ਼, ਦਰ ਠਾਂਡੇ ਅਲਖ ਜਗਾਈਆ । ਤੂੰ ਮਾਲਕ ਇਕ ਨਰੇਸ਼, ਨਰ ਨਰਾਇਣ ਤੇਰੀ ਸਰਨਾਈਆ । ਕਲਜੁਗ ਅੰਤਮ ਤੇਰਾ ਵੇਸ, ਅਵਲੜਾ ਸੋਭਾ ਪਾਈਆ । ਭਾਗ ਲੱਗਾ ਮਾਝੇ ਦੇਸ, ਦਿਸੰਤਰ ਵੱਜੇ ਵਧਾਈਆ । ਸਚ ਧਾਰ ਦਾ ਲਿਖਾ ਲੇਖ, ਲੇਖਾ ਪਿਛਲਾ ਰਿਹਾ ਮਿਟਾਈਆ । ਗੁਰ ਅਵਤਾਰ ਪੈਗੰਬਰ ਤੇਰੇ ਉਤੋਂ ਹੋਏ ਖੇਤ, ਸਿਰ ਸਕਿਆ ਨਾ ਕੋਇ ਉਠਾਈਆ । ਤੇਰਾ ਸਮਝ ਨਾ ਸਕਿਆ ਕੋਇ ਭੇਤ, ਭੂਤ ਭਵਿਖਤ ਕਾਲ ਦਏ ਗਵਾਹੀਆ । ਮੇਰੀ ਨਮੋ ਨਮੋ ਆਦੇਸ, ਸੀਸ ਜਗਦੀਸ ਝੁਕਾਈਆ । ਲਹਿਣਾ ਤਕ ਦਸ ਦਸਮੇਸ਼, ਤੇਰੇ ਚਰਨ ਧਿਆਨ ਰਖਾਈਆ । ਝਗੜਾ ਮੁਕਣਾ ਮੁੱਲਾ ਸ਼ੇਖ਼, ਪੈਗੰਬਰ ਦੇਣ ਗਵਾਹੀਆ । ਤੇਰਾ ਅਗੰਮ ਇਕ ਸੰਦੇਸ਼, ਦੋ ਜਹਾਨ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਸ਼ਬਦ ਬਦੇਸ਼, ਜਿਸ ਦਾ ਨਾਨਕ ਬੇਦੀ ਧਿਆਨ ਲਗਾਈਆ ।

### ✪ ੧੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਬੀਬੀ ਵੀਰੋ ਦੇ ਗ੍ਰਿਹ ਸਈ ਕੈਂਪ ✪

ਵਿਸ਼ਨੂੰ ਕਹੇ ਮੇਰੀ ਵਿਸ਼ਾਲ ਇੱਛਾ, ਨਿਰਇਛਕ ਤੈਨੂੰ ਦਿਆਂ ਜਣਾਈਆ । ਤੇਰੇ ਪਿਆਰ ਦੀ ਮਿਲੇ ਭਿੱਖਾ, ਭਿਖਕ ਝੋਲੀ ਦੇਣੀ ਭਰਾਈਆ ।

ਜਿਹੜਾ ਪਿਛਲਾ ਸਮਾਂ ਮਿਥਾ, ਅੰਤ ਮਿਥਣ ਦਿਸੇ ਲੋਕਾਈਆ । ਬਾਕੀ ਰਿਹਾ ਕੋਈ ਨਾ ਹਿੱਸਾ, ਹਿੱਸੇਦਾਰੀ ਨਾ ਵੰਡ ਕਰਾਈਆ । ਤੇਰਾ ਅਗਲਾ ਦਿਸਦਾ ਅਗੰਮੀ ਵਿਸ਼ਾ, ਜਿਸ ਦਾ ਪੜਦਾ ਨਾ ਕੋਇ ਉਠਾਈਆ । ਕੀ ਖੇਲ ਵਰਤਣਾ ਦਹਿ ਦਿਸ਼ਾ, ਦੋ ਜਹਾਨਾਂ ਦਏ ਦ੍ਰਿੜਾਈਆ । ਕੀ ਲੇਖ ਅਨੋਖਾ ਲਿਖਾ, ਪੈਗ਼ਾਮ ਇਕ ਪਰਗਟਾਈਆ । ਕਿਸ ਬਿਧ ਕਲਜੁਗ ਲਾਹੁਣੀ ਵਿਖਾ, ਵਿਖ ਅੰਮ੍ਰਿਤ ਰੂਪ ਬਣਾਈਆ । ਝਗੜਾ ਮੁਕਾਉਣਾ ਵੱਡਾ ਨਿੱਕਾ, ਨਰ ਨਿਰੰਕਾਰ ਹੋ ਸਹਾਈਆ । ਦੀਨ ਦੁਨੀ ਦਾ ਬਣ ਕੇ ਪਿਤਾ, ਪਤਿਪਰਮੇਸ਼ਵਰ ਸੋਭਾ ਪਾਈਆ । ਧਰਮ ਦੀ ਧਾਰ ਕਿਹੜੀ ਰਿਤਾ, ਰਤ ਰਤੂਬਤ ਕਰੇ ਕਵਣ ਸਫ਼ਾਈਆ । ਮੇਰੇ ਸਾਹਿਬ ਤੇਰਾ ਹਿੱਤਾ, ਹਿਤਕਾਰੀ ਨਜ਼ਰੀ ਆਈਆ । ਜਗਤ ਜੀਵ ਨਾ ਰਹੇ ਦੁਚਿਤਾ, ਚੇਤਨ ਸਭ ਨੂੰ ਦੇਣਾ ਕਰਾਈਆ । ਕਲਜੁਗ ਆਇਉਂ ਕਾਰਨ ਜਿਸ ਨਵਿਤਾ, ਸਧਾਰਣ ਆਪਣਾ ਰਾਹ ਵਖਾਈਆ । ਜਨ ਭਗਤਾਂ ਹੱਥ ਰੱਖਣਾ ਪਿੱਠਾ, ਪੁਸ਼ਤ ਪਨਾਹ ਟਿਕਾਈਆ । ਨਾਮ ਰਸ ਦੇ ਕੇ ਮਿੱਠਾ, ਅਗਨੀ ਅੱਗ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਅਖ਼ੀਰੀ ਸਭ ਦਾ ਕਢਣਾ ਸਿੱਟਾ, ਸਿੱਟੇਬਾਜ਼ੀ ਜਗਤ ਰਹੇ ਨਾ ਰਾਈਆ ।

✪ ੧੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਪ੍ਰਕਾਸ਼ ਸਿੰਘ ਦੇ ਗ੍ਰਿਹਿ ਸਈ ਕੈਂਪ ✪



ਵਿਸ਼ਨੂੰ ਕਹੇ ਪ੍ਰਭ ਵਿਸ਼ਵ ਅਧਾਰੀ, ਆਦਿ ਅੰਤ ਇਕ ਅਖਵਾਈਆ । ਜੁਗ ਜੁਗ ਜਨ ਭਗਤਾਂ ਪੈਜ ਰਿਹਾ ਸਵਾਰੀ, ਨਿਤ ਨਿਤ ਹੋਏ ਸਹਾਈਆ । ਸਾਚਾ ਦੇਵੇ ਨਾਮ ਅਧਾਰੀ, ਗੁਣ ਨਿਧਾਨਾ ਦਇਆ ਕਮਾਈਆ । ਜਿਸ ਦਾ ਰਾਹ ਤਕਦੇ ਪੈਗ਼ੰਬਰ ਗੁਰ ਅਵਤਾਰੀ, ਸ਼ੰਕਰ ਬ੍ਰਹਮਾ ਧਿਆਨ ਲਗਾਈਆ । ਕਲਜੁਗ ਅੰਤਮ ਆਏ ਉਸ ਦੀ ਵਾਰੀ, ਵਾਰਸ ਹੋ ਕੇ ਵੇਖ ਵਖਾਈਆ । ਚਾਰ ਜੁਗ ਦਾ ਲਹਿਣਾ ਵੇਖੇ ਗ਼ਦਾਰੀ, ਗ਼ਦਾਗਰ ਆਪਣਾ ਪੰਧ ਮੁਕਾਈਆ । ਕਲਜੁਗ ਕੂੜੀ ਕਿਰਿਆ ਮੇਟੇ ਦੁਰਾਚਾਰੀ, ਦੁਰਮਤ ਮੈਲ ਧਵਾਈਆ । ਹਉਮੇਂ ਹੰਗਤਾ ਗੜ੍ਹ ਤੋੜੇ ਹੰਕਾਰੀ, ਹੰ ਬ੍ਰਹਮ ਇਕ ਸਮਝਾਈਆ । ਭਗਤ ਸੁਹੇਲੇ ਜਾਵੇ ਤਾਰੀ, ਗੁਰ ਚੇਲੇ ਪਾਰ ਕਰਾਈਆ । ਸਾਚਾ ਬਖ਼ਸ਼ ਪ੍ਰੇਮ ਭੰਡਾਰੀ, ਭੰਡਾਰਾ ਧੁਰ ਦਾ ਇਕ ਵਰਤਾਈਆ । ਨਿਖੁਟ ਨਾ ਜਾਏ ਵਿਚ ਸੰਸਾਰੀ, ਅਤੋਟ ਅਤੁਟ ਆਪ ਕਰਾਈਆ । ਲੇਖਾ ਜਾਣੇ ਆਪਣੀ ਧਾਰੀ, ਧਰਨੀ ਧਰਤ ਧਵਲ ਸੋਭਾ ਪਾਈਆ । ਜਿਸ ਨੂੰ ਮੰਨਿਆ ਨਿਹਕਲੰਕ ਅਵਤਾਰੀ, ਸੋ ਕਲ ਕਲਕੀ ਆਪਣਾ ਵੇਸ ਵਟਾਈਆ । ਕੋਟਨ ਕੋਟ ਕੋਟ ਮੇਰੀ ਨਿਮਸਕਾਰੀ, ਨਿਉਂ ਨਿਉਂ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਕਵਲ ਜਾਵਾਂ ਬਲਿਹਾਰੀ, ਬਲ ਬਲ ਆਪਣਾ ਆਪ ਕਰਾਈਆ ।

✪ ੧੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਬੀਬੀ ਇੰਦਰੋ ਦੇ ਗ੍ਰਿਹਿ ਸਈ ਕੈਂਪ ਜੰਮੂ ✪

ਵਿਸ਼ਨੂੰ ਕਹੇ ਜਨ ਭਗਤੋ ਵਿਸ਼ਵ ਕਰੋ ਵਿਚਾਰ, ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਬਿਨਾ ਸਾਹਿਬ ਸਤਿਗੁਰ ਤੋਂ ਕੋਈ ਨਾ ਉਤਰੇ

ਪਾਰ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਮਾਨਸ ਜਨਮ ਸਕੇ ਨਾ ਕੋਇ ਸਵਾਰ, ਚੁਰਾਸੀ ਫਾਸੀ ਨਾ ਕੋਇ ਕਟਾਈਆ । ਮੇਲਾ ਮਿਲੇ ਨਾ ਸਚ ਦਰਬਾਰ, ਦਰਗਾਹ ਸਾਚੀ ਨਾ ਕੋਇ ਵਖਾਈਆ । ਨਾਤਾ ਕੂੜ ਜਗਤ ਸੰਸਾਰ, ਮਾਇਆ ਮਮਤਾ ਮੋਹ ਹਲਕਾਈਆ । ਜਿਸ ਨੇ ਸ੍ਰਿਸ਼ਟੀ ਦ੍ਰਿਸ਼ਟੀ ਕੀਤੀ ਗ੍ਰਿਫ਼ਤਾਰ, ਜਗਤ ਸ਼ਾਸਤਰ ਸਕੇ ਨਾ ਕੋਇ ਛੁਡਾਈਆ । ਜਿਸ ਉਤੇ ਕਿਰਪਾ ਕਰੇ ਆਪ ਨਿਰੰਕਾਰ, ਨਿਰਵੈਰ ਹੋਏ ਸਹਾਈਆ । ਉਸ ਦਾ ਲਹਿਣਾ ਦੇਣਾ ਆਵਣ ਜਾਵਣ ਗੇੜਾ ਦਏ ਨਿਵਾਰ, ਜੂਨੀ ਜੂਨ ਨਾ ਕੋਇ ਭਵਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਲਏ ਅਵਤਾਰ, ਸੰਤ ਸੁਹੇਲੇ ਅੰਗ ਲਗਾਈਆ । ਜਿਸ ਨੂੰ ਝੁਕਦੇ ਗੁਰੂ ਅਵਤਾਰ, ਪੈਗ਼ੰਬਰ ਸੱਜਦਾ ਸੀਸ ਝੁਕਾਈਆ । ਸੋ ਸਵਾਮੀ ਅੰਤਰਜਾਮੀ ਤੁਹਾਡੀ ਪਾਵਣਹਾਰਾ ਸਾਰ, ਮਹਾਂਸਾਰਥੀ ਆਪਣਾ ਫੇਰਾ ਪਾਈਆ । ਤਿਸ ਚਰਨ ਕਵਲ ਸਦਾ ਨਿਮਸਕਾਰ, ਨਿਮਖ ਨਿਮਖ ਆਪਣਾ ਆਪ ਕਟਾਈਆ । ਜੋ ਕਲਜੁਗ ਅੰਤਮ ਦੇਵੇ ਨਾਮ ਅਧਾਰ, ਅਦਲ ਇਨਸਾਫ਼ ਇਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਦਾ ਬਣ ਸਿਕਦਾਰ, ਫ਼ਰਮਾਨਾ ਧੁਰ ਦਾ ਰਾਣਾ ਇਕ ਸੁਣਾਈਆ ।



### ✪ ੧੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਲਛਮਣ ਸਿੰਘ, ਕੁਲਵੰਤ ਸਿੰਘ, ਖੇਮ ਕੌਰ ਦੇ ਗ੍ਰਹਿ ਸਈ ਕੈਂਪ ਜੰਮੂ ✪

ਵਿਸ਼ਨੂੰ ਕਹੇ ਮੈਂ ਸਲਾਹ ਕੀਤੀ ਨਾਲ ਲਛਮੀ, ਲਕਸ਼ਮਣ ਸੀਤਾ ਰਾਮ ਨਾਲ ਮਿਲ ਕੇ ਖ਼ੁਸ਼ੀ ਬਣਾਈਆ । ਉਠ ਖੇਲ ਵੇਖ ਦੱਖਣ ਪੱਛਮੀ, ਲਹਿੰਦੇ ਆਪਣੀ ਅੱਖ ਉਠਾਈਆ । ਈਸਾ ਮੂਸਾ ਮੁਹੰਮਦ ਜੋ ਧਾਰ ਦੱਸੀ ਰਸਮੀ, ਜਗਤ ਇਸ਼ਾਰੇ ਵਿਚ ਸੁਣਾਈਆ । ਸਭ ਦਾ ਭੇਵ ਚੁਕਾਉਣਾ ਇਸਮੀ, ਆਜ਼ਮ ਨਾਜ਼ਮ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਲਛਮੀ ਕਹੇ ਮੇਰੇ ਸਾਹਿਬ ਵਿਸ਼ਨ, ਵਿਸ਼ਵ ਵੇਖ ਵਖਾਈਆ । ਜੋ ਇਸ਼ਾਰਾ ਦੇ ਕੇ ਗਿਆ ਕ੍ਰਿਸ਼ਨ, ਅਰਜਨ ਸੈਨਤ ਨਾਲ ਦ੍ਰਿੜਾਈਆ । ਮੈਨੂੰ ਅੰਤ ਲੱਛਣ ਓਹੋ ਦਿਸਣ, ਚਾਰੋਂ ਕੁੰਟ ਨਜ਼ਰੀ ਆਈਆ । ਮਾਣ ਰਿਹਾ ਨਾ ਕਿਸੇ ਪਿਤਨ, ਪਿਤਾ ਪੂਤ ਨਾ ਗੋਦ ਸੁਹਾਈਆ । ਪ੍ਰਭੂ ਦਾ ਨਾਮ ਟਕਿਆ ਉਤੋਂ ਲੱਗਾ ਵਿਕਣ, ਧਰਮ ਦੀ ਧਾਰ ਨਾ ਕੋਇ ਜਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਭਰੀ ਵਿਖਣ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਕੂੜੀ ਕਿਰਿਆ ਵਿਚ ਸਾਧ ਸੰਤ ਲੱਗੇ ਲਿਟਣ, ਦੁਰਮਤ ਮੈਲ ਨਾ ਕੋਇ ਧਵਾਈਆ । ਦੀਨ ਮਜ੍ਹਬ ਲੱਗੇ ਪਿੱਟਣ, ਨੇਤਰ ਰੋ ਰੋ ਰਹੇ ਕੁਰਲਾਈਆ । ਵੇਲਾ ਵਕਤ ਆਏ ਨਾ ਕੋਇ ਨਜਿੱਠਣ, ਗੁਰੂ ਅਵਤਾਰ ਪੈਗ਼ੰਬਰ ਬੈਠੇ ਪਲੂ ਛੁਡਾਈਆ । ਸਾਚੀ ਸਿਖਿਆ ਚਾਰ ਵਰਨ ਮੂਲ ਨਾ ਸਿੱਖਣ, ਅਠਾਰਾਂ ਬਰਨ ਪਈ ਦੁਹਾਈਆ । ਨੌਂ ਖੰਡ ਪ੍ਰਿਥਮੀ ਦਿਸੇ ਮਿਥਣ, ਦੀਪ ਸੱਤ ਨਾ ਕੋਇ ਚਤੁਰਾਈਆ । ਮਾਇਆ ਮਮਤਾ ਵਿਚ ਪਿਸਣ, ਬਾਹਰ ਸਕੇ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਆਪ ਸਮਝਾਈਆ । ਵਿਸ਼ਨੂੰ ਕਹੇ ਲਛਮੀ ਨਾ ਕਰ ਤਕਰਾਰ, ਨਿਮਰਤਾ ਵਿਚ ਸੀਸ ਨਿਵਾਈਆ । ਉਹ ਵੇਖ ਪੈਗ਼ੰਬਰਾਂ ਦਾ ਇਕਰਾਰ, ਇਕਰਾਰਨਾਮਾ ਰਿਹਾ ਜਣਾਈਆ । ਜਿਸ ਉਤੇ ਸਾਫ਼ ਲਿਖਿਆ ਅਮਾਮ ਅਮਾਮਾ ਆਉਣਾ ਸਿਕਦਾਰ, ਨੂਰ ਨੁਰਾਨਾ ਨੂਰ ਇਲਾਹੀਆ । ਜਿਸ ਨੂੰ ਸਜਦੇ ਕਰਨ

ਸਦਾ ਜੁਗ ਚਾਰ, ਪੈਗ਼ੰਬਰ ਨਬੀ ਰਸੂਲ ਸੀਸ ਨਿਵਾਈਆ । ਉਸ ਦਾ ਖੇਲ ਹੋਣਾ ਅਪਾਰ, ਅਪਰੰਪਰ ਹੋ ਕੇ ਆਪ ਕਰਾਈਆ । ਕਲਜੁਗ ਕੂੜੀ ਕਿਰਿਆ ਕਰੇ ਖ਼ੁਆਰ, ਖਾਰੀ ਮਮਤਾ ਸੀਸ ਨਾ ਕੋਇ ਉਠਾਈਆ । ਦੀਨ ਦੁਨੀ ਵੇਖੇ ਦੁਰਾਚਾਰ, ਵਿਭਚਾਰੀਆਂ ਪੜਦਾ ਦਏ ਚੁਕਾਈਆ । ਪਰਗਟ ਹੋ ਕੇ ਆਪ ਨਿਰੰਕਾਰ, ਨਿਰਵੈਰ ਆਪਣੀ ਕਾਰ ਕਮਾਈਆ । ਸਚ ਸੰਦੇਸ਼ਾ ਦੇ ਕੇ ਅਗੰਮ ਅਪਾਰ, ਅਲਖ ਅਗੋਚਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦਵਾਰਾ ਇਕ ਸੁਹਾਈਆ । ਵਿਸ਼ਨੂੰ ਕਹੇ ਵੇਖ ਪੈਗ਼ੰਬਰਾਂ ਲੇਖਾ ਲੇਖ, ਅਲਿਫ਼ ਯੇ ਵੰਡ ਨਾ ਕੋਇ ਵੰਡਾਈਆ । ਕੀ ਸੰਦੇਸ਼ਾ ਦਿਤਾ ਦਸਮੇਸ਼, ਗੋਬਿੰਦ ਸ਼ਬਦੀ ਬਚਨ ਅਲਾਈਆ । ਕਿਸ ਬਿਧ ਪਾਰਬ੍ਰਹਮ ਪ੍ਰਭ ਕਰਨਾ ਆਪਣਾ ਵੇਸ, ਜਿਸ ਵੇਲੇ ਵੇਸਵਾ ਰੂਪ ਹੋਏ ਲੋਕਾਈਆ । ਸਾਬਤ ਰਹੇ ਨਾ ਕੋਇ ਮੁੱਲਾ ਸ਼ੇਖ਼, ਔਲੀਆ ਗੌਂਸ ਕੁਤਬ ਨਾ ਕੋਇ ਵਡਿਆਈਆ । ਪੰਡਤ ਪਾਂਧਾ ਦਿਸੇ ਕੋਈ ਨਾ ਨੇਕ, ਮਾਇਆ ਮਮਤਾ ਮੋਹ ਹਲਕਾਈਆ । ਗ੍ਰੰਥੀ ਪੰਥੀ ਫਿਰਨ ਭੱਜੇ ਮਾਰੇ ਪੇਟ, ਪਟਨੇ ਵਾਲਾ ਨਜ਼ਰ ਕਿਸੇ ਨਾ ਆਈਆ । ਹੁਕਮ ਨਾਮ ਬਾਣੀ ਦਾ ਕਲਜੁਗ ਵਿਚ ਬੱਝ ਜਾਏ ਰੇਟ, ਬਿਨ ਪੈਸਿਆਂ ਤੋਂ ਪ੍ਰਭ ਦਾ ਨਾਮ ਨਾ ਕੋਇ ਧਿਆਈਆ । ਚਾਰ ਜੁਗ ਦੇ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਹੱਟਾਂ ਵਿਚ ਵੇਚ, ਬਾਈਬਲ ਤੁਰੈਤ ਗੁਰੂ ਗ੍ਰੰਥ ਟਕਿਆਂ ਉਤੋਂ ਵਿਕਾਈਆ । ਸਤਿ ਦਾ ਰਹੇ ਨਾ ਕੋਇ ਆਦੇਸ, ਸੱਯਦਾ ਸੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਏਕੰਕਾਰ ਆਪਣੀ ਕਲ ਵਰਤਾਈਆ । ਲਛਮਣ ਕਹੇ ਮੈਂ ਲਹਿੰਦੀ ਦਿਸ਼ਾ ਮਾਰਿਆ ਧਿਆਨ, ਬਿਨਾ ਅੱਖਾਂ ਅੱਖ ਉਠਾਈਆ । ਮੈਨੂੰ ਸ਼ਰਅ ਦਿਸੀ ਸ਼ੈਤਾਨ, ਸ਼ਰੀਅਤ ਕਰੇ ਲੜਾਈਆ । ਸਾਬਤ ਰਿਹਾ ਨਾ ਕਿਸੇ ਈਮਾਨ, ਅਮਲ ਹੱਕ ਨਾ ਕੋਇ ਕਮਾਈਆ । ਦੀਨ ਦੁਨੀ ਹੋਈ ਬੇਈਮਾਨ, ਬੇਵਾ ਰੂਪ ਖ਼ਲਕ ਖ਼ੁਦਾਈਆ । ਇਸਮ ਆਜ਼ਮ ਨਜ਼ਰ ਨਾ ਆਇਆ ਇਸਲਾਮ, ਆਲੀਸ਼ਾਨ ਤੇਰਾ ਦਰ ਨਾ ਕੋਇ ਸੁਹਾਈਆ । ਮਾਇਆ ਮਮਤਾ ਮੋਹ ਵੇਖਿਆ ਤੂਫ਼ਾਨ, ਕਿਰਿਆ ਕੂੜ ਕੁੜਿਆਰ ਹਲਕਾਈਆ । ਧੁੰਧੂਕਾਰ ਹੋਇਆ ਜ਼ਿਮੀਂ ਅਸਮਾਨ, ਤਾਰਾ ਚੰਦ ਦਏ ਗਵਾਹੀਆ । ਚੌਦਾਂ ਤਬਕ ਰੋਵਣ ਕੁਰਲਾਣ, ਹਾਏ ਉਫ਼ ਤੇਰੀ ਦੁਹਾਈਆ । ਸਾਚਾ ਦਿਸੇ ਨਾ ਕੋਈ ਮੁਸਲਮਾਨ, ਮੁਸਲਸਲ ਤੇਰਾ ਕਲਮਾ ਨਾ ਕੋਇ ਜਣਾਈਆ । ਸਦੀ ਚੌਧਵੀਂ ਵੇਖ ਆਣ, ਹਜ਼ਰਤਾਂ ਦੇ ਹਜ਼ਰਤ ਹਜ਼ੂਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਲਛਮਣ ਕਹੇ ਫਿਰ ਤਕ, ਹੱਥ ਪੇਸ਼ਾਨੀ ਉਤੇ ਰਖਾਈਆ । ਪੁਰਖ ਅਕਾਲਾ ਸਭ ਦਾ ਪੂਰਾ ਕਰੇ ਹੱਕ, ਹਕੀਕਤ ਵੇਖੇ ਥਾਉਂ ਥਾਈਂਆ । ਅੰਤਮ ਲਹਿਣਾ ਰਹੇ ਨਾ ਵਿਚ ਸ਼ੱਕ, ਸ਼ਕਵਾ ਸਭ ਦਾ ਦਏ ਮਿਟਾਈਆ । ਪੈਗ਼ੰਬਰ ਗਏ ਥੱਕ, ਮੰਜ਼ਲ ਮੰਜ਼ਲ ਕਦਮ ਟਿਕਾਈਆ । ਅੱਗੇ ਹੁਕਮ ਸੁਣਨਾ ਚਾਹੁੰਦੇ ਯਕ, ਯਕਤਰਫ਼ ਧਿਆਨ ਰਖਾਈਆ । ਕਿਸ ਬਿਧ ਪਰਵਰਦਿਗਾਰ ਸਾਂਝਾ ਯਾਰ ਪਿਛਲੀ ਕਰਨੀ ਕਰੇ ਫੱਕ, ਅਗਲਾ ਹੁਕਮ ਇਕ ਪਰਗਟਾਈਆ । ਦੀਨ ਮਜ਼੍ਹਬ ਤੋਂ ਬਿਨਾ ਖੋਲ੍ਹ ਕੇ ਆਪਣਾ ਹੱਟ, ਨਾਮ ਨਿਧਾਨਾ ਦਏ ਵਰਤਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਰਹੇ ਕੋਈ ਨਾ ਵੱਟ, ਝਗੜਾ ਮਜ਼੍ਹਬ ਨਾ ਕੋਇ ਲੜਾਈਆ । ਸਭ ਨੂੰ ਜੋਤੀ ਨੂਰ ਦਰਸਾਏ ਲਟ ਲਟ, ਸ਼ਾਹ ਸੁਲਤਾਨ ਡਗਮਗਾਈਆ । ਇਕੋ ਨਾਮ ਕਲਮਾ ਸਾਰੇ ਲੈਣ ਰਟ, ਰੱਟਾ ਮੁਕੇ ਕੂੜ ਲੋਕਾਈਆ । ਸਾਚਾ ਲਾਹਾ ਲੈਣ ਖੱਟ, ਖਟਕਾ ਅਵਰ ਨਾ ਕੋਇ ਵਖਾਈਆ । ਜੋ ਮਾਲਕ


੩੭
੨੨

ਵਸਣ ਵਾਲਾ ਘਟ ਘਟ, ਜਲਵਾਗਰ ਨੂਰ ਇਲਾਹੀਆ । ਉਹ ਲਹਿੰਦੀ ਦਿਸ਼ਾ ਮਾਰਨ ਵਾਲਾ ਫੱਟ, ਫੱਟੜ ਕਰੇ ਥਾਉਂ ਥਾਈਆਂ । ਲਛਮੀ ਪਈ ਹੱਸ, ਤਾਲੀ ਬਿਨ ਹੱਥਾਂ ਦਿਤੀ ਵਜਾਈਆ । ਵਿਸ਼ਨੂੰ ਇਹ ਖੇਲ ਪੁਰਖ ਸਮਰਥ, ਜੋ ਸਭ ਦਾ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਮਹਿੰਮਾ ਦੱਸੀ ਅਕਥ, ਕਥਨ ਤੋਂ ਬਾਹਰ ਕਥਾ ਆਪਣੀ ਇਕ ਜਣਾਈਆ ।

### ✪ ੧੫ ਅੱਸੂ ਸ਼ਹਿਨਸ਼ਾਹੀ ਸੰਮਤ ੫ ਵਕੀਲ ਸਿੰਘ ਅੰਗਰੇਜ਼ ਸਿੰਘ ਦੇ ਗ੍ਰਹਿ ਸੇਈ ਕਲਾਂ ✪

੩੮ ੨੨ ਜਨ ਭਗਤੋ ਤੁਸਾਂ ਅੰਦਰੋਂ ਰਹਿਣਾ ਸਹੀ, ਸਹੀ ਸਲਾਮਤ ਦਏ ਵਡਿਆਈਆ । ਧਰਮ ਰਾਏ ਲੇਖਾ ਮੰਗੇ ਨਾ ਕੱਢ ਕੇ ਵਹੀ, ਚਿਤ੍ਰਗੁਪਤ ਨਾ ਲੇਖ ਵਖਾਈਆ । ਤੁਹਾਡੀ ਏਥੇ ਓਥੇ ਪਤ ਰਹੀ, ਪਤਿਪਰਮੇਸ਼ਵਰ ਹੋਏ ਸਹਾਈਆ । ਕੁਛ ਹਲੂਣਾ ਲੱਗਣਾ ਅਗਲੇ ਸਾਲ ਮਈ, ਮਾਹ ਮਹਿਬੂਬ ਦਏ ਦ੍ਰਿੜਾਈਆ । ਅੱਗੇ ਧਾਰ ਚਲਣੀ ਨਈ, ਨਵ ਨੌਂ ਚਾਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ । ਸਚ ਹੁਕਮ ਵਰਤਣਾ ਏਕ, ਏਕੰਕਾਰ ਆਪ ਜਣਾਈਆ । ਚਾਰ ਜੁਗ ਦਾ ਲਹਿਣਾ ਪ੍ਰਭ ਦੇ ਹੋਣਾ ਭੇਟ, ਭੇਟਾ ਗੁਰ ਅਵਤਾਰ ਪੈਗ਼ੰਬਰ ਚੜ੍ਹਾਈਆ । ਧਰਨੀ ਧਰਤ ਧਵਲ ਦਾ ਖ਼ਾਲੀ ਹੋਣਾ ਪੇਟ, ਮਾਇਆ ਮਮਤਾ ਮੋਹ ਮਿਟਾਈਆ । ਨਵੇਂ ਜੁਗ ਦੀ ਨਵੀਂ ਰੀਤੀ ਬਦਲਣੀ ਚੇਤ, ਚਾਤਰਕ ਗੁਰਮੁਖ ਰਾਹ ਤਕਾਈਆ । ਕੂੜੀ ਕਿਰਿਆ ਰਣਭੂਮੀ ਸੌਣਾ ਖੇਤ, ਖੇਤਰਪਾਲ ਹਾਹਾਕਾਰ ਕਰ ਸੁਣਾਈਆ । ਪ੍ਰਭੂ ਨੇ ਦੱਸਣਾ ਆਪਣਾ ਭੇਤ, ਪਾਰਬ੍ਰਹਮ ਹੋ ਕੇ ਪੜਦਾ ਲਾਹੀਆ । ਸਚਖੰਡ ਦਵਾਰਾ ਸੁਹਾ ਕੇ ਸਾਚਾ ਖੇਤ, ਦਿਸ਼ਾ ਆਪਣੀ ਆਸਣ ਲਾਈਆ । ਚਾਰ ਜੁਗ ਤੋਂ ਵੱਖਰਾ ਵੇਸ, ਭੇਖਾਧਾਰੀ ਰੂਪ ਬਦਲਾਈਆ । ਰਾਮ ਨਾਮ ਦੇਵੇ ਸੰਦੇਸ਼, ਕਲਮਾ ਕਲਮਾ ਆਪ ਜਣਾਈਆ । ਆਪਣਾ ਹੁਕਮ ਦੱਸ ਦਸਮੇਸ਼, ਵਿਸ਼ਾ ਵਿਸ਼ਵ ਦਾ ਇਕ ਪਰਗਟਾਈਆ । ਲਹਿੰਦੀ ਧਾਰੋਂ ਲਿਖ ਬਦੇਸ਼, ਬਦੀ ਦਾ ਪੜਦਾ ਦਏ ਚੁਕਾਈਆ । ਨੇਤਰ ਰੋਣੇ ਮੁੱਲਾਂ ਸ਼ੇਖ਼, ਮੁਸਾਇਕਾਂ ਮਸਲਾ ਹੱਲ ਨਾ ਕੋਇ ਕਰਾਈਆ । ਕੋਟਾਂ ਵਿਚੋਂ ਜਨ ਭਗਤ ਸੁਹੇਲੇ ਮਿਲੇ ਟੇਕ, ਟਿੱਕਾ ਮਸਤਕ ਧੂੜੀ ਖ਼ਾਕ ਰਮਾਈਆ । ਦੀਨ ਦੁਨੀ ਨਾਲੋਂ ਬਣਨਾ ਨੇਕ, ਗੁਰਮੁਖ ਨਿੱਕਾ ਵਡਾ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਾਚੀ ਕਰਨੀ ਕਰਨੀ ਮਾਤ, ਮਤਾ ਆਪਣਾ ਆਪ ਪਕਾਈਆ । ਕਲਜੁਗ ਵੇਖੋ ਅੰਧੇਰੀ ਰਾਤ, ਸਚ ਚੰਦ ਨਾ ਕੋਇ ਰੁਸ਼ਨਾਈਆ । ਤੁਸੀਂ ਪ੍ਰਭੂ ਦੀ ਇਕੋ ਜ਼ਾਤ, ਦੂਜੀ ਵੰਡ ਨਾ ਕੋਇ ਵੰਡਾਈਆ । ਚਰਨ ਪ੍ਰੀਤੀ ਧੁਰ ਦਾ ਨਾਤ, ਰਿਸ਼ਤਾ ਫ਼ਰਿਸ਼ਤਾ ਨਾ ਕੋਇ ਸਮਝਾਈਆ । ਪੁਰਖ ਅਕਾਲ ਤੇ ਇਕੋ ਵਿਸ਼ਵਾਸ਼, ਵਿਸ਼ਵ ਦਾ ਮਾਲਕ ਇਕ ਅਖਵਾਈਆ । ਜਿਸ ਦਾ ਨੂਰ ਜੋਤ ਪ੍ਰਕਾਸ਼, ਘਰ ਘਰ ਕਰੇ ਰੁਸ਼ਨਾਈਆ । ਉਹ ਸਦਾ ਸੁਹੇਲਾ ਵਸੇ ਪਾਸ, ਕਾਇਆ ਮੰਦਰ ਅੰਦਰ ਸੋਭਾ ਪਾਈਆ । ਸਭ ਨੇ ਮਾਰ ਕੇ ਵੇਖਣਾ ਝਾਤ, ਪੜਦਾ ਅੰਤਰ ਇਕ ਉਠਾਈਆ । ਰਾਹ ਤਕੇ ਸ਼ੰਕਰ ਉਤੇ ਕੈਲਾਸ਼, ਕੇਸ਼ਵ ਆਪਣਾ ਮੇਲ ਮਿਲਾਈਆ । ਤੁਹਾਨੂੰ ਮੁਫ਼ਤ ਦੀ ਸ਼ਾਬਾਸ਼, ਬਿਨਾ ਭਗਤੀ

੩੮ ੨੨

ਭਗਤ ਬਣਾਈਆ । ਬ੍ਰਹਮਾ ਅੰਤਮ ਕਲਜੁਗ ਹੋਇਆ ਉਦਾਸ, ਉਦਾਸੀ ਆਪਣੇ ਅੰਦਰੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕਰਨੀ ਕਹੇ ਮੈਂ ਬੜੀ ਵੱਡੀ, ਨਿੱਕਿਉਂ ਵੱਡੇ ਦਿਆਂ ਬਣਾਈਆ । ਮੈਂ ਵੇਖਣੀ ਚੌਧਵੀਂ ਸਦੀ, ਸਦਮੇ ਵਾਲੇ ਧਿਆਨ ਲਗਾਈਆ । ਮੈਂ ਲੋਕਮਾਤ ਆਉਂਦੀ ਕਦੀ ਕਦੀ, ਜਿਸ ਵੇਲੇ ਕਦੀਮ ਦਾ ਮਾਲਕ ਦਏ ਵਡਿਆਈਆ । ਕਲਜੁਗ ਅੰਤਮ ਕਢਣੀ ਬਦੀ, ਬਦਕਾਰ ਨਜ਼ਰ ਕੋਇ ਨਾ ਆਈਆ । ਪਿਛਲੀ ਕੀਤੀ ਕਰਨੀ ਰੱਦੀ, ਅੱਗੇ ਧੁਰ ਦਾ ਹੁਕਮ ਸੁਣਾਈਆ । ਗੁਰ ਅਵਤਾਰ ਪੈਗ਼ੰਬਰਾਂ ਰਹਿਣ ਨਹੀਂ ਦੇਣੀ ਗੱਦੀ, ਗਦਾਗਰ ਹੋਵੇ ਲੋਕਾਈਆ । ਮਾਇਆ ਮਮਤਾ ਵੱਜਣ ਨਹੀਂ ਦੇਣੀ ਅੱਡੀ, ਕੂੜੀ ਕਿਰਿਆ ਨਾਚ ਨਾ ਕੋਇ ਨਚਾਈਆ । ਜਨ ਭਗਤੋ ਪ੍ਰਭ ਦੇ ਪਿਆਰ ਵਿਚ ਤੁਸੀਂ ਸ੍ਰਿਸ਼ਟੀ ਬੈਠੇ ਛਡੀ, ਨਾਤਾ ਛੱਡਿਆ ਭੈਣ ਭਾਈਆ । ਵੇਖਿਓ ਕਿਸੇ ਤੋਂ ਨਾਮ ਦੀ ਲਿਓ ਨਾ ਵੱਢੀ, ਰਿਸ਼ਵਤ ਰੇਸ਼ਾ ਨਾ ਕੋਇ ਬਣਾਈਆ । ਤੁਹਾਡੀ ਜੋਤ ਉਸ ਦਵਾਰੇ ਜਗੀ, ਜਿਥੋਂ ਸਕੇ ਨਾ ਕੋਇ ਬੁਝਾਈਆ । ਤੁਹਾਡੀ ਆਤਮਾ ਪਰਮਾਤਮਾ ਨੇ ਆਪ ਲੱਭੀ, ਤੁਹਾਨੂੰ ਖੋਜਣ ਦੀ ਲੋੜ ਰਹੀ ਨਾ ਰਾਈਆ । ਸਭ ਦੀ ਮਮਤਾ ਰਹੇ ਨਾ ਦੱਬੀ, ਪਰਦਾ ਪਰਦੇ ਵਿਚੋਂ ਖੁਲ੍ਹਾਈਆ । ਇਹ ਨੂਰ ਅਲਾਹੀ ਰੱਬੀ, ਰੱਬੇ ਆਲਮ ਕਹਿ ਕੇ ਜਿਸ ਨੂੰ ਗਾਈਆ । ਸਚ ਪ੍ਰੀਤੀ ਪ੍ਰੀਤਮ ਨਾਲ ਲੱਗੀ, ਅੱਗੇ ਸਕੇ ਨਾ ਕੋਇ ਤੁੜਾਈਆ । ਤੁਹਾਡੀ ਲੇਖੇ ਲਾਵੇ ਇਕ ਇਕ ਹੱਡੀ, ਹੱਡ ਮਾਸ ਨਾੜੀ ਚੰਮ ਆਪਣੇ ਪੇਟੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਖ਼ੁਮਾਰੀ ਦੇਵੇ ਮਧੀ, ਮਦਿ ਦਾ ਰਸ ਨਾ ਕੋਇ ਚਖਾਈਆ ।





## ੧੫ ਅੱਸੂ ਸ਼ਹਿਨਸ਼ਾਹੀ ਸੰਮਤ ੫ ਦੌਲਤ ਰਾਮ ਦੇ ਗ੍ਰਿਹ ਕੋਟਲੀ ਜੰਮੂ

ਵਿਸ਼ਨੂੰ ਕਹੇ ਕਲਜੁਗ ਹੋਇਆ ਅੰਧੇਰਾ ਘੁੱਪ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਸਦੀ ਚੌਧਵੀਂ ਗੁਰ ਅਵਤਾਰ ਪੈਗ਼ੰਬਰ ਬੈਠੇ ਛੁਪ, ਸਨਮੁਖ ਨੂਰੀ ਚਮਕ ਨਾ ਕੋਇ ਚਮਕਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਭਰੀ ਨਾਲ ਦੁੱਖ, ਮਾਇਆ ਮਮਤਾ ਮੋਹ ਹੰਕਾਰ ਵਿਚ ਹਲਕਾਈਆ । ਸਚ ਧਰਮ ਦੀ ਮੌਲੇ ਕੋਈ ਨਾ ਰੁਤ, ਫਲ ਫੁਲਵਾੜੀ ਨਾ ਕੋਇ ਮਹਿਕਾਈਆ । ਨਾਤਾ ਟੁੱਟ ਗਿਆ ਪਿਤਾ ਪੁੱਤ, ਸਾਕ ਸੱਜਣ ਸੈਣ ਨਜ਼ਰ ਕੋਇ ਨਾ ਆਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਉਜਲ ਹੋਏ ਕਿਸੇ ਨਾ ਮੁਖ, ਭਗਤ ਭਗਵਾਨ ਮੇਲ ਨਾ ਕੋਇ ਮਿਲਾਈਆ । ਅੰਮ੍ਰਿਤ ਜਾਮ ਮਿਲੇ ਕਿਸੇ ਨਾ ਘੁਟ, ਅੱਠ ਸੱਠ ਤੀਰਥ ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸਾਚਾ ਮਿਲੇ ਕਿਸੇ ਨਾ ਸੁਖ, ਸੁਖਸਾਗਰ ਵਿਚ ਨਾ ਕੋਇ ਸਮਾਈਆ । ਮਾਤ ਗਰਭ ਲਹਿਣਾ ਮੁਕੇ ਨਾ ਕਿਸੇ ਉਲਟਾ ਰੁੱਖ, ਚੁਰਾਸੀ ਫਾਸੀ ਗਲ ਨਾ ਕੋਇ ਕਟਾਈਆ । ਫਿਰੀ ਦਰੋਹੀ ਮਾਨਸ ਮਾਨੁਖ, ਮਨ ਮਤ ਬੁਧ ਧੀਰ ਨਾ ਕੋਇ ਧਰਾਈਆ । ਪਰਦਾ ਓਹਲਾ ਰਿਹਾ ਕੋਈ ਨਾ ਲੁਕ, ਕਲਜੁਗ ਕੂੜ ਕੁਕਰਮ ਕਰੇ ਲੋਕਾਈਆ । ਤੂੰ ਮੇਰਾ ਮੈਂ ਤੇਰਾ ਸਭ ਨੂੰ ਭੁੱਲੀ ਤੁਕ, ਸਿਫ਼ਤੀ ਨਾਮ ਗਾ ਕੇ ਦੁਨੀ ਝਟ ਲੰਘਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਤੈਨੂੰ ਜਾਏ ਕੋਈ ਨਾ ਝੁਕ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ ਜਗਤ ਸੀਸ ਨਿਵਾਈਆ । ਆਵਣ ਜਾਵਣ ਪਤਿਤ ਪਾਵਣ ਪੈਂਡਾ ਕਿਸੇ

ਨਾ ਜਾਏ ਮੁਕ, ਅੰਡਜ ਜੇਰਜ ਉਤਭੁਜ ਸੇਤਜ ਪੰਧ ਨਾ ਕੋਇ ਮੁਕਾਈਆ । ਮਿਹਰਵਾਨ ਮਹਿਬੂਬ ਕਲਜੁਗ ਅੰਤਮ ਆਪ ਉਠ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਦਇਆ ਕਮਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਜਨ ਭਗਤਾਂ ਉਪਰ ਤੁਠ, ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਈਆ । ਮਨ ਮਨੂਆ ਮਮਤਾ ਵਿਚ ਪਾਈ ਫਿਰੇ ਲੁੱਟ, ਅੰਦਰ ਬਾਹਰ ਗੁਪਤ ਜ਼ਾਹਰ ਧੀਰਜ ਧੀਰ ਨਾ ਕੋਇ ਰਖਾਈਆ । ਤੇਰਾ ਪਿਆਰ ਏਕੰਕਾਰ ਜਗਤ ਜਹਾਨ ਗਿਆ ਟੁੱਟ, ਟੁੱਟੀ ਗੰਢ ਨਾ ਕੋਇ ਵਖਾਈਆ । ਕੋਟਾਂ ਵਿਚ ਤੇਰੇ ਸੰਤ ਸੁਹੇਲੇ ਥੋੜ੍ਹੇ ਮੁਠ, ਜੋ ਨਿਰਗੁਣ ਨਿਰਵੈਰ ਤੇਰੀ ਓਟ ਤਕਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਅਬਿਨਾਸ਼ੀ ਅਚੁਤ, ਪਾਰਬ੍ਰਹਮ ਬ੍ਰਹਮ ਪਤਿਪਰਮੇਸ਼ਵਰ ਨੂਰ ਅਲਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਸ਼ਬਦੀ ਧਾਰ ਕਿਉਂ ਬੈਠਾ ਚੁੱਪ, ਅਨਾਦ ਅਨਾਦੀ ਬ੍ਰਹਮ ਬ੍ਰਹਿਮਾਦੀ ਕਰ ਸ਼ਨਵਾਈਆ । ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਰਾਜੇ ਇੰਦ ਪੁਛ, ਜੋ ਇਸ਼ਟ ਦੇਵ ਗੁਰੂ ਗੁਰਦੇਵ ਜਗਤ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਵਿਸ਼ਨੂੰ ਕਹੇ ਦੀਨ ਦੁਨੀਆ ਅੰਤਰ ਰਿਹਾ ਨਾ ਸਤਿ, ਸਚ ਵਿਚ ਨਾ ਕੋਇ ਸਮਾਈਆ । ਪਰਮ ਪੁਰਖ ਦੀ ਭੁੱਲੀ ਸਭ ਨੂੰ ਮਤ, ਮਨਮਤ ਕਰੇ ਲੜਾਈਆ । ਝਗੜਾ ਪਾਇਆ ਪੰਜ ਤਤ, ਹਿੰਦੂ ਮੁਸਲਿਮ ਸਿੱਖ ਈਸਾਈ ਸਾਚੀ ਮੰਜ਼ਲ ਚੜ੍ਹੇ ਕੋਈ ਨਾ ਹੱਸ, ਹਸਤੀ ਵੇਖੇ ਨਾ ਕੋਇ ਬੇਪਰਵਾਹੀਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹ ਪੜ੍ਹ ਗਏ ਥੱਕ, ਅੱਖਰਾਂ ਨਾਲ ਅੱਖਰ ਮਿਲਾਈਆ । ਸਤਿ ਸਰੂਪ ਸ਼ਾਹੋ ਭੂਪ ਅੰਤਰ ਆਤਮ ਮਿਲਿਆ ਕਿਸੇ ਨਾ ਰਸ, ਰਸਤਾ ਬਾਵਸਤਾ ਹੋ ਨਾ ਕੋਇ ਵਖਾਈਆ । ਨਿਜ ਨੇਤਰ ਜਾਗ ਖੁਲ੍ਹੀ ਕਿਸੇ ਨਾ ਅੱਖ, ਦੋਏ ਲੋਚਨ ਨੈਣ ਪ੍ਰਭ ਦਾ ਦਰਸ ਕੋਇ ਨਾ ਪਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਰਹੇ ਨੱਠ, ਚਾਰ ਕੁੰਟ ਦਹਿ ਦਿਸ਼ਾ ਭੱਜਣ ਵਾਹੋ ਦਾਹੀਆ । ਪੁਰਖ ਅਕਾਲੇ ਦੀਨ ਦਿਆਲੇ ਮਿਲਿਆ ਮੇਲ ਨਾ ਕਿਸੇ ਸਮਰਥ, ਸਚ ਦਵਾਰੇ ਦਰਸ ਕੋਇ ਨਾ ਪਾਈਆ । ਜਗਤ ਸਨਿਆਸ ਵੈਰਾਗ ਤਿਆਗ ਜੁਗੀਸ਼ਰਾਂ ਤਪੀਸ਼ਰਾਂ ਹੋਇਆ ਬਸ, ਮੁਨੀਸ਼ਰ ਮੁਨੀ ਨਜ਼ਰ ਕੋਇ ਨਾ ਆਈਆ । ਰਸਨਾ ਜਿਹਵਾ ਬੱਤੀ ਦੰਦ ਅੱਲਾ ਵਾਹਿਗੁਰੂ ਰਾਮ ਓਮ ਹਰੀਓਮ ਕ੍ਰਿਸ਼ਨ ਜੈ ਜੈ ਰਹੇ ਰਟ, ਢੋਲੇ ਸੋਹਲੇ ਜਗਤ ਸੁਣਾਈਆ । ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਰਾਓ ਰੰਕ ਕਢੇ ਕੋਈ ਨਾ ਵੱਟ, ਦੂਈ ਦਵੈਤ ਡੇਰਾ ਕੋਈ ਨਾ ਢਾਹੀਆ । ਸਾਚਾ ਸਚ ਪਲੇ ਕੋਈ ਨਾ ਹੱਕ, ਹਕੀਕਤ ਪੜਦਾ ਨਾ ਕੋਇ ਉਠਾਈਆ । ਹਰ ਘਟ ਅੰਦਰ ਰਿਹਾ ਸ਼ੱਕ, ਸ਼ਿਕਵਾ ਸਕੇ ਨਾ ਕੋਇ ਮਿਟਾਈਆ । ਪੁਰਖ ਅਕਾਲੇ ਦੀਨ ਦਿਆਲੇ ਆਦਿ ਨਿਰੰਜਣ ਆਪਣੀ ਦੀਨ ਦੁਨੀ ਤਕ, ਤਕਦੀਰ ਸਕੇ ਨਾ ਕੋਇ ਬਦਲਾਈਆ । ਚਾਰ ਜੁਗ ਦੇ ਨਾਮ ਸੰਦੇਸ਼ੇ ਅਕਸ਼ਰਾਂ ਵਾਲੇ ਖਤ, ਗੁਰ ਅਵਤਾਰ ਪੈਗ਼ੰਬਰ ਗਏ ਦ੍ਰਿੜਾਈਆ । ਅੰਤ ਕੰਤ ਭਗਵੰਤ ਤੁਧ ਬਿਨ ਰੱਖੇ ਕੋਇ ਨਾ ਪਤ, ਪਤਿਪਰਮੇਸ਼ਵਰ ਹੋਏ ਨਾ ਕੋਇ ਸਹਾਈਆ । ਸਦੀ ਚੌਧਵੀਂ ਚੌਦਾਂ ਤਬਕ ਰਹੇ ਤੱਕ, ਚੌਦਸ ਚੰਦ ਨਾ ਕੋਇ ਰੁਸ਼ਨਾਈਆ । ਨਿਰਗੁਣ ਧਾਰ ਏਕੰਕਾਰ ਪਰਵਰਦਿਗਾਰ ਸਾਂਝੇ ਯਾਰ ਅਮਾਮ ਅਮਾਮਾ ਹੋ ਪਰਗਟ, ਪਰਗਣਾ ਆਪਣਾ ਇਕ ਦਰਸਾਈਆ । ਸੰਬਲ ਨਗਰ ਸਾਹਿਬ ਸਵਾਮੀ ਦੱਸ, ਵਾਸਤਾ ਆਪਣੇ ਨਾਲ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਮੁਕਾਇਆ ਨੱਸ ਨੱਸ, ਅੰਤਮ ਅੰਤਸ਼ਕਰਨ ਵੇਖ ਲੋਕਾਈਆ । ਜੁਗ ਚੌਕੜੀ ਤੇਰੇ ਹੱਥ, ਸਾਹਿਬ ਸਮਰਥ ਤੇਰੀ ਬੇਪਰਵਾਹੀਆ ।

ਜਨ ਭਗਤ ਸੁਹੇਲੇ ਇਕ ਦਵਾਰੇ ਕਰ ਇਕੱਠ, ਗ੍ਰਿਹ ਇਕੋ ਇਕ ਵਡਿਆਈਆ । ਤੇਰਾ ਮੰਦਰ ਗੁਰੂਦਵਾਰ ਨਿਰਗੁਣ ਧਾਰ ਜਾਏ ਨਾ ਢੱਠ, ਛੱਪਰ ਛੰਨ ਨਾ ਕੋਇ ਛੁਹਾਈਆ । ਜਿਥੇ ਜੋਤ ਅਗੰਮੀ ਜਗੇ ਲਟ ਲਟ, ਦੀਵਾ ਬਾਤੀ ਤੇਲ ਨਾ ਕੋਇ ਰਖਾਈਆ । ਸ਼ਬਦੀ ਨਾਦ ਅਗੰਮੀ ਸੁਣੇ ਨਦ, ਅਨਹਦ ਨਾਦੀ ਨਾਦ ਸ਼ਨਵਾਈਆ । ਅੰਮ੍ਰਿਤ ਆਤਮ ਰਸ ਲਏ ਚੱਟ, ਤ੍ਰਿਸ਼ਨਾ ਭੁੱਖ ਰਹੇ ਨਾ ਰਾਈਆ । ਕਲਜੁਗ ਜੀਵਾਂ ਜਨਮ ਕਰਮ ਦਾ ਲਹਿਣਾ ਦੇਣਾ ਕਟ, ਕਟਾਕਸ਼ ਆਪਣਾ ਨਾਮ ਲਗਾਈਆ । ਸਤਿਜੁਗ ਸਚ ਧਰਮ ਦਾ ਮਾਰਗ ਦੱਸ, ਦੀਨ ਮਜ਼੍ਹਬ ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਹਰ ਹਿਰਦੇ ਹਰਿ ਅੰਤਰ ਜਾਣਾ ਵਸ, ਹਰ ਘਟ ਮੇਲਾ ਸਹਿਜ ਸੁਭਾਈਆ । ਵਿਸ਼ਨੂੰ ਕਹੇ ਮੇਰੇ ਵਿਸ਼ਵ ਦੇ ਮਾਲਕ ਤੂੰ ਮੇਰਾ ਮੈਂ ਤੇਰਾ ਦੋ ਜਹਾਨ ਗਾਵੇ ਤੇਰਾ ਜਸ, ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਲਖਣਾ ਅਲਖ ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਬੇਪਰਵਾਹੀ ਵਿਚ ਸਮਾਈਆ ।

### ੧੫ ਅੱਸੂ ਸ਼ਹਿਨਸ਼ਾਹੀ ਸੰਮਤ ੫ ਪ੍ਰਕਾਸ਼ ਚੰਦ ਦੇ ਗ੍ਰਿਹ ਮਘੋਵਾਲੀ ਜੰਮੂ

ਵਿਸ਼ਨੂੰ ਕਹੇ ਤੇਰਾ ਵਿਸ਼ਵ ਰਿਹਾ ਡੋਲ, ਵਿਸ਼ਾਲ ਵਿਸ਼ਾ ਨਾ ਕੋਇ ਸਮਝਾਈਆ । ਤੇਰੇ ਅਵਤਾਰ ਪੈਗ਼ੰਬਰ ਗੁਰੂਆਂ ਦਾ ਹੁੰਦਾ ਘੋਲ, ਦੀਨ ਦੀਨ ਨਾਲ ਟਕਰਾਈਆ । ਤੇਰਾ ਨੂਰ ਨਜ਼ਰ ਨਾ ਆਵੇ ਕਿਸੇ ਸੋਲ, ਸੋ ਸਵਾਮੀ ਧਿਆਨ ਲਗਾਈਆ । ਤੇਰਾ ਪਿਆਰ ਦਿਸੇ ਨਾ ਕਿਸੇ ਕੋਲ, ਸਚ ਰੰਗ ਨਾ ਕੋਇ ਰੰਗਾਈਆ । ਕਲਜੁਗ ਕੂੜਾ ਡੰਕਾ ਵੱਜਿਆ ਢੋਲ, ਤੇਰੇ ਨਾਮ ਦੇ ਢਮੱਕੇ ਬੈਠੇ ਮੁਖ ਛੁਪਾਈਆ । ਨਿਗਾਹ ਮਾਰ ਜ਼ਰਾ ਉਪਰ ਧੌਲ, ਧਰਨੀ ਵੇਖ ਵਖਾਈਆ । ਸਭ ਦਾ ਪੂਰਾ ਹੋਇਆ ਕੌਲ, ਇਕਰਾਰਨਾਮੇ ਦੇਣ ਗਵਾਹੀਆ । ਸਚ ਦਵਾਰਾ ਇਕ ਖੋਲ੍ਹ, ਖ਼ਾਲਸ ਆਪਣਾ ਘਰ ਪਰਗਟਾਈਆ । ਨਿਰਗੁਣ ਧਾਰ ਹੋ ਕੇ ਮੌਲ, ਮੌਲਾ ਆਪਣਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਹੋ ਸਹਾਈਆ । ਵਿਸ਼ਨੂੰ ਕਹੇ ਤੇਰਾ ਵਿਸ਼ਵ ਵਿਸ਼ਾ ਨਾ ਸਕਿਆ ਜਾਣ, ਵਿਸ਼ੇਸ਼ ਦੇਣੀ ਵਡਿਆਈਆ । ਮੇਰੇ ਮਿਹਰਵਾਨ ਭਗਵਾਨ, ਭਗਵਨ ਧਿਆਨ ਲਗਾਈਆ । ਪਿਛਲਾ ਚਾਰ ਜੁਗ ਦਾ ਰਿਹਾ ਨਾ ਕੋਇ ਈਮਾਨ, ਦ੍ਰਿਸ਼ਟੀ ਇਸ਼ਟੀ ਨਾ ਕੋਇ ਸਮਝਾਈਆ । ਅੰਤ ਕਰੇ ਨਾ ਕੋਇ ਕਲਿਆਣ, ਕਲਮੇ ਵਾਲਾ ਕਾਇਨਾਤ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜ ਕੁੜਿਆਰਾ ਯੁੱਧ ਕਰੇ ਘਮਸਾਣ, ਸ਼ਸਤਰ ਮਾਇਆ ਮਮਤਾ ਮੋਹ ਰਖਾਈਆ । ਨੇਤਰ ਨਜ਼ਰ ਨਾ ਆਏ ਕੋਈ ਕਾਹਨ, ਸਖ਼ੀਆਂ ਸੰਗ ਨਾ ਕੋਇ ਨਿਭਾਈਆ । ਫਿਰੀ ਦਰੋਹੀ ਧੁਰ ਦੇ ਨਾਮ, ਰਾਮ ਰਾਮ ਨਾ ਕੋਇ ਸਹਾਈਆ । ਨਿਗਾਹ ਮਾਰ ਅਗੰਮੀ ਅਮਾਮ, ਅਮਲ ਵੇਖ ਖ਼ਲਕ ਖ਼ੁਦਾਈਆ । ਪੈਗ਼ੰਬਰਾਂ ਸੰਦੇਸ਼ਾ ਫ਼ਰਮਾਨ, ਸ਼ਰਅ ਛੁਰੀ ਕਸਾਈਆ । ਤੂੰ ਵਸ ਕੇ ਉਪਰ ਅਸਮਾਨ, ਜ਼ਿਮੀਂ ਜ਼ਮਾਂ ਦਿਤਾ ਭੁਲਾਈਆ । ਸਾਹਿਬ ਸਾਹਿਬ ਹੋ ਸਵਾਧਾਨ, ਸਵਾਰਥ ਆਪਣਾ ਨਾ ਕੋਇ ਰਖਾਈਆ । ਕਲਜੁਗ ਜੀਵ ਅੰਤ ਕੁਰਲਾਣ, ਕੁਰਲਾਹਟ ਵਿਚ ਦੇਣ ਦੁਹਾਈਆ । ਨਿਗਾਹ ਮਾਰ ਨਿਗਾਹਬਾਨ, ਨਿਗਾਹ ਆਪਣੀ ਇਕ ਰਖਾਈਆ । ਬਿਨ ਤੇਰੀ ਕਿਰਪਾ ਹੋਏ ਨਾ ਕੋਇ ਪਰਵਾਨ, ਜਗਤ ਪਰਵਾਨੇ ਕੰਮ ਕਿਸੇ ਨਾ ਆਈਆ । ਲਹਿਣਾ ਦੇਣਾ ਚੁਕਾ ਭਗਤਾਂ ਵਿਚ ਜਹਾਨ, ਜਹਾਲਤ ਤੇਰੀ

ਅਦਾਲਤ ਵਿਚ ਰਹਿਣ ਨਾ ਪਾਈਆ । ਧੁਰ ਦੇ ਨੌਜਵਾਨੇ ਮਰਦ ਮਰਦਾਨ, ਮਦਦ ਕਰ ਥਾਉਂ ਥਾਈਆ । ਵਿਸ਼ਨੂੰ ਕਹੇ ਮੇਰਾ ਕਹਿਣਾ ਕਰ ਪਰਵਾਨ, ਪਰਵਾਨਗੀ ਆਪਣੀ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਦੂਸਰ ਦਿਸੇ ਨਾ ਕੋਇ ਨਿਸ਼ਾਨ, ਨਿਸ਼ਾਨਾ ਨਿਸ਼ਾਨੀਆਂ ਵਿਚੋਂ ਪਰਗਟਾਈਆ ।

## ✪ ੧੫ ਅੱਸੂ ਸ਼ਹਿਨਸ਼ਾਹੀ ਸੰਮਤ ੫ ਹੰਸਰਾਜ ਦੇ ਗ੍ਰਿਹ ਮਘੋਵਾਲੀ ਜੰਮੂ ✪

ਵਿਸ਼ਨੂੰ ਕਹੇ ਤੇਰੀ ਦੁਨੀਆ ਦਿਸਦੀ ਭੁੱਖੀ, ਮੈਂ ਭੁੱਖ ਨਾ ਸਕਿਆ ਮਿਟਾਈਆ । ਜਗਤ ਵਾਸਨਾ ਵਿਚ ਦੁਖੀ, ਕਲਪਣਾ ਰਹੀ ਕੁਰਲਾਈਆ । ਤੇਰੀ ਧਾਰ ਤੋਂ ਹੋਈ ਬੇਰੁਖੀ, ਮਾਰਗ ਸਚ ਨਾ ਕੋਇ ਅਪਣਾਈਆ । ਮੁਹੱਬਤ ਸਚ ਕਿਸੇ ਨਾ ਉਠੀ, ਪਿਆਰ ਪ੍ਰੇਮ ਨਾ ਕੋਇ ਬਣਾਈਆ । ਵਸਤ ਅਮੋਲਕ ਗਈ ਲੁੱਟੀ, ਗ੍ਰਿਹ ਖ਼ਾਲੀ ਨਜ਼ਰੀ ਆਈਆ । ਆਤਮ ਪਰਮਾਤਮ ਤੇਰੀ ਰੁੱਠੀ, ਸਕਿਆ ਨਾ ਕੋਇ ਮਨਾਈਆ । ਮੈਂ ਵੇਖਿਆ ਚਾਰੇ ਗੁੱਠੀ, ਉੱਤਰ ਪੂਰਬ ਪੱਛਮ ਦੱਖਣ ਅੱਖ ਖੁਲ੍ਹਾਈਆ । ਸਾਰੇ ਤੇਰਾ ਨਾਂ ਗਾਂਦੇ ਬੁੱਲ੍ਹਾਂ ਬੁੱਟੀਂ, ਹਿਰਦੇ ਸਕਿਆ ਨਾ ਕੋਇ ਵਸਾਈਆ । ਏਸੇ ਕਰ ਕੇ ਸ਼ਬਦੀ ਧਾਰ ਟੁੱਟੀ, ਟੁੱਟਿਆਂ ਗੰਢ ਨਾ ਕੋਇ ਪਵਾਈਆ । ਸਭ ਦੀ ਚੋਗ ਅੰਤ ਨਿਖੁੱਟੀ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਮੈਂ ਵੀ ਜੁਗ ਚੌਕੜੀ ਤੇਰੇ ਹੁਕਮ ਦੀ ਕੀਤੀ ਬੁਤੀ, ਬੁਤਖ਼ਾਨਿਆਂ ਸੇਵ ਕਮਾਈਆ । ਅੰਤ ਵੇਖ ਲੈ ਆਪਣੀ ਰੁਤੀ, ਬਿਨ ਤੇਰੇ ਨਾ ਕੋਇ ਮਹਿਕਾਈਆ । ਗੁਰ ਅਵਤਾਰ ਪੈਗ਼ੰਬਰ ਕਰ ਗਏ ਛੁੱਟੀ, ਸਚ ਹੁਕਮ ਨਾ ਕੋਇ ਮਨਾਈਆ । ਧਰਨੀ ਧਾਰ ਹੋਈ ਵਿਗੁੱਚੀ, ਧਰਮ ਦਵਾਰਾ ਨਾ ਕੋਇ ਵਡਿਆਈਆ । ਮਨ ਵਾਸਨਾ ਹੋਈ ਲੁੱਚੀ, ਲੋਇਣ ਅੱਖ ਨਾ ਕੋਇ ਖੁਲ੍ਹਾਈਆ । ਤੇਰੇ ਨਾਲ ਰਹੀ ਕਿਸੇ ਨਾ ਰੁਚੀ, ਰਚਨਾ ਵੇਖ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਵਿਸ਼ਨੂੰ ਕਹੇ ਮੇਰਾ ਅੰਨ ਦਾਣਾ ਵੇਖ ਮਿਹਰਵਾਂ, ਮਿਹਰਵਾਨ ਦਇਆ ਕਮਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਕੀਤਾ ਨਾ ਕੋਇ ਨਿਆਂ, ਨਿਆਂਕਾਰੀ ਨਜ਼ਰ ਕੋਇ ਨਾ ਆਈਆ । ਮਾਣਸ ਜੀਵਾਂ ਵੰਡ ਵੰਡਾ ਕੇ ਸੂਰ ਗਾਂ, ਪਸ਼ੂਆਂ ਪੋਸ਼ ਦਿਤਾ ਲੁਹਾਈਆ । ਮੈਂ ਵੇਖ ਹੋਇਆ ਹੈਰਾਂ, ਹੈਰਾਨੀ ਮੇਰੇ ਅੰਦਰ ਆਈਆ । ਅੰਤ ਅੰਤ ਕਲਜੁਗ ਦਿਆਂ ਸੁਣਾ, ਅਣਸੁਣਤ ਤੇਰੇ ਅੱਗੇ ਸ਼ਨਵਾਈਆ । ਕਲਜੁਗ ਕੂੜਾ ਬਦਲ ਦੇ ਸਮਾਂ, ਸਮਾਪਤ ਕਰ ਬੇਵਫ਼ਾ ਜੋ ਤੈਨੂੰ ਗਏ ਭੁਲਾਈਆ । ਤੇਰਾ ਹੁਕਮ ਹੋਵੇ ਨਵਾਂ, ਨਵ ਨੌਂ ਚਾਰ ਦਾ ਪੰਧ ਮੁਕਾਈਆ । ਸਚ ਸੰਦੇਸ਼ ਕਹਿਵਾਂ, ਕਹਿ ਕਹਿ ਦਿਆਂ ਦ੍ਰਿੜਾਈਆ । ਭਗਵਨ ਤੇਰੀ ਧਾਰ ਤੇਰੇ ਚਰਨ ਬਹਿਵਾਂ, ਪਾਰਬ੍ਰਹਮ ਤੇਰੀ ਸੇਵ ਕਮਾਈਆ । ਆਪਣਾ ਸਤਿਜੁਗ ਸਚ ਕਰ ਦੇ ਰਵਾਂ, ਹੁਕਮ ਹਾਕਮ ਇਕ ਸੁਣਾਈਆ । ਮੈਂ ਤੇਰਾ ਭੰਡਾਰਾ ਸਭ ਨੂੰ ਇਕੋ ਜੇਹਾ ਦੇਵਾਂ, ਦਵੈਤ ਵਿਚ ਨਾ ਕੋਇ ਰਖਾਈਆ । ਤੇਰਾ ਢੋਲਾ ਤੂੰ ਮੇਰਾ ਮੈਂ ਤੇਰਾ ਗਵਾਂ, ਗਾ ਗਾ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਦਾ ਸਦ ਤੇਰੀ ਧਾਰ ਤੇਰੇ ਵਿਚ ਰਹਵਾਂ, ਵੱਖਰਾ ਅੰਗ ਨਾ ਕੋਇ ਰਖਾਈਆ ।

✪ ੧੫ ਅੱਸੂ ਸ਼ਹਿਨਸ਼ਾਹੀ ਸੰਮਤ ੫ ਦੇਵੀ ਸਿੰਘ ਦੇ ਗ੍ਰਿਹ ਮਘੋਵਾਲੀ ਜੰਮੂ ✪

ਵਿਸ਼ਨੂੰ ਕਹੇ ਮੈਂ ਵਿਸ਼ਵ ਦੀ ਵੇਖੀ ਸੁਰਤੀ, ਲੱਖ ਚੁਰਾਸੀ ਅੰਤਰ ਨਿਰੰਤਰ ਧਿਆਨ ਲਗਾਈਆ । ਮਾਨਵ ਮਾਨੁਸ਼ ਮਾਨੁਖ ਦੀ ਵੇਖੀ ਨਿਰਤੀ, ਨਿਰਾਕਾਰ ਨਿਰੰਕਾਰ ਆਪਣੀ ਸੇਵ ਕਮਾਈਆ । ਕਿਸੇ ਮੇਲ ਨਾ ਦਿਸਿਆ ਅਕਾਲ ਮੂਰਤੀ, ਅਕਲ ਕਲਧਾਰੀ ਤੇਰੀ ਜੋਤ ਨਾ ਕੋਇ ਸਮਾਈਆ । ਸ਼ਬਦ ਨਾਦ ਸੁਣੇ ਨਾ ਕੋਇ ਤੂਰਤੀ, ਤੁਰੀਆ ਤੋਂ ਪਰੇ ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਦੁਨੀਆ ਵਣਜਾਰਨ ਹੋਈ ਗਾਂ ਸੂਰ ਦੀ, ਦੀਨ ਮਜ਼੍ਹਬ ਪਸ਼ੂਆਂ ਉਤੋਂ ਕਰੇ ਲੜਾਈਆ । ਤੇਰੀ ਜੋਤ ਨਜ਼ਰ ਨਾ ਆਏ ਅਗੰਮੀ ਨੂਰ ਦੀ, ਨੂਰ ਨੁਰਾਨੇ ਡਗਮਗਾਈਆ । ਕਾਇਨਾਤ ਕਲਪਨਾ ਭਰੀ ਕੂੜ ਦੀ, ਜੂਠ ਝੂਠ ਮੋਹ ਹੰਕਾਰ ਵਿਕਾਰ ਹਲਕਾਈਆ । ਕਿਸੇ ਖ਼ਬਰ ਨਹੀਂ ਤੇਰੇ ਅਗੰਮੀ ਸ਼ਬਦ ਦੂਤ ਦੀ, ਜੋ ਦੋ ਜਹਾਨਾਂ ਨੌਜਵਾਨਾ ਤੇਰਾ ਹੁਕਮ ਸੁਣਾਈਆ । ਸਾਰ ਆਈ ਨਾ ਸਾਰ ਸ਼ਬਦ ਸਪੂਤ ਦੀ, ਪਿਤਾ ਪੂਤ ਪੜਦਾ ਨਾ ਕੋਇ ਉਠਾਈਆ । ਹੁਣ ਘੜੀ ਆਈ ਕਲਜੁਗ ਅੰਤਮ ਕੂਚ ਦੀ, ਕੂਚਾ ਗਲੀ ਲੋਕਮਾਤ ਕਰ ਸਫ਼ਾਈਆ । ਮੰਜ਼ਲ ਦੱਸ ਦੇ ਆਪਣੇ ਸਚ ਸੂਚ ਦੀ, ਸੰਜਮ ਇਕੋ ਇਕ ਦ੍ਰਿੜਾਈਆ । ਕੂੜ ਵਾਸਨਾ ਮਨ ਕਲਪਨਾ ਰਹੇ ਨਾ ਮੂਰਖ ਮੁਗਧ ਦੂਤ ਦੀ, ਉੱਤਰ ਪੂਰਬ ਪੱਛਮ ਦੱਖਣ ਇਕੋ ਕਰ ਪੜ੍ਹਾਈਆ । ਤੇਰੀ ਨਾਮ ਸਦਾ ਆਵੇ ਇਕੋ ਚਾਰੋਂ ਕੂਟ ਦੀ, ਚਾਰ ਵਰਨ ਇਕੋ ਢੋਲਾ ਗਾਈਆ । ਹੰਗਤਾ ਰਹੇ ਨਾ ਦੀਨ ਮਜ਼੍ਹਬ ਦੂਜ ਦੀ, ਜ਼ਾਤ ਪਾਤ ਲੇਖ ਦੇਣਾ ਚੁਕਾਈਆ । ਕਲਪਨਾ ਮੇਟ ਕੇ ਨੀਚ ਊਚ ਦੀ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਘਰ ਵਸਾਈਆ । ਆਪਣੀ ਮੰਜ਼ਲ ਹੱਕ ਦੱਸ ਮਕਸੂਦ ਦੀ, ਰਹਿਬਰ ਹੋ ਕੇ ਨੂਰ ਖ਼ੁਦਾਈਆ । ਤੇਰੀ ਹੱਦ ਨਾ ਰਹੇ ਮਹਿਦੂਦ ਦੀ, ਵੰਡਨ ਵੰਡ ਨਾ ਕੋਇ ਵੰਡਾਈਆ । ਮੁਹੱਬਤ ਮਿਲੇ ਇਕੋ ਪਰਵਰਦਿਗਾਰ ਸਾਂਝੇ ਮਹਿਬੂਬ ਦੀ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਵਿਸ਼ਨੂੰ ਕਹੇ ਵੇਖ ਆਪਣੀ ਦੀਨ ਦੁਨੀ ਦਾ ਖਾਤਾ, ਜੋ ਖ਼ਤੋ ਕਿਤਾਬਤ ਨਾਲ ਗੁਰ ਅਵਤਾਰ ਪੈਗ਼ੰਬਰ ਗਏ ਜਣਾਈਆ । ਦੀਨ ਮਜ਼੍ਹਬਾਂ ਦਾ ਵੇਖ ਅਹਾਤਾ, ਜੋ ਤੇਰੇ ਨਾਮ ਦੀਆਂ ਵੰਡਾਂ ਰਹੇ ਪਾਈਆ । ਕਲਮੇ ਨਾਮ ਦਾ ਵੇਖ ਤਮਾਸ਼ਾ, ਜੋ ਅੱਲਾ ਵਾਹਿਗੁਰੂ ਰਾਮ ਕ੍ਰਿਸ਼ਨ ਓਮ ਗਾਡ ਤੇਰਾ ਨਾਦ ਵਜਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਆਤਮ ਪਰਮਾਤਮ ਤੇਰਾ ਦੇਵੇ ਕੋਈ ਨਾ ਸਾਥਾ, ਸਗਲਾ ਸੰਗ ਨਾ ਕੋਇ ਰਖਾਈਆ । ਸਾਰੀ ਸ੍ਰਿਸ਼ਟੀ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ ਇੱਟਾਂ ਪੱਥਰਾਂ ਟੇਕਦੇ ਮਾਥਾ, ਅਬਿਨਾਸ਼ੀ ਕਰਤੇ ਤੈਨੂੰ ਸੀਸ ਨਾ ਕੋਇ ਝੁਕਾਈਆ । ਤੂੰ ਹਰ ਘਟ ਅੰਦਰ ਵਸਿਆ ਨਿਰਗੁਣ ਨੂਰ ਜੋਤ ਪ੍ਰਕਾਸ਼ਾ, ਨਿਰਾਕਾਰ ਤੇਰਾ ਦਰਸ ਕੋਇ ਨਾ ਪਾਈਆ । ਰਸਨਾ ਜਿਹਵਾ ਬੱਤੀ ਦੰਦ ਅੱਖਰਾਂ ਵਾਲੀ ਸਾਰੇ ਪੜ੍ਹਦੇ ਗਾਥਾ, ਸਿਫ਼ਤਾਂ ਵਾਲੇ ਢੋਲੇ ਗਾਈਆ । ਤੇਰਾ ਨੂਰ ਜ਼ਹੂਰ ਕਿਸੇ ਨਾ ਜਾਤਾ, ਜੋਤੀ ਜਾਤੇ ਪੁਰਖ ਬਿਧਾਤੇ ਤੇਰਾ ਮੇਲ ਨਾ ਕੋਇ ਮਿਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਚਾਰੋਂ ਕੁੰਟ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚਮਕਾਈਆ । ਨਾਤਾ ਤੁਟਾ ਪਿਤਾ ਪੂਤ ਮਾਤਾ, ਭੈਣ ਭਾਈ ਸਾਕ ਸੱਜਣ ਸੈਣ ਸੰਗ ਨਾ ਕੋਇ ਰਖਾਈਆ । ਵਿਸ਼ਨੂੰ ਕਹੇ ਮੇਰੀ ਅੰਤ ਅਖ਼ੀਰ ਇਕ ਅਰਦਾਸਾ, ਨਿਰਮਾਣਤਾ ਵਿਚ ਸੀਸ ਨਿਵਾਈਆ । ਪੁਰਖ ਅਕਾਲ ਦੀਨ ਦਿਆਲ ਕਲਜੁਗ ਵਿਚ ਸਤਿਜੁਗ ਬਦਲ ਦੇ ਪਾਸਾ, ਮਾਰਗ ਅਗਲਾ ਇਕ ਉਪਜਾਈਆ । ਚਾਰ ਵਰਨ ਅਠਾਰਾਂ ਬਰਨ ਤੇਰਾ ਇਕੋ ਨਾਮ

ਗਾਵਣ ਸਵਾਸ ਸਵਾਸਾ, ਸਾਹ ਸਾਹ ਤੇਰੀ ਕਰਨ ਵਡਿਆਈਆ । ਮੇਰੀ ਪੂਰੀ ਕਰ ਦੇ ਮਨਸਾ ਆਸਾ, ਅਸਲ ਆਪਣਾ ਆਪ ਪਰਗਟਾਈਆ । ਹਉਂ ਸੇਵਕ ਜੁਗ ਚੌਕੜੀ ਦਾਸੀ ਦਾਸਾ, ਰਾਜ਼ਕ ਰਿਜ਼ਕ ਰਹੀਮ ਤੇਰੀ ਸੇਵ ਕਮਾਈਆ । ਆਦਿ ਅੰਤ ਤੇਰਾ ਇਕ ਭਰਵਾਸਾ, ਓਟ ਜੋਤ ਨਿਰਗੁਣ ਇਕ ਰਖਾਈਆ । ਅਗਲਾ ਭੇਵ ਖੋਲ੍ਹ ਦੇ ਨਾਲ ਖੁਲਾਸਾ, ਖ਼ਾਲਸ ਆਪਣਾ ਪੜਦਾ ਲਾਹੀਆ । ਵਿਸ਼ਨੂੰ ਕਹੇ ਤੂੰ ਸਾਹਿਬ ਸੁਲਤਾਨ ਪੁਰਖ ਸਮਰਾਥਾ, ਦੀਨ ਦਿਆਲ ਇਕ ਅਖਵਾਈਆ । ਹੋ ਸਹਾਈ ਨਾਥ ਅਨਾਥਾ, ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਮੰਡਲ ਮੰਡਪ ਸਾਰੇ ਸੀਸ ਨਿਵਾਈਆ ।

## ੧੫ ਅੱਸੂ ਸ਼ਹਿਨਸ਼ਾਹੀ ਸੰਮਤ ੫ ਲਕਸ਼ਮੀ ਦੇ ਗ੍ਰਿਹਿ ਪਿੰਡ ਸੀੜ

ਵਿਸ਼ਨੂੰ ਕਹੇ ਮੈਂ ਵਿਸ਼ਵ ਦਾ ਵੇਖਿਆ ਚੁੱਕ ਕੇ ਪੜਦਾ, ਭਗਵਨ ਤੇਰੀ ਓਟ ਤਕਾਈਆ । ਜਗਤ ਜਹਾਨ ਚਾਰੋਂ ਕੁੰਟ ਵੇਖਿਆ ਸੜਦਾ, ਤ੍ਰੈਗੁਣ ਅਗਨੀ ਤਤ ਨਾ ਕੋਇ ਬੁਝਾਈਆ । ਬੇਸ਼ਕ ਮਾਨਵ ਚਾਰ ਜੁਗ ਦੇ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਪੜ੍ਹਦਾ, ਖਾਣੀ ਬਾਣੀ ਅੱਖਰਾਂ ਵਿਚ ਤੇਰਾ ਸਿਫ਼ਤੀ ਢੋਲਾ ਗਾਈਆ । ਦਰੋਹੀ ਤੇਰੀ ਮੰਜ਼ਲ ਕੋਇ ਨਾ ਚੜ੍ਹਦਾ, ਦਰਗਾਹ ਸਾਚੀ ਸਚਖੰਡ ਦਵਾਰੇ ਮਿਲਣ ਕੋਇ ਨਾ ਆਈਆ । ਜੀਵਤ ਜੀਅ ਤੇਰੇ ਪ੍ਰੇਮ ਪਿਆਰ ਕੋਇ ਨਾ ਮਰਦਾ, ਮੁਰਦਾ ਮੁਰੀਦ ਮੁਰਸ਼ਦ ਵਿਚ ਨਾ ਕੋਇ ਸਮਾਈਆ । ਕਿਸੇ ਨੂੰ ਪਤਾ ਨਹੀਂ ਕਲਜੁਗ ਅੰਤਮ ਆਪਣੇ ਘਰ ਦਾ, ਸਾਧ ਸੰਤ ਸੂਫ਼ੀ ਫ਼ਕੀਰ ਬੇਨਜ਼ੀਰ ਨਜ਼ਰ ਕੋਇ ਨਾ ਆਈਆ । ਮੈਂ ਤੱਕਿਆ ਨਜ਼ਾਰਾ ਕਲਜੁਗ ਕਲ ਦਾ, ਕਲਕਾਤੀ ਆਪਣੀ ਕਾਰ ਕਮਾਈਆ । ਲੱਖ ਚੁਰਾਸੀ ਜੀਵ ਜੰਤ ਲੋਕਮਾਤ ਦਲ ਦਾ, ਦਲਿੱਦਰ ਸਭ ਦੇ ਉਤੇ ਪਾਈਆ । ਆਤਮ ਸਿੰਘਾਸਣ ਸਾਚੀ ਸੇਜਾ ਕੋਈ ਨਾ ਮੱਲ ਦਾ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਦਵਾਰਾ ਤੇਰਾ ਜਾਣੇ ਕੋਈ ਨਾ ਨਿਹਚਲ ਧਾਮ ਅਟਲ ਦਾ, ਪਦਵੀ ਪਦ ਨਾ ਕੋਇ ਰਖਾਈਆ । ਜਿਧਰ ਵੇਖਾਂ ਦੂਈ ਦਵੈਤੀ ਵਿਛੋੜਾ ਸਲ ਦਾ, ਦੀਨ ਮਜ੍ਹਬ ਜ਼ਾਤ ਪਾਤ ਕਰੇ ਲੜਾਈਆ । ਤੇਰਾ ਭਾਣਾ ਸੀਸ ਜਗਦੀਸ ਕੋਇ ਨਾ ਝਲਦਾ, ਗੁਰ ਗੋਬਿੰਦ ਦੇਵੇ ਅੰਤ ਗਵਾਹੀਆ । ਝਗੜਾ ਪਿਆ ਕਾਇਆ ਮਾਟੀ ਖੱਲ ਦਾ, ਆਤਮ ਬ੍ਰਹਮ ਨਾ ਕੋਇ ਸਮਝਾਈਆ । ਅੰਮ੍ਰਿਤ ਰਸ ਮਿਲੇ ਨਾ ਤੇਰੇ ਅਗੰਮੀ ਜਲ ਦਾ, ਅੱਠ ਸੱਠ ਤੀਰਥ ਕੰਮ ਕਿਸੇ ਨਾ ਆਈਆ । ਕਿਸੇ ਨੂੰ ਪਤਾ ਨਹੀਂ ਅੱਗੇ ਘੜੀ ਪਲ ਦਾ, ਪਲਕਾਂ ਦੇ ਪਿਛੇ ਕਿਥੇ ਬੈਠਾ ਮੇਰਾ ਮਾਹੀਆ । ਸਚ ਪ੍ਰਕਾਸ਼ ਤੇਰਾ ਦੀਪਕ ਜੋਤ ਵੇਖਿਆ ਦਿਸੇ ਨਾ ਬਲਦਾ, ਕਾਇਆ ਮਾਟੀ ਅੰਦਰ ਸਾਢੇ ਤਿੰਨ ਹੱਥ ਨਾ ਕੋਇ ਰੁਸ਼ਨਾਈਆ । ਚਾਰੋਂ ਕੁੰਟ ਕੂੜ ਕਲਪਣਾ ਸਭ ਨੂੰ ਛਲਦਾ, ਮਾਇਆ ਮਮਤਾ ਮੋਹ ਹੰਕਾਰ ਵਿਕਾਰ ਸਰਬ ਹਲਕਾਈਆ । ਤੇਰੀ ਆਤਮ ਧਾਰ ਨਾ ਕੋਈ ਰਲਦਾ, ਜੋਤੀ ਜੋਤ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਵਿਸ਼ਨੂੰ ਕਹੇ ਮੈਂ ਚਾਰੋਂ ਕੁੰਟ ਤੱਕਿਆ ਅੰਧ, ਅੰਧੇਰਾ ਦੀਨ ਦੁਨੀ ਨਜ਼ਰੀ ਆਈਆ । ਸਾਚਾ ਭਗਤ ਤੇਰਾ

ਦਿਸੇ ਕੋਇ ਨਾ ਚੰਦ, ਨੂਰੀ ਚੰਦ ਨਾ ਕੋਇ ਚਮਕਾਈਆ । ਆਤਮ ਬ੍ਰਹਮ ਮਾਣੇ ਨਾ ਕੋਇ ਅਨੰਦ, ਨਿਜਾਨੰਦ ਨਾ ਕੋਇ ਸਮਾਈਆ । ਕਲਜੁਗ ਜੀਵ ਕੂੜੀ ਕਿਰਿਆ ਫਸੇ ਵਿਚ ਗੰਦ, ਦੁਰਮਤ ਮੈਲ ਨਾ ਕੋਇ ਧਵਾਈਆ । ਆਵਣ ਜਾਵਣ ਕਿਸੇ ਨਾ ਮਿਟੇ ਪੰਧ, ਚੁਰਾਸੀ ਗੇੜ ਨਾ ਕੋਇ ਕਟਾਈਆ । ਜਗਤ ਆਤਮਾ ਬਿਨ ਪਰਮਾਤਮਾ ਹੋਈ ਰੰਡ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਗੁਰ ਅਵਤਾਰ ਪੈਗ਼ੰਬਰਾਂ ਮਾਨਵ ਜ਼ਾਤੀ ਕੀਤੀ ਖੰਡ ਖੰਡ, ਦੀਨਾਂ ਮਜ਼੍ਹਬਾਂ ਵਿਚ ਵੰਡ ਵੰਡਾਈਆ । ਸਦੀ ਚੌਧਵੀਂ ਹਿੰਦੂ ਮੁਸਲਿਮ ਸਿੱਖ ਈਸਾਈ ਸਾਰੇ ਪਾਉਂਦੇ ਡੰਡ, ਡੰਡਾਵਤ ਬੰਦਨਾ ਸੱਯਦਾ ਕਰਨ ਵਾਲਾ ਨਜ਼ਰ ਕੋਇ ਨਾ ਆਈਆ । ਤੇਰੀ ਮੰਜ਼ਲ ਮਹਿਬੂਬ ਹਕੀਕੀ ਕੋਈ ਨਾ ਜਾਵੇ ਲੰਘ, ਅਧਵਾਟੇ ਬੈਠੇ ਸਾਰੇ ਮਾਰਨ ਧਾਈਆ । ਤੂੰ ਸਾਹਿਬ ਸੁਲਤਾਨ ਬਖ਼ਸ਼ੰਦ, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਈਆ । ਕਿਰਪਾ ਨਿਧਾਨ ਠਾਕਰ ਸਵਾਮੀ ਜਨ ਭਗਤ ਸੁਹੇਲੇ ਆਪਣੇ ਰੰਗਣ ਰੰਗ, ਦੁਰਮਤ ਮੈਲ ਅੰਦਰ ਬਾਹਰ ਗੁਪਤ ਜ਼ਾਹਰ ਕਰ ਸਫ਼ਾਈਆ । ਮੇਰੀ ਅੰਤ ਅਖ਼ੀਰ ਬੇਨਜ਼ੀਰ ਵਿਸ਼ਨੂੰ ਕਹੇ ਇਹੋ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਸੂਰੇ ਸਰਬੰਗ, ਸਤਿ ਸਤਿਵਾਦੀ ਸ਼ਬਦ ਅਨਾਦੀ ਆਪਣਾ ਹੁਕਮ ਵਰਤਾਈਆ ।



## ੧੫ ਅੱਸੂ ਸ਼ਹਿਨਸ਼ਾਹੀ ਸੰਮਤ ੫ ਗੁਰਨਾਮ ਸਿੰਘ ਦੇ ਗ੍ਰਹਿ ਸੀੜ ਜੰਮੂ

੪੫ ੨੨

ਵਿਸ਼ਨੂੰ ਕਹੇ ਤੇਰੀ ਸ੍ਰਿਸ਼ਟੀ ਵੇਖੀ ਵਿਚ ਨਿੰਦਰਾ, ਆਲਸ ਗ਼ਫ਼ਲਤ ਵਿਚ ਸਮਾਈਆ । ਨਜ਼ਰ ਨੂਰ ਆਇਆ ਨਾ ਸਾਢੇ ਤਿੰਨ ਹੱਥ ਅੰਦਰ ਕਾਇਆ ਪਿੰਜਰਾ, ਜਲਵਾ ਜਲਵਾਗਰ ਨਾ ਕੋਇ ਚਮਕਾਈਆ । ਸਾਚੀ ਧਾਰ ਦਿਸੀ ਨਾ ਬਣ ਬਿੰਦਰਾ, ਕਾਹਨ ਗੋਪੀ ਰੰਗ ਨਾ ਕੋਇ ਰੰਗਾਈਆ । ਅੰਮ੍ਰਿਤ ਮੇਘ ਨਾ ਦਿਸਿਆ ਇੰਦਰਾ, ਇੰਦਰਾਸਣ ਸਿੰਘਾਸਣ ਸਾਰੇ ਰਹੇ ਕੁਰਲਾਈਆ । ਤਨ ਵਜੂਦ ਕਾਇਆ ਮਾਟੀ ਖੁਲ੍ਹਿਆ ਕਿਸੇ ਨਾ ਜਿੰਦਰਾ, ਬਜਰ ਕਪਾਟ ਪੜਦਾ ਨਾ ਕੋਇ ਉਠਾਈਆ । ਰਸਨਾ ਜਿਹਵਾ ਗਾਉਂਦੇ ਸੁਖਮਨ ਈੜਾ ਪਿੰਗਲਾ, ਤ੍ਰੈ ਤ੍ਰੈ ਤੇਰੀ ਵੰਡ ਵੰਡਾਈਆ । ਕਿਸੇ ਲੇਖਾ ਪਾਰ ਨਾ ਕੀਤਾ ਦਸ ਉਂਗਲਾਂ, ਪਾਂਧੀ ਪੰਧ ਨਾ ਕੋਇ ਮੁਕਾਈਆ । ਕਲਜੁਗ ਅੰਤਮ ਐ ਪ੍ਰਭੂ ਸਾਧਾਂ ਸੰਤਾਂ ਫ਼ਕੀਰਾਂ ਪਾਈਆਂ ਗੁੰਝਲਾਂ, ਗੰਢ ਸਕੇ ਨਾ ਕੋਇ ਖੁਲ੍ਹਾਈਆ । ਕਿਸੇ ਕੰਮ ਨਾ ਆਵਣ ਕੰਨ ਵਿਚ ਪਾਈਆਂ ਮੁੰਦਰਾਂ, ਸੀਸ ਖ਼ਾਕ ਧੂੜੀ ਜਗਤ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਵਿਸ਼ਨੂੰ ਕਹੇ ਤੇਰੀ ਦੀਨ ਦੁਨੀ ਵੇਖੀ ਜਗਤ ਉਦਾਸ, ਉਦਾਸੀ ਵੈਰਾਗੀ ਤਿਆਗੀ ਬੈਰਾਗੀ ਧੀਰ ਨਾ ਕੋਇ ਧਰਾਈਆ । ਜਗਤ ਜਗਿਆਸੂ ਕੋਈ ਨਾ ਰਿਹਾ ਜਾਗ, ਦਿਵਸ ਰੈਣ ਅੱਖ ਨਾ ਕੋਇ ਖੁਲ੍ਹਾਈਆ । ਮਾਨਵ ਬੁੱਧੀ ਹੰਸ ਹੋਈ ਕਾਗ, ਕਾਗ ਵਾਂਗ ਰਹੀ ਕੁਰਲਾਈਆ । ਤ੍ਰੈਗੁਣ ਮਾਇਆ ਬੁਝੀ ਕਿਸੇ ਨਾ ਆਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਘਰ ਸਵਾਮੀ ਅੰਤਰਜਾਮੀ ਜਗੇ ਨਾ ਕੋਇ ਚਿਰਾਗ਼, ਦੀਪਕ ਲੋਚਨ ਨੈਣ ਨਾ ਕੋਇ ਰੁਸ਼ਨਾਈਆ । ਸਾਚਾ ਮਾਲਕ ਖ਼ਾਲਕ ਬਣਿਆ ਨਾ ਕੰਤ ਸੁਹਾਗ, ਜਗਤ ਰੰਡੇਪਾ ਘਰ ਘਰ ਨਜ਼ਰੀ ਆਈਆ । ਰੂਹ ਬੁਤ ਹੋਏ ਕੋਈ ਨਾ ਪਾਕ, ਪਤਤ ਪੁਨੀਤ ਨਾ ਕੋਇ ਕਰਾਈਆ । ਤੇਰੀ ਚਰਨ ਧੂੜੀ ਮਸਤਕ

ਮਿਲੇ ਕੋਈ ਨਾ ਖ਼ਾਕ, ਖ਼ਾਕਸਾਰ ਹੋਈ ਲੋਕਾਈਆ । ਸਚ ਦਵਾਰ ਏਕੰਕਾਰ ਖੋਲ੍ਹੇ ਕੋਈ ਨਾ ਤਾਕ, ਪਰਦਾ ਅੰਤਰ ਨਾ ਕੋਇ ਉਠਾਈਆ । ਸਦੀ ਚੌਧਵੀਂ ਗੁਰ ਅਵਤਾਰ ਪੈਗ਼ੰਬਰਾਂ ਸਭ ਦਾ ਪੂਰਾ ਕਰ ਭਵਿਖਤ ਵਾਕ, ਵਾਹਵਾ ਤੇਰੇ ਨਾਮ ਦੀ ਇਕੋ ਵੱਜੇ ਵਧਾਈਆ । ਭਗਤ ਸੁਹੇਲੇ ਇਕ ਅਕੇਲੇ ਹੋਣਾ ਭਗਤਾਂ ਸਾਥ, ਸਗਲੇ ਸੰਗੀ ਬਹੁਰੰਗੀ ਆਪਣੀ ਕਾਰ ਕਮਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਸਭ ਤੇਰੀ ਗਾਵਣ ਗਾਥ, ਗਹਿਰ ਗੰਭੀਰ ਬੇਨਜ਼ੀਰ ਤੇਰਾ ਢੋਲਾ ਗਾਈਆ । ਸੀਸ ਜਗਦੀਸ ਝੁਕੇ ਮਾਥ, ਦੂਜਾ ਇਸ਼ਟ ਨਾ ਕੋਇ ਮਨਾਈਆ । ਬਿਨ ਤੇਰੀ ਕਿਰਪਾ ਕਿਸੇ ਕੁਛ ਨਾ ਆਵੇ ਹਾਥ, ਗੁਰ ਅਵਤਾਰ ਪੈਗ਼ੰਬਰ ਤੇਰੇ ਅੱਗੇ ਝੋਲੀਆਂ ਡਾਹੀਆ । ਸ਼ੰਕਰ ਸੀਸ ਨਿਵਾਵੇ ਬੈਠਾ ਉਪਰ ਕੈਲਾਸ਼, ਵਿਸ਼ਨੂੰ ਸਾਂਗੋ ਪਾਂਗ ਬਾਸ਼ਕ ਤਸ਼ਕਾ ਤੇਰਾ ਧਿਆਨ ਲਗਾਈਆ । ਬ੍ਰਹਮਾ ਬਿਰਹੋਂ ਵਾਲੇ ਵਿਚ ਵੈਰਾਗ, ਪਾਰਬ੍ਰਹਮ ਪ੍ਰਭ ਤੇਰਾ ਰਾਹ ਤਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਧਾਰ ਲਾ ਭਾਗ, ਭਗਵਨ ਆਪਣਾ ਰੂਪ ਬਦਲਾਈਆ । ਕੂੜ ਕਿਰਿਆ ਜਗਤ ਮੇਟ ਦਾਗ਼, ਦੁਰਗਤਾਂ ਦੁਰਮਤ ਮੈਲ ਧਵਾਈਆ । ਸਭ ਤੋਂ ਪਿਛੋਂ ਸਭ ਦੇ ਅਖ਼ੀਰ ਤੇ ਸਭ ਤੋਂ ਆਉਣਾ ਬਾਦ, ਵਿਵਾਦ ਰਹਿਣ ਕੋਇ ਨਾ ਪਾਈਆ । ਸਤਿਜੁਗ ਸਾਚਾ ਖੇੜਾ ਕਰ ਆਬਾਦ, ਅਬਾਦੀ ਭਗਤਾਂ ਨਾਲ ਵਧਾਈਆ । ਤੇਰੀ ਗੁਰਮੁਖ ਹਰਿਜਨ ਸੰਤ ਸੁਹੇਲੇ ਸੂਫ਼ੀ ਫ਼ਕੀਰ ਫੁਲਵਾੜੀ ਮਹਿਕੇ ਅਗੰਮੀ ਬਾਗ਼, ਬਾਗ਼ਵਾਨ ਹੋ ਕੇ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਕਰ ਬਰਬਾਦ, ਮਾਇਆ ਮਮਤਾ ਜੜ੍ਹ ਉਖੜਾਈਆ । ਤੁਧ ਬਿਨ ਦੂਜਾ ਸਾਜਣ ਸਕੇ ਕੋਇ ਨਾ ਸਾਜ, ਸੱਜਣ ਮੀਤ ਨਾ ਕੋਇ ਅਖਵਾਈਆ । ਅਵਤਾਰ ਪੈਗ਼ੰਬਰ ਗੁਰੂ ਭਵਿਖਤਾਂ ਵਿਚ ਸ਼ਬਦੀ ਮਾਰ ਕੇ ਗਏ ਆਵਾਜ਼, ਕਲਮਿਆਂ ਵਿਚ ਕਾਇਨਾਤ ਸੁਣਾਈਆ । ਸੋ ਸਾਹਿਬ ਸਤਿਗੁਰ ਸਭ ਦਾ ਬਦਲ ਦਏ ਸਮਾਜ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਇਕੋ ਤੇਰਾ ਨਾਮ ਢੋਲਾ ਗੀਤ ਕਲਮਾ ਆਵੇ ਆਵਾਜ਼, ਇਕੋ ਰਾਗ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਵ ਜ਼ਾਤੀ ਦੀਨਾਂ ਮਜ਼੍ਹਬਾਂ ਵਿਚੋਂ ਕਰ ਆਜ਼ਾਦ, ਆਤਮ ਬ੍ਰਹਮ ਪਾਰਬ੍ਰਹਮ ਪੜਦਾ ਦੇਣਾ ਉਠਾਈਆ ।

### ੧੫ ਅੱਸੂ ਸ਼ਹਿਨਸ਼ਾਹੀ ਸੰਮਤ ੫ ਕੇਸਰੀ ਦੇਵੀ ਦੇ ਗ੍ਰਿਹ ਰਾਣੀ ਬਾਗ਼ ਜੰਮੂ

ਵਿਸ਼ਨੂੰ ਕਹੇ ਮੈਂ ਦੋ ਜਹਾਨ ਵੇਖੀ ਤੇਰੀ ਗਲੀ, ਕੂਚਾ ਕੂਚਾ ਫੋਲ ਫੁਲਾਈਆ । ਪੈਗ਼ੰਬਰ ਨਜ਼ਰ ਨਾ ਆਵੇ ਕੋਈ ਵਲੀ, ਵਲੀਐਹਦ ਰੂਪ ਨਾ ਕੋਇ ਦਰਸਾਈਆ । ਧੁਰ ਦਾ ਨਾਅਰਾ ਸੁਣਿਆ ਕੋਇ ਨਾ ਅਲੀ, ਅੱਲਾ ਅਲਾਹ ਤੇਰੇ ਵਿਚ ਨਾ ਕੋਇ ਸਮਾਈਆ । ਜਾਂ ਵੇਖਿਆ ਮਕਬਰਿਆਂ ਉਤੇ ਦੀਵਿਆਂ ਵਿਚ ਪਾ ਕੇ ਤੇਲ ਦੀ ਪਲੀ, ਅਗਨੀ ਅੱਗ ਨਾਲ ਮਚਾਈਆ । ਤੇਰਾ ਖੇਲ ਵਲੀ ਛਲੀ, ਨਿਰਗੁਣ ਧਾਰ ਸਮਝ ਕਿਸੇ ਨਾ ਆਈਆ । ਕਲਜੁਗ ਅੰਤਮ ਸ੍ਰਿਸ਼ਟੀ ਕੂੜ ਵਿਕਾਰ ਵਿਚ ਦਲੀ, ਦਲਿਦ੍ਰੀਆਂ ਦਲਿਦ੍ਰ ਨਾ ਕੋਇ ਮਿਟਾਈਆ । ਅੰਮ੍ਰਿਤ ਰਸ ਮਿਲੇ ਕੋਈ ਨਾ ਫਲੀ, ਸਿੰਮਲ ਰੁੱਖ ਰਹੇ ਲਹਿਰਾਈਆ । ਤਾਕਤ ਰਹੀ ਨਾ ਅੱਠ ਸੱਠ ਜਲੀਂ, ਜਲ ਥਲ ਮਹੀਅਲ ਪਈ ਦੁਹਾਈਆ । ਤੇਰੇ ਨਾਮ ਦੀ ਮਹਿਕੀ ਕੋਈ ਨਾ ਕਲੀ, ਕਲਾਧਾਰੀ

ਤੇਰਾ ਕਲਮਾ ਕੋਇ ਨਾ ਗਾਈਆ । ਆਤਮ ਪਿਆਰ ਦੇਵੇ ਨਾ ਕੋਇ ਬਲੀ, ਬਲ ਬਾਵਨ ਰੂਪ ਨਾ ਕੋਇ ਵਟਾਈਆ । ਕੂੜ ਵਿਕਾਰਾ ਸ੍ਰਿਸ਼ਟੀ ਸੱਲੀ, ਸੱਲ ਸਕੇ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਾਹਿਬ ਸਤਿਗੁਰ ਤੇਰੀ ਵਡ ਵਡਿਆਈਆ । ਵਿਸ਼ਨੂੰ ਕਹੇ ਮੈਂ ਵੇਖੀ ਸ੍ਰਿਸ਼ਟੀ ਅੰਧੀ, ਅੰਧ ਅਗਿਆਨ ਨਾ ਕੋਇ ਗਵਾਈਆ । ਦੀਨਾਂ ਮਜ਼੍ਹਬਾਂ ਦੀ ਪਈ ਬੰਦੀ, ਬੰਦੀਖ਼ਾਨਾ ਨਾ ਕੋਇ ਤੁੜਾਈਆ । ਰਹਿਬਰ ਦੱਸ ਕੇ ਗਏ ਮਜ਼੍ਹਬਾਂ ਵਾਲੀ ਡੰਡੀ, ਤੇਰੀ ਡੰਡਾਵਤ ਇਕ ਨਾ ਕੋਇ ਜਣਾਈਆ । ਇਕ ਦੂਜੇ ਨਾਲੋਂ ਤੋੜ ਕੇ ਆਪਣੇ ਨਾਲ ਗਏ ਗੰਢੀ, ਨਾਤਾ ਦੁਨੀਆ ਵਿਚ ਰਖਾਈਆ । ਕਿਸੇ ਨੂੰ ਪੌਣ ਨਾ ਦਿਤੀ ਠੰਡੀ, ਅਗਨੀ ਅੱਗ ਨਾ ਕੋਇ ਬੁਝਾਈਆ । ਸੂਰਬੀਰ ਬਹਾਦਰ ਬਣ ਕੇ ਜੰਗੀ, ਜਗਤ ਜਲਾਦ ਰੂਪ ਕਸਾਈਆ । ਮਾਨਵ ਮਾਨਵ ਦੇ ਕੇ ਤੰਗੀ, ਤੰਗਦਸਤ ਕੀਤੀ ਲੋਕਾਈਆ । ਤੇਰਾ ਨਾਮ ਦੱਸ ਕੇ ਸਾਚਾ ਸੰਗੀ, ਸੰਗਲ ਸ਼ਰਅ ਵਾਲੇ ਪਾਈਆ । ਤੇਰੀ ਖੇਲ ਪ੍ਰਭੂ ਬਹੁਰੰਗੀ, ਚਾਰ ਜੁਗ ਸਮਝ ਕਿਸੇ ਨਾ ਆਈਆ । ਤੂੰ ਨਿਰਗੁਣ ਧਾਰ ਬੜਾ ਢੰਗੀ, ਆਪਣਾ ਭੇਵ ਨਾ ਕੋਇ ਖੁਲ੍ਹਾਈਆ । ਸਚ ਵਸਤ ਥੋੜ੍ਹੀ ਥੋੜ੍ਹੀ ਕਰ ਕੇ ਵੰਡੀ, ਨਾਮ ਕਲਮਿਆਂ ਵਿਚ ਰਖਾਈਆ । ਕਲਜੁਗ ਅੰਤਮ ਦੇਵੇ ਨਾ ਕੋਇ ਸਾਚਾ ਅਨੰਦੀ, ਅੰਤਰ ਰਸ ਨਾ ਕੋਇ ਚਖਾਈਆ । ਧੁਰ ਦੀ ਵਸਤ ਮਿਲੇ ਨਾ ਮੰਗੀ, ਮਾਂਗਤ ਬੈਠੇ ਮਾਰਨ ਧਾਈਆ । ਸਦੀ ਚੌਧਵੀਂ ਜਾਂਦੀ ਲੰਘੀ, ਹਜ਼ਰਤ ਮੂਸਾ ਈਸਾ ਮੁਹੰਮਦ ਬੈਠੇ ਰਾਹ ਤਕਾਈਆ । ਗ਼ਮੀ ਗ਼ਮਖਾਰ ਮੇਟ ਰੰਜੀ, ਰੰਜ਼ਸ਼ ਦੀਨ ਦੁਨੀ ਰਹੇ ਨਾ ਰਾਈਆ । ਤੇਰੀ ਧਾਰ ਨਿਰੰਕਾਰ ਇਕੋ ਲੱਗੇ ਸਭ ਨੂੰ ਚੰਗੀ, ਚਾਰ ਜੁਗ ਦਾ ਲੇਖਾ ਦਏ ਮੁਕਾਈਆ । ਮਨ ਕਲਪਨਾ ਨਾ ਰਹੇ ਕੋਇ ਫ਼ਰੰਗੀ, ਦੂਤੀਆ ਭਾਓ ਨਾ ਕੋਇ ਵਖਾਈਆ । ਲਹਿਣਾ ਦੇਣਾ ਚੁਕਾ ਵਿਚ ਵਰਭੰਡੀ, ਬ੍ਰਹਿਮੰਡ ਮਿਲੇ ਵਡਿਆਈਆ । ਤੂੰ ਮੇਰਾ ਮੈਂ ਤੇਰਾ ਸੋਹੰ ਸਭ ਨੂੰ ਦੱਸ ਛੰਦੀ, ਸ਼ਹਿਨਸ਼ਾਹ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਆਤਮ ਸੇਜ ਸੁਹਾਏ ਇਕ ਪਲੰਘੀ, ਪਾਰਬ੍ਰਹਮ ਬ੍ਰਹਮ ਦਰ ਬੈਠਾ ਸੋਭਾ ਪਾਈਆ ।

## ✪ ੧੫ ਅੱਸੂ ਸ਼ਹਿਨਸ਼ਾਹੀ ਸੰਮਤ ੫ ਚੇਲਾ ਸਿੰਘ ਦੇ ਗ੍ਰਿਹ ਜੰਮੂ ✪

ਵਿਸ਼ਨੂੰ ਕਹੇ ਮੇਰੇ ਅੰਤਰ ਆਈ ਹੈਰਾਨੀ, ਹੈਰਤ ਵਿਚ ਹਰਿਜੂ ਦਿਆਂ ਦ੍ਰਿੜਾਈਆ । ਮੈਂ ਨੌਂ ਖੰਡ ਪ੍ਰਿਥਮੀ ਜਿਸਮ ਜ਼ਮੀਰ ਤੱਕਿਆ ਇਨਸਾਨੀ, ਤਤਵ ਤਤ ਖੋਜ ਖੁਜਾਈਆ । ਗੁਰ ਅਵਤਾਰ ਪੈਗ਼ੰਬਰਾਂ ਦੀ ਵੇਖੀ ਨਿਸ਼ਾਨੀ, ਚਾਰ ਕੁੰਟ ਦਹਿ ਦਿਸ਼ਾ ਧਿਆਨ ਲਗਾਈਆ । ਦੀਨਾਂ ਮਜ਼੍ਹਬਾਂ ਦੀ ਵੇਖੀ ਤੁਗ਼ਿਆਨੀ, ਜੋ ਦਿਵਸ ਰੈਣ ਰਹੀ ਰੁੜ੍ਹਾਈਆ । ਸ਼ਰਅ ਸ਼ਰੀਅਤ ਵੇਖੀ ਸ਼ੈਤਾਨੀ, ਛੁਰੀ ਕਰਦ ਹੱਥ ਉਠਾਈਆ । ਮਨ ਮਨਸਾ ਵੇਖੀ ਅਭਿਮਾਨੀ, ਹੰਕਾਰ ਗੜ੍ਹ ਨਾ ਕੋਇ ਤੁੜਾਈਆ । ਸ਼ਾਸਤਰ ਪੁਰਾਨਾਂ ਵੇਖੀ ਵਿਦਵਾਨੀ, ਵਿਦਿਆ ਵਿਚ ਵਿਦਤ ਨਾ ਕੋਇ ਵਖਾਈਆ । ਅੱਖਰਾਂ ਵਾਲੀ ਵੇਖੀ ਬਾਣੀ, ਬਾਣ ਅਣਿਆਲਾ ਤੀਰ ਨਾ ਕੋਇ ਚਲਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਵੇਖਿਆ ਵਹਿੰਦਾ ਪਾਣੀ, ਅੱਠ ਸੱਠ ਫੋਲਿਆ ਥਾਉਂ ਥਾਈਆ । ਅਲਿਫ਼ ਯੇ ਦਾ ਲੇਖਾ ਵੇਖਿਆ ਅੰਜੀਲ ਕੁਰਾਨੀ, ਹਕੀਕਤ ਹੱਕ ਨਾ ਕੋਇ ਸਮਝਾਈਆ । ਨੌਂ ਖੰਡ ਪ੍ਰਿਥਮੀ ਦਿਸੀ ਜੂਹ ਬੇਗਾਨੀ,

ਸੱਤ ਦੀਪ ਸਤਿ ਧਾਰ ਨਾ ਕੋਇ ਸਮਾਈਆ । ਪੁਰਖ ਅਕਾਲੇ ਦੀਨ ਦਿਆਲੇ ਚਾਰੋਂ ਕੁੰਟ ਦਿਸੇ ਹਾਨੀ, ਸੀਸ ਸਕੇ ਨਾ ਕੋਇ ਉਠਾਈਆ । ਕਿਸ ਲੇਖੇ ਲੱਗੀ ਗੋਬਿੰਦ ਦੀ ਕੁਰਬਾਨੀ, ਕਰਬਲਾ ਮੁਹੰਮਦ ਦਏ ਗਵਾਹੀਆ । ਮੂਸਾ ਬਿਨ ਸਲੀਵ ਹੋਇਆ ਫ਼ਾਨੀ, ਈਸਾ ਫਾਸੀ ਗਲ ਲਟਕਾਈਆ । ਤੇਰਾ ਲੇਖ ਵੇਖ ਦੋ ਜਹਾਨੀ, ਜ਼ਾਹਰ ਜ਼ਹੂਰ ਦਿਆਂ ਦੁਹਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਗ੍ਰਿਹ ਗ੍ਰਿਹ ਅੰਦਰ ਹੋਈ ਬੇਈਮਾਨੀ, ਬੇਵਾ ਰੂਪ ਤੇਰੀ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਆਪਣਾ ਭੇਵ ਖੁਲ੍ਹਾਈਆ । ਵਿਸ਼ਨੂੰ ਕਹੇ ਪ੍ਰਭ ਵੇਖ ਆਪਣੀ ਦੀਨ ਦੁਨੀ ਦੀ ਧਾਰ, ਨਿਰਗੁਣ ਸਰਗੁਣ ਖੋਜ ਖੁਜਾਈਆ । ਕੀ ਕਰ ਕੇ ਗਏ ਗੁਰ ਅਵਤਾਰ, ਪੈਗ਼ੰਬਰ ਫੇਰਾ ਪਾਈਆ । ਮਜ਼੍ਹਬਾਂ ਵਿਚ ਵੰਡ ਦਿਤਾ ਸੰਸਾਰ, ਦੀਨਾਂ ਵਿਚ ਦੀਨ ਦੁਨੀ ਰਖਾਈਆ । ਤੇਰਾ ਨਾਮ ਕਲਮਾ ਖੜਗ ਖੰਡਾ ਬਣਾ ਤਲਵਾਰ, ਜੀਵ ਨਿਮਾਣਿਆਂ ਉਤੇ ਗਏ ਚਲਾਈਆ । ਅੱਲਾ ਵਾਹਿਗੁਰੂ ਰਾਮ ਬੋਲ ਜੈਕਾਰ, ਸ੍ਰਿਸ਼ਟੀ ਦ੍ਰਿਸ਼ਟੀ ਦਿਤੀ ਬਦਲਾਈਆ । ਤੇਰਾ ਏਕਾ ਮਾਰਗ ਕਿਸੇ ਦੱਸਿਆ ਨਾ ਅਗੰਮ ਅਪਾਰ, ਅਲਖ ਅਗੋਚਰ ਤੇਰਾ ਜੋੜ ਨਾ ਕੋਇ ਜੁੜਾਈਆ । ਚਾਰੋਂ ਕੁੰਟ ਵੇਖ ਹਾਹਾਕਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਵਾਨ ਮਹਿਬੂਬ ਆਪਣਾ ਰੰਗ ਰੰਗਾਈਆ । ਵਿਸ਼ਨੂੰ ਕਹੇ ਤੇਰੀਆਂ ਜੁਗ ਜੁਗ ਵੇਖੀਆਂ ਵੰਡਾਂ, ਨਿਰਗੁਣ ਸਰਗੁਣ ਆਪ ਵੰਡਾਈਆ । ਨਿਗਾਹ ਮਾਰ ਵਿਚ ਨੌਂ ਖੰਡਾਂ, ਨਵ ਨੌਂ ਆਪਣਾ ਪੜਦਾ ਲਾਹੀਆ । ਧਰਮ ਦੀ ਧਾਰ ਵਿਚ ਦਿਸੇ ਕੋਇ ਨਾ ਬੰਦਾ, ਤੇਰੀ ਬੰਦਗੀ ਵਿਚ ਨਾ ਕੋਇ ਸਮਾਈਆ । ਆਤਮ ਮਿਲੇ ਨਾ ਕਿਸੇ ਪਰਮਾਨੰਦਾ, ਨਿਜਾਨੰਦ ਨਾ ਕੋਇ ਸਮਾਈਆ । ਦੀਨ ਮਜ਼੍ਹਬ ਰਿਹਾ ਕੋਇ ਨਾ ਚੰਗਾ, ਚਾਰ ਵਰਨ ਕਰੇ ਲੜਾਈਆ । ਗੁਰ ਅਵਤਾਰ ਪੈਗ਼ੰਬਰ ਪਾਇਆ ਲੋਕਮਾਤ ਵਿਚ ਦੰਗਾ, ਦਗ਼ੇ ਫ਼ਰੇਬੀ ਵਿਚ ਤੇਰਾ ਨਾਮ ਵਡਿਆਈਆ । ਅੰਤਮ ਸਭ ਨੇ ਇਕੋ ਦੱਸਿਆ ਕੰਢਾ, ਕਲਜੁਗ ਅੰਤਮ ਕਲ ਕਲਕੀ ਵੇਸ ਵਟਾਈਆ । ਤੂੰ ਕਿਰਪਾ ਨਿਧਾਨ ਠਾਕਰ ਸਵਾਮੀ ਨਿਗਾਹ ਮਾਰ ਵਿਚ ਬ੍ਰਹਿਮੰਡਾ, ਪੁਰੀਆਂ ਲੋਆਂ ਤੋਂ ਬਾਹਰ ਪੜਦਾ ਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਖ਼ਲਕ ਦੇ ਖ਼ਾਲਕ ਮਖ਼ਲੂਕ ਤੇਰੀ ਵਡਿਆਈਆ । ਵਿਸ਼ਨੂੰ ਕਹੇ ਮੈਂ ਦੱਸਾਂ ਕੀ ਹਾਲਤ, ਹਾਲਾਂਕਿ ਗੁਰ ਅਵਤਾਰ ਪੈਗ਼ੰਬਰ ਭੱਜਣ ਥਾਉਂ ਥਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੜੀ ਜਹਾਲਤ, ਚਾਰ ਕੁੰਟ ਦਹਿ ਦਿਸ਼ਾ ਪਵਿੱਤਰ ਪਾਕ ਨਾ ਕੋਇ ਕਰਾਈਆ । ਚਾਰ ਜੁਗ ਤੇਰੀ ਸਾਚੀ ਸਮਝੀ ਨਾ ਕਿਸੇ ਇਬਾਦਤ, ਅੱਖਰਾਂ ਵਿਚ ਤੇਰਾ ਨਾਮ ਵੰਡ ਕੇ ਵੰਡੀਆਂ ਮਾਨਵ ਵਾਲੀਆਂ ਪਾਈਆ । ਪੁਰਖ ਅਕਾਲੇ ਦੀਨ ਦਿਆਲੇ ਕਲਜੁਗ ਅੰਤ ਸ੍ਰੀ ਭਗਵੰਤ ਲੱਖ ਚੁਰਾਸੀ ਜੀਵ ਜੰਤ ਬਦਲ ਦੇ ਆਦਤ, ਅਦਲ ਇਨਸਾਫ਼ ਆਪਣਾ ਇਕ ਕਮਾਈਆ । ਤੇਰਾ ਲਹਿਣਾ ਦੇਣਾ ਗੁਰ ਅਵਤਾਰ ਪੈਗ਼ੰਬਰਾਂ ਦੱਸਿਆ ਵਿਚ ਭਾਰਤ, ਭੇਵ ਭਾਉ ਆਪਣਾ ਦੇਣਾ ਖੁਲ੍ਹਾਈਆ । ਸ਼ਰਅ ਸ਼ਰੀਅਤ ਦੀਨ ਮਜ਼੍ਹਬ ਕਰੇ ਨਾ ਕੋਇ ਸ਼ਰਾਰਤ, ਸ਼ਾਇਦ ਦਾ ਲੇਖਾ ਦੇਣਾ ਚੁਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਤੇਰੀ ਇਕੋ ਧਾਰ ਹੋਵੇ ਰਫ਼ਾਕਤ, ਰਫ਼ੀਕ ਤੌਫ਼ੀਕ ਆਪਣੀ ਦੇਣੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰਾ ਇਕੋ ਇਕ ਪਰਗਟਾਈਆ । ਵਿਸ਼ਨੂੰ ਕਹੇ ਤੇਰੇ ਨਾਮ ਦਾ ਪ੍ਰਭੂ ਵੇਖਿਆ ਰੌਲਾ, ਅੱਲਾ ਵਾਹਿਗੁਰੂ ਰਾਮ ਓਮ ਪਈ ਲੜਾਈਆ ।


੪੮ ੨੨

ਕੋਈ ਪਾਰਬ੍ਰਹਮ ਕਹੇ ਕੋਈ ਕਹੇ ਮੌਲਾ, ਡੰਡਾਵਤ ਬੰਦਨਾ ਸੱਯਦਿਆਂ ਵਿਚ ਵੱਖ ਵੱਖ ਸੀਸ ਝੁਕਾਈਆ । ਕੋਈ ਕਹੇ ਮੁਕੰਦ ਮਨੋਹਰ ਲਖਮੀ ਨਰਾਇਣ ਸੁੰਦਰ ਸਾਵਲ ਸੌਲਾ, ਘਨ੍ਹਈਆ ਨਈਆ ਇਕ ਚਲਾਈਆ । ਰਾਮ ਰੂਪ ਸਤਿ ਸਰੂਪ ਸੀਤਾ ਸੁਰਤੀ ਮਾਣ ਦੇਵੇ ਉਪਰ ਧੌਲਾ, ਧਰਨੀ ਧਰਤ ਵੱਜਦੀ ਰਹੇ ਵਧਾਈਆ । ਕੋਈ ਕਹੇ ਆਦਿ ਜੁਗਾਦਿ ਨੂਰ ਅਲਾਹੀ ਆਲਮੀਨ ਅੱਵਲਾ, ਯਾਮੁਬੀਨ ਮਿਹਰਵਾਨ ਮਹਿਬੂਬ ਮਹਿਬਾਨ ਬੀਦੋ ਬੀਖ਼ੈਰੀ ਯਾ ਅੱਲਾਹ ਤੇਰੀ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਘਰ ਸਾਚਾ ਇਕੋ ਇਕ ਵਖਾਈਆ । ਵਿਸ਼ਨੂੰ ਕਹੇ ਤੇਰੇ ਨਾਮ ਦੀ ਵੇਖੀ ਸ਼ਰਾਰਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਜੁਗ ਵੰਡ ਕਰਾਈਆ । ਤੇਰੀ ਅੱਖਰਾਂ ਵਾਲੀ ਵੇਖੀ ਅਬਾਦਤ, ਸਿਫ਼ਤਾਂ ਵਿਚ ਤੇਰਾ ਨਾਮ ਗੁਰ ਅਵਤਾਰ ਪੈਗ਼ੰਬਰ ਗਏ ਗਾਈਆ । ਤੇਰੀ ਮਹਿੰਮਾ ਨਾਲ ਕਰਦੇ ਗਏ ਸਫ਼ਾਰਸ਼, ਸਫੇ ਸਫ਼ਿਆਂ ਨਾਲ ਉਲਟਾਈਆ । ਤੇਰਾ ਭੇਵ ਕਿਸੇ ਨਾ ਪਾਇਆ ਚਾਰ ਜੁਗ ਦੇ ਆਰਫ਼, ਹਰੂਫ਼ਾਂ ਵਿਚ ਪਰੂਫ਼ ਦੇ ਕੇ ਪੜਦਾ ਸਕਿਆ ਨਾ ਕੋਇ ਖੁਲ੍ਹਾਈਆ । ਵਿਸ਼ਨੂੰ ਕਹੇ ਮਿਹਰਵਾਨ ਮਹਿਬੂਬ ਆਪ ਆਪਣਾ ਆਤਮ ਪਰਮਾਤਮ ਕਰ ਤੁਆਰਫ, ਪੜਦਾਨਸ਼ੀਂ ਪੜਦਾ ਦੇਣਾ ਉਠਾਈਆ । ਚਾਰ ਜੁਗ ਦੀ ਪਿਛਲੀ ਬਦਲ ਦੇ ਆਦਤ, ਅਦਲ ਇਨਸਾਫ਼ ਆਪਣਾ ਇਕ ਰਖਾਈਆ । ਸਚ ਦਵਾਰ ਤੇਰੀ ਇਕ ਸਦਾਕਤ, ਸਦਾ ਸਦ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਿਸ਼ਵ ਦਾ ਲੇਖਾ ਦੇਣਾ ਸਮਝਾਈਆ । ਵਿਸ਼ਨੂੰ ਕਹੇ ਮੈਂ ਦੀਨ ਦੁਨੀ ਨੂੰ ਤੱਕਿਆ, ਤੱਕਿਆ ਤੇਰਾ ਨੂਰ ਅਲਾਹ । ਮੈਂ ਖੇਲ ਵੇਖਿਆ ਮਦੀਨਾ ਮੱਕਿਆ, ਜਿਥੇ ਪਰਵਰਦਿਗਾਰ ਬਣਿਉਂ ਖ਼ੁਦਾ । ਨਬੀ ਰਸੂਲਾਂ ਨਾਤਾ ਵੇਖਿਆ ਸਕਿਆ, ਸਾਜਣ ਮੀਤ ਜਿਥੇ ਮੁਰਾਰ ਬਣਿਉਂ ਮਲਾਹ । ਸਦੀ ਚੌਧਵੀਂ ਚਾਰ ਕੁੰਟ ਕੂੜ ਕੁੜਿਆਰਾ ਅੰਗਿਆਰਾ ਮੱਚਿਆ, ਅਗਨੀ ਅੱਗ ਸਕੇ ਨਾ ਕੋਇ ਬੁਝਾ । ਮੁਹੰਮਦ ਚਾਰ ਯਾਰੀ ਨਾਲ ਫਿਰੇ ਨੱਠਿਆ, ਉੱਤਰ ਪੂਰਬ ਪੱਛਮ ਦੱਖਣ ਪੰਧ ਮੁਕਾ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਅਮਾਮ ਅਮਾਮਾ ਖੇਲ ਆਪਣਾ ਇਕੋ ਦੱਸਿਆ, ਦਹਿ ਦਿਸ਼ਾ ਦਏ ਉਲਟਾ । ਜਗਤ ਖੇੜਾ ਕਰਨਾ ਭੱਠਿਆ, ਅੱਗੇ ਹੋ ਸਕੇ ਨਾ ਕੋਇ ਬਚਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾ । ਵਿਸ਼ਨੂੰ ਕਹੇ ਮੈਂ ਵੇਖੇ ਪੈਗ਼ੰਬਰ ਰਸੂਲ, ਕਲਮਿਆਂ ਵਿਚ ਧਿਆਨ ਲਗਾਈਆ । ਕਾਇਨਾਤ ਦਾ ਤੱਕਿਆ ਅਸੂਲ, ਅਸਲ ਪੜਦਾ ਇਕ ਚੁਕਾਈਆ । ਸਚ ਵਸਤ ਕਿਤੋਂ ਨਾ ਹੋਏ ਵਸੂਲ, ਵਸਲ ਯਾਰ ਨਾ ਕੋਇ ਕਰਾਈਆ । ਮੁਲਾ ਸ਼ੇਖ਼ ਮੁਸਾਇਕ ਤੇਰਾ ਰਸਤਾ ਗਏ ਭੁਲ, ਰਹਿਬਰ ਮਿਲਣ ਕੋਇ ਨਾ ਪਾਈਆ । ਕਦਮ ਬੋਸੀ ਚਰਨ ਕਵਲ ਮਸਤਕ ਲਾਏ ਕੋਇ ਨਾ ਧੂਲ, ਟਿੱਕਾ ਖ਼ਾਕ ਨਾ ਕੋਇ ਰਮਾਈਆ । ਕਿਸੇ ਨਜ਼ਰ ਨਾ ਆਏ ਕੰਤ ਕੰਤੂਹਲ, ਮਾਲਕ ਖ਼ਾਲਕ ਆਪਣਾ ਨੂਰ ਕਰ ਰੁਸ਼ਨਾਈਆ । ਸਾਚਾ ਹੁਕਮ ਦੱਸ ਮਾਕੂਲ, ਮੁਕੰਮਲ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਾਹ ਸਾਚੀ ਆਪਣੀ ਕਾਰ ਕਮਾਈਆ । ਵਿਸ਼ਨੂੰ ਕਹੇ ਮੈਂ ਵੇਖੇ ਪੈਗ਼ੰਬਰ ਨਬੀ, ਨਬੀ ਨੂਹ ਧਿਆਨ ਲਗਾਈਆ । ਤੇਰਾ ਰਾਹ ਤਕਣ ਸਭੀ, ਬਿਨ ਨੇਤਰ ਨੈਣ ਅੱਖ ਉਠਾਈਆ । ਲਹਿਣਾ ਮੁਕਣਾ ਚੌਧਵੀਂ ਸਦੀ, ਸਦਮੇ ਵਿਚ ਸਾਰੇ ਦੇਣ ਦੁਹਾਈਆ । ਜਿਸ ਉਮਤ ਦੀ ਮੇਟਣੀ ਬਦੀ, ਬਦੀਆਂ ਦਾ ਲੇਖਾ ਦਏ ਚੁਕਾਈਆ । ਪਿਛਲੀ ਕੀਤੀ ਕਰਨੀ ਰੱਦੀ, ਅੱਗੇ ਆਪਣਾ ਹੁਕਮ ਦ੍ਰਿੜਾਈਆ । ਇਹ

ਖੇਲ ਹੁੰਦਾ ਨੌ ਸੌ ਚੁਰਾਨਵੇ ਚੌਕੜੀ ਬਾਦ ਕਦੀ ਕਦੀ, ਕਦੀਮ ਦੇ ਮਾਲਕ ਕੁਦਰਤ ਦੇ ਕਾਦਰ ਬੇਪਰਵਾਹ ਆਪਣੀ ਕਾਰ ਕਮਾਈਆ । ਚਾਰ ਕੁੰਟ ਦਹਿ ਦਿਸ਼ਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖ ਅੱਗ ਲੱਗੀ, ਆਬੇਹਯਾਤ ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਆਦਿ ਜੁਗਾਦਿ ਜੁਗ ਚੌਕੜੀ ਧਰਮ ਦੀ ਧਾਰ ਮਧੀ, ਮਾਧਵ ਆਪਣਾ ਪੜਦਾ ਦੇਣਾ ਚੁਕਾਈਆ ।

### ✪ ੧੯ ਅੱਸੂ ਸ਼ਹਿਨਸ਼ਾਹੀ ਸੰਮਤ ੫ ਪ੍ਰਕਾਸ਼ ਚੰਦ ਦੇ ਗ੍ਰਿਹਿ ਜੰਮੂ ਸ਼ਹਿਰ ✪

ਵਿਸ਼ਨੂੰ ਕਹੇ ਮੈਂ ਤਕੇ ਭਗਤ ਸੁਹੇਲੇ ਮੀਤ, ਜੋ ਮਿੱਤਰ ਪਿਆਰਾ ਇਕ ਬਣਾਈਆ । ਤੂੰ ਮੇਰਾ ਮੈਂ ਤੇਰਾ ਗਾ ਕੇ ਗੀਤ, ਜੀਵਣ ਜ਼ਿੰਦਗੀ ਗਏ ਬਦਲਾਈਆ । ਨਾਮ ਵਿਚੋਲਾ ਰੱਖ ਕੇ ਬੀਚ, ਆਤਮ ਪਰਮਾਤਮ ਜੋੜ ਜੁੜਾਈਆ । ਨਾਤਾ ਤੋੜ ਕੇ ਮੰਦਰ ਮਸੀਤ, ਕਾਇਆ ਕਾਅਬਾ ਵੇਖ ਵਖਾਈਆ । ਕਲਜੁਗ ਕੂੜੀ ਛਡ ਕੇ ਰੀਤ, ਸਤਿਜੁਗ ਸਾਚਾ ਇਕ ਅਪਣਾਈਆ । ਪੁਰਖ ਅਕਾਲ ਵਸਾ ਕੇ ਚੀਤ, ਮਨ ਠਗੌਰੀ ਦਿਤੀ ਗਵਾਈਆ । ਆਪਣੀ ਪਵਿਤਰ ਕਰ ਕੇ ਨੀਤ, ਨੀਤੀ ਧੁਰ ਦੀ ਲਈ ਮਨਾਈਆ । ਕਾਇਆ ਹੋਈ ਠੰਡੀ ਸੀਤ, ਅਗਨੀ ਤਤ ਨਾ ਕੋਇ ਜਲਾਈਆ । ਮੇਰੀ ਖ਼ੁਸ਼ੀ ਵਿਚ ਨਿਕਲੀ ਚੀਕ, ਉਚੀ ਕੂਕ ਦਿਤਾ ਸੁਣਾਈਆ । ਬਿਨਾ ਭਗਤਾਂ ਤੋਂ ਪ੍ਰਭੂ ਦੇ ਵਸਿਆ ਨਾ ਕੋਇ ਨਜ਼ਦੀਕ, ਦੀਨ ਦੁਨੀ ਦੂਰ ਦੁਰਾਡਾ ਡੇਰਾ ਲਾਈਆ । ਦੀਨ ਮਜ਼੍ਹਬ ਇਕ ਦੂਜੇ ਦਾ ਦਿਸਿਆ ਸ਼ਰੀਕ, ਸ਼ਰਅ ਵਿਚ ਕਰੇ ਲੜਾਈਆ । ਹੱਕ ਰੱਖੇ ਨਾ ਕੋਇ ਤੌਫ਼ੀਕ, ਤੋਬਾ ਤੋਬਾ ਵਿਚ ਦੁਹਾਈਆ । ਨਿਗਾਹ ਆਈ ਈਸਾ ਵਾਲੀ ਸਲੀਬ, ਅੰਤ ਅਖ਼ੀਰੀ ਸੋਭਾ ਪਾਈਆ । ਸੋ ਸਭ ਦਾ ਵਕਤ ਆਇਆ ਕਰੀਬ, ਕਰਬਲੇ ਵਾਲਾ ਦਏ ਗਵਾਹੀਆ । ਲਹਿਣਾ ਮੁਕਾਵੇ ਅਮੀਰ ਗ਼ਰੀਬ, ਦੀਨਾਂ ਅਨਾਥਾਂ ਦਇਆ ਕਮਾਈਆ । ਤੇਰਾ ਖੇਲ ਹੋਵੇ ਅਜੀਬ, ਅਜਬ ਨਿਰਾਲੇ ਦੇਣਾ ਦ੍ਰਿੜਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਦੇ ਤਰਤੀਬ, ਤਰਾ ਤਰਾ ਆਪ ਸਮਝਾਈਆ । ਤੇਰੇ ਉਪਰ ਅੰਤ ਉਮੀਦ, ਆਸਾ ਗੁਰ ਅਵਤਾਰ ਪੈਗ਼ੰਬਰ ਬੈਠੇ ਲਾਈਆ । ਤੇਰੇ ਨਾਮ ਕਲਮੇ ਦੀ ਇਕੋ ਹੋਵੇ ਤਮਹੀਦ, ਸਿਫ਼ਤਾਂ ਵਿਚ ਸਾਰੇ ਢੋਲੇ ਗਾਈਆ । ਸਭ ਦੀ ਪੂਰੀ ਕਰ ਵਸੀਅਤ, ਵਸਲ ਯਾਰ ਦੇ ਖ਼ੁਦਾਈਆ । ਤੁਧ ਬਿਨ ਬਖ਼ਸ਼ੇ ਨਾ ਕੋਇ ਅਸਲੀਅਤ, ਸਚ ਸੁਚ ਨਾ ਕੋਇ ਜਣਾਈਆ । ਕਾਇਨਾਤ ਦੀ ਬਦਲ ਤਬੀਅਤ, ਤਬਾ ਤਬੀਅਤ ਵੇਖ ਵਖਾਈਆ । ਦੋ ਜਹਾਨ ਬ੍ਰਹਿਮੰਡ ਖੰਡ ਤੇਰੀ ਮਲਕੀਅਤ, ਲੱਖ ਚੁਰਾਸੀ ਤੇਰਾ ਨੂਰ ਨਜ਼ਰੀ ਆਈਆ । ਚਾਰ ਖਾਣੀ ਦੀ ਸਚ ਤੂੰ ਵਲਦੀਅਤ, ਵਾਲਦ ਵਾਲਦਾ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਤੇਰੇ ਵਿਚ ਇਕ ਐਹਮੀਅਤ, ਤੁਧ ਬਿਨ ਦੂਸਰ ਦੁਤੀਆ ਭੇਦ ਨਾ ਕੋਇ ਮਿਟਾਈਆ ।

## ✪ ੧੯ ਅੱਸੂ ਸ਼ਹਿਨਸ਼ਾਹੀ ਸੰਮਤ ੫ ਤੇਜਾ ਸਿੰਘ ਦੇ ਗ੍ਰਿਹ ਜੰਡਿਆਲਾ ਗੁਰੂ ✪

ਵਿਸ਼ਨੂੰ ਕਹੇ ਮੈਂ ਤੱਕਿਆ ਮਾਝਾ, ਮਜ਼ਾ ਪ੍ਰਭ ਨੇ ਦਿਤਾ ਚਖਾਈਆ । ਜਿਸ ਨੇ ਆਦਿ ਜੁਗਾਦੀ ਸਾਜਣ ਸਾਜਾ, ਸੱਜਣ ਦਾਤਾ ਧੁਰਦਰਗਾਹੀਆ । ਨਿਰਗੁਣ ਨਿਰਵੈਰ ਗ਼ਰੀਬ ਨਿਵਾਜ਼ਾ, ਨਰ ਨਿਰੰਕਾਰ ਨੂਰ ਇਲਾਹੀਆ । ਸ਼ਾਹੋ ਭੂਪ ਵੇਖਿਆ ਰਾਜਾ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਜੋ ਜੁਗ ਚੌਕੜੀ ਬਣਿਆ ਰਿਹਾ ਮਹਾਰਾਜਾ, ਮਹਿਬੂਬ ਅਗੰਮ ਅਥਾਹੀਆ । ਜਿਸ ਨੇ ਸੰਗ ਰਖਾਇਆ ਨਾਲ ਵਾਲਾ ਬਾਜਾਂ, ਗੋਬਿੰਦ ਗੋਬਿੰਦ ਗੋਬਿੰਦ ਸੰਗ ਵਖਾਈਆ । ਜੋ ਲਹਿਣਾ ਦੇਣਾ ਵੇਖੇ ਦੀਨ ਮਜ਼੍ਹਬ ਸਮਾਜਾ, ਚਾਰ ਜੁਗ ਦਾ ਖੋਜ ਖੁਜਾਈਆ । ਭੇਵ ਅਭੇਦਾ ਜਾਣੇ ਜੁਗ ਆਦੀ ਆਦਾ, ਅੰਤਮ ਪੜਦਾ ਲਾਹੀਆ । ਧੁਨ ਆਵਾਜ਼ ਸੁਣਾਏ ਸ਼ਬਦ ਅਨਾਦਾ, ਰਾਗ ਅਗੰਮਾ ਕਰ ਸੁਣਾਈਆ । ਜਿਸ ਦਾ ਖੇਲ ਸਭ ਤੋਂ ਸਾਦਾ, ਜਗਤ ਜੁਗਤ ਨਾ ਕੋਇ ਜਣਾਈਆ । ਲਹਿਣਾ ਦੇਣਾ ਵੇਖੇ ਸੀਤਾ ਰਾਮ ਕ੍ਰਿਸ਼ਨਾ ਰਾਧਾ, ਰਹਿਬਰ ਖੋਜੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਮੈਂ ਵੇਖਿਆ ਮਾਝੇ ਅਗੰਮਾ ਰੰਗ, ਹਰਿ ਕਰਤੇ ਦਿਤਾ ਵਖਾਈਆ । ਮੇਰੀ ਮਨਸਾ ਪੂਰੀ ਹੋਈ ਮੰਗ, ਮਾਂਗਤ ਝੋਲੀ ਦੇਣੀ ਭਰਾਈਆ । ਮੈਨੂੰ ਆਇਆ ਸਚ ਅਨੰਦ, ਤ੍ਰਿਸ਼ਨਾ ਕੂੜ ਦਿਤੀ ਗਵਾਈਆ । ਜਾਂ ਤੱਕਿਆ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਧਾਰ ਬੈਠ ਪਲੰਘ, ਸੇਜ ਸੁਹੰਜਣੀ ਇਕ ਵਡਿਆਈਆ । ਕਲਜੁਗ ਮੇਟਣ ਆਇਆ ਪੰਧ, ਪਾਂਧੀ ਹੋ ਕੇ ਫੇਰਾ ਪਾਈਆ । ਦੋ ਜਹਾਨਾ ਆਇਆ ਲੰਘ, ਅੱਗੇ ਹੋ ਨਾ ਕੋਇ ਅਟਕਾਈਆ । ਜਨ ਭਗਤ ਸੁਹੇਲੇ ਰੱਖੇ ਸੰਗ, ਸਗਲਾ ਸੰਗ ਆਪ ਨਿਭਾਈਆ । ਨਿਰਗੁਣ ਧਾਰ ਸ਼ਬਦ ਤਰੰਗ, ਨਿਰਵੈਰ ਆਪ ਦੌੜਾਈਆ । ਕੋਟਨ ਕੋਟ ਪਾਰ ਕਰ ਬ੍ਰਹਿਮੰਡ, ਖੰਡ ਚਰਨਾਂ ਹੇਠ ਦਬਾਈਆ । ਲਹਿਣਾ ਵੇਖਣ ਆਇਆ ਜੇਰਜ ਅੰਡ, ਉਤਭੁਜ ਸੇਤਜ ਫੋਲ ਫੁਲਾਈਆ । ਸੰਤ ਸੁਹੇਲੇ ਚਮਕਾਵਣ ਆਇਆ ਚੰਦ, ਗੁਰਮੁਖ ਨੂਰ ਜੋਤ ਰੁਸ਼ਨਾਈਆ । ਭਗਤ ਸੁਹੇਲਾ ਰਹਿਣ ਨਾ ਦੇਵੇ ਕੋਇ ਭਾਗਾਂਮੰਦ, ਜਨਮ ਕਰਮ ਦਾ ਲੇਖ ਚੁਕਾਈਆ । ਚੁਰਾਸੀ ਤੋੜੇ ਆਪ ਫੰਦ, ਬੰਧਨ ਅਵਰ ਕੋਇ ਨਾ ਪਾਈਆ । ਦੀਨ ਦਿਆਲ ਬਣ ਬਖ਼ਸ਼ੰਦ, ਰਹਿਮਤ ਸਚ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਾਚੀ ਕਾਰ ਜਣਾਈਆ । ਵਿਸ਼ਨੂੰ ਕਹੇ ਮੈਂ ਵੇਖਿਆ ਆਪਣਾ ਪ੍ਰੀਤਮ ਮੀਤ, ਮਿੱਤਰ ਪਿਆਰਾ ਨਜ਼ਰੀ ਆਈਆ । ਕਾਇਆ ਹੋਈ ਠਾਂਡੀ ਸੀਤ, ਅਗਨੀ ਤਤ ਨਾ ਕੋਇ ਜਲਾਈਆ । ਜਿਸ ਨੇ ਚਾਰ ਜੁਗ ਦੀ ਬਦਲਣੀ ਰੀਤ, ਰੀਤੀਵਾਨ ਇਕ ਅਖਵਾਈਆ । ਝਗੜਾ ਮੁਕਾ ਕੇ ਮੰਦਰ ਮਸੀਤ, ਆਤਮ ਅਤੀਤ ਦੇਣਾ ਦ੍ਰਿੜਾਈਆ । ਲੇਖਾ ਰਹੇ ਨਾ ਊਚ ਨੀਚ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਇਕੋ ਨਾਮ ਕਰੇ ਬਖ਼ਸ਼ੀਸ਼, ਰਹਿਮਤ ਸਭ ਦੀ ਝੋਲੀ ਪਾਈਆ । ਇਕੋ ਕਲਮਾ ਦਏ ਹਦੀਸ, ਹਜ਼ਰਤਾਂ ਤੋਂ ਪਰੇ ਕਰੇ ਪੜ੍ਹਾਈਆ । ਸਾਹਿਬ ਸਵਾਮੀ ਹੋ ਕੇ ਵਸੇ ਚੀਤ, ਮਨ ਚਿਤ ਠਗੌਰੀ ਰਹਿਣ ਕੋਇ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਦੱਸੇ ਗੀਤ, ਆਤਮ ਪਰਮਾਤਮ ਵੱਜੇ ਵਧਾਈਆ । ਝਗੜਾ ਰਹੇ ਨਾ ਹਸਤ ਕੀਟ, ਰਾਓ ਰੰਕ ਇਕੋ ਰੰਗ ਰੰਗਾਈਆ । ਇਹ ਖੇਲ ਹੋਣਾ ਅਨਡੀਠ, ਅਨਡਿਠੜੀ ਕਾਰ ਕਮਾਈਆ । ਮਾਝੇ ਵਾਲਿਓ ਸੋਹੰ ਸਭ ਦੀ ਲਿਖਿਆ ਹੋਵੇ ਉਤੇ ਪੀਠ, ਖ਼ਾਲੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਮੈਂ ਤੱਕਿਆ ਸਾਹਿਬ ਸਵਾਮੀ ਇਕ, ਏਕੰਕਾਰਾ ਨਜ਼ਰੀ ਆਈਆ । ਮੇਰੀ ਨਿਗਾਹ ਗਈ ਟਿਕ, ਟਿਕਟਿਕੀ ਇਕੋ ਵਿਚ ਰਖਾਈਆ । ਜਿਸ ਨੇ ਹੁਕਮ ਕੀਤਾ ਵਿਸ਼ਨ ਬ੍ਰਹਮਾ ਸ਼ਿਵ ਧਾਰ ਮੇਰਾ ਸਿੱਖ, ਸਿਖਿਆ ਸਿਖ ਸਹਿਜ ਸੁਖਦਾਈਆ । ਜਿਸ ਨੇ ਲੇਖਾ ਦਿਤਾ ਲਿਖ, ਅੱਖਰ ਅੱਖਰਾਂ ਨਾਲ ਜੁੜਾਈਆ । ਓਸ ਪਰਗਟ ਕਰਨਾ ਆਪਣਾ ਭਵਿਖ, ਭੇਵ ਅਭੇਦ ਖੁਲ੍ਹਾਈਆ । ਸਭ ਦੇ ਨਿਰੰਤਰ ਹੋ ਕੇ ਵਿਚ, ਪਰਦਾ ਅੰਤਰ ਦੇਣਾ ਚੁਕਾਈਆ । ਜਿਸ ਨੂੰ ਲੱਭਦੇ ਕੇਤੇ ਕਿਤ, ਨੇਤਰ ਦਰਸ ਕੋਇ ਨਾ ਪਾਈਆ । ਜਨ ਭਗਤਾਂ ਕਰੇ ਹਿਤ, ਮਾਝੇ ਬੈਠਾ ਡੇਰਾ ਲਾਈਆ । ਜਿਸ ਨੇ ਪੂਜਾ ਹਟਾਉਣੀ ਪੱਥਰ ਇੱਟ, ਸਿਲ ਪਾਹਨ ਸੀਸ ਨਾ ਕੋਇ ਨਿਵਾਈਆ । ਚਾਰ ਜੁਗ ਦੇ ਨਾਮਾਂ ਦੀ ਗੁਰ ਅਵਤਾਰ ਪੈਗ਼ੰਬਰਾਂ ਕੋਲੋਂ ਅੰਤ ਅਖ਼ੀਰ ਕਰਾਉਣੀ ਰਿਟ, ਅੱਗੇ ਰੱਟਾ ਦੇਣਾ ਮੁਕਾਈਆ । ਸਭ ਦਾ ਲਹਿਣਾ ਦੇਣਾ ਪੁਰਖ ਅਕਾਲਾ ਦੀਨ ਦਿਆਲਾ ਆਪੇ ਲਏ ਨਜਿਠ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਪ੍ਰਭ ਮੁਸ਼ਕਲ ਕੀਤੀ ਆਸਾਨੀ, ਅਹਿਸਾਨ ਮੇਰੇ ਸਿਰ ਚੜ੍ਹਾਈਆ । ਹੁਕਮ ਦਿਤਾ ਸ਼ਾਹ ਸੁਲਤਾਨੀ, ਅਗੰਮ ਅਥਾਹ ਦ੍ਰਿੜਾਈਆ । ਜ਼ਰਾ ਨਿਗਾਹ ਮਾਰਨੀ ਪ੍ਰਾਨੀ, ਪ੍ਰਾਨਾਂ ਤੋਂ ਪਰੇ ਧਿਆਨ ਲਗਾਈਆ । ਜਿਥੇ ਸ਼ਰਅ ਨਹੀਂ ਬੇਗਾਨੀ, ਸ਼ਰੀਅਤ ਵੰਡ ਨਾ ਕੋਇ ਰਖਾਈਆ । ਲਿਖਣ ਵਾਲੀ ਨਹੀਂ ਕੋਇ ਕਾਨੀ, ਅੱਖਰਾਂ ਨਾਲ ਨਾ ਸਿਫ਼ਤ ਸਾਲਾਹੀਆ । ਇਕੋ ਨੂਰ ਜੋਤ ਨੁਰਾਨੀ, ਨੂਰ ਨੁਰਾਨਾ ਸੋਭਾ ਪਾਈਆ । ਸੋ ਖੇਲੇ ਖੇਲ ਦੋ ਜਹਾਨੀ, ਨਿਰਗੁਣ ਆਪਣਾ ਹੁਕਮ ਵਰਤਾਈਆ । ਵਿਸ਼ਨੂੰ ਕਹੇ ਮੇਰਾ ਪੜਦਾ ਚੁੱਕਣਾ ਪ੍ਰਭ ਕੀਤੀ ਮਿਹਰਵਾਨੀ, ਮੇਰਾ ਮੇਰੇ ਵਿਚੋਂ ਪਰਗਟਾਈਆ । ਮੈਨੂੰ ਯਾਦ ਆ ਗਿਆ ਮੈਂ ਗੋਬਿੰਦ ਤੱਕਿਆ ਜਿਸ ਦਾ ਖੇਲ ਮਹਾਨੀ, ਮਹਿੰਮਾਂ ਅਕਥ ਅਕਥ ਦ੍ਰਿੜਾਈਆ । ਮੈਨੂੰ ਨਜ਼ਰ ਆਈ ਉਹਦੀ ਇੱਕੀਆਂ ਮਣਕਿਆਂ ਵਾਲੀ ਗਾਨੀ, ਜਿਸ ਨਾਲ ਇੱਕੀ ਹਿੱਸੇ ਸੰਗਤ ਦਿਤੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਗੋਬਿੰਦ ਦੀ ਗਾਨੀ ਇੱਕੀ ਧਾਰ ਮਣਕਾ, ਮਨ ਕਾ ਮਣਕਾ ਦਏ ਬਦਲਾਈਆ । ਝਗੜਾ ਮਿਟਾਵੇ ਵਜੂਦ ਤਨ ਕਾ, ਮਾਟੀ ਖ਼ਾਕ ਡੇਰਾ ਢਾਹੀਆ । ਲਹਿਣਾ ਰਹੇ ਨਾ ਰਾਗ ਕੰਨ ਕਾ, ਰਸਨਾ ਵਾਲੀ ਨਾ ਕੋਇ ਸ਼ਨਵਾਈਆ । ਪ੍ਰਕਾਸ਼ ਮਿਟੇ ਸੂਰੀਆ ਚੰਨ ਕਾ, ਨਿਜ ਜੋਤ ਨੂਰ ਚਮਕਾਈਆ । ਇਹ ਲੇਖਾ ਸਾਹਿਬ ਸਤਿਗੁਰ ਧੰਨ ਕਾ, ਧੰਨ ਧੰਨ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਵਿਸ਼ਨੂੰ ਕਹੇ ਗੋਬਿੰਦ ਕਿਹਾ ਦੋ ਤੋਂ ਬਣਾ ਕੇ ਇਕ, ਸਰਗੁਣ ਤੋਂ ਨਿਰਗੁਣ ਇੱਕੀ ਦੇਣੀ ਵਖਾਈਆ । ਇਕੋ ਪਿਤਾ ਤੇ ਇਕੋ ਪਿਤ, ਇਕੋ ਜੰਮਣ ਵਾਲੀ ਮਾਈਆ । ਇਕੋ ਵਰਨ ਹੋਣਾ ਸਿੱਖ, ਚਾਰ ਵਰਨ ਵੰਡ ਨਾ ਕੋਇ ਰਖਾਈਆ । ਆਪਣੀ ਉਂਗਲੀ ਨਾਲ ਲੇਖਾ ਆਪਣੇ ਮਸਤਕ ਵਿਚ ਦਿਤਾ ਲਿਖ, ਕਾਗ਼ਜ਼ ਕਲਮ ਸ਼ਾਹੀ ਹੱਥ ਨਾ ਕੋਇ ਉਠਾਈਆ । ਇਹ ਮੇਰਾ ਧਰਮ ਧਾਰ ਦਾ ਭਵਿਖ, ਭਵਿਖਤਾਂ ਤੋਂ ਪਰੇ ਪੜ੍ਹਾਈਆ । ਬਿਨਾ ਪ੍ਰਭੂ ਤੋਂ ਕਿਸੇ ਦੀ ਲਾਹੇ ਕੋਈ ਨਾ ਵਿਖ, ਵਿਸ਼ਾ ਵਿਕਾਰ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਗੋਬਿੰਦ ਨੇ ਦੋ ਇਕ ਸਿੱਖੀ ਦਾ ਦੱਸਣਾ ਰੂਪ, ਪੋਹ ਛੱਬੀ ਵਡਿਆਈਆ । ਜਿਹੜੀ ਫੈਲਣੀ ਚਾਰੇ ਕੂਟ, ਨੌਂ ਖੰਡ ਖੰਡ ਵਡਿਆਈਆ । ਇਕੋ

ਧਾਗਾ ਹੋਣਾ ਸੂਤ, ਇਕੋ ਰੰਗ ਰੰਗਾਈਆ । ਇਕੋ ਮਾਣ ਦੇਣਾ ਪੰਜ ਭੂਤ, ਤਨ ਵਜੂਦ ਇਕ ਸਾਲਾਹੀਆ । ਅੰਤਰ ਨਿਰੰਤਰ ਕੂੜੀ ਕਿਰਿਆ ਕਰਾਉਣਾ ਕੂਚ, ਕੂਚਾ ਗਲੀ ਕਰ ਸਫ਼ਾਈਆ । ਜਨ ਭਗਤ ਸੁਹੇਲੇ ਬਣਾਉਣੇ ਸਪੂਤ, ਪਿਤਾ ਪੂਤ ਗੋਦ ਟਿਕਾਈਆ । ਜਨਮ ਕਰਮ ਦਾ ਮੇਟਣਾ ਦੂਖ, ਦਰਦ ਰਹੇ ਨਾ ਰਾਈਆ । ਇਕੋ ਦੇਣਾ ਧੁਰ ਦਾ ਸੁਖ, ਸਚ ਸੰਜਮ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਵਿਸ਼ਨੂੰ ਕਹੇ ਇੱਕੀ ਮਣਕੇ ਆਉਣੇ ਵਿਚੋਂ ਮਾਝੇ ਦੇਸ, ਬ੍ਰਹਮਾ ਸ਼ਿਵ ਵੇਖਣ ਚਾਈਂ ਚਾਈਆ । ਇਹ ਲਹਿਣਾ ਗੋਬਿੰਦ ਦਸ ਦਸਮੇਸ਼, ਜੋ ਸ਼ਬਦੀ ਧਾਰ ਸਮਝਾਈਆ । ਇੱਕੀਆਂ ਸਿੱਖਾਂ ਨੇ ਕਰਨੇ ਪੇਸ਼, ਬਸਤਰ ਸੋਹਣੇ ਤਨ ਸਜਾਈਆ । ਇੱਕੀਆਂ ਦੇ ਸਿਰ ਤੇ ਸੋਂਹਦਾ ਹੋਵੇ ਨਾਗ ਸ਼ੇਸ਼, ਪਗੜੀ ਉਤੇ ਸੱਤ ਇੰਚ ਸੋਭਾ ਪਾਈਆ । ਪਿਛੇ ਖੁਲ੍ਹੇ ਹੋਣ ਕੇਸ, ਪਿਠ ਉਤੇ ਟਿਕਾਈਆ । ਹੱਥ ਵਿਚ ਲਿਖਿਆ ਹੋਵੇ ਦਸ ਦਸਮੇਸ਼, ਸੁਨਹਿਰੀ ਅੱਖਰਾਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਰਹੇ ਹਮੇਸ਼, ਹਮਸਾਜਣ ਨਜ਼ਰੀ ਆਈਆ ।

## ✪ ੨੦ ਅੱਸੂ ਸ਼ਹਿਨਸ਼ਾਹੀ ਸੰਮਤ ੫ ਦਲੀਪ ਸਿੰਘ ਦੇ ਗ੍ਰਹਿ ਗੁਰੂ ਕਾ ਜੰਡਿਆਲਾ ✪



ਵਿਸ਼ਨੂੰ ਕਹੇ ਪ੍ਰਭ ਗੋਬਿੰਦ ਦਿਤਾ ਭੰਡਾਰਾ, ਗੋਬਿੰਦ ਝੋਲੀ ਗੋਬਿੰਦ ਭਰਾਈਆ । ਜੋਤੀ ਨੂਰ ਦੇ ਚਮਤਕਾਰਾ, ਪਰਦਾ ਆਪਣਾ ਦਿਤਾ ਉਠਾਈਆ । ਸ਼ਬਦ ਨਾਦ ਦੇ ਧੁਨਕਾਰਾ, ਅਗੰਮੀ ਰਾਗ ਸੁਣਾਈਆ । ਮੇਰੇ ਵੇਂਹਦਿਆਂ ਬਖ਼ਸ਼ ਕੇ ਭੰਡਾਰਾ, ਦੋ ਧਾਰਾ ਥਾਪੀ ਪੁਸ਼ਤ ਪਨਾਹ ਲਗਾਈਆ । ਹੱਸ ਕੇ ਕਿਹਾ ਤੇਰਾ ਖੇਲ ਵਿਚ ਸੰਸਾਰਾ, ਚੰਡ ਪਰਚੰਡ ਦਰਸਾਈਆ । ਬੰਸ ਸਰਬੰਸ ਵਾਰਨਾ ਸਾਰਾ, ਅੰਸ ਪ੍ਰਭ ਦੀ ਇਕ ਅਖਵਾਈਆ । ਤਨ ਸ਼ਰੀਰ ਵਜੂਦ ਹੋਵੇ ਵਡ ਸ਼ਿੰਗਾਰਾ, ਕਲਗੀ ਤੋੜਾ ਸੀਸ ਸੁਹਾਈਆ । ਨੀਲੀ ਧਾਰ ਹੋਣਾ ਸਵਾਰਾ, ਨੀਲਾ ਆਪਣਾ ਰੰਗ ਰੰਗਾਈਆ । ਚਾਰ ਵਰਨ ਕਰਨਾ ਪਿਆਰਾ, ਬਰਨ ਅਠਾਰਾਂ ਜੋੜ ਜੁੜਾਈਆ । ਹਿੰਦੂ ਮੁਸਲਿਮ ਦੇਣਾ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਮੇਰਾ ਖੇਲ ਦੱਸਣਾ ਨਿਆਰਾ, ਪੰਜ ਤਤ ਰੰਗ ਰੰਗਾਈਆ । ਮੁੱਛ ਦਾੜ੍ਹੀ ਕੇਸ ਤੇਰਾ ਹਿੱਸਾ ਅਪਰ ਅਪਾਰਾ, ਝੋਲੀ ਲੋਕਮਾਤ ਭਰਾਈਆ । ਦਾਮਨਗੀਰ ਹੋ ਕੇ ਨਰ ਨਿਰੰਕਾਰਾ, ਪਲੂ ਆਪਣਾ ਨਾਲ ਗੰਢਾਈਆ । ਖੇਲ ਦੱਸਿਆ ਨਿਰਗੁਣ ਧਾਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਨੈਣ ਬੰਦ ਕਰਾ ਦਿਤਾ ਇਸ਼ਾਰਾ, ਅਗੰਮੀ ਆਪਣਾ ਖੇਲ ਵਖਾਈਆ । ਗੋਬਿੰਦ ਫੇਰ ਆਉਣਾ ਪਏ ਦੁਬਾਰਾ, ਸਰਗੁਣ ਨਿਰਗੁਣ ਰੂਪ ਵਟਾਈਆ । ਮੇਰਾ ਹੋਵੇ ਇਕ ਪਿਆਰਾ, ਦੂਸਰ ਮੀਤ ਨਾ ਕੋਇ ਜਣਾਈਆ । ਦੋਹਾਂ ਦਾ ਇਕ ਹੋਵੇ ਵਿਵਹਾਰਾ, ਵਿਵਹਾਰੀ ਦਏ ਸਮਝਾਈਆ । ਜੋਤ ਸ਼ਬਦ ਧਾਰ ਧਰਨੀ ਹੋਵੇ ਉਜਿਆਰਾ, ਉਜਲ ਇਕੋ ਇਕ ਕਰਾਈਆ । ਗੁਰਸਿਖ ਭਗਤ ਬਣਾਉਣੇ ਇਸ਼ਟ ਜਣਾਉਣਾ ਇਕ ਮੇਰਾ ਏਕੰਕਾਰਾ, ਇਕ ਇਕੱਲਾ ਭੇਵ ਖੁਲ੍ਹਾਈਆ । ਇਕੋ ਨਾਮ ਹੋਵੇ ਜੈਕਾਰਾ, ਪੁਰਖ ਅਕਾਲ ਓਟ ਇਕ ਦਰਸਾਈਆ । ਲਹਿਣਾ ਮੁਕਾਉਣਾ ਤੇਈ ਅਵਤਾਰਾ, ਪੈਗ਼ੰਬਰਾਂ ਲੇਖਾ ਝੋਲੀ ਪਾਈਆ । ਗੁਰੂਆਂ ਕਾਇਮ

ਕਰ ਮੁਨਾਰਾ, ਧਰਮ ਦੀ ਧਾਰ ਇਕ ਸਮਝਾਈਆ । ਸਭ ਦਾ ਪਾਲਕ ਬਣ ਪਰਵਰਦਿਗਾਰਾ, ਪਰਵਰਿਸ਼ ਕਰੇ ਥਾਉਂ ਥਾਈਆ । ਸੀਸ ਨਵਾਵਣ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀ ਅਸਮਾਨ ਸੂਰੀਆ ਚੰਦ ਸਿਤਾਰਾ, ਗ੍ਰਹਿ ਨਿਵ ਨਿਵ ਲਾਗਣ ਪਾਈਆ । ਤੇਰਾ ਨੂਰ ਮੇਰਾ ਜ਼ਹੂਰ ਸ਼ਬਦੀ ਤੂਰ ਜੋਤੀ ਜੋਤ ਹੋਏ ਉਜਿਆਰਾ, ਅੰਧ ਅੰਧੇਰਾ ਦਏ ਗਵਾਈਆ । ਤਖ਼ਤ ਨਿਵਾਸੀ ਬਣ ਸਿਕਦਾਰਾ, ਸਿਧ ਮਾਰਗ ਇਕ ਪਰਗਟਾਈਆ । ਨਵ ਸੱਤ ਬਣ ਵਣਜਾਰਾ, ਵਸਤ ਅਮੋਲਕ ਇਕ ਵਰਤਾਈਆ । ਹੁਕਮ ਸ਼ਬਦ ਇਕ ਇਸ਼ਾਰਾ, ਸ਼ਰਅ ਤੋਂ ਬਾਹਰ ਦਿਤਾ ਸਮਝਾਈਆ । ਗੋਬਿੰਦ ਕਰ ਨਿਮਸਕਾਰਾ, ਸੀਸ ਜਗਦੀਸ਼ ਦਿਤਾ ਝੁਕਾਈਆ । ਝਟ ਨਾਨਕ ਰੂਪ ਕਰ ਪਸਾਰਾ, ਸਨਮੁਖ ਹੋ ਕੇ ਸੋਭਾ ਪਾਈਆ । ਦੋਏ ਜੋੜ ਕਿਹਾ ਮੇਰੇ ਪਤਿਪਰਮੇਸ਼ਵਰ ਯਾਰਾ, ਯਾਰੜਾ ਸੱਥਰ ਗੋਬਿੰਦ ਦੇਣਾ ਹੰਢਾਈਆ । ਜਿਸ ਨੇ ਸਤਿਲੁਜ ਬਿਆਸਾ ਪਾਰ ਨਹੀਂ ਕਰਨਾ ਕਿਨਾਰਾ, ਨਾਨਕ ਦੀ ਸ਼ਾਹੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ । ਵਿਸ਼ਨੂੰ ਕਹੇ ਨਾਨਕ ਮਾਲਾ ਦੇ ਮਣਕੇ ਫੇਰੇ ਇਕਾਸੀ, ਪੁੱਠੇ ਹੱਥ ਚਲਾਈਆ । ਫੇਰ ਪ੍ਰਭ ਨੂੰ ਕਿਹਾ ਮੈਂ ਤੇਰੀ ਦਾਸੀ, ਦਾਸੀ ਹੋ ਕੇ ਸੇਵ ਕਮਾਈਆ । ਫੇਰ ਉਂਗਲ ਕੀਤੀ ਔਹ ਵੇਖ ਤੂੰ ਈਸਾ ਚੜ੍ਹਾਇਆ ਫਾਸੀ, ਸਲੀਵ ਗਲ ਲਟਕਾਈਆ । ਝਟ ਗੋਬਿੰਦ ਕੀਤੀ ਹਾਸੀ, ਤਾਲੀ ਦਿਤੀ ਵਜਾਈਆ । ਇਹ ਕਿਹੜੀ ਖੇਲ ਤਮਾਸੀ, ਜੋ ਪ੍ਰਭੂ ਰਿਹਾ ਕਰਾਈਆ । ਨਾਨਕ ਕਿਹਾ ਅੱਗੇ ਮਾਰ ਝਾਕੀ, ਗੋਬਿੰਦ ਲੈ ਅੰਗੜਾਈਆ । ਤੈਨੂੰ ਅੰਮ੍ਰਿਤ ਜਾਮ ਦਾ ਬਣਾਉਣਾ ਸਾਕੀ, ਧੁਰ ਪਿਆਲਾ ਹੱਥ ਫੜਾਈਆ । ਫੇਰ ਬੰਸ ਸਰਬੰਸ ਕੋਈ ਰਹਿਣ ਨਹੀਂ ਦੇਣਾ ਸਾਥੀ, ਪਿਤਾ ਪੂਤ ਨਾ ਗੋਦ ਸੁਹਾਈਆ । ਅਸਵ ਰਹੇ ਨਾ ਜਿਸ ਦੀ ਚਾਲ ਬਾਂਕੀ, ਨੰਗੀ ਪੈਰੀਂ ਭੱਜਣਾ ਵਾਹੋ ਦਾਹੀਆ । ਗੋਬਿੰਦ ਹੱਥ ਮਾਰਿਆ ਉਤੇ ਛਾਤੀ, ਖ਼ੁਸ਼ੀ ਨਾਲ ਲਈ ਅੰਗੜਾਈਆ । ਨਾਨਕ ਇਹ ਨਾਨਕ ਤੇਰੀ ਘਾਟੀ, ਤੇ ਨਾਨਕ ਦਾ ਨੂਰ ਗੋਬਿੰਦ ਨੂਰ ਇਲਾਹੀਆ । ਨਾਨਕ ਕਿਹਾ ਤੇਰੇ ਹਿੱਸੇ ਇਕ ਪਿਆਲਾ ਬਾਟੀ, ਜਿਸ ਵਿਚ ਅੰਮ੍ਰਿਤ ਲੈਣਾ ਬਣਾਈਆ । ਬਾਕੀ ਵਸਤੂ ਦੀ ਕਰਨੀ ਪਏ ਕੋਈ ਨਾ ਰਾਖੀ, ਘਰ ਬਾਹਰ ਸਾਰਾ ਦੇਣਾ ਤਜਾਈਆ । ਗੋਬਿੰਦ ਨੇ ਸਾਢੇ ਤਿੰਨ ਹੱਥ ਦੀ ਲੈ ਕੇ ਲਾਠੀ, ਜ਼ਿਮੀਂ ਤੇ ਠੁਕਰਾਈਆ । ਫਿਰ ਹੱਥ ਪਾ ਕੇ ਜ਼ੀਨਾ ਕਾਠੀ, ਖੱਬਾ ਜ਼ੋਰ ਜ਼ੋਰ ਹਿਲਾਈਆ । ਫੇਰ ਦੋ ਜਹਾਨਾਂ ਮੰਜ਼ਲ ਵੇਖ ਕੇ ਵਾਟੀ, ਨਿਗਾਹ ਅਸਮਾਨਾਂ ਉਪਰ ਟਿਕਾਈਆ । ਝੱਟ ਨਾਨਕ ਕਿਹਾ ਗੋਬਿੰਦ ਜ਼ਰਾ ਆਹ ਵੇਖ ਪਾਤੀ, ਪਤਰਕਾ ਦਿਆਂ ਦਰਸਾਈਆ । ਜਿਹੜੀ ਮੈਂ ਸ਼ਬਦ ਕਹਾਣੀ ਆਖੀ, ਮਾਝੇ ਤੇਰਾ ਚਰਨ ਟਿਕੇ ਨਾ ਰਾਈਆ । ਪਿਛਲਾ ਪਾਸਾ ਤਕ ਅੰਤ ਮਾਝੇ ਦਾ ਰਹਿਣਾ ਨਹੀਂ ਕੋਈ ਸਾਥੀ, ਨਾਨਕ ਦਏ ਗਵਾਹੀਆ । ਪੁਰਖ ਅਕਾਲ ਕੀਤੀ ਹਾਸੀ, ਇਸ਼ਾਰੇ ਦੋਹਾਂ ਨੂੰ ਰਿਹਾ ਵਖਾਈਆ । ਨਾਨਕ ਗੋਬਿੰਦ ਇਹ ਮੇਰਾ ਹਿੱਸਾ ਬਾਕੀ, ਤੇ ਤੁਹਾਡਾ ਹਿੱਸਾ ਆਪਣੇ ਵਿਚ ਛੁਪਾਈਆ । ਜਿਸ ਵੇਲੇ ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋਈ ਬੇਇਖ਼ਲਾਕੀ, ਖ਼ਲਕ ਖ਼ੁਦਾ ਗਈ ਭੁਲਾਈਆ । ਗੋਬਿੰਦ ਤੇਰਿਆਂ ਸਿੱਖਾਂ ਵਿਚ ਪੈਣੀ ਬੇਇਤਫ਼ਾਕੀ, ਸਿੱਖ ਸਿੱਖ ਨਾਲ ਕਰੇ ਲੜਾਈਆ । ਨਾਨਕ ਤੇਰੀ ਬਾਣੀ ਨਾਲ ਮੈਲ ਜਾਏ ਨਾ ਕਾਟੀ, ਪੜ੍ਹਨ ਵਾਲੇ ਦੇਣ ਦੁਹਾਈਆ । ਨਾਨਕ ਨੇਤਰ ਮੀਟ ਕੇ ਗੋਬਿੰਦ ਬਾਹੋਂ ਫੜ ਕੇ ਕਿਹਾ ਅੱਗੇ ਵੇਖੀਏ ਕਲਜੁਗ ਅੰਧੇਰੀ ਰਾਤੀ, ਕੀ ਸਮਾਂ ਰਹੀ ਬਦਲਾਈਆ । ਗੋਬਿੰਦ ਕਿਹਾ ਇਹ ਖੇਲ ਸਾਹਿਬ ਸਮਰਾਥੀ, ਜੋ ਸਭ ਦਾ ਪਿਤਾ ਮਾਈਆ । ਨਾਨਕ ਕਿਹਾ ਮੈਂ ਵੀ ਓਸੇ ਦੀ ਦਾਸੀ, ਸੇਵਾ ਆਦਿ ਦੀ ਸਚ ਕਮਾਈਆ । ਵਿਸ਼ਨੂੰ

ਕਿਹਾ ਮੈਂ ਸੁਣਿਆ ਬਚਨ ਅਪਾਰਾ, ਉਂਗਲਾਂ ਕੰਨਾਂ ਵਿਚ ਪਾਈਆ । ਹੈਰਾਨ, ਹੋ ਗਿਆ ਕਿਸ ਤਰਾ ਗੋਬਿੰਦ ਆਏ ਦੁਬਾਰਾ, ਚਾਰ ਜੁਗ ਵਿਚ ਅੱਗੇ ਗਿਆ ਮੁੜ ਕੇ ਫੇਰਾ ਕੋਇ ਨਾ ਪਾਈਆ । ਓਨੇ ਚਿਰ ਨੂੰ ਪੁਰਖ ਅਕਾਲ ਮੈਨੂੰ ਕੰਨੋ ਫੜ ਕੇ ਦਿਤਾ ਇਸ਼ਾਰਾ, ਹਲੂਣਾ ਦਿਤਾ ਲਗਾਈਆ । ਇਹ ਯੋਧਾ ਸੂਰਬੀਰ ਸਿਕਦਾਰਾ, ਸੁਤ ਦੁਲਾਰਾ ਮੇਰਾ ਸੋਭਾ ਪਾਈਆ । ਜਿਸ ਵੇਲੇ ਮੈਂ ਕਲ ਕਲਕੀ ਲਵਾਂ ਅਵਤਾਰਾਂ, ਇਹ ਮੇਰਾ ਸੰਗ ਰਖਾਈਆ । ਇਹ ਸ਼ਬਦ ਗੁਰੂ ਸੰਸਾਰਾ, । ਮੈਂ ਨੂਰ ਜੋਤ ਉਜਿਆਰਾ, ਘਰ ਘਰ ਕਰਾਂ ਰੁਸ਼ਨਾਈਆ । ਦੋਹਾਂ ਦਾ ਪ੍ਰੇਮ ਖੰਡਾ ਹੋਏ ਹੋਏ ਦੋ ਧਾਰਾ, ਦੂਜਾ ਸ਼ਸਤਰ ਹੱਥ ਨਾ ਕੋਇ ਉਠਾਈਆ । ਗੁਰਮੁਖਾਂ ਸਚ ਕਰਾਂ ਪਿਆਰ ਅਗੰਮ ਅਪਾਰਾ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਸਚ ਦਾ ਖੋਲ੍ਹ ਕੇ ਸਚ ਦਵਾਰਾ, ਭਗਤ ਭਗਵਾਨ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਮੈਂ ਵੇਖਿਆ ਗੋਬਿੰਦ ਧਾਰ ਰੂਪ ਅਤਿ ਸੁੰਦਰੀ, ਨੈਣ ਨੈਣ ਸੋਭਾ ਪਾਈਆ । ਗੋਬਿੰਦ ਹੱਥੋਂ ਲਾਹ ਕੇ ਮੁੰਦਰੀ, ਉਂਗਲੀ ਵਿਚ ਭਵਾਈਆ । ਕਲਜੁਗ ਅੰਤ ਮੈਂ ਭਗਤਾਂ ਸੰਤਾਂ ਦੀ ਬਦਲ ਦੇਣੀ ਕੁੰਡਲੀ, ਰਾਸ਼ੀ ਆਪਣੇ ਨਾਲ ਮਿਲਾਈਆ । ਚਾਰ ਵਰਨ ਬਣਾ ਕੇ ਜੁੰਡਲੀ, ਰੰਗ ਇਕੋ ਦੇਣਾ ਚੜ੍ਹਾਈਆ । ਇਹ ਦੱਸਣੀ ਉਹ ਮੁਢਲੀ, ਜਿਹੜੀ ਆਤਮ ਪਰਮਾਤਮ ਦੀ ਰੀਤੀ ਚਲੀ ਆਈਆ । ਇਹ ਧਾਰ ਚਾਰ ਜੁਗ ਕਿਸੇ ਨਾ ਬੁੱਝ ਲਈ, ਬੁਝਾਰਤਾਂ ਵਿਚ ਗੁਰ ਅਵਤਾਰ ਪੈਗ਼ੰਬਰ ਫੇਰੀਆਂ ਗਏ ਪਾਈਆ । ਅੰਤ ਅਖ਼ੀਰ ਪ੍ਰਭ ਕਿਰਪਾ ਨਾਲ ਮੈਨੂੰ ਸੁਝ ਗਈ, ਸਮਝ ਦਿਤੀ ਸਮਝਾਈਆ । ਨਾਨਕ ਕਿਹਾ ਗੋਬਿੰਦ ਔਹ ਵੇਖ ਮਾਝੇ ਵਾਲਿਆਂ ਦੀ ਬੁੱਧ ਗਈ, ਨਾਤਾ ਤੇਰੇ ਨਾਲੋਂ ਤੁੜਾਈਆ । ਗੋਬਿੰਦ ਦੀ ਮੁੰਦਰੀ ਉਂਗਲੀਂ ਉਤੋਂ ਉਡ ਗਈ, ਵੇਂਹਦਿਆਂ ਨਜ਼ਰ ਕਿਸੇ ਨਾ ਆਈਆ । ਉਹ ਮਾਝੇ ਦੇਸ ਦੀ ਧਰਤੀ ਪੁੱਜ ਗਈ, ਜਿਥੇ ਪੂਜਾ ਕਰੇ ਲੋਕਾਈਆ । ਗੋਬਿੰਦ ਦੀ ਆਸ਼ਾ ਏਥੇ ਰੁਝ ਗਈ, ਧਿਆਨ ਧਿਆਨ ਵਿਚੋਂ ਪਰਗਟਾਈਆ । ਝਟ ਉਹ ਮੁੰਦਰੀ ਲੁਕ ਗਈ, ਨਜ਼ਰ ਕੋਇ ਨਾ ਆਈਆ । ਨਾਨਕ ਓਸੇ ਵੇਲੇ ਆਪਣੀ ਭੂਰੀ ਚੁੱਕ ਲਈ, ਕੰਨੀ ਲਈ ਉਠਾਈਆ । ਖ਼ੁਸ਼ੀ ਵਿਚ ਕਿਹਾ ਗੋਬਿੰਦ ਤੂੰ ਆਇਆ ਦਰਦੀਆਂ ਦੇ ਦੁੱਖ ਲਈ, ਗ਼ਰੀਬਾਂ ਹੋਣਾ ਸਹਾਈਆ । ਔਹ ਵੇਖ ਕਲਜੁਗ ਔਧ ਪੁੱਗ ਗਈ, ਵੇਲਾ ਵਕਤ ਦਏ ਗਵਾਹੀਆ । ਤੇਰੀ ਆਸ਼ਾ ਨਹੀਂ ਕਿਸੇ ਜਗਤ ਧਾਰ ਦੁੱਧ ਲਈ, ਵਾਸਨਾ ਅਵਰ ਨਾ ਕੋਇ ਬਣਾਈਆ । ਤੇਰਾ ਖੇਲ ਹੋਣਾ ਮਾਨਵ ਮਾਨੁਖ ਲਈ, ਮਮਤਾ ਕੂੜ ਮਿਟਾਈਆ । ਸਹਾਰਾ ਹੋਣਾ ਮਾਤ ਕੁੱਖ ਲਈ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਕਾਰ ਕਮਾਈਆ । ਗੋਬਿੰਦ ਕਿਹਾ ਮੇਰੀ ਮੁੰਦਰੀ ਹੋ ਗਈ ਅਲੋਪ, ਸਚ ਦਵਾਰੇ ਮੁਖ ਛੁਪਾਈਆ । ਮੈਂ ਵੇਖਿਆ ਚੌਦਾਂ ਲੋਕ, ਚੌਦਾਂ ਤਬਕ ਨਜ਼ਰ ਨਾ ਆਈਆ । ਬ੍ਰਹਿਮੰਡ ਖੰਡ ਦਿਤੇ ਰੋਕ, ਪੜਦਾ ਸਭ ਦਾ ਦਿਤਾ ਉਠਾਈਆ । ਵੇਖੇ ਕਿਲੇ ਕੋਟ, ਮਹੱਲ ਅਟਲ ਫੋਲ ਫੁਲਾਈਆ । ਕਿਤੋਂ ਨਜ਼ਰ ਨਾ ਆਈ ਕਿਸ ਉਤੇ ਲਾਵਾਂ ਦੋਸ਼, ਕਿਸ ਨੂੰ ਦਿਆਂ ਸਜ਼ਾਈਆ । ਫਿਰ ਥੋੜ੍ਹੇ ਸਮੇਂ ਲਈ ਹੋ ਗਿਆ ਖ਼ਾਮੋਸ਼, ਮੁਖ ਜ਼ਬਾਨ ਨਾ ਕੋਇ ਹਿਲਾਈਆ । ਫੇਰ ਹੱਥ ਮਾਰਿਆ ਉਪਰ ਬਦਨ ਪੋਸ਼, ਸਿਰ ਪੈਰ ਤਾਈਂ ਫਿਰਾਈਆ । ਝਟ ਵੇਖਿਆ ਇਕ ਖ਼ਰਗੋਸ਼, ਜੋ ਭੱਜਿਆ ਆਵੇ ਚਾਈਂ ਚਾਈਆ । ਚਰਨਾਂ ਵਿਚ ਸੁੱਟੀ ਆਪਣੀ ਲੋਥ, ਡੇਰਾ ਦਿਤਾ ਜਮਾਈਆ । ਗੋਬਿੰਦ ਨੇ ਉਹਦੇ ਅੰਦਰੋਂ ਵੇਖਿਆ ਇਕ ਕੋਸ਼, ਜਿਸ ਉਤੇ ਲਿਖਿਆ ਤੂੰ ਮੇਰਾ ਮੈਂ ਤੇਰਾ

ਦੂਜਾ ਨਜ਼ਰ ਕੋਇ ਨਾ ਆਈਆ । ਮੈਨੂੰ ਇਕੋ ਇਕ ਦੀ ਸੋਚ, ਦੂਸਰ ਆਸ ਨਾ ਕੋਇ ਵਧਾਈਆ । ਮੇਰੀ ਮਨਸਾ ਪੂਰੀ ਕਰ ਦੇ ਲੋਚ, ਲੋਚਾ ਤੇਰੇ ਨਾਲ ਬਣਾਈਆ । ਨਾਮ ਖ਼ੁਮਾਰੀ ਦੇ ਮਦਹੋਸ਼, ਮਧੁਰ ਰਾਗ ਧੁਨ ਸ਼ਨਵਾਈਆ । ਗੋਬਿੰਦ ਪਿਆਰ ਵਿਚ ਕਿਹਾ ਤੈਨੂੰ ਅੱਗੇ ਦਿਤਾ ਬਹੁਤ, ਸਚ ਮਿਲੀ ਸਰਨਾਈਆ । ਖ਼ਰਗੋਸ਼ ਕਿਹਾ ਗੋਬਿੰਦ ਮੇਰੀ ਇਕ ਬੇਨੰਤੀ ਤੇਰਾ ਮਾਝਾ ਜਾਏ ਨਾ ਔਤ, ਤੇਰਾ ਦਰ ਤੇਰੇ ਸੋਭਾ ਪਾਈਆ । ਵੇਲਾ ਦੱਸ ਢਈਆ ਕਿ ਔਂਟ, ਵਕਤ ਵਕਤ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਿਹਾ ਵਾਹ ਮੇਰੇ ਮਿਹਰਵਾਨ, ਕੀ ਆਪਣਾ ਰੂਪ ਬਦਲਾਈਆ । ਕਿਉਂ ਭੱਜਿਆ ਵਿਚ ਮੈਦਾਨ, ਚੌਪਾਇਆਂ ਵਾਲੀ ਛਲਾਂਗ ਲਗਾਈਆ । ਮੈਂ ਵੇਖ ਹੋਇਆ ਹੈਰਾਨ, ਕੀ ਤੇਰੀ ਬੇਪਰਵਾਹੀਆ । ਝਟ ਉਹ ਬਣ ਕੇ ਨੌਜਵਾਨ, ਆਪਣੀ ਲਏ ਅੰਗੜਾਈਆ । ਫੇਰ ਰੂਪ ਧਰ ਸ੍ਰੀ ਭਗਵਾਨ, ਜੋਤੀ ਜਾਤਾ ਡਗਮਗਾਈਆ । ਫੇਰ ਸ਼ਬਦ ਨਾਦ ਧੁਨਕਾਨ, ਅਗੰਮ ਦਿਤੀ ਸੁਣਾਈਆ । ਫੇਰ ਪਿੱਠ ਮਾਰਿਆ ਹੱਥ ਮਾਝਾ ਦੇਸ ਉਹ ਸਥਾਨ, ਜਿਥੇ ਭਗਤ ਦਵਾਰਾ ਸੋਭਾ ਪਾਈਆ । ਜ਼ਰਾ ਵੇਖ ਸ਼ਹਿਨਸ਼ਾਹ ਸੁਲਤਾਨ, ਨੂਰ ਨੁਰਾਨਾ ਨਜ਼ਰੀ ਆਈਆ । ਤੇਰਿਆਂ ਗੁਰਮੁਖਾਂ ਤੋਂ ਉਹ ਤੇਰਾ ਫੇਰ ਲੈ ਕੇ ਦੇਵਾਂ ਉਹ ਦਾਨ, ਵਿਚੋਲਾ ਆਪਣਾ ਆਪ ਬਣਾਈਆ । ਤੂੰ ਉਂਗਲੀ ਉਤੇ ਪਾਉਣਾ ਉਹ ਫੇਰ ਨਿਸ਼ਾਨ, ਜਿਸ ਨਿਸ਼ਾਨੇ ਨੂੰ ਵਿਸ਼ਨ ਬ੍ਰਹਮਾ ਸ਼ਿਵ ਵੇਖਣ ਚਾਈਂ ਚਾਈਂਆ । ਉਤੇ ਗੋਬਿੰਦ ਲਿਖਿਆ ਹੋਵੇ ਇਹ ਗੋਬਿੰਦ ਦਾ ਈਮਾਨ, ਗੋਬਿੰਦ ਗੋਬਿੰਦ ਰੰਗ ਰੰਗਾਈਆ । ਗੋਬਿੰਦ ਤੇਰੇ ਮਾਝੇ ਵਾਲੇ ਪਹਿਲੋਂ ਕਰਾਂ ਸਵਾਧਾਨ, ਪਿਛਲਾ ਲੇਖਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਲਹਿਣਾ ਦਏ ਚੁਕਾਈਆ । ਗੋਬਿੰਦ ਝਟ ਦੋਵੇਂ ਹੱਥ ਰੱਖੇ ਉਤੇ ਮੱਥੇ, ਸਾਹਮਣੇ ਦਿਤੇ ਵਖਾਈਆ । ਮੈਂ ਛਡ ਦਿਤੇ ਤੇਰੇ ਤੀਰ ਭੱਥੇ, ਕਮਾਨ ਕੰਧੇ ਨਾ ਕੋਇ ਟਿਕਾਈਆ । ਤੇਰਾ ਖੇਲ ਵੇਖਣਾ ਆਪਣੀ ਅਗੰਮੀ ਅੱਖੇ, ਜਗਤ ਨੇਤਰ ਬੰਦ ਕਰਾਈਆ । ਤੂੰ ਮੇਰੇ ਅੰਦਰ ਵਸੇਂ, ਮੈਂ ਤੇਰੇ ਵਿਚ ਸਮਾਈਆ । ਤੂੰ ਮੇਰੇ ਪਤੇ ਦੱਸੇਂ, ਮੈਂ ਤੇਰਾ ਪੜਦਾ ਲਾਹੀਆ । ਤੂੰ ਮੇਰੇ ਵੱਲ ਨੱਸੇਂ, ਮੈਂ ਤੇਰਾ ਰਾਹ ਤਕਾਈਆ । ਤੂੰ ਰੂਪ ਧਰਨਾ ਸੱਸੇ, ਮੈਂ ਹੋੜਾ ਰੰਗ ਰੰਗਾਈਆ । ਹੰ ਬ੍ਰਹਮ ਸਾਰੀ ਸਾਡੇ ਦੋਹਾਂ ਦੇ ਵਿਚ ਵਸੇ, ਸੋਹੰ ਰੂਪ ਸ੍ਰਿਸ਼ਟ ਸਬਾਈਆ । ਜਿਹੜੇ ਗੁਰਮੁਖ ਹੋਣੇ ਬੱਚੇ, ਸਿਰ ਉਹਨਾਂ ਹੱਥ ਟਿਕਾਈਆ । ਜਿਨ੍ਹਾਂ ਤੇ ਕਿਰਪਾ ਕਰਨੀ ਓਨ੍ਹਾਂ ਨੂੰ ਮਰਨ ਵਿਚੋਂ ਮਰਨ ਪਹਿਲੋਂ ਦੱਸੇ, ਸੰਦੇਸ਼ਾ ਸਚ ਸਚ ਸੁਣਾਈਆ । ਫੇਰ ਕਿਰਪਾ ਕਰ ਕੇ ਰੱਖੇ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣ ਹਕੀਕਤ ਹੱਕੇ, ਹੱਕ ਦਾ ਮਾਲਕ ਇਕ ਅਖਵਾਈਆ ।

## ✪ ੨੦ ਅੱਸੂ ਸ਼ਹਿਨਸ਼ਾਹੀ ਸੰਮਤ ੫ ਸਵਰਨ ਸਿੰਘ ਦੇ ਗ੍ਰਹਿ ਜੰਡਿਆਲਾ ਗੁਰੂ ✪

ਵਿਸ਼ਨੂੰ ਕਹੇ ਮੈਂ ਸ਼ਬਦ ਧਾਰ ਤੱਕਿਆ ਗੋਬਿੰਦ ਸਪੂਤ, ਸਪੁੱਤਰ ਉੱਤਰ ਪੂਰਬ ਪੱਛਮ ਦੱਖਣ ਇਕੋ ਨਜ਼ਰੀ ਆਈਆ । ਜਿਸ ਦਾ ਨੂਰ ਨਜ਼ਾਰਾ ਚਾਰੇ ਕੂਟ, ਦਹਿ ਦਿਸ਼ਾ ਪੜਦਾ ਓਹਲਾ ਰਿਹਾ ਉਠਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅਵਤਾਰ ਪੈਗੰਬਰ ਗੁਰ ਰੂਪ ਬਦਲਦਾ ਰਿਹਾ

ਪੰਜ ਭੂਤ, ਤਨ ਵਜੂਦ ਮਾਟੀ ਖ਼ਾਕ ਸੋਭਾ ਪਾਈਆ । ਅੰਤ ਕਰਦਾ ਰਿਹਾ ਕੂਚ, ਕੂਚਾ ਗਲੀ ਧਰਨੀ ਧਰਤ ਧਵਲ ਹੋਕਾ ਹੱਕ ਨਾਮ ਸੁਣਾਈਆ । ਵੰਡਾਂ ਵੰਡਦਾ ਰਿਹਾ ਦੀਨ ਮਜ਼੍ਹਬ ਜ਼ਾਤ ਪਾਤ ਨੀਚ ਊਚ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਹਿੰਦੂ ਮੁਸਲਿਮ ਸਿੱਖ ਈਸਾਈ ਨਾਉਂ ਪਰਗਟਾਈਆ । ਭੇਵ ਖੋਲ੍ਹਦਾ ਰਿਹਾ ਆਤਮਾ ਪਰਮਾਤਮਾ ਤਾਣਾ ਪੇਟਾ ਇਕੋ ਸੂਤ, ਸੂਤਰਧਾਰੀ ਸਾਹਿਬ ਸਵਾਮੀ ਅੰਤਰਜਾਮੀ ਇਕੋ ਇਕ ਅਖਵਾਈਆ । ਸੋ ਕਲਜੁਗ ਅੰਤ ਲੇਖਾ ਮੁਕਾਵੇ ਲਹਿਣਾ ਦੇਣਾ ਜੂਠ ਝੂਠ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਡੇਰਾ ਢਾਹੀਆ । ਕਿਰਪਾ ਨਿਧਾਨ ਸਾਹਿਬ ਸੁਲਤਾਨ ਹੋ ਕੇ ਜਾਏ ਤੂਠ, ਮਿਹਰਵਾਨ ਮਹਿਬੂਬ ਆਪਣਾ ਰੰਗ ਰੰਗਾਈਆ । ਭਗਤ ਸੁਹੇਲੇ ਜੁਗ ਜਨਮ ਜੋ ਪਿਆਰ ਮੁਹੱਬਤ ਵਿਚ ਗਏ ਰੂਠ, ਮਿੱਤਰ ਪਿਆਰਾ ਹੋ ਕੇ ਆਪਣਾ ਮੇਲ ਮਿਲਾਈਆ । ਪਾਵੇ ਸਾਰ ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੂਟ, ਚਾਰ ਗੁੱਠ ਲੁਕਿਆ ਨਜ਼ਰ ਕੋਇ ਨਾ ਆਈਆ । ਸ਼ਬਦੀ ਧਾਰ ਹੋ ਤਿਆਰ ਨਾਮ ਨਿਧਾਨਾ ਗਾਨਾ ਬੰਨ੍ਹੇ ਧਰਮ ਦੇ ਗੁਟ, ਗੁਰ ਗੁਰ ਧਾਰ ਆਪਣੀ ਇਕ ਪਰਗਟਾਈਆ । ਗੁਰਮੁਖਾਂ ਜਨ ਭਗਤਾਂ ਉਜਲ ਕਰੇ ਲੋਕਮਾਤ ਮੁਖ, ਮੁਖੀਆ ਹੋ ਕੇ ਦੁਖੀਆਂ ਦੁੱਖ ਦਏ ਗਵਾਈਆ । ਸੰਤ ਸੁਹੇਲਾ ਹੋ ਕੇ ਲਏ ਪੁਛ, ਸ਼ਾਹ ਫ਼ਕੀਰਾਂ ਮੇਲ ਮਿਲਾਈਆ । ਸਾਡਾ ਲਹਿਣਾ ਦੇਣਾ ਜਾਣੇ ਜਿਸ ਕਾਰਨ ਕਟਾਈ ਦਾੜ੍ਹੀ ਮੁੱਛ, ਬੋਦੀ ਸੀਸ ਜਗਦੀਸ ਟਿੱਕਾ ਗਿਰਦਾ ਖੋਜ ਖੁਜਾਈਆ । ਸਾਚੀ ਵਸਤ ਨਾਮ ਅਮੋਲਕ ਦੇ ਕੇ ਕੁਛ, ਕੱਛ ਮੱਛ ਦੀ ਆਸਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸਮਝਾਈਆ । ਵਿਸ਼ਨੂੰ ਕਹੇ ਮੈਂ ਵੇਖਿਆ ਸ਼ਬਦੀ ਸੁਤ ਦੁਲਾਰਾ, ਦੂਲ੍ਹਾ ਧੁਰ ਦਾ ਨਜ਼ਰੀ ਆਈਆ । ਜਿਸ ਦਾ ਰੂਪ ਤੇਈ ਅਵਤਾਰਾ, ਪੈਗ਼ੰਬਰ ਨੂਰੇ ਚਸ਼ਮ ਨੂਰ ਰੁਸ਼ਨਾਈਆ । ਗੁਰੂ ਗੁਰਦੇਵ ਵਿਚ ਸੰਸਾਰਾ, ਇਸ਼ਟ ਸ੍ਰਿਸ਼ਟ ਦ੍ਰਿਸ਼ਟ ਵਿਚ ਵਡਿਆਈਆ । ਜਿਸ ਦੀ ਮਹਿੰਮਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਜੁਗ ਚਾਰਾ, ਗੀਤਾ ਗਿਆਨ ਧਿਆਨ ਇਕੋ ਇਕ ਸਮਝਾਈਆ । ਸੋ ਸ਼ਾਹੋ ਭੂਪ ਬਣ ਸਿਕਦਾਰਾ, ਸਚ ਸੁਲਤਾਨਾ ਸੋਭਾ ਪਾਈਆ । ਜਿਸ ਦਾ ਨੂਰੇ ਨਜ਼ਰ ਕਲ ਕਲਕੀ ਅਵਤਾਰਾ, ਕਲ ਕਲੇਸ਼ ਦਸ ਦਸਮੇਸ਼ ਸੰਗ ਮਿਟਾਈਆ । ਚਾਰ ਕੁੰਟ ਵੇਖੇ ਵਿਗਸੇ ਪਾਵੇ ਸਾਰਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਭੇਵ ਖੁਲ੍ਹਾਈਆ । ਸਦੀ ਚੌਧਵੀਂ ਜਿਸ ਨੇ ਕਰਨਾ ਅੰਤ ਕਿਨਾਰਾ, ਮੁਹੰਮਦ ਆਸ਼ਾ ਦਏ ਵਡਿਆਈਆ । ਈਸਾ ਲੇਖਾ ਜਾਣੇ ਵੀਹਵੀਂ ਸਦੀ ਤਕਰਾਰਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਨਾਨਕ ਗੋਬਿੰਦ ਗੋਬਿੰਦ ਧਾਰ ਪਰਗਟ ਹੋ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਭੇਵ ਚੁਕਾਈਆ । ਜਿਸ ਦਾ ਭੇਵ ਕਾਗਦ ਕਲਮ ਨਾ ਲਿਖਣਹਾਰਾ, ਆਦਿ ਅੰਤ ਕਹਿਣ ਕੋਇ ਨਾ ਪਾਈਆ । ਸੋ ਸਾਹਿਬ ਸਤਿਗੁਰ ਦੀਨ ਦਿਆਲ ਪੁਰਖ ਅਕਾਲ ਪਰਵਰਦਿਗਾਰ ਸਾਂਝਾ ਯਾਰਾ, ਵੇਖਣਹਾਰਾ ਥਾਉਂ ਥਾਈਆ । ਲਹਿਣਾ ਦੇਣਾ ਕਲਜੁਗ ਅੰਤਮ ਮੇਟੇ ਅਗੰਮ ਅਪਾਰਾ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਗੋਬਿੰਦ ਗੋਬਿੰਦ ਧਾਰ ਖੇਲ ਕਰੇ ਵਿਚ ਸੰਸਾਰਾ, ਨਿਰਗੁਣ ਨਿਰਗੁਣ ਸਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਤ ਰੰਗ ਦੀ ਬੰਨ੍ਹ ਸੀਸ ਦਸਤਾਰਾ, ਮਾਝੇ ਵਾਲਿਆਂ ਮਜਲਸ ਆਪਣੀ ਦਏ ਵਖਾਈਆ ।

## ੨੦ ਅੱਸੂ ਸ਼ਹਿਨਸ਼ਾਹੀ ਸੰਮਤ ੫ ਸੁਰੈਣ ਸਿੰਘ ਦੇ ਗ੍ਰਹਿ ਜੰਡਿਆਲਾ ਗੁਰੂ

ਵਿਸ਼ਨੂੰ ਕਹੇ ਮੈਂ ਕਲਜੁਗ ਅੰਤਮ ਵੇਖਿਆ ਕੂੜਨ, ਕੂੜ ਕੁਟੰਬ ਦਿਸੀ ਲੋਕਾਈਆ । ਸਭ ਦੀ ਦ੍ਰਿਸ਼ਟੀ ਹੋਈ ਮੂੜ੍ਹਨ, ਮੂਰਖ ਮੁਗਧ ਰੂਪ ਦਰਸਾਈਆ । ਪ੍ਰਭ ਦੀ ਮੰਗੇ ਕੋਇ ਨਾ ਚਰਨ ਧੂੜਨ, ਗੁਰੂ ਅਵਤਾਰ ਪੈਗ਼ੰਬਰਾਂ ਇਸ਼ਟ ਸਰਬ ਮਨਾਈਆ । ਫੇਰ ਸਾਹਿਬ ਤੱਕਿਆ ਹਾਜ਼ਰ ਹਜ਼ੂਰਨ, ਹਰਿ ਕਰਤਾ ਧੁਰਦਰਗਾਹੀਆ । ਜੋਧਾ ਅਗੰਮੀ ਬੀਰ ਸੂਰਨ, ਸਤਿ ਸਤਿਵਾਦੀ ਇਕ ਅਖਵਾਈਆ । ਜਿਸ ਦਾ ਰੂਪ ਅਨੂਪ ਪੂਰਨ, ਪਰਮ ਪੁਰਖ ਪ੍ਰਭ ਵੇਸ ਵਟਾਈਆ । ਕਲਜੁਗ ਪੰਧ ਮਿਟਾਏ ਨੇੜ ਦੂਰਨ, ਦੂਰ ਦੁਰਾਡਾ ਵੇਖ ਵਖਾਈਆ । ਜਨ ਭਗਤਾਂ ਜਨਮ ਜਨਮ ਦਾ ਬਖ਼ਸ਼ ਕੁਸੂਰਨ, ਮਿਹਰ ਨਜ਼ਰ ਨਾਲ ਤਰਾਈਆ । ਵਿਸ਼ਨੂੰ ਕਹੇ ਅੰਤਮ ਖੇਲ ਵੇਖ ਹੋਇਆ ਮਜਬੂਰਨ, ਮਜਬੂਰੀ ਵਿਚ ਦੁਹਾਈਆ । ਚਾਰ ਜੁਗ ਦਾ ਲੇਖਾ ਦਿਸਿਆ ਅਧੂਰਨ, ਅੰਤ ਸਕਿਆ ਨਾ ਕੋਇ ਕਰਾਈਆ । ਚਾਰ ਜੁਗ ਦੇ ਸ਼ਾਸਤਰ ਦਿਸੇ ਮਜ਼ਦੂਰਨ, ਮਜ਼ਦੂਰੀ ਜਗਤ ਵਾਲੀ ਕਮਾਈਆ । ਪ੍ਰਭ ਦਾ ਨਾਮ ਕਰਨ ਮਸ਼ਹੂਰਨ, ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਇਕ ਅਖਵਾਈਆ । ਵਿਸ਼ਨੂੰ ਕਹੇ ਮੈਂ ਕਲਜੁਗ ਅੰਤ ਵੇਖ ਹੋਇਆ ਉਦਾਸ, ਉਦਾਸੀ ਮੇਰੇ ਅੰਦਰ ਆਈਆ । ਮੈਨੂੰ ਹੁਕਮ ਦਿਤਾ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਦਿਤਾ ਦ੍ਰਿੜਾਈਆ । ਮੇਰਾ ਖੇਲ ਵੇਖ ਸਰਬ ਗੁਣ ਤਾਸ, ਗੁਣਵੰਤਾ ਆਪ ਜਣਾਈਆ । ਆਦਿ ਅੰਤ ਸਭ ਕਿਛ ਮੇਰੇ ਪਾਸ, ਦੇਵਣਹਾਰ ਅਗੰਮ ਅਥਾਹੀਆ । ਪ੍ਰਭ ਪੂਰਨ ਪੂਰਨ ਵਿਚ ਪ੍ਰਕਾਸ਼, ਪੂਰਨ ਪੂਰ ਰਿਹਾ ਸਰਬ ਠਾਈਆ । ਪੰਜਾਂ ਤਤਾਂ ਦੇ ਸ਼ਾਬਾਸ਼, ਸ਼ਾਹ ਸੁਤਲਾਨ ਇਕ ਸਮਝਾਈਆ । ਫੇਰ ਥੱਲਿਉਂ ਵਖਾਇਆ ਆਕਾਸ਼, ਆਕਾਸ਼ ਦੇ ਨੀਚੇ ਧਰਨੀ ਧਰਤ ਧਵਲ ਵਡਿਆਈਆ । ਜਿਧਰ ਤਕਾਂ ਓਧਰ ਸਾਥ, ਸਗਲਾ ਸੰਗ ਨਿਭਾਈਆ । ਹੁਕਮੀ ਹੁਕਮ ਰਿਹਾ ਆਖ, ਬਿਨ ਅੱਖਰਾਂ ਕਰ ਪੜ੍ਹਾਈਆ । ਸਭ ਦਾ ਪੂਰਾ ਕਰਨਾ ਭਵਿਖਤ ਵਾਕ, ਲਿਖਤ ਸ਼ਹਾਦਤ ਦਏ ਭੁਗਤਾਈਆ । ਹੁਕਮ ਵਰਤਾਉਣਾ ਇਕ ਸਾਚ, ਸਚ ਸਚ ਵਡਿਆਈਆ । ਧਰਮ ਦੀ ਧਾਰ ਵਖਾ ਤਮਾਸ਼, ਖੇਲ ਅਗੰਮ ਦੇਣਾ ਸਮਝਾਈਆ । ਵਿਸ਼ਨੂੰ ਕਹੇ ਮੇਰਾ ਇਕ ਤੇ ਹੋਇਆ ਵਿਸ਼ਵਾਸ਼, ਵਿਸ਼ਾ ਅਵਰ ਨਾ ਕੋਇ ਜਣਾਈਆ । ਓਸ ਵੇਲੇ ਮੇਰਾ ਭਗਵਨ ਮੇਰੇ ਸਾਥ, ਪਾਸਾ ਸਕਿਆ ਨਾ ਕੋਇ ਬਦਲਾਈਆ । ਮੈਨੂੰ ਵਖਾਈ ਮੰਡਲ ਰਾਸ, ਗੋਪੀ ਕਾਹਨ ਨਚਾਈਆ । ਫੇਰ ਸਹਿਜ ਦਿਤਾ ਆਖ, ਸ਼ਬਦੀ ਸ਼ਬਦ ਹੁਕਮ ਦ੍ਰਿੜਾਈਆ । ਵਿਸ਼ਨੂੰ ਕਰੀਂ ਨਾ ਪਸ਼ਚਾਤਾਪ, ਚਿੰਤਾ ਗ਼ਮ ਨਾ ਕੋਇ ਰਖਾਈਆ । ਕਲਜੁਗ ਅੰਤ ਪਰਗਟ ਹੋਵਾਂ ਆਪ, ਆਪ ਆਪਣਾ ਫੇਰਾ ਪਾਈਆ । ਜਨ ਭਗਤਾਂ ਬਣਾਂ ਮਾਈ ਬਾਪ, ਪਿਤਾ ਪੂਤ ਗੋਦ ਸੁਹਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਜਾਪ, ਮਾਰਗ ਇਕੋ ਇਕ ਰਖਾਈਆ । ਸਤਿਗੁਰ ਸ਼ਬਦ ਧਾਰ ਦੀ ਦੇ ਕੇ ਦਾਤ, ਵਸਤ ਅਮੋਲਕ ਝੋਲੀ ਆਪ ਟਿਕਾਈਆ । ਚਾਰ ਜੁਗ ਦਾ ਲੇਖਾ ਲਿਖਿਆ ਨਾਲ ਕਲਮ ਦਵਾਤ, ਨਿਰਗੁਣ ਹੋ ਕੇ ਖੋਜ ਖੁਜਾਈਆ । ਨਵੇਂ ਜੁਗ ਦਾ ਲਹਿਣਾ ਦੇਣਾ ਦੇਵਾਂ ਸਾਖਿਆਤ, ਸਚ ਸਵਾਮੀ ਹੋ ਕੇ ਫੇਰਾ ਪਾਈਆ । ਪੰਜਾਂ ਤਤਾਂ ਦੀ ਪੰਜਾਂ ਲਿਖਾਰੀਆਂ ਕੋਲੋਂ ਕਰਾਵਾਂ ਯਾਚ, ਯਜੁਰ ਵੇਦ ਦਏ ਗਵਾਹੀਆ । ਚਰਨ ਕਵਲ ਬਣਾ ਦਾਸੀ ਦਾਸ, ਸੇਵਕ ਸੇਵਾ ਸਚ ਕਮਾਈਆ । ਬਿਨਾ ਪੁਰਖ ਅਕਾਲ ਤੋਂ ਉਨ੍ਹਾਂ ਦਾ ਦੂਜਾ ਰਹੇ ਕੋਈ ਨਾ ਮਾਈ ਬਾਪ, ਭੈਣ ਭਾਈ ਦਾ ਨਾਤਾ ਦਏ ਤੁੜਾਈਆ । ਇਕ ਆਤਮਾ ਇਕ ਪਰਮਾਤਮਾ ਇਕ ਬਣਾ ਕੇ ਸਾਕ,

ਸੱਜਣ ਇਕ ਅਖਵਾਈਆ । ਕਲਜੁਗ ਹੋਵੇ ਅੰਧੇਰੀ ਰਾਤ, ਸਾਚਾ ਚੰਦ ਕਰਾਂ ਰੁਸ਼ਨਾਈਆ । ਰਵਦਾਸ ਚਮਾਰਾ ਪ੍ਰੇਮ ਧਾਰ ਦੀ ਰੱਖੇ ਪਰਭਾਤ, ਅੱਠੇ ਪਹਿਰ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਵਿਸ਼ਨੂੰ ਕਹੇ ਮੈਂ ਵੇਖਿਆ ਕਲਜੁਗ ਅੰਤਮ ਵਕਤ ਵਕਤ ਥੋੜਾ, ਥੋੜਾ ਧਿਆਨ ਲਗਾਈਆ । ਪੁਰਖ ਅਕਾਲ ਦਾ ਤੱਕਿਆ ਨਿਰਗੁਣ ਧਾਰ ਘੋੜਾ, ਦੋ ਜਹਾਨਾਂ ਭੱਜੇ ਵਾਹੋ ਦਾਹੀਆ । ਸ਼ਾਹ ਪਾਤਸ਼ਾਹ ਤੱਕਿਆ ਬਾਂਕਾ ਛੋਹਰਾ, ਸ਼ਹਿਨਸ਼ਾਹ ਸਚ ਸਿੰਘਾਸਣ ਸੋਭਾ ਪਾਈਆ । ਵਿਸ਼ਨੂੰ ਕਹੇ ਮੈਂ ਹੁਕਮ ਸੁਣਾਵਾਂ ਕੋਰਾ, ਜੋ ਧੁਰ ਫ਼ਰਮਾਨਾ ਸ੍ਰੀ ਭਗਵਾਨਾ ਰਿਹਾ ਦ੍ਰਿੜਾਈਆ । ਪੰਜਾਂ ਲਿਖਾਰੀਆਂ ਪ੍ਰਭ ਦਾ ਨਵਾਂ ਬਣਾਉਣਾ ਜੋੜਾ, ਚਰਨ ਕਵਲ ਵਾਰੀ ਵਾਰੀ ਪਾਈਆ । ਅੱਗੇ ਕਰਨਾ ਭਾਗ ਮਥੋਰਾ, ਮਿਥਿਆ ਦੱਸਣੀ ਸਰਬ ਲੋਕਾਈਆ । ਜਿਸ ਕਾਰਨ ਸੱਸੇ ਉਪਰ ਲਾਇਆ ਹੋੜਾ, ਹਾਹੇ ਟਿੱਪੀ ਦਿਤੀ ਵਡਿਆਈਆ । ਜਗਤ ਜਹਾਨ ਨਾਲੋਂ ਕਰ ਵਿਛੋੜਾ, ਵਿਛੜੇ ਆਪਣੇ ਨਾਲ ਮਿਲਾਈਆ । ਹਰਿ ਸੰਗਤ ਪ੍ਰਭ ਲਈ ਕੁਛ ਦਾਨ ਲਿਆਉਣਾ ਥੋੜਾ ਥੋੜਾ, ਇਕ ਇਕ ਦਾਣਾ ਆਪਣੇ ਹੱਥ ਟਿਕਾਈਆ । ਵਿਸ਼ਨੂੰ ਕਹੇ ਸਚਖੰਡ ਵਾਸਤੇ ਸਤਿਜੁਗ ਧਾਰ ਮੈਨੂੰ ਪਈ ਲੋੜਾ, ਬਿਨਾ ਭਗਤਾਂ ਤੋਂ ਪੂਰ ਨਾ ਕੋਇ ਕਰਾਈਆ । ਪੰਜਾਂ ਪਿਆਰਿਆਂ ਨੌਂ ਹੱਥ ਦਾ ਲਿਆਉਣਾ ਡੋਰਾ, ਡੋਰੀ ਸੂਤਰ ਧਾਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਲੇਖਾ ਮੁਕਾਏ ਪੰਜ ਵਿਕਾਰ ਚੋਰਾ, ਚੋਰੀ ਚੋਰੀ ਸਭ ਤੇ ਦਇਆ ਕਮਾਈਆ ।



### ✪ ੨੦ ਅੱਸੂ ਸ਼ਹਿਨਸ਼ਾਹੀ ਸੰਮਤ ੫ ਦੀਦਾਰ ਸਿੰਘ ਦੇ ਗ੍ਰਿਹ ਸ਼ਫ਼ੀਪੁਰ ਜ਼ਿਲਾ ਅੰਮ੍ਰਿਤਸਰ ✪

ਵਿਸ਼ਨੂੰ ਕਹੇ ਬ੍ਰਹਮਾ ਵੇਖ ਗੋਬਿੰਦ ਦਾ ਪੂਰਨ ਪਰਗਣਾ, ਪਰਗਟ ਨਿਰਗੁਣ ਧਾਰ ਕਰਾਈਆ । ਜਿਸ ਦੀ ਆਸਾ ਰੱਖ ਕੇ ਗਿਆ ਤਤੀ ਲੋਹ ਉਤੇ ਗੁਰ ਅਰਜਨਾ, ਅਰਜ਼ ਬੇਨੰਤੀ ਆਰਜ਼ੂ ਵਿਚ ਸਮਝਾਈਆ । ਸ਼ਬਦੀ ਧਾਰ ਅਗੰਮੀ ਸਤਿਗੁਰੂ ਅਗੰਮੀ ਗਰਜਣਾ, ਭੈ ਦੋ ਜਹਾਨ ਰਖਾਈਆ । ਜਿਸ ਨੂੰ ਅੱਗੇ ਹੋ ਕਿਸੇ ਨਾ ਵਰਜਣਾ, ਸਾਰੇ ਬੈਠੇ ਸੀਸ ਨਿਵਾਈਆ । ਉਸ ਦਾ ਹੁਕਮ ਕਦੇ ਨਾ ਪਰਤਣਾ, ਪ੍ਰਤਖ ਆਪਣੀ ਕਾਰ ਕਮਾਈਆ । ਕਲਜੁਗ ਅੰਤਮ ਭਾਣਾ ਵਰਤਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਦੀ ਪੂਰੀ ਕਰਨੀ ਸ਼ਰਤਨਾ, ਸ਼ਰਅ ਦਾ ਲੇਖਾ ਦੇਣਾ ਚੁਕਾਈਆ । ਜਨ ਭਗਤਾਂ ਚਿੰਤਾ ਰੋਗ ਮਿਟਾਏ ਹਰਸਨਾ, ਹਿਰਸ ਹਵਸ ਆਪਣੀ ਇਕ ਜਣਾਈਆ । ਕੋਟਾਂ ਵਿਚੋਂ ਸੰਤ ਸੁਹੇਲੇ ਦਰਸ਼ਨ ਪਰਸਣਾ, ਪਾਰਸ ਕੰਚਨ ਲੋਹਾ ਦਏ ਵਖਾਈਆ । ਅੰਮ੍ਰਿਤ ਮੇਘ ਅਗੰਮਾ ਬਰਸਣਾ, ਨਿਰਗੁਣ ਬੂੰਦ ਸਵਾਂਤ ਟਪਕਾਈਆ । ਜਿਸ ਨੇ ਚਾਰ ਜੁਗ ਦਾ ਲੇਖਾ ਨਾਂ ਕਸਵਟੀ ਉਤੇ ਪਰਖਣਾ, ਪਾਰਖੂ ਹੋ ਕੇ ਫੇਰਾ ਪਾਈਆ । ਉਸ ਦੇ ਅੱਗੇ ਕਿਸੇ ਨਾ ਅਟਕਣਾ, ਅਟਕ ਤੋਂ ਪਾਰ ਪਏ ਦੁਹਾਈਆ । ਜਿਸ ਨੇ ਦੋ ਜਹਾਨ ਨੌਂ ਖੰਡ ਪ੍ਰਿਥਮੀ ਝਟਕਣਾ, ਝਟਕਾ ਦੇਵੇ ਥਾਉਂ ਥਾਈਂਆ । ਸ਼ਬਦੀ ਧਾਰ ਖੰਡਾ ਖੜਕਣਾ, ਪੂਰਨ ਗੋਬਿੰਦ ਸਚ ਦ੍ਰਿੜਾਈਆ । ਦੀਨ ਮਜ਼੍ਹਬ ਦਾ ਰੋੜਾ ਅਟਕਣਾ, ਦੁਨੀ ਰੋਵੇ ਥਾਉਂ ਥਾਈਂਆ । ਧੁਰ ਦਾ ਹੁਕਮ ਚੜ੍ਹਨਾ ਕਟਕਣਾ, ਚਾਰੋਂ ਕੁੰਟ ਵੇਖ ਵਖਾਈਆ । ਮਨ ਕਲਪਣਾ

ਵਿਚ ਸਭ ਨੇ ਭਟਕਣਾ, ਸਾਂਤਕ ਸਤਿ ਨਾ ਕੋਇ ਕਰਾਈਆ । ਜਮ ਕੀ ਫਾਸੀ ਮਨਮੁਖ ਜੀਵਾਂ ਲਟਕਣਾ, ਚੁਰਾਸੀ ਗੇੜ ਨਾ ਕੋਇ ਕਟਾਈਆ । ਦੁਖੀਆਂ ਵੰਡੇ ਕੋਈ ਦਰਦ ਨਾ, ਦੀਨਾਂ ਦੇਵੇ ਨਾ ਕੋਇ ਵਡਿਆਈਆ । ਇਹ ਖੇਲ ਕਰਨਾ ਮਰਦ ਮਰਦਾਨੇ ਮਰਦਨਾ, ਮਦਦ ਆਪਣੀ ਨਾਲ ਰਖਾਈਆ । ਸ਼ਰਅ ਕਸਾਈ ਰਹੇ ਕਰਦਨਾ, ਕੁਦਰਤ ਦਾ ਕਾਦਰ ਕਰਨੀ ਦਾ ਕਰਤਾ ਲੇਖ ਮੁਕਾਈਆ । ਸਭ ਦੀ ਕਢ ਕੇ ਚਾਰ ਜੁਗ ਦੀ ਫ਼ਰਦਨਾ, ਲਹਿਣਾ ਵੇਖੇ ਥਾਉਂ ਥਾਈਂਆ । ਕਲਜੁਗ ਪੁੱਠੀ ਕਰੇ ਨਰਦਨਾ, ਨਾਰਦ ਮੁਨੀ ਦਏ ਦੁਹਾਈਆ । ਇਹ ਖੇਲ ਕਰਨਾ ਅਸਚਰਜਨਾ, ਅਚਰਜ ਲੀਲਾ ਆਪ ਵਖਾਈਆ । ਇਕੋ ਸੰਬਲ ਸੁਹਾਉਣਾ ਪਰਗਣਾ, ਪਟਨੇ ਵਾਲਾ ਡੇਰਾ ਲਾਈਆ । ਗੁਰਮੁਖਾਂ ਹੋਣ ਨਾ ਦੇਵੇ ਹਰਜਨਾ, ਹਰਜ ਆਪਣੇ ਘਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਸੁਣਾਈਆ । ਵਿਸ਼ਨੂੰ ਕਹੇ ਗੋਬਿੰਦ ਦਾ ਬ੍ਰਹਮਾ ਪੂਰਨ ਵੇਖ ਗ੍ਰਿਹਿ, ਘਰ ਇਕੋ ਸੋਭਾ ਪਾਈਆ । ਜਿਥੇ ਪਰਮ ਪੁਰਖ ਪਰਮਾਤਮਾ ਰਹੇ, ਰਹਿਬਰ ਬਣ ਕੇ ਨੂਰ ਇਲਾਹੀਆ । ਜਿਸ ਨੂੰ ਯਾਦ ਕਰਦੇ ਕੋਟਨ ਕੋਟ ਲੱਖ ਕਰੋੜੀ ਸੈ, ਗਣਤੀ ਗਣਤ ਨਾ ਕੋਇ ਗਣਾਈਆ । ਜਿਸ ਦੇ ਹੁਕਮ ਅੰਦਰ ਜੁਗ ਚੌਕੜੀ ਵਹਿਣ ਵਹੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਾਰ ਵਹਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਸਚ ਸਿੰਘਾਸਣ ਆਪ ਬਹੇ, ਤਖ਼ਤ ਨਿਵਾਸੀ ਡੇਰਾ ਲਾਈਆ । ਜਿਸ ਨੇ ਦੀਨ ਦੁਨੀ ਕਰਨੀ ਲੈ, ਲਹਿਣਾ ਸਭ ਦਾ ਝੋਲੀ ਪਾਈਆ । ਇਕ ਦੋ ਜਹਾਨ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਹੋਵੇ ਜੈ, ਜੈ ਜੈਕਾਰ ਆਪ ਕਰਾਈਆ । ਜੁਗ ਚੌਕੜੀ ਪੁਰਖ ਅਕਾਲ ਆਪਣਾ ਨਾਮ ਕਿਸੇ ਨਹੀਂ ਕੀਤਾ ਬੈ, ਹੱਕ ਫਕ ਨਾ ਕੋਇ ਕਰਾਈਆ । ਸਾਰੇ ਰਸਨਾ ਨਾਲ ਗਏ ਕਹਿ, ਕਹਿ ਕਹਿ ਜਗਤ ਸੁਣਾਈਆ । ਅੰਤ ਪ੍ਰਭ ਦੀ ਸਰਨੀ ਪਏ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਏਕਾ ਹੈ, ਦੂਜਾ ਨਜ਼ਰ ਕੋਇ ਨਾ ਆਈਆ ।

### ✪ ੨੦ ਅੱਸੂ ਸ਼ਹਿਨਸ਼ਾਹੀ ਸੰਮਤ ੫ ਸੋਹਣ ਸਿੰਘ ਦੇ ਗ੍ਰਿਹਿ ਤਰਨਤਾਰਨ ✪

ਵਿਸ਼ਨੂੰ ਕਹੇ ਮੈਂ ਤੱਕਿਆ ਅਜਬ ਨਜ਼ਾਰਾ, ਨਿਰਗੁਣ ਨਿਰਾਕਾਰ ਨਿਰੰਕਾਰ ਦਿਤਾ ਵਖਾਈਆ । ਕਲਜੁਗ ਚਾਰੋਂ ਕੁੰਟ ਅੰਧ ਅੰਧਿਆਰਾ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਇਆ ਧੂੰਆਂਧਾਰਾ, ਧੁੰਦੂਕਾਰ ਨਾ ਕੋਇ ਮਿਟਾਈਆ । ਭੁੱਲਿਆ ਮਾਰਗ ਗੁਰ ਅਵਤਾਰਾ, ਪੈਗ਼ੰਬਰਾਂ ਭੈ ਨਾ ਕੋਇ ਰਖਾਈਆ । ਚਾਰ ਬਰਨ ਅਠਾਰਾਂ ਬਰਨ, ਕਰਨ ਹਾਹਾਕਾਰਾ, ਸਾਂਤਕ ਸਤਿ ਨਾ ਕੋਇ ਵਰਤਾਈਆ । ਨੇਤਰ ਰੋਵਣ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਇ ਰਖਾਈਆ । ਪੁਰਖ ਅਕਾਲਾ ਦੀਨ ਦਿਆਲਾ ਵੇਖਣਹਾਰ ਸਰਬ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਰਿਹਾ ਉਠਾਈਆ । ਵੇਖੇ ਖੇਲ ਜਗਤ ਦੀ ਧਾਰਾ, ਧਰਨੀ ਧਰਤ ਧਵਲ ਧੌਲ ਬਿਨ ਨੇਤਰ ਰਾਹ ਤਕਾਈਆ । ਨਾਲ ਰਲਾਏ ਤੇਈ ਅਵਤਾਰਾ, ਤ੍ਰੈਗੁਣ ਅਤੀਤਾ ਹੁਕਮ ਸੁਣਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਹੋਣਾ ਖ਼ਬਰਦਾਰਾ, ਸਦੀ ਚੌਧਵੀਂ ਲਏ ਅੰਗੜਾਈਆ । ਨਾਨਕ ਗੋਬਿੰਦ ਦੋ ਜਹਾਨਾਂ

ਪਰਦਾ ਲਾਹੁਣਾ ਸਾਰਾ, ਸਾਰ ਸ਼ਬਦ ਇਕ ਪਰਗਟਾਈਆ । ਕਿਸ ਬਿਧ ਕਲਜੁਗ ਕੂੜੀ ਕਿਰਿਆ ਹੋਵੇ ਪਾਰ ਕਿਨਾਰਾ, ਦਰ ਘਰ ਸਾਚੇ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਵਿਸ਼ਨੂੰ ਕਹੇ ਮੇਰੇ ਅੰਤਰ ਆਈ ਹੈਰਾਨੀ, ਹੈਰਤ ਵਿਚ ਜਣਾਈਆ । ਸਤਿ ਧਰਮ ਦੀ ਦਿਸੇ ਨਾ ਕੋਇ ਨਿਸ਼ਾਨੀ, ਨਿਸ਼ਾਨਾ ਧਰਮ ਨਾ ਕੋਇ ਉਠਾਈਆ । ਪੰਡਤ ਪਾਂਧੇ ਮੁੱਲਾ ਸ਼ੇਖ਼ ਜਗਤ ਗ੍ਰੰਥੀ ਕਰਨ ਬੇਈਮਾਨੀ, ਬੇਵਾ ਰੂਪ ਹੋਈ ਲੋਕਾਈਆ । ਸਚ ਧਾਰ ਦਿਸੇ ਨਾ ਕੋਈ ਬ੍ਰਹਮ ਗਿਆਨੀ, ਬ੍ਰਹਮ ਵਿਦਿਆ ਨਾ ਕੋਇ ਪੜ੍ਹਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਝਗੜਾ ਪਿਆ ਅੰਜੀਲ ਕੁਰਾਨੀ, ਸ਼ਰਅ ਸਕੇ ਨਾ ਕੋਇ ਗਵਾਈਆ । ਨਾਮ ਨਿਧਾਨਾ ਮਾਰੇ ਨਾ ਕੋਇ ਕਾਨੀ, ਅਣਿਆਲਾ ਤੀਰ ਨਾ ਕੋਇ ਚਲਾਈਆ । ਕਲਜੁਗ ਅੰਤ ਚਾਰ ਕੁੰਟ ਮਾਇਆ ਮਮਤਾ ਕੂੜ ਚੜ੍ਹੀ ਤੁਗ਼ਿਆਨੀ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹੁਕਮ ਸੰਦੇਸ਼ਾ ਇਕ ਸੁਣਾਈਆ । ਵਿਸ਼ਨੂੰ ਕਹੇ ਪ੍ਰਭ ਵਖਾਇਆ ਕਲਜੁਗ ਅੰਤਮ ਖੇਲ, ਖ਼ਾਲਕ ਖ਼ਲਕ ਦਿਤਾ ਦ੍ਰਿੜਾਈਆ । ਝਗੜਾ ਪਿਆ ਗੁਰੂ ਗੁਰ ਚੇਲ, ਚੇਲਾ ਗੁਰ ਨਾ ਕੋਇ ਵਡਿਆਈਆ । ਸਚ ਦਵਾਰੇ ਕਰੇ ਕੋਈ ਨਾ ਮੇਲ, ਆਤਮ ਪਰਮਾਤਮ ਰੰਗ ਨਾ ਕੋਇ ਰੰਗਾਈਆ । ਧਰਮ ਰਾਏ ਦੀ ਕਟੇ ਕੋਈ ਨਾ ਜੇਲ, ਚੁਰਾਸੀ ਫਾਸੀ ਨਾ ਕੋਇ ਕਟਾਈਆ । ਮੈਂ ਹੈਰਾਨ ਹੋਇਆ ਇਹ ਪ੍ਰਭ ਦਾ ਅਚਰਜ ਖੇਲ, ਹਰਿ ਕਰਤਾ ਆਪ ਖਿਲਾਈਆ । ਆਪੇ ਵਸ ਸਰਬ ਨਵੇਲ, ਦਰ ਘਰ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਦਵਾਰਾ ਇਕ ਦਰਸਾਈਆ । ਵਿਸ਼ਨੂੰ ਕਹੇ ਮੈਨੂੰ ਸ਼ਬਦ ਅਗੰਮੀ ਅਗੰਮੀ ਆਈ ਆਵਾਜ਼, ਅਗੰਮ ਅਗੰਮ ਜਣਾਈਆ । ਤੇਰਾ ਭੇਵ ਖੋਲ੍ਹਾਂ ਰਾਜ਼, ਪਰਦਾ ਦਿਆਂ ਉਠਾਈਆ । ਤਕ ਰਾਹ ਗ਼ਰੀਬ ਨਿਵਾਜ, ਬਿਨ ਨੇਤਰ ਨੈਣ ਨੈਣ ਤਕਾਈਆ । ਜਿਸਨੇ ਕਲਜੁਗ ਕੂੜੀ ਕਿਰਿਆ ਬਦਲ ਦੇਣਾ ਸਮਾਜ, ਸਚ ਸਮਗਰੀ ਸਤਿਜੁਗ ਇਕ ਵਰਤਾਈਆ । ਕੂੜੀ ਕਿਰਿਆ ਧੋ ਕੇ ਦਾਗ਼, ਦੁਰਮਤ ਮੈਲ ਕਰੇ ਸਫ਼ਾਈਆ । ਅੰਤਰ ਨਿਰੰਤਰ ਉਪਜਾਵੇ ਇਕ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਦਏ ਸਵਾਦ, ਅੱਠ ਸੱਠ ਲੇਖਾ ਦਏ ਚੁਕਾਈਆ । ਮਿਹਰ ਨਿਗਾਹ ਨਾਲ ਹੰਸ ਬਣਾਏ ਕਾਗ, ਕਾਗ ਹੰਸ ਰੂਪ ਬਦਲਾਈਆ । ਜੋਤੀ ਦੀਪ ਜਲਾਏ ਚਿਰਾਗ਼, ਅੰਧ ਅੰਧੇਰ ਦਏ ਮਿਟਾਈਆ । ਘਰ ਸਵਾਮੀ ਮਿਲੇ ਕੰਤ ਸੁਹਾਗ, ਰੰਡੇਪਾ ਨਜ਼ਰ ਕੋਇ ਨਾ ਆਈਆ । ਕਲਜੁਗ ਜੀਵਾਂ ਆਲਸ ਨਿੰਦਰਾ ਵਿਚੋਂ ਖੋਲ੍ਹ ਕੇ ਜਾਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦੀ ਧਾਰ ਇਕ ਦ੍ਰਿੜਾਈਆ । ਵਿਸ਼ਨੂੰ ਕਹੇ ਪ੍ਰਭ ਦਿਤਾ ਇਕ ਸੰਦੇਸ਼, ਸਤਿ ਸਚ ਜਣਾਈਆ । ਨਿਗਾਹ ਮਾਰ ਮਾਝੇ ਦੇਸ, ਦੇਸ ਦੇਸਾਂਤਰ ਫੋਲ ਫੁਲਾਈਆ । ਨਿਰਗੁਣ ਜੋਤ ਨਰ ਨਰੇਸ਼, ਨੂਰ ਨੂਰਾਨਾ ਸੋਭਾ ਪਾਈਆ । ਜੋ ਆਦਿ ਅੰਤ ਰਹੇ ਹਮੇਸ਼, ਜਨਮ ਕਰਮ ਨਾ ਕੋਇ ਰਖਾਈਆ । ਜਿਸ ਨੂੰ ਝੁਕਣ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਸੁਰਪਤ ਬੈਠਾ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਆਦੇਸ਼, ਨਿਉਂ ਨਿਉਂ ਲਾਗਣ ਪਾਈਆ । ਜਿਸ ਦਾ ਮੁੱਛ ਦਾੜ੍ਹੀ ਨਾ ਕੋਇ ਕੇਸ, ਮੂੰਡ ਮੁੰਡਾਇਆ ਰੂਪ ਨਾ ਕੋਇ ਦਰਸਾਈਆ । ਸੋ ਕਲਜੁਗ ਬਦਲਣ ਲੱਗਾ ਰੇਖ, ਰਿਖੀ ਮੁਨੀ ਸਮਝ ਕਿਸੇ ਨਾ ਆਈਆ । ਜਨ ਭਗਤ ਸੁਹੇਲੇ ਬਣਾਵੇ

ਨੇਕ, ਬਦੀ ਅੰਦਰੋਂ ਦਏ ਗਵਾਈਆ । ਜਿਨ੍ਹਾਂ ਕਲਜੁਗ ਜੀਵਾਂ ਪ੍ਰਭ ਦਾ ਨਾਮ ਖਾਧਾ ਵੇਚ, ਤਿਨ੍ਹਾਂ ਦੇਵੇ ਆਪ ਸਜ਼ਾਈਆ । ਸ਼ਬਦ ਸਤਿਗੁਰੂ ਦੀਨ ਦੁਨੀ ਨੂੰ ਮਾਰੇ ਪੇਚ, ਪੇਚੀਦਾ ਆਪਣੀ ਕਾਰ ਕਮਾਈਆ । ਅੱਗੇ ਚਲੇ ਕਿਸੇ ਨਾ ਪੇਸ਼, ਪੇਸ਼ੀਨਗੋਈਆਂ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਵਿਸ਼ਨੂੰ ਕਹੇ ਪ੍ਰਭ ਦਾ ਹੁਕਮ ਅਪਾਰਾ, ਅਪਰੰਪਰ ਆਪ ਦ੍ਰਿੜਾਈਆ । ਜਗਤ ਵੇਖੋ ਤੇਈ ਅਵਤਾਰਾ, ਪੈਗ਼ੰਬਰ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਗੁਰ ਗੁਰ ਵੇਖੋ ਸਚ ਦੀ ਧਾਰਾ, ਧਰਨੀ ਧਰਤ ਧਵਲ ਧਿਆਨ ਰਖਾਈਆ । ਸਾਚਾ ਦਿਸੇ ਨਾ ਕੋਇ ਮੀਤ ਮੁਰਾਰਾ, ਸੱਜਣ ਸੰਗ ਨਾ ਕੋਇ ਨਿਭਾਈਆ । ਚਾਰੋਂ ਕੁੰਟ ਧੁੰਦੂਕਾਰਾ, ਅੰਧ ਅੰਧੇਰ ਨਾ ਕੋਇ ਗਵਾਈਆ । ਧਰਮ ਰਿਹਾ ਨਾ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰਾ, ਵਿਭਚਾਰ ਕਰਮ ਕਰੇ ਲੋਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹ ਕੇ ਮਨ ਮਿਟੇ ਨਾ ਕਿਸੇ ਵਿਕਾਰਾ, ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਕਲਜੁਗ ਜੀਵ ਵਿਭਚਾਰ ਹੋਏ ਚਾਰ ਕੁੰਟ ਦਹਿ ਦਿਸ਼ਾ ਕੁਲਖਣੀ ਨਾਰਾ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਸ਼ਬਦੀ ਹੁਕਮ ਦੇਵੇ ਸੱਚੀ ਸਰਕਾਰਾ, ਸਾਹਿਬ ਸਵਾਮੀ ਆਪ ਦ੍ਰਿੜਾਈਆ । ਗੋਬਿੰਦ ਅੰਤਮ ਉਠ ਯੋਧੇ ਸੂਰਬੀਰ ਮਾਰ ਲਲਕਾਰਾ, ਨਾਮ ਡੰਕਾ ਇਕ ਵਜਾਈਆ । ਸਰਗੁਣ ਕਰ ਖ਼ਬਰਦਾਰਾ, ਸਦੀ ਚੌਧਵੀਂ ਸੋਇਆ ਰਹਿਣ ਕੋਇ ਨਾ ਪਾਈਆ । ਪੈਗ਼ੰਬਰਾਂ ਦੇ ਇਕ ਹੁਲਾਰਾ, ਚੌਦਾਂ ਤਬਕ ਕਰ ਸ਼ਨਵਾਈਆ । ਚੌਦਾਂ ਲੋਕਾਂ ਤੇਰਾ ਇਸ਼ਾਰਾ, ਐਸ਼ੋ ਇਸ਼ਰਤ ਵੇਖਣ ਥਾਉਂ ਥਾਈਂਆ । ਸਭ ਨੂੰ ਦੱਸਣ ਕਲਜੁਗ ਹੋਣਾ ਅੰਤ ਕਿਨਾਰਾ, ਵੇਲਾ ਵਕਤ ਦਏ ਗਵਾਹੀਆ । ਹੁਕਮ ਸੰਦੇਸ਼ਾ ਦੇਵੇ ਕਲ ਕਲਕੀ ਚਵੀਂਆ ਅਵਤਾਰਾ, ਜਿਸ ਨੂੰ ਜਨਮੇ ਕੋਈ ਨਾ ਮਾਈਆ । ਜਿਸ ਦਾ ਸ਼ਬਦ ਸੁਤ ਗੋਬਿੰਦ ਇਕ ਦੁਲਾਰਾ, ਦੂਲ੍ਹਾ ਧੁਰ ਦਾ ਨਜ਼ਰੀ ਆਈਆ । ਉਹ ਵੇਖਣਹਾਰ ਸਰਬ ਸੰਸਾਰਾ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਦਾਤਾ ਬੇਪਰਵਾਹੀਆ । ਵਿਸ਼ਨੂੰ ਕਹੇ ਮੈਂ ਸ਼ਬਦ ਅਗੰਮੀ ਗੋਬਿੰਦ ਤੱਕਿਆ, ਤੱਕਿਆ ਜ਼ਾਹਰ ਜ਼ਹੂਰ । ਜਿਸ ਫਿਰਨਾ ਮਦੀਨਾ ਮੱਕਿਆ, ਕਾਅਬਾ ਹਜ਼ਰਤਾਂ ਵੇਖੇ ਜ਼ਰੂਰ । ਜਿਸ ਦਾ ਹੁਕਮ ਸੰਦੇਸ਼ਾ ਪੱਕਿਆ, ਕਲਜੁਗ ਤੋੜੇ ਅੰਤ ਗ਼ਰੂਰ । ਲੇਖਾ ਜਾਣੇ ਕਾਇਆ ਮੱਟਿਆ, ਪੰਜ ਤਤ ਮਨ ਪਾਏ ਨਾ ਕੋਇ ਫ਼ਤੂਰ । ਨੌਂ ਖੰਡ ਪ੍ਰਿਥਮੀ ਫਿਰੇ ਨੱਠਿਆ, ਪੰਧ ਮੁਕਾਏ ਨੇੜੇ ਦੂਰ । ਸੋ ਸਵਾਮੀ ਹਰ ਘਟ ਵਸਿਆ, ਜੋਤੀ ਜਾਤਾ ਚਮਕੇ ਨੂਰ । ਜਿਸ ਮੇਟਣੀ ਰੈਣ ਅੰਧੇਰੀ ਮੱਸਿਆ, ਨਾਤਾ ਤੋੜਨਾ ਕੂੜੇ ਕੂੜ । ਦੀਨ ਮਜ਼੍ਹਬ ਦਾ ਰਹਿਣ ਨਾ ਦੇਵੇ ਰੱਟਿਆ, ਮਾਨਸ ਮਾਨਵ ਮਾਨੁਖ ਏਕਾ ਦੱਸੇ ਦਸਤੂਰ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਜਣਾਏ ਟੱਪਿਆ, ਕਿਰਪਾ ਕਰੇ ਆਪ ਜ਼ਰੂਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਜੋਤੀ ਜਾਤਾ ਜ਼ਾਹਰ ਜ਼ਹੂਰ । ਵਿਸ਼ਨੂੰ ਕਹੇ ਮੇਰੇ ਅੰਤਰ ਦਿਤੀ ਅਗੰਮ ਵਿਚਾਰ, ਵਿਚਰ ਕੇ ਦਿਆਂ ਜਣਾਈਆ । ਕਿਰਪਾ ਕਰੇ ਆਪ ਨਿਰੰਕਾਰ, ਨਿਰਵੈਰ ਧੁਰਦਰਗਾਹੀਆ । ਜੋਤੀ ਜਾਤਾ ਹੋ ਉਜਿਆਰ, ਪਰਵਰਦਿਗਾਰ ਵੇਸ ਵਟਾਈਆ । ਜਿਸ ਨੂੰ ਕਹਿੰਦੇ ਸਾਂਝਾ ਯਾਰ, ਜਲਵਾਗਰ ਨੂਰ ਇਲਾਹੀਆ । ਕਲਜੁਗ ਮੇਟੇ ਕੂੜ ਕੁੜਿਆਰ, ਮਾਇਆ ਮਮਤਾ ਮੋਹ ਮਿਟਾਈਆ । ਮਨ ਕਲਪਨਾ ਕਰੇ ਗ੍ਰਿਫ਼ਤਾਰ, ਸ਼ਬਦੀ ਡੋਰੀ ਤੰਦ ਬੰਧਾਈਆ । ਆਸਾ ਤ੍ਰਿਸ਼ਨਾ ਦਏ ਨਿਵਾਰ, ਅੰਮ੍ਰਿਤ ਬੂੰਦ ਇਕ ਪਿਆਈਆ । ਧੁਰ ਦਾ ਹੁਕਮ ਸੱਚੀ ਸਰਕਾਰ,

ਸਚ ਸੰਦੇਸ਼ਾ ਇਕ ਸੁਣਾਈਆ । ਸਦੀ ਚੌਧਵੀਂ ਅੰਤ ਕੰਤ ਭਗਵੰਤ ਲਹਿਣਾ ਦੇਣਾ ਦਏ ਨਿਵਾਰ, ਲੇਖਾ ਅਵਰ ਰਹੇ ਨਾ ਰਾਈਆ । ਮੁਹੰਮਦ ਸੱਯਦਾ ਸੀਸ ਝੁਕਾਏ ਨਾਲ ਚਾਰ ਯਾਰ, ਕਲਮਾ ਕਾਇਨਾਤ ਵਿਚ ਜਣਾਈਆ । ਦਰੋਹੀ ਖ਼ੁਦਾ ਖ਼ੁਦਾ ਦੇ ਨਬੀ ਮੇਰਾ ਰਿਹਾ ਨਾ ਕੋਇ ਅਖਤਿਆਰ, ਮੁਖਤਿਆਰਨਾਮਾ ਆਪਣੀ ਮੁਹਲਤ ਗਿਆ ਪੁਗਾਈਆ । ਮੇਰਾ ਮਾਲਕ ਖ਼ਾਲਕ ਪ੍ਰਿਤਪਾਲਕ ਪਰਗਟ ਹੋਇਆ ਅਮਾਮ ਅਮਾਮਾ ਸਿਕਦਾਰ, ਸਿਕਦਾਰੀ ਆਪਣੇ ਹੱਥ ਰਖਾਈਆ । ਅਸੀਂ ਓਸ ਦੇ ਬਰਖ਼ੁਰਦਾਰ, ਚੌਦਾਂ ਸਦੀਆਂ ਸੇਵ ਕਮਾਈਆ । ਕਰਦੇ ਰਹੇ ਇੰਤਜ਼ਾਰ, ਬਿਨ ਨੈਣਾਂ ਨੈਣ ਤਕਾਈਆ । ਸੋ ਆਇਆ ਆਪਣੀ ਧਾਰ, ਜੋਤੀ ਜਾਤਾ ਡਗਮਗਾਈਆ । ਜਿਸ ਨੇ ਬਦਲ ਦੇਣਾ ਸੰਸਾਰ, ਦੀਨ ਦੁਨੀ ਨਾ ਕੋਇ ਚਤੁਰਾਈਆ । ਸਤਿਗੁਰ ਸ਼ਬਦ ਇਕ ਹੋਣਾ ਉਜਿਆਰ, ਚਾਰ ਕੁੰਟ ਕਰੇ ਰੁਸ਼ਨਾਈਆ । ਜਿਸ ਦਾ ਖੰਡਾ ਹੋਣਾ ਦੋ ਧਾਰ, ਨਿਰਗੁਣ ਸਰਗੁਣ ਰੰਗ ਰੰਗਾਈਆ । ਸੋ ਵੇਲਾ ਵਕਤ ਪਹੁੰਚਿਆ ਆਣ, ਆਨਨ ਫ਼ਾਨਨ ਆਪਣੀ ਕਾਰ ਕਮਾਈਆ । ਜਿਸ ਨੂੰ ਝੁਕਦੇ ਸਰਬ ਗੁਰੂ ਅਵਤਾਰ, ਪੈਗ਼ੰਬਰ ਸੱਯਦਿਆਂ ਵਿਚ ਸੀਸ ਨਿਵਾਈਆ । ਤਿਸ ਸਾਹਿਬ ਨੂੰ ਮੇਰੀ ਨਮੋ ਨਮੋ ਨਮੋ ਨਮਸਕਾਰ, ਨਮਸਤੇ ਕਹਿ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣਾ ਹੁਕਮ ਵਰਤਾਈਆ ।



## ੨੧ ਅੱਸੂ ਸ਼ਹਿਨਸ਼ਾਹੀ ਸੰਮਤ ੫ ਹਰਨਾਮ ਸਿੰਘ ਦੇ ਗ੍ਰਹਿ ਪੰਡੋਰੀ

ਵਿਸ਼ਨੂੰ ਕਹੇ ਸ਼ਬਦ ਗੋਬਿੰਦ ਕਰੇ ਖੇਲ ਉਪਰ ਬਸੁਧਾ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਜਿਸ ਨੇ ਕੂੜੀ ਕਿਰਿਆ ਮੇਟਣੀ ਕਲਜੁਗਾ, ਜੁਗ ਚੌਕੜੀ ਪੈਂਡਾ ਪੰਧ ਮੁਕਾਈਆ । ਜੋ ਸੰਦੇਸ਼ ਦੇ ਕੇ ਗਿਆ ਬੁੱਧਾ, ਬੁੱਧੀ ਤੋਂ ਪਰੇ ਧਿਆਨ ਲਗਾਈਆ । ਪੁਰਖ ਅਕਾਲਾ ਦੀਨ ਦਿਆਲਾ ਹੋਣਾ ਉਘਾ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਦੇਵੇ ਆਪਣੀ ਸੁੱਧਾ, ਅੰਤਰ ਨਿਰੰਤਰ ਪੜਦਾ ਦਏ ਉਠਾਈਆ । ਅਗਲਾ ਭੇਵ ਖੋਲ੍ਹ ਕੇ ਗੁੱਝਾ, ਮਾਇਆ ਮਮਤਾ ਮੋਹ ਮਿਟਾਈਆ । ਨਿਰਗੁਣ ਧਾਰ ਰਹੇ ਨਾ ਲੁਕਾ, ਲੋਕ ਪਰਲੋਕ ਕਰੇ ਰੁਸ਼ਨਾਈਆ । ਜਿਸ ਦਾ ਤੀਰ ਨਿਸ਼ਾਨਾ ਕਦੇ ਨਾ ਉਕਾ, ਦੋ ਜਹਾਨਾਂ ਆਪ ਵਖਾਈਆ । ਸਦੀ ਚੌਧਵੀਂ ਮੁਹੰਮਦ ਆਪਣਾ ਕਢ ਕੇ ਵਖਾਵੇ ਰੁੱਕਾ, ਜਿਸ ਉਤੇ ਅਲਿਫ਼ ਯੇ ਵੰਡ ਨਾ ਕੋਇ ਵੰਡਾਈਆ । ਤੇਰਾ ਪਰਵਰਦਿਗਾਰ ਸਮਝ ਨਾ ਆਇਆ ਮੁੱਦਾ, ਮੁੱਦਤ ਤੋਂ ਬੈਠਾ ਧਿਆਨ ਲਗਾਈਆ । ਚਾਰ ਯਾਰੀ ਸੰਗ ਰੁੱਝਾ, ਆਮੀਨ ਯਾਮੁਬੀਨ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਕਰਤਾ ਅਗੰਮ ਅਥਾਹੀਆ । ਵਿਸ਼ਨੂੰ ਕਹੇ ਮੈਂ ਸ਼ਬਦ ਗੋਬਿੰਦ ਤੱਕਿਆ ਨੂਰ ਨੁਰਾਨਾ, ਜਲਵਾਗਰ ਨਜ਼ਰੀ ਆਈਆ । ਜਿਸ ਦਾ ਕਲਮਾ ਹੱਕ ਪੈਗ਼ਾਮਾ, ਚੌਦਾਂ ਤਬਕ ਬਾਹਰ ਪੜ੍ਹਾਈਆ । ਜਿਸ ਦਾ ਖੇਲ ਅਗੰਮ ਅਮਾਮਾ, ਅਮਾਮ ਅਮਾਮਾਂ ਪੜਦਾ ਲਾਹੀਆ । ਚਾਰੇ ਕੁੰਟ ਦਹਿ ਦਿਸ਼ਾ ਵੱਜਣਾ ਦਮਾਮਾ, ਨਿਰਗੁਣ ਆਪਣਾ ਡੰਕ ਸੁਣਾਈਆ । ਜਿਸ ਨੇ ਕਲਮਾ ਬਦਲ ਦੇਣਾ ਕਲਾਮਾ, ਕਾਇਨਾਤ ਦਏ ਵਡਿਆਈਆ । ਰਹਿਮਤ ਰਹੀਮ ਕਰੇ ਰਹਿਮਾਨਾ,

ਰਹਿਬਰ ਇਕੋ ਸੋਭਾ ਪਾਈਆ । ਖੇਲੇ ਖੇਲ ਦੋ ਜਹਾਨਾਂ, ਪੁਰੀਆਂ ਲੋਆਂ ਫੋਲ ਫੁਲਾਈਆ । ਕਲ ਕਲਕੀ ਪਹਿਰ ਕੇ ਜਾਮਾ, ਜੋਤੀ ਜਾਤਾ ਡਗਮਗਾਈਆ । ਜਿਸ ਨੂੰ ਝੁਕ ਝੁਕ ਸੱਯਦਿਆਂ ਵਿਚ ਕਰਦੇ ਰਹੇ ਸਲਾਮਾ, ਨੇਤਰ ਲੋਚਨ ਨੈਣ ਅੱਖ ਸ਼ਰਮਾਈਆ । ਉਹ ਅੰਤਮ ਆਵੇ ਵਿਚ ਮੈਦਾਨਾ, ਪੜਦਾ ਓਹਲਾ ਰਹੇ ਨਾ ਰਾਈਆ । ਜਿਸ ਨੇ ਨੌ ਖੰਡ ਪ੍ਰਿਥਮੀ ਦੇਖਣੇ ਮਾਨਵ ਹੋਵੇ ਗੁਲਾਮਾ, ਸ਼ਰਅ ਜ਼ੰਜੀਰ ਕਟਾਈਆ । ਜੋਧਾ ਸੂਰਬੀਰ ਮਰਦ ਮਰਦਾਨਾ, ਬਲਧਾਰੀ ਫੇਰਾ ਪਾਈਆ । ਜਿਸ ਨੇ ਸਤਿਜੁਗ ਮਾਰਗ ਦੱਸਣਾ ਆਸਾਨਾ, ਇਨਸਾਨਾਂ ਅੰਦਰ ਭੇਵ ਖੁਲ੍ਹਾਈਆ । ਮਾਨੁਖ ਰਹੇ ਨਾ ਕੋਇ ਬੇਗਾਨਾ, ਦੁਤੀਆ ਭਾਉ ਨਾ ਕੋਇ ਜਣਾਈਆ । ਸਭ ਦਾ ਇਕੋ ਹੋਣਾ ਗਾਣਾ, ਤੂੰ ਮੇਰਾ ਮੈਂ ਤੇਰਾ ਢੋਲਾ ਰਾਗ ਅਲਾਹੀਆ । ਇਕੋ ਮੰਨਣਾ ਸਾਹਿਬ ਸੁਲਤਾਨਾ, ਸ਼ਾਹ ਪਾਤਸ਼ਾਹ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਬੇਪਰਵਾਹੀਆ । ਵਿਸ਼ਨੂੰ ਕਹੇ ਸ਼ਬਦ ਗੁਰੂ ਦਾ ਹੁਕਮ ਸੰਦੇਸ਼ਾ ਏਕ, ਏਕੰਕਾਰ ਰਿਹਾ ਦ੍ਰਿੜਾਈਆ । ਜਿਸ ਦੀ ਸਭ ਨੇ ਰੱਖਣੀ ਟੇਕ, ਮਸਤਕ ਧੂੜੀ ਖ਼ਾਕ ਰਮਾਈਆ । ਸਭ ਦੀ ਬੁਧ ਕਰੇ ਬਿਬੇਕ, ਦੁਰਮਤ ਮੈਲ ਧਵਾਈਆ । ਹਰਿ ਦਰਸਾਵੇ ਨੇਤਨ ਨੇਤ, ਨਿਜ ਨੈਣ ਕਰ ਰੁਸ਼ਨਾਈਆ । ਧੁਰਦਰਗਾਹੀ ਬਣ ਕੇ ਖੇਵਟ ਖੇਟ, ਨਈਆ ਨੌਕਾ ਆਪ ਚਲਾਈਆ । ਆਤਮ ਪਰਮਾਤਮ ਨਾਤਾ ਦੱਸ ਕੇ ਬੇਟੀ ਬੇਟ, ਪਿਤਾ ਪੂਤ ਗੋਦ ਉਠਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਜਾਏ ਲੇਟ, ਦਰ ਦਵਾਰਾ ਇਕ ਵਡਿਆਈਆ । ਸੋ ਸੁਹੰਜਣਾ ਕਰੇ ਦੇਸ, ਜਿਸ ਦਰ ਆਪਣਾ ਫੇਰਾ ਪਾਈਆ । ਰਾਹ ਤਕਣ ਬ੍ਰਹਮਾ ਸ਼ਿਵ ਮਹੇਸ਼, ਗਣਪਤ ਗਣੇਸ਼, ਸੁਰਪਤ ਨੇਤਰ ਨੈਣ ਨੈਣ ਸ਼ਰਮਾਈਆ । ਜਿਸ ਨਿਰਗੁਣ ਧਾਰ ਬਦਲਿਆ ਭੇਖ, ਭੇਖਾਧਾਰੀ ਰੂਪ ਨਾ ਕੋਇ ਸਮਝਾਈਆ । ਤਿਸ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਅੰਤ ਕੰਤ ਆਦੇਸ, ਬਿਨਾ ਸੀਸ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਵਿਸ਼ਨੂੰ ਕਹੇ ਗੋਬਿੰਦ ਸ਼ਬਦ ਆਦਿ ਅੰਤ ਦਾ ਮਾਲਕ, ਜੁਗ ਜੁਗ ਖੇਲ ਖਿਲਾਈਆ । ਜੋ ਨਿਤ ਨਵਿਤ ਬਦਲੇ ਆਦਤ, ਅਦਲ ਇਨਸਾਫ਼ ਇਕ ਕਮਾਈਆ । ਸਤਿ ਧਰਮ ਦੀ ਲਾਵੇ ਅਦਾਲਤ, ਦਰ ਘਰ ਸਾਚਾ ਇਕ ਵਡਿਆਈਆ । ਆਤਮ ਪਰਮਾਤਮ ਦੱਸ ਅਬਾਦਤ, ਨੂਰ ਨੂਰ ਵਿਚ ਚਮਕਾਈਆ । ਕੂੜੀ ਕਿਰਿਆ ਮੇਟ ਅਲਾਮਤ, ਅਮਲਾਂ ਤੋਂ ਰਹਿਤ ਕਰੇ ਨੂਰ ਖ਼ੁਦਾਈਆ । ਜਦ ਤਕੋ ਸਹੀ ਸਲਾਮਤ, ਹਰਿ ਸੱਜਣ ਸੋਭਾ ਪਾਈਆ । ਜਿਸ ਨੇ ਸਦੀ ਚੌਧਵੀਂ ਕੂੜੀ ਕਿਰਿਆ ਕਰਾਉਣੀ ਬਗ਼ਾਵਤ, ਬਗਲਗੀਰ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਦੇਵੇ ਨਾ ਕੋਇ ਜ਼ਮਾਨਤ, ਬਰੀਖ਼ਾਨਾ ਨਾ ਕੋਇ ਜਣਾਈਆ । ਸਚ ਨਾਮ ਦੀ ਮਿਲੇ ਨਾ ਕਿਸੇ ਨਿਆਮਤ, ਅਨਰਸ ਰਸ ਨਾ ਕਿਸੇ ਚਖਾਈਆ । ਜਿਸ ਨੇ ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਿਆਉਣੀ ਕਿਆਮਤ, ਕਾਇਮ ਮੁਕਾਮ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਅਗੰਮ ਅਥਾਹੀਆ । ਵਿਸ਼ਨੂੰ ਕਹੇ ਸ਼ਬਦ ਗੋਬਿੰਦ ਗੋਬਿੰਦ ਇਕ ਅਲੱਖ, ਅਲਖ ਅਲੱਖਣਾ ਖੇਲ ਖਿਲਾਈਆ । ਨਿਰਗੁਣ ਨੂਰ ਜੋਤ ਪ੍ਰਤਖ, ਪਾਰਬ੍ਰਹਮ ਪ੍ਰਭ ਗੁਸਾਈਆ । ਜਿਸ ਦਾ ਖੇਲ ਆਦਿ ਜੁਗਾਦਿ ਸਚ, ਸਤਿ ਸਚ ਵਡਿਆਈਆ । ਸੋ ਸਾਹਿਬ ਸਵਾਮੀ ਪੁਰਖ ਸਮਰਥ, ਹਰਿ ਕਰਤਾ ਫੇਰਾ ਪਾਈਆ । ਜਿਸ ਨੇ ਜੁਗ ਚੌਕੜੀ ਦੀਨ ਮਜ਼੍ਹਬ ਕਰਾਏ ਵੱਖ, ਵੱਖਰਾ ਵੱਖਰਾ ਦਰ ਸੁਹਾਈਆ । ਸੋ ਕਲਜੁਗ


੬੪
੨੨

ਅੰਤਮ ਕਰੇ ਆਪ ਇਕੱਠ, ਗੁਰ ਅਵਤਾਰ ਪੈਗ਼ੰਬਰ ਦੇਵਣ ਨਾਲ ਸਫ਼ਾਈਆ । ਸਾਰਿਆਂ ਇਕੋ ਨਾਮ ਇਕੋ ਕਲਮਾ ਕਾਇਆ ਮੰਦਰ ਅੰਦਰ ਲੈਣਾ ਰਟ, ਰੱਟਾ ਜਗਤ ਰਹੇ ਨਾ ਰਾਈਆ । ਸਚ ਦਵਾਰਾ ਇਕੋ ਹੱਟ, ਇਕੋ ਮੰਦਰ ਗ੍ਰਿਹ ਸੁਹਾਈਆ । ਇਕੋ ਵਸਤ ਅਮੋਲਕ ਰੱਖ, ਰੱਖਕ ਹੋ ਕੇ ਆਪ ਵਰਤਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਭਵਿਖਤ ਦਿਤਾ ਦੱਸ, ਦਹਿ ਦਿਸ਼ਾ ਖੋਜ ਖੁਜਾਈਆ । ਸਦੀ ਚੌਧਵੀਂ ਪੰਧ ਮੁਕਾਇਆ ਲੋਕਮਾਤ ਨੱਸ ਨੱਸ, ਬਣ ਪਾਂਧੀ ਰਾਹੀਆ । ਮੁਹੰਮਦ ਨੀਰ ਵਰੋਲੇ ਆਪਣੀ ਅੱਖ, ਉਮਤ ਉਮਤੀ ਵੇਖ ਵਖਾਈਆ । ਚਾਰ ਯਾਰੀ ਪਈ ਗਸ਼, ਹਵਸ ਹੋਸ਼ ਨਾ ਕੋਇ ਵਡਿਆਈਆ । ਜਿਸ ਪਰਵਰਦਿਗਾਰ ਦਾ ਕਰਦੇ ਰਹੇ ਜਸ, ਸਿਫ਼ਤਾਂ ਵਿਚ ਢੋਲੇ ਗਾਈਆ । ਉਹ ਅੰਤ ਕੰਤ ਪਰਵਰਦਿਗਾਰ ਹੋ ਪਰਗਟ, ਸਾਡੇ ਪਰਗਣੇ ਫੋਲ ਫੁਲਾਈਆ । ਉਧਰੋਂ ਈਸਾ ਦਾ ਕਲਾਕ ਕਰੇ ਟਕ ਟਕ, ਘੜੀ ਘੜਿਆਲ ਰਿਹਾ ਖੜਕਾਈਆ । ਮੇਰਾ ਗਾਡ ਗੁਡ ਗਾਇਡ ਹੋ ਕੇ ਆਵੇ ਨੱਠ, ਜੋਤੀ ਜਾਤਾ ਪੰਧ ਮੁਕਾਈਆ । ਜਿਸ ਦਾ ਕਲਮਾ ਸਭ ਨੇ ਲੈਣਾ ਰਟ, ਰੁਟੀਨ ਰਿਟਨ ਇਕ ਸਮਝਾਈਆ । ਧਰਮ ਦੀ ਧਾਰ ਖੋਲ੍ਹਣਾ ਹੱਟ, ਦਵਾਰਾ ਇਕੋ ਇਕ ਵਡਿਆਈਆ । ਦੀਨ ਮਜ਼੍ਹਬ ਦਾ ਮੇਟ ਕੇ ਫੱਟ, ਪੱਟੀ ਦੇਵੇ ਨਾਮ ਬੰਧਾਈਆ । ਪਿਛਲੀ ਕਰਨੀ ਸਭ ਦੀ ਸ਼ਬਦੀ ਗੋਬਿੰਦ ਦੇਵੇ ਠੱਪ, ਮੋਹਰ ਆਪਣਾ ਨਾਮ ਲਗਾਈਆ । ਪੂਰਬ ਲੇਖਾ ਪੂਰਾ ਕਰ ਪੱਕ, ਪਾਰਬ੍ਰਹਮ ਪ੍ਰਭ ਆਪਣਾ ਭੇਵ ਖੁਲ੍ਹਾਈਆ । ਕਲਜੁਗ ਦੇਵੇ ਆਪਣਾ ਹੱਕ, ਹਕੀਕਤ ਵਿਚੋਂ ਝੋਲੀ ਪਾਈਆ । ਸਤਿਜੁਗ ਸਾਚਾ ਜਾਏ ਲੱਗ, ਸਦੀ ਚੌਧਵੀਂ ਲੇਖਾ ਅੰਤ ਚੁਕਾਈਆ । ਕਲਜੁਗ ਜੀਵ ਨਾ ਰਹੇ ਕੋਈ ਅਲਪਗ, ਸਰਬਗ ਦੇਵੇ ਮਾਣ ਵਡਿਆਈਆ । ਦੀਨ ਮਜ਼੍ਹਬ ਰਹੇ ਨਾ ਕੋਇ ਅਲਗ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਂਝਾ ਯਾਰ ਸਭ ਦੀ ਮੇਟੇ ਹੱਦ, ਹਦੂਦ ਆਪਣੀ ਦਏ ਸਮਝਾਈਆ । ਸਾਰੇ ਇਕੋ ਨਾਮ ਲੈਣਾ ਜਪ, ਇਕੋ ਕਲਮਾ ਲੈਣਾ ਗਾਈਆ । ਇਕੋ ਪੁਰਖ ਅਕਾਲਾ ਦੀਨ ਦਿਆਲਾ ਮਾਲਕ ਹੋਏ ਸਭ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਬਣੇ ਯਦ, ਯਦੀ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਆਪਣਾ ਪੜਦਾ ਲਾਹੀਆ । ਵਿਸ਼ਨੂੰ ਕਹੇ ਸ਼ਬਦ ਗੁਰੂ ਦੀ ਧਾਰ, ਗੋਬਿੰਦ ਗੋਬਿੰਦ ਗੋਬਿੰਦ ਨਾਲ ਪਰਗਟਾਈਆ । ਜਿਸ ਦਾ ਖੇਲ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਸ ਵਟਾਈਆ । ਸੋ ਕਲ ਕਲਕੀ ਲਏ ਅਵਤਾਰ, ਜੋਤੀ ਜਾਤਾ ਕਰੇ ਰੁਸ਼ਨਾਈਆ । ਸੰਬਲ ਬੈਠ ਧਾਮ ਨਿਆਰ, ਨਿਰਗੁਣ ਆਸਣ ਇਕ ਸੁਹਾਈਆ । ਸ਼ਬਦੀ ਨਾਦ ਧੁਨ ਜੈਕਾਰ, ਅਗੰਮ ਅਥਾਹ ਸੁਣਾਈਆ । ਅੰਮ੍ਰਿਤ ਦੇ ਕੇ ਠੰਡਾ ਠਾਰ, ਨਿਝਰ ਬੂੰਦ ਸਵਾਂਤ ਆਪ ਟਪਕਾਈਆ । ਚਾਰੋਂ ਕੁੰਟ ਵੇਖ ਕੇ ਹਾਹਾਕਾਰ, ਮਾਨਵ ਮਾਨੁਖ ਮਾਨਸ ਫੋਲ ਫੁਲਾਈਆ । ਕਿਰਪਾ ਕਰੇ ਆਪ ਕਰਤਾਰ, ਕੁਦਰਤ ਦਾ ਕਰਤਾ ਵੇਖ ਵਖਾਈਆ । ਹੁਕਮ ਸੰਦੇਸ਼ਾ ਦੇਵੇ ਆਪਣੀ ਧਾਰ, ਧਰਨੀ ਧਰਤ ਧਵਲ ਧੌਲ ਜਣਾਈਆ । ਸਾਰੇ ਹੋ ਜਾਓ ਖ਼ਬਰਦਾਰ, ਸੋਇਆ ਰਹਿਣ ਕੋਇ ਨਾ ਪਾਈਆ । ਗੋਬਿੰਦ ਖੰਡਾ ਖੜਕੇ ਅਗੰਮ ਅਪਾਰ, ਅਪਰੰਪਰ ਸਵਾਮੀ ਆਪ ਖੜਕਾਈਆ । ਲਹਿਣਾ ਦੇਣਾ ਸਭ ਦਾ ਦਏ ਨਿਵਾਰ, ਬਾਕੀ ਰਹਿਣ ਕਿਛ ਨਾ ਪਾਈਆ । ਜਨ ਭਗਤਾਂ ਪੜਦਾ ਲਾਹੇ ਆਪਣੀ ਧਾਰ, ਧਰਨੀ ਧਰਤ ਸੁਹਾਈਆ । ਗੋਬਿੰਦ ਸੂਰਾ ਸੂਰਬੀਰ ਬਲਕਾਰ, ਬਲਧਾਰੀ ਆਪ ਜਣਾਈਆ । ਮਾਝੇ ਵਾਲਿਓ ਛੱਬੀ ਪੋਹ ਨੂੰ ਲੈ ਕੇ ਆਉਣੀ ਇਕ ਤਲਵਾਰ, ਤਿੰਨ ਤਿੰਨ ਨਾਲ ਲੰਬਾਈਆ । ਲੇਖਾ ਅਗਲਾ

ਦੱਸੇ ਆਪ ਨਿਰੰਕਾਰ, ਕੀ ਗੋਬਿੰਦ ਖੇਲ ਖਿਲਾਈਆ । ਕਿਸ ਬਿਧ ਮੇਟਣਾ ਧੁੰਆਂਧਾਰ, ਕਿਰਿਆ ਕੂੜ ਚੁਕਾਈਆ । ਸਤਿ ਸਚ ਹੋਏ ਜੈਕਾਰ, ਧਰਮ ਧਰਮ ਨਾਲ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਇਕ ਇਕੱਲਾ ਪਾਵੇ ਸਭ ਦੀ ਸਾਰ, ਮਹਾਂਸਾਰਥੀ ਆਪਣੀ ਖੇਲ ਖਿਲਾਈਆ ।

## ✪ ੨੨ ਅੱਸੂ ਸ਼ਹਿਨਸ਼ਾਹੀ ਸੰਮਤ ੫ ਮੱਖਣ ਸਿੰਘ ਦੇ ਗ੍ਰਹਿ ਨੌਰੰਗਾਬਾਦ ✪

ਵਿਸ਼ਨੂੰ ਕਹੇ ਮੈਂ ਖੇਲ ਵੇਖਿਆ ਅੱਖਾਂ, ਅੱਖਰਾਂ ਵਾਲੀ ਲਿਖਤ ਨਾ ਕੋਇ ਬਣਾਈਆ । ਜਿਸ ਵੇਲੇ ਗੋਬਿੰਦ ਸੱਥਰ ਲੱਥਾ, ਯਾਰੜਾ ਸੇਜ ਹੰਢਾਈਆ । ਬਿਨਾ ਹੱਥਾਂ ਤੋਂ ਟੇਕਿਆ ਮੱਥਾ, ਬਿਨਾ ਸੀਸ ਸੀਸ ਝੁਕਾਈਆ । ਆਪਣੇ ਪਿੱਠ ਤੋਂ ਲਾਹ ਕੇ ਭੱਥਾ, ਕਮਾਨ ਦਿਤੀ ਟਿਕਾਈਆ । ਬਿਨਾ ਰਸਨਾ ਤੋਂ ਬਚਨ ਕਹਿ ਕੇ ਸੱਚਾ, ਸਚ ਦਿਤਾ ਸਮਝਾਈਆ । ਹੁਣ ਮੈਂ ਤੇਰਾ ਤੱਤਾਂ ਵਾਲਾ ਬੱਚਾ, ਅੰਤਰ ਨਿਰਗੁਣ ਨੂਰ ਜੋਤ ਰੁਸ਼ਨਾਈਆ । ਤੇਰੀ ਸ਼ਬਦੀ ਧਾਰ ਨੱਸਾ, ਦਿਵਸ ਰੈਣ ਪੰਧ ਮੁਕਾਈਆ । ਤੇਰਾ ਲਹਿਣਾ ਦੇਣਾ ਪੂਰਾ ਕੀਤਾ ਮਸਾਂ, ਮੁਸ਼ਕਲ ਅੱਗੇ ਨਾ ਕੋਇ ਰਖਾਈਆ । ਸਦ ਤੇਰੇ ਸੰਗ ਵਸਾਂ, ਸਗਲਾ ਸੰਗ ਬਣਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਧਾਰ ਹੋ ਕੇ ਨੱਸਾਂ, ਨਰ ਨਰਾਇਣ ਮੇਲ ਮਿਲਾਈਆ । ਅੱਖਰਾਂ ਵਾਲਾ ਲਾਈਨਾਂ ਵਾਲਾ ਸਿਫ਼ਤਾਂ ਵਾਲਾ ਕਦੇ ਨਾ ਬਦਲਾਂ ਸਫਾ, ਸਫਾ ਸਭ ਦੀ ਵੇਖ ਵਖਾਈਆ । ਪੁਰਖ ਅਕਾਲ ਦੀਨ ਦਿਆਲ ਦੇ ਦੇ ਗੱਫਾ, ਵਸਤ ਅਮੋਲਕ ਇਕ ਵਰਤਾਈਆ । ਪਾਰਬ੍ਰਹਮ ਪਤਿਰਮੇਸ਼ਵਰ ਖ਼ੁਸ਼ੀਆਂ ਨਾਲ ਹੱਸਾ, ਸਚ ਸਵਾਮੀ ਦਇਆ ਕਮਾਈਆ । ਬਿਨਾ ਹੱਥਾਂ ਤੋਂ ਪਿਠ ਤੇ ਮਾਰਿਆ ਧੱਫਾ, ਆਪਣਾ ਰੰਗ ਚੜ੍ਹਾਈਆ । ਗੋਬਿੰਦ ਤੇਰੀ ਧਾਰ ਮੇਰਾ ਹੋਣਾ ਟੱਪਾ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਤੇਰੇ ਨੂਰ ਦਾ ਹੋਣਾ ਪੱਪਾ, ਪਾਰਬ੍ਰਹਮ ਵਿਚ ਸਮਾਈਆ । ਦੋਹਾਂ ਦਾ ਸਾਂਝਾ ਹੋਣਾ ਮਤਾ, ਮਤ ਬੁੱਧੀ ਦੀ ਲੋੜ ਰਹੇ ਨਾ ਰਾਈਆ । ਤੇਰਾ ਲੇਖਾ ਅਗੰਮੀ ਤਤਾ, ਜਿਸ ਨੂੰ ਸੰਬਲ ਕਹੇ ਲੋਕਾਈਆ । ਇਸ ਵਿਚ ਫ਼ਰਕ ਹੋਵੇ ਨਾ ਰਤਾ, ਰੰਗ ਰਤੜਾ ਦਏ ਗਵਾਹੀਆ । ਮੈਂ ਮਾਲਕ ਕਮਲਾਪਤਾ, ਪਤਿਪਰਮਸ਼ੇਵਰ ਵੇਸ ਵਟਾਈਆ । ਤੇਰੀਆਂ ਹੋਣੀਆਂ ਨਹੀਂ ਬਾਹਵਾਂ ਲੱਤਾਂ, ਹਥੇਲੀ ਬਾਜ਼ ਨਾ ਕੋਇ ਟਿਕਾਈਆ । ਆਪਣੀ ਜਾਣੇ ਮਿਤ ਗਤਾ, ਗਤ ਮਿਤ ਆਪਣੇ ਹੱਥ ਰਖਾਈਆ । ਬੀਜ ਬੀਜਿਆ ਆਪਣੇ ਵੱਤਾ, ਵਾਰ ਥਿਤ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਵਿਸ਼ਨੂੰ ਕਹੇ ਮੈਂ ਤੱਕਿਆ ਨਾਲ ਅੱਖੀਆਂ, ਆਪਣਾ ਨੇਤਰ ਨੈਣ ਉਠਾਈਆ । ਜਿਸ ਵੇਲੇ ਗੋਬਿੰਦ ਭਾਰ ਹੋਇਆ ਵਖੀਆ, ਪਾਸਾ ਪਾਸੇ ਨਾਲੋਂ ਬਦਲਾਈਆ । ਕਾਹਨ ਵੇਖਣ ਆਇਆ ਜਿਸ ਖੇਲ ਖਿਲਾਇਆ ਬਿੰਦਰਾ ਬਨ ਸਖ਼ੀਆਂ, ਕ੍ਰਿਸ਼ਨਾ ਆਪਣਾ ਪੰਧ ਮੁਕਾਈਆ । ਓਸ ਗੱਲਾਂ ਦੱਸੀਆਂ ਸੱਚੀਆਂ, ਸਚ ਰਿਹਾ ਜਣਾਈਆ । ਵਾਹ ਗੋਬਿੰਦ ਤੇਰੀਆਂ ਪ੍ਰੀਤਾਂ ਪੱਕੀਆਂ, ਅੱਗੇ ਸਕੇ ਨਾ ਕੋਇ ਤੁੜਾਈਆ । ਤੂੰ ਬੱਚਿਆਂ ਦੀਆਂ ਲਾਸ਼ਾਂ ਨੀਹਾਂ ਹੇਠਾਂ ਰੱਖੀਆਂ, ਅੰਦਰ ਵੱਜਦੀ ਰਹੀ ਵਧਾਈਆ । ਤੇਰੀ ਧਾਰ ਅਰਜਨ ਬੈਠਾ ਲੋਆਂ ਤਤੀਆਂ, ਤਵੀ ਜਗਤ ਦਏ ਗਵਾਹੀਆ । ਦੀਨ ਮਜ਼੍ਹਬ ਦੀਆਂ ਛਡੀਆਂ ਹਿੱਸੇ ਪੱਤੀਆਂ, ਚਾਰੇ ਵਰਨ ਰੰਗ ਰੰਗਾਈਆ । ਅੱਗੇ ਤੋਂ ਤੇਰੀਆਂ

ਨਿੱਕੀਆਂ ਨਿੱਕੀਆਂ ਜਗਣੀਆਂ ਨਹੀਂ ਮੋਮਬੱਤੀਆਂ, ਪੁਰਖ ਅਕਾਲ ਤੇਰਾ ਨੂਰ ਰੁਸ਼ਨਾਈਆ । ਦੀਨਾਂ ਮਜ਼੍ਹਬਾਂ ਵਾਲੀਆਂ ਲਿਖਤਾਂ ਪੱਕੀਆਂ, ਪਟਨੇ ਵਾਲੇ ਦਿਆਂ ਸੁਣਾਈਆ । ਛੋਟੀਆਂ ਛੋਟੀਆਂ ਨਾਮ ਕਲਮੇ ਦੀਆਂ ਬਣਾਉਣੀਆਂ ਨਹੀਂ ਹੱਟੀਆਂ, ਵੱਖਰੀ ਵੱਖਰੀ ਵੰਡ ਵੰਡਾਈਆ । ਤੇਰਾ ਮੇਲਾ ਮੇਲ ਪੁਰਖ ਸਮਰਥੀਆ, ਸਮਰਥ ਤੇਰੀ ਸਰਨਾਈਆ । ਜਿਸ ਦਾ ਜੁਗ ਚੌਕੜੀ ਸਾਰੇ ਗਾਉਂਦੇ ਜਸੀਆ, ਸਿਫ਼ਤਾਂ ਵਿਚ ਸਾਲਾਹੀਆ । ਤੂੰ ਭਰਨੀਆਂ ਨਹੀਂ ਕਿਸੇ ਦੀਆਂ ਚੱਟੀਆਂ, ਚੇਟਕ ਅਵਰ ਨਾ ਕੋਇ ਰਖਾਈਆ । ਤੇਰਾ ਪੁਰਖ ਅਕਾਲ ਤੇਰੇ ਨਾਲ ਮਿਲਾਵੇ ਅੱਖੀਆਂ, ਨੇਤਰ ਇਕ ਇਕ ਜਣਾਈਆ । ਲੱਖ ਚੁਰਾਸੀ ਆਤਮਾ ਤੇਰੀਆਂ ਹੋਣੀਆਂ ਬੱਚੀਆਂ, ਬੱਚਿਆਂ ਗੋਦ ਉਠਾਈਆ । ਤੇਰੀਆਂ ਧਾਰਾਂ ਗੁਰਮੁਖਾਂ ਅੰਦਰ ਲੂੰ ਲੂੰ ਹੋਣੀਆਂ ਰਚੀਆਂ, ਰਚਨਾ ਇਕ ਅਲਾਹੀਆ । ਚਾਰ ਜੁਗ ਦੇ ਗੁਰ ਅਵਤਾਰ ਪੈਗ਼ੰਬਰਾਂ ਦੀਆਂ ਪ੍ਰੀਤਾਂ ਹੋਣੀਆਂ ਕੱਚੀਆਂ, ਅੰਤ ਰਹਿਣ ਕੋਇ ਨਾ ਪਾਈਆ । ਸਭ ਦੀਆਂ ਆਸ਼ਾ ਫਿਰਨ ਨੱਠੀਆਂ, ਸਦੀ ਚੌਧਵੀਂ ਦਏ ਦੁਹਾਈਆ । ਉਨ੍ਹਾਂ ਦੀਆਂ ਖਾਹਿਸ਼ਾਂ ਸੰਮਤ ਸ਼ਹਿਨਸ਼ਾਹੀ ਪੰਜ ਛੱਬੀ ਪੋਹ ਤੇ ਹੋਣੀਆਂ ਇਕੱਠੀਆਂ, ਇਕੱਠ ਇਕੋ ਦਏ ਵਖਾਈਆ । ਜਿਥੇ ਅਗਨ ਕੁੰਡ ਦੀਆਂ ਬਣਨੀਆਂ ਭੱਠੀਆਂ, ਭਠਿਆਲਾ ਬਣੇ ਬੇਪਰਵਾਹੀਆ । ਗੋਬਿੰਦ ਪ੍ਰਭ ਨੇ ਤੇਰੇ ਉਤੇ ਡੋਰਾਂ ਸੁੱਟੀਆਂ, ਸਿੱਟਾ ਅੰਤਮ ਦਏ ਵਖਾਈਆ । ਸਭ ਦੀਆਂ ਤਾਰਾਂ ਜਾਣੀਆਂ ਕਟੀਆਂ, ਕਟਾਕਸ਼ ਆਪਣਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਜਿਸ ਵੇਲੇ ਗੋਬਿੰਦ ਸੱਥਰ ਬਦਲਿਆ ਪਾਸਾ, ਆਪਣੀ ਲਈ ਅੰਗੜਾਈਆ । ਮੈਂ ਵੇਖਿਆ ਪੁਰਖ ਅਬਿਨਾਸ਼ਾ, ਸੰਗ ਬੈਠਾ ਸੋਭਾ ਪਾਈਆ । ਓਧਰੋਂ ਰਾਮ ਕਰਦਾ ਆ ਗਿਆ ਹਾਸਾ, ਬਨਬਾਸੀ ਪੰਧ ਮੁਕਾਈਆ । ਮੈਨੂੰ ਚੌਦਾਂ ਸਾਲ ਪਿਆ ਘਾਟਾ, ਸੀਤਾ ਪਿਛੇ ਦਿਤੀ ਦੁਹਾਈਆ । ਆਹ ਵੇਖੋ ਗੋਬਿੰਦ ਜਿਸ ਦੇ ਪੱਲੇ ਨਹੀਂ ਕੋਈ ਆਟਾ, ਕੀੜੀ ਆਪਣੀ ਸੇਵ ਕਮਾਈਆ । ਦੀਨ ਦੁਨੀ ਦਾ ਤੋੜ ਕੇ ਨਾਤਾ, ਪੁਤਰਾਂ ਆਇਆ ਭੇਟ ਚੜ੍ਹਾਈਆ । ਮਾਤ ਪਿਤਾ ਦਾ ਛੱਡ ਕੇ ਸਾਕਾ, ਸੱਜਣ ਇਕੋ ਲਿਆ ਬਣਾਈਆ । ਅਗਲਾ ਫੇਰ ਵੇਖਿਆ ਖ਼ਾਕਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਕਲਜੁਗ ਦਿਸੀ ਅੰਧੇਰੀ ਰਾਤਾ, ਅੰਤਮ ਚੰਦ ਨਾ ਕੋਇ ਰੁਸ਼ਨਾਈਆ । ਸਚ ਰਹੀ ਨਾ ਕੋਈ ਗਾਥਾ, ਅੱਖਰਾਂ ਵਾਲੀ ਨਾ ਕੋਇ ਵਡਿਆਈਆ । ਸਹਾਈ ਹੋਏ ਨਾ ਕੋਇ ਤ੍ਰੈਲੋਕੀ ਨਾਥਾ, ਰਾਮ ਨਾਮ ਨਾ ਕੋਇ ਸਖਾਈਆ । ਸੀਤਾ ਸੁਰਤ ਸਾਹਿਬ ਕੋਇ ਨਾ ਜਾਤਾ, ਰਾਮ ਰੰਗ ਨਾ ਕੋਇ ਰੰਗਾਈਆ । ਦੀਨ ਦੁਨੀ ਦਾ ਬਦਲਿਆ ਪਾਸਾ, ਸਾਰ ਪਾਸ਼ ਦਏ ਉਲਟਾਈਆ । ਇਹ ਖੇਲ ਵੇਖਿਆ ਰਾਮ ਮੁਖੋਂ ਕਿਹਾ ਅਗੰਮੀ ਬਾਤਾ, ਬਾਤਨ ਦਿਤੀ ਜਣਾਈਆ । ਓਸ ਵੇਲੇ ਆਉਣਾ ਪੁਰਖ ਬਿਧਾਤਾ, ਬ੍ਰਹਮ ਪਾਰਬ੍ਰਹਮ ਬੇਪਰਵਾਹੀਆ । ਜਿਸ ਨੇ ਦੋ ਜਹਾਨ ਵੇਖਣਾ ਖ਼ਾਕਾ, ਲੱਖ ਚੁਰਾਸੀ ਫੋਲ ਫੁਲਾਈਆ । ਗੋਬਿੰਦ ਹੁਣ ਤੂੰ ਉਸ ਦਾ ਤਤਾਂ ਵਾਲਾ ਬੱਚਾ ਫੇਰ ਸ਼ਬਦੀ ਧਾਰ ਹੋਣਾ ਕਾਕਾ, ਕਲ ਕਾਲਖ ਮੇਟ ਮਿਟਾਈਆ । ਓਨ ਤੇਰਾ ਤੂੰ ਉਸ ਦਾ ਮੰਨਣਾ ਆਖਾ, ਦੂਜਾ ਨਜ਼ਰ ਕੋਇ ਨਾ ਆਈਆ । ਹੁਣ ਤੂੰ ਅੰਮ੍ਰਿਤ ਦਿਤਾ ਵਿਚ ਬਾਟਾ, ਫੇਰ ਗੁਰਮੁਖਾਂ ਅੰਦਰ ਅੰਤਰ ਦੇਣਾ ਪਿਆਈਆ । ਤੇਰਾ ਲਹਿਣਾ ਦੇਣਾ ਢਾਈ ਸੌ ਬਰਖ ਦੀ ਵਾਟਾ, ਵਾਹਵਾ ਵੱਜਣੀ ਫੇਰ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦੀ ਧਾਰ ਇਕ ਜਣਾਈਆ । ਵਿਸ਼ਨੂੰ ਕਹੇ ਜਦ ਗੋਬਿੰਦ ਹੋਇਆ ਭਾਰ ਪਿੱਠ, ਨਿਗਾਹ ਉਪਰ ਅਸਮਾਨ ਟਿਕਾਈਆ । ਧਰਤੀ ਉਤੇ ਗਿਆ ਲਿਟ,

ਰੋੜੇ ਪੱਥਰ ਸੇਜ ਸੁਹਾਈਆ । ਜੋਤੀ ਧਾਰ ਜੋਤੀ ਟਿਕ, ਸ਼ਬਦੀ ਸ਼ਬਦ ਸ਼ਨਵਾਈਆ । ਓਸੇ ਵੇਲੇ ਮੂਸਾ ਈਸਾ ਮੁਹੰਮਦ ਲੈ ਕੇ ਆ ਗਏ ਇਕ ਚਿਟ, ਜਗਤ ਅੱਖਰ ਨਾ ਕੋਇ ਲਿਖਾਈਆ । ਦੋਹੱਥੜ ਮਾਰ ਕੇ ਪਏ ਪਿੱਟ, ਦਰੋਹੀ ਤੇਰਾ ਨਾਮ ਖ਼ੁਦਾਈਆ । ਗੋਬਿੰਦ ਸੁੱਤਾ ਕੰਡਿਆਂ ਵਿਚ ਲਿਟ, ਸੇਜ ਸੁਹੰਜਣੀ ਨਾ ਕੋਇ ਰਖਾਈਆ । ਓਸ ਵੇਲੇ ਪ੍ਰਭ ਨੇ ਆਪਣਾ ਰੂਪ ਦਖਾਇਆ ਇਕ, ਇਕ ਇਕ ਵਿਚ ਸਮਾਈਆ । ਮੁਹੰਮਦਾ ਜਿਸ ਨੂੰ ਅਮਾਮ ਅਮਾਮਾ ਆਇਆ ਲਿਖ, ਓਹ ਲੇਖਾ ਦਏ ਜਣਾਈਆ । ਸਚ ਪ੍ਰੀਤੀ ਕਰਾਂ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਜਿਸ ਦਾ ਖੇਲ ਨਿਤ ਨਵਿਤ, ਓਹ ਆਪਣਾ ਪੜਦਾ ਲਾਹੀਆ । ਮੁਹੰਮਦ ਚਰਨਾਂ ਵਿਚ ਗਿਆ ਲਿਟ, ਧੂੜੀ ਖ਼ਾਕ ਰਮਾਈਆ । ਫੇਰ ਖੇਲ ਦੱਸਿਆ ਅਨਡਿਠ, ਪ੍ਰਭ ਪੜਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪੜਦਾ ਆਪ ਚੁਕਾਈਆ । ਵਿਸ਼ਨੂੰ ਕਹੇ ਪ੍ਰਭ ਨੇ ਮੁਹੰਮਦ ਦਿਤਾ ਇਲਹਾਮ, ਇਲਮ ਤੋਂ ਬਾਹਰ ਜਣਾਈਆ । ਸੁਣ ਅਗੰਮ ਕਲਾਮ, ਕਲਮਿਆਂ ਬਾਹਰ ਪੜ੍ਹਾਈਆ । ਵੇਖ ਆਪਣਾ ਅਮਾਮ, ਜਲਵਾ ਨੂਰ ਰੁਸ਼ਨਾਈਆ । ਜਿਸ ਝਗੜੇ ਮੇਟਣੇ ਤਮਾਮ, ਤਮਾਂ ਦਾ ਡੇਰਾ ਢਾਹੀਆ । ਬਦਲ ਦੇਣਾ ਨਜ਼ਾਮ, ਨੌਬਤ ਹੱਕ ਵਜਾਈਆ । ਮਜ਼੍ਹਬ ਦਾ ਰਹੇ ਨਾ ਕੋਇ ਗ਼ੁਲਾਮ, ਸ਼ਰਅ ਜ਼ੰਜੀਰ ਕਟਾਈਆ । ਸੰਦੇਸ਼ਾ ਦੇਣਾ ਵਿਚ ਅਵਾਮ, ਇਕੋ ਨਾਮ ਜਣਾਈਆ । ਜਿਸ ਵੇਲੇ ਚਾਰ ਜੁਗ ਦੇ ਕਲਮੇ ਨਾਮ ਹੋਏ ਬਦਨਾਮ, ਬਦੀ ਵਿਚ ਲੋਕਾਈਆ । ਪਿਤਾ ਪੂਤ ਨਾ ਕਰੇ ਪਛਾਨ, ਮਾਤਾ ਗੋਦ ਨਾ ਕੋਇ ਸੁਹਾਈਆ । ਸ਼ਾਹ ਸੁਲਤਾਨ ਹੋਵਣ ਬੇਈਮਾਨ, ਸਾਧ ਸੰਤ ਧੀਰ ਨਾ ਕੋਇ ਰਖਾਈਆ । ਸ਼ਬਦ ਸੁਣੇ ਨਾ ਕੋਇ ਧੁੰਨਕਾਨ, ਅਨਰਾਗੀ ਰਾਗ ਨਾ ਕੋਇ ਜਣਾਈਆ ।
੬੮ ੨੨ ਅੰਮ੍ਰਿਤ ਮਿਲੇ ਨਾ ਪੀਣ ਖਾਣ, ਰਸਨਾ ਰਸ ਨਾ ਕੋਇ ਚਖਾਈਆ । ਜੋਤੀ ਜਗੇ ਨਾ ਕੋਇ ਚਰਾਗ਼, ਗ੍ਰਿਹ ਮੰਦਰ ਨਾ ਕੋਇ ਰੁਸ਼ਨਾਈਆ । ਓਸ ੬੮ ੨੨
ਵੇਲੇ ਪਰਗਟ ਹੋਣਾ ਸ੍ਰੀ ਭਗਵਾਨ, ਜੋਤੀ ਜਾਤਾ ਡਗਮਗਾਈਆ । ਗੋਬਿੰਦ ਦਾ ਮੇਲਾ ਹੋਣਾ ਵਿਚ ਜਹਾਨ, ਸਾਚਾ ਆਪਣਾ ਰੰਗ ਰੰਗਾਈਆ । ਪੂਰਨ ਜੋਤ ਪੂਰਨ ਵਿਚ ਸਮਾਣ, ਮੁਹੰਮਦਾ ਸਮਝ ਕੋਇ ਨਾ ਪਾਈਆ । ਜਿਸ ਦਾ ਇਕ ਨਾਮ ਇਕ ਕਲਮਾ ਇਕ ਦੇਣਾ ਗਿਆਨ, ਹੁਕਮ ਇਕੋ ਇਕ ਫ਼ਰਮਾਈਆ । ਸਦੀ ਚੌਧਵੀਂ ਵੇਖੇ ਮਾਰ ਧਿਆਨ, ਮੰਜ਼ਲ ਪੰਧ ਅੱਗੇ ਨਾ ਕੋਇ ਵਧਾਈਆ । ਮਾਝਾ ਦੇਸ਼ ਹੋਵੇ ਪਰਧਾਨ, ਪਰਧਾਨਗੀ ਆਪਣੇ ਹੱਥ ਰਖਾਈਆ । ਜਿਥੇ ਜਗੇ ਜੋਤ ਮਹਾਨ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਭਗਤ ਦਵਾਰਾ ਸੋਹੇ ਇਕ ਨਿਸ਼ਾਨ, ਨਿਸ਼ਾਨਾ ਸੱਤ ਰੰਗ ਤੇਰੇ ਜ਼ਿਮੀਂ ਅਸਮਾਨ ਦਏ ਵਡਿਆਈਆ । ਚੌਦਾਂ ਤਬਕ ਜਿਸ ਨੂੰ ਸੀਸ ਝੁਕਾਣ, ਝੁਕ ਝੁਕ ਲਾਗਣ ਪਾਈਆ । ਓਹ ਗੋਬਿੰਦ ਦਾ ਹੋਣਾ ਫੇਰ ਅਸਥਾਨ, ਜਿਥੇ ਸਭ ਦਾ ਲੇਖਾ ਦਏ ਮੁਕਾਈਆ । ਫੇਰ ਮੁਹੰਮਦ ਨੇ ਨਿਉਂ ਕੇ ਕੀਤਾ ਸਲਾਮ, ਸੱਯਦਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਵਿਸ਼ਨੂੰ ਕਹੇ ਮੈਂ ਵੇਖਿਆ ਹੋ ਕਰੀਬ, ਨੇਰਨ ਨੇਰਾ ਧਿਆਨ ਲਗਾਈਆ । ਤੱਕਿਆ ਖੇਲ ਅਜੀਬ, ਈਸਾ ਬੈਠਾ ਧਿਆਨ ਲਗਾਈਆ । ਉਪਰ ਤੱਕਿਆ ਐ ਖ਼ੁਦਾ ਕੀ ਹੋਇਆ ਜੇ ਮੈਨੂੰ ਦਿਤੀ ਸਲੀਬ, ਗਲ ਫਾਸੀ ਦਿਤੀ ਲਟਕਾਈਆ । ਗੋਬਿੰਦ ਦੀ ਵੱਖਰੀ ਵੇਖੀ ਤਰਤੀਬ, ਤਰੀਕਾ ਢੰਗ ਇਕ ਦ੍ਰਿੜਾਈਆ । ਸਿਖ ਸੇਵਕ ਮਾਤ ਪਿਤ ਸਾਕ ਸੱਜਣ ਕੋਈ ਨਹੀਂ ਨਜ਼ਦੀਕ, ਨੇੜੇ ਨਜ਼ਰ ਕੋਇ ਨਾ ਆਈਆ । ਇਕੋ ਸਹਾਰਾ ਤੇਰਾ ਲਾਸ਼ਰੀਕ, ਸ਼ਰਅ ਦੇ ਬੰਧਨ ਗਿਆ ਤੁੜਾਈਆ । ਮਾਛੂਵਾੜੇ ਸੁੱਤਾ ਉਤੇ ਪੀਠ, ਨਿਗਾਹ ਤੇਰੇ ਵਿਚ

ਰਖਾਈਆ। ਤੂੰ ਸੱਜਣ ਇਕੋ ਮੀਤ, ਮਿੱਤਰ ਪਿਆਰਾ ਨਜ਼ਰੀ ਆਈਆ। ਉਸ ਵੇਲੇ ਪੁਰਖ ਅਕਾਲ ਮਨਾਇਆ ਤੂੰ ਮੇਰਾ ਮੈਂ ਤੇਰਾ ਇਕੋ ਘਰ ਦੋਵੇਂ ਵਸਨੀਕ, ਦੂਜਾ ਗ੍ਰਿਹਿ ਨਾ ਕੋਇ ਵਖਾਈਆ। ਜਿਸ ਵੇਲੇ ਸਦੀ ਬੀਸਵੀਂ ਗਈ ਬੀਤ, ਆਪ ਆਪਣਾ ਪੰਧ ਮੁਕਾਈਆ। ਫੇਰ ਨਵੀਂ ਚਲਾਉਣੀ ਰੀਤ, ਸਭ ਦਾ ਲੇਖਾ ਦੇਣਾ ਮੁਕਾਈਆ। ਪੈਗ਼ੰਬਰੋ ਜਿਹੜੀ ਤੁਸੀਂ ਮੈਥੋਂ ਕਲਮੇ ਦੀ ਮੰਗਣੀ ਭੀਖ, ਉਹ ਅੰਤਮ ਪੂਰ ਦੇਣੀ ਕਰਾਈਆ। ਜਿਹੜਾ ਕਬਾਬ ਭੁੰਨ ਕੇ ਖਾਧਾ ਉਪਰ ਸੀਖ, ਤਿਸ ਦੀ ਸਿਖਿਆ ਦੇਣੀ ਚੁਕਾਈਆ। ਝਗੜਾ ਮੁਕਾਉਣਾ ਚਰਚ ਮੰਦਰ ਮਸੀਤ, ਮਸਲਾ ਇਕ ਸਮਝਾਈਆ। ਸਭ ਨੂੰ ਦੱਸਣਾ ਪਰਵਰਦਿਗਾਰ ਸਾਂਝਾ ਯਾਰ ਪੁਰਖ ਅਕਾਲ ਵਸਦਾ ਚੀਤ, ਕਾਇਆ ਮੰਦਰ ਡੇਰਾ ਲਾਈਆ। ਬਿਨਾ ਗੋਬਿੰਦ ਤੋਂ ਗੋਬਿੰਦ ਦੀ ਕਰੇ ਨਾ ਕੋਇ ਪ੍ਰੀਤ, ਪ੍ਰੀਤਮ ਨਜ਼ਰ ਕੋਇ ਨਾ ਆਈਆ। ਗੋਬਿੰਦ ਤੂੰ ਪੂਰੀ ਪੂਰੀ ਕਰਨੀ ਬਖ਼ਸ਼ੀਸ਼, ਪੂਰਨ ਪੂਰਨ ਵੇਸ ਵਟਾਈਆ। ਜਿਸ ਦਾ ਅੰਤਰ ਇਕ ਅਤੀਤ, ਤ੍ਰੈਗੁਣ ਲੇਖ ਚੁਕਾਈਆ। ਓਸ ਵੇਲੇ ਈਸਾ ਝੁਕਾਇਆ ਸੀਸ, ਸੱਜਦਾ ਇਕ ਜਣਾਈਆ। ਨੱਕ ਨਾਲ ਕਢ ਕੇ ਲੀਕ, ਲਾਈਨ ਦਿਤੀ ਵਖਾਈਆ। ਪ੍ਰਭੂ ਮੈਂ ਵੀ ਓਸ ਵੇਲੇ ਗੋਬਿੰਦ ਦੀ ਕਰਾਂ ਤਸਦੀਕ, ਸ਼ਹਾਦਤ ਦਿਆਂ ਭੁਗਤਾਈਆ। ਜਿਸ ਵੇਲੇ ਸੰਮਤ ਸ਼ਹਿਨਸ਼ਾਹੀ ਪੰਜ

੬੯ ਛੱਬੀ ਪੋਹ ਦਾ ਵਕਤ ਆਇਆ ਠੀਕ, ਠਾਕਰ ਤੇਰਾ ਰਾਹ ਤਕਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ। ਵਿਸ਼ਨੂੰ ਕਹੇ ਗੋਬਿੰਦ ਜਿਸ ਵੇਲੇ ਹੱਥ ਰੱਖਿਆ ਉਪਰ ਛਾਤੀ, ਸ਼ਹਿਨਸ਼ਾਹ ਵੱਲ ਧਿਆਨ ਲਗਾਈਆ। ਮੂਸਾ ਆ ਗਿਆ ਲੈ ਕੇ ਪਾਤੀ, ਪਤਰਕਾ ਆਪਣੇ ਹੱਥ ਉਠਾਈਆ। ਮੈਂ ਖੇਲ ਵੇਖਿਆ ਪਿਛਲੀ ਪਰਭਾਤੀ, ਜੋ ਵੇਲਾ ਗਿਆ ਲੰਘਾਈਆ। ਸੱਥਰ ਸੇਜ ਹੰਢਾਏ ੬੯
੨੨ ਜਿਨ ਮੰਨੀ ਧੁਰ ਦੀ ਆਖੀ, ਆਖ਼ਰ ਰੰਗ ਰੰਗਾਈਆ। ਜਿਸ ਦੇ ਅੰਦਰ ਜੋਤ ਅਗੰਮੀ ਬਾਤੀ, ਬਾਤਨ ਪੜਦਾ ਰਿਹਾ ਖੁਲ੍ਹਾਈਆ। ਮੰਜ਼ਲ ਚੜ੍ਹ ਕੇ ਘਾਟੀ, ਪੈਂਡਾ ਲਿਆ ਮੁਕਾਈਆ। ਫੇਰ ਨਜ਼ਰ ਆਈ ਕਲਜੁਗ ਅੰਤਮ ਵਾਟੀ, ਸਦੀ ਚੌਧਵੀਂ ਵੇਖ ਵਖਾਈਆ। ਝਗੜਾ ਪੈਣਾ ਜ਼ਾਤ ਪਾਤੀ, ਦੀਨ ਮਜ਼੍ਹਬ ਕਰੇ ਲੜਾਈਆ। ਤੇਰਿਆਂ ਮੁਰੀਦਾਂ ਦਾ ਕੋਈ ਨਾ ਬਣਨਾ ਸਾਥੀ, ਸੰਗੀ ਸੰਗ ਨਾ ਕੋਇ ਰਖਾਈਆ। ਇਹ ਖੇਲ ਬਾਜ਼ੀਗਰ ਨਾਟੀ, ਸਵਾਂਗੀ ਆਪਣਾ ਸਵਾਂਗ ਬਣਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ। ਵਿਸ਼ਨੂੰ ਕਹੇ ਜਿਸ ਵੇਲੇ ਮੂਸਾ ਉਠਾਇਆ ਵਰਕਾ, ਵਾਰਸ ਇਕੋ ਨਜ਼ਰੀ ਆਈਆ। ਲੇਖ ਲਿਖਣਾ ਵੇਖੋ ਖੇਲ ਪ੍ਰਭੂ ਦੇ ਘਰ ਕਾ, ਘਰ ਆਪਣਾ ਰੰਗ ਰੰਗਾਈਆ। ਰਾਹ ਤਕੋ ਇਕ ਦਰ ਕਾ, ਜੋ ਦਰਗਾਹ ਸਾਚੀ ਸੁਹਾਈਆ। ਰੂਪ ਵੇਖੋ ਨਰਾਇਣ ਨਰ ਕਾ, ਜੋ ਨਰ ਹਰਿ ਨੂਰ ਅਲਾਹੀਆ। ਸਰੋਵਰ ਵੇਖੋ ਅਗੰਮੀ ਸਰ ਕਾ, ਜੋ ਸਭ ਦੀ ਵੇਖੇ ਸਫ਼ਾਈਆ। ਭੈ ਮੰਨੋਂ ਇਕ ਹਰਿ ਕਾ, ਜੋ ਹੁਕਮੇ ਅੰਦਰ ਭਵਾਈਆ। ਜਿਸ ਲੇਖਾ ਮੁਕਾਉਣਾ ਚੋਟੀ ਜੜ੍ਹ ਕਾ, ਤਤਵ ਤਤ ਦਏ ਗਵਾਹੀਆ। ਜਿਸ ਦਾ ਨਾਮ ਵਹਿਣ ਵਹਿਣਾ ਹੜ੍ਹ ਕਾ, ਕੂੜੀ ਕਿਰਿਆ ਦਏ ਰੁੜ੍ਹਾਈਆ। ਜਿਸ ਨਾਤਾ ਜੋੜਨਾ ਇਕੋ ਘਰ ਕਾ, ਗ੍ਰਿਹਿ ਮੰਦਰ ਇਕ ਵਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਾ ਮੇਲਾ ਆਪ ਮਿਲਾਈਆ। ਵਿਸ਼ਨੂੰ ਕਹੇ ਮੂਸਾ ਨੈਣ ਮੀਟ ਕੇ ਕਰਦਾ ਹਾਸੀ, ਹੱਥ ਕੰਨਾਂ ਉਤੇ ਟਿਕਾਈਆ। ਇਹ ਖੇਲ ਪੁਰਖ ਅਬਿਨਾਸ਼ੀ, ਕੁਦਰਤ ਦਾ ਕਾਦਰ ਰਿਹਾ ਵਖਾਈਆ। ਗੋਬਿੰਦ ਦਾ ਬਿਨਾ ਗੋਬਿੰਦ ਤੋਂ ਨਜ਼ਰ ਨਾ ਆਇਆ ਕੋਇ ਸਾਥੀ, ਮਾਛੂਵਾੜੇ ਸੋਭਾ ਪਾਈਆ।

ਕੀ ਲੇਖਾ ਲਿਖਿਆ ਵਿਚ ਮੇਰੀ ਪਾਤੀ, ਪਤਰਕਾ ਦਏ ਦ੍ਰਿੜਾਈਆ । ਜਿਸ ਵੇਲੇ ਕਲਜੁਗ ਆਏ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਸ਼ਰਅ ਦਾ ਰਹੇ ਨਾ ਕੋਇ ਜਮਾਤੀ, ਜੁਮਲਾ ਅੱਖਰ ਨਾ ਕੋਇ ਪੜ੍ਹਾਈਆ । ਉਸ ਵੇਲੇ ਆਉਣਾ ਕਮਲਾਪਾਤੀ, ਪਤਿਪਰਮੇਸ਼ਵਰ ਫੇਰਾ ਪਾਈਆ । ਪੂਰਨ ਪੂਰਨ ਜੋਤ ਕਰੇ ਪ੍ਰਕਾਸ਼ੀ, ਪ੍ਰਕਾਸ਼ਵਾਨ ਹੋਵੇ ਨੂਰ ਅਲਾਹੀਆ । ਪਿਛਲੀ ਚਾਰ ਜੁਗ ਦੀ ਕੜ੍ਹੀ ਰਹਿਣ ਨਾ ਦੇਵੇ ਬਾਸੀ, ਅਗਲਾ ਆਪਣਾ ਹੁਕਮ ਜਣਾਈਆ । ਸ਼ਬਦ ਸੰਦੇਸ਼ਾ ਇਕੋ ਆਖੀ, ਆਖ਼ਰ ਪੜਦਾ ਦਏ ਉਠਾਈਆ । ਨਾਲੇ ਗੋਬਿੰਦ ਵੱਲ ਵੇਖ ਕੇ ਕਿਹਾ ਗੋਬਿੰਦ ਜਿਹੜੀ ਸਿਖੀ ਬਣਾਈ ਤੂੰ ਉਤੇ ਵਿਸਾਖੀ, ਇਹਦਾ ਵਿਸਾਹ ਰਹੇ ਨਾ ਰਾਈਆ । ਸੰਮਤ ਸ਼ਹਿਨਸ਼ਾਹੀ ਪੰਜ ਸਾਰੀ ਧਰਮ ਦੇ ਮਾਰਗ ਦੇ ਉਤੋਂ ਜਾਣੀ ਪਾਟੀ, ਪਟਨੇ ਵਾਲੇ ਤੇਰੀ ਵਡਿਆਈਆ । ਰਸ ਰਹਿਣਾ ਨਾ ਤੇਰੀ ਅੰਮ੍ਰਿਤ ਬਾਟੀ, ਪੁਰਖ ਅਕਾਲਾ ਰਿਹਾ ਵਖਾਈਆ । ਗੋਬਿੰਦ ਕਿਹਾ ਮੂਸਾ ਮੈਂ ਵੀ ਹੱਥ ਨਹੀਂ ਪਾਉਣਾ ਫੇਰ ਨੀਲੇ ਵਾਲੀ ਕਾਠੀ, ਭੱਥਾ ਪਿੱਠ ਨਾ ਕੋਇ ਟਿਕਾਈਆ । ਮੇਰਾ ਸਾਥ ਦੇਵੇ ਮੇਰਾ ਸਾਥੀ, ਹਰਿ ਕਰਤਾ ਧੁਰਦਰਗਾਹੀਆ । ਮੈਂ ਇਨ੍ਹਾਂ ਗੁਰਮੁਖਾਂ ਭਗਤਾਂ ਸੰਤਾਂ ਦੀ ਆਪੇ ਕਰਾਂ ਰਾਖੀ, ਚਾਰੇ ਖਾਣੀ ਵਿਚੋਂ ਵੇਖ ਵਖਾਈਆ । ਅਗਲੀ ਕਥਾ ਕਹਾਣੀ ਦੱਸਾਂ ਸਾਚੀ, ਸਚ ਦਿਆਂ ਦ੍ਰਿੜਾਈਆ । ਕਲਜੁਗ ਅੰਤਮ ਮੇਟ ਅੰਧੇਰੀ ਰਾਤੀ, ਸਤਿਜੁਗ ਸਚ ਲੈਣਾ ਉਪਜਾਈਆ । ਪਿਛਲਾ ਨਾਤਾ ਰਹਿਣਾ ਨਹੀਂ ਫੁੱਫੀ ਤਾਈ ਚਾਚੀ, ਚਕਨਾ ਚੂਰ ਕਰਾਂ ਲੋਕਾਈਆ । ਫੜ ਕੇ ਗੋਬਿੰਦ ਨੇ ਮੂਸਾ ਤੋਂ ਚਿੱਠੀ ਵਾਚੀ, ਪੜ੍ਹ ਕੇ ਦਿਤੀ ਸੁਣਾਈਆ । ਓਏ ਕਮਲਿਓ ਤੁਹਾਡੀ ਮੁਕ ਜਾਣੀ ਵਾਟੀ, ਵੇਖੋ ਪ੍ਰਭ ਨੇ ਬਿਨ ਅੱਖਰਾਂ ਤੋਂ ਥੱਲੇ ਦਿਤਾ ਲਿਖਾਈਆ । ਅੰਤ ਸਭ ਦੀ ਕਰਨੀ ਇਕੋ ਜ਼ਾਤੀ, ਆਤਮ ਬ੍ਰਹਮ ਦੇਣਾ ਸਮਝਾਈਆ । ਸਭ ਦਾ



ਬਣ ਕੇ ਪਿਤਾ ਮਾਤੀ, ਪਿਤਾ ਪੂਤ ਗੋਦ ਸੁਹਾਈਆ । ਸ਼ੰਕਰ ਵੇਖੇ ਉਤੇ ਕੈਲਾਸ਼ੀ, ਬ੍ਰਹਮਾ ਬ੍ਰਹਮ ਧਿਆਨ ਲਗਾਈਆ । ਵਿਸ਼ਨੂੰ ਸੇਵਾ ਕਰੇ ਸਾਚੀ, ਭੱਜੇ ਵਾਹੋ ਦਾਹੀਆ । ਜਿਸ ਵੇਲੇ ਗੋਬਿੰਦ ਪੂਰਨ ਪੂਰਨ ਵਿਚ ਜੋਤ ਪ੍ਰਕਾਸ਼ੀ, ਪੂਰਨ ਬ੍ਰਹਮ ਬ੍ਰਹਮ ਦ੍ਰਿੜਾਈਆ । ਇਹ ਖੇਲ ਜ਼ਰੂਰ ਹੋਣਾ ਲੋਕਮਾਤੀ, ਜਿਸ ਨੂੰ ਸਕੇ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਧੁਰ ਦੀ ਦਾਤੀ, ਦਾਤਾ ਦਾਨੀ ਦਇਆ ਕਮਾਈਆ ।

### ੨੨ ਅੱਸੂ ਸ਼ਹਿਨਸ਼ਾਹੀ ਸੰਮਤ ੫ ਕਰਨੈਲ ਸਿੰਘ ਦੇ ਗ੍ਰਹਿ ਨੌਰੰਗਾਬਾਦ

ਵਿਸ਼ਨੂੰ ਕਹੇ ਰਾਮ ਕ੍ਰਿਸ਼ਨ ਈਸਾ ਮੂਸਾ ਮੁਹੰਮਦ ਗੋਬਿੰਦ ਮਿਲਿਆ ਇਸ਼ਾਰਾ, ਮਾਛੂਵਾੜਾ ਵਕਤ ਸੁਹਾਈਆ । ਅੱਗੇ ਵੇਖੋ ਖੇਲ ਅਪਾਰਾ, ਅਪਰੰਪਰ ਸਵਾਮੀ ਵੱਜੇ ਵਧਾਈਆ । ਅਮਾਮ ਅਮਾਮਾ ਹੋ ਸਿਕਦਾਰਾ, ਨਿਰਗੁਣ ਨੂਰ ਨੂਰ ਅਲਾਹੀਆ । ਕਲ ਕਲਕੀ ਕਰ ਪਸਾਰਾ, ਵੇਸ ਅਵੇਸਾ ਆਪ ਵਟਾਈਆ । ਸਚ ਸੁਹਾ ਕੇ ਇਕ ਦਵਾਰਾ, ਭਗਤ ਦਵਾਰੇ ਦਏ ਵਡਿਆਈਆ । ਜਿਥੇ ਦੀਨ ਮਜ਼੍ਹਬ ਦਾ ਰਹੇ ਨਾ ਕੋਇ ਅਖਾੜਾ, ਜ਼ਾਤੀ ਵੰਡ ਨਾ ਕੋਇ ਵੰਡਾਈਆ । ਫੜਨੀ ਪਏ ਨਾ ਕੋਇ ਤਲਵਾਰਾ, ਖੰਡਾ ਖੜਗ ਨਾ ਕੋਇ ਚਮਕਾਈਆ । ਇਕੋ ਨਾਮ ਦਾ ਬੋਲ ਜੈਕਾਰਾ, ਇਕੋ ਮੇਲਾ ਧੁਰਦਰਗਾਹੀਆ । ਇਕੋ ਸਚ ਸਚ ਵਰਤਾਰਾ, ਵਰਤਮਾਨ ਲੇਖਾ ਦਏ ਸਮਝਾਈਆ । ਸਭ ਨੇ ਕਰਨੀ ਨਿਮਸਕਾਰਾ, ਝੁਕ ਝੁਕ ਸੀਸ ਨਿਵਾਈਆ । ਬਣ ਕੇ ਖਿਦਮਤਗਾਰਾ, ਖ਼ਾਦਮ ਹੋ ਕੇ ਆਪਣਾ ਆਪ ਭੇਟ ਚੜ੍ਹਾਈਆ । ਲਹਿਣਾ ਦੇਣਾ ਪੂਰਾ ਕਰਨਾ ਪੂਰਬ ਕਰਮ ਵਿਚਾਰਾ, ਪੜਦੇ ਓਹਲੇ

ਆਪ ਉਠਾਈਆ । ਧਰਮ ਦੀ ਧਾਰ ਬਣ ਸਿਕਦਾਰਾ, ਵੇਖੇ ਥਾਉਂ ਥਾਈਂਆ । ਚਾਰ ਕੁੰਟ ਦਹਿ ਦਿਸ਼ਾ ਇਕੋ ਘਰ ਵਸੇ ਘਰ ਬਾਹਰਾ, ਗ੍ਰਿਹ ਮੰਦਰ ਇਕ ਵਖਾਈਆ । ਇਕੋ ਇਸ਼ਟ ਜੀਵ ਜਗਤ ਦੀ ਧਾਰਾ, ਧਰਨੀ ਧਰਤ ਧਵਲ ਸੋਭਾ ਪਾਈਆ । ਮੈਂ ਸ਼ਬਦੀ ਧਾਰ ਆਉਣਾ ਦੁਬਾਰਾ, ਪੁਰਖ ਅਕਾਲੇ ਜੋਤ ਵਿਚ ਸਮਾਈਆ । ਦੋਹਾਂ ਦਾ ਖੇਲ ਹੋਣਾ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰਾ, ਕਰਨੀ ਕਰਤਾ ਕਾਰ ਕਮਾਈਆ । ਜਨ ਭਗਤ ਸੁਹੇਲੇ ਸੰਤ ਮੇਲਣੇ ਗੁਰਮੁਖ ਕਰ ਤਿਆਰਾ, ਗੁਰ ਗੁਰ ਗੋਦ ਉਠਾਈਆ । ਸਭ ਨੂੰ ਦੇਣਾ ਇਕ ਅਧਾਰਾ, ਅਦਲ ਇਨਸਾਫ਼ ਸਚ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਚੜ੍ਹਾਈਆ । ਵਿਸ਼ਨੂੰ ਕਹੇ ਗੋਬਿੰਦ ਬਿਨ ਅੱਖਾਂ ਅੱਖ ਬਦਲੀ, ਸਮਾਂ ਬਦਲਦਾ ਦਿਤਾ ਵਖਾਈਆ । ਸਾਰੇ ਵੇਖੇ ਪਰਵਰਦਿਗਾਰ ਇਕ ਅਦਲੀ, ਇਨਸਾਫ਼ ਇਕ ਕਮਾਈਆ । ਗੁਰ ਅਵਤਾਰ ਪੈਗ਼ੰਬਰ ਅਸੀਂ ਆਏ ਪੰਜ ਤਤ ਲਈ, ਤਤਾਂ ਵਾਲੀ ਵੰਡ ਵੰਡਾਈਆ । ਦੀਨਾਂ ਮਜ਼੍ਹਬਾਂ ਦੇ ਹੱਕ ਲਈ, ਹਿੱਸੇ ਲਏ ਪਾਈਆ । ਅੰਤ ਫੇਰ ਪ੍ਰਭ ਆਪਣੇ ਹੱਥ ਰੱਖ ਲਈ, ਰੱਖਿਆ ਕਰੇ ਥਾਉਂ ਥਾਈਂਆ । ਏਕਾ ਨਾਮ ਸੁਣਾਏ ਧੁਰ ਦੇ ਜਸ ਲਈ, ਜਸ ਵੇਦ ਪੁਰਾਨਾਂ ਸਿਫ਼ਤਾਂ ਤੋਂ ਬਾਹਰ ਕਰੇ ਪੜ੍ਹਾਈਆ । ਜੋਤ ਪਰਗਟਾਏ ਪਤਿਪਰਮੇਸ਼ਵਰ ਆਪਣੀ ਪਤਿ ਲਈ, ਪਤ ਪਤਵੰਤਾ ਦਇਆ ਕਮਾਈਆ । ਨਿਰਗੁਣ ਧਾਰ ਆਵੇ ਭਗਤਾਂ ਦੀ ਰਤ ਲਈ, ਰਤਨ ਅਮੋਲਕ ਆਪ ਉਪਜਾਈਆ । ਖੇਲ ਖੇਲੇ ਸਤਿਜੁਗ ਸਚ ਲਈ, ਸਚ ਸਾਜਣ ਧੁਰਦਰਗਾਹੀਆ । ਕਿਉਂ ਕਲਜੁਗ ਅੰਤਮ ਦੀਨ ਦੁਨੀ ਮੱਚ ਗਈ, ਅਗਨੀ ਅੱਗ ਨਾ ਕੋਇ ਬੁਝਾਈਆ । ਸਚ ਦਵਾਰਿਓ ਦੌੜ ਨੱਸ ਗਈ, ਪਤਿਪਰਮੇਸ਼ਵਰ ਮਿਲਣ ਕੋਇ ਨਾ ਪਾਈਆ । ਸਭ ਦੇ ਅੰਦਰੋਂ ਗੁਰਮਤ ਗਈ, ਮਨਮਤ ਬੈਠੀ ਡੇਰਾ ਲਾਈਆ । ਅਕਲ ਵਿਦਿਆ ਭੱਠ ਪਈ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਪ੍ਰਭ ਖੇਲ ਖੇਲਣਾ ਗੰਗਾ ਗੋਦਾਵਰੀ ਜਮਨਾ ਸੁਰਸਤੀ ਅੱਠ ਸੱਠ ਲਈ, ਗੁਰ ਅਵਤਾਰ ਪੈਗ਼ੰਬਰਾਂ ਲੇਖਾ ਪੂਰ ਕਰਾਈਆ । ਜਾਮਾ ਧਾਰਨਾ ਦੀਨ ਮਜ਼੍ਹਬ ਦੇ ਵੱਟ ਲਈ, ਹੱਦ ਰਹਿਣ ਕੋਇ ਨਾ ਪਾਈਆ । ਸ਼ਾਹੋ ਭੂਪ ਬਣਨਾ ਜਨ ਭਗਤਾਂ ਦੇ ਹੱਕ ਲਈ, ਹੱਕ ਸਭ ਦਾ ਆਪਣੇ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰਾਂ ਇਹ ਖੇਲ ਅਗੰਮੀ ਤਕ ਲਈ, ਨਜ਼ਰ ਨਜ਼ਰੀਆ ਦਿਤਾ ਬਦਲਾਈਆ । ਅੱਗੇ ਗੱਲ ਰਹੀ ਨਾ ਸ਼ੱਕ ਲਈ, ਸ਼ਿਕਵੇ ਦਿਤੇ ਮਿਟਾਈਆ । ਏਨੇ ਚਿਰ ਨੂੰ ਬਸੁਧਾ ਥੱਲਿਉਂ ਹੱਸ ਪਈ, ਧਰਨੀ ਤਾਲੀ ਦਿਤੀ ਵਜਾਈਆ । ਪ੍ਰਭ ਨੇ ਆਉਣਾ ਭਗਤਾਂ ਦੀ ਯਦ ਲਈ, ਗੋਬਿੰਦ ਆਪਣਾ ਰੰਗ ਰੰਗਾਈਆ । ਜਿਹੜੀ ਸ੍ਰਿਸ਼ਟੀ ਦ੍ਰਿਸ਼ਟੀ ਪ੍ਰਭ ਦਾ ਇਸ਼ਟ ਛਡ ਗਈ, ਕੂੜੀ ਕਿਰਿਆ ਵਿਚ ਹਲਕਾਈਆ । ਸਚ ਧਰਮ ਦੀ ਮੰਜ਼ਲ ਟੱਪ ਗਈ, ਮਾਇਆ ਮਮਤਾ ਵਿਚ ਕੁਰਲਾਈਆ । ਗੁਰ ਅਵਤਾਰ ਪੈਗ਼ੰਬਰਾਂ ਛਡ ਗਈ, ਨਾਤਾ ਛੱਡਿਆ ਪਿਤਾ ਮਾਈਆ । ਕੂੜ ਨਿਸ਼ਾਨੇ ਚਾਰੋਂ ਕੁੰਟ ਗੱਡ ਰਹੀ, ਗਾਡ ਨਜ਼ਰ ਕਿਸੇ ਨਾ ਆਈਆ । ਝਗੜਾ ਪਿਆ ਮਾਸ ਨਾੜੀ ਹੱਡ ਲਈ, ਹਿੱਸੇ ਤਤਾਂ ਵਾਲੇ ਪਾਈਆ । ਕਲਜੁਗ ਝੂਠ ਅੰਧੇਰੀ ਵਗ ਰਹੀ, ਅੱਗੇ ਹੋ ਨਾ ਕੋਇ ਅਟਕਾਈਆ । ਪ੍ਰਭ ਨੇ ਆਉਣਾ ਸਿਰਫ਼ ਗੋਬਿੰਦ ਪੱਗ ਲਈ, ਮਾਝੇ ਵਾਲਿਓ ਇਕ ਪੱਗ ਤੁਸਾਂ ਭੇਟ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰਨੀ ਸਤਿਜੁਗ ਸਾਚੇ ਜਗ ਲਈ, ਜਾਗਰਤ ਜੋਤ ਕਰੇ ਰੁਸ਼ਨਾਈਆ ।

## ੨੨ ਅੱਸੂ ਸ਼ਹਿਨਸ਼ਾਹੀ ਸੰਮਤ ੫ ਮੱਸਾ ਸਿੰਘ ਦੇ ਗ੍ਰਿਹ ਨੌਰੰਗਾਬਾਦ

ਵਿਸ਼ਨੂੰ ਕਹੇ ਝਟ ਇਕੱਠੇ ਹੋ ਗਏ ਭਗਤ, ਮਾਛੂਵਾੜੇ ਰੂਪ ਬਦਲਾਈਆ । ਕਬੀਰ ਜੁਲਾਹਾ ਅਗਵਾਹੀ ਕਰੇ ਫ਼ਕਤ, ਰਵਦਾਸ ਚਮਾਰਾ ਸੰਗ ਰਲਾਈਆ । ਕੀ ਖੇਲ ਖੇਲਿਆ ਉਪਰ ਧਰਤ, ਧਰਨੀ ਧਰਤ ਨਾਲ ਰਲਾਈਆ । ਗੋਬਿੰਦ ਹੱਸ ਕੇ ਕਿਹਾ ਜ਼ਰਾ ਵੇਖੋ ਉਪਰ ਅਰਸ਼, ਅਰਸ਼ੀ ਪ੍ਰੀਤਮ ਕੀ ਦ੍ਰਿੜਾਈਆ । ਮੈਨੂੰ ਨਾ ਕੋਇ ਸੋਗ ਨਾ ਕੋਇ ਹਰਖ, ਚਿੰਤਾ ਗ਼ਮ ਨਾ ਕੋਇ ਜਣਾਈਆ । ਜਨ ਭਗਤਾਂ ਨਿਗਾਹ ਮਾਰੀ ਖੇਲ ਵੇਖਿਆ ਮਰਦਾਨਾ ਮਰਦ, ਹਰਿ ਕਰਤਾ ਆਪ ਸਮਝਾਈਆ । ਜਿਸ ਦੇ ਅੰਤਰ ਗ਼ਰੀਬ ਨਿਮਾਣਿਆਂ ਦਰਦ, ਦੁਖੀਆਂ ਦੁੱਖ ਵੰਡਾਈਆ । ਸੰਦੇਸ਼ਾ ਮਿਲਿਆ ਜਨ ਭਗਤੋ ਏਸ ਨੇ ਫੇਰ ਆਉਣਾ ਪਰਤ, ਪਤਿਪਰਮੇਸ਼ਵਰ ਨਾਲ ਮਿਲਾਈਆ । ਲੇਖਾ ਵੇਖੇ ਖ਼ਾਕੀ ਫ਼ਰਸ਼, ਜ਼ਿਮੀ ਅਸਮਾਨਾਂ ਡੇਰਾ ਢਾਹੀਆ । ਜਿਸ ਨੇ ਝਗੜਾ ਮੇਟਣਾ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਚਰਚ, ਚਰਾਗਾਹਾਂ ਖੋਜ ਖੁਜਾਈਆ । ਤੁਹਾਡੀ ਸਭ ਦੀ ਮਨਜ਼ੂਰ ਹੋਵੇ ਅਰਜ਼, ਆਰਜ਼ੂ ਆਪਣੇ ਲੇਖੇ ਪਾਈਆ । ਸਭ ਦੇ ਨਾਲ ਸਾਂਝੀ ਕਰੇ ਗ਼ਰਜ਼, ਗਰਜ਼ੇ ਕਿ ਵੇਲਾ ਆਪਣਾ ਆਪ ਪਰਗਟਾਈਆ । ਚਾਰ ਜੁਗ ਦੇ ਸੰਤਾਂ ਭਗਤਾਂ ਫੇਰ ਫੋਲ ਕੇ ਵੇਖੇ ਫ਼ਰਦ, ਚੁਰਾਸੀ ਵਿਚੋਂ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਾਲਕ ਇਕ ਅਖਵਾਈਆ । ਵਿਸ਼ਨੂੰ ਕਹੇ ਜਨ ਭਗਤਾਂ ਤੱਕਿਆ ਨਾਲ ਗ਼ੌਰ, ਗਹਿਰ ਗੰਭੀਰ ਧਿਆਨ ਲਗਾਈਆ । ਗੋਬਿੰਦ ਖੇਲ ਵਖਾਇਆ ਅਵਰ ਕਾ ਔਰ, ਅਵਰੀ ਆਪਣੀ ਕਾਰ ਕਮਾਈਆ । ਜਿਸ ਵੇਲੇ ਕਲਜੁਗ ਕੂੜੀ ਕਿਰਿਆ ਜਨ ਭਗਤੋ ਚਲਿਆ ਦੌਰ, ਦਰ ਦਰ ਆਪਣਾ ਫੇਰਾ ਪਾਈਆ । ਸਾਧ ਸੰਤ ਬਣ ਗਏ ਚੋਰ, ਠੱਗੀ ਯਾਰੀ ਜਗਤ ਕਮਾਈਆ । ਮਾਣ ਰਹਿਣਾ ਨਹੀਂ ਕਿਸੇ ਮੜ੍ਹੀ ਗੋਰ, ਪੀਰ ਫ਼ਕੀਰ ਦੇਣ ਦੁਹਾਈਆ । ਮਾਇਆ ਧਾਰੀਆਂ ਦੇ ਸਿਰ ਤੇ ਝੁਲਣੇ ਚੌਰ, ਗ਼ਰੀਬਾਂ ਹੋਏ ਨਾ ਕੋਇ ਸਹਾਈਆ । ਫੁਰਨਾ ਮੰਤਰ ਫੁਰੇ ਕੋਇ ਨਾ ਫੋਰ, ਮਨ ਕਲਪਣਾ ਕੂੜ ਹਲਕਾਈਆ । ਦੁਨੀਆ ਦਾ ਧਰਮ ਅੰਤਮ ਹੋਣਾ ਉਤੇ ਢੋਰ, ਸੂਰ ਗਾਂ ਵੰਡ ਵੰਡਾਈਆ । ਉਸ ਵੇਲੇ ਸਾਹਿਬ ਸੁਲਤਾਨ ਸ੍ਰੀ ਭਗਵਾਨ ਦੀ ਪੈਣੀ ਲੋੜ, ਲੁੜੀਂਦਾ ਸੱਜਣ ਵੇਖ ਵਖਾਈਆ । ਜਿਸ ਨੇ ਤੁਹਾਡੀ ਸੁਰਤੀ ਆਪਣੇ ਨਾਲ ਲਈ ਜੋੜ, ਉਹ ਮੇਰਾ ਧੁਰ ਦਾ ਮਾਹੀਆ । ਤੁਸੀਂ ਉਸ ਦਾ ਨਾਮ ਕਲਮਾ ਖਾਂਦੇ ਭੋਰ ਭੋਰ, ਭੋਰਾ ਭੋਰਾ ਤੁਹਾਡੀ ਝੋਲੀ ਪਾਈਆ । ਹੁਕਮੇ ਅੰਦਰ ਦਿਤਾ ਤੋਰ, ਸ਼ਰਅ ਤੋਂ ਪਰੇ ਕਰ ਸੁਣਾਈਆ । ਯਾਦ ਰੱਖਿਓ ਸਦੀ ਚੌਧਵੀਂ ਅੰਤਮ ਪੈਣਾ ਸ਼ੋਰ, ਸ਼ੌਹਰ ਸਕੇ ਨਾ ਕੋਇ ਮਿਲਾਈਆ । ਗੁਰ ਅਵਤਾਰ ਪੈਗ਼ੰਬਰਾਂ ਸੁਰਤੀ ਸ਼ਬਦ ਬੰਨ੍ਹੇ ਕੋਈ ਨਾ ਡੋਰ, ਤੰਦਨ ਤੰਦ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਅਗੰਮ ਅਥਾਹੀਆ । ਵਿਸ਼ਨੂੰ ਕਹੇ ਜਨ ਭਗਤਾਂ ਕੀਤੀ ਅਰਦਾਸ, ਬੇਨੰਤੀ ਇਕ ਸੁਣਾਈਆ । ਸਾਡੇ ਅੰਤਰ ਇਕ ਵਿਸ਼ਵਾਸ਼, ਜੋ ਵਿਸ਼ਵ ਦਾ ਰੂਪ ਧਰਾਈਆ । ਨਿਰਗੁਣ ਧਾਰ ਹੋਵੇ ਪ੍ਰਕਾਸ਼, ਜੋਤੀ ਜੋਤ ਰੁਸ਼ਨਾਈਆ । ਕੁਛ ਉਸ ਦੀ ਮਹਿੰਮਾ ਆਖ, ਗੋਬਿੰਦ ਦੇ ਦ੍ਰਿੜਾਈਆ । ਗੋਬਿੰਦ ਕਿਹਾ ਓਹ ਪਰਗਟ ਹੋਣਾ ਸਾਖਿਆਤ, ਨਿਰਵੈਰ ਪੁਰਖ ਇਲਾਹੀਆ । ਮੇਰਾ ਉਸ ਨੇ ਦੇਣਾ ਸਾਥ, ਸਗਲਾ ਸੰਗ ਬਣਾਈਆ । ਕਲਜੁਗ ਮੇਟਣੀ ਅੰਧੇਰੀ ਰਾਤ, ਸਤਿਜੁਗ ਚੰਦ ਚਮਕਾਈਆ । ਸਭ ਦੀ ਪੂਰੀ ਕਰਨੀ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਸਾਚੇ ਭਗਤਾਂ ਦੇਣੀ ਸ਼ਾਬਾਸ਼, ਸਿਰ ਆਪਣਾ ਹੱਥ

ਟਿਕਾਈਆ । ਤੁਹਾਨੂੰ ਜ਼ਰੂਰੀ ਵਖਾਵਾਂ ਖੇਲ ਤਮਾਸ਼, ਵੇਲਾ ਵਕਤ ਨਾਲ ਵਡਿਆਈਆ । ਜਿਸ ਵੇਲੇ ਸ਼ਹਿਨਸ਼ਾਹੀ ਸੰਮਤ ਪੰਜ ਛੱਬੀ ਪੋਹ ਦੀ ਆਈ ਰਾਤ, ਰੁਤੜੀ ਇਕ ਮਹਿਕਾਈਆ । ਭਗਤੋ ਤੁਸੀਂ ਆਉਣਾ ਬਣ ਕੇ ਜਮਾਤ, ਏਸੇ ਤਰਾਂ ਰੰਗ ਰੰਗਾਈਆ । ਲੇਖਾ ਸੁਣਨਾ ਥੱਲੇ ਆਕਾਸ਼, ਧਰਤੀ ਉਪਰ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸਮਝਾਈਆ । ਜਨ ਭਗਤ ਕਹਿਣ ਗੋਬਿੰਦ ਕੀ ਤੇਰਾ ਖੇਲ ਅਗੰਮਾ, ਅਗੰਮੜੇ ਦੇ ਦ੍ਰਿੜਾਈਆ । ਕੀ ਪਰਗਟ ਹੋਵੇ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਨਾਲ ਵਡਿਆਈਆ । ਕੀ ਦੀਨ ਮਜ਼੍ਹਬ ਦੀ ਕਰੇ ਤਮਾ, ਹਿੱਸਿਆਂ ਵੰਡ ਵੰਡਾਈਆ । ਕਿਹੜੀ ਕਰਨੀ ਕਿਹੜਾ ਕਰਨਾ ਕੰਮਾ, ਕਾਇਨਾਤ ਕੀ ਸਮਝਾਈਆ । ਕਿਹੜਾ ਨਾਮ ਪਵਣ ਸਵਾਸ ਜਪਾਉਣਾ ਦਮਾ, ਦਾਮਨਗੀਰ ਪਲੂ ਕੀ ਫੜਾਈਆ । ਕਿਹੜੀ ਹੱਦ ਕਿਹੜਾ ਬੰਨਾ, ਕਵਣ ਗ੍ਰਿਹ ਡੇਰਾ ਲਾਈਆ । ਕਿ ਪੁਰਖ ਅਕਾਲ ਦਾ ਹੋਵੇਂ ਚੰਨਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਵਿਚੋਂ ਉਠ ਕੇ ਬੋਲਿਆ ਧੰਨਾ, ਜ਼ੋਰ ਨਾਲ ਸੁਣਾਈਆ । ਕਿਉਂ ਅੱਖਰਾਂ ਲਾਇਆ ਇਕੋ ਕੰਨਾ, ਜਿਸ ਦਾ ਭੇਵ ਕੋਇ ਨਾ ਪਾਈਆ । ਗੋਬਿੰਦ ਕਿਹਾ ਮੈਂ ਤੇਰਾ ਕਹਿਣਾ ਮੰਨਾ, ਮਨਸਾ ਪੂਰ ਵਖਾਈਆ । ਹਰਖ ਸੋਗ ਮੇਟ ਕੇ ਗ਼ਮਾ, ਚਿੰਤਾ ਚਿਖਾ ਜਲਾਈਆ । ਜਿਸ ਵੇਲੇ ਰੂਪ ਧਾਰਿਆ ਨਵਾਂ, ਨਵ ਚਾਰ ਦਾ ਪੰਧ ਮੁਕਾਈਆ । ਜੱਟਾ ਧੰਨਿਆ ਵਿਚ ਜੱਟਾਂ ਦੇ ਰਹਿਵਾਂ, ਦੂਜਾ ਘਰ ਨਾ ਕੋਇ ਬਣਾਈਆ । ਸੰਬਲ ਆਪਣੇ ਆਸਣ ਬਹਿਵਾਂ, ਸਿੰਘਾਸਣ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਦਰ ਠਾਂਡੇ ਰੰਗ ਵਖਾਈਆ । ਧੰਨੇ ਕਿਹਾ ਤੂੰ ਸਾਹਿਬ ਵਡਾ ਧਨਾਢ, ਤੇਰੀ ਬੇਪਰਵਾਹੀਆ । ਕੀ ਨਵੀਂ ਕਢੇਂਗਾ ਕਾਢ, ਮੈਨੂੰ ਦੇ ਸਮਝਾਈਆ । ਗੋਬਿੰਦ ਕਿਹਾ ਮੈਂ ਚਾਰ ਜੁਗ ਦੇ ਵਿਛੜਿਆਂ ਨਾਲ ਲਡਾਵਾਂ ਲਾਡ, ਪੂਰਬ ਜਨਮ ਦੇ ਮੇਲ ਮਿਲਾਈਆ । ਜਿਨ੍ਹਾਂ ਦਾ ਲੇਖਾ ਅਵਤਾਰ ਪੈਗ਼ੰਬਰਾਂ ਗੁਰੂਆਂ ਸਾਥ, ਸਗਲਾ ਸੰਗ ਜਣਾਈਆ । ਭਾਵੇਂ ਕਿਸੇ ਨੇ ਰਾਮ ਕ੍ਰਿਸ਼ਨ ਅੱਲਾ ਵਾਹਿਗੁਰੂ ਸਤਿਨਾਮ ਜਪਿਆ ਹੋਵੇ ਜਾਪ, ਵੱਖਰਾ ਵੱਖਰਾ ਨਾਮ ਸੁਣਾਈਆ । ਮੈਂ ਅੰਤਮ ਸਭ ਦੀ ਰੱਖਾਂ ਲਾਜ, ਲਜਿਆਵੰਤ ਹੋ ਕੇ ਵੇਖ ਵਖਾਈਆ । ਭਗਤੋ ਭਗਤ ਭਗਵਾਨ ਦਾ ਚਲਾਉਣਾ ਸਮਾਜ, ਦੀਨ ਮਜ਼੍ਹਬ ਰਹਿਣ ਕੋਇ ਨਾ ਪਾਈਆ । ਜਿਸ ਬਿਧ ਸ੍ਰਿਸ਼ਟੀ ਦੀ ਰਚਨਾ ਰਚੀ ਆਦਿ, ਓਸੇ ਤਰਾਂ ਸਤਿਜੁਗ ਸਚ ਦੇਣਾ ਲਗਾਈਆ । ਏਕਾ ਨਾਮ ਹੋਣਾ ਬ੍ਰਹਿਮਾਦ, ਵਿਦਿਆ ਬ੍ਰਹਮ ਪੜ੍ਹਾਈਆ । ਇਕ ਸਰਨਾਈ ਸਭ ਨੇ ਜਾਣਾ ਲਾਗ, ਚਰਨ ਧੂੜ ਇਕ ਰਮਾਈਆ । ਇਕ ਦਾ ਨਾਮ ਰਸ ਹੋਣਾ ਸਵਾਦ, ਰਸ ਇਕੋ ਇਕ ਚਖਾਈਆ । ਇਕ ਦੀ ਸੁਰਤੀ ਇਕ ਵਿਚ ਜਾਣੀ ਜਾਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਤਿ ਧਰਮ ਦਾ ਖੇੜਾ ਕਰਨਾ ਆਬਾਦ, ਕਲਜੁਗ ਕੂੜ ਕੁਟੰਬ ਮੁਕਾਈਆ । ਗੋਬਿੰਦ ਕਿਹਾ ਤੁਸੀਂ ਸਾਰੇ ਰੱਖਿਉ ਯਾਦ, ਮੇਰੀ ਮਾਛੂਵਾੜੇ ਦੀ ਸੇਜ ਦਏ ਗਵਾਹੀਆ । ਸੰਮਤ ਸ਼ਹਿਨਸ਼ਾਹੀ ਪੰਜ ਛੱਬੀ ਪੋਹ ਨੂੰ ਮਿਲਣੀ ਦਾਦ, ਦਾਅਵੇਦਾਰ ਇਕੋ ਹੋ ਆਈਆ । ਜਿਸ ਨੇ ਸ੍ਰਿਸ਼ਟੀ ਦ੍ਰਿਸ਼ਟੀ ਦਾ ਬਦਲ ਦੇਣਾ ਸਮਾਜ, ਸਮਗਰੀ ਇਕੋ ਇਕ ਵਰਤਾਈਆ । ਸ਼ਬਦ ਨਾਦ ਧੁਨ ਸੁਣਾਏ ਅਗੰਮੀ ਅਵਾਜ਼, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜੀ ਕਿਰਿਆ ਮੇਟੇ ਵਾਦ ਵਿਵਾਦ, ਵਿਖ ਅੰਦਰੋਂ ਸਭ ਦੇ ਬਾਹਰ ਕਢਾਈਆ ।

## ✪ ੨੩ ਅੱਸੂ ਸ਼ਹਿਨਸ਼ਾਹੀ ਸੰਮਤ ੫ ਦਾਰਾ ਸਿੰਘ ਦੇ ਗ੍ਰਿਹ ਨੌਰੰਗਾਬਾਦ ✪

ਵਿਸ਼ਨੂੰ ਕਹੇ ਭਗਤਾਂ ਕੀਤੀ ਅਰਜ਼ੋਈ, ਗੋਬਿੰਦ ਦਿਤਾ ਜਣਾਈਆ । ਅਸੀਂ ਚਾਰ ਜੁਗ ਦੇ ਕੋਈ ਕੋਈ, ਵਿਰਲੇ ਥੋੜੇ ਨਜ਼ਰੀ ਆਈਆ । ਸਦੀ ਚੌਧਵੀਂ ਕਿਸ ਨੂੰ ਮਿਲੇ ਢੋਈ, ਮਿਲੇ ਮਾਣ ਵਡਿਆਈਆ । ਉਸ ਵੇਲੇ ਸ੍ਰਿਸ਼ਟੀ ਦ੍ਰਿਸ਼ਟੀ ਜਾਣੀ ਮੋਹੀ, ਮਮਤਾ ਵਿਚ ਕੁਰਲਾਈਆ । ਕੂੜ ਕਲਪਣਾ ਵਿਚ ਜਾਣੀ ਪਰੋਈ, ਪਰਾ ਪਸੰਤੀ ਮਧਮ ਬੈਖਰੀ ਕੰਮ ਕਿਸੇ ਨਾ ਆਈਆ । ਚਾਰੋਂ ਕੁੰਟ ਜਗਤ ਸ਼ਰਅ ਦੀ ਫਿਰਨੀ ਦਰੋਹੀ, ਧਰਮ ਦੀ ਧਾਰ ਨਾ ਕੋਇ ਵਖਾਈਆ । ਸਭ ਦੀ ਪਤ ਜਾਣੀ ਖੋਹੀ, ਸਿਰ ਹੱਥ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੋਬਿੰਦ ਕਿਹਾ ਜਨ ਭਗਤੋ ਤੁਹਾਨੂੰ ਭਗਤੀ ਦਾ ਮਿਲਿਆ ਦਾਨ, ਸਿਮਰਨ ਜੋਗ ਅਭਿਆਸ ਸ਼ਬਦ ਦਾ ਮਿਲਿਆ ਗਿਆਨ, ਨਾਮ ਧਨ ਸਮਝਾਈਆ । ਸਦੀ ਚੌਧਵੀਂ ਕਲਜੁਗ ਅੰਤ ਮੇਰਾ ਸਾਹਿਬ ਹੋਵੇ ਮਿਹਰਵਾਨ, ਮਹਿਬੂਬ ਅਗੰਮ ਅਥਾਹੀਆ । ਜਨ ਭਗਤ ਸੁਹੇਲੇ ਲਏ ਪਹਿਚਾਨ, ਜੁਗ ਚੌਕੜੀ ਵਿਛੜੇ ਮੇਲ ਮਿਲਾਈਆ । ਏਕਾ ਸ਼ਬਦ ਸੰਦੇਸ਼ਾ ਦੇ ਮਹਾਨ, ਤੂੰ ਮੇਰਾ ਮੈਂ ਤੇਰਾ ਕਰੇ ਪੜ੍ਹਾਈਆ । ਧਰਮ ਵਖਾ ਕੇ ਇਕ ਨਿਸ਼ਾਨ, ਸਤਿ ਦਵਾਰਾ ਇਕ ਸੁਹਾਈਆ । ਜੋਤੀ ਸ਼ਬਦੀ ਦੇਵੇ ਮਾਣ, ਅਭਿਮਾਨ ਦੇਵੇ ਮਿਟਾਈਆ । ਸੁਰਤੀ ਸੁਰਤ ਦਾ ਬਣ ਕੇ ਕਾਹਨ, ਰੰਗ ਆਪਣਾ ਦਏ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਘਰ ਇਕ ਵਸਾਈਆ । ਜਨ ਭਗਤੋ ਪ੍ਰਭ ਨੇ ਦਇਆ ਕਰਨੀ ਆਪ, ਆਪਣਾ ਰੰਗ ਰੰਗਾਈਆ । ਸੋਹੰ ਸ਼ਬਦ ਦੱਸ ਕੇ ਜਾਪ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਜੈਕਾਰ ਸੁਣਾਈਆ । ਜਿਸ ਨਾਲ ਮੇਟ ਕੇ ਤੀਨੋਂ ਤਾਪ, ਤ੍ਰੈਗੁਣ ਲੇਖਾ ਦਏ ਗਵਾਈਆ । ਨਾਤਾ ਤੁੜਾ ਕੇ ਕੂੜ ਕੁਟੰਬ ਸਾਕ, ਸੱਜਣ ਇਕੋ ਦਏ ਮਿਲਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਕਰੇ ਪੂਰਾ ਭਵਿਖਤ ਵਾਕ, ਵਾਕਫ਼ਕਾਰ ਇਕੋ ਇਕ ਅਖਵਾਈਆ । ਰੂਹ ਬੁਤ ਕਰੇ ਪਾਕ, ਨਗ਼ਮਾ ਕਲਾਮ ਇਕ ਸੁਣਾਈਆ । ਝਗੜਾ ਮਿਟਾਵੇ ਜ਼ਾਤ ਪਾਤ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਪਰਗਟ ਹੋਵੇ ਸਾਖਿਆਤ, ਜੋਤੀ ਜਾਤਾ ਡਗਮਗਾਈਆ । ਚਾਰ ਜੁਗ ਦੇ ਵੇਖੇ ਕਾਗ਼ਜ਼ਾਤ, ਸ਼ਾਸਤਰ ਸਿਮਰਤ ਫੋਲ ਫੁਲਾਈਆ । ਧਰਮ ਧਾਰ ਦੀ ਆਪਣੀ ਵੇਖੇ ਲੁਗ਼ਾਤ, ਜਿਥੋਂ ਨਵਾਂ ਨਵਾਂ ਨਾਮ ਪਰਗਟਾਈਆ । ਸਭ ਦੀ ਇਕੱਠੀ ਕਰੇ ਜਮਾਤ, ਇਕੋ ਘਰ ਵਸਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਸਾਚਾ ਨੂਰ ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਵਖਾਈਆ । ਵਿਸ਼ਨੂੰ ਕਹੇ ਭਗਤਾਂ ਅੰਤਰ ਕੀਤਾ ਵਿਚਾਰ, ਵਿਚਰ ਕੇ ਦਿਤਾ ਨਾ ਕੁਛ ਸੁਣਾਈਆ । ਪੁਰਖ ਅਬਿਨਾਸ਼ੀ ਹੋ ਉਜਿਆਰ, ਜੋਤੀ ਜਾਤਾ ਡਗਮਗਾਈਆ । ਸ਼ਬਦ ਇਸ਼ਾਰੇ ਕਿਹਾ ਧਾਰ, ਧਰਨੀ ਧਰਤ ਧਵਲ ਦ੍ਰਿੜਾਈਆ । ਵੇਖੋ ਸਭ ਦਾ ਪੂਰਾ ਹੋਣਾ ਇਕਰਾਰ, ਕੌਲ ਅਗਲਾ ਦਏ ਜਣਾਈਆ । ਖੇਲ ਕਰੇ ਆਪ ਕਰਤਾਰ, ਕੁਦਰਤ ਦਾ ਮਾਲਕ ਨੂਰ ਇਲਾਹੀਆ । ਤੁਸਾਂ ਸਾਰਿਆਂ ਬਣਨਾ ਬਰਖ਼ੁਰਦਾਰ, ਸੇਵਕ ਹੋ ਕੇ ਸੇਵ ਕਮਾਈਆ । ਚਾਰ ਜੁਗ ਦਾ ਲਹਿਣਾ ਦੇਣਾ ਉਧਾਰ, ਕਰਜ਼ਾ ਕਮਰੂਜ਼ ਚੁਕਾਈਆ । ਇਕ ਸੁਹਾਉਣਾ ਬੰਕ ਦਵਾਰ, ਇਕੋ ਦਰ ਵੱਜੇ ਵਧਾਈਆ । ਭਗਤ ਸੁਹੇਲੇ ਲਏ ਉਠਾਲ, ਚਾਰੋਂ ਕੁੰਟ ਮੇਲ ਮਿਲਾਈਆ । ਸ਼ਬਦ ਸਤਿਗੁਰ ਹੋਏ ਵਿਚ ਦਲਾਲ, ਵਿਚੋਲਾ ਇਕੋ ਸੋਭਾ ਪਾਈਆ । ਜਿਨ੍ਹ ਝਗੜਾ

ਮਟਾਉਣਾ ਝਟਕਾ ਹਲਾਲ, ਸਿਰ ਸਕੇ ਨਾ ਕੋਇ ਕਟਾਈਆ । ਦੀਨ ਦੁਨੀ ਦਾ ਮੰਦਾ ਹੋਵੇ ਹਾਲ, ਹਾਲਤ ਵਿਗੜੇ ਥਾਉਂ ਥਾਈਆਂ । ਖ਼ੁਸ਼ੀ ਮਨਾਵੇ ਅੰਤਮ ਕਾਲ, ਕਲਕਾਤੀ ਵੇਖ ਵਖਾਈਆ । ਪੁਛਣਹਾਰਾ ਮੁਰੀਦਾਂ ਹਾਲ, ਮੁਰਸ਼ਦ ਅਗੰਮ ਅਥਾਹੀਆ । ਤਿਸ ਦਾ ਸਭ ਨੇ ਸੁਣਨਾ ਇਕ ਅਹਿਵਾਲ, ਅਹਿਲ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਭਗਤੀ ਭਾਗ ਸਭ ਦਾ ਫੋਲ ਫੁਲਾਈਆ ।

### ੨੩ ਅੱਸੂ ਸ਼ਹਿਨਸ਼ਾਹੀ ਸੰਮਤ ੫ ਗਿਆਨੀ ਕੁੰਦਨ ਸਿੰਘ ਦੇ ਗ੍ਰਿਹ ਮਾਲਚੱਕ

ਵਿਸ਼ਨੂੰ ਕਹੇ ਗੋਬਿੰਦ ਸੇਜ ਸੁਹੰਜਣੀ ਸੱਥਰ ਸੁੱਤਾ, ਸ਼ਬਦੀ ਜੋਤ ਧਾਰ ਸਮਾਈਆ । ਪੁਰਖ ਅਕਾਲ ਸੁਹਾਈ ਰੁਤਾ, ਰੁਤੜੀ ਆਪਣੇ ਰੰਗ ਮਹਿਕਾਈਆ । ਨੂਰ ਨੁਰਾਨਾ ਨੌਜਵਾਨਾ ਮਰਦ ਮਰਦਾਨਾ ਆਇਆ ਅਬਿਨਾਸ਼ੀ ਅਚੁਤਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਫੇਰਾ ਪਾਈਆ । ਪੰਜ ਤਤ ਵੇਖਿਆ ਕਾਇਆ ਜੁੱਸਾ, ਤਨ ਪੈਰਾਂ ਧਿਆਨ ਲਗਾਈਆ । ਹੱਸ ਕੇ ਕਿਹਾ ਵਾਹ ਮੇਰਿਆ ਸੁੱਤਾ, ਸੁਤ ਦੁਲਾਰੇ ਦਿਆਂ ਦ੍ਰਿੜਾਈਆ । ਪ੍ਰੇਮ ਨਾਲ ਤੱਕਿਆ ਮੁਖਾ, ਬਿਨ ਨੈਣਾਂ ਨੈਣ ਖੁਲ੍ਹਾਈਆ । ਤੇਰੇ ਕੋਲ ਨਹੀਂ ਕੋਈ ਟੁੱਕਰ ਸੁੱਕਾ, ਵਸਤ ਹੱਥ ਨਾ ਕੋਇ ਰਖਾਈਆ । ਗੋਬਿੰਦ ਅਗੰਮੀ ਧਾਰ ਕਢ ਕੇ ਰੁੱਕਾ, ਬਿਨ ਅੱਖਰਾਂ ਦਿਤਾ ਵਖਾਈਆ । ਨਾ ਕੋਈ ਹਰਖ਼ ਸੋਗ ਨਾ ਕੋਇ ਦੁੱਖਾ, ਚਿੰਤਾ ਗ਼ਮ ਨਾ ਕੋਇ ਸਤਾਈਆ । ਇਕੋ ਸਾਹਿਬ ਸੁਲਤਾਨ ਤੇਰੀ ਓਟਾ, ਓੜਕ ਚਰਨਾਂ ਸੀਸ ਝੁਕਾਈਆ । ਅਬਿਨਾਸ਼ੀ ਕਰਤੇ ਮੁਹੱਬਤ ਵਿਚ ਪ੍ਰੇਮ ਜਣਾਇਆ ਬਹੁਤਾ, ਬਹੁਰੂਪੀ ਧਿਆਨ ਲਗਾਈਆ । ਨਿਗਾਹ ਮਾਰ ਵੇਖ ਝੁਕਦੇ ਚੌਦਾਂ ਲੋਕਾ, ਚੌਦਾਂ ਤਬਕ ਸੀਸ ਨਿਵਾਈਆ । ਅਵਤਾਰ ਪੈਗ਼ੰਬਰ ਤੇਰਾ ਸੁਣਨ ਸਲੋਕਾ, ਸੋਹਲਾ ਅਗੰਮ ਅਥਾਹੀਆ । ਕਲਜੁਗ ਅੰਤਮ ਤੇਰੇ ਹੱਥ ਮੌਕਾ, ਮੁਕੰਮਲ ਦਿਆਂ ਦ੍ਰਿੜਾਈਆ । ਗੋਬਿੰਦ ਯਾਰੜਾ ਸੇਜ ਅੱਗੇ ਲਾਉਣਾ ਇਕੋ ਢਈਆ ਢੌਂਕਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਵਿਸ਼ਨੂੰ ਕਹੇ ਗੋਬਿੰਦ ਸੇਜ ਸੁਹੰਜਣੀ ਅਗੰਮ, ਅਗੰਮ ਮਿਲੇ ਵਡਿਆਈਆ । ਨਾਤਾ ਤੋੜ ਕੇ ਮਾਟੀ ਚੰਮ, ਚੰਮਦ੍ਰਿਸ਼ਟੀ ਡੇਰਾ ਢਾਹੀਆ । ਪਵਣ ਸਵਾਸ ਛਡ ਕੇ ਦਮ, ਰਸਨਾ ਜਿਹਵਾ ਨਾ ਕੋਇ ਹਲਾਈਆ । ਨਾ ਕੋਈ ਹਰਖ਼ ਸੋਗ ਗ਼ਮ, ਚਿੰਤਾ ਚਿਖਾ ਨਾ ਕੋਇ ਜਲਾਈਆ । ਨਾ ਕੋਈ ਬੁੱਧੀ ਨਾ ਕੋਈ ਮਨ, ਮਨਸਾ ਮੋਹ ਨਾ ਕੋਇ ਰਖਾਈਆ । ਨਾ ਕੋਈ ਸਰਵਣ ਸੁਣੇ ਕੰਨ, ਅਵਾਜ਼ ਰਾਜ਼ ਨਾ ਕੋਇ ਜਣਾਈਆ । ਨਾ ਕੋਈ ਸੂਰੀਆ ਨਾ ਕੋਈ ਚੰਨ, ਮੰਡਲ ਮੰਡਪ ਨਾ ਕੋਇ ਵਡਿਆਈਆ । ਨਾ ਕੋਈ ਮਾਇਆ ਦੌਲਤ ਧਨ, ਨਾ ਕੋਈ ਜਣੇਂਦੀ ਮਾਈਆ । ਨਾ ਕੋਈ ਛੱਪਰ ਨਾ ਕੋਈ ਛੰਨ, ਮਹੱਲ ਅਟਲ ਨਾ ਕੋਇ ਵਖਾਈਆ । ਜੇ ਕੋਈ ਵੇਖੇ ਨਾ ਕੋਈ ਘੜੀ ਤੇ ਨਾ ਕੋਈ ਪਲ, ਪਲਕ ਦੀ ਝਲਕ ਨਾ ਕੋਇ ਦ੍ਰਿੜਾਈਆ । ਨਾ ਕੋਈ ਦੁੱਖੜਾ ਨਾ ਕੋਈ ਸੱਲ, ਸਲਲ ਆਪਣਾ ਰੰਗ ਰੰਗਾਈਆ । ਵਿਸ਼ਨੂੰ ਕਹੇ ਮੈਂ ਜਾਂ ਤੱਕਿਆ ਇਕੋ ਦੀਪਕ ਨੂਰ ਜੋਤ ਅਗੰਮਾ ਰਿਹਾ ਬਲ, ਬਾਵਨ ਧਾਰ ਸੀਸ ਨਿਵਾਈਆ । ਪੁਰਖ ਅਕਾਲਾ ਦੀਨ ਦਿਆਲਾ ਅੰਤਰ ਰਿਹਾ ਰਲ, ਜੋਤੀ ਜੋਤ ਡਗਮਗਾਈਆ । ਫੇਰ

ਵੇਖਿਆ ਗੋਬਿੰਦ ਚਰਨਾਂ ਨਜ਼ਰੀ ਆਇਆ ਜਲ ਥਲ, ਮਹੀਅਲ ਇਕੋ ਰੂਪ ਸਮਾਈਆ । ਪਰਬਤ ਟਿੱਲੇ ਵੇਖੇ ਅਟੱਲ, ਸਮੁੰਦ ਸਾਗਰ ਸੀਸ ਨਿਵਾਈਆ । ਫੇਰ ਨਿਗਹ ਆ ਗਿਆ ਕਲਜੁਗ ਕਲ, ਕਲਕਾਤੀ ਦਏ ਦੁਹਾਈਆ । ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਸਚ ਸਿੰਘਾਸਣ ਰਿਹਾ ਕੋਇ ਨਾ ਬਲ, ਮੰਜ਼ਲ ਹੱਕ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ । ਵਿਸ਼ਨੂੰ ਕਹੇ ਮੈਂ ਸੇਜ ਵੇਖੀ ਵੇਖੀ ਕੰਡਾ ਖ਼ਾਰ, ਖ਼ਾਲਕ ਖ਼ਲਕ ਖ਼ਲਕ ਜਣਾਈਆ । ਜਿਸ ਤੇ ਸੁੱਤਾ ਪੈਰ ਪਸਾਰ, ਸਚ ਸਿੰਘਾਸਣ ਸੋਭਾ ਪਾਈਆ । ਸ਼ਬਦੀ ਧਾਰ ਕਰੇ ਗੁਫ਼ਤਾਰ, ਗੁਫ਼ਤ ਸ਼ਨੀਦ ਸ਼ਨਵਾਈਆ । ਤੂੰ ਮੇਰਾ ਮੈਂ ਤੇਰਾ ਤੇਰੇ ਸੱਥਰ ਲੱਭਾ ਯਾਰ, ਯਾਰੜਾ ਸੇਜ ਇਕ ਹੰਢਾਈਆ । ਮੈਂ ਤੇਰਾ ਬਰਖ਼ੁਰਦਾਰ, ਖ਼ੁਦ ਮਾਲਕ ਨੂਰ ਇਲਾਹੀਆ । ਪੁਰਖ ਅਕਾਲੇ ਦੀਨ ਦਿਆਲੇ ਖੇਲ ਕੀਤਾ ਅਗੰਮ ਅਪਾਰ, ਅਲਖ ਅਗੋਚਰ ਦਿਤੀ ਵਡਿਆਈਆ । ਹੁਕਮ ਸੰਦੇਸ਼ਾ ਦਿਤਾ ਜਾ ਕੇ ਗੁਰੂ ਅਵਤਾਰ, ਪੈਗ਼ੰਬਰ ਪੰਧ ਮੁਕਾਈਆ । ਮਛੂਵਾੜਾ ਧਾਮ ਨਿਆਰ, ਧਰਨੀ ਧਰਤ ਧਵਲ ਧੌਲ ਵੱਜੇ ਵਧਾਈਆ । ਸਭ ਨੇ ਤੱਕਿਆ ਜੋਧਾ ਸੂਰਬੀਰ ਬਲਕਾਰ, ਬਲਧਾਰੀ ਖ਼ੁਸ਼ੀ ਵਖਾਈਆ । ਨੂਰੀ ਚਮਕ ਚਮਕ ਚਮਤਕਾਰ, ਜਲਵਾ ਜਲਵਾ ਰਿਹਾ ਦਰਸਾਈਆ । ਤੇਰਾ ਲਹਿਣਾ ਦੇਣਾ ਕਰਜ਼ ਉਤਾਰ, ਮਕਰੂਜ਼ ਲੇਖਾ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਵਿਸ਼ਨੂੰ ਕਹੇ ਸੇਜ ਵੇਖੀ ਸੂਲਾਂ ਸੱਥਰ, ਸਤ੍ਰਾ ਸਤ੍ਰਾ ਨਾ ਕੋਇ ਵਡਿਆਈਆ । ਮੇਰੇ ਨੇਤਰ ਵਗੇ ਅੱਥਰ, ਹੰਝੂਆਂ ਹਾਰ ਬਣਾਈਆ । ਮੈਂ ਚਾਰ ਜੁਗ ਦੇ ਠਾਕਰ ਤੱਕੇ ਪੱਥਰ, ਪਾਹਨ ਧਿਆਨ ਲਗਾਈਆ । ਚਾਰ ਜੁਗ ਦੀ ਵਿਦਿਆ ਤਕੇ ਅੱਖਰ, ਜੋ ਨਿਰਅੱਖਰ ਧਾਰ ਵਿਚੋਂ ਪਰਗਟਾਈਆ । ਸਰਗੁਣ ਸਰੂਪ ਵੇਖਿਆ ਵੱਖਰ, ਚੁਰਾਸੀ ਨੈਣ ਖੁਲ੍ਹਾਈਆ । ਫੇਰ ਨਿਗਾਹ ਮਾਰੀ ਉਪਰ ਸਿਖ਼ਰ, ਚੋਟੀ ਕੋਟੀ ਫੋਲ ਫੁਲਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਭ ਦੀ ਬਣਾਏ ਬਣਤਰ, ਘੜਨ ਭੰਨਣਹਾਰ ਅਖਵਾਈਆ । ਉਹ ਗੋਬਿੰਦ ਦੇ ਵੜਿਆ ਅੰਤਰ, ਨਿਰੰਤਰ ਬੈਠਾ ਸੋਭਾ ਪਾਈਆ । ਤੂੰ ਮੇਰਾ ਮੈਂ ਤੇਰਾ ਪੜ੍ਹਨਾ ਮੰਤਰ, ਦੂਜੀ ਅਵਰ ਨਾ ਕੋਇ ਸਿਖਲਾਈਆ । ਜਿਸ ਦੇ ਚਰਨਾਂ ਹੇਠ ਗਗਨ ਗਗਨੰਤਰ, ਜ਼ਿਮੀਂ ਅਸਮਾਨ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਇਕ ਖੁਲ੍ਹਾਈਆ । ਵਿਸ਼ਨੂੰ ਕਹੇ ਮੈਨੂੰ ਸੇਜ ਨੇ ਦਿਤਾ ਆਖ, ਆਖ਼ਰ ਦਿਤਾ ਦ੍ਰਿੜਾਈਆ । ਜਿਹੜੀ ਗੋਬਿੰਦ ਨੇ ਸਿੱਖੀ ਬਣਾਈ ਵਿਸਾਖ, ਵਰਨ ਬਰਨ ਮੇਲ ਮਿਲਾਈਆ । ਇਹ ਸਦੀ ਚੌਧਵੀਂ ਅੰਤਮ ਹੋਣੀ ਗੁਸਤਾਖ਼, ਗ਼ੁੱਸੇ ਵਿਚ ਦੁਹਾਈਆ । ਇਨ੍ਹਾਂ ਗੰਗਾ ਗੋਦਾਵਰੀ ਜਮਨਾ ਸੁਰਸਤੀ ਸੁੱਟਣੀ ਆਪਣੀ ਰਾਖ, ਗੋਬਿੰਦ ਦਾ ਹੁਕਮ ਮੰਨਣ ਕੋਇ ਨਾ ਪਾਈਆ । ਚਾਰੋਂ ਕੁੰਟ ਹੋਣੀ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਧਰਮ ਦੀ ਰਹਿਣੀ ਨਹੀਂ ਕੋਈ ਜਮਾਤ, ਸਚ ਦੀ ਕਰੇ ਨਾ ਕੋਇ ਪੜ੍ਹਾਈਆ । ਸੇਜ ਨੂੰ ਸੁਣਿਆ ਨਹੀਂ ਗੋਬਿੰਦ ਦਾ ਭਵਿਖਤ ਵਾਕ, ਵਾਕਫ਼ਕਾਰ ਨਜ਼ਰ ਕੋਇ ਨਾ ਆਈਆ । ਕਿਸੇ ਸਾਧ ਸੰਤ ਦਾ ਅੰਦਰੋਂ ਖੁਲ੍ਹਣਾ ਨਹੀਂ ਤਾਕ, ਅੱਖਰ ਪੜ੍ਹ ਪੜ੍ਹ ਜਗਤ ਕਰਨ ਵਡਿਆਈਆ । ਫਿਰਨੀ ਦਰੋਹੀ ਲੋਕਮਾਤ, ਸਾਂਤਕ ਸਤਿ ਨਾ ਕੋਇ ਕਰਾਈਆ । ਹਰਿ ਕਾ ਨਾਮ ਸਕੇ ਕੋਇ ਨਾ ਵਾਚ, ਹਿਰਦੇ ਹਰਿ ਨਾ ਕੋਇ ਵਸਾਈਆ । ਕਿਸੇ ਨੂੰ ਸਮਝ ਨਹੀਂ ਆਉਣੀ ਲੇਖਾ ਜਿਸਤ ਕਿ ਟਾਂਕ, ਏਕਾ ਦੂਆ ਭੇਵ ਨਾ ਕੋਇ ਮਿਟਾਈਆ । ਕਲਜੁਗ ਕੂੜੀ ਕਿਰਿਆ ਕਾਮ

ਕਰੋਧ ਲੋਭ ਮੋਹ ਹੰਕਾਰ ਦੇ ਵਿਕਣਾ ਹਾਟ, ਕੀਮਤ ਟਕਿਆ ਵਾਲੀ ਪਾਈਆ । ਸਚ ਦਵਾਰ ਏਕੰਕਾਰ ਰਹੇ ਕੋਈ ਨਾ ਦਾਸ, ਦਾਸਤਾਨ ਸਕੇ ਨਾ ਕੋਇ ਸਮਝਾਈਆ । ਗੋਬਿੰਦ ਸੇਜ ਕਿਹਾ ਵਿਸ਼ਨੂੰ ਪ੍ਰਭ ਉਸ ਵੇਲੇ ਕਿਰਪਾ ਕਰੇ ਆਪ, ਆਪਣੀ ਦਇਆ ਕਮਾਈਆ । ਗੋਬਿੰਦ ਧਾਰ ਪਰਗਟੇ ਸਾਖਿਆਤ, ਦੋ ਜਹਾਨਾਂ ਵੱਜੇ ਵਧਾਈਆ । ਦੀਨ ਦੁਨੀ ਦਾ ਵੇਖੇ ਖੇਲ ਤਮਾਸ਼, ਨਵ ਨੌਂ ਚਾਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਆਪ ਜਣਾਈਆ । ਸੇਜ ਕਹੇ ਵਿਸ਼ਨੂੰ ਵੇਖ ਲੈ ਨੇਤਰ ਖੋਲ੍ਹ, ਗੋਬਿੰਦ ਧਾਰ ਜਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਜਾਣੀ ਡੋਲ, ਧੀਰ ਰਹੇ ਨਾ ਰਾਈਆ । ਸਤਿ ਵਸਤ ਰਹਿਣੀ ਨਹੀਂ ਕਿਸੇ ਕੋਲ, ਕੂੜੀ ਕਿਰਿਆ ਹੋਣੀ ਹਲਕਾਈਆ । ਕਲਜੁਗ ਕਲਪਣਾ ਵਜਾਏ ਢੋਲ, ਡੰਕਾ ਚਾਰ ਕੁੰਟ ਸੁਣਾਈਆ । ਸਾਧਾਂ ਸੰਤਾਂ ਮਾਰਨੇ ਰੋਲ, ਰੌਲਾ ਪਏ ਕੂੜ ਲੋਕਾਈਆ । ਗੋਬਿੰਦ ਦੀ ਭੁੱਲੇ ਸਭ ਨੂੰ ਪਾਹੁਲ, ਰਸਨਾ ਰਸ ਨਾ ਕੋਇ ਚਖਾਈਆ । ਝਗੜਾ ਪੈਣਾ ਉਪਰ ਧੌਲ, ਧਰਨੀ ਧਰਤ ਧਵਲ ਦਏ ਦੁਹਾਈਆ । ਜਿਸ ਦਾ ਭੇਵ ਜਾਣੇ ਕੋਈ ਨਾ ਪੰਡਤ ਪਾਂਧਾ ਰੌਲ, ਨਛੱਤਰ ਗ੍ਰਹਿ ਨਾ ਕੋਇ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਇਕ ਅਗੰਮੀ ਦੱਸੇ ਬੋਲ, ਅਨਬੋਲਤ ਆਪਣਾ ਰਾਗ ਜਣਾਈਆ । ਆਤਮ ਬ੍ਰਹਮ ਪਾਰਬ੍ਰਹਮ ਪਤਿਪਰਮੇਸ਼ਵਰ ਜਾਵੇ ਮੌਲ, ਮੌਲਾ ਹੋ ਕੇ ਆਪਣੀ ਕਾਰ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅਵਤਾਰ ਪੈਗ਼ੰਬਰ ਗੁਰੂਆਂ ਪੂਰਾ ਕਰੇ ਕੌਲ, ਵਾਅਦਾ ਆਪਣਾ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਇਕੋ ਇਕ ਵਡਿਆਈਆ । ਸੇਜ ਕਹੇ ਮੈਂ ਸਚ ਸੁਣਾਵਾਂਗੀ, ਸੰਦੇਸ਼ਾ ਅਗੰਮ ਅਪਾਰ । ਗੋਬਿੰਦ ਰਾਗ ਅਲਾਵਾਂਗੀ, ਚਾਰ ਕੁੰਟ ਦਹਿ ਦਿਸ਼ਾ ਕਰ ਉਜਿਆਰ । ਅੰਤਮ ਏਸੇ ਦਾ ਰਾਹ ਤਕਾਵਾਂਗੀ, ਜੋ ਧਰਨੀ ਧਰਤ ਧਵਲ ਸੁੱਤਾ ਪੈਰ ਪਸਾਰ । ਲੱਖ ਚੁਰਾਸੀ ਆਖ ਸੁਣਾਵਾਂਗੀ, ਉਚੀ ਕੂਕ ਕੂਕ ਪੁਕਾਰ । ਮਾਹੀ ਧੁਰ ਦਾ ਇਕ ਮਨਾਵਾਂਗੀ, ਜਿਸ ਦੇ ਅੰਤਰ ਨੂਰ ਜੋਤ ਉਜਿਆਰ । ਗੱਲ ਪਲੂ ਪਾ ਵਾਸਤਾ ਪਾਵਾਂਗੀ, ਦਿਵਸ ਰੈਣ ਹੋ ਕੇ ਖ਼ਿਦਮਤਗਾਰ । ਗੋਬਿੰਦ ਗੋਬਿੰਦ ਤੇਰੀ ਓਟ ਤਕਾਵਾਂਗੀ, ਸਦੀ ਚੌਧਵੀਂ ਸਭ ਕੁਛ ਹੋਣਾ ਤੇਰੇ ਅਖਤਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਇਕੋ ਓਟ ਰਖਾਵਾਂਗੀ । ਸੇਜ ਕਹੇ ਵਿਸ਼ਨੂੰ ਵਿਸ਼ਵ ਵੇਖ ਧਾਰ, ਵਿਸ਼ਾ ਸਮਝ ਕਿਸੇ ਨਾ ਆਈਆ । ਚਾਰ ਕੁੰਟ ਫਿਰਦੇ ਪੈਗ਼ੰਬਰ ਗੁਰੂ ਅਵਤਾਰ, ਸਵਾਮੀ ਆਪਣਾ ਹੁਕਮ ਸਮਝਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਕਰੇ ਸੱਚੀ ਸਰਕਾਰ, ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਆਪਣਾ ਹੁਕਮ ਵਰਤਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਸ ਨੇ ਕੀਤੇ ਪਾਰ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਖੇਲ ਵਖਾਈਆ । ਪਰਵਰਦਿਗਾਰ ਸਾਂਝਾ ਯਾਰ ਜਿਸ ਦਾ ਇਕੋ ਨੂਰ ਜੋਤ ਉਜਿਆਰ, ਕਲਮਾ ਕਾਇਨਾਤ ਦ੍ਰਿੜਾਈਆ । ਸੋ ਵੇਸ ਅਨੇਕਾ ਆਪਣੇ ਲਏ ਧਾਰ, ਧਰਨੀ ਧਰਤ ਧਵਲ ਦੇਵੇ ਵਡਿਆਈਆ । ਜਿਸ ਸਦੀ ਚੌਧਵੀਂ ਲਹਿਣਾ ਦੇਣਾ ਪੂਰਬ ਕਰਜ਼ ਦੇਣਾ ਉਤਾਰ, ਕਾਤਲ ਮਕਤੂਲ ਵੇਖੇ ਖ਼ਲਕ ਖ਼ੁਦਾਈਆ । ਜਿਸ ਨੂੰ ਝੁਕਦੇ ਪੈਗ਼ੰਬਰ ਕਦਮਾਂ ਵਿਚ ਹੋ ਕੇ ਖ਼ਿਦਮਤਗਾਰ, ਖ਼ਾਦਮ ਹੋ ਕੇ ਆਪਣੀ ਸੇਵ ਕਮਾਈਆ । ਸੋ ਲਹਿਣਾ ਦੇਣਾ ਮੇਟੇ ਲੇਖਾ ਜਾਣੇ ਸਰਬ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਗੋਬਿੰਦ ਸੂਰਾ ਨੌਜਵਾਨਾ ਮਰਦ ਮਰਦਾਨਾ ਹੋ ਕੇ ਆਵੇ ਨਾਲ

ਤਿਆਰ, ਤ੍ਰੈਗੁਣ ਅਤੀਤਾ ਠਾਂਡਾ ਸੀਤਾ, ਆਪਣਾ ਫੇਰਾ ਪਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਦੇਵੇ ਏਕੰਕਾਰ, ਇਕ ਇਕੱਲਾ ਸਚ ਮਹੱਲਾ ਸਤਿਜੁਗ ਸਾਚਾ ਆਪ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਧੁਰ ਦਾ ਮਾਲਕ ਇਕ ਅਖਵਾਈਆ । ਸੇਜ ਕਹੇ ਵਿਸ਼ਨੂੰ ਮੇਰੇ ਉਤੇ ਸੁੱਤਾ ਗੋਬਿੰਦ ਸੂਰਾ, ਸੂਰਬੀਰ ਅਖਵਾਈਆ । ਜੋ ਆਦਿ ਜੁਗਾਦੀ ਹਾਜ਼ਰ ਹਜ਼ੂਰਾ, ਹਜ਼ਰਤਾਂ ਤੋਂ ਪਰੇ ਬੈਠਾ ਸੋਭਾ ਪਾਈਆ । ਜਿਸ ਦਾ ਸ਼ਬਦ ਅਗੰਮੀ ਨਾਦ ਤੂਰਾ, ਤੁਰੀਆ ਤੋਂ ਪਰੇ ਕਰੇ ਪੜ੍ਹਾਈਆ । ਜਿਸ ਦਾ ਜੋਤ ਅਗੰਮੀ ਨੂਰਾ, ਨੂਰ ਨੂਰਾਨਾ ਡਗਮਗਾਈਆ । ਜਿਸ ਨੇ ਕਲਜੁਗ ਕੂੜੀ ਕਿਰਿਆ ਹੂੰਝਣਾ ਕੂੜਾ, ਕਰਮ ਕਾਂਡ ਲੇਖਾ ਦਏ ਮੁਕਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹਾ, ਆਤਮ ਬ੍ਰਹਮ ਦਏ ਸਮਝਾਈਆ । ਗੁਰ ਅਵਤਾਰ ਪੈਗ਼ੰਬਰਾਂ ਭਵਿਖਤ ਵਾਕ ਕਰੇ ਪੂਰਾ, ਪੂਰਨ ਪਰਮੇਸ਼ਵਰ ਆਪਣੀ ਕਾਰ ਕਮਾਈਆ । ਪੜਦਾ ਲਾਹੇ ਨੇਰਨ ਦੂਰਾ, ਦੂਰ ਦੁਰਾਡਾ ਇਕੋ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪਰਵਾਹੀਆ । ਸੇਜ ਕਹੇ ਵਿਸ਼ਨੂੰ ਮੇਰੇ ਉਤੇ ਜਗਤ ਵਾਲੇ ਤਤ, ਤਤਵ ਦਿਆਂ ਦ੍ਰਿੜਾਈਆ । ਜਿਸ ਨੇ ਦੀਨ ਦੁਨੀ ਦੀ ਬਦਲਣੀ ਮਤ, ਮਤ ਮਤਾਂਤਰ ਡੇਰਾ ਢਾਹੀਆ । ਇਕੋ ਰੂਪ ਦਰਸਾਉਣਾ ਸਤਿ, ਸਤਿ ਸਤਿਵਾਦੀ ਰੰਗ ਰੰਗਾਈਆ । ਇਕੋ ਨੇਤਰ ਖੋਲ੍ਹਣਾ ਅੱਖ, ਗਿਆਨ ਨੇਤਰ ਕਰ ਰੁਸ਼ਨਾਈਆ । ਇਕੋ ਸਭ ਨੂੰ ਦੇਣਾ ਹੱਕ, ਹਿੰਦੂ ਮੁਸਲਿਮ ਸਿਖ ਈਸਾਈ ਵੰਡ ਨਾ ਕੋਇ ਵੰਡਾਈਆ । ਇਕੋ ਧੀਰਜ ਦੇਣਾ ਜਤ, ਸਤਿ ਸੰਤੋਖ ਇਕੋ ਝੋਲੀ ਪਾਈਆ । ਇਕੋ ਨਾਮ ਕਲਮਾ ਸਭ ਨੇ ਲੈਣਾ ਰਟ, ਰੱਟੇ ਪਿਛਲੇ ਦਏ ਮੁਕਾਈਆ । ਇਕੋ ਧਰਮ ਦਵਾਰਾ ਖੋਲ੍ਹਣਾ ਹੱਟ, ਵਸਤ ਇਕੋ ਇਕ ਵਰਤਾਈਆ । ਇਕੋ ਤੀਰਥ ਦੱਸਣਾ ਤਟ, ਅੱਠ ਸੱਠ ਰਹਿਣ ਕੋਇ ਨਾ ਪਾਈਆ । ਇਕੋ ਨਾਮ ਗਵਈਆ ਹੋਣਾ ਭੱਟ, ਇਕੋ ਰਾਗ ਨਾਦ ਸ਼ਨਵਾਈਆ । ਇਕੋ ਸਤਿ ਸਰੂਪ ਹੋਣਾ ਜੱਟ, ਧੰਨਾ ਜੱਟ ਦਏ ਗਵਾਹੀਆ । ਜਿਸ ਨੇ ਦੁਰਮਤ ਮੈਲ ਸਭ ਦੀ ਦੇਣੀ ਕਟ, ਕਟਾਕਸ਼ ਆਪਣਾ ਨਾਮ ਲਗਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਹੋਵੇ ਪਰਗਟ, ਪਰਗਣਾ ਸੰਬਲ ਨਗਰੀ ਇਕ ਸੁਹਾਈਆ । ਗੋਬਿੰਦ ਖੇਲ ਕਰਨੀ ਝਟ, ਝਟਕੇ ਹਲਾਲ ਵਾਲਾ ਰਹਿਣ ਕੋਇ ਨਾ ਪਾਈਆ । ਜਿਹੜੀ ਦੀਨਾਂ ਮਜ਼੍ਹਬਾਂ ਦੀ ਸੂਰ ਗਾਂ ਪਾਈ ਵੱਟ, ਇਹਦਾ ਲੇਖਾ ਦੇਣਾ ਮੁਕਾਈਆ । ਕਿਉਂ ਜੋ ਇਸ ਉਤੇ ਇਕ ਦੂਜੇ ਨੂੰ ਮਾਰੇ ਸੱਟ, ਸਦਮੇ ਵਿਚ ਵੇਖੀ ਖ਼ਲਕ ਖ਼ੁਦਾਈਆ । ਸਾਚਾ ਮਾਰਗ ਸਾਰੇ ਗਏ ਛਡ, ਹੱਡ ਮਾਸ ਨਾੜੀ ਖ਼ਾਲੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਦਰਗਾਹ ਸਾਚੀ ਇਕ ਸੁਹਾਈਆ । ਸੇਜ ਕਹੇ ਵੇਖ ਵਿਸ਼ਨੂੰ ਖੇਲ ਅਖ਼ੀਰੀ, ਆਖ਼ਰ ਬਿਨ ਅੱਖਰਾਂ ਦਿਆਂ ਜਣਾਈਆ । ਪੁਰਖ ਅਕਾਲ ਗੋਬਿੰਦ ਧਾਰ ਖੇਲ ਹੋਣਾ ਪਾਤਸ਼ਾਹ ਵਜ਼ੀਰੀ, ਵਜ਼ਾਰਤ ਦੂਜੀ ਨਜ਼ਰ ਕੋਇ ਨਾ ਆਈਆ । ਕਲਜੁਗ ਰੇਖ ਬਦਲਣੀ ਤਕਦੀਰੀ, ਤਕੱਬਰ ਡੇਰਾ ਢਾਹੀਆ । ਆਪਣੇ ਹੱਥ ਰੱਖਣੀ ਤਦਬੀਰੀ, ਤਰੀਕਾ ਢੰਗ ਨਾ ਕਿਸੇ ਜਣਾਈਆ । ਜੋ ਆਸਾ ਰੱਖੀ ਭਗਤ ਕਬੀਰੀ, ਕਾਅਬਿਆਂ ਤੋਂ ਪਰੇ ਅੱਖ ਖੁਲ੍ਹਾਈਆ । ਜੋ ਖੇਲ ਦੱਸੀ ਹਰਿ ਗੋਬਿੰਦ ਪੀਰੀ ਮੀਰੀ, ਨਿਰਗੁਣ ਸਰਗੁਣ ਧਾਰ ਵਡਿਆਈਆ । ਕਿਸੇ ਦਾ ਹੱਕ ਨਹੀਂ ਰਹਿਣਾ ਮਾਲਕ ਜਗਤ ਜਾਗੀਰੀ, ਸ਼ਾਹ ਸੁਲਤਾਨਾਂ ਖ਼ਾਕ ਰੁਲਾਈਆ । ਜਿਹੜੀ ਉਚ ਦੇ ਪੀਰ ਗੋਬਿੰਦ ਚੌਦਾਂ ਧਾਰ ਗਲ ਵਿਚ ਪਾਈ ਜ਼ੰਜੀਰੀ, ਚੌਦਾਂ ਤਬਕ ਦੇਣ ਦੁਹਾਈਆ । ਉਸ ਨੇ ਕਲਜੁਗ ਦੀ ਬਦਲ ਦੇਣੀ ਪੀੜ੍ਹੀ, ਸਤਿਜੁਗ

ਸਚ ਸਚ ਪਰਗਟਾਈਆ । ਜਿਹੜਾ ਮਾਣ ਮਿਲਿਆ ਮਾਛੂਵਾੜੇ ਚਰਨ ਕੀੜੀ, ਕਰਮ ਕਾਂਡ ਦਾ ਲੇਖਾ ਦਏ ਮੁਕਾਈਆ । ਜਿਸ ਨੂੰ ਸਾਰੇ ਕਹਿੰਦੇ ਅੰਤਰ ਮੰਜ਼ਲ ਗਲੀ ਭੀੜੀ, ਸਤਿਗੁਰ ਸ਼ਬਦ ਸਹਿਜੇ ਪਾਰ ਕਰਾਈਆ । ਸਤਿਜੁਗ ਅੰਦਰ ਨਾ ਕੋਈ ਮਦਿ ਪੀਏ ਨਾ ਕਬਾਬ ਖਾਵੇ ਨਾ ਰਸਨਾ ਲਾਏ ਬੀੜੀ, ਤਮਾਕੂ ਤਮਾਂ ਰਹਿਣ ਨਾ ਪਾਈਆ । ਗੋਬਿੰਦ ਨਾਮ ਖੰਡਾ ਸ਼ਮਸ਼ੀਰੀ, ਸ਼ਰਅ ਸਭ ਦੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਏਕੰਕਾਰਾ ਇਕੋ ਇਕ ਜਣਾਈਆ । ਵਿਸ਼ਨੂੰ ਕਹੇ ਸੁਣ ਸੇਜ ਸੁਹੰਜਣੀ, ਸੋਭਾਵੰਤ ਰਮਣੀਕ । ਮੈਂ ਖੇਲ ਤਕੀ ਆਦਿ ਨਿਰੰਜਣੀ, ਜੋ ਥੋੜੀ ਸਮਝ ਸਮਝਾਈ ਬਾਲਮੀਕ । ਹਨਵੰਤ ਲੇਖ ਜਣਾਇਆ ਅੰਞਣੀ, ਪੈਗ਼ੰਬਰਾਂ ਦੱਸੀ ਹੱਕ ਤੌਫ਼ੀਕ । ਰਾਮ ਨੇ ਧੂੜੀ ਦੱਸੀ ਮੱਜਣੀ, ਕ੍ਰਿਸ਼ਨ ਕਾਹਨ ਨੇ ਰੱਖੀ ਉਡੀਕ । ਈਸਾ ਵੇਖਿਆ ਨੂਰ ਇਲਾਹੀ ਅੰਗਣੀ, ਮੂਸਾ ਜਾਣਿਆ ਹੱਕ ਹਕੀਕ । ਗੋਬਿੰਦ ਕਰੇ ਨਾ ਕਿਸੇ ਮਛੰਦਣੀ, ਮਛੰਦਗੀ ਵਿਚ ਬਦਲੇ ਕਦੇ ਨਾ ਨੀਤ । ਜਿਸ ਤੇਰੇ ਉਤੇ ਆਪਣੀ ਆਸਾ ਰੱਖਣੀ, ਬੈਠਾ ਲੈ ਕੇ ਹੱਕ ਤੌਫ਼ੀਕ । ਹੁਣ ਖੇਲ ਵੇਖ ਲੈ ਬਦਨੀ, ਆਪਣੇ ਵਸਾ ਲੈ ਚੀਤ । ਦੁਬਾਰਾ ਜੋਤ ਅਕਾਲ ਪੁਰਖ ਨਿਰਗੁਣ ਧਾਰ ਜਗਣੀ, ਜਿਸ ਦੀ ਕਰਨੀ ਪਏ ਤਸਦੀਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਭ ਦੀ ਆਸਾ ਮਨਸਾ ਪੂਰੀ ਕਰੇ ਉਮੀਦ ।

੭੯ ੨੨

## ✪ ੨੩ ਅੱਸੂ ਸ਼ਹਿਨਸ਼ਾਹੀ ਸੰਮਤ ੫ ਗੁਰਨਾਮ ਸਿੰਘ ਦੇ ਗ੍ਰਿਹਿ ਪਿੰਡ ਕੰਗ ✪

੭੯ ੨੨

ਮਾਛੂਵਾੜਾ ਸੇਜ ਕਹੇ ਮੇਰੇ ਉਤੇ ਲੱਗਾ ਭਾਗ, ਵਿਸ਼ਨੂੰ ਵਿਸ਼ਵ ਦਾ ਮਾਲਕ ਸੋਭਾ ਪਾਈਆ । ਘਰ ਸਵਾਮੀ ਮਿਲਿਆ ਕੰਤ ਸੁਹਾਗ, ਮੇਰਾ ਮਾਲਕ ਧੁਰਦਰਗਾਹੀਆ । ਮੇਰੀ ਸੋਈ ਸੁਰਤੀ ਗਈ ਜਾਗ, ਕੰਡਾ ਖਾਰ ਰਿਹਾ ਨਾ ਰਾਈਆ । ਜੰਗਲ ਜੂਹ ਜਗਿਆ ਚਿਰਾਗ਼, ਜੋਤੀ ਜਾਤਾ ਕਰੇ ਰੁਸ਼ਨਾਈਆ । ਜਿਸ ਨੇ ਕੂੜੀ ਕਿਰਿਆ ਧੋਣਾ ਦਾਗ਼, ਦੁਰਮਤ ਮੈਲ ਕਰੇ ਸਫ਼ਾਈਆ । ਕਲਜੁਗ ਅੰਤਮ ਅਗਨ ਬੁਝਾਉਣੀ ਆਗ, ਤ੍ਰੈਗੁਣ ਤਤ ਨਾ ਕੋਇ ਤਪਾਈਆ । ਸਤਿ ਧਰਮ ਦਾ ਮਾਰਗ ਲਾਉਣਾ ਸਾਚ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਦੀਨ ਮਜ਼੍ਹਬ ਦਾ ਲਹਿਣਾ ਦੇਣਾ ਮੇਟਣਾ ਹਿਸਾਬ, ਗੁਰ ਅਵਤਾਰ ਪੈਗ਼ੰਬਰ ਬੈਠੇ ਰਾਹ ਤਕਾਈਆ । ਜਿਸ ਦੇ ਕੋਲ ਬਿਨ ਅੱਖਰਾਂ ਵਾਲੀ ਕਿਤਾਬ, ਨਿਰਅੱਖਰ ਧਾਰ ਨਿਰਗੁਣ ਨਿਰਵੈਰ ਆਪ ਲਿਖਾਈਆ । ਜਿਸ ਦਾ ਸਫ਼ਾ ਜਾਣ ਨਾ ਸਕੇ ਕੋਇ ਬਾਬ, ਸਰਗੁਣ ਤੋਂ ਬਾਹਰ ਸਿਫ਼ਤ ਸਾਲਾਹੀਆ । ਉਹ ਖੇਲ ਕਰੇ ਆਪ ਮਹਾਰਾਜ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਨੇ ਕਲਜੁਗ ਵਿਚ ਸਤਿਜੁਗ ਬਦਲ ਦੇਣਾ ਰਾਜ, ਕੂੜੀ ਕਿਰਿਆ ਪੰਧ ਮੁਕਾਈਆ । ਝਗੜਾ ਮੁਕਾ ਕੇ ਰੋਜ਼ਾ ਨਿਮਾਜ਼, ਸੱਯਦਾ ਸੀਸ ਜਗਦੀਸ ਇਕ ਵਖਾਈਆ । ਹੁਜਰਾ ਹੱਕ ਵਖਾਏ ਮਹਿਰਾਬ, ਮਹਿਬੂਬ ਮਿਲੇ ਨੂਰ ਇਲਾਹੀਆ । ਸਾਚਾ ਦੱਸਣਾ ਇਕ ਆਦਾਬ, ਅਦਬ ਮਜ਼੍ਹਬ ਤੋਂ ਬਾਹਰ ਜਣਾਈਆ । ਦੀਨ ਦੁਨੀ ਨੂੰ ਦਏ ਖ਼ਤਾਬ, ਮੁਖ਼ਾਤਬ ਕਰੇ ਜਗਤ ਲੋਕਾਈਆ । ਜਿਸ ਨੂੰ ਈਸਾ ਮੂਸਾ ਮੁਹੰਮਦ ਲਿਖਿਆ ਵਾਹਦ, ਲਾਸ਼ਰੀਕ ਜਲਵਾਗਰ ਅਗੰਮ ਅਥਾਹੀਆ । ਜੋ ਆਦਿ ਜੁਗਾਦੀ ਸਭ ਦਾ ਮਾਈ ਬਾਪ, ਪਿਤਾ ਪੁਰਖ

ਅਕਾਲ ਅਖਵਾਈਆ । ਜਿਸ ਨੇ ਜਗਤ ਰੋਗ ਮੇਟਣਾ ਸੰਤਾਪ, ਸਹਿੰਸਾ ਦੁੱਖ ਦਏ ਗਵਾਈਆ । ਲੱਖ ਚੁਰਾਸੀ ਅੰਦਰੋਂ ਕਢਣਾ ਪਾਪ, ਪਤਤ ਪੁਨੀਤ ਦਏ ਜਣਾਈਆ । ਸਭ ਦਾ ਪੂਰਾ ਕਰਨਾ ਭਵਿਖਤ ਵਾਕ, ਵਾਕਫ਼ਕਾਰ ਆਪਣੇ ਵਿਚੋਂ ਪਰਗਟਾਈਆ । ਸਦੀ ਚੌਧਵੀਂ ਸਾਚੇ ਮੰਡਲ ਪਾਵੇ ਰਾਸ, ਜੋ ਸੰਦੇਸ਼ਾ ਦੇ ਕੇ ਗਿਆ ਰਾਮ ਵਿਚ ਬਨਬਾਸ, ਦਸਰਥ ਬੇਟਾ ਨਾਮ ਜਣਾਈਆ । ਕਰੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਜਿਸ ਨੇ ਲਹਿਣਾ ਦੇਣਾ ਚੁਕਾਉਣਾ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਲੇਖਾ ਦਏ ਮੁਕਾਈਆ । ਸੋ ਸਾਹਿਬ ਸੁਲਤਾਨਾਂ ਨੌਜਵਾਨਾ ਪਰਗਟ ਹੋਵੇ ਆਪ, ਅੰਤਸ਼ਕਰਨ ਦੀਨ ਦੁਨੀ ਵੇਖ ਵਖਾਈਆ । ਜਿਸ ਵੇਲੇ ਦੀਨ ਦੁਨੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਭੁੱਲੀ ਜਾਪ, ਰਸਨਾ ਜਿਹਵਾ ਬੱਤੀ ਦੰਦ ਹੋਏ ਹਲਕਾਈਆ । ਮਾਣ ਰਿਹਾ ਨਾ ਤੀਰਥ ਆਠ ਸਾਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰੇ ਜਾਣ ਕਾਂਪ, ਸਤਿ ਧਰਮ ਦੀ ਧਾਰ ਨਜ਼ਰ ਕੋਇ ਨਾ ਆਈਆ । ਸੱਜਣ ਮੀਤ ਮੁਰਾਰ ਦੇਵੇ ਕੋਈ ਨਾ ਸਾਥ, ਪਿਤਾ ਪੂਤ ਕਰੇ ਲੜਾਈਆ । ਸਾਚੀ ਮੰਜ਼ਲ ਮਿਲੇ ਕਿਸੇ ਨਾ ਵਾਟ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਸਦੀ ਚੌਧਵੀਂ ਚਾਰੋਂ ਕੁੰਟ ਹੋਏ ਅੰਧੇਰੀ ਰਾਤ, ਚੌਦਸ ਨੂਰੀ ਚੰਦ ਨਾ ਕੋਇ ਚਮਕਾਈਆ । ਮਜ਼੍ਹਬਾਂ ਦੀ ਸਾਬਤ ਰਹੇ ਨਾ ਕੋਇ ਜਮਾਤ, ਚਾਰ ਯਾਰੀ ਪੰਜ ਪਿਆਰੇ ਰੰਗ ਨਾ ਕੋਇ ਰੰਗਾਈਆ । ਧੁਰ ਦੀ ਗਾਥਾ ਦੀ ਸੁਣੇ ਕੋਈ ਨਾ ਬਾਤ, ਬਾਤਨ ਪੜਦਾ ਨਾ ਕੋਇ ਉਠਾਈਆ । ਝਗੜਾ ਮੇਟੇ ਨਾ ਕੋਇ ਜ਼ਾਤ ਪਾਤ, ਊਚ ਨੀਚ ਨਾ ਕੋਇ ਗਵਾਈਆ । ਸੋ ਸਚ ਸੰਦੇਸ਼ਾ ਸੇਜ ਕਹੇ ਮੈਂ ਰਹੀ ਆਖ, ਗੋਬਿੰਦ ਮੈਨੂੰ ਅੰਦਰੋਂ ਰਿਹਾ ਜਣਾਈਆ । ਰੂਹ ਬੁਤ ਰਹਿਣਾ ਨਹੀਂ ਕੋਈ ਕਿਸੇ ਪਾਕ, ਦੁਰਮਤ ਮੈਲ ਨਾ ਕੋਇ ਧਵਾਈਆ । ਸਾਚੀ ਸਚ ਦੀ ਦੇਵੇ ਕੋਈ ਨਾ ਦਾਤ, ਦਾਤਾ ਦਾਨੀ ਨਜ਼ਰ ਕੋਇ ਨਾ ਆਈਆ । ਮਨ ਕਲਪਣਾ ਵਿਚ ਸੂਫ਼ੀ ਸੰਤ ਫ਼ਕੀਰ ਹੋਣੇ ਗੁਸਤਾਖ਼, ਮੁੱਲਾ ਸ਼ੇਖ਼ ਮੁਸਾਇਕ ਪੰਡਤ ਪਾਂਧੇ ਸਾਂਤਕ ਸਤਿ ਨਾ ਕੋਇ ਵਰਤਾਈਆ । ਇਹ ਖੇਲ ਵੇਖਣਾ ਬਾਜ਼ੀਗਰ ਨਾਟ, ਪੁਰਖ ਅਕਾਲਾ ਸਵਾਂਗੀ ਆਪਣਾ ਸਵਾਂਗ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਨਰ ਨਿਰੰਕਾਰ ਇਕੋ ਇਕ ਜਣਾਈਆ । ਸੇਜ ਕਹੇ ਵਿਸ਼ਨੂੰ ਸਾਬਤ ਰਹਿਣਾ ਨਹੀਂ ਕਿਸੇ ਇਸ਼ਟ, ਇਸ਼ਟ ਦੇਵ ਨਾ ਕੋਇ ਮਨਾਈਆ । ਜੋ ਦੱਸ ਕੇ ਗਿਆ ਦਸਰਥ ਬੇਟਾ ਰਾਮਾ ਵਸ਼ਿਸ਼ਟ, ਭਵਿਖਤ ਪੇਸ਼ੀਨਗੋਈਆਂ ਵਿਚੋਂ ਪਰਗਟਾਈਆ । ਗੁਰੂ ਚੇਲੇ ਦਾ ਸਾਂਝਾ ਹੋਣਾ ਗ੍ਰਿਹਸਤ, ਧਰਮ ਦੀ ਧਾਰ ਰਹਿਣ ਕੋਇ ਨਾ ਪਾਈਆ । ਭੈਣ ਭਰਾ ਦਾ ਸਾਂਝਾ ਹੋਵੇ ਇਸ਼ਕ, ਮੁਹੱਬਤ ਸਚ ਨਾ ਕੋਇ ਕਮਾਈਆ । ਸਦੀ ਚੌਧਵੀਂ ਮੁਹੰਮਦ ਦੀ ਪੂਰੀ ਹੋਣੀ ਕਿਸ਼ਤ, ਕ੍ਰਿਸ਼ਨ ਕਾਹਨ ਅਰਜਨ ਗਿਆ ਦ੍ਰਿੜਾਈਆ । ਮੰਜ਼ਲ ਮਿਲੇ ਨਾ ਕਿਸੇ ਬਹਿਸ਼ਤ, ਸਵਰਗਾਂ ਸੰਗ ਨਾ ਕੋਇ ਨਿਭਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਚਾਰ ਜੁਗ ਦੀ ਪਿਛਲੀ ਵੇਖਣੀ ਫ਼ਰਿਸਤ, ਲੇਖਾ ਸਭ ਦਾ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਏਕਾ ਆਪਣੀ ਕਾਰ ਕਮਾਈਆ । ਸੇਜਾ ਕਹੇ ਮੈਨੂੰ ਗੋਬਿੰਦ ਰਿਹਾ ਦੱਸ, ਸੱਥਰ ਯਾਰੜਾ ਇਕ ਹੰਢਾਈਆ । ਮੇਰੇ ਅੰਦਰੋਂ ਖੋਲ੍ਹ ਕੇ ਅੱਖ, ਦੋ ਜਹਾਨ ਅੱਗੇ ਵਖਾਈਆ । ਤੀਰ ਅਣਿਆਲਾ ਮਾਰਿਆ ਕਸ, ਪੜਦਾ ਅੰਦਰੋਂ ਦਿਤਾ ਚੁਕਾਈਆ । ਮੇਰਾ ਰਿਹਾ ਕੁਛ ਨਾ ਵਸ, ਵਾਸਤਾ ਇਕੋ ਅੱਗੇ ਪਾਈਆ ।

ਜਿਸ ਵੇਲੇ ਕਲਜੁਗ ਕੂੜੀ ਕਿਰਿਆ ਹੋਵੇ ਪਰਗਟ, ਨਵ ਨੌਂ ਅੰਧੇਰਾ ਛਾਈਆ । ਸਤਿ ਧਰਮ ਦਾ ਰਹਿਣਾ ਨਹੀਂ ਕੋਈ ਹੱਟ, ਜੂਠ ਝੂਠ ਵੱਜੇ ਡੰਕ ਸ਼ਨਵਾਈਆ । ਸਾਫ਼ ਰਹੇ ਨਾ ਕੋਇ ਤੀਰਥ ਤਟ, ਕਿਨਾਰੇ ਦੇਣ ਦੁਹਾਈਆ । ਰਸਨਾ ਜਿਹਵਾ ਬੱਤੀ ਦੰਦ ਸਾਰੇ ਨਾਮ ਲੈਣ ਰਟ, ਹਿਰਦੇ ਹਰਿ ਨਾ ਕੋਇ ਵਸਾਈਆ । ਪ੍ਰਭ ਦੇ ਨਾਮ ਤੋਂ ਹਿੰਦੂ ਮੁਸਲਿਮ ਸਿਖ ਈਸਾਈ ਦੀ ਪੈਣੀ ਵੱਟ, ਅੱਲਾ ਵਾਹਿਗੁਰੂ ਓਮ ਤਤ ਸਤਿ ਰਾਮ ਕ੍ਰਿਸ਼ਨ ਵਿਚੋਲੇ ਹੋ ਕੇ ਕਰਨ ਲੜਾਈਆ । ਮਨ ਵਾਸਨਾ ਦੀਨ ਦੁਨੀ ਚਾਰ ਕੁੰਟ ਪੈਣਾ ਨੱਠ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਸੁਰਤੀ ਸ਼ਬਦ ਲਾਏ ਕੋਈ ਨਾ ਸੱਟ, ਆਤਮ ਬ੍ਰਹਮ ਨਾ ਕੋਇ ਸਮਝਾਈਆ । ਇਹ ਖੇਲ ਕਰੇ ਅਬਿਨਾਸ਼ੀ ਕਰਤਾ ਸਮਰਥ, ਜੋ ਹਰ ਘਟ ਅੰਤਰ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕੋ ਇਕ ਸੁਣਾਈਆ । ਸੇਜ ਕਹੇ ਮੇਰੇ ਉਤੇ ਸੁੱਤਾ ਧੁਰ ਦਾ ਮਾਹੀ, ਮਹਿਬੂਬ ਇਕੋ ਨਜ਼ਰੀ ਆਈਆ । ਜਿਸ ਨੇ ਸ੍ਰਿਸ਼ਟੀ ਦ੍ਰਿਸ਼ਟੀ ਦਾ ਬਣਨਾ ਰਾਹੀ, ਰਥਵਾਹੀ ਹੋ ਕੇ ਸੇਵ ਕਮਾਈਆ । ਵਿਸ਼ਨੂੰ ਤੂੰ ਦੇਣੀ ਅੰਤ ਗਵਾਹੀ, ਸ਼ਹਾਦਤ ਇਕੋ ਦੇਣੀ ਭੁਗਤਾਈਆ । ਜਿਸ ਵੇਲੇ ਕਲਜੁਗ ਅੰਤਮ ਮੇਟਣੀ ਸ਼ਾਹੀ, ਸ਼ਹਿਨਸ਼ਾਹ ਆਪਣਾ ਹੁਕਮ ਜਣਾਈਆ । ਚਾਰ ਵਰਨ ਅਠਾਰਾਂ ਬਰਨ ਹੋਣੀ ਤਬਾਹੀ, ਤਾਰੀਕ ਅੰਧੇਰਾ ਨੌਂ ਖੰਡ ਪ੍ਰਿਥਮੀ ਸੱਤ ਦੀਪ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਵੇਖਣ ਚਾਈਂ ਚਾਈਂ, ਧਰਨੀ ਧਰਤ ਧਵਲ ਉਪਰ ਫੇਰਾ ਪਾਈਆ । ਬਲ ਰਹਿਣਾ ਨਹੀਂ ਕਿਸੇ ਬਾਹੀਂ, ਬਲ ਬਾਵਨ ਲੇਖਾ ਗਿਆ ਜਣਾਈਆ । ਜਿਸ ਕਾਰਨ ਗੋਬਿੰਦ ਬੂਟਾ ਪੁੱਟਿਆ ਕਾਹੀ, ਕਲਮੇ ਵਾਲਿਆਂ ਹੋਏ ਸਫ਼ਾਈਆ । ਅੱਜ ਸੂਲਾਂ ਸੱਥਰ ਸੇਜ ਹੰਢਾਈ, ਸੋਹਣਾ ਬੈਠਾ ਆਸਣ ਲਾਈਆ ।

ਜੋ ਕੁਛ ਮੈਨੂੰ ਰਿਹਾ ਸਮਝਾਈ, ਮੈਂ ਤੈਨੂੰ ਦਿਤਾ ਦ੍ਰਿੜਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈ, ਜੋਤੀ ਜਾਤਾ ਏਕੰਕਾਰਾ ਇਕੋ ਸੋਭਾ ਪਾਈਆ । ਗੁਰੂ ਗੁਰਦੇਵ ਸਵਾਮੀ ਸਭ ਦਾ ਬਣੇ ਰਥਵਾਹੀ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਤਨ ਮਾਟੀ ਖ਼ਾਕ ਪੰਜ ਤਤ ਕਾਇਆ ਵਜੂਦ ਮਹਿਬੂਬ ਵੇਖੇ ਚਾਈਂ ਚਾਈਂਆ । ਇਹ ਖੇਲ ਕਰਨਾ ਰੱਬੀ ਨੂਰ ਇਲਾਹੀ, ਜਿਸ ਨੂੰ ਹਜ਼ਰਤ ਈਸਾ ਮੂਸਾ ਮੁਹੰਮਦ ਬੈਠੇ ਸੀਸ ਨਿਵਾਈਆ । ਜਿਸ ਦਾ ਵਾਸਤਾ ਰਹੇ ਪਾਈ, ਦਰੋਹੀ ਦਰੋਹੀ ਤੇਰਾ ਨਾਮ ਦੁਹਾਈਆ । ਯਾਮਬੀਨ ਤੇਰੀ ਤਲਕੀਨ, ਨਬੀ ਰਸੂਲਾਂ ਤਾਲਬਾਂ ਤਲਬਿਆਂ ਆਪਣਾ ਇਲਮ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਤੇਰਾ ਖੇਲ ਬੇਪਰਵਾਹੀ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਤੇਰੇ ਹੱਥ ਵਡਿਆਈਆ ।

### ✪ ੨੩ ਅੱਸੂ ਸ਼ਹਿਨਸ਼ਾਹੀ ਸੰਮਤ ੫ ਭਾਈ ਨਰੈਣ ਸਿੰਘ ਦੇ ਗ੍ਰਿਹਿ ਪਿੰਡ ਕੰਗ ✪

ਵਿਸ਼ਨੂੰ ਕਹੇ ਗੋਬਿੰਦ ਸੇਜਾ ਰਹੀ ਕਹਿ, ਬਿਨ ਰਸਨਾ ਜਿਹਵਾ ਆਖ ਸੁਣਾਈਆ । ਕਲਜੁਗ ਕੂੜੀ ਕਿਰਿਆ ਵਹਿਣ ਵਹੇ, ਮਾਇਆ ਮਮਤਾ ਮੋਹ ਹਲਕਾਈਆ । ਸਾਧ ਸੰਤ ਜਗਿਆਸੂ ਸਾਬਤ ਕੋਈ ਨਾ ਰਹੇ, ਧਰਮ ਧਾਰ ਦੀ ਧੀਰ ਨਾ ਕੋਇ ਰਖਾਈਆ । ਘਰ ਘਰ ਅੰਤਰ ਹਉਮੇ

ਹੰਗਤਾ ਹੋਏ ਮੈਂ, ਹੰਕਾਰੀ ਗੜ੍ਹ ਨਾ ਕੋਇ ਤੁੜਾਈਆ । ਸਚ ਦਵਾਰ ਕੋਈ ਨਾ ਬਹੇ, ਚਾਰੋਂ ਕੁੰਟ ਸ੍ਰਿਸ਼ਟ ਦ੍ਰਿਸ਼ਟ ਹਲਕਾਈਆ । ਦੀਨਾਂ ਮਜ਼੍ਹਬਾਂ ਇਕ ਦੂਜੇ ਨਾਲ ਜਾਣਾ ਖਹਿ, ਖੈਰਖਾਹ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲਾ ਸਾਚੀ ਵਸਤ ਕਿਸੇ ਨਾ ਦਏ, ਦੀਨ ਦਿਆਲ ਨਾ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਹਰਿ ਕਰਤਾ ਨੂਰ ਇਲਾਹੀਆ । ਸੇਜ ਕਹੇ ਵਿਸ਼ਨੂੰ ਉਹ ਵੇਖ ਅਗੰਮ ਨਜ਼ਾਰਾ, ਗੋਬਿੰਦ ਧਾਰ ਜਣਾਈਆ । ਚਾਰੋਂ ਕੰਟ ਹਾਹਾਕਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਹੋਏ ਸਹਾਈ ਨਾ ਕੋਇ ਗੁਰ ਅਵਤਾਰਾ, ਪੈਗੰਬਰ ਪਲੂ ਨਾ ਕੋਇ ਫੜਾਈਆ । ਫਿਰੀ ਦਰੋਹੀ ਵਿਚ ਸੰਸਾਰਾ, ਤੋਬਾ ਤੋਬਾ ਕਰੇ ਲੋਕਾਈਆ । ਵਰਨ ਬਰਨ ਪਾਵੇ ਕੋਈ ਨਾ ਸਾਰਾ, ਸਿਰ ਹੱਥ ਨਾ ਕੋਇ ਰਖਾਈਆ । ਚਾਰੋਂ ਕੁੰਟ ਦਿਸੇ ਅੰਧਿਆਰਾ, ਨੂਰੀ ਚੰਦ ਨਾ ਕੋਇ ਚਮਕਾਈਆ । ਉਸ ਵੇਲੇ ਪਰਗਟ ਹੋਣਾ ਭਗਤਾਂ ਵਿਚੋਂ ਭਗਤ ਰਵਦਾਸ ਚਮਾਰਾ, ਜਾਤਹੀਣ ਵਡਿਆਈਆ । ਜਿਸ ਨੇ ਲਿਖਣਾ ਧੁਰ ਦਾ ਸ਼ਬਦ ਅਪਾਰਾ, ਪੰਚਮ ਸ਼ਬਦ ਲਿਖਾਰੀ ਸੰਗ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਨੀ ਕਾਰ ਕਮਾਈਆ । ਸੇਜ ਕਹੇ ਮੈਂ ਦੱਸਾਂ ਖੇਲ ਅਪਾਰੀ, ਅਪਰੰਪਰ ਰਿਹਾ ਵਖਾਈਆ । ਲੇਖਾ ਮੁਕਣਾ ਦੋ ਜਹਾਨ ਵਿਚ ਸੰਸਾਰੀ, ਭੰਡਾਰੀ ਸੰਘਾਰੀ ਨਾਲ ਮਿਲਾਈਆ । ਨਿਰਗੁਣ ਧਾਰ ਕਲ ਕਲਕੀ ਹੋਵੇ ਅਵਤਾਰੀ, ਬ੍ਰਾਹਮਣ ਗੌੜਾ ਆਪਣੀ ਕਲ ਵਰਤਾਈਆ । ਜਿਸ ਦੇ ਚਾਰ ਜੁਗ ਸਾਰੇ ਬਣੇ ਰਹੇ ਪੁਜਾਰੀ, ਨਿਉਂ ਨਿਉਂ ਸੀਸ ਜਗਦੀਸ ਝੁਕਾਈਆ । ਅੰਤਮ ਆਉਣੀ ਉਸ ਦੀ ਵਾਰੀ, ਜਿਸ ਦੀ ਵਾਰਤਾ ਆਏ ਲਿਖਾਈਆ । ਏਕਾ ਬੋਲੇ ਨਾਮ ਜੈਕਾਰੀ, ਜੈ ਜੈਕਾਰ ਦਏ ਦ੍ਰਿੜਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਲੇਖਾ ਜਾਣੇ ਧੁਰ ਦਰਬਾਰੀ, ਦਰਗਾਹ ਸਾਚੀ ਪੜਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਭੇਵ ਆਪ ਚੁਕਾਈਆ । ਸੇਜ ਕਹੇ ਵਿਸ਼ਨੂੰ ਔਹ ਵੇਖ ਸ਼ੰਕਰ ਹੱਥ ਫੜੀ ਤਰਸੂਲ, ਖ਼ੁਸ਼ੀ ਨਾਲ ਵਖਾਈਆ । ਸਦੀ ਚੌਧਵੀਂ ਦੁਨੀਆ ਜਾਣੀ ਭੂਲ, ਭਰਮ ਭਰਮ ਵਿਚ ਭੁਲਾਈਆ । ਪ੍ਰਭ ਮਿਲੇ ਨਾ ਕਿਸੇ ਕੰਤ ਕੰਤੂਹਲ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਸਤਿ ਧਰਮ ਦਾ ਰਹਿਣਾ ਨਹੀਂ ਕੋਈ ਅਸੂਲ, ਅਸਲ ਵਸਲ ਨਾ ਕੋਇ ਕਰਾਈਆ । ਨਾਮ ਬਾਣੀ ਦਾ ਪੂਜਾ ਪਾਠ ਦਾ ਸਾਧਾਂ ਸੰਤਾਂ ਪੰਡਤਾਂ ਪਾਂਧਿਆਂ ਲੈਣਾ ਮਸੂਲ, ਮੁੱਲਾ ਸ਼ੇਖ਼ ਮੁਸਾਇਕ ਨਿਆਜ਼ਾਂ ਵਿਚ ਆਪਣਾ ਝਟ ਲੰਘਾਈਆ । ਪ੍ਰਭ ਦਾ ਭੇਵ ਕਿਸੇ ਨਹੀਂ ਦੱਸਣਾ ਮਾਕੂਲ, ਪੜਦਾ ਸਕੇ ਨਾ ਕੋਇ ਚੁਕਾਈਆ । ਦੀਨ ਦੁਨੀ ਦਾ ਲੇਖਾ ਸਮਝੇ ਕੋਇ ਨਾ ਅਰਜ਼ ਤੂਲ, ਮਤਵਾਜ਼ੀ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਪਰਦਾ ਪਰਦਿਆਂ ਵਿਚੋਂ ਉਠਾਈਆ । ਸੇਜ ਕਹੇ ਮੇਰੇ ਉਤੇ ਗੋਬਿੰਦ ਆਸਣ, ਸੋਹਣਾ ਰੰਗ ਰੰਗਾਈਆ । ਮੈਂ ਤੱਕਿਆ ਪੁਰਖ ਅਬਿਨਾਸ਼ਣ, ਜੋ ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਸ ਦਾ ਆਦਿ ਜੁਗਾਦਿ ਪ੍ਰਕਾਸ਼ਣ, ਬ੍ਰਹਿਮੰਡ ਖੰਡ ਰੁਸ਼ਨਾਈਆ । ਓਹ ਸਭ ਦਾ ਲੇਖਾ ਆਇਆ ਵਾਚਣ, ਨਿਰਗੁਣ ਦਾਤਾ ਧੁਰਦਰਗਾਹੀਆ । ਕਲਜੁਗ ਕੂੜੀ ਕਿਰਿਆ ਮੇਟੇ ਪਾਪਣ, ਦੁਰਮਤ ਮੈਲ ਧਵਾਈਆ । ਆਤਮ ਪਰਮਾਤਮ ਦੱਸੇ ਸਾਕਣ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਹਉਮੇਂ ਹੰਗਤਾ ਕਰੇ ਨਾਸਣ, ਕੂੜਾ ਗੜ੍ਹ ਤੁੜਾਈਆ । ਅਗਲਾ ਭੇਵ ਖੋਲ੍ਹ ਕੇ ਬਾਤਨ, ਪਰਦਾ ਦਏ ਚੁਕਾਈਆ । ਸਤਿ ਧਰਮ ਦਾ ਦੇਵੇ ਸਾਥਨ, ਸਗਲਾ

ਸੰਗ ਬਣਾਈਆ । ਇਕੋ ਨਾਮ ਕਲਮਾ ਦੱਸ ਕੇ ਪਾਠਣ, ਇਕੋ ਏਕ ਕਰੇ ਪੜ੍ਹਾਈਆ । ਇਕੋ ਤੀਰਥ ਇਕੋ ਤਾਟਣ, ਕਿਨਾਰਾ ਇਕੋ ਇਕ ਜਣਾਈਆ । ਇਕੋ ਗ੍ਰਿਹ ਮੰਦਰ ਵਖਾਏ ਹਾਟਣ, ਵਸਤ ਇਕੋ ਇਕ ਵਰਤਾਈਆ । ਇਕੋ ਕਰੇ ਕਰਾਏ ਪਾਕੀ ਪਾਕਨ, ਪਤਿਤ ਪੁਨੀਤ ਇਕ ਅਖਵਾਈਆ । ਇਕੋ ਬਣ ਕੇ ਸਭ ਦਾ ਮਾਈ ਬਾਪਣ, ਪਿਤਾ ਪੁਰਖ ਅਕਾਲ ਹੋਏ ਅੰਤ ਸਹਾਈਆ । ਇਕੋ ਆਤਮ ਪਰਮਾਤਮ ਹੋਏ ਜ਼ਾਤਨ, ਦੂਸਰ ਵੰਡ ਨਾ ਕੋਇ ਵੰਡਾਈਆ । ਇਕੋ ਢੋਲਾ ਗੀਤ ਸਾਰੇ ਆਖਣ, ਤੂੰ ਮੇਰਾ ਮੈਂ ਤੇਰਾ ਰਾਗ ਸੁਣਾਈਆ । ਇਕੋ ਖੇਲ ਹੋਣਾ ਲੋਕਮਾਤਨ, ਧਰਨੀ ਧਰਤ ਧਵਲ ਧੌਲ ਵੱਜੇ ਵਧਾਈਆ । ਇਕੋ ਮੰਡਲ ਪੈਣੀ ਰਾਸਨ, ਗੋਪੀ ਕਾਹਨ ਨਾਚ ਨਚਾਈਆ । ਇਕੋ ਬਨ ਹੋਣਾ ਬਨਵਾਸਨ, ਸੀਤਾ ਰਾਮ ਇਕੋ ਗ੍ਰਿਹ ਆਤਮ ਪਰਮਾਤਮ ਖੇਲ ਖਿਲਾਈਆ । ਇਕੋ ਮੰਜ਼ਲ ਹੋਵੇ ਘਾਟਣ, ਪੈਗ਼ੰਬਰ ਇਕੋ ਘਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸੇਜ ਕਹੇ ਮੈਨੂੰ ਗੋਬਿੰਦ ਦੇਵੇ ਉਤੋਂ ਥਾਪੀ, ਥਪਕ ਥਪਕ ਜਣਾਈਆ । ਕਲਜੁਗ ਮੇਟਣੇ ਸਾਰੇ ਪਾਪੀ, ਪਤਿਤ ਪੁਨੀਤ ਦੇਣੇ ਕਰਾਈਆ । ਮੇਰਾ ਮਾਲਕ ਆਵੇ ਵਡ ਪਰਤਾਪੀ, ਪਾਰਬ੍ਰਹਮ ਪਤਿਪਰਮੇਸ਼ਵਰ ਧੁਰਦਰਗਾਹੀਆ । ਜੋ ਸਭ ਦਾ ਬਣੇ ਸਾਕੀ, ਨਾਮ ਪਿਆਲਾ ਜਾਮ ਪਿਆਈਆ । ਮਨੂਆ ਰਹਿਣ ਨਾ ਦੇਵੇ ਆਕੀ, ਹਉਮੇ ਹੰਗਤਾ ਗੜ੍ਹ ਤੁੜਾਈਆ । ਸਭ ਦਾ ਪੂਰਾ ਕਰੇ ਭਵਿਖਤ ਵਾਕੀ, ਵਾਕਿਆ ਵੇਖੇ ਥਾਉਂ ਥਾਈਂਆ । ਕਲਜੁਗ ਮੇਟ ਅੰਧੇਰੀ ਰਾਤੀ, ਸਤਿਜੁਗ ਸਚ ਚੰਦ ਚਮਕਾਈਆ । ਜੀਵਣ ਵਿਚੋਂ ਜੀਵਣ ਬਦਲ ਦੇਵੇ ਹਯਾਤੀ, ਹਰ ਹਿਰਦੇ ਕਰੇ ਸਫ਼ਾਈਆ । ਇਹ ਖੇਲ ਪ੍ਰਭੂ ਪ੍ਰਭ ਕਮਲਾਪਾਤੀ, ਪਤਿਪਰਮੇਸ਼ਵਰ ਦਇਆ ਕਮਾਈਆ । ਪਰਵਰਦਿਗਾਰ ਸਾਂਝਾ ਯਾਰ ਲੇਖ ਮੁਕਾਏ ਸਾਖਿਆਤੀ, ਓਹਲਾ ਰਹਿਣ ਕੋਇ ਨਾ ਪਾਈਆ । ਜਿਸ ਨੇ ਝਗੜਾ ਮੇਟਣਾ ਕਾਗ਼ਜ਼ਾਤੀ, ਅੱਖਰਾਂ ਵਾਲੇ ਨਾਮ ਨਾ ਕੋਇ ਲੜਾਈਆ । ਸਭ ਦੀ ਮੰਜ਼ਲ ਇਕੋ ਦੱਸ ਕੇ ਘਾਟੀ, ਘਾਟਾ ਸਭ ਦਾ ਪੂਰ ਕਰਾਈਆ । ਆਤਮ ਪਰਮਾਤਮ ਧਾਰ ਹੋਵੇ ਸਾਥੀ, ਸਗਲਾ ਸੰਗ ਨਿਭਾਈਆ । ਸਭ ਦੀ ਇਕੋ ਨਜ਼ਰੀ ਆਏ ਪਰਭਾਤੀ, ਭਾਂਡਾ ਭਰਮ ਭੰਨਾਈਆ । ਸੇਜ ਕਹੇ ਗੁਰ ਗੋਬਿੰਦ ਬਿਨ ਅੱਖਰਾਂ ਤੋਂ ਲਿਖੀ ਪਾਤੀ, ਪਤਰਕਾ ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਾਰਸ ਹੋ ਕੇ ਨਜ਼ਰੀ ਆਈਆ । ਪਾਤੀ ਕਹੇ ਮੇਰਾ ਲਿਖਿਆ ਲੇਖ ਅਪਾਰਾ, ਬਿਨ ਕਲਮ ਸ਼ਾਹੀ ਵਡਿਆਈਆ । ਕਲ ਕਲਕੀ ਲਏ ਅਵਤਾਰਾ, ਜਿਸ ਨੂੰ ਜਨਮੇ ਕੋਈ ਨਾ ਮਾਈਆ । ਜਿਸ ਦਾ ਹੋਵੇ ਧਾਮ ਨਿਆਰਾ, ਸੰਬਲ ਇਕ ਵਡਿਆਈਆ । ਜੋਤੀ ਨੂਰ ਹੋਵੇ ਉਜਿਆਰਾ, ਸ਼ਬਦੀ ਨਾਦ ਧੁਨ ਸ਼ਨਵਾਈਆ । ਇਹ ਖੇਲ ਸੱਚੀ ਸਰਕਾਰਾ, ਹਰਿ ਕਰਤਾ ਕਾਰ ਕਮਾਈਆ । ਜਿਸ ਦੀ ਸਭ ਨੇ ਮਸਤਕ ਧੂੜੀ ਲਾਉਣੀ ਛਾਰਾ, ਮਸਤਕ ਧੂੜੀ ਖ਼ਾਕ ਰਮਾਈਆ । ਉਹ ਕਲਜੁਗ ਵਿਚ ਸਤਿਜੁਗ ਕਰੇ ਉਜਿਆਰਾ, ਉਜਲ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਇਕ ਅਵਤਾਰਾ, ਜੋਤੀ ਨੂਰ ਨੂਰ ਉਜਿਆਰਾ, ਸ਼ਬਦੀ ਧਾਰ ਧਾਰ ਜੈਕਾਰਾ, ਦੂਜਾ ਨਜ਼ਰ ਕੋਇ ਨਾ ਆਈਆ ।

## ੨੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਸੁਖਦੇਵ ਦੇ ਗ੍ਰਿਹ ਪਿੰਡ ਕੱਲਾ

ਪੁਰਖ ਅਕਾਲ ਨਿਰਗੁਣ ਧਾਰ, ਜੋਤੀ ਜੋਤ ਰੁਸ਼ਨਾਈਆ । ਪੰਜ ਤਤ ਕਰ ਪਿਆਰ, ਕਾਇਆ ਮਾਟੀ ਸੋਭਾ ਪਾਈਆ । ਖੇਲ ਮਾਤ ਕੀਤਾ ਨਿਰੰਕਾਰ, ਨਾਂ ਨਾਨਕ ਦਿਤਾ ਰਖਾਈਆ । ਧੁਰ ਸੰਦੇਸ਼ਾ ਦੇ ਕੇ ਅਗੰਮ ਅਪਾਰ, ਅਲਖ ਅਗੋਚਰ ਦਿਤਾ ਜਣਾਈਆ । ਸ਼ਬਦ ਅਨਾਦੀ ਦੇ ਧੁਨਕਾਰ, ਅਗੰਮੀ ਰਾਗ ਸੁਣਾਈਆ । ਕਾਗ਼ਜ਼ ਕਲਮ ਸ਼ਾਹੀ ਕਰ ਪਿਆਰ, ਤ੍ਰੈਗੁਣ ਲੇਖਾ ਦਿਤਾ ਮੁਕਾਈਆ । ਬੋਧ ਅਗਾਧਾ ਕਰ ਵਿਚਾਰ, ਅੱਖਰਾਂ ਨਾਲ ਵਡਿਆਈਆ । ਸ਼ਬਦ ਸ਼ਬਦ ਗੁਰੂ ਸ਼ਬਦ ਸੱਚੀ ਸਚ ਧਾਰ, ਧਰਨੀ ਧਰਤ ਧਵਲ ਉਤੇ ਪਰਗਟਾਈਆ । ਹੁਕਮ ਸੰਦੇਸ਼ਾ ਦੇ ਕੇ ਆਪਣੀ ਵਾਰ, ਵਾਰਸ ਗੁਰੂ ਏਕ ਇਕੋ ਇਕ ਜਣਾਈਆ । ਅੰਗਦ ਅਮਰ ਰਾਮਦਾਸ ਬਣੇ ਰਹੇ ਲਿਖਾਰ, ਗੁਰ ਅਰਜਨ ਸੋਹੰ ਰੰਗ ਚੜ੍ਹਾਈਆ । ਦੇਹ ਜੋਤ ਸ਼ਬਦੀ ਚਲਦੀ ਰਹੀ ਕਾਰ, ਕਰਨੀ ਕਰਤਾ ਆਪ ਕਰਾਈਆ । ਸਤਿ ਸਤਿ ਕਰ ਪਿਆਰ, ਸਚ ਸਚ ਨਾਲ ਰਖਾਈਆ । ਗੁਰੂ ਗੁਰੂ ਗੁਰੂ ਅਧਾਰ, ਗੁਰਦੇਵ ਸਵਾਮੀ ਇਕ ਦ੍ਰਿੜਾਈਆ । ਹਰਿ ਗੋਬਿੰਦ ਕਲਮ ਨਾ ਸਕਿਆ ਉਠਾਲ, ਹਰਿਰਾਏ ਅੰਕ ਨਾ ਜੋੜ ਜੁੜਾਈਆ । ਹਰਿਕ੍ਰਿਸ਼ਨ ਸ਼ਬਦੀ ਸੁਰਤ ਨਾ ਸਕਿਆ ਸੰਭਾਲ, ਰਾਗ ਨਾਦ ਨਾ ਕੋਇ ਜਣਾਈਆ । ਤੇਗ਼ ਬਹਾਦਰ ਉਪਰ ਹੋ ਕਿਰਪਾਲ, ਨਾਨਕ ਨਿਰਗੁਣ ਜੋਤ ਕੀਤੀ ਰੁਸ਼ਨਾਈਆ । ਉਸ ਨੇ ਸ਼ਬਦੀ ਸ਼ਬਦ ਲਿਖੇ ਬਣ ਦਲਾਲ, ਮਾਰੂ ਰਾਗ ਸਿਫ਼ਤ ਸਾਲਾਹੀਆ । ਗੋਬਿੰਦ ਵੇਖਿਆ ਨਾਲ ਖ਼ਿਆਲ, ਚੌਦਾਂ ਸੌ ਤੀਸ ਅੰਕ ਫੋਲ ਫੁਲਾਈਆ । ਇਕ ਕੰਨਾ ਬਣਾਉਣਾ ਵਿਚ ਦਲਾਲ, ਜਿਸ ਨੇ ਪੰਨਾ ਪੰਨਾ ਦੇਣਾ ਉਠਾਈਆ । ਏਕਾ ਜੋਤ ਦਸ ਦੇਹ ਗੋਬਿੰਦ ਸੱਚੀ ਧਰਮਸਾਲ, ਧਰਮ ਦਵਾਰਾ ਇਕ ਵਖਾਈਆ । ਜਿਥੇ ਵਸੇ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਜਣਾਈਆ । ਅੰਮ੍ਰਿਤ ਜਾਮ ਦਏ ਪਿਆਲ, ਰਸ ਨਿਝਰ ਇਕ ਵਖਾਈਆ । ਝਗੜਾ ਮੇਟ ਕੇ ਕਾਲ ਮਹਾਂਕਾਲ, ਦਰ ਠਾਂਡੇ ਦਏ ਵਡਿਆਈਆ । ਹੁਕਮ ਸੰਦੇਸ਼ਾ ਮੰਨੇ ਪੁਰਖ ਅਕਾਲ, ਅਕਲ ਕਲਧਾਰੀ ਆਪ ਜਣਾਈਆ । ਗੋਬਿੰਦ ਤੂੰ ਮੇਰਾ ਸ਼ਬਦੀ ਸੁਤ ਦੁਲਾਰਾ ਲਾਲ, ਲਾਲਨ ਏਕਾ ਰੰਗ ਰੰਗਾਈਆ । ਤੇਰਾ ਲਹਿਣਾ ਲੇਖੇ ਲਾਉਣਾ ਸੰਤਾਂ ਭਗਤਾਂ ਬਾਲ, ਬਾਲ ਅਵਸਥਾ ਆਪਣੇ ਲੇਖੇ ਪਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰਨੀ ਰੁਸ਼ਨਾਈਆ । ਸੰਦੇਸ਼ਾ ਦੇ ਕੇ ਦੀਨ ਦਿਆਲ, ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਆਪ ਸੁਣਾਈਆ । ਨਾਨਕ ਗੋਬਿੰਦ ਨਿਰਗੁਣ ਜੋਤੀ, ਜੋਤੀ ਜੋਤ ਰੁਸ਼ਨਾਈਆ । ਪੁਰਖ ਅਕਾਲ ਅੰਦਰ ਚੜ੍ਹਿਆ ਚੋਟੀ, ਚੋਟ ਅਗੰਮੀ ਸ਼ਬਦ ਲਗਾਈਆ । ਸੁਰਤੀ ਰਹੀ ਮੂਲ ਨਾ ਸੋਤੀ, ਆਲਸ ਨਿੰਦਰਾ ਦਿਤੀ ਗਵਾਈਆ । ਇਕ ਸੁਣਾ ਕੇ ਸਚ ਸਲੋਕੀ, ਸੋਹਲਾ ਸਤਿਨਾਮ ਦ੍ਰਿੜਾਈਆ । ਜਿਸ ਦੀ ਮਹਿੰਮਾ ਵਿਚ ਗੁਰੂ ਗ੍ਰੰਥ ਦੀ ਬਣ ਗਈ ਪੋਥੀ, ਰਾਗਾਂ ਨਾਦਾਂ ਨਾਲ ਵਡਿਆਈਆ । ਪੁਰਖ ਅਕਾਲਾ ਦੀਨ ਦਿਆਲਾ ਆਪਣੇ ਪ੍ਰੇਮ ਦਾ ਸਦਾ ਮੌਜ਼ੀ, ਠਾਕਰ ਹੋ ਕੇ ਆਪਣੀ ਕਾਰ ਕਮਾਈਆ । ਆਪਣੇ ਸ਼ਬਦ ਦਾ ਆਪੇ ਬਣ ਕੇ ਖੋਜੀ, ਆਪੇ ਆਪਣੀ ਕਰੇ ਸਿਫ਼ਤ ਸਾਲਾਹੀਆ । ਜਗਤ ਵਿਕਾਰ ਦਾ ਰਹੇ ਨਾ ਕੋਈ ਰੋਗੀ, ਸ਼ਬਦ ਅਣਿਆਲਾ ਤੀਰ ਲਗਾਈਆ । ਜਿਸ ਵਿਚ ਨਾਮ ਭੰਡਾਰਾ ਭਰਿਆ ਰਸ ਭਰਿਆ ਜਗਤ ਰਸੀਆ ਭੋਗੀ, ਭਸਮੜ ਆਪਣੀ ਕਾਰ ਕਮਾਈਆ । ਖੇਲ ਖਿਲਾਇਆ ਬਣ ਸੰਜੋਗੀ ਵਿਯੋਗੀ, ਕਰਨੀ ਕਰਤਾ ਆਪਣਾ ਹੁਕਮ ਵਰਤਾਈਆ । ਧਾਰ ਬਦਲ ਕੇ ਵੇਦੀ ਸੋਢੀ, ਸੋ

ਸੋਹਲਾ ਇਕ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਿਰਗੁਣ ਜੋਤ ਦਸ ਅਵਤਾਰ, ਅਵਤਰੀ ਰੂਪ ਵਟਾਈਆ । ਗੁਰੂ ਗੁਰੂ ਗੁਰਦੇਵ ਘਰ ਬਾਹਰ, ਕਾਇਆ ਮਾਟੀ ਵੱਜੀ ਵਧਾਈਆ । ਸ਼ਬਦ ਸੰਦੇਸ਼ਾ ਦੇ ਅਗੰਮ ਅਪਾਰ, ਸਾਢੇ ਤਿੰਨ ਹੱਥ ਬੰਕ ਸੁਹਾਈਆ । ਰਸਨਾ ਜਿਹਵਾ ਗਏ ਉਚਾਰ, ਬੱਤੀ ਦੰਦ ਸਿਫ਼ਤ ਸਾਲਾਹੀਆ । ਭਾਈ ਗੁਰਦਾਸ ਬਣ ਲਿਖਾਰ, ਲੇਖਾ ਗਿਆ ਵਖਾਈਆ । ਤਤ ਵਜੂਦ ਸ਼ਿੰਗਾਰ, ਗੁਰੂ ਗੁਰਦੇਵ ਬੇਪਰਵਾਹੀਆ । ਨਾਨਕ ਤੋਂ ਲੈ ਕੇ ਗੋਬਿੰਦ ਤਕ ਦਸ ਸਰੀਰ ਰਹੇ ਨਾ ਵਿਚ ਸੰਸਾਰ, ਵੱਖਰੇ ਵੱਖਰੇ ਆਪਣਾ ਰੂਪ ਗਏ ਛੁਪਾਈਆ । ਫੇਰ ਕਿਹਨੂੰ ਮੰਨਣਾ ਸਿਰਜਣਹਾਰ, ਸਿਰ ਹੱਥ ਕਵਣ ਰਖਾਈਆ । ਨਾਨਕ ਅੰਗਦ ਅਮਰ ਰਾਮਦਾਸ ਅਰਜਨ ਹਰਿਗੋਬਿੰਦ ਹਰਿਰਾਏ ਹਰਿਕ੍ਰਿਸ਼ਨ ਤੇਗ਼ ਬਹਾਦਰ ਨਾਨਕ ਦਾ ਰੂਪ ਗੋਬਿੰਦ ਦੇਹ ਹੋ ਗਏ ਖ਼ਾਕੀ ਛਾਰ, ਖ਼ਾਕ ਵਿਚ ਤਨ ਖ਼ਾਕ ਰੂਪ ਬਣਾਈਆ । ਨਿਸ਼ਾਨਾ ਰਿਹਾ ਨਾ ਕੋਇ ਵਿਚ ਸੰਸਾਰ, ਜਿਸ ਨਿਸ਼ਾਨੇ ਉਤੇ ਦੀਨ ਦੁਨੀ ਝੱਟ, ਲੰਘਾਈਆ । ਏਸੇ ਕਰ ਕੇ ਗੁਰ ਗੋਬਿੰਦ ਨੇ ਅੰਤ ਕਿਹਾ ਉਚਾਰ, ਧੁਰ ਸੰਦੇਸ਼ਾ ਇਕ ਸੁਣਾਈਆ । ਸ਼ਬਦ ਗੁਰੂ ਗੁਰੂ ਗੁਰੂ ਮੰਨੋ ਅਗੰਮ ਅਪਾਰ, ਜੋ ਜਨਮ ਮਰਨ ਵਿਚ ਕਦੇ ਨਾ ਆਈਆ । ਉਸ ਸ਼ਬਦ ਨੂੰ ਕਹਿੰਦੇ ਸ਼ਬਦ ਸਾਰ, ਜਿਸ ਸ਼ਬਦ ਦੀ ਮਹਿੰਮਾ ਗੁਰੂ ਅਵਤਾਰ ਅੱਖਰਾਂ ਵਿਚ ਸਤਰਾਂ ਵਿਚ ਲਾਈਨਾਂ ਵਿਚ ਸਿਫ਼ਤਾਂ ਵਿਚ ਸਾਲਾਹੀਆ । ਤਨ ਵਜੂਦ ਦੀ ਜਗਹ ਇਕ ਨੂੰ ਕਰੋ ਨਿਮਸਕਾਰ, ਜੋ ਇਕ ਜੋਤ ਇਕ ਰੂਪ ਇਕ ਇਕੱਲਾ ਆਦਿ ਜੁਗਾਦਿ ਅਖਵਾਈਆ । ਓਸੇ ਦਾ ਗੁਰੂ ਗ੍ਰੰਥ ਕਰੇ ਇਜ਼ਹਾਰ, ਓਸੇ ਦੀ ਸ਼ਾਸਤਰ ਸਿਮਰਤ ਵੇਦ ਕਰਨ ਪੁਕਾਰ, ਓਸੇ ਦਾ ਅੰਜੀਲ ਕੁਰਾਨ ਬਾਈਬਲ ਵਿਚ ਕੀਤਾ ਪਿਆਰ, ਪ੍ਰੇਮੀ ਪ੍ਰੀਤਮ ਪਿਆਰਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰਾਹ ਵਖਾਈਆ । ਗੋਬਿੰਦ ਸ਼ਬਦ ਧਾਰ ਕਿਹਾ ਮੈਨੂੰ ਮੰਨਿਓ ਸ਼ਬਦ ਗ੍ਰੰਥ, ਗ੍ਰੰਥ ਗੁਰਦੇਵ ਨਜ਼ਰੀ ਆਈਆ । ਓਸ ਮੰਜ਼ਲ ਨੂੰ ਕਿਹੜਾ ਸਮਝੇ ਵਿਚੋਂ ਪੰਥ, ਪੰਥਕ ਵਾਲੇ ਆਪਣੀ ਵਿਦਿਆ ਵਿਚ ਕਰਨ ਪੜ੍ਹਾਈਆ । ਜਿਸ ਮੰਜ਼ਲ ਨੂੰ ਲੱਭ ਨਹੀਂ ਸਕੇ ਕੋਟਨ ਕੋਟ ਪਾਂਧੇ ਪੰਡਤ, ਸੋ ਮੰਜ਼ਲ ਗੋਬਿੰਦ ਗਿਆ ਜਣਾਈਆ । ਪੰਜਾਂ ਤਤਾਂ ਵਾਲਾ ਗੁਰੂ ਨਾ ਮੰਨਿਓ ਕਿਉਂਕਿ ਪੁਰਖ ਅਕਾਲ ਲਏ ਅਵਤਾਰ ਅੰਤ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਜਿਸ ਨੇ ਤਾਰਨੇ ਸਾਰੇ ਭਗਤ ਸੰਤ, ਗੁਰਮੁਖ ਗੁਰ ਗੁਰ ਆਪਣੇ ਰੰਗ ਰੰਗਾਈਆ । ਓਹ ਆਦਿ ਤੋਂ ਲੈ ਕੇ ਅੰਤ ਤਕ ਗੁਰ ਅਵਤਾਰਾਂ ਪੈਗ਼ੰਬਰਾਂ ਦਾ ਧੁਰ ਦਾ ਕੰਤ, ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਨਜ਼ਰੀ ਆਈਆ । ਜਿਸ ਨੇ ਲੱਖ ਚੁਰਾਸੀ ਵੇਖਣਾ ਜੀਵ ਜੰਤ, ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ । ਓਸ ਦੀ ਮਹਿੰਮਾ ਕੋਈ ਜਾਣ ਨਾ ਸਕੇ ਮੁੱਲਾ ਸ਼ੇਖ਼ ਮੁਸਾਇਕ ਪਾਂਧਾ ਪੰਡਤ, ਵਿਦਿਆ ਧਾਰ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਗੁਰ ਗੋਬਿੰਦ ਕਿਹਾ ਗੁਰ ਸਤਿਗੁਰ ਮੰਨਣਾ ਇਕੋ ਇਸ਼ਟ, ਪੁਰਖ ਅਕਾਲ ਨਜ਼ਰੀ ਆਈਆ । ਗੁਰੂ ਗ੍ਰੰਥ ਦੀ ਬਾਣੀ ਵਾਚਣ ਵਾਲਿਆਂ ਖੋਲ੍ਹੇ ਅੰਦਰੋਂ ਦ੍ਰਿਸ਼ਟ, ਦ੍ਰਿਸ਼ਟੀ ਦਾ ਦ੍ਰਿਸ਼ਟ ਕਵਣ ਸਮਝਾਈਆ । ਜਿਥੇ ਇਸ਼ਾਰਾ ਕੀਤਾ ਰਾਮ ਤੋਂ ਵਸ਼ਿਸ਼ਟ, ਵਿਸ਼ਿਆਂ ਤੋਂ ਬਾਹਰ ਦਿਤਾ ਸਮਝਾਈਆ । ਜਿਥੇ ਨਾ ਕੋਈ ਸਵਰਗ ਨਾ ਕੋਈ ਬਹਿਸ਼ਤ, ਇਕੋ ਨਿਰਗੁਣ ਨੂਰ ਜੋਤ ਰੁਸ਼ਨਾਈਆ । ਨਾ ਕੋਈ ਅੱਖਰਾਂ ਵਾਲੀ ਪੜ੍ਹਤ ਲਿਖਤ, ਨਾ ਕੋਈ ਲੇਖਾ ਕਲਮ ਸ਼ਾਹੀ ਕਾਗ਼ਜ਼ ਨਾਲ ਬਣਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਵਰਤਾਈਆ । ਗੁਰ ਗੋਬਿੰਦ ਕਿਹਾ ਸਚ, ਸਤਿ ਸਚ ਦ੍ਰਿੜਾਈਆ । ਗੁਰੂ ਕਦੇ ਨਾ ਬਣੇ ਕਾਇਆ ਮਾਟੀ ਕੱਚ, ਜੋ ਜੰਮੇ ਤੇ ਮਰ ਜਾਈਆ । ਸਤਿਗੁਰ ਸ਼ਬਦ ਸ਼ਬਦ ਸਤਿਗੁਰ ਜੋ ਹਰ ਹਿਰਦੇ ਜਾਏ ਰਚ, ਲੂੰ ਲੂੰ ਵਿਚ ਆਪਣਾ ਰੰਗ ਰੰਗਾਈਆ । ਸਭ ਦੀ ਅੰਦਰੋਂ ਬਦਲ ਦੇਵੇ ਮਤ, ਬੁਧ ਬਿਬੇਕ ਦਏ ਵਖਾਈਆ । ਝਗੜਾ ਮੁਕਾ ਕੇ ਵਿਕਾਰ ਤਤ, ਆਤਮ ਬ੍ਰਹਮ ਦਏ ਸਮਝਾਈਆ । ਬਹੱਤਰ ਨਾੜ ਨਾ ਉਬਲੇ ਰੱਤ, ਤਿੰਨ ਸੌ ਸੱਠ ਹਾਡੀ ਦੁੱਖਾਂ ਵਿਚ ਨਾ ਕੋਇ ਭਵਾਈਆ । ਏਸੇ ਕਰ ਕੇ ਗੁਰੂ ਗ੍ਰੰਥ ਦੀ ਗਾਥਾ ਦਿਤੀ ਦੱਸ, ਦਹਿ ਦਿਸ਼ਾ ਦਿਤਾ ਸਮਝਾਈਆ । ਏਸ ਤੋਂ ਪੜ੍ਹਿਆਂ ਸੁਣਿਆਂ ਮਾਰਗ ਮਿਲਦਾ ਜਿਥੇ ਮਿਲੇ ਪੁਰਖ ਸਮਰਥ, ਓਸ ਮੰਜ਼ਲ ਚੜ੍ਹ ਕੇ ਗੁਰਮੁਖੇ ਦਰਸ਼ਨ ਲੈਣਾ ਪਾਈਆ । ਜੇ ਐਵੇਂ ਖ਼ਾਲੀ ਟੇਕੀ ਜਾਓ ਮੱਥ, ਮੱਥੇ ਟੇਕਿਆਂ ਹੱਥ ਕੁਛ ਨਾ ਆਈਆ । ਜਿੰਨਾ ਚਿਰ ਤੁਹਾਡੇ ਅੰਦਰ ਨਾਨਕ ਗੋਬਿੰਦ ਨਾਮ ਨਾ ਜਾਏ ਵਸ, ਵਾਸਤਾ ਜਗਤ ਨਾਲੋਂ ਤੁੜਾਈਆ । ਓਨਾਂ ਚਿਰ ਖੁਲ੍ਹੇ ਨਾ ਅੰਦਰੋਂ ਅੱਖ, ਨਿਜ ਨੇਤਰ ਨਾ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਦੇ ਕੇ ਗਿਆ ਵਰ, ਗੁਰਬਾਣੀ ਬਿਨਾ ਗੁਰ ਸ਼ਬਦ ਬਿਨਾ ਗੁਰ ਧਾਰ ਬਿਨਾ ਗੁਰ ਪਿਆਰ ਬਿਨਾ ਪੁਰਖ ਅਕਾਲ ਨਜ਼ਰ ਕਿਸੇ ਨਾ ਆਈਆ । ਨਾਨਕ ਕਿਹਾ ਪੜ੍ਹ ਪੜ੍ਹ ਥੱਕਾ ਜਗਤ, ਜਗਤ ਵਿਚ ਦੁਹਾਈਆ । ਬਿਨਾ ਪ੍ਰਭੂ ਪਿਆਰ ਤੋਂ ਬਣਿਆ ਕੋਇ ਨਾ ਭਗਤ, ਭਗਵਨ ਮਿਲਣ ਕੋਇ ਨਾ ਆਈਆ । ਗੁਰੂ ਗ੍ਰੰਥ ਦੀ ਬਾਣੀ ਸਤਿਗੁਰ ਦੀ ਧਾਰ ਸ਼ਕਤ, ਸ਼ਖ਼ਸ਼ੀਅਤ ਸਭ ਨੂੰ ਦਏ ਵਖਾਈਆ । ਜੋ ਗੋਬਿੰਦ ਨੇ ਲਿਖਿਆ ਪੁਰਖ ਅਕਾਲ ਨੇ ਆਉਣਾ ਜੋਤੀ ਜਾਮਾ ਪਾਉਣਾ ਸ਼ਬਦੀ ਧਾਰ ਉਪਜਾਉਣਾ ਉਸੇ ਦੇ ਕੋਲ ਵਕਤ, ਬਾਕੀ ਸਮਝ ਕਿਸੇ ਨਾ ਆਈਆ । ਭਾਵੇਂ ਕਿੰਨੇ ਸੰਤ ਮਹਾਤਮਾ ਮੁਨੀਸ਼ਰ ਤਪੀਸ਼ਰ ਰਿਖੀਸ਼ਰ ਸੂਫ਼ੀ ਸੰਤ ਇਕੱਠੇ ਕਰ ਲਉ ਉਤੇ ਧਰਤ, ਧੌਲ ਧਵਲ ਦੇ ਮਾਲਕ ਦਾ ਭੇਵ ਸਕੇ ਨਾ ਕੋਇ ਸਮਝਾਈਆ । ਜਿਸ ਦਾ ਖੇਲ ਫ਼ਰਸ਼ ਅਰਸ਼, ਉਹ ਜਾਣੇ ਆਪਣੀ ਤਰਾ ਤਰਜ਼, ਕਿਸ ਵੇਲੇ ਆਪਣੇ ਹੁਕਮ ਦੇ ਹੁਕਮ ਨੂੰ ਦੇਵੇ ਵਰਜ, ਕਿਸ ਵੇਲੇ ਆਪਣਾ ਪਿਛਲਾ ਪੂਰਾ ਕਰੇ ਫਰਜ਼, ਅਗਲਾ ਮਾਰਗ ਲਏ ਉਪਜਾਈਆ । ਏਸ ਖੇਲ ਦੀ ਉਸ ਗੋਬਿੰਦ ਨੂੰ ਗ਼ਰਜ਼, ਜਿਹੜਾ ਦੀਨ ਦੁਨੀ ਤੋਂ ਬਾਹਰ ਡੇਰਾ ਲਾਈਆ । ਜਿਸ ਨੇ ਗ਼ਰੀਬ ਨਿਮਾਣਿਆਂ ਵੰਡਣਾ ਦਰਦ, ਦੁਖੀਆਂ ਹੋਣਾ ਆਪ ਸਹਾਈਆ । ਸ਼ਰਅ ਛੁਰੀ ਮੇਟੇ ਕਰਦ, ਕਤਲਗਾਹ ਦਾ ਲੇਖਾ ਦਏ ਚੁਕਾਈਆ । ਗੋਬਿੰਦ ਨੇ ਪੁਰਖ ਅਕਾਲ ਅੱਗੇ ਕੀਤੀ ਅਰਜ਼, ਬੇਨੰਤੀ ਕਰ ਕੇ ਦਿਤੀ ਸੁਣਾਈਆ । ਤੇਰੇ ਕੋਲ ਆਦਿ ਜੁਗਾਦਿ ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰਾਂ ਦੀ ਫ਼ਰਦ ਲਹਿਣਾ ਦੇਣਾ ਸਭ ਦਾ ਦੇਣਾ ਥਾਉਂ ਥਾਈਆ । ਪ੍ਰਭ ਨੂੰ ਆਪਣਾ ਨਾਮ ਬਦਲਦਿਆਂ ਆਪਣਾ ਰਾਜ ਬਦਲਦਿਆਂ ਆਪਣਾ ਸਮਾਜ ਬਦਲਦਿਆਂ ਕਦੇ ਨਾ ਹੋਵੇ ਕੁਛ ਹਰਜ, ਕਿਉਂ ਚੁਰਾਸੀ ਦਾ ਮਾਲਕ ਖ਼ਲਕ ਦਾ ਖ਼ਾਲਕ ਆਪਣਾ ਹੁਕਮ ਵਰਤਾਈਆ । ਉਹ ਵੇਖਣਹਾਰਾ ਕਲਜੁਗ ਅੰਧੇਰਾ ਗਰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰਾਹ ਇਕ ਵਖਾਈਆ । ਗੋਬਿੰਦ ਕਿਹਾ ਗੁਰੂ ਗ੍ਰੰਥ ਮੰਨਣਾ ਇਕ, ਸਿਖਿਆ ਗਿਆ ਸਮਝਾਈਆ । ਜੇ ਗੁਰੂ ਗ੍ਰੰਥ ਮੰਨੋਗੇ ਤੇ ਪੁਰਖ ਅਕਾਲ ਸਮਝੋਗੇ ਇਕ, ਜੋ ਸਭ ਦਾ ਪਿਤਾ ਮਾਈਆ । ਜਿਸ ਦੇ ਵਿਚ ਚਾਰ ਜੁਗ ਦੇ ਸ਼ਾਸਤਰ ਰਹੇ ਦਿਸ, ਸਿਫ਼ਤਾਂ ਵਾਲੇ ਸਿਫ਼ਤੀ ਢੋਲੇ ਗਾਈਆ । ਇਹ ਵੀ ਮੇਰੇ ਨਾਮ ਦਾ ਹਿਸ, ਹਿੱਸਾ ਜਗਤ ਵਿਚ ਰਖਾਈਆ । ਸ਼ਬਦ ਗੁਰੂ ਕਦੇ ਨਾ ਦੇਵੇ ਪਿਠ, ਪਾਸਾ ਸਕੇ

ਨਾ ਕੋਇ ਮਾਤ ਬਦਲਾਈਆ । ਜੇ ਲੱਭਣਾ ਤੇ ਲੱਭਣਾ ਵਿਚੋਂ ਸਵਾ ਗਿਠ, ਲੰਮਾ ਪੰਧ ਨਾ ਕੋਇ ਰਖਾਈਆ । ਨਾਲੇ ਅਗੰਮੀ ਲਿਖ ਕੇ ਗਿਆ ਚਿਟ, ਚਿੱਟੀ ਧਾਰ ਨਾਲ ਵਡਿਆਈਆ । ਦੁਨੀਆ ਪੂਜਣੇ ਪੱਥਰ ਇੱਟ, ਗ੍ਰੰਥਾਂ ਵਡ ਵਡਿਆਈਆ । ਮੈਨੂੰ ਉਹ ਮਿਲੇ ਜਿਹੜਾ ਮੇਰਾ ਪੂਰਾ ਹੋਵੇ ਸਿਖ, ਸਿਖਿਆ ਸਿਖੀ ਵਿਚ ਰਖਾਈਆ । ਮੇਰੇ ਪੁਰਖ ਅਕਾਲ ਦੀਨ ਦਿਆਲ ਨੇ ਵੇਖ ਲੈਣਾ ਸਾਡਾ ਭਵਿਖ, ਜੋ ਭਵਿਖਤਾਂ ਵਿਚ ਉਸ ਦਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰਾਹ ਇਕ ਦਰਸਾਈਆ । ਗੁਰੂ ਗ੍ਰੰਥ ਕਹੇ ਮੈਂ ਕਰਦਾ ਸਿਫ਼ਤ ਸਲਾਹ, ਗੁਰ ਦਸ ਦਸ ਵਡਿਆਈਆ । ਮੇਰੇ ਵਿਚੋਂ ਤਕਣਾ ਤੇ ਲੱਭੋ ਇਕ ਮਲਾਹ, ਖੇਵਟ ਖੇਟਾ ਨਜ਼ਰੀ ਆਈਆ । ਜਿਸ ਦਾ ਪੁਰਖ ਅਕਾਲਾ ਨਾਂ, ਨਾਉਂ ਨਿਰੰਕਾਰਾ ਕਰ ਕੇ ਸਾਰੇ ਗਾਈਆ । ਜੋ ਵਸੇ ਹਰ ਘਟ ਥਾਂ, ਦੋ ਜਹਾਨਾਂ ਸੋਭਾ ਪਾਈਆ । ਤਿਸ ਦੇ ਬਲ ਬਲਹਾਰੀ ਜਾਂ, ਜੋ ਜਾਨਸ਼ੀਨ ਅਵਤਾਰ ਪੈਗ਼ੰਬਰ ਗੁਰ ਆਪਣੇ ਲਏ ਬਦਲਾਈਆ । ਉਸ ਨੇ ਅਗਲਾ ਜੁਗ ਕਰਨਾ ਰਵਾਂ, ਰਵਾਨਗੀ ਸਭ ਦੇ ਹੱਥ ਫੜਾਈਆ । ਉਹ ਚੌਧਵੀਂ ਸਦੀ ਦਾ ਅੰਤਮ ਸਮਾਂ, ਵਕਤ ਸੁਹੰਜਣਾ ਦਏ ਸੁਹਾਈਆ । ਸਭ ਨੇ ਵੇਖਣਾ ਨਾਲ ਚਵਾਂ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਬਾਰਾਂ ਸਾਲ ਬਾਕੀ ਜਿਸ ਨੇ ਬਦਲਣੀ ਪਵਣ ਹਵਾ, ਆਦਮ ਹੱਵਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲ੍ਹਾਈਆ । ਗੁਰੂ ਗ੍ਰੰਥ ਦੀ ਬਾਣੀ ਨਾਮ ਨਿਧਾਨ, ਕਲਜੁਗ ਕਰੇ ਰੁਸ਼ਨਾਈਆ । ਅਗਲਾ ਹੁਕਮ ਸ੍ਰੀ ਭਗਵਾਨ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਗੁਰ ਕਰਨ ਪਰਵਾਨ, ਸਿਰ ਸਕੇ ਨਾ ਕੋਇ ਉਠਾਈਆ । ਦਰਗਾਹ ਸਾਚੀ ਬੈਠੇ ਬਾਲ ਅੰਞਾਣ, ਆਪਣੀ ਆਪ ਨਾ ਲਏ ਕੋਇ ਅੰਗੜਾਈਆ । ਤੇਰਾ ਖੇਲ ਨੌਜਵਾਨ, ਮਰਦ ਮਰਦਾਨੇ ਸੋਭਾ ਪਾਈਆ । ਅਸੀਂ ਚਾਹੁੰਦੇ ਕਲਜੁਗ ਅੰਤ ਸਭ ਦਾ ਬਦਲ ਦੇ ਵਿਧਾਨ, ਵਾਧਾ ਆਪਣਾ ਨਾ ਕੋਇ ਘੜਾਈਆ । ਅਸੀਂ ਸੁਣਨ ਵਾਲੇ ਤੇਰਾ ਫ਼ਰਮਾਨ, ਸੰਦੇਸ਼ੇ ਕਲਮੇ ਨਾਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਸੁਹਾਈਆ । ਅਗਲਾ ਮਾਰਗ ਹੋ ਗਿਆ ਤਿਆਰ ਤੇ ਭਗਤਾਂ ਅੰਦਰ ਗਿਆ ਲੱਗ, ਲਗ ਮਾਤਰ ਦਾ ਲੇਖਾ ਰਿਹਾ ਨਾ ਰਾਈਆ । ਓਹ ਛਡ ਗਏ ਪਿਛਲੀ ਰੀਤੀ ਜਗ, ਜਾਗਰਤ ਜੋਤ ਵਿਚ ਸਮਾਈਆ । ਭੁੱਲ ਗਿਆ ਕਾਅਬੇ ਵਾਲਾ ਹੱਜ, ਮੰਦਰ ਮਸੀਤ ਸ਼ਿਵਦਵਾਲੇ ਮੱਠ ਨਾ ਅੱਖ ਉਠਾਈਆ । ਇਕੋ ਨੂਰ ਵੇਖ ਸੂਰੇ ਸਰਬਗ, ਸੀਸ ਜਗਦੀਸ ਦਿਤਾ ਨਿਵਾਈਆ । ਦੀਨ ਮਜ਼੍ਹਬ ਦੀ ਟੱਪ ਕੇ ਹੱਦ, ਹਦੂਦ ਇਕੋ ਵੇਖ ਵਖਾਈਆ । ਜਿਥੇ ਸ਼ਬਦ ਅਨਾਦੀ ਵੱਜੇ ਨਦ, ਅਨਰਾਗੀ ਰਾਗ ਸੁਣਾਈਆ । ਦੀਪਕ ਜੋਤ ਰਿਹਾ ਜਗ, ਜੋਤੀ ਜਾਤਾ ਕਰੇ ਰੁਸ਼ਨਾਈਆ । ਅਗੰਮਾ ਡੰਕ ਰਿਹਾ ਵੱਜ, ਤੂੰ ਮੇਰਾ ਮੈਂ ਤੇਰਾ ਰਿਹਾ ਸਮਝਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਸ਼ਬਦੀ ਧਾਰ ਦਰਸ ਦੇਵੇ ਰੱਜ ਰੱਜ, ਗ੍ਰਿਹਿ ਮੰਦਰ ਪੜਦਾ ਆਪ ਉਠਾਈਆ । ਉਹ ਭਗਤ ਸੁਹੇਲੇ ਪਿਛਲੀ ਰੀਤੀ ਗਏ ਤਜ, ਤਜ਼ਕਰਾ ਭਗਤਾਂ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਪੁਰਖ ਅਕਾਲ ਦਾ ਸ਼ਬਦੀ ਸਮਾਜ, ਸਮਝ ਸ਼ਬਦ ਰਿਹਾ ਦ੍ਰਿੜਾਈਆ । ਸਤਿ ਧਰਮ ਦਾ ਸਤਿ ਰਿਵਾਜ਼, ਸਤਿ ਸਚ ਵਿਚੋਂ ਪਰਗਟਾਈਆ । ਇਹ ਕਰਕੇ ਧੁਰ ਦਾ ਕਾਜ, ਕਰਨੀ ਕਰਤਾ ਦਏ ਵਖਾਈਆ । ਤੁਹਾਡੇ ਸਾਹਮਣੇ ਵੇਖੋ ਸਾਰੇ

ਗਾਉਂਦੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਿਸ ਦਾ ਲਹਿਣਾ ਆਦਿ ਜੁਗਾਦਿ, ਜੁਗ ਚੌਕੜੀ ਕਾਰ ਕਮਾਈਆ । ਏਸੇ ਧਾਰ ਨੂੰ ਨਿਰਗੁਣ ਨਿਰਗੁਣ ਮਾਰ ਕੇ ਗਏ ਆਵਾਜ਼, ਅਗੰਮ ਅਗੰਮੜੀ ਆਹ ਸੁਣਾਈਆ । ਸੋ ਦੇਵਣਹਾਰਾ ਦਾਤ, ਦਾਤਾ ਦਾਨੀ ਦਇਆ ਕਮਾਈਆ । ਜਿਸ ਨੇ ਕਲਜੁਗ ਮੇਟਣੀ ਅੰਧੇਰੀ ਰਾਤ, ਸਤਿਜੁਗ ਸਚ ਚੰਦ ਚਮਕਾਈਆ । ਇਹ ਪ੍ਰਭੂ ਦਾ ਖੇਲ ਤਮਾਸ਼, ਗੋਬਿੰਦ ਸਭ ਨੂੰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਵਖਾਏ ਆਪਣੀ ਮੰਡਲ ਰਾਸ, ਗੋਪੀ ਕਾਹਨ ਆਪਣੀ ਖੇਲ ਕਰਾਈਆ । ਸਤਿਜੁਗ ਦਾ ਸਤਿ ਵਤੀਰਾ, ਵਿਤਕਰਾ ਨਜ਼ਰ ਕੋਇ ਨਾ ਆਈਆ । ਖੇਲ ਖਿਲਾਏ ਵਡ ਪੀਰਨ ਪੀਰਾ, ਪਾਰਬ੍ਰਹਮ ਪਤਿਪਰਮੇਸ਼ਵਰ ਪ੍ਰਭ ਆਪਣੀ ਦਇਆ ਕਮਾਈਆ । ਜਿਸ ਦਾ ਨੂਰੇ ਨਜ਼ਰ ਬੇਨਜ਼ੀਰਾ, ਜਗਤ ਨੇਤਰ ਨੈਣ ਅੱਖ ਵੇਖ ਨਾ ਕੋਇ ਸਮਝਾਈਆ । ਜਿਸ ਰਵਦਾਸੇ ਨੂੰ ਗੰਗਾ ਦੀ ਧਾਰ ਦਿਤਾ ਕਸੀਰਾ, ਕੁਸ਼ਲ ਦਾ ਮਾਲਕ ਕਿਛ ਆਪਣਾ ਪੜਦਾ ਲਾਹੀਆ । ਜਨ ਭਗਤਾਂ ਨਾਲ ਜਗਤ ਦਾ ਬਦਲ ਦੇਣਾ ਵਰਤੀਰਾ, ਵਾਰਤਾ ਅਗਲੀ ਇਕ ਸਮਝਾਈਆ । ਨਾ ਕੋਈ ਖੜਗ ਫੜੇ ਨਾ ਸ਼ਮਸ਼ੀਰਾ, ਚਿੱਲਾ ਤੀਰ ਕਮੰਦ ਨਾ ਕੋਇ ਉਠਾਈਆ । ਏਕਾ ਸੰਦੇਸ਼ ਦੇਵੇ ਸ਼ਬਦੀ ਸ਼ਬਦ ਗੁਣੀ ਗਹੀਰਾ, ਗਹਿਰ ਗੰਭੀਰ ਭੇਵ ਚੁਕਾਈਆ । ਰਾਤੀਂ ਸੁਤਿਆਂ ਦਿਨੇ ਜਾਗਦਿਆਂ ਅੰਦਰੋਂ ਬਦਲ ਦੇਵੇ ਜ਼ਮੀਰਾ, ਬੁਧ ਬਿਬੇਕ ਕਰਾਈਆ । ਜਿਹੜੀ ਆਸ਼ਾ ਰੱਖ ਕੇ ਗਿਆ ਕਬੀਰਾ, ਕਬਰਾਂ ਤੋਂ ਬਾਹਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਬਾਣੀ ਬੋਧ ਸ਼ਬਦ ਗੁਰ ਧਾਰ ਅੱਖਰਾਂ ਦੇਵਣਹਾਰਾ ਧੀਰਾ, ਧੀਰਜ ਧਰਵਾਸ ਧਰਮ ਦੀ ਧੁਜ ਦਇਆ ਕਮਾਈਆ ।



੮੮
੨੨

ਗੋਬਿੰਦ ਸੇਜ ਕਹੇ ਮੇਰਾ ਰੂਪ ਘਾਸ ਫੂਸ, ਮੈਂ ਫੂਲਨ ਦਿਤੇ ਤਜਾਈਆ । ਅਸੀਂ ਤਿਨਕਾ ਤਿਨਕਾ ਬਣ ਗਏ ਤਾਣਾ ਪੇਟਾ ਸੂਤ, ਸਵੱਛ ਸਰੂਪੀ ਆਪਣਾ ਰੂਪ ਬਦਲਾਈਆ । ਸਾਡੇ ਉਤੇ ਸੁੱਤਾ ਪੁਰਖ ਅਕਾਲ ਦਾ ਸੁੱਤ, ਦੁਲਾਰਾ ਇਕੋ ਨਜ਼ਰੀ ਆਈਆ । ਸਾਡੇ ਗ੍ਰਿਹਿ ਮੌਲੀ ਰੁਤ, ਰੁਤੜੀ ਇਕ ਮਹਿਕਾਈਆ । ਅਸਾਂ ਹੁਣ ਨਹੀਂ ਹੋਣਾ ਚੁਪ, ਵਾਸਤਾ ਦੇਣਾ ਪਾਈਆ । ਕਿਉਂ ਸਾਡੇ ਉਤੇ ਹੋਇਆ ਖ਼ੁਸ਼, ਯਾਰੜਾ ਆਪਣੇ ਨਾਲ ਮਿਲਾਈਆ । ਕਿਧਰੋਂ ਬਦਲ ਕੇ ਆ ਗਿਆ ਰੁਖ਼, ਬਣ ਕੇ ਪਾਂਧੀ ਰਾਹੀਆ । ਤੇਰੇ ਅੰਦਰ ਨਹੀਂ ਕੋਈ ਦੁੱਖ, ਦੁੱਖ ਦਰਦ ਨਾ ਕੋਇ ਜਣਾਈਆ । ਸੇਜ ਕਹੇ ਮੈਂ ਫੇਰ ਵੇਖਿਆ ਉਸ ਨੇ ਤਾ ਦਿਤਾ ਮੁੱਛ, ਹੱਸ ਕੇ ਕਿਹਾ ਮੁਸ਼ਕਲ ਤੁਹਾਡੀ ਦੂਰ ਕਰਾਈਆ । ਜਿਸ ਵੇਲੇ ਮੈਂ ਛਡ ਕੇ ਆਵਾਂ ਕਾਇਆ ਬੁਤ, ਬੁਤਖ਼ਾਨਿਆਂ ਡੇਰਾ ਢਾਹੀਆ । ਨਾਲ ਲੈ ਕੇ ਆਉਣਾ ਅਬਿਨਾਸ਼ੀ ਅਚੁਤ, ਚੇਤਨ ਆਪਣੀ ਧਾਰ ਵਖਾਈਆ । ਤੁਹਾਨੂੰ ਗੋਦੀ ਲਵਾਂ ਚੁੱਕ, ਫੜ ਬਾਹੋਂ ਗਲੇ ਲਗਾਈਆ । ਸਚਖੰਡ ਦਵਾਰੇ ਦੇਵਾਂ ਸੁੱਟ, ਦਰਗਾਹ ਸਾਚੀ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਨਾਲ ਤਰਾਈਆ । ਸੇਜ ਕਹੇ ਮੇਰੇ ਅੰਦਰ ਨਿੱਕੇ ਵਡੇ ਕੰਡੇ, ਆਪਣਾ ਮੁਖ ਭਵਾਈਆ । ਤਿੱਖੀ ਧਾਰ ਦਿਸਦੇ ਦੰਦੇ, ਅੱਗੇ ਹੋ ਨਾ ਕਦੇ ਬਦਲਾਈਆ । ਸਾਰੇ ਕਹਿਣ ਸਾਡੇ ਭਾਗ ਚੰਗੇ, ਸਾਡੇ ਉਤੇ ਸੁੱਤਾ ਧੁਰ ਦਾ ਮਾਹੀਆ । ਜਿਸ ਦੇ ਖ਼ੂਨ

ਨਾਲ ਅਸਾਂ ਜਾਣਾ ਰੰਗੇ, ਰੰਗ ਅਗੰਮੜਾ ਦਏ ਚੜ੍ਹਾਈਆ । ਸਾਨੂੰ ਲੈ ਜਾਣਾ ਓਸ ਡੰਡੇ, ਪੱਤਨ ਆਪਣੇ ਲਏ ਬਹਾਈਆ । ਜਿਥੇ ਲੇਖੇ ਲਗਦੇ ਮੰਦੇ, ਪਤਤਾਂ ਹੋਏ ਸਹਾਈਆ । ਸਾਡੇ ਨੈਣ ਰਹਿਣ ਨਾ ਅੰਧੇ, ਗੋਬਿੰਦ ਤਕੀਏ ਚਾਈਂ ਚਾਈਂਆ । ਸਾਨੂੰ ਪ੍ਰਕਾਸ਼ ਭੁੱਲ ਗਏ ਸੂਰੀਆ ਚੰਦੇ, ਨੂਰ ਨੁਰਾਨਾ ਸੋਭਾ ਪਾਈਆ । ਅਸੀਂ ਓਹ ਮੰਜ਼ਲ ਲੰਘੇ, ਜਿਸ ਨੂੰ ਪੜ੍ਹਨ ਸੁਣਨ ਵਾਲਾ ਪਾਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਸੇਜ ਕਹੇ ਮੈਂ ਬੇਨੰਤੀ ਕੀਤੀ ਇਕ, ਨਿਮਰਤਾ ਵਿਚ ਸੁਣਾਈਆ । ਗੋਬਿੰਦ ਕੁਛ ਲੇਖਾ ਦੇ ਲਿਖ, ਹਿੱਸਾ ਸਾਡੇ ਨਾਲ ਪਾਈਆ । ਕੌਣ ਅੰਦਰ ਵੜਿਆ ਤੇਰੇ ਵਿਚ, ਜੋ ਸਾਨੂੰ ਕਰੇ ਰੁਸ਼ਨਾਈਆ । ਗੋਬਿੰਦ ਕਿਹਾ ਮੇਰਾ ਪਿਤ, ਪੁਰਖ ਅਕਾਲਾ ਬੇਪਰਵਾਹੀਆ । ਜੋ ਸਾਚਾ ਕਰੇ ਹਿਤ, ਨਿਤ ਨਵਿਤ ਦਇਆ ਕਮਾਈਆ । ਜਿਸ ਨੂੰ ਲੱਭਦੇ ਕੋਟਨ ਕਿਤ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹ ਪੜ੍ਹ ਧਿਆਨ ਲਗਾਈਆ । ਉਹ ਕਿਸੇ ਨਾ ਪਏ ਦਿਸ, ਪੂਜਾ ਵਾਲੇ ਰਹੇ ਕੁਰਲਾਈਆ । ਓਹ ਕਮਲੀਏ ਸੇਜਾ, ਜੇ ਸਤਿਗੁਰ ਸਾਖਿਆਤ ਮਿਲ ਜਾਏ ਉਹ ਸਭ ਲਹਿਣੇ ਦੇਣੇ ਦਏ ਨਜਿਠ, ਮਿਹਰ ਨਿਗਾਹ ਇਕ ਉਠਾਈਆ । ਮੈਂ ਤੁਹਾਡੇ ਉਤੇ ਗਿਆ ਲਿਟ, ਏਸ ਦੇ ਬਦਲੇ ਤੁਹਾਨੂੰ ਸਚਖੰਡ ਦਿਆਂ ਪਹੁੰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮੇਲਾ ਆਪ ਕਰਾਈਆ । ਸੇਜ ਕਹੇ ਤੇਰਾ ਨਾਮ ਚੰਗਾ ਕਿ ਦਰਸ, ਸਚ ਦੇ ਸਮਝਾਈਆ । ਗੋਬਿੰਦ ਕਿਹਾ ਮੈਨੂੰ ਮਿਲ ਕੇ ਮਿਟਦੀ ਹਰਸ, ਹਵਸ ਰਹੇ ਨਾ ਰਾਈਆ । ਮੈਂ ਜਿਸ ਉਤੇ ਚਾਹਵਾਂ ਕਰ ਦੇਵਾਂ ਤਰਸ, ਪਾਪੀਆਂ ਪਾਰ ਕਰਾਈਆ । ਨਾਮ ਜਪਣ ਵਾਲੇ ਪਤਾ ਨਹੀਂ ਕਿੰਨਾ ਚਿਰ ਰਹਿਣਗੇ ਤੜਪ, ਸਤਿਗੁਰ ਨਜ਼ਰ ਕਦੇ ਨਾ ਆਈਆ । ਨਾਮ ਜਪਣ ਵਾਲੇ ਵੇਖਦੇ ਰਹਿੰਦੇ ਵਕਤ, ਦਰਸ ਕਰਨ ਵਾਲੇ ਦਰਸ ਕਰ ਕੇ ਆਪਣਾ ਆਪ ਪਾਰ ਕਰਾਈਆ । ਏਹੋ ਨਾਮ ਦਾ ਤੇ ਮੇਰੇ ਮਿਲਣ ਦਾ ਫ਼ਰਕ, ਫ਼ਿਕਰੇ ਇਕੋ ਵਿਚ ਸਮਝਾਈਆ । ਸਾਖਿਆਤ ਸਤਿਗੁਰੂ ਛਿੰਨ ਵਿਚ ਚੜ੍ਹਾ ਦਏ ਫ਼ਰਸ਼ ਦੇ ਉਤੋਂ ਅਰਸ਼, ਅਰਸ਼ ਤੋਂ ਫ਼ਰਸ਼ ਇਹ ਮੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਾਹਵਾ ਆਪਣਾ ਸੰਗ ਬਣਾਈਆ । ਸੇਜ ਕਿਹਾ ਗੋਬਿੰਦ ਕੀ ਚੰਗਾ ਤੈਨੂੰ ਗਾਉਣਾ, ਸਿਫ਼ਤਾਂ ਰਾਗ ਅਲਾਈਆ । ਕਿ ਚੰਗਾ ਦਰਸ਼ਨ ਪਾਉਣਾ, ਨਿਉਂ ਕੇ ਸੀਸ ਨਿਵਾਈਆ । ਗੋਬਿੰਦ ਕਿਹਾ ਮੈਂ ਓਸ ਨੂੰ ਅੰਗ ਲਗਾਉਣਾ, ਜਿਸ ਦਾ ਮੇਲਾ ਨਾਲ ਧੁਰਦਰਗਾਹੀਆ । ਜਿਨ੍ਹਾਂ ਨੂੰ ਅਜੇ ਵਿਛੋੜੇ ਵਿਚ ਰਖਾਉਣਾ, ਉਨ੍ਹਾਂ ਨੂੰ ਨਾਮ ਭਗਤੀ ਵਿਚ ਲਗਾਈਆ । ਕਿਸੇ ਨੂੰ ਵੇਦ ਪੁਰਾਨ ਸ਼ਾਸਤਰ, ਕਿਸੇ ਨੂੰ ਅੰਜੀਲ ਕੁਰਾਨ ਕਲਮੇ, ਕਿਸੇ ਨੂੰ ਗੀਤਾ ਗਿਆਨ, ਕਿਸੇ ਨੂੰ ਗੁਰੂ ਗ੍ਰੰਥ ਪੜ੍ਹਾਉਣਾ, ਭਗਤਾਂ ਗੁਰਮੁਖਾਂ ਨੂੰ ਅੰਦਰ ਵੜ ਕੇ ਆਪਣਾ ਦਰਸ ਵਖਾਈਆ । ਕਾਗ਼ਜ਼ ਕਲਮ ਸ਼ਾਹੀ ਵਾਲਾ ਲੇਖ ਨਹੀਂ ਹੱਥ ਫੜਾਉਣਾ, ਫੜ ਬਾਹੋਂ ਪਾਰ ਕਰਾਉਣਾ, ਮੰਜ਼ਲ ਸਾਚੀ ਆਪ ਚੜ੍ਹਾਉਣਾ, ਸਚਖੰਡ ਦਵਾਰ ਵਸਾਉਣਾ, ਜਿਥੇ ਮੇਰਾ ਜੋਤ ਨੂਰ ਡਗਮਗਾਈਆ । ਸਚ ਪੁਛੇਂ ਸੇਜਾ, ਮੇਰੇ ਤੋਂ ਬਾਦ ਫੇਰ ਪੁਰਖ ਅਕਾਲ ਆਉਣਾ, ਤੱਤਾਂ ਵਾਲਾ ਗੁਰੂ ਨਹੀਂ ਕਿਸੇ ਮਨਾਉਣਾ, ਜਿਸ ਨੇ ਸ਼ਬਦ ਗੁਰੂ ਉਪਜਾਉਣਾ, ਚਾਰ ਜੁਗ ਦਿਆਂ ਭਗਤਾਂ ਆਪ ਉਠਾਉਣਾ, ਸਾਚਾ ਮਾਰਗ ਇਕ ਦਰਸਾਉਣਾ, ਬਿਨਾ ਭਗਤੀ ਤੋਂ ਭਗਵਨ ਆਪੇ ਪਾਰ ਕਰਾਈਆ । ਗੋਬਿੰਦ ਨੇ ਕਿਹਾ ਮੈਂ ਆਪਣੇ ਗੁਰਸਿਖ ਨੂੰ ਕਿਸੇ ਮਕਤਬ ਵਿਚ ਪੜ੍ਹਨੇ ਨਹੀਂ ਪਾਉਣਾ, ਵਿਦਿਆਰਥੀਆਂ ਵਾਲਾ ਰੂਪ ਨਹੀਂ ਦਰਸਾਉਣਾ,

ਓ ਅ ੲ ਸ ਹ ਵਾਲਾ ਟੱਬਰ ਨਹੀਂ ਕੋਈ ਬਣਾਉਣਾ, ਅਲਿਫ਼ ਯੇ ਪੇ ਵਾਲਾ ਲੇਖਾ ਨਹੀਂ ਕੋਈ ਲਿਖਾਉਣਾ, ਕਲਮ ਸ਼ਾਹੀ ਨਾਲ ਪੱਟੀ ਵਾਲਾ ਪਟਾ ਨਹੀਂ ਕੋਈ ਦ੍ਰਿੜਾਉਣਾ, ਜਿਸ ਵੱਲ ਮਿਹਰ ਕੀਤੀ ਉਸ ਨੂੰ ਪਾਰ ਕਰਾਉਣਾ, ਇਹ ਗੋਬਿੰਦ ਦੀ ਬੇਪਰਵਾਹੀਆ । ਮੇਰੇ ਪਿਛੋਂ ਕਿਸੇ ਪੜ੍ਹਨਾ ਤੇ ਕਿਸੇ ਸੁਨਾਉਣਾ, ਕਿਸੇ ਹੱਸਣਾ ਤੇ ਕਿਸੇ ਗਾਉਣਾ, ਸਚ ਪੁਛੇਂ ਗੋਬਿੰਦ ਹੱਥ ਕਿਸੇ ਨਹੀਂ ਆਉਣਾ, ਮਾਛੂਵਾੜੇ ਦੀ ਸੇਜ ਦਏ ਗਵਾਹੀਆ । ਸਦੀ ਚੌਧਵੀਂ ਅੰਤ ਮੇਰਿਆਂ ਸਿੱਖਾਂ ਮੈਨੂੰ ਭੁੱਲ ਕੇ ਮਾਤਲੋਕ ਵਿਚ ਪਛਤਾਉਣਾ, ਪਸ਼ਚਾਤਾਪ ਵਿਚ ਹਾਹਾਕਾਰ ਹੋਏ ਥਾਉਂ ਥਾਈਂਆ । ਗੋਬਿੰਦ ਕਿਹਾ ਅੰਤ ਅਖ਼ੀਰ ਪੂਰੇ ਪੰਥ ਵਿਚੋਂ ਇਕ ਸੌ ਯਾਰਾਂ ਸਿੱਖਾਂ ਨੇ ਗੁਰੂ ਗ੍ਰੰਥ ਦਾ ਭੇਵ ਪਾਉਣਾ, ਬਾਕੀ ਸਮਝ ਕਿਸੇ ਨਾ ਆਈਆ । ਐਵੇਂ ਜੰਮੇ ਤੇ ਜੰਮ ਕੇ ਮਰੇ ਚੁਰਾਸੀ ਵਿਚ ਭਵਾਉਣਾ, ਚਾਰੇ ਖਾਣੀ ਉਤਭੁਜ ਸੇਤਜ ਅੰਡਜ ਜੇਰਜ ਵੰਡ ਵੰਡਾਈਆ । ਗੁਰੂ ਗ੍ਰੰਥ ਨੂੰ ਮੰਨਣਾ ਤੇ ਪੁਰਖ ਅਕਾਲ ਨੂੰ ਮਨਾਉਣਾ, ਇਹ ਗੋਬਿੰਦ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਨੂਰ ਜੋਤ ਜੋਤ ਚਮਕਾਉਣਾ, ।

### ੨੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਪ੍ਰੀਤਮ ਸਿੰਘ ਦੇ ਗ੍ਰਿਹਿ ਪਿੰਡ ਕੱਲਾ



ਵਿਸ਼ਨੂੰ ਕਹੇ ਪ੍ਰਭ ਨੇ ਗੋਬਿੰਦ ਪਿੱਠ ਲਗਾਈ ਥਪਕੀ, ਸੇਜ ਸੁੰਹਜਣੀ ਉਤੇ ਦਿਤੀ ਵਡਿਆਈਆ । ਗੋਬਿੰਦ ਤੇਰੀ ਖੇਲ ਪੂਰੀ ਹੋਈ ਜਪ ਦੀ, ਅੱਗੇ ਜਾਪ ਕਰਨ ਦੀ ਲੋੜ ਰਹੇ ਨਾ ਰਾਈਆ । ਤੇਰੀ ਆਸਾ ਪੁੰਨੀ ਤਪ ਕੀ, ਤਪਾਂ ਦਾ ਲਹਿਣਾ ਦਿਤਾ ਚੁਕਾਈਆ । ਵਿਸ਼ਨੂੰ ਕਹੇ ਮੈਨੂੰ ਸੇਜ ਭੁੱਲ ਗਈ ਬਾਸ਼ਕ ਸੱਪ ਦੀ, ਸਾਂਗੋ ਪਾਂਗ ਨਜ਼ਰ ਕੋਇ ਨਾ ਆਈਆ । ਏਨੇ ਚਿਰ ਨੂੰ ਗੋਬਿੰਦ ਧਾਰ ਬ੍ਰਹਿਮੰਡਾਂ ਖੰਡਾਂ ਟੱਪ ਗਈ, ਪੁਰੀਆਂ ਲੋਆਂ ਬਾਹਰ ਸੋਭਾ ਪਾਈਆ । ਇਕ ਮੰਗ ਮੰਗੀ ਦੀਨ ਦੁਨੀ ਦੇ ਹੱਕ ਲਈ, ਹਕੀਕਤ ਪ੍ਰਭ ਨੂੰ ਦਿਤੀ ਜਣਾਈਆ । ਮੈਂ ਪਰਗਟ ਹੋਵਾਂ ਗ਼ਰੀਬ ਨਿਮਾਣਿਆਂ ਦੀ ਰਤ ਲਈ, ਗੁਰਮੁਖ ਸੰਤ ਅਮੋਲਕ ਹੀਰੇ ਲਵਾਂ ਪਰਗਟਾਈਆ । ਮੇਰੀ ਖੇਲ ਹੋਵੇ ਧੀਰਜ ਜਤ ਲਈ, ਸਾਂਤਕ ਸਤਿ ਦਿਆਂ ਵਰਤਾਈਆ । ਮੇਰੀ ਵਿਦਿਆ ਹੋਵੇ ਬ੍ਰਹਮ ਮਤ ਲਈ, ਪਾਰਬ੍ਰਹਮ ਤੇਰਾ ਪੜਦਾ ਲਾਹੀਆ । ਮੇਰੀ ਸ਼ਬਦ ਧਾਰ ਹੋਵੇ ਦੀਨ ਮਜ਼੍ਹਬ ਦੀ ਵੱਟ ਲਈ, ਕੂੜੀ ਕਿਰਿਆ ਡੇਰਾ ਢਾਹੀਆ । ਮੇਰੀ ਵਸਤ ਹੋਵੇ ਚਾਰ ਵਰਨ ਦੇ ਹੱਟ ਲਈ, ਚਾਰ ਕੁੰਟ ਸਚ ਵਰਤਾਈਆ । ਮੇਰੀ ਜੋਤ ਸ਼ਬਦੀ ਧਾਰ ਹੋਵੇ ਇਕ ਜੱਟ ਲਈ, ਜਟਾ ਜੂਟ ਦਾ ਲੇਖਾ ਦਿਆਂ ਮੁਕਾਈਆ । ਮੇਰੀ ਖੇਲ ਹੋਵੇ ਤੇਰੇ ਸਵਾਂਗੀ ਨਟ ਲਈ, ਦੂਸਰ ਸਮਝ ਕੋਇ ਨਾ ਪਾਈਆ । ਮੇਰੀ ਧਾਰ ਆਵੇ ਤੇਰੇ ਪੁਰਖ ਸਮਰਥ ਲਈ, ਸਮਰਥ ਤੇਰਾ ਸੰਗ ਰਖਾਈਆ । ਮੇਰੀ ਨਿਗਾਹ ਹੋਵੇ ਗੁਰਸਿਖਾਂ ਦੀ ਨਿਜ ਅੱਖ ਲਈ, ਨਿਜ ਨੇਤਰ ਨੈਣ ਖੁਲ੍ਹਾਈਆ । ਪੁਰਖ ਅਕਾਲ ਮੇਰੀ ਲਜਿਆ ਰੱਖ ਲਈਂ, ਰੱਖਕ ਹੋ ਕੇ ਵੇਖ ਵਖਾਈਆ । ਅਗਲਾ ਮਾਰਗ ਅਗੰਮ ਦੱਸ ਦਈਂ, ਦਹਿ ਦਿਸ਼ਾ ਆਪ ਜਣਾਈਆ । ਹਰਿ ਹਿਰਦੇ ਅੰਦਰ ਵਸ ਜਾਈਂ, ਵਾਸਤਾ ਆਪਣੇ ਨਾਲ ਜੁੜਾਈਆ । ਕਲਜੁਗ ਕੂੜੀ ਕਿਰਿਆ ਮਥ ਦਈਂ, ਮਸਲਾ ਪਿਛਲਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਵਿਸ਼ਨੂੰ ਕਹੇ ਪ੍ਰਭੂ ਨੇ ਖ਼ੁਸ਼ੀ

੯੦ ੨੨

ਨਾਲ ਗੋਬਿੰਦ ਛਾਤੀ ਲਾਇਆ ਮੁੱਕਾ, ਮੁਕੰਮਲ ਦਿਤਾ ਜਣਾਈਆ । ਮੇਰੇ ਸ਼ਬਦੀ ਗੋਬਿੰਦ ਸੁੱਤਾ, ਪੁਤ ਪੁੱਤਰ ਦਿਆਂ ਵਡਿਆਈਆ । ਆਹ ਵੇਖ ਤੇਈ ਅਵਤਾਰ ਪੈਗ਼ੰਬਰਾਂ ਦਾ ਰੁੱਕਾ, ਈਸਾ ਮੂਸਾ ਨਾਲ ਰਲਾਈਆ । ਕਲਜੁਗ ਅੰਤਮ ਤੂੰ ਸਭ ਦਾ ਭੰਨਣਾ ਹੁੱਕਾ, ਹੁਕਮ ਮੇਰਾ ਚਲੇ ਬੇਪਰਵਾਹੀਆ । ਸਭ ਦਾ ਉਜਲ ਕਰਨਾ ਮੁਖਾ, ਦੁਰਮਤ ਮੈਲ ਧਵਾਈਆ । ਧਰਮ ਦਾ ਗਾਨਾ ਬੰਨਣਾ ਗੁਟਾ, ਚਾਰ ਵਰਨ ਸਗਨ ਮਨਾਈਆ । ਗੁਰਸਿਖ ਪਿਛਲਾ ਮਨਾਉਣਾ ਰੁੱਠਾ, ਸਿਰ ਆਪਣਾ ਹੱਥ ਰਖਾਈਆ । ਦੀਨ ਮਜ਼੍ਹਬ ਕਰਨਾ ਇਕ ਮੁੱਠਾ, ਹਿੰਦੂ ਮੁਸਲਿਮ ਸਿੱਖ ਨਾ ਕਰੇ ਲੜਾਈਆ । ਸੋ ਮੇਲਣਾ ਜੋ ਮੇਰੀ ਧਾਰੋਂ ਹੁਟਾ, ਡੋਰੀ ਸ਼ਬਦ ਤੰਦ ਬੰਧਾਈਆ । ਅੰਮ੍ਰਿਤ ਜਾਮ ਪਿਆਉਣਾ ਘੁਟਾ, ਨਿਝਰ ਰਸ ਇਕ ਚਖਾਈਆ । ਨੌਂ ਖੰਡ ਪ੍ਰਿਥਮੀ ਕੋਈ ਨਾ ਖਾਵੇ ਕੁਠਾ, ਮਦਿਰਾ ਮਾਸ ਰਸਨ ਨਾ ਕੋਇ ਲਗਾਈਆ । ਭੁੱਖਾ ਰਹੇ ਕੋਈ ਨਾ ਟੁੱਕਾ, ਵਿਸ਼ਨੂੰ ਦੇਣਾ ਸਮਝਾਈਆ । ਗੋਬਿੰਦ ਕਿਹਾ ਮੈਂ ਤੇਰੀ ਧਾਰੋਂ ਉਠਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਲੇਖਾ ਰਹਿਣ ਨਾਂ ਦੇਵਾਂ ਕੋਈ ਲੁਕਾ, ਫੜ ਬਾਹੋਂ ਸਾਰੇ ਬਾਹਰ ਕਢਾਈਆ । ਜਿਸ ਵੇਲੇ ਤੇਰਾ ਹੁਕਮ ਸੰਦੇਸ਼ਾ ਪੁੱਜਾ, ਪੂਜਾ ਪਿਛਲੀ ਦਿਆਂ ਚੁਕਾਈਆ । ਅਗਲਾ ਭੇਵ ਖੁਲ੍ਹਾਵਾਂ ਗੁੱਝਾ, ਪਰਦਾ ਅਵਰ ਰਹੇ ਨਾ ਰਾਈਆ । ਪੁਰਖ ਅਕਾਲ ਤੇਰੇ ਬਿਨ ਇਸ਼ਟ ਰਹੇ ਕੋਈ ਨਾ ਦੂਜਾ, ਸੀਸ ਜਗਦੀਸ ਇਕ ਝੁਕਾਈਆ । ਜਿਸ ਦੇ ਪਿਛੇ ਮੇਰਾ ਪਰਿਵਾਰ ਝੂਜਾ, ਅਜੀਤ ਜੁਝਾਰ ਦਏ ਗਵਾਹੀਆ । ਤਿਸ ਦਾ ਮਾਰਗ ਲਾਉਣਾ ਉਤੇ ਬਸੁਧਾ, ਸੁਧ ਸਭ ਦੀ ਦੇਣੀ ਬਦਲਾਈਆ । ਜਿਹੜਾ ਗੁਰ ਅਰਜਨ ਸੰਦੇਸ਼ਾ ਦਿਤਾ ਬਾਬੇ ਬੁੱਢਾ, ਬਿਨ ਰਸਨਾ ਜਿਹਵਾ ਸਮਝਾਈਆ । ਜਿਹੜਾ ਨਾਨਕ ਨਿਰਗੁਣ ਧਾਰ ਕੀਤੀ ਖੇਲ ਉਘਾ, ਉਘਣ ਆਥਣ ਦੇਣਾ ਦਰਸਾਈਆ । ਗੋਬਿੰਦ ਨੇ ਕਿਹਾ ਪ੍ਰਭੂ ਤੇਰੇ ਨਾਮ ਦਾ ਕਿਸੇ ਨੂੰ ਲੈਣ ਨਹੀਂ ਦੇਣਾ ਭੁੱਗਾ, ਕਲਜੁਗ ਦੀ ਰੀਤੀ ਦੇਣੀ ਬਦਲਾਈਆ । ਤੂੰ ਮਾਲਕ ਮੈਂ ਸੇਵਾਦਾਰ ਚਹੁੰ ਜੁਗਾ, ਗੁਰ ਸ਼ਬਦੀ ਰੂਪ ਵਟਾਈਆ । ਬ੍ਰਹਿਮੰਡਾਂ ਖੰਡਾਂ ਫਿਰਾਂ ਉਡਾ, ਦੀਨ ਦੁਨੀ ਖੋਜਾਂ ਥਾਉਂ ਥਾਈਂਆ । ਅੱਠੇ ਪਹਿਰ ਰਹਾਂ ਰੁੱਝਾ, ਘੜੀ ਪਲ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਵਾਮੀ ਤੇਰੀ ਓਟ ਰਖਾਈਆ । ਵਿਸ਼ਨੂੰ ਕਹੇ ਸੇਜ ਉਤੇ ਪੁਰਖ ਅਕਾਲ ਗੋਬਿੰਦ ਉਤੇ ਰੱਖਿਆ ਹੱਥ, ਹਥੇਲੀ ਨਾਲ ਦਬਾਈਆ । ਤੂੰ ਮੇਰਾ ਸੱਥਰ ਹੰਢਾਇਆ ਸਥ, ਯਾਰੜਾ ਇਕ ਮਨਾਈਆ । ਮੈਂ ਦੇਵਾਂ ਅਗੰਮੀ ਵਥ, ਵਸਤ ਅਗੰਮ ਵਰਤਾਈਆ । ਤੇਰੇ ਅੰਦਰ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਤੂੰ ਮੇਰਾ ਮੈਂ ਤੇਰਾ ਕਰਨਾ ਜਸ, ਦੋਹਾਂ ਦਾ ਢੋਲਾ ਸਿਫ਼ਤ ਸਾਲਾਹੀਆ । ਤੇਰੀ ਪਤ ਲਵਾਂ ਰੱਖ, ਰੱਖਿਆ ਕਰਾਂ ਥਾਉਂ ਥਾਈਂਆ । ਗੋਬਿੰਦ ਪਿਆ ਹੱਸ, ਵਾਹ ਤੇਰੀ ਬੇਪਰਵਾਹੀਆ । ਪੁਰਖ ਅਕਾਲ ਕਿਹਾ ਨਾਤਾ ਹੋਣਾ ਪੱਕ, ਨਾ ਕੋਈ ਤੋੜੇ ਤੋੜ ਤੁੜਾਈਆ । ਗੋਬਿੰਦ ਕਹੇ ਮੈਨੂੰ ਅਜੇ ਸ਼ੱਕ, ਮੇਰਾ ਸੰਸਾ ਦੇ ਮੁਕਾਈਆ । ਕਿਸ ਬਿਧ ਅਵਤਾਰ ਪੈਗ਼ੰਬਰਾਂ ਕੋਲੋਂ ਮੈਨੂੰ ਲੈ ਕੇ ਦੇਵੇਂ ਹੱਕ, ਸਭ ਕਿਛ ਮੇਰੇ ਹੱਥ ਫੜਾਈਆ । ਪੁਰਖ ਅਕਾਲ ਪਿਛਲੀ ਲਿਸਟ ਫੜਾਈ ਝੱਟ, ਫ਼ਰਿਸਤ ਦਿਤੀ ਦਰਸਾਈਆ । ਆਹ ਵੇਖ ਸਦੀ ਚੌਧਵੀਂ ਸਦੀ ਵੀਹਵੀਂ ਉਨ੍ਹਾਂ ਸਭ ਕੁਛ ਆਪੇ ਜਾਣਾ ਛਡ, ਪਿਛਲਾ ਇਕਰਾਰਨਾਮਾ ਸੋਭਾ ਪਾਈਆ । ਫਿਰ ਗੋਬਿੰਦ ਤੂੰ ਧਰਮ ਨਿਸ਼ਾਨਾ ਇਕ ਦੋ ਜਹਾਨਾਂ ਦੇਣਾ ਗੱਡ, ਗਾਡ ਗੁਡ ਗਾਇਡ ਕਹਿ ਕੇ ਸਾਰੇ ਤੈਨੂੰ ਸੀਸ ਨਿਵਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਰਹਿਣਾ ਨਹੀਂ ਕੋਈ ਅੱਡ, ਬਾਹਮੀ ਨਾਤਾ ਦੇਣਾ ਜੁੜਾਈਆ । ਇਹ ਖੇਲ ਕਰੇ ਪੁਰਖ ਸਮਰਥ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਆਪਣੀ ਕਾਰ ਕਮਾਈਆ ।

ਵਿਸ਼ਨੂੰ ਕਹੇ ਮੈਂ ਗੋਬਿੰਦ ਸੇਜਾ ਸੁੱਤੇ ਚਰਨੀ ਗਿਆ ਢੱਠ, ਨਿਉਂ ਨਿਉਂ ਸੀਸ ਨਿਵਾਈਆ । ਗੋਬਿੰਦ ਨੇ ਇਕ ਦੋ ਤਿੰਨ ਚਾਰ ਪੰਜ ਛੇ ਗਿਣੇ ਸੱਤ ਅੱਠ, ਪੰਜ ਤਤ ਮਨ ਮਤ ਬੁਧ ਤਿਨ੍ਹਾਂ ਦਾ ਮਿਲ ਕੇ ਪੜਦਾ ਦਿਤਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਵੇਖੇ ਨੱਸ ਨੱਸ, ਬਿਨ ਪਾਂਧੀਉਂ ਆਪਣਾ ਪੰਧ ਮੁਕਾਈਆ ।

## ੨੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਬੀਬੀ ਪਿਆਰੋ ਦੇ ਗ੍ਰਹਿ ਪਿੰਡ ਕੱਲਾ,

ਵਿਸ਼ਨੂੰ ਕਹੇ ਗੋਬਿੰਦ ਅੰਤਮ ਦਿਤੀ ਪਾਤੀ, ਸੇਜ ਸੁੱਤਾ ਲਿਆ ਉਠਾਈਆ । ਗੋਬਿੰਦ ਤਿੰਨ ਵਾਰ ਨਾਲ ਲਾਈ ਛਾਤੀ, ਛਤਰ ਛਾਇਆ ਮੰਗੀ ਬੇਪਰਵਾਹੀਆ । ਤੇਰਾ ਸਾਥ ਹੋਵੇ ਸਾਖਿਆਤੀ, ਸਗਲਾ ਸੰਗ ਰਖਾਈਆ । ਤੇਰੀ ਜੋਤ ਮੇਰੀ ਹਯਾਤੀ, ਤੇਰਾ ਸ਼ਬਦ ਮੇਰੀ ਅਗਵਾਈਆ । ਪੁਰਖ ਅਕਾਲ ਮਾਰੀ ਝਾਕੀ, ਪਰਦਾ ਇਕ ਚੁਕਾਈਆ । ਗੋਬਿੰਦ ਔਹ ਵੇਖ ਸਦੀ ਚੌਧਵੀਂ ਅੰਤ ਅੰਧੇਰੀ ਰਾਤੀ, ਕਲਜੁਗ ਅੰਧੇਰਾ ਛਾਈਆ । ਗੁਰ ਅਵਤਾਰ ਪੈਗ਼ੰਬਰ ਰਹਿਣਾ ਨਹੀਂ ਕਿਸੇ ਦਾ ਸਾਥੀ, ਅਗਲਾ ਸੰਗ ਨਾ ਕੋਇ ਬਣਾਈਆ । ਦੀਨਾਂ ਮਜ਼੍ਹਬਾਂ ਆਪਣੇ ਇਸ਼ਟਾਂ ਦੀ ਮੰਨਣੀ ਨਹੀਂ ਆਖੀ, ਅੱਖਰਾਂ ਵਾਲੀ ਕਰਨ ਪੜ੍ਹਾਈਆ । ਉਸ ਵੇਲੇ ਕਿਸੇ ਦੀ ਕਰੇ ਨਾ ਕੋਇ ਰਾਖੀ, ਰੱਖਕ ਨਜ਼ਰ ਕੋਇ ਨਾ ਆਈਆ । ਕਲਜੁਗ ਸਭ ਦੇ ਅੰਦਰ ਭਰ ਦੇਣੀ ਗੁਸਤਾਖੀ, ਗ਼ੁੱਸੇ ਵਿਚ ਸਰਬ ਕੁਰਲਾਈਆ । ਰੂਹ ਬੁਤ ਨਹੀਂ ਰਹਿਣਾ ਪਾਕੀ, ਕਲਮੇ ਵਾਲੇ ਦੇਣ ਦੁਹਾਈਆ । ਝਗੜਾ ਪੈਣਾ ਜ਼ਾਤ ਪਾਤੀ, ਜਗਹ ਜਗਹ ਹੋਏ ਲੜਾਈਆ । ਫਿਰਨੀ ਦਰੋਹੀ ਪਾਤਾਲ ਆਕਾਸ਼ੀ, ਕਸ਼ਮਕਸ਼ ਵੇਖਣੀ ਥਾਉਂ ਥਾਈਆ । ਸਤਿ ਸਚ ਦਾ ਰਹਿਣਾ ਨਹੀਂ ਕੋਈ ਜ਼ਮਾਤੀ, ਵਿਦਿਆ ਹੱਕ ਨਾ ਕੋਇ ਵਡਿਆਈਆ । ਉਸ ਵੇਲੇ ਵੇਖਣਾ ਖੇਲ ਤਮਾਸ਼ੀ, ਨਿਰਗੁਣ ਹੋ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੰਦੇਸਾ ਇਕ ਸੁਣਾਈਆ । ਵਿਸ਼ਨੂੰ ਕਹੇ ਪੁਰਖ ਅਕਾਲ ਨੇ ਦਿਤਾ ਇਕ ਸੰਦੇਸ, ਬਿਨ ਅੱਖਰਾਂ ਅੱਖਰ ਜਣਾਈਆ । ਤੂੰ ਮਾਲਕ ਹੋਵੇਂ ਨਰ ਨਰੇਸ਼, ਨਰ ਨਰਾਇਣ ਵੇਖ ਵਖਾਈਆ । ਤੇਰਾ ਲੇਖੇ ਲੱਗੇ ਮੁੱਛ ਦਾੜ੍ਹੀ ਕੇਸ, ਕੇਸਗੜ੍ਹ ਮਿਲੇ ਵਡਿਆਈਆ । ਹੁਣ ਜਾਣਾ ਪੈਣਾ ਇਕ ਵੇਰਾਂ ਸਚਖੰਡ ਦੇਸ, ਨਾਤਾ ਤਤਾਂ ਵਾਲਾ ਤੁੜਾਈਆ । ਦੱਖਣ ਦਿਸ਼ਾ ਜਾ ਕੇ ਵੇਖ, ਗੋਦਾਵਰੀ ਕੰਢਾ ਰਾਹ ਤਕਾਈਆ । ਜਿਥੇ ਧਰਮ ਦੀ ਧਾਰ ਰਹੇ ਹਮੇਸ਼, ਹਮ ਸਾਜਣ ਰਿਹਾ ਸਮਝਾਈਆ । ਜਿਥੇ ਨਾਨਕ ਦੀ ਖੂੰਡੀ ਭੂਰੀ ਖੇਸ, ਖ਼ਾਲਸ ਪੜਦਾ ਰਿਹਾ ਉਠਾਈਆ । ਉਹ ਧਰਨੀ ਧਰਤ ਵਿਸ਼ੇਸ਼, ਵਿਸ਼ਨੂੰ ਪਿਛਲੀ ਦਏ ਗਵਾਹੀਆ । ਬ੍ਰਹਮਾ ਇਥੇ ਲਿਖ ਕੇ ਗਿਆ ਲੇਖ, ਅੱਖਾਂ ਮੀਟ ਧਿਆਨ ਲਗਾਈਆ । ਸ਼ੰਕਰ ਚਵਰ ਕੀਤਾ ਕੇਸ, ਧੂੜੀ ਖ਼ਾਕ ਰਮਾਈਆ । ਕਲਜੁਗ ਅੰਤਮ ਆਉਣਾ ਗੁਰੂ ਦਸਮੇਸ, ਨੰਦੇੜ ਆਪਣਾ ਫੇਰਾ ਪਾਈਆ । ਜਿਸ ਨੇ ਤਨ ਵਜੂਦ ਏਥੇ ਜਾਣਾ ਛੇਕ, ਨਾਤਾ ਜਗਤ ਨਾਲੋਂ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰਾ ਏਕੰਕਾਰਾ ਇਕ ਇਕੱਲਾ ਆਪ ਸਮਝਾਈਆ ।

## ✪ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਗੁਰਬਖ਼ਸ਼ ਸਿੰਘ ਦੇ ਗ੍ਰਿਹ ਪਿੰਡ ਕੱਲਾ ✪

ਸੇਜ ਕਹੇ ਗੋਬਿੰਦ ਨੇ ਅੰਤ ਆਪਣਾ ਹੱਥ ਲਗਾਇਆ ਨਾਲ ਕੜਾ, ਕੜੀ ਜਗਤ ਵੇਖ ਵਖਾਈਆ । ਪੁਰਖ ਅਕਾਲ ਦਾ ਬਣਿਆ ਧੜਾ, ਦੂਜਾ ਸੰਗ ਨਾ ਕੋਇ ਜਣਾਈਆ । ਮੁਖੋਂ ਕਿਹਾ ਤੇਰਾ ਸਹਾਰਾ ਬੜਾ, ਦੂਜੀ ਓਟ ਰਹੇ ਨਾ ਰਾਈਆ । ਕਲਜੁਗ ਕੂੜਾ ਵੇਖਾ ਗੜ੍ਹਾ, ਜੋ ਧਰਨੀ ਰਹੀ ਖ਼ੁਦਾਈਆ । ਪੁਰਖ ਅਕਾਲ ਕਿਹਾ ਪਹਿਲੋਂ ਮੇਟਣੀ ਜਗਤ ਸ਼ਰਅ, ਸ਼ਰੀਅਤ ਰਹੇ ਨਾ ਰਾਈਆ । ਸੰਮਤ ਸ਼ਹਿਨਸ਼ਾਹੀ ਪੰਜ ਦਾ ਆਵੇ ਮੇਰਾ ਵਰ੍ਹਾ, ਵਰਿਆਮ ਤੈਨੂੰ ਦਿਆਂ ਬਣਾਈਆ । ਤੇਰੇ ਵਿਚੋਂ ਕਰ ਕੇ ਹਰਾ, ਹਰੀ ਹਰਿ ਆਪਣਾ ਰੰਗ ਰੰਗਾਈਆ । ਸਚ ਦਵਾਰਾ ਖੋਲ੍ਹ ਕੇ ਦਰਾ, ਧੁਰ ਦਰਬਾਰਾ ਦਿਆਂ ਸੁਹਾਈਆ । ਸ਼ਬਦ ਸੰਦੇਸ਼ ਸੁਣਾਵਾਂ ਖਰਾ, ਖਰੇ ਖੋਟੇ ਪਰਖਣੇ ਥਾਉਂ ਥਾਈਂਆ । ਪ੍ਰਭ ਦਾ ਰੂਪ ਹੋਵੇ ਅਵਤਰਾ, ਨਰ ਨਰਾਇਣ ਵੇਸ ਵਟਾਈਆ । ਗੋਬਿੰਦ ਧਿਆਨ ਮਾਰਿਆ ਜ਼ਰਾ, ਜ਼ੱਰਾ ਜ਼ੱਰਾ ਵੇਖ ਵਖਾਈਆ । ਫਿਰੀ ਦਰੋਹੀ ਘਰ ਘਰਾ, ਗ੍ਰਿਹ ਮੰਦਰ ਨਾ ਕੋਇ ਰੁਸ਼ਨਾਈਆ । ਢਹਿ ਕੇ ਪ੍ਰਭ ਦੀ ਸਰਨਾਈ ਪਰਾ, ਸਰਨਗਤ ਇਕ ਰਖਾਈਆ । ਤੇਰੀ ਧਾਰ ਮੇਟਣਾ ਕਲਜੁਗ ਕਲਾ, ਕਲਕਾਤੀ ਦੇਣੇ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਧਾਰ ਦੇਵੇ ਬਲਾ, ਬਲਧਾਰੀ ਦਇਆ ਕਮਾਈਆ ।

## ✪ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਕਰਮ ਸਿੰਘ ਦੇ ਗ੍ਰਿਹ ਪਿੰਡ ਕੱਲਾ ✪



ਗੋਬਿੰਦ ਪ੍ਰਭ ਨੂੰ ਕੀਤਾ ਆਦੇਸ, ਸਹਿਜੇ ਸੀਸ ਨਿਵਾਈਆ । ਪੁਰਖ ਅਕਾਲ ਵਖਾਇਆ ਮਾਝਾ ਦੇਸ, ਫੇਰ ਆਉਣਾ ਚਾਈਂ ਚਾਈਂਆ । ਮੇਰੀ ਧਾਰ ਰਹਿਣਾ ਹਮੇਸ਼, ਦੂਜਾ ਰੂਪ ਨਾ ਕੋਇ ਬਦਲਾਈਆ । ਸ਼ਬਦੀ ਸ਼ਬਦ ਦੇਣਾ ਸੰਦੇਸ਼, ਸ਼ਬਦੀ ਸਤਿਗੁਰ ਸ਼ਬਦ ਸ਼ਨਵਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋਣਾ ਪੇਸ਼, ਪੇਸ਼ੀਨਗੋਈ ਦਏ ਗਵਾਹੀਆ । ਅਵਤਾਰ ਪੈਗ਼ੰਬਰਾਂ ਆ ਕੇ ਲੈਣਾ ਵੇਖ, ਵੇਖਣ ਚਾਈਂ ਚਾਈਂਆ । ਤੇਰੀ ਸਮਝ ਨਾ ਸਕੇ ਕੋਈ ਰੇਖ, ਰੂਪ ਰੰਗ ਨਾ ਕੋਇ ਦਰਸਾਈਆ । ਤੇਰਾ ਮੇਰਾ ਜੋਤੀ ਸ਼ਬਦ ਹੋਵੇ ਭੇਖ, ਭੇਖਾਧਾਰੀ ਵੇਖਣੀ ਕੂੜ ਲੋਕਾਈਆ । ਜਿਸ ਵੇਲੇ ਕਲਜੁਗ ਅੱਗੇ ਚਲੇ ਨਾ ਕਿਸੇ ਦੀ ਪੇਸ਼, ਪੇਸ਼ੀਆਂ ਭੁਗਤਣ ਸਾਰੇ ਥਾਉਂ ਥਾਈਂਆ । ਅੱਗੇ ਹੱਸ ਕੇ ਕਿਹਾ ਦਸ ਦਸਮੇਸ਼, ਦਹਿ ਦਿਸ਼ਾ ਅੱਖ ਉਠਾਈਆ । ਮੈਂ ਸਭ ਕੁਛ ਕੀਤਾ ਤੇਰੀ ਭੇਟ, ਭੇਟਾ ਆਪਣਾ ਆਪ ਕਰਾਈਆ । ਅੱਗੇ ਆਵਾਂ ਬਣ ਕੇ ਸਭ ਦਾ ਖੇਵਟ ਖੇਟ, ਨਈਆ ਨੌਕਾ ਤੇਰਾ ਨਾਮ ਚਲਾਈਆ । ਇਹ ਖੇਲ ਕਰਨਾ ਸੰਬਲ ਦੇਸ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਏਕਾ ਏਕ, ਇਕ ਇਕੱਲਾ ਆਪਣੀ ਕਾਰ ਕਮਾਈਆ ।

## ✪ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਸਰਦਾਰਾ ਸਿੰਘ ਦੇ ਗ੍ਰਿਹ ਪਿੰਡ ਕੱਲਾ ✪

ਗੋਬਿੰਦ ਕਿਹਾ ਪ੍ਰਭ ਹੁਣ ਛਡਣਾ ਜੰਗਲ ਬੇਲਾ, ਸੇਜ ਸੂਲਾਂ ਲਈ ਹੰਢਾਈਆ । ਅੱਗੇ ਬਣ ਕੇ ਸ਼ਬਦੀ ਚੇਲਾ, ਸਤਿਗੁਰ ਪੁਰਖ ਲੈਣਾ

ਮਨਾਈਆ । ਦੀਨ ਮਜ਼੍ਹਬ ਤੋਂ ਹੋ ਕੇ ਵਿਹਲਾ, ਤੇਰੇ ਵਿਚ ਜਾਣਾ ਸਮਾਈਆ । ਜਿਸ ਵੇਲੇ ਕਲਜੁਗ ਅੰਤਮ ਆਇਆ ਵੇਲਾ, ਲੋਕਮਾਤ ਲਵਾਂ ਅੰਗੜਾਈਆ । ਖੇਲ ਕਰਾਂ ਸਭ ਤੋਂ ਨਵੇਲਾ, ਵੱਖਰੀ ਕਾਰ ਕਮਾਈਆ । ਮੈਂ ਨਿਰਗੁਣ ਨੂਰ ਜਗਾ ਕੇ ਬਿਨ ਬਾਤੀ ਤੇਲਾ, ਤੇਰਾ ਨੂਰ ਕਰਾਂ ਰੁਸ਼ਨਾਈਆ । ਸਾਚੇ ਭਗਤਾਂ ਬਣ ਕੇ ਸੱਜਣ ਸੁਹੇਲਾ, ਮਿੱਤਰ ਪਿਆਰਾ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਗੋਬਿੰਦ ਕਿਹਾ ਮੇਰੀ ਅੰਤਮ ਇਕ ਅਰਜ਼ੋਈ, ਅਰਜ਼ ਦਿਆਂ ਸੁਣਾਈਆ । ਔਹ ਵੇਖ ਪੈਗ਼ੰਬਰ ਪਾਉਂਦੇ ਦਰੋਹੀ, ਤੇਰਾ ਨਾਮ ਦੁਹਾਈਆ । ਅਵਤਾਰ ਸੋਇਆ ਰਿਹਾ ਨਾ ਕੋਈ, ਉਚੀ ਕੂਕ ਕੂਕ ਜਣਾਈਆ । ਸਦੀ ਚੌਧਵੀਂ ਸਭ ਦੀ ਪਤ ਗਈ ਖੋਹੀ, ਮਾਲਕ ਨਜ਼ਰ ਕੋਇ ਨਾ ਆਈਆ । ਧਰਮ ਦਵਾਰ ਮਿਲੇ ਕਿਸੇ ਨਾ ਢੋਈ, ਮੰਦਰ ਮਸਜਦ ਸ਼ਿਵਦਵਾਲੇ ਮੱਠ ਰਹੇ ਕੁਰਲਾਈਆ । ਅਠਸਠ ਤੀਰਥ ਰਹੀ ਰੋਈ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਾਲ ਰਲਾਈਆ । ਬੂੰਦ ਸਵਾਂਤੀ ਨਿਝਰ ਕਿਸੇ ਨਾ ਚੋਈ, ਤ੍ਰਿਸ਼ਨਾ ਭੁੱਖ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਅਵਰ ਨਾ ਦੀਸੇ ਕੋਈ, ਆਦਿ ਅੰਤ ਦੇ ਮਾਲਕ ਤੇਰਾ ਰਾਹ ਤਕਾਈਆ ।



## ✪ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਸਰਮੁਖ ਸਿੰਘ ਦੇ ਗ੍ਰਿਹ ਪਿੰਡ ਕੱਲਾ ✪

ਵਿਸ਼ਨੂੰ ਕਹੇ ਝਟ ਕਲਜੁਗ ਆ ਗਿਆ ਭੱਜਾ, ਆਪਣਾ ਪੰਧ ਮੁਕਾਈਆ । ਗੋਬਿੰਦ ਦਾ ਚਰਨ ਪਕੜਿਆ ਸੱਜਾ, ਹੱਸ ਕੇ ਰਿਹਾ ਸੁਣਾਈਆ । ਮੈਨੂੰ ਮੇਟਣ ਦੀ ਕਿਹੜੀ ਵਜਹ, ਮੈਨੂੰ ਦੇ ਸੁਣਾਈਆ । ਕਿਉਂ ਛੇਤੀ ਮਿਲਣੀ ਸਜ਼ਾ, ਹੁਕਮ ਕਵਣ ਦ੍ਰਿੜਾਈਆ । ਗੋਬਿੰਦ ਨੇ ਕਿਹਾ ਮੈਂ ਪੁਰਖ ਅਕਾਲ ਦੀ ਚਲਣਾ ਵਿਚ ਰਜ਼ਾ, ਜੋ ਸੰਦੇਸ਼ੇ ਰਿਹਾ ਸੁਣਾਈਆ । ਕਲਜੁਗ ਕਿਹਾ ਮੈਨੂੰ ਅਗਲੀ ਦੱਸ ਦੇ ਜਗਹ, ਜਿਥੇ ਆਉਣਾ ਵੇਸ ਵਟਾਈਆ । ਨਾਲ ਹੋਵੇ ਸੂਰਾ ਸਰਬਗਾ, ਪੁਰਖ ਅਕਾਲਾ ਨੂਰ ਖ਼ੁਦਾਈਆ । ਗੋਬਿੰਦ ਕਿਹਾ ਉਹ ਵੇਖੇ ਉਥੇ ਭਗਤਾਂ ਵਧਣਾ ਅੱਗਾ, ਭਗਤ ਦਵਾਰਾ ਨਜ਼ਰੀ ਆਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਫਿਰੇ ਭੱਜਾ, ਨਿਰਗੁਣ ਆਪਣਾ ਵੇਸ ਵਟਾਈਆ । ਸਭ ਦੇ ਉਪਰ ਇਕੋ ਹੋਣਾ ਦੱਬਾ, ਸਿਰ ਸਕੇ ਨਾ ਕੋਇ ਉਠਾਈਆ । ਇਕੋ ਨਾਮ ਦੀ ਹੋਵੇ ਗਦਾ, ਭੈ ਸਭ ਨੂੰ ਦੇਣਾ ਜਣਾਈਆ । ਇਕੋ ਸਾਜਣ ਹੋਵੇ ਲੱਧਾ, ਸਾਹਿਬ ਸਵਾਮੀ ਵੇਖ ਵਖਾਈਆ । ਜਿਸ ਦੇ ਹੁਕਮੇ ਅੰਦਰ ਦੋ ਜਹਾਨ ਵੇਖ ਬੱਧਾ, ਤੰਦ ਸਕੇ ਨਾ ਕੋਇ ਤੁੜਾਈਆ । ਕਲਜੁਗ ਖ਼ੁਸ਼ੀਆਂ ਦੇ ਵਿਚ ਨੱਚਾ, ਘੁੰਮਰ ਰਿਹਾ ਵਖਾਈਆ । ਗੋਬਿੰਦ ਜੇ ਤੂੰ ਵੀ ਪੁਰਖ ਅਕਾਲ ਦਾ ਬੱਚਾ, ਤੇ ਮੈਂ ਵੀ ਸਾਰਿਆਂ ਜੁਗਾਂ ਤੋਂ ਛੋਟਾ ਬੱਚਾ ਓਸੇ ਦਾ ਨਜ਼ਰੀ ਆਈਆ । ਜਿਸ ਤਰਹ ਤੂੰ ਲੂੰ ਲੂੰ ਵਿਚ ਰਚਾ, ਮੈਂ ਘਰ ਘਰ ਮਨ ਦੇ ਅੰਦਰ ਡੇਰਾ ਲਾਈਆ । ਮੈਂ ਸਾਰਿਆਂ ਦੀ ਬਦਲ ਦੇਣੀ ਤਬਾ, ਤਬੀਅਤ ਦਿਤੀ ਬਦਲਾਈਆ । ਭਾਵੇਂ ਕੋਈ ਅੱਲਾ ਕਹੇ ਭਾਵੇਂ ਕੋਈ ਵਾਹਿਗੁਰੂ ਕਹੇ ਭਾਵੇਂ ਰਾਮ ਕਹੇ ਭਾਵੇਂ ਕ੍ਰਿਸ਼ਨ ਕਹੇ ਭਾਵੇਂ ਓਮ ਕਹੇ ਮੈਂ ਪਾਰ ਲੰਘਣ ਨਹੀਂ ਦਿਤਾ, ਅਧ ਵਿਚ ਸਾਰੇ ਦਿਤੇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰਬਾਨ ਮਹਿਬੂਬ ਮਿਹਰ ਨਜ਼ਰ ਇਕ ਉਠਾਈਆ ।

✪ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਹਰਨਾਮ ਸਿੰਘ ਦੇ ਗ੍ਰਿਹ ਪਿੰਡ ਕੱਲਾ ✪

ਕਲਜੁਗ ਕਿਹਾ ਗੋਬਿੰਦ ਵੇਖ ਮੈਂ ਬੜਾ ਬਲਵਾਨ, ਬਲਧਾਰੀ ਤੈਨੂੰ ਦਿਆਂ ਜਣਾਈਆ । ਮੈਂ ਪ੍ਰਭ ਦਾ ਸੁਤ ਜਵਾਨ, ਨੌਜਵਾਨ ਇਕ ਅਖਵਾਈਆ । ਮੈਂ ਅਵਤਾਰ ਪੈਗ਼ੰਬਰਾਂ ਗੁਰੂਆਂ ਕੋਲੋਂ ਯੁੱਧ ਕਰਾਇਆ ਘਮਸਾਣ, ਖੰਡਾ ਖੜਗ ਚਿੱਲਾ ਤੀਰ ਕਮਾਨ ਹੱਥ ਫੜਾਈਆ । ਤੈਨੂੰ ਵੀ ਸਵਾ ਦਿਤਾ ਵਿਚ ਜੰਗਲ ਸੁੰਞ ਮਸਾਣ, ਸੇਜ ਕੱਖਾਂ ਵਾਲੀ ਵਡਿਆਈਆ । ਪ੍ਰਭ ਨੇ ਕਿੱਡਾ ਵਡਾ ਮੈਨੂੰ ਦਿਤਾ ਮਾਣ, ਮਿਹਰ ਨਜ਼ਰ ਉਠਾਈਆ । ਚਾਰ ਜੁਗ ਦੇ ਸ਼ਾਸਤਰਾਂ ਦਾ ਰਹਿਣ ਨਹੀਂ ਦਿਤਾ ਗਿਆਨ, ਭਰਮਾਂ ਵਿਚ ਸਾਰੇ ਦਿਤੇ ਭੁਲਾਈਆ । ਚਾਰੋਂ ਕੁੰਟ ਭੱਜਾ ਫਿਰੇ ਸ਼ੈਤਾਨ, ਸ਼ਰਅ ਸ਼ਰਅ ਨਾਲ ਟਕਰਾਈਆ । ਇਕ ਪੁਰਖ ਅਕਾਲ ਦੀ ਮੰਨਾਂ ਆਣ, ਦੂਸਰ ਸੀਸ ਨਾ ਕਦੇ ਨਿਵਾਈਆ । ਮੇਰਾ ਹੱਕ ਆਪ ਪਹਿਚਾਨ, ਬੇਪਹਿਚਾਨ ਤੇਰੀ ਬੇਪਰਵਾਹੀਆ । ਗੋਬਿੰਦ ਕਿਹਾ ਆਹ ਵੇਖ ਹੁਕਮ ਹੁਕਮਰਾਨ, ਹੁਕਮ ਸੰਦੇਸ਼ਾ ਰਿਹਾ ਸੁਣਾਈਆ । ਤੇਰੇ ਵਿਚੋਂ ਸਤਿਜੁਗ ਕਰਨਾ ਪਰਧਾਨ, ਇਹ ਜੁਮੇਂਵਾਰੀ ਮੇਰੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਦ੍ਰਿੜਾਈਆ ।

✪ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਪੂਰਨ ਸਿੰਘ ਦੇ ਗ੍ਰਿਹ ਪਿੰਡ ਕੱਲਾ ✪

ਕਲਜੁਗ ਕਹੇ ਮੈਂ ਗੋਬਿੰਦ ਅਜੇ ਹੱਟਾ ਕੱਟਾ, ਨੌਜਵਾਨ ਨਜ਼ਰੀ ਆਈਆ । ਮੇਰਾ ਵਕਤ ਥੋੜ੍ਹਾ ਟੱਪਾ, ਕਿਉਂ ਖੜਗ ਖੰਡਾ ਰਿਹਾ ਚਮਕਾਈਆ । ਮੇਰਾ ਚਾਰ ਲੱਖ ਬੱਤੀ ਹਜ਼ਾਰ ਦਾ ਪਟਾ, ਪਟਨੇ ਵਾਲਿਆ ਵੇਖ ਵਖਾਈਆ । ਗੋਬਿੰਦ ਕਹੇ ਕਲਜੁਗ ਤੂੰ ਦੀਨਾਂ ਮਜ਼੍ਹਬਾਂ ਪਵਾਇਆ ਰੱਟਾ, ਸ਼ਰਅ ਸ਼ਰਅ ਨਾਲ ਲੜਾਈਆ । ਤੂੰ ਮਨੁਸ਼ਾਂ ਖਵਾਇਆ ਕੱਟਾ ਵੱਛਾ, ਸੂਰ ਗਾਂ ਮਨੁੱਖਾਂ ਮੁਖ ਰਖਾਈਆ । ਜਿਧਰ ਵੇਖਾਂ ਉਧਰ ਦਿਸੇ ਰੱਟਾ, ਧੀਰਜ ਧੀਰ ਨਾ ਕੋਇ ਰਖਾਈਆ । ਇਸ ਕਰਕੇ ਆਵਾਂ ਨੱਠਾ, ਭੱਜਾ ਵਾਹੋ ਦਾਹੀਆ । ਚਾਰ ਜੁਗ ਦੇ ਨਾਮ ਦੀ ਕੀਮਤ ਰਹਿਣੀ ਨਹੀਂ ਕੋਈ ਟਕਾ, ਟੱਕਿਆਂ ਪਿਛੇ ਹੱਟਾਂ ਵਿਚ ਵਿਕਾਈਆ । ਮੈਂ ਰੂਪ ਧਾਰਨਾ ਸਿੱਧਾ ਸਾਦਾ ਜੱਟਾ, ਜਟਾ ਜੂਟਾਂ ਕਰਾਂ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ ।

✪ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਪ੍ਰੀਤਮ ਸਿੰਘ ਦੇ ਗ੍ਰਿਹ ਪਿੰਡ ਕੱਲਾ ✪

ਕਲਜੁਗ ਕਿਹਾ ਗੋਬਿੰਦ ਮੈਂ ਖੇਲ ਕਰਾਂ ਬੜੀ ਅੱਛੀ, ਅੱਛੀ ਤਰਾ ਜਣਾਈਆ । ਮਨੁੱਸ਼ਾ ਨੂੰ ਖਵਾ ਕੇ ਡੱਡੀ ਮੱਛੀ, ਗਾਂ ਵੱਛੀ ਨਾਲ ਦਿਤਾ ਰਜਾਈਆ । ਮਜ਼੍ਹਬਾਂ ਦੀ ਬੰਨ੍ਹ ਕੇ ਵਿਚ ਰੱਸੀ, ਪ੍ਰਭ ਤੋਂ ਹਿੱਸੇ ਦਿਤੇ ਵੰਡਾਈਆ । ਮੈਨੂੰ ਵੇਖ ਕੇ ਸਭ ਨੂੰ ਪੈਂਦੀ ਗ਼ਸ਼ੀ, ਸਿਰ ਸਕੇ ਨਾ ਕੋਇ ਉਠਾਈਆ । ਗੋਬਿੰਦ ਕਿਹਾ ਤੂੰ ਕਥਾ ਕਹਾਣੀ ਦੱਸੀ ਸੱਚੀ, ਸਚ ਦਿਤਾ ਦਰਸਾਈਆ । ਤੇਰੀ ਕਲਪਣਾ ਘਰ ਘਰ ਵਿਚ ਨੱਚੀ, ਮੈਂ ਵੇਖਾਂ ਬਾਉਂ ਬਾਈਆ । ਮੇਰਾ ਅਗਲਾ ਹੁਕਮ ਮੇਰੇ ਕਮਲਾਪਤੀ, ਪਤਿਪਰਮੇਸ਼ਵਰ ਰਿਹਾ ਸੁਣਾਈਆ । ਕਿਸੇ ਦੀ ਰਹਿਣ ਨਹੀਂ ਦੇਣੀ ਹਿੱਸਾ ਪੱਤੀ, ਇਕੋ ਰਾਹ

ਦੇਣਾ ਦਰਸਾਈਆ । ਕਲਜੁਗ ਬੇਸ਼ਕ ਤੂੰ ਸਭ ਦੀ ਮਾਰੀ ਮਤੀ, ਸਾਬਤ ਨਜ਼ਰ ਕੋਇ ਨਾ ਆਈਆ । ਕਲਜੁਗ ਤਾੜੀ ਲਾ ਕੇ ਹੱਸਿਆ ਗੋਬਿੰਦ ਔਹ ਵੇਖ ਲੈ ਮੈਂ ਗੁਰ ਅਰਜਨ ਬਹਾ ਦਿਤਾ ਉਤੇ ਲੋਹ ਤਤੀ, ਤੇਰੇ ਪਿਤਾ ਦਾ ਸੀਸ ਦਿਤਾ ਕਟਵਾਈਆ । ਤੇਰੇ ਪੁੱਤਰਾਂ ਉਤੇ ਤਰਸ ਨਹੀਂ ਕੀਤਾ ਰਤੀ, ਨੀਹਾਂ ਹੇਠ ਦਬਾਈਆ । ਤੂੰ ਸਭ ਕੁਛ ਵੇਖਿਆ ਅੱਖੀਂ, ਮੈਂ ਕਿੱਡਾ ਜੋਧਾ ਸੂਰਬੀਰ ਆਪਣੀ ਖੇਲ ਵਖਾਈਆ । ਗੋਬਿੰਦ ਨਿਗਾਹ ਪ੍ਰੇਮ ਨਾਲ ਉਤੇ ਰੱਖੀ, ਕਲਜੁਗ ਵੱਲ ਧਿਆਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲੇਖਾ ਪੂਰ ਕਰਾਏ ਫ਼ਰਕ ਰਹਿਣ ਨਾ ਦੇਵੇ ਰਤੀ, ਤੋਲਾ ਵਿਚੋਲਾ ਇਕੋ ਬੇਪਰਵਾਹੀਆ ।

## ✪ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਸਵਰਨ ਸਿੰਘ, ਭਜਨ ਸਿੰਘ ਨੇ ਗ੍ਰਿਹ ਪਿੰਡ ਕੱਲਾ ✪

ਕਲਜੁਗ ਕਿਹਾ ਸੁਣ ਗੋਬਿੰਦ ਨੌਜਵਾਨ, ਜੋਬਨਵੰਤੇ ਦਿਆਂ ਜਣਾਈਆ । ਮੈਂ ਵੀ ਪ੍ਰਭ ਦਾ ਛੋਟਾ ਸੁਤ ਬਲਵਾਨ, ਚੌਥਾ ਜੁਗ ਨਾਉਂ ਧਰਾਈਆ । ਸਾਬਤ ਰਹਿਣ ਨਹੀਂ ਦਿਤਾ ਕਿਸੇ ਦਾ ਈਮਾਨ, ਧਰਮ ਦੀ ਧਾਰ ਨਾ ਕੋਇ ਵਡਿਆਈਆ । ਚਾਰੋਂ ਕੁੰਟ ਫਿਰੇ ਸ਼ੈਤਾਨ, ਸ਼ਰਅ ਵਿਚ ਕਰੇ ਲੜਾਈਆ । ਅਵਤਾਰਾਂ ਪੈਗ਼ੰਬਰਾਂ ਕੋਲੋਂ ਯੁੱਧ ਕਰਾਇਆ ਘਮਸਾਣ, ਗੋਬਿੰਦ ਖੰਡਾ ਤੇਰੇ ਹੱਥ ਫੜਾਈਆ । ਤੂੰ ਵੀ ਵੇਖਿਆ ਵਿਚ ਮੈਦਾਨ, ਆਪਣਾ ਬਲ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਕਲਜੁਗ ਕਹੇ ਗੋਬਿੰਦ ਮੈਂ ਵੀ ਪ੍ਰਭ ਦਾ ਅਨੋਖਾ ਪੁੱਤਰ, ਓਸੇ ਪਿਤਾ ਮੈਨੂੰ ਦਿਤੀ ਵਡਿਆਈਆ । ਮੈਂ ਓਸੇ ਦੀ ਧਾਰੋਂ ਆਇਆ ਉਤਰ, ਮੈਨੂੰ ਜੰਮਿਆ ਨਹੀਂ ਕਿਸੇ ਮਾਈਆ । ਸਦਾ ਓਸੇ ਦਾ ਕਰਦਾ ਸ਼ੁਕਰ, ਸ਼ੁਕਰਾਨੇ ਵਿਚ ਸੀਸ ਨਿਵਾਈਆ । ਅੱਜੇ ਤੇ ਮੇਰਾ ਥੋੜਾ ਸਮਾਂ ਗਿਆ ਗੁਜ਼ਰ, ਬਹੁਤਾ ਅੱਗੇ ਨਜ਼ਰੀ ਆਈਆ । ਕਿਸੇ ਦਾ ਚਲਣ ਨਹੀਂ ਦੇਣਾ ਕੋਈ ਉਜਰ, ਅਰਜ਼ ਸੁਣਨ ਕੋਇ ਨਾ ਆਈਆ । ਮੈਂ ਅਜੇ ਸਾਧ ਸੰਤ ਬਣਾਉਣੇ ਚੋਰ ਚੁਗ਼ਲ, ਨਿੰਦਕ ਨਿੰਦਿਆ ਵਿਚ ਰਖਾਈਆ । ਅਜੇ ਤੇ ਤੇਰਾ ਝਗੜਾ ਨਾਲ ਮੁਗ਼ਲ, ਖ਼ਾਨ ਖ਼ਾਨਾ ਨਾਲ ਟਕਰਾਈਆ । ਫੇਰ ਔਹ ਵੇਖ ਮੈਂ ਕਰਦਾ ਉਂਗਲ, ਇਸ਼ਾਰੇ ਨਾਲ ਦਰਸਾਈਆ । ਤੇਰੇ ਪੰਥ ਵਿਚ ਫੇਰ ਪੈਣੀ ਗੁੰਝਲ, ਗੁੱਝਾ ਭੇਵ ਨਾ ਕੋਇ ਖੁਲ੍ਹਾਈਆ । ਤੇਰੀ ਰਮਜ਼ ਮੂਲ ਨਾ ਬੁੱਝਣ, ਪਰਦਾ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਕਲਜੁਗ ਕਿਹਾ ਗੋਬਿੰਦ ਮੈਂ ਪ੍ਰਭ ਦਾ ਬਲਧਾਰੀ, ਚੌਥਾ ਜੁਗ ਅਖਵਾਈਆ । ਮੈਂ ਝਗੜਾ ਪਾਉਣਾ ਨਰ ਨਾਰੀ, ਪਿਤਾ ਪੂਤ ਦੇਣਾ ਲੜਾਈਆ । ਮੈਂ ਘਰ ਘਰ ਕਰਨੀ ਖ਼ੁਆਰੀ, ਦਰ ਦਰ ਫਿਰੇ ਦੁਹਾਈਆ । ਭੈਣ ਭਰਾ ਲਗਾ ਕੇ ਯਾਰੀ, ਯਰਾਨੇ ਕੂੜੇ ਦੇਣੇ ਵਖਾਈਆ । ਸਿੱਖਾਂ ਮੁਰੀਦਾਂ ਗੁਰੂਆਂ ਪੈਗ਼ੰਬਰਾਂ ਨਾਲ ਕਰਨੀ ਗ਼ੱਦਾਰੀ, ਸੀਸ ਜਗਦੀਸ ਨਾ ਕੋਇ ਨਿਵਾਈਆ । ਇਹ ਮੇਰਾ ਖੇਲ ਵੇਖਣਾ ਸਦੀ ਚੌਧਵੀਂ ਅੰਤਮ ਵਾਰੀ, ਚੌਦਾਂ ਤਬਕਾਂ ਦਿਆਂ ਹਿਲਾਈਆ । ਮੁਹੰਮਦ ਜਿਸ ਦੀ ਕਰੀ ਇੰਤਜ਼ਾਰੀ, ਇਸਮ ਆਜ਼ਮ ਉਸ ਦਾ ਦਿਆਂ ਸਮਝਾਈਆ । ਸਾਬਤ ਰਹਿਣ ਨਹੀਂ ਦੇਣੀ ਚਾਰ ਯਾਰੀ, ਚੌਥੇ ਜੁਗ ਸਰਬ ਦੁਹਾਈਆ । ਚੇਲਿਆਂ ਗੁਰੂਆਂ ਉਤੇ ਕਰਨੀ ਬੇਇਤਬਾਰੀ, ਬੇਵਾ ਹੋਵੇ ਸਰਬ ਲੋਕਾਈਆ । ਕਿਸੇ ਨੇ ਕਿਸੇ ਦੀ ਕਰਨੀ ਨਹੀਂ ਵਫ਼ਾਦਾਰੀ, ਪਿਆਰ

ਵਿਚ ਦਾਤਾਰ ਮਿਲਣ ਕੋਇ ਨਾ ਆਈਆ । ਮੈਂ ਸ਼ਰਅ ਦੀ ਸ਼ਰੀਅਤ ਵਿਚ ਸਭ ਦੇ ਹੱਥ ਫੜਾਉਣੀ ਕੁਹਾੜੀ, ਦੋ ਧੜ ਕਰਨੀ ਲੋਕਾਈਆ । ਮੈਂ ਤੈਨੂੰ ਸੱਯਦਾ ਕਰਾਂ ਬੰਦਨਾ ਕਰਾਂ ਕਿ ਡੰਡਾਵਤ ਕਰਾਂ ਜਿਸ ਨੇ ਮੁੱਛ ਕੇਸ ਰਖਾਈ ਦਾੜ੍ਹੀ, ਦਾਅਵਾ ਇਕੋ ਨਾਲ ਰਖਾਈਆ । ਗੋਬਿੰਦ ਔਹ ਵੇਖ ਮੇਰਾ ਪੁਰਖ ਅਕਾਲ ਐਂ ਵਖਾਉਂਦਾ ਕਲਜੁਗ ਅੰਤਮ ਕਲਜੁਗ ਨੇ ਸਾਰੀ ਦੁਨੀਆ ਕੱਟਣੀ ਵਾਂਗ ਹਾੜੀ, ਹਾੜਾ ਕਢਣ ਵਾਲਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲਹਿਣਾ ਦੇਣਾ ਚੁਕਾਵੇ ਆਪਣੀ ਵਾਰੀ, ਵਾਰਸ ਹੋ ਕੇ ਵੇਖੇ ਥਾਉਂ ਥਾਈਂਆ ।

### ✪ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਸਾਧੂ ਸਿੰਘ ਦੇ ਗ੍ਰਿਹ ਪਿੰਡ ਕੱਲਾ ✪

ਕਲਜੁਗ ਕਹੇ ਗੋਬਿੰਦ ਮੈਂ ਵੀ ਸੂਰਬੀਰ ਬਹਾਦਰ ਤਕੜਾ, ਤੱਕੜ ਤੋਲਾਂ ਜਗਤ ਲੋਕਾਈਆ । ਦੀਨਾਂ ਮਜ਼੍ਹਬਾਂ ਪਾਵਾਂ ਝਗੜਾ, ਝਗੜੇਲੂ ਕਰਾਂ ਲੋਕਾਈਆ । ਅਮੀਰ ਗ਼ਰੀਬਾਂ ਲਾਵਾਂ ਰਗੜਾ, ਬਚਿਆ ਰਹਿਣ ਕੋਇ ਨਾ ਪਾਈਆ । ਗੁਰ ਚੇਲੇ ਫਿਰਾਵਾਂ ਵਿਚ ਰੋਹੀ ਰਕੜਾ, ਬੇਲਿਆਂ ਵਿਚ ਦੁਹਾਈਆ । ਰੌਲਾ ਪਵਾਵਾਂ ਪ੍ਰਭੂ ਦੇ ਨਾਮ ਅੱਖਰਾਂ, ਅੱਖਰਾਂ ਵਿਚ ਸਰਬ ਕੁਰਲਾਈਆ । ਆਪ ਸਭ ਤੋਂ ਰਹਵਾਂ ਵੱਖਰਾ, ਜਗਤ ਨੇਤਰ ਨਜ਼ਰ ਕੋਇ ਨਾ ਆਈਆ । ਤੂੰ ਯਾਰੜੇ ਦਾ ਹੰਢਾਇਆ ਸੱਥਰਾ, ਸੇਜਾ ਸੁੱਤਾ ਚਾਈਂ ਚਾਈਂਆ । ਮੈਂ ਕਾਹਨ ਦਾ ਖੇਲ ਕਰਾ ਕੇ ਵਿਚ ਮਥਰਾ, ਦੁਆਪਰ ਦਾ ਲਹਿਣਾ ਦਿਤਾ ਮੁਕਾਈਆ । ਅੱਗੇ ਪ੍ਰਭ ਦਾ ਰੂਪ ਬਣ ਕੇ ਅੱਥਰਾ, ਜ਼ਰੀਆ ਹੋ ਕੇ ਮਾਤਲੋਕ ਭੱਜਾ ਚਾਈਂ ਚਾਈਂਆ । ਤੂੰ ਵੇਖ ਲੈ ਤੇਰੇ ਨਾਲ ਮੁਹੰਮਦੀਆਂ ਦੀਆਂ ਲਵਾ ਦਿਤੀਆਂ ਟੱਕਰਾ, ਟਾਕਰਾ ਦਿਤਾ ਕਰਾਈਆ । ਮੈਨੂੰ ਕਿਸੇ ਦਾ ਨਹੀਂ ਕੋਈ ਖ਼ਤਰਾ, ਕਿਉਂ ਮੇਰਾ ਪੁਰਖ ਅਕਾਲ ਮੈਨੂੰ ਹੁਕਮ ਰਿਹਾ ਸੁਣਾਈਆ । ਮੈਂ ਬੜਾ ਚਤੁਰ ਸੁਘੜ ਸਿਆਣਾ ਮੇਰੇ ਵਿਚ ਵਡਾ ਨਖ਼ਰਾ, ਦੀਨ ਦੁਨੀ ਲਵਾਂ ਭਰਮਾਈਆ । ਆਹ ਵੇਖ ਚੌਦਾਂ ਤਬਕਾਂ ਦਾ ਮੇਰੇ ਕੋਲ ਖ਼ਸਰਾ, ਮੁਹੰਮਦ ਨੂੰ ਇਕੋ ਨੰਬਰ ਵਿਚ ਛੁਪਾਈਆ । ਜਿਸ ਨੇ ਦੀਨ ਦੁਨੀ ਪਸਾਰਾ ਪਸਰਾ, ਉਹ ਪੁਸ਼ਤ ਪਨਾਹ ਮੇਰੀ ਬੈਠਾ ਬੇਪਰਵਾਹੀਆ । ਮੈਂ ਆਇਆ ਤੇਰੇ ਪੱਤਨਾ, ਦਰ ਤੇਰੇ ਸੀਸ ਨਿਵਾਈਆ । ਗੋਬਿੰਦ ਕਿਹਾ ਤੈਨੂੰ ਮੁੜਨ ਨਹੀਂ ਦਿੰਦਾ ਸੱਖਣਾ, ਕੁਛ ਲੇਖਾ ਦਿਆਂ ਜਣਾਈਆ । ਜਿਸ ਵੇਲੇ ਆਵੇ ਪੁਰਖ ਸਮਰਥਨਾ, ਕਲਜੁਗ ਅੰਤਮ ਵੇਸ ਵਟਾਈਆ । ਉਸ ਨੇ ਖੋਟਾ ਖਰਾ ਪਰਖਣਾ, ਲੱਖ ਚੁਰਾਸੀ ਫੋਲੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੱਚਾ ਮਾਲਕ ਧੁਰਦਰਗਾਹੀਆ ।

### ✪ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਲਾਲ ਸਿੰਘ ਦੇ ਗ੍ਰਿਹ ਪਿੰਡ ਕੱਲਾ ✪

ਕਲਜੁਗ ਕਹੇ ਗੋਬਿੰਦ ਮੇਰੀ ਵੇਖ ਜੋਬਨ ਵਾਲੀ ਹਯਾਤੀ, ਹਯਾ ਵਿਚ ਨਾ ਕੋਇ ਰਖਾਈਆ । ਮੈਂ ਸਭ ਦੀ ਭੁਲਾਉਣੀ ਗਾਥੀ, ਗਹਿਰ ਗੰਭੀਰ ਮਿਲਣ ਕੋਇ ਨਾ ਪਾਈਆ । ਮੈਂ ਮਨ ਹੰਕਾਰੀ ਬਣਾਉਣਾ ਹਾਥੀ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਕਲਜੁਗ ਕੂੜੀ ਕਿਰਿਆ ਢਾਉਣੀ

ਘਾਟੀ, ਘਾਟੇ ਵਿਚ ਰਹੇ ਜਗਤ ਲੋਕਾਈਆ । ਝਗੜਾ ਪਵਾ ਕੇ ਜ਼ਾਤ ਪਾਤੀ, ਪਤਿਪਰਮੇਸ਼ਵਰ ਦਾ ਖਹਿੜਾ ਦੇਣਾ ਛੁਡਾਈਆ । ਸਦੀ ਚੌਧਵੀਂ ਕਰ ਅੰਧੇਰੀ ਰਾਤੀ, ਅੰਧ ਅੰਧੇਰਾ ਦੇਣਾ ਵਖਾਈਆ । ਹੱਥ ਮਾਰ ਕੇ ਉਤੇ ਛਾਤੀ, ਸ਼ਹਿਨਸ਼ਾਹ ਅੱਗੇ ਸੀਸ ਨਿਵਾਈਆ । ਤੂੰ ਮੇਰੀ ਕਰਨੀ ਰਾਖੀ, ਹੋਣਾ ਅੰਤ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ ।

## ✪ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਹਰਦੀਪ ਸਿੰਘ, ਗੁਰਦਿਆਲ ਸਿੰਘ ਦੇ ਗ੍ਰਹਿ ਪਿੰਡ ਕੱਲਾ ✪

ਕਲਜੁਗ ਕਹੇ ਗੋਬਿੰਦ ਮੈਨੂੰ ਖ਼ੁਦਾ ਨੇ ਦਿਤਾ ਪੈਗ਼ਾਮ, ਪੈਗ਼ੰਬਰਾਂ ਤੋਂ ਪਰੇ ਦਿਤਾ ਜਣਾਈਆ । ਕਿਸੇ ਦੇ ਅੰਦਰ ਵਸਣ ਨਹੀਂ ਦੇਣਾ ਨਾਮ ਕਲਾਮ, ਕਾਇਨਾਤ ਸਾਚੇ ਕਰਮ ਨਾ ਕੋਇ ਕਮਾਈਆ । ਹਿਰਦੇ ਰਹੇ ਕਿਸੇ ਨਾ ਨਾਮ, ਅੰਤਰ ਪ੍ਰੇਮ ਨਾ ਕੋਇ ਵਧਾਈਆ । ਸਭ ਨੂੰ ਸ਼ਰਅ ਦੇ ਕਰਨਾ ਗ਼ੁਲਾਮ, ਜ਼ੰਜੀਰੀ ਸ਼ਰੀਅਤ ਵਾਲੀ ਵਖਾਈਆ । ਜਿਧਰ ਵੇਖਾਂ ਉਧਰ ਹੋਏ ਹਰਾਮ, ਧਰਨੀ ਧਰਮ ਨਾ ਕੋਇ ਰਖਾਈਆ । ਅਵਤਾਰ ਪੈਗ਼ੰਬਰਾਂ ਦਾ ਰਹਿਣ ਨਹੀਂ ਦੇਣਾ ਇੰਤਜ਼ਾਮ, ਬੰਧਨ ਸਾਰੇ ਦੇਣੇ ਤੁੜਾਈਆ । ਕਲਮੇ ਤੋਂ ਨਾਮ ਕਰਾਉਣਾ ਬਦਨਾਮ, ਨਾਮ ਨਾਲ ਕਲਮਾ ਦੇਣਾ ਟਕਰਾਈਆ । ਕਿਸੇ ਦੀ ਰਹਿਣ ਨਹੀਂ ਦੇਣੀ ਸ਼ਾਨ, ਇੱਜ਼ਤ ਮਾਣ ਨਾ ਕੋਇ ਵਖਾਈਆ । ਇਹ ਹੁਕਮ ਸ੍ਰੀ ਭਗਵਾਨ, ਧੁਰ ਦੇ ਮਾਲਕ ਦਿਤਾ ਸੁਣਾਈਆ । ਮੈਂ ਝਗੜਾ ਪਾਉਣਾ ਵਿਚ ਅਵਾਮ, ਸਾਚਾ ਅਮਲ ਨਾ ਕੋਇ ਕਮਾਈਆ । ਤੂੰ ਜੋਧਾ ਸੂਰਬੀਰ ਬਲਵਾਨ, ਬਲਧਾਰੀ ਇਕ ਅਖਵਾਈਆ । ਮੈਂ ਵੀ ਓਸੇ ਦਾ ਰੂਪ ਮਹਾਨ, ਨਿਰਗੁਣ ਨੂਰ ਨਜ਼ਰੀ ਆਈਆ । ਮੇਰਾ ਅੰਤ ਮੇਰਾ ਕੰਤ ਇਕ ਜਾਣੇ ਭਗਵਾਨ, ਦੂਜੇ ਸਮਝ ਕਿਸੇ ਨਾ ਪਾਈਆ । ਗੋਬਿੰਦ ਹੱਸ ਕੇ ਵਖਾਇਆ ਔਹ ਤਕ ਸਾਹਿਬ ਦਾ ਨਿਸ਼ਾਨ, ਜੋ ਸੱਤ ਰੰਗ ਰਿਹਾ ਝੁਲਾਈਆ । ਜਿਸ ਨੇ ਬਦਲ ਦੇਣਾ ਵਿਧਾਨ, ਹੁਕਮ ਇਕੋ ਇਕ ਦ੍ਰਿੜਾਈਆ । ਕਲਜੁਗ ਕਹੇ ਮੈਂ ਫੇਰ ਮੰਗਾਂ ਦਾਨ, ਦਾਤੇ ਅੱਗੇ ਝੋਲੀ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰ ਹਰਿ ਆਪਣਾ ਹੁਕਮ ਵਰਤਾਈਆ ।

## ✪ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਕੁੰਦਨ ਸਿੰਘ ਦੇ ਗ੍ਰਹਿ ਪਿੰਡ ਕੱਲਾ ✪

ਗੋਬਿੰਦ ਸੇਜਾ ਕਿਹਾ ਕਲਜੁਗ ਨਾ ਕਰ ਇਤਨਾ ਗਰੂਰ, ਹੰਕਾਰ ਵਿਚ ਨਾ ਕੋਇ ਵਡਿਆਈਆ । ਕਲਜੁਗ ਅੰਤਮ ਆਉਣਾ ਹਰਿ ਹਜ਼ੂਰ, ਹਰਿ ਕਰਤਾ ਧੁਰਦਰਗਾਹੀਆ । ਜਿਸ ਨੇ ਮੂਸਾ ਮੂੰਹ ਦੇ ਭਾਰ ਸੁੱਟਿਆ ਉਤੇ ਕੋਹਤੂਰ, ਈਸਾ ਫਾਸੀ ਗਲ ਲਟਕਾਈਆ । ਮੁਹੰਮਦ ਨੂੰ ਕਰ ਮਜਬੂਰ, ਜਗਤ ਝਗੜਾ ਕੀਤਾ ਲੜਾਈਆ । ਗੁਰੂਆਂ ਨਾਲ ਵੇਖ ਕਿਆ ਹੋਇਆ ਦਸਤੂਰ, ਤੱਤੀ ਲੋਹ ਉਤੇ ਟਿਕਾਈਆ । ਦਿੱਲੀ ਸੀਸ ਲੱਥਾ ਬਿਨਾ ਕਸੂਰ, ਤੇਗ ਬਹਾਦਰ ਦਏ ਗਵਾਹੀਆ । ਗੋਬਿੰਦ ਦੇ ਬੱਚਿਆਂ ਦਾ ਰਿਹਾ ਕੋਇ ਨਾ ਨੂਰ, ਚਾਰੇ ਚੌਥੇ ਜੁਗ ਤੇਰੀ ਝੋਲੀ ਪਾਈਆ । ਬੇਸ਼ਕ ਤੂੰ ਕਲਜੁਗ ਜੀਵਾਂ ਸੁਰਤੀ ਕੀਤੀ ਮੂਰਖ ਮੂੜ੍ਹ, ਨਿੰਦਕ ਨਿੰਦਿਆ ਵਿਚ ਵਡਿਆਈਆ । ਨਾਤਾ ਜੋੜਿਆ ਕੂੜੋ ਕੂੜ, ਕੁਕਰਮ ਵਿਚ ਫਿਰੀ ਦੁਹਾਈਆ ।

ਪਰ ਜਿਸ ਵੇਲੇ ਪੁਰਖ ਅਕਾਲ ਦੀ ਤੇਰੇ ਮਸਤਕ ਲੱਗੀ ਧੂੜ, ਤੂੰ ਆਪਣੀ ਦਲੀਲ ਜਾਣੀ ਬਦਲਾਈਆ । ਐਵੇਂ ਨਾ ਪਾ ਫ਼ਤੂਰ, ਫ਼ਤਵਾ ਦੂਸਰਿਆਂ ਉਤੇ ਲਗਾਈਆ । ਬੇਸ਼ਕ ਤੂੰ ਹੱਕ ਦਾ ਨਾਅਰਾ ਲਾਉਣ ਵਾਲਾ ਸੂਲੀ ਚਾੜ੍ਹਿਆ ਮਨਸੂਰ, ਖੱਲ ਸ਼ਮਸ ਤਬਰੇਜ਼ ਲੁਹਾਈਆ । ਅੰਤ ਤੈਨੂੰ ਵੀ ਹੋਣਾ ਪੈਣਾ ਮਜਬੂਰ, ਮੁਸ਼ਕਲ ਵੇਖ ਆਪਣੀ ਥਾਈਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਜੁਗ ਜੁਗ ਆਪਣੀ ਕਲ ਵਰਤਾਈਆ । ਗੋਬਿੰਦ ਸੇਜ ਕਹੇ ਕਲਜੁਗ ਨਾ ਕਰ ਹੰਕਾਰ, ਹਉਮੇ ਰੂਪ ਵਟਾਈਆ । ਓਹ ਖੇਲ ਵੇਖ ਨਿਰੰਕਾਰ, ਜੋ ਨਿਰਗੁਣ ਦਾਤਾ ਰਿਹਾ ਵਖਾਈਆ । ਜਿਸ ਗੋਬਿੰਦ ਲੈਣਾ ਉਭਾਰ, ਸ਼ਬਦੀ ਸ਼ਬਦ ਰੂਪ ਬਦਲਾਈਆ । ਜੋਤੀ ਜਾਤਾ ਹੋ ਤਿਆਰ, ਨਿਰਗੁਣ ਲੋਕਮਾਤ ਲਏ ਅੰਗੜਾਈਆ । ਕਲ ਕਲਕੀ ਖੇਲ ਕਰੇ ਕਰਤਾਰ, ਕੁਦਰਤ ਦਾ ਕਾਦਰ ਇਕ ਅਖਵਾਈਆ । ਅਮਾਮ ਅਮਾਮਾਂ ਹੋ ਸਿਕਦਾਰ, ਵੇਸ ਅਨੇਕਾ ਰੂਪ ਵਟਾਈਆ । ਤੇਰੀ ਕਲੂ ਮਤ ਕਰੇ ਖ਼ੁਆਰ, ਹਿਕਮਤ ਅੱਗੇ ਚਲੇ ਨਾ ਰਾਈਆ । ਸਦੀ ਚੌਧਵੀਂ ਸਭ ਦਾ ਲਹਿਣਾ ਦੇਣਾ ਦਏ ਉਤਾਰ, ਅੱਗੇ ਹੋ ਨਾ ਕੋਇ ਅਟਕਾਈਆ । ਓਹ ਤਕ ਸਤਿਜੁਗ ਮਾਰ ਰਿਹਾ ਲਲਕਾਰ, ਉਚੀ ਕੂਕ ਕੂਕ ਸੁਣਾਈਆ । ਮੈਂ ਹੋਇਆ ਖ਼ਬਰਦਾਰ, ਬੇਖ਼ਬਰਾਂ ਦਿਆਂ ਉਠਾਈਆ । ਦੀਨ ਦੁਨੀ ਦਾ ਝਗੜਾ ਮੇਟਣਾ ਤਕਰਾਰ, ਨਾਮ ਦੀ ਇਕੋ ਤੁਕ ਸੁਣਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਸਭ ਨੂੰ ਯਾਰ, ਯਾਰੜਾ ਸੱਬਰ ਲੇਖੇ ਲਾਈਆ । ਜ਼ਰਾ ਹੋਣਾ ਆਪ ਹੁਸ਼ਿਆਰ, ਹੁਸ਼ਿਆਰੀ ਵਿਚ ਦਰਸਾਈਆ । ਜਿਸ ਨੂੰ ਸਾਰੇ ਕਹਿੰਦੇ ਕਲ ਕਲਕੀ ਅਵਤਾਰ, ਸੋ ਕਲਾ ਸਭ ਦੀ ਦਏ ਬਦਲਾਈਆ । ਜਿਸ ਨੇ ਜਲ ਥਲ ਮਈਅਲ ਪਾਉਣੀ ਸਾਰ, ਸਮੁੰਦ ਸਾਗਰ ਟਿੱਲੇ ਪਰਬਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਖ਼ਲਕ ਦਾ ਖ਼ਾਲਕ, ਆਦਿ ਅੰਤ ਸ੍ਰੀ ਭਗਵੰਤ ਆਪਣਾ ਹੁਕਮ ਹੁਕਮ ਵਿਚੋਂ ਬਦਲਾਈਆ ।



### ੨੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਹਰੀ ਸਿੰਘ ਦੇ ਗ੍ਰਹਿ ਪਿੰਡ ਕੱਲਾ

ਗੋਬਿੰਦ ਕਿਹਾ ਖੇਲ ਕਰੇ ਮੇਰਾ ਪ੍ਰਭ ਮੀਤ, ਸਾਹਿਬ ਸੁਲਤਾਨ ਦਇਆ ਕਮਾਈਆ । ਜਿਸ ਨੇ ਸਭ ਨੂੰ ਲੈਣਾ ਜੀਤ, ਹਾਰ ਵਿਚ ਦਿਸੇ ਲੋਕਾਈਆ । ਤੇਰਾ ਨਾਮ ਦੱਸ ਕੇ ਗੀਤ, ਸਾਚਾ ਕਲਮਾ ਦੇਣਾ ਸਮਝਾਈਆ । ਏਕਾ ਛਤਰ ਝੁੱਲੇ (ਸੀਸ) ਜਗਦੀਸ, ਜਗਤ ਦਾ ਮਾਲਕ ਆਪਣੀ ਕਾਰ ਕਮਾਈਆ । ਕਲਜੁਗ ਤੇਰੀ ਕਿਰਿਆ ਜਾਣੀ ਪੀਸ, ਸਦੀ ਚੌਧਵੀਂ ਅੰਤ ਰਾਹ ਤਕਾਈਆ । ਸਭ ਦੀ ਨੰਗੀ ਹੋਣੀ ਪੀਠ, ਓਢਣ ਉਪਰ ਨਾ ਕੋਇ ਟਿਕਾਈਆ । ਇਹ ਖੇਲ ਕਰਨਾ ਅਨਡੀਠ, ਅਨਡਿਠੜਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਗੋਬਿੰਦ ਕਿਹਾ ਕਲਜੁਗ ਅੰਤਮ ਸਭ ਨੂੰ ਹੋਣਾ ਸਦਮਾ, ਦੁੱਖਾਂ ਵਿਚ ਦੀਨ ਦੁਨੀ ਕੁਰਲਾਈਆ । ਤੂੰ ਵੀ ਝੁਕਣਾ ਪ੍ਰਭ ਦੇ ਕਦਮਾਂ, ਕਦਮਬੋਸੀ ਕਰਕੇ ਖ਼ੁਸ਼ੀ ਮਨਾਈਆ । ਜਿਸ ਨੇ ਝਗੜਾ ਮੁਕਾਉਣਾ ਕਾਇਆ ਮਾਟੀ ਬਦਨਾ, ਤਨ ਵਜੂਦ ਖ਼ਾਕ ਡੇਰਾ ਢਾਈਆ । ਏਕਾ ਰੰਗ ਰੰਗਾਉਣਾ ਆਅਲਾ ਅਦਨਾ, ਊਚ ਨੀਚ ਦੇਵੇ ਮਾਣ ਵਡਿਆਈਆ । ਜੋ ਯਾਦ ਕਰਕੇ ਗਿਆ

ਕਸਾਈ ਸਦਨਾ, ਛੁਰੀ ਜਗਤ ਵਾਲੀ ਸੁਟਾਈਆ । ਰਵਦਾਸ ਮੰਗਦਾ ਗਿਆ ਮੰਗਣਾ, ਪ੍ਰਭ ਅੱਗੇ ਝੋਲੀ ਡਾਹੀਆ । ਕਬੀਰ ਕਹਿੰਦਾ ਗਿਆ ਕਲਜੁਗ ਅੰਤਮ ਆਵੇ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਜਿਸ ਦਾ ਨੇਤਰ ਨਾਮ ਬਲੋਵੇ ਅੰਜਣਾ, ਕਾਇਆ ਕੰਚਨ ਗੜ੍ਹ ਦੇਵੇ ਵਡਿਆਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਮੰਨਿਆਂ ਆਦਿ ਨਿਰੰਜਣਾ, ਆਦਿ ਦਾ ਮਾਲਕ ਇਕ ਅਖਵਾਈਆ । ਸੋ ਖੇਲ ਕਰੇ ਸੂਰਾ ਸਰਬੰਗਣਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਨਾਮ ਨਗ਼ਾਰਾ ਵੱਜਣਾ, ਗੋਬਿੰਦ ਡੰਕ ਕਰੇ ਸ਼ਨਵਾਈਆ । ਤੇਰਾ ਕੂੜ ਕੁੜਿਆਰਾ ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਚੋਂ ਭੱਜਣਾ, ਭੈ ਭਉ ਇਕ ਵਖਾਈਆ । ਸਾਚੀ ਧੂੜ ਕਰਾ ਕੇ ਮਜਨਾ, ਦੁਰਮਤ ਮੈਲ ਕਰੇ ਸਫ਼ਾਈਆ । ਕਰੇ ਖੇਲ ਆਪਣੀ ਨਿਰਗੁਣ ਧਾਰ ਜਿਸ ਜੋਤੀ ਜਾਤਾ ਹੋ ਕੇ ਜਗਣਾ, ਜਾਗਰਤ ਜੋਤ ਬਿਨ ਵਰਨ ਗੋਤ ਡਗਮਗਾਈਆ । ਜਿਸ ਨੂੰ ਖੋਜਦੇ ਕੋਟਨ ਕੋਟ ਪਦਮ ਪਦਮਾ, ਪਦ ਦਾ ਮਾਲਕ ਹੱਥ ਕਿਸੇ ਨਾ ਆਈਆ । ਜਿਸ ਨੇ ਪਿਛਲਾ ਕੀਤਾ ਰੱਦਣਾ, ਰਾਧਾ ਕ੍ਰਿਸ਼ਨ ਗਿਆ ਦ੍ਰਿੜਾਈਆ । ਜਿਸ ਨੇ ਮਾਰਗ ਲਾਉਣਾ ਅਗਲਾ, ਸੀਤਾ ਰਾਮ ਦਏ ਦੁਹਾਈਆ । ਪੈਗ਼ੰਬਰਾਂ ਕਾਇਨਾਤ ਵਿਚੋਂ ਵੰਞਣਾ, ਵੰਞ ਮੁਹਾਣਾ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਏਕੰਕਾਰ ਸੰਤ ਸੁਹੇਲੇ ਲਾਉਣੇ ਆਪਣੇ ਅੰਗਣਾ, ਅੰਗੀਕਾਰ ਆਪ ਹੋ ਜਾਈਆ । ਗੋਬਿੰਦ ਕਿਹਾ ਕਲਜੁਗ ਤੇਰੇ ਅੰਤ ਸ੍ਰੀ ਭਗਵੰਤ ਆਪਣਾ ਦੇਣਾ ਇਕ ਅਨੰਦਨਾ, ਅਨੰਦ ਅਨੰਦ ਵਿਚੋਂ ਵਖਾਈਆ । ਗੋਬਿੰਦ ਨੂਰ ਚਮਕਾ ਕੇ ਚੰਦਨਾ, ਚੰਦ ਚਾਂਦਨੀ ਇਕ ਦਿਖਾਈਆ । ਓਸ ਵੇਲੇ ਕਲਜੁਗ ਨੇ ਗੋਬਿੰਦ ਅੱਗੇ ਕੀਤੀ ਬੰਦਨਾ, ਦੋਏ ਜੋੜ ਸੀਸ ਨਿਵਾਈਆ । ਮੈਂ ਵੀ ਖੇਲ ਵੇਖਣਾ ਵਿਚ ਬ੍ਰਹਿਮੰਡਣਾ, ਵਰਭੰਡ ਅੱਖ ਖੁਲ੍ਹਾਈਆ । ਜਿਸ ਵੇਲੇ ਪੁਰਖ ਅਕਾਲ ਦਾ ਵਕਤ ਹੋਇਆ ਸੁਹੰਜਣਾ, ਸੋਭਾਵੰਤ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਦਵਾਰਾ ਇਕੋ ਮੰਗਣਾ, ਮਾਂਗਤ ਹੋ ਕੇ ਭਿੱਖਕ ਆਪਣੀ ਝੋਲੀ ਅੱਗੇ ਡਾਹੀਆ ।



### ੨੪ ਅੱਸੂ ਸ਼ਹਿਨਸ਼ਾਹੀ ਸੰਮਤ ੫ ਸੁਖਦੇਵ ਰਾਮ ਦੇ ਗ੍ਰਿਹਿ ਪਿੰਡ ਕੱਲਾ

ਸੇਜ ਕਹੇ ਗੋਬਿੰਦ ਮੇਰਾ ਵਕਤ ਸੁਹਾਉਣਾ, ਸੋ ਸਾਹਿਬ ਦਿਤੀ ਮਾਣ ਵਡਿਆਈਆ । ਪ੍ਰੇਮ ਵਿਚ ਗਾਇਆ ਅਗੰਮੀ ਗਾਣਾ, ਬਿਨ ਰਸਨਾ ਜਿਹਵਾ ਦਿਤਾ ਦ੍ਰਿੜਾਈਆ । ਨਿਰਗੁਣ ਧਾਰ ਵੇਸ ਵਟਾਉਣਾ, ਸ਼ਬਦੀ ਆਪਣਾ ਨਾਉਂ ਪਰਗਟਾਈਆ । ਦੋ ਜਹਾਨਾਂ ਵੇਖ ਵਖਾਉਣਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਧੁਰ ਦਾ ਹੁਕਮ ਇਕ ਦ੍ਰਿੜਾਉਣਾ, ਪਰਦਾ ਆਪ ਖੁਲ੍ਹਾਈਆ । ਪੁਰਖ ਅਕਾਲ ਨਾਲ ਮਿਲਾਉਣਾ, ਵਿਛੋੜਾ ਰਹੇ ਨਾ ਰਾਈਆ । ਦੋਹਾਂ ਨੇ ਸਾਂਝਾ ਧਾਮ ਬਣਾਉਣਾ, ਬਾਡੀ ਘੜਤ ਨਾ ਕੋਇ ਘੜਾਈਆ । ਜੋਤੀ ਦੀਪਕ ਜੋਤ ਜਗਾਉਣਾ, ਬਿਨ ਤੇਲ ਬਾਤੀ ਕਰ ਰੁਸ਼ਨਾਈਆ । ਕਲਜੁਗ ਰਾਤੀ ਵੇਖ ਵਖਾਉਣਾ, ਬਣ ਬਣ ਕੇ ਪਾਂਧੀ ਰਾਹੀਆ । ਪੜਦਾ ਓਹਲਾ ਆਪ ਉਠਾਉਣਾ, ਭੇਵ ਰਹੇ ਨਾ ਰਾਈਆ । ਨਾਮ ਨਿਧਾਨਾ ਡੰਕ ਵਜਾਉਣਾ, ਨਵ ਸੱਤ ਦਏ ਉਠਾਈਆ । ਸਚ ਮਰਦੰਗ ਇਕ ਖੜਕਾਉਣਾ, ਦੋ ਜਹਾਨ ਕਰੇ ਸ਼ਨਵਾਈਆ । ਸੂਰਾ ਸਰਬੰਗ

ਆਪ ਅਖਵਾਉਣਾ, ਆਖ਼ਰ ਆਪਣਾ ਹੁਕਮ ਵਰਤਾਈਆ । ਕਲਜੁਗ ਕੂੜ ਕੁਟੰਬ ਮਿਟਾਉਣਾ, ਲੇਖਾ ਵੇਖਣਾ ਥਾਉਂ ਥਾਈਂਆ । ਸਤਿਜੁਗ ਸਾਚਾ ਰਾਹ ਚਲਾਉਣਾ, ਚਾਰੋਂ ਕੁੰਟ ਵੱਜੇ ਵਧਾਈਆ । ਨਿਹਕਲੰਕਾ ਖੇਲ ਖਲਾਉਣਾ, ਅਮਾਮ ਅਮਾਮਾ ਫੇਰਾ ਪਾਈਆ । ਧੁਰ ਦਾ ਧਾਮ ਇਕ ਵਸਾਉਣਾ, ਵਾਸਤਾ ਆਪਣੇ ਨਾਲ ਰਖਾਈਆ । ਵਿਸ਼ਨ ਬ੍ਰਹਮਾ ਸੀਸ ਨਿਵਾਉਣਾ, ਨਿਉਂ ਨਿਉਂ ਲਾਗਣ ਪਾਈਂਆ । ਚਾਰ ਜੁਗ ਦੇ ਸ਼ਾਸਤਰ ਪੰਧ ਮੁਕਾਉਣਾ, ਚੌਥੇ ਜੁਗ ਡੇਰਾ ਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਲਾ ਆਪ ਮਿਲਾਈਆ । ਸੇਜ ਕਿਹਾ ਗੋਬਿੰਦ ਸੁਣਾਇਆ ਰਾਗ, ਅਨੁਰਾਗੀ ਦਿਤਾ ਜਣਾਈਆ । ਮੈਂ ਸੁਣੀ ਅਗੰਮੀ ਆਵਾਜ਼, ਮੇਰੇ ਅੰਤਰ ਲਈ ਅੰਗੜਾਈਆ । ਕੀ ਇਸ ਦੇ ਅੰਦਰ ਰਾਜ਼, ਪੜਦਾ ਕਵਣ ਖੁਲ੍ਹਾਈਆ । ਮੇਰੀ ਅੰਤਰ ਖੁਲ੍ਹ ਗਈ ਜਾਗ, ਨਿੰਦਰਾ ਆਲਸ ਰਿਹਾ ਨਾ ਰਾਈਆ । ਮੇਰਾ ਵਡਾ ਹੋਇਆ ਭਾਗ, ਮਿਲੀ ਮਾਣ ਵਡਿਆਈਆ । ਮੈਂ ਸਭ ਕੁਛ ਦਿਤਾ ਤਿਆਗ, ਆਪਣੀ ਰੱਖੀ ਨਾ ਕੋਇ ਚਤੁਰਾਈਆ । ਆਪਣਾ ਆਪ ਲਿਆ ਸਾਧ, ਸਾਧਨਾ ਵਿਚ ਸੀਸ ਨਿਵਾਈਆ । ਫਿਰ ਪੁਰਖ ਅਕਾਲਾ ਲਿਆ ਅਰਾਧ, ਨਾਉਂ ਨਿਰੰਕਾਰਾ ਇਕ ਵਡਿਆਈਆ । ਫਿਰ ਚਰਨੀ ਗਈ ਲਾਗ, ਗੋਬਿੰਦ ਸੀਸ ਨਿਵਾਈਆ । ਓਸ ਵਖਾਇਆ ਮੈਂ ਬਦਲ ਦੇਣਾ ਸਮਾਜ, ਦੀਨ ਦੁਨੀ ਬਦਲਾਈਆ । ਕਲਜੁਗ ਰੀਤੀ ਮੇਟ ਦੇਣਾ ਰਾਜ, ਰਈਅਤ ਕੂੜ ਦੇਣੀ ਗਵਾਈਆ । ਸਤਿਜੁਗ ਸਾਚੇ ਦੇਣਾ ਤਾਜ, ਤਖ਼ਤ ਨਿਵਾਸੀ ਵੇਖ ਵਖਾਈਆ । ਅਗਲਾ ਭੇਵ ਖੋਲ੍ਹ ਕੇ ਆਗ਼ਾਜ਼, ਤੈਨੂੰ ਦਿਤਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਨੂਰ ਇਲਾਹੀਆ । ਸੇਜ ਕਹੇ ਮੈਂ ਸੋਈ ਉਠੀ, ਆਪਣੀ ਲਈ ਅੰਗੜਾਈਆ । ਮੈਨੂੰ ਗੋਬਿੰਦ ਫੜਿਆ ਦੋਹੀਂ ਗੁੱਟੀਂ, ਹਲੂਣਾ ਦਿਤਾ ਲਗਾਈਆ । ਓਹ ਕਮਲੀਏ, ਮੈਂ ਹੁਣ ਲੈ ਕੇ ਚਲਿਆ ਛੁੱਟੀ, ਆਪਣਾ ਖੇਲ ਵਖਾਈਆ । ਵੇਖੀਂ ਲੋਕਮਾਤ ਨਾ ਜਾਈਂ ਲੁੱਟੀ, ਲੁਟੇਰਾ ਹੋਣਾ ਕਲਜੁਗ ਰੂਪ ਕਸਾਈਆ । ਵੇਖੀਂ ਮੇਰਾ ਨਾਂ ਕਦੇ ਨਾ ਜਪੀਂ ਬੁੱਲਣਾ ਬੁੱਟੀਂ, ਰਸਨਾ ਰਸ ਨਾ ਕੋਇ ਵਖਾਈਆ । ਮੇਰੀ ਲਿਵ ਅੰਦਰੋਂ ਕਦੀ ਨਾ ਟੁੱਟੀ, ਜਿਹਵਾ ਗਾਉਣ ਵਾਲਿਆਂ ਹੱਥ ਕਦੇ ਨਾ ਆਈਆ । ਹੁਣ ਮੇਰੀ ਔਧ ਪੁੱਗੀ, ਮੇਰਾ ਸਾਹਿਬ ਰਿਹਾ ਬੁਲਾਈਆ । ਮੈਂ ਖੇਲ ਕਰਨੀ ਜਿਹੜੀ ਕੀਤੀ ਨਹੀਂ ਕਿਸੇ ਚਹੁੰ ਜੁਗੀਂ, ਚੌਥਾ ਜੁਗ ਵੇਖ ਵਖਾਈਆ । ਕਿਉਂ ਕਲਜੁਗ ਨੇ ਸਭ ਦੀ ਮਲੀਨ ਕੀਤੀ ਬੁੱਧੀ, ਬੁਧ ਬਿਬੇਕ ਨਾ ਕੋਇ ਵਖਾਈਆ । ਮਨ ਵਾਸਨਾ ਵਿਚ ਸ੍ਰਿਸ਼ਟੀ ਰੁਝੀ, ਦ੍ਰਿਸ਼ਟੀ ਪੜਦਾ ਕੋਇ ਨਾ ਲਾਹੀਆ । ਰਸ ਆਵੇ ਕਿਸੇ ਨਾ ਦੁੱਧੀਂ, ਮਾਤਾ ਸੀਰ ਨਾ ਕੋਇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸੇਜ ਕਹੇ ਮੇਰੇ ਉਤੇ ਅੰਤ ਅਖ਼ੀਰ ਗੋਬਿੰਦ ਪਾਇਆ ਭਾਰ, ਸਹਿਜ ਦਿਤਾ ਦਬਾਈਆ । ਉਠ ਵੇਖ ਮੇਰਾ ਨਿਰੰਕਾਰ, ਕੋਝੀਏ ਕਮਲੀਏ ਤੈਨੂੰ ਦਿਆਂ ਦ੍ਰਿੜਾਈਆ । ਜਿਸ ਨੂੰ ਝੁਕਦੇ ਗੁਰੂ ਅਵਤਾਰ, ਪੈਗ਼ੰਬਰ ਸੱਯਦਿਆਂ ਵਿਚ ਆਪਣਾ ਆਪ ਮਿਟਾਈਆ । ਧੂੜੀ ਮਸਤਕ ਲਾਉਂਦੇ ਸ਼ਾਰ, ਟਿੱਕੇ ਧੁਰ ਦੇ ਰਹੇ ਰਮਾਈਆ । ਦਸਤ ਬੰਨ੍ਹ ਕੇ ਕਹਿਣ ਤੇਰੇ ਨੰਨ੍ਹੇ ਨੰਨ੍ਹੇ ਬਰਖੁਰਦਾਰ, ਵੱਡਾ ਛੋਟਾ ਨਾ ਕੋਇ ਬਣਾਈਆ । ਔਹ ਵੇਖ ਮੇਰਾ ਆ ਗਿਆ ਪੁਰਖ ਅਕਾਲ, ਜੋਤੀ ਜਾਤਾ ਡਗਮਗਾਈਆ । ਦੀਨਾ ਬੰਧਪ ਦੀਨ ਦਿਆਲ, ਦਇਆਨਿਧ ਦਇਆ ਕਮਾਈਆ । ਸੇਜ ਕਹੇ ਜਾਂ ਮੈਂ ਤੱਕਿਆ ਗੋਬਿੰਦ ਨੂੰ ਆ ਕੇ ਕਿਹਾ ਉਠ ਮੇਰੇ ਲਾਲ, ਲਾਲਨ ਲਏ ਅੰਗੜਾਈਆ । ਸਚਖੰਡ ਦਵਾਰਾ

ਤੇਰੀ ਧਰਮਸਾਲ, ਕਿਉਂ ਸੂਲਾਂ ਸੱਥਰ ਰਿਹਾ ਹੰਢਾਈਆ । ਇਹ ਤੇਰੀ ਜੁਗ ਜੁਗ ਅਵੱਲੜੀ ਚਾਲ, ਚਾਲ ਨਿਰਾਲੀ ਇਕ ਅਖਵਾਈਆ । ਗੋਬਿੰਦ ਹੱਸ ਕੇ ਕਿਹਾ ਮੈਂ ਤੇਰਾ ਤੇ ਪ੍ਰਭੂ ਗੁਰਮੁਖ ਮੇਰੇ ਲਾਲ, ਓਨ੍ਹਾਂ ਆਪਣੀ ਗੋਦ ਟਿਕਾਈਆ । ਪਹਿਲਾਂ ਓਨ੍ਹਾਂ ਨੂੰ ਸੰਭਾਲ, ਜੋ ਮੇਰੇ ਪਿਛੇ ਆਇਆ ਭੇਟ ਕਰਾਈਆ । ਜੋ ਸਰਸੇ ਵਹਿਣ ਵਹੇ ਹੋ ਗਏ ਕੁਰਬਾਨ, ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੋਬਿੰਦ ਕਹੇ ਮੇਰੇ ਪੁਰਖ ਅਕਾਲਾ, ਅਕਲ ਕਲਧਾਰੀ ਦਿਆਂ ਜਣਾਈਆ । ਜੇ ਮੈਂ ਤੇਰਾ ਸੱਚਾ ਬਾਲਾ, ਬਾਲਕ ਆਪਣੀ ਗੋਦ ਉਠਾਈਆ । ਵਸਾਂ ਤੇਰੀ ਧਰਮਸਾਲਾ, ਸਚਖੰਡ ਸਾਚੇ ਸੋਭਾ ਪਾਈਆ । ਮੇਰੇ ਹੁਕਮੇ ਅੰਦਰ ਕਾਲ ਮਹਾਂਕਾਲਾ, ਸਿਰ ਸਕੇ ਨਾ ਕੋਇ ਉਠਾਈਆ । ਮੈਂ ਤੋੜਾਂ ਜਗਤ ਜੰਜਾਲਾ, ਤ੍ਰੈਗੁਣ ਲੇਖਾ ਦਿਆਂ ਮੁਕਾਈਆ । ਹੁਣ ਵੇਖ ਲੈ ਮੇਰਾ ਹਾਲਾ, ਤੇਰੇ ਪਿਛੇ ਯਾਰੜੇ ਸੇਜ ਸੁਹਾਈਆ । ਆਪਣੇ ਗਲੋਂ ਲਾਹ ਕੇ ਸੁੱਟੀ ਮਾਲਾ, ਮਣਕੇ ਤੇਰੀ ਝੋਲੀ ਪਾਈਆ । ਮੈਥੋਂ ਨਾਮ ਜਪਿਆ ਨਹੀਂ ਜਾਂਦਾ ਬਾਹਲਾ, ਮਿੰਨਤਾਂ ਵਿਚ ਸੀਸ ਨਾ ਬਹੁ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਗੋਬਿੰਦ ਕਿਹਾ ਮੇਰੀ ਸੇਜ ਵੇਖ ਲੈ ਅੰਤ, ਪ੍ਰਭੂ ਦਿਆਂ ਦ੍ਰਿੜਾਈਆ । ਨਿਗਾਹ ਉਠਾਈ ਸ੍ਰੀ ਭਗਵੰਤ, ਬਿਨ ਅੱਖਾਂ ਅੱਖ ਮਿਲਾਈਆ । ਗੋਬਿੰਦ ਹੱਸ ਕੇ ਕਿਹਾ ਹੁਣ ਅਗਲਾ ਦੇ ਦੇ ਮੰਤ, ਮੰਤਰ ਦੇ ਸਮਝਾਈਆ । ਪੁਰਖ ਅਕਾਲ ਕਿਹਾ ਜਿਸ ਨਾਲ ਪਾਰ ਉੱਤਰੇ ਜੀਵ ਜੰਤ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਗੋਬਿੰਦ ਕਿਹਾ ਤੂੰ ਬਣ ਜਾ ਇਕੋ ਕੰਤ, ਕੰਤੂਹਲ ਤੇਰੀ ਸਰਨਾਈਆ । ਅਬਿਨਾਸ਼ੀ ਕਰਤੇ ਕਿਹਾ ਤੇਰਾ ਰੂਪ ਬੋਧ ਅਗਾਧਾ ਪੰਡਤ, ਸ਼ਬਦੀ ਸ਼ਬਦ ਸ਼ਬਦ ਸਮਝਾਈਆ । ਤੇਰਾ ਲਹਿਣਾ ਦੇਣਾ ਹੋਣਾ ਕਲਜੁਗ ਅੰਤ, ਅੰਤਸ਼ਕਰਨ ਵੇਖਣਾ ਖ਼ਲਕ ਖ਼ੁਦਾਈਆ । ਗੜ੍ਹ ਤੋੜਨਾ ਹਉਮੇ ਹੰਗਤ, ਹੰ ਬ੍ਰਹਮ ਦੇਣਾ ਸਮਝਾਈਆ । ਚਾਰ ਵਰਨ ਬਨਾਉਣੀ ਇਕੋ ਸੰਗਤ, ਸਗਲਾ ਸੰਗ ਆਪ ਰਖਾਈਆ । ਗੋਬਿੰਦ ਦੂਜੇ ਦਾ ਨਾ ਹੋਣਾ ਮੰਗਤ, ਭਿੱਛਿਆ ਲੈਣ ਕਦੇ ਨਾ ਜਾਈਆ । ਖੇਲ ਵਖਾਉਣਾ ਤੈਨੂੰ ਆਪਣੇ ਪੰਚਮ ਮੀਤੇ ਪੰਚਮ ਸ਼ਹਿਨਸ਼ਾਹੀ ਸੰਮਤ, ਸਮਾਂ ਸਮੇਂ ਨਾਲੋਂ ਬਦਲਾਈਆ । ਨਿਰਗੁਣ ਧਾਰ ਤੇਰੀ ਬਣਨੀ ਬਣਤ, ਤੱਤਾਂ ਵਾਲਾ ਜੋੜ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਜਣਾਈਆ । ਗੋਬਿੰਦ ਕਹੇ ਮੈਂ ਛੱਡਾਂ ਸੇਜ ਸੁਹਾਵੀ, ਪ੍ਰਭੂ ਤੇਰੀ ਸਰਨਾਈਆ । ਅੱਗੇ ਮੇਰੇ ਉਤੇ ਵਰਤੇ ਤੇਰੀ ਕਦੇ ਨਾ ਭਾਵੀ, ਮੇਰਾ ਤਤ ਨਾ ਕੋਇ ਕੁਰਲਾਈਆ । ਕਿਉਂ ਸੰਦੇਸਾ ਦੇ ਕੇ ਗਿਆ ਪੰਚਮ ਸਤਿਗੁਰ ਉਤੇ ਰਾਵੀ, ਵਹਿਣਾਂ ਵਿਚ ਚਰਨ ਛੁਹਾਈਆ । ਗੋਬਿੰਦ ਦੀ ਧਾਰ ਅੰਤਮ ਪੁਰਖ ਅਕਾਲ ਦੇ ਨਾਲ ਹੋਣੀ ਸਾਵੀਂ, ਕੰਡਾ ਤਰਾਜ਼ੂ ਇਕੋ ਤੋਲ ਤੁਲਾਈਆ । ਮੇਰੇ ਦੀਨ ਦਿਆਲ ਤੂੰ ਮੇਰਾ ਢੋਲਾ ਗਾਵੀਂ, ਮੈਂ ਤੇਰਾ ਰਾਗ ਸੁਣਾਈਆ । ਹੁਣ ਤੂੰ ਮੈਨੂੰ ਬਲ ਦਿਤਾ ਜੋਧਾ ਸੂਰਬੀਰ ਬਣਾ ਕੇ ਬਾਹਵੀਂ, ਫੇਰ ਸ਼ਬਦੀ ਤੇਰੀ ਕਲ ਵਰਤਾਈਆ । ਕੁਛ ਯਾਦ ਕਰ ਲੈ ਕੀ ਮਿੰਨਤ ਕੀਤੀ ਪਾਤਸ਼ਾਹੀ ਨਾਵੀਂ, ਤੇਗ਼ ਬਹਾਦਰ ਤੇਰੇ ਅੱਗੇ ਝੋਲੀ ਡਾਹੀਆ । ਮੇਰੇ ਦੀਨ ਦਿਆਲ ਪੁਰਖ ਅਕਾਲ ਅੱਗੇ ਵਾਸਤੇ ਗੁਰੂਆਂ ਨੂੰ ਕਦੇ ਨਾ ਲੋਕਮਾਤ ਲੜਾਵੀਂ, ਝਗੜੇ ਵਿਚ ਨਾ ਕਦੇ ਫਸਾਈਆ । ਸਤਿਗੁਰੂ ਤੇਰੇ ਦਰਵੇਸ਼ ਬਣਨਾ ਮੰਗਤੇ ਬਣਨਾ ਫ਼ਕੀਰ ਬਣਨਾ ਤੇਰੇ ਦਵਾਰੇ ਉਤੇ ਕੋਈ ਕਰਨ ਨਹੀਂ ਆਉਂਦੇ ਲਾਵੀ, ਦਿਹਾੜੀ ਕਰ ਕੇ ਆਪਣਾ ਝਟ ਨਾ ਕੋਇ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੋਬਿੰਦ ਕਹੇ ਮੈਂ ਸੇਜ ਛੱਡਾਂ ਜਗ, ਜਗਜੀਵਣ ਦਾਤੇ ਦਿਆਂ ਜਣਾਈਆ । ਨਿਰਗੁਣ ਧਾਰ ਨਿਰਗੁਣ ਨਿਰਗੁਣ ਲੈਣਾ ਸੱਦ, ਸੱਦਾ ਸ਼ਬਦ ਨਾਮ ਜਣਾਈਆ । ਆਦਿ ਅੰਤ ਤੈਥੋਂ ਰਹਵਾਂ ਨਾ ਕਦੇ ਅਲੱਗ, ਵੱਖਰਾ ਘਰ ਨਾ ਕਦੇ ਬਣਾਈਆ । ਖੇਲ ਵੇਖਾਂ ਤੇਰਾ ਸੂਰੇ ਸਰਬਗ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਮਾਛੂਵਾੜੇ ਦੇ ਜੰਗਲ ਵਿਚ ਮੈਨੂੰ ਆਪਣਾ ਹਿੱਸਾ ਲਿਖ ਕੇ ਦੇ ਦੇ ਅਧ, ਜਿੰਨਾਂ ਚਿਰ ਲਿਖ ਕੇ ਨਾ ਦੇਵੇਂ ਤੇਰੀ ਮੇਰੀ ਸੁਲਹਾ ਨਾ ਕੋਇ ਕਰਾਈਆ । ਮੈਂ ਦੁਲਾਰੇ ਚਾਰੇ ਨੀਹਾਂ ਹੇਠਾਂ ਦਿਤੇ ਦੱਬ, ਖ਼ਾਲੀ ਹੱਥੀਂ ਤੇਰਾ ਰਾਹ ਤਕਾਈਆ । ਹੁਣ ਤੈਥੋਂ ਕਿਧਰ ਜਾਵਾਂ ਭੱਜ, ਮੈਂ ਭਜਨ ਬੰਦਗੀ ਦਾ ਡੇਰਾ ਦਿਤਾ ਢਾਹੀਆ । ਇਕੋ ਪੁਰਖ ਅਕਾਲ ਤੇਰਾ ਜੈਕਾਰਾ ਲਾਵਾਂ ਗੱਜ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਮੈਨੂੰ ਅਗਲਾ ਮਾਰਗ ਦੱਸ, ਕਿਸ ਬਿਧ ਕਲਜੁਗ ਲੇਖਾ ਦੇਣਾ ਮੁਕਾਈਆ । ਅਬਿਨਾਸ਼ੀ ਕਰਤਾ ਗੋਬਿੰਦ ਵੱਲ ਵੇਖ ਕੇ ਪਿਆ ਹੱਸ, ਹਸਤੀ ਹਸਤੀ ਵਿਚੋਂ ਪਰਗਟਾਈਆ । ਗੋਬਿੰਦ ਔਹ ਵੇਖ ਮਾਝੇ ਵਿਚ ਤੇਰਾ ਖੇੜਾ ਰਿਹਾ ਵਸ, ਜਿਥੇ ਵਸਲ ਮਿਲੇ ਯਾਰ ਖ਼ੁਦਾਈਆ । ਓਥੇ ਤੂੰ ਤੇ ਮੈਂ ਜੋਤ ਸ਼ਬਦ ਦੀ ਧਾਰ ਆਉਣਾ ਨੱਸ, ਭੱਜਣਾ ਵਾਹੋ ਦਾਹੀਆ । ਗੁਰ ਅਵਤਾਰ ਪੈਗ਼ੰਬਰਾਂ ਸੁਣਾ ਸਚ, ਸਚ ਦਿਆਂ ਦ੍ਰਿੜਾਈਆ । ਹੁਣ ਛੇਤੀ ਭੰਨ ਦੇ ਕਾਇਆ ਮਾਟੀ ਕੱਚ, ਭਾਂਡਾ ਤਤ ਰਹਿਣ ਨਾ ਪਾਈਆ । ਫੇਰ ਮੇਰੇ ਵਿਚ ਜਾਣਾ ਰਚ, ਅਗਲੀ ਰਚਨਾ ਦਿਆਂ ਵਖਾਈਆ । ਜਿਸ ਧਾਰ ਨਾਲ ਹੋਣਾ ਪਰਗਟ, ਕਲ ਕਲਕੀ ਵੇਸ ਵਟਾਈਆ । ਗੋਬਿੰਦ ਪ੍ਰਭ ਸਰਨਾਈ ਗਿਆ ਢੱਠ, ਝੁਕ ਝੁਕ ਲਾਗੇ ਪਾਈਆ । ਤੇਰੀ ਜੋਤ ਜਗੇ ਲਟ ਲਟ, ਅੰਧ ਅੰਧੇਰਾ ਰਹੇ ਨਾ ਰਾਈਆ । ਤੂੰ ਵਸੇਂ ਘਟ ਘਟ, ਹਰ ਘਟ ਰਿਹਾ ਸਮਾਈਆ । ੧੦੩
ਕਿਉਂ ਦੀਨਾਂ ਮਜ਼੍ਹਬਾਂ ਪਾਈ ਵੱਟ, ਪਟਨੇ ਵਾਲਾ ਰਿਹਾ ਜਣਾਈਆ । ਪੁਰਖ ਅਕਾਲ ਸਹਿਜ ਨਾਲ ਦਿਤਾ ਦੱਸ, ਦਸ ਦਸਮੇਸ਼ ਦ੍ਰਿੜਾਈਆ । ਜੇ ਖੇਲ ਨਾ ਕਰਾਂ ਵੱਖ ਵੱਖ, ਮੈਨੂੰ ਬੇਅੰਤ ਕਹਿ ਕੇ ਸੀਸ ਨਾ ਕੋਇ ਨਿਵਾਈਆ । ਔਹ ਵੇਖ ਗੁਰ ਅਵਤਾਰ ਪੈਗ਼ੰਬਰ ਛੋਟਿਆਂ ਛੋਟਿਆਂ ਖ਼ਾਨਿਆਂ ਵਿਚ ਛੱਡੇ ਰੱਖ, ਆਪਣੇ ਚਰਨਾਂ ਹੇਠ ਦਬਾਈਆ । ਜਿਸ ਵੇਲੇ ਚਾਹਵਾਂ ਲੋਕਮਾਤ ਨੂੰ ਭੇਜਾਂ ਝਟ, ਸਿਰ ਆਪਣਾ ਹੱਥ ਟਿਕਾਈਆ । ਉਹ ਮੇਰਾ ਨਾਮ ਮੇਰਾ ਕਲਮਾ ਆਹ ਲਿਓ ਰਟ, ਏਸੇ ਦੇ ਨਾਲ ਰੱਟਾ ਦਿਆਂ ਪਾਈਆ । ਜਿਸ ਵੇਲੇ ਚਾਹਵਾਂ ਫੇਰ ਲਵਾਂ ਸੱਦ, ਨਾਤਾ ਤਤਾਂ ਵਾਲਾ ਤੁੜਾਈਆ । ਗੋਬਿੰਦ ਵੇਖ ਕੇ ਹੋਇਆ ਗਦ ਗਦ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਫੇਰ ਵੇਖਿਆ ਭਗਤ ਭਗਵਾਨ ਦੀ ਇਕੋ ਯਦ, ਦੂਜਾ ਨਜ਼ਰ ਕੋਇ ਨਾ ਆਈਆ । ਕਿਰਪਾ ਕੀਤੀ ਪੁਰਖ ਸਮਰਥ, ਆਪਣਾ ਪੜਦਾ ਦਿਤਾ ਉਠਾਈਆ । ਗੋਬਿੰਦ ਅੰਤ ਕਲਜੁਗ ਤੇਰਾ ਮੇਰਾ ਇਕੋ ਹੋਣਾ ਜਸ, ਸਿਫ਼ਤਾਂ ਤੋਂ ਬਾਹਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਚਲਾਵਣਹਾਰਾ ਰਥ, ਬੇਪਰਵਾਹ ਬੇਪਰਵਾਹੀ ਨੂਰ ਇਲਾਹੀ ਇਕੋ ਇਕ ਅਖਵਾਈਆ ।

## ੨੫ ਅੱਸੂ ਸ਼ਹਿਨਸ਼ਾਹੀ ਸੰਮਤ ੫ ਸੋਹਣ ਸਿੰਘ ਦੇ ਗ੍ਰਿਹਿ ਪਿੰਡ ਰਾਮ ਪੁਰ

ਪੁਰਖ ਅਕਾਲ ਕਿਹਾ ਗੋਬਿੰਦ ਮਾਝਾ ਤੇਰਾ ਅੰਤਮ ਅਸਥਾਨ, ਭੂਮਿਕਾ ਸੋਹਣੀ ਮਿਲੇ ਵਡਿਆਈਆ । ਤੇਰੇ ਨਾਲ ਹੋਵਾਂ ਬਣ ਸ੍ਰੀ ਭਗਵਾਨ,

ਭਗਵਨ ਹੋ ਕੇ ਆਪਣਾ ਸੰਗ ਰਖਾਈਆ । ਜਿਥੇ ਝੁਕਣੇ ਜ਼ਿਮੀਂ ਅਸਮਾਨ, ਦੋ ਜਹਾਨਾਂ ਸੀਸ ਨਿਵਾਈਆ । ਦਰਸ਼ਨ ਕਰਨ ਸੀਤਾ ਰਾਮ, ਕ੍ਰਿਸ਼ਨ ਕਾਹਨ ਭੱਜਣ ਵਾਹੋ ਦਾਹੀਆ । ਪੈਗ਼ੰਬਰ ਸੱਯਦਿਆਂ ਵਿਚ ਕਰਨ ਸਲਾਮ, ਈਸਾ ਮੂਸਾ ਮੁਹੰਮਦ ਧੂੜੀ ਖ਼ਾਕ ਰਮਾਈਆ । ਦੇਵਤ ਸੁਰ ਕਰਨ ਪਰਨਾਮ, ਦਰ ਠਾਂਡੇ ਅਲਖ ਜਗਾਈਆ । ਕਲਜੁਗ ਵੇਖ ਹੋਏ ਹੈਰਾਨ, ਹੈਰਾਨੀ ਅੰਦਰ ਦਏ ਦੁਹਾਈਆ । ਤ੍ਰੈਗੁਣ ਰੂਪ ਸਰਬ ਪਛਤਾਣ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਵਿਭਚਾਰ ਸਿਰ ਸਕੇ ਨਾ ਕੋਇ ਉਠਾਈਆ । ਸਾਚੇ ਨਾਮ ਦਾ ਬਣਾਉਣਾ ਇਕ ਵਿਧਾਨ, ਚਾਰ ਜੁਗ ਦੀ ਰੀਤੀ ਨੀਤੀ ਦੇਣੀ ਬਦਲਾਈਆ । ਧੁਰ ਦਾ ਸ਼ਬਦ ਸੰਦੇਸ਼ਾ ਦੱਸਣਾ ਗਾਣ, ਆਤਮ ਪਰਮਾਤਮ ਪੜਦਾ ਦੇਣਾ ਉਠਾਈਆ । ਦੀਨ ਦੁਨੀ ਦਾ ਸਾਂਝਾ ਬਣਾਉਣਾ ਮਕਾਨ, ਮੰਦਰ ਮਸਜਿਦ ਸ਼ਿਵਦਵਾਲਾ ਮੱਠ ਵੰਡ ਨਾ ਕੋਇ ਵੰਡਾਈਆ । ਅੰਮ੍ਰਿਤ ਰਸ ਅਗੰਮਾ ਦੇਣਾ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਘਰ ਸੋਭਾ ਪਾਉਣ, ਦੂਜਾ ਘਰ ਨਾ ਕੋਇ ਦ੍ਰਿੜਾਈਆ । ਸੀਸ ਜਗਦੀਸ ਤੇਰੇ ਛਤਰ ਝੁਲਾਏ ਆਣ, ਕਲਗੀ ਤੋੜੇ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸਮਝਾਈਆ । ਪੁਰਖ ਅਕਾਲ ਕਿਹਾ ਸਾਚਾ ਧਾਮ ਹੋਵੇ ਸੁਹੰਜਣਾ, ਹਰਿ ਸੱਜਣ ਆਪ ਸੁਹਾਏ । ਖੇਲੇ ਖੇਲ ਦਰਦ ਦੁੱਖ ਭੈ ਭੰਜਣਾ, ਪਾਰਬ੍ਰਹਮ ਬੇਪਰਵਾਹੇ । ਜਿਸ ਵੇਲੇ ਸਦੀ ਚੌਧਵੀਂ ਵੇਲਾ ਲੰਘਣਾ, ਮੁਹੰਮਦ ਕੂਕ ਕੂਕ ਦਏ ਦੁਹਾਏ । ਚਾਰੋਂ ਕੁੰਟ ਕੂੜ ਵਿਕਾਰਾ ਵਹਿਣ ਵਗਣਾ, ਅਵਤਾਰ ਪੈਗ਼ੰਬਰ ਗੁਰ ਨਾ ਕੋਇ ਅਟਕਾਏ । ਧਰਮ ਧਾਰ ਸਚ ਦਵਾਰ ਸਭ ਨੇ ਛਡਣਾ, ਜੂਠ ਝੂਠ ਹੋਏ ਹਲਕਾਏ । ਕਾਇਆ ਮਾਟੀ ਚੜ੍ਹੇ ਕੋਇ ਨਾ ਰੰਗਣਾ, ਸ਼ਬਦੀ ਸ਼ਬਦ ਨਾ ਕੋਇ ਸ਼ਨਵਾਏ । ਦਰਸ਼ਨ ਮਿਲੇ ਨਾ ਕਿਸੇ ਮੁਕੰਦ ਮਨੋਹਰ ਮਦਨਾ, ਜੋਤੀ ਨੂਰ ਨਾ ਕੋਇ ਚਮਕਾਏ । ਝਗੜਾ ਪੈਣਾ ਆਅਲਾ ਅਦਨਾ, ਦੀਨ ਮਜ਼੍ਹਬ ਦਏ ਲੜਾਏ । ਉਸ ਵੇਲੇ ਸਭ ਨੇ ਪੁਰਖ ਅਕਾਲ ਦੀਨ ਦਿਆਲ ਕਲ ਕਲਕੀ ਅਵਤਾਰ ਸੱਦਣਾ, ਨਿਹਕਲੰਕਾ ਆਪਣਾ ਰੂਪ ਬਦਲਾਏ । ਤੇਰੇ ਨਾਲ ਮਿਲ ਕੇ ਡੰਕ ਦਮਾਮਾ ਵੱਜਣਾ, ਦੋ ਜਹਾਨਾਂ ਆਪ ਸੁਣਾਏ । ਸਭ ਨੂੰ ਇਕੋ ਦੱਸਣੀ ਬੰਦਨਾ, ਸੱਯਦਾ ਸੀਸ ਇਕ ਝੁਕਾਏ । ਕਲਮਾ ਨਬੀ ਰਸੂਲਾਂ ਛਡਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਏ । ਗੋਬਿੰਦ ਸਾਚਾ ਥਾਨ ਹੋਏ ਅਪਾਰ, ਅਪਰੰਪਰ ਦਿਆਂ ਜਣਾਈਆ । ਜਿਸ ਨੂੰ ਕਹਿਣਾ ਹਰਿ ਭਗਤ ਦਵਾਰ, ਭਗਵਨ ਆਪਣੇ ਰੰਗ ਰੰਗਾਈਆ । ਧੁਰ ਦਾ ਨੂਰ ਹੋਵੇ ਉਜਿਆਰ, ਸ਼ਬਦੀ ਤੇਰਾ ਨਾਦ ਸੁਣਾਈਆ । ਜਿਸ ਨੂੰ ਸੰਬਲ ਕਿਹਾ ਪੁਕਾਰ, ਸੋ ਤਨ ਵਜੂਦ ਦਏ ਵਡਿਆਈਆ । ਇਹ ਖੇਲ ਕਲਜੁਗ ਅੰਤਮ ਵਾਰ, ਸਦੀ ਚੌਧਵੀਂ ਦਏ ਸਮਝਾਈਆ । ਚਾਰ ਕੁੰਟ ਦਹਿ ਦਿਸ਼ਾ ਰੋਵੇ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਈਆ । ਸਾਚਾ ਰਿਹਾ ਨਾ ਕਿਸੇ ਪਿਆਰ, ਦੀਨ ਮਜ਼੍ਹਬ ਕਰੇ ਲੜਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ ਮੱਚੇ ਹਾਹਾਕਾਰ, ਸਤਿ ਸੰਤੋਖ ਨਾ ਕੋਇ ਰਖਾਈਆ । ਸਾਧ ਸੰਤ ਕਰਨ ਵਿਭਚਾਰ, ਧਾਨ ਮਲੇਸ਼ਾ ਰੂਪ ਵਖਾਈਆ । ਓਸ ਵੇਲੇ ਕਲ ਕਲਕੀ ਲਏ ਅਵਤਾਰ, ਨਿਰਗੁਣ ਹੋ ਕੇ ਆਵਾਂ ਚਾਈਂ ਚਾਈਆ । ਤੇਰਾ ਮੇਲਾ ਮੇਲਾਂ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸਾਰੇ ਸੀਸ ਨਿਵਾਈਆ । ਇਹ ਖੇਲ ਜਗਤ ਬੁੱਧੀ ਤੋਂ ਬਾਹਰ, ਸ਼ਾਸਤਰ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਕਾਰ



੧੦੪
੨੨

ਕਮਾਈਆ । ਗੋਬਿੰਦ ਕਿਹਾ ਮੇਰੇ ਸਾਹਿਬ ਸਮਰਥ, ਸਹਿਜ ਤੇਰੀ ਸਰਨਾਈਆ । ਚਰਨ ਟੇਕ ਕੇ ਮਥ, ਧੂੜੀ ਖ਼ਾਕ ਰਮਾਈਆ । ਨੇਤਰ ਮੀਟ ਕੇ ਅੱਖ, ਨਿਜ ਨੈਣ ਅੱਖ ਖੁਲ੍ਹਾਈਆ । ਸਚ ਹਕੀਕਤ ਦੇ ਹੱਕ, ਧੁਰ ਦੇ ਹਾਕਮ ਬੇਪਰਵਾਹੀਆ । ਕਿਸ ਬਿਧ ਕਲਜੁਗ ਅੰਤਮ ਹੋਵੇਂ ਪਰਗਟ, ਪਟਨੇ ਵਾਲਾ ਮੰਗ ਮੰਗਾਈਆ । ਪੁਰਖ ਅਕਾਲ ਭੇਵ ਖੋਲ੍ਹਿਆ ਝਟ, ਪਰਦਾ ਅੰਦਰੋਂ ਦਿਤਾ ਉਠਾਈਆ । ਮੇਰਾ ਜੋਤੀ ਨੂਰ ਜਗੇ ਲਟ ਲਟ, ਕਾਇਆ ਵਜੂਦ ਨਜ਼ਰ ਕੋਇ ਨਾ ਆਈਆ । ਤੇਰਾ ਰੂਪ ਸ਼ਬਦ ਅਗੰਮੀ ਮੇਰੇ ਨਾਮ ਦੀ ਲਾਏ ਸੱਟ, ਸਿੱਟੇਬਾਜ਼ੀ ਵੇਖੇ ਜਗਤ ਲੋਕਾਈਆ । ਸਾਢੇ ਤਿੰਨ ਹੱਥ ਸੰਬਲ ਜਾਵਾਂ ਵਸ, ਵਾਸਤਾ ਤੇਰਾ ਮੇਰਾ ਇਕੋ ਨਜ਼ਰੀ ਆਈਆ । ਇਹ ਮਹਿੰਮਾ ਅਕਥਨਾ ਅਕਥ, ਜਿਸ ਨੂੰ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਰੰਗ ਰੰਗਾਈਆ । ਪੁਰਖ ਅਕਾਲ ਕਿਹਾ ਗੋਬਿੰਦ ਤੂੰ ਮੇਰਾ ਮੈਂ ਤੇਰਾ ਦਾਸ, ਸੇਵਕ ਸੇਵਾ ਰੂਪ ਅਖਵਾਈਆ । ਕੀ ਨੂਰ ਨੂਰ ਪ੍ਰਿਥਮੀ ਆਕਾਸ਼, ਦੋ ਜਹਾਨਾਂ ਡਗਮਗਾਈਆ । ਤੇਰਾ ਸਰੂਪ ਪੂਰਨ ਪੂਰਨ ਪ੍ਰਕਾਸ਼, ਪਾਰਬ੍ਰਹਮ ਪ੍ਰਭ ਪਰਦਾ ਦਏ ਉਠਾਈਆ । ਸਚ ਦਵਾਰਾ ਘਰ ਸਾਚੇ ਕਰੇ ਵਾਸ, ਵਾਸਤਾ ਆਪਣੇ ਨਾਲ ਰਖਾਈਆ । ਜਿਥੇ ਬਾਲਮੀਕ ਰਾਮਾ ਵਸ਼ਿਸ਼ਟ ਲੇਖਾ ਲਿਖ ਕੇ ਗਏ ਖ਼ਾਸ, ਹਰਿਗੋਬਿੰਦ ਧਿਆਨ ਲਗਾਈਆ । ਨਾਨਕ ਨੇ ਰੱਖੀ ਆਸ, ਅੰਤਰ ਅੰਤਰ ਵੇਖ ਵਖਾਈਆ । ਸ਼ੰਕਰ ਵੇਖੇ ਉਪਰ ਕੈਲਾਸ਼, ਬ੍ਰਹਮਾ ਚਾਰੇ ਮੁਖ ਭਵਾਈਆ । ਵਿਸ਼ਨੂੰ ਬੈਠਾ ਰਿਹਾ ਘਾਟ, ਓਸੇ ਪੱਤਨ ਡੇਰਾ ਲਾਈਆ । ਪਰਗਟ ਹੋਣਾ ਤੇਰਾ ਹੋਣਾ ਸਾਥ, ਸਗਲਾ ਸੰਗ ਬਣਾਈਆ । ਚਾਰ ਜੁਗ ਦੇ ਵਿਛੜੇ ਸੰਤ ਸੁਹੇਲੇ ਚੜ੍ਹਾਉਣੇ ਆਪਣੇ ਰਾਥ, ਰਥ ਰਥਵਾਹੀ ਆਪ ਅਖਵਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੋਹੰ ਦੱਸਣੀ ਗਾਥ, ਗਹਿਰ ਗੰਭੀਰ ਬੇਨਜ਼ੀਰ ਪੜਦਾ ਆਪ ਉਠਾਈਆ । ਓਸ ਜਗਹ ਤੂੰ ਸਤਿਜੁਗ ਸਾਚੇ ਭਗਤ ਦਵਾਰੇ ਸਭ ਨੂੰ ਦੇਣਾ ਆਖ, ਹਰੀ ਹਰਿ ਆਪਣਾ ਰੂਪ ਦਰਸਾਈਆ । ਗੋਬਿੰਦ ਕਿਹਾ ਪ੍ਰਭੂ ਇਹ ਪੂਰਾ ਜ਼ਰੂਰ ਕਰੀਂ ਵਾਕ, ਵਾਕਿਆ ਆਪਣਾ ਵੇਖ ਵਖਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਕਲਜੁਗ ਹੋਵੇ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਗੁਰ ਅਵਤਾਰ ਪੈਗ਼ੰਬਰਾਂ ਉਤੇ ਰਹੇ ਨਾ ਕਿਸੇ ਵਿਸ਼ਵਾਸ, ਵਿਸ਼ਿਆਂ ਵਿਚ ਦੀਨ ਦੁਨੀ ਹੋਏ ਹਲਕਾਈਆ । ਉਸ ਵੇਲੇ ਨਿਰਗੁਣ ਧਾਰ ਆਵਾਂ ਆਪ, ਆਪ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਪੂਰੀ ਕਰੇ ਵਾਟ, ਲਹਿਣਾ ਦੇਣਾ ਸਭ ਦੀ ਝੋਲੀ ਪਾਈਆ ।

## ✪ ੨੫ ਅੱਸੂ ਸ਼ਹਿਨਸ਼ਾਹੀ ਸੰਮਤ ੫ ਊਧਮ ਸਿੰਘ ਦੇ ਗ੍ਰਹਿ ਪਿੰਡ ਜਲਾਲਾਬਾਦ ✪

ਸ਼ਬਦ ਗੋਬਿੰਦ ਕਿਹਾ ਮੇਰਾ ਭੇਵ ਪਾਏ ਕੋਈ ਨਾ ਪੋਥਾ, ਪੁਸਤਕ ਸਕੇ ਨਾ ਕੋਇ ਸਮਝਾਈਆ । ਕਲਜੁਗ ਅੰਤਮ ਦੀਨ ਦਿਆਲ ਨਾਲ ਧੋਖਾ, ਪਰਦਾ ਸਕੇ ਨਾ ਕੋਇ ਚੁਕਾਈਆ । ਜਨ ਭਗਤਾਂ ਦੇ ਕੇ ਮੌਕਾ, ਆਪਣਾ ਭੇਵ ਦਿਤਾ ਖੁਲ੍ਹਾਈਆ । ਮਾਰਗ ਦੱਸ ਕੇ ਸੌਖਾ, ਰਾਹ ਇਕੋ ਦਿਤਾ ਸਮਝਾਈਆ । ਪਾਰ ਕਰਨਾ ਜੁਗ ਚੌਥਾ, ਜੁਗਤੀ ਆਪਣੇ ਵਿਚ ਛੁਪਾਈਆ । ਸ਼ਬਦੀ ਹੁਕਮ ਵਰਤਣਾ ਬਹੁਤਾ, ਹੱਥੀਂ ਕਾਰ ਨਾ ਕੋਇ ਕਮਾਈਆ ।

ਸਤਿ ਧਰਮ ਨਾ ਜਾਏ ਔਤਾ, ਸਚ ਸਚ ਦਏ ਪਰਗਟਾਈਆ । ਹਰਿ ਖ਼ਾਲਕ ਹੋ ਕੇ ਖੌਤਾ, ਪ੍ਰਭ ਮਿਲਿਆ ਧੁਰਦਰਗਾਹੀਆ । ਜਿਸ ਲਈ ਚਾਰ ਜੁਗ ਸਾਫ਼ ਕਰਦੇ ਰਹੇ ਚੌਕਾ, ਵੇਦ ਮੰਤਰ ਪੜ੍ਹ ਪੜ੍ਹ ਕਰ ਸਫ਼ਾਈਆ । ਸੋ ਬ੍ਰਾਹਮਣ ਗੌੜਾ ਓਸੇ ਧਾਮ ਪਹੁੰਚਾ, ਜਿਥੇ ਬ੍ਰਹਮ ਆਪਣਾ ਧਿਆਨ ਲਗਾਈਆ । ਭਗਤ ਦਵਾਰ ਕਰ ਕੇ ਸੌਂਤਾ, ਸੋਹਣਾ ਰੰਗ ਰੰਗਾਈਆ । ਗੋਬਿੰਦ ਕਹੇ ਮੇਰਾ ਪੂਰਾ ਕਰ ਕੇ ਢਈਆ ਢੌਂਕਾ, ਢਾਲ ਤਲਵਾਰ ਦਾ ਪੰਧ ਮੁਕਾਈਆ । ਸਾਚੇ ਨਾਮ ਚਲਾ ਕੇ ਨੌਕਾ, ਨਈਆ ਇਕੋ ਦਿਤੀ ਵਖਾਈਆ । ਪੜਦਾ ਲਾਹ ਕੇ ਧੁਰ ਦੇ ਸ਼ਾਹੋ ਕਾ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਖੇਲ ਵਖਾਏ ਅਗੰਮ ਅਥਾਹੋ ਕਾ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਪੰਧ ਚੁਕਾਏ ਵਾਹੋ ਵਾਹੋ ਕਾ, ਵਾਹਵਾ ਆਪਣਾ ਹੁਕਮ ਵਰਤਾਈਆ । ਝਗੜਾ ਵੇਖੇ ਥਲ ਅਸਗਾਹੇ ਕਾ, ਸਮੁੰਦ ਸਾਗਰ ਫੋਲ ਫੁਲਾਈਆ । ਲਹਿਣਾ ਜਾਣੇ ਜਗਤ ਪਸਾਓ ਕਾ, ਪਸਰ ਪਸਾਰੀ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਮੈਂ ਕਹਿਣਾ ਇਕ ਸਲੋਕਾ, ਹਰਿ ਸੋਹਲਾ ਦਿਤਾ ਸੁਣਾਈਆ । ਝਗੜਾ ਵੇਖਣਾ (ਚੌਦਾਂ) ਲੋਕਾ, ਪਰਲੋਕਾ ਪੰਧ ਮੁਕਾਈਆ । ਕਲਜੁਗ ਅੰਤਮ ਭਰੇ ਹੌਕਾ, ਹਾਏ ਉਫ਼ ਦੁਹਾਈਆ । ਕਿਸ ਬਿਧ ਖੇਲ ਹੋਣਾ ਇਕ ਦੋ ਕਾ, ਨਿਰਗੁਣ ਸਰਗੁਣ ਵੰਡ ਵੰਡਾਈਆ । ਕਿਸ ਬਿਧ ਪ੍ਰਕਾਸ਼ ਹੋਣਾ ਅਗੰਮੀ ਲੋ ਕਾ, ਲੋਇਣ ਅੱਖ ਖੁਲ੍ਹਾਈਆ । ਕਿਸ ਬਿਧ ਝਗੜਾ ਮੁਕਣਾ ਦੀਨ ਮਜ਼੍ਹਬ ਗਰੋਹ ਕਾ, ਗ੍ਰਿਹਾ ਸਭ ਦਾ ਸਾਫ਼ ਕਰਾਈਆ । ਕਿਸ ਬਿਧ ਲਹਿਣਾ ਪੂਰਾ ਕਰੇ ਮਾਇਆ ਮਮਤਾ ਮੋਹ ਕਾ, ਮੁਹੱਬਤ ਇਕ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਮੈਂ ਆਇਆ ਆਪਣੇ ਧਾਮ ਨਗਰ, ਸੰਬਲ ਸੋਭਾ ਪਾਈਆ । ਜਿਹਦੀ ਸਦ ਮਤਵਾਲੀ ਪੱਧਰ, ਯਕਸਾਂ ਸੋਭਾ ਪਾਈਆ । ਮਨ ਨਾ ਪਾਵੇ ਗ਼ਦਰ, ਕਰੇ ਨਾ ਕੋਇ ਲੜਾਈਆ । ਮੇਰੀ ਪੂਰੀ ਹੋਈ ਸੱਧਰ, ਸਦਕੇ ਵਾਰੀ ਘੋਲ ਘੁਮਾਈਆ । ਪੁਰਖ ਅਕਾਲ ਕੀਤਾ ਅਦਲ, ਇਨਸਾਫ਼ ਦਿਤਾ ਜਣਾਈਆ । ਗੋਬਿੰਦ ਦੀ ਧਾਰ ਪੂਰਨ ਆਇਆ ਬਦਲ, ਪੂਰਨ ਪੂਰਨ ਰੂਪ ਬਦਲਾਈਆ । ਜਿਸ ਵਿਚ ਗੋਬਿੰਦ ਹੋਵੇ ਕਦੇ ਨਾ ਕਤਲ, ਖੰਡਾ ਖੜਗ ਨਾ ਕੋਇ ਚਤੁਰਾਈਆ । ਹੱਥ ਨਾ ਆਵੇ ਜਗਤ ਕੀਤਿਆਂ ਯਤਨ, ਯਥਾਰਥ ਆਪਣਾ ਭੇਵ ਛੁਪਾਈਆ । ਦਵਾਰੇ ਬਹਿ ਕੇ ਅਗੰਮੇ ਪੱਤਨ, ਬੈਠਾ ਖੇਲ ਖਿਲਾਈਆ । ਜਨ ਭਗਤਾਂ ਸਚ ਸੰਦੇਸ਼ਾ ਆਇਆ ਦੱਸਣ, ਸਹਿਜ ਸਹਿਜ ਸੁਣਾਈਆ । ਅੰਦਰੋਂ ਖੋਲ੍ਹ ਕੇ ਅੱਖਣ, ਮੇਲਾ ਲਿਆ ਮਿਲਾਈਆ । ਦਵਾਰ ਜਣਾ ਕੇ ਵਤਨ, ਘਰ ਦਿਤਾ ਵਖਾਈਆ । ਜਿਥੇ ਭਗਤ ਭਗਵਾਨ ਵਸਣ, ਤਨ ਮੰਦਰ ਦਿਤਾ ਸੁਹਾਈਆ । ਗੋਬਿੰਦ ਦਾ ਗੋਬਿੰਦ ਪੂਰਾ ਕਰਨਾ ਬਚਨ, ਜੋ ਮਾਛੂਵਾੜੇ ਗਿਆ ਦ੍ਰਿੜਾਈਆ । ਹਰਿਜਨ ਗੁਰਮੁਖ ਵੇਖਣੇ ਆਪਣੇ ਰਤਨ, ਹੀਰੇ ਅਮੋਲਕ ਖੋਜ ਖੁਜਾਈਆ । ਜਿਨ੍ਹਾਂ ਪਿਛੇ ਲੱਭਾ ਸੱਥਨ, ਸੱਥਰ ਯਾਰ ਹੰਢਾਈਆ । ਉਨ੍ਹਾਂ ਦੀ ਕਰਨੀ ਕਥਨ, ਕਥਾ ਵਾਰਤਾ ਆਪ ਬਣਾਈਆ । ਸ੍ਰਿਸ਼ਟੀ ਆਇਆ ਮਥਣ, ਨਾਮ ਮਧਾਣਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਗੋਬਿੰਦ ਕਹੇ ਮੈਂ ਸ਼ਬਦ ਗੁਰੂ ਦੀ ਧਾਰ, ਧਰਨੀ ਧਰਤ ਧਵਲ ਸੁਹਾਈਆ । ਮੇਰਾ ਰੂਪ ਅਪਾਰ, ਅਪਰੰਪਰ ਦਿਤਾ ਬਣਾਈਆ । ਮੇਰਾ ਖੇਲ ਨਿਆਰ, ਨੇਤਰ ਵੇਖਣ ਕੋਇ ਨਾ ਪਾਈਆ । ਮੇਰਾ ਅਗੰਮ ਸ਼ਿੰਗਾਰ,

ਸੋਹਣਾ ਰੰਗ ਰੰਗਾਈਆ । ਮੇਰਾ ਕੌਲ ਇਕਰਾਰ, ਭੁੱਲ ਕਦੇ ਨਾ ਜਾਈਆ । ਸੰਦੇਸ਼ਾ ਦੇਵੇ ਪੁਰਖ ਅਕਾਲ, ਦੀਨ ਦੁਨੀ ਦਾ ਮਾਲਕ ਧੁਰਦਰਗਾਹੀਆ । ਮਾਝੇ ਵਿਚੋਂ ਨੌਂ ਵੇਖਣੇ ਲਾਲ, ਜਿਨ੍ਹਾਂ ਦੇ ਸੀਸ ਲਾਲ ਰੰਗ ਬੰਧਾਈਆ । ਉਨ੍ਹਾਂ ਦੇ ਗਲ ਵਿਚ ਬੱਧਾ ਹੋਵੇ ਰੁਮਾਲ, ਪੀਲਾ ਰੰਗ ਸੋਭਾ ਪਾਈਆ । ਹੱਥ ਵਿਚ ਹੋਵੇ ਇਕ ਇਕ ਦੁਸ਼ਾਲ, ਚਿੱਟੇ ਰੰਗ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਹ ਗੋਬਿੰਦ ਦੇ ਦਰ ਦਾ ਪੂਰਾ ਕਰੇ ਸਵਾਲ, ਸਵਾਲ ਪਿਛਲੇ ਵੇਖ ਵਖਾਈਆ । ਗੋਬਿੰਦ ਕਹੇ ਮੈਂ ਸ਼ਬਦ ਗੁਰੂ ਬਲਕਾਰ, ਬਲਧਾਰੀ ਇਕ ਅਖਵਾਈਆ । ਮੇਰਾ ਰੂਪ ਅਨੂਪ ਨਿਰੰਕਾਰ, ਨਿਰਗੁਣ ਆਪ ਸਮਝਾਈਆ । ਮੇਰਾ ਗ੍ਰਿਹਿ ਮੰਦਰ ਦਵਾਰ, ਘਰ ਇਕੋ ਸੋਭਾ ਪਾਈਆ । ਜਿਥੇ ਨੂਰ ਜੋਤ ਉਜਿਆਰ, ਜੋਤੀ ਜਾਤਾ ਡਗਮਗਾਈਆ । ਮੈਂ ਓਸ ਦਾ ਦੁਲਾਰ, ਜੋ ਸਭ ਦਾ ਪਿਤਾ ਮਾਈਆ । ਉਹ ਕਰੇ ਸਚ ਪਿਆਰ, ਪ੍ਰੀਤਮ ਧੁਰਦਰਗਾਹੀਆ । ਉਹ ਵੇਖੇ ਵੇਖਣਹਾਰ, ਪੂਰਬ ਲੇਖਾ ਗਿਆ ਦ੍ਰਿੜਾਈਆ । ਲੇਖਾ ਜਾਣ ਸਦਾ ਜੁਗ ਚਾਰ, ਜੁਗ ਚੌਕੜੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਗੋਬਿੰਦ ਕਹੇ ਮੈਂ ਸ਼ਬਦ ਗੁਰੂ ਸਚ ਸਚ ਕਰਾਂ ਆਦਾਬ, ਸਚ ਸਚ ਵਿਚ ਸਮਾਈਆ । ਮੈਨੂੰ ਲਹਿਣਾ ਯਾਦ ਆ ਗਿਆ ਢਾਬ, ਮਹਾਂ ਸਿੰਘ ਵੱਲ ਧਿਆਨ ਲਗਾਈਆ । ਉਹ ਮੇਰਾ ਫੁੱਲ ਗੁਲਾਬ, ਮਹਿਕੇ ਥਾਉਂ ਥਾਈਂਆ । ਉਸ ਕੀਤਾ ਮੇਰੇ ਨਾਲ ਹਿਸਾਬ, ਲੇਖਾ ਮੇਰੇ ਮਸਤਕ ਵਿਚ ਟਿਕਾਈਆ । ਬੇਨੰਤੀ ਵਿਚ ਕਿਹਾ ਮੈਨੂੰ ਰੱਖਣਾ ਯਾਦ, ਯਾਦਾਸ਼ਤ ਨਾ ਦੇਣੀ ਭੁਲਾਈਆ । ਜਿਸ ਵੇਲੇ ਕਲਜੁਗ ਅੰਤ ਬਦਲੇ ਸਮਾਜ, ਸਮਗਰੀ ਆਪਣੀ ਆਪ ਵਰਤਾਈਆ । ਸਚ ਧਰਮ ਦਾ ਕਰੇਂ ਰਾਜ, ਰਈਅਤ ਚਾਰ ਵਰਨ ਉਪਜਾਈਆ । ਗੁਰਮੁਖਾਂ ਖੋਲ੍ਹਣੀ ਜਾਗ, ਨਿੰਦਰਾ ਦੇਣੀ ਮਿਟਾਈਆ । ਨੇਤਰ ਰੋਂਦਿਆਂ ਗੋਬਿੰਦ ਦੇ ਚੋਲੇ ਤੇ ਪੈ ਗਿਆ ਦਾਗ਼, ਮਹਾਂ ਸਿੰਘ ਨੇ ਰਸਨਾ ਨਾਲ ਚੁੰਮ ਕੇ ਆਪਣੀ ਖ਼ੁਸ਼ੀ ਬਣਾਈਆ । ਅਗੰਮ ਆਇਆ ਸਵਾਦ, ਸੁਖ ਸਾਗਰ ਵਿਚ ਸਮਾਈਆ । ਫੇਰ ਖੇਲ ਵੇਖਿਆ ਉਸ ਤੋਂ ਬਾਦ, ਬਾਦਸ਼ਾਹ ਪਾਤਸ਼ਾਹ ਆਪਣਾ ਰੂਪ ਦਰਸਾਈਆ । ਮਸਤਕ ਜ਼ੰਜੀਰੀ ਤਕੀ ਜਿਸ ਦੀ ਢਾਈ ਇੰਚ ਲੰਬਾਈ ਪਿਆਰ ਦਾ ਸਾਜਣ ਸਾਜ, ਮਹਾਂ ਸਿੰਘ ਨੇ ਹੱਥ ਦਿਤਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਮਹਾਂ ਸਿੰਘ ਨੇ ਕਿਹਾ ਮੈਂ ਤੇਰੀ ਮਸਤਕ ਜ਼ੰਜੀਰੀ ਚੁੰਮਾਂ, ਉਠ ਕੇ ਮੁਖ ਦਿਤਾ ਲਗਾਈਆ । ਮਾਝੇ ਦਾ ਲੇਖ ਪਾੜ ਦੇ ਮੇਰੇ ਲਾ ਦੇ ਜੁੰਮਾ, ਜਾਮਨ ਮੈਂ ਤੈਨੂੰ ਲਵਾਂ ਬਣਾਈਆ । ਗੋਬਿੰਦ ਦੇ ਹੱਥ ਵਿਚ ਸੀ ਇਕ ਕੌੜਾ ਤੁੰਮਾ, ਮਾਲਵੇ ਦੀ ਰੇਤ ਦਾ ਗਵਾਹ ਨਜ਼ਰੀ ਆਈਆ । ਉਧਰੋਂ ਨੀਲੇ ਹਲਾਇਆ ਸੁੰਬਾ, ਪੌੜ ਦਿਤਾ ਉਠਾਈਆ । ਉਧਰੋਂ ਇਕ ਭੁੱਲਾ ਹੋਇਆ ਆ ਗਿਆ ਦੁੰਬਾ, ਭੱਜਿਆ ਵਾਹੋ ਦਾਹੀਆ । ਉਧਰੋਂ ਉਸ ਥੇਹ ਉਤੇ ਬਬਰ ਪਿਆ ਸੀ ਭੱਜਿਆ ਕੁੰਭਾ, ਨੌਂ ਦਿਨ ਦਾ ਪਹਿਲੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਗੋਬਿੰਦ ਕਿਹਾ ਮਹਾਂ ਸਿੰਘ ਮੇਰੇ ਮਸਤਕ ਵੇਖ ਜ਼ੰਜੀਰੀ, ਸ਼ਰਅ ਜ਼ੰਜੀਰਾਂ ਰਹੀ ਕਟਾਈਆ । ਤੇਰਾ ਮੇਰਾ ਮੇਲ ਹੋਇਆ ਤਕਦੀਰੀ, ਤਦਬੀਰ ਆਪਣੀ ਲਈ ਬਣਾਈਆ । ਮੈਂ ਪਾਤਸ਼ਾਹ ਤੇ ਤੂੰ ਸਿੱਖ ਮੇਰਾ ਵਜ਼ੀਰੀ, ਸਹਿਜ ਦਿਤਾ ਸੁਣਾਈਆ । ਕੁਛ ਮੰਗ ਲੈ ਮੀਰੀ ਪੀਰੀ, ਤੇਰੀ ਝੋਲੀ ਦਿਆਂ ਭਰਾਈਆ । ਮਹਾਂ ਸਿੰਘ ਨੱਕ ਨਾਲ ਕੱਢ ਕੇ ਲਕੀਰੀ, ਗਲ ਵਾਸਤਾ ਦਿਤਾ ਪਾਈਆ । ਨੇਤਰ

ਵਹਾ ਕੇ ਨੀਰੀ, ਰੋ ਰੋ ਦਿਤਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਮਹਾਂ ਸਿੰਘ ਨੇ ਕਿਹਾ ਮੇਰਾ ਇਕ ਹਾੜਾ, ਮਿੰਨਤ ਵਿਚ ਜਣਾਈਆ । ਕਿਉਂ ਨਹੀਂ ਅੱਜੇ ਲੇਖ ਪਾੜਾ, ਮਾਝੇ ਵਾਲਿਆਂ ਲੈ ਤਰਾਈਆ । ਗੋਬਿੰਦ ਦੋਵੇਂ ਹੱਥ ਫੇਰੇ ਉਪਰ ਦਾੜ੍ਹਾ, ਫੇਰ ਛਾਤੀ ਉਤੇ ਟਿਕਾਈਆ । ਫੇਰ ਹੱਥਾਂ ਉਤੇ ਚੁੱਕ ਕੇ ਮੁਖ ਚੁੰਮਿਆਂ ਤੂੰ ਮੇਰਾ ਧੁਰ ਦਾ ਲਾੜਾ, ਸੋਹਣਾ ਸੋਹਣਾ ਨਜ਼ਰੀ ਆਈਆ । ਯਾਦ ਰੱਖ ਲਈਂ ਮਾਝੇ ਵਾਲਿਆਂ ਨੂੰ ਫੇਰ ਮੰਗਣਾ ਪੈਣਾ ਮੇਰਾ ਵਾੜਾ, ਦਰ ਮੇਰੇ ਸੀਸ ਨਿਵਾਈਆ । ਹੁਣ ਮੈਂ ਤੇਰੇ ਨਾਲ ਕੌਲ ਕਰਦਾ ਵਿਚ ਉਜਾੜਾ, ਫੇਰ ਭਗਤ ਦਵਾਰਾ ਸੋਭਾ ਪਾਈਆ । ਮਹਾਂ ਸਿੰਘ ਨੇ ਨੌਂ ਵਾਰ ਕੀਤੀ ਨਮਸਕਾਰਾ, ਨਿਉਂ ਨਿਉਂ ਸੀਸ ਝੁਕਾਈਆ । ਗੋਬਿੰਦ ਦੇ ਚਰਨ ਵਿਚ ਲਿਖਿਆ ਓਸ ਵੇਲੇ ਮਾਝੇ ਵਾਲੇ ਤੇਰੀ ਮਸਤਕ ਜ਼ੰਜੀਰੀ ਦਾ ਕਰਨ ਫੇਰ ਸ਼ਿੰਗਾਰਾ, ਵਾਸਤਾ ਤੇਰੇ ਅੱਗੇ ਪਾਈਆ । ਗੋਬਿੰਦ ਨੇ ਉਠ ਕੇ ਪੁਰਖ ਅਕਾਲ ਨੂੰ ਕੀਤਾ ਇਸ਼ਾਰਾ, ਨਿਗਾਹ ਅਸਮਾਨ ਉਤੇ ਟਿਕਾਈਆ । ਜੇ ਮੈਂ ਆਉਣਾ ਫੇਰ ਦੁਬਾਰਾ, ਤੂੰ ਮੇਰਾ ਸੰਗ ਰਖਾਈਆ । ਸਚ ਦੱਸ ਦੇ ਉਹ ਕੇਹੜਾ ਦਿਵਸ ਤੇ ਕੇਹੜਾ ਦਿਹਾੜਾ, ਕਵਣ ਵੇਲਾ ਵੱਜੇ ਵਧਾਈਆ । ਪੁਰਖ ਅਕਾਲ ਕਿਹਾ ਗੋਬਿੰਦ ਸ਼ਬਦੀ ਸ਼ਬਦ ਇਸ਼ਾਰਾ, ਇਸ਼ਾਰੇ ਵਿਚ ਸਮਝਾਈਆ । ਸੰਮਤ ਸ਼ਹਿਨਸ਼ਾਹੀ ਪੰਜ ਤੇ ਛੱਬੀ ਪੋਹ ਤਿਉਹਾਰਾ, ਤੇਰਾ ਸੋਹਣਾ ਰੰਗ ਰੰਗਾਈਆ । ਫੇਰ ਤੈਨੂੰ ਸਾਰੀ ਦੁਨੀਆ ਵਿਚ ਕਰਨਾ ਜ਼ਾਹਰਾ, ਇਹ ਮੇਰੇ ਹੱਥ ਵਡਿਆਈਆ । ਪਹਿਲਾ ਪਿਛਲਾ ਸਭ ਦਾ ਲਾਹੁਣਾ ਉਧਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਦਾ ਮਾਲਕ ਇਕ ਅਵਤਾਰਾ, ਅਵਤਰ ਆਪਣੀ ਕਾਰ ਕਮਾਈਆ ।



## ✪ ੨੫ ਅੱਸੂ ਸ਼ਹਿਨਸ਼ਾਹੀ ਸੰਮਤ ੫ ਗਿਆਨੀ ਗੁਰਮੁਖ ਸਿੰਘ ਦੇ ਗ੍ਰਹਿ ਪਿੰਡ ਭਲਾਈ ਪੁਰ ਡੋਗਰਾਂ ✪

ਗੋਬਿੰਦ ਕਹੇ ਪ੍ਰਭ ਖੇਲ ਖਲਾਉਣਾ ਯਕੀਨੀ, ਹੁਕਮ ਯਕ ਹੱਕ ਸੁਣਾਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਕਰਨ ਤਸਲੀਮੀ, ਤਿਲਸਮਾ ਅਵਰ ਨਾ ਕੋਇ ਜਣਾਈਆ । ਸੱਯਦਾ ਸੀਸ ਝੁਕਾ ਕੇ ਕਹਿਣ ਅਮੀਨੀ, ਬੇਪਰਵਾਹ ਤੇਰੀ ਵਡਿਆਈਆ । ਖੇਲ ਦ੍ਰਿੜਾਉਣਾ ਨਰ ਮਦੀਨੀ, ਮੁੱਦਾ ਮਾਨਵ ਆਪ ਸਮਝਾਈਆ । ਜ਼ਾਤ ਰਹੇ ਨਾ ਕੋਇ ਕਮੀਨੀ, ਸ਼ਰਅ ਛੁਰੀ ਨਾ ਕੋਇ ਕਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ । ਗੋਬਿੰਦ ਕਹੇ ਦਿਤਾ ਹੁਕਮ ਯੱਕ, ਵਾਹਿਦ ਆਪ ਸੁਣਾਈਆ । ਵੇਖਣਾ ਖੇਲ ਸਮਰਥ, ਕਲ ਕਰਤਾ ਕਾਰ ਕਮਾਈਆ । ਚਾਰ ਜੁਗ ਦਾ ਪਿਛਲਾ ਲੈਣਾ ਹੱਕ, ਹਕੀਕਤ ਦਏ ਦਰਸਾਈਆ । ਝਗੜਾ ਮੇਟ ਕੇ ਗੁਰੂ ਤਤ, ਸ਼ਬਦੀ ਸਤਿਗੁਰ ਲਏ ਪਰਗਟਾਈਆ । ਜਿਸ ਨੇ ਦੀਨ ਦੁਨੀ ਦੀ ਬਦਲ ਦੇਣੀ ਮਤ, ਮਨਮਤ ਰਹੇ ਨਾ ਰਾਈਆ । ਧੀਰਜ ਦੇਵੇ ਸੰਤੋਖ ਸਤਿ, ਸਤਿ ਸਤਿਵਾਦੀ ਵੇਖ ਵਖਾਈਆ । ਨਾਮ ਭੰਡਾਰਾ ਦਰਸਾ ਦੇ ਹੱਟ, ਵਸਤ ਇਕੋ ਇਕ ਵਰਤਾਈਆ । ਕਲਜੁਗ ਕੂੜੀ ਕਿਰਿਆ ਕਟ, ਕਾਮ ਕਰੋਧ ਲੋਭ ਮੋਹ ਹੰਕਾਰ ਦਏ ਮਿਟਾਈਆ । ਨਾਮ ਅਗੰਮੀ ਮਾਰੇ ਸੱਟ, ਸੋਈ ਸੁਰਤੀ ਜਗਤ ਉਠਾਈਆ । ਕੂੜਾ ਖੇੜਾ ਕਰੇ ਭੱਠ, ਭਠਿਆਲਾ

ਅਗਨੀ ਆਪ ਤਪਾਈਆ । ਜਿਸ ਪਿਛੇ ਗੋਬਿੰਦ ਲੇਖੇ ਲਾਈ ਰੱਤ, ਸੋ ਰੁਤੜੀ ਦਏ ਸੁਹਾਈਆ । ਖੇਲ ਖਿਲਾਏ ਕਮਲਾਪਤ, ਪਤਿਪਰਮੇਸ਼ਵਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਗੋਬਿੰਦ ਕਹੇ ਮਿਲਿਆ ਹੁਕਮ ਅਨੋਖਾ, ਹਰਿ ਕਰਤੇ ਦਿਤਾ ਦ੍ਰਿੜਾਈਆ । ਕਰਨਾ ਨਹੀਂ ਕਿਸੇ ਨਾਲ ਧੋਖਾ, ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਤੇਰਾ ਲਹਿਣਾ ਜੁਗ ਚੌਥਾ, ਚਾਰੇ ਵਰਨ ਤੇਰੀ ਝੋਲੀ ਪਾਈਆ । ਗੁਰਮੁਖ ਅੰਤਰ ਰਹੇ ਕੋਇ ਨਾ ਥੋਥਾ, ਦੁਰਮਤ ਮੈਲ ਦੇਣੀ ਧਵਾਈਆ । ਪੜ੍ਹਨਾ ਪਏ ਕਿਸੇ ਨਾ ਪੋਥਾ, ਆਤਮ ਬ੍ਰਹਮ ਦੇਣਾ ਸਮਝਾਈਆ । ਰੱਖਣਾ ਪਏ ਕੋਇ ਨਾ ਰੋਜ਼ਾ, ਨਿਮਾਜ਼ਾਂ ਵਿਚ ਨਾ ਸੀਸ ਨਿਵਾਈਆ । ਸੀਸ ਵਧਾਉਣਾ ਪਏ ਨਾ ਬੋਦਾ, ਜੰਞੂ ਸੰਗ ਨਾ ਕੋਇ ਬਣਾਈਆ । ਸਭ ਦਾ ਹਿਰਦਾ ਜਾਏ ਸੋਧਾ, ਵਦੀ ਸੁਦੀ ਨਾ ਵੇਖ ਵਖਾਈਆ । ਪੜਦਾ ਲਾਹੁਣਾ ਚੌਦਾਂ ਲੋਕਾ, ਚੌਦਾਂ ਤਬਕ ਭੇਵ ਖੁਲ੍ਹਾਈਆ । ਏਕਾ ਕਲਮਾ ਨਾਮ ਸਲੋਕਾ, ਸੋਹਲਾ ਧੁਰ ਦੇਣਾ ਦ੍ਰਿੜਾਈਆ । ਤੇਰੇ ਹੱਥ ਅੰਤਮ ਮੌਕਾ, ਮੁਕੰਮਲ ਦਿਆਂ ਜਣਾਈਆ । ਇਕੋ ਨਾਮ ਚਲਾਉਣੀ ਨੌਕਾ, ਨਈਆ ਇਕੋ ਇਕ ਵਖਾਈਆ । ਤੇਰੇ ਵਿਛੋੜੇ ਵਿਚ ਗੁਰਸਿਖ ਭਰੇ ਕੋਈ ਨਾ ਹੌਕਾ, ਹਉਮੇ ਦੇਣੀ ਮਿਟਾਈਆ । ਮੇਲ ਮਿਲਾਉਣਾ ਸਾਚੇ ਸ਼ਾਹੋ ਕਾ, ਸ਼ਹਿਨਸ਼ਾਹ ਆਪਣੇ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪੜਦਾ ਆਪ ਚੁਕਾਈਆ । ਗੋਬਿੰਦ ਕਹੇ ਪ੍ਰਭ ਦੱਸੀ ਕਹਾਣੀ ਅਕਥ, ਗੰਭੀਰ ਦਿਤੀ ਜਣਾਈਆ । ਆਹ ਲੈ

੧੦੯ ਅਗੰਮੀ ਵਥ, ਵਸਤ ਦਿਆਂ ਵਰਤਾਈਆ । ਜਿਸ ਕਾਰਨ ਸੱਥਰ ਸੁੱਤਾ ਸੱਥ, ਯਾਰੜਾ ਸੇਜ ਹੰਢਾਈਆ । ਪਿਛਲਾ ਲੇਖਾ ਗਿਆ ਟੱਪ, ਅੱਗੇ ੧੦੯

ਮਿਲੇ ਵਡਿਆਈਆ । ਪੰਧ ਮੁਕਾਉਣਾ ਨਠ ਨਠ, ਭੱਜਣਾ ਵਾਹੋ ਦਾਹੀਆ । ਸਦੀ ਚੌਧਵੀਂ ਮਾਰਨੀ ਸੱਟ, ਸ਼ਬਦੀ ਖੰਡਾ ਖੜਗ ਖੜਕਾਈਆ ।

੨੨ ਦੀਨ ਮਜ਼੍ਹਬ ਮੇਟਣੀ ਵੱਟ, ਵਟਣਾ ਲਾਉਣਾ ਖ਼ਲਕ ਖ਼ੁਦਾਈਆ । ਇਕ ਦਵਾਰਾ ਖੋਲ੍ਹਣਾ ਹੱਟ, ਇਕੋ ਵਸਤ ਜਗਤ ਵਰਤਾਈਆ । ਇਕੋ ਤੀਰਥ ੨੨

ਦੱਸਣਾ ਤਟ, ਕਿਨਾਰਾ ਇਕ ਸੁਹਾਈਆ । ਇਕੋ ਕਲਮਾ ਲੈਣਾ ਰਟ, ਇਕੋ ਨਾਮ ਵੱਜੇ ਵਧਾਈਆ । ਚਾਰ ਜੁਗ ਦਾ ਪਿਛਲਾ ਲਹਿਣਾ ਦੇਣਾ ਛਡ, ਅੱਗੇ ਆਪਣਾ ਹੁਕਮ ਵਰਤਾਈਆ । ਸੂਰ ਗਾਂ ਕਰੇ ਕੋਇ ਨਾ ਬਧ, ਛੁਰੀ ਫੜੇ ਨਾ ਕੋਇ ਕਸਾਈਆ । ਇਕੋ ਨਾਮ ਢੋਲਾ ਗਾਵਣ ਸਦ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਇਕ ਜੈਕਾਰਾ ਬੋਲਣਾ ਗੱਜ, ਦੋ ਜਹਾਨ ਵੱਜੇ ਵਧਾਈਆ । ਇਹ ਖੇਲ ਸੂਰਾ ਸਰਬਗ, ਹਰਿ ਕਰਤਾ ਆਪ ਸਮਝਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਮੂਲ ਰਹੇ ਨਾ ਕਗ, ਕਾਗੋਂ ਹੰਸ ਦੇਣੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ । ਗੋਬਿੰਦ ਕਿਹਾ ਕਹਿ ਪ੍ਰਭੂ ਪ੍ਰਭ ਸਤਿ, ਹਰਿ ਸਤਿ ਦਿਤਾ ਦ੍ਰਿੜਾਈਆ । ਜਿਸ ਵੇਲੇ ਆਵਾਂ ਫੇਰ ਵਤ, ਵਤਨ ਬੇਵਤਨਾਂ ਵੇਖ ਵਖਾਈਆ । ਗ਼ਰੀਬ ਨਿਮਾਣਿਆਂ ਰੱਖਾਂ ਪਤ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਤੇਰਾ ਦਰਸ਼ਨ ਦਿਆਂ ਕਰਾਈਆ । ਸਚ ਦਵਾਰੇ ਹੋ ਪ੍ਰਤਖ, ਪਰਗਟ ਆਪਣਾ ਆਪ ਕਰਾਈਆ । ਲੱਭਿਆਂ ਕਿਸੇ ਨਾ ਆਵਾਂ ਹੱਥ, ਭਾਵੇਂ ਖੋਜੇ ਜਗਤ ਲੋਕਾਈਆ । ਮੇਰੀ ਮਹਿੰਮਾ ਤੇਰਾ ਹੋਵੇ ਜਸ, ਸਿਫ਼ਤੀ ਸਿਫ਼ਤ ਨਾਲ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਪੁਰਖ ਅਕਾਲ ਕਹੇ ਮੈਂ ਕਰਾਂ ਕਿਰਪਾ, ਕਲਜੁਗ ਅੰਤ ਦਇਆ

ਕਮਾਈਆ । ਕਲਜੁਗ ਕੂੜੀ ਕਿਰਿਆ ਮੇਟਣੀ ਬਿਪਤਾ, ਬਿਪਰੀਤ ਦੇਣੀ ਗਵਾਈਆ । ਮਾਨਸ ਮਾਨਵ ਮਾਨੁੱਖ ਰੂਪ ਬਣਾਉਣਾ ਸਾਚੇ ਸਿੱਖ ਦਾ, ਸਿਖਿਆ ਇਕ ਦ੍ਰਿੜਾਈਆ । ਰਵਦਾਸ ਚਮਾਰਾ ਤੇਰਾ ਲੇਖ ਹੋਵੇ ਲਿਖਦਾ, ਗੁਰਮੁਖ ਰੰਗ ਰੰਗਾਈਆ । ਫੇਰ ਭੇਵ ਖੋਲ੍ਹਣਾ ਪੰਜਾਂ ਵਿਚ ਦਾ, ਪੰਚਮ ਕਲਮ ਚਲਾਈਆ । ਝਗੜਾ ਮਿਟਣਾ ਊਚ ਨੀਚ ਦਾ, ਜ਼ਾਤ ਪਾਤ ਨਾ ਕੋਇ ਲੜਾਈਆ । ਇਹ ਖੇਲ ਹੋਣਾ ਈਸਾ ਵਾਲੀ ਸਦੀ ਬੀਸ ਦਾ, ਬੀਸ ਬੀਸਾ ਨਾਲ ਮਿਲਾਈਆ । ਜਗਤ ਜਹਾਨ ਹੋਣਾ ਪੀਸਦਾ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਫੇਰ ਖੇਲ ਵਖਾਉਣਾ ਤ੍ਰੈਗੁਣ ਅਤੀਤ ਦਾ, ਤ੍ਰੈਭਵਣ ਧਨੀ ਕਾਰ ਕਮਾਈਆ । ਲੇਖਾ ਪੂਰਾ ਕਰਨਾ ਜੁਝਾਰ ਅਜੀਤ ਦਾ, ਮੁਹੰਮਦ ਰੋਵੇ ਮਾਰੇ ਧਾਈਆ । ਝਗੜਾ ਮੁਕਣਾ ਮੰਦਰ ਮਸੀਤ ਦਾ, ਕਾਇਆ ਕਾਅਬਾ ਇਕ ਵਖਾਈਆ । ਗੋਬਿੰਦ ਡੰਕਾ ਵੱਜਣਾ ਤੇਰੇ ਗੀਤ ਦਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਸਮਾਂ ਸਮੇਂ ਵਿਚੋਂ ਬੀਤਦਾ, ਆਪਣਾ ਪੰਧ ਮੁਕਾਈਆ । ਵਕਤ ਸੁਹੰਜਣਾ ਹੋਣਾ ਅਗੰਮੀ ਹਦੀਸ ਦਾ, ਹਜ਼ਰਤਾਂ ਤੋਂ ਪਰੇ ਕਰੇ ਪੜ੍ਹਾਈਆ । ਸਦੀ ਚੌਧਵੀਂ ਰਾਹ ਉਡੀਕਦਾ, ਵੇਲਾ ਵਕਤ ਦਏ ਗਵਾਹੀਆ । ਜਿਸ ਲੇਖਾ ਬਦਲਣਾ ਚਾਰ ਜੁਗ ਦੀ ਤਵਾਰੀਖ ਦਾ, ਤਾਰੀਖ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਪਰਦਾ ਓਹਲਾ ਆਪ ਚੁਕਾਈਆ । ਗੋਬਿੰਦ ਕਹੇ ਪੁਰਖ ਅਕਾਲ ਕਰੇ ਇਸ਼ਾਰਾ, ਸੈਨਤ ਰਿਹਾ ਲਗਾਈਆ । ਆਉਣਾ ਅੰਤ ਦੁਬਾਰਾ, ਦੋਹਰੀ ਧਾਰ ਚਲਾਈਆ । ਨੂਰ ਕਰ ਉਜਿਆਰਾ, ਸ਼ਬਦੀ ਸ਼ਬਦ ਸ਼ਨਵਾਈਆ । ਸੋਹਣਾ ਇਕ ਦਵਾਰਾ, ਭਗਤ ਮਿਲੇ ਵਡਿਆਈਆ । ਆਉਣ ਗੁਰ ਅਵਤਾਰਾ, ਪੈਗੰਬਰ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣੇ ਭਿਖਾਰਾ, ਦਰ ਠਾਂਡੇ ਅਲਖ ਜਗਾਈਆ । ਓਹ ਵੇਖਣਾ ਅਜਬ ਨਜ਼ਾਰਾ, ਨਜ਼ਰੀਆ ਸਭ ਦਾ ਦਏ ਬਦਲਾਈਆ । ਗੋਬਿੰਦ ਨਿਉਂ ਕੇ ਕੀਤੀ ਨਿਮਸਕਾਰਾ, ਸੀਸ ਦਿਤਾ ਝੁਕਾਈਆ । ਕਵਣ ਵੇਲਾ ਕਵਣ ਦਿਹਾੜਾ, ਕਵਣ ਥਿਤ ਵੱਜੇ ਵਧਾਈਆ । ਪੁਰਖ ਅਕਾਲ ਸ਼ਬਦ ਜੈਕਾਰਾ, ਏਕੰਕਾਰ ਦਿਤਾ ਸੁਣਾਈਆ । ਸੰਮਤ ਸ਼ਹਿਨਸ਼ਾਹੀ ਪੰਜ ਚਲੇ ਵਿਚ ਸੰਸਾਰਾ, ਹਰਿ ਕਰਤਾ ਆਪ ਪਰਗਟਾਈਆ । ਛੱਬੀ ਪੋਹ ਦਾ ਹੋਏ ਦਿਹਾੜਾ, ਤਿਉਹਾਰ ਇਕੋ ਇਕ ਸਮਝਾਈਆ । ਭਗਤ ਦਵਾਰੇ ਲੱਗਣਾ ਤੇਰਾ ਅਖਾੜਾ, ਖੜਗ ਖੰਡਾ ਇਕੋ ਇਕ ਵਖਾਈਆ । ਸਾਚੇ ਸੰਤਾਂ ਦੇਣਾ ਸਚ ਅਧਾਰਾ, ਗੁਰਮੁਖ ਗੁਰ ਗੁਰ ਗੋਦ ਟਿਕਾਈਆ । ਗੁਰਸਿਖਾਂ ਕਰ ਪਿਆਰਾ, ਪ੍ਰੇਮੀ ਪ੍ਰੀਤਮ ਵੇਖ ਵਖਾਈਆ । ਸਭ ਨੇ ਇਕੋ ਬੋਲਣਾ ਨਾਅਰਾ, ਜੈਕਾਰਾ ਇਕ ਜਣਾਈਆ । ਪੁਰਖ ਅਕਾਲ ਕਹੇ ਗੋਬਿੰਦ ਨੌ ਨੌ ਫੁਟ ਦਾ ਰੱਖਣਾ ਅਧਵਿਚਕਾਰ ਦਾਇਰਾ, ਦਾਅਵਾ ਬੇਦਾਅਵਾ ਅਗਲਾ ਦਏ ਸਮਝਾਈਆ । ਓਥੇ ਪੰਜਾਂ ਗੁਰਮੁਖਾਂ ਦਾ ਹੋਵੇ ਪਹਿਰਾ, ਜੋ ਪਾਰਬ੍ਰਹਮ ਨੂੰ ਮਿਲ ਕੇ ਪਾਰਬ੍ਰਹਮ ਵਿਚ ਸਮਾਈਆ । ਵਿਚ ਹੋਏ ਨਾ ਕੋਇ ਗ਼ਦਾਰਾ, ਜੋ ਕਲਪਣਾ ਵਿਚ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਓਹ ਸੁਹੰਜਣੀ ਹੋਣੀ ਰਾਤ, ਰੁਤੜੀ ਆਪ ਮਹਿਕਾਈਆ । ਜਨ ਭਗਤੋ ਪਾਣੀ ਦੀ ਭਰੀ ਹੋਵੇ ਪਰਾਤ, ਸਾਫ਼ ਸੁਥਰਾ ਸੋਭਾ ਪਾਈਆ । ਲਾਗੇ ਰੱਖੀ ਹੋਵੇ ਕਲਮ ਦਵਾਤ, ਕਾਗ਼ਜ਼ ਕੋਰਾ ਨਾਲ ਟਿਕਾਈਆ । ਨੌਂ ਰੱਖੇ ਹੋਣ ਕਾਟ, ਜਿਨ੍ਹਾਂ ਨੂੰ ਕਾਰਡ ਕਹੇ ਲੋਕਾਈਆ । ਇਕ ਨਿੱਕੀ ਜੇਹੀ ਕੋਲ ਵਿਛੀ ਹੋਵੇ ਖਾਟ, ਤਕੀਆ ਸੀਸ ਵੱਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੋਬਿੰਦ

ਕਹੇ ਮੈਂ ਗੁਰਮੁਖ ਵੇਖਣੇ ਹੀਰੇ, ਮਾਣਕ ਮੋਤੀ ਧੁਰ ਦੇ ਨਜ਼ਰੀ ਆਈਆ । ਨੌ ਨੇ ਨੌ ਰੰਗ ਦੇ ਬੰਨ੍ਹੇ ਹੋਣ ਚੀਰੇ, ਮਾਝੇ ਵਾਲੇ ਆਪਣਾ ਰੂਪ ਬਦਲਾਈਆ । ਹੱਥਾਂ ਵਿਚ ਫੜੇ ਹੋਣ ਕਮਾਨ ਤੀਰੇ, ਕਮਰਕਸਿਆਂ ਨਾਲ ਸੁਹਾਈਆ । ਇੱਕੀ ਬੀਬੀਆਂ ਲਾਲ ਰੰਗੇ ਹੋਣ ਲੀੜੇ, ਦੁਪੱਟੇ ਸੀਸ ਉਤੇ ਟਿਕਾਈਆ । ਹੱਥੀਂ ਬੰਨ੍ਹੇ ਹੋਣ ਕਲੀਰੇ, ਮੁਖੋਂ ਕਹਿਣਾ ਮਿਲਣਾ ਗੋਬਿੰਦ ਮਾਹੀਆ । ਸਾਰੀ ਸੰਗਤ ਨੂੰ ਕਹਿਣਾ ਭੈਣ ਭਰਾ ਵੀਰੇ, ਬਿਨਾ ਨਾਰ ਕੰਤ ਤੋਂ ਦੂਜਾ ਹੱਥ ਨਾ ਕੋਇ ਉਠਾਈਆ । ਪੰਜਾਂ ਮਿਸਤਰੀਆਂ ਹੱਥ ਵਿਚ ਫੜੇ ਹੋਣ ਗਡੀਰੇ, ਬਸਤਰ ਮੋਢਿਆਂ ਉਤੇ ਟਿਕਾਈਆ । ਪੰਜਾਂ ਬੀਬੀਆਂ ਹੱਥ ਵਿਚ ਫੜੇ ਹੋਣ ਪੀੜ੍ਹੇ, ਲਾਲ ਰੰਗਲੇ ਨਜ਼ਰੀ ਆਈਆ । ਅੱਗੇ ਵਧਣ ਧੀਰੇ ਧੀਰੇ, ਆਹਿਸਤਾ ਆਹਿਸਤਾ ਆਹਿਸਤਾ ਕਦਮ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਕਲਜੁਗ ਜ਼ਰੂਰ ਵਗਣੀ ਆਂਧੀ, ਅੰਧੇਰਾ ਹੋਵੇ ਲੋਕਾਈਆ । ਮਾਝੇ ਵਾਲਿਆਂ ਨੌ ਤੋਲੇ ਲਿਆਉਣੀ ਚਾਂਦੀ, ਚੰਦ ਸੂਰਜ ਦਏ ਗਵਾਹੀਆ । ਇਹ ਹਿੱਸੇ ਆਈ ਚੌਧਵੀਂ ਸਦੀ ਦੀ ਬਾਂਦੀ, ਬੰਦਨਾਂ ਵਿਚ ਦੁਹਾਈਆ । ਅੱਗੇ ਵਾਸਤੇ ਨਾ ਕੋਇ ਸੂਰ ਖਾਏ ਨਾ ਢਾਂਡੀ, ਰਸਨਾ ਮਾਸ ਨਾ ਕੋਇ ਲਗਾਈਆ । ਕਸਮ ਰਹੇ ਨਾ ਕਿਸੇ ਵਛੜੇ ਦੇਵਣ ਵਾਲੀ ਮਾਂ ਦੀ, ਚੁਪਾਇਆ ਉਤੇ ਧਰਮ ਨਾ ਕੋਇ ਟਿਕਾਈਆ । ਇਕੋ ਸਹਾਇਤਾ ਹੋਵੇ ਸ਼ਬਦੀ ਗੋਬਿੰਦ ਛਾਂ ਦੀ, ਦੂਸਰ ਓਟ ਨਾ ਕੋਇ ਜਣਾਈਆ । ਇਕੋ ਵਡਿਆਈ ਹੋਵੇ ਪੁਰਖ ਅਕਾਲ ਦੇ ਨਾਂ ਦੀ, ਦੂਸਰ ਗੀਤ ਨਾ ਕੋਇ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਅਗੰਮ ਅਥਾਹ ਦੀ, ਜਿਸ ਦਾ ਅਰਥ ਅਰਥਾਤ ਸਕੇ ਨਾ ਕੋਇ ਸਮਝਾਈਆ ।



੧੧੧ ੨੨

### ੨੬ ਅੱਸੂ ਸ਼ਹਿਨਸ਼ਾਹੀ ਸੰਮਤ ੫ ਗਿਰਧਾਵਰ ਸਿੰਘ ਦੇ ਖੂਹ ਉਤੇ ਪਿੰਡ ਰੁੜਕਾ ਕਲਾਂ ਜ਼ਿਲਾ ਜਲੰਧਰ

ਗੋਬਿੰਦ ਕਹੇ ਗੁਰ ਅਵਤਾਰ ਪੈਗ਼ੰਬਰ ਆਏ ਦੁਆਬੇ, ਦੋਹਰੀ ਧਾਰ ਗੋਬਿੰਦ ਵੇਖ ਵਖਾਈਆ । ਇਹ ਬਚਨ ਸੁਣਿਆ ਸੀ ਨਾਨਕ ਧੁਰ ਦੇ ਬਾਬੇ, ਬਾਬਤ ਪ੍ਰਭ ਦੀ ਸਰਬ ਜਣਾਈਆ । ਇਸ਼ਾਰਾ ਕੀਤਾ ਸੀ ਵਿਚ ਬਗ਼ਦਾਦੇ, ਬਗ਼ਲਗੀਰ ਨਾ ਕੋਇ ਰਖਾਈਆ । ਜਿਸ ਵੇਲੇ ਕਲ ਕਲਕੀ ਆਵੇ ਮਾਝੇ, ਸੰਬਲ ਆਪਣਾ ਡੇਰਾ ਲਾਈਆ । ਬਿਨਾ ਭਗਤਾਂ ਕੋਇ ਨਾ ਜਾਗੇ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਕਲਜੁਗ ਜੀਵ ਹੰਸ ਬਣਨ ਕਾਗੇ, ਬੁੱਧੀ ਕਾਗ ਵਾਂਗ ਕੁਰਲਾਈਆ । ਹਿਰਦੇ ਕੋਈ ਨਾ ਆਪਣੇ ਸਾਧੇ, ਸਾਧਨਾ ਸਕੇ ਨਾ ਕੋਇ ਕਰਾਈਆ । ਪ੍ਰਭ ਦੀ ਸਰਨ ਕੋਇ ਨਾ ਲਾਗੇ, ਇਸ਼ਟ ਇਕ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਪ੍ਰਭ ਖੇਲ ਖਿਲਾਉਣਾ, ਹਰਿ ਆਪਣੀ ਦਇਆ ਕਮਾਈਆ । ਨਾਨਕ ਕਹੇ ਭੇਵ ਚੁਕਾਉਣਾ, ਪੜਦਾ ਆਪ ਉਠਾਈਆ । ਸਚ ਸੰਦੇਸ਼ਾ ਇਕ ਦ੍ਰਿੜਾਉਣਾ, ਦ੍ਰਿਸ਼ਟੀ ਸ੍ਰਿਸ਼ਟੀ ਦਏ ਬਦਲਾਈਆ । ਕੂੜੀ ਕਿਰਿਆ ਡੇਰਾ ਢਾਹੁਣਾ, ਮਾਇਆ ਮਮਤਾ ਮੋਹ ਮਿਟਾਈਆ । ਸਾਚਾ ਮਾਰਗ ਇਕ ਲਗਾਉਣਾ, ਰਹਿਬਰ ਇਕ ਅਖਵਾਈਆ । ਤਖ਼ਤ ਨਿਵਾਸੀ ਤਖ਼ਤ ਸੁਹਾਉਣਾ, ਦਰਗਾਹ ਸਾਚੀ ਵੱਜੇ ਵਧਾਈਆ । ਨਿਰਗੁਣ ਨੂਰ

ਜੋਤ ਪਰਗਟਾਉਣਾ, ਪਰਗਣਾ ਆਪਣਾ ਦਏ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਪਰਦਾ ਆਪ ਚੁਕਾਈਆ । ਗੋਬਿੰਦ ਕਹੇ ਗੁਰ ਅਵਤਾਰ ਪੈਗ਼ੰਬਰ ਪੁੱਜੇ, ਪੂਜਨੀਕ ਵਡਿਆਈਆ । ਅਗਲੀ ਰਮਜ਼ ਕੋਇ ਨਾ ਬੁੱਝੇ, ਪਰਦਾ ਸਕੇ ਨਾ ਕੋਇ ਉਠਾਈਆ । ਸਾਰੇ ਸੰਦੇਸ਼ੇ ਦੇਂਦੇ ਗੁੱਝੇ, ਅੰਤਰ ਅੰਤਰ ਦ੍ਰਿੜਾਈਆ । ਸਦੀ ਚੌਧਵੀਂ ਪੈਗ਼ੰਬਰ ਫਿਰਦੇ ਲੁਕੇ, ਅੱਗੇ ਹੋ ਲਏ ਨਾ ਕੋਇ ਅੰਗੜਾਈਆ । ਸਭ ਦੇ ਪੈਂਡੇ ਮੁਕੇ, ਪਾਂਧੀ ਪੰਧ ਰਿਹਾ ਮੁਕਾਈਆ । ਅੱਗੇ ਦੀਨ ਦੁਨੀ ਦੇ ਮੇਟਣੇ ਦੁੱਖੇ, ਦਰਦੀਆਂ ਦਰਦ ਆਪ ਵੰਡਾਈਆ । ਭਗਤ ਸੁਹੇਲੇ ਗੋਦੀ ਚੁੱਕੇ, ਚਕਨਾ ਚੂਰ ਕਰੇ ਲੋਕਾਈਆ । ਚਾਰ ਜੁਗ ਦੇ ਸ਼ਾਸਤਰ ਜੋ ਸ਼ਬਦ ਸੰਦੇਸੇ ਦੇਂਦੇ ਰੁੱਕੇ, ਰੁਖ਼ਸਤ ਸਭ ਨੂੰ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੋਬਿੰਦ ਕਿਹਾ ਗੁਰ ਅਵਤਾਰ ਪੈਗ਼ੰਬਰੋ ਅੰਤਰ ਮਾਰੋ ਝਾਕੀ, ਪਰਦਾ ਲਉ ਉਠਾਈਆ । ਜਿਸ ਦਾ ਲਹਿਣਾ ਓਹੋ ਦੱਸੇ ਬਾਕੀ, ਦੂਜਾ ਸੰਗ ਨਾ ਕੋਇ ਰਖਾਈਆ । ਕਲਜੁਗ ਵੇਖੋ ਅੰਧੇਰੀ ਰਾਤੀ, ਨੂਰੀ ਚੰਦ ਨਾ ਕੋਇ ਚਮਕਾਈਆ । ਪਿਆਲਾ ਦੇਵੇ ਕੋਈ ਨਾ ਸਾਕੀ, ਅੰਮ੍ਰਿਤ ਜਾਮ ਨਾ ਕੋਇ ਚਖਾਈਆ । ਸਾਚੀ ਚੜ੍ਹੇ ਕੋਈ ਨਾ ਘਾਟੀ, ਮੰਦਰ ਮਿਲਣ ਕੋਇ ਨਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਉਦਾਸੀ, ਖ਼ੁਸ਼ੀ ਰੰਗ ਨਾ ਕੋਇ ਰੰਗਾਈਆ । ਝਟ ਈਸਾ ਬੋਲਿਆ ਜਿਸ ਕਾਰਨ ਮੈਂ ਚੜ੍ਹਿਆ ਫਾਂਸੀ, ਸਲੀਬ ਗਲ ਲਟਕਾਈਆ । ਉਹ ਤੱਕਿਆ ਨੂਰ ਜੋਤ ਪ੍ਰਕਾਸ਼ੀ, ਪ੍ਰਕਾਸ਼ਤ ਕਰੇ ਲੋਕਾਈਆ । ਸਭ ਦੀ ਲਾਹੇ ਉਦਾਸੀ, ਚਿੰਤਾ ਦਏ ਗਵਾਈਆ । ਨੇਤਰ ਵੇਖੇ ਸ਼ੰਕਰ ਉਤੇ ਕੈਲਾਸ਼ੀ, ਬ੍ਰਹਮਾ ਚਾਰੇ ਮੁਖ ਮੁਖ ਉਠਾਈਆ । ਵਿਸ਼ਨੂੰ ਵੇਖ ਕੇ ਵਿਸ਼ਵ ਦੀ ਹਾਸੀ, ਹਸਤੀ ਆਪਣੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਈਸਾ ਕਿਹਾ ਮੈਂ ਦੱਸਾਂ ਅਸਲ, ਅਸਲੀਅਤ ਦਿਆਂ ਦ੍ਰਿੜਾਈਆ । ਗੋਬਿੰਦ ਦਾ ਗੋਬਿੰਦ ਕਰਨਾ ਵਸਲ, ਸਾਚਾ ਰੰਗ ਰੰਗਾਈਆ । ਆ ਕੇ ਵੇਖੇ ਆਪਣੀ ਧਾਰ ਅੱਖਣ, ਜਗ ਨੇਤਰ ਨਾ ਕੋਇ ਚਤੁਰਾਈਆ । ਗੁਰ ਅਵਤਾਰ ਪੈਗ਼ੰਬਰ ਲੱਗੇ ਹੱਸਣ, ਤਾਲੀ ਦਿਤੀ ਵਜਾਈਆ । ਕਵਣ ਮੇਟੇ ਰੈਣ ਅੰਧੇਰੀ ਮੱਸਣ, ਕਲਜੁਗ ਕਿਰਿਆ ਕੂੜ ਗਵਾਈਆ । ਸਾਡਾ ਕੰਮ ਨਾ ਆਇਆ ਯਤਨ, ਯਥਾਰਥ ਦਈਏ ਜਣਾਈਆ । ਕਿਨਾਰਾ ਦਿਸੇ ਕੋਇ ਨਾ ਪੱਤਨ, ਤਟ ਰਹਿਣ ਕੋਇ ਨਾ ਪਾਈਆ । ਔਖਾ ਹੋਇਆ ਮਾਤਲੋਕ ਵਸਣ, ਸ਼ਿਵਦਵਾਲੇ ਮੱਠ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਜਣਾਈਆ । ਗੋਬਿੰਦ ਕਹੇ ਦੁਆਬੇ ਵਾਲੇ ਫੱਬੇ, ਗੋਬਿੰਦ ਕੀੜੀ ਧਾਰ ਵਡਿਆਈਆ । ਸਭ ਦੇ ਸੋਹੰ ਲਿਖਿਆ ਹੋਵੇ ਛਾਤੀ ਗੱਭੇ, ਅੱਖਰ ਇਕ ਦ੍ਰਿੜਾਈਆ । ਗੁਰਮੁਖਾਂ ਇਕ ਦੂਜੇ ਦੇ ਘਰ ਸਭ ਨੇ ਦੇਣੇ ਸੱਦੇ, ਸੰਦੇਸ਼ੇ ਦੇਣੇ ਦ੍ਰਿੜਾਈਆ । ਛੱਬੀ ਪੋਹ ਨੂੰ ਸਭ ਨੇ ਜਾਣਾ ਭੱਜੇ, ਭਜਨ ਬੰਦਗੀ ਜਗਤ ਤਜਾਈਆ । ਭਗਤ ਦਵਾਰ ਵਿਚ ਵੜਦਿਆਂ ਸਭ ਦੇ ਮੁਖ ਹੋਣ ਕੱਜੇ, ਪਲੂ ਸਕੇ ਨਾ ਕੋਇ ਉਠਾਈਆ । ਖੱਬੇ ਪਾਸੇ ਹੋਏ ਇਸਤਰੀ ਮਰਦ ਹੋਵਣ ਸੱਜੇ, ਜੋੜੀ ਜੋੜੀ ਰੰਗ ਰੰਗਾਈਆ । ਨਾਲ ਢੋਲ ਲਾਵਣ ਡੱਗੇ, ਡੱਗਾ ਢੋਲ ਉਤੇ ਲਗਾਈਆ । ਫੇਰ ਜੈਕਾਰਾ ਬੋਲਣ ਸਭੇ, ਤੂੰ ਮਾਲਕ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਗੁਰ ਅਵਤਾਰ ਪੈਗ਼ੰਬਰੋ ਮਾਰੋ ਹੱਥ ਛਾਤੀ, ਛਤਰ ਛਾਇਆ ਰਹਿਣ

ਕੋਇ ਨਾ ਪਾਈਆ । ਓਹ ਵੇਖੇ ਧੁਰ ਦਾ ਕਮਲਾਪਾਤੀ, ਪਤਿਪਰਮੇਸ਼ਵਰ ਸੋਭਾ ਪਾਈਆ । ਜਿਸ ਦੀ ਆਦਿ ਤੋਂ ਅੰਤ ਤਕ ਇਕੋ ਜ਼ਾਤੀ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਇਕੋ ਇਲਮ ਦੱਸੇ ਸਫ਼ਾਤੀ, ਦੂਸਰ ਕਰੇ ਨਾ ਕੋਇ ਪੜ੍ਹਾਈਆ । ਸਦੀ ਚੌਧਵੀਂ ਮੇਟਣ ਲੱਗਾ ਰਾਤੀ, ਕਲਜੁਗ ਅੰਧ ਅੰਧੇਰ ਗਵਾਈਆ । ਨਵੀਂ ਦੱਸਣ ਲੱਗਾ ਗਾਥੀ, ਕਰੇ ਸਚ ਪੜ੍ਹਾਈਆ । ਧਰਮ ਦੀ ਖੋਲ੍ਹਣ ਲੱਗਾ ਹਾਟੀ, ਵਣਜਾਰਾ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਿਹਾ ਮੈਂ ਦੱਸਾਂ ਖੇਲ ਅਪਾਰਾ, ਅਪਰੰਪਰ ਰਿਹਾ ਜਣਾਈਆ । ਸਭ ਨੇ ਲੈਣਾ ਇਕ ਹੁਲਾਰਾ, ਹਿਰਦੇ ਵਿਚ ਅੰਗੜਾਈਆ । ਦੁਆਬੇ ਵਿਚੋਂ ਇਕ ਗੁਰਮੁਖ ਲੈਣਾ ਕਵਾਰਾ, ਜਿਸ ਦੀ ਆਯੂ ਅਠਾਰਾਂ ਬੀਸ ਵਿਚ ਰਖਾਈਆ । ਗਲ ਵਿਚ ਪਾਵੇ ਨੌ ਹਾਰਾ, ਹਰਿ ਹਿਰਦੇ ਨਾਲ ਜੁੜਾਈਆ । ਛਾਤੀ ਲਾਇਆ ਹੋਵੇ ਚੰਨ ਸਿਤਾਰਾ, ਸੜ੍ਹਾ ਜ਼ਿਮੀਂ ਅਸਮਾਨ ਵਾਲੀ ਸਮਝਾਈਆ । ਪੈਰੀਂ ਲੱਗਾ ਹੋਵੇ ਗਾਰਾ, ਜੋੜਾ ਚਰਨ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਦੁਆਬੇ ਵਾਲਿਓ ਕਰਨੀ ਜੁਗਤ, ਜੁਗਤੀ ਦਿਆਂ ਦ੍ਰਿੜਾਈਆ । ਛੋਟੀ ਧਾਰ ਲਿਆਉਣਾ ਮੁਕਟ, ਕੀਮਤ ਥੋੜੀ ਵਿਚ ਵਡਿਆਈਆ । ਗੋਲੀ ਧਾਰ ਪਹਿਨਣਾ ਦਰੁਸਤ, ਸਦੀ ਚੌਧਵੀਂ ਦਏ ਗਵਾਹੀਆ । ਇਸ ਦੇ ਵਿਚ ਨਹੀਂ ਹੋਣਾ ਸੁਸਤ, ਸੁੱਤਿਆਂ ਦਿਤਾ ਉਠਾਈਆ । ਹੱਥ ਰੱਖਾਂ ਉਤੇ ਪੁਸ਼ਤ, ਪਨਾਹ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਗੋਬਿੰਦ ਕਹੇ ਵੇਖਣਾ ਛੱਬੀ ਪੋਹ ਦਾ ਖੇਲ, ਸਚ ਦਿਆਂ ਵਖਾਈਆ । ਨਾਤਾ ਜੁੜਨਾ ਗੁਰੂ ਗੁਰ ਚੇਲ, ਚੇਲਾ ਗੁਰ ਸਰਨਾਈਆ । ਸਭ ਨੂੰ ਇਕੋ ਵਾਰ ਚਾੜ੍ਹਨਾ ਤੇਲ, ਸੁਹੰਜਣੀ ਰੁਤ ਆਪ ਵਖਾਈਆ । ਪੁਰਖ ਅਕਾਲਾ ਬਣ ਕੇ ਸੱਜਣ ਸੁਹੇਲ, ਨਾਤਾ ਬਿਧਾਤਾ ਦਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਛੱਬੀ ਪੋਹ ਕਹੇ ਹੋਣਾ ਖ਼ਬਰਦਾਰ, ਖ਼ਬਰਾਂ ਖ਼ਬਰਾਂ ਖ਼ਬਰਾਂ ਵਿਚੋਂ ਜਣਾਈਆ । ਇਕਾਸੀ ਗੁਰਮੁਖ ਹੋਣੇ ਉਹ ਸਿਕਦਾਰ, ਜਿਨ੍ਹਾਂ ਇਕਾਸੀਆਂ ਨੂੰ ਗੋਬਿੰਦ ਆਪਣੀ ਧੂੜੀ ਆਪਣੀ ਹੱਥੀਂ ਖ਼ਾਕ ਰਮਾਈਆ । ਅੰਮ੍ਰਿਤ ਵੇਲੇ ਉਠ ਕੇ ਇਕਾਸੀ ਦਿਨ ਕਰਦੇ ਰਹੇ ਦੀਦਾਰ, ਸਨਮੁਖ ਹੋ ਕੇ ਸੋਭਾ ਪਾਈਆ । ਅੰਤ ਓਹ ਸਰਸੇ ਵਿਚ ਰੋੜ੍ਹੇ ਏਕਾ ਵਾਰ, ਬਚਿਆਂ ਰਹਿਣ ਕੋਇ ਨਾ ਪਾਈਆ । ਓਨ੍ਹਾਂ ਅੰਤਰ ਆਈ ਵਿਚਾਰ, ਵਿਛੋੜਾ ਸਹਿ ਸਕੀਏ ਨਾ ਰਾਈਆ । ਗੋਬਿੰਦ ਕਿਹਾ ਸ਼ਬਦ ਦੀ ਧਾਰ, ਸੰਦੇਸ਼ਾ ਇਕ ਜਣਾਈਆ । ਬੱਚਿਓ ਹੁਣ ਜਾਣਾ ਕੋਲ ਪੁਰਖ ਅਕਾਲ, ਸਚਖੰਡ ਡੇਰਾ ਲਾਈਆ । ਜਿਸ ਵੇਲੇ ਹੋਵਾਂ ਫੇਰ ਦਿਆਲ, ਧਰਨੀ ਧਰਤ ਧਵਲ ਉਤੇ ਵਡਿਆਈਆ । ਤੁਹਾਨੂੰ ਆਪਣੇ ਲਿਆਵਾਂ ਨਾਲ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਚ ਸੰਦੇਸ਼ਾ ਦੇਵਾਂ ਸ਼ਬਦੀ ਸ਼ਬਦ ਕਮਾਲ, ਅਗੰਮ ਅਥਾਹ ਪੜ੍ਹਾਈਆ । ਤੁਸਾਂ ਸੇਵਾ ਕਰਨੀ ਨਾਲ ਧਿਆਨ, ਨਿਗਾਹ ਨਿਗਾਹ ਵਿਚ ਰਖਾਈਆ । ਕਮਰਕਸੇ ਕਰਨੇ ਹੋ ਬਲਵਾਨ, ਬਲਧਾਰੀ ਰੂਪ ਪਰਗਟਾਈਆ । ਛੱਬੀ ਪੋਹ ਵਕਤ ਲੈਣਾ ਸੰਭਾਲ, ਸੰਬਲ ਦੇਸ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਛੱਬੀ ਪੋਹ ਕਹੇ ਔਹ ਈਸਾ ਆ ਗਿਆ ਕਰਦਾ ਹਾਸੀ, ਤਾਲੀ ਖ਼ੁਸ਼ੀਆਂ ਵਾਲੀ ਵਜਾਈਆ । ਓਹ ਗੋਬਿੰਦ ਇਹ

ਮੇਰੇ ਪਿਛਲੇ ਸਾਥੀ, ਸੰਗੀ ਸੋਭਾ ਪਾਈਆ । ਜਿਸ ਵੇਲੇ ਮੈਂ ਚੜ੍ਹਿਆ ਸੀ ਫਾਸੀ, ਇਹਨਾਂ ਹੰਝੂਆਂ ਧਾਰ ਵਹਾਈਆ । ਝਟ ਰਾਮ ਆ ਗਿਆ ਇਹ ਮੇਰੇ ਸੇਵਕ ਦਾਸੀ, ਪੂਰਬ ਦਿਆਂ ਜਣਾਈਆ । ਇਹ ਪੰਡਤ ਰਹਿੰਦੇ ਸੀ ਵਿਚ ਕਾਸ਼ੀ, ਅੱਖਰਾਂ ਵਾਲੀ ਵਡਿਆਈਆ । ਇਕ ਦਿਨ ਚਰਨ ਧੂੜ ਮੇਰੀ ਲਾਈ ਰਸਤੇ ਦੇ ਵਿਚ ਵਾਟੀ, ਮਿਲ ਕੇ ਖ਼ੁਸ਼ੀ ਮਨਾਈਆ । ਮੈਂ ਹੱਸ ਕੇ ਕਿਹਾ ਜਿਸ ਵੇਲੇ ਆਵੇ ਕਲਜੁਗ ਅੰਧੇਰੀ ਰਾਤੀ, ਤੁਹਾਡਾ ਮੇਰਾ ਰਾਮ ਹੋਵੇ ਸਹਾਈਆ । ਤੁਸਾਂ ਫੇਰ ਆਉਣਾ ਵਿਚ ਮਾਨਵ ਜ਼ਾਤੀ, ਚੁਰਾਸੀ ਵਿਚ ਨਾ ਕੋਇ ਭਵਾਈਆ । ਉਨ੍ਹਾਂ ਇਕਾਸੀਆਂ ਦੇ ਹੱਥ ਵਿਚ ਹੋਣੀ ਇਕ ਇਕ ਦਾਤੀ, ਦੱਤਾਤ੍ਰੈ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਛੱਬੀ ਪੋਹ ਕਹੇ ਮੇਰਾ ਹੋਣਾ ਵਕਤ ਰੰਗੀਲਾ, ਰੰਗਲਾ ਮਾਧਵ ਦਏ ਜਣਾਈਆ । ਪੰਜਾਂ ਗੁਰਮੁਖਾਂ ਦੁਆਬੇ ਵਿਚੋਂ ਪ੍ਰਭੂ ਨੂੰ ਬਣਾਉਣਾ ਇਕ ਵਸੀਲਾ, ਵਿਸਲ ਮਾਰ ਕੇ ਸਭ ਨੂੰ ਦੇਣਾ ਜਣਾਈਆ । ਉਨ੍ਹਾਂ ਦਾ ਬਸਤਰ ਹੋਵੇ ਪੀਲਾ, ਰੰਗ ਇਕੋ ਇਕ ਰੰਗਾਈਆ । ਅੰਦਰੋਂ ਬਦਲ ਕੇ ਆਣ ਦਲੀਲਾ, ਕੂੜੀ ਕਿਰਿਆ ਬਾਹਰ ਕਢਾਈਆ । ਹੱਥ ਵਿਚ ਲਿਖ ਕੇ ਫੜਿਆ ਹੋਵੇ ਭਗਤ ਦਵਾਰ ਪ੍ਰਭੂ ਦਾ ਇਕ ਕਬੀਲਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਦਏ ਉਠਾਈਆ । ਛੱਬੀ ਪੋਹ ਕਹੇ ਪ੍ਰਭ ਦਾ ਸੋਹਣਾ ਲਾਉਣਾ ਤਖ਼ਤ, ਤਖ਼ਤ ਨਿਵਾਸੀ ਇਕ ਅਖਵਾਈਆ । ਜਿਸ ਨੇ ਸਾਰੀ ਸ੍ਰਿਸ਼ਟੀ ਨੂੰ ਪਾਉਣਾ ਵਖਤ, ਵੱਖਰੀ ਆਪਣੀ ਕਾਰ ਕਮਾਈਆ । ਜ਼ਰਾ ਵੇਖਿਓ ਹਲੂਣਾ ਮਿਲਦਾ ਅਗਲੇ ਅਗਸਤ, ਅੱਗਾ ਪਿੱਛਾ ਫੇਰ ਦਏ ਸਮਝਾਈਆ । ਲਾਲ ਸਿੰਘ ਤੂੰ ਬਣ ਕੇ ਆਉਣਾ ਮਸਤ, ਵਾਲ ਖੁਲ੍ਹੇ ਤੇ ਭੂਰੀ ਮੋਢੇ ਉਤੇ ਅਟਕਾਈਆ । ਅੱਖੀਆਂ ਲਾਉਣੀਆਂ ਉਪਰ ਅਰਸ਼, ਓ ਗੋਬਿੰਦ ਓ ਗੋਬਿੰਦ ਓ ਗੋਬਿੰਦ ਮੁਖੋਂ ਕਹਿ ਕੇ ਦੇਣਾ ਸੁਣਾਈਆ । ਪਰ ਯਾਦ ਰੱਖੀਂ ਸਵੇਰ ਤੋਂ ਰੱਖਿਆ ਹੋਵੇ ਬਰਤ, ਅੰਨ ਮੁਖ ਨਾ ਕੋਇ ਛੁਹਾਈਆ । ਸਾਰੇ ਦੁਆਬੇ ਦੀ ਤੇਰੇ ਹੱਥ ਵਿਚ ਹੋਵੇ ਫ਼ਰਦ, ਵੱਡਾ ਛੋਟਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਛੱਬੀ ਪੋਹ ਕਹੇ ਗੁਰਮੁਖੋ ਕੋਈ ਨਾ ਆਇਓ ਵਿਚ ਸੋਗ, ਚਿੰਤਾ ਨਾ ਕੋਇ ਰਖਾਈਆ । ਸਭ ਦਾ ਪੂਰਾ ਕਰਨਾ ਇਕੋ ਦਿਨ ਜੋਗ, ਜੁਗੀਸ਼ਰ ਤਪੀਸ਼ਰ ਤੁਹਾਡੇ ਚਰਨ ਧਿਆਨ ਲਗਾਈਆ । ਤੁਹਾਨੂੰ ਵਖਾਉਣੀ ਉਹ ਮੌਜ, ਜਿਹੜੀ ਮੁਜ਼ਰਿਆਂ ਵਿਚੋਂ ਗੋਪੀਆਂ ਕਾਹਨਾਂ ਚਾਰ ਜੁਗ ਹੱਥ ਨਾ ਆਈਆ । ਇਕ ਦੂਜੇ ਨਾਲ ਕਿਸੇ ਰੱਖਣੀ ਨਹੀਂ ਅਦੌਤ, ਪ੍ਰੇਮ ਪ੍ਰੀਤੀ ਵਿਚ ਵਡਿਆਈਆ । ਸਤਿ ਧਰਮ ਦੀ ਚਲਾਉਣੀ ਰੌਂਸ, ਰਸਤਾ ਇਕ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਧਾਰ ਇਕ ਪਰਗਟਾਈਆ । ਛੱਬੀ ਪੋਹ ਕਹੇ ਹਰਿ ਸੰਗਤ ਤੁਰਨ ਲੱਗਿਆਂ ਸਭ ਨੇ ਪਿਛੇ ਹਟਣਾ ਢਾਈ ਕਦਮ, ਹੁਕਮ ਸੁਣਨਾ ਧੁਰਦਰਗਾਹੀਆ । ਫੇਰ ਆਪਣਾ ਜ਼ੋਰ ਨਾਲ ਹਿਲਾਉਣਾ ਬਦਨ, ਬਲਹੀਣ ਨਾ ਕੋਇ ਅਖਵਾਈਆ । ਫੇਰ ਆਪਣੇ ਅੰਦਰ ਕਹਿਣਾ ਅਸੀਂ ਉਸ ਪ੍ਰਭੂ ਦੇ ਰਤਨ, ਜਿਹੜਾ ਰੰਗ ਰਤੜਾ ਧੁਰ ਦਾ ਮਾਹੀਆ । ਫੇਰ ਲਕਾਰ ਮਾਰਨੀ ਕਹਿਣਾ ਸਾਡਾ ਅਖ਼ੀਰੀ ਪੱਤਨ, ਅੱਗੇ ਅਵਰ ਨਾ ਕੋਇ ਜਣਾਈਆ । ਪੁਰਖ ਅਕਾਲਾ ਆਇਆ ਰੱਖਣ, ਗੋਬਿੰਦ ਵੇਖੇ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਕਰਨੀ ਕਾਰ ਕਮਾਈਆ ।

ਛੱਬੀ ਪੋਹ ਕਹੇ ਮੈਂ ਦੱਸਣਾ ਆਪਣਾ ਵਿਧਾਨ, ਵਾਅਦਾ ਪਿਛਲਾ ਪੂਰ ਕਰਾਈਆ । ਨੌਂ ਗੁਰਮੁਖ ਹੋਣ ਚਤੁਰ ਸੁਜਾਣ, ਸੁਰਤੀ ਸ਼ਬਦ ਨਾਲ ਮਿਲਾਈਆ । ਇੱਕੀ ਬੀਬੀਆਂ ਹੋਣ ਪਰਧਾਨ, ਜੋ ਆਪਣੀ ਅਕਲ ਬੁੱਧੀ ਤੋਂ ਪਰੇ ਪ੍ਰਭ ਦਾ ਧਿਆਨ ਲਗਾਈਆ । ਇੱਕੀਆਂ ਨੇ ਫੜੇ ਹੋਣ ਕਾਨ, ਸੱਜਾ ਹੱਥ ਨਾਲ ਛੁਹਾਈਆ । ਇੱਕੀ ਧੁਰ ਦਾ ਢੋਲਾ ਗਾਣ, ਜੈਕਾਰਾ ਅਗੰਮ ਅਥਾਹੀਆ । ਇੱਕੀ ਮਸਤਕ ਨਿਸ਼ਾਨ ਵਖਾਣ, ਪੀਲਾ ਰੰਗ ਚੜ੍ਹਾਈਆ । ਇੱਕੀਆਂ ਕੋਲ ਹੋਵੇ ਇਕ ਇਕ ਨਿਸ਼ਾਨ, ਜਿਸ ਦਾ ਲੇਖ ਕਲ ਕਲਕੀ ਵੇਸ ਵਟਾਈਆ । ਇੱਕੀਆਂ ਬੀਬੀਆਂ ਕੋਲ ਹੋਵੇ ਕਿਰਪਾਨ, ਪੁੱਠੀ ਕੰਧੇ ਉਤੇ ਟਿਕਾਈਆ । ਸਾਰੀ ਸੰਗਤ ਉਤੇ ਪ੍ਰਭ ਹੋਏ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕ ਸਮਝਾਈਆ । ਛੱਬੀ ਪੋਹ ਕਹੇ ਮੇਰਾ ਲੰਗਰ ਵਰਤੇ ਵਜੇ ਅੱਠ, ਅੱਠ ਤਤ ਨਾਲ ਵਡਿਆਈਆ । ਸਭ ਦਾ ਪ੍ਰੇਮ ਦਾ ਹੋਵੇ ਇਕੱਠ, ਵੱਖਰਾ ਨਜ਼ਰ ਕੋਇ ਨਾ ਆਈਆ । ਇਕ ਦੂਜੇ ਨੂੰ ਮਿਲਣਾ ਨਠ ਨਠ, ਨਾਤਾ ਸਮਝਣਾ ਭੈਣ ਭਾਈਆ । ਦੀਨ ਮਜ਼੍ਹਬ ਦੀ ਛਡਣੀ ਵੱਟ, ਸ਼ਰਅ ਨਾ ਕੋਇ ਲੜਾਈਆ । ਇਕੋ ਨਾਮ ਲੈਣਾ ਰਟ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਦਾ ਢੋਲਾ ਲਾਈਆ । ਇਕੋ ਗਾਨਾ ਬੱਧਾ ਹੋਵੇ ਸੱਜੇ ਗਿੱਟੇ ਉਤੇ ਲੱਤ, ਰੰਗ ਨੀਲਾ ਨਜ਼ਰੀ ਆਈਆ । ਭਗਤ ਦਵਾਰ ਵਿਚ ਵੜਦਿਆਂ ਸਭ ਨੇ ਉਸ ਉਤੇ ਲਾਉਣਾ ਹੱਥ, ਹਥੇਲੀ ਨਾਲ ਦਬਾਈਆ । ਗੁਰ ਅਵਤਾਰ ਪੈਗ਼ੰਬਰਾਂ ਦੇਣਾ ਦੱਸ, ਸੁਣੇ ਮਾਲਕ ਧੁਰਦਰਗਾਹੀਆ । ਉਹ ਤੱਕਣ ਆਪਣੀ ਅਗੰਮੀ ਅੱਖ, ਬਿਨ ਨੇਤਰ ਨੈਣ ਉਠਾਈਆ । ਸਾਡਾ ਵਾਅਦਾ ਹੋਇਆ ਪੂਰਾ ਪੱਕ, ਹਰਿ ਕਰਤਾ ਆਪ ਕਰਾਈਆ । ਅੰਤਰ ਰਿਹਾ ਨਾ ਸ਼ਿਕਵਾ ਸ਼ੱਕ, ਸ਼ਕਾਇਤ ਕਰਨ ਕੋਇ ਨਾ ਪਾਈਆ । ਨੌਆਂ ਗੁਰਮੁਖਾਂ ਆਪਣਾ ਬੱਧਾ ਹੋਵੇ ਲੱਕ, ਕਪੜਾ ਤਿੰਨ ਰੰਗ ਰੰਗਾਈਆ । ਮੁਖੋਂ ਕਹਿੰਦੇ ਆਉਣ ਟਕ ਟਕ, ਉਚੀ ਕੂਕ ਕੂਕ ਸੁਣਾਈਆ । ਭਗਤ ਦਵਾਰ, ਦੇ ਅੱਗੇ ਇਕ ਖਲੋਤਾ ਹੋਵੇ ਬਣ ਕੇ ਭੋਲਾ ਜੱਟ, ਸਾਂਘਾ ਹੱਥ ਵਿਚ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਛੱਬੀ ਪੋਹ ਕੀ ਤੇਰੀ ਰਾਸ, ਸਚ ਦੇ ਜਣਾਈਆ । ਕੀ ਖੇਲ ਹੋਣਾ ਖ਼ਾਸ, ਪ੍ਰਭ ਕੀ ਵਡਿਆਈਆ । ਕਿਹੜੀ ਵੇਖਣੀ ਰਾਸ, ਮੰਡਲ ਕੀ ਸੁਹਾਈਆ । ਪੋਹ ਕਿਹਾ ਸਭ ਤੋਂ ਉਤਮ ਭਗਤਾਂ ਦੀ ਵੇਖਿਓ ਜਮਾਤ, ਜਿਹੜੀ ਚਾਰ ਜੁਗ ਵੇਖਣ ਕੋਇ ਨਾ ਪਾਈਆ । ਉਹ ਇਕੋ ਮੰਨਦੇ ਪਿਤਾ ਮਾਤ, ਪੁਰਖ ਅਕਾਲ ਸੀਸ ਨਿਵਾਈਆ । ਵੱਖ ਵੱਖ ਨਹੀਂ ਮਾਰਦੇ ਵਾਟ, ਪਾਂਧੀ ਹੋ ਨਾ ਪੰਧ ਜਣਾਈਆ । ਆਤਮ ਪਰਮਾਤਮ ਜਾਣ ਕੇ ਸਾਥ, ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਧਾਰ ਇਕ ਵਖਾਈਆ । ਗੋਬਿੰਦ ਕਹੇ ਸ਼ਬਦ ਗੁਰੂ ਦਾ ਦਾਇਰਾ, ਦਾਇਮ ਮੁਕਾਮ ਮੁਕੀਮ ਨਜ਼ਰੀ ਆਈਆ । ਕੁਛ ਝਗੜਾ ਪੈਣਾ ਕਾਹਿਰਾ, ਕਾਇਰ ਹੋਏ ਲੋਕਾਈਆ । ਪ੍ਰਭ ਦਾ ਖੇਲ ਹੋਣਾ ਗਹਿਰਾ, ਗਹਿਰ ਗੰਭੀਰ ਪੜਦਾ ਆਪ ਉਠਾਈਆ । ਜਨ ਭਗਤੋ ਛੱਬੀ ਪੋਹ ਨੂੰ ਸਭ ਨੇ ਕਰਨਾ ਮੁਸ਼ਾਇਰਾ, ਖ਼ੁਸ਼ੀਆਂ ਵਾਲਾ ਢੋਲਾ ਗਾਈਆ । ਸਾਹਿਬ ਸਤਿਗੁਰ ਉਤੇ ਪੰਜਾਂ ਕਿਰਪਾਨਾਂ ਦਾ ਹੋਵੇ ਪਹਿਰਾ, ਪਹਿਰੇਦਾਰ ਸੋਹਣੇ ਨਜ਼ਰੀ ਆਈਆ । ਤੇੜ ਉਹਨਾਂ ਦੇ ਹੋਵੇ ਕਛਿਹਰਾ, ਧੋਤੀ ਤੰਬੀ ਨਾ ਕੋਇ ਲਗਾਈਆ । ਉਨ੍ਹਾਂ ਰਹਿਣਾ ਉਸ ਵਿਚ ਦਾਇਰਾ, ਜਿਸ ਦਾ ਲੇਖਾ ਪਿਛੇ ਦਿਤਾ ਲਿਖਾਈਆ । ਓਨ੍ਹਾਂ ਵਿਚੋਂ ਇਕ ਹੋਵੇ


੧੧੫
੨੨

ਬਹਿਰਾ, ਜਿਸ ਨੂੰ ਬੋਲਾ ਕਹੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕ ਵਖਾਈਆ । ਛੱਬੀ ਪੋਹ ਕਹੇ ਜਨ ਭਗਤੋ ਵੇਖਣਾ ਆਪਣਾ ਗ੍ਰਹਿ, ਮੰਦਰ ਇਕ ਵਡਿਆਈਆ । ਜਿਥੇ ਸਾਹਿਬ ਸਵਾਮੀ ਇਕ ਬਹੈ, ਸਿੰਘਾਸਣ ਇਕ ਸੁਹਾਈਆ । ਝਗੜਾ ਪਏ ਤ੍ਰੈਗੁਣ ਤ੍ਰੈ, ਤ੍ਰੈਗੁਣ ਅਤੀਤਾ ਦਇਆ ਕਮਾਈਆ । ਸਾਰੀ ਸ੍ਰਿਸ਼ਟੀ ਕਰ ਕੇ ਲੈ, ਲਾਇਕ ਗੁਰਮੁਖ ਲਏ ਉਠਾਈਆ । ਜੋ ਰਾਮ ਵਸ਼ਿਸ਼ਟ ਵਸ਼ਿਸਟ ਰਾਮ ਨੂੰ ਗਿਆ ਕਹਿ, ਸੰਦੇਸ਼ਾ ਇਕ ਜਣਾਈਆ । ਪੁਰਖ ਅਕਾਲਾ ਇਕੋ ਅੰਤਮ ਰਹੇ, ਦੂਸਰ ਸੀਸ ਨਾ ਕੋਇ ਨਿਵਾਈਆ । ਇਕੋ ਸੁਹੰਜਣਾ ਹੋਵੇ ਥਹਿ, ਸਿੰਘਾਸਣ ਆਸਣ ਜਿਥੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਛੱਬੀ ਪੋਹ ਕਹੇ ਦੁਆਬੇ ਵਾਲਿਓ ਕਿਸੇ ਦੇ ਆਉਣਾ ਨਹੀਂ ਵਿਚ ਦੱਬਾ, ਦਬਾਉ ਦੇਵੇ ਨਾ ਕੋਇ ਲੋਕਾਈਆ । ਤੁਹਾਡਾ ਸਤਿ ਸਰੂਪ ਬੱਗਾ, ਕਾਲਾ ਦਾਗ਼ ਨਾ ਕੋਇ ਵਖਾਈਆ । ਸਭ ਦਾ ਅੱਗੇ ਵਧਣਾ ਅੱਗਾ, ਬਿਨਾ ਪੂਤ ਤੋਂ ਖ਼ਾਲੀ ਰਹੇ ਕੋਇ ਨਾ ਰਾਈਆ । ਇਕ ਧਾਰ ਲਿਆਉਣਾ ਛੱਬਾ, ਦੋ ਛੇ ਵੰਡ ਵੰਡਾਈਆ । ਉਤੇ ਲੇਖ ਲਿਖਿਆ ਹੋਵੇ ਹਾਏ ਰੱਬਾ, ਹਿੰਦਸਾ ਅੱਖਰ ਇਕੋ ਰੰਗ ਰੰਗਾਈਆ । ਸਭ ਨੂੰ ਦੇਣਾ ਗ੍ਰਹਿ ਗ੍ਰਹਿ ਸੱਦਾ, ਸਧਨਾ ਗਿਆ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਛੱਬੀ ਪੋਹ ਕਹੇ ਗੋਬਿੰਦ ਦਾ ਖੇਲ ਨਹੀਂ ਫ਼ਰੇਬ, ਜਗਤ ਕੂੜ ਨਾ ਕੋਇ ਚਤੁਰਾਈਆ । ਤਿੰਨ ਵਾਰ ਦੁਆਬੇ ਵਿਚੋਂ ਖਾਧੇ ਸੀ ਸੇਬ, ਗੁਰਮੁਖ ਭੇਟਾ ਲੈ ਕੇ ਜਾਈਆ । ਲੇਖਾ ਹੁੰਦਾ ਸੀ ਬਿਨਾ ਕਤੇਬ, ਲਹਿਣਾ ਤਕੇ ਬਿਨ ਕਲਮ ਸ਼ਾਹੀਆ । ਗੋਬਿੰਦ ਦੁਆਬੇ

੧੧੬ ਵਾਲਿਆਂ ਵਾਸਤੇ ਕੂਜੇ ਦਾ ਸਗਨ ਦੇਂਦਾ ਸੀ ਭੇਜ, ਖ਼ੁਸ਼ੀ ਨਾਲ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ੧੧੬

੨੨ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਛੱਬੀ ਪੋਹ ਕਹੇ ਮੈਂ ਵੇਖਣਾ ਉਹ ਕਾਮ, ਜਿਹੜਾ ਕਾਮ ਕਰੋਧ ਮਿਟਾਈਆ । ਪਕੜਨਾ ੨੨

ਓਹ ਦਾਮ, ਜੋ ਦਾਮਨਗੀਰ ਅਖਵਾਈਆ । ਇਕ ਦਿਨ ਵਸ਼ਿਸ਼ਟ ਨੂੰ ਰਾਮ ਨੇ ਦਿਤੇ ਬਾਦਾਮ, ਖ਼ੁਸ਼ੀਆਂ ਨਾਲ ਹੱਥ ਫੜਾਈਆ । ਵਸ਼ਿਸ਼ਟ ਨੇ ਕਿਹਾ ਰਾਮ ਇਹ ਦੇਣੇ ਓਸ ਭਗਵਾਨ, ਜੋ ਭਗਤਾਂ ਰੰਗ ਰੰਗਾਈਆ । ਰਾਮ ਨੇ ਕਿਹਾ ਇਹ ਖੇਲ ਕਲਜੁਗ ਮਹਾਨ, ਅੰਤਮ ਅੰਤ ਅੰਤ ਨਜ਼ਰੀ ਆਈਆ । ਵਸ਼ਿਸ਼ਟ ਨੇ ਕਿਹਾ ਮਾਰ ਧਿਆਨ, ਬਿਨ ਅੱਖਾਂ ਅੱਖ ਉਠਾਈਆ । ਉਹਦੇ ਭਗਤ ਭਗਤੀ ਵਿਚ ਪਰਵਾਨ, ਪਰਵਾਨੇ ਆਪਣੇ ਲਏ ਬਣਾਈਆ । ਉਨ੍ਹਾਂ ਦੇ ਕੋਲੋਂ ਦਵਾਉਣਾ ਇਹ ਦਾਨ, ਜੋ ਦੀਦਾ ਦਾਨਿਸਤਾ ਨਜ਼ਰੀ ਆਈਆ । ਛੱਬੀ ਪੋਹ ਦਾ ਪੂਰਾ ਕਰਨਾ ਵਿਧਾਨ, ਵਾਇਦਾ ਅਗਲਾ ਫੇਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਛੱਬੀ ਪੋਹ ਕਹੇ ਗੋਬਿੰਦ ਭਗਤਾਂ ਗੁਰਮੁਖਾਂ ਨੂੰ ਦੇਣ ਲੱਗਾ ਪਦਵੀ, ਅੰਤਰ ਆਪਣੇ ਆਸਣ ਲਾਈਆ । ਸਭ ਦੀ ਆਸਾ ਸੱਦ ਲਈ, ਦੂਰ ਨੇੜਿਉਂ ਲਈ ਮੰਗਾਈਆ । ਤੁਸੀਂ ਜੀਉਣਾ ਮੇਰੇ ਲਈ ਕਿ ਜਗ ਲਈ, ਮੈਨੂੰ ਦਿਓ ਜਣਾਈਆ । ਬਹੁਤਿਆਂ ਦੀ ਆਸਾ ਵਧ ਗਈ, ਇਸਤਰੀ ਪੁੱਤਰ ਧੀਆਂ ਵੱਲ ਵੇਖ ਵਖਾਈਆ । ਅਜੇ ਖ਼ੁਸ਼ੀ ਜਗ ਵਿਚ ਨਹੀਂ ਰੱਜ ਲਈ, ਆਪਣਾ ਰੰਗ ਰੰਗਾਈਆ । ਜੋ ਮੰਗਦਾ ਸੋ ਆਪਣੇ ਹੱਕ ਲਈ, ਹੱਕ ਸਭ ਦਾ ਚਲਿਆ ਆਈਆ । ਪੰਜਾਂ ਨੇ ਆਸਾ ਰੱਖੀ ਅਸਾਂ ਜੀਉਣਾ ਗੋਬਿੰਦ ਆਪਣੀ ਯਦ ਲਈ, ਗ੍ਰਹਿ ਆਪਣੇ ਸੋਭਾ ਪਾਈਆ । ਜੇ ਤੈਨੂੰ

ਲੋੜ ਫੇਰ ਸਾਨੂੰ ਸੱਦ ਲਈਂ, ਸੱਦਾ ਆਪਣਾ ਨਾਮ ਸੁਣਾਈਆ । ਗੋਬਿੰਦ ਬਿਨਾ ਅੱਖਰਾਂ ਤੋਂ ਇਹ ਆਸ਼ਾ ਆਪਣੇ ਕੋਲ ਰੱਖ ਲਈ, ਰੱਖਕ ਹੋ ਕੇ ਹੋਏ ਸਹਾਈਆ । ਓਧਰੋਂ ਸ੍ਰੀ ਭਗਵਾਨ ਦੀ ਵਾਜ ਵੱਜ ਗਈ, ਸੰਦੇਸ਼ਾ ਇਕ ਜਣਾਈਆ । ਗੋਬਿੰਦ ਇਹ ਕੀ ਕਹਿੰਦੇ ਫੇਰ ਲਹਿਣਾ ਕਦ ਲਈ, ਕੁਦਰਤ ਦਾ ਮਾਲਕ ਆਖ ਸੁਣਾਈਆ । ਗੋਬਿੰਦ ਕਿਹਾ ਇਨ੍ਹਾਂ ਦੀ ਕਲਪਣਾ ਵਧ ਗਈ, ਮਾਇਆ ਮੋਹ ਮਮਤਾ ਰਖਾਈਆ । ਅੰਤ ਤੇਰੀ ਆਸ਼ਾ ਰੱਖ ਲਈ, ਤੇਰੀ ਓਟ ਤਕਾਈਆ । ਪੁਰਖ ਅਕਾਲ ਕਿਹਾ ਮੇਰੀ ਪ੍ਰੀਤੀ ਜਿਸ ਨਾਲ ਲੱਗ ਗਈ, ਲਗ ਮਾਤਰ ਡੇਰਾ ਦੇਣਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਿਹਾ ਉਹ ਪੰਜੇ ਵੇਖੇ ਵਿਚ ਪਰਵਾਰ, ਘਰ ਵਿਚ ਸੇਵ ਕਮਾਈਆ । ਜਲ ਢੋਂਦੇ ਵਾਰੋ ਵਾਰ, ਕਾਇਆ ਕੁੰਭ ਵਿਚ ਟਿਕਾਈਆ । ਅੱਧੇ ਰੋਂਦੇ ਅਧ ਵਿਚਕਾਰ, ਅੰਤ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਪਾਵੀਂ ਸਾਰ, ਸਰਬ ਤੇਰੀ ਸਰਨਾਈਆ । ਤੂੰ ਆਦਿ ਜੁਗਾਦੀ ਏਕੰਕਾਰ, ਅਕਲ ਕਲ ਅਖਵਾਈਆ । ਪੁਰਖ ਅਕਾਲ ਕਿਹਾ ਤੁਸਾਂ ਰਹਿਣਾ ਤਿਆਰ, ਤ੍ਰੈਭਵਨ ਧਨੀ ਹੋ ਕੇ ਦਿਆਂ ਜਣਾਈਆ । ਕਲਜੁਗ ਅੰਤਮ ਪਾਵਾਂ ਸਾਰ, ਮਹਾਂਸਾਰਥੀ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਹੁਕਮ ਵਰਤਾਈਆ । ਪੁਰਖ ਅਕਾਲ ਕਿਹਾ ਧੁਰ ਦਾ ਹੁਕਮ ਸੁਣੋ ਕੋਰਾ, ਕਰਮ ਕਾਂਡ ਤੋਂ ਬਾਹਰ ਜਣਾਈਆ । ਤੁਸਾਂ ਉਸ ਵੇਲੇ ਮੇਰੀ ਨਿਸ਼ਾਨੀ ਪਾਣੀ ਦਾ ਭਰਨਾ ਦੌਰਾ, ਮਾਟੀ ਕਾਚੀ ਨਜ਼ਰੀ ਆਈਆ । ਮੈਂ ਆਪਣੇ ਅੰਮ੍ਰਿਤ ਦਾ ਉਸ ਵਿਚ ਸੁੱਟਾਂ ਕਟੋਰਾ, ਰਸ ਦਿਆਂ ਬਣਾਈਆ । ਜਨ ਭਗਤੋ ਤੁਹਾਡਾ ਮੇਰਾ ਸਾਕ ਹੋ ਜਾਏ ਦੋਹਰਾ, ਅੱਗੇ ਸਕੇ ਨਾ ਕੋਇ ਤੁੜਾਈਆ । ਤੁਹਾਡਾ ਅੰਮ੍ਰਿਤ ਪਹਿਲੋਂ ਮੈਂ ਚੱਖਾਂ ਭੋਰਾ, ਫੇਰ ਤੁਹਾਨੂੰ ਦਿਆਂ ਪਿਆਈਆ । ਉਧਰੋਂ ਗੋਬਿੰਦ ਦਾ ਹਿਣਕਣ ਲੱਗਾ ਘੋੜਾ, ਨੀਲਾ ਸਿਰ ਹਿਲਾਈਆ । ਗੋਬਿੰਦ ਵੇਖ ਕੇ ਆਪਣਾ ਜੋੜਾ, ਪੈਰ ਦਿਤਾ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੰਜਾਂ ਕਿਹਾ ਕੀ ਤੇਰੀ ਹੋਵੇ ਲਗਨ, ਸਾਹਿਬ ਦੇ ਸਮਝਾਈਆ । ਪੁਰਖ ਅਕਾਲ ਕਿਹਾ ਮੈਂ ਤੁਹਾਡੀ ਝੋਲੀ ਪ੍ਰੇਮ ਦਾ ਪਾਣਾ ਸਗਨ, ਹਿੱਸਾ ਧੁਰ ਦਾ ਨਾਲ ਰਖਾਈਆ । ਕਲਜੁਗ ਅੰਤਮ ਮੇਟਾਂ ਅਗਨ, ਤ੍ਰੈਗੁਣ ਮਾਇਆ ਡੇਰਾ ਢਾਹੀਆ । ਆਹ ਵੇਖ ਲਓ ਪੂਰਬ ਦਾ ਲੇਖਾ ਪੂਰਬ ਦਾ ਵਜ਼ਨ, ਹਿਸਾਬ ਵਿਚ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਛੱਬੀ ਪੋਹ ਕਹੇ ਮੈਂ ਕੀ ਜਾਣਾ ਵਕਤ ਗੁਜ਼ਰਾ, ਪਿਛਲੀ ਕਹਾਣੀ ਕੀ ਚਤੁਰਾਈਆ । ਮੈਨੂੰ ਐਂ ਦਿਸਦਾ ਸਦੀ ਚੌਧਵੀਂ ਗੁਰ ਅਵਤਾਰ ਪੈਗ਼ੰਬਰਾਂ ਕੋਲੋਂ ਕਿਸੇ ਦਾ ਅੰਤ ਨਹੀਂ ਸੁਧਰਾ, ਬਦੀ ਵਿਚ ਲੋਕਾਈਆ । ਕਿਸੇ ਨੇ ਵੇਖਿਆ ਨਹੀਂ ਕਾਇਆ ਕਾਅਬਾ ਤੇ ਪਰਮ ਪੁਰਖ ਦਾ ਹੁਜਰਾ, ਹੁਜਤਾਂ ਕਰੇ ਲੋਕਾਈਆ । ਮੈਂ ਵੇਖਣਾ ਚਾਰੇ ਨੁਕਰਾ, ਕੂਟਾਂ ਫੋਲ ਫੁਲਾਈਆ । ਬਿਨਾ ਗੋਬਿੰਦ ਤੋਂ ਪ੍ਰਭ ਨੇ ਕਿਸੇ ਨੂੰ ਕਿਹਾ ਨਹੀਂ ਪੁੱਤਰਾ, ਪਿਤਾ ਪੂਤ ਨਾ ਗੋਦ ਟਿਕਾਈਆ । ਅੱਜ ਤਕ ਜੋਤ ਸਰੂਪ ਸ਼ਰੀਰ ਵਿਚ ਕੋਈ ਨਹੀਂ ਉਤਰਾ, ਬਿਨਾ ਜਨਮ ਤੋਂ ਗੁਰ ਅਵਤਾਰ ਪੈਗ਼ੰਬਰ ਵਜੂਦ ਨਾ ਕੋਇ ਰਖਾਈਆ । ਸਾਰੇ ਆਪਣੀ ਮਾਤਾ ਦੇ ਲਖਤੇ ਜਿਗਰ ਬਣਦੇ ਰਹੇ ਟੁਕੜਾ, ਏਸੇ ਕਰਕੇ ਟੁਕੜੇ ਟੁਕੜੇ ਦੀਨਾਂ ਮਜ਼੍ਹਬਾਂ ਵਿਚ ਸਭ ਨੂੰ ਗਏ ਕਰਾਈਆ । ਸਚ ਪੁਛੋ ਪੁਰਖ ਅਕਾਲ ਨੇ ਇਕ ਸਵਾਏ ਆਪਣੇ ਨਾਮ ਦਾ ਗੋਬਿੰਦ

ਦੇ ਹੱਥ ਵਿਚ ਪਾਇਆ ਮੁੰਦਰਾ, ਨਿਸ਼ਾਨੀ ਪਿਛਲੀ ਚਲੀ ਆਈਆ । ਕਿਉਂ ਇਹਦੇ ਵਿਚ ਬੜੀਆਂ ਗੁੰਝਲਾ, ਗੁੱਝਾ ਭੇਵ ਦਏ ਸਮਝਾਈਆ । ਗੋਬਿੰਦ ਹਮੇਸ਼ਾ ਪੰਜਾਂ ਸਿੱਖਾਂ ਉਤੇ ਆਪਣੀਆਂ ਪੰਜ ਰੱਖਦਾ ਸੀ ਉਂਗਲਾ, ਪੰਜੇ ਪੰਜੇ ਨਾਲ ਮਿਲਾਈਆ । ਤੁਹਾਨੂੰ ਵੜਨਾ ਪਏ ਨਾ ਵਿਚ ਕਿਸੇ ਕੁੰਦਰਾਂ, ਜੰਗਲਾਂ ਵਿਚ ਨਾ ਕੋਇ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਦਏ ਉਠਾਈਆ । ਗੋਬਿੰਦ ਨੇ ਕਿਹਾ ਗੁਰਮੁਖੋ ਪ੍ਰਭ ਦੇ ਨਾਮ ਦੀ ਇਕ ਫ਼ਕੀਰੀ, ਫ਼ਿਕਰਾ ਪੁਰਖ ਅਕਾਲ ਜਣਾਈਆ । ਹੱਥ ਛੁਹਾ ਕੇ ਛੋਟੀ ਉਂਗਲ ਨਾਲ ਜ਼ੰਜੀਰੀ, ਸ਼ਰਅ ਵਿਚੋਂ ਸ਼ਰਅ ਦਿਤੀ ਬਦਲਾਈਆ । ਇਹ ਖੇਲ ਬੇਨਜ਼ੀਰੀ, ਕਲਜੁਗ ਅੰਤਮ ਫੇਰ ਦਏ ਸਮਝਾਈਆ । ਕੀ ਲਹਿਣਾ ਦੇਣਾ ਗੋਬਿੰਦ ਸੇਜਾ ਕੀੜੀ, ਕੂੜੀ ਕਿਰਿਆ ਦਏ ਮਿਟਾਈਆ । ਅੱਗੇ ਗਲੀ ਰਹੇ ਕੋਈ ਨਾ ਭੀੜੀ, ਰਾਏ ਧਰਮ ਨਾ ਦਏ ਸਜ਼ਾਈਆ । ਜਨ ਭਗਤੋ ਤੁਹਾਡੀ ਸਤਿਜੁਗ ਵਿਚ ਚਲਣੀ ਪੀੜ੍ਹੀ, ਅਵਤਾਰ ਗੁਰੂ ਤੁਹਾਡਾ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕ ਵਖਾਈਆ । ਛੱਬੀ ਪੋਹ ਕਹੇ ਮੇਰਾ ਮਾਰਗ ਭਗਤਾਂ ਦਾ ਰਸਤਾ, ਰਾਹੋਂ ਘੁਥਿਆਂ ਦਿਆਂ ਵਖਾਈਆ । ਪੰਜਾਂ ਸਿੱਖਾਂ ਨੇ ਦੁਆਬੇ ਵਿਚੋਂ ਕਰਮ ਕਾਂਡ ਦਾ ਬੰਨ੍ਹ ਕੇ ਆਉਣਾ ਬਸਤਾ, ਉਚਾ ਨੌਂ ਨੌਂ ਉਂਗਲਾਂ ਨਜ਼ਰੀ ਆਈਆ । ਉਹ ਮੁਖੋਂ ਆਵੇ ਹੱਸਦਾ, ਖ਼ੁਸ਼ੀ ਆਪਣੇ ਅੰਦਰ ਪਰਗਟਾਈਆ । ਰੁਖ਼ ਬਦਲਿਆ ਹੋਵੇ ਨੱਕ ਦਾ, ਨਿਸ਼ਾਨ ਕਾਲਾ ਉਤੇ ਟਿਕਾਈਆ । ਆਪਣੀਆਂ ਉਂਗਲਾਂ ਦੰਦਾਂ ਨਾਲ ਆਵੇ ਕਟਦਾ, ਮੁਖ ਵਿਚ ਰਖਾਈਆ । ਖ਼ੁਸ਼ੀਆਂ ਨਾਲ ਭੱਜਾ ਆਵੇ ਟੱਪਦਾ, ਟਾਪੂ ਦਾ ਡੇਰਾ ਢਾਹੀਆ । ਉਹਦਾ ਪਾਸਾ ਨੰਗਾ ਹੋਵੇ ਇਕ ਪੱਟ ਦਾ, ਸੱਜਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਧਾਰ ਇਕ ਜਣਾਈਆ । ਛੱਬੀ ਪੋਹ ਕਹੇ ਪੰਜ ਗੁਰਮੁਖ ਬਣੇ ਹੋਣ ਛਤਰਧਾਰੀ, ਮੁਕਟ ਸੀਸ ਉਤੇ ਲਗਾਈਆ । ਹੱਥ ਫੜੀ ਹੋਵੇ ਕਟਾਰੀ, ਕਟਾਕਸ਼ ਆਪਣਾ ਰਹੀ ਵਖਾਈਆ । ਉਹ ਖਲੋਣ ਭਗਤ ਦਵਾਰੇ ਦੀ ਮੰਜ਼ਲ ਦੂਜੀ ਅਟਾਰੀ, ਮੁਖ ਪਹਾੜ ਵੱਲ ਜਣਾਈਆ । ਸਭ ਦੀ ਖੁਲ੍ਹੀ ਤੇ ਲੰਮੀ ਹੋਵੇ ਦਾੜ੍ਹੀ, ਰੂਪ ਅਨੂਪ ਵੱਜੇ ਵਧਾਈਆ । ਛਾਤੀ ਉਤੇ ਲਿਖਿਆ ਹੋਵੇ ਸਾਡੀ ਪ੍ਰਭ ਦੇ ਨਾਲ ਯਾਰੀ, ਯਾਰਾਨਾ ਅਵਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕਲਜੁਗ ਕਹੇ ਆਹ ਵੇਖੋ ਜਗਤ ਦਾ ਰੁਪਈਆ, ਰੁਪਾ ਸੋਨਾ ਵੇਖ ਵਖਾਈਆ । ਜਿਸ ਨੇ ਮਾਰ ਮਿਟਾਇਆ ਭੈਣਾ ਭਈਆ, ਪਿਤਾ ਪੂਤ ਕੀਤੀ ਜੁਦਾਈਆ । ਜਿਸ ਦੇ ਪਿਛੇ ਧਰਮ ਰਾਏ ਕਢੇ ਵਹੀਆ, ਚਿਤ੍ਰਗੁਪਤ ਲੇਖਾ ਮੰਗੇ ਥਾਉਂ ਥਾਈਂਆ । ਜਨ ਭਗਤੋ ਤੁਹਾਡਾ ਆ ਗਿਆ ਧੁਰ ਦਾ ਸਈਆ, ਹਰਿ ਸਾਹਿਬ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪਰਦਾ ਆਪ ਉਠਾਈਆ । ਰੁਪਈਆ ਕਹੇ ਮੈਂ ਨਹੀਂ ਕੋਈ ਮਾਇਆ, ਮਾਇਆ ਵਾਲਾ ਨਾ ਰੂਪ ਵਟਾਈਆ । ਮੈਂ ਹੁਕਮੇ ਅੰਦਰ ਆਇਆ, ਹੁਕਮੀ ਸੇਵ ਕਮਾਈਆ । ਮੈਂ ਗ਼ਰੀਬਾਂ ਨੂੰ ਪਾਤਸ਼ਾਹ ਬਣਾਇਆ, ਸ਼ਹਿਨਸ਼ਾਹ ਖ਼ਾਕ ਵਿਚ ਰੁਲਾਈਆ । ਮੈਂ ਕਲਜੁਗ ਸਾਧਾਂ ਨੂੰ ਭਰਮਾਇਆ, ਆਪਣਾ ਬਲ ਵਧਾਈਆ । ਮੇਰੇ ਪਿਛੇ ਕਲਜੁਗ ਜੀਵਾਂ ਵੇਸਵਾ ਰੂਪ ਵਟਾਇਆ, ਧੀਰਜ ਧਰਮ ਧਾਰ ਰਹੀ ਨਾ ਰਾਈਆ । ਏਸੇ ਕਰਕੇ ਪੁਰਖ ਅਕਾਲ ਨੇ ਨੌਂ ਦਵਾਰਿਆਂ ਵਾਸਤੇ ਨੌਂ ਰੰਗ ਦਾ ਆਪਣਾ ਬਸਤਰ ਸਵਾਇਆ, ਨਵ ਨੌਂ ਪੰਧ

ਮੁਕਾਈਆ । ਜਿਸ ਦਾ ਲੇਖਾ ਇਕ ਇਕ ਨਾਲ ਰਖਾਇਆ, ਇਕ ਇਕ ਓਸੇ ਦੀ ਭੇਟ ਕਰਾਈਆ । ਗੁਰਮੁਖੋ ਗੁਰਸਿਖੋ ਜਨ ਭਗਤੋ ਛੱਬੀ ਪੋਹ ਕਹੇ ਤੁਹਾਡਾ ਲਹਿਣਾ ਦੇਣਾ ਅੱਗੇ ਰਹੇ ਨਾ ਰਾਇਆ, ਰਾਈ ਰਤਾ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕ ਵਖਾਈਆ । ਛੱਬੀ ਪੋਹ ਕਹੇ ਜਨ ਭਗਤੋ ਜ਼ਬਾਨੋਂ ਬੋਲਣਾ ਨਹੀਂ ਕਿਸੇ ਨੇ ਬੁਰਾ, ਬੁਰੀ ਮਤ ਨਾ ਕੋਇ ਰਖਾਈਆ । ਵੇਖਿਓ ਭਗਤ ਦਵਾਰੇ ਵਿਚ ਆ ਕੇ ਹੋਇਓ ਨਾ ਕੋਈ ਨਿਗੁਰਾ, ਭਗਤ ਭਗਵਾਨ ਦਾ ਰੂਪ ਜਾਣਾ ਸਮਾਈਆ । ਇਹ ਲੇਖਾ ਲਿਖ ਕੇ ਗਿਆ ਗੋਬਿੰਦ ਅਨੰਦ ਪੁਰਾ, ਪੁਰੀਆਂ ਤੋਂ ਬਾਹਰ ਮਿਲੇ ਮੇਰਾ ਮਾਹੀਆ । ਛਾਤੀ ਉਤੇ ਹੱਥ ਮਾਰਿਆ ਮੈਂ ਉਸ ਦੇ ਨਾਲ ਜੁੜਾ, ਦੋਏ ਜੋੜ ਕੇ ਵਾਸਤਾ ਪਾਈਆ । ਜਿਸ ਦੇ ਦਵਾਰਿਉਂ ਗੁਰਮੁਖੋ ਕੋਈ ਨਹੀ ਮੁੜਾ, ਸਚ ਦਵਾਰੇ ਆਪਣੀ ਜੋਤ ਵਿਚ ਸਮਾਈਆ । ਫੇਰ ਕਢਕੇ ਬਗ਼ਲ ਵਿਚੋਂ ਛੁਰਾ, ਆਪਣੇ ਮਸਤਕ ਵਿਚ ਟਿਕਾਈਆ । ਫੇਰ ਮੰਤਰ ਇਕੋ ਫੁਰਾ, ਤੂੰ ਮੇਰਾ ਮੈਂ ਤੇਰਾ ਦੂਜਾ ਰਾਗ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਪਰਗਟਾਈਆ । ਛੱਬੀ ਪੋਹ ਕਹੇ ਮੇਰਾ ਵੇਖੋ ਖੇਲ ਰੰਗੀਲਾ, ਰੰਗਲਾ ਦਿਆਂ ਜਣਾਈਆ । ਜਨ ਭਗਤੋ ਸਤਾਈ ਪੋਹ ਨੂੰ ਸਭ ਨੇ ਪ੍ਰਭੂ ਨੂੰ ਇਕ ਇਕ ਮਾਰਨਾ ਤੀਲਾ, ਤਿਨਕਾ ਨਿੱਕਾ ਨਿੱਕਾ ਹੱਥ ਉਠਾਈਆ । ਸਾਹਿਬ ਸਤਿਗੁਰ ਨੇ ਬਸਤਰ ਪਾਉਣਾ ਨੀਲਾ, ਨੀਲੇ ਵਾਲਾ ਵੇਸ ਵਟਾਈਆ । ਅਗਲਾ ਤੁਹਾਡਾ ਬਣਨਾ ਵਸੀਲਾ, ਵਿਸ਼ਵ ਦਾ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਦੁਆਬੇ ਵਾਲਿਓ ਤੁਹਾਡਾ ਇਕੋ ਇਕ ਦਾਅਵਾ, ਦਾਅਵੇਦਾਰ ਅਖਵਾਈਆ । ਉਪਰ ਉਠਾ ਲਉ ਬਾਹਵਾਂ, ਦੋਵੇਂ ਹੱਥ ਵਖਾਈਆ । ਕਹਿ ਦਿਉ ਪ੍ਰਭੂ ਤੇਰੇ ਘਰ ਵਿਚ ਲੱਗ ਗਿਆ ਸਾਡਾ ਨਾਵਾਂ, ਅੱਗੇ ਸਕੇ ਨਾ ਕੋਇ ਕਟਾਈਆ । ਲਾਡ ਲਾਡਾਵਾਂ ਜਿਉਂ ਪੁੱਤਰਾਂ ਮਾਵਾਂ, ਗੋਦੀ ਗੋਦ ਉਠਾਈਆ । ਤੇਰਾ ਭਗਤ ਰਹੇ ਨਾ ਕੋਇ ਨਿਥਾਵਾਂ, ਇਹ ਤੇਰੀ ਬੇਪਰਵਾਹੀਆ । ਅਸਾਂ ਤੇਰੇ ਨਾਲ ਆਪਣਾ ਵਜ਼ਨ ਕਰਨਾ ਸਾਵਾਂ, ਕੰਡੇ ਇਕੇ ਲੈਣਾ ਤੁਲਾਈਆ । ਤੇਰੇ ਦਵਾਰੇ ਜਾਈਏ ਨਾਲ ਚਾਵਾਂ, ਅੱਗੇ ਹੋ ਨਾ ਕੋਇ ਅਟਕਾਈਆ । ਕਿਉਂਕਿ ਬੁੱਢਿਆਂ ਨੱਢਿਆਂ ਪ੍ਰਭ ਨਾਲ ਲੈਣੀਆਂ ਲਾਵਾਂ, ਨਾਰ ਕੰਤ ਇਕੋ ਮਿਲ ਕੇ ਵੱਜੇ ਵਧਾਈਆ । ਦੂਰ ਦੁਰਾਡਿਉਂ ਛਡ ਕੇ ਆਉਣਾ ਆਪਣਿਆਂ ਗਰਾਵਾਂ, ਖ਼ੁਸ਼ੀਆਂ ਨਾਲ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਦੁਆਬੇ ਵਾਲਿਓ ਆਹ ਵੇਖੋ ਸਗਨਾਂ ਵਾਲੀ ਠੂਠੀ, ਮੁਹੰਮਦ ਰਿਹਾ ਵਖਾਈਆ । ਸਦੀ ਚੌਧਵੀਂ ਸ਼ਬਦ ਧਾਰ ਦੀ ਗੋਲੀ ਇਕ ਛੋਟੀ ਉਂਗਲ ਪਾਉਣੀ ਅੰਗੂਠੀ, ਅੰਗੂਠਾ ਅਗਲਾ ਤੁਹਾਡੇ ਹਿੱਸੇ ਦੇਵੇ ਲਗਾਈਆ । ਇਹ ਲੇਖਾ ਪੋਹ ਸਤਾਈ ਚਾਰ ਕੂਟੀਂ, ਚਾਰ ਜੁਗ ਦੀ ਵੰਡ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਦਏ ਉਠਾਈਆ । ਛੱਬੀ ਪੋਹ ਕਹੇ ਮੈਂ ਮਾਣ ਦੇਵਾਂ ਅੱਸੂ ਛੱਬੀ, ਮੇਰੀ ਆਸਾ ਪੂਰ ਕਰਾਈਆ । ਮੇਰੀ ਖਾਹਸ਼ ਰਹੀ ਨਹੀਂ ਦੱਬੀ, ਪੜਦਾ ਦਿਤਾ ਚੁਕਾਈਆ । ਮੈਂ ਟੱਪ ਗਿਆ ਪਾਰ ਹੱਦੀ, ਹਦੂਦ ਦਿਤੀ ਗਵਾਈਆ । ਮੈਂ ਵੇਖੀ ਚੌਧਵੀਂ ਸਦੀ, ਅੰਤ ਅਖ਼ੀਰ ਧਿਆਨ ਲਗਾਈਆ । ਪੁਰਖ ਅਕਾਲ ਰਹਿਣ ਨਹੀਂ ਦੇਣੀ ਕਿਸੇ ਦੀ ਗੱਦੀ, ਚਾਰੋਂ ਕੁੰਟ ਪਏ ਦੁਹਾਈਆ । ਜਨ ਭਗਤੋ ਤੁਸਾਂ ਵੀ ਵਿਕਾਰ ਜਾਣਾ ਛਡੀ, ਹਉਮੇ ਗੜ੍ਹ

ਤੁੜਾਈਆ । ਇਕ ਪ੍ਰੀਤ ਤੇ ਇਕੋ ਨਾਲ ਲੱਗੀ, ਤੋੜ ਇਕੋ ਦਏ ਨਿਭਾਈਆ । ਜਿਸ ਦੀ ਜੋਤ ਮਾਝੇ ਵਿਚ ਜਗੀ, ਦੁਆਬੇ ਦਾ ਬਣ ਕੇ ਤਬੀ, ਅੰਦਰੋਂ ਰੋਗ ਰਿਹਾ ਗਵਾਈਆ । ਤੁਸਾਂ ਸਾਰਿਆਂ ਖ਼ੁਸ਼ੀ ਨਾਲ ਵੇਖਣਾ ਪੋਹ ਛੱਬੀ, ਛਹਿਬਰ ਆਪਣਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਬੁਝਾਵਣਹਾਰਾ ਅੱਗੀ, ਤਤਵ ਤਤ ਆਪਣੇ ਨਾਲ ਰੰਗਾਈਆ ।

## ✪ ੨੭ ਅੱਸੂ ਸ਼ਹਿਨਸ਼ਾਹੀ ਸੰਮਤ ੫ ਸੁਰਜੀਤ ਸਿੰਘ ਤੇ ਦਰਸ਼ਨ ਸਿੰਘ ਦੇ ਗ੍ਰਹਿ ਪਿੰਡ ਰੁੜਕਾ ਕਲਾਂ ✪

ਵਿਸ਼ਨੂੰ ਕਹੇ ਮੈਂ ਰੈਣ ਸਬਾਈ ਸੋਚ ਸੋਚੀ, ਸਚ ਸਚ ਵਿਚ ਧਿਆਨ ਲਗਾਈਆ । ਪ੍ਰਭ ਕਿਸ ਬਿਧ ਆਸਾ ਮਨਸਾ ਪੂਰੀ ਕਰੇ ਲੋਚੀ, ਲੋਚਨ ਨੈਣ ਖੁਲ੍ਹਾਈਆ । ਫੇਰ ਯਾਦ ਆ ਗਿਆ ਇਕ ਦਿਨ ਸਿਲਾ ਘਸਾਈ ਰਵਦਾਸ ਚਮਾਰ ਮੋਚੀ, ਰੰਬੀ ਆਰ ਦਿਤੀ ਰਗੜਾਈਆ । ਨਾਲੇ ਹੱਸ ਕੇ ਕਿਹਾ, ਪ੍ਰਭੂ ਅੱਗੇ ਭਗਤਾਂ ਨੂੰ ਦੇਵੀਂ ਆਪਣੀ ਰੋਜ਼ੀ, ਮੇਰੇ ਵਾਂਗ ਭੁੱਖਾ ਰਹਿਣ ਕੋਇ ਨਾ ਪਾਈਆ । ਇਕੋ ਵਾਰ ਬਣਾ ਲਈਂ ਆਪਣੇ ਜੋਗੀ, ਜੁਗਤੀ ਆਪਣੀ ਇਕ ਸਮਝਾਈਆ । ਜਨਮ ਦਾ ਰਹੇ ਨਾ ਕੋਇ ਰੋਗੀ, ਚੁਰਾਸੀ ਵਿਚ ਨਾ ਕੋਇ ਭਵਾਈਆ । ਤੇਰੇ ਪ੍ਰੇਮ ਦਾ ਹੋਏ ਭੋਗੀ, ਜਗਤ ਭੋਗ ਨਾ ਕੋਇ ਵਡਿਆਈਆ । ਸਦ ਚੁੱਕੀਂ ਆਪਣੀ ਗੋਦੀ, ਗੋਦਾਵਰੀ ਵਾਲਾ ਨਾਲ ਮਿਲਾਈਆ । ਤੇਰਾ ਖੇਲ ਹੋਣਾ ਵੇਦੀ ਸੋਢੀ, ਪਾਤਸ਼ਾਹ ਤੇਰੀ ਸਰਨਾਈਆ । ਚਾਰ ਵਰਨ ਚੁੱਕਣੇ ਮੋਢੀ, ਮੁਢਲਾ ਪੜਦਾ ਦੇਣਾ ਉਠਾਈਆ । ਤੇਰਾ ਗੁਲਸ਼ਨ ਵੇਖਣਾ ਡੋਡੀ, ਗੁਲ ਫੁੱਲ ਮਹਿਕ ਮਹਿਕਾਈਆ । ਪੜਦਾ ਲਾਹੁਣਾ ਚੌਦਾਂ ਲੋਕੀ, ਪਰਲੋਕ ਦੇਣਾ ਸਮਝਾਈਆ । ਤੇਰਾ ਸੁਣਨਾ ਨਾਮ ਸਲੋਕੀ, ਸੋਹਲਾ ਇਕ ਦ੍ਰਿੜਾਈਆ । ਜਿਸ ਵੇਲੇ ਕਲਜੁਗ ਅੰਤਮ ਘੜੀ ਆਵੇ ਔਖੀ, ਜਨ ਭਗਤਾਂ ਹੋਣਾਂ ਸਹਾਈਆ । ਕਿਸੇ ਦਾ ਰਹੇ ਕੋਈ ਨਾ ਦੋਖੀ, ਨਾਤਾ ਮੁਹੱਬਤ ਦੇਣਾ ਜੁੜਾਈਆ । ਮੰਜ਼ਲ ਦੱਸਣੀ ਅਗੰਮੀ ਸੌਖੀ, ਇਕੋ ਨਾਮ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਵਿਸ਼ਨੂੰ ਕਹੇ ਮੈਂ ਫਿਰਿਆ ਸਿੱਧਾ ਸਾਦਾ, ਭੋਲਾ ਨਾਥ ਸੰਗ ਰਖਾਈਆ । ਪੁਰਖ ਅਕਾਲ ਦੀਨ ਦਿਆਲ ਇਕੋ ਲਾਧਾ, ਆਦਿ ਅੰਤ ਦਾ ਮਾਲਕ ਬੇਪਰਵਾਹੀਆ । ਓਸ ਸ਼ਬਦ ਸੁਣਾਇਆ ਬੋਧ ਅਗਾਧਾ, ਅਗੰਮ ਕੀਤੀ ਪੜ੍ਹਾਈਆ । ਫੇਰ ਸੀਤਾ ਰਾਮ ਮਾਰੀਆਂ ਵਾਜਾਂ, ਸ਼ਬਦੀ ਹੁਕਮ ਸੁਣਾਈਆ । ਫੇਰ ਸੰਦੇਸ਼ਾ ਦਿਤਾ ਕ੍ਰਿਸ਼ਨ ਰਾਧਾ, ਤ੍ਰੈਲੋਕੀ ਡੇਰਾ ਢਾਈਆ । ਫੇਰ ਈਸਾ ਮੂਸਾ ਮੁਹੰਮਦ ਕਿਹਾ ਆ ਜਾ, ਆਜਜ਼ ਹੋ ਕੇ ਸਾਰੇ ਸੀਸ ਨਿਵਾਈਆ । ਫੇਰ ਨਾਨਕ ਗੋਬਿੰਦ ਦਰ ਘਰ ਸਾਚਾ ਲਾਧਾ, ਮਿਲੇ ਮਾਣ ਵਡਿਆਈਆ । ਫੇਰ ਪੁਰਖ ਅਕਾਲ ਹੋ ਕੇ ਅਲਹਿਦਾ, ਨਿਰਗੁਣ ਨੂਰ ਕੀਤਾ ਰੁਸ਼ਨਾਈਆ । ਫੇਰ ਤਖ਼ਤ ਨਿਵਾਸੀ ਬਣ ਬਾਕਾਇਦਾ, ਸ਼ਾਹ ਪਾਤਸ਼ਾਹ ਸਿੰਘਾਸਣ ਇਕ ਸੁਹਾਈਆ । ਫੇਰ ਚਾਰ ਜੁਗ ਦਾ ਵੇਖਿਆ ਵਾਇਦਾ, ਵਾਹਵਾ ਪੜਦਾ ਦਿਤਾ ਖੁਲ੍ਹਾਈਆ । ਫੇਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚੁਰਾਸੀ ਲੱਖ ਦਾ ਲਿਆ ਜਾਇਜ਼ਾ, ਜਾਇਜ਼ ਨਾਜਾਇਜ਼ ਵੇਖਿਆ ਥਾਉਂ ਥਾਈਆ । ਫੇਰ ਭਗਤਾਂ ਵੇਖਿਆ ਫਾਇਦਾ, ਚਾਰ ਵਰਨਾਂ ਫੋਲ ਫੁਲਾਈਆ । ਫੇਰ ਸਭ ਨੂੰ ਕਿਹਾ ਇਕੋ ਪੁਰਖ ਅਕਾਲ

ਹੈਗਾ, ਦੂਜਾ ਨਜ਼ਰ ਕੋਇ ਨਾ ਆਈਆ । ਫੇਰ ਹੁਕਮ ਸੁਣਾਇਆ ਕਲਜੁਗ ਅੰਤਮ ਢਹੇਗਾ, ਢਈਆ ਗੋਬਿੰਦ ਵੰਡ ਵੰਡਾਈਆ । ਫੇਰ ਸ਼ਬਦ ਗੁਰੂ ਕੁਛ ਕਹੇਗਾ, ਕਹਿ ਕੇ ਕੁਛ ਜਣਾਈਆ । ਕੋਟਾਂ ਵਿਚੋਂ ਭਗਤ ਸੁਹੇਲਾ ਕੋਈ ਰਹੇਗਾ, ਜਿਸ ਰਹਿਮਤ ਆਪ ਕਮਾਈਆ । ਭਾਣਾ ਸਿਰ ਤੇ ਸਾਹਿਬ ਵਾਲਾ ਸਹੇਗਾ, ਸਤਿ ਸਚ ਵਿਚ ਸਮਾਈਆ । ਅੰਤਮ ਸਚ ਦਵਾਰ ਬਹੇਗਾ, ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਵਿਸ਼ਨੂੰ ਕਹੇ ਮੈਂ ਰੈਣ ਸਬਾਈ ਭੱਜਾ ਨੱਠਾ ਦੌੜਾ, ਚੱਲਿਆ ਵਾਹੋ ਦਾਹੀਆ । ਮੈਨੂੰ ਮਾਰਗ ਦਿਸਿਆ ਸੌੜਾ, ਭੀੜੀ ਗਲੀ ਦੁਹਾਈਆ । ਜਗਤ ਵੇਖਿਆ ਕੌੜਾ, ਮਿੱਠਾ ਰਸ ਨਾ ਕੋਇ ਚਖਾਈਆ । ਫੇਰ ਸੱਸੇ ਉਪਰ ਤੱਕਿਆ ਹੋੜਾ, ਹੋਕਾ ਦੇਵੇ ਧੁਰਦਰਗਾਹੀਆ । ਵਿਸ਼ਨੂੰ ਕਹੇ ਮੈਂ ਨਿਗਹ ਮਾਰੀ ਭਗਤ ਭਗਵਾਨ ਦਾ ਦਿਸਿਆ ਜੋੜਾ, ਜੋੜੀ ਆਪਣੇ ਨਾਲ ਰਖਾਈਆ । ਦੋਹਾਂ ਦਾ ਸਾਂਝਾ ਦੋਹਰਾ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਝਗੜਾ ਮੁਕਿਆ ਤੇਰਾ ਮੇਰਾ, ਤੁਰਤ ਆਪਣਾ ਮੇਲ ਮਿਲਾਈਆ । ਸਭ ਨੂੰ ਜਵਾਬ ਦੇ ਕੇ ਕੋਰਾ, ਕੂੜ ਕੁਟੰਬ ਦਿਤਾ ਛੁਡਾਈਆ । ਜਨ ਭਗਤਾਂ ਕਰ ਕੇ ਭਾਗ ਮਥੋਰਾ, ਮਿਥਿਆ ਦੱਸੀ ਲੋਕਾਈਆ । ਪ੍ਰੀਤ ਚੰਗੀ ਬਣਾਈ ਨਾਲੋਂ ਚੰਦ ਚਕੋਰਾ, ਜੋ ਰੈਣ ਦਿਵਸ ਇਕੋ ਰੰਗ ਰੰਗਾਈਆ । ਗੁਰਮੁਖ ਉਪਜਾ ਕੇ ਬਾਂਕਾ ਛੋਹਰਾ, ਸ਼ਹਿਨਸ਼ਾਹ ਸਿਰ ਆਪਣਾ ਹੱਥ ਟਿਕਾਈਆ । ਜਿਸ ਦੀ ਆਦਿ ਅੰਤ ਲੋੜਾ, ਸੋ ਲੋਇਣ ਰਿਹਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਕਰਾਈਆ । ਵਿਸ਼ਨੂੰ ਕਹੇ ਮੈਂ ਰੈਣ ਸਬਾਈ ਅੰਦਰ ਬਾਹਰ ਤੱਕੀ, ਤਾਕਤ ਨਾਲ ਧਿਆਨ ਲਗਾਈਆ । ਖੇਲ ਵੇਖੀ ਹਕੀਕਤ ਹੱਕੀ, ਹਰਿ ਕਰਤੇ ਦਿਤੀ ਦ੍ਰਿੜਾਈਆ । ਭਗਤ ਸੁਹੇਲੇ ਮੇਲ ਮਿਲਿਆ ਕਮਲਾਪਤੀ, ਪਤਿਪਰਮੇਸ਼ਵਰ ਜੋੜ ਜੁੜਾਈਆ । ਨਿਰੰਤਰ ਫ਼ਰਕ ਰਹੇ ਨਾ ਰਤੀ, ਅੰਤਰ ਮਿਲ ਕੇ ਵੱਜੇ ਵਧਾਈਆ । ਫੇਰ ਕਰਾਉਣੀ ਪਏ ਕਿਸੇ ਨਾ ਗਤੀ, ਦਰ ਘਰ ਸਾਚੇ ਆਪ ਬਹਾਈਆ । ਇਹ ਖੇਲ ਵੇਖਿਆ ਅੱਖੀਂ, ਵਿਸ਼ਨੂੰ ਕਹੇ ਆਖ਼ਰ ਦਿਆਂ ਦ੍ਰਿੜਾਈਆ । ਛੱਬੀ ਪੋਹ ਨੂੰ ਧਾਰ ਦੱਸਣੀ ਸਚੀ, ਸਚ ਨਾਲ ਸਮਝਾਈਆ । ਸਤਾਈ ਪੋਹ ਨੂੰ ਜਿਹੜੀ ਜੰਮੂ ਵਿਚੋਂ ਗੁਰਮੁਖ ਬਣ ਕੇ ਆਵੇ ਸਖ਼ੀ, ਸੱਤ ਰੰਗ ਦਾ ਨਿਸ਼ਾਨਾ ਪੁਸ਼ਤ ਉਤੇ ਬੰਧਾਈਆ । ਗੋਲੀ ਤਿੰਨ ਰੰਗ ਲਾਉਣੇ ਆਪਣੀ ਸੱਜੀ ਵੱਖੀ, ਚਾਰ ਖੱਬੀ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਆਬੇ ਵਾਲਿਓ ਸਤਾਈ ਅੱਸੂ ਪਰਸ਼ਾਦ ਵੰਡੇ ਆਪਣੇ ਹੱਥੀਂ, ਰੈਣ ਰੈਣ ਵਿਚੋਂ ਸੋਭਾ ਪਾਈਆ ।

## ✪ ੨੭ ਅੱਸੂ ਸ਼ਹਿਨਸ਼ਾਹੀ ਸੰਮਤ ੫ ਨਾਜਰ ਸਿੰਘ ਦੇ ਗ੍ਰਿਹ ਪਿੰਡ ਰਾਜੋ ਕੇ ✪

ਧਰਨੀ ਕਹੇ ਏਥੇ ਗੋਬਿੰਦ ਢਾਈ ਘੰਟੇ ਖੇਡਿਆ ਸੀ ਸ਼ਿਕਾਰ, ਸ਼ਿਕਾਰੀ ਗੁਰਮੁਖ ਨਾਲ ਰਖਾਈਆ । ਉਹ ਭੱਜੇ ਫਿਰਦੇ ਸੀ ਨਾਲ ਪਿਆਰ, ਪ੍ਰੇਮ ਪ੍ਰੀਤੀ ਨਾਲ ਵਾਹੋ ਦਾਹੀਆ । ਨੌਂ ਵਾਰ ਬੁਲਾਇਆ ਜੈ ਜੈਕਾਰ, ਫ਼ਤਹਿ ਵਾਹਿਗੁਰੂ ਡੰਕ ਸੁਣਾਈਆ । ਫਿਰ ਸੌਂ ਗਿਆ ਪੈਰ ਪਸਾਰ, ਨੌਂ ਮਿੰਟ ਆਸਣ ਲਿਆ ਜਮਾਈਆ । ਫੇਰ ਹੱਸ ਕੇ ਕਿਹਾ ਵਾਹ ਮੇਰੇ ਦਾਤਾਰ, ਤੇਰੀ ਬੇਪਰਵਾਹੀਆ । ਫੇਰ ਤੱਕਿਆ ਜੋਤੀ ਨੂਰ ਉਜਿਆਰ, ਕਲ

ਕਲਕੀ ਸੋਭਾ ਪਾਈਆ । ਸ਼ਬਦੀ ਗੋਬਿੰਦ ਖੇਲ ਨਿਆਰ, ਆਪਣਾ ਰੰਗ ਰੰਗਾਈਆ । ਗੁਰਮੁਖ ਸੋਹਣੇ ਜਗਤ ਹੋ ਉਜਿਆਰ, ਭਗਤ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਧਰਨੀ ਕਹੇ ਗੋਬਿੰਦ ਮਾਰਿਆ ਨਹੀਂ ਕੋਈ ਸ਼ਿਕਾਰ, ਬਾਜ਼ ਝਪਟ ਨਾ ਕੋਇ ਲਗਾਈਆ । ਫੇਰ ਮੇਰੇ ਉਤੇ ਕਢੀ ਲਕਾਰ, ਲਾਈਨ ਨੌਂ ਇੰਚ ਬਣਾਈਆ । ਫੇਰ ਅੰਮ੍ਰਿਤ ਛਿੜਕ ਕੇ ਧਾਰ, ਸਾਂਤਕ ਸਤਿ ਵਰਤਾਈਆ । ਫੇਰ ਅੱਖਰ ਲਿਖ ਕੇ ਦੋ ਚਾਰ, ਚੌਵੀ ਦਿਤੇ ਬਣਾਈਆ । ਫੇਰ ਕਿਹਾ ਆਵੇ ਮੇਰਾ ਪਰਵਰਦਿਗਾਰ, ਨਿਰਗੁਣ ਦਾਤਾ ਧੁਰਦਰਗਾਹੀਆ । ਧਰਨੀ ਕਹੇ ਮੈਂ ਚਰਨ ਚੁੰਮ ਕੇ ਕਿਹਾ ਕੀ ਵਕਤ ਕੀ ਵੇਲਾ ਕਵਣ ਹੋਵੇ ਬਹਾਰ, ਮੈਨੂੰ ਦੇ ਦ੍ਰਿੜਾਈਆ । ਗੋਬਿੰਦ ਹੱਸ ਕੇ ਕਿਹਾ ਜਿਸ ਵੇਲੇ ਸੰਮਤ ਸ਼ਹਿਨਸ਼ਾਹੀ ਪੰਜ ਪੰਚਮ ਚਲੇ ਸ਼ਬਦ ਲਿਖਾਰ, ਲੇਖਾ ਬੇਪਰਵਾਹੀਆ । ਤੇਰਾ ਲਹਿਣਾ ਦੇਣਾ ਦਏ ਨਿਵਾਰ, ਨਰ ਨਰਾਇਣ ਫੇਰਾ ਪਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਮਾਰੇ ਮਾਰ, ਖੰਡਾ ਖੜਗ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਧਰਨੀ ਕਿਹਾ ਕਿਉਂ ਬੈਠਾ ਪੈਰ ਪਸਾਰ, ਗੋਬਿੰਦ ਦੇ ਜਣਾਈਆ । ਨਾ ਕੋਈ ਥੱਲੇ ਪਲੰਘ ਨਵਾਰ, ਸੇਜਾ ਤਖ਼ਤ ਨਾ ਕੋਇ ਵਡਿਆਈਆ । ਨਾ ਕੋਈ ਦੀਆ ਬਾਤੀ ਉਜਿਆਰ, ਨਾ ਕੋਈ ਸੂਰੀਆ ਚੰਦ ਰੁਸ਼ਨਾਈਆ । ਬਾਦਲ ਹੋਇਆ ਧੂੰਆਂਧਾਰ, ਘਨਘੋਰ ਘਟਾ ਛਾਈਆ । ਗੋਬਿੰਦ ਹੱਸ ਕੇ ਕਿਹਾ ਧਰਨੀ ਜਿਸ ਵੇਲੇ ਕਲਜੁਗ ਅੰਤਮ ਇਹ ਦਿਸ਼ਾ ਹੋਈ ਸੰਸਾਰ, ਸਚ ਨੂਰ ਨਾ ਕੋਇ ਚਮਕਾਈਆ । ਓਸ ਵੇਲੇ ਆਉਣਾ ਕਲ ਕਲਕੀ ਅਵਤਾਰ, ਨਿਹਕਲੰਕਾ ਨਾਉਂ ਧਰਾਈਆ । ਜਿਸ ਨੇ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਦਾ ਖੇਡਣਾ ਸ਼ਿਕਾਰ, ਸ਼ਿਕਾਰੀ ਹੋ ਕੇ ਆਪਣੀ ਕਾਰ ਕਮਾਈਆ । ਤੇਰਾ ਦਰ ਸੁਹਾਵੇ ਆਣ, ਸ੍ਰੀ ਭਗਵਾਨ ਸੋਭਾ ਪਾਈਆ । ਤੇਰਾ ਲਹਿਣਾ ਦੇਣਾ ਕਰ ਪਰਵਾਨ, ਪਰਵਾਨੇ ਗੁਰਮੁਖ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਲੇਖ ਚੁਕਾਏ ਆਣ, ਅਗਲਾ ਆਪਣਾ ਹੁਕਮ ਵਰਤਾਈਆ ।



## ✪ ੨੭ ਅੱਸੂ ਸ਼ਹਿਨਸ਼ਾਹੀ ਸੰਮਤ ੫ ਲਛਮਣ ਸਿੰਘ ਦੇ ਗ੍ਰਹਿ ਪਿੰਡ ਰੁੜਕਾ ਕਲਾਂ ✪

ਵਿਸ਼ਨੂੰ ਕਹੇ ਮੈਂ ਤੱਕਿਆ ਭਗਤ ਸੁਹੇਲਾ, ਹਰਿ ਸੱਜਣ ਬੇਪਰਵਾਹੀਆ । ਜੋ ਆਦਿ ਜੁਗਾਦੀ ਇਕ ਅਕੇਲਾ, ਜੁਗ ਚੌਕੜੀ ਇਕੋ ਨਜ਼ਰੀ ਆਈਆ । ਜਿਸ ਦਾ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਧਾਰ ਹੋਵੇ ਮੇਲਾ, ਮਿਲਣੀ ਹਰਿ ਜਗਦੀਸ ਕਰਾਈਆ । ਉਹ ਅਚਰਜ ਖੇਲ ਆਪਣੀ ਖੇਲਾ, ਕਲ ਕਲਕੀ ਵੇਸ ਵਟਾਈਆ । ਜਾਂ ਤੱਕਾਂ ਵਸੇ ਧਾਮ ਨਵੇਲਾ, ਗ੍ਰਹਿ ਮੰਦਰ ਇਕ ਸੁਹਾਈਆ । ਜਿਥੇ ਨਾ ਕੋਈ ਗੁਰੂ ਨਾ ਕੋਈ ਚੇਲਾ, ਤਤ ਵਜੂਦ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਚ ਦਾ ਹੁਕਮ ਸੁਣੋ ਹਰਿ ਸਵਾਮੀ, ਹਰਿ ਕਰਤਾ ਆਪ ਦ੍ਰਿੜਾਈਆ । ਖੇਲੇ ਖੇਲ ਅੰਤਰਜਾਮੀ, ਘਟ ਘਟ ਅੰਤਰ ਫੋਲ ਫੁਲਾਈਆ । ਲੇਖਾ ਜਾਣੇ ਚਾਰ ਜੁਗ ਦੀ ਸਿਫ਼ਤਾਂ ਵਾਲੀ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਵਰੋਲਣਹਾਰਾ ਅੱਠ ਸੱਠ

ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਪੜਦਾ ਦਏ ਉਠਾਈਆ । ਅੰਤਮ ਲਹਿਣਾ ਮੁਕਾਏ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਵੇਖਣਹਾਰਾ ਧਰਤ ਸਰੋਵਰ ਪਾਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਚ ਕਹੇ ਮੈਂ ਦੱਸਾਂ ਖੇਲ ਅਪਾਰਾ, ਹਰਿ ਕਰਤਾ ਆਪ ਦ੍ਰਿੜਾਈਆ । ਇਕੱਠੇ ਹੋ ਗੁਰੂ ਅਵਤਾਰਾ, ਪੈਗ਼ੰਬਰ ਖ਼ੁਸ਼ੀ ਮਨਾਈਆ । ਚਲੋ ਵੇਖੀਏ ਸਚ ਵਿਹਾਰਾ, ਵਿਵਹਾਰੀ ਆਪ ਦ੍ਰਿੜਾਈਆ । ਜਿਸ ਨੂੰ ਕਹਿੰਦੇ ਚੌਵੀਆਂ ਅਵਤਾਰਾ, ਕਲ ਕਲਕੀ ਫੇਰਾ ਪਾਈਆ । ਓਸ ਨੇ ਰੰਗ ਰੰਗਾਉਣਾ ਨਿਰਗੁਣ ਧਾਰ ਹਰਿ ਭਗਤ ਦਵਾਰਾ, ਦੋਹਰਾ ਆਪਣਾ ਖੇਲ ਖਿਲਾਈਆ । ਸ਼ਬਦ ਅਨਾਦ ਬੋਲ ਜੈਕਾਰਾ, ਅਗੰਮੀ ਰਾਗ ਦਏ ਸੁਣਾਈਆ । ਧੁਰ ਦਾ ਹੁਕਮ ਦੇਵੇ ਸੱਚੀ ਸਰਕਾਰਾ, ਸਚ ਕਰਨੀ ਕਾਰ ਕਮਾਈਆ । ਪੰਜਾਂ ਗੁਰਮੁਖਾਂ ਦਰਵਾਜ਼ੇ ਅੱਗੇ ਦੇਣਾ ਪਹਿਰਾ, ਦੁਆਬੇ ਵਾਲੇ ਪੰਜ ਪਗੜੀ ਲਾਲ ਰੰਗ ਰੰਗਾਈਆ । ਪੁੱਠੀਆਂ ਫੜੀਆਂ ਹੋਣ ਕਟਾਰਾਂ, ਧਾਰ ਉਪਰ ਨੀਚੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਆਪ ਮਿਲਾਈਆ । ਪੰਜ ਪਗੜੀਆਂ ਦੇਵੇ ਨੰਨ੍ਹੀ ਬੱਚੀ ਦਵਿੰਦਰ, ਦੁਆਬੇ ਵਾਲਿਆਂ ਸੀਸ ਬੰਧਾਈਆ । ਵੇਖਣ ਆਏ ਕਰੋੜ ਤੇਤੀਸਾ ਸੁਰਪਤ ਇੰਦਰ, ਬ੍ਰਹਮਾ ਸ਼ਿਵ ਅੱਖ ਖੁਲ੍ਹਾਈਆ । ਸਭ ਨੇ ਨੇਤਰ ਖੋਲ੍ਹਣੀ ਨਿੰਦਰ, ਆਸਣ ਗ਼ਫ਼ਲਤ ਨਾ ਕੋਇ ਰਖਾਈਆ । ਮਨਸਾ ਮਨ ਰਹੇ ਨਾ ਚਿੰਦਨ, ਚਿੰਤਾ ਚਿਖਾ ਦੇਣੀ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਮੈਂ ਵੇਖੀ ਹੋਰ ਕਹਾਣੀ, ਪ੍ਰਭੂ ਸਹਿਜ ਦਿਤੀ ਦ੍ਰਿੜਾਈਆ । ਜਿਸ ਦਾ ਭੇਵ ਖੋਲ੍ਹੇ ਅਗੰਮ ਬਾਣੀ, ਬਾਣ ਅਣਿਆਲਾ ਤੀਰ ਲਗਾਈਆ । ਗੁਰਦਰਸ਼ਨ ਨੌਂ ਗਲਾਸ ਦੁਆਬੇ ਵਾਲਿਆਂ ਦੇਣਾ ਪਾਣੀ, ਭਗਤ ਦਵਾਰੇ ਅੱਗੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਸਚ ਦੀ ਬੰਨ੍ਹਣੀ ਧਾਰ, ਸਚ ਮਿਲੇ ਵਡਿਆਈਆ । ਇਹ ਖੇਲ ਸੱਚੀ ਸਰਕਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਨਿਰਗੁਣ ਨੂਰ ਜੋਤ ਉਜਿਆਰ, ਹਰਿ ਕਰਤਾ ਕਾਰ ਕਮਾਈਆ । ਵੇਖੇ ਖੇਲ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਨੂੰ ਝੁਕਦੇ ਗੁਰੂ ਅਵਤਾਰ, ਪੈਗ਼ੰਬਰ ਸੱਯਦਿਆਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਰੰਗ ਵਖਾਈਆ । ਵਿਸ਼ਨੂੰ ਕਹੇ ਚਾਰ ਗੁਰਮੁਖਾਂ ਚੌਦਾਂ ਮਿੰਟ ਕਰਨਾ ਚੌਰ, ਸਦੀ ਚੌਧਵੀਂ ਰਾਹ ਤਕਾਈਆ । ਸਾਰੀ ਸੰਗਤ ਵੱਲ ਵੇਖਣਾ ਕਰ ਕੇ ਗ਼ੌਰ, ਨੇਤਰ ਅੱਖ ਨਾ ਕੋਇ ਬਦਲਾਈਆ । ਅੰਤਰ ਮਨ ਨਾ ਪਾਵੇ ਸ਼ੋਰ, ਸੁਰਤੀ ਸ਼ਬਦ ਸਮਾਈਆ । ਉਨ੍ਹਾਂ ਮਸਤਕ ਤਿਲਕ ਲਗਾਵੇ ਬਲਵਿੰਦਰ ਕੌਰ, ਕੇਸਰ ਰਤੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਰੰਗ ਇਕ ਵਖਾਈਆ । ਵਿਸ਼ਨੂੰ ਕਹੇ ਮੈਂ ਵਿਸ਼ਾ ਵੇਖਿਆ ਵਿਸ਼ਨ ਬ੍ਰਹਮਾ ਸ਼ਿਵ ਧਾਰ, ਧਰਨੀ ਧਰਤ ਧਵਲ ਸੁਹਾਈਆ । ਦੁਆਬੇ ਵਾਲਿਆਂ ਨੌਂ ਲੈ ਕੇ ਜਾਣੇ ਹਾਰ, ਕੀਮਤ ਬਹੁਤ ਨਾ ਕੋਇ ਵਖਾਈਆ । ਗੁਰਮੁਖ ਸਿੰਘ ਦੇ ਗਲ ਵਿਚ ਦੇਣੇ ਡਾਰ, ਸਾਢੇ ਨੌਂ ਵਕਤ ਸੁਹਾਈਆ । ਫੇਰ ਵੇਖ ਕੇ ਚਾਰ ਚੁਫਾਰ, ਆਪਣਾ ਪਾਸਾ ਲੈਣਾ ਬਦਲਾਈਆ । ਸੰਦੇਸ਼ਾ ਸੁਣਨਾ ਧੁਰ ਦੀ ਧਾਰ, ਹਰਿ ਕਰਤਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ,

ਧੁਰ ਦਾ ਹੁਕਮ ਇਕ ਸੁਣਾਈਆ । ਵਿਸ਼ਨੂੰ ਕਹੇ ਮੈਂ ਵੇਖਿਆ ਖੇਲ ਪੂਰਬ ਦੱਖਣ ਪੱਛਮ ਉੱਤਰੇ, ਉੱਤਰ ਦਿਆਂ ਜਣਾਈਆ । ਪੁਰਖ ਅਕਾਲਾ ਭਗਤ ਬਣਾਏ ਪੁੱਤਰੇ, ਪਿਤਾ ਪੂਤ ਗੋਦ ਸੁਹਾਈਆ । ਲੇਖਾ ਲਿਖ ਕੇ ਦੇਵੇ ਤੁਹਾਡੇ ਨਾਲੋਂ ਅੱਗੇ ਕਦੇ ਨਾ ਮੁਕਰੇ, ਵਿਛੋੜਾ ਰਹਿਣ ਕੋਇ ਨਾ ਪਾਈਆ । ਜਨਮ ਮਰਨ ਦੇ ਮੇਟੇ ਦੁੱਖੜੇ, ਆਵਣ ਜਾਵਣ ਪੰਧ ਚੁਕਾਈਆ । ਤੁਹਾਡੇ ਲੇਖੇ ਲਾ ਕੇ ਸੁੱਕੇ ਟੁਕੜੇ, ਵਿਸ਼ਨੂੰ ਮਾਣ ਦਿਤਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਦਰਸਾਈਆ । ਵਿਸ਼ਨੂੰ ਕਹੇ ਮੈਂ ਲਹਿਣਾ ਦੱਸਾਂ ਦੇਸ਼ ਦੁਆਬਾ, ਦੋ ਆਬਾ ਧਾਰ ਜਣਾਈਆ । ਜਿਸ ਦਾ ਲੇਖਾ ਲਿਖ ਕੇ ਗਿਆ ਨਾਨਕ ਬਾਬਾ, ਬਾਵਰਾ ਸੰਸਾਰ ਸਮਝ ਕੋਇ ਨਾ ਪਾਈਆ । ਕਲ ਖੇਲ ਖਲਾਉਣਾ ਪੁਰਖ ਅਕਾਲ ਜੋ ਸਭ ਦਾ ਦਾਦਾ, ਪਿਤਾ ਗੋਬਿੰਦ ਜਗਤ ਦ੍ਰਿੜਾਈਆ । ਜਿਸ ਨੇ ਪੂਰਾ ਕਰਨਾ ਵਾਇਦਾ, ਗੁਰ ਅਵਤਾਰ ਪੈਗ਼ੰਬਰ ਨਾਲ ਉਠਾਈਆ । ਭਗਤ ਸੁਹੇਲੇ ਕਰ ਅਲਾਹਿਦਾ, ਜਗਤ ਇਲਮ ਤੋਂ ਖਹਿੜਾ ਦਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਵਿਸ਼ਨੂੰ ਕਹੇ ਮੈਨੂੰ ਯਾਦ ਆ ਗਈ ਪੁਰਾਣੀ ਝੁੱਗੀ, ਝੌਂਪੜੀ ਰਹੀ ਕੁਰਲਾਈਆ । ਮੈਂ ਅੰਤਮ ਹੋ ਗਈ ਬੁੱਢੀ, ਔਧ ਗਈ ਵਿਹਾਈਆ । ਲੱਤੋਂ ਹੋ ਗਈ ਡੁੱਡੀ, ਭੱਜ ਨਾ ਸਕਾਂ ਰਾਈਆ । ਮੇਰੀ ਮੂਰਖ ਹੋ ਗਈ ਬੁੱਧੀ, ਕਲਜੁਗ ਜੀਵਾਂ ਦਿਤੀ ਬਦਲਾਈਆ । ਫੇਰ ਰੋ ਪਈ ਭੁੱਬੀ ਭੁੱਬੀ, ਹਉਕੇ ਹਾਏ ਉਫ਼ ਸੁਣਾਈਆ । ਮੈਂ ਵੇਖੀ ਸੁਦੀ ਵਦੀ, ਕਿਸ਼ਨਾ ਸ਼ੁਕਲਾ ਪੱਖ ਦੁਹਾਈਆ । ਚੌਥੇ ਜੁਗ ਸਾਬਤ ਰਹੀ ਕੋਈ ਨਾ ਗੱਦੀ, ਧਰਮ ਦੀ ਧਾਰ ਨਾ ਕੋਇ ਜਣਾਈਆ । ਕਿਸੇ ਨੂੰ ਸਮਝ ਨਾ ਆਈ ਕਿਉਂ ਨਾਨਕ ਚਰਾਈ ਮੱਝੀ, ਪਾਲੀ ਆਪਣਾ ਰੂਪ ਵਟਾਈਆ । ਮੇਰੀ ਚਾਰ ਜੁਗ ਦੀ ਆਸਾ ਅੰਦਰ ਦੱਬੀ, ਹਾਏ ਬਾਹਰ ਨਾ ਕੋਇ ਕਢਾਈਆ । ਮੇਰੇ ਅੰਤਰ ਅਗਨੀ ਲੱਗੀ, ਸਕੇ ਨਾ ਕੋਇ ਬੁਝਾਈਆ । ਵੇਖੋ ਸ੍ਰਿਸ਼ਟੀ ਕਰਦੀ ਬਦੀ, ਬੁਧ ਮਤ ਰਹੀ ਨਾ ਰਾਈਆ । ਚਾਰੋਂ ਕੁੰਟ ਵਿਕਾਰ ਦੀ ਨਦੀ, ਕਲਜੁਗ ਵਹਿਣ ਦਿਤਾ ਵਹਾਈਆ । ਮੁਹੰਮਦ ਦੀ ਅੰਤਮ ਨੇੜੇ ਆਈ ਸਦੀ, ਸਦਮੇ ਦੁੱਖ ਸਭ ਨੂੰ ਰਹੀ ਜਣਾਈਆ । ਧਰਮ ਨਿਸ਼ਾਨਾ ਬਿਨਾ ਭਗਤਾਂ ਹੋਰ ਰਿਹਾ ਕੋਈ ਨਾ ਗੱਡੀ, ਧੁਰ ਦਾ ਗਾਈਡ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਸਾਚੀ ਆਸ ਰਖਾਈਆ । ਵਿਸ਼ਨੂੰ ਕਹੇ ਪ੍ਰਭ ਦੇ ਦੇ ਅੰਤ ਦਿਲਾਸਾ, ਸਿਰ ਆਪਣਾ ਹੱਥ ਟਿਕਾਈਆ । ਸਤਿ ਤੇਰਾ ਹੋਵੇ ਭਰਵਾਸਾ, ਭਾਂਡਾ ਭਰਮ ਦੇਣਾ ਭੰਨਾਈਆ । ਸਭ ਦੀ ਪੂਰੀ ਕਰਨੀ ਆਸਾ, ਆਸਾਵੰਦ ਤੇਰੀ ਸਰਨਾਈਆ । ਸਾਚਾ ਭੇਵ ਖੋਲ੍ਹ ਖੁਲਾਸਾ, ਪੜਦਾ ਅੰਤਰ ਰਹੇ ਨਾ ਰਾਈਆ । ਇਕੋ ਇਸ਼ਟ ਬਣ ਇਕੋ ਦਰ ਟਿਕਾ ਮਾਥਾ, ਇਕੋ ਨੂਰ ਜੋਤ ਰੁਸ਼ਨਾਈਆ । ਇਕੋ ਨਾਮ ਜਣਾ ਗਾਥਾ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਮੈਂ ਤੇਰਾ ਸੇਵਕ ਆਦਿ ਤੋਂ ਦਾਸੀ ਦਾਸਾ, ਅੰਤਮ ਤੇਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤੋ ਤੁਹਾਨੂੰ ਦੁੱਧ ਦਾ ਦੁੱਧ ਪਿਆਏ ਅੰਮ੍ਰਿਤ ਜਾਮ ਪਿਆਏ ਅਗੰਮੀ ਧੁਰ ਦਾ ਬਾਟਾ, ਮਾਇਆ ਵਿਚੋਂ ਬਾਹਰ ਕਢਾਏ ਦੇਵੇ ਆਪਣਾ ਸਾਥਾ, ਸਗਲਾ ਸੰਗ ਵਖਾਈਆ ।

## ✪ ਪਹਿਲੀ ਕੱਤਕ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ✪

ਸ਼ਬਦ ਗੋਬਿੰਦ ਕਿਹਾ ਪ੍ਰਭ ਵੇਖੀ ਤੇਰੀ ਸ੍ਰਿਸ਼ਟੀ, ਦੀਨ ਦੁਨੀ ਕਾਇਨਾਤ ਫੋਲ ਫੁਲਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਸਾਚਾ ਰਿਹਾ ਕੋਈ ਨਾ ਇਸ਼ਟੀ, ਇਸ਼ਟ ਦੇਵ ਨਜ਼ਰ ਕੋਇ ਨਾ ਆਈਆ । ਮਿਹਰਵਾਨ ਮਹਿਬੂਬ ਸਾਬਤ ਰਹੀ ਨਾ ਕਿਸੇ ਦ੍ਰਿਸ਼ਟੀ, ਅੰਤਰ ਨਿਰੰਤਰ ਨਿਰਾਕਾਰ ਭੇਵ ਨਾ ਕੋਇ ਚੁਕਾਈਆ । ਚਾਰ ਜੁਗ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਗੁਰ ਅਵਤਾਰ ਪੈਗ਼ੰਬਰਾਂ ਧਾਰ ਲੇਖ ਰਹੀ ਲਿਖਦੀ, ਧੁਰ ਸ਼ਬਦ ਅਗੰਮ ਅਥਾਹ ਬੇਪਰਵਾਹ ਤੇਰਾ ਹੁਕਮ ਸੁਣਾਈਆ । ਅੰਤ ਧਾਰ ਰਹੀ ਨਾ ਸਾਚੇ ਹਿਤ ਦੀ, ਹਿਤਕਾਰੀ ਜੋਤ ਨਿਰੰਕਾਰੀ ਨਿਰਗੁਣ ਨਿਰਵੈਰ ਤੇਰੇ ਰੰਗ ਨਾ ਕੋਇ ਸਮਾਈਆ । ਵੇਖ ਖੇਲ ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਨਿਤ ਦੀ, ਅਲਖ ਅਗੋਚਰ ਅਗੰਮ ਅਥਾਹ ਪੜਦਾ ਆਪ ਉਠਾਈਆ । ਪ੍ਰੀਤ ਰਹੀ ਨਾ ਪ੍ਰੀਤਮ ਸਾਚੇ ਸਿੱਖ ਦੀ, ਸਤਿ ਸਰੂਪ ਸ਼ਾਹੋ ਭੂਪ ਬਿਨ ਰੰਗ ਰੂਪ ਤੇਰੇ ਵਿਚ ਨਾ ਕੋਇ ਸਮਾਈਆ । ਪੂਜਾ ਰਹੀ ਨਾ ਪ੍ਰਿਥਮੀ ਆਕਾਸ਼ ਇਕ ਦੀ, ਇਕ ਇਕੱਲੇ ਤੇਰਾ ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸ਼ਬਦ ਗੁਰੂ ਕਹੇ ਗੋਬਿੰਦ ਪੁਰਖ ਅਕਾਲ ਮੈਂ ਵੇਖੀ ਤੇਰੀ ਕਾਇਨਾਤ, ਕਲਮਾ ਹੱਕ ਨਾ ਕੋਇ ਜਣਾਈਆ । ਸਚ ਦਵਾਰੇ ਮਿਲੇ ਕੋਇ ਨਾ ਦਾਤ, ਦਇਆਵਾਨ ਨਜ਼ਰ ਕੋਇ ਨਾ ਆਈਆ । ਨੌਂ ਖੰਡ ਪ੍ਰਿਥਮੀ ਅੰਧੇਰੀ ਰਾਤ, ਸੱਤ ਦੀਪ ਸਾਚਾ ਚੰਦ ਨਾ ਕੋਇ ਚਮਕਾਈਆ । ਆਤਮ ਪਰਮਾਤਮ ਗਾਏ ਕੋਇ ਨਾ ਗਾਥ, ਗਹਿਰ ਗੰਭੀਰ ਤੇਰੇ ਵਿਚ ਨਾ ਕੋਇ ਸਮਾਈਆ । ਨਿਰਗੁਣ ਸਰਗੁਣ ਵੇਖ ਹਾਲਾਤ, ਹਾਲਤ ਵਿਗੜੀ ਜਗਤ ਲੋਕਾਈਆ । ਤੇਰਾ ਦੇਵੇ ਕੋਇ ਨਾ ਸਾਥ, ਸਗਲਾ ਸੰਗ ਨਾ ਕੋਇ ਬਣਾਈਆ । ਕਿਸੇ ਕੰਮ ਨਾ ਆਵੇ ਪੂਜਾ ਪਾਠ, ਬਿਨ ਤੇਰੀ ਕਿਰਪਾ ਤੇਰਾ ਨੂਰ ਨਾ ਕੋਇ ਚਮਕਾਈਆ । ਵੇਖ ਖੇਲ ਅਲਖਣਾ ਅਲਾਖ, ਅਲਖ ਅਗੋਚਰ ਪਰਦਾ ਆਪ ਚੁਕਾਈਆ । ਮੇਰੀ ਅੰਤ ਕੰਤ ਭਗਵੰਤ ਸਚ ਦਰ ਅਰਦਾਸ, ਬੇਨੰਤੀ ਇਕ ਦ੍ਰਿੜਾਈਆ । ਪੂਰਾ ਕਰਦੇ ਭਵਿਖਤ ਵਾਕ, ਵਾਕਿਆ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਘਰ ਠਾਂਡੇ ਮੰਗ ਮੰਗਾਈਆ । ਪੁਰਖ ਅਕਾਲ ਕਹੇ ਸੁਣ ਸ਼ਬਦ ਦੁਲਾਰੇ ਮੀਤ, ਸਤਿ ਸਚ ਦਿਆਂ ਦ੍ਰਿੜਾਈਆ । ਆਦਿ ਜੁਗਾਦੀ ਧੁਰ ਦੀ ਰੀਤ, ਜੁਗ ਚੌਕੜੀ ਵੇਸ ਵਟਾਈਆ । ਝਗੜਾ ਮੇਟਾਂ ਮੰਦਰ ਮਸੀਤ, ਕਾਇਆ ਕਾਅਬਾ ਇਕ ਦਰਸਾਈਆ । ਝਗੜਾ ਰਹੇ ਨਾ ਊਚ ਨੀਚ, ਜ਼ਾਤ ਪਾਤ ਨਾ ਕੋਇ ਲੜਾਈਆ । ਧੁਰ ਦਾ ਕਲਮਾ ਦੱਸ ਹਦੀਸ, ਹਜ਼ਰਤਾਂ ਤੋਂ ਪਰੇ ਕਰਾਂ ਪੜ੍ਹਾਈਆ । ਪੰਧ ਮੁਕਾ ਕੇ ਬੀਸ ਬੀਸ, ਇਕੀਸਾ ਆਪਣਾ ਰੰਗ ਰੰਗਾਈਆ । ਏਕਾ ਛਤ੍ਰ ਝੁਲਣਾ ਸੀਸ, ਦੂਜਾ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਸਾਚੀ ਦੱਸਣੀ ਪ੍ਰੀਤ, ਪੀਆ ਪ੍ਰੀਤਮ ਦੇਣਾ ਮਿਲਾਈਆ । ਭੇਦ ਖੋਲ੍ਹਣਾ ਕਾਇਆ ਬੀਚ, ਨਵ ਦਰ ਡੇਰਾ ਦੇਣਾ ਢਾਹੀਆ । ਗ੍ਰਿਹ ਵਖਾ ਇਕ ਅਨਡੀਠ, ਘਰ ਮੰਦਰ ਦੇਣਾ ਸੁਹਾਈਆ । ਧਰਮ ਦੀ ਧਾਰ ਚਾੜ੍ਹ ਰੰਗ ਮਜੀਠ, ਦੁਰਮਤ ਮੈਲ ਦੇਣੀ ਧਵਾਈਆ । ਸਭ ਦੀ ਆਸਾ ਮਨਸਾ ਪੂਰੀ ਕਰ ਉਮੀਦ, ਮੇਲ ਮੇਲਣਾ ਸਹਿਜ ਸੁਭਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਕਰ ਕੇ ਗਏ ਤਾਕੀਦ, ਤਕਰੀਰ ਤਹਿਰੀਰ ਵਿਚ ਲਿਖਾਈਆ । ਜਿਸ ਦੀ ਆਸ਼ਾ ਕਰੇ ਕੁਰਾਨ ਮਜੀਦ, ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਕਹੇ ਸੁਣ ਸ਼ਬਦ ਗੋਬਿੰਦ ਮਾਰ ਅਗੰਮੀ ਝਾਕੀ, ਝਗੜਾ ਦੀਨ ਦੁਨੀ ਮੁਕਾਈਆ । ਲੇਖਾ ਵੇਖ ਪੰਜ ਤਤ ਖ਼ਾਕੀ, ਖ਼ਾਲਸ ਆਪਣਾ ਰੰਗ ਰੰਗਾਈਆ । ਅੰਮ੍ਰਿਤ ਜਾਮ ਦੇ ਕੇ ਸਾਕੀ, ਸਾਖਿਆਤ ਕਰੇ ਰੁਸ਼ਨਾਈਆ । ਝਗੜਾ ਰਹਿਣ ਨਹੀਂ ਦੇਣਾ ਕਾਗ਼ਜ਼ਾਤੀ, ਅਲਿਫ਼ ਯੇ ਵੰਡ ਨਾ ਕੋਇ ਵੰਡਾਈਆ । ਏਕਾ ਨਾਮ ਦੱਸਣਾ ਸਫ਼ਾਤੀ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਨਿਰਗੁਣ ਧਾਰ ਬਣ ਇਮਦਾਦੀ, ਮਿਹਰ ਨਜ਼ਰ ਇਕ ਉਠਾਈਆ । ਆਤਮ ਪਰਮਾਤਮ ਸਭ ਦੀ ਹੋਵੇ ਸ਼ਾਦੀ, ਸ਼ਾਦਿਆਨੇ ਪੰਚ ਸ਼ਬਦ ਧੁਨ ਸ਼ਨਵਾਈਆ । ਤੂੰ ਮੇਰਾ ਮੈਂ ਤੇਰਾ ਸਭ ਨੇ ਲੈਣਾ ਅਰਾਧੀ, ਰਾਧਾ ਕ੍ਰਿਸ਼ਨ ਸੀਸ ਨਿਵਾਈਆ । ਸੁਰਤ ਸ਼ਬਦ ਸਚ ਸਮਾਧੀ, ਸੀਤਾ ਰਾਮ ਸੀਸ ਝੁਕਾਈਆ । ਧੁਰ ਦਾ ਢੋਲਾ ਬੋਧ ਅਗਾਧੀ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਕਰੇ ਪ੍ਰਕਾਸ਼ ਤਿੰਨ ਸੌ ਸੱਠ ਹਾਡੀ, ਨਾੜ ਬਹੱਤਰ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਧੁਰ ਸੰਦੇਸਾ ਇਕ ਸੁਣਾਈਆ । ਧੁਰ ਸੰਦੇਸ਼ਾ ਇਕ ਸੁਣਾਵਾਂਗਾ । ਭੇਵ ਅਭੇਦਾ ਆਪ ਖੁਲ੍ਹਾਵਾਂਗਾ । ਪਰਦਾ ਓਹਲਾ ਸ਼ਬਦ ਚੁਕਾਵਾਂਗਾ । ਕਲਜੁਗ ਅੰਤਮ ਵੇਖ ਵਖਾਵਾਂਗਾ । ਗੁਰ ਅਵਤਾਰ ਪੈਗ਼ੰਬਰ ਨਾਲ ਰਲਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਉਠਾਵਾਂਗਾ । ਕਰੋੜ ਤੇਤੀਸਾ ਸਰਬ ਹਿਲਾਵਾਂਗਾ । ਸੁਰਪਤ ਰਾਜਾ ਇੰਦ ਦਰ ਬੁਲਾਵਾਂਗਾ । ਹੁਕਮ ਸੰਦੇਸ਼ਾ ਅਗਲਾ ਇਕ ਜਣਾਵਾਂਗਾ । ਸਤਿਜੁਗ ਸਾਚਾ ਸਵਾਧਾਨ ਕਰਾਵਾਂਗਾ । ਆਤਮ ਦੇ ਕੇ ਬ੍ਰਹਮ ਗਿਆਨ, ਪਰਦਾ ਅੰਤਰ ਅੰਤਰ ਉਠਾਵਾਂਗਾ । ਜਾ ਕੇ ਮਾਤਲੋਕ ਹੋ ਪਰਧਾਨ, ਪੁਸ਼ਤ ਪਨਾਹ ਹੱਥ ਟਿਕਾਵਾਂਗਾ । ਕਲਜੁਗ ਕੂੜੀ ਕਿਰਿਆ ਮੇਟ ਅਗਿਆਨ, ਅੰਧ ਅੰਧੇਰਾ ਦੂਰ ਕਰਾਵਾਂਗਾ । ਸਤਿ ਧਰਮ ਝੁਲਾ ਨਿਸ਼ਾਨ, ਸੱਤ ਦੀਪ ਰੰਗ ਰੰਗਾਵਾਂਗਾ । ਪੜਦਾ ਖੋਲ੍ਹ ਜ਼ਿਮੀਂ ਅਸਮਾਨ, ਜ਼ਿਮੀਂ ਜ਼ਮਾਂ ਆਪ ਹੋ ਜਾਵਾਂਗਾ । ਸੰਦੇਸ਼ਾ ਜਣਾ ਬਿਨਾ ਕਾਨ, ਨਾਦੀ ਧੁਨ ਸ਼ਬਦ ਸ਼ਨਵਾਵਾਂਗਾ । ਅੰਮ੍ਰਿਤ ਦੇ ਪੀਣ ਖਾਣ, ਨਿਝਰ ਝਿਰਨਾ ਇਕ ਝਿਰਾਵਾਂਗਾ । ਅਗੰਮ ਅਗੰਮੜਾ ਬਣ ਅਮਾਮ, ਅਮਲਾਂ ਤੋਂ ਰਹਿਤ ਖੇਲ ਦਰਸਾਵਾਂਗਾ । ਮਜ਼੍ਹਬ ਦਾ ਰਹਿਣ ਦੇਣਾ ਨਹੀਂ ਕੋਈ ਗ਼ੁਲਾਮ, ਸ਼ਰਅ ਜ਼ੰਜੀਰ ਆਪ ਕਟਾਵਾਂਗਾ । ਨਿਰਗੁਣ ਧਾਰ ਹੋ ਮਿਹਰਵਾਨ, ਮਹਿਬੂਬ ਆਪਣੀ ਕਲ ਪਰਗਟਾਵਾਂਗਾ । ਗੁਰ ਅਵਤਾਰ ਪੈਗ਼ੰਬਰ ਜੋ ਦੇ ਕੇ ਆਏ ਬਿਆਨ, ਅੰਤਮ ਆਸਾ ਸਭ ਦੀ ਪੂਰ ਕਰਾਵਾਂਗਾ । ਸਦੀ ਚੌਧਵੀਂ ਵੇਖ ਮਾਰ ਧਿਆਨ, ਬਿਨ ਅੱਖਾਂ ਅੱਖ ਉਠਾਵਾਂਗਾ । ਮੁਹੰਮਦ ਹੋਣ ਲੱਗਾ ਹੈਰਾਨ, ਹੈਰਾਨੀ ਅਗਲੀ ਦੂਰ ਕਰਾਵਾਂਗਾ । ਕਿਉਂ ਸ਼ਰਅ ਹੋਈ ਸ਼ੈਤਾਨ, ਧੁਰਦਰਗਾਹੀ ਪੁਛ ਪੁਛਾਵਾਂਗਾ । ਕਿਉਂ ਕੂੜ ਹੋਇਆ ਇਸਲਾਮ, ਇਸਮ ਆਜ਼ਮ ਇਕ ਜਣਾਵਾਂਗਾ । ਕਿਉਂ ਨੂਰ ਹੋਇਆ ਬਦਨਾਮ, ਬਦੀ ਘਰ ਘਰ ਫੋਲ ਫੁਲਾਵਾਂਗਾ । ਅਗੰਮੀ ਕਲਮਾ ਦੇ ਕਲਾਮ, ਕਾਇਨਾਤ ਆਪ ਪੜ੍ਹਾਵਾਂਗਾ । ਸਭ ਦਾ ਇਕੋ ਹੋਣਾ ਅਮਾਮ, ਆਮਦ ਵਿਚ ਖ਼ੁਸ਼ਾਮਦ ਸਰਬ ਮਿਟਾਵਾਂਗਾ । ਇਕੋ ਦਰ ਸੱਯਦਾ ਹੋਏ ਸਲਾਮ, ਸੀਸ ਜਗਦੀਸ ਇਕ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਪਰਦਾ ਆਪ ਚੁਕਾਵਾਂਗਾ । ਧੁਰ ਪਰਦਾ ਅੰਤਮ ਚੁਕੇਗਾ । ਪੁਰਖ ਅਕਾਲਾ ਇਕੋ ਉਠੇਗਾ । ਦੀਨ ਦਿਆਲਾ ਕਲਜੁਗ ਤੁਠੇਗਾ । ਕੂੜੀ ਕਿਰਿਆ ਹਰ ਹਿਰਦੇ ਵਿਚੋਂ ਲੁਟੇਗਾ । ਨਾਮ ਨਿਧਾਨ ਨੌਜਵਾਨ ਮਰਦ ਮਰਦਾਨ ਹਰ ਘਟ ਅੰਦਰ ਆਪੇ ਸੁੱਟੇਗਾ । ਸਾਚਾ ਨਾਮ ਦੇ ਕੇ ਦਾਨ, ਗ੍ਰਹਿ ਸਾਚੇ ਆਪੇ ਝੁਕੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

ਹਰਿ, ਸਚ ਦਵਾਰੇ ਆਪੇ ਤੁਠੇਗਾ । ਸ਼ਬਦ ਗੋਬਿੰਦ ਕਿਹਾ ਮੇਰੇ ਸ੍ਰੀ ਭਗਵਾਨ, ਭਗਵਨ ਦਿਆਂ ਜਣਾਈਆ । ਉਠ ਵੇਖ ਲੈ ਵਿਚ ਜਹਾਨ, ਜਹਾਲਤ ਭਰੀ ਲੋਕਾਈਆ । ਸਤਿ ਰਿਹਾ ਨਾ ਵਿਚ ਇਨਸਾਨ, ਪੰਜ ਤਤ ਰਿਹਾ ਕੁਰਲਾਈਆ । ਤਨ ਵਜੂਦ ਹੋਇਆ ਹਰਾਮ, ਹੈਰਤ ਵਿਚ ਦੁਹਾਈਆ । ਤੇਰਾ ਨਜ਼ਰ ਨਾ ਆਵੇ ਨਾਮ, ਕਾਮ ਪੜਦਾ ਲਿਆ ਪਾਈਆ । ਤੇਰੀ ਬਾਣੀ ਨਾਲੋਂ ਵੱਧ ਸ਼ੈਤਾਨ, ਆਪਣਾ ਹੁਕਮ ਰਿਹਾ ਵਰਤਾਈਆ । ਕਿਉਂ ਨਹੀਂ ਹੁੰਦਾ ਪ੍ਰਭੂ ਸਵਾਧਾਨ, ਆਪਣੀ ਲੈ ਅੰਗੜਾਈਆ । ਅੱਖਰਾਂ ਦਾ ਰਿਹਾ ਨਾ ਕੋਇ ਗਿਆਨ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਸਾਬਤ ਦਿਸੇ ਨਾ ਕੋਇ ਈਮਾਨ, ਪੈਗ਼ੰਬਰ ਮੁਖ ਛੁਪਾਈਆ । ਉਠ ਵੇਖ ਨੌਜਵਾਨ, ਜੋਧੇ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਪੁਰਖ ਅਕਾਲ ਕਹੇ ਗੋਬਿੰਦ ਉਹ ਕੱਤਕ ਵੇਖ ਕਰਮ, ਸਚ ਦਿਆਂ ਦ੍ਰਿੜਾਈਆ । ਸਾਬਤ ਰਿਹਾ ਨਾ ਕੋਇ ਧਰਮ, ਧਰਮ ਦੀ ਧਾਰ ਨਾ ਕੋਇ ਜਣਾਈਆ । ਸਤਿਗੁਰੂ ਦੇ ਘਰ ਹੋਏ ਕਿਸੇ ਨਾ ਜਰਮ, ਜਨਮ ਨਾ ਕੋਇ ਜਣਾਈਆ । ਜਿਧਰ ਤਕੇ ਓਧਰ ਭਰਮ, ਭਰਮਾਂ ਭਰੀ ਲੋਕਾਈਆ । ਕੂੜ ਹਯਾ ਜਗਤ ਮੇਟਿਆ ਸ਼ਰਮ, ਸ਼ਰਅ ਦਏ ਦੁਹਾਈਆ । ਕੋਟਾਂ ਵਿਚੋਂ ਭਗਤ ਸੁਹੇਲਾ ਵਿਰਲਾ ਮੇਰੀ ਲਗਦਾ ਸਰਨ, ਸਰਨਗਤ ਹੱਥ ਕਿਸੇ ਨਾ ਆਈਆ । ਓਹ ਵੇਖ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਸਾਰੇ ਪੜ੍ਹਨ, ਪੁਸਤਕ ਹੱਥਾਂ ਵਿਚ ਉਠਾਈਆ । ਜ਼ਰਾ ਨਿਗਾਹ ਮਾਰ ਲੈ ਤੇਰੀ ਮੇਰੀ ਮੰਜ਼ਲ ਮੂਲ ਨਾ ਚੜ੍ਹਨ, ਨੌਂ ਦਵਾਰੇ ਪਾਰ ਨਾ ਕੋਇ ਕਰਾਈਆ । ਮਨ ਮਮਤਾ ਵਿਚ ਸੜਨ, ਹਉਮੇ ਅਗਨੀ ਤਤ ਜਲਣ, ਕਾਮ ਕਰੋਧ ਵਿਚ ਲੜਨ, ਸਾਂਤਕ ਸਤਿ ਨਾ ਕੋਇ ਕਰਾਈਆ । ਝਗੜਾ ਵੇਖ ਵਰਨ ਬਰਨ, ਜ਼ਾਤ ਪਾਤ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਹੁਕਮ ਵਰਤਾਈਆ । ਗੋਬਿੰਦ ਕਿਹਾ ਪ੍ਰਭੂ ਕੀ ਤੇਰਾ ਕੱਤਕ ਕਹਿੰਦਾ, ਕਹਿ ਕੇ ਰਿਹਾ ਸੁਣਾਈਆ । ਮੈਂ ਧਿਆਨ ਮਾਰਿਆ ਜਿਧਰ ਨੂੰ ਸੂਰੀਯਾ ਲਹਿੰਦਾ, ਦਿਸ਼ਾ ਅੱਖ ਉਠਾਈਆ । ਈਸਾ ਮੂਸਾ ਮੁਹੰਮਦ ਖਹਿੰਦਾ, ਅੱਗੇ ਹੋ ਨਾ ਕੋਇ ਬਚਾਈਆ । ਉਮਤ ਉਮਤੀਆਂ ਡੇਰਾ ਢਹਿੰਦਾ, ਢਈਆ ਗੋਬਿੰਦ ਵਾਲਾ ਦਏ ਗਵਾਹੀਆ । ਸਚ ਦਵਾਰ ਕੋਇ ਨਾ ਬਹਿੰਦਾ, ਮੰਜ਼ਲ ਤੇਰੀ ਮਿਲਣ ਕੋਇ ਨਾ ਆਈਆ । ਔਹ ਵੇਖ ਤੇਰੇ ਹੁਕਮ ਦਾ ਵਹਿਣ ਵਹਿੰਦਾ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਭੇਵ ਅਭੇਦਾ ਆਪ ਖੁਲ੍ਹਾਈਆ । ਕੱਤਕ ਕਹੇ ਗੋਬਿੰਦ ਮੈਂ ਕੀ ਕਹਿਣਾ, ਕਹਿ ਕੀ ਦਿਆਂ ਜਣਾਈਆ । ਅਗਲੇ ਸੰਮਤ ਸਭ ਕੁਛ ਵੇਖਣਾ ਨੈਣਾਂ, ਨੈਣਹੀਣ ਨਾ ਰਹੇ ਲੋਕਾਈਆ । ਨਬੀ ਰਸੂਲਾਂ ਝਗੜਾ ਪੈਣਾ, ਪਵਣ ਪਾਣੀ ਦਏ ਗਵਾਹੀਆ । ਪਰਵਰਦਿਗਾਰ ਨੇ ਲੇਖਾ ਲੈਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਤਖ਼ਤ ਨਿਵਾਸੀ ਤਖ਼ਤ ਤੇ ਬਹਿਣਾ, ਨਿਰਗੁਣ ਆਪਣਾ ਨੂਰ ਕਰੇ ਰੁਸ਼ਨਾਈਆ । ਉਸ ਦਾ ਭਾਣਾ ਸਭ ਨੂੰ ਪੈਣਾ ਸਹਿਣਾ, ਸਿਰ ਸਕੇ ਨਾ ਕੋਇ ਉਠਾਈਆ । ਸਭ ਨੇ ਨੇਤਰ ਨੀਰ ਵਹੌਣਾ ਨੈਣਾ, ਧੀਰਜ ਧੀਰ ਨਾ ਕੋਇ ਧਰਾਈਆ । ਕਲਜੁਗ ਜੀਵਾਂ ਲੇਖਾ ਪੈਣਾ ਦੇਣਾ, ਜਿਨ੍ਹਾਂ ਖਾਧਾ ਸੂਰ ਗਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕੱਤਕ ਕਹੇ ਗੋਬਿੰਦ ਆਪਣੀ ਫੋਲ ਕੇ ਵੇਖ ਕਿਤਾਬ, ਜੋ ਬਿਨਾ ਕੁਤਬਖ਼ਾਨੇ ਰਖਾਈਆ । ਜਿਸ ਦਾ ਲੇਖਾ ਜਾਣੇ ਕੋਇ ਨਾ ਬਾਬ, ਹਿੱਸਾ ਸਕੇ ਨਾ

ਕੋਇ ਸਮਝਾਈਆ । ਉਸ ਦੇ ਵਿਚ ਲੈਣਾ ਇਕ ਮਿੱਤਰ ਅਹਿਬਾਬ, ਮਹਿਬੂਬ ਨੂਰ ਇਲਾਹੀਆ । ਜਿਸ ਨੇ ਸਭ ਤੋਂ ਮੰਗਣਾ ਜਵਾਬ, ਜਵਾਬਤਲਬੀ ਲਏ ਕਰਾਈਆ । ਜਿਸ ਗੁਰ ਅਵਤਾਰ ਪੈਗ਼ੰਬਰਾਂ ਦਿਤਾ ਖਵਾਬ, ਮੁਖਾਤਬ ਹੋ ਕੇ ਦਏ ਸਮਝਾਈਆ । ਜਿਸ ਨੂੰ ਸੱਯਦੇ ਕਰਦੇ ਆਦਾਬ, ਨਮਸਤੇ ਸੀਸ ਝੁਕਾਈਆ । ਉਸ ਨੇ ਸਭ ਦੀ ਆਪਣੇ ਹੱਥ ਪਕੜਨੀ ਵਾਗ, ਵਾਹਵਾ ਆਪਣਾ ਹੁਕਮ ਵਰਤਾਈਆ । ਇਹ ਲੇਖ ਲਿਖਾਉਣਾ ਛੱਬੀ ਪੋਹ ਤੇ ਪਹਿਲੀ ਮਾਘ, ਕੀ ਕਰੇ ਨੂਰ ਇਲਾਹੀਆ । ਜਿਸ ਨੇ ਕਲਜੁਗ ਕੂੜੀ ਕਿਰਿਆ ਮੇਟਣਾ ਦਾਗ਼, ਦੁਰਮਤ ਮੈਲ ਕਰੇ ਸਫ਼ਾਈਆ । ਸਤਿਜੁਗ ਨੂਰੀ ਚੰਦ ਜਗਾਏ ਚਿਰਾਗ਼, ਚਰਾਗਾਹਾਂ ਕਰੇ ਰੁਸ਼ਨਾਈਆ । ਕੂੜੀ ਕਿਰਿਆ ਮੇਟ ਕੇ ਆਗ, ਅਗਨੀ ਤਤ ਬੁਝਾਈਆ । ਘਰ ਮੇਲ ਮਿਲਾਏ ਕੰਤ ਸੁਹਾਗ, ਬਾਹਰ ਖੋਜਣ ਕੋਇ ਨਾ ਜਾਈਆ । ਸਤਿਜੁਗ ਸਤਿ ਕਰ ਅਦਾਬ, ਅਦਬ ਇਕੋ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕੱਤਕ ਕਹੇ ਗੋਬਿੰਦ ਮੈਂ ਕੀ ਦੱਸਾਂ, ਖ਼ੁਸ਼ੀ ਵਿਚ ਜਣਾਈਆ । ਪ੍ਰਭੂ ਦਾ ਖੇਲ ਵੇਖ ਕੇ ਹੱਸਾਂ, ਹਸਤੀ ਤੱਕ ਨੂਰ ਇਲਾਹੀਆ । ਜਿਹੜਾ ਰੂਪ ਬਦਲਦਾ ਰਿਹਾ ਕੱਛ ਮੱਛਾਂ, ਜਲ ਅਸਗਾਹਾਂ ਵਿਚ ਸਮਾਈਆ । ਫੇਰ ਲਗਾ ਕੇ ਬਾਹਵਾਂ ਲੱਤਾਂ, ਪੰਜ ਤਤ ਡਗਮਗਾਈਆ । ਫੇਰ ਕਰ ਕੇ ਆਪਣੀ ਹੱਤਾ, ਤਨ ਵਜੂਦ ਗਿਆ ਛੁਪਾਈਆ । ਓਹਲੇ ਹੋ ਗਿਆ ਦੀਨ ਦੁਨੀ ਦੀਆਂ ਅੱਖਾਂ, ਨੇਤਰ ਦਰਸ ਕੋਇ ਨਾ ਪਾਈਆ । ਸੋ ਸਵਾਮੀ ਸਭ ਦਾ ਸਖ਼ਾ, ਸਗਲਾ ਸੰਗ ਨਿਭਾਈਆ । ਜਿਸ ਨੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਾਇਆ ਰਥਾ, ਬਣ ਰਥਵਾਹੀ ਕਾਰ ਕਮਾਈਆ । ਉਹ ਵੇਸ ਬਦਲੇ ਪੁਰਖ ਸਮਰਥਾ, ਸਵਾਮੀ ਅਗੰਮ ਅਥਾਹੀਆ । ਜਿਸ ਨੇ ਸਭ ਨੂੰ ਦੇਣੀ ਨਾਮ ਦੀ ਵੱਥਾ, ਵਸਤ ਅਮੋਲਕ ਇਕ ਵਰਤਾਈਆ । ਸਤਿਜੁਗ ਸਾਚੀ ਸਚ ਦੱਸ ਕੇ ਕਥਾ, ਕਥਨੀ ਦਾ ਝਗੜਾ ਦੇਣਾ ਮਿਟਾਈਆ । ਇਕੋ ਮਾਰਗ ਦੇਣਾ ਯਥਾਰਥ ਯਥਾ, ਯਦੀ ਆਪਣੀ ਕਾਰ ਕਮਾਈਆ । ਜਿਸ ਕਾਰਨ ਗੋਬਿੰਦ ਨੇ ਪਿੱਠ ਉਠਾਇਆ ਭੱਥਾ, ਚਿੱਲਾ ਤੀਰ ਕਮਾਨ ਸੰਗ ਰਖਾਈਆ । ਨਾਤਾ ਛਡ ਕੇ ਤਤ ਅੱਠਾ, ਨੌਂ ਦਵਾਰ ਦਾ ਡੇਰਾ ਢਾਹੀਆ । ਜੋਤੀ ਨੂਰ ਜਗੇ ਲਟ ਲਟਾ, ਨਿਰਗੁਣ ਜੋਤੀ ਜਾਤਾ ਡਗਮਗਾਈਆ । ਅੰਤ ਲੇਖਾ ਮੁਕਾਉਣਾ ਪੱਥਰ ਇੱਟਾਂ, ਸਿਲ ਪਾਹਨ ਪੂਜਣ ਕੋਇ ਨਾ ਜਾਈਆ । ਇਕੋ ਮਾਰਗ ਦੱਸਣਾ ਸੱਚਾ, ਸਤਿ ਸਚ ਦਰਸਾਈਆ । ਤਨ ਵਜੂਦ ਕਾਅਬਾ ਮੱਕਾ, ਮਕਬਰਿਆਂ ਦਾ ਝਗੜਾ ਦੇਣਾ ਮੁਕਾਈਆ । ਸਚ ਸਰੀਰ ਵਜੂਦ ਦੱਸਣਾ ਮੰਦਰ ਮੱਠਾ, ਸ਼ਿਵਦਵਾਲਾ ਇਕ ਦ੍ਰਿੜਾਈਆ । ਇਹੋ ਗੁਰੂਦੁਆਰਾ ਹੱਕਾ, ਜਿਸ ਦੀ ਅਮਰਦਾਸ ਦਏ ਗਵਾਹੀਆ । ਅੱਗੇ ਫ਼ਰਕ ਰਹੇ ਨਾ ਰਤਾ, ਰਤਨ ਅਮੋਲਕ ਹੀਰੇ ਗੁਰਮੁਖ ਲਏ ਪਰਗਟਾਈਆ । ਜਿਨ੍ਹਾਂ ਦੇ ਅੰਤਰ ਦੇਵੇ ਨਾਮ ਦੀ ਸੱਤਾ, ਸਤਿ ਸਤਿਵਾਦੀ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਕੱਤਕ ਕਹੇ ਗੋਬਿੰਦ ਯਾਦ ਕਰ ਪਿਛਲਾ ਵਕਤ, ਬੇਵਕਤ ਦਿਆਂ ਦ੍ਰਿੜਾਈਆ । ਕੀ ਸੰਦੇਸ਼ਾ ਦਿਤਾ ਜਗਤ, ਜਾਗਰਤ ਜੋਤ ਕਰ ਰੁਸ਼ਨਾਈਆ । ਗੁਰਮੁਖਾਂ ਤੋਂ ਬਣਾਉਣੇ ਭਗਤ, ਭਗਵਨ ਨਾਲ ਮਿਲਾਈਆ । ਆਤਮ ਪਰਮਾਤਮ ਨਾਤਾ ਜੋੜਨਾ ਮੇਰੀ ਸ਼ਰਤ, ਸ਼ਰਅ ਦਾ ਲੇਖਾ ਦੇਣਾ ਚੁਕਾਈਆ । ਮੈਂ ਅਰਸ਼ ਤੋਂ ਆਵਾਂ ਉਤੇ ਫ਼ਰਸ਼, ਫ਼ੈਸਲਾ ਹੱਕ ਸੁਣਾਈਆ । ਗ਼ਰੀਬ ਨਿਮਾਣਿਆਂ ਉਤੇ ਕਰ ਕੇ ਤਰਸ, ਮਿਹਰ ਨਜ਼ਰ ਇਕ ਉਠਾਈਆ । ਜਿਸ ਕਾਰਨ ਆਇਉਂ ਪਰਤ, ਪਤਿਪਰਮੇਸ਼ਵਰ ਨਾਲ ਮਿਲਾਈਆ ।

ਭਾਗ ਲਗਾ ਦੇ ਉਪਰ ਧਰਤ, ਧਰਨੀ ਧੌਲ ਧਵਲ ਰਾਹ ਤਕਾਈਆ । ਸਭ ਦੀ ਪੂਰੀ ਕਰ ਦੇ ਸ਼ਰਤ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਪੂਰਬ ਰਹੇ ਕਿਸੇ ਨਾ ਕਰਜ਼, ਮਕਰੂਜ਼ ਦੇਣਾ ਚੁਕਾਈਆ । ਇਕੋ ਨਾਮ ਤੇ ਇਕੋ ਤਰਜ਼, ਇਕੋ ਢੋਲਾ ਦੇਣਾ ਸੁਣਾਈਆ । ਤੇਰੇ ਮਿਲਣ ਦੀ ਇਕੋ ਗ਼ਰਜ਼, ਦੂਜੀ ਆਸ ਨਾ ਕੋਇ ਰਖਾਈਆ । ਤੇਰਾ ਖੇਲ ਹੋਵੇ ਅਸਚਰਜ, ਸ਼ਾਸਤਰ ਸਿਮਰਤ ਵੇਦ ਪੁਰਾਨ ਸਮਝ ਕਿਛ ਨਾ ਪਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਵੰਡ ਦਰਦ, ਦੀਨਾਂ ਅਨਾਥਾਂ ਹੋ ਸਹਾਈਆ । ਤੂੰ ਜੋਧਾ ਸੂਰਬੀਰ ਮਰਦਾਨਾ ਮਰਦ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਕੱਤਕ ਕਹੇ ਮੇਰਾ ਕਰਮ ਸਤਿਗੁਰ ਸ਼ਬਦ ਧਾਰ ਚੰਗਾ, ਸਤਿ ਸਚ ਦ੍ਰਿੜਾਈਆ । ਕੁਛ ਲੇਖ ਲਿਖਿਆ ਜਿਸ ਵੇਲੇ ਛੱਡਿਆ ਪੁਰੀ ਅਨੰਦਾ, ਅਨੰਦ ਜਗਤ ਵਾਲਾ ਤਜਾਈਆ । ਸੰਦੇਸ਼ਾ ਸੁਣਿਆ ਪੁਰਖ ਅਕਾਲ ਸੰਦਾ, ਵੇਲਾ ਸੰਧਿਆ ਦਏ ਗਵਾਹੀਆ । ਗੋਬਿੰਦ ਤੇਰਾ ਨਾਮ ਧਾਰ ਗੰਗਾ, ਗੋਦਾਵਰੀ ਜਮਨਾ ਸੁਰਸਤੀ ਤੇਰਾ ਚਰਨ ਛੂਹ ਕੇ ਝਟ ਲੰਘਾਈਆ । ਤੇਰਾ ਪ੍ਰੇਮ ਪਿਆਰ ਬੰਦਗੀ ਵਾਲਾ ਬੰਦਾ, ਬੰਧਨ ਰਹੇ ਨਾ ਰਾਈਆ । ਅੰਤ ਪੁਰਖ ਅਕਾਲ ਲਾਉਣਾ ਅੰਗਾ, ਅੰਗੀਕਾਰ ਇਕ ਅਖਵਾਈਆ । ਜਿਸ ਕਾਰਨ ਤੈਨੂੰ ਇੱਕੀਆਂ ਦੰਦਿਆਂ ਵਾਲਾ ਬਖ਼ਸ਼ਿਆ ਕੰਘਾ, ਦੋ ਇਕ ਦਾ ਜੋੜ ਜੁੜਾਈਆ । ਜਿਸ ਵੇਲੇ ਕਲਜੁਗ ਅੰਤਮ ਆਇਆ ਕੰਢਾ, ਚਾਰੋਂ ਕੁੰਟ ਅੰਧੇਰਾ ਛਾਈਆ । ਜਗਤ ਜਹਾਨ ਹੋਇਆ ਰੰਡਾ, ਆਤਮ ਸੇਜ ਨਾ ਕੋਇ ਸੁਹਾਈਆ । ਤੇਰਿਆਂ ਸਿੱਖਾਂ ਤੇਰੇ ਦਵਾਰੇ ਕਰਨਾ ਦੰਗਾ, ਝਗੜੇ ਵਿਚ ਕੁਰਲਾਈਆ । ਸਾਬਤ ਰਹਿਣਾ ਨਹੀਂ ਦਾਲ ਮੰਡਾ, ਪ੍ਰੇਮ ਪ੍ਰੀਤੀ ਰੰਗ ਨਾ ਕੋਇ ਰੰਗਾਈਆ । ਗੁਰੂਦਵਾਰਾਂ ਵਿਚ ਕੁਕਰਮ ਹੋਣਾ ਗੰਦਾ, ਨਾਰੀ ਨਰ ਇਕ ਦੂਜੇ ਵੱਲ ਤਕਾਈਆ । ਤੇਰਾ ਭੈ ਨਹੀਂ ਰਹਿਣਾ ਅੰਤਮ ਖੰਡਾ, ਖੜਗ ਕੰਮ ਕਿਸੇ ਨਾ ਆਈਆ । ਗੋਬਿੰਦ ਹੱਸ ਕੇ ਕਿਹਾ ਇਹ ਵੀ ਖੇਲ ਪ੍ਰਭੂ ਤੇਰੇ ਸੰਗਾ, ਤੇਰੀ ਬੇਪਰਵਾਹੀਆ । ਇਕ ਮੰਗ ਅਗੰਮੀ ਮੰਗਾਂ, ਦੋਏ ਜੋੜ ਸੀਸ ਨਿਵਾਈਆ । ਜੇ ਤੂੰ ਆਪਣਾ ਸੁਤ ਬਣਾਇਆ ਅੱਗੇ ਨੂਰੀ ਬਣਾਈਂ ਚੰਦਾ, ਦੋ ਜਹਾਨ ਕਰਾਂ ਰੁਸ਼ਨਾਈਆ । ਆਪਣੇ ਨਾਲ ਪਾਈਂ ਗੰਢਾ, ਨਿਰਗੁਣ ਸਰਗੁਣ ਸਕੇ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਸਤ ਅਮੋਲਕ ਇਕ ਵਰਤਾਈਆ । ਗੋਬਿੰਦ ਕਿਹਾ ਮੇਰੇ ਸਾਹਿਬ ਸਵਾਮੀ ਅੰਤਰ, ਅੰਤਸ਼ਕਰਨ ਦਿਆਂ ਬਦਲਾਈਆ । ਤੇਰਾ ਖੇਲ ਵੇਖਣਾ ਨਿਰੰਤਰ, ਨਿਰੰਕਾਰ ਤੇਰੀ ਵਡਿਆਈਆ । ਜਿਸ ਵੇਲੇ ਗੋਬਿੰਦ ਧਾਰ ਨਾਮ ਚਲਿਆ ਮੰਤਰ, ਮੰਤਵ ਤੇਰੀ ਝੋਲੀ ਪਾਈਆ । ਫੇਰ ਬਣਾਵਾਂ ਆਪਣੀ ਨਵੀਂ ਬਣਤਰ, ਰੂਪ ਅਨੂਪ ਪਰਗਟਾਈਆ । ਹੱਥ ਉਠਾਉਣਾ ਕੋਇ ਨਾ ਸ਼ਸਤਰ, ਚਿੱਲਾ ਤੀਰ ਕਮਾਨ ਖੜਗ ਨਾ ਕੋਇ ਸੁਹਾਈਆ । ਤਨ ਪਹਿਨਾਂ ਕੋਇ ਨਾ ਬਸਤਰ, ਕਲਗੀ ਤੋੜਾ ਨਾ ਕੋਇ ਚਤੁਰਾਈਆ । ਵੇਖਾਂ ਖੇਲ ਗਗਨ ਗਗਨੰਤਰ, ਬ੍ਰਹਿਮੰਡ ਖੰਡ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਝੋਲੀ ਡਾਹੀਆ । ਗੋਬਿੰਦ ਕਿਹਾ ਜਿਸ ਵੇਲੇ ਕਲ ਹੋਵੇ ਅੰਧੇਰਾ, ਕਲ ਕਲਕੀ ਵੇਸ ਵਟਾਈਆ । ਸ਼ਬਦੀ ਸਤਿਗੁਰ ਮਾਰਾਂ ਫੇਰਾ, ਵੇਖਾਂ ਤੇਰੀ ਖ਼ਲਕ ਖ਼ੁਦਾਈਆ । ਤੂੰ ਗੁਰੂ ਤੇ ਮੈਂ ਚੇਰਾ, ਪੁਰਖ ਅਕਾਲ ਤੇਰੀ ਬੇਪਰਵਾਹੀਆ । ਨਾਉਂ ਗਾਉਣਾ ਤੇਰਾ ਮੇਰਾ, ਮੋਰਾ ਤੋਰਾ ਭੇਵ ਰਹੇ ਨਾ ਰਾਈਆ । ਝਗੜਾ ਰਹੇ ਨਾ ਮੰਦਰ ਦਿਹੁਰਾ, ਮਸੀਤ

ਚਰਚ ਨਾ ਕੋਇ ਵਡਿਆਈਆ । ਇਕੋ ਸੱਸੇ ਉਪਰ ਲਾਉਣਾ ਹੋੜਾ, ਨਿਰਗੁਣ ਸਰਗੁਣ ਕਾਰ ਕਮਾਈਆ । ਹਾਹੇ ਟਿੱਪੀ ਜੋੜ ਜੋੜਾ, ਹੰ ਬ੍ਰਹਮ ਤੇਰੀ ਵਡਿਆਈਆ । ਆਤਮ ਪਰਮਾਤਮ ਦੋਹਾਂ ਦੀ ਪੂਰੀ ਹੋਵੇ ਲੋੜਾ, ਲੋੜੀਂਦਾ ਸੱਜਣ ਮਿਲ ਕੇ ਵੱਜੇ ਵਧਾਈਆ । ਕਲਜੁਗ ਅੰਤਮ ਭਗਤ ਭਗਵਾਨ ਦਾ ਰਹੇ ਜੋੜਾ, ਗੁਰ ਚੇਲੇ ਬੈਠਣ ਮੁਖ ਛੁਪਾਈਆ । ਇਹ ਸਮਾਂ ਵਕਤ ਮੇਰੇ ਢਈਏ ਤੋਂ ਬਾਅਦ ਥੋੜਾ, ਥੋੜਾ ਥੋੜਾ ਸਮਝਾਈਆ । ਚਾਰੋਂ ਕੁੰਟ ਫੇਰ ਕੇ ਘੋੜਾ, ਨੀਲੇ ਵਾਲੇ ਨੀਲੇ ਤੋਂ ਪਰੇ ਦਿਤਾ ਦਰਸਾਈਆ । ਉਸ ਵੇਲੇ ਪ੍ਰਭੂ ਦੀਨਾਂ ਮਜ਼੍ਹਬਾਂ ਨੂੰ ਜਵਾਬ ਦੇਣਾ ਕੋਰਾ, ਗੁਰ ਅਵਤਾਰ ਪੈਗ਼ੰਬਰਾਂ ਦੇਣਾ ਸੁਣਾਈਆ । ਅੱਗੇ ਤੁਹਾਡੀ ਰਹੇ ਨਾ ਲੋੜਾ, ਕਲਜੁਗ ਅੰਤਮ ਹੋਏ ਸਫ਼ਾਈਆ । ਮੈਂ ਇਕੋ ਸੁਤ ਦੁਲਾਰਾ ਤੇਰਾ ਬਾਂਕਾ ਛੋਹਰਾ, ਸ਼ਹਿਨਸ਼ਾਹ ਤੇਰਾ ਹੁਕਮ ਸੁਣਾਈਆ । ਜਿਸ ਦੇ ਅੱਗੇ ਚਲੇ ਕਿਸੇ ਨਾ ਜ਼ੋਰਾ, ਜ਼ੋਰੂ ਜ਼ਰ ਸੀਸ ਝੁਕਾਈਆ । ਸਭ ਦੀ ਸ਼ਬਦੀ ਧਾਰ ਆਤਮ ਪਕੜਾਂ ਡੋਰਾ, ਡੌਰੂ ਡੰਕ ਤੇਰਾ ਨਾਮ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮਿਲੇ ਸਰਨਾਈਆ । ਗੋਬਿੰਦ ਕਹੇ ਪ੍ਰਭੂ ਮੇਰਾ ਇਕੋ ਦਾਅਵਾ, ਦਾਅਵੇ ਨਾਲ ਜਣਾਈਆ । ਤੇਰੇ ਨਾਲ ਤਰਾਜ਼ੂ ਕਰਨਾ ਸਾਵਾਂ, ਸਚ ਸਚ ਤੇਰੀ ਸਰਨਾਈਆ । ਕਲਜੁਗ ਜੀਵਾਂ ਹੰਸ ਬਣਾਵਾਂ ਕਾਵਾਂ, ਕਾਗੋਂ ਹੰਸ ਉਡਾਈਆ । ਲਾਡ ਲਡਾਉਣਾ ਜਿਉਂ ਪੁੱਤਰਾਂ ਮਾਵਾਂ, ਪਿਤਾ ਪੂਤ ਗੋਦ ਉਠਾਈਆ । ਗੁਰਮੁਖ ਚੁੱਕਣੇ ਆਪਣੀਆਂ ਬਾਹਵਾਂ, ਭੁਜਾਂ ਲਵਾਂ ਸੁਹਾਈਆ । ਨਿਰਗੁਣ ਧਾਰ ਹੋ ਕੇ ਆਵਾਂ, ਸ਼ਬਦੀ ਰੂਪ ਬਦਲਾਈਆ । ਅੰਤਮ ਸਭ ਦੇ ਨਾਲ ਲੈਣੀਆਂ ਲਾਵਾਂ, ਆਤਮ ਪਰਮਾਤਮ ਸੰਗ ਰਖਾਈਆ । ਗੁਰਮੁਖ ਵੇਖਣੇ ਨਾਲ ਚਾਵਾਂ, ਚਾਉ ਘਨੇਰਾ ਇਕ ਜਣਾਈਆ । ਸਦਾ ਰੱਖਣੀਆਂ ਠੰਡੀਆਂ ਛਾਵਾਂ, ਛਹਿਬਰ ਆਪਣਾ ਨਾਮ ਲਗਾਈਆ । ਬਿਨ ਭਜਨ ਬੰਦਗੀਓ ਪਾਰ ਕਰਾਵਾਂ, ਚੁਰਾਸੀ ਵਿਚ ਨਾ ਕੋਇ ਭਵਾਈਆ । ਕਲਜੁਗ ਸਾਗਰ ਪਾਰ ਕਰਾਵਾਂ, ਮੰਝਧਾਰ ਨਾ ਕੋਇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਅਗੰਮ ਅਥਾਹੀਆ । ਕੱਤਕ ਕਿਹਾ ਗੋਬਿੰਦ ਕਵਣ ਵਕਤ ਸੁਹੰਜਣਾ, ਸਚ ਦੇ ਦਰਸਾ । ਕੀ ਖੇਲ ਕਰੇ ਦਰਦ ਦੁੱਖ ਭੈ ਭੰਜਣਾ, ਪ੍ਰਭ ਦਾਤਾ ਬੇਪਰਵਾਹ । ਜਿਸ ਵੇਲੇ ਕਲਜੁਗ ਸਮਾਂ ਲੰਘਣਾ, ਕਵਣ ਨੂਰ ਹੋਵੇ ਰੁਸ਼ਨਾ । ਕਵਣ ਬਣੇ ਸਾਚਾ ਸੱਜਣਾ, ਦੁਰਮਤ ਮੈਲ ਦਏ ਧਵਾ । ਗੋਬਿੰਦ ਕਿਹਾ ਕੱਤਕ ਏਕਾ ਸ਼ਬਦ ਗੁਰੂ ਨੇ ਗੱਜਣਾ, ਤਤਾਂ ਵਾਲਾ ਗੁਰੂ ਰਹੇ ਕੋਇ ਨਾ । ਜਿਥੇ ਪੁਰਖ ਅਕਾਲ ਦਾ ਜੋਤੀ ਦੀਪਕ ਜਗਣਾ, ਉਹ ਸੰਬਲ ਸੁਹਾਵੇ ਥਾਂ । ਸਾਢੇ ਤਿੰਨ ਹੱਥ ਨਗਾਰਾ ਵੱਜਣਾ, ਡੰਕਾ ਇਕੋ ਦਿਆਂ ਜਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾਤਾ ਬੇਪਰਵਾਹ । ਗੋਬਿੰਦ ਕਹੇ ਕੱਤਕ ਉਹ ਹੋਣੀ ਰੁਤ ਸੁਹਾਉਣੀ, ਸੋਹਣੀ ਮਿਲੇ ਵਡਿਆਈਆ । ਪੁਰਖ ਅਕਾਲੇ ਜੋਤ ਜਗਾਉਣੀ, ਨਿਰਮਲ ਨੂਰ ਨੂਰ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰਾਂ ਆਸ ਪੂਰ ਕਰਾਉਣੀ, ਪੂਰਨ ਬ੍ਰਹਮ ਜਣਾਈਆ । ਕਲਜੁਗ ਕੂੜੀ ਕਿਰਿਆ ਆਪ ਮਿਟਾਉਣੀ, ਮੇਟਣਹਾਰ ਵੇਖ ਵਖਾਈਆ । ਸਦੀ ਚੌਧਵੀਂ ਲੇਖੇ ਲਾਉਣੀ, ਮੁਹੰਮਦ ਆਸਾ ਦਏ ਦੁਹਾਈਆ । ਸਦੀ ਵੀਹਵੀਂ ਖੇਲ ਖਲਾਉਣੀ, ਈਸਾ ਨੈਣਾਂ ਰਿਹਾ ਤਕਾਈਆ । ਮੂਸਾ ਧਾਰ ਆਪ ਜਗਾਉਣੀ, ਮੁਸਲਸਲ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਮਾਲਕ ਇਕ ਅਖਵਾਈਆ । ਸੰਮਤ ਸ਼ਹਿਨਸ਼ਾਹੀ ਪੰਜ ਕਹੇ ਜਗ ਆਇਆ ਕੱਤਕ ਮਹੀਨਾ, ਮਹਾਂ ਮੰਤ ਗ੍ਰੰਥ ਸਕੇ ਨਾ ਕੋਇ ਸਮਝਾਈਆ ।

੧੩੦ ੨੨

ਜਿਸ ਵੇਲੇ ਖੇਲ ਵੇਖਣਾ ਲੋਕ ਤੀਨਾ, ਤ੍ਰੈਗੁਣ ਅਤੀਤਾ ਦਏ ਜਣਾਈਆ । ਕੁਛ ਝਗੜਾ ਹੋਣਾ ਰੂਸਾ ਚੀਨਾ, ਚਾਰ ਕੁੰਟ ਕੁੰਟ ਕੁਰਲਾਈਆ । ਕਲਜੁਗ ਠਾਂਡਾ ਕਰੇ ਕੋਇ ਨਾ ਸੀਨਾ, ਅਗਨੀ ਤਤ ਨਾ ਕੋਇ ਬੁਝਾਈਆ । ਹਰਿ ਕਾ ਨਾਮ ਰਿਦੇ ਕੋਇ ਨਾ ਚੀਨਾ, ਚਿੰਤਾ ਚਿਖਾ ਦੂਰ ਨਾ ਕੋਇ ਕਰਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਏ ਗ਼ਮਗੀਨਾ, ਗ਼ਮਖ਼ਾਰ ਨਾ ਮਿਲੇ ਧੁਰ ਦਾ ਮਾਹੀਆ । ਰੰਗ ਚਾੜ੍ਹੇ ਨਾ ਕੋਇ ਨਵੀਨਾ, ਨਵ ਨੌਂ ਚਾਰ ਪੰਧ ਮੁਕਾਈਆ । ਸਚ ਸੰਦੇਸ਼ਾ ਦਿਤਾ ਗੋਬਿੰਦ ਜਿਸ ਵੇਲੇ ਹੱਥ ਰੱਖਿਆ ਉਪਰ ਜ਼ੀਨਾ, ਪਾਖਰ ਪਹਿਲੀ ਵਾਰ ਨੀਲੇ ਉਤੇ ਟਿਕਾਈਆ । ਜਗਤ ਜੀਵ ਜਹਾਨ ਧਰਮ ਦੀ ਧਾਰ ਹੋਣਾ ਕਮੀਨਾ, ਸ਼ਾਹ ਸ਼ਾਹਕਾਰ ਰੂਪ ਨਾ ਕੋਇ ਧਰਾਈਆ । ਕੋਟਾਂ ਵਿਚੋਂ ਗੁਰਮੁਖ ਮਿਲੇ ਨਾ ਕੋਇ ਨਗੀਨਾ, ਜਿਸ ਉਤੇ ਨਿਗਾਹ ਗੋਬਿੰਦ ਲਏ ਟਿਕਾਈਆ । ਉਸ ਵੇਲੇ ਮੇਰੇ ਸਾਹਿਬ ਆਉਣਾ ਪਰਬੀਨਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਫੇਰਾ ਪਾਈਆ । ਜਿਸ ਪਰਗਟ ਹੋਣਾ ਉਤੇ ਜ਼ਮੀਨਾ, ਧਰਨੀ ਧਰਤ ਧਵਲ ਧੌਲ ਕਰੇ ਰੁਸ਼ਨਾਈਆ । ਜਿਸ ਦੀ ਇਕੋ ਮੰਜ਼ਲ ਤੇ ਇਕੋ ਜੀਨਾ, ਇਕੋ ਮੰਦਰ ਦਏ ਵਖਾਈਆ । ਜਿਥੇ ਝਗੜਾ ਨਹੀਂ ਨਰ ਮਦੀਨਾ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸੰਮਤ ਪੰਜ ਕਹੇ ਮੈਂ ਆਇਆ ਮਾਤਲੋਕ ਜਗ, ਜਗਤ ਦਿਆਂ ਜਣਾਈਆ । ਬਿਨਾ ਸ਼ਬਦ ਗੁਰੂ ਤੋਂ ਕਿਸੇ ਨਹੀਂ ਬੁਝਾਉਣੀ ਅੱਗ, ਅਗਨੀ ਤਤ ਨਾ ਕੋਇ ਗਵਾਈਆ । ਮੰਜ਼ਲ ਮਿਲਣੀ ਨਹੀਂ ਉਪਰ ਸ਼ਾਹਰਗ, ਸ਼ਹਿਨਸ਼ਾਹ ਦਰਸ ਕੋਇ ਨਾ ਪਾਈਆ ।
੧੩੧ ਬਿਨਾ ਮੁਰਸ਼ਦ ਮੁਰੀਦਾਂ ਕਰਨਾ ਹੱਜ, ਕਾਇਆ ਕਾਅਬੇ ਮਿਲੇ ਨਾ ਨੂਰ ਇਲਾਹੀਆ । ਜਿਸ ਨੇ ਚਾਰ ਜੁਗ ਦੇ ਅਵਤਾਰ ਲੈਣੇ ਸੱਦ, ਪੈਗ਼ੰਬਰਾਂ ੧੩੧
੨੨ ਜੋੜ ਜੁੜਾਈਆ । ਸਚ ਦੱਸੋ ਤੁਸਾਂ ਮਿਲ ਕੇ ਰਹਿਣਾ ਕਿ ਅੱਡ, ਵੱਖੋ ਵੱਖਰਾ ਦਰ ਸੁਹਾਈਆ । ਓਸ ਵੇਲੇ ਸਭ ਨੇ ਕਹਿਣਾ ਪ੍ਰਭੂ ਆਪਣਾ ਧਰਮ ੨੨
ਨਿਸ਼ਾਨਾ ਗੱਡ, ਗਾਈਡ ਗੌਡ ਗੁਡ ਇਕੋ ਨਜ਼ਰੀ ਆਈਆ । ਸਾਡੀ ਰਹੀ ਨਾ ਕੋਈ ਹੱਦ, ਦੀਨ ਮਜ਼੍ਹਬ ਗਏ ਤਜਾਈਆ । ਤੂੰ ਵਿਸ਼ਵ ਧਾਰ ਵਿਸ਼ਵ ਤੇਰੀ ਯਦ, ਆਦਿ ਅੰਤ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ । ਕੱਤਕ ਕਹੇ ਸੰਮਤ ਪੰਜ ਅੰਤ ਮਾਰ ਲੈ ਝਾਕੀ, ਮਾਤਲੋਕ ਧਿਆਨ ਲਗਾਈਆ । ਸੰਮਤ ਪੰਜ ਕਿਹਾ ਆਹ ਵੇਖ ਮੇਰੇ ਕੋਲ ਗੋਬਿੰਦ ਵਾਲੀ ਪਾਤੀ, ਪਤਰਕਾ ਦਿਆਂ ਵਖਾਈਆ । ਜਿਸ ਦਾ ਲੇਖ ਲਿਖਿਆ ਉਪਰ ਛਾਤੀ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਪ੍ਰਭੂ ਜਿਸ ਵੇਲੇ ਕਲਜੁਗ ਅੰਤਮ ਬਣ ਕੇ ਆਵੇਂ ਕਮਲਾਪਾਤੀ, ਪਤਿਪਰਮੇਸ਼ਵਰ ਰੂਪ ਵਟਾਈਆ । ਮੈਂ ਸ਼ਬਦ ਗੁਰੂ ਤੇਰਾ ਹੋਵਾਂ ਸਾਥੀ, ਸਗਲਾ ਸੰਗ ਬਣਾਈਆ । ਦੋਹਾਂ ਨੇ ਇਕ ਦੂਜੇ ਦੀ ਮੰਨਣੀ ਆਖੀ, ਆਖ਼ਰ ਇਕੋ ਰੰਗ ਰੰਗਾਈਆ । ਜਿਹੜਾ ਪੰਥ ਸਜਾਇਆ ਇਕ ਸੱਤ ਪੰਜ ਛੇ ਦੀ ਵਸਾਖੀ, ਅੰਤ ਮੈਨੂੰ ਇਹ ਵੀ ਵਿਸਰ ਜਾਈਆ । ਮੇਰੀ ਮੰਜ਼ਲ ਚੜ੍ਹੇ ਕੋਇ ਨਾ ਘਾਟੀ, ਦਰ ਤੇਰਾ ਨਾ ਕੋਇ ਸੁਹਾਈਆ । ਫੇਰ ਦੋਹਾਂ ਨੇ ਖੇਲ ਕਰਨਾ ਲੋਕਮਾਤੀ, ਮਤਾ ਸ਼ਬਦ ਜੋਤ ਪਕਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧੇਰੀ ਰਾਤੀ, ਸਤਿਜੁਗ ਸਚ ਚੰਦ ਚਮਕਾਈਆ । ਸਚ ਸੁਨੇਹੜਾ ਦੇਣਾ ਆਖੀ, ਧੁਰ ਸੰਦੇਸ਼ਾ ਨਾਮ ਸੁਣਾਈਆ । ਜਨ ਭਗਤੋ ਪੁਰਖ ਅਕਾਲਾ ਦੀਨ ਦਿਆਲਾ ਆਦਿ ਜੁਗਾਦਿ ਸਭ ਦਾ ਸਾਥੀ, ਸਗਲਾ ਸੰਗ ਬਣਾਈਆ । ਜਿਸ ਦਾ ਇਕ ਦਵਾਰਾ ਇਕ ਹਾਟੀ, ਵਣਜ ਵਣਜਾਰਾ ਇਕ ਹੋ ਜਾਈਆ । ਇਕੋ ਨਾਮ ਭੰਡਾਰਾ ਦੇਵੇ ਦਾਤੀ, ਦਇਆਵਾਨ

ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਪਰਦਾ ਆਪ ਉਠਾਈਆ । ਪਾਤੀ ਕਹੇ ਕੀ ਮੇਰੇ ਵਿਚ ਲਿਖਿਆ, ਅੱਖਰ ਦੇਣ ਗਵਾਹੀਆ । ਗੋਬਿੰਦ ਗੋਬਿੰਦ ਦਿਤੀ ਸਿਖਿਆ, ਗੋਬਿੰਦ ਗੋਬਿੰਦ ਜਣਾਈਆ । ਬਿਨਾ ਗੋਬਿੰਦ ਤੋਂ ਗੋਬਿੰਦ ਕਰੇ ਕਿਸੇ ਨਾ ਹਿਤਿਆ, ਗੋਬਿੰਦ ਮੇਲ ਨਾ ਕੋਇ ਮਿਲਾਈਆ । ਕਲਜੁਗ ਅੰਤਮ ਖੇਲ ਅਬਿਨਾਸ਼ੀ ਅਚੁਤਿਆ, ਪਾਰਬ੍ਰਹਮ ਪ੍ਰਭ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਪੈਂਡਾ ਜਾਂਦਾ ਮੁੱਕਿਆ, ਮੁਕੰਮਲ ਪੈਗ਼ੰਬਰ ਧਿਆਨ ਲਗਾਈਆ । ਲੇਖਾ ਰਹਿਣ ਨਹੀਂ ਦੇਣਾ ਜਗਤ ਲੁਕਿਆ, ਹੁਕਮ ਧੁਰ ਦਾ ਇਕ ਸੁਣਾਈਆ । ਇਕੋ ਜੋਧਾ ਸੂਰ ਉਠਿਆ, ਸ਼ਬਦ ਗੁਰੂ ਬਲਧਾਰੀ ਨਜ਼ਰੀ ਆਈਆ । ਜੋ ਪ੍ਰਭ ਦੇ ਹੁਕਮ ਅੰਦਰ ਜੁਟਿਆ, ਜਟਾਂ ਜੂਟਾਂ ਕਰੇ ਸਫ਼ਾਈਆ । ਲਹਿਣਾ ਮੁਕਾਏ ਈਸਾ ਮੂਸਿਆ, ਮੁਹੰਮਦ ਲੇਖਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਚ ਹੁਕਮ ਸੁਣੇ ਪ੍ਰਭ ਸਵਾਮੀ, ਹਰਿ ਕਰਤਾ ਆਪ ਜਣਾਈਆ । ਪੁਰਖ ਅਕਾਲਾ ਅੰਤਰਜਾਮੀ, ਪਰਦਾ ਰਿਹਾ ਚੁਕਾਈਆ । ਸਤਿਜੁਗ ਦੀ ਸੱਚੀ ਬਾਣੀ, ਬਾਣ ਅਣਿਆਲਾ ਤੀਰ ਲਗਾਈਆ । ਝਗੜਾ ਮੁਕਣਾ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਲੇਖਾ ਰਹੇ ਨਾ ਰਾਈਆ । ਅੰਮ੍ਰਿਤ ਦੇਣਾ ਠੰਡਾ ਪਾਣੀ, ਨਿਝਰ ਝਿਰਨਾ ਇਕ ਝਿਰਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਵੇਖਣਾ ਖੇਲ ਮਹਾਨੀ, ਹਰਿ ਕਰਤਾ ਆਪ ਦ੍ਰਿੜਾਈਆ । ਮੰਜ਼ਲ ਰਹੇ ਨਾ ਕਿਸੇ ਰੁਹਾਨੀ, ਰੂਹ ਬੁਤ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਘਰ ਵਸਾਈਆ । ਕੱਤਕ ਕਹੇ ਜਨ ਭਗਤੋ ਦੱਸਾਂ ਇਕ ਵਿਚਾਰ, ਵਿਚਰ ਕੇ ਦਿਆਂ ਸੁਣਾਈਆ । ਖੇਲ ਕਰੇ ਹਰਿ ਦਾਤਾਰ, ਦਇਆਵਾਨ ਵਡਿਆਈਆ । ਸਭ ਨੇ ਰਹਿਣਾ ਹੁਸ਼ਿਆਰ, ਮਨ ਮਮਤਾ ਮੋਹ ਗਵਾਈਆ । ਕਰਨਾ ਇਕ ਪਿਆਰ, ਏਕੰਕਾਰ ਸੱਚੀ ਸਰਨਾਈਆ । ਸ਼ਬਦ ਗੁਰੂ ਸਿਕਦਾਰ, ਜੁਗ ਜੁਗ ਹੁਕਮ ਮਨਾਈਆ । ਸਦੀ ਚੌਧਵੀਂ ਕਰੇ ਖ਼ਬਰਦਾਰ, ਬੇਖ਼ਬਰਾਂ ਆਪ ਉਠਾਈਆ । ਪੁਰਖ ਅਕਾਲ ਦਾ ਲੱਗਣਾ ਇਕ ਦਰਬਾਰ, ਦਰਬਾਰੀ ਸੋਹਣੇ ਸੋਭਾ ਪਾਈਆ । ਓਨ੍ਹਾਂ ਦੇ ਗਲ ਵਿਚ ਤਿੰਨ ਤਿੰਨ ਪਾਉਣੇ ਹਾਰ, ਤਿੰਨਾਂ ਰੰਗਾਂ ਰੰਗ ਰੰਗਾਈਆ । ਲਾਲ ਰੰਗ ਲੱਗਾ ਹੋਵੇ ਬਿੰਦੀ ਰੂਪ ਦਸਤਾਰ, ਮਸਤਕ ਸਾਹਮਣੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਇਕ ਰੰਗਾਈਆ । ਕੱਤਕ ਕਹੇ ਦਰਬਾਰੀ ਪੰਜੇ ਕਿਸੇ ਆਇਓ ਵਿਚ ਨਾ ਦੱਬੇ, ਦਬਦਬਾ ਨਜ਼ਰ ਕੋਇ ਨਾ ਆਈਆ । ਭਗਤ ਸੁਹੇਲੇ ਬਣ ਕੇ ਸਭੇ, ਸਭਾ ਆਪਣੀ ਲੈਣੀ ਬਣਾਈਆ । ਇਕੋ ਨੂਰ ਜੋਤ ਜਗੇ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਸਾਰਿਆਂ ਰਹਿਣਾ ਇਕ ਦੂਜੇ ਦੇ ਸੱਜੇ ਖੱਬੇ, ਅੱਗੇ ਕਦਮ ਨਾ ਕੋਇ ਟਿਕਾਈਆ । ਨਾਮ ਡੋਰੀ ਵਿਚ ਰਹਿਣਾ ਬੱਧੇ, ਪੀਆ ਪ੍ਰੀਤਮ ਧਿਆਨ ਰਖਾਈਆ । ਵੇਖਿਓ ਛੱਬੀ ਪੋਹ ਦੀ ਰੈਣ ਭਗਤਾਂ ਮਿਲਦੇ ਮਜ਼ੇ, ਮਜ਼ਾਕ ਹੋਵੇ ਜਗਤ ਲੋਕਾਈਆ । ਇਹ ਲੇਖਾ ਦੱਸਣਾ ਥੋੜਾ ਜਿਹਾ ਅੱਜੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਚ ਦਾ ਹੁਕਮ ਇਕ ਵਰਤਾਈਆ । ਹੁਕਮ ਕਹੇ ਮੈਂ ਹੁਕਮ ਅਗੰਮਾ, ਮਨ ਮਤ ਬੁਧ ਨਾ ਕੋਇ ਚਤੁਰਾਈਆ । ਕਿਸੇ ਜਨਣੀ ਕੁੱਖ ਵਿਚੋਂ ਨਾ ਜੰਮਾ, ਤਨ ਵਜੂਦ ਨਾ ਕੋਇ ਰਖਾਈਆ । ਨਾ ਕੋਇ ਲਾਲਚ ਨਾ ਕੋਇ ਤਮਾਂ, ਤਮੰਨਾ ਵਿਚ ਨਾ ਕੋਇ ਦੁਹਾਈਆ । ਨਾ ਕੋਇ ਹਰਖ ਸੋਗ ਗ਼ਮਾ, ਚਿੰਤਾ ਚਿਖਾ ਨਾ ਕੋਇ ਜਲਾਈਆ । ਮੈਂ ਤਕਦਾ ਕਵਣ ਵੇਲਾ ਮੇਰੇ ਪੁਰਖ

ਅਕਾਲ ਦਾ ਆਵੇ ਸਮਾਂ, ਸਮਾਪਤ ਹੋਵੇ ਕੂੜ ਲੋਕਾਈਆ । ਝਗੜਾ ਮੇਟੇ ਕਾਇਆ ਚੰਮਾ, ਚੰਮ ਦ੍ਰਿਸ਼ਟੀ ਡੇਰਾ ਢਾਈਆ । ਇਕੋ ਨਾਮ ਪਵਣ ਸਵਾਸ ਜਣਾਏ ਦਮਾ, ਦਾਮਨਗੀਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਪਰਦਾ ਆਪ ਉਠਾਈਆ । ਪਰਦਾ ਕਹੇ ਮੈਂ ਜਾਣਾ ਉਠ, ਲੋਕਮਾਤ ਰਹਿਣ ਨਾ ਪਾਈਆ । ਸਾਹਿਬ ਸਤਿਗੁਰ ਜਾਣਾ ਤੁਠ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਿਸ ਨੇ ਦੱਸਣੀ ਆਤਮ ਪਰਮਾਤਮ ਇਕੋ ਤੁਕ, ਤੂੰ ਮੇਰਾ ਮੈਂ ਤੇਰਾ ਸਚ ਪੜ੍ਹਾਈਆ । ਅੰਤਮ ਬਦਲ ਕੇ ਆਪਣਾ ਰੁਖ਼, ਰਸਤਾ ਅਵਰ ਰਿਹਾ ਜਣਾਈਆ । ਪੁਰਖ ਅਕਾਲਾ ਜੰਮਿਆ ਕਿਸੇ ਨਾ ਕੁੱਖ, ਜਨਣੀ ਗੋਦ ਨਾ ਕੋਇ ਟਿਕਾਈਆ । ਉਲਟਾ ਗਰਭ ਨਾ ਹੋਇਆ ਰੁੱਖ਼, ਦਸ ਦਸ ਮਾਸ ਨਾ ਅਗਨ ਤਪਾਈਆ । ਪੰਜ ਭੂਤ ਨਾ ਬਣਿਆ ਮਨੁੱਖ, ਹੱਥ ਪੈਰ ਨਾ ਕੋਇ ਵਡਿਆਈਆ । ਪਿਤਾ ਗੋਦ ਨਾ ਬੈਠਾ ਪੁੱਤ, ਤਨ ਵਜੂਦ ਨਾ ਕੋਇ ਰਖਾਈਆ । ਆਪਣੀ ਆਪ ਸੁਹਾਈ ਰੁਤ, ਰੁਤੜੀ ਆਪ ਮਹਿਕਾਈਆ । ਕਰ ਪ੍ਰਕਾਸ਼ ਅਬਿਨਾਸ਼ੀ ਅਚੁਤ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਕੂੜੀ ਕਿਰਿਆ ਮੇਟ ਕੇ ਦੁੱਖ, ਦਰਦੀਆਂ ਹੋਏ ਸਹਾਈਆ । ਜਨ ਭਗਤਾਂ ਉਜਲ ਕਰ ਕੇ ਮੁਖ, ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸੰਮਤ ਪੰਜ ਕਹੇ ਮੈਂ ਪਿਛਾ ਦਿਤਾ ਛਡ, ਅੱਗੇ ਦਿਆਂ ਜਣਾਈਆ । ਜਨ ਭਗਤੋ ਧਰਮ ਦੀ ਧਾਰ ਕੂੜੀ ਕਿਰਿਆ ਨਾਲੋਂ ਹੋ ਜਾਓ ਅੱਡ, ਵੱਖਰਾ ਘਰ ਸੁਹਾਈਆ । ਜਿਥੇ ਦੀਨ ਮਜ਼੍ਹਬ ਦੀ ਨਹੀਂ ਕੋਈ ਹੱਦ, ਉਹ ਦਵਾਰਾ ਇਕੋ ਸੋਭਾ ਪਾਈਆ । ਇਕ ਦੂਜੇ ਨੂੰ ਲਓ ਸੱਦ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਖ਼ੁਸ਼ੀਆਂ ਵਿਚ ਗਾਓ ਸਦ, ਤੂੰ ਮੇਰਾ ਮੈਂ ਤੇਰਾ ਇਕੋ ਧੁਰ ਦਾ ਰਾਗ ਅਲਾਈਆ । ਨਾਮ ਖ਼ੁਮਾਰੀ ਪੀਉ ਮਦਿ, ਮਧੁਰ ਧੁਨ ਸੁਣੋ ਚਾਈਂ ਚਾਈਆ । ਛੱਬੀ ਪੋਹ ਨੂੰ ਹਰਿ ਸੰਗਤ ਆਉਣਾ ਸਜ, ਸੱਜਣ ਵੇਖਣਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸੰਮਤ ਸ਼ਹਿਨਸ਼ਾਹੀ ਪੰਜ ਕਹੇ ਪੰਜਾਂ ਗੁਰਮੁਖਾਂ ਕੋਲ ਹੋਵੇ ਪੰਚਮ ਧਾਰ, ਪਰਪੰਚ ਨਜ਼ਰ ਕੋਇ ਨਾ ਆਈਆ । ਓਨਾਂ ਦੀ ਛਾਤੀ ਤੇ ਲਿਖਿਆ ਹੋਵੇ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵੇਖਣ ਥਾਉਂ ਥਾਈਂਆ । ਉਹ ਚਲਣ ਵਿਚ ਇਕ ਕਤਾਰ, ਅੱਗੇ ਪਿਛੇ ਕਦਮ ਨਾ ਕੋਇ ਉਠਾਈਆ । ਖੱਬਾ ਹੱਥ ਰੱਖਿਆ ਹੋਵੇ ਉਪਰ ਦਸਤਾਰ, ਨੌਂ ਗਿਆਰਾਂ ਕਦਮ ਚਲ ਕੇ ਫੇਰ ਹੇਠਾਂ ਲੈਣ ਕਰਾਈਆ । ਮੁਖੋਂ ਕਹਿਣ ਸੱਬਰ ਵੇਖਿਆ ਯਾਰ, ਯਾਰੜਾ ਗਿਆ ਹੰਢਾਈਆ । ਇਹ ਖੇਲ ਸੱਚੀ ਸਰਕਾਰ, ਹਰਿ ਕਰਤਾ ਆਪ ਵਖਾਈਆ । ਲਹਿਣਾ ਚੁਕਣਾ ਭਗਤ ਦਵਾਰ, ਭਗਵਨ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਛੱਬੀ ਪੋਹ ਕਹੇ ਮੈਂ ਦੇਣੀ ਸ਼ਾਬਾਸ਼, ਧੁਰ ਦਾ ਹੁਕਮ ਸੁਣਾਈਆ । ਪੰਜਾਂ ਗੁਰਮੁਖਾਂ ਅੰਦਰ ਰੱਖੀ ਹੋਵੇ ਆਸ, ਪ੍ਰਭ ਮਿਲਣਾ ਧੁਰਦਰਗਾਹੀਆ । ਓਨ੍ਹਾਂ ਦੀ ਇਕੋ ਹੋਵੇ ਜ਼ਾਤ, ਦੂਜੀ ਵੰਡ ਨਾ ਕੋਇ ਵੰਡਾਈਆ । ਹੱਥ ਵਿਚ ਫੜੀ ਹੋਵੇ ਕਲਮ ਦਵਾਤ, ਕਾਗ਼ਜ਼ ਕੋਰੇ ਨਾਲ ਸੁਹਾਈਆ । ਇਹਦਾ ਲੇਖਾ ਦੱਸਣਾ ਛੱਬੀ ਪੋਹ ਦੀ ਰਾਤ, ਰੈਣ ਭਿੰਨੜੀ ਦਏ ਗਵਾਹੀਆ । ਕਿਉਂ ਪੁਰਖ ਅਕਾਲ ਪਰਗਟ ਹੋਇਆ ਲੋਕਮਾਤ, ਧਰਨੀ ਧਰਤ ਧਵਲ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸੰਮਤ

ਕਹੇ ਮੈਨੂੰ ਆਇਆ ਯਾਦ ਪਿਛਲਾ ਵੇਲਾ, ਵਕਤ ਨਾਲ ਜਣਾਈਆ । ਨਿਰਗੁਣ ਧਾਰ ਕੀ ਖੇਲ ਖੇਲਾ, ਕਲਜੁਗ ਅੰਤਮ ਲਏ ਅੰਗੜਾਈਆ । ਕੀ ਲਹਿਣਾ ਹੋਣਾ ਗੁਰੂ ਗੁਰ ਚੇਲਾ, ਚੇਲਾ ਗੁਰ ਧਾਰ ਦੇਣੀ ਸਮਝਾਈਆ । ਸਦੀ ਚੌਧਵੀਂ ਅੰਤਮ ਵੇਖਣਾ ਮੇਲਾ, ਵੇਖਣਹਾਰ ਨੂਰ ਇਲਾਹੀਆ । ਮਿੱਤਰ ਦਿਸੇ ਨਾ ਕੋਇ ਸੱਜਣ ਸੁਹੇਲਾ, ਸੰਗੀ ਸੰਗ ਨਾ ਕੋਇ ਨਿਭਾਈਆ । ਪੰਜਾਂ ਗੁਰਮੁਖਾਂ ਗਲ ਵਿਚ ਪਾਈਆਂ ਹੋਣ ਹਮੇਲਾਂ, ਘੁੰਗਰੂ ਫੜ ਕੇ ਦੇਣ ਛਣਕਾਈਆ । ਮੁਖੋਂ ਕਹਿਣ ਕਲਜੁਗ ਅੰਤਮ ਜਾਣਾ ਧਰਮ ਰਾਏ ਦੀ ਜੇਲਾ, ਬਿਨਾ ਸ਼ਬਦ ਗੁਰੂ ਤੋਂ ਹੋਏ ਨਾ ਕੋਇ ਸਹਾਈਆ । ਇਹ ਸੰਸਾਰ ਕੂੜੀ ਕਿਰਿਆ ਦਾ ਬੇਲਾ, ਜੰਗਲ ਜੂਹ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਹੁਕਮ ਕਹੇ ਪ੍ਰਭ ਹੁਕਮ ਅਪਾਰਾ, ਅਪਰੰਪਰ ਰਿਹਾ ਜਣਾਈਆ । ਜਿਸ ਨੇ ਖੇਲ ਕਰਨਾ ਵਿਚ ਸੰਸਾਰਾ, ਸਹਿੰਸਾ ਅਵਰ ਰਹੇ ਨਾ ਰਾਈਆ । ਨਿਰਗੁਣ ਧਾਰ ਲਏ ਅਵਤਾਰਾ, ਜੋਤੀ ਜੋਤ ਡਗਮਗਾਈਆ । ਖੇਲੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਧੁਰਦਰਗਾਹੀਆ । ਜੋ ਗੋਬਿੰਦ ਦੇ ਕੇ ਗਿਆ ਇਸ਼ਾਰਾ, ਅਗੰਮੀ ਰਮਜ਼ ਨਾਲ ਜਣਾਈਆ । ਮਾਝੇ ਵਿਚੋਂ ਉਨੀ ਗੁਰਸਿਖ ਜਿਨ੍ਹਾਂ ਸੱਜੇ ਖੱਬੇ ਬੰਨ੍ਹੀਆਂ ਹੋਣ ਦਸਤਾਰਾਂ, ਦਸਤ ਲਾਲ ਰੰਗ ਰੰਗਾਈਆ । ਉਹ ਮਾਰਨ ਧੁਰ ਦਾ ਨਾਅਰਾ, ਉਚੀ ਕੂਕ ਕੂਕ ਸੁਣਾਈਆ । ਇਹੋ ਨੂਰ ਅਗੰਮੀ ਚਵੀਵਾਂ ਅਵਤਾਰਾ, ਅਮਾਮ ਅਮਾਮਾ ਸੋਭਾ ਪਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਗੁਰ ਕਰਦੇ ਨਿਮਸਕਾਰਾ, ਸੱਜਦਿਆਂ ਵਿਚ ਸੀਸ ਝੁਕਾਈਆ । ਉਹ ਖੇਲ ਕਰੇ ਨਿਆਰਾ, ਨਿਰਾਕਾਰ ਆਪਣਾ ਪੜਦਾ ਲਾਹੀਆ । ਜਿਸ ਦਾ ਰੂਪ ਬਦਲਿਆ ਦੁਬਾਰਾ, ਸਰਗੁਣ ਨਿਰਗੁਣ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਦਏ ਦ੍ਰਿੜਾਈਆ । ਸੰਮਤ ਪੰਜ ਕਹੇ ਮੈਂ ਸਚ ਦ੍ਰਿੜਾਵਾਂਗਾ । ਜਨ ਭਗਤੋ ਦ੍ਰਿੜ ਵਿਸ਼ਵਾਸ, ਆਪ ਕਰਾਵਾਂਗਾ । ਜ਼ਰਾ ਵੇਖਿਓ ਉਪਰ ਪ੍ਰਿਥਮੀ ਆਕਾਸ਼, ਅਕਲ ਕਲਧਾਰੀ ਨਾਲ ਰਲਾਵਾਂਗਾ । ਤੁਸੀਂ ਓਸ ਦੇ ਉਹ ਤੁਹਾਡਾ ਰਹੇ ਦਾਸ, ਦਾਸੀ ਦਾਸ ਰੂਪ ਜਣਾਵਾਂਗਾ । ਆਤਮਾ ਪਰਮਾਤਮਾ ਵਸਣਾ ਇਕ ਦੂਜੇ ਦੇ ਪਾਸ, ਪਾਸਾ ਦਿਵਸ ਰੈਣ ਨਾ ਕਦੇ ਪਰਤਾਵਾਂਗਾ । ਜਨ ਭਗਤੋ ਤੁਹਾਨੂੰ ਪ੍ਰਭ ਦੀ ਕਰਨੀ ਨਾ ਪਏ ਤਲਾਸ਼, ਜੰਗਲਾਂ ਜੂਹਾਂ ਵਿਚੋਂ ਬਾਹਰ ਕਢਾਵਾਂਗਾ । ਜੋ ਮਾਲਕ ਤੁਹਾਡਾ ਖ਼ਾਸ, ਖ਼ਾਲਸ ਤੁਹਾਡੇ ਘਰ ਵਖਾਵਾਂਗਾ । ਜਿਸ ਨੂੰ ਝੁਕਦੇ ਪ੍ਰਿਥਮੀ ਆਕਾਸ਼ ਗਗਨ ਗਗਨੰਤਰ ਲੇਖ ਮੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਹਾਡੇ ਲੇਖੇ ਲਾਵੇ ਸਵਾਸ ਸਵਾਸ, ਸਾਹ ਸਾਹ ਸਾਚਾ ਰੰਗ ਰੰਗਾਵਾਂਗਾ । ਛੱਬੀ ਪੋਹ ਕਹੇ ਕੱਤਕ ਤੂੰ ਦੱਸੀ ਨਹੀਂ ਕਹਾਣੀ, ਕਿਉਂ ਬੈਠਾ ਮੁਖ ਛੁਪਾਈਆ । ਕੀ ਪ੍ਰਭੂ ਨੇ ਨਵੀਂ ਦੱਸਣੀ ਬਾਣੀ, ਜੇਹੜੀ ਚਾਰ ਜੁਗ ਨਾ ਕਿਸੇ ਲਿਖਾਈਆ । ਸਮਝਣੀ ਨਹੀਂ ਵਿਚੋਂ ਕਿਸੇ ਚਾਰ ਖਾਣੀ, ਅਕਲ ਬੁਧੀ ਚਲੇ ਨਾ ਕੋਇ ਚਤੁਰਾਈਆ । ਜਨ ਭਗਤੋ ਇਕੋ ਵਾਰ ਤੁਹਾਨੂੰ ਅੰਮ੍ਰਿਤ ਆਤਮ ਦੇਣਾ ਪਾਣੀ, ਨਿਝਰ ਝਿਰਨਾ ਦੇਣਾ ਝਿਰਾਈਆ । ਆਤਮਾ ਪਰਮਾਤਮਾ ਬਣਾ ਕੇ ਹਾਣੀ, ਸੁਰਤੀ ਸ਼ਬਦ ਨਾਲ ਜੁੜਾਈਆ । ਤੁਹਾਡਾ ਝਗੜਾ ਰਹਿਣ ਨਹੀਂ ਦੇਣਾ ਜਿਸਮਾਨੀ, ਜਿਸਮ ਜ਼ਮੀਰ ਦੇਣਾ ਬਦਲਾਈਆ । ਮੰਜ਼ਲ ਦੱਸ ਇਕ ਆਸਾਨੀ, ਅਸਲ ਵਸਲ ਦੇਣਾ ਕਰਾਈਆ । ਗੁਰਮੁਖੋ ਗੁਰੂ ਪਿਛੇ ਗੁਰਸਿਖ ਨੂੰ ਦੇਣੀ ਨਾ ਪਏ ਕੁਰਬਾਨੀ, ਸਤਿਗੁਰ ਸ਼ਬਦ ਸਦਾ ਸਦਾ ਸਿਰ ਆਪਣਾ ਹੱਥ ਟਿਕਾਈਆ । ਜਦ ਦੇਵੇ ਤੇ ਗੁਰਮੁਖਾਂ ਨੂੰ ਪ੍ਰੇਮ ਦੀ ਨਿਸ਼ਾਨੀ, ਨਿਸ਼ਾਨਾ ਧਰਮ ਦਾ ਦਏ ਝੁਲਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਛੱਬੀ ਪੋਹ ਕਹੇ ਕੱਤਕ ਕਿਉਂ ਆਲਸ ਨਿੰਦਰਾ ਵਿਚ ਸੋਇਆ, ਸੁੱਤਿਆ ਲੈ ਅੰਗੜਾਈਆ । ਪੁਰਖ ਅਕਾਲ ਆਦਿ ਅੰਤ ਨਵਾਂ ਨਰੋਆ, ਨਰ ਨਰਾਇਣ ਇਕੋ ਰੂਪ ਸਮਾਈਆ । ਜਿਸ ਦਾ ਬੀਜ ਕਿਸੇ ਨਾ ਬੋਇਆ, ਜੰਮਣ ਵਾਲੀ ਕੋਇ ਨਾ ਮਾਈਆ । ਆਪਣੇ ਵਰਗਾ ਉਹ ਆਪੇ ਹੋਇਆ, ਦੂਜਾ ਰੂਪ ਨਾ ਕੋਇ ਦਰਸਾਈਆ । ਜਿਸ ਨੇ ਖੇਲ ਕਰਨਾ ਪਰੇ ਤ੍ਰੈਲੋਆ, ਤ੍ਰੈਲੋਕੀ ਨਾਥ ਝੁਕ ਝੁਕ ਲਾਗਣ ਪਾਈਆ । ਜਗਤ ਜਹਾਨ ਅੰਤਰ ਧਿਆਨ ਜਾਣਾ ਮੋਹਿਆ, ਮੁਹੱਬਤ ਆਪਣੇ ਨਾਲ ਰਖਾਈਆ । ਦੂਜਾ ਦਿਸੇ ਅਵਰ ਨਾ ਕੋਇਆ, ਦਵੈਤੀ ਵੰਡ ਨਾ ਕੋਇ ਵੰਡਾਈਆ । ਏਕਾ ਸ਼ਬਦ ਧਾਗੇ ਜੀਵ ਜਹਾਨ ਜਾਣਾ ਪਰੋਇਆ, ਪਰੋਹਤਾਂ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਛੱਬੀ ਪੋਹ ਕਹੇ ਕੱਤਕ ਕੀ ਕਰਮ ਕਾਂਡ ਦਾ ਝਗੜਾ, ਜੁਗ ਜੁਗ ਗ੍ਰੰਥਾਂ ਦਿਤਾ ਸੁਣਾਈਆ । ਕੁਛ ਭੇਤ ਦੱਸ ਅਗਲਾ, ਕੀ ਪ੍ਰਭ ਜੂ ਖੇਲ ਖਿਲਾਈਆ । ਵੇਖੀਂ ਬਣੀ ਨਾ ਬਪੜਾ ਬਗਲਾ, ਬਾਹਰੋਂ ਰੂਪ ਵਖਾਈਆ । ਫਿਰੀਂ ਨਾ ਜੂਹਾਂ ਜੰਗਲਾਂ, ਟਿੱਲੇ ਪਰਬਤ ਖੋਜ ਖੁਜਾਈਆ । ਬੱਝ ਨਾ ਜਾਈਂ ਸ਼ਰਅ ਵਾਲੇ ਸੰਗਲਾ, ਨਾਤਾ ਜਾਣਾ ਤੁੜਾਈਆ । ਕਿਉਂ ਨਾਨਕ ਨੀਤੀ ਦੱਸ ਕੇ ਗਿਆ ਹੋ ਕੇ ਕੰਗਲਾ, ਗ਼ਰੀਬ ਨਿਮਾਣਾ ਆਪਣਾ ਵੇਸ ਵਟਾਈਆ । ਜਗਤ ਜਹਾਨ ਰਹੇ ਨਾ ਅੰਧਲਾ, ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਸੁਣਾਈਆ । ਕੱਤਕ ਕਹੇ ਮੈਂ ਵੇਖਿਆ ਦੀਨ ਦੁਨੀ ਦਾ ਕਿੱਤਾ, ਚਾਰੋਂ ਕੁੰਟ ਧਿਆਨ ਲਗਾਈਆ । ਸਾਚਾ ਨਜ਼ਰ ਨਾ ਆਇਆ ਹਿੱਤਾ, ਹਿਤਕਾਰੀ ਰੂਪ ਨਾ ਕੋਇ ਦਰਸਾਈਆ । ਮਾਣ ਹੰਕਾਰ ਵਿੱਚ ਵੇਖਿਆ ਵੱਡਾ ਨਿੱਕਾ, ਹਉਮੇ ਗੜ੍ਹ ਨਾ ਕੋਇ ਤੁੜਾਈਆ । ਅੰਮ੍ਰਿਤ ਰਸ ਨਾ ਮਿਲਿਆ ਮਿੱਠਾ, ਵਿਖ ਕੂੜ ਭਰੀ ਲੋਕਾਈਆ । ਸਾਚਾ ਦਰ ਕਿਸੇ ਨਾ ਡਿੱਠਾ, ਧਰਮ ਦਵਾਰ ਰਹੇ ਕੁਰਲਾਈਆ । ਪੁਰਖ ਅਕਾਲ ਨੂੰ ਛਡ ਕੇ ਸ੍ਰਿਸ਼ਟੀ ਮੰਨਦੀ ਪੱਥਰ ਇੱਟਾਂ, ਪਾਹਨਾਂ ਸੀਸ ਨਿਵਾਈਆ । ਅੰਤ ਸਭ ਦਾ ਕਾਗ਼ਜ਼ ਕੋਰਾ ਤੇ ਲੇਖਾ ਚਿੱਟਾ, ਪ੍ਰਭ ਦੇ ਲੇਖੇ ਵਿਚ ਕੋਇ ਨਾ ਆਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਸਭ ਦਾ ਕਢਣਾ ਸਿੱਟਾ, ਸਿੱਟੇਬਾਜ਼ੀ ਦਾ ਲਹਿਣਾ ਸਭ ਦੀ ਝੋਲੀ ਪਾਈਆ । ਕਿਉਂ ਛੱਬੀ ਪੋਹ ਨੂੰ ਗੁਰ ਅਵਤਾਰ ਪਗ਼ੰਬਰਾਂ ਦੇ ਜਰਮ ਕਰਮ ਦਾ ਲੈ ਕੇ ਆਉਣਾ ਚਿੱਠਾ, ਦੀਨ ਮਜ਼੍ਹਬ ਦਾ ਲੇਖਾ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪੜਦਾ ਓਹਲਾ ਦਏ ਉਠਾਈਆ । ਛੱਬੀ ਪੋਹ ਕਹੇ ਕੱਤਕ ਕੁਛ ਦੱਸ ਦੇ ਹੋਰ, ਅੱਗੇ ਤੇ ਅੱਗੇ ਧਿਆਨ ਲਗਾਈਆ । ਕੱਤਕ ਕਹੇ ਮੈਂ ਕੀ ਦੱਸਾਂ ਜਿਧਰ ਤਕਾਂ ਸਾਰੇ ਦਿਸਣ ਚੋਰ, ਠੱਗੀ ਪ੍ਰਭ ਦੇ ਨਾਲ ਕਮਾਈਆ । ਰਸਨਾ ਨਾਮ ਜਪਦੇ ਅੰਤਰ ਕਠੋਰ, ਕਾਮ ਕਰੋਧ ਲੋਭ ਮੋਹ ਹੰਕਾਰ ਵਿਚ ਹਲਕਾਈਆ । ਸੁਰਤੀ ਸ਼ਬਦ ਸਕੇ ਨਾ ਕੋਇ ਜੋੜ, ਆਤਮ ਪਰਮਾਤਮ ਰੰਗ ਨਾ ਕੋਇ ਰੰਗਾਈਆ । ਮਨ ਵਾਸਨਾ ਕਾਮ ਕਲਪਣਾ ਇਸਤਰੀ ਪੁਰਸ਼ ਕੀ ਜਗਤ ਵਾਲੀ ਲੋੜ, ਲੋੜੀਂਦਾ ਸਾਜਣ ਹੱਥ ਕਿਸੇ ਨਾ ਆਈਆ । ਕੱਤਕ ਕਹੇ ਸਦੀ ਚੌਧਵੀਂ ਦੇ ਮਨੁਸ਼ਾਂ ਨਾਲੋਂ ਚੰਗੇ ਢੋਰ, ਜੋ ਖਾ ਪੀ ਕੇ ਪ੍ਰਭ ਦਾ ਸ਼ੁਕਰ ਮਨਾਈਆ । ਛੱਬੀ ਪੋਹ ਕਿਹਾ ਦੱਸ ਹੋਰ, ਹੋਰ ਦੇ ਸਮਝਾਈਆ । ਕੱਤਕ ਕਹੇ ਜਨ ਭਗਤਾਂ ਪ੍ਰਭੂ ਜਾਣਾ ਬਹੁੜ, ਬਹੁੜ ਗਲੇ ਲਗਾਈਆ । ਇਕੋ ਮੰਜ਼ਲ ਇਕੋ

ਦਵਾਰਾ ਇਕੋ ਨਾਮ ਲਗਾ ਕੇ ਪੌੜ, ਪਾਰਬ੍ਰਹਮ ਪ੍ਰਭ ਆਪਣਾ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਪੋਹ ਕਹੇ ਸੰਮਤ ਸ਼ਹਿਨਸ਼ਾਹੀ ਪੰਜ ਪੰਚ, ਪੰਚਮ ਦੇ ਸਮਝਾਈਆ । ਸ੍ਰਿਸ਼ਟੀ ਵੇਖਣੀ ਕਾਇਆ ਕੰਚ, ਕੰਚਨ ਗੜ੍ਹ ਫੋਲ ਫੁਲਾਈਆ । ਕੀ ਧਰਮ ਦਾ ਵੇਖਣਾ ਮੰਚ, ਕੀ ਕੂੜੀ ਕਿਰਿਆ ਸਿੰਘਾਸਣ ਰਹੀ ਜਮਾਈਆ । ਜਾਂ ਤੱਕਿਆ ਸਤਿ ਦੀ ਧਾਰ ਰਹੀ ਕੋਈ ਨਾ ਅੰਸ਼, ਬੰਸ ਸਰਬੰਸ ਨਾ ਕੋਇ ਵਡਿਆਈਆ । ਕਲਜੁਗ ਕੂੜ ਕੁੜਿਆਰਾ ਜਿਸ ਮਨ ਹੰਕਾਰੀ ਕੀਤਾ ਕੰਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ । ਕੱਤਕ ਕਹੇ ਔਹ ਕਲਜੁਗ ਆ ਗਿਆ ਨੱਠਾ, ਆਪਣਾ ਪੰਧ ਮੁਕਾਈਆ । ਸਭ ਨੂੰ ਕਰਦਾ ਠੱਠਾ, ਠੁੱਠਾ ਰਿਹਾ ਵਖਾਈਆ । ਭਾਵੇਂ ਕੋਈ ਅਵਤਾਰ ਪੈਗ਼ੰਬਰ ਗੁਰ ਪ੍ਰਭ ਦਾ ਬਣ ਕੇ ਆਇਆ ਪੱਠਾ, ਆਪਣਾ ਬਲ ਧਰਾਈਆ । ਮੈਂ ਸਭ ਦਾ ਲੇਖਾ ਮੁਕਾਉਣਾ ਇਕੱਠਾ, ਇਕੱਠਿਆਂ ਦਿਆਂ ਜਣਾਈਆ । ਜਾ ਕੇ ਵੇਖੇ ਦੀਨ ਮਜ਼੍ਹਬਾਂ ਵਿਚ ਪਾਇਆ ਰੱਟਾ, ਝਗੜਾ ਸਕੇ ਨਾ ਕੋਇ ਚੁਕਾਈਆ । ਧੂੜੀ ਖ਼ਾਕ ਛਾਰ ਉਡਦੀ ਘੱਟਾ, ਅੰਧ ਅੰਧੇਰ ਸਕੇ ਨਾ ਕੋਇ ਮਿਟਾਈਆ । ਉਹ ਮੁਹੰਮਦਾ ਵੇਖ ਲੈ ਤੇਰੀ ਸਦੀ ਚੌਧਵੀਂ ਦਾ ਪੂਰਾ ਹੋਣ ਵਾਲਾ ਪਟਾ, ਪਟਨੇ ਵਾਲਾ ਦਏ ਗਵਾਹੀਆ । ਤੁਹਾਡੇ ਸਾਰਿਆਂ ਦੇ ਬਦਲੇ ਇਕੋ ਸ਼ਬਦ ਗੁਰੂ ਦਾ ਵੱਟਾ, ਤੱਤਾਂ ਦਾ ਲੇਖਾ ਦੇਣਾ ਮੁਕਾਈਆ । ਤੁਹਾਡੀ ਕੀਮਤ ਪੈ ਗਈ ਹੱਟਾਂ ਵਿਚ ਟਕਾ, ਟਕਿਆਂ ਉਤੇ ਤੁਹਾਡਾ ਨਾਮ ਵਿਕ ਕੇ ਤੁਹਾਡਾ ਰੂਪ ਗਿਆ ਬਦਲਾਈਆ । ਜ਼ਰਾ ਵੇਖੋ ਵੜ ਕੇ ਵਿਚ ਤਤ ਅੱਠਾਂ, ਨੌਂ ਦਵਾਰੇ ਖੋਜ ਖੁਜਾਈਆ । ਸਭ ਦਾ ਚੀਥੜ ਪੁਰਾਣਾ ਫਟਾ, ਅੰਤਰ ਰੰਗ ਨਾ ਕੋਇ ਰੰਗਾਈਆ । ਨਾ ਕੋਈ ਸਿਖਿਆ ਰਹੀ ਨਾ ਕੋਈ ਧਰਮ ਧਾਰ ਦੀ ਮਤਾ, ਮਨਮਤ ਚਾਰੇ ਕੁੰਟ ਹੋਈ ਹਲਕਾਈਆ । ਨਾ ਕੋਈ ਧੀਰਜ ਰਹੀ ਨਾ ਕੋਈ ਜਤਾ, ਸਤਿ ਸੰਤੋਖ ਨਾ ਕੋਇ ਵਖਾਈਆ । ਗੁਰ ਅਵਤਾਰ ਪੈਗ਼ੰਬਰੋ ਆਪਣੀ ਦੁਨੀਆ ਵੇਖੋ ਰਤਾ, ਰਤਨ ਅਮੋਲਕ ਹੀਰਾ ਨਜ਼ਰ ਕੋਇ ਨਾ ਆਈਆ । ਕਿਧਰ ਗਏ ਤੁਹਾਡੇ ਰਾਗ ਛੱਤੀ ਛਤਾ, ਸ਼ਹਿਨਸ਼ਾਹ ਮੇਲ ਨਾ ਕੋਇ ਮਿਲਾਈਆ । ਕਿਧਰ ਗਏ ਸਪਾਰੇ ਤੀਸ ਬਤੀਸ ਬਤਾ, ਬੱਤੀ ਦੰਦ ਸਿਫ਼ਤ ਸਾਲਾਹੀਆ । ਕਿਧਰ ਗਏ ਧਿਆਏ ਦਸ ਅੱਠਾ, ਅੱਠ ਦਸ ਨਾਲ ਵਡਿਆਈਆ । ਕਿਧਰ ਗਏ ਸਲੋਕ ਚਾਰ ਲੱਖ ਸਤਾਰਾਂ ਹਜ਼ਾਰ ਅਠਾਰਾਂ ਪੁਰਾਨ ਕੀਤਿਆਂ ਇਕੱਠਾ, ਇਕੱਠਿਆਂ ਦਾ ਰੂਪ ਨਜ਼ਰ ਕੋਇ ਨਾ ਆਈਆ । ਕਿਉਂ ਕਿਧਰ ਗਿਆ ਤੁਹਾਡਾ ਮਾਰਗ ਵਖਾ, ਵੱਖਰੀ ਵੱਖਰੀ ਕਾਰ ਕਮਾਈਆ । ਅੰਤਮ ਵੇਖੋ ਸਾਰੇ ਆਪਣੀਆਂ ਅੱਖਾਂ, ਬਿਨ ਅੱਖਾਂ ਨੈਣ ਉਠਾਈਆ । ਬਾਹਰੋਂ ਤੁਹਾਨੂੰ ਸਾਰੇ ਟੇਕਦੇ ਮੱਥਾ, ਝੁਕ ਝੁਕ ਲਾਗਣ ਪਾਈਆਂ । ਕਿਉਂ ਤੁਹਾਡਾ ਨੂਰ ਜ਼ਹੂਰ ਕਿਸੇ ਅੰਦਰ ਨਹੀਂ ਵਸਾ, ਵਾਸਤਾ ਆਪਣੇ ਨਾਲ ਜੁੜਾਈਆ । ਮਾਝੇ ਵਾਲਿਓ ਛੱਬੀ ਪੋਹ ਨੂੰ ਇੱਕੀ ਹੱਥ ਦਾ ਲੈ ਕੇ ਆਉਣਾ ਰੱਸਾ, ਰਸਤਾ ਸਭ ਦਾ ਸਾਫ਼ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕ ਜਣਾਈਆ । ਕੱਤਕ ਕਹੇ ਛੱਬੀ ਪੋਹ ਔਹ ਬਲ ਬਾਵਨ ਦੀ ਵੇਖ ਧਾਰ, ਰਿਸ਼ੀਆਂ ਨਾਲ ਜਣਾਈਆ । ਕਰਾਂ ਖ਼ਬਰਦਾਰ, ਸੰਦੇਸ਼ਾ ਦੇਵਾਂ ਧੁਰਦਰਗਾਹੀਆ । ਕੀ ਕ੍ਰਿਸ਼ਨ ਕੀਤਾ ਵਿਚਾਰ, ਕਾਹਨ ਅਰਜਨ ਗਿਆ ਦ੍ਰਿੜਾਈਆ । ਕੁਰੋਕੁਸ਼ੇਤਰ ਖੋਲ੍ਹ ਕਿਵਾੜ, ਪੜਦਾ ਦਿਤਾ ਉਠਾਈਆ । ਉੱਨੀ ਇੱਕੀ ਦੇ ਅਧਾਰ, ਬੀਸ ਵਿਚੋਂ ਗਿਆ ਛੁਪਾਈਆ । ਸਰਗੁਣ ਤੋਂ ਜ਼ੀਰੋ ਸਿਫ਼ਰ ਰੂਪ ਸੰਸਾਰ, ਕਰਤਾਰ ਸਿਫ਼ਰੇ


੧੩੬
੨੨

ਵਿਚ ਸਮਾਈਆ । ਜਿਸ ਖੇਲ ਕਰਨਾ ਅਪਾਰ, ਅਪਰੰਪਰ ਆਪਣਾ ਵੇਸ ਵਟਾਈਆ । ਕਲ ਕਲਕੀ ਲਏ ਅਵਤਾਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਗੋਬਿੰਦ ਸ਼ਬਦ ਹੋਵੇ ਸਿਕਦਾਰ, ਧੁਰ ਫ਼ਰਮਾਨਾ ਹੁਕਮ ਜਣਾਈਆ । ਪੂਰਬ ਲੇਖਾ ਲਏ ਉਧਾਰ, ਪਿਛਲਾ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕੱਤਕ ਕਹੇ ਕ੍ਰਿਸ਼ਨ ਹਲਾਈ ਆਪਣੀ ਉਂਗਲ, ਚੱਕਰ ਸੁਦਰਸ਼ਨ ਨਾਲ ਘੁਮਾਈਆ । ਫੇਰ ਆਪਣਾ ਅੰਗੂਠਾ ਲੱਗਾ ਚੁੰਮਣ, ਚੂਸ ਚੂਸ ਦਿਤਾ ਵਖਾਈਆ । ਫੇਰ ਜਾਮੇ ਨੂੰ ਪਾ ਕੇ ਗੁੰਝਲ, ਵਟ ਦਿਤਾ ਚੜ੍ਹਾਈਆ । ਫੇਰ ਮਸਤੀ ਵਿਚ ਲੱਗਾ ਊਂਘਣ, ਨੈਣ ਬੰਦ ਕਰਾਈਆ । ਫੇਰ ਹੰਝੂ ਲੱਗਾ ਪੂੰਝਣ, ਨੈਣਾਂ ਨੀਰ ਕਰ ਸਫ਼ਾਈਆ । ਫੇਰ ਬਣ ਕੇ ਮਧੁਸੂਦਨ, ਸਿਰ ਆਪਣਾ ਦਿਤਾ ਹਿਲਾਈਆ । ਫੇਰ ਭੇਵ ਖੋਲ੍ਹ ਕੇ ਗੂਝਣ, ਅਰਜਨ ਦਿਤਾ ਉਠਾਈਆ । ਔਹ ਵੇਖ ਗੋਬਿੰਦ ਦੇ ਬੱਚੇ ਲੱਗੇ ਝੂਜਣ, ਕਲਜੁਗ ਅੰਤਮ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਕੱਤਕ ਕਹੇ ਮੈਂ ਵੇਖੇ ਰਿਸ਼ੀ ਤੇਰਾਂ ਸੌ ਸਤਾਸੀ, ਬਲ ਬਾਵਨ ਧਿਆਨ ਲਗਾਈਆ । ਜਿਨ੍ਹਾਂ ਦਾ ਲੇਖਾ ਪੁਰਖ ਅਬਿਨਾਸ਼ੀ, ਕਲਜੁਗ ਅੰਤਮ ਮੇਲ ਮਿਲਾਈਆ । ਉਹ ਬਣ ਕੇ ਦਾਸ ਦਾਸੀ, ਸੇਵਕ ਸੇਵਾ ਸਚ ਕਮਾਈਆ । ਓਧਰੋਂ ਕ੍ਰਿਸ਼ਨ ਨੇ ਆਪਣੇ ਕੰਨ ਤੇ ਮਾਰਿਆ ਆਪਣਾ ਹਾਥੀ, ਸਹਿਜ ਨਾਲ ਹਿਲਾਈਆ । ਕੁੰਡਲ ਹਿਲਿਆ ਤੇ ਬਚਨ ਦੱਸਿਆ ਸਾਚੀ, ਸਚ ਦਿਤਾ ਦ੍ਰਿੜਾਈਆ । ਕ੍ਰਿਸ਼ਨ ਓਹ ਵੇਖ ਜਿਸ ਵੇਲੇ ਰਾਮ ਬਣਿਆ ਬਨਵਾਸੀ, ਤ੍ਰੇਤਾ ਦਏ ਗਵਾਹੀਆ । ਓਸ ਕੁੰਡਲ ਵੱਲ ਮਾਰੀ ਝਾਕੀ, ਜੋ ਪਿਛਲਾ ਪੂਰਬ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲ੍ਹਾਈਆ । ਕੁੰਡਲ ਕਿਹਾ ਕ੍ਰਿਸ਼ਨ ਮੈਨੂੰ ਹੱਥ ਲਾਇਆ, ਲਾ ਕੇ ਦਿਤਾ ਹਟਾਈਆ । ਮੈਂ ਵੇਖੀ ਤ੍ਰੈਗੁਣ ਮਾਇਆ, ਮਮਤਾ ਰਹੀ ਵਖਾਈਆ । ਮੈਂ ਵੇਖਿਆ ਉਸ ਦਾ ਛਾਇਆ, ਚਾਰੋਂ ਕੁੰਟ ਨਜ਼ਰੀ ਆਈਆ । ਮੈਂ ਹੰਝੂਆਂ ਨੀਰ ਵਹਾਇਆ, ਰੋ ਕੇ ਦਿਤਾ ਵਖਾਈਆ । ਪ੍ਰਭੂ ਇਹ ਕੀ ਖੇਲ ਰਚਾਇਆ, ਤੇਰੀ ਬੇਪਰਵਾਹੀਆ । ਕ੍ਰਿਸ਼ਨ ਨੇ ਹੱਸ ਕੇ ਮੁਖੋਂ ਅਲਾਇਆ, ਸਹਿਜੇ ਦਿਤਾ ਦ੍ਰਿੜਾਈਆ । ਵੇਖ ਕੁਰੇਕੁਸ਼ੇਤਰ ਵਿਚ ਤੇਰਾ ਪੜਦਾ ਪਾਇਆ, ਪੜਦਾ ਸਕੇ ਨਾ ਕੋਇ ਉਠਾਈਆ । ਕੌਰਵ ਪਾਂਡਵ ਯੁਧ ਕਰਾਇਆ, ਯੁਧਿਸ਼ਟਰ ਦੁਰਯੋਧਨ ਦਏ ਗਵਾਹੀਆ । ਯਾਦ ਰੱਖੀਂ ਜਿਸ ਵੇਲੇ ਕਲਜੁਗ ਅੰਤਮ ਆਇਆ, ਕਾਹਨ ਦਾ ਕਾਹਨ ਫੇਰਾ ਪਾਈਆ । ਪੂਰਬ ਰਿਸ਼ੀਆਂ ਲੇਖ ਚੁਕਾਇਆ, ਕੁੰਡਲ ਬਾਵਨ ਵਾਲਾ ਮੰਗ ਮੰਗਾਈਆ । ਕ੍ਰਿਸ਼ਨ ਕਿਹਾ ਅਗਲਾ ਖੇਲ ਬੇਪਰਵਾਹਿਆ, ਬੇਪਰਵਾਹੀ ਵਿਚ ਸਮਾਈਆ । ਦੂਜਾ ਕੁੰਡਲ ਉਹਦੇ ਨਾਲ ਦਿਆਂ ਰਲਾਇਆ, ਪੂਰਬ ਜੋੜੀ ਜੋੜ ਜੁੜਾਈਆ । ਓਸ ਵੇਲੇ ਅਰਜਨ ਦੇ ਸਾਥੀ ਯੁਧਿਸ਼ਟਰ ਦੇ ਮੰਨਣ ਵਾਲੇ ਆਖੀ ਫੇਰ ਜਨਮ ਲੈਣ ਪਾਇਆ, ਧਰਨੀ ਏਸੇ ਸੋਭਾ ਪਾਈਆ । ਓਸੇ ਕਾਰਨ ਹਰਿ ਸੰਗਤ ਇਰਦ ਗਿਰਦ ਡੇਰਾ ਲਾਇਆ, ਦੂਰ ਨੇੜਾ ਵੰਡ ਨਾ ਕੋਇ ਵੰਡਾਈਆ । ਕੁੰਡਲ ਦੇ ਨਾਲ ਕੁੰਡਲ ਲੈਣਾ ਮਿਲਾਇਆ, ਵੱਧ ਘੱਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਆਪਣਾ ਹੁਕਮ ਵਰਤਾਈਆ । ਸਚ ਦਾ ਹੁਕਮ ਵਰਤੇ ਜ਼ਰੂਰ, ਜ਼ਰੂਰਤ ਸਭ ਦੀ ਵੇਖ ਵਖਾਈਆ । ਇਕੋ ਮਾਲਕ ਇਕੋ ਸ਼ਬਦ ਗੁਰੂ ਹਜ਼ੂਰ, ਹਜ਼ੂਰੀਏ ਗੁਰ ਅਵਤਾਰ ਪੈਗੰਬਰ ਨਜ਼ਰੀ ਆਈਆ । ਜੋ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਈਆ । ਜਿਸ ਦਾ ਆਦਿ ਜੁਗਾਦਿ ਦਸਤੂਰ, ਜੁਗ ਚੌਕੜੀ ਨੀਤੀ ਚਲੀ

ਆਈਆ । ਨਾਤਾ ਤੋੜਨਾ ਕੂੜੋ ਕੂੜ, ਸਚ ਸੁੱਚ ਦਏ ਪਰਗਟਾਈਆ । ਜਨ ਭਗਤੋ ਛੱਬੀ ਪੋਹ ਨੂੰ ਸਾਰੀ ਸੰਗਤ ਨੇ ਲਾਉਣੀ ਇਕ ਵਾਰੀ ਮਸਤਕ ਧੂੜ, ਧੂੜੀ ਟਿੱਕੇ ਖ਼ਾਕ ਸਭ ਨੂੰ ਦਏ ਰਮਾਈਆ । ਦਰ ਆਇਆ ਕੋਈ ਗੁਰਮੁਖ ਰਹੇ ਨਾ ਮੂਰਖ ਮੂੜ੍ਹ, ਚਤੁਰ ਸੁਘੜ ਸੁਚੱਜੇ ਦਏ ਬਣਾਈਆ । ਇਕੋ ਵਾਰ ਬਖ਼ਸ਼ ਕੇ ਅੰਤਰ ਆਤਮ ਦਾ ਨੂਰ, ਅੰਧ ਅੰਧੇਰਾ ਦੇਣਾ ਮਿਟਾਈਆ । ਜਨਮ ਜਨਮ ਦਾ ਕਰਮ ਕਰਮ ਦਾ ਬਖ਼ਸ਼ ਕੇ ਕਸੂਰ, ਕਰਮ ਕਾਂਡ ਦਾ ਲੇਖਾ ਦੇਣਾ ਢਾਹੀਆ । ਕਿਉਂ ਆਦਿ ਤੋਂ ਲੈ ਕੇ ਅੰਤ ਤਕ ਜੁਗ ਚੌਕੜੀ ਸ਼ਬਦ ਗੁਰੂ ਸਰਬ ਕਲਾ ਭਰਪੂਰ, ਦੂਜੇ ਦਰ ਮੰਗਣ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਬੇਨੰਤੀ ਕਰ ਮਨਜ਼ੂਰ, ਮਨਜ਼ੂਰੀ ਵਿਚ ਸਭ ਦੀ ਮੰਜ਼ਲ ਦਏ ਵਖਾਈਆ ।

੧੩੮

✪ ੨ ਕੱਤਕ ਸ਼ਹਿਨਸ਼ਾਹੀ ਸੰਮਤ ੫ ਸੁਲੱਖਣ ਸਿੰਘ ਦੇ ਗ੍ਰਿਹ ਪਿੰਡ ਰੁਕਨਾ ਮੁੰਗਲਾ ਜ਼ਿਲਾ ਫਿਰੋਜ਼ ਪੁਰ ✪

ਸ਼ਬਦੀ ਗੋਬਿੰਦ ਵੇਖ ਮਹੀਨਾ ਕੱਤਕ, ਕਾਰਤਕ ਧਿਆਨ ਲਗਾਈਆ । ਪੰਚਮ ਵਕਤ ਸੁਹੇਲਾ ਆਇਆ ਜਗਤ, ਜਾਗਰਤ ਜੋਤ ਜੋਤ ਰੁਸ਼ਨਾਈਆ । ਸੰਤ ਸੁਹੇਲੇ ਵੇਖ ਭਗਤ, ਭਗਵਨ ਭੇਵ ਖੁਲ੍ਹਾਈਆ । ਪਿਛਲਾ ਲਹਿਣਾ ਪੂਰੀ ਕਰ ਸ਼ਰਤ, ਸ਼ਰਅ ਜ਼ੰਜੀਰ ਕਟਾਈਆ । ਫਿਰੀ ਦੁਹਾਈ ਉਤੇ ਫ਼ਰਸ਼, ਧਰਨੀ ਧਰਤ ਧਵਲ ਕੁਰਲਾਈਆ । ਤੂੰ ਮਾਲਕ ਆਲੀ ਅਰਸ਼, ਆਲੀਸ਼ਾਨ ਤੇਰੀ ਸਰਨਾਈਆ । ਸਦੀ ਚੌਧਵੀਂ ਕਰ ਤਰਸ, ਰਹਿਮਤ ਆਪ ਕਮਾਈਆ । ਉਠ ਵੇਖ ਸ਼ਹਿਨਸ਼ਾਹੀ ਬਰਸ, ਸੰਮਤ ਪੰਚਮ ਗਿਆ ਆਈਆ । ਨਿਰਗੁਣ ਧਾਰ ਤੇਰਾ ਖੇਲ ਉਪਰ ਧਰਤ, ਧਵਲ ਦੇ ਵਡਿਆਈਆ । ਸ਼ਰਅ ਛੁਰੀ ਰਹੇ ਨਾ ਕਰਦ, ਕਲਮਾ ਰੂਪ ਨਾ ਕੋਇ ਕਸਾਈਆ । ਕੂੜੀ ਕਿਰਿਆ ਮੇਟ ਅੰਧੇਰਾ ਗਰਦ, ਅੰਧ ਅਗਿਆਨ ਗਵਾਈਆ । ਗ਼ਰੀਬ ਨਿਮਾਣਿਆਂ ਵੰਡ ਦਰਦ, ਦੁਖੀਆਂ ਹੋ ਸਹਾਈਆ । ਸਚ ਬੇਨੰਤੀ ਅਰਜ਼, ਆਰਜ਼ੂ ਦਿਤੀ ਜਣਾਈਆ । ਜੁਗ ਚੌਕੜੀ ਵੇਖ ਫ਼ਰਦ, ਪੂਰਬ ਪੜਦਾ ਆਪ ਉਠਾਈਆ । ਜੋਧੇ ਸੂਰਬੀਰ ਮਰਦਾਨੇ ਮਰਦ, ਮਦਦ ਤੇਰੀ ਮੰਗ ਮੰਗਾਈਆ । ਆਪਣਾ ਖੇਲ ਦੱਸ ਅਸਚਰਜ, ਅਚਰਜ ਆਪਣੀ ਕਾਰ ਕਮਾਈਆ । ਸਭ ਦੀ ਪੂਰੀ ਹੋਵੇ ਗ਼ਰਜ਼, ਮਨਸਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰ ਨਜ਼ਰ ਆਪ ਉਠਾਈਆ । ਗੋਬਿੰਦ ਸ਼ਬਦ ਕਹੇ ਕੱਤਕ ਦੱਸ ਦੇ ਭੇਦ, ਭੇਵ ਰਹੇ ਨਾ ਰਾਈਆ । ਕੀ ਲੇਖਾ ਚਾਰੇ ਵੇਦ, ਵਿਦਿਆ ਤੋਂ ਬਾਹਰ ਬ੍ਰਹਮ ਪੜ੍ਹਾਈਆ । ਕੀ ਖੇਲ ਅਛਲ ਅਛੇਦ, ਵਲ ਛਲ ਕਾਰ ਕਮਾਈਆ । ਪੜਦਾ ਲਾਹ ਦੇ ਏਕੰਕਾਰ ਏਕ, ਇਕ ਇਕੱਲਾ ਭੇਵ ਰਹੇ ਨਾ ਰਾਈਆ । ਜਿਸ ਦੀ ਸਭ ਨੇ ਰੱਖਣੀ ਟੇਕ, ਟਿੱਕੇ ਧੂੜੀ ਖ਼ਾਕ ਰਮਾਈਆ । ਬੁਧ ਕਰੇ ਬਿਬੇਕ, ਦੁਰਮਤ ਮੈਲ ਧਵਾਈਆ । ਹਰ ਘਟ ਲਏ ਵੇਖ, ਲੱਖ ਚੁਰਾਸੀ ਖੋਜ ਖੁਜਾਈਆ । ਜੋਤੀ ਜਾਤਾ ਧਾਰ ਕੇ ਭੇਖ, ਭੇਖਾਧਾਰੀ ਰੂਪ ਵਖਾਈਆ । ਜਿਸ ਦਾ ਮੁੱਛ ਦਾੜ੍ਹੀ ਨਾ ਕੋਇ ਕੇਸ, ਮੁੰਡ ਮੁੰਡਾਏ ਨਾ ਵੰਡ ਵੰਡਾਈਆ । ਨਾਤਾ ਜੋੜੇ ਨਾਲ ਦਸ ਦਸਮੇਸ, ਦਹਿ ਦਿਸ਼ਾ ਕਰ ਰੁਸ਼ਨਾਈਆ । ਸ਼ਬਦ ਸੰਦੇਸ਼ਾ ਦਏ ਵਿਸ਼ੇਸ਼, ਵਿਸ਼ਿਆਂ ਤੋਂ ਬਾਹਰ ਸਮਝਾਈਆ । ਓਸ ਦੇ ਅੱਗੇ ਹੋਣਾ ਪੇਸ਼, ਜੋ ਪੇਸ਼ਤਰ ਗਿਆ ਜਣਾਈਆ । ਜਿਸ ਝਗੜਾ ਚੁਕਾਉਣਾ ਵਿਸ਼ਨ ਬ੍ਰਹਮਾ ਸ਼ਿਵ

ਮਹੇਸ਼, ਮਹਿਖ਼ਾਸੁਰ ਲੇਖਾ ਰਹੇ ਨਾ ਰਾਈਆ । ਦੋ ਜਹਾਨ ਵੇਖਣਾ ਦੇਸ ਪਰਦੇਸ, ਬ੍ਰਹਿਮੰਡ ਖੰਡ ਆਪਣੀ ਕਲ ਵਰਤਾਈਆ । ਮਾਲਕ ਬਣ ਕੇ ਇਕ ਨਰੇਸ਼, ਨਰ ਨਰਾਇਣ ਹੁਕਮ ਜਣਾਈਆ । ਜਿਸ ਨੂੰ ਝੁਕਦੇ ਅਵਤਾਰ ਪੈਗ਼ੰਬਰ ਅਨੇਕ, ਅਣਗਿਣਤ ਸੀਸ ਨਿਵਾਈਆ । ਸੋ ਭਗਤਾਂ ਕਰੇ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਅੰਦਰ ਵੜ ਕੇ ਦੱਸੇ ਭੇਤ, ਮੰਦਰ ਕੁੰਡਾ ਦਏ ਖੁਲ੍ਹਾਈਆ । ਸਗਲਾ ਸੰਗ ਬਣਾਏ ਹਮੇਸ਼, ਹਮਸਾਜਣ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਦਇਆ ਕਮਾਈਆ । ਸਤਿਗੁਰ ਸ਼ਬਦ ਵਕਤ ਸੁਹੇਲਾ ਸੁਹੰਜਣਾ ਵੇਖ ਮਾਤ, ਕੱਤਕ ਰਾਹ ਤਕਾਈਆ । ਚਾਰ ਜੁਗ ਦੀ ਪਿਛਲੀ ਯਾਦ ਕਰ ਬਾਤ, ਬਾਤਨ ਪੜਦਾ ਇਕ ਖੁਲ੍ਹਾਈਆ । ਰਾਮ ਵਸ਼ਿਸ਼ਟ ਗਏ ਆਖ, ਧੁਰ ਸੰਦੇਸ਼ਾ ਅਗੰਮ ਅਥਾਹੀਆ । ਕ੍ਰਿਸ਼ਨ ਕਾਹਨ ਦੱਸਿਆ ਤ੍ਰੈਲੋਕੀ ਨਾਥ, ਨਾਥ ਅਨਾਥਾਂ ਹੋਏ ਸਹਾਈਆ । ਮੂਸਾ ਕਿਹਾ ਪਰਗਟ ਹੋਏ ਸਾਖਿਆਤ, ਜਲਵਾਗਰ ਨੂਰ ਇਲਾਹੀਆ । ਈਸਾ ਕਹੇ ਮੈਂ ਓਸੇ ਦੀ ਜ਼ਾਤ, ਜੋ ਸਦੀ ਬੀਸਵੀਂ ਫੇਰਾ ਪਾਈਆ । ਮੁਹੰਮਦ ਕਹੇ ਮੈਂ ਓਸੇ ਦਾ ਮੰਗਾਂ ਸਾਥ, ਜੋ ਸਦੀ ਚੌਧਵੀਂ ਅੰਤ ਕਰਾਈਆ । ਨਾਨਕ ਸਰਗੁਣ ਨਿਰਗੁਣ ਧਾਰ ਗਿਆ ਆਖ, ਨਿਹਕਲੰਕ ਕਲ ਆਪਣਾ ਫੇਰਾ ਪਾਈਆ । ਗੋਬਿੰਦ ਬਚਨ ਸੁਣਾਇਆ ਸਾਚ, ਸਤਿ ਸਚ ਦ੍ਰਿੜਾਈਆ । ਜਿਸ ਵੇਲੇ ਮਾਲਵੇ ਦੇਸ ਕਟੀ ਰਾਤ, ਭੂਮੀ ਭੂਮਿਕਾ ਸੋਭਾ ਪਾਈਆ । ਸ਼ਬਦ ਅਗੰਮੀ ਜਣਾਈ ਬਾਤ, ਪਰਦਾ ਆਪ ਚੁਕਾਈਆ । ਡੱਲਾ ਵੇਖਿਆ ਸਾਥ, ਗੁਰਮੁਖ ਸੰਗ ਨਿਭਾਈਆ । ਲੇਖਾ ਲਿਖਿਆ ਬਿਨ ਕਲਮ ਦਵਾਤ, ਕਾਗ਼ਜ਼ ਸ਼ਾਹੀ ਨਾ ਕੋਇ ਚਤੁਰਾਈਆ । ਮੈਂ ਖੇਲ ਵੇਖਣਾ ਸਾਖਿਆਤ, ਸਨਮੁਖ ਹੋ ਕੇ ਨਜ਼ਰੀ ਆਈਆ । ਝਗੜਾ ਰਹਿਣ ਨਹੀਂ ਦੇਣਾ ਦੀਨ ਮਜ਼੍ਹਬ ਜ਼ਾਤ ਪਾਤ, ਪਤਿਪਰਮੇਸ਼ਵਰ ਆਪ ਸਮਝਾਈਆ । ਸ਼ਬਦ ਅਗੰਮੀ ਗਿਆ ਆਖ, ਆਖ਼ਰ ਦਿਤਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਪਰਦਾ ਆਪ ਚੁਕਾਈਆ । ਗੋਬਿੰਦ ਸ਼ਬਦ ਸੰਦੇਸ਼ਾ ਦਿਤਾ ਸਤਿ, ਸਤਿ ਸਤਿ ਦ੍ਰਿੜਾਈਆ । ਕਲਜੁਗ ਅੰਤਮ ਖੇਲ ਪੁਰਖ ਸਮਰਥ, ਪਾਰਬ੍ਰਹਮ ਪ੍ਰਭ ਆਪਣੀ ਕਾਰ ਕਮਾਈਆ । ਧਰਮ ਦੀ ਧਾਰ ਚਲਾਏ ਰਥ, ਰਥ ਰਥਵਾਹੀ ਇਕੋ ਨਜ਼ਰੀ ਆਈਆ । ਵਸਤ ਅਗੰਮੀ ਇਕੋ ਦੇ ਕੇ ਵੱਥ, ਖ਼ਾਲੀ ਝੋਲੀ ਸਰਬ ਭਰਾਈਆ । ਧੁਰ ਹਕੀਕਤ ਦੱਸ ਦੇ ਹੱਕ, ਪਰਦਾ ਦਏ ਉਠਾਈਆ । ਗੋਬਿੰਦ ਸੱਜੀ ਬਾਂਹ ਉਲਾਰੀ ਮੁੱਠੀ ਮੀਟੀ ਹੱਥ, ਉਂਗਲੀ ਸੱਜੀ ਲਈ ਦਬਾਈਆ । ਜਿਸ ਵੇਲੇ ਆਤਮ ਪਰਮਾਤਮ ਹੋਇਆ ਜਸ, ਪ੍ਰਭ ਸਿਫ਼ਤੀ ਸਿਫ਼ਤ ਸਾਲਾਹੀਆ । ਭਗਤਾਂ ਅੰਤਰ ਜਾਵੇ ਵਸ, ਵਾਸਤਾ ਆਪਣੇ ਨਾਲ ਰਖਾਈਆ । ਖੇਲ ਕਰੇ ਹੱਸ ਹੱਸ, ਹਸਤੀ ਆਪਣੀ ਲਏ ਪਰਗਟਾਈਆ । ਓਸ ਵੇਲੇ ਸ਼ਬਦੀ ਧਾਰ ਮੈਂ ਵੀ ਆਵਾਂ ਨੱਸ, ਜੋਤੀ ਜਾਤੇ ਨਾ ਹੋਏ ਜੁਦਾਈਆ । ਸਾਚਾ ਅੰਮ੍ਰਿਤ ਦੇਵਾਂ ਰਸ, ਨਿਝਰ ਆਪ ਝਿਰਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਪ੍ਰਤਖ ਗੁਸਾਈਂ ਦਿਆਂ ਮਿਲਾਈਆ । ਸੰਤ ਸੁਹੇਲਾ ਰਹੇ ਕੋਇ ਨਾ ਵੱਖ, ਗੁਰਮੁਖ ਗੁਰ ਗੁਰ ਜੋੜ ਜੁੜਾਈਆ । ਫੇਰ ਧਰਤੀ ਤੇ ਹੱਥ ਮਾਰਿਆ ਝਟ, ਜ਼ੋਰ ਨਾਲ ਖੜਕਾਈਆ । ਮੇਰੇ ਭਗਤ ਸੁਹੇਲੇ ਜਾਣੇ ਵਸ, ਸ਼ਬਦੀ ਧਾਰ ਮਿਲੇ ਵਡਿਆਈਆ । ਫਿਰ ਕੰਗਣ ਲਾਹ ਕੇ ਦਿਤਾ ਰੱਖ, ਢਾਈ ਇੰਚ ਮਿੱਟੀ ਹੇਠ ਦਬਾਈਆ । ਫੇਰ ਬੋਲ ਜੈਕਾਰ ਅਲੱਖ, ਅਲੱਖ ਦਿਤਾ ਸਮਝਾਈਆ । ਜਿਸ ਵੇਲੇ ਆਵਾਂ ਵਤ, ਵਤਨ ਆਪਣੇ ਸੋਭਾ ਪਾਈਆ । ਗੁਰਮੁਖਾਂ ਰੱਖਾਂ ਪਤ, ਪਤਿਪਰਮੇਸ਼ਵਰ ਨਾਲ ਮਿਲਾਈਆ । ਧੀਰਜ ਦੇਣਾ ਸਤਿ, ਸਤਿਜੁਗ ਰਾਹ

ਜਣਾਈਆ । ਸੰਮਤ ਸ਼ਹਿਨਸ਼ਾਹੀ ਹੋਵੇ ਪੰਜ, ਪੰਚ ਮਿਲੇ ਵਡਿਆਈਆ । ਹਰਖ ਸੋਗ ਰਹੇ ਨਾ ਰੰਜ, ਚਿੰਤਾ ਚਿਖਾ ਨਾ ਕੋਇ ਜਲਾਈਆ । ਛੱਬੀ ਪੋਹ ਮਾਲਵੇ ਵਾਲਿਆਂ ਧਰਮ ਦੀ ਧਾਰ ਚੜ੍ਹਨਾ ਜੰਵ, ਦੁਲਾਰੇ ਲਾੜੇ ਸੋਹਣੇ ਸੋਭਾ ਪਾਈਆ । ਨੇਤਰ ਨੀਰ ਕਿਸੇ ਨਾ ਵਹਾਉਣਾ ਅੰਵ, ਹੰਝੂ ਧਾਰ ਨਾ ਕੋਇ ਵਹਾਈਆ । ਗੋਬਿੰਦ ਦਾ ਕੰਗਣ ਗੁਰਮੁਖ ਲਿਆਵਣ ਪੰਜ, ਸਵਾ ਧਾਰ ਵੰਡ ਵੰਡਾਈਆ । ਉਪਰ ਲੇਖ ਹੋਵੇ ਮੰਞ, ਭਾਈ ਮੰਞ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਾਚਾ ਦੇਵੇ ਸੰਗ, ਸਗਲਾ ਸੰਗੀ ਬਹੁਰੰਗੀ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣੀ ਕਾਰ ਕਮਾਈਆ ।

### ੩ ਕੱਤਕ ਸ਼ਹਿਨਸ਼ਾਹੀ ਸੰਮਤ ੫ ਗੁਰਚਰਨ ਕੌਰ ਦੇ ਗ੍ਰਹਿ ਫ਼ਿਰੋਜ਼ਪੁਰ ਸ਼ਹਿਰ

ਗੋਬਿੰਦ ਸ਼ਬਦ ਕਿਹਾ ਕਲਜੁਗ ਕਿਉਂ ਪਾਏ ਆਪਣੇ ਝੇੜੇ, ਝਗੜਾ ਦੀਨ ਦੁਨੀ ਰਖਾਈਆ । ਆਤਮ ਪਰਮਾਤਮ ਆਏ ਕੋਈ ਨਾ ਨੇੜੇ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਸਤਿ ਧਰਮ ਦੇ ਚੜ੍ਹੇ ਕੋਈ ਨਾ ਬੇੜੇ, ਮੰਜ਼ਲ ਹੱਕ ਨਾ ਕੋਇ ਪੁਚਾਈਆ । ਤਨ ਵਜੂਦ ਮਾਟੀ ਖ਼ਾਕ ਪੰਜ ਤਤ ਉਜੜੇ ਖੇੜੇ, ਸਤਿ ਸਰੂਪ ਸ਼ਾਹੋ ਭੂਪ ਰੰਗ ਨਾ ਕੋਇ ਰੰਗਾਈਆ । ਚਾਰ ਵਰਨ ਅਠਾਰਾਂ ਬਰਨ ਦੀਨ ਮਜ਼੍ਹਬਾਂ ਦਿਤੇ ਗੇੜੇ, ਜ਼ਾਤ ਪਾਤ ਦਏ ਦੁਹਾਈਆ । ਮੀਤ ਰਹੇ ਨਾ ਗੁਰੂ ਗੁਰ ਚੇਰੇ, ਮੁਰੀਦ ਮੁਰਸ਼ਦ ਨਾ ਕੋਇ ਵਡਿਆਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਮਾਨਵ ਜ਼ਾਤੀ ਫਿਰੇ ਅੰਧੇਰੇ, ਨਿਰਗੁਣ ਨੂਰ ਚੰਦ ਨਾ ਕੋਇ ਚਮਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੈਗੰਬਰ ਹੋਏ ਬਥੇਰੇ, ਨਿਰਗੁਣ ਸਰਗੁਣ ਰੂਪ ਵਟਾਈਆ । ਸਦੀ ਚੌਧਵੀਂ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਭੇਵ ਖੋਲ੍ਹੇ ਨਾ ਤੇਰੇ ਮੇਰੇ, ਅੰਤਸ਼ਕਰਨ ਨਾ ਕੋਇ ਬਦਲਾਈਆ । ਧਰਨੀ ਧਰਤ ਧਵਲ ਧੌਲ ਧੂੰਆਂਧਾਰ ਦਿਸੇ ਜਗਤ ਵਿਹੜੇ, ਅੰਧ ਅੰਧੇਰ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਕਲਜੁਗ ਕਹੇ ਗੋਬਿੰਦ ਮੈਂ ਦੱਸਾਂ ਹੱਥ ਬੱਧੀ, ਬੰਦਨਾ ਸੱਯਦਾ ਕਰ ਕੇ ਸੀਸ ਨਿਵਾਈਆ । ਉਹ ਵੇਖ ਮੁਹੰਮਦ ਵਾਲੀ ਚੌਧਵੀਂ ਸਦੀ, ਸਦਮਾ ਘਰ ਘਰ ਨਜ਼ਰੀ ਆਈਆ । ਅੰਤ ਅਖ਼ੀਰ ਬੇਨਜ਼ੀਰ ਪੰਜ ਤਤ ਰਹਿਣ ਦੇਣੀ ਨਹੀਂ ਕੋਈ ਗੱਦੀ, ਗਦਾਗਰ ਕਰੇ ਲੋਕਾਈਆ । ਚਾਰ ਜੁਗ ਦੀ ਪਿਛਲੀ ਕਰਨੀ ਕੀਤੀ ਰੱਦੀ, ਰਹਿਬਰ ਹੋ ਕੇ ਰਾਹ ਅਗਲਾ ਦਏ ਵਖਾਈਆ । ਸਾਧ ਸੰਤ ਜੀਵ ਜੰਤ ਮੁਲਾ ਸ਼ੇਖ਼ ਮੁਸਾਇਕ ਪੰਡਤ ਕਰਦੇ ਬਦੀ, ਵਿਕਾਰ ਹੰਕਾਰ ਵਿਭਚਾਰ ਕੁਕਰਮ ਵਿਚ ਲੋਕਾਈਆ । ਮਾਇਆ ਮਮਤਾ ਕੂੜ ਕੁੜਿਆਰ ਵਹਿਣ ਵਹਿੰਦਾ ਨਦੀ, ਨਈਆ ਨੌਕਾ ਨਾਮ ਉਪਰ ਨਾ ਕੋਇ ਚੜ੍ਹਾਈਆ । ਕਾਇਆ ਮੰਦਰ ਗ੍ਰਹਿ ਮਾਟੀ ਨਿਰਗੁਣ ਧਾਰ ਜੋਤ ਕਿਸੇ ਨਾ ਜਗੀ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਸ਼ਬਦ ਨਾਦ ਧੁਨ ਅਗੰਮੀ ਆਵਾਜ਼ ਕਿਸੇ ਨਾ ਵੱਜੀ, ਬਿਨ ਕੰਨਾਂ ਰਾਗ ਨਾ ਕੋਇ ਸੁਣਾਈਆ । ਅੰਮ੍ਰਿਤ ਰਸ ਧਾਰ ਨਿਝਰ ਕਿਸੇ ਨਾ ਲੱਭੀ, ਬੂੰਦ ਸਵਾਂਤੀ ਇਕ ਇਕਾਂਤੀ ਨਾ ਕੋਇ ਚੁਆਈਆ । ਮੈਂ ਵੇਖਿਆ ਕਾਇਆ ਮਾਟੀ ਤਿੰਨ ਸੌ ਸੱਠ ਹੱਡੀ, ਨਾੜ ਬਹੱਤਰ ਫੋਲ ਫੁਲਾਈਆ । ਸਚ ਪ੍ਰੀਤ ਪਾਰਬ੍ਰਹਮ ਪਤਿਪਰਮੇਸ਼ਵਰ ਕਲਜੁਗ ਜੀਵ ਕਿਸੇ ਨਾ ਲੱਗੀ, ਅੰਤਰ ਨਿਰੰਤਰ

ਮੇਲ ਨਾ ਕੋਇ ਮਿਲਾਈਆ । ਚਾਰ ਕੁੰਟ ਦਹਿ ਦਿਸ਼ਾ ਨੌਂ ਸੱਤ ਸਰਗੁਣ ਤਤ ਵਜੂਦ ਅੱਗ ਲੱਗੀ, ਸਾਂਤਕ ਸਤਿ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਅਗੰਮ ਅਥਾਹੀਆ । ਗੋਬਿੰਦ ਕਿਹਾ ਕਲਜੁਗ ਕੀ ਕਰੇਂ ਖੇਲ ਨਿਆਰਾ, ਨਿਰੰਤਰ ਦੇ ਜਣਾਈਆ । ਕਲਜੁਗ ਕਹੇ ਮੈਂ ਹੁਕਮ ਮੰਨਾ ਸੱਚੀ ਸਰਕਾਰਾ, ਸ਼ਾਹ ਪਾਤਸ਼ਾਹ ਸੀਸ ਨਿਵਾਈਆ । ਗੋਬਿੰਦ ਕਿਹਾ ਔਹ ਵੇਖ ਤੇਈ ਅਵਤਾਰਾ, ਨਿਰਗੁਣ ਨੂਰ ਜੋਤ ਇਲਾਹੀਆ । ਕਲਜੁਗ ਕਿਹਾ ਮੈਂ ਸਭ ਦਾ ਕਰਨਾ ਪਾਰ ਕਿਨਾਰਾ, ਪੁਰਖ ਅਕਾਲ ਦੀਨ ਦਿਆਲ ਮੇਰੀ ਪੁਸ਼ਤ ਪਨਾਹ ਹੱਥ ਲਗਾਈਆ । ਗੋਬਿੰਦ ਕਿਹਾ ਔਹ ਵੇਖ ਮੂਸਾ ਈਸਾ ਹਜ਼ਰਤ ਮੁਹੰਮਦ ਨੂਰ ਉਜਿਆਰਾ, ਜਲਵਾਗਰ ਨੂਰ ਇਲਾਹੀਆ । ਕਲਜੁਗ ਕਿਹਾ ਮੈਂ ਸਭ ਦਾ ਕਰਨਾ ਪਾਰ ਕਿਨਾਰਾ, ਲੋਕਮਾਤ ਰਹਿਣ ਨਾ ਪਾਈਆ । ਗੋਬਿੰਦ ਕਿਹਾ ਔਹ ਵੇਖ ਨਾਨਕ ਗੋਬਿੰਦ ਜੋਤ ਉਜਿਆਰਾ, ਜੋਤੀ ਜੋਤ ਡਗਮਗਾਈਆ । ਕਲਜੁਗ ਕਿਹਾ ਇਹ ਖੇਲ ਮੇਰੇ ਸਾਹਿਬ ਸੱਚੀ ਸਰਕਾਰਾ, ਕਰਨੀ ਦਾ ਕਰਤਾ ਆਪ ਕਰਾਈਆ । ਚਾਰ ਕੁੰਟ ਦਹਿ ਦਿਸ਼ਾ ਮੈਂ ਚਲਣ ਦੇਣਾ ਨਹੀਂ ਕਿਸੇ ਦਾ ਚਾਰਾ, ਚਾਰ ਕੁੰਟ ਕਰਾਂ ਹਲਕਾਈਆ । ਮੇਰੇ ਕੋਲ ਅੰਤ ਸ੍ਰੀ ਭਗਵੰਤ ਦਿਤਾ ਮੁਖਤਿਆਰਾ, ਹੁਕਮ ਹਾਸਲ ਇਕੋ ਦਿਤਾ ਸੁਣਾਈਆ । ਹਰ ਘਟ ਅੰਦਰ ਜੂਠ ਝੂਠ ਕਰਾਂ ਪਸਾਰਾ, ਕਾਮ ਕਰੋਧ ਲੋਭ ਮੋਹ ਹੰਕਾਰ ਦਿਆਂ ਟਿਕਾਈਆ । ਮਾਣ ਰਹੇ ਨਾ ਕਿਸੇ ਪੈਗ਼ੰਬਰ ਗੁਰੂ ਅਵਤਾਰਾ, ਇਹ ਮੇਰੀ ਬੇਪਰਵਾਹੀਆ । ਝਗੜਾ ਪਾਵਾਂ ਅੱਲਾ ਵਾਹਿਗੁਰੂ ਓਮ ਰਾਮ ਕ੍ਰਿਸ਼ਨ ਜੈ ਜੈਕਾਰਾ, ਦੀਨ ਮਜ਼੍ਹਬ ਸ਼ਰਅ ਸ਼ਰੀਅਤ ਵਿਚ ਟਕਰਾਈਆ । ਜਿਸ ਦੀ ਯਾਦ ਕਰਦੇ ਗਏ ਕਲ ਅੰਤਮ ਪਰਗਟ ਹੋਏ ਕਲਕੀ ਅਵਤਾਰਾ, ਨਿਹਕਲੰਕ ਕਲ ਆਪਣੀ ਆਪ ਧਰਾਈਆ ।
੧੪੧ ਤਿਸ ਸਵਾਮੀ ਅੰਤਰਜਾਮੀ ਸਚ ਦਾ ਕਰਾਂ ਨਿਮਸਕਾਰਾ, ਨਿਉਂ ਨਿਉਂ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ੧੪੧
੨੨ ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਗੋਬਿੰਦ ਕਿਹਾ ਕਲਜੁਗ ਕਿਉਂ ਚਾਰ ਵਰਨ ਰੌਲਾ, ਧੀਰਜ ਧੀਰ ਨਾ ਕੋਇ ਧਰਾਈਆ । ੨੨
ਸਾਚਾ ਰੂਪ ਦਿਸੇ ਕੋਈ ਨਾ ਮੌਲਾ, ਪਾਰਬ੍ਰਹਮ ਬ੍ਰਹਮ ਰੰਗ ਨਾ ਕੋਇ ਰੰਗਾਈਆ । ਕਲਜੁਗ ਕਿਹਾ ਓਹ ਵੇਖ ਗੋਬਿੰਦ ਆਪਣਾ ਮਾਛੂਵਾੜੇ ਦਾ ਕੌਲਾ, ਇਕਰਾਰਨਾਮਾ ਸੋਭਾ ਪਾਈਆ । ਪੁਰਖ ਅਕਾਲ ਦੀਨ ਦਿਆਲ ਜੋਤੀ ਜਾਮਾ ਪਹਿਨੇ ਉਪਰ ਧੌਲਾ, ਧਰਨੀ ਧਰਤ ਧਵਲ ਦਏ ਵਡਿਆਈਆ । ਅੰਤਮ ਸਭ ਦਾ ਭਾਰ ਕਰੇ ਹੌਲਾ, ਮਿਹਰਵਾਨ ਮਹਿਬੂਬ ਮਿਹਰ ਨਜ਼ਰ ਇਕ ਉਠਾਈਆ । ਤਤ ਵਜੂਦ ਕਾਇਆ ਮਾਟੀ ਕਿਸੇ ਨਜ਼ਰ ਨਾ ਆਏ ਚੋਲਾ, ਚੋਜੀ ਪ੍ਰੀਤਮ ਆਪਣੀ ਕਾਰ ਕਮਾਈਆ । ਸਤਿਗੁਰ ਸਾਚਾ ਸਾਚੇ ਨਾਮ ਦਾ ਦੱਸੇ ਬੋਲਾ, ਅਨਬੋਲਤ ਆਪਣਾ ਰਾਗ ਅਲਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਏਕਾ ਸ਼ਬਦ ਸੁਣਾਏ ਢੋਲਾ, ਗੀਤ ਸੰਗੀਤ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਕਲਜੁਗ ਕਹੇ ਗੋਬਿੰਦ ਮੇਰੇ ਸਤਿਗੁਰ ਮਾਰ ਝਾਕੀ, ਸ਼ਬਦੀ ਧਾਰ ਦਿਆਂ ਜਣਾਈਆ । ਸਦੀ ਚੌਧਵੀਂ ਸਾਬਤ ਰਿਹਾ ਨਾ ਕੋਈ ਬੰਦਾ ਖ਼ਾਕੀ, ਖ਼ਾਲਸ ਨਜ਼ਰ ਕੋਇ ਨਾ ਆਈਆ । ਮਨ ਮਨੂਆ ਸਭ ਦੇ ਅੰਤਰ ਹੋਇਆ ਆਕੀ, ਅਕਲ ਬੁੱਧੀ ਦੀ ਚਲੇ ਨਾ ਕੋਇ ਚਤੁਰਾਈਆ । ਬੰਦ ਕੁਆੜਾ ਖੋਲ੍ਹੇ ਕੋਇ ਨਾ ਤਾਕੀ, ਨਿਰੰਤਰ ਪੜਦਾ ਨਾ ਕੋਇ ਉਠਾਈਆ । ਚਾਰੋਂ ਕੁੰਟ ਕੂੜੀ ਕਿਰਿਆ ਅੰਧੇਰੀ ਰਾਤੀ, ਸਤਿ ਸਚ ਚੰਦ ਨਾ ਕੋਇ ਚਮਕਾਈਆ । ਬਿਨ ਅੱਖਰਾਂ ਵੇਖ ਅਗੰਮੀ ਪਾਤੀ, ਜੋ ਪਤਰਕਾ ਪ੍ਰਭ ਨੇ ਦਿਤੀ ਫੜਾਈਆ । ਕੀ

ਵਸਤ ਅਮੋਲਕ ਨਿਰਗੁਣ ਧਾਰ ਦਿਤੀ ਦਾਤੀ, ਦਇਆਵਾਨ ਦਇਆ ਕਮਾਈਆ । ਮੈਂ ਹੁਕਮ ਮੰਨਾ ਧੁਰ ਦੀ ਆਖੀ, ਆਖ਼ਰ ਆਪਣੀ ਕਾਰ ਕਮਾਈਆ । ਮੇਰੇ ਵਿਚ ਨਹੀਂ ਕੋਈ ਗੁਸਤਾਖ਼ੀ, ਗ਼ੁੱਸਾ ਗਿਲਾ ਨਾ ਕੋਇ ਰਖਾਈਆ । ਮੈਂ ਕੂੜ ਵਿਕਾਰ ਮਾਇਆ ਮਮਤਾ ਲੋਕਮਾਤ ਖੋਲ੍ਹੀ ਹਾਟੀ, ਵਣਜਾਰਾ ਇਕੋ ਨਜ਼ਰੀ ਆਈਆ । ਤਨ ਵਜੂਦ ਰਹਿਣ ਨਹੀਂ ਦਿਤਾ ਕੋਈ ਪਾਕੀ, ਪਤਿਤ ਪੁਨੀਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਧੁਰ ਦਾ ਨਾਮ ਅਗੰਮ ਅਥਾਹੀਆ । ਕਲਜੁਗ ਕਹੇ ਗੋਬਿੰਦ ਮੇਰੀ ਪੁਸ਼ਤ ਪਨਾਹ ਲਗਾ ਥਾਪੀ, ਥਾਪਣਾ ਦੇਣੀ ਚਾਈਂ ਚਾਈਂਆ । ਮੈਂ ਸਾਬਤ ਰਹਿਣ ਨਹੀਂ ਦਿਤਾ ਕੋਈ ਜਾਪੀ, ਕਲਜੁਗ ਜੀਵ ਜੰਤ ਸਾਧ ਸੰਤ ਦਿਤੇ ਭੁਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਮੇਟ ਸਕੇ ਨਾ ਅੰਧੇਰੀ ਰਾਤੀ, ਮੇਰਾ ਪਰਦਾ ਨਾ ਕੋਇ ਉਠਾਈਆ । ਤੀਰ ਅਣਿਆਲਾ ਮਾਰਿਆ ਕਾਤੀ, ਕਤਲਗਾਹ ਵੇਖ ਲੋਕਾਈਆ । ਗੁਰੂ ਅਵਤਾਰ ਪੈਗ਼ੰਬਰਾਂ ਦੇ ਹੁੰਦਿਆਂ ਮੰਜ਼ਲ ਚੜ੍ਹੇ ਕੋਇ ਨਾ ਸਾਚੀ, ਹਕੀਕਤ ਹੱਕ ਵੇਖਣ ਕੋਇ ਨਾ ਪਾਈਆ । ਦੀਨ ਦੁਨੀ ਪੜ੍ਹ ਪੜ੍ਹ ਥੱਕੀ ਕਿਤਾਬੀ, ਕਾਇਆ ਕਾਅਬਾ ਨਜ਼ਰ ਕਿਸੇ ਨਾ ਆਈਆ । ਸਾਬਤ ਰਹਿਣ ਨਹੀਂ ਦਿਤਾ ਇਸ਼ਕ ਹਕੀਕੀ ਮਜਾਜ਼ੀ, ਮਜ਼ਾ ਕੂੜ ਦਿਤਾ ਚਖਾਈਆ । ਸੱਜਦਾ ਸਚ ਨਾ ਰਿਹਾ ਅਦਾਬੀ, ਡੰਡਾਵਤ ਬੰਦਨਾ ਕੰਮ ਕਿਸੇ ਨਾ ਆਈਆ । ਮੰਜ਼ਲ ਮਿਲੇ ਨਾ ਕਿਸੇ ਮਹਿਰਾਬੀ, ਮਹਿਬੂਬ ਦਰਸ ਕੋਇ ਨਾ ਪਾਈਆ । ਸਾਬਤ ਰਿਹਾ ਕੋਇ ਨਾ ਹਾਜ਼ੀ, ਹੁਜਰਾ ਹੱਕ ਨਾ ਕੋਇ ਸੁਹਾਈਆ । ਇਸ਼ਟ ਸਤਿ ਨਾ ਕ੍ਰਿਸ਼ਨਾ ਰਾਧੀ, ਸੀਤਾ ਰਾਮ ਨਾ ਕੋਇ ਚਤੁਰਾਈਆ । ਤੁਹਾਡੇ ਮੁਰੀਦ ਸਿੱਖ ਤੁਹਾਡੇ ਨਾਲੋਂ ਕੀਤੇ ਬਾਗ਼ੀ, ਪ੍ਰੇਮ ਪਿਆਰ ਮੁਹੱਬਤ ਨਾਤਾ ਦਿਤਾ ਤੁੜਾਈਆ । ਇਹ ਲੇਖਾ ਜੋ ਨਾਨਕ ਲਿਖ ਕੇ ਗਿਆ ਬਗ਼ਦਾਦੀ, ਬਗ਼ਲਗੀਰ ਰਹਿਣ ਕੋਇ ਨਾ ਪਾਈਆ । ਚਾਰ ਜੁਗ ਦਾ ਨਾਮ ਸਦੀ ਚੌਧਵੀਂ ਰਹੇ ਨਾ ਕੋਇ ਇਮਦਾਦੀ, ਸਗਲਾ ਸੰਗ ਨਾ ਕੋਇ ਰਖਾਈਆ । ਵੇਖ ਮੇਰੀ ਅੰਤਮ ਬਾਜ਼ੀ, ਬਾਜਾਂ ਵਾਲੇ ਧਿਆਨ ਲਗਾਈਆ । ਬੁੱਧੀ ਕਿਸੇ ਦੀ ਰਹੇ ਨਾ ਬੋਧ ਅਗਾਧੀ, ਅਨੁਭਵ ਦ੍ਰਿਸ਼ਟੀ ਸਕੇ ਨਾ ਕੋਇ ਖੁਲ੍ਹਾਈਆ । ਪੁਰਖ ਅਕਾਲ ਦੀਨ ਦਿਆਲ ਮੈਨੂੰ ਸਭ ਦਾ ਬਣਾਇਆ ਗਾਡੀ, ਗੁਰ ਅਵਤਾਰ ਪੈਗ਼ੰਬਰ ਛੋਟੇ ਛੋਟੇ ਹਿੱਸੇ ਮਜ਼੍ਹਬਾਂ ਵਾਲੇ ਰਖਾਈਆ । ਮੈਂ ਪਵਿੱਤਰ ਰਹਿਣ ਦਿਤੀ ਨਹੀਂ ਕਿਸੇ ਦੀ ਬਾਡੀ, ਮਾਇਆ ਮਮਤਾ ਵਿਚ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਉਪਜਾਈਆ । ਗੋਬਿੰਦ ਕਿਹਾ ਕਲਜੁਗ ਅੱਗੇ ਹੋ ਜਾ ਚੁਪ, ਬਚਨ ਕਹਿਣ ਕੋਇ ਨਾ ਪਾਈਆ । ਤੇਰਾ ਪ੍ਰਕਾਸ਼ ਜਾਣਾ ਛੁਪ, ਕੂੜ ਅੰਧ ਰਹੇ ਨਾ ਰਾਈਆ । ਪੁਰਖ ਅਕਾਲ ਦੀਨ ਦਿਆਲ ਇਕ ਉਠਾਉਣਾ ਆਪਣਾ ਸੁਤ , ਸ਼ਬਦ ਦੁਲਾਰਾ ਸੋਭਾ ਪਾਈਆ । ਜਿਸ ਨੇ ਜੂਠ ਝੂਠ ਕਢਣਾ ਕੁੱਟ, ਕੂੜ ਕੁਕਰਮ ਕਰੇ ਸਫ਼ਾਈਆ । ਕਲਜੁਗ ਸਾਚੀ ਬਦਲੇ ਰੁਤ, ਰੁਤੜੀ ਇਕੋ ਨਾਮ ਮਹਿਕਾਈਆ । ਤੇਰਾ ਲਹਿਣਾ ਦੇਣਾ ਜਾਣਾ ਮੁਕ, ਮੁਕੰਮਲ ਰਿਹਾ ਸੁਣਾਈਆ । ਤੂੰ ਮੇਰਾ ਮੈਂ ਤੇਰਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਪੜ੍ਹਨੀ ਤੁਕ, ਸੋਹੰ ਢੋਲਾ ਅਗੰਮ ਅਥਾਹੀਆ । ਚਾਰ ਵਰਨ ਅਠਾਰਾਂ ਬਰਨ ਸਭ ਦਾ ਉਜਲ ਕਰਨਾ ਮੁਖ, ਦੁਰਮਤ ਮੈਲ ਧਵਾਈਆ । ਧਰਤ ਧਵਲ ਦੀ ਸੁਫਲ ਕਰਨੀ ਕੁੱਖ, ਭਗਤ ਸੁਹੇਲੇ ਆਪ ਉਠਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਦਏ ਕਰਾਈਆ । ਪੜਦਾ ਓਹਲਾ ਰਹੇ ਨਾ ਲੁਕ, ਭੇਵ ਅਭੇਦਾ ਦੇ ਖੁਲ੍ਹਾਈਆ । ਸਤਿ ਸਚ ਜੀਵ ਜਹਾਨ ਬਦਲ ਜਾਣਾ ਰੁਖ਼, ਰੁਖ਼ਸਤ ਕੂੜ ਕਲਪਨਾ

ਦਏ ਕਰਾਈਆ । ਇਕੋ ਰੂਪ ਨਵ ਸੱਤ ਦਿਸੇ ਮਨੁੱਖ, ਮਾਨਵ ਮਾਨਸ ਮਾਨੁਖ ਵੰਡ ਨਾ ਕੋਇ ਵੰਡਾਈਆ । ਝਗੜਾ ਰਹੇ ਨਾ ਤਨ ਵਜੂਦ ਪੰਜ ਭੂਤ, ਸ਼ਰੀਰ ਬੇਨਜ਼ੀਰ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਜਾਮ ਹਰ ਘਟ ਅੰਤਰ ਦੇਵੇ ਘੁਟ, ਰਸਨਾ ਚੱਖਣ ਦੀ ਲੋੜ ਰਹੇ ਨਾ ਰਾਈਆ ।

### ✪ ੩ ਕੱਤਕ ਸ਼ਹਿਨਸ਼ਾਹੀ ਸੰਮਤ ੫ ਸੂਬੇਦਾਰ ਰਾਮ ਸਿੰਘ ਦੇ ਗ੍ਰਿਹ ਫ਼ਿਰੋਜ਼ਪੁਰ ਛਾਉਣੀ ✪

ਤਿੰਨ ਕੱਤਕ ਕਹੇ ਵਾਹ ਆ ਗਿਆ ਰਾਮ, ਸੀਤਾ ਸਤਿ ਨਾਲ ਵਡਿਆਈਆ । ਓਹ ਪਰਗਟਿਆ ਕਾਹਨ, ਰਾਧਾ ਆਪਣੇ ਰੰਗ ਰੰਗਾਈਆ । ਮੂਸਾ ਪਹੁੰਚਿਆ ਆਣ, ਸੱਜਦਾ ਸੀਸ ਇਕ ਝੁਕਾਈਆ । ਈਸਾ ਆ ਕੇ ਕਰੇ ਸਲਾਮ, ਸਾਹਿਬ ਤੇਰੀ ਬੇਪਰਵਾਹੀਆ । ਪੈਗ਼ੰਬਰ ਮੁਹੰਮਦ ਦਏ ਪੈਗ਼ਾਮ, ਸੰਦੇਸ਼ਾ ਅਗੰਮ ਅਥਾਹੀਆ । ਨਾਨਕ ਨਿਰਗੁਣ ਸਰਗੁਣ ਖੇਲ ਮਹਾਨ, ਮਹਿੰਮਾ ਕਥ ਕਥ ਦ੍ਰਿੜਾਈਆ । ਗੋਬਿੰਦ ਚਿੱਲਾ ਲੈ ਕਮਾਨ, ਤੀਰ ਤਰਕਸ਼ ਕੰਧ ਟਿਕਾਈਆ । ਮੁਖੋਂ ਹੱਸ ਕੇ ਕਿਹਾ ਖੇਲ ਸ੍ਰੀ ਭਗਵਾਨ, ਹਰਿ ਕਰਤਾ ਆਪ ਕਰਾਈਆ । ਜੋਤੀ ਜਾਤਾ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਸ਼ਬਦ ਸੰਦੇਸ਼ਾ ਦਿਤਾ ਭੇਵ ਖੁਲ੍ਹਾਇਆ ਦੋ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਮੈਂ ਫੜਿਆ ਕਮਾਨ ਤੀਰ, ਤਰਕਸ਼ ਵੇਖ ਵਖਾਈਆ । ਸੰਦੇਸ਼ਾ ਦਿਤਾ ਬੇਨਜ਼ੀਰ, ਨਜ਼ਰ ਨਜ਼ਰੀਆ ਦਿਤਾ ਬਦਲਾਈਆ । ਉਹ ਵੇਖ ਕਲਜੁਗ ਅਖ਼ੀਰ, ਆਖ਼ਰ ਦਿਆਂ ਦ੍ਰਿੜਾਈਆ । ਚਾਰੋਂ ਕੁੰਟ ਸ਼ਰਅ ਜ਼ੰਜੀਰ, ਬੰਧਨ ਸਕੇ ਨਾ ਕੋਇ ਤੁੜਾਈਆ । ਬਦਲ ਸਕੇ ਨਾ ਕੋਇ ਤਕਦੀਰ, ਤਦਬੀਰ ਵਿਚ ਕਦੇ ਨਾ ਆਈਆ । ਫੇਰ ਹੋਕਾ ਦਿਤਾ ਕਬੀਰ, ਕੂਕ ਕੂਕ ਦਿਤਾ ਸੁਣਾਈਆ । ਰਵਦਾਸ ਪਾਟੇ ਚੀਥੜ ਵਖਾ ਕੇ ਲੀਰ, ਨੈਣ ਅੱਖ ਉਠਾਈਆ । ਨਾਮੇ ਨੇਤਰ ਵਹਾਇਆ ਨੀਰ, ਹੰਝੂਆਂ ਹਾਰ ਬਣਾਈਆ । ਸ਼ਮਸ ਤਬਰੇਜ਼ ਮੰਨ ਕੇ ਇਕੋ ਪੀਰ, ਖੱਲ ਖਲੜੀ ਦਿਤੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਫ਼ਰਮਾਨਾ ਇਕ ਦ੍ਰਿੜਾਈਆ । ਕੱਤਕ ਕਹੇ ਮੈਂ ਵੇਖਿਆ ਇਕੋ ਕਰਤਾ, ਵਾਰਤਾ ਧੁਰਦਰਗਾਹੀਆ । ਨਾ ਜੀਵਤ ਨਾ ਮਰਦਾ, ਜੀਵਣ ਮਰਨ ਨਾ ਰੂਪ ਵਖਾਈਆ । ਆਦਿ ਜੁਗਾਦੀ ਮਾਲਕ ਸਾਚੇ ਘਰ ਦਾ, ਗ੍ਰਿਹ ਮੰਦਰ ਡੇਰਾ ਲਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਰੂਪ ਧਰਦਾ, ਧਰਨੀ ਧਰਤ ਧਵਲ ਵੇਖ ਵਖਾਈਆ । ਆਦਿ ਜੁਗਾਦਿ ਸ਼ਬਦ ਖੰਡਾ ਧਾਰ ਹੋ ਕੇ ਲੜਦਾ, ਝਗੜਾ ਕਰੇ ਥਾਉਂ ਥਾਈਆ । ਨਿਰਵੈਰ ਨਿਰਅੱਖਰ ਧਾਰ ਹੋ ਕੇ ਅੱਖਰ ਪੜ੍ਹਦਾ, ਸੰਦੇਸ਼ਾ ਨਾਮ ਕਲਮਾ ਜਣਾਈਆ । ਨਿਤ ਨਵਿਤ ਆਪਣਾ ਭਾਣਾ ਜਰਦਾ, ਸੀਸ ਜਗਦੀਸ ਨਿਰਗੁਣ ਸਰਗੁਣ ਆਪ ਝੁਕਾਈਆ । ਜਿਸ ਖੇਲ ਕਰਨਾ ਕਲਜੁਗ ਕਲ ਦਾ, ਕਲ ਕਾਤੀ ਵੇਖ ਵਖਾਈਆ । ਜੋ ਸਤਿ ਸਰੂਪ ਵੇਸ ਵਟਾਏ ਅਛਲ ਅਛੱਲ ਦਾ, ਵਲ ਛਲ ਆਪਣੀ ਕਾਰ ਕਮਾਈਆ । ਲਹਿਣਾ ਦੇਣਾ ਜਾਣੇ ਜਲ ਥਲ ਦਾ, ਮਹੀਅਲ ਵੇਖੇ ਥਾਉਂ ਥਾਈਆ । ਜਿਸ ਦਾ ਦੀਪਕ ਜੋਤ ਅਗੰਮੀ ਬਲਦਾ, ਚਾਰ ਕੁੰਟ ਬੈਕੁੰਠ ਕਰੇ ਰੁਸ਼ਨਾਈਆ । ਜੋ ਗੁਰ ਅਵਤਾਰ ਪੈਗ਼ੰਬਰ ਘੱਲਦਾ, ਹਲਕਿਆਂ ਵਿਚ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕੱਤਕ ਕਹੇ ਰਾਮ ਆਇਆ ਨੱਠਾ, ਕ੍ਰਿਸ਼ਨ ਪੰਧ ਮੁਕਾਈਆ । ਪੈਗ਼ੰਬਰ ਹੋ ਇਕੱਠਾ, ਗੁਰੂ ਗੁਰ ਸੀਸ ਨਿਵਾਈਆ । ਲੇਖਾ ਕੋਈ ਜਾਣ ਨਾ ਸਕੇ ਆਈਜਨ ਤਥਾ, ਯਥਾਰਥ ਸਮਝ ਕੋਇ ਨਾ ਆਈਆ । ਲੋਚਨ ਵੇਖ ਨਾ ਸਕੇ ਅੱਖਾ, ਨੈਣ ਨਾ ਕੋਇ ਉਠਾਈਆ । ਪ੍ਰਭੂ ਭੇਵ ਨਾ ਦਿਤਾ ਰਤਾ, ਰਤਨ ਅਮੋਲਕ ਹੀਰੇ ਮਾਣ ਵਡਿਆਈਆ । ਅੰਤਮ ਆਪਣੇ ਨਾਲ ਪਕਾਵੇ ਮਤਾ, ਮਸ਼ਵਰਾ ਅਵਰ ਨਾ ਕੋਇ ਰਖਾਈਆ । ਜਿਸ ਨੇ ਚਾਰ ਜੁਗ ਚਲਾਇਆ ਰਥਾ, ਨਿਰਗੁਣ ਸਰਗੁਣ ਬਣ ਰਥਵਾਹੀਆ । ਸ਼ਾਸਤਰ ਸਿਮਰਤ ਵੇਦ ਪੁਰਾਨ ਚਲਾਈ ਕਥਾ, ਅੰਜੀਲ ਕੁਰਾਨ ਰਾਹ ਵਖਾਈਆ । ਸੋ ਪੁਰਖ ਅਕਾਲਾ ਫਿਰੇ ਨੱਠਾ, ਦੀਨ ਦਿਆਲਾ ਭੱਜੇ ਵਾਹੋ ਦਾਹੀਆ । ਸਦੀ ਚੌਧਵੀਂ ਸਭ ਦਾ ਵੇਖੇ ਪੱਟਾ, ਪਾਰਬ੍ਰਹਮ ਪ੍ਰਭ ਪੜਦਾ ਲਾਹੀਆ । ਜਿਸ ਵਿਚ ਦੀਨ ਮਜ਼੍ਹਬ ਦਾ ਰੱਟਾ, ਚਾਰੋਂ ਕੁੰਟ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਵਡ ਵਡਿਆਈਆ । ਗੋਬਿੰਦ ਕਹੇ ਮੈਂ ਤੀਰ ਦੀ ਵੇਖੀ ਮੁਖੀ, ਮੁਖ ਬ੍ਰਹਮਾ ਧਿਆਨ ਲਗਾਈਆ । ਸ੍ਰਿਸ਼ਟੀ ਵਿਚ ਕੋਈ ਨਾ ਸੁਖੀ, ਵਿਸ਼ਨੂੰ ਵਿਸ਼ਵ ਦਿਤਾ ਦ੍ਰਿੜਾਈਆ । ਕੂੜ ਕੁੜਿਆਰ ਧਾਰ ਅੱਜੇ ਨਾ ਮੁਕੀ, ਸ਼ੰਕਰ ਫੜ ਕੇ ਦਿਤਾ ਸਮਝਾਈਆ । ਮਮਤਾ ਜੜ੍ਹ ਗਈ ਨਾ ਪੁੱਟੀ, ਅਵਤਾਰ ਪੈਗ਼ੰਬਰ ਗਏ ਫੇਰੀਆਂ ਪਾਈਆ । ਨਿਰਗੁਣ ਧਾਰ ਮੂਲ ਨਾ ਉਠੀ, ਸ਼ਾਸਤਰ ਸਿਮਰਤ ਵੇਦ ਪੁਰਾਨ ਕਰ ਪੜ੍ਹਾਈਆ । ਅੰਮ੍ਰਿਤ ਰਸ ਮਿਲਿਆ ਨਾ ਘੁਟੀਂ, ਅਠ ਸਠ ਤੀਰਥ ਪੰਧ ਚੁਕਾਈਆ । ਉਠ ਸਕੀ ਨਾ ਸੁਰਤੀ ਸੁੱਤੀ, ਹਲੂਣਾ ਹੱਕ ਨਾ ਕੋਇ ਲਗਾਈਆ । ਸੁਹੰਜਣੀ ਹੋਏ ਕੋਇ ਨਾ ਰੁਤੀਂ, ਰੁਤੜੀ ਰੁਤ ਨਾ ਕੋਇ ਮਹਿਕਾਈਆ । ਝਗੜਾ ਪਿਆ ਪੰਜ ਤਤ ਬੁਤੀਂ, ਬੁਤਖ਼ਾਨੇ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪਰਦਾ ਆਪ ਚੁਕਾਈਆ । ਗੋਬਿੰਦ ਕਹੇ ਮੈਂ ਤੀਰ ਦਾ ਵੇਖਿਆ ਨਿਸ਼ਾਨਾ, ਨਿਸ਼ਾਨਾ ਆਪਣਾ ਇਕ ਰਖਾਈਆ । ਮੈਨੂੰ ਨਜ਼ਰੀ ਆਇਆ ਕ੍ਰਿਸ਼ਨਾ ਕਾਹਨਾ, ਘਨਈਆ ਆਪਣਾ ਰੂਪ ਦਰਸਾਈਆ । ਜਿਸ ਨੇ ਕੀਤਾ ਖੇਲ ਮਹਾਨਾ, ਤ੍ਰੈਲੋਕੀ ਨਾਥ ਵਡ ਵਡਿਆਈਆ । ਉਸ ਨੇ ਹੁਕਮ ਸੰਦੇਸ਼ਾ ਦਿਤਾ ਅਰਜਨ ਜਾਣੀ ਜਾਣਾ, ਭੇਵ ਅਭੇਦਾ ਇਕ ਖੁਲ੍ਹਾਈਆ । ਫੇਰ ਪਰਭਾਸ ਤੱਕਿਆ ਜਿਥੇ ਸੁੰਞ ਮਸਾਣਾ, ਨਗਰ ਖੇੜਾ ਨਜ਼ਰ ਕੋਇ ਨਾ ਆਈਆ । ਜਿਥੇ ਬਧਕ ਮਾਰਿਆ ਨਿਸ਼ਾਨਾ, ਚਰਨ ਕਵਲ ਕਵਲ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਰੰਗ ਰੰਗਾਈਆ । ਗੋਬਿੰਦ ਕਹੇ ਬੱਧਕ ਦਾ ਤੀਰ ਅਪਾਰਾ, ਤੁਰੀਆ ਸਮਝ ਕੋਇ ਨਾ ਪਾਈਆ । ਉਹਨੂੰ ਘੜਿਆ ਨੌਂ ਨੌਂ ਵਾਰਾਂ, ਅਗਨੀ ਭੱਠੀ ਵਿਚ ਤਪਾਈਆ । ਉਹਦੀ ਮੁਖੀ ਬਣਾਈ ਪੇਂਦੂ ਨਾਮ ਸੁਨਿਆਰਾ, ਪਿੰਜਰ ਤਨ ਵਜੂਦ ਹੰਢਾਈਆ । ਜਿਸ ਦੀ ਅੰਤਰ ਹੁੰਦੀ ਇਕ ਵਿਚਾਰਾ, ਵਿਚਰ ਕੇ ਸਕੇ ਨਾ ਕਿਸੇ ਸੁਣਾਈਆ । ਜੇ ਕਿਰਪਾ ਕਰੇ ਆਪ ਨਿਰੰਕਾਰਾ, ਨਿਰਗੁਣ ਹੋਏ ਸਹਾਈਆ । ਮੇਰੀ ਸੇਵਾ ਲਏ ਵਿਚ ਦਰਬਾਰਾ, ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਸਾਚਾ ਇਕ ਵਖਾਈਆ । ਸੁਨਿਆਰ ਕਹੇ ਮੈਂ ਮੁਖੀ ਘੜਿਆ ਘਾੜ, ਘਾੜਤ ਦਏ ਜਣਾਈਆ । ਉਹ ਦਿਨ ਸੀ ਸਤਾਰਾਂ ਹਾੜ, ਜਿਸ ਵੇਲੇ ਕੁਠਾਲੀ ਰੰਗ ਰੰਗਾਈਆ । ਨੌਂ ਵਾਰ ਸੁਹਾਗਾ ਉਤੇ ਫੇਰਿਆ ਪ੍ਰੇਮ ਦੀ ਧਾਰ, ਨੇਤਰ ਨੈਣ ਨੈਣ ਚਮਕਾਈਆ । ਜੇ ਮਨਜ਼ੂਰ ਕਰੇ ਨਿਰੰਕਾਰ, ਕਰਤਾਰ

ਬੇਪਰਵਾਹੀਆ । ਓਸ ਦਾ ਬੱਧਕ ਨਾਲ ਸੀ ਪਿਆਰ, ਗਵਾਂਢੀ ਨਾਵੇਂ ਘਰ ਦਾ ਨਜ਼ਰੀ ਆਈਆ । ਓਹ ਪਹੁੰਚਿਆ ਓਸ ਬਾਜ਼ਾਰ, ਖ਼ੁਸ਼ੀਆਂ ਵਿਚ ਪੰਧ ਮੁਕਾਈਆ । ਅੱਗੋਂ ਹੱਸ ਕੇ ਕਿਹਾ ਸੁਨਿਆਰ ਆ ਯਾਰ, ਮੇਰੇ ਪਾਸ ਆਸਣ ਲੈ ਲਗਾਈਆ । ਆਹ ਵੇਖ ਮੇਰਾ ਹਥਿਆਰ, ਤੇਰੇ ਤੀਰ ਦੀ ਮੁਖੀ ਦਿਆਂ ਬਣਾਈਆ । ਓਨੇ ਚਿਰ ਨੂੰ ਕ੍ਰਿਸ਼ਨ ਨੇ ਅੰਦਰ ਦਿਤਾ ਹੁਲਾਰ, ਮੂਰਤੀ ਆਪਣੀ ਦਿਤੀ ਵਖਾਈਆ । ਇਹਦੀ ਮੁਖੀ ਤੀਰ ਉਤੇ ਚਾੜ੍ਹ, ਨੌਂ ਵਾਰ ਦੇਣੀ ਦਬਾਈਆ । ਏਸ ਆਉਣਾ ਵਿਚ ਉਜਾੜ, ਜੂਹ ਫੇਰਾ ਪਾਈਆ । ਮੈਂ ਸੌਣਾ ਚਰਨ ਪਸਾਰ, ਆਪ ਆਪਣੀ ਲੈ ਅੰਗੜਾਈਆ । ਇਹ ਖੇਲ ਹੋਣਾ ਵਿਚ ਸੰਸਾਰ, ਸੰਸਾਰੀ ਸਮਝ ਕੋਇ ਨਾ ਆਈਆ । ਤੇਰਾ ਲਹਿਣਾ ਦੇਣਾ ਪੂਰਾ ਕਰੇ ਕਰਤਾਰ, ਕੁਦਰਤ ਦਾ ਮਾਲਕ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਬੱਧਕ ਕਿਹਾ ਤੈਨੂੰ ਤੀਰ ਫੜਾਵਾਂ ਹੱਥੀਂ, ਹੱਥ ਦਿਤਾ ਟਿਕਾਈਆ । ਸੁਨਿਆਰ ਕਿਹਾ ਮੈਂ ਮੁਖੀ ਲਾਵਾਂ ਚਾਰ ਮਾਸੇ ਨੌਂ ਰੱਤੀ ਇਹ ਮੇਰੀ ਵੰਡ ਵੰਡਾਈਆ । ਅਗਲੀ ਕਥਾ ਕਹਾਣੀ ਸਚੀ, ਸਚ ਦਿਆਂ ਸਮਝਾਈਆ । ਤੇਰਾ ਮੇਲ ਹੋਣਾ ਨਾਲ ਓਸ ਸਭਾਪਤੀ, ਜਿਸ ਨੂੰ ਸਾਰੇ ਸੀਸ ਨਿਵਾਈਆ । ਤੂੰ ਖੇਲ ਵੇਖਣਾ ਅੱਖੀਂ, ਅੱਖਰਾਂ ਤੋਂ ਬਾਹਰ ਮੇਰੀ ਪੜ੍ਹਾਈਆ । ਜਿਸ ਨੇ ਪਿਆਰ ਕੀਤਾ ਨਾਲ ਸਖ਼ੀ, ਸਖ਼ੀਆਂ ਦਾ ਕਾਹਨ ਸੋਭਾ ਪਾਈਆ । ਓਹ ਤੇਰਾ ਰਾਹ ਰਿਹਾ ਤਕੀ, ਨੇਤਰ ਲੋਚਨ ਨੈਣ ਅੱਖ ਉਠਾਈਆ । ਸੱਜਣਾ ਮੈਂ ਤੈਨੂੰ ਕਰਦਾ ਪੱਕੀ, ਸਚ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਤੀਰ ਕਹੇ ਮੇਰੇ ਉਤੇ ਚੜ੍ਹ ਗਿਆ ਕੰਚਨ ਰੂਪ ਅਪਾਰਾ, ਅਪਰੰਪਰ ਸਵਾਮੀ ਦਿਤੀ ਵਡਿਆਈਆ । ਮੇਰੇ ਅੰਦਰ ਆਇਆ ਇਸ਼ਾਰਾ, ਸੈਨਤ ਰਿਹਾ ਲਗਾਈਆ । ਤੇਰਾ ਖੇਲ ਹੋਣਾ ਨਿਆਰਾ, ਨਿਰੰਕਾਰ ਆਪ ਕਰਾਈਆ । ਕੀ ਬੱਧਕ ਕਰੇ ਬੇਚਾਰਾ, ਵਿਚਰ ਕੇ ਸਕੇ ਨਾ ਕੋਇ ਸਮਝਾਈਆ । ਇਹ ਖੇਲ ਸੱਚੀ ਸਰਕਾਰਾ, ਕਰਨੀ ਦਾ ਕਰਤਾ ਆਪਣੇ ਹੱਥ ਰਖਾਈਆ । ਜਾਂ ਵਕਤ ਸੁਹੰਜਣਾ ਆਏ ਵਿਚ ਸੰਸਾਰਾ, ਲਹਿਣਾ ਦੇਣਾ ਦਏ ਮੁਕਾਈਆ । ਬੱਧਕ ਚਲਿਆ ਵਿਚ ਉਜਾੜਾ, ਸਾਥੀ ਆਪਣੇ ਨਾਲ ਲਿਆਈਆ । ਕ੍ਰਿਸ਼ਨ ਸੁੱਤਾ ਚਰਨ ਪਸਾਰਾ, ਆਪ ਆਪਣੀ ਸੋਭਾ ਪਾਈਆ । ਓਸ ਮਾਰਿਆ ਤੀਰ ਕਰਾਰਾ, ਪਦਮ ਕਦਮ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਤੀਰ ਮਾਰਿਆ ਬੱਧਕ, ਮਿਰਗ ਨੈਣ ਜਗ ਜਾਣ । ਖੇਲ ਪ੍ਰਭੂ ਦਾ ਅਧਿਕ, ਕਰਾਏ ਆਪ ਭਗਵਾਨ । ਹੁਕਮ ਦੇਵੇ ਸਖ਼ਤ, ਮੇਟ ਸਕੇ ਨਾ ਕੋਈ ਵਿਚ ਜਹਾਨ । ਸੁਹੰਜਣਾ ਹੋਇਆ ਵਕਤ, ਖੇਲ ਹੋਇਆ ਮਹਾਨ । ਪੂਰੀ ਹੋਈ ਸ਼ਰਤ, ਰਾਮ ਨਿਗਾਹਵਾਨ । ਲੇਖਾ ਮੁਕਿਆ ਫ਼ਰਸ਼, ਖ਼ੁਸ਼ੀ ਜ਼ਿਮੀਂ ਅਸਮਾਨ । ਨੇੜੇ ਆਇਆ ਨਿਧੜਕ, ਬਲ ਸੂਰਬੀਰ ਬਲਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਹੁਕਮ ਇਕ ਸੁਣਾਈਆ । ਤਿੰਨ ਕੱਤਕ ਕਹੇ ਬੱਧਕ ਆ ਗਿਆ ਕੋਲ, ਦੱਬੇ ਦੱਬੇ ਪੈਰ ਟਿਕਾਈਆ । ਸੁਰਤੀ ਹੋਈ ਅਨਭੋਲ, ਭੇਵ ਸਕਿਆ ਨਾ ਕੋਇ ਖੁਲ੍ਹਾਈਆ । ਜਾਂ ਵੇਖਿਆ ਆ ਕੇ ਉਪਰ ਧੌਲ, ਲੋਚਨ ਦੋਏ ਦੋਏ ਰਾਹ ਤਕਾਈਆ । ਕ੍ਰਿਸ਼ਨ ਹੱਸ ਕੇ ਪਿਆ ਬੋਲ, ਫ਼ਰਮਾਨਾ ਇਕ ਜਣਾਈਆ । ਆ ਤੋਲਾਂ ਤੇਰਾ ਤੋਲ, ਤਰਾਜ਼ੂ ਆਪਣਾ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਬੱਧਕ ਵੇਖ ਹੋਇਆ ਹੈਰਾਨ, ਹੈਰਾਨੀ

ਅੰਤਰ ਆਈਆ । ਇਹ ਕਾਹਨ ਸ੍ਰੀ ਭਗਵਾਨ, ਕ੍ਰਿਸ਼ਨ ਕ੍ਰਿਸ਼ਨ ਸੋਭਾ ਪਾਈਆ । ਮੈਂ ਮੂਰਖ ਬੜਾ ਨਾਦਾਨ, ਤੀਰ ਨਿਸ਼ਾਨਾ ਦਿਤਾ ਲਗਾਈਆ । ਨੇਤਰ ਹੰਝੂ ਲੱਗਾ ਵਹਾਣ, ਛਹਿਬਰ ਇਕ ਲਗਾਈਆ । ਕ੍ਰਿਸ਼ਨ ਨੇ ਪਕੜ ਕੇ ਕਾਨ, ਹਲੂਣਾ ਦੇ ਕੇ ਜ਼ੋਰ ਨਾਲ ਲਗਾਈਆ । ਆਹ ਵੇਖ ਤੇਰਾ ਲੇਖਾ ਵਿਚ ਜਹਾਨ, ਤੈਨੂੰ ਦਿਆਂ ਦ੍ਰਿੜਾਈਆ । ਤੀਰ ਦੀ ਮੁਖੀ ਉਹਦੇ ਮਸਤਕ ਛੁਹਾਈ ਨਾਲੇ ਦਿਤਾ ਦਾਨ, ਦਇਆ ਆਪ ਕਮਾਈਆ । ਏਸ ਤੀਰ ਦੇ ਨਾਲ ਗੋਬਿੰਦ ਨੇ ਗ਼ਰੀਬਾਂ ਦੀ ਰੱਖਿਆ ਕਰਨੀ ਮਹਾਨ, ਮਿਹਰ ਨਜ਼ਰ ਇਕ ਉਠਾਈਆ । ਏਸ ਤੀਰ ਦਾ ਲੇਖਾ ਨਾਲ ਹੋਵੇ ਵਿਸ਼ਨੂੰ ਭਗਵਾਨ, ਭਗਵਨ ਆਪਣਾ ਸੰਗ ਬਣਾਈਆ । ਸ਼ਬਦ ਗੁਰੂ ਜੋਧਾ ਸੂਰ ਹੋਵੇ ਬਲਵਾਨ, ਬਲਧਾਰੀ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਕ੍ਰਿਸ਼ਨ ਕਿਹਾ ਬੱਧਕ ਉਠ ਵੇਖ ਮਾਰ ਝਾਕੀ, ਪੜਦਾ ਦਿਆਂ ਉਠਾਈਆ । ਆਹ ਵੇਖ ਗੋਬਿੰਦ ਸਾਕੀ, ਸਚ ਪਿਆਲਾ ਅੰਮ੍ਰਿਤ ਜਾਮ ਪਿਆਲਾ ਰਿਹਾ ਪਿਆਈਆ । ਔਹ ਵੇਖ ਅੰਧੇਰੀ ਰਾਤੀ, ਸਾਚਾ ਚੰਦ ਰਿਹਾ ਚਮਕਾਈਆ । ਵੇਸ ਵਟਾ ਕੇ ਕਮਲਾਪਾਤੀ, ਪਤਿਪਰਮੇਸ਼ਵਰ ਸੋਭਾ ਪਾਈਆ । ਆਪਣੀ ਖੇਲ ਦੇਵਾਂ ਦਾਤੀ, ਦਾਤਾ ਹੋ ਕੇ ਦਇਆ ਕਮਾਈਆ । ਕਲਜੁਗ ਅੰਤ ਤੇਰਾ ਜਨਮ ਹੋਵੇ ਸਾਖਿਆਤੀ, ਸਿਰ ਆਪਣਾ ਹੱਥ ਟਿਕਾਈਆ । ਇਹ ਜਿਹੜੇ ਤੇਰੇ ਨਾਲ ਸਾਥੀ, ਉਹਨਾਂ ਮਾਨਸ ਦੇਹੀ ਮਿਲੇ ਵਡਿਆਈਆ । ਤੂੰ ਮੰਨਣੀ ਮੇਰੀ ਆਖੀ, ਨਿਮਰਤਾ ਵਿਚ ਸੀਸ ਝੁਕਾਈਆ । ਮੇਲ ਮਿਲਾਵੇ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਪੂਰਾ ਕਰੇ ਮੇਰਾ ਵਾਕੀ, ਵਾਕਫ਼ਕਾਰ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕ੍ਰਿਸ਼ਨ ਕਿਹਾ ਬੱਧਕ ਅੰਤਰ ਨਾ ਕਰ ਰੰਜ, ਰੰਜਸ਼ ਦੀ ਲੋੜ ਰਹੀ ਨਾ ਰਾਈਆ । ਕ੍ਰਿਸ਼ਨ ਨੇ ਨੇਤਰ ਦਬਾ ਕੇ ਕਿਹਾ ਅੱਗੇ ਵੇਖ ਸੰਮਤ ਸ਼ਹਿਨਸ਼ਾਹੀ ਪੰਜ, ਪੰਜ ਧਾਰ ਤੋਂ ਪਰੇ ਦ੍ਰਿੜਾਈਆ । ਜਿਸ ਵੇਲੇ ਕੋਈ ਮੁਹਾਣਾ ਰਿਹਾ ਨਾ ਵੰਝ, ਪੱਤਨ ਪਾਰ ਨਾ ਕੋਇ ਕਰਾਈਆ । ਦੀਨ ਦੁਨੀ ਹੋਣੀ ਅੰਧ, ਸਾਚਾ ਚੰਦ ਨਾ ਕੋਇ ਚਮਕਾਈਆ । ਦੀਨ ਦਿਆਲ ਹੋਣਾ ਬਖ਼ਸ਼ੰਦ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਤੇਰੇ ਸਾਥੀਆਂ ਨੂੰ ਪੌਣਾ ਤੰਦ, ਜੋੜੀ ਆਪਣੇ ਨਾਲ ਜੁੜਾਈਆ । ਸਾਹਿਬ ਸੁਲਤਾਨ ਹੋ ਬਖ਼ਸ਼ੰਦ, ਸਚ ਸਿੰਘਾਸਣ ਸੋਭਾ ਪਾਈਆ । ਓਸ ਵੇਲੇ ਉਹਦਿਆਂ ਸੰਤਾਂ ਭਗਤਾਂ ਦੀ ਛੱਬੀ ਪੋਹ ਨੂੰ ਚੜ੍ਹ ਕੇ ਔਣੀ ਜੰਞ, ਲਾੜੇ ਸਾਰੇ ਨਜ਼ਰੀ ਆਈਆ । ਗੋਬਿੰਦ ਨੇ ਗੋਬਿੰਦ ਦੀ ਧਾਰ ਵੇਖਣਾ ਰੰਗ, ਰੰਗਤ ਇਕੋ ਦਏ ਵਖਾਈਆ । ਤਖ਼ਤ ਨਿਵਾਸੀ ਤਖ਼ਤ ਦੇ ਉਤੇ ਬੈਠ ਕੇ ਏਹੋ ਤੀਰ ਤੈਥੋਂ ਲੈਣਾ ਮੰਗ, ਸੱਜੇ ਹੱਥ ਨਾਲ ਸੱਜੇ ਹੱਥ ਦੇਣਾ ਫੜਾਈਆ । ਫੇਰ ਜ਼ਰੂਰ ਕਲਜੁਗ ਅੰਤ ਸ੍ਰਿਸ਼ਟੀ ਵਿਚ ਹੋਵੇ ਜੰਗ, ਜਗਹ ਜਗਹ ਹੋਵੇ ਲੜਾਈਆ । ਅਗਲਾ ਲੇਖਾ ਛੱਬੀ ਪੋਹ ਨੂੰ ਦਏ ਵੰਡ, ਭੇਵ ਸਾਰਾ ਦਏ ਖੁਲ੍ਹਾਈਆ । ਜਿਸ ਨੇ ਖੇਲ ਖੇਲਿਆ ਪੁਰੀ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਦ, ਆਤਮ ਪਰਮਾਤਮ ਜੋੜ ਜੁੜਾਈਆ । ਸੋ ਸਵਾਮੀ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਵੇ ਲੰਘ, ਸਚ ਦਵਾਰਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਵਿਚ ਵਰਭੰਡ, ਵਰਭੰਡੀ ਆਪਣਾ ਹੁਕਮ ਵਰਤਾਈਆ ।

## ੪ ਕੱਤਕ ਸ਼ਹਿਨਸ਼ਾਹੀ ਸੰਮਤ ੫ ਸੋਭਾ ਸਿੰਘ ਦੇ ਗ੍ਰਿਹਿ ਪਿੰਡ ਵਲੂਰ ਜ਼ਿਲਾ ਫ਼ਿਰੋਜ਼ਪੁਰ

ਧਰਨੀ ਕਹੇ ਮੇਰਾ ਸੁਹਾਵਾ ਦੇਸ, ਦਿਸ਼ਾ ਮਿਲੇ ਵਡਿਆਈਆ । ਘਰ ਸਵਾਮੀ ਮਿਲੇ ਨਰੇਸ਼, ਨਰ ਨਿਰੰਕਾਰ ਦਇਆ ਕਮਾਈਆ । ਜਿਸ ਸੰਦੇਸ਼ਾ ਸ਼ਬਦ ਦਿਤਾ ਦਸ਼ਮੇਸ, ਗੁਰ ਗੋਬਿੰਦ ਗਿਆ ਦ੍ਰਿੜਾਈਆ । ਉਠ ਵੇਖ ਆਪਣੇ ਖੇਤ, ਚਾਰੋਂ ਕੁੰਟ ਹਰਿਆਵਲ ਛਾਈਆ । ਇਹ ਪ੍ਰਭੂ ਦਾ ਸਾਚਾ ਹੇਤ, ਪਰਮ ਪੁਰਖ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਗੋਬਿੰਦ ਕਹੇ ਮੈਨੂੰ ਆਈ ਅਗੰਮੀ ਖ਼ਬਰ, ਪੁਰਖ ਅਕਾਲ ਦਿਤਾ ਜਣਾਈਆ । ਥੋੜਾ ਸਮਾਂ ਕਰ ਸਬਰ, ਸਿਦਕ ਆਪਣਾ ਵੇਖ ਵਖਾਈਆ । ਫੇਰ ਬਣਾ ਕੇ ਭੇਜਾਂ ਸ਼ੇਰ ਬੱਬਰ, ਨਿਰਗੁਣ ਹੋ ਕੇ ਆਪਣਾ ਸੰਗ ਰਖਾਈਆ । ਝਗੜਾ ਮੁਕਾਵੀਂ ਮੜ੍ਹੀ ਗੋਰ ਕਬਰ, ਮਕਬਰਿਆਂ ਡੇਰਾ ਢਾਹੀਆ । ਮੇਰਾ ਨਾਮ ਸੁਣਾਵੀਂ ਧੁਨ ਮਧੁਰ, ਮਧਸੂਧਨ ਪੜਦਾ ਆਪ ਚੁਕਾਈਆ । ਕਲਜੁਗ ਕੂੜੀ ਕਿਰਿਆ ਦੇਵੀਂ ਬਦਲ, ਸਤਿਜੁਗ ਸਚ ਸਚ ਸਮਝਾਈਆ । ਦੀਨਾਂ ਮਜ਼੍ਹਬਾਂ ਦਾ ਤੇਰੇ ਹੱਥ ਹੋਵੇ ਅਦਲ, ਇਨਸਾਫ਼ ਇਕ ਕਰਾਈਆ । ਸ਼ਰਅ ਕਰੇ ਕੋਈ ਨਾ ਕਤਲ, ਮਕਤੂਲ ਰੂਪ ਨਾ ਕੋਇ ਵਟਾਈਆ । ਸਚ ਵਖਾਉਣਾ ਮੇਰਾ ਵਤਨ, ਬੇਵਤਨਾਂ ਦਇਆ ਕਮਾਈਆ । ਬਿਨ ਤੇਰੇ ਲੇਖੇ ਲੱਗੇ ਕਿਸੇ ਨਾ ਯਤਨ, ਯਥਾਰਥ ਮੇਰਾ ਗ੍ਰਿਹਿ ਨਾ ਕੋਇ ਵਖਾਈਆ । ਤੂੰ ਸਭ ਨੂੰ ਦੱਸਣਾ ਇਕੋ ਪਤਨ, ਪਿਤਾ ਪੁਰਖ ਅਕਾਲ ਇਕ ਜਣਾਈਆ । ਭਗਤ ਸੁਹੇਲੇ ਉਪਜਾਉਣੇ ਰਤਨ, ਅਮੋਲਕ ਹੀਰੇ ਮਾਤ ਪਰਗਟਾਈਆ । ਜਿਨ੍ਹਾਂ ਦੀ ਲੱਜਿਆ ਆਉਣੀ ਰੱਖਣ, ਸਿਰ ਆਪਣਾ ਹੱਥ ਟਿਕਾਈਆ । ਸਚ ਦਵਾਰੇ ਧੁਰ ਦੇ ਵਸਣ, ਦਰਗਾਹ ਸਚ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰਾ ਹੋਇਆ ਭਾਗ ਉਘਾ, ਉਦੇ ਅਸਤ ਮਿਲੇ ਵਡਿਆਈਆ । ਪ੍ਰਭ ਕਿਰਪਾ ਕੀਤੀ ਉਤੇ ਬਸੁਧਾ, ਮੇਰੀ ਸੁਧ ਦਿਤੀ ਬਦਲਾਈਆ । ਜਿਸ ਪਾਰ ਕਰਨਾ ਕਲਜੁਗਾ, ਚੌਥੇ ਜੁਗ ਡੇਰਾ ਢਾਹੀਆ । ਮਾਨਵ ਜ਼ਾਤੀ ਇਕੋ ਦੱਸਣਾ ਮੁੱਦਾ, ਜੋ ਮੁੱਦਤ ਦਾ ਮਾਲਕ ਸੋਭਾ ਪਾਈਆ । ਅਗਲਾ ਭੇਵ ਰਹੇ ਨਾ ਲੁਕਾ, ਓਹਲਾ ਅੰਦਰੋਂ ਦੇਣਾ ਚੁਕਾਈਆ । ਤਨ ਵਜੂਦ ਸਾਫ਼ ਕਰ ਕੇ ਜੁੱਸਾ, ਜ਼ਮੀਰ ਦੇਣੀ ਬਦਲਾਈਆ । ਕੂੜੀ ਕਿਰਿਆ ਮੇਟ ਕੇ ਗ਼ੁੱਸਾ, ਅੰਮ੍ਰਿਤ ਮੇਘ ਦੇਣਾ ਬਰਸਾਈਆ । ਭਗਤ ਸੁਹੇਲਾ ਸੰਤ ਰਹੇ ਕੋਈ ਨਾ ਰੁੱਸਾ, ਫੜ ਬਾਹੋਂ ਗਲੇ ਲਗਾਈਆ । ਬਸੁਧਾ ਕਹੇ ਮੇਰਾ ਪਿਛਲਾ ਪੈਂਡਾ ਮੁਕਾ, ਮੁਕੰਮਲ ਦਿਆਂ ਜਣਾਈਆ । ਮੈਂ ਗੋਬਿੰਦ ਧਾਰ ਤੱਕਿਆ ਪੁਰਖ ਅਕਾਲ ਦਾ ਸੁੱਤਾ, ਦਿਲਦਾਰ ਇਕੋ ਨਜ਼ਰੀ ਆਈਆ । ਜਿਸ ਨੇ ਮਾਰਗ ਜੀਵਣ ਜੁਗ ਜਗਤ ਦੱਸਣਾ ਉਚਾ, ਉਚ ਅਗੰਮ ਅਥਾਹ ਦਇਆ ਕਮਾਈਆ । ਪ੍ਰੇਮ ਪਿਆਰ ਦੱਸਣਾ ਸੁੱਚਾ, ਸੰਜਮ ਇਕ ਸਮਝਾਈਆ । ਉਜਲ ਕਰਾਉਣਾ ਗੁਰਮੁਖ ਮੁਖਾ, ਦੁਰਮਤ ਮੈਲ ਧਵਾਈਆ । ਭਾਗ ਲਗਾਏ ਜਨਣੀ ਕੁੱਖਾ, ਮਿਹਰ ਨਜ਼ਰ ਇਕ ਟਿਕਾਈਆ । ਜਨਮ ਕਰਮ ਦਾ ਮੇਟ ਦਏ ਦੁੱਖਾ, ਦਰਦੀਆਂ ਦਰਦ ਰਹੇ ਨਾ ਰਾਈਆ । ਘਰ ਉਪਜਾਵੇ ਸਾਚਾ ਸੁਖਾ, ਸਾਂਤਕ ਸਤਿ ਸਤਿ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਕਦੇ ਨਾ ਹੋਵੇ ਜੁਦਾ, ਹਰ ਘਟ ਅੰਤਰ ਆਪਣਾ ਮੇਲ ਮਿਲਾਈਆ ।

## ✪ ੪ ਕੱਤਕ ਸ਼ਹਿਨਸ਼ਾਹੀ ਸੰਮਤ ੫ ਕੁਲਵੰਤ ਕੌਰ ਦੇ ਗ੍ਰਿਹਿ ਬਸਤੀ ਖਲੀਲ ✪

ਧਰਨੀ ਕਹੇ ਮੈਂ ਦਿਵਸ ਰੈਣ ਘੁੰਮਾਂ, ਭੱਜਾਂ ਵਾਹੋ ਦਾਹੀਆ । ਜਨ ਭਗਤਾਂ ਪੈਰ ਚੁੰਮਾਂ, ਜੁਗ ਜੁਗ ਆਪਣੀ ਸੇਵ ਕਮਾਈਆ । ਪੰਡਤ ਪਾਂਧੇ ਛਡਾਂ ਸ਼ੇਖ਼ ਮੁੱਲਾ, ਮੁਸਾਇਕਾਂ ਸੰਗ ਨਾ ਕੋਇ ਰਖਾਈਆ । ਮੈਂ ਚਰਨੀ ਧੂੜ ਲਾਵਾਂ ਬੁੱਲਾਂ, ਜੋ ਪ੍ਰਭ ਦਾ ਨਾਮ ਧਿਆਈਆ । ਗ੍ਰਿਹਿ ਵੇਖਾਂ ਓਸ ਕੁਲਾ, ਜੋ ਕੁਲ ਭਗਤ ਭਗਵਾਨ ਰੂਪ ਵਟਾਈਆ । ਓਥੇ ਮਿਲੇ ਸਵਾਮੀ ਸੁਲਹਕੁਲਾ, ਸਹਿਜ ਦਾ ਮਾਲਕ ਦਇਆ ਕਮਾਈਆ । ਜਿਸ ਦੀ ਯਾਦ ਵਿਚ ਤੜਫਦਾ ਰਿਹਾ ਬੁੱਲਾ, ਫ਼ਿਕਰੇ ਸ਼ਹਿਨਸ਼ਾਹੀ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੈਂ ਆਦਿ ਜੁਗਾਦਿ ਨੱਠੀ, ਭੱਜੀ ਵਾਹੋ ਦਾਹੀਆ । ਚਾਰ ਜੁਗ ਦੀ ਵੇਖੀ ਖੱਟੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਫੋਲ ਫੁਲਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਦੀ ਵੇਖੀ ਪੱਟੀ, ਜੋ ਅੱਖਰਾਂ ਵਿਚ ਸਤਰਾਂ ਗਏ ਸਮਝਾਈਆ । ਨਾਮ ਕਲਮੇ ਦੀ ਵੇਖੀ ਹੱਟੀ, ਗ੍ਰੰਥ ਸ਼ਾਸਤਰ ਦੇਣ ਗਵਾਹੀਆ । ਧਾਰ ਤਕੀ ਅੱਠ ਸੱਠੀ, ਤੀਰਥ ਤਟ ਕਿਨਾਰੇ ਪੜਦਾ ਲਾਹੀਆ । ਸਾਚੀ ਵਸਤ ਕਿਤੋਂ ਨਾ ਮਿਲੇ ਰਤੀ, ਨਾਮ ਭੰਡਾਰਾ ਦਾਤ ਨਾ ਕੋਇ ਵਰਤਾਈਆ । ਚਾਰੋਂ ਕੁੰਟ ਵਿਛੋੜਾ ਹੋਇਆ ਕਮਲਾਪਤੀ, ਪਤਿਪਰਮੇਸ਼ਵਰ ਮੇਲ ਨਾ ਕੋਇ ਮਿਲਾਈਆ । ਬੇਸ਼ਕ ਮਾਨਵ ਗਾਉਂਦੇ ਦੰਦ ਬੱਤੀ, ਰਸਨਾ ਜਿਹਵਾ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੈਂ ਜੁਗ ਜੁਗ ਰਹੀ ਭੱਜਦੀ, ਭਜਨ ਬੰਦਗੀ ਵਾਲੇ ਵੇਖ ਵਖਾਈਆ । ਪੁਰਖ ਅਕਾਲ ਰਹੀ ਲੱਭਦੀ, ਗੁਰ ਅਵਤਾਰ ਪੀਰ ਪੈਗ਼ੰਬਰਾਂ ਭਾਰ ਉਠਾਈਆ । ਬਿਰਹੋਂ ਵੈਰਾਗਣ ਹੋ ਕੇ ਰਹੀ ਸੱਦਦੀ, ਹੋਕਾ ਹੱਕ ਹੱਕ ਜਣਾਈਆ । ਤੇਰੀ ਖੇਲ ਨਹੀਂ ਚੰਗੀ ਲਗਦੀ, ਸਚ ਸਵਾਮੀ ਲੈਣਾ ਮਿਲਾਈਆ । ਕਿਉਂ ਮੈਨੂੰ ਵਣਜਾਰਨ ਕੀਤਾ ਸਾਰੇ ਜਗ ਦੀ, ਚੁਰਾਸੀ ਲੱਖ ਜੂਨੀ ਮੇਰੇ ਉਤੇ ਟਿਕਾਈਆ । ਕਿਉਂ ਖੇਲ ਕਰਾਈ ਅੱਗ ਦੀ, ਚਾਰ ਕੁੰਟ ਰਹੀ ਤਪਾਈਆ । ਕਿਉਂ ਵੰਡ ਵੰਡਾਈ ਦੀਨ ਮਜ਼੍ਹਬ ਹੱਦ ਦੀ, ਮੰਦਰ ਮਸੀਤ ਰਹੇ ਕੁਰਲਾਈਆ । ਸਚ ਖੇਲ ਦੱਸ ਆਪਣੀ ਯਦ ਦੀ, ਵਿਸ਼ਵ ਪਰਦਾ ਦੇ ਚੁਕਾਈਆ । ਨਾਮ ਖ਼ੁਮਾਰੀ ਦੇ ਕੇ ਮਦਿ ਦੀ, ਧੁਨ ਅਗੰਮੀ ਰਾਗ ਸੁਣਾਈਆ । ਮੈਂ ਖੋਜਦੀ ਤੈਨੂੰ ਕਦ ਦੀ, ਜੁਗ ਚੌਕੜੀ ਗਏ ਵਿਹਾਈਆ । ਘੜੀ ਸੁਲੱਖਣੀ ਕਰ ਅੱਜ ਦੀ, ਆਪ ਆਪਣਾ ਰੰਗ ਰੰਗਾਈਆ । ਪੁਰਖ ਅਕਾਲ ਦੀਨ ਦਿਆਲ ਬਿਨ ਤੇਰੇ ਚਰਨ ਕਵਲ ਕਿਤੇ ਨਾ ਸਜਦੀ, ਸੋਭਾਵੰਤ ਸੋਭਾ ਪਾਏ ਕੋਇ ਨਾ ਥਾਈਆ । ਮੈਂ ਮਾਰੀ ਸ਼ਰਮ ਹਯਾ ਲੱਜ ਦੀ, ਨੈਣ ਸਕਾਂ ਨਾ ਕੋਇ ਉਠਾਈਆ । ਮੇਰੇ ਉਤੇ ਝਗੜਾ ਪਿਆ ਖੇਲ ਹੋਈ ਮਾਸ ਨਾੜੀ ਹੱਡ ਦੀ, ਮਾਨਵ ਮਾਨਵ ਫੋਲ ਫੁਲਾਈਆ । ਮੈਂ ਤੇਰੇ ਪਿਆਰ ਮੁਹੱਬਤ ਵਿਚ ਤੇਰਾ ਇਕੋ ਧਰਮ ਨਿਸ਼ਾਨਾ ਗੱਡਦੀ, ਮੇਰੇ ਗਾਡ ਹੋਣਾ ਸਹਾਈਆ । ਹੰਸ ਬੁਧੀ ਨਾ ਰਹੇ ਕਲਜੁਗ ਜੀਵ ਕੱਗ ਦੀ, ਗੁਰਮੁਖ ਗੁਰ ਗੁਰ ਲੈ ਉਪਜਾਈਆ । ਓਹ ਵੇਖ ਤੇਰੀ ਸਦੀ ਚੌਧਵੀਂ ਲੰਘਦੀ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਹੁਣ ਖੇਲ ਦੱਸ ਆਪਣੇ ਅਨੰਦ ਦੀ, ਅਨੰਦਪੁਰੀ ਵਾਲਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਵਖਾ ਆਪਣੇ ਨੂਰੀ ਚੰਦ ਦੀ, ਚੰਦ ਚਾਂਦਨਾ ਇਕ ਚਮਕਾਈਆ ।

✪ ੪ ਕੱਤਕ ਸ਼ਹਿਨਸ਼ਾਹੀ ਸੰਮਤ ੫ ਹਰੀ ਸਿੰਘ ਦੇ ਗ੍ਰਹਿ ਬਸਤੀ ਖਲੀਲ ✪

ਕਿਰਪਾ ਕਰੇ ਜੋਤ ਰੱਬੀ, ਰਾਬਤਾ ਅਵਰ ਨਾ ਕੋਇ ਰਖਾਈਆ । ਮੇਰੀ ਮਨਸਾ ਪੂਰੀ ਹੋਏ ਸਭੀ, ਦਰ ਘਰ ਸਚ ਮਿਲੇ ਵਡਿਆਈਆ । ਸਚ ਵਸਤ ਅਮੋਲਕ ਲੱਭੀ, ਖੋਜਣ ਦੀ ਲੋੜ ਰਹੀ ਨਾ ਰਾਈਆ । ਪੁਰਖ ਅਕਾਲ ਜੋਤ ਜਗੀ, ਅੰਧ ਅੰਧੇਰਾ ਰਿਹਾ ਗਵਾਈਆ । ਜਿਸ ਲੇਖੇ ਲਾਉਣੀ ਪੈਗ਼ੰਬਰਾਂ ਵਾਲੀ ਸਦੀ, ਸਦਮੇ ਸਭ ਦੇ ਦੇਣੇ ਗਵਾਈਆ । ਕਲਜੁਗ ਕੂੜੀ ਕਿਰਿਆ ਮੇਟਣੀ ਬਦੀ, ਬਦਲਾ ਚੁਕਾਏ ਥਾਉਂ ਥਾਈਆ । ਮੈਂ ਭਗਤਾਂ ਦੇ ਚਰਨਾਂ ਹੇਠ ਦੱਬੀ, ਭਾਰ ਆਪਣੇ ਸੀਨੇ ਟਿਕਾਈਆ । ਕਿਉਂ ਉਹਨਾਂ ਦੀ ਪ੍ਰੀਤ ਓਸ ਨਾਲ ਲੱਗੀ, ਜਿਥੋਂ ਸਕੇ ਨਾ ਕੋਇ ਤੁੜਾਈਆ । ਸਤਿਜੁਗ ਸਤਿ ਪੁਰਖ ਨਿਰੰਜਣ ਦੀ ਚਲਣੀ ਗੱਦੀ, ਬਾਕੀ ਨਜ਼ਰ ਕੋਇ ਨਾ ਆਈਆ । ਧੁਰ ਦੇ ਨਾਮ ਦੀ ਲਏ ਕੋਇ ਨਾ ਵੱਢੀ, ਰਿਸ਼ਵਤ ਹਿੱਸਾ ਵੰਡ ਨਾ ਕੋਇ ਵੰਡਾਈਆ । ਨਾ ਕੋਈ ਖਾਏ ਮੱਛੀ ਡੱਡੀ, ਡੰਡਾਵਤ ਇਕੋ ਦੇਣੀ ਜਣਾਈਆ । ਨਾ ਕੋਈ ਝਗੜਾ ਮਾਸ ਹੱਡੀ, ਤਨ ਵਜੂਦ ਨਾ ਕੋਇ ਲੜਾਈਆ । ਇਕੋ ਧਾਰ ਦੱਸਣੀ ਬੱਗੀ, ਬਗ ਬਪੜੇ ਲੈਣੇ ਤਰਾਈਆ । ਇਕੋ ਮੰਜ਼ਲ ਦੱਸਣੀ ਪਦੀ, ਪਤਿਪਰਮੇਸ਼ਵਰ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਧਰਨੀ ਕਹੇ ਮੇਰਾ ਹੌਲਾ ਹੋਣਾ ਭਾਰ, ਭਾਰਦਵਾਜ ਗਿਆ ਜਣਾਈਆ । ਕਲ ਕਲਕੀ ਲਏ ਅਵਤਾਰ, ਕਲੇਸ਼ ਦਏ ਮਿਟਾਈਆ । ਪੈਗ਼ੰਬਰਾਂ ਪਾਵੇ ਸਾਰ, ਅਮਾਮ ਨੂਰ ਇਲਾਹੀਆ । ਸਭ ਨੂੰ ਕਰੇ ਦਸਤਬਰਦਾਰ, ਹੁਕਮ ਧੁਰ ਦਾ ਇਕ ਸੁਣਾਈਆ । ਸਤਿ ਸਚ ਬਣਾ ਸਰਕਾਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਸ਼ਬਦੀ ਗੁਰੂ ਬਣਾ ਮੁਖਤਿਆਰ, ਹੁਕਮ ਇਕੋ ਇਕ ਸੁਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਪੈਜ ਦਏ ਸਵਾਰ ਸਵਾਰਥ ਆਪਣਾ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਦਏ ਆਧਾਰ, ਅਦਲ ਇਨਸਾਫ਼ ਇਕ ਕਮਾਈਆ ।

✪ ੪ ਕੱਤਕ ਸ਼ਹਿਨਸ਼ਾਹੀ ਸੰਮਤ ੫ ਸੰਪੂਰਨ ਸਿੰਘ ਦੇ ਗ੍ਰਹਿ ਫ਼ਿਰੋਜ਼ਸ਼ਾਹ ✪

ਧਰਨੀ ਕਹੇ ਮੇਰੀ ਆਸਾ ਪੁੰਨੀ, ਪ੍ਰਭ ਦਿਤੀ ਮਾਣ ਵਡਿਆਈਆ । ਕਲਜੁਗ ਅੰਤ ਪੁਕਾਰ ਸੁਣੀ, ਮਿਹਰ ਨਜ਼ਰ ਇਕ ਉਠਾਈਆ । ਵਡ ਦਾਤਾ ਬਣ ਕੇ ਗੁਣੀ, ਵਸਤ ਅਮੋਲਕ ਆਪ ਵਰਤਾਈਆ । ਨਾਮ ਸ਼ਬਦ ਦੀ ਦੇ ਕੇ ਧੁਨੀ, ਸੋਈ ਸੁਰਤੀ ਲਈ ਉਠਾਈਆ । ਭਗਤ ਸੁਹੇਲੇ ਮਾਤ ਚੁਣੀ, ਹਰਿਜਨ ਆਪਣੇ ਰੰਗ ਰੰਗਾਈਆ । ਭਾਗ ਲਗਾ ਕੇ ਸਾਚੀ ਕੁੱਲੀ, ਕਾਇਆ ਬੰਕ ਦਵਾਰ ਵੇਖ ਵਖਾਈਆ । ਪ੍ਰੇਮ ਪ੍ਰੀਤੀ ਵਸਤ ਦਏ ਅਨਮੁਲੀ, ਅਨਮੁਲੜੀ ਦੌਲਤ ਝੋਲੀ ਪਾਈਆ । ਲੇਖਾ ਮੁਕਾਇਆ ਜਾਪ ਰਸਨਾ ਬੁੱਲ੍ਹੀਂ, ਹਿਰਦੇ ਵਸ ਕੇ ਅੰਤਰ ਆਤਮ ਰੰਗ ਰੰਗਾਈਆ । ਗੁਰਮੁਖ ਆਤਮ ਰਹੇ ਨਾ ਭੁੱਲੀ, ਫੜ ਬਾਹੋਂ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਧਰਨੀ ਕਹੇ ਮੇਰੇ ਉਤੇ ਭਗਤ ਸੁਹੰਦੇ, ਸਚ ਧਿਆਨ ਲਗਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਗਾਉਂਦੇ ਛੰਦੇ,


੧੪੯
੨੨

ਸ਼ਹਿਨਸ਼ਾਹ ਮਿਲ ਕੇ ਆਪਣੀ ਖੁਸ਼ੀ ਬਣਾਈਆ । ਬਾਹਰੋਂ ਦਿਸਦੇ ਤਤਾਂ ਵਾਲੇ ਬੰਦੇ, ਅੰਦਰ ਨਿਰਗੁਣ ਜੋਤ ਰੁਸ਼ਨਾਈਆ । ਛਡ ਕੇ ਰਸਨ ਵਿਕਾਰ ਗੰਦੇ, ਹਰਿ ਸਿਮਰਨ ਵਿਚ ਧਿਆਨ ਰਖਾਈਆ । ਨੇਤਰ ਨੈਣਹੀਣ ਹੋਏ ਨਾ ਅੰਧੇ, ਸਚ ਨੇਤਰ ਲਿਆ ਖੁਲ੍ਹਾਈਆ । ਪੁਰਖ ਅਕਾਲ ਦੀਨ ਦਿਆਲ ਬਖ਼ਸ਼ੰਦੇ, ਮਿਹਰ ਨਜ਼ਰ ਇਕ ਉਠਾਈਆ । ਚੁਰਾਸੀ ਵਿਚੋਂ ਕਰਕੇ ਚੰਗੇ, ਚਾਰ ਵਰਨਾਂ ਵਿਚੋਂ ਬਾਹਰ ਕਢਾਈਆ । ਸਦਾ ਸੁਹੇਲਾ ਵਸ ਕੇ ਸੰਗੇ, ਸਗਲਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਧਰਨੀ ਕਹੇ ਮੈਂ ਵੇਖੇ ਭਗਤ ਪਿਆਰੇ ਮੀਤ, ਪੁਰਖ ਅਕਾਲ ਦਿਤਾ ਜਣਾਈਆ । ਜਿਨ੍ਹਾਂ ਦੀ ਸਭ ਤੋਂ ਵੱਖਰੀ ਪਿਆਰੀ ਰੀਤ, ਸਤਿਜੁਗ ਸਾਚਾ ਰਾਹ ਤਕਾਈਆ । ਖਹਿੜਾ ਛਡ ਗਏ ਮੰਦਰ ਮਸੀਤ, ਕਾਇਆ ਕਾਅਬਾ ਧਿਆਨ ਲਗਾਈਆ । ਜਿਥੇ ਸਾਹਿਬ ਵਸੇ ਅਨਡੀਠ, ਹਰਿ ਕਰਤਾ ਡੇਰਾ ਲਾਈਆ । ਆਤਮ ਪਰਮਾਤਮ ਬਣਾਏ ਪ੍ਰੀਤ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਕਾਇਆ ਕਰੇ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਗਾ ਕੇ ਗੀਤ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਅੱਠੇ ਪਹਿਰ ਵਸੇ ਚੀਤ, ਮਨ ਚਿਤ ਠਗੌਰੀ ਰਹੇ ਨਾ ਰਾਈਆ । ਝਗੜਾ ਮੁਕਾ ਕੇ ਹਸਤ ਕੀਟ, ਊਚ ਨੀਚ ਇਕੋ ਘਰ ਵਸਾਈਆ । ਸਾਚੇ ਨਾਮ ਦੀ ਦੇ ਕੇ ਭੀਖ, ਭੁੱਖਿਆਂ ਝੋਲੀ ਦਏ ਭਰਾਈਆ । ਏਕਾ ਛਤਰ ਝੁੱਲੇ ਸੀਸ, ਦੋ ਜਹਾਨ ਵੱਜੇ ਵਧਾਈਆ । ਕਰੇ ਖੇਲ ਆਪ ਜਗਦੀਸ, ਜਗਦੀਸ਼ਰ ਦਾਤਾ ਧੁਰਦਰਗਾਹੀਆ । ਲੱਖ ਚੁਰਾਸੀ ਪਰਖੇ ਨੀਤ, ਵਰਨ ਬਰਨ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਭਗਤ ਸੁਹੇਲਾ ਸਾਚਾ ਮੀਤ, ਮਿੱਤਰ ਪਿਆਰਾ ਏਕੰਕਾਰਾ ਇਕੋ ਨਜ਼ਰੀ ਆਈਆ ।



੧੫੦ ੨੨

### ✪ ੪ ਕੱਤਕ ਸ਼ਹਿਨਸ਼ਾਹੀ ਸੰਮਤ ੫ ਕਪੂਰ ਸਿੰਘ ਦੇ ਗ੍ਰਿਹ ਸਰਬ ਮਾਲਵਾ ਸੰਗਤ ਨਵਿਤ ਮੋਗਾ ✪

ਨਾਨਕ ਬਾਬਰ ਦਿਤੀ ਦਾਤ, ਦਾਨੀ ਹੋ ਕੇ ਦਇਆ ਕਮਾਈਆ । ਲੇਖਾ ਲਿਖਿਆ ਬਿਨ ਕਲਮ ਦਵਾਤ, ਕਾਗ਼ਜ਼ ਸ਼ਾਹੀ ਨਾ ਕੋਇ ਵਡਿਆਈਆ । ਸੰਦੇਸਾ ਦਿਤਾ ਵੇਖ ਪ੍ਰਭੂ ਖੇਲ ਤਮਾਸ਼, ਪਰਵਰਦਿਗਾਰ ਰਿਹਾ ਜਣਾਈਆ । ਮੈਂ ਦੀਨ ਨਾ ਤਕਾਂ ਜ਼ਾਤ, ਮਜ਼੍ਹਬ ਨਾ ਵੰਡ ਵੰਡਾਈਆ । ਜੋ ਪਰਵਰਦਿਗਾਰ ਰਿਹਾ ਆਖ, ਸੋ ਸੰਦੇਸਾ ਦਿਆਂ ਜਣਾਈਆ । ਬਿਨ ਅੱਖਰਾਂ ਵਾਲਾ ਵਾਕ, ਬਿਨ ਹਰਫ਼ ਹਰੂਫ਼ ਪੜ੍ਹਾਈਆ । ਸਿਖਿਆ ਮਿਲੇ ਬਿਨਾ ਉਸਤਾਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਨਾਨਕ ਕਿਹਾ ਸੁਣ ਬਾਬਰ, ਤੇਰੀ ਬਾਬਤ ਗਿਆ ਜਣਾਈਆ । ਸ਼ਬਦ ਸੰਦੇਸਾ ਦੇਵੇ ਕਰਤਾ ਕਾਦਰ, ਕੁਦਰਤ ਦਾ ਮਾਲਕ ਬੇਪਰਵਾਹੀਆ । ਤੇਰਾ ਕਰਮ ਹੋਵੇ ਉਜਾਗਰ, ਮਿਹਰ ਨਜ਼ਰ ਉਠਾਈਆ । ਤੂੰ ਧਰਮ ਦਾ ਬਣ ਸੌਦਾਗਰ, ਵਣਜ ਵਪਾਰਾ ਇਕ ਦ੍ਰਿੜਾਈਆ । ਸਚ ਦਵਾਰੇ ਮਿਲੇ ਆਦਰ, ਆਦਰਸ਼ ਇਕ ਵਖਾਈਆ । ਕੂੜੀ ਕਿਰਿਆ ਵਿਚ ਨਾ ਹੋਵੀਂ ਪਾਗ਼ਲ, ਮਾਇਆ ਮਮਤਾ ਮੋਹ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਨਾਨਕ ਹੱਥ ਮਾਰਿਆ ਆਪਣੀ ਉਤੇ ਪੇਸ਼ਾਨੀ, ਉਂਗਲੀ ਤ੍ਰੈ ਤ੍ਰੈ ਜਣਾਈਆ । ਫਿਰ ਮੰਜ਼ਲ ਦੱਸੀ ਰੁਹਾਨੀ,

ਬਾਹਰ ਅੰਦਰ ਕੀਤੀ ਰੁਸ਼ਨਾਈਆ । ਭੇਵ ਖੋਲ੍ਹ ਜਿਸਮਾਨੀ, ਜ਼ਮੀਰ ਦਿਤੀ ਬਦਲਾਈਆ । ਜੋਤ ਦੱਸੀ ਨੁਰਾਨੀ, ਅੰਧ ਦਿਤਾ ਮਿਟਾਈਆ । ਤੀਰ ਮਾਰਿਆ ਕਾਨੀ, ਸੋਈ ਸੁਰਤ ਜਗਾਈਆ । ਛਡ ਦੇ ਬੇਈਮਾਨੀ, ਕਿਰਿਆ ਕੂੜ ਤਜਾਈਆ । ਵੇਖ ਆਬੇਹਯਾਤ ਪਾਣੀ, ਨਿਝਰ ਦਿਤਾ ਝਿਰਾਈਆ । ਸੁਣ ਕਲਮਾ ਧੁਨਕਾਨੀ, ਵਾਹਦ ਲਾਸ਼ਰੀਕ ਦ੍ਰਿੜਾਈਆ । ਵੇਖ ਓਸ ਦੀ ਮਿਹਰਵਾਨੀ, ਜੋ ਮਿਹਰਵਾਨ ਅਖਵਾਈਆ । ਤੇਰੀ ਸ਼ਾਹੀ ਅੰਤਮ ਹੋਣੀ ਫ਼ਾਨੀ, ਫਨਾਹ ਫਿੱਲਾ ਦਿਸੇ ਲੋਕਾਈਆ । ਯਾਦ ਕਰ ਕਰਬਲੇ ਵਾਲੀ ਕੁਰਬਾਨੀ, ਹਸਨ ਹੁਸੈਨ ਨੀਰ ਵਹਾਈਆ । ਵੇਖ ਮੁਹੰਮਦ ਵਾਲੀ ਜਵਾਨੀ, ਕੀ ਸੰਦੇਸਾ ਰਹੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਬਾਬਰ ਅੰਤਰ ਖੁਲ੍ਹੀ ਅੱਖ, ਛਿਨ ਭੰਗਰ ਦਇਆ ਕਮਾਈਆ । ਨੂਰ ਵੇਖ ਪਰਤਖ, ਨਾਨਕ ਨਿਰਗੁਣ ਸਰਗੁਣ ਵਿਚ ਸਮਾਈਆ । ਹਕੀਕਤ ਲੱਭੀ ਹੱਕ, ਹਉਮੇ ਦਿਤੀ ਮਿਟਾਈਆ । ਧਿਆਨ ਹੋਇਆ ਯਕ, ਵਾਹਦ ਵੇਖ ਵਖਾਈਆ । ਚਰਨੀ ਗਿਆ ਢੱਠ, ਧੂੜੀ ਖ਼ਾਕ ਰਮਾਈਆ । ਕਲਮਾ ਰਿਹਾ ਰਟ, ਯਾਮੁਬੀਨ ਤੇਰੀ ਵਡਿਆਈਆ । ਨੂਰ ਨੁਰਾਨਾ ਤੇਰਾ ਸਚ, ਜਲਵਾਗਰ ਰੁਸ਼ਨਾਈਆ । ਨਾਨਕ ਪੁਸ਼ਤ ਪਨਾਹ ਰੱਖ ਕੇ ਹੱਥ, ਹਲੂਣਾ ਦਿਤਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਨਕ ਨਿਰਗੁਣ ਦਿਤੀ ਦਾਤ, ਸਰਗੁਣ ਨਾਨਕ ਸੰਗ ਮਿਲਾਈਆ । ਬਾਹਰ ਧੂੜੀ ਲਾਈ ਖ਼ਾਕ, ਮਸਤਕ ਆਪ ਛੁਹਾਈਆ । ਮੈਂ ਬਰਦਾ ਤੇਰਾ ਚਾਕ, ਨਿਉਂ ਨਿਉਂ ਲਾਗਾਂ ਪਾਈਆ । ਨਾਨਕ ਹੱਸ ਕੇ ਕਿਹਾ ਇਹ ਮੇਲ ਤੇਰਾ ਇਤਫ਼ਾਕ, ਇਤਫ਼ਾਕਿਆ ਮੇਲ ਮਿਲਾਈਆ । ਤੇਰਾ ਲਹਿਣਾ ਦੇਣਾ ਹਿਸਾਬ, ਧੁਦਰਗਾਹੋਂ ਝੋਲੀ ਪਾਈਆ । ਵੇਖੀਂ ਭੁੱਲ ਨਾ ਖਾਈਂ ਕਬਾਬ, ਇੱਕੀ ਦਿਨ ਦਿਤਾ ਸਮਝਾਈਆ । ਨੌਂ ਵਾਰ ਰੋਜ਼ ਕਰਿਆ ਕਰੀਂ ਆਦਾਬ, ਰੋਜ਼ਾ ਰੱਖ ਕੇ ਝਟ ਲੰਘਾਈਆ । ਪਾਕ ਪਵਿੱਤਰ ਰੱਖਣਾ ਮਿਜ਼ਾਜ, ਹਉਮੇ ਗੜ੍ਹ ਨਾ ਕੋਇ ਬਣਾਈਆ । ਇਕ ਖ਼ੁਦਾ ਦੀ ਰੱਖਣੀ ਯਾਦ, ਜੋ ਵਾਹਦ ਨੂਰ ਇਲਾਹੀਆ । ਕੁਛ ਲੇਖਾ ਦੱਸਣਾ ਵਿਚ ਬਗ਼ਦਾਦ, ਬਗ਼ਲਗੀਰ ਸਰਬ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੜਦਾ ਓਹਲਾ ਆਪ ਚੁਕਾਈਆ । ਨਾਨਕ ਹੱਥ ਰੱਖਿਆ ਪੁਸ਼ਤ ਪਨਾਹ, ਮਿਹਰ ਨਜ਼ਰ ਉਠਾਈਆ । ਬਾਬਰ ਬਖਸ਼ ਤੇਰੇ ਗੁਨਾਹ, ਕੂੜੀ ਕਿਰਿਆ ਵਿਚੋਂ ਬਾਹਰ ਕਢਾਈਆ । ਮਾਰਗ ਇਕ ਰਿਹਾ ਵਖਾ, ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਵਸਤ ਅਮੋਲਕ ਝੋਲੀ ਪਾ, ਸਤਿ ਸਤਿ ਵੰਡ ਵੰਡਾਈਆ । ਅੰਤਮ ਅੰਤ ਦਿਤਾ ਜਣਾ, ਸੰਦੇਸ਼ਾ ਸੁਣਨਾ ਧੁਰਦਰਗਾਹੀਆ । ਤੇਰਾ ਲਹਿਣਾ ਦੇਣਾ ਚੁੱਕੇ ਵਿਚ ਜਹਾਂ, ਲੋਕਮਾਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਬਾਬਰ ਕਦਮਬੋਸੀ ਕਰਕੇ ਗਿਆ ਝੁਕ, ਕਦਮਾਂ ਸੀਸ ਨਿਵਾਈਆ । ਅੰਤਰ ਆਪਣਾ ਦੱਸਿਆ ਦੁੱਖ, ਦੁੱਖੜਾ ਦਿਤਾ ਦ੍ਰਿੜਾਈਆ । ਨਾਨਕ ਪੜਦਾ ਰਹੇ ਨਾ ਲੁਕ, ਸਚ ਦੇਣਾ ਸਮਝਾਈਆ । ਕਿਸ ਬਿਧ ਮੇਰਾ ਪੈਂਡਾ ਜਾਵੇ ਮੁਕ, ਹੋਵੇ ਅੰਤ ਤਬਾਹੀਆ । ਕਵਣ ਜੋਧਾ ਸੂਰ ਪਵੇ ਉਠ, ਬਲਧਾਰੀ ਲਏ ਅੰਗੜਾਈਆ । ਜੇਹੜੀ ਦਾਤ ਦਿਤੀ ਸੱਤ ਮੁੱਠ, ਮੁੱਠੀ ਖੋਲ੍ਹ ਕੇ ਦੇ ਵਖਾਈਆ । ਬਾਬਰ ਖ਼ੁਸ਼ੀ ਨਾਲ ਫੜ ਲਿਆ ਗੁਟ, ਹਥੇਲੀ ਨਾਲ ਦਬਾਈਆ । ਸਤਿਗੁਰ ਨਾਨਕ ਹੋ ਕੇ ਚੁਪ, ਅੱਖਾਂ ਮੀਟ ਧਿਆਨ ਧਰਾਈਆ । ਪੁਰਖ ਅਕਾਲ ਕੋਲੋਂ ਲਿਆ ਪੁਛ, ਸਚ ਸੰਦੇਸ਼ਾ

ਦੇ ਦ੍ਰਿੜਾਈਆ । ਸ੍ਰੀ ਭਗਵਾਨ ਸੁਣਾਈ ਅਗੰਮੀ ਤੁਕ, ਧੁਰ ਫ਼ਰਮਾਨਾ ਇਕ ਜਣਾਈਆ । ਜਿਸ ਵੇਲੇ ਨਾਨਕ ਤੇਰੀ ਧਾਰ ਮੇਰਾ ਸ਼ਬਦੀ ਸਤਿਗੁਰ ਆਵੇ ਸੁਤ , ਗੋਬਿੰਦ ਨਾਉਂ ਧਰਾਈਆ । ਇਸ ਦੀ ਜੜ੍ਹ ਅਖ਼ੀਰੀ ਦੇਵੇ ਪੁਟ, ਬੱਚੇ ਨੀਹਾਂ ਹੇਠ ਦਬਾਈਆ । ਮੁਹੰਮਦ ਧਾਰ ਜਾਣੀ ਟੁੱਟ, ਟੁੱਟਿਆਂ ਨਾ ਕੋਇ ਗੰਢਾਈਆ । ਉਮਤੀ ਉਮਤ ਹੋਣਾ ਦੁੱਖ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਮੇਰਾ ਭਾਣਾ ਨਾ ਜਾਵੇ ਰੁਕ, ਨਾ ਕੋਈ ਮੇਟੇ ਮੇਟ ਮਿਟਾਈਆ । ਫੇਰ ਗੋਬਿੰਦ ਤਤ ਸਰੀਰ ਛਡ ਕੇ ਜਾਣਾ ਉਠ, ਲੇਖਾ ਤਤਾਂ ਵਾਲਾ ਚੁਕਾਈਆ । ਝਗੜਾ ਰਹੇ ਨਾ ਮਾਟੀ ਬੁਤ, ਬੁਤਖ਼ਾਨੇ ਜਾਏ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਪੁਰਖ ਅਕਾਲ ਕਿਹਾ ਨਾਨਕ ਸੁਣ ਸੰਦੇਸ਼ ਅਥਾਹ, ਅਲੱਖ ਅਗੋਚਰ ਹੋ ਕੇ ਦਿਆਂ ਦ੍ਰਿੜਾਈਆ । ਬਾਬਰ ਦੇ ਸਮਝਾ, ਕੀ ਬਾਬਲ ਕਾਰ ਕਮਾਈਆ । ਜਿਸ ਵੇਲੇ ਸ੍ਰਿਸ਼ਟੀ ਦ੍ਰਿਸ਼ਟੀ ਭਰੀ ਗੁਨਾਹ, ਪਵਿੱਤ ਪਾਕ ਨਾ ਕੋਇ ਕਰਾਈਆ । ਕਾਇਨਾਤ ਭੁੱਲੇ ਨਾਮ ਖ਼ੁਦਾ, ਖ਼ੁਦਗ਼ਰਜ਼ੀ ਘਰ ਘਰ ਡੇਰਾ ਲਾਈਆ । ਸਾਚਾ ਕਲਮਾ ਰਹੇ ਨਾ ਕੋਇ ਅਦਾ, ਅਦਬ ਮਜ਼੍ਹਬ ਨਾ ਕੋਇ ਜਣਾਈਆ । ਓਸ ਵੇਲੇ ਖੇਲੇ ਖੇਲ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਗੋਬਿੰਦ ਦੁਲਾਰਾ ਲਏ ਉਠਾ, ਜੋਧਾ ਸੂਰਬੀਰ ਪਰਗਟਾਈਆ । ਅੰਤਮ ਲਹਿਣਾ ਦੇਣਾ ਦੇਵੇ ਪੂਰ ਕਰਾ, ਕਰਨੀ ਦਾ ਕਰਤਾ ਵੇਖ ਵਖਾਈਆ । ਓਸ ਦੇ ਅੱਗੇ ਕਰੇ ਇਕ ਦੁਆ, ਦੋਏ ਜੋੜ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਇਕ ਖੁਲ੍ਹਾਈਆ । ਪੁਰਖ ਅਕਾਲ ਕਿਹਾ ਨਾਨਕ ਨਾਨਕ ਨਾਨਕ ਤੇਰੀ ਜੋਤੀ ਅੰਤਮ ਧਾਰ ਦਸ, ਦਸਮੇਸ ਮਿਲੇ ਵਡਿਆਈਆ । ਕਿਸੇ ਦਾ ਰਹੇ ਕਿਛ ਨਾ ਵਸ, ਵਾਸਤਾ ਪ੍ਰਭ ਦੇ ਅੱਗੇ ਪਾਈਆ । ਨੌਜਵਾਨਾ ਆਵੇ ਨੱਸ, ਲੋਕਮਾਤ ਲਏ ਅੰਗੜਾਈਆ । ਤੀਰ ਅਣਿਆਲਾ ਮਾਰੇ ਕਸ, ਸ਼ਾਹ ਸੁਲਤਾਨਾ ਬਲ ਪਰਗਟਾਈਆ । ਅੰਤਮ ਏਸ ਦਾ ਖੇੜਾ ਕਰੇ ਭੱਠ, ਲੋਕਮਾਤ ਰਹਿਣ ਨਾ ਪਾਈਆ । ਫੇਰ ਆਪਣਾ ਸਰੀਰ ਜਾਵੇ ਛਡ, ਨਾਤਾ ਜਗਤ ਤਤ ਹੰਢਾਈਆ । ਮੇਰੀ ਜੋਤ ਧਾਰ ਜਾਏ ਵਸ, ਸਚਖੰਡ ਸਾਚੇ ਸੋਭਾ ਪਾਈਆ । ਫਿਰ ਸਦੀ ਚੌਧਵੀਂ ਹੋਵੇ ਪਰਗਟ, ਨਿਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਸਤਿ ਧਰਮ ਦਾ ਖੋਲ੍ਹ ਕੇ ਹੱਟ, ਦੀਨਾਂ ਮਜ਼੍ਹਬਾਂ ਝਗੜਾ ਦਏ ਮੁਕਾਈਆ । ਇਹ ਖੇਲ ਕਰਾਉਣਾ ਪੁਰਖ ਸਮਰਥ, ਦੀਨ ਦਿਆਲ ਪੜਦਾ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਿਹਾ ਨਾਨਕ ਸੁਣ ਸੰਦੇਸਾ ਅਗੰਮ ਅਥਾਹ, ਹਰਿ ਕਰਤਾ ਆਪ ਦ੍ਰਿੜਾਈਆ । ਚਾਰੋਂ ਕੁੰਟ ਨਿਗਾਹ ਉਠਾ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਤੇਰੀ ਮੇਰੀ ਇਕ ਸਲਾਹ, ਮਸ਼ਵਰਾ ਅਵਰ ਨਾ ਕੋਇ ਜਣਾਈਆ । ਸ਼ਬਦੀ ਸ਼ਹਾਦਤ ਦੇਵਾਂ ਭੁਗਤਾ, ਗਵਾਹੀ ਗੁਰੂ ਗੁਰ ਦ੍ਰਿੜਾਈਆ । ਮੈਨੂੰ ਕਹਿੰਦੇ ਜਲਵਾਗਰ ਖ਼ੁਦਾ, ਪੈਗ਼ੰਬਰ ਕਲਮਿਆਂ ਵਿਚ ਸਿਫ਼ਤਾਂ ਵਿਚ ਆਇਤਾਂ ਵਿਚ ਸ਼ਰਾਇਤਾਂ ਵਿਚ ਗਾਈਆ । ਮੈਂ ਖੇਲਾਂ ਖੇਲ ਦੋ ਜਹਾਂ, ਜਹਾਲਤ ਵੇਖਾਂ ਥਾਉਂ ਥਾਈਂਆ । ਤੂੰ ਬਾਬਰ ਦੇ ਸਮਝਾ, ਹੁਕਮ ਸੰਦੇਸ਼ਾ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਨਾਨਕ ਬਾਬਰ ਕੀਤਾ ਇਸ਼ਾਰਾ, ਸੈਨਤ ਨਾਲ ਦ੍ਰਿੜਾਈਆ । ਸੁਣ ਸੰਦੇਸ਼ਾ ਪਰਵਰਦਿਗਾਰਾ, ਖ਼ੁਦ ਖ਼ੁਦਾ ਕੀ ਜਣਾਈਆ । ਤੇਰਾ ਲੇਖਾ ਮੁਕਣਾ ਵਿਚ ਸੰਸਾਰਾ, ਲੋਕਮਾਤ ਰਹਿਣ ਨਾ

ਪਾਈਆ । ਗੋਬਿੰਦ ਆਵੇ ਪ੍ਰਭ ਦਾ ਸੁਤ ਦੁਲਾਰਾ, ਜੋਧਾ ਸੂਰਬੀਰ ਅਖਵਾਈਆ । ਜਿਸ ਦਾ ਖੰਡਾ ਹੋਵੇ ਦੋ ਧਾਰਾ, ਕੂੜੀ ਕਿਰਿਆ ਕਰੇ ਸਫ਼ਾਈਆ । ਗ਼ਰੀਬ ਨਿਮਾਣਿਆਂ ਦਏ ਸਹਾਰਾ, ਕੋੜ੍ਹੇ ਕਮਲਿਆਂ ਗਲੇ ਲਗਾਈਆ । ਬਾਬਰ ਖ਼ੁਸ਼ੀ ਵਿਚ ਕੀਤੀ ਨਿਮਸਕਾਰਾ, ਸੀਸ ਦਿਤਾ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਬਾਬਰ ਨਾਨਕ ਚਰਨ ਕੀਤੀ ਨਿਮਸਕਾਰ, ਨਿਉਂ ਨਿਉਂ ਲਾਗਾ ਪਾਈਆ । ਉਹਦੇ ਨਾਲ ਸੀ ਰਾਜਪੂਤ ਸਰਦਾਰ, ਜੋਧਾ ਸੂਰਬੀਰ ਅਖਵਾਈਆ । ਓਸ ਨਾਨਕ ਦੀ ਧੂੜੀ ਲਾਈ ਛਾਰ, ਰਸਨਾ ਚਰਨ ਚੁੰਮ ਕੇ ਖ਼ੁਸ਼ੀ ਮਨਾਈਆ । ਨੇਤਰ ਰੋ ਕੀਤੀ ਪੁਕਾਰ, ਵਾਹਵਾ ਤੇਰੀ ਬੇਪਰਵਾਹੀਆ । ਜੇ ਬਾਬਰ ਦਿਤਾ ਤਾਰ, ਸਿਰ ਮੇਰੇ ਹੱਥ ਟਿਕਾਈਆ । ਮੈਂ ਵੀ ਮੰਗਤਾ ਤੇਰੇ ਦਰਬਾਰ, ਦਰ ਤੇਰੇ ਅਲਖ ਜਗਾਈਆ । ਮੈਂ ਦਰਸ਼ਨ ਕਰਨਾ ਚਾਹੁੰਦਾ ਗੋਬਿੰਦ ਸੁਤ ਦੁਲਾਰ, ਜੋ ਸੂਰਬੀਰ ਅਖਵਾਈਆ । ਭਾਵੇਂ ਆਉਣਾ ਪਏ ਦੂਜੀ ਵਾਰ, ਲੋਕਮਾਤ ਫੇਰਾ ਪਾਈਆ । ਕਿਰਪਾ ਕਰ ਨਾਨਕ ਢਹਿ ਪਿਆ ਤੇਰੇ ਦਵਾਰ, ਦਰ ਤੇਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਨਾਨਕ ਬਾਬਰ ਕੀਤਾ ਸੱਜਦਾ, ਸੀਸ ਸੀਸ ਨਿਵਾਈਆ । ਮੈਂ ਤੇਰਾ ਨਫ਼ਰ ਬਰਦਾ, ਸੇਵਕ ਸੇਵ ਕਮਾਈਆ । ਭਿਖਾਰੀ ਤੇਰੇ ਦਰ ਦਾ, ਭਿੱਖਕ ਝੋਲੀ ਡਾਹੀਆ । ਆਸਾ ਇਕ ਰੱਖਦਾ, ਮਨਸਾ ਦਿਆਂ ਜਣਾਈਆ । ਮੇਰੇ ਅੰਤਰ ਕੋਈ ਦੱਸਦਾ, ਨਾਨਕ ਸੇਵਾ ਲੈ ਕਮਾਈਆ । ਸਚ ਸਚ ਖੇਲ ਤੇਰੇ ਜਸ ਦਾ, ਸਿਫ਼ਤਾਂ ਵਿਚ ਵਡਿਆਈਆ । ਤੂੰ ਲਹਿਣਾ ਦੇਣਾ ਦੇਣਾ ਹੱਕ ਦਾ, ਹਕੀਕਤ ਤੇਰੇ ਦਰ ਸੋਭਾ ਪਾਈਆ । ਤੇਰੇ ਕੋਲ ਭੰਡਾਰਾ ਬੁਧ ਮਤ ਦਾ, ਵਸਤ ਅਗੰਮ ਵਰਤਾਈਆ । ਮੈਂ ਪੁਤਲਾ ਪੰਜ ਤਤ ਦਾ, ਗੁਨਾਹਾਂ ਭਰਿਆ ਨਜ਼ਰੀ ਆਈਆ । ਬਾਬਰ ਫੇਰ ਚਰਨ ਢੱਠਦਾ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਨਕ ਸਤਿਗੁਰ ਕੀਤੀ ਮਿਹਰਵਾਨੀ, ਹੱਥ ਸੀਸ ਦਿਤਾ ਟਿਕਾਈਆ । ਤੇਰੀ ਆਸ਼ਾ ਨਾ ਰਹੇ ਨਾਦਾਨੀ, ਦਿਤੀ ਮਾਣ ਵਡਿਆਈਆ । ਇਕੋ ਸ਼ਬਦ ਤੁਕ ਗਾਣੀ, ਬਾਬਰ ਦਿਆਂ ਸਮਝਾਈਆ । ਜਿਸ ਦਰ ਤੇ ਕਲਮਾ ਮੰਗੇ ਪਾਣੀ, ਰਹਿਬਰ ਪਿਆਸ ਬੁਝਾਈਆ । ਪੈਗ਼ੰਬਰ ਨਾ ਕੋਇ ਨਿਸ਼ਾਨੀ, ਤਤ ਨਾ ਕੋਇ ਵਖਾਈਆ । ਦੇਣੀ ਨਾ ਪਏ ਕੁਰਬਾਨੀ, ਸੀਸ ਧੜ ਨਾ ਕੋਇ ਕਟਾਈਆ । ਉਹ ਖੇਲ ਸ਼ਾਹ ਸੁਲਤਾਨੀ, ਹਰਿ ਸਚ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਬਾਬਰ ਫੇਰ ਕੀਤਾ ਅਦਬ, ਨਾਨਕ ਸੀਸ ਨਿਵਾਈਆ । ਸਦ ਮੇਰੀ ਕਰਨੀ ਮਦਦ, ਸਤਿਗੁਰ ਤੇਰੀ ਓਟ ਤਕਾਈਆ । ਜਗਤ ਮੇਟਣਾ ਤਸ਼ੱਦਦ, ਝਗੜਾ ਰਹੇ ਨਾ ਰਾਈਆ । ਝਗੜਾ ਚੁਕਾਉਣਾ ਏਕਾ ਦੂਆ ਅਦਦ, ਅਦਾਲਤ ਹੱਕ ਕਮਾਈਆ । ਨਾਨਕ ਆਪਣੇ ਚਰਨਾਂ ਦਾ ਵਖਾਇਆ ਪਦਮ, ਬਾਹਰ ਨੈਣ ਦਰਸਾਈਆ । ਉਸ ਲੰਮਾ ਪੈ ਕੇ ਚੁੰਮ ਲਏ ਕਦਮ, ਕਦੀਮ ਦਾ ਲੇਖਾ ਦਏ ਮੁਕਾਈਆ । ਹਲੂਣਾ ਆਇਆ ਬਦਨ, ਸੁਰਤ ਰਹੀ ਨਾ ਰਾਈਆ । ਦੀਪਕ ਲੱਗਾ ਜਗਣ, ਅੰਧ ਅੰਧੇਰ ਗਵਾਈਆ । ਨਾਨਕ ਨਿਰਗੁਣ ਧਾਰ ਹੋ ਕੇ ਮਗਨ, ਸਚ ਸੰਦੇਸ਼ਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਬਾਬਰ ਅੰਤਰ ਆਇਆ ਪਿਆਰ, ਪ੍ਰੇਮ ਪ੍ਰੀਤੀ ਵਿਚ ਸੀਸ ਨਿਵਾਈਆ । ਗਲੋਂ ਲਾਹ ਕੇ ਜੜਾਊ ਹਾਰ, ਸਾਢੇ ਤਿੰਨ ਦਾ ਨਾਨਕ ਚਰਨਾਂ ਭੇਟ

ਕਰਾਈਆ । ਫੇਰ ਧੂੜੀ ਲਾ ਕੇ ਛਾਰ, ਉਂਗਲਾਂ ਕੰਨਾਂ ਵਿਚ ਪਾਈਆ । ਉਚੀ ਕੂਕ ਕਿਹਾ ਪੁਕਾਰ, ਯਾ ਅਲਾਹ ਤੇਰੀ ਵਡਿਆਈਆ । ਮੇਰੇ ਪੈਗ਼ੰਬਰਾਂ ਦੇ ਸਿਕਦਾਰ, ਸਾਹਿਬ ਤੇਰੀ ਸਰਨਾਈਆ । ਮੁਖੋਂ ਹੱਸ ਕੇ ਕਿਹਾ ਮੈਂ ਤੇਰਾ ਬਰਖ਼ੁਰਦਾਰ, ਸਿਰ ਮੇਰੇ ਹੱਥ ਟਿਕਾਈਆ । ਆਹ ਮੁਹੱਬਤ ਦਾ ਉਧਾਰ, ਤੇਰੇ ਚਰਨਾਂ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਨਕ ਹਾਰ ਫੜਾਇਆ ਹੱਥ, ਬਾਬਰ ਦਿਤਾ ਜਣਾਈਆ । ਇਹ ਮੈਂ ਕੀ ਕਰਨੀ ਵਥ, ਤੇਰੀ ਤੋਹੇ ਭਾਈਆ । ਬਾਬਰ ਝੁਕ ਗਿਆ ਝਟ, ਸੀਸ ਕਦਮਾਂ ਵਿਚ ਟਿਕਾਈਆ । ਇਹ ਆਪਣੇ ਕੋਲ ਰੱਖ, ਮੈਂ ਅੱਜ ਸੇਵਾ ਕੀ ਕਮਾਈਆ । ਤੂੰ ਸ਼ਹਿਨਸ਼ਾਹ ਅਲਖ, ਦੋ ਜਹਾਨ ਸੋਭਾ ਪਾਈਆ । ਮੈਂ ਭਿਖਾਰੀ ਮੰਗਣ ਵਾਲਾ ਭਖ, ਦਰ ਦਰਵੇਸ਼ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਨਾਨਕ ਕਿਹਾ ਮੈਂ ਕੀ ਕਰਨਾ ਤੇਰਾ ਹਾਰ, ਹਿਰਦਾ ਆਪਣਾ ਵੇਖ ਵਖਾਈਆ । ਮੈਂ ਛੱਡਿਆ ਤਨ ਸ਼ਿੰਗਾਰ, ਬਸਤਰ ਤਨ ਨਾ ਕੋਇ ਛੁਹਾਈਆ । ਮੈਂ ਫਿਰਾਂ ਜੰਗਲ ਜੂਹ ਉਜਾੜ ਪਹਾੜ, ਚੱਕੀ ਤੇਰੇ ਦਰ ਚਲਾਈਆ । ਮੈਂ ਆਸਾ ਛਡੀ ਪੁਰਖ ਨਾਰ, ਪੁਰਖ ਅਕਾਲ ਇਕ ਮਨਾਈਆ । ਮੈਂ ਛਡ ਦਿਤਾ ਘਰ ਬਾਹਰ, ਗ੍ਰਿਹਿ ਮੰਦਰ ਕੂੜ ਤਜਾਈਆ । ਮੈਂ ਹੁਕਮ ਮੰਨਾਂ ਸੱਚੀ ਸਰਕਾਰ, ਜੋ ਦੇਵੇ ਧੁਰਦਰਗਾਹੀਆ । ਲੈ ਆਪਣੀ ਵਸਤ ਸੰਭਾਲ, ਮੇਰੇ ਕੰਮ ਕਿਸੇ ਨਾ ਆਈਆ । ਬਾਬਰ ਫਿਰ ਕਿਹਾ ਤੂੰ ਪਾਤਸ਼ਾਹ ਮੈਂ ਕੰਗਾਲ, ਨਾਨਕ ਤੇਰਾ ਬਰਦਾ ਨਜ਼ਰੀ ਆਈਆ । ਤੇਰਾ ਜੋਤੀ ਨੂਰ ਜਲਾਲ, ਜਲਵਾਗਰ ਰੁਸ਼ਨਾਈਆ । ਮੈਂ ਤੇਰੇ ਕਦਮਾਂ ਦਿਤਾ ਸੰਭਾਲ, ਮੈਨੂੰ ਲੋੜ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਬਾਬਰ ਫੇਰ ਟੇਕਿਆ ਮੱਥਾ, ਸੀਸ ਸੱਤ ਵੇਰਾਂ ਰਗੜਾਈਆ । ਓਸ ਦੇ ਅੰਦਰੋਂ ਆਵਾਜ਼ ਆਈ ਸੁਣ ਅਗੰਮੀ ਕਥਾ, ਕਲਮਾ ਹੱਕ ਜਣਾਈਆ । ਗੋਬਿੰਦ ਧਾਰ ਆਉਣਾ ਯਥਾਰਥ ਯਥਾ, ਸਰਗੁਣ ਆਪਣਾ ਵੇਸ ਵਟਾਈਆ । ਜਿਸ ਕਲਗੀ ਤੋੜਾ ਸੁਹਾਉਣਾ ਸੋਹਣਾ ਅੱਛਾ, ਅੱਛੀ ਤਰਾ ਸਮਝਾਈਆ । ਜਿਸ ਨੇ ਤੇੜ ਸੁਹਾਉਣਾ ਕੱਛਾ, ਕਛਿਹਰਾ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਬਣਾਉਣਾ ਆਪਣਾ ਬੱਚਾ, ਪੂਤ ਸਪੂਤਾ ਇਕ ਪਰਗਟਾਈਆ । ਬਾਬਰ ਅੰਤਰ ਆਈ ਵਿਚਾਰ, ਨਿਰੰਤਰ ਵੇਖ ਵਖਾਈਆ । ਗੋਬਿੰਦ ਸੂਰਬੀਰ ਸਿਕਦਾਰ, ਜੋਧਾ ਇਕ ਅਗੰਮ ਅਥਾਹੀਆ । ਜਿਸ ਦਾ ਤਨ ਵਜੂਦ ਸ਼ਿੰਗਾਰ, ਮਾਟੀ ਖ਼ਾਕ ਖ਼ਾਕ ਵਡਿਆਈਆ । ਤੱਕਿਆ ਨਾਲ ਪਿਆਰ, ਨੈਣ ਅੱਖ ਖੁਲ੍ਹਾਈਆ । ਫਿਰ ਨਾਨਕ ਅੱਗੇ ਕੀਤੀ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਇਹ ਗੋਬਿੰਦ ਦੇ ਗਲ ਦੇਣਾ ਡਾਰ, ਅਮਾਨਤ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਨਕ ਕਿਹਾ ਬਾਹਰ ਹੋਰ ਵੇਖ ਨਜ਼ਾਰਾ, ਨਜ਼ਰ ਨੈਣ ਉਠਾਈਆ । ਕੀ ਖੇਲ ਕਰੇ ਪਰਵਰਦਿਗਾਰਾ, ਬੇਪਰਵਾਹ ਅਗੰਮ ਅਥਾਹੀਆ । ਕੀ ਮੁਹੰਮਦ ਦੇਵੇ ਸਹਾਰਾ, ਲੋਕਮਾਤ ਦਇਆ ਕਮਾਈਆ । ਔਹ ਤੱਕ ਸਦੀ ਚੌਧਵੀਂ ਅੰਤ ਕਿਨਾਰਾ, ਨਈਆ ਨੌਕਾ ਪਾਰ ਨਾ ਕੋਇ ਕਰਾਈਆ । ਫੇਰ ਵੇਖ ਗੋਬਿੰਦ ਧਾਰ ਆਉਣਾ ਦੁਬਾਰਾ, ਨਿਰਗੁਣ ਆਪਣਾ ਰੂਪ ਵਟਾਈਆ । ਸੰਬਲ ਨਗਰ ਕਰੇ ਮਜ਼ਾਹਰਾ, ਹੁਕਮ ਸੰਦੇਸ਼ਾ ਇਕ ਸੁਣਾਈਆ । ਤੇਰਾ ਓਸ ਦੇ ਨਾਲ ਅਧਾਰਾ, ਦੀਨ ਦਿਆਲ ਰਿਹਾ ਜਣਾਈਆ । ਮੇਰਾ

ਵੇਖ ਅਗੰਮ ਇਸ਼ਾਰਾ, ਤੈਨੂੰ ਦਿਆਂ ਦ੍ਰਿੜਾਈਆ । ਤੇਰੇ ਨਾਲ ਜੋ ਰਾਜਪੂਤ ਤੇਰਾ ਸਰਦਾਰਾ, ਹੌਲਦਾਰ ਸੋਭਾ ਪਾਈਆ । ਹੁਣ ਇਸ ਦੇ ਕਰ ਹਵਾਲਾ, ਸਾਂਭ ਕੇ ਰੱਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਬਾਬਰ ਨੇ ਹਾਰ ਓਸ ਨੂੰ ਦਿਤਾ ਫੜਾ, ਸਹਿਜ ਨਾਲ ਉਠਾਈਆ । ਮੁਖੋਂ ਕਿਹਾ ਤੇਰਾ ਸ਼ੁਕਰ ਬੜਾ, ਬੜੇ ਦੀ ਬੜੀ ਵਡਿਆਈਆ । ਨਾਨਕ ਕਿਹਾ ਗੋਬਿੰਦ ਦੀ ਨਿਸ਼ਾਨੀ ਹੋਣੀ ਕੜਾ, ਬਾਬਰ ਤੇਰਾ ਬਾਬਲ ਰਿਹਾ ਜਣਾਈਆ । ਜਿਸ ਨੇ ਫੇਰ ਕਲਜੁਗ ਅੰਤਮ ਦੀਨ ਦੁਨੀ ਦਾ ਮੇਟਨਾ ਧੜਾ, ਮਜ਼੍ਹਬ ਰਹਿਣ ਕੋਇ ਨਾ ਪਾਈਆ । ਸਚ ਦਵਾਰੇ ਹੋਵੇ ਖੜ੍ਹਾ, ਦਰਗਾਹ ਸਾਚੀ ਆਪ ਸੁਹਾਈਆ । ਸਭ ਨੂੰ ਫੜਾਇਆ ਹੋਵੇ ਲੜਾ, ਪਲੂ ਆਪਣਾ ਗੰਢ ਪਵਾਈਆ । ਜਿਸ ਵੇਲੇ ਖੇਲ ਕਰੇ ਨਰਾਇਣ ਨਰਾ, ਕਲਜੁਗ ਅੰਤਮ ਵੇਸ ਵਟਾਈਆ । ਜਗਤ ਜੁਗ ਮੇਟੇ ਸ਼ਰੀਅਤ ਸ਼ਰਅ, ਸ਼ਾਹ ਪਾਤਸ਼ਾਹ ਆਪਣੀ ਕਾਰ ਕਮਾਈਆ । ਸਭ ਦਾ ਫੋਲੇ ਮੰਦਰ ਗ੍ਰਿਹ ਘਰਾ, ਸਾਢੇ ਤਿੰਨ ਹੱਥ ਪੜਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਬਾਬਰ ਕਿਹਾ ਮੈਂ ਨਾਨਕ ਅਨਜਾਣ, ਸਮਝ ਕਿਛ ਨਾ ਆਈਆ । ਤੂੰ ਮੇਰੀ ਸੇਵਾ ਕੀਤੀ ਪਰਵਾਨ, ਮਿਹਰ ਨਜ਼ਰ ਟਿਕਾਈਆ । ਹੱਥ ਫੜਾਈ ਨੌਜਵਾਨ, ਜੋ ਤੈਨੂੰ ਸੀਸ ਨਿਵਾਈਆ । ਅਗਲਾ ਖੇਲ ਜਾਣੇ ਤੂੰ ਆਪੇ ਆਪ ਮਹਾਨ, ਮੋਹੇ ਸਮਝ ਜ਼ਰਾ ਨਾ ਆਈਆ । ਨਾਨਕ ਹੱਸ ਕੇ ਕਿਹਾ ਇਹ ਹੁਕਮ ਮੇਰੇ ਮਿਹਰਵਾਨ, ਮਹਿਬੂਬ ਰਿਹਾ ਸਮਝਾਈਆ । ਜਿਸ ਵੇਲੇ ਪੁਰਖ ਅਕਾਲਾ ਪਰਗਟ ਹੋਵੇ ਵਿਚ ਜਹਾਨ, ਗੋਬਿੰਦ ਜੋਧਾ ਸੂਰ ਨਾਲ ਰਲਾਈਆ । ਓਸ ਵੇਲੇ ਉਸ ਨੂੰ ਜਨਮ ਜ਼ਰੂਰ ਮਿਲੇ ਇਨਸਾਨ, ਗੁਰਮੁਖ ਸੋਹਣਾ ਨਜ਼ਰੀ ਆਈਆ । ਲਹਿਣਾ ਦੇਣਾ ਪੂਰਾ ਹੋਵੇ (ਜਹਾਨ), ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪਰਦਾ ਆਪ ਚੁਕਾਈਆ । ਨਾਨਕ ਕਿਹਾ ਬਾਬਰ ਕੀ ਤੈਨੂੰ ਸਮਝਾਉਣਾ, ਸਮਝ ਦੀ ਲੋੜ ਰਹੇ ਨਾ ਰਾਈਆ । ਗੋਬਿੰਦ ਤੇਰਾ ਅੰਤ ਕਰਾਉਣਾ, ਗੱਦੀ ਤੋਂ ਗਦਾਗਰ ਦਏ ਬਣਾਈਆ । ਆਪਣਾ ਤਨ ਵਜੂਦ ਸਚ ਰੂਪ ਭੇਟ ਚੜ੍ਹਾਉਣਾ, ਗੁਰ ਅਰਜਨ ਨਾਮ ਧਰਾਈਆ । ਤੇਗ਼ ਬਹਾਦਰ ਸੀਸ ਕਟਾਉਣਾ, ਦਿੱਲੀ ਦਵਾਰ ਵੱਜੇ ਵਧਾਈਆ । ਗੋਬਿੰਦ ਪੁਰ ਅਨੰਦ ਤਜਾਉਣਾ, ਇਹ ਮੇਰਾ ਖੇਲ ਅਗੰਮ ਅਥਾਹੀਆ । ਮਾਤ ਪਿਤ ਬੰਸ ਸਰਬੰਸ ਵਾਰ ਵਖਾਉਣਾ, ਵਾਰਤਾ ਆਪਣੀ ਆਪ ਜਣਾਈਆ । ਮਾਛੂਵਾੜਾ ਸੇਜ ਸਹਾਉਣਾ, ਸੱਥਰ ਯਾਰੜਾ ਇਕ ਹੰਢਾਈਆ । ਪੁਰਖ ਅਕਾਲ ਇਕ ਮਨੌਣਾ, ਦੂਸਰ ਸੀਸ ਨਾ ਕਿਸੇ ਝੁਕਾਈਆ । ਫਿਰ ਆਪਣਾ ਆਪ ਤਜਾਉਣਾ, ਸਾਢੇ ਤਿੰਨ ਹੱਥ ਡੇਰਾ ਢਾਹੀਆ । ਸਚਖੰਡ ਸਾਚਾ ਇਕ ਵਸਾਉਣਾ, ਜੋਤੀ ਜੋਤ ਜੋਤ ਮਿਲ ਜਾਈਆ । ਫੇਰ ਪੁਰਖ ਅਕਾਲ ਮਨਾਉਣਾ, ਅਬਿਨਾਸ਼ੀ ਕਰਤਾ ਸੰਗ ਰਖਾਈਆ । ਕਲ ਕਲਕੀ ਵੇਸ ਵਟਾਉਣਾ, ਅਮਾਮ ਅਮਾਮਾ ਨਾਉਂ ਧਰਾਈਆ । ਸ਼ਬਦੀ ਧਾਰ ਸੰਗ ਰਖਾਉਣਾ, ਗੋਬਿੰਦ ਗੋਬਿੰਦ ਜੋੜ ਜੁੜਾਈਆ । ਸੰਬਲ ਨਗਰ ਇਕ ਵਸਾਉਣਾ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਬਾਬਰ ਲਹਿਣਾ ਪੂਰ ਕਰਾਉਣਾ, ਨਾਨਕ ਨਿਰਗੁਣ ਦਏ ਗਵਾਹੀਆ । ਸੰਮਤ ਸ਼ਹਿਨਸ਼ਾਹੀ ਪੰਜ ਵਕਤ ਸੁਹਾਉਣਾ, ਵਦੀ ਸੁਦੀ ਨਾ ਕੋਇ ਰਖਾਈਆ । ਰਾਜਪੂਤ ਸਪੂਤ ਫੇਰ ਉਠਾਉਣਾ, ਲੋਕਮਾਤ ਜਨਮ ਦਵਾਈਆ । ਓਸ ਦਾ ਵੇਲਾ ਵਕਤ ਵਡਿਆਉਣਾ, ਮਿਹਰ ਨਜ਼ਰ ਨਾਲ ਤਰਾਈਆ । ਪੂਰਬ ਕਰਜਾ ਆਪੇ ਲਾਹੁਣਾ, ਮਕਰੂਜ਼ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਦ ਆਪਣੀ ਕਾਰ ਕਮਾਈਆ । ਬਾਬਰ ਕਿਹਾ ਮੇਰੇ ਹਜ਼ੂਰ, ਹਜ਼ੂਰੀਏ ਨਾਨਕ ਸੀਸ ਨਿਵਾਈਆ । ਮੇਰੇ ਬਖ਼ਸ਼ ਲਈਂ ਕਸੂਰ, ਕਸਮ ਖਾ ਕੇ ਸੀਸ ਝੁਕਾਈਆ । ਮੈਨੂੰ ਸ਼ਰਅ ਨਾ ਕਰੇ ਮਜਬੂਰ, ਕਲਮੇ ਵਾਲੀ ਦੁਹਾਈਆ । ਮੇਰਾ ਪਾਰ ਉਤਾਰਨਾ ਪੂਰ, ਬੇੜਾ ਮੰਞ ਨਾ ਕੋਇ ਰੁੜ੍ਹਾਈਆ । ਮੈਂ ਨਿਉਂ ਨਿਉਂ ਲਾਵਾਂ ਚਰਨਾਂ ਧੂੜ, ਖ਼ਾਕੀ ਖ਼ਾਕ ਰਮਾਈਆ । ਜੇ ਮੇਰਾ ਕਿਹਾ ਪੂਰਾ ਕਰਨਾ ਗੋਬਿੰਦ ਜ਼ਰੂਰ, ਓਸੇ ਦੀ ਝੋਲੀ ਪਾਈਆ । ਜਿਹੜਾ ਤੇਰਾ ਹੋਣਾ ਨੂਰ, ਨੂਰ ਨੂਰ ਰੁਸ਼ਨਾਈਆ । ਸਚ ਜਣਾਏ ਦਸਤੂਰ, ਦਸਤ ਆਪਣਾ ਦਸਤ ਉਠਾਈਆ । ਸ਼ਰਅ ਮੇਟੇ ਕੂੜ, ਕਿਰਿਆ ਦਏ ਗਵਾਈਆ । ਓਸ ਦਾ ਸੰਗ ਏਸ ਨੂੰ ਦੇਣਾ ਜਰੂਰ, ਜਿਸ ਨੂੰ ਹਾਰ ਦਿਤਾ ਫੜਾਈਆ । ਏਸੇ ਕਾਰਨ ਲਹਿਣਾ ਦੇਣਾ ਹੋਇਆ ਸਿੰਘ ਕਪੂਰ, ਕਪੂਰ ਦਾ ਨੂਰ ਦਿਤਾ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਨਕ ਕਿਹਾ ਖੇਲ ਹੋਣਾ ਨਾਲ ਫੇਰ ਕਪੂਰ, ਸਿੰਘ ਮਿਲੇ ਵਡਿਆਈਆ । ਲੇਖਾ ਮੁਕਾਵੇ ਸਰਬ ਗੁਣਾਂ ਭਰਪੂਰ, ਬੇਪਰਵਾਹ ਅਗੰਮ ਅਥਾਹੀਆ । ਜਿਸ ਦਰ ਸਾਰੇ ਮੰਗਣ ਧੂੜ, ਗੁਰ ਅਵਤਾਰ ਪੈਗ਼ੰਬਰ ਧਿਆਨ ਲਗਾਈਆ । ਜੋ ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਦੁਰਮਤ ਮੈਲ ਕਰ ਸਫ਼ਾਈਆ । ਏਕਾ ਬਖ਼ਸ਼ ਕੇ ਆਪਣਾ ਨੂਰ, ਨੂਰ ਨੁਰਾਨਾ ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਨਕ ਕਹੇ ਗੋਬਿੰਦ ਲਹਿਣਾ, ਸਚ ਸਚ ਸਚ ਸਮਝਾਈਆ । ਸ਼ਹਿਨਸ਼ਾਹੀ ਸੰਮਤ ਪੰਜ ਅੰਤਮ ਅੰਤਮ ਪਏ ਦੇਣਾ, ਲੇਖਾ ਲੇਖੇ ਵਿਚ ਜਣਾਈਆ । ਭਗਤ ਭਗਵਾਨ ਵਖਾਏ ਆਪਣੇ ਨੈਣਾ, ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੋਹ ਛੱਬੀ ਥਿਤ ਸਮਝਾਈਆ । ਛੱਬੀ ਪੋਹ ਨੂੰ ਖੇਲ ਖਿਲਾਉਣਾ, ਹਰਿ ਖ਼ਾਲਕ ਦਇਆ ਕਮਾਈਆ । ਮਾਲਵੇ ਵਾਲਿਓ ਸੋਹੰ ਮੱਥੇ ਵਿਚ ਲਟਕਾਉਣਾ, ਮਟਕ ਨਾਲ ਆਉਣਾ ਚਾਈਂ ਚਾਈਂਆ । ਪ੍ਰਭ ਦੇ ਘਰ ਸਭ ਨੇ ਬਣ ਕੇ ਜਾਣਾ ਪਰਾਹੁਣਾ, ਪੂਰਨ ਆਸਾ ਨਾਲ ਰਖਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਉਣਾ, ਆਤਮ ਪਰਮਾਤਮ ਵੱਜੇ ਵਧਾਈਆ । ਇੱਕੀ ਗੁਰਮੁਖਾਂ ਸਵਾ ਹੱਥ ਪਲੂ ਪੱਗ ਪੀਲੇ ਰੰਗ ਰੰਗਾਉਣਾ, ਗੋਬਿੰਦ ਰੰਗ ਦੇਣਾ ਚਮਕਾਈਆ । ਇੱਕੀ ਬੀਬੀਆਂ ਪੀਲਾ ਮਸਤਕ ਤਿਲਕ ਲਗਾਉਣਾ, ਨਾਲ ਗੋਬਿੰਦ ਲਿਖਣਾ ਚਾਈਂ ਚਾਈਂਆ । ਇੱਕੀ ਗੁਰਮੁਖਾਂ ਸੱਜਾ ਹੱਥ ਸੀਸ ਟਿਕਾਉਣਾ, ਖੱਬਾ ਕੰਨ ਉਤੇ ਰਖਾਈਆ । ਇੱਕੀ ਬੀਬੀਆਂ ਹੱਥ ਵਿਚ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਲਿਖ ਕੇ ਉਠਾਉਣਾ, ਸਾਢੇ ਤਿੰਨ ਹੱਥ ਲੰਬਾਈ ਵਿਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਛੱਬੀ ਪੋਹ ਕਹੇ ਮੈਨੂੰ ਪ੍ਰਭ ਨੇ ਦੇਣੀ ਸ਼ਾਬਾਸ਼, ਜਨ ਭਗਤਾਂ ਨਾਲ ਵਡਿਆਈਆ । ਸਭ ਦੀ ਪੂਰੀ ਕਰਨੀ ਆਸ, ਨਿਰਾਸਾ ਨਜ਼ਰ ਕੋਇ ਨਾ ਆਈਆ । ਇੱਕੀ ਗੁਰਮੁਖਾਂ ਹੱਥ ਵਿਚ ਫੜਿਆ ਹੋਵੇ ਨੀਲੇ ਰੰਗ ਦਾ ਬਣਾ ਆਕਾਸ਼, ਸਿਤਾਰੇ ਸੱਤ ਸੱਤ ਚਮਕਾਈਆ । ਇੱਕੀ ਬੀਬੀਆਂ ਹੋਵਣ ਇਕੋ ਜਾਤ, ਢੋਲਾ ਇਕੋ ਗਾਵਣ ਧੁਰ ਦਾ ਮਾਹੀਆ । ਇੱਕੀ ਗੁਰਮੁਖਾਂ ਕਰਦੇ ਆਉਣਾ ਅਦਾਬ, ਦੋਵੇਂ ਹੱਥ ਮਸਤਕ ਉਤੇ ਟਿਕਾਈਆ । ਇੱਕੀ ਬੀਬੀਆਂ ਢੋਲੇ ਗਾਵਣ ਪੁਰਖ ਅਕਾਲ ਤੂੰ ਹੀ ਮਾਈ ਬਾਪ, ਨਾਤਾ ਕੂੜ ਦਿਤਾ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਈਆ । ਛੱਬੀ ਪੋਹ ਕਹੇ ਇੱਕੀ ਗੁਰਮੁਖ ਮਾਰਦੇ ਆਵਣ ਤਾਲੀ, ਜ਼ੋਰ ਜ਼ੋਰ ਲਗਾਈਆ ।

ਇੱਕੀ ਬੀਬੀਆਂ ਸਿਰ ਚੁੰਨੀ ਲੈ ਕੇ ਕਾਲੀ, ਕਲਜੁਗ ਕੁੜੀ ਕਿਰਿਆ ਦੇਣ ਦਬਾਈਆ। ਇੱਕੀ ਗੁਰਮੁਖ ਦਿਨੇ ਮਸਾਲਾਂ ਆਵਣ ਬਾਲੀ, ਸੱਜੇ ਹੱਥਾਂ ਵਿਚ ਟਿਕਾਈਆ। ਇੱਕੀ ਬੀਬੀਆਂ ਹੱਥ ਵਿਚ ਫੜ ਕੇ ਥਾਲੀ, ਜ਼ੋਰ ਜ਼ੋਰ ਨਾਲ ਖੜਕਾਈਆ। ਇੱਕੀ ਗੁਰਮੁਖ ਜਗਤ ਜਗਿਆਸੂ ਬਣੇ ਹੋਣ ਹਾਲੀ, ਆਪ ਆਪਣਾ ਵੇਸ ਬਦਲਾਈਆ। ਇੱਕੀ ਬੀਬੀਆਂ ਸਿਰ ਤੇ ਚੁੱਕਿਆ ਹੋਵੇ ਪਾਣੀ, ਬਰਤਨ ਵਡਾ ਛੋਟਾ ਨਾ ਕੋਇ ਸਮਝਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ। ਛੱਬੀ ਪੋਹ ਕਹੇ ਮੇਰਾ ਦਿਵਸ ਹੋਣਾ ਉਘਾ, ਉਗਣ ਆਥਣ ਮਿਲੇ ਵਡਿਆਈਆ। ਮਾਲਵੇ ਵਾਲਿਓ ਇਕ ਲਿਆਉਣਾ ਬੁੱਢਾ, ਜਿਹੜਾ ਰੋਜ਼ ਪ੍ਰਭ ਨੂੰ ਗਾਲਾਂ ਕਢ ਕੇ ਆਪਣਾ ਝਟ ਲੰਘਾਈਆ। ਸੌਂਦਾ ਹੋਵੇ ਉਤੇ ਬਸੁਧਾ, ਖਟੀਆ ਖਾਟ ਨਾ ਕੋਇ ਰਖਾਈਆ। ਨਾਲ ਲਿਆਵੇ ਕੋਰਾ ਕੁੱਜਾ, ਮਾਟੀ ਬਰਤਨ ਸੋਭਾ ਪਾਈਆ। ਇਕ ਬੀਬੀ ਆਵੇ ਜਿਹੜੀ ਪੂਜਦੀ ਰਹੀ ਗੁੱਗਾ, ਸੇਵੀਆਂ ਥਾਲ ਭਰਾਈਆ। ਨਾਲ ਕਟੋਰਾ ਹੋਵੇ ਦੁੱਧਾ, ਮੱਝ ਗਾਂ ਨਾ ਕੋਇ ਚਤੁਰਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਦੀ ਕਾਰ ਕਮਾਈਆ। ਛੱਬੀ ਪੋਹ ਕਹੇ ਮਾਲਵੇ ਵਾਲਿਓ ਨੌਂ ਬਣੇ ਹੋਣ ਮਲਾਹ, ਖੇਵਟ ਖੇਟਾ ਰੂਪ ਬਣਾਈਆ। ਜਿਹੜੀ ਗੋਬਿੰਦ ਕਪੂਰੇ ਨੂੰ ਦੇ ਕੇ ਗਿਆ ਸਲਾਹ, ਉਸ ਦਾ ਪਰਦਾ ਦੇਣਾ ਖੁਲ੍ਹਾਈਆ। ਕਾਗ਼ਜ਼ ਦੀ ਬੇੜੀ ਕਾਨੇ ਦਾ ਚੱਪੂ ਲੈਣਾ ਉਠਾ, ਕਲਜੁਗ ਦੀ ਨਈਆ ਦੇਣੀ ਵਖਾਈਆ। ਵਿਚ ਪੰਜ ਪੰਜ ਤਿਨਕੇ ਰੱਖਣਾ ਘਾਹ, ਸੁੱਕਾ ਗਿੱਲਾ ਨਾ ਕੋਇ ਵਡਿਆਈਆ। ਵਿਚਲੀ ਚੋਟੀ ਤੇ ਲਿਖ ਕੇ ਰੱਖਣਾ ਖ਼ੁਦਾ, ਖ਼ੁਦ ਮਾਲਕ ਤੇਰੀ ਬੇਪਰਵਾਹੀਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ। ਛੱਬੀ ਪੋਹ ਕਹੇ ਇੱਕੀ ਬੀਬੀਆਂ ਦੇ ਹੱਥ ਵਿਚ ਹੋਵੇ ਇਕ ਇਕ ਮੋਮਬੱਤੀ, ਜੋ ਸ਼ਮਾਂ ਰੂਪ ਬਦਲਾਈਆ। ਉਨ੍ਹਾਂ ਵਿਚੋਂ ਕਿਸੇ ਦਾ ਮਰਿਆ ਹੋਵੇ ਨਾ ਪਤੀ, ਸੁਹਾਗਣਾਂ ਮਿਲ ਕੇ ਖ਼ੁਸ਼ੀ ਮਨਾਈਆ। ਕਿਸੇ ਦੇ ਅੰਦਰ ਵਾ ਨਾ ਹੋਵੇ ਤਤੀ, ਹਉਮੇ ਰੋਗ ਨਾ ਕੋਇ ਸਤਾਈਆ। ਜਨਮ ਦੀਆਂ ਹੋਵਣ ਜਤੀ, ਬਿਨਾ ਪਤੀ ਤੋਂ ਅੱਖ ਨਾ ਕਦੇ ਮਿਲਾਈਆ। ਮਸਤਕ ਲਿਖੀ ਹੋਵੇ ਪੱਟੀ, ਪਟਨੇ ਵਾਲਾ ਧੁਰ ਦਾ ਮਾਹੀਆ। ਓਨ੍ਹਾਂ ਦੀ ਜ਼ਾਤ ਹੋਵੇ ਜੱਟੀ, ਦੂਸਰ ਸੰਗ ਨਾ ਕੋਇ ਰਖਾਈਆ। ਸਭ ਦੀ ਕੰਨੀ ਤੋਂ ਕਮੀਜ਼ ਹੋਵੇ ਫਟੀ, ਸਾਬਤ ਨਜ਼ਰ ਕੋਇ ਨਾ ਆਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ। ਛੱਬੀ ਪੋਹ ਕਹੇ ਪੰਜ ਗੁਰਮੁਖ ਬਣੇ ਹੋਵਣ ਪਾਰਸੀ, ਪਾਰਸ ਲੋਹਾ ਸੋਨਾ ਕੰਚਨ ਰੂਪ ਬਦਲਾਈਆ। ਇਕ ਇਕ ਤੁਕ ਪੜ੍ਹਦੇ ਹੋਵਣ ਫ਼ਾਰਸੀ, ਆਲਮਾਂ ਫ਼ਾਜ਼ਲਾਂ ਤੋਂ ਪਰੇ ਪੜ੍ਹਾਈਆ। ਕ੍ਰਿਸ਼ਨ ਦੀ ਕਰਦੇ ਹੋਵਣ ਆਰਤੀ, ਦੀਪਕ ਥਾਲ ਵਿਚ ਟਿਕਾਈਆ। ਮੁਹੱਬਤ ਰੱਖਦੇ ਹੋਣ ਇਕ ਯਾਰ ਦੀ, ਏਕੰਕਾਰ ਇਸ਼ਟ ਮਨਾਈਆ। ਉਨ੍ਹਾਂ ਦੀ ਆਯੂ ਹੋਵੇ ਇਕ ਧਾਰ ਦੀ, ਵੱਡਾ ਛੋਟਾ ਨਾ ਕੋਇ ਸਮਝਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ। ਛੱਬੀ ਪੋਹ ਕਹੇ ਮੈਂ ਯਾਦ ਕਰਾਉਂਦਾ ਪਿਛਲੀ ਬੀਤੀ, ਕਥਾ ਕਹਾਣੀ ਰਿਹਾ ਦ੍ਰਿੜ੍ਹਾਈਆ। ਨੌਆਂ ਗੁਰਮੁਖਾਂ ਸਾਫ਼ ਕਰ ਕੇ ਆਉਣਾ ਨੀਤੀ, ਪਗੜੀ ਪੁੱਠੀ ਸਿੱਧੀ ਸੀਸ ਬੰਧਾਈਆ। ਲਾਲ ਨਿਸ਼ਾਨ ਲਾਉਣਾ ਖੱਬੇ ਹੱਥ ਦੀ ਉਂਗਲੀ ਚੀਚੀ, ਅੱਗੇ ਵਾਸਤੇ ਭਗਤਾਂ ਵਿਚ ਚੀਚਕ ਦਾ ਰੋਗ ਰਹੇ ਨਾ ਰਾਈਆ। ਅੰਦਰੋਂ ਬਦਲ ਕੇ ਆਉਣਾ

੧੫੭
੨੨

ਨੀਤੀ, ਕੂੜੀ ਕਿਰਿਆ ਬਾਹਰ ਕਢਾਈਆ । ਆਤਮਾ ਪਰਮਾਤਮਾ ਲੱਗੀ ਹੋਵੇ ਪ੍ਰੀਤੀ, ਪ੍ਰੀਤਮ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਛੱਬੀ ਪੋਹ ਕਹੇ ਪ੍ਰਭ ਦੀ ਜੋਤ ਜਗੀ, ਜਗਤ ਹੋਈ ਰੁਸ਼ਨਾਈਆ । ਪੰਜਾਂ ਬੀਬੀਆਂ ਸੀਸ ਤੇ ਪਾ ਕੇ ਆਉਣੀ ਸੱਗੀ, ਪਰਾਂਦਾ ਲਾਲ ਰੰਗ ਰੰਗਾਈਆ । ਲਹਿਣਾ ਮੁਕਣਾ ਚੌਧਵੀਂ ਸਦੀ, ਸਦਮਾ ਮੁਹੰਮਦ ਦੇਣਾ ਵਖਾਈਆ । ਪਿਛਲੀ ਰਹਿਣੀ ਨਹੀਂ ਕੋਈ ਗੱਦੀ, ਗਦਾਗਰ ਹੋਵੇ ਲੋਕਾਈਆ । ਪ੍ਰਭ ਦੇ ਨਾਲ ਭਗਤਾਂ ਪ੍ਰੀਤ ਹੋਵੇ ਲੱਗੀ, ਅੱਗੇ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਛੱਬੀ ਪੋਹ ਕਹੇ ਮੇਰਾ ਰਹੇ ਕੋਈ ਨਾ ਰੋਸਾ, ਰੁਸਿਆਂ ਲਵਾਂ ਮਨਾਈਆ । ਪੰਜਾਂ ਗੁਰਮੁਖਾਂ ਬੰਨ੍ਹ ਕੇ ਆਉਣਾ ਭੇਥਾ, ਇਹ ਰੀਤੀ ਪਿਛਲੀ ਦੇਣੀ ਵਖਾਈਆ । ਪੰਜਾਂ ਬੱਧਾ ਹੋਏ ਲੰਗੋਟਾ, ਤੇੜ ਕਛਹਿਰਾ ਨਾ ਕੋਇ ਸੁਹਾਈਆ । ਪੰਜਾਂ ਬੀਬੀਆਂ ਲਾਇਆ ਹੋਵੇ ਲਾਲ ਰੰਗ ਦਾ ਗੋਟਾ, ਸੀਸ ਦੁਪੱਟਾ ਦਏ ਵਡਿਆਈਆ । ਸੱਜੇ ਹੱਥ ਦਾ ਰੰਗਿਆ ਹੋਵੇ ਪੀਲਾ ਪੋਟਾ, ਅੰਗੂਠਾ ਲਾਲ ਰੰਗ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਛੱਬੀ ਪੋਹ ਕਹੇ ਮੇਰਾ ਵਕਤ ਸੁਹਾਨਾ, ਸੋਹਣਿਓ ਦਿਆਂ ਜਣਾਈਆ । ਗੁਰਮੁਖ ਗੁਰਸਿਖ ਹਰਿਜਨ ਭਗਤ ਸੁਹੇਲੇ ਬਣ ਕੇ ਆਉਣਾ ਆਪ ਪਰਾਹੁਣਾ, ਆਪਣਾ ਪੰਧ ਮੁਕਾਈਆ । ਮਨ ਹੰਕਾਰ ਨਾ ਕਿਸੇ ਰਖਾਣਾ, ਹਉਮੇ ਵਿਚ ਨਾ ਕੋਇ ਵਡਿਆਈਆ । ਦਰ ਓਸ ਪ੍ਰਭੂ ਦੇ ਜਾਣਾ, ਜਿਥੇ ਸਾਚੀ ਜਗ੍ਹਾ ਮਿਲੇ ਵਡਿਆਈਆ । ਦਰਗਹ ਸਾਚੀ ਜਿਸ ਪੁਚਾਣਾ, ਸਚਖੰਡ ਦਵਾਰ ਟਿਕਾਈਆ । ਆਦਿ ਅੰਤ ਦਾ ਲੇਖ ਮੁਕਾਉਣਾ, ਮੁਕੰਮਲ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਆਦਿ ਜੁਗਾਦਿ ਨਿਤ ਨਵਿਤ ਚੁਕਾਏ ਵਿਚ ਦੋ ਜਹਾਨਾਂ, ਅਵਤਾਰ ਪੈਗ਼ੰਬਰ ਗੁਰ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਨਰ ਜਨ ਬਚਿਆ ਰਹਿਣ ਕੋਇ ਨਾ ਪਾਈਆ ।



### ੫ ਕੱਤਕ ਸ਼ਹਿਨਸ਼ਾਹੀ ਸੰਮਤ ੫ ਕਪੂਰ ਸਿੰਘ ਦੇ ਗ੍ਰਹਿ ਮਾਲਵਾ ਸੰਗਤ ਨਵਿਤ ਮੋਗਾ

ਪੁਰਖ ਅਕਾਲ ਅਗੰਮੀ ਡੰਕਾ, ਧੁਰ ਸ਼ਬਦ ਨਾਮ ਜਣਾਈਆ । ਸੰਦੇਸ਼ਾ ਦੇਵੇ ਆਦਿ ਅੰਤਾ, ਹਰਿ ਕਰਤਾ ਬੇਪਰਵਾਹੀਆ । ਜਿਸ ਦਾ ਖੇਲ ਜੁਗਾ ਜੁਗੰਤਾ, ਨਿਰਗੁਣ ਸਰਗੁਣ ਕਾਰ ਕਮਾਈਆ । ਕਲਜੁਗ ਅੰਤਮ ਬੰਸ ਸੁਹਾਏ ਬੰਕਾ, ਸਾਢੇ ਤਿੰਨ ਹੱਥ ਮਿਲੇ ਵਡਿਆਈਆ । ਗੜ੍ਹ ਤੋੜ ਕੇ ਹਉਮੇ ਹੰਗਤਾ, ਹੰ ਬ੍ਰਹਮ ਇਕ ਜਣਾਈਆ । ਮੇਲ ਮਿਲਾਵੇ ਸਾਚੀ ਸੰਗਤਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਰਖਾਈਆ । ਬੋਧ ਅਗਾਧਾ ਬੁੱਧੀ ਤੋਂ ਪਰੇ ਹੋ ਕੇ ਪੰਡਤਾ, ਨਿਸ਼ਅੱਖਰ ਅੱਖਰ ਧਾਰ ਦਏ ਜਣਾਈਆ । ਸਭ ਦੀ ਲਾਹਵੇ ਮਮਤਾ, ਚਿੰਤਾ ਹਉਮੇਂ ਰੋਗ ਮਿਟਾਈਆ । ਜਨ ਭਗਤ ਸੁਹੇਲੇ ਦੇਵੇ ਸਾਚਾ ਨਿਸ਼ਚਾ, ਧੀਰਜ ਧੀਰ ਧਰਾਈਆ । ਅੱਗੇ ਸਤਿਜੁਗ ਮਾਰਗ ਲੱਗਣਾ ਇਸ ਦਾ, ਗੁਰ ਅਵਤਾਰ ਪੈਗ਼ੰਬਰ ਬੈਠਣ ਸੀਸ ਨਿਵਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਸਤਿਜੁਗ ਰੂਪ ਹੋਣਾ ਸਾਚੇ ਸਿਖ ਦਾ, ਸਿਖਿਆ ਸਾਹਿਬ ਸੁਲਤਾਨ ਪੁਰਖ ਅਕਾਲ ਇਕ ਜਣਾਈਆ ।

੧੫੯ ੨੨

ਇਸ਼ਟ ਮੰਨਣਾ ਗੋਬਿੰਦ ਧਾਰ ਅਗੰਮੇ ਪਿਤ ਦਾ, ਪਰਮੇਸ਼ਵਰ ਇਕੋ ਸੋਭਾ ਪਾਈਆ । ਝਗੜਾ ਰਹਿਣਾ ਨਹੀਂ ਦੀਨ ਮਜ਼੍ਹਬ ਹਿਸ ਦਾ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਜਿਸ ਦਾ ਲੇਖਾ ਆਦਿ ਜੁਗਾਦਿ ਕੋਈ ਨਾ ਲਿਖਦਾ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਸਿਫ਼ਤਾਂ ਕਰ ਕਰ ਸਿਫ਼ਤ ਸਾਲਾਹੀਆ । ਸੋ ਜੁਗ ਜੁਗ ਧਾਰ ਆਪ ਨਜਿੱਠਦਾ, ਕਲਜੁਗ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਉਪਜਾਈਆ । ਸਾਚਾ ਹੁਕਮ ਸ਼ਬਦ ਅਕਾਲ, ਹਰਿ ਕਰਤਾ ਆਪ ਦ੍ਰਿੜਾਈਆ । ਅਵਤਾਰ ਪੈਗ਼ੰਬਰ ਗੁਰੂ ਨਾਲ, ਤ੍ਰੈਗੁਣ ਲਹਿਣਾ ਰਿਹਾ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਰਤ ਸੰਭਾਲ, ਸੋਈ ਸੁਰਤੀ ਆਪ ਜਗਾਈਆ । ਲੇਖਾ ਵੇਖੇ ਜੀਵ ਜਹਾਨ, ਚਾਰੋਂ ਕੁੰਟ ਧਿਆਨ ਲਗਾਈਆ । ਸਾਚਾ ਇਸ਼ਟ ਰਿਹਾ ਨਾ ਕੋਇ ਇਨਸਾਨ, ਦ੍ਰਿਸ਼ਟ ਵਿਸ਼ੇਸ਼ ਨਾ ਕੋਇ ਬਣਾਈਆ । ਭੈ ਰਿਹਾ ਨਾ ਸੀਤਾ ਰਾਮ, ਕ੍ਰਿਸ਼ਨ ਕਾਹਨ ਨਾ ਕੋਇ ਵਡਿਆਈਆ । ਪੈਗ਼ੰਬਰਾਂ ਭੁੱਲਿਆ ਪੈਗ਼ਾਮ, ਸੱਯਦਾ ਹੱਕ ਨਾ ਕੋਇ ਰਖਾਈਆ । ਮੰਤਰ ਫੁਰੇ ਨਾ ਸਤਿਨਾਮ, ਚਾਰੋਂ ਕੁੰਟ ਪਈ ਦੁਹਾਈਆ । ਵਾਹਿਗੁਰੂ ਮੰਨੇ ਕੋਈ ਨਾ ਆਣ, ਗੋਬਿੰਦ ਸੀਸ ਨਾ ਕੋਇ ਨਿਵਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਬੇਈਮਾਨ, ਮਾਇਆ ਮਮਤਾ ਵਿਚ ਹਲਕਾਈਆ । ਸ਼ਰਅ ਛੁਰੀ ਬਣੀ ਜਹਾਨ, ਕਤਲਗਾਹ ਦਿਸੇ ਲੋਕਾਈਆ । ਸਦੀ ਚੌਧਵੀਂ ਸਾਬਤ ਰਿਹਾ ਨਾ ਕਿਸੇ ਈਮਾਨ, ਮੁੱਲਾ ਸ਼ੇਖ਼ ਮੁਸਾਇਕ ਨੇਤਰ ਨੈਣਾਂ ਨੀਰ ਵਹਾਈਆ । ਚਾਰੋਂ ਕੁੰਟ ਦਿਸੇ ਵੈਰਾਨ, ਵੈਰੀ ਘਰ ਘਰ ਮਨ ਮਨੂਆ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪੜਦਾ ਆਪ ਉਠਾਈਆ । ਪੁਰਖ ਅਕਾਲ ਕਹੇ ਹੁਕਮ ਅਗੰਮਾ ਦੇਣਾ ਮਾਤ, ਲੋਕ ਪਰਲੋਕ ਆਪ ਜਣਾਈਆ । ਕਲਜੁਗ ਮੇਟਣੀ ਅੰਧੇਰੀ ਰਾਤ, ਸੁਹੰਜਣੀ ਸਤਿਜੁਗ ਸਚ ਚੰਦ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਰੱਖਣੇ ਸਾਥ, ਨਿਰਗੁਣ ਧਾਰ ਨਿਰਗੁਣ ਰੰਗ ਰੰਗਾਈਆ । ਸਦੀ ਚੌਧਵੀਂ ਖੇਲ ਵਖਾਉਣਾ ਸਾਖਿਆਤ, ਪਰਦਾ ਓਹਲਾ ਮਾਤ ਚੁਕਾਈਆ । ਵੇਖੋ ਜੋ ਦੱਸ ਕੇ ਆਏ ਮੇਰੇ ਨਾਮ ਦੀ ਗਾਥ, ਕਲਮਾ ਕਾਇਨਾਤ ਪੜ੍ਹਾਈਆ । ਤੁਹਾਡੇ ਉਤੇ ਰਿਹਾ ਨਾ ਕਿਸੇ ਵਿਸ਼ਵਾਸ਼, ਵਿਸ਼ਿਆਂ ਭਰੀ ਲੋਕਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਹੁੰਦਾ ਘਾਤ, ਗੁਰੂਦਵਾਰੇ ਕੂੜ ਕੂੜ ਹਲਕਾਈਆ । ਆਤਮ ਪਰਮਾਤਮ ਜੁੜੇ ਕਿਸੇ ਨਾ ਨਾਤ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਸਤਿ ਧਰਮ ਦਾ ਨਿਕਲੇ ਨਾ ਕੋਈ ਵਾਕ, ਲੇਖ ਸਿਫ਼ਤ ਨਾ ਕੋਇ ਸਾਲਾਹੀਆ । ਜਿਧਰ ਤਕੋ ਸਾਧ ਸੰਤ ਕਲਜੁਗ ਹੋਏ ਗੁਸਤਾਖ, ਸਾਂਤਕ ਸਤਿ ਨਾ ਕੋਇ ਵਰਤਾਈਆ । ਸਾਚੀ ਮੰਜ਼ਲ ਚੜ੍ਹੇ ਕੋਈ ਨਾ ਘਾਟ, ਅਧਵਾਟੇ ਬੈਠੇ ਮਾਰਨ ਧਾਹੀਆ । ਰੂਹ ਬੁਤ ਪੈਗ਼ੰਬਰੋ ਹੋਇਆ ਕਿਸੇ ਨਾ ਪਾਕ, ਅਵਤਾਰੋ ਪਤਿਤ ਪੁਨੀਤ ਨਾ ਕੋਇ ਜਣਾਈਆ । ਮਾਨਸ ਜਾਤੀ ਇਕੋ ਜ਼ਾਤ, ਕਿਉਂ ਦੀਨ ਮਜ਼੍ਹਬ ਕਰੇ ਲੜਾਈਆ । ਸਚ ਦਾ ਰਿਹਾ ਨਾ ਕੋਇ ਇਖ਼ਲਾਕ, ਖ਼ਾਲਕ ਖ਼ਲਕ ਵੇਖ ਵਖਾਈਆ । ਤੁਹਾਡੀ ਉਮਤ ਹੋਈ ਗੁਸਤਾਖ਼, ਚਾਰੋਂ ਕੁੰਟ ਕੂੜ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਫ਼ਰਮਾਨਾ ਇਕ ਆਪ ਜਣਾਈਆ । ਪੁਰਖ ਅਕਾਲ ਕਹੇ ਮੇਰਾ ਹੁਕਮ ਅਗੰਮ ਅਪਾਰ, ਅਨਦ੍ਰਿਸ਼ਟ ਦਿਆਂ ਜਣਾਈਆ । ਸਭ ਦਾ ਲਹਿਣਾ ਦੇਣਾ ਮੁਕਾਉਣਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਲਏ ਉਠਾਈਆ । ਝਗੜਾ ਰਹੇ ਨਾ ਗੁਰੂ ਅਵਤਾਰ, ਪੈਗ਼ੰਬਰ ਵੰਡ ਨਾ ਕੋਇ ਵੰਡਾਈਆ । ਸਾਚੀ ਸਿਖਿਆ ਦੇਣੀ

੧੫੯ ੨੨

ਸਿਖਾਲ, ਆਤਮ ਪਰਮਾਤਮ ਭੇਵ ਖੁਲ੍ਹਾਈਆ । ਕਾਇਆ ਮੰਦਰ ਸੱਚੀ ਧਰਮਸਾਲ, ਕਾਅਬਾ ਇਕੋ ਨੂਰ ਇਲਾਹੀਆ । ਜਿਥੇ ਵਸੇ ਪਰਵਰਦਿਗਾਰ, ਪਾਰਬ੍ਰਹਮ ਜੋਤ ਰੁਸ਼ਨਾਈਆ । ਸ਼ਬਦ ਨਾਦ ਧੁਨ ਸ਼ਿੰਗਾਰ, ਅਨਹਦ ਨਾਦੀ ਨਾਦ ਸ਼ਨਵਾਈਆ । ਅੰਮ੍ਰਿਤ ਝਿਰਨਾ ਨਿਝਰ ਠੰਡਾ ਠਾਰ, ਅਗਨੀ ਤਤ ਤਪਾਈਆ । ਤ੍ਰੈਗੁਣ ਮਾਇਆ ਨਾ ਸਕੇ ਸਾੜ, ਹਉਮੇ ਰੋਗ ਨਾ ਕੋਇ ਜਲਾਈਆ । ਤਤ ਰਹੇ ਨਾ ਬਹੱਤਰ ਨਾੜ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਈਆ । ਪੁਰਖ ਅਕਾਲ ਕਹੇ ਅਵਤਾਰ ਪੈਗ਼ੰਬਰ ਗੁਰ ਖੇਲ ਵੇਖੋ ਅਪਰੰਪਰ, ਅਗੰਮ ਦਿਆਂ ਜਣਾਈਆ । ਭੇਵ ਚੁਕਾਉਣਾ ਸਭ ਦਾ ਅੰਤਰ, ਅੰਤਸ਼ਕਰਨ ਵੇਖਣਾ ਥਾਉਂ ਥਾਈਂਆ । ਸਤਿਜੁਗ ਸਚ ਚਲਾਉਣਾ ਮੰਤਰ, ਨੌਂ ਖੰਡ ਪ੍ਰਿਥਮੀ ਸੱਤ ਦੀਪ ਇਕੋ ਇਕ ਪੜ੍ਹਾਈਆ । ਚਾਰ ਵਰਨ ਬਣਾ ਕੇ ਬਣਤਰ, ਹਰਿਜਨ ਸਾਚੇ ਲੈਣੇ ਉਪਜਾਈਆ । ਝਗੜਾ ਮੇਟ ਗਗਨ ਗਗਨੰਤਰ, ਜ਼ਿਮੀਂ ਅਸਮਾਨਾਂ ਡੇਰਾ ਢਾਹੀਆ । ਸਚ ਸੰਦੇਸ਼ਾ ਦੇ ਕੇ ਅਗੰਮਾ ਸੰਤਨ, ਸਤਿ ਸਤਿਵਾਦੀ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਕਰਤਾ ਅਗੰਮ ਅਥਾਹੀਆ । ਗੁਰ ਅਵਤਾਰ ਪੈਗ਼ੰਬਰ ਲੋਕਮਾਤ ਦੇਣੀ ਦਾਤ, ਹਰਿ ਸਤਿਗੁਰ ਆਪ ਦ੍ਰਿੜਾਈਆ । ਝਗੜਾ ਮੇਟ ਦੀਨ ਮਜ਼੍ਹਬ ਜ਼ਾਤ ਪਾਤ, ਊਚ ਨੀਚ ਨਾ ਕੋਇ ਵਖਾਈਆ । ਚਾਰ ਜੁਗ ਤੁਸਾਂ ਲੇਖਾ ਲਿਖਿਆ ਨਾਲ ਕਲਮ ਦਵਾਤ, ਕਾਗ਼ਜ਼ ਸ਼ਾਹੀ ਜੋੜ ਜੁੜਾਈਆ । ਮੇਰੇ ਹੁਕਮ ਸ਼ਬਦ ਸੰਦੇਸ਼ ਨੂੰ ਨਾਮ ਕਲਮਾ ਬਾਣੀ ਆਏ ਆਖ, ਅੱਖਰਾਂ ਵਿਚ ਅੱਖਰ ਜੋੜ ਜੁੜਾਈਆ । ਮੇਰਾ ਦਰਸ ਕਰਾਇਆ ਨਾ ਕਿਸੇ ਸਾਖਿਆਤ, ਸਤਿ ਸਰੂਪ ਨਾ ਕੋਇ ਜਣਾਈਆ । ਜੁਗ ਜੁਗ ਸਾਰੇ ਤੁਹਾਡਾ ਲਹਿਣਾ ਰਹੇ ਵਾਚ, ਵਾਚਕ ਹੋ ਕੇ ਕਰਨ ਪੜ੍ਹਾਈਆ । ਐਸ ਵੇਲੇ ਆਪਣਿਆਂ ਦੀਨਾਂ ਮਜ਼੍ਹਬਾਂ ਵਿਚ ਮਾਰੋ ਝਾਕ, ਪੜਦਾ ਅੰਤਰ ਅੰਦਰ ਉਠਾਈਆ । ਸਾਚੀ ਦਿਸੇ ਨਾ ਕੋਈ ਗਾਥ, ਪ੍ਰੇਮ ਪ੍ਰੇਮ ਨਾ ਕੋਇ ਪੜ੍ਹਾਈਆ । ਤੁਹਾਡਾ ਦੇਵੇ ਕੋਈ ਨਾ ਸਾਥ, ਗੁਰ ਚੇਲੇ ਬੈਠੇ ਮੁਖ ਭਵਾਈਆ । ਮੁਰਸ਼ਦ ਮੁਰੀਦਾਂ ਰਿਹਾ ਕੋਈ ਨਾ ਸਾਥ, ਨਾਤਵਾਂ ਹੋ ਕੇ ਪਲੂ ਲਉ ਛੁਡਾਈਆ । ਸਦੀ ਚੌਧਵੀਂ ਆਪਣਾ ਆਪਣਾ ਲੇਖਾ ਵੇਖੋ ਹਿਸਾਬ, ਪਰਦਾ ਪਰਦੇ ਵਿਚੋਂ ਉਠਾਈਆ । ਕੀ ਲੇਖਾ ਲਿਖਿਆ ਪਿਛਲਾ ਪਹਿਲਾ ਹਿੱਸਾ ਤੇ ਪਹਿਲਾ ਬਾਬ, ਬਾਬਤ ਤੁਹਾਡੀ ਕੀ ਜਣਾਈਆ । ਕਲਜੁਗ ਅੰਤ ਜਿਸ ਵੇਲੇ ਪੁਰਖ ਅਕਾਲਾ ਦੀਨ ਦਿਆਲਾ ਪਰਗਟ ਹੋਵੇ ਆਪ, ਜੋਤੀ ਜਾਤਾ ਜੋਤ ਕਰੇ ਰੁਸ਼ਨਾਈਆ । ਸਭ ਦਾ ਲੇਖਾ ਜਾਣੇ ਲਹਿਣਾ ਦੇਣਾ ਪੂਰਬ ਜਾਪ, ਜਗਜੀਵਣ ਦਾਤਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ । ਧੁਰ ਫ਼ਰਮਾਨਾ ਦੇਵੇ ਪੁਰਖ ਅਕਾਲਾ, ਅਕਲ ਕਲਧਾਰੀ ਆਪ ਜਣਾਈਆ । ਸਤਿਜੁਗ ਮਾਰਗ ਦੱਸਣਾ ਸੁਖਾਲਾ, ਰਹਿਬਰ ਹੋ ਕੇ ਦੇਣਾ ਦ੍ਰਿੜਾਈਆ । ਆਤਮ ਪਰਮਾਤਮ ਮਨ ਮਣਕਾ ਫੇਰ ਕੇ ਮਾਲਾ, ਮਾਰਗ ਇਕੋ ਦੇਣਾ ਸਮਝਾਈਆ । ਤਨ ਵਜੂਦ ਮਾਟੀ ਖ਼ਾਕ ਸਾਢੇ ਤਿੰਨ ਹੱਥ ਵਸ ਸੱਚੀ ਧਰਮਸਾਲਾ, ਗ੍ਰਿਹਿ ਮੰਦਰ ਦੇਣਾ ਜਣਾਈਆ । ਜਿਥੇ ਨਾਦ ਧੁਨ ਸ਼ਬਦ ਅਗੰਮੀ ਵੱਜੇ ਧੁਨਕਾਨਾ, ਰਸਨਾ ਜਿਹਵਾ ਬੱਤੀ ਦੰਦ ਦੀ ਲੋੜ ਰਹੇ ਨਾ ਰਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਕਵਲ ਨਾਭੀ ਮਿਲੇ ਮਹਾਨਾ, ਅੱਠ ਸੱਠ ਤੀਰਥ ਗੰਗਾ ਗੋਦਾਵਰੀ ਜਮਨਾ ਸੁਰਸਤੀ ਭੱਜਣ ਦੀ ਲੋੜ ਰਹੇ ਨਾ ਰਾਈਆ । ਘਰ ਦੀਪਕ ਜੋਤ ਜੋਤ ਕਰ ਨੁਰਾਨਾ, ਬਿਨ ਤੇਲ ਬਾਤੀ ਕਮਲਾਪਾਤੀ ਅੰਧ ਅੰਧੇਰਾ ਦਏ ਗਵਾਈਆ ।

ਸਚ ਭੂਮਿਕਾ ਦੱਸ ਅਸਥਾਨਾ, ਸੇਜ ਸੁਹੰਜਣੀ ਇਕ ਵਖਾਈਆ । ਜਿਥੇ ਪਾਰਬ੍ਰਹਮ ਪਤਿਪਰਮੇਸ਼ਵਰ ਜੋਤੀ ਜਾਤਾ ਨੌਜਵਾਨਾ, ਇਸਤਰੀ ਮਰਦ ਰੂਪ ਨਾ ਕੋਇ ਵਟਾਈਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਲਾਗਣ ਪਾਈਆ । ਜਿਸ ਦਰ ਤੋਂ ਅਵਤਾਰ ਪੈਗ਼ੰਬਰ ਗੁਰੂ ਦਰਵੇਸ਼ ਹੋ ਕੇ ਮੰਗਣ ਦਾਨਾ, ਖ਼ਾਲੀ ਝੋਲੀਆਂ ਅੱਗੇ ਡਾਹੀਆ । ਪੁਰਖ ਅਕਾਲ ਜੁਗ ਜੁਗ ਦੇਵੇ ਆਪਣਾ ਨਾਮਾ, ਨਾਮ ਨਾਮਾਂ ਝੋਲੀ ਪਾਈਆ । ਕਿਸੇ ਨੂੰ ਕਿਹਾ ਸੁਣਾ ਦੇ ਮਾਤ ਰਾਮਾ, ਕਿਸੇ ਨੂੰ ਕ੍ਰਿਸ਼ਨ ਕ੍ਰਿਸ਼ਨ ਨਾਲ ਪਰਚਾਈਆ । ਕਿਸੇ ਅੱਲਾ ਦਾ ਦੇ ਪੈਗ਼ਾਮਾ, ਪੈਗ਼ੰਬਰਾਂ ਕਰੀ ਪੜ੍ਹਾਈਆ । ਕਿਸੇ ਨੂੰ ਭੇਵ ਖੁਲ੍ਹਾ ਕੇ ਸਤਿਨਾਮਾ, ਸਤਿ ਸਤਿ ਦਿਤਾ ਜਣਾਈਆ । ਕਿਸੇ ਨੂੰ ਵਾਹਿਗੁਰੂ ਦੇ ਨਿਸ਼ਾਨਾ, ਨਿਸ਼ਾਨਾ ਧਰਮ ਵਾਲਾ ਦਰਸਾਈਆ । ਚਾਰ ਜੁਗ ਪ੍ਰਭ ਆਪਣਾ ਲਾਉਂਦਾ ਰਿਹਾ ਬਹਾਨਾ, ਪੂਰਨ ਭੇਵ ਨਾ ਕਿਸੇ ਖੁਲ੍ਹਾਈਆ । ਬੇਅੰਤ ਕਰਕੇ ਸਾਰਿਆਂ ਗਾਇਆ ਓਸ ਦਾ ਗਾਣਾ, ਗਾ ਗਾ ਕੇ ਆਪਣਾ ਸ਼ੁਕਰ ਮੰਨਾਈਆ । ਹੁਕਮੇ ਅੰਦਰ ਮੰਨਦੇ ਗਏ ਭਾਣਾ, ਸਿਰ ਸਕਿਆ ਨਾ ਕੋਇ ਉਠਾਈਆ । ਦੀਨਾਂ ਮਜ਼੍ਹਬਾਂ ਵੰਡ ਵੰਡਾਨਾ, ਮਾਨਵ ਮਾਨਵ ਨਾਲ ਟਕਰਾਈਆ । ਸਾਚਾ ਰੰਗ ਨਾ ਕਿਸੇ ਚੜ੍ਹਾਣਾ, ਹਿੰਦੂ ਮੁਸਲਿਮ ਸਿਖ ਈਸਾਈ ਇਸ਼ਟ ਮੰਨਣ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ ਅਵਤਾਰ ਪੈਗ਼ੰਬਰ ਗੁਰੂ ਚੁੱਕ ਲਓ ਪੜਦਾ, ਸਚਖੰਡ ਨਿਵਾਸੀ ਹੋ ਕੇ ਦਿਆਂ ਜਣਾਈਆ । ਧਿਆਨ ਮਾਰੋ ਉੱਤਰ ਪੂਰਬ ਪੱਛਮ ਦੱਖਣ ਲਹਿੰਦਾ ਚੜ੍ਹਦਾ, ਬਿਨਾ ਅੱਖਾਂ ਅੱਖ ਉਠਾਈਆ । ਦੀਨ ਮਜ਼੍ਹਬ ਤੁਹਾਡਾ ਵੇਖੋ ਲੜਦਾ, ਅੱਲਾ ਵਾਹਿਗੁਰੂ ਰਾਮ ਨਾਮ ਖੰਡਾ ਖੜਗ ਖੜਗ ਖੜਕਾਈਆ । ਮੇਰੀ ਮੰਜ਼ਲ ਹਕੀਕੀ ਸਾਚੇ ਦਰ ਕੋਈ ਨਾ ਚੜ੍ਹਦਾ, ਦਰਗਾਹ ਸਾਚੀ ਮਿਲਣ ਕੋਇ ਨਾ ਆਈਆ । ਰਸਨਾ ਜਿਹਵਾ ਬੱਤੀ ਦੰਦ ਸਿਖ ਮੁਰੀਦ ਤੁਹਾਡਾ ਪੜ੍ਹਦਾ, ਹਿਰਦੇ ਹਰਿ ਨਾ ਕੋਇ ਵਸਾਈਆ । ਕਿਉਂ ਨਹੀਂ ਲੋਕਮਾਤ ਵਿਚ ਕਲਜੁਗ ਜੀਵ ਤਰਦਾ, ਨਈਆ ਪਾਰ ਨਾ ਕੋਇ ਲਗਾਈਆ । ਕਿਉਂ ਇਸਨਾਨ ਮਿਲੇ ਨਾ ਸਾਚੇ ਸਰੋਵਰ ਗ੍ਰਿਹਿ ਸਰ ਦਾ, ਸਰੋਵਰ ਸਚ ਨਾ ਕੋਇ ਨਹਾਈਆ । ਕਿਉਂ ਲੇਖਾ ਚੁੱਕਿਆ ਅੱਠ ਸੱਠ ਜਲ ਦਾ, ਥਲ ਪਈ ਦੁਹਾਈਆ । ਆਪਣਾ ਆਪਣਾ ਲੇਖਾ ਵੇਖੋ ਚੌਧਵੀਂ ਸਦੀ ਕਲ ਦਾ, ਕਲਜੁਗ ਕੀ ਕੀ ਕਾਰ ਕਮਾਈਆ । ਮਾਣ ਰਿਹਾ ਨਾ ਤੁਹਾਡੀ ਸ਼ਬਦੀ ਧਾਰ ਗੱਲ ਦਾ, ਅੱਖਰਾਂ ਅੱਖਰਾਂ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਅਵਤਾਰ ਪੈਗ਼ੰਬਰ ਕਹਿਣ ਅਸਾਂ ਆਪਾ ਆਪ ਤੱਕਿਆ, ਤਕੀ ਖ਼ਲਕ ਖ਼ੁਦਾਈਆ । ਫਿਰੇ ਮਦੀਨੇ ਮੱਕਿਆ, ਮੰਦਰ ਮਸਜਿਦ ਫੋਲ ਫੁਲਾਈਆ । ਮਾਨਵ ਸਾਚਾ ਕੋਈ ਨਾ ਲੱਭਿਆ, ਹਉਮੇ ਰੋਗ ਨਾ ਕੋਇ ਮਿਟਾਈਆ । ਮਾਇਆ ਮਮਤਾ ਵਿਚ ਤਪਿਆ, ਪੰਡਤ ਪਾਂਧਾ ਮੁੱਲਾ ਸ਼ੇਖ਼ ਬਣਿਆ ਕਸਾਈਆ । ਅਸੀਂ ਹੈਰਾਨ ਹੋ ਗਏ ਕਿੱਥੇ ਗਿਆ ਸਾਡਾ ਨਾਮ ਜਪਿਆ, ਜੋ ਕਲਮਾ ਖ਼ੁਦ ਖ਼ੁਦਾ ਤੇਰਾ ਆਏ ਜਣਾਈਆ । ਸਾਚਾ ਖੇੜਾ ਕੋਇ ਨਾ ਵਸਿਆ, ਸਾਢੇ ਤਿੰਨ ਹੱਥ ਵੱਜੀ ਨਾ ਕੋਇ ਵਧਾਈਆ । ਮਾਨਵ ਇਕ ਦੂਜੇ ਦੀ ਕਰਨ ਹੱਤਿਆ, ਮਜ਼੍ਹਬ ਮਜ਼੍ਹਬ ਨਾਲ ਲੜਾਈਆ । ਏਹ ਲੜਨਾ ਪੈਗ਼ੰਬਰਾਂ ਅਵਤਾਰਾਂ ਗੁਰੂਆਂ ਦੱਸਿਆ, ਸਾਂਤਕ ਸਤਿ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਰਨੀ ਦੇ ਕਰਤੇ ਤੇਰਾ ਕੀਤਾ ਰਿਹਾ ਹੋ, ਦੂਜੀ ਅਵਰ ਨਾ ਕੋਇ ਚਤੁਰਾਈਆ ।

ਚਾਰੋਂ ਕੁੰਟ ਵਧਿਆ ਧਰੋ, ਦਰੋਹੀ ਦਰੋਹੀ ਨਾਮ ਖ਼ੁਦਾਈਆ । ਸਚ ਦੀ ਰਹੀ ਕੋਈ ਨਾ ਲੋ, ਨਿਜ ਲੋਚਣ ਨੈਣ ਨਾ ਕੋਇ ਖੁਲ੍ਹਾਈਆ । ਗੁਰੂ ਚੇਲੇ ਟੁੱਟਾ ਮੋਹ, ਪਿਤਾ ਪੂਤ ਪਈ ਲੜਾਈਆ । ਹੁਣ ਅਸੀਂ ਵੀ ਤੇਰੇ ਜੋਗੇ ਗਏ ਹੋ, ਅੱਗੇ ਹੁਕਮ ਨਾ ਕੋਇ ਸੁਣਾਈਆ । ਸਾਥੋਂ ਸਭ ਕਿਛ ਲੈ ਖੋਹ, ਆਪ ਆਪਣੇ ਵਿਚ ਟਿਕਾਈਆ । ਸਾਨੂੰ ਅਗਲਾ ਹੁਕਮ ਦੱਸਣਾ ਸੰਮਤ ਸ਼ਹਿਨਸ਼ਾਹੀ ਪੰਜ ਤੇ ਛੱਬੀ ਪੋਹ, ਵਦੀ ਸੁਦੀ ਨਾ ਕੋਇ ਰਖਾਈਆ । ਤੇਰੇ ਦਰ ਤੇ ਸਭ ਦਾ ਇਕੋ ਹੋਵੇ ਗਰੋਹ, ਦੂਜੀ ਵੰਡ ਨਾ ਕੋਇ ਵੰਡਾਈਆ । ਤੂੰ ਨਿਰਗੁਣ ਧਾਰ ਅਸੀਂ ਸਰਗੁਣ ਰੂਪ ਰਹੇ ਨਾ ਦੋ, ਦੂਆ ਏਕੇ ਵਿਚ ਸਮਾਈਆ । ਸਾਚੇ ਨਾਮ ਦੇ ਧਾਗੇ ਲੈਣੇ ਪਰੋ, ਪਰਹੋਤਾਂ ਦੀ ਲੋੜ ਰਹੇ ਨਾ ਰਾਈਆ । ਸਤਿਜੁਗ ਸਾਚਾ ਬੀਜ ਦੇਣਾ ਬੋ, ਹਰ ਹਿਰਦੇ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਛੱਬੀ ਪੋਹ ਨੂੰ ਦੱਸਣਾ ਰਸਤਾ, ਹਰਿ ਕਰਤੇ ਦੇਣਾ ਸਮਝਾਈਆ । ਪਿਛਲਾ ਚਾਰ ਜੁਗ ਬੰਨ੍ਹਉਣਾ ਬਸਤਾ, ਬਸਤਰ ਬੰਧਨ ਆਪਣਾ ਇਕ ਸਮਝਾਈਆ । ਸਭ ਨੂੰ ਏਕਾ ਧਾਰ ਕਰਨਾ ਵਾਬਸਤਾ, ਵੱਖਰਾ ਰਹਿਣ ਕੋਇ ਨਾ ਪਾਈਆ । ਤੇਰਾ ਭਗਤ ਸੁਹੇਲਾ ਵੇਖਣਾ ਹੱਸਦਾ, ਤੇਰੀ ਹਸਤੀ ਵਿਚ ਸਮਾਈਆ । ਸਚਖੰਡ ਦਰਗਾਹ ਸਾਚੀ ਤੇਰਾ ਸਿਫ਼ਤ ਸਾਲਾਹੀ ਇਕੋ ਨਾਮ ਜਸ ਦਾ, ਦੂਜਾ ਰਾਗ ਨਾ ਕੋਇ ਅਲਾਈਆ । ਓਹੋ ਮਾਣ ਮਾਤਲੋਕ ਦੇਣਾ ਹੱਕ ਦਾ, ਮਾਨਵ ਮਾਨਸ ਆਪ ਸਮਝਾਈਆ । ਤੇਰਾ ਹੁਕਮ ਹੋਵੇ ਸਚ ਦਾ, ਨਾ ਕੋਇ ਮੇਟੇ ਮੇਟ ਮਿਟਾਈਆ । ਲੇਖਾ ਚੁਕਾਉਣਾ ਕਾਇਆ ਮਾਟੀ ਕੱਚ ਦਾ, ਕੰਚਨ ਗੜ੍ਹ ਦੇਣੀ ਵਡਿਆਈਆ । ਤੇਰਾ ਭਗਤ ਦਵਾਰਾ ਇਕੋ ਹੋਵੇ ਵਸਦਾ, ਜਿਥੇ ਜ਼ਾਤ ਪਾਤ ਦੀਨ ਮਜ਼੍ਹਬ ਵਰਨ ਬਰਨ ਨਾ ਕੋਇ ਰਖਾਈਆ । ਨਿਸ਼ਾਨਾ ਦੇਣਾ ਅੰਤਰ ਅੱਖ ਦਾ, ਦਿਬ ਨੇਤਰ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ ਮੇਰਾ ਮਾਰਗ ਹੋਣਾ ਏਕ, ਇਕ ਇਕੱਲਾ ਦਿਆਂ ਦ੍ਰਿੜਾਈਆ । ਸਭ ਦੀ ਸਾਚੀ ਹੋਣੀ ਟੇਕ, ਟਿੱਕੇ ਮਸਤਕ ਧੂੜ ਖ਼ਾਕ ਰਮਾਈਆ । ਸਤਿਜੁਗ ਬੁਧ ਕਰਾਂ ਬਿਬੇਕ, ਦੁਰਮਤ ਕੂੜੀ ਮੈਲ ਧਵਾਈਆ । ਆਤਮ ਪਰਮਾਤਮ ਦੱਸਾਂ ਹੇਤ, ਪਾਰਬ੍ਰਹਮ ਬ੍ਰਹਮ ਜੋੜ ਜੁੜਾਈਆ । ਸਤਿਜੁਗ ਵਿਚ ਮੁੱਲਾ ਸ਼ੇਖ਼ ਪੰਡਤ ਪਾਂਧਾ ਗ੍ਰੰਥੀ ਮੇਰਾ ਨਾਮ ਖਾਏ ਕੋਈ ਨਾ ਵੇਚ, ਕੀਮਤ ਹੱਟਾਂ ਵਿਚ ਪਵਾਈਆ । ਸਭ ਨੂੰ ਸਾਂਝਾ ਦੱਸਣਾ ਇਕੋ ਦੇਸ, ਜਿਸ ਸਚਖੰਡ ਵਿਚ ਦਿਸੇ ਧੁਰਦਰਗਾਹੀਆ । ਸ਼ਬਦ ਗੁਰੂ ਗੁਰ ਪਰਗਟ ਹੋਣਾ ਆਦਿ ਅੰਤ ਦਾ ਇਕ ਦਸਮੇਸ, ਜੋਧਾ ਸੂਰਬੀਰ ਅਖਵਾਈਆ । ਜਿਸ ਨੇ ਚਾਰ ਵਰਨ ਕਰਨੇ ਨੇਕ, ਨਿੱਕਿਆਂ ਵੱਡਿਆਂ ਗਲੇ ਲਗਾਈਆ । ਲਾਲਚ ਰਹਿਣ ਨਹੀਂ ਦੇਣਾ ਕਿਸੇ ਦਾ ਪੇਟ, ਮਾਇਆ ਮਮਤਾ ਮੋਹ ਗਵਾਈਆ । ਮਨ ਕਲਪਣਾ ਸਾਰੀ ਜਨ ਭਗਤਾਂ ਕਰਨੀ ਪ੍ਰਭੂ ਦੇ ਭੇਟ, ਚਰਨ ਕਵਲ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਪੁਰਖ ਅਕਾਲ ਕਹੇ ਸ਼ਬਦ ਗੋਬਿੰਦ ਗੋਬਿੰਦ ਸ਼ਬਦ ਸੂਰਾ ਹੋਵੇ ਜਗ, ਜਗ ਜੀਵਣ ਦਾਤਾ ਨਾਲ ਰਖਾਈਆ । ਪੈਗ਼ੰਬਰਾਂ ਦਾ ਪੂਰਾ ਕਰੇ ਹੱਜ, ਹਾਜਤ ਅਵਰ ਰਹੇ ਨਾ ਰਾਈਆ । ਅਵਤਾਰਾਂ ਪਾਰ ਕਰਾ ਕੇ ਹੱਦ, ਹਦੂਦ ਆਪਣੀ ਦਏ ਵਖਾਈਆ । ਗੁਰੂ ਗੁਰਦੇਵ ਸਵਾਮੀ ਸੱਦ, ਸੱਦਾ ਇਕੋ ਇਕ ਸਮਝਾਈਆ । ਕਲਜੁਗ ਅੰਤਮ ਰਿਹਾ ਲੰਘ, ਸਦੀ ਚੌਧਵੀਂ ਦਏ ਗਵਾਹੀਆ । ਅੱਗੇ ਖੇਲ ਸੂਰਾ ਸਰਬਗ, ਹਰਿ ਕਰਤਾ ਆਪ ਕਰਾਈਆ । ਕਲਜੁਗ ਮੇਟੇ ਅੰਧੇਰਾ ਅੰਧ, ਸਤਿਜੁਗ ਸਚ ਚੰਦ



੧੬੨ ੨੨

ਚਮਕਾਈਆ । ਆਤਮ ਪਰਮਾਤਮ ਬਖ਼ਸ਼ੇ ਧੁਰ ਅਨੰਦ ਪੁਰੀ ਅਨੰਦ ਵਾਲਾ ਨਾਲ ਮਿਲਾਈਆ । ਜਨ ਭਗਤਾਂ ਸਾਚੇ ਸੰਤਾਂ ਪਾਵੇ ਠੰਡ, ਅਗਨੀ ਤਤ ਅੰਤਰ ਬੁਝਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਧੁਰ ਦਾ ਛੰਦ, ਆਦਿ ਜੁਗਾਦਿ ਗੁਰ ਅਵਤਾਰ ਪੈਗ਼ੰਬਰਾਂ ਰੀਤੀ ਚਲੀ ਆਈਆ । ਆਤਮਾ ਪਰਮਾਤਮਾ ਹੋਵੇ ਪਾਬੰਦ, ਬੰਧਨ ਸਕੇ ਨਾ ਕੋਇ ਤੁੜਾਈਆ । ਕਲਜੁਗ ਕੂੜੀ ਕਿਰਿਆ ਮੇਟਣਾ ਭੇਖ ਪਖੰਡ, ਭਾਂਡਾ ਭਰਮ ਭੌ ਭੰਨਾਈਆ । ਦੀਨ ਦਿਆਲ ਬਣ ਬਖ਼ਸ਼ੰਦ, ਰਹਿਮਤ ਰਹੀਮ ਰਹਿਮਾਨ ਆਪ ਕਮਾਈਆ । ਛੱਬੀ ਪੋਹ ਜੁਗ ਚੌਕੜੀ ਸਾਰੇ ਮੰਗਦੇ ਗਏ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਗੋਬਿੰਦ ਆਪਣੀ ਧਾਰ ਲਾਏ ਅੰਗ, ਅੰਗੀਕਾਰ ਇਕ ਅਖਵਾਈਆ । ਮਾਲਵੇ ਵਾਲਿਓ ਖ਼ੁਸ਼ੀਆਂ ਨਾਲ ਮਾਰ ਕੇ ਆਉਣਾ ਪੰਧ, ਗ਼ਮੀ ਸੰਗ ਨਾ ਕੋਇ ਰਖਾਈਆ । ਜੁਗ ਜਨਮ ਦੀ ਟੁੱਟੀ ਲੈਣੀ ਗੰਢ, ਅੱਗੇ ਸਕੇ ਨਾ ਕੋਇ ਤੁੜਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੇ ਗਏ ਹੰਢ, ਕਲ ਕਲਕੀ ਵੇਸ ਨਾ ਮਾਤ ਵਟਾਈਆ । ਜਿਸ ਦੇ ਅਵਤਾਰ ਪੈਗ਼ੰਬਰ ਗੁਰੂ ਸੰਗ, ਸਗਲਾ ਸੰਗ ਵਖਾਈਆ । ਸਭ ਦਾ ਖ਼ੁਸ਼ੀ ਹੋਵੇ ਬੰਦ ਬੰਦ, ਬੰਦਗੀ ਇਕੋ ਕਰਨੀ ਧੁਰ ਦੇ ਮਾਹੀਆ । ਮਨ ਚਾਓ ਹੋਵੇ ਵੇਖਣਾ ਓਹ ਗੋਬਿੰਦ ਨੂਰੀ ਚੰਦ, ਜੋ ਦੋ ਜਹਾਨ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਦੀਨ ਮਜ਼੍ਹਬ ਵਿਚ ਕਦੇ ਨਾ ਹੋਇਆ ਪਾਬੰਦ, ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਆਪਣਾ ਹੁਕਮ ਵਰਤਾਈਆ ।



## ✪ ਕਪੂਰ ਸਿੰਘ ਦੀ ਵਰਕਸ਼ਾਪ ਵਿਚ ✪



ਹਰਿ ਭਗਤ ਹਰਿ ਕਾ ਰੂਪ, ਹਰਿ ਹਿਰਦੇ ਵਿਚ ਸਮਾਇੰਦਾ । ਸ਼ਰੀਰਕ ਨਾਤਾ ਪੰਜ ਭੂਤ, ਤਨ ਵਜੂਦ ਵੰਡ ਵੰਡਾਇੰਦਾ । ਆਪ ਵਸੇ ਆਪਣੀ ਕੂਟ, ਜਗ ਨੇਤਰ ਨਜ਼ਰ ਕੋਇ ਨਾ ਪਾਇੰਦਾ । ਦਿਵਸ ਰੈਣ ਵੇਖੇ ਸਚ ਝੂਠ, ਕਾਮ ਕਰੋਧ ਲੋਭ ਮੋਹ ਹੰਕਾਰ ਫੋਲ ਫੁਲਾਇੰਦਾ । ਚਾਰ ਜੁਗ ਵਿਚ ਬਿਨਾ ਪ੍ਰਭ ਦੀ ਕਿਰਪਾ ਤੋਂ ਅਜੇ ਤਕ ਬਣੇ ਨਾ ਕੋਇ ਸਪੂਤ, ਸਚ ਵਿਚ ਨਾ ਕੋਇ ਸਮਾਇੰਦਾ । ਮਨ ਮਤ ਬੁੱਧੀ ਵਾਲੇ ਸਾਰੇ ਗਏ ਊਤ, ਚੁਰਾਸੀ ਫਾਸੀ ਗਲ ਲਟਕਾਇੰਦਾ । ਅਗਲੀ ਕਿਸੇ ਨਾ ਆਈ ਸੂਝ, ਪਿਛਲੀ ਸਮਝ ਨਾ ਕਿਸੇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਇੰਦਾ । ਭਗਤ ਭਗਵਾਨ ਇਕੋ ਰਾਹ, ਅੰਤਰ ਅੰਤਰ ਵੇਖ ਵਖਾਈਆ । ਭਗਵਨ ਨੂੰ ਦੇਵੇ ਨਾ ਕੋਇ ਸਲਾਹ, ਜਗਤ ਅਕਲ ਬੁੱਧੀ ਕੰਮ ਕਿਸੇ ਨਾ ਆਈਆ । ਅਵਤਾਰ ਗੁਰੂ ਪੈਗ਼ੰਬਰ ਜਿਸ ਦੇ ਬਣ ਨਾ ਸਕੇ ਗਵਾਹ, ਸ਼ਹਾਦਤ ਸਕੇ ਨਾ ਕੋਇ ਭੁਗਤਾਈਆ । ਓਸ ਨੂੰ ਕੀ ਕੋਈ ਸਕੇ ਸਮਝਾ, ਜਿਹੜਾ ਹਰ ਘਟ ਰਮਿਆ ਬੇਪਰਵਾਹੀਆ । ਜਿਸ ਵੇਲੇ ਚਾਹੇ ਪਤਿਤ ਪਾਪੀਆਂ ਦਏ ਤਰਾ, ਰਿਸ਼ੀਆਂ ਮੁਨੀਆਂ ਖ਼ਾਕ ਮਿਲਾਈਆ । ਉਹ ਦਾਤਾ ਬੇਪਰਵਾਹ, ਅਗੰਮ ਅਥਾਹ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਭਗਤ ਭਗਵਾਨ ਨਾ ਕੋਈ ਮੁੰਡਾ ਨਾ ਕੋਈ ਕੁੜੀ, ਤਨ ਵਜੂਦ ਨਾ ਕੋਇ ਵਖਾਈਆ । ਭਗਤ ਭਗਵਾਨ ਰੱਖੇ ਵਾਸਨਾ ਕਦੇ ਨਾ ਬੁਰੀ, ਬੁਰੀ ਹੋਵੇ ਜਗਤ ਲੋਕਾਈਆ । ਉਹ ਕਲਪਣਾ

ਸਦਾ ਨਿਗੁਰੀ, ਸਤਿਗੁਰ ਵਿਚ ਨਾ ਕਦੇ ਸਮਾਈਆ । ਪ੍ਰੇਮ ਵਿਚ ਨਾ ਕਦੇ ਜੁੜੀ, ਜੋ ਨੇਤਰ ਨੈਣ ਰਹੀ ਤਕਾਈਆ । ਏਸੇ ਕਰ ਕੇ ਗੋਬਿੰਦ ਨੇ ਛੱਡੀ ਅਨੰਦਪੁਰੀ, ਪੁਰ ਅਨੰਦ ਗਿਆ ਤਜਾਈਆ । ਏਸੇ ਕਰ ਕੇ ਸ਼ੇਰ ਸਿੰਘ ਦੀ ਕਾਇਆ ਰੁੜ੍ਹੀ, ਤਨ ਵਜੂਦ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸ਼ੇਰ ਸਿੰਘ ਨਾ ਕੋਈ ਤਨ ਵਜੂਦ ਮਾਟੀ ਖ਼ਾਕੀ, ਭਗਵਾਨ ਭਗਤ ਵੇਖ ਵਖਾਈਆ । ਆਦਿ ਅੰਤ ਦਾ ਬਣ ਕੇ ਸਾਕੀ, ਜਾਮ ਪਿਆਲੇ ਰਿਹਾ ਪਿਆਈਆ । ਉਹਨੂੰ ਕੀ ਕੋਈ ਸਮਝਾਵੇ ਬਾਤੀ, ਅਕਲ ਵਿਚ ਕੀ ਦ੍ਰਿੜਾਈਆ । ਜਿਸ ਨੇ ਚਾਰ ਜੁਗ ਗੁਰ ਅਵਤਾਰ ਪੈਗ਼ੰਬਰਾਂ ਤਨ ਦਾ ਬਣਾ ਕੇ ਸਾਥੀ, ਫੇਰ ਵਿਛੋੜਾ ਦਿਤਾ ਕਰਾਈਆ । ਅਗਲੀ ਖੇਲ ਕਿਸੇ ਸਮਝ ਨਾ ਆਈ ਬਾਕੀ, ਪਰਦਾ ਸਕੇ ਨਾ ਕੋਇ ਉਠਾਈਆ । ਜਿਸ ਵੇਲੇ ਚਾਹੇ ਜਿਧਰ ਚਾਹੇ ਓਧਰ ਬਣਾ ਲਏ ਆਪਣੇ ਸਾਥੀ, ਅੰਦਰ ਵੜ ਕੇ ਆਪਣਾ ਰੰਗ ਰੰਗਾਈਆ । ਕਿਉਂ ਇਹ ਖੇਲ ਪੁਰਖ ਅਬਿਨਾਸ਼ੀ, ਤਤਾਂ ਵਾਲਾ ਜੀਵ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਭਗਤ ਭਗਵਾਨ ਇਕੋ ਸੇਜ, ਆਤਮ ਪਰਮਾਤਮ ਸੋਭਾ ਪਾਈਆ । ਜਿਥੇ ਦੇਵੇ ਜੋਤੀ ਤੇਜ, ਨੂਰ ਜੋਤ ਰੁਸ਼ਨਾਈਆ । ਸ਼ਬਦ ਸੰਦੇਸ਼ਾ ਦੇਵੇ ਭੇਜ, ਅਗੰਮ ਨਾਦ ਸੁਣਾਈਆ । ਉਥੇ ਇਹ ਦੋ ਅੱਖਾਂ ਨਾ ਸਕਣ ਵੇਖ, ਜਿਥੇ ਬੈਠਾ ਆਪਣਾ ਰਸੀਆ ਰਸ ਚਖਾਈਆ । ਪੁੱਜ ਨਾ ਸਕਣ ਚਾਰ ਵੇਦ, ਪੁਰਾਨ ਪਰਦਾ ਨਾ ਕੋਇ ਖੁਲ੍ਹਾਈਆ । ਕੀ ਹੋਇਆ ਜੇ ਦੁਨੀਆ ਵਾਲੇ ਦੁਨੀਆ ਰਹੇ ਵੇਖ, ਦੁਨੀਆ ਦੀ ਮਮਤਾ ਵਿਚ ਦੁਨੀਆ ਦੀ ਮਹਿੰਮਾ ਵਿਚ ਆਪਣਾ ਆਪ ਗਵਾਈਆ । ਪੁਰਖ ਅਕਾਲਾ ਦੀਨ ਦਿਆਲਾ ਜਿਸ ਨੇ ਆਪਣੀ ਕਰਨੀ ਅੱਜ ਤਕ ਨਹੀਂ ਦਿਤੀ ਕਿਸੇ ਅੱਗੇ ਵੇਚ, ਵਣਜਾਰਾ ਨਜ਼ਰ ਕੋਇ ਨਾ ਆਈਆ । ਜਦ ਆਇਆ ਤੇ ਰੱਖ ਕੇ ਆਪਣੀ ਸੇਧ, ਨਿਸ਼ਾਨੇ ਆਪਣੇ ਗਿਆ ਚਲਾਈਆ । ਪੁਰਖ ਅਕਾਲ ਸੱਚਾ ਸਤਿਗੁਰੂ ਨਹੀਂ ਕੋਈ ਬੱਕਰੀ ਭੇਡ, ਵਾੜੇ ਵਿਚ ਫੜ ਕੇ ਜਿਥੇ ਕੋਈ ਚਾਹੇ ਓਥੇ ਬੰਦ ਕਰਾਈਆ । ਇਹ ਓਸ ਪ੍ਰਭੂ ਦੀ ਖੇਡ, ਜੋ ਜੁਗ ਜੁਗ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਵਸੇ ਆਪਣੇ ਅਗੰਮੇ ਦੇਸ, ਦਿਸ਼ਾ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸਭ ਦੀ ਵੇਖ ਵਖਾਈਆ ।

## ✪ ੫ ਕੱਤਕ ਸ਼ਹਿਨਸ਼ਾਹੀ ਸੰਮਤ ੫ ਸਰਦਾਰਾ ਸਿੰਘ ਦੇ ਗ੍ਰਿਹ ਮਨਾਵਾਂ ✪

ਤਨ ਵਜੂਦ ਹੋਣ ਸਭ ਦੇ ਪਵਿੱਤਰ, ਘਰ ਮਿਲੇ ਸਚ ਵਡਿਆਈਆ । ਪਵਣ ਵਾਸਨਾ ਜਾਏ ਨਿਕਲ, ਅਗਨੀ ਤਤ ਨਾ ਕੋਇ ਜਲਾਈਆ । ਕਿਰਪਾ ਕਰੇ ਸਵਾਮੀ ਮਿੱਤਰ, ਹਰਿ ਕਰਤਾ ਧੁਰਦਰਗਾਹੀਆ । ਮਾਨਸ ਜਨਮ ਗੁਰਮੁਖ ਜਿੱਤਣ, ਲੱਖ ਚੁਰਾਸੀ ਡੇਰਾ ਢਾਹੀਆ । ਦੂਸਰ ਹੱਟ ਕਦੇ ਨਾ ਵਿਕਣ, ਕੀਮਤ ਅਵਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਰੰਗ ਰੰਗਾਈਆ । ਤਨ ਖ਼ਾਕੀ ਮਿਟੇ ਰੋਗ, ਚਿੰਤਾ ਗ਼ਮ ਰਹੇ ਨਾ ਰਾਈਆ । ਘਰ ਰਹੇ ਨਾ ਸੋਗ, ਕੂੜ ਕੁੜਿਆਰ ਡੇਰਾ ਢਾਹੀਆ ।

ਦੇ ਕੇ ਦਰਸ ਅਮੋਘ, ਤ੍ਰਿਸ਼ਨਾ ਦਏ ਮਿਟਾਈਆ । ਸੁਰਤ ਸ਼ਬਦ ਸੰਜੋਗ, ਮੇਲਾ ਸਹਿਜ ਸੁਭਾਈਆ । ਸਿਰ ਰਹੇ ਕਿਸੇ ਨਾ ਬੋਝ, ਕੰਧਾ ਭਾਰ ਨਾ ਕੋਇ ਉਠਾਈਆ । ਪੇਟ ਰਹੇ ਕੋਈ ਨਾ ਸੋਜ, ਦੁੱਖ ਦਰਦਾਂ ਡੇਰਾ ਢਾਹੀਆ । ਸਦਾ ਸੁਹਾਵੀ ਹੋਵੇ ਮੌਜ਼, ਮਜਲਸ ਇਕ ਰਖਾਈਆ । ਜੋ ਪਿਛਲੇ ਹੋਏ ਫ਼ੌਤ, ਅਜੂਨੀ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਸ਼ਬਦ ਗੁਰਦੇਵਾ, ਦੇਵ ਆਤਮਾ ਵੇਖ ਵਖਾਈਆ । ਅੰਮ੍ਰਿਤ ਰਸ ਦੇਵੇ ਅਗੰਮਾ ਮੇਵਾ, ਅਮੀਉਂ ਰਸ ਆਪ ਚੁਆਈਆ । ਲੇਖੇ ਲਾਏ ਜ਼ਬਾਨ ਰਸਨਾ ਜਿਹਵਾ, ਗੁਣਵੰਤਾ ਗੁਣਵਾਨ ਦਇਆ ਕਮਾਈਆ । ਘਾਲ ਥਾਏਂ ਪਾਏ ਗੁਰਮੁਖਾਂ ਸੇਵਾ, ਸੇਵਕ ਸੇਵਾ ਸਚ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਦਾਤਾ ਦਇਆ ਕਮਾਈਆ । ਤਨ ਵਜੂਦ ਸੁਖ ਹੋਵੇ ਸਰੀਰ, ਸਿਰ ਆਪਣਾ ਹੱਥ ਟਿਕਾਈਆ । ਅੰਤਰ ਰਹੇ ਕੋਈ ਨਾ ਪੀੜ, ਦਰਦੀ ਦਰਦੀਆਂ ਦਰਦ ਵੰਡਾਈਆ । ਨੇਤਰ ਵਹਾਵੇ ਕੋਈ ਨਾ ਨੀਰ, ਹੰਝੂ ਅੱਖ ਨਾ ਕੋਇ ਗਿਰਾਈਆ । ਮਨ ਮਤ ਬੁਧ ਹੋਏ ਨਾ ਕੋਇ ਦਿਲਗੀਰ, ਸਾਂਤਕ ਸਤਿ ਦਏ ਵਰਤਾਈਆ । ਗ੍ਰਿਹਿ ਰਹੇ ਨਾ ਕੋਇ ਫ਼ਕੀਰ, ਸ਼ਹੀਦ ਸ਼ਰਅ ਨਾ ਕੋਇ ਵਖਾਈਆ । ਹਾਕਨ ਡਾਕਨ ਕਟ ਜ਼ੰਜੀਰ, ਪਸੂ ਪ੍ਰੇਤਾਂ ਡੇਰਾ ਢਾਈਆ । ਸ਼ਬਦ ਨਾਮ ਮਾਰ ਲਕੀਰ, ਪਿਛਲਾ ਲੇਖਾ ਦਏ ਚੁਕਾਈਆ । ਬੱਚਾ ਰੋਵੇ ਨਾ ਕੋਇ ਖਾਰ ਸ਼ੀਰ, ਦੋਧੀ ਦੰਦ ਨਾ ਕੋਇ ਦੁਹਾਈਆ । ਕਿਰਪਾ ਕਰੇ ਬੇਨਜ਼ੀਰ, ਮਿਹਰ ਨਜ਼ਰ ਇਕ ਉਠਾਈਆ । ਬੰਸ ਸਰਬੰਸ ਬਦਲ ਦੇਵੇ ਤਕਦੀਰ, ਤਹਿਰੀਰ ਤਕਰੀਰ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਰ ਦੇਵੇ ਸਾਚੀ ਧੀਰ, ਧੀਰਜ ਧਰਮ ਧਾਰ ਬਣਾਈਆ ।



### ✪ ੫ ਕੱਤਕ ਸ਼ਹਿਨਸ਼ਾਹੀ ਸੰਮਤ ੫ ਗੁਰਬਚਨ ਸਿੰਘ ਦੇ ਗ੍ਰਿਹਿ ਪਿੰਡ ਉਸਮਾ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਕਹੇ ਮੇਰੇ ਸ਼ਹਿਨਸ਼ਾਹ ਸੁਲਤਾਨੀ, ਪੁਰਖ ਅਕਾਲ ਤੇਰੀ ਸਰਨਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਜਲਵਾਗਰ ਨੂਰਾਨੀ, ਪਰਵਰਦਿਗਾਰ ਸਾਂਝੇ ਯਾਰ ਤੇਰੀ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਤੇਰੀ ਖੇਲ ਮਹਾਨੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਮਹਿਬੂਬ ਮੁਹੱਬਤ ਵਿਚ ਕਰ ਮਿਹਰਵਾਨੀ, ਮਹਿਬਾਨ ਬੀਦੋ ਬੀ ਖੈਰ ਯਾ ਅਲਾਹ ਤੇਰੀ ਇਕ ਸਰਨਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਵਧੀ ਬੇਈਮਾਨੀ, ਬੇਵਾ ਰੂਪ ਹੋਈ ਲੋਕਾਈਆ । ਧੁਰ ਦਾ ਕਲਮਾ ਸਾਚਾ ਨਾਮ ਹਿਰਦੇ ਵਸਾਏ ਕੋਈ ਨਾ ਬਾਣੀ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਚਾਰ ਵਰਨ ਅਠਾਰਾਂ ਬਰਨ ਦਿਸੇ ਸ਼ਰਅ ਸ਼ੈਤਾਨੀ, ਸ਼ਰੀਅਤ ਵਿਚੋਂ ਅਸਲੀਅਤ ਨਾ ਕੋਇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਤਿਗੁਰ ਸ਼ਬਦ ਕਹੇ ਗੋਬਿੰਦ ਨੂਰ ਅਪਾਰਾ, ਪਰਮ ਪੁਰਖ ਤੇਰੀ ਸਰਨਾਈਆ । ਨਿਰਗੁਣ ਨੂਰੀ ਨੂਰ ਕਰ

ਉਜਿਆਰਾ, ਜੋਤੀ ਜੋਤ ਡਗਮਗਾਈਆ । ਤੇਰਾ ਸ਼ਬਦ ਨਾਦ ਧੁਨ ਜੈਕਾਰਾ, ਇਕੋ ਇਕ ਅਗੰਮ ਅਥਾਹੀਆ । ਮਾਣ ਰਿਹਾ ਨਾ ਗੁਰੂ ਅਵਤਾਰਾ, ਪੈਗ਼ੰਬਰ ਮਿਲੇ ਨਾ ਕੋਇ ਵਡਿਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹਾਹਾਕਾਰਾ, ਧੀਰਜ ਧੀਰ ਨਾ ਕੋਇ ਰਖਾਈਆ । ਭੇਵ ਅਭੇਦਾ ਖੋਲ੍ਹ ਕਿਰਪਾ ਕਰ ਆਪ ਨਿਰੰਕਾਰਾ, ਨਿਰਗੁਣ ਨਿਰਵੈਰ ਦਇਆ ਕਮਾਈਆ । ਸਦੀ ਚੌਧਵੀਂ ਵੇਖ ਖੇਲ ਪਰਵਰਦਿਗਾਰਾ, ਬੇਐਬ ਪੜਦਾ ਆਪ ਉਠਾਈਆ । ਅਮਾਮ ਬਣ ਸਿਕਦਾਰਾ, ਹੁਕਮ ਹੁਕਮ ਵਿਚੋਂ ਜਣਾਈਆ । ਚੌਥੇ ਜੁਗ ਤੇਰੀ ਕਰਦੇ ਰਹੇ ਇੰਤਜਾਰਾ, ਧਿਆਨ ਧਿਆਨ ਵਿਚੋਂ ਲਗਾਈਆ । ਤੇਰਾ ਖੇਲ ਵੇਖਣਾ ਕਲ ਕਲਕੀ ਅਵਤਾਰਾ, ਨਿਹਕਲੰਕ ਤੇਰੀ ਵਡਿਆਈਆ । ਕੂੜੀ ਕਿਰਿਆ ਮੇਟ ਅਖਾੜਾ, ਮਾਇਆ ਮਮਤਾ ਮੋਹ ਵਿਕਾਰ ਦੇ ਗਵਾਈਆ । ਝਗੜਾ ਮਿਟਾ ਪੁਰਖ ਨਾਰਾ, ਨਰ ਨਰਾਇਣ ਦਇਆ ਕਮਾਈਆ । ਤੁਧ ਬਿਨ ਅਵਰ ਨਾ ਕੋਇ ਸਹਾਰਾ, ਸਤਿਜੁਗ ਮੀਤ ਨਾ ਕੋਇ ਅਖਵਾਈਆ । ਧਰਮ ਦੀ ਧਾਰ ਹੋਵੇ ਜੈਕਾਰਾ, ਪੁਰਖ ਅਕਾਲ ਤੇਰੀ ਸਰਨਾਈਆ । ਗੋਬਿੰਦ ਤੇਰਾ ਇਕੋ ਸੁਤ ਦੁਲਾਰਾ, ਦੋ ਜਹਾਨਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਆਪਣੀ ਦਇਆ ਕਮਾਈਆ । ਸ਼ਬਦ ਗੁਰੂ ਕਹੇ ਪੁਰਖ ਅਕਾਲ ਤੇਰਾ ਲੇਖਾ ਬੇਪਰਵਾਹ, ਪਤਿਪਰਮੇਸ਼ਵਰ ਬੇਪਰਵਾਹੀ ਵਿਚ ਸਮਾਈਆ । ਭੇਵ ਅਭੇਦਾ ਅਛਲ ਅਛੇਦਾ ਦੇ ਖੁਲ੍ਹਾ, ਖ਼ਾਲਕ ਖ਼ਲਕ ਪਰਦਾ ਇਕ ਉਠਾਈਆ । ਤੇਰਾ ਵਕਤ ਸੁਹੰਜਣਾ ਆਦਿ ਨਿਰੰਜਣਾ ਜੋਤੀ ਜਾਤੇ ਗਿਆ ਆ, ਪੁਰਖ ਬਿਧਾਤੇ ਭੇਵ ਰਹੇ ਨਾ ਰਾਈਆ । ਜੋ ਭਵਿਖਤਾਂ ਵਿਚ ਲਿਖਤਾਂ ਵਿਚ ਨਿਰਗੁਣ ਸਰਗੁਣ ਆਏ ਦ੍ਰਿੜਾ, ਲੇਖਾ ਲਿਖ ਕੇ ਕਲਮ ਸ਼ਾਹੀਆ । ਗੁਰ ਅਵਤਾਰ ਪੈਗ਼ੰਬਰ ਸਾਰੇ ਰਹੇ ਸੁਣਾ, ਬਿਨ ਰਸਨਾ ਜਿਹਵਾ ਸ਼ਬਦੀ ਸ਼ਬਦ ਸ਼ਬਦ ਪਰਗਟਾਈਆ । ਪੁਰਖ ਅਕਾਲੇ ਦੀਨ ਦਿਆਲੇ ਅਸੀਂ ਨਿਰਗੁਣ ਬਣੀਏ ਸਚ ਗਵਾਹ, ਸ਼ਹਾਦਤ ਇਕ ਭੁਗਤਾਈਆ । ਸਭ ਦੀ ਕਬੂਲ ਕਰ ਦੁਆ, ਸੀਸ ਜਗਦੀਸ ਇਕ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸ਼ਬਦ ਗੁਰੂ ਕਹੇ ਪੁਰਖ ਅਕਾਲੇ ਸੱਜਣ, ਸਾਹਿਬ ਤੇਰੀ ਸਰਨਾਈਆ । ਸਾਚਾ ਰਿਹਾ ਕੋਈ ਨਾ ਮਜਣ, ਦੁਰਮਤ ਮੈਲ ਨਾ ਕੋਇ ਧਵਾਈਆ । ਪ੍ਰੇਮ ਪ੍ਰੀਤੀ ਵਿਚ ਕਰੇ ਕੋਈ ਨਾ ਭਜਨ, ਬੰਦਗੀ ਬੰਦਾ ਨਾ ਕੋਇ ਕਮਾਈਆ । ਝਗੜਾ ਪਿਆ ਸਾਢੇ ਤਿੰਨ ਹੱਥ ਕਾਇਆ ਮਾਟੀ ਬਦਨ, ਬਦਲਾ ਸਕੇ ਨਾ ਕੋਇ ਚੁਕਾਈਆ । ਸ਼ਾਹ ਸੁਲਤਾਨ ਕਰੇ ਕੋਈ ਨਾ ਅਦਲ, ਇਨਸਾਫ਼ ਹੱਕ ਨਾ ਕੋਇ ਕਮਾਈਆ । ਪਿਤਾ ਪੂਤ ਕਰੇ ਕਤਲ, ਕਤਲਗਾਹ ਬਣੀ ਲੋਕਾਈਆ । ਸਾਚਾ ਮਿਲੇ ਨਾ ਕਿਸੇ ਵਤਨ, ਬੇਵਤਨ ਹੋਈ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਰਾਹ ਤੱਕਣ, ਬਿਨ ਅੱਖਾਂ ਅੱਖ ਉਠਾਈਆ । ਮਾਣ ਰਿਹਾ ਨਾ ਮਦੀਨਾ ਮੱਕਣ, ਕਾਅਬੇ ਨੂਰ ਨਾ ਕੋਇ ਚਮਕਾਈਆ । ਪੰਡਤ ਪਾਂਧੇ ਸਾਰੇ ਨੱਠਣ, ਅਠਸਠ ਤੀਰਥ ਦੇਣ ਦੁਹਾਈਆ । ਸਾਚੀ ਚਾੜ੍ਹੇ ਕੋਈ ਨਾ ਰੰਗਣ, ਨਾਮ ਖ਼ੁਮਾਰੀ ਨਾ ਕੋਇ ਰਖਾਈਆ । ਤੇਰੇ ਦਵਾਰੇ ਸਾਰੇ ਮੰਗਣ, ਦਰ ਠਾਂਡੇ ਅਲਖ ਜਗਾਈਆ । ਕਿਰਪਾ ਕਰ ਸੂਰੇ ਸਰਬੰਗਣ, ਪਤਿਪਰਮੇਸ਼ਵਰ ਦਇਆ ਕਮਾਈਆ । ਸਚ ਦਵਾਰ ਸੁਹਾ ਆਪਣਾ ਅੰਗਣ, ਅੰਗੀਕਾਰ ਆਪ ਹੋ ਜਾਈਆ । ਆਤਮ ਬ੍ਰਹਮ ਦੇ ਅਨੰਦਨ, ਨਿਜਾਨੰਦ ਆਪਣਾ ਰਸ ਚਖਾਈਆ । ਮੇਰੀ ਡੰਡਾਵਤ ਸੱਯਦਾ ਬੰਦਨ, ਨਮੋਂ ਨਮੋਂ ਕਰ ਕੇ ਸੀਸ ਝੁਕਾਈਆ । ਸਦੀ ਚੌਧਵੀਂ ਆਤਮ ਪਰਮਾਤਮ ਪਾ ਗੰਢਣ, ਸ਼ਬਦੀ ਡੋਰੀ ਤੰਦ ਬੰਧਾਈਆ । ਤੇਰਾ ਖੇਲ ਸੂਰੇ ਸਰਬੰਗਣ,

ਸਾਹਿਬ ਸੁਲਤਾਨ ਮਿਹਰਵਾਨ ਤੁਧ ਬਿਨ ਅਵਰ ਨਾ ਕੋਇ ਕਰਾਈਆ । ਅੰਤ ਅਖ਼ੀਰੀ ਵੇਖ ਆਪਣੀ ਮੰਜ਼ਲ, ਮਜ਼ਲ ਚੁੱਕੇ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸ਼ਬਦ ਗੁਰੂ ਕਹੇ ਮੇਰੇ ਪ੍ਰਭ ਸਵਾਮੀ, ਸਮਾਂ ਕਲਜੁਗ ਵੇਖ ਵਖਾਈਆ । ਘਟ ਨਿਵਾਸੀ ਅੰਤਰਜਾਮੀ, ਲੱਖ ਚੁਰਾਸੀ ਫੋਲ ਫੁਲਾਈਆ । ਤੇਰੇ ਨਾਮ ਹੋਈ ਬਦਨਾਮੀ, ਕਲਮਾ ਕਾਇਨਾਤ ਨਾ ਕੋਇ ਦ੍ਰਿੜਾਈਆ । ਸ਼ਰਅ ਜ਼ੰਜੀਰ ਪਾਈ ਗ਼ੁਲਾਮੀ, ਬੰਧਨ ਸਕੇ ਨਾ ਕੋਇ ਤੁੜਾਈਆ । ਜਗਤ ਸੰਤ ਸਾਧ ਹੋਏ ਕਾਮੀ, ਕਰੋਧ ਲੋਭ ਮੋਹ ਹੰਕਾਰ ਨਾ ਕੋਇ ਤਜਾਈਆ । ਨਾਤਾ ਜੋੜੇ ਕੋਈ ਨਾ ਬਾਹਮੀ, ਬ੍ਰਾਹਮਣ ਸ਼ੱਤਰੀ ਸ਼ੂਦਰ ਵੈਸ਼ ਰੰਗ ਨਾ ਕੋਇ ਰੰਗਾਈਆ । ਕਿਰਪਾ ਕਰ ਸਾਹਿਬ ਸੁਲਤਾਨੀ, ਹਰਿ ਸੱਜਣ ਹੋ ਸਹਾਈਆ । ਸਾਚੀ ਮੰਜ਼ਲ ਕਰ ਅਸਾਨੀ, ਰਹਿਬਰ ਆਪਣਾ ਰਾਹ ਵਖਾਈਆ । ਦੇਣੀ ਪਏ ਨਾ ਕੋਇ ਕੁਰਬਾਨੀ, ਕਾਤਲ ਮਕਤੂਲ ਰੂਪ ਨਾ ਕੋਇ ਵਟਾਈਆ । ਇਕੋ ਸਾਹਿਬ ਸਤਿਗੁਰ ਤੇਰੀ ਹੋਵੇ ਮਿਹਰਵਾਨੀ, ਮਹਿਬੂਬ ਤੇਰੀ ਆਸ ਰਖਾਈਆ । ਕਲਜੁਗ ਕੂੜੀ ਕਿਰਿਆ ਚਾਰੋਂ ਕੁੰਟ ਚੜ੍ਹੀ ਤੁਗ਼ਿਆਨੀ, ਜੀਵਾਂ ਜੰਤਾਂ ਸਾਧਾਂ ਸੰਤਾਂ ਰਹੀ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਹ ਸਾਚੀ ਸਚਖੰਡ ਦਵਾਰ ਏਕੰਕਾਰ ਤੇਰੀ ਓਟ ਤਕਾਈਆ । ਸਤਿਗੁਰ ਸ਼ਬਦ ਕਹੇ ਮੇਰੇ ਪਰਮ ਪੁਰਖ ਪ੍ਰਭ ਸੰਗੀ, ਸੰਗਦਿਲ ਦਿਆਂ ਜਣਾਈਆ । ਕਲਜੁਗ ਜੀਵਾਂ ਪੁਸ਼ਤ ਪਨਾਹ ਪਿੱਠ ਹੋਈ ਨੰਗੀ, ਸਿਰ ਹੱਥ ਨਾ ਕੋਇ ਟਿਕਾਈਆ । ਟੁੱਟੀ ਧਾਰ ਜਾਏ ਨਾ ਗੰਢੀ, ਨਾਤਾ ਸਕੇ ਨਾ ਕੋਇ ਜੁੜਾਈਆ । ਪਰਮਾਤਮ ਆਤਮ ਤੁਧ ਬਿਨ ਹੋਈ ਰੰਡੀ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਚਾਰੋਂ ਕੁੰਟ ਭੇਖ ਭਖੰਡੀ, ਸਤਿ ਸਚ ਨਾ ਕੋਇ ਸਮਾਈਆ । ਦੀਨਾਂ ਮਜ਼੍ਹਬਾਂ ਵੇਖ ਡੰਡੀ, ਡੰਡਾਵਤ ਬੰਦਨਾ ਸੱਜਦਾ ਤੇਰਾ ਗਏ ਭੁਲਾਈਆ । ਹਰ ਘਟ ਅੰਤਰ ਵਾਸਨਾ ਹੋਈ ਗੰਦੀ, ਪਤਿਤ ਪੁਨੀਤ ਨਜ਼ਰ ਕੋਇ ਨਾ ਆਈਆ । ਮਾਇਆ ਮਮਤਾ ਲਾਈ ਪਾਬੰਦੀ, ਹਉਮੇ ਗੜ੍ਹ ਨਾ ਕੋਇ ਤੁੜਾਈਆ । ਸਾਚਾ ਮਿਲੇ ਨਾ ਕਿਸੇ ਅਨੰਦੀ, ਸੁਖ ਸਾਗਰ ਨਾ ਕੋਇ ਸਮਾਈਆ । ਸਾਚੀ ਮੰਜ਼ਲ ਕਿਸੇ ਨਾ ਲੰਘੀ, ਦਰਗਹ ਸਾਚੀ ਸਚਖੰਡ ਦਵਾਰ ਮੁਕਾਮੇ ਹੱਕ ਮਿਲਣ ਕੋਇ ਨਾ ਆਈਆ । ਮੈਂ ਜਿਧਰ ਤਕਾਂ ਸ੍ਰਿਸ਼ਟੀ ਹੋਈ ਅੰਧੀ, ਲੋਚਨ ਨੈਣ ਨਾ ਕੋਇ ਖੁਲ੍ਹਾਈਆ । ਫਿਰੀ ਦਰੋਹੀ ਵਿਚ ਵਰਭੰਡੀ, ਪਰਦਾ ਸਕੇ ਨਾ ਕੋਇ ਉਠਾਈਆ । ਚੜ੍ਹੇ ਚੰਦ ਨਾ ਕੋਇ ਨੌਚੰਦੀ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਸਦੀ ਚੌਧਵੀਂ ਜਾਂਦੀ ਲੰਘੀ, ਮੁਹੰਮਦ ਆਸਾ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਇਕੋ ਆਸ ਰਖਾਈਆ । ਸਤਿਗੁਰ ਸ਼ਬਦ ਕਹੇ ਪੁਰਖ ਅਕਾਲ ਖੇਲ ਵੇਖ ਅਗੰਮਾ, ਅਗੰਮੜੇ ਦੇਣਾ ਦ੍ਰਿੜਾਈਆ । ਕਿਉਂ ਝਗੜਾ ਪਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਕਿਉਂ ਦੀਨ ਮਜ਼੍ਹਬ ਰਖਾਈ ਤਮਾਂ, ਲਾਲਚ ਅਵਤਾਰ ਪੈਗ਼ੰਬਰਾਂ ਝੋਲੀ ਪਾਈਆ । ਕਲਜੁਗ ਅੰਤਮ ਸਭ ਦਾ ਮੇਟ ਕੇ ਸੋਗ ਗ਼ਮਾ, ਚਿੰਤਾ ਹਰਖ ਰਹੇ ਨਾ ਰਾਈਆ । ਸਤਿਜੁਗ ਮਾਰਗ ਦੇ ਦੇ ਨਵਾਂ, ਨਵ ਨੌ ਚਾਰ ਦਾ ਪੰਧ ਮੁਕਾਈਆ । ਦੀਨ ਮਜ਼੍ਹਬ ਦਾ ਰਹੇ ਨਾ ਬੰਨਾ, ਜ਼ਾਤ ਪਾਤ ਨਾ ਕੋਇ ਰਖਾਈਆ । ਇਕੋ ਨੂਰੀ ਤੇਰਾ ਜੋਤ ਚੰਦ ਚਮਕੇ ਚੰਨਾ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਸ਼ਬਦ ਸੁਣਾ ਦੇ ਬਿਨਾ ਕੰਨਾਂ, ਅਨਹੱਦ ਨਾਦੀ ਨਾਦ ਵਜਾਈਆ । ਜੋ ਆਸਾ ਰੱਖ ਕੇ ਗਿਆ ਜੱਟ ਧੰਨਾ, ਸਦੀ ਚੌਧਵੀਂ ਪੂਰ ਕਰਾਈਆ । ਜੋ ਲਹਿਣਾ ਦੇਣਾ ਲੇਖਾ ਲਿਖਿਆ ਨਾਨਕ

ਧਾਰ ਚੌਦਾਂ ਸੌ ਤੀਸ ਪੰਨਾ, ਪਨਿਸ਼ਮੈਂਟ ਸਭ ਨੂੰ ਦਏ ਸਜ਼ਾਈਆ । ਪੂਰਾ ਲੇਖਾ ਕਰ ਦੇ ਗੋਬਿੰਦ ਕੰਨਾ, ਕਾਇਨਾਤ ਦੇ ਦ੍ਰਿੜਾਈਆ । ਤੇਰਾ ਖੇਲ ਸ੍ਰੀ ਭਗਵਨਾ, ਭਗਵਨ ਜੁਗ ਜੁਗ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਿੰਤਾ ਰੋਗ ਮਿਟਾਵੇ ਗ਼ਮਾ, ਗ਼ਮੀ ਦਾ ਪਿਆਰ ਇਕੋ ਦੇਣਾ ਜਣਾਈਆ ।

ਜਗਤ ਦਸਹਿਰਾ ਦਹਿਸਰ ਰਾਵਣ, ਰਾਮ ਰਾਮ ਦੁਹਾਈਆ । ਰਾਮ ਨਾਲੋਂ ਦਹਿਸਰ ਨੂੰ ਬਹੁਤੇ ਗਾਵਣ, ਇਹ ਪ੍ਰਭ ਦੀ ਬੇਪਰਵਾਹੀਆ । ਜਿਸ ਦਾ ਲੇਖਾ ਨਾਲ ਬਾਵਨ, ਨਿਰਗੁਣ ਧਾਰ ਅਗੰਮ ਅਥਾਹੀਆ । ਜਿਸ ਦਾ ਹਿਸਾਬ ਗੁਰੂ ਗ੍ਰੰਥ ਦੀ ਧਾਰ ਇਕਾਵਨ, ਪੰਜ ਇਕ ਸੋਭਾ ਪਾਈਆ । ਜਿਸ ਦਾ ਭੇਵ ਜਗਤ ਜੁਗ ਦਾਮਨ, ਪਲੂ ਜਗਤ ਵਖਾਈਆ । ਰਾਵਣ ਦਾ ਭੇਵ ਨਾ ਕੋਇ ਆਇਆ ਸਮਝਾਵਣ, ਕਵਣ ਰਾਮ ਕਵਣ ਰਾਵਣ ਰਾਵਣ ਰਾਮ ਕੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸਮਝਾਈਆ । ਰਾਵਣ ਰਾਮ ਕਦੇ ਨਾ ਮਰਦਾ, ਮਰਨ ਵਿਚ ਕਦੇ ਨਾ ਆਈਆ । ਜਿਸ ਨੂੰ ਰਾਮ ਮਾਰਿਆ ਉਹ ਰਾਵਣ ਸਚਖੰਡ ਦਵਾਰੇ ਵੜਦਾ, ਸਚ ਸਚ ਵਿਚ ਸਮਾਈਆ । ਜਿਸ ਰਾਵਣ ਪਿਛੇ ਰਾਮ ਰਿਹਾ ਲੜਦਾ, ਉਹ ਰਾਵਣ ਰਾਮ ਰੂਪ ਪਹਿਲੋਂ ਆਇਆ ਪਰਗਟਾਈਆ । ਜੇ ਰਾਵਣ ਇਹ ਖੇਲ ਨਾ ਕਰਦਾ, ਫੇਰ ਆਦਿ ਦੀ ਰੀਤੀ ਜੁਗ ਜੁਗ ਪੂਰ ਨਾ ਕੋਇ ਕਰਾਈਆ । ਇਹ ਖੇਲ ਓਸ ਅਗੰਮੇ ਘਰ ਦਾ, ਜਿਥੇ ਰਾਮ ਤੇ ਰਾਵਣ ਬੈਠੇ ਸੋਭਾ ਪਾਈਆ । ਜਗਤ ਵਿਹਾਰ ਮਨ ਮਤ ਬੁੱਧੀ ਵਿਚ ਚਲਦਾ, ਦਵੈਤ ਸਭ ਦੇ ਵਿਚ ਟਿਕਾਈਆ । ਭਾਰਤ ਵਾਲਿਆਂ ਆਪਣਾ ਮਾਣ ਰੱਖਿਆ ਇਕ ਗੱਲ ਦਾ, ਆਪਣੀ ਲੈ ਅੰਗੜਾਈਆ । ਅੰਦਾਜ਼ਾ ਨਹੀਂ ਲਾਇਆ ਓਸ ਦੇ ਬਲ ਦਾ, ਜਿਸ ਤ੍ਰੇਤਾ ਜੁਗ ਦਿਤਾ ਬਦਲਾਈਆ । ਜਗਤ ਜਗਿਆਸੂਆਂ ਵਿਚਾਰ ਚਲਦਾ, ਜੀਵ ਜੰਤ ਸਲਾਹ ਪਕਾਈਆ । ਸਾਡਾ ਰਾਮ ਅਵਤਾਰੀ ਅਯੁਧਿਆ ਮੱਲਦਾ, ਸਿੰਘਾਸਣ ਸੋਭਾ ਪਾਈਆ । ਸਭ ਦੇ ਅੰਦਰ ਸੱਲ ਕਿਉਂ ਸੀਤਾ ਨੂੰ ਰਾਵਣ ਛਲਦਾ, ਸਤਵੰਤੀ ਸਤਿ ਗਵਾਈਆ । ਏਸੇ ਗ਼ੁੱਸੇ ਵਿਚ ਭਾਰਤ ਰਾਵਣ ਜਲਦਾ, ਅਸਲ ਭੇਵ ਨਾ ਕੋਇ ਖੁਲ੍ਹਾਈਆ । ਸਚ ਸਚ ਸਚ ਰਾਵਣ ਤੇ ਰਾਮ ਇਕੋ ਦਵਾਰੇ ਪਲਦਾ, ਦੂਜਾ ਦਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਪੜਦਾ ਦਏ ਚੁਕਾਈਆ ।

## ✪ ੬ ਕੱਤਕ ਸ਼ਹਿਨਸ਼ਾਹੀ ਸੰਮਤ ੫ ਅਰਜਨ ਸਿੰਘ ਦੇ ਗ੍ਰਹਿ ਪਿੰਡ ਉਸਮਾ ✪

ਸਤਿਗੁਰ ਸ਼ਬਦ ਚਲੇ ਜਗ ਧਾਰ, ਨਿਰਗੁਣ ਨਿਰੰਕਾਰ ਆਪ ਚਲਾਈਆ । ਦ੍ਰਿਸ਼ਟੀ ਬਦਲ ਦੇਵੇ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਚਲੇ ਨਾ ਕੋਇ ਚਤੁਰਾਈਆ । ਲਹਿਣਾ ਦੇਣਾ ਪੂਰਾ ਕਰੇ ਗੁਰੂ ਪੈਗ਼ੰਬਰ ਅਵਤਾਰ, ਅਵਤਰੀ ਆਪਣਾ ਹੁਕਮ ਵਰਤਾਈਆ । ਦੋ ਜਹਾਨਾਂ ਪਾਵੇ ਸਾਰ, ਮਹਾਂਸਾਰਥੀ ਹੋ ਕੇ ਵੇਖ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਹੋਏ ਉਜਿਆਰ, ਜੋਤ ਉਜਾਲਾ ਇਕ ਕਰਾਈਆ । ਸਭ ਦਾ ਲਹਿਣਾ ਦੇਣਾ ਪੂਰਬ

੧੯੯
੨੨

ਵੇਖੇ ਵੇਖਣਹਾਰ, ਪੜਦਾ ਪੜਦਿਆਂ ਵਿਚੋਂ ਚੁਕਾਈਆ । ਕਲਜੁਗ ਕੂੜੀ ਕਿਰਿਆ ਕਲਪਨਾ ਦਏ ਨਿਵਾਰ, ਮਾਇਆ ਮਮਤਾ ਮੋਹ ਮਿਟਾਈਆ । ਸਤਿ ਧਰਮ ਦਾ ਸਤਿ ਕਰਾਏ ਜੈਕਾਰ, ਚਾਰੋਂ ਕੁੰਟ ਵੱਜੇ ਵਧਾਈਆ । ਸਚ ਦਾ ਮਾਲਕ ਬਣ ਸਿਕਦਾਰ, ਸਤਿ ਸਾਚੀ ਕਾਰ ਕਮਾਈਆ । ਸਭ ਦੇ ਕੋਲੋਂ ਆਪਣੇ ਹੱਥ ਲਏ ਅਖ਼ਤਿਆਰ, ਮੁਖ਼ਤਿਆਰਨਾਮੇ ਸਭ ਦੇ ਪੂਰ ਕਰਾਈਆ । ਅਗਲਾ ਹੁਕਮ ਸੱਚੀ ਸਰਕਾਰ, ਏਕੰਕਾਰਾ ਆਪ ਦ੍ਰਿੜਾਈਆ । ਏਕਾ ਦਰ ਇਕੋ ਸਾਰੇ ਕਰੋ ਨਿਮਸਕਾਰ, ਸੱਜਦਾ ਬੰਦਨਾ ਵੰਡ ਨਾ ਕੋਇ ਵੰਡਾਈਆ । ਇਕੋ ਜੈਕਾਰਾ ਨਾਅਰਾ ਲਾਵੇ ਅਗੰਮ ਅਪਾਰ, ਅਲਖ ਅਗੋਚਰ ਆਪ ਦ੍ਰਿੜਾਈਆ । ਦੀਨ ਮਜ਼੍ਹਬ ਦਾ ਰਹੇ ਨਾ ਕੋਇ ਹੰਕਾਰ, ਜ਼ਾਤ ਪਾਤ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਇਕੋ ਹੋਵੇ ਪੂਜਾ, ਸਿਲ ਪਾਹਨ ਪੂਜਣ ਕੋਇ ਨਾ ਪਾਈਆ । ਇਸ਼ਟ ਰਹੇ ਕੋਈ ਨਾ ਦੂਜਾ, ਪੁਰਖ ਅਕਾਲ ਸਾਰੇ ਸੀਸ ਨਿਵਾਈਆ । ਪ੍ਰਭੂ ਭੇਵ ਖੁਲ੍ਹਾਏ ਗੂਝਾ, ਪਰਦਾ ਓਹਲਾ ਦਏ ਉਠਾਈਆ । ਕਲਜੁਗ ਕੂੜੀ ਕਿਰਿਆ ਭਾਂਡਾ ਕਰਕੇ ਮੂਧਾ, ਵਸਤੂ ਸਤਿਨਾਮ ਹੱਥ ਫੜਾਈਆ । ਜੋ ਧਿਆਨ ਧਰ ਕੇ ਗਿਆ ਬੁੱਧਾ, ਸਦੀ ਚੌਧਵੀਂ ਰਾਹ ਤਕਾਈਆ । ਪੁਰਖ ਅਕਾਲਾ ਪਰਗਟ ਹੋਵੇ ਉਤੇ ਬਸੁਧਾ, ਧਰਨੀ ਧਰਤ ਧਵਲ ਵਡਿਆਈਆ । ਗੁਰ ਅਵਤਾਰ ਪੈਗ਼ੰਬਰਾਂ ਪੈਂਡਾ ਜਾਣਾ ਮੁਕਾ, ਮੁਕੰਮਲ ਦਏ ਦ੍ਰਿੜਾਈਆ । ਕੂੜੀ ਕਿਰਿਆ ਭੰਨਣਾ ਹੁੱਕਾ, ਹੁਕਮ ਆਪਣਾ ਇਕ ਸੁਣਾਈਆ । ਚਾਰ ਵਰਨ ਸੁਣੇ ਦੁੱਖਾ, ਦਰਦੀਆਂ ਦਰਦ ਗਵਾਈਆ । ਸਚ ਨਿਸ਼ਾਨ ਦਏ ਪੰਚ ਮੁਖਾ, ਪੰਚਮ ਮੀਤਾ ਸਹਿਜ ਸੁਭਾਈਆ । ਸੱਤ ਰੰਗ ਕਰਾਏ ਉਘਾ, ਉਗਣ ਆਥਣ ਮਿਲੇ ਵਡਿਆਈਆ । ਪੂਜਾ ਰਹੇ ਕਿਸੇ ਨਾ ਗੁੱਗਾ, ਮੜ੍ਹੀ ਮਸਾਣ ਨਾ ਕੋਇ ਚਤੁਰਾਈਆ । ਨਮੋਂ ਨਮੋਂ ਕਰੇ ਦੁਰਗਾ, ਅਸ਼ਟਭੁਜ ਸੀਸ ਜਗਦੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸ਼ਬਦ ਗੁਰੂ ਕਹੇ ਏਕਾ ਨਾਮ ਹੋਵੇ ਪਰਚਲਤ, ਸਤਿਜੁਗ ਸਚ ਮਿਲੇ ਵਡਿਆਈਆ । ਜੋ ਹੋਏ ਸਹਾਈ ਹਲਤ ਪਲਤ, ਦੋ ਜਹਾਨਾਂ ਵੇਖ ਵਖਾਈਆ । ਮਾਲਕ ਬਣੇ ਖ਼ਾਲਕ ਖ਼ਲਕ, ਮਖ਼ਲੂਕ ਆਪਣਾ ਹੁਕਮ ਜਣਾਈਆ । ਦੀਨ ਮਜ਼੍ਹਬਾਂ ਨਾਲੋਂ ਤੋੜ ਕੇ ਤੁਅਲਕ, ਨਾਤਾ ਆਤਮ ਪਰਮਾਤਮ ਦਏ ਸਮਝਾਈਆ । ਵੇਖੇ ਖੇਲ ਉਪਰ ਫ਼ਲਕ, ਅਸਮਾਨਾਂ ਪਰੇ ਨੂਰ ਇਲਾਹੀਆ । ਜੋਤੀ ਜਾਤਾ ਦੇਵੇ ਝਲਕ, ਨੂਰ ਨੁਰਾਨਾ ਡਗਮਗਾਈਆ । ਖੇਲ ਖੇਲੇ ਉਪਰ ਅਰਸ਼, ਫ਼ਰਸ਼ ਆਪਣੀ ਕਾਰ ਕਮਾਈਆ । ਗ਼ਰੀਬ ਨਿਮਾਣਿਆਂ ਉਤੇ ਕਰੇ ਤਰਸ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤਾਂ ਲਹਿਣਾ ਦੇਣਾ ਮਿਲਣਾ ਸੰਮਤ ਸ਼ਹਿਨਸ਼ਾਹੀ ਪੰਜ ਬਰਸ, ਬਰਸੀ ਧੁਰ ਦੀ ਲਏ ਮਨਾਈਆ । ਮਨ ਕਲਪਨਾ ਮੇਟੇ ਹਰਸ, ਹਵਸ ਅਗਲੀ ਦਏ ਸਮਝਾਈਆ । ਝਗੜਾ ਮੁਕਾ ਕੇ ਮੰਦਰ ਮਸੀਤ ਚਰਚ, ਚਰਾਗਾਹਾਂ ਕਰੇ ਰੁਸ਼ਨਾਈਆ । ਗੁਰਮੁਖਾਂ ਪਿਛਲਾ ਰਹਿਣ ਨਾ ਦੇਵੇ ਕਰਜ਼, ਮਕਰੂਜ਼ ਲੇਖਾ ਦਏ ਮੁਕਾਈਆ । ਸਦੀ ਚੌਧਵੀਂ ਆਪਣਾ ਪੂਰਾ ਕਰੇ ਫਰਜ਼, ਪੈਗ਼ੰਬਰਾਂ ਦਏ ਦ੍ਰਿੜਾਈਆ । ਜੋ ਮੁਹੰਮਦ ਕੀਤੀ ਅਰਜ਼, ਆਰਜ਼ੂ ਸਭ ਦੀ ਵੇਖ ਵਖਾਈਆ । ਖੇਲ ਕਰੇ ਜੋਧਾ ਸੂਰਬੀਰ ਮਰਦਾਨਾ ਮਰਦ, ਮਦਦ ਮੰਗਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਰੰਗ ਰੰਗਾਈਆ । ਸ਼ਬਦ ਗੁਰੂ ਕਹੇ ਸਚ ਵਕਤ ਸੁਹਾਉਣਾ, ਸੋਹਣੀ ਰੁਤੜੀ ਮਿਲੇ ਵਡਿਆਈਆ । ਛੱਬੀ ਪੋਹ ਪਰਮ ਪੁਰਖ ਆਪ ਮਿਲਾਉਣਾ,

ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਭਗਤ ਭਗਵਾਨ ਰੰਗ ਚੜ੍ਹਾਉਣਾ, ਨਿਰਗੁਣ ਧਾਰ ਉਤਰ ਕਦੇ ਨਾ ਜਾਈਆ । ਸਚ ਸੰਦੇਸ਼ ਇਕ ਸੁਣਾਉਣਾ, ਅਗੰਮ ਅਥਾਹ ਪੜ੍ਹਾਈਆ । ਨਿਰਗੁਣ ਪੁਰਖ ਅਕਾਲਾ ਇਕੋ ਇਸ਼ਟ ਰਖਾਉਣਾ, ਦੂਸਰ ਸੀਸ ਨਾ ਕਦੇ ਨਿਵਾਈਆ । ਹੁਕਮ ਸੰਦੇਸ਼ਾ ਇਕ ਸੁਣਾਉਣਾ, ਫ਼ਰਮਾਨਾ ਅਗੰਮ ਅਥਾਹੀਆ । ਮਾਝੇ ਵਾਲਿਆਂ ਨੌਂ ਗੁਰਮੁਖਾਂ ਆਪਣਾ ਰੂਪ ਬਦਲਾਉਣਾ, ਇਸਤਰੀ ਮਰਦ ਸਮਝ ਕਿਛ ਨਾ ਪਾਈਆ । ਮਸਤਕ ਸੂਹਾ ਰੰਗ ਚੜ੍ਹਾਉਣਾ, ਬਿੰਦੀ ਲਾਲ ਨੀਲੀ ਵਡਿਆਈਆ । ਖੱਬੇ ਨੇਤਰ ਉਤੇ ਸਿਤਾਰਾ ਚੰਦ ਬਣਾਉਣਾ, ਰੰਗ ਹਰੇ ਨਾਲ ਵਡਿਆਈਆ । ਗੰਗਾ ਧਾਰ ਵਿਚ ਰਖਾਉਣਾ, ਬ੍ਰਾਹਮਣ ਪ੍ਰੋਹਤ ਨਾ ਕੋਇ ਦ੍ਰਿੜਾਈਆ । ਗੋਬਿੰਦ ਲੇਖਾ ਪੂਰ ਕਰਾਉਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸ਼ਬਦ ਗੁਰੂ ਕਹੇ ਵਿਦਿਆ ਵਾਲਾ ਰਹੇ ਨਾ ਕੋਇ ਪੁਜਾਰੀ, ਰਸਨਾ ਜਿਹਵਾ ਨਾ ਕੋਇ ਵਡਿਆਈਆ । ਕਿਰਪਾ ਕਰੇ ਆਪ ਜੋਤ ਨਿਰੰਕਾਰੀ, ਨਿਰਗੁਣ ਨਿਰਵੈਰ ਵੇਖ ਵਖਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਇਸ਼ਟ ਹੋਣਾ ਅਧਾਰੀ, ਦੂਸਰ ਵੰਡ ਨਾ ਕੋਇ ਵੰਡਾਈਆ । ਇਕੋ ਸੀਸ ਜਗਦੀਸ ਹੋਵੇ ਨਿਮਸਕਾਰੀ, ਨਮੋਂ ਨਮੋਂ ਸਾਰੇ ਕਹਿਕੇ ਆਪਣੀ ਖ਼ੁਸ਼ੀ ਬਣਾਈਆ । ਇਕੋ ਦਰ ਹੋਵੇ ਦਰਬਾਰੀ, ਅਸਥਾਨ ਭੂਮਿਕਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਸਤਿਗੁਰ ਸ਼ਬਦ ਕਹੇ ਇਕੋ ਹੋਵੇ ਗੁਰੂਦੁਆਰ, ਮੰਦਰ ਮਸਜਿਦ ਸ਼ਿਵਦਵਾਲਾ ਮੱਠ ਜਗ ਇਕੋ ਰੂਪ ਨਜ਼ਰੀ ਆਈਆ । ਇਕੋ ਨਾਮ ਹੋਵੇ ਜੈਕਾਰ, ਨੌਂ ਖੰਡ ਪ੍ਰਿਥਮੀ ਇਕੋ ਢੋਲਾ ਗਾਈਆ । ਇਕੋ ਸ਼ਬਦ ਹੋਏ ਅਧਾਰ, ਪੂਜਾ ਪਾਠ ਇਕ ਵਖਾਈਆ । ਇਕੋ ਕਲਮਾ ਹੋਏ ਪਿਆਰ, ਕਾਇਨਾਤ ਦਏ ਸਮਝਾਈਆ । ਇਕੋ ਦਿਸੇ ਪਰਵਰਦਿਗਾਰ, ਵਾਹਦ ਲਾਸ਼ਰੀਕ ਨੂਰ ਅਲਾਹੀਆ । ਇਕੋ ਹੋਏ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰਦਰਗਾਹੀਆ । ਇਕੋ ਨਾਮ ਹੋਵੇ ਜੈਕਾਰ, ਤੂੰ ਮੇਰਾ ਮੈਂ ਤੇਰਾ ਰਾਗ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡਾ ਇਕ ਵਖਾਈਆ । ਸ਼ਬਦ ਗੁਰੂ ਕਹੇ ਲੋਕਮਾਤ ਹੋਵੇ ਇਕੋ ਗਾਥਾ, ਸਿਖਿਆ ਇਕੋ ਇਕ ਸਮਝਾਈਆ । ਕਿਰਪਾ ਕਰੇ ਸਾਹਿਬ ਸਮਰਾਥਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਹੋਏ ਸਹਾਈ ਨਾਥ ਅਨਾਥਾਂ, ਗ਼ਰੀਬ ਨਿਮਾਣਿਆਂ ਗੋਦ ਟਿਕਾਈਆ । ਵਸਤ ਅਮੋਲਕ ਦੇਵੇ ਵਾਥਾ, ਸਾਢੇ ਤਿੰਨ ਹੱਥ ਆਪ ਵਰਤਾਈਆ । ਝਗੜਾ ਮੇਟੇ ਅੰਧੇਰੀ ਰਾਤਾ, ਸਤਿਜੁਗ ਸਚ ਚੰਦ ਚਮਕਾਈਆ । ਪੁਰਖ ਅਕਾਲ ਸਭ ਨੇ ਮੰਨਣਾ ਪਿਤਾ ਮਾਤਾ, ਜੋ ਆਦਿ ਜੁਗਾਦੀ ਧੁਰ ਦੀ ਮਾਈਆ । ਆਤਮ ਪਰਮਾਤਮ ਜੁੜਨਾ ਨਾਤਾ, ਸੁਰਤੀ ਸ਼ਬਦੀ ਮੇਲ ਮਿਲਾਈਆ । ਸ਼ਬਦ ਅਗੰਮੀ ਸੁਣਨਾ ਨਾਦਾ, ਅਨਹਦ ਨਾਦੀ ਰਾਗ ਸੁਣਾਈਆ । ਅੰਮ੍ਰਿਤ ਰਸ ਦੇਣਾ ਬੂੰਦ ਸਵਾਂਤਾ, ਨਿਝਰ ਝਿਰਨਾ ਦਏ ਝਿਰਾਈਆ । ਪੁਰਖ ਅਕਾਲਾ ਦੀਨ ਦਿਆਲਾ ਦਰਸ ਦਿਖਾਏ ਇਕ ਇਕਾਂਤਾ, ਸਚਖੰਡ ਨਿਵਾਸੀ ਆਪਣਾ ਨੂਰ ਜੋਤ ਕਰ ਰੁਸ਼ਨਾਈਆ । ਕਲਜੁਗ ਖੇਲੇ ਖੇਲ ਬਹੁਬਿਧ ਭਾਂਤਾ, ਪਤਿਪਰਮੇਸ਼ਵਰ ਆਪਣੀ ਕਲ ਵਰਤਾਈਆ । ਜਨ ਭਗਤਾਂ ਨਜ਼ਰੀ ਆਏ ਸਾਖਿਆਤਾ, ਸਵੱਛ ਸਰੂਪੀ ਸ਼ਾਹੋ ਭੂਪੀ ਪਰਦਾ ਦਏ ਉਠਾਈਆ । ਜਨਮ ਜਨਮ ਦਾ ਕਰਮ ਕਰਮ ਦਾ ਪੂਰਾ ਕਰੇ ਘਾਟਾ, ਨਾਮ ਨਿਧਾਨਾ ਸ੍ਰੀ ਭਗਵਾਨਾ ਆਤਮ ਝੋਲੀ ਦਏ ਭਰਾਈਆ । ਝਗੜਾ ਮੇਟੇ ਦੀਨ ਮਜ਼੍ਹਬ ਊਚ ਨੀਚ ਜ਼ਾਤ ਪਾਤਾ, ਪਤਿਪਰਮੇਸ਼ਵਰ ਆਪਣਾ ਰੰਗ ਰੰਗਾਈਆ ।

ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਗੁਰ ਅਵਤਾਰ ਪੈਗ਼ੰਬਰਾਂ ਵੇਖੇ ਖਾਤਾ, ਦਰਗਹ ਸਾਚੀ ਆਪ ਉਠਾਈਆ । ਅੰਤ ਅਖ਼ੀਰ ਬੇਨਜ਼ੀਰ ਸਭ ਦਾ ਪੂਰਾ ਕਰਨਾ ਭਵਿਖਤ ਵਾਕਾ, ਪੇਸ਼ੀਨਗੋਈਆਂ ਆਪਣੇ ਲੇਖੇ ਲਾਈਆ । ਧਰਨੀ ਧਰਤ ਧਵਲ ਧੌਲ ਪੂਰੀ ਕਰੇ ਆਸਾ, ਆਕਾਸ਼ ਪਾਤਾਲ ਨਿਰਾਸਾ ਰਹਿਣ ਕੋਇ ਨਾ ਪਾਈਆ । ਸੰਬਲ ਕਰਕੇ ਆਪਣਾ ਵਾਸਾ, ਸੰਮਤ ਸ਼ਹਿਨਸ਼ਾਹੀ ਪੰਜ ਦਏ ਵਡਿਆਈਆ । ਜਨ ਭਗਤਾਂ ਦੇ ਕੇ ਇਕ ਭਰਵਾਸਾ, ਭਾਂਡਾ ਭਰਮ ਭਉ ਭੰਨਾਈਆ । ਪੰਜਾਂ ਗੁਰਮੁਖਾਂ ਮਾਝੇ ਵਾਲਿਆਂ ਖ਼ੁਸ਼ੀਆਂ ਵਿਚ ਕਰਨਾ ਹਾਸਾ, ਛੱਬੀ ਪੋਹ ਭੱਜਣਾ ਵਾਹੋ ਦਾਹੀਆ । ਨਾਲ ਕਲਜੁਗ ਦਾ ਕਰਦੇ ਆਉਣ ਤਮਾਸ਼ਾ, ਆਪ ਆਪਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤਾ ਕਰਨਹਾਰ ਇਕ ਅਖਵਾਈਆ ।

### ✪ ੬ ਕੱਤਕ ਸ਼ਹਿਨਸ਼ਾਹੀ ਸੰਮਤ ੫ ਕੇਸ਼ੋ ਰਾਮ ਦੇ ਗ੍ਰਿਹ ਸਰਹਾਲੀ ਜੰਡੇ ਕੀ ✪

ਸਤਿਗੁਰ ਸ਼ਬਦ ਕਹੇ ਪ੍ਰਭ ਦੀਨ ਦੁਨੀ ਬਦਲ ਦੇ ਤਰੀਕਾ, ਕਲਜੁਗ ਤਾਰੀਕ ਅੰਧੇਰਾ ਦੇ ਮਿਟਾਈਆ । ਲਹਿਣਾ ਦੇਣਾ ਵੇਖ ਲੱਖ ਚੁਰਾਸੀ ਜੀਵ ਜੰਤ ਜੀਅ ਕਾ, ਚਾਰ ਵਰਨ ਅਠਾਰਾਂ ਬਰਨ ਫੋਲ ਫੁਲਾਈਆ । ਝਗੜਾ ਮੁਕਾ ਕਾਇਆ ਮਾਟੀ ਸਾਢੇ ਤਿੰਨ ਹੱਥ ਸੀਂ ਕਾ, ਤਨ ਵਜੂਦ ਮਾਟੀ ਖ਼ਾਕ ਕਰੇ ਨਾ ਕੋਇ ਲੜਾਈਆ । ਆਪਣਾ ਮਾਰਗ ਦੱਸ ਨੀਕਣ ਨੀਕਾ, ਨਰ ਨਿਰੰਕਾਰ ਨਿਰਵੈਰ ਆਪਣੀ ਦਇਆ ਕਮਾਈਆ । ਆਤਮ ਪਰਮਾਤਮ ਸਾਚਾ ਬਣ ਮੀਤਾ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਪਰਦਾ ਖੋਲ੍ਹ ਅਠਾਰਾਂ ਧਿਆਏ ਗੀਤਾ, ਭਗਤ ਭਗਵਾਨ ਆਪਣਾ ਰੰਗ ਰੰਗਾਈਆ । ਤੇਰਾ ਅੰਮ੍ਰਿਤ ਰਸ ਮਿਲੇ ਬੂੰਦ ਸਵਾਂਤਾ, ਕਲਜੁਗ ਕੂੜੀ ਅਗਨੀ ਤਤ ਬੁਝਾਈਆ । ਲਹਿਣਾ ਦੇਣਾ ਪੂਰਾ ਕਰ ਬਨਵਾਸੀ ਰਾਮ ਸੀਤਾ, ਸੁਰਤੀ ਸ਼ਬਦ ਸਮਾਈਆ । ਜਿਸ ਕਾਰਨ ਪੈਗ਼ੰਬਰਾਂ ਯਾਦ ਕੀਤਾ ਮੂਸਾ ਈਸਾ, ਮੁਹੰਮਦ ਧਿਆਨ ਲਗਾਈਆ । ਜਿਸ ਆਸ਼ਾ ਵਿਚ ਨਾਨਕ ਗੋਬਿੰਦ ਖੇਲ ਤੱਕਿਆ ਇਕ ਅਨਡੀਠਾ, ਅਨਡਿਠੇ ਪੜਦਾ ਦੇ ਉਠਾਈਆ । ਜਿਸ ਕਾਰਨ ਗੋਬਿੰਦ ਫੋਲਣ ਨਹੀਂ ਦਿਤਾ ਅੰਗੀਠਾ, ਹਾਡੀ ਤਨ ਨਾ ਕੋਇ ਉਠਾਈਆ । ਸੋ ਸਵਾਮੀ ਸਾਚੀ ਦੱਸ ਦੇ ਰੀਤਾ, ਸਾਚਾ ਮਾਰਗ ਇਕ ਪਰਗਟਾਈਆ । ਦੀਨ ਦੁਨੀ ਝਗੜਾ ਰਹੇ ਨਾ ਮੰਦਰ ਮਸੀਤਾ, ਸ਼ਿਵਦਵਾਲਾ ਮੱਠ ਵੰਡ ਨਾ ਕੋਇ ਵੰਡਾਈਆ । ਇਕੋ ਗ੍ਰਿਹ ਨਜ਼ਰੀ ਆਈਂ ਤ੍ਰੈਗੁਣ ਅਤੀਤਾ, ਤ੍ਰੈਭਵਨ ਧਨੀ ਆਪਣਾ ਭੇਵ ਦੇਣਾ ਖੁਲ੍ਹਾਈਆ । ਤੇਰਾ ਨਾਮ ਪਦਾਰਥ ਇਕੋ ਲਾਗੇ ਮੀਠਾ, ਸਚ ਸੰਦੇਸ਼ਾ ਦੇਣਾ ਦ੍ਰਿੜ੍ਹਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਾਇਆ ਰੰਗ ਚੜ੍ਹਿਆ ਮਜੀਠਾ, ਪਾਰਬ੍ਰਹਮ ਪਤਿਪਰਮੇਸ਼ਵਰ ਉਤਰ ਕਦੇ ਨਾ ਜਾਈਆ । ਨਿਰਗੁਣ ਧਾਰ ਨਿਰੰਕਾਰ ਸਭ ਦੀ ਬਦਲ ਅੰਦਰੋਂ ਨੀਤਾ, ਨੀਤੀਵਾਨ ਦਇਆ ਕਮਾਈਆ । ਝਗੜਾ ਰਹੇ ਨਾ ਹਸਤ ਕੀਟਾ, ਊਚ ਨੀਚਾਂ ਇਕੋ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਾਚੀ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਸਤਿਜੁਗ ਮਾਰਗ ਦੱਸ ਵਿਸ਼ਾਲ, ਵਿਸ਼ਾ ਕੂੜ ਰਹਿਣ ਨਾ ਪਾਈਆ । ਸਭ ਦੀ ਇਕੋ ਹੋਵੇ ਧਰਮਸਾਲ, ਗੁਰਦਵਾਰ ਇਕੋ ਵੱਜੇ ਵਧਾਈਆ । ਜਿਥੇ ਸੋਹਣ ਸ਼ਾਹ ਕੰਗਾਲ, ਅਮੀਰ ਗ਼ਰੀਬ ਵੰਡ ਨਾ ਕੋਇ ਵੰਡਾਈਆ । ਹਿੰਦੂ

ਮੁਸਲਿਮ ਸਿਖ ਈਸਾਈ ਸਭ ਦੀ ਕਰ ਸੰਭਾਲ, ਸੋਈ ਸੁਰਤ ਆਪ ਉਠਾਈਆ । ਵਸਤ ਅਮੋਲਕ ਦੇ ਸੱਚਾ ਧਨ ਮਾਲ, ਨਾਮ ਖ਼ਜ਼ੀਨਾ ਇਕ ਭਰਾਈਆ । ਆਤਮ ਪਰਮਾਤਮ ਵੱਜੇ ਤੇਰਾ ਤਾਲ, ਜ਼ਾਤ ਪਾਤੀ ਵੰਡ ਨਾ ਕੋਇ ਵੰਡਾਈਆ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੈਗ਼ੰਬਰਾਂ ਹੱਲ ਕਰ ਸਵਾਲ, ਜੋ ਭਵਿਖਤਾਂ ਵਿਚ ਤੇਰਾ ਰਾਹ ਤਕਾਈਆ । ਸਤਿ ਧਰਮ ਦੀ ਬਦਲ ਦੇ ਚਾਲ, ਕੂੜ ਕੁਕਰਮ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਆਪਣਾ ਮਾਰਗ ਦੇ ਦੇ ਸਚ, ਸਤਿਜੁਗ ਸਚ ਮਿਲੇ ਵਡਿਆਈਆ । ਝਗੜਾ ਰਹੇ ਨਾ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦੇ ਸੁਹਾਈਆ । ਸਭ ਨੂੰ ਦੇਣਾ ਧੀਰਜ ਜਤ, ਸਤਿ ਸੰਤੋਖ ਵਿਚ ਸਮਾਈਆ । ਨਾੜ ਬਹੱਤਰ ਨਾ ਉਬਲੇ ਰਤ, ਨਾੜੀ ਨਾੜੀ ਨਾ ਕੋਇ ਕੁਰਲਾਈਆ । ਮਾਇਆ ਮਮਤਾ ਮੇਟਣੀ ਅੱਗ, ਆਸਾ ਤ੍ਰਿਸ਼ਨਾ ਦੇਣੀ ਗਵਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖ ਜਗ, ਜਗਜੀਵਣ ਦਾਤੇ ਤੇਰੀ ਓਟ ਤਕਾਈਆ । ਦਰਸ਼ਨ ਦੇ ਉਪਰ ਸ਼ਾਹਰਗ, ਨੌਂ ਦਵਾਰੇ ਪੰਧ ਮੁਕਾਈਆ । ਬਿਨ ਮੱਕੇ ਕਾਅਬਿਉਂ ਕਰਾ ਹੱਜ, ਹੁਜ਼ਰਾ ਕਾਇਆ ਹੱਕ ਸੁਹਾਈਆ । ਜਿਥੇ ਮਿਲੇ ਪੁਰਖ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਜੈਕਾਰਾ ਬੋਲੇ ਇਕ ਅਲੱਖ, ਅਲਖ ਅਗੋਚਰ ਆਪ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਰਹੇ ਕੋਈ ਨਾ ਵੱਖ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪ੍ਰਭ ਤੇਰੀ ਇਕ ਸਰਨਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਸਚ ਸੁਚ ਦੀ ਦੇ ਦੇ ਦਾਤ, ਦਇਆਵਾਨ ਦਇਆ ਕਮਾਈਆ । ਕਲਜੁਗ ਮੇਟ ਅੰਧੇਰੀ ਰਾਤ, ਕੂੜੀ ਕਿਰਿਆ ਪੰਧ ਮੁਕਾਈਆ । ਸਤਿਜੁਗ ਸਚ ਵਖਾ ਪਰਭਾਤ, ਨਿਰਗੁਣ ਨੂਰ ਕਰ ਰੁਸ਼ਨਾਈਆ । ਤੇਰੇ ਨਾਮ ਦਾ ਝਗੜਾ ਅੱਲਾ ਵਾਹਿਗੁਰੂ ਰਾਮ ਕ੍ਰਿਸ਼ਨ ਰਹੇ ਨਾ ਕਾਗ਼ਜ਼ਾਤ, ਕਲਮਾ ਇਕੋ ਦੇਣਾ ਜਣਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸਭ ਦਾ ਬਣ ਸਾਕ, ਸੱਜਣ ਇਕ ਅਖਵਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਖੋਲ੍ਹ ਤਾਕ, ਪਰਦਾ ਅੰਦਰੋਂ ਦੇ ਉਠਾਈਆ । ਨਿਰਗੁਣ ਸਰਗੁਣ ਪੂਰਾ ਕਰ ਭਵਿਖਤ ਵਾਕ, ਜੋ ਅਵਤਾਰ ਪੈਗ਼ੰਬਰ ਗੁਰੂ ਗਏ ਜਣਾਈਆ । ਸਾਚੀ ਮੰਜ਼ਲ ਦਵਾਰਾ ਵਖਾ ਇਕੋ ਘਾਟ, ਪੱਤਨ ਇਕੋ ਨਜ਼ਰੀ ਆਈਆ । ਸਦੀ ਚੌਧਵੀਂ ਮੇਟ ਵਾਟ, ਮੁਹੰਮਦ ਆਸ਼ਾ ਦਏ ਦੁਹਾਈਆ । ਤੇਰਾ ਖੇਲ ਪੁਰਖ ਅਬਿਨਾਸ਼, ਦੋ ਜਹਾਨਾਂ ਵੇਖ ਵਖਾਈਆ । ਸਤਿਜੁਗ ਸਾਚੀ ਪਾ ਰਾਸ, ਬਿਨ ਗੋਪੀ ਕਾਹਨ ਨਾਚ ਨਚਾਈਆ । ਇਕੋ ਨੂਰ ਹੋਵੇ ਪ੍ਰਕਾਸ਼, ਦੂਜਾ ਇਸ਼ਟ ਨਾ ਕੋਇ ਮਨਾਈਆ । ਇਕੋ ਪੂਜਾ ਹੋਵੇ ਪਾਠ, ਇਕੋ ਢੋਲਾ ਨਾਮ ਕਲਮਾ ਸਿਫ਼ਤ ਸਾਲਾਹੀਆ । ਇਕੋ ਮੰਦਰ ਹੋਵੇ ਮਾਠ, ਗੁਰੂਦਵਾਰ ਇਕੋ ਇਕ ਜਣਾਈਆ । ਸ਼ਬਦ ਨਾਦ ਧੁਨ ਰਾਗ, ਅਨਰਾਗੀ ਦੇਣਾ ਸੁਣਾਈਆ । ਇਕੋ ਮੇਲਾ ਹੋਵੇ ਕੰਤ ਸੁਹਾਗ, ਪਤਿਪਰਮੇਸ਼ਵਰ ਲੈਣਾ ਮਿਲਾਈਆ । ਕਲਜੁਗ ਅੰਤ ਭਗਵੰਤ ਦੀਨ ਦੁਨੀ ਦੀ ਖੋਲ੍ਹ ਜਾਗ, ਆਲਸ ਨਿੰਦਰਾ ਦੇ ਮਿਟਾਈਆ । ਤੇਰੇ ਨਾਮ ਦਾ ਉਪਜੇ ਇਕ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਆਤਮ ਜੋਤ ਜਗਾ ਚਿਰਾਗ਼, ਘਰ ਅੰਧੇਰਾ ਰਹੇ ਨਾ ਰਾਈਆ । ਧੁਰ ਦਾ ਸ਼ਬਦ ਸੁਣਾ ਨਾਦ, ਅਨਾਦੀ ਨਾਦ ਸੁਣਾਈਆ । ਅੰਮ੍ਰਿਤ ਰਸ ਦੇ ਸਵਾਂਤ, ਨਿਝਰ ਝਿਰਨਾ ਇਕ ਝਿਰਾਈਆ । ਕਾਇਆ ਖੇੜਾ ਕਰ ਆਬਾਦ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਵਿਸ਼ਾ ਰਹੇ ਨਾ ਕੂੜ ਵਿਵਾਦ, ਵਿਖ ਅੰਦਰੋਂ ਬਾਹਰ ਕਢਾਈਆ । ਮਨੂਆ ਮਨ ਨਾ

ਰਹੇ ਗੁਸਤਾਖ਼, ਬੁਧ ਮਤ ਦੇਣੀ ਸਮਝਾਈਆ । ਜੋ ਗੁਰ ਅਵਤਾਰ ਪੈਗ਼ੰਬਰ ਗਏ ਆਖ, ਆਖ਼ਰ ਲੇਖਾ ਸਭ ਦਾ ਪੂਰ ਕਰਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਤੇਰੀ ਓਟ ਤਕਾਈਆ । ਸਤਿਜੁਗ ਸਚ ਕਰ ਪ੍ਰਕਾਸ਼, ਧਰਨੀ ਧਰਤ ਧਵਲ ਧੌਲ ਹੋਏ ਰੁਸ਼ਨਾਈਆ । ਮਾਨਵ ਮਾਨਸ ਮਾਨੁਖ ਤੇਰਾ ਨਾਮ ਜਪਣ ਸਵਾਸ ਸਵਾਸ, ਸਾਹ ਸਾਹ ਤੇਰੀ ਸਿਫ਼ਤ ਸਾਲਾਹੀਆ । ਇਕੋ ਰੰਗ ਰੰਗਾ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਵੱਜੇ ਵਧਾਈਆ । ਸਤਿ ਧਰਮ ਦਾ ਸਾਚਾ ਹੋਏ ਸਮਾਜ, ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਮੰਜ਼ਲ ਵਖਾ ਘਾਟ, ਦਵਾਰਾ ਇਕੋ ਇਕ ਸੁਹਾਈਆ ।

### ✪ ੬ ਕੱਤਕ ਸ਼ਹਿਨਸ਼ਾਹੀ ਸੰਮਤ ੫ ਮੱਖਣ ਸਿੰਘ ਦੇ ਗ੍ਰਿਹ ਪਿੰਡ ਜੌੜਾ ✪

ਸਤਿਗੁਰ ਨਾਨਕ ਜੋਤ ਆਦਿ ਅੰਤ, ਜੁਗ ਜੁਗ ਵੇਸ ਵਟਾਈਆ । ਖੇਲ ਖਿਲਾਏ ਸ੍ਰੀ ਭਗਵੰਤ, ਪਾਰਬ੍ਰਹਮ ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦਾ ਹੁਕਮ ਜੁਗਾ ਜੁਗੰਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੀਸ ਨਿਵਾਈਆ । ਸੋ ਸਾਹਿਬ ਸਵਾਮੀ ਧੁਰ ਦਾ ਕੰਤ, ਨਿਰਗੁਣ ਨਿਰਵੈਰ ਇਕ ਅਖਵਾਈਆ । ਜਿਸ ਦਾ ਏਕ ਦਾ ਇਕੋ ਮੰਤ, ਆਤਮ ਪਰਮਾਤਮ ਰਾਗ ਅਗੰਮ ਅਥਾਹੀਆ । ਜਿਸ ਨੂੰ ਜਪਦੇ ਸਾਧ ਸੰਤ, ਭਗਤ ਭਗਵਾਨ ਇਸ਼ਟ ਮਨਾਈਆ । ਜੋ ਤੋੜੇ ਗੜ੍ਹ ਹਉਮੇ ਹੰਗਤ, ਕੂੜੀ ਕਿਰਿਆ ਡੇਰਾ ਢਾਹੀਆ । ਬੋਧ ਅਗਾਧਾ ਬਣ ਕੇ ਪੰਡਤ, ਸਾਚੀ ਸਿਖਿਆ ਦਏ ਸਮਝਾਈਆ । ਹਰਿਜਨ ਕਦੇ ਨਾ ਹੋਵੇ ਚਿੰਤ, ਸੋਗ ਰਹਿਣ ਕੋਇ ਨਾ ਪਾਈਆ । ਸਦਾ ਸਦਾ ਸਦ ਸਾਰੇ ਪ੍ਰਭ ਦੀ ਜੋਤ ਸ਼ਬਦ ਦੀ ਧਾਰ ਅੱਗੇ ਕਰਦੇ ਮਿੰਨਤ, ਮਿੰਨਤਾਂ ਵਾਲਾ ਗੁਰੂ ਨਾ ਕੋਇ ਮਨਾਈਆ । ਇਕੋ ਪੁਰਖ ਅਕਾਲ ਦੀ ਹਿੰਮਤ, ਜੋ ਜੁਗ ਜੁਗ ਖੇਲੇ ਖੇਲ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਨਾਨਕ ਸਤਿਗੁਰ ਦਿੰਦਾ ਨਾਮ ਦਾਨ, ਗ੍ਰਿਹ ਗ੍ਰਿਹ ਝੋਲੀ ਪਾਈਆ । ਮਿਲਣਾ ਸ੍ਰੀ ਭਗਵਾਨ, ਅਬਿਨਾਸ਼ੀ ਕਰਤੇ ਧੁਰਦਰਗਾਹੀਆ । ਜਿਸ ਦਾ ਹੁਕਮ ਸਦਾ ਫ਼ਰਮਾਨ, ਜੁਗ ਚੌਕੜੀ ਚਲੇ ਵਾਹੋ ਦਾਹੀਆ । ਜਿਹੜਾ ਪੰਜ ਤਤ ਬਣਿਆ ਇਨਸਾਨ, ਮਨ ਮਤ ਮੋਹ ਨਾ ਕੋਇ ਰਖਾਈਆ । ਓਸ ਦਾ ਸ਼ਬਦ ਗੁਰੂ ਬਲਵਾਨ, ਡੰਕ ਵਜਾਏ ਥਾਉਂ ਥਾਈਂਆ । ਧਰਮ ਝੁਲਾਏ ਨਿਸ਼ਾਨ, ਨਿਸ਼ਾਨਾ ਕੂੜ ਦਏ ਗਵਾਈਆ । ਸ੍ਰਿਸ਼ਟੀ ਦ੍ਰਿਸ਼ਟੀ ਪਾਏ ਆਣ, ਇਸ਼ਟੀ ਇਕੋ ਵੇਖ ਵਖਾਈਆ । ਗੁਰਮੁਖਾਂ ਕਰੇ ਸਵਾਧਾਨ, ਗੁਰਸਿਖਾਂ ਲਏ ਉਠਾਈਆ । ਸ਼ਬਦ ਤੀਰ ਅਣਿਆਲਾ ਨਿਸ਼ਾਨ, ਦੂਈ ਦਵੈਤੀ ਡੇਰਾ ਢਾਹੀਆ । ਜਿਸ ਦੀ ਮਹਿੰਮਾ ਸਦਾ ਮਹਾਨ, ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਓਹੋ ਗੁਰੂ ਆਦਿ ਅੰਤ ਤਕ ਪਰਧਾਨ, ਜੋ ਸੁਤ ਦੁਲਾਰਾ ਪੁਰਖ ਅਕਾਲਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਜੋ ਨਿਰਗੁਣ ਨਾਨਕ ਧਾਰ, ਸੋ ਨਿਰਗੁਣ ਨੂਰ ਜੋਤ ਜੋਤ ਰੁਸ਼ਨਾਈਆ । ਉਹ ਸਦਾ ਸਦਾ ਸਦ ਸਭ ਦੀ ਪੈਜ ਦਏ ਸਵਾਰ, ਵੇਲਾ ਵਕਤ ਨਾ ਵੰਡ ਵੰਡਾਈਆ । ਜਿਸ ਵੇਲੇ ਆਵੇ ਲੋਕਮਾਤ ਹੋ ਉਜਿਆਰ,

ਜੋਤੀ ਜਾਤਾ ਡਗਮਗਾਈਆ । ਜਿਹੜਾ ਚਲ ਆਵੇ ਦਰਬਾਰ, ਦਰਗਹ ਸਾਚੀ ਦਏ ਪੁਚਾਈਆ । ਜਿਥੇ ਇਕੋ ਨਾਨਕ ਇਕੋ ਏਕੰਕਾਰ, ਇਕੋ ਪੁਰਖ ਅਕਾਲ ਇਕੋ ਪਰਵਰਦਿਗਾਰ ਸਾਂਝਾ ਯਾਰ ਸੋਭਾ ਪਾਈਆ । ਕੋਈ ਵੱਖ ਵਣਜ ਨਾ ਕਰੇ ਵਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਨਕ ਨਿਰਗੁਣ ਸਦਾ ਤਾਰੇ, ਤਾਰਨਹਾਰ ਇਕ ਅਖਵਾਈਆ । ਨਾਨਕ ਨਿਰਗੁਣ ਜੋਤ ਨਿਰੰਕਾਰੇ, ਤਤ ਵਜੂਦ ਨਾ ਕੋਇ ਵਡਿਆਈਆ । ਨਾਨਕ ਨਿਰਗੁਣ ਖੇਲ ਅਪਾਰੇ, ਸਦੀ ਚੌਧਵੀਂ ਵੇਸ ਵਟਾਈਆ । ਨਾਨਕ ਨਿਰਗੁਣ ਸ਼ਬਦ ਜੈਕਾਰੇ, ਧੁਨ ਅਗੰਮੀ ਰਾਗ ਸੁਣਾਈਆ । ਨਾਨਕ ਨਿਰਗੁਣ ਸਰਬ ਨਿਮਸਕਾਰੇ, ਪੁਨਹ ਪੁਨਹ ਸੀਸ ਨਿਵਾਈਆ । ਨਾਨਕ ਵਾਸਤੇ ਇਕੋ ਜੇਹੇ ਜੁਗ ਚੌਕੜੀ ਚਾਰੇ, ਅੱਗਾ ਪਿੱਛਾ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਬੇਪਰਵਾਹੀਆ । ਨਾਨਕ ਫ਼ਰਕ ਨਾ ਜੋਤੀ ਧਾਰ, ਸਚ ਸਚ ਦ੍ਰਿੜਾਈਆ । ਹੁਣ ਦਾ ਖੇਲ ਨਹੀਂ ਕਿਸੇ ਪੁਰਖ ਨਾਰ, ਤਤ ਵਜੂਦ ਨਾ ਕੋਇ ਚਤੁਰਾਈਆ । ਓਹੋ ਸ਼ਬਦ ਗੁਰੂ ਧੁਨਕਾਰ, ਰਾਗੀ ਰਾਗ ਸੁਣਾਈਆ । ਜਿਸ ਨੇ ਪਿਛੇ ਤਾਰੇ ਉਹ ਹੁਣ ਵੀ ਦੇਵੇ ਤਾਰ, ਇਹ ਪ੍ਰਭ ਦੀ ਬੇਪਰਵਾਹੀਆ । ਨਾਨਕ ਦੇ ਦਰ ਉਤੇ ਫ਼ਰਕ ਨਹੀਂ ਇਕ ਦੂਜੇ ਦਾ ਨਹੀਂ ਉਧਾਰ, ਵੰਡੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਜੇ ਨਾਨਕ ਦਾ ਰੱਖਿਆ ਇਸ਼ਟ, ਇਸ਼ਟ ਦੇਵ ਇਕ ਅਖਵਾਈਆ । ਹੁਣ ਖੇਲ ਕਰੇ ਮਾਲਕ ਸ੍ਰਿਸ਼ਟ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਨੇ ਸਦਾ ਖੋਲ੍ਹਣੀ ਦ੍ਰਿਸ਼ਟ, ਦਿਸ਼ਾ ਆਪਣੀ ਦਏ ਵਖਾਈਆ । ਝਗੜਾ ਮੁਕਾ ਕੇ ਸਵਰਗ ਬਹਿਸ਼ਤ, ਸਚ ਦਵਾਰਾ ਇਕ ਜਣਾਈਆ । ਜਿਥੇ ਸ਼ਾਸਤਰ ਸਿਮਰਤ ਨਹੀਂ ਕੋਈ ਲਿਖਤ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਆਤਮ ਪਰਮਾਤਮ ਪਰਮਾਤਮ ਆਤਮ ਜੋਤੀ ਧਾਰ ਮਿਲਤ, ਮੇਲ ਮਿਲਾਵਾ ਸਹਿਜ ਸੁਭਾਈਆ । ਮਨ ਕਲਪਣਾ ਨਹੀਂ ਕੋਈ ਇੱਲਤ, ਆਲਮ ਇਲਮ ਨਾ ਕੋਇ ਚਤੁਰਾਈਆ । ਜਿਸ ਨੂੰ ਨਿਰਗੁਣ ਧਾਰ ਸਤਿਗੁਰ ਸ਼ਬਦ ਅੰਤਰ ਦੇਵੇ ਸਿਦਕ, ਭਰੋਸਾ ਯੋਗ ਤਨ ਵਜੂਦ ਦਏ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਅੰਤ ਅੰਤ ਆਦਿ ਜੁਗਾ ਜੁਗੰਤ ਇਕੋ ਰੂਪ ਸਰਬ ਗੁਣ ਸਾਲਸ ਇਕੋ ਰੂਪ ਬਣਾਏ ਖ਼ਾਲਸ, ਇਕੋ ਆਲਸ ਨਿੰਦਰਾ ਵਿਚੋਂ ਬਾਹਰ ਕਢਾਈਆ । ਨਾਨਕ ਨਿਰਗੁਣ ਤਾਰੇ ਤਾਂ, ਜੇ ਤਮਾ ਦਿਉ ਗਵਾਈਆ । ਪੁਰਖ ਅਕਾਲ ਬਣੇ ਪਿਤਾ ਮਾਂ, ਜੇ ਹੁਕਮ ਮੰਨੋ ਚਾਈਂ ਚਾਈਂਆ । ਦੋਹਾਂ ਦੀ ਇਕੋ ਮੰਜ਼ਲ ਦੋਹਾਂ ਦਾ ਇਕੋ ਥਾਂ, ਸਚਖੰਡ ਸਾਚੇ ਸੋਭਾ ਪਾਈਆ । ਆਦਿ ਜੁਗਾਦਿ ਜਗ ਕਰਨ ਨਿਆਂ, ਅਦਾਲਤ ਹੱਕ ਹੱਕ ਕਮਾਈਆ । ਜੇ ਹੁਣ ਨਾਨਕ ਦਾ ਦੱਸਿਆ ਭੁੱਲੇ ਨਾਂ, ਤੇ ਨਾਨਕ ਪਲੂ ਨਾ ਕਦੇ ਫੜਾਈਆ । ਜੇ ਨਾਨਕ ਧਾਰ ਜਾਵੋ ਸਮਾ, ਆਪਣਾ ਆਪ ਜਾਉ ਮਿਟਾ, ਮਨ ਮਤ ਮੋਹ ਗਵਾਈਆ । ਫੇਰ ਨਿਰਗੁਣ ਨਾਨਕ ਪੁਰਖ ਅਕਾਲ ਹੁਣ ਵੀ ਹੋਵੇ ਸਹਾ, ਓਹੋ ਜੋਤ ਓਹੋ ਸ਼ਬਦ ਸ਼ਬਦੀ ਧਾਰ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ, ਪਤਿਪਰਮੇਸ਼ਵਰ ਪਤਿਤ ਉਧਾਰੀ ਜੋਤ ਨਿਰੰਕਾਰੀ, ਨਿਰਾਕਾਰ ਏਕਾ ਏਕ ਅਖਵਾਈਆ ।

## ✪ ੬ ਕੱਤਕ ਸ਼ਹਿਨਸ਼ਾਹੀ ਸੰਮਤ ੫ ਅਰਜਨ ਸਿੰਘ ਦੇ ਗ੍ਰਿਹ ਮਾਣਕ ਪੁਰ ✪

ਸਤਿਗੁਰ ਸ਼ਬਦ ਮਾਰਗ ਦੱਸਣਾ ਏਕ, ਸਤਿਜੁਗ ਸਚ ਸਚ ਰਾਹ ਦ੍ਰਿੜਾਈਆ । ਪੁਰਖ ਅਕਾਲ ਦੀਨ ਦਿਆਲ ਹੋਵੇ ਟੇਕ, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਲਗਾਈਆ । ਜ਼ਾਤ ਪਾਤ ਦੀਨ ਮਜ਼੍ਹਬ ਝਗੜਾ ਰਹੇ ਨਾ ਕਿਸੇ ਦੇਸ, ਨੌਂ ਖੰਡ ਪ੍ਰਿਥਮੀ ਸੱਤ ਦੀਪ ਇਕੋ ਰੰਗ ਰੰਗਾਈਆ । ਨਾਮ ਅਗੰਮਾ ਧੁਰ ਫ਼ਰਮਾਨਾ ਚਾਰ ਵਰਨ ਮਿਲੇ ਇਕ ਸੰਦੇਸ਼, ਸਾਹਿਬ ਸਵਾਮੀ ਅੰਤਰਜਾਮੀ ਆਪ ਸੁਣਾਈਆ । ਮਾਨਵ ਮਾਨੁਖ ਮਾਨਸ ਸਚ ਦਵਾਰਾ ਇਕੋ ਲੈਣ ਵੇਖ, ਗ੍ਰਿਹਿ ਮੰਦਰ ਇਕੋ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਵਰਤਾਈਆ । ਸਤਿਜੁਗ ਸਾਚਾ ਹੋਵੇ ਮਾਤਲੋਕ, ਨਵ ਨੌਂ ਚਾਰ ਪੰਧ ਮੁਕਾਈਆ । ਆਤਮ ਪਰਮਾਤਮ ਸੁਣਾਵੇ ਸਚ ਸਲੋਕ, ਸੋਹੰ ਢੋਲਾ ਅਗੰਮ ਅਥਾਹੀਆ । ਸਚ ਦਵਾਰ ਦੀ ਬਖ਼ਸ਼ੇ ਮੌਜ, ਦਰਗਹਿ ਸਾਚੀ ਵੱਜੇ ਵਧਾਈਆ । ਸੁਰਤੀ ਸ਼ਬਦੀ ਕਰੇ ਖੋਜ, ਪਰਦਾ ਅੰਤਰ ਦਏ ਉਠਾਈਆ । ਬੁੱਧੀ ਤੋਂ ਪਰੇ ਕਰੇ ਬੋਧ, ਅਗਿਆਨ ਅੰਧੇਰਾ ਦੂਰ ਕਰਾਈਆ । ਅਗਲਾ ਭੇਵ ਖੋਲ੍ਹੇ ਗੋਝ, ਹਰਿ ਕਰਤਾ ਸ਼ਹਿਨਸ਼ਾਹੀਆ । ਹਿੰਦੂ ਮੁਸਲਿਮ ਸਿਖ ਈਸਾਈ ਇਕੋ ਦੇਵੇ ਜੋਗ, ਇਕੋ ਕਲਮਾ ਨਾਮ ਜਣਾਈਆ । ਇਕੋ ਰਸਨਾ ਹੋਵੇ ਭੋਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਜੁਗ ਸਾਚਾ ਧਰਨੀ ਉਤੇ ਦੇਵੇ ਧਰ, ਹਰਿ ਕਰਤਾ ਬੇਪਰਵਾਹੀਆ । ਨਾਮ ਭੰਡਾਰਾ ਦੇ ਕੇ ਵਰ, ਮਿਹਰਵਾਨ ਦਇਆ ਕਮਾਈਆ । ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਇਕੋ ਜਿਹਾ ਕਰ, ਕਰਨੀ ਕਰਤਾ ਕਾਰ ਕਮਾਈਆ । ਨਿਰਭਉ ਚੁਕਾਏ ਭੈ ਡਰ, ਹਉਮੇ ਹੰਗਤਾ ਗੜ੍ਹ ਤੁੜਾਈਆ । ਆਤਮ ਸਰੋਵਰ ਨੁਹਾਏ ਸਾਚੇ ਸਰ, ਅਠਸਠ ਤੀਰਥ ਲੋੜ ਰਹੇ ਨਾ ਰਾਈਆ । ਪੜਦਾ ਲਾਹੇ ਚੋਟੀ ਜੜ੍ਹ, ਆਤਮ ਬ੍ਰਹਮ ਦਏ ਜਣਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਨੇ ਵਿਦਿਆ ਜਾਣੀ ਪੜ੍ਹ, ਸ਼ਾਸਤਰ ਸਿਮਰਤ ਲੇਖਾ ਅਵਰ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਦਵਾਰਾ ਇਕ ਪਰਗਟਾਈਆ । ਸਤਿਜੁਗ ਸਾਚੇ ਦੇਣਾ ਮਾਣ, ਹਰਿ ਕਰਤਾ ਦਇਆ ਕਮਾਈਆ । ਕਲਜੁਗ ਕੂੜੀ ਕਿਰਿਆ ਤੋੜ ਅਭਿਮਾਨ, ਮਾਇਆ ਮਮਤਾ ਮੋਹ ਮਿਟਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੇ ਗਿਆਨ, ਆਤਮ ਬ੍ਰਹਮ ਦੇਣਾ ਸਮਝਾਈਆ । ਅੰਮ੍ਰਿਤ ਰਸ ਪੀਣ ਖਾਣ, ਰਸਨਾ ਗੁਣ ਨਾ ਕੋਇ ਵਡਿਆਈਆ । ਸ਼ਬਦ ਨਾਦ ਦੇਵੇ ਧੁਨਕਾਨ, ਅਨਾਦੀ ਨਾਦ ਸੁਣਾਈਆ । ਗ੍ਰਿਹਿ ਮੰਦਰ ਸੁਹਾਏ ਆਣ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਭੇਵ ਮੁਕਾਏ ਜ਼ਿਮੀਂ ਅਸਮਾਨ, ਲੋਕ ਪਰਲੋਕ ਪਰਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਿਜੁਗ ਸਾਚਾ ਧਰਨਾ ਉਪਰ ਜਗਤ, ਜਾਗਰਤ ਜੋਤ ਕਰ ਰੁਸ਼ਨਾਈਆ । ਸੰਤ ਸੁਹੇਲੇ ਪਰਗਟਾਉਣੇ ਭਗਤ, ਭਾਵਨਾ ਅੰਦਰੋਂ ਫੋਲ ਫੁਲਾਈਆ । ਨਿਰਗੁਣ ਧਾਰ ਦੇ ਕੇ ਦਰਸ, ਕੂੜ ਕਲਪਨਾ ਦੇਣੀ ਮਿਟਾਈਆ । ਜਗਤ ਵਾਸਨਾ ਰਹਿਣ ਨਹੀਂ ਦੇਣੀ ਹਰਸ, ਕੂੜੀ ਦਏ ਖਪਾਈਆ । ਮਾਣ ਦਵਾ ਕੇ ਉਪਰ ਫ਼ਰਸ਼, ਅਰਸ਼ ਜੋਤੀ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਏਕੰਕਾਰਾ ਇਕ ਇਕੱਲਾ ਆਪ ਖੁਲ੍ਹਾਈਆ । ਸਤਿਜੁਗ ਕਹੇ ਮੇਰਾ ਵਕਤ ਹੋਣਾ ਸੁਹਾਵਣਾ,

ਹਰਿ ਸੋਹਣੀ ਬਣਤ ਬਣਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਇਕੋ ਨਾਮ ਜਪਾਵਣਾ, ਦੂਜਾ ਰਾਗ ਨਾ ਕੋਇ ਅਲਾਈਆ । ਪੁਰਖ ਅਕਾਲਾ ਹਰਿ ਸੱਜਣ ਇਸ਼ਟ ਮਨਾਵਣਾ, ਦੂਸਰ ਸੀਸ ਨਾ ਕੋਇ ਝੁਕਾਈਆ । ਘਰ ਮੰਦਰ ਦੀਪਕ ਇਕ ਜਗਾਵਣਾ, ਅੰਧ ਅੰਧੇਰਾ ਦਏ ਗਵਾਈਆ । ਆਤਮ ਪਰਮਾਤਮ ਪਰਮਾਤਮ ਆਤਮ ਭੇਵ ਖੁਲ੍ਹਾਵਣਾ, ਖ਼ਾਲਕ ਖ਼ਲਕ ਵੇਖ ਵਖਾਈਆ । ਸਚ ਸਰੋਵਰ ਸਚ ਦਵਾਰ ਅਗੰਮਾ ਹੋਵੇ ਨਹਾਵਣਾ, ਅੱਠ ਸੱਠ ਤੀਰਥ ਲੇਖਾ ਦਏ ਚੁਕਾਈਆ । ਪੁਰਖ ਅਕਾਲਾ ਦੀਨ ਦਿਆਲਾ ਸਾਚਾ ਪਕੜੇ ਦਾਮਨਾ, ਦਾਮਨਗੀਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਹਰਿ ਦਾਤਾ ਬੇਪਰਵਾਹੀਆ । ਸਤਿਜੁਗ ਕਹੇ ਪ੍ਰਭ ਕਿਰਪਾ ਕਰੇ ਅਪਾਰ, ਅਪਰੰਪਰ ਦਇਆ ਕਮਾਈਆ । ਕਲਜੁਗ ਕੂੜੀ ਕਿਰਿਆ ਮਾਤ ਨਿਵਾਰ, ਮਮਤਾ ਮੋਹ ਦਏ ਗਵਾਈਆ । ਸਾਚੀ ਸਿਖਿਆ ਇਕ ਸਿਖਾਲ, ਸਾਚਾ ਪੜਦਾ ਆਪ ਉਠਾਈਆ । ਝਗੜਾ ਰਹੇ ਨਾ ਸ਼ਾਹ ਕੰਗਾਲ, ਊਚ ਨੀਚ ਇਕੋ ਰੰਗ ਰੰਗਾਈਆ । ਸਚ ਦਵਾਰਾ ਵਖਾ ਸੱਚੀ ਧਰਮਸਾਲ, ਕਾਇਆ ਕਾਅਬਾ ਇਕ ਵਡਿਆਈਆ । ਗ੍ਰਿਹ ਮੰਦਰ ਬੈਠ ਕਰੇ ਸੰਭਾਲ, ਸੁਰਤੀ ਸ਼ਬਦੀ ਜੋੜ ਜੁੜਾਈਆ । ਸੰਤ ਸੁਹੇਲੇ ਲਏ ਭਾਲ, ਭਗਤ ਭਗਵਾਨ ਰੰਗ ਰੰਗਾਈਆ । ਜਿਨ੍ਹਾਂ ਪੋਹ ਨਾ ਸਕੇ ਕਾਲ, ਮਹਾਂਕਾਲ ਨਾ ਭੈ ਵਖਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਅੰਤ ਕੰਤ ਭਗਵੰਤ ਸਾਚੇ ਸੰਤ ਕਰੇ ਸੰਭਾਲ, ਸੰਬਲ ਬਹਿ ਕੇ ਖੇਲ ਖਿਲਾਈਆ । ਜਿਸ ਨੂੰ ਝੁਕਦੇ ਗੁਰੂ ਅਵਤਾਰ, ਪੈਗ਼ੰਬਰ ਸੀਸ ਨਿਵਾਈਆ । ਸੋ ਕਲ ਕਲਕੀ ਲਏ ਅਵਤਾਰ, ਜੋਤੀ ਜਾਤਾ ਡਗਮਗਾਈਆ । ਏਥੇ ਓਥੇ ਦੋ ਜਹਾਨਾਂ ਨਿਰਗੁਣ ਸਰਗੁਣ ਪਾਵੇ ਸਾਰ, ਸਚ ਸਵਾਮੀ ਅੰਤਰਜਾਮੀ ਵੇਖਣਹਾਰਾ ਥਾਉਂ ਥਾਈਆ । ਚੁਰਾਸੀ ਵਿਚੋਂ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਲੱਭ ਕੇ ਆਪਣੇ ਲਾਲ, ਲਾਲ ਗੁਲਾਲਾ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਨਿਰਗੁਣ ਸਰਗੁਣ ਕਰੇ ਸਦਾ ਪ੍ਰਿਤਪਾਲ, ਪ੍ਰਿਤਪਾਲਕ ਖ਼ਾਲਕ ਮਾਲਕ ਇਕੋ ਧੁਰਦਰਗਾਹੀਆ ।

## ੬ ਕੱਤਕ ਸ਼ਹਿਨਸ਼ਾਹੀ ਸੰਮਤ ੫ ਕਰਨੈਲ ਸਿੰਘ, ਜਰਨੈਲ ਸਿੰਘ ਦੇ ਗ੍ਰਿਹ ਪਿੰਡ ਰਾਜੋ ਕੇ

ਸਤਿਗੁਰ ਸ਼ਬਦ ਪੁਰਖ ਅਕਾਲ ਕੀਤਾ ਸਜਦਾ, ਦਰਗਹ ਸਾਚੀ ਸਚਖੰਡ ਦਵਾਰੇ ਸੀਸ ਨਿਵਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਮੈਂ ਤੇਰਾ ਬਰਦਾ, ਪਰਵਰਦਿਗਾਰ ਸਾਂਝੇ ਯਾਰ ਤੇਰੀ ਸਰਨਾਈਆ । ਮੈਂ ਸਦੀ ਚੌਧਵੀਂ ਖੇਲ ਵੇਖਿਆ ਘਰ ਘਰ ਦਾ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਫੋਲ ਫੁਲਾਈਆ । ਰਸਨਾ ਜਿਹਵਾ ਬੱਤੀ ਦੰਦ ਮਾਨਵ ਤੈਨੂੰ ਯਾਦ ਕਰਦਾ, ਹਿਰਦੇ ਵਿਚ ਨਾ ਕੋਇ ਵਸਾਈਆ । ਸਾਚੀ ਮੰਜ਼ਲ ਕੋਇ ਨਾ ਚੜ੍ਹਦਾ, ਅਧਵਾਟੇ ਬੈਠੀ ਕੂੜ ਲੋਕਾਈਆ । ਇਸ਼ਨਾਨ ਕਰੇ ਨਾ ਕੋਈ ਤੇਰੇ ਸਰੋਵਰ ਸਰ ਦਾ, ਦੁਰਮਤ ਮੈਲ ਨਾ ਕੋਇ ਧਵਾਈਆ । ਸਰਨ ਚਰਨ ਕੋਇ ਨਾ ਪੜਦਾ, ਧੂੜੀ ਖ਼ਾਕ ਨਾ ਕੋਇ ਰਮਾਈਆ । ਮੈਂ ਹੈਰਾਨ ਹੋ ਗਿਆ ਕੀ ਖੇਲ ਨਰਾਇਣ ਨਰ ਦਾ, ਕੀ ਕਲ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਰਿਹਾ ਸੁਣਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਮੈਂ ਸਭ

ਦੇ ਅੰਦਰ ਮਾਰੀ ਝਾਕੀ, ਨਿਰੰਤਰ ਵੇਖ ਵਖਾਈਆ । ਸਾਚਾ ਮਿਲੇ ਕੋਈ ਨਾ ਸਾਥੀ, ਸਗਲਾ ਸੰਗ ਨਾ ਕੋਇ ਬਣਾਈਆ । ਚਾਰੋਂ ਕੁੰਟ ਅੰਧੇਰੀ ਰਾਤੀ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਮਨੂਆ ਮੰਨੇ ਕਿਸੇ ਨਾ ਆਖੀ, ਕਲਪਣਾ ਕੂੜ ਰਹੀ ਕੁਰਲਾਈਆ । ਪੈਗ਼ੰਬਰ ਕਰੇ ਕੋਈ ਨਾ ਰਾਖੀ, ਅਵਤਾਰ ਸੀਸ ਹੱਥ ਨਾ ਕੋਇ ਟਿਕਾਈਆ । ਜੀਵਣ ਵਿਚੋਂ ਬਦਲੇ ਨਾ ਕਿਸੇ ਹਯਾਤੀ, ਆਬੇ ਹਯਾਤ ਨਾ ਕੋਇ ਪਿਆਈਆ । ਦੀਨ ਮਜ਼੍ਹਬ ਦਾ ਝਗੜਾ ਮੁਕਿਆ ਨਾ ਕਾਗ਼ਜ਼ਾਤੀ, ਚਾਰ ਜੁਗ ਦੇ ਸ਼ਾਸਤਰ ਰਹੇ ਲੜਾਈਆ । ਮੇਰੇ ਅੰਤਰ ਅਗੰਮੀ ਧਾਰ ਭਾਖੀ, ਪਾਰਬ੍ਰਹਮ ਦਿਆਂ ਜਣਾਈਆ । ਜਿਹੜੀ ਗੋਬਿੰਦ ਸਿੱਖੀ ਬਣਾਈ ਇਕ ਸੱਤ ਪੰਜ ਛੇ ਉਤੇ ਵਸਾਖੀ, ਸ਼ਬਦੀ ਧਾਰ ਨਾਲ ਪਰਗਟਾਈਆ । ਉਹਦੀ ਰਹੇ ਨਾ ਸਚ ਜਮਾਤੀ, ਨਾਤਾ ਪ੍ਰੇਮ ਰਹੇ ਤੁੜਾਈਆ । ਸਾਚੀ ਮੰਜ਼ਲ ਤੇਰੀ ਚੜ੍ਹੇ ਕੋਈ ਨਾ ਘਾਟੀ, ਸਚ ਦਵਾਰੇ ਮਿਲਣ ਕੋਇ ਨਾ ਆਈਆ । ਉਠ ਵੇਖ ਪੁਰਖ ਅਕਾਲ ਪੁਰਖ ਅਬਿਨਾਸ਼ੀ, ਮਿਹਰਵਾਨ ਮਿਹਰਵਾਨ ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਸਾਚੇ ਮੰਡਲ ਗੋਪੀ ਕਾਹਨ ਪਾਏ ਕੋਈ ਨਾ ਰਾਸੀ, ਧਰਮ ਧਾਰ ਨਾ ਕੋਇ ਜਣਾਈਆ । ਮੈਂ ਸਭ ਦੀ ਵਾਸਨਾ ਅੰਦਰ ਵੜ ਕੇ ਵਾਚੀ, ਵਾਚਕ ਵੇਖੀ ਜਗਤ ਲੋਕਾਈਆ । ਮੈਨੂੰ ਤੇਰੇ ਦਰ ਤੇ ਆਵੇ ਹਾਸੀ, ਹੱਸ ਕੇ ਦਿਆਂ ਸੁਣਾਈਆ । ਸਾਬਤ ਰਿਹਾ ਨਾ ਕੋਈ ਪੰਡਤ ਕਾਸ਼ੀ, ਕਲਜੁਗ ਕਲਾ ਦਿਤੀ ਵਰਤਾਈਆ । ਮੁੱਲਾ ਸ਼ੇਖ਼ ਪੁਛੇ ਕੋਇ ਨਾ ਵਾਤੀ, ਵਾਤਾਵਰਨ ਬਦਲਿਆ ਜਗਤ ਲੋਕਾਈਆ । ਰੂਹ ਬੁਤ ਹੋਏ ਕੋਇ ਨਾ ਪਾਕੀ, ਪਤਤ ਪੁਨੀਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਿਆ ਮਦੀਨਾ ਮੱਕਿਆ, ਕਾਅਬੇ ਹੁਜਰੇ ਫੋਲ ਫੁਲਾਈਆ । ਭੱਜਿਆ ਮੰਦਰ ਮੱਠਿਆ, ਸ਼ਿਵਾਲੇ ਪੜਦਾ ਲਾਹੀਆ । ਤੇਰੇ ਪ੍ਰੇਮ ਕੋਈ ਨਾ ਰੱਤਿਆ, ਰਤਨ ਅਮੋਲਕ ਹੀਰਾ ਰੂਪ ਨਾ ਕੋਇ ਬਦਲਾਈਆ । ਮੈਂ ਹੋ ਗਿਆ ਹੱਕਾ ਬੱਕਿਆ, ਹੈਰਾਨੀ ਮੇਰੇ ਅੰਦਰ ਆਈਆ । ਵਾਹਵਾ ਤੇਰਾ ਖੇਲ ਪੁਰਖ ਸਮਰਥਿਆ, ਵਡ ਦਾਤੇ ਤੇਰੀ ਬੇਪਰਵਾਹੀਆ । ਸਦੀ ਚੌਧਵੀਂ ਘਰ ਘਰ ਪਾਇਆ ਰੱਟਿਆ, ਸਾਂਤਕ ਸਤਿ ਨਾ ਕੋਇ ਜਣਾਈਆ । ਆਪਣਾ ਨਾਮ ਬਜ਼ਾਰਾਂ ਵਿਚ ਵੇਚਿਆ ਨਾਲ ਟਕਿਆਂ, ਕੀਮਤ ਗ੍ਰੰਥਾਂ ਵਾਲੀ ਪਾਈਆ । ਪੈਗ਼ੰਬਰਾਂ ਪੂਰਾ ਹੋਣ ਲੱਗਾ ਠੇਕਿਆ, ਪਟਨੇ ਵਾਲਾ ਦਏ ਗਵਾਹੀਆ । ਤੇਰਾ ਖੇਲ ਅਲਖ ਅਲੱਖਿਆ, ਲਖ ਸਕੇ ਕੋਇ ਨਾ ਰਾਈਆ । ਤੂੰ ਆਪਣਾ ਭੇਵ ਕਿਸੇ ਨਾ ਦੱਸਿਆ, ਚਾਰੇ ਜੁਗ ਬੇਅੰਤ ਬੇਅੰਤ ਬੇਅੰਤ ਕਹਿ ਕੇ ਤੈਨੂੰ ਗਏ ਗਾਈਆ । ਚਾਰੋਂ ਕੁੰਟ ਵੇਖ ਜਗਤ ਜਹਾਨ ਜਾਏ ਮੱਚਿਆ, ਤ੍ਰੈਗੁਣ ਅਗਨੀ ਤਤ ਤਪਾਈਆ । ਨਾਮ ਬੀਜ ਕੋਈ ਨਾ ਵਤਿਆ, ਤਨ ਵਜੂਦ ਹਰਾ ਸਿੰਚ ਨਾ ਕੋਇ ਕਰਾਈਆ । ਕਲਜੁਗ ਖੇਲ ਬਾਜ਼ੀਗਰ ਨਟਿਆ, ਸਵਾਂਗੀ ਆਪਣਾ ਸਵਾਂਗ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਏਕੰਕਾਰ ਦਰ ਤੇਰੇ ਅਲਖ ਜਗਾਈਆ । ਸਤਿਗੁਰ ਸ਼ਬਦ ਕਹੇ ਮੇਰੇ ਮਹਿਬੂਬ, ਮੁਹੱਬਤ ਵਿਚ ਦਿਆਂ ਜਣਾਈਆ । ਤੇਰਾ ਧਾਮ ਆਲੀਸ਼ਾਨ ਅਰੂਜ, ਅਰਸ਼ ਫ਼ਰਸ਼ ਤੇਰੀ ਵਡਿਆਈਆ । ਆਪਣੀ ਮੰਜ਼ਲ ਵੇਖ ਮਕਸੂਦ, ਮਹਿਬਾਨ ਬੀਦੋ ਬੀਖ਼ੈਰ ਯਾ ਅਲਾਹ ਤੇਰੀ ਸਰਨਾਈਆ । ਮੈਂ ਦਰ ਤੇਰੇ ਮੌਜੂਦ, ਹਾਜ਼ਰ ਹੋ ਕੇ ਰਿਹਾ ਜਣਾਈਆ । ਦਰੋਹੀ ਕਲਜੁਗ ਕੂੜੀ ਕਿਰਿਆ ਸਦੀ ਚੌਧਵੀਂ ਕਰ ਨੇਸਤੋ ਨਾਬੂਦ, ਜੜ੍ਹ ਧਰਨੀ ਧਰਤ ਧਵਲ ਦੇ ਉਖੜਾਈਆ । ਮਾਇਆ ਮਮਤਾ ਕਰੇ ਕੂਚ, ਕੂਚਾ ਗਲੀ ਕਰ ਸਫ਼ਾਈਆ । ਜਿਸ

ਕਾਰਨ ਗੋਬਿੰਦ ਬੱਚੇ ਗਏ ਝੂਜ, ਅਜੀਤ ਜੁਝਾਰ ਦੇਣ ਗਵਾਹੀਆ । ਦੀਨ ਦੁਨੀ ਵਿਚੋਂ ਕਢ ਦੇ ਦੂਜ, ਇਕੋ ਆਪਣਾ ਰੰਗ ਰੰਗਾਈਆ । ਪੁਰਖ ਅਕਾਲੇ ਤੇਰੀ ਹੋਵੇ ਪੂਜ, ਸਿਲ ਪਾਹਨ ਪਾਥਰ ਸੀਸ ਨਾ ਕੋਇ ਨਿਵਾਈਆ । ਕੂੜ ਵਿਕਾਰ ਹੰਕਾਰ ਕਾਇਆ ਮੰਦਰ ਅੰਦਰ ਹੂੰਝ, ਸ਼ਬਦੀ ਧਾਰ ਕਰ ਸਫ਼ਾਈਆ । ਸਭ ਦੀ ਨਿਰਮਲ ਕਰ ਬੁਧ, ਸ੍ਰੇਸ਼ਟ ਆਪਣਾ ਰੰਗ ਰੰਗਾਈਆ । ਤੁਧ ਬਿਨ ਅਵਰ ਲਏ ਕੋਈ ਨਾ ਸੁੱਧ, ਬਸੁੱਧਾ ਦਏ ਦੁਹਾਈਆ । ਸ੍ਰਿਸ਼ਟੀ ਕਰਨਹਾਰੀ ਯੁੱਧ, ਝਗੜੇ ਵਿਚ ਦਿਸੇ ਮਾਤ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਤਿਗੁਰ ਸ਼ਬਦ ਕਹੇ ਮੇਰੇ ਪੁਰਖ ਅਕਾਲੇ, ਸਾਹਿਬ ਤੇਰੀ ਵਡਿਆਈਆ । ਫਲ ਰਿਹਾ ਕਿਸੇ ਨਾ ਡਾਲੇ, ਪਤ ਟਹਿਣੀ ਸਿੰਮਲ ਰੂਪ ਲਹਿਰਾਈਆ । ਵੇਖ ਖੇਲ ਆਪਣਾ ਹਾਲੇ, ਹਾਲਤ ਵਿਗੜੀ ਜਗਤ ਲੋਕਾਈਆ । ਦੀਨ ਦੁਨੀ ਦੇ ਬਦਲ ਗਏ ਚਾਲੇ, ਚਾਰੋਂ ਕੁੰਟ ਰਹੀ ਕੁਰਲਾਈਆ । ਤੇਰੇ ਨਾਮ ਦੀ ਘਾਲ ਕੋਈ ਨਾ ਘਾਲੇ, ਕਾਮ ਕਰੋਧ ਲੋਭ ਮੋਹ ਹੰਕਾਰ ਘਰ ਘਰ ਡੇਰਾ ਲਾਈਆ । ਸਭ ਦਾ ਅੰਤਮ ਹੱਲ ਕਰ ਸਵਾਲੇ, ਮਿਹਰਵਾਨ ਪ੍ਰਭ ਆਪਣੀ ਦਇਆ ਕਮਾਈਆ । ਜੋ ਸ਼ਬਦ ਸੰਦੇਸ਼ਾ ਦੇ ਕੇ ਗਿਆ ਨਾਨਕ ਸਤਿਗੁਰ ਬਾਲੇ, ਅਗੰਮ ਅਥਾਹ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੇਰੀ ਵੱਜੇ ਨਾਮ ਵਧਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਮੈਂ ਵੇਖੀ ਤੇਰੀ ਭਜਨ ਬੰਦਗੀ, ਹਰ ਘਟ ਅੰਤਰ ਫੋਲ ਫੁਲਾਈਆ । ਵਸਤ ਮਿਲੇ ਨਾ ਕਿਸੇ ਅਨੰਦ ਦੀ, ਨਿਜਾਨੰਦ ਪਰਮਾਨੰਦ ਵਿਚ ਨਾ ਕੋਇ ਸਮਾਈਆ । ਲਿਵ ਛੁੱਟੇ ਨਾ ਕੂੜ ਕੁੜਿਆਰੇ ਗੰਦ ਦੀ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਸਮਝ ਆਏ ਨਾ ਕਿਸੇ ਬ੍ਰਹਮ ਹੰ ਦੀ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਜੋਤ ਨਜ਼ਰ ਨਾ ਆਏ ਤੇਰੇ ਗੋਬਿੰਦ ਚੰਨ ਦੀ, ਚਾਰੋਂ ਕੁੰਟ ਅੰਧੇਰਾ ਛਾਈਆ । ਮੇਰੀ ਆਸਾ ਸਾਹਿਬ ਸੁਲਤਾਨ ਇਕੋ ਮੰਗ ਮੰਗਦੀ, ਮਾਂਗਤ ਹੋ ਝੋਲੀ ਡਾਹੀਆ । ਦੀਨ ਦੁਨੀ ਖੇਲ ਵੇਖ ਭੁੱਖ ਨੰਗ ਦੀ, ਦੁਖੀਆਂ ਦਰਦ ਨਾ ਕੋਇ ਗਵਾਈਆ । ਸੁਤ ਸ਼ਬਦ ਧਾਰ ਕੋਈ ਨਾ ਗੰਢਦੀ, ਅੰਤਰ ਨਿਰੰਤਰ ਰੰਗ ਨਾ ਕੋਇ ਚੜ੍ਹਾਈਆ । ਚਾਰੋਂ ਕੁੰਟ ਤਿਆਰੀ ਜੰਗ ਦੀ, ਝਗੜੇ ਵਿਚ ਸਰਬ ਦੁਹਾਈਆ । ਵੇਖ ਖੇਲ ਆਪਣੀ ਵਰਭੰਡ ਦੀ, ਬ੍ਰਹਿਮੰਡ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਆਸਾ ਪੂਰ ਕਰਾਈਆ । ਪੁਰਖ ਅਕਾਲ ਕਹੇ ਸੁਣ ਸ਼ਬਦ ਮੇਰੇ ਦੁਲਾਰੇ, ਦੂਲ੍ਹੇ ਧੁਰ ਦੇ ਦਿਆਂ ਦ੍ਰਿੜਾਈਆ । ਔਹ ਵੇਖ ਤੇਈ ਅਵਤਾਰੇ, ਦਰ ਬੈਠੇ ਸੀਸ ਨਿਵਾਈਆ । ਤੱਕ ਹਜ਼ਰਤ ਈਸਾ ਮੂਸਾ ਮੁਹੰਮਦ ਬਣੇ ਭਿਖਾਰੇ, ਖ਼ਾਲੀ ਝੋਲੀਆਂ ਅੱਗੇ ਡਾਹੀਆ । ਗੁਰੂ ਧਾਰ ਵੇਖ ਵਣਜਾਰੇ, ਵਣਜ ਇਕੋ ਇਕ ਸਮਝਾਈਆ । ਸਭ ਦੇ ਲਹਿਣੇ ਦੇਣੇ ਪੂਰੇ ਕਰਨੇ ਵਿਚ ਸੰਸਾਰੇ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਕਰਨੀ ਖੇਲ ਆਪ ਨਿਰੰਕਾਰੇ, ਨਿਰਗੁਣ ਨਿਰਵੈਰ ਹੁਕਮ ਵਰਤਾਈਆ । ਜਿਸ ਨੇ ਪੰਧ ਮੁਕਾਉਣੇ ਜੁਗ ਚਾਰੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੇਖਾ ਦਏ ਚੁਕਾਈਆ । ਸਤਿਜੁਗ ਸਾਚੇ ਦਏ ਹੁਲਾਰੇ, ਸਤਿ ਸਤਿਵਾਦੀ ਆਪ ਉਠਾਈਆ । ਹੁਕਮ ਦੇਵੇ ਸੱਚੀ ਸਰਕਾਰੇ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਾਚੀ ਕਾਰ ਕਮਾਈਆ । ਪੁਰਖ ਅਕਾਲ ਕਿਹਾ ਸੁਣ ਅਗੰਮੀ ਸ਼ਬਦ ਸੁਤ , ਸਤਿ ਦਿਆਂ ਸਮਝਾਈਆ । ਇਹ ਖੇਲ ਅਬਿਨਾਸ਼ੀ ਅਚੁਤ, ਚਾਰੇ ਕੁੰਟ ਖੋਜ ਖੁਜਾਈਆ ।

ਕਲਜੁਗ ਵਿਚ ਸਤਿਜੁਗ ਸੁਹਾਉਣੀ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਪਵਿੱਤਰ ਕਰਨੇ ਕਾਇਆ ਬੁਤ, ਬੁਤਖ਼ਾਨਿਆਂ ਕਰੇ ਸਫ਼ਾਈਆ । ਤੂੰ ਵੀ ਮੇਰੀ ਧਾਰੋਂ ਜਾਣਾ ਉਠ, ਨਿਰਗੁਣ ਧਾਰ ਲੈ ਅੰਗੜਾਈਆ । ਕਲਜੁਗ ਕੂੜੀ ਕਿਰਿਆ ਜੜ੍ਹ ਦੇਣੀ ਪੁੱਟ, ਧਰਨੀ ਧਰਤ ਧਵਲ ਰਹਿਣ ਨਾ ਪਾਈਆ । ਫੇਰ ਸਵਾਧਾਨ ਹੋ ਕੇ ਲਈਂ ਪੁਛ, ਨਿਉਂ ਨਿਉਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਹ ਸਚ ਦਿਆਂ ਜਣਾਈਆ । ਸ਼ਬਦ ਸੁਤ ਦਇਆ ਧਾਰ, ਦਇਆ ਕਮਾਵਾਂਗਾ । ਖੇਲ ਕਰ ਸੰਸਾਰ, ਕੂੜੀ ਕਿਰਿਆ ਮੇਟ ਮਿਟਾਵਾਂਗਾ । ਸ਼ਬਦ ਜੋਤ ਅਗੰਮ ਅਪਾਰ, ਨੂਰ ਜ਼ਹੂਰ ਚਮਕਾਵਾਂਗਾ । ਕੂੜੀ ਕਿਰਿਆ ਕਰ ਗ੍ਰਿਫ਼ਤਾਰ, ਸ਼ਬਦੀ ਡੋਰੀ ਤੰਦ ਬੰਧਾਵਾਂਗਾ । ਹੁਕਮੇ ਅੰਦਰ ਰੱਖ ਪੈਗ਼ੰਬਰ ਅਵਤਾਰ, ਗੁਰੂ ਗੁਰਦੇਵ ਇਕ ਜਣਾਵਾਂਗਾ । ਕਾਲੀ ਰੈਣ ਮੇਟ ਕੇ ਧੂੰਆਂਧਾਰ, ਨੂਰੀ ਜੋਤ ਚੰਦ ਚਮਕਾਵਾਂਗਾ । ਸਤਿ ਸਚ ਦਾ ਕਰ ਜੈਕਾਰ, ਕਲਮਾ ਇਕੋ ਨਾਮ ਪੜ੍ਹਾਵਾਂਗਾ । ਧਰਮ ਦੀ ਧਾਰ ਤੇਰਾ ਪਿਆਰ, ਪਿਤਾ ਪੂਤ ਗੋਦ ਸੁਹਾਵਾਂਗਾ । ਏਕਾ ਰੰਗ ਰੰਗਾ ਕੇ ਪੁਰਖ ਨਾਰ, ਨਰ ਨਰਾਇਣ ਡੰਕ ਵਜਾਵਾਂਗਾ । ਸਤਿਜੁਗ ਸਚ ਹੋਏ ਅਧਾਰ, ਉਦਰ ਆਪਣੇ ਵਿਚੋਂ ਪਰਗਟਾਵਾਂਗਾ । ਇਹ ਖੇਲ ਅਲਖ ਅਗੋਚਰ ਕਰੇ ਅਗੰਮ ਅਪਾਰ, ਅਪਰੰਪਰ ਆਪਣੀ ਕਾਰ ਕਮਾਵਾਂਗਾ । ਜੋ ਕਹਿ ਕੇ ਗਏ ਪੈਗ਼ੰਬਰ ਗੁਰੂ ਅਵਤਾਰ, ਭਵਿਖਤ ਸਭ ਦੇ ਵੇਖ ਵਖਾਵਾਂਗਾ । ਪੇਸ਼ੀਨਗੋਈਆਂ ਰੱਖਾਂ ਆਪਣੇ ਨਾਲ, ਨਿਤ ਨਵਿਤ ਆਪਣਾ ਖੇਲ ਖਿਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮਾਰਗ ਆਪ ਵਖਾਵਾਂਗਾ । ਸਤਿਗੁਰ ਸ਼ਬਦ ਕਹੇ ਪ੍ਰਭ ਸਾਚਾ ਮਾਰਗ ਲਾ ਦੇ ਜਗ, ਜਾਗਰਤ ਜੋਤ ਕਰ ਰੁਸ਼ਨਾਈਆ । ਤ੍ਰੈਗੁਣ ਮਾਇਆ ਬੁਝਾ ਦੇ ਅੱਗ ਅਗਨੀ ਤਤ ਨਾ ਕੋਇ ਤਪਾਈਆ । ਨੂਰੀ ਦਰਸ ਦੇ ਉਪਰ ਸ਼ਾਹਰਗ, ਨੌਂ ਦਵਾਰੇ ਡੇਰਾ ਢਾਹੀਆ । ਤੇਰਾ ਖੇਲ ਸੂਰੇ ਸਰਬਗ, ਕਾਇਆ ਮੰਦਰ ਅੰਦਰ ਵੇਖ ਵਖਾਈਆ । ਬਿਨ ਕਾਅਬਿਓ ਕਰਾ ਦੇ ਹੱਜ, ਹੁਜਰਾ ਇਕੋ ਇਕ ਸੁਹਾਈਆ । ਦੀਨ ਮਜ਼੍ਹਬ ਦੀ ਮੇਟ ਦੇ ਹੱਦ, ਮਾਨਵ ਮਾਨਸ ਮਾਨੁਖ ਇਕੋ ਰੰਗ ਰੰਗਾਈਆ । ਸਾਰੇ ਪੁਰਖ ਅਕਾਲ ਤੇਰੀ ਯਦ, ਤੂੰ ਇਕੋ ਜੰਮਣ ਵਾਲੀ ਪਿਤਾ ਮਾਈਆ । ਕਿਉਂ ਤੇਰੀ ਆਤਮਾ ਤੈਨੂੰ ਗਈ ਛਡ, ਲੋਕਮਾਤ ਹੋਈ ਪਰਾਈਆ । ਧਰਮ ਨਿਸ਼ਾਨਾ ਇਕੋ ਗੱਡ, ਚਾਰ ਕੁੰਟ ਦਏ ਹਿਲਾਈਆ । ਸੰਤ ਸੁਹੇਲੇ ਆਪਣੇ ਸੱਦ, ਭਰਮ ਸਭ ਦਾ ਮੇਟ ਮਿਟਾਈਆ । ਤੇਰਾ ਨੂਰ ਤੈਥੋਂ ਰਹੇ ਨਾ ਕਦੇ ਅਲੱਗ, ਵੱਖਰਾ ਦਰ ਨਾ ਕਦੇ ਸਮਝਾਈਆ । ਪੁਰਖ ਅਕਾਲੇ ਦੀਨ ਦਿਆਲੇ ਔਹ ਵੇਖ ਕਲਜੁਗ ਜੀਵ ਬਣੇ ਕੱਗ, ਹੰਸ ਰੂਪ ਨਾ ਕੋਇ ਪਰਗਟਾਈਆ । ਜਗਤ ਪਿਆਲੇ ਪੀ ਕੇ ਮਦਿ, ਨਾਮ ਖ਼ੁਮਾਰੀ ਨਾ ਕੋਇ ਰਖਾਈਆ । ਬਾਹਰੋਂ ਬਣੇ ਬਗੜੇ ਬਪ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਸਚ ਸਾਚੀ ਖੇਲ ਖਿਲਾਈਆ । ਪੁਰਖ ਅਕਾਲ ਕਹੇ ਸ਼ਬਦ ਸੁਤ ਔਹ ਵੇਖ ਨਜ਼ਾਰਾ, ਨਜ਼ਰੀਆ ਦਿਆਂ ਬਦਲਾਈਆ । ਕਲਜੁਗ ਅੰਤਮ ਕਰਾਂ ਕਿਨਾਰਾ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਸਚ ਹੋਏ ਵਰਤਾਰਾ, ਵਿਸ਼ੇਸ਼ ਵਿਦਿਆ ਇਕ ਪੜ੍ਹਾਈਆ । ਜਿਸ ਨੂੰ ਮੰਨਣ ਗੁਰੂ ਅਵਤਾਰਾ, ਪੈਗ਼ੰਬਰ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਨਾ ਕੋਇ ਉਜਰਦਾਰਾ, ਸਾਰੇ ਨਿਉਂ ਨਿਉਂ ਲਾਗਣ ਪਾਈਆ । ਤੂੰ ਬਣਿਆ ਮੇਰਾ ਬਰਖ਼ੁਰਦਾਰਾ, ਬਦੀ ਕਲਜੁਗ ਦੇਣੀ ਗਵਾਈਆ । ਸਤਿਗੁਰ ਰੂਪ ਹੋਣਾ ਜ਼ਾਹਰਾ, ਜ਼ਾਹਰ ਜ਼ਹੂਰ ਕਰਨੀ ਰੁਸ਼ਨਾਈਆ । ਔਹ ਵੇਖ ਕੁਛ ਝਗੜਾ ਪੈਣਾ ਵਿਚ ਕਾਹਿਰਾ, ਮੁਹੰਮਦ

ਇਸ਼ਾਰੇ ਨਾਲ ਸਮਝਾਈਆ । ਨੌਂ ਸੌ ਵਰਗ ਮੀਲ ਦਾ ਹੋਣਾ ਦਾਇਰਾ, ਕਾਇਮ ਮੁਕਾਮ ਰਿਹਾ ਦ੍ਰਿੜਾਈਆ । ਇਹ ਖੇਲ ਪ੍ਰਭੂ ਦਾ ਗਹਿਰਾ, ਸ਼ਾਸਤਰ ਸਿਮਰਤ ਨਾ ਕੋਇ ਸਮਝਾਈਆ । ਕਲਜੁਗ ਵਖਾਏ ਆਪਣੀ ਲਹਿਰਾ, ਲਹਿਰ ਲਹਿਰ ਵਿਚੋਂ ਦਰਸਾਈਆ । ਜਿਸ ਦੀ ਸਿਫ਼ਤ ਕੋਈ ਕਰ ਨਾ ਸਕੇ ਅਕਲ ਬੁੱਧੀ ਵਿਚ ਸ਼ਾਇਰਾ, ਸ਼ਹਿਨਸ਼ਾਹ ਰਿਹਾ ਜਣਾਈਆ । ਕੋਈ ਹੋਵੇ ਨਾ ਦਾਰ ਪਹਿਰਾ, ਅੱਗੇ ਹੋ ਨਾ ਕੋਇ ਬਚਾਈਆ । ਕਲਜੁਗ ਕੂੜ ਕੁਕਰਮ ਹੋਇਆ ਬਹਿਰਾ, ਹਰਿ ਕਾ ਨਾਮ ਸੁਣਨ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰੀ ਬੰਦਨਾ, ਪ੍ਰਭ ਡੰਡਾਵਤ ਸੀਸ ਨਿਵਾਈਆ । ਕਿਸ ਬਿਧ ਕੂੜੀ ਕਿਰਿਆ ਕਰੇ ਖੰਡਨਾ, ਬਿਨ ਖੜਗ ਖੰਡਾ ਚਮਕਾਈਆ । ਸਚ ਦੇਵੇ ਅਨੰਦਨਾ, ਅਨੰਦਪੁਰੀ ਵਾਲਾ ਨਾਲ ਮਿਲਾਈਆ । ਕਿਸ ਬਿਧ ਕਲਜੁਗ ਕੂੜਾ ਵੰਵਣਾ, ਸਾਹਿਬ ਸਵਾਮੀ ਦੇਣਾ ਸਮਝਾਈਆ । ਸਦੀ ਚੌਧਵੀਂ ਅੰਤਮ ਲੰਘਣਾ, ਲੋਕਮਾਤ ਰਹਿਣ ਨਾ ਪਾਈਆ । ਕਵਣ ਸੇਜ ਸੁਹਾਏ ਪਲੰਘਣਾ, ਆਸਣ ਸਿੰਘਾਸਣ ਕਵਣ ਰਖਾਈਆ । ਕਵਣ ਚਾੜ੍ਹੇਂ ਆਪਣੀ ਰੰਗਣਾ, ਰੰਗਤ ਇਕ ਰੰਗਾਈਆ । ਕਿਸ ਬਿਧ ਤੇਰਾ ਨਗਾਰਾ ਵੱਜਣਾ, ਡੰਕਾ ਸ਼ਬਦ ਕਰੇ ਸ਼ਨਵਾਈਆ । ਕਲਜੁਗ ਗੜ੍ਹ ਹੰਕਾਰੀ ਭੱਜਣਾ, ਭਾਂਡਾ ਭਰਮ ਭਉ ਭੰਨਾਈਆ । ਸਤਿਜੁਗ ਸਾਚਾ ਕਿਸ ਬਿਧ ਲੱਗਣਾ, ਲੋਕਮਾਤ ਲਏ ਅੰਗੜਾਈਆ । ਕੀ ਖੇਲ ਹੋਣਾ ਕਾਇਆ ਮਾਟੀ ਬਦਨਾ, ਸਾਢੇ ਤਿੰਨ ਹੱਥ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪੁਰਖ ਅਕਾਲ ਕਹੇ ਮੇਰੇ ਸੁਤ ਦੁਲਾਰੇ ਇਹ ਮੇਰਾ ਇਕਬਾਲ, ਇਕਬਾਲੀ ਗੁਰ ਅਵਤਾਰ ਪੈਗ਼ੰਬਰ ਲੈਣੇ ਕਰਾਈਆ । ਵੇਖੇ ਲੋਕਮਾਤ ਆਪਣੀ ਧਰਮਸਾਲ, ਸਚ ਦਵਾਰੇ ਫੋਲ ਫੁਲਾਈਆ । ਜਲਵਾ ਰਿਹਾ ਨਾ ਕੋਇ ਜਲਾਲ, ਨੂਰੀ ਨੂਰ ਨਾ ਕੋਇ ਚਮਕਾਈਆ । ਝਗੜਾ ਤਕੋ ਸ਼ਾਹ ਕੰਗਾਲ, ਜ਼ਾਤ ਪਾਤ ਪਈ ਦੁਹਾਈਆ । ਆਤਮ ਪਰਮਾਤਮ ਮਿਲੇ ਕਿਸੇ ਨਾ ਨਾਲ, ਪਾਰਬ੍ਰਹਮ ਬ੍ਰਹਮ ਜੋੜ ਨਾ ਕੋਇ ਜੁੜਾਈਆ । ਸਚ ਦੱਸੋ ਤੁਸੀਂ ਕਿਸ ਦੀ ਕੀਤੀ ਸੰਭਾਲ, ਸੰਬਲ ਬਹਿ ਕੇ ਮੰਗ ਮੰਗਾਈਆ । ਪੁਰਖ ਅਕਾਲਾ ਬਣ ਦਲਾਲ, ਦਲਾਲੀ ਧਰਮ ਧਾਰ ਜਣਾਈਆ । ਕਲਜੁਗ ਬਦਲ ਕੇ ਆਪਣੀ ਚਾਲ, ਚਾਲ ਨਿਰਾਲੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਲਜੁਗ ਅੰਤ ਬਦਲਾਵਾਂਗਾ । ਬਣ ਕੇ ਧੁਰ ਦਾ ਕੰਤ, ਸੇਜ ਸੁਹੰਜਣੀ ਇਕ ਸੁਹਾਵਾਂਗਾ । ਸਤਿਜੁਗ ਚਾੜ੍ਹ ਕੇ ਅਗੰਮਾ ਰੰਗ ਬਸੰਤ, ਬਸਨ ਬਨਵਾਰੀ ਹੋ ਕੇ ਵੇਖ ਵਖਾਵਾਂਗਾ । ਸਾਚੇ ਨਾਮ ਦਾ ਦੇ ਕੇ ਮੰਤ, ਮੰਤਰ ਇਕੋ ਇਕ ਜਣਾਵਾਂਗਾ । ਬੋਧ ਅਗਾਧਾ ਬਣ ਕੇ ਪੰਡਤ, ਬੁਧੀ ਤੋਂ ਪਰੇ ਆਪ ਸਮਝਾਵਾਂਗਾ । ਹਉਮੇ ਗੜ੍ਹ ਤੋੜ ਕੇ ਹੰਗਤ, ਹੰ ਬ੍ਰਹਮ ਆਪ ਵਖਾਵਾਂਗਾ । ਚਾਰ ਵਰਨ ਬਣਾ ਕੇ ਸੰਗਤ, ਸਗਲਾ ਸੰਗ ਵਖਾਵਾਂਗਾ । ਗੁਰਮੁਖ ਕਿਸੇ ਦਰ ਨਾ ਹੋਵੇ ਮੰਗਤ, ਭਗਤ ਭਗਵਾਨ ਜੋੜ ਜੁੜਾਵਾਂਗਾ । ਜੋ ਸੰਦੇਸ਼ਾ ਦੇ ਕੇ ਗਿਆ ਸ਼ਬਦੀ ਧਾਰ ਅੰਗਦ, ਅੰਗੀਕਾਰ ਇਕ ਅਖਵਾਵਾਂਗਾ । ਸਭ ਦਾ ਲਹਿਣਾ ਦੇਣਾ ਚੁਕਾਵਾਂ ਨਕਦ, ਉਧਾਰ ਅੱਗੇ ਨਾ ਕੋਇ ਜਣਾਵਾਂਗਾ । ਸ਼ਬਦ ਸੰਦੇਸ਼ਾ ਦੇਵਾਂ ਸਖ਼ਤ, ਧੁਰ ਫ਼ਰਮਾਨਾ ਆਪ ਜਣਾਵਾਂਗਾ । ਧਰਨੀ ਕਰ ਕੇ ਸੁਹੇਲਾ ਵਕਤ, ਸੁਹੰਜਣਾ ਆਪ ਬਦਲਾਵਾਂਗਾ । ਇਕੋ ਤੇਰੀ ਸ਼ਬਦ ਗੁਰੂ ਦੀ ਸ਼ਕਤ, ਸ਼ਕਤੀ ਸਭ ਦੀ ਖਿੱਚ ਵਖਾਵਾਂਗਾ । ਕਲਜੁਗ ਵਿਚ ਸਤਿਜੁਗ

੧੮੦
੨੨

ਇਹੋ ਹੋਵੇ ਫ਼ਰਕ, ਫ਼ਿਕਰਾ ਇਕੋ ਨਾਮ ਦ੍ਰਿੜਾਵਾਂਗਾ । ਪਿਛਲਾ ਲਹਿਣਾ ਸਭ ਨੇ ਕਰਨਾ ਤਰਕ, ਤੁਰਤ ਅਗਲਾ ਰਾਹ ਦਰਸਾਵਾਂਗਾ । ਫਿਰੇ ਦਰੋਹੀ ਫ਼ਰਸ਼ ਅਰਸ਼, ਜ਼ਿਮੀਂ ਅਸਮਾਨਾਂ ਰੰਗ ਚੜ੍ਹਾਵਾਂਗਾ । ਗ਼ਰੀਬ ਨਿਮਾਣਿਆਂ ਉਤੇ ਕਰ ਕੇ ਤਰਸ, ਰਹਿਮਤ ਹੱਕ ਹਕੀਕਤ ਆਪ ਕਮਾਵਾਂਗਾ । ਖੇਲ ਵੇਖਣਾ ਏਸੇ ਬਰਸ, ਸੰਮਤ ਸੰਮਤੀ ਪੜਦਾ ਲਾਹਵਾਂਗਾ । ਛੱਬੀ ਪੋਹ ਖੇਲ ਅਸਚਰਜ, ਅਚਰਜ ਲੀਲਾ ਆਪ ਵਰਤਾਵਾਂਗਾ । ਗੁਰ ਅਵਤਾਰ ਪੈਗ਼ੰਬਰਾਂ ਲੈ ਕੇ ਆਉਣਾ ਧਰਮ ਦੀ ਫ਼ਰਦ, ਫ਼ੈਸਲੇ ਹੱਕੋ ਹੱਕ ਸੁਣਾਵਾਂਗਾ । ਇਕ ਜੈਕਾਰਾ ਦੋ ਜਹਾਨਾਂ ਬੋਲਣਾ ਗਰਜ, ਗ਼ਰਜ਼ ਸਭ ਦੀ ਵੇਖ ਵਖਾਵਾਂਗਾ । ਯੋਧਾ ਸੂਰਬੀਰ ਬਣ ਮਰਦਾਨਾ ਮਰਦ, ਮੁੱਦਾ ਇਕੋ ਇਕ ਦਰਸਾਵਾਂਗਾ । ਸ਼ਰਅ ਛੁਰੀ ਕਸਾਈ ਬਣੇ ਕੋਈ ਨਾ ਕਰਦ, ਕਾਤਲ ਮਕਤੂਲ ਪੰਧ ਮੁਕਾਵਾਂਗਾ । ਪੁੱਠੀ ਸਿੱਧੀ ਕਰ ਕੇ ਨਰਦ, ਨਰ ਨਰਾਇਣ ਭੇਵ ਖੁਲ੍ਹਾਵਾਂਗਾ । ਝਗੜਾ ਮੇਟਣਾ ਮਸੀਤ ਚਰਚ, ਚਰਾਗਾਹਾਂ ਜੋਤ ਪਰਗਟਾਵਾਂਗਾ । ਗ਼ਰੀਬ ਨਿਮਾਣਿਆਂ ਵੰਡ ਕੇ ਦਰਦ, ਦੁਖੀਆਂ ਆਪਣੀ ਗੋਦ ਉਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦਵਾਰਾ ਇਕ ਦਰਸਾਵਾਂਗਾ । ਧਰਮ ਦਵਾਰ ਇਕ ਦਰਸਾਏਗਾ । ਦੀਨ ਦਿਆਲ ਦਇਆ ਕਮਾਏਗਾ । ਪੁਰਖ ਅਕਾਲਾ ਵੇਸ ਵਟਾਏਗਾ । ਜੋਤ ਜਵਾਲਾ ਅਗਨ ਬੁਝਾਏਗਾ । ਪੂਜਾ ਮਾਲਾ ਮਣਕਾ ਫੋਲ ਫੁਲਾਏਗਾ । ਸਾਚੀ ਧਰਮਸਾਲਾ ਵੇਖ ਵਖਾਏਗਾ । ਕੌਣ ਸ਼ਾਹ ਕਵਣ ਕੰਗਾਲਾ, ਅੰਤਰ ਆਪਣਾ ਭੇਵ ਚੁਕਾਏਗਾ । ਕਲਜੁਗ ਤੋੜ ਤ੍ਰੈਗੁਣ ਜੰਜਾਲਾ, ਕੂੜੀ ਕਿਰਿਆ ਡੇਰਾ ਢਾਹੇਗਾ । ਜਿਸ ਦਾ ਅਵਤਾਰ ਪੈਗ਼ੰਬਰ ਗੁਰ ਭਵਿਖਤਾਂ ਵਿਚ ਦੇ ਕੇ ਗਏ ਅਹਿਵਾਲਾ, ਸੋ ਸਵਾਮੀ ਖੇਲ ਖਿਲਾਏਗਾ । ਲੇਖਾ ਜਾਣ ਕਾਲ ਮਹਾਂਕਾਲਾ, ਮਿਹਰਵਾਨ ਆਪਣੀ ਕਲ ਵਰਤਾਏਗਾ । ਫਲ ਰਹੇ ਕਿਸੇ ਨਾ ਡਾਲਾ, ਸਿੰਮਲ ਰੁੱਖ ਜਗਤ ਲਹਿਰਾਏਗਾ । ਜਨ ਭਗਤਾਂ ਕਰੇ ਆਪ ਸੰਭਾਲਾ, ਸੰਬਲ ਬਹਿ ਕੇ ਵੇਖ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚਖੰਡ ਸਚ ਇਕ ਵਡਿਆਏਗਾ । ਸਤਿਗੁਰ ਸ਼ਬਦ ਕਹੇ ਮੇਰੀ ਇਕ ਅਰਜ਼ੋਈ, ਪ੍ਰਭ ਅਰਜ਼ ਦਿਆਂ ਸੁਣਾਈਆ । ਤੇਰਾ ਭਗਤ ਸੁਹੇਲਾ ਸੰਤ ਵਿਰਲਾ ਕੋਈ ਕੋਈ, ਕੋਟਾਂ ਵਿਚੋਂ ਨਜ਼ਰੀ ਆਈਆ । ਬਾਕੀ ਮਿਲੇ ਕਿਸੇ ਨਾ ਢੋਈ, ਢੋਲਕ ਛੈਣੇ ਰਹੇ ਖੜਕਾਈਆ । ਦੀਨ ਦੁਨੀ ਦੀ ਸੁਰਤੀ ਸੋਈ, ਸ਼ਬਦ ਹਲੂਣਾ ਨਾ ਕੋਇ ਲਗਾਈਆ । ਬਹੁੜੀ ਤੇਰਾ ਨਾਮ ਦਰੋਹੀ, ਹਾਏ ਹਾਏ ਕਰ ਸੁਣਾਈਆ । ਅੰਮ੍ਰਿਤ ਰਸ ਦੇਣਾ ਚੋਈ, ਨਿਝਰ ਝਿਰਨਾ ਇਕ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰ ਤੇਰੀ ਸਰਨਾਈਆ । ਧਰਮ ਦਵਾਰ ਦਾ ਬਣ ਕੇ ਮੰਗਤਾ, ਮਾਂਗਤ ਝੋਲੀ ਡਾਹੀਆ । ਪੁਰਖ ਅਕਾਲ ਮੇਟ ਦੇ ਮਮਤਾ, ਮੋਹ ਵਿਕਾਰ ਕਰ ਸਫ਼ਾਈਆ । ਗੜ੍ਹ ਰਹੇ ਨਾ ਹਉਮੇ ਹੰਗਤਾ, ਨਿਵਣ-ਸੁ-ਅੱਖਰ ਧਾਰ ਇਕ ਜਣਾਈਆ । ਸਤਿ ਸਰੂਪ ਬਣਾ ਲੈ ਆਪਣੀ ਜਨਤਾ, ਜੀਵ ਜੰਤ ਰਹੇ ਕੁਰਲਾਈਆ । ਇਕੋ ਇਸ਼ਟ ਦੇਵ ਸਵਾਮੀ ਮਨਾ ਲੈ ਆਪਣੀ ਮੰਨਤਾ, ਦੂਸਰ ਸੀਸ ਨਾ ਕੋਇ ਝੁਕਾਈਆ । ਪੂਰਬ ਕਰਮ ਦੀ ਰਹੇ ਕੋਈ ਨਾ ਚਿੰਤਾ, ਹਰਖ਼ ਸੋਗ ਗ਼ਮ ਦੇਣਾ ਗਵਾਈਆ । ਮੈਂ ਦਰ ਤੇਰੇ ਠਾਂਡੇ ਕਰਦਾ ਮਿੰਨਤਾ, ਨਿਉਂ ਨਿਉਂ ਲਾਗਾਂ ਪਾਈਆ । ਇਕ ਤੇਰੇ ਵਿਚ ਸ਼ਬਦੀ ਧਾਰ ਹਿੰਮਤਾ, ਹੌਸਲਾ ਅੱਗੇ ਦੇਣਾ ਵਧਾਈਆ । ਲੇਖਾ ਮੁਕਾਉਣਾ ਮੁਹੰਮਦ ਵਾਲੀ ਸੁੰਨਤਾ, ਸਾਹਿਬ ਸਤਿਗੁਰ ਤੇਰੀ ਬੇਪਰਵਾਹੀਆ । ਸਤਿਜੁਗ ਵਿਚ ਸੀਸ ਕੋਈ ਨਾ ਹੋਵੇ ਮੁੰਨਦਾ, ਮੁੱਛ ਦਾੜ੍ਹੀ ਨਾ ਕੋਇ ਕਟਾਈਆ । ਇਹੋ

ਭੰਡਾਰਾ ਤੇਰੇ ਗੁਣ ਦਾ, ਜੋ ਗੋਬਿੰਦ ਗਿਆ ਵਰਤਾਈਆ । ਝਗੜਾ ਮਿਟਾਉਣਾ ਪਾਪ ਪੁੰਨ ਦਾ, ਪੁਨਹ ਪੁਨਹ ਆਪਣਾ ਭੇਵ ਦੇਣਾ ਦਰਸਾਈਆ । ਤੂੰ ਮਾਲਕ ਖ਼ਾਲਕ ਕੁਲ ਦਾ, ਕੁਲ ਆਲਮ ਤੇਰਾ ਨਜ਼ਰੀ ਆਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰਾ ਜੀਵ ਜਹਾਨ ਭੁਲਦਾ, ਅਭੁੱਲ ਤੇਰੇ ਅੱਗੇ ਵਾਸਤਾ ਪਾਈਆ । ਤੇਰਾ ਨਾਮ ਇਕੋ ਮੁੱਲ ਦਾ, ਅਨਮੁਲੜੀ ਦਾਤ ਦੇਣੀ ਵਰਤਾਈਆ । ਤੇਰਾ ਅੰਮ੍ਰਿਤ ਕਦੇ ਨਾ ਡੁਲ੍ਹਦਾ, ਸ਼ੀਰਖ਼ਾਰ ਬੱਚੇ ਪੀ ਕੇ ਖ਼ੁਸ਼ੀ ਮਨਾਈਆ । ਤੇਰਾ ਭਗਤ ਭਗਵਾਨ ਬੂਟਾ ਕਦੇ ਨਾ ਹੁਲਦਾ, ਪੱਤ ਟਹਿਣੀ ਫੂਲ ਫਲ ਦੇਣਾ ਵਖਾਈਆ । ਤੇਰਾ ਧਰਮ ਨਿਸ਼ਾਨਾ ਝੁਲਦਾ, ਸਚਖੰਡ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੇਰੀ ਵੱਜੇ ਸਚ ਵਧਾਈਆ । ਪੁਰਖ ਅਕਾਲ ਕਹੇ ਮੇਰੇ ਬੱਚੇ ਨੰਨ੍ਹੇ, ਸ਼ਬਦੀ ਸ਼ਬਦ ਜਣਾਈਆ । ਸਚ ਫ਼ਰਮਾਨ ਮੇਰਾ ਮੰਨੇ, ਮਨ ਮਨਸਾ ਦੂਰ ਕਰਾਈਆ । ਕਰਨਾ ਪ੍ਰਕਾਸ਼ ਪੰਜ ਤਤ ਤੰਨੇ, ਵਜੂਦ ਮਹਿਬੂਬ ਦੇਣਾ ਦਰਸਾਈਆ । ਲੇਖਾ ਮੁਕਾਉਣਾ ਗੋਬਿੰਦ ਵਾਲੇ ਕੰਨੇ, ਕਾਇਨਾਤ ਪੜਦਾ ਦੇਣਾ ਚੁਕਾਈਆ । ਲਹਿਣਾ ਦੇਣਾ ਪੂਰਾ ਕਰਨਾ ਧੰਨੇ, ਜੋ ਜਗਤ ਗਿਆ ਸਮਝਾਈਆ । ਲੋਕਮਾਤ ਜੀਵ ਰਹਿਣ ਨਹੀਂ ਦੇਣੇ ਅੰਨ੍ਹੇ, ਨਿਜ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਸ਼ਬਦ ਸੁਣਾਉਣਾ ਬਿਨਾ ਰਾਗ ਕੰਨੇ, ਅਨਹਦ ਨਾਦੀ ਨਾਦ ਵਜਾਈਆ । ਭੇਵ ਖੁਲਾਉਣਾ ਚੌਦਾਂ ਸੌ ਤੀਹ ਅੰਕ ਨਾਨਕ ਸ਼ਬਦ ਧਾਰ ਸਿਫ਼ਤਾਂ ਵਾਲੇ ਪੰਨੇ, ਪਰਮ ਪੁਰਖ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਵੱਜਦੀ ਰਹੇ ਵਧਾਈਆ । ਸ਼ਬਦ ਕਹੇ ਮੇਰੇ ਸਾਹਿਬ ਮੇਟ ਦੇ ਦੁੱਖ, ਦੁੱਖਾਂ ਭਰੀ ਲੋਕਾਈਆ । ਧਰਨੀ ਸਫਲ ਕਰਦੇ ਕੁੱਖ, ਰੋਗ ਰਹੇ ਨਾ ਰਾਈਆ । ਭਗਤਾਂ ਉਜਲ ਕਰ ਮੁਖ, ਦੁਰਮਤ ਮੈਲ ਧਵਾਈਆ । ਬੀਰ ਬੇਤਾਲਿਆਂ ਜੜ੍ਹ ਪੁੱਟ, ਪਵਣ ਮਸਾਣਾਂ ਡੇਰਾ ਢਾਹੀਆ । ਮਵੱਕਲ ਜਾਣ ਉਠ, ਭੈ ਨਾ ਕੋਇ ਰਖਾਈਆ । ਤੇਰੇ ਨਾਮ ਦੀ ਇਕੋ ਸੁਣੀ ਹੋਵੇ ਤੁਕ, ਤੁਖ਼ਮ ਤਾਸੀਰ ਦੇਣੀ ਬਦਲਾਈਆ । ਦੀਨ ਦੁਨੀ ਦਾ ਬਦਲ ਦੇ ਰੁਖ਼, ਮਾਰਗ ਸਚ ਸਚ ਜਣਾਈਆ । ਪੜਦਾ ਓਹਲਾ ਰਹੇ ਨਾ ਲੁਕ, ਭੇਵ ਅਭੇਦ ਦੇਣਾ ਖੁਲ੍ਹਾਈਆ । ਜਨ ਭਗਤ ਸੁਹੇਲੇ ਉਠਾ ਲੈ ਸੁਤ, ਦੁਲਾਰੇ ਆਪਣੀ ਗੋਦ ਟਿਕਾਈਆ । ਕੂੜੀ ਕਿਰਿਆ ਕਲਪਨਾ ਪੈਂਡਾ ਜਾਏ ਮੁਕ, ਅੱਗੇ ਅਵਰ ਨਾ ਕੋਇ ਵਧਾਈਆ । ਸਭ ਦੇ ਅੰਦਰ ਦੇ ਦੇ ਸੁਚ, ਸੰਜਮ ਇਕ ਜਣਾਈਆ । ਤੇਰੀ ਧਾਰ ਮਾਨਸ ਮਾਨੁਖ, ਆਤਮ ਪਰਮਾਤਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦੇਣਾ ਉਠਾਈਆ । ਸਾਚਾ ਪੜਦਾ ਦੇ ਲਾਹ, ਲਹਿਣਾ ਸਭ ਦੀ ਝੋਲੀ ਪਾਈਆ । ਖੇਵਟ ਖੇਟਾ ਬਣ ਮਲਾਹ, ਨਾਮ ਨਈਆ ਨੌਕਾ ਇਕ ਵਖਾਈਆ । ਗੁਰ ਅਵਤਾਰ ਪੈਗ਼ੰਬਰ ਬਣਾ ਗਵਾਹ, ਸ਼ਹਾਦਤ ਇਕੋ ਵਾਰ ਦੇਣੀ ਭੁਗਤਾਈਆ । ਸਤਿਜੁਗ ਸਚ ਲੈ ਪਰਗਟਾ, ਪਰਗਣਾ ਆਪਣਾ ਇਕ ਜਣਾਈਆ । ਕਲਜੁਗ ਕੂੜੀ ਕਿਰਿਆ ਦੇ ਮਿਟਾ, ਮਿੱਟੀ ਖ਼ਾਕ ਨਾ ਕੋਇ ਉਡਾਈਆ । ਓਹ ਵੇਖ ਪੈਗ਼ੰਬਰ ਕਰਨ ਦੁਆ, ਵਾਸਤਾ ਤੇਰੇ ਅੱਗੇ ਪਾਈਆ । ਤੂੰ ਮਹਿਬੂਬ ਹਕੀਕਤ ਵਾਲਾ ਖ਼ੁਦਾ, ਖ਼ੁਦੀ ਤਕੱਬਰੀ ਦੇਣੀ ਗਵਾਈਆ । ਅਮਾਮ ਅਮਾਮਾ ਤੇਰੀ ਇਕ ਸਰਨਾ, ਸਰਨਗਤ ਇਕ ਜਣਾਈਆ । ਵਾਹਿਦ ਕਲਮਾ ਕਾਇਨਾਤ ਪੜ੍ਹਾ, ਸੰਦੇਸ਼ਾ ਇਕੋ ਇਕ ਜਣਾਈਆ । ਮੇਰੇ ਮਿਹਰਵਾਨ ਮਿਹਰਵਾਂ, ਮਿਹਰ ਨਜ਼ਰ ਉਠਾਈਆ । ਜਹਾਂ ਤਹਾਂ ਹੋ ਸਹਾ, ਗ਼ਰੀਬ ਨਿਮਾਣੇ ਗਲੇ ਲਗਾਈਆ । ਦੁਖੀਆਂ ਦੁੱਖ ਦੇ ਗਵਾ, ਦਰਦੀਆਂ ਦਰਦ ਵੰਡਾਈਆ । ਤੂੰ ਦਾਤਾ ਬੇਪਰਵਾਹ, ਬੇਅੰਤ

ਤੇਰੀ ਸਰਨਾਈਆ । ਤੂੰ ਸ਼ਹਿਨਸ਼ਾਹ ਪਾਤਸ਼ਾਹ, ਦੋ ਜਹਾਨ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਸਤਿਗੁਰ ਸ਼ਬਦ ਕਹੇ ਮੇਰੀ ਅੰਤ ਅਪੀਲ, ਅਪਰੰਪਰ ਦਿਆਂ ਜਣਾਈਆ । ਮਨਸਾ ਮਨ ਨਾ ਕੋਇ ਦਲੀਲ, ਕਲਪਨਾ ਕਲ ਨਾ ਕੋਇ ਜਣਾਈਆ । ਸਭ ਦਾ ਲੇਖਾ ਪੂਰਾ ਕਰ ਜੋ ਕ੍ਰਿਸ਼ਨ ਨਾਲ ਭੀਲ, ਭੀਲਣੀ ਨਾਲ ਰਾਮ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਰੰਗਤ ਰੰਗ ਚੜ੍ਹਾਈਆ । ਸਤਿਗੁਰ ਸ਼ਬਦ ਕਹੇ ਤੇਰੇ ਨਾਮ ਦੀ ਹੋਵੇ ਜੈ, ਜੈਕਾਰ ਕਰ ਸੁਣਾਈਆ । ਭਗਤਾਂ ਅੰਤਰ ਦੁੱਖ ਕੋਈ ਨਾ ਰਹੇ, ਰਹਿਬਰ ਹੋ ਕੇ ਦੇਣਾ ਮਿਟਾਈਆ । ਜੋ ਤੇਰਾ ਭਾਣਾ ਸਹੇ, ਸਹਿਜ ਸੁਖ ਸਾਗਰ ਵਿਚ ਸਮਾਈਆ । ਅੰਮ੍ਰਿਤ ਧਾਰ ਅੰਤਰ ਵਹੇ, ਕੂੜੀ ਕਿਰਿਆ ਦਏ ਰੁੜ੍ਹਾਈਆ । ਸਾਚਾ ਨਾਮ ਵਹਾਏ ਨੈ, ਨਾਉਂ ਨਿਰੰਕਾਰਾ ਇਕ ਪਰਗਟਾਈਆ । ਸਚ ਸਿੰਘਾਸਣ ਜਾਣਾ ਬਹਿ, ਆਤਮ ਸੇਜਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਤੇਰੀ ਸ਼ਕਤੀ ਸ਼ਵੈ, ਸ਼ਿਵ ਬ੍ਰਹਮਾ ਵਿਸ਼ਨ ਸਾਰੇ ਬੈਠੇ ਸੀਸ ਨਿਵਾਈਆ ।

## ੭ ਕੱਤਕ ਸ਼ਹਿਨਸ਼ਾਹੀ ਸੰਮਤ ੫ ਬੀਬੀ ਦੀਪੋ ਦੇ ਗ੍ਰਿਹ ਪਿੰਡ ਬਾਸਰ ਕੇ



ਸਚਖੰਡ ਨਿਵਾਸੀ ਧੁਰ ਅਮਾਮ, ਪੈਗ਼ੰਬਰ ਸੀਸ ਨਿਵਾਈਆ । ਤੇਰਾ ਹੁਕਮ ਅਗੰਮ ਕਲਾਮ, ਅਲਿਫ਼ ਯੇ ਹੋਏ ਪੜ੍ਹਾਈਆ । ਮੁਕਾਮੇ ਹੱਕ ਹੱਕ ਸਲਾਮ, ਸਰਨ ਸਰਨ ਤੇਰੀ ਸਰਨਾਈਆ । ਸਦੀ ਚੌਧਵੀਂ ਵੇਖ ਅਵਾਮ, ਮਾਇਆ ਮਮਤਾ ਵਿਚ ਹਲਕਾਈਆ । ਝਗੜਾ ਦਿਸੇ ਤਮਾਮ, ਤਮਾ ਤਮੰਨਾ ਨਾ ਕੋਇ ਗਵਾਈਆ । ਹੁਜਰਿਆਂ ਵਿਚ ਹੁੰਦਾ ਹਰਾਮ, ਮਸਜਿਦ ਰਹੀ ਕੁਰਲਾਈਆ । ਸ਼ਰਅ ਨੇ ਕੀਤਾ ਗੁਲਾਮ, ਜ਼ੰਜੀਰ ਸਕੇ ਨਾ ਕੋਇ ਤੁੜਾਈਆ । ਤੇਰਾ ਨਾਮ ਹੋਇਆ ਬਦਨਾਮ, ਬਦੀ ਵਿਚ ਬਦੀ ਵੇਖ ਖ਼ਲਕ ਖ਼ੁਦਾਈਆ । ਸਾਚੀ ਮੰਜ਼ਲ ਮਿਲੇ ਨਾ ਕੋਇ ਅਸਾਨ, ਮਿਹਰਵਾਨ ਮਹਿਬੂਬ ਤੇਰਾ ਦਰਸ ਨਾ ਕੋਇ ਕਰਾਈਆ । ਹਕੀਕੀ ਪੀਏ ਕੋਈ ਨਾ ਜਾਮ, ਕੂੜੀ ਕਿਰਿਆ ਮਾਤ ਹਲਕਾਈਆ । ਜਿਧਰ ਤਕੀਏ ਉਧਰ ਸ਼ਾਮ, ਨੂਰੀ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਪੈਗ਼ੰਬਰ ਕਹਿਣ ਅਸੀਂ ਨਿਉਂ ਨਿਉਂ ਕਰਦੇ ਸੱਜਦਾ, ਪਰਵਰਦਿਗਾਰ ਤੇਰੀ ਸਰਨਾਈਆ । ਸਾਚਾ ਰਿਹਾ ਕੋਈ ਨਾ ਬਰਦਾ, ਬਦੀ ਵੇਖੀ ਥਾਉਂ ਥਾਈਆ । ਮਾਲਕ ਰਿਹਾ ਨਾ ਕੋਈ ਘਰ ਦਾ, ਬੇਵਤਨ ਹੋਈ ਲੋਕਾਈਆ । ਤੇਰੀ ਮੰਜ਼ਲ ਕੋਈ ਨਾ ਚੜ੍ਹਦਾ, ਦਰਗਹ ਸਾਚੀ ਦਰਸ ਕੋਇ ਨਾ ਪਾਈਆ । ਬੇਸ਼ਕ ਰਸਨਾ ਜਿਹਵਾ ਕਲਮਾ ਕਾਇਨਾਤ ਮਾਨਵ ਪੜ੍ਹਦਾ, ਰਸਨਾ ਜਿਹਵਾ ਬੱਤੀ ਦੰਦ ਹਿਲਾਈਆ । ਅਮਲ ਸਿਫ਼ਤ ਵਿਚ ਕੋਈ ਨਾ ਕਰਦਾ, ਗਰਿਫ਼ਤ ਕੂੜ ਹੋਈ ਲੋਕਾਈਆ । ਵਹਿਣ ਵਹੇ ਹੰਕਾਰ ਹੜ੍ਹ ਦਾ, ਮਾਇਆ ਮਮਤਾ ਰਹੀ ਕੁਰਲਾਈਆ । ਇਸ਼ਨਾਨ ਮਿਲੇ ਨਾ ਸਰੋਵਰ ਸਰ ਦਾ, ਦੁਰਮਤ ਮੈਲ ਨਾ ਕੋਇ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਪੈਗ਼ੰਬਰ ਕਹਿਣ ਓਹ ਵੇਖ ਤੇਈ ਅਵਤਾਰ ਝੁਕਦੇ, ਨਿਉਂ ਨਿਉਂ ਸੀਸ ਨਿਵਾਈਆ । ਚਾਰ ਕੁੰਟ ਦਹਿ ਦਿਸ਼ਾ ਕਲਜੁਗ ਕੂੜ ਕੁੜਿਆਰੇ ਬੁੱਕਦੇ, ਸਤਿ

ਧਰਮ ਨਾ ਕੋਇ ਜਣਾਈਆ । ਅੰਤ ਅਖ਼ੀਰ ਬੇਨਜ਼ੀਰ ਕੂੜੀ ਕਿਰਿਆ ਜੜ੍ਹ ਪੁੱਟ ਦੇ, ਪਟਨੇ ਵਾਲਾ ਨਾਲ ਰਲਾਈਆ । ਨਾਮ ਨਿਧਾਨਾ ਆਬੇਹਯਾਤ ਘੁਟ ਦੇ, ਨਿਝਰ ਝਿਰਨਾ ਇਕ ਝਿਰਾਈਆ । ਧੁਰ ਫ਼ਰਮਾਨਾ ਸ਼ਬਦ ਸੰਦੇਸ਼ਾ ਆਪਣੇ ਸੁਤ ਦੇ, ਸੁਤ ਦੁਲਾਰਾ ਇਕ ਉਠਾਈਆ । ਭੇਵ ਚੁਕਾ ਦੇ ਕਾਇਆ ਮੰਦਰ ਮਾਨਵ ਮਾਨੁੱਖ ਦੇ, ਮਾਨਸ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਸਾਚੇ ਇਕੋ ਆਸ ਰਖਾਈਆ । ਪੈਗ਼ੰਬਰ ਕਹਿਣ ਹਕੀਕਤ ਦੇ ਦੇ ਹੱਕ, ਲਾਸ਼ਰੀਕ ਤੇਰੀ ਸਰਨਾਈਆ । ਅਵਤਾਰ ਕਹਿਣ ਟੇਕਦੇ ਮਸਤਕ ਮਥ, ਧੂੜੀ ਖ਼ਾਕ ਰਮਾਈਆ । ਕਿਰਪਾ ਕਰ ਪੁਰਖ ਸਮਰਥ, ਸਾਹਿਬ ਤੇਰੀ ਵਡਿਆਈਆ । ਪੜ੍ਹ ਪੜ੍ਹ ਸ੍ਰਿਸ਼ਟੀ ਗਈ ਥੱਕ, ਤੇਰੀ ਮੰਜ਼ਲ ਚੜ੍ਹਨ ਕੋਈ ਨਾ ਪਾਈਆ । ਤੇਰੇ ਚਾਰ ਜੁਗ ਦੇ ਸ਼ਾਸਤਰ ਟਕਿਆਂ ਉਤੋਂ ਵਿਕਦੇ ਹੱਟ, ਕਰਤਾ ਕੀਮਤ ਨਾ ਕੋਇ ਪਾਈਆ । ਸਦੀ ਚੌਧਵੀਂ ਸਭ ਦਾ ਖੇੜਾ ਦਿਸੇ ਭੱਠ, ਅਗਨੀ ਅੱਗ ਨਾ ਕੋਇ ਬੁਝਾਈਆ । ਤੇਰਾ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਵਾਂਗ ਰਿਹਾ ਵਰਤਾਈਆ । ਪਰਵਰਦਿਗਾਰ ਮਹਿਬੂਬ ਮੁਹੱਬਤ ਵਿਚ ਦੀਨ ਦੁਨੀ ਦੀ ਮੈਲ ਕਟ, ਕਟਾਕਸ਼ ਆਪਣਾ ਨਾਮ ਲਗਾਈਆ । ... ... ... ... ..ਗੁਰ ਅਵਤਾਰ ਪੈਗ਼ੰਬਰ ਦੇਣ ਗਵਾਹੀਆ । ਸਾਚਾ ਮਾਰਗ ਏਕੰਕਾਰ ਇਕੋ ਦੱਸ, ਇਕ ਇਕੱਲੇ ਦਇਆ ਕਮਾਈਆ । ਆਤਮ ਪਰਮਾਤਮ ਹੋਵੇ ਤੇਰੇ ਵਸ, ਪਾਰਬ੍ਰਹਮ ਬ੍ਰਹਮ ਪੜਦਾ ਦੇਣਾ ਚੁਕਾਈਆ । ਪਿਛਲਾ ਲਹਿਣਾ ਦੇਣਾ ਲੇਖਾ ਸਾਰੇ ਦਈਏ ਛਡ, ਝਗੜਾ ਅੱਗੇ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ

੧੮੪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪੈਗ਼ੰਬਰ ਕਹਿਣ ਪ੍ਰਭ ਸਚ ਝੁਲਾ ਨਿਸ਼ਾਨਾ, ਨਿਸ਼ਾਨਾ ੧੮੪

੨੨ ਅਵਰ ਨਾ ਕੋਇ ਜਣਾਈਆ । ਅਵਤਾਰ ਕਹਿਣ ਸ੍ਰੀ ਭਗਵਾਨਾ, ਭਗਵਨ ਤੇਰੀ ਬੇਪਰਵਾਹੀਆ । ਗੁਰੂ ਸਤਿਗੁਰ ਕਹਿਣ ਮੇਰੇ ਮਿਹਰਵਾਨਾ, ਮਿਹਰ ੨੨

ਨਜ਼ਰ ਇਕ ਉਠਾਈਆ । ਕਲਜੁਗ ਲੋਕਮਾਤ ਬਦਲ ਦੇ ਜ਼ਮਾਨਾ, ਜ਼ਾਮਨ ਆਪਣਾ ਆਪ ਜਣਾਈਆ । ਸਭ ਦਾ ਇਕੋ ਜੇਹਾ ਹੋਵੇ ਮਾਣਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਏਕਾ ਗ੍ਰਿਹ ਮੰਦਰ ਹੋਵੇ ਦਰ ਸੁਹਾਨਾ, ਸਚ ਦਵਾਰਾ ਵੱਜੇ ਵਧਾਈਆ । ਇਕੋ ਸਭ ਦਾ ਹੋਵੇ ਪੀਣਾ ਖਾਣਾ, ਖ਼ਾਲਸ ਆਪਣਾ ਰੰਗ ਰੰਗਾਈਆ । ਇਕੋ ਨਾਮ ਧੁਨ ਸ਼ਬਦ ਨਾਦ ਕਲਮਾ ਕਾਇਨਾਤ ਹੋਵੇ ਗਾਣਾ, ਸੱਜਦਾ ਸੀਸ ਜਗਦੀਸ ਝੁਕਾਈਆ । ਇਕੋ ਹੁਕਮ ਸੰਦੇਸ਼ ਹੋਵੇ ਫ਼ਰਮਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਅਵਰ ਨਾ ਕੋਇ ਅਖਵਾਈਆ । ਪੈਗ਼ੰਬਰ ਕਹਿਣ ਸਾਡੀ ਮਨਜ਼ੂਰ ਕਰ ਦੁਆ, ਦੋਏ ਜੋੜ ਸੀਸ ਨਿਵਾਈਆ । ਨੂਰੀ ਜਲਵਾਗਰ ਖ਼ੁਦਾ, ਖ਼ੁਦੀ ਤਕੱਬਰੀ ਦੇ ਮਿਟਾਈਆ । ਮਾਇਆ ਮਮਤਾ ਨਾ ਰਹੇ ਵਬਾ, ਅਸਲ ਵਸਲ ਦੇਣਾ ਯਾਰ ਖ਼ੁਦਾਈਆ । ਤੇਈ ਅਵਤਾਰ ਬੈਠੇ ਸੀਸ ਝੁਕਾ, ਨਿਉਂ ਨਿਉਂ ਲਾਗਣ ਪਾਈਆ । ਤੇਰਾ ਇਕੋ ਨਾਮ ਲਈਏ ਧਿਆ, ਧਿਆਨ ਗਿਆਨ ਇਕ ਸਮਝਾਈਆ । ਚਾਰ ਵਰਨਾਂ ਅੰਮ੍ਰਿਤ ਜਾਮ ਪਿਆ, ਰਸ ਇਕੋ ਇਕ ਵਖਾਈਆ । ਊਚ ਨੀਚ ਜ਼ਾਤ ਪਾਤ ਝਗੜਾ ਦੇ ਮਿਟਾ, ਕਾਇਆ ਮਾਟੀ ਮਿੱਟੀ ਖ਼ਾਕ ਮਿਲੇ ਵਡਿਆਈਆ । ਦਸ ਗੁਰ ਕਹਿਣ ਤੇਰਾ ਦੋ ਜਹਾਨ ਵੱਜੇ ਡੰਕਾ, ਨਾਉਂ ਨਿਰੰਕਾਰਾ ਇਕੋ ਇਕ ਸੁਣਾਈਆ । ਰਾਓ ਰੰਕ ਸ਼ਾਹ ਸੁਲਤਾਨ ਇਕੋ ਘਰ ਬਹਾ, ਦੂਜਾ ਘਰ ਨਾ ਕੋਇ ਵਖਾਈਆ । ਪੁਰਖ ਅਕਾਲੇ ਦੀਨ ਦਿਆਲੇ ਆਪਣਾ ਇਸ਼ਟ ਦੇ ਦ੍ਰਿੜਾ, ਦ੍ਰਿਸ਼ਟ ਸਭ ਦੀ ਦੇ ਖੁਲ੍ਹਾਈਆ । ਓਹ ਵੇਖ ਕੀ ਰਾਮ ਵਸ਼ਿਸ਼ਟ ਕਲਜੁਗ ਅੰਤਮ ਸੰਦੇਸ਼ਾ ਗਏ ਜਣਾ, ਜਾਣਨਹਾਰ

ਤੇਰੀ ਸਰਨਾਈਆ । ਕਲ ਕਲਕੀ ਵੇਸ ਵਟਾ, ਨਿਹਕਲੰਕਾ ਰੂਪ ਅਨੂਪ ਦਰਸਾਈਆ । ਅਮਾਮ ਅਮਾਮਾ ਆਪ ਅਖਵਾ, ਧੁਰ ਦਾ ਕਲਮਾ ਇਕ ਸਮਝਾਈਆ । ਜੋਤੀ ਜਾਤੇ ਪੁਰਖ ਬਿਧਾਤੇ ਪਰਵਰਦਿਗਾਰ ਸਾਂਝੇ ਯਾਰ ਬੇਪਰਵਾਹ, ਪਰਦਾਨਸ਼ੀਂ ਪਰਦਾ ਦੇ ਉਠਾਈਆ । ਅਵਤਾਰ ਪੈਗ਼ੰਬਰ ਗੁਰੂ ਤੇਰੇ ਗਵਾਹ, ਸ਼ਹਾਦਤ ਸ਼ਬਦ ਨਾਮ ਭੁਗਤਾਈਆ । ਕਲਜੁਗ ਵਿਚ ਸਤਿਜੁਗ ਪ੍ਰਭੂ ਜ਼ਰੂਰ ਦੇਣਾ ਲਾ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਨਿਰਗੁਣ ਸਰਗੁਣ ਦੋ ਜਹਾਨਾਂ ਹੋਣਾ ਸਹਾ, ਸਹਾਇਕ ਨਾਇਕ ਇਕੋ ਇਕ ਤੇਰੀ ਓਟ ਰਖਾਈਆ ।

## ✪ ੭ ਕੱਤਕ ਸ਼ਹਿਨਸ਼ਾਹੀ ਸੰਮਤ ੫ ਬੀਬੀ ਜੀਤੋ ਦੇ ਗ੍ਰਿਹ ਪਿੰਡ ਬਾਸਰ ਕੇ ✪

ਸਤਿਗੁਰ ਸ਼ਬਦ ਸ਼ਬਦ ਸਤਿਗੁਰ, ਸਤਿਗੁਰ ਆਪ ਨਿਰੰਕਾਰ ਅਖਵਾਈਆ । ਜਿਸ ਦਾ ਨਾ ਕੋਈ ਦੀਨ ਨਾ ਕੋਈ ਮਜ਼੍ਹਬ, ਜ਼ਾਤੀ ਵੰਡ ਨਾ ਕੋਇ ਵੰਡਾਈਆ । ਆਪਣੇ ਆਪ ਦਾ ਆਪੇ ਕਰੇ ਅਦਬ, ਸੀਸ ਜਗਦੀਸ ਆਪ ਝੁਕਾਈਆ । ਜੁਗ ਚੌਕੜੀ ਆਪਣਾ ਚੁੱਕੇ ਆਪੇ ਕਦਮ, ਕੁਦਰਤ ਕਦੀਮ ਆਪਣਾ ਹੁਕਮ ਵਰਤਾਈਆ । ਖੇਲ ਵੇਖੇ ਤਨ ਵਜੂਦ ਮਾਟੀ ਖ਼ਾਕ ਬਦਨ, ਸ਼ਰੀਰ ਬੇਨਜ਼ੀਰ ਫੋਲ ਫੁਲਾਈਆ । ਜਨ ਭਗਤਾਂ ਚਾੜ੍ਹੇ ਸਾਚੀ ਰੰਗਣ, ਰੰਗਤ ਆਪਣਾ ਨਾਮ ਵਖਾਈਆ । ਗੁਰਮੁਖ ਦੂਜੇ ਦਰ ਨਾ ਜਾਏ ਮੰਗਣ, ਸਭ ਦੀ ਝੋਲੀ ਦਏ ਭਰਾਈਆ । ਸਦਾ ਸੁਹੇਲਾ ਰੱਖੇ ਆਪਣੇ ਅੰਗਣ, ਅੰਗੀਕਾਰ ਆਪ ਅਖਵਾਈਆ । ਸੰਤ ਸੁਹੇਲੇ ਸਾਚੀ ਮੰਜ਼ਲ ਲੰਘਣ, ਜਗਤ ਪਾਂਧੀ ਪੰਧ ਮੁਕਾਈਆ । ਭਗਤ ਭਗਵਾਨ ਇਕੋ ਦਰ ਵਸਣ, ਦਰ ਘਰ ਸਾਚਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਮਨਾਈਆ । ਸ਼ਬਦ ਸਤਿਗੁਰ ਸਤਿਗੁਰ ਸ਼ਬਦ ਦੀਨ, ਦੁਨੀ ਵੇਖ ਵਖਾਈਆ । ਜਿਸ ਨੂੰ ਸਾਰੇ ਰਹੇ ਚੀਨ, ਰਸਨਾ ਗਾ ਗਾ ਸ਼ੁਕਰ ਮਨਾਈਆ । ਸੋ ਸਾਹਿਬ ਸਦਾ ਪਰਬੀਨ, ਪਾਰਬ੍ਰਹਮ ਦ੍ਰਿੜਾਈਆ । ਹੋਏ ਨਾ ਕਿਸੇ ਅਧੀਨ, ਸੀਸ ਨਾ ਕਦੇ ਝੁਕਾਈਆ । ਝਗੜਾ ਸਮਝੇ ਨਾ ਕੋਇ ਨਰ ਮਦੀਨ, ਇਸਤਰੀ ਪੁਰਸ਼ ਵੰਡ ਨਾ ਕੋਇ ਵੰਡਾਈਆ । ਸਦਾ ਆਪਣੇ ਨਾਮ ਦੀ ਕਰੇ ਤਲਕੀਨ, ਧੁਰ ਸੰਦੇਸ਼ਾ ਇਕ ਸੁਣਾਈਆ । ਜਿਸ ਨੂੰ ਸਜਦਿਆਂ ਵਿਚ ਕਰਨ ਆਮੀਨ, ਮਹਿਬੂਬ ਨੂਰ ਖ਼ੁਦਾਈਆ । ਉਹਦੀ ਸਭ ਤੋਂ ਵੱਖਰੀ ਤਾਲੀਮ, ਜੁਗ ਜੁਗ ਗੁਰ ਅਵਤਾਰ ਪੈਗ਼ੰਬਰਾਂ ਕਰੇ ਪੜ੍ਹਾਈਆ । ਸੋ ਲੇਖਾ ਜਾਣੇ ਧਰਨੀ ਧਵਲ ਜ਼ਮੀਨ, ਜ਼ਾਹਰ ਜ਼ਹੂਰ ਆਪਣੀ ਕਲ ਧਰਾਈਆ । ਭਗਤ ਸੁਹੇਲਾ ਰਹੇ ਨਾ ਕੋਇ ਗ਼ਮਗੀਨ, ਗ਼ਮੀ ਖ਼ੁਸ਼ੀ ਵਿਚ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕ ਪਰਗਟਾਈਆ । ਸ਼ਬਦ ਗੁਰੂ ਗੁਰ ਸ਼ਬਦ ਸਵਾਮੀ, ਸਾਹਿਬ ਇਕ ਅਖਵਾਈਆ । ਜਿਸ ਦੀ ਸਿਫ਼ਤਾਂ ਵਾਲੀ ਬਾਣੀ, ਜੋ ਹਰ ਘਟ ਅੰਤਰਜਾਮੀ ਲੱਖ ਚੁਰਾਸੀ ਵੇਖ ਵਖਾਈਆ । ਅੰਮ੍ਰਿਤ ਨਿਝਰ ਝਿਰਨਾ ਦੇਵੇ ਠੰਡਾ ਪਾਣੀ, ਬੂੰਦ ਸਵਾਂਤੀ ਇਕ ਟਪਕਾਈਆ । ਆਤਮ ਪਰਮਾਤਮ ਮਿਲਾਏ ਹਾਣੀ, ਜੋੜੀ ਧੁਰ ਦੀ ਜੋੜ ਜੁੜਾਈਆ । ਲੇਖਾ ਵੇਖੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਪੁਰਖ ਅਕਾਲ ਦੀਨ ਦਿਆਲ ਕਰੇ ਮਿਹਰਵਾਨੀ, ਮਿਹਰ ਨਜ਼ਰ ਇਕ

ਉਠਾਈਆ । ਭਗਤਾਂ ਮੰਜ਼ਲ ਦੱਸ ਆਸਾਨੀ, ਆਪ ਆਪਣਾ ਮੇਲ ਕਰਾਈਆ । ਦੇਣੀ ਪਏ ਨਾ ਕਿਸੇ ਕੁਰਬਾਨੀ, ਕਰਬਲਿਆਂ ਵਿਚ ਨਾ ਕੋਇ ਭਵਾਈਆ । ਸਾਚਾ ਨਾਮ ਦੇ ਕੇ ਦਾਨੀ, ਦਇਆਵਾਨ ਹੋਏ ਸਹਾਈਆ । ਗੁਰਮੁਖ ਰਹੇ ਨਾ ਕੋਇ ਅਭਿਮਾਨੀ, ਮਾਇਆ ਮਮਤਾ ਗੜ੍ਹ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਰਬ ਜੀਆਂ ਦਾ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ ।

## ✪ ੭ ਕੱਤਕ ਸ਼ਹਿਨਸ਼ਾਹੀ ਸੰਮਤ ੫ ਹਰਬੰਸ ਕੌਰ ਦੇ ਗ੍ਰਿਹ ਪਿੰਡ ਨਾਰਲਾ ✪

ਸਤਿਗੁਰ ਸ਼ਬਦ ਕਹੇ ਸੁਹੰਜਣੀ ਹੋਈਂ ਮਿਤੀ, ਸੰਮਤ ਸ਼ਹਿਨਸ਼ਾਹੀ ਪੰਜ ਪੰਚ ਵਡਿਆਈਆ । ਪ੍ਰਭ ਦਾ ਖੇਲ ਨਿਤ ਨਵਿਤੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਗੁਰ ਅਵਤਾਰ ਪੈਗ਼ੰਬਰਾਂ ਖੇਲ ਦੱਸੇ ਨਿੱਕੀ ਨਿੱਕੀ, ਹਿੱਸਿਆਂ ਵਿਚ ਦੀਨ ਦੁਨੀ ਵੰਡ ਵੰਡਾਈਆ । ਸਤਿ ਸਚ ਭਗਤ ਭਗਵਾਨ ਸੰਤ ਗੁਰਮੁਖ ਬਣਾ ਸਿੱਖੀ, ਧੁਰ ਦਾ ਮਾਰਗ ਇਕ ਸਮਝਾਈਆ । ਧਰਮ ਦੀ ਧਾਰ ਰੱਖ ਤਿੱਖੀ, ਦੋ ਧਾਰੀ ਆਪਣਾ ਹੁਕਮ ਵਰਤਾਈਆ । ਅੰਮ੍ਰਿਤ ਧਾਰ ਦੇ ਮਿੱਠੀ, ਰਸ ਅਗੰਮੀ ਇਕ ਚੁਆਈਆ । ਸਦੀ ਚੌਧਵੀਂ ਹਜ਼ਰਤ ਦੇ ਹੱਥ ਫੜਾਏ ਚਿੱਠੀ, ਮੁਹੰਮਦ ਤੋਂ ਮੋਹਰ ਦਿਤੀ ਲਗਾਈਆ । ਤੇਰੀ ਉਮਤ ਕਾਮਲ ਮੁਰਸ਼ਦ ਧਰਤੀ ਰਵੇ ਟਿਕੀ, ਟਿੱਕਾ ਮਸਤਕ ਖ਼ਾਕ ਰਮਾਈਆ । ਜਿਸ ਵੇਲੇ ਪਰਵਰਦਿਗਾਰ ਖੇਲ ਕਰੇ ਦੋ ਇਕ ਦਾ ਇੱਕੀ, ਇਕੀਸਾ ਜਗਦੀਸਾ ਆਪਣੀ ਕਾਰ ਕਮਾਈਆ । ਸ਼ਰਅ ਕੂੜ ਕੁੜਿਆਰ ਵਿਚ ਤੇਰੀ ਜਾਏ ਵਿਕੀ, ਕੀਮਤ ਉਮਤ ਨਾ ਕੋਇ ਰਖਾਈਆ । ਕਲਮੇ ਵਾਲੀ ਰਸਨਾ ਹੋਣੀ ਫਿਕੀ, ਵਾਅਜ਼ ਜਾਇਜ਼ ਨਾ ਕੋਇ ਜਣਾਈਆ । ਓਸ ਵੇਲੇ ਪਰਵਰਦਿਗਾਰ ਸਾਂਝੇ ਯਾਰ ਖੇਲ ਕਰਨੀ ਅਨਡਿੱਠੀ, ਜਿਸ ਨੂੰ ਜਗ ਨੇਤਰ ਵੇਖਣ ਕੋਇ ਨਾ ਪਾਈਆ । ਝਗੜਾ ਮਿਟਾਉਣਾ ਪੱਥਰ ਇੱਟੀ, ਇਸ਼ਟ ਦੇਵ ਸਵਾਮੀ ਇਕੋ ਨਜ਼ਰੀ ਆਈਆ । ਮਾਣ ਰਹਿਣ ਨਹੀਂ ਦੇਣਾ ਜਟਾ ਜੂਟ ਲਿਟੀ, ਤਨ ਭਬੂਤ ਨਾ ਕੋਇ ਰਮਾਈਆ । ਓਸ ਵੇਲੇ ਜਨ ਭਗਤਾਂ ਢਾਈ ਮੁੱਠਾਂ ਲਿਆਉਣੀ ਮਿੱਟੀ, ਹੱਦ ਘਵਿੰਡ ਵਾਲੀ ਨਜ਼ਰੀ ਆਈਆ । ਜਿਸ ਦੇ ਨਾਲ ਹਾਹੇ ਉਤੇ ਪਾਉਣੀ ਟਿੱਪੀ, ਹੋੜਾ ਸੱਸੇ ਉਤੇ ਟਿਕਾਈਆ । ਛੋਟੀ ਜਿਹੀ ਪਕਾਉਣੀ ਟਿੱਕੀ, ਨੌਂ ਮਿੰਟ ਅੱਗ ਵਿਚ ਤਪਾਈਆ । ਜਿਸ ਦੀ ਧਾਰ ਜਾਣੀ ਲਿਖੀ, ਪਿਛਲਾ ਪੜਦਾ ਦਏ ਉਠਾਈਆ । ਜਗਤ ਵੇਖਣ ਮੁਨੀ ਰਿਖੀ, ਰਖੀਸ਼ਰ ਧਿਆਨ ਲਗਾਈਆ । ਛੱਬੀ ਪੋਹ ਹੋਣੀ ਸੁਹੰਜਣੀ ਥਿਤੀ, ਵਾਰ ਵਾਰਤਾ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਮਿੱਟੀ ਕਹੇ ਮੇਰਾ ਲੇਖਾ ਮੁਹੰਮਦ ਨਾਲ ਤਅਲੁਕ, ਤਾਬਿਆਦਾਰੀ ਦਿਆਂ ਜਣਾਈਆ । ਮੈਂ ਵੇਖਾਂ ਖੇਲ ਉਪਰ ਫ਼ਲਕ, ਅਰਸ਼ ਅਜ਼ਾਂ ਧਿਆਨ ਲਗਾਈਆ । ਕੀ ਖੇਲ ਹੋਣਾ ਵਿਚ ਖ਼ਲਕ, ਖ਼ਾਲਕ ਮਖ਼ਲੂਕ ਕੀ ਹੁਕਮ ਸੁਣਾਈਆ । ਕਿਸੇ ਨੂੰ ਪਤਾ ਨਹੀਂ ਜਗਤ ਜਹਾਨ ਵਿਚ ਪਲਕ, ਕੀ ਪੁਰਖ ਅਕਾਲਾ ਦੀਨ ਦਿਆਲਾ ਆਪਣਾ ਹੁਕਮ ਵਰਤਾਈਆ । ਇੰਦਰ ਅੰਮ੍ਰਿਤ ਜਲ ਲਿਆਵੇ ਵਿਚ ਕਲਸ, ਆਪਣਾ ਪੰਧ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਸਾਰੇ ਆਵਣ ਰਸਕ, ਦੂਰ ਦੁਰਾਡਾ ਰਹਿਣ ਕੋਇ ਨਾ ਪਾਈਆ । ਅਵਤਾਰ ਪੈਗ਼ੰਬਰ ਗੁਰ ਹੋਵਣ ਮਸਤ, ਖ਼ੁਮਾਰੀ ਅਗੰਮ ਅਥਾਹ ਚੜ੍ਹਾਈਆ । ਦੀਨ ਦੁਨੀ ਦੀ ਜਿਸ ਮੇਟਣੀ ਹਸਦ, ਦਵੈਤ ਦੂਈ ਡੇਰਾ ਢਾਹੀਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸੰਮਤ ਕਹੇ ਸ਼ਹਿਨਸ਼ਾਹੀ ਸ਼ਾਹੋ ਭੂਪ, ਸ਼ਹਿਨਸ਼ਾਹ ਵਡਿਆਈਆ । ਜਿਸ ਦਾ ਹੁਕਮ ਚਾਰੇ ਕੂਟ, ਦੋ ਜਹਾਨ ਨਾ ਕੋਇ ਉਲਟਾਈਆ । ਕਲਜੁਗ ਮੇਟਣਹਾਰਾ ਜੂਠ ਝੂਠ, ਕੂੜੀ ਕਿਰਿਆ ਪੰਧ ਮੁਕਾਈਆ । ਸਤਿਜੁਗ ਸਚ ਉਪਜਾਏ ਪੂਤ, ਪਿਤਾ ਪੁਰਖ ਅਕਾਲ ਦਇਆ ਕਮਾਈਆ । ਸ਼ਬਦ ਸ਼ਹਾਨਾ ਉਠਾਏ ਦੂਤ, ਦੁਤੀਆ ਭਾਉ ਦਏ ਮੁਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਏਕਾ ਤਾਣਾ ਪੇਟਾ ਬਣਾਏ ਸੂਤ, ਸੂਤਰਧਾਰੀ ਹੋਏ ਸਹਾਈਆ । ਕੂੜ ਕਲਪਨਾ ਲੋਕਮਾਤ ਕਰਾਏ ਕੂਚ, ਕੂਚਾ ਗਲੀ ਕਰੇ ਸਫ਼ਾਈਆ । ਪਿਛਲਾ ਹੁਕਮ ਚਾਰ ਜੁਗ ਦਾ ਕਰ ਮਨਸੂਖ਼, ਸ਼ਬਦ ਸੰਦੇਸ਼ਾ ਇਕ ਦ੍ਰਿੜ੍ਹਾਈਆ । ਕਰ ਪ੍ਰਕਾਸ਼ ਚਾਰੇ ਕੂਟ, ਉੱਤਰ ਪੂਰਬ ਪੱਛਮ ਦੱਖਣ ਕਰੇ ਰੁਸ਼ਨਾਈਆ । ਭੇਵ ਰਹੇ ਨਾ ਕਾਇਆ ਪੰਜ ਭੂਤ, ਅੰਤਰ ਨਿਰੰਤਰ ਨਾਦ ਸ਼ਬਦ ਧੁਨ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਨਾਲ ਵਡਿਆਈਆ । ਸੰਮਤ ਕਹੇ ਮੈਂ ਵੇਖਣਾ ਜੰਗਲ ਜੂਹਾਂ ਕੁੰਦਰਾ, ਟਿੱਲੇ ਪਰਬਤ ਫੋਲ ਫੁਲਾਈਆ । ਪੁਰਖ ਅਕਾਲਾ ਜੋਤ ਸਰੂਪੀ ਅਤਿ ਸੁੰਦਰਾ, ਜਿਸ ਦਾ ਰੂਪ ਰੰਗ ਰੇਖ ਨਾ ਕੋਇ ਦ੍ਰਿੜ੍ਹਾਈਆ । ਜਿਸ ਦਾ ਲਹਿਣਾ ਦੇਣਾ ਲੇਖਾ ਲਿਖ ਸਕੇ ਕੋਈ ਨਾ ਉਂਗਲਾ, ਕਲਮ ਸ਼ਾਹੀ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਮਿੱਟੀ ਹੋਵੇ ਢਾਈ ਮੁੱਠੀ, ਵੱਧ ਘੱਟ ਨਾ ਕੋਇ ਰਖਾਈਆ । ਗੁਰਮੁਖ ਧਾਰ ਹੋਵੇ ਨਾ ਰੁੱਠੀ, ਪ੍ਰੇਮ ਪ੍ਰੀਤੀ ਵਿਚ ਸਮਾਈਆ । ਸਚ ਪ੍ਰੀਤ ਹੋਵੇ ਨਾ ਟੁੱਟੀ, ਮੁਹੱਬਤ ਇਕ ਵਡਿਆਈਆ । ਸੁਰਤੀ ਹੋਵੇ ਨਾ ਸੁੱਤੀ, ਸ਼ਬਦ ਨਾਦ ਸ਼ਨਵਾਈਆ । ਮੰਜ਼ਲ ਹੋਵੇ ਉਚੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਖੇਲ ਰਹੇ ਨਾ ਲੁਕੀ, ਉਗਣ ਆਥਣ ਵੱਜੇ ਵਧਾਈਆ । ਉਮਤ ਉਮਤੀ ਲੇਖਾ ਜਾਏ ਮੁਕੀ, ਮੁਕੰਮਲ ਆਪਣੀ ਕਾਰ ਕਮਾਈਆ । ਹਰਿ ਸੰਗਤ ਰਹੇ ਨਾ ਦੁਖੀ, ਦੁਖੀਆਂ ਦਰਦ ਗਵਾਈਆ । ਭਗਤ ਸੁਹੇਲੇ ਉਜਲ ਕਰ ਮੁਖੀ, ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਾਚੀ ਕਾਰ ਕਮਾਈਆ । ਮਿੱਟੀ ਕਹੇ ਮੇਰੇ ਸਾਥ ਹੋਵੇ ਖੋਪਰੇ ਵਾਲੀ ਠੂਠੀ, ਅਧਾ ਹਿੱਸਾ ਵੰਡ ਵੰਡਾਈਆ । ਮਨੀ ਸਿੰਘ ਨਾਲ ਲਿਆਵੇ ਚਾਰ ਚਾਰ ਦੀ ਅੰਗੂਠੀ, ਪਿਛਲਾ ਲੇਖਾ ਮੁਹੰਮਦ ਵਾਲਾ ਦਿਆਂ ਦ੍ਰਿੜ੍ਹਾਈਆ । ਪਤਰਕਾ ਲਿਖੀ ਹੋਵੇ ਜਿਸ ਦਾ ਲੇਖ ਹੋਵੇ ਸ੍ਰਿਸ਼ਟ ਸਬਾਈ ਝੂਠੀ, ਬਿਨ ਸਤਿਗੁਰ ਸਾਚਾ ਨਜ਼ਰ ਕੋਇ ਨਾ ਆਈਆ । ਨਿਗਾਹ ਮਾਰ ਚਾਰ ਕੂਟੀ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਦਏ ਦ੍ਰਿੜ੍ਹਾਈਆ । ਅੰਗੂਠੀ ਦਾ ਲੇਖ ਹੋਵੇ ਅੱਲਾਹ, ਅੱਖਰ ਵਡ ਵਡਿਆਈਆ । ਸੇਵਾ ਕਰੇ ਇਕ ਇਕੱਲਾ, ਮੁਹੰਮਦ ਦਾ ਮੀਜ਼ੂ ਸੋਭਾ ਪਾਈਆ । ਨਾਲ ਫੜਾਉਂਣਾ ਅਟਾਰਸੀ ਵਾਲਾ ਮੁਸੱਲਾ, ਜੋ ਭਗਤ ਸਿੰਘ ਪਿਛੇ ਲੈ ਕੇ ਆਈਆ । ਲੋਟਾ ਭਰਿਆ ਹੋਵੇ ਜਲਾ, ਸੱਜੇ ਹੱਥ ਵਿਚ ਟਿਕਾਈਆ । ਪਿੱਠ ਤੇ ਬੱਧੀ ਹੋਵੇ ਖੱਲਾ, ਰੂਪ ਅਨੂਪ ਦਰਸਾਈਆ । ਨਾਅਰਾ ਲਾਉਂਦਾ ਆਵੇ ਅੱਲਾ ਅੱਲਾ, ਮੁਖੋਂ ਅਕਬਰ ਕਹਿ ਕੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸੰਮਤ ਪੰਜ ਕਹੇ ਜਨ ਭਗਤੋ ਦੱਸਣੀ ਸਚ ਪ੍ਰੀਤ, ਪ੍ਰੀਤਮ ਇਕ ਮਨਾਈਆ । ਛੱਬੀ ਪੋਹ ਨੂੰ ਪ੍ਰੀਤਮ ਸਿੰਘ ਦੀ ਆਤਮਾ ਹਰਿ

ਭਗਤ ਦਵਾਰੇ ਪਹੁੰਚੇ ਠੀਕ, ਠਾਕਰ ਆਪਣਾ ਰੰਗ ਰੰਗਾਈਆ । ਜਿਸ ਨੇ ਤੂੰ ਮੇਰਾ ਮੈਂ ਤੇਰਾ ਗਾਉਣਾ ਗੀਤ, ਸੋਹੰ ਢੋਲਾ ਅਗੰਮ ਅਥਾਹੀਆ । ਦਰਗਹਿ ਸਾਚੀ ਸਚਖੰਡ ਹੋ ਵਸਨੀਕ, ਗ੍ਰਿਹਿ ਮੰਦਰ ਲੈਣਾ ਸੁਹਾਈਆ । ਸਦਾ ਸਦਾ ਸਦ ਸਤਿ ਵਿਚ ਰਹੇ ਅਤੀਤ, ਤ੍ਰੈਗੁਣ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਬੇਪਰਵਾਹੀਆ । ਸੰਮਤ ਕਹੇ ਮੈਂ ਦੇਵਾਂ ਸਤਿ ਸੰਦੇਸ਼ਾ, ਸੰਧਿਆ ਸਰਘੀ ਨਾ ਕੋਇ ਵਡਿਆਈਆ । ਜਨ ਭਗਤੇ ਸਭ ਦਾ ਜਨਮ ਜਨਮ ਦਾ ਲੇਖਾ, ਪੁਰਖ ਅਕਾਲਾ ਵੇਖ ਵਖਾਈਆ । ਕਰਮ ਕਾਂਡ ਦਾ ਰਹੇ ਨਾ ਕੋਇ ਭੁਲੇਖਾ, ਭਾਂਡਾ ਭਰਮ ਭਉ ਭੰਨਾਈਆ । ਸਤਿ ਸਚ ਕਰਾਏ ਹੇਤਾ, ਹਿਤਕਾਰੀ ਦਇਆ ਕਮਾਈਆ । ਸਭ ਦਾ ਸਤਿ ਪੁਰਖ ਨਿਰੰਜਣ ਹੋਵੇ ਨੇਤਾ, ਨਿਰਾਕਾਰ ਨਿਰੰਕਾਰ ਆਪਣਾ ਹੁਕਮ ਸਮਝਾਈਆ । ਸਦੀ ਚੌਧਵੀਂ ਪੈਗ਼ੰਬਰਾਂ ਪੂਰਾ ਹੋਵੇ ਠੇਕਾ, ਅੱਗੇ ਹੁਕਮ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਮਾ ਧਾਰ ਕੇ ਭੇਸਾ, ਭੇਖ ਅਵੱਲੜਾ ਇਕ ਇਕੱਲੜਾ ਆਪਣਾ ਆਪ ਰਖਾਈਆ ।

### ✪ ੧੫ ਕੱਤਕ ਸ਼ਹਿਨਸ਼ਾਹੀ ਸੰਮਤ ੫ ਜਮਾਂਦਾਰ ਕਿਸ਼ਨ ਸਿੰਘ ਦੇ ਨਵਿਤ ਰਸਤੇ ਵਿਚ ਪਿੰਡ ਅਲ੍ਹੜਪਿੰਡੀ ✪



ਨਾਨਕ ਪਿਆਰ ਜਾਏ ਨਾ ਬਿਰਥਾ, ਬਿਰਥੀ ਸਰਬ ਲੋਕਾਈਆ । ਲੇਖਾ ਮੂਲ ਜਾਏ ਨਾ ਸਿਰਸਾ, ਗੋਬਿੰਦ ਧਾਰ ਦਏ ਗਵਾਹੀਆ । ਲੇਖੇ ਲੱਗੇ ਸ਼ਬਦ ਧਾਰ ਵਿਰਸਾ, ਵਾਰਸ ਹੋ ਕੇ ਵੇਖ ਵਖਾਈਆ । ਰਾਮ ਦੀ ਪੂਰੀ ਕਰੇ ਹਿਰਸਾ, ਹਵਸ ਪਿਛਲੀ ਨਾਲ ਮਿਲਾਈਆ । ਕ੍ਰਿਸ਼ਨ ਦਾ ਕ੍ਰਿਸ਼ਨ ਧਾਰ ਦਰਸਾ, ਕਾਹਨ ਕਾਹਨ ਰੰਗ ਰੰਗਾਈਆ । ਮੂਸਾ ਲੇਖ ਵੇਖ ਧਿਰ ਦਾ, ਕੋਹਤੂਰ ਰਾਹ ਤਕਾਈਆ । ਈਸਾ ਨੂਰ ਵੇਖ ਮਿਹਰ ਦਾ, ਵਾਸਤਾ ਕਰੇ ਖ਼ਲਕ ਖ਼ੁਦਾਈਆ । ਮੁਹੰਮਦ ਦਰਸ ਪਾਇਆ ਸ਼ੇਰ ਦਾ, ਸ਼ਹਿਨਸ਼ਾਹ ਇਕੋ ਬੇਪਰਵਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਭ ਦਾ ਲੇਖ ਨਬੇੜਦਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਈਆ । ਨਿਰਗੁਣ ਸਰਗੁਣ ਲੱਖ ਚੁਰਾਸੀ ਗੇੜਾ ਗੇੜਦਾ, ਆਤਮ ਪਰਮਾਤਮ ਆਪਣਾ ਹੁਕਮ ਸਮਝਾਈਆ । ਮਾਲਕ ਖ਼ਾਲਕ ਬਣਿਆ ਰਿਹਾ ਦੇਰ ਦਾ, ਦੂਰ ਦੁਰਾਡਾ ਧੁਰਦਰਗਾਹੀਆ । ਕੁਛ ਲੇਖਾ ਬਾਕੀ ਅੰਤ ਸਮੇਂ ਨਦੇੜ ਦਾ, ਦਸਮ ਧਾਰ ਦਸ ਦਸ ਵਿਚ ਜਣਾਈਆ । ਜਿਸ ਦੇ ਹੁਕਮ ਨੂੰ ਹੁਕਮ ਵਿਚ ਕੋਈ ਨਾ ਛੇੜਦਾ, ਸ਼ਰਅ ਸ਼ਰਅ ਨਾ ਕੋਇ ਬਦਲਾਈਆ । ਉਹ ਲੇਖਾ ਜਾਣੇ ਤਤ ਵਜੂਦ ਅੰਧੇਰ ਦਾ, ਉਹ ਆਤਮ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਨਕ ਲੇਖਾ ਮੂਲ ਨਾ ਵਿਸਰੇ, ਵਿਸਰੇ ਸ੍ਰਿਸ਼ਟ ਸਬਾ । ਪੁਰਖ ਅਕਾਲਾ ਧੁਰ ਦਾ ਮਿੱਤਰੇ, ਵਡ ਦਾਤਾ ਬੇਪਰਵਾਹ । ਜੋਤੀ ਧਾਰੋਂ ਆਪੇ ਨਿਕਲੇ, ਜਿਸ ਨੂੰ ਜਨਮੇ ਕੋਈ ਨਾ ਮਾਂ । ਆਪਣੀ ਸਿਖਿਆ ਆਪੇ ਸਿਖ ਲਏ, ਨਿਰਅੱਖਰ ਵਿਚੋਂ ਅੱਖਰ ਆਪ ਪਰਗਟਾ । ਹੁਕਮ ਸੰਦੇਸ਼ਾ ਧੁਰ ਦਾ ਲਿਖ ਲਏ, ਅਵਤਾਰ ਪੈਗ਼ੰਬਰ ਗੁਰੂ ਕਰ ਰੁਸ਼ਨਾ । ਸਭ ਦੇ ਅੰਤਰ ਨਿਰੰਤਰ ਵਿਚ ਰਹੇ, ਸ਼ਬਦੀ ਜੋਤੀ ਰੂਪ ਵਟਾ । ਲੇਖ ਭਵਿਖ ਸਚ ਕਹੇ, ਸੰਦੇਸ਼ਾ ਦਏ ਅਗੰਮ ਅਥਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

੧੮੮ ੨੨

ਸਾਚਾ ਹਰਿ, ਹਰਿ ਕਾਦਰ ਨੂਰ ਅਲਾਹ । ਨਾਨਕ ਲੇਖਾ ਚਾਰ ਕੁੰਟ, ਸ੍ਰਿਸ਼ਟ ਦ੍ਰਿਸ਼ਟ ਜਣਾਈਆ । ਨਿਗਹ ਮਾਰ ਕੇ ਵਿਚ ਬੈਕੁੰਠ, ਪੁਰਖ ਅਕਾਲ ਲਿਆ ਮਨਾਈਆ । ਖੇਲ ਵੇਖ ਕੇ ਕਾਗ ਭਸੁੰਡ, ਭੇਵ ਅਭੇਦਾ ਦਏ ਖੁਲ੍ਹਾਈਆ । ਜਗਤ ਜਹਾਨ ਵੇਖ ਕੇ ਜਗਿਆਸੂ ਝੁੰਡ, ਮਨ ਮਤ ਬੁਧ ਪੜਦਾ ਲਾਹੀਆ । ਨਿਗਹ ਮਾਰ ਕੇ ਨੈਣ ਮੁੰਦ, ਨੈਣ ਮਧਾਰੀ ਅੰਗ ਲਗਾਈਆ । ਪ੍ਰੇਮ ਪ੍ਰੀਤੀ ਬਿਨਾ ਨਾਸਕਾ ਸੁੰਘ, ਦੋ ਜਹਾਨਾਂ ਖ਼ੁਸ਼ੀ ਬਣਾਈਆ । ਆਪਣੇ ਬਸਤਰ ਸਾਰੇ ਟੰਗ, ਚੋਲਾ ਪਿਠੂੰ ਉਤੇ ਉਲਟਾਈਆ । ਫੇਰ ਬੈਠ ਕੇ ਉਤੇ ਖੁੰਡ, ਨਿਗਾਹ ਇਕ ਵਿਚ ਟਿਕਾਈਆ । ਫੇਰ ਵੇਖੇ ਸਾਗਰ ਸਮੁੰਦ, ਆਕਾਸ਼ ਪਾਤਾਲ ਖੋਜ ਖੁਜਾਈਆ । ਫੇਰ ਵੇਖੇ ਮੁਖ ਗੁੰਗ, ਜੋ ਕੁਛ ਕਹਿ ਸਕਣ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਨਕ ਕਿਹਾ ਮੂਲ ਰਹੇ ਨਾ ਬਾਕੀ, ਬਾਕਾਇਦਾ ਆਪਣਾ ਹੁਕਮ ਵਰਤਾਈਆ । ਵੇਖਣਹਾਰਾ ਲੱਖ ਚੁਰਾਸੀ ਜਿਸਮ ਜ਼ਮੀਰ ਖ਼ਾਕੀ, ਖ਼ਾਲਕ ਖ਼ਲਕ ਨੂਰ ਇਲਾਹੀਆ । ਜਿਸ ਦਾ ਖੇਲ ਸਦਾ ਜੁਗ ਚਾਰ ਆਦੀ, ਆਦਮ ਹੱਵਾ ਜਿਸ ਦੀ ਸੇਵ ਕਮਾਈਆ । ਵਿਸ਼ਨ ਬ੍ਰਹਮਾ ਜਿਸ ਦੀ ਆਬਾਦੀ, ਦੇਵਤ ਸੁਰ ਆਪਣਾ ਰੰਗ ਰੰਗਾਈਆ । ਕੁਛ ਆਸਾ ਰੱਖ ਕੇ ਗਈ ਅਜੀਤ, ਜੁਝਾਰ ਦੀ ਦਾਦੀ, ਗੁਜਰੀ ਗੁਜਰਾ ਸਮਾਂ ਰਹੀ ਜਣਾਈਆ । ਕੁਛ ਲੇਖਾ ਨਾਨਕ ਵਿਚ ਬਗ਼ਦਾਦੀ, ਬਗ਼ਲਗੀਰ ਹੋ ਕੇ ਗਿਆ ਦ੍ਰਿੜਾਈਆ । ਜਿਸ ਵੇਲੇ ਕਲਜੁਗ ਵਿਚ ਕਿਸੇ ਸਾਧ ਸੰਤ ਦੀ ਥਿਰ ਨਾ ਰਹੀ ਸਮਾਧੀ, ਸਾਧਨਾ ਵਿਚ ਨਾ ਕੋਇ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਰਿਹਾ ਕੋਇ ਨਾ ਗਾਡੀ, ਸਿਰ ਹੱਥ ਨਾ ਕੋਇ ਟਿਕਾਈਆ । ਨਾਮ ਬਾਣੀ ਦਾ ਰਾਗ ਬਦਲ ਦੇਣ ਢਾਡੀ, ਸੁਰ ਬੇਸੁਰ ਤਾਲ ਵਜਾਈਆ । ਫੇਰ ਖੇਲ ਵੇਖਣੀ ਜੋ ਕ੍ਰਿਸ਼ਨ ਕਿਹਾ ਯਾਦਵ ਯਾਦੀ, ਯਾਦਦਾਸ਼ਤ ਇਕ ਦ੍ਰਿੜਾਈਆ । ਫੇਰ ਪੜਦਾ ਲਾਹੁਣਾ ਜਿਸ ਭੇਵ ਖੁਲ੍ਹਾਇਆ ਆਦੀ, ਅੰਤ ਅੰਤਮ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਨਕ ਦਾ ਲੇਖਾ ਲਾਲੋ ਦੇ ਦਵਾਰ, ਲਹਿਣਾ ਸਮਝ ਕੁਛ ਨਾ ਆਈਆ । ਅੰਤਰ ਅੰਤਰ ਦੇ ਖ਼ੁਮਾਰ, ਖ਼ੁਸ਼ੀ ਗ਼ਮੀ ਇਕੋ ਰੰਗ ਵਖਾਈਆ । ਸੰਦੇਸ਼ਾ ਦੇ ਕੇ ਵਾਰੋ ਵਾਰ, ਨੌਂ ਵਾਰ ਪੜਦਾ ਦਿਤਾ ਚੁਕਾਈਆ । ਮੇਰਾ ਕਰਜ਼ਾ ਤੇਰਾ ਉਧਾਰ, ਲਹਿਣਾ ਦੋਹਾਂ ਦਾ ਸਾਂਝਾ ਇਕੋ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਨੂਰ ਇਲਾਹੀਆ । ਪੰਦਰਾਂ ਕੱਤਕ ਕਹੇ ਮੈਂ ਤਕਦਾ ਕਦ ਦਾ, ਕਦੀਮ ਦਾ ਵੇਖ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਰਿਹਾ ਲੱਭਦਾ, ਨੌਂ ਖੰਡ ਪ੍ਰਿਥਮੀ ਸੱਤ ਦੀਪ ਅੱਖ ਉਠਾਈਆ । ਸਮਾਂ ਸਮੇਂ ਨਾਲ ਗਿਆ ਲੰਘਦਾ, ਘੜੀ ਘੜੀ ਨਾਲ ਬਦਲਾਈਆ । ਮੈਂ ਆਸਾ ਮੰਗਾਂ ਰਿਹਾ ਮੰਗਦਾ, ਮਾਂਗਤ ਹੋ ਕੇ ਝੋਲੀ ਡਾਹੀਆ । ਮੈਨੂੰ ਲੇਖਾ ਯਾਦ ਆ ਗਿਆ ਸਰਸੇ ਵਾਲੇ ਜੰਗ ਦਾ, ਪੋਹ ਪੁਨਹ ਪੁਨਹ ਸੀਸ ਨਿਵਾਈਆ । ਗੋਬਿੰਦ ਤਿੰਨ ਵਾਰ ਨੀਲੇ ਤੋਂ ਉਤਰ ਕੇ ਤੰਗ ਆਪਣੀ ਹੱਥੀਂ ਕਸਦਾ, ਤਿੰਨ ਵਾਰ ਕਮਰਕਸਾ ਖਿੱਚ ਕੇ ਆਪਣੇ ਤਨ ਬੰਧਾਈਆ । ਨਾਲ ਪੁਰਖ ਅਕਾਲ ਵੱਲ ਵੇਖ ਕੇ ਹੱਸਦਾ, ਵਾਹਵਾ ਤੇਰੀ ਬੇਪਰਵਾਹੀਆ । ਨੀਲਾ ਚਾਰ ਕੁੰਟ ਨਠਦਾ, ਪਰਦੱਖਣਾ ਲੈ ਕੇ ਆਪਣੀ ਖ਼ੁਸ਼ੀ ਬਣਾਈਆ । ਸ਼ਬਦੀ ਹੁਕਮ ਹੋਇਆ ਗੋਬਿੰਦ ਜਿਸ ਵੇਲੇ ਕਲਜੁਗ ਵੇਲਾ ਹੋਇਆ ਭੱਠ ਦਾ, ਭਠਿਆਲਾ ਕੂੜ ਕੁਕਰਮ ਅਗਨੀ ਡਾਹੀਆ । ਸਾਚੀ ਕੋਇ ਨਾ ਹੱਦ ਹੋਇਆ ਟੱਪਦਾ, ਦਰਗਹ ਸਾਚੀ ਮਿਲਣ

ਕੋਇ ਨਾ ਪਾਈਆ । ਪ੍ਰਕਾਸ਼ ਰਹੇ ਨਾ ਨਿਜ ਨੇਤਰ ਅੱਖ ਦਾ, ਜਗਤ ਸੰਤ ਨਾ ਕੋਇ ਚਤੁਰਾਈਆ । ਕਲਜੁਗ ਅਗਨੀ ਵਾਂਗ ਹੋਇਆ ਮਘਦਾ, ਦੀਨ ਮਜ਼੍ਹਬ ਕਰੇ ਲੜਾਈਆ । ਮਾਣ ਰਹਿਣਾ ਨਹੀਂ ਪਿਉ ਪੁਤ ਵਾਲੀ ਪੱਗ ਦਾ, ਚਾਰੋਂ ਕੁੰਟ ਫਿਰੇ ਦੁਹਾਈਆ । ਕਾਇਆ ਮੰਦਰ ਅੰਦਰ ਦਿਸੇ ਕੋਇ ਨਾ ਸਤਿਗੁਰ ਸ਼ਬਦ ਸੱਦਦਾ, ਰਸਨਾ ਪੜ੍ਹ ਪੜ੍ਹ ਸਾਰੇ ਢੋਲੇ ਜਗਤ ਸੁਣਾਈਆ । ਓਸ ਵੇਲੇ ਖੇਲ ਹੋਣਾ ਸੂਰੇ ਸਰਬਗ ਦਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੰਦਰਾਂ ਕੱਤਕ ਕਹੇ ਗੋਬਿੰਦ ਆਪਣੀ ਲੈ ਅੰਗੜਾਈ, ਨਿਗਾਹ ਜ਼ਿਮੀਂ ਅਸਮਾਨ ਉਠਾਈਆ । ਪੁਰਖ ਅਕਾਲ ਤੇਰੀ ਬੇਪਰਵਾਹੀ, ਤੇਰੀ ਤੇਰੇ ਵਿਚ ਵਡਿਆਈਆ । ਤੂੰ ਮੇਰਾ ਮੈਂ ਤੇਰਾ ਮੇਰੀ ਸ਼ਹਾਦਤ ਦੇਣੀ ਭੁਗਤਾਈ, ਗਵਾਹ ਤੈਨੂੰ ਲਵਾਂ ਭੁਗਤਾਈਆ । ਮੇਰਾ ਲੇਖਾ ਨਾ ਮਿਟੇ ਰਾਈ, ਫ਼ਰਕ ਰਹਿਣ ਕੋਇ ਨਾ ਪਾਈਆ । ਮੈਂ ਨਹੀਂ ਚਾਹੁੰਦਾ ਕਿ ਮਾਤਲੋਕ ਵਿਚ ਕੋਈ ਰਹੇ ਕਸਾਈ, ਜੀਵਾਂ ਉਤੇ ਛੁਰੀ ਨਾ ਕੋਇ ਉਠਾਈਆ । ਚਾਰ ਵਰਨ ਅਠਾਰਾਂ ਬਰਨ ਹਿੰਦੂ ਮੁਸਲਿਮ ਵੇਖਾਂ ਈਸਾਈ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਕਿਉਂ ਤੂੰ ਸਭ ਦਾ ਮਾਲਕ ਇਕ ਧੁਰਦਰਗਾਹੀ, ਦਰਗਾਹ ਸਾਚੀ ਦੇ ਮਾਲਕ ਲੋਕਮਾਤ ਏਹੋ ਰੀਤੀ ਦੇਣੀ ਚਲਾਈਆ । ਪੁਰਖ ਅਕਾਲ ਇਹ ਸੰਦੇਸ਼ਾ ਦਿਤਾ ਸ਼ਹਾਦਤ ਇਕ ਪਾਈ, ਪਾਰਬ੍ਰਹਮ ਆਪਣੀ ਦਇਆ ਕਮਾਈਆ । ਈਸਾ ਉਠ ਕੇ ਦਿਤੀ ਦੁਹਾਈ, ਬਹੁੜੀ ਬਹੁੜੀ ਕਰ ਸੁਣਾਈਆ । ਮੁਹੰਮਦ ਨੈਣਾਂ ਨੀਰ ਵਹਾਈ, ਸਦੀ ਚੌਧਵੀਂ ਰਾਹ ਤਕਾਈਆ । ਪੁਰਖ ਅਕਾਲ ਕਿਹਾ ਸੁਣੋ ਹੁਕਮ ਅਗੰਮ ਅਥਾਹੀ, ਅਲਖ ਅਗੋਚਰ ਹੋ ਕੇ ਦਿਆਂ ਦ੍ਰਿੜਾਈਆ । ਜਿਸ ਵੇਲੇ ਕਲਮੇ ਨਾਮ ਵਾਲੇ ਹੋਏ ਸ਼ੁਦਾਈ, ਸ਼ਰਅ ਦੀ ਕਰਨ ਲੜਾਈਆ । ਓਸ ਵੇਲੇ ਲੋਕਮਾਤ ਆਵਾਂ ਚਾਈਂ ਚਾਈਂ, ਚਾਉ ਘਨੇਰਾ ਸਭ ਨੂੰ ਦਿਆਂ ਸੁਣਾਈਆ । ਈਸਾ ਗੋਬਿੰਦ ਧਾਰ ਤੇਰਾ ਲੇਖਾ ਦਏ ਮੁਕਾਈ, ਲਹਿਣਾ ਆਪਣਾ ਝੋਲੀ ਪਾਈਆ । ਓਸ ਵੇਲੇ ਗੋਬਿੰਦ ਦੇ ਕੋਲ ਵੀਹ ਗੁਰਸਿਖ ਜਿਨ੍ਹਾਂ ਨੇ ਧੂੜੀ ਮਸਤਕ ਲਾਈ ਸ਼ਾਹੀ, ਚਰਨੀ ਢਹਿ ਕੇ ਆਪਣਾ ਆਪ ਮਿਟਾਈਆ । ਗੋਬਿੰਦ ਥਾਪੀ ਪੁਸ਼ਤ ਪਨਾਹ ਟਿਕਾਈ, ਟਿੱਕੇ ਆਪਣੇ ਲਏ ਬਣਾਈਆ । ਖ਼ੁਸ਼ੀ ਵਿਚ ਕਿਹਾ ਜਿਸ ਵੇਲੇ ਮੈਂ ਆਵਾਂ ਤੇ ਨਾਲ ਮੇਰਾ ਮਾਹੀ, ਮਹਿਬੂਬ ਹੋ ਕੇ ਫੇਰਾ ਪਾਈਆ । ਫੇਰ ਲਹਿਣਾ ਵੇਖਣਾ ਜੋ ਨਾਨਕ ਲਾਲੋ ਦਿਤੀ ਵਡਿਆਈ, ਵਾਹਵਾ ਆਪਣੀ ਕਾਰ ਕਮਾਈਆ । ਓ ਗੁਰਸਿਖੋ ਤੁਸਾਂ ਓਸ ਵੇਲੇ ਮੇਰੇ ਪਹਿਰੇਦਾਰ ਹੋਣਾ ਥਾਉਂ ਥਾਈਂ, ਕਿਰਪਾਨਾ ਤਲਵਾਰਾਂ ਕੰਧਿਆਂ ਉਤੇ ਟਿਕਾਈਆ । ਫੇਰ ਵੇਖੀ ਧਰਨੀ ਧਰਤ ਧਵਲ ਜੋ ਮੇਰੀ ਧਾਰੋਂ ਜਾਈ, ਤੇ ਜਗਤ ਦੀ ਮਾਈ ਰਹੀ ਅਖਵਾਈਆ । ਗੁਰਮੁਖਾਂ ਹੱਸ ਕੇ ਕਿਹਾ ਗੋਬਿੰਦ ਵੇਖੀਂ ਕਿਤੇ ਕਰ ਨਾ ਜਾਈਂ ਜੁਦਾਈ, ਤੂੰ ਸਤਿਗੁਰੂ ਅਸੀਂ ਚੇਲੇ ਵੱਡਾ ਛੋਟਾ ਨਾ ਕੋਇ ਰਖਾਈਆ । ਗੋਬਿੰਦ ਦੋਵੇਂ ਕਰ ਕੇ ਬਾਹੀਂ, ਆਪਣੇ ਹੱਥਾਂ ਦੀ ਗਲਵਕੜੀ ਪਾਈ, ਗੁਰਸਿਖੋ ਤੁਸੀਂ ਮੇਰੇ ਸਾਹਿਬ ਤੇ ਮੈਂ ਤੁਹਾਡਾ ਰਾਹੀ, ਪਾਂਧੀ ਬਣ ਕੇ ਰਾਹ ਤਕਾਈਆ । ਓਨ੍ਹਾਂ ਨੇ ਫੇਰ ਕਿਹਾ ਸਤਿਗੁਰੂ ਕੌਣ ਭਰੇ ਗਵਾਹੀ, ਲੇਖਾ ਕਵਣ ਜਣਾਈਆ । ਗੋਬਿੰਦ ਨੇ ਪੰਜ ਉਂਗਲੀਆਂ ਇਕੇ ਵਾਰ ਉਠਾਈ, ਫੇਰ ਛਾਤੀ ਨਾਲ ਲਗਾਈਆ । ਪੰਜ ਪਿਆਰੇ ਤੁਹਾਡੇ ਸੇਵਾਦਾਰ ਜਿਹੜੇ ਜੱਟ ਝੀਵਰ ਤੇ ਛੀਬੇ ਨਾਈ, ਜ਼ਾਤ ਪਾਤ ਨਾ ਕੋਇ ਰਖਾਈਆ । ਪੰਜ ਲਿਖਾਰੀ ਤੁਹਾਡਾ ਲੇਖ ਵੇਖਣ ਚਾਈਂ ਚਾਈਂ, ਮਸਤਕ ਬਿੰਦੀਆਂ ਲਾਲ ਰੰਗ ਰੰਗਾਈਆ । ਫੇਰ ਗੋਬਿੰਦ ਨੇ ਸੱਜੇ ਚਰਨ ਨਾਲ ਪੁੱਟੀ ਖਾਈ, ਨਿਸ਼ਾਨ ਡੂੰਘਾ ਦਿਤਾ ਲਗਾਈਆ । ਜਿਸ ਵੇਲੇ ਮੇਰੇ ਸਤਿਗੁਰ ਨੇ

ਰੀਤ ਸਤਿਜੁਗ ਚਲਾਈ, ਸਚ ਸਚ ਵਡਿਆਈਆ । ਫੇਰ ਲੋਕਮਾਤ ਦੀ ਬਦਲ ਦੇਣੀ ਸ਼ਾਹੀ, ਸ਼ਹਿਨਸ਼ਾਹ ਆਪਣਾ ਹੁਕਮ ਸੁਣਾਈਆ । ਅੱਗੇ ਪਿਉ ਮਰੇ ਤੋਂ ਪੁਤ ਨੂੰ ਪੱਗ ਸੀਸ ਬੰਨ੍ਹਦੇ ਤੇ ਮਾਣ ਮਿਲਦਾ ਧੀ ਜਵਾਈ, ਘਰ ਦੀ ਰੀਤੀ ਰੀਤੀ ਵਿਚ ਬਦਲਾਈਆ । ਫੇਰ ਖੇਲ ਕਰਨਾ ਪੁਤ ਮਰੇ ਤੇ ਪਿਉ ਨੂੰ ਮਿਲੇ ਵਡਿਆਈ, ਏਸੇ ਕਰ ਕੇ ਪਹਿਲੋਂ ਲਿਖਤ ਦਿਤੀ ਕਰਾਈਆ । ਅਗਲਾ ਲੇਖਾ ਰਾਤ ਨੂੰ ਸੁਣਨਾ ਚਾਈਂ ਚਾਈਂ, ਜਿਹੜਾ ਨਾਨਕ ਦੱਬ ਕੇ ਆਪਣੀ ਬਗ਼ਲ ਵਿਚ ਗਿਆ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਥਾਉਂ ਥਾਈਂ, ਥਾਨ ਥਨੰਤਰ ਗਗਨ ਗਗਨੰਤਰ ਖੋਜ ਖੁਜਾਈਆ ।

## ੧੫ ਕੱਤਕ ਸ਼ਹਿਨਸ਼ਾਹੀ ਸੰਮਤ ੫ ਜਮਾਂਦਾਰ ਕਿਸ਼ਨ ਸਿੰਘ ਦੇ ਗ੍ਰਹਿ

ਅਰਜਨ ਵੇਖ ਲੈ ਜੋ ਸੰਦੇਸ਼ ਦਿਤਾ ਬੁੱਢੇ ਬਾਬੇ, ਬਾਬੇ ਬੁੱਢੇ ਦਿਤਾ ਜਣਾਈਆ । ਖੇਲ ਵਖਾਇਆ ਕਿਸ ਬਿਧ ਪ੍ਰਭ ਪਰਗਟ ਹੋਵੇ ਦੇਸ ਮਾਝੇ, ਮਹਾਰਾਜ ਆਪਣੀ ਖੇਲ ਖਿਲਾਈਆ । ਗੁਰਸਿਖ ਮੇਲੇ ਵਿਚੋਂ ਦੁਆਬੇ, ਦੁਹਰੀ ਆਪਣੀ ਕਾਰ ਕਮਾਈਆ । ਕਿਸ ਬਿਧ ਮਾਲਵੇ ਵਾਲੇ ਰੱਖੇ ਲਾਗੇ, ਦੂਰ ਦੁਰਾਡੇ ਜੋੜ ਜੁੜਾਈਆ । ਕਿਸ ਬਿਧ ਜੰਮੂ ਵਾਲੇ ਹੋਣ ਸਾਂਝੇ, ਸਗਲਾ ਸੰਗ ਬਣਾਈਆ । ਕਿਸ ਬਿਧ ਖੇਲ ਕਰੇ ਵਿਚ ਕਾਅਬੇ, ਆਪਣਾ ਹੁਕਮ ਵਰਤਾਈਆ । ਕਿਸ ਬਿਧ ਵਜਾਏ ਆਪਣੇ ਅਗੰਮੀ ਵਾਜੇ, ਸ਼ਬਦੀ ਨਾਦ ਸੁਣਾਈਆ । ਕਿਸ ਬਿਧ ਸੂਰਾ ਸਤਿਗੁਰ ਗਾਜੇ, ਗਰਜ ਆਪਣਾ ਨਾਮ ਰਖਾਈਆ । ਕਿਸ ਬਿਧ ਖੇਲ ਕਰਾਉਣਾ ਉਤੇ ਵਾਘੇ, ਪੁਰੀ ਘਨਕ ਘਨਕ ਵਡਿਆਈਆ । ਅਰਜਨ ਫੇਰ ਹੱਥ ਜੋੜ ਕਿਹਾ ਇਹ ਖੇਲ ਓਸ ਪ੍ਰਭੂ ਡਾਹਢੇ, ਜਿਸ ਨੂੰ ਡੰਡਾਵਤ ਕਰ ਕੇ ਸੀਸ ਨਿਵਾਈਆ । ਜੋ ਧਰਮ ਨਿਸ਼ਾਨੇ ਗਾਡੇ, ਹੁਕਮ ਆਪਣਾ ਇਕ ਸੁਣਾਈਆ । ਜੋ ਮਿਹਰ ਕਰੇ ਤੇ ਧੋਵੇ ਦੁਰਮਤ ਮੈਲ ਦਾਗ਼ੇ, ਪਾਪਾਂ ਕਰੇ ਸਫ਼ਾਈਆ । ਗੁਰ ਅਰਜਨ ਦੋਵੇਂ ਹੱਥ ਜੋੜ ਝੁਕ ਗਿਆ ਆਗੇ, ਆਗਮਨ ਵਿਚ ਸੀਸ ਨਿਵਾਈਆ । ਪਰ ਪਹਿਲੋਂ ਖੇਲ ਵੇਖਣਾ ਗੋਬਿੰਦ ਵਾਲੇ ਬਾਜ਼ੇ, ਬਾਜਾਂ ਵਾਲਾ ਫੇਰਾ ਪਾਈਆ । ਬੁੱਢੇ ਕਿਹਾ ਕੁਛ ਇਸ ਤੋਂ ਦੱਸ ਆਗੇ, ਉਂਗਲਾਂ ਕੰਨਾਂ ਵਿਚ ਪਾਈਆ । ਅਰਜਨ ਕਿਹਾ ਜਿਸ ਵੇਲੇ ਸਾਧ ਸੰਤ ਨਹੀਂ ਜਾਣੇ ਸਾਧੇ, ਸਾਧਨਾ ਰਹਿਣ ਕੋਇ ਨਾ ਪਾਈਆ । ਫਲ ਰਹਿਣਾ ਨਹੀਂ ਧਰਮ ਦੇ ਬਾਗੇ, ਫਲ ਫੁੱਲ ਨਾ ਕੋਇ ਮਹਿਕਾਈਆ । ਕਲਜੁਗ ਨੀਂਦ ਵਿਚੋਂ ਕੋਈ ਨਾ ਜਾਗੇ, ਗ਼ਫ਼ਲਤ ਪੜਦਾ ਨਾ ਕੋਇ ਉਠਾਈਆ । ਅਰਜਨ ਫੇਰ ਚੁਪ ਹੋ ਗਿਆ ਧਿਆਨ ਧਰਿਆ ਗੋਬਿੰਦ ਦਾ ਸਰੂਪ ਤੇ ਕੰਢਾ ਨਜ਼ਰ ਆਇਆ ਢਾਬੇ, ਜਿਸ ਦੀ ਮਹਾਂ ਸਿੰਘ ਦਏ ਗਵਾਹੀਆ । ਫੇਰ ਬੁੱਢੇ ਨੇ ਕਿਹਾ ਅਰਜਨ ਨੂੰ ਮਾਰ ਕੇ ਦਾਬੇ, ਗੁਰੂਆਂ ਕੁਛ ਹੋਰ ਦੇ ਸਮਝਾਈਆ । ਓਸ ਕਿਹਾ ਬਾਬਾ ਓਸ ਨੇ ਸਾਰੀ ਸ੍ਰਿਸ਼ਟੀ ਤੋਲਣੀ ਨਾਮ ਦੇ ਛਾਬੇ, ਸ਼ਹਿਨਸ਼ਾਹ ਤਰਾਜ਼ੂ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਨੂੰ ਅਰਾਧੇ, ਅਰਾਧਨਾ ਵਿਚ ਲੋਕਾਈਆ । ਜਿਸ ਦੇ ਭਵਿਖਤਾਂ ਵਿਚ ਲੈਂਦੇ ਆਏ ਖਵਾਬੇ, ਪੇਸ਼ੀਨਗੋਈਆਂ ਵਿਚ ਪੇਸ਼ਤਰ ਰਹੇ ਜਣਾਈਆ । ਜਿਸ ਦੇ ਨਾਮ ਦੀ ਨਾਨਕ ਵਜਾਈ ਰਬਾਬੇ, ਸਾਰੰਗਾ ਕੰਧੇ ਉਤੇ ਟਿਕਾਈਆ । ਓਸ ਵੇਖਣੇ ਡੂੰਘੇ ਖਾਡੇ, ਦੀਨ ਮਜ਼੍ਹਬ ਦੇ ਗੜ੍ਹੇ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ ।

ਬਾਬੇ ਕਿਹਾ ਅਰਜਨ ਸਤਿਗੁਰੂ ਕੀ ਲਾਲੋ ਦੇ ਅੰਦਰ ਨਾਨਕ ਮਾਰੀ ਫੂਕ, ਫੁਰਨਾ ਦਿਤਾ ਬਦਲਾਈਆ । ਉਹ ਵੀ ਪੰਜ ਭੂਤ, ਤਨ ਵਜੂਦ ਨਜ਼ਰੀ ਆਈਆ । ਉਹ ਵੀ ਕਾਇਆ ਕਲਬੂਤ, ਹੱਡ ਮਾਸ ਨਾੜੀ ਸੋਭਾ ਪਾਈਆ । ਉਹ ਵੀ ਤਾਣਾ ਪੇਟਾ ਸੂਤ, ਦੂਜਾ ਰੂਪ ਨਾ ਕੋਇ ਦਰਸਾਈਆ । ਗੁਰ ਅਰਜਨ ਕਿਹਾ ਬਾਬਾ ਜਿਸ ਵੇਲੇ ਸਤਿਗੁਰ ਸਾਚਾ ਹੋਏ ਮੌਜੂਦ, ਜੋ ਚਾਹੇ ਦਏ ਕਰਾਈਆ । ਮਿਹਰ ਦੀ ਨਿਗਾਹ ਨਾਲ ਕਰ ਕੇ ਮਹਿਫ਼ੂਜ਼, ਗੋਦ ਆਪਣੀ ਲਏ ਬਿਠਾਈਆ । ਬਾਬੇ ਕਿਹਾ ਕੀ ਭਗਤੀ ਦਾ ਅਸਲ ਦੇਵੇ ਕਿ ਸੂਦ, ਕਿ ਕੁਲ ਦਾ ਕੁਲ ਲੇਖਾ ਦਏ ਮੁਕਾਈਆ । ਅਰਜਨ ਨੇ ਨਿਗਾਹ ਮਾਰੀ ਤੱਕਿਆ ਓ ਬਾਬਾ ਅਜੇ ਤੇ ਗੋਬਿੰਦ ਦੇ ਬੱਚੇ ਜਾਣੇ ਝੂਜ, ਅਜੀਤ ਜੁਝਾਰ ਨਜ਼ਰੀ ਆਈਆ । ਬਾਬੇ ਕਿਹਾ ਸਤਿਗੁਰੂ ਕਿਉਂ ਸਤਿਗੁਰ ਵਿਚ ਹੁੰਦੀ ਨਾ ਕੋਈ ਦੂਜ, ਦੂਆ ਦੇ ਸਮਝਾਈਆ । ਗੁਰ ਅਰਜਨ ਕਿਹਾ ਬਾਬਾ ਜਿਸ ਵੇਲੇ ਨਿਰਗੁਣ ਤੋਂ ਸਰਗੁਣ ਦੀ ਹੁੰਦੀ ਵੇਖੀ ਪੂਜ, ਓਨਾਂ ਚਿਰ ਦਵੈਤ ਨਾ ਕੋਇ ਮਿਟਾਈਆ । ਬਾਬੇ ਕਿਹਾ ਅਰਜਨ ਸਤਿਗੁਰ ਇਹ ਕੂੜਾ ਕਵਣ ਦੇਵੇ ਹੂੰਝ, ਕਰੇ ਸਰਬ ਸਫ਼ਾਈਆ । ਗੁਰ ਅਰਜਨ ਕਿਹਾ ਮੇਰਾ ਪੁਰਖ ਅਕਾਲ ਦੀਨ ਦਿਆਲ ਗ਼ਰੀਬ ਨਿਮਾਣਿਆਂ ਦੇ ਹੰਝੂ ਦੇਵੇ ਪੂੰਝ, ਆਪਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਖੇਲ ਵਖਾਈਆ । ਬਾਬੇ ਬੁੱਢੇ ਕਿਹਾ ਸਤਿਗੁਰ ਕੀ ਸਤਿਗੁਰ ਉਤੇ ਵੀ ਆਵੇ ਬੁੜ੍ਹਾਪਾ, ਮੈਨੂੰ ਦੇ ਸਮਝਾਈਆ । ਕੀ ਸਤਿਗੁਰ ਵੀ ਜੋੜੇ ਨਾਤਾ, ਜਗਤ ਵਿਚ ਲੋਕਾਈਆ । ਕੀ ਸਤਿਗੁਰ ਦਾ ਵੀ ਕੋਈ ਖਾਤਾ, ਕਰਮਾਂ ਕਾਂਡਾਂ ਵਿਚ ਆਪਣਾ ਝਟ ਲੰਘਾਈਆ । ਕੀ ਸਤਿਗੁਰ ਦਾ ਵੀ ਕੋਈ ਅਹਾਤਾ, ਚਾਰ ਦੀਵਾਰੀ ਵੰਡ ਕੇ ਆਪਣਾ ਹਿੱਸਾ ਲਏ ਬਣਾਈਆ । ਗੁਰ ਅਰਜਨ ਕਿਹਾ ਬਾਬਾ ਨਹੀਂ ਉਹ ਪੁਰਖ ਪੁਰਖ ਸਮਰਾਥਾ, ਜੋ ਆਦਿ ਅੰਤ ਅਖਵਾਈਆ । ਬਾਬੇ ਕਿਹਾ ਕੀ ਉਹ ਮਾਲਾ ਫੇਰੇ ਕਿ ਕਰੇ ਪੂਜਾ ਪਾਠਾ, ਕਿ ਅੱਖੀਂ ਮੀਟ ਧਿਆਨ ਲਗਾਈਆ । ਗੁਰ ਅਰਜਨ ਕਿਹਾ ਉਹ ਆਦਿ ਤੋਂ ਅੰਤ ਤਕ ਸਰਬ ਦਾ ਰਾਖਾ, ਤੇ ਸਭ ਦਾ ਪਿਤਾ ਮਾਈਆ । ਬਾਬੇ ਕਿਹਾ ਫੇਰ ਤੂੰ ਕਿਉਂ ਚੌਂਕੜਾ ਮਾਰ ਕੇ ਮਾਰੇਂ ਅਵਾਜ਼ਾ, ਮੁੱਠੀ ਬੰਦ ਰਖਾਈਆ । ਗੁਰ ਅਰਜਨ ਕਿਹਾ ਬਾਬਾ ਮੈਂ ਡਰਦਾ ਮੰਨਦਾ ਓਸ ਦਾ ਆਖਾ, ਹੁਕਮੇ ਵਿਚ ਨਾ ਹੋਏ ਕੋਤਾਹੀਆ । ਮੈਂ ਤੇ ਉਹਦਾ ਨਿੱਕਾ ਜੇਹਾ ਕਾਕਾ, ਜਿਸ ਨੂੰ ਨਾਮ ਖਿਲੌਣਿਆਂ ਨਾਲ ਰਿਹਾ ਖਿਲਾਈਆ । ਇਕ ਉਸ ਦਾ ਭਵਿਖਤ ਦੱਸਾਂ ਵਾਕਾ, ਪਰ ਯਾਦ ਰੱਖੀਂ ਜੀਵਤ ਜੀਅ ਰਸਨਾ ਜਿਹਵਾ ਨਾ ਬਾਹਰ ਸੁਣਾਈਆ । ਕਿਉਂ ਓਸ ਪ੍ਰਭੂ ਨੇ ਕਲਜੁਗ ਅੰਤ ਆਪਣਿਆਂ ਭਗਤਾਂ ਦੀਆਂ ਪੂਰੀਆਂ ਕਰਨੀਆਂ ਆਸਾ, ਨਿਰਾਸਾ ਰਹਿਣ ਕੋਇ ਨਾ ਪਾਈਆ । ਉਨ੍ਹਾਂ ਦਾ ਸਭ ਦੇ ਉਤੋਂ ਉਡ ਜਾਣਾ ਭਰਵਾਸਾ, ਭਰੋਸਾ ਇਕੇ ਉਤੇ ਰਖਾਈਆ । ਜਿਸ ਦੀਆਂ ਗੁਰ ਅਵਤਾਰ ਪੈਗ਼ੰਬਰ ਨਿੱਕੀਆਂ ਨਿੱਕੀਆਂ ਸ਼ਾਖ਼ਾਂ, ਸ਼ਾਹ ਪਾਤਸ਼ਾਹ ਮੇਰਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਗੁਰ ਅਰਜਨ ਕਿਹਾ ਬਾਬਾ ਵੇਖ ਮੇਰਾ ਮਸਤਕ, ਬੁੱਢੇ ਧਿਆਨ ਲਿਆ ਲਗਾਈਆ । ਜਾਂ ਤੱਕਿਆ ਸੰਮਤ ਸ਼ਹਿਨਸ਼ਾਹੀ ਪੰਜ ਤੇ ਮਹੀਨਾ ਕੱਤਕ, ਥਿਤ ਵਾਰ ਪੰਦਰਾਂ ਨਜ਼ਰੀ ਆਈਆ । ਨਜ਼ਾਰਾ ਤੱਕਿਆ ਤੇ ਵੇਖਿਆ ਸੁਹੰਜਣਾ ਵਕਤ, ਘੜੀ ਘੜੀ ਦਏ ਗਵਾਹੀਆ । ਪੇਸ਼ੀਨਗੋਈਆਂ ਵੇਖੀਆਂ ਓਸ ਨੇ ਪੂਰੀ ਕਰਨੀ ਸ਼ਰਤ, ਜੋ ਸ਼ਰਅ ਦਏ ਬਦਲਾਈਆ । ਫੇਰ ਯਾਦ ਆ ਗਿਆ ਰਾਮ ਨੇ ਵਿਛੜਨ ਲੱਗਿਆਂ ਕੀ ਸੰਦੇਸ਼ਾ ਦਿਤਾ ਸੀ ਭਰਤ, ਪੁਠੀਂ ਪੈਰੀਂ ਚਲ ਕੇ ਭਰਾਤੇ ਨੂੰ ਦਿਤਾ ਸੁਣਾਈਆ । ਤੇਰੇ ਰਾਮ

ਦਾ ਰਾਮ ਜਿਸ ਨੇ ਕਲਜੁਗ ਆਉਣਾ ਪਰਤ, ਪਤਰਕਾ ਲਿਖਣੀ ਨਹੀਂ ਨਾਲ ਕਿਸੇ ਕਲਮ ਸ਼ਾਹੀਆ । ਖੇਲ ਕਰਨਾ ਅਸਚਰਜ, ਅਚਰਜ ਲੀਲਾ ਆਪਣੀ ਦਏ ਦ੍ਰਿੜਾਈਆ । ਜਨ ਭਗਤਾਂ ਪੁੱਠੀ ਸਿਧੀ ਕਰਕੇ ਨਰਦ, ਨਰ ਨਰਾਇਣ ਆਪਣਾ ਰੰਗ ਚੜ੍ਹਾਈਆ । ਪਰ ਮੈਨੂੰ ਯਾਦ ਆ ਗਿਆ ਨਾਨਕ ਨੇ ਫੇਰ ਲਾਲੋ ਤੋਂ ਲੈਣੀ ਉਹ ਕਰਦ, ਜਿਸ ਨੇ ਕਾਤਲ ਮਕਤੂਲ ਦੇਣੇ ਮੁਕਾਈਆ । ਗੁਰਮੁਖੋ ਇਕ ਵਾਰ ਖੜਕਾ ਦਿਉ ਖੰਡੇ ਨਾਲ ਖੜਗ, ਟਕ ਟਕ ਆਵਾਜ਼ ਸੁਣਾਈਆ । ਤੁਹਾਡਾ ਏਥੇ ਓਥੇ ਹੋਣ ਨਹੀਂ ਦੇਣਾ ਹਰਜ, ਜਿਸ ਤਰਾਂ ਤੁਸੀਂ ਮੇਰੇ ਪਹਿਰੇਦਾਰ ਏਸੇ ਤਰਾਂ ਮੈਂ ਹੋਵਾਂ ਸਹਾਈਆ । ਕਦੀ ਬੇੜਾ ਹੋਣ ਨਹੀਂ ਦੇਣਾ ਗ਼ਰਕ, ਮਲਾਹ ਬਣ ਕੇ ਬੇਪਰਵਾਹ ਬਣ ਕੇ ਬੇੜਾ ਆਪਣੇ ਕੰਧ ਉਠਾਈਆ । ਕਿਉਂ ਆਦਿ ਤੋਂ ਲੈ ਕੇ ਅੰਤ ਤਕ ਪੈਗ਼ੰਬਰਾਂ ਨਾਲ ਮੇਰੀ ਸ਼ਰਤ, ਜਿਸ ਦੀ ਸ਼ਰਅ ਨਾ ਕੋਇ ਬਦਲਾਈਆ । ਜਦ ਵੇਖੋ ਅਰਸ਼ ਤੇ ਫ਼ਰਸ਼, ਤਰਸ ਭਗਤਾਂ ਉਤੇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਬਾਬੇ ਕਿਹਾ ਅਰਜਨ ਮੇਰੇ ਅੰਦਰ ਵੱਜਦੀ ਚੋਭ, ਚੁਭਕਾਂ ਰਹੀ ਲਗਾਈਆ । ਕੀ ਕੋਈ ਨਾਮ ਸੂਆ ਰਿਹਾ ਏਂ ਖੋਭ, ਮੈਨੂੰ ਦੇ ਜਣਾਈਆ । ਸਤਿਗੁਰ ਅਰਜਨ ਕਿਹਾ ਬਾਬਾ ਏਥੇ ਪਾ ਦੇ ਭੋਗ, ਅੱਗੇ ਸ਼ਬਦ ਨਾ ਕੋਇ ਸੁਣਾਈਆ । ਬਾਬੇ ਕਿਹਾ ਮੈਨੂੰ ਸਤਿਗੁਰ ਨਾਲ ਬਚਨ ਕਰਨ ਦਾ ਰੋਗ, ਇਹ ਸਕੇ ਨਾ ਕੋਇ ਮਿਟਾਈਆ । ਮੈਂ ਪ੍ਰਭ ਦੀ ਭਗਤੀ ਤੇ ਤੇਰਾ ਕੀਤਾ ਜੋਗ, ਜੁਗਤੀ ਨਾ ਮੰਗ ਮੰਗਾਈਆ । ਅਰਜਨ ਇਕ ਮੈਂ ਜੇਹੜਾ ਨਿਮਸਕਾਰ ਨੌਂ ਵਾਰ ਕਰਦਾ ਰੋਜ਼, ਨੌ ਦਵਾਰੇ ਤੇਰੀ ਝੋਲੀ ਪਾਈਆ । ਮੇਰੇ ਜਿਸਮ ਦੀ ਤੈਨੂੰ ਹੋਵੇ ਸੋਚ, ਬਾਬਾ ਬੁੱਢਾ ਫਿਰੇ ਚਾਈਂ ਚਾਈਂਆ । ਗੁਰ ਅਰਜਨ ਕਿਹਾ ਬਾਬਾ ਸਦੀ ਚੌਧਵੀਂ ਗੁਰ ਅਵਤਾਰ ਪੈਗ਼ੰਬਰਾਂ ਦਾ ਮੁਰੀਦਾਂ ਸਿੱਖਾਂ ਨਾਲੋਂ ਹੋਣਾ ਵਿਯੋਗ, ਵਿਯੋਗੀ ਹੋ ਕੇ ਮਾਰਨ ਧਾਹੀਆ । ਜਿਧਰ ਵੇਖਣਾ ਘਰ ਘਰ ਦਿਸਦਾ ਸੋਗ, ਖ਼ੁਸ਼ੀ ਵਿਚ ਖ਼ੁਸ਼ੀ ਨਾ ਕੋਇ ਪਰਗਟਾਈਆ । ਸਿਰਫ਼ ਪ੍ਰਭੂ ਨੇ ਆਪਣੇ ਭਗਤਾਂ ਨੂੰ ਦੇਣੀ ਮੌਜ, ਮੌਜੂਦ ਹੋ ਕੇ ਰੰਗ ਰੰਗਾਈਆ । ਗੁਰਮੁਖੋ ਤੁਸੀਂ ਗੋਬਿੰਦ ਦੀ ਫ਼ੌਜ, ਫ਼ੌਜਦਾਰ ਤੁਹਾਡਾ ਸ਼ਹਿਨਸ਼ਾਹੀਆ । ਵੇਖਣਾ ਖੇਲ ਲੋਕ ਪਰਲੋਕ, ਦੋ ਜਹਾਨ ਧਿਆਨ ਲਗਾਈਆ । ਅੱਜ ਤੋਂ ਅਵਤਾਰ ਪੈਗ਼ੰਬਰਾਂ ਗੁਰੂਆਂ ਨੂੰ ਪੈ ਜਾਣੀ ਸੋਚ, ਸੋਚ ਵਿਚ ਨੈਣ ਲੈਣ ਉਠਾਈਆ । ਕੀ ਖੇਲ ਹੋਣਾ ਪੁਸ਼ਕਰ ਕਰੌਂਚ, ਕਲ ਕਲਕੀ ਕੀ ਕਲ ਵਰਤਾਈਆ । ਜਿਥੇ ਕਿਸੇ ਨਹੀਂ ਸਕਣਾ ਪਹੁੰਚ, ਪੰਜੇ ਲਾ ਕੇ ਸਾਰੇ ਬੇਠੈ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰ ਅਰਜਨ ਕਿਹਾ ਬਾਬਾ ਸੰਮਤ ਸ਼ਹਿਨਸ਼ਾਹ ਪੰਜ ਦਾ ਆਉਣਾ ਕੱਤਕ ਪੰਦਰਾਂ, ਇਕ ਪੰਜ ਰੰਗ ਰੰਗਾਈਆ । ਮਾਣ ਰਹਿਣਾ ਨਹੀਂ ਮਸੀਤਾਂ ਮੰਦਰਾਂ, ਗੁਰੂਦਵਾਰ ਮੱਠ ਨਾ ਕੋਇ ਚਤੁਰਾਈਆ । ਜੋਗ ਰਹਿਣਾ ਨਹੀਂ ਜੂਹਾਂ ਕੰਦਰਾਂ, ਟਿੱਲੇ ਪਰਬਤ ਫਿਰੇ ਦੁਹਾਈਆ । ਪ੍ਰਕਾਸ਼ ਰਹਿਣਾ ਨਹੀਂ ਕਿਸੇ ਦੇ ਅੰਦਰਾਂ, ਨੂਰੀ ਜੋਤ ਨਾ ਕੋਇ ਚਮਕਾਈਆ । ਅੰਤਰ ਖੁਲ੍ਹੇ ਕਿਸੇ ਨਾ ਜੰਦਰਾ, ਕੁੰਜੀ ਹੱਥ ਨਾ ਕੋਇ ਰਖਾਈਆ । ਕੁਛ ਲਹਿਣਾ ਕ੍ਰਿਸ਼ਨ ਦਾ ਬਨ ਬਿੰਦਰਾ, ਬਿੰਦੀ ਵਾਲਿਆਂ ਦਏ ਸਮਝਾਈਆ । ਕੁਛ ਲਹਿਣਾ ਸੁਰਪਤ ਇੰਦਰਾ, ਇੰਦ ਇੰਦਰਾਸਣ ਧਿਆਨ ਲਗਾਈਆ । ਕੁਛ ਦੇਣਾ ਲੈਹਣੇ ਦਾ ਜੋ ਨਾਨਕ ਵਖਾਇਆ ਵਿਚ ਨਿੰਦਰਾ, ਅੰਗਦ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਲੇਖਾ ਪੂਰ ਕਰਾਈਆ । ਬਾਬੇ ਕਿਹਾ ਗੁਰ ਅਰਜਨ ਉਹ ਸਿੱਖ ਕਿਹੜੇ ਹੋਣੇ ਸਮਾਜੀ, ਸਚ ਦੇ ਜਣਾਈਆ । ਗੁਰ

ਅਰਜਨ ਕਿਹਾ ਉਨ੍ਹਾਂ ਦੀਨ ਮਜ਼੍ਹਬ ਤੋਂ ਹੋਣਾ ਬਾਗ਼ੀ, ਜ਼ਾਤ ਪਾਤ ਨਾ ਕੋਇ ਰਖਾਈਆ । ਇਕ ਪੁਰਖ ਅਕਾਲ ਨੂੰ ਮੰਨਣਾ ਇਮਦਾਦੀ, ਦੂਜੀ ਓਟ ਨਾ ਕੋਇ ਤਕਾਈਆ । ਉਨ੍ਹਾਂ ਦੀ ਧਾਰ ਹੋਣੀ ਸਾਦੀ, ਸਾਧਾਂ ਤੋਂ ਅਗਲਾ ਘਰ ਦੇਣਾ ਵਖਾਈਆ । ਸਦੀ ਚੌਧਵੀਂ ਸੁਰਤੀ ਹੋਣੀ ਜਾਗੀ, ਆਲਸ ਨਿੰਦਰਾ ਦੇਣ ਮਿਟਾਈਆ । ਤੇ ਪੁਰਖ ਅਕਾਲ ਉਨ੍ਹਾਂ ਦਾ ਬਣ ਕੇ ਹਾਜੀ, ਲੋਕਮਾਤ ਹੱਜ ਕਰਨ ਆਵੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਜਨ ਭਗਤੋ ਗੋਬਿੰਦ ਗੁਰੂ ਤੇ ਗੋਬਿੰਦ ਗੁਰੂ ਚੇਲਾ, ਤੇ ਲੇਖਾ ਪੂਰ ਕਰਾਈਆ । ਆਪਸ ਵਿਚ ਕਿਰਪਾਨ ਦਾ ਕਿਰਪਾਨ ਨਾਲ ਕਰ ਦਿਉ ਮੇਲਾ, ਸਤਿਗੁਰ ਤੁਹਾਡੀ ਓਟ ਰਖਾਈਆ । ਇਹ ਜੁਗ ਜਨਮ ਦਾ ਮੇਲਾ, ਵਿਛੜਿਆਂ ਮੇਲਾ ਰਿਹਾ ਕਰਾਈਆ । ਤੁਸੀਂ ਮੇਰੇ ਤੇ ਮੈਂ ਤੁਹਾਡਾ ਸੱਜਣ ਸੁਹੇਲਾ, ਨਾਤਾ ਇਕੋ ਲਿਆ ਰਖਾਈਆ । ਰਾਵੀ ਦਾ ਕੰਢਾ ਤੇ ਕਲਜੁਗ ਦਾ ਬੇਲਾ, ਤੇ ਜਗਤ ਦਾ ਸੁਹੇਲਾ ਤੁਹਾਡਾ ਦਿਸੇ ਮਾਹੀਆ । ਜੇ ਸਚ ਪੁਛੋ ਆਦਿ ਤੋਂ ਅੰਤ ਤਕ ਤੇ ਜੁਗ ਚੌਕੜੀ ਅਕੇਲਾ, ਇਕ ਇਕ ਨਾਲ ਸਦਾ ਕਰਦਾ ਆਇਆ ਕੁੜਮਾਈਆ । ਹੁਣ ਸਾਰਿਆਂ ਤੋਂ ਹੋ ਕੇ ਵਿਹਲਾ, ਚੌਹੁ ਜੁਗਾਂ ਦੇ ਵਿਛੜੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਸਤਿਗੁਰ ਕਹੇ ਮੈਂ ਸ਼ਬਦ ਗੁਰ ਸ਼ਬਦ ਗੁਰਦੇਵਾ, ਆਤਮਾ ਗੁਰ ਸ਼ਬਦ ਸ਼ਬਦ ਗੁਰ ਆਤਮਾ ਪਰਮਾਤਮਾ ਗੁਰ ਸ਼ਬਦ ਸ਼ਬਦ ਗੁਰ ਪਰਮਾਤਮਾ, ਪਰਮ ਪੁਰਖ ਸ਼ਬਦ ਸ਼ਬਦ ਗੁਰ ਆਤਮਾ ਧਰਮ ਧਰਮਾਤਮਾ, ਧਰਮ ਦੀ ਧਾਰ ਏਕੰਕਾਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰਮੁਖੋ ਇਕ ਯਾਦ ਰੱਖਿਓ ਬੋਲੀ, ਸਚ ਨਾਲ ਦਿਆਂ ਜਣਾਈਆ । ਰਾਤ ਨੂੰ ਸੰਗਲ ਲੱਕ ਨਾਲ ਬੰਨ੍ਹੇ ਸਦੀ ਚੌਧਵੀਂ ਦੀ ਗੋਲੀ, ਨਾਲ ਪੰਜ ਪਿਆਰਿਆਂ ਦੀ ਹੋਵੇ ਟੋਲੀ, ਦੋਹਾਂ ਹੱਥਾਂ ਨਾਲ ਤਾਲੀ ਦੇਣੀ ਵਜਾਈਆ । ਸਭ ਨੇ ਦਾੜ੍ਹੇ ਲੈਣੇ ਖੋਲ੍ਹੀ, ਖੁਲ੍ਹਾ ਖੇਲ ਵਖਾਈਆ । ਇਕ ਗੁਰਸਿਖ ਜਿਸ ਨੇ ਪਾਉਣੀ ਰੌਲੀ, ਊਚੀ ਕੂਕ ਕੂਕ ਦਏ ਦੁਹਾਈਆ । ਬੋਲਣਾ ਨਹੀਂ ਹੌਲੀ ਹੌਲੀ, ਹੁਕਮ ਦਿਤਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰਮੁਖੋ ਕਿਤੇ ਥੱਕੇ ਤੇ ਨਹੀਂ, ਸਚ ਦੇਣਾ ਸੁਣਾਈਆ । ਕਿਸੇ ਦੀ ਪਿਛੇ ਚੋਣ ਵਾਲੀ ਤੇ ਨਹੀਂ ਮਹੀਂ, ਧਿਆਨ ਪਿਛੇ ਨਾ ਕੋਇ ਰਖਾਈਆ । ਕਿਸੇ ਦੀ ਪਾਣੀ ਵਿਚ ਧਰੀ ਤੇ ਨਹੀਂ ਕਹੀ, ਸੁਰਤੀ ਆਪਣੀ ਰਿਹਾ ਉਲਟਾਈਆ । ਕਿਸੇ ਦੀ ਕੋਈ ਚੀਜ਼ ਗਵਾਚ ਤੇ ਨਹੀਂ ਗਈ, ਸੋਚਾਂ ਵਿਚ ਆਪਣਾ ਆਪ ਡਰਾਈਆ । ਕਿਸੇ ਦਾ ਲੇਖਾ ਦੇਣ ਵਾਲਾ ਤੇ ਨਹੀਂ ਰਹਿ ਗਿਆ ਉਤੇ ਵਹੀ, ਅੰਦਰ ਲੇਖਾ ਰਿਹਾ ਬਣਾਈਆ । ਕਿਸੇ ਦੀ ਵਸਤ ਕਿਸੇ ਕੋਲ ਤੇ ਨਹੀਂ ਪਈ, ਜੋ ਅਮਾਨਤ ਆਏ ਟਿਕਾਈਆ । ਵੇਖਿਓ ਅੱਜ ਦੀ ਰਾਤ ਸਤਿਗੁਰ ਦੇ ਲੇਖੇ ਪਾਉਣੀ ਸਹੀ, ਸਹੀ ਸਲਾਮਤ ਆਪਣਾ ਆਪ ਕਰਾਈਆ । ਜਿਸ ਦੇ ਬੱਚੇ ਦੀ ਸੀੜੀ ਅਜੇ ਹੋਈ ਨਹੀਂ ਬਹੀ, ਉਹ ਤੁਹਾਡੀ ਖ਼ੁਸ਼ੀ ਰਿਹਾ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡੇ ਪ੍ਰੇਮ ਦਾ ਸਦਾ ਨਸ਼ਈ, ਮਸਤੀ ਵਿਚ ਹਸਤੀ ਵਿਚ ਅਰਸ਼ੀ ਹੋ ਕੇ ਫ਼ਰਸ਼ੀ ਹੋ ਕੇ ਪ੍ਰੇਮ ਪਿਆਰ ਦਾ ਗ਼ਰਜ਼ੀ ਹੋ ਕੇ ਮਿਲੇ ਚਾਈਂ ਚਾਈਂਆ ।

੧੬੪ ੨੨

### ੧੫ ਕੱਤਕ ਸ਼ਹਿਨਸ਼ਾਹੀ ਸੰਮਤ ੫ ਜਮਾਂਦਾਰ ਕਿਸ਼ਨ ਸਿੰਘ ਦੇ ਗ੍ਰਿਹ ਰਾਤ ਸਾਢੇ ਨੌਂ ਵਜੇ ਪਿੰਡ ਅੱਲੜਪਿੰਡੀ

ਪੰਜ ਪਿਆਰੇ ਫੜ ਲਉ ਸੰਗਲ, ਸਗਲਾ ਸੰਗ ਵਖਾਈਆ । ਗੁਰਮੁਖੋ ਪ੍ਰਭ ਨੂੰ ਲੱਭਣ ਜਾਣਾ ਨਹੀਂ ਕਦੇ ਵਿਚ ਜੰਗਲ, ਪਿਛਲੀ ਰੀਤੀ ਦਿਤੀ ਬਦਲਾਈਆ । ਤੁਹਾਡੇ ਘਰ ਵਿਚ ਹੋਵੇ ਚਾਰਮੰਗਲ, ਖ਼ੁਸ਼ੀ ਕਾਇਆ ਅੰਦਰ ਵਖਾਈਆ । ਕਲਜੁਗ ਕੂੜੀ ਕਿਰਿਆ ਜ਼ਹਿਰ ਗੰਦਲ, ਜੜ੍ਹ ਹੇਠੋਂ ਦੇਣੀ ਪੁਟਾਈਆ । ਹੁਣ ਈਸਾ ਮੂਸਾ ਮੁਹੰਮਦ ਦਾ ਵੇਖਣਾ ਦੰਗਲ, ਵੇਲਾ ਵਕਤ ਦਏ ਗਵਾਹੀਆ । ਸਦੀ ਚੌਧਵੀਂ ਨਹੀਂ ਦੇਣੀ ਲੰਘਣ, ਪੈਂਡਾ ਸਭ ਦਾ ਦੇਣਾ ਮੁਕਾਈਆ । ਸਭ ਨੇ ਇਕੋ ਕਰਨੀ ਬੰਦਨ, ਬੰਦਗੀ ਇਕ ਜਣਾਈਆ । ਸਚ ਦਵਾਰੇ ਸਾਰੇ ਆ ਕੇ ਮੰਗਣ, ਖ਼ਾਲੀ ਝੋਲੀ ਅੱਗੇ ਢਾਹੀਆ । ਪੁਰਖ ਅਕਾਲਾ ਸਭ ਨੂੰ ਲਾਏ ਅੰਗਣ, ਅੰਗੀਕਾਰ ਇਕ ਅਖਵਾਈਆ । ਸਚ ਨਾਮ ਦੀ ਚਾੜ੍ਹੇ ਰੰਗਣ, ਰੰਗਤ ਇਕ ਰੰਗਾਈਆ । ਵੇਖਣ ਆਵੇ ਖੇਲ ਤ੍ਰੈਲੋਕੀ ਨੰਦਨ, ਰਾਮ ਰਾਮਾ ਫੇਰਾ ਪਾਈਆ । ਜੁਗ ਚਾਰੇ ਵੰਵਣ, ਵੰਞ ਮੁਹਾਣਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਸੰਗਲ ਕਹੇ ਮੈਂ ਸ਼ਰਅ ਜ਼ੰਜੀਰ, ਸ਼ਰੀਅਤ ਦਿਆਂ ਦ੍ਰਿੜਾਈਆ । ਪੈਗ਼ੰਬਰੋ ਵੇਖੋ ਹੋਈ ਅਖ਼ੀਰ, ਆਖ਼ਰ ਪਰਦਾ ਲਾਹੀਆ । ਅਵਤਾਰੋ ਤਕੋ ਬੇਨਜ਼ੀਰ, ਨਜ਼ਰ ਨੈਣ ਉਠਾਈਆ । ਗੁਰੂ ਗੁਰਦੇਵ ਵੇਖੋ ਗਹਿਰ ਗੰਭੀਰ, ਕੀ ਆਪਣੀ ਕਾਰ ਕਮਾਈਆ । ਜੋ ਸ੍ਰਿਸ਼ਟੀ ਦੀ ਬਦਲਣ ਆਇਆ ਜ਼ਮੀਰ, ਦ੍ਰਿਸ਼ਟੀ ਦੀਰਘ ਰੋਗ ਗਵਾਈਆ । ਭਗਤ ਵੇਖੋ ਨਾਲ ਕਬੀਰ, ਕਬਰਾਂ ਤੋਂ ਬਾਹਰ ਰਿਹਾ ਸਮਝਾਈਆ । ਖੰਡਾ ਖੜਗ ਤਕੋ ਸ਼ਮਸ਼ੀਰ, ਸ਼ਹਿਨਸ਼ਾਹ ਰਿਹਾ ਚਮਕਾਈਆ । ਪਾਤਸ਼ਾਹਾਂ ਦੀ ਰਹਿਣੀ ਨਹੀਂ ਜਾਗੀਰ, ਹਕੂਮਤਾਂ ਹੁਕਮ ਨਾ ਕੋਇ ਮਨਾਈਆ । ਦੀਨ ਦੁਨੀ ਬਦਲ ਦੇਣੀ ਤਕਦੀਰ, ਤਦਬੀਰ ਅੱਗੇ ਨਾ ਕਦੇ ਸਮਝਾਈਆ । ਪਾਤਸ਼ਾਹ ਕਦੇ ਬਣੇ ਫ਼ਕੀਰ, ਫਾਕਾ ਕਟ ਕੇ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਖੇਲ ਆਪ ਵਖਾਈਆ । ਪੰਜ ਪਿਆਰੇ ਸੰਗਲ ਖਿਚੋ, ਖਿਚੋ ਬੇਪਰਵਾਹੀਆ । ਮੁਖੋਂ ਕਹੋ ਸਭ ਕੁਛ ਕਢਣਾ ਤੇਰੇ ਵਿਚੋਂ, ਕਿਉਂ ਬੈਠਾ ਪ੍ਰਭੂ ਲੁਕਾਈਆ । ਬਣ ਕੇ ਧੁਰਦਰਗਾਹੀ ਮਿਤੋ, ਮਿੱਤਰ ਪਿਆਰਾ ਹੋ ਕੇ ਕਿਉਂ ਬੈਠਾ ਪੜਦਾ ਪਾਈਆ । ਸਾਡੀ ਹੱਦ ਵਧ ਗਈ ਵਿੱਤੋਂ, ਵਿਤਕਰੇ ਨਾਲ ਦਈਏ ਜਣਾਈਆ । ਜੇ ਕਿਰਪਾ ਨਾ ਕਰੇਂ ਤਾਂ ਅਸੀਂ ਸਿੱਖ ਨਹੀਂ ਰਹਿ ਸਕਦੇ ਚਿਤੋਂ, ਚੇਤਨ ਸਭ ਨੂੰ ਦੇ ਕਰਾਈਆ । ਲਿਖਾਰੀਓ ਧੁਰ ਦਾ ਲੇਖ ਲਿਖੋ, ਨਾ ਕੋਈ ਮੇਟੇ ਮੇਟ ਮਿਟਾਈਆ । ਅੱਗੇ ਵਾਸਤੇ ਜ਼ਾਤ ਪਾਤ ਵਿਚ ਨਾ ਕਿਸੇ ਭਿੱਟੋ, ਊਚ ਨੀਚ ਨਾ ਕੋਇ ਜਣਾਈਆ । ਜੇ ਤੁਸੀਂ ਕੁਰਬਾਨ ਨਹੀਂ ਹੋ ਸਕਦੇ ਮੈਂ ਕੁਰਬਾਨ ਹੋਇਆ ਤੁਹਾਥੋਂ ਵਿਟੋ, ਆਪਣਾ ਆਪ ਤੁਹਾਡੇ ਭੇਟ ਕਰਾਈਆ । ਤੁਹਾਡਾ ਲੇਖਾ ਛੁਡਾਇਆ ਪੱਥਰ ਇੱਟੋਂ, ਬਿਨਾ ਪੁਰਖ ਅਕਾਲ ਤੋਂ ਸੀਸ ਨਾ ਕਿਸੇ ਨਿਵਾਈਆ । ਇਕ ਇਸ਼ਟ ਇਕ ਉਤੇ ਟਿਕੋ, ਦੂਸਰ ਟਿੱਕਾ ਮਸਤਕ ਨਾ ਕੋਇ ਛੁਹਾਈਆ । ਪ੍ਰਭੂ ਪਿਆਰ ਵਿਚ ਵਿਕੋ, ਕੀਮਤ ਹੱਟ ਨਾ ਕਿਸੇ ਪਵਾਈਆ । ਵੇਖਿਓ ਮੂੰਹੋਂ ਬਣੇ ਰਿਹੋ ਨਾ ਮਿੱਠੇ, ਅੰਦਰੋਂ ਵਿਖ ਰੂਪ ਦਰਸਾਈਆ । ਖ਼ੁਸ਼ੀ ਨਾਲ ਉਸ ਸਾਹਿਬ ਦੀ ਸੇਜੇ ਲਿਟੋ, ਜੋ ਸਿੰਘਾਸਣ ਤੁਹਾਡੀ ਆਤਮ ਸੇਜਾ ਰਿਹਾ ਬਣਾਈਆ । ਕਲਜੁਗ ਅੰਤ ਕਾਂਜੀ ਵਾਲਾ ਦੁੱਧ ਹੋ ਨਾ ਫਿੱਟੋ, ਰੂਪ ਸਚ ਦੇਣਾ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੰਜ ਪਿਆਰਿਓ ਖਿੱਚੋ ਨਾਲ ਜ਼ੋਰ,

ਜ਼ੋਰ ਆਪਣਾ ਲਓ ਲਗਾਈਆ । ਇਹ ਧੁਰਦਰਗਾਹੀ ਚੋਰ, ਡਾਕੂ ਬਣਿਆ ਬੇਪਰਵਾਹੀਆ । ਪਿਛਲੀ ਕਢ ਲਓ ਖੋਰ, ਚਾਰ ਜੁਗ ਦਾ ਲਹਿਣਾ ਲਓ ਮੁਕਾਈਆ । ਜੇ ਤੁਸੀਂ ਫੜ ਨਹੀਂ ਸਕੇ ਮੈਂ ਤੁਹਾਡੇ ਹੱਥ ਵਿਚ ਫੜਾਈ ਡੋਰ, ਜਗਤ ਵਾਲਾ ਪਲੂ ਨਾ ਕੋਇ ਗੰਢਾਈਆ । ਨਾ ਇਹ ਟੁੱਟੇ ਤੇ ਤੁਹਾਡੀ ਪ੍ਰੀਤੀ ਨਿਭੇ ਤੋੜ, ਅੱਗੇ ਹੋ ਨਾ ਕੋਇ ਅਟਕਾਈਆ । ਭਗਤ ਭਗਵਾਨ ਨੂੰ ਇਕੋ ਜੇਹੀ ਲੋੜ, ਵੱਧ ਘੱਟ ਨਾ ਕੋਇ ਰਖਾਈਆ । ਤੁਹਾਨੂੰ ਨਹਾਉਣ ਨਹੀਂ ਦੇਣਾ ਕਿਸੇ ਤਲਾਬ ਜੌਹੜ, ਤੀਰਥਾਂ ਉਤੇ ਨਾ ਕੋਇ ਭਵਾਈਆ । ਮਾਲਕ ਹੋ ਕੇ ਜਾਏ ਬਹੁੜ, ਬਹੁੜ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲਹਿਣਾ ਰਿਹਾ ਮੁਕਾਈਆ । ਸੰਗਲ ਕਹੇ ਹੋਰ ਕਰੋ ਅੱਗੇ, ਜ਼ੋਰ ਨਾਲ ਖਿਚਾਈਆ । ਬਣ ਜਾਓ ਸ਼ੇਰ ਬੱਗੇ, ਆਪਣਾ ਬਲ ਵਧਾਈਆ । ਜਿਸ ਨੇ ਗੁਰ ਅਵਤਾਰ ਪੈਗ਼ੰਬਰ ਆਪਣੀ ਧਾਰੋਂ ਕਢੇ, ਲੋਕਮਾਤ ਦਿਤੇ ਭਵਾਈਆ । ਨਾਮ ਕਲਮੇ ਵਾਲੇ ਲਗਾ ਕੇ ਡੱਗੇ, ਡੌਰੂ ਡੰਕ ਦਿਤੇ ਖੜਕਾਈਆ । ਝਗੜਾ ਪਾ ਕੇ ਮਾਸ ਨਾੜੀ ਹੱਡੇ, ਤਨ ਵਜੂਦ ਦਿਤੇ ਲੜਾਈਆ । ਹੁਣ ਚੜ੍ਹ ਗਿਆ ਓਹ ਤੁਹਾਡੇ ਅੱਡੇ, ਅੱਡੀ ਦਾ ਜ਼ੋਰ ਲਾ ਕੇ ਲਓ ਖਿਚਾਈਆ । ਇਹ ਮੌਕਾ ਮਿਲਿਆ ਨਹੀਂ ਕਿਸੇ ਅੱਗੇ, ਸੰਗਲ ਬੰਨ੍ਹ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਸੰਗਲ ਕਹੇ ਪੰਜ ਪਿਆਰਿਓ ਮੈਂ ਬੜਾ ਸ਼ਰਾਰਤੀ, ਸ਼ਰਅ ਵਿਚ ਦੀਨ ਦੁਨੀ ਦਿਤੀ ਲੜਾਈਆ । ਲਿਖਾਰੀਓ ਮੇਰਾ ਲੇਖਾ ਲਿਖੋ ਇਬਾਰਤੀ, ਦੀਨ ਦੁਨੀ ਦੇਣਾ ਪਲਟਾਈਆ । ਕਦੇ ਸਤਿਗੁਰ ਮੰਨਿਓ ਨਾ ਸਫ਼ਾਰਸ਼ੀ, ਬਿਨਾ ਦੇਖਿਆ ਮਨ ਨਾ ਕੋਇ ਟਿਕਾਈਆ । ਵਿਚੋਲਾ ਬਣਿਓ ਨਾ ਕੋਇ ਵਿਚ ਆੜ੍ਹਤੀ,
੧੯੬ ਹੱਟਾਂ ਵਿਚ ਨਾ ਤੋਲ ਤੁਲਾਈਆ । ਸਦਾ ਇਕ ਹਕੂਮਤ ਇਕ ਸਰਕਾਰ ਦੀ, ਦੂਜਾ ਨਜ਼ਰ ਕੋਇ ਨਾ ਆਈਆ । ਹੁਣ ਖੇਲ ਵੇਖਿਓ ਪੈਗ਼ੰਬਰਾਂ ੧੯੬
੨੨ ਵਾਲੇ ਪਰਵਰਦਿਗਾਰ ਦੀ, ਪਾਰਬ੍ਰਹਮ ਪ੍ਰਭ ਕੀ ਆਪਣੀ ਕਾਰ ਕਮਾਈਆ । ਗੁਰ ਗੱਦੀ ਨਹੀਂ ਰਹਿਣੀ ਕਿਸੇ ਗਦਾਰ ਦੀ, ਗਦਾਗਰ ਹੋਏ ਲੋਕਾਈਆ । ੨੨
ਸੇਵਾ ਮਨਜ਼ੂਰ ਖ਼ਿਦਮਤਗਾਰ ਦੀ, ਜੋ ਖ਼ਾਦਮ ਹੋ ਕੇ ਪ੍ਰਭ ਨੂੰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸੰਗਲ ਕਹੇ ਮੈਨੂੰ ਖਿੱਚੋ, ਪਿਛਲਾ ਜ਼ੋਰ ਲਗਾਈਆ । ਤੁਹਾਡੀ ਪੂਰੀ ਹੋਵੇ ਇੱਛੇ, ਆਪਣਾ ਰੰਗ ਚੜ੍ਹਾਈਆ । ਪਿਛੇ ਪ੍ਰਭੂ ਦੇ ਪੜ੍ਹਦੇ ਆਏ ਕਿੱਸੇ, ਕਿਸਮਤ ਲਓ ਬਦਲਾਈਆ । ਜਗ ਨੇਤਰ ਕਿਸੇ ਨਾ ਦਿਸੇ, ਦਹਿ ਦਿਸ਼ਾ ਅੰਧੇਰਾ ਛਾਈਆ । ਜਨ ਭਗਤਾਂ ਆਇਆ ਹਿੱਸੇ, ਹਿੱਸਾ ਆਪਣਾ ਲਓ ਵੰਡਾਈਆ । ਲੁਕ ਨਾ ਜਾਏ ਕਿਤੇ, ਕਿਤਿਆਂ ਦਾ ਮਾਲਕ ਦੋ ਜਹਾਨਾਂ ਆਪਣਾ ਮੁਖ ਛੁਪਾਈਆ । ਸੋਹਣੀ ਵਾਰ ਵੇਖੋ ਥਿੱਤੇ, ਪੰਦਰਾਂ ਕੱਤਕ ਰੁਤ ਸੁਹਾਈਆ । ਜਿਸ ਦੇ ਲੇਖ ਗੁਰੂ ਅਵਤਾਰ ਪੈਗ਼ੰਬਰਾਂ ਲਿਖੇ, ਲੇਖੇ ਬਿਨ ਕਲਮ ਸ਼ਾਹੀਆ । ਸਭ ਦਾ ਲਹਿਣਾ ਦੇਣਾ ਆਪ ਨਜਿੱਠੇ, ਵੇਖਣਹਾਰਾ ਆਪਣੀ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਹੋ ਆਈਆ । ਸੰਗਲ ਕਹੇ ਮੈਂ ਭੇਵ ਦੱਸਣਾ ਸਗਲਾ, ਸੰਗੀਓ ਦਿਆਂ ਜਣਾਈਆ । ਕੀ ਖੇਲ ਹੋਣਾ ਅਗਲਾ, ਪਰਦਾ ਦਿਆਂ ਉਠਾਈਆ । ਗੁਰਮੁਖ ਰਹੇ ਨਾ ਕੋਇ ਬਪੜਾ ਬਗਲਾ, ਹੰਸ ਰੂਪ ਲੈਣਾ ਬਦਲਾਈਆ । ਇਕੋ ਰੰਗ ਰੰਗਾਉਣਾ ਸ਼ਾਹ ਕੰਗਲਾ, ਸ਼ਹਿਨਸ਼ਾਹ ਦਏ ਵਡਿਆਈਆ । ਜਿਹੜਾ ਮਸਤਕ ਲਾਇਆ ਚੰਦਨਾ, ਚੰਦਨ ਵਾਸ ਸਰਬ ਮਹਿਕਾਈਆ । ਨਿਜ ਆਤਮ ਦੇ ਕੇ ਨਿਜ ਨੰਦਨਾ,

ਨਿਜ ਨੈਣ ਕਰੇ ਰੁਸ਼ਨਾਈਆ । ਕਿਸੇ ਦਵਾਰੇ ਪਏ ਨਾ ਮੰਗਣਾ, ਝੋਲੀ ਸਭ ਦੀ ਦਏ ਭਰਾਈਆ । ਵਕਤ ਨਾਲ ਲੈਣ ਵਾਲਿਓ ਸਭ ਕੁਛ ਤੁਹਾਨੂੰ ਵੰਡਣਾ, ਆਪਣੇ ਵਿਚ ਨਾ ਰੱਖੇ ਲੁਕਾਈਆ । ਜਨਮ ਜਨਮ ਦਾ ਟੁੱਟਾ ਨਾਤਾ ਗੰਢਣਾ, ਵੇਖੋ ਗੰਢ ਤੁਹਾਡੇ ਹੱਥ ਫੜਾਈਆ । ਵੇਸ ਵਟਾ ਕੇ ਵਿਚ ਵਰਭੰਡਣਾ, ਬ੍ਰਹਿਮੰਡ ਦਏ ਸਮਝਾਈਆ । ਜਿਨ੍ਹਾਂ ਗੁਰਮੁਖਾਂ ਚਮਕਾਈਆਂ ਖੰਡਣਾ, ਪਰਚੰਡ ਰੂਪ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸੰਗਲ ਕਹੇ ਪੰਜ ਪਿਆਰੇ ਮੈਨੂੰ ਛੱਡੋ, ਧਰਨੀ ਦਿਓ ਲਟਾਈਆ । ਇਕ ਧਰਮ ਨਿਸ਼ਾਨਾ ਗੱਡੋ, ਜਿਸ ਨੂੰ ਵੇਖੇ ਸਰਬ ਲੋਕਾਈਆ । ਤੁਸਾਂ ਰਹਿਣਾ ਨਹੀਂ ਅੱਡ ਅੱਡੋ, ਘਰ ਇਕੋ ਦੇਣਾ ਸੁਹਾਈਆ । ਆਪਣਾ ਭਾਰ ਸਤਿਗੁਰ ਉਤੇ ਲੱਦੋ, ਆਪ ਹੌਲੇ ਭਾਰ ਚਲੋ ਚਾਈਂ ਚਾਈਂਆ । ਕੂੜੀ ਕਿਰਿਆ ਵਿਚ ਨਾ ਬੱਝੋ, ਹਉਮੇ ਹੰਗਤਾ ਗੜ੍ਹ ਤੁੜਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਥਾਂ ਬਹਿ ਕੇ ਸਜੋ, ਜ਼ਾਤ ਪਾਤ ਨਾ ਕੋਇ ਰਖਾਈਆ । ਸ਼ੇਰ ਵਾਂਗੂ ਗੱਜੋ, ਭੈ ਅੰਦਰੋਂ ਦੇਣਾ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੰਗਲ ਕਹੇ ਮੈਨੂੰ ਕਿਉਂ ਚੌਧਵੀਂ ਸਦੀ ਦੀ ਗੋਲੀ ਲੱਕ ਨਾਲ ਬੰਨ੍ਹਿਆ, ਕੀ ਮੇਰੀ ਵਡਿਆਈਆ । ਜਿਸ ਵੇਲੇ ਮੁਹੰਮਦ ਨੇ ਪਰਵਰਦਿਗਾਰ ਦਾ ਹੁਕਮ ਮੰਨਿਆ, ਮਿੰਨਤਾਂ ਵਿਚ ਕੀਤੀ ਦੁਹਾਈਆ । ਨਾਲੇ ਤੱਕਿਆ ਉਪਰ ਚੰਨਿਆ, ਚੌਦਾਂ ਤਬਕ ਵੇਖ ਵਖਾਈਆ । ਕਿਸ ਬਿਧ ਤੇਰਾ ਹੁਕਮ ਜਾਏ ਡੰਨਿਆ, ਪਰਵਰਦਿਗਾਰ ਦੇਣਾ ਡਰਾਈਆ । ਓਸੇ ਵੇਲੇ ਹੁਕਮ ਮਿਲਿਆ ਜਿਸ ਵੇਲੇ ਗੋਬਿੰਦ ਨੇ ਇਕ ਲਾਇਆ ਕੰਨਿਆ, ਮੁਕਤਾ ਸਮਝ ਕਿਸੇ ਨਾ ਪਾਈਆ । ਫੇਰ ਤੇਰਾ ਬੇਪਰਵਾਹ ਆਇਆ ਭੰਨਿਆ, ਲੋਕਮਾਤ ਚਾਈਂ ਚਾਈਂਆ । ਜਿਸ ਚੌਧਵੀਂ ਸਦੀ ਨੂੰ ਤੂੰ ਜਣਿਆ, ਨਾਮ ਜਗਤ ਵਾਲਾ ਰਖਾਈਆ । ਉਹ ਮੇਰਾ ਆਦਿ ਦਾ ਖੇਲ ਤੇ ਜੁਗ ਜੁਗ ਦਾ ਦੇਣ ਵਾਲਾ ਧੰਨਿਆ, ਜੋ ਤੇਰੀ ਝੋਲੀ ਪਾਈਆ । ਮੁਹੰਮਦ ਅੱਖਾਂ ਮੀਟ ਕੇ ਹੋ ਗਿਆ ਅੰਨ੍ਹਿਆ, ਚਾਰੇ ਕੁੰਟ ਚੱਕਰ ਲਿਆ ਲਗਾਈਆ । ਏ ਮਾਲਕ ਖ਼ਾਲਕ ਪ੍ਰਿਤਪਾਲਕ ਤੇਰਾ ਕੇਹੜਾ ਛੱਪਰ ਤੇ ਕੇਹੜਾ ਛੰਨਿਆ, ਸਾਨੂੰ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਪਰਵਰਦਿਗਾਰ ਕਿਹਾ ਮੁਹੰਮਦ ਸਾਲਿਹਬੂ, ਸਹਿਜ ਦਿਆਂ ਦ੍ਰਿੜਾਈਆ । ਜਿਸ ਬੁਤ ਵਿਚ ਹੋਵੇ ਰੂਹ, ਰੂਹ ਬੁਤ ਨਾਲ ਵਡਿਆਈਆ । ਉਸ ਵਿਚ ਆਵਾਂ ਹੂਬਹੂ, ਜਿਸ ਨੂੰ ਸੰਬਲ ਕਹਿ ਕੇ ਗੋਬਿੰਦ ਜਾਣਾ ਗਾਈਆ । ਫੇਰ ਝਗੜਾ ਮੁਕਾਵਾਂ ਮੈਂ ਤੇ ਤੂੰ, ਭਾਵੇਂ ਤੁਹਮਤ ਦਏ ਲੋਕਾਈਆ । ਮੁਹੰਮਦ ਨੇ ਨੌਂ ਵਾਰ ਕਿਹਾ ਹੂੰ, ਹੂੰ ਹੂੰ ਕਰ ਸੁਣਾਈਆ । ਫੇਰ ਖ਼ੁਸ਼ੀ ਹੋਇਆ ਲੂੰ, ਲੂੰ ਲੂੰ ਲਈ ਅੰਗੜਾਈਆ । ਫੇਰ ਅੰਦਰੋਂ ਆਵਾਜ਼ ਆਈ ਅੱਲਾ ਹੂ ਹੂ, ਹੱਕ ਦਿਤਾ ਦ੍ਰਿੜਾਈਆ । ਮੁਹੰਮਦਾ ਜਿਸ ਵੇਲੇ ਪੈਗ਼ੰਬਰ ਨਹੀਂ ਰਹਿਣੇ ਗੁਰੂ, ਚੇਲਾ ਗੁਰੂ ਕਰੇ ਲੜਾਈਆ । ਧੁਰ ਦਾ ਹੁਕਮ ਕਿਸੇ ਨਾ ਫੁਰੂ, ਫ਼ਰਮਾਂਬਰਦਾਰ ਨਾ ਕੋਇ ਅਖਵਾਈਆ । ਚਾਰੇ ਕੁੰਟ ਹੋਵੇ ਦੁੜੂ ਦੁੜੂ, ਧੁਰ ਦਾ ਧਰਮ ਨਾ ਕੋਇ ਸਮਝਾਈਆ । ਦੀਨਾਂ ਮਜ਼੍ਹਬਾਂ ਬੇੜਾ ਰੁੜ੍ਹੂ, ਚੱਪੂ ਨਾਮ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਮੁਹੰਮਦ ਕਿਹਾ ਮੇਰੇ ਪਰਵਰਦਿਗਾਰ ਮੇਰੀ ਖ਼ਾਹਸ਼, ਖ਼ਸਮ ਖ਼ਸਮਾਨੇ ਦੇ ਜਣਾਈਆ । ਚੌਧਵੀਂ ਸਦੀ ਮੇਰੀ ਆਸ, ਆਹਿਸਤਾ ਆਹਿਸਤਾ ਦੇਣੀ ਵਖਾਈਆ । ਪਰਵਰਦਿਗਾਰ ਕਿਹਾ

ਤੂੰ ਮੇਰੇ ਨੂਰ ਦੀ ਇਕ ਸ਼ਾਖ਼, ਸ਼ਰਅ ਵਿਚ ਵਡਿਆਈਆ । ਕਲਮੇ ਦੀ ਦੇ ਸ਼ਾਬਾਸ਼, ਹੁਕਮ ਦਿਤਾ ਸੁਣਾਈਆ । ਅੰਤ ਜ਼ਰੂਰ ਦੇਣਾ ਸਾਥ, ਸਗਲਾ ਸੰਗ ਬਣਾਈਆ । ਬਣ ਕੇ ਪੁਰਖ ਅਬਿਨਾਸ਼, ਆਪਣਾ ਰੂਪ ਲਵਾਂ ਬਦਲਾਈਆ । ਸ਼ੰਕਰ ਸਮਝ ਨਾ ਸਕੇ ਉਪਰ ਕੈਲਾਸ਼, ਬ੍ਰਹਮਾ ਬ੍ਰਹਮ ਨਾ ਕੋਇ ਦ੍ਰਿੜਾਈਆ । ਵਿਸ਼ਵ ਦਾ ਰਹੇ ਨਾ ਕੋਇ ਵਿਸ਼ਵਾਸ਼, ਵਿਸ਼ਿਆਂ ਵਿਚ ਜਗਤ ਲੋਕਾਈਆ । ਨਿਰਗੁਣ ਨੂਰ ਜੋਤ ਕਰ ਪ੍ਰਕਾਸ਼, ਜਲਵਾਗਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਮੁਹੰਮਦ ਕਿਹਾ ਮੇਰੇ ਮਾਜ਼ੁਜ਼ਲਾ, ਜ਼ਾਹਿਰ ਜ਼ਹੂਰ ਤੇਰੀ ਵਡਿਆਈਆ । ਮੇਰੇ ਇਲਲਿੱਲਾ, ਤੇਰੇ ਇਕੋ ਨਜ਼ਰੀ ਆਈਆ । ਮੇਰੀ ਬਿਸਮਿੱਲਾ, ਬਿਸਵਾ ਹਿੱਸਾ ਤੇਰੀ ਝੋਲੀ ਪਾਈਆ । ਪਰਵਰਦਿਗਾਰ ਕਿਹਾ ਮੁਹੰਮਦ ਔਹ ਵੇਖ ਗੋਬਿੰਦ ਤੀਰ ਕਮਾਨ ਚਿੱਲਾ, ਤਰਕਸ਼ ਕੰਧ ਰਿਹਾ ਉਠਾਈਆ । ਚੌਦਾਂ ਤਬਕ ਵੇਖ ਹਿੱਲਾ, ਜ਼ਿਮੀਂ ਅਸਮਾਨ ਦਏ ਹਿਲਾਈਆ । ਤੇਰਾ ਚੌਦਾਂ ਸਦੀਆਂ ਪੂਰਾ ਕਰਾਵਾਂ ਛਿਲਾ, ਛੈਲ ਛਬੀਲਾ ਹੋ ਕੇ ਵੇਖ ਵਖਾਈਆ । ਖ਼ਬਰਦਾਰ ਕਦੀ ਨਾ ਹੋਵੀਂ ਢਿੱਲਾ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਮੁਹੰਮਦ ਦਾ ਰੰਗ ਹੋ ਗਿਆ ਪੀਲਾ, ਥਰ ਥਰਾਹਟ ਵਿਚ ਥਰਥਰਾਈਆ । ਤੱਕਿਆ ਅਸਮਾਨ ਨੀਲਾ, ਪ੍ਰਕਾਸ਼ ਵੇਖੇ ਜੋ ਪ੍ਰਕਾਸ਼ ਵਿਚ ਸਮਾਈਆ । ਕੰਨ ਵਿਚ ਉਂਗਲਾਂ ਪਾਈਆਂ ਮੇਰੇ ਪਰਵਰਦਿਗਾਰ ਤੂੰ ਮੇਰਾ ਵਸੀਲਾ, ਵਸਲ ਅਵਰ ਨਾ ਕੋਇ ਰਖਾਈਆ । ਧੁਰ ਫ਼ਰਮਾਨ ਮਿਲਿਆ ਉਹ ਵੇਖ ਚੌਧਵੀਂ ਸਦੀ ਅੰਤ ਸਭ ਮੇਰਾ ਇਕ ਕਬੀਲਾ, ਕਿਬਲੇ ਅਜ਼ ਦਿਆਂ ਦ੍ਰਿੜਾਈਆ । ਮੁਹੰਮਦਾਂ ਇਕ ਜਾਮ ਪੀ ਲਾ, ਤੇਰੇ ਅੰਤਰ ਦਿਆਂ ਟਿਕਾਈਆ । ਜਿਸ ਵੇਲੇ ਸਭ ਦਾ ਬਣ ਕੇ ਆਵਾਂ ਵਸੀਲਾ, ਮਾਲਕ ਨੂਰ ਇਲਾਹੀਆ । ਅੱਗੇ ਚੱਲੇ ਨਾ ਕੋਇ ਦਲੀਲਾ, ਦਿੱਲੀ ਤਖ਼ਤ ਦੇਣਾ ਹਿਲਾਈਆ । ਮੁਹੰਮਦ ਨੇ ਹੱਥ ਵਿਚ ਫੜ ਕੇ ਤੀਲਾ, ਫੇਰ ਦੰਦਾ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੁਹੰਮਦ ਕਿਹਾ ਮੇਰੇ ਕਾਲੇ ਜ਼ਵੀ, ਯਕ ਤੇਰੀ ਵਡਿਆਈਆ । ਕੀ ਤੇਰੀ ਤਰਜੀਹ, ਤਰਤੀਬ ਦੇ ਦ੍ਰਿੜਾਈਆ । ਪਰਵਰਦਿਗਾਰ ਕਿਹਾ ਮੇਰਾ ਖੇਲ ਵਸੀਹ, ਹੱਦ ਹਦੂਦ ਨਾ ਕੋਇ ਰਖਾਈਆ । ਝਟ ਨੇੜੇ ਆ ਗਿਆ ਮਸੀਹ, ਮਸਲਾ ਆਪਣਾ ਅੱਗੇ ਟਿਕਾਈਆ । ਮੇਰੇ ਮਾਲਕ ਤੇਰੀ ਸਨਦ ਉਤੇ ਲਿਖਿਆ ਸਦੀ ਵੀਹ, ਵੀਹ ਦੇ ਅੱਗੇ ਇਕੀਹ, ਇੱਕੀ ਦਾ ਏਕਾ ਇਕੋ ਨਜ਼ਰੀ ਆਈਆ । ਮੇਰੀ ਬੋਲ ਨਾ ਸਕੇ ਜਬੀਂ, ਜ਼ਬਾਨ ਜ਼ਿਬਾਹ ਕੀਤੀ ਖ਼ੁਦਾਈਆ । ਤੂੰ ਮਾਲਕ ਯਾ ਮੁਬੀਨ, ਮਿਹਰਵਾਨ ਤੇਰੀ ਵਡਿਆਈਆ । ਤੂੰ ਮਾਲਕ ਆਦਿ ਕਦੀਮ, ਕੁਦਰਤ ਦਾ ਕਾਦਰ ਸੋਭਾ ਪਾਈਆ । ਸਾਨੂੰ ਆਪਣਾ ਦੇ ਯਕੀਨ, ਭਰੋਸਾ ਦੇ ਸਮਝਾਈਆ । ਪਰਵਰਦਿਗਾਰ ਕਿਹਾ ਉਸ ਵੇਲੇ ਮੇਰੀ ਚਾਰ ਜੁਗ ਤੋਂ ਵੱਖਰੀ ਹੋਵੇ ਤਾਲੀਮ, ਹੁਕਮ ਸੰਦੇਸ਼ਾ ਇਕ ਸੁਣਾਈਆ । ਮੇਰਾ ਮਾਰਗ ਹੋਵੇ ਅਜ਼ੀਮ, ਆਲੀਸ਼ਾਨ ਰਿਹਾ ਜਣਾਈਆ । ਸ਼ਰਅ ਵਿਚ ਵੰਡੀ ਨਾ ਹੋਵੇ ਜ਼ਮੀਨ, ਧਰਨੀ ਧਰਤ ਧਵਲ ਧੌਲ ਇਕੋ ਰੰਗ ਰੰਗਾਈਆ । ਇਕੋ ਮਾਣ ਨਰ ਮਦੀਨ, ਮੁੱਦਾ ਆਤਮ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਮੁਹੰਮਦ ਕਿਹਾ ਮੇਰਾ ਤਖ਼ਨਾਸਿਧ, ਸਾਹਿਬ ਤੇਰੀ ਸਰਨਾਈਆ । ਕੀ ਤੇਰੀ ਹੋਵੇ ਬਿਧ, ਬਦੀ ਦਾ ਡੇਰਾ ਢਾਈਆ । ਚਾਰ ਜੁਗ ਗੁਰ ਅਵਤਾਰ ਪੈਗ਼ੰਬਰਾਂ ਨਾਲ ਤੂੰ ਰੱਖੀ ਜ਼ਿਦ, ਹਿੱਸਿਆਂ ਵਾਲੀ ਵੰਡ ਵੰਡਾਈਆ । ਆਪੇ ਸਲਾਹੇਂ ਤੇ ਆਪੇ ਦਏਂ ਨਿੰਦ, ਇਹ ਤੇਰੀ ਬੇਪਰਵਾਹੀਆ । ਸਚ ਦੱਸ

ਸਦੀ ਚੌਧਵੀਂ ਕਿਸ ਬਿਧ ਮੇਟੇਂ ਸਗਲੀ ਚਿੰਦ, ਚਿਖਾ ਦਏਂ ਬੁਝਾਈਆ । ਪਰਵਰਦਿਗਾਰ ਕਿਹਾ ਮੁਹੰਮਦਾ ਓਸ ਵੇਲੇ ਅਮਾਮ ਬਣ ਕੇ ਆਵਾਂ ਵਿਚ ਹਿੰਦ, ਤੇਰੀ ਬਿੰਦ ਗੋਬਿੰਦ ਨਾਲ ਰਖਾਈਆ । ਫੇਰ ਜ਼ਰੂਰ ਪ੍ਰਕਾਸ਼ ਕਰਾਂ ਪਾਰ ਸਿੰਧ, ਜੋਤੀ ਸ਼ਬਦੀ ਧਾਰ ਖੇਲ ਖਿਲਾਈਆ । ਤੁਹਾਡੀ ਉਮਤ ਨਿੱਕੀ ਜੇਹੀ ਟਿੰਗ, ਚੁਰਾਸੀ ਵਿਚੋਂ ਦਿਆਂ ਸਮਝਾਈਆ । ਮੁਹੰਮਦ ਦੇ ਨੇਤਰ ਵਗ ਪਏ ਹਿੰਝ, ਹੰਝੂਆਂ ਧਾਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਮੁਹੰਮਦ ਕਿਹਾ ਮੇਰਾ ਮੋਜ਼ਲ ਹੱਕੇ ਆਦਾਬ, ਆਦਾਬ ਨਾਲ ਸੀਸ ਝੁਕਾਈਆ । ਕਿਸ ਬਿਧ ਸੂਫ਼ੀਆਂ ਦੇਵੇਂ ਖ਼ਤਾਬ, ਖ਼ੁਦ ਆਪਣਾ ਰੰਗ ਰੰਗਾਈਆ । ਸਚ ਵਖਾਵੇਂ ਮਹਿਰਾਬ, ਮਹਿਬੂਬ ਹੋ ਕੇ ਵੇਖ ਵਖਾਈਆ । ਪਰਵਰਦਿਗਾਰ ਬਿਨਾ ਅੱਖਰਾਂ ਤੋਂ ਖੋਲ੍ਹ ਕਿਤਾਬ, ਬਿਨਾ ਕੁਤਬਖਾਨਿਆਂ ਦਿਤੀ ਦ੍ਰਿੜਾਈਆ । ਮੁਹੰਮਦ ਆਹ ਵੇਖ ਇਕ ਮਾਲਕ ਇਕ ਜਨਾਬ, ਜਨਾਬੇ ਆਲੀ ਇਕੋ ਸੋਭਾ ਪਾਈਆ । ਫੇਰ ਉਸ ਵੇਲੇ ਨਾਨਕ ਵਜਾਉਂਦਾ ਆਉਣਾ ਰਬਾਬ, ਮੰਤਰ ਸਤਿਨਾਮ ਦ੍ਰਿੜਾਈਆ । ਫੇਰ ਉਹ ਵੇਖ ਗ਼ਰੀਬਾਂ ਵਾਲਾ ਜਹਾਜ਼, ਬੇੜੇ ਰਿਹਾ ਭਰਾਈਆ । ਫੇਰ ਉਹ ਵੇਖ ਲਾਲੋ ਦਾ ਹਿਸਾਬ, ਤੈਨੂੰ ਦਿਆਂ ਵਖਾਈਆ । ਫੇਰ ਉਹ ਵੇਖ ਸਭ ਕੁਛ ਮੈਂ ਆਪੇ ਆਪ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਵੇਲੇ ਦੀਨ ਦੁਨੀ ਦਾ ਵਧਿਆ ਪਾਪ, ਲੱਕ ਵਿਚ ਸੰਗਲ ਪਾ ਕੇ ਸਭ ਦੀ ਸ਼ਰਅ ਆਪਣੇ ਨਾਲ ਬੰਧਾਈਆ । ਰੂਹ ਬੁਤ ਦਿਸਣਾ ਨਹੀਂ ਕੋਈ ਪਾਕ, ਪਾਪੀ ਪਤਿਤ ਦਿਸੇ ਲੋਕਾਈਆ । ਮੁਹੰਮਦ ਨੇ ਕਿਹਾ ਐ ਮੇਰੇ ਮਾਲਕ ਕੀ ਖੇਲ ਕਰੇਂ ਸਾਖਿਆਤ, ਸਚ ਦੇ ਸਮਝਾਈਆ । ਖ਼ੁਦ ਖ਼ੁਦਾ ਕਿਹਾ ਆਹ ਲੈ ਆਬੇਹਯਾਤ, ਬੂੰਦ ਢਾਈ ਤੇਰੇ ਮੁਖ ਚੁਆਈਆ । ਜਿਸ ਵੇਲੇ ਇਨਸਾਨ ਹੋਵੇ ਹੈਵਾਨਾਤ, ਹੈਵਾਨਾਂ ਵਾਲਾ ਰੂਪ ਗਏ ਬਦਲਾਈਆ । ਅਸਲੀਅਤ ਰਹੀ ਵਿਚ ਨਾ ਨਬਾਤਾਪ, ਨਬੀਆਂ ਮੁਕੇ ਪੜ੍ਹਾਈਆ । ਕਲਮੇ ਵਿਚ ਨਾ ਰਹੇ ਜਜ਼ਬਾਤ, ਜਾਇਜ਼ ਹੁਕਮ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਮੁਹੰਮਦ ਕਿਹਾ ਐ ਖ਼ੁਦਾ ਕੀ ਨਾਨਕ ਜ਼ਰੂਰ ਆਉਣਾ ਰਬਾਬੀ, ਰੱਬੀਉਲ ਦੇਣਾ ਜਣਾਈਆ । ਕੀ ਉਸ ਦਾ ਪਿਆਰ ਹਕੀਕੀ ਹੋਵੇ ਕਿ ਮਿਜਾਜ਼ੀ, ਸ਼ਰਅ ਦੇਣੀ ਦ੍ਰਿੜਾਈਆ । ਪਰਵਰਦਿਗਾਰ ਕਿਹਾ ਉਹ ਹੋਣਾ ਬੋਧ ਅਗਾਧੀ, ਬੁੱਧੀ ਤੋਂ ਪਰੇ ਪੜ੍ਹਾਈਆ । ਪ੍ਰੀਤੀ ਹੋਣੀ ਮੇਰੇ ਨਾਲ ਲਾਗੀ, ਲਗ ਮਾਤਰ ਦਾ ਡੇਰਾ ਢਾਈਆ । ਉਸ ਨੂੰ ਸੁਣਾਉਣਾ ਇਕੋ ਰਾਗੀ, ਰਾਗ ਆਪਣਾ ਦੇਣਾ ਗਵਾਈਆ । ਓਸ ਸਭ ਕੁਛ ਜਾਣਾ ਤਿਆਗੀ, ਤ੍ਰੈਗੁਣ ਡੇਰਾ ਢਾਹੀਆ । ਫਿਰਨਾ ਹੋ ਵੈਰਾਗੀ, ਚਾਰੋਂ ਕੁੰਟ ਵਾਹੋ ਦਾਹੀਆ । ਗ਼ਰੀਬ ਨਿਮਾਣਿਆਂ ਨਾਲ ਮਿਲ ਕੇ ਹੋਵੇ ਰਾਜ਼ੀ, ਰਾਜ਼ਕ ਰਿਜ਼ਕ ਰਹੀਮ ਹੋ ਕੇ ਦਏ ਵਡਿਆਈਆ । ਲਾਲੋ ਦੇ ਨਾਲ ਪ੍ਰੇਮ ਵਾਲੀ ਲਾਉਣੀ ਬਾਜ਼ੀ, ਆਪ ਆਪਣੀ ਦਇਆ ਕਮਾਈਆ । ਉਸ ਦੇ ਨਾਲ ਇਕ ਹੋਣਾ ਹਾਜੀ, ਜਿਹੜਾ ਰੂਪ ਲਏ ਬਦਲਾਈਆ । ਨਾਲੇ ਸ਼ਰਅ ਦਾ ਹੋਣਾ ਕਾਜ਼ੀ, ਕਸਮ ਖਾ ਕੇ ਨਾਨਕ ਸੇਵ ਕਮਾਈਆ । ਅੰਦਰੋਂ ਅਪਰਾਧੀ ਹੋਣਾ ਗ਼ਾਜ਼ੀ, ਦੂਈ ਦਵੈਤ ਵਿਚ ਦੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਮੁਹੰਮਦ ਕਿਹਾ ਨਾਨਕ ਰਬਾਬ ਕੀ ਗਾਉਣਾ, ਕਹਿ ਕੀ ਸੁਣਾਈਆ । ਪਰਵਰਦਿਗਾਰ ਕਿਹਾ ਮੁਹੰਮਦਾ ਓਸ ਕਹਿਣਾ ਇਕੋ ਪੁਰਖ ਅਕਾਲ ਮਨਾਉਣਾ, ਦੂਸਰ ਲੋੜ ਰਹੇ ਨਾ ਰਾਈਆ । ਤੀਰਥ ਤਟ ਪਏ ਨਾ ਨਹਾਉਣਾ, ਜੰਗਲਾਂ ਵਿਚ ਨਾ ਕੋਇ ਭਵਾਈਆ । ਅਗਨੀ ਤਨ ਨਾ ਪਏ ਤਪਾਉਣਾ,

ਜਲ ਧਾਰ ਨਾ ਕੋਇ ਵਡਿਆਈਆ । ਕੰਨ ਪਾੜ ਨਾ ਮੁੰਦਰਾ ਪਏ ਪਾਉਣਾ, ਗ੍ਰਿਹਿ ਮੰਦਰ ਨਾ ਕੋਇ ਤਜਾਈਆ । ਇਕੋ ਸੀਸ ਜਗਦੀਸ ਝੁਕਾਉਣਾ, ਦੂਜਾ ਇਸ਼ਟ ਨਾ ਕੋਇ ਰਖਾਈਆ । ਨਾਲ ਗ਼ਰੀਬਾਂ ਪਿਆਰ ਵਧਾਉਣਾ, ਇਹ ਨਾਨਕ ਆਸ ਰਖਾਈਆ । ਤੇਰੀ ਸ਼ਰਅ ਦਾ ਸ਼ਰਅ ਨਾਲ ਟਕਰਾਉਣਾ, ਇਹ ਮੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੁਹੰਮਦ ਅੱਖਾਂ ਲਈਆ ਮੀਟ, ਧਰੇ ਧਿਆਨ ਅੱਲਾ । ਨਜ਼ਰੀ ਆਇਆ ਹਸਤ ਕੀਟ, ਸਦੀ ਚੌਧਵੀਂ ਸ੍ਰਿਸ਼ਟੀ ਭਰੀ ਗੁਨਾਹ । ਪੈਗ਼ੰਬਰਾਂ ਤੁਟੀ ਪ੍ਰੀਤ, ਉਮਤ ਬਣੇ ਨਾ ਕੋਇ ਮਲਾਹ । ਮੁਹੰਮਦ ਦੀ ਨਿਕਲੀ ਚੀਕ, ਹੱਥ ਛਾਤੀ ਉਤੇ ਟਿਕਾ । ਅੰਦਰ ਸੁਣੀ ਹਦੀਸ, ਕਲਮਾ ਹੱਕ ਖ਼ੁਦਾ । ਖੇਲ ਵੇਖ ਬੀਸ, ਚੌਧਵੀਂ ਲੱਗੇ ਢਾਹ । ਤਕ ਨਾਲ ਨੀਝ, ਨੇਤਰ ਨੈਣ ਖੁਲ੍ਹਾ । ਵੇਖ ਅਗੰਮੀ ਰਸੀਦ, ਜਿਸ ਦੇ ਬਦਲੇ ਪਟਾ ਦਿਤਾ ਫੜਾ । ਸਦੀ ਚੌਧਵੀਂ ਰੱਖੀਂ ਉਡੀਕ, ਅੰਤਮ ਆਵਾਂ ਨੂਰ ਖ਼ੁਦਾ । ਸੰਮਤ ਸ਼ਹਿਨਸ਼ਾਹੀ ਪੰਜ ਤਰੀਕ, ਤਰੀਕੇ ਨਾਲ ਦਿਤੀ ਦ੍ਰਿੜਾ । ਸੰਬਲ ਧਾਮ ਦਾ ਹੋ ਕੇ ਵਸਨੀਕ, ਕਰ ਆਵੇ ਨੂਰ ਰੁਸ਼ਨਾ । ਜਿਸ ਦਾ ਹੋਵੇ ਨਾ ਕੋਇ ਸ਼ਰੀਕ, ਸ਼ਰਕਤ ਪਿਛਲੀ ਦਏ ਮਿਟਾ । ਓਸ ਦੇ ਵਿਚ ਹੋਵੇ ਹੱਕ ਤੌਫ਼ੀਕ, ਹੁਕਮ ਧੁਰ ਦਾ ਦਏ ਸੁਣਾ । ਦੀਨ ਮਜ਼੍ਹਬ ਨਾ ਰਹੇ ਫ਼ਰੀਕ, ਫ਼ਿਰਕਾਦਾਰੀ ਦਏ ਗਵਾ । ਮਾਨਸ ਮਾਨਸ ਕਰ ਰਫ਼ੀਕ, ਏਕਾ ਰੰਗ ਦਏ ਰੰਗਾ । ਫੇਰ ਮੁਹੰਮਦ ਦੇ ਅੰਦਰ ਫੁਰਨਾ ਫੁਰਿਆ ਕੁਰਾਨ ਮਜੀਦ, ਨਾਅਰਾ ਹੱਕ ਦਾ ਦਿਤਾ ਲਾ । ਤੇਰੀ ਸਿਫ਼ਤ ਤੇਰੀ ਤਮਹੀਦ, ਤੇਰੀ ਮਹਿੰਮਾ ਸਿਫ਼ਤ ਸੁਣਾ । ਮੇਰੀ ਤੇਰੇ ਉਤੇ ਉਮੀਦ, ਆਸਾ ਮਨਸਾ ਪੂਰ ਕਰਾ । ਮੁਹੰਮਦ ਗਲੋਂ ਲਾਹ ਕੇ ਕਮੀਜ਼, ਦੋਏ ਜੋੜ ਕੀਤੀ ਦੁਆ । ਮੈਨੂੰ ਤੇਰੇ ਵੇਖਣ ਦੀ ਰੀਝ, ਧਰਤੀ ਉਤੇ ਆਪਣਾ ਫੇਰਾ ਪਾ । ਕੀ ਲੈਣਾ ਮਹਿਰਾਬਾਂ ਵਾਲੀ ਵਿਚੋਂ ਮਸੀਤ, ਮਸਲਾ ਆਪਣਾ ਦੇ ਸਮਝਾ । ਪਰਵਰਦਿਗਾਰ ਕਿਹਾ ਮੁਹੰਮਦਾ ਲਿਖ ਵਸੀਅਤ, ਵਸਲੇ ਯਾਰ ਇਕ ਖ਼ੁਦਾ । ਜੇਹੜਾ ਸਭ ਦੀ ਬਦਲ ਦਏ ਤਬੀਅਤ, ਤਾਬਿਆ ਵਿਚ ਲਏ ਰਖਾ । ਇਕੋ ਨਾਮ ਦੀ ਦਏ ਅਹਿਮੀਅਤ, ਆਪ ਆਪਣਾ ਹੁਕਮ ਸੁਣਾ । ਸਭ ਦੀ ਬਦਲ ਦੇਵੇ ਨੀਅਤ, ਨਿਗਹਾਬਾਨ ਹੋ ਰਹਿਮਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਮੁਹੰਮਦ ਕਹੇ ਮੈਂ ਵੇਖਣਾ ਨਜ਼ਾਰਾ ਅਜੂ, ਅਜਬ ਦੇਣਾ ਦ੍ਰਿੜਾਈਆ । ਖ਼ੁਦਾ ਨੇ ਕਿਹਾ ਪਹਿਲੋਂ ਕਰ ਵੁਜ਼ੂ, ਹੱਥ ਮੂੰਹ ਧੋ ਕੇ ਨੱਕ ਕੰਨ ਸਾਫ਼ ਕਰਾਈਆ । ਫੇਰ ਇਕ ਕਰ ਰਜ਼ੂਹ, ਆਪਣੀ ਰਜ਼ਾ ਦਿਆਂ ਸਮਝਾਈਆ । ਨਾਨਕ ਧਾਰ ਇਕ ਤੇ ਦਸ ਗੁਰੂ, ਇਹ ਮੇਰੀ ਬੇਪਰਵਾਹੀਆ । ਉਨ੍ਹਾਂ ਤੋਂ ਬਾਅਦ ਫਿਰ ਕਲਜੁਗ ਹੋਣਾ ਸ਼ੁਰੂ, ਚਾਰੋਂ ਕੁੰਟ ਅੰਧੇਰਾ ਛਾਈਆ । ਸਭ ਦਾ ਬੇੜਾ ਆਪਣੀ ਕਰਨੀ ਵਿਚ ਰੁੜ੍ਹੂ, ਤੁਹਾਡਾ ਜ਼ੋਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਦਏ ਉਠਾਈਆ । ਮੁਹੰਮਦ ਕਿਹਾ ਮੈਂ ਮੰਨਾ ਤੇਰੀ ਤਾਬਿਆਦਾਰੀ, ਤਾਂਬਾ ਹੱਥ ਵਿਚ ਉਠਾਈਆ । ਸਦਾ ਸਦਾ ਸਦ ਰਹੇ ਯਾਰੀ, ਯਾਰਾਨਾ ਦੇਣਾ ਨਿਭਾਈਆ । ਪਰਵਰਦਿਗਾਰ ਕਿਹਾ ਸਦੀ ਚੌਧਵੀਂ ਉਮਤ ਹੋਣੀ ਗ਼ਦਾਰੀ, ਸੁੰਨਤ ਕੰਮ ਕਿਸੇ ਨਾ ਆਈਆ । ਮੈਂ ਹੋਣਾ ਜੋਤ ਨੂਰ ਉਜਿਆਰੀ, ਨੂਰ ਨੁਰਾਨਾ ਡਗਮਗਾਈਆ । ਵੇਖਾਂ ਵਿਗਸਾਂ ਸ੍ਰਿਸ਼ਟੀ ਸਾਰੀ, ਦੀਨ ਦੁਨੀ ਖੋਜ ਖੁਜਾਈਆ । ਕਰਾਂ ਖੇਲ ਵਾਂਗ ਮਦਾਰੀ, ਵਲ ਛਲ ਆਪਣੀ ਕਾਰ ਕਮਾਈਆ । ਜੇਹੜੀ ਕਾਇਆ ਤੁਸਾਂ ਮੇਰੇ ਹੁਕਮ ਨਾਲ ਸ਼ਿੰਗਾਰੀ, ਮਜ਼੍ਹਬਾਂ ਵਾਲੀ ਵੰਡ ਵੰਡਾਈਆ । ਏਸ

ਦਾ ਹੋਣਾ ਅੰਤ ਕਿਨਾਰੀ, ਅੰਤਮ ਰਹਿਣ ਕੋਇ ਨਾ ਪਾਈਆ । ਮੁਹੰਮਦ ਨੇ ਝਟ ਹੱਥ ਵਿਚ ਫੜ ਲਈ ਬਹਾਰੀ, ਧਰਤੀ ਉਤੇ ਝਾੜੂ ਦਿਤਾ ਲਗਾਈਆ । ਪ੍ਰਭੂ ਸਦੀ ਚੌਧਵੀਂ ਪੁਰਖ ਕਿ ਨਾਰੀ, ਮਾਲਕ ਮੈਨੂੰ ਦੇ ਸਮਝਾਈਆ । ਪਰਵਰਦਿਗਾਰ ਕਿਹਾ ਉਹ ਮੇਰੀ ਜੋਤ ਉਜਿਆਰੀ, ਰੰਗ ਰੂਪ ਨਾ ਕੋਇ ਦਰਸਾਈਆ । ਅੰਤ ਓਸ ਦੀ ਗੋਲੀ ਹੋਣੀ ਕੰਨਿਆ ਕਵਾਰੀ, ਕਾਇਨਾਤ ਮਿਲੇ ਵਡਿਆਈਆ । ਨਾ ਮੁੱਛ ਨਾ ਦਾੜ੍ਹੀ, ਰਾਮ ਕ੍ਰਿਸ਼ਨ ਦਾ ਲੇਖਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਓਸ ਨੂੰ ਬਣਨ ਨਾ ਦੇਵੇ ਕਿਸੇ ਦੀ ਲਾੜੀ, ਲਾੜਾ ਨਜ਼ਰ ਕੋਇ ਨਾ ਆਈਆ । ਮੁਹੰਮਦ ਕਿਹਾ ਸਦੀ ਚੌਧਵੀਂ ਨੂਰ ਉਜਾਲਾ, ਨੂਰ ਨੁਰਾਨੇ ਦਿਤਾ ਜਣਾਈਆ । ਜਿਸ ਵੇਲੇ ਅੰਧੇਰਾ ਹੋਇਆ ਕਲਜੁਗ ਕਾਲਾ, ਕਲ ਕਾਤੀ ਦਿਸੀ ਲੋਕਾਈਆ । ਸਤਿ ਲੱਭੇ ਕਿਤੇ ਨਾ ਭਾਲਾ, ਖੋਜਿਆਂ ਹੱਥ ਨਾ ਕੋਇ ਫੜਾਈਆ । ਸਤਿ ਧਰਮ ਦਾ ਨਿਕਲੇ ਦਿਵਾਲਾ, ਖ਼ਾਲੀ ਕਾਇਆ ਮਹੱਲ ਵੇਖ ਵਖਾਈਆ । ਲੇਖਾ ਰਹੇ ਨਾ ਕਿਸੇ ਮਾਲਾ, ਜਪ ਜਪ ਨਾ ਕੋਇ ਵਡਿਆਈਆ । ਕਿਰਪਾ ਕਰੇ ਦੀਨ ਦਿਆਲਾ, ਦਇਆਨਿਧ ਆਪਣੀ ਕਾਰ ਕਮਾਈਆ । ਜਗਤ ਸ਼ਰਅ ਤੋੜ ਜੰਜਾਲਾ, ਸੰਗਲ ਆਪਣੇ ਲੱਕ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੁਹੰਮਦ ਕਿਹਾ ਓਸ ਸੰਗਲ ਦਾ ਕੀ ਅਸੂਲ, ਅਸਲ ਦੇਣਾ ਸਮਝਾਈਆ । ਕਿਸ ਨੂੰ ਹੋਏ ਕਬੂਲ, ਕਬਰਾਂ ਵਿਚ ਪੈਗ਼ੰਬਰ ਜਾਣੇ ਸਮਾਈਆ । ਧੁਰ ਦਾ ਹੁਕਮ ਮਿਲਿਆ ਮਾਕੂਲ, ਮੁਕੰਮਲ ਦਿਤਾ ਦ੍ਰਿੜਾਈਆ । ਜਿਸ ਵੇਲੇ ਤੁਹਾਡਾ ਸ਼ਰਅ ਦਾ ਲੈਣ ਆਇਆ ਮਸੂਲ, ਚੁੰਗੀਖ਼ਾਨੇ ਫੋਲ ਫੁਲਾਈਆ । ਅਗਲਾ ਦੱਸਣ ਆਇਆ ਰੂਲ, ਰੌਲਾ ਦੀਨ ਮਜ਼੍ਹਬ ਮਿਟਾਈਆ । ਸਭ ਨੂੰ ਕਰਨਾ ਪਏ ਕਬੂਲ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਦੀ ਮਸਤਕ ਲਾਉਂਦੇ ਧੂਲ, ਧੂੜੀ ਖ਼ਾਕ ਰਮਾਈਆ । ਉਹ ਕਦੇ ਨਾ ਜਾਵੇ ਭੂਲ, ਅਭੁਲ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਦਏ ਖੁਲ੍ਹਾਈਆ । ਮੁਹੰਮਦ ਕਿਹਾ ਸੰਗਲ ਦੀ ਕੀ ਵਜਹ, ਸਗਲੇ ਸੰਗੀ ਦੇ ਸਮਝਾਈਆ । ਖ਼ੁਦਾ ਕਿਹਾ ਤੁਹਾਨੂੰ ਮਿਲੇ ਕੋਇ ਨਾ ਜਗਹ, ਜਗਹ ਬਜਗਹ ਹੋਵੇ ਲੜਾਈਆ । ਤੁਹਾਡਾ ਰਹੇ ਕੋਇ ਨਾ ਦੱਬਾ, ਭੈ ਭਉ ਨਾ ਕੋਇ ਜਣਾਈਆ । ਚਾਰੋਂ ਕੁੰਟ ਹੋਵੇ ਹਾਏ ਤੋਬਾ ਹਾਏ ਰੱਬਾ, ਬਹੁੜੀ ਬਹੁੜੀ ਕਰ ਕੁਰਲਾਈਆ । ਸ੍ਰਿਸ਼ਟੀ ਆਰ ਪਾਰ ਨਾ ਹੋਵੇ ਫਿਰੇ ਵਿਚ ਗੱਭਾ, ਕੰਢਾ ਨਜ਼ਰ ਕੋਇ ਨਾ ਆਈਆ । ਬਿਨਾ ਭਗਤਾਂ ਤੋਂ ਸਾਚੀ ਰਹੇ ਕੋਇ ਨਾ ਸਭਾ, ਮਲੇਛ ਹੋਵੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਇਕ ਉਠਾਈਆ । ਮੁਹੰਮਦ ਦੀ ਨਿਗਾਹ ਬਦਲੀ ਅਚਾਨਕ, ਅੱਖੀਂ ਮੀਟ ਧਿਆਨ ਲਗਾਈਆ । ਨਜ਼ਰੀ ਆਇਆ ਨੂਰੀ ਨਾਨਕ, ਸਰਗੁਣ ਰੰਗ ਚੜ੍ਹਾਈਆ । ਖੇਲ ਵੇਖਿਆ ਭਿਆਨਕ, ਚਾਰ ਕੁੰਟ ਕੁਰਲਾਈਆ । ਕਿਸੇ ਦੀ ਦਿਸੀ ਨਾ ਕੋਇ ਸਿਆਣਪ, ਮੂਰਖ ਮੂੜ੍ਹਾਂ ਵੱਜੇ ਵਧਾਈਆ । ਧਰਮ ਦੀ ਧਾਰ ਨਾ ਕੋਇ ਅਮਾਨਤ, ਅਮਲ ਹੱਕ ਨਾ ਕੋਇ ਕਮਾਈਆ । ਧੁਰ ਦੀ ਦੇਵੇ ਨਾ ਕੋਇ ਜ਼ਮਾਨਤ, ਚੁਰਾਸੀ ਪਾਰ ਨਾ ਕੋਇ ਵਖਾਈਆ । ਚਾਰੋਂ ਕੁੰਟ ਅੰਧੇਰੀ ਸ਼ਾਮਤ, ਸ਼ਮਾ ਨੂਰ ਨਾ ਕੋਇ ਰੁਸ਼ਨਾਈਆ । ਸੁਚ ਦਿਸੇ ਨਾ ਸਚ ਸਹੀ ਸਲਾਮਤ, ਜੂਠ ਝੂਠ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਮੁਹੰਮਦ


੨੦੧
੨੨

ਨਜ਼ਰੀ ਆਇਆ ਨਾਨਕ ਲਾਲੋ ਮੀਤ, ਪਰਵਰਦਿਗਾਰ ਦਿਤਾ ਵਖਾਈਆ । ਇਸ ਤੋਂ ਅੱਗੇ ਪ੍ਰਭੂ ਦੀ ਰੀਤ, ਮੰਦਰ ਮਸੀਤ ਪੰਧ ਮੁਕਾਈਆ । ਮੁਹੱਬਤ ਵਿਚ ਵਸੇ ਚੀਤ, ਚਾਤਰਕ ਆਪਣੇ ਲਏ ਬਣਾਈਆ । ਆਤਮ ਪਰਮਾਤਮ ਦੱਸ ਕੇ ਗੀਤ, ਮੰਤਰ ਸਤਿਨਾਮ ਸਮਝਾਈਆ । ਨਿਮਾਣੇ ਵੇਖ ਗ਼ਰੀਬ, ਮਿਹਰ ਨਜ਼ਰ ਉਠਾਈਆ । ਖੇਲ ਇਕ ਅਜੀਬ, ਅਜਬ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਰਿਹਾ ਉਠਾਈਆ । ਜਿਸ ਵੇਲੇ ਨਾਨਕ ਨਾਨਕ ਪਹੁੰਚਿਆ ਦਵਾਰ, ਬਾਲਾ ਮਰਦਾਨਾ ਸੰਗ ਰਖਾਈਆ । ਕਾਜ਼ੀ ਮੁੱਲਾ ਸੀ ਉਨ੍ਹਾਂ ਦਾ ਯਾਰ, ਮਸਲੇ ਪ੍ਰੇਮ ਵਾਲੇ ਸੁਣਾਈਆ । ਨਾਨਕ ਦਾ ਬਣ ਕੇ ਖ਼ਿਦਮਤਗਾਰ, ਦੂਰੋਂ ਨਿਉਂ ਨਿਉਂ ਸੀਸ ਝੁਕਾਈਆ । ਅੰਦਰ ਹੁੰਦਾ ਸੀ ਹੰਕਾਰ, ਮਨ ਵਾਸਨਾ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਨਾਨਕ ਜਿਸ ਵੇਲੇ ਲਾਲੋ ਦੇ ਘਰ ਆਇਆ, ਵੱਜੀ ਸਚ ਵਧਾਈਆ । ਧੰਨ ਗੁਰੂ ਗੁਰ ਸਾਚਾ ਪਾਇਆ, ਮਿਲੀ ਮਾਣ ਵਡਿਆਈਆ । ਕਾਜ਼ੀ ਹੱਸ ਕੇ ਬਚਨ ਸੁਣਾਇਆ, ਲੋਟਾ ਵੁਜ਼ੂ ਵਾਲਾ ਹੱਥ ਉਠਾਈਆ । ਓਏ ਲਾਲੋ ਕਿਉਂ ਨਹੀਂ ਭੇਟ ਚੜ੍ਹਾਈ ਮਾਇਆ, ਸਤਿਕਾਰ ਵਿਚ ਸਤਿ ਨਾ ਕੋਇ ਕਰਾਈਆ । ਲਾਲੋ ਖ਼ਾਲੀ ਹੱਥ ਵਖਾਇਆ, ਇਹ ਦੇਣ ਵਾਲਾ ਆਇਆ ਬੇਪਰਵਾਹੀਆ । ਮਾਂਗਤ ਹੋ ਕੇ ਝੋਲੀ ਅੱਗੇ ਡਾਹਿਆ, ਭੁੱਖਿਆਂ ਦੇਣਾ ਰਜਾਈਆ । ਕਾਜ਼ੀ ਦੇ ਅੰਦਰ ਗ਼ੁੱਸਾ ਆਇਆ, ਅੰਦਰੇ ਅੰਦਰ ਦਲੀਲ ਬਣਾਈਆ । ਨਾਨਕ ਕਿਹੋ ਜੇਹੇ ਘਰਾਂ ਦੇ ਵਿਚ ਫੇਰਾ ਪਾਇਆ, ਜੇਹੜਾ ਸਕੇ ਨਾ ਪੇਟ ਭਰਾਈਆ । ਓਧਰੋਂ ਲੰਗੜਾ ਲੂਲ੍ਹਾ ਚਲ ਕੇ ਆਇਆ, ਸਦਾ ਉਚੀ ਉਚੀ ਸੁਣਾਈਆ । ਕੋਇ ਨਾਨਕ ਦਰਸ ਦਏ ਕਰਾਇਆ, ਮੇਰਾ ਲੇਖਾ ਦਏ ਮੁਕਾਈਆ । ਕਾਜ਼ੀ ਨੇ ਕਿਹਾ ਓਏ ਕਮਲਿਆ, ਉਹ ਤੇ ਭੁੱਖਿਆਂ ਨੰਗਿਆਂ ਨੇ ਗੁਰੂ ਬਣਾਇਆ, ਵੱਡਿਆਂ ਘਰ ਮਿਲੇ ਨਾ ਥਾਈਂਆ । ਲੰਗੜੇ ਕਿਹਾ ਮੈਂ ਜ਼ਰੂਰ ਚਲ ਕੇ ਨਾਨਕ ਦਾ ਦਰਸ਼ਨ ਪਾਇਆ, ਦੂਰੋਂ ਨਿਉਂ ਕੇ ਸੀਸ ਨਿਵਾਈਆ । ਲਾਲੋ ਨੇ ਝਟ ਓਸ ਨੂੰ ਗੋਦ ਉਠਾਇਆ, ਛਾਤੀ ਨਾਲ ਲਗਾਈਆ । ਪਿਛੋਂ ਕਾਜ਼ੀ ਨੱਠਾ ਆਇਆ, ਉਸ ਬਾਂਹ ਲਈ ਖਿਚਾਈਆ । ਫੜ ਕੇ ਪਿਛੇ ਮੂੰਹ ਵਖਾਇਆ, ਅਗਲਾ ਘਰ ਦਿਤਾ ਵਖਾਈਆ । ਏਥੇ ਅੱਗੇ ਹਾਲ ਦੁਹਾਇਆ, ਕਿਉਂ ਤੂੰ ਰੌਲਾ ਦਿਤਾ ਪਾਈਆ । ਨਾਨਕ ਮਿਹਰ ਨਿਗਾਹ ਉਠਾਇਆ, ਤੱਕਿਆ ਚਾਈਂ ਚਾਈਂਆ । ਇਹ ਵੀ ਕਿਸੇ ਮਾਂ ਦਾ ਜਾਇਆ, ਜੋ ਚਲ ਕੇ ਮੇਰੇ ਦਵਾਰੇ ਆਈਆ । ਕਾਜ਼ੀ ਕਿਹਾ ਤੂੰ ਕੇਹੜਾ ਇਹਨੂੰ ਦਿਤਾ ਰਜਾਇਆ, ਬਿਨਾ ਰਬਾਬ ਤੋਂ ਤੇਰੀ ਕੀ ਵਡਿਆਈਆ । ਓਸ ਲੂਲ੍ਹੇ ਕਿਹਾ ਨਾਨਕ ਕਿਤੇ ਇਹਨੂੰ ਵੀ ਦੇ ਸਜ਼ਾਇਆ, ਜੋ ਤੈਨੂੰ ਗਿਆ ਭੁਲਾਇਆ । ਨਾਨਕ ਹੱਸ ਕੇ ਕਿਹਾ ਆਪਣਾ ਕੀਤਾ ਆਪੇ ਲਏ ਪਾਇਆ, ਆਪਣੇ ਨਾਲ ਹੰਢਾਈਆ । ਲਾਲੋ ਫੇਰ ਕਿਹਾ ਸਤਿਗੁਰ ਨਾਨਕ ਕਿਉਂ ਇਹ ਬਚਨ ਸੁਣਾਇਆ, ਤੇਰਾ ਬਚਨ ਨਾ ਬਿਰਥਾ ਜਾਈਆ । ਮੈਂ ਏਸ ਦਾ ਦਰਦ ਵੰਡਾਇਆ, ਤੇਰੇ ਅੱਗੇ ਵਾਸਤਾ ਪਾਈਆ । ਨਾਨਕ ਕਿਹਾ ਇਹ ਬਚਨ ਮੁੜੇ ਨਾ ਰਾਇਆ, ਨਾ ਕੋਈ ਮੇਟੇ ਮੇਟ ਮਿਟਾਈਆ । ਬਿਨਾ ਤੇਰੇ ਤੋਂ ਇਹਨੂੰ ਸਕੇ ਨਾ ਕੋਇ ਬਖ਼ਸ਼ਾਇਆ, ਬਖ਼ਸ਼ਿਸ਼ ਕਰਨ ਕੋਇ ਨਾ ਆਈਆ । ਲਾਲੋ ਨੈਣਾਂ ਨੀਰ ਵਹਾਇਆ, ਰੋ ਕੇ ਦਿਤੀ ਦੁਹਾਈਆ । ਨਾਨਕ ਅੰਤਰ ਧਿਆਨ ਲਗਾਇਆ, ਢਾਈ ਸਕਿੰਟ ਜ਼ਬਾਨ ਨਾ ਕੋਇ ਹਿਲਾਈਆ । ਫੇਰ ਹੱਸ ਕੇ ਕਿਹਾ ਲਾਲੋ ਜਿਸ ਵੇਲੇ ਤੇਰਾ ਜਨਮ ਦਵਾਇਆ, ਲੋਕਮਾਤ ਹੋਵੇ ਰੁਸ਼ਨਾਈਆ । ਮੇਰਾ ਪੁਰਖ ਅਕਾਲ ਹੋਵੇ ਆਇਆ, ਨਿਰਗੁਣ ਨੂਰ ਜੋਤ ਰੁਸ਼ਨਾਈਆ ।

ਤੇਰਾ ਸਦਾ ਹੋਵੇ ਸਹਾਇਆ, ਸਿਰ ਆਪਣਾ ਹੱਥ ਟਿਕਾਈਆ । ਇਹ ਕਾਜ਼ੀ ਤੇਰੀ ਝੋਲੀ ਪਾਇਆ, ਏਸ ਨੂੰ ਏਸ ਲੂਲ੍ਹੇ ਵਾਲੀ ਮਿਲੇ ਜ਼ਰੂਰ ਸਜ਼ਾਈਆ । ਤੂੰ ਏਸ ਨੂੰ ਲਈਂ ਤਰਾਇਆ, ਵਾਸਤਾ ਪ੍ਰਭ ਦੇ ਅੱਗੇ ਪਾਈਆ । ਲਾਲੋ ਦਾ ਥੋੜ੍ਹਾ ਜੇਹਾ ਅੰਦਰੋਂ ਦਿਲ ਕੰਬਾਇਆ, ਮਨ ਲਿਆ ਡੁਲਾਈਆ । ਨਾਨਕ ਨੇ ਹੌਸਲਾ ਫੇਰ ਵਧਾਇਆ, ਸਹਿਜ ਦਿਤਾ ਦ੍ਰਿੜ੍ਹਾਈਆ । ਲਾਲੋ ਚਿੰਤਾ ਨਾ ਕਰ ਇਹਦਾ ਅੰਤ ਦੁੱਖ ਅੱਖੀਂ ਵੇਖਣ ਨਾ ਪਾਇਆ, ਤੇਰਾ ਹੱਥ ਲੱਗੇ ਨਾ ਰਾਈਆ । ਏਸੇ ਕਾਰਨ ਕਾਜ਼ੀ ਦਾ ਕੁਲਵੰਤ ਨਾਮ ਪਰਗਟਾਇਆ, ਪਰਗਣੇ ਓਸੇ ਲਿਆ ਵਸਾਈਆ । ਨਾਨਕ ਦਾ ਲੇਖਾ ਪੂਰ ਕਰਾਇਆ, ਲਾਲੋ ਆਪਣੇ ਨਾਲ ਰਖਾਈਆ । ਦੁੱਖ ਨਾ ਕਰੇ ਜਿਸ ਮਾਂ ਨੇ ਜਾਇਆ, ਪੂਰਬ ਜਨਮ ਦਾ ਦਾਤਾ ਇਕੋ ਧੁਰਦਰਗਾਹੀਆ । ਨਾਲੇ ਅੱਗੇ ਵਾਸਤੇ ਮਾਰਗ ਲਾਇਆ, ਸਤਿਜੁਗ ਸਚ ਸਚ ਵਰਤਾਈਆ । ਪੁਤ ਮਰਿਆ ਹਰਬੰਸ ਕੌਰ ਨੇ ਅੱਖੀਂ ਨਾ ਨੀਰ ਵਹਾਇਆ, ਖ਼ੁਸ਼ੀ ਖ਼ੁਸ਼ੀ ਨਾਲ ਚਿਖਾ ਦਿਤਾ ਚੜ੍ਹਾਈਆ । ਜੇ ਪਹਿਲੋਂ ਪੰਦਰਾਂ ਕੱਤਕ ਦਾ ਲੇਖਾ ਨਾ ਹੁੰਦਾ ਲਿਖਾਇਆ, ਅੱਜ ਦਿੰਦਾ ਨਾ ਕੋਇ ਗਵਾਹੀਆ । ਸਤਿਜੁਗ ਦਾ ਰੰਗ ਰੰਗਾਇਆ, ਰੰਗਤ ਪਿਛਲੀ ਦਿਤੀ ਮਿਟਾਈਆ । ਏਸੇ ਕਾਰਨ ਗੁਰਮੁਖ ਮਾਝਾ ਮਾਲਵਾ ਦੁਆਬਾ ਜੰਮੂ ਵਿਚੋਂ ਮੰਗਵਾਇਆ, ਜੋ ਚਲ ਆਏ ਚਾਈਂ ਚਾਈਂਆ । ਉਨ੍ਹਾਂ ਸਤਿ ਧਰਮ ਦਾ ਦਸਤਾਰਾ ਗੁਰਸਿਖ ਸੀਸ ਸਜਾਇਆ, ਪੁਤ ਮਰੇ ਤੋਂ ਪਿਤਾ ਖ਼ੁਸ਼ੀ ਲਏ ਮਨਾਈਆ । ਨਾਲੇ ਅਗਲਾ ਜਨਮ ਫੇਰ ਬਦਲਾਇਆ, ਹਰਿ ਸੰਗਤ ਮੇਲਾ ਮੇਲਿਆ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੀ ਕਰਨੀ ਕਾਰ ਕਮਾਈਆ । ਕੁਲਵੰਤ ਕਹੇ ਵੇਖ ਮੈਂ ਆ ਗਿਆ ਚਾਚਾ, ਚਲਾਕੀ ਨਾਲ ਦਿਆਂ ਜਣਾਈਆ । ਪਿਛਲੇ ਜਨਮ ਮੈਂ ਲੁੰਗੀ ਬੰਨ੍ਹਦਾ ਸਾਂ ਲਾਚਾ, ਕੰਨੀ ਲਾਲ ਰੰਗ ਰੰਗਾਈਆ । ਮੁਹੰਮਦ ਨਾਲ ਰੱਖਦਾ ਹੁੰਦਾ ਸਾਂ ਨਾਤਾ, ਨਿਮਾਜ਼ ਪੜ੍ਹ ਕੇ ਖ਼ੁਸ਼ੀ ਬਣਾਈਆ । ਮੈਂ ਵੇਖਿਆ ਪਿਛਲਾ ਆਪਣਾ ਖਾਤਾ, ਹੰਕਾਰ ਦੀ ਮਿਲੀ ਸਜ਼ਾਈਆ । ਮੈਂ ਆਪਣੀਆਂ ਦੱਸਾਂ ਬਾਤਾਂ, ਬਾਤਨ ਪੜਦਾ ਦਿਆਂ ਉਠਾਈਆ । ਮੈਂ ਕਦੇ ਪਿਛੇ ਹੁਕਮ ਨਹੀਂ ਸੀ ਮੰਨਿਆ ਆਖਾ, ਸਤਿਕਾਰ ਨਾਲ ਸਿਰ ਨਾ ਕਿਸੇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕੁਲਵੰਤ ਕਹੇ ਮੈਂ ਆ ਗਿਆ ਪੰਦਰਾਂ ਕੱਤਕ ਦੀ ਰੈਣ, ਭੱਜਿਆ ਚਾਈਂ ਚਾਈਂਆ । ਦੁਆਬੇ ਵਾਲਿਆਂ ਦੀ ਵੇਖਣੀ ਰਸੈਣ, ਜਿਹੜੇ ਮੇਰੇ ਲਈ ਲੈ ਕੇ ਆਈਆ । ਦਵਿੰਦਰ ਕੌਰ ਵੇਖਣੀ ਧਰਮ ਦੀ ਭੈਣ, ਜੋ ਬਰਤਨ ਹੱਥ ਲਏ ਉਠਾਈਆ । ਸਚ ਸੰਦੇਸ਼ਾ ਆਇਆ ਕਹਿਣ, ਕਹਿ ਕੇ ਦਿਆਂ ਸੁਣਾਈਆ । ਭੈਣ ਭਰਾ ਗੁਰਮੁਖੋ ਇਕ ਦੂਜੇ ਦੇ ਪਿਛੇ ਪਾਏ ਕੋਈ ਨਾ ਵੈਣ, ਨੈਣਾਂ ਨੀਰ ਵਹਾਈਆ । ਕਿਸੇ ਸਾਧ ਸੰਤ ਨੂੰ ਥਾਲੀਆਂ ਗਲਾਸ ਛੰਨੇ ਕੋਈ ਨਾ ਜਾਏ ਦੇਣ, ਬਸਤਰ ਭੇਟ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਹੁਕਮ ਇਕ ਸੁਣਾਈਆ । ਕੁਲਵੰਤ ਕਹੇ ਦੁਆਬੇ ਵਾਲਿਆਂ ਮੈਨੂੰ ਹੋਣ ਨਹੀਂ ਦਿਤਾ ਉਦਾਸ, ਮੇਰੀ ਆਸਾ ਪੂਰ ਕਰਾਈਆ । ਜਨ ਭਗਤੋ ਸਾਰੇ ਇਕ ਦੂਸਰੇ ਨੂੰ ਦਿਉ ਸ਼ਾਬਾਸ਼, ਖ਼ੁਸ਼ੀਆਂ ਨਾਲ ਸੁਣਾਈਆ । ਇਕ ਦੂਜੇ ਨੂੰ ਦਿਉ ਆਖ, ਹੁਕਮ ਧੁਰਦਰਗਾਹੀਆ । ਕਿਸੇ ਦੇ ਮਰਨ ਪਿਛੋਂ ਕਿਸੇ ਨੂੰ ਦੇਣਾ ਨਹੀਂ ਥਾਲੀ ਗਲਾਸ, ਗੜਵੀ ਹੱਥ ਨਾ ਕਿਸੇ ਫੜਾਈਆ । ਤੁਹਾਡੇ ਬਰਤਨਾਂ ਵਿਚ ਕੋਈ ਖਾ ਨਾ ਜਾਵੇ ਮਾਸ, ਤੁਹਾਡੀ ਕੀਤੀ ਕੰਮ ਕਿਸੇ ਨਾ ਆਈਆ । ਜੇ ਇਕ ਪ੍ਰਭੂ ਦੀ ਆਸ, ਭਰੋਸਾ ਇਕ ਰਖਾਈਆ । ਓਸੇ ਤੇ ਰੱਖੋ ਵਿਸ਼ਵਾਸ਼, ਵਿਸ਼ਾ ਅਵਰ ਨਾ

ਕੋਇ ਜਣਾਈਆ । ਜਿਸ ਦਾ ਨੂਰ ਜੋਤ ਪ੍ਰਕਾਸ਼, ਆਤਮ ਪਰਮਾਤਮ ਰੰਗ ਰੰਗਾਈਆ । ਇਕੋ ਵਾਰ ਸਭ ਨੇ ਕਰ ਲੈਣਾ ਯਾਦ, ਯਾਦਦਾਸ਼ਤ ਲੈਣੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਜਨ ਭਗਤੋ ਮਰਨ ਤੋਂ ਪਿਛੋਂ ਕਿਸੇ ਨੇ ਚੁੱਕਣੀ ਨਹੀਂ ਸੁਆਹ, ਸੁਆਹ ਰੂਪ ਲੋਕਾਈਆ । ਵੇਖੇ ਪੰਜ ਲਿਖਾਰੀ ਗਵਾਹ, ਮੱਥੇ ਤਿਲਕ ਰਹੇ ਵਖਾਈਆ । ਬਿੰਦੀ ਹੋਣੀ ਨਹੀਂ ਬੇਵਫ਼ਾ, ਹਿੰਦੀ ਲਿਖਣ ਵਾਲਾ ਦਏ ਗਵਾਹੀਆ । ਟੇਢੀ ਪਗੜੀ ਉਲਟੀ ਲਈ ਕਰਾ, ਰੀਤੀ ਸਿੱਧ ਕਰਾਈਆ । ਜਿਨ੍ਹਾਂ ਪੰਜ ਪੰਜ ਪੰਜ ਪੰਜ ਕਿਰਪਾਨਾਂ ਦਿਤੀਆਂ ਖੜਕਾ, ਖੜਗ ਖੜਗ ਨਾਲ ਟਕਰਾਈਆ । ਜਿਨ੍ਹਾਂ ਪੰਜ ਪੰਜ ਪੰਜ ਪੰਜ ਪੱਗਾਂ ਦਿਤੀਆਂ ਬੰਨ੍ਹਾ, ਚੌਥੇ ਜੁਗ ਕੀਤੀ ਸਫ਼ਾਈਆ । ਜਿਨ੍ਹਾਂ ਪੰਜਾਂ ਚੰਦਨ ਤਿਲਕ ਲਿਆ ਲਗਾ, ਤਿਲਕਣਬਾਜ਼ੀ ਤੋਂ ਪਾਰ ਕਰਾਈਆ । ਜਿਨ੍ਹਾਂ ਗੁਰਮੁਖਾਂ ਹੱਥ ਉਤੇ ਲੰਗਰ ਲਿਆ ਖਾ, ਉਹ ਮਾਣ ਤਾਣ ਗਏ ਮਿਟਾਈਆ । ਜਿਨ੍ਹਾਂ ਲੰਗਰ ਵਿਚ ਹਿੱਸਾ ਲਿਆ ਪਾ, ਉਹ ਸਾਰੇ ਬਣ ਗਏ ਭੈਣ ਭਾਈਆ । ਜਿਨ੍ਹਾਂ ਅਰਦਾਸਾ ਲਿਆ ਸੁਧਾ, ਹੱਥ ਜੋੜ ਕੇ ਸੀਸ ਨਿਵਾਈਆ । ਸਚ ਪੁਛੋ ਉਹਨਾਂ ਕਿਸ਼ਨ ਸਿੰਘ ਨੂੰ ਲਿਆ ਬਚਾ, ਮੱਘਰ ਦਾ ਮਹੀਨਾ ਰੋਵੇ ਮਾਰੇ ਧਾਹੀਆ । ਏਸੇ ਕਾਰਨ ਸਾਰੇ ਲਏ ਸਦਾ, ਇਕੱਠੇ ਕੀਤੇ ਚਾਈਂ ਚਾਈਂਆ । ਭਗਤੋ ਤੁਹਾਡੀ ਰਜ਼ਾ ਵਿਚ ਖ਼ੁਦਾ, ਸਜ਼ਾ ਦੇ ਨਾਲ ਕਰੇ ਤਬਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੰਦਰਾਂ ਕੱਤਕ ਕਹੇ ਮੈਨੂੰ ਕਹਿੰਦੇ ਪੰਦਰਾਂ, ਅਧ ਵਿਚ ਵਡਿਆਈਆ । ਗੁਰਮੁਖੋ ਕਦੀ ਲੱਭਣ ਨਹੀਂ ਜਾਣਾ ਵਿਚ ਮੰਦਰਾਂ, ਮਸੀਤਾਂ ਵਿਚ ਨਾ ਫੋਲ ਫੁਲਾਈਆ । ਖੋਜਣਾ ਨਹੀਂ ਵਿਚੋਂ ਕੰਦਰਾ, ਟਿੱਲੇ ਪਰਬਤ ਨਾ ਪੰਧ ਰਖਾਈਆ । ਸਦ ਇਕੋ ਦਵਾਰਾ ਮੰਗਣਾ, ਮਾਂਗਤ ਹੋ ਕੇ ਝੋਲੀ ਡਾਹੀਆ । ਜੋ ਦੇਵੇ ਧੁਰ ਅਨੰਦਨਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਕੁਛ ਲੇਖਾ ਲਹਿਣਾ ਗੋਬਿੰਦ ਵਾਲਾ ਅਨੰਦਨਾ, ਇਟਾਰਸੀ ਦੀ ਧਰਤੀ ਦਏ ਗਵਾਹੀਆ । ਜਿਥੇ ਖੇਲ ਖਿਲਾਇਆ ਸੀ ਰਾਮ ਚੰਦਨਾ, ਚੰਦ ਸੂਰਜ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੰਦਰਾਂ ਕੱਤਕ ਕਹੇ ਮੈਂ ਸਭ ਨੂੰ ਦੇਵਾਂ ਅਸੀਸ, ਅਸਲ ਦੇ ਅਸਲ ਵੇਖ ਵਖਾਈਆ । ਜਨ ਭਗਤੋ ਤੁਹਾਡਾ ਪ੍ਰੇਮ ਨਾਲ ਜਗਦੀਸ, ਜਗਤ ਦਾ ਮਾਲਕ ਖ਼ੁਸ਼ੀ ਬਣਾਈਆ । ਸਾਰੇ ਆ ਗਏ ਟੱਪ ਕੇ ਲੀਕ, ਲਾਈਨ ਪਿਛਲੀ ਆਏ ਬਦਲਾਈਆ । ਸੁਹੰਜਣੀ ਹੋਏ ਤਰੀਕ, ਤਾਰੀਖ ਤਵਾਰੀਖ ਨਾਲ ਰਖਾਈਆ । ਸਭ ਦੀ ਸਾਂਝੀ ਹੋਵੇ ਪ੍ਰੀਤ, ਪ੍ਰੀਤਮ ਇਕੋ ਲੈਣਾ ਮਨਾਈਆ । ਪੰਜ ਪਿਆਰੇ ਇਕ ਗਾਵਣ ਗੀਤ, ਸ਼ਬਦ ਸ਼ਬਦ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਚ ਆਪ ਵਰਤਾਈਆ । ਪੰਦਰਾਂ ਕੱਤਕ ਕਹੇ ਬ੍ਰਹਿਮੰਡ ਖੰਡ ਝੁਕੇ, ਝੁਕਿਆ ਜ਼ਿਮੀਂ ਅਸਮਾਨ । ਜਨ ਭਗਤਾਂ ਕੂੜ ਕੁੜਿਆਰੇ ਪੈਂਡੇ ਮੁਕੇ, ਮੁਕਿਆ ਕੂੜ ਜਹਾਨ । ਭਵ ਸਾਗਰ ਪਾਰ ਹੋਵਣ ਸੁੱਕੇ, ਅੱਗੇ ਆਏ ਨਾ ਕੋਇ ਅਟਕਾਣ । ਸਚਖੰਡ ਦਵਾਰੇ ਜਾਣ ਸੁੱਚੇ, ਸਤਿਗੁਰ ਸਾਚਾ ਹੋਏ ਮਿਹਰਵਾਨ । ਮੰਜ਼ਲ ਪੌੜੇ ਚੜ੍ਹਨ ਉਚੇ, ਜਿਥੇ ਮਿਲੇ ਸ੍ਰੀ ਭਗਵਾਨ । ਉਜਲ ਕਰਨ ਮੁਖੇ, ਸਚਖੰਡ ਦਵਾਰੇ ਮਿਲੇ ਅਮਾਮ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ।

ਕਿਸ਼ਨ ਸਿੰਘ ਬਗ਼ਲ ਵਿਚ ਦੇ ਦੇ ਕਰਦ, ਖੱਬੇ ਅੰਗ ਛੁਹਾਈਆ । ਸੱਜੇ ਨਾਲ ਵੰਡੇ ਦਰਦ, ਦਰਦੀਆਂ ਦਰਦ ਵੰਡਾਈਆ । ਮਰਦਾਨਾ ਬਣ ਮਰਦ, ਮਦਦ ਕਰੇ ਥਾਉਂ ਥਾਈਆ । ਹਰਿ ਸੰਗਤ ਦੀ ਮਨਜ਼ੂਰ ਕਰ ਅਰਜ਼, ਤੇਰਾ ਜੀਵਣ ਦਿਤਾ ਵਧਾਈਆ । ਵੇਖ ਖੇਲ ਅਸਚਰਜ, ਦੁਆਬੇ ਵਿਚੋਂ ਵਸਤੂ ਤੇਰੇ ਘਰ ਮੰਗਾਈਆ । ਇਹ ਪਿਛਲਾ ਲਹਿਣਾ ਤੇ ਪਿਛਲਾ ਕਰਜ਼, ਲੇਖਾ ਦਿਤਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਕਰਦ ਕਹੇ ਮੈਨੂੰ ਕਹਿੰਦੇ ਛੁਰੀ, ਰਸਨਾ ਨਾਲ ਗਾਈਆ । ਮੈਨੂੰ ਸਾਰੇ ਕਹਿੰਦੇ ਬੁਰੀ, ਕਸਾਈਆਂ ਹੱਥ ਫੜਾਈਆ । ਮੈਨੂੰ ਸਾਰੇ ਕਹਿੰਦੇ ਨਿਗੁਰੀ, ਸੀਸ ਨਾ ਕਿਸੇ ਝੁਕਾਈਆ । ਸਚ ਪੁਛੋ ਮੈਂ ਅਨੰਦ ਪੁਰੋਂ ਤੁਰੀ, ਭੱਜੀ ਵਾਹੋ ਦਾਹੀਆ । ਢਾਈ ਦਿਨ ਸਰਸੇ ਵਿਚ ਰੁੜ੍ਹੀ, ਸਿਰਫ਼ ਨੌ ਕਦਮ ਪੰਧ ਮੁਕਾਈਆ । ਫੇਰ ਮੈਨੂੰ ਚੁਕ ਲਿਆਈ ਠਠਿਆਰਾਂ ਦੀ ਇਕ ਕੁੜੀ, ਖੱਬੇ ਹੱਥ ਉਠਾਈਆ । ਮੇਰੀ ਪੱਥਰਾਂ ਨਾਲ ਅੱਗੋਂ ਧਾਰ ਮੁੜੀ, ਤਿੱਖੀ ਫੇਰ ਨਾ ਕਿਸੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਛੁਰੀ ਕਹੇ ਮੇਰਾ ਲੇਖ ਦੱਸੇ ਨਾ ਕੋਇ ਕਤੇਬ, ਕਾਤਬ ਨਾ ਕੋਇ ਲਿਖਾਈਆ । ਮੈਂ ਕਰਦੀ ਨਹੀਂ ਫ਼ਰੇਬ, ਝੂਠੀ ਗੱਲ ਸੁਣਾਈਆ । ਮੇਰੇ ਨਾਲ ਉਸ ਕੰਨਿਆ ਤੋਂ ਲੈ ਕੇ ਗੋਬਿੰਦ ਨੇ ਕੱਟਿਆ ਸੀ ਇਕ ਸੇਬ, ਟੋਟੇ ਚਾਰ ਦਿਤੇ ਕਰਾਈਆ । ਫੇਰ ਪਾ ਕੇ ਵਿਚ ਜੇਬ, ਬਾਹਰ ਲਿਆ ਕਢਾਈਆ । ਫੇਰ ਵੇਖੇ ਚਾਰੇ ਵੇਦ, ਕੋਈ ਇਸ ਦੀ ਦਏ ਸਫ਼ਾਈਆ । ਫੇਰ ਤੱਕਿਆ ਖੇਲ ਭਰਿਆ ਭੇਦ, ਭੁਜਾਂ ਲਈ ਉਠਾਈਆ । ਪਹਿਲੋਂ ਇਹਦੀ ਸੇਵਾ ਲਾਵਾਂ ਇਹ ਫਿਰੇ ਵਿਚ ਦੇਗ, ਤੇਗ਼ ਦੀ ਫਤਿਹ ਨਾਲ ਲੜਾਈਆ । ਫੇਰ ਘਸਾਈ ਉਤੇ ਰੇਤ, ਪਾਸੇ ਦਿਤੇ ਬਦਲਾਈਆ । ਫੇਰ ਸੁੱਟੀ ਵਿਚ ਖੇਤ, ਹੁਕਮ ਦਿਤਾ ਜਣਾਈਆ । ਜਿਸ ਵੇਲੇ ਪੁਰਖ ਅਕਾਲ ਬਦਲ ਕੇ ਆਵੇ ਭੇਸ, ਆਪਣਾ ਫੇਰਾ ਪਾਈਆ । ਮੈਨੂੰ ਵੀ ਪਰਗਟ ਕਰੇ ਮਾਝੇ ਦੇਸ, ਗੋਬਿੰਦ ਢਾਈ ਉਂਗਲਾਂ ਦਸਤਾਰਾ ਦਿਤਾ ਉਠਾਈਆ । ਫੇਰ ਤੇਰਾ ਅਗਲਾ ਬਣੇ ਲੇਖ, ਪਿਛਲਾ ਦਏ ਚੁਕਾਈਆ । ਤੈਨੂੰ ਭੇਜਣਾ ਮੁਹੰਮਦ ਵਾਲੇ ਦੇਸ, ਧੁਰ ਦਾ ਹੁਕਮ ਸੁਣਾਈਆ । ਤੂੰ ਜਾ ਕੇ ਕਟੀਂ ਮੁੱਲਾ ਸ਼ੇਖ਼, ਸ਼ਰਅ ਦੀ ਕਰੀਂ ਸਫ਼ਾਈਆ । ਫੇਰ ਛੱਬੀ ਪੋਹ ਨੂੰ ਆ ਕੇ ਹੋਵੀਂ ਪੇਸ਼, ਪੇਸ਼ੀਨਗੋਈ ਅਗਲੀ ਦਈਂ ਦ੍ਰਿੜਾਈਆ । ਸੰਗ ਰਹੀਂ ਹਮੇਸ਼, ਹਮਸਾਜਣ ਅਖਵਾਈਆ । ਛੁਰੀ ਕਹੇ ਜਿਸ ਵੇਲੇ ਗੋਬਿੰਦ ਨੇ ਪਹਿਲੇ ਦਿਨ ਗੁਰਮੁਖਾਂ ਤੋਂ ਰਖਾਏ ਕੇਸ, ਮੈਨੂੰ ਚਰਨਾਂ ਹੇਠ ਦਬਾਈਆ । ਮੇਰਾ ਉਦੋਂ ਦਾ ਬਕਾਇਆ ਲੇਖ, ਅਜੇ ਤਕ ਨਾ ਕੋਇ ਮੁਕਾਈਆ । ਮੈਂ ਵੀ ਭਗਤੋ ਤੁਹਾਡੇ ਨਾਲ ਮਿਲ ਕੇ ਉਸ ਪ੍ਰਭੂ ਦੀ ਵੇਖਣੀ ਖੇਡ, ਜੋ ਖਿਲਾੜੀ ਹੋ ਕੇ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਦਾ ਮਾਲਕ ਏਕ, ਏਕੰਕਾਰ ਏਕਾ ਨਜ਼ਰੀ ਆਈਆ ।



### ✪ ੧੬ ਕੱਤਕ ਸ਼ਹਿਨਸ਼ਾਹੀ ਸੰਮਤ ੫ ਸਾਂਝੀ ਰਾਮ ਦੇ ਨਵਿਤ ਅਲ੍ਹੜਪਿੰਡੀ ✪

ਸੰਗਲ ਜ਼ੰਜੀਰ ਤੋੜ ਦੇ ਸ਼ਰਅ, ਸ਼ਰੀਅਤ ਧੁਰ ਦੀ ਇਕ ਸਮਝਾਈਆ । ਰਾਮ ਦਾ ਲੇਖਾ ਪੂਰਾ ਕਰ ਦੋ ਅੱਖਰ ਮਰਾ, ਦੋ ਅੱਖਰ ਕੰਨੇ

ਨਾਲ ਬਦਲਾਈਆ । ਨਿਗਾਹਵਾਨ ਨਿਗਾਹ ਮਾਰ ਲੈ ਜ਼ਰਾ, ਜ਼ੱਰਾ ਜ਼ੱਰਾ ਵੇਖ ਵਖਾਈਆ । ਸਚ ਦਵਾਰ ਦਰਸਾ ਦੇ ਦਰਾ, ਦਰ ਦਰਬਾਰਾ ਇਕ ਜਣਾਈਆ । ਕਲਜੁਗ ਖੇਲ ਵੇਖ ਲੈ ਬੜਾ, ਬੜਾ ਛੋਟਾ ਦਏ ਦੁਹਾਈਆ । ਚਾਰੋਂ ਕੁੰਟ ਕਲੇਸ਼ ਪੜਾ, ਪੜ੍ਹੀ ਪੁਸਤਕ ਕੰਮ ਕਿਸੇ ਨਾ ਆਈਆ । ਅਵਤਾਰ ਪੈਗ਼ੰਬਰਾਂ ਬਣਿਆ ਧੜਾ, ਹਿੱਸਾ ਨਾਮ ਕਲਮਾ ਰਿਹਾ ਵਖਾਈਆ । ਗੋਬਿੰਦ ਧਾਰ ਵੇਖ ਲੈ ਕੜਾ, ਕੰਗਣ ਹੱਥ ਨਾਲ ਵਡਿਆਈਆ । ਸਦੀ ਚੌਧਵੀਂ ਤਕ ਲੈ ਜੜ੍ਹਾ, ਜੜ੍ਹ ਚੇਤਨ ਫੋਲ ਫੁਲਾਈਆ । ਕਿਰਪਾ ਕਰ ਨਰਾਇਣ ਨਰਾ, ਨਰ ਤੇਰੀ ਇਕ ਸਰਨਾਈਆ । ਮਾਨਵ ਰੁੱਖ ਦਿਸੇ ਕੋਇ ਨਾ ਹਰਾ, ਫਲ ਫੁੱਲ ਨਾ ਕੋਇ ਮਹਿਕਾਈਆ । ਧੁਰ ਦਾ ਹੁਕਮ ਸੁਣਾ ਦੇ ਖਰਾ, ਖੋਟੇ ਖਰੇ ਵੇਖ ਵਖਾਈਆ । ਸਚ ਦਵਾਰ ਵਖਾ ਦੇ ਦਰਾ, ਘਰ ਮੰਦਰ ਇਕ ਜਣਾਈਆ । ਤੇਰਾ ਦਰਸ ਦੀਦਾਰ ਹੋਇਆ ਪਰਾ, ਪਰਾ ਪਸੰਤੀ ਮਧਮ ਬੈਖਰੀ ਸਾਰ ਕੋਇ ਨਾ ਪਾਈਆ । ਸਭ ਦੀ ਆਸਾ ਮਨਸਾ ਪੂਰਾ ਕਰ ਦੇ ਵਰਾ, ਵਰਿਆਮ ਤੇਰੇ ਹੱਥ ਵਡਿਆਈਆ । ਪੁਰਖ ਅਕਾਲ ਦੀਨ ਦਿਆਲ ਆਦਿ ਅੰਤ ਨਿਰਗੁਣ ਧਾਰ ਛੜਾ, ਪਤਨੀ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਰ ਦਾਤਾ ਬੇਪਰਵਾਹੀਆ । ਤੇਰੀ ਖੇਲ ਵੇਖਣੀ ਤਾਜ਼ੀ, ਤਾਜ ਤਖ਼ਤ ਦੇ ਮਾਲਕ ਦੇਣੀ ਵਖਾਈਆ । ਗ਼ਰੀਬਾਂ ਉਪਰ ਹੋਵੀਂ ਰਾਜ਼ੀ, ਰਾਜ਼ਕ ਰਿਜ਼ਕ ਰਹੀਮ ਦਇਆ ਕਮਾਈਆ । ਕਲਜੁਗ ਅੰਤ ਖੇਲ ਦੇ ਬਾਜ਼ੀ, ਬਾਜ਼ਾਂ ਵਾਲਾ ਨਾਲ ਮਿਲਾਈਆ । ਗੁਰਮੁਖ ਰਹੇ ਕੋਇ ਨਾ ਪਾਜੀ, ਪਜ਼ਲ ਕਰ ਸਰਬ ਲੋਕਾਈਆ । ਲਹਿਣਾ
੨੦੬ ਪੂਰਾ ਕਰ ਦੇ ਮਾਜ਼ੀ, ਪੂਰਬ ਲੇਖਾ ਦੇ ਚੁਕਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਵੇਖ ਅਰਾਜ਼ੀ, ਜੋ ਧਰਨੀ ਧਰਤ ਧਵਲ ਵੰਡ ਵੰਡਾਈਆ । ਸ਼ਰਅ ੨੦੬
੨੨ ਸ਼ਰੀਅਤ ਮੰਦਰ ਵੇਖ ਪੰਡਤ ਕਾਜ਼ੀ, ਗ੍ਰੰਥੀ ਪੰਥੀ ਫੋਲ ਫੁਲਾਈਆ । ਧੁਰ ਧਰਮ ਦੇ ਤਕ ਆਪਣੇ ਹਾਜੀ, ਹੁਜਰੇ ਪੜਦਾ ਸਚ ਉਠਾਈਆ । ਪੁਰਖ ਅਕਾਲ ਦੀਨ ਦਿਆਲ ਦੀਨ ਦੁਨੀ ਤਕ ਲੈ ਬਾਗ਼ੀ, ਮਨ ਮਮਤਾ ਵਿਚ ਹਲਕਾਈਆ । ਜਗਤ ਸੰਤ ਕਰਨ ਉਪਾਧੀ, ਅਪਰਾਧਾਂ ਵਿਚ ਕੁਰਲਾਈਆ । ੨੨ ਕਿਸ ਵੇਲੇ ਹੋਵੇ ਕਲੂ ਕਲ ਬਰਬਾਦੀ, ਚਾਰੋਂ ਕੁੰਟ ਪਏ ਦੁਹਾਈਆ । ਜਨ ਭਗਤਾਂ ਥੋੜ੍ਹੀ ਰਹੇ ਅਬਾਦੀ, ਆਬਾਦਕਾਰ ਦੇਣੇ ਬਣਾਈਆ । ਜੋ ਖੇਲ ਵੇਖਿਆ ਗੁਰ ਅਵਤਾਰ ਪੈਗ਼ੰਬਰ ਖਵਾਬੀ, ਪੜਦਾ ਦੇਣਾ ਉਠਾਈਆ । ਜੋ ਸੰਦੇਸ਼ਾ ਦਿਤਾ ਨਾਨਕ ਰਬਾਬੀ, ਹੁਕਮ ਸੰਦੇਸ਼ਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਪ੍ਰਭੂ ਵੇਖ ਲੈ ਬਣ ਕੇ ਦੀਨ ਦੁਨੀ ਦਾ ਰਾਜਾ, ਰਈਅਤ ਤਕ ਖ਼ਲਕ ਖ਼ੁਦਾਈਆ । ਜਿਸ ਦਾ ਆਪੇ ਸਾਜਣ ਸਾਜਾ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਜਿਸ ਦੇ ਅੰਦਰ ਨਾਮ ਵਜਾਇਆ ਵਾਜਾ, ਅਨਹਦ ਨਾਦੀ ਨਾਦ ਸੁਣਾਈਆ । ਜਿਸ ਦਾ ਖੇਲ ਕੀਆ ਮੁਥਾਜਾ, ਲਾਲਚ ਵਿਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਘਰ ਸਚ ਮਿਲੇ ਸਰਨਾਈਆ । ਤੇਰੀ ਸਰਨਗਤ ਸਹਾਰਾ, ਸਾਹਿਬ ਤੇਰੀ ਵਡਿਆਈਆ । ਤੇਰਾ ਚਰਨ ਮਿਤ ਅਧਾਰਾ, ਚਰਨੋਦਕ ਦੇਣਾ ਪਿਆਈਆ । ਤੇਰਾ ਵਾਰ ਥਿਤ ਦਿਹਾੜਾ, ਕੱਤਕ ਆਪਣਾ ਰੰਗ ਰੰਗਾਈਆ । ਤੇਰਾ ਧਰਮ ਧਾਰ ਅਖਾੜਾ, ਗੁਰ ਅਵਤਾਰ ਪੈਗ਼ੰਬਰ ਦਿਤੇ ਘੁਲਾਈਆ । ਤੇਰਾ ਖੇਲ ਬਹੱਤਰ ਨਾੜਾ, ਨਾਰੀ ਪੁਰਸ਼ ਵੇਖ ਵਖਾਈਆ । ਤੇਰਾ ਗੁਰਮੁਖ ਧੁਰ ਦਾ ਲਾੜਾ, ਲਾੜੀ ਮੌਤ ਨਾ ਕੋਇ ਪਰਨਾਈਆ । ਤੇਰਾ ਮੰਗਣ ਆਏ ਵਾੜਾ, ਦਰ ਠਾਂਡੇ ਸੀਸ ਝੁਕਾਈਆ । ਮਿੰਨਤ ਵਿਚ

ਕਢਦੇ ਹਾੜਾ, ਹੌਕਾ ਲੈ ਕੇ ਰਹੇ ਸੁਣਾਈਆ । ਸਚ ਦਾ ਰੰਗ ਚਾੜ੍ਹ ਦੇ ਗਾੜ੍ਹਾ, ਗਹਿਰ ਗੰਭੀਰ ਉਤਰ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਹੁਕਮ ਵਰਤਾਈਆ ।

### ੧੯ ਕੱਤਕ ਸ਼ਹਿਨਸ਼ਾਹੀ ਸੰਮਤ ੫ ਕੁਲਵੰਤ ਸਿੰਘ ਦੇ ਨਵਿਤ ਅੱਲੜ ਪਿੰਡੀ

ਗੁਰਸਿਖ ਤੱਕ ਆਪਣੇ ਬੇਟੇ, ਪਿਤਾ ਪੂਤ ਧਿਆਨ ਲਗਾਈਆ । ਤੇਰੀ ਸ਼ਬਦ ਦੁਸ਼ਾਲ ਲਪੇਟੇ, ਦੂਜਾ ਬਸਤਰ ਨਾ ਕੋਇ ਵਡਿਆਈਆ । ਸੇਜ ਸੁਹੰਜਣੀ ਧੁਰ ਦੀ ਲੇਟੇ ਆਸਣ ਮਿਲਿਆ ਅਗੰਮ ਅਥਾਹੀਆ । ਜਿਸ ਪ੍ਰਭੂ ਨੂੰ ਲੱਭਦੇ ਗਏ ਕੇਤੇ, ਕੋਟਨ ਕੋਟ ਫੇਰੀਆਂ ਪਾਈਆ । ਜਿਸ ਦਾ ਨਾਮ ਜਗਤ ਜਗ ਵੇਚੇ, ਅੱਖਰਾਂ ਨਾਲ ਕਰ ਲਿਖਾਈਆ । ਜਿਸ ਦੇ ਨਾਮ ਬਾਣੀ ਦੇ ਪੇਚੇ, ਪੇਚੀਦਾ ਆਪਣੀ ਕਾਰ ਕਮਾਈਆ । ਉਹ ਖੇਲ ਆਦਿ ਅੰਤ ਦੇ ਵੇਖੇ, ਜੁਗ ਚੌਕੜੀ ਧਿਆਨ ਰਖਾਈਆ । ਸਭ ਦਾ ਲੇਖਾ ਲਾਵੇ ਲੇਖੇ, ਜੋ ਜਨ ਰਹੇ ਸਰਨਾਈਆ । ਚਰਨ ਦਵਾਰ ਰੱਖੇ ਸਾਇਆ ਹੇਠੇ, ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਤੱਕ ਆਪਣੀ ਨਈਆ, ਨੌਕਾ ਨਾਮ ਧਿਆਨ ਲਗਾਈਆ । ਵੇਖ ਖੇਲ ਆਪਣਾ ਸਈਆ, ਸਾਹਿਬ ਸੁਲਤਾਨ ਦਇਆ ਕਮਾਈਆ । ਜਨ ਭਗਤਾਂ ਧਰਮ ਰਾਏ ਕਢੇ ਨਾ ਵਹੀਆ, ਲੇਖਾ ਮੰਗੇ ਨਾ ਕੋਇ ਗੁਨਾਹੀਆ । ਵਿਛੋੜਾ ਹੋਏ ਨਾ ਸਾਜਣ ਭਈਆ, ਭਾਂਡਾ ਭਰਮ ਦੇਣਾ ਭੰਨਾਈਆ । ਤੇਰਾ ਦਵਾਰਾ ਇਕੋ ਰਹੀਆ, ਦੂਜਾ ਰਹਿਣ ਕੋਇ ਨਾ ਪਾਈਆ । ਜਿਸ ਕਾਰਨ ਬੁਲ੍ਹੇ ਗਾਇਆ ਥਈਆ ਥਈਆ, ਪੈਰ ਜ਼ਿਮੀਂ ਨਾਲ ਰਗੜਾਈਆ । ਗੋਬਿੰਦ ਦਾ ਪੂਰਾ ਹੋਇਆ ਪਿਛਲਾ ਵਈਆ, ਢੌਂਕੇ ਵਿਚ ਦਿਤਾ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਤਕ ਆਪਣੇ ਨੱਢੇ, ਨਾਢੂ ਧਿਆਨ ਲਗਾਈਆ । ਪਿਆਰ ਨਾਲ ਬੋਲ ਦੇ ਡੱਡੇ, ਡੰਡਾਵਤ ਬਿਨਾ ਸੀਸ ਨਿਵਾਈਆ । ਤੈਥੋਂ ਰਹਿਣ ਕਦੇ ਨਾ ਅੱਡੇ, ਵੱਖਰਾ ਘਰ ਨਾ ਕੋਇ ਵਖਾਈਆ । ਧਰਮ ਨਿਸ਼ਾਨੇ ਜਾਣ ਗੱਡੇ, ਘਰ ਘਰ ਤੇਰੀ ਵੱਜੇ ਵਧਾਈਆ । ਤੇਰੀ ਸ਼ਬਦ ਧਾਰ ਦੇ ਸੱਦੇ, ਸਦਕੇ ਵਾਰੀ ਘੋਲ ਘੁਮਾਈਆ । ਜੋ ਸਰਨ ਸਰਨਾਈ ਸਾਚੀ ਲੱਗੇ, ਸੀਸ ਚਰਨਾਂ ਉਤੇ ਰਖਾਈਆ । ਉਨ੍ਹਾਂ ਦੀ ਲਾਜ ਰੱਖਣੀ ਪੱਗੇ, ਚੋਟੀ ਮੇਲਾ ਸਹਿਜ ਸੁਭਾਈਆ । ਰਹਿਣ ਬਪੜੇ ਮੂਲ ਨਾ ਬੱਗੇ, ਹੰਸ ਦੇਣੇ ਬਦਲਾਈਆ । ਤੇਰਾ ਨੂਰ ਨੁਰਾਨਾ ਨੂਰ ਜਗੇ, ਜਾਗਰਤ ਜੋਤ ਕਰੇ ਰੁਸ਼ਨਾਈਆ । ਭਗਤ ਸੁਹੇਲੇ ਹੋਣ ਸਜੇ, ਸਾਜਣ ਸੋਹਣਾ ਨਾਲ ਮਿਲਾਈਆ । ਗੁਰਮੁਖਾਂ ਹੱਥ ਉਠਾਉਣੇ ਆਪਣੇ ਖੱਬੇ, ਸੱਜਾ ਖੱਬੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਬਖ਼ਸ਼ੇ ਇਕ ਸਰਨਾਈਆ । ਪੁਰਖ ਅਕਾਲ ਵੇਖ ਲੈ ਆਪਣੇ ਗੁਣੀ, ਗੁਣ ਨਿਧਾਨ ਨਜ਼ਰੀ ਆਈਆ । ਸਚ ਪੁਕਾਰ ਇਕ ਸੁਣੀਂ, ਅਣਸੁਣਤ ਦਈਏ ਦ੍ਰਿੜਾਈਆ । ਭਗਤ ਸੁਹੇਲੇ ਸਾਚੇ ਚੁਣੀਂ, ਚਾਰੋਂ ਕੁੰਟ ਖੋਜ ਖੁਜਾਈਆ । ਸਤਿਗੁਰ ਸ਼ਬਦ ਦੀ ਸ਼ਬਦ ਹੋਵੇ ਧੁਨੀ, ਧੁਨ ਆਤਮਕ ਰਾਗ ਅਲਾਹੀਆ । ਸਤਿਗੁਰ ਸ਼ਬਦ ਕਹੇ ਪੰਜਾਂ ਗੁਰਸਿਖਾਂ ਛੱਬੀ ਪੋਹ ਨੂੰ ਬਣਨਾ ਮੁਨੀ, ਮੁਖ ਪੱਟੀ

ਨਾਲ ਲੁਕਾਈਆ । ਉਤੇ ਹਿੰਦਸਾ ਲਿਖਿਆ ਹੋਵੇ ਉਂਨੀ, ਏਕਾ ਨਾਇਆਂ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੰਜ ਮੁਨੀ ਹੋਣ ਮਾਨਵ, ਦਿੱਲੀ ਗੁਰਮੁਖ ਵੰਡ ਵੰਡਾਈਆ । ਨਾਲ ਪੰਜ ਹੋਵਣ
ਦਾਨਵ, ਦੈਂਤਾ ਵਾਲਾ ਰੂਪ ਦਰਸਾਈਆ । ਪੰਜ ਗੁਰਮੁਖ ਢੋਲੇ ਗਾਵਣ, ਵਾਹਵਾ ਤੇਰੀ ਬੇਪਰਵਾਹੀਆ । ਇਕ ਬਣਿਆ ਹੋਵੇ ਰਾਵਣ, ਦਹਿਸਰ
ਆਪਣਾ ਰੂਪ ਜਣਾਈਆ । ਇਕ ਅੰਮ੍ਰਿਤ ਬਰਖੇ ਸਾਵਣ, ਛਹਿਬਰ ਨਾਮ ਜਣਾਈਆ । ਇਕ ਕੋਲ ਹਿੰਦਸਾ ਹੋਵੇ ਇਕਾਵਨ, ਬਾਵਨ ਗੁਰੂ ਗ੍ਰੰਥ
ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ
ਕਹੇ ਪੰਜ ਉਚੇ ਲੰਮੇ ਹੋਣ ਮੁੰਡੇ, ਗੁਰਮੁਖ ਧਰਮ ਧਾਰ ਵਖਾਈਆ । ਓਹ ਬਣੇ ਹੋਣ ਗੁੰਡੇ, ਸ਼ਸਤਰ ਹੱਥਾਂ ਵਿਚ ਟਿਕਾਈਆ । ਮੁਛਹਿਰੇ ਹੋਣ
ਕੁੰਢੇ, ਕੁੰਡਲ ਕੰਨਾਂ ਵਿਚ ਲਟਕਾਈਆ । ਸਿਰ ਤੋਂ ਮੁੰਨੇ ਨਾ ਹੋਵਣ ਚੁੰਡੇ, ਕੇਸ ਦਸਮੇਸ ਨਾਲ ਵਡਿਆਈਆ । ਦੋਹਾਂ ਦੇ ਹੱਥ ਵਿਚ ਹੋਵਣ
ਖੂੰਡੇ, ਜ਼ੋਰ ਜ਼ੋਰ ਜ਼ਿਮੀਂ ਨਾਲ ਠੁਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਸਤਿਗੁਰ
ਸ਼ਬਦ ਕਹੇ ਇੱਕੀ ਬੀਬੀਆਂ ਬੰਧੇ ਹੋਣ ਮੁੰਡਾਸੇ, ਮਾੜੇ ਵਿਚੋਂ ਲਏ ਅੰਗੜਾਈਆ । ਮੁਖ ਵਿਚ ਪਾਏ ਹੋਣ ਪਤਾਸੇ, ਅੱਧਾ ਅੰਦਰ ਬਾਹਰ ਰਖਾਈਆ ।
ਹੱਥ ਵਿਚ ਫੜੇ ਹੋਣ ਕਾਸੇ, ਬਗ਼ਲੀਆਂ ਮੋਢੇ ਉਤੇ ਲਟਕਾਈਆ । ਕਰਦੀਆਂ ਆਉਣ ਹਾਸੇ, ਹਸਤੀ ਵੇਖਣੀ ਬੇਪਰਵਾਹੀਆ । ਮੁਖ ਹੋਏ ਨਾ
ਕਿਸੇ ਉਦਾਸੇ, ਤਿਉੜੀ ਮਸਤਕ ਨਾ ਕੋਇ ਰਖਾਈਆ । ਮੁਖੋਂ ਕਹਿਣ ਗੁਰ ਅਵਤਾਰ ਪੈਗ਼ੰਬਰ ਛੱਡੇ ਚਾਚੇ, ਪਿਤਾ ਪੁਰਖ ਅਕਾਲ ਮਨਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ
ਮੈਂ ਵੇਖਣੀ ਭਗਤਾਂ ਸ਼ਾਦੀ, ਸ਼ਾਦਿਆਨੇ ਵਜਾਈਆ । ਦੀਨ ਮਜ਼੍ਹਬ ਤੋਂ ਮਿਲਣੀ ਆਜ਼ਾਦੀ, ਅਜ਼ਲ ਦੀ ਮੰਜ਼ਲ ਦੇਣੀ ਮੁਕਾਈਆ । ਹਰਿਜਨ ਆਤਮ
ਜਾਣੀ ਸਾਧੀ, ਸਿਦਕ ਸਬੂਰੀ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ
ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਸਤਿਗੁਰ ਬੱਧਾ ਹੋਵੇ ਗਾਨਾ, ਮੌਲੀ ਤੰਦ ਜੋੜ ਜੁੜਾਈਆ । ਪੰਜਾਂ ਗੁਰਮੁਖਾਂ ਹੱਥ ਵਿਚ ਫੜਿਆ
ਹੋਵੇ ਇਕ ਇਕ ਕਾਨਾ, ਸਵਾ ਹੱਥ ਨਾਲ ਲੰਬਾਈਆ । ਸਭ ਦਾ ਜ਼ਿਲਾ ਵੱਖ ਵੱਖ ਹੋਵੇ ਬੇਗਾਨਾ, ਹਰਿਜਨ ਮੇਲਾ ਸਹਿਜ ਸੁਭਾਈਆ । ਇਕ
ਇਕ ਚੀਥੜ ਕੋਲ ਹੋਵੇ ਪੁਰਾਣਾ, ਖੱਬੇ ਕੰਧੇ ਉਤੇ ਟਿਕਾਈਆ । ਹੱਥ ਵਿਚ ਲਿਖਿਆ ਹੋਵੇ ਅੰਤਮ ਸਭ ਨੇ ਜਾਣਾ ਵਿਚ ਮਸਾਣਾ, ਥਿਰ ਰਹਿਣ
ਕੋਇ ਨਾ ਪਾਈਆ । ਜੰਮੂ ਵਾਲਿਆਂ ਸੀੜ੍ਹੀ ਦਾ ਬਣਾ ਕੇ ਲਿਆਉਣਾ ਇਕ ਬਬਾਣਾ, ਸੋਹਣਾ ਰੂਪ ਵਖਾਈਆ । ਉਤੇ ਲੇਖ ਲਿਖਿਆ ਹੋਵੇ ਵਿਸ਼ਨੂੰ
ਭਗਵਾਨਾ, ਜੈਕਾਰਾ ਸਚ ਧਾਰ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ
ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਲੇਖੇ ਲਾਏ ਆਣਾ ਜਾਣਾ, ਜਾਣਨਹਾਰ ਜਾਣੀ ਆਪਣੀ ਦਇਆ ਕਮਾਈਆ ।

## ੧੯ ਕੱਤਕ ਸ਼ਹਿਨਸ਼ਾਹੀ ਸੰਮਤ ੫ ਬਾਵਾ ਸਿੰਘ ਦੇ ਗ੍ਰਿਹਿ ਪਿੰਡ ਅੱਲੜ ਪਿੰਡੀ

ਸਤਿਗੁਰ ਸ਼ਬਦ ਕਹੇ ਪ੍ਰਭੂ ਗੁਰ ਅਵਤਾਰ ਪੈਗ਼ੰਬਰ ਵੇਖ ਆਪਣੇ ਰਾਹਕ, ਰਹਿਬਰ ਹੋ ਕੇ ਧਿਆਨ ਲਗਾਈਆ । ਜਿਹੜੇ ਤੇਰੇ ਨਾਮ ਦੇ ਬਣੇ ਗਾਹਕ, ਸੌਦਾ ਜਗਤ ਵਿਚ ਕਰਾਈਆ । ਅੰਤ ਮਿਟ ਗਏ ਵਿਚ ਖ਼ਾਕ, ਲੋਕਮਾਤ ਨਜ਼ਰ ਕੋਇ ਨਾ ਆਈਆ । ਨਾਤਾ ਮਜ਼੍ਹਬ ਦਾ ਜੋੜ ਕੇ ਸਾਕ, ਸੱਜਣ ਗਏ ਅਖਵਾਈਆ । ਅੰਤ ਸੰਦੇਸ਼ਾ ਗਏ ਆਖ, ਅੱਖਰਾਂ ਵਿਚ ਲਿਖਾਈਆ । ਕਲਜੁਗ ਅੰਤ ਪੁਰਖ ਅਕਾਲਾ ਆਵੇ ਆਪ, ਆਪ ਆਪਣਾ ਫੇਰਾ ਪਾਈਆ । ਦੀਨ ਦੁਨੀ ਦਾ ਮੇਟੇ ਸੰਤਾਪ, ਹਉਮੇ ਰੋਗ ਗਵਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਜਾਪ, ਜਗਜੀਵਣ ਦਾਤਾ ਹੋਏ ਸਹਾਈਆ । ਚੁਰਾਸੀ ਵਿਚੋਂ ਭਗਤ ਸੁਹੇਲੇ ਥੋੜ੍ਹੇ ਰਾਖ, ਰੱਖਿਆ ਕਰੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਵੇਖ ਆਪਣਾ ਸੰਬਲ, ਸੰਭਲ ਫੇਰਾ ਪਾਈਆ । ਗੁਰ ਅਵਤਾਰ ਪੈਗ਼ੰਬਰ ਬੈਠੇ ਕਰ ਤਹੱਮਲ, ਚਿਰੀਂ ਵਿਛੁੰਨੇ ਧਿਆਨ ਲਗਾਈਆ । ਆਪਣੀ ਕਰਨੀ ਉਤੇ ਕਰ ਅਮਲ, ਇਲਮ ਆਲਮਾਂ ਡੇਰਾ ਢਾਹੀਆ । ਗੁਰਮੁਖ ਬੂਟਾ ਖ਼ਾਲੀ ਰਹੇ ਨਾ ਸਿੰਮਲ, ਪੱਤ ਟਹਿਣੀ ਦੇਣੀ ਮਹਿਕਾਈਆ । ਦਰ ਸਾਚੇ ਆਈ ਮਿਲਣ, ਦੂਰ ਦੁਰਾਡਾ ਪੰਧ ਮੁਕਾਈਆ । ਵਿਛੋੜੇ ਵਿਚ ਕੋਇ ਘਾਇਲ ਨਾ ਹੋਵੇ ਇੱਲਣ, ਉਚੀ ਕੂਕ ਨਾ ਕੋਇ ਸੁਣਾਈਆ । ਕੂੜੀ ਕਿਰਿਆ ਪਾਰ ਕਰਨੀ ਜਿਲ੍ਹਣ, ਗਿਲਾ ਗ਼ੁੱਸਾ ਨਾ ਕੋਇ ਰਖਾਈਆ । ਤੇਰੇ ਹੁਕਮੇ ਅੰਦਰ ਦੋ ਜਹਾਨ ਹਿੱਲਣ, ਕਰਵਟ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੇਰੇ ਪ੍ਰਭੂ ਨਿਰੰਕਾਰੀ, ਨਿਰਵੈਰ ਤੇਰੀ ਸਰਨਾਈਆ । ਜਿਹੜੇ ਭਗਤ ਤੇਰੇ ਪੁਜਾਰੀ, ਪੂਜਣਯੋਗ ਦੇਣੀ ਵਡਿਆਈਆ । ਮਾਤਲੋਕ ਨਾ ਜਨਮ ਲਏ ਦੂਜੀ ਵਾਰੀ, ਸਚਖੰਡ ਸਚ ਦੇਣੀ ਸਰਨਾਈਆ । ਤੇਰੇ ਤੇਰੇ ਉਤੋਂ ਬਲਿਹਾਰੀ, ਬਲਿਹਾਰ ਤੇਰੀ ਵਡਿਆਈਆ । ਅੰਤਰ ਆਤਮ ਪਰਮਾਤਮ ਤੇਰੀ ਯਾਰੀ, ਯਾਰਾਨਾ ਅਵਰ ਨਾ ਕੋਇ ਜਣਾਈਆ । ਕੁਛ ਲੇਖਾ ਦੱਸਣਾ ਕਿਉਂ ਦੁੱਖ ਲੱਗਾ ਪਿਛਲੇ ਜਨਮ ਦੇ ਵਲੀ ਕੰਧਾਰੀ, ਹੁਕਮ ਹੁਕਮ ਦੇਣਾ ਦ੍ਰਿੜਾਈਆ । ਰਾਵੀ ਕੰਢੇ ਸੋਲਾਂ ਫੱਗਣ ਸਚ ਦਿਹਾੜੀ, ਤਿਵਹਾਰੀ ਦਏ ਸਮਝਾਈਆ । ਇਸ ਦੇ ਨਾਂ ਦੀ ਬਦਲੀ ਕੀਤੀ ਸੀ ਕਿਸੇ ਅਰਜ਼ ਨਹੀਂ ਕੀਤੀ ਲਿਖਾਰੀ, ਕਿਉਂ ਕੰਧਾਰੀ ਤੋਂ ਕੌਂਡਾ ਦਿਤਾ ਲਿਖਾਈਆ । ਇਹ ਵੀ ਖੇਲ ਨਿਆਰੀ, ਜਿਸ ਦਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਧੁਰ ਦੇ ਮਹਿਬੂਬੇ, ਮਹਿਰਮ ਧੁਰਦਰਗਾਹੀਆ । ਤੇਰੀ ਰਮਜ਼ ਕੋਇ ਨਾ ਬੂਝੇ, ਬੁਝਾ ਦੀਪਕ ਨਾ ਕੋਇ ਜਗਾਈਆ । ਤੇਰੇ ਇਸ਼ਾਰੇ ਸਦਾ ਗੂਝੇ, ਗੁਣਵੰਤ ਤੇਰੀ ਵਡਿਆਈਆ । ਭੇਵ ਖੁਲ੍ਹਾ ਦੇ ਦੂਜੇ, ਦੁਤੀਆ ਰਹੇ ਨਾ ਰਾਈਆ । ਕੂੜੀ ਕਿਰਿਆ ਭਾਂਡੇ ਕਰ ਕੇ ਮੂਧੇ, ਮੁੱਦਤ ਦੇ ਵਿਛੜੇ ਹੋਣਾ ਸਹਾਈਆ । ਤੇਰੀ ਇਕ ਮੰਜ਼ਲ ਇਕੋ ਮਕਸੂਦੇ, ਮਕਸਦ ਸਭ ਦਾ ਹਲ ਕਰਾਈਆ । ਗੁਰਮੁਖ ਤੇਰੇ ਉਤੋਂ ਝੂਜੇ, ਉਸ ਦਾ ਲੇਖਾ ਆਪਣੇ ਘਰ ਲਗਾਈਆ । ਤੇਰੇ ਖਾਤੇ ਗਹਿਰ ਗੰਭੀਰ ਡੂੰਘੇ, ਸਾਗਰ ਸਮੁੰਦ ਸਾਰ ਨਾ ਕੋਇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਦਰਬਾਰ ਤੇਰੀ ਸਰਨਾਈਆ । ਸਤਿਗੁਰ ਸ਼ਬਦ ਕਹੇ ਤੇਰਾ

੨੦੯ ੨੨

ਧਰਮ ਹੋਵੇ ਧਰਵਾਸ, ਥਿਰ ਧੁਰ ਦੀ ਆਪ ਜਣਾਈਆ । ਤੇਰਾ ਪ੍ਰੇਮ ਹੋਵੇ ਪ੍ਰਕਾਸ਼, ਅੰਧ ਅੰਧੇਰਾ ਦੇ ਗਵਾਈਆ । ਤੇਰਾ ਆਤਮ ਤੇਰੇ ਸਾਥ, ਵਿਛੋੜੇ ਵਿਚ ਵਿਛੜ ਨਾ ਜਾਈਆ । ਗੁਰਮੁਖਾਂ ਦੇਣਾ ਸਗਲਾ ਸਾਥ, ਸਾਹਿਬ ਤੇਰੀ ਸਰਨਾਈਆ । ਹਰਿਜਨ ਕਦੇ ਨਾ ਹੋਵੇ ਉਦਾਸ, ਚਿੰਤਾ ਅੰਦਰੋਂ ਦੇਣੀ ਮਿਟਾਈਆ । ਜੋ ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਪੁੱਜਾ ਤੇਰੇ ਪਾਸ, ਉਸ ਨੂੰ ਪਿਛੇ ਰੋਏ ਨਾ ਕੋਇ ਲੋਕਾਈਆ । ਝੂਠਾ ਨਾਤਾ ਮਾਈ ਬਾਪ, ਭਾਈ ਭੈਣ ਸਾਕ ਸੱਜਣ ਨਾਰ ਕੰਤ ਨਾ ਕੋਇ ਵਡਿਆਈਆ । ਜਿਸ ਉਤੇ ਕਿਰਪਾ ਕਰੇ ਆਪ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਉਪਰ ਆਕਾਸ਼ ਪ੍ਰਕਾਸ਼ ਦੋ ਜਹਾਨ ਰਖਾਈਆ ।

## ✪ ੧੯ ਕੱਤਕ ਸ਼ਹਿਨਸ਼ਾਹੀ ਸੰਮਤ ੫ ਹਜ਼ਾਰਾ ਸਿੰਘ ਦੇ ਟਿਊਬਵੈਲ ਉਤੇ ਪਿੰਡ ਬਾਬੂਪੁਰ ✪

ਪੁਰਖ ਅਕਾਲ ਤਕ ਲੈ ਆਪਣੀ ਧੌਲ, ਧਰਮ ਦਵਾਰੇ ਵੇਖ ਵਖਾਈਆ । ਵੇਖ ਲੈ ਆਪਣੇ ਕੌਲ, ਇਕਰਾਰਨਾਮੇ ਪੜਦਾ ਲਾਹੀਆ । ਹਿਰਦੇ ਹਰਿ ਕਿਸੇ ਨਾ ਗਿਆ ਮੌਲ, ਮੌਲਾ ਰੂਪ ਨਾ ਕੋਇ ਵਖਾਈਆ । ਭੁੱਲ ਗਈ ਗੋਬਿੰਦ ਖੰਡੇ ਅੰਮ੍ਰਿਤ ਪਾਹੁਲ, ਪੌਲੀ ਕੀਮਤ ਰਹੀ ਕਿਸੇ ਨਾ ਰਾਈਆ । ਤੇਰੀ ਦੀਨ ਦੁਨੀ ਹੋਈ ਅਨਭੋਲ, ਸੁੱਤੀ ਖ਼ਲਕ ਖ਼ੁਦਾਈਆ । ਸਾਚਾ ਤੋਲੇ ਕੋਇ ਨਾ ਤੋਲ, ਵਜ਼ਨ ਵਜੂਦ ਨਾ ਕੋਇ ਕਰਾਈਆ । ਸਭ ਦਾ ਪੂਰਾ ਕਰਦੇ ਬੋਲ, ਜੋ ਬੋਲਣਵਾਲੇ ਬੋਲ ਕੇ ਗਏ ਜਣਾਈਆ । ਤੇਰਾ ਖੇਲ ਸਦਾ ਅਨਮੋਲ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਸਦੀ ਚੌਧਵੀਂ ਮਾਰ ਰੋਲ, ਰੌਲਾ ਵੇਖ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਫ਼ਰਮਾਨਾ ਇਕ ਜਣਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਵੇਖ ਮਾਨਸ ਦੇਹੀ ਮਨੁੱਖ, ਪੰਜ ਤਤ ਅੰਦਰ ਧਿਆਨ ਲਗਾਈਆ । ਜਿਹੜਾ ਤੇਰਾ ਉਲਟਾ ਰੁੱਖ, ਮਾਤ ਗਰਭ ਦਿਤਾ ਲਟਕਾਈਆ । ਉਸ ਦੀ ਤ੍ਰਿਸ਼ਨਾ ਮੇਟੇ ਕੋਇ ਨਾ ਭੁੱਖ, ਹਉਮੇ ਰੋਗ ਨਾ ਕੋਇ ਗਵਾਈਆ । ਸੁਫਲ ਕਰੇ ਨਾ ਜਨਣੀ ਕੁੱਖ, ਧੰਨ ਜਣੇਂਦੀ ਬਣੇ ਨਾ ਕੋਇ ਮਾਈਆ । ਸਚ ਦੁਲਾਰਾ ਰਿਹਾ ਕੋਇ ਨਾ ਸੁਤ , ਅਪਰਾਧੀ ਬੈਠੇ ਡੇਰਾ ਲਾਈਆ । ਅੰਤਮ ਆਪ ਆਪੇ ਪੁਛ, ਆਪਣਾ ਹੁਕਮ ਸੁਣਾਈਆ । ਕਵਣ ਤੈਨੂੰ ਰਿਹਾ ਝੁਕ, ਸੱਜਦਾ ਸੀਸ ਜਗਦੀਸ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਵੇਖ ਅਵਤਾਰ ਪੈਗ਼ੰਬਰ ਗੁਰ ਆਪਣੇ ਪਰਾਹੁਣੇ, ਪਰਾ ਪਸੰਤੀ ਮਧਮ ਬੈਖਰੀ ਜੋ ਤੇਰਾ ਨਾਮ ਆਏ ਸਲਾਹੀਆ । ਰਾਗਾਂ ਵਿਚ ਸੁਣਾਏ ਗਾਣੇ, ਧੁਨਾਂ ਵਿਚ ਕਰੀ ਸ਼ਨਵਾਈਆ । ਕਲਜੁਗ ਅੰਤਮ ਕਿਥੇ ਬਹਾਉਣੇ, ਧਾਮ ਅਵਲੜਾ ਦੇ ਜਣਾਈਆ । ਪਲੰਘ ਗਲੀਚੇ ਕਿਥੇ ਵਿਛਾਉਣੇ, ਬਿਸਤਰਿਆਂ ਹੋਏ ਸਫ਼ਾਈਆ । ਕੇਹੜੀ ਕੂਟ ਦਿਸ਼ਾ ਟਿਕਾਉਣੇ, ਟਿੱਕੇ ਮਸਤਕ ਨਾਲ ਲਗਾਈਆ । ਕੇਹੜੀ ਧਾਰ ਵਿਚ ਉਡਾਉਣੇ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਕੇਹੜੀ ਦਿਸ਼ਾ ਵਿਚ ਲੜਾਉਣੇ, ਈਸਾ ਮੂਸਾ ਮੁਹੰਮਦ ਕਰੇ ਲੜਾਈਆ । ਕੇਹੜੀ ਜਗਹ ਉਤੇ ਨਚਾਉਣੇ, ਘੁੰਗਟ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਏਕਾ ਦੇਣਾ ਸਾਚਾ ਵਰ, ਸਚ ਆਪਣਾ ਹੁਕਮ ਸੁਣਾਈਆ । ਸਤਿਗੁਰ ਸ਼ਬਦ ਕਹੇ ਵੇਖ ਆਪਣੇ ਭਗਤ ਸੰਤ ਜਗ ਮੀਤ, ਮਿੱਤਰ ਪਿਆਰੇ ਧਿਆਨ ਲਗਾਈਆ । ਕਵਣ ਚਲੇ ਸਾਚੀ ਰੀਤ, ਸਚ ਸਵਾਮੀ ਇਸ਼ਟ ਜਣਾਈਆ । ਕਵਣ ਛੱਡ ਕੇ ਮੰਦਰ ਮਸੀਤ, ਕਾਇਆ ਕਾਅਬੇ ਤੇਰਾ ਧਿਆਨ ਲਗਾਈਆ । ਕਵਣ ਤੇਰਾ ਹੋਇਆ ਅਜ਼ੀਜ਼, ਖਾਦਮ ਹੋ ਕੇ ਸੇਵ ਕਮਾਈਆ । ਕਿਸ ਨੂੰ ਆਈ ਸਚ ਤਮੀਜ਼, ਤਮਾ ਤਮੰਨਾ ਗਿਆ ਮਿਟਾਈਆ । ਕਿਸ ਦੀ ਕਰਨੀ ਸਾਚੀ ਰੀਝ, ਸਿਰ ਆਪਣਾ ਹੱਥ ਰਖਾਈਆ । ਕਿਸ ਗ੍ਰਿਹਿ ਲੰਘਣਾ ਦਹਿਲੀਜ਼, ਦਰ ਮੰਦਰ ਦੇਣੀ ਵਡਿਆਈਆ । ਕਿਸ ਬਿਧ ਬੀਜਣਾ ਬੀਜ, ਸਤਿਜੁਗ ਫੁਲਵਾੜੀ ਆਪ ਮਹਿਕਾਈਆ । ਪੁਰਖ ਅਕਾਲ ਕਿਹਾ ਮੇਰੀ ਆਦਿ ਜੁਗਾਦਿ ਵੱਖਰੀ ਰੀਤ, ਰੀਤੀਵਾਨ ਦਏ ਸੁਣਾਈਆ । ਜਨ ਭਗਤਾਂ ਬਖ਼ਸ਼ੇ ਸਚ ਪ੍ਰੀਤ, ਪ੍ਰੀਤਮ ਹੋ ਕੇ ਜੋੜ ਜੁੜਾਈਆ । ਸਾਚੇ ਨਾਮ ਦੀ ਕਰ ਬਖ਼ਸ਼ੀਸ਼, ਰਹਿਮਤ ਧੁਰ ਦੀ ਝੋਲੀ ਪਾਈਆ । ਕਾਇਆ ਕਰਕੇ ਠੰਡੀ ਸੀਤ, ਅਗਨੀ ਤਤ ਬੁਝਾਈਆ । ਉਨ੍ਹਾਂ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਗਾਉਣਾ ਗੀਤ, ਢੋਲਾ ਇਕੋ ਇਕ ਦ੍ਰਿੜਾਈਆ । ਝਗੜਾ ਮਿਟਾਉਣਾ ਮੰਦਰ ਮਸੀਤ, ਕਾਇਆ ਕਾਅਬਾ ਕਰ ਰੁਸ਼ਨਾਈਆ । ਰਹਿਮਤ ਸਚ ਹੋਵੇ ਬਖ਼ਸ਼ੀਸ਼, ਬਖ਼ਸ਼ਣਹਾਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਚਲਾਏ ਰੀਤ, ਰੀਤੀਵਾਨ ਦਇਆ ਕਮਾਈਆ ।



## ✪ ੧੯ ਕੱਤਕ ਸ਼ਹਿਨਸ਼ਾਹੀ ਸੰਮਤ ੫ ਆਸਾ ਸਿੰਘ ਦੇ ਗ੍ਰਿਹਿ ਪਿੰਡ ਬਾਬੂਪੁਰ ✪

ਗੁਰਮੁਖ ਕਿਹਾ ਛੜਿਆ ਨਾਲ ਰਲਾ ਲੈ ਰੰਡਾ, ਰਵਦਾਸ ਨੇ ਦਿਤੀ ਗਵਾਹੀਆ । ਦੋਹਾਂ ਦੀ ਇਕੋ ਮੰਜ਼ਲ ਇਕੋ ਪੌੜੀ ਇਕੋ ਡੰਡਾ, ਡੰਡਾਵਤ ਇਕੋ ਸੀਸ ਨਿਵਾਈਆ । ਇਕੋ ਤਨ ਵਜੂਦ ਖ਼ਾਕੀ ਬੰਦਾ, ਮਾਟੀ ਪੰਜ ਤਤ ਵਡਿਆਈਆ । ਪਿਛਲਾ ਖੇਲ ਸੂਰਾ ਸਰਬੰਗਾ, ਹਰਿ ਕਰਤਾ ਆਪ ਸਮਝਾਈਆ । ਇਨ੍ਹਾਂ ਦੋਹਾਂ ਦਾ ਰੂਪ ਹੁੰਦਾ ਸੀ ਪੰਡਾ, ਪੰਡਤ ਪਿਛਲੇ 'ਨੈਣੂੰ' 'ਮਾਨੂੰ' ਨਾਮ ਜਣਾਈਆ । ਬੈਠਦੇ ਸੀ ਗੰਗਾ ਕੰਢਾ, ਆਪਣਾ ਆਸਣ ਲਾਈਆ । ਸਭ ਨੂੰ ਮਾਰਦੇ ਸੀ ਫੰਦਾ, ਗਲੇ ਸੁਟ ਕੇ ਦੇਣ ਵਖਾਈਆ । ਯਾਤਰੀਓ ਕੁਛ ਭੇਟਾ ਦੇ ਦਿਓ ਨਹੀਂ ਤੇ ਤੁਹਾਡਾ ਪਿਤਾ ਹੋ ਜਾਊ ਅੰਧਾ, ਨੈਣਹੀਣ ਅਖਵਾਈਆ । ਫੇਰ ਹਰੀ ਓਮ ਤਤ ਸਤਿ ਸੁਣਾਉਂਦੇ ਛੰਦਾ, ਗਾਇਤਰੀ ਮੰਤਰ ਨਾਲ ਦੁਹਾਈਆ । ਫੇਰ ਜਨੇਉ ਦਾ ਫੜ ਕੇ ਤੰਦਾ, ਚੱਪਿਆਂ ਨਾਲ ਫਿਰਾਈਆ । ਫੇਰ ਲੈ ਕੇ ਜਲ ਚੰਗਾ, ਚੁਲੀਆਂ ਦੇਣ ਵਖਾਈਆ । ਫੇਰ ਅੱਖਾਂ ਮੀਟ ਕੇ ਲੈਣ ਅਨੰਦਾ, ਮਾਲਾ ਹੱਥਾਂ ਵਿਚ ਭਵਾਈਆ । ਫੇਰ ਇਕ ਇਕ ਪੈਰ ਕਰਕੇ ਨੰਗਾ, ਉਂਗਲੀਆਂ ਵਾਰੋ ਵਾਰ ਹਿਲਾਈਆ । ਫੇਰ ਧੋਤੀ ਨੂੰ ਬੰਨ੍ਹਣ ਦਾ ਕਰਨ ਧੰਦਾ, ਪੇਚੇ ਲੱਕ ਨਾਲ ਛੁਹਾਈਆ । ਫੇਰ ਹੱਥ ਵਿਚ ਫੜ ਕੇ ਡੰਡਾ, ਉਠ ਕੇ ਵੇਖਣ ਗੰਗਾ ਮਾਈਆ । ਫੇਰ ਬੋਦੀ ਨੂੰ ਵਾਹ ਕੇ ਨਾਲ ਕੰਘਾ, ਹੱਥਾਂ ਵਿਚ ਲੈਣ ਉਡਾਈਆ । ਫੇਰ ਲਾਗੇ ਰੱਖਿਆ ਉਂਗਲ ਨੂੰ ਲਾ ਕੇ ਥੰਦਾ, ਨਾਸਾਂ ਵਿਚ ਫਰਾਈਆ । ਫੇਰ ਦੂਜੇ ਬ੍ਰਾਹਮਣਾਂ ਦੀ ਕਰਨ ਨਿੰਦਾ, ਐਵੇਂ ਪੋਥੀਆਂ ਰਹੇ ਉਠਾਈਆ । ਫੇਰ ਤੁਲਸੀ ਨਾਲ ਵਖਾਵਣ ਜਲ ਚੰਗਾ, ਕੱਚੇ ਤੰਦ ਨਾਲ ਸੁਹਾਈਆ । ਫੇਰ ਕਰਕੇ ਮੂੰਹ ਵਿੰਗਾ, ਨੱਕ ਮਰੋੜ

ਕੇ ਦੇਣ ਵਖਾਈਆ । ਜਜਮਾਨੋਂ ਤੁਸੀਂ ਦਾਨੂ ਮਾਨੂ ਦੀਆਂ ਟਿੰਗਾਂ, ਆਹ ਵੇਖੋ ਸਾਡੇ ਪੱਤਰੇ ਰਹੇ ਸਮਝਾਈਆ । ਤੁਹਾਡਾ ਪਿਉ ਦਾਦਾ ਸਾਨੂੰ ਦਾਨਿਆਂ ਦੀਆਂ ਚੜ੍ਹਾਉਂਦਾਂ ਰਿਹਾ ਟਿੰਡਾ, ਹਿੱਸਾ ਸਾਡੀ ਝੋਲੀ ਪਾਈਆ । ਫੇਰ ਬੋਲਣ ਵਾਂਗ ਬਿੰਡਾ, ਟਿਰ ਟਿਰ ਕਰ ਸੁਣਾਈਆ । ਫੇਰ ਸੌਂ ਜਾਣ ਵਿਚ ਨਿੰਦਾ, ਘੁਰਾੜੇ ਮਾਰ ਦੇਣ ਡਰਾਈਆ । ਫੇਰ ਗ਼ੁੱਸੇ ਵਿਚ ਕਹਿਣ ਸਾਡੇ ਬਿਨਾ ਤੁਹਾਡੀ ਨਹੀਂ ਮਿਟਣੀ ਚਿੰਦਾ, ਚਿੰਤਾ ਨਾ ਕੋਇ ਗਵਾਈਆ । ਇਕ ਦੂਜੇ ਨੂੰ ਕਹਿਣ ਇਹ ਮੇਰੇ ਨਾਲੋਂ ਬਖ਼ਸ਼ਿੰਦਾ, ਬਾਰਾਂ ਰਾਸੀ ਕੁੰਡਲੀ ਵਿਚ ਫਸਾਈਆ । ਦੂਜਾ ਕਹੇ ਇਹ ਪਰੋਹਤ ਬੜਾ ਛਿੰਦਾ, ਜਜਮਾਨ ਸਾਰੇ ਸਿਫ਼ਤਾਂ ਵਿਚ ਸਲਾਹੀਆ । ਫੇਰ ਵਖਾਵਣ ਹੱਥ ਵਿਚ ਫੜ ਕੇ ਜਿੰਦਾ, ਬਿਨਾ ਕੁੰਜੀ ਤੋਂ ਉਂਗਲੀਆਂ ਉਤੇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪੜਦਾ ਆਪ ਚੁਕਾਈਆ । ਗੁਰਮੁਖ ਕਿਹਾ ਛੜਿਆ ਰੰਡਾ ਰਲਾ ਲੈ ਨਾਲ, ਰਵੀ ਪਿਛਲਾ ਧਿਆਨ ਲਗਾਈਆ । ਮਾਇਆ ਵਾਲਾ ਵਖਾਵੇ ਜਾਲ, ਜੰਜਾਲ ਵਿਚ ਦੁਹਾਈਆ । ਇਹ ਪੰਡਤ ਮਸਤਕ ਤਿਲਕ ਲਗਾ ਕੇ ਤਰਸੂਲੀ ਰੱਖਣ ਨਾਲ, ਲਾਈਨਾਂ ਤਿੰਨ ਤਿੰਨ ਖਿਚਾਈਆ । ਆਸਣ ਲਾ ਕੇ ਸਭ ਨੂੰ ਕਹਿਣ ਅਸੀਂ ਗੰਗਾ ਮਾਈ ਦੇ ਦਲਾਲ, ਵਿਚੋਲੇ ਨਜ਼ਰੀ ਆਈਆ । ਰੇਖ ਵਿਚ ਮੇਖ ਮਾਰਨ ਨੂੰ ਕਮਾਲ, ਕਰਮ ਜਰਮ ਦਈਏ ਬਦਲਾਈਆ । ਸਾਡੇ ਮੱਥੇ ਲੱਗੇ ਨਾ ਕੋਇ ਚੰਡਾਲ, ਰਾਜੇ ਰਾਣੇ ਸਾਨੂੰ ਸੀਸ ਨਿਵਾਈਆ । ਜੇ ਕਿਸੇ ਕੋਲ ਮੋਤੀਆਂ ਦਾ ਥਾਲ, ਸਾਡੀ ਝੋਲੀ ਦਿਉ ਭਰਾਈਆ । ਜੇ ਕੋਈ ਘਰੋਂ ਆਇਆ ਕੰਗਾਲ, ਸਾਥੋਂ ਅਗਲਾ ਪਰੋਹਤ ਲਉ ਮਨਾਈਆ । ਜਿਸ ਦੀ ਕਮਾਈ ਹਲਾਲ, ਉਹ ਸਾਨੂੰ ਦਿਉ ਫੜਾਈਆ । ਜਿਸ ਦੇ ਘਰ ਹੁੰਦਾ ਨਹੀਂ ਬਾਲ, ਆਓ ਤਿਲਕ ਦਈਏ ਲਗਾਈਆ । ਕੁਛ ਆਪਣੇ ਘਰ ਦਾ ਦੱਸੋ ਹਾਲ, ਕੀ ਤੁਹਾਡੇ ਘਰ ਹੋਈ ਕੁੜਮਾਈਆ । ਕੁਛ ਸਾਡੀ ਗੜਵੀ ਵਿਚ ਦਿਉ ਡਾਲ, ਇਹ ਗੜਵੀ ਗੰਗਾ ਮਾਈ ਦੀ ਸੇਵ ਕਮਾਈਆ । ਓਹ ਵੇਖੋ ਲਹਿਰ ਨੇ ਮਾਰੀ ਉਛਾਲ, ਮਾਤਾ ਸਾਨੂੰ ਰਹੀ ਸੁਣਾਈਆ । ਓ ਪੰਡਿਓ ਤੁਸੀਂ ਕਾਹਦੇ ਦਲਾਲ, ਜਜਮਾਨਾਂ ਕੋਲੋਂ ਖਿਚ ਕੇ ਕੁਛ ਅਜੇ ਨਾ ਮੇਰੀ ਝੋਲੀ ਪਾਈਆ । ਜੇ ਤੁਸੀਂ ਹੁਣ ਦੱਛਣਾ ਨਾ ਦਿਤੀ ਘਰ ਜਾਦਿਆਂ ਨੂੰ ਹੋਊ ਬੁਰਾ ਹਾਲ, ਘਰਵਾਲੀ ਹਾਏ ਹਾਏ ਕਰ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੁਰਮੁਖ ਕਿਹਾ ਛੜਿਆ ਰੰਡਾ ਸਦ ਲੈ ਨੇੜੇ, ਪਿਛਲਾ ਲੇਖਾ ਦਿਆਂ ਜਣਾਈਆ । ਤੁਸੀਂ ਦੋਵੇਂ ਵਸਦੇ ਸੋ ਰਵਦਾਸ ਦੇ ਖੇੜੇ, ਗਵਾਂਢੀ ਪਿਛਲੇ ਸੋਭਾ ਪਾਈਆ । ਕਦੀ ਕਦੀ ਚੱਕਰ ਮਾਰਦੇ ਸੀ ਵਿਚ ਵਿਹੜੇ, ਮੋਢਾ ਮੋਢੇ ਨਾਲ ਲਗਾਈਆ । ਸਭ ਨਾਲ ਕਰਦੇ ਸੀ ਹੇਰੇ ਫੇਰੇ, ਆਪਣੀ ਕਰ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰਮੁਖ ਕਿਹਾ ਕੁਛ ਪਿਛਲਾ ਦੱਸਾਂ ਲਹਿਣਾ, ਰਵੀ ਰਾਹ ਜਣਾਈਆ । ਸੋਲਾਂ ਕੱਤਕ ਨੂੰ ਰਵੀ ਦੇ ਪਿੰਡ ਦੀਆਂ ਦੋਵੇਂ ਸਕੀਆਂ ਭੈਣਾਂ, ਗੰਗਾ ਗਈਆਂ ਚਾਈਂ ਚਾਈਂਆ । ਇਨ੍ਹਾਂ ਦੋਹਾਂ ਤੱਕਿਆਂ ਨਾਲ ਨੈਣਾਂ, ਸੈਨਤ ਨਾਲ ਲਿਆ ਬੁਲਾਈਆ । ਆ ਜਾਉ ਤੁਹਾਨੂੰ ਦੱਸੀਏ ਬਹਿਣਾ, ਓਹ ਗੰਗਾ ਮਾਈ ਰਹੀ ਜਣਾਈਆ । ਤੁਸਾਂ ਸਾਨੂੰ ਕੀ ਕੁਛ ਦੇਣਾ, ਅਸਾਂ ਅੱਗੇ ਭੇਟਾ ਦੇਣੀ ਕਰਾਈਆ । ਦੂਜੇ ਕਿਹਾ ਬੇਸ਼ਕ ਇਹ ਇਹਦੀਆਂ ਲਗਦੀਆਂ ਭੈਣਾਂ, ਸਾਨੂੰ ਲਾਹ ਕੇ ਦੇ ਦੇਣ ਆਪਣਾ ਗਹਿਣਾ, ਇਹੋ ਵਡੀ ਚਤੁਰਾਈਆ । ਫੇਰ ਅੱਗੇ ਕੀ ਕਹਿਣਾ, ਕਹਿਣ ਦੀ ਲੋੜ ਰਹੇ ਨਾ ਰਾਈਆ । ਦੂਜੇ ਕਿਹਾ ਮੇਰੀ ਕੁੰਡਲੀ ਕਹਿੰਦੀ

ਇਨ੍ਹਾਂ ਦੇ ਤਨ ਸ਼ਰੀਰ ਦਾ ਬੁਰਜ ਢਹਿਣਾ, ਸਾੜ ਸਤੀ ਨਜ਼ਰੀ ਆਈਆ । ਜਿਸ ਦਿਨ ਚੰਦਰਮਾ ਨੂੰ ਲੱਗਣਾ ਗ੍ਰਹਿਣਾ, ਇਨ੍ਹਾਂ ਦੀਆਂ ਅੱਖੀਆਂ ਆਪਣੀ ਜੋਤ ਜਾਣ ਤਜਾਈਆ । ਦੂਜੇ ਨੇ ਕਿਹਾ ਇਨ੍ਹਾਂ ਦੇ ਘਰ ਦਾ ਕੋਠਾ ਢਹਿਣਾ, ਥੱਲੇ ਆ ਕੇ ਲੱਤਾਂ ਲੈਣ ਭੰਨਾਈਆ । ਦੂਜੇ ਨੇ ਕਿਹਾ ਇਨ੍ਹਾਂ ਦੇ ਸਿਰ ਉਤੇ ਘੁੰਮ ਜਾਣਾ ਟਟਿਹਣਾ, ਉਸ ਕੁਲਹਿਣੇ ਨੇ ਇਨ੍ਹਾਂ ਦਾ ਘਰ ਦੇਣਾ ਗਵਾਈਆ । ਉਹ ਰੋ ਪਈਆਂ ਡਰਦੀਆਂ ਨੀਰ ਵਹਾਇਆ ਨੈਣਾਂ, ਹੰਝੂਆਂ ਹਾਰ ਬਣਾਈਆ । ਇਨ੍ਹਾਂ ਬੋਦੀ ਤੇ ਹੱਥ ਮਾਰ ਕੇ ਕਿਹਾ ਬੀਬੀਓ ਰਾਣੀਓ ਇਹ ਭਾਣਾ ਪੈਣਾ ਸਹਿਣਾ, ਸਕੇ ਨਾ ਕੋਇ ਬਚਾਈਆ । ਝਟ ਦੋਹਾਂ ਨੇ ਕਿਹਾ ਸਾਡੀਆਂ ਪੱਤਰੀਆਂ ਕਹਿਣ ਇਹ ਬਣ ਗਈਆਂ ਡੈਣਾਂ, ਡਰਾਉਣੀਆਂ ਨਜ਼ਰੀ ਆਈਆ । ਇਨ੍ਹਾਂ ਦਾ ਸਾਕ ਕਿਸੇ ਨਹੀਂ ਲੈਣਾ, ਵਿਆਹ ਦਾ ਸਗਨ ਨਾ ਕੋਇ ਮਨਾਈਆ । ਚੰਗੀਆਂ ਹੋਵਣ ਮੰਦਰਾਂ ਵਿਚ ਜਾ ਕੇ ਖੜਕਾਵਣ ਢੋਲਕ ਛੈਣਾ, ਆਪਣਾ ਝਟ ਲੰਘਾਈਆ । ਫੇਰ ਕਿਹਾ ਉਹ ਜਮਨਾ ਸੁਰਸਤੀ ਗੰਗਾ ਨਾਲ ਕਹੇ ਤਰਬੈਣਾ, ਤਈਆ ਤਾਪ ਇਨ੍ਹਾਂ ਨੂੰ ਦਏ ਸਤਾਈਆ । ਇਨ੍ਹਾਂ ਏਸ ਜਗਤ ਵਿਚ ਨਹੀਂ ਰਹਿਣਾ, ਬਿਨਾ ਬ੍ਰਾਹਮਣਾਂ ਤੋਂ ਸਕੇ ਨਾ ਕੋਇ ਬਚਾਈਆ । ਇਕ ਕਹਿੰਦਾ ਜੇ ਚੰਗੀਆਂ ਹੋਣ ਇਕ ਵਾਰ ਸਾਨੂੰ ਤਕਣ ਆਪਣਿਆਂ ਨੈਣਾਂ, ਆਪਣਾ ਮਨ ਲੈਣ ਬਦਲਾਈਆ । ਫੇਰ ਇਨ੍ਹਾਂ ਨੂੰ ਇਹ ਦੁੱਖ ਵਾਲਾ ਭਾਣਾ ਪਏ ਨਾ ਸਹਿਣਾ, ਹਰੀ ਓਮ ਤਤ ਸਤਿ ਕਰ ਕੇ ਲਈਏ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰਮੁਖ ਕਿਹਾ ਛੜਿਆ ਰੰਡੇ ਨਾਲ ਕਰ ਮਿਲਾਪ, ਪਿਛਲਾ ਲੇਖ ਸਮਝਾਈਆ । ਦੋਹਾਂ ਨੇ ਕਿਹਾ ਜੇ ਸਾਡੇ ਚਰਨ ਛੂਹੋ ਤੁਹਾਨੂੰ ਕਦੇ ਨਾ ਚੜ੍ਹੇ ਤਾਪ, ਗੰਗਾ ਮਾਈ ਦੀ ਜੈ ਕਰ ਕੇ ਦਈਏ ਸੁਣਾਈਆ । ੨੧੩
ਜੇ ਸਾਡੇ ਨਾਲ ਵਿਆਹ ਕਰੋ ਤੁਹਾਡਾ ਉਤਰ ਜਾਏ ਪਾਪ, ਦੂਸ਼ਣਾ ਰਹਿਣ ਕੋਇ ਨਾ ਪਾਈਆ । ਜਿਸ ਤਰਾਂ ਅਸੀਂ ਪਵਿੱਤਰ ਤੇ ਤੁਹਾਨੂੰ ਕਰ ਦਈਏ ਸਾਫ਼, ਜਲ ਗੰਗਾ ਨਾਲ ਨੁਹਾਈਆ । ਵੇਖੋ ਕਿੱਡਾ ਸੋਹਣਾ ਘਾਟ, ਪੱਤਨ ਇਕ ਵਡਿਆਈਆ । ਆਹ ਵੇਖੋ ਤੁਹਾਡੇ ਪੂਰਬਲੇ ਜਨਮ ਦਾ ਕਾਟ, ਅਸੀਂ ਸਾਂਭ ਸੂਤ ਕੇ ਰੱਖਿਆ ਤੁਹਾਨੂੰ ਦਈਏ ਪੜ੍ਹਾਈਆ । ਪਿਛਲਿਆਂ ਦੀ ਛਡ ਦਿਉ ਵਾਟ, ਘਰ ਪਰਤ ਕੋਇ ਨਾ ਜਾਈਆ । ਜੇ ਘਰ ਗਈਆਂ ਤੁਹਾਨੂੰ ਸੱਪ ਡੱਸਣਾ ਰਾਤ ਨੂੰ ਉਪਰ ਖਾਟ, ਫਨੀਅਰ ਸ਼ੀ ਸ਼ੀ ਕਰ ਕੇ ਆਪਣਾ ਡੰਗ ਦਏ ਲਗਾਈਆ । ਤੁਹਾਡੀ ਜ਼ਿੰਦਗੀ ਅੱਜ ਦਾ ਦਿਨ ਤੇ ਅੱਜ ਦੀ ਰਾਤ, ਸਵੇਰੇ ਚਿਤਾ ਵਿਚ ਦੇਣ ਜਲਾਈਆ । ਉਹ ਰੋ ਪਈਆਂ ਹਾਏ ਸਾਡਿਆ ਬਾਪ, ਕੀ ਵੇਲਾ ਗਿਆ ਆਈਆ । ਇਕ ਕਹਿੰਦਾ ਹੱਥੋਂ ਲਾਹ ਕੇ ਦਿਉ ਛਾਪ, ਤੁਹਾਡਾ ਭੈ ਦਈਏ ਮਿਟਾਈਆ । ਦੂਜੇ ਕਿਹਾ ਇਨ੍ਹਾਂ ਦਾ ਜਨਮ ਦਾ ਲੇਖਾ ਗਿਆ ਪਾਟ, ਮੇਰੀ ਪਤਰੀ ਰਹੀ ਜਣਾਈਆ । ਦੂਜਾ ਕਹੇ ਛੇਤੀ ਕਰੋ ਮੇਰੇ ਚਰਨ ਲਉ ਚਾਟ, ਰਸਨਾ ਮੁਖ ਵਿਚੋਂ ਬਾਹਰ ਕਢਾਈਆ । ਫੇਰ ਜੋੜ ਦਿਉ ਦੋਵੇਂ ਹਾਥ, ਨਿਉਂ ਕੇ ਸੀਸ ਨਿਵਾਈਆ । ਦੂਜੇ ਕਿਹਾ ਝਟ ਬਣ ਜਾਇਓ ਦਾਸੀ ਅਸੀਂ ਬਣ ਜਾਈਏ ਦੋਵੇਂ ਦਾਸ, ਸੋਹਣਾ ਮਿਲ ਕੇ ਝਟ ਲੰਘਾਈਆ । ਫਿਰ ਗੋਪੀ ਕਾਹਨ ਬਣ ਕੇ ਪਾਈਏ ਰਾਸ, ਪੈਰ ਅੱਗੇ ਪਿਛੇ ਟਿਕਾਈਆ । ਇਹ ਸਾਥ ਗੰਗਾ ਮਾਤਾ ਦਾ ਘਾਟ, ਸੋਹਣਾ ਸੁਹੰਜਣਾ ਸੋਭਾ ਪਾਈਆ । ਓਨੇ ਚਿਰ ਨੂੰ ਉਥੇ ਰਵਦਾਸ ਚਮਾਰਾ ਆ ਗਿਆ ਲੈ ਕੇ ਚਮਿਆਰਾਂ ਵਾਲੀ ਜਮਾਤ, ਹੌਲੀ ਹੌਲੀ ਪੰਧ ਮੁਕਾਈਆ । ਨੇੜੇ ਆ ਕੇ ਕਿਹਾ ਪੰਡਤ ਜੀ ਅੱਜ ਏਥੇ ਕਟਣੀ ਰਾਤ, ਰੈਣ ਬਸੇਰਾ ਝਟ ਲੰਘਾਈਆ । ਉਨ੍ਹਾਂ ਬੀਬੀਆਂ ਕਿਹਾ ਇਹ ਸਾਡੀ ਆ ਗਿਆ ਵਿਚੋਂ ਜਾਤ, ਜੁੱਤੀਆਂ ਗੰਢਣ ਵਾਲਾ ਫੇਰਾ ਪਾਈਆ । ਇਹਦੇ

ਕੋਲ ਕਰੀਏ ਬਾਤ, ਜੇ ਸਾਨੂੰ ਲਏ ਬਚਾਈਆ । ਪੰਡਤਾਂ ਮਾਰਿਆ ਹਾਥ, ਇਸ਼ਾਰੇ ਨਾਲ ਕਿਹਾ ਮੁਖ ਏਧਰ ਲਓ ਬਦਲਾਈਆ । ਇਹ ਅਛੂਤ ਅਸੀਂ ਬ੍ਰਾਹਮਣ ਦੋਹਾਂ ਦਾ ਹੋਏ ਕਦੇ ਨਾ ਸਾਥ, ਸੰਗੀ ਸੰਗ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਰਵਦਾਸ ਨੇ ਰੱਖ ਦਿਤੀ ਕੋਲ ਰੰਬੀ ਆਰ, ਆਹ ਕਰ ਕੇ ਆਸਣ ਲਿਆ ਲਗਾਈਆ । ਪੰਡਤ ਜੀ ਸਾਨੂੰ ਪਾਪਾਂ ਦਾ ਬੜਾ ਲੱਗਾ ਭਾਰ, ਹੌਲਾ ਦਿਓ ਕਰਾਈਆ । ਬ੍ਰਾਹਮਣ ਕਿਹਾ ਪਹਿਲੇ ਗੰਗਾ ਵਿਚੋਂ ਨਹਾ ਵਾਰੀ ਦੋ ਚਾਰ, ਸਾਫ਼ ਆਪਣਾ ਆਪ ਕਰਾਈਆ । ਫੇਰ ਦੂਰੋਂ ਕਰ ਨਿਮਸਕਾਰ, ਪਰੋਹਤ ਜੀ ਕਹਿ ਕੇ ਸੀਸ ਨਿਵਾਈਆ । ਪੰਡਤਾਂ ਨੂੰ ਮਿਲਣਾ ਮੰਜ਼ਲ ਬੜੀ ਦੁਸ਼ਵਾਰ, ਸ਼ੂਦਰ ਮਿਲਣ ਕੋਇ ਨਾ ਪਾਈਆ । ਤੂੰ ਜ਼ਾਤ ਦਾ ਚਮਿਆਰ, ਢੋਰਾਂ ਖੱਲ ਲੁਹਾਈਆ । ਹੋ ਨਾ ਜਾਈਂ ਨਰਾਜ਼, ਸਤਿ ਦਈਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਦਾ ਆਪ ਉਠਾਈਆ । ਰਵਦਾਸ ਸੁਣ ਕੇ ਹੋ ਗਿਆ ਚੁੱਪ, ਅੱਖੀਂ ਮੀਟ ਧਿਆਨ ਲਗਾਈਆ । ਓਧਰੋਂ ਲੱਗੀ ਡਾਹਢੀ ਧੁੱਪ, ਅਗਨ ਵਾਂਗ ਤਪਾਈਆ । ਓਥੋਂ ਬ੍ਰਾਹਮਣ ਪਏ ਉਠ, ਪੰਜ ਕਦਮ ਤੇ ਡੇਰਾ ਲਾਈਆ । ਉਥੇ ਮੰਦਰ ਦੀ ਸੀ ਗੁੱਠ, ਦਿਸ਼ਾ ਦੱਖਣ ਵਾਲੀ ਵਡਿਆਈਆ । ਦੋਹਾਂ ਨੇ ਆਪਣਾ ਬਣਾਇਆ ਜੁੱਟ, ਮੋਢਾ ਮੋਢੇ ਨਾਲ ਲਗਾਈਆ । ਇਕ ਦੂਜੇ ਦੇ ਹੱਥ ਰਹੇ ਘੁੱਟ, ਮੁੱਠੀਆਂ ਇਕ ਦੂਜੇ ਨਾਲ ਦਬਾਈਆ । ਜੇ ਹੱਥ ਆ ਜਾਵੇ ਅੱਜ ਸਾਡੇ ਇਹ ਲੁੱਟ, ਫੇਰ ਸਮਝੀਏ ਕਿਰਪਾ ਕੀਤੀ ਗੰਗਾ ਮਾਈਆ । ਇਹਦੇ ਚੰਗੇ ਬਣੀਏ ਪੁੱਤ, ਪੁੱਤ ਸੋਹਣੀ ਸੇਵ ਕਮਾਈਆ । ਜੇ ਕੋਈ ਚੰਗਾ ਸ਼ਾਹੂਕਾਰ ਆਵੇ ਉਸ ਨੂੰ ਲਈਏ ਲੁੱਟ, ਕੁਛ ਹਿੱਸਾ ਮਾਤਾ ਦੀ ਭੇਟ ਕਰਾਈਆ । ਫੇਰ ਹੌਲੀ ਹੌਲੀ ਹਿਲਾਵਣ ਲੱਗੇ ਆਪਣੇ ਬੁਟ, ਜਾਪ ਪਾਪ ਵਾਲਾ ਕਮਾਈਆ । ਫੇਰ ਦੋਹਾਂ ਨੇ ਦੋਹਾਂ ਬੀਬੀਆਂ ਦੇ ਫੜ ਲਏ ਗੁਟ, ਅੱਖਾਂ ਮੀਟ ਕੇ ਰਹੇ ਸੁਣਾਈਆ । ਤੁਹਾਡੀ ਜ਼ਿੰਦਗੀ ਦੀ ਡੋਰੀ ਨਾ ਜਾਏ ਟੁੱਟ, ਗੰਢ ਬ੍ਰਾਹਮਣ ਬ੍ਰਹਮਾ ਨਾਲ ਪਵਾਈਆ । ਤੁਸੀਂ ਦੋਵੇਂ ਜਾਓ ਉਠ, ਪੰਜ ਵਾਰ ਪ੍ਰਦੱਖਣਾ ਲਉ ਚਾਈਂ ਚਾਈਂਆ । ਫੇਰ ਦੋਹਾਂ ਦਾ ਬਣ ਜਾਏ ਦੋ ਦੋ ਦਾ ਜੁੱਟ, ਜੋੜੀ ਗੰਗਾ ਮਈਆ ਦਏ ਬਣਾਈਆ । ਤੁਸੀਂ ਕਦੇ ਨਾ ਜਾਇਓ ਰੁਠ, ਇਕੱਠੇ ਰਹਿ ਕੇ ਝਟ ਲੰਘਾਈਆ । ਜੇ ਬਚਨ ਨਾ ਮੰਨਿਆ ਅੱਜ ਰਾਤ ਨੂੰ ਤੁਹਾਡਾ ਰਹਿਣਾ ਨਹੀਂ ਕਾਇਆ ਬੁਤ, ਸ਼ਰੀਰ ਜਾਣਾ ਤਜਾਈਆ । ਹੁਣ ਕੇ ਅਸੀਂ ਬ੍ਰਾਹਮਣ ਹੋਏ ਖ਼ੁਸ਼, ਤੁਹਾਨੂੰ ਲਈਏ ਬਚਾਈਆ । ਉਨਾਂ ਬੀਬੀਆਂ ਕਿਹਾ ਉਹ ਸਾਡੇ ਪਿੰਡ ਦਾ ਵੀਰ ਉਸ ਤੋਂ ਲਈਏ ਪੁਛ, ਸੰਦੇਸ਼ਾ ਦੇਵੇ ਜਾ ਕੇ ਸਾਡੇ ਪਿਤਾ ਮਾਈਆ । ਬ੍ਰਾਹਮਣ ਕਹਿਣ ਕਰ ਜਾਓ ਚੁਪ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਓਹ ਤੇ ਚਮਿਆਰਾਂ ਦਾ ਪੁੱਤ, ਬ੍ਰਾਹਮਣਾਂ ਘਰ ਵੜਨ ਨਾ ਪਾਈਆ । ਇਕ ਨੇ ਡਲੇ ਤਿੰਨੇ ਫੇਰ ਦਿਤੇ ਸੁੱਟ, ਇਕ ਤਿੰਨ ਪੰਜ ਗਿਣ ਕੇ ਦਿਤੇ ਵਖਾਈਆ । ਵੇਖੋ ਤੁਹਾਡਾ ਜਾਮਾ ਬਦਲਿਆ ਮਨੁੱਖ, ਧਰਮ ਰਾਏ ਤੋਂ ਲਿਆ ਬਚਾਈਆ । ਏਸ ਤੋਂ ਲਾਂਭੇ ਜਾਈਏ ਲੁਕ, ਅੱਗੇ ਚਲੀਏ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੰਡਤਾਂ ਕਿਹਾ ਸਾਡੀ ਲਾ ਲਓ ਚਰਨ ਧੂੜੀ, ਨੱਕ ਜ਼ਿਮੀਂ ਉਤੇ ਤਿੰਨ ਵਾਰ ਘਸਾਈਆ । ਅਸੀਂ ਚੁੱਕੀਏ ਗੰਗਾ ਜਲ ਤੁਸੀਂ ਚੱਕ ਲਓ ਸਾਡੀ ਫੂਹੜੀ, ਸਾਥ ਸੋਹਣਾ ਲਈਏ ਬਣਾਈਆ । ਸਭ ਦੀ ਆਸਾ ਗੰਗਾ ਮਾਤਾ ਕੀਤੀ ਪੂਰੀ, ਚਲੋ ਤੁਹਾਨੂੰ ਪੂਰੀਆਂ ਦਈਏ ਖਲਾਈਆ । ਨਾਲੇ ਦਰਸ਼ਨ ਕਰੀਏ ਸ਼ਿਵਾਂ ਦੀ ਹਜ਼ੂਰੀ, ਸ਼ਿਵ ਮੰਦਰ ਡੇਰਾ ਲਾਈਆ ।

ਬਿਨਾ ਪੰਡਤਾਂ ਤੋਂ ਦੁਨੀਆ ਕੂੜੀ, ਸਚ ਵਿਚ ਨਾ ਕੋਇ ਸਮਾਈਆ । ਕੱਲ ਜਜਮਾਨ ਤੋਂ ਠੱਗੀ ਸੀ ਮੱਝ ਬੂਰੀ, ਅੱਜ ਮਾਤਾ ਨੇ ਚੋਵਣ ਵਾਲੀਆਂ ਸਾਨੂੰ ਦਿਤੀਆਂ ਚਾਈਂ ਚਾਈਂਆ । ਤੁਸੀਂ ਚਲ ਕੇ ਕੁਟਿਓ ਚੂਰੀ, ਚੂਰਮਾ ਲੈਣਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਜਿਸ ਵੇਲੇ ਉਠ ਕੇ ਬ੍ਰਾਹਮਣ ਤੁਰੇ, ਕਦਮ ਇਕ ਦੋ ਤਿੰਨ ਉਠਾਈਆ । ਦੋਹਾਂ ਦੇ ਅੰਦਰ ਫੁਰਨੇ ਫੁਰੇ, ਸੁਰਤ ਲਈ ਅੰਗੜਾਈਆ । ਨੀ ਅਸੀਂ ਜ਼ਰੂਰ ਰਵਦਾਸ ਨੂੰ ਪੁਛੀਏ ਕੁੜੇ, ਕੀ ਸਾਨੂੰ ਦਏ ਜਣਾਈਆ । ਦੋਹਾਂ ਦੇ ਅੰਦਰੋਂ ਦਿਲ ਮੁੜੇ, ਭੱਜ ਕੇ ਆਈਆਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਈਆ । ਬੀਬੀਆਂ ਕਿਹਾ ਵੇ ਰਵਦਾਸ, ਕੁਛ ਸਾਨੂੰ ਦੇ ਸਮਝਾਈਆ । ਸਾਡੇ ਅੱਜ ਮੁਕਣ ਵਾਲੇ ਸਵਾਸ, ਬਿਨਾ ਬ੍ਰਾਹਮਣਾਂ ਤੋਂ ਸਕੇ ਨਾ ਕੋਇ ਬਚਾਈਆ । ਇਹ ਸਾਨੂੰ ਲੈ ਕੇ ਚਲੇ ਸਾਥ, ਕਹਿਣ ਅਸੀਂ ਹੋਈਏ ਸਹਾਈਆ । ਸਾਡਾ ਪੂਰਾ ਹੁੰਦਾ ਵਾਕ, ਬੱਤੀ ਦੰਦ ਦੇਣ ਗਵਾਹੀਆ । ਸਾਡੇ ਨਾਲ ਜੋੜੇ ਨਾਤ, ਪਤੀ ਪਤਨੀ ਰੂਪ ਵਟਾਈਆ । ਅਸੀਂ ਡਰਦੀਆਂ ਕੁਛ ਕਹਿ ਨਹੀਂ ਸਕੀਆਂ ਵਾਕ, ਹਾਂ ਵਿਚ ਹਾਂ ਦਿਤੀ ਮਿਲਾਈਆ । ਤੂੰ ਘਰ ਜਾ ਕੇ ਦੱਸੀਂ ਸਾਡੇ ਬਾਪ, ਮਾਂ ਨੂੰ ਦੇਣਾ ਜਣਾਈਆ । ਤੁਹਾਡੀਆਂ ਧੀਆਂ ਨੂੰ ਅੱਜ ਚੜ੍ਹਨਾ ਸੀ ਤਾਪ, ਮੌਤ ਉਨ੍ਹਾਂ ਦੀ ਨੇੜੇ ਆਈਆ । ਪੰਡਤਾਂ ਨੇ ਉਨ੍ਹਾਂ ਦੇ ਸਿਰ ਤੇ ਰੱਖਿਆ ਹਾਥ, ਲੋਕਮਾਤ ਲਈਆਂ ਬਚਾਈਆ । ਆਪਣੇ ਨਾਲ ਬਣਾ ਕੇ ਸਾਕ, ਨਾਤਾ ਲਿਆ ਜੁੜਾਈਆ । ਇਹ ਸੁਣ ਅਨੋਖੀ ਬਾਤ, ਰਵਦਾਸ ਲਈ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਵਿਦਾਸ ਦੇ ਅੰਦਰ ਆਈ ਹਾਸੀ, ਹੱਸ ਕੇ ਦਿਤਾ ਵਖਾਈਆ । ਇਨ੍ਹਾਂ ਬੀਬੀਆਂ ਨੂੰ ਪਤਾ ਨਹੀਂ ਇਨ੍ਹਾਂ ਦੀ ਮਾਂ ਸਾਡੀ ਮਾਂ ਦੇ ਮਾਮੇ ਦੀ ਧੀ ਤੇ ਮਾਸੀ, ਰਿਸ਼ਤਾ ਪਿਛਲਾ ਨਜ਼ਰੀ ਆਈਆ । ਰਵਿਦਾਸ ਨਿੱਕੇ ਹੁੰਦਿਆਂ ਇਨ੍ਹਾਂ ਦੀ ਮਾਂ ਤੋਂ ਤਿੰਨ ਵਾਰ ਦੁੱਧ ਪੀਤਾ ਸੀ ਵਿਚ ਗਲਾਸੀ, ਛਟਾਕਾਂ ਦੋ ਢਾਈ ਟਿਕਾਈਆ । ਉਹ ਉਠ ਕੇ ਬਣਿਆ ਸਾਥੀ, ਨਾਲ ਤੁਰਿਆ ਬਣ ਕੇ ਰਾਹੀਆ । ਬ੍ਰਾਹਮਣਾਂ ਕੋਲ ਪੁੱਜ ਕੇ ਇਕ ਗੱਲ ਆਖੀ, ਆਖ ਕੇ ਦਿਤਾ ਸੁਣਾਈਆ । ਪੰਡਤੋ ਇਨ੍ਹਾਂ ਦੀ ਜ਼ਿੰਦਗੀ ਦੀ ਕੀ ਸਾਖੀ, ਮੈਨੂੰ ਦਿਉ ਸਮਝਾਈਆ । ਪੰਡਤਾਂ ਅੰਤਰ ਭੈ ਆਇਆ ਮੁਖੋਂ ਨਿਕਲੇ ਨਾ ਕੋਇ ਬਾਤੀ, ਗੱਲ ਸਕੇ ਨਾ ਕੋਇ ਸਮਝਾਈਆ । ਉਨ੍ਹਾਂ ਦੋਹਾਂ ਕਿਹਾ ਚਮਿਆਰਾ ਅਸੀਂ ਬੜੇ ਪਾਪੀ, ਹਤਿਆਰੇ ਰੂਪ ਬਦਲਾਈਆ । ਸਾਨੂੰ ਦੇਹੁ ਮੁਆਫ਼ੀ, ਗੁਸਤਾਖ਼ੀ ਨਾ ਕੋਇ ਰਖਾਈਆ । ਸਾਨੂੰ ਭੁੱਲ ਗਈ ਚਲਾਕੀ, ਤੇਰਾ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਵਿਦਾਸ ਕਿਹਾ ਪੰਡਤੋ ਕੀ ਤੁਹਾਡਾ ਗਿਆਨ, ਪੜ੍ਹ ਕੇ ਦਿਉ ਜਣਾਈਆ । ਕਿਉਂ ਬਦਲ ਗਿਆ ਧਿਆਨ, ਨਿਗਾਹ ਨਿਗਾਹ ਵਿਚੋਂ ਉਲਟਾਈਆ । ਅੰਦਰ ਵੜ ਗਿਆ ਸ਼ੈਤਾਨ, ਸ਼ੋਰ ਦਿਤਾ ਮਚਾਈਆ । ਪੰਡਤ ਵੇਖ ਹੋਏ ਹੈਰਾਨ, ਹੈਰਾਨੀ ਵਿਚ ਦੁਹਾਈਆ । ਸਾਨੂੰ ਸੌਗੰਦ ਓਸ ਕਾਹਨ, ਜੋ ਗੋਪੀਆਂ ਗਿਆ ਹੰਢਾਈਆ । ਅਸੀਂ ਉਸ ਨੂੰ ਵਿਚੋਲਾ ਬਣਾ ਕੇ ਆਪਣੀ ਪੱਤਰੀ ਵਿਚੋਂ ਇਨ੍ਹਾਂ ਦੋਹਾਂ ਦਾ ਮੰਗਿਆ ਦਾਨ, ਓਨ ਸਾਡੀ ਝੋਲੀ ਦਿਤੀਆਂ ਪਾਈਆ । ਪਰ ਤੈਨੂੰ ਵੇਖ ਕੇ ਸਾਡੇ ਨੈਣ ਸ਼ਰਮਾਣ, ਸਾਡੇ ਅੰਦਰ ਮੱਚੀ ਦੁਹਾਈਆ । ਜੇ ਸਚ ਪੁਛੇਂ ਤੂੰ ਵੀ ਸਾਡਾ ਜਜਮਾਨ, ਜਜਮਾਨ ਕਹਿ ਕੇ ਤੇਰੀ ਕਰੀਏ ਵਡਿਆਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਵਿਦਾਸ ਕਿਹਾ ਆਪਣੀ ਨੀਤੀ ਲਉ ਬਦਲਾ, ਸੀਸ ਦਿਉ ਝੁਕਾਈਆ । ਆਪਸ ਵਿਚ ਬਣੋ ਭੈਣ ਭਰਾ, ਦੂਸਰ ਅੱਖ ਨਾ ਕੋਇ ਉਠਾਈਆ । ਓਨ੍ਹਾਂ ਦੋਹਾਂ ਕਿਹਾ ਨਿੱਕਿਆਂ ਹੁੰਦਿਆਂ ਦੀ ਸਾਡੀ ਮਰ ਗਈ ਮਾਂ, ਮਾਤਾ ਨਜ਼ਰ ਕੋਇ ਨਾ ਆਈਆ । ਫੇਰ ਇਹਦਾ ਹੋਇਆ ਵਿਆਹ, ਉਸ ਵੀ ਕੀਤੀ ਜਗਤ ਜੁਦਾਈਆ । ਹੁਣ ਘਰ ਵਿਚ ਨਾ ਕੋਇ ਨਾਰੀ ਨਾ ਕੋਇ ਗਾਂ, ਗਉ ਮਾਤਾ ਨਜ਼ਰ ਕੋਇ ਨਾ ਆਈਆ । ਇਕ ਛੜਾ ਇਕ ਰੰਡਾ ਦੋਹਾਂ ਨੂੰ ਮਿਲੇ ਕੋਈ ਨਾ ਥਾਂ, ਸੁਖ ਸਚ ਨਾ ਕੋਇ ਵਖਾਈਆ । ਰਵਿਦਾਸ ਕਿਹਾ ਓਸ ਪ੍ਰਭੂ ਦਾ ਜਪੋ ਨਾਂ, ਜੋ ਸਭ ਦਾ ਪਿਤਾ ਮਾਈਆ । ਬ੍ਰਾਹਮਣਾਂ ਕਿਹਾ ਹੁਣ ਕਰਨੀ ਨਹੀਂ ਹਾਂ, ਸਾਡਾ ਨਾਤਾ ਜਗਤ ਨਾਲੋਂ ਦੇਣਾ ਤੁੜਾਈਆ । ਰਵਿਦਾਸ ਨੇ ਦੋਹਾਂ ਦੀ ਫੜ ਕੇ ਬਾਂਹ, ਹਲੂਣਾ ਦਿਤਾ ਲਗਾਈਆ । ਅੱਖਾਂ ਉਠਾਓ ਓਤੇ ਅਸਮਾਂ, ਨੇਤਰ ਨੈਣ ਖੁਲ੍ਹਾਈਆ । ਆਪਣਾ ਤਿਲਕ ਦਿਉ ਮਿਟਾ, ਉਂਗਲਾਂ ਨਾਲ ਘਸਾਈਆ । ਫੇਰ ਮੰਗੋ ਮੰਗ ਕਰੋ ਦੁਆ, ਖ਼ਾਲੀ ਝੋਲੀ ਦਿਓ ਵਖਾਈਆ । ਮੁਖੋਂ ਕਹੋ ਤੂੰ ਦਾਤਾ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਸਾਨੂੰ ਆਪਣੇ ਵਿਚ ਸਮਾ, ਜੀਵਣ ਦੀ ਲੋੜ ਰਹੇ ਨਾ ਰਾਈਆ । ਜਿਸ ਵੇਲੇ ਲੋਕਮਾਤ ਆਪ ਜਾਵੇ ਆ, ਜੋਤੀ ਜਾਤਾ ਵੇਸ ਵਟਾਈਆ । ਸਾਨੂੰ ਫੇਰ ਦੇਵੀਂ ਥਾਂ, ਚਰਨ ਕਵਲ ਸਰਨਾਈਆ । ਹੁਣ ਅਸੀਂ ਮਾਂ ਮਹਿਟਰ ਫੇਰ ਮਰੇ ਨਾ ਸਾਡੀ ਮਾਂ, ਸਦਾ ਸਾਡਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਰਵਿਦਾਸ ਕਿਹਾ ਇਹ ਖੇਲ ਪ੍ਰਭੂ ਦਾ ਬੜਾ, ਵਡੇ ਵਡ ਵਡਿਆਈਆ । ਮੈਂ ਧੁਰ ਦਾ ਲੇਖ ਪੜ੍ਹਾ, ਬਿਨਾ ਅੱਖਰਾਂ ਦਿਤਾ ਜਣਾਈਆ । ਤੁਸਾਂ ਲੋਕਮਾਤ ਜਨਮ ਲੈਣਾ ਚੇਤਨ ਜੜ੍ਹਾ, ਤਨ ਵਜੂਦ ਰੰਗ ਰੰਗਾਈਆ । ਏਸੇ ਤਰਾ ਫੇਰ ਇਕ ਵਿਆਹਿਆ ਹੋਣਾ ਤੇ ਇਕ ਛੜਾ, ਜੋੜੀ ਦੋਹਾਂ ਦਏ ਵਖਾਈਆ । ਪੁਰਖ ਅਕਾਲ ਆਪ ਸੁਹਾਏ ਦਰਾ, ਗ੍ਰਿਹਿ ਇਕੋ ਇਕ ਜਣਾਈਆ । ਦੀਨ ਦੁਨੀ ਦੀ ਬਦਲ ਕੇ ਸ਼ਰਅ, ਬ੍ਰਾਹਮਣ ਦਾ ਬ੍ਰਹਮ ਦਏ ਪ੍ਰਗਟਾਈਆ । ਧਿਆਨ ਧਰਿਓ ਜ਼ਰਾ, ਜ਼ਰਾ ਜ਼ਰਾ ਵਿਚੋਂ ਵੇਖ ਵਖਾਈਆ । ਏਸੇ ਕਰ ਕੇ ਗੁਰਮੁਖ ਨੇ ਬਚਨ ਸੁਣਾਇਆ ਖਰਾ, ਰਵਿਦਾਸ ਪਿਛਲਾ ਲੇਖਾ ਪੂਰ ਕਰਾਈਆ । ਦਲੀਪ ਸਿੰਘ ਇਹਨਾਂ ਨੂੰ ਪਾਣੀ ਦਾ ਭਰ ਕੇ ਦੇਂਦਾ ਸੀ ਘੜਾ, ਗੰਗਾ ਵਿਚੋਂ ਆਪ ਉਠਾਈਆ । ਮਿੱਟੀ ਦਾ ਖੋਦ ਕੇ ਰੱਖਦਾ ਸੀ ਗੜ੍ਹਾ, ਜਿਸ ਵਿਚ ਰੋਜ਼ ਨਵੇਂ ਥਾਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਇਕ ਅਵਤਰਾ, ਅਵਤਰ ਆਪਣਾ ਫੇਰਾ ਪਾਈਆ ।

ਸਤਿਗੁਰ ਲਹਿਣਾ ਕਦੇ ਨਾ ਮੁਕਦਾ, ਜੁਗ ਜੁਗ ਖੇਲ ਅਪਾਰ । ਜਨ ਭਗਤਾਂ ਗੋਦੀ ਚੁਕਦਾ, ਮਾਣ ਵਡਿਆਈ ਦੇਵੇ ਵਿਚ ਸੰਸਾਰ । ਸਚ ਦੇਵੇ ਜਾਪ ਆਪਣੀ ਤੁਕ ਦਾ, ਆਤਮ ਪਰਮਾਤਮ ਕਰ ਪਿਆਰ । ਝਗੜਾ ਮਿਟਾਵੇ ਕੂੜੇ ਦੁੱਖ ਦਾ, ਦੁਖੀਆਂ ਦੁੱਖ ਨਿਵਾਰ । ਵੇਲਾ ਵਕਤ ਸੁਹੰਜਣਾ ਕਰੇ ਸੁਖ ਦਾ, ਸੁਖ ਸਾਗਰ ਆਪ ਬਣੇ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਏਕੰਕਾਰ ।

## ✪ ੧੭ ਕੱਤਕ ਸ਼ਹਿਨਸ਼ਾਹੀ ਸੰਮਤ ੫ ਮੇਲਾ ਸਿੰਘ ਸਰਪੰਚ ਦੇ ਗ੍ਰਿਹ ਪਿੰਡ ਬਾਬੂਪੁਰ ✪

ਇਕ ਨਾਲ ਇਕ ਦੀ ਕੀਤੀ ਬਦਲੀ, ਸਿਫ਼ਰਾ ਵਿਚੋਂ ਦਿਤਾ ਉਡਾਈਆ। ਪੁਰਖ ਅਕਾਲ ਬਣ ਅਦਲੀ, ਇਨਸਾਫ਼ ਭਗਤਾਂ ਨਾਲ ਕਮਾਈਆ। ਮੇਲਾ ਸਿੰਘ ਦੀ ਜ਼ਿੰਦਗੀ ਸੀ ਦਿਹਾੜਾ ਅੱਜ ਲਈ, ਅਜ਼ਲ ਭੱਜੇ ਵਾਹੋ ਦਾਹੀਆ। ਨਾਂ ਬਦਲ ਕੇ ਲੱਜਿਆ ਰੱਖ ਲਈ, ਰੱਖਿਆ ਕੀਤੀ ਥਾਉਂ ਥਾਈਂਆ। ਨਾਨਕ ਦੀ ਧਾਰ ਵਿਚੋਲੀ ਸੱਦ ਲਈ, ਸਦਕੇ ਵਾਰੀ ਘੋਲ ਘੁਮਾਈਆ। ਕੌਡੇ ਨੇ ਇਕ ਵਾਰ ਤੱਕਿਆ ਸੀ ਤਪੀ ਹੋਈ ਅੱਗ ਲਈ, ਅਗਨੀ ਵੇਖ ਵਖਾਈਆ। ਫੇਰ ਭੈ ਆਇਆ ਪ੍ਰਭ ਜਦੋਂ ਆਵੇ ਆਵੇ ਭਗਤਾਂ ਦੀ ਯਦ ਲਈ, ਯਕੇ ਬਾਦ ਦੀਗਰੇ ਫੇਰਾ ਪਾਈਆ। ਜਨਮ ਕਰਮ ਦੀ ਮੇਟਣ ਹੱਦ ਲਈ, ਹਰਿ ਆਪਣਾ ਰੰਗ ਰੰਗਾਈਆ। ਨਾਮ ਚੋਗਾ ਮਾਣਸ ਕਗ ਲਈ, ਹੰਸ ਰੂਪ ਬਦਲਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ। ਨਾਮ ਬਦਲੀ ਦਾ ਦਿਤਾ ਬਦਲਾ, ਬਦਲਾ ਰਿਹਾ ਚੁਕਾਈਆ। ਲੇਖੇ ਲਾ ਕੇ ਜਗਤ ਰੀਤੀ ਭੌਂ ਮਰਲਾ, ਮਰਜੀਵਤ ਰੂਪ ਵਖਾਈਆ। ਅੰਤਸ਼ਕਰਨ ਵਿਚ ਕਢਣ ਨਾ ਦਿਤਾ ਤਰਲਾ, ਮਿੰਨਤ ਵਿਚ ਸੀਸ ਨਾ ਕੋਇ ਨਿਵਾਈਆ। ਆਪਣਾ ਹੁਕਮ ਸੁਣਾ ਕੇ ਪਰਲਾ, ਮੌਤ ਪਰਲੋ ਤੋਂ ਲਿਆ ਬਚਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ। ਨਾਮ ਬਦਲਿਆ ਬਦਲਿਆ ਜਨਮ, ਜਨਮ ਦਿਤੀ ਵਡਿਆਈਆ। ਕਰਮ ਬਦਲਿਆ ਬਦਲਿਆ ਕਰਮ, ਕਿਰਪਾ ਕੀਤੀ ਕਰਤੇ ਕਰੀਮ ਬੇਪਰਵਾਹੀਆ। ਮਿਟਿਆ ਭਰਮ, ਭੁਲੇਖਾ ਭਰਾਂਤ ਰਿਹਾ ਨਾ ਰਾਈਆ। ਸਚ ਬਖਸ਼ ਕੇ ਸ਼ਰਨ, ਸਾਹਿਬ ਦੇਵੇ ਸਰਨਾਈਆ। ਦੁੱਖ ਦਰਦ ਸਾਰੇ ਡਰਨ, ਦਲਿੱਦਰ ਡੇਰਾ ਢਾਹੀਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ। ਨਾਮ ਬਦਲਿਆ ਬਦਲਾ ਚੁਕਾਇਆ ਆਪ, ਬਦੀ ਦਾ ਬਦ ਵੇਖ ਵਖਾਈਆ। ਕਰਮ ਮਿਟਾਇਆ ਧਰਮ ਦਾ ਥਾਪਣ ਥਾਪ, ਦਇਆ ਦਇਆਵਾਨ ਵਰਤਾਈਆ। ਕੂੜ ਦਾ ਕੂੜ ਰਿਹਾ ਨਾ ਪਾਪ, ਝੂਠ ਦਾ ਝੂਠ ਡੇਰਾ ਢਾਹੀਆ। ਚਿੰਤਾ ਰੋਗ ਨਾ ਰਿਹਾ ਸੰਤਾਪ, ਸਤਿ ਸਤਿ ਵਿਚ ਮਿਲਾਈਆ। ਕਿਰਪਾ ਕਰੇ ਸਾਖਿਆਤ, ਸਾਹਿਬ ਸਵਾਮੀ ਹੋਵੇ ਸਹਾਈਆ। ਜਿਸ ਨੂੰ ਜਨਮ ਬਖ਼ਸ਼ਿਆ ਕਰਮ ਬਖਸ਼ਿਆ ਧਰਮ ਬਖ਼ਸ਼ਿਆ ਜਾ ਕੇ ਵਿਚ ਪਹਿਲੀ ਵਾਰ ਕਮਾਦ, ਨਾਨਕ ਦਾ ਲੇਖਾ ਲੇਖੇ ਵਿਚੋਂ ਪਰਗਟਾਈਆ। ਓਸੇ ਕਮਾਦ ਦੇ ਰਸ ਤੋਂ ਆਈ ਯਾਦ, ਜੋ ਗੁਰਮੁਖਾਂ ਰਾਵੀ ਕੰਢੇ ਰਸ ਚਖਾਈਆ। ਓਸੇ ਕਾਰਨ ਲਿਆ ਰਾਖ, ਰੱਖਿਆ ਕੀਤੀ ਪ੍ਰਭ ਆਪਣੀ ਦਇਆ ਕਮਾਈਆ। ਰਿਗ ਰੋਗ ਨਾ ਰਹੇ ਰਾਇਗ ਸੰਤਾਪ, ਸਤਿ ਸਚ ਵਿਚ ਸਮਾਈਆ। ਲੇਖੇ ਲਾਇਆ ਤੂੰ ਮੇਰਾ ਮੈਂ ਤੇਰਾ ਜਪਿਆ ਜਾਪ, ਆਤਮ ਪਰਮਾਤਮ ਰੰਗ ਚੜ੍ਹਾਈਆ। ਨਿਰਗੁਣ ਸਰਗੁਣ ਹੋ ਕੇ ਦੇਵੇ ਸਾਥ, ਸਰਗੁਣ ਆਪਣਾ ਭੇਵ ਖੁਲ੍ਹਾਈਆ। ਸੱਜਣ ਸੁਹੇਲਾ ਬਣ ਕੇ ਵਸੇ ਪਾਸ, ਪਾਸਾ ਸਕੇ ਨਾ ਕੋਇ ਬਦਲਾਈਆ। ਦੁੱਖ ਦਰਦ ਮਿਟਾਏ ਸੰਤਾਪ, ਸੰਸਾ ਦਏ ਚੁਕਾਈਆ। ਵਾਕਫ਼ ਹੋਵੇ ਆਪਣੇ ਵਾਕਿਆਤ, ਵਾਅਦਾ ਸਾਰਾ ਪੂਰਾ ਕਰਾਈਆ। ਮੇਲਾ ਸਿੰਘ ਪ੍ਰਭ ਮਿਲਣ ਦੀ ਦੇ ਕੇ ਦਾਤ, ਮਲ ਅੰਦਰੋਂ ਦਏ ਕਢਾਈਆ। ਤਨ ਸਰੀਰ ਹੋਵੇ ਸ਼ਾਂਤ, ਅਗਨੀ ਅੱਗ ਬੁਝਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਆਪਣੀ ਦਇਆ ਕਮਾਈਆ।

## ੧੭ ਕੱਤਕ ਸ਼ਹਿਨਸ਼ਾਹੀ ਸੰਮਤ ੫ ਹਜ਼ਾਰਾ ਸਿੰਘ ਦੇ ਗ੍ਰਿਹ ਪਿੰਡ ਬਾਬੂਪੁਰ

ਧਰਨੀ ਕਹੇ ਮੈਂ ਫਿਰਾਂ ਪੈਰ ਦੱਬੇ, ਹੌਲੀ ਹੌਲੀ ਆਪਣਾ ਕਦਮ ਉਠਾਈਆ । ਗੁਰ ਅਵਤਾਰ ਪੈਗ਼ੰਬਰ ਸਾਥ ਛਡ ਗਏ ਹੱਬੇ, ਹੁੱਬੇ ਵਤਨ ਦਾ ਲੇਖਾ ਗਏ ਮੁਕਾਈਆ । ਮੇਰੇ ਸੰਸਕਾਰ ਮੇਰੇ ਅੰਦਰ ਦੱਬੇ, ਬਹੁੜੀ ਬਾਹਰ ਸਕੇ ਨਾ ਕੋਇ ਕਢਾਈਆ । ਚਾਰੋਂ ਕੁੰਟ ਵਾ ਤੱਤੀ ਵਗੇ, ਲੂ ਅਗਨੀ ਰਹੀ ਤਪਾਈਆ । ਮੇਰੇ ਉਤੇ ਦੀਨ ਮਜ਼੍ਹਬ ਦੀ ਹੱਦੇ, ਏਕਾ ਰੰਗ ਨਾ ਕੋਇ ਰੰਗਾਈਆ । ਮਾਨਸ ਪਸ਼ੂਆਂ ਦੇ ਧਰਮ ਉਤੇ ਵੰਡੇ, ਸੂਅਰ ਗਾਂ ਪਈ ਦੁਹਾਈਆ । ਮੇਰੀ ਸ਼ਰਮ ਹਯਾ ਰਹੀ ਨਾ ਲੱਜੇ, ਪਰਦਾ ਦੂਈ ਨਾ ਕੋਇ ਚੁਕਾਈਆ । ਫਿਰੀ ਦਰੋਹੀ ਕਾਅਬੇ ਹੱਜੇ, ਹਕੀਕਤ ਨਜ਼ਰ ਕਿਸੇ ਨਾ ਆਈਆ । ਮੇਰਾ ਸਾਹਿਬ ਸੁਲਤਾਨ ਕਿਸੇ ਨਾ ਲੱਭੇ, ਲਬਾਂ ਉਤੇ ਸਾਰੇ ਜ਼ਬਾਨ ਰਹੇ ਫਿਰਾਈਆ । ਮੇਰੇ ਰੋਂਦੀ ਦੇ ਬੈਠ ਗਏ ਘੱਗੇ, ਉੱਚੀ ਕੂਕ ਕੂਕ ਜਣਾਈਆ । ਜਗਤ ਸੰਤ ਕਰਦੇ ਦਗ਼ੇ, ਕਲਜੁਗ ਧੋਖਾ ਚਾਰੋਂ ਕੁੰਟ ਨਜ਼ਰੀ ਆਈਆ । ਪੁਰਖ ਅਕਾਲ ਸਰਨ ਕੋਈ ਨਾ ਲੱਗੇ, ਸੀਸ ਜਗਦੀਸ ਨਾ ਕੋਇ ਝੁਕਾਈਆ । ਮਾਨਸ ਮਾਨਵ ਬੜੇ ਵੱਡੇ ਵੱਡੇ, ਹੰਕਾਰੀ ਗੜ੍ਹ ਜਣਾਈਆ । ਧਰਮ ਦਾ ਧਰਮ ਨਿਸ਼ਾਨ ਕੋਈ ਨਾ ਗੱਡੇ, ਗਾਈਡ ਗਾਡ ਨਾ ਕੋਇ ਮਿਲਾਈਆ । ਦੀਪਕ ਜੋਤ ਕੋਈ ਨਾ ਜਗੇ, ਚਾਰੋਂ ਕੁੰਟ ਅੰਧੇਰਾ ਛਾਈਆ । ਮੇਰੇ ਉਤੇ ਵਹਿਣ ਵਹਿੰਦੇ ਤੀਰਥ ਤਟ ਕਿਨਾਰੇ ਨਦੇ, ਗੰਗਾ ਗੋਦਾਵਰੀ ਜਮਨਾ ਸੁਰਸਤੀ ਸਾਰ ਕੋਇ ਨਾ ਆਈਆ । ਮਾਨਸ ਮਾਣ ਰਖਦੇ ਘੋੜਾ ਟੱਟੂ ਗਧੇ, ਪੰਛੀਆਂ ਨਾਲ ਚਤੁਰਾਈਆ । ਆਤਮ ਬ੍ਰਹਮ ਦਾ ਲਏ ਕੋਈ ਨਾ ਮਜ਼ੇ, ਮਜ਼ਾਕ ਕੂੜੇ ਵਿਚ ਲੋਕਾਈਆ । ਸਾਹਿਬ ਸੁਲਤਾਨ ਦੀ ਚਲੇ ਕੋਈ ਨਾ ਰਜ਼ੇ, ਰਾਜ਼ਕ ਰਿਜ਼ਕ ਰਹੀਮ ਇਸ਼ਟ ਨਾ ਕੋਇ ਰਖਾਈਆ । ਮੇਰੇ ਵੱਲ ਦੂਰੋਂ ਵੇਖਦੀ ਕਜ਼ੇ, ਕਜ਼ਾ ਆਪਣੀ ਅੱਖ ਖੁਲ੍ਹਾਈਆ । ਦੋਵੇਂ ਹੱਥ ਅਗੰਮੀ ਬੱਧੇ, ਬੰਦਨਾ ਵਿਚ ਸੀਸ ਝੁਕਾਈਆ । ਜੁਗ ਚੌਕੜੀ ਲੱਖ ਚੁਰਾਸੀ ਖਾ ਮੇਰੀ ਧਾਰ ਕਦੇ ਨਾ ਰੱਜੇ, ਸਾਂਤਕ ਸਤਿ ਨਾ ਕਦੇ ਸਮਾਈਆ । ਸਦੀ ਚੌਧਵੀਂ ਪੁਰਖ ਅਕਾਲ ਹੁਕਮ ਦਿਤਾ ਯਦੇ, ਯਦੀ ਆਪਣੀ ਕਾਰ ਕਮਾਈਆ । ਚਾਰ ਕੁੰਟ ਜੀਵ ਜੰਤ ਬਹੁ ਵਧੇ, ਵਧੀਕ ਦੀ ਤਾਰੀਖ ਦੇਣੀ ਬਦਲਾਈਆ । ਸਿਰਫ਼ ਭਗਤਾਂ ਨੂੰ ਮਿਲਣਾ ਪਦੇ, ਪਤਿਪਰਮੇਸ਼ਵਰ ਦਏ ਵਡਿਆਈਆ । ਜੇਹੜਾ ਲੋਕਮਾਤ ਆਉਂਦਾ ਕਦੇ ਕਦੇ, ਕਦੀਮ ਦੇ ਵਿਛੜੇ ਮੇਲ ਮਿਲਾਈਆ । ਧੁਰ ਫ਼ਰਮਾਨ ਦੇ ਕੇ ਸੱਦੇ, ਹੋਕਾ ਹੱਕ ਹੱਕ ਸੁਣਾਈਆ । ਕਰੇ ਖੇਲ ਸੂਰਾ ਸਰਬੱਗੇ, ਪਾਰਬ੍ਰਹਮ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਆਸਾ ਮਨਸਾ ਮੇਰੇ ਅੰਤਰ ਵਿਚੋਂ ਕਢੇ, ਕਾਢ ਆਪਣੀ ਅਗਲੀ ਮੇਰੇ ਨਾਲ ਮਿਲਾਈਆ ।

## ੧੭ ਕੱਤਕ ਸ਼ਹਿਨਸ਼ਾਹੀ ਸੰਮਤ ੫ ਚਰਨ ਸਿੰਘ ਦੇ ਗ੍ਰਿਹ ਪਿੰਡ ਹੇਮਰਾਜਪੁਰ

ਕੱਤਕ ਕਹੇ ਮੈਂ ਵੇਖੇ ਕਰਮ ਕਾਂਡੀ, ਕੰਢਾ ਦੀਨ ਦੁਨੀ ਧਿਆਨ ਲਗਾਈਆ । ਦੀਨ ਮਜ਼੍ਹਬ ਖਾਵੇ ਸੂਰ ਢਾਂਡੀ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਮਨ ਕਲਪਨਾ ਸੁਰਤੀ ਸਭ ਦੀ ਬਾਂਧੀ, ਬੰਦਨਾ ਸੀਸ ਜਗਦੀਸ ਨਾ ਕੋਇ ਕਰਾਈਆ । ਵਡਿਆਈ ਰਹੀ ਨਾ ਕਿਸੇ ਨਾਂ ਦੀ, ਕਲਮਾ

ਕਾਇਨਾਤ ਨਾ ਕੋਇ ਚਤੁਰਾਈਆ । ਇੱਜ਼ਤ ਰਹੇ ਨਾ ਪਿਤਾ ਪੂਤ ਮਾਂ ਦੀ, ਭਾਈ ਭੈਣ ਕਰੇ ਲੜਾਈਆ । ਸ਼ੋਹਰਤ ਰਹੀ ਨਾ ਪਵਿੱਤਰ ਥਾਂ ਦੀ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਰਹੇ ਕੁਰਲਾਈਆ । ਕਲਜੁਗ ਜੀਵ ਬੁੱਧੀ ਹੋਈ ਕਾਂ ਦੀ, ਹੰਸ ਰੂਪ ਨਾ ਕੋਇ ਵਖਾਈਆ । ਸੱਤਿਆ ਰਹੀ ਨਾ ਸਤਿਗੁਰ ਛਾਂ ਦੀ, ਅਗਨੀ ਅੱਗ ਨਾ ਕੋਇ ਬੁਝਾਈਆ । ਤਾਕਤ ਰਹੀ ਨਾ ਕਿਸੇ ਬਾਂਹ ਦੀ, ਸੂਰਬੀਰ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕੱਤਕ ਕਹੇ ਮੈਂ ਵੇਖਾਂ ਚਾਰ ਕੁੰਟ ਤਕਦਾ, ਤਕਦੀਰ ਨਾ ਕੋਇ ਬਦਲਾਈਆ । ਗ੍ਰਿਹਿ ਮਿਲੇ ਨਾ ਕੋਇ ਹੱਕ ਦਾ, ਹਕੀਕਤ ਭੇਵ ਨਾ ਕੋਇ ਖੁਲ੍ਹਾਈਆ । ਜਗਤ ਜਹਾਨ ਭਰਿਆ ਸ਼ੱਕ ਦਾ, ਸ਼ਿਕਵਾ ਸਕੇ ਨਾ ਕੋਇ ਗਵਾਈਆ । ਮੁਰੀਦਾਂ ਪੈਜ ਕੋਇ ਨਾ ਰੱਖਦਾ, ਮੁਰਸ਼ਦ ਹੋਏ ਨਾ ਕੋਇ ਸਹਾਈਆ । ਪ੍ਰਕਾਸ਼ ਮਿਲੇ ਨਾ ਕਿਸੇ ਨਿਜ ਨੇਤਰ ਅੱਖ ਦਾ, ਆਖ਼ਰ ਮੰਜ਼ਲ ਨਾ ਕੋਇ ਚੜ੍ਹਾਈਆ । ਭਾਗ ਨਖੁੱਟਿਆ ਰਸਨਾ ਵਾਲੇ ਜਪ ਦਾ, ਜਿਹਵਾ ਚਲੇ ਨਾ ਕੋਇ ਚਤੁਰਾਈਆ । ਕੂੜ ਕੁੜਿਆਰਾ ਜਹਾਨ ਵੇਖਿਆ ਤਪਦਾ, ਅਗਨੀ ਅੱਗ ਨਾ ਕੋਇ ਬੁਝਾਈਆ । ਮਾਇਆ ਜ਼ਹਿਰ ਭਰਿਆ ਨਾਗਨੀ ਸੱਪ ਦਾ, ਸਤਿ ਸਰੂਪ ਨਾ ਕੋਇ ਸਮਾਈਆ । ਨੌਂ ਦਵਾਰੇ ਮੰਜ਼ਲ ਕੋਇ ਨਾ ਟੱਪਦਾ, ਕੂੜ ਵਿਕਾਰ ਨਾ ਕੋਇ ਗਵਾਈਆ । ਆਤਮ ਪਰਮਾਤਮ ਨਾਮ ਕੋਇ ਨਾ ਜਪਦਾ, ਸੋਹੰ ਰੂਪ ਨਾ ਕੋਇ ਸਮਾਈਆ । ਸੱਥਰ ਯਾਰ ਕੋਇ ਨਾ ਘੱਤਦਾ, ਚਾਰੋਂ ਕੁੰਟ ਫਿਰੀ ਦੁਹਾਈਆ । ਝਗੜਾ ਪਿਆ ਕਾਇਆ ਮਾਟੀ ਮੱਟ ਦਾ, ਤਨ ਵਜੂਦ ਕਰੇ ਲੜਾਈਆ । ਕੋਈ ਖੇਲ ਮੁਕਾਏ ਨਾ ਤੀਰਥ ਅਠਸਠ ਦਾ, ਘਰ ਸਰੋਵਰ ਇਕ ਨੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਕੱਤਕ ਕਹੇ ਮੈਂ ਵੇਖਿਆ ਦੀਨ ਦੁਨੀ ਦਾ ਅੰਦਰ, ਅੰਤਸ਼ਕਰਨ ਫੋਲ ਫੁਲਾਈਆ । ਪਵਿੱਤਰ ਹੋਇਆ ਕੋਇ ਨਾ ਮੰਦਰ, ਮਨਸਾ ਮਨ ਨਾ ਕਿਸੇ ਤਜਾਈਆ । ਬਜਰ ਕਪਾਟੀ ਤੁੱਟਾ ਨਾ ਜੰਦਰ, ਟੇਢੀ ਬੰਕ ਪਾਰ ਨਾ ਕੋਇ ਕਰਾਈਆ । ਅੰਧੇਰ ਮੇਟਿਆ ਨਾ ਕਿਸੇ ਕੰਦਰ, ਅੰਧ ਅੰਧੇਰ ਨਾ ਕੋਇ ਮਿਟਾਈਆ । ਪ੍ਰਕਾਸ਼ ਲੱਭੇ ਨਾ ਸੂਰੀਆ ਚੰਦਰ, ਨੂਰੀ ਜੋਤ ਨਾ ਕੋਇ ਰੁਸ਼ਨਾਈਆ । ਆਤਮ ਕਰੇ ਕੋਈ ਨਾ ਬੰਦਨ, ਪਰਮਾਤਮ ਸੀਸ ਨਾ ਕੋਇ ਝੁਕਾਈਆ । ਖੇਲ ਵੇਖਿਆ ਸੂਰੇ ਸਰਬੰਗਣ, ਕੀ ਕਰਤਾ ਕਾਰ ਕਮਾਈਆ । ਹਾਹਾਕਾਰ ਕਰਾਏ ਵਿਚ ਵਰਭੰਡਣ, ਬ੍ਰਹਿਮੰਡ ਦੇਣ ਦੁਹਾਈਆ । ਸਾਚੀ ਮੰਜ਼ਲ ਕਲਜੁਗ ਜੀਵ ਮੂਲ ਨਾ ਲੰਘਣ, ਕਦਮ ਕਦਮ ਨਾ ਕੋਇ ਬਦਲਾਈਆ । ਕੂੜੀ ਕਿਰਿਆ ਤੁੱਟੇ ਬੰਧਨ, ਸ਼ਬਦੀ ਡੋਰ ਨਾ ਕੋਇ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਕੱਤਕ ਕਹੇ ਮੈਂ ਵੇਖਿਆ ਚਾਰ ਚੁਫੇਰਾ, ਚਾਰੋਂ ਕੁੰਟ ਧਿਆਨ ਲਗਾਈਆ । ਉੱਤਰ ਪੂਰਬ ਪੱਛਮ ਦੱਖਣ ਦਿਸੇ ਅੰਧੇਰਾ, ਅੰਧ ਆਤਮ ਨਾ ਕੋਇ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਪਾਇਆ ਘੇਰਾ, ਜੀਵ ਸਕੇ ਨਾ ਕੋਇ ਤੁੜਾਈਆ । ਝਗੜਾ ਮੁਕੇ ਨਾ ਮੇਰਾ ਤੇਰਾ, ਮਮਤਾ ਮੋਹ ਨਾ ਕੋਇ ਗਵਾਈਆ । ਭਰਮਾਂ ਢਾਏ ਕੋਇ ਨਾ ਡੇਰਾ, ਹਉਮੇ ਰੋਗ ਨਾ ਕੋਇ ਜਲਾਈਆ । ਸੂਰਬੀਰ ਦਿਸੇ ਨਾ ਕੋਇ ਦਲੇਰਾ, ਕਲਜੁਗ ਅੰਤ ਲਏ ਅੰਗੜਾਈਆ । ਸਦੀ ਚੌਧਵੀਂ ਲੇਖ ਮੁਕਾਵੇ ਕੇਹੜਾ, ਸਾਰੇ ਬੈਠੇ ਸੀਸ ਨਿਵਾਈਆ । ਨੌਂ ਸੱਤ ਡੁੱਬਦਾ ਜਾਏ ਬੇੜਾ, ਖੇਵਟ ਖੇਟਾ ਪਾਰ ਨਾ ਕੋਇ ਕਰਾਈਆ । ਲੱਖ ਚੁਰਾਸੀ ਆਵੇ ਗੇੜਾ, ਜਮ ਕੀ ਫਾਸੀ ਨਾ ਕੋਇ ਤੁੜਾਈਆ । ਜੋਤੀ


੨੧੯ ੨੨

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਕੱਤਕ ਕਹੇ ਮੈਂ ਵੇਖਿਆ ਦੀਨ ਦੁਨੀ ਰੋਂਦੀ, ਨੈਣਾਂ ਨੀਰ ਵਹਾਈਆ । ਸਾਚੀ ਸੇਜ ਮੂਲ ਨਾ ਸੌਂਦੀ, ਕੰਡਾ ਖਾਰ ਚੁਭੇ ਲੋਕਾਈਆ । ਅੰਮ੍ਰਿਤ ਸਰੋਵਰ ਨਾ ਕੋਇ ਨੁਹਾਉਂਦੀ, ਦੁਰਮਤ ਮੈਲ ਨਾ ਕੋਇ ਧਵਾਈਆ । ਆਤਮ ਪਰਮਾਤਮ ਗੀਤ ਕੋਇ ਨਾ ਗਾਉਂਦੀ, ਧੁਰ ਦਾ ਢੋਲਾ ਅਗੰਮ ਅਥਾਹੀਆ । ਪੁਰਖ ਅਕਾਲਾ ਮੀਤ ਨਾ ਕੋਇ ਮਨਾਉਂਦੀ, ਲੱਖ ਚੁਰਾਸੀ ਜਗਤ ਯਾਰ ਹੰਢਾਈਆ । ਸਾਚੀ ਰੁੱਤ ਨਾ ਕੋਇ ਸੁਹਾਉਂਦੀ, ਥਿਤ ਮਿਲੇ ਨਾ ਕੋਇ ਵਡਿਆਈਆ । ਕਲਜੁਗ ਜੀਵਾਂ ਬੁੱਧੀ ਹੋਈ ਕਾਉਂ ਦੀ, ਹੰਸ ਮਾਣਕ ਮੋਤੀ ਚੋਗ ਨਾ ਕੋਇ ਚੁਗਾਈਆ । ਵਡਿਆਈ ਰਹੀ ਨਾ ਕਿਸੇ ਥਾਂ ਦੀ, ਥਨੰਤਰ ਅੰਤਰ ਰਹੇ ਕੁਰਲਾਈਆ । ਵੇਖੀ ਖੇਲ ਅਗੰਮ ਅਥਾਹੋ ਦੀ, ਬੇਪਰਵਾਹ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਕੱਤਕ ਕਹੇ ਮੈਂ ਵੇਖੇ ਭਗਤ ਪਿਆਰੇ, ਪ੍ਰੇਮੀ ਪ੍ਰਭ ਸਰਨਾਈਆ । ਗੁਰਮੁਖ ਵੇਖੇ ਗੋਬਿੰਦ ਦੁਲਾਰੇ, ਦੂਲ੍ਹੇ ਧੁਰ ਦੇ ਨਜ਼ਰੀ ਆਈਆ । ਗੁਰਮੁਖ ਤਕੇ ਨਾਮ ਵਣਜਾਰੇ, ਇਕੋ ਹੱਟ ਖੋਜ ਖੁਜਾਈਆ । ਸੰਤ ਤਕੇ ਲੈਣ ਹੁਲਾਰੇ, ਦਰ ਸਾਚੇ ਸੋਭਾ ਪਾਈਆ । ਜਿਨ੍ਹਾਂ ਮਿਲਿਆ ਮੇਲ ਮੀਤ ਮੁਰਾਰੇ, ਮਿੱਤਰ ਪਿਆਰੇ ਜੋੜ ਜੁੜਾਈਆ । ਉਹ ਚੜ੍ਹ ਗਏ ਉਸ ਮਹੱਲ ਮੁਨਾਰੇ, ਜਿਥੇ ਪੌੜੀ ਡੰਡਾ ਅਗੰਮ ਅਥਾਹੀਆ । ਅੰਮ੍ਰਿਤ ਰਸ ਪੀਵਣ ਜਲ ਧਾਰੇ, ਨਿਝਰ ਝਿਰਨਾ ਇਕ ਝਿਰਾਈਆ । ਨਾਦ ਸ਼ਬਦ ਸੁਣਨ ਧੁਨਕਾਰੇ, ਅਨਹਦ ਨਾਦੀ ਨਾਦ ਵਜਾਈਆ । ਜੋਤੀ ਜੋਤ ਹੋਵਣ ਉਜਿਆਰੇ, ਜੋਤ ਜੋਤ ਸਮਾਈਆ । ਕਿਰਪਾ ਕਰੇ ਆਪ ਨਿਰੰਕਾਰੇ, ਨਿਰੰਕਾਰ ਦਏ ਵਡਿਆਈਆ । ਸਚਖੰਡ ਸਾਚੇ ਆਪ ਵਾੜੇ, ਵਾਹਵਾ ਆਪਣੇ ਘਰ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕੱਤਕ ਕਹੇ ਮੈਂ ਵੇਖਿਆ ਸਾਹਿਬ ਸੁਹਾਨਾ, ਸਮੇਂ ਨਾਲ ਵਡਿਆਈਆ । ਜਿਸ ਦਾ ਸ਼ਬਦ ਨਾਮ ਤਰਾਨਾ, ਤੁਰੀਆ ਤੋਂ ਪਰੇ ਪੜ੍ਹਾਈਆ । ਮੰਜ਼ਲ ਇਕ ਮਹਾਨਾ, ਜਿਥੇ ਵਸੇ ਨੂਰ ਇਲਾਹੀਆ । ਜੋਤੀ ਨੂਰ ਨੂਰ ਨੁਰਾਨਾ, ਤਨ ਵਜੂਦ ਨਾ ਕੋਇ ਰਖਾਈਆ । ਜੋਤੀ ਧਾਰ ਸ੍ਰੀ ਭਗਵਾਨਾ, ਸ਼ਬਦੀ ਆਪਣਾ ਡੰਕ ਵਜਾਈਆ । ਕਲਜੁਗ ਅੰਤਮ ਪਹਿਰ ਕੇ ਆਪਣਾ ਬਾਣਾ, ਬਾਨੀ ਹੋ ਕੇ ਵੇਖ ਵਖਾਈਆ । ਕੋਟਾਂ ਵਿਚੋਂ ਜਨ ਭਗਤ ਆਪ ਪਹਿਚਾਨਾ, ਬੇਪਹਿਚਾਨ ਦਇਆ ਕਮਾਈਆ । ਸਾਚਾ ਦੇ ਕੇ ਨਾਮ ਨਿਧਾਨਾ, ਗੁਣ ਨਿਧਾਨ ਦਏ ਵਡਿਆਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਹੋ ਮਿਹਰਵਾਨਾ, ਮਿਹਰ ਮੁਹੱਬਤ ਨਾਲ ਮਿਲਾਈਆ । ਗੁਰਮੁਖ ਸਾਚੇ ਸੰਤ ਜਨ ਦੇ ਕੇ ਧੁਰ ਦਾ ਦਾਨਾ, ਦਾਨਸ਼ਮੰਦ ਦਏ ਬਣਾਈਆ । ਧਰਮ ਦਵਾਰ ਦੱਸ ਟਿਕਾਣਾ, ਘਰ ਆਪਣਾ ਇਕ ਵਖਾਈਆ । ਗੁਰਮੁਖੋ ਹੋਇਓ ਨਾ ਕੋਇ ਬੇਗ਼ਾਨਾ, ਵੱਖਰੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਪਾਰਬ੍ਰਹਮ ਪ੍ਰਭ ਆਪਣੀ ਕਾਰ ਕਮਾਈਆ ।

ਸਤਿਗੁਰ ਸ਼ਬਦ ਸ਼ਬਦ ਸ਼ਬਦ ਨਗਾਰਾ, ਡੰਕਾ ਸ਼ਬਦ ਵਜਾਈਆ । ਸ਼ਬਦ ਸਤਿਗੁਰ ਸਤਿਗੁਰੂ ਮੀਤ ਮੁਰਾਰਾ, ਪਿਆਰ ਮੁਹੱਬਤ ਸਦਾ ਰਖਾਈਆ ।

ਜੁਗ ਚੌਕੜੀ ਦੇਵਣਹਾਰ ਸਹਾਰਾ, ਨਿਤ ਨਵਿਤ ਆਪਣੀ ਖੇਲ ਖਿਲਾਈਆ । ਜਨ ਭਗਤਾਂ ਬੇੜਾ ਪਾਰ ਕਰਦਾ ਰਿਹਾ ਕਿਨਾਰਾ, ਨਈਆ ਲੋਕਮਾਤ ਨਾ ਕਦੇ ਡੁਬਾਈਆ । ਇਹ ਹੁਕਮ ਦੇਣਾ ਦੁਬਾਰਾ, ਦੋਹਰੀ ਧਾਰ ਸਮਝਾਈਆ । ਨੌਂ ਮੱਘਰ ਨੂੰ ਕਿਸ਼ਨ ਸਿੰਘ ਦੇ ਨਾਲ ਅਜੀਤ ਸਿੰਘ ਬਣਨਾ ਸੀ ਧੁਰ ਦਾ ਲਾੜਾ, ਲੋਕਮਾਤ ਜਾਣਾ ਸੀ ਤਜਾਈਆ । ਏਸੇ ਕਾਰਨ ਸ਼ਬਦੀ ਹੁਕਮ ਦਿਤਾ ਇਸ਼ਾਰਾ, ਪੰਦਰਾਂ ਕੱਤਕ ਦੀ ਥਿਤ ਦਿਤੀ ਸਮਝਾਈਆ । ਓਸ ਵੇਲੇ ਭੇਤ ਦੱਸਾਂਗਾ ਸਾਰਾ, ਸਾਹਿਬ ਸਤਿਗੁਰ ਹੋ ਕੇ ਪੜਦਾ ਆਪ ਉਠਾਈਆ । ਏਸੇ ਕਾਰਨ ਅੱਜ ਆਉਣਾ ਪਿਆ ਏਸ ਦੁਆਰਾ, ਦੁਆਰਕਾ ਵਾਸੀ ਕ੍ਰਿਸ਼ਨ ਪਿਛਲੀ ਦਏ ਗਵਾਹੀਆ । ਏਸ ਦਾ ਜਨਮ ਸੀ ਪਿਛਲਾ ਘਰ ਠਠਿਆਰਾ, ਅਰਜਨ ਦਾ ਮੀਤ ਪਿਛਲਾ ਸੋਭਾ ਪਾਈਆ । ਇੱਕੀ ਸਾਲ ਰਿਹਾ ਕੁਆਰਾ, ਫਿਰ ਆਪਣਾ ਆਪ ਗਿਆ ਤਜਾਈਆ । ਫੇਰ ਓਹੋ ਆਯੂ ਆਈ ਵਿਚ ਸੰਸਾਰਾ, ਵੇਲਾ ਵਕਤ ਦਏ ਗਵਾਹੀਆ । ਕਿਰਪਾ ਕਰੇ ਆਪ ਨਿਰੰਕਾਰਾ, ਨਿਰਵੈਰ ਹੋਏ ਸਹਾਈਆ । ਜਨਮ ਵਿਚੋਂ ਜਨਮ ਬਖ਼ਸ਼ ਕੇ ਦੁਬਾਰਾ, ਸਿਰ ਆਪਣਾ ਹੱਥ ਟਿਕਾਈਆ । ਏਸ ਖ਼ੁਸ਼ੀ ਵਿਚ ਛੱਬੀ ਪੋਹ ਨੂੰ ਤਨ ਪਹਿਨ ਕੇ ਆਉਣੀਆਂ ਦੋ ਤਲਵਾਰਾਂ, ਦੋ ਮਿੰਟ ਆਪਣਾ ਖੇਲ ਦੇਣਾ ਵਖਾਈਆ । ਅੱਗੇ ਲੰਮੀ ਉਮਰ ਤੇ ਉਚੀਆਂ ਬਹਾਰਾਂ, ਉਚ ਅਗੰਮ ਅਥਾਹ ਦਏ ਸਰਨਾਈਆ । ਪਿਛੋਂ ਭਗਤੋ ਤੁਹਾਡੀਆਂ ਸਭ ਗਾਉਂਦੇ ਰਹਿਣ ਵਾਰਾਂ, ਸਿਫਤਾਂ ਵਿਚ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੌਵੀਆਂ ਅਵਤਾਰਾ, ਸਰਗੁਣ ਦੀ ਧਾਰ ਚੌਥੇ ਜੁਗ ਲੇਖਾ ਸਭ ਦਾ ਪੂਰ ਕਰਾਈਆ ।





## ੧੮ ਕੱਤਕ ਸ਼ਹਿਨਸ਼ਾਹੀ ਸੰਮਤ ੫ ਬੀਬੀ ਸ਼ਿੰਦਰੋ ਦੇ ਗ੍ਰਹਿ ਪਿੰਡ ਹੇਮਰਾਜਪੁਰ

ਧਰਨੀ ਕਹੇ ਮੇਰੇ ਅੰਤਰ ਲੱਗੀ ਧੜਕਣ, ਧੀਰਜ ਧੀਰ ਨਾ ਕੋਇ ਰਖਾਈਆ । ਮੇਰੀ ਆਸਾ ਲੱਗੀ ਭਟਕਣ, ਭਾਂਡਾ ਭਰਮ ਨਾ ਕੋਇ ਭੰਨਾਈਆ । ਪ੍ਰਭ ਦਰਸ਼ਨ ਨੂੰ ਲੱਗੀ ਤਰਸਣ, ਤ੍ਰਿਖਾਵੰਤ ਹੋ ਕੁਰਲਾਈਆ । ਤੱਕਣ ਲੱਗੀ ਉਪਰ ਅਰਸ਼ਨ, ਬਿਨਾ ਨੈਣਾਂ ਅੱਖ ਖੁਲ੍ਹਾਈਆ । ਕਿਰਪਾ ਕਰ ਯੋਧੇ ਮਰਦਨ, ਸੂਰਬੀਰ ਤੇਰੀ ਸਰਨਾਈਆ । ਸਭ ਦਾ ਪੂਰਾ ਕਰਦੇ ਕਰਜ਼ਨ, ਮਕਰੂਜ਼ ਲੇਖਾ ਪੂਰ ਕਰਾਈਆ । ਮੇਰੀ ਬੇਨੰਤੀ ਸੁਣ ਅਰਜ਼ਨ, ਅਰਜਨ ਗੋਬਿੰਦ ਦਏ ਸਲਾਹੀਆ । ਤੂੰ ਸਿਰਜਣਹਾਰ ਸਰਜਣ, ਸਿਰ ਸਿਰ ਰਿਜ਼ਕ ਸਬਾਈਆ । ਪੁੱਠੀ ਸਿੱਧੀ ਕਰਦੇ ਨਰਦਨ, ਨਰ ਨਰਾਇਣ ਬੇਪਰਵਾਹੀਆ । ਸ਼ਰਅ ਛੁਰੀ ਰਹੇ ਨਾ ਕਰਦਨ, ਕਜ਼ਾ ਦਿਸੇ ਨਾ ਕੋਇ ਲੋਕਾਈਆ । ਕਾਤਲ ਮਕਤੂਲ ਖੇਲ ਨਾ ਹੋਵੇ ਕਰਦਨ, ਕਤਲਗਾਹ ਦਾ ਡੇਰਾ ਢਾਹੀਆ । ਗ਼ਰੀਬ ਨਿਮਾਣਿਆਂ ਵੰਡ ਦਰਦਨ, ਦੁਖੀਆਂ ਹੋ ਸਹਾਈਆ । ਸਦੀ ਚੌਧਵੀਂ ਪੂਰੀ ਕਰ ਸ਼ਰਤਨ, ਸ਼ਰਅ ਦੇ ਬਦਲਾਈਆ । ਕਲਜੁਗ ਭਾਂਡੇ ਸਾਫ਼ ਕਰ ਬਰਤਨ, ਦੁਰਮਤ ਮੈਲ ਧਵਾਈਆ । ਤੇਰੇ ਵਿਛੋੜੇ ਵਿਚ ਲੱਗੀ ਤੜਫਣ, ਰੋ ਰੋ ਦਿਆਂ ਦੁਹਾਈਆ । ਮੈਨੂੰ ਚਾਲ ਭੁੱਲ ਗਈ ਮਟਕਣ, ਨਿਮਾਣੀ ਹੋ ਕੇ ਸੀਸ ਨਿਵਾਈਆ । ਚਾਰੋਂ ਕੁੰਟ ਜੂਠ ਝੂਠ ਲੱਗਾ ਖੜਕਣ, ਖੰਡਾ ਨਾਮ ਨਾ ਕੋਇ ਖੜਕਾਈਆ । ਤੇਰੇ ਮਿਲਣ ਦੀ ਮਾਇਆ ਮਮਤਾ ਪਾਈ ਅਟਕਣ, ਅੱਗੇ ਹੋ ਨਾ ਕੋਇ ਕਢਾਈਆ । ਮੈਨੂੰ ਬਿਰਹੋਂ ਦੁੱਖ ਲੱਗਾ ਰੜਕਣ, ਕੰਡਾ ਖਾਰ ਰਿਹਾ ਚੁਭਾਈਆ ।

ਮੇਰਾ ਸਵਾਸ ਲੱਗਾ ਲਟਕਣ, ਰਾਸ ਮੰਡਲ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਹਾਏ ਮੇਰਿਆ ਅੱਬਾ, ਮੀਆਂਜਾਨ ਤੇਰੀ ਸਰਨਾਈਆ । ਮੇਰੇ ਮਸਤਕ ਲੱਗਾ ਧੱਬਾ, ਕਿਰਿਆ ਕੂੜ ਨਾ ਕੋਇ ਗਵਾਈਆ । ਸਚ ਧਰਮ ਦੀ ਰਹੀ ਕੋਈ ਨਾ ਸਭਾ, ਮਲੇਛ ਹੋਈ ਲੋਕਾਈਆ । ਤੇਰੇ ਹੁਕਮ ਦਾ ਦਿਸੇ ਕੋਈ ਨਾ ਬੱਧਾ, ਬੰਦਨ ਸਚ ਨਾ ਕੋਇ ਕਮਾਈਆ । ਆਪਣਾ ਅੱਖਰ ਵੇਖ ਦੱਦਾ, ਜੋ ਦਾਇਰੇ ਦੀਨ ਦੁਨੀ ਬਣਾਈਆ । ਅੱਗੇ ਵੇਖ ਧੱਧਾ, ਜੋ ਧਰਮ ਦਾ ਨਾਤਾ ਤੁੜਾਈਆ । ਅੱਗੇ ਵੇਖ ਨੰਨਾ, ਜੋ ਨਾਨਕ ਦਏ ਗਵਾਹੀਆ । ਅੱਗੇ ਵੇਖ ਪੱਪਾ, ਪੂਰਨ ਪੂਰਨ ਬ੍ਰਹਮ ਬੇਪਰਵਾਹੀਆ । ਅੱਗੇ ਵੇਖ ਫੱਫਾ, ਫੁੱਲ ਫੁਲਵਾੜੀ ਸਾਚੀ ਨਜ਼ਰ ਕੋਇ ਨਾ ਆਈਆ । ਅੱਗੇ ਵੇਖ ਬੱਬਾ, ਬਾਹਰੋਂ ਨ੍ਹਾਤੀ ਧੋਤੀ ਦੀਨ ਦੁਨੀ ਅੰਦਰੋਂ ਬਣੀ ਕਸਾਈਆ । ਅੱਗੇ ਵੇਖ ਭੱਬਾ, ਭਰਮ ਭੁਲੇਖਾ ਕਢ ਅੰਤਰ ਨਿਰੰਤਰ ਨਾ ਕੋਇ ਜਣਾਈਆ । ਅੱਗੇ ਵੇਖ ਮੰਮਾ, ਮਾਲਕ ਖ਼ਾਲਕ ਪੜਦਾ ਆਪ ਉਠਾਈਆ । ਅੱਗੇ ਵੇਖ ਯੱਯਾ, ਯਾਦ ਤੇਰੀ ਗਏ ਭੁਲਾਈਆ । ਅੱਗੇ ਵੇਖ ਰਾਰਾ, ਰਾਮ ਬਨਵਾਸੀ ਦਏ ਗਵਾਹੀਆ । ਅੱਗੇ ਵੇਖ ਲੱਲਾ, ਲਾਲ ਰੰਗ ਰੰਗ ਨਾ ਕੋਇ ਰੰਗਾਈਆ । ਅੱਗੇ ਵੇਖ ਵਾਵਾ, ਵਿਸ਼ਨੂੰ ਤੇਰੇ ਨਾਮ ਦੀ ਦਏ ਦੁਹਾਈਆ । ਅੱਗੇ ਵੇਖ ੜਾੜਾ, ੜਾੜ ਮਿਟੇ ਨਾ ਸ੍ਰਿਸ਼ਟ ਸਬਾਈਆ । ਅੱਗੇ ਵੇਖ ਤਰਤਰਾ, ਤ੍ਰੀਆ ਰੂਪ ਤ੍ਰੈਗੁਣ ਅਗਨ ਨਾ ਕੋਇ ਬੁਝਾਈਆ । ਤੈਨੂੰ ਆਦਿ ਜੁਗਾਦਿ ਸਾਰੇ ਕਹਿੰਦੇ ਅਵਤਰਾ, ਅਵਤਾਰੀ ਬੇਪਰਵਾਹੀਆ । ਕਲਜੁਗ ਮੇਰੀ ਸੁੰਜੀ ਸੇਜ ਸੁਹਾਵੇ ਕੋਇ ਨਾ ਬਿਸਤਰਾ, ਆਸਣ ਸਿੰਘਾਸਣ ਨਾ ਕੋਇ ਲਗਾਈਆ । ਗੋਬਿੰਦ ਛਡ ਗਿਆ ਖੰਡਾ ਖੜਗ ਸ਼ਸਤਰਾ, ਸ਼ਸਤਰਧਾਰੀ ਤੇਰੀ ਓਟ ਤਕਾਈਆ । ਦੀਨ ਦੁਨੀ ਮੈਨੂੰ ਖੇਲ ਦਿਸੇ ਤੇਰਾ ਮਸਖ਼ਰਾ, ਬੇਪਰਵਾਹ ਤੇਰੀ ਬੇਪਰਵਾਹੀਆ । ਮੈਂ ਤੇਰੀ ਮਹਿਮਾ ਸੁਣਦੀ ਰਹੀ ਵਿਚ ਅਖਸ਼ਰਾ, ਅੱਖਰ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਾਹਿਬ ਤੇਰੀ ਵਡਿਆਈਆ । ਧਰਨੀ ਕਹੇ ਮੇਰੇ ਮਾਲਕ ਕਿਰਪਾ ਕਰ ਜਲਦੀ, ਜਲ ਥਲ ਮਹੀਅਲ ਦਏ ਦੁਹਾਈਆ । ਚਾਰੋਂ ਕੁੰਟ ਅੱਗ ਬਲਦੀ, ਕੁਕਰਮ ਪਾਪ ਰਿਹਾ ਤਪਾਈਆ । ਕਿਸੇ ਧਾਰ ਨਾ ਸੁਝੇ ਹੱਲ ਦੀ, ਹਾਲਤ ਵਿਗੜੀ ਜਗਤ ਲੋਕਾਈਆ । ਮੈਂ ਖੇਲ ਦੱਸਾਂ ਕਲ ਦੀ, ਕਲਮੇ ਵਾਲੇ ਰੋਵਣ ਮਾਰਨ ਧਾਈਆ । ਕੀ ਹਾਲਤ ਹੋਣੀ ਮਜ਼੍ਹਬਾਂ ਵਾਲੇ ਦਲ ਦੀ, ਦਲਿਦ੍ਰੀ ਬੈਠੇ ਡੇਰਾ ਢਾਹੀਆ । ਤੇਰਾ ਭਾਣਾ ਤੇਰੀ ਧਾਰ ਝਲਦੀ, ਝਲਕ ਆਪਣੀ ਦੇ ਬੇਪਰਵਾਹੀਆ । ਹੁਣ ਖੇਲ ਛਡ ਦੇ ਛਲ ਦੀ, ਅਛਲ ਅਛੱਲ ਆਪਣਾ ਰੰਗ ਰੰਗਾਈਆ । ਮੈਂ ਦਰ ਦਵਾਰਾ ਤੇਰਾ ਮੱਲਦੀ, ਮਾਲਕ ਤੇਰੀ ਇਕ ਸਰਨਾਈਆ । ਕਿਸੇ ਨੂੰ ਖ਼ਬਰ ਨਹੀਂ ਘੜੀ ਪਲ ਦੀ, ਪਲਕਾਂ ਦੇ ਪਿਛੇ ਬਹਿ ਕੇ ਆਪਣਾ ਨੂਰ ਦੇ ਚਮਕਾਈਆ । ਮੈਂ ਭੁੱਖੀ ਪਿਆਸੀ ਤੇਰੇ ਪ੍ਰੇਮ ਵਾਲੀ ਗੱਲ ਦੀ, ਦਿਵਸ ਰੈਣ ਧਿਆਨ ਲਗਾਈਆ । ਮੇਰੇ ਵੇਂਹਦਿਆਂ ਵੇਂਹਦਿਆਂ ਸਦੀ ਚੌਧਵੀਂ ਚਲਦੀ, ਅੰਤ ਅਖ਼ੀਰੀ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡਾ ਇਕ ਸੁਹਾਈਆ । ਧਰਨੀ ਕਹੇ ਮੇਰੇ ਧੁਰ ਦੇ ਮਾਲਕ ਪਿਤਾ ਪੁਰਖ ਬਾਪੂ, ਬਾਪ ਆਪ ਅਖਵਾਈਆ । ਸ਼ਰਅ ਛੁਰੀ ਚੱਲੇ ਨਾ ਕੋਇ ਚਾਕੂ, ਚਾਕਰ ਤੇਰੀ ਹੋਏ ਲੋਕਾਈਆ । ਹੁੱਕਾ ਪੀਏ ਨਾ ਕੋਇ ਤਮਾਕੂ, ਤਮਾ ਕੂੜ ਦੇਣੀ ਗਵਾਈਆ । ਆਤਮ ਪਰਮਾਤਮ ਦੱਸ ਦੇ ਸਾਕੂ, ਸੱਜਣ ਇਕੋ ਦੇਣਾ ਵਖਾਈਆ । ਬਿਨ ਤੇਰੀ ਕਿਰਪਾ ਪਤ ਕੋਇ ਨਾ ਰਾਖੂ, ਰੱਖਕ ਨਜ਼ਰ

ਕੋਇ ਨਾ ਆਈਆ । ਮੈਂ ਕੋਟਨ ਵਾਰ ਨਿਮਸਕਾਰ ਕਰ ਕੇ ਆਖੂੰ, ਢਹਿ ਢਹਿ ਸੀਸ ਨਿਵਾਈਆ । ਝਗੜਾ ਮੇਟ ਦੇ ਜ਼ਾਤ ਪਾਤੂ, ਵਿਤਕਰੇ ਵਾਲਿਆਂ ਵਿਤਕਰੇ ਦੇ ਗਵਾਈਆ । ਤੂੰ ਸਭ ਤੋਂ ਬੜਾ ਅਫ਼ਲਾਤੂ, ਫ਼ਲਾਸਫ਼ਰ ਵਡਾ ਨਜ਼ਰੀ ਆਈਆ । ਤੂੰ ਸਭ ਤੋਂ ਵੱਡਾ ਮੁਸ਼ਤਾਕੂ, ਖ਼ੈਰਖ਼ਾਹ ਧੁਰਦਰਗਾਹੀਆ । ਗੁਰ ਅਵਤਾਰ ਪੈਗ਼ੰਬਰ ਤੇਰੇ ਨਿੱਕੇ ਜਿਹੇ ਕਾਕੂ, ਬੱਚੇ ਬਚਪਨ ਵਾਲੇ ਨਜ਼ਰੀ ਆਈਆ । ਤੂੰ ਆਦਿ ਜੁਗਾਦਿ ਨਿਰਗੁਣ ਧਾਰ ਸਰਗੁਣ ਡਾਕੂ, ਲੁਟੇਰਾ ਅਗੰਮ ਅਥਾਹੀਆ । ਤੁਧ ਬਿਨ ਮੇਰੀ ਮੰਜ਼ਲ ਕੋਇ ਨਾ ਕਾਟੂ, ਪੈਂਡਾ ਪੰਧ ਨਾ ਕੋਇ ਮੁਕਾਈਆ । ਮੈਂ ਘੁੰਮਦੀ ਵਾਂਗ ਲਾਟੂ, ਦਹਿ ਦਿਸ਼ਾ ਸੇਵ ਕਮਾਈਆ । ਮੇਰਾ ਬਦਲਣ ਵਾਲਾ ਹੁਣ ਟਾਪੂ, ਟੱਪਾ ਤੇਰਾ ਨਾਮ ਦੁਹਾਈਆ । ਧੁਰ ਦਾ ਹੁਕਮ ਤੁਧ ਬਿਨ ਕੌਣ ਥਾਪੂ, ਥਾਪਣ ਦੇਵੇ ਸਰਬ ਥਾਈਆਂ । ਤੇਰਾ ਫ਼ਰਮਾਨ ਕੌਣ ਛਾਪੂ, ਛਾਪਾਖ਼ਾਨਾ ਨਾ ਕੋਇ ਵਡਿਆਈਆ । ਤੂੰ ਮਾਲਕ ਧੁਰ ਦਾ ਆਦੂ, ਅੰਤ ਤੇਰੀ ਸਰਨਾਈਆ । ਧਰਨੀ ਕਹੇ ਜਿਸ ਵੇਲੇ ਗੋਬਿੰਦ ਨੇ ਚਰਨ ਰੱਖਿਆ ਸੀ ਕੋਲ ਦਾਦੂ, ਦੇਹੁਰੇ ਤੋਂ ਪੰਜ ਕਦਮ ਪਿਛੇ ਟਿਕਾਈਆ । ਹੱਸ ਕੇ ਰਿਹਾ ਕਲਜੁਗ ਅੰਤ ਬਿਨਾ ਪੁਰਖ ਅਕਾਲ ਤੋਂ ਹੋਣਾ ਨਹੀਂ ਕੋਇ ਆਗੂ, ਜਿਸ ਦੀ ਆਗਿਆ ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਜੋ ਦੀਨ ਮਜ਼੍ਹਬ ਸਰਬ ਤਿਆਗੂ, ਤ੍ਰੈਗੁਣ ਅਤੀਤਾ ਦਇਆ ਕਮਾਈਆ । ਸ੍ਰਿਸ਼ਟ ਸਬਾਈ ਵਿਚੋਂ ਇਕੋ ਜਾਗੂ, ਜਾਗਰਤ ਜੋਤ ਕਰੇ ਰੁਸ਼ਨਾਈਆ । ਏਕਾ ਹੁਕਮ ਕਰੇ ਲਾਗੂ, ਧੁਰ ਫ਼ਰਮਾਨਾ ਆਪ ਸਮਝਾਈਆ । ਜਨ ਭਗਤਾਂ ਨਾਲ ਮਿਲਾਏ ਬਾਜ਼ੂ, ਬਾਜ਼ਾਂ ਵਾਲਾ ਜੋੜ ਜੁੜਾਈਆ । ਸ੍ਰਿਸ਼ਟੀ ਤੋਲੇ ਨਾਮ ਕੰਡੇ ਤਰਾਜ਼ੂ, ਤ੍ਰੈਲੋਕੀ ਨਾਥ ਵੇਖ ਵਖਾਈਆ । ਧਰਨੀ ਕਹੇ ਮੇਰੇ ਪਰਮ ਪੁਰਖ ਮੇਰੀ ਇਹੋ ਆਰਜ਼ੂ, ਅਰਜ਼ ਦਿਆਂ ਜਣਾਈਆ । ਮੇਰਾ ਕਾਰਜ ਸਵਾਰ ਤੂੰ, ਤੁਧ ਬਿਨ ਅਵਰ ਨਾ ਕੋਇ ਦਸਾਈਆ । ਆਦਿ ਅੰਤ ਇਕ ਨਿਰੰਕਾਰ ਤੂੰ, ਨਿਰਵੈਰ ਤੇਰੀ ਵਡਿਆਈਆ । ਕੂੜੀ ਕਿਰਿਆ ਜਗਤ ਸ਼ਰਅ ਨਿਵਾਰ ਤੂੰ, ਤੂੰ ਮੇਰਾ ਮੈਂ ਤੇਰਾ ਇਕੋ ਰੰਗ ਵਖਾਈਆ । ਮੇਰੀ ਪੁਕਾਰ ਸਚ ਹੂ, ਨਾਅਰਾ ਹੱਕ ਖ਼ੁਦਾਈਆ । ਪਵਿੱਤਰ ਕਰਦੇ ਬੁਤ ਰੂਹ, ਰਹਿਬਰ ਨੂਰ ਇਲਾਹੀਆ । ਤੂੰ ਆਦਿ ਅੰਤ ਦਾ ਇਕੋ ਸਤਿਗੁਰੂ, ਸਾਹਿਬ ਤੇਰੀ ਵਡਿਆਈਆ । ਬਿਨ ਤੇਰੀ ਕਿਰਪਾ ਸਤਿਜੁਗ ਕਦੇ ਨਹੀਂ ਹੋਣਾ ਸ਼ੁਰੂ, ਸ਼ਰਅ ਸਕੇ ਨਾ ਕੋਇ ਬਦਲਾਈਆ । ਤੇਰਾ ਮੰਤਰ ਇਕੋ ਫੁਰੂ, ਫੁਰਨੇ ਸਭ ਦੇ ਦੇ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਧਾਰ ਸੱਚਾ ਸਤਿਗੁਰੂ, ਗੁਰੂ ਸ਼ਬਦ ਇਕ ਅਖਵਾਈਆ ।

### ✪ ਪਹਿਲੀ ਮੱਘਰ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ✪

ਸਚਖੰਡ ਦਵਾਰ ਖੇਲ ਸੂਰੇ ਸਰਬਗੇ, ਹਰਿ ਕਰਤਾ ਕਾਰ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਨਿਰਗੁਣ ਧਾਰ ਆਓ ਅੱਗੇ, ਆਗਮਨ ਵਿਚ ਵੇਖੇ ਬੇਪਰਵਾਹੀਆ । ਤੇਈ ਅਵਤਾਰ ਹੁਕਮ ਸੰਦੇਸ਼ੇ ਸੱਦੇ, ਸਦ ਭਾਵਨਾ ਫੋਲ ਫੁਲਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਵੇਖੇ ਹੱਥ ਬੱਧੇ, ਸੱਯਦਾ ਸੀਸ ਜਗਦੀਸ ਝੁਕਾਈਆ । ਨਾਨਕ ਨਿਰਗੁਣ ਗੋਬਿੰਦ ਧਾਰ ਸਜੇ, ਸੂਰਬੀਰ ਸੁਲਤਾਨ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਮਾਰੇ ਝਾਕੀ, ਹਰਿ ਕਰਤਾ ਆਪ ਦ੍ਰਿੜਾਈਆ ।

ਅਵਤਾਰ ਤਕੋ ਜਿਸਮ ਜ਼ਮੀਰ ਖ਼ਾਕੀ, ਤਨ ਮਾਟੀ ਫੋਲ ਫੁਲਾਈਆ । ਪੈਗ਼ੰਬਰ ਹਕੀਕੀ ਜਾਮ ਤਕੋ ਸਾਕੀ, ਸਾਖਿਆਤ ਦਏ ਦ੍ਰਿੜਾਈਆ । ਨਾਨਕ ਗੋਬਿੰਦ ਧਾਰ ਪੂਰੀ ਕਰੋ ਆਖੀ, ਆਖ਼ਰ ਬਿਨ ਅੱਖਰਾਂ ਇਕ ਜਣਾਈਆ । ਸਤਿ ਧਰਮ ਦਾ ਰਿਹਾ ਕੋਇ ਨਾ ਸਾਥੀ, ਸਗਲਾ ਸੰਗ ਨਾ ਕੋਇ ਨਿਭਾਈਆ । ਮੰਜ਼ਲ ਚੜ੍ਹੇ ਕੋਇ ਨਾ ਘਾਟੀ, ਸਚ ਦਵਾਰਾ ਸੋਭਾ ਕੋਇ ਨਾ ਪਾਈਆ । ਚਾਰੋਂ ਕੁੰਟ ਵੇਖੋ ਅੰਧੇਰੀ ਰਾਤੀ, ਨੂਰੀ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਅਗੰਮ ਅਥਾਹੀਆ । ਵਿਸ਼ਨ ਬ੍ਰਹਮਾ ਸ਼ਿਵ ਤਕੋ ਜਗ, ਸੋ ਪੁਰਖ ਨਿਰੰਜਣ ਆਪ ਦ੍ਰਿੜਾਈਆ । ਤੇਈ ਅਵਤਾਰ ਵੇਖੋ ਉਪਰ ਸ਼ਾਹ ਰਗ, ਹਰਿ ਪੁਰਖ ਨਿਰੰਜਣ ਰਿਹਾ ਸਮਝਾਈਆ । ਈਸਾ ਮੂਸਾ ਮੁਹੰਮਦ ਵੇਖੋ ਆਪਣੀ ਹੱਦ, ਏਕੰਕਾਰ ਰਿਹਾ ਸਮਝਾਈਆ । ਨਾਨਕ ਗੋਬਿੰਦ ਵੇਖੋ ਭੱਜ, ਆਦਿ ਨਿਰੰਜਣ ਨੂਰ ਕਰੇ ਰੁਸ਼ਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਸ਼ਬਦ ਸੁਣੇ ਨਾ ਕੋਇ ਨਦ, ਅਬਿਨਾਸ਼ੀ ਕਰਤਾ ਰੰਗ ਨਾ ਕੋਇ ਰੰਗਾਈਆ । ਕੂੜ ਵਿਕਾਰ ਸਕੇ ਕੋਇ ਨਾ ਕਢ, ਸ੍ਰੀ ਭਗਵਾਨ ਮਿਲਣ ਕੋਇ ਨਾ ਆਈਆ । ਧੁਰ ਦਾ ਮਾਰਗ ਸਾਰੇ ਗਏ ਛਡ, ਪਾਰਬ੍ਰਹਮ ਬ੍ਰਹਮ ਰੰਗ ਨਾ ਕੋਇ ਰੰਗਾਈਆ । ਧਰਮ ਨਿਸ਼ਾਨਾ ਦੋ ਜਹਾਨਾਂ ਸਕੇ ਕੋਇ ਨਾ ਗੱਡ, ਕਿਰਿਆ ਕੂੜ ਨਾ ਕੋਇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਸਚ ਸੰਦੇਸ਼ਾ ਸੁਣੋ ਅਗੰਮ ਅਥਾਹ, ਹਰਿ ਕਰਤਾ ਆਪ ਦ੍ਰਿੜਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖੋ ਨੈਣ ਉਠਾ, ਬਿਨ ਅੱਖਾਂ ਅੱਖ ਖੁਲ੍ਹਾਈਆ । ਤੇਈ ਅਵਤਾਰ ਧਰੋ ਧਿਆਂ, ਚਾਰੋ ਕੁੰਟ ਫੋਲ ਫੁਲਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਵੇਖੋ ਮਿਹਰਵਾਂ, ਕੀ ਹੁਕਮੀ ਹੁਕਮ ਪਰਗਟਾਈਆ । ਨਾਨਕ ਗੋਬਿੰਦ ਦਿਉ ਜਣਾ, ਧੁਰ ਫ਼ਰਮਾਨਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਪ੍ਰਭ ਚਰਨ ਦਵਾਰ ਅਕੱਠੇ, ਹਰਿ ਕਰਤਾ ਆਪ ਸੁਹਾਈਆ । ਆਪਣੇ ਆਪਣੇ ਵੇਖੋ ਪਟੇ, ਪਟਨੇ ਵਾਲਾ ਨਾਲ ਮਿਲਾਈਆ । ਜਿਸ ਦੀਨ ਮਜ਼੍ਹਬ ਦੇ ਮੇਟਣੇ ਰੱਟੇ, ਰੱਟਾ ਕੂੜ ਦਏ ਗਵਾਈਆ । ਇਕੋ ਰੰਗ ਰੰਗਾਉਣਾ ਕਾਇਆ ਪੰਜ ਤਤ ਮੱਟੇ, ਰੂਪ ਅਨੂਪ ਇਕ ਦਰਸਾਈਆ । ਵਣਜਾਰਾ ਇਕ ਦੋ ਜਹਾਨਾਂ ਹੋਣਾ ਹੱਟੇ, ਨਵ ਸੱਤ ਵੇਖ ਵਖਾਈਆ । ਜਿਸ ਦਾ ਇਕੋ ਮੰਤਰ ਨਾਮ ਦੀਨ ਦੁਨੀ ਜਪੇ, ਜਗਜੀਵਣ ਦਾਤਾ ਦਏ ਵਡਿਆਈਆ । ਤ੍ਰੈਗੁਣ ਮਾਇਆ ਅਗਨੀ ਤਤ ਮੂਲ ਨਾ ਤਪੇ, ਅੰਮ੍ਰਿਤ ਮੇਘ ਇਕ ਬਰਸਾਈਆ । ਮਾਣ ਮਿਲਣਾ ਸਰਗੁਣ ਧਾਰ ਇਕ ਪੱਪੇ, ਪਾਰਬ੍ਰਹਮ ਪ੍ਰਭ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਇਕੋ ਕਰੋ ਧਿਆਨ, ਅਗੰਮ ਅਥਾਹ ਜਣਾਈਆ । ਕੀ ਪੇਸ਼ਤਰ ਕੀਤਾ ਬਿਆਨ, ਭਵਿਖਤਾਂ ਵਿਚ ਸੁਣਾਈਆ । ਕਲ ਕਲਕੀ ਹੋਏ ਮਿਹਰਵਾਨ, ਅਮਾਮ ਅਮਾਮਾ ਨੂਰ ਇਲਾਹੀਆ । ਨਿਰਗੁਣ ਨੂਰ ਜੋਤ ਜਗੇ ਮਹਾਨ, ਅੰਧ ਅੰਧੇਰਾ ਦਏ ਮਿਟਾਈਆ । ਸ਼ਬਦ ਨਾਦ ਧੁਨ ਧੁੰਨਕਾਨ, ਅਗੰਮ ਆਪ ਸੁਣਾਈਆ । ਕਲਜੁਗ ਕੂੜੀ ਕਿਰਿਆ ਮੇਟ ਤੁਫ਼ਾਨ, ਮਾਇਆ ਮਮਤਾ ਦਏ ਗਵਾਈਆ । ਸਚ ਸੰਦੇਸ਼ਾ ਦੇਵੇ ਦੋ ਜਹਾਨ, ਨਿਰਗੁਣ ਸਰਗੁਣ ਆਪ ਸਮਝਾਈਆ । ਸਦੀ ਚੌਧਵੀਂ ਬਦਲ ਦੇਵੇ ਵਿਧਾਨ, ਵਾਧਾ ਆਪਣੇ ਹੱਥ ਰਖਾਈਆ । ਲਹਿਣਾ ਪੂਰਾ ਕਰ ਕੇ ਕਾਹਨ, ਘਨਈਆ ਨਈਆ ਪਾਰ ਕਰਾਈਆ ।

ਲੇਖਾ ਵੇਖ ਕੇ ਸੀਤਾ ਰਾਮ, ਸੁਰਤੀ ਸ਼ਬਦੀ ਵੰਡ ਵੰਡਾਈਆ । ਹੁਕਮ ਸੰਦੇਸ਼ਾ ਦੇ ਅਗੰਮ ਪੈਗ਼ਾਮ, ਬਿਨ ਅਲਿਫ਼ ਯੇ ਕਰੇ ਪੜ੍ਹਾਈਆ । ਝਗੜਾ ਮੇਟ ਦੀਨ ਦੁਨੀ ਤਮਾਮ, ਤਮਅ ਤਮੰਨਾ ਦਏ ਗਵਾਈਆ । ਹਉਮੇ ਹੰਗਤਾ ਕਲਜੁਗ ਰਹਿਣ ਨਾ ਦੇਵੇ ਹਰਾਮ, ਬੇਈਮਾਨ ਬੇਵਾ ਰੂਪ ਚਾਰੋਂ ਕੁੰਟ ਦਏ ਖਪਾਈਆ । ਸ਼ਰਅ ਛੁਰੀ ਨਾ ਰਹੇ ਸ਼ੈਤਾਨ, ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਪਰਗਟ ਹੋ ਕੇ ਜੋਧਾ ਸੂਰਬੀਰ ਬਲਵਾਨ, ਮਰਦ ਮਰਦਾਨ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਨੂੰ ਸੀਸ ਝੁਕਾਣ, ਝੁਕ ਝੁਕ ਲਾਗਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ ਸਾਰੇ ਵੇਖੇ ਅੱਗਾ, ਪਿੱਛਾ ਨਜ਼ਰ ਕੋਇ ਨਾ ਆਈਆ । ਨੌਂ ਖੰਡ ਪ੍ਰਿਥਮੀ ਕਿਹੜੀ ਪਵਿੱਤਰ ਜਗਹ, ਪਾਕ ਪਵਿਤ ਕਵਣ ਸਮਝਾਈਆ । ਕਿਸ ਗ੍ਰਿਹਿ ਮੰਦਰ ਦੇਵੇ ਸੱਦਾ, ਪ੍ਰੇਮ ਪ੍ਰੀਤੀ ਮੰਗ ਮੰਗਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਧਾਮ ਕਿਹੜਾ ਲੱਭਾ, ਲਾਭਦਾਇਕ ਦਿਓ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦੀ ਧਾਰ ਇਕ ਜਣਾਈਆ । ਗੁਰ ਅਵਤਾਰ ਪੈਗ਼ੰਬਰੋ ਵੇਖੋ ਦੀਨ ਦੁਨੀ ਦੀ ਧਾਰ, ਲੱਖ ਚੁਰਾਸੀ ਫੋਲ ਫੁਲਾਈਆ । ਸਤਿ ਰਿਹਾ ਨਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਲਓ ਅੰਗੜਾਈਆ । ਕਿਉਂ ਸ੍ਰਿਸ਼ਟੀ ਦ੍ਰਿਸ਼ਟੀ ਹੋਈ ਖ਼ੁਆਰ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਸਕੇ ਨਾ ਕੋਇ ਵਿਚਾਰ, ਖਾਣੀ ਬਾਣੀ ਰੰਗ ਨਾ ਕੋਇ ਰੰਗਾਈਆ । ਨਵ ਸੱਤ ਧੂੰਆਂਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਮੁਰੀਦ ਮੁਰਸ਼ਦ ਕਰੇ ਨਾ ਕੋਇ ਪਿਆਰ, ਚੇਲਾ ਗੁਰ ਰੰਗ ਨਾ ਕੋਇ ਸਮਾਈਆ । ਸਾਰੇ ਵੇਖੇ ਨਿਗਾਹ ਮਾਰ, ਨਿਗਾਹਬਾਨ ਰਿਹਾ ਸਮਝਾਈਆ । ਕਿਸੇ ਦਾ ਰਿਹਾ ਨਾ ਕੁਛ ਅਖਤਿਆਰ, ਭੈ ਭਾਉ ਨਾ ਕੋਇ ਸਮਝਾਈਆ । ਜਿਹੜੇ ਦੀਨਾਂ ਮਜ਼੍ਹਬਾਂ ਦੇ ਮੁਖਤਿਆਰ, ਮੁਖਤਾਰਨਾਮੇ ਲਓ ਉਠਾਈਆ । ਧਰਤੀ ਰੋਵੇ ਨਾਲ ਭਾਰ, ਪਾਪਾਂ ਭਰੀ ਰਹੀ ਕੁਰਲਾਈਆ । ਕਿਰਪਾ ਕਰ ਹਰਿ ਨਿਰੰਕਾਰ, ਨਿਰਵੈਰ ਤੇਰੀ ਸਰਨਾਈਆ । ਕਲ ਕਲਕੀ ਹੋ ਤਿਆਰ, ਕਲ ਕਲੇਸ਼ ਦਏ ਮਿਟਾਈਆ । ਮਾਇਆ ਮਮਤਾ ਮੋਹ ਕਰ ਗ੍ਰਿਫ਼ਤਾਰ, ਬਚਿਆ ਰਹਿਣ ਕੋਇ ਨਾ ਪਾਈਆ । ਤੇਰੇ ਨਾਮ ਦਾ ਹੋਵੇ ਇਕ ਜੈਕਾਰ, ਜੈ ਜੈਕਾਰ ਕਰੇ ਲੋਕਾਈਆ । ਇਕੋ ਚਰਨ ਹੋਵੇ ਨਿਮਸਕਾਰ, ਡੰਡਾਵਤ ਬੰਦਨਾ ਸੱਯਦਾ ਸੀਸ ਝੁਕੇ ਸਰਬ ਲੋਕਾਈਆ । ਇਕੋ ਹੋਵੇ ਮੰਦਰ ਦਵਾਰ, ਇਕੋ ਇਸ਼ਟ ਵੱਜੇ ਵਧਾਈਆ । ਇਕੋ ਤਖ਼ਤ ਸੋਹੇ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਸੋਭਾ ਪਾਈਆ । ਇਕ ਗੁਰੂ ਗੁਰਦੇਵ ਇਸ਼ਟ ਹੋਵੇ ਇਕ ਹੋਵੇ ਜੈਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਉਧਰੋਂ ਕਲਜੁਗ ਆ ਗਿਆ ਪੁਰਖ ਅਕਾਲ ਨੂੰ ਕਹੇ ਸਲਾਮ, ਨਮਸਤੇ ਤੇਰੀ ਸਰਨਾਈਆ । ਨਿਰਗੁਣ ਧਾਰ ਜੋਤ ਅਮਾਮ, ਨਿਰਵੈਰ ਤੇਰੀ ਵਡਿਆਈਆ । ਮੈਂ ਤੇਰਾ ਸੁਤ ਬਲਵਾਨ, ਜੋਧਾ ਇਕ ਅਖਵਾਈਆ । ਜਿਸ ਨੇ ਘਰ ਘਰ ਵਾੜਿਆ ਹਰਾਮ, ਪੰਜ ਤਤ ਚੋਲਾ ਬਚਿਆ ਰਹਿਣ ਕੋਇ ਨਾ ਪਾਈਆ । ਤੇਰੇ ਅਵਤਾਰ ਪੈਗ਼ੰਬਰ ਕਰ ਨਾ ਸਕੇ ਇੰਤਜ਼ਾਮ, ਬੰਦੋਬਸਤ ਨਾ ਕੋਇ ਰਖਾਈਆ । ਮੈਂ ਕਲਮੇ ਵਾਲੇ ਕੀਤੇ ਸ਼ੈਤਾਨ, ਮੁੱਲਾ ਸ਼ੇਖ਼ ਕਾਮ ਕਰੋਧ ਹਲਕਾਈਆ । ਕੂੜ ਵਾਸਨਾ ਕੀਤੇ ਗ਼ੁਲਾਮ, ਸ਼ਰਅ ਜ਼ੰਜੀਰ ਨਾ ਕੋਇ ਕਟਾਈਆ । ਮੇਰੇ ਮਾਲਕ ਮੇਰੇ ਸਾਹਿਬ ਕੁਛ ਮੈਨੂੰ ਦੇ ਇਨਾਮ, ਦਰ ਤੇਰੇ ਝੋਲੀ ਡਾਹੀਆ ।

ਤੇਰਾ ਨਾਮ ਕੀਤਾ ਬਦਨਾਮ, ਬਦੀਆਂ ਵਿਚ ਲੋਕਾਈਆ । ਮੈਂ ਢੰਡੋਰਾ ਦੇਂਦਾ ਸ਼ਰੇਆਮ, ਚਾਰੋਂ ਕੁੰਟ ਸੁਣਾਈਆ । ਸੂਰਬੀਰ ਬਣ ਕੇ ਪਹਿਲਵਾਨ, ਉੱਤਰ ਪੂਰਬ ਪੱਛਮ ਦੱਖਣ ਭੱਜਾਂ ਚਾਈਂ ਚਾਈਂਆ । ਸਤਿ ਧਰਮ ਦਾ ਰਹਿਣ ਨਹੀਂ ਦਿਤਾ ਸੀਤਾ ਰਾਮ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਮਾਣ ਰਿਹਾ ਨਾ ਰਾਧਾ ਕਾਹਨ, ਬੰਸਰੀ ਨਾਮ ਧੁਨ ਨਾ ਕੋਇ ਸੁਣਾਈਆ । ਅੱਲਾ ਦਾ ਦੇਵੇ ਨਾ ਕੋਇ ਪੈਗ਼ਾਮ, ਸੱਜਦਾ ਸੀਸ ਨਾ ਕੋਇ ਝੁਕਾਈਆ । ਹਿਰਦੇ ਰਿਹਾ ਨਾ ਕਿਸੇ ਸਤਿਨਾਮ, ਵਾਹਿਗੁਰੂ ਤੇਰਾ ਜਾਪ ਗਏ ਭੁਲਾਈਆ । ਸਾਰੀ ਸ੍ਰਿਸ਼ਟੀ ਵੇਖ ਤਮਾਮ, ਤਮਾ ਵਿਚ ਹਲਕਾਈਆ । ਮੈਂ ਪੁਰਖ ਅਕਾਲ ਤੇਰੇ ਚਰਨ ਕਰਾਂ ਪਰਨਾਮ, ਨਿਉਂ ਨਿਉਂ ਲਾਗਾਂ ਪਾਈਆ । ਮੈਂ ਤੇਰਾ ਸੁਤ ਨੌਜਵਾਨ, ਡੰਕਾ ਕੂੜ ਦਿਤਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰਾ ਸੁਤ ਦੁਲਾਰਾ ਨੱਢਾ, ਨੌਜਵਾਨ ਨਜ਼ਰੀ ਆਈਆ । ਮੈਂ ਕੂੜ ਨਿਸ਼ਾਨਾ ਗੱਡਾ, ਚਾਰੋਂ ਕੁੰਟ ਦਿਆਂ ਵਖਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੇਰਾ ਅੱਡਾ, ਮਾਇਆ ਮਮਤਾ ਵਿਚ ਹਲਕਾਈਆ । ਮੇਰੇ ਉਤੇ ਨਹੀਂ ਕਿਸੇ ਦਾ ਦੱਬਾ, ਮੈਂ ਸਾਰੇ ਲਏ ਡਰਾਈਆ । ਅਵਤਾਰ ਪੈਗ਼ੰਬਰ ਕੋਈ ਨਹੀਂ ਛੱਡਾ, ਗੁਰੂਆਂ ਨਾਲ ਕੀਤੀ ਲੜਾਈਆ । ਮੇਰਾ ਖੇਲ ਵੇਖ ਲੈ ਹੱਬਾ, ਹਮ ਸਾਜਣ ਪੜਦਾ ਲਾਹੀਆ । ਮੇਰੇ ਵਰਗਾ ਸੁਤ ਦੁਲਾਰਾ ਅੱਗੇ ਕੋਈ ਨਹੀਂ ਵਧਾ, ਲਾਇਕ ਨਜ਼ਰ ਕੋਇ ਨਾ ਆਈਆ । ਮੈਂ ਪਵਿੱਤਰ ਰਹਿਣ ਨਹੀਂ ਦਿਤੀ ਕੋਈ ਜਗ੍ਹਾ, ਤੀਰਥ ਤਟ ਰਹੇ ਕੁਰਲਾਈਆ । ਦੀਨ ਮਜ਼੍ਹਬ ਬਣਾ ਕੇ ਹੱਦਾ, ਤੇਰੇ ਤੇਰੇ ਨਾਲ ਦਿਤੇ ਲੜਾਈਆ । ਚੌਧਵੀਂ ਸਦੀ ਚੌਦਾਂ ਤਬਕ ਵਜਾਉਣਾ ਡੱਗਾ, ਡੌਰੂ ਤੇਰਾ ਦੇਣਾ ਸੁਣਾਈਆ । ਕਲਜੁਗ ਕੂੜੀ ਕਿਰਿਆ ਫੜ ਕੇ ਡੱਬਾ, ਨਿਰਗੁਣ ਸਰਗੁਣ ਦੇਣਾ ਖੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਕਲਜੁਗ ਕਹੇ ਪ੍ਰਭੂ ਮੇਰੀ ਖੇਲ ਰੁਹਾਨੀ, ਰੂਹ ਬੁਤ ਜਣਾਈਆ । ਸਭ ਦੇ ਅੰਦਰ ਵਾੜ ਕੇ ਬੇਈਮਾਨੀ, ਧਰਮ ਦੀ ਧਾਰ ਦਿਤੀ ਭੁਲਾਈਆ । ਸ਼ਰਅ ਜ਼ੰਜੀਰ ਜਣਾ ਜਗਤ ਸ਼ੈਤਾਨੀ, ਸ਼ਾਹ ਦਿਤੇ ਲੜਾਈਆ । ਸਾਚਾ ਰਹਿਣ ਦਿਤਾ ਨਹੀਂ ਕੋਈ ਦਾਨੀ, ਲੋਭ ਲਾਲਚ ਵਿਚ ਸਰਬ ਹਲਕਾਈਆ । ਪਰ ਇਕ ਡਰ ਆਇਆ ਜੇਹੜੀ ਗੋਬਿੰਦ ਬੱਚਿਆਂ ਦਿਤੀ ਕੁਰਬਾਨੀ, ਬਾਲੇ ਨੀਹਾਂ ਹੇਠ ਦਬਾਈਆ । ਮੇਰੇ ਸੀਨੇ ਲੱਗੀ ਕਾਨੀ, ਤੀਰ ਅਣਿਆਲਾ ਦਿਤਾ ਚਲਾਈਆ । ਮੈਨੂੰ ਉਸ ਦਾ ਦਿਸੇ ਕੋਇ ਨਾ ਸਾਨੀ, ਸਾਹਿਬ ਤੇਰੀ ਬੇਪਰਵਾਹੀਆ । ਮੈਂ ਹੈਰਾਨ ਹੋ ਗਿਆ ਕਲਜੁਗ ਕਹੇ ਜਿਸ ਜੁਝਾਰ ਨੂੰ ਦਿਤਾ ਨਾ ਪਾਣੀ, ਖ਼ਾਲੀ ਪਿੱਠ ਭਵਾਈਆ । ਮਾਛੂਵਾੜੇ ਦੀ ਸੇਜ ਮਾਣੀ, ਸੱਥਰ ਯਾਰ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਪੁਰਖ ਅਕਾਲ ਕਹੇ ਕਲਜੁਗ ਉਹ ਵੇਖ ਗੋਬਿੰਦ ਆਇਆ, ਸੂਰਬੀਰ ਸੋਭਾ ਪਾਈਆ । ਜਿਸ ਦੇ ਭੈ ਵਿਚ ਭੱਜੇ ਤ੍ਰੈਗੁਣ ਮਾਇਆ, ਤ੍ਰੈਲੋਕੀ ਨਾਥ ਬੈਠੇ ਸੀਸ ਨਿਵਾਈਆ । ਜਿਸ ਦੀ ਪੰਜ ਤਤ ਨਹੀਂ ਕਾਇਆ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਸ ਦਾ ਮਾਲਕ ਬੇਪਰਵਾਹਿਆ, ਬੇਪਰਵਾਹੀ ਵਿਚ ਸਮਾਈਆ । ਸ਼ਬਦੀ ਧਾਰ ਰੂਪ ਧਰਾਇਆ, ਧਰਨੀ ਧਰਤ ਧਵਲ ਵੱਜੀ ਵਧਾਈਆ । ਜਿਸ ਨੇ ਇਕੋ ਢੋਲਾ ਗਾਇਆ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦੀ ਸਭ ਦੇ ਉਪਰ ਛਾਇਆ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਦੇ ਸਰੋਵਰ ਤੀਰਥ ਜਗਤ ਨਹਾਇਆ, ਤਟ ਕਿਨਾਰੇ ਪੰਧ ਮੁਕਾਈਆ ।

ਜਿਸ ਨੂੰ ਵਾਹਵਾ ਕਰਕੇ ਸਭ ਨੇ ਗਾਇਆ, ਵਾਹਿਗੁਰੂ ਤੇਰਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕਲਜੁਗ ਕਹੇ ਪ੍ਰਭੂ ਇਹ ਤੇਰਾ ਗੋਬਿੰਦ ਸੂਰਾ, ਸੂਰਬੀਰ ਨਜ਼ਰੀ ਆਈਆ । ਜੋਤੀ ਜੋਤ ਅਗੰਮੀ ਨੂਰਾ, ਨੂਰ ਨੁਰਾਨਾ ਡਗਮਗਾਈਆ । ਸ਼ਬਦ ਅਨਾਦ ਅਨਾਦੀ ਤੂਰਾ, ਤੁਰੀਆ ਤੋਂ ਪਰੇ ਕਰੇ ਪੜ੍ਹਾਈਆ । ਨਿਰਗੁਣ ਸਰਗੁਣ ਸਰਬ ਕਲਾ ਭਰਪੂਰਾ, ਭਰਪੂਰ ਰਿਹਾ ਸਰਬ ਠਾਂਈਆ । ਆਦਿ ਜੁਗਾਦੀ ਹਾਜ਼ਰ ਹਜ਼ੂਰਾ, ਹਜ਼ਰਤਾਂ ਤੋਂ ਪਰੇ ਕਰ ਪੜ੍ਹਾਈਆ । ਕਲਜੁਗ ਕੂੜੀ ਕਿਰਿਆ ਹੂੰਝੇ ਕੂੜਾ, ਮਾਇਆ ਮਮਤਾ ਮੋਹ ਗਵਾਈਆ । ਗੁਰਮੁਖਾਂ ਦੇ ਕੇ ਚਰਨ ਧੂੜਾ, ਟਿੱਕੇ ਮਸਤਕ ਨਾਮ ਰਮਾਈਆ । ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹਾ, ਹੰਸ ਕਾਗ ਰੂਪ ਜਣਾਈਆ । ਪੰਧ ਮੁਕਾ ਕੇ ਨੇੜਾ ਦੂਰਾ, ਘਰ ਘਰ ਵਿਚ ਰਿਹਾ ਜਣਾਈਆ । ਤੇਰਾ ਨਾਮ ਕਰ ਮਸ਼ਹੂਰਾ, ਮਸ਼ਵਰਾ ਤੇਰੇ ਨਾਲ ਰਖਾਈਆ । ਜਿਸ ਦਾ ਬਚਨ ਨਾ ਹੋਵੇ ਅਧੂਰਾ, ਧੁਰ ਦੇ ਹੁਕਮ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਗੋਬਿੰਦ ਕਹੇ ਕਲਜੁਗ ਆਹ ਵੇਖ ਮੇਰੀ ਖੜਗ, ਖੰਡਾ ਨਾਮ ਚਮਕਾਈਆ । ਵੇਖ ਖੇਲ ਨਧੜਕ, ਹੌਸਲਾ ਨਾਲ ਵਧਾਈਆ । ਸਦੀ ਚੌਧਵੀਂ ਰਹਿਣ ਨਹੀਂ ਦੇਣੀ ਰੜਕ, ਚੌਦਾਂ ਤਬਕਾਂ ਵੇਖਾਂ ਚਾਈਂ ਚਾਈਂਆ । ਦੀਨ ਦੁਨੀ ਦੀ ਮੇਟਣੀ ਭੜਕ, ਮਾਇਆ ਮਮਤਾ ਮੋਹ ਮਿਟਾਈਆ । ਪੁਰਖ ਅਕਾਲ ਦੀਨ ਦਿਆਲ ਮੇਰੀ ਪੂਰੀ ਕਰਨੀ ਸ਼ਰਤ, ਸ਼ਰਅ ਕੂੜ ਦੇਣੀ ਬਦਲਾਈਆ । ਜੋ ਵਾਇਦਾ ਕੀਤਾ ਉਤੇ ਅਰਸ਼, ਫ਼ਰਸ਼ ਵੇਖੇ ਚਾਈਂ ਚਾਈਂਆ । ਦੋਹਾਂ ਦੀ ਇਕੋ ਜੇਹੀ ਗ਼ਰਜ਼, ਦੂਜੀ ਵੰਡ ਨਾ ਕੋਇ ਵੰਡਾਈਆ । ਜੋਧਾ ਸੂਰਬੀਰ ਬਣਾ ਕੇ ਮਰਦਾਨਾ ਮਰਦ, ਨਿਰਗੁਣ ਨੂਰ ਲਏ ਚਮਕਾਈਆ । ਸਭ ਦੀ ਪੂਰੀ ਕਰੇ ਕੀਤੀ ਅਰਜ਼, ਆਰਜ਼ੂ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕਲਜੁਗ ਕਹੇ ਗੋਬਿੰਦ ਮੈਂ ਵੇਖਿਆ ਤੇਰਾ ਖੰਡਾ, ਦੋ ਧਾਰਾ ਨਜ਼ਰੀ ਆਈਆ । ਭੈ ਦੇਵੇ ਬ੍ਰਹਿਮੰਡਾ, ਬ੍ਰਹਿਮੰਡ ਰਿਹਾ ਕੁਰਲਾਈਆ । ਝਗੜਾ ਮੁਕਾਵੇ ਜੇਰਜ ਅੰਡਾ, ਉਤਭੁਜ ਸੇਤਜ ਡੇਰਾ ਲਾਈਆ । ਕੂੜੀ ਕਿਰਿਆ ਮੇਟੇ ਹੱਦਾ, ਹਦੂਦ ਇਕੋ ਇਕ ਵਖਾਈਆ । ਨਵ ਸੱਤ ਦੇਵੇ ਸੱਦਾ, ਹੁਕਮ ਸੰਦੇਸ਼ਾ ਅਗੰਮ ਅਥਾਹੀਆ । ਜਿਸ ਦੇ ਨਾਲ ਵਿਸ਼ਨ ਬ੍ਰਹਮਾ ਸ਼ਿਵ ਆਵੇ ਭੱਜਾ, ਨਿਰਗੁਣ ਬਣ ਕੇ ਪਾਂਧੀ ਰਾਹੀਆ । ਤੇਈ ਅਵਤਾਰ ਹੋਵੇ ਖੱਬਾ ਸੱਜਾ, ਰਾਮ ਕ੍ਰਿਸ਼ਨ ਰੰਗ ਰੰਗਾਈਆ । ਈਸਾ ਮੂਸਾ ਮੁਹੰਮਦ ਹੋਵੇ ਬੱਝਾ, ਨਾਤਾ ਸਕੇ ਨਾ ਕੋਇ ਤੁੜਾਈਆ । ਤੇਰਾ ਖੇਲ ਸੂਰੇ ਸਰਬੰਗਾ, ਦੋ ਜਹਾਨ ਵੇਖਣ ਚਾਈਂ ਚਾਈਂਆ । ਕਲਜੁਗ ਸਿਰੋਂ ਆਵੇ ਨੰਗਾ, ਓਢਣ ਸੀਸ ਨਾ ਕੋਇ ਰਖਾਈਆ । ਧਰਮ ਤੇਰੇ ਦਵਾਰੇ ਮੰਗਾ, ਦਰ ਤੇਰੇ ਵਾਸਤਾ ਪਾਈਆ । ਤੇਰਾ ਇਕੋ ਸੁਤ ਦੁਲਾਰਾ ਚੰਗਾ, ਚਾਰ ਵਰਨ ਜਿਸ ਦੀ ਸਰਨਾਈਆ । ਲੇਖਾ ਰਹੇ ਨਾ ਕਿਸੇ ਪੰਡਾ, ਮੁੱਲਾ ਸ਼ੇਖ਼ ਨਾ ਵੰਡ ਵੰਡਾਈਆ । ਸਤਿ ਧਰਮ ਦਾ ਸਤਿ ਦੇਣਾ ਅਨੰਦਾ, ਅਨੰਦ ਪੁਰ ਵਾਲੇ ਅਨੰਦ ਅਨੰਦ ਵਿਚੋਂ ਪਰਗਟਾਈਆ । ਸਭ ਦੀ ਟੁੱਟੀ ਪਾਉਣੀ ਗੰਢਾ, ਗੰਢਣਹਾਰ ਜੋੜ ਜੁੜਾਈਆ । ਕਲਜੁਗ ਕੂੜਾ ਮੇਟਣਾ ਗੰਦਾ, ਸਤਿਜੁਗ ਸਚ ਧਰਮ ਵਰਤਾਈਆ । ਗੁਰਮੁਖ ਨੇਤਰਹੀਣ ਰਹੇ ਕੋਇ ਨਾ ਅੰਧਾ, ਨਿਜ ਨੇਤਰ ਲੋਚਣ ਨੈਣ ਨਾ ਕੋਇ ਖੁਲ੍ਹਾਈਆ । ਅੰਮ੍ਰਿਤ ਰਸ ਦੇਣਾ ਠੰਡਾ, ਨਿਝਰ ਝਿਰਨਾ ਬੂੰਦ ਸਵਾਂਤੀ ਕਵਲ ਨਾਭ ਟਪਕਾਈਆ । ਜੋ ਲੇਖਾ ਦੱਸਿਆ ਗੋਬਿੰਦ ਵੈਰਾਗੀ ਬੰਦਾ, ਬਿਨ ਭਜਨ ਬੰਦਗੀ



੨੨੭ ੨੨

ਆਪ ਦ੍ਰਿੜਾਈਆ । ਪੁਰਖ ਅਕਾਲ ਚਾੜ੍ਹਨਾ ਨੂਰੀ ਚੰਦਾ, ਚੰਦ ਚਾਂਦਨਾ ਕਰ ਰੁਸ਼ਨਾਈਆ । ਜਿਸ ਵੇਲੇ ਮੁਹੰਮਦ ਵੇਲਾ ਲੰਘਾ, ਸਦੀ ਚੌਧਵੀਂ ਰੋਵੇ ਮਾਰੇ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕਲਜੁਗ ਕਹੇ ਮੈਂ ਵੇਖੀ ਅਗੰਮ ਕਿਤਾਬ, ਬਿਨ ਹਰਫ਼ ਹਰੂਫ਼ ਪੜ੍ਹਾਈਆ । ਜਿਸ ਦੇ ਵਿਚ ਜੁਗ ਚੌਕੜੀ ਹਿਸਾਬ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹਿੱਸੇ ਵੰਡ ਵੰਡਾਈਆ । ਉਸ ਦਾ ਲੇਖਾ ਨਹੀਂ ਕੋਈ ਅੱਖਰਾਂ ਵਿਚ ਕਾਵਿ, ਕਵਿਤਾ ਰੂਪ ਨਾ ਕੋਇ ਜਣਾਈਆ । ਸਿਫ਼ਤਾਂ ਵਾਲਾ ਨਹੀਂ ਕੋਈ ਨਾਮ, ਮਹਿੰਮਾ ਵਾਲੀ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਦਾਤਾ ਬੇਪਰਵਾਹੀਆ । ਕਲਜੁਗ ਕਹੇ ਉਸ ਦਾ ਲੇਖਾ ਅਗੰਮ ਅਥਾਹ, ਹਰਿ ਕਰਤਾ ਆਪ ਦ੍ਰਿੜਾਈਆ । ਸਦੀ ਚੌਧਵੀਂ ਅੰਤਮ ਖੇਲ ਬੇਪਰਵਾਹ, ਪਾਰਬ੍ਰਹਮ ਪਰਵਰਦਿਗਾਰ ਆਪ ਕਰਾਈਆ । ਜਿਸ ਨੂੰ ਕਹਿੰਦੇ ਜਲਵਾਗਰ ਖ਼ੁਦਾ, ਨੂਰ ਨੁਰਾਨਾ ਡਗਮਗਾਈਆ । ਅਮਾਮ ਅਮਾਮਾ ਆਵੇ ਵੇਸ ਵਟਾ, ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਖੇਲ ਖਿਲਾਈਆ । ਜਿਸ ਦੀ ਸਮਝੇ ਸਮਝ ਕੋਇ ਨਾ ਰਾ, ਰਹਿਮਤ ਵਿਚ ਆਪਣੀ ਕਾਰ ਕਮਾਈਆ । ਉਹ ਲਹਿਣਾ ਦੇਣਾ ਲੇਖਾ ਜਾਣੇ ਥਾਉਂ ਥਾਂ, ਥਾਨ ਥਨੰਤਰ ਖੋਜ ਖੁਜਾਈਆ । ਜਿਸ ਝਗੜਾ ਮਿਟਾਉਣਾ ਸੂਰ ਗਾਂ, ਸਤਿ ਦਾ ਧਰਮ ਧਰਮ ਇਕ ਵਖਾਈਆ । ਇਕ ਜਪਾਉਣਾ ਨਾਂ, ਨਾਉਂ ਨਿਰੰਕਾਰਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕਲਜੁਗ ਕਹੇ ਮੈਂ ਵੇਖਿਆ ਖੇਲ ਅਪਾਰਾ, ਅਪਰੰਪਰ ਦਿਤਾ ਵਖਾਈਆ । ਜਿਸ ਵੇਲੇ ਤੇਰੇ ਵਿਚ ਹੋਇਆ ਧੂੰਆਂਧਾਰਾ, ਸਚ ਚੰਦ ਨਾ ਕੋਇ ਚਮਕਾਈਆ । ਮਾਣ ਰਿਹਾ ਨਾ ਪੈਗ਼ੰਬਰ ਗੁਰ ਅਵਤਾਰਾ, ਤਰਾ ਤਰਾ ਨਾਲ ਲੜਾਈਆ । ਪਿਤਾ ਪੂਤ ਨਾ ਕਰੇ ਪਿਆਰਾ, ਮਾਤ ਗੋਦ ਨਾ ਕੋਇ ਸੁਹਾਈਆ । ਸਤਿ ਧਰਮ ਦਾ ਕਾਇਮ ਰਿਹਾ ਨਾ ਕੋਇ ਦਵਾਰਾ, ਦੁਰਗਾ ਇਸ਼ਟ ਇਸ਼ਟ ਕੁਰਲਾਈਆ । ਅਠ ਸਠ ਤੀਰਥ ਰੋਵੇ ਵਹਿਣ ਵਹਾਵੇ ਧਾਰਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਮੀਢੀ ਸੀਸ ਨਾ ਕੋਇ ਗੁੰਦਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹ ਪੜ੍ਹ ਥੱਕੇ ਸੰਸਾਰਾ, ਸੁਰਤੀ ਸ਼ਬਦ ਨਾ ਕੋਇ ਜੁੜਾਈਆ । ਨੂਰੀ ਚੰਦ ਨਿਰਗੁਣ ਜੋਤ ਨਾ ਕੋਇ ਚਮਤਕਾਰਾ, ਅੰਧ ਅੰਧੇਰ ਨਾ ਕੋਇ ਮਿਟਾਈਆ । ਸ਼ਬਦ ਨਾਦ ਧੁਨ ਸੁਣੇ ਨਾ ਕੋਇ ਧੁਨਕਾਰਾ, ਅਨਹਦ ਨਾਦੀ ਨਾਦ ਨਾ ਕੋਇ ਸ਼ਨਵਾਈਆ । ਉਸ ਵੇਲੇ ਪੁਰਖ ਅਕਾਲ ਆਉਣਾ ਚੌਵੀਆਂ ਅਵਤਾਰਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਨਾਦ ਸ਼ਬਦ ਸਤਿਗੁਰੂ ਗੋਬਿੰਦ ਹੋਣਾ ਦੁਲਾਰਾ, ਦੂਲ੍ਹਾ ਧੁਰ ਦਾ ਸੋਭਾ ਪਾਈਆ । ਨਾਮ ਖੰਡਾ ਲੈ ਦੋ ਧਾਰਾ, ਦੂਹਰੀ ਕਾਰ ਕਮਾਈਆ । ਗੁਰਮੁਖਾਂ ਕਰੇ ਪਿਆਰਾ, ਮਨਮੁਖਾਂ ਦਏ ਸਜ਼ਾਈਆ । ਜ਼ਾਹਰਾ ਜ਼ਹੂਰ ਹੋਵੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਵੇਖਣ ਚਾਈਂ ਚਾਈਂਆ । ਜਿਸ ਨੇ ਦੀਨ ਦੁਨੀ ਦੀ ਬਦਲ ਦੇਣੀ ਧਾਰਾ, ਧਰਨੀ ਧਰਤ ਧਵਲ ਧੌਲ ਇਕੋ ਡੰਕ ਵਜਾਈਆ । ਕਲਜੁਗ ਕਹੇ ਮੈਂ ਕਰਾਂ ਨਿਮਸਕਾਰਾ, ਨਿਉਂ ਨਿਉਂ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਸੁਣਾਈਆ । ਕਲਜੁਗ ਕਹੇ ਕਿਤਾਬਾਂ ਵਿਚ ਲੇਖਾ ਲਿਖਿਆ ਉਹ, ਜੋ ਭਵਿਖਤਾਂ ਵਿਚ ਜਣਾਈਆ । ਜਿਸ ਦਾ ਭੇਵ ਖੁਲ੍ਹਣਾ ਛੱਬੀ ਪੋਹ, ਸੰਮਤ ਸ਼ਹਿਨਸ਼ਾਹੀ ਪੰਜ ਨਾਲ ਵਡਿਆਈਆ । ਜੋਤ ਸ਼ਬਦ ਧਾਰ ਨਿਰਗੁਣ

ਨਿਰਗੁਣ ਖੇਲ ਦੋ, ਦੂਆ ਏਕੇ ਵਿਚ ਸਮਾਈਆ । ਜਿਸ ਨੇ ਅਵਤਾਰ ਪੈਗ਼ੰਬਰਾਂ ਕੋਲੋਂ ਸਭ ਕੁਛ ਲੈਣਾ ਖੋਹ, ਖ਼ਾਲੀ ਹੱਥ ਦਏ ਵਖਾਈਆ । ਦੀਨ ਦੁਨੀ ਨਾਲੋਂ ਕਰ ਨਿਰਮੋਹ, ਵਾਸਤਾ ਜਗਤ ਨਾਤਾ ਤੁੜਾਈਆ । ਸਚਖੰਡ ਦਵਾਰੇ ਮੇਰੇ ਵਿਚ ਮਿਲ ਕੇ ਜਾਓ ਸੌਂ, ਸੁੱਤਿਆਂ ਫੇਰ ਨਾ ਕੋਇ ਉਠਾਈਆ । ਸਤਿਜੁਗ ਸਤਿ ਧਰਮ ਦੀ ਸਤਿ ਸਤਿਵਾਦੀ ਕਰੇ ਲੋ, ਲੋਇਣ ਭਗਤਾਂ ਆਪ ਖੁਲ੍ਹਾਈਆ । ਮਨ ਕਲਪਣਾ ਕੂੜੀ ਕਿਰਿਆ ਹਉਮੇਂ ਅੰਦਰ ਰਹੇ ਨਾ ਬੋ, ਬਦੀ ਦਾ ਡੇਰਾ ਦੇਣਾ ਢਾਹੀਆ । ਈਸਾ ਮੂਸਾ ਮੁਹੰਮਦ ਹੁਕਮ ਦੇਵੇ ਨਾ ਕੋ, ਉਮਤ ਉਮਤ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਦ ਆਪਣਾ ਹੁਕਮ ਵਰਤਾਈਆ । ਕਲਜੁਗ ਕਹੇ ਮੈਂ ਕਿਤਾਬ ਵਿਚ ਵੇਖਿਆ ਹੋ ਮੁਖਾਤਬ, ਲਿਖਿਆ ਲੇਖ ਇਲਾਹੀਆ । ਪਰਵਰਦਿਗਾਰ ਸਭ ਦਾ ਕਰਨਾ ਤੁਆਕਬ, ਪਿਛਲਾ ਪਿਛਾ ਵੇਖ ਵਖਾਈਆ । ਲਹਿਣਾ ਦੇਣਾ ਵੇਖਣਾ ਸਰਬ ਮੁਨਾਸਬ, ਬਚਿਆ ਰਹਿਣ ਕੋਇ ਨਾ ਪਾਈਆ । ਹੁਕਮ ਵਰਤਾਉਣਾ ਹੁਕਮ ਮੁਤਾਬਕ, ਨਾ ਕੋਇ ਮੇਟੇ ਮੇਟ ਮਿਟਾਈਆ । ਸਦੀ ਚੌਧਵੀਂ ਅੰਤ ਅਖ਼ੀਰ ਦੀਨ ਦੁਨੀ ਰਹਿਣਾ ਮੂਲ ਨਹੀਂ ਸਾਬਤ, ਸਿਦਕ ਸਬੂਰੀ ਨਾ ਕੋਇ ਹੰਢਾਈਆ । ਲੇਖਾ ਮੁਕਣਾ ਜਗਤ ਸੁੰਨਤ ਹਜਾਮਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਦੀ ਧਾਰ ਇਕ ਪਰਗਟਾਈਆ । ਕਲਜੁਗ ਕਹੇ ਮੈਂ ਵੇਖੀ ਅਗੰਮ ਕਲਾਮ, ਬਿਨ ਅੱਖਰਾਂ ਲੇਖ ਲਿਖਾਈਆ । ਜਿਸ ਦੇ ਉਪਰ ਨੂਰੀ ਅਮਾਮ, ਅਮਲਾਂ ਤੋਂ ਬਾਹਰ ਸੋਭਾ ਪਾਈਆ । ਜਿਸ ਦੇ ਪੈਗ਼ੰਬਰ ਹੋਏ ਗ਼ੁਲਾਮ, ਚਾਕਰ ਹੋ ਕੇ ਸੇਵ ਕਮਾਈਆ । ਓਹ ਖੇਲ ਕਰੇ ਤਮਾਮ, ਤਮੰਨਾ ਕੂੜੀ ਦਏ ਮਿਟਾਈਆ । ਹੁਕਮ ਸੰਦੇਸ਼ਾ ਦਏ ਪੈਗ਼ਾਮ, ਪੈਗ਼ੰਬਰਾਂ ਤੋਂ ਪਰੇ ਕਰੇ ਪੜ੍ਹਾਈਆ । ਮੁਹੱਬਤ ਵਿਚ ਮਹਿਬੂਬ ਹੋਏ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਸਤਿ ਧਰਮ ਦਾ ਸਾਂਝਾ ਹੋਏ ਵਿਧਾਨ, ਹੁਕਮ ਸੰਦੇਸ਼ਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਕਿਤਾਬ ਕਹੇ ਮੈਂ ਆਈ ਕਦੀ ਨਾ ਵਿਚ ਕੁਤਬਖ਼ਾਨਾ, ਕੁਤਬ ਪੜ੍ਹਨ ਕੋਇ ਨਾ ਪਾਈਆ । ਵੇਖਿਆ ਨਹੀਂ ਕੋਇ ਮਹਵਖ਼ਾਨਾ, ਜਾਮ ਮੁਖ ਨਾ ਕੋਇ ਲਗਾਈਆ । ਮੈਂ ਖੇਲ ਦੱਸਣਾ ਸ੍ਰੀ ਭਗਵਾਨਾ, ਜੋ ਭਗਵਨ ਆਪਣੀ ਕਾਰ ਕਮਾਈਆ । ਜਨ ਭਗਤੋ ਸੁਣਿਓ ਨਾਲ ਧਿਆਨਾ, ਸੋਈ ਸੁਰਤ ਉਠਾਈਆ । ਜਿਸ ਨੂੰ ਮੰਨਦੇ ਸੀਤਾ ਰਾਮਾ, ਕ੍ਰਿਸ਼ਨ ਕਾਹਨਾ ਨਿਉਂ ਨਿਉਂ ਲਾਗਣ ਪਾਈਆ । ਉਹ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਨੌਜਵਾਨਾ, ਸੂਰਬੀਰ ਧੁਰਦਰਗਾਹੀਆ । ਉਸ ਲਹਿਣਾ ਦੇਣਾ ਲੇਖਾ ਵੇਖਣਾ ਦੋ ਜਹਾਨਾਂ, ਗੁਰ ਅਵਤਾਰ ਪੈਗ਼ੰਬਰਾਂ ਕੋਲੋਂ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕਲਜੁਗ ਕਹੇ ਮੈਂ ਆਖਾਂ ਆਖ਼ਰ ਇਕ ਬਾਤ, ਬਾਤਨ ਦਿਆਂ ਜਣਾਈਆ । ਜਨ ਭਗਤੋ ਇੱਕੀ ਮੁੱਲਾਂ ਦੀ ਬਣ ਕੇ ਆਉਣਾ ਜਮਾਤ, ਅੱਖਰ ਅਲਿਫ਼ ਯੇ ਹੱਥ ਉਠਾਈਆ । ਫਿਰਨਾ ਆਕੜ ਨਾਲ ਮਜ਼ਾਜ, ਤਮੰਨਾ ਜਗਤ ਵੱਲੋਂ ਬਦਲਾਈਆ । ਪੁੱਠੇ ਹੱਥ ਦਾ ਕਰਨਾ ਅਦਾਬ, ਸਿੱਧਾ ਸੀਸ ਨਾ ਕੋਇ ਝੁਕਾਈਆ । ਬਦੀ ਵਿਚ ਦੇਣਾ ਜੁਆਬ, ਇਹ ਖੇਲ ਰੱਬੀ ਬੇਪਰਵਾਹੀਆ । ਛੱਬੀ ਪੋਹ ਦੀ ਹੋਵੇ ਰਾਤ, ਭਿੰਨੜੀ ਨਾਲ ਮਿਲਾਈਆ । ਫੇਰ ਲੇਖਾ ਦੱਸਣਾ ਕੀ ਨਾਨਕ ਸੰਦੇਸ਼ਾ ਦਿਤਾ ਵਿਚ ਬਗ਼ਦਾਦ, ਬਗ਼ਲੀ ਗਲ ਵਿਚ ਲਟਕਾਈਆ । ਜੇਹੜਾ ਹੁਜਰਾ ਹੋਵੇ ਮਹਿਰਾਬ, ਮਹਿਬੂਬ ਕਵਣ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕਲਜੁਗ ਕਹੇ ਮੈਂ ਛੱਬੀ ਪੋਹ ਨੂੰ ਆਵਾਂਗਾ । ਆਪਣਾ ਪਿਛਲਾ ਹਾਲ ਸੁਣਾਵਾਂਗਾ । ਭੇਵ ਅਭੇਦਾ ਅਗੰਮ ਖੁਲ੍ਹਾਵਾਂਗਾ । ਚਾਰੇ ਵੇਦ ਖੋਜ ਖੁਜਾਵਾਂਗਾ । ਪੁਰਾਨ ਅਠਾਰਾਂ ਰੰਗ ਰੰਗਾਵਾਂਗਾ । ਛੇ ਸ਼ਾਸਤਰ ਵੰਡ ਵੰਡਾਵਾਂਗਾ । ਗੀਤਾ ਗਿਆਨ ਖੋਜ ਖੁਜਾਵਾਂਗਾ । ਬਾਲਮੀਕ ਸਚ ਪ੍ਰੀਤ ਪੜਦਾ ਲਾਹਵਾਂਗਾ । ਅੰਜੀਲ ਕੁਰਾਨ ਵੇਖ ਤੌਫ਼ੀਕ, ਤੁਰੈਤ ਤੁਰਤ ਆਪ ਸਮਝਾਵਾਂਗਾ । ਖਾਣੀ ਬਾਣੀ ਭੇਵ ਦੱਸ ਕੇ ਠੀਕ, ਠਾਕਰ ਇਕੋ ਇਕ ਮਨਾਵਾਂਗਾ । ਗੁਰ ਅਵਤਾਰ ਪੈਗ਼ੰਬਰ ਦੱਸ ਤਾਰੀਖ, ਤਵਾਰੀਖ ਆਪ ਜਣਾਵਾਂਗਾ । ਕਿਉਂ ਦੀਨ ਮਜ਼੍ਹਬਾਂ ਵਿਚ ਬਣੇ ਸ਼ਰੀਕ, ਸ਼ਿਰਕਤ ਸਭ ਦੀ ਆਖ ਸਮਝਾਵਾਂਗਾ । ਮੈਂ ਆਪਣੀ ਦੱਸਣੀ ਹੱਕ ਤੌਫ਼ੀਕ, ਹੁਕਮ ਧੁਰ ਦਾ ਇਕ ਅਲਾਵਾਂਗਾ । ਸਦੀ ਚੌਧਵੀਂ ਕੋਈ ਰਹਿਣ ਨਹੀਂ ਦੇਣਾ ਕਿਸੇ ਦਾ ਮੀਤ, ਪਿਤਾ ਪੂਤ ਨਾਲ ਲੜਾਵਾਂਗਾ । ਅੱਲਾ ਵਾਹਿਗੁਰੂ ਨਾਮ ਸਤਿ ਰਾਮ ਕ੍ਰਿਸ਼ਨ ਮੁਹੱਬਤ ਵਿਚ ਗਾਏ ਕੋਈ ਨਾ ਗੀਤ, ਅੰਦਰ ਵੜ ਕੇ ਸਰਬ ਭੁਲਾਵਾਂਗਾ । ਝਗੜਾ ਪਵਾ ਕੇ ਮੰਦਰ ਮਸੀਤ, ਸ਼ਿਵਦਵਾਲੇ ਮੱਠ ਗੁਰੂਦਵਾਰ ਡੰਕ ਵਜਾਵਾਂਗਾ । ਸਾਧਾਂ ਸੰਤਾਂ ਬਦਲ ਕੇ ਨੀਤ, ਸੂਫ਼ੀਆਂ ਮਾਇਆ ਮੋਹ ਵਿਚ ਫਸਾਵਾਂਗਾ । ਝਗੜਾ ਪਾ ਕੇ ਹਸਤ ਕੀਟ, ਸ਼ਾਹ ਸੁਲਤਾਨਾਂ ਨਾਲ ਲੜਾਵਾਂਗਾ । ਕਰਾਂ ਖੇਲ ਇਕ ਅਨਡੀਠ, ਅਨਡਿਠੜੀ ਕਾਰ ਕਮਾਵਾਂਗਾ । ਹੰਕਾਰੀਆਂ ਵੱਢਾਂ ਪੀਠ, ਦੁਸ਼ਟਾਂ ਆਪ ਡਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਸਾਚੀ ਕਾਰ ਵਖਾਵਾਂਗਾ । ਕਲਜੁਗ ਕਹੇ ਮੈਂ ਛੱਬੀ ਪੋਹ ਆਉਣਾ ਜ਼ਰੂਰ, ਜ਼ਰੂਰੀ ਦਿਆਂ ਜਣਾਈਆ । ਭਰਿਆ ਹੋਵਾਂ ਨਾਲ ਗ਼ਰੂਰ, ਗ਼ੁਰਬਤ ਵਿਚ ਅੰਗੜਾਈਆ । ਕਿਉਂ ਮੈਂ ਲਹਿੰਦੀ ਦਿਸ਼ਾ ਪਾਉਣਾ ਫ਼ਤੂਰ, ਫ਼ਤਵਾ ਸਭ ਦੇ ਉਤੇ ਲਾਈਆ । ਪੈਗ਼ੰਬਰਾਂ ਕਰ ਦੇਵਾਂ ਮਜਬੂਰ, ਮਜਬੂਰੀ ਵਿਚ ਦੁਹਾਈਆ । ਸ਼ਰਅ ਦਾ ਸ਼ਰੀਅਤ ਵਿਚ ਲਾ ਕਸੂਰ, ਸਾਬਤ ਰਹਿਣ ਕੋਇ ਨਾ ਪਾਈਆ । ਅਕਲ ਬੁੱਧੀ ਕਰੇ ਮੂਰਖ ਮੂੜ੍ਹ, ਚਤੁਰ ਸੁਘੜ ਦੇਣੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਇਕ ਸੁਣਾਈਆ । ਕਲਜੁਗ ਕਹੇ ਮੈਂ ਛੱਬੀ ਪੋਹ ਨੂੰ ਬਣਨਾ ਨਹੀਂ ਕਿਸੇ ਦਾ ਸਕਾ, ਮਿੱਤਰ ਮਿੱਤਰਾਂ ਦੇਣਾ ਜਣਾਈਆ । ਮੱਕਾ ਮਦੀਨਾ ਲਾਉਣਾ ਧੱਕਾ, ਪੈਗ਼ਾਮ ਅਗੰਮ ਇਲਾਹੀਆ । ਝਗੜਾ ਪਾਉਣਾ ਬੂਰਾ ਕੱਕਾ, ਕਲਾਮ ਪਿਛਲੀ ਵੇਖ ਵਖਾਈਆ । ਭਾਰਤ ਖੇਲ ਵੇਖਣਾ ਅੱਖਾਂ, ਅੱਖਾਂ ਵਾਲਿਓ ਦਿਆਂ ਦ੍ਰਿੜਾਈਆ । ਦੁਨੀਆ ਸੜਨੀ ਬਿਨ ਕੱਖਾਂ, ਅਗਨੀ ਅੱਗ ਨਾ ਕੋਇ ਬੁਝਾਈਆ । ਕਿਉਂਕਿ ਮੇਰਾ ਪ੍ਰਭ ਦੇ ਨਾਲ ਕੌਲ ਇਕਰਾਰ ਪੱਕਾ, ਨਾ ਕੋਇ ਤੋੜੇ ਤੋੜ ਤੁੜਾਈਆ । ਮੈਂ ਸਭ ਦੀ ਅੱਖੀਂ ਪਾਉਣਾ ਘੱਟਾ, ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਗੁਰਮੁਖੋ ਪੰਜਾਂ ਨੇ ਸੀਸ ਤੇ ਦਸਤਾਰਾ ਬੰਨ੍ਹ ਕੇ ਆਉਣਾ ਖੱਟਾ, ਖਟਕਾ ਅੱਗੇ ਰਹੇ ਨਾ ਰਾਈਆ । ਚਾਰੋਂ ਕੁੰਟ ਪੈਣਾ ਰੱਟਾ, ਰਿਟਨ ਰੁਟੀਨ ਵਿਚ ਸਕੇ ਨਾ ਕੋਇ ਸਮਝਾਈਆ । ਪੰਜਾਂ ਗੁਰਮੁਖਾਂ ਨੇ ਕੰਨੀ ਬੰਨ੍ਹ ਕੇ ਲਿਆਉਣਾ ਇਕ ਇਕ ਟਕਾ, ਟਕਾ ਕੀਮਤ ਪ੍ਰਭ ਤੋਂ ਭੁਲਿਆਂ ਕੋਈ ਨਾ ਪਾਈਆ । ਪੰਜਾਂ ਗੁਰਮੁਖਾਂ ਨੇ ਮਸਤਕ ਲਾ ਕੇ ਆਉਣਾ ਘੱਟਾ, ਮਿੱਟੀ ਖ਼ਾਕ ਨਾਲ ਰਮਾਈਆ । ਪੰਜਾਂ ਨੇ ਹੱਥ ਵਿਚ ਫੜ ਕੇ ਲਿਆਉਣਾ ਪਟਨੇ ਵਾਲੇ ਦਾ ਪਟਾ, ਗੋਬਿੰਦ ਨਾਲ ਵਡਿਆਈਆ । ਪੰਜਾਂ ਨੇ ਛਾਤੀ ਉਤੇ ਲਾ ਕੇ ਆਉਣਾ ਠੱਪਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਪੰਜਾਂ ਨੇ ਮੱਥੇ ਉਤੇ ਲਿਖਿਆ ਹੋਵੇ ਪੱਪਾ, ਪੂਰਨ ਪਾਰਬ੍ਰਹਮ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ,

ਸਚ ਦਾ ਮਾਲਕ ਇਕ ਅਖਵਾਈਆ । ਪੁਰਖ ਅਕਾਲ ਕਹੇ ਕਲਜੁਗ ਹੁਣ ਕਰ ਬੱਸ, ਬਸਤਾ ਲੈ ਬੰਧਾਈਆ । ਕਲਜੁਗ ਪਿਆ ਹੱਸ, ਤਾਲੀ ਬਿਨ ਹੱਥਾਂ ਦਿਤੀ ਵਜਾਈਆ । ਪ੍ਰਭੂ ਨੇ ਪਹਿਲੋਂ ਗੋਬਿੰਦ ਨੂੰ ਕਹਿਣਾ ਆਪਣੇ ਸ਼ਬਦੀ ਘੋੜੇ ਤੰਗ ਕਸ, ਕਸਮ ਨਾਲ ਲੈ ਅੰਗੜਾਈਆ । ਫੇਰ ਮੈਨੂੰ ਬਾਂਕਾ ਰੂਪ ਦੱਸ, ਨੌਜਵਾਨਾ ਸੋਭਾ ਪਾਈਆ । ਫੇਰ ਮੇਰੇ ਵੱਲ ਵੇਖੇ ਖੋਲ੍ਹ ਕੇ ਅੱਖ, ਨੈਣ ਨੈਣ ਉਠਾਈਆ । ਫੇਰ ਪ੍ਰੇਮ ਪਿਆਰ ਦੀ ਤਕਣੀ ਲੈ ਤਕ, ਨਿਗਾਹ ਨਿਗਾਹ ਵਿਚੋਂ ਬਦਲਾਈਆ । ਫੇਰ ਮੈਂ ਕਹਾਂ ਗੋਬਿੰਦ ਮੇਰਾ ਤੇਰਾ ਪੂਰਾ ਹੋਇਆ ਹੱਕ, ਬਾਕੀ ਬਾਕਾਇਦਾ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਝਟ ਕਲਜੁਗ ਦੇ ਨੇਤਰ ਆ ਗਿਆ ਅੱਥਰ, ਬਿਨ ਨੈਣਾਂ ਨੀਰ ਵਹਾਈਆ । ਮੈਨੂੰ ਦਿਸਦਾ ਛੱਬੀ ਪੋਹ ਨੂੰ ਗੋਬਿੰਦ ਦਾ ਉਹ ਸੱਥਰ, ਜਿਹੜਾ ਯਾਰੜੇ ਗਿਆ ਹੰਢਾਈਆ । ਜਿਸ ਨੂੰ ਗੁਰਮੁਖ ਚਾਰ ਚੁੱਕਣ ਹੱਥਣ, ਸੂਰਬੀਰ ਸੋਹਣੇ ਸੋਭਾ ਪਾਈਆ । ਓਨ੍ਹਾਂ ਨੇ ਮੁਖ ਨਾਲ ਖਾਧਾ ਹੋਵੇ ਮੱਖਣ, ਬੁੱਲਾਂ ਨਾਲ ਛੁਹਾਈਆ । ਹਿਰਦੇ ਵਿਚ ਹਰਿ ਦਾ ਰੂਪ ਹੋ ਕੇ ਵਸਣ, ਵਿਸ਼ਾ ਵਿਕਾਰ ਬਾਹਰ ਕਢਾਈਆ । ਆਪਣਾ ਆਪਣੇ ਵਿਚ ਰਚਣ, ਲੂੰ ਲੂੰ ਵਿਚ ਸਮਾਈਆ । ਭਾਗ ਲਗਾ ਕੇ ਕਾਇਆ ਕੰਚਨ, ਗੜ੍ਹ ਧੁਰ ਦਾ ਲੈਣ ਵਡਿਆਈਆ । ਫੇਰ ਖ਼ੁਸ਼ੀਆਂ ਦੇ ਵਿਚ ਹੱਸਣ, ਮੁਖੋਂ ਕਹਿਣ ਗੋਬਿੰਦ ਤੇਰੀ ਬੇਪਰਵਾਹੀਆ । ਪੁਰਖ ਅਕਾਲ ਨਾਲ ਆਪਣਾ ਪੂਰਾ ਕਰ ਲੈ ਬਚਨ, ਜੋ ਮਾਛੂਵਾੜੇ ਸੇਜ ਸੁਹਾਈਆ । ਤੇਰਾ ਇਕੋ ਦਵਾਰਾ ਤੇ ਇਕੋ ਵਤਨ, ਬੇਵਤਨਾਂ ਲੈ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣੀ ਕਾਰ ਕਮਾਈਆ । ਕਲਜੁਗ ਕਹੇ ਮੈਂ ਦੱਸਣੀ ਹੋਰ ਇਬਾਰਤ, ਪੁੱਠੇ ਅੱਖਰਾਂ ਵਿਚ ਲਿਖਾਈਆ । ਇਕ ਛੇੜਨੀ ਹੋਰ ਸ਼ਰਾਰਤ, ਸ਼ਰਅ ਸ਼ਰਅ ਵਾਲਿਆਂ ਨਾਲ ਟਕਰਾਈਆ । ਇਕ ਬਦਲਣੀ ਹੋਰ ਵਜ਼ਾਰਤ, ਝਗੜਾ ਪਏ ਲੋਕਾਈਆ । ਇਕ ਵੇਖਣੀ ਡੂੰਘੀ ਗ਼ਾਰਤ, ਜਿਥੇ ਲੱਖ ਚੁਰਾਸੀ ਰੋਵੇ ਮਾਰੇ ਧਾਈਆ । ਇਕ ਪੈਗ਼ੰਬਰਾਂ ਵਖਾਉਣੀ ਜ਼ਿਆਰਤ, ਜ਼ਰਾ ਫ਼ਰਕ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦਵਾਰਾ ਇਕ ਖੁਲ੍ਹਾਈਆ । ਕਲਜੁਗ ਕਹੇ ਮੈਂ ਸਭ ਨੂੰ ਲਾਉਣਾ ਧੱਬਾ, ਅੰਤ ਮੇਰੀ ਚਤੁਰਾਈਆ । ਉਮਤੀਆਂ ਭੁਲਾ ਦੇਣਾ ਅੱਬਾ, ਅੰਮੀ ਸਮਝ ਕੋਇ ਨਾ ਆਈਆ । ਅੱਗੇ ਵਧਣ ਨਹੀਂ ਦੇਣਾ ਅੱਗਾ, ਸਦੀ ਚੌਧਵੀਂ ਦਏ ਦੁਹਾਈਆ । ਅਖ਼ੀਰ ਕਰ ਕੇ ਸਭ ਨਾਲ ਦਗ਼ਾ, ਫ਼ਰੇਬ ਵਿਚ ਦੇਣਾ ਫਸਾਈਆ । ਮੈਨੂੰ ਇਸ ਵਿਚ ਆਉਂਦਾ ਬੜਾ ਮਜ਼ਾ, ਜੇ ਮਜ਼੍ਹਬ ਨਾਲ ਮਜ਼੍ਹਬ ਕਰੇ ਲੜਾਈਆ । ਜਿਸ ਦੀ ਸਮਝ ਸਕੇ ਨਾ ਕੋਇ ਵਜਹ, ਪੜਦਾ ਸਕਿਆ ਨਾ ਕੋਇ ਉਠਾਈਆ । ਚਾਰ ਜੁਗ ਸਭ ਨੂੰ ਰੱਖਿਆ ਵਿਚ ਮਧਾ, ਮੁੱਦਾ ਹੱਥ ਨਾ ਕਿਸੇ ਫੜਾਈਆ । ਜਗਤ ਜਹਾਨ ਕੂੜੀ ਕਿਰਿਆ ਵਿਚ ਬੱਧਾ, ਬੰਧਨ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨੂਰ ਜੋਤ ਸਾਹਿਬ ਸਤਿਗੁਰ ਸੂਰਾ ਸਰਬਗਾ, ਸਾਹਿਬ ਸੁਲਤਾਨ ਇਕੋ ਨਜ਼ਰੀ ਆਈਆ ।


੨੩੧ ੨੨

## ੨ ਮੱਘਰ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ

ਮੱਘਰ ਕਹੇ ਪੁਰਖ ਅਕਾਲ ਦਾ ਇਕੋ ਮੁੱਦਾ, ਮੁੱਦਤ ਤੋਂ ਸਕਿਆ ਨਾ ਕੋਇ ਸਮਝਾਈਆ । ਅਵਤਾਰ ਪੈਗ਼ੰਬਰ ਗੁਰੂ ਭੇਜਦਾ ਰਿਹਾ ਉਤੇ ਬਸੁਧਾ, ਧਰਨੀ ਧਰਤ ਧਵਲ ਧੌਲ ਖੇਲ ਖਿਲਾਈਆ । ਨਾਮ ਨਿਧਾਨਾ ਦੇਂਦਾ ਰਿਹਾ ਗੱਫਾ, ਬੋਧ ਅਗਾਧ ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਲੇਖਾ ਬਦਲਦਾ ਰਿਹਾ ਏਕਾ ਦੂਜਾ, ਦੀਨ ਮਜ਼੍ਹਬ ਵੰਡ ਵੰਡਾਈਆ । ਖੇਲ ਖਲਾਉਂਦਾ ਰਿਹਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗਾ, ਕਰਮ ਕਾਂਡ ਦਾ ਸਗਲਾ ਸੰਗ ਬਣਾਈਆ । ਨਿਰਗੁਣ ਸਰਗੁਣ ਕਰਾਉਂਦਾ ਰਿਹਾ ਯੁਧਾ, ਖੰਡਾ ਖੜਗ ਤਰਕਸ਼ ਤੀਰ ਕਮਾਨ ਫੜਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਹੋ ਕੇ ਉਘਾ, ਉਗਣ ਆਥਣ ਕਰੇ ਰੁਸ਼ਨਾਈਆ । ਸਾਚੇ ਨਾਮ ਦਾ ਲੈਣ ਦੇਵੇ ਕੋਇ ਨਾ ਭੁੱਗਾ, ਹਿੱਸਾ ਵੰਡ ਨਾ ਕੋਇ ਵੰਡਾਈਆ । ਨਿਰਗੁਣ ਧਾਰ ਸ਼ਬਦ ਸੰਦੇਸ਼ਾ ਜੋ ਬਿਨ ਅੱਖਰਾਂ ਦਿਤਾ ਰੁੱਕਾ, ਬਿਨ ਸ਼ਾਹੀ ਲੇਖ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਇਕ ਸੁਣਾਈਆ । ਮੱਘਰ ਕਹੇ ਮੇਰਾ ਸਾਹਿਬ ਸਤਿਗੁਰ ਸੁਲਤਾਨਾ, ਪਰਵਰਦਿਗਾਰ ਬੇਪਰਵਾਹੀਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨਾਂ, ਦੋ ਜਹਾਨਾਂ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਮੰਗਦੇ ਦਾਨਾ, ਗੁਰ ਅਵਤਾਰ ਪੈਗ਼ੰਬਰ ਝੋਲੀਆਂ ਡਾਹੀਆ । ਨਾਮ ਸੰਦੇਸ਼ਾ ਸੁਣਦੇ ਬਿਨਾ ਕਾਨਾ, ਅਨਹਦ ਨਾਦੀ ਨਾਦ ਜਣਾਈਆ । ਅੰਮ੍ਰਿਤ ਰਸ ਪੀਂਦੇ ਬਿਨਾ ਪੀਣਾ ਖਾਣਾ, ਝਿਰਨਾ ਅਗੰਮ ਅਥਾਹ ਝਿਰਾਈਆ । ਨਿਰਗੁਣ ਦੀਆ ਬਾਤੀ ਜੋਤ ਜਗਾਏ ਮਹਾਨਾ, ਕਮਲਾਪਾਤੀ ਅਗੰਮ ਅਥਾਹੀਆ । ਅੱਖਰ ਵੱਖਰ ਸਮਝਾ ਕੇ ਆਪਣਾ ਗਾਣਾ, ਗਹਿਰ ਗੰਭੀਰ ਪੜਦਾ ਦਏ ਉਠਾਈਆ । ਜੁਗ ਚੌਕੜੀ ਹੋ ਪਰਧਾਨਾ, ਨਾਮ ਪਰਧਾਨਗੀ ਇਕ ਰਖਾਈਆ । ਦੀਨ ਮਜ਼੍ਹਬ ਬਣਾ ਨਿਸ਼ਾਨਾ, ਨਿਸ਼ਾਨੇ ਜਗਤ ਵਕਤ ਝੁਲਾਈਆ । ਲੇਖਾ ਜਾਣ ਸੀਤਾ ਰਾਮਾ, ਰਾਧਾ ਕ੍ਰਿਸ਼ਨ ਕਾਹਨ ਕੁੜਮਾਈਆ । ਈਸਾ ਮੂਸਾ ਮੁਹੰਮਦ ਦੇ ਪੈਗ਼ਾਮਾ, ਹਜ਼ਰਤ ਹਜ਼ੂਰ ਲਏ ਸਮਝਾਈਆ । ਨਾਨਕ ਗੋਬਿੰਦ ਦੇ ਤਰਾਨਾ, ਭੇਵ ਅਭੇਦਾ ਆਪ ਖੁਲ੍ਹਾਈਆ । ਸ਼ਾਸਤਰ ਸਿਮਰਤ ਜਣਾ ਕੇ ਵੇਦ ਪੁਰਾਨਾ, ਵਿਦਿਆ ਦਾ ਵਿਦਤ ਰੂਪ ਪਰਗਟਾਈਆ । ਕਲਮਾ ਕਾਇਨਾਤ ਪੁਰਾਨਾ, ਅੰਜੀਲ ਅਜ਼ਲ ਦਾ ਲੇਖ ਢਾਹੀਆ । ਗ੍ਰੰਥ ਪੰਥ ਖੇਲ ਮਹਾਨਾ, ਮਹਿੰਮਾ ਮਿਹਰਵਾਨ ਸਮਝਾਈਆ । ਸਦੀ ਚੌਧਵੀਂ ਸਾਰੇ ਹੋਏ ਹੈਰਾਨਾ, ਹੈਰਾਨੀ ਵਿਚ ਦੁਹਾਈਆ । ਸਤਿ ਸਰੂਪ ਕਿਸੇ ਮਿਲੇ ਨਾ ਸ੍ਰੀ ਭਗਵਾਨਾ, ਪਾਰਬ੍ਰਹਮ ਪ੍ਰਭ ਦਰਸ ਕੋਇ ਨਾ ਪਾਈਆ । ਚਾਰੋਂ ਕੁੰਟ ਸ਼ਰਅ ਸ਼ੈਤਾਨਾ, ਕੂੜੀ ਕਿਰਿਆ ਰਹੀ ਕੁਰਲਾਈਆ । ਕਾਇਆ ਮੰਦਰ ਨਾ ਸੋਹੇ ਮਕਾਨਾ, ਗ੍ਰਿਹਿ ਵੱਜੇ ਨਾ ਕੋਇ ਵਧਾਈਆ । ਕਲਜੁਗ ਜੀਵ ਹੋਇਆ ਦੀਵਾਨਾ, ਬੁਧ ਬਿਬੇਕ ਨਾ ਕੋਇ ਬਣਾਈਆ । ਮਾਨਵ ਮਾਨਵ ਵੈਰੀ ਬਨਿਆ ਇਨਸਾਨਾ, ਮੁਹੱਬਤ ਸਚ ਨਾ ਕੋਇ ਰਖਾਈਆ । ਹਉਮੇ ਹੰਗਤਾ ਬੱਧਾ ਗਾਨਾ, ਹੰਕਾਰ ਵਿਕਾਰ ਕਰੇ ਲੜਾਈਆ । ਗੁਰ ਅਵਤਾਰ ਪੈਗ਼ੰਬਰ ਆਤਮ ਅੰਤਰ ਦਿਸੇ ਨਾ ਕੋਇ ਗਿਆਨਾ, ਅੰਧ ਅਗਿਆਨ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੱਘਰ ਕਹੇ ਮੈਂ ਦੱਸਾਂ ਹਾਲ ਅਨੋਖਾ, ਹਰਿ ਕਰਤਾ ਆਪ ਦ੍ਰਿੜਾਈਆ । ਸ੍ਰਿਸ਼ਟ ਸਬਾਈ ਹੋਵੇ ਧੋਖਾ, ਭੇਵ ਸਕੇ ਕੋਇ ਨਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਰਸਨਾ ਜਿਹਵਾ ਜਿਸ ਨੇ ਪੜ੍ਹਿਆ ਪੋਥਾ, ਵਾਚਕ ਹੋ ਕੇ ਝਟ ਲੰਘਾਈਆ । ਅਗਲਾ ਮਾਰਗ ਕਿਸੇ ਨਾ ਸੋਚਾ, ਬੁੱਧੀ ਤੋਂ

ਪਰੇ ਨਾ ਕੋਇ ਪੜ੍ਹਾਈਆ । ਆਦਿ ਅੰਤ ਪੁਰਖ ਅਕਾਲ ਦਾ ਇਕੋ ਨਾਮ ਤੇ ਇਕੋ ਸਲੋਕਾ, ਸੋਹਲਾ ਢੋਲਾ ਇਕ ਵਡਿਆਈਆ । ਇਕ ਸੰਦੇਸ਼ਾ ਚੌਦਾਂ ਲੋਕਾ, ਚੌਦਾਂ ਤਬਕਾਂ ਇਕ ਪੜ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੈਗੰਬਰਾਂ ਦਿਤਾ ਮੌਕਾ, ਹਿੱਸਾ ਦੀਨ ਦੁਨੀ ਵੰਡਾਈਆ । ਮਾਰਗ ਕਿਸੇ ਨਾ ਮਿਲਿਆ ਸੌਖਾ, ਦੀਨਾਂ ਮਜ਼੍ਹਬਾਂ ਕੀਤੀ ਲੜਾਈਆ । ਕਲਜੁਗ ਵਕਤ ਬੀਤਿਆ ਚੋਖਾ, ਚੋਖਰ ਰੂਪ ਹੋਈ ਲੋਕਾਈਆ । ਸਾਫ਼ ਨਾ ਹੋਇਆ ਤਨ ਮਾਟੀ ਕੋਠਾ, ਪੰਜ ਤਤ ਵੱਜੀ ਨਾ ਕੋਇ ਵਧਾਈਆ । ਨਾਮ ਜਪਿਆ ਰਸਨਾ ਜਿਹਵਾ ਬੁੱਲਾਂ ਹੋਂਟਾ, ਰਾਗਾ ਨਾਦਾਂ ਵਿਚ ਗਾਈਆ । ਅੰਤਰ ਨਿਰੰਤਰ ਸ਼ਬਦ ਨਾਦ ਨਾ ਸੁਣਿਆ ਹੋਕਾ, ਹੁਕਮ ਮਿਲਿਆ ਨਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦਵਾਰਾ ਇਕ ਵਖਾਈਆ । ਮੱਘਰ ਕਹੇ ਜਨ ਭਗਤੋ ਸੁਣੋ ਹੁਕਮ ਫ਼ਰਮਾਨ, ਧੁਰ ਕਰਤਾ ਆਪ ਦ੍ਰਿੜਾਈਆ । ਸਿਮਰੋ ਸਿਮਰੋ ਸ੍ਰੀ ਭਗਵਾਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਅੰਤਰ ਵੇਖੋ ਮਾਰ ਧਿਆਨ, ਕਾਇਆ ਕਾਅਬਾ ਪੜਦਾ ਲਾਹੀਆ । ਮਿਲੇ ਮਹਿਬੂਬ ਨੌਜਵਾਨ, ਨੂਰ ਨੁਰਾਨਾ ਨਜ਼ਰੀ ਆਈਆ । ਜੋ ਆਦਿ ਅੰਤ ਦਾ ਕਾਹਨ, ਸੀਤਾ ਸੁਰਤੀ ਰਾਮ ਪਰਨਾਈਆ । ਜਿਸ ਦਾ ਮੰਤਰ ਸਤਿਨਾਮ, ਸਤਿ ਸਤਿ ਦਏ ਸਮਝਾਈਆ । ਸੋ ਖੇਲ ਕਰੇ ਮਹਾਨ, ਮਹਿੰਮਾ ਅਕਥ ਕਥ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਮੇਟੇ ਨਿਸ਼ਾਨ, ਨਿਸ਼ਾਨਾ ਧਰਮ ਇਕ ਝੁਲਾਈਆ । ਸੰਮਤ ਸੰਮਤੀ ਲੇਖਾ ਜਾਣੇ ਜੀਵ ਜਹਾਨ, ਜਾਗਰਤ ਜੋਤ ਡਗਮਗਾਈਆ । ਜਿਸ ਨੇ ਛੱਬੀ ਪੋਹ ਨੂੰ ਬਦਲ ਦੇਣਾ ਵਿਧਾਨ, ਗੁਰ ਅਵਤਾਰ ਪੈਗੰਬਰ ਸਾਰੇ ਵੇਖਣ ਚਾਈਂ ਚਾਈਂਆ । ਝਗੜਾ ਮੁਕਣਾ ਹਿੰਦੂ ਮੁਸਲਮਾਨ, ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਸਭ ਦਾ ਇਕੋ ਹੋਣਾ ਹੁਕਮਰਾਨ, ਪਾਰਬ੍ਰਹਮ ਪਰਵਰਦਿਗਾਰ ਨੂਰ ਇਲਾਹੀਆ । ਕਲਜੁਗ ਕੂੜੀ ਕਿਰਿਆ ਬਦਲ ਦੇਣਾ ਨਿਜ਼ਾਮ, ਨੌਬਤ ਨਾਮ ਹੱਕ ਸੁਣਾਈਆ । ਸ਼ਰਅ ਦਾ ਰਹੇ ਨਾ ਕੋਇ ਗ਼ੁਲਾਮ, ਸ਼ਰਅ ਜ਼ੰਜੀਰ ਸ਼ਮਸ਼ੀਰ ਦੇਣਾ ਕਟਾਈਆ । ਸਾਚੀ ਮੰਜ਼ਲ ਦੱਸ ਅਸਾਨ, ਰਹਿਬਰ ਹੋ ਕੇ ਦਏ ਦ੍ਰਿੜਾਈਆ । ਘਰ ਸਵਾਮੀ ਠਾਕਰ ਮਿਲੇ ਆਣ, ਗ੍ਰਿਹ ਮੰਦਰ ਅੰਦਰ ਵੱਜੇ ਵਧਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੋਹੰ ਢੋਲਾ ਸਾਰੇ ਗਾਣ, ਸਤਿਜੁਗ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਧੁਨ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜੁਗ ਚੌਕੜੀ ਨਿਤ ਨਵਿਤ ਵੇਖਣਹਾਰਾ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵਿਚ ਜਹਾਨ, ਜਾਗਰਤ ਜੋਤ ਬਿਨ ਵਰਨ ਗੋਤ ਪਾਰਬ੍ਰਹਮ ਪਤਿਪਰਮੇਸ਼ਵਰ ਏਕੋ ਏਕੰਕਾਰ ਨਜ਼ਰੀ ਆਈਆ ।

### ੩ ਮੱਘਰ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ

ਮਹਿੰਦਰ ਸਿੰਘ ਕੇਹਰ ਸਿੰਘ ਦੋਵੇਂ ਪਿਛਲੇ ਕਾਹਨਾ ਕਾਕੂ, ਬਿਕ੍ਰਮੀ ਸਤਾਰਵੀਂ ਧਿਆਨ ਰਖਾਈਆ । ਦੋਵੇਂ ਜਨਮ ਕਰਮ ਦੇ ਡਾਕੂ, ਸਦ ਲੁੱਟਣ ਜਾਂਦੇ ਰਾਹੀਆ । ਕੋਲ ਰੱਖਦੇ ਸੀ ਚਾਕੂ, ਨੌਂ ਇੰਚ ਲੰਬਾਈਆ । ਜਿਸ ਦਿਨ ਗੋਬਿੰਦ ਦਾ ਘੋੜਾ ਵੜਿਆ ਨਹੀਂ ਵਿਚ ਤਮਾਕੂ, ਕਦਮ ਆਪਣਾ ਲਿਆ ਬਦਲਾਈਆ । ਇਹ ਓਧਰ ਆ ਗਏ ਵੇਖ ਕੇ ਕਿਹਾ ਕਿੱਡਾ ਸੋਹਣਾ ਬਾਪੂ, ਗੋਬਿੰਦ ਚਰਨਾਂ ਦੂਰੋਂ ਸੀਸ ਨਿਵਾਈਆ । ਗੋਬਿੰਦ

ਹੱਸ ਕੇ ਕਿਹਾ ਮੈਂ ਤੇ ਮਾਲਕ ਨਿੱਕੇ ਜਿਹੇ ਟਾਪੂ, ਟੱਪਾ ਅੱਖਰਾਂ ਵਾਲਾ ਸੁਣਾਈਆ । ਜਗਤ ਮਜ਼੍ਹਬ ਦਾ ਬਣ ਕੇ ਸਾਕੂ, ਸਗਲਾ ਸੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੋਬਿੰਦ ਕਿਹਾ ਤੁਸੀਂ ਕਰਦੇ ਕੀ ਕਰਮ, ਕੀ ਤੁਹਾਡੀ ਵਡਿਆਈਆ । ਕੀ ਤੁਹਾਡਾ ਧਰਮ, ਕੀ ਕਾਰ ਕਮਾਈਆ । ਦੋਹਾਂ ਦੇ ਨੇਤਰ ਆਈ ਸ਼ਰਮ, ਨੈਣਾਂ ਨੀਰ ਵਹਾਈਆ । ਅੰਤਰ ਕਿਹਾ ਸਾਨੂੰ ਜੀਵਣ ਨਾਲੋਂ ਚੰਗਾ ਮਰਨ, ਕੀ ਸਤਿਗੁਰ ਦਈਏ ਸੁਣਾਈਆ । ਪਤਾ ਨਹੀਂ ਸ਼ਾਇਦ ਅੱਜ ਇਹ ਸਾਨੂੰ ਆਇਆ ਫੜਨ, ਸ਼ਾਹ ਸਵਾਰਾ ਕਦਮ ਉਠਾਈਆ । ਕਿ ਸਾਡੇ ਨਾਲ ਆਇਆ ਲੜਨ, ਸਾਨੂੰ ਦਏ ਸਜ਼ਾਈਆ । ਅੰਦਰੇ ਅੰਦਰ ਲੱਗੇ ਡਰਨ, ਭੈ ਭਓ ਵਿਚ ਦੁਹਾਈਆ । ਨਿਉਂ ਨਿਉਂ ਲੱਗੇ ਚਰਨ, ਸੀਸ ਸੀਸ ਝੁਕਾਈਆ । ਮਿੰਨਤਾਂ ਲੱਗੇ ਕਰਨ, ਸਾਡਾ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੋਬਿੰਦ ਕਿਹਾ ਸਤਿਗੁਰ ਕਦੇ ਨਾ ਮਾਰੇ, ਮਾਰਨਹਾਰ ਨਾ ਰੂਪ ਵਟਾਈਆ । ਸਰਨ ਆਇਆ ਜਗ ਤਾਰੇ, ਦੇਵੇ ਮਾਣ ਵਡਿਆਈਆ । ਹੁਣ ਤੁਹਾਡਾ ਤਨ ਨਹੀਂ ਰਹਿਣਾ ਵਿਚ ਸੰਸਾਰੇ, ਨਾਤਾ ਕੂੜ ਦੇਣਾ ਤੁੜਾਈਆ । ਜਿਸ ਵੇਲੇ ਆਵਾਂ ਫੇਰ ਦੁਬਾਰੇ, ਲੋਕਮਾਤ ਵੇਸ ਵਟਾਈਆ । ਤੁਹਾਡਾ ਜਨਮ ਹੋਵੇ ਉਜਿਆਰੇ, ਲੋਕਮਾਤ ਮਿਲੇ ਵਡਿਆਈਆ । ਤੁਹਾਡੀ ਸੁਰਤੀ ਆਪ ਸੰਭਾਲੇ, ਸੰਬਲ ਬਹਿ ਕੇ ਵੇਖ ਵਖਾਈਆ । ਸਦ ਆਪਣੇ ਰੱਖੇ ਨਾਲੇ, ਸਗਲਾ ਸੰਗ ਜਣਾਈਆ । ਇਕ ਵੇਰਾਂ ਜ਼ਰੂਰ ਮਰਨ ਦੇ ਵਿਚੋਂ ਬਚਾ ਲਏ, ਬਚਪਨ ਆਪਣੀ ਝੋਲੀ ਪਾਈਆ । ਇਹ ਖੇਲ ਸਤਿਗੁਰੂ ਨਿਰਾਲੇ, ਨਿਰਾਕਾਰ ਆਪ ਕਰਾਈਆ । ਗੁਰਮੁਖਾਂ ਪਿਛੇ ਘਾਲ ਘਾਲੇ, ਏਸੇ ਕਾਰਨ ਅੱਜ ਬਣਾਇਆ ਪਾਂਧੀ ਰਾਹੀਆ । ਤਿੰਨ ਵਾਰ ਹੋਇਆ ਬਜ਼ਾਰ ਦੇ ਵਿਚਕਾਲੇ, ਆਪਣਾ ਰੁਖ਼ ਬਦਲਾਈਆ । ਗੁਰਮੁਖਾਂ ਕਰ ਕੇ ਸਾਸ ਸੁਖਾਲੇ, ਸਹਿਜੇ ਲਿਆ ਬਚਾਈਆ । ਜਿਹੜੇ ਖੇਲ ਰਾਤ ਵਖਾਲੇ, ਸੋ ਵੇਖੇ ਆਪ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਿਹਾ ਇਕ ਵੇਰ ਲਵਾਂ ਤਾਰ, ਮਿਹਰ ਨਜ਼ਰ ਉਠਾਈਆ । ਇੱਕੀ ਦਿਨਾਂ ਪਿਛੋਂ ਫੇਰ ਹੋਣੀ ਹਾਰ, ਲੋਕਮਾਤ ਨਾ ਕੋਇ ਚਤੁਰਾਈਆ । ਕਿਰਪਾ ਕਰ ਕੇ ਫੇਰ ਪੈਜ ਦੇਵਾਂ ਸਵਾਰ, ਸਿਰ ਆਪਣਾ ਹੱਥ ਟਿਕਾਈਆ । ਢਾਈ ਵਜੇ ਫੇਰ ਲੇਖਾ ਦੱਸਾਂ ਅਪਾਰ, ਲਹਿਣਾ ਲਿਖੌਣਾ ਨਾਲ ਕਲਮ ਸ਼ਾਹੀਆ । ਅਗਲਾ ਸੰਕਟ ਦੇਵਾਂ ਟਾਲ, ਦੁੱਖ ਦਰਦ ਨਾ ਲਾਗੇ ਰਾਈਆ । ਸੰਬਲ ਬਹਿ ਕੇ ਕਰਾਂ ਸੰਭਾਲ, ਇਹ ਮੇਰੀ ਬੇਪਰਵਾਹੀਆ । ਜੇ ਕਿਸ਼ਨ ਸਿੰਘ ਨਾ ਬਣਦਾ ਦਲਾਲ, ਦਲੀਪ ਸਿੰਘ ਨਾ ਦੇਂਦਾ ਗਵਾਹੀਆ । ਅੱਜ ਇਹ ਰਹਿਣੇ ਨਹੀਂ ਸੀ ਲਾਲ, ਮਾਨਸ ਜਨਮ ਜਾਂਦੇ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ ।



### ✪ ੩ ਮੱਘਰ ਸ਼ਹਿਨਸ਼ਾਹੀ ਸੰਮਤ ੫ ਰਾਤ ਢਾਈ ਵੱਜੇ ਹਰਿ ਭਗਤ ਦਵਾਰ ਜੇਠੂਵਾਲ ✪

ਅਗਲਾ ਲੇਖਾ ਲੇਖ ਧੁਰ ਦਾ, ਧੁਰ ਦਾ ਮਾਲਕ ਦਇਆ ਕਮਾਈਆ । ਵੇਖੋ ਖੇਲ ਪੂਰੇ ਸਤਿਗੁਰ ਦਾ, ਜੋ ਸੁੱਤਿਆਂ ਲਏ ਤਰਾਈਆ ।

ਜਿਸ ਦਾ ਭਾਣਾ ਕਦੇ ਨਾ ਮੁੜਦਾ, ਨਾ ਕੋਇ ਮੇਟੇ ਮੇਟ ਮਿਟਾਈਆ । ਜੋ ਵਾਲੀ ਰਿਹਾ ਅਨੰਦ ਪੁਰ ਦਾ, ਪੁਰੀਆਂ ਤੋਂ ਬਾਹਰ ਸੋਭਾ ਪਾਈਆ । ਉਹ ਸਦਾ ਸਦ ਗੁਰਮੁਖਾਂ ਨਾਲ ਤੁਰਦਾ, ਤੁਰਤ ਆਪਣਾ ਕਦਮ ਉਠਾਈਆ । ਜਿਸ ਵੇਲੇ ਗੁਰਮੁਖਾਂ ਜੀਵਣ ਹੋਵੇ ਰੁੜ੍ਹਦਾ, ਅੱਗੇ ਹੋ ਕੇ ਲਏ ਬਚਾਈਆ । ਜਿਸ ਦੇ ਕੋਲ ਘਾਟਾ ਨਹੀਂ ਥੁੜ ਦਾ, ਸਚ ਭੰਡਾਰ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਤਿਗੁਰ ਪੂਰਾ ਜਨਮ ਜਨਮ ਦਾ ਜਾਣੂ, ਕਰਮ ਕਰਮ ਖੋਜ ਖੁਜਾਈਆ । ਜੋ ਗੁਰਮੁਖਾਂ ਰੰਗ ਮਾਣੂ, ਮਾਇਆ ਮਮਤਾ ਮੋਹ ਮਿਟਾਈਆ । ਤੀਰ ਅਣਿਆਲਾ ਮਾਰੇ ਬਾਣੂ, ਤਿੱਖੀ ਮੁਖੀ ਧਾਰ ਵਖਾਈਆ । ਜਮ ਕੀ ਚੁਕਾਏ ਕਾਣੂ, ਨੇੜ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਇੱਕੀ ਦਿਨ ਨੂੰ ਤਨ ਮਾਟੀ ਲੱਗਣੀ ਸੀ ਚੋਟ, ਚੋਟੀ ਸੀਸ ਦੁੱਖ ਵਖਾਈਆ । ਤਨ ਰਹਿਣੀ ਨਹੀਂ ਸੀ ਜੋਤ, ਜੋਤੀ ਜਾਤਾ ਦਇਆ ਕਮਾਈਆ । ਜਿਸ ਦੀ ਸੋਚ ਕੋਈ ਨਾ ਸਕਿਆ ਸੋਚ, ਸਮਝ ਨਾ ਕੋਇ ਸਮਝਾਈਆ । ਉਹ ਸ਼ਬਦੀ ਧਾਰ ਆਸਾ ਪੂਰੀ ਕੀਤੀ ਲੋਚ, ਲੋਚਨ ਅੱਖ ਖੁਲ੍ਹਾਈਆ । ਸਾਹਿਬ ਸਤਿਗੁਰ ਨੇੜੇ ਆਣ ਨਾ ਦੇਵੇ ਮੌਤ, ਮੋਹਰ ਆਪਣਾ ਨਾਮ ਲਗਾਈਆ । ਗੁਰਸਿਖ ਨਾ ਹੋਵੇ ਫ਼ੌਤ, ਫ਼ਤਵਾ ਧਰਮ ਰਾਏ ਦਰਸਾਈਆ । ਪਿਛਲੀ ਸੇਵਾ ਕੀਤੀ ਬਹੁਤ, ਗੋਬਿੰਦ ਚਰਨ ਸੀਸ ਝੁਕਾਈਆ । ਮਨ ਵਿਚੋਂ ਕਢ ਕੇ ਖੋਟ, ਆਸਾ ਇਕ ਬਣਾਈਆ । ਪਿਛਲਾ ਪ੍ਰੇਮ ਭੰਡਾਰਾ ਅਤੋਟ, ਅਤੁਟ ਦਿਤਾ ਵਰਤਾਈਆ । ਅੱਗੇ ਜੀਵਣ ਦੀ ਦੇਵੇ ਮੌਜ, ਮਿਹਰ ਨਜ਼ਰ ਉਠਾਈਆ । ਕਿਰਪਾ ਨਿਧਾਨ ਗਿਆ ਪਹੁੰਚ, ਪੂਜਨੀਕ ਧੁਰਦਰਗਾਹੀਆ । ਨਾ ਹਰਖ਼ ਰਹੇ ਨਾ ਸੋਗ, ਚਿੰਤਾ ਦੁੱਖ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਲਏ ਰੋਕ, ਦੂਸਰ ਹੱਥ ਨਾ ਕਦੇ ਫੜਾਈਆ ।

## ✪ ੧੪ ਮੱਘਰ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ✪

ਮੱਘਰ ਚੌਦਾਂ ਧਰਮ ਪਰਵਿਸ਼ਟਾ, ਧਰਮ ਦੀ ਧਾਰ ਆਪ ਵਖਾਈਆ । ਸਭ ਦਾ ਇਕੋ ਦੱਸ ਕੇ ਇਸ਼ਟਾ, ਇਸ਼ਟ ਦੇਵ ਦਏ ਸਮਝਾਈਆ । ਭਗਤ ਭਗਵਾਨ ਦਾ ਹੋਵੇ ਨਿਸਚਾ, ਨਿਹਚਲ ਧਾਮ ਦਏ ਸਮਝਾਈਆ । ਸਾਚੇ ਖ਼ੂਨ ਦਾ ਜੋੜ ਕੇ ਰਿਸ਼ਤਾ, ਰਿਸ਼ਤਾ ਕੂੜਾ ਦਏ ਗਵਾਈਆ । ਕਾਹਨ ਦਾ ਲੇਖਾ ਪੂਰਾ ਕਰ ਕੇ ਆਹਿਸਤਾ ਆਹਿਸਤਾ, ਆਸਾ ਪੂਰਬ ਝੋਲੀ ਪਾਈਆ । ਜਿਹੜਾ ਸਾਹਿਬ ਸਤਿਗੁਰ ਨਹੀਂ ਦਿਸਦਾ, ਬਿਨ ਅੱਖਾਂ ਅੱਖ ਦਏ ਖੁਲ੍ਹਾਈਆ । ਓਹ ਰੂਪ ਧਾਰ ਏਕੰਕਾਰ ਇਕ ਦਾ, ਇਕ ਇਕੱਲਾ ਲਏ ਅੰਗੜਾਈਆ । ਆਦਿ ਅੰਤ ਦੋ ਜਹਾਨਾਂ ਜਿੱਤ ਦਾ, ਹਾਰ ਵਿਚ ਕਦੇ ਨਾ ਆਈਆ । ਸਾਹਿਬ ਸੁਲਤਾਨ ਹੋ ਕੇ ਦਿਸਦਾ, ਦਹਿ ਦਿਸ਼ਾ ਕਰੇ ਰੁਸ਼ਨਾਈਆ । ਤਨ ਵਜੂਦ ਕਾਇਆ ਮਾਟੀ ਹੱਟ ਕਦੇ ਨਾ ਵਿਕਦਾ, ਵਿਕਰੀ ਜਗਤ ਨਾ ਕਦੇ ਲਗਾਈਆ । ਪਿਛਲਾ ਲੇਖਾ ਸਭ ਦਾ ਮਿਟਦਾ, ਅਗਲਾ ਆਪਣਾ ਹੁਕਮ ਸੁਣਾਈਆ । ਝਗੜਾ ਰਿਹਾ ਨਾ ਰਵਿਦਾਸ ਚਮਾਰੇ ਇੱਟ ਦਾ, ਭਗਤ ਦਵਾਰਾ ਦਏ ਗਵਾਹੀਆ । ਸਤਿ ਵਿਚ ਸਤਿਵਾਦੀ ਹੋ ਕੇ ਟਿਕਦਾ, ਟਿੱਕਾ ਆਪਣਾ ਨਾਮ ਲਗਾਈਆ ।

ਕੂੜਾ ਨਾਤਾ ਤੋੜਿਆ ਵਿਚ ਦਾ, ਵਿਚੋਂ ਆਪਣਾ ਆਪ ਪਰਗਟਾਈਆ । ਗੁਰਮੁਖ ਰੂਪ ਰਹੇ ਸਦਾ ਸਿੱਖ ਦਾ, ਸਿਖ ਸਤਿਗੁਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਚੌਦਾਂ ਮੱਘਰ ਕਹੇ ਮੇਰਾ ਮਜ਼ਮੂਨ, ਮਜ਼ਾ ਧੁਰ ਦਾ ਰਿਹਾ ਦਰਸਾਈਆ । ਸ਼ਬਦੀ ਧਾਰ ਬਦਲ ਕਾਨੂੰਨ, ਕਾਇਦਾ ਬਾਕਾਇਦਾ ਆਪ ਸਮਝਾਈਆ । ਮਨ ਮਨਸਾ ਨਾ ਰਹੇ ਫ਼ਰਊਨ, ਫ਼ਾਰਸ ਦਾ ਲੇਖਾ ਦਏ ਮੁਕਾਈਆ । ਲੇਖਾ ਲਿਖ ਅਗੰਮੇ ਖ਼ੂਨ, ਖ਼ੂਨੀ ਧਾਰ ਦਿਤੀ ਬਦਲਾਈਆ । ਪਿਆਰ ਮੁਹੱਬਤ ਵੰਡੇ ਨਾ ਜਗਤ ਪਰਚੂਨ, ਹੱਟ ਧਰਮ ਦਾ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਹੁਕਮ ਵਰਤਾਈਆ । ਚੌਦਾਂ ਮੱਘਰ ਕਹੇ ਪੁਰਖ ਅਕਾਲ ਸਤਿ ਦਾ ਬਣੇ ਸਕਾ, ਨਾਤਾ ਕੂੜ ਦਿਤਾ ਤੁੜਾਈਆ । ਭਗਤਾਂ ਪ੍ਰੇਮ ਦਾ ਦੇ ਕੇ ਫੱਕਾ, ਫ਼ਿਕਰਾ ਅਗਲਾ ਦਏ ਮਿਟਾਈਆ । ਰਾਏ ਧਰਮ ਨੂੰ ਦੇ ਕੇ ਧੱਕਾ, ਦਰ ਦਵਾਰਿਉਂ ਬਾਹਰ ਰਖਾਈਆ । ਸਾਚੇ ਭਗਤਾਂ ਵੇਖ ਨਾਲ ਅੱਖਾਂ, ਆਖ਼ਰ ਅੱਖ ਖੁਲ੍ਹਾਈਆ । ਕਿਹੜਾ ਵਜੂਦ ਸੜਨਾ ਨਾਲ ਕੱਖਾਂ, ਈਂਧਨ ਅਗਨੀ ਵਿਚ ਜਲਾਈਆ । ਉਸ ਦਾ ਲੇਖਾ ਪਿਛੇ ਰੱਖਾ, ਅੱਗੇ ਦਏ ਨਾ ਕੋਇ ਵਡਿਆਈਆ । ਕਾਇਆ ਮਾਟੀ ਭਾਂਡਾ ਕੱਚਾ, ਕਾਚੀ ਵੰਗ ਜਗਤ ਲੋਕਾਈਆ । ਸਾਹਿਬ ਸਤਿਗੁਰ ਦਾ ਪਿਛਲਾ ਇਕਰਾਰ ਪੱਕਾ ਅੱਗੇ ਵਾਹਿਦਾ ਪੱਕਾ, ਪੱਕੀ ਧੁਰ ਦੀ ਆਪ ਕਰਾਈਆ । ਕੂੜ ਵਿਕਾਰ ਰਹੇ ਨਾ ਰਤਾ, ਰਤੀ ਰੱਤ ਨਾ ਕੋਇ ਜਲਾਈਆ । ਹੁਕਮ ਸੰਦੇਸ਼ਾ ਯਥਾਰਥ ਯਥਾ, ਯਦੀ ਆਪਣਾ ਆਪ ਦ੍ਰਿੜਾਈਆ । ਇਕ ਸੌ ਇਕਆਸੀ ਦਾ ਲੇਖਾ ਮੁਕਾਇਆ ਸਭ ਦਾ ਇਕੱਠਾ, ਕ੍ਰਿਸ਼ਨ ਨੈਣਾਂ ਨਾਲ ਵਖਾਈਆ । ਇਕ ਦੋ ਦਾ ਅਗਲਾ ਲਿਖ ਕੇ ਪਟਾ, ਪਟਨੇ ਵਾਲਾ ਹੋਏ ਸਹਾਈਆ । ਬਾਕੀ ਮਾਈਨਸ ਵਾਲਾ ਬਟਾ, ਫ਼ਿੱਗਰ ਸਕੇ ਨਾ ਕੋਇ ਬਣਾਈਆ । ਜਗਤ ਵਾਸਨਾ ਮੇਟ ਕੇ ਰੱਟਾ, ਰਾਈਟ ਲੇਖਾ ਦਿਤਾ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਚੌਦਾਂ ਮੱਘਰ ਕਹੇ ਮੇਰਾ ਦਿਹਾੜਾ ਅਤੀਤ, ਅਤੀ ਸੁੰਦਰ ਸੋਭਾ ਪਾਈਆ । ਮੈਂ ਸਤਿ ਧਰਮ ਦੀ ਵੇਖਣੀ ਰੀਤ, ਰੀਤੀਵਾਨ ਦਏ ਵਡਿਆਈਆ । ਛੱਬੀ ਪੋਹ ਨੌਆਂ ਬੀਬੀਆਂ ਪਹਾੜੀ ਗਾਉਣਾ ਗੀਤ, ਜੰਮੂ ਵਿਚੋਂ ਜਮਾਂ ਲਏ ਕਰਾਈਆ । ਸਭ ਦੇ ਗਲ ਵਿਚ ਹੋਵੇ ਤਵੀਤ, ਲੰਮਾ ਛਾਤੀ ਉਤੇ ਲਟਕਾਈਆ । ਸਾੜ੍ਹੀ ਅੰਗੀ ਬਸਤਰ ਹੋਵੇ ਠੀਕ, ਤਨ ਵਜੂਦ ਸੋਭਾ ਪਾਈਆ । ਮੁਖੋਂ ਕਹਿਣ ਸਾਡੀ ਪ੍ਰਭ ਦੇ ਨਾਲ ਪ੍ਰੀਤ, ਪ੍ਰੀਤਮ ਇਕੋ ਲਿਆ ਮਨਾਈਆ । ਲੀਲਾਵੰਤੀ ਹੋਵੇ ਉਨ੍ਹਾਂ ਦੇ ਬੀਚ, ਮਸਤਕ ਬਿੰਦੀ ਲਾਲ ਰੰਗ ਰੰਗਾਈਆ । ਸਤਾਈ ਪੋਹ ਨੂੰ ਇਹ ਸ਼ਹਾਦਤ ਦੇਵਣ ਠੀਕ, ਸ਼ਹਿਨਸ਼ਾਹ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਚੌਦਾਂ ਮੱਘਰ ਕਹੇ ਨੌ ਗੁਰਮੁਖ ਬਣੇ ਹੋਣ ਕੌਰੂ, ਕੁਰੂਕਸ਼ੇਤਰ ਦਏ ਗਵਾਹੀਆ । ਸੂਰਬੀਰ ਬਹਾਦਰ ਬਣ ਕੇ ਪਾਵਣ ਖੌਰੂ, ਸ਼ਸਤਰ ਹੱਥਾਂ ਵਿਚ ਚਮਕਾਈਆ । ਨਾਲ ਇਕ ਵਜਾਵਣ ਡੌਰੂ, ਡੰਕਾ ਜ਼ੋਰ ਜ਼ੋਰ ਲਗਾਈਆ । ਮੁਖੋਂ ਕਹਿਣ ਕਲਜੁਗ ਅੰਤਮ ਕਿਹੜਾ ਬੌਹੜੂ, ਕਾਹਨ ਕਾਹਨਾ ਫੇਰਾ ਪਾਈਆ । ਸਤਾਈ ਪੋਹ ਪੂਰਬ ਜੋੜ ਜੋੜੂ, ਲੁੜੀਂਦਾ ਧੁਰਦਰਗਾਹੀਆ । ਕਲਜੁਗ ਕੂੜੀ ਕਿਰਿਆ ਰੋਹੜੂ, ਵਹਿਣ ਵਹਿਣਾਂ ਵਿਚ ਵਹਾਈਆ । ਸਚ ਪ੍ਰੇਮੀ ਆਪਣੇ ਨਾਲ ਤੋਰੂ, ਜਿਸ ਦੀ ਰਾਮ ਕ੍ਰਿਸ਼ਨ ਬਲ ਬਾਵਨ ਦਏ ਗਵਾਹੀਆ । ਬਾਕੀ

ਅਵਰ ਰਹੇ ਕੋਇ ਨਾ ਜੋਰੂ, ਜ਼ਰ ਦਾ ਲਹਿਣਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਹੁਕਮ ਇਕ ਵਰਤਾਈਆ । ਚੌਦਾਂ ਮੱਘਰ ਕਹੇ ਮੇਰੀ ਸੁਹੰਜਣੀ ਹੋਵੇ ਰੀਤੀ, ਰਤੀ ਫ਼ਰਕ ਰਹੇ ਨਾ ਰਾਈਆ । ਸਤਿਗੁਰ ਬਦਲੇ ਕੋਇ ਨਾ ਨੀਤੀ, ਨਿਗਾਹ ਨੈਣ ਨਾ ਕੋਇ ਉਠਾਈਆ । ਕ੍ਰਿਸ਼ਨ ਦੀ ਪਿਛਲੀ ਆਸਾ ਪੂਰੀ ਕੀਤੀ, ਅੱਗੇ ਤ੍ਰਿਸ਼ਨਾ ਦਿਤੀ ਗਵਾਈਆ । ਇਕੋ ਜੋੜੀ ਰਹੇ ਜੀਤੀ, ਭਗਤ ਭਗਵਾਨ ਵੱਜੇ ਵਧਾਈਆ । ਖ਼ੂਨ ਦਾ ਲੇਖਾ ਨਾਲ ਚੀਚੀ, ਗੋਬਿੰਦ ਦੀ ਬਗ਼ੀਚੀ ਆਪਣੇ ਰੰਗ ਰੰਗਾਈਆ । ਸਤਿ ਧਰਮ ਵਿਚ ਸਤਿ ਦੀ ਪ੍ਰੀਤੀ, ਸਤਿ ਵਿਚ ਪੂਰ ਕਰਾਈਆ । ਪਿਛਲੀ ਪਿਛੇ ਜਗ ਬੀਤੀ, ਅੱਗੇ ਜਗਤ ਗੁਰਦੇਵ ਹੋਏ ਸਹਾਈਆ । ਜਗਤ ਵਾਸ਼ਨਾ ਕੂੜ ਕਲਪਨਾ ਰਹੇ ਨਾ ਮੀਠੀ, ਮਿੱਠਾ ਰਸ ਨਾ ਕੋਇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਮ ਦੀ ਧਾਰ ਬਦਲ ਦੇਵੇ ਨੀਤੀ, ਨੀਤੀਵਾਨ ਆਪਣਾ ਆਪ ਬਦਲਾਈਆ ।

### ✪ ੨੨ ਮੱਘਰ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ਜਸਬੀਰ ਸਿੰਘ ਜਲਾਲਾਬਾਦ ਦੇ ਨਵਿਤ ✪

ਕਿਰਪਾ ਕਰੇ ਪ੍ਰਭ ਬੇਨਜ਼ੀਰ, ਨਜ਼ਰ ਮਿਹਰ ਇਕ ਉਠਾਈਆ । ਜਨ ਭਗਤਾਂ ਬਦਲ ਦੇਵੇ ਤਕਦੀਰ, ਤਦਬੀਰ ਆਪਣੇ ਹੱਥ ਰਖਾਈਆ । ਜਨਮ ਮਰਨ ਵੇਖ ਆਦਿ ਅਖ਼ੀਰ, ਅੰਤ ਅੰਤਸ਼ਕਰਨ ਫੋਲ ਫੁਲਾਈਆ । ਲੇਖਾ ਜਾਣੇ ਗਹਿਰ ਗਵਰ ਗੁਣੀ ਗਹੀਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦੀ ਸਿਫ਼ਤ ਸਲਾਹ ਕਰਦਾ ਗਿਆ ਕਬੀਰ, ਕਾਇਆ ਕਾਅਬੇ ਵਿਚ ਵਡਿਆਈਆ । ਸੋ ਸ਼ਾਹ ਸੁਲਤਾਨ ਪੀਰਨ ਪੀਰ, ਪਾਰਬ੍ਰਹਮ ਪ੍ਰਭ ਹੋਏ ਸਹਾਈਆ । ਜਿਹੜਾ ਭੈਣ ਭਰਾਵਾਂ ਤੋਂ ਵਿਛੜਨਾ ਸੀ ਵੀਰ, ਪਿਤਾ ਨਾਲੋਂ ਹੋਣੀ ਸੀ ਜੁਦਾਈਆ । ਤਨ ਚੋਲਾ ਛਡਣਾ ਸੀ ਚੀਰ, ਬਸਤਰ ਕੂੜ ਨਾ ਕੋਇ ਹੰਢਾਈਆ । ਦੁੱਖ ਦਰਦ ਹੋਣੀ ਸੀ ਪੀੜ, ਰੋਗ ਸਕੇ ਨਾ ਕੋਇ ਗਵਾਈਆ । ਧੀਰਜ ਧਰੇ ਨਾ ਕੋਇ ਧੀਰ, ਧਰਵਾਸ ਧਰਮ ਨਾ ਕੋਇ ਰਖਾਈਆ । ਬਲ ਲੇਖਾ ਸ਼ਾਹ ਹਕੀਰ, ਸ਼ਹਿਨਸ਼ਾਹ ਦਏ ਦ੍ਰਿੜਾਈਆ । ਪੋਹ ਸੱਤ ਸਤਿ ਅੰਤ ਹੋਣਾ ਸੀ ਜਸਬੀਰ, ਸੁਤ ਮਹਿੰਦਰ ਕੌਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਇਕ ਖੁਲ੍ਹਾਈਆ । ਜਸਬੀਰ ਸਿੰਘ ਜਗਤ ਨਾਤਾ ਜਾਣਾ ਸੀ ਟੁੱਟ, ਟੁੱਟੀ ਗੰਢ ਨਾ ਕੋਇ ਪਵਾਈਆ । ਊਧਮ ਸਿੰਘ ਕੋਲੋਂ ਵਿਛੜਨਾ ਸੀ ਛੋਟਾ ਸੁਤ, ਰਿਸ਼ਤਾ ਜਗਤ ਨਾ ਕੋਇ ਵਖਾਈਆ । ਦਰਗਾਹ ਸਾਚੀ ਜਾਣਾ ਸੀ ਪੁੱਜ, ਜਿਥੇ ਮੰਜ਼ਲ ਬੇਪਰਵਾਹੀਆ । ਜਿਸ ਦਾ ਭੇਵ ਅਭੇਦਾ ਗੁੱਝ, ਸਕੇ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਸੁਣਾਈਆ । ਜਸਬੀਰ ਸਿੰਘ ਬਲ ਦਵਾਰੇ ਵਾਸੀ, ਸਤਿਜੁਗ ਸਾਚਾ ਦਏ ਗਵਾਹੀਆ । ਮਹਿੰਦਰ ਕੌਰ ਹੁੰਦੀ ਸੀ ਦਾਸੀ, ਸੇਵਾ ਧਰਮ ਵਿਚ ਕਮਾਈਆ । ਜਿਸ ਦਾ ਇਕ ਕਾਕਾ ਤੇ ਇਕ ਹੁੰਦੀ ਸੀ ਕਾਕੀ, ਦੋ ਦੋ ਰੰਗ ਰੰਗਾਈਆ । ਇਕ ਦਿਨ ਤਨ ਪਹਿਨ ਪੋਸ਼ਾਕੀ, ਮੱਘਰ ਬਾਈ ਖ਼ੁਸ਼ੀ ਮਨਾਈਆ । ਹੱਸ ਕੇ ਕਿਹਾ ਦੂਜੀ ਦਾਸੀ, ਵੇਖ ਭੈਣ ਚਾਈਂ ਚਾਈਆ । ਉਸ ਅੰਦਰ ਮਾਰੀ ਝਾਕੀ, ਪ੍ਰਭੂ ਧਿਆਨ ਰਖਾਈਆ । ਆਈ ਅਗੰਮੀ ਆਵਾਜ਼ੀ, ਸੰਦੇਸਾ ਸ਼ਬਦ ਅਥਾਹੀਆ ।

ਉਸ ਵੇਲੇ ਉਸ ਬੱਚੇ ਦਾ ਅੰਤ ਹੋਣਾ ਸੀ ਸੱਤ ਪੋਹ ਦੀ ਰਾਤੀ, ਥਿਤ ਨੌ ਦਸ ਵਡਿਆਈਆ । ਨੇਤਰ ਰੋ ਕੇ ਦਾਸੀ ਬਚਨ ਦਿਤਾ ਆਖੀ, ਮੁਖੋਂ ਕਹਿ ਸੁਣਾਈਆ । ਤੇਰੀ ਕੰਮ ਨਾ ਆਵੇ ਕਿਸੇ ਚੰਗੀ ਸੋਹਣੀ ਪੁਸ਼ਾਕੀ, ਬਸਤਰ ਕੀ ਵਡਿਆਈਆ । ਤੇਰੇ ਸੁਤ ਦੇ ਰਹਿ ਗਏ ਪੰਦਰਾਂ ਦਿਨ ਬਾਕੀ, ਪ੍ਰਭ ਮੇਰਾ ਰਿਹਾ ਜਣਾਈਆ । ਉਸ ਹੱਥ ਮਾਰਿਆ ਉਤੇ ਛਾਤੀ, ਨੈਣਾਂ ਨੀਰ ਦਿਤਾ ਵਹਾਈਆ । ਇਹ ਬੜੀ ਔਖੀ ਘਾਟੀ, ਵਿਛੋੜਾ ਸਹਿ ਸਕੇ ਨਾ ਰਾਈਆ । ਪੁਕਾਰ ਕੀਤੀ ਅੱਗੇ ਕਮਲਾਪਾਤੀ, ਪਤਿਪਰਮੇਸ਼ਵਰ ਅੱਗੇ ਸੀਸ ਨਿਵਾਈਆ । ਪ੍ਰਭੂ ਭਗਵਨ ਮੇਰੀ ਕਰੀਂ ਰਾਖੀ, ਸਹਾਇਤਾ ਵਿਚ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਸੁਣਾਈਆ । ਦੂਜੀ ਦਾਸੀ ਕੀਤੀ ਅਰਦਾਸ, ਬੇਨੰਤੀ ਦਿਤੀ ਜਣਾਈਆ । ਪ੍ਰਭੂ ਮੇਰੀ ਵੀ ਪੂਰੀ ਕਰ ਆਸ, ਦਰ ਤੇਰੇ ਸੀਸ ਨਿਵਾਈਆ , । ਏਸ ਦਾ ਸੁਤ ਰਹੇ ਏਸ ਦੇ ਸਾਥ, ਤੇਰੀ ਬੇਪਰਵਾਹੀਆ । ਮੈਨੂੰ ਤੇਰੇ ਉਤੇ ਵਿਸ਼ਵਾਸ਼, ਵਿਸ਼ਨ ਬ੍ਰਹਮਾ ਸ਼ਿਵ ਤੈਨੂੰ ਸੀਸ ਨਿਵਾਈਆ । ਤੇਰਾ ਖੇਲ ਪ੍ਰਿਥਮੀ ਆਕਾਸ਼, ਦੋ ਜਹਾਨਾਂ ਵੱਜੇ ਵਧਾਈਆ । ਬਖ਼ਸ਼ਿਸ਼ ਵਿਚ ਦੇ ਦੇ ਦਾਤ, ਦਾਤੇ ਦਾਨੀ ਝੋਲੀ ਭਰਾਈਆ । ਸ਼ਬਦ ਅਗੰਮੀ ਆਈ ਅਵਾਜ਼, ਧੁਰ ਸੁਨੇਹੜਾ ਇਕ ਸੁਣਾਈਆ । ਦੋਹਾਂ ਦੀ ਬੇਨੰਤੀ ਦੋਹਾਂ ਦਾ ਕਾਜ, ਦੋ ਦੋ ਧਾਰ ਸੋਭਾ ਪਾਈਆ । ਸਤਿ ਸਤਿਜੁਗ ਰੱਖਾਂ ਲਾਜ, ਕਲਜੁਗ ਫੇਰ ਡੁਬਦਾ ਤਾਰਾਂ ਜਹਾਜ਼, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੂਰਬ ਲੇਖਾ ਵੇਖ ਵਖਾਈਆ । ਸ਼ਬਦ ਕਿਹਾ ਦੋਹਾਂ ਇਕ ਧਾਰ, ਸੰਦੇਸ਼ਾ ਇਕ ਸੁਣਾਈਆ । ਕਲਜੁਗ ਖੇਲ ਕਰੇ ਕਰਤਾਰ, ਹਰਿ ਨਿਰੰਕਾਰ ਅਗੰਮ ਅਥਾਹੀਆ । ਤੁਹਾਡਾ ਜਨਮ ਫੇਰ ਹੋਵੇ ਸੰਸਾਰ, ਸੰਸਾਰੀ ਭੰਡਾਰੀ ਦੇਣ ਗਵਾਹੀਆ । ਕਲ ਕਲਕੀ ਲਏ ਅਵਤਾਰ, ਹਰਿ ਕਰਤਾ ਵੇਖ ਵਖਾਈਆ । ਤੇਰੇ ਦੋ ਸੁਤ ਫੇਰ ਹੋਣੇ ਵਿਚ ਸੰਸਾਰ, ਜਗਤ ਸੰਗ ਬਣਾਈਆ । ਇਹ ਬਸਤਰ ਸ਼ਹਾਦਤ ਦੇਣ ਅਪਰ ਅਪਾਰ, ਅਪਰੰਪਰ ਦਿਤਾ ਸੁਣਾਈਆ । ਦੂਜੀ ਦਾਸੀ ਦਾ ਵਿਹਾਰ, ਤੇਰਾ ਸੰਗ ਬਣਾਈਆ । ਇਹ ਖੇਲ ਅਗੰਮੀ ਕਰਤਾਰ, ਕੁਦਰਤ ਕਰਤਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸ਼ਬਦ ਅਗੰਮੀ ਕਿਹਾ ਪ੍ਰਭੂ ਦੀ ਨਿਰਅੱਖਰ ਧਾਰ ਲਿਖਤ, ਕਲਮ ਸ਼ਾਹੀ ਵੰਡ ਨਾ ਕੋਇ ਵੰਡਾਈਆ । ਪੂਰਬ ਲਹਿਣਾ ਮਹਿੰਦਰ ਕੌਰ ਦਾ ਨਾਲ ਤ੍ਰਿਪਤ, ਬਲ ਧਾਰ ਦਏ ਗਵਾਹੀਆ । ਵੇਖ ਨਾ ਸਕੇ ਜਗਤ ਦ੍ਰਿਸ਼ਟ, ਨੇਤਰ ਨੈਣ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧੁਰ ਸ਼ਬਦ ਕਹੇ ਧੁਰ ਦੀ ਖੇਲ ਮਹਾਨੀ, ਮਹਿਮਾ ਅਕਥ ਅਕਥ ਜਣਾਈਆ । ਕੋਈ ਸਮਝੇ ਨਾ ਜੀਵ ਪ੍ਰਾਨੀ, ਪੁਰਾਨ ਸ਼ਾਸਤਰ ਨਾ ਕੋਇ ਵਡਿਆਈਆ । ਪੁਰਖ ਅਕਾਲਾ ਜਾਣ ਜਾਣੀ, ਜੁਗ ਚੌਕੜੀ ਖੇਲ ਖਿਲਾਈਆ । ਆਦਿ ਜੁਗਾਦੀ ਧੁਰ ਦਾ ਦਾਨੀ, ਦਇਆਵਾਨ ਇਕ ਅਖਵਾਈਆ । ਭਵਿਖਤ ਵਿਚ ਅਨਦ੍ਰਿਸ਼ਟ ਜਣਾਏ ਬਾਣੀ, ਬੋਧ ਅਗਾਧ ਆਪਣਾ ਹੁਕਮ ਵਰਤਾਈਆ । ਭੇਵ ਅਭੇਦਾ ਜਾਣੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਇਹ ਬਸਤਰ ਨੌਂ ਮਹੀਨੇ ਅਠਾਰਾਂ ਦਿਨ ਰੱਖਣੇ ਸਾਂਭ, ਤਨ ਨਾਲ ਨਾ ਕੋਇ ਛੁਹਾਈਆ । ਫੇਰ ਹੁਕਮ

੨੩੮ ੨੨

ਮਿਲਣਾ ਸੰਦੇਸ਼ੇ ਵਾਲਾ ਬਾਦ, ਬਾਤਨ ਆਪਣਾ ਭੇਵ ਖੁਲ੍ਹਾਈਆ । ਊਧਮ ਸਿੰਘ ਨੂੰ ਕਹਿਣਾ ਰੱਖਣਾ ਯਾਦ, ਦਿਨ ਸਕੇ ਨਾ ਮੂਲ ਭੁਲਾਈਆ । ਜਿਸ ਦਾ ਖੇੜਾ ਹੋਣਾ ਫੇਰ ਆਬਾਦ, ਉਜੜਿਆ ਦਏ ਵਸਾਈਆ । ਮਿਤੀ ਅੱਜ ਦੀ ਥਿਤ ਰੱਖਣੀ ਯਾਦ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਅੰਤ ਅਖ਼ੀਰੀ ਦਿਨ ਮਾਰ ਕੇ ਲਿਆਉਣਾ ਜ਼ਰੂਰ ਇਕ ਕਾਗ, ਕਾਗੋਂ ਹੰਸ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਸ਼ਬਦੀ ਧਾਰ ਹੁਕਮ ਅੰਮ੍ਰਿਤ ਰਸ ਸੀਰ, ਪਰਾ ਪਸੰਤੀ ਮਧਮ ਬੈਖਰੀ ਬੈਠੇ ਸੀਸ ਨਿਵਾਈਆ । ਪਹਿਲੀ ਪੋਹ ਲਿਆਉਣੀ ਤਸਵੀਰ, ਸੋਹਣਾ ਰੂਪ ਵਖਾਈਆ । ਦੋਵੇਂ ਹੱਥ ਜੋੜੇ ਹੋਣ ਜਸਬੀਰ, ਬੱਚਾ ਨੰਨ੍ਹਾ ਨਜ਼ਰੀ ਆਈਆ । ਸਿਰ ਤੇ ਲਾਲ ਹੋਵੇ ਚੀਰ, ਚੀਰਾ ਸਾਢੇ ਤਿੰਨ ਗਜ਼ ਲੰਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਗੇ ਕਿਸੇ ਹੋਣ ਨਾ ਦੇਵੇ ਦਿਲਗੀਰ, ਦਰਸ਼ਨ ਦਾ ਵੀਰ ਦਰਸ਼ਨ ਦਾ ਪੀਰ ਪਾਰ ਕਰਾਈਆ ।

## ੨੮ ਮੱਘਰ ਸ਼ਹਿਨਸ਼ਾਹੀ ਸੰਮਤ ੫ ਗਿਆਨ ਚੰਦ ਗਾਂਧੀ ਦੇ ਗ੍ਰਿਹ ਤਲਵਾੜਾ

ਗੁਰ ਅਵਤਾਰ ਪੈਗ਼ੰਬਰ ਝੁਕਦੇ, ਸਚਖੰਡ ਸਾਚੇ ਸੀਸ ਨਿਵਾਈਆ । ਪੁਰਖ ਅਕਾਲ ਦੀਨ ਦਿਆਲ ਸਾਡੇ ਪੈਂਡੇ ਮੁਕਦੇ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਕਲਜੁਗ ਜੀਵ ਜਗਤ ਜਹਾਨ ਭਰੇ ਦੁੱਖ ਦੇ, ਦੁਖੀਆਂ ਦਰਦ ਨਾ ਕੋਇ ਗਵਾਈਆ । ਝਗੜੇ ਮੁਕਣ ਨਾ ਉਲਟੇ ਗਰਭਵਾਸ ਰੁੱਖ ਦੇ, ਨੌਂ ਅਠਾਰਾਂ ਪੰਧ ਨਾ ਕੋਇ ਮੁਕਾਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰੇ ਭਾਣੇ ਕਦੇ ਨਾ ਰੁਕਦੇ, ਨਾ ਕੋਈ ਮੇਟੇ ਮੇਟ ਮਿਟਾਈਆ । ਅਸੀਂ ਖੇਲ ਵੇਖੀਏ ਤੇਰੇ ਸ਼ਬਦ ਦੁਲਾਰੇ ਸੁਤ ਦੇ, ਸੋ ਪੁਰਖ ਨਿਰੰਜਣ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਸਜਦਾ, ਨਿਵ ਨਿਵ ਸੀਸ ਨਿਵਾਈਆ । ਹਉਂ ਸੇਵਕ ਤੇਰਾ ਬਰਦਾ, ਪਰਵਰਦਿਗਾਰ ਤੇਰੀ ਸਰਨਾਈਆ । ਸਾਡਾ ਲਹਿਣਾ ਮੁਕਣਾ ਲੋਕਮਾਤ ਘਰ ਦਾ, ਧਰਨੀ ਧਰਤ ਧਵਲ ਧੌਲ ਨਾ ਕੋਇ ਚਤੁਰਾਈਆ । ਜਗਤ ਜਹਾਨ ਖੇਲ ਵੇਖਿਆ ਹੰਕਾਰੀ ਗੜ੍ਹ ਦਾ, ਹਉਮੇ ਹੰਗਤਾ ਨਾ ਕੋਇ ਮਿਟਾਈਆ । ਰਸਨਾ ਜਿਹਵਾ ਜਗਤ ਜਹਾਨ ਜੀਵ ਪੜ੍ਹਦਾ, ਹਿਰਦੇ ਤੇਰਾ ਨਾਮ ਨਾ ਕੋਇ ਵਸਾਈਆ । ਮਹਿਬੂਬ ਮੰਜ਼ਲ ਤੇਰੀ ਕੋਈ ਨਾ ਚੜ੍ਹਦਾ, ਸਚ ਦਵਾਰੇ ਮਿਲਣ ਕੋਇ ਨਾ ਆਈਆ । ਇਹ ਤੇਰਾ ਖੇਲ ਨਰਾਇਣ ਨਰ ਦਾ, ਨਰ ਹਰਿ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਗੁਰ ਅਵਤਾਰ ਪੈਗ਼ੰਬਰ ਨਿਮਸਕਾਰ ਕਰ ਬੰਦਨਾ, ਬੰਦਗੀ ਵਿਚ ਜਣਾਈਆ । ਤੇਰਾ ਖੇਲ ਸੂਰੇ ਸਰਬੰਗਣਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਮੁਰੀਦ ਮੁਰਸ਼ਦ ਰਿਹਾ ਕੋਈ ਨਾ ਅੰਗਣਾ, ਚੇਲਾ ਗੁਰ ਨਾ ਕੋਇ ਚਤੁਰਾਈਆ । ਆਤਮ ਬ੍ਰਹਮ ਮਿਲੇ ਨਾ ਅਨੰਦਨਾ, ਪਰਮਾਨੰਦ ਨਾ ਕੋਇ ਸਮਾਈਆ । ਸਦੀ ਚੌਧਵੀਂ ਸਭ ਨੂੰ ਪਈ ਚਿੰਦਨਾ, ਚਿੰਤਾ ਚਿਖਾ ਨਾ ਕੋਇ ਬੁਝਾਈਆ । ਤੇਰਾ ਨਾਮ

ਨਾਮ ਨਹੀਂ ਨਿੰਦਨਾ, ਨਿੰਦਿਆ ਵਿਚ ਦੁਹਾਈਆ । ਅੰਮ੍ਰਿਤ ਧਾਰ ਵਹੇ ਨਾ ਸਾਗਰ ਸਿੰਧਨਾ, ਲਹਿਰ ਲਹਿਰ ਨਾ ਕੋਇ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਖ਼ਾਲੀ ਕਰਦੇ ਝੋਲੀ, ਦਰ ਠਾਂਡੇ ਸੀਸ ਨਿਵਾਈਆ । ਹਉਂ ਦਰਵੇਸ਼ ਤੇਰੇ ਦਰ ਦੀ ਗੋਲੀ, ਪਾਰਬ੍ਰਹਮ ਪ੍ਰਭ ਤੇਰੀ ਓਟ ਤਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਆਪਣੇ ਨਾਮ ਦੀ ਦੱਸ ਦੇ ਬੋਲੀ, ਅਨਬੋਲਤ ਰਾਗ ਜਣਾਈਆ । ਸਚ ਦਵਾਰਾ ਏਕੰਕਾਰਾ ਇਕੋ ਖੋਲ੍ਹੀ, ਖ਼ਾਲਕ ਖ਼ਲਕ ਮੇਲ ਮਿਲਾਈਆ । ਨਵ ਸੱਤ ਇਕ ਤਰਾਜ਼ੂ ਤੋਲੀਂ, ਤੋਲਣਹਾਰ ਦਇਆ ਕਮਾਈਆ । ਕਾਇਆ ਮਾਟੀ ਖ਼ਾਕ ਰੰਗ ਦੇ ਚੋਲੀ, ਚੋਜੀ ਪ੍ਰੀਤਮ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਉਂ ਮਾਂਗਤ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਅਰਦਾਸ, ਸੇਵਕ ਸੇਵਾ ਵਿਚ ਸੀਸ ਨਿਵਾਈਆ । ਲੱਖ ਚੁਰਾਸੀ ਮੰਡਲ ਪਾ ਰਾਸ, ਗੋਪੀ ਕਾਹਨ ਖੇਲ ਖਿਲਾਈਆ । ਕਾਇਆ ਤਤ ਕਟ ਬਨਬਾਸ, ਸੀਤਾ ਰਾਮ ਰੰਗ ਰੰਗਾਈਆ । ਇਲਾਹੀ ਨੂਰ ਕਰ ਪ੍ਰਕਾਸ਼, ਅੰਧ ਅੰਧੇਰਾ ਦੇ ਮਿਟਾਈਆ । ਸਤਿ ਸਤਿ ਦਾ ਤੇਰਾ ਜਾਪ, ਵਾਹਵਾ ਵੱਜੇ ਹੱਕ ਵਧਾਈਆ । ਕਲਜੁਗ ਕੂੜ ਰਹੇ ਨਾ ਪਾਪ, ਪਤਿਤ ਪੁਨੀਤ ਦੇ ਕਰਾਈਆ । ਜੋ ਭਵਿਖਤਾਂ ਵਿਚ ਲਿਖਤਾਂ ਵਿਚ ਇਸ਼ਟ ਤੇਰਾ ਆਏ ਆਖ, ਸੰਦੇਸ਼ਾ ਦੀਨ ਦੁਨੀ ਜਣਾਈਆ । ਸੋ ਖੇਲ ਕਰ ਸਾਖਿਆਤ, ਪਾਰਬ੍ਰਹਮ ਪ੍ਰਭ ਤੇਰੀ ਓਟ ਤਕਾਈਆ । ਝਗੜਾ ਮੇਟ ਦੇ ਦੀਨ ਦੁਨੀ ਮਜ਼੍ਹਬ ਜ਼ਾਤ ਪਾਤ, ਤਨ ਵਜੂਦ ਵੰਡ ਨਾ ਕੋਇ ਵੰਡਾਈਆ । ਸਭ ਦਾ ਪੂਰਾ ਲੇਖਾ ਕਰ ਭਵਿਖਤ ਵਾਕ, ਵਾਕਿਆ ਵੇਖ ਥਾਉਂ ਥਾਈਆ । ਤੇਰਾ ਨੂਰ ਜੋਤ ਹੋਵੇ ਪ੍ਰਕਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਤਿ ਦਵਾਰੇ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਬੇਨੰਤੀ, ਨਿਵ ਨਿਵ ਸੀਸ ਨਿਵਾਈਆ । ਬੋਧ ਅਗਾਧੇ ਧੁਰ ਦੇ ਪੰਡਤੀ, ਪਾਰਬ੍ਰਹਮ ਬ੍ਰਹਮ ਪੜਦਾ ਦੇ ਉਠਾਈਆ । ਤੇਰੇ ਨਾਮ ਦੀ ਹੋਵੇ ਇਕੋ ਪੰਗਤੀ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਗੜ੍ਹ ਤੋੜ ਦੇ ਹਉਮੇ ਹੰਗਤੀ, ਹੰ ਬ੍ਰਹਮ ਇਕ ਸਮਝਾਈਆ । ਕਾਇਆ ਚੋਲੀ ਚਾੜ੍ਹ ਰੰਗ ਬਸੰਤੀ, ਬਸਨ ਬਨਵਾਰੀ ਹੋ ਸਹਾਈਆ । ਸਦੀ ਚੌਧਵੀਂ ਜਾਏ ਲੰਘਦੀ, ਮੁਹੰਮਦ ਵੇਖੇ ਥਾਉਂ ਥਾਈਆ । ਤੇਰੀ ਸੇਜ ਸੁਹਾਵੀ ਹੋਵੇ ਪਲੰਘ ਦੀ, ਜਲਵਾਗਰ ਨੂਰ ਇਲਾਹੀਆ । ਧਾਰ ਰਹੇ ਨਾ ਦਵੈਤ ਕੰਧ ਦੀ, ਕੂੜ ਕਿਰਿਆ ਦੇਣੀ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਰਨ ਡੰਡਾਵਤ, ਦਰ ਠਾਂਡੇ ਸੀਸ ਨਿਵਾਈਆ । ਕਲਜੁਗ ਕੂੜੀ ਕਿਰਿਆ ਕਢ ਬਗ਼ਾਵਤ, ਮਿਹਰ ਨਜ਼ਰ ਇਕ ਉਠਾਈਆ । ਸਚ ਮੁਹੱਬਤ ਕਰ ਸਖ਼ਾਵਤ, ਸਿਰ ਆਪਣਾ ਹੱਥ ਰਖਾਈਆ । ਤੇਰੇ ਨਾਮ ਦੀ ਮਿਲੇ ਨਿਆਮਤ, ਰਸਨਾ ਰਸ ਨਾ ਕੋਇ ਚਖਾਈਆ । ਤੂੰ ਆਦਿ ਅੰਤ ਜੁਗਾ ਜੁਗੰਤ ਸਹੀ ਸਲਾਮਤ, ਸਾਹਿਬ ਤੇਰੀ ਸਰਨਾਈਆ । ਤੇਰੀ ਮਹਿੰਮਾ ਸਦਾ ਮਹਾਨਤ, ਅਗੰਮ ਅਥਾਹ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਅਨਜਾਨਤ, ਅੰਤ ਕਹਿਣ ਕੋਇ ਨਾ ਪਾਈਆ । ਕਲਜੁਗ ਚਲੇ ਨਾ ਕੋਇ ਸਿਆਣਪ, ਬੁੱਧੀ ਅਕਲ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਾਂਗਤ ਹੋ ਕੇ ਮੰਗ ਮੰਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ, ਕਹਿ ਕਹਿ ਰਹੇ ਜਣਾਈਆ ।

ਤੂੰ ਆਦਿ ਜੁਗਾਦੀ ਸਾਕ ਸੱਜਣ ਸੈਣ, ਸਾਹਿਬ ਸੁਲਤਾਨ ਧੁਰਦਰਗਾਹੀਆ । ਕਲਜੁਗ ਕੂੜੀ ਕਿਰਿਆ ਵੇਖ ਵਹਿਣ, ਵਹਿੰਦੀ ਧਾਰ ਵਹੇ ਲੋਕਾਈਆ । ਏਕਾ ਨਾਮ ਨਿਰਗੁਣ ਧਾਰ ਦੇ ਰਸਾਇਣ, ਰਸੀਆ ਰਸ ਇਕ ਚਖਾਈਆ । ਮਨ ਮਨਸਾ ਆਵੇ ਚੈਨ, ਚਾਰ ਕੁੰਟ ਨਾ ਕੋਇ ਹਲਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਨਿਰੰਤਰ ਨਾਤਾ ਜੋੜ ਭਾਈ ਭੈਣ, ਪਿਤਾ ਪੁਰਖ ਅਕਾਲ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲੇਖਾ ਪੂਰਾ ਕਰ ਲਹਿਣ ਦੇਣ, ਪੂਰਬ ਝੋਲੀ ਦੇ ਪਾਈਆ ।

### ✪ ੨੯ ਮੱਘਰ ਸ਼ਹਿਨਸ਼ਾਹੀ ਸੰਮਤ ੫ ਜੀਆ ਲਾਲ ਦੇ ਗ੍ਰਿਹਿ ਤਲਵਾੜਾ ✪

ਰਾਮ ਦਾ ਲੇਖਾ ਰਾਮ ਜੁਗ ਤ੍ਰੇਤਾ, ਤਿਰੀਆ ਤ੍ਰੈ ਤਤਵ ਤਤ ਵੇਖ ਵਖਾਈਆ । ਕਲਜੁਗ ਖੇਲ ਰਾਮ ਰਾਮ ਦੇ ਨੇਤਾ, ਨਿਰਗੁਣ ਨਿਰਵੈਰ ਨਿਰੰਕਾਰ ਅਗੰਮ ਅਥਾਹੀਆ । ਲਹਿਣਾ ਦੇਣਾ ਵੇਖੇ ਸਚਖੰਡ ਧੁਰ ਦੇ ਦੇਸਾ, ਧਰਮ ਦੀ ਧਾਰ ਭੇਵ ਅਭੇਦ ਖੁਲ੍ਹਾਈਆ । ਸਚ ਸਵਾਮੀ ਅੰਤਰਜਾਮੀ ਜੁਗ ਚੌਕੜੀ ਕਦੇ ਨਾ ਭੁੱਲੇ ਚੇਤਾ, ਚੇਤਨ ਸਭ ਨੂੰ ਦਏ ਕਰਾਈਆ । ਪੂਰਬ ਲੇਖਾ ਲਹਿਣਾ ਜਲ ਧਾਰ ਵਿਚ ਖੇਤਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਮਝ ਕੋਇ ਨਾ ਪਾਈਆ । ਲੇਖਾ ਜਾਣੇ ਹੁਕਮ ਸੰਦੇਸ਼ਾ ਧੁਰ ਫ਼ਰਮਾਨਾ ਏਕਾ, ਇਕ ਇਕੱਲਾ ਪੜਦਾ ਦੇਣਾ ਉਠਾਈਆ । ਭਗਤ ਉਧਾਰਨਾ ਜੁਗ ਚੌਕੜੀ ਜਿਸ ਦੇ ਕੋਲ ਠੇਕਾ, ਠਾਕਰ ਸਾਹਿਬ ਸਤਿਗੁਰ ਧੁਰਦਰਗਾਹੀਆ । ਅੰਤਰ ਨਿਰੰਤਰ ਵੇਖੇ ਆਪਣਾ ਬੇਟਾ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਾਮ ਕਹੇ ਮੇਰਾ ਖੇਲ ਰਾਮ ਰਮਈਆ, ਰਮਤਾ ਰਮਤਾ ਜਗਤ ਚਲਾਈਆ । ਤ੍ਰੇਤਾ ਦੁਆਪਰ ਕਲਜੁਗ ਵੇਖੀ ਚਲਦੀ ਨਈਆ, ਨੌਕਾ ਵੰਝ ਮੁਹਾਣੇ ਫੇਲ ਫੁਲਾਈਆ । ਸੱਜਣ ਮੀਤ ਸੰਗੀ ਵੇਖੇ ਸਈਆ, ਸਰਗੁਣ ਨਿਰਗੁਣ ਨਿਰਗੁਣ ਸਰਗੁਣ ਸੰਗ ਵਖਾਈਆ । ਬੰਸਰੀ ਖੇਲ ਕਾਹਨ ਵੇਖਿਆ ਘਨਈਆ, ਰਘੁਪਤ ਰੂਪ ਅਨੂਪ ਬਦਲਾਈਆ । ਕਲਜੁਗ ਅੰਤ ਸਚ ਸਵਾਮੀ ਹੋ ਕੇ ਪਾਵੇ ਆਪਣੀ ਸਹੀਆ, ਸਹੀ ਸਲਾਮਤ ਆਪਣੀ ਕਾਰ ਕਮਾਈਆ । ਪੂਰਬ ਲੇਖਾ ਧਰਮ ਦੀ ਧਾਰ ਕੱਢ ਕੇ ਵਹੀਆ, ਲਹਿਣਾ ਪਿਛਲਾ ਦਏ ਚੁਕਾਈਆ । ਖ਼ੁਸ਼ੀ ਮਨਾਏ ਧਰਨੀ ਧਰਤ ਧਵਲ ਧੌਲ ਜਗਤ ਦ੍ਰਿਸ਼ਟੀ ਮਈਆ, ਸ੍ਰਿਸ਼ਟੀ ਸਮਝ ਕੋਇ ਨਾ ਆਈਆ । ਸਤਾਈ ਪੋਹ ਇਕ ਦਾ ਲੇਖਾ ਭੇਟਾ ਕਰਨਾ ਇਕ ਰੁਪਈਆ, ਇਕ ਦੇ ਨਾਲ ਇਕ ਦਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਾਲ ਜੀਆ ਜੀਆ ਲਾਲ ਰਾਮ ਦਾ ਲੇਖਾ ਰਾਮ ਰਾਮ ਹੋ ਕੇ ਦਏ ਚੁਕਾਈਆ ।

## ✪ ੨੯ ਮੱਘਰ ਸ਼ਹਿਨਸ਼ਾਹੀ ਸੰਮਤ ੫ ਜਾਗੀਰ ਸਿੰਘ ਨਰੈਣ ਸਿੰਘ ਦੇ ਗ੍ਰਿਹ ਤਲਵਾੜਾ ✪

ਗੁਰ ਅਵਤਾਰ ਪੈਗ਼ੰਬਰ ਵੇਖਣ ਆਪਣੇ ਖ਼ਾਕੇ, ਨਕਸ਼ਾ ਗੁਜ਼ਸ਼ਤਾ ਹੱਥ ਉਠਾਈਆ । ਲੇਖ ਵੇਖਦੇ ਭਵਿਖਤ ਵਾਕੇ, ਪੇਸ਼ੀਨਗੋਈ ਜੋ ਪੇਸ਼ਤਰ ਆਏ ਸੁਣਾਈਆ । ਆਪਣਾ ਆਪ ਤੱਕਿਆ ਦੀਨ ਦੁਨੀ ਦੇ ਤਸੱਵਰ ਹੋਏ ਚਾਚੇ, ਪਿਤਾ ਨਜ਼ਰ ਕੋਇ ਨਾ ਆਈਆ । ਪ੍ਰਭ ਦਾ ਨਾਮ ਹਿੱਸਿਆਂ ਵਿਚ ਆਏ ਬਾਂਟੇ, ਹੱਦ ਹਦੂਦ ਜਗਤ ਬਣਾਈਆ । ਸਦੀ ਚੌਧਵੀਂ ਅੰਤ ਸਾਰੇ ਬਣ ਗਏ ਕਾਂਟੇ, ਕਟਾਖ਼ਸ਼ ਅਣਿਆਲਾ ਤੀਰ ਨਾ ਕੋਇ ਚਲਾਈਆ । ਸੇਜ ਸੁਹੰਜਣੀ ਰਹੀ ਕੋਈ ਨਾ ਖਾਟੇ, ਬਿਸਤਰ ਸਿੰਘਾਸਣ ਨਾ ਕੋਇ ਵਡਿਆਈਆ । ਤਨ ਵਜੂਦ ਸਰੀਰ ਮਾਟੀ ਖ਼ਾਕ ਚੋਲੇ ਸਭ ਦੇ ਪਾਟੇ, ਲੀਰੋ ਲੀਰ ਜਾਮਾ ਨਜ਼ਰੀ ਆਈਆ । ਸਰੋਵਰ ਤਟ ਰਿਹਾ ਨਾ ਘਾਟੇ, ਜਲ ਧਾਰਾ ਵਹਿਣ ਨਾ ਕੋਇ ਵਡਿਆਈਆ । ਅੰਮ੍ਰਿਤ ਜਲ ਰਿਹਾ ਕਿਸੇ ਨਾ ਬਾਟੇ, ਰਸੀਆ ਰਸ ਨਾ ਕੋਇ ਚਖਾਈਆ । ਸਭ ਦੀ ਮੰਜ਼ਲ ਹੋਈ ਅਧਵਾਟੇ, ਹਕੀਕਤ ਹੱਕ ਨਾ ਕੋਇ ਵਖਾਈਆ । ਚਾਰੋਂ ਕੁੰਟ ਫਿਰਨ ਨਾਠੇ, ਭੱਜਣ ਵਾਹੋ ਦਾਹੀਆ । ਮੰਦਰ ਮਸਜਿਦ ਸ਼ਿਵਦਵਾਲੇ ਤੱਕਣ ਮਾਠੇ, ਚਰਚਾਂ ਅੰਤਰ ਖੋਜ ਖੁਜਾਈਆ । ਆਤਮ ਬ੍ਰਹਮ ਕਰੇ ਕੋਈ ਨਾ ਪਾਠੇ, ਅਨੁਭਵ ਪੜਦਾ ਨਾ ਕੋਇ ਉਠਾਈਆ । ਜਿਧਰ ਵੇਖਿਆ ਚਾਰੋਂ ਕੁੰਟ ਪਏ ਘਾਟੇ, ਨਫ਼ਾ ਨਾਮ ਨਾ ਕੋਇ ਜਣਾਈਆ । ਨਿਰਗੁਣ ਨੂਰ ਜੋਤ ਨਜ਼ਰ ਨਾ ਆਈ ਕਿਸੇ ਲਲਾਟੇ, ਸ਼ਮਅ ਨੂਰ ਨਾ ਕੋਇ ਰੁਸ਼ਨਾਈਆ । ਮਨਜ਼ੂਰ ਹੋਏ ਨਾ ਕਿਸੇ ਟੇਕੇ ਮਾਥੇ, ਮਸਤਕ ਧੂੜੀ ਖ਼ਾਕ ਨਾ ਕੋਇ ਰਮਾਈਆ । ਹੈਰਾਨ ਹੋਏ ਕੀ ਖੇਲ ਕਰੇ ਪ੍ਰਭ ਆਪੇ, ਪਤਿਪਰਮੇਸ਼ਵਰ ਦਇਆ ਕਮਾਈਆ । ਨਿਰਗੁਣ ਨੂਰ ਜੋਤ ਕਰ ਪ੍ਰਕਾਸ਼ੇ, ਕਲਜੁਗ ਅੰਧ ਅੰਧੇਰਾ ਦਏ ਗਵਾਈਆ । ਭਗਤ ਸੁਹੇਲਾ ਵਸੇ ਭਗਤਾਂ ਸਾਥੇ, ਭਗਵਨ ਆਪਣਾ ਸੰਗ ਨਿਭਾਈਆ । ਸਾਢੇ ਤਿੰਨ ਹੱਥ ਚਲਾ ਕੇ ਕਾਇਆ ਮਾਟੀ ਰਾਥੇ, ਰਥ ਰਥਵਾਹੀ ਆਪਣੀ ਕਾਰ ਕਮਾਈਆ । ਕੋਟਾਂ ਵਿਚੋਂ ਥੋੜ੍ਹਿਆਂ ਲੱਭ ਆਪੇ, ਆਖ਼ਰ ਆਪਣਾ ਰੰਗ ਰੰਗਾਈਆ । ਭੇਵ ਖੋਲ੍ਹ ਕੇ ਬਾਤਨ ਬਾਤੇ, ਬੇਵਤਨਾਂ ਵਤਨ ਦਏ ਦਰਸਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਜਾਪੇ, ਜਗਜੀਵਣ ਦਾਤਾ ਦਏ ਵਡਿਆਈਆ । ਚਾਰ ਵਰਨ ਅਠਾਰਾਂ ਬਰਨ ਸਭ ਨੂੰ ਬਹਾ ਇਕ ਅਹਾਤੇ, ਭੂਮਿਕਾ ਇਕੋ ਇਕ ਵਡਿਆਈਆ । ਲੇਖ ਮੁਕਾਏ ਮੜ੍ਹੀ ਗੋਰ ਜਲ ਨਾ ਅਗਨੀ ਕਾਠੇ, ਵਹਿਣਾ ਧਾਰ ਨਾ ਕੋਇ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਵੇਖਣ ਖੇਲ ਅਗੰਮ ਸਾਚੇ, ਹਰਿ ਸਾਚਾ ਸਚ ਜਣਾਈਆ । ਅੱਗੇ ਸਭ ਨੇ ਲੱਗਣਾ ਇਕ ਦੇ ਆਖੇ, ਆਖ਼ਰ ਆਪਣਾ ਹੁਕਮ ਵਰਤਾਈਆ । ਤੁਸੀਂ ਮਾਤਲੋਕ ਦੇ ਰਹਿਣਾ ਨਹੀਂ ਰਾਖੇ, ਰੱਖਿਆ ਛਡਣੀ ਜਗਤ ਲੋਕਾਈਆ । ਆਬੇਹਯਾਤ ਅੰਮ੍ਰਿਤ ਧੁਰ ਦਾ ਪੀਣਾ ਇਕੋ ਕਾਸੇ, ਕਸਮ ਸੌਗੰਦ ਦਾ ਝਗੜਾ ਦੇਣਾ ਮੁਕਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਧੁਰ ਦੀ ਧਾਰ ਜਣਾਏ ਸਾਖਿਆਤੇ, ਸਖ਼ਾ ਸਹੇਲਾ ਦਇਆ ਕਮਾਈਆ । ਹੁਕਮੇ ਅੰਦਰ ਹੁਕਮ ਹੁਕਮੀ ਸੰਦੇਸ਼ਾ ਸਾਰੇ ਲੈਣ ਵਾਚੇ, ਵਾਚਕ ਨਜ਼ਰ ਕੋਇ ਨਾ ਆਈਆ । ਛੱਬੀ ਪੋਹ ਸਭ ਨੇ ਸੁਹੰਜਣੀ ਕਰਨੀ ਰਾਤੇ, ਰੁਤੜੀ ਰੁਤ ਨਾਲ ਮਹਿਕਾਈਆ । ਬਣ ਕੇ ਆਉਣਾ ਪ੍ਰਭੂ ਦੇ ਲਾਡਲੇ ਕਾਕੇ, ਵਡਾ ਛੋਟਾ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਚੌਕੜੀ ਜੁਗ ਭਰਵਾਸੇ, ਜਗਤ ਜੀਵ ਈਸ਼ ਜਗਦੀਸ਼ ਵੇਖ ਵਖਾਈਆ ।

## ੨੯ ਮੱਘਰ ਸ਼ਹਿਨਸ਼ਾਹੀ ਸੰਮਤ ੫ ਜੁਗਿੰਦਰ ਸਿੰਘ ਦੇ ਗ੍ਰਹਿ ਤਲਵਾੜਾ

ਗੁਰ ਅਵਤਾਰ ਪੈਗ਼ੰਬਰ ਕਹਿਣ ਲੋਕਮਾਤ ਮਿਲਿਆ ਸੱਦਾ, ਸਧਨਾ ਸੈਣ ਕਬੀਰ ਰਵੀ ਦੇ ਮਾਲਕ ਦਿਤਾ ਜਣਾਈਆ । ਲੋਕਮਾਤ ਸਭ ਨੇ ਆਉਣਾ ਆਪਣੀ ਧਾਰ ਭੱਜਾ, ਭਜਨ ਬੰਦਗੀ ਪੂਜਾ ਪਾਠ ਪਿਛਲਾ ਨਾਲ ਲਿਆਈਆ । ਤੀਰ ਤਰਕਸ਼ ਖੰਡਾ ਖੜਗ ਚਿੱਲਾ ਕਮਾਨ ਕੋਲ ਹੋਵੇ ਕੋਈ ਨਾ ਗਦਾ, ਗਦਾਗਰ ਹੋ ਕੇ ਆਉਣਾ ਚਾਈਂ ਚਾਈਂਆ । ਧਰਨੀ ਉਤੇ ਆਪਣੇ ਧਰਮ ਧਾਰ ਦੀ ਵੇਖਣੀ ਜਗਹ, ਜਗਹ ਬਜਗਹ ਫੋਲ ਫੁਲਾਈਆ । ਫੇਰ ਸਚ ਦੱਸਣਾ ਕਿਸ ਦਾ ਵਧਿਆ ਅੱਗਾ, ਕੀ ਅਗਲਾ ਲੇਖਾ ਬੇਪਰਵਾਹੀਆ । ਇਕ ਦੂਜੇ ਨਾਲ ਕਰਿਓ ਨਾ ਦਗ਼ਾ, ਦੀਨ ਮਜ਼੍ਹਬ ਮੁਖ ਰਖਾਈਆ । ਮਾਨਵ ਅੰਤਰ ਵੇਖਣਾ ਨਿਰੰਤਰ ਉਪਰ ਸ਼ਾਹਰਗਾ, ਸ਼ਹਿਨਸ਼ਾਹ ਆਪਣਾ ਹੁਕਮ ਸੁਣਾਈਆ । ਮਨ ਬੁੱਧੀ ਵੇਖਣੀ ਕਵਣ ਹੋਈ ਕੱਗਾ, ਕਾਗ ਵਾਂਗ ਕੁਰਲਾਈਆ । ਸਤਿਜੁਗ ਤ੍ਰੇਤਾ ਦੁਆਪਰ ਖੇਲ ਹੋਇਆ ਮਧਾ, ਕਲਜੁਗ ਅੰਤਮ ਫਿਰੀ ਦੁਹਾਈਆ । ਹੁਕਮੇ ਅੰਦਰ ਮੁਰੀਦ ਮੁਰਸ਼ਦ ਚੇਲਾ ਗੁਰੂ ਕਵਣ ਹੋਵੇ ਬੱਧਾ, ਬੰਦਗੀ ਵਿਚ ਮੁਛੰਦਗੀ ਇਕ ਰਖਾਈਆ । ਸਭ ਦੇ ਕੋਲ ਹੋਵੇ ਇਕ ਇਕ ਡੱਬਾ, ਖ਼ਾਲੀ ਜਗਤ ਜਹਾਨ ਦੇਣਾ ਖੜਕਾਈਆ । ਐਲਾਨ ਕਰਨਾ ਮਾਣ ਰਿਹਾ ਨਾ ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰਦਵਾਰੇ ਅੱਡਾ, ਅੱਗੇ ਐਂਡ ਮਿਲਣ ਕੋਇ ਨਾ ਪਾਈਆ । ਫੇਰ ਨਜ਼ਰੀ ਆਵੇ ਧਰਮ ਨਿਸ਼ਾਨ ਗੱਡਾ, ਗਾਡ ਗਾਈਡ ਬਣ ਕੇ ਦਏ ਵਖਾਈਆ । ਆਪਣੀ ਰਸ ਧਾਰ ਆਪਣਾ ਲੈਣਾ ਸਭ ਨੇ ਮਜ਼ਾ, ਮਜ਼ਾਕ ਮੁਜ਼ਿੱਰ ਦੇਣਾ ਜਣਾਈਆ । ਫ਼ੈਸਲਾ ਹੱਕ ਕਰਨਾ ਇਕ ਦਾ ਹੁਕਮ ਇਕ ਦੀ ਚਲਣਾ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਇਕ ਅਖਵਾਈਆ । ਜਿਸ ਦੀ ਚਾਰ ਜੁਗ ਬਿਆਨ ਕਰ ਨਾ ਸਕੇ ਕੋਈ ਵਜਹ, ਬੇਅੰਤ ਕਹਿ ਕੇ ਪਲੂ ਆਏ ਛੁਡਾਈਆ । ਉਹ ਖੇਲ ਕਰੇ ਆਪਣਾ ਹੱਬਾ, ਦੂਜਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਕਰਮ ਦਾ ਲੇਖਾ ਚੁਕਾਏ ਜੁਗਿੰਦਰ ਸਿੰਘ ਬੱਗਾ, ਬਗ ਬਪੜਾ ਗੁਰਮੁਖ ਹੰਸ ਰੂਪ ਬਦਲਾਈਆ ।

## ੨੯ ਮੱਘਰ ਸ਼ਹਿਨਸ਼ਾਹੀ ਸੰਮਤ ੫ ਹਜ਼ਾਰਾ ਸਿੰਘ ਦੇ ਗ੍ਰਹਿ ਪਿੰਡ ਪੰਜ ਢੇਰਾ

ਗੁਰ ਅਵਤਾਰ ਪੈਗ਼ੰਬਰ ਕਹਿਣ ਲੋਕਮਾਤ ਮਾਰੀਏ ਝਾਕੀ, ਬਿਨ ਨੇਤਰ ਲੋਚਨ ਨੈਣ ਅੱਖ ਪ੍ਰਤਖ ਖੁਲ੍ਹਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਸਮੁੰਦ ਸਾਗਰ ਰਹੀ ਕੋਈ ਨਾ ਬਾਕੀ, ਟਿੱਲੇ ਪਰਬਤ ਚੋਟੀ ਬੈਠੇ ਧਿਆਨ ਲਗਾਈਆ । ਚਾਰ ਕੁੰਟ ਦਹਿ ਦਿਸ਼ਾ ਅੰਧੇਰੀ ਰਾਤੀ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਨੂਰੀ ਚੰਦ ਨਾ ਕੋਇ ਚਮਕਾਈਆ । ਤੂੰ ਮੇਰਾ ਮੈਂ ਤੇਰਾ ਪਾਰਬ੍ਰਹਮ ਬ੍ਰਹਮ ਸਭ ਨੂੰ ਭੁੱਲੀ ਗਾਥੀ, ਗਹਿਰ ਗੰਭੀਰ ਬੇਨਜ਼ੀਰ ਨਜ਼ਰ ਕਿਸੇ ਨਾ ਆਈਆ । ਨਾਮ ਵਣਜਾਰਾ ਧਰਮ ਰਿਹਾ ਕਿਸੇ ਨਾ ਹਾਟੀ, ਕਲਜੁਗ ਕੂੜੀ ਕਿਰਿਆ ਹੋਈ ਹਲਕਾਈਆ । ਜਗਤ ਜਗਿਆਸੂ ਸੰਤ ਫ਼ਕੀਰ ਮੰਜ਼ਲ ਅਗੰਮ ਚੜ੍ਹੇ ਕੋਇ ਨਾ ਘਾਟੀ, ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਮਿਲਣ ਕੋਇ ਨਾ ਆਈਆ । ਵਸਤ ਅਮੋਲਕ ਕਾਇਆ ਗੋਲਕ ਸਚ ਦਿਸੇ ਕੋਈ ਨਾ ਦਾਤੀ, ਦਇਆਵਾਨ ਹੋ ਕੇ ਅਗੰਮ ਅਥਾਹ ਧਾਰ ਨਾ ਕੋਇ ਵਖਾਈਆ । ਜਗਤ ਵਾਸਨਾ ਰਸਨਾ ਜਿਹਵਾ ਰਹੀ ਕੋਈ

ਨਾ ਸਾਚੀ, ਬੱਤੀ ਦੰਦ ਕਲਪਣਾ ਵਿਚ ਹਲਕਾਈਆ । ਅੰਮ੍ਰਿਤ ਸਚ ਸਰੋਵਰ ਸੁਰਤ ਸਵਾਣੀ ਕੋਈ ਨਾ ਨਹਾਤੀ, ਦੁਰਮਤ ਮੈਲ ਨਾ ਕੋਇ ਧਵਾਈਆ । ਕੀ ਖੇਲ ਕਰੇ ਪ੍ਰਭ ਅਲਖਣਾ ਅਲਾਖੀ, ਅਲਖ ਅਗੋਚਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੀਏ ਧਰਨੀ ਧਰਤ ਧਵਲ ਧੌਲ ਲੋਕਮਾਤ, ਮਾਤਰ ਭੂਮੀ ਧਿਆਨ ਲਗਾਈਆ । ਸਦੀ ਚੌਧਵੀਂ ਕਿਉਂ ਹੋਈ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਚਮਕਾਈਆ । ਸਭ ਦਾ ਪੈਂਡਾ ਕਿਉਂ ਅੰਤਮ ਮੁਕੀ ਵਾਟ, ਅੱਗੇ ਅਵਰ ਨਾ ਕੋਇ ਵਡਿਆਈਆ । ਸੇਜ ਸੁਹੰਜਣੀ ਦਿਸੇ ਕੋਈ ਨਾ ਖਾਟ, ਸਚ ਸਿੰਘਾਸਣ ਵੱਜੇ ਨਾ ਕੋਇ ਵਧਾਈਆ । ਸਭ ਦਾ ਚੀਥੜ ਜਗਤ ਵਾਸਨਾ ਗਿਆ ਪਾਟ, ਪੀਤ ਪੀਤੰਬਰ ਸੀਸ ਨਾ ਕੋਇ ਸੁਹਾਈਆ । ਝਗੜਾ ਵੇਖੀਏ ਦੀਨ ਦੁਨੀ ਸਮਾਜ, ਮਜ਼੍ਹਬ ਤੁਅਜਬ ਵਿਚ ਕੁਰਲਾਈਆ । ਸ਼ਰਅ ਸ਼ਰੀਅਤ ਧਰਮ ਦਾ ਰਿਹਾ ਕੋਈ ਨਾ ਰਾਜ, ਰਈਅਤ ਰਹਿਮ ਨਾ ਕੋਇ ਕਮਾਈਆ । ਜੋ ਹੁਕਮ ਸੰਦੇਸ਼ਾ ਦੇ ਕੇ ਆਏ ਬੋਧ ਅਗਾਧ, ਬੁੱਧੀ ਤੋਂ ਪਰੇ ਮਾਤ ਪੜ੍ਹਾਈਆ । ਤਿਸ ਦਾ ਲਹਿਣਾ ਦੇਣਾ ਕਿਸ ਬਿਧ ਮੁਕੇ ਆਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਪੜਦਾ ਲਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਿਉਂ ਆਵੇ ਅੰਤ ਕਿਨਾਰਾ, ਨਈਆ ਬੈਠੀ ਪੰਧ ਮੁਕਾਈਆ । ਕੀ ਖੇਲ ਕਰੇ ਪਰਵਰਦਿਗਾਰਾ, ਨਿਰਗੁਣ ਧਾਰ ਨੂਰ ਇਲਾਹੀਆ । ਜਿਸ ਨੂੰ ਝੁਕਦੇ ਪੈਗ਼ੰਬਰ ਅਵਤਾਰਾ, ਗੁਰੂ ਗੁਰਦੇਵ ਸੀਸ ਨਿਵਾਈਆ । ਸੋ ਖੇਲ ਖੇਲੇ ਖੇਲਣਹਾਰਾ, ਖ਼ਾਲਕ ਖ਼ਲਕ ਦਏ ਸਮਝਾਈਆ । ਇਕੋ ਨਾਮ ਬੋਲ ਜੈਕਾਰਾ, ਇਕੋ ਕਲਮਾ ਦਏ ਦ੍ਰਿੜਾਈਆ । ਇਕੋ ਦੱਸ ਧਰਮ ਦਵਾਰਾ, ਪਰਦਾ ਅੰਦਰੋਂ ਦਏ ਉਠਾਈਆ । ਇਕੋ ਦਰ ਹੋਵੇ ਨਿਮਸਕਾਰਾ, ਦੂਸਰ ਇਸ਼ਟ ਨਾ ਕੋਇ ਮਨਾਈਆ । ਜਿਸ ਨੂੰ ਸਾਰੇ ਕਹਿੰਦੇ ਆਏ ਕਲ ਕਲਕੀ ਨਿਰਗੁਣ ਧਾਰ ਚਵੀਆਂ ਅਵਤਾਰਾ, ਅਮਾਮ ਅਮਾਮਾ ਅਗੰਮ ਅਥਾਹੀਆ । ਸੋ ਲੇਖਾ ਜਾਣੇ ਸ੍ਰਿਸ਼ਟੀ ਦ੍ਰਿਸ਼ਟੀ ਸਰਬ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਬੈਠੇ ਸੀਸ ਨਿਵਾਈਆ । ਜਲ ਥਲ ਮਹੀਅਲ ਪੁਰੀ ਲੋਅ ਆਕਾਸ਼ ਪਾਤਾਲ ਪਾਵੇ ਸਾਰਾ, ਗਗਨ ਗਗਨੰਤਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਨੂਰ ਜ਼ਹੂਰ ਜੋਤ ਜੋਤੀ ਧਾਰਾ, ਰੰਗ ਰੇਖ ਨਜ਼ਰ ਕੋਇ ਨਾ ਆਈਆ ।

### ✪ ੨੯ ਮੱਘਰ ਸ਼ਹਿਨਸ਼ਾਹੀ ਸੰਮਤ ੫ ਰੇਸ਼ਮ ਸਿੰਘ ਦੇ ਗ੍ਰਹਿ ਪੰਜ ਢੇਰਾ ✪

ਗੁਰ ਅਵਤਾਰ ਕਹਿਣ ਵੇਖੀਏ ਆਪਣੀ ਲੋਕਮਾਤ ਧਰਨੀ, ਨੇਤਰ ਅੱਖ ਉਠਾਈਆ । ਪੁਰਖ ਅਕਾਲ ਖੇਲ ਕਿਸ ਬਿਧ ਕਰਨੀ, ਕਰਤਾ ਕੀ ਕੀ ਕਾਰ ਕਮਾਈਆ । ਨੌਂ ਖੰਡ ਪ੍ਰਿਥਮੀ ਇਕ ਦੀ ਲਾਗੇ ਸਰਨੀ, ਸਰਨਗਤ ਇਕ ਜਣਾਈਆ । ਇਕੋ ਆਇਤ ਤੁਕ ਸਭ ਨੇ ਪੜ੍ਹਨੀ, ਤੁਖ਼ਮ ਤਾਅਸੀਰ ਦਏ ਬਦਲਾਈਆ । ਇਕੋ ਮੰਜ਼ਲ ਆਤਮ ਪਰਮਾਤਮ ਮਿਲੇ ਚੜ੍ਹਨੀ, ਦੂਜਾ ਰਾਹ ਨਾ ਕੋਇ ਵਖਾਈਆ । ਨੇਤਰ ਖੋਲ੍ਹ ਕੇ ਹਰਨੀ ਫਰਨੀ, ਨਿਜ ਨੈਣ ਕਰੇ ਰੁਸ਼ਨਾਈਆ । ਝਗੜਾ ਮੇਟ ਕੇ ਵਰਨੀ ਬਰਨੀ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡਾ ਇਕ ਪਰਗਟਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੀਏ ਜਗਤ ਨਿਸ਼ਾਨਾ, ਨਿਸ਼ਾਨਾ ਪੂਰਬ ਸਾਥ ਰਖਾਈਆ । ਕੀ ਹੁਕਮ ਸ੍ਰੀ ਭਗਵਾਨਾ, ਕਲ ਕਰਤਾ ਕੀ ਦ੍ਰਿੜਾਈਆ । ਕੀ ਖੇਲੀਏ ਖੇਲ ਵਿਚ ਜਹਾਨਾ, ਜਹਾਲਤ ਪਿਛਲੀ ਦਏ ਮਿਟਾਈਆ । ਸਦੀ ਚੌਧਵੀਂ ਅੰਤ ਅਖ਼ੀਰ ਕਿਸ ਬਿਧ ਵਰਤੇ ਆਪਣਾ ਭਾਣਾ, ਭਾਵੀ ਸਭ ਦੇ ਸਿਰ ਤੇ ਨਜ਼ਰੀ ਆਈਆ । ਨਿਰਗੁਣ ਧਾਰ ਪਹਿਰ ਕੇ ਬਾਣਾ, ਜੋਤੀ ਜਾਤਾ ਵੇਸ ਵਟਾਈਆ । ਚਾਰ ਕੁੰਟ ਹੋ ਪਰਧਾਨਾ, ਨਵ ਨੌਂ ਚਾਰ ਹੁਕਮ ਵਰਤਾਈਆ । ਸ਼ਾਹੋ ਭੂਪ ਬਣ ਸੁਲਤਾਨਾ, ਸਤਿ ਧਰਮ ਇਕ ਪਰਗਟਾਈਆ । ਲੇਖਾ ਜਾਣ ਸੀਤਾ ਰਾਮਾ, ਕਾਹਨਾ ਕ੍ਰਿਸ਼ਨਾ ਖੋਜ ਖੁਜਾਈਆ । ਪੈਗ਼ੰਬਰਾਂ ਕਰ ਪਹਿਚਾਨਾ, ਗੁਰਦੇਵ ਸਵਾਮੀ ਹੋਏ ਸਹਾਈਆ । ਇਕੋ ਨਾਮ ਨਾਦ ਤਰਾਨਾ, ਤੁਰੀਆ ਤੋਂ ਪਰੇ ਦਏ ਦ੍ਰਿੜਾਈਆ । ਖੇਲ ਖੇਲ ਵਿਚ ਜਹਾਨਾ, ਖ਼ਾਲਕ ਖ਼ਲਕ ਆਪ ਸਮਝਾਈਆ । ਜਿਸ ਨੂੰ ਸਾਰੇ ਕਰਨ ਸਲਾਮਾ, ਸਜਦਿਆਂ ਵਿਚ ਸੀਸ ਨਿਵਾਈਆ । ਸੋ ਮਿਹਰਵਾਨ ਮਹਿਬੂਬ ਅਮਾਮਾ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਕਾਇਨਾਤ ਕਲਮਾ ਦੱਸ ਅਗੰਮ ਕਲਾਮਾ, ਕੁਦਰਤ ਕਾਦਰ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ, ਭਾਗ ਭਗਵਤ ਸਭ ਦਾ ਲੇਖੇ ਪਾਈਆ ।

**✪ ੩੦ ਮੱਘਰ ਸ਼ਹਿਨਸ਼ਾਹੀ ਸੰਮਤ ੫ ਲਾਲ ਸਿੰਘ ਦੇ ਗ੍ਰਿਹਿ ਪਿੰਡ ਪੰਜ ਢੇਰਾ ✪**

ਰਾਮ ਕਹੇ ਸੁਣ ਕ੍ਰਿਸ਼ਨ ਅਨਾਦੀ ਅਗੰਮ ਆਵਾਜ਼, ਧੁਰ ਦਾ ਕਾਹਨ ਰਿਹਾ ਸੁਣਾਈਆ । ਜਿਸ ਦਾ ਭੇਵ ਅਗੰਮਾ ਅਵੱਲੜਾ ਰਾਜ਼, ਅਨੋਖਾ ਦੱਸੇ ਨਾ ਕੋਇ ਜਣਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਦੀਨ ਦੁਨੀ ਦਾ ਬਦਲਦਾ ਆਇਆ ਰਿਵਾਜ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੁਕਮ ਵਰਤਾਈਆ । ਜਿਸ ਨੇ ਅਵਤਾਰ ਪੈਗ਼ੰਬਰਾਂ ਗੁਰੂਆਂ ਦਿਤਾ ਰਾਜ, ਦੀਨਾਂ ਮਜ਼ਬਾਂ ਬਖ਼ਸ਼ੀ ਸ਼ਹਿਨਸ਼ਾਹੀਆ । ਨਾਮ ਭੰਡਾਰਾ ਅਗੰਮ ਅਥਾਹ ਦਿਤੀ ਦਾਤ, ਕਲਮਾ ਕਾਇਨਾਤ ਜਣਾਈਆ । ਮਾਨਵ ਜ਼ਾਤੀ ਵੰਡ ਕੇ ਵਿਚ ਜ਼ਾਤ ਪਾਤ, ਮਨੁੱਸ਼ ਮਨੁੱਸ਼ਾਂ ਨਾਲ ਟਕਰਾਈਆ । ਆਪਣੀ ਮਹਿਮਾ ਸਿਫ਼ਤ ਸਾਲਾਹ ਦੱਸ ਕੇ ਉਤੇ ਕਾਗ਼ਜ਼ਾਤ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਅੱਖਰਾਂ ਵਿਚ ਵਡਿਆਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਅੰਤ ਸ੍ਰੀ ਭਗਵੰਤ ਸ੍ਰਿਸ਼ਟੀ ਦ੍ਰਿਸ਼ਟੀ ਵੇਖੇ ਹਾਲਾਤ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਫੋਲ ਫੁਲਾਈਆ । ਚਾਰ ਵਰਨ ਅਠਾਰਾਂ ਬਰਨ ਨੌਂ ਖੰਡ ਪ੍ਰਿਥਮੀ ਸੱਤ ਦੀਪ ਧਰਨੀ ਧਰਤ ਧਵਲ ਧੌਲ ਵੇਖੇ ਅੰਧੇਰੀ ਰਾਤ, ਉੱਤਰ ਪੂਰਬ ਪੱਛਮ ਦੱਖਣ ਨੂਰ ਨੁਰਾਨਾ ਚੰਦ ਨਾ ਕੋਇ ਚਮਕਾਈਆ । ਹੁਕਮ ਸੰਦੇਸ਼ਾ ਧੁਰ ਫ਼ਰਮਾਨਾ ਸ਼ਬਦ ਅਗੰਮਾ ਦੇਵੇ ਆਪ, ਆਪ ਆਪਣੀ ਕਾਰ ਕਮਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੇਖੋ ਮਾਰ ਝਾਤ, ਝਾਕੀ ਇਕੋ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਾਮ ਕਿਹਾ ਕ੍ਰਿਸ਼ਨ ਸੁਣ ਅਗੰਮੀ ਆਵਾਜ਼, ਰਾਮ ਦਾ ਰਾਮ ਰਿਹਾ ਜਣਾਈਆ । ਸੀਸ ਪਹਿਨਣਾ ਨਹੀਂ ਕੋਈ ਤਾਜ, ਮੁਕਟ ਬੈਣ ਨੈਣ ਨਾ ਕੋਇ ਮਟਕਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਵਾਹਦ ਬਦਲਣ ਲੱਗਾ ਰਾਜ, ਰਈਅਤ ਦੋ ਜਹਾਨ ਇਕ ਬਣਾਈਆ । ਚਾਰ ਜੁਗ ਦਾ ਬਦਲ ਦੇਣਾ ਸਮਾਜ, ਸਮਗਰੀ ਜੋਤ ਇਕਗਰੀ ਇਕ ਵਰਤਾਈਆ । ਨਾਮ ਨਿਧਾਨ ਸੁਣਾਏ ਆਪਣਾ

ਨਾਦ, ਬਿਨ ਰਸਨਾ ਜਿਹਵਾ ਬੱਤੀ ਦੰਦ ਢੋਲਾ ਗਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਹੋਏ ਲਾਜਵਾਬ, ਸਿਰ ਸਕੇ ਨਾ ਕੋਇ ਉਠਾਈਆ । ਕਿਸੇ ਨੂੰ ਪਤਾ ਨਹੀਂ ਕੀ ਖੇਲ ਹੋਣਾ ਕਲਜੁਗ ਤੋਂ ਬਾਦ, ਸਤਿਜੁਗ ਕਿਸ ਬਿਧ ਲੋਕਮਾਤ ਲਏ ਪਰਗਟਾਈਆ । ਕਿਸ ਧਾਰ ਮਾਨਵ ਜ਼ਾਤੀ ਕਰੇ ਆਬਾਦ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਨਿਰਮਲ ਕਰਮ ਉਜਾਗਰ ਕਰ ਕੇ ਧੋਵੇ ਦੁਰਮਤ ਮੈਲ ਦਾਗ਼, ਪਤਿਤ ਪੁਨੀਤ ਕਰੇ ਸਫ਼ਾਈਆ । ਕਿਸੇ ਤੋਂ ਮੰਗੇ ਨਾ ਕੋਇ ਇਮਦਾਦ, ਸਾਥੀ ਸੰਗ ਨਾ ਕੋਇ ਜਣਾਈਆ । ਇਕੋ ਵਾਰ ਏਕੰਕਾਰ ਹਰ ਹਿਰਦੇ ਅੰਦਰ ਦੇਵੇ ਆਪਣੀ ਯਾਦ, ਯਾਦ ਸਾਡੀ ਦਏ ਭੁਲਾਈਆ । ਨਾਮ ਸੰਦੇਸ਼ਾ ਦੇ ਕੇ ਬੋਧ ਅਗਾਧ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਜਿਸ ਨੂੰ ਕਹਿੰਦੇ ਆਏ ਮੋਹਨ ਮਾਧਵ ਮਾਧ, ਮਧੁਰ ਧੁਨ ਆਪਣੀ ਰਾਗ ਸੁਣਾਈਆ । ਝਗੜਾ ਰਹਿਣ ਨਾ ਦੇਵੇ ਜਗਤ ਜਗਿਆਸੂ ਸੰਤ ਸਾਧ, ਸਾਧਨਾ ਸਚ ਵਿਚ ਸਮਝਾਈਆ । ਹੰਸ ਰੂਪ ਬਣਾਏ ਕਲਜੁਗ ਜੀਵ ਕਾਗ, ਸੋਹੰ ਹੰਸਾ ਰੂਪ ਦ੍ਰਿੜਾਈਆ । ਵਿਸ਼ਨ ਬ੍ਰਹਮਾ ਸ਼ਿਵ ਅਵਤਾਰ ਪੈਗ਼ੰਬਰ ਗੁਰ ਦੇਵਤ ਸੁਰ ਪਕੜ ਕੇ ਆਪਣੇ ਹੱਥ ਵਾਗ, ਹੁਕਮੇ ਅੰਦਰ ਸਰਬ ਭਵਾਈਆ । ਇਕੋ ਨਾਮ ਕਲਮਾ ਇਕੋ ਡੰਡਾਵਤ ਬੰਦਨਾ ਇਕੋ ਸੱਜਦਾ ਦੱਸੇ ਆਦਾਬ, ਨਮਸਕਾਰ ਨਮੋਂ ਨਮੋਂ ਇਕੋ ਸੀਸ ਜਗਦੀਸ ਸਰਬ ਨਿਵਾਈਆ । ਇਕੋ ਪੂਜਾ ਹੋਵੇ ਪੁਰਖ ਅਕਾਲ ਸ੍ਰੀ ਮਹਾਰਾਜ, ਪਰਵਰਦਿਗਾਰ ਇਕੋ ਨੂਰ ਰੁਸ਼ਨਾਈਆ । ਤ੍ਰੈਗੁਣ ਮਾਇਆ ਤਤ ਕਲਪਣਾ ਬੁਝਾਏ ਆਗ, ਸਾਂਤਕ ਸਤਿ ਸਤਿ ਵਰਤਾਈਆ । ਕਾਇਆ ਮੰਦਰ ਅੰਦਰ ਸਰੋਵਰ ਵਖਾਏ ਇਕ ਤਾਲਾਬ, ਅੱਠ ਸੱਠ ਤੀਰਥ ਲੋੜ ਰਹੇ ਨਾ ਰਾਈਆ । ਮਿਹਰਵਾਨ ਹੋ ਕੇ ਮਹਿਬੂਬ ਅੰਦਰੋਂ ਪੜਦਾ ਚੁੱਕੇ ਨਕਾਬ, ਨੂਰ ਨੁਰਾਨਾ ਨੂਰੀ ਜੋਤ ਕਰੇ ਰੁਸ਼ਨਾਈਆ । ਘਰ ਠਾਕਰ ਸਵਾਮੀ ਕਰਤਾ ਮਿਲੇ ਆਪ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਪੁਸਤਕ ਪੜ੍ਹਨੀ ਪਏ ਨਾ ਕੋਈ ਕਿਤਾਬ, ਕੁਤਬਖ਼ਾਨੇ ਵੰਡ ਨਾ ਕੋਇ ਵੰਡਾਈਆ । ਕਿਰਪਾ ਕਰ ਕੇ ਆਪਣਿਆਂ ਭਗਤਾਂ ਦਰਸ਼ਨ ਦੇਵੇ ਸਾਖਿਆਤ, ਸਵੱਛ ਸਰੂਪੀ ਸ਼ਾਹੋ ਭੂਪੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਰਾਮ ਕਿਹਾ ਕ੍ਰਿਸ਼ਨ ਸੁਣ ਅਗੰਮ ਆਵਾਜ਼, ਬਿਨ ਕੰਨਾਂ ਕੰਨ ਲਗਾਈਆ । ਲੇਖਾ ਦੇਣਾ ਪਏ ਹਿਸਾਬ, ਪ੍ਰਭ ਮੰਗੇ ਥਾਉਂ ਥਾਈਆ । ਜਿਥੇ ਨਾ ਕੋਈ ਸਵਾਲ ਨਾ ਜਵਾਬ, ਜਵਾਬ ਤਲਬੀ ਵਿਚ ਸਾਰੇ ਸੀਸ ਨਿਵਾਈਆ । ਅੰਤ ਕੰਤ ਭਗਵੰਤ ਸੁਣੇ ਸਰਬ ਫ਼ਰਿਆਦ, ਸਾਨੂੰ ਫ਼ਾਰਗ਼ ਦੀਨ ਦੁਨੀ ਨਾਲੋਂ ਕਰਾਈਆ । ਕੀ ਖੇਲ ਹੋਣਾ ਆਪਣਾ ਪਿਛਲਾ ਲੇਖਾ ਵੇਖ ਰਿਗ ਵੇਦ ਕਹੇ ਵਿੱਚ ਪੰਜ ਧਾਰਾ ਦੀ ਆਬ, ਦੋ ਆਬ ਮੂਸਾ ਕੀ ਗਿਆ ਦ੍ਰਿੜਾਈਆ । ਕੀ ਸੰਦੇਸ਼ਾ ਦਿਤਾ ਨਾਨਕ ਵਿਚ ਬਗ਼ਦਾਦ, ਬਗ਼ਲਗੀਰ ਖ਼ੁਦ ਖ਼ਾਲਕ ਮਾਲਕ ਇਕ ਰਖਾਈਆ । ਕਿਸ ਬਿਧ ਗੋਬਿੰਦ ਆਪਣੇ ਅੰਗੀਠੇ ਲਾਈ ਆਗ, ਚਿਖਾ ਜਗਤ ਵਿਚ ਜਗਾਈਆ । ਉਹ ਖੇਲ ਕਰੇ ਹਰਿ ਕਰਤਾ ਪ੍ਰਭ ਵਾਹਦ, ਆਪ ਆਪਣਾ ਹੁਕਮ ਵਰਤਾਈਆ । ਕਿਉਂ ਅਵਤਾਰ ਪੈਗ਼ੰਬਰਾਂ ਗੁਰੂਆਂ ਦੇ ਹੁੰਦਿਆਂ ਵਧ ਗਿਆ ਪਾਪ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਪੂਜਾ ਪਾਠ ਸਿਮਰਨ ਜੋਗ ਅਭਿਆਸ ਕਲਜੁਗ ਜੀਵਾਂ ਪਵਿਤਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਵੇਖਣਹਾਰ ਹਾਲਾਤ, ਹਾਲਾਂਕਿ ਆਪਣਾ ਰੂਪ ਅਨੂਪ ਆਪਣੇ ਵਿਚੋਂ ਪਰਗਟਾਈਆ ।


੨੪੬ ੨੨

## ✪ ੩੦ ਮੱਘਰ ਸ਼ਹਿਨਸ਼ਾਹੀ ਸੰਮਤ ੫ ਕਰਤਾਰ ਸਿੰਘ ਦੇ ਗ੍ਰਿਹਿ ਪੰਜ ਢੇਰਾ ✪

ਕ੍ਰਿਸ਼ਨ ਸੁਣ ਕੇ ਖ਼ੁਸ਼ੀਆਂ ਦੇ ਵਿਚ ਹੱਸਿਆ, ਆਪਣੀ ਹਸਤੀ ਦਿਤੀ ਬਦਲਾਈਆ । ਰਾਮ ਕੀ ਰਾਮ ਸੰਦੇਸ਼ਾ ਦੱਸਿਆ, ਰਾਮ ਰਾਮ ਰਾਮ ਦੁਹਾਈਆ । ਮੈਂ ਸਭ ਕੁਛ ਵੇਖਾਂ ਅੱਖੀਆਂ, ਅੱਖਰਾਂ ਤੋਂ ਪਰੇ ਮੇਰੀ ਪੜ੍ਹਾਈਆ । ਮੈਂ ਛੱਡੀਆਂ ਬਿੰਦਰਾ ਬਨ ਦੀਆਂ ਸਖ਼ੀਆਂ, ਗੋਕਲ ਰਾਸਾਂ ਰੰਗ ਨਾ ਕੋਇ ਰੰਗਾਈਆ । ਆਤਮ ਧਾਰ ਪਰਮਾਤਮ ਕਰ ਕੇ ਪੱਕੀਆਂ, ਨੂਰ ਜੋਤ ਵਿਚ ਵਡਿਆਈਆ । ਝਗੜਾ ਮੁਕਾ ਕੇ ਜਗਤ ਜਹਾਨ ਸਤੀਆਂ, ਸਤਿ ਦਾ ਰਸਤਾ ਦਿਤਾ ਦਰਸਾਈਆ । ਹਿੱਸਾ ਛਡਾ ਕੇ ਦੀਨ ਦੁਨੀ ਦੀਆਂ ਪੱਤੀਆਂ, ਪਤਿਪਰਮੇਸ਼ਵਰ ਇਕੋ ਦਿਤਾ ਵਖਾਈਆ । ਜਿਸ ਨੇ ਕਲਜੁਗ ਕੂੜ ਕੁੜਿਆਰ ਬੁਝਾਉਣੀਆਂ ਬੱਤੀਆਂ, ਇਕੋ ਨੂਰ ਕਰੇ ਰੁਸ਼ਨਾਈਆ । ਦੀਨ ਮਜ਼੍ਹਬ ਦੀਆਂ ਰਹਿਣ ਨਹੀਂ ਦੇਣੀਆਂ ਹੱਟੀਆਂ, ਹੱਟ ਵਣਜਾਰਾ ਇਕੋ ਇਕ ਖੁਲ੍ਹਾਈਆ । ਨਾਮ ਦੀਆਂ ਵੱਖਰੀਆਂ ਵੱਖਰੀਆਂ ਪੜ੍ਹਨ ਨਹੀਂ ਦੇਣੀਆਂ ਪੱਟੀਆਂ, ਪਟਨੇ ਵਾਲਾ ਗਿਆ ਸਮਝਾਈਆ । ਬਿਰਹੋਂ ਵੈਰਾਗ ਗੁਰਮੁਖ ਸੰਤ ਸੁਹੇਲੇ ਅੰਤਰ ਆਤਮ ਜਾਣ ਫੱਟੀਆਂ, ਫੱਟ ਨਿਰਾਲਾ ਇਕ ਲਗਾਈਆ । ਪਿਛਲੀਆਂ ਡੋਰਾਂ ਸਭ ਦੀਆਂ ਜਾਣ ਕਟੀਆਂ, ਅੱਗੇ ਪਲੂ ਸ਼ਬਦ ਨਾਮ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕ੍ਰਿਸ਼ਨ ਕਹੇ ਰਾਮ ਮੈਂ ਵੇਖਾਂ ਅਗੰਮੀ ਤਖ਼ਤੀ, ਤਖ਼ਤ ਨਿਵਾਸੀ ਰਿਹਾ ਵਖਾਈਆ । ਜਿਸ ਦੇ ਹੁਕਮ ਵਿਚ ਜੁਗ ਜੁਗ ਸਦਾ ਆਈ ਸਖ਼ਤੀ, ਹੁਕਮੇ ਅੰਦਰ ਆਪਣਾ ਹੁਕਮ ਬਦਲਾਈਆ । ਉਹ ਆਦਿ ਅੰਤ ਦਾ ਇਕ ਵਿਅਕਤੀ, ਨਿਰਵੈਰ ਨਿਰਾਕਾਰ ਨਿਰੰਕਾਰ ਜਲਵਾਗਰ ਨੂਰ ਇਲਾਹੀਆ । ਉਹ ਕਾਹਨਾਂ ਦਾ ਕਾਹਨ ਪ੍ਰੀਤਮ ਅਰਸ਼ੀ, ਪਾਰਬ੍ਰਹਮ ਬੇਪਰਵਾਹੀਆ । ਚਾਰ ਜੁਗ ਦੇ ਸ਼ਾਸਤਰ ਉਸ ਦੀ ਸਿਫ਼ਤ ਧਾਰ ਦੀ ਨਿੱਕੀ ਜੇਹੀ ਪਰਚੀ, ਪ੍ਰਾਚੀਨ ਦਾ ਲੇਖਾ ਵੇਖੇ ਚਾਈਂ ਚਾਈਂਆ । ਕਲਜੁਗ ਅੰਤ ਨਿਰਗੁਣ ਧਾਰ ਬਣ ਕੇ ਦਰਸੀ, ਸਮਦਰਸੀ ਹੋ ਕੇ ਆਪਣਾ ਵੇਸ ਵਟਾਈਆ । ਤੱਤਾਂ ਵਾਲਾ ਗੁਰੂ ਨਹੀਂ ਹੋਣਾ ਫਰਜੀ, ਜੋ ਜੰਮੇ ਤੇ ਮਰ ਜਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਗੁਰ ਭਵਿਖਤਾਂ ਵਿਚ ਸਾਰੇ ਗਏ ਵਰਜੀ, ਪੇਸ਼ੀਨਗੋਈਆਂ ਵਿਚ ਉਸੇ ਦਾ ਰਾਹ ਤਕਾਈਆ । ਉਹ ਹੋਵੇ ਸਭ ਦਾ ਦਰਦੀ, ਦੀਨਾਂ ਅਨਾਥਾਂ ਦੀਨ ਦਿਆਲ ਦਇਆ ਕਮਾਈਆ । ਛੁਰੀ ਸ਼ਰਅ ਰਹਿਣ ਨਾ ਦੇਵੇ ਕਰਦੀ, ਕਤਲਗਾਹ ਰੂਪ ਨਾ ਕੋਇ ਦਰਸਾਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਮੇਟੇ ਅੰਧੇਰ ਗਰਦੀ, ਸਤਿ ਧਰਮ ਦਾ ਸਾਚਾ ਰਾਹ ਇਕ ਚਲਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਇਕੋ ਪੁਰਖ ਅਕਾਲ ਤੂੰ ਮੇਰਾ ਮੈਂ ਤੇਰਾ ਤੁਕ ਹੋਵੇ ਪੜ੍ਹਦੀ, ਆਤਮ ਪਰਮਾਤਮ ਪਰਮਾਤਮ ਆਤਮ ਮਿਲ ਕੇ ਵੱਜੇ ਵਧਾਈਆ । ਏਹ ਖੇਲ ਉਸ ਕਾਹਨ ਦੀ ਆਪਣੇ ਘਰ ਦੀ, ਜੋ ਕਾਹਨਾਂ ਦਾ ਕਾਹਨ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਮੇਂ ਦੀ ਧਾਰ ਵਿਚ ਕਰੇ ਕਦੇ ਨਾ ਜਲਦੀ, ਜਲ ਥਲ ਮਹੀਅਲ ਸਮੁੰਦ ਸਾਗਰ ਟਿੱਲੇ ਪਰਬਤ ਡੂੰਘੀ ਕੰਦਰ ਆਪਣਾ ਹੁਕਮ ਵਰਤਾਈਆ ।

## ✪ ੩੦ ਮੱਘਰ ਸ਼ਹਿਨਸ਼ਾਹੀ ਸੰਮਤ ੫ ਦਿਆਲ ਸਿੰਘ ਦੇ ਗ੍ਰਿਹਿ ਪਿੰਡ ਡੱਡਾਂ ✪

ਕ੍ਰਿਸ਼ਨ ਕਹੇ ਰਾਮ ਵਡਿਆਈ ਰਹੀ ਨਾ ਕਿਸੇ ਮੁਕਟ, ਸੀਸ ਜਗਦੀਸ ਨਾ ਕੋਇ ਨਿਵਾਈਆ । ਕਲਜੁਗ ਕੂੜੀ ਕਿਰਿਆ ਰੀਤੀ ਹੋਈ ਉਲਟ, ਸਤਿ ਧਰਮ ਸ੍ਰਿਸ਼ਟੀ ਦ੍ਰਿਸ਼ਟੀ ਗਈ ਭੁਲਾਈਆ । ਸਿਫ਼ਤੀ ਅੱਖਰ ਕਰ ਨਾ ਸਕਣ ਦਰੁਸਤ, ਸਮਾਜ ਰਾਜ ਨਾ ਕੋਇ ਬਦਲਾਈਆ । ਸੁਰਤ ਸਵਾਣੀ ਹੋਈ ਸੁਸਤ, ਨਾਮ ਕਲਮੇ ਨਾ ਕੋਇ ਉਠਾਈਆ । ਧੁਰ ਦਾ ਨਾਮ ਵੰਡੇ ਕੋਈ ਨਾ ਮੁਫ਼ਤ, ਚਾਰੋਂ ਕੁੰਟ ਪਈ ਦੁਹਾਈਆ । ਪਰਦਾ ਖੁਲ੍ਹੇ ਨਾ ਕਿਸੇ ਅੰਗੁਸ਼ਤ, ਭੇਵ ਅਭੇਦ ਨਾ ਕੋਇ ਜਣਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਕਰ ਸਕੇ ਕੋਈ ਨਾ ਮੁਕਤ, ਲੱਖ ਚੁਰਾਸੀ ਜਮ ਕੀ ਫਾਸੀ ਨਾ ਕੋਇ ਕਟਾਈਆ । ਅੰਤ ਅਖ਼ੀਰ ਸਭ ਦੀ ਪੁੱਜੀ ਮੁਹਲਤ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਚਾਰ ਜੁਗ ਦੀ ਪਿਛਲੀ ਰਹੇ ਕੋਈ ਨਾ ਸ਼ੋਹਰਤ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਆਪਣੀ ਕਾਰ ਕਮਾਈਆ । ਚਾਰ ਕੁੰਟ ਦਹਿ ਦਿਸ਼ਾ ਦੀਨ ਦੁਨੀ ਹੋਈ ਅੰਧ ਘੋਰਤ, ਸਚ ਪ੍ਰਕਾਸ਼ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕ੍ਰਿਸ਼ਨ ਕਿਹਾ ਰਾਮ ਹਿਰਦੇ ਵਸੇ ਨਾ ਕਿਸੇ ਰਮੱਯਾ, ਕਾਹਨ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜੀ ਕਿਰਿਆ ਵਹਿਣ ਵਹੇ ਨਈਆ, ਨੌਕਾ ਨਾਮ ਨਾ ਕੋਇ ਜਣਾਈਆ । ਪਿਆਰ ਰਿਹਾ ਨਾ ਭੈਣ ਭਈਆ, ਪਿਤਾ ਪੂਤ ਨਾ ਕੋਇ ਵਡਿਆਈਆ । ਮਿੱਤਰ ਪਿਆਰਾ ਰਿਹਾ ਕੋਇ ਨਾ ਸਈਆ, ਸੱਜਣ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪਰਦਾ ਓਹਲਾ ਆਪ ਚੁਕਾਈਆ । ਰਾਮ ਕਿਹਾ ਕ੍ਰਿਸ਼ਨ ਖੇਲ ਵੇਖ ਤ੍ਰੇਤੇ ਨਾਲ ਦੁਆਪਰ, ਪੂਰਬ ਧਿਆਨ ਲਗਾਈਆ । ਪ੍ਰਭ ਦੇ ਭਾਣੇ ਅੰਦਰ ਰਹੇ ਕੋਈ ਨਾ ਚਾਤਰ, ਅਕਲ ਬੁਧੀ ਨਾ ਕੋਇ ਵਡਿਆਈਆ । ਕਲਜੁਗ ਅੰਤ ਕਲ ਕਲਕੀ ਆਉਣਾ ਆਪਣੀ ਖ਼ਾਤਰ, ਬ੍ਰਹਿਮਣ ਗੌੜਾ ਵੇਸ ਵਟਾਈਆ । ਜਿਸ ਨੇ ਸਭ ਦਾ ਲੇਖਾ ਮੁਕਾਉਣਾ ਲਗ ਮਾਤਰ, ਬਚਿਆ ਰਹਿਣ ਕੋਇ ਨਾ ਪਾਈਆ । ਭੇਵ ਅਭੇਦਾ ਖੋਲ੍ਹੇ ਬਾਤਨ, ਪਰਦਾ ਅੰਦਰੋਂ ਦਏ ਚੁਕਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਬਣਾ ਕੇ ਸਾਕਨ, ਬਰਨ ਅਠਾਰਾਂ ਜੋੜ ਜੁੜਾਈਆ । ਨਾਮ ਸੰਦੇਸ਼ਾ ਦੇ ਕੇ ਪਾਤਨ, ਪਤਿਤ ਪਾਪੀ ਲਏ ਤਰਾਈਆ । ਆਤਮ ਪਰਮਾਤਮ ਪਰਮਾਤਮ ਆਤਮ ਜੋੜ ਕੇ ਨਾਤਨ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਜਿਸ ਨੂੰ ਕਲ ਕਲਕੀ ਸਾਰੇ ਆਖਣ, ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਜਸ ਗਾਈਆ । ਉਹ ਝਗੜਾ ਮੇਟੇ ਜ਼ਾਤ ਪਾਤਨ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਸਦੀ ਚੌਧਵੀਂ ਮੇਟ ਅੰਧੇਰੀ ਰਾਤਨ, ਸਤਿਜੁਗ ਸਚ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦਵਾਰਾ ਇਕ ਪਰਗਟਾਈਆ । ਰਾਮ ਕਿਹਾ ਕ੍ਰਿਸ਼ਨ ਔਹ ਵੇਖ ਅਗੰਮੀ ਰਥ, ਮਹਾਂਸਾਰਥੀ ਧਿਆਨ ਲਗਾਈਆ । ਜਿਹੜੀ ਅਰਜਨ ਜਣਾਈ ਗਥ, ਅਠਾਰਾਂ ਧਿਆਏ ਦਏ ਗਵਾਹੀਆ । ਜਿਸ ਨੂੰ ਸਮਝ ਨਾ ਸਕੇ ਕੋਈ ਸਚ, ਵਾਚਕ ਵਾਚ ਪੜਦਾ ਨਾ ਕੋਇ ਉਠਾਈਆ । ਓਸ ਖੋਲ੍ਹਣੀ ਅਗੰਮੀ ਅੱਖ, ਨਿਜ ਨੇਤਰ ਲੋਚਣ ਨੈਣ ਦਿਬ ਕਰੇ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਬਦਲ ਦਏ ਮਤ, ਸਤਿਜੁਗ ਸਚ ਰਾਹ ਵਖਾਈਆ । ਨਾੜ ਬਹੱਤਰ ਨਾ ਉਬਲੇ ਰਤ, ਅਗਨੀ ਤਤ ਨਾ ਕੋਇ ਜਲਾਈਆ । ਨਿਰਗੁਣ ਧਾਰ ਹੋ ਪਰਗਟ, ਪਾਰਬ੍ਰਹਮ ਪ੍ਰਭ ਆਪਣਾ ਵੇਸ ਵਟਾਈਆ । ਜੋ ਵਸਣਹਾਰਾ ਘਟ ਘਟ, ਦਰ ਠਾਂਡਾ

ਇਕ ਸੁਹਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਵੇਖੇ ਨੱਸ ਨੱਸ, ਦੋ ਜਹਾਨਾਂ ਆਪਣਾ ਪੰਧ ਮੁਕਾਈਆ । ਜਿਸ ਦਾ ਸਿਫ਼ਤਾਂ ਵਿਚ ਭਵਿਖਤਾਂ ਵਿਚ ਅੱਖਰਾਂ ਵਿਚ ਗਾਇਆ ਜਸ, ਨਾਮ ਕਲਮਿਆਂ ਵਿਚ ਵਡਿਆਈਆ । ਸੋ ਲੂੰ ਲੂੰ ਅੰਦਰ ਰਿਹਾ ਰਚ, ਰਚਨਾ ਆਪਣੀ ਦਏ ਜਣਾਈਆ । ਕਲਜੁਗ ਅੰਤ ਭਾਗ ਲਗਾ ਕਾਇਆ ਮਾਟੀ ਕਚ, ਕੰਚਨ ਗੜ੍ਹ ਦਏ ਵਡਿਆਈਆ । ਭਗਤ ਸੁਹੇਲੇ ਰਹਿਣ ਨਾ ਦੇਵੇ ਵੱਖ, ਗੁਰ ਚੇਲੇ ਆਪਣੇ ਰੰਗ ਰੰਗਾਈਆ । ਧੁਰ ਦਾ ਖੇਲ ਕਰੇ ਬਾਜ਼ੀਗਰ ਨਟ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਕੀ ਹੋਇਆ ਜੇ ਸ੍ਰਿਸ਼ਟੀ ਦ੍ਰਿਸ਼ਟੀ ਵਿਚ ਆਪਣਾ ਇਸ਼ਟ ਗਈ ਛਡ, ਹਿਰਦੇ ਹਰਿ ਨਾ ਕੋਇ ਵਸਾਈਆ । ਸੋ ਸਵਾਮੀ ਅੰਤਰਜਾਮੀ ਪਾਰਬ੍ਰਹਮ ਪਤਿਪਰਮੇਸ਼ਵਰ ਕੂੜੀ ਕਿਰਿਆ ਕਰਮ ਕਾਂਡ ਦੀ ਦੇਵੇ ਕਟ, ਕਟਾਕਸ਼ ਆਪਣਾ ਨਾਮ ਲਗਾਈਆ । ਧਰਨੀ ਧਰਤ ਧਵਲ ਧੌਲ ਧਰਮ ਦਵਾਰਾ ਏਕੰਕਾਰਾ ਇਕੋ ਖੋਲ੍ਹ ਕੇ ਹੱਟ, ਵਸਤ ਅਮੋਲਕ ਅਗੰਮ ਅਥਾਹ ਆਪ ਵਰਤਾਈਆ । ਏਕਾ ਰੂਪ ਸਤਿ ਸਰੂਪ ਸ਼ਾਹੋ ਭੂਪ ਦੀਨ ਦੁਨੀ ਕਾਇਨਾਤ ਦੇਵੇ ਦੱਸ, ਮਾਨਵ ਮਾਨੁਖ ਮਾਨਸ ਇਕੋ ਰੰਗ ਰੰਗਾਈਆ । ਉੱਤਰ ਪੂਰਬ ਪੱਛਮ ਦੱਖਣ ਦੂਰ ਨੇੜੇ ਰਹੇ ਕੋਈ ਨਾ ਵੱਖ, ਵੱਖਰਾ ਘਰ ਨਾ ਕੋਇ ਬਣਾਈਆ । ਸਭ ਦੀ ਅੰਤਰ ਨਿਰੰਤਰ ਅਨਦ੍ਰਿਸ਼ਟ ਦ੍ਰਿਸ਼ਟੀ ਵਿਚ ਖੋਲ੍ਹੇ ਅੱਖ, ਅੱਖਰਾਂ ਤੋਂ ਬਾਹਰ ਦਏ ਸਮਝਾਈਆ । ਜੋਤੀ ਜਾਤਾ ਪੁਰਖ ਬਿਧਾਤਾ ਪਤਿਪਰਮੇਸ਼ਵਰ ਹੋ ਪ੍ਰਤਖ, ਸਾਖਿਆਤ ਸਨਮੁਖ ਆਪਣਾ ਦਰਸ ਦਿਖਾਈਆ । ਇਕ ਜੈਕਾਰਾ ਸਰਬ ਸੰਸਾਰਾ ਆਤਮ ਪਰਮਾਤਮ ਧਾਰਾ ਦੋ ਜਹਾਨਾਂ ਹੋਵੇ ਜਸ, ਜਿਸਮ ਜ਼ਮੀਰ ਬੇਨਜ਼ੀਰ ਅੰਦਰੋਂ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ, ਧਰਮ ਧਾਰ ਦੀ ਮਹਿੰਮਾ ਅਕਥ, ਕਥਨੀ ਤੋਂ ਬਾਹਰ ਦਏ ਵਡਿਆਈਆ ।



੨੪੯
੨੨

✪ ੩੦ ਮੱਘਰ ਸ਼ਹਿਨਸ਼ਾਹੀ ਸੰਮਤ ੫ ਦਰਬਾਰਾ ਸਿੰਘ, ਰਾਮ ਸਿੰਘ ਦੇ ਗ੍ਰਿਹਿ ਪਿੰਡ ਗਾਲੜੀ ✪

ਈਸਾ ਕਹੇ ਮੇਰੇ ਇਲਾਹੀ ਯਾਰ ਮੂਸਾ, ਮੁਸ਼ਤਰੀ ਦੇ ਕਰਾਈਆ । ਕਿਉਂ ਕਾਇਨਾਤ ਵਕਤ ਹੋਇਆ ਮਨਹੂਸਾ, ਕਲਮਾ ਹੱਕ ਨਾ ਕੋਇ ਵਡਿਆਈਆ । ਕੀ ਧਾਰ ਬਦਲਣੀ ਛੱਬੀ ਪੋਹ ਸੂਸਾ, ਬਸਤਰ ਕਵਣ ਕਵਣ ਵਡਿਆਈਆ । ਕੀ ਧਾਰ ਬਦਲਣੀ ਰੂਸਾ, ਹੁਕਮ ਮਿਲੇ ਅਗੰਮ ਅਥਾਹੀਆ । ਕੀ ਕਲਮੇ ਦੀ ਬਦਲਣੀ ਪੂਜਾ, ਪੂਜਨੀਕ ਇਕ ਅਖਵਾਈਆ । ਇਸ਼ਟ ਰਹਿਣਾ ਨਹੀਂ ਦੂਜਾ, ਭਾਉ ਦੁਤੀਆ ਦਏ ਮਿਟਾਈਆ । ਫੜ ਕੇ ਹੱਥ ਵਿਚ ਕੋਰਾ ਕੂਜ਼ਾ, ਮਾਟੀ ਬਰਤਨ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਈਸਾ ਕਹੇ ਮੂਸਾ ਯਾਰ ਮੁਸਾਹਿਬ, ਮਸਲਾ ਦੇ ਸਮਝਾਈਆ । ਕਿਉਂ ਸਾਡੀ ਕਰਨੀ ਹੋਈ ਗ਼ਾਇਬ, ਦੁਨੀ ਨਜ਼ਰ ਕੋਇ ਨਾ ਆਈਆ । ਕੀ ਅਸੀਂ ਕਰ ਨਹੀਂ ਸਕੇ ਪੂਰ ਫ਼ਰਾਇਜ਼, ਫ਼ਰਜ਼ ਆਪਣਾ ਸਚ ਕਮਾਈਆ । ਹੁਕਮ ਮੰਨ ਨਹੀਂ ਸਕੇ ਜਾਇਜ਼, ਜਾਇਜ਼ਾ ਲੈ ਨਾ ਸਕੇ ਲੋਕਾਈਆ । ਸ਼ਰਅ ਵਿਚ ਨਾ ਸੁਣੀ ਹਦਾਇਤ, ਹਦੀਸ ਹੱਦ ਨਾ ਕੋਇ ਦ੍ਰਿੜਾਈਆ । ਯਾਰ ਖ਼ੁਦਾ ਨੇ ਸਾਨੂੰ ਬਖ਼ਸ਼ਿਸ਼ ਨਹੀਂ ਕੀਤੀ ਅਨਾਇਤ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਅਸੀਂ ਪੂਰਬ ਪਿਛਲੇ ਓਸ ਦੇ ਨਾਇਬ, ਹੁਕਮੇ ਅੰਦਰ ਸੀਸ ਨਿਵਾਈਆ । ਕੀ

ਅਗਲਾ ਖੇਲ ਕਰੇ ਅਜਾਇਬ, ਅਜਬ ਲੀਲਾ ਕੀ ਵਰਤਾਈਆ । ਸਚ ਉਹ ਪਰਗਟ ਹੋਣਾ ਵਾਹਦ, ਲਾਸ਼ਰੀਕ ਨੂਰ ਇਲਾਹੀਆ । ਜਿਸ ਨੇ ਬਦਲ ਦੇਣਾ ਕਵਾਇਦ, ਕਾਨੂੰਨ ਕਾਇਦਾ ਇਕ ਦ੍ਰਿੜਾਈਆ । ਹੱਕ ਫ਼ਰਮਾਨਾ ਕਰਨਾ ਰਾਇਜ, ਰਈਅਤ ਰੂਹ ਬੁਤ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਪਰਦਾ ਪਰਦਿਆਂ ਵਿਚੋਂ ਉਠਾਈਆ । ਈਸਾ ਕਿਹਾ ਹਜ਼ਰਤੇ ਮੂਸਾ ਮਸੀਹ, ਮੁਸਲਸਲ ਦੇ ਦ੍ਰਿੜਾਈਆ । ਕੀ ਖ਼ੁਦਾ ਦਾ ਖ਼ੁਦ ਸਿਹਨ ਹੋਣਾ ਵਸੀਅ, ਸਹਿਰਾ ਨੂਰ ਜੋਤ ਕਰੇ ਰੁਸ਼ਨਾਈਆ । ਕੀ ਫ਼ਰਮਾਨ ਅੰਦਰ ਕਲਮੇ ਦੀ ਕਰੇ ਤਰਜੀਹ, ਤਬੀਅਤ ਸਭ ਦੀ ਦਏ ਬਦਲਾਈਆ । ਕੀ ਹੁਕਮ ਸੁਣਾ ਦਏ ਨੂਰ ਰੱਬੀ, ਰਬੀਉਲ ਸਾਨੀ ਦਏ ਗਵਾਹੀਆ । ਸਚ ਮੇਰੀ ਬੀਤਦੀ ਬੀਸਵੀਂ ਸਦੀ, ਸੱਦੇ ਦੇ ਕੇ ਰਿਹਾ ਜਣਾਈਆ । ਉਫ਼ ਹਾਏ ਸਾਡੀ ਰਹਿਣ ਨਹੀਂ ਦੇਣੀ ਗੱਦੀ, ਗਦਾਗਰ ਚਾਰੋਂ ਕੁੰਟ ਦਏ ਬਣਾਈਆ । ਝਟ ਜੇਬ ਪਾਕਟ ਵਿਚੋਂ ਪਿਛਲੀ ਲਿਖਤ ਕਢੀ, ਕਢ ਕੇ ਦਿਤੀ ਵਖਾਈਆ । ਜਿਸ ਵੇਲੇ ਇਕ ਨੂਰ ਇਲਾਹੀ ਜੋਤ ਜਗੀ, ਦੋ ਜਹਾਨ ਵੱਜੇ ਵਧਾਈਆ । ਧਾਰ ਰਹਿਣ ਨਹੀਂ ਦੇਣੀ ਕੋਈ ਕੂੜ ਕੁੜਿਆਰ ਵਿਚ ਬੱਗੀ, ਜਗਤ ਬਗਲਾ ਬਪੜਾ ਵੇਖੇ ਥਾਉਂ ਥਾਈਂਆ । ਆਤਸ਼ ਸਾਰੇ ਹੋਵੇ ਲੱਗੀ, ਨੀਰ ਰਸ ਨਾ ਕੋਇ ਭਰਾਈਆ । ਆਸ਼ਾ ਧਾਰ ਹੋਣੀ ਦੀਨ ਦੁਨੀ ਗਧੀ, ਭਾਰ ਮਮਤਾ ਮੋਹ ਉਠਾਈਆ । ਝਟ ਹੱਥ ਵਿਚ ਫੜ ਕੇ ਡੱਬੀ, ਮਾਚਸ ਮਸਲ ਕੇ ਦਿਤੀ ਟਿਕਾਈਆ । ਇਸ਼ਾਰਾ ਕਰਕੇ ਵੱਲ ਨੂਹ ਨਦੀ, ਹੱਥ ਮਸਤਕ ਉਤੇ ਰਖਾਈਆ । ਫੇਰ ਵੇਖਿਆ ਸਭ ਦੇ ਅੰਦਰ ਨਜ਼ਰ ਆਈ ਬਦੀ, ਰੂਹ ਬੁਤ ਪਾਕ ਨਾ ਕੋਇ ਵਖਾਈਆ । ਝਟ ਪ੍ਰਕਾਸ਼ ਤੱਕਿਆ ਨੌਜਵਾਨ ਨੱਢੀ, ਰੂਪ ਸੋਹਣਾ ਵੇਖ ਵਖਾਈਆ । ਜਿਸ ਪੱਬ ਚੁੱਕ ਕੇ ਜ਼ੋਰ ਨਾਲ ਮਾਰੀ ਅੱਡੀ, ਮੁਖੋਂ ਕਹਿ ਕੇ ਦਿਤਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਈਸਾ ਕਹੇ ਮੂਸਾ ਛਡ ਦੇ ਤਸਬੀ, ਕੀ ਮੁਤਅਸੁਬ ਰਹੀ ਦ੍ਰਿੜਾਈਆ । ਮੂਸੇ ਕਿਹਾ ਈਸਾ ਔਹ ਵੇਖ ਮੁਹੰਮਦ ਆਉਣਾ ਜਿਸ ਧਾਰ ਚਲਾਉਣੀ ਵਿਚ ਅਰਬੀ, ਅਰੇਬ ਈਰਾ ਇਰਾਜ਼ੇਨ ਨਜ਼ਰੀ ਆਈਆ । ਖੇਲ ਹੋਣਾ ਓਸ ਦਾ ਸ਼ਰਤੀ, ਸ਼ਰਕਨ ਵੱਜੇ ਵਧਾਈਆ । ਜਿਸ ਨੇ ਸੂਰਾਂ ਦਾ ਬਣਨਾ ਦਰਦੀ, ਅਰਜ਼ੀ ਖ਼ੁਦ ਖ਼ੁਦਾ ਦੇ ਅੱਗੇ ਰਖਾਈਆ । ਚੌਦਾਂ ਸਦੀਆਂ ਓਸ ਦੀ ਚਲਣੀ ਮਰਜ਼ੀ, ਮਰੀਜ਼ ਬਣਨੀ ਜਗਤ ਲੋਕਾਈਆ । ਓਸ ਰਾਮ ਵਾਲੀ ਧਾਰ ਕਲਮਾ ਵੇਖਣੀ ਪੜ੍ਹਦੀ, ਉਂਗਲਾਂ ਕੰਨਾਂ ਵਿਚ ਪਾਈਆ । ਏਹ ਵੀ ਖੇਲ ਹੋਣਾ ਫ਼ਰਜ਼ੀ, ਫ਼ਜ਼ਲ ਰਹਿਮਤ ਹੱਥ ਨਾ ਕਿਸੇ ਫੜਾਈਆ । ਅੰਤ ਅਖ਼ੀਰ ਹੋਣੀ ਅੰਧੇਰ ਗਰਦੀ, ਚਾਰੋਂ ਕੁੰਟ ਅੰਧੇਰਾ ਛਾਈਆ । ਮੈਨੂੰ ਐਂ ਦਿਸਦਾ ਮੂਸਾ ਕਹੇ ਓਸ ਆਉਣਾ ਜਿਸ ਦੀ ਧਾਰ ਨਜ਼ਰ ਨਾ ਆਏ ਚੋਟੀ ਜੜ੍ਹ ਦੀ, ਚੇਤਨ ਸਮਝ ਕਿਸੇ ਨਾ ਆਈਆ । ਜਿਸ ਦੀ ਆਸਾ ਕਲਪਣਾ ਵਿਚ ਕਦੇ ਨਾ ਮਰਦੀ, ਮੁਰਦਿਆਂ ਮੁਰੀਦ ਨਾ ਕੋਇ ਅਖਵਾਈਆ । ਓਸ ਦਾ ਕਲਮਾ ਕਲਮਿਆਂ ਤੋਂ ਬਾਹਰ ਰੂਹੇ ਰਵਾਂ ਹੋਣੀ ਪੜ੍ਹਦੀ, ਆਤਮਾ ਈਮਾਨ ਇਕ ਬਣਾਈਆ । ਏਹ ਖੇਲ ਓਸੇ ਦੇ ਘਰ ਦੀ, ਜੇਹੜਾ ਆਪਣੇ ਘਰ ਵਿਚ ਬੈਠਾ ਬਣ ਕੇ ਸਭ ਦਾ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਾਰ ਵਹਾਏ ਅੰਮ੍ਰਿਤ ਆਪਣੇ ਸਰ ਦੀ, ਸਰੋਵਰ ਇਕੋ ਇਕ ਵਖਾਈਆ ।

## ✪ ਪਹਿਲੀ ਪੋਹ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ✪

ਗੁਰ ਅਵਤਾਰ ਪੈਗ਼ੰਬਰ ਨਿਰਅੱਖਰ ਧਾਰ ਵਿਚੋਂ ਵੇਖੇ ਆਪਣੇ ਅੱਖਰ, ਬਿਨ ਅੱਖਾਂ ਅੱਖ ਖੁਲ੍ਹਾਈਆ । ਜਿਸ ਨੇ ਤੁਹਾਨੂੰ ਕੀਤਾ ਵੱਖਰ, ਸਿਫ਼ਤਾਂ ਵਾਲੇ ਢੋਲੇ ਸਿਫ਼ਤ ਸਾਲਾਹੀਆ । ਮਾਣ ਦਵਾਇਆ ਇੱਟਾਂ ਪੱਥਰ, ਪਾਹਨ ਪੂਜਸ ਸਿਲ ਲੋਕਾਈਆ । ਬਿਰਹੋਂ ਨੇਤਰ ਨੀਰ ਵਰੋਲੇ ਕੋਇ ਨਾ ਅੱਥਰ, ਹੰਝੂਆਂ ਹਾਰ ਨਾ ਕੋਇ ਬਣਾਈਆ । ਦੀਨ ਮਜ਼੍ਹਬ ਜਣਾਈ ਕਸਰ, ਹਦੂਦ ਕਲਮਾ ਨਾਮ ਵੰਡ ਵੰਡਾਈਆ । ਤਨ ਵਜੂਦ ਬਣਾ ਕੇ ਆਪਣੇ ਰਤਨ, ਰਤਨ ਅਮੋਲਕ ਮਾਤ ਪਰਗਟਾਈਆ । ਸ਼ਬਦੀ ਧਾਰ ਤੁਹਾਥੋਂ ਕਰਾਇਆ ਯਤਨ, ਯਥਾਰਥ ਆਪਣਾ ਹੁਕਮ ਵਰਤਾਈਆ । ਪਿਛੇ ਸਭ ਦਾ ਇਕੋ ਦੱਸ ਕੇ ਵਤਨ, ਅੱਗੇ ਬੇਵਤਨ ਕਾਰ ਕਮਾਈਆ । ਖੇਲ ਖਲਾ ਕੇ ਕਰੌਂਚ ਦੀਪ ਲੱਖਣ, ਪੁਸ਼ਕਰ ਰੰਗ ਰੰਗਾਈਆ । ਹੁਕਮੇ ਅੰਦਰ ਸਾਰੇ ਲੱਗੇ ਨੱਠਣ, ਭੱਜੇ ਵਾਹੋ ਦਾਹੀਆ । ਆਪਣੇ ਨਾਮ ਦਾ ਦੱਸ ਕੇ ਪਤਣ, ਪੱਤਰਿਆਂ ਉਤੇ ਕੀਤੀ ਲਿਖਾਈਆ । ਅੰਤ ਓੜ ਕਾਇਆ ਕਫ਼ਨ, ਲੇਖਾ ਜਗਤ ਚੁਕਾਈਆ । ਮੜ੍ਹੀ ਗੋਰ ਹੋ ਕੇ ਦਫ਼ਨ, ਅਗਨੀ ਤਤ ਤਤ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਆਪਣੇ ਵੇਖੇ ਅੱਖਰ ਰੰਗ, ਰੰਗ ਰਤੜਾ ਆਪ ਜਣਾਈਆ । ਸੇਜ ਸੁਹਾਵੀ ਉਠੇ ਪਲੰਘ, ਨਿਰਗੁਣ ਧਾਰ ਲਓ ਅੰਗੜਾਈਆ । ਸਦੀ ਸਦੀਵੀ ਰਹੀ ਲੰਘ, ਬੀਸ ਬੀਸਾ ਹੁਕਮ ਵਰਤਾਈਆ । ਨਿਗਹ ਮਾਰੇ ਵਿਚ ਨਵ ਖੰਡ, ਨਵ ਦਰ ਖੋਜੇ ਥਾਉਂ ਥਾਈਂਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਰੰਡ, ਇਸ਼ਟੀ ਕੰਤ ਨਾ ਕੋਇ ਹੰਢਾਈਆ । ਫਿਰੀ ਦਰੋਹੀ ਵਿਚ ਬ੍ਰਹਿਮੰਡ, ਬ੍ਰਹਿਮਾਂਡ ਦੇਣ ਦੁਹਾਈਆ । ਏਕਾ ਉਪਜੇ ਕੋਈ ਨਾ ਛੰਦ, ਸੁਰਤੀ ਸ਼ਬਦ ਨਾ ਕੋਇ ਸਮਾਈਆ । ਨਿਝਰ ਮਿਲੇ ਨਾ ਪਰਮਾਨੰਦ, ਨਿਜਾਨੰਦ ਨਾ ਕੋਇ ਚਤੁਰਾਈਆ । ਆਪਣੀ ਆਪਣੀ ਵੇਖੇ ਮਜ਼੍ਹਬਾਂ ਵਾਲੀ ਕੰਧ, ਕੰਧਾ ਕੰਧੇ ਨਾਲ ਛੁਹਾਈਆ । ਨਿਸ਼ਾਨ ਤਕੇ ਤਾਰਾ ਚੰਦ, ਚੌਦਾਂ ਤਬਕ ਵੰਡ ਵੰਡਾਈਆ । ਕਿਸ ਬਿਧ ਜਗਤ ਜਹਾਨ ਟੁੱਟੀ ਗੰਢ, ਨਾਤਾ ਧਰਮ ਨਾ ਕੋਇ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਭ ਨੇ ਮਾਰਿਆ ਪੰਧ, ਪਾਂਧੀ ਹੋ ਕੇ ਫੇਰਾ ਪਾਈਆ । ਅੰਤ ਅਖ਼ੀਰ ਸ਼ਾਹ ਹਕੀਰ ਕਿਉਂ ਰਸਨਾ ਜਿਹਵਾ ਲਾਏ ਗੰਦ, ਅੰਮ੍ਰਿਤ ਰਸ ਆਬੇਹਯਾਤ ਮੁਖ ਨਾ ਕੋਇ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਿਉਂ ਅੱਖਰਾਂ ਨਾਲ ਪਾਈ ਮੇਰੀ ਵੰਡੇ, ਹਿੱਸੇ ਜਗਤ ਵਾਲੇ ਜਣਾਈਆ । ਕਿਉਂ ਵੱਖਰੇ ਵੱਖਰੇ ਮਾਰਗ ਰਾਹ ਦੱਸੇ ਡੰਡੇ, ਡੰਡਾਵਤ ਇਕ ਨਾ ਕੋਇ ਜਣਾਈਆ । ਕਿਉਂ ਦੀਨ ਮਜ਼੍ਹਬ ਜਣਾਏ ਧੰਦੇ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀਆ । ਕਿਉਂ ਮੂੰਡ ਮੁੰਡਾਏ ਸੀਸ ਕਰਾਏ ਨੰਗੇ, ਕੇਸ ਮੁਛ ਦਾੜ੍ਹੀ ਸੋਭਾ ਪਾਈਆ । ਕਿਉਂ ਮਾਨਵ ਨਾਲ ਕੀਤੇ ਜੰਗੇ, ਗੁਰ ਅਵਤਾਰ ਪੈਗ਼ੰਬਰ ਹੋ ਕੇ ਸ਼ਸਤਰ ਹੱਥ ਉਠਾਈਆ । ਕਿਉਂ ਤੀਰ ਕਮਾਨ ਤਰਕਸ਼ ਕੰਧਿਆਂ ਉਤੇ ਟੰਗੇ, ਕਿਉਂ ਖੰਡਾ ਖੜਗ ਆਏ ਖੜਕਾਈਆ । ਸਾਰੇ ਨਿਗਹ ਮਾਰੋ ਮਾਨਵ ਜਾਤੀ ਇਕੋ ਮੇਰੀ ਧਾਰ ਰੰਗੇ, ਦੂਜਾ ਨਜ਼ਰ ਕੋਇ ਨਾ ਆਈਆ । ਤੁਸਾਂ ਸ਼ਰਅ ਵਿਚ ਬੰਦਿਆਂ ਨਾਲ ਲੜਾਏ ਬੰਦੇ, ਬੰਦਗੀ ਮੇਰੀ ਵਿਚ ਰਖਾਈਆ । ਸਚ ਦੱਸੋ ਸਦੀ ਚੌਧਵੀਂ ਮੁਰੀਦ ਕਿ ਸਿਖ ਕੇਹੜੇ ਤੁਹਾਡੇ ਪਾਰ ਲੰਘੇ, ਸਚਖੰਡ ਦਿਓ ਜਣਾਈਆ । ਨਿਗਹ ਮਾਰੋ ਜੇਰਜ ਅੰਡੇ, ਉਤਭੁਜ ਸੇਤਜ ਫੋਲ ਫੁਲਾਈਆ । ਜੋਤੀ ਜੋਤ ਸਰੂਪ


੨੫੧
੨੨

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰੋ ਆਪਣੇ ਨਾਮ ਦਾ ਸਭ ਨੇ ਕਰਨਾ ਹਿਸਾਬ, ਅੰਕੜੇ ਆਪਣੇ ਵਿਚੋਂ ਪਰਗਟਾਈਆ । ਮੇਰੀ ਬਿਨਾ ਅੱਖਰਾਂ ਤੋਂ ਵੇਖੋ ਕਿਤਾਬ, ਕੁਤਬਖ਼ਾਨੇ ਕਦੇ ਨਾ ਕੋਇ ਛਪਵਾਈਆ । ਜਿਸ ਦਾ ਆਦਿ ਅੰਤ ਦਾ ਇਕੋ ਬਾਬ, ਸਫ਼ਾ ਵੰਡ ਨਾ ਕੋਇ ਵੰਡਾਈਆ । ਇਕੋ ਮੰਦਰ ਰਹੇ ਵਿਚ ਮਹਿਰਾਬ, ਮਹਿਬੂਬ ਇਕੋ ਇਕ ਟਿਕਾਈਆ । ਜਿਸ ਵਿਚ ਇਕੋ ਸੱਯਦਾ ਇਕੋ ਆਦਾਬ, ਇਕੋ ਨਮੋਂ ਨਮੋਂ ਡੰਡਾਵਤ ਬੰਦਨਾ ਸੀਸ ਨਿਵਾਈਆ । ਇਕੋ ਸ਼ਬਦ ਸਤਿਗੁਰੂ ਮਹਾਰਾਜ, ਇਕੋ ਜੋਤੀ ਜਾਤਾ ਨੂਰ ਇਲਾਹੀਆ । ਇਕੋ ਨਾਦ ਧੁਨ ਅਵਾਜ਼, ਇਕੋ ਰਾਗ ਅਨੁਰਾਗ ਸੁਣਾਈਆ । ਇਕੋ ਰਸ ਇਕੋ ਸਵਾਦ ਇਕੋ ਇਕ ਦਏ ਚਖਾਈਆ । ਇਕੋ ਅੱਲਾ ਇਕੋ ਵਾਹਿਗੁਰੂ ਇਕੋ ਰਾਮ ਇਕੋ ਕ੍ਰਿਸ਼ਨ ਓਮ ਦਾ ਗਾਡ, ਗਾਈਡ ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਨੂਰ ਜੋਤ ਦਾ ਆਦਿ, ਇਕੋ ਪ੍ਰਕਾਸ਼ ਅੰਤ ਅਖਵਾਈਆ । ਇਕੋ ਖੇਲ ਅਗੰਮ ਤਮਾਸ਼, ਇਕੋ ਦਾਤਾ ਬੇਪਰਵਾਹੀਆ । ਇਕੋ ਮੰਡਲ ਪਾਵੇ ਰਾਸ, ਇਕੋ ਗੋਪੀ ਕਾਹਨ ਨਚਾਈਆ । ਇਕੋ ਖੇਲ ਸੀਤਾ ਰਾਮ ਬਨਬਾਸ, ਇਕੋ ਨਿਰਗੁਣ ਸਰਗੁਣ ਵੇਸ ਵਟਾਈਆ । ਸਾਰੇ ਆਪਣੀ ਆਪਣੀ ਕਰੋ ਯਾਚ, ਯਾਚਕ ਹੋ ਕੇ ਧਿਆਨ ਲਗਾਈਆ । ਆਪਣੀ ਕਰਨੀ ਲੈਣੀ ਵਾਚ, ਵਾਚਕ ਹੋ ਕੇ ਫੋਲ ਫੁਲਾਈਆ । ਕਿਉਂ ਤੁਹਾਡੇ ਹੁੰਦਿਆਂ ਕਲਜੁਗ ਹੋਈ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਤੇਈ ਅਵਤਾਰਾਂ ਦੀ ਉਠੋ ਜਮਾਤ, ਸਨਮੁਖ ਹੋ ਕੇ ਲਓ ਅੰਗੜਾਈਆ । ਈਸਾ ਮੂਸਾ ਮੁਹੰਮਦ ਵੇਖੋ ਆਪਣੀ ਕਲਾਸ, ਬਿਨ ਹਰਫ਼ ਹਰੂਫ਼ ਪੜ੍ਹਾਈਆ । ਨਾਨਕ ਗੋਬਿੰਦ ਸ਼ਬਦ ਦਿਉ ਅਵਾਜ਼, ਅਗੰਮੀ ਰਾਗ ਦ੍ਰਿੜਾਈਆ । ਪੁਰਖ ਅਕਾਲਾ ਦੀਨ ਦਿਆਲਾ ਅੰਤਮ ਮੰਗੇ ਜੁਆਬ, ਜੁਆਬਤਲਬੀ ਵਿਚ ਅਕੱਠੇ ਲਏ ਕਰਾਈਆ । ਦੀਨ ਮਜ਼੍ਹਬ ਲੋਕਮਾਤ ਵੇਖੋ ਆਪਣਾ ਬਾਗ, ਜੋ ਬਗ਼ੀਚਾ ਬਾਗ਼ਬਾਂ ਹੋ ਕੇ ਆਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੁਨੇਹੜਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਆਪਣੀ ਆਪਣੀ ਵੇਖੋ ਪੁਸਤਕ, ਵਿਦਿਆਲਾ ਧਰਮ ਦਵਾਰ ਜਣਾਈਆ । ਜਿਸ ਦੇ ਵਿਚ ਇਕ ਦੀ ਉਸਤਤ, ਨਿੰਦਿਆ ਰੂਪ ਨਾ ਕੋਇ ਦਰਸਾਈਆ । ਜਦ ਤੁਹਾਡਾ ਸਾਰਿਆਂ ਦਾ ਇਕੋ ਮੁਰਸ਼ਦ, ਆਪਣਾ ਆਪਣਾ ਰਸਤਾ ਆਏ ਦ੍ਰਿੜਾਈਆ । ਮੇਰੇ ਨਾਮ ਦੀ ਕਰਕੇ ਉਲਫ਼ਤ, ਮਹਿੰਮਾ ਵਿਚ ਸਿਫ਼ਤ ਸਾਲਾਹੀਆ । ਤੁਹਾਨੂੰ ਕਿਸੇ ਨੂੰ ਮਿਲੀ ਨਹੀਂ ਕੋਈ ਫ਼ੁਰਸਤ, ਵਿਹਲਾ ਵਕਤ ਨਾ ਕੋਇ ਜਣਾਈਆ । ਚਾਰ ਕੁੰਟ ਦਹਿ ਦਿਸ਼ਾ ਨਵ ਸੱਤ ਕੋਈ ਧੋ ਨਹੀਂ ਸਕਿਆ ਦੁਰਮਤ, ਪਾਪਾਂ ਕਰੀ ਨਾ ਕਿਸੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਆਪਣਾ ਆਪਣਾ ਲੇਖਾ ਵੇਖਿਓ ਭਵਿਖਤ, ਕਾਤਬ ਸੰਗ ਨਾ ਕੋਇ ਰਖਾਈਆ । ਭੇਵ ਅਭੇਦਾ ਵੇਖਿਓ ਭਵਿਖਤ, ਜੋ ਪੇਸ਼ੀਨਗੋਈਆਂ ਆਏ ਦ੍ਰਿੜਾਈਆ । ਜਿਸ ਵਿਚ ਦੱਸਿਆ ਸਭ ਦਾ ਇਕੋ ਹੋਣਾ ਇਸ਼ਟ, ਦੂਸਰ ਸੀਸ ਨਾ ਕੋਇ ਨਿਵਾਈਆ । ਪਰਵਰਦਿਗਾਰ ਸਾਂਝਾ ਯਾਰ ਪੁਰਖ ਅਕਾਲਾ ਖੋਲ੍ਹੇ ਦ੍ਰਿਸ਼ਟ, ਦੀਨਨ ਆਪਣੀ ਦਇਆ ਕਮਾਈਆ । ਝਗੜਾ ਮੁਕਾਵੇ ਸਵਰਗ ਬਹਿਸ਼ਤ, ਸਚ ਦਵਾਰਾ ਇਕ ਦਰਸਾਈਆ । ਜਿਥੇ ਲੇਖਾ ਨਹੀਂ ਟਾਂਕ ਤੇ ਜਿਸਤ, ਇਕੋ ਨੂਰ ਜੋਤ ਰੁਸ਼ਨਾਈਆ । ਨਜ਼ਰ ਆਏ ਨਾ ਕੋਇ ਨਿੰਦਕ, ਸਾਰੇ ਸਿਫ਼ਤੀ ਸਿਫ਼ਤ ਸਾਲਾਹੀਆ । ਉਠੋ ਕਰੋ ਆਪਣੀ ਹਿੰਮਤ, ਹੌਸਲੇ ਲਓ ਵਧਾਈਆ । ਕਿਉਂ ਕਲਜੁਗ ਅੰਤਮ ਹੋਈ ਚਿੰਨਤ, ਚਿੰਤਾ ਚਿਖਾ ਜਲਾਈਆ ।

ਮਨੂਆ ਮਨ ਕਰੇ ਇੱਲਤ, ਆਲਮਾਂ ਇਲਮ ਦਿਤੇ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹੁਕਮ ਅਗੰਮਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਇਕ ਦੂਜੇ ਨੂੰ ਕਰਨ ਇਸ਼ਾਰਾ, ਬਿਨ ਸੈਨਤ ਸੈਨਤ ਲਗਾਈਆ । ਅਸੀਂ ਸਾਰੇ ਜੋਤ ਨੂਰ ਦੀ ਧਾਰਾ, ਤਤ ਨਜ਼ਰ ਕੋਇ ਨਾ ਆਈਆ । ਅਵਤਾਰ ਪੈਗ਼ੰਬਰ ਗੁਰੂ ਬਣ ਕੇ ਵਿਚ ਸੰਸਾਰਾ, ਤਨ ਵਜੂਦ ਹੰਢਾਈਆ । ਨਾਮ ਦੱਸ ਕੇ ਆਏ ਅੱਖਰਾਂ ਵਿਚ ਬਣ ਲਿਖਾਰਾ, ਕਾਗ਼ਜ਼ ਕਲਮ ਸ਼ਾਹੀ ਜੋੜ ਜੁੜਾਈਆ । ਸੰਦੇਸ਼ਾ ਦੇ ਕੇ ਆਏ ਕਲਜੁਗ ਅੰਤ ਕਲ ਕਲਕੀ ਆਏ ਚੌਵੀਂਆ ਅਵਤਾਰਾ, ਜਿਸ ਨੂੰ ਜਨਮੇ ਕੋਈ ਨਾ ਮਾਈਆ । ਉਹ ਲੇਖਾ ਜਾਣੇ ਸਰਗੁਣ ਨਿਰਗੁਣ ਨਿਰਗੁਣ ਸਰਗੁਣ ਆਪਣੀ ਕਾਰਾ, ਕਰਨੀ ਕਰਤਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਕਰਨ ਸਲਾਹ, ਦਰਗਾਹ ਸਾਚੀ ਸਚ ਸੁਹਾਈਆ । ਕੀ ਸੰਦੇਸ਼ਾ ਦੇਵੇ ਅਗੰਮ ਖ਼ੁਦਾ, ਪਾਰਬ੍ਰਹਮ ਬੇਪਰਵਾਹੀਆ । ਸਾਨੂੰ ਵੱਖਰੇ ਵੱਖਰੇ ਲੋਕਮਾਤ ਭੇਜੇ ਜੁਦਾ, ਜੁਜ਼ ਆਪਣਾ ਵੰਡ ਵੰਡਾਈਆ । ਆਪੇ ਨਾਮ ਕਲਮਾ ਰਿਹਾ ਪੜ੍ਹਾ, ਆਇਤ ਸ਼ਰਾਇਤ ਸਮਝਾਈਆ । ਆਪੇ ਮਾਰਗ ਦਿਤਾ ਦ੍ਰਿੜਾ ਤਤਾਂ ਵਾਲੀ ਵੰਡ ਵੰਡਾਈਆ । ਆਪੇ ਦੀਨ ਮਜ਼੍ਹਬ ਇਸਲਾਮ ਇਸਮ ਦਾ ਪੜਦਾ ਦਿਤਾ ਚੁਕਾ, ਖ਼ਸਮ ਹੋ ਕੇ ਹੁਕਮ ਵਰਤਾਈਆ । ਆਪੇ ਹੁਣ ਲੇਖਾ ਮੰਗੇ ਥਾਉਂ ਥਾਂ, ਸਾਰੇ ਇਕੱਠੇ ਲਏ ਬੁਲਾਈਆ । ਹੁਣ ਦੱਸੋ ਕਿਸ ਬਿਧ ਕਰੀਏ ਹਾਂ, ਹਾਂ ਵਿਚ ਹਾਂ ਮਿਲਾਈਆ । ਕਿਉਂ ਪੁਰਖ ਅਕਾਲਾ ਸਭ ਦਾ ਪਿਤਾ ਤੇ ਸਭ ਦੀ ਮਾਂ, ਦੂਜਾ ਨਜ਼ਰ ਕੋਇ ਨਾ ਆਈਆ । ਦਰੋਹੀ ਸਾਥੋਂ ਵੰਡ ਪਵਾਈ ਸੂਰ ਤੇ ਗਾਂ, ਧਰਮ ਪਸ਼ੂਆਂ ਉਤੇ ਬਣਾਈਆ । ਉਸ ਦਾ ਖੇਲ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਛੋਟੇ ਛੋਟੇ ਸਾਨੂੰ ਮਾਰਗ ਦੱਸ ਕੇ ਰਾਹ, ਦੀਨਾਂ ਮਜ਼੍ਹਬਾਂ ਵਿਚ ਫਸਾਈਆ । ਆਪ ਕਰਦਾ ਰਿਹਾ ਚਾਅ, ਚਾਓ ਘਨੇਰਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਪਰਗਟਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਇਕ ਦੂਜੇ ਵੱਲ ਤੱਕਣ, ਬਿਨ ਅੱਖਾਂ ਅੱਖ ਉਠਾਈਆ । ਵੇਖੋ ਖੇਲ ਸੂਰੇ ਸਰਬੰਗਣ, ਕੀ ਕਰਤਾ ਕਾਰ ਕਮਾਈਆ । ਸਭ ਤੋਂ ਲੇਖਾ ਲੱਗਾ ਮੰਗਣ, ਬਚਿਆ ਰਹਿਣ ਕੋਇ ਨਾ ਪਾਈਆ । ਪੜਦਾ ਓਹਲਾ ਰਹੇ ਕੋਈ ਨਾ ਜਗਨ, ਜਗਤ ਜਾਗਰਤ ਜੋਤ ਕਰੇ ਰੁਸ਼ਨਾਈਆ । ਸੰਦੇਸ਼ਾ ਦੇਵੇ ਉਪਰ ਗਗਨ, ਗਗਨੰਤਰ ਪੜਦਾ ਲਾਹੀਆ । ਜਿਸ ਦਾ ਨਾਮ ਦਮਾਮਾ ਡੰਕ ਅਗੰਮਾ ਲੱਗਾ ਵੱਜਣ, ਅਨਹਦ ਵਾਜੇ ਨਿਉਂ ਨਿਉਂ ਲਾਗਣ ਪਾਈਆ । ਤੁਰੀਆ ਪਦ ਓਥੇ ਕੋਈ ਵੇਖੇ ਨਾ ਅੱਖਣ, ਨਿਜ ਨੈਣ ਨਾ ਕੋਇ ਚਤੁਰਾਈਆ । ਕਾਹਨ ਲੱਭੇ ਕੋਈ ਨਾ ਖਾਣ ਮੱਖਣ, ਰਾਮਾ ਧਨੁਸ਼ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਦਰਗਹ ਸਚ ਸਚ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਇਕ ਦੂਜੇ ਨੂੰ ਰਹੇ ਆਖ, ਬਿਨ ਰਸਨਾ ਜਿਹਵਾ ਬੋਲ ਜਣਾਇਆ । ਅਸੀਂ ਝਗੜਾ ਪਾਇਆ ਹੱਡ ਨਾੜੀ ਮਾਸ, ਤਨ ਵਜੂਦ ਹੰਢਾਇਆ । ਜਿਹੜਾ ਤਨ ਭਸਮ ਹੋਵੇ ਰਾਖ, ਗੋਰਾਂ ਵਿਚ ਦਬਾਇਆ । ਉਫ਼ ਜੇ ਅੱਜ ਤਕੀਏ ਉਪਰ ਆਕਾਸ਼, ਨਿਰਗੁਣ ਨੂਰ ਜੋਤ ਰੁਸ਼ਨਾਇਆ । ਜਿਸ ਦਾ ਆਦਿ ਅੰਤ ਪ੍ਰਕਾਸ਼, ਜੁਗ ਜੁਗ ਵੇਸ ਵਟਾਇਆ । ਗੁਰ ਅਵਤਾਰ ਪੈਗ਼ੰਬਰ ਬਣਾ ਕੇ ਦਾਸ, ਸੇਵਾ ਵਿਚ ਲਗਾਇਆ । ਅਸੀਂ ਮੰਗ ਨਾ ਸਕੇ ਇਕੋ ਦਾਤ, ਝੋਲੀ ਇਕ ਨਾ ਕੋਇ ਵਖਾਇਆ । ਜੇ ਨਾਮ ਦਿਤਾ ਕਲਮਾ


੨੫੩ ੨੨

ਦਿਤਾ ਅਵਤਾਰ ਬਣਾਇਆ ਪੈਗ਼ੰਬਰ ਬਣਾਇਆ ਗੁਰੂ ਬਣਾਇਆ ਥਪਕੀ ਦੀ ਦੇ ਸ਼ਾਬਾਸ਼, ਸ਼ਬੇ ਰੋਜ਼ ਹੁਕਮ ਸੁਣਾਇਆ । ਹੁਕਮ ਵਿਚ ਕਿਹਾ ਮੈਂ ਤੁਹਾਡਾ ਪਿਤਾ ਪੁਰਖ ਅਬਿਨਾਸ਼, ਨਾ ਮਰੇ ਨਾ ਜਾਇਆ । ਤੁਸੀਂ ਸੂਰਬੀਰ ਬਹਾਦਰ ਜਾਓ ਜਾਗ, ਲੋਕਮਾਤ ਰਾਹ ਵਖਾਇਆ । ਨਾਮ ਨਾਲ ਨਾਮ ਦਾ ਕਰਿਓ ਤਿਆਗ, ਅੱਖਰਾਂ ਅੱਖਰਾਂ ਜੋੜ ਜੁੜਾਇਆ । ਛੋਟੀ ਛੋਟੀ ਡੋਰੀ ਮਜ਼੍ਹਬਾਂ ਪਵਾ ਕੇ ਵਾਗ, ਤੰਦੀ ਤੰਦ ਦਿਤੀ ਸਮਝਾਇਆ । ਸਾਡੇ ਅੰਦਰ ਦੇ ਕੇ ਵਾਸ, ਧੁੰਨ ਅਗੰਮੀ ਨਾਦ ਵਜਾਇਆ । ਅੰਮ੍ਰਿਤ ਦੇ ਸਵਾਦ, ਬਿਨ ਰਸਨਾ ਰਸ ਚਖਾਇਆ । ਜੋਤ ਕਰ ਪ੍ਰਕਾਸ਼, ਅੰਧ ਅੰਧੇਰ ਮਿਟਾਇਆ । ਸਚ ਦੇ ਧਰਵਾਸ, ਸਿਰ ਆਪਣਾ ਹੱਥ ਟਿਕਾਇਆ । ਅਵਤਾਰ ਪੈਗ਼ੰਬਰ ਗੁਰੂਓ ਮੈਂ ਤੁਹਾਡਾ ਬਾਪ, ਪਿਤਾ ਪੁਰਖ ਅਕਾਲ ਨਾਉਂ ਰਖਾਇਆ । ਆਹ ਲਓ ਮੇਰਾ ਕਲਮਾ ਆਹ ਲਓ ਮੇਰਾ ਜਾਪ, ਰਸਨਾ ਜਿਹਵਾ ਦਿਓ ਜਪਾਇਆ । ਏਸੇ ਨਾਲ ਸ੍ਰਿਸ਼ਟੀ ਹੋਵੇ ਪਾਕ, ਪਤਿਤ ਪੁਨੀਤ ਕਰਾਇਆ । ਫੇਰ ਉਸੇ ਨੂੰ ਦੇ ਕੇ ਜਵਾਬ, ਅਗਲਾ ਹੁਕਮ ਫੇਰ ਸੁਣਾਇਆ । ਫੇਰ ਹੁਕਮ ਸੰਦੇਸ਼ਾ ਦੇ ਕੇ ਬੋਧ ਅਗਾਧ, ਬੁਧੀ ਤੋਂ ਪਰੇ ਪੜ੍ਹਾਇਆ । ਸ਼ਬਦ ਅਗੰਮੀ ਦੇ ਅਵਾਜ਼, ਸੰਦੇਸ਼ਾ ਇਕ ਸੁਣਾਇਆ । ਜਿਸ ਵੇਲੇ ਕਲਜੁਗ ਅੰਤ ਹੋਏ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਚਮਕਾਇਆ । ਧਰਮ ਰਹੇ ਨਾ ਲੋਕਮਾਤ, ਧੌਲ ਦਏ ਗਵਾਹਿਆ । ਬੱਚਿਓ ਫੇਰ ਆਵਾਂਗਾ ਆਪ, ਆਪਣਾ ਫੇਰਾ ਪਾਇਆ । ਮਿਹਰਵਾਨ ਮਹਿਬੂਬ ਹੋ ਕੇ ਕਰਾਂ ਸਭ ਨੂੰ ਪਾਕ, ਦੁਰਮਤ ਮੈਲ ਧਵਾਇਆ । ਨਿਰਗੁਣ ਧਾਰ ਖੋਲ੍ਹ ਕੇ ਤਾਕ, ਸਰਗੁਣ ਪੜਦਾ ਦੇਣਾ ਚੁਕਾਇਆ । ਜਿਉਂ ਭਾਵੇ ਤਿਉਂ ਲਵਾਂ ਰਾਖ, ਇਹ ਮੇਰੀ ਬੇਪਰਵਾਹਿਆ । ਇਕ ਯਾਦ ਰੱਖਿਓ ਬਾਤ, ਬਾਤਨ ਸਭ ਨੂੰ ਦਿਆਂ ਸੁਣਾਇਆ । ਹੁਕਮੇ ਅੰਦਰ ਸਭ ਨੇ ਜਾਣਾ ਜਾਗ, ਸੋਇਆ ਰਹਿਣ ਕੋਇ ਨਾ ਪਾਇਆ । ਜਿਸ ਵੇਲੇ ਕਲਜੁਗ ਜੀਵਾਂ ਹੰਸ ਬੁੱਧੀ ਹੋਈ ਕਾਗ, ਸੋਹੰ ਹੰਸਾ ਮਾਣਕ ਮੋਤੀ ਚੋਗ ਨਾ ਕੋਇ ਚੁਗਾਇਆ । ਕਾਇਆ ਮੰਦਰ ਅੰਦਰ ਦੀਪਕ ਜੋਤ ਨਾ ਜਗੇ ਚਿਰਾਗ਼, ਬਿਨ ਤੇਲ ਬਾਤੀ ਨਾ ਕੋਇ ਰੁਸ਼ਨਾਇਆ । ਧਰਮ ਰਹੇ ਨਾ ਕਿਸੇ ਸਮਾਜ, ਇਸ਼ਟ ਗੁਰਦੇਵ ਜਾਣ ਭੁਲਾਇਆ । ਸਾਧਾਂ ਸੰਤਾਂ ਲੱਗਣੀ ਆਗ, ਅੰਮ੍ਰਿਤ ਮੇਘ ਨਾ ਕੋਇ ਬਰਸਾਇਆ । ਉਸ ਵੇਲੇ ਤੁਹਾਡੇ ਹੱਥੋਂ ਦੀਨਾਂ ਮਜ਼੍ਹਬਾਂ ਛੁੱਟਣੀ ਵਾਗ, ਸ਼ਾਹ ਸਵਾਰਾ ਨਜ਼ਰ ਕੋਇ ਨਾ ਆਇਆ । ਮੈਂ ਖੇਲ ਖੇਲਣਾ ਨਿਰਗੁਣ ਧਾਰ ਦੇਸ ਅਗੰਮੇ ਮਾਝ, ਸੰਬਲ ਆਪਣਾ ਚਰਨ ਟਿਕਾਇਆ । ਜਿਸ ਦਾ ਆਦਿ ਅੰਤ ਨਾ ਕੋਇ ਹਿਸਾਬ, ਸੰਮਤ ਵੰਡ ਨਾ ਕੋਇ ਵੰਡਾਇਆ । ਲੱਭਾਂ ਵਿਚੋਂ ਨਾ ਕਿਸੇ ਨਾਭ, ਕਵਲੀ ਕਵਲ ਨਾ ਕੋਇ ਖੁਲ੍ਹਾਇਆ । ਨਿਰਗੁਣ ਧਾਰ ਹੋ ਮਹਾਰਾਜ, ਮਹਿਬੂਬ ਹੋ ਕੇ ਵੇਸ ਵਟਾਇਆ । ਸਾਰਾ ਲੇਖਾ ਮੰਗਾਂ ਹਿਸਾਬ, ਨਿਰਅੱਖਰ ਧਾਰ ਵਿਚੋਂ ਅੱਖਰ ਫੋਲ ਫੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਨੂਰ ਇਲਾਹਿਆ । ਗੁਰ ਅਵਤਾਰ ਪੈਗ਼ੰਬਰੋ ਸੁਣੋ ਅਗੰਮ ਤਾਲੀਮ, ਤੁਲਬਿਆਂ ਦਿਆਂ ਦ੍ਰਿੜ੍ਹਾਈਆ । ਜਿਹੜੀ ਤੁਸਾਂ ਕੀਤੀ ਤਕਸੀਮ, ਵੰਡਣ ਵੰਡ ਵੰਡਾਈਆ । ਮੈਂ ਕਿਰਪਾ ਕਰਾਂ ਹੋ ਕੇ ਰਹੀਮ, ਰਹਿਮਤ ਹੱਕ ਕਮਾਈਆ । ਇਕੋ ਰੰਗ ਰੰਗਾ ਕੇ ਧਰਨੀ ਉਤੇ ਜ਼ਮੀਨ, ਜ਼ਮੀਰ ਸਭ ਦੀ ਦਿਆਂ ਬਦਲਾਈਆ । ਮੈਨੂੰ ਸਾਰੇ ਸੱਯਦਾ ਕਰਨ ਤੇ ਕਹਿਣ ਆਮੀਨ, ਲਾਸ਼ਰੀਕ ਤੇਰੀ ਬੇਪਰਵਾਹੀਆ । ਮਹੱਲ ਅਟੱਲ ਆਲੀਸ਼ਾਨ ਵਖਾਵਾਂ ਇਕ ਅਜ਼ੀਮ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਆਦਿ ਤੋਂ ਵਸਾਂ ਕਦੀਮ, ਕੁਦਰਤ ਦਾ ਮਾਲਕ ਹੋ ਕੇ ਡੇਰਾ ਲਾਈਆ । ਉਹ ਵਕਤ ਸੁਹੰਜਣਾ ਸਭ ਨੇ ਸਮਝਣਾ ਗ਼ਨੀਮ, ਗ਼ਨੀਮਤ ਤੁਹਾਡੇ ਹੱਥ


੨੫੪
੨੨

ਫੜਾਈਆ । ਮਾਰਗ ਅੱਖਾਂ ਤੋਂ ਪਰੇ ਹੋਣਾ ਮਹੀਨ, ਮਹੀਨਾ ਪੋਹ ਦਏ ਗਵਾਹੀਆ । ਜਿਸ ਨੇ ਲੇਖਾ ਤੁਹਾਡਾ ਮੰਗਣਾ ਪ੍ਰਾਚੀਨ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਕਰੇ ਪੜ੍ਹਾਈਆ । ਤੁਸੀਂ ਇਕ ਦੇ ਅੰਤ ਇਕ ਰੂਪ ਹੋਣਾ ਅਧੀਨ, ਇਕ ਦਾ ਇਕੋ ਮਾਲਕ ਨਜ਼ਰੀ ਆਈਆ । ਸਭ ਦਾ ਲੇਖਾ ਹੁਕਮੇ ਅੰਦਰ ਲੈਣਾ ਛੀਨ, ਅੱਗੇ ਇਕ ਮਜ਼੍ਹਬ ਤੇ ਇਕੋ ਦੀਨ, ਇਕੋ ਇਸਮ ਇਕੋ ਜਿਸਮ ਇਕੋ ਕਿਸਮ ਨਰ ਮਦੀਨ, ਦੂਜਾ ਰੂਪ ਨਾ ਕੋਇ ਦਰਸਾਈਆ । ਇਕੋ ਰਸਨਾ ਜਿਹਵਾ ਜ਼ਬੀਨ, ਢੋਲੇ ਗਾਵੇ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਗੁਰ ਅਵਤਾਰ ਪੈਗ਼ੰਬਰੋ ਸੁਣੋ ਅਗੰਮ ਫ਼ਰਮਾਨ, ਹਰਿ ਕਰਤਾ ਆਪ ਦ੍ਰਿੜਾਈਆ । ਏਕੰਕਾਰ ਇਕ ਮਾਰੋ ਧਿਆਨ, ਏਕ ਏਕਾ ਵੇਖ ਵਖਾਈਆ । ਇਕੋ ਸ਼ਬਦ ਸਤਿਗੁਰੂ ਬਲਵਾਨ, ਜੋਧਾ ਸੂਰਬੀਰ ਨਜ਼ਰੀ ਆਈਆ । ਜਿਸ ਦਾ ਖੇਲ ਦੋ ਜਹਾਨ, ਬ੍ਰਹਿਮੰਡ ਖੰਡ ਸੀਸ ਨਿਵਾਈਆ । ਉਹ ਪਰਗਟ ਹੋਵੇ ਵਿਚ ਜਹਾਨ, ਜਹਾਲਤ ਕੂੜੀ ਦਏ ਗਵਾਈਆ । ਸੰਦੇਸ਼ਾ ਦੇਵੇ ਇਕ ਹੁਕਮਰਾਨ, ਹੁਕਮ ਹਾਕਮ ਇਕ ਜਣਾਈਆ । ਤੁਸੀਂ ਸਭ ਨੇ ਆਪਣਿਆਂ ਅੱਖਰਾਂ ਦੀ ਲਾ ਕੇ ਆਉਣੀ ਮੀਜ਼ਾਨ, ਗਿਣਤੀ ਗਣਤ ਵਿਚ ਜਣਾਈਆ । ਤੁਹਾਡੇ ਕਿੰਨੇ ਸ਼ਿਸ਼ ਸਿਖ ਗਏ ਵਿਚ ਮਸਾਣ ਸ਼ਮਸ਼ਾਨ, ਕਿੰਨੇ ਮੁਰਸ਼ਦੋ ਮੁਰੀਦ ਮਕਬਰਿਆਂ ਵਿਚ ਦਬਾਈਆ । ਕਿੰਨੇ ਛਡ ਕੇ ਜ਼ਿਮੀਂ ਪਹੁੰਚੇ ਉਪਰ ਮੇਰੇ ਅਸਮਾਨ, ਇਸਮ ਆਜ਼ਮ ਵੇਖ ਵਖਾਈਆ । ਕਿੰਨੇ ਸ਼ਾਸਤਰ ਸਿਮਰਤ ਪਾਰ ਹੋਏ ਪੜ੍ਹ ਕੇ ਪੁਰਾਨ, ਕਿੰਨੇ ਗੀਤਾ ਗਿਆਨ ਨਾਲ ਤਰਾਈਆ । ਕਿੰਨੇ ਹਕੀਕੀ ਮੰਜ਼ਲ ਪਾਈ ਪੜ੍ਹ ਕੇ ਬਾਈਬਲ ਅੰਜੀਲ ਕੁਰਾਨ, ਸੱਯਦਿਆਂ ਵਿਚ ਸੀਸ ਨਿਵਾਈਆ । ਕਿੰਨੇ ਗਾ ਕੇ ਗਏ ਸਤਿਨਾਮ, ਸਚਖੰਡ ਆਏ ਚਾਈਂ ਚਾਈਆ । ਕਿੰਨੇ ਵਾਹਿਗੁਰੂ ਗਾ ਕੇ ਮਿਲੇ ਸ੍ਰੀ ਭਗਵਾਨ, ਆਪਣਾ ਬਲ ਪਰਗਟਾਈਆ । ਇਹ ਲੇਖਾ ਛੱਬੀ ਪੋਹ ਨੂੰ ਮੰਗਣਾ ਮੰਗੇ ਓਹ ਨੌਜਵਾਨ, ਜਿਸ ਦੀ ਨੌਬਤ ਨਾਮ ਆਏ ਖੜਕਾਈਆ । ਜੋ ਆਦਿ ਅੰਤ ਦਾ ਮਾਲਕ ਸਭ ਦਾ ਮਿਹਰਵਾਨ, ਮਹਿਬੂਬ ਇਕ ਅਖਵਾਈਆ । ਪਰ ਯਾਦ ਰੱਖਿਓ ਲੇਖਾ ਲਿਖਣਾ ਨਹੀਂ ਨਾਲ ਕਲਮ ਸ਼ਾਹੀ ਤੇ ਬੋਲਣਾ ਨਹੀਂ ਨਾਲ ਜ਼ਬਾਨ, ਸ਼ਬਦੀ ਧਾਰ ਸ਼ਬਦ ਵਿਚ ਸ਼ਬਦੀ ਵੰਡ ਕਰਾਈਆ । ਤੁਹਾਡਾ ਲੇਖਾ ਓਥੇ ਜਿਥੇ ਅੱਖਰਾਂ ਦਾ ਨਹੀਂ ਗਿਆਨ, ਅਲਿਫ਼ ਯੇ ਊੜਾ ਐੜਾ ਏ ਬੀ ਸੀ ਵਾਲੀ ਨਹੀਂ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਸਭ ਨੇ ਇਕੱਠਿਆਂ ਜਾਣਾ ਆ, ਆਹ ਭਰਨ ਕੋਇ ਨਾ ਪਾਈਆ । ਤੁਹਾਡਾ ਭਗਤ ਦਵਾਰੇ ਬਿਨਾ ਭਗਤਾਂ ਤੋਂ ਹੋਏ ਨਾ ਕੋਈ ਗਵਾਹ, ਸ਼ਹਾਦਤ ਸਕੇ ਨਾ ਕੋਇ ਭੁਗਤਾਈਆ । ਇਕੋ ਮਾਰਗ ਇਕੋ ਮੰਜ਼ਲ ਇਕੋ ਪੌੜੀ ਡੰਡਾ ਇਕੋ ਚਲ ਕੇ ਆਉਣਾ ਰਾਹ, ਰਹਿਬਰ ਇਕੋ ਇਕ ਸਮਝਾਈਆ । ਇਕੋ ਢੋਲਾ ਇਕੋ ਸੋਹਲਾ ਇਕੋ ਕਲਮਾ ਇਕੋ ਗੀਤ ਇਕੋ ਨਾਮ ਅਨਮੋਲਾ ਲੈਣਾ ਗਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਵੇਖਿਓ ਮੈਨੂੰ ਕੋਈ ਨਾ ਕਿਹੋ ਵਾਹਿਗੁਰੂ ਕੋਈ ਨਾ ਕਿਹੋ ਖ਼ੁਦਾ, ਰਾਮ ਕ੍ਰਿਸ਼ਨ ਦਾ ਨਾਮ ਨਾ ਕੋਇ ਸੁਣਾਈਆ । ਸਭ ਨੇ ਕਹਿਣਾ ਤੂੰ ਦਾਤਾ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜਿਤਨੇ ਨਾਮ ਉਪਜੇ ਕਲਮੇ ਉਪਜੇ ਗੁਰ ਅਵਤਾਰ ਉਪਜੇ ਉਹ ਸਾਰੇ ਆਪਣੇ ਵਿਚ ਲੈ ਸਮਾ, ਸਮੇਂ ਦੇ ਮਾਲਕ ਸਮਾਂ ਦੇ ਬਦਲਾਈਆ । ਸਭ ਦੀ ਸਾਹਿਬ ਹੋ ਕੇ ਪਕੜ ਲੈ ਬਾਂਹ, ਬਾਜ਼ੂ ਆਪਣੇ ਹੱਥ ਉਠਾਈਆ । ਅਸੀਂ ਤੇਰਾ ਇਕੋ ਜਪਾਂਗੇ ਨਾਂ, ਦੂਜਾ ਇਸ਼ਟ ਨਾ ਕੋਇ ਵਖਾਈਆ । ਇਕੋ ਸੀਸ ਦੇਵਾਂਗੇ ਨਿਵਾ, ਝੁਕ ਝੁਕ

ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪਰਦਾ ਓਹਲਾ ਆਪ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰੋ ਛੱਬੀ ਪੋਹ ਆਉਣਾ, ਸਮਾਂ ਤੁਹਾਡਾ ਸੋਭਾ ਪਾਈਆ । ਪੁਰਖ ਅਕਾਲੇ ਤਖ਼ਤ ਸੁਹਾਉਣਾ, ਸੋਹਣਾ ਰੰਗ ਰੰਗਾਈਆ । ਨੌਂ ਰੰਗ ਦਾ ਬਸਤਰ ਤਨ ਛੁਹਾਉਣਾ, ਪੋਸ਼ਾਕ ਖ਼ਾਕ ਨਾ ਕੋਇ ਵਡਿਆਈਆ । ਜਿਸ ਵੇਲੇ ਜਨ ਭਗਤਾਂ ਇਕ ਇਕ ਰੁਪਈਆ ਹੱਥ ਉਠਾਉਣਾ, ਤੁਹਾਡੇ ਆਉਣ ਦਾ ਸਤਿਕਾਰ ਦਏ ਵਖਾਈਆ । ਓਸ ਵੇਲੇ ਸਭ ਨੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਗਾਉਣਾ, ਢੋਲਾ ਅਗੰਮ ਅਥਾਹੀਆ । ਫੇਰ ਤੁਹਾਨੂੰ ਇਕ ਧਾਰ ਬਹਾਉਣਾ, ਵਡਾ ਛੋਟਾ ਨਾ ਕੋਇ ਰਖਾਈਆ । ਬਿਨਾ ਗੋਬਿੰਦ ਤੋਂ ਸੀਸ ਤਾਜ ਨਾ ਕਿਸੇ ਟਿਕਾਉਣਾ, ਟਿੱਕਾ ਮਸਤਕ ਨਾ ਕੋਇ ਲਗਾਈਆ । ਬਿਨਾ ਸ਼ਬਦ ਗੁਰੂ ਤੋਂ ਸਤਿਗੁਰੂ ਨਾ ਕਿਸੇ ਅਖਵਾਉਣਾ, ਤਤਾਂ ਵਾਲੀ ਨਾ ਕੋਇ ਵਡਿਆਈਆ । ਗੋਬਿੰਦ ਦਾ ਲੇਖਾ ਮਾਛੂਵਾੜੇ ਦਾ ਪੂਰ ਕਰਾਉਣਾ, ਸਾਢੇ ਤਿੰਨ ਹੱਥ ਦੀ ਸਿੜ੍ਹੀ ਦਏ ਗਵਾਹੀਆ । ਜਿਸ ਵੇਲੇ ਗੁਰਮੁਖਾਂ ਕੰਧਿਆਂ ਉਪਰ ਉਠਾਉਣਾ, ਚਾਰੋਂ ਕੁੰਟ ਲੈਣ ਫਿਰਾਈਆ । ਸਾਰਿਆਂ ਨੇ ਮੁਖੋਂ ਕਹਿਣਾ ਤਤਾਂ ਵਾਲਾ ਗੁਰੂ ਨਹੀਂ ਕਦੇ ਮਨਾਉਣਾ, ਬਿਨਾ ਪੁਰਖ ਅਕਾਲ ਤੋਂ ਸੀਸ ਨਾ ਕਿਸੇ ਨਿਵਾਈਆ । ਅਗਲਾ ਲੇਖਾ ਗੁਰਮੁਖੋ ਫੇਰ ਸਮਝੌਣਾ, ਜੋ ਗੋਬਿੰਦ ਪੁਰਖ ਅਕਾਲ ਨਾਲ ਮਿਲ ਕੇ ਆਪਣੇ ਵਿਚ ਗਿਆ ਛੁਪਾਈਆ । ਪੂਰਨ ਦਾ ਲੇਖਾ ਪੂਰਨ ਪ੍ਰਕਾਸ਼ ਵਿਚ ਕਰਾਉਣਾ, ਦੀਨ ਦੁਨੀ ਦੁਨੀ ਦੀਨ ਵਿਚ ਇਕ ਚਮਕਾਈਆ । ਇਕ ਦਾ ਇਕ ਇਕ ਦਾ ਇਕ ਪਰਾਹੁਣਾ, ਇਕ ਦੇ ਘਰ ਇਕੋ ਆਵੇ ਤੇ ਇਕ ਨੂੰ ਮਿਲ ਕੇ ਵੱਜੇ ਵਧਾਈਆ । ਇਕ ਨੇ ਇਕ ਨੂੰ ਆਪਣੇ ਘਰ ਵਸਾਉਣਾ, ਸੇਜ ਸੁਹੰਜਣੀ ਇਕ ਬਣਾਈਆ । ਜਗਤ ਜਹਾਨ ਜਗਤ ਵਾਸਨਾ ਪਰਾਹੁਣਾ, ਥਿਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਨੇ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਸ਼ਬਦੀ ਧਾਰ ਸ਼ਬਦ ਦੇ ਹੁਕਮ ਵਿਚ ਹਿਲਾਉਣਾ, ਹੁਲੀਆ ਸਭ ਦਾ ਦਏ ਬਦਲਾਈਆ ।



### ✪ ੮ ਪੋਹ ਸ਼ਹਿਨਸ਼ਾਹੀ ਸੰਮਤ ੫ ਮਾਈ ਦੁਰਗੀ ਦੇ ਨਵਿਤ ਗੁਜਰਾਤ ✪

ਸਤਿਗੁਰ ਸ਼ਬਦ ਸਚ ਗਵਾਹ, ਸ਼ਹਾਦਤ ਆਦਿ ਅੰਤ ਭੁਗਤਾਈਆ । ਜੁਗ ਚੌਕੜੀ ਵੇਖਣਹਾਰਾ ਥਾਉਂ ਥਾਂ, ਨਿਤ ਨਵਿਤ ਫੋਲ ਫੁਲਾਈਆ । ਸੰਤ ਸੁਹੇਲੇ ਜਨ ਭਗਤ ਮੰਜ਼ਲ ਚੜ੍ਹਦੇ ਵੇਖੇ ਰਾਹ, ਰਹਿਬਰ ਹੋ ਕੇ ਪੜਦਾ ਆਪ ਉਠਾਈਆ । ਅੰਤਰ ਨਿਰੰਤਰ ਨਿਰਗੁਣ ਸਰਗੁਣ ਜਾਣੇ ਆਪਣਾ ਨਾਂ, ਨਾਉਂ ਨਿਰੰਕਾਰਾ ਏਕੰਕਾਰਾ ਆਪਣਾ ਭੇਵ ਖੁਲ੍ਹਾਈਆ । ਦੀਨ ਦਿਆਲ ਦਇਆਨਿਧ ਠਾਕਰ ਸਦਾ ਸਦ ਪਕੜਨਹਾਰਾ ਬਾਂਹ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਇਥੇ ਉਥੇ ਦੋ ਜਹਾਨਾਂ ਹਕੀਕਤ ਵਿਚੋਂ ਕਰੇ ਹੱਕ ਨਿਆਂ, ਲਾਸ਼ਰੀਕ ਵਾਹਿਦ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਚ ਕਹੇ ਮੈਂ ਆਦਿ ਅੰਤ ਸਚ, ਪ੍ਰਭ ਸਚ ਦਿਤੀ ਸਰਨਾਈਆ । ਜੁਗ ਚੌਕੜੀ ਭਾਗ ਲਗਾਵਾਂ ਕਾਇਆ ਮਾਟੀ ਕੱਚ, ਕੰਚਨ ਗੜ੍ਹ ਇਕ ਸੁਹਾਈਆ । ਜਨ ਭਗਤਾਂ ਲੂੰ ਲੂੰ ਅੰਦਰ

ਜਾਵਾਂ ਰਚ, ਸਾਢੇ ਤਿੰਨ ਕਰੋੜ ਦਏ ਗਵਾਹੀਆ । ਅਗਨੀ ਤਤ ਵਜੂਦ ਨਾ ਜਾਵਾਂ ਮੱਚ, ਸਾਂਤਕ ਸਤਿ ਸਰੂਪ ਸਮਾਈਆ । ਮਨ ਕਲਪਣਾ ਵਿਚ ਨਾ ਜਾਵਾਂ ਨੱਚ, ਨਵ ਦਵਾਰ ਨਾ ਉਠ ਉਠ ਧਾਈਆ । ਮੇਰਾ ਲੇਖਾ ਨਾਲ ਪੁਰਖ ਸਮਰਥ, ਜੋ ਪਾਰਬ੍ਰਹਮ ਬੇਪਰਵਾਹੀਆ । ਜੋ ਜੁਗ ਜੁਗ ਜਨ ਭਗਤਾਂ ਪੈਜ ਲਏ ਰੱਖ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਦੀਨ ਦੁਨੀ ਨਾਲੋਂ ਕਰ ਵੱਖ, ਗ੍ਰਹਿ ਮੰਦਰ ਦੇਵੇ ਮਾਣ ਵਡਿਆਈਆ । ਸਾਖਿਆਤ ਦਰਸ ਦੇਵੇ ਪ੍ਰਤਖ, ਪਾਰਬ੍ਰਹਮ ਬ੍ਰਹਮ ਆਪਣਾ ਭੇਵ ਖੁਲ੍ਹਾਈਆ । ਸਚ ਦਵਾਰ ਦੇ ਕੇ ਹਕੀਕੀ ਹੱਕ, ਪ੍ਰਤਖ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਚ ਕਹੇ ਮੈਂ ਸਚ ਦੀ ਧਾਰਾ, ਧਰਨੀ ਧਰਤ ਧਵਲ ਧੌਲ ਦ੍ਰਿੜਾਈਆ । ਮੇਰਾ ਮਾਲਕ ਏਕਾ ਏਕੰਕਾਰਾ, ਅਕਲ ਕਲਧਾਰੀ ਨੂਰ ਖ਼ੁਦਾਈਆ । ਜਿਸ ਦਾ ਖੇਲ ਜੁਗ ਚੌਕੜੀ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਵੇਖਣ ਚਾਈਂ ਚਾਈਆ । ਸੋ ਭਗਤ ਸੁਹੇਲਾ ਇਕ ਇਕੱਲਾ ਵੇਖੇ ਵਿਗਸੇ ਪਾਵੇ ਸਾਰਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਜਨ ਭਗਤ ਸੁਹੇਲੇ ਗੁਰੂ ਗੁਰ ਚੇਲੇ ਲੈ ਕੇ ਜਾਏ ਆਪਣੇ ਦਵਾਰਾ, ਦਵਾਰਕਾਵਾਸੀ ਜਿਥੇ ਬੈਠੇ ਸੀਸ ਨਿਵਾਈਆ । ਚਰਨ ਕਵਲ ਦੇਵੇ ਧਰਮ ਪਿਆਰਾ, ਪ੍ਰੇਮ ਪ੍ਰੀਤੀ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦੀ ਧਾਰ ਇਕ ਸਮਝਾਈਆ । ਸਚ ਕਹੇ ਮੇਰੀ ਧਾਰ ਕਦੇ ਨਾ ਹੋਵੇ ਮੁਰਦੀ, ਮੁਰੀਦ ਮੁਰਸ਼ਦ ਦੇਣ ਗਵਾਹੀਆ । ਏਹ ਖੇਲ ਸੱਚੇ ਸਤਿਗੁਰ ਦੀ, ਜੋ ਸਤਿ ਦਾ ਮਾਲਕ ਇਕ ਅਖਵਾਈਆ । ਜਿਸ ਦੀ ਖੇਲ ਅਨੰਦ ਪੁਰ ਦੀ, ਪੁਰੀਆਂ ਲੋਆਂ ਤੋਂ ਬਾਹਰ ਸੋਭਾ ਪਾਈਆ । ਉਹ ਖੇਲ ਜਾਣੇ ਹਾਜ਼ਰ ਹਜ਼ੂਰ ਦੀ, ਹਜ਼ਰਤ ਆਪਣੀ ਕਾਰ ਕਮਾਈਆ । ਮੰਜ਼ਲ ਮੁਕਾ ਕੇ ਪੰਧ ਨੇੜੇ ਦੂਰ ਦੀ, ਲੇਖਾ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਸਚ ਕਹੇ ਭਗਤ ਧਾਰ ਵੇਖੀ ਦੁਰਗੀ, ਦੁਰਗਾ ਅਸ਼ਟਭੁਜ ਧਿਆਨ ਲਗਾਈਆ । ਸਚ ਦਵਾਰ ਅੰਤ ਤੁਰ ਗਈ, ਤੁਰਤ ਪਿਛਲਾ ਪੰਧ ਮੁਕਾਈਆ । ਸਚ ਪ੍ਰੀਤੀ ਵਿਚ ਜੁੜ ਗਈ, ਨਾਤਾ ਅੱਗੇ ਨਾ ਕੋਇ ਤੁੜਾਈਆ । ਸਚਖੰਡ ਦਵਾਰੇ ਪੁੱਜ ਗਈ, ਪੂਜਾ ਲੇਖੇ ਲਈ ਲਗਾਈਆ । ਹੱਕ ਪ੍ਰੀਤੀ ਵਿਚ ਰੁਝ ਗਈ, ਰੁਚੀ ਪਿਛਲੀ ਦਿਤੀ ਬਦਲਾਈਆ । ਬੇਸ਼ਕ ਲੋਕਮਾਤ ਵਿਚੋਂ ਤਤਾਂ ਵਾਲੀ ਜੋਤ ਬੁਝ ਗਈ, ਅੰਤ ਨਿਰਗੁਣ ਜੋਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਦਾ ਸੁਧ ਲਈ, ਸੁਦੀ ਵਦੀ ਵੰਡ ਨਾ ਕੋਇ ਵੰਡਾਈਆ ।



### ✪ ੧੧ ਪੋਹ ਸ਼ਹਿਨਸ਼ਾਹੀ ਸੰਮਤ ੫ ਗੁਰਚਰਨ ਸਿੰਘ ਦੇ ਗ੍ਰਹਿ ਜੰਮੂ ✪

ਅਵਤਾਰ ਪੈਗ਼ੰਬਰ ਗੁਰ ਕਰਨ ਤਿਆਰੀ, ਤ੍ਰੈਗੁਣ ਅਤੀਤੇ ਲੈਣ ਅੰਗੜਾਈਆ । ਸ਼ਬਦੀ ਧਾਰ ਬੋਲ ਜੈਕਾਰੀ, ਢੋਲਾ ਗਾਵਣ ਅਗੰਮ ਅਥਾਹੀਆ । ਨਿਰਗੁਣ ਨੂਰ ਜੋਤ ਵੇਖ ਨਿਰੰਕਾਰੀ, ਨਿਰਾਕਾਰ ਖ਼ੁਸ਼ੀ ਮਨਾਈਆ । ਸਾਰੇ ਹੋਏ ਖ਼ਬਰਦਾਰੀ, ਬੇਖ਼ਬਰਾਂ ਖ਼ਬਰ ਸੁਣਾਈਆ । ਇਸ਼ਟ ਗੁਰਦੇਵ

੨੫੮ ੨੨

ਸਵਾਮੀ ਇਕ ਦੇ ਹੋਣਾ ਪੁਜਾਰੀ, ਪੂਜਾ ਪਾਠ ਦੇਣੀ ਬਦਲਾਈਆ । ਜਿਸ ਨੂੰ ਕਹਿ ਕੇ ਆਏ ਕਲ ਕਲਕੀ ਅਵਤਾਰੀ, ਨਿਹਕਲੰਕਾ ਨੂਰ ਇਲਾਹੀਆ । ਉਹ ਖੇਲੇ ਖੇਲ ਪਰਵਰਦਿਗਾਰੀ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਚਖੰਡ ਦਵਾਰ ਦਰਗਹ ਸਾਚੀ ਹੱਕ ਦੀ ਕਰੇ ਸਿਕਦਾਰੀ, ਹਕੀਕਤ ਪੜਦਾ ਆਪ ਉਠਾਈਆ । ਸਭ ਨੇ ਮੰਨਣੀ ਇਕ ਦੀ ਤਾਬਿਆਦਾਰੀ, ਤਬਾ ਤਬੀਅਤ ਲੈਣੀ ਬਦਲਾਈਆ । ਸਦੀ ਚੌਧਵੀਂ ਚੌਦਾਂ ਲੋਕ ਚੌਦਾਂ ਤਬਕ ਨੇਤਰ ਵੇਖਣ ਨੈਣ ਉਘਾੜੀ, ਬਿਨ ਅੱਖਾਂ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਹੋਵਣ ਸਵਾਧਾਨ, ਨੂਰ ਨੂਰ ਵਿਚੋਂ ਪਰਗਟਾਈਆ । ਇਕੋ ਨਿਗਾਹ ਕਰਨ ਧਿਆਨ, ਬਿਨਾ ਅੱਖਾਂ ਅੱਖ ਖੁਲ੍ਹਾਈਆ । ਇਕੋ ਇਸ਼ਟ ਵੇਖ ਸ੍ਰੀ ਭਗਵਾਨ, ਪਾਰਬ੍ਰਹਮ ਪ੍ਰਭ ਸੀਸ ਝੁਕਾਈਆ । ਇਕੋ ਸ਼ਬਦ ਸ਼ਬਦ ਗੁਰੂ ਗਿਆਨ, ਇਕੋ ਕਲਮਾ ਅਗੰਮ ਅਥਾਹੀਆ । ਇਕੋ ਖੇਲ ਨੌਜਵਾਨ, ਇਕੋ ਨੂਰ ਨੁਰਾਨਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਆਪਣਾ ਆਪਣਾ ਪਾਸਾ ਰਹੇ ਪਰਤ, ਪਰਤੀਨਿਧ ਇਕੋ ਵੇਖ ਵਖਾਈਆ । ਸਾਡੀ ਭਵਿਖਤਾਂ ਦੀ ਪੂਰੀ ਹੋਣ ਲੱਗੀ ਸ਼ਰਤ, ਸ਼ਰਅ ਸ਼ਰੀਅਤ ਦਏ ਗਵਾਹੀਆ । ਅਸੀਂ ਵੇਖੀਏ ਉਤੇ ਅਰਸ਼, ਅਰਸ਼ੇ ਆਅਜ਼ਮ ਨੂਰ ਇਲਾਹੀਆ । ਜਿਸ ਨੇ ਖੇਲ ਕਰਨਾ ਉਪਰ ਧਰਤ, ਧਰਨੀ ਧਵਲ ਧੌਲ ਦਏ ਵਡਿਆਈਆ । ਜੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਮੁੱਦਾ ਆਪਣਾ ਦਏ ਦ੍ਰਿੜਾਈਆ । ਸ਼ਰਅ ਛੁਰੀ ਕਸਾਈ ਮੇਟੇ ਕਰਦ, ਕਤਲਗਾਹ ਵੇਖੇ ਲੋਕਾਈਆ । ਸਭ ਦੀ ਬੇਨੰਤੀ ਅਰਦਾਸ ਮਨਜ਼ੂਰ ਕਰੇ ਅਰਜ਼ ਆਰਜ਼ੂ ਖ਼ਾਹਿਸ਼ ਪਿਛਲੀ ਝੋਲੀ ਪਾਈਆ । ਇਕੋ ਨਾਮ ਨਿਧਾਨ ਕਲਮਾ ਦੇ ਕੇ ਤਰਜ਼, ਇਕੋ ਸ਼ਬਦ ਨਾਦ ਧੁਨ ਕਰੇ ਸ਼ਨਵਾਈਆ । ਪਾਰਬ੍ਰਹਮ ਪ੍ਰਭ ਵੇਸ ਵਟਾ ਅਸਚਰਜ, ਅਚਰਜ ਲੀਲਾ ਆਪ ਕਰਾਈਆ । ਆਸਾ ਮਨਸਾ ਤਮੰਨਾ ਖ਼ਾਹਸ਼ ਪੂਰੀ ਕਰਕੇ ਗ਼ਰਜ਼, ਲੇਖਾ ਵੇਖੇ ਥਾਉਂ ਥਾਈਂਆ । ਅੰਤ ਅਖ਼ੀਰ ਬੇਨਜ਼ੀਰ ਵੰਡੇ ਦਰਦ, ਦੀਨਾਂ ਅਨਾਥਾਂ ਦੁਖੀਆਂ ਹੋਏ ਸਹਾਈਆ । ਸਾਡੇ ਕੋਲੋਂ ਪੂਰਬ ਮੰਗੇ ਫ਼ਰਦ, ਗੁਰ ਅਵਤਾਰ ਪੈਗ਼ੰਬਰ ਇਕ ਦੂਜੇ ਰਹੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਹੋਵਣ ਖੜ੍ਹੇ, ਬਲ ਆਪਣਾ ਆਪ ਪਰਗਟਾਈਆ । ਦੀਨ ਮਜ਼੍ਹਬ ਦੇ ਛਡਣੇ ਪੈਣੇ ਧੜੇ, ਹਿੱਸਾ ਵੰਡ ਨਾ ਕੋਇ ਵੰਡਾਈਆ । ਸਰਗੁਣ ਇਕੋ ਧਾਰ ਇਕੋ ਅੱਖਰ ਨਾਮ ਪੜ੍ਹੇ, ਇਕੋ ਵਿਦਿਆ ਵਿਦਿਆਲੇ ਤੋਂ ਬਾਹਰ ਦਏ ਜਣਾਈਆ । ਇਕੋ ਮੰਜ਼ਲ ਮਾਨਵ ਜਾਤੀ ਚੜ੍ਹੇ, ਮਾਰਗ ਰਾਹ ਇਕੋ ਇਕ ਦਰਸਾਈਆ । ਇਕੋ ਦਵਾਰ ਏਕੰਕਾਰ ਏਕਾ ਖੜੇ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਅਗੰਮ ਅਥਾਹੀਆ । ਗੁਰ ਅਵਤਾਰ ਪੈਗ਼ੰਬਰ ਆਪਣਾ ਆਪਣਾ ਵੇਖਣ ਲੇਖਾ, ਬਿਨ ਅੱਖਾਂ ਅੱਖ ਉਠਾਈਆ । ਜਿਸ ਵਿਚ ਪਰਮ ਪੁਰਖ ਦਾ ਦਿਸੇ ਵੇਸਾ, ਨਿਰਗੁਣ ਨੂਰ ਜੋਤ ਇਲਾਹੀਆ । ਮੁਛ ਦਾੜ੍ਹੀ ਨਾ ਕੋਇ ਕੇਸਾ, ਮੂੰਡ ਮੁੰਡਾਇਆ ਨਾ ਰੂਪ ਧਰਾਈਆ । ਜਿਸ ਨੂੰ ਝੁਕਦੇ ਬ੍ਰਹਮਾ ਸ਼ਿਵ ਮਹੇਸ਼ਾ, ਗਣਪਤ ਸੀਸ ਨਿਵਾਈਆ । ਅਵਤਾਰ ਪੈਗ਼ੰਬਰ ਗੁਰੂ ਕਰਨ ਆਦੇਸਾ, ਨਿਉਂ ਨਿਉਂ ਸੀਸ ਝੁਕਾਈਆ । ਉਹ ਖੇਲ ਕਰੇ ਹਮੇਸ਼ਾ, ਆਦਿ ਅੰਤ ਜੁਗਾ ਜੁਗੰਤ ਕਾਰ ਕਮਾਈਆ । ਕਲਜੁਗ ਅੰਤ



੨੫੮ ੨੨

ਸ੍ਰੀ ਭਗਵੰਤ ਨੂਰ ਨੁਰਾਨਾ ਬਣੇ ਨੇਤਾ, ਨਿਰਗੁਣ ਆਪਣੀ ਕਾਰ ਕਮਾਈਆ । ਪਿਛਲਾ ਪੂਰਬ ਮਾਜ਼ੀ ਯਾਦ ਰੱਖੇ ਚੇਤਾ, ਪਾਸਟ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਚਾਰੋਂ ਕੁੰਟ ਰਹੇ ਤੱਕ, ਤਕਵਾ ਇਕ ਧਿਆਨ ਲਗਾਈਆ । ਕੀ ਸੰਦੇਸ਼ਾ ਮਿਲਿਆ ਹੱਕ, ਹੁਕਮ ਸ਼ਬਦ ਬੇਪਰਵਾਹੀਆ । ਜਿਸ ਵਿਚ ਸ਼ਰਅ ਦਾ ਹੋਵੇ ਕੋਈ ਨਾ ਸ਼ੱਕ, ਸ਼ਕਾਇਤ ਕਰਨ ਕੋਇ ਨਾ ਪਾਈਆ । ਸਾਰੇ ਲੋਕਮਾਤ ਰਹੇ ਤਕ, ਬਿਨਾ ਅੱਖਾਂ ਅੱਖ ਉਠਾਈਆ । ਕੀ ਖੇਲ ਕਰਨਾ ਯਕ, ਯਕੇ ਬਾਅਦ ਦੀਗਰੇ ਨਾ ਕੋਇ ਪੜ੍ਹਾਈਆ । ਸਭ ਦਾ ਕਰਨ ਲੱਗਾ ਇਕੱਠ, ਏਕਾ ਦਰ ਲਏ ਬੁਲ੍ਹਾਈਆ । ਝਗੜਾ ਰਹੇ ਨਾ ਕੋਈ ਵੱਖ, ਵੱਖਰਾ ਗ੍ਰਿਹ ਨਾ ਕੋਇ ਸੁਹਾਈਆ । ਜਗਤ ਦੀ ਧਾਰ ਬਦਲ ਕੇ ਅੱਖ, ਪ੍ਰਤਖ ਆਪਣੀ ਕਾਰ ਕਮਾਈਆ । ਜਿਸ ਨੂੰ ਮਾਲਕ ਖ਼ਾਲਕ ਕਹਿ ਕੇ ਆਏ ਸਚ, ਸਤਿ ਵਿਚ ਸਿਫ਼ਤ ਸਾਲਾਹੀਆ । ਸੋ ਸਾਹਿਬ ਸਵਾਮੀ ਹੋ ਪਰਗਟ, ਪਰਗਣਾ ਇਕੋ ਇਕ ਜਣਾਈਆ । ਜਿਥੇ ਇਕੋ ਵਸਤ ਇਕੋ ਹੱਟ, ਇਕੋ ਵਣਜ ਵਣਜਾਰਾ ਨੂਰ ਅਲਾਹੀਆ । ਜੋਤ ਪ੍ਰਕਾਸ਼ ਕਰ ਲਟ ਲਟ, ਅੰਧ ਅੰਧੇਰ ਦਏ ਗਵਾਈਆ । ਧੁਰ ਸੰਦੇਸ਼ਾ ਦੇ ਕੇ ਘਟ ਘਟ, ਸੋਈ ਸੁਰਤ ਜਗਤ ਉਠਾਈਆ । ਦੀਨ ਮਜ਼੍ਹਬ ਦੀ ਮੇਟ ਕੇ ਵੱਟ, ਵਟਣਾ ਨਾਮ ਦਾ ਦਏ ਲਗਾਈਆ । ਝਗੜਾ ਰਹੇ ਨਾ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਵੰਡ ਨਾ ਕੋਇ ਵੰਡਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਇਹ ਖੇਲ ਵੇਖਣਾ ਪੁਰਖ ਸਮਰਥ, ਸੋ ਸਵਾਮੀ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਨਿਰਗੁਣ ਧਾਰ ਕਦੇ ਨਾ ਹੋਵੇ ਵੱਖ, ਵੱਖਰਾ ਜੁਜ਼ ਨਾ ਕੋਇ ਰਖਾਈਆ ।

### ੧੨ ਪੋਹ ਸ਼ਹਿਨਸ਼ਾਹੀ ਸੰਮਤ ੫ ਅਜੀਤ ਸਿੰਘ ਦੇ ਗ੍ਰਿਹ ਜੰਮੂ

ਅਵਤਾਰ ਪੈਗ਼ੰਬਰ ਗੁਰ ਕਹਿਣ ਵੇਖੀਏ ਆਪਣਾ ਅਗੰਮੀ ਸਫ਼ਾ, ਜੋ ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਜਿਸ ਵਿਚੋਂ ਕੀ ਲਾਭ ਹੋਇਆ ਨਫ਼ਾ, ਨਫ਼ੀ ਕਿਰਿਆ ਕੂੜ ਕਰਾਈਆ । ਕੇਹੜੀ ਧਾਰਾ ਦੱਸੀ ਦੀਨ ਮਜ਼੍ਹਬ ਦਫ਼ਾ, ਹੁਕਮ ਹੁਕਮ ਵਿਚੋਂ ਪਰਗਟਾਈਆ । ਕਿਉਂ ਪਰਵਰਦਿਗਾਰ ਹੋਇਆ ਖ਼ਫ਼ਾ, ਖ਼ੁਫ਼ੀਆ ਆਪਣਾ ਖੇਲ ਕਰਾਈਆ । ਸਾਡੀ ਕਰਨੀ ਕਰਨ ਲੱਗਾ ਰਫ਼ਾ, ਰਫ਼ਤਾ ਰਫ਼ਤਾ ਆਪਣੀ ਧਾਰ ਵਖਾਈਆ । ਦੀਨ ਦੁਨੀ ਜਗਤ ਰੋਗ ਵਿਚੋਂ ਦੇ ਨਾ ਸਕੇ ਸ਼ਫ਼ਾ, ਹਉਮੇ ਹੰਗਤਾ ਰੋਗ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੀਏ ਅਗੰਮਾ ਬਾਬ, ਬਿਨ ਪਤ੍ਰਿਕਾ ਪੱਤਰ ਫੋਲ ਫੁਲਾਈਆ । ਕੀ ਓਸ ਦੇ ਵਿਚੋਂ ਹੋਇਆ ਲਾਭ, ਵਸਤ ਮਿਲੀ ਕੀ ਬੇਪਰਵਾਹੀਆ । ਕੀ ਸੱਯਦਾ ਦੱਸੇ ਆਦਾਬ, ਬੰਦਨਾ ਡੰਡਾਵਤ ਸੀਸ ਨਿਵਾਈਆ । ਕੀ ਮਹੱਲ ਦੱਸੇ ਮਹਿਰਾਬ, ਮਹਿਬੂਬ ਨੂਰ ਇਲਾਹੀਆ । ਕਿਉਂ ਸਾਥੋਂ ਮੰਗਿਆ ਜਵਾਬ, ਪਿਛਲੀ ਕੀਤੀ ਵੇਖ ਵਖਾਈਆ । ਸ਼ਾਹੋ ਭੂਪ ਬਣ ਨਵਾਬ, ਨੌਬਤ ਆਪਣਾ ਨਾਮ ਵਜਾਈਆ । ਝਗੜਾ ਮੁਕਾ ਕੇ ਇਸ਼ਕ ਹਕੀਕੀ ਮਿਜ਼ਾਜ਼, ਮਜ਼ਾ ਆਪਣਾ ਰਿਹਾ ਚਖਾਈਆ । ਦੀਨ ਦੁਨੀ ਦਾ ਬਦਲਣ

ਲੱਗਾ ਰਿਵਾਜ, ਸਮਾਜ ਆਪਣਾ ਇਕ ਸਮਝਾਈਆ । ਕਿਉਂ ਸਾਡਾ ਮਜ਼੍ਹਬਾਂ ਦਾ ਉਜੜਨ ਲੱਗਾ ਬਾਗ਼, ਬਗੀਚਾ ਰਹਿਣ ਕੋਇ ਨਾ ਪਾਈਆ । ਇਕੋ ਸ਼ਬਦ ਅਗੰਮੀ ਦੇ ਕੇ ਆਵਾਜ਼, ਪਿਛਲੇ ਕਲਮੇ ਰਿਹਾ ਬਦਲਾਈਆ । ਕਿਸੇ ਭੁੰਨ ਨਹੀਂ ਖਾਣਾ ਕਬਾਬ, ਕਾਅਬਿਆਂ ਵਿਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਫ਼ਰਮਾਨਾ ਇਕ ਜਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਹੁਕਮ ਉਤੇ ਅਰਸ਼ਾ, ਅਰਸ਼ੀ ਪ੍ਰੀਤਮ ਰਿਹਾ ਦ੍ਰਿੜਾਈਆ । ਖੇਲ ਵੇਖੇ ਧਰਨੀ ਫ਼ਰਸ਼ਾ, ਜ਼ਿਮੀਂ ਜ਼ਮਾਂ ਫੋਲ ਫੁਲਾਈਆ । ਸਭ ਨੂੰ ਇਕੋ ਪਾ ਕੇ ਪਰਚਾ, ਪ੍ਰਾਚੀਨ ਦਾ ਲੇਖਾ ਵੇਖ ਵਖਾਈਆ । ਜਿਸ ਸਾਹਿਬ ਦੀ ਕਰਦੇ ਆਏ ਚਰਚਾ, ਚਰਚਾਂ ਗਿਰਜਿਆਂ ਵਿਚ ਦੁਹਾਈਆ । ਜਿਸ ਦੇ ਨਾਮ ਦਾ ਕਲਮੇ ਦਾ ਲੈਂਦੇ ਰਹੇ ਖ਼ਰਚਾ, ਜਗਤ ਖਾ ਕੇ ਝਟ ਲੰਘਾਈਆ । ਉਹ ਲੇਖਾ ਪੂਰਾ ਕਰੇ ਚਾਰ ਜੁਗ ਦਾ ਹਰਜਾ, ਹਰਜਾਨਾ ਆਪਣਾ ਆਪ ਵਖਾਈਆ । ਜਿਸ ਦੇ ਕੋਲੋਂ ਸਤਿ ਦਾ ਲਿਆ ਕਰਜ਼ਾ, ਮਕਰੂਜ਼ ਹੋ ਕੇ ਸੀਸ ਨਿਵਾਈਆ । ਉਹ ਸਭ ਦਾ ਬਦਲਣ ਲੱਗਾ ਦਰਜਾ, ਤਰਤੀਬ ਇਕੋ ਇਕ ਦ੍ਰਿੜਾਈਆ । ਕਿਸੇ ਦਾ ਰਹਿਣ ਨਹੀਂ ਦੇਣਾ ਕੋਈ ਜਰਗਾ, ਜਗਹ ਜਗਹ ਖੋਜ ਖੁਜਾਈਆ । ਇਕੋ ਸੂਰਬੀਰ ਮਰਦਾਨਾ ਬਣ ਮਰਦਾ, ਮੁੱਦਤ ਦਾ ਲੇਖਾ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਬਣੇ ਰਹੇ ਬਰਦਾ, ਸੇਵਕ ਹੋ ਕੇ ਸੇਵ ਕਮਾਈਆ । ਸਰਗੁਣ ਹੋ ਕੇ ਕਰਦੇ ਰਹੇ ਅਰਜ਼ਾ, ਨਿਰਗੁਣ ਹੋ ਕੇ ਸੀਸ ਝੁਕਾਈਆ । ਉਹ ਖੇਲ ਕਰੇ ਅਸਚਰਜਾ, ਅਚਰਜ ਲੀਲਾ ਆਪ ਵਰਤਾਈਆ । ਜਨ ਭਗਤ ਸਹੇਲਿਆਂ ਵੰਡੇ ਦਰਦਾ, ਦੀਨਾਂ ਅਨਾਥਾਂ ਦਇਆ ਕਮਾਈਆ । ਸਾਡੀਆਂ ਚਾਰ ਜੁਗ ਦੀਆਂ ਵੇਖੇ ਫ਼ਰਦਾਂ, ਪਰਦਾ ਓਹਲਾ ਆਪ ਉਠਾਈਆ । ਜੋ ਨਾਮ ਕਲਮਾ ਕਾਇਨਾਤ ਰਿਹਾ ਪੜ੍ਹਦਾ, ਆਇਤ ਸ਼ਰਾਇਤ ਸ਼ਰਅ ਵਿਚ ਸਮਝਾਈਆ । ਜਵਾਨ ਇਨਸਾਨ ਹੋ ਕੇ ਰਿਹਾ ਲੜਦਾ, ਤਤਾਂ ਵਾਲੀ ਵੰਡ ਵੰਡਾਈਆ । ਮੰਜ਼ਲ ਹਕੀਕੀ ਰਿਹਾ ਚੜ੍ਹਦਾ, ਮਹਿਬੂਬ ਹੱਕ ਖ਼ੁਦਾਈਆ । ਵੇਖੋ ਖੇਲ ਕੀ ਕੀ ਕਰਦਾ, ਕੁਦਰਤ ਦਾ ਮਾਲਕ ਨੂਰ ਇਲਾਹੀਆ । ਜਿਸ ਦਾ ਪਲੂ ਲੱਖ ਚੁਰਾਸੀ ਜੀਵ ਜੰਤ ਫੜਦਾ, ਸੂਫ਼ੀ ਸੰਤ ਫ਼ਕੀਰ ਸੀਸ ਨਿਵਾਈਆ । ਉਹ ਸਭ ਦੀਆਂ ਪੂਰੀਆਂ ਕਰੇ ਗ਼ਰਜ਼ਾਂ, ਗ਼ਰਜ਼ੇ ਕਿ ਆਪਣੀ ਕਾਰ ਕਮਾਈਆ । ਰਾਗ ਨਾਦ ਵੇਖੇ ਤਰਜ਼ਾਂ, ਅਨਾਦ ਧੁਨਾਂ ਖੋਜ ਖੁਜਾਈਆ । ਰੋਗ ਸੋਗ ਚਿੰਤਾ ਦੁੱਖ ਵੇਖੇ ਮਰਜ਼ਾਂ, ਮਰੀਜ਼ ਤਕੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦਰਗਾਹ ਸਾਚੀ ਸਚਖੰਡ ਦਵਾਰ ਆਪਣੇ ਘਰ ਦਾ, ਗ੍ਰਿਹ ਮੰਦਰ ਅੰਦਰ ਨਿਰਗੁਣ ਧਾਰ ਏਕੰਕਾਰ ਆਪਣਾ ਹੁਕਮ ਵਰਤਾਈਆ ।

## ✪ ੧੨ ਪੋਹ ਸ਼ਹਿਨਸ਼ਾਹੀ ਸੰਮਤ ੫ ਰਾਮ ਕੌਰ ਦੇ ਗ੍ਰਿਹ ਜੰਮੂ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਅਸੀਂ ਆਦਿ ਇਕ ਦਾ ਨੂਰ, ਜੋਤੀ ਜੋਤ ਜੋਤ ਰੁਸ਼ਨਾਈਆ । ਏਕਾ ਇਕ ਦਾ ਨਾਮ ਕਰੀਏ ਮਸ਼ਹੂਰ, ਮਸ਼ਵਰਾ ਇਕੋ ਇਕ ਬਣਾਈਆ । ਪਿਛੇ ਜੋ ਵੱਖ ਰਹੇ ਦੂਰ ਦੂਰ, ਦੀਨਾਂ ਮਜ਼੍ਹਬਾਂ ਵੰਡ ਵੰਡਾਈਆ । ਅੱਗੇ ਮਾਰਗ ਦੱਸੀਏ ਇਕ ਜ਼ਰੂਰ, ਜ਼ਰੂਰੀ ਧੁਰ ਦਾ ਹੁਕਮ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਇਕੋ ਨਾਮ ਕਰੀਏ ਮਨਜ਼ੂਰ, ਮੰਜ਼ਲ ਇਕੋ ਸੋਭਾ ਪਾਈਆ । ਮਨੂਆ ਮਨ ਕਰੇ ਨਾ ਕੋਇ ਫ਼ਤੂਰ,

ਕੂੜੀ ਕਿਰਿਆ ਫ਼ਤਵਾ ਦਈਏ ਥਾਉਂ ਥਾਈਂਆ । ਹਉਮੇਂ ਹੰਗਤਾ ਗੜ੍ਹ ਤੁੱਟੇ ਜ਼ਰੂਰ, ਗ਼ਰੂਰ ਗੁਰਬਤ ਅੰਦਰੋਂ ਬਾਹਰ ਕਢਾਈਆ । ਇਕੋ ਸਾਹਿਬ ਸਵਾਮੀ ਨਜ਼ਰੀ ਆਏ ਹਜ਼ੂਰ, ਜੋ ਹਜ਼ਰਤਾਂ ਦੇਵੇ ਮਾਣ ਵਡਿਆਈਆ । ਇਕ ਦੂਜੇ ਉਤੇ ਲਾਈਏ ਨਾ ਕੋਇ ਕਸੂਰ, ਸਾਰੇ ਮਿਲ ਕੇ ਵੱਜੇ ਵਧਾਈਆ । ਪ੍ਰਭੂ ਭੰਡਾਰਾ ਸਦਾ ਭਰਪੂਰ, ਦੇਵਣਹਾਰ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਇਕੋ ਦਈਏ ਪੈਗ਼ਾਮ, ਸੰਦੇਸ਼ਾ ਧੁਰਦਰਗਾਹੀਆ । ਇਕੋ ਜਣਾਈਏ ਨਾਮ, ਨਾਉਂ ਨਿਰੰਕਾਰਾ ਇਕ ਵਡਿਆਈਆ । ਇਕੋ ਸਮਝਾਈਏ ਗਰਾਮ, ਸਚਖੰਡ ਸਾਚਾ ਦਰਗਹਿ ਸਾਚੀ ਸੋਭਾ ਪਾਈਆ । ਇਕੋ ਵਖਾਈਏ ਮਕਾਨ, ਮਹੱਲ ਅਟੱਲ ਵੱਜੇ ਵਧਾਈਆ । ਇਕੋ ਗਾਈਏ ਗਾਨ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਖੇਲ ਖੇਲੀਏ ਮਹਾਨ, ਜੀਵ ਜਗਤ ਜਹਾਨ ਮਿਲੇ ਵਡਿਆਈਆ । ਇਕੋ ਪ੍ਰਭ ਦਾ ਨਾਮ ਮੰਗੀਏ ਦਾਨ, ਦਾਤਾ ਦਾਨੀ ਦਏ ਵਰਤਾਈਆ । ਪਿਛਲਾ ਝਗੜਾ ਛਡੀਏ ਤਮਾਮ, ਮਜ਼੍ਹਬ ਦੀ ਤਮੰਨਾ ਰਹੇ ਨਾ ਰਾਈਆ । ਇਕੋ ਸਚ ਹੁਕਮ ਇਸਲਾਮ, ਇਸਮ ਆਅਜ਼ਮ ਨੂਰ ਇਲਾਹੀਆ । ਜਿਸ ਦਾ ਕਲਮਾ ਅਗੰਮ ਕਲਾਮ, ਕਾਇਨਾਤ ਕਰੇ ਪੜ੍ਹਾਈਆ । ਸੋ ਵੇਖੀਏ ਅਮਾਮਾਂ ਅਮਾਮ, ਜੋ ਅਮਲਾਂ ਤੋਂ ਰਹਿਤ ਡੇਰਾ ਲਾਈਆ । ਜਿਸ ਸਦੀ ਚੌਧਵੀਂ ਮੇਟਣੀ ਅੰਧੇਰੀ ਸ਼ਾਮ, ਸ਼ਮਾਂ ਨੂਰ ਜੋਤ ਕਰੇ ਰੁਸ਼ਨਾਈਆ । ਸਭ ਦਾ ਲੇਖਾ ਮੰਗੇ ਤਮਾਮ, ਵੇਖਣਹਾਰਾ ਥਾਉਂ ਥਾਈਂਆ । ਜੋ ਏਕਾ ਰੰਗ ਰੰਗਾਏ ਆਮ ਅਵਾਮ, ਮਿਹਬਾਨ ਮਹਿਬੂਬ ਆਪ ਅਖਵਾਈਆ । ਉਸ ਨੇ ਸੱਚਾ ਸਚ ਦਸਾਉਣਾ ਇਕ ਕਿਆਮ, ਕਿਆਮਗਾਹ ਇਕੋ ਗ੍ਰਿਹ ਨਜ਼ਰੀ ਆਈਆ । ਅੱਗੇ ਵਾਸਤੇ ਕੋਈ ਨਾ ਕਰੇ ਕਿਸੇ ਬਦਨਾਮ, ਬਦੀ ਦਾ ਡੇਰਾ ਦੇਣਾ ਢਾਹੀਆ । ਇਕ ਧਰਮ ਇਕ ਝੁੱਲੇ ਨਿਸ਼ਾਨ, ਨੌਜਵਾਨ ਨਿਗਾਹਬਾਨ ਇਕੋ ਨਜ਼ਰੀ ਆਈਆ । ਸਾਰੇ ਕਰੀਏ ਪਰਵਾਨ, ਪਰਮ ਪੁਰਖ ਪ੍ਰਭ ਬੇਪਰਵਾਹੀਆ । ਜਿਸ ਦਾ ਲੱਖ ਚੁਰਾਸੀ ਜੀਵ ਜਗਤ ਜਹਾਨ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਆਪਣਾ ਰੰਗ ਰੰਗਾਈਆ ।



## ੧੨ ਪੋਹ ਸ਼ਹਿਨਸ਼ਾਹੀ ਸੰਮਤ ੫ ਪ੍ਰਕਾਸ਼ ਚੰਦ ਦੇ ਗ੍ਰਿਹ

ਅਵਤਾਰ ਪੈਗ਼ੰਬਰ ਗੁਰ ਕਹਿਣ ਸਭ ਦਾ ਸਾਂਝਾ ਇਕੋ ਥਾਂ, ਥਾਨ ਥਨੰਤਰ ਵੇਖ ਖ਼ੁਸ਼ੀ ਮਨਾਈਆ । ਸਭ ਦਾ ਇਕੋ ਪਿਤਾ ਇਕੋ ਮਾਂ, ਪੁਰਖ ਅਕਾਲ ਪਰਵਰਦਿਗਾਰ ਪਾਰਬ੍ਰਹਮ ਨੂਰ ਇਲਾਹੀਆ । ਇਕੋ ਗ੍ਰਿਹ ਮੰਦਰ ਦਿਸੇ ਹੱਕ ਮਕਾਂ, ਦਰ ਦਵਾਰ ਇਕੋ ਸੋਭਾ ਪਾਈਆ । ਇਕੋ ਸਭ ਦਾ ਸੱਚਾ ਨਾਂ, ਨਾਮ ਨਾਮ ਵਿਚ ਸਾਲਾਹੀਆ । ਇਕੋ ਅੰਮ੍ਰਿਤ ਰਸ ਅਗੰਮਾ ਜਾਮ, ਬੂੰਦ ਸਵਾਂਤੀ ਇਕ ਟਪਕਾਈਆ । ਇਕੋ ਖੇਲ ਕਰੇ ਤਮਾਮ, ਜਿਸ ਨੂੰ ਮੰਡਲ ਮੰਡਪ ਸੀਸ ਝੁਕਾਈਆ । ਇਕੋ ਹੁਕਮ ਸੰਦੇਸ਼ਾ ਸ਼ਬਦ ਪੈਗ਼ਾਮ, ਕਲਮਾ ਅੱਖਰਾਂ ਵਾਲਾ ਇਕ ਦ੍ਰਿੜਾਈਆ । ਇਕੋ ਆਦਿ ਅੰਤ ਜੁਗਾ ਜੁਗੰਤ ਕਰੇ ਇੰਤਜ਼ਾਮ, ਬੰਦੋਬਸਤ ਵਿਚ ਬੰਧਨ ਦੇਵੇ ਸਭ ਨੂੰ ਪਾਈਆ । ਇਕੋ ਹੁਕਮ ਸੰਦੇਸ਼ਾ ਦੇਵੇ ਮਨਾਏ ਆਪਣੀ ਆਣ, ਆਨਨ ਫ਼ਾਨਨ

ਆਪਣੀ ਕਾਰ ਕਮਾਈਆ । ਇਕੋ ਲੇਖਾ ਮੰਗੇ ਆਪਣੇ ਮੁਰੀਦਾਂ ਸਿੱਖਾਂ ਦੀ ਲਾਓ ਮੀਜ਼ਾਨ, ਅੰਕੜੇ ਹਿੰਦਸੇ ਅੱਖਰਾਂ ਵਿਚ ਸਮਝਾਈਆ । ਇਕ ਦੇ ਬਰਦੇ ਇਕ ਦੇ ਰਹੀਏ ਗ਼ੁਲਾਮ, ਗ਼ੁਲਾਮੀ ਦੀਨ ਮਜ਼੍ਹਬ ਰਹੇ ਨਾ ਰਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਇਕ ਦੀ ਦੇਈਏ ਪਹਿਚਾਨ, ਜੋ ਜ਼ਾਤ ਪਾਤ ਨਾ ਵੰਡ ਵੰਡਾਈਆ । ਇਕ ਦਾ ਇਕ ਸਮਝਾਈਏ ਨਿਸ਼ਾਨ, ਜੋ ਨਿਸ਼ਾਨੇ ਪਿਛਲੇ ਦਏ ਬਦਲਾਈਆ । ਜਿਸ ਦਾ ਖੇਲ ਸਦਾ ਦੋ ਜਹਾਨ, ਦੋਹਰੀ ਧਾਰ ਨਿਰਗੁਣ ਸਰਗੁਣ ਵੇਸ ਵਟਾਈਆ । ਸੋ ਖੇਲ ਕਰੇ ਸ੍ਰੀ ਭਗਵਾਨ, ਹਰਿ ਕਰਤਾ ਆਪਣੀ ਕਾਰ ਕਮਾਈਆ । ਓਸ ਦੀ ਧੂੜੀ ਮੰਗੀਏ ਦਾਨ, ਮਸਤਕ ਟਿੱਕੇ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਬੇਨੰਤੀ ਕਰੇ ਪਰਵਾਨ, ਪਰਮ ਪੁਰਖ ਪ੍ਰਭ ਆਪਣੀ ਦਇਆ ਕਮਾਈਆ ।

✪ ੧੨ ਪੋਹ ਸ਼ਹਿਨਸ਼ਾਹ ਸੰਮਤ ੫ ਗੁਰਦਿਤ ਸਿੰਘ ਦੇ ਗ੍ਰਿਹ ਛੰਬ ਜੰਮੂ ✪

ਅਵਤਾਰ ਪੈਗ਼ੰਬਰ ਗੁਰ ਮੰਗਣ ਦਾਨ, ਦਰਗਾਹ ਸਾਚੀ ਸਚਖੰਡ ਝੋਲੀ ਆਪਣੀ ਡਾਹੀਆ । ਸੋ ਪੁਰਖ ਨਿਰੰਜਣ ਕਿਰਪਾ ਕਰ ਮਿਹਰਵਾਨ, ਮਹਿਬੂਬ ਮਿਹਰਵਾਂ ਤੇਰੀ ਸਰਨਾਈਆ । ਹਉਂ ਬਾਲ ਅੰਜਾਣੇ ਨੱਢੇ ਜਗਤ ਨਾਦਾਨ, ਦੋ ਜਹਾਨ ਤੇਰੀ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲ ਵੇਖਿਆ ਮਹਾਨ, ਮਹਿੰਮਾ ਤੇਰੀ ਅਕਥ ਸਿਫ਼ਤ ਸਿਫ਼ਤੀ ਵਿਚ ਸਾਲਾਹੀਆ । ਨਾਮ ਸ਼ਬਦ ਕਲਮਾ ਦੇ ਕੇ ਆਏ ਗਿਆਨ, ਨਿਰਅੱਖਰ ਧਾਰ ਵਿਚੋਂ ਅੱਖਰ ਲੋਕਮਾਤ ਪਰਗਟਾਈਆ । ਦੀਨ ਮਜ਼੍ਹਬ ਧਰਮ ਇਸਲਾਮ ਝੁਲਾ ਕੇ ਆਏ ਨਿਸ਼ਾਨ, ਤਾਰਾ ਚੰਦ ਦਏ ਗਵਾਹੀਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਸਾਰੇ ਹੋਏ ਹੈਰਾਨ, ਪਰੇਸ਼ਾਨੀ ਵਿਚ ਦੁਹਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਚੌਦਾਂ ਲੋਕ ਚੌਦਾਂ ਤਬਕ ਤੇਰੀ ਮੰਨੇ ਕੋਈ ਨਾ ਆਣ, ਸੱਜਦਾ ਸੀਸ ਜਗਦੀਸ ਨਾ ਕੋਇ ਝੁਕਾਈਆ । ਚਾਰ ਕੁੰਟ ਦਹਿ ਦਿਸ਼ਾ ਹਰ ਹਿਰਦੇ ਦਿਸੇ ਸ਼ੈਤਾਨ, ਮਨ ਕਲਪਣਾ ਵਿਚ ਕੂੜ ਲੋਕਾਈਆ । ਪ੍ਰਕਾਸ਼ ਰਿਹਾ ਕਿਸੇ ਨਾ ਭਾਨ, ਸੂਰੀਆ ਚੰਦ ਰੋਵੇ ਮਾਰੇ ਧਾਹੀਆ । ਤੇਜ਼ ਧਾਰ ਨਾ ਰਹੀ ਖੜਗ ਖੰਡਾ ਕਿਰਪਾਨ, ਗੋਬਿੰਦ ਗੁਰ ਦਏ ਗਵਾਹੀਆ । ਹਿੰਦੂ ਮੁਸਲਿਮ ਸਿਖ ਈਸਾਈ ਸਰਬ ਪਛਤਾਣ, ਈਸਾ ਮੂਸਾ ਮੁਹੰਮਦ ਵੇਖਣ ਥਾਉਂ ਥਾਈਆ । ਸਰਗੁਣ ਨਿਰਗੁਣ ਕਰੇ ਨਾ ਕੋਇ ਪਰਵਾਨ, ਪਰਮ ਪੁਰਖ ਪਰਮਾਤਮ ਤੇਰਾ ਮੇਲ ਨਾ ਕੋਇ ਮਿਲਾਈਆ । ਅੰਮ੍ਰਿਤ ਅਗੰਮਾ ਰਸ ਮਿਲੇ ਨਾ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਨਾ ਕੋਇ ਮਿਟਾਈਆ । ਜਿਧਰ ਤਕੀਏ ਨਵ ਸੱਤ ਜੀਵ ਜੰਤ ਸਾਧ ਸੰਤ ਹੋਏ ਨਾਦਾਨ, ਨਿਜ ਨੇਤਰ ਲੋਚਨ ਨੈਣ ਦਿਬ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਦਰਗਾਹ ਸਾਚੀ ਰਹੇ ਤਕ, ਬਿਨ ਨੈਣਾਂ ਨੈਣ ਉਠਾਈਆ । ਹਕੀਕਤ ਰਹੀ ਕੋਈ ਨਾ ਹੱਕ, ਸਤਿ ਸਚ ਨਾ ਕੋਇ ਚਤੁਰਾਈਆ । ਨਾੜ ਬਹੱਤਰ ਸਭ ਦੀ ਉਬਲੇ ਰਤ, ਅਗਨੀ ਪੰਜ ਤਤ ਜਲਾਈਆ । ਧੀਰਜ ਸੰਤੋਖ ਰਿਹਾ ਨਾ ਯਤ, ਸਾਧ ਸੰਤ ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਭਗਤ ਭਗਵਾਨ ਰੱਖੇ ਕੋਈ ਨਾ ਪਤ, ਪਤਿਪਰਮੇਸ਼ਵਰ ਮਿਲਣ ਕੋਇ ਨਾ ਆਈਆ । ਮਨ ਕਲਪਣਾ ਸ੍ਰਿਸ਼ਟੀ ਦ੍ਰਿਸ਼ਟੀ ਰਹੀ ਨੱਸ, ਇਸ਼ਟ ਗੁਰਦੇਵ

ਸਵਾਮੀ ਸੀਸ ਨਾ ਕੋਇ ਝੁਕਾਈਆ । ਸਾਚਾ ਮਾਰਗ ਆਵੇ ਕਿਸੇ ਨਾ ਹੱਥ, ਕਾਇਆ ਗ੍ਰਿਹਿ ਮੰਦਰ ਕਰੇ ਨਾ ਕੋਇ ਰੁਸ਼ਨਾਈਆ । ਝਗੜਾ ਪਿਆ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਕਰੇ ਲੜਾਈਆ । ਨੌਂ ਦਵਾਰ ਕਰੇ ਕੋਈ ਨਾ ਵੱਖ, ਦਸਵਾਂ ਦਰ ਨਾ ਕੋਇ ਖੁਲ੍ਹਾਈਆ । ਨਿਝਰ ਮਿਲੇ ਕਿਸੇ ਨਾ ਰਸ, ਰਸਤਾ ਤੇਰਾ ਗਏ ਭੁਲਾਈਆ । ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਸਾਡਾ ਰਿਹਾ ਕੋਈ ਨਾ ਵਸ, ਵਾਸਤਾ ਤੇਰੇ ਅੱਗੇ ਪਾਈਆ । ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਹੋਈ ਬਸ, ਬਸਤਾ ਸਾਰੇ ਰਹੇ ਬੰਧਾਈਆ । ਤੂੰ ਸਾਹਿਬ ਸਤਿਗੁਰ ਆਦਿ ਜੁਗਾਦਿ ਵਸੇਂ ਘਟ ਘਟ, ਲੱਖ ਚੁਰਾਸੀ ਅੰਦਰ ਡੇਰਾ ਲਾਈਆ । ਦੀਨ ਦੁਨੀ ਦਵੈਤ ਦੂਈ ਕਢ ਦੇ ਵੱਟ, ਸ਼ਰਅ ਹੱਦ ਨਾ ਕੋਇ ਰਖਾਈਆ । ਭਾਗ ਲਗਾ ਦੇ ਕਾਇਆ ਮਾਟੀ ਮੱਟ, ਸਾਢੇ ਤਿੰਨ ਹੱਥ ਹੋਵੇ ਰੁਸ਼ਨਾਈਆ । ਸ਼ਬਦ ਅਗੰਮੀ ਮਾਰ ਸੱਟ, ਸੋਈ ਸੁਰਤ ਦੇ ਉਠਾਈਆ । ਸਚ ਸਤਿ ਖੋਲ੍ਹ ਏਕ ਹੱਟ, ਸਤਿਗੁਰ ਸਾਚਾ ਰਾਹ ਚਲਾਈਆ । ਤੁਧ ਬਿਨ ਅੰਤ ਕੰਤ ਭਗਵੰਤ ਕੋਈ ਨਾ ਰੱਖੇ ਪਤ, ਪਾਰਬ੍ਰਹਮ ਪਤਿਪਰਮੇਸ਼ਵਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਾਡੇ ਅੰਤਰ ਆਈ ਹੈਰਾਨੀ, ਹੈਰਤ ਵਿਚ ਦੁਹਾਈਆ । ਲੇਖ ਰਿਹਾ ਨਾ ਕਿਸੇ ਪੇਸ਼ਾਨੀ, ਮਸਤਕ ਧਾਰ ਨਾ ਕੋਇ ਵਡਿਆਈਆ । ਚਾਰੋਂ ਕੁੰਟ ਸ਼ਰਅ ਸ਼ੈਤਾਨੀ, ਛੁਰੀ ਬਣੀ ਨਾਮ ਕਸਾਈਆ । ਵਿਦਿਆਹੀਣ ਹੋਏ ਵਿਦਵਾਨੀ, ਵਿੱਦਤ ਰੂਪ ਨਾ ਕੋਇ ਦਰਸਾਈਆ । ਤੇਰਾ ਨਾਮ ਅਣਿਆਲਾ ਮਾਰੇ ਤੀਰ ਕੋਈ ਨਾ ਕਾਨੀ, ਕਾਇਨਾਤ ਪੜਦਾ ਨਾ ਕੋਇ ਉਠਾਈਆ । ਭਰਮੇ ਭੁੱਲੀ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਰਹੀ ਕੁਰਲਾਈਆ । ਮਾਣ ਰਿਹਾ ਨਾ ਕਿਸੇ ਅੱਖਰ ਸ਼ਬਦ ਬਾਣੀ, ਕਲਮਾ ਹੱਕ ਨਾ ਕੋਇ ਸੁਣਾਈਆ । ਅੰਮ੍ਰਿਤ ਰਸ ਰਿਹਾ ਨਾ ਠੰਡਾ ਪਾਣੀ, ਆਬੇਹਯਾਤ ਨਾ ਕੋਇ ਪਿਲਾਈਆ । ਤੇਰਾ ਖੇਲ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਦੋ ਜਹਾਨ ਵੇਖ ਵਖਾਈਆ । ਤਨ ਵਜੂਦ ਸ਼ਰੀਰ ਮਾਟੀ ਖ਼ਾਕ ਪੰਜ ਤਤ ਪੁਤਲੇ ਤੇਰੀ ਦੇ ਕੇ ਗਏ ਕੁਰਬਾਨੀ, ਗੁਰ ਅਵਤਾਰ ਪੈਗ਼ੰਬਰ ਰਹੇ ਸੁਣਾਈਆ । ਕਲਜੁਗ ਅੰਤ ਅੰਤ ਕਰ ਮਿਹਰਵਾਨੀ, ਮਹਿਬੂਬ ਆਪਣੀ ਦਇਆ ਕਮਾਈਆ । ਸਤਿਜੁਗ ਸਾਚੇ ਸਚ ਧਰਮ ਦੀ ਦੇ ਨਿਸ਼ਾਨੀ, ਨਿਸ਼ਾਨੇ ਕੂੜੇ ਮਾਤ ਬਦਲਾਈਆ । ਇਕੋ ਤੇਰੀ ਮੰਜ਼ਲ ਹੋਵੇ ਰੁਹਾਨੀ, ਰੂਹ ਬੁਤ ਕਰ ਸਫ਼ਾਈਆ । ਲੇਖਾ ਲਿਖ ਦੇ ਨਾਲ ਕਲਮ ਕਾਨੀ, ਕਾਇਦਾ ਕਾਨੂੰਨ ਆਪਣਾ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਮੰਜ਼ਲ ਕਰ ਆਸਾਨੀ, ਅਸਲ ਵਿਚ ਵਸਲ ਯਾਰ ਆਪਣਾ ਦੇ ਨੂਰ ਖ਼ੁਦਾਈਆ ।



### ੧੩ ਪੋਹ ਸ਼ਹਿਨਸ਼ਾਹੀ ਸੰਮਤ ੫ ਹਰਿ ਸੰਗਤ ਛੰਬ ਜੰਮੂ

ਅਵਤਾਰ ਪੈਗ਼ੰਬਰ ਗੁਰ ਸੁਣੋ ਹੁਕਮ ਪੁਰਖ ਅਕਾਲ, ਅਕਲ ਕਲਧਾਰੀ ਆਪ ਜਣਾਈਆ । ਦਇਆਨਿਧ ਠਾਕਰ ਹੋ ਕੇ ਦੀਨ ਦਿਆਲ, ਮਿਹਰਵਾਨ ਆਪਣਾ ਹੁਕਮ ਵਰਤਾਈਆ । ਸਚਖੰਡ ਦਰਗਹ ਸਾਚੀ ਵੇਖੋ ਧਰਮਸਾਲ, ਦਵਾਰਾ ਏਕੰਕਾਰਾ ਇਕੋ ਇਕ ਜਣਾਈਆ । ਬਿਨ ਨੇਤਰ

ਲੋਚਣ ਨੈਣ ਵਿਚਾਰ ਕਰੋ ਖ਼ਿਆਲ, ਅੰਤਰੀਵ ਅੰਤਰ ਆਪਣਾ ਧਿਆਨ ਲਗਾਈਆ । ਸੰਮਤ ਸ਼ਹਿਨਸ਼ਾਹੀ ਪੰਜਵਾਂ ਸਾਲ, ਪੰਚਮ ਲੇਖਾ ਖੋਜ ਖੁਜਾਈਆ । ਸਭ ਨੂੰ ਬਦਲਣੀ ਪੈਣੀ ਆਪਣੀ ਚਾਲ, ਰੀਤੀ ਨੀਤੀ ਲੈਣੀ ਬਦਲਾਈਆ । ਧੁਰ ਦਾ ਖੇਲ ਵੇਖਣਾ ਹਾਲ, ਹਾਲਤ ਸਭ ਦੀ ਦਏ ਜਣਾਈਆ । ਨਿਗਹ ਮਾਰੇ ਵੇਖੇ ਮਹਾਂਕਾਲ, ਕਾਲ ਕੀ ਆਪਣੀ ਕਲ ਵਰਤਾਈਆ । ਸ੍ਰਿਸ਼ਟੀ ਉਤੇ ਜੋ ਘਾਲ ਕੇ ਆਏ ਘਾਲ, ਘਾਲਣਾ ਵਿਚ ਆਪਣਾ ਆਪ ਲਗਾਈਆ । ਚਾਰ ਕੁੰਟ ਹੋਈ ਬੇਹਾਲ, ਧੀਰਜ ਧੀਰ ਨਾ ਕੋਇ ਧਰਾਈਆ । ਸ਼ਬਦਾਂ ਅੱਖਰਾਂ ਵਿਚ ਮੇਰਾ ਦੇ ਕੇ ਆਏ ਅਹਿਵਾਲ, ਹਾਲਾਂਕਿ ਆਪਣੀ ਕਾਰ ਕਮਾਈਆ । ਜਗਤ ਵਿਚੋਲੇ ਬਣ ਦਲਾਲ, ਸ੍ਰਿਸ਼ਟੀ ਮਾਨਵ ਆਏ ਸਮਝਾਈਆ । ਸੋ ਖੇਲ ਖੇਲੇ ਵਾਲੀ ਦੋ ਜਹਾਨ, ਬ੍ਰਹਿਮੰਡ ਖੋਜ ਖੁਜਾਈਆ । ਪਿਛਲੀ ਸਭ ਨੂੰ ਛਡਣੀ ਪਏ ਆਣ, ਹੁਕਮ ਇਕੋ ਇਕ ਸੁਣਾਈਆ । ਸਚਖੰਡ ਦਵਾਰ ਕਰੋ ਪਰਵਾਨ, ਪਰਮ ਪੁਰਖ ਸੀਸ ਨਿਵਾਈਆ । ਫੇਰ ਤੁਹਾਨੂੰ ਦੇਵਾਂ ਸ਼ਬਦ ਬਬਾਣ, ਅਗੰਮੀ ਆਪਣਾ ਇਕ ਵਖਾਈਆ । ਜੋ ਸਭ ਨੂੰ ਇਕੱਠਾ ਕਰੇ ਦੇਵੇ ਧਰਮ ਦਾ ਦਾਨ, ਇਕੋ ਰੰਗ ਰੰਗਾਈਆ । ਹੁਕਮ ਮੰਨਣਾ ਹੁਕਮਰਾਨ, ਸਾਰੇ ਇਕੋ ਵਾਰ ਸੀਸ ਨਿਵਾਈਆ । ਵਕਤ ਸੁਹੰਜਣੇ ਪਹੁੰਚਣਾ ਵਿਚ ਜਹਾਨ, ਆਪ ਆਪਣਾ ਪੰਧ ਮੁਕਾਈਆ । ਪਹਿਲਾਂ ਨੂਰ ਤਕਣਾ ਸੂਰੀਆ ਚੰਦ ਭਾਨ, ਪ੍ਰਕਾਸ਼ ਅਗੰਮ ਅਥਾਹੀਆ । ਫੇਰ ਵਿਸ਼ਨ ਬ੍ਰਹਮਾ ਸ਼ਿਵ ਤਕਣੇ ਬਿਨਾ ਅਸਮਾਨ, ਅਸਲ ਆਪਣਾ ਨੈਣ ਉਠਾਈਆ । ਫੇਰ ਇੰਦਰ ਖ਼ਵਾਜਾ ਮਾਰਨਾ ਧਿਆਨ, ਵੇਖਣ ਸੀਸ ਨਿਵਾਈਆ । ਫੇਰ ਗੋਬਿੰਦ ਤਕਣਾ ਨੌਜਵਾਨ, ਸੇਜ ਸੁਹੰਜਣੀ ਸੋਭਾ ਪਾਈਆ । ਫੇਰ ਤਕਣਾ ਪੂਰਨ ਪੂਰਨ ਜੋਤ ਰੂਪ ਭਗਵਾਨ, ਲੋਕਮਾਤ ਨੂਰ ਰੁਸ਼ਨਾਈਆ । ਫੇਰ ਤੁਹਾਡੀ ਅੰਤ ਦੱਛਣਾ ਗੁਰਮੁਖਾਂ ਦਾ ਇਕ ਇਕ ਰੁਪਈਆ ਦਾਨ, ਚਰਨ ਭੇਟ ਪ੍ਰਭ ਦੀ ਇਕੋ ਵਾਰ ਕਰਾਈਆ । ਅੱਗੇ ਵਾਸਤੇ ਹਰਿ ਭਗਤ ਤੁਹਾਡੇ ਨਾਲ ਸਰਬ ਮਿਲ ਜਾਣ, ਵੱਖਰਾ ਰਹਿਣ ਕੋਇ ਨਾ ਪਾਈਆ । ਸਭ ਦਾ ਇਕੋ ਹੋਣਾ ਨਾਮ, ਇਕੋ ਢੋਲਾ ਲੈਣਾ ਗਾਈਆ । ਇਕੋ ਸੰਦੇਸ਼ਾ ਹੋਵੇ ਪੈਗ਼ਾਮ, ਇਕੋ ਹੱਕ ਪੜ੍ਹਾਈਆ । ਇਕੋ ਮੰਦਰ ਹੋਵੇ ਮਕਾਨ, ਗ੍ਰਹਿ ਇਕੋ ਸੋਭਾ ਪਾਈਆ । ਇਕੋ ਧਰਮ ਹੋਵੇ ਨਿਸ਼ਾਨ, ਨਿਸ਼ਾਨਾ ਸੱਤ ਰੰਗ ਵਖਾਈਆ । ਪੁਸ਼ਤ ਪਨਾਹ ਤੇ ਵੇਖਣਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿੱਠ ਸਭ ਦੀ ਹੱਥ ਟਿਕਾਈਆ । ਨਿਰਗੁਣ ਧਾਰ ਵੇਖਣਾ ਨਿਗਾਹਬਾਨ, ਨਿਰਵੈਰ ਹੋਏ ਸਹਾਈਆ । ਜੋ ਖੇਲ ਤਕਦੇ ਉਪਰ ਅਸਮਾਨ, ਸੋ ਧਰਨੀ ਧਰਤ ਧਵਲ ਦੇਣਾ ਜਣਾਈਆ । ਜਿਹੜੇ ਮੰਗਣ ਵਾਲੇ ਦਾਨ, ਦਾਤਾ ਦਾਨੀ ਦਏ ਵਖਾਈਆ । ਉਹ ਸਾਰੇ ਇਕੱਠੇ ਹੋਵਣ ਇਕ ਦੱਸਣ ਵਿਧਾਨ, ਵਾਧਾ ਅਵਰ ਨਾ ਕੋਇ ਬਣਾਈਆ । ਸਾਹਿਬ ਸਤਿਗੁਰ ਸੀਨੇ ਨਾਲ ਲੱਗ ਕੇ ਪਾਵਣ ਸਾਰੇ ਮਾਣ, ਛਾਤੀ ਉਤੇ ਰਾਤੀ ਛੱਬੀ ਪੋਹ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਦਾ ਕਮਲਾਪਾਤੀ ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਖੇਲ ਵਖਾਈਆ ।

## ੧੩ ਪੋਹ ਸ਼ਹਿਨਸ਼ਾਹੀ ਸੰਮਤ ੫ ਫੁੱਮਣ ਸਿੰਘ ਦੇ ਗ੍ਰਿਹ ਛੰਬ ਜੰਮੂ

ਅਵਤਾਰ ਪੈਗ਼ੰਬਰ ਗੁਰ ਹੁਕਮ ਸੁਣੋ ਜੋਤ ਨਿਰੰਕਾਰੀ, ਨਿਰੰਕਾਰ ਨਿਰਾਕਾਰ ਰਿਹਾ ਸੁਣਾਈਆ । ਸ਼ਬਦੀ ਧਾਰ ਹੋਣਾ ਖ਼ਬਰਦਾਰੀ, ਖੌਫ਼

ਖ਼ਤਰਾ ਨਾ ਕੋਇ ਰਖਾਈਆ । ਆਪਣਾ ਪੂਰਾ ਕਰਾਉਣਾ ਕੌਲ ਇਕਰਾਰੀ, ਇਕਰਾਰਨਾਮਾ ਜੋ ਆਏ ਲਿਖਾਈਆ । ਕਲਜੁਗ ਅੰਤ ਕਲ ਕਲਕੀ ਆਈ ਵਾਰੀ, ਨਿਹਕਲੰਕ ਆਪਣਾ ਖੇਲ ਖਿਲਾਈਆ । ਸਾਰੇ ਦੀਨ ਮਜ਼੍ਹਬ ਦੀ ਛੱਡਿਓ ਤਕਰਾਰੀ, ਝਗੜਾ ਤਤ ਰਹਿਣ ਨਾ ਪਾਈਆ । ਧੁਰ ਦੇ ਨਾਮ ਤੇ ਹੋਏ ਨਾ ਬੇਇਤਬਾਰੀ, ਇਤਮੀਨਾਨ ਆਪਣਾ ਲੈਣਾ ਕਰਾਈਆ । ਇਕ ਹੁਕਮ ਇਕ ਚਲੇ ਸਿਕਦਾਰੀ, ਸਿਕ ਇਕੋ ਇਕ ਰਖਾਈਆ । ਸ਼ਰਅ ਕੋਈ ਨਾ ਕਿਹੋ ਹਮਾਰੀ, ਆਪਣੀ ਆਪ ਨਾ ਕੋਇ ਵਡਿਆਈਆ । ਸਭ ਨੇ ਕਹਿਣਾ ਖੇਲ ਪ੍ਰਭੂ ਤੁਮਹਾਰੀ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਇਕ ਨੂਰ ਇਕ ਦਰ ਕਰਨੀ ਨਿਮਸਕਾਰੀ, ਸੱਯਦਾ ਸੀਸ ਇਕ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਗ੍ਰਿਹ ਦਰਸਾਏ ਇਕ ਦਰਬਾਰੀ, ਦਰਗਾਹ ਸਾਚੀ ਸੋਭਾ ਪਾਈਆ ।

### ✪ ੧੩ ਪੋਹ ਸ਼ਹਿਨਸ਼ਾਹੀ ਸੰਮਤ ੫ ਪਰਤਾਪ ਸਿੰਘ, ਈਸ਼ਰ ਸਿੰਘ, ਪ੍ਰਕਾਸ਼ ਸਿੰਘ ਦੇ ਗ੍ਰਿਹ ਪਿੰਡ ਦੜ ਜੰਮੂ ✪

ਗੁਰ ਅਵਤਾਰ ਪੈਗ਼ੰਬਰ ਕਹਿਣ ਝਗੜਾ ਛਡੀਏ ਸੂਰ ਗਾਂ ਵੱਛੀ, ਵਿਸ਼ਵ ਇਕੋ ਰੰਗ ਵੇਖ ਵਖਾਈਆ । ਆਤਮ ਧਾਰ ਪ੍ਰਭ ਦੀ ਜੋਤ ਆਦਿ ਜੁਗਾਦਿ ਅੱਛੀ, ਅੱਛੀ ਤਰਾ ਦੇਈਏ ਦ੍ਰਿੜਾਈਆ । ਕੋਈ ਨਾ ਖਾਵੇ ਡੱਡੀ ਮੱਛੀ, ਡੰਡਾਵਤ ਬੰਦਨਾ ਇਕੋ ਦਈਏ ਦਰਸਾਈਆ । ਸਾਰੇ ਵੇਖੀਏ ਚਾਰ ਕੁੰਟ ਦਹਿ ਦਿਸ਼ਾ ਅਗਨੀ ਮੱਚੀ, ਅੰਮ੍ਰਿਤ ਮੇਘ ਆਬੇਹਯਾਤ ਬੂੰਦ ਨਾ ਕੋਇ ਬਰਸਾਈਆ । ਪੰਜ ਤਤ ਵਜੂਦ ਰਿਹਾ ਕੋਈ ਨਾ ਤਪੀ ਹਠੀ, ਹੱਠ ਨਾ ਕੋਇ ਜਣਾਈਆ । ਨਾਮ ਦਾਨ ਰਿਹਾ ਨਾ ਰਤੀ, ਰਤਨ ਅਮੋਲਕ ਹੀਰਾ ਰੂਪ ਨਾ ਕੋਇ ਬਣਾਈਆ । ਗੰਗਾ ਗੋਦਾਵਰੀ ਹੋਵੇ ਕਿਸੇ ਨਾ ਗਤੀ, ਗਤ ਮਿਤ ਨਾ ਕੋਇ ਸਮਝਾਈਆ । ਸਭ ਨੂੰ ਵਿਛੋੜਾ ਹੋਇਆ ਕਮਲਾਪਤੀ, ਪਤਿਪਰਮੇਸ਼ਵਰ ਮੇਲ ਨਾ ਕੋਇ ਮਿਲਾਈਆ । ਨਿਰਗੁਣ ਨੂਰ ਜਗੇ ਕੋਈ ਨਾ ਬੱਤੀ, ਬਾਤਨ ਪੜਦਾ ਨਾ ਕੋਇ ਖੁਲ੍ਹਾਈਆ । ਸਾਹਿਬ ਸਵਾਮੀ ਦਰਸ ਪਾਏ ਕੋਈ ਨਾ ਅੱਖੀਂ, ਆਖ਼ਰ ਰੰਗ ਨਾ ਕੋਇ ਰੰਗਾਈਆ । ਸਚ ਕਾਹਨ ਦੀ ਬਣੇ ਕੋਈ ਨਾ ਸਖ਼ੀ, ਨਿਰਗੁਣ ਵੱਜੇ ਨਾ ਕੋਇ ਵਧਾਈਆ । ਸਭ ਦਾ ਲੇਖਾ ਵੇਖੋ ਕਿਸ ਬਿਧ ਮੁਕਦਾ ਹੱਥੋ ਹੱਥੀ, ਚਾਰੋਂ ਕੁੰਟ ਧਿਆਨ ਲਗਾਈਆ । ਇਕ ਦੂਜੇ ਦਾ ਰਿਹਾ ਕੋਈ ਨਾ ਪੱਖੀ, ਸੰਗੀ ਸੰਗ ਨਾ ਕੋਇ ਜਣਾਈਆ । ਸਾਥੋਂ ਪਤ ਜਾਏ ਨਾ ਰੱਖੀ, ਪਤਿਪਰਮੇਸ਼ਵਰ ਹੋਏ ਸਹਾਈਆ । ਦੀਨ ਦੁਨੀ ਆਪਣੀ ਹੱਦ ਟੱਪੀ, ਜਗਤ ਟਾਪੂਆਂ ਪਈ ਦੁਹਾਈਆ । ਆਤਮ ਬ੍ਰਹਮ ਪੜ੍ਹੀ ਕਿਸੇ ਨਾ ਪੱਟੀ, ਪਟਨੇ ਵਾਲਾ ਦਏ ਸੁਣਾਈਆ । ਸਭ ਦੀ ਡੋਰੀ ਜਾਣੀ ਕਟੀ, ਤੰਦ ਸਕੇ ਨਾ ਕੋਇ ਜੁੜਾਈਆ । ਪੁਰਖ ਅਕਾਲ ਖੇਲ ਕਰਨੀ ਹੱਕੀ, ਹਕੀਕਤ ਦਾ ਮਾਲਕ ਦਇਆ ਕਮਾਈਆ । ਸਾਰੇ ਇਕੋ ਵਾਰ ਕਰ ਲਓ ਪੱਕੀ, ਯਕੀਨ ਭਰੋਸੇ ਨਾਲ ਸਮਝਾਈਆ । ਇਕੋ ਆਵਾਜ਼ ਕੱਢੋ ਇਕੱਠੀ, ਢੋਲਾ ਇਕੋ ਰਾਗ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਵੇਖੋ ਆਪਣੀ ਮਾਲਾ ਮਣਕੇ ਤਸਬੀ, ਮੁਤਅਸਬ ਵਿਚੋਂ ਧਿਆਨ ਲਗਾਈਆ । ਰਸਨਾ ਜਿਹਵਾ ਵਿਦਿਆ ਵੇਖੋ ਹਿੰਦੀ ਉਰਦੂ ਫ਼ਾਰਸੀ ਅਰਬੀ,

ਇੰਕ ਇੰਗਲਸਤਾਨ ਧਿਆਨ ਲਗਾਈਆ । ਕਿਉਂ ਸੂਰ ਗਾਂ ਦੀ ਖਾਧੀ ਚਰਬੀ, ਚਰਾਗਾਹਾਂ ਦੇਣ ਦੁਹਾਈਆ । ਕਿਸੇ ਨੂੰ ਸਮਝ ਨਾ ਆਈ ਆਪਣੇ ਘਰ ਦੀ, ਗ੍ਰਹਿ ਮੰਦਰ ਪੜਦਾ ਨਾ ਕੋਇ ਉਠਾਈਆ । ਆਤਮਾ ਪਰਮਾਤਮਾ ਢੋਲਾ ਕੋਇ ਨਾ ਪੜ੍ਹਦੀ, ਸੁਰਤੀ ਸ਼ਬਦ ਨਾ ਕੋਇ ਸਮਾਈਆ । ਵੇਖੋ ਖੇਲ ਕਲਜੁਗ ਕਲ ਦੀ, ਕਾਲਖ ਟਿੱਕੇ ਰਿਹਾ ਲਗਾਈਆ । ਕੀਮਤ ਪਈ ਨਾ ਗੋਬਿੰਦ ਵਾਲੀ ਇਕ ਗੱਲ ਦੀ, ਜੋ ਪੰਚਮ ਪੰਚਮ ਗਿਆ ਦ੍ਰਿੜਾਈਆ । ਸਮਝ ਆਈ ਕਿਸੇ ਨਾ ਜਲ ਦੀ, ਜੋ ਅੰਮ੍ਰਿਤ ਰਸ ਭਰਾਈਆ । ਖੇਲ ਵੇਖੀ ਨਾ ਰਾਜੇ ਬਲ ਦੀ, ਬਾਵਨ ਦਏ ਗਵਾਹੀਆ । ਜਿਹੜੀ ਧਾਰ ਹੁਕਮ ਸੰਦੇਸ਼ਾ ਰਹੀ ਘਲਦੀ, ਜੁਗ ਜੁਗ ਨਾਮ ਸੁਣਾਈਆ । ਉਹ ਖੇਲ ਕਰੇ ਅਛਲ ਅਛੱਲ ਦੀ, ਵਲ ਛਲ ਆਪਣਾ ਹੁਕਮ ਵਰਤਾਈਆ । ਮੰਜ਼ਲ ਜਣਾਏ ਇਕ ਅਟੱਲ ਦੀ, ਪਦ ਪਦਵੀ ਇਕ ਸਮਝਾਈਆ । ਜਿਥੇ ਜੋਤ ਅਗੰਮੀ ਬਲਦੀ, ਦੀਵਾ ਬਾਤੀ ਤੇਲ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸਮਝਾਈਆ । ਅਵਤਾਰ ਪੈਗ਼ੰਬਰ ਗੁਰ ਜਗਤ ਜੀਵ ਜਹਾਨ ਵੇਖੋ ਤੁਰਦੇ, ਤੁਰਤ ਆਪਣਾ ਧਿਆਨ ਲਗਾਈਆ । ਕਿਉਂ ਬਿਨਾ ਨਾਮ ਤੋਂ ਹੋਏ ਮੁਰਦੇ, ਮੁਰੀਦ ਮੁਰਸ਼ਦ ਵੇਖੋ ਥਾਉਂ ਥਾਈਂਆ । ਕਿਉਂ ਸ਼ੌਹ ਦਰਿਆ ਜਾਂਦੇ ਰੁੜ੍ਹਦੇ, ਅੱਗੇ ਹੋ ਨਾ ਕੋਇ ਅਟਕਾਈਆ । ਕੀ ਭੇਵ ਹੁੰਦੇ ਪੂਰੇ ਸਤਿਗੁਰ ਦੇ, ਸਤਿ ਸਤਿ ਵਿਚੋਂ ਸਮਝਾਈਆ । ਕੀ ਲਹਿਣੇ ਲੇਖੇ ਅਨੰਦ ਪੁਰ ਦੇ, ਗੋਬਿੰਦ ਗੋਬਿੰਦ ਦਏ ਵਡਿਆਈਆ । ਕਿਉਂ ਨਾ ਮੇਲ ਹੁੰਦੇ ਅਗੰਮੀ ਧੁਰ ਦੇ, ਧੁਰ ਮਸਤਕ ਲੇਖ ਨਾ ਕੋਇ ਵਖਾਈਆ । ਕਿਉਂ ਕਲਜੁਗ ਜੀਵ ਰੂਪ ਬਣੇ ਠੱਗ ਚੋਰ ਦੇ, ਮਾਇਆ ਮਮਤਾ ਮੋਹ ਵਿਚ ਹਲਕਾਈਆ । ਕਿਉਂ ਖੇਲ ਹੋਏ ਅੰਧੇਰੇ ਅੰਧ ਘੋਰ ਦੇ, ਨੂਰੀ ਚੰਦ ਨਾ ਕੋਇ ਚਮਕਾਈਆ । ਕਿਉਂ ਜਗਤ ਜਹਾਨ ਜੀਵ ਤੁਹਾਨੂੰ ਹੱਥ ਜੋੜਦੇ, ਨਿਉਂ ਨਿਉਂ ਸੀਸ ਨਿਵਾਈਆ । ਸਦੀ ਚੌਧਵੀਂ ਘਰ ਘਰ ਤੁਸੀਂ ਕਿਉਂ ਨਹੀਂ ਜਾ ਕੇ ਬੌਹੜਦੇ, ਬੌਹੜੀ ਬੌਹੜੀ ਕਰੇ ਖ਼ਲਕ ਖ਼ੁਦਾਈਆ । ਕਿਉਂ ਤੁਹਾਡੇ ਪ੍ਰੇਮ ਪਿਆਲੇ ਭਰੇ ਕੌੜ ਦੇ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜ਼ਰਾ ਧਿਆਨ ਧਰੋ ਨਾਲ ਗ਼ੌਰ ਦੇ, ਗਹਿਰ ਗੰਭੀਰ ਅੱਖ ਖੁਲ੍ਹਾਈਆ । ਲੇਖੇ ਵੇਖੋ ਮਨ ਕਲਪਣਾ ਸ਼ੋਰ ਦੇ, ਸ਼ੌਹਰ ਹੋ ਕੇ ਰਿਹਾ ਜਣਾਈਆ । ਕੀ ਅੰਤਮ ਤੁਸੀਂ ਲੋੜਦੇ, ਲੋੜੀਂਦੇ ਸੱਜਣ ਦਿਓ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰੇ ਆਪਣੇ ਜ਼ੋਰ ਦੇ, ਜੋਰੂ ਜ਼ਰ ਦਾ ਝਗੜਾ ਦਏ ਮੁਕਾਈਆ ।

## ✪ ੧੪ ਪੋਹ ਸ਼ਹਿਨਸ਼ਾਹੀ ਸੰਮਤ ੫ ਰਣੀਆ ਰਾਮ, ਸੇਵਾ ਰਾਮ, ਪਿਆਰਾ ਲਾਲ ਦੇ ਗ੍ਰਹਿ ਕਲੋਏ ਜੰਮੂ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਪਿਛਲੀ ਧਾਰ ਛਡੀ, ਛੁੱਟੀ ਜਗਤ ਲੋਕਾਈਆ । ਧਰਮ ਨਿਸ਼ਾਨਾ ਇਕੋ ਗੱਡੀਂ, ਗਾਡ ਤੇਰੀ ਬੇਪਰਵਾਹੀਆ । ਸਭ ਦੀ ਵੇਖ ਲੈ ਭਵਿਖਤਾਂ ਵਾਲੀ ਸਦੀ, ਸਦਮੇ ਵਿਚ ਸਰਬ ਦੁਹਾਈਆ । ਤੇਰਾ ਖੇਲ ਕਦੀ ਕਦੀ, ਕਦੀਮ ਦੇ ਮਾਲਕ ਨਜ਼ਰੀ ਆਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਦੀ ਫ਼ਸਲ ਰਬੀ, ਖ਼ਰੀਫ਼ ਵੰਡ ਨਾ ਕੋਇ ਵੰਡਾਈਆ । ਧੁਰ ਦਾ ਹੁਕਮ ਕਰ ਯਦੀ, ਯਦਿਪ ਆਪਣੀ ਕਾਰ ਕਮਾਈਆ । ਚਾਰੋਂ ਕੁੰਟ ਵੇਖ ਕੂੜ ਕੁੜਿਆਰ ਵਹਿਣ ਨਦੀ, ਨੌਕਾ ਨਾਮ ਨਾ ਕੋਇ ਵਖਾਈਆ । ਸਾਡੀ ਸਭ ਦੀ ਪੂਰੀ ਹੋਈ ਗੱਦੀ, ਗਦਾਗਰ ਹੋ ਕੇ ਦੇਈਏ

ਸੁਣਾਈਆ । ਸਾਡੀ ਆਸ਼ਾ ਭਵਿਖਤਾਂ ਵਾਲੀ ਜਾਏ ਨਾ ਰੱਦੀ, ਪੂਰੀ ਪੂਰਨ ਦੇਣੀ ਕਰਾਈਆ । ਦੀਨ ਦੁਨੀ ਦੇ ਅੰਦਰੋ ਕਢ ਬਦੀ, ਬੁੱਧੀ ਬਿਬੇਕ ਕਰ ਸਫ਼ਾਈਆ । ਚਾਰ ਕੁੰਟ ਦਹਿ ਦਿਸ਼ਾ ਜਗਤ ਅਗਨੀ ਲੱਗੀ, ਹਉਮੇ ਹੰਗਤਾ ਰਹੀ ਜਲਾਈਆ । ਤੇਰੀ ਜੋਤ ਪ੍ਰਕਾਸ਼ ਕਿਤੇ ਨਾ ਜਗੀ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਝਗੜਾ ਮੇਟ ਦੇ ਮਾਸ ਨਾੜੀ ਹੱਡੀ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਜੁਗ ਆਯੂ ਹੋ ਗਈ ਬੱਡੀ, ਬਡ੍ਹੇਪਾ ਸਭ ਦੇ ਸਿਰ ਤੇ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਾਹਵਾ ਤੇਰੀ ਇਕ ਵਡਿਆਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਬਦਲ ਦੇ ਆਪਣਾ ਰਸਤਾ, ਪਗਡੰਡੀ ਰਹਿਣ ਕੋਇ ਨਾ ਪਾਈਆ । ਸ਼ਰਅ ਦਾ ਵੱਖਰਾ ਰਹੇ ਕੋਈ ਨਾ ਬਸਤਾ, ਪੁਸਤਕ ਵੰਡ ਨਾ ਕੋਇ ਵੰਡਾਈਆ । ਖੇਲ ਖਲਾ ਫ਼ਰਸਾ ਅਰਸ਼ਾ, ਅਰਸ਼ੀ ਪ੍ਰੀਤਮ ਹੋ ਸਹਾਈਆ । ਸਭ ਦਾ ਪੂਰਬ ਲਾਹ ਕਰਜ਼ਾ, ਮਕਰੂਜ਼ ਹੋ ਕੇ ਦੇ ਚੁਕਾਈਆ । ਸਭ ਦਾ ਇਕੋ ਜੇਹਾ ਕਰ ਦਰਜਾ, ਊਚ ਨੀਚ ਨਾ ਕੋਇ ਵਖਾਈਆ । ਤੇਰੇ ਨਾਮ ਦੀ ਇਕੋ ਹੋਵੇ ਚਰਚਾ, ਚਰਚ ਚਰਾਗਾਹਾਂ ਕਰ ਸਫ਼ਾਈਆ । ਇਕੋ ਏਕੰਕਾਰ ਤੇਰੀ ਸਿਫ਼ਤ ਦਾ ਹੋਵੇ ਪਰਚਾ, ਪ੍ਰਾਚੀਨ ਦਾ ਝਗੜਾ ਦੇਣਾ ਮੁਕਾਈਆ । ਅੰਤ ਅਖ਼ੀਰ ਸਾਡਾ ਪੂਰਾ ਕਰ ਦੇ ਖ਼ਰਚਾ, ਖਾ ਖੱਟ ਤੇਰਾ ਸ਼ੁਕਰ ਮਨਾਈਆ । ਸਭ ਦੀ ਬੇਨੰਤੀ ਇਕੋ ਅਰਜ਼ਾ, ਆਰਜ਼ੂ ਦਿਤੀ ਸੁਣਾਈਆ । ਤੂੰ ਜੋਧਾ ਸੂਰਬੀਰ ਮਰਦਾਨਾ ਮਰਦਾ, ਪਾਰਬ੍ਰਹਮ ਬੇਪਰਵਾਹੀਆ । ਕਲਜੁਗ ਕੂੜੀ ਕਿਰਿਆ ਮੇਟ ਦੇ ਅੰਧੇਰ ਗਰਦਾ, ਧੂੰਆਂਧਾਰ ਮੇਟ ਲੋਕਾਈਆ । ਭੇਵ ਖੋਲ੍ਹ ਦੇ ਆਪਣੇ ਘਰ ਦਾ, ਕਿਉਂ ਬੈਠਾ ਪੜਦਾ ਪਾਈਆ । ਜੋ ਭਗਤ ਸੁਹੇਲਾ ਵਿਛੜਿਆ ਚਿਰ ਦਾ, ਚਿਰੀ ਵਿਛੁੰਨੇ ਲੈ ਮਿਲਾਈਆ । ਤੇਰਾ ਦਵਾਰਾ ਇਕੋ ਥਿਰ ਦਾ, ਆਦਿ ਅੰਤ ਸੋਭਾ ਪਾਈਆ । ਜਿਥੇ ਗੁਰਮੁਖ ਗੁਰਸਿਖ ਕਦੇ ਨਾ ਵਿਛੜਦਾ, ਵਿਛੋੜਾ ਅੱਗੇ ਰਹੇ ਨਾ ਰਾਈਆ । ਗ਼ਰੀਬ ਨਿਮਾਣਾ ਗਲ ਲਗਾ ਭਰਿਆ ਚਿੱਕੜ ਦਾ, ਦੁਰਮਤ ਮੈਲ ਕਰ ਸਫ਼ਾਈਆ । ਤੇਰਾ ਖੇਲ ਵੇਖਣਾ ਸਾਜਨ ਸਾਚੇ ਮਿੱਤਰ ਦਾ, ਮਿੱਤਰ ਪਿਆਰੇ ਹੋ ਸਹਾਈਆ । ਤੇਰੇ ਨੂਰ ਵਿਚੋਂ ਨੂਰ ਹੋਵੇ ਨਿਕਲਦਾ, ਏਕਾ ਜੋਤ ਡਗਮਗਾਈਆ । ਅੰਤ ਲੇਖਾ ਦੱਸਣਾ ਸਿਖਰ ਦਾ, ਚੋਟੀ ਪੜਦਾ ਦੇਣਾ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜੰਮੂ ਵਾਲਿਆਂ ਇਕ ਡੰਡਾ ਲਿਆਉਣਾ ਕਿੱਕਰ ਦਾ, ਸਾਢੇ ਤਿੰਨ ਹੱਥ ਹੋਵੇ ਲੰਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਦੇ ਨਾ ਵਿਸਰ ਦਾ, ਵਿਸਰਿਆਂ ਵਿਛੜਿਆਂ ਆਪਣਾ ਮੇਲ ਮਿਲਾਈਆ ।



## ✪ ੧੪ ਪੋਹ ਸ਼ਹਿਨਸ਼ਾਹੀ ਸੰਮਤ ੫ ਸਰਦਾਰ ਸਿੰਘ ਗੁਰਨਾਮ ਸਿੰਘ ਦੇ ਗ੍ਰਿਹਿ ਸੀੜ ✪

ਗੁਰ ਅਵਤਾਰ ਪੈਗ਼ੰਬਰੋ ਹਕੀਕੀ ਬਣ ਜਾਓ ਸਚ ਮੁਰੀਦ, ਮੁਰਸ਼ਦ ਇਕੋ ਏਕੰਕਾਰ ਮਨਾਈਆ । ਦੀਨ ਮਜ਼੍ਹਬ ਦੀ ਰਹੇ ਨਾ ਕੋਇ ਤਰਤੀਬ, ਮਾਨਵ ਜ਼ਾਤੀ ਵੰਡ ਨਾ ਕੋਇ ਵੰਡਾਈਆ । ਲੇਖਾ ਰਹੇ ਨਾ ਅਮਾਵਸ ਈਦ, ਪੂਰਨਮਾ ਪੂਰੀ ਖੇਲ ਨਾ ਕੋਇ ਖਿਲਾਈਆ । ਇਕੋ ਮਾਰਗ ਸਭ ਦਾ ਹੋਵੇ ਹੋਵੇ ਇਕੋ ਸੀਧ, ਸਿਧ ਸਾਧਕ ਨਜ਼ਰ ਕੋਇ ਨਾ ਆਈਆ । ਭਵਿਖਤਾਂ ਵਾਲੀ ਲਿਖਤਾਂ ਵਾਲੀ ਇਸ਼ਟਾਂ ਵਾਲੀ ਪੂਰੀ ਕਰੋ ਉਮੀਦ, ਆਸਾ

ਆਸਾ ਨਾਲ ਮਿਲਾਈਆ । ਅਗਲਾ ਖੇਲ ਤਕੋ ਅਜੀਬ, ਅਜਬ ਨਿਰਾਲਾ ਆਪ ਵਖਾਈਆ । ਜ਼ਾਤ ਪਾਤ ਉਤੇ ਮਾਰੇ ਲੀਕ, ਲਾਈਨ ਪਿਛਲੀ ਦਿਓ ਗਵਾਈਆ । ਹਿੰਦੂ ਮੁਸਲਿਮ ਸਿਖ ਈਸਾਈ ਸ਼ਰਅ ਦਾ ਰਹੇ ਨਾ ਕੋਇ ਸ਼ਰੀਕ, ਲਾਸ਼ਰੀਕ ਇਕੋ ਨਜ਼ਰੀ ਆਈਆ । ਇਕ ਦੀ ਮੰਨੋ ਸਚ ਤੌਫ਼ੀਕ, ਤੋਬਾ ਤੋਬਾ ਕਰ ਕੇ ਸੀਸ ਦਿਓ ਝੁਕਾਈਆ । ਜਿਸ ਨੇ ਸ਼ਾਸਤਰ ਸਿਮਰਤ ਵੇਦ ਪੁਰਾਨ ਲੇਖ ਲਿਖਾਇਆ ਅੰਜੀਲ ਕੁਰਾਨ ਮਜੀਦ, ਮਸਲਾ ਆਪਣਾ ਆਪ ਸਮਝਾਈਆ । ਜਿਸ ਦੀ ਅੱਖਰਾਂ ਵਿਚ ਕਲਮ ਸ਼ਾਹੀ ਨਾਲ ਕੀਤੀ ਤਮਹੀਦ, ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਅੱਲਾ ਵਾਹਿਗੁਰੂ ਰਾਮ ਓਮ ਕ੍ਰਿਸ਼ਨ ਦੇ ਨਾਮ ਦੀ ਲਈ ਰਸੀਦ, ਲੇਖਾ ਆਪਨਾ ਆਪਣੇ ਨਾਲ ਜੁੜਾਈਆ । ਸੋ ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਜਿਸ ਦੀ ਕਰਦੇ ਰਹੇ ਉਡੀਕ, ਪੇਸ਼ੀਨਗੋਈਆਂ ਵਿਚ ਪੇਸ਼ਤਰ ਗਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਵੇਖੇ ਅਗਲਾ ਰੰਗ, ਪਿਛਲੀ ਰੰਗਤ ਨਾ ਕੋਇ ਵਡਿਆਈਆ । ਸਚ ਸਿੰਘਾਸਣ ਤਕੋ ਪਲੰਘ, ਪਤਿਪਰਮੇਸ਼ਵਰ ਨਜ਼ਰੀ ਆਵੇ ਇਕੋ ਨੂਰ ਇਲਾਹੀਆ । ਜਿਸ ਦੇ ਕੋਲੋਂ ਨਾਮ ਕਲਮੇ ਆਏ ਮੰਗ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਝੋਲੀ ਡਾਹੀਆ । ਉਹ ਹੁਕਮ ਦੇਵੇ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਦੀਨ ਮਜ਼੍ਹਬ ਦਾ ਕਰਿਉ ਕੋਈ ਨਾ ਜੰਗ, ਝਗੜਾ ਜ਼ਾਤ ਨਾ ਕੋਇ ਰਖਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸਭ ਨੂੰ ਦੱਸੇ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਤੂੰ ਮੇਰਾ ਮੈਂ ਤੇਰਾ ਗਾਓ ਛੰਦ, ਸੰਸਾ ਅਵਰ ਰਹੇ ਨਾ ਰਾਈਆ । ਇਕੋ ਨੂਰ ਚਮਕੇ ਅਗੰਮੀ ਚੰਦ, ਰੈਣ ਅੰਧੇਰਾ ਰਹੇ ਨਾ ਰਾਈਆ । ਸਭ ਦਾ ਅੰਤ ਅਖ਼ੀਰ ਪੂਰਾ ਹੋਵੇ ਪੰਧ, ਮੰਜ਼ਲ ਆਪਣੀ ਡੇਰਾ ਲੈਣਾ ਲਾਈਆ । ਜਿਥੇ ਦਵੈਤ ਰਹੇ ਨਾ ਕੰਧ, ਦੂਈ ਵੰਡ ਨਾ ਕੋਇ ਵੰਡਾਈਆ । ਅੱਖਰ ਸ਼ਰਅ ਨਾ ਪਾਵੇ ਡੰਡ, ਡੰਡਾਵਤ ਸੱਜਦਾ ਨਾ ਕੋਇ ਵਖਾਈਆ । ਜਮਨਾ ਧਾਰ ਵਹੇ ਨਾ ਗੰਗ, ਸੁਰਸਤੀ ਗੋਦਾਵਰੀ ਨਾ ਲਹਿਰ ਟਕਰਾਈਆ । ਰਸਨਾ ਜਿਹਵਾ ਬੋਲੇ ਕੋਈ ਨਾ ਬੱਤੀ ਦੰਦ, ਅੱਖਰਾਂ ਵਾਲੀ ਨਾ ਹੋਏ ਪੜ੍ਹਾਈਆ । ਇਕੋ ਏਕ ਏਕੰਕਾਰਾ ਵੇਖਣਾ ਸੰਗ, ਸਗਲਾ ਸਾਥੀ ਜੋ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਨਿਰਗੁਣ ਸਰਗੁਣ ਦਾਤ ਦੇਵੇ ਵੰਡ, ਝੋਲੀ ਅਗੰਮ ਅਥਾਹ ਬੇਪਰਵਾਹ ਆਪ ਭਰਾਈਆ ।



### ੧੪ ਪੋਹ ਸ਼ਹਿਨਸ਼ਾਹੀ ਸੰਮਤ ੫ ਦੇਵੀ ਸਿੰਘ ਦੇ ਗ੍ਰਿਹ ਮੱਘੋਵਾਲੀ

ਅਵਤਾਰ ਪੈਗ਼ੰਬਰ ਗੁਰ ਕਹਿਣ ਧਰਨੀ ਧਰਤ ਧਵਲ ਧੌਲ ਕੰਬੀ, ਥਰਥਰਾਹਟ ਵਿਚ ਦਏ ਦੁਹਾਈਆ । ਬੌਹੜੀ ਮੇਰੇ ਉਤੇ ਅਨਗਿਣਤ ਸਾਧ ਸੰਤ ਫ਼ਕੀਰ ਹੋਏ ਡੰਭੀ, ਸਤਿ ਸਚ ਨਜ਼ਰ ਕੋਇ ਨਾ ਆਈਆ । ਨਾਮ ਬਾਣੀ ਕਲਮੇ ਵਾਲੇ ਹੋਏ ਪਖੰਡੀ, ਧੁਰ ਦੀ ਧਾਰ ਨਾ ਕੋਇ ਰਖਾਈਆ । ਸਚ ਵਸਤ ਮਿਲੇ ਕਿਤੋਂ ਨਾ ਮੰਗੀ, ਜੂਠ ਝੂਠ ਵੱਜੀ ਵਧਾਈਆ । ਮੇਰੀ ਪਿਠ ਹੋਈ ਨੰਗੀ, ਓਢਨ ਸੀਸ ਨਾ ਕੋਇ ਟਿਕਾਈਆ । ਮੇਰੇ ਅੰਤਰ ਆਈ ਤੰਗੀ, ਦੁਖੀ ਹੋ ਕੇ ਰਹੀ ਸੁਣਾਈਆ । ਪਵਿੱਤਰ ਧਾਰ ਰਹੀ ਨਾ ਜਮਨਾ ਸੁਰਸਤੀ ਗੰਗੀ, ਗੋਦਾਵਰੀ ਰੋਵੇ ਮਾਰੇ ਧਾਹੀਆ । ਕੂੜ ਕੁੜਿਆਰਾ

ਮੇਰੀ ਪਾੜ ਦਿਤੀ ਅੰਗੀ, ਅੰਗਨ ਅੰਗ ਨਾ ਕੋਇ ਸੁਹਾਈਆ । ਮੀਂਢੀ ਸੀਸ ਰਹੀ ਨਾ ਕੰਘੀ, ਧੂੜੀ ਖ਼ਾਕ ਨਾ ਕੋਇ ਰਮਾਈਆ । ਸੁਰਤ ਨਿਰਤ ਰਹੀ ਨਾ ਚੰਗੀ, ਕਿਰਤਘਣ ਹੋਈ ਲੋਕਾਈਆ । ਵਰਭੰਡ ਵਿਚ ਪਈ ਭੰਡੀ, ਬ੍ਰਹਿਮੰਡ ਰਹੇ ਕੁਰਲਾਈਆ । ਕਲਜੁਗ ਜੀਵਾਂ ਦ੍ਰਿਸ਼ਟੀ ਹੋਈ ਅੰਧੀ, ਨਿਜ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਚਾਰੋਂ ਕੁੰਟ ਦਵੈਤ ਕੰਧੀ, ਹਉਮੇ ਗੜ੍ਹ ਨਾ ਕੋਇ ਤੁੜਾਈਆ । ਦੀਨ ਮਜ਼੍ਹਬਾਂ ਪਾਈ ਫੰਦੀ, ਫੰਦਨ ਵਿਚੋਂ ਬਾਹਰ ਨਾ ਕੋਇ ਕਰਾਈਆ । ਸਦੀ ਚੌਧਵੀਂ ਜਾਂਦੀ ਲੰਘੀ, ਸਮਾਂ ਸਮੇਂ ਨਾਲ ਟਕਰਾਈਆ । ਜਗਤ ਸੁਹਾਗਣ ਧਾਰ ਹੋਈ ਰੰਡੀ, ਕੰਤ ਮਿਲੇ ਨਾ ਬੇਪਰਵਾਹੀਆ । ਵਿਦਿਆ ਰਹੀ ਨਾ ਹਿਰਦੇ ਪੰਡੀ, ਪੰਡਤ ਪਰਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਧਰਨੀ ਵੇਖੋ ਰੋਂਦੀ, ਨੈਣਾਂ ਨੀਰ ਵਹਾਈਆ । ਦਿਵਸ ਰੈਣ ਮੂਲ ਨਾ ਸੌਂਦੀ, ਦੁੱਖਾਂ ਵਿਚ ਰਹੀ ਕੁਰਲਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਫਿਰੇ ਭੌਂਦੀ, ਗੁਰ ਅਵਤਾਰ ਪੈਗ਼ੰਬਰਾਂ ਰਾਹ ਤਕਾਈਆ । ਖੇਲ ਵੇਖੇ ਜੁਗਾਂ ਚੌਂਹ ਦੀ, ਚਾਰੋਂ ਕੁੰਟ ਨੈਣ ਉਠਾਈਆ । ਕਿਉਂ ਕਲਜੁਗ ਜੀਵਾਂ ਹੰਸ ਬੁੱਧੀ ਹੋਈ ਕਾਉਂ ਦੀ, ਕੂੜ ਕਾਗ ਵਾਂਗ ਕੁਰਲਾਈਆ । ਕਿਉਂ ਹੰਗਤਾ ਵਧੀ ਹਉਂ ਦੀ, ਹੰ ਬ੍ਰਹਮ ਨਾ ਕੋਇ ਸਮਝਾਈਆ । ਲੱਜਿਆ ਰਹੀ ਨਾ ਪਿਤਾ ਮਾਉਂ ਦੀ, ਪੂਤ ਗੋਦ ਨਾ ਕੋਇ ਸੁਹਾਈਆ । ਵਡਿਆਈ ਰਹੀ ਨਾ ਕਲਮੇ ਨਾਉਂ ਦੀ, ਨੇਤਰ ਲੋਚਨ ਅੱਖ ਨਾ ਕੋਇ ਖੁਲ੍ਹਾਈਆ । ਸਿਫ਼ਤ ਰਹੀ ਨਾ ਵਾਹਿਗੁਰੂ ਵਾਹੋ ਵਾਹੋ ਦੀ, ਵਾਅਦਾ ਪੂਰ ਨਾ ਕੋਇ ਕਰਾਈਆ । ਕਿਉਂ ਖੇਲ ਵਿਗੜੀ ਪੰਜ ਤਤ ਕਾਇਆ ਗਰਾਉਂ ਦੀ, ਗੜ੍ਹੀ ਸਚ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੋ ਧਰਨੀ ਵਾਲ ਖੁਲ੍ਹੇ, ਮੀਂਢੀ ਸੀਸ ਨਾ ਕੋਇ ਗੁੰਦਾਈਆ । ਚਾਰੋਂ ਕੁੰਟ ਅਗਨੀ ਤਤ ਉਬਲੇ, ਪਵਣ ਠੰਡ ਨਾ ਕੋਇ ਵਰਤਾਈਆ । ਕਲਜੁਗ ਮੈਲ ਪਾਪਾਂ ਮੂਲ ਨਾ ਧੁਲੇ, ਆਬੇਹਯਾਤ ਹੱਥ ਕਿਸੇ ਨਾ ਆਈਆ । ਕੀ ਦੁਹਾਈ ਦਿਤੀ ਬੁੱਲ੍ਹੇ, ਬੁੱਲ੍ਹਾਂ ਤੋਂ ਪਿਛੇ ਹੁਕਮ ਸੁਣਾਈਆ । ਮੇਰਾ ਮਾਲਕ ਮਹਿਬੂਬ ਜਦ ਆਵੇ ਕਾਇਆ ਕੁਲੇ, ਕੁਲ ਮਾਲਕ ਨੂਰ ਇਲਾਹੀਆ । ਸਚ ਦਵਾਰਾ ਏਕੋ ਖੁਲ੍ਹੇ, ਦੋ ਜਹਾਨ ਵੱਜੇ ਵਧਾਈਆ । ਗੁਰ ਅਵਤਾਰ ਪੈਗ਼ੰਬਰਾਂ ਅੱਗ ਰਹਿਣੀ ਕਿਸੇ ਨਹੀਂ ਚੁਲ੍ਹੇ, ਹਾਂਡੀ ਅਵਰ ਨਾ ਕੋਇ ਚੜ੍ਹਾਈਆ । ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਇਕ ਤਰਾਜ਼ੂ ਤੁਲੇ, ਤੋਲਣਹਾਰਾ ਆਪ ਤੁਲਾਈਆ । ਦਰਗਹ ਸਾਚੀ ਸਚਖੰਡ ਦਵਾਰ ਕੀਮਤ ਪਾਏ ਮੁੱਲੇ, ਅਮੋਲਕ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪੜਦਾ ਲਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੋ ਧਰਤੀ ਮਾਰੇ ਆਹ, ਹਾਏ ਹਾਏ ਕਰ ਸੁਣਾਈਆ । ਮੇਰੀ ਕਬੂਲ ਕਰ ਦੂਆ, ਦੋਏ ਜੋੜ ਵਾਸਤਾ ਪਾਈਆ । ਮੇਰੇ ਅਮਾਮਾਂ ਅਮਾਮ ਖ਼ੁਦਾ, ਖ਼ੁਦ ਮਾਲਕ ਨੂਰ ਇਲਾਹੀਆ । ਮੇਰੇ ਨਾਲੋਂ ਨਾ ਹੋ ਜੁਦਾ, ਵੱਖਰਾ ਗ੍ਰਿਹਿ ਨਾ ਕੋਇ ਸੁਹਾਈਆ । ਮੇਰੀ ਅਦਬ ਨਾਲ ਅਦਾ, ਅਦਲ ਦੇਣਾ ਕਮਾਈਆ । ਤੇਰੇ ਨਾਮ ਦੀ ਇਕੋ ਸੁਣਾਂ ਸਦਾ, ਆਵਾਜ਼ ਇਕੋ ਅਗੰਮ ਅਥਾਹੀਆ । ਸਦਾ ਚਲਾਂ ਤੇਰੀ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਤੇਰੀ ਸਰਨਾਈਆ । ਆਪਣੇ ਪ੍ਰੇਮ ਪਿਆਰ ਦਾ ਦੇ ਦੇ ਮਜ਼ਾ, ਮਜ਼ਾਕ ਰਹੇ ਨਾ ਕੂੜ ਲੋਕਾਈਆ । ਸਭ ਦੇ ਸਿਰ ਤੇ ਕੂਕਦੀ ਕਜ਼ਾ, ਚਾਰੋਂ ਕੁੰਟ ਨਜ਼ਰੀ ਆਈਆ । ਨਿਰਗੁਣ ਧਾਰ ਵੇਖੀਂ ਦੇਵੀਂ ਨਾ ਦਗ਼ਾ,


੨੬੯
੨੨

ਧੋਖਾ ਕਰੀਂ ਨਾ ਬੇਪਰਵਾਹੀਆ । ਮੇਰਾ ਸਤਿਜੁਗ ਵਿਚ ਵਧਾ ਦੇ ਅੱਗਾ, ਭਗਤਾਂ ਨਾਲ ਕਰ ਕੁੜਮਾਈਆ । ਤੇਰਾ ਰੂਪ ਨੂਰ ਇਲਾਹੀ ਬੱਗਾ, ਬਗ਼ਾਵਤ ਮੇਟ ਖ਼ਲਕ ਖ਼ੁਦਾਈਆ । ਸਤਿ ਸਚ ਦਾ ਬੰਨ੍ਹਦੇ ਤੱਗਾ, ਡੋਰੀ ਆਪਣਾ ਨਾਮ ਰਖਾਈਆ । ਮਾਲਕ ਖ਼ਾਲਕ ਰਹਿਵੀਂ ਸਦਾ, ਸਦ ਤੇਰਾ ਧਿਆਨ ਲਗਾਈਆ । ਚਾਰ ਜੁਗ ਤੇਰੀ ਸਮਝੀ ਕਿਸੇ ਨਾ ਵਜਹ, ਭੇਵ ਸਕਿਆ ਨਾ ਕੋਇ ਖੁਲ੍ਹਾਈਆ । ਕਿਸੇ ਨੇ ਬਾਪ ਕਿਹਾ ਕਿਸੇ ਨੇ ਕਿਹਾ ਅੱਬਾ, ਪਿਤਾ ਪੁਰਖ ਅਕਾਲ ਤੇਰੀ ਵਡਿਆਈਆ । ਤੁਧ ਬਿਨ ਸਤਿ ਧਰਮ ਦਾ ਨਿਸ਼ਾਨ ਨੌਂ ਖੰਡ ਪ੍ਰਿਥਮੀ ਕਿਸੇ ਨਾ ਗੱਡਾ, ਛਤਰ ਸੀਸ ਨਾ ਕੋਇ ਝੁਲਾਈਆ । ਜੋ ਗੁਰ ਅਵਤਾਰ ਪੈਗ਼ੰਬਰ ਆਇਆ ਲੋਕਮਾਤ ਪਾ ਕੇ ਗਿਆ ਵੱਟਾ, ਹਿੱਸਾ ਤੇਰਾ ਨਾਮ ਜਣਾਈਆ । ਹੁਣ ਸਭ ਦਾ ਪੂਰਾ ਕਰ ਦੇ ਪੱਟਾ, ਪਟਨੇ ਵਾਲੇ ਦੇ ਵਡਿਆਈਆ । ਕਿਸੇ ਦਾ ਲੇਖਾ ਰਹੇ ਨਾ ਪੈਸਾ ਟਕਾ, ਕੀਮਤ ਪੂਰਬ ਦੇ ਚੁਕਾਈਆ । ਸਚ ਦਵਾਰ ਦਾ ਖੋਲ੍ਹ ਦੇ ਇਕੋ ਹੱਟਾ, ਵਣਜਾਰਾ ਇਕੋ ਇਕ ਅਖਵਾਈਆ । ਝਗੜਾ ਰਹੇ ਨਾ ਚੂੰਕਿ ਚੁਨਾਂਚਿ ਅਲਬੱਤਾ, ਅੱਖਰਾਂ ਵਾਲੀ ਨਾ ਕੋਇ ਲੜਾਈਆ । ਤੇਰੇ ਹੁਕਮ ਦੀ ਹੋਵੇ ਫ਼ੜ੍ਹਾ, ਸਿਰ ਸਕੇ ਨਾ ਕੋਇ ਉਠਾਈਆ । ਧਰਨੀ ਕਹੇ ਮੇਰਾ ਪੂਰਾ ਕਰ ਦੇ ਮਤਾ, ਮਤਲਬ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨਾਮ ਨਿਧਾਨਾ ਸੱਚਾ, ਸਚ ਦੇ ਮਾਲਕ ਸਤਿ ਸਚ ਤੇਰੀ ਸਰਨਾਈਆ ।





### ✪ ੧੫ ਪੋਹ ਸ਼ਹਿਨਸ਼ਾਹੀ ਸੰਮਤ ੫ ਪ੍ਰਕਾਸ਼ ਕੌਰ ਦੇ ਗ੍ਰਿਹ ਪਿੰਡ ਮਘੋਵਾਲੀ ਜੰਮੂ ✪

ਗੁਰ ਅਵਤਾਰ ਪੈਗ਼ੰਬਰੋ ਲੇਖਾ ਮੁਕਾਉਣਾ ਧੋਤੀ ਤਹਿਮਤ ਕੱਛਾ, ਕੱਛ ਮੱਛ ਰਹੇ ਕੁਰਲਾਈਆ । ਝਗੜਾ ਗਵਾਉਣਾ ਸੂਰ ਗਾਂ ਵੱਛਾ, ਪਸ਼ੂ ਧਰਮ ਨਾ ਕੋਇ ਧਰਾਈਆ । ਇਕੋ ਮਾਰਗ ਸਚ ਦਾ ਵੇਖੋ ਅੱਛਾ, ਅੱਛੀ ਤਰਾ ਦ੍ਰਿੜਾਈਆ । ਲੱਖ ਚੁਰਾਸੀ ਜੀਵ ਜੰਤ ਪਰਮ ਪੁਰਖ ਦਾ ਬੱਚਾ, ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਨਾਮ ਕਲਮਾ ਸੱਚਾ, ਸਚ ਦਾ ਮਾਲਕ ਇਕ ਅਖਵਾਈਆ । ਤਨ ਸ਼ਰੀਰ ਰਹੇ ਕੋਈ ਨਾ ਕੱਚਾ, ਲੋਕਮਾਤੀ ਮਾਟੀ ਖ਼ਾਕ ਵਖਾਈਆ । ਨਿਗਹ ਮਾਰੋ ਜ਼ਰਾ ਰਤਾ, ਨਿਗਾਹਬਾਨ ਰਿਹਾ ਸਮਝਾਈਆ । ਤੁਹਾਡਾ ਸਭ ਦਾ ਪੂਰਾ ਹੋਵੇ ਮਤਾ, ਮਨ ਮਤ ਬੁਧ ਨਾ ਕੋਇ ਚਤੁਰਾਈਆ । ਮਨੂਆ ਆਪਣੀ ਧਾਰ ਫਿਰੇ ਨੱਠਾ, ਭੱਜੇ ਵਾਹੋ ਦਾਹੀਆ । ਤੁਹਾਨੂੰ ਸਭ ਨੂੰ ਕੀਤਾ ਇਕੱਠਾ, ਹੁਕਮ ਇਕੋ ਇਕ ਸੁਣਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਨੇ ਗਾਉਣਾ ਟੱਪਾ, ਸੋਹੰ ਢੋਲਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਏਕੋ ਸਤਾ, ਸਤ੍ਹਾ ਸਭ ਦੀ ਦਏ ਬਦਲਾਈਆ ।

### ✪ ੧੫ ਪੋਹ ਸ਼ਹਿਨਸ਼ਾਹੀ ਸੰਮਤ ੫ ਵਕੀਲ ਸਿੰਘ ਦੇ ਪਿੰਡ ਹੰਸਾ ਜੰਮੂ ✪

ਅਵਤਾਰ ਪੈਗ਼ੰਬਰ ਗੁਰ ਵੇਖੋ ਸਚ ਰਿਹਾ ਕਿਸੇ ਨਾ ਅੰਦਰ, ਕਾਇਆ ਕੂੜ ਕਪਟ ਹਲਕਾਈਆ । ਪਵਿੱਤਰ ਦਿਸੇ ਨਾ ਕੋਈ ਤਨ ਮੰਦਰ,

ਨਾਦ ਧੁਨ ਸ਼ਬਦ ਨਾ ਕੋਇ ਸ਼ਨਵਾਈਆ । ਅੰਧੇਰਾ ਮਿਟੇ ਨਾ ਡੂੰਘੀ ਕੰਦਰ, ਨਿਰਗੁਣ ਨੂਰ ਜੋਤ ਨਾ ਕੋਇ ਰੁਸ਼ਨਾਈਆ । ਬਜ਼ਰ ਕਪਾਟੀ ਤੁੱਟੇ ਕਿਸੇ ਨਾ ਜੰਦਰ, ਪੜ੍ਹ ਪੜ੍ਹ ਥੱਕੀ ਜਗਤ ਲੋਕਾਈਆ । ਮਨੂਆ ਦਹਿ ਦਿਸ਼ ਉਠ ਧਾਵੇ ਬੰਦਰ, ਸੁਰਤੀ ਸ਼ਬਦ ਨਾ ਕੋਇ ਬੰਧਾਈਆ । ਪਰਮਾਤਮ ਲਾਵੇ ਕਿਸੇ ਨਾ ਅੰਗਨ, ਆਤਮ ਅੰਗੀਕਾਰ ਨਾ ਕੋਇ ਅਖਵਾਈਆ । ਸਾਧ ਸੰਤ ਸੂਫ਼ੀ ਫ਼ਕੀਰ ਭਿਖਾਰੀ ਬਣ ਕੇ ਦਰ ਦਰ ਮੰਗਣ, ਕਲਜੁਗ ਕੂੜ ਕਲਪਣਾ ਰਹੀ ਕੁਰਲਾਈਆ । ਤਨ ਵਜੂਦ ਮਾਟੀ ਖ਼ਾਕ ਚੜ੍ਹੀ ਕਿਸੇ ਨਾ ਰੰਗਣ, ਪੰਜ ਤਤ ਸੋਭਾ ਕੋਇ ਨਾ ਪਾਈਆ । ਪਾਰਬ੍ਰਹਮ ਬ੍ਰਹਮ ਦੇਵੇ ਕੋਈ ਨਾ ਅਨੰਦਨ, ਨਿਜਾਨੰਦ ਰਸ ਨਾ ਕੋਇ ਚਖਾਈਆ । ਮਸਤਕ ਧੂੜੀ ਖ਼ਾਕ ਰਮਾਏ ਕੋਈ ਨਾ ਚੰਦਨ, ਤਿਲਕ ਲਲਾਟੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਕਿਉਂ ਮਾਤਲੋਕ ਹੋਈ ਬਦਨਾਮੀ, ਬਦੀ ਘਰ ਘਰ ਡੇਰਾ ਲਾਈਆ । ਸ਼ਰਅ ਸਚ ਨਾ ਰਹੀ ਕਲਾਮੀ, ਕਲਮਾ ਕਾਇਨਾਤ ਨਾ ਕੋਇ ਵਡਿਆਈਆ । ਸੰਦੇਸ਼ਾ ਮਿਲੇ ਨਾ ਧੁਰ ਪੈਗ਼ਾਮੀ, ਪੈਗ਼ੰਬਰ ਹੋਏ ਨਾ ਕੋਇ ਸਹਾਈਆ । ਕਿਉਂ ਫਿਰੀ ਦਰੋਹੀ ਵਿਚ ਇਸਲਾਮੀ, ਇਸਮ ਆਜ਼ਮ ਨਜ਼ਰ ਕੋਇ ਨਾ ਆਈਆ । ਕਿਉਂ ਅਵਤਾਰ ਗੁਰੂਆਂ ਭੁੱਲੀ ਬਾਣੀ, ਬਾਣ ਅਣਿਆਲਾ ਤੀਰ ਨਾ ਕੋਇ ਚਲਾਈਆ । ਕਿਉਂ ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹਦਾ ਲਾਹੇ ਨਾ ਚਾਰੇ ਖਾਣੀ, ਬੁਧ ਬਿਬੇਕ ਨਾ ਕੋਇ ਕਰਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਮਿਲੇ ਕਿਸੇ ਨਾ ਠੰਡਾ ਪਾਣੀ, ਜਗਤ ਤ੍ਰਿਸ਼ਨਾ ਕੂੜ ਨਾ ਕੋਇ ਬੁਝਾਈਆ । ਕਿਉਂ ਸੁਘੜ ਸੁਚੱਜੀ ਬਣੇ ਨਾ ਕੋਇ ਸਵਾਣੀ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਸਾਰੇ ਵੇਖੇ ਚਾਰ ਕੁੰਟ ਹੋ ਕੇ ਨਿਗਾਹਬਾਨੀ, ਬਿਨ ਨੈਣਾਂ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰੋ ਕਿਉਂ ਦੀਨ ਦੁਨੀ ਭੁੱਲੀ, ਮਾਰਗ ਸਚ ਨਾ ਕੋਇ ਰਖਾਈਆ । ਭਾਗ ਲੱਗਾ ਨਾ ਕਾਇਆ ਕੁੱਲੀ, ਅਗਨੀ ਤਤ ਰਿਹਾ ਜਲਾਈਆ । ਅੰਮ੍ਰਿਤ ਰਸ ਮਿਲਿਆ ਨਾ ਚੁਲੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਸੁਰਤ ਨਿਰਤ ਕਿਸੇ ਨਾ ਖੁਲ੍ਹੀ, ਪਰਦਾ ਅੰਦਰੋਂ ਨਾ ਕੋਇ ਚੁਕਾਈਆ । ਮਾਲਕ ਮਿਲਿਆ ਨਾ ਸੁਲਹਕੁਲੀ, ਸਾਹਿਬ ਸਤਿਗੁਰ ਅਗੰਮ ਅਥਾਹੀਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਮਾਣਸ ਜ਼ਾਤੀ ਰੁਲੀ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਨਾਮ ਕੰਡੇ ਧਰਮ ਤਰਾਜ਼ੂ ਕੋਇ ਨਾ ਤੁਲੀ, ਤੁਲਾਹ ਨਜ਼ਰ ਕੋਇ ਨਾ ਆਈਆ । ਸਾਰੇ ਵੇਖੇ ਆਪਣੀ ਦੀਨ ਦੁਨੀ, ਮਜ਼੍ਹਬਾਂ ਕੌਮਾਂ ਵਿਚ ਧਿਆਨ ਲਗਾਈਆ । ਨਾਮ ਕਲਮਾ ਓਢਨ ਸੀਸ ਰਹੀ ਨਾ ਚੁੰਨੀ, ਸੀਸ ਜਗਦੀਸ ਹੱਥ ਨਾ ਕੋਇ ਰਖਾਈਆ । ਸਭ ਦੀ ਖ਼ਾਲੀ ਹੋਈ ਸਾਢੇ ਤਿੰਨ ਹੱਥ ਕਾਇਆ ਕੁੰਨੀ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਸਚ ਦਾ ਰਿਹਾ ਕੋਈ ਨਾ ਰਿਖੀ ਮੁਨੀ, ਜੋਗੀਸ਼ਰ ਤਪੀਸ਼ਰ ਰੂਪ ਨਾ ਕੋਇ ਦਰਸਾਈਆ । ਸ੍ਰਿਸ਼ਟੀ ਰਸਨਾ ਜਿਹਵਾ ਨਾਮ ਜਪਦੀ ਬੁੱਲੀਂ, ਹਿਰਦੇ ਹਰਿ ਨਾ ਕੋਇ ਵਸਾਈਆ । ਮਸਤਕ ਛਾਰ ਧੂੜੀ ਲਾਏ ਕੋਇ ਨਾ ਧੂਲੀ, ਟਿੱਕੇ ਨਾਮ ਨਾ ਕੋਇ ਰਮਾਈਆ । ਤੁਹਾਡੀ ਧਰਮ ਦੀ ਧਾਰ ਹੋਈ ਮਾਮੂਲੀ, ਹਿੰਦੂ ਮੁਸਲਿਮ ਸਿਖ ਈਸਾਈ ਸਾਰੇ ਗਏ ਭੁਲਾਈਆ । ਪੁਰਖ ਅਕਾਲਾ ਦੀਨ ਦਿਆਲਾ ਲੋਕਮਾਤ ਹੋਣ ਨਾ ਦੇਵੇ ਬੇਅਸੂਲੀ, ਅਸਲ ਆਪਣਾ ਹੁਕਮ ਵਰਤਾਈਆ । ਕਲਜੁਗ ਅੰਤ ਤੁਹਾਡੇ ਨਾਮ ਕਲਮੇ ਦੀ ਸਭ ਦੇ ਕੋਲੋਂ ਕਰਨੀ ਵਸੂਲੀ, ਨੌਂ ਖੰਡ ਪ੍ਰਿਥਮੀ ਸੱਤ ਦੀਪ ਵੇਖ ਵਖਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਦਾ ਇਕ ਕੰਤ ਕੰਤੂਹਲੀ, ਮਾਲਕ ਖ਼ਾਲਕ ਨਜ਼ਰੀ ਆਈਆ ।

## ੧੫ ਪੋਹ ਸ਼ਹਿਨਸ਼ਾਹੀ ਸੰਮਤ ੫ ਤੇਜਭਾਨ ਦੇ ਗ੍ਰਿਹ ਸੇਈ ਕੈਂਪ ਜੰਮੂ

ਅਵਤਾਰ ਪੈਗ਼ੰਬਰ ਗੁਰ ਅੰਤਮ ਮਾਰੇ ਆਪਣਾ ਗੇੜਾ, ਨਿਰਗੁਣ ਨਿਰਾਕਾਰ ਰੂਪ ਦਰਸਾਈਆ । ਧਰਨੀ ਧਰਤ ਧਵਲ ਧੌਲ ਵੇਖੇ ਆਪਣਾ ਖੇੜਾ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਰਿਹਾ ਜਣਾਈਆ । ਨਾਮ ਕਲਮਾ ਦੱਸ ਕੇ ਆਏ ਜੇਹੜਾ, ਹਰਫ਼ਾਂ ਵਿਚ ਜਗਤ ਪੜ੍ਹਾਈਆ । ਕਿਉਂ ਧਰਮ ਦੀ ਧਾਰ ਪਿਆ ਝੇੜਾ, ਝਗੜੇ ਵਿਚ ਲੋਕਾਈਆ । ਮੇਰਾ ਗ੍ਰਿਹ ਮੰਦਰ ਦਿਸੇ ਕਿਸੇ ਨਾ ਨੇੜਾ, ਦੂਰ ਦੁਰਾਡਾ ਪੰਧ ਨਾ ਕੋਇ ਮੁਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਤੁਸੀਂ ਕਿਉਂ ਨਹੀਂ ਕਰਦੇ ਮਿਹਰਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਾਬਤ ਰਿਹਾ ਕੋਈ ਨਾ ਚੇਰਾ, ਮੁਰੀਦ ਵੱਜੇ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਕਿਉਂ ਨਹੀਂ ਕਾਇਆ ਮੰਦਰ ਅੰਦਰ ਵੜਦੇ, ਮੰਜ਼ਲ ਸਾਢੇ ਤਿੰਨ ਹੱਥ ਮੁਕਾਈਆ । ਸਾਚੇ ਗ੍ਰਿਹ ਕਿਉਂ ਨਹੀਂ ਚੜ੍ਹਦੇ, ਨਿਰਗੁਣ ਆਪਣਾ ਰੰਗ ਰੰਗਾਈਆ । ਪਿਆਰ ਕਿਉਂ ਨਹੀਂ ਕਰਦੇ ਤੁਹਾਡੇ ਬਰਦੇ, ਪ੍ਰੇਮ ਪ੍ਰੀਤੀ ਵਿਚ ਨਾ ਕੋਇ ਸਮਾਈਆ । ਦਰ ਖੁਲ੍ਹਣ ਨਾ ਮੇਰੇ ਘਰ ਦੇ, ਬਜਰ ਕਪਾਟੀ ਨਾ ਕੋਇ ਤੁੜਾਈਆ । ਤੁਸੀਂ ਕੇਹੜੀ ਗੱਲੋਂ ਡਰਦੇ, ਸਚ ਦਿਓ ਸੁਣਾਈਆ । ਵੇਖੋ ਖੇਲ ਕਲਜੁਗ ਕਲ ਦੇ, ਕੀ ਆਪਣੀ ਕਲ ਵਰਤਾਈਆ । ਤੁਹਾਡੇ ਮਾਣ ਰਹੇ ਨਾ ਬਲ ਦੇ, ਸ਼ਸਤਰ ਹੱਥ ਨਾ ਕੋਇ ਉਠਾਈਆ । ਰਸ ਰਹੇ ਨਾ ਅੰਮ੍ਰਿਤ ਜਲ ਦੇ, ਰਸਨਾ ਰਸ ਨਾ ਕੋਇ ਚਖਾਈਆ । ਆਪਣੇ ਸਵਾਲ ਦੱਸੋ ਹਲ ਦੇ, ਹਾਲਤ ਦੀਨ ਦੁਨੀ ਲਓ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸ਼ਬਦ ਸੰਦੇਸ਼ਾ ਇਕ ਜਣਾਈਆ । ਗੁਰ ਅਵਤਾਰ ਪੈਗ਼ੰਬਰੋ ਕਿਉਂ ਵਿਗੜ ਗਿਆ ਨਜ਼ਾਮ, ਨੌਬਤ ਹੱਕ ਨਾ ਕੋਇ ਵਜਾਈਆ । ਕਿਧਰ ਕਲਮਾ ਗਿਆ ਕਲਾਮ, ਨਾਮ ਨਾਮ ਨਾ ਕੋਇ ਸ਼ਨਵਾਈਆ । ਹਕੀਕੀ ਮਿਲੇ ਕਿਸੇ ਨਾ ਜਾਮ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਸਾਰੇ ਉਠ ਕੇ ਵੇਖੋ ਤਮਾਮ, ਤਮਾ ਤਮੰਨਾ ਵਿਚ ਕੂੜ ਲੋਕਾਈਆ । ਕੂੜੀ ਕਿਰਿਆ ਕੀਤਾ ਗ਼ੁਲਾਮ, ਬੰਧਨ ਸਕੇ ਨਾ ਕੋਇ ਤੁੜਾਈਆ । ਜਿਨ੍ਹਾਂ ਤੁਹਾਨੂੰ ਸੀਸ ਝੁਕਾਇਆ ਡੰਡਾਵਤ ਬੰਦਨਾ ਕੀਤਾ ਸਲਾਮ, ਨਿਉਂ ਨਿਉਂ ਲਾਗੇ ਪਾਈਆ । ਕਿਉਂ ਨਾ ਪਾਰ ਹੋਏ ਵਿਚ ਜਹਾਨ, ਜਹਾਲਤ ਵਿਚੋਂ ਬਾਹਰ ਕਢਾਈਆ । ਹੁਕਮ ਸੰਦੇਸ਼ਾ ਸੁਣੋ ਬਿਨਾ ਕਾਨ, ਬਿਨ ਅੱਖਰਾਂ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਇਕ ਦੂਜੇ ਨੂੰ ਰਹੇ ਆਖ, ਸਹਿਜ ਸਹਿਜ ਸੁਣਾਈਆ । ਕੀ ਹੁਕਮ ਦੇਵੇ ਸਾਖਿਆਤ, ਹਰਿ ਕਰਤਾ ਧੁਰਦਰਗਾਹੀਆ । ਆਪਣੇ ਆਪਣੇ ਵੇਖੀਏ ਕਾਗ਼ਜ਼ਾਤ, ਜਿਥੇ ਲੇਖਾ ਬਿਨਾ ਕਲਮ ਸ਼ਾਹੀਆ । ਦੀਨ ਮਜ਼੍ਹਬ ਦੀ ਨਹੀਂ ਜਮਾਤ, ਅੱਖਰ ਵੰਡ ਨਾ ਕੋਇ ਵੰਡਾਈਆ । ਇਕੋ ਨੂਰ ਜੋਤ ਤਅਲੁਕਾਤ, ਇਕੋ ਸ਼ਬਦ ਨਾਮ ਕਲਮਾ ਸਿਫ਼ਤ ਸਾਲਾਹੀਆ ।

ਕੀ ਦਈਏ ਅੰਤ ਅਖ਼ੀਰ ਬਿਆਨਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਇਕ ਦੂਜੇ ਨੂੰ ਆਖਣ, ਸ਼ਬਦੀ ਰਾਗ ਜਣਾਈਆ । ਦੀਨ ਦੁਨੀ ਸਚ ਦਾ ਰਿਹਾ ਕੋਈ ਨਾ ਸਾਥਨ, ਸਗਲਾ ਸੰਗ ਨਾ ਕੋਇ ਬਣਾਈਆ । ਲੇਖੇ ਲੱਗੇ ਨਾ ਕਿਸੇ ਦੀ ਪੂਜਾ ਪਾਠਨ, ਪਤਿਤ ਪੁਨੀਤ ਨਾ ਕੋਇ ਕਰਾਈਆ । ਫੇਰ ਸਾਰੇ ਕਹਿਣ ਸਾਡਾ ਪੂਰਾ ਹੋਣਾ ਭਵਿਖਤ ਵਾਕਨ, ਵਾਕਿਆ ਪ੍ਰਭ ਆਪਣੀ ਕਾਰ ਕਮਾਈਆ । ਸਾਚੀ ਮੰਜ਼ਲ ਚੜ੍ਹੇ ਕੋਈ ਨਾ ਘਾਟਨ, ਸਚ ਦਵਾਰੇ ਮਿਲਣ ਕੋਇ ਨਾ ਪਾਈਆ । ਏਹ ਪ੍ਰਭ ਦਾ ਖੇਲ ਪ੍ਰਿਥਮੀ ਆਕਾਸ਼ਨ, ਗਗਨ ਗਗਨੰਤਰ ਖੇਲ ਖਿਲਾਈਆ । ਜਿਸ ਨੇ ਕਲਜੁਗ ਮੇਟਣੀ ਅੰਧੇਰੀ ਰਾਤਨ, ਸਤਿਜੁਗ ਸਚ ਚੰਦ ਚਮਕਾਈਆ । ਉਹ ਸਭ ਦਾ ਲੇਖਾ ਜਾਣੇ ਬਾਤਨ, ਪਰਦਾ ਆਪ ਉਠਾਈਆ । ਹੁਕਮੇ ਅੰਦਰ ਲੱਗਾ ਵਾਚਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਚਲੇ ਕੋਈ ਨਾ ਚਾਰਾ, ਚਾਰੋਂ ਕੁੰਟ ਕੂੜ ਦੁਹਾਈਆ । ਸਭ ਦਾ ਆਇਆ ਅੰਤ ਕਿਨਾਰਾ, ਅੰਤਸ਼ਕਰਨ ਬਦਲਿਆ ਜਗਤ ਲੋਕਾਈਆ । ਸ਼ਬਦੀ ਨਾਦ ਨਾ ਕੋਇ ਧੁਨਕਾਰਾ, ਨਾਦੀ ਨਾਦ ਨਾ ਕੋਇ ਸ਼ਨਵਾਈਆ । ਏਹ ਖੇਲ ਹਰਿ ਕਰਤਾਰਾ, ਕੁਦਰਤ ਦਾ ਮਾਲਕ ਆਪ ਕਰਾਈਆ । ਜਿਸ ਨੂੰ ਕਾਗਦ ਕਲਮ ਨਾ ਲਿਖਣਹਾਰਾ, ਗੁਰ ਅਵਤਾਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਝੁਕ ਝੁਕ ਕਰਨ ਨਮਸਕਾਰਾ, ਸੱਜਦਾ ਡੰਡਾਵਤ ਬੰਦਨਾ ਸੋਭਾ ਪਾਈਆ । ਸੋ ਸਵਾਮੀ ਅੰਤਰਜਾਮੀ ਜੋਤੀ ਜਾਤਾ ਹੋ ਉਜਿਆਰਾ, ਉਜਰਤ ਮੰਗੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਕਰਨਾ ਕੀ, ਕੀਮਤ ਕਹਿਣ ਕੋਇ ਨਾ ਪਾਈਆ । ਹਾਂ ਵਿਚ ਹਾਂ ਜੀ ਵਿਚ ਕਹੀਏ ਜੀ, ਨਿਉਂ ਨਿਉਂ ਸੀਸ ਨਿਵਾਈਆ । ਪੁਰਖ ਅਕਾਲ ਦੀਨ ਦਿਆਲ ਤੂੰ ਕਲਜੁਗ ਉਖੇੜਨੀ ਨੀਂਹ, ਸਤਿਜੁਗ ਸਚ ਰਾਹ ਚਲਾਈਆ । ਅੰਮ੍ਰਿਤ ਧਾਰ ਬਰਸਣਾ ਮੀਂਹ, ਮੇਘਲਾ ਮਿਲੇ ਨਾ ਕੋਇ ਵਡਿਆਈਆ । ਚਾਰ ਜੁਗ ਦੀ ਧਾਰਾ ਬਦਲਣੀ ਨੀਂਹ, ਰਸਤਾ ਇਕੋ ਇਕ ਵਖਾਈਆ । ਤੇਰਾ ਖੇਲ ਸਦਾ ਵਸੀਅ, ਪੈਮਾਨਿਆਂ ਵਿਚ ਨਾਪ ਨਾ ਕੋਇ ਵਖਾਈਆ । ਸਤਿ ਧਰਮ ਦੀ ਦੇਣੀ ਤਰਜੀਹ, ਤਰਤੀਬ ਆਪਣੇ ਵਿਚ ਛੁਪਾਈਆ । ਸਾਡੇ ਕੋਲ ਚਾਰ ਜੁਗ ਦੀ ਪੱਟੇਦਾਰੀ ਦੀ ਰਸੀਦ, ਬਿਨ ਅੱਖਰਾਂ ਨਜ਼ਰੀ ਆਈਆ । ਸੋ ਸਭ ਦੀ ਆਸਾ ਮਨਸਾ ਪੂਰੀ ਕਰਨੀ ਉਮੀਦ, ਆਮਦ ਵਿਚ ਤੇਰਾ ਰਾਹ ਤਕਾਈਆ । ਸਾਹਿਬ ਸਵਾਮੀ ਘਟ ਨਿਵਾਸੀ ਤੇਰੀ ਹੱਕ ਨਸੀਹਤ, ਅਸਲੀਯਤ ਵਿਚੋਂ ਜਣਾਈਆ । ਸਦੀ ਚੌਧਵੀਂ ਸਭ ਦੀ ਬਦਲ ਦੇ ਤਬੀਅਤ, ਤਬੀ ਹੋ ਕੇ ਵੇਖ ਵਖਾਈਆ । ਤੇਰੇ ਨਾਮ ਦੀ ਹੋਵੇ ਇਕ ਅਹਿਮੀਅਤ, ਇਕੋ ਵੱਜੇ ਵਧਾਈਆ । ਦੂਈ ਸ਼ਰਅ ਨਾ ਰਹੇ ਸ਼ਰੀਅਤ, ਸ਼ਾਹ ਸੁਲਤਾਨ ਤੇਰੀ ਸਰਨਾਈਆ । ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਦੀ ਇਕੋ ਹੋਵੇ ਵਲਦੀਅਤ, ਵਲਦ ਵਾਲਦਾ ਤੂੰ ਹੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਹੁਕਮ ਧਾਰ ਅਸਲੀਅਤ, ਅਸਲ ਵਿਚੋਂ ਅਸਲ ਆਪ ਪਰਗਟਾਈਆ ।

## ✪ ੧੬ ਪੋਹ ਸ਼ਹਿਨਸ਼ਾਹੀ ਸੰਮਤ ੫ ਬੇਲੂ ਰਾਮ ਦੇ ਗ੍ਰਿਹ ਸਈ ਜੰਮੂ ✪

ਗੁਰ ਅਵਤਾਰ ਪੈਗ਼ੰਬਰ ਸ਼ਬਦ ਸੰਦੇਸ਼ਾ, ਸੁਣਨਾ ਚਾਈਂ ਚਾਈਆ । ਤੁਹਾਡੇ ਪਿਤਾ ਪਰਮ ਪੁਰਖ ਦਾ ਵੇਸਾ, ਬਾਪ ਪਿਤਾ ਰੂਪ ਬਦਲਾਈਆ । ਸਭ ਦਾ ਖੇਲ ਵੇਖੇ ਧਾਰ ਅਨੇਕਾ, ਅਨਕ ਕਲਧਾਰੀ ਆਪਣੀ ਦਇਆ ਕਮਾਈਆ । ਤੁਹਾਡਾ ਪਰਵਾਨ ਕਰੇ ਮੱਥਾ ਟੇਕਾ, ਸੱਜਦਾ ਸੀਸ ਨਿਵਾਈਆ । ਅੱਗੇ ਵਾਸਤੇ ਸਭ ਨੇ ਇਕੋ ਕਰਨਾ ਏਕਾ, ਇਕ ਇਕ ਦੀ ਆਸ ਰਖਾਈਆ । ਪਿਛਲਾ ਪੂਰਾ ਹੋਣਾ ਲੇਖਾ, ਲਿਖਤ ਭਵਿਖਤ ਦਏ ਗਵਾਹੀਆ । ਜੁਗ ਚੌਕੜੀ ਜੋ ਨਿਰਗੁਣ ਧਾਰ ਸਰਗੁਣ ਨਾਮ ਵੇਚਾ, ਕੀਮਤ ਮਜ਼੍ਹਬਾਂ ਹੱਟ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਸਾਂਝਾ ਕਰੇ ਦੇਸਾ, ਗ੍ਰਿਹ ਇਕੋ ਮਾਤ ਵਡਿਆਈਆ ।

## ✪ ੧੬ ਪੋਹ ਸ਼ਹਿਨਸ਼ਾਹੀ ਸੰਮਤ ੫ ਗੁਰੇ ਸ਼ਾਹ ਦੇ ਗ੍ਰਿਹ ਸਈ ਜੰਮੂ ✪

ਪੈਗ਼ੰਬਰ ਅਵਤਾਰ ਗੁਰ ਸੁਣੋ ਹੁਕਮ ਅਮਾਮੀ, ਹਰਿ ਅਮਾਮ ਆਪ ਦ੍ਰਿੜਾਈਆ । ਕਲਜੁਗ ਅੰਤ ਦੀਨ ਮਜ਼੍ਹਬ ਦੀ ਹੋਣੀ ਨੀਲਾਮੀ, ਬੋਲੀ ਜਗਤ ਨਾ ਕੋਇ ਸੁਣਾਈਆ । ਢੰਡੋਰਾ ਦਿਓ ਕਾਇਨਾਤ ਅਵਾਮੀ, ਪੈਗ਼ਾਮ ਇਕ ਇਲਾਹੀਆ । ਸ਼ਰਅ ਮੁਕਣੀ ਤਮਾਮੀ, ਤਾਰੀਕ ਅੰਧੇਰਾ ਰਹੇ ਨਾ ਰਾਈਆ । ਇਕੋ ਕਾਇਮ ਹੋਣੀ ਕਲਾਮੀ, ਕਲਮਾ ਕੁਲ ਮਾਲਕ ਜਣਾਈਆ । ਅੰਤ ਵਾਰ ਦੀ ਅੰਤ ਲਿਓ ਸਲਾਮੀ, ਸਲਾਮਾ ਅਲੈਕਮ ਕਹਿ ਕੇ ਸ਼ੁਕਰ ਮਨਾਈਆ । ਇਕ ਯਾਦ ਰੱਖਿਓ ਨਿਸ਼ਾਨੀ, ਨਿਸ਼ਾਨਾ ਧੁਰ ਦਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰੇ ਮਿਹਰਵਾਨੀ, ਮਿਹਰਬਾਂ ਮਿਹਰ ਨਿਗਹ ਉਠਾਈਆ ।

## ✪ ੧੬ ਪੋਹ ਸ਼ਹਿਨਸ਼ਾਹੀ ਸੰਮਤ ੫ ਨਾਨਕ ਚੰਦ ਦੇ ਗ੍ਰਿਹ ਸਈ ✪

ਅਵਤਾਰ ਪੈਗ਼ੰਬਰ ਗੁਰ ਸੁਣੋ ਸਚ ਰਸੂਲ, ਰਸੂਲਲਿੱਲਾ ਰਿਹਾ ਜਣਾਈਆ । ਹੁਕਮ ਜਾਨਣਾ ਮਾਅਕੂਲ, ਮੁਕੰਮਲ ਆਪ ਦ੍ਰਿੜਾਈਆ । ਤੁਹਾਡੇ ਪਿਆਰ ਵਿਚ ਬਦਲਣਾ ਅਸੂਲ, ਅਸਲ ਵਸਲ ਇਕ ਸਮਝਾਈਆ । ਸਭ ਨੂੰ ਖ਼ਾਕ ਮਿਲੇ ਅਗੰਮੀ ਧੂਲ, ਧੂੜੀ ਜਗਤ ਮਾਣ ਵਡਿਆਈਆ । ਲੇਖਾ ਰਹਿਣਾ ਨਹੀਂ ਅਰਜ਼ ਤੂਲ, ਮੁਸਤਤੀਲ ਵੰਡ ਨਾ ਕੋਇ ਵੰਡਾਈਆ । ਪਰਵਰਦਿਗਾਰ ਸਾਂਝਾ ਯਾਰ ਇਕ ਜਣਾਏ ਕਾਨੂੰਨ, ਕਾਇਦਾ ਬਾਕਾਇਦਾ ਆਪ ਦ੍ਰਿੜਾਈਆ । ਇਕੋ ਕਲਮਾ ਸਮਝਣਾ ਮਜ਼ਮੂਨ, ਮਜਮੂਆ ਅਵਰ ਨਾ ਕੋਇ ਵਖਾਈਆ । ਲੇਖਾ ਮੁਕਣਾ ਨੁਕਤਾ ਨੂਨ, ਅਲਿਫ਼ ਯੇ ਹੱਦ ਨਾ ਕੋਇ ਰਖਾਈਆ । ਧੁਰ ਦਾ ਕਲਮਾ ਵੰਡਿਆ ਜਾਏ ਨਾ ਵਿਚ ਪਰਚੂਨ, ਹਿੱਸੇਦਾਰੀ ਨਾ ਕੋਇ ਰਖਾਈਆ । ਅਗਲਾ ਖੇਲ ਕਰਨਾ ਨਾ ਮਾਅਲੂਮ,

ਅਮਾਮ ਅਮਾਮਾਂ ਧਾਰ ਜਣਾਈਆ । ਸਦੀ ਚੌਧਵੀਂ ਮੇਟਣਾ ਮਜ਼ਲੂਮ, ਮੁਲਜ਼ਮ ਵੇਖਣੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਹੁਕਮ ਇਕ ਵਰਤਾਈਆ । ਪੈਗ਼ੰਬਰ ਅਵਤਾਰ ਗੁਰ ਸੁਣੋ ਪੈਗ਼ਾਮ ਅੱਲਾਹ, ਆਲਮੀਨ ਇਬਨੁਲ ਆਪ ਜਣਾਈਆ । ਆਪਣਾ ਮਸ਼ਵਰਾ ਦੱਸਿਓ ਸਲਾਹ, ਸੁਲਹਾਕੁਲ ਅੱਗੇ ਟਿਕਾਈਆ । ਕਿਸ ਬਿਧ ਸਭ ਦਾ ਇਕੋ ਹੋਣਾ ਰਾਹ, ਰਹਿਬਰ ਹੋਵੇ ਨੂਰ ਇਲਾਹੀਆ । ਤੁਹਾਡੀ ਕਬੂਲ ਕਰੇ ਦੁਆ, ਦੋ ਆਲਮ ਹੋਏ ਸਹਾਈਆ । ਸਾਰੇ ਸੱਯਦਾ ਕਰੋ ਨਾਲ ਚਾ, ਵੱਜੇ ਹੱਕ ਵਧਾਈਆ । ਇਕ ਨੂਰ ਇਕ ਜ਼ਹੂਰ ਇਕ ਖ਼ੁਦਾ, ਖ਼ੁਦ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲੇਖਾ ਜਾਣੇ ਆਦਿ ਅੰਤ ਜੁਗ ਚੌਕੜੀ ਮੁੱਦਾ, ਮੁੱਦਤ ਦਾ ਲੇਖਾ ਆਪਣੇ ਹੱਥ ਰਖਾਈਆ ।

## ੧੬ ਪੋਹ ਸ਼ਹਿਨਸ਼ਾਹੀ ਸੰਮਤ ੫ ਸ਼ਿਵ ਸਿੰਘ ਦੇ ਗ੍ਰਿਹ ਸਈ

ਪੈਗ਼ੰਬਰ ਅਵਤਾਰ ਗੁਰ ਤਕੋ ਜਗਤ ਗੋਰ, ਮਾਨਵ ਖ਼ਾਕੀ ਖ਼ਾਕ ਸਮਾਈਆ । ਸਤਿ ਸਚ ਦੀ ਰਹੀ ਕੋਈ ਨਾ ਡੋਰ, ਤੰਦੀ ਤੰਦ ਨਾ ਕੋਇ ਬੰਧਾਈਆ । ਤੁਹਾਡਾ ਰਿਹਾ ਕੋਈ ਨਾ ਜ਼ੋਰ, ਜ਼ੋਰਾਵਰ ਹੋਈ ਲੋਕਾਈਆ । ਸਿਖ ਮੁਰੀਦ ਹੋਏ ਚੋਰ, ਠੱਗੀ ਮੁਰਸ਼ਦ ਗੁਰੂਆਂ ਨਾਲ ਕਮਾਈਆ । ਚਾਰ ਕੁੰਟ ਵੇਖੋ ਦੌੜ, ਭੱਜੋ ਵਾਹੋ ਦਾਹੀਆ । ਅੰਮ੍ਰਿਤ ਰਸ ਹੋਇਆ ਕੌੜ, ਸਾਚਾ ਸੁਖ ਨਾ ਕੋਇ ਸਮਝਾਈਆ । ਅਠਸਠ ਤੀਰਥ ਹੋਇਆ ਜੌਹੜ, ਸਰੋਵਰ ਸਰ ਨਾ ਕੋਇ ਵਡਿਆਈਆ । ਗ਼ੌਰ ਨਾਲ ਤਕੋ ਬ੍ਰਹਿਮਣ ਗੌੜ, ਗਵੜ ਆਪਣੀ ਖੇਲ ਖਿਲਾਈਆ । ਮਾਲਕ ਹੋ ਕੇ ਰਿਹਾ ਬੌਹੜ, ਬੌਹੜੀ ਬੌਹੜੀ ਸੁਣੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਅਵਰ ਕਾ ਔਰ, ਔਰਤ ਮਰਦ ਰੂਪ ਨਜ਼ਰ ਕੋਇ ਨਾ ਆਈਆ ।

## ੧੬ ਪੋਹ ਸ਼ਹਿਨਸ਼ਾਹੀ ਸੰਮਤ ੫ ਲਛਮਣ ਸਿੰਘ ਦੇ ਗ੍ਰਿਹ ਸਈ ਜੰਮੂ

ਸਪਤ ਸੁਰਿਖੀ ਕਹਿਣ ਸਾਡਾ ਏਥੇ ਹੁੰਦਾ ਸੀ ਧੂਆਂ, ਧੂਣੀ ਨੌਂ ਸਾਲ ਤਪਾਈਆ । ਨੌਂ ਹੱਥ ਤੇ ਦੱਖਣ ਵੱਲ ਹੁੰਦਾ ਸੀ ਕੂਆਂ, ਜਲ ਪਾਣੀ ਨਾਲ ਭਰਾਈਆ । ਕੁੱਲੀ ਦਾ ਸਤਾਰਾਂ ਹੱਥ ਤੇ ਹੁੰਦਾ ਸੀ ਬੂਹਾ, ਪੱਛਮ ਵੰਡ ਵੰਡਾਈਆ । ਇਕ ਦਿਨ ਖੇਲ ਕੀਤਾ ਪ੍ਰਭ ਊਹਾਂ, ਨਿਰਗੁਣ ਚਮਕ ਦਿਤੀ ਚਮਕਾਈਆ । ਭੇਵ ਦੱਸਿਆ ਪਰੇ ਪੁਰੀਆਂ ਲੋਆਂ, ਲੋਇਣ ਨੈਣ ਇਕੋ ਇਕ ਖੁਲ੍ਹਾਈਆ । ਵੇਖਿਓ ਰਿਹੋ ਕੋਈ ਨਾ ਸੋਇਆ, ਸੁੱਤਿਆਂ ਦਿਤਾ ਜਗਾਈਆ । ਜਿਸ ਵੇਲੇ ਕਲਜੁਗ ਅੰਤ ਅੰਧੇਰ ਹੋਇਆ, ਨੂਰੀ ਚੰਦ ਨਾ ਕੋਇ ਚਮਕਾਈਆ । ਦੀਨ ਦੁਨੀ ਧਾਰ ਬਣੀ ਟਿੱਬਾ ਟੋਇਆ, ਸੰਭਲ ਕਦਮ ਨਾ ਕੋਇ ਟਿਕਾਈਆ । ਸਚ ਧਰਮ ਜਾਏ ਖੋਹਿਆ, ਕੂੜ ਕੁੜਿਆਰ ਵੱਜੇ ਵਧਾਈਆ । ਮਾਨਵ ਰਹੇ ਨਾ ਕੋਇ ਨਰੋਆ, ਨਰ ਨਰਾਇਣ ਮਿਲਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ

ਸੁਣਾਈਆ । ਸਪਤ ਸੁਰਿਖੀ ਕਹਿਣ ਅਤਰੀ ਦੇ ਅੰਦਰ ਲਾਈ ਆਗ, ਅਗਨੀ ਅੱਗ ਜਲਾਈਆ । ਉਠ ਵੇਖ ਕਲ ਸਮਾਜ, ਸਹਿਜ ਦਿਤਾ ਦ੍ਰਿੜਾਈਆ । ਸਾਬਤ ਰਹੇ ਨਾ ਕੋਈ ਸਾਧ, ਸਿਦਕ ਸਬੂਰੀ ਨਾ ਕੋਇ ਰਖਾਈਆ । ਹਿਰਦੇ ਹਰਿ ਰਹੇ ਨਾ ਯਾਦ, ਰਸਨਾ ਗਾਵੇ ਜਗਤ ਲੋਕਾਈਆ । ਆਤਮਕ ਧੁਨ ਸੁਣੇ ਕੋਈ ਨਾ ਨਾਦ, ਅਗੰਮੀ ਰਾਗ ਨਾ ਕੋਇ ਜਣਾਈਆ । ਕਲਮਾ ਮਿਲੇ ਕੋਈ ਨਾ ਵਾਹਦ, ਵਾਹਵਾ ਰੰਗ ਨਾ ਕੋਇ ਰੰਗਾਈਆ । ਖੇੜਾ ਤਨ ਦਿਸੇ ਨਾ ਕੋਇ ਆਬਾਦ, ਜੰਗਲ ਜੂਹ ਹੋਏ ਲੋਕਾਈਆ । ਓਸ ਵੇਲੇ ਖੇਲ ਕਰਨਾ ਪ੍ਰਭ ਆਪ, ਪਾਰਬ੍ਰਹਮ ਪ੍ਰਭ ਆਪਣਾ ਵੇਸ ਵਟਾਈਆ । ਜਿਸ ਦਾ ਚਾਰ ਜੁਗ ਸਭ ਨੇ ਕਰਨਾ ਜਾਪ, ਸਿਫ਼ਤਾਂ ਵਿਚ ਅੱਖਰੀ ਢੋਲੇ ਗਾਈਆ । ਉਹ ਖੇਲ ਵੇਖੇ ਨਿਰਗੁਣ ਧਾਰ ਜਗਤ ਤਮਾਸ਼, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਜੋਤੀ ਜਾਤਾ ਹੋ ਕੇ ਪਰਗਟੇ ਸਾਖਿਆਤ, ਸਖ਼ਾ ਸੁਹੇਲਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਖ਼ਬਰ ਸੁਣੀ ਭਾਰਦਵਾਜ, ਧੁਰ ਕਰਤੇ ਦਿਤੀ ਦ੍ਰਿੜਾਈਆ । ਉਠ ਵੇਖ ਖੋਲ੍ਹ ਆਂਖ, ਅੱਖਰਾਂ ਤੋਂ ਪਰੇ ਪੜ੍ਹਾਈਆ । ਜਿਸ ਵੇਲੇ ਕਲਜੁਗ ਜੀਵ ਹੰਸ ਬੁੱਧੀ ਹੋਈ ਕਾਗ, ਮਾਇਆ ਮਮਤਾ ਮੋਹ ਵਿਚ ਹਲਕਾਈਆ । ਦੁਰਮਤ ਮੈਲ ਕੋਈ ਧੋ ਨਾ ਸਕੇ ਦਾਗ਼, ਪਾਪਾਂ ਭਰੇ ਲੋਕਾਈਆ । ਅਗੰਮੀ ਸ਼ਬਦ ਦੀ ਸੁਣੇ ਨਾ ਕੋਇ ਆਵਾਜ਼, ਅੱਖਰਾਂ ਪੜ੍ਹ ਪੜ੍ਹ ਆਪਣਾ ਝਟ ਲੰਘਾਈਆ । ਓਸ ਵੇਲੇ ਖੇਲ ਕਰੇ ਪ੍ਰਭ ਜੋ ਮਾਲਕ ਜੁਗਾਦਿ ਆਦਿ, ਅੰਤ ਆਪਣਾ ਫੇਰਾ ਪਾਈਆ । ਨਾਮ ਸੰਦੇਸ਼ਾ ਦੇਵੇ ਬੋਧ ਅਗਾਧ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਆਤਮ ਪਰਮਾਤਮ ਦਾ ਬਣਾ ਕੇ ਸਮਾਜ, ਤਨ ਵਜੂਦ ਦਾ ਨਾਤਾ ਦਏ ਤੁੜਾਈਆ । ਭੇਵ ਅਭੇਦਾ ਖੋਲ੍ਹ ਕੇ ਆਗ਼ਾਜ਼, ਸੁਰਤ ਸ਼ਬਦ ਸ਼ਬਦ ਸੁਰਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਪਤ ਰਿਖੀ ਕਹਿਣ ਸਾਡੇ ਅੰਦਰ ਦਿਤਾ ਹਲੂਣਾ, ਸਹਿਜ ਨਾਲ ਹਿਲਾਈਆ । ਸਾਡਾ ਬੰਦ ਹੋ ਗਿਆ ਰਸਨਾ ਨਾਲ ਕੂਣਾ, ਜਿਹਵਾ ਸਕੇ ਨਾ ਕੋਇ ਹਿਲਾਈਆ । ਫੇਰ ਪ੍ਰਕਾਸ਼ ਕੀਤਾ ਦੂਣਾ, ਅੰਧ ਅੰਧੇਰਾ ਦਿਤਾ ਮਿਟਾਈਆ । ਫੇਰ ਵਖਾਇਆ ਮੇਰਾ ਨਾਮ ਵੰਡਿਆ ਜਾਏ ਵਿਚ ਪਰਚੂਨਾਂ, ਹੱਟ ਛੋਟੇ ਛੋਟੇ ਜਣਾਈਆ । ਫੇਰ ਭੇਵ ਖੋਲ੍ਹਿਆ ਸਭ ਨੇ ਅੰਤਮ ਹੋ ਜਾਣਾ ਊਣਾ, ਭਰਿਆ ਰਹਿਣ ਕੋਇ ਨਾ ਪਾਈਆ । ਦੀਨ ਦੁਨੀ ਉਤੇ ਕਲਜੁਗ ਕੂੜੀ ਕਿਰਿਆ ਦਾ ਹੋਣਾ ਟੂਣਾ, ਨਾਮ ਕਲਮਾ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਦ੍ਰਿੜਾਈਆ । ਰਿਸ਼ੀ ਕਹਿਣ ਸਾਡੇ ਅੰਦਰ ਆਈ ਹੈਰਾਨੀ, ਉਠ ਕੇ ਲਈ ਅੰਗੜਾਈਆ । ਬੇਨੰਤੀ ਵਿਚ ਕਿਹਾ ਪ੍ਰਭੂ ਕਰ ਮਿਹਰਵਾਨੀ, ਭੇਵ ਅਭੇਦ ਖੁਲ੍ਹਾਈਆ । ਨਿਰਗੁਣ ਨੂਰ ਜੋਤ ਚਮਕਾ ਕੇ ਇਕ ਨੂਰਾਨੀ, ਝਲਕ ਝਲਕ ਵਿਚੋਂ ਪਰਗਟਾਈਆ । ਰਿਸ਼ੀਓ ਓਸ ਵੇਲੇ ਮੰਜ਼ਲ ਰਹਿਣੀ ਨਹੀਂ ਕੋਈ ਰੂਹਾਨੀ, ਰੂਹ ਬੁਤ ਕਰੇ ਨਾ ਕੋਇ ਸਫ਼ਾਈਆ । ਸਭ ਨੇ ਅੱਖਰਾਂ ਵਾਲੀ ਬਾਣੀ ਪੜ੍ਹਨੀ ਜ਼ਬਾਨੀ, ਜ਼ਿਬਹ ਮਨ ਨਾ ਕੋਇ ਕਰਾਈਆ । ਅਕਲ ਵਿਦਿਆ ਨੂੰ ਕਹਿਣ ਵਿਦਵਾਨੀ, ਬੁੱਧੀ ਨਾਲ ਚਤੁਰਾਈਆ । ਜੇਹੜੇ ਪ੍ਰਭ ਦੇ ਅੱਖਰ ਵਿਕਣੇ ਦਵਾਨੀ ਨਾਲ ਚਵਾਨੀ, ਓਨ੍ਹਾਂ ਨੂੰ ਸਤਿਗੁਰ ਮੰਨ ਕੇ ਸੀਸ ਨਿਵਾਈਆ । ਅੰਮ੍ਰਿਤ ਰਸ ਮਿਲੇ ਕਿਸੇ ਨਾ ਪਾਣੀ, ਨਿਝਰ ਰਸ ਨਾ ਕੋਇ ਚਖਾਈਆ । ਸਭ ਨੇ ਨਿਉਂ ਕੇ ਕਿਹਾ ਸਾਡੇ ਮਾਲਕ ਅਸਮਾਨੀ, ਕੀ ਇਸਮ ਤੇਰੀ ਚਤੁਰਾਈਆ । ਪੁਰਖ ਅਕਾਲ ਕਿਹਾ ਮੈਂ ਆਦਿ ਅੰਤ ਦਾ ਇਕ ਨੂਰ ਜਗਤ ਜੁਗ


੨੭੬
੨੨

ਦਾ ਮਾਲੀ, ਮਾਲਕ ਇਕ ਅਖਵਾਈਆ । ਓਸ ਵੇਲੇ ਲੱਖ ਚੁਰਾਸੀ ਵੇਖਾਂ ਫਲ ਪੱਤ ਡਾਲੀ, ਚਾਰੇ ਖਾਣੀ ਖੋਜ ਖੁਜਾਈਆ । ਰਿਸ਼ੀਆਂ ਕਿਹਾ ਕੀ ਸਾਨੂੰ ਦੱਸੇਂ ਨਿਸ਼ਾਨੀ, ਨਿਸ਼ਾਨਾ ਸਚ ਜਣਾਈਆ । ਸ਼ਬਦ ਅਗੰਮੀ ਧਾਰ ਕਿਹਾ ਜਿਸ ਵੇਲੇ ਬਲ ਬਾਵਨ ਦੀ ਖੇਲ ਹੋਵੇ ਵਿਚ ਜਹਾਨੀ, ਰਿਸ਼ੀ ਤੇਰਾਂ ਸੌ ਸਤਾਸੀ ਸੋਭਾ ਪਾਈਆ । ਓਨ੍ਹਾਂ ਨੂੰ ਫੇਰ ਦੇਣੀ ਜ਼ਿੰਦਗਾਨੀ, ਜੀਵਣ ਜੀਵਣ ਵਿਚ ਬਦਲਾਈਆ । ਚਾਰ ਜੁਗ ਦੀ ਸਹਿਜ ਸਹਿਜ ਸਭ ਦੀ ਰੱਖਾਂ ਨਾਲ ਕਹਾਣੀ, ਕਥਾ ਅਗਲੀ ਦੇਵਾਂ ਬਣਾਈਆ । ਓਨ੍ਹਾਂ ਨੂੰ ਜਨਮ ਦੇਵਾਂ ਕਰਮ ਦੇਵਾਂ ਧਰਮ ਦੇਵਾਂ ਸਰਨ ਦੇਵਾਂ ਏਹੋ ਕਰਾਂ ਮਿਹਰਵਾਨੀ, ਮਿਹਰਵਾਨ ਹੋ ਕੇ ਸਿਰ ਆਪਣਾ ਹੱਥ ਰਖਾਈਆ । ਓਨ੍ਹਾਂ ਦੇ ਦਵਾਰੇ ਚਲ ਕੇ ਆਵਾਂ ਤੇ ਆਪਣੀ ਜੋਬਨ ਵਾਲੀ ਦੱਸਾਂ ਜਵਾਨੀ, ਬਿਰਧ ਬਾਲ ਰੂਪ ਨਾ ਕੋਇ ਵਟਾਈਆ । ਸੰਮਤ ਸ਼ਹਿਨਸ਼ਾਹੀ ਪੰਜ ਕਲਜੁਗ ਕੂੜੀ ਕਿਰਿਆ ਦੀ ਹੋਵੇ ਤੁਗ਼ਿਆਨੀ, ਲਹਿਰ ਸਕੇ ਨਾ ਕੋਇ ਬਦਲਾਈਆ । ਸਾਚਿਆਂ ਭਗਤਾਂ ਤੇ ਹੋ ਕੇ ਆਪ ਕੁਰਬਾਨੀ, ਅੱਗੇ ਕੁਰਬਾਨ ਹੋਣ ਦਾ ਲੇਖਾ ਦਿਆਂ ਮੁਕਾਈਆ । ਓਨ੍ਹਾਂ ਨੂੰ ਆਉਣ ਨਾ ਦੇਵਾਂ ਹਾਨੀ, ਸਚਖੰਡ ਸਚ ਦਵਾਰੇ ਲੈ ਕੇ ਜਾਵਾਂ ਚਾਈਂ ਚਾਈਂਆ । ਵਿਸ਼ਨ ਬ੍ਰਹਮਾ ਸ਼ਿਵ ਅਵਤਾਰ ਪੈਗ਼ੰਬਰ ਗੁਰ ਓਨ੍ਹਾਂ ਨੂੰ ਰਸਤੇ ਵਿਚ ਦੇਣ ਆਪਣਾ ਅੰਮ੍ਰਿਤ ਪਾਣੀ, ਨਿਝਰ ਰਸ ਦੇਣ ਚਖਾਈਆ । ਉਹ ਇਕ ਗਾਵਣ ਤੂੰ ਮੇਰਾ ਮੈਂ ਤੇਰਾ ਧੁਰ ਦੀ ਬਾਣੀ, ਦੂਜਾ ਰਾਗ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਦਾ ਦਾਤਾ ਦਾਨੀ, ਦੇਵਣਹਾਰ ਇਕ ਅਖਵਾਈਆ ।





### ✪ ੧੯ ਪੋਹ ਸ਼ਹਿਨਸ਼ਾਹੀ ਸੰਮਤ ੫ ਕਿਰਪਾਲ ਸਿੰਘ ਦੇ ਗ੍ਰਿਹ ਸਈ ਜੰਮੂ ✪

ਸਪਤ ਸੁਰਿਖ ਕਹਿਣ ਅਸੀਂ ਤਕੀਏ ਲੋਕਮਾਤ, ਜੋਤ ਅਧਾਰੀ ਅੱਖ ਖੁਲ੍ਹਾਈਆ । ਕੀ ਸਚ ਹੋਈ ਅੰਧੇਰੀ ਰਾਤ, ਅੰਧ ਅੰਧੇਰਾ ਛਾਈਆ । ਸਾਚੀ ਦਿਸੇ ਨਾ ਕੋਇ ਜਮਾਤ, ਸਤਿ ਵਿਚ ਨਾ ਕੋਇ ਸਮਾਈਆ । ਅਗਲਾ ਲੇਖਾ ਵੇਖੀਏ ਖਾਤ, ਪਰਦਾ ਅੰਦਰੋਂ ਇਕ ਉਠਾਈਆ । ਵਾਕਿਆ ਕੀ ਖੇਲ ਕਰੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣੀ ਕਾਰ ਕਮਾਈਆ । ਨਿਰਗੁਣ ਨੂਰ ਜੋਤ ਕਰ ਪ੍ਰਕਾਸ਼, ਵੇਖੇ ਵਿਗਸੇ ਥਾਉਂ ਥਾਈਆ । ਲੇਖਾ ਮੁਕਾਏ ਸਾਖਿਆਤ, ਸਖਾ ਸਖਾਈ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟੀ ਦਾ ਲਹਿਣਾ ਵੇਖੇ ਵਾਕਿਆਤ, ਵਾਕਿਆ ਆਪਣਾ ਨੂਰ ਕਰ ਰੁਸ਼ਨਾਈਆ ।

### ✪ ੧੯ ਪੋਹ ਸ਼ਹਿਨਸ਼ਾਹੀ ਸੰਮਤ ੫ ਲਛਮਣ ਸਿੰਘ ਦੇ ਗ੍ਰਿਹ ਸਈ ਜੰਮੂ ✪

ਸਪਤ ਸੁਰਿਖ ਕਹਿਣ ਸਾਡੀ ਪੂਰਬ ਆਸਾ ਮਨਸਾ, ਮਮਤਾ ਜਗਤ ਨਾ ਕੋਇ ਜਣਾਈਆ । ਆਤਮ ਪਰਮਾਤਮ ਸੋਹੰ ਧਾਰ ਹੋਵੇ ਹੰਸਾ, ਕਾਗ ਕੂੜ ਨਾ ਕੋਇ ਕੁਰਲਾਈਆ । ਭਗਤ ਭਗਵਾਨ ਦਾ ਸੋਹੇ ਇਕ ਬੰਸਾ, ਸਰਬੰਸ ਮਿਲੇ ਮਾਣ ਵਡਿਆਈਆ । ਹਉਮੇ ਗੜ੍ਹ ਰਹੇ ਨਾ ਹੰਗਤਾ,

ਹੰ ਬ੍ਰਹਮ ਭੇਵ ਖੁਲ੍ਹਾਈਆ । ਸ਼ਬਦ ਗੁਰਦੇਵ ਹੋਵੇ ਧੁਰ ਦਾ ਪੰਡਤਾ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਤਤ ਸ਼ਰੀਰ ਵਜੂਦ ਕਰਨੀ ਪਏ ਕੋਈ ਨਾ ਮੰਨਤਾ, ਮਾਟੀ ਖ਼ਾਕ ਨਾ ਸੀਸ ਨਿਵਾਈਆ । ਝਗੜਾ ਰਹੇ ਨਾ ਤਨ ਵਜੂਦ ਮਾਟੀ ਚੰਮ ਕਾ, ਜ਼ਾਤੀ ਵੰਡ ਨਾ ਕੋਇ ਵੰਡਾਈਆ । ਲੇਖਾ ਰਹੇ ਨਾ ਹਰਖ ਸੋਗ ਗ਼ਮ ਕਾ, ਚਿੰਤਾ ਚਿਖਾ ਦਏ ਗਵਾਈਆ । ਭਾਵ ਕਲਪਣਾ ਰਹੇ ਕੋਇ ਨਾ ਮਨ ਕਾ, ਮਨ ਕਾ ਮਣਕਾ ਆਪ ਭਵਾਈਆ । ਖੇਲ ਵਖਾਏ ਇਕੋ ਹਰਿ ਜਨ ਕਾ, ਹਰਿ ਕਰਤਾ ਧੁਰਦਰਗਾਹੀਆ । ਸ਼ਬਦ ਵਡਿਆਈ ਰਹੇ ਨਾ ਕੋਇ ਕੰਨ ਕਾ, ਅਗੰਮੀ ਨਾਦੀ ਧੁਨ ਆਪ ਉਪਜਾਈਆ । ਪ੍ਰਕਾਸ਼ ਵੇਖਣਾ ਇਕ ਚੰਨ ਕਾ, ਜੋ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਜੋ ਨਿਤ ਨਵਿਤ ਸਾਜਨ ਹੋਵੇ ਹਮ ਕਾ, ਮਿੱਤਰ ਪਿਆਰਾ ਇਕ ਅਖਵਾਈਆ । ਸਹਾਰਾ ਕਦੇ ਲਏ ਨਾ ਦਮ ਕਾ, ਦਾਮਨ ਅਵਰ ਨਾ ਕੋਇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਪਤ ਸੁਰਿਖ ਕਹਿਣ ਧਰਨੀ ਧਰਤ ਧਵਲ ਧਰਮ ਦਾ ਮਾਰਿਆ ਧੌਂਸਾ, ਧੌਲ ਰਹੀ ਜਣਾਈਆ । ਮੇਰਾ ਪੂਰਾ ਹੋਇਆ ਅੰਤਰ ਨਿਰੰਤਰ ਸ਼ੌਂਕਾ, ਤ੍ਰਿਸ਼ਨਾ ਤ੍ਰਿਪਤ ਰਹੀ ਨਾ ਰਾਈਆ । ਨੂਰ ਤੱਕਿਆ ਨਾਮ ਸੁਣਿਆ ਨਿਰੰਕਾਰ ਨਾਉਂ ਕਾ, ਨਿਰਾਕਾਰ ਆਪ ਜਣਾਈਆ । ਝਗੜਾ ਮੁੱਕਿਆ ਪਿਤਾ ਮਾਉਂ ਕਾ, ਪਾਰਬ੍ਰਹਮ ਪ੍ਰਭ ਆਪਣੀ ਗੋਦ ਉਠਾਈਆ । ਲੇਖਾ ਰਹੇ ਨਾ ਕਲਜੁਗ ਦਾਉ ਕਾ, ਕੂੜ ਕੁਟੰਬ ਨਾ ਕੋਇ ਚਤੁਰਾਈਆ । ਡੰਕਾ ਵੱਜਣਾ ਵਾਹੋ ਵਾਹੋ ਕਾ, ਹਰਿ ਕਰਤਾ ਆਪ ਸੁਣਾਈਆ । ਹੁਕਮ ਚਲਣਾ ਏਕਾ ਸ਼ਾਹੋ ਕਾ, ਸ਼ਹਿਨਸ਼ਾਹ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਪਤ ਸੁਰਿਖ ਕਹਿਣ ਅਸੀਂ ਵੇਖੀਏ ਧੁਰ ਨਜ਼ਾਰਾ, ਧਰਮ ਦੀ ਧਾਰ ਜਣਾਈਆ । ਜਿਸ ਦਾ ਦੇ ਕੇ ਗਏ ਇਸ਼ਾਰਾ, ਸੈਨਤ ਸ਼ਬਦ ਇਕ ਲਗਾਈਆ । ਸੋ ਖੇਲ ਕਰੇ ਨਿਰਗੁਣ ਨਿਰਵੈਰ ਨਿਰਾਕਾਰਾ, ਨਿਰੰਕਾਰ ਅਗੰਮ ਅਥਾਹੀਆ । ਜਿਸ ਨੂੰ ਕਹਿੰਦੇ ਚਵੀਆਂ ਅਵਤਾਰਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਅਮਾਮ ਅਮਾਮਾਂ ਵਡ ਸਿਕਦਾਰਾ, ਦੋ ਜਹਾਨਾਂ ਇਕ ਅਖਵਾਈਆ । ਸੁਹੰਜਣਾ ਕਰੇ ਇਕ ਦਵਾਰਾ, ਭਗਤ ਭਗਵਾਨ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਰਿਖੀ ਕਹਿਣ ਵੇਖੀਏ ਪਾਰਬ੍ਰਹਮ ਪ੍ਰਭ ਠਾਕਰ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਨਾਮ ਨਿਧਾਨਾ ਡੂੰਘਾ ਸਾਗਰ, ਗੁਰ ਅਵਤਾਰ ਪੈਗ਼ੰਬਰ ਗਏ ਤਾਰੀਆਂ ਲਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਜੋਧਾ ਸੂਰਬੀਰ ਬਹਾਦਰ, ਲੱਖ ਚੁਰਾਸੀ ਹੁਕਮੇ ਵਿਚ ਫਿਰਾਈਆ । ਜਿਸ ਨੂੰ ਰਸਨਾ ਜਿਹਵਾ ਬੱਤੀ ਦੰਦ ਪੈਗ਼ੰਬਰਾਂ ਕਿਹਾ ਕਰੀਮ ਕਾਦਰ, ਕੁਦਰਤ ਦਾ ਮਾਲਕ ਨੂਰ ਇਲਾਹੀਆ । ਸੋ ਕਲਜੁਗ ਕੂੜੀ ਕਿਰਿਆ ਜਗਤ ਅੰਧੇਰਾ ਮੇਟੇ ਬਾਦਲ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਮਨ ਮਨੂਆ ਕੋਈ ਰਹਿਣ ਨਾ ਦੇਵੇ ਪਾਗਲ, ਕਾਗ ਵਾਂਗ ਜਗਤ ਕੂੜ ਨਾ ਕੋਇ ਕੁਰਲਾਈਆ । ਧਰਮ ਸਵਾਮੀ ਹੋ ਕੇ ਕਰੇ ਆਦਲ, ਇਨਸਾਫ਼ ਆਪਣੇ ਹੱਥ ਰਖਾਈਆ । ਲੇਖਾ ਮੁਕਾਵੇ ਮਕਤੂਲ ਕਾਤਲ, ਕਤਲਗਾਹ ਦਾ ਡੇਰਾ ਢਾਹੀਆ । ਜਨ ਭਗਤਾਂ ਭੇਵ ਖੋਲ੍ਹ ਕੇ ਬਾਤਨ, ਪਰਦਾ ਨਿਰੰਤਰ ਦਏ ਚੁਕਾਈਆ । ਕਲਜੁਗ ਕੂੜ ਕਿਰਿਆ ਮੇਟ ਕੇ ਰਾਤਨ, ਸਤਿ ਸਚ ਕਰੇ ਰੁਸ਼ਨਾਈਆ । ਰਿਖੀ ਮੁਨੀ ਜਿਸ ਨੂੰ ਝਾਕਣ, ਗੁਰ ਅਵਤਾਰ ਪੈਗ਼ੰਬਰ ਧਿਆਨ ਲਗਾਈਆ । ਉਹ ਸਭ ਦਾ ਲਹਿਣਾ ਦੇਣਾ ਦੇਵੇ ਬਾਕਨ, ਬਚਿਆ ਰਹਿਣ ਕੋਇ ਨਾ ਪਾਈਆ ।

ਸਚ ਦਵਾਰਾ ਖੋਲ੍ਹ ਕੇ ਹਾਟਨ, ਗ੍ਰਿਹ ਇਕੋ ਇਕ ਸੁਹਾਈਆ । ਲੇਖਾ ਜਾਣ ਪ੍ਰਿਥਮੀ ਆਕਾਸਨ, ਗਗਨ ਗਗਨੰਤਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਦਾਤਾ ਵਡ ਵਡਿਆਈਆ । ਸਪਤ ਸੁਰਿਖੀ ਕਹਿਣ ਅਸਾਂ ਧਰਨੀ ਉਤੇ ਤੱਕਿਆ ਉਹ, ਜੋ ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਸ ਦਾ ਆਦਿ ਜੁਗਾਦਿ ਭਗਤਾਂ ਨਾਲ ਮੋਹ, ਮੁਹੱਬਤ ਹਰਿਜਨ ਸੰਗ ਰਖਾਈਆ । ਨਾਮ ਦ੍ਰਿੜਾਏ ਸੋਹੰ ਸੋ, ਸੋ ਸਵਾਮੀ ਹੋਏ ਸਹਾਈਆ । ਕੂੜ ਕਿਰਿਆ ਗੁਰਮੁਖਾਂ ਕੋਲੋਂ ਲਏ ਖੋਹ, ਸ਼ਬਦੀ ਹੁਕਮ ਇਕ ਵਰਤਾਈਆ । ਦਗ਼ਾ ਫ਼ਰੇਬ ਕਰੇ ਨਾ ਧਰੋਹ, ਮਿਹਰ ਨਜ਼ਰ ਇਕ ਉਠਾਈਆ । ਜਿਸ ਆਤਮ ਨਾਲ ਪਰਮਾਤਮ ਹੋ ਕੇ ਜਾਵੇ ਛੋਹ, ਲੱਖ ਚੁਰਾਸੀ ਗੇੜਾ ਦਏ ਕਟਾਈਆ । ਜਗਤ ਜਹਾਨ ਨਾਲੋਂ ਕਰ ਨਿਰਮੋਹ, ਮੁਹੱਬਤ ਆਪਣੇ ਵਿਚ ਰਖਾਈਆ । ਜਿਸ ਨੇ ਲੇਖਾ ਦੇਣਾ ਜਨ ਭਗਤਾਂ ਛੱਬੀ ਪੋਹ, ਵਦੀ ਸੁਦੀ ਨਾ ਵੰਡ ਵੰਡਾਈਆ । ਘਰ ਪ੍ਰਕਾਸ਼ ਕਰ ਕੇ ਲੋ, ਲੋਇਣ ਆਪਣਾ ਇਕ ਖੁਲ੍ਹਾਈਆ । ਭੇਵ ਰਹੇ ਨਾ ਏਕਾ ਦੋ, ਦੂਆ ਏਕੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਪਤ ਸੁਰਿਖੀ ਕਹਿਣ ਅਸੀਂ ਵੇਖੀਏ ਜੋਤ ਸ਼ਬਦ ਦੀ ਧਾਰ, ਤਤ ਵਜੂਦ ਨਜ਼ਰ ਕੋਇ ਨਾ ਆਈਆ । ਸ਼ਬਦੀ ਨਾਮ ਧੁਨ ਜੈਕਾਰ, ਅਗੰਮ ਅਥਾਹ ਅਥਾਹ ਵਡਿਆਈਆ । ਜਿਸ ਦਾ ਲੇਖਾ ਕਾਗਦ ਕਲਮ ਨਾ ਲਿਖਣਹਾਰ, ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਸੋ ਖੇਲ ਕਰੇ ਕਰਤਾਰ, ਕੁਦਰਤ ਦਾ ਕਾਦਰ ਦਇਆ ਕਮਾਈਆ । ਪੂਰਬ ਲਹਿਣਾ ਲਏ ਪਹਿਚਾਨ, ਸਾਡਾ ਲੇਖਾ ਵੇਖ ਵਖਾਈਆ । ਓਸੇ ਧਰਨੀ ਪਹੁੰਚਿਆ ਆਣ, ਜਿਥੇ ਧੂਣੀਆਂ ਗਏ ਤਪਾਈਆ । ਸਾਡੀ ਮਨਸਾ ਕਰ ਪਰਵਾਨ, ਪਰਮ ਪੁਰਖ ਵੇਖ ਵਖਾਈਆ । ਭਾਰਦਵਾਜ ਕਰੇ ਚਰਨ ਧਿਆਨ, ਨਿਉਂ ਨਿਉਂ ਸੀਸ ਝੁਕਾਈਆ । ਅਤਰੀ ਕਹੇ ਮੇਰੇ ਭਗਵਾਨ, ਤੇਰੀ ਵਡ ਵਡਿਆਈਆ । ਖੇਲ ਕਰਿਆ ਵਿਚ ਜਹਾਨ, ਵੇਸ ਅਵੱਲੜਾ ਆਪ ਪਰਗਟਾਈਆ । ਜਿਸ ਨੂੰ ਸਕੇ ਨਾ ਕੋਇ ਪਹਿਚਾਨ, ਨੇਤਰ ਅੱਖ ਨਾ ਕੋਇ ਸਮਝਾਈਆ । ਜੋਧਾ ਸੂਰਬੀਰ ਬਣ ਬਲਵਾਨ, ਬਲਧਾਰੀ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਰੰਗ ਰੰਗਾਈਆ । ਸਪਤ ਸੁਰਿਖ ਕਹਿਣ ਸਾਡੀ ਪੁੰਨੀ ਆਸ, ਨਰਾਸਾ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਦੇਈਏ ਸ਼ਾਬਾਸ਼, ਜਿਨ੍ਹਾਂ ਮਿਲਿਆ ਸਹਿਜ ਸੁਭਾਈਆ । ਹਰ ਹਿਰਦੇ ਰੱਖੇ ਵਾਸ, ਗ੍ਰਿਹ ਮੰਦਰ ਜੋਤ ਰੁਸ਼ਨਾਈਆ । ਅੰਧੇਰੀ ਕੰਦਰ ਕਰੇ ਪ੍ਰਕਾਸ਼, ਨੇਤਰ ਲੋਇਣ ਅੱਖ ਖੁਲ੍ਹਾਈਆ । ਅੰਤਮ ਵੇਖੇ ਪੁਛੇ ਵਾਤ, ਹੋਏ ਆਪ ਸਹਾਈਆ । ਦੇਵੇ ਨਾਮ ਦੀ ਦਾਤ, ਦਾਤਾ ਸਹਿਜ ਸੁਖਦਾਈਆ । ਝਗੜਾ ਮੇਟ ਕੇ ਜ਼ਾਤ ਪਾਤ, ਆਤਮ ਬ੍ਰਹਮ ਇਕ ਸਮਝਾਈਆ । ਸਭ ਦਾ ਪੂਰਾ ਕਰ ਭਵਿਖਤ ਵਾਕ, ਲੇਖਾ ਲੇਖੇ ਵਿਚੋਂ ਲਗਾਈਆ । ਸਾਡਾ ਸਭ ਦਾ ਕਰਕੇ ਸਾਥ, ਸਗਲਾ ਤੋੜ ਨਿਭਾਈਆ । ਬਿਨ ਸੀਸ ਤੋਂ ਟੇਕੀਏ ਮਾਥ, ਚਰਨ ਕਵਲ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਪਤ ਸੁਰਿਖ ਕਹਿਣ ਖ਼ੁਸ਼ੀਆਂ ਨਾਲ ਜਾਈਏ ਦੱਸ, ਦਹਿ ਦਿਸ਼ਾ ਧਿਆਨ ਲਗਾਈਆ । ਜਿਸ ਦਾ ਚਾਰ ਜੁਗ ਗਾਇਆ ਜਸ, ਢੋਲੇ ਸਿਫ਼ਤਾਂ ਵਿਚ ਸਾਲਾਹੀਆ । ਜਿਸ ਦਾ ਨਾਮ ਬਾਣੀ ਮਾਣਦੇ ਰਸ, ਰਸਨਾ ਜਿਹਵਾ ਰਾਗ ਅਲਾਈਆ । ਸੋ ਪੁਰਖ ਅਕਾਲਾ ਸਾਹਿਬ ਸਮਰਥ, ਨਿਰਗੁਣ ਧਾਰ ਵੇਸ ਵਟਾਈਆ । ਖੋਜਿਆਂ ਕਿਸੇ ਨਾ ਆਵੇ ਹੱਥ,

ਜੂਹ ਜੰਗਲ ਦੇਣ ਦੁਹਾਈਆ । ਜਨ ਭਗਤਾਂ ਕਿਰਪਾ ਕਰੇ ਆਪ, ਆਪ ਆਪਣਾ ਰੰਗ ਰੰਗਾਈਆ । ਆਤਮ ਦਾ ਪਰਮਾਤਮ ਬਣ ਕੇ ਬਾਪ, ਗੋਦ ਸੁਹੰਜਣੀ ਇਕ ਸੁਹਾਈਆ । ਤੂੰ ਮੇਰਾ ਮੈਂ ਤੇਰਾ ਕਰਨਾ ਜਾਪ, ਦੂਜੀ ਵਿਦਿਆ ਅਵਰ ਨਾ ਕੋਇ ਪੜ੍ਹਾਈਆ । ਸਤਿ ਸਚ ਦਾ ਜੋੜ ਕੇ ਨਾਤ, ਨਾਤਾ ਆਪਣੇ ਨਾਲ ਰਖਾਈਆ । ਇਕੋ ਮੰਜ਼ਲ ਪੌੜੀ ਚੜ੍ਹਾ ਕੇ ਘਾਟ, ਦਰਗਹ ਸਾਚੀ ਦਏ ਦਸਾਈਆ । ਆਵਣ ਜਾਵਣ ਦੀ ਮੇਟੇ ਵਾਟ, ਝਗੜਾ ਚੁਰਾਸੀ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਪੂਰਾ ਕਰੇ ਭਵਿਖਤ ਵਾਕ, ਵਾਕਫ਼ਕਾਰ ਆਦਿ ਅੰਤ ਜੁਗਾ ਜੁਗੰਤ ਇਕ ਅਖਵਾਈਆ ।

## ੨੯ ਪੋਹ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ

ਸਚਖੰਡ ਨਿਵਾਸੀ ਵੇਖੇ ਖੇਲ ਕਲਜੁਗ ਕਲ ਦੀ, ਕਲ ਕਲਕੀ ਵੇਸ ਵਟਾਈਆ । ਗੁਰ ਅਵਤਾਰ ਪੈਗ਼ੰਬਰ ਕਰੋ ਜਲਦੀ, ਦਰਗਾਹ ਸਾਚੀ ਹੁਕਮ ਸੁਣਾਈਆ । ਲੋਕਮਾਤ ਵੇਖੋ ਅੱਗ ਬਲਦੀ, ਚਾਰ ਕੁੰਟ ਸਕੇ ਨਾ ਕੋਇ ਬੁਝਾਈਆ । ਤਾਕਤ ਰਹੀ ਨਾ ਕਿਸੇ ਮੱਲ ਦੀ, ਬਾਹੂ ਬਲ ਨਾ ਕੋਇ ਚਤੁਰਾਈਆ । ਮਨ ਕਲਪਣਾ ਹੋ ਗਈ ਛਲ ਦੀ, ਅਛਲ ਅਛੱਲ ਗਏ ਭੁਲਾਈਆ । ਚੰਗਿਆਈ ਰਹੀ ਨਾ ਸਾਢੇ ਤਿੰਨ ਹੱਥ ਤਤ ਖੱਲ ਦੀ, ਹੱਡ ਮਾਸ ਨਾੜੀ ਦਏ ਦੁਹਾਈਆ । ਆਤਮ ਪਰਮਾਤਮ ਧਾਰ ਕੋਇ ਨਾ ਰਲਦੀ, ਸੁਰਤੀ ਸ਼ਬਦ ਨਾ ਕੋਇ ਸਮਾਈਆ । ਸਦੀ ਚੌਧਵੀਂ ਕਦੇ ਨਾ ਟਲਦੀ, ਪਰਵਰਦਿਗਾਰ ਰਿਹਾ ਦ੍ਰਿੜਾਈਆ । ਗੋਬਿੰਦ ਖੇਲ ਸਦਾ ਅਟਲ ਦੀ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਨੂਰ ਅਲਾਹੀਆ । ਸਚਖੰਡ ਨਿਵਾਸੀ ਕਹੇ ਗੁਰ ਅਵਤਾਰ ਪੈਗ਼ੰਬਰ ਜਾਗੋ, ਸਚ ਦਵਾਰ ਲਓ ਅੰਗੜਾਈਆ । ਹੁਕਮ ਮੰਨੋ ਕੰਤ ਸੁਹਾਗੋ, ਧੁਰ ਫ਼ਰਮਾਨਾ ਅਗੰਮ ਅਥਾਹੀਆ । ਨਿਰਗੁਣ ਧਾਰ ਹੋ ਕੇ ਭਾਗੋ, ਲੋਕਮਾਤ ਵੇਖ ਵਖਾਈਆ । ਕਿਉਂ ਤੁਹਾਡੇ ਸਿਖ ਮੁਰੀਦ ਹੰਸ ਹੋਏ ਕਾਗੋ, ਮਨ ਮਮਤਾ ਵਿਚ ਹਲਕਾਈਆ । ਦੀਨ ਮਜ਼੍ਹਬ ਦਾ ਝਗੜਾ ਤਿਆਗੋ, ਏਕਾ ਦੱਸੋ ਨਾਮ ਖ਼ੁਦਾਈਆ । ਸਭ ਦੇ ਅੰਦਰ ਵੜ ਕੇ ਹਿਰਦੇ ਸਾਧੋ, ਸਾਧਨਾ ਇਕੋ ਦੇਣੀ ਜਣਾਈਆ । ਪ੍ਰਭ ਠਾਕਰ ਆਦਿ ਅੰਤ ਦੀਨ ਦੁਨੀ ਦਾ ਮਾਧੋ, ਮਧੁਰ ਧੁਨ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਚਖੰਡ ਨਿਵਾਸੀ ਕਹੇ ਮੇਰਾ ਫ਼ਰਮਾਨਾ, ਨਾ ਕੋਈ ਮੇਟੇ ਮੇਟ ਮਿਟਾਈਆ । ਤੇਈ ਅਵਤਾਰਾਂ ਉਠ ਜਾਣਾ, ਜੋਤੀ ਜੋਤ ਜੋਤ ਰੁਸ਼ਨਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਵੇਖਣਾ ਖੇਲ ਦੋ ਜਹਾਨਾਂ, ਚੌਦਾਂ ਤਬਕ ਨਾ ਕੋਇ ਚਤੁਰਾਈਆ । ਦਸ ਗੁਰੂ ਤਕੋ ਨਾਮ ਵੰਞ ਮੁਹਾਣਾ, ਨੌ ਖੰਡ ਪ੍ਰਿਥਮੀ ਫੋਲ ਫੁਲਾਈਆ । ਸਤਿ ਦਾ ਰਿਹਾ ਕੋਈ ਨਾ ਬਾਣਾ, ਭਾਣਾ ਮੰਨੇ ਨਾ ਕੋਈ ਬੇਪਰਵਾਹੀਆ । ਸਾਰੀ ਸ੍ਰਿਸ਼ਟੀ ਰਸਨਾ ਜਿਹਵਾ ਗਾਉਂਦੀ ਗਾਣਾ, ਹਿਰਦੇ ਹਰਿ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਦਾਤਾ ਬੇਪਰਵਾਹੀਆ । ਸਚਖੰਡ ਨਿਵਾਸੀ ਕਹੇ ਗੁਰ ਅਵਤਾਰ ਪੈਗ਼ੰਬਰ ਵੇਖਣਾ ਵਕਤ, ਨਵ ਦਸ ਜਣਾਈਆ । ਪਹੁੰਚਣਾ ਧਰਨੀ ਉਪਰ ਜਗਤ, ਧਵਲ ਨੂਰ ਰੁਸ਼ਨਾਈਆ । ਹੁਕਮ

ਸੁਣਨਾ ਏਕਾ ਫ਼ਕਤ, ਫ਼ਿਕਰੇ ਪਿਛਲੇ ਦੇਣੇ ਭੁਲਾਈਆ । ਤੁਹਾਡੀ ਸਭ ਦੀ ਪੂਰੀ ਕਰਨੀ ਸ਼ਰਤ, ਸ਼ਰਅ ਜ਼ੰਜੀਰ ਦੇਣੀ ਕਟਾਈਆ । ਜੋ ਵਾਲੀ ਉਪਰ ਅਰਸ਼, ਸੋ ਫ਼ਰਸ਼ ਹੋਏ ਸਹਾਈਆ । ਭਵਿਖਤਾਂ ਲਿਖਤਾਂ ਦਾ ਲਾਹੁਣਾ ਕਰਜ਼, ਮਕਰੂਜ਼ ਲਹਿਣਾ ਦੇਣਾ ਦਏ ਚੁਕਾਈਆ । ਨਾਮ ਕਲਮੇ ਦੀ ਬਦਲ ਦੇਣੀ ਤਰਜ਼, ਇਕੋ ਢੋਲਾ ਦੇਣਾ ਸਮਝਾਈਆ । ਆਤਮਾ ਪਰਮਾਤਮ ਸਾਂਝੀ ਗ਼ਰਜ਼, ਦੂਜਾ ਇਸ਼ਟ ਨਾ ਕੋਇ ਰਖਾਈਆ । ਬ੍ਰਹਮ ਪਾਰਬ੍ਰਹਮ ਵੰਡੇ ਦਰਦ, ਈਸ਼ ਜੀਵ ਵੱਜੇ ਵਧਾਈਆ । ਮਜ਼੍ਹਬ ਛੁਰੀ ਰਹੇ ਨਾ ਕਰਦ, ਕਸਾਈ ਕਜ਼ਾ ਨਾ ਰੂਪ ਜਣਾਈਆ । ਇਕੋ ਵਾਰ ਮੰਨ ਕੇ ਅਰਜ਼, ਆਰਜ਼ੂ ਸਭ ਦੀ ਵੇਖ ਵਖਾਈਆ । ਆਦਿ ਅੰਤ ਦਾ ਜੁਗਾ ਜੁਗੰਤ ਦਾ ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਸੂਰਬੀਰ ਮਰਦਾਨਾ ਮਰਦ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਨੇ ਗੋਬਿੰਦ ਹੱਥ ਫੜਾਈ ਖੜਗ, ਉਹ ਨਾਮ ਖੰਡਾ ਰਿਹਾ ਚਮਕਾਈਆ । ਸਭ ਦੀ ਪੂਰੀ ਕਰਨੀ ਪਿਛਲੀ ਲਿਖਤ ਪੜ੍ਹਤ, ਲੇਖਾ ਅਵਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਇਕੋ ਵਾਰ ਮਾਰੇ ਛਾਲ, ਸ਼ਾਲਾ ਮਿਲੇ ਵਡਿਆਈਆ । ਤੁਸੀਂ ਚਾਰ ਜੁਗ ਦੇ ਪ੍ਰਭੂ ਦੇ ਲਾਲ, ਬਾਲੇ ਨੱਢੇ ਸੋਭਾ ਪਾਈਆ । ਮੇਰੇ ਨਾਮ ਦੇ ਜਗਤ ਦਲਾਲ, ਅੱਖਰਾਂ ਵਾਲੀ ਕਰ ਕੇ ਆਏ ਪੜ੍ਹਾਈਆ । ਕਾਇਆ ਮੰਦਰ ਦੱਸ ਕੇ ਆਏ ਧਰਮਸਾਲ, ਸਾਢੇ ਤਿੰਨ ਹੱਥ ਵੱਜੀ ਵਧਾਈਆ । ਝਗੜਾ ਪਾ ਕੇ ਆਏ ਕਾਲ ਮਹਾਕਾਲ, ਨੌਂ ਦਸ ਵਿਚ ਸਮਝਾਈਆ । ਸਦੀ ਚੌਧਵੀਂ ਕਰੇ ਨਾ ਕੋਇ ਸੰਭਾਲ, ਵੇਖੋ ਦੀਨ ਮਜ਼੍ਹਬ ਕਰੇ ਲੜਾਈਆ । ਫੱਲ ਰਿਹਾ ਨਾ ਕਿਸੇ ਡਾਲ, ਹਿੰਦੂ ਮੁਸਲਿਮ ਸਿਖ ਈਸਾਈ ਰਹੇ ਕੁਰਲਾਈਆ । ਤ੍ਰੈਗੁਣ ਮਾਇਆ ਤੋੜੇ ਨਾ ਕੋਈ ਜੰਜਾਲ, ਅੱਲਾ ਵਾਹਿਗੁਰੂ ਰਾਮ ਹਰੀ ਓਮ ਤਤ ਸਤਿ ਹੋਵੇ ਨਾ ਕੋਇ ਸਹਾਈਆ । ਜਿਹੜੀ ਘਾਲਣਾ ਆਏ ਘਾਲ, ਅੰਤ ਲੇਖੇ ਨਾ ਕੋਇ ਲਗਾਈਆ । ਫੱਲ ਦਿਸੇ ਨਾ ਦੀਨ ਮਜ਼੍ਹਬ ਦੇ ਡਾਲ, ਸਿੰਮਲ ਰੁੱਖ ਜਗਤ ਲੋਕਾਈਆ । ਅਨਹਦ ਨਾਦੀ ਧੁਨ ਵੱਜੇ ਨਾ ਕੋਇ ਤਾਲ, ਅਗੰਮੀ ਰਾਗ ਨਾ ਕੋਇ ਸੁਣਾਈਆ । ਪਹਿਲੋਂ ਆਪਣੇ ਆਪਣੇ ਸਿਖ ਮੁਰੀਦ ਲੈਣੇ ਭਾਲ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ ਖੋਜ ਖੁਜਾਈਆ । ਫੇਰ ਸਭ ਦਾ ਦੱਸਣਾ ਹਾਲ, ਪਰਦਾ ਰਹੇ ਨਾ ਰਾਈਆ । ਸਭ ਦੀ ਇਕੋ ਬੇਨੰਤੀ ਇਕੋ ਹੋਵੇ ਸਵਾਲ, ਦੂਜੀ ਆਵਾਜ਼ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਉਠ ਕੇ ਹੋਣਾ ਸਵਾਧਾਨ, ਸਾਧਨਾ ਅਵਰ ਨਾ ਕੋਇ ਜਣਾਈਆ । ਆਪਣਿਆਂ ਆਪਣਿਆਂ ਅੱਖਰਾਂ ਦਾ ਵੇਖੋ ਗਿਆਨ, ਜੋ ਕਾਗ਼ਜ਼ਾਂ ਉਤੇ ਆਏ ਲਿਖਾਈਆ । ਜਿਸ ਨੂੰ ਰਸਨਾ ਨਾਲ ਜੇਹਵਾ ਨਾਲ ਬੱਤੀ ਦੰਦਾਂ ਸਾਰੇ ਗਾਣ, ਪੜ੍ਹ ਪੜ੍ਹ ਸਰਵਣਾਂ ਰਹੇ ਸੁਣਾਈਆ । ਨਿਗਹ ਮਾਰੋ ਸਚਖੰਡ ਦਵਾਰੇ ਕੋਈ ਨਾ ਮਿਲਿਆ ਆਣ, ਦਰਗਹ ਸਾਚੀ ਜੋਤ ਨਾ ਕੋਇ ਰੁਸ਼ਨਾਈਆ । ਮੈਂ ਕਲਜੁਗ ਅੰਤ ਹੋਇਆ ਹੈਰਾਨ, ਹੈਰਾਨੀ ਵਿਚ ਸਮਝਾਈਆ । ਕਿਧਰ ਸਿਖਿਆ ਗਈ ਵੇਦ ਪੁਰਾਨ, ਅੰਜੀਲ ਕੁਰਾਨ ਕੀ ਚਤੁਰਾਈਆ । ਬਾਣੀ ਅਣਿਆਲਾ ਮਾਰੇ ਕੋਈ ਨਾ ਬਾਣ, ਬੰਨਾ ਹੱਦ ਨਾ ਕੋਇ ਤੁੜਾਈਆ । ਇਕ ਗੋਬਿੰਦ ਦੇ ਕੇ ਗਿਆ ਫ਼ਰਮਾਨ, ਸੰਦੇਸ਼ਾ ਸ਼ਹਿਨਸ਼ਾਹੀਆ । ਜਿਸ ਵੇਲੇ ਮਾਛੂਵਾੜੇ ਦੀ ਸੇਜੇ ਸੁੱਤਾ ਨੌਜਵਾਨ, ਸੱਥਰ ਯਾਰੜਾ ਇਕ ਹੰਢਾਈਆ । ਚਿੱਲਾ ਖਿੱਚ ਕੇ ਤੀਰ ਕਮਾਨ, ਤਰਕਸ਼ ਆਪਣਾ ਲਿਆ ਹਿਲਾਈਆ । ਹੱਸ ਕੇ ਕਿਹਾ ਦੱਸ ਮੇਰੇ ਮਿਹਰਵਾਨ, ਮਹਿਬੂਬ ਬੇਪਰਵਾਹੀਆ । ਕਲਜੁਗ

ਅੰਤ ਕਿਸ ਬਿਧ ਖੇਲ ਕਰੇਂ ਜਹਾਨ, ਜਹਾਲਤ ਕੂੜੀ ਦਏਂ ਕਢਾਈਆ । ਅਸੀਂ ਗੁਰੂ ਅਵਤਾਰ ਪੈਗ਼ੰਬਰ ਤੇਰੀ ਮਜ਼੍ਹਬਾਂ ਵਾਲੀ ਚਲਾਉਂਦੇ ਰਹੇ ਦੁਕਾਨ, ਪਰਚੂਨ ਤੇਰਾ ਨਾਮ ਹੱਟ ਵਿਕਾਈਆ । ਮੈਂ ਨਿਉਂ ਕੇ ਕਰਾਂ ਪਰਨਾਮ, ਬਿਨ ਚਰਨਾ ਸੀਸ ਝੁਕਾਈਆ । ਤੂੰ ਘਨਈਆ ਕਾਹਨਾਂ ਦਾ ਕਾਹਨ, ਜਿਸ ਨੂੰ ਸੀਤਾ ਰਾਮ ਰਾਮ ਕਹਿ ਕੇ ਸੀਸ ਝੁਕਾਈਆ । ਜੋ ਨਿਰਗੁਣ ਸਰਗੁਣ ਖੇਲੇ ਖੇਲ ਮਹਾਨ ਮਹਿੰਮਾ ਅਗੰਮ ਅਥਾਹੀਆ । ਸਾਨੂੰ ਦੇ ਕੇ ਥੋੜਾ ਥੋੜਾ ਦਾਨ, ਗੁਰ ਅਵਤਾਰ ਪੈਗ਼ੰਬਰਾਂ ਮਾਤਲੋਕ ਦਿਤਾ ਪਰਚਾਈਆ । ਅਸੀਂ ਖ਼ੁਸ਼ੀਆਂ ਵਿਚ ਲੱਗੇ ਗਾਣ, ਓਮ ਰਾਮ ਕ੍ਰਿਸ਼ਨ ਅੱਲਾ ਸਤਿਨਾਮ ਵਾਹਿਗੁਰੂ ਕਹਿ ਕੇ ਤੇਰੀ ਸਿਫ਼ਤ ਸਾਲਾਹੀਆ । ਤੇਰੀ ਸੱਚੀ ਇਕ ਦੱਸੀ ਨਾ ਕਿਸੇ ਪਹਿਚਾਣ, ਤੇਰਾ ਨੂਰ ਇਕ ਨਾ ਕੋਇ ਰੁਸ਼ਨਾਈਆ । ਸਾਡੇ ਪਿਛੇ ਜੀਵ ਤੇਰਾ ਵੱਖਰਾ ਵੱਖਰਾ ਨਾਮ ਗਾਣ, ਤੇਰੇ ਨਾਮ ਦੀ ਪਈ ਲੜਾਈਆ । ਆਹ ਲੈ ਮੇਰਾ ਚਿੱਲਾ ਆਹ ਲੈ ਮੇਰਾ ਕਮਾਨ, ਭੱਥਾ ਫੜ ਕੇ ਦਿਤਾ ਸੁਟਾਈਆ । ਜੇ ਮੈਂ ਗੋਬਿੰਦ ਤੂੰ ਭਗਵਾਨ, ਕਿਉਂ ਨਾ ਮਿਹਰਵਾਨ ਦਾ ਰੂਪ ਵਟਾਈਆ । ਮੇਰੇ ਵਾਸਤੇ ਨਾ ਕੋਈ ਹਿੰਦੂ ਨਾ ਮੁਸਲਮਾਨ, ਸਿੱਖ ਤੇਰੀ ਸਾਬਤ ਸੂਰਤ ਦਿਤੀ ਸਮਝਾਈਆ । ਇਕ ਤੇਰੀ ਮੰਨਾ ਆਣ, ਦੂਸਰ ਸੀਸ ਨਾ ਕਿਸੇ ਝੁਕਾਈਆ । ਇਕ ਤੇਰਾ ਪ੍ਰੇਮ ਮੇਰਾ ਪੀਣ ਖਾਣ, ਦੂਜੀ ਆਸ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਦੇਵੇ ਮਾਣ ਵਡਿਆਈਆ । ਪੁਰਖ ਅਕਾਲ ਤਾੜੀ ਮਾਰ ਕੇ ਹੱਸਾ, ਖ਼ੁਸ਼ੀਆਂ ਨਾਲ ਜਣਾਈਆ । ਗੋਬਿੰਦ ਸ਼ਬਦ ਗੁਰੂ ਆਦਿ ਅੰਤ ਦਾ ਮੇਰਾ ਬੱਚਾ, ਜੋ ਤੇਰੇ ਵਿਚ ਸਮਾਈਆ । ਤੇਰੀ ਕਾਇਆ ਦਾ ਭਾਂਡਾ ਕੱਚਾ, ਅੰਤ ਰਹਿਣ ਜਗ ਨਾ ਪਾਈਆ । ਤੈਨੂੰ ਖੇਲ ਵਖਾਵਾਂ ਬਿਨਾ ਅੱਖਾਂ, ਇਕ ਨੂਰ ਕਰ ਰੁਸ਼ਨਾਈਆ । ਤੇਰਾ ਰੂਪ ਧਰਾਵਾਂ ਸੱਚਾ, ਸਚ ਵਿਚ ਵਡਿਆਈਆ । ਸੁਣਨਾ ਮੇਰਾ ਪਤਾ, ਪੱਤਨਾਂ ਦੇ ਮਾਲਕ ਦਿਆਂ ਜਣਾਈਆ । ਜਿਸ ਵੇਲੇ ਸਤਿ ਧਰਮ ਰਿਹਾ ਨਾ ਰਤਾ, ਚਾਰੋਂ ਕੁੰਟ ਅੰਧੇਰਾ ਛਾਈਆ । ਮਾਣ ਰਹਿਣਾ ਨਹੀਂ ਗੁਰੂ ਦਸਾਂ, ਦਸ ਦਸਮੇਸ ਰਿਹਾ ਦ੍ਰਿੜਾਈਆ । ਉਸ ਦੀ ਧਾਰ ਓਸੇ ਵਿਚ ਵਸਾਂ, ਵਾਸਤਾ ਇਕੋ ਨਾਲ ਰਖਾਈਆ । ਬਿਨਾ ਲੱਤਾਂ ਬਾਹਵਾਂ ਤੋਂ ਨੱਸਾਂ, ਚਾਰ ਕੁੰਟ ਭੱਜਾਂ ਵਾਹੋ ਦਾਹੀਆ । ਪਿਛਲੀ ਡੋਰੀ ਸਭ ਦੀ ਕਟਾਂ, ਕਟਾਖ਼ਸ਼ ਆਪਣਾ ਨਾਮ ਲਗਾਈਆ । ਚਾਰ ਜੁਗ ਦਾ ਖ਼ਤਮ ਕਰ ਕੇ ਪਟਾ, ਪਟਨੇ ਵਾਲਾ ਇਕੋ ਤੇਰਾ ਹੁਕਮ ਸੁਣਾਈਆ । ਕਲਜੁਗ ਕੂੜੀ ਕਿਰਿਆ ਮੇਟ ਕੇ ਘੱਟਾ, ਸਤਿਜੁਗ ਸਾਚਾ ਰਾਹ ਵਖਾਈਆ । ਝਗੜਾ ਮੁਕਾ ਕੇ ਤਤ ਅੱਠਾ, ਆਤਮ ਬ੍ਰਹਮ ਦਿਆਂ ਦ੍ਰਿੜਾਈਆ । ਦੀਨ ਦੁਨੀ ਨੂੰ ਕਢ ਕੇ ਵਿਚੋਂ ਮਨਮਤਾ, ਧਰਮ ਦਵਾਰਾ ਇਕ ਸਮਝਾਈਆ । ਕੋਟਾਂ ਵਿਚੋਂ ਤੇਰਾ ਭਗਤ ਲੱਭਾਂ ਜੋ ਤੇਰੇ ਵਿਚ ਹੋਵੇ ਰੱਤਾ, ਰਤਨ ਅਮੋਲਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਸੀਸ ਨਿਵਾਈਆ । ਸਚਖੰਡ ਨਿਵਾਸੀ ਕਹੇ ਗੁਰ ਅਵਤਾਰ ਪੈਗ਼ੰਬਰ ਚਾਰੋਂ ਕੁੰਟ ਲਾਉਣਾ ਚੱਕਰ, ਚਕਰਵਰਤੀ ਵੇਖਣੇ ਥਾਉਂ ਥਾਈਆ । ਆਪਣੇ ਨਾਮ ਬਾਣੀ ਦਾ ਵੇਖਣਾ ਅੱਖਰ, ਕਲਮੇ ਖੋਜ ਖੁਜਾਈਆ । ਕੀ ਮੁੱਲਾ ਸ਼ੇਖ਼ ਪੰਡਤਾਂ ਦਾ ਹੋਇਆ ਹਸ਼ਰ, ਵਿਦਵਾਨਾਂ ਕੀ ਚਤੁਰਾਈਆ । ਕੀ ਲੇਖ ਲਿਖਦੇ ਵਿਚ ਨਸਰ, ਸਹਿਜ ਦੇਣਾ ਸਮਝਾਈਆ । ਸਦੀ ਚੌਧਵੀਂ ਦੀ ਪੈਗ਼ੰਬਰੋ ਵੇਖਣੀ ਰਚਨ, ਪੜਦਾ ਨਕਾਬ ਲੈਣਾ ਉਠਾਈਆ । ਉਹ ਗੋਬਿੰਦ ਇਕ ਪੁਰਖ ਅਕਾਲ ਦਾ ਮੰਨਣਾ ਬਚਨ, ਜੋ ਬੱਚੇ ਨੀਹਾਂ ਹੇਠ ਦਬਾਈਆ । ਫੇਰ ਵੇਖਣਾ ਸਚਖੰਡ ਦਵਾਰ ਮੇਰਾ ਵਤਨ, ਜਿਥੇ ਵਸੇ ਧੁਰਦਰਗਾਹੀਆ । ਸਭ ਦਾ ਇਕੋ

ਦਵਾਰਾ ਤੇ ਇਕੋ ਪੱਤਣ, ਦੀਨ ਮਜ਼੍ਹਬ ਦੀ ਵੰਡ ਨਾ ਕੋਇ ਵੰਡਾਈਆ । ਅੱਗੇ ਚਲਣਾ ਨਹੀਂ ਕਿਸੇ ਦਾ ਯਤਨ, ਯਥਾਰਥ ਦਿਆਂ ਦ੍ਰਿੜਾਈਆ । ਕਲਜੁਗ ਅੰਤਮ ਨਿਰਗੁਣ ਜੋਤ ਅੱਗੇ ਸਭ ਨੂੰ ਆਵਾਂ ਰੱਖਣ, ਰੱਖਿਆ ਕਰਾਂ ਥਾਉਂ ਥਾਈਂਆ । ਪਿਛਲੀ ਡੋਰੀ ਆਵਾਂ ਕੱਟਣ, ਕਟਾਖ਼ਸ਼ ਆਪਣਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਵਡ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਇਕ ਦੂਜੇ ਨੂੰ ਮਾਰਨ ਹਲੂਣਾ, ਜੋਤੀ ਧਾਰ ਰਹੇ ਜਗਾਈਆ । ਰਸਨਾ ਨਾਲ ਕਿਸੇ ਨਹੀਂ ਕੂਣਾ, ਜਿਹਵਾ ਜਗਤ ਨਾ ਕੋਇ ਹਿਲਾਈਆ । ਨਾਮ ਕਲਮੇ ਦਾ ਕਰਨਾ ਨਹੀਂ ਕੋਈ ਟੂਣਾ, ਜਾਦੂ ਮਜ਼੍ਹਬ ਨਾ ਕੋਇ ਵਖਾਈਆ । ਅੱਖਰਾਂ ਵਾਲਾ ਵੱਖ ਵੱਖ ਲਿਖਣਾ ਨਹੀਂ ਮਜ਼ਮੂਨਾ, ਧੁਰ ਦਾ ਨਾਮ ਵੰਡ ਵੰਡਾਈਆ । ਫੇਰ ਕਲਜੁਗ ਵੇਖਣਾ ਕਵਣ ਜੀਵ ਨਾਮ ਵਿਹੂਣਾ, ਹਰ ਇਕ ਦੇ ਅੰਦਰ ਵੜ ਕੇ ਕਾਇਆ ਮੰਦਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਹੁਕਮ ਇਕ ਜਣਾਈਆ । ਗੁਰ ਅਵਤਾਰ ਪੈਗ਼ੰਬਰ ਸ਼ਬਦੀ ਧਾਰ ਮਾਰਨ ਹੁਜਾਂ, ਹਲੂਣੇ ਰਹੇ ਲਗਾਈਆ । ਵੇਖੋ ਪ੍ਰਭ ਦਾ ਖੇਲ ਗੁੱਝਾ, ਚਾਰ ਜੁਗ ਦੇ ਸ਼ਾਸਤਰ ਨਾ ਸਕੇ ਸਮਝਾਈਆ । ਜਿਸ ਦੇ ਵਿਚ ਭੇਵ ਨਹੀਂ ਕੋਇ ਦੂਜਾ, ਏਕਾ ਏਕੰਕਾਰ ਨਜ਼ਰੀ ਆਈਆ । ਸਭ ਦਾ ਮਾਲਕ ਤੇ ਸਭ ਦਾ ਏਹੋ ਮੁੱਦਾ, ਮੁੱਦਤ ਦੇ ਵਿਛੜੇ ਲਏ ਮਿਲਾਈਆ । ਜਿਸ ਨੇ ਮਾਣ ਦਵਾਇਆ ਜੋ ਮਨੁਸ਼ ਜ਼ਾਤੀ ਵਿਚ ਸਭ ਤੋਂ ਬੁੱਢਾ, ਜਨ ਭਗਤਾਂ ਹੋਵੇ ਸਹਾਈਆ । ਖੇਲੇ ਖੇਲ ਉਪਰ ਬਸੁਧਾ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਏਕਾ ਆਪਣਾ ਨਾਮ ਕਰਾਏ ਉਘਾ, ਉਗਣ ਆਥਣ ਸਾਰੇ ਸੀਸ ਨਿਵਾਈਆ । ਏਕਾ ਪ੍ਰਭੂ ਦਾ ਦਵਾਰਾ ਹੋਵੇ ਝੁੱਗਾ, ਚਾਰ ਵਰਨ ਇਕ ਸ਼ਨਵਾਈਆ । ਏਕਾ ਪੌੜਾ ਹੋਵੇ ਉਚਾ, ਹਿੰਦੂ ਮੁਸਲਿਮ ਸਿੱਖ ਈਸਾਈ ਇਕੋ ਮੰਜ਼ਲ ਦਏ ਟਿਕਾਈਆ । ਏਕਾ ਆਤਮ ਹੋਵੇ ਸੁੱਚਾ, ਮਨ ਕਲਪਣਾ ਵਿਚੋਂ ਬਾਹਰ ਕਢਾਈਆ । ਜਿਸ ਤਰ੍ਹਾ ਪੁਰਖ ਅਕਾਲ ਨੇ ਗੋਬਿੰਦ ਨੂੰ ਕਿਹਾ ਆ ਮੇਰਿਆ ਪੁੱਤਾ, ਉਸ ਨੂੰ ਆਪਣੀ ਗੋਦ ਉਠਾਈਆ । ਗੋਬਿੰਦ ਗੁਰਸਿਖਾਂ ਨੂੰ ਕਿਹਾ ਓ ਬੱਚਿਓ ਤੁਹਾਨੂੰ ਛਾਤੀ ਨਾਲ ਘੁੱਟਾਂ, ਆਪਣੇ ਬੱਚੇ ਨੀਹਾਂ ਹੇਠ ਦਬਾਈਆ । ਫੇਰ ਸ਼ਬਦੀ ਧਾਰ ਹੋ ਕੇ ਉਠਾਂ, ਪੁਰਖ ਅਕਾਲ ਨਾਲ ਰਲਾਈਆ । ਕਲਜੁਗ ਕੂੜੀ ਕਿਰਿਆ ਜੜ੍ਹ ਪੁੱਟਾਂ, ਪਟਨੇ ਵਾਲਾ ਆਪਣੀ ਦਏ ਗਵਾਹੀਆ । ਸੂਰਬੀਰ ਮਰਦਾਨ ਹੋ ਕੇ ਫੁੱਟਾਂ, ਫੁੱਟ ਦੀਨ ਦੁਨੀ ਵਿਚੋਂ ਬਾਹਰ ਕਢਾਈਆ । ਜੋਤੀ ਧਾਰ ਨਾਲੋਂ ਕਦੇ ਨਾ ਟੁੱਟਾਂ, ਟੁੱਟਿਆਂ ਲਵਾਂ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਸਚਖੰਡ ਦਵਾਰੇ ਹੋਵਣ ਤਿਆਰ, ਛੱਬੀ ਪੋਹ ਥਿਤ ਵੇਖ ਵਖਾਈਆ । ਸਾਰੇ ਕੌਲ ਕਰੋ ਇਕਰਾਰ, ਵਾਹਦੇ ਵਿਚ ਵਡਿਆਈਆ । ਦੀਨ ਮਜ਼੍ਹਬ ਦਾ ਛਡੀਏ ਤਕਰਾਰ, ਝਗੜਾ ਤਨ ਰਹੇ ਨਾ ਰਾਈਆ । ਮਜ਼੍ਹਬਾਂ ਦੀ ਖਾਏ ਕੋਇ ਨਾ ਖਾਰ, ਖ਼ਾਲਸ ਰੂਪ ਲੈਣਾ ਪਰਗਟਾਈਆ । ਹੁਕਮ ਤੋਂ ਹੋਏ ਕੋਈ ਨਾ ਬਾਹਰ, ਨਮਸਤੇ ਸਲਾਮਾਲੈਕਮ ਕਹਿ ਕੇ ਡੰਡਾਵਤ ਵਿਚ ਸੀਸ ਝੁਕਾਈਆ । ਇਕ ਪ੍ਰਭੂ ਨੂੰ ਕਰਨੀ ਨਿਮਸਕਾਰ, ਦੂਜਾ ਇਸ਼ਟ ਨਾ ਕੋਇ ਮਨਾਈਆ । ਸਾਰੇ ਹੋ ਕੇ ਖਬਰਦਾਰ, ਬਿਨ ਅੱਖਾਂ ਅੱਖ ਉਠਾਈਆ । ਜਿਧਰ ਵੇਖਣ ਉਧਰ ਹਾਹਾਕਾਰ, ਮੱਕੇ ਕਾਅਬੇ ਪਈ ਦੁਹਾਈਆ । ਸਾਚਾ ਮਿਲੇ ਨਾ ਕਿਸੇ ਮੀਤ ਮੁਰਾਰ, ਸੱਜਣ ਸੰਗ ਨਾ ਕੋਇ ਨਿਭਾਈਆ । ਇਕ ਦੂਜੇ ਵੱਲ ਤੱਕਣ ਕਰਨ ਇਸ਼ਾਰ, ਸੈਨਤ ਸ਼ਬਦ ਲਗਾਈਆ । ਬਹੁੜੀ ਕਿਉਂ ਸਾਡੇ ਨਾਮ ਕਲਮੇ ਹੁੰਦਿਆਂ ਸਾਢੇ ਤਿੰਨ ਹੱਥ

ਸਭ ਦੀ ਹੋਈ ਉਜਾੜ, ਪੱਤ ਟਹਿਣੀ ਫਲ ਫੁੱਲ ਹਰਿ ਕਾ ਨਾਮ ਨਜ਼ਰ ਕੋਇ ਨਾ ਆਈਆ । ਤ੍ਰੈਗੁਣ ਮਾਇਆ ਅਗਨੀ ਸਭ ਨੂੰ ਰਹੀ ਸਾੜ, ਤ੍ਰਿਸਨਾ ਤ੍ਰਿਖਾ ਨਾ ਕੋਇ ਗਵਾਈਆ । ਜਿਧਰ ਵੇਖੀਏ ਕਾਮ ਕਰੋਧ ਲੋਭ ਮੋਹ ਹੰਕਾਰ ਲੱਗਾ ਅਖਾੜ, ਸਾਧ ਸੰਤ ਬਚਿਆ ਨਜ਼ਰ ਕੋਇ ਨਾ ਆਈਆ । ਕਲਜੁਗ ਸਭ ਨੂੰ ਪੀੜੀ ਜਾਂਦਾ ਆਪਣੀ ਦਾੜ੍ਹ, ਬਚਿਆ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰਾਂ ਕਿਹਾ ਓ ਗੋਬਿੰਦ, ਜਿਸ ਨੇ ਮਾਝੇ ਵਾਲਿਆਂ ਦਾ ਲੇਖਾ ਬੇਦਾਵੇ ਵਾਲਾ ਦਿਤਾ ਪਾੜ, ਏਸੇ ਤਰਾ ਦੀਨ ਦੁਨੀ ਵਿਚੋਂ ਬਦੀ ਦੇ ਕਢਾਈਆ । ਤੇਰਾ ਪੁਰਖ ਅਕਾਲ ਤੇਰੇ ਨਾਲ, ਦੋਹਾਂ ਦਾ ਇਕੋ ਹੁਕਮ ਤੇ ਇਕ ਸਵਾਲ, ਦੂਜਾ ਖੇਲ ਨਾ ਕੋਇ ਵਖਾਈਆ । ਆਤਮ ਪਰਮਾਤਮ ਦਾ ਬਣ ਦਲਾਲ, ਸ਼ਬਦ ਗੁਰੂ ਹੋਏ ਸਹਾਈਆ । ਅੱਖਰਾਂ ਵਾਲੀ ਘਾਲਣੀ ਨਾ ਪਏ ਕੋਇ ਘਾਲ, ਮਾਲਾ ਮਣਕੇ ਨਾ ਕੋਇ ਚਤਰਾਈਆ । ਮਿਹਰ ਨਿਗਹ ਨਾਲ ਤੋੜ ਕੇ ਜਗਤ ਜੰਜਾਲ, ਸ਼ਰਅ ਸ਼ਰੀਅਤ ਦੇ ਗਵਾਈਆ । ਜਿਸ ਤਰਾ ਆਪ ਕਿਹਾ ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਧੁਰਦਰਗਾਹੀਆ । ਯਾਰੜੇ ਦਾ ਸੱਥਰ ਹੰਢਾਇਆ ਸੁੱਤਾ ਖ਼ੁਸ਼ੀਆਂ ਨਾਲ, ਆਪਣਾ ਆਸਣ ਲਾਈਆ । ਓਸੇ ਤਰਾ ਵੇਖ ਤੇਰੇ ਬੱਚੇ ਸਾਰੇ ਕੰਗਾਲ, ਤੇਰਾ ਰਾਹ ਤਕਾਈਆ । ਚਾਰ ਕੁੰਟ ਉੱਤਰ ਪੂਰਬ ਪੱਛਮ ਦੱਖਣ ਕਰਦੇ ਫਿਰਦੇ ਭਾਲ, ਬਹੁੜੀ ਕਿਤੋਂ ਨਾ ਮਿਲੇ ਗੋਬਿੰਦ ਮਾਹੀਆ । ਜਿਨ੍ਹਾਂ ਤੇ ਕਿਰਪਾ ਕਰੇਂ ਉਨ੍ਹਾਂ ਨੂੰ ਸੁਤਿਆਂ ਲਏਂ ਉਠਾਲ, ਆਲਸ ਨਿੰਦਰਾ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਸਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੋ ਆਉਂਦਾ ਜਾਂਦਾ ਵੇਲਾ, ਵਕਤ ਦਏ ਵਡਿਆਈਆ । ਗੋਬਿੰਦ ਦਾ ਬਚਨ ਪੂਰਾ ਹੋਣਾ ਇਕੋ ਰੂਪ ਹੋਵੇ ਗੁਰੂ ਚੇਲਾ, ਚੇਲਾ ਗੁਰੂ ਵਿਚ ਸਮਾਈਆ । ਸਤਿਗੁਰੂ ਸਾਰੀ ਦੁਨੀਆ ਨਾਲੋਂ ਵਿਹਲਾ, ਗੁਰਮੁਖਾਂ ਨਾਲ ਨਾਤਾ ਸਦਾ ਰਖਾਈਆ । ਕਿਉਂ ਉਹ ਰਹਿੰਦਾ ਸਾਢੇ ਤਿੰਨ ਹੱਥ ਦੇ ਜੰਗਲ ਬੇਲਾ, ਨੌਂ ਦਵਾਰਿਆਂ ਵਿਚ ਅੰਦਰ ਵੜ ਕੇ ਕਰੇ ਸਫ਼ਾਈਆ । ਗੋਬਿੰਦ ਦਾ ਸਿੱਖ ਪਿਆਰ ਦੇ ਇਮਤਹਾਨ ਵਿਚ ਕਦੇ ਨਾ ਹੋਵੇ ਫ਼ੇਲਾ, ਹਿੰਦਸਾ ਇਕੋ ਨਜ਼ਰੀ ਆਈਆ । ਕਿਉਂ ਜਿਸ ਦਾ ਪੁਰਖ ਅਕਾਲ ਸੱਜਣ ਸੁਹੇਲਾ, ਮਿੱਤਰ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਆਪਣਾ ਆਪ ਲਈਏ ਸੰਭਲ, ਸੰਬਲ ਵੇਖਣਾ ਧੁਰਦਰਗਾਹੀਆ । ਓਢਣ ਨਾਲ ਲੈਣਾ ਨਹੀਂ ਕੋਈ ਕੰਬਲ, ਤਕੀਆ ਲੇਫ ਨਾ ਕੋਇ ਰਖਾਈਆ । ਜਿਸ ਨੂੰ ਕਹਿੰਦੇ ਨੂਰ ਇਲਾਹੀ ਅੱਵਲ, ਆਲਮੀਨ ਅਗੰਮ ਅਥਾਹੀਆ । ਓਸ ਦਾ ਨਜ਼ਾਰਾ ਤਕਣਾ ਉਪਰ ਧਵਲ, ਜੋ ਧੁਰ ਦਾ ਮਾਲਕ ਜੋਤੀ ਜਾਤਾ ਡਗਮਗਾਈਆ । ਜਿਸ ਦੀ ਧਾਰ ਅੰਮ੍ਰਿਤ ਪਵਲ, ਨਿਝਰ ਰਸ ਚਖਾਈਆ । ਜਿਸ ਨੇ ਮਾਣ ਵਡਿਆਈ ਦਿਤੀ ਦੁਸ਼ਟ ਦਮਨ, ਦਾਮਨ ਆਪਣਾ ਇਕ ਵਖਾਈਆ । ਹੁਣ ਸਭ ਨੇ ਵੇਖਣਾ ਓਸ ਦਾ ਚਮਨ, ਬਗ਼ੀਚਾ ਫੁੱਲ ਫੁਲਵਾੜੀ ਗੁਰਮੁਖ ਸੋਹਣੇ ਨਜ਼ਰੀ ਆਈਆ । ਉਸ ਦਾ ਭੇਵ ਜਾਣੇ ਕਵਣ, ਬੁੱਧੀ ਨਾ ਕੋਇ ਚਤੁਰਾਈਆ । ਅੰਮ੍ਰਿਤ ਮੇਘ ਬਰਸੇ ਸਵਣ, ਸਾਵਲ ਸੁੰਦਰ ਕਾਹਨ ਕਾਹਨਾ ਇਕ ਵਡਿਆਈਆ । ਜਿਸ ਨੇ ਭਗਤਾਂ ਮੇਟਣਾ ਅਵਣ ਗਵਣ, ਚੁਰਾਸੀ ਪੰਧ ਮਿਟਾਈਆ । ਸਭ ਨੂੰ ਆਪਣੇ ਵਿਚ ਕਰਕੇ ਦਮਨ, ਦਮਾਂ ਦਾ ਲੇਖਾ ਆਪਣੇ ਵਿਚ ਟਿਕਾਈਆ । ਇਹ ਖੇਲ ਸਵਾਮੀ ਪਵਣ, ਆਦਿ ਜੁਗਾਦਿ ਰੀਤੀ ਚਲੀ ਆਈਆ । ਗੁਰਮੁਖਾਂ ਨੇ ਇਕ ਨਿੱਕੀ ਜੇਹੀ ਤਪਾਉਣੀ ਭੱਠੀ ਤੇ ਤੁਹਾਨੂੰ ਅੱਗੇ ਵਾਸਤੇ ਕਰਨਾ ਪਏ ਨਾ ਹਵਨ, ਅਹੂਤੀ ਧੁਰ ਦਾ ਨਾਮ ਤੁਹਾਡੀ ਕਾਇਆ ਮੰਦਰ

ਵਿਚ ਦੇਣੀ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤੋ ਅਸੀਂ ਆਉਣ ਵਾਲੇ ਮਾਤਲੋਕ, ਲੋਕੋ ਲੋਕੋ ਲੋਕੋ ਦਈਏ ਸੁਣਾਈਆ । ਅਸੀਂ ਸੁਣਾਉਣ ਆਉਣਾ ਇਕ ਸਲੋਕ, ਸੋਹਲਾ ਢੋਲਾ ਧੁਰਦਰਗਾਹੀਆ । ਜਿਸ ਪ੍ਰਭੂ ਦੇ ਭਾਣੇ ਨੂੰ ਸਕੇ ਕੋਈ ਨਾ ਰੋਕ, ਗੁਰ ਅਵਤਾਰ ਪੈਗ਼ੰਬਰ ਸਾਰੇ ਸੀਸ ਨਿਵਾਈਆ । ਓਸ ਦੀ ਤੱਕਣ ਇਕੋ ਨਿਰਮਲ ਜੋਤ, ਜੋ ਆਦਿ ਤੋਂ ਅੰਤ ਤੇ ਜੁਗਾ ਜੁਗੰਤ ਆਪਣਾ ਨੂਰ ਨੂਰ ਵਿਚੋਂ ਪਰਗਟਾਈਆ । ਜਿਸ ਨੂੰ ਲੱਭਦੇ ਕੋਟੀ ਕੋਟ, ਅਨਗਿਣਤ ਬੈਠੇ ਧਿਆਨ ਲਗਾਈਆ । ਸੋਚਾਂ ਰਹੇ ਸੋਚ, ਸਮਝ ਵਿਚ ਨਾ ਕੋਇ ਚਤਰਾਈਆ । ਜੋ ਸਭ ਨੂੰ ਦੇਵੇ ਮੌਜ, ਮਜਲਸ ਆਪਣੇ ਨਾਲ ਰਖਾਈਆ । ਗੁਰਮੁਖੋ ਓਸ ਨੇ ਤੁਹਾਡੀ ਤੁਹਾਡੇ ਵਿਚੋਂ ਕਰਨੀ ਖੋਜ, ਖਵਾਜਾ ਖਿਜਰ ਭੱਜੇ ਵਾਹੋ ਦਾਹੀਆ । ਹੁਣ ਏਨਾ ਲੇਖਾ ਬਹੁਤ, ਅਗਲਾ ਅੱਗੇ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਖ਼ੁਮਾਰੀ ਕਰੇ ਮਦਹੋਸ਼, ਮਧੁਰ ਧੁਨ ਅਗੰਮੀ ਰਾਗ ਸੁਣਾਈਆ ।



### ੨੬ ਪੋਹ ਸ਼ਹਿਨਸ਼ਾਹੀ ਸੰਮਤ ੫ ਰਾਤ ਦੇ ਸਮੇਂ ਹਰਿ ਭਗਤ ਦਵਾਰ ਜੇਠੂਵਾਲ

ਜਨ ਭਗਤੋ ਸਚ ਵਧਾਈ, ਗੁਰ ਅਵਤਾਰ ਪੈਗ਼ੰਬਰ ਰਹੇ ਜਣਾਈਆ । ਜੁਗਾਂ ਪਿਛੋਂ ਸੁਹੰਜਣੀ ਰੁਤੀ ਆਈ, ਹਰਿ ਦਿਤੀ ਮਾਣ ਵਡਿਆਈਆ । ਚਾਰ ਵਰਨ ਬਣਾ ਕੇ ਭੈਣ ਭਾਈ, ਏਕਾ ਰੰਗ ਰੰਗਾਈਆ । ਪ੍ਰਭ ਬਣ ਕੇ ਧੁਰ ਦਾ ਮਾਹੀ, ਗੋਬਿੰਦ ਆਪਣੀ ਗੋਦ ਸੁਹਾਈਆ । ਪਿਛਲਾ ਲਹਿਣਾ ਰਿਹਾ ਮੁਕਾਈ, ਪੂਰਬ ਕਰਜ਼ ਰਹੇ ਨਾ ਰਾਈਆ । ਲੇਖਾ ਜਾਣੇ ਸ਼ਹਿਨਸ਼ਾਹੀ, ਸੰਮਤ ਪੰਜ ਦਏ ਗਵਾਹੀਆ । ਜਿਹੜਾ ਗੋਬਿੰਦ ਬੂਟਾ ਪੁੱਟਿਆ ਕਾਹੀ, ਉਹ ਕਲਮਾ ਰਿਹਾ ਬਦਲਾਈਆ । ਸਭ ਨੂੰ ਬਣਾ ਕੇ ਪਾਂਧੀ ਰਾਹੀ, ਭਗਤ ਦਵਾਰੇ ਜੋੜ ਜੁੜਾਈਆ । ਦੇਵਣਹਾਰ ਸਰਬ ਵਡਿਆਈ, ਵੱਡਾ ਨਿੱਕਾ ਰੰਗ ਰੰਗਾਈਆ । ਸਿਰ ਦੇਵੇ ਠੰਡੀਆਂ ਛਾਈਂ, ਕਲਜੁਗ ਅਗਨੀ ਤਤ ਬੁਝਾਈਆ । ਮਾਲਕ ਖ਼ਾਲਕ ਹੋ ਕੇ ਸਾਈਂ, ਸਾਹਿਬ ਸੁਲਤਾਨਾ ਵੇਸ ਵਟਾਈਆ । ਗੁਰ ਅਵਤਾਰ ਪੈਗ਼ੰਬਰ ਦਰਸ਼ਨ ਕਰਨਾ ਚਾਈਂ ਚਾਈਂ, ਚਾਉ ਘਨੇਰਾ ਇਕ ਦਰਸਾਈਆ । ਜੋ ਸਭ ਦਾ ਦਾਇਆ ਦਾਈ, ਦਾਅਵੇਦਾਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਲਏ ਮਿਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਆਏ ਨਾਲ ਉਤਸ਼ਾਹ, ਉਸਤਤ ਕਰ ਕੇ ਦਈਏ ਜਣਾਈਆ । ਜਿਸ ਨੂੰ ਕਹਿੰਦੇ ਰਹੇ ਪਾਤਸ਼ਾਹ, ਸੋ ਸ਼ਹਿਨਸ਼ਾਹ ਵੇਖ ਵਖਾਈਆ । ਦੀਨ ਦਿਆਲਾ ਦਇਆ ਰਿਹਾ ਕਮਾ, ਮਿਹਰ ਨਜ਼ਰ ਉਠਾਈਆ । ਜਨ ਭਗਤਾਂ ਬਖਸ਼ ਕੇ ਸਰਬ ਗੁਨਾਹ, ਪਿਛਲਾ ਲੇਖਾ ਰਿਹਾ ਚੁਕਾਈਆ । ਛੱਬੀ ਪੋਹ ਆਤਮ ਪਰਮਾਤਮ ਸਚ ਦਾ ਕਰ ਵਿਆਹ, ਨਿਕਾਹ ਨਿਰਗੁਣ ਧਾਰ ਪੜ੍ਹਾਈਆ । ਲੋਕ ਲੱਜਿਆ ਨਾ ਕੋਈ ਹਯਾ, ਹਯਾਤੀ ਸਭ ਦੀ ਦਏ ਬਦਲਾਈਆ । ਕਰਮ ਕਾਂਡ ਦਾ ਲੇਖਾ ਕਰ ਕੇ ਰਫ਼ਾ, ਰਫ਼ਾਕਤ ਨਿਰਗੁਣ ਧਾਰ ਜਣਾਈਆ । ਆਪਣਾ ਬਿਨ ਅੱਖਰਾਂ ਵਾਲਾ ਕਢ ਕੇ ਸਫ਼ਾ, ਸਫਾ ਮਲੇਛ ਦਏ ਮਿਟਾਈਆ । ਜਨ ਭਗਤਾਂ ਦੇ ਕੇ ਨਾਮ ਦਾ ਗੱਫ਼ਾ, ਗੁਫ਼ਾ ਭਵਰ ਦਾ ਡੇਰਾ ਢਾਹੀਆ । ਚਾਰ ਜੁਗ ਦਾ ਪਿਛਲਾ ਨਫ਼ਾ, ਮੁਨਾਫ਼ਾ

ਸਭ ਦੀ ਝੋਲੀ ਪਾਈਆ । ਜਿਸ ਉਤੇ ਦੀਨ ਮਜ਼੍ਹਬ ਦੀ ਲੱਗੇ ਕੋਇ ਨਾ ਦਫਾ, ਕਾਨੂੰਨ ਜਨੂੰਨ ਨਾ ਕੋਇ ਰਖਾਈਆ । ਲਾਲ ਕਾਲਾ ਕਰ ਕੇ ਮੱਥਾ, ਦੁਰਮਤ ਮੈਲ ਧਵਾਈਆ । ਧੁਰ ਦਾ ਨਾਤਾ ਕਰ ਕੇ ਪੱਕਾ, ਪੱਕੀ ਗੰਢ ਪਵਾਈਆ । ਪਰਵਰਦਿਗਾਰ ਬਣ ਕੇ ਹੱਕਾ, ਹਕੀਕਤ ਆਪਣੀ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਰਿਹਾ ਕੋਈ ਨਾ ਸ਼ੱਕਾ, ਸ਼ਿਕਵਾ ਦਿਤਾ ਗਵਾਈਆ । ਅਸੀਂ ਸਾਰੇ ਕਹਿੰਦੇ ਅੱਛਾ, ਅੱਛੀ ਪ੍ਰਭੂ ਤੇਰੀ ਵਡਿਆਈਆ । ਜਿਨ੍ਹਾਂ ਪਹਿਰੇਦਾਰਾਂ ਤੇੜ ਪਾਇਆ ਕੱਛਾ, ਪੰਜ ਚੱਕਰ ਦਵਾਲੇ ਦੇਣ ਲਗਾਈਆ । ਬਾਕੀ ਸਾਰੀ ਸੰਗਤ ਕਹੇ ਪ੍ਰਭੂ ਭਗਤ ਤੇਰਾ ਬੱਚਾ, ਮਾਲਕ ਪਾਰਬ੍ਰਹਮ ਅਖਵਾਈਆ । ਪੰਜਾਂ ਲਿਖਾਰੀਆਂ ਜਿਹੜਾ ਧਾਗਾ ਗਲ ਵਿਚ ਪਾਇਆ ਕੱਚਾ, ਫੜ ਕੇ ਦਿਉ ਵਖਾਈਆ । ਗੁਰਮੁਖੋ ਪ੍ਰੀਤੀ ਵਿਚ ਫ਼ਰਕ ਰਹੇ ਨਾ ਰੱਤਾ, ਰਤਨ ਅਮੋਲਕ ਰੂਪ ਬਦਲਾਈਆ । ਲਹਿਣਾ ਦੇਣਾ ਮੁਕਾਉਣਾ ਹੱਥੋ ਹੱਥਾ, ਜਿਨ੍ਹਾਂ ਹਥੇਲੀ ਲਈ ਰੰਗਾਈਆ । ਜਿਨ੍ਹਾਂ ਤੂੰ ਮੇਰਾ ਮੈਂ ਤੇਰਾ ਗਾਈ ਕਥਾ, ਕਥਨੀ ਨਾਲ ਵਡਿਆਈਆ । ਜਿਨ੍ਹਾਂ ਨੇ ਕੰਨੀ ਬੱਧਾ ਟਕਾ, ਭਿਛਿਆ ਪਿਛਲੀ ਝੋਲੀ ਪਾਈਆ । ਜਿਨ੍ਹਾਂ ਹੱਥ ਵਿਚ ਫੜਿਆ ਵੱਛਾ, ਗਵਾਲੇ ਕ੍ਰਿਸ਼ਨ ਨਾਲ ਮਿਲਾਈਆ । ਜਿਨ੍ਹਾਂ ਨੇ ਲੇਖ ਲਿਖੇ ਉਤੇ ਗੱਤਾ, ਸ਼ਾਹੀ ਨਾਲ ਚਤੁਰਾਈਆ । ਉਨ੍ਹਾਂ ਦਾ ਸਾਥੀ ਨਾਨਕ ਤਪਾ, ਨਿਰਗੁਣ ਸਰਗੁਣ ਜੋੜ ਜੁੜਾਈਆ । ਜਿਨ੍ਹਾਂ ਦੇ ਨਾਲ ਰਿਹਾ ਪੱਪਾ, ਪੂਰਨ ਬ੍ਰਹਮ ਸਮਝਾਈਆ । ਜਿਨ੍ਹਾਂ ਤਾਲੀ ਲਾਈ ਦੋ ਹੱਥਾਂ, ਹਰਿ ਗੋਬਿੰਦ ਸਾਥੀ ਸੋਭਾ ਪਾਈਆ । ਜਿਨ੍ਹਾਂ ਨੇ ਮਸਤਕ ਲਾਇਆ ਘੱਟਾ, ਨਾਥ ਨਾਥਾਂ ਵਿਚੋਂ ਪਰਗਟਾਈਆ । ਜਿਨ੍ਹਾਂ ਗੋਬਿੰਦ ਫੜਿਆ ਪਟਾ, ਬ੍ਰਾਹਮਣ ਪਟਨੇ ਵਾਲੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਹੋਏ ਚਾਉ ਘਨੇਰੇ, ਘਨਈਆ ਵਿਚੋਂ ਉਠ ਕੇ ਦਏ ਜਣਾਈਆ । ਮੈਂ ਸਖ਼ੀਆਂ ਵੇਖਾਂ ਚਾਰ ਚੁਫੇਰੇ, ਚਾਰੋਂ ਕੁੰਟ ਧਿਆਨ ਲਗਾਈਆ । ਮੈਂ ਫਿਰਿਆ ਤ੍ਰੈਲੋਕੀ ਦੇ ਵਿਹੜੇ, ਭੱਜਿਆ ਵਾਹੋ ਦਾਹੀਆ । ਮੈਂ ਗਿਆ ਸਭਨਾ ਦੇ ਡੇਰੇ, ਪੜਦੇ ਫੋਲੇ ਥਾਉਂ ਥਾਈਂਆ । ਮੈਂ ਤਕੇ ਦੀਨ ਦੁਨੀ ਦੇ ਝੇੜੇ, ਝਗੜੇ ਵਿਚ ਲੋਕਾਈਆ । ਜੁਗ ਵੇਖੇ ਕਿਹੜੇ ਕਿਹੜੇ, ਕਿਹੜੇ ਦਿਆਂ ਜਣਾਈਆ । ਲੱਖ ਚੁਰਾਸੀ ਵਿਚੋਂ ਚੜ੍ਹਿਆ ਕੋਈ ਨਾ ਬੇੜੇ, ਬੇੜੀ ਕਾਗ਼ਜ਼ਾਂ ਵਾਲੀ ਦਏ ਗਵਾਹੀਆ । ਫੇਰ ਮੈਂ ਤਕੇ ਨਿਉਂ ਨਿਉਂ ਗੁਰੂ ਗੁਰ ਚੇਰੇ, ਚੇਲਿਆਂ ਧਿਆਨ ਲਗਾਈਆ । ਸਾਰੇ ਕਰਦੇ ਮੇਰੇ ਮੇਰੇ, ਹਉਮੇ ਵਿਚ ਲੜਾਈਆ । ਫੇਰ ਮੈਂ ਫਿਰਿਆ ਨੌਂ ਖੰਡ ਪ੍ਰਿਥਮੀ ਦੀਨ ਦੁਨੀ ਦੇ ਉਤੇ ਬਨੇਰੇ, ਕਦਮ ਸਹਿਜ ਸਹਿਜ ਟਿਕਾਈਆ । ਫੇਰ ਮੈਂ ਵੜ ਗਿਆ ਕੁੰਦਰਾਂ ਵਿਚ ਅੰਧੇਰੇ, ਗੁਫਾ ਮਾਨਵ ਖੋਜ ਖੁਜਾਈਆ । ਫੇਰ ਮੈਂ ਚੜ੍ਹ ਗਿਆ ਉਤੇ ਵਛੇਰੇ, ਪਾਖਰ ਨੀਲੇ ਉਤੇ ਟਿਕਾਈਆ । ਫੇਰ ਕਰ ਕੇ ਹੇਰੇ ਫੇਰੇ, ਗੁਰਸਿਖ ਦਿਤੇ ਭੁਲਾਈਆ । ਫੇਰ ਪੁਰਖ ਅਕਾਲ ਦੇ ਹੋ ਕੇ ਨੇੜੇ, ਨਿਗਹ ਜ਼ਿਮੀਂ ਅਸਮਾਨ ਤਜਾਈਆ । ਫੇਰ ਕਰ ਕੇ ਵੱਡੇ ਜੇਰੇ, ਯਾਰੜਾ ਸੂਲਾਂ ਸੱਥਰ ਸੇਜ ਹੰਢਾਈਆ । ਫੇਰ ਲਾ ਕੇ ਜੰਗਲ ਵਿਚ ਡੇਰੇ, ਮਾਛੂਵਾੜੇ ਸੋਭਾ ਪਾਈਆ । ਫੇਰ ਪੁਰਖ ਅਕਾਲ ਨੇ ਕੀਤੀ ਮਿਹਰੇ, ਮਿਹਰਵਾਨ ਸਮਝਾਈਆ । ਓ ਗੋਬਿੰਦ ਮੇਰੇ ਸੁਤ ਦਲੇਰੇ, ਤੇਰੀ ਵਡ ਵਡਿਆਈਆ । ਤੂੰ ਆ ਜਾ ਮੇਰੇ ਖੇੜੇ, ਖਿੜਕੀ ਜਗਤ ਜਹਾਨ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਤੱਕਿਆ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਬਹੁੜੀ ਜਿਸ ਨੂੰ ਕਹਿੰਦੇ ਰਹੇ ਖ਼ੁਦਾ, ਖ਼ੁਦ ਮਾਲਕ ਨੂਰ ਇਲਾਹੀਆ । ਜਿਸ ਦੇ

ਅੱਗੇ ਕਰਦੇ ਰਹੇ ਦੁਆ, ਸੱਯਦਿਆਂ ਵਿਚ ਸੀਸ ਨਿਵਾਈਆ । ਉਹ ਹੋਇਆ ਨਹੀਂ ਬੇਵਫ਼ਾ, ਮਿਹਰ ਨਜ਼ਰ ਉਠਾਈਆ । ਉਹ ਪੰਜਾਂ ਦੀ ਡੋਰੀ ਬੰਨ੍ਹ ਕੇ ਆਪਣੀ ਬਾਂਹ, ਸਿਰ ਆਪਣਾ ਹੱਥ ਟਿਕਾਈਆ । ਇਨ੍ਹਾਂ ਦਾ ਨਾ ਕੋਈ ਪਿਤਾ ਨਾ ਕੋਈ ਮਾਂ, ਪੁਰਖ ਅਕਾਲ ਆਪਣੀ ਗੋਦ ਸੁਹਾਈਆ । ਚਾਰ ਜੁਗ ਜਿਨ੍ਹਾਂ ਦਾ ਰਹਿਣਾ ਨਾਂ, ਉਹ ਗੁਰਮੁਖ ਬੈਠੇ ਸੋਭਾ ਪਾਈਆ । ਪ੍ਰਭੂ ਦੇ ਭਗਤ ਕਹਿ ਦਿਉ ਹਾਂ ਵਿਚ ਹਾਂ, ਦੂਜਾ ਨਜ਼ਰ ਕੋਇ ਨਾ ਆਈਆ । ਮੈਨੂੰ ਸਦਾ ਮਿਲਣ ਦਾ ਚਾਅ, ਚਾਉ ਘਨੇਰਾ ਇਕ ਰਖਾਈਆ । ਜੁਗਾਂ ਪਿਛੋਂ ਭਗਤੋ ਭਗਵਾਨ ਆਉਂਦਾ ਕਿਸੇ ਦੇ ਦਾਅ, ਨੇਤਰ ਨੈਣ ਦਰਸ ਕੋਇ ਨਾ ਪਾਈਆ । ਸ੍ਰਿਸ਼ਟੀ ਦੇਖੇ ਦ੍ਰਿਸ਼ਟੀ ਦੇਖੋ ਹੰਸ ਬੁੱਧੀ ਹੋਈ ਕਾਂ, ਕਾਗ ਵਾਂਗ ਕੁਰਲਾਈਆ । ਕਿਸੇ ਨੇ ਸੂਰ ਖਾ ਲਿਆ ਕਿਸੇ ਨੇ ਖਾ ਲਈ ਗਾਂ, ਦੋਹਾਂ ਨੂੰ ਮਿਲੇ ਸਜ਼ਾਈਆ । ਜਿਨ੍ਹਾਂ ਗੋਬਿੰਦ ਦਾ ਲਿਆ ਨਾਂ, ਉਹ ਗੋਬਿੰਦ ਸ਼ਬਦ ਗੁਰੂ ਵਡਿਆਈਆ । ਤੇਈ ਅਵਤਾਰਾਂ ਕਿਹਾ ਵਾਹ ਵਾਹ, ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸਾਂ ਥੋੜੀ ਵੇਖੀ ਭਗਤਾਂ ਦੀ ਆਬਾਦੀ, ਗਿਣਤੀ ਅੰਕੜਿਆਂ ਵਿਚ ਨਜ਼ਰੀ ਆਈਆ । ਅੱਜ ਖ਼ੁਸ਼ੀਆਂ ਨਾਲ ਵੇਖੀਏ ਸ਼ਾਦੀ, ਆਤਮਾ ਪਰਮਾਤਮਾ ਮਿਲ ਕੇ ਵੱਜੇ ਵਧਾਈਆ । ਓ ਭਗਤੋ ਹੁਣ ਸ਼ਰਮ ਹਯਾ ਕਾਹਦੀ, ਸ਼ੇਰ ਬੁੱਕਿਆ ਥਾਉਂ ਥਾਈਂਆ । ਤੁਹਾਡਾ ਸਭ ਦਾ ਮਾਲਕ ਤੇ ਸਭ ਦਾ ਗਾਡੀ, ਗਾਈਡ ਇਕੋ ਨਜ਼ਰੀ ਆਈਆ । ਜ਼ਰਾ ਨਿਗਹ ਮਾਰੋ ਅਜੀਤ ਜੁਝਾਰ ਦੀ ਜਿਹੜੀ ਦਾਦੀ, ਗੁਜਰੀ ਕੀ ਗਈ ਸਮਝਾਈਆ । ਜਿਸ ਕਾਰਨ ਤੇਗ਼ ਬਹਾਦਰ ਲਾਈ ਸਮਾਧੀ, ਅੰਤਰ ਅੰਤਰ ਖੋਜ ਖੁਜਾਈਆ । ਕ੍ਰਿਸ਼ਨ ਮਾਰ ਕੇ ਗਿਆ ਆਵਾਜ਼ੀ, ਰਾਧਾ ਇਕ ਦ੍ਰਿੜਾਈਆ । ਰਾਮ ਰਾਮ ਦੀ ਤੁਕ ਅਨੋਖੀ ਆਖੀ, ਸੀਤਾ ਸੁਰਤ ਵਿਚ ਸਮਝਾਈਆ । ਜਿਸ ਵੇਲੇ ਕਲਜੁਗ ਜੀਵ ਹੋ ਗਏ ਪਾਪੀ, ਪਤਿਤ ਪੁਨੀਤ ਨਾ ਕੋਇ ਕਰਾਈਆ । ਸੱਚਾ ਲੱਭਣਾ ਨਹੀਂ ਕੋਇ ਸਾਥੀ, ਧੁਰ ਦਾ ਸੰਗ ਨਾ ਕੋਇ ਰਖਾਈਆ । ਰਸਨਾ ਜਿਹਵਾ ਸਾਰੀ ਦੁਨੀਆ ਪੜ੍ਹੇਗੀ ਗਾਥੀ, ਮਾਲਾ ਮਣਕੇ ਹੱਥਾਂ ਵਿਚ ਫਿਰਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਦੇ ਬਣਨਗੇ ਪਾਠੀ, ਪਾਠਸ਼ਾਲਾ ਵਿਚ ਟੱਲ ਖੜਕਾਈਆ । ਜਗਤ ਜਹਾਨ ਚਲਾਵਣ ਹਾਟੀ, ਵਣਜਾਰੇ ਆਪ ਆਪਣਾ ਦਰਸਾਈਆ । ਰਾਮ ਕਿਹਾ ਸੀਤਾ ਦੁਰਮਤ ਮੈਲ ਨਹੀਂ ਜਾਣੀ ਕਾਟੀ, ਗੋਬਿੰਦ ਕਿਹਾ ਕਟਾਕਸ਼ ਤੀਰ ਨਾ ਕੋਇ ਲਗਾਈਆ । ਓਸ ਵੇਲੇ ਮੇਰਾ ਅੰਮ੍ਰਿਤ ਹੱਥ ਆਵੇ ਕਿਸੇ ਨਾ ਬਾਟੀ, ਰਸ ਨਿਝਰ ਨਾ ਕੋਇ ਝਿਰਾਈਆ । ਇਕ ਭੰਡਾਰਾ ਮੇਰੇ ਭਗਤ ਦਾ ਗੁਰਚਰਨ ਕੌਰ ਜੱਟੀ ਉਠ ਕੇ ਵਖਾਵੇ ਲੱਸੀ ਦੀ ਚਾਟੀ, ਅੱਗੇ ਆਵੇ ਚਾਈਂ ਚਾਈਆ । ਜਿਸ ਨੇ ਇਕ ਦੀ ਮੰਨੀ ਆਖੀ, ਇਕੋ ਮੰਨਿਆ ਪਿਤਾ ਮਾਈਆ । ਓ ਗੁਰਮੁਖੋ ਇਹ ਦਿਨ ਤੇ ਇਹ ਪਰਭਾਤੀ, ਜਗਤ ਵਿਚ ਵੇਖੇ ਖੇਲ ਲੋਕਾਈਆ । ਇਹ ਓਸ ਪ੍ਰਭੂ ਦੀ ਕਾਕੀ, ਜਿਸ ਨੇ ਮਾਛੂਵਾੜੇ ਵਿਚ ਕੀੜੀ ਦਾ ਪਕਵਾਨ ਕਰਕੇ ਪਰਵਾਨ ਜਨਮ ਜਨਮ ਵਿਚੋਂ ਬਦਲਾਈਆ । ਓਸ ਕਾਹਨ ਦੀ ਰਾਸੀ, ਜੇਹੜਾ ਮੰਨਣ ਵਿਚ ਅਬਿਨਾਸ਼ੀ, ਵਾਸੀ ਘਰ ਘਰ ਦਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਤਿਗੁਰ ਵਡ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖਣ ਆਏ ਅੱਜ ਭਗਤਾਂ ਦਾ ਹੋਣਾ ਨਿਕਾਹ, ਤੇ ਸੂਈ ਨੱਕਾ ਨਾਲ ਲਿਆਈਆ । ਹਰਫ਼ ਹਰੂਫ਼ ਅੱਖਰ ਬਣਾਏ ਗਵਾਹ, ਸ਼ਹਾਦਤ ਕਲਮਾਂ ਵਾਲੀ ਭੁਗਤਾਈਆ । ਜੰਮੂ ਵਾਲਿਓ ਕਾਨੇ ਦੀ ਕਲਮ ਦਿਉ ਵਖਾ, ਜੇਹੜੀ ਮੁਹੰਮਦ ਨੇ ਨੌਂ ਵਾਰ

ਦੰਦਾਂ ਹੇਠ ਦਬਾਈਆ । ਫੇਰ ਕਰਕੇ ਹੱਕ ਦੁਆ, ਨਿਉਂ ਨਿਉਂ ਸੀਸ ਝੁਕਾਈਆ । ਹੁਕਮ ਮਿਲਿਆ ਅੱਲਾਹ, ਅਲਾਹੀ ਨੂਰ ਸਮਝਾਈਆ । ਜਿਸ ਵੇਲੇ ਅਮਾਮ ਅਮਾਮਾ ਬਣ ਕੇ ਜਾਵਾਂ ਆ, ਆਨਨ ਫ਼ਾਨਨ ਖੇਲ ਖਿਲਾਈਆ । ਕੁਦਰਤ ਦਾ ਕਾਦਰ ਆਪ ਅਖਵਾ, ਆਖ਼ਰ ਆਪਣਾ ਹੁਕਮ ਵਰਤਾਈਆ । ਜਿਸ ਨੂੰ ਕਹਿੰਦੇ ਖ਼ੁਦਾ, ਖ਼ੁਦ ਮਾਲਕ ਹੋ ਕੇ ਫੇਰਾ ਪਾਈਆ । ਐ ਮਾਲਕ ਮੇਰੇ ਖ਼ਾਲਕ ਮੈਂ ਭੇਟਾ ਦਿਆਂ ਚੜ੍ਹਾ, ਕੀ ਤੇਰੀ ਸੇਵਾ ਕੀ ਨਿਆਜ਼ਾਂ ਵਿਚ ਤੇਰੇ ਅੱਗੇ ਟਿਕਾਈਆ । ਹੁਕਮ ਹੋਇਆ ਓ ਮੁਹੰਮਦਾ ਜ਼ਰਾ ਨੈਣ ਉਠਾ, ਚੌਦਾਂ ਤਬਕ ਦਿਆਂ ਵਖਾਈਆ । ਜਿਸ ਵੇਲੇ ਤੇਰੀ ਉਠਣ ਲਗੀ ਸਫ਼ਾ, ਸਫ਼ੇ ਪਿਛਲੇ ਦਿਆਂ ਪਰਤਾਈਆ । ਤੈਨੂੰ ਇਸ ਉਮਤ ਵਿਚੋਂ ਨਹੀਂ ਨਫ਼ਾ, ਨੁਕਸਾਨ ਹੱਥਾਂ ਉਤੇ ਰਖਾਈਆ । ਸਦੀ ਚੌਧਵੀਂ ਭੇਵ ਨਹੀਂ ਰਹਿਣਾ ਛੁਪਾ, ਆਹ ਛਾਪ ਅੱਲਾ ਵਾਲੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਮੁਹੰਮਦ ਨੇ ਕਿਹਾ ਤੇਰੀ ਖੇਲ ਚੰਗੀ, ਅਲਜ਼ਵਿਤੇ ਦੁਆ ਨੂਰੇ ਨੁਜ਼ੂ ਨੀਜ਼ਾਲੇ ਸਨਾ, ਸਰ ਕਦਮੇ ਅਦਮੇ ਝੁਕਾ, ਬਾਲਿਸਤਿਵਲ ਜ਼ੋਖਮਲ ਜੋਖੂ ਮੇਰੇ ਸ਼ਹਿਨਸ਼ਾਹ, ਸ਼ਾਹੇ ਮਜ਼ੀਂ ਮਿਹਰੇ ਜ਼ਬੀਂ ਜੁਨੀਸੇ ਜ਼ਖ਼ਸੋ ਯਕੇ ਯਕਾਂ ਨਿਜ਼ਗਾਨੇ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਆਪਣਾ ਖੇਲ ਖਿਲਾਈਆ । ਮੁਹੰਮਦ ਹੱਥ ਮਾਰਿਆ ਉਤੇ ਗਰਦਨ, ਮੁੰਡੀ ਦਿਤੀ ਨਿਵਾਈਆ । ਯਾਦ ਆ ਗਿਆ ਕੀ ਕ੍ਰਿਸ਼ਨ ਸੰਦੇਸ਼ਾ ਦਿਤਾ ਅਰਜਨ, ਕੰਨਾਂ ਵਿਚ ਸੁਣਾਈਆ । ਕੀ ਖੇਲ ਖਿਲਾਇਆ ਜਿਸ ਵੇਲੇ ਉਂਗਲੀ ਤੇ ਉਠਾਇਆ ਗਵਰਧਨ, ਆਪਣੀ ਕਾਰ ਕਮਾਈਆ । ਉਹ ਕਲਜੁਗ ਅੰਤ ਕਾਹਨ ਦੇ ਕਾਹਨ ਦਾ ਖੇਲ ਹੋਣਾ ਅਸਚਰਜਨ, ਆਪਣੀ ਲੀਲਾ ਦਏ ਵਰਤਾਈਆ । ਸਭ ਨੂੰ ਕਰੇ ਅਨਪੜ੍ਹਦਨ, ਪੜ੍ਹਦਾ ਰਹੇ ਨਾ ਰਾਈਆ । ਗੁਰ ਅਵਤਾਰ ਕਰੇ ਮਰਦਨ, ਮਰਦ ਮਰਦਾਨਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦਵਾਰ ਇਕ ਪਰਗਟਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਓ ਕਿੱਡੀ ਚੰਗੀ ਰਾਤ, ਸੁੱਤਿਆਂ ਦਿਆਂ ਜਗਾਈਆ । ਕਿੱਡੀ ਚੰਗੀ ਜਮਾਤ, ਭਗਤਾਂ ਸੂਫ਼ੀਆਂ ਸੋਭਾ ਪਾਈਆ । ਚੰਗੀ ਪ੍ਰਭੂ ਦੀ ਬਾਤ, ਸੋਹੰ ਇਕੋ ਪੱਟੀ ਜਣਾਈਆ । ਮੈਂ ਵੇਖਾਂ ਮਾਰ ਕੇ ਝਾਤ, ਚਾਰੋਂ ਕੁੰਟ ਨਿਗਹ ਉਠਾਈਆ । ਫੇਰ ਵਾਸਤਾ ਪਾ ਕੇ ਕਿਹਾ ਜਨ ਭਗਤੋ ਝਗੜਾ ਰੱਖੋ ਨਾ ਜ਼ਾਤ ਪਾਤ, ਜੇ ਮਿਲਣਾ ਧੁਰ ਦੇ ਮਾਹੀਆ । ਇਹ ਗੋਬਿੰਦ ਦੀ ਸਿਖਿਆ ਖ਼ਾਸ, ਜੋ ਖ਼ਾਸ ਖ਼ਾਲਸਾ ਬਣਾਈਆ । ਜਿੰਨਾਂ ਚਿਰ ਇਕ ਤੇ ਨਾ ਰੱਖੋ ਵਿਸ਼ਵਾਸ਼, ਵਿਸ਼ਿਆ ਤੋਂ ਸਕੇ ਨਾ ਕੋਇ ਬਚਾਈਆ । ਉਹ ਬਵੰਜਾ ਅੱਖਰੀ ਤੇ ਬਵੰਜਾ ਪੱਤੇ ਤਾਸ਼, ਤੇ ਬਾਵਨ ਨੇ ਇਹ ਜਗਤ ਖੇਲ ਚਲਾਈਆ । ਕਿਸੇ ਨੂੰ ਬਿਨਾ ਪੁਰਖ ਅਕਾਲ ਤੋਂ ਮਿਲੀ ਨਹੀਂ ਕਦੇ ਦਾਤ, ਜੋ ਆਇਆ ਸੋ ਮੰਗ ਕੇ ਆਪਣਾ ਝਟ ਲੰਘਾਈਆ । ਗੁਰ ਅਵਤਾਰ ਪੈਗ਼ੰਬਰਾਂ ਦਾ ਪੂਰਾ ਹੋਣਾ ਵਾਕ, ਪੂਰਬ ਦਾ ਲੇਖਾ ਦਏ ਸਮਝਾਈਆ । ਸਭ ਦੀ ਪੁੰਨੀ ਆਸ, ਵੇਖਣਹਾਰਾ ਥਾਉਂ ਥਾਈਆ । ਜਿਨ੍ਹਾਂ ਦੇ ਹੱਥ ਵਿਚ ਫੜਿਆ ਆਕਾਸ਼, ਸੱਤਾਂ ਅਸਮਾਨਾਂ ਤੋਂ ਪਰੇ ਡੇਰਾ ਲਾਈਆ । ਜਿਨ੍ਹਾਂ ਸਿਰ ਤੇ ਪਾਣੀ ਚੁੱਕਿਆਂ ਉਨ੍ਹਾਂ ਜਨਮ ਜਨਮ ਦੀ ਬੁਝਾ ਲਈ ਪਿਆਸ, ਥਾਲੀ ਖੜਕਾਣ ਵਾਲੀਆਂ ਅੱਗੇ ਭੁੱਖ ਰਹੇ ਨਾ ਰਾਈਆ । ਜੇਹੜੇ ਮਾਰ ਕੇ ਆਏ ਵਾਟ, ਦੂਰ ਦੁਰਾਡੇ ਬਣ ਕੇ ਪਾਂਧੀ ਰਾਹੀਆ । ਹਜ਼ਰਤ ਈਸਾ ਕਹੇ ਉਨ੍ਹਾਂ ਨੂੰ ਜਗਹ ਮਿਲਣੀ ਉਪਰ ਟਾਪ, ਟੋਪੀ ਹੈਟ ਨਾ ਕੋਇ ਚਤੁਰਾਈਆ । ਹਜ਼ਰਤ ਮੂਸਾਉਲ ਸਲਾਮ ਕਹੇ ਮੇਰੇ ਪੈਗ਼ੰਬਰਾਂ ਦੇ ਪੈਗ਼ੰਬਰ ਦਾ ਪੂਰਾ ਹੋ ਗਿਆ ਖਾਟ, ਖਟੀਆ ਨਿੱਕੀ

ਜੇਹੀ ਨਜ਼ਰੀ ਆਈਆ । ਐ ਜਨ ਭਗਤੋ ਤੁਹਾਡੇ ਪਿਛਲੇ ਜਨਮਾਂ ਦਾ ਪੂਰਾ ਹੋ ਗਿਆ ਪਾਠ, ਅੱਖਰਾਂ ਦੀ ਹੋਏ ਨਾ ਕੋਇ ਪੜ੍ਹਾਈਆ । ਗੁਰ ਅਵਤਾਰ ਪੈਗ਼ੰਬਰੋ ਸਨਮੁਖ ਹੋ ਗਈ ਤੁਹਾਡੇ ਟਾਕ, ਵਾਕ ਕਰ ਕੇ ਆਏ ਚਾਈਂ ਚਾਈਂਆ । ਉਹ ਤੁਹਾਨੂੰ ਸਭ ਨੂੰ ਦੇਣ ਆਇਆ ਸ਼ਾਬਾਸ਼, ਦੁਆਬੇ ਵਾਲਿਆਂ ਦਾ ਛੱਬਾ ਦਏ ਗਵਾਹੀਆ । ਆਹ ਦੇਖੋ ਸ਼ੰਕਰ ਤਕਦਾ ਉਤੋਂ ਕੈਲਾਸ਼, ਜਿਸ ਵਿਚ ਜੋਤ ਦਾ ਪ੍ਰਕਾਸ਼, ਸਦਾ ਉਹਦੇ ਰਹੀਏ ਸਾਥ, ਸੀਨੇ ਲੱਗ ਕੇ ਝਟ ਲੰਘਾਈਆ । ਬ੍ਰਹਮਾ ਕਟ ਕੇ ਆਇਆ ਵਾਟ, ਵਿਸ਼ਨ ਖੋਲ੍ਹ ਕੇ ਤਾਕ, ਭੰਡਾਰਾ ਦੇਵੇ ਚਾਈਂ ਚਾਈਂਆ । ਇੰਦਰ ਲੈ ਕੇ ਪਾਣੀ ਦਾ ਗਿਲਾਸ, ਖਵਾਜਾ ਜ਼ੋਰ ਨਾਲ ਰਿਹਾ ਆਖ, ਕੂਕ ਕੂਕ ਸੁਣਾਈਆ । ਗੋਬਿੰਦ ਸੁੱਤਾ ਕਟ ਕੇ ਆਪਣੀ ਵਾਟ, ਮੰਜ਼ਲ ਪੰਧ ਮੁਕਾਈਆ । ਓ ਜਿਸ ਵੇਲੇ ਫੇਰ ਆਵਾਂ ਮੇਰਾ ਪੁਰਖ ਅਕਾਲ ਹੋਵੇ ਸਾਥ, ਦੋਵੇਂ ਮਿਲ ਕੇ ਝਟ ਲੰਘਾਈਆ । ਏਸੇ ਕਰ ਕੇ ਸਾਢੇ ਤਿੰਨ ਹੱਥ ਨੂੰ ਸੰਬਲ ਕਿਹਾ ਖ਼ਾਸ, ਜਿਸ ਵਿਚ ਆਪਣਾ ਡੇਰਾ ਲਾਈਆ । ਇਕ ਦਾ ਹੋਣ ਲੱਗਾ ਪ੍ਰਕਾਸ਼, ਨੂਰ ਜ਼ਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਹੁਕਮ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਆਪਣੀ ਕਰੇ ਮਿਹਰੇ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਨ ਭਗਤੋ ਸ੍ਰਿਸ਼ਟੀ ਦੇ ਵਿਆਹ ਹੁੰਦੇ ਸਵੇਰੇ, ਚਾਰ ਜੁਗ ਦੀ ਰੀਤੀ ਚਲੀ ਆਈਆ । ਤੇ ਸ਼ਾਦੀ ਕਰਨ ਕਰਾਉਣ ਵਾਲੇ ਰਹਿੰਦੇ ਵਿਚ ਅੰਧੇਰੇ, ਆਤਮਾ ਪਰਮਾਤਮਾ ਦਾ ਦਰਸ ਕੋਇ ਨਾ ਪਾਈਆ । ਸਾਰਿਆਂ ਉਠ ਕੇ ਮੁਖੋਂ ਕਹਿਣਾ ਆਤਮਾ ਪਰਮਾਤਮਾ ਦੇ ਸਾਚੇ ਫੇਰੇ, ਤਤਾਂ ਵਾਲਾ ਗੁਰੂ ਜਗਤ ਕੰਤ ਨਾ ਕੋਇ ਹੰਢਾਈਆ । ਜੋ ਆਇਆ ਸੋ ਚੜ੍ਹ ਗਿਆ ਬੇੜੇ, ਦਰਗਹ ਸਾਚੀ ਸੋਭਾ ਪਾਈਆ । ਸਤਿਗੁਰ ਮਿਲਿਆ ਸਿੰਘ ਸ਼ੇਰੇ, ਸ਼ਹਿਨਸ਼ਾਹ ਨੂਰ ਇਲਾਹੀਆ । ਜਿਸ ਨੇ ਆਪਣੇ ਪਾ ਲਏ ਘੇਰੇ, ਪਲੂ ਲਏ ਬੰਧਾਈਆ । ਗੁਰ ਅਵਤਾਰ ਪੈਗ਼ੰਬਰ ਚੱਲ ਕੇ ਆਏ ਭਗਤਾਂ ਦੇ ਡੇਰੇ, ਪੁੱਜੇ ਚਾਈਂ ਚਾਈਂਆ । ਸਾਰੇ ਹੱਸ ਕੇ ਕਹਿਣ ਅੰਤ ਹੋਣੇ ਨਹੀਂ ਕਦੇ ਨਖੇੜੇ, ਗੁਰਮੁਖ ਵਿਛੜ ਕਦੇ ਨਾ ਜਾਈਆ । ਗੁਰਮੁਖੋ ਬੈਠ ਜਾਓ ਨਾਲ ਜੇਰੇ, ਜੇਰਜ ਅੰਡਜ ਉਤਭੁਜ ਸੇਤਜ ਦਾ ਲਹਿਣਾ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਹੱਥ ਕਰੋ ਖੜ੍ਹੇ, ਬਿਨ ਹੱਥਾਂ ਹੱਥ ਉਠਾਈਆ । ਜਿਹੜੇ ਤੁਸਾਂ ਮੇਰੇ ਨਾਮ ਦੇ ਅੱਖਰ ਪੜ੍ਹੇ, ਸੋ ਸਹਿਜ ਨਾਲ ਦਿਓ ਸੁਣਾਈਆ । ਜਿਹੜੇ ਦੀਨ ਮਜ਼੍ਹਬ ਦੇ ਘਾੜਨ ਘੜੇ, ਤਨ ਵਜੂਦ ਮਾਟੀ ਵੰਡ ਵੰਡਾਈਆ । ਜਿਹੜੇ ਅਗਨੀ ਵਿਚ ਸੜੇ, ਆਪਣਾ ਆਪ ਗਵਾਈਆ । ਜਿਹੜੇ ਮਕਬਰਿਆਂ ਵਿਚ ਪੜੇ, ਮਿੱਟੀ ਖ਼ਾਕ ਡੇਰਾ ਲਾਈਆ । ਸਚ ਦੱਸੋ ਅੰਤ ਗਏ ਕੇਹੜੇ ਘਰੇ, ਘਰਾਨਾ ਕਵਣ ਸੁਹਾਈਆ । ਸਤਿਗੁਰ ਸ਼ਬਦ ਕਦੇ ਨਾ ਮਰੇ, ਆਪਣਾ ਆਪ ਨਾ ਕਦੇ ਮਿਟਾਈਆ । ਸਾਰੇ ਭੈ ਵਿਚ ਬੈਠੇ ਡਰੇ, ਸਿਰ ਸਕੇ ਨਾ ਕੋਇ ਉਠਾਈਆ । ਇਕ ਗੋਬਿੰਦ ਕਿਹਾ ਅੱਗੇ ਇਕ ਤੇ ਇਕ ਤੋਂ ਦੋ ਤੇ ਨਿਸ਼ਾਨੀ ਮੇਰੇ ਦੋ ਕੜੇ, ਕੂੜ ਕੁੜਿਆਰ ਦਾ ਲੇਖਾ ਦਿਤਾ ਮੁਕਾਈਆ । ਐ ਮੇਰੇ ਪੁਰਖ ਅਕਾਲ ਦੀਨ ਦਿਆਲ ਆ ਤੈਨੂੰ ਵਖਾਵਾਂ ਜਿਹੜੇ ਗੁਰਮੁਖ ਤੇਰੇ ਪੌੜੇ ਚੜ੍ਹੇ, ਚੜ੍ਹਦੇ ਲਹਿੰਦੇ ਦੱਖਣ ਪਹਾੜ ਵੇਖ ਚਾਈਂ ਚਾਈਂਆ । ਇਨ੍ਹਾਂ ਪੈਣਾ ਨਹੀਂ ਕਿਸੇ ਜ਼ਾਤ ਪਾਤ ਦੇ ਗੜ੍ਹੇ, ਡੂੰਘੀ ਡੱਲ ਨਾ ਕੋਇ ਸੁਟਾਈਆ । ਇਹਨਾਂ ਉਤੇ ਇਕੋ ਸਤਿਗੁਰੂ ਸ਼ਬਦ ਸ਼ਬਦ ਕਿਰਪਾ ਕਰੇ, ਕਿਰਪਾਲ ਹੋ ਕੇ ਆਪਣੇ ਅੰਗ ਲਗਾਈਆ । ਐ ਮੇਰੇ ਮਾਲਕ ਜਿਸ ਨੂੰ ਤੂੰ ਆਪ ਫੜੇਂ, ਵਾਰਸ ਹੋ ਕੇ ਸਿਰ ਆਪਣਾ ਹੱਥ ਟਿਕਾਈਆ ।

ਫਿਰ ਉਹ ਕਿਉਂ ਨਾ ਲੋਕਮਾਤ ਵਿਚ ਤਰੇ, ਜਿਸ ਨੂੰ ਤਾਰਨਹਾਰਾ ਆਪਣੇ ਕੰਧ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਕਹਿਣ ਸਾਰੇ ਹਿਸਾਬ ਵਾਲੇ ਬਸਤੇ, ਪੁਸਤਕਾਂ ਬੰਧ ਬੰਧਾਈਆ । ਅਸੀਂ ਚੱਲੇ ਆਕਾਸ਼ਾਂ ਪਾਤਾਲਾਂ ਤੋਂ ਬਾਹਰ ਦੇ ਰਸਤੇ, ਭੱਜੇ ਚਾਈਂ ਚਾਈਂਆ । ਪੁਰੀ ਲੋਅ ਖੰਡ ਬ੍ਰਹਿਮੰਡ ਵੇਖੇ ਵਸਦੇ, ਕੋਟਨ ਕੋਟ ਸੋਭਾ ਪਾਈਆ । ਨੌਂ ਗ੍ਰਹਿ ਵੇਖੇ ਨੱਚਦੇ, ਭੱਜਣ ਥਾਉਂ ਥਾਈਂਆ । ਲਾਰੇ ਤਕੇ ਗੋਬਿੰਦ ਵਾਲੀ ਅੱਖ ਦੇ, ਜੋ ਮਾਛੂਵਾੜੇ ਡੇਰਾ ਲਾਈਆ । ਜਿਸ ਦਰਸ਼ਨ ਕੀਤੇ ਪ੍ਰਭੂ ਪ੍ਰਤੱਖ ਦੇ, ਜਲਵਾਗਰ ਨੂਰ ਅਖਵਾਈਆ । ਫੇਰ ਸੁਖ ਮਾਣੇ ਸੇਜ ਵਾਲੀ ਕੱਖ ਦੇ, ਯਾਰੜਾ ਸਥਰ ਹੰਢਾਈਆ । ਫੇਰ ਰੰਗ ਵੇਖੇ ਆਪਣੀ ਰਤ ਦੇ, ਜੋ ਰਤਨ ਅਮੋਲਕ ਹੀਰੇ ਰਹੀ ਬਣਾਈਆ । ਫੇਰ ਸਹਾਰੇ ਵੇਖੇ ਆਪਣੀ ਪਤ ਦੇ, ਪਤਿਪਰਮੇਸ਼ਵਰ ਦਏ ਵਡਿਆਈਆ । ਫੇਰ ਨਿਸ਼ਾਨ ਵੇਖੇ ਫੱਟ ਦੇ, ਘਾਓ ਡੂੰਘੇ ਸੋਭਾ ਪਾਈਆ । ਫੇਰ ਗੁਰ ਅਵਤਾਰ ਪੈਗ਼ੰਬਰ ਵੇਖੇ ਨੱਚਦੇ, ਭੱਜਣ ਵਾਹੋ ਦਾਹੀਆ । ਖ਼ੁਸ਼ੀਆਂ ਵਿਚ ਟੱਪਦੇ, ਆਹ ਮਿਲਣਾ ਧੁਰਦਰਗਾਹੀਆ । ਜਿਸ ਨੂੰ ਜੁਗ ਚੌਕੜੀ ਰਹੇ ਲੱਭਦੇ, ਖੋਜਿਆਂ ਹੱਥ ਕਿਸੇ ਨਾ ਆਈਆ । ਨਾਅਰਿਆਂ ਜੈਕਾਰਿਆਂ ਵਿਚ ਰਹੇ ਸੱਦ ਦੇ, ਕਲਾਮਾਂ ਵਿਚ ਪਾ ਦੁਹਾਈਆ । ਰਸਤੇ ਦੱਸਦੇ ਰਹੇ ਸ਼ਾਹ ਰਗ ਦੇ, ਨੌਵਾਂ ਦਵਾਰਿਆਂ ਬਾਹਰ ਸਮਝਾਈਆ । ਪੜਦੇ ਲਾਹੁੰਦੇ ਰਹੇ ਚੌਥੇ ਪਦ ਦੇ, ਮੰਜ਼ਲ ਕੂੜ ਕਿਰਿਆ ਗਵਾਈਆ । ਵਾਜਾਂ ਮਾਰ ਰਹੇ ਸੱਦਦੇ, ਹਿੰਦੂ ਮੁਸਲਿਮ ਸਿੱਖ ਈਸਾਈ ਕਹੋ ਚਾਈਂ ਚਾਈਂਆ । ਵਣਜਾਰੇ ਬਣੇ ਰਹੇ ਮਜ਼੍ਹਬਾਂ ਵਾਲੇ ਜਗ ਦੇ, ਦੀਨ ਦੁਨੀ ਵੰਡ ਵੰਡਾਈਆ । ਅੰਗਿਆਰੇ ਬਣੇ ਰਹੇ ਸ਼ਰਅ ਵਾਲੀ ਅੱਗ ਦੇ, ਅਗਨੀ ਤਤ ਜਲਾਈਆ । ਆਬੇਹਯਾਤ ਪਿਆਲੇ ਪਿਆਉਂਦੇ ਰਹੇ ਮਧ ਦੇ, ਨਾਮ ਖ਼ੁਮਾਰੀ ਇਕ ਸਮਝਾਈਆ । ਹਿੱਸੇ ਪਾਉਂਦੇ ਰਹੇ ਮਾਸ ਨਾੜੀ ਹੱਡ ਦੇ, ਤਨ ਵਜੂਦ ਵੰਡ ਵੰਡਾਈਆ । ਤੇਰੇ ਨਾਮ ਦੇ ਪ੍ਰਭੂ ਅੱਲਾ ਰਾਮ ਕ੍ਰਿਸ਼ਨ ਸਤਿਨਾਮ ਵਾਹਿਗੁਰੂ ਦੇ ਝੰਡੇ ਰਹੇ ਗੱਡਦੇ, ਆਪਣਾ ਡੰਕ ਵਜਾਈਆ । ਪਰ ਤੇਰਾ ਰਾਹ ਤਕਦੇ ਰਹੇ ਕਦ ਦੇ, ਭਵਿਖਤਾਂ ਵਿਚ ਗਏ ਸੁਣਾਈਆ । ਖੇਲ ਹੋਣੇ ਸੂਰੇ ਸਰਬਗ ਦੇ, ਜੋ ਸ਼ਹਿਨਸ਼ਾਹ ਅਖਵਾਈਆ । ਸੂਫ਼ੀ ਫ਼ਕੀਰ ਹੋ ਕੇ ਰਹੇ ਨੱਚਦੇ, ਮਾਨ ਸਿੰਘ ਬੁੱਲੇ ਦਾ ਰੂਪ ਹੋ ਕੇ ਵਾਸਤਾ ਲਏ ਪਾਈਆ । ਓਹ ਗੁਰ ਅਵਤਾਰ ਪੈਗ਼ੰਬਰ ਮਨੁੱਸ਼ਾਂ ਵਾਂਗੂ ਵਣਜਾਰੇ ਰਹੇ ਪਗ ਦੇ, ਕਾਮ ਕਰੋਧ ਵਿਚ ਆਪਾ ਆਪ ਸਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਗਏ ਲੰਘਦੇ, ਆਪਣਾ ਪੰਧ ਮੁਕਾਈਆ । ਪ੍ਰਭ ਅਸੀਂ ਵੀ ਰਹੇ ਸੰਗਦੇ, ਉਚੀ ਕੂਕ ਨਾ ਕੋਇ ਸੁਣਾਈਆ । ਕਿਸੇ ਨੇ ਖੇਲ ਕੀਤੇ ਜਮਨਾ ਕਿਨਾਰੇ ਮਾਣ ਬਖ਼ਸ਼ੇ ਗੰਗ ਦੇ, ਤੱਟਾਂ ਦੇ ਵਡਿਆਈਆ । ਤੇਰੇ ਨਾਮ ਨੂੰ ਬੰਨ੍ਹ ਬੰਨ੍ਹ ਕੇ ਰਹੇ ਟੰਗਦੇ, ਕਿਲੀਆਂ ਨਾਲ ਲਟਕਾਈਆ । ਪੂਰੇ ਰਸ ਨਹੀਂ ਦਿਤੇ ਕਿਸੇ ਨੂੰ ਅਨੰਦ ਦੇ, ਸੁਖ ਵਿਚ ਸੁਖ ਨਾ ਕੋਇ ਵਖਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਕਿਹਾ ਉਸ ਨੇ ਹਿੱਸੇ ਪਾਏ ਦੀਨਾਂ ਮਜ਼੍ਹਬਾਂ ਵਿਚ ਕੰਧ ਦੇ, ਕੰਧੇ ਨਾਲ ਕੰਧਾ ਨਾ ਕੋਇ ਮਿਲਾਈਆ । ਓਹ ਮੁਹੰਮਦ ਵੇਖ ਆਪਣੇ ਨਿਸ਼ਾਨ ਤਾਰੇ ਚੰਦ ਦੇ, ਚੰਦ ਚਾਂਦਨੀ ਕੀ ਸਮਝਾਈਆ । ਸਦੀ ਚੌਧਵੀਂ ਦਿਨ ਜਾਂਦੇ ਲੰਘਦੇ, ਪੋਟਿਆਂ ਉਤੇ ਲੇਖੇ ਲਏ ਗਿਣਾਈਆ । ਹੁਣ ਵਣਜਾਰੇ ਰਹਿ ਗਏ ਇਕ ਦੋ ਚਾਰ ਡੰਗ ਦੇ, ਡੰਗਰ ਖਾਣ ਵਾਲਿਓ ਤੁਹਾਡਾ ਹੋਏ ਕੋਇ ਨਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਕਾਰ ਕਮਾਈਆ । ਤੇਈ ਅਵਤਾਰ ਕਹਿਣ ਨਮੋਂ ਨਮੋਂ ਨਮੋਂ, ਨਿਮਸਕਾਰ ਪ੍ਰਭੂ ਸਰਨਾਈਆ ।

ਪੈਗ਼ੰਬਰ ਕਹਿਣ ਸ਼ਮੋਂ ਸ਼ਮੋਂ ਸ਼ਮੋਂ, ਸ਼ਬੇ ਰੋਜ਼ ਤੇਰੀ ਵਡਿਆਈਆ । ਦਸ ਗੁਰੂ ਕਹਿਣ ਤਮੋਂ ਤਮੋਂ ਤਮੋਂ, ਸਵਾਸ ਸਵਾਸ ਤੇਰਾ ਨਾਮ ਧਿਆਈਆ । ਪੁਰਖ ਅਕਾਲ ਕਹੇ ਓ ਬੱਚਿਓ ਤੇ ਚਾਰ ਜੁਗ ਦੇ ਵਣਜਾਰਿਓ ਜੇ ਮੇਰਾ ਹੁਕਮ ਮੰਨੋਂ, ਦੀਨ ਮਜ਼੍ਹਬ ਦਾ ਝਗੜਾ ਦਿਉ ਮੁਕਾਈਆ । ਤੇ ਨਾ ਕੋਈ ਖ਼ੁਸ਼ੀ ਤੇ ਨਾ ਕੋਈ ਗ਼ਮੋਂ, ਸਿਖ ਮੁਰੀਦਾਂ ਤੋਂ ਪਲੂ ਲਓ ਛੁਡਾਈਆ । ਨਾ ਕੋਇ ਜਨਣੀ ਬਣ ਕੇ ਕੁੱਖੋਂ ਜੰਮੇ, ਤੇ ਨਾ ਕੋਇ ਹੋਏ ਜਣੇਂਦੀ ਮਾਈਆ । ਤੇ ਨਾ ਕੋਇ ਨੇਤਰ ਰੋਵੇ ਛਮ ਛਮੋਂ, ਸੀਤਾ ਰਾਮ ਨਾ ਕੋਇ ਰਖਾਈਆ । ਨਾ ਕੋਇ ਰਥ ਚਲਾਏ ਬਣੋ, ਰਾਸਾਂ ਹੱਥਾਂ ਵਿਚ ਹਿਲਾਈਆ । ਨਾ ਕੋਇ ਫਾਂਸੀ ਚੜ੍ਹਾਏ ਫੜ ਕੇ ਕੰਨੋ, ਸਲੀਬ ਨਾਲ ਲਟਕਾਈਆ । ਨਾ ਕੋਇ ਮੁਹੰਮਦਾ ਸ਼ਰਅ ਵਿਚ ਡੰਨੋ, ਜਲਵਾਗਰ ਇਕ ਨੂਰ ਇਲਾਹੀਆ । ਨਾ ਕੋਇ ਨਿਰਗੁਣ ਸਰਗੁਣ ਇਕ ਧਾਰ ਜਾਣੇ ਤਨੋ, ਗੋਬਿੰਦ ਖੰਡਾ ਨਾ ਕੋਇ ਚਮਕਾਈਆ । ਚਾਰ ਜੁਗ ਦਾ ਖੇਲ ਕੀਤਾ ਪ੍ਰਭ ਨੇ ਸੰਨ੍ਹੋ ਸੰਨ੍ਹੋ, ਆਦਿ ਅੰਤ ਨਾ ਕੋਇ ਸਮਝਾਈਆ । ਹੁਣ ਦੱਸੋ ਕਿਸ ਨੂੰ ਸਵਾਰੋ ਤੇ ਕਿਸ ਨੂੰ ਡੰਨੋ, ਆਪੋ ਆਪਣੇ ਗੁਰਮੁਖ ਦਿਉ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਤੇਈ ਅਵਤਾਰ ਕਹਿਣ ਅਸੀਂ ਆਏ ਵਿਚ ਲੋਕ ਮਿਰਤੂ, ਮਿਰਤਕ ਹੋ ਕੇ ਆਪਣਾ ਆਪ ਗਵਾਈਆ । ਓ ਪ੍ਰਭੂ ਤੇਰਾ ਖੇਲ ਵੇਖਿਆ ਪਿਰਤੂ, ਪ੍ਰਿਤਪਾਲ ਤੇਰੀ ਵਡਿਆਈਆ । ਤੂੰ ਚਾਰ ਜੁਗ ਦਾ ਫਿਰਤੂ, ਜੁਗ ਜੁਗ ਭੱਜੇਂ ਵਾਹੋ ਦਾਹੀਆ । ਤੂੰ ਜਗਤ ਵਾਸਨਾ ਦਾ ਹਿਰਸੂ, ਹਵਸ ਵਿਚ ਸਾਰੇ ਦਿਤੇ ਲੜਾਈਆ । ਤੂੰ ਨਾਮ ਕਲਮੇ ਦਾ ਕਿਰਸੂ, ਕੰਜੂਸ ਹੋ ਨਾ ਕਿਸੇ ਵਰਤਾਈਆ । ਜੇ ਅਸੀਂ ਤੇਰੇ ਪੈਗ਼ੰਬਰ ਅਵਤਾਰ ਗੁਰੂ ਫਿਰਕੂ, ਤੇ ਫਿਰਕੇ ਬਣਾਣ ਵਾਲਾ ਤੂਹੈਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੈਗ਼ੰਬਰ ਕਹਿਣ ਅਸੀਂ ਆਏ ਚੱਲ ਕੇ ਬਿਨਾ ਕਦਮਾਂ, ਕਦੀਮ ਦੇ ਵਿਛੜੇ ਦਈਏ ਜਣਾਈਆ । ਸੱਜਦਾ ਕਰੀਏ ਨਾਲ ਅਦਬਾਂ, ਅਦਾਬ ਵਿਚ ਵਡਿਆਈਆ । ਵੇਖੀਏ ਸੂਰਬੀਰ ਮਰਦਾਂ, ਗੁਰਮੁਖ ਖੋਜ ਖੁਜਾਈਆ । ਜਿਨ੍ਹਾਂ ਦੀਆਂ ਪੂਰੀਆਂ ਹੋਈਆਂ ਅਰਜ਼ਾਂ, ਅਰਜ਼ ਆਪਣੇ ਲੇਖੇ ਪਾਈਆ । ਜਨਮ ਕਰਮ ਦੀਆਂ ਮੇਟੀਆਂ ਦਰਦਾਂ, ਦੁਖੀਆਂ ਦੁੱਖ ਰਹੇ ਨਾ ਰਾਈਆ । ਸ਼ਰਅ ਦੀਆਂ ਕਰਦ ਬਣਾਈਆਂ ਕਰਦਾਂ, ਕਤਲਗਾਹ ਵਿਚੋਂ ਬਾਹਰ ਕਢਾਈਆ । ਜਿਨ੍ਹਾਂ ਦੇ ਹੱਥਾਂ ਉਤੇ ਫੜਾਈਆਂ ਫ਼ਰਦਾਂ, ਉਹ ਸਾਬੀ ਕ੍ਰਿਸ਼ਨ ਦੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੁਰੂ ਦਸ ਕਹਿਣ ਇਕ ਜੋਤ ਪ੍ਰਭ ਆਉਂਦੇ, ਆ ਕੇ ਖ਼ੁਸ਼ੀ ਮਨਾਈਆ । ਇਕ ਪੁਰਖ ਅਕਾਲ ਪ੍ਰਭ ਧਿਆਉਂਦੇ, ਦੂਜਾ ਨਾਮ ਨਾ ਕੋਇ ਵਡਿਆਈਆ । ਇਕ ਸਚਖੰਡ ਦਵਾਰ ਸੁਹਾਉਂਦੇ, ਸੋਹਣਾ ਰੰਗ ਰੰਗਾਈਆ । ਇਕੋ ਤੇਰਾ ਦਰਸ਼ਨ ਪਾਉਂਦੇ, ਦੂਸਰ ਅੱਖ ਨਾ ਕਦੇ ਮਿਲਾਈਆ । ਪ੍ਰਭ ਚਰਨੀ ਸੀਸ ਨਿਵਾਉਂਦੇ, ਨਿਉਂ ਨਿਉਂ ਲਾਗਣ ਪਾਈਆ । ਗਲ ਪਲੂ ਵਾਸਤਾ ਪਾਉਂਦੇ, ਬੇਨੰਤੀ ਰਹੇ ਸੁਣਾਈਆ । ਅਸੀਂ ਬਥੇਰਾ ਦੀਨ ਮਜ਼੍ਹਬ ਨੂੰ ਰਹੇ ਭੁਲਾਉਂਦੇ, ਖੰਡਾ ਖੜਗ ਚਮਕਾਈਆ । ਫੇਰ ਵੀ ਤੇਰੀ ਓਟ ਰਹੇ ਤਕਾਉਂਦੇ, ਓੜਕ ਤੂੰ ਹੀ ਸਭ ਦਾ ਪਿਤਾ ਮਾਈਆ । ਹੁਣ ਸਾਰੇ ਇਕੱਠੇ ਹੋ ਕੇ ਦਰ ਤੇਰਾ ਸੁਹਾਉਂਦੇ, ਸੋਹਣਾ ਰੂਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰੋ ਆਉ ਅਗਲੀ ਕਰੋ ਸਲਾਹ, ਸੁਲਹਕੁਲ

ਜਣਾਈਆ । ਕਿਸ ਨੂੰ ਮੰਨੋ ਮਲਾਹ, ਬੇੜਾ ਕੌਣ ਕੰਧ ਉਠਾਈਆ । ਕੇਹੜਾ ਚੰਗਾ ਰਾਹ, ਸਚ ਦਿਉ ਸਮਝਾਈਆ । ਕੇਹੜਾ ਚੰਗਾ ਨਾਂ, ਜਿਸ ਨੂੰ ਗਾ ਕੇ ਝਟ ਲੰਘਾਈਆ । ਸਾਰੇ ਕਹਿਣ ਸਾਡੀ ਇਕ ਦੇ ਅੱਗੇ ਦੁਆ, ਦੂਜਾ ਨਜ਼ਰ ਕੋਇ ਨਾ ਆਈਆ । ਜੋ ਮਾਲਕ ਮਿਹਰਵਾਨ ਬੇਪਰਵਾਹ, ਮਹਿਬੂਬ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਤਕੋ ਇਕੋ ਅੱਖ, ਬਿਨਾ ਅੱਖਾਂ ਅੱਖ ਉਠਾਈਆ । ਵੇਖੋ ਖੇਲ ਪ੍ਰਤਖ, ਪਾਰਬ੍ਰਹਮ ਕਰੇ ਗੁਸਾਈਆ । ਜਿਸ ਨੇ ਮਾਰਗ ਦੱਸਿਆ ਵੱਖ ਵੱਖ, ਓਹੋ ਰਿਹਾ ਜਣਾਈਆ । ਸਭ ਦਾ ਸਾਂਝਾ ਇਕੋ ਹੱਕ, ਹਕੀਕਤ ਦਏ ਗਵਾਹੀਆ । ਪਿਛਲੀ ਕੀਤੀ ਡੋਰੀ ਡੋਰੀ ਬੰਨ੍ਹਣ ਵਾਲਿਓ ਲੇਖੇ ਵਿਚ ਦਿਉ ਕਟ, ਕਟਾਕਸ਼ ਧੁਰ ਦਾ ਨਾਮ ਲਗਾਈਆ । ਇਕ ਭਗਤ ਦਵਾਰ ਤੇ ਇਕ ਪ੍ਰਭੂ ਦਾ ਹੱਟ, ਹੱਟੀ ਵਾਲਾ ਗੁਲਾਟੀ ਦਏ ਗਵਾਹੀਆ । ਤਕੜੀ ਨੂੰ ਪਾਸਕੂ ਰੱਖਿਆ ਜੇਹੜਾ ਤੋਲੇ ਘੱਟ, ਘਾਟਾ ਪਿਛਲਾ ਪੂਰ ਕਰਾਈਆ । ਨਾਨਕ ਸਤਿਗੁਰ ਸਭ ਨੂੰ ਸਾਚੀ ਤੋਲਣੀ ਗਿਆ ਦੱਸ, ਤੇਰਾ ਤੇਰਾ ਰਾਗ ਅਲਾਈਆ । ਭਗਤੋ ਤੁਹਾਡਾ ਸਭ ਦਾ ਲਹਿਣਾ ਪੂਰਾ ਕੀਤਾ ਹੱਕ, ਪਿਛਲਾ ਪੂਰਬ ਰਿਹਾ ਨਾ ਰਾਈਆ । ਅੱਗੇ ਜਗਤ ਠਗੌਰੀਉਂ ਜਾਣਾ ਬਚ, ਠੱਗਾਂ ਹੱਥ ਕੋਇ ਨਾ ਆਈਆ । ਇਹ ਕਾਇਆ ਮਾਟੀ ਕੱਚ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਅੰਦਰ ਮਨੂਆ ਰਿਹਾ ਨੱਚ, ਵਾਸਨਾ ਨੌਂ ਦਵਾਰ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਕਰੀਏ ਕੀ ਗੱਲ, ਗਲਵਕੜੀ ਇਕ ਦੂਜੇ ਨਾਲ ਪਾਈਆ । ਤੇਰਾ ਚਾਰ ਜੁਗ ਦਾ ਛਲ, ਅਛਲ ਛਲਧਾਰੀ ਸਮਝ ਕੋਇ ਨਾ ਆਈਆ । ਜੇ ਤਾਰਨ ਲੱਗਾ ਤਾਰ ਦਿਤੇ ਬਾਵਨ ਹੋ ਕੇ ਦਵਾਰੇ ਬਲ, ਦਿਤੀ ਮਾਣ ਵਡਿਆਈਆ । ਖੇਲ ਕਰਕੇ ਵਿਚ ਕਲ, ਕਲ ਕਲਕੀ ਵੇਸ ਵਟਾਈਆ । ਬੈਠ ਕੇ ਨਿਹਚਲ ਧਾਮ ਅਟਲ, ਅਟਲ ਹੁਕਮ ਜਣਾਈਆ । ਗੁਰਮੁਖੋ ਵੇਖੋ ਅੰਮ੍ਰਿਤ ਸਭ ਦੇ ਉਤੇ ਬਰਸਦਾ ਜਲ, ਉਹ ਪਿਛਲਾ ਘਨਈਆ ਰਿਹਾ ਵਰਤਾਈਆ । ਤੁਹਾਡੇ ਉਤੇ ਦੁੱਖ ਰਹੇ ਨਾ ਮਾਰੂਥਲ, ਅਸਗਾਹਾਂ ਵਿਚੋਂ ਪਾਰ ਲੰਘਾਈਆ । ਕੀ ਹੋ ਗਿਆ ਜੇ ਤੁਹਾਡਾ ਮਾਲਕ ਹੋ ਕੇ ਵਾਹੁਣ ਵਾਲਾ ਹਲ, ਤੇ ਹਲ ਵਾਹ ਕੇ ਕੂੜੀ ਜੜ੍ਹ ਦਏ ਉਖੜਾਈਆ । ਜਿਥੇ ਚਾਹੇ ਉਥੇ ਲਏ ਠਲ੍ਹ, ਅੱਗੇ ਪਿਛੇ ਨਾ ਕੋਇ ਕਰਾਈਆ । ਉਹ ਜਿਸ ਦੇ ਹੱਥ ਵਿਚ ਲੋਟਾ ਤੇ ਮੁਸੱਲਾ ਬੱਧੀ ਖੱਲ, ਇਟਾਰਸੀ ਵਾਲਿਆਂ ਦਾ ਪਿਛਲਾ ਭਾਈ ਆ । ਪਰਗਟ ਸਿੰਘ ਨੂੰ ਮਿਲਣਾ ਫਲ, ਈਸਾ ਮੂਸਾ ਦਾ ਕਲਾਕ ਸਭ ਨੂੰ ਦਏ ਵਖਾਈਆ । ਤਾੜੀ ਵਜਾ ਕੇ ਆਪਣਾ ਦੱਸ ਹੱਲ, ਕੂਕ ਕੂਕ ਸੁਣਾਈਆ । ਉਹ ਗੁਲਜ਼ਾਰ ਸਿੰਘ ਅੱਗੇ ਆਵੇ ਚਲ, ਕਲਜੁਗ ਦਾ ਕਰਤਬ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਵੇਖੋ ਚੜ੍ਹਦੇ, ਲਹਿੰਦੇ ਦੱਖਣ ਪਹਾੜ ਧਿਆਨ ਲਗਾਈਆ । ਸਾਰੇ ਇਕੋ ਢੋਲਾ ਪੜ੍ਹਦੇ, ਤੂੰ ਮੇਰਾ ਮੈਂ ਤੇਰਾ ਰਹੇ ਗਾਈਆ । ਇਕੋ ਕੰਤ ਸੁਹਾਗੀ ਵਰਦੇ, ਦੂਜੀ ਕਰੀ ਨਾ ਕੋਇ ਕੁੜਮਾਈਆ । ਦੁਨੀ ਵਾਲੀ ਮੌਤ ਕਦੇ ਨਾ ਮਰਦੇ, ਭਗਤ ਭਗਵਾਨ ਮਿਲ ਕੇ ਵੱਜੇ ਵਧਾਈਆ । ਇਨ੍ਹਾਂ ਇਸ਼ਨਾਨ ਕਰਨੇ ਇਕੋ ਸਰ ਦੇ, ਤੀਰਥ ਤਟ ਦਾ ਡੇਰਾ ਢਾਹੀਆ । ਕਾਇਆ ਮੰਦਰ ਅੰਦਰ ਵੜਦੇ, ਜਗਤ ਦਵਾਰੇ ਪਲੂ ਆਏ ਛੁਡਾਈਆ । ਦਰਸ਼ਨ ਕਰਨ ਨਰਾਇਣ ਨਰ ਦੇ, ਨਿਜ ਨੇਤਰ ਅੱਖ ਖੁਲ੍ਹਾਈਆ । ਵਾਸੀ ਹੋ

ਗਏ ਆਪਣੇ ਘਰ ਦੇ, ਘਰਾਨਾ ਕੂੜਾ ਗਏ ਛੁਡਾਈਆ । ਇਹ ਨਾ ਜੰਮਦੇ ਨਾ ਮਰਦੇ, ਪ੍ਰਭ ਆਪਣੀ ਗੋਦ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੋਬਿੰਦ ਕਹੇ ਮੈਂ ਸੇਜਾ ਸੁੱਤਾ ਛੇਤੀ, ਆਪਣਾ ਆਸਣ ਲਾਈਆ । ਫੇਰ ਪ੍ਰਭ ਦਾ ਹੋ ਕੇ ਭੇਖੀ, ਕਥਾ ਦਿਤੀ ਦ੍ਰਿੜਾਈਆ । ਪੁਰਖ ਅਕਾਲ ਨੇ ਹੁਕਮ ਕੀਤਾ ਗੋਬਿੰਦ ਤੈਨੂੰ ਫੇਰ ਵੇਖਣੀ ਪਏ ਆਪਣੀ ਖੇਤੀ, ਰਾਖਾ ਹੋ ਕੇ ਫੇਰਾ ਪਾਈਆ । ਲੱਦ ਜਾਣੇ ਕੇਤ ਕੇਤੀ, ਕੋਟਨ ਕੋਟ ਪੰਧ ਮੁਕਾਈਆ । ਉਸ ਵੇਲੇ ਨਾਨਕ ਦੀ ਧਾਰ ਜੋਤ ਨਿਰੰਕਾਰ ਸਭ ਦਾ ਰੂਪ ਧਰੇ ਬੇਟਾ ਬੇਟੀ, ਪਿਤਾ ਪੂਤ ਗੋਦ ਸੁਹਾਈਆ । ਜਨ ਭਗਤਾਂ ਦੀ ਚਾਰ ਜੁਗ ਦੀ ਵੇਖੇ ਨੇਕੀ, ਨਿੱਕੇ ਵੱਡੇ ਲਏ ਮਿਲਾਈਆ । ਜਿਨ੍ਹਾਂ ਨੇ ਆਪਣੀ ਆਤਮਾ ਪਰਮਾਤਮਾ ਦੇ ਘਰ ਵੇਚੀ, ਉਹ ਗੋਬਿੰਦ ਦੇ ਸਾਥੀ ਤੇ ਗੋਬਿੰਦ ਦੇ ਰਾਹੀਆ । ਇਹ ਧੁਰ ਦੀ ਆਦਿ ਅੰਤ ਦੀ ਲੇਖੀ, ਨਾ ਕੋਇ ਮੇਟੇ ਮੇਟ ਮਿਟਾਈਆ । ਜਿਸ ਵੇਲੇ ਗੋਬਿੰਦ ਪਹਿਲੀ ਵਾਰ ਗੁਜਰੀ ਤੋਂ ਨਹਾਤਾ ਸੀ ਕੇਸੀਂ, ਵਾਲ ਹੱਥਾਂ ਵਿਚ ਫੜਾਈਆ । ਦੋ ਹੱਥਾਂ ਦੀ ਤਾੜੀ ਮਾਰ ਕੇ ਕਿਹਾ ਮੈਂ ਆਦਿ ਅੰਤ ਦਾ ਪਰਦੇਸੀ, ਇਕ ਘਰਾਨੇ ਡੇਰਾ ਕਦੇ ਨਾ ਲਾਈਆ । ਵੇਖੀਂ ਮੈਨੂੰ ਪਿਆਰ ਵਿਚ ਕਦੇ ਨਾ ਵੇਚੀ, ਕਿਸੇ ਹੋਰ ਨਾ ਹੱਥ ਫੜਾਈਆ । ਮੇਰੇ ਉਤੇ ਦੇਵੀਂ ਕਦੇ ਨਾ ਖੇਸੀ, ਬਾਲਿਆਂ ਵਾਂਗ ਚਾਈਂ ਚਾਈਂਆ । ਹੱਥ ਫੇਰ ਕੇ ਕਿਹਾ ਮਾਤਾ ਮੈਂ ਇਕੋ ਵਾਰ ਤੇਰੇ ਅੱਗੇ ਭੁਗਤਣੀ ਪੇਸ਼ੀ, ਫੇਰ ਹੱਥ ਕਦੇ ਨਾ ਆਈਆ । ਕਿਤੇ ਮਾਣ ਵਿਚ ਮਾਰ ਨਾ ਬਹੀਂ ਸ਼ੇਖ਼ੀ, ਕਿ ਮੇਰਾ ਬੱਚਾ ਵੱਡਾ ਵੱਡਾ ਸੋਭਾ ਪਾਈਆ । ਤੇ ਮੇਰਾ ਖੇਲ ਖ਼ੁਸ਼ੀਆਂ ਵਿਚ ਵੇਖੀਂ, ਨੈਣਾਂ ਨੀਰ ਨਾ ਕਦੇ ਵਹਾਈਆ । ਗੁਜਰੀ ਖ਼ੁਸ਼ੀ ਦੇ ਵਿਚ ਲੇਟੀ, ਆਸਣ ਲਿਆ ਸੁਹਾਈਆ ।
੨੯੩ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਮਾਤਾ ਗੁਜਰੀ ਹੱਸ ਕੇ ਕਿਹਾ ਆਓ ਮੇਰੇ ਲਾਲ, ਛਾਤੀ ੨੯੩
੨੨ ਲਵਾਂ ਲਗਾਈਆ । ਗੋਬਿੰਦ ਢਾਈ ਕਦਮ ਪਿਛੇ ਮਾਰੀ ਛਾਲ, ਹਲੂਣਾ ਲਾ ਕੇ ਤਾਲੀ ਦਿਤੀ ਵਜਾਈਆ । ਆਪਣੇ ਅੱਗੇ ਮਾਰ ਕੇ ਲਕਾਰ, ਖ਼ੁਸ਼ੀ ੨੨
ਵਿਚ ਸੁਣਾਈਆ । ਮਾਤਾ ਤੇਰਾ ਮੇਰਾ ਜਗਤ ਵਾਲਾ ਨਹੀਂ ਪਿਆਰ, ਲਾਲਸਾ ਵਿਚ ਕਦੇ ਨਾ ਆਈਆ । ਮੈਂ ਤੇ ਮੰਜ਼ਲ ਚੜ੍ਹਨੀ ਦੁਸ਼ਵਾਰ, ਮੇਰਾ ਸਾਹਿਬ ਰਿਹਾ ਵਖਾਈਆ । ਪੰਜ ਪਿਆਰੇ ਮੁਖੋਂ ਕਹਿ ਦਿਉ ਗੁਰਮੁਖੋਂ ਕੋਇ ਨਾ ਬਣਿਓ ਗ਼ਦਾਰ, ਇਹ ਗੋਬਿੰਦ ਗਿਆ ਦ੍ਰਿੜਾਈਆ । ਸਿਰ ਤੇ ਕਦੇ ਨਾ ਕੂਕੇ ਕਾਲ, ਮਹਾਂਕਾਲ ਬੈਠਾ ਸੀਸ ਨਿਵਾਈਆ । ਸਭ ਦੀ ਕਰੇ ਸਦਾ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਓਹ ਨਿੱਕੇ ਨਿੱਕੇ ਜਿਸ ਦੇ ਬਾਲ, ਬਚਪਨ ਆਪਣੇ ਨਾਲ ਨਿਭਾਈਆ । ਜੇ ਕੋਈ ਸੌਂ ਗਿਆ ਤੇ ਉਸ ਨੂੰ ਸਾਥੀ ਫੜ ਕੇ ਦਿਓ ਉਠਾਲ, ਸੋਇਆ ਰਹਿਣ ਕੋਇ ਨਾ ਪਾਈਆ । ਨਾ ਕੋਇ ਸ਼ਾਹ ਤੇ ਨਾ ਕੋਇ ਕੰਗਾਲ, ਗੁਰਮੁਖੋ ਇਕੋ ਜਿਹੇ ਸੋਭਾ ਪਾਈਆ । ਜਿਨ੍ਹਾਂ ਦਾ ਇਕ ਪ੍ਰਭੂ ਦਲਾਲ, ਵਿਚੋਲਾ ਹੋਰ ਨਾ ਕੋਇ ਰਖਾਈਆ । ਮਸਤਕ ਚਾੜ੍ਹ ਕੇ ਰੰਗ ਗੁਲਾਲ, ਟਿੱਕੇ ਧੁਰ ਦੇ ਦਿਤੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਗੁਰ ਅਵਤਾਰ ਪੈਗ਼ੰਬਰ ਇਕ ਦੂਜੇ ਨੂੰ ਲਾਵਣ ਪੋਟੇ, ਹੌਲੀ ਹੌਲੀ ਹਿਲਾਈਆ । ਜਿਸ ਨੇ ਸਾਥੋਂ ਕਰਾਏ ਮਨੁੱਸ਼ਾਂ ਦੇ ਮਜ਼੍ਹਬਾਂ ਦੇ ਵਿਚ ਟੋਟੇ, ਹਿੱਸਿਆਂ ਦੇ ਵਿਚ ਵੰਡ ਵੰਡਾਈਆ । ਆਪਣੇ ਨਾਮ ਨੂੰ ਖਰੇ ਬਣਾ ਕੇ ਖੋਟੇ, ਟਕਸਾਲ ਜਗਤ ਵਾਲੀ ਚਲਾਈਆ । ਹੱਥਾਂ ਵਿਚ ਫੜਾ ਕੇ ਲੋਟੇ, ਵੁਜ਼ੂਆਂ ਵਿਚ ਟਿਕਾਈਆ । ਪਾਣੀ ਦੇ ਵਿਚ ਦੇ ਕੇ ਗੋਤੇ, ਤੀਰਥਾਂ

ਵਿਚ ਨੁਹਾਈਆ । ਹੱਥਾਂ ਵਿਚ ਫੜਾ ਕੇ ਸੋਟੇ, ਗੁਰ ਅਵਤਾਰ ਪੈਗ਼ੰਬਰ ਦਿਤੇ ਲੜਾਈਆ । ਤੇੜ ਬੰਨ੍ਹਾ ਕੇ ਭੋਥੇ, ਨਾਦ ਨਾਚ ਦਿਤੇ ਕਰਾਈਆ । ਮਾਰਗ ਦੱਸ ਕੇ ਔਖੇ, ਹੁਕਮ ਇਕ ਸੁਣਾਈਆ । ਪੜ੍ਹਾ ਕੇ ਸਿਫ਼ਤੀ ਪੋਥੇ, ਸੋਹਣੇ ਦਿਤੇ ਜਣਾਈਆ । ਅਸੀਂ ਦੇਂਦੇ ਆਏ ਹੋਕੇ, ਹੁਕਮ ਮੰਨੋ ਧੁਰਦਰਗਾਹੀਆ । ਸਾਨੂੰ ਗੁਰ ਅਵਤਾਰ ਪੈਗ਼ੰਬਰ ਬਣਾਇਆ ਨਾਲ ਮੌਕੇ, ਪਿਛੇ ਹੋਰ ਦਾ ਹੋਰ ਹੁਕਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੈਗ਼ੰਬਰ ਕਹਿਣ ਸਾਨੂੰ ਪੜ੍ਹਾ ਦਿਤੀ ਅਰਬੀ, ਇਲਮ ਆਲਮਾਂ ਤੋਂ ਬਾਹਰ ਜਣਾਈਆ । ਸਾਥੋਂ ਵਿਕਾ ਦਿਤੀ ਗਊ ਦੀ ਚਰਬੀ, ਓ ਜੰਮੂ ਵਾਲਿਓ ਤਿੰਨੇ ਗਊਆਂ ਸਾਨੂੰ ਦਿਓ ਵਖਾਈਆ । ਸਾਥੋਂ ਸ਼ਰਅ ਬਣਾ ਕੇ ਕਰਦੀ, ਕਤਲਗਾਹ ਵਿਚ ਦੁਹਾਈਆ । ਸਾਡੀ ਉਮਤ ਕਲਮੇ ਰਹੀ ਪੜ੍ਹਦੀ, ਅੱਲਾ ਹੂ ਅਕਬਰ ਦਾ ਨਾਅਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਗਤ ਝਗੜੇ ਮਨ ਕੇ, ਮਨ ਕਾ ਮਣਕਾ ਨਾ ਕੋਇ ਭਵਾਈਆ । ਵੇਖਣ ਪ੍ਰਕਾਸ਼ ਸੂਰੀਆ ਚੰਦ ਦੇ, ਅੰਦਰ ਦੀ ਰੀਤੀ ਚਲੀ ਆਈਆ । ਕੋਟਨ ਕੋਟ ਬੱਚੇ ਗਏ ਜਣ ਕੇ, ਮਾਤ ਪਿਤਾ ਰੂਪ ਬਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੁਹਾਈ ਭਗਤ ਗਿਆ ਕੋਇ ਨਾ ਬਣ ਕੇ, ਜਿੰਨਾਂ ਚਿਰ ਪ੍ਰਭੂ ਸਿਰ ਹੱਥ ਨਾ ਟਿਕਾਈਆ । ਇਹ ਖੇਲ ਪੰਜ ਤਤ ਤਨ ਕੇ, ਤਨ ਵਜੂਦ ਦੀ ਕਰੇ ਨਾ ਕੋਇ ਸਫ਼ਾਈਆ । ਜਨ ਭਗਤੋ ਸੁਣ ਲਓ ਨਾਲ ਕੰਨ ਦੇ, ਜਿਨ੍ਹਾਂ ਹੱਥ ਕੰਨਾਂ ਉਤੇ ਲਏ ਰਖਾਈਆ । ਸਤਿਗੁਰ ਸ਼ਬਦ ਗੁਰਮੁਖਾਂ ਨੂੰ ਕਦੇ ਨਾ ਜਾਏ ਡੰਨ ਕੇ, ਜਦ ਆਵੇ ਤੇ ਲੈ ਕੇ ਪਾਰ ਲੰਘਾਈਆ । ਸਭ ਦੇ ਬੇੜੇ ਜਾਵੇ ਬੰਨ੍ਹ ਕੇ, ਭਾਰ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕ ਦਰਸਾਈਆ । ਅਵਤਾਰ ਕਹਿਣ ਪੈਗ਼ੰਬਰ ਕਹਿਣ ਅਸੀਂ ਮਣਕੇ ਵੇਖੇ ਇੱਕੀ ਨੌਂ, ਪਿਛਲੀ ਨਜ਼ਰੀ ਆਈਆ । ਇਹ ਗੁਰਮੁਖ ਉਹ, ਜਿਨ੍ਹਾਂ ਦਾ ਪੂਰਬ ਜਨਮ ਸੋਭਾ ਪਾਈਆ । ਉਹ ਸਰਗੁਣ ਤੋਂ ਸਰਗੁਣ ਆਏ ਹੋ, ਨਿਰਗੁਣ ਨਿਰਗੁਣ ਰੰਗ ਰੰਗਾਈਆ । ਜਿਸ ਵੇਲੇ ਗੋਬਿੰਦ ਪਹਿਲੀ ਵਾਰ ਸਿਖਿਆ ਦਾ ਰੂਪ ਦੱਸਿਆ ਇਕ ਦੋ, ਇੱਕੀ ਆਪਣੇ ਰੰਗ ਰੰਗਾਈਆ । ਉਸੇ ਦੀ ਗਾਨੀ ਨਾਲ ਗਏ ਛੋਹ, ਬਾਂਕਾ ਛੋਹਰਾ ਰੂਪ ਬਣ ਕੇ ਦਰਸ ਦਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਚਾਰ ਜੁਗ ਤੋਂ ਥਿਤ ਵਾਰ ਰਹੇ ਤਕਦੇ ਛੱਬੀ ਪੋਹ, ਬਿਨ ਅੱਖਾਂ ਅੱਖ ਉਠਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਦੇ ਕੋਲੋਂ ਸਭ ਕੁਛ ਲਏ ਖੋਹ, ਆਪਣਾ ਹੁਕਮ ਵਰਤਾਈਆ । ਅਸੀਂ ਇਕੱਠੇ ਬਣ ਕੇ ਆਏ ਗਰੋਹ, ਭੱਜੇ ਚਾਈਂ ਚਾਈਂਆ । ਇਸ ਦਾ ਭੇਵ ਨਾ ਜਾਣੇ ਕੋ, ਕੋਟਨ ਕੋਟ ਬੈਠੇ ਧਿਆਨ ਲਗਾਈਆ । ਬਿਨਾ ਭਗਤਾਂ ਤੋਂ ਕਿਸੇ ਅੰਦਰ ਨਾ ਹੋਏ ਲੋ, ਲੋਇਣ ਅੱਖ ਨਾ ਕੋਇ ਖੁਲ੍ਹਾਈਆ । ਜਿਧਰ ਵੇਖੋ ਸਾਰੇ ਰਹੇ ਰੋ, ਹਾਏ ਬਹੁੜੀ ਮਿਲਿਆ ਨਾ ਧੁਰ ਦਾ ਮਾਹੀਆ । ਜਿਸ ਦੀ ਆਤਮਾ ਪਰਮਾਤਮਾ ਨਾਲ ਜਾਏ ਛੋਹ, ਅੰਤ ਸ਼ਹਿਨਸ਼ਾਹ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੇ ਅੰਦਰ ਆਈ ਹੈਰਾਨੀ, ਹੈਰਤ ਵਿਚ ਜਣਾਈਆ । ਆਦਿ ਤੋਂ ਲੈ ਕੇ ਅੰਤ ਤਕ ਜੁਗ ਚੌਕੜੀ ਸਤਿਗੁਰ ਸ਼ਬਦ ਦੀ ਸਦਾ ਸ਼ੈਤਾਨੀ, ਸ਼ਰਅ ਵਿਚ ਸਾਰੇ ਦਿਤੇ ਲੜਾਈਆ । ਆਪਣੀ ਸਦਾ ਵੇਖੇ ਇਕੋ ਜੇਹੀ ਜਵਾਨੀ, ਗੁਰ ਅਵਤਾਰ

ਪੈਗ਼ੰਬਰ ਬਾਲ ਜਵਾਨ ਬੁੱਢੇ ਬਣਾਏ ਅੰਤ ਕਬਰਾਂ ਵਿਚ ਸਵਾਈਆ । ਜਦ ਕਰੇ ਤੇ ਆਪਣਿਆਂ ਭਗਤਾਂ ਉਤੇ ਮਿਹਰਵਾਨੀ, ਮਿਹਰਵਾਨ ਮਹਿਬੂਬ ਹੋ ਕੇ ਆਪਣੇ ਗਲੇ ਲਗਾਈਆ । ਸਦਾ ਦੇਵੇ ਅੰਮ੍ਰਿਤ ਰਸ ਠੰਡਾ ਪਾਣੀ, ਜਗਤ ਤ੍ਰਿਸ਼ਨਾ ਭੁੱਖ ਗਵਾਈਆ । ਜਿਨ੍ਹਾਂ ਗੁਰਮੁਖਾਂ ਦੇ ਹੱਥ ਵਿਚ ਇਕ ਇਕ ਕਾਨਾ ਕਾਨੀ, ਕਾਇਨਾਤ ਦੇਣ ਹਿਲਾਈਆ । ਸਾਰੀ ਦੁਨੀਆ ਦਿਸਦੀ ਫ਼ਾਨੀ, ਅੰਤ ਨਜ਼ਰ ਕੋਇ ਨਾ ਆਈਆ । ੳ ਗੁਰਮੁਖੋ ਤੁਹਾਡੀ ਲੇਖੇ ਲੱਗੇ ਇਕ ਇਕ ਚਵਾਨੀ, ਜੋ ਪੱਲੇ ਬੰਨ੍ਹ ਕੇ ਆਪਣਾ ਝਟ ਲੰਘਾਈਆ । ਤੁਹਾਡੇ ਪਿਛੇ ਦਿਤੀ ਗੋਬਿੰਦ ਗੁਰੂ ਕੁਰਬਾਨੀ, ਕਰਬਲੇ ਦਾ ਲੇਖਾ ਮੁਹੰਮਦ ਰਿਹਾ ਦਰਸਾਈਆ । ਜਨ ਭਗਤੋ ਤੁਹਾਡੀ ਇਕੋ ਮੰਜ਼ਲ ਰੁਹਾਨੀ, ਰੂਹ ਬੁਤ ਦਾ ਮੇਲਾ ਲਿਆ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖਣਾ ਖੇਲ ਮਦਾਰੀ, ਆਏ ਚਾਈਂ ਚਾਈਆ । ੳ ਗੁਰਮੁਖ ਅੱਗੇ ਲਿਆ ਪਟਾਰੀ, ਪਟਨੇ ਵਾਲੇ ਦਾ ਲੇਖਾ ਦੇ ਸਮਝਾਈਆ । ਜਿਸ ਦੀ ਸੋਹੇ ਮੁਛ ਤੇ ਦਾੜ੍ਹੀ, ਕੇਸਾਂ ਨਾਲ ਵਡਿਆਈਆ । ਉਸ ਨੇ ਗੁਰਮੁਖਾਂ ਦੀ ਆਤਮ ਬਣਾਈ ਲਾੜੀ, ਲਾੜਾ ਇਕੋ ਧੁਰ ਦਾ ਮਾਹੀਆ । ਸਚਖੰਡ ਦਵਾਰੇ ਜਾਂਦਾ ਵਾੜੀ, ਮੰਦਰ ਇਕੋ ਇਕ ਸੁਹਾਈਆ । ਸਭ ਦੀ ਸੇਜੇ ਸੌਂਦਾ ਇਕੋ ਵਾਰੀ, ਜੋਤੀ ਜਾਤਾ ਹੋ ਕੇ ਵੇਖ ਵਖਾਈਆ । ਗੁਰਸਿਖੋ ਤੁਹਾਡੀ ਅੱਜ ਧਾਰ ਨਾ ਰਹੇ ਕਵਾਰੀ, ਮਾਲਕ ਹੋ ਕੇ ਲਏ ਪ੍ਰਨਾਈਆ । ਸਾਰੇ ਗੁਰਮੁਖ ਬੈਠੇ ਬੈਠੇ ਮਸਤਕ ਧੂੜ ਲਾਓ ਛਾਰੀ, ਇਹ ਪਹਿਲੋਂ ਸਾਰੇ ਗਏ ਭੁਲਾਈਆ । ਨੌਂ ਵਾਰ ਚਰਨ ਰਗੜ ਕੇ ਖ਼ਾਕ ਉਤੇ ਤੁਹਾਡੇ ਥੱਲੇ ਫੇਰਾਂ ਬਹਾਰੀ, ਸਤਿਗੁਰ ਹੋ ਕੇ ਆਪਣੀ ਸੇਵ ਕਮਾਈਆ । ਹੁਣ ਤੁਹਾਡੀ ਆਈ ਵਾਰੀ, ਭਾਵੇਂ ਗਾਲਾਂ ਕਢੋ ਭਾਵੇਂ ਦਿਉ ਵਡਿਆਈਆ । ਇਹ ਕੱਲ ਨੂੰ ਦੱਸਾਂਗਾ ਜਿਸ ਵੇਲੇ ਨੌਂ ਬੀਬੀਆਂ ਗੀਤ ਗਾਉਣਗੀਆਂ ਪਹਾੜੀ, ਕਿਸ ਤਰਾਂ ਪਹਾੜਾਂ ਵਿਚੋਂ ਕਢ ਕੇ ਭਗਤ ਦਵਾਰੇ ਦਿਆਂ ਬਹਾਈਆ । ਜ਼ਰਾ ਹੁਣ ਖੇਲ ਵੇਖਿਓ ਕਲਜੁਗ ਦੀ ਮਾਇਆ ਨਾਰੀ, ਆਪਣਾ ਲੇਖਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਸੁਣਾਈਆ । ਗੁਰਮੁਖ ਚਾਰੇ ਬਣੇ ਕਾਨ੍ਹੀ, ਕਾਹਨ ਰਾਮ ਵੇਖ ਵਖਾਈਆ । ਪੈਗ਼ੰਬਰ ਕਹਿਣ ਦੁਨੀਆ ਫ਼ਾਨੀ, ਅੰਤ ਰਹੇ ਨਾ ਕੋਇ ਖ਼ੁਦਾਈਆ । ਗੁਰੂਆਂ ਕਿਹਾ ਕੂੜ ਜਿਸਮਾਨੀ, ਤਨ ਵਜੂਦ ਨਾ ਕੋਇ ਵਡਿਆਈਆ । ਜੋ ਛਡ ਕੇ ਗਿਆ ਆਪਣੀ ਜਵਾਨੀ, ਬਿਰਧ ਬਾਲ ਨਾ ਵੰਡ ਵੰਡਾਈਆ । ਸਭ ਨੇ ਆਸਾ ਰੱਖੀ ਲੇਖਾ ਲਿਖਿਆ ਬਿਨਾ ਕਲਮ ਕਾਨੀ, ਕਾਇਨਾਤ ਜਣਾਈਆ । ਜਿਸ ਵੇਲੇ ਦੀਨ ਦੁਨੀ ਵਿਚ ਵਧੀ ਬੇਈਮਾਨੀ, ਬੇਵਾ ਸ੍ਰਿਸ਼ਟੀ ਦ੍ਰਿਸ਼ਟੀ ਨਜ਼ਰੀ ਆਈਆ । ਅੱਠ ਸੱਠ ਤੀਰਥ ਪਾਕ ਰਿਹਾ ਨਾ ਪਾਣੀ, ਦੁਰਮਤ ਮੈਲ ਨਾ ਕੋਇ ਧਵਾਈਆ । ਸਾਧ ਸੰਤ ਦੀ ਮੰਜ਼ਲ ਨਾ ਰਹੇ ਰੁਹਾਨੀ, ਸ਼ਾਸਤਰ ਪੜ੍ਹ ਕੇ ਝਟ ਲੰਘਾਈਆ । ਗੁਰ ਅਵਤਾਰ ਪੈਗ਼ੰਬਰਾਂ ਨੂੰ ਆਉਣੀ ਹਾਨੀ, ਸਿਖ ਮੁਰੀਦ ਕਲਮੇ ਜਾਣ ਭੁਲਾਈਆ । ਉਸ ਵੇਲੇ ਪੁਰਖ ਅਕਾਲ ਪਰਵਰਦਿਗਾਰ ਸਾਂਝੇ ਯਾਰ ਕਰਨੀ ਖੇਲ ਅਗੰਮ ਮਹਾਨੀ, ਮਹਿਮਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸੀੜ੍ਹੀ ਕਹੇ ਮੈਂ ਬੰਨ੍ਹਾ ਸੇਹਰਾ, ਸੇਹਰਾ ਸੀਸ ਗੁੰਦਾਈਆ । ਜਨ ਭਗਤੋ ਗੋਬਿੰਦ ਦਾ ਵਕਤ ਸਦਾ ਸਦ ਨੇੜਾ, ਦੂਰ ਦੁਰਾਡਾ ਪੰਧ ਨਾ ਕੋਇ ਮੁਕਾਈਆ । ਜਿਸ ਦਾ ਸਾਢੇ ਤਿੰਨ ਹੱਥ ਵਿਚ ਵਿਹੜਾ, ਸੰਬਲ ਸੋਭਾ ਪਾਈਆ । ਉਹ ਸਭ ਦਾ ਬੰਨ੍ਹ ਕੇ ਬੇੜਾ, ਆਪਣੇ ਕੰਧ ਟਿਕਾਈਆ । ਤਤਾਂ ਵਾਲੇ

ਸਰੀਰ ਦਾ ਛਡ ਕੇ ਝੇੜਾ, ਝਗੜਾ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਓ ਗੁਰਮੁਖੋ ਸਤਿਗੁਰ ਕਦੇ ਨਾ ਕਰੇ ਬੇਈਮਾਨੀ, ਸ਼ਬਦ ਗੁਰੂ ਇਕ ਵਡਿਆਈਆ । ਇਹ ਸਰੀਰ ਜਗਤ ਨਿਸ਼ਾਨੀ, ਜੋ ਜੁਗ ਜੁਗ ਆਪਣੀ ਖੇਲ ਖਿਲਾਈਆ । ਤੁਹਾਡੇ ਵੇਂਹਦਿਆਂ ਹੋ ਚਲਿਆ ਜੇ ਫ਼ਾਨੀ, ਆਪਣਾ ਆਪ ਛੁਪਾਈਆ । ਜਾਣ ਦੇ ਪਿਛੋਂ ਨਾ ਬਿਰਧ ਨਾ ਬਾਲ ਲੱਭੇ ਨਾ ਲੱਭੇ ਜਵਾਨੀ, ਜੋਬਨ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਵੇਖੋ ਗੁਰਮੁਖੋ ਸ਼ਬਦ ਗੁਰੂ ਪੰਜ ਤਤ ਵਿਚ ਚਲਦਾ ਫਿਰਦਾ ਤੇ ਤੁਰਦਾ, ਤੁਹਾਡੇ ਸਾਹਮਣੇ ਨਜ਼ਰੀ ਆਈਆ , ਹੁਣ ਵੇਂਹਦਿਆਂ ਵੇਂਹਦਿਆਂ ਹੋ ਚਲਿਆ ਜੇ ਮੁਰਦਾ, ਚਾਰੇ ਕਾਨ੍ਹੀ ਲੈਣ ਉਠਾਈਆ । ਕਿਉਂ ਅਕਾਲ ਪੁਰਖ ਦਾ ਭਾਣਾ ਕਦੇ ਨਾ ਮੁੜਦਾ, ਨਾ ਕੋਇ ਮੇਟੇ ਮੇਟ ਮਿਟਾਈਆ । ਬਿਨਾ ਸਤਿਗੁਰ ਸ਼ਬਦ ਤੋਂ ਸ਼ਬਦ ਨਾਲ ਕੋਇ ਨਾ ਜੁੜਦਾ, ਜੋੜਨ ਵਾਲਾ ਜ਼ੋਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਓ ਜਨ ਭਗਤੋ ਜੇ ਤਤਾਂ ਵਾਲਾ ਜਾਏ ਮਰ, ਤੇ ਖ਼ੁਸ਼ੀ ਲਓ ਮਨਾਈਆ । ਪੂਰਨ ਗਿਆ ਤੇ ਫੇਰ ਕਾਹਦਾ ਡਰ, ਮਜ਼ੇ ਨਾਲ ਆਪਣਾ ਝਟ ਲੰਘਾਈਆ । ਜੇ ਮੈਂ ਸਤਿਗੁਰ ਹੋਇਆ ਤੁਹਾਡੇ ਅੰਦਰ ਜਾਵਾਂਗਾ ਵੜ, ਇਹ ਮੇਰੀ ਬੇਪਰਵਾਹੀਆ । ਜਿਥੇ ਹੋਵੋਗੇ ਉਥੇ ਜਾਵਾਂਗਾ ਖੜ੍ਹ, ਰਾਤੀ ਸੁੱਤਿਆਂ ਲਵਾਂ ਜਗਾਈਆ । ਜੇ ਤੁਸੀਂ ਮੇਰੇ ਨਾਲ ਪਉਗੇ ਲੜ, ਹੱਥ ਜੋੜ ਕੇ ਵਾਸਤਾ ਪਾਈਆ । ਕਿਉਂ ਤੁਸੀਂ ਮੇਰਾ ਰਹਿਣ ਵਾਲਾ ਘਰ, ਤੁਹਾਡੇ ਬਿਨਾ ਦਰ ਨਾ ਕੋਇ ਸੁਹਾਈਆ । ਤੁਸੀਂ ਮੇਰਾ ਦੇਣ ਵਾਲਾ ਵਰ, ਵਰ ਦਾਤਾ ਤੁਹਾਡਾ ਇਕੋ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਜਨ ਭਗਤੋ ਜੇ ਸਤਿਗੁਰੂ ਜੀਉਂਦਾ ਜਾਗਦਾ, ਤੇ ਸਭ ਨੂੰ ਦਏ ਸਮਝਾਈਆ । ਜੇ ਸਤਿਗੁਰੂ ਰੂਪ ਹੋਵੇ ਸ਼ਬਦ ਅਗੰਮੀ ਅਵਾਜ਼ ਦਾ, ਲੇਖਾ ਦਏ ਬਣਾਈਆ । ਜੇ ਸਤਿਗੁਰੂ ਹੋਏ ਸਾਰੀ ਸ੍ਰਿਸ਼ਟੀ ਦੀ ਦ੍ਰਿਸ਼ਟੀ ਦੇ ਸਮਾਜ ਦਾ, ਦੂਜੀ ਵੰਡ ਨਾ ਕੋਇ ਵੰਡਾਈਆ । ਜੇ ਸਤਿਗੁਰੂ ਹੋਵੇ ਉਹ ਮਾਲਕ ਉਸ ਅਗੰਮੀ ਰਾਜ ਦਾ, ਜਿਥੇ ਰਈਅਤ ਦੋ ਜਹਾਨ ਸੋਭਾ ਪਾਈਆ । ਜੇ ਸਤਿਗੁਰੂ ਹੋਏ ਆਦਿ ਦਾ, ਅੰਤ ਹੋਏ ਸਹਾਈਆ । ਜੇ ਸਤਿਗੁਰੂ ਹੋਏ ਖਾਣ ਪੀਣ ਵਾਲਾ ਰੋਟੀਆਂ, ਤੇ ਮੜ੍ਹੀ ਮਸਾਣਾਂ ਸਮਾਧ ਦਾ, ਤੇ ਫੇਰ ਮੜ੍ਹੀਆਂ ਗੋਰਾਂ ਵਿਚ ਡੇਰਾ ਲਾਈਆ । ਗੁਰਮੁਖੋ ਤੁਸੀਂ ਬੂਟਾ ਫਲਿਆ ਉਸ ਬਾਗ਼ ਦਾ, ਜਿਸ ਨੂੰ ਗੋਬਿੰਦ ਗਿਆ ਲਗਾਈਆ । ਪਾਰਸੀਆਂ ਦੇ ਕੋਲ ਸੀ ਦੀਪਕ ਇਕ ਚਿਰਾਗ਼ ਦਾ, ਸਭ ਨੂੰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਇਕ ਜਣਾਈਆ । ਜਨ ਭਗਤੋ ਜੇ ਸਤਿਗੁਰੂ ਜਾਏ ਲੁਕ, ਅੱਖੀਂ ਨਜ਼ਰ ਨਾ ਆਈਆ । ਫੇਰ ਦੁਨੀਆ ਦਾ ਪਿਆਰ ਜਾਏ ਮੁਕ, ਮੁਹੱਬਤ ਵਿਚ ਨਾ ਕੋਇ ਵਡਿਆਈਆ । ਖ਼ੁਸ਼ੀ ਵਿਚ ਵੰਡੇ ਕੋਇ ਨਾ ਦੁੱਖ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਗੋਦੀ ਲਏ ਕੋਇ ਨਾ ਚੁੱਕ, ਅੰਮ੍ਰਿਤ ਸੀਰ ਨਾ ਕੋਇ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣੀ ਕਾਰ ਕਮਾਈਆ । ਜਨ ਭਗਤੋ ਪੂਰਨ ਦਾ ਸਰੀਰ ਗਿਆ ਛੁਟ, ਤਨ ਨਜ਼ਰ ਕੋਇ ਨਾ ਆਈਆ । ਤਤਾਂ ਵਾਲਾ ਨਾਤਾ ਗਿਆ ਟੁੱਟ, ਗੰਢ ਨਾ ਕੋਇ ਪਵਾਈਆ । ਪੰਜਾਂ ਲਿਖਾਰੀਆਂ ਨੇ ਗਾਨੇ ਬੰਨੇ ਗੁੱਟ, ਬਾਂਹ ਕਢ ਕੇ ਦੇਣ ਸਮਝਾਈਆ । ਜਨ

ਭਗਤੋ ਤੁਸੀਂ ਉਸ ਪ੍ਰਭੂ ਦੇ ਪੁੱਤ, ਜਿਸ ਨੇ ਸਾਡੀ ਸੇਵਾ ਲਿਖਣ ਉਤੇ ਲਾਈਆ । ਤੁਸੀਂ ਆਉਂਣਾ ਨਹੀਂ ਮਾਤ ਗਰਭ ਉਲਟੇ ਰੁਖ, ਜਨਣੀ ਜਣੇ ਕੋਇ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪਣੇ ਉਤੇ ਪਾਈਆ । ਪਰਦਾ ਪਾ ਕੇ ਹੋ ਗਿਆ ਓਹਲੇ, ਜਨ ਭਗਤੋ ਪੂਰਨ ਦੇਹ ਦਾ ਕੀਤਾ ਵਿਹਾਰ, ਅੰਤ ਦਾ ਸਮਾਂ ਦਿਤਾ ਦਰਸਾਈਆ । ਹਰਿ ਸੰਗਤ ਇਕੱਠੀ ਹੋਈ ਖ਼ੁਸ਼ੀਆਂ ਖਿੜੀ ਬਹਾਰ, ਗੁਲਸ਼ਨ ਆਪਣਾ ਗੁਲ ਮਹਿਕਾਈਆ । ਭਗਤ ਦਵਾਰੇ ਸੋਹਣਾ ਲੱਗਾ ਦਰਬਾਰ, ਦਰਬਾਰੀ ਦੇਣ ਗਵਾਹੀਆ । ਪਤਾ ਨਹੀਂ ਏਸ ਸਰੀਰ ਦਾ ਅੰਤ ਕਿਥੇ ਹੋਏ ਕਿਥੇ ਦੇਣ ਸਾੜ, ਗੁਰਮੁਖ ਵਿਹਾਰ ਕਰਨ ਕੋਇ ਨਾ ਜਾਈਆ । ਕਿਰਪਾ ਕਰ ਕੇ ਤੁਹਾਡੇ ਸਾਹਮਣੇ ਕੀਤੀ ਕਾਰ, ਕਰਤਾ ਆਪ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਨਜ਼ਰ ਇਕ ਉਠਾਈਆ । ਜਨ ਭਗਤੋ ਤੁਹਾਡੇ ਪ੍ਰੇਮ ਦੀ ਬਣ ਗਈ ਅਰਥੀ, ਸੋਹਣੀ ਸੇਜ ਸੁਹਾਈਆ । ਅੱਗੇ ਸਿੱਖੀ ਜਾਣੀ ਪਰਖੀ, ਵੇਖਿਓ ਭੁੱਲ ਰਹੇ ਨਾ ਰਾਈਆ । ਹੁਣ ਚੜ੍ਹਾਉਣਾ ਨਹੀਂ ਉਤੇ ਕੋਈ ਚਰਖੀ, ਦੇਗਾਂ ਵਿਚ ਸੁਟਾਈਆ । ਇਕੋ ਨਿੰਦਿਆ ਕਰਾਉਣੀ ਆਪਣੇ ਘਰ ਦੀ, ਇਹ ਮੇਰੀ ਖੇਲ ਬੇਪਰਵਾਹੀਆ । ਜਿਹੜੀ ਆਤਮਾ ਪਰਮਾਤਮਾ ਵਰਦੀ, ਕੰਤ ਕੰਤ ਕੰਤੂਹਲ ਹੰਢਾਈਆ । ਉਹ ਵਾਜ ਸੁਣੇ ਨਾ ਕਦੇ ਕੰਨ ਦੀ, ਮਨ ਵਿਚ ਹਲਕਾਈਆ । ਤਤਾਂ ਵਾਲੀ ਖੇਲ ਸਦਾ ਤਨ ਦੀ, ਜੁਗ ਚੌਕੜੀ ਚਲੀ ਆਈਆ । ਸਭ ਤੋਂ ਵੱਖਰੀ ਧਾਰ ਗੋਬਿੰਦ ਚੰਨ ਦੀ, ਚੰਦ ਸਤਾਰੇ ਦੇਣ ਗਵਾਹੀਆ । ਜਿਹੜਾ ਹੁਕਮ ਸੰਦੇਸ਼ਾ ਸ਼ਬਦ ਘਲਦੀ, ਜੋਤ ਨਿਰੰਕਾਰੀ ਇਕ ਅਖਵਾਈਆ । ਉਸ ਨੇ ਸਫਾ ਮੇਟਣੀ ਕਲ ਦੀ, ਕਲਕਾਤੀ ਦਏ ਮਿਟਾਈਆ । ਇਹ ਕਥਾ ਕਹਾਣੀ ਬਲ ਦੀ, ਬਾਵਨ ਰਿਹਾ ਸਮਝਾਈਆ । ਓ ਗੁਰਮੁਖੋ ਕਿਸੇ ਨੂੰ ਖ਼ਬਰ ਨਹੀਂ ਘੜੀ ਪਲ ਦੀ, ਤੇ ਗੁਰੂ ਦੀ ਮੌਤ ਦੀ ਸਮਝ ਕਿਸੇ ਨਾ ਪਾਈਆ । ਜਿਤਨੀ ਖੇਲ ਸੰਮਤ ਪੰਜ ਵਿਚ ਛਲ ਦੀ, ਛਲ ਵਿਚ ਸਾਰੇ ਦਿਤੇ ਭੁਲਾਈਆ । ਇਹ ਧਾਰ ਵਕਾਰੀ ਦਲ ਦੀ, ਚਾਰੋਂ ਕੁੰਟ ਦਿਤੀ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਜਨ ਭਗਤੋ ਵੇਖੋ ਨੌ ਫੁਟ ਦਾ ਦਾਇਰਾ, ਸੋਹਣਾ ਨਜ਼ਰੀ ਆਈਆ । ਪੰਜਾਂ ਗੁਰਮੁਖਾਂ ਦਾ ਪਹਿਰਾ, ਉਠ ਕੇ ਦਿਉ ਵਖਾਈਆ । ਜਿਨ੍ਹਾਂ ਦੇ ਤੇੜ ਕਛਹਿਰਾ, ਗੋਬਿੰਦ ਰੰਗ ਰੰਗਾਈਆ । ਜਿਨ੍ਹਾਂ ਵਿਚੋਂ ਇਕ ਬੋਲਾ ਜਿਸ ਨੂੰ ਕਹਿੰਦੇ ਬਹਿਰਾ, ਇਹ ਉਹ ਰਿਛ ਜਿਸ ਦੀ ਜੂਨ ਗੋਬਿੰਦ ਦੇ ਪ੍ਰਸ਼ਾਦ ਦਿਤੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਆਪਣੀ ਖੇਲ ਵਖਾਈਆ । ਗੁਰਮੁਖੋ ਪ੍ਰੇਮ ਵਿਚ ਪੈਣ ਨਹੀਂ ਦੇਣੀ ਫੁੱਟ, ਫੁੱਟਿਆਂ ਜੋੜ ਜੁੜਾਈਆ । ਅੱਗੇ ਵਾਸਤੇ ਕਿਸੇ ਨਮਸਕਾਰ ਨਹੀਂ ਕਰਨੀ ਅੱਗੇ ਆ ਕੇ ਨੌ ਫੁਟ, ਦੂਰੋਂ ਸੀਸ ਦੇਣਾ ਝੁਕਾਈਆ । ਮੇਰਾ ਵੇਖੋ ਬੱਝਾ ਗੁਟ, ਪੰਜ ਲਿਖਾਰੀ ਦੇਣ ਗਵਾਹੀਆ । ਲੱਗੀ ਪ੍ਰੀਤ ਨਾ ਜਾਏ ਟੁੱਟ, ਟੁੱਟਿਆ ਲਵਾਂ ਜੁੜਾਈਆ । ਜੇ ਮੈਂ ਤੁਹਾਨੂੰ ਇਕ ਵਾਰ ਕਹਿ ਦਿਤਾ ਪੁੱਤ, ਤੇ ਪਿਤਾ ਹੋ ਕੇ ਮੁਖ ਨਾ ਕਦੇ ਭਵਾਈਆ । ਭਾਵੇਂ ਨਰਾਜ਼ ਰਹੋ ਭਾਵੇਂ ਰਹੋ ਖ਼ੁਸ਼, ਇਹ ਵੀ ਤੁਹਾਡੇ ਹੱਥ ਵਡਿਆਈਆ । ਤੁਹਾਡੇ ਪਿਛੇ ਭਾਵੇਂ ਕਟਣੀ ਪਏ ਭੁੱਖ, ਭੁੱਖਾ ਰਹਿ ਕੇ ਝਟ ਲੰਘਾਈਆ । ਫੇਰ ਵੀ ਤੁਹਾਨੂੰ ਉਸ ਜੋਤੀ ਨੂਰ ਦੀ ਰੱਖਣਾ ਵਿਚ ਕੁੱਖ, ਜਿਥੇ ਦਏ ਨਾ ਕੋਇ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਜਿਸ ਵੇਲੇ ਸਤਾਰਾਂ ਹਾੜ੍ਹ

ਛੱਬੀ ਪੋਹ ਦਾ ਹੋਏ ਵਿਹਾਰ, ਸੋਹਣਾ ਰੰਗ ਰੰਗਾਈਆ । ਕਪੂਰ ਸਿੰਘ ਕੇਹਰ ਸਿੰਘ ਨਾਜ਼ਰ ਸਿੰਘ ਕਿਰਪਾਲ ਸਿੰਘ ਇਹ ਹੋਣਗੇ ਮੇਰੇ ਨਾਲ ਪਹਿਰੇਦਾਰ, ਸਦਾ ਸੇਵ ਕਮਾਈਆ । ਨੌਂ ਫੁਟ ਦੇ ਅੰਦਰ ਜੇ ਕੋਈ ਆਏ ਕਰੇ ਨਿਮਸਕਾਰ, ਇਨ੍ਹਾਂ ਮਿਲੇ ਸਜ਼ਾਈਆ । ਇਨ੍ਹਾਂ ਮੰਗ ਮੰਗੀ ਸੀ ਜਿਸ ਵੇਲੇ ਮੋਗੇ ਦਾ ਕੀਤਾ ਸੀ ਵਿਹਾਰ, ਖ਼ੁਸ਼ੀਆਂ ਵਿਚ ਚੱਲ ਕੇ ਆਪਣਾ ਦਿਨ ਮਨਾਈਆ । ਕੋਈ ਬੀਬੀ ਸਤਿਗੁਰ ਦੇ ਕੋਲ ਆ ਕੇ ਗੱਲ ਨਾ ਕਰੇ ਨਾਲ ਜ਼ਬਾਨ, ਕਲਾਮ ਨਾਲ ਬਚਨ ਨਾ ਕੋਇ ਸੁਣਾਈਆ । ਦੂਰੋਂ ਮੰਦਰਾਂ ਮਸਜਿਦਾਂ ਸ਼ਿਵਦਵਾਲੇ ਮੱਠਾਂ ਵਾਂਗੂ ਕਰ ਜਾਇਆ ਕਰੋ ਸਲਾਮ, ਨਿਉਂ ਨਿਉਂ ਆਪਣਾ ਝਟ ਲੰਘਾਈਆ । ਪਰ ਯਾਦ ਰੱਖਿਓ ਸਤਿਗੁਰੂ ਕਦੇ ਨਹੀਂ ਹੁੰਦਾ ਬਦਨਾਮ, ਬਦੀ ਵਿਚ ਕਦੇ ਨਾ ਆਈਆ । ਉਸ ਦੇ ਕੋਲ ਆਪਣੀ ਆਪ ਪਹਿਚਾਨ, ਦੂਸਰੇ ਦੀ ਪਹਿਚਾਨ ਅੱਖ ਨਾ ਕਦੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੇ ਇਹ ਹੁਕਮ ਗੁਰਮੁਖੋ ਤੁਹਾਨੂੰ ਪਰਵਾਨ, ਤੇ ਬਾਹਵਾਂ ਲਉ ਉਠਾਈਆ । ਜਨ ਭਗਤੋ ਸੁਣੋ ਨਾਲ ਚਾਅ, ਚਾਓ ਨਾਲ ਜਣਾਈਆ । ਜੇ ਕੋਈ ਗ਼ੁੱਸਾ ਰੋਸ ਤੇ ਗਿਲਾ ਦਿਉ ਸੁਣਾ, ਖ਼ੁਸ਼ੀ ਨਾਲ ਉਠਾਈਆ । ਜੇ ਚਾਹੋ ਤੇ ਭੁੱਲ ਲਉ ਬਖ਼ਸ਼ਾ, ਇਹ ਅੱਖਰ ਦਿਆਂ ਮਿਟਾਈਆ । ਕਿਉਂ ਨਾਨਕ ਦਾ ਬਾਬਰ ਦੇ ਨਾਲ ਜੇਹੜਾ ਬਣੇ ਗਵਾਹ, ਤੇ ਬਾਬਰ ਦਾ ਸਰਦਾਰ ਕਪੂਰ ਸਿੰਘ ਨਜ਼ਰੀ ਆਈਆ । ਜਿਸ ਨੇ ਗਲ ਵਿਚ ਹਾਰ ਦਿਤਾ ਪਹਿਨਾ, ਨਾਨਕ ਦੀ ਗੋਬਿੰਦ ਝੋਲੀ ਪਾਈਆ । ਏਸੇ ਪਿਛੇ ਸਾਰੇ ਬਖ਼ਸ਼ੇ ਜਾਣੇ ਗੁਨਾਹ, ਲੇਖਾ ਆਪਣੇ ਵਿਚ ਟਿਕਾਈਆ । ਜੋ ਆਦਿ ਤੋਂ ਅੰਤ ਤਕ ਅਕਾਲ ਪੁਰਖ ਸਭ ਦਾ ਪਿਤਾ ਤੇ ਸਭ ਦਾ ਮਾਂ, ਬਾਲਕ ਸਾਰੇ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਇਹ ਹਾਰ ਕਹੇ ਮੈਂ ਗੋਬਿੰਦ ਦੀ ਉਹ ਨਿਸ਼ਾਨੀ, ਜੋ ਕਪੂਰ ਸਿੰਘ ਲਿਆ ਕੇ ਗਲ ਵਿਚ ਪਾਈਆ । ਮੇਰੀ ਪ੍ਰਭੂ ਦੇ ਅੱਗੇ ਬੇਨੰਤੀ ਜਿਉਂ ਮੁਕੱਦਮਾ ਦੀਵਾਨੀ, ਪਿਛਲਾ ਦੂਰ ਦਾ ਚਲਿਆ ਆਈਆ । ਇਕ ਦੇ ਪਿਛੇ ਬਾਕੀਆਂ ਦੀ ਲੇਖ ਲੇਖਣੀ ਮਿਟ ਜਾਏ ਕਾਨੀ, ਕਾਇਨਾਤ ਵਿਚ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਕਪੂਰ ਸਿੰਘ ਜੇ ਤੂੰ ਨਾ ਹੋਵੇਂ ਵਿਚੋਲਾ, ਬਚਿਆ ਰਹਿਣ ਕੋਇ ਨਾ ਪਾਈਆ । ਨਾ ਕੋਈ ਪੜਦਾ ਤੇ ਨਾ ਕੋਇ ਓਹਲਾ, ਸਚ ਦਿਤਾ ਸੁਣਾਈਆ । ਇਕੋ ਸ਼ਬਦ ਇਕੋ ਢੋਲਾ, ਇਕੋ ਰਾਗ ਅਲਾਹੀਆ । ਤੁਸੀਂ ਮੇਰੇ ਸਾਹਿਬ ਤੇ ਮੈਂ ਤੁਹਾਡਾ ਗੋਲਾ, ਜੁਗ ਜੁਗ ਸੇਵ ਕਮਾਈਆ । ਕੀ ਹੋ ਗਿਆ ਜੇ ਬਦਲ ਕੇ ਆ ਗਿਆ ਏਸ ਵਿਚ ਚੋਲਾ, ਕਾਇਆ ਮਾਟੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਹ ਤੁਹਾਡਾ ਖ਼ੁਸ਼ੀਆਂ ਵਾਲਾ ਹੋਲਾ, ਤੇ ਖ਼ੁਸ਼ੀਆਂ ਰੰਗ ਰੰਗਾਈਆ । ਗੋਬਿੰਦ ਕਹੇ ਮੇਰਾ ਮਾਛੂਵਾੜੇ ਦਾ ਸਿੰਘਾਸਣ, ਸੋਹਣਾ ਰੰਗ ਰੰਗਾਈਆ । ਮੇਰਾ ਜੋਤ ਨੂਰ ਪ੍ਰਕਾਸ਼ਨ, ਦੋ ਜਹਾਨ ਰੁਸ਼ਨਾਈਆ । ਮੇਰਾ ਖੇਲ ਪ੍ਰਿਥਮੀ ਆਕਾਸ਼ਨ, ਦੀਨ ਦੁਨੀ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਇਕ ਰੰਗਾਈਆ । ਚਾਰ ਕਹਾਰ ਚੁੱਕ ਲਉ ਜਗਤ ਬਬਾਣ, ਬਬਾਣ ਦੀ ਲੋੜ ਰਹੇ ਨਾ ਰਾਈਆ । ਗੁਰਮੁਖ ਦਰ ਆਏ ਪਰਵਾਨ, ਪਰਮ ਪੁਰਖ ਦਏ ਵਡਿਆਈਆ । ਸਭ ਦਾ ਇਕੋ ਜੇਹਾ ਮਾਣ, ਵਡਾ ਛੋਟਾ ਨਾ ਕੋਇ ਰਖਾਈਆ । ਜੇਹੜੇ ਗੋਬਿੰਦ ਦੇ ਮੀਤ ਦਾਤਰੀਆਂ ਵਾਲੇ ਆਏ ਕਿਰਸਾਨ, ਕੂੜੀ ਕਿਰਿਆ ਕਰਨ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਗੁਰ ਅਵਤਾਰ ਪੈਗ਼ੰਬਰ ਆ ਜਾਓ ਅਗਲੀ ਕਰੀਏ ਗੱਲ, ਆਸਣ ਉਤੇ ਡੇਰਾ ਲਾਈਆ । ਵਿਛੋੜਾ ਹੋਏ ਘੜੀ ਨਾ ਪਲ, ਪਲਕਾਂ ਦੇ ਪਿਛੇ ਦਏ ਸਮਝਾਈਆ । ਸਭ ਦਾ ਸਾਂਝਾ ਪੂਰਬ ਇਕੋ ਜੇਹਾ ਫਲ, ਵੱਧ ਘੱਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਫੋਲੋ ਆਪਣੇ ਪੋਥੇ, ਪੁਸਤਕ ਖੋਜ ਖੁਜਾਈਆ । ਦੱਸੋ ਕਿੰਨੇ ਬਹੁਤੇ ਤੇ ਕਿੰਨੇ ਚੋਖੇ, ਚੋਖਰਾਂ ਵਿਚੋਂ ਪਾਰ ਲੰਘਾਈਆ । ਕਿੰਨੇ ਸਚ ਦਵਾਰੇ ਸਚਖੰਡ ਪਹੁੰਚੇ, ਪ੍ਰਭ ਜੋਤ ਵਿਚ ਸਮਾਈਆ । ਕਿੰਨੇ ਜਗਤ ਜਹਾਨ ਗਏ ਔਂਤੇ, ਮਿਲੀ ਮਾਣ ਨਾ ਕੋਇ ਵਡਿਆਈਆ । ਕਿੰਨੇ ਖ਼ਸਮ ਹੰਢਾ ਕੇ ਗਏ ਖੌਂਤੇ, ਸੋਹਣੀ ਸੇਜ ਸੁਹਾਈਆ । ਕਿੰਨੇ ਕਾਇਆ ਮਾਟੀ ਸਾਫ਼ ਕਰਕੇ ਗਏ ਚੌਂਕੇ, ਸੁਥਰਾ ਆਪਣਾ ਆਪ ਬਣਾਈਆ । ਕਿੰਨੇ ਪ੍ਰੇਮ ਪਿਆਰ ਵਿਚ ਗਾਉਂਦੇ ਗਏ ਨਾਲ ਸ਼ੌਂਕੇ, ਰਸਨਾ ਜਿਹਵਾ ਬੱਤੀ ਦੰਦ ਹਿਲਾਈਆ । ਕਿੰਨੇ ਬਣਾਂ ਵਿਚ ਗਏ ਸੌਂ ਕੇ, ਕਿਤਨੇ ਧੂਣੀਆਂ ਗਏ ਤਪਾਈਆ । ਕਿਤਨੇ ਚੁਰਾਸੀ ਵਿਚ ਗਏ ਭੌਂ ਕੇ, ਚਾਰੇ ਖਾਣੀ ਵੰਡ ਵੰਡਾਈਆ । ਕਿਤਨੇ ਤੂੰ ਹੀ ਤੂੰ ਹੀ ਗਏ ਗਾਓ ਕੇ, ਸੋਹਣਾ ਰਾਗ ਅਲਾਹੀਆ । ਕਿਤਨੇ ਰੂਪ ਬਣਾ ਕੇ ਗਏ ਕਾਉਂ ਕੇ, ਮੁਖ ਵਿਸ਼ਟੇ ਨਾਲ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਕਿਤਾਬ ਉਤੇ ਨਹੀਂ ਕੋਈ ਅੱਖਰ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਅਖ਼ੀਰੀ ਤੇਰੀ ਸੇਜ ਤੇ ਤੇਰਾ ਸੱਥਰ, ਗੋਬਿੰਦ ਆਇਆ ਹੰਢਾਈਆ । ਛਡ ਕੇ ਪਾਹਨ ਪੱਥਰ, ਤੇਰੀ ਓਟ ਤਕਾਈਆ । ਸਾਚਾ ਯਥਾਰਥ ਦੱਸ ਕੇ ਯਤਨ, ਯਥਾ ਤੇਰਾ ਰੰਗ ਰੰਗਾਈਆ । ਦਰਸ ਪਾ ਕੇ ਅੱਖਣ, ਪੜਦਾ ਆਇਆ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਚ ਛੱਬੀ ਪੋਹ ਦੀ ਆਈ ਰਾਤ, ਰੁਤੜੀ ਇਕ ਮਹਿਕਾਈਆ । ਗੁਰਮੁਖ ਸਿੰਘ ਫੜ ਲੈ ਲਾਲ ਕਲਮ ਦਵਾਤ, ਕਾਗ਼ਜ਼ ਕੋਰੇ ਹੱਥ ਉਠਾਈਆ । ਨੌਂ ਕਾਰਡ ਲੈ ਕਰ ਹਾਥ, ਸੋਹਣੀ ਵੰਡ ਵੰਡਾਈਆ । ਵਖਾ ਦਿਓ ਜਲ ਵਾਲੀ ਪਰਾਤ, ਪਰਾਤਨ ਪੜਦਾ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪਰਾਤ ਕਹੇ ਮੇਰੇ ਵਿਚ ਭਰਿਆ ਪਾਣੀ, ਸਚ ਦਿਆਂ ਸੁਣਾਈਆ । ਜਨ ਭਗਤੋ ਭਗਵਾਨ ਦੀ ਤੁਹਾਡੇ ਲਈ ਬਾਣੀ, ਜੁਗ ਜੁਗ ਚਲੀ ਆਈਆ । ਆਤਮਾ ਦਾ ਬਣੇ ਹਾਣੀ, ਪਰਮਾਤਮਾ ਵੇਖ ਵਖਾਈਆ । ਝਗੜਾ ਮੁਕਾ ਕੇ ਚਾਰੇ ਖਾਣੀ, ਇਕੋ ਰੰਗ ਰੰਗਾਈਆ । ਗੁਰਮੁਖੋ ਗੁਰਮੁਖ ਬਣੇ ਸਵਾਣੀ, ਜੋਬਨਵੰਤੀ ਸੋਭਾ ਪਾਈਆ । ਧੁਰ ਦੇ ਮਾਲਕ ਦੀ ਬਣ ਕੇ ਰਾਣੀ, ਦਰਗਹ ਸਾਚੀ ਬਹੀਏ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ ।

### ਪਹਿਲਾ ਕਾਰਡ ਕਪੂਰ ਸਿੰਘ ਮੋਗਾ ਦੇ ਨਾਮ :

ਲੇਖਾ ਲਿਖੋ ਉਪਰ ਕਾਟ, ਕਾਰਡ ਉਤੇ ਲਿਖਾਈਆ । ਕਪੂਰ ਸਿੰਘ ਜਨਮ ਕਰਮ ਦੀ ਮਿਟੀ ਵਾਟ, ਪੰਧ ਰਿਹਾ ਨਾ ਰਾਈਆ । ਨਾਨਕ

ਦਾ ਲੇਖਾ ਚੁੱਕਿਆ ਬਾਬਰ ਵਾਲਾ ਸਾਥ, ਸਗਲਾ ਸੰਗ ਨਿਭਾਈਆ । ਤੇਰਾ ਗ੍ਰਿਹਿ ਹੋਇਆ ਪਾਕ, ਅੰਦਰ ਵੱਜੀ ਵਧਾਈਆ । ਜਨਮ ਲੈਣਾ ਨਾ ਪਏ ਫੇਰ ਲੋਕਮਾਤ, ਝਗੜਾ ਦਿਤਾ ਮੁਕਾਈਆ । ਜ਼ਰੂਰ ਬੱਚੇ ਦੀ ਬਖ਼ਸ਼ਾਂਗਾ ਦਾਤ, ਖ਼ਾਲੀ ਝੋਲੀ ਦਿਆਂ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ ।

## ✪ ਦੂਸਰਾ ਕਾਰਡ ਕਿਰਪਾਲ ਸਿੰਘ ਗੋਲੇ ਵਾਲ ਦੇ ਨਵਿਤ : ✪

ਕਿਰਪਾਲ ਸਿੰਘ ਤੇਰੇ ਉਤੇ ਕਿਰਪਾ ਕਰਨੀ, ਕਿਰਤੀ ਪਿਛਲਾ ਨਜ਼ਰੀ ਆਈਆ । ਹਰਬੰਸ ਕੌਰ ਜੇਹੜੀ ਪੋਹ ਮਹੀਨੇ ਸੀ ਮਰਨੀ, ਫੇਰ ਜੋੜੀ ਤੇਰੇ ਨਾਲ ਬਣਾਈਆ । ਪ੍ਰੇਮ ਵਿਚ ਛੋਂਹਦੇ ਰਹਿਣਾ ਚਰਨੀ, ਜਗਤ ਮਾਣ ਮਿਲੇ ਵਡਿਆਈਆ । ਕਿਸੇ ਦੀ ਤੁਕ ਕੰਨਾਂ ਥਾਣੀਂ ਨਹੀਂ ਸੁਣਨੀ, ਸੂਰਬੀਰ ਬਹਾਦਰ ਹੋ ਕੇ ਆਪਣਾ ਬਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ ।

## ✪ ਤੀਸਰਾ ਕਾਰਡ ਕੇਹਰ ਸਿੰਘ ਰਜੀਵਾਲਾ ਫ਼ਿਰੋਜ਼ਪੁਰ ਦੇ ਨਵਿਤ : ✪

ਕੇਹਰ ਸਿੰਘ ਪੜ੍ਹ ਲਿਆ ਇਕ ਕਾਇਦਾ, ਕਲਮਾ ਅਗੰਮ ਅਥਾਹੀਆ । ਪ੍ਰੇਮ ਬਖ਼ਸ਼ਿਆ ਜਾਏ ਬਾਕਾਇਦਾ, ਅੰਦਰ ਵੱਜਦੀ ਰਹੇ ਵਧਾਈਆ । ੩੦੦
ਸਤਿਗੁਰ ਸ਼ਬਦ ਨਾਲੋਂ ਕਦੇ ਨਾ ਹੋਵੇਂ ਅਲਾਹਿਦਾ, ਮਿਹਰ ਨਜ਼ਰ ਨਾਲ ਤਰਾਈਆ । ਮਨ ਬੁੱਧੀ ਵਿਚ ਕਦੇ ਨਾ ਲਿਆ ਜਾਏ ਜਾਇਜ਼ਾ, ਅਕਲ ਚਲੇ ਨਾ ਕੋਇ ਚਤੁਰਾਈਆ । ਤੁਹਾਡਾ ਆਤਮਾ ਪਰਮਾਤਮਾ ਦਾ ਹੋਇਆ ਮੁਆਹਿਦਾ, ਸ਼ਿਰਕਤ ਸਕੇ ਨਾ ਕੋਇ ਬਦਲਾਈਆ । ਤੁਹਾਡਾ ਤੁਹਾਨੂੰ ਹੋਇਆ ਫ਼ਾਇਦਾ, ਦੇਵਣਹਾਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਦਏ ਲਿਖਾਈਆ ।

## ✪ ਚੌਥਾ ਕਾਰਡ ਨਾਜ਼ਰ ਸਿੰਘ ਮਾੜੀ ਮੁਸਤਫ਼ਾ ਦੇ ਨਵਿਤ : ✪

ਚੌਥਾ ਕਾਰਡ ਲਿਖਣਾ ਸਿੰਘ ਨਾਜ਼ਰ, ਮਾੜੀ ਮੁਸਤਫ਼ਾ ਵੇਖ ਵਖਾਈਆ । ਗੁਰਮੁਖ ਬਣਿਆ ਰਹਿਣਾ ਆਜਜ਼, ਨਿਰਮਾਣਤਾ ਵਿਚ ਸਰਨਾਈਆ । ਪ੍ਰੇਮ ਵਿਚ ਮਨ ਕਰੇ ਕਦੇ ਨਾ ਸਾਜ਼ਸ਼, ਕੂੜ ਚਲੇ ਨਾ ਕੋਇ ਚਤੁਰਾਈਆ । ਦਇਆਵਾਨ ਦਇਆਨਿਧ ਠਾਕਰ ਕਰੇ ਨਵਾਜ਼ਸ਼, ਸਿਰ ਆਪਣਾ ਹੱਥ ਰਖਾਈਆ । ਤੂੰ ਆਦਿ ਅੰਤ ਤੋਂ ਜੁਗਾ ਜੁਗੰਤ ਸਤਾਸੀ ਜਨਮ ਦਾ ਆਸ਼ਕ, ਪ੍ਰੇਮ ਪ੍ਰੀਤੀ ਪ੍ਰਭ ਦੇ ਨਾਲ ਰਖਾਈਆ । ਜਿਸ ਵੇਲੇ ਸ਼ੰਕਰ ਗਲ ਵਿਚ ਰੱਖਦਾ ਸੀ ਤਸ਼ਕ ਤੇ ਬਾਸ਼ਕ, ਨੌਂ ਵਾਰ ਧੂਣੀ ਉਸ ਦੀ ਆਪ ਤਪਾਈਆ । ਸਚ ਦੀ ਸਚ ਵਿਚ ਸਦਾ ਅਮਾਨਤ, ਜੋ ਸਤਿਗੁਰ ਆਏ ਪਰਨਾਈਆ । ਜੇਹੜੇ ਕਾਨਪੁਰ ਤੋਂ ਬਣਕੇ ਆਏ ਦੈਂਤ ਰੂਪ ਰਾਖਸ਼, ਇਹ ਉਸ ਵੇਲੇ ਦੇ ਤੇਰੇ ਪਿਛਲੇ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਅੱਖਰ ਇਕ ਪੜ੍ਹਾਈਆ ।

## ✪ ਪੰਜਵਾਂ ਕਾਰਡ ਮਾਝਾ ਸੰਗਤ ਦੇ ਨਵਿਤ : ✪

ਪੰਜਵਾਂ ਖ਼ਤ ਵਾਚਣਾ ਮਾਝਾ ਸੰਗਤ, ਸ਼ਬਦ ਗੁਰੂ ਜਣਾਈਆ । ਜਿਸ ਵੇਲੇ ਨਾਨਕ ਨੇ ਲੈਹਿਣੇ ਨੂੰ ਲਾਇਆ ਸੀ ਅੰਗ ਤੇ ਬਣਾਇਆ ਸੀ ਅੰਗਦ, ਅੰਦਰ ਵੜ ਕੇ ਇਕ ਦਿਤਾ ਸਮਝਾਈਆ । ਸਤਿਗੁਰੂ ਸ਼ਬਦ ਤੇ ਸ਼ਬਦ ਗੁਰੂ ਦਾ ਪ੍ਰੇਮ ਪ੍ਰੇਮ ਦੀ ਧਾਰ ਪੰਗਤ, ਵੱਡਾ ਛੋਟਾ ਨਾ ਕੋਇ ਬਣਾਈਆ । ਨਾਮ ਭੰਡਾਰ ਕਿਸੇ ਦਵਾਰਿਉਂ ਨਹੀਂ ਜਾਣਾ ਲੈਣ ਬਣਕੇ ਮੰਗਤ, ਝੋਲੀ ਕਿਸੇ ਅੱਗੇ ਨਾ ਡਾਹੀਆ । ਮੈਂ ਤੇਰੀ ਪੁਰਖ ਅਕਾਲ ਕੋਲ ਬਣਾਈ ਸਨਦ, ਲੇਖਾ ਦਿਤਾ ਲਿਖਾਈਆ । ਜਿਸ ਵੇਲੇ ਕਲਜੁਗ ਆਵੇ ਅੰਤ, ਪੁਰਖ ਅਕਾਲਾ ਫੇਰਾ ਪਾਈਆ । ਗੁਰਮੁਖਾਂ ਬਣਾਏ ਬਣਤ, ਭਗਤਾਂ ਰੂਪ ਦਰਸਾਈਆ । ਝਗੜਾ ਮਿਟਾ ਕੇ ਸਵਰਗ ਬਹਿਸ਼ਤ ਜੱਨਤ, ਸਚਖੰਡ ਸਾਚੇ ਆਪ ਬਹਾਈਆ । ਆਤਮਾ ਪਰਮਾਤਮਾ ਦਾ ਬਣ ਕੇ ਕੰਤ, ਸਚ ਸਵਾਮੀ ਲਏ ਪਰਨਾਈਆ । ਮਾਝੇ ਵਾਲਿਓ ਤੁਹਾਡਾ ਸਦਾ ਪ੍ਰੇਮ ਰਹੇ ਬੇਅੰਤ, ਬੇਪਰਵਾਹੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਘਰ ਦਰਸਾਈਆ ।

## ✪ ਛੇਵਾਂ ਕਾਰਡ ਮਾਲਵਾ ਸੰਗਤ ਦੇ ਨਵਿਤ : ✪



ਛੇਵਾਂ ਕਾਰਡ ਮਾਲਵੇ ਵਾਲਿਓ ਗੋਬਿੰਦ ਦੀ ਧਾਰ ਦਾ ਪੈਣਾ ਮੁੱਲ, ਗੋਬਿੰਦ ਸ਼ਬਦ ਗਿਆ ਜਣਾਈਆ । ਸਭ ਦੀ ਇਕੋ ਜ਼ਾਤ ਤੇ ਇਕੋ ਕੁਲ, ਕੁਲ ਮਾਲਕ ਵੇਖ ਵਖਾਈਆ । ਅੰਮ੍ਰਿਤ ਧਾਰ ਜਾਏ ਨਾ ਡੁਲ੍ਹ, ਰਸ ਕਾਇਆ ਅੰਦਰ ਟਿਕਾਈਆ । ਸਤਿ ਫੁੱਲ ਜਾਏ ਨਾ ਹੁੱਲ, ਸਿੰਮਲ ਰੂਪ ਨਾ ਕੋਇ ਵਖਾਈਆ । ਸਾਚੇ ਕੰਡੇ ਜਾਣਾ ਤੁਲ, ਤੱਕੜ ਨਾਮ ਵਾਲੇ ਤੁਲਾਈਆ । ਉਹ ਵੇਖੋ ਸਿੰਘਾਸਣ ਦੇ ਕੋਲ ਬਲਦੀ ਚੁਲ੍ਹ, ਤ੍ਰੈਗੁਣ ਮਾਇਆ ਰੂਪ ਬਦਲਾਈਆ । ਤੁਸੀਂ ਗੁਰਮੁਖ ਬਣਿਓ ਹਰਿਜਨ ਅਗੰਮੇ ਫੁੱਲ, ਫੁੱਲ ਫੁਲਵਾੜੀ ਮਾਤ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ ।

## ✪ ਸਤਵਾਂ ਕਾਰਡ ਜੰਮੂ ਸੰਗਤ ਦੇ ਨਵਿਤ : ✪

ਜੰਮੂ ਸੰਗਤ ਧਰੋ ਧਿਆਨ, ਸ਼ਬਦ ਸਚ ਜਣਾਈਆ । ਬਾਵਨ ਦਾ ਲੇਖਾ ਹੋਏ ਪਰਵਾਨ, ਪਰਵਾਨੇ ਗੁਰਮੁਖ ਰੂਪ ਬਣਾਈਆ । ਸਤਿ ਦਾ ਸਚ ਨਾਲ ਮਾਣ, ਅਭਿਮਾਨ ਰਹੇ ਨਾ ਰਾਈਆ । ਇਕੋ ਰੰਗ ਬਿਰਧ ਬਾਲ ਜਵਾਨ, ਇਕੋ ਗ੍ਰਹਿ ਦਏ ਵਖਾਈਆ । ਇਕੋ ਧਰਮ ਧਾਰ ਨਿਸ਼ਾਨ, ਝੁਲਦੇ ਚਾਈਂ ਚਾਈਆ । ਤੁਹਾਡਾ ਝਗੜਾ ਮੁਕਿਆ ਜ਼ਿਮੀਂ ਅਸਮਾਨ, ਅਰਸ਼ ਫ਼ਰਸ਼ ਡੇਰਾ ਢਾਹੀਆ । ਸਚਖੰਡ ਸਾਰੇ ਹੋਏ ਪਰਵਾਨ, ਪਾਰਬ੍ਰਹਮ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ ।

## ✪ ਅੱਠਵਾਂ ਕਾਰਡ ਦੁਆਬਾ ਸੰਗਤ ਦੇ ਨਵਿਤ : ✪

ਅੱਠਵਾਂ ਕਾਰਡ ਧਰਮ ਦੀ ਧਾਰ ਸੁਣੇ ਦੁਆਬਾ, ਦੋਹਰੀ ਧਾਰ ਲਗਾਈਆ । ਤੁਹਾਡੀ ਮੰਗ ਮੰਗ ਕੇ ਗਿਆ ਬੁੱਢਾ ਬਾਬਾ, ਗੁਰੂ ਅਰਜਨ ਸੀਸ ਨਿਵਾਈਆ । ਜੰਮੂ ਵਾਲਿਆਂ ਜਿਹੜਾ ਲਿਆਂਦਾ ਪੱਤਰ ਤਾਂਬਾ, ਏਸੇ ਦੇ ਉਤੇ ਉਸ ਵੇਲੇ ਦੀ ਲਿਖਾਈਆ । ਜਿਸ ਵੇਲੇ ਮਸਤਕ ਉਂਗਲੀ ਲਾਈ ਸੀ ਕ੍ਰਿਸ਼ਨ ਰਾਧਾ, ਖ਼ੁਸ਼ੀਆਂ ਨਾਲ ਛੁਹਾਈਆ । ਕਲਜੁਗ ਅੰਤ ਪੁਰਖ ਅਕਾਲ ਹੰਸ ਬਣਾਏ ਕਾਗਾ, ਕਾਗੋਂ ਹੰਸ ਉਡਾਈਆ । ਗੋਬਿੰਦ ਦੀ ਧਾਰ ਖੇਲ ਖੇਲਣਾ ਆਰ ਪਾਰ ਵਾਘਾ, ਵਹਿੰਦਾ ਵਹਿਣ ਵਹਾਈਆ । ਕੁਛ ਗੋਬਿੰਦ ਲੇਖਾ ਲਿਖਿਆ ਉਪਰ ਢਾਬਾ, ਮਹਾਂ ਸਿੰਘ ਸਮਝਾਈਆ । ਹੁਣ ਮੈਨੂੰ ਕਹਿੰਦੇ ਸਤਿਗੁਰ ਵਾਲਾ ਬਾਜ਼ਾਂ, ਬਾਜ਼ ਰਿਹਾ ਉਡਾਈਆ । ਫੇਰ ਸ਼ਬਦ ਗੁਰੂ ਹੋ ਕੇ ਲੁਕਣਾ ਨਹੀਂ ਵਿਚ ਸਮਾਧਾਂ, ਅਗਨੀ ਮੱਠ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਰੰਗਾਈਆ ।

## ✪ ਨੌਵਾਂ ਕਾਰਡ ਹਰਿ ਸੰਗਤ ਦੀ ਗੋਬਿੰਦ ਅੱਗੇ ਅਰਦਾਸ : ✪

ਨੌਵਾਂ ਕਾਰਡ ਗੋਬਿੰਦ ਤੇਰੇ ਅੱਗੇ ਅਰਦਾਸ, ਹਰਿ ਸੰਗਤ ਰਹੀ ਜਣਾਈਆ । ਤੂੰ ਮਾਲਕ ਸਵਾਸ ਸਵਾਸ, ਸਾਹ ਸਾਹ ਤੇਰੇ ਵਿਚ ਟਿਕਾਈਆ । ਆਪਣਾ ਨੂਰ ਦੇ ਪ੍ਰਕਾਸ਼, ਅੰਧ ਅੰਧੇਰ ਰਹੇ ਨਾ ਰਾਈਆ । ਪੂਰਾ ਕਰ ਭਵਿਖਤ ਵਾਕ, ਕਲਜੁਗ ਕੂੜੀ ਕਿਰਿਆ ਦੇ ਖਪਾਈਆ । ਪੰਜ ਦਰਬਾਰੀ

੩੦੨
ਅੱਗੇ ਆਓ ਬਣ ਕੇ ਸਾਥ, ਹੱਥ ਹੱਥਾਂ ਵਿਚ ਮਿਲਾਈਆ । ਗੁਰਚਰਨ ਸਿੰਘ ਅੱਗੇ ਆਵੇ ਜਿਸ ਨੂੰ ਵੱਜਾ ਕਾਠ, ਗੋਬਿੰਦ ਦਾ ਚੋਰ ਸੋਭਾ ਪਾਈਆ । ਕੋਰਾ ਭਾਂਡਾ ਪਿਆਰੇ ਲਿਆਵੇ ਤੇ ਗੁਰਮੁਖ ਸਿੰਘ ਪੱਗ ਵਿਚੋਂ ਕਢੇ ਚਾਕ, ਟੁਕੜਾ ਕੱਚ ਦਾ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ ।

ਕੋਰਾ ਭਾਂਡਾ ਲਿਆਓ ਜ਼ਰੂਰ, ਕਪੂਰ ਸਿੰਘ ਦੇ ਹੱਥ ਫੜਾਈਆ । ਕਪੂਰ ਸਿੰਘ ਇਸ ਦੇ ਉਤੇ ਲਿਖੇ ਪੁਰਖ ਅਕਾਲ ਇਕ ਹਜ਼ੂਰ, ਹਜ਼ੂਰੀਏ ਗੁਰ ਅਵਤਾਰ ਪੈਗ਼ੰਬਰ ਸੋਭਾ ਪਾਈਆ । ਜਿਸ ਦਾ ਆਦਿ ਅੰਤ ਸਚ ਦਸਤੂਰ, ਚੇਲਾ ਸਿੰਘ ਅੱਖਰ ਦਏ ਬਣਾਈਆ । ਕੇਹਰ ਸਿੰਘ ਲਿਖੇ ਝਗੜਾ ਮੇਟ ਦੇ ਕੂੜ, ਕੂੜ ਕਿਰਿਆ ਦੇ ਖਪਾਈਆ । ਮੇਲਾ ਸਿੰਘ ਚਰਨਾਂ ਦੀ ਲੈ ਕੇ ਧੂੜ, ਉਤੇ ਅੰਗੂਠਾ ਦਏ ਲਗਾਈਆ । ਗੁਰਦਰਸ਼ਨ ਕੌਰ ਲਿਖੇ ਭਗਤ ਭਗਵਾਨ ਇਕ ਦੂਜੇ ਦੇ ਮਜ਼ਦੂਰ, ਜੁਗ ਜੁਗ ਸਾਂਝੀ ਸੇਵ ਕਮਾਈਆ । ਜੇ ਭਗਤ ਨਾ ਹੋਵਣ ਤੇ ਭਗਵਾਨ ਦਾ ਨਾ ਕੋਇ ਬੇੜਾ ਤੇ ਨਾ ਕੋਇ ਪੂਰ, ਵੰਝ ਮੁਹਾਣਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਕੋਰਾ ਭਾਂਡਾ ਕਹੇ ਜਿਨ੍ਹਾਂ ਦੇ ਹੱਥ ਵਿਚ ਲਿਖਿਆ ਨਰ ਨਰਾਇਣ, ਇਕੋ ਰੰਗ ਵਖਾਈਆ । ਮੈਂ ਸਭ ਨੂੰ ਆਇਆ ਕਹਿਣ, ਚਾਰੋਂ ਕੁੰਟ ਦਿਆਂ ਜਣਾਈਆ । ਜਨ ਭਗਤੋ ਨਾਤਾ ਰੱਖਿਓ ਭਾਈ ਭੈਣ, ਮਾਤ ਪਿਤਾ ਪੁਰਖ ਅਕਾਲ ਰਖਾਈਆ । ਜੋ ਆਇਆ ਜੋ ਜੰਮਿਆ ਤਿਸ ਨੂੰ ਖਾ ਗਈ ਲਾੜੀ ਮੌਤ ਡੈਣ, ਬਚਿਆ ਕੋਇ ਰਹਿਣ ਨਾ ਪਾਈਆ । ਛੱਬੀ ਪੋਹ ਸਾਰੇ ਜਾਗੋ ਖ਼ੁਸ਼ੀਆਂ ਵਿਚ ਮਨਾਓ ਰੈਣ, ਰੈਣ ਭਿੰਨੜੀ ਨਾਲ ਮਿਲਾਈਆ ।

ਤੁਹਾਡੇ ਵਿਚ ਨਾ ਕੋਈ ਦੂਜੀ ਜ਼ਾਤੀ ਤੇ ਨਾ ਕੋਈ ਤਰਫ਼ੈਣ, ਤੀਜਾ ਨਜ਼ਰ ਕੋਇ ਨਾ ਆਈਆ । ਨਾਮ ਕੁਠਾਲੀ ਵਿਚੋਂ ਤੁਸੀਂ ਇਕ ਬਣੇ ਰਸੈਣ, ਰਸਤਾ ਸਭ ਨੂੰ ਦਿਤਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਜਨ ਭਗਤੋ ਵੇਖੋ ਕੱਚਾ ਭਾਂਡਾ, ਸੀਸ ਉਤੇ ਸੋਭਾ ਪਾਈਆ । ਮੇਰੇ ਵਿਚ ਨਾ ਕੋਇ ਸੂਰ ਖਾਇਓ ਨਾ ਢਾਂਡਾ, ਮੱਛੀ ਮਾਸ ਨਾ ਕੋਇ ਚਤੁਰਾਈਆ । ਮੈਂ ਹਰਿ ਭਗਤ ਵੇਖਣਾ ਇਕੋ ਬੱਚਾ ਜਨਣੀ ਮਾਂ ਦਾ, ਚਾਰੋਂ ਕੁੰਟ ਸੋਭਾ ਪਾਈਆ । ਜਿਹੜਾ ਭਰੋਸਾ ਰੱਖੇ ਇਕ ਦੇ ਨਾਂ ਦਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਗੁਰ ਅਵਤਾਰ ਪੈਗ਼ੰਬਰ ਤੁਹਾਡਾ ਢੋਲਾ ਗਾਵਣ ਵਾਹ ਵਾਹ ਦਾ, ਤੇਰੀ ਇਕ ਸਰਨਾਈਆ । ਸੱਤਰੰਗਾ ਕਹੇ ਮੇਰਾ ਇਕ ਹੋਰ ਮਿੱਤਰ, ਗੁਰਮੁਖੋ ਤੁਹਾਨੂੰ ਦਿਆਂ ਜਣਾਈਆ । ਮੈਂ ਕਿੱਡਾ ਸੋਹਣਾ ਤੇ ਉਹ ਡੰਡਾ ਕਿੱਕਰ, ਆਪਣੇ ਰੰਗ ਵਖਾਈਆ । ਡੱਲੇ ਦਾ ਹਥਿਆਰ ਜਿਹੜਾ ਭਰਿਆ ਚਿੱਕੜ, ਤ੍ਰਿਸੂਲ ਸ਼ੰਕਰ ਦਏ ਹਿਲਾਈਆ । ਬਿਨਾ ਸਤਿਗੁਰ ਸ਼ਬਦ ਡੰਡੇ ਤੋਂ ਸ਼ੰਕਰ ਬ੍ਰਹਮਾ ਸ਼ਿਵ ਕੋਇ ਨਾ ਚੜ੍ਹੇ ਸਿਖ਼ਰ, ਤ੍ਰਿਸੂਲ ਵਾਲਾ ਕੰਮ ਕਿਸੇ ਨਾ ਆਈਆ । ਵੇਖੇ ਸਾਰੇ ਏਸੇ ਵਿਚੋਂ ਆਏ ਨਿਕਲ, ਛਾਤੀ ਉਤੇ ਬੈਠੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪੜਦਾ ਦਏ ਉਠਾਈਆ । ਕਿੱਕਰ ਦਾ ਕਹੇ ਡੰਡਾ, ਓ ਸਤਰੰਗੇ ਤੇਰੀ ਕੀ ਵਡਿਆਈਆ । ਸੱਤਰੰਗਾ ਕਹੇ ਮੈਂ ਬੜਾ ਚੰਗਾ, ਜੋ ਸਾਫ਼ ਸੁਥਰਾ ਸੋਭਾ ਪਾਈਆ । ਮੈਂ ਨਹਾਉਂਦਾ ਵਿਚ ਗੰਗਾ, ਹਰੀ ਓਮ ਹਰੀ ਓਮ ਕਹਿ ਕੇ ਆਪਣਾ ਰਾਮ ਮਨਾਈਆ । ਓ ਤੈਨੂੰ ਤਿੱਖਾ ਤਿੱਖਾ ਕੰਡਾ, ਹੱਥ ਨਾ ਕੋਇ ਛੁਹਾਈਆ । ਤੇਰੀਆਂ ਜੱਟ ਕਿਰਸਾਣ ਪਾਉਂਦੇ ਵੰਡਾਂ, ਹਲਾਂ ਵਿਚ ਫਸਾਈਆ । ਮੈਨੂੰ ਫੜਦਾ ਕੋਈ ਚੰਗਾ ਬੰਦਾ, ਜਿਹੜਾ ਪ੍ਰਭ ਦਾ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਡੰਡਾ ਕਹੇ ਮੈਂ ਕਿੱਕਰ ਦਾ ਸੋਟਾ, ਸੋਹਣਾ ਨਜ਼ਰੀ ਆਈਆ । ਮੈਂ ਵੇਖਣਾ ਖਰਾ ਖੋਟਾ, ਹਿਰਦੇ ਸਭ ਦੇ ਫੋਲ ਫੁਲਾਈਆ । ਮੈਂ ਫੋਲਣਾ ਕਾਇਆ ਕੋਠਾ, ਸਭ ਦੇ ਬਜਰ ਕਪਾਟੀ ਦੇ ਕੁੰਡੇ ਦਿਤੇ ਤੁੜਾਈਆ । ਮੈਂ ਚਾਰੇ ਕੁੰਟ ਠੋਕਾਂ, ਜ਼ੋਰ ਨਾਲ ਦਬਾਈਆ । ਸੱਤਰੰਗਿਆ ਬਾਹਮਣਾਂ, ਤੂੰ ਮਾਲਾ ਦੇ ਮਣਕੇ ਫਰਾਉਂਦਾ ਉਤੇ ਪੋਟਾ, ਪੋਟਿਆਂ ਵਿਚ ਹਿਲਾਈਆ । ਮੈਂ ਫਿੱਟਾ ਵਾਂਗ ਵੇਖ ਝੋਟਾ, ਆਕੜ ਕੇ ਦਿਆਂ ਜਣਾਈਆ । ਓ ਹੁਣ ਕਿਸੇ ਨੂੰ ਪਿਛਲਾ ਨਾਮ ਜਪਣ ਨਹੀਂ ਦੇਣਾ ਚੋਖਾ, ਅੱਖੀਂ ਮੀਟ ਨਾ ਧਿਆਨ ਧਰਾਈਆ । ਓ ਬ੍ਰਾਹਮਣਾ ਮੈਂ ਪੜ੍ਹਨ ਨਹੀਂ ਦੇਣਾ ਪੋਥਾ, ਜਾ ਸਿੰਘਾਸਣ ਤੇ ਬਹਿ ਜਾ ਤੇ ਮਾਲਾ ਦੇ ਮਣਕੇ ਲੈ ਹਿਲਾਈਆ । ਮੈਂ ਤੇ ਭਗਤਾਂ ਨੂੰ ਜੱਟ ਬਣ ਕੇ ਇਕ ਨਾਮ ਦੱਸਣਾ ਸੌਖਾ, ਤੂੰ ਮੇਰਾ ਮੈਂ ਤੇਰਾ ਢੋਲਾ ਲੈਣਾ ਗਾਈਆ । ਨਾ ਕੋਈ ਗ਼ੁੱਸਾ ਨਾ ਕੋਈ ਗਿਲਾ ਤੇ ਨਾ ਕੋਈ ਰੋਸਾ, ਜੇ ਕੋਈ ਰੁੱਸਿਆ ਬਾਬੇ ਨੰਦੂ ਵਾਂਗੂ ਲਵਾਂ ਢਾਹੀਆ । ਕਿਉਂ ਇਹ ਛੰਬ ਵਾਲਿਆਂ ਨੇ ਲਿਆਂਦਾ ਜਿਹੜੇ ਦੇਵੀਆਂ ਦੀਆਂ ਜਗਾਉਂਦੇ ਸੀ ਜੋਤਾਂ, ਪਹਾੜਾਂ ਵਾਲੀ ਕਹਿ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਸੱਤਰੰਗਾ ਕਹੇ ਕਿਉਂ ਓਏ ਮੋਟਿਆ ਜੱਟਾ, ਤੈਨੂੰ ਦਿਆਂ ਸਮਝਾਈਆ । ਤੂੰ ਘਾਹ ਖੋਤਣ ਵਾਲਾ ਉਤੋਂ ਵੱਟਾਂ, ਬ੍ਰਾਹਮਣਾਂ ਨਾਲ ਕਰੇਂ ਚਤੁਰਾਈਆ । ਛੇਤੀ ਕਰ ਪਹਿਲਾਂ ਮੈਨੂੰ ਦੱਛਣਾ ਦੇਹੁ ਪੰਜ ਟਕਾ, ਮੇਰੀ ਪੱਤਰੀ ਰਹੀ ਸਮਝਾਈਆ । ਨਹੀਂ ਤੇ ਨੌਂ ਗ੍ਰਹਿ ਘਰ ਵਿਚ ਪਾ ਦੇਣਗੇ ਰੱਟਾ, ਰਾਹੂ ਕੇਤੂ ਭੱਜੇ ਆਉਣ ਚਾਈਂ ਚਾਈਂ । ਮੰਗਲ ਬਣਿਆ ਨਹੀਂ ਕਿਸੇ ਦਾ

ਸਕਾ, ਸ਼ਨਿੱਚਰ ਨੇ ਸਾਰੇ ਦਿਤੇ ਰੁਲਾਈਆ । ਓਹ ਵੇਖ ਭਗਵਾਨ ਆ ਗਿਆ ਚੜ੍ਹਿਆ ਉਤੇ ਕੱਛਾ ਮੱਛਾ, ਆਪਣਾ ਡੇਰਾ ਲਾਈਆ । ਕਿੱਕਰ ਦਾ ਕਹੇ ਡੰਡਾ, ਜਾ ਓਏ ਪੰਡਤਾ, ਮੈਨੂੰ ਹੱਥ ਲਾਇਆ ਜੰਮੂ ਵਾਲੀ ਮਾਈ ਮਸਾਂ, ਜਿਹੜੀ ਦੂਰੋਂ ਆ ਕੇ ਪ੍ਰਭ ਦਾ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਕਿੱਕਰ ਦਾ ਸੋਟਾ ਕਹੇ ਬ੍ਰਾਹਮਣਾਂ ਛਡ ਦੇ ਅੜੀ, ਅੜਿਆ ਅੜੀ ਦੀ ਲੋੜ ਰਹੇ ਨਾ ਰਾਈਆ । ਹੁਣ ਨਾ ਨਛੱਤਰ ਰਹੇ ਨਾ ਘੜੀ, ਘੜੀ ਪਲ ਸਮਝ ਕੋਇ ਨਾ ਪਾਈਆ । ਕਲਜੁਗ ਜੀਵਾਂ ਵਿਦਿਆ ਬਹੁਤੀ ਪੜ੍ਹੀ, ਪੜ੍ਹ ਪੜ੍ਹ ਥੱਕੀ ਜਗਤ ਲੋਕਾਈਆ । ਜਾਂ ਮੈਂ ਵੇਖਿਆ ਸਾਧਾਂ ਸੰਤਾਂ ਮੰਜ਼ਲ ਪੌੜੀ ਕੋਇ ਨਾ ਚੜ੍ਹੀ, ਪੂਜਾ ਕਰਨ ਵਾਲਿਆ ਅੱਗੇ ਪੁੱਜਣ ਕੋਇ ਨਾ ਪਾਈਆ । ਜਿਧਰ ਤਕਾਂ ਕੂੜ ਕਲਪਨਾ ਵਿਚ ਸ੍ਰਿਸ਼ਟੀ ਸਾਰੀ ਸੜੀ, ਸੋਹਣਾ ਰੰਗ ਨਾ ਕੋਇ ਰੰਗਾਈਆ । ਚੁਰਾਸੀ ਵਿਚੋਂ ਕੋਈ ਨਾ ਕਰੇ ਬਰੀ, ਬੁਰਿਆਈਆਂ ਰੂਪ ਨਾ ਕੋਇ ਮਿਟਾਈਆ । ਬ੍ਰਾਹਮਣ ਕਹੇ ਓਏ ਡੰਡਿਆ ਹਰੀ ਹਰੀ ਹਰੀ, ਹਰਿ ਹਿਰਦੇ ਮੈਂ ਆਪਣੇ ਲਿਆ ਵਸਾਈਆ । ਮੈਂ ਵੇਖ ਤਪੱਸਿਆ ਕਿੰਨੀ ਕਰੀ, ਕਾਲੇ ਤੋਂ ਨੀਲਾ ਨੀਲੇ ਤੋਂ ਪੀਲਾ ਪੀਲੇ ਤੋਂ ਚਿੱਟਾ ਚਿੱਟੇ ਤੋਂ ਸੂਹਾ ਸੂਹੇ ਤੋਂ ਕੰਚਨ ਕੰਚਨ ਤੋਂ ਲਾਲ ਰੰਗ ਰੰਗਾਈਆ । ਕਿੱਕਰ ਦਾ ਡੰਡਾ ਕਹੇ ਜਾ ਓਏ ਐਵੇਂ ਸੱਤਾਂ ਘਰਾਂ ਦਾ ਲੰਘਦਾ ਰਿਹਾ ਬੂਹਾ, ਹੌਲੀ ਹੌਲੀ ਆਪਣਾ ਪੈਰ ਟਿਕਾਈਆ । ਮੈਨੂੰ ਐਂ ਜਾਪਦਾ ਤੂੰ ਬੰਦਗੀ ਕਰਨ ਵਾਲਾ ਚੂਹਾ, ਘਰ ਘਰ ਠੋਕਰਾਂ ਖਾਈਆ । ਓਏ ਇਕ ਮੰਨ ਲੈ ਸ਼ਬਦ ਗੁਰੂ ਸਭ ਦਾ ਸੂਹਾ, ਇਕੋ ਵਾਰ ਲੱਖ ਚੁਰਾਸੀ ਖੋਜ ਖੁਜਾਈਆ । ਡੰਡਾ ਕਹੇ ਜੇ ਸੱਚਾ ਸਤਿਗੁਰੂ ਪਾਕ ਕਰ ਦਏ ਸਭ ਦੀਆਂ ਰੂਹਾਂ, ਕਾਲ ਮਹਾਂਕਾਲ ਚਿੱਤਰ ਗੁਪਤ ਧਰਮ ਰਾਏ ਲੇਖਾ ਗੁਰਮੁਖਾਂ ਸਕੇ ਨਾ ਕੋਇ ਵਖਾਈਆ । ਬ੍ਰਾਹਮਣ ਕਹੇ ਉਹ ਮੇਰੇ ਬਦਨ ਨੂੰ ਲੱਗ ਗਿਆ ਲੂਹਾ, ਕਲਜੁਗ ਅਗਨੀ ਦਿਤੀ ਤਪਾਈਆ । ਉਏ ਕੋਈ ਲਿਖਾਰੀਓ ਤੁਹਾਡੇ ਕੋਲ ਹੈ ਕੂਆ, ਜਿਥੋਂ ਪਾਣੀ ਲੈ ਕੇ ਆਪਣੀ ਤਪਸ਼ ਲਵਾਂ ਬੁਝਾਈਆ । ਹਾਏ ਮੈਨੂੰ ਅੱਗੋਂ ਦਿਸ ਪਿਆ ਹਊਆ, ਕਿੱਡਾ ਮੋਟਾ ਨਜ਼ਰੀ ਆਈਆ । ਹਾਏ ਔਹ ਵੇਖ ਮਾਇਆ ਰਾਣੀ ਆ ਗਈ ਬਹੂਆ, ਬ੍ਰਾਹਮਣ ਬੋਦੀ ਰਿਹਾ ਹਿਲਾਈਆ । ਉਚੀ ਕਹੇ ਮੈਂ ਤੁਹਾਡਾ ਗੁਰੂ ਆਂ, ਓਏ ਮੈਂ ਤੁਹਾਡਾ ਗੁਰੂ ਆਂ, ਓਏ ਜਨਮ ਕਰਮ ਦੇ ਦੁਖੜੇ ਦਿਆਂ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵੇ ਮਾਣ ਵਡਿਆਈਆ । ਸੱਤਰੰਗਾ ਕਹੇ ਹੁਣ ਬਣ ਜਾਈਏ ਭਰਾ, ਭਾਵੀ ਸਭ ਤੇ ਨਜ਼ਰੀ ਆਈਆ । ਵੱਡੇ ਛੋਟੇ ਦਾ ਮਾਣ ਦਈਏ ਗਵਾ, ਜ਼ਾਤ ਪਾਤ ਨਾ ਵੰਡ ਵੰਡਾਈਆ । ਇਕ ਦੇ ਅੱਗੇ ਕਰੀਏ ਦੁਆ, ਵਾਸਤਾ ਲਈਏ ਪਾਈਆ । ਜਿਹੜੇ ਗੁਰਮੁਖ ਬਾਵਾ ਆਦਮ ਤੇ ਬਣੇ ਮਾਈ ਹੱਵਾ, ਉਨ੍ਹਾਂ ਨੂੰ ਨਾਲ ਲਈਏ ਮਿਲਾਈਆ । ਮਰਦਾਨੇ ਤੇ ਬਾਲੇ ਨੂੰ ਬਣਾਈਏ ਗਵਾਹ, ਨਾਨਕ ਲੇਖਾ ਸਮਝਾਈਆ । ਐਲੀਸ਼ਾਹ ਨੇ ਮੰਨਿਆ ਇਕ ਖ਼ੁਦਾ, ਉਹਨੂੰ ਲਈਏ ਰਲਾਈਆ । ਜਿਨ੍ਹਾਂ ਪੰਜਾਂ ਨੇ ਫ਼ਾਰਸੀ ਦਾ ਅੱਖਰ ਲਿਆ ਗਾ, ਪਾਰਸੀ ਰੂਪ ਧਰਾਈਆ । ਸਭ ਨੂੰ ਇਕੋ ਥਾਂ ਲਈਏ ਬਹਾ, ਵੱਡਾ ਛੋਟਾ ਨਾ ਕੋਇ ਅਖਵਾਈਆ । ਕਿੱਕਰ ਦਾ ਡੰਡਾ ਕਹੇ ਓਏ ਬ੍ਰਾਹਮਣਾ ਕਿਤੇ ਲਾ ਨਾ ਜਾਈਂ ਦਾਅ, ਮੈਨੂੰ ਭੋਲਾ ਜੱਟ ਸਮਝ ਕੇ ਲਾਲਚ ਵਿਚ ਫਸਾਈਆ । ਹੁਣ ਕਿੱਕਰ ਦਾ ਡੰਡਾ ਕਹੇ ਔਹ ਮੇਰੇ ਸਾਥੀ ਨੇ ਇਕ ਸਾਂਘਾ ਲਿਆਂਦਾ ਉਠਾ, ਤੇਰੀਆਂ ਦੋਹਾਂ ਲੱਤਾਂ ਵਿਚ ਲਏ ਅੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣੀ ਕਾਰ ਕਮਾਈਆ । ਜੱਟ ਕਹੇ ਓ ਬ੍ਰਾਹਮਣਾ ਤੇਰਾ ਮੇਰਾ ਹੋ ਜਾਏ

ਮਿਲਾਪ, ਗਲਵਕੜੀ ਲਈਏ ਪਾਈਆ । ਇਕੋ ਪੁਰਖ ਅਕਾਲ ਮੰਨੀਏ ਬਾਪ, ਦੂਜਾ ਨਜ਼ਰ ਕੋਇ ਨਾ ਆਈਆ । ਸੋਹੰ ਜਪੀਏ ਜਾਪ, ਜੋ ਚਾਰ ਜੁਗ ਦੇ ਗੁਰ ਅਵਤਾਰ ਪੈਗ਼ੰਬਰ ਆਏ ਗਾਈਆ । ਦੂਈ ਦਾ ਰਹੇ ਨਾ ਵਿਚ ਪਾਪ, ਦੁਰਮਤ ਮੈਲ ਧਵਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਪ੍ਰਭੂ ਦੇ ਭਗਤ ਪ੍ਰਭੂ ਦੇ ਸਾਕ, ਦੂਜਾ ਰੂਪ ਨਾ ਕੋਇ ਦਰਸਾਈਆ । ਬ੍ਰਾਹਮਣ ਕਹੇ ਓਏ ਭੋਲਿਆ ਅਜੇ ਭਗਤਾਂ ਵਿਚ ਥੋੜਾ ਥੋੜਾ ਸੁਰਾਖ, ਸਾਫ਼ ਨੀਤੀ ਨਾ ਕੋਇ ਅਪਨਾਈਆ । ਕਿੱਕਰ ਦਾ ਡੰਡਾ ਕਹੇ ਓਏ ਸਹੁਰਿਆ, ਮੇਰਾ ਸਾਹਿਬ ਸਭ ਨੂੰ ਕਰ ਦੇਵੇ ਮਾਫ਼, ਜੋ ਇਕ ਵਾਰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਸੱਤਰੰਗਾ ਕਹੇ ਪ੍ਰਭੂ ਅਚਰਜ ਖੇਲ ਖਲਾਉਣਾ ਏ । ਮਿਹਰਵਾਨ ਮਹਿਬੂਬ ਪੜਦਾ ਲਾਹੁਣਾ ਏ । ਧਰਮ ਧਾਰ ਦੀ ਏਕ (ਪੂਜ,) ਏਕ ਦੂਜ ਮਟਾਉਣਾ ਏ । ਸਚ ਪਿਆਰ ਦੀ ਦੇ ਕੇ ਸੂਝ, ਸੁੱਤਿਆਂ ਆਪ ਉਠਾਉਣਾ ਏ । ਸਤਿਗੁਰ ਸ਼ਬਦ ਭੇਜ ਕੇ ਦੂਤ, ਦੀਨ ਦੁਨੀ ਦਾ ਰਾਹ ਵਖਾਉਣਾ ਏ । ਝਗੜਾ ਮੇਟ ਕੇ ਕਾਇਆ ਕਲਬੂਤ, ਕਾਇਆ ਕਾਅਬਾ ਇਕ ਪਰਗਟੌਣਾ ਏ । ਜਿਧਰ ਤੱਕਣ ਓਧਰ ਮੌਜੂਦ, ਪੁਰਖ ਅਕਾਲਾ ਨਜ਼ਰੀ ਆਉਣਾ ਏ । ਪਿਛਲਾ ਖੇਲ ਕਰ ਮੌਕੂਫ਼, ਅਗਲਾ ਹੁਕਮ ਹੱਕ ਆਪ ਚਲਾਉਣਾ ਏ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਦੇਣ ਆਏ ਸਬੂਤ, ਸਾਬਤ ਉਸ ਨੇ ਆਪਣਾ ਆਪ ਜਣਾਉਣਾ ਏ । ਜਿਸ ਨੂੰ ਕਰਦੇ ਫਿਰਦੇ ਸਾੜ ਫੂਕ, ਸੋ ਸਤਿਗੁਰ ਇਕ ਪਰਗਟਾਉਣਾ ਏ । ਜਿਸ ਦੀ ਸਿਫ਼ਤ ਕਰ ਨਾ ਸਕਣ ਹਰੂਫ਼, ਅੱਖਰ ਮਾਤ ਨਾ ਕਿਸੇ ਵਡਿਆਉਣਾ ਏ । ਅੱਜ ਤੋਂ ਮਿਟ ਗਈ ਜਗਤ ਕੂੜੀ ਛੂਤ, ਛੁਰੀ ਸ਼ਰਅ ਨਾ ਕੋਇ ਚਲਾਉਣਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਉਣਾ ਏ । ਪ੍ਰਭੂ ਵਿਸ਼ਨੂੰ ਕਿ ਲਕਸ਼ਮੀ, ਕਿ ਨਰਾਇਣ ਰੂਪ ਵਟਾਈਆ । ਦੱਖਣ ਵਸੇ ਕਿ ਪੱਛਮੀ, ਕਿ ਉੱਤਰ ਪੂਰਬ ਡੇਰਾ ਲਾਈਆ । ਘਿਉ ਖਾਵੇ ਕਿ ਮਖਣੀ, ਸਚ ਦੇਣਾ ਸਮਝਾਈਆ । ਕੀ ਭਗਤਾਂ ਦੀ ਪੈਜ ਰੱਖਣੀ, ਰੱਖਿਆ ਕਰੇ ਥਾਉਂ ਥਾਈਂਆ । ਕੀ ਦੁਨੀਆ ਧਾਰ ਵੇਖਣੀ ਸੱਖਣੀ, ਚਾਰੋਂ ਕੁੰਟ ਫੋਲ ਫੁਲਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਮੈਂ ਸਭ ਦਾ ਪੁਰਾਣਾ ਵਤਨੀ, ਵਤਨ ਦਾ ਮਾਲਕ ਸੋਭਾ ਪਾਈਆ । ਤੁਸੀਂ ਆਏ ਵਾਰੋ ਵਾਰੀ ਦੀਨਾਂ ਮਜ਼੍ਹਬਾਂ ਦੀ ਪੱਤਨੀ, ਪੱਤਨ ਤੇ ਬੈਠੇ ਰਾਹ ਤਕਾਈਆ । ਕਿਸੇ ਨੇ ਸ਼ੋਰਾ ਖਾਧਾ ਕਿਸੇ ਨੇ ਚਟਨੀ, ਚੇਟਕ ਰਸਨਾ ਵਾਲਾ ਜਣਾਈਆ । ਸਚ ਦਵਾਰ ਤੋਂ ਖੱਟੀ ਉਸ ਨੇ ਖਟਣੀ, ਜੋ ਖਟਕਾ ਦੂਜਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਅਵਤਾਰ ਪੈਗ਼ੰਬਰ ਕਹਿਣ ਕਿਉਂ ਸੂਰੀਆ ਚੰਦ ਆਏ ਉਤੇ ਛਾਤੀ, ਆਪਣਾ ਪੰਧ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਹੁਕਮ ਮੰਨਣ ਕਮਲਾਪਾਤੀ, ਪਤਿਪਰਮੇਸ਼ਵਰ ਵੇਖ ਵਖਾਈਆ । ਕਿਉਂ ਇੰਦਰ ਮੰਗ ਕੇ ਬੂੰਦ ਸਵਾਂਤੀ, ਕਲਸ ਆਪਣਾ ਰਿਹਾ ਜਣਾਈਆ । ਕਿਉਂ ਖਵਾਜਾ ਖ਼ਿਜ਼ਰ ਮੀਰ ਦਾ ਪੀਰ ਵੇਖੇ ਆਬੇਹਯਾਤੀ, ਜੋ ਬਿਨ ਨੈਣਾਂ ਅੱਖ ਉਠਾਈਆ । ਕਿਉਂ ਨੌਂ ਗ੍ਰਹਿ ਬਦਲਦੇ ਪਰਭਾਤੀ, ਪ੍ਰਭੂ ਦੇਣਾ ਸਮਝਾਈਆ । ਕਿਉਂ ਗੋਬਿੰਦ ਸੇਜੇ ਸੁੱਤਾ ਜੰਗਲ ਵਿਚ ਪਰਭਾਸੀ, ਆਪਣਾ ਆਸਣ ਲਾਈਆ । ਕਿਉਂ ਪੂਰਨ ਜੋਤ ਪੂਰਨ ਵਿਚ ਪ੍ਰਕਾਸ਼ੀ, ਪਰਦਾ ਦੇਣਾ ਖੁਲ੍ਹਾਈਆ । ਅਸੀਂ ਸਾਰੇ ਕੱਠੇ ਆਏ ਦੂਰ ਦੁਰਾਡੇ ਕਟ ਕੇ ਵਾਟੀ, ਵਟਨਾ ਮਲ ਕੇ ਚਲੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਹੁਕਮ ਵਰਤਾਈਆ । ਪੁਰਖ ਅਕਾਲ ਕਹੇ



੩੦੫ ੨੨

ਗੁਰ ਅਵਤਾਰ ਪੈਗ਼ੰਬਰੋ ਲੈਣਾ ਤਕ, ਤਕੀਆ ਪੀਠ ਨਾ ਕੋਇ ਲਗਾਈਆ । ਧੁਰ ਦਾ ਹੁਕਮ ਹੁਕਮ ਵਿਚੋਂ ਸਤਿ, ਨਾ ਕੋਇ ਮੇਟੇ ਮੇਟ ਮਿਟਾਈਆ । ਤੁਹਾਡੇ ਨਾਲ ਕੌਲ ਇਕਰਾਰ ਕੀਤਾ ਯਕ, ਲੇਖਾ ਲਿਖਿਆ ਬਿਨ ਕਲਮ ਸ਼ਾਹੀਆ । ਕਲਜੁਗ ਅੰਤ ਰਹੇ ਨਾ ਸਚ, ਧਰਨੀ ਧਾਰ ਨਾ ਕੋਇ ਵਡਿਆਈਆ । ਕਾਇਆ ਮਾਟੀ ਕੱਚ, ਠੀਕਰ ਸਾਫ਼ ਨਾ ਕੋਇ ਵਖਾਈਆ । ਮਨੂਆ ਮਨ ਜਾਏ ਨੱਚ, ਨੌਂ ਦਵਾਰ ਹੋਏ ਹਲਕਾਈਆ । ਨਿਜ ਨੇਤਰ ਖੁਲ੍ਹੇ ਕਿਸੇ ਨਾ ਅੱਖ, ਦਿਬ ਨੈਣ ਨਾ ਨੂਰ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰੋ ਤੁਸਾਂ ਆਪਣੇ ਮਜ਼੍ਹਬਾਂ ਦਾ ਕਰਨਾ ਪੱਖ, ਸਾਂਝਾ ਰੰਗ ਨਾ ਕੋਇ ਰੰਗਾਈਆ । ਸਭ ਮਾਨਵ ਮਨੁੱਸ਼ ਕਰਨੇ ਵੱਖ, ਕਲਮੇ ਮੇਰਾ ਨਾਮ ਪੜ੍ਹਾਈਆ । ਤਨ ਵਜੂਦ ਹਿੱਸੇ ਲੈਣੇ ਕਟ, ਮੁੱਛ ਦਾੜ੍ਹੀ ਜੋੜ ਜੁੜਾਈਆ । ਛੋਟਾ ਬੌਣਾ ਅੱਗੇ ਆਵੇ ਨੱਠ, ਛੱਬੀ ਛੱਬੀ ਇੰਚ ਪਿਛਲਾ ਰਿਖੀਆਂ ਲੇਖਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦੀ ਧਾਰ ਇਕ ਪਰਗਟਾਈਆ । ਗੁਰ ਅਵਤਾਰ ਪੈਗ਼ੰਬਰੋ ਆਹ ਵੇਖੋ ਬੱਚਾ ਨਿੱਕਾ ਮਾਸੂਮ, ਛੋਟਾ ਕੱਦ ਦਾ ਨਜ਼ਰੀ ਆਈਆ । ਇਹਦਾ ਲੇਖਾ ਕਿਸੇ ਨਹੀਂ ਮਾਲੂਮ, ਸ਼ਾਸਤਰ ਸਿਮਰਤ ਨਾ ਕੋਇ ਸਮਝਾਈਆ । ਆਦਿ ਅੰਤ ਤੋਂ ਪ੍ਰਭ ਦਾ ਕਾਨੂੰਨ, ਆਦਿ ਤੋਂ ਅੰਤ ਤਕ ਨਾ ਕੋਇ ਮੇਟੇ ਮੇਟ ਮਿਟਾਈਆ । ਇਹਨੂੰ ਪਤਾ ਨਹੀਂ ਅਲਿਫ਼ ਕੀ ਤੇ ਨੂਨ, ਹਮਜ਼ਾ ਕੀ ਸਮਝਾਈਆ । ਇਹ ਮੁਹੰਮਦ ਦੇ ਨਜ਼ਦੀਕ ਹੱਟੀ ਕਰਦਾ ਹੁੰਦਾ ਸੀ ਪਰਚੂਨ, ਨੌਂ ਵਾਰ ਮੁਹੰਮਦ ਨਿਮਕ ਲੈ ਕੇ ਇਹਦੇ ਕੋਲੋਂ ਖਾਈਆ । ਫੇਰ ਹੱਥ ਨਾਲ ਕਿਹਾ ਹਲੂਣ, ਸੀਸ ਦਿਤਾ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਪਰਦਾ ਦੇ ਚੁਕਾਈਆ । ਮੁਹੰਮਦ ਨੇ ਹੱਥ ਲਾਇਆ ਏਸ ਦੀ ਠੋਡੀ, ਖ਼ੁਸ਼ੀ ਨਾਲ ਵਡਿਆਈਆ । ਏਸ ਨੇ ਹੱਥ ਲਾਇਆ ਉਸ ਦੀ ਗੋਡੀਂ, ਸੱਜਦਾ ਸੀਸ ਝੁਕਾਈਆ । ਉਸ ਨੇ ਪੁੱਛਿਆ ਤੂੰ ਕੋਈ ਸਾਧੂ ਕਿ ਜੋਗੀ, ਕਿ ਸੂਫ਼ੀ ਫ਼ਕੀਰ ਸੋਭਾ ਪਾਈਆ । ਏਸ ਨੇ ਕਿਹਾ ਮੈਂ ਉਸ ਖ਼ੁਦਾ ਦਾ ਮੌਜੀ, ਜੋ ਖ਼ੁਦ ਮਾਲਕ ਆਪਣਿਆਂ ਬੱਚਿਆਂ ਗੋਦੀ ਵਿਚ ਟਿਕਾਈਆ । ਜੋ ਰਾਜ਼ਕ ਰਿਜ਼ਕ ਰਹੀਮ ਬਣ ਕੇ ਦੇਵੇ ਰੋਜ਼ੀ, ਬਿਨਾ ਰੋਜ਼ਿਆਂ ਨਿਮਾਜ਼ਾਂ ਤੋਂ ਪਾਰ ਲੰਘਾਈਆ । ਇਸ ਦੇ ਸਾਥੀ ਹੁੰਦੇ ਸੀ ਜਿਨ੍ਹਾਂ ਨੇ ਕਾਲੇ ਨਿਸ਼ਾਨ ਲਗਾਏ ਗੋਡੀਂ, ਪੂਰਬ ਵਿਛੜੇ ਜੋੜ ਜੁੜਾਈਆ । ਜੇਹੜੇ ਬਣੇ ਸੋਢੀ, ਉਹ ਵੀ ਮਿਲਦੇ ਰਹੇ ਚਾਈਂ ਚਾਈਂਆ । ਜਿਨ੍ਹਾਂ ਨੇ ਕਿਰਪਾਨਾਂ ਧਰੀਆਂ ਮੋਢੀਂ, ਉਨ੍ਹਾਂ ਲਹਿਣਾ ਰਿਹਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਗੁਰ ਅਵਤਾਰ ਪੈਗ਼ੰਬਰੋ ਆਓ ਬੈਠੀਏ ਉਤੇ ਮੰਜੇ, ਧਰਤੀ ਉਤੇ ਸੋਭਾ ਪਾਈਆ । ਕਲਜੁਗ ਜੀਵ ਵੇਖੀਏ ਕਾਣੇ ਗੰਜੇ, ਨੇਤਰਹੀਣ ਖੋਜ ਖੁਜਾਈਆ । ਨਾਲੇ ਮੈਨੂੰ ਵਖਾ ਆਪਣੇ ਬੰਦੇ, ਬੰਦਗੀ ਵਾਲੇ ਦਿਉ ਦ੍ਰਿੜਾਈਆ । ਮੁਹੰਮਦ ਕਹੇ ਐ ਖ਼ੁਦਾ ਮੈਨੂੰ ਵੇਖ ਲੈਣ ਦੇ ਸਭ ਦੇ ਤੰਬੇ, ਖੁਲ੍ਹਿਆ ਪੜਦਾ ਲਵਾਂ ਉਠਾਈਆ । ਜਿਨ੍ਹਾਂ ਖਾਧੇ ਦੁੰਬੇ, ਗਊਆਂ ਖੱਲ ਲੁਹਾਈਆ । ਪਾਣੀ ਭਰਿਆ ਵਿਚ ਕੁੰਭੇ, ਘੜੇ ਕੱਚੇ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪੜਦਾ ਦੇ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੇਰੀ ਮੰਜੀ ਵੇਖੀ ਮੌਜੂਦ, ਸੋਹਣੀ ਨਜ਼ਰੀ ਆਈਆ । ਜਿਸ ਦਾ ਮਾਲਕ ਇਕ ਮਹਿਬੂਬ, ਮੁਹੱਬਤ ਵਿਚ ਵਡਿਆਈਆ । ਵਸੇ ਆਲੀਸ਼ਾਨ ਅਰਸ਼ ਅਰੂਜ, ਤਖ਼ਤ ਨਿਵਾਸੀ ਡੇਰਾ ਲਾਈਆ । ਮੰਜ਼ਲ ਦੱਸ ਮਕਸੂਦ, ਪੜਦਾ ਦਏ ਚੁਕਾਈਆ । ਮਿਟਾਵਣ ਆਇਆ ਦੂਜ, ਦੁਤੀਆ ਭਾਉ

ਗਵਾਈਆ । ਸਭ ਨੂੰ ਦੇਵੇ ਸੂਝ, ਆਤਮ ਪਰਮਾਤਮ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਗੁਰ ਅਵਤਾਰ ਪੈਗ਼ੰਬਰ ਖੋਲ੍ਹਣ ਆਪਣਾ ਵਰਕਾ, ਵਰਕਾ ਵਰਕਾ ਫੋਲ ਫੁਲਾਈਆ । ਪ੍ਰਭੂ ਕੀ ਭੇਵ ਦੱਸੀਏ ਆਪਣੇ ਘਰ ਕਾ, ਘਰ ਘਰ ਪਈ ਲੜਾਈਆ । ਅੰਮ੍ਰਿਤ ਮਿਲੇ ਨਾ ਸਾਚੇ ਸਰ ਦਾ, ਸਰੋਵਰ ਮੈਲ ਨਾ ਕੋਇ ਧਵਾਈਆ । ਸਾਡੇ ਕੋਲੋਂ ਕੋਈ ਨਾ ਡਰਦਾ, ਭੈ ਸਾਰੇ ਬੈਠੇ ਚੁਕਾਈਆ । ਬੇਸ਼ਕ ਜਗਤ ਜਹਾਨ ਵਿਦਿਆ ਪੜ੍ਹਦਾ, ਪੜ੍ਹ ਪੜ੍ਹ ਪਾਰ ਨਾ ਕੋਇ ਕਰਾਈਆ । ਸਾਨੂੰ ਇਉਂ ਜਾਪਦਾ ਜੇਹੜਾ ਜੰਮਿਆ ਚੁਰਾਸੀ ਵਿਚ ਮਰਦਾ, ਤੇਰੇ ਦਰ ਨਾ ਕੋਇ ਪਹੁੰਚਾਈਆ । ਤੂੰ ਆਪੇ ਸਭ ਦਾ ਘਾੜਨ ਘੜਦਾ, ਵਿਸ਼ਨ ਬ੍ਰਹਮਾ ਸ਼ਿਵ ਆਪਣੀ ਖੇਲ ਖਿਲਾਈਆ । ਤੂੰ ਮਾਲਕ ਚੋਟੀ ਜੜ੍ਹ ਦਾ, ਤੇਰਾ ਰੂਪ ਅਗੰਮ ਅਥਾਹੀਆ । ਬਿਨ ਤੇਰੀ ਕਿਰਪਾ ਕੋਈ ਨਾ ਤਰਦਾ, ਗੁਰ ਅਵਤਾਰ ਪੈਗ਼ੰਬਰਾਂ ਤੇਰੀ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ, ਓ ਪ੍ਰਭੂ ਨਾ ਮੰਗ ਸਾਥੋਂ ਲੇਖਾ, ਲੇਖਾ ਨਜ਼ਰ ਕੋਇ ਨਾ ਆਈਆ । ਦਾਤਾ ਬਣ ਕੇ ਪਾ ਲਿਆ ਭਰਮ ਭੁਲੇਖਾ, ਕੀ ਤੇਰੀ ਬੇਪਰਵਾਹੀਆ । ਯਾਦ ਕਰ ਲੈ ਬਾਵਨ ਵਾਲਾ ਕੁੰਡਲ ਤੇ ਪਿਛਲਾ ਚੇਤਾ, ਬਲ ਦਵਾਰਾ ਦਏ ਗਵਾਹੀਆ । ਕ੍ਰਿਸ਼ਨ ਕਾਹਨ ਵਾਲਾ ਠੇਕਾ, ਕੁਰਕਸ਼ੇਤਰ ਰਿਹਾ ਕੁਰਲਾਈਆ । ਉਹ ਅੱਲਾ ਵਾਲਾ ਨੇਤਾ, ਉਂਗਲੀ ਅੰਗ ਲਗਾਈਆ । ਗੋਬਿੰਦ ਸ਼ਬਦ ਕਿਸੇ ਨਾ ਵੇਚਾ, ਮਾਝੇ ਵਾਲੇ ਦੇਣ ਸੁਣਾਈਆ । ਸਵਾ ਤਿੰਨ ਫੁਟ ਦੀ ਕਿਰਪਾਨ ਕਰ ਦਿਉ ਭੇਟਾ, ਧਰਮ ਧਾਰ ਦ੍ਰਿੜਾਈਆ । ਅਜੇ ਸਤਾਰਾਂ ਗਜ਼ ਦਾ ਮਾਰਿਆ ਨਹੀਂ ਪੇਚਾ, ਕਮਰ ਵੰਡ ਨਾ ਕੋਇ ਵੰਡਾਈਆ । ਸੱਤ ਰੰਗ ਤੁਹਾਥੋਂ ਰੰਗਾਇਆ ਉਚੇਚਾ, ਉਚ ਦਾ ਪੀਰ ਰੂਪ ਬਦਲਾਈਆ । ਪੰਜਾਂ ਲਿਖਾਰੀਆਂ ਜੋੜਾ ਲਿਆਂਦਾ ਆਪਣੇ ਮੇਚਾ, ਉਂਗਲਾਂ ਵੰਡ ਨਾ ਕੋਇ ਵੰਡਾਈਆ । ਸਭ ਦੀ ਬਦਲ ਦੇਣੀ ਜਨਮ ਕਰਮ ਦੀ ਰੇਖਾ, ਰਿਖੀਆਂ ਮੁਨੀਆਂ ਤੋਂ ਪਰੇ ਆਪ ਦ੍ਰਿੜਾਈਆ । ਸਤਿਗੁਰ ਸ਼ਬਦ ਸ਼ਬਦ ਸ਼ਬਦ ਗੁਰੂ ਦਾ ਬੇਟਾ, ਦੂਜੀ ਜਨਮੇ ਕੋਇ ਨਾ ਮਾਈਆ । ਓ ਜਨ ਭਗਤੋ ਅੱਜ ਹੋਣੀ ਜੇ ਨੀਲਾਮੀ, ਮਾਤਲੋਕ ਦਾ ਚੁਕਣਾ ਜੇ ਠੇਕਾ, ਗੁਰ ਅਵਤਾਰ ਪੈਗ਼ੰਬਰ ਬੋਲੀ ਦੇਵਣ ਆਏ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਮਾਝੇ ਵਾਲਿਓ ਦੇ ਦਿਓ ਚੰਡੀ, ਜੋ ਚੰਡਾਲਾਂ ਕਰੇ ਸਫ਼ਾਈਆ । ਵੇਖੋ ਦੁਹਾਈ ਪਈ ਵਿਚ ਵਰਭੰਡੀ, ਬ੍ਰਹਿਮੰਡ ਰਹੇ ਕੁਰਲਾਈਆ । ਅੰਦਰੋਂ ਕਢੇ ਨਾ ਕੋਇ ਵਾਸਨਾ ਗੰਦੀ, ਸੁਰਤ ਸ਼ਬਦ ਨਾ ਕੋਇ ਮਿਲਾਈਆ । ਸਤਿਗੁਰ ਸ਼ਬਦ ਨੂੰ ਕਲਜੁਗ ਗੁਰੂਆਂ ਬਣਾਇਆ ਪਖੰਡੀ, ਆਪ ਸਤਿਗੁਰੂ ਬਣ ਕੇ ਬੈਠਣ ਥਾਉਂ ਥਾਈਂਆ । ਪੁਰਖ ਅਕਾਲ ਨੂੰ ਬਣਾ ਕੇ ਦੁਹਾਗਣ ਨਾਰ ਰੰਡੀ, ਆਪ ਕੁਲ ਮਾਲਕ ਬਣ ਕੇ ਜਗਤ ਰਹੇ ਅਖਵਾਈਆ । ਜਿਸ ਵੇਲੇ ਸ਼ਬਦ ਸਤਿਗੁਰ ਨੇ ਸਭ ਦੇ ਅੰਦਰ ਵੜ ਕੇ ਨੌਂ ਦਵਾਰੇ ਦੀ ਹੱਦ ਲੰਘੀ, ਪੜਦਾ ਦਿਤਾ ਉਠਾਈਆ । ਉਥੇ ਮਾਇਆ ਰਾਣੀ ਦੀ ਲੱਗੀ ਮੰਡੀ, ਤੋਲੇ ਬੈਠੇ ਤੱਕੜ ਉਠਾਈਆ । ਕੋਈ ਕਹੇ ਅੱਲਾ ਰਾਣੀ ਚੰਗੀ, ਕੋਈ ਕਹੇ ਦੁਰਗਾ ਧੁਰ ਦੀ ਮਾਈਆ । ਕੋਈ ਕਹੇ ਮੁਹੰਮਦ ਤੋੜੇ ਫੰਦੀ, ਮੂਸਾ ਕਰੇ ਸਫ਼ਾਈਆ । ਓਮ ਤਤ ਸਤਿ ਦੇਵੇ ਅਨੰਦੀ, ਕੋਈ ਕਹੇ ਸੀਤਾ ਰਾਮ ਦੁਹਾਈਆ । ਕੋਈ ਕਹੇ ਰਾਧਾ ਕ੍ਰਿਸ਼ਨ ਚਾੜ੍ਹੇ ਰੰਗੀ, ਇਕੋ ਰੰਗ ਰੰਗਾਈਆ । ਕੋਈ ਕਹੇ ਸਤਿਨਾਮ ਵਾਹਿਗੁਰੂ ਗਾਓ ਛੰਦੀ, ਸਹਿਸਾ ਰੋਗ ਮਿਟਾਈਆ ।

ਜਾਂ ਵੇਖਿਆ ਤੇ ਅੱਖਰਾਂ ਵਾਲਾ ਨਾਮ ਤੇ ਸਿਫ਼ਤਾਂ ਵਾਲੀ ਡੰਡੀ, ਡੰਡਾਵਤ ਵਿਚ ਮਨੌਤ ਆਪੇ ਆਪਣੀ ਰਹੇ ਕਰਾਈਆ । ਪਰਮਾਤਮਾ ਦੇ ਨਾਮ ਤੋਂ ਲਵਾਈ ਪਾਬੰਦੀ, ਪਾਬੰਦ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਚੰਡੀ ਕਹੇ ਮੈਂ ਖੇਲਣੀ ਹੋਲੀ, ਹੌਲੀ ਹੌਲੀ ਸੁਣਾਈਆ । ਉਚੀ ਕੂਕ ਕੇ ਪਾਵਾਂ ਰੌਲੀ, ਦੋ ਜਹਾਨ ਦ੍ਰਿੜਾਈਆ । ਅੱਗੇ ਸਤਿਜੁਗ ਨਾਮ ਦੀ ਹੋਣੀ ਬੋਲੀ, ਸਾਰੇ ਇਕੱਠੇ ਹੋਵੋ ਥਾਉਂ ਥਾਈਆ । ਪਿਛੋਂ ਪਾਏ ਕੋਈ ਨਾ ਰੌਲੀ, ਝਗੜਾ ਨਾ ਕੋਇ ਰਖਾਈਆ । ਅਵਤਾਰੋ ਪਹਿਲੋਂ ਤੁਸੀਂ ਕਰਾਇਓ ਬੌਹਣੀ, ਆਪਣੀ ਅਵਾਜ਼ ਦਿਓ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਪੁਰਖ ਅਕਾਲ ਕਹੇ ਸ਼ਬਦ ਸਤਿਗੁਰ ਹੋ ਜਾ ਸਵਾਧਾਨ, ਸਭ ਨੂੰ ਦੇ ਜਣਾਈਆ । ਇਕੋ ਹੁਕਮ ਤੇ ਇਕ ਫ਼ਰਮਾਨ, ਇਕੋ ਇਕ ਸਮਝਾਈਆ । ਇਕੋ ਨਾਮ ਕਲਮਾ ਹੋਵੇ ਕਲਾਮ, ਇਕੋ ਗਿਆਨ ਹੋਵੇ ਪੜ੍ਹਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਹੋ ਜਾਓ ਸਵਾਧਾਨ, ਸੋਇਆ ਰਹਿਣ ਕੋਇ ਨਾ ਪਾਈਆ । ਗੋਬਿੰਦ ਦਾ ਖੰਡਾ ਕਦੇ ਨਹੀਂ ਪਿਆ ਵਿਚ ਮਿਆਨ, ਜਿੰਨਾਂ ਚਿਰ ਦੁਸ਼ਮਣਾਂ ਦੀ ਕਰੇ ਨਾ ਮਾਤ ਸਫ਼ਾਈਆ । ਤੁਹਾਡੇ ਦੁਸ਼ਮਣ ਪੰਜ ਤਤਾਂ ਵਿਚ ਪੰਜ ਨੌਜਵਾਨ, ਕਾਮ ਕਰੋਧ ਲੋਭ ਮੋਹ ਹੰਕਾਰ ਨਜ਼ਰੀ ਆਈਆ । ਜਿਨ੍ਹਾਂ ਦਾ ਚੜ੍ਹ ਗਿਆ ਤੁਫ਼ਾਨ, ਸ਼ਾਹ ਸੁਲਤਾਨਾਂ ਰਿਹਾ ਰੁੜ੍ਹਾਈਆ । ਸੁਣੋ ਹੁਕਮ ਅਗੰਮੀ ਫ਼ਰਮਾਨ, ਫੁਰਨੇ ਸਭ ਦੇ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਇਕੱਠੇ ਹੋਵੋ ਬੋਲੀ ਦਿਓ ਵਿਚ ਜਹਾਨ, ਇਕ ਦੋ ਤੀਨ, ਤੀਨ ਲੋਕ ਦਾ ਖੇਲ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਾਡੀ ਬੋਲੀ ਜ਼ੀਰੋ, ਜੋਰ ਨਾਲ ਸੁਣਾਈਆ । ਅੱਗੇ ਸੁਣੋ ਪੈਗ਼ੰਬਰ ਪੀਰੋ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਦਿਆਂ ਜਣਾਈਆ । ਤੁਸੀਂ ਚਾਰ ਜੁਗ ਦੇ ਹੀਰੋ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਿਲੀ ਮਾਣ ਵਡਿਆਈਆ । ਅੰਤ ਵੇਖੋ ਅਖ਼ੀਰੋ, ਕੀ ਕਲਜੁਗ ਖੇਲ ਖਲਾਈਆ । ਤੁਹਾਡਾ ਮਜ਼੍ਹਬ ਮਿਲਖ ਰਹੇ ਨਾ ਜਗੀਰੋ, ਉਮਤ ਸੰਗ ਨਾ ਕੋਇ ਨਿਭਾਈਆ । ਓ ਬੱਧਕਾ ਲਿਆ ਦੇ ਕਮਾਨ ਨਾਲ ਤੀਰੋ, ਸੱਜੇ ਹੱਥ ਨਾਲ ਫੜਾਈਆ । ਇਕ ਵਾਰ ਕਹਿ ਦੇ ਗੁਰਮੁਖੋ ਮੇਰੇ ਵੀਰੋ, ਪੁਰਖ ਅਕਾਲ ਸਭ ਦਾ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਰੰਗ ਰੰਗਾਈਆ । ਤੀਰ ਕਹੇ ਮੇਰੀ ਚਾਰ ਮਾਸ਼ੇ ਤੇ ਨੌਂ ਰੱਤੀ ਦੀ ਮੁੱਖੀ, ਕੰਚਨ ਰੰਗ ਰੰਗਾਈਆ । ਜਿਸ ਨੇ ਬੱਧਕ ਧਾਰ ਕ੍ਰਿਸ਼ਨ ਕੀਤਾ ਸੀ ਦੁਖੀ, ਪਦਮ ਵਿਚ ਚਰਨ ਕਵਲ ਨਿਸ਼ਾਨ ਟਿਕਾਈਆ । ਜਿਸ ਦੇ ਪੈਰ ਨਹੀਂ ਸੀ ਜੁੱਤੀ, ਚਮੜੀ ਮਾਸ ਆਪਣੀ ਆਪ ਰਿਹਾ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਤੀਰ ਕਹੇ ਮੈਂ ਜਿਸ ਵੇਲੇ ਚਰਨ ਕ੍ਰਿਸ਼ਨ ਦੇ ਲੱਗਾ, ਲਗਨ ਲਈ ਲਗਾਈਆ । ਉਸ ਨੇ ਖ਼ੁਸ਼ੀ ਨਾਲ ਮੈਨੂੰ ਦੱਬਾ, ਉਂਗਲਾਂ ਵਿਚ ਦਬਾਈਆ । ਮੇਰੇ ਮੂੰਹ ਵਿਚੋਂ ਨਿਕਲਿਆ ਹਾਏ ਰੱਬਾ, ਜੋ ਦੁਆਬੇ ਵਾਲੇ ਛੱਬੇ ਉਤੇ ਆਏ ਲਿਖਾਈਆ । ਫੇਰ ਉਸ ਨੇ ਮੈਨੂੰ ਥੋੜਾ ਜਿਹਾ ਦੱਬਾ, ਝਟਕੇ ਨਾਲ ਹਿਲਾਈਆ । ਮੈਨੂੰ ਨਜ਼ਰੀ ਆਇਆ ਅੱਗਾ, ਦੁਆਪਰ ਤੋਂ ਬਾਦ ਕਲਜੁਗ ਲੋਕਮਾਤ ਲਏ ਅੰਗੜਾਈਆ । ਇਕ ਗਊਆਂ ਦਾ ਪਾਲੀ ਤੇ ਫੇਰ ਮਨੁੱਸ਼ਾਂ ਨੇ ਖਾਣਾ ਵੱਛਾ ਕੱਟਾ ਢੱਗਾ, ਸਚ ਨਾਮ ਨਾ ਕੋਇ (ਕਮਾਈਆ) । ਹੰਸ ਬੁੱਧੀ ਹੋਈ ਕੱਗਾ, ਸਚ ਨਾਮ ਨਾ

ਕੋਇ ਧਿਆਈਆ । ਕ੍ਰਿਸ਼ਨ ਨੇ ਕਿਹਾ ਇਸ ਦੀ ਖ਼ਾਸ ਕੋਈ ਵਜਹ, ਤੈਨੂੰ ਦਿਆਂ ਜਣਾਈਆ । ਮੈਨੂੰ ਬੜਾ ਆਇਆ ਮਜ਼ਾ, ਰਸ ਬਿਨ ਰਸਨਾ ਦਿਤਾ ਚਖਾਈਆ । ਕ੍ਰਿਸ਼ਨ ਨੇ ਕਿਹਾ ਤੇਰੀ ਹੋਰ ਹੋਰ ਚੰਗੀ ਜਗਹ, ਸ਼ਬਦੀ ਧਾਰ ਸੁਣਾਈਆ । ਜਿਸ ਵੇਲੇ ਗੋਬਿੰਦ ਆਇਆ ਸੂਰਾ ਸਰਬਗਾ, ਨਾਨਕ ਜੋਤ ਕਰੇ ਰੁਸ਼ਨਾਈਆ । ਤੇਰੇ ਨਾਲ ਓਸ ਨੇ ਦੁਸ਼ਟਾਂ ਨੂੰ ਦੇਣੀ ਸਜ਼ਾ, ਕਮੰਦ ਖਿੱਚ ਕੇ ਤੀਰ ਦਏ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਤੀਰ ਕਿਹਾ ਫਿਰ ਅੱਗੇ ਕੀ ਕਾਰ, ਮੈਨੂੰ ਦੇ ਸੁਣਾਈਆ । ਕ੍ਰਿਸ਼ਨ ਕਿਹਾ ਜਿਸ ਵੇਲੇ ਹੋਵੇ ਅੰਧ ਅੰਧਿਆਰ, ਚਾਰੋਂ ਕੂੰਟ ਅੰਧੇਰਾ ਛਾਈਆ । ਫਿਰ ਪਰਗਟ ਹੋਵੇ ਕਲ ਕਲਕੀ ਅਵਤਾਰ, ਨਿਹਕਲੰਕਾ ਰੂਪ ਧਰਾਈਆ । ਜਿਸ ਨੂੰ ਸਮਝੇ ਨਾ ਕੋਇ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਉਸ ਦੀ ਛਾਤੀ ਤੇ ਬੈਠੇ ਦੇਣ ਗਵਾਹੀਆ । ਤੀਰ ਕਹੇ ਮੈਂ ਓਸ ਦਾ ਕਰਾਂ ਇੰਤਜ਼ਾਰ, ਆਪਣੀ ਅੱਖ ਖੁਲ੍ਹਾਈਆ । ਕ੍ਰਿਸ਼ਨ ਨੇ ਕਿਹਾ ਤੇਰਾ ਬੱਧਕ ਨਾਲ ਪਿਆਰ, ਓਸੇ ਹੱਥ ਫੜਾਈਆ । ਉਹਦਾ ਕਰਜ਼ਾ ਤੇ ਮੇਰਾ ਉਧਾਰ, ਲਹਿਣਾ ਪੁਰਖ ਅਕਾਲ ਚੁਕਾਈਆ । ਸੋ ਵੇਲਾ ਜਗਤ ਪਹੁੰਚਿਆ ਆਣ, ਸੰਮਤ ਸ਼ਹਿਨਸ਼ਾਹੀ ਪੰਜ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਤੀਰ ਕਹੇ ਗੁਰਮੁਖੋ ਉਪਰ ਹੱਥ ਉਠਾ ਲਉ ਖੱਬੇ, ਹੱਥ ਹੱਥ ਵਡਿਆਈਆ । ਜਿਸ ਦੇ ਵਿਚੋਂ ਪਰਮ ਪੁਰਖ ਮਿਲਣ ਦੀ ਰੇਖਾ, ਲੱਭੇ, ਢਾਈ ਚੱਕਰਾਂ ਵਿਚ ਨਜ਼ਰੀ ਆਈਆ । ਉਹ ਹੁੰਦੀ ਤਰਫ਼ ਤਰਫ਼ ਦੀ ਗੱਭੇ, ਸ਼ਾਸਤਰ ਸਕਿਆ ਨਾ ਕੋਇ ਸਮਝਾਈਆ । ਜਿਨ੍ਹਾਂ ਪੜ੍ਹਿਆ ਉਹ ਬੈਠੇ ਰਾਹ ਵਿਚ ਅਧੇ, ਅਗਲਾ ਪੰਧ ਨਾ ਕੋਇ ਮੁਕਾਈਆ । ਜਨ ਭਗਤੋ ਪ੍ਰਭ ਮਿਲਣ ਦਾ ਮੌਕਾ ਮਿਲਦਾ ਕਦੇ, ਜੁਗ ਚੌਕੜੀ ਰਾਹ ਤਕਾਈਆ । ਪ੍ਰਭੂ ਨੂੰ ਜਦੋਂ ਵੇਖੋ ਅਛਲ ਛਲਧਾਰੀ ਸਭ ਨਾਲ ਕਰਦਾ ਦਗ਼ੇ, ਫ਼ਰੇਬਾਂ ਵਿਚ ਆਪਣਾ ਝਟ ਲੰਘਾਈਆ । ਗੁਰ ਅਵਤਾਰ ਪੈਗ਼ੰਬਰ ਲਿਖ ਕੇ ਗਏ ਪਟੇ, ਸਦੀਆਂ ਵਿਚ ਵੰਡ ਵੰਡਾਈਆ । ਅੰਤ ਸਭ ਦਾ ਲੇਖਾ ਠੱਪੇ, ਮੋਹਰ ਇਕੋ ਨਾਮ ਛੁਹਾਈਆ । ਜਨ ਭਗਤਾਂ ਨਾਤੇ ਕਰ ਕੇ ਪੱਕੇ, ਗੁਰਮੁਖ ਆਪਣੀ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਅਸੀਂ ਪੁਤਲੇ ਪੰਜ ਤਤ ਖ਼ਾਕੀ, ਅੰਤ ਖ਼ਾਕ ਵਿਚ ਸਮਾਈਆ । ਤੇਰੇ ਨਾਮ ਦੀ ਸਮਝ ਨਾ ਸਕੇ ਚਲਾਕੀ, ਚਾਰ ਜੁਗ ਅੱਖਰਾਂ ਵਿਚ ਭਰਮਾਈਆ । ਪ੍ਰੇਮ ਪਿਆਲੇ ਦਾ ਬਣ ਕੇ ਸਾਕੀ, ਜਾਮ ਦਿਤੇ ਮੁਖ ਲਗਾਈਆ । ਇਕ ਨੂੰ ਇਕ ਦੂਜੇ ਨਾਲੋਂ ਕਰ ਕੇ ਆਕੀ, ਆਕਾ ਹੋ ਕੇ ਆਪਣਾ ਹੁਕਮ ਸੁਣਾਈਆ । ਵੰਡ ਕੇ ਨਿੱਕੀ ਨਿੱਕੀ ਵਾਟੀ, ਝਗੜੇ ਦਿਤੇ ਪਵਾਈਆ । ਰਸਨਾ ਦੇ ਬਣਾ ਕੇ ਪਾਠੀ, ਅੱਖਰ ਦਿਤੇ ਸੁਣਾਈਆ । ਆਪ ਬਣ ਕੇ ਜੋਧਾ ਸੂਰਬੀਰ ਹਾਠੀ, ਸਚਖੰਡ ਬੈਠਾ ਡੇਰਾ ਲਾਈਆ । ਧੰਨ ਭਾਗ ਜੇ ਕਲਜੁਗ ਅੰਤ ਤੂੰ ਸਭ ਦੀ ਮੰਨ ਕੇ ਆਖੀ, ਆਖ਼ਰ ਆਪਣਾ ਫੇਰਾ ਪਾਈਆ । ਜਨ ਭਗਤਾਂ ਦੀ ਕਰੇਂ ਰਾਖੀ, ਨਾਮ ਚਿੱਲਾ ਤੀਰ ਇਕੋ ਤਰਕਸ਼ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਗੁਰਮੁਖੋ ਸੱਜਾ ਹੱਥ ਨਾਲ ਦਿਓ ਜੋੜ, ਜੋੜੀ ਆਪ ਬਣਾਈਆ । ਭਗਤਾਂ ਦੀ ਰੀਤੀ ਏਸੇ ਤਰਾਂ ਨਿਭਦੀ ਤੋੜ, ਜੋ ਪ੍ਰਭ ਰਾਤੀ ਸੁਤਿਆਂ ਸ਼ਬਦ ਵਿਚ ਸਮਝਾਈਆ । ਇਸ ਮੰਜ਼ਲ ਨੂੰ ਕੋਈ ਨਾ ਸਕਿਆ ਬਹੁੜ, ਜਗਤ ਰੀਤੀ ਵਿਚ ਜਗਤ

ਵੰਡ ਵੰਡਾਈਆ । ਗੁਰਮੁਖੋ ਕਲਜੁਗ ਅੰਧੇਰਾ ਘੋਰ, ਸਾਚਾ ਚੰਦ ਨਾ ਕੋਇ ਚਮਕਾਈਆ । ਸਤਿਗੁਰ ਸ਼ਬਦ ਬੰਨ੍ਹ ਕੇ ਡੋਰ, ਚੋਰੀ ਚੋਰੀ ਤੁਹਾਡੇ ਅੰਦਰ ਡੇਰਾ ਲਾਈਆ । ਜਿਨ੍ਹਾਂ ਨੇ ਚੌਦਾਂ ਚੌਦਾਂ ਮਿੰਟ ਕੀਤਾ ਚੋਰ, ਚੌਦਾਂ ਤਬਕਾਂ ਨਾ ਰਹੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਦੋਵੇਂ ਹੱਥ ਕਹਿਣ ਪ੍ਰਭੂ ਸਾਡੀ ਬੇਨੰਤੀ, ਬਿਨੈ ਇਕ ਸੁਣਾਈਆ । ਮਾਣ ਕਢ ਦੇ ਹਉਮੇ ਹੰਗਤੀ, ਹੰ ਬ੍ਰਹਮ ਜਣਾਈਆ । ਤੇਰੇ ਨਾਮ ਦੀ ਪੜ੍ਹੀਏ ਇਕੋ ਪੰਗਤੀ, ਜਿਹੜੀ ਪੰਚਮ ਗੁਰੂ ਬਾਬੇ ਬੁੱਢੇ ਗਿਆ ਸਮਝਾਈਆ । ਜਿਸ ਵਿਚ ਰੀਤੀ ਦੱਸੀ ਕਾਰਜ ਅਨੰਦ ਦੀ, ਚੌਥੀ ਲਾਂਵ ਗਿਆ ਸਮਝਾਈਆ । ਉਹ ਖੇਲ ਹੋਈ ਸੂਰੇ ਸਰਬੰਗ ਦੀ, ਗੁਰਮੁਖ ਆਤਮਾ ਲਈ ਪਰਨਾਈਆ । ਜੋਤ ਅਕਾਲਣ ਖ਼ੁਸ਼ੀਆਂ ਵਿਚ ਪ੍ਰੇਮ ਪਿਆਰ ਫਿਰੇ ਵੰਡਦੀ, ਸਭ ਦੀ ਝੋਲੀ ਪਾਈਆ । ਜਿਹੜੀ ਇਕ ਇਕ ਵਸਤ ਲਿਆਂਦੀ ਪ੍ਰਭ ਦੇ ਨਾਮ ਗੰਢ ਦੀ, ਉਹ ਟੁੱਟੀ ਲਏ ਗੰਢਾਈਆ । ਹੁਣ ਵਾਰੀ ਆ ਗਈ ਜੇ ਗੁਰਮੁਖੋ ਇੱਕੀ ਜੈਕਾਰੇ ਲਾਉਣੇ ਧਾਰ ਉਪਜੇ ਸੋਹੰ ਛੰਦ ਦੀ, ਰਸਨਾ ਜਿਹਵਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਵਿਚੋਂ ਪਰਗਟਾਈਆ । ਗੁਰਮੁਖੋ ਹੱਥ ਕਰ ਲਓ ਥੱਲੇ, ਆਰਾਮ ਨਾਲ ਬੈਠੋ ਚਾਈਂ ਚਾਈਂਆ । ਤੁਹਾਡੀ ਦਾਤ ਤੁਹਾਡੇ ਪਾਵਾਂ ਪੱਲੇ, ਪੱਲੂ ਆਪਣੀ ਗੰਢ ਬੰਧਾਈਆ । ਚਾਰ ਜੁਗ ਪਿਛੋਂ ਤੁਹਾਡੀ ਹੋਣੀ ਬੱਲੇ ਬੱਲੇ, ਸ੍ਰਿਸ਼ਟੀ ਢੋਲਿਆਂ ਵਿਚ ਸੁਣਾਈਆ । ਤੁਸੀਂ ਕਦੇ ਨਾ ਜਾਣਿਓ ਅਸੀਂ ਇਕੱਲੇ, ਤੁਹਾਡਾ ਸਾਥੀ ਧੁਰਦਰਗਾਹੀਆ । ਤੁਸੀਂ ਓਸ ਪ੍ਰਭੂ ਦੇ ਦਰ ਮੱਲੇ, ਜਿਥੇ ਗੁਰ ਅਵਤਾਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਭਾਵੇਂ ਤੁਹਾਡੇ ਉਤੇ ਕਿੰਨੇ ਹੋਣ ਹੱਲੇ, ਸੂਰੇ ਹੋ ਕੇ ਆਪਣਾ ਬਲ ਲੈਣਾ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਔਹ ਆ ਗਿਆ ਕਲਜੁਗ, ਕਲ ਕਾਤੀ ਰੂਪ ਵਟਾਈਆ । ਕਿਧਰੋਂ ਗਿਆ ਪੁੱਜ, ਆਪਣਾ ਪੰਧ ਮੁਕਾਈਆ । ਵੇਖੋ ਮੋਟੇ ਡੰਡੇ ਦਾ ਮਾਰਦਾ ਹੁੱਜ, ਸਭ ਨੂੰ ਰਿਹਾ ਜਗਾਈਆ । ਮੰਦਰ ਮਸਜਿਦ ਸ਼ਿਵਦਵਾਲੇ ਚੜ੍ਹਿਆ ਕੁੱਦ, ਭੱਜੇ ਚਾਈਂ ਚਾਈਂਆ । ਮੈਂ ਧਰਮ ਦਾ ਰਹਿਣ ਨਹੀਂ ਦਿਤਾ ਮੁੱਢ, ਸਭ ਨੂੰ ਰਿਹਾ ਸੁਣਾਈਆ । ਮੈਂ ਫੜ ਕੇ ਇਕੋ ਵਿਚ ਰੁੱਗ, ਖਾ ਪੀ ਕੇ ਆਪਣੀ ਖ਼ੁਸ਼ੀ ਬਣਾਈਆ । ਕਲਜੁਗ ਸ੍ਰਿਸ਼ਟੀ ਖਾਵੇ ਪੀਵੇ ਘਿਉ ਤੇ ਦੁੱਧ, ਕਲਜੁਗ ਕਹੇ ਮੈਂ ਸਾਧਾਂ ਸੰਤਾਂ ਦੀ ਸੁਰਤੀ ਖਾ ਪੀ ਕੇ ਆਪਣਾ ਝਟ ਲੰਘਾਈਆ । ਫੇਰ ਮਾਰਨ ਡਹਿ ਪਿਆ ਢੁੱਡ, ਹਾਏ ਹਾਏ ਹਾਏ ਮੇਰੀ ਦੁਹਾਈਆ । ਕਿਉਂ ਮੇਰਾ ਕੁਝ ਲੇਖਾ ਲਿਖ ਕੇ ਗਿਆ ਬੁੱਧ, ਤੇਈਵਾਂ ਅਵਤਾਰ ਗਿਆ ਸੁਣਾਈਆ । ਜਿਸ ਵੇਲੇ ਵਿਦਵਾਨਾਂ ਵਿਚ ਰਹੀ ਨਾ ਸੁਧ, ਅਕਲ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕਲਜੁਗ ਕਹੇ ਪ੍ਰਭੂ ਮੈਂ ਆਇਆ ਤੇਰੇ ਦਰਬਾਰ, ਸੋਹਣਾ ਰੂਪ ਬਣਾਈਆ । ਮੈਨੂੰ ਚੰਗੀ ਲੱਗੇ ਤੇਰੀ ਕਟਾਰ, ਤੇਜ਼ ਧਾਰ ਚਮਕਾਈਆ । ਮੈਨੂੰ ਬੜਾ ਖੇਲ ਚੰਗਾ ਲੱਗੇ ਵਿਚ ਸੰਸਾਰ, ਜੋ ਆਪਣੀ ਕਿਰਪਾ ਨਾਲ ਵਰਤਾਈਆ । ਮੈਂ ਬੜਾ ਹੋਇਆ ਹੁਸ਼ਿਆਰ, ਵਿਦਿਆ ਤੇਰੀ ਮੋਹੇ ਭਾਈਆ । ਮੈਂ ਝਗੜਾ ਪਵਾ ਕੇ ਪੁਰਖ ਨਾਰ, ਪਿਤਾ ਪੂਤ ਦਿਤਾ ਲੜਾਈਆ । ਗੁਰ ਅਵਤਾਰ ਪੈਗ਼ੰਬਰਾਂ ਦਾ ਰਹਿਣ ਨਹੀਂ ਦਿਤਾ ਪਿਆਰ, ਨਾਤਾ ਵਿਧਾਤਾ ਨਾ ਕੋਇ ਜੁੜਾਈਆ । ਸਦੀ ਚੌਧਵੀਂ ਮੇਰਾ ਸਭ ਕੁਛ ਅਖਤਿਆਰ, ਮੁਖਤਿਆਰਨਾਮੇ ਸਭ ਦੇ ਫੋਲ

ਫੁਲਾਈਆ । ਐ ਮੇਰੇ ਮਾਲਕ ਤੇਰੇ ਨਾਮ ਨਹੀਂ ਦੋ ਚਾਰ, ਅਨੇਕ ਤੇਰੇ ਸਿਫ਼ਤਾਂ ਵਾਲੇ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਮੈਂ ਬੜਾ ਬੜਾ ਉਡੀਕਦਾ, ਚਿਰੀ ਵਿਛੁੰਨਾ ਧਿਆਨ ਲਗਾਈਆ । ਮੈਂ ਦੂਰ ਦੁਰਾਡਾ ਬਹਿ ਬਹਿ ਚੀਕਦਾ, ਹਾਏ ਹਾਏ ਕਰ ਸੁਣਾਈਆ । ਆਪਣੇ ਅੰਦਰ ਨਕਸ਼ੇ ਉਲੀਕਦਾ, ਜਗਤ ਵੰਡਾਂ ਵੰਡ ਵੰਡਾਈਆ । ਕਿਸ ਵੇਲੇ ਵੇਲਾ ਆਵੇ ਉਸ ਤਾਰੀਖ ਦਾ, ਜਿਸ ਦਾ ਤਰੀਕਾ ਗੋਬਿੰਦ ਗਿਆ ਸਮਝਾਈਆ । ਪ੍ਰਭ ਨੇ ਝਗੜਾ ਮੁਕਾਉਣਾ ਊਚ ਨੀਚ ਦਾ, ਇਕੋ ਰੰਗ ਵਖਾਈਆ । ਪਿਆਰ ਦੱਸਣਾ ਸਾਚੇ ਮੀਤ ਦਾ, ਨਾਤਾ ਜੋੜਨਾ ਦੂਰ ਨਜ਼ਦੀਕ ਦਾ, ਦੋ ਜਹਾਨਾਂ ਪੰਧ ਮੁਕਾਈਆ । ਵਕਤ ਸੁਹੰਜਣਾ ਕਰਨਾ ਤਸਦੀਕ ਦਾ, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ । ਲੇਖਾ ਪੂਰਾ ਕਰਨਾ ਉਮੀਦ ਦਾ, ਜੋ ਆਸਾ ਮਨਸਾ ਗੁਰ ਅਵਤਾਰ ਪੈਗ਼ੰਬਰ ਗਏ ਰਖਾਈਆ । ਪੜਦਾ ਫੋਲਣਾ ਜਗਤ ਜਗਿਆਸੂ ਨੀਤ ਦਾ, ਨੀਤੀਵਾਨ ਹੋ ਕੇ ਖੋਜ ਖੁਜਾਈਆ । ਫੇਰ ਮਾਰਗ ਆਉਣਾ ਸਤਿਜੁਗ ਸਾਚੀ ਰੀਤ ਦਾ, ਰਸਤਾ ਇਕ ਵਖਾਈਆ । ਮੇਲਾ ਕਰਨਾ ਭਗਤ ਭਗਵਾਨ ਪ੍ਰੀਤ ਦਾ, ਪ੍ਰੀਤਮ ਇਕੋ ਦਏ ਵਡਿਆਈਆ । ਝਗੜਾ ਮੁਕਾਉਣਾ ਕੁਰਾਨ ਹਦੀਸ ਦਾ, ਹਜ਼ਰਤਾਂ ਤੋਂ ਪਰੇ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪੜਦਾ ਆਪ ਉਠਾਈਆ । ਸਤਿਗੁਰ ਧਾਰ ਦੀ ਹੋਵੇ ਸਿੱਖੀ, ਸਿਖਿਆ ਜਗਤ ਗੁਰੂ ਜਣਾਈਆ । ਦੀਨ ਦੁਨੀ ਜਾਣੀ ਮਿਥੀ, ਭਾਂਡਾ ਭਰਮ ਭੰਨਾਈਆ । ਛੱਬੀ ਪੋਹ ਦੀ ਵੇਖ ਕੇ ਮਿਤੀ, ਸੰਮਤ ਸ਼ਹਿਨਸ਼ਾਹੀ ਪੰਜ ਨਾਲ ਮਿਲਾਈਆ । ਕਿਸੇ ਦੀ ਆਸਾ ਰਹੇ ਨਾ ਦੋ ਚਿੱਤੀ, ਇਕੋ ਰੰਗ ਰੰਗਾਈਆ । ਜਿਸ ਵੇਲੇ ਕਬੀਰ ਲੁਕਿਆ ਸੀ ਵਿਚ ਖਿਤੀ, ਖ਼ਤਾ ਆਪਣੀ ਦਿਤੀ ਦ੍ਰਿੜਾਈਆ । ਨਿਰਗੁਣ ਧਾਰ ਬਣਿਆ ਹਿਤੀ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੜਦਾ ਓਹਲਾ ਦਏ ਚੁਕਾਈਆ । ਪੜਦਾ ਕਹੇ ਮੈਂ ਰਹਿੰਦਾ ਓਹਲਾ, ਨਕਾਬ ਦਏ ਚੁਕਾਈਆ । ਕਰ ਪ੍ਰਕਾਸ਼ ਉਪਰ ਧੌਲਾ, ਧਰਨੀ ਸੋਭਾ ਪਾਈਆ । ਨਿਰਵੈਰ ਹੋ ਕੇ ਰੂਪ ਮੌਲਾ, ਮਿਹਰਵਾਨ ਵੇਸ ਵਟਾਈਆ । ਆਪਣਾ ਪੂਰਾ ਕਰੇ ਇਕਰਾਰ ਕੌਲਾ, ਕਵਲ ਨੈਣ ਖੋਜ ਖੁਜਾਈਆ । ਜਨ ਭਗਤਾਂ ਭਾਰ ਕਰੇ ਹੌਲਾ, ਗਠੜੀ ਗਠੜੀ ਭਾਰ ਨਾ ਕੋਇ ਬਣਾਈਆ । ਆਪਣਾ ਹੁਕਮ ਵਰਤੇ ਤੌਲਾ, ਧੁਰ ਫ਼ਰਮਾਨਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣੀ ਖੇਲ ਵਖਾਈਆ । ਖੇਲ ਕਹੇ ਮੈਂ ਹੋਣਾ ਜ਼ਰੂਰੀ, ਹਰਿ ਕਰਤਾ ਆਪ ਕਰਾਈਆ । ਸਭ ਦੀ ਆਸਾ ਕਰਨੀ ਪੂਰੀ, ਪੂਰਨ ਬ੍ਰਹਮ ਰਿਹਾ ਦ੍ਰਿੜਾਈਆ । ਕਲਜੁਗ ਕਿਰਿਆ ਮੇਟਣੀ ਕੂੜੀ, ਹਉਮੇਂ ਹੰਗਤਾ ਰੋਗ ਗਵਾਈਆ । ਜੰਮੂ ਵਾਲਿਓ ਹਾਜ਼ਰ ਕਰ ਦਿਓ ਜੋ ਕੁੱਟ ਕੇ ਲਿਆਂਦੀ ਚੂਰੀ, ਚਾਰੇ ਘਰ ਸੋਭਾ ਪਾਈਆ । ਜੇਹੜਾ ਤੁਹਾਡਾ ਮਜ਼ਦੂਰ ਕਰਦਾ ਮਜ਼ਦੂਰੀ, ਭੁੱਖੇ ਨੂੰ ਦਿਉ ਰਜਾਈਆ । ਮਿਲੇ ਪ੍ਰਕਾਸ਼ ਜੋਤ ਨੂਰੀ, ਅੰਧ ਅੰਧੇਰਾ ਦਏ ਗਵਾਈਆ । ਇਧਰ ਗੁਲਾਟੀ ਦੀ ਵੇਖੋ ਫੂਹੜੀ, ਆਪਣਾ ਰੰਗ ਰੰਗਾਈਆ । ਨਾਥਾਂ ਦੀ ਤਕੋ ਚੂੜੀ, ਜੋ ਕੰਨਾਂ ਵਿਚ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਪੜਦਾ ਲਾਹੀਆ । ਪੜਦਾ ਕਹੇ ਮੈਂ ਪਰਦੇ ਵਿਚੋਂ ਵੇਖੇ ਗੁਰਮੁਖ ਹੀਰੇ, ਰਤਨ ਅਮੋਲਕ ਨਜ਼ਰੀ ਆਈਆ । ਜਿਨ੍ਹਾਂ ਨੇ ਹੱਥੀਂ ਬੰਨ੍ਹੇ ਕਲੀਰੇ, ਸਗਨ ਧੁਰ ਦੇ ਮਾਤ ਮਨਾਈਆ । ਹਰਿਜਨ ਸਾਰੇ

ਉਨ੍ਹਾਂ ਦੇ ਵੀਰੇ, ਨਜ਼ਰ ਅਪੁਠੀ ਨਾ ਕੋਇ ਕਰਾਈਆ । ਜਿਨ੍ਹਾਂ ਨੇ ਲਾਲ ਬੱਧੇ ਚੀਰੇ, ਪੀਲੇ ਪਲੂ ਆਏ ਰੰਗਾਈਆ । ਜਿਨ੍ਹਾਂ ਦੇ ਤੁਰਲੇ ਕਢੇ ਅਖ਼ੀਰੇ, ਸਵਾ ਹੱਥ ਲੰਬਾਈਆ । ਜਿਨ੍ਹਾਂ ਹੱਥਾਂ ਵਿਚ ਫੜੇ ਪੀੜ੍ਹੇ, ਤ੍ਰੇਤਾ ਜੁਗ ਦੇਵੇ ਗਵਾਹੀਆ । ਜਿਨ੍ਹਾਂ ਦੇ ਲਾਲ ਰੰਗ ਦੇ ਲੀੜੇ, ਪ੍ਰਭ ਸੋਹਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਸਭ ਦੀ ਪੂਰੀ ਕਰੇ ਆਸ, ਆਸਾ ਰਹਿਣ ਕੋਇ ਨਾ ਪਾਈਆ । ਜਿਨ੍ਹਾਂ ਨੂੰ ਪਾਣੀ ਮਿਲਿਆ ਵਿਚ ਗਿਲਾਸ, ਗੁਰਦਰਸ਼ਨ ਹੱਥ ਫੜਾਈਆ । ਇਨ੍ਹਾਂ ਦੀ ਬਾਵਨ ਵੇਲੇ ਦੀ ਬੁਝੀ ਪਿਆਸ, ਤ੍ਰਿਸ਼ਨਾ ਅੱਗੇ ਰਹੇ ਨਾ ਰਾਈਆ । ਜਿਨ੍ਹਾਂ ਨੇ ਮਸਤਕ ਲਾਈ ਰਾਖ, ਤ੍ਰਿਸੂਲ ਨਿਸ਼ਾਨ ਬਣਾਈਆ । ਉਹ ਲੇਖੇ ਲੱਗੇ ਜਮਾਤ, ਸ਼ੰਕਰ ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਜੇਹੜੇ ਗੁਰਮੁਖ ਇੱਕੀ ਨਾਲ ਗ਼ਰੀਬ, ਗ਼ੁਰਬਤ ਗਏ ਮਿਟਾਈਆ । ਅੱਗੇ ਮਿਲੇ ਸਭ ਨੂੰ ਸਚ ਤਰਤੀਬ, ਤਰੀਕਾ ਇਕ ਸਮਝਾਈਆ । ਅੰਦਰੋਂ ਸਾਫ਼ ਕਰਕੇ ਨੀਤ, ਜਗ ਦੇਵੇ ਮਾਣ ਵਡਿਆਈਆ । ਇਕੋ ਪਰਮ ਪੁਰਖ ਦੀ ਪ੍ਰੀਤ, ਦੂਜਾ ਇਸ਼ਟ ਨਾ ਕੋਇ ਦ੍ਰਿੜਾਈਆ । ਜਿਨ੍ਹਾਂ ਗੋਬਿੰਦ ਗਾਇਆ ਗੀਤ, ਰੰਗ ਰੱਤੜਾ ਧੁਰ ਦਾ ਮਾਹੀਆ । ਜਿਸ ਸੋਹੰ ਮਾਰੀ ਚੀਕ, ਲੇਖਾ ਲੇਖੇ ਪਾਈਆ । ਜਿਨ੍ਹਾਂ ਨੌਬਤ ਵਜਾਈ ਠੀਕ, ਇਹ ਗੋਬਿੰਦ ਖੋਜ ਖੁਜਾਈਆ । ਜੇਹੜੇ ਘਰੋਂ ਕਰਕੇ ਆਏ ਬੰਦ ਭੀਤ, ਉਹ ਜਗਤ ਵਾਸਨਾ ਗਏ ਮੁਕਾਈਆ । ਜੇਹੜੇ ਮੁਖ ਧੋ ਕੇ ਬਣੇ ਅਜ਼ੀਜ਼, ਆਜਜ਼ ਹੋ ਕੇ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਜੇਹੜੇ ਬਣ ਗਏ ਚਾਰ ਕਾਹਨੀ, ਧੁਰ ਦਾ ਕਾਹਨ ਦਏ ਵਡਿਆਈਆ । ਧਰਮ ਧਾਰ ਦੇ ਬਣ ਇਸ਼ਨਾਨੀ, ਇਸ਼ਨਾਨ ਇਕੋ ਇਕ ਵਖਾਈਆ । ਮੰਜ਼ਲ ਚੜ੍ਹ ਰੁਹਾਨੀ, ਪ੍ਰਭ ਮਿਲ ਕੇ ਵੱਜੇ ਵਧਾਈਆ । ਮੰਜ਼ਲ ਕਟਣੀ ਨਾ ਪਏ ਜਿਸਮਾਨੀ, ਪੜਦਾ ਅਸਮਾਨੀ ਆਪ ਚੁਕਾਈਆ । ਪ੍ਰਭ ਦਾ ਨੂਰ ਵਡ ਨੁਰਾਨੀ, ਗਿਆਨ ਧਿਆਨ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਚੜ੍ਹਾਈਆ । ਜਿਨ੍ਹਾਂ ਦਾ ਵੇਸ ਔਰਤ ਮਰਦਾਂ, ਸਾਂਝਾ ਰੂਪ ਧਰਾਈਆ । ਏਹ ਖੁਸਰੇ ਕਰਦੇ ਰਹੇ ਸੀ ਅਰਜ਼ਾਂ, ਹਰਿ ਗੋਬਿੰਦ ਅੱਗੇ ਸੀਸ ਨਿਵਾਈਆ । ਨੌਂ ਦਿਨ ਗਾਉਂਦੇ ਰਹੇ ਸੀ ਨਾਲ ਤਰਜ਼ਾਂ, ਨੱਚ ਕੇ ਜਗਤ ਵਖਾਈਆ । ਉਸਦੇ ਕੌਲ ਇਕਰਾਰ ਦਾ ਦਿਤਾ ਕਰਜ਼ਾ, ਪੂਰਬ ਝੋਲੀ ਪਾਈਆ । ਪ੍ਰਭ ਕੋਲ ਸਭ ਦੀਆਂ ਫ਼ਰਦਾਂ, ਲੇਖਾ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਆਏ ਭੱਜੇ ਦੌੜੇ, ਧੁਰ ਦਾ ਪੰਧ ਮੁਕਾਈਆ । ਚਲੋ ਵੇਖੀਏ ਬ੍ਰਾਹਮਣ ਗੌੜੇ, ਜਿਸ ਦੀ ਸਿਫ਼ਤ ਆਏ ਸੁਣਾਈਆ । ਜੋ ਵੇਖੇ ਮਿੱਠੇ ਕੌੜੇ, ਲੱਖ ਚੁਰਾਸੀ ਫੋਲ ਫੁਲਾਈਆ । ਜਨ ਭਗਤਾਂ ਅੰਦਰ ਬਹੁੜੇ, ਬਹੁੜੀ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਮਿਲੀ ਅਗੰਮ ਇਤਲਾਹ, ਮੁਤਲਾ ਦਿਤਾ ਕਰਾਈਆ । ਛੱਬੀ ਪੋਹ ਨੂੰ ਜਾਣਾ ਆ, ਆਹ ਸਰਦ ਨਾ ਕੋਇ ਭਰਾਈਆ । ਹੁਕਮ ਦੇਵੇ ਹੱਕ ਖ਼ੁਦਾ, ਖ਼ੁਦ ਮਾਲਕ ਆਪ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਮੇਟਣੀ ਵਬਾ, ਹਉਮੇ ਰੋਗ ਦੇਣਾ ਗਵਾਈਆ । ਸਭ ਨੂੰ ਇਕ ਜਪਾਉਣਾ ਨਾਂ, ਨਾਉਂ ਨਿਰੰਕਾਰਾ ਇਕ ਸਮਝਾਈਆ । ਸਭ ਦਾ ਬਣ

ਕੇ ਪਿਤਾ ਮਾਂ, ਗੁਰਮੁਖ ਗੁਰ ਗੁਰ ਗੋਦ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਅਸਤੀਫ਼ਾ, ਸਚ ਨਾਲ ਜਣਾਈਆ । ਆਪਣੇ ਪਿਆਰ ਦਾ ਦੇ ਵਜ਼ੀਫ਼ਾ, ਸਚਖੰਡ ਬਹਿ ਕੇ ਝਟ ਲੰਘਾਈਆ । ਅੱਗੇ ਬਥੇਰੀਆਂ ਕੀਤੀਆਂ ਤੇਰੀਆਂ ਤਰੀਫਾਂ, ਸਿਫ਼ਤਾਂ ਵਿਚ ਸਾਲਾਹੀਆ । ਲਿਖ ਕੇ ਆਏ ਤਮਹੀਦਾਂ, ਢੋਲਿਆਂ ਵਿਚ ਗਾਈਆ । ਕਰਕੇ ਆਏ ਤਾਕੀਦਾਂ, ਹੁਕਮੇ ਵਿਚ ਸੁਣਾਈਆ । ਧੰਨ ਭਾਗ ਜੇ ਸਾਡੀਆਂ ਪੂਰੀਆਂ ਕਰੇਂ ਉਮੀਦਾਂ, ਪਿਛਲਾ ਲੇਖਾ ਰਹੇ ਨਾ ਰਾਈਆ । ਗੁਰਮੁਖਾਂ ਨੇ ਆਪਣੇ ਅੱਗੇ ਮਾਰੀਆਂ ਲੀਕਾਂ, ਪਿਛਲੀ ਲਾਈਨ ਗਏ ਬਦਲਾਈਆ । ਪੰਜ ਪੰਜ ਰੋੜੇ ਫੜ ਕੇ ਹਸਤ ਕੀਟਾ, ਊਚਾ ਨੀਚਾ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਵੱਜੇ ਵਧਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਗਾਈਏ ਧੁਰ ਦੇ ਦੋਹਰੇ, ਦੂਹਰਾ ਤੇਰਾ ਨਾਮ ਵਡਿਆਈਆ । ਜੇਹੜੇ ਗੁਰਮੁਖਾਂ ਪੰਜ ਪੰਜ ਸੁੱਟੇ ਰੋੜੇ, ਰੋੜੀ ਸੱਖਰ ਦਏ ਗਵਾਹੀਆ । ਜਿਸ ਵੇਲੇ ਏਮਨਾਬਾਦ ਨਾਨਕ ਸੁੱਤਾ ਵਛਾ ਕੇ ਦੂਹਰੇ, ਭੂਸ਼ਣ ਨਾਲ ਸੁਹਾਈਆ । ਇਹ ਚੁੱਭੇ ਸੀ ਵਿਚ ਮੌਰੇ, ਤਨ ਦਿਤਾ ਰਗੜਾਈਆ । ਉਸ ਹੱਸ ਕੇ ਕਿਹਾ ਜਿਸ ਵੇਲੇ ਮੇਰੀ ਧਾਰ ਗੋਬਿੰਦ ਚੜ੍ਹੇ ਘੋੜੇ, ਨੀਲੇ ਉਤੇ ਵਡਿਆਈਆ । ਗੁਰਮੁਖ ਸਰਸੇ ਵਿਚ ਰੋੜ੍ਹੇ, ਆਪਣੀ ਖੇਲ ਖਿਲਾਈਆ । ਸ਼ਸਤਰ ਦੀ ਥਾਂ ਹੱਥ ਵਿਚ ਫੜ ਕੇ ਰੋੜ੍ਹੇ, ਪਾਣੀ ਵਿਚ ਡੁਬਾਈਆ । ਬਚਨ ਕੀਤਾ ਤੁਸੀਂ ਰਹਿਣਾ ਨਵੇਂ ਨਕੋਰੇ, ਤਤੀ ਵਾ ਨਾ ਲਾਗੇ ਰਾਈਆ । ਜਿਸ ਵੇਲੇ ਪੁਰਖ ਅਕਾਲ ਨਾਲ ਆਵਾਂ ਬਣ ਕੇ ਬਾਂਕਾ ਛੋਹਰੇ, ਸ਼ਹਿਨਸ਼ਾਹ ਨਾਲ ਚੁਤਰਾਈਆ । ਤੁਹਾਨੂੰ ਮੇਲਾਂ ਨਾਲ ਜ਼ੋਰੇ, ਆਪਣਾ ਬਲ ਵਧਾਈਆ ।
੩੧੩ ਸਾਚੀ ਪੈਣੀ ਲੋੜੇ, ਲੋਹੜਾ ਪਏ ਲੋਕਾਈਆ । ਸ਼ਬਦੀ ਧਾਰ ਚੜ੍ਹ ਕੇ ਘੋੜੇ, ਘੁੰਮੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੩੧੩
੨੨ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਗੁਰਮੁਖਾਂ ਪੰਜ ਪੰਜ ਰੋੜੇ ਦਿਤੇ ਸੁੱਟ, ਜਗਤ ਹੱਦ ਦਿਤੀ ਟਪਾਈਆ । ਪੰਜ ਤਤ ਕਾਇਆ ੨੨
ਜਿਸ ਵੇਲੇ ਗਈ ਛੁੱਟ, ਧਰਨੀ ਦੀ ਭੇਟ ਕਰਾਈਆ । ਆਪ ਗੋਬਿੰਦ ਬਬਾਨ ਵਿਚ ਜਾਣਾ ਉਡ, ਪੁਰੀਆਂ ਲੋਆਂ ਪੰਧ ਮੁਕਾਈਆ । ਹੱਕ ਖ਼ੁਦਾ ਨੂੰ ਕਹਿਣਾ ਗਾਡ ਗੁਡ, ਵਾਹਵਾ ਤੇਰੀ ਵਡ ਵਡਿਆਈਆ । ਨਾਲੇ ਹੱਸ ਕੇ ਕਹਿਣਾ ਸਾਨੂੰ ਕਰਨਾ ਪਿਆ ਨਹੀਂ ਯੁੱਧ, ਕਰੀ ਨਾ ਕੋਇ ਲੜਾਈਆ । ਖ਼ੁਸ਼ੀਆਂ ਵਿਚ ਖ਼ਾਲੀ ਹੱਥ ਸਚਖੰਡ ਗਏ ਪੁਜ, ਆਪਣਾ ਪੰਧ ਮੁਕਾਈਆ । ਹੁਣ ਪ੍ਰਭੂ ਕਿਥੇ ਜਾਏਂਗਾ ਲੁਕ, ਸਾਨੂੰ ਦੇ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਕੋਲ ਗਏ ਨਹੀਂ ਰੁਕ, ਧਰਮ ਰਾਏ ਨਾ ਕੋਇ ਅਟਕਾਈਆ । ਸਾਡੀ ਪਿਛਲੀ ਮੰਜ਼ਲ ਗਈ ਮੁਕ, ਪੰਧ ਰਿਹਾ ਨਾ ਰਾਈਆ । ਸਤਿਜੁਗ ਗਿਆ ਤ੍ਰੇਤਾ ਗਿਆ ਦੁਆਪਰ ਗਿਆ ਹੁਣ ਆਇਆ ਕਲਜੁਗ, ਜੁਗਾਂ ਦੇ ਵਿਛੜੇ ਲਏ ਮਿਲਾਈਆ । ਆਪਣੇ ਬਣਾ ਲਏ ਸੁਤ , ਦੁਲਾਰੇ ਗੋਦ ਉਠਾਈਆ । ਕੀ ਹੋਇਆ ਜੇ ਬੱਚੇ ਗਏ ਰੁੱਸ, ਫੜ ਬਾਹੋਂ ਲੈ ਮਨਾਈਆ । ਰਾਤੀਂ ਸੁੱਤਿਆਂ ਘਰ ਘਰ ਜਾ ਕੇ ਪੁਛ, ਅੰਦਰ ਵੜ ਕੇ ਲੈ ਉਠਾਈਆ । ਭੁੱਖਿਆਂ ਨੂੰ ਦੇ ਟੁੱਕ, ਦੁਖੀਆਂ ਦੁੱਖ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਟਿਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਓ ਪ੍ਰਭੂ ਤੇਰਾ ਵਸਦਾ ਰਹੇ ਝੁੱਗਾ, ਭਗਤ ਦਵਾਰਾ ਨਜ਼ਰੀ ਆਈਆ । ਜਿਹੜੀ ਬੀਬੀ ਪੂਜਣ ਵਾਲੀ ਗੁੱਗਾ, ਸੇਵੀਆਂ ਥਾਲ ਦਏ ਵਖਾਈਆ । ਜਿਹੜਾ ਗਾਲ੍ਹਾਂ ਕਢਦਾ ਬੁੱਢਾ, ਭੌਂ ਤੇ ਸੌਂ ਕੇ ਝਟ ਲੰਘਾਈਆ । ਓਹ ਇਹੋ ਪੁਰਾਣਾ ਬੁੱਢਾ, ਜੋ ਹਰ ਇਕ ਦੇ ਅੰਦਰ

੩੧੪ ੨੨

ਵੜ ਕੇ ਬੈਠਾ ਡੇਰਾ ਲਾਈਆ । ਬਿਨਾ ਸਿੰਘਾਸਣ ਤੋਂ ਸੁੱਤਾ, ਆਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਥਾਲ ਦਿਉ ਪਰੋਸ, ਪੜੋਸੀ ਸਾਰੇ ਇਕੱਠੇ ਆਈਆ । ਸਾਡਾ ਰਹੇ ਕੋਈ ਨਾ ਰੋਸ, ਇਕੋ ਰੰਗ ਦੇਣਾ ਰੰਗਾਈਆ । ਮਜ਼੍ਹਬਾਂ ਵਾਲਾ ਮਿਟਾ ਦੇ ਜੋਸ਼, ਅੰਮ੍ਰਿਤ ਸੀਰ ਦੁੱਧ ਪਿਆਈਆ । ਸਭ ਦੇ ਹਿਰਦੇ ਦੇ ਸੋਧ, ਕੂੜੀ ਕਿਰਿਆ ਬਾਹਰ ਕਢਾਈਆ । ਪ੍ਰਭੂ ਆਪਣੇ ਪਿਆਰ ਦਾ ਲਾ ਦੇ ਭੋਗ, ਭੋਗੀਆਂ ਅੰਦਰ ਕਰ ਸਫ਼ਾਈਆ । ਤੇਰੇ ਨਾਮ ਦਾ ਹੋਵੇ ਜੋਗ, ਜੋਗੀਆਂ ਦਾ ਲਹਿਣਾ ਦੇ ਚੁਕਾਈਆ । ਤੇਰਾ ਇਕੋ ਕਿਲਾ ਸੁਹਾਏ ਕੋਟ, ਕੁਟੀਆ ਕਾਇਆ ਕਰ ਸਫ਼ਾਈਆ । ਕਲਜੁਗ ਜੀਵ ਆਲ੍ਹਣਿਉਂ ਡਿੱਗੇ ਬੋਟ, ਫੇਰ ਸਕੇ ਨਾ ਕੋਇ ਬਚਾਈਆ । ਸ਼ਬਦ ਨਗਾਰੇ ਦੀ ਲਾ ਦਿਓ ਚੋਟ, ਚੋਟੀ ਚੜ੍ਹ ਕੇ ਦੇ ਹਿਲਾਈਆ । ਜਿਨ੍ਹਾਂ ਬੀਬੀਆਂ ਦੀ ਇਕੋ ਗੋਤ, ਉਹ ਗੌਤਮ ਦੇ ਗਵਾਂਢੀ ਸੋਭਾ ਪਾਈਆ । ਜਿਨ੍ਹਾਂ ਦੇ ਕੋਲ ਮਸਾਲਾਂ ਇਹ ਖੇਲਾਂ ਖੇਡਦੇ ਸੀ ਰੋਜ਼, ਗੋਬਿੰਦ ਨਾਲ ਆਪਣਾ ਸੰਗ ਬਣਾਈਆ । ਖੰਡੇ ਧਾਰ ਧਰਮ ਦੀ ਫ਼ੌਜ, ਫ਼ੌਜਦਾਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਆਪ ਹੋ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਚਲ ਜਗਤ ਦੀ ਕਰੀਏ ਤਲਾਸ਼ੀ, ਚਾਰੋਂ ਕੁੰਟ ਵੇਖ ਵਖਾਈਆ । ਅਵਤਾਰ ਕਹਿਣ ਗੰਗਾ ਜਮਨਾ ਗੋਦਾਵਰੀ ਸੁਰਸਤੀ ਕਿ ਜਾਈਏ ਪਹਿਲੋਂ ਕਾਸ਼ੀ, ਮੰਦਰਾਂ ਮੱਠਾਂ ਖੋਜ ਖੁਜਾਈਆ । ਪੈਗ਼ੰਬਰ ਕਹਿਣ ਚਲੋ ਵੇਖੀਏ ਨਿਮਾਜ਼ੀ, ਜੋ ਰੋਜੇ ਰੱਖ ਕੇ ਝਟ ਲੰਘਾਈਆ । ਸਤਿਗੁਰ ਕਹਿਣ ਚਲੋ ਵੇਖੀਏ ਜਿਨ੍ਹਾਂ ਦੀ ਅੰਦਰ ਲੱਗੀ ਸਮਾਧੀ, ਸੁੰਨ ਸਮਾਧ ਵਿਚ ਸਮਾਈਆ । ਸ਼ਬਦ ਗੁਰੂ ਕਿਹਾ ਯਾਦ ਰੱਖੋ ਕੀ ਸੰਦੇਸ਼ਾ ਦੇ ਕੇ ਗਿਆ ਨਾਨਕ ਵਿਚ ਬਗ਼ਦਾਦੀ, ਬਗ਼ਲੀ ਕੰਧੇ ਉਤੇ ਲਟਕਾਈਆ । ਸਦੀ ਚੌਧਵੀਂ ਕਹੇ ਕੋਈ ਰਹਿਣਾ ਨਹੀਂ ਕਿਸੇ ਦਾ ਗਾਡੀ, ਹੁਕਮ ਹੱਕ ਨਾ ਕੋਇ ਸੁਣਾਈਆ । ਉਸ ਵੇਲੇ ਠੱਗਾਂ ਚੋਰਾਂ ਬਦਮਾਸ਼ਾਂ ਦੀ ਵਧਣੀ ਆਬਾਦੀ, ਮਨ ਮਤ ਕਰੇ ਲੜਾਈਆ । ਝਗੜਾ ਪਾਉਣਗੇ ਮੁੱਲਾ ਕਾਜ਼ੀ, ਗ੍ਰੰਥੀ ਪੰਥੀ ਵੰਡ ਵੰਡਾਈਆ । ਧਰਮ ਦਾ ਦਿਸਣਾ ਨਹੀਂ ਕੋਈ ਸਾਥੀ, ਸਗਲਾ ਸੰਗ ਨਾ ਕੋਇ ਰਖਾਈਆ । ਸਤਿਗੁਰ ਦੀ ਮੰਨੇ ਕੋਈ ਨਾ ਆਖੀ, ਗੋਬਿੰਦ ਦੇਵੇ ਅੰਤ ਸਜ਼ਾਈਆ । ਸਭ ਦਾ ਪੂਰਾ ਕਰਕੇ ਭਵਿਖਤ ਵਾਕੀ, ਵਾਕਿਆ ਆਪਣਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਕੇਹੜੀ ਮਰਜ਼ੀ, ਮਰੀਜ਼ ਹੋਈ ਲੋਕਾਈਆ । ਪ੍ਰਭ ਤੂੰ ਸਾਨੂੰ ਜਿਸਮ ਦੀ ਦਿਤੀ ਵਰਦੀ, ਖਾਣ ਪੀਣ ਦਿਤਾ ਸਮਝਾਈਆ । ਅਸੀਂ ਤੇਰੇ ਨਾਮ ਦੇ ਬਣ ਕੇ ਗ਼ਰਜ਼ੀ, ਢੋਲੇ ਆਏ ਗਾਈਆ । ਐ ਭਗਵਾਨ ਐ ਖ਼ੁਦਾ ਤੇਰੇ ਪਿਛੇ ਤੇਰੀ ਦੁਨੀਆ ਲੜਦੀ, ਕੀ ਤੇਰੇ ਵਿਚ ਵਡਿਆਈਆ । ਕਿਉਂ ਨਹੀਂ ਖੇਲ ਮੁਕਾਉਂਦਾ ਚੋਟੀ ਜੜ੍ਹ ਦੀ, ਜੜ੍ਹ ਚੇਤਨ ਦੇ ਸਮਝਾਈਆ । ਵੇਖ ਖੇਲ ਕਲਜੁਗ ਹੜ੍ਹ ਦੀ, ਚਾਰੋਂ ਕੁੰਟ ਵਹਿਣ ਵਹਾਈਆ । ਗੁਰ ਅਵਤਾਰ ਪੈਗ਼ੰਬਰ ਬਣੇ ਕੋਇ ਨਾ ਦਰਦੀ, ਹਾਏ ਉਫ਼ ਬਹੁੜੀ ਕਰੇ ਲੋਕਾਈਆ । ਅੰਤ ਖੇਲ ਨਰਾਇਣ ਨਰ ਦੀ, ਨਰ ਹਰਿ ਤੇਰੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਮੇਲਾ ਲਏ ਮਿਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਾਡਾ ਪਾ ਦੇ ਭੋਗ, ਅੰਤ ਦੇ ਕਰਾਈਆ । ਆਪਣਾ ਕਰ ਸੰਜੋਗ, ਆਤਮ ਪਰਮਾਤਮ ਜੋੜ ਜੁੜਾਈਆ । ਹਉਮੇਂ ਕਢ ਦੇ ਰੋਗ, ਦੁਖੀਆਂ

ਦੁੱਖ ਮਿਟਾਈਆ । ਚਿੰਤਾ ਰਹੇ ਨਾ ਸੋਗ, ਚਿਖਾ ਨਾ ਕੋਇ ਜਲਾਈਆ । ਇਕੋ ਦੇ ਦੇ ਮੌਜ, ਆਪਣਾ ਨਾਮ ਵਡਿਆਈਆ । ਸਚ ਦਵਾਰੇ ਜਾਣਾ ਪਹੁੰਚ, ਦਰਗਾਹ ਸਾਚੀ ਸੋਭਾ ਪਾਈਆ । ਕੀ ਖੇਲ ਕਰਨਾ ਅੱਗੇ ਪੁਸ਼ਕਰ ਕਰੌਚ, ਲੱਖਣ ਦੀਪ ਪਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਓਹਲਾ ਦੇਣਾ ਚੁਕਾਈਆ । ਪੁਰਖ ਅਕਾਲ ਕਹੇ ਕੀ ਪੁਛਣਾ, ਸ਼ਬਦ ਗੁਰੂ ਗੁਰਵਾਕ । ਪਰਦਾ ਓਹਲਾ ਰਹੇ ਨਾ ਲੁਕਵਾਂ, ਪੂਰਾ ਕਰਨਾ ਭਵਿਖਤ ਵਾਕ । ਜੇਹੜੀਆਂ ਸੁਖਦੇ ਰਹੇ ਸੁੱਖਣਾਂ, ਉਹ ਲੇਖਾ ਵੇਖਣਾ ਆਜ । ਕੂੜੀ ਕਿਰਿਆ ਮਲੇਛ ਉਠਣਾ, ਸੰਦੇਸ਼ਾ ਦੇ ਕੇ ਗਿਆ ਭਾਰਦਵਾਜ । ਪ੍ਰਭ ਦਾ ਭਾਣਾ ਕਦੇ ਨਾ ਰੁਕਣਾ, ਆਦਿ ਜੁਗਾਦਿ ਦਾ ਸਚ ਰਿਵਾਜ । ਜਨ ਭਗਤੋ ਮਾਰਗ ਪਏ ਕਿਸੇ ਨਾ ਘੁਸਣਾ, ਜੋਬਨ ਜਵਾਨੀ ਲੱਗੇ ਨਾ ਦਾਗ਼ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਬਦਲ ਦੇਵੇ ਸਮਾਜ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤੇਰੇ ਨਾਮ ਦਾ ਕੀਤਾ ਬੜਾ ਖ਼ਰਚ, ਖਾ ਖ਼ਰਚ ਕੇ ਝਟ ਲੰਘਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਬਣਾਏ ਚਰਚ, ਮਸਜਿਦਾਂ ਵਿਚ ਵੰਡ ਵੰਡਾਈਆ । ਗੁਰੁਦਵਾਰਿਆਂ ਵਿਚ ਬੈਠੇ ਪਰਤ, ਫਿਰ ਫਿਰ ਫੇਰਾ ਪਾਈਆ । ਤੇਰੀ ਇਕ ਸਾਂਝੀ ਧਰਤ, ਅਸੀਂ ਹਿੱਸੇ ਆਏ ਵੰਡਾਈਆ । ਕਲਜੁਗ ਅੰਤ ਖੇਲ ਅਸਚਰਜ, ਅਚਰਜ ਲੀਲਾ ਦੇ ਵਰਤਾਈਆ । ਕੀ ਤੈਨੂੰ ਮੇਰੀ ਪਈ ਗ਼ਰਜ਼, ਪਰਦਾ ਦੇਣਾ ਉਠਾਈਆ । ਪੁਰਖ ਅਕਾਲ ਕਿਹਾ ਮੈਂ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਭਗਤਾਂ ਦਾ ਵੰਡਾਂ ਦਰਦ, ਭਗਵਨ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਚ ਦਾ ਹੁਕਮ ਸੁਣੋ ਫ਼ਰਮਾਨਾ, ਫਰਮਾਂਬਰਦਾਰੋ ਦਿਆਂ ਸੁਣਾਈਆ । ਅਗਲਾ ਖੇਲ ਹੋਣਾ ਮਹਾਨਾ, ਮਿਹਰਵਾਨ ਵੇਖ ਵਖਾਈਆ । ਛੱਬੀ ਪੋਹ ਸਮਾਂ ਸੁਹਾਉਣਾ, ਸੋਹਣੀ ਰੁਤੜੀ ਨਾਲ ਮਹਿਕਾਈਆ । ਅੰਤ ਸਭ ਨੇ ਇਕੋ ਸ਼ਬਦ ਗਾਣਾ, ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਪ੍ਰਭੂ ਤੇਰਾ ਭਗਤ ਸਦ ਰਹੇ ਵਿਚ ਤੇਰੇ ਭਾਣਾ, ਸਿਰ ਸਕੇ ਨਾ ਕੋਇ ਉਠਾਈਆ । ਧੁਰ ਦੇ ਦਰ ਮਿਲੇ ਮਾਣਾ, ਮਮਤਾ ਮੋਹ ਚੁਕਾਈਆ । ਜਿਨ੍ਹਾਂ ਗਾਇਆ ਅੰਤਮ ਜਾਣਾ ਨਾ ਵਿਚ ਮਸਾਣਾ, ਉਨ੍ਹਾਂ ਬਖ਼ਸ਼ੇ ਇਕ ਸਰਨਾਈਆ । ਤੇਰਾ ਗੁਰਮੁਖ ਨਾ ਹੋਏ ਪੁਰਾਣਾ, ਜੁਗ ਚੌਕੜੀ ਓਹੋ ਚਲਿਆ ਆਈਆ । ਕੀੜੀ ਦਾ ਰੂਪ ਬਣਿਆ ਮਸਤਾਨਾ, ਲਾਲ ਸਿੰਘ ਹਾਏ ਗੋਬਿੰਦ ਹਾਏ ਗੋਬਿੰਦ ਕਹਿ ਕੇ ਦਏ ਸੁਣਾਈਆ । ਸਚ ਦਰ ਹੋਏ ਪਰਵਾਨਾ, ਪਾਰਬ੍ਰਹਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਪੜਦਾ ਦਏ ਚੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਜਨ ਭਗਤਾਂ ਦੇ ਦੇ ਛੁੱਟੀ, ਆਪਣੀ ਦਇਆ ਕਮਾਈਆ । ਅਸੀਂ ਵੇਖ ਲਿਆ ਤੇਰੀ ਪ੍ਰੇਮ ਧਾਰ ਨਾ ਟੁੱਟੀ, ਜੁਗ ਚੌਕੜੀ ਚਲੀ ਆਈਆ । ਇਨ੍ਹਾਂ ਨੂੰ ਲੋੜ ਰਹੀ ਨਾ ਮੰਜ਼ਲ ਪਾਰ ਕਰਨੀ ਪਏ ਨੌਂ ਦਵਾਰ ਤ੍ਰਿਕੁਟੀ, ਸਹਿਸ ਦਲ ਵਿਚ ਨਾ ਕੋਇ ਭਵਾਈਆ । ਦਸਮ ਦਵਾਰੀ ਛੋਟੀ ਛੋਟੀ ਪਹੁ ਫੁੱਟੀ, ਸੂਰਜ ਚੰਨ ਕਰਨ ਰੁਸ਼ਨਾਈਆ । ਜਿਥੇ ਤੇਰੀ ਜੋਤ ਧਾਰ ਬਹੁ ਰੁਤੀ, ਨਿਰਗੁਣ ਨੂਰ ਨੂਰ ਚਮਕਾਈਆ । ਉਥੇ ਇਕ ਪਿਆਰ ਤੇ ਇਕੋ ਖ਼ੁਸ਼ੀ, ਇਕੋ ਵੱਜੇ ਵਧਾਈਆ । ਜਨ ਭਗਤੋ ਸਾਰੇ ਤਾਅ ਦਿਉ ਮੁੱਛੀਂ, ਪ੍ਰਭ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਆਪਣਾ ਹੱਥ ਟਿਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਲ ਵੇਖਣਾ ਖੇਲ ਅਪਾਰਾ, ਅਪਰੰਪਰ ਦਏ

ਵਖਾਈਆ । ਕ੍ਰਿਸ਼ਨ ਦਾ ਉਧਾਰਾ, ਦੁਆਪਰ ਜੁਗ ਗਵਾਹੀਆ । ਕਲਜੁਗ ਦਾ ਪਸਾਰਾ, ਮਾਇਆ ਮਮਤਾ ਨਾਲ ਰਲਾਈਆ । ਚੌਧਵੀਂ ਸਦੀ ਦਾ ਜੈਕਾਰਾ, ਗੋਲੀ ਰੰਗ ਰੰਗਾਈਆ । ਤੇਰਾਂ ਸੌ ਅਠਾਸੀਵਾਂ ਰਿਸ਼ੀ ਰੂਪ ਨਿਆਰਾ, ਆਪਣਾ ਆਪ ਆਇਆ ਬਦਲਾਈਆ । ਦੋਹਾਂ ਦਾ ਪਿਆਰ ਹੋਣਾ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਵੇਖਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਛੱਬੀ ਪੋਹ ਕਹੇ ਗੋਬਿੰਦ ਦੇ ਹੱਥ ਗੋਬਿੰਦ ਧਾਰ ਅੰਗੂਠੀ, ਗੋਬਿੰਦ ਰੰਗ ਰੰਗਾਈਆ । ਮਨੀ ਸਿੰਘ ਕੋਲ ਗਿਰੀ ਦੀ ਠੂਠੀ, ਅੱਲਾ ਹੂ ਅਕਬਰ ਨਾਅਰਾ ਰਿਹਾ ਸੁਣਾਈਆ । ਝਗੜਾ ਪੈਣਾ ਚਾਰੇ ਕੂਟੀ, ਅੱਗੇ ਸਕੇ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਧਾਰ ਬਣ ਕੇ ਦੂਤੀ, ਦੋ ਜਹਾਨਾਂ ਖੋਜ ਖੁਜਾਈਆ ।

### ✪ ੨੭ ਪੋਹ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ✪

ਸਤਿਗੁਰ ਸ਼ਬਦ ਵਿਚ ਸਾਰੇ ਹੋ ਜਾਓ ਮਗਨ, ਮਗਰਲਾ ਲੇਖਾ ਦਿਓ ਮੁਕਾਈਆ । ਤ੍ਰੈਗੁਣ ਮਾਇਆ ਬੁਝਾਓ ਅਗਨ, ਤਤਵ ਤਤ ਨਾ ਕੋਇ ਜਲਾਈਆ । ਹਰਿ ਭਗਤ ਸੀਸ ਦਿਸੇ ਕਿਸੇ ਨਾ ਨਗਨ, ਓਢਣ ਹਰਿ ਕਾ ਨਾਮ ਜਣਾਈਆ । ਘਰ ਘਰ ਅੰਦਰ ਜੋਤੀ ਦੀਪਕ ਜਗਣ, ਅੰਧ ਅੰਧੇਰ ਮਿਟਾਈਆ । ਕਾਇਆ ਮਾਟੀ ਝੂਠਾ ਸਮਝੋ ਬਦਨ, ਬਦੀ ਤੋਂ ਲੈਣਾ ਬਚਾਈਆ । ਆਤਮ ਪਰਮਾਤਮ ਮਿਲਣ ਦਾ ਕਰਨਾ ਯਤਨ, ਯਥਾਰਥ ਮਨੁਸ਼ਾ ਜਨਮ ਵਡਿਆਈਆ । ਸਾਹਿਬ ਸਤਿਗੁਰ ਦੇ ਬਣਨਾ ਰਤਨ, ਅਮੋਲਕ ਹੀਰੇ ਸੋਭਾ ਪਾਈਆ । ਉਹ ਜਿਸ ਨੇ ਤੁਹਾਨੂੰ ਫੇਰ ਖੜਨਾ ਉਸ ਵਤਨ, ਜਿਥੋਂ ਬੇਵਤਨ ਹੋਈ ਲੋਕਾਈਆ । ਗੁਰ ਅਵਤਾਰ ਪੈਗ਼ੰਬਰਾਂ ਦੱਸਿਆ ਪੱਤਨ, ਪੱਤਰਕਾ ਧੁਰ ਦਾ ਨਾਮ ਸੁਣਾਈਆ । ਭੇਵ ਖੁਲ੍ਹਾ ਕੇ ਉੱਤਰ ਪੂਰਬ ਪੱਛਮ ਦੱਖਣ, ਦਿਸ਼ਾ ਧਰਮ ਦੀ ਇਕ ਜਣਾਈਆ । ਉਚੀ ਕੂਕ ਪੁਕਾਰ ਕਿਹਾ ਕਲਜੁਗ ਅੰਤਮ ਕਲ ਕਲਕੀ ਆਵੇ ਰੱਖਣ, ਅਮਾਮ ਅਮਾਮਾ ਨੂਰ ਇਲਾਹੀਆ । ਜੋ ਵਸੇ ਘਟ ਘਟਨ, ਹਰ ਘਟ ਰਿਹਾ ਸਮਾਈਆ । ਸੋਈ ਸੁਰਤੀ ਲਾਵੇ ਸੱਟਨ, ਆਲਸ ਕੂੜੀ ਦਏ ਗਵਾਈਆ । ਮਨ ਕਲਪਣਾ ਆਵੇ ਨੱਥਣ, ਡੋਰੀ ਧੁਰ ਦੀ ਹੱਥ ਉਠਾਈਆ । ਕਲਜੁਗ ਕੂੜਾ ਲੋਕਮਾਤ ਵਿਚੋਂ ਆਵੇ ਕਢਣ, ਧਰਨੀ ਉਤੇ ਰਹਿਣ ਕੋਇ ਨਾ ਪਾਈਆ । ਸਚ ਦਾ ਨਾਮ ਆਵੇ ਵੰਡਣ, ਵਸਤ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਅਵਤਾਰ ਕਹਿਣ ਪ੍ਰਭੂ ਸਾਡੀ ਅੰਤਮ ਲੋਕਮਾਤ ਦੀ ਆਰਤੀ, ਦੀਪਕ ਗਗਨ ਥਾਲ ਵਖਾਈਆ । ਤੇਰੇ ਖੇਲ ਅੱਗੇ ਚਲੇ ਨਾ ਕੋਇ ਸਫਾਰਸ਼ੀ, ਸਿਫ਼ਤਾਂ ਵਿਚੋਂ ਸਿਫ਼ਤ ਨਾ ਕੋਇ ਸਾਲਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਨਾਮ ਚਲਦਾ ਰਿਹਾ ਆਰਜ਼ੀ, ਜੁਗ ਜੁਗ ਰੂਪ ਬਦਲਾਈਆ । ਕਿਸੇ ਸਮਝ ਨਾ ਆਈ ਤੇਰੇ ਸ਼ਬਦ ਸਾਰ ਦੀ, ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਜਿਸ ਵੇਲੇ ਨਾਨਕ ਰਬਾਬ ਵਜਾਈ ਨਿਰੰਕਾਰ ਦੀ, ਤੂੰ ਹੀ ਤੂੰ ਹੀ ਰਾਗ ਅਲਾਈਆ । ਜਿਸ ਵੇਲੇ ਗੋਬਿੰਦ ਧਾਰ ਵੇਖੀ ਖੜਗ ਖੰਡੇ ਸਾਰ ਦੀ, ਨਿੱਕੀ ਤਿੱਖੀ ਰੂਪ ਦਰਸਾਈਆ ।

ਉਸ ਵੇਲੇ ਖੇਲ ਹੋਈ ਏਕੰਕਾਰ ਦੀ, ਇਕ ਇਕੱਲਾ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਅਵਤਾਰ ਕਹਿਣ ਅਸੀਂ ਦੀਪਕ ਵੇਖੀਏ ਬਲਦੇ, ਸੋਹਣਾ ਰੰਗ ਰੰਗਾਈਆ । ਜਿਹੜੇ ਤੇਰੇ ਨਾਮ ਸੰਦੇਸ਼ੇ ਰਹੇ ਘੱਲਦੇ, ਜੁਗ ਜੁਗ ਮਾਤ ਸੁਣਾਈਆ । ਧਰਮ ਸਿੰਘਾਸਣ ਰਹੇ ਮੱਲਦੇ, ਸਚ ਦਵਾਰੇ ਡੇਰਾ ਲਾਈਆ । ਪੜਦੇ ਖੋਲ੍ਹਦੇ ਰਹੇ ਅਟੱਲ ਦੇ, ਸਚਖੰਡ ਦਵਾਰਾ ਇਕ ਜਣਾਈਆ । ਅਸੀਂ ਖੇਲ ਵੇਖਦੇ ਰਹੇ ਕਲ ਦੇ, ਕੀ ਕਲਜੁਗ ਕਾਰ ਕਮਾਈਆ । ਸਾਡੇ ਕੌਲ ਇਕਰਾਰ ਵੇਲੇ ਬਲ ਦੇ, ਬਾਵਨ ਨਾਲ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਤੇਈ ਅਵਤਾਰ ਕਹਿਣ ਸੀਤਾ ਰਾਮ ਤੇ ਰਾਮ ਸੀਤਾ, ਸਭ ਦਾ ਇਕੋ ਨਜ਼ਰੀ ਆਈਆ । ਧੁਰ ਦੇ ਨੂਰ ਨੂਰ ਦਾ ਮੀਤਾ, ਤਨ ਵਜੂਦ ਨਾ ਕੋਇ ਚਤੁਰਾਈਆ । ਜਿਸ ਦਾ ਖੇਲ ਆਦਿ ਮਧ ਨੀਕਨ ਨੀਕਾ, ਜੁਗ ਚੌਕੜੀ ਨਾ ਕੋਇ ਸਮਝਾਈਆ । ਸਦ ਪ੍ਰੇਮ ਦੀ ਦੱਸੇ ਪ੍ਰੀਤਾ, ਪ੍ਰੀਤਮ ਹੋ ਕੇ ਵੇਖ ਵਖਾਈਆ । ਨਿਰਗੁਣ ਸਰਗੁਣ ਚਲਾ ਕੇ ਰੀਤਾ, ਲੋਕਮਾਤ ਵੇਖ ਵਖਾਈਆ । ਆਪਣਾ ਰੂਪ ਦੱਸ ਅਨਡੀਠਾ, ਜੁਗ ਜੁਗ ਪੜਦਾ ਪਾਈਆ । ਕੋਟਾਂ ਵਿਚੋਂ ਕਿਸੇ ਗੁਰਮੁਖ ਚਾੜ੍ਹ ਕੇ ਰੰਗ ਮਜੀਠਾ, ਧੁਰ ਦਾ ਨੂਰ ਦਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਅਵਤਾਰ ਕਹਿਣ ਖੇਲ ਵੇਖਣੀ ਨਿਆਰੀ, ਨਿਰੰਕਾਰ ਤੇਰੀ ਵਡਿਆਈਆ । ਕੱਠੇ ਹੋਏ ਕਲਜੁਗ ਅੰਤਮ ਵਾਰੀ, ਸਦੀ ਚੌਧਵੀਂ ਦਏ ਗਵਾਹੀਆ । ਮੁਹੰਮਦ ਛਡ ਕੇ ਆਇਆ ਚਾਰ ਯਾਰੀ, ਈਸਾ ਮੂਸਾ ਖ਼ਾਲੀ ਹੱਥ ਵਖਾਈਆ । ਰਾਮ ਕ੍ਰਿਸ਼ਨ ਕਰਨ ਨਾ ਕੋਇ ਪਿਆਰੀ, ਪ੍ਰੀਆ ਰੂਪ ਨਾ ਕੋਇ ਜਣਾਈਆ । ਨਾਨਕ ਗੋਬਿੰਦ ਛੱਡੀ ਦੁਨੀਆ ਸਾਰੀ, ਬਿਨਾ ਗੁਰਮੁਖਾਂ ਹੱਥ ਕਿਸੇ ਨਾ ਆਈਆ । ਜਾਂ ਤਕੀਏ ਤੇਰਾ ਧੁਰ ਦਰਬਾਰੀ, ਦਰਗਾਹ ਸਾਚੀ ਅੱਖ ਉਠਾਈਆ । ਉਥੇ ਇਕੋ ਨੂਰ ਜੋਤ ਉਜਿਆਰੀ, ਦੂਜਾ ਨਜ਼ਰ ਕੋਇ ਨਾ ਆਈਆ । ਜਨ ਭਗਤੋ ਭਗਤਾਂ ਵਿਚ ਨਾ ਕੋਇ ਮਰਦ ਤੇ ਨਾ ਕੋਇ ਨਾਰੀ, ਬੱਚੇ ਪ੍ਰਭੂ ਦੇ ਸਾਰੇ ਸੋਭਾ ਪਾਈਆ । ਜੁਗ ਚੌਕੜੀ ਪਿਛੋਂ ਆਉਂਦੀ ਇਕ ਦੀ ਵਾਰੀ, ਅਨੇਕ ਦਾ ਇਕੋ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਅਵਤਾਰ ਕਹਿਣ ਗੁਰਮੁਖੋ ਜਗਤ ਸ਼ਿੰਗਾਰ ਕੂੜੀ ਮਾਇਆ, ਗੁਰਮੁਖ ਨੇਤਰ ਅੱਖ ਨਾ ਕੋਇ ਭਵਾਈਆ । ਜੋਬਨ ਜਵਾਨੀ ਚਾਰ ਦਿਨ ਦੀ ਛਾਇਆ, ਮੁੜ ਕੇ ਹੱਥ ਕਿਸੇ ਨਾ ਆਈਆ । ਜਿਨ੍ਹਾਂ ਭਗਤਾਂ ਪ੍ਰਭੂ ਦਾ ਗੀਤ ਗਾਇਆ, ਰਸਨਾ ਨਾਲ ਵਡਿਆਈਆ । ਓਨ੍ਹਾਂ ਮੁੜ ਕੇ ਜਨਮ ਕਦੇ ਨਾ ਪਾਇਆ, ਚੁਰਾਸੀ ਵਿਚ ਨਾ ਕੋਇ ਭਵਾਈਆ । ਓਨ੍ਹਾਂ ਦਾ ਇਕੋ ਦਾਈ ਦਾਇਆ, ਸਤਿਗੁਰ ਨਾਨਕ ਗਿਆ ਜਣਾਈਆ । ਜਿਨ੍ਹਾਂ ਇਕ ਪੁਰਖ ਅਕਾਲ ਮਨਾਇਆ, ਗੁਰ ਗੋਬਿੰਦ ਹੋਏ ਸਹਾਈਆ । ਜਿਨ੍ਹਾਂ ਇਕੋ ਰਾਮ ਪਰਨਾਇਆ, ਉਹ ਸੀਤਾ ਸੁਰਤੀ ਦਰ ਤੇ ਸਾਚੇ ਬੈਠੀ ਸੋਭਾ ਪਾਈਆ । ਜਿਨ੍ਹਾਂ ਇਕੋ ਕਾਹਨ ਹੰਢਾਇਆ, ਸੋ ਰਾਧਾ ਆਪਣੇ ਰਿਦੇ ਤੋਂ ਬਾਹਰ ਬੈਠੀ ਡੇਰਾ ਲਾਈਆ । ਉਸ ਪ੍ਰਭੂ ਨੇ ਬ੍ਰਹਿਮੰਡ ਖੰਡ ਰਚਾਇਆ, ਧਰਨੀ ਧਰਤ ਧਵਲ ਧੌਲ ਆਕਾਸ਼ ਸੁਹਾਇਆ, ਜਲ ਥਲ ਮਹੀਅਲ ਉਹ ਆਪਣੀ ਕਾਰ ਕਮਾਈਆ । ਕਲਜੁਗ ਕੂੜੀ ਕਿਰਿਆ ਮੇਟੇ ਰਹਿਣ ਨਾ ਦੇਵੇ ਰਾਇਆ, ਰਾਓ ਰੰਕ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਅਵਤਾਰ ਕਹਿਣ ਜਨ ਭਗਤੋ ਤੁਸੀਂ ਸਾਰੇ ਇਕੋ ਗੋਤੀ, ਦੂਜਾ

੩੧੭
੨੨

ਨਜ਼ਰ ਕੋਇ ਨਾ ਆਈਆ । ਬਾਹਰੋਂ ਤਨ ਨਾ ਵੇਖਿਓ ਅੰਦਰੋਂ ਵੇਖਿਓ ਪ੍ਰਭ ਦੀ ਜੋਤੀ, ਘਟ ਘਟ ਅੰਦਰ ਸੋਭਾ ਪਾਈਆ । ਨਿਗਾਹ ਆਪਣੀ ਜਗਤ ਵਿਹਾਰ ਵਿਚ ਕਦੇ ਨਾ ਕਰਿਓ ਖੋਟੀ, ਸਭ ਨੂੰ ਜਾਨਣਾ ਭੈਣਾਂ ਤੇ ਮਾਈਆ । ਤੇ ਭਗਤਾਂ ਆਉਣਾ ਸਭ ਤੋਂ ਉਤੇ ਚੋਟੀ, ਕਬੀਰ ਜੁਲਾਹਾ ਦਏ ਗਵਾਹੀਆ । ਜਿਥੇ ਲੱਭਦੇ ਕੋਟਨ ਕੋਟੀ, ਖੋਜਿਆਂ ਹੱਥ ਕਿਸੇ ਨਾ ਆਈਆ । ਵੇਖੋ ਖੇਲ ਪ੍ਰਭੂ ਦੀ ਅਨੋਖੀ, ਨਿਰਾਲੀ ਆਪ ਜਣਾਈਆ । ਕਿਉਂ ਗਵਾਹੀ ਦੇਵੇ ਰਵਦਾਸ ਚਮਾਰਾ ਮੋਚੀ, ਗੁਰਮੁਖ ਆਪਣੀ ਰੀਤ ਚਲਾਈਆ । ਪੰਜ ਲਿਖਾਰੀਆਂ ਦੁਨੀਆ ਉਠਾਣੀ ਸੋਤੀ, ਸੁਤਿਆਂ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਅਵਤਾਰ ਕਹਿਣ ਜਨ ਭਗਤੋ ਇਕੋ ਵਾਰ ਝਾਤੀ ਲਓ ਮਾਰ, ਵੇਲਾ ਅੰਤ ਅੰਤ ਜਣਾਈਆ । ਕਦੀ ਤੱਕਿਓ ਨਾ ਕਿਸੇ ਦੀ ਨਾਰ, ਹਾਰ ਸ਼ਿੰਗਾਰ ਵਿਚ ਸਭ ਨੂੰ ਜਾਨਣਾ ਭੈਣ ਤੇ ਮਾਈਆ । ਤੁਸੀਂ ਸਾਰੇ ਬੱਧੇ ਵਿਚ ਪਿਆਰ, ਪ੍ਰੇਮੀ ਪ੍ਰੀਤਮ ਇਕੋ ਲੈਣਾ ਮਨਾਈਆ । ਜਿਸ ਨੇ ਸ੍ਰਿਸ਼ਟੀ ਦੀ ਰਚਨਾ ਰਚੀ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਬੈਠੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਅਵਤਾਰ ਕਹਿਣ ਜੰਮੂ ਵਾਲਿਓ ਦੇ ਦਿਓ ਜੇਬ ਵਿਚ ਪਾਈ ਰੱਸੀ, ਹੱਥ ਉਪਰ ਲਓ ਉਠਾਈਆ । ਜਿਹੜੀ ਸਗਨਾਂ ਵਾਲੀ ਵਸਤ ਮਿਸ਼ਰੀ ਕੂਜਾ ਸਾਂਭ ਕੇ ਰੱਖੀ, ਉਹ ਏਥੇ ਦਿਓ ਟਿਕਾਈਆ । ਜਿਹੜੀ ਚੇਲਾ ਸਿੰਘ ਦੇ ਹੱਥ ਵਿਚ ਪੱਟੀ, ਹੱਥ ਦਿਓ ਫੜਾਈਆ । ਵੇਖਿਓ ਕਿਸੇ ਦੀ ਭਰਿਓ ਕੋਇ ਨਾ ਚੱਟੀ, ਬਿਨਾ ਸ਼ਬਦ ਗੁਰੂ ਤੋਂ ਹੋਏ ਨਾ ਕੋਇ ਸਹਾਈਆ । ਜਦ ਵਸਤ ਮੰਗੋ ਤੇ ਮੰਗੋ ਨਾਮ ਦੀ ਰਤੀ, ਦੂਜੀ ਕੰਮ ਕੋਇ ਨਾ ਆਈਆ । ਜੇ ਪ੍ਰੀਤੀ ਪਾਓ ਤੇ ਇਕ ਨਾਲ ਪੱਕੀ, ਜੋ ਆਤਮ ਪਰਮਾਤਮ ਦਾ ਮੇਲਾ ਮੇਲੇ ਸਹਿਜ ਸੁਭਾਈਆ । ਜਦ ਧਰਮ ਕਮਾਓ ਤੇ ਜਨਮ ਦੇ ਰਹੋ ਜਤੀ, ਦੂਸਰ ਅੱਖ ਨਾ ਕੋਇ ਤਕਾਈਆ । ਫੜਾ ਦਿਉ ਮੋਮਬੱਤੀ, ਜਿਹੜੀ ਲੈ ਕੇ ਆਏ ਚਾਈਂ ਚਾਈਂਆ । ਉਹ ਕਿਥੇ ਜੇ ਜੰਮੂ ਵਾਲਿਓ ਤੁਹਾਡਾ ਹਿੰਦਸਾ ਛੱਤੀ, ਛੱਤੀਆਂ ਜੁਗਾਂ ਦੀ ਨਾਨਕ ਦੇਣ ਆਇਆ ਗਵਾਹੀਆ । ਦੁਆਬੇ ਵਿਚੋਂ ਆ ਜਾਵੇ ਸੂਤ ਦੀ ਅੱਟੀ, ਮੌਲੀ ਤੰਦ ਬੰਧਾਈਆ । ਗੁਲਾਟੀ ਏਥੇ ਰੱਖ ਦੇ ਫੱਟੀ, ਸਚ ਨਾਲ ਦ੍ਰਿੜਾਈਆ । ਜਨ ਭਗਤੋ ਸਭ ਨੇ ਕਲਜੁਗ ਕੂੜੀ ਕਿਰਿਆ ਦੀ ਹੱਦ ਜਾਣਾ ਟੱਪੀ, ਛਲਾਂਗ ਨਾਮ ਵਾਲੀ ਲਗਾਈਆ । ਇਕੋ ਮੰਨਣਾ ਪੁਰਖ ਅਕਾਲ ਕਮਲਾਪਤੀ, ਜਿਹੜਾ ਆਦਿ ਅੰਤ ਜੁਗਾ ਜੁਗੰਤ ਆਤਮ ਪਰਮਾਤਮ ਸਭ ਦਾ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਅਵਤਾਰ ਕਹਿਣ ਇਹ ਸਾਡਾ ਮਿਸਰੀ ਕੂਜਾ, ਬਾਵਨ ਮੰਗ ਮੰਗਾਈਆ । ਕਿਸੇ ਦੇ ਅੰਦਰ ਇਸ਼ਟ ਰਹੇ ਨਾ ਦੂਜਾ, ਦੁਤੀਆ ਭਾਉ ਮਿਟਾਈਆ । ਜਿਸ ਨੇ ਤੁਹਾਡਾ ਪ੍ਰੇਮ ਕਰਨਾ ਉਘਾ, ਨਾਭੀ ਰਸ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਅਵਤਾਰ ਕਹਿਣ ਅਸੀਂ ਆਏ ਚਰੋਕੇ, ਪਿਛਲਾ ਪੰਧ ਮੁਕਾਈਆ । ਜਾਂ ਧਰਨੀ ਤਕੀ ਇਕ ਦੂਜੇ ਨਾਲ ਹੁੰਦੇ ਧੋਖੇ, ਧਰਮੀ ਧਰਮ ਨਾ ਕੋਇ ਵਖਾਈਆ । ਜਿਧਰ ਵੇਖੀਏ ਪੜ੍ਹਦੇ ਪੋਥੇ, ਰਸਨਾ ਵਾਲੇ ਢੋਲੇ ਗਾਈਆ । ਦੁਹਾਈ ਸਚਖੰਡ ਦਵਾਰੇ ਕੋਈ ਨਾ ਪਹੁੰਚੇ, ਕਲਜੁਗ ਜੀਵ ਰਹੇ ਕੁਰਲਾਈਆ । ਬਿਨਾ ਪ੍ਰਭੂ ਤੋਂ ਸਾਰੇ ਦਿਸਣੇ ਔਂਤੇ, ਪੁਤ ਪੋਤਰੇ ਕੰਮ ਕਿਸੇ ਨਾ ਆਈਆ । ਬਾਹਰੋਂ ਦਿਸਦੇ ਸਭ ਦੇ ਭਾਂਡੇ ਪੋਚੇ, ਅੰਦਰੋਂ ਕਰੇ ਨਾ ਕੋਇ ਸਫ਼ਾਈਆ । ਮਨ ਵਿਕਾਰ ਵਿਚ ਖੋਟੇ, ਗਿਆਨੀ ਵਿਦਵਾਨੀ

ਪ੍ਰਭ ਦਾ ਦਰਸ ਕੋਇ ਨਾ ਪਾਈਆ । ਜਿਨ੍ਹਾਂ ਪਿਛੇ ਗੋਬਿੰਦ ਬੱਚੇ ਜਿਗਰ ਕਰਾ ਕੇ ਗਿਆ ਟੋਟੇ, ਛੋਟੇ ਨੀਹਾਂ ਹੇਠ ਦਬਾਈਆ । ਉਹ ਭੰਬਲ ਭੂਸੇ ਖਾਂਦੇ ਸਾਗਰ ਜਗਤ ਵਿਚ ਲੈਂਦੇ ਗੋਤੇ, ਪਾਰ ਕਿਨਾਰਾ ਨਾ ਕੋਇ ਵਖਾਈਆ । ਜਿਧਰ ਤੱਕਣ ਇਕ ਦੂਜੇ ਨਾਲ ਹੁੰਦੇ ਧੋਖੇ, ਸਚ ਦਾ ਰਾਹ ਨਾ ਕੋਇ ਚਲਾਈਆ । ਪ੍ਰਭੂ ਦਾ ਭਾਣਾ ਕੋਇ ਨਾ ਰੋਕੇ, ਸਾਰੇ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਪੈਗ਼ੰਬਰ ਕਹਿਣ ਯਾ ਖ਼ਬਰਾ ਜ਼ਬੂ ਯਾ ਵਿਸ਼ਕਾ ਨਵੀ ਯਾਬਚਾ ਜ਼ੂਅ ਚਾਨੇ ਨੂਰੇ ਨਜ਼ਾ ਨਿਜ਼ਾਮੇ ਹੱਕ ਨੂਰ ਇਲਾਹੀਆ । ਸਤਿਗੁਰੂ ਗੁਰਦੇਵ ਕਹੇ ਮੇਰਾ ਦਾਤਾ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜਿਸ ਦਾ ਆਦਿ ਅੰਤ ਜੁਗਾ ਜੁਗੰਤ ਇਕੋ ਮਾਰਗ ਤੇ ਇਕੋ ਰਾਹ, ਮੰਜ਼ਲ ਇਕੋ ਇਕ ਸਮਝਾਈਆ । ਉਸ ਨੂੰ ਕਿਸੇ ਰਾਮ ਕ੍ਰਿਸ਼ਨ ਅੱਲਾ ਵਾਹਿਗੁਰੂ ਕਿਹਾ ਖ਼ੁਦਾ, ਖ਼ੁਦ ਮਾਲਕ ਸਭ ਦਾ ਪਿਤਾ ਮਾਈਆ । ਚਹੁੰ ਜੁਗਾਂ ਵਿਚ ਸਾਰੇ ਹੋਏ ਜੁਦਾ, ਜੁਜ਼ ਆਪਣਾ ਵੰਡ ਵੰਡਾਈਆ । ਨਾਮ ਕਲਮਿਆਂ ਦੀ ਪਈ ਅਦਾ, ਵੱਖ ਵੱਖ ਕਰੀ ਪੜ੍ਹਾਈਆ । ਅੰਤ ਕਰਨ ਸਰਬ ਦੁਆ, ਸੱਜਦਿਆਂ ਵਿਚ ਸੀਸ ਝੁਕਾਈਆ । ਸਾਡੇ ਮਾਲਕ ਪ੍ਰਿਤਪਾਲਕ ਧੁਰ ਦੇ ਖ਼ਾਲਕ ਨਿਰਗੁਣ ਨੂਰ ਜੋਤ ਕਰ ਰੁਸ਼ਨਾ, ਕਲਜੁਗ ਅੰਧੇਰ ਦੇ ਮਿਟਾਈਆ । ਤੈਨੂੰ ਮੰਨਿਆ ਇਕ ਅਲਾਹ, ਇਕ ਅੱਲਾ ਆਲਮੀਨ ਤੇਰੀ ਸਰਨਾਈਆ । ਜਿਧਰ ਵੇਖੀਏ ਸ੍ਰਿਸ਼ਟੀ ਭਰੀ ਗੁਨਾਹ, ਪਤਤ ਪੁਨੀਤ ਪਾਪਾਂ ਮੈਲ ਨਾ ਕੋਇ ਧਵਾਈਆ । ਸਾਨੂੰ ਐਂ ਜਾਪਦਾ ਸਦੀ ਚੌਧਵੀਂ ਸਾਰਿਆਂ ਹੋ ਜਾਣਾ ਅੰਤ ਫ਼ਨਾਹ, ਬਚਿਆ ਰਹਿਣ ਕੋਇ ਨਾ ਪਾਈਆ । ਇਕ ਵਾਰ ਮਿਹਰਵਾਨ ਹੋ ਕੇ ਆਪਣੇ ਚਰਨਾਂ ਦੇ ਪਨਾਹ, ਨਿਉਂ ਨਿਉਂ ਸੀਸ ਨਿਵਾਈਆ । ਪੈਗ਼ੰਬਰਾਂ ਦਾ ਲੇਖਾ ਚੁਕੇ ਬਾਵਾ ਆਦਮ ਤੇ ਮਾਈ ਹੱਵਾ, ਹਜ਼ਰਤ ਈਸਾ ਨਾ ਕੋਇ ਵਡਿਆਈਆ । ਪਿਛਲਾ ਲੇਖਾ ਦਿਉ ਪੜਵਾ, ਗਊ ਦੀ ਮੂਰਤੀ ਵੇਖੇ ਚਾਈਂ ਚਾਈਂਆ । ਇਕ ਵਾਰ ਆਪਣੀ ਤਾਰ ਸਿਤਾਰ ਫੇਰ ਵਜਾ, ਨਾਨਕ ਰਬਾਬੀ ਨੂਰ ਬਣ ਇਲਾਹੀਆ । ਤੈਨੂੰ ਭਗਤ ਉਧਾਰਨ ਦੀ ਸਦਾ ਅਦਾ, ਜੁਗ ਜੁਗ ਵੇਸ ਵਟਾਈਆ । ਕਲਜੁਗ ਅੰਤਮ ਫੇਰ ਆ, ਆਪਣਾ ਫੇਰਾ ਪਾਈਆ । ਅਸੀਂ ਤਕੀਏ ਉਹ ਮਲਾਹ, ਜੋ ਖੇਵਟ ਖੇਟਾ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਦਏ ਉਠਾਈਆ । ਪੈਗ਼ੰਬਰ ਕਹਿਣ ਮਾਝੇ ਵਾਲਿਓ ਸੱਤ ਰੰਗ ਦੀ ਦੇ ਦਿਓ ਪੱਗ, ਮੁਹੰਮਦ ਰਾਹ ਤਕਾਈਆ । ਵੇਖਣਾ ਖੇਲ ਜਗ, ਜਗਤ ਜੁਗਤ ਸਮਝਾਈਆ । ਅਗਨੀ ਲੱਗੀ ਅੱਗ, ਚਾਰੋਂ ਕੁੰਟ ਦੁਹਾਈਆ । ਬਿਨਾ ਭਗਤਾਂ ਤੋਂ ਦੀਪਕ ਕਿਸੇ ਘਰ ਨਹੀਂ ਜਾਣਾ ਜਗ, ਜੰਮੂ ਵਾਲੇ ਦੇਣ ਗਵਾਹੀਆ । ਕਲਜੁਗ ਜੀਵ ਹੋਏ ਕੱਗ, ਸੋਹੰ ਹੰਸਾ ਨਾਮ ਰਹੇ ਭੁਲਾਈਆ । ਕੂੜੀ ਕਿਰਿਆ ਦੀ ਪੀਂਦੇ ਮਦਿ, ਨਾਮ ਖ਼ੁਮਾਰੀ ਨਾ ਕੋਇ ਚੜ੍ਹਾਈਆ । ਖਾਂਦੇ ਮੱਛੀ ਡੱਡ, ਸੂਰਾਂ ਗਊਆਂ ਵੰਡ ਵੰਡਾਈਆ । ਆਤਮਾ ਪਰਮਾਤਮਾ ਨਾਲੋਂ ਹੋ ਗਈ ਅੱਡ, ਸਕੇ ਨਾ ਕੋਇ ਮਿਲਾਈਆ । ਦਰਗਾਹ ਸਾਚੀ ਲਏ ਕੋਇ ਨਾ ਸੱਦ, ਪੁਰਖ ਅਕਾਲਾ ਅੰਗ ਨਾ ਕਿਸੇ ਲਗਾਈਆ । ਜਨ ਭਗਤੋ ਤੁਸੀਂ ਸਾਰਿਆਂ ਦੀ ਪਾਰ ਕਰਨੀ ਹੱਦ, ਇਕੋ ਹਦੂਦ ਵੇਖਣੀ ਚਾਈਂ ਚਾਈਂਆ । ਜਿਥੇ ਪ੍ਰੇਮ ਪ੍ਰੀਤੀ ਜਾਏ ਬੱਝ, ਪ੍ਰੀਤਮ ਇਕੋ ਨਜ਼ਰੀ ਆਈਆ । ਆਤਮ ਪਰਮਾਤਮ ਰਹੇ ਨਾ ਕੋਇ ਅਲੱਗ, ਵੱਖਰਾ ਘਰ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸੁਲਤਾਨ ਵਡ ਵਡਿਆਈਆ । ਪੈਗ਼ੰਬਰ ਕਹਿਣ ਸੱਤ ਰੰਗ ਦੀ ਪੱਗ ਦਾ ਬੰਨ੍ਹਣਾ ਇਕ ਮੰਡਾਸਾ, ਆਪਣਾ ਬਲ ਪਰਗਟਾਈਆ ।

ਜਿਨ੍ਹਾਂ ਦੇ ਮੁਖ ਵਿਚ ਲਿਆ ਪਤਾਸਾ, ਬਗ਼ਲੀਆਂ ਗਲ ਲਟਕਾਈਆ । ਹੱਥ ਵਿਚ ਫੜਿਆ ਕਾਸਾ, ਇਹ ਨਾਨਕ ਬਗ਼ਦਾਦ ਵਿਚ ਆਇਆ ਸੁਣਾਈਆ । ਜਿਸ ਵੇਲੇ ਕਲਜੁਗ ਦਾ ਪੁਰਖ ਅਕਾਲ ਵੇਖਣ ਆਇਆ ਤਮਾਸ਼ਾ, ਨਿਰਗੁਣ ਹੋ ਕੇ ਫੇਰਾ ਪਾਈਆ । ਸੰਬਲ ਕਰਨਾ ਵਾਸਾ, ਗੋਬਿੰਦ ਨਾਲ ਵਡਿਆਈਆ । ਜੋਤ ਨੂਰ ਹੋਵੇ ਪ੍ਰਕਾਸ਼ਾ, ਕਲ ਕਲਕੀ ਨਾਉਂ ਧਰਾਈਆ । ਨਿਰਗੁਣ ਧਾਰ ਜੋਤ ਦਏ ਭਰਵਾਸਾ, ਅਮਾਮ ਅਮਾਮਾ ਫੇਰਾ ਪਾਈਆ । ਲੇਖੇ ਲਾ ਭਗਤਾਂ ਸਵਾਸਾ, ਸਾਹ ਸਾਹ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪਗੜੀ ਕਹੇ ਮੇਰੇ ਸੱਤ ਰੰਗ, ਸੋਹਣੇ ਨਜ਼ਰੀ ਆਈਆ । ਮੁਹੰਮਦ ਨੱਚਦਾ ਬਣ ਮਲੰਘ, ਡੌਰੂ ਆਪਣਾ ਡੰਕ ਵਜਾਈਆ । ਮੇਰੀ ਸਦੀ ਚੌਧਵੀਂ ਵੀ ਰਹੀ ਲੰਘ, ਵੇਲਾ ਅੰਤਮ ਦਏ ਦੁਹਾਈਆ । ਅੰਤਮ ਸੌਣਾ ਮਿਲੇ ਕਿਸੇ ਨਾ ਪਲੰਘ, ਸੁਖਆਸਣ ਨਾ ਕੋਇ ਵਡਿਆਈਆ । ਸਭ ਨੇ ਭੱਜਣਾ ਪੈਰੀਂ ਨੰਗ, ਨੱਸਣਾ ਵਾਹੋ ਦਾਹੀਆ । ਕਿਸੇ ਨੇ ਦੁਲਦੁਲ ਦਾ ਕਸਣਾ ਨਹੀਂ ਤੰਗ, ਐਲੀਸ਼ਾਹ ਰੋਵੇ ਮਾਰੇ ਧਾਹੀਆ । ਧੁਰ ਦੇ ਨਾਮ ਦਾ ਵਹਿਣ ਵਹਿਣਾ ਗੰਗ, ਚਾਰੋਂ ਕੁੰਟ ਦਏ ਰੁੜ੍ਹਾਈਆ । ਖਾਣਾ ਮਿਲਣਾ ਤੀਜੇ ਡੰਗ, ਚੁੱਲ੍ਹਾ ਘਰ ਨਾ ਕੋਇ ਤਪਾਈਆ । ਨਾਮ ਦਾ ਕਲਮੇ ਦਾ ਕਿਸੇ ਨਹੀਂ ਹੋਣਾ ਸੰਗ, ਸੰਗੀ ਸੰਗ ਸਾਰੇ ਜਾਣ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸੱਤ ਰੰਗ ਕਹਿਣ ਅਸੀਂ ਸੋਂਹਦੇ ਉਸ ਸੀਸ, ਜੋ ਸੀਸ ਆਪਣੇ ਲੇਖੇ ਲਾਈਆ । ਜਿਸ ਨੂੰ ਮੰਨਦੇ ਸਰਬ ਜਗਦੀਸ, ਜਗਦੀਸ਼ਰ ਬੇਪਰਵਾਹੀਆ । ਜਿਸ ਦਾ ਕਲਮਾ ਇਕ ਹਦੀਸ, ਕਰੇ ਹੱਕ ਪੜ੍ਹਾਈਆ । ਦੇਵੇ ਧੁਰ ਤੌਫ਼ੀਕ, ਤੋਹਫ਼ੇ ਝੋਲੀ ਪਾਈਆ । ਉਹ ਸਭ ਦੀ ਪੂਰੀ ਕਰੇ ਉਮੀਦ, ਤ੍ਰਿਸ਼ਨਾ ਦਏ ਚੁਕਾਈਆ । ਗ਼ਫ਼ਲਤ ਖੋਲ੍ਹੇ ਨੀਂਦ, ਨੇਤਰ ਲੋਚਣ ਨੈਣ ਕਰੇ ਰੁਸ਼ਨਾਈਆ । ਕਾਇਆ ਕਰੇ ਸੀਤ, ਅਗਨੀ ਤਤ ਬੁਝਾਈਆ । ਵੇਖੇ ਮੰਦਰ ਮਸੀਤ, ਕਾਅਬਿਆਂ ਖੋਜ ਖੁਜਾਈਆ । ਮੁਹੰਮਦ ਬੈਠਾ ਰੱਖ ਕੇ ਉਡੀਕ, ਸਦੀ ਚੌਧਵੀਂ ਰਾਹ ਤਕਾਈਆ । ਜਿਸ ਨੇ ਸ਼ਰਅ ਦੇ ਉਤੇ ਸਚ ਹੁਕਮ ਦੀ ਫੇਰਨੀ ਲੀਕ, ਲਾਈਨ ਨਾਮ ਦੀ ਦੇਣੀ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਨਕ ਗੋਬਿੰਦ ਕਹੇ ਇਕੋ ਮੰਨਣਾ ਪੁਰਖ ਅਕਾਲ, ਦੂਜਾ ਨਜ਼ਰ ਕੋਇ ਨਾ ਆਈਆ । ਜੋ ਸਭ ਦਾ ਦੀਨ ਦਿਆਲ, ਦਇਆ ਨਿਧ ਸਹਿਜ ਸੁਖਦਾਈਆ । ਵਸੇ ਕਾਇਆ ਮਾਟੀ ਧਰਮਸਾਲ, ਸਾਢੇ ਤਿੰਨ ਹੱਥ ਡੇਰਾ ਲਾਈਆ । ਦੱਸ ਕੇ ਨਾਮ ਸੁਖਾਲ, ਹਿਰਦੇ ਕਰੇ ਸਫ਼ਾਈਆ । ਕਲਜੁਗ ਹੋਏ ਕੰਗਾਲ, ਤ੍ਰੈਗੁਣ ਤੋੜ ਜੰਜਾਲ, ਕੂੜੀ ਕਿਰਿਆ ਡੇਰਾ ਢਾਹੀਆ । ਜਨ ਭਗਤੋ ਏਸੇ ਤਰਾਂ ਤੁਹਾਡੇ ਅੰਦਰ ਦੀਪਕ ਦੇਣੇ ਬਾਲ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਪ੍ਰਭੂ ਕਦੀ ਨਹੀਂ ਵੇਖਦਾ ਕਵਣ ਸ਼ਾਹ ਕਵਣ ਕੰਗਾਲ, ਗ਼ਰੀਬ ਨਿਮਾਣਿਆਂ ਆਪਣੇ ਗਲੇ ਲਗਾਈਆ । ਜੁਲਾਹਿਆਂ ਚਮਿਆਰਿਆਂ ਆਪੇ ਪੁੱਛੇ ਹਾਲ, ਨਾਈਆਂ ਆਪਣਾ ਰੰਗ ਚੜ੍ਹਾਈਆ । ਗ਼ਰੀਬਾਂ ਹੋਏ ਪ੍ਰਿਤਪਾਲ, ਸਿਰ ਆਪਣਾ ਹੱਥ ਟਿਕਾਈਆ । ਹੁਣ ਸਾਰੇ ਵੇਲਾ ਵਕਤ ਲਉ ਸੰਭਾਲ, ਗਿਆ ਫੇਰ ਹੱਥ ਨਾ ਆਈਆ । ਜੁਗ ਚੌਕੜੀ ਪਿਛੋਂ ਪਰਮ ਪੁਰਖ ਦਾ ਕਦੇ ਵਜਦਾ ਤਾਲ, ਜੁਗ ਜੁਗ ਸਰਗੁਣ ਵੇਸ ਵਟਾਈਆ । ਅੱਗੇ ਵੇਖਣਾ ਖੇਲ ਹਾਲ, ਮਾਜ਼ੀ ਦਾ ਝਗੜਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, । ਨਾਨਕ ਗੋਬਿੰਦ ਕਹੇ ਸਾਡੀ ਸਾਚੀ ਸਿਖਿਆ, ਸਿੱਖ ਚਾਰ ਵਰਨ ਅਖਵਾਈਆ ।

ਜਿਸ ਦਾ ਅੱਖਰ ਕੋਈ ਨਹੀਂ ਲਿਖਿਆ, ਉਹ ਮਾਲਕ ਧੁਰਦਰਗਾਹੀਆ । ਇਹ ਸ੍ਰਿਸ਼ਟੀ ਦਿਸਦੀ ਮਿਥਿਆ, ਅੰਤ ਰਹਿਣ ਕੋਇ ਨਾ ਪਾਈਆ । ਓ ਜਨ ਭਗਤੋ ਕਿਸੇ ਨਾਲ ਲੱਗ ਕੇ ਕੋਈ ਨਾ ਜਾਵੇ ਭਿੱਟਿਆ, ਆਤਮ ਹਰ ਘਟ ਅੰਦਰ ਇਕੋ ਨੂਰ ਇਲਾਹੀਆ । ਜੇਹੜਾ ਸਤਿਗੁਰ ਦਵਾਰੇ ਵਿਕਿਆ, ਕੀਮਤ ਆਪਣੀ ਗਿਆ ਚੁਕਾਈਆ । ਇਹ ਭਗਤਾਂ ਵਾਂਗੂ ਮਨ ਹੋਵੇ ਟਿਕਿਆ, ਲੋਕ ਲੱਜਿਆ ਪਰੇ ਹਟਾਈਆ । ਕਿਉਂ ਜ਼ਿੰਦਗੀ ਵਿਚੋਂ ਜੀਵਣ ਦਾ ਮਿਲਦਾ ਸਿੱਟਿਆ, ਜਿਸ ਸਿਰ ਸਤਿਗੁਰ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਗੋਬਿੰਦ ਕਿਹਾ ਮੇਰੀ ਗੋਬਿੰਦ ਗੋਬਿੰਦ ਧਾਰ, ਗੋਬਿੰਦ ਰੰਗ ਰੰਗਾਈਆ । ਮੇਰਾ ਖੇਲ ਨਾਲ ਅਕਾਲ, ਪਰਮ ਪੁਰਖ ਸਰਨਾਈਆ । ਮੈਂ ਕਿਸੇ ਮਾਤਾ ਦੀ ਕੁੱਖ ਦਾ ਬਣਨਾ ਨਹੀਂ ਬਾਲ, ਜੰਮਣ ਵਾਲੀ ਅਵਰ ਕੋਇ ਨਾ ਮਾਈਆ । ਮੈਂ ਇਕੋ ਮੰਜ਼ਲ ਚੜ੍ਹਨਾ ਜਿਥੇ ਮਿਲੇ ਦੀਨ ਦਿਆਲ, ਦਇਆਨਿਧ ਦਇਆ ਕਮਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਚ ਮਾਰਗ ਦੱਸਣਾ ਸੁਖਾਲ, ਸਿੱਧਾ ਰਾਹ ਵਖਾਈਆ । ਜਿਥੇ ਖ਼ੁਸ਼ੀਆਂ ਨਾਲ ਪ੍ਰਭੂ ਦੇ ਦਵਾਰੇ ਨੱਚਣ ਟੱਪਣ ਸ਼ਾਹ ਕੰਗਾਲ, ਰਾਜ ਰਾਜਾਨ ਵੰਡ ਨਾ ਕੋਇ ਵੰਡਾਈਆ । ਇਕੋ ਮੰਦਰ ਇਕੋ ਮਕਾਨ, ਇਕੋ ਨੂਰ ਸ੍ਰੀ ਭਗਵਾਨ, ਇਕੋ ਜੋਤ ਸ਼ਾਹ ਸੁਲਤਾਨ, ਇਕੋ ਦਿਸੇ ਰੰਕ ਰਾਜਾਨ ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦੀ ਸਿਫ਼ਤ ਕਰਨ ਚਾਰ ਵੇਦ ਅਠਾਰਾਂ ਪੁਰਾਨ, ਸ਼ਾਸਤਰ ਢੋਲੇ ਗੀਤ ਗਾਣ, ਗੀਤਾ ਮਹਿੰਮਾ ਕਰੇ ਮਹਾਨ, ਸਿਫ਼ਤਾਂ ਨਾਲ ਭਰੀ ਅੰਜੀਲ ਕੁਰਾਨ, ਗੁਰੂ ਗ੍ਰੰਥ ਉਸੇ ਦੀ ਦਏ ਸਫ਼ਾਈਆ । ਜੇਹੜਾ ਮਾਲਕ ਕੁਲ ਜਹਾਨ, ਲੱਖ ਚੁਰਾਸੀ ਦੇਵੇ ਦਾਨ, ਵਿਸ਼ਨ ਬ੍ਰਹਮਾ ਸੇਵ ਕਮਾਣ, ਸੂਰੀਆ ਚੰਦ ਚਮਕਣ ਭਾਨ, ਧਰਨੀ ਧਰਤ ਧਵਲ ਚਰਨ ਧੂੜੀ ਮੰਗੇ ਦਾਨ, ਜਲ ਥਲ ਮਹੀਅਲ ਰਾਹ ਤਕਾਣ, ਬਿਨਾ ਅੱਖਾਂ ਅੱਖ ਉਠਾਈਆ । ਆਤਮਾ ਸਖ਼ੀ ਏਸੇ ਦਾ ਰਾਹ ਤਕੇ ਓਸ ਕਾਹਨ, ਜੋ ਘਨਈਆ ਨਈਆ ਨਾਮ ਵਾਲੀ ਲਏ ਚੜ੍ਹਾਈਆ । ਮਿਹਰਵਾਨ ਹੋ ਕੇ ਪਕੜੇ ਬਹੀਆ, ਸਤਿਗੁਰ ਹੋ ਕੇ ਆਪਣਾ ਸੰਗ ਨਿਭਾਈਆ । ਉਥੇ ਧਰਮ ਰਾਏ ਨਾ ਕਢੇ ਬਹੀਆ, ਚਿਤ੍ਰਗੁਪਤ ਨਾ ਲੇਖ ਚੁਕਾਈਆ । ਉਥੇ ਸੀਸ ਝੁਕਾਉਂਦੀ ਅਸ਼ਟਭੁਜ ਦੇਵਾ ਮਈਆ, ਨਿਉਂ ਨਿਉਂ ਲਾਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਨਕ ਕਿਹਾ ਗੋਬਿੰਦ ਵੇਖ ਅਗੰਮ ਨਜ਼ਾਰਾ, ਚਾਰੋਂ ਕੁੰਟ ਧਿਆਨ ਲਗਾਈਆ । ਕਲਜੁਗ ਦਾ ਅੰਤ ਹੋਵੇ ਕਿਨਾਰਾ, ਨਈਆ ਪਾਰ ਨਾ ਕੋਇ ਕਰਾਈਆ । ਧੁਰ ਦੇ ਨਾਮ ਦਾ ਰਿਹਾ ਨਾ ਕੋਇ ਸਹਾਰਾ, ਕਾਇਨਾਤ ਦੇਵੇ ਨਾ ਕੋਇ ਵਡਿਆਈਆ । ਝਗੜਾ ਪਿਆ ਗੁਰੂ ਅਵਤਾਰਾ, ਪੈਗ਼ੰਬਰ ਕਰਨ ਲੜਾਈਆ । ਪੁਰਖ ਅਕਾਲ ਖੇਲ ਅਪਾਰਾ, ਅਪਰੰਪਰ ਸਵਾਮੀ ਰਿਹਾ ਕਰਾਈਆ । ਗੋਬਿੰਦ ਕਿਹਾ ਧੁਰ ਦੀ ਧਾਰ ਨਾਲ ਮੈਂ ਵੀ ਫੇਰ ਆਵਾਂ ਦੁਬਾਰਾ, ਸ਼ਬਦੀ ਆਪਣਾ ਡੰਕ ਵਜਾਈਆ । ਖੰਡਾ ਖੜਗ ਮਿਆਨ ਵਿਚ ਰਖਾ ਇਕ ਤਲਵਾਰਾ, ਚਿੱਲਾ ਤੀਰ ਕਮਾਨ ਤਰਕਸ਼ ਨਾ ਕੋਇ ਉਠਾਈਆ । ਜਿਧਰ ਜਾਵਾਂ ਇਕ ਆਤਮਾ ਪਰਮਾਤਮਾ ਦਾ ਲਾ ਆਵਾਂ ਜੈਕਾਰਾ, ਜੁਗ ਜਨਮ ਦੇ ਵਿਛੜੇ ਲਵਾਂ ਮਿਲਾਈਆ । ਸਾਚੇ ਗੁਰਮੁਖਾਂ ਦਾ ਲਾ ਕੇ ਅਖਾੜਾ, ਦੀਨ ਦੁਨੀ ਦੇ ਝਗੜੇ ਦਿਆਂ ਉਠਾਈਆ । ਇਕ ਪ੍ਰਭੂ ਬਣਾ ਕੇ ਧੁਰ ਦਾ ਲਾੜਾ, ਲੱਖ ਚੁਰਾਸੀ ਓਸੇ ਨਾਲ ਪਰਨਾਈਆ । ਜਿਸ ਦੇ ਅੱਗੇ ਗੁਰ ਅਵਤਾਰ ਪੈਗ਼ੰਬਰ ਜੁਗ ਜੁਗ ਕਢਦੇ ਹਾੜਾ, ਹੱਥ ਜੋੜ ਕੇ ਵਾਸਤਾ ਪਾਈਆ । ਉਹ ਖੇਲ ਕਰੇ ਵਿਚ ਸੰਸਾਰਾ, ਸਾਹਿਬ ਸੁਲਤਾਨਾ ਵੇਸ ਵਟਾਈਆ । ਫੇਰ ਸੁਣਾਵਾਂ

ਇਕ ਜੈਕਾਰਾ, ਢੋਲਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਗੋਬਿੰਦ ਕਹੇ ਮੈਨੂੰ ਯਾਦ ਆਈ ਦੁਸ਼ਟ ਦਮਨ ਦੀ ਰੀਤ, ਪੂਰਬ ਦਿਆਂ ਜਣਾਈਆ । ਜਿਸ ਦਾ ਲੇਖਾ ਕੋਈ ਨਹੀਂ ਸਕਿਆ ਉਲੀਕ, ਅੱਖਰਾਂ ਵਿਚ ਨਾ ਕੋਇ ਦ੍ਰਿੜਾਈਆ । ਸ਼ਹਾਦਤ ਵਿਚ ਕਰੇ ਨਾ ਕੋਇ ਤਸਦੀਕ, ਕਲਮ ਸ਼ਾਹੀ ਨਾ ਕੋਇ ਚਤੁਰਾਈਆ । ਅੱਗੇ ਹੋਏ ਨਾ ਕੋਇ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਇਕ ਦੀ ਇਕ ਨਾਲ ਪ੍ਰੀਤ, ਇਕੋ ਰਾਹ ਤਕਾਈਆ । ਉਸ ਵੇਲੇ ਦੁਸ਼ਟ ਦਮਨ ਖ਼ੁਸ਼ ਹੁੰਦਾ ਸੀ ਸੁਣ ਕੇ ਪਹਾੜੀ ਗੀਤ, ਪਹਾੜਾਂ ਵਿਚ ਰਹਿ ਕੇ ਆਪਣਾ ਝਟ ਲੰਘਾਈਆ । ਜੰਮੂ ਵਾਲਿਓ ਤੁਹਾਡੇ ਕੋਲ ਏਹੋ ਉਮੀਦ, ਆਸਾ ਪਿਛਲੀ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੰਮੂ ਵਾਲੀਆਂ ਬੀਬੀਆਂ ਗਾਉਣਾ ਇਕ ਗੀਤ, ਪਹਾੜੀ ਰਾਗ ਅਲਾਈਆ । ਗੁਰਮੁਖੇ ਜੇਹੜਾ ਲਿਆਂਦਾ ਇਕ ਇਕ ਦਾਣਾ, ਉਹ ਸੁੱਟ ਕੇ ਦਿਉ ਵਖਾਈਆ । ਦੁਸ਼ਟ ਦਮਨ ਨੇ ਗੋਬਿੰਦ ਦੀ ਧਾਰ ਵਿਚ ਏਸੇ ਕਰ ਕੇ ਮੰਗਿਆ ਇਕ ਦਾਣਾ, ਆਪਣਾ ਹੁਕਮ ਸੁਣਾਈਆ । ਫੇਰ ਜੋਤੀ ਜੋਤ ਸਮਾਣਾ, ਤਨ ਸਰੀਰ ਦੇਣਾ ਗਵਾਈਆ । ਫੇਰ ਉਡਨਾ ਬਿਨਾ ਬਿਬਾਣਾ, ਦੋ ਜਹਾਨ ਪੰਧ ਮੁਕਾਈਆ । ਫੇਰ ਆਉਣਾ ਵਿਚ ਜਹਾਨਾਂ, ਸ਼ਬਦੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਸਾਚੀ ਖੇਲ ਵਖਾਈਆ । ਜੰਮੂ ਵਾਲੀਆਂ ਬੀਬੀਆਂ ਗਾਉਣਾ ਨਾਲ ਚਾਅ, ਖ਼ੁਸ਼ੀਆਂ ਵਿਚ ਵਡਿਆਈਆ । ਸ਼ਬਦ ਗੁਰੂ ਮੰਨਣਾ ਮਲਾਹ, ਬੇੜਾ ਪਾਰ ਦਏ ਕਰਾਈਆ । ਇਸ ਜ਼ਿੰਦਗੀ ਦਾ ਕੋਈ ਨਹੀਂ ਵਸਾਹ, ਅੰਤ ਰਹਿਣ ਕੋਇ ਨਾ ਪਾਈਆ । ਦੁਨੀਆ ਪਾਪਾਂ ਭਰੀ ਗੁਨਾਹ, ਅੰਦਰ ਕਰੇ ਨਾ ਕੋਇ ਸਫ਼ਾਈਆ । ਤੁਹਾਡਾ ਕਿਸੇ ਦਾ ਸਹਾਈ ਹੋਇਆ ਨਹੀਂ ਜੇ ਪਿਤਾ ਮਾਂ, ਭਾਈ ਭੈਣ ਕੰਮ ਕਿਸੇ ਨਾ ਆਈਆ । ਸਾਕ ਸਬੰਧੀਆਂ ਨੂੰ ਪੀਣ ਖਾਣ ਦਾ ਦਾਅ, ਤੇ ਮਾਇਆ ਵਿਚ ਸਰਬ ਹਲਕਾਈਆ । ਓ ਗੁਰਮੁਖੋ ਕਲਜੁਗ ਕੂੜੇ ਨਾਤੇ ਛਡ ਕੇ ਇਕੋ ਪੁਰਖ ਅਕਾਲ ਲਓ ਮਨਾ, ਦੂਜਾ ਹਿਰਦੇ ਨਾ ਕੋਇ ਵਸਾਈਆ । ਓਸੇ ਦੀ ਮੁਹੰਮਦ ਕੀਤੀ ਦੁਆ, ਹਮਦ ਵਿਚ ਢੋਲਾ ਗਾਈਆ । ਓਸੇ ਨੂੰ ਈਸਾ ਮੂਸਾ ਸੀਸ ਗਏ ਝੁਕਾ, ਨਿਉਂ ਨਿਉਂ ਲਾਗੇ ਪਾਈਆ । ਓਸੇ ਦੀ ਨਾਨਕ ਰਬਾਬ ਲਈ ਵਜਾ, ਸਤਿਨਾਮ ਦਾ ਢੋਲਾ ਗਾਈਆ । ਓਸੇ ਨੂੰ ਵਾਹਿਗੁਰੂ ਆਖ ਕੇ ਗੋਬਿੰਦ ਜੈਕਾਰਾ ਦਿਤਾ ਲਗਾ, ਫ਼ਤਹਿ ਦਾ ਡੰਕਾ ਇਕ ਸੁਣਾਈਆ । ਓਸੇ ਨੂੰ ਸਦਾ ਸਦਾ ਦਿਤਾ ਭਵਿਖਤਾਂ ਵਿਚ ਗਾ, ਗਹਿਰ ਗੰਭੀਰ ਤੇਰੀ ਬੇਪਰਵਾਹੀਆ । ਜਦ ਆਵੇਂ ਨਿਰਗੁਣ ਨੂਰ ਜੋਤ ਕਰ ਰੁਸ਼ਨਾ, ਜੋਤੀ ਜਾਤਾ ਹੋ ਕੇ ਵੇਸ ਵਟਾਈਆ । ਗੁਰਮੁਖਾਂ ਦੀ ਪਕੜਨੀ ਬਾਂਹ, ਸੂਫ਼ੀਆਂ ਅੰਗ ਲਗਾਈਆ । ਭਗਤਾਂ ਲਈਂ ਉਠਾ, ਸੋਇਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਧਾਰ ਇਕ ਸਮਝਾਈਆ । ਗਾਉਣ ਗਾਣਾ ਨਾਲ ਪ੍ਰੀਤ, ਮਲ ਸਿੰਘ ਸਗਨ ਕਰਦੇ ਭੇਟਾ, ਪੂਰਬ ਲੇਖ ਚੁਕਾਈਆ । ਜਨ ਭਗਤੋ ਸਾਰੇ ਸੱਜਾ ਹੱਥ ਰੱਖੋ ਉਤੇ ਆਪਣੇ ਪੇਟਾ, ਸਹਿਜ ਨਾਲ ਦਿਉ ਦਬਾਈਆ । ਮੁਖੋਂ ਕਹੋ ਹਰਿਜਨ ਪ੍ਰਭੂ ਦਾ ਬੇਟਾ, ਦੂਜਾ ਮਾਤ ਪਿਤ ਨਾ ਕੋਇ ਅਖਵਾਈਆ । ਪਿਛਲੇ ਜਨਮ ਦਾ ਸਾਰੇ ਕਰੋ ਚੇਤਾ, ਚਾਰ ਜੁਗ ਦਾ ਲਹਿਣਾ ਵੇਖ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੋ ਠੇਕਾ, ਠੇਕੇਦਾਰੀ ਕਵਣ ਕਮਾਈਆ । ਤੁਹਾਡਾ ਸਤਿ ਕਿਸੇ ਨਾ ਵੇਚਾ, ਕੂੜੀ ਕਿਰਿਆ ਕਰੇ ਕਵਣ ਕੁੜਮਾਈਆ । ਕਵਣ ਮਾਰੇ ਮਾਇਆ

ਮਮਤਾ ਪੇਚਾ, ਹਉਮੇ ਹੰਗਤਾ ਨਾਲ ਲੜਾਈਆ । ਕਵਣ ਦੇਵੇ ਤ੍ਰੈਗੁਣ ਮਾਇਆ ਸੇਕਾ, ਅਗਨੀ ਤਤ ਜਲਾਈਆ । ਗੋਬਿੰਦ ਕਿਹਾ ਚਾਰ ਵਰਨ ਕਰ ਲਉ ਏਕਾ, ਛੱਤਰੀ ਬ੍ਰਾਹਮਣ ਸ਼ੂਦਰ ਵੈਸ਼ਾਂ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲ ਮੰਨੋ ਜੋ ਆਦਿ ਅੰਤ ਰਹੇ ਹਮੇਸ਼ਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜਿਸ ਦਾ ਸਚਖੰਡ ਸਾਚਾ ਦੇਸਾ, ਦਰਗਹ ਸਾਚੀ ਸੋਭਾ ਪਾਈਆ । ਉਹ ਕਿਰਪਾਲ ਹੋ ਕੇ ਦਿਆਲ ਹੋ ਕੇ ਸ਼ਬਦ ਗੁਰੂ ਦਾ ਜੁਗ ਜੁਗ ਕਰੇ ਵੇਸਾ, ਅਵਤਾਰ ਪੈਗ਼ੰਬਰ ਗੁਰੂ ਆਪਣਾ ਰੂਪ ਬਣਾਈਆ । ਫਿਰੇ ਲੋਕਮਾਤ ਪਰਦੇਸਾ, ਭੱਜੇ ਵਾਹੋ ਦਾਹੀਆ । ਜਿਸ ਨੇ ਬਖ਼ਸ਼ੇ ਮੁੱਛ ਦਾੜ੍ਹੀ ਕੇਸਾ, ਮੂੰਡ ਮੁੰਡਾ ਕੇ ਬੋਦੀ ਦਿਤੀ ਵਖਾਈਆ । ਜਿਸ ਨੇ ਤਨ ਵਜੂਦ ਕਟਾ ਕੇ ਮੁਹੰਮਦ ਜਣਾਇਆ ਲੇਖਾ, ਕਲਮਾ ਹੱਕ ਪੜ੍ਹਾਈਆ । ਜੋ ਨਿਰਗੁਣ ਧਾਰ ਸਰਗੁਣ ਬਦਲੇ ਰੇਖਾ, ਰਿਖੀਆਂ ਮੁਨੀਆਂ ਦਏ ਦ੍ਰਿੜਾਈਆ । ਸੋ ਖੇਲ ਕਰੇ ਪ੍ਰਭ ਧਾਰ ਅਵੱਲੜਾ ਵੇਸਾ, ਕਲਜੁਗ ਵੇਖੇ ਵੇਸਵਾ ਰੰਗ ਲੋਕਾਈਆ । ਮਾਇਆ ਵਿਚ ਮਾਇਆਧਾਰੀ ਦਾ ਪੇਸ਼ਾ, ਪੇਸ਼ੀਨਗੋਈ ਵੇਦ ਵਿਆਸਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਹੁਕਮ ਵਰਤਾਈਆ । ਗੋਬਿੰਦ ਕਹੇ ਮੈਂ ਮਾਛੂਵਾੜੇ ਸੁੱਤਾ, ਸੋਹਣੀ ਸੇਜ ਹੰਢਾਈਆ । ਪੁਰਖ ਅਕਾਲ ਨੇ ਕਿਹਾ ਪੁੱਤਾ, ਸ਼ਬਦੀ ਸ਼ਬਦ ਉਠਾਈਆ । ਮੈਂ ਹੱਸ ਕੇ ਕਿਹਾ ਮੈਂ ਤੈਨੂੰ ਕੀ ਪੁਛਾਂ, ਕੀ ਮੰਗ ਮੰਗਾਈਆ । ਫੇਰ ਤਾਅ ਦੇ ਕੇ ਮੁੱਛਾਂ, ਆਪਣੀ ਲਈ ਅੰਗੜਾਈਆ । ਫੇਰ ਦੁਬਾਰਾ ਹੁਕਮ ਦੇਵੇਂ ਕਲਜੁਗ ਦੀ ਜੜ੍ਹ ਪੁੱਟਾਂ, ਏਸੇ ਕਰਕੇ ਬੱਚੇ ਨੀਹਾਂ ਹੇਠ ਦਬਾਈਆ । ਤੇਰੇ ਨਾਲੋਂ ਕਦੇ ਨਾ ਟੁੱਟਾਂ, ਉਹ ਗੁਰਮੁਖ ਟੁੱਟਿਆਂ ਲਵਾਂ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੋਬਿੰਦ ਕਹੇ ਮੇਰਾ ਹੋਏ ਵਕਤ ਸੁਹਾਉਣਾ, ਸੋਹਣੀ ਰੁਤ ਸੁਹਾਈਆ । ਸੰਦੇਸ਼ਾ ਦੇਵੇ ਦੋ ਜਹਾਨ ਪੌਣਾ, ਸ਼ਬਦੀ ਸ਼ਬਦ ਦ੍ਰਿੜਾਈਆ । ਓਸ ਵੇਲੇ ਮੈਂ ਸੁਣਨਾ ਉਹ ਗਾਉਣਾ, ਜਿਹੜਾ ਡੱਲੇ ਨੂੰ ਮਾਲਵੇ ਵਿਚ ਸਮਝਾਈਆ । ਓਹ ਟਿੱਲਿਆਂ ਵਾਲਿਓ ਰੇਤਾ ਵਾਲਿਓ ਤੁਹਾਨੂੰ ਬਾਗਾਂ ਵਿਚ ਬਹਾਉਣਾ, ਸਹਿਜ ਨਾਲ ਸੁਣਾਈਆ । ਉਜੜਿਆ ਖੇੜਾ ਫੇਰ ਵਸਾਉਣਾ, ਇਹ ਮੇਰੀ ਬੇਪਰਵਾਹੀਆ । ਹੁਣ ਸਭ ਕੁਛ ਭੇਟ ਕਰਾਉਣਾ, ਖ਼ਾਲੀ ਹੱਥ ਤਾਲੀ ਦਿਤੀ ਵਜਾਈਆ । ਪੁਰਖ ਅਕਾਲ ਇਕ ਮਨਾਉਣਾ, ਜੋ ਧੁਰ ਦਾ ਪਿਤਾ ਮਾਈਆ । ਓਸੇ ਨੂੰ ਓਸੇ ਦਾ ਰੂਪ ਹੋ ਕੇ ਨਾਲ ਲਿਆਉਣਾ, ਦੋਹਾਂ ਨੂੰ ਜਨਮੇ ਕੋਇ ਨਾ ਮਾਈਆ । ਉਹ ਜੋਤ ਧਾਰ ਮੈਂ ਸ਼ਬਦ ਗੁਰੂ ਅਖਵਾਉਣਾ, ਡੰਕਾ ਇਕੋ ਨਾਮ ਵਜਾਈਆ । ਗੋਬਿੰਦ ਕਿਹਾ ਜੇ ਸਰੀਰ ਕਰ ਕੇ ਆਵਾਂ ਚੰਦ ਦਿਨ ਦਾ ਪਰਾਹੁਣਾ, ਫੇਰ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਮਾਲਵੇ ਵਾਲੀਆਂ ਬੀਬੀਆਂ ਗਾਣਾ ਗਾਉਣਾ ਨਾਲ ਪ੍ਰੇਮ, ਰਾਗ ਘੋੜੀਆਂ ਵਿਚ ਅਲਾਈਆ । ਹਿਰਦਿਉਂ ਕਹਿਣਾ ਅਸੀਂ ਪ੍ਰਭੂ ਦੇ ਨਾਲ ਰੱਖਣਾ ਨੇਮ, ਦੂਜੀ ਆਸ ਨਾ ਕੋਇ ਰਖਾਈਆ । ਜਿਸ ਨੇ ਤਪੱਸਿਆ ਕੀਤੀ ਉਸ ਦਾ ਪਿਛਲਾ ਕੁੰਟ ਹੇਮ, ਜਲਧਾਰਾ ਸੀਸ ਵਿਚ ਪਵਾਈਆ । ਉਸ ਦਾ ਸਦੀ ਚੌਧਵੀਂ ਦਾ ਅੰਤ ਹੋਣਾ ਜੇ ਟੈਮ, ਜਿਸਤ ਟਾਂਕ ਵੰਡ ਨਾ ਕੋਇ ਵੰਡਾਈਆ । ਗੁਰਮੁਖੋ ਰਹਿਣਾ ਹੁਣ ਕੈਮ, ਕਾਇਮ ਮੁਕਾਮ ਦਏ ਸਮਝਾਈਆ । ਜ਼ਰੂਰ ਕਰੇ ਰਹਿਮ, ਰਹਿਮਤ ਦਾ ਮਾਲਕ ਇਕ ਅਖਵਾਈਆ । ਵੇਖਿਓ ਦੁਨੀਆ ਤੋਂ ਡਰ ਕੇ ਨਾ ਜਾਇਓ ਸਹਿਮ, ਹੌਸਲੇ ਲੈਣੇ ਵਧਾਈਆ । ਤੇ ਅੰਦਰੋਂ ਕਢਣਾ ਵਹਿਮ, ਕਦੇ ਮਿਲੇ ਨਾ ਨੂਰ ਇਲਾਹੀਆ । ਬਿਨ

ਨੇਤਰ ਵੇਖਣਾ ਉਸ ਈਸਾਈ ਸੈਣ, ਜੋ ਸੱਜਣ ਇਕ ਅਖਵਾਈਆ । ਤੁਹਾਡੇ ਵਿਚ ਰਹਿਣ ਨਹੀਂ ਦੇਣਾ ਕੋਈ ਤਰਫ਼ੈਣ, ਵਰਨ ਬਰਨ ਦਾ ਡੇਰਾ ਢਾਹੀਆ । ਮਜ਼੍ਹਬ ਦਾ ਝਗੜਾ ਨਹੀਂ ਦੇਣਾ ਪੈਣ, ਕਲਮਾ ਵੰਡ ਨਾ ਕੋਇ ਵੰਡਾਈਆ । ਤੁਹਾਡਾ ਨਿਸ਼ਾਨਾ ਗੋਬਿੰਦ ਦੇ ਨਾਲ ਐਨ ਦਾ ਐਨ, ਨੁਕਤਾ ਗ਼ੈਨ ਨਾ ਕੋਇ ਸਮਝਾਈਆ । ਸਭ ਨੂੰ ਸਮਝਣਾ ਭਾਈ ਭੈਣ, ਠੱਗੀ ਚੋਰੀ ਯਾਰੀ ਨਾ ਕੋਇ ਕਮਾਈਆ । ਤੁਹਾਡੇ ਕੋਲ ਨਾਮ ਦੀ ਰਸੈਣ, ਜਿਸ ਨੂੰ ਸਕੇ ਨਾ ਕੋਇ ਚੁਰਾਈਆ । ਤੁਹਾਡੇ ਸਾਹਮਣੇ ਕਲਜੁਗ ਮਾਇਆ ਰਾਣੀ ਹੋਣੀ ਸ਼ੁਦੈਨ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਛਤਰਧਾਰੀਆਂ ਖਾਵੇ ਹੋ ਕੇ ਡੈਨ, ਘਰ ਘਰ ਫੇਰੇ ਪਾਈਆ । ਜਿਸ ਵੇਲੇ ਬਾਲਮੀਕ ਰਿਖੀ ਨੇ ਲਿਖੀ ਸੀ ਰਮਾਇਣ, ਰਾਮ ਦੀ ਸ਼ਹਾਦਤ ਰਾਮ ਤੋਂ ਬਿਨਾ ਦਿਤੀ ਪਾਈਆ । ਜਿਸ ਵੇਲੇ ਅਰਜਨ ਦਾ ਕ੍ਰਿਸ਼ਨ ਨੇ ਖੋਲ੍ਹਿਆ ਸੀ ਨੈਣ, ਨਿਜ ਨੇਤਰ ਕੀਤੀ ਰੁਸ਼ਨਾਈਆ । ਅਠਾਰਾਂ ਧਿਆਏ ਵਿਚ ਲੱਗਾ ਕਹਿਣ, ਹੁਕਮ ਵਿਚ ਸੁਣਾਈਆ । ਜਿਸ ਵੇਲੇ ਕਲਜੁਗ ਦਾ ਵਗਿਆ ਵਹਿਣ, ਅਰਜਨਾ ਫੇਰ ਮੈਂ ਕਾਹਨ ਤੇ ਮੇਰਾ ਕਾਹਨ ਫੇਰਾ ਪਾਈਆ । ਸਭ ਦਾ ਲਹਿਣਾ ਚੁਕਾਵੇ ਦੇਣ, ਦੇਵਣਹਾਰ ਇਕ ਹੋ ਜਾਈਆ । ਜਿਸ ਨੂੰ ਕਹਿੰਦੇ ਕਾਮਧੇਨ, ਉਹ ਗੁਰਮੁਖਾਂ ਦੇ ਅੰਦਰ ਅੰਮ੍ਰਿਤ ਰਸ ਦਏ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਓ ਜਨ ਭਗਤੋ ਇਹ ਅੱਸੂ ਦਾ ਸਗਣ, ਜੰਮੂ ਵਾਲਿਆਂ ਸੰਗ ਮਾਲਵੇ ਗੰਢ ਪਵਾਈਆ । ਸਚ ਪ੍ਰੇਮ ਦੀ ਚਾੜ੍ਹੋ ਰੰਗਣ, ਰੰਗਤ ਕੂੜੀ ਦਿਉ ਗਵਾਈਆ । ਵੇਖਿਓ ਕਦੀ ਕਿਸੇ ਦਵਾਰੇ ਨਾ ਜਾਇਓ ਮੰਗਣ, ਬਿਨਾ ਪ੍ਰਭੂ ਦੇ ਝੋਲੀ ਨਾ ਕੋਇ ਭਰਾਈਆ । ਜਗਤ ਨੇਤਰ ਮੀਟ ਨਾ ਹੋਇਓ ਅੰਧਨ, ਅੱਖੀਆਂ ਮੀਟ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ
੩੨੪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤੋ ਇਹ ਸਗਣ ਪਾਉਣਾ ਓਸ ਦੀ ਝੋਲੀ, ਜੋ ਝੂਲਾ ਨਾਮ ਝੁਲਾਈਆ । ੩੨੪
੨੨ ਜਿਹੜੀ ਚੜ੍ਹੀ ਨਹੀਂ ਕਦੀ ਕਿਸੇ ਦੀ ਡੋਲੀ, ਤਤਾਂ ਵਾਲਾ ਕੰਤ ਨਾ ਕੋਇ ਹੰਢਾਈਆ । ਜਦ ਸੁਣੇ ਓਸ ਪ੍ਰਭੂ ਦੀ ਬੋਲੀ, ਸ਼ਬਦੀ ਰਾਗ ਆਪਣੇ ੨੨
ਵਿਚ ਵਸਾਈਆ । ਜਦ ਖੇਲੇ ਉਸ ਦੇ ਪ੍ਰੇਮ ਦੀ ਹੋਲੀ, ਆਪਣਾ ਆਪ ਦਏ ਕਟਾਈਆ । ਜਦ ਤੁਲੇ ਉਸ ਦੇ ਕੰਡੇ ਦੀ ਬਣ ਕੇ ਤੋਲੀ, ਤੁਲਹਾ ਅਵਰ ਨਾ ਕੋਇ ਰਖਾਈਆ । ਉਹ ਵਕਤ ਪਹੁੰਚਿਆ ਬਾਵਨ ਦਾ ਲੇਖਾ ਤੇ ਕਲਜੁਗ ਅੰਤ ਹੋਲੀ, ਹੌਲਾ ਭਾਰ ਸਭ ਦਾ ਦਏ ਕਰਾਈਆ । ਪਹਿਲੋਂ ਸਾਰੇ ਇਕ ਵਾਰ ਜ਼ੋਰ ਨਾਲ ਪਾਓ ਰੌਲੀ, ਪ੍ਰਭੂ ਲੋਹੜਾ ਕੀ ਰਿਹਾ ਪਾਈਆ । ਫਿਰ ਹੱਥ ਮਾਰੋ ਉਪਰ ਡੌਲੀ, ਪਹਿਲਵਾਨ ਬਣ ਕੇ ਦੋਵੇਂ ਹੱਥ ਉਠਾਈਆ । ਫੇਰ ਪੈਰਾਂ ਨਾਲ ਕੁੱਟੋ ਧੌਲੀ, ਧਰਨੀ ਦਿਉ ਹਿਲਾਈਆ । ਫੇਰ ਛੇਤੀ ਉਠੋ ਤੌਲੀ, ਤਾਲੀ ਦਿਓ ਲਗਾਈਆ । ਪ੍ਰਭੂ ਦੇ ਨਾਮ ਦੀ ਕਰਨੀ ਬੌਹਣੀ, ਖ਼ੁਸ਼ੀਆਂ ਦਿਨ ਵੱਜੇ ਵਧਾਈਆ । ਹੁਣ ਤੁਹਾਡੀ ਇਕੋ ਵਾਰ ਪੱਕ ਜਾਏ ਹਾੜ੍ਹੀ ਸੌਣੀ, ਰਬੀ ਖ਼ਰੀਫ਼ ਵੰਡ ਨਾ ਕੋਇ ਵੰਡਾਈਆ । ਆਪਣੇ ਕਾਇਆ ਕਵਲ ਦੀ ਸਤਿਗੁਰ ਅੱਗੇ ਡਾਹ ਦਿਉ ਕੌਲੀ, ਅੰਮ੍ਰਿਤ ਰਸ ਦੇ ਭਰਾਈਆ । ਤੁਸੀਂ ਗੋਬਿੰਦ ਦੇ ਸਾਰੇ ਬਣ ਗਏ ਪਾਹੁਲੀ, ਖੰਡਾ ਧਾਰ ਵਿਚ ਤਰਾਈਆ । ਕ੍ਰਿਸ਼ਨ ਦੀ ਧਾਰ ਵੇਖੋ ਸੌਲੀ, ਸੋਹਣਾ ਰੰਗ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਸਭ ਨੇ ਉਚੀ ਦੇਣਾ ਹੋਕਾ, ਹੁਕਮ ਸੁਣੋ ਬੇਪਰਵਾਹੀਆ । ਸਿੱਖ ਸਿੱਖ ਨਾਲ ਕਰੇ ਕੋਇ ਨਾ ਧੋਖਾ, ਗੁਰ ਗੋਬਿੰਦ ਗਿਆ ਸਮਝਾਈਆ । ਪੁਰਖ ਅਕਾਲ ਦਾ ਸਭ ਨੇ ਬਣਨਾ ਪੋਤਾ, ਇਕੋ ਘਰ ਵੱਜੇ ਵਧਾਈਆ । ਝਗੜਾ ਛਡਣਾ ਚੌਦਾਂ ਲੋਕਾ, ਚੌਦਾਂ ਤਬਕ

ਨਾ ਕੋਇ ਚਤੁਰਾਈਆ । ਤੂੰ ਮੇਰਾ ਮੈਂ ਤੇਰਾ ਸਭ ਨੇ ਗਾਉਣਾ ਇਕ ਸਲੋਕਾ, ਸੋਹੰ ਢੋਲਾ ਨਾਨਕ ਗਿਆ ਲਗਾਈਆ । ਪੁਰਖ ਅਕਾਲ ਨੂੰ ਮਿਲਣਾ ਨਾਲ ਸ਼ੌਕਾ, ਮਨ ਚਾਓ ਘਨੇਰਾ ਇਕ ਜਣਾਈਆ । ਜਨ ਭਗਤੋ ਤੁਹਾਡੇ ਅੰਦਰ ਜੁਗ ਜਨਮ ਦੀਆਂ ਜੋਤਾਂ, ਇਹ ਬੀਬੀਆਂ ਜੋਤਾਂ ਵਾਲੀਆਂ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਸਗਨ ਕਹੇ ਮੈਂ ਪਿਆ ਪੁਰਾਣਾ, ਪੁਰਾਣ ਭਵਿਖਤ ਦਏ ਮੇਰੀ ਗਵਾਹੀਆ । ਗਰੜ ਵਿਚ ਲੇਖਾ ਲਿਖਿਆ ਮੁਹਾਣਾ, ਨਾਵੇਂ ਕਾਂਡ ਵਿਚ ਸਮਝਾਈਆ । ਵੇਦ ਵਿਆਸੇ ਕਿਹਾ ਵਰਤਣਾ ਭਾਣਾ, ਨਾ ਕੋਇ ਮੇਟੇ ਮੇਟ ਮਿਟਾਈਆ । ਰਾਮ ਨੇ ਦੱਸਿਆ ਬੀਆਬਾਨਾ, ਸੀਤਾ ਤਾਈਂ ਸੁਣਾਈਆ । ਰਾਧਾ ਹਲੂਣਾ ਦਿਤਾ ਕ੍ਰਿਸ਼ਨਾ ਕਾਹਨਾ, ਅੰਤਰ ਨਿਰੰਤਰ ਹਿਲਾਈਆ । ਮੂਸਾ ਕਰ ਧਿਆਨਾ, ਕੋਹਤੂਰ ਅੱਖ ਖੁਲ੍ਹਾਈਆ । ਈਸਾ ਪਹਿਰ ਕੇ ਜਾਮਾ, ਹੱਕ ਆਵਾਜ਼ ਸੁਣਾਈਆ । ਮੁਹੰਮਦ ਸੁਣ ਕਲਾਮਾ, ਸਦੀ ਚੌਧਵੀਂ ਰਾਹ ਤਕਾਈਆ । ਨਾਨਕ ਹੁਕਮ ਸੰਦੇਸ਼ਾ ਦਿਤਾ ਮਹਾਨਾ, ਨਿਹਕਲੰਕ ਰੁਸ਼ਨਾਈਆ । ਗੋਬਿੰਦ ਕਿਹਾ ਕਲਕੀ ਆਵੇ ਵਿਚ ਜਹਾਨਾ, ਸੰਬਲ ਡੇਰਾ ਲਾਈਆ । ਸਭ ਦਾ ਸੰਦੇਸ਼ਾ ਹੋਇਆ ਪਰਵਾਨਾ, ਪਰਮ ਪੁਰਖ ਵੇਖ ਵਖਾਈਆ । ਨਿਗਹ ਮਾਰ ਕੇ ਦੋ ਜਹਾਨਾਂ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਚਾਰੋਂ ਕੁੰਟ ਦਿਸੇ ਵੈਰਾਨਾ, ਫਲ ਫੁਲ ਡਾਲੀ ਨਾ ਕੋਇ ਮਹਿਕਾਈਆ । ਆਤਮਾ ਪਰਮਾਤਮਾ ਗਾਏ ਨਾ ਕੋਇ ਤਰਾਨਾ, ਤੁਰੀਆ ਤੋਂ ਪਰੇ ਪੰਧ ਨਾ ਕੋਇ ਮੁਕਾਈਆ । ਜਾਂ ਤੱਕਿਆ ਗੁਰਸਿਖ ਗੁਰਸਿਖ ਨੂੰ ਸਮਝੇ ਬੇਗਾਨਾ, ਮਿੱਤਰ ਮੀਤ ਨਾ ਕੋਇ ਸਖਾਈਆ । ਏਸੇ ਕਰਕੇ ਗੁਰਮੁਖਾਂ ਦੇ ਹੱਥ ਵਿਚ ਫੜਾਇਆ ਕਾਨਾ, ਕਾਇਨਾਤ ਦੇਣਾ ਸਮਝਾਈਆ । ਸੱਜੇ ਪੱਟ ਤੋਂ ਪੜਵਾ ਕੇ ਪਜਾਮਾ, ਇਕ ਟੰਗੀ ਰੱਖੀ ਲੋਕਾਈਆ । ਤੂੰ ਹੀ ਮਾਈ ਬਾਪ ਗਵਾ ਕੇ ਗਾਣਾ, ਪੀਰ ਪੈਗ਼ੰਬਰ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਮੁਹੰਮਦ ਦਾ ਪਿਛਲਾ ਖੇਲ ਜ਼ਰੂਰ, ਜ਼ਰੂਰਤ ਵੇਲੇ ਜਣਾਈਆ । ਜਿਸ ਵੇਲੇ ਉਸ ਤੱਕਿਆ ਨੂਰ, ਨੂਰ ਨੂਰ ਵਿਚੋਂ ਚਮਕਾਈਆ । ਅੰਦਰ ਪਿਆ ਫ਼ਤੂਰ, ਫ਼ਤਵਾ ਆਪਣੇ ਅੰਦਰ ਲਗਾਈਆ । ਫੇਰ ਰਜ਼ਾ ਕਰ ਮਨਜ਼ੂਰ, ਸੱਯਦਾ ਸੀਸ ਝੁਕਾਈਆ । ਫੇਰ ਵੇਖਿਆ ਖ਼ੁਦਾ ਨੇੜੇ ਕਿ ਦੂਰ, ਬਿਨ ਅੱਖਾਂ ਅੱਖ ਉਠਾਈਆ । ਜਾਂ ਤੱਕਿਆ ਤੇ ਵੇਖਿਆ ਹਾਜ਼ਰ ਹਜ਼ੂਰ, ਜੋਤੀ ਜਾਤਾ ਸੋਭਾ ਪਾਈਆ । ਫੇਰ ਵਖਾਇਆ ਇਹ ਉਮਤ ਇਹ ਸੁੰਨਤ ਕੂੜੋ ਕੂੜ, ਅੰਤ ਰਹਿਣ ਕੋਇ ਨਾ ਪਾਈਆ । ਫੇਰ ਵਖਾਇਆ ਮੁਹੰਮਦਾ ਚਰਨਾਂ ਲਾ ਧੂੜ, ਧੂੜੀ ਮਸਤਕ ਖ਼ਾਕ ਰਮਾਈਆ । ਮੁਹੰਮਦ ਨੇ ਆਸਾ ਕੀਤੀ ਆਪਣਾ ਆਪ ਕੀਤਾ ਚੂਰ, ਕਦਮਾਂ ਵਿਚ ਸੁਟਾਈਆ । ਐ ਮਾਲਕ ਵਾਹਦ ਤੇਰਾ ਨਾਮ ਕਰਾਂ ਮਸ਼ਹੂਰ, ਕਲਮਾ ਕਲਮੇ ਵਿਚੋਂ ਸਮਝਾਈਆ । ਖ਼ੁਦਾ ਨੇ ਕਿਹਾ ਜ਼ਰਾ ਮਚਾ ਦੇ ਫ਼ਤੂਰ, ਹੁਕਮ ਇਕ ਸੁਣਾਈਆ । ਫੇਰ ਥਾਪੀ ਮਾਰੀ ਤੇ ਭਰ ਦਿਤਾ ਗ਼ਰੂਰ, ਗ਼ੁਰਬਤ ਨਾਲ ਵਡਿਆਈਆ । ਚੌਦਾਂ ਸਦੀਆਂ ਤੇਰਾ ਤਪਦਾ ਰਹੇ ਤੰਦੂਰ, ਅਗਨੀ ਜਗਤ ਵਾਲੀ ਡਾਹੀਆ । ਜਿਸ ਵੇਲੇ ਅੰਤ ਹੋਇਆ ਤੇ ਫੇਰ ਆਵਾਂ ਜ਼ਰੂਰ, ਅਮਾਮ ਅਮਾਮਾ ਫੇਰਾ ਪਾਈਆ । ਜਿਸ ਨੇ ਮਾਲਵੇ ਵਿਚੋਂ ਲਿਆਂਦਾ ਸੂਰ, ਸਾਧੂ ਸਿੰਘ ਨੌਂ ਦਿਨ ਮੁਹੰਮਦ ਦੇ ਨਾਲ ਰਹਿ ਕੇ ਪਿਛਲੇ ਜਨਮ ਵਿਚ ਆਪਣਾ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਮਾਲਵੇ ਵਾਲਿਉ ਅਜੇ ਤਕ ਕਿਉਂ

ਨਹੀਂ ਗਾਇਆ ਗਾਣਾ, ਬਚਨ ਦਿਉ ਸੁਣਾਈਆ । ਸਤਾਈ ਪੋਹ ਕਹੇ ਸ਼ਬਦ ਗੁਰੂ ਦੀ ਧਾਰਾ, ਧਰਮ ਧਾਰ ਵਡਿਆਈਆ । ਅਗੰਮੀ ਅਗੰਮ ਮਿਲੇ ਇਸ਼ਾਰਾ, ਅਗੰਮ ਅਗੰਮੜਾ ਆਪ ਜਣਾਈਆ । ਅਲੱਖ ਅਗੋਚਰ ਦਏ ਨਜ਼ਾਰਾ, ਨਿਰਗੁਣ ਧਾਰ ਨੂਰ ਇਲਾਹੀਆ । ਸਾਰੇ ਵੇਖੇ ਗੁਰ ਅਵਤਾਰਾ, ਪੈਗ਼ੰਬਰਾਂ ਨਾਲ ਮਿਲਾਈਆ । ਚਾਰੋਂ ਕੁੰਟ ਅੰਧ ਅੰਧਿਆਰਾ, ਸਾਚਾ ਚੰਦ ਨਾ ਕੋਇ ਚਮਕਾਈਆ । ਧੁਰ ਦਾ ਨਾਮ ਨਾ ਕੋਇ ਉਜਿਆਰਾ, ਉਜਰਤ ਸਕੇ ਨਾ ਕੋਇ ਚੁਕਾਈਆ । ਦੀਨ ਮਜ਼੍ਹਬ ਵਧਿਆ ਹੰਕਾਰਾ, ਹਉਮੇ ਗੜ੍ਹ ਨਾ ਕੋਇ ਤੁੜਾਈਆ । ਜੋਧਾ ਸੂਰਬੀਰ ਬਣ ਕੇ ਮਾਰੇ ਲਲਕਾਰਾ, ਲੋਕਮਾਤ ਲਉ ਅੰਗੜਾਈਆ । ਅਗਲਾ ਹੁਕਮ ਦੱਸੋ ਸੰਸਾਰਾ, ਫ਼ਰਮਾਨਾ ਅਗੰਮ ਅਥਾਹੀਆ । ਸਾਰੇ ਕਹਿਣ ਪ੍ਰਭੂ ਨਿਮਸਕਾਰਾ, ਦੋਏ ਜੋੜ ਸੀਸ ਨਿਵਾਈਆ । ਅਸੀਂ ਮਾਤਲੋਕ ਨਹੀਂ ਜਾਣਾ ਦੁਬਾਰਾ, ਤਨ ਵਜੂਦ ਜਗਤ ਹੰਢਾਈਆ । ਕਲਜੁਗ ਅੰਤਮ ਚਲੇ ਕਿਸੇ ਨਾ ਚਾਰਾ, ਚਾਰੋਂ ਕੁੰਟ ਪਈ ਦੁਹਾਈਆ । ਅੰਮ੍ਰਿਤ ਰਸ ਮਿਲੀ ਨਾ ਠੰਡੀ ਠਾਰਾ, ਅਗਨੀ ਤਤ ਨਾ ਕੋਇ ਬੁਝਾਈਆ । ਸਾਰੇ ਤੇਰੇ ਅੱਗੇ ਕਢਦੇ ਹਾੜਾ, ਗਲ ਪਲੂ ਸੀਸ ਨਿਵਾਈਆ । ਪੁਰਖ ਅਕਾਲ ਜੋਤੀ ਜਾਮਾ ਧਾਰ ਬਣ ਜਾ ਲਾੜਾ, ਲੱਖ ਚੁਰਾਸੀ ਆਤਮ ਲੈ ਪਰਨਾਈਆ । ਇਕੋ ਪੁਰਖ ਅਕਾਲ ਦੀ ਸ੍ਰਿਸ਼ਟ ਸਬਾਈ ਨਾਰਾ, ਨਰ ਨਰਾਇਣ ਵੱਜੇ ਵਧਾਈਆ । ਸਚ ਦੀ ਧਾਰ ਕਰ ਪਿਆਰਾ, ਪੀਆ ਪ੍ਰੀਤਮ ਵੇਖ ਵਖਾਈਆ । ਸਾਚੇ ਭਗਤਾਂ ਚੜ੍ਹਾ ਦੇ ਆਪਣੇ ਖਾਰਾ, ਖਾਰੀ ਸੀਸ ਲੈ ਉਠਾਈਆ । ਗੁਰਮੁਖ ਇਕੋ ਵਾਰ ਮੰਗਣ ਤੇਰਾ ਵਾੜਾ, ਬਣ ਕੇ ਪਾਂਧੀ ਰਾਹੀਆ । ਫੇਰ ਉਨ੍ਹਾਂ ਦਾ ਹੋਈਂ ਸਹਾਈ ਵਿਚ ਜੰਗਲ ਜੂਹ ਉਜਾੜ ਪਹਾੜਾ, ਟਿੱਲੇ ਪਰਬਤ ਸਮੁੰਦ ਸਾਗਰ ਫੋਲ ਫੁਲਾਈਆ । ਹਰਿਜਨ ਭਰਿਆ ਰਹੇ ਕੋਇ ਨਾ ਚਿੱਕੜ ਗਾਰਾ, ਦੁਰਮਤ ਮੈਲ ਦੇਣੀ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੇ ਜੋੜੇ ਹੱਥ, ਹਥੇਲੀ ਹਥੇਲੀ ਨਾਲ ਮਿਲਾਈਆ । ਤੂੰ ਪੁਰਖ ਅਕਾਲ ਸਮਰਥ, ਭਰਪੂਰ ਰਿਹਾ ਸਰਬ ਠਾਈਂਆ । ਸਭ ਦੀ ਜਾਣੇਂ ਮਿਤ ਗਤ, ਲੱਖ ਚੁਰਾਸੀ ਵਿਚ ਸਮਾਈਆ । ਝਗੜਾ ਮੇਟ ਦੇ ਪੰਜ ਤਤ, ਹਿੰਦੂ ਮੁਸਲਿਮ ਸਿਖ ਈਸਾਈ ਕਰੇ ਨਾ ਕੋਇ ਲੜਾਈਆ । ਇਕੋ ਤੇਰਾ ਨਾਮ ਲੈਣ ਜਪ, ਇਕੋ ਕਲਮਾ ਦੇ ਸੁਣਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਸਾਢੇ ਤਿੰਨ ਹੱਥ ਨਾ ਪਏ ਦੁਹਾਈਆ । ਹਰ ਘਟ ਹਿਰਦੇ ਅੰਦਰ ਵਸ, ਨਿਰਗੁਣ ਡੇਰਾ ਲਾਈਆ । ਪ੍ਰਭੂ ਸਾਡੀ ਹੋ ਗਈ ਬਸ, ਤੇਰੇ ਅੱਗੇ ਵਾਸਤਾ ਪਾਈਆ । ਚਾਰ ਜੁਗ ਦੇ ਗ੍ਰੰਥਾਂ ਤੇਰਾ ਗਾਇਆ ਜਸ, ਸਿਫ਼ਤਾਂ ਵਿਚ ਸਾਲਾਹੀਆ । ਕਲਮਾ ਨਾਮ ਬਾਣੀ ਦਾ ਦਿਤਾ ਰਸ, ਤੇਰੇ ਮਿਲਣ ਦਾ ਰਸਤਾ ਆਏ ਵਖਾਈਆ । ਅੰਤ ਅਖ਼ੀਰ ਤੇਰੇ ਉਤੇ ਦਿਤਾ ਛਡ, ਛੱਡੀ ਸਰਬ ਲੋਕਾਈਆ । ਜਗਤ ਜਹਾਨੋਂ ਹੋ ਕੇ ਅੱਡ, ਧੁਰ ਦੀ ਜੋਤ ਵਿਚ ਸਮਾਈਆ । ਸਭ ਦੀ ਕੀਤੀ ਭਾਵੇਂ ਇਕੋ ਵਾਰ ਦੇਵੇਂ ਰੱਦ, ਆਪਣਾ ਹੁਕਮ ਵਰਤਾਈਆ । ਅਸੀਂ ਹੋਈਏ ਗਦ ਗਦ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਤੇਈ ਅਵਤਾਰ ਤੇਰੀ ਯਦ, ਮੂਸਾ ਈਸਾ ਮੁਹੰਮਦ ਤੇਰੀ ਰੁਸ਼ਨਾਈਆ । ਨਾਨਕ ਗੋਬਿੰਦ ਇਕੋ ਜੋਤ ਗਈ ਜਗ, ਜਾਮੇ ਦਸ ਜਗਤ ਹੰਢਾਈਆ । ਅੰਤ ਸ਼ਬਦ ਗੁਰੂ ਕਿਹਾ ਗੱਜ, ਜ਼ੋਰ ਨਾਲ ਸੁਣਾਈਆ । ਦੀਨ ਦੁਨੀ ਵਿਚ ਇਕੋ ਤੇਰਾ ਕਾਅਬਾ ਤੇ ਇਕੋ ਤੇਰਾ ਹੱਜ, ਹਕੀਕੀ ਮਾਲਕ ਇਕੋ ਨਜ਼ਰੀ ਆਈਆ । ਇਕੋ ਨੂਰ ਇਲਾਹੀ ਰੱਬ, ਆਲਮੀਨ ਕਹਿ ਕੇ ਜਿਸ ਨੂੰ ਸੀਸ ਨਿਵਾਈਆ । ਪਤਾ ਨਹੀਂ ਕਿਉਂ ਦੀਨ ਮਜ਼੍ਹਬ ਦੀ ਪਾਈ ਹੱਦ, ਮਨੁਸ਼ ਮਨੁਸ਼ ਵਿਚ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ

ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੇਰੀ ਲੋੜਾ, ਲੋਹੜਾ ਪਿਆ ਲੋਕਾਈਆ । ਚੜ੍ਹ ਕੇ ਆ ਜਾ ਸ਼ਬਦੀ ਘੋੜਾ, ਘੋੜੀਆਂ ਗਾਵਣ ਵਾਲੀਆਂ ਰਾਹ ਤਕਾਈਆ । ਭਗਤ ਭਗਵਾਨ ਦਾ ਬਣਾ ਲੈ ਜੋੜਾ, ਜੋੜੀ ਆਪਣੇ ਰੰਗ ਰੰਗਾਈਆ । ਤੇਰਾ ਰੂਪ ਨਾ ਕਾਲਾ ਨਾ ਗੋਰਾ, ਅੱਖ ਨੈਣ ਨਾ ਕੋਇ ਸ਼ਰਮਾਈਆ । ਤੂੰ ਜਦੋਂ ਆਵੇਂ ਤੇ ਭਗਤਾਂ ਦੇ ਅੰਦਰ ਵਸੇਂ ਵਾਂਗ ਚੋਰਾ, ਸਨਮੁਖ ਨਜ਼ਰ ਕੋਇ ਨਾ ਪਾਈਆ । ਆਪਣੇ ਪ੍ਰੇਮ ਦੀਆਂ ਪਾ ਲੈ ਡੋਰਾ, ਜੰਮੂ ਵਾਲਿਆਂ ਦਾ ਧਾਗਾ ਦਏ ਗਵਾਹੀਆ । ਸੱਸੇ ਉਪਰ ਲਾਇਆ ਹੋੜਾ, ਨਿਰਗੁਣ ਸਰਗੁਣ ਧਾਰ ਸਮਝਾਈਆ । ਹੰ ਬ੍ਰਹਮ ਤੇਰਾ ਨਵਾਂ ਨਕੋਰਾ, ਆਤਮਾ ਨਾ ਮਰੇ ਨਾ ਜਾਈਆ । ਤੇਰਾ ਸ਼ਬਦ ਗੁਰੂ ਸਦਾ ਬਾਂਕਾ ਛੋਹਰਾ, ਦੋ ਜਹਾਨ ਫਿਰੇ ਚਾਈਂ ਚਾਈਂਆ । ਅੰਤ ਵੇਖ ਕਲਜੁਗ ਅੰਧੇਰ ਘੋਰਾ, ਸਾਚਾ ਨੂਰ ਨਾ ਕੋਇ ਰੁਸ਼ਨਾਈਆ । ਤੇਰਾ ਅਸੀਂ ਨਾਮ ਵੰਡ ਕੇ ਆਏ ਭੋਰਾ ਭੋਰਾ, ਰਾਮ ਕ੍ਰਿਸ਼ਨ ਅੱਲਾ ਵਾਹਿਗੁਰੂ ਸਤਿਨਾਮ ਝੋਲੀ ਪਾਈਆ । ਉਨ੍ਹਾਂ ਦੀ ਆਪਸ ਵਿਚ ਪੈ ਗਈ ਖੋਰਾ, ਖੈਹ ਖੈਹ ਕਰਨ ਲੜਾਈਆ । ਤੇਰਾ ਧਰਮ ਵੰਡਿਆ ਉਪਰ ਢੋਰਾ, ਸੂਰ ਗਾਂ ਸੋਭਾ ਪਾਈਆ । ਮਿਹਰਵਾਨ ਮਹਿਬੂਬ ਹੋ ਕੇ ਲੋਕਮਾਤ ਪਾਇਆ ਮੋੜਾ, ਮੁੜ ਆਪਣਾ ਵੇਖ ਵਖਾਈਆ । ਅੱਗੇ ਵਕਤ ਰਹਿ ਗਿਆ ਥੋੜਾ, ਥੋੜੇ ਤੋਂ ਥੋੜਾ ਪੜਦਾ ਦੇ ਚੁਕਾਈਆ । ਤੇਰੇ ਹੁਕਮ ਭਾਣੇ ਅੰਦਰ ਕੋਈ ਅਟਕਾ ਨਾ ਸਕੇ ਰੋੜਾ, ਨਾਨਕ ਰੋੜੀ ਸੱਖਰ ਗਿਆ ਜਣਾਈਆ । ਤੇਰਾ ਅੰਮ੍ਰਿਤ ਰਸ ਨਾ ਹੋਵੇ ਕੌੜਾ, ਨਿੰਮ ਰੂਪ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੈਨੂੰ ਵੇਖੀਏ ਕਾਇਆ ਮੰਦਰ ਕਾਅਬੇ, ਗੁਰੂਦਵਾਰਾ ਸਾਢੇ ਤਿੰਨ ਹੱਥ ਸੋਭਾ ਪਾਈਆ । ਜੋ ਭੇਵ ਖੁਲ੍ਹਾਇਆ ਸਤਿਗੁਰ ਅਰਜਨ ਬੁੱਢੇ ਬਾਬੇ, ਪਰਦਾ ਪਰਦੇ ਵਿਚੋਂ ਉਠਾਈਆ । ਪੁਰਖ ਅਕਾਲ ਅੰਤਮ ਆਉਣਾ ਦੇਸ ਮਾਝੇ, ਸੰਬਲ ਨਗਰੀ ਡੇਰਾ ਲਾਈਆ । ਅਗੰਮੀ ਨਾਮ ਵਜਾਏ ਵਾਜੇ, ਅੰਤ ਲਹਿਣਾ ਨਾ ਕੋਇ ਰਖਾਈਆ । ਸਭ ਦੇ ਨਾਤੇ ਕਰੇ ਸਾਂਝੇ, ਦੀਨ ਮਜ਼੍ਹਬ ਡੇਰਾ ਢਾਹੀਆ । ਜਨ ਭਗਤ ਰਹਿਣ ਨਾ ਵਾਂਝੇ, ਮੇਲਾ ਮੇਲੇ ਸਹਿਜ ਸੁਭਾਈਆ । ਨਾਮ ਨਾਮ ਦੇ ਫੇਰ ਕੇ ਮਾਂਜੇ, ਅੰਦਰੋਂ ਕਰੇ ਸਫ਼ਾਈਆ । ਹਰਿਜਨ ਰਹਿਣ ਪੀਂਦੇ ਖਾਂਦੇ, ਜਗਤ ਚਲਦਿਆਂ ਪਾਰ ਕਰਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਰਹੇ ਗਾਂਦੇ, ਗਾ ਗਾ ਖ਼ੁਸ਼ੀ ਮਨਾਈਆ । ਲੋੜ ਰਹੇ ਨਾ ਕਿਸੇ ਪੰਡਤ ਪਾਂਧੇ, ਸਗਣ ਗੁਰਮੁਖਾਂ ਦੀ ਝੋਲੀ ਆਪ ਪਾਈਆ । ਲੱਖ ਚੁਰਾਸੀ ਜੀਵ ਆਵਣ ਤੇ ਰਹਿਣ ਜਾਂਦੇ, ਅੰਡਜ ਜੇਰਜ ਉਤਭੁਜ ਸੇਤਜ ਵਿਚ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਦੇ ਦੇ ਹਯਾਤ ਆਬਾ, ਅੱਬਾ ਤੇਰਾ ਰਾਹ ਤਕਾਈਆ । ਲੇਖ ਵੇਖ ਕ੍ਰਿਸ਼ਨਾ ਰਾਧਾ, ਰਾਮ ਸੀਤਾ ਕੀ ਦ੍ਰਿੜਾਈਆ । ਈਸਾ ਮੂਸਾ ਮੁਹੰਮਦ ਦਾ ਤਕ ਵਾਇਦਾ, ਇਕਰਾਰਨਾਮਾ ਦਏ ਗਵਾਹੀਆ । ਨਾਨਕ ਗੋਬਿੰਦ ਕਿਹਾ ਕਦੇ ਨਾ ਹੋਏ ਅਲੈਹਿਦਾ, ਵੱਖਰਾ ਘਰ ਨਾ ਕੋਇ ਬਣਾਈਆ । ਸ਼ਬਦ ਗੁਰੂ ਕਿਹਾ ਪੁਰਖ ਅਕਾਲ ਹੈਗਾ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਜਨ ਭਗਤੋ ਜੇ ਕੀਮਤ ਨਾਲ ਲੱਭੇ ਦੋ ਜਹਾਨਾਂ ਨਾਲੋਂ ਮਹਿੰਗਾ, ਧਨ ਦੌਲਤ ਨਾਲ ਹੱਥ ਕਿਸੇ ਨਾ ਆਈਆ । ਜੋ ਉਸ ਦਾ ਭਾਣਾ ਸਹਿੰਦਾ, ਹੁਕਮੇ ਵਿਚ ਸੀਸ ਨਿਵਾਈਆ । ਸਚ ਪੁਛੋ ਪ੍ਰੇਮ ਵਿਚ ਉਸ ਦੇ ਕਾਇਆ ਮੰਦਰ ਅੰਦਰ ਬਹਿੰਦਾ, ਆਪਣਾ ਡੇਰਾ ਲਾਈਆ । ਮੁਹੰਮਦ ਨੇ ਕਿਹਾ ਮਹਿਬੂਬ ਕਦੇ ਨਾ ਮਿਲੇ ਚੜ੍ਹਦਾ ਲਹਿੰਦਾ,


੩੨੭
੨੨

ਮਸ਼ਰਕ ਮਗ਼ਰਬ ਵੰਡ ਨਾ ਕੋਇ ਵੰਡਾਈਆ । ਜਾਂ ਤੱਕਿਆ ਤੇ ਜ਼ਿਮੀਂ ਅਸਮਾਨਾਂ ਦਾ ਇਕੋ ਪੈਂਡਾ, ਚੌਦਾਂ ਤਬਕ ਹੋਈ ਰੁਸ਼ਨਾਈਆ । ਫਿਰ ਵੇਖਿਆ ਵਹਿਣ ਵਗੇ ਨੈਂ ਦਾ, ਆਬੇਹਯਾਤ ਰੂਪ ਵਟਾਈਆ । ਫੇਰ ਠਕੋਰਿਆ ਵਿਚੋਂ ਰੋਗ ਕੱਢਿਆ ਹਉਮੇ ਦਾ, ਹੰਗਤਾ ਦਿਤੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖਣਾ ਸਾਂਝਾ ਸਮਾਜ, ਸਤਿਜੁਗ ਦੀ ਰੀਤੀ ਸੋਭਾ ਪਾਈਆ । ਕੀ ਖੇਲ ਹੋਣਾ ਕਲਜੁਗ ਤੋਂ ਬਾਦ, ਚਾਰ ਕੁੰਟ ਵੱਜੇ ਵਧਾਈਆ । ਇਕ ਪਰਮ ਪੁਰਖ ਦਾ ਹੋਣਾ ਰਾਜ, ਰਈਅਤ ਇਕੋ ਰੂਪ ਦਰਸਾਈਆ । ਇਕੋ ਨਾਮ ਵੱਜਣਾ ਨਾਦ, ਧੁਨ ਅਨਾਦੀ ਇਕ ਦ੍ਰਿੜਾਈਆ । ਸਭ ਨੇ ਜਾਣਾ ਜਾਗ, ਸੁੱਤਾ ਰਹਿਣ ਕੋਇ ਨਾ ਪਾਈਆ । ਸੁਣੋ ਹੁਕਮ ਆਵਾਜ਼, ਸ਼ਬਦੀ ਬੋਲ ਜਣਾਈਆ । ਦੁਆਬੇ ਵਾਲਿਓ ਤੁਸਾਂ ਗੀਤ ਗਾਉਣਾ ਸੁਹਾਗ, ਅੱਗੇ ਆਉਣਾ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਕਾਰ ਕਮਾਈਆ । ਗੀਤ ਗਾਉਣਾ ਨਾਲ ਖ਼ੁਸ਼ੀ, ਖ਼ੁਸ਼ੀਆਂ ਵਿਚ ਵਡਿਆਈਆ । ਪ੍ਰਭ ਦੇ ਨਾਲ ਲਾਉਣੀ ਰੁਚੀ, ਮਨ ਕਲਪਣਾ ਦੇਣੀ ਗਵਾਈਆ । ਆਤਮਾ ਕਰਨੀ ਸੁੱਚੀ, ਦੁਰਮਤ ਮੈਲ ਧਵਾਈਆ । ਭਾਗ ਲਗਾਉਣਾ ਪੁੱਤੀ, ਮਿਲੇ ਮਾਣ ਵਡਿਆਈਆ । ਧਾਰ ਰਹੇ ਨਾ ਦੂਜੀ, ਦੁਤੀਆ ਭਾਉ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਹੇ ਸਤਿਜੁਗ ਸਾਚੀ ਵੇਖੋ ਰੀਤੀ, ਸਚ ਸਚ ਵਿਚ ਸਮਝਾਈਆ । ਸਭ ਦੀ ਸਾਂਝੀ ਇਕੋ ਪ੍ਰੀਤੀ, ਭਾਈਚਾਰਾ ਇਕ ਵਖਾਈਆ । ਜਿਹੜਾ ਖ਼ੂਨ ਗੋਬਿੰਦ ਨੇ ਕੱਢਿਆ ਵਿਚੋਂ ਚੀਚੀ, ਚਿਰੀ ਵਿਛੁੰਨੇ ਰਿਹਾ ਮਿਲਾਈਆ । ਭਗਤ ਰਾਮ ਕ੍ਰਿਸ਼ਨ ਦੀ ਬਗ਼ੀਚੀ, ਸੂਫ਼ੀ ਸੰਤਾਂ ਨਾਲ ਸੁਹਾਈਆ । ਸਾਚੀ ਧਾਰ ਗਾਵਣ ਮੀਠੀ, ਢੋਲਾ ਅਗੰਮ ਅਥਾਹੀਆ । ਖੇਲ ਤੱਕਣ ਅਨਡੀਠੀ, ਜਿਸ ਨੂੰ ਜਗ ਨੇਤਰ ਵੇਖਣ ਕੋਇ ਨਾ ਪਾਈਆ । ਆਪਣੀ ਕਮਾਈ ਲੈਣ ਕੀਤੀ, ਪਿਛਲਾ ਲੇਖਾ ਸੰਗ ਰਖਾਈਆ । ਕੀ ਖੇਲ ਵੇਖਣੀ ਬੀਤੀ, ਅਗਲੀ ਅੱਗੇ ਦੇ ਸਮਝਾਈਆ । ਸਭ ਨੇ ਸਾਫ਼ ਰੱਖਣੀ ਨੀਤੀ, ਹਿਰਦੇ ਹਰਿ ਜੂ ਲੈਣਾ ਵਸਾਈਆ । ਕਾਨਪੁਰ ਇਟਾਰਸੀ ਵਾਲੀਆਂ ਬੀਬੀਆਂ ਗਾਓ ਇਕ ਗੀਤੀ, ਰਾਗ ਸੋਹਣਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਹੇ ਵੇਖੋ ਵਕਤ ਸੁਹਾਣਾ, ਸਭ ਨੂੰ ਦਿਆਂ ਵਖਾਈਆ । ਇਕੋ ਗਾਉਣ ਗਾਣਾ, ਇਕੋ ਰੰਗ ਰੰਗਾਈਆ । ਗੁਰਮੁਖੋ ਤੁਸੀਂ ਪ੍ਰਭੂ ਦੇ ਘਰ ਬਣ ਕੇ ਆਏ ਪਰਾਹੁਣਾ, ਆਪਣਾ ਪੰਧ ਮੁਕਾਈਆ । ਇਕੋ ਘਰ ਵਿਚ ਕੁੜੀ ਤੇ ਮੁੰਡਾ ਸਭ ਨੇ ਵਿਆਹੁਣਾ, ਸੌਹਰੇ ਪਈਏ ਵੰਡ ਨਾ ਕੋਇ ਵੰਡਾਈਆ । ਅੱਗੇ ਵਾਸਤੇ ਇਕ ਦੂਜੇ ਨੂੰ ਬੁਰਾ ਨਹੀਂ ਕਿਸੇ ਤਕਾਉਣਾ, ਗੁਰਮੁਖ ਸਮਝ ਕੇ ਝਟ ਲੈਣਾ ਲੰਘਾਈਆ । ਮੁੜ ਕੇ ਫੇਰ ਜਗਤ ਨਹੀਂ ਆਉਣਾ, ਜਗਤ ਵਾਸਨਾ ਮਿਲੇ ਨਾ ਕੋਇ ਵਡਿਆਈਆ । ਭੈਣ ਭਾਈ ਮਾਤ ਪਿਤਾ ਸੰਗ ਨਹੀਂ ਕਿਸੇ ਨਿਭਾਉਣਾ, ਝੂਠੇ ਨਾਤੇ ਵੇਖੋ ਨੇਤਰ ਰੋਵਣ ਮਾਰਨ ਧਾਹੀਆ । ਆਪਣਾ ਬੀਜ ਆਪਣੇ ਹੱਥੀਂ ਬੋਣਾ, ਗੁਰ ਸਤਿਗੁਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਜਨ ਭਗਤੋ ਤੁਹਾਡੇ ਸਾਂਝੇ ਹੋ ਗਏ ਰਿਸ਼ਤੇ, ਦੂਈ ਰਹੀ ਨਾ ਰਾਈਆ । ਸਚ ਪੁੱਛੋ ਤੁਹਾਡੇ ਕੋਲੋਂ ਡਰਦੇ ਫ਼ਰਿਸ਼ਤੇ, ਜ਼ਬਰਾਈਲ ਅਜ਼ਰਾਈਲ ਬੈਠੇ ਸੀਸ ਨਿਵਾਈਆ । ਤੁਹਾਡੇ ਨੂਰ ਅਗੰਮੀ ਦਿਸਦੇ, ਹਿਰਦੇ ਇਕ ਰੁਸ਼ਨਾਈਆ । ਜਨ

ਭਗਤ ਦੂਜੇ ਹੱਟ ਕਦੇ ਨਾ ਵਿਕਦੇ, ਟਕਿਆਂ ਵਾਲੀ ਕੀਮਤ ਨਾ ਕੋਇ ਰਖਾਈਆ । ਜੇ ਤੁਸੀਂ ਬੱਚੇ ਇਕ ਦੇ, ਤੇ ਇਕ ਨੂੰ ਲਉ ਮਨਾਈਆ । ਜੇ ਤੁਸੀਂ ਸੀਰ ਪੀਤੇ ਮਾਤਾ ਵਾਲੀ ਛਾਤੀ ਹਿੱਕ ਦੇ, ਰਸਨਾ ਮੁੰਮਾ ਮੁਖ ਲਗਾਈਆ । ਫੇਰ ਕਿਉਂ ਦੁੱਖਾਂ ਵਿਚ ਪਿਟਦੇ, ਕਲਪਣਾ ਵਿਚ ਕੁਰਲਾਈਆ । ਤੁਹਾਡੇ ਖਹਿੜੇ ਛੁਡਾ ਦਿਤੇ ਪੱਥਰ ਇੱਟ ਦੇ, ਇਕੋ ਨੂਰ ਜੋਤ ਨਾਲ ਦਿਤਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਹੁਕਮ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅਗਲਾ ਖੇਲ ਅਵੱਲਾ, ਅਵਲ ਇਕ ਜਣਾਈਆ । ਜਨ ਭਗਤਾਂ ਦਾ ਭਾਰੀ ਵੇਖਿਆ ਪੱਲਾ, ਬੰਧੀ ਗੰਢ ਨਾ ਕੋਇ ਖੁਲ੍ਹਾਈਆ । ਜਿਸ ਨੂੰ ਕਹਿੰਦੇ ਅਲਾਹ ਅੱਲਾ, ਅਲੀਹੈਦਰ ਨਾਅਰਾ ਲਾਈਆ । ਉਸ ਨੂੰ ਵੇਖਣਾ ਵਸਾ ਕੇ ਮਹੱਲਾ, ਪਿਛਲੀ ਰੀਤੀ ਦਿਤੀ ਮਿਟਾਈਆ । ਪੂਰਬ ਜਨਮ ਦਾ ਦੇ ਕੇ ਫਲਾ, ਭੁਖਿਆਂ ਦਿਤਾ ਰਜਾਈਆ । ਦੱਸ ਕੇ ਨਿਹਚਲ ਧਾਮ ਅਟੱਲਾ, ਪੈਂਡਾ ਦਿਤਾ ਮੁਕਾਈਆ । ਜਿਥੇ ਕਰੇ ਕੋਇ ਨਾ ਹੱਲਾ, ਹਿੰਦੂ ਮੁਸਲਿਮ ਸਿੱਖ ਨਾ ਕੋਇ ਲੜਾਈਆ । ਮਾਲਕ ਇਕ ਤੇ ਹੁਕਮ ਦੇਵੇ ਇਕੱਲਾ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਖੇਲ ਕਰੇ ਧਰਨੀ ਉਪਰ ਥਲਾ, ਜਲ ਥਲ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਹੁਕਮ ਵਰਤਾਈਆ । ਅਵਤਾਰ ਪੈਗ਼ੰਬਰ ਕਹਿਣ ਗੁਰ ਗੋਬਿੰਦ ਦੱਸ ਕੋਈ ਕਹਾਣੀ, ਕੀ ਕਹਾਵਤ ਜਗਤ ਜਣਾਈਆ । ਓ ਕਿਉਂ ਨਹੀਂ ਜੁਝਾਰ ਨੂੰ ਦਿਤਾ ਪਾਣੀ, ਖ਼ਾਲੀ ਹੱਥ ਭਵਾਈਆ । ਕੀ ਖੇਲ ਵਿਚ ਨਾਨਕ ਬਾਣੀ, ਰਾਗਾਂ ਵਿਚ ਵਡਿਆਈਆ । ਕਿਸ ਬਿਧ ਪਾਰ ਹੋਏ ਪਰਾਣੀ, ਪ੍ਰਾਣਪਤ ਮਿਲ ਕੇ ਖ਼ੁਸ਼ੀ ਮਨਾਈਆ । ਗੋਬਿੰਦ ਕਿਹਾ

੩੨੯ ਮੈਂ ਇਕੋ ਦੱਸੀ ਨਿਸ਼ਾਨੀ, ਨਿਸ਼ਾਨਾ ਸਤਿ ਸਮਝਾਈਆ । ਜਿਹੜਾ ਸਤਿਗੁਰ ਕਦੇ ਨਾ ਹੋਵੇ ਫ਼ਾਨੀ, ਮੜ੍ਹੀਆਂ ਗੋਰਾਂ ਵਿਚ ਡੇਰਾ ਕਦੇ ਨਾ ਲਾਈਆ । ੩੨੯

੨੨ ਜਦ ਚਾਹੇ ਭਗਤਾਂ ਉਤੇ ਕਰੇ ਮਿਹਰਬਾਨੀ, ਮਿਹਰ ਨਜ਼ਰ ਨਾਲ ਲਏ ਤਰਾਈਆ । ਓਸ ਦੇ ਅੱਗੇ ਦੇਣੀ ਪਏ ਨਾ ਕੋਇ ਕੁਰਬਾਨੀ, ਸਿਰਫ਼ ਨਮਸਤੇ ੨੨

ਕਰ ਕੇ ਸੀਸ ਨਿਵਾਈਆ । ਦੋ ਜਹਾਨ ਆਏ ਕਦੇ ਨਾ ਹਾਨੀ, ਨੇਤਰ ਅੱਖ ਨਾ ਕੋਇ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਗੋਬਿੰਦ ਕਿਹਾ ਗੁਰ ਅਵਤਾਰ ਪੈਗ਼ੰਬਰੋ ਔਹ ਵੇਖੋ ਦੇਸ ਮਾਝਾ, ਸੰਬਲ ਖੋਜ ਖੁਜਾਈਆ । ਸਾਰੇ ਸੁਣੋ ਇਕ ਆਵਾਜ਼ਾ, ਹੁਕਮ ਅਗੰਮ ਅਥਾਹੀਆ । ਇਕੋ ਵੇਖੋ ਧੁਰ ਦਾ ਰਾਜਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦੇ ਅੱਗੇ ਨਾ ਕੋਈ ਸਵਾਲ ਤੇ ਨਾ ਜੁਆਬਾ, ਜੁਆਬ ਤਲਬੀ ਵਿਚ ਸਾਰੇ ਲਏ ਬੁਲਾਈਆ । ਹੁਣ ਕੌਲ ਇਕਰਾਰ ਕਰਨਾ ਪੈਣਾ ਤੇ ਛਡਣਾ ਪੈਣਾ ਕਾਅਬਾ, ਹੁਜਰਿਆਂ ਸੀਸ ਨਾ ਕੋਇ ਝੁਕਾਈਆ । ਪਿਛਲਾ ਪੂਰਾ ਕਰੇ ਖੁਆਬਾ, ਖੁਆਜਾ ਖਿਜ਼ਰ ਰਾਹ ਤਕਾਈਆ । ਅੱਗੇ ਨੂੰ ਨਾਮ ਦੇ ਕੇ ਸਾਦਾ, ਸਾਧ ਬਿਨਾ ਸਾਧਨਾ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਗੋਬਿੰਦ ਕਹੇ ਗੁਰ ਅਵਤਾਰ ਪੈਗ਼ੰਬਰੋ ਸਾਰੇ ਤਕੋ ਦੋ ਬੀਬੀਆਂ ਬਦਲੀ ਚੋਲੀ, ਅੱਗੇ ਹੋ ਕੇ ਲਓ ਅੰਗੜਾਈਆ । ਇਕ ਸ਼ਬਦ ਧਾਰ ਦੀ ਗੋਲੀ, ਜੋਗਿੰਦਰ ਸੋਭਾ ਪਾਈਆ । ਰਾਜ ਕੁਮਾਰੀ ਪ੍ਰਹਿਲਾਦ ਦੇ ਵੇਲੇ ਖੇਡੀ ਸੀ ਹੋਲੀ, ਖ਼ੁਸ਼ੀਆਂ ਆਪਣਾ ਰੰਗ ਇਕ ਵਖਾਈਆ । ਦੋਹਾਂ ਦਾ ਲੇਖਾ ਗੋਬਿੰਦ ਨਾਲ ਜਿਸ ਨੇ ਸ਼ਬਦ ਧਾਰ ਪਾਈ ਰੌਲੀ, ਅੰਤਰ ਨਿਰੰਤਰ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਗੁਰ ਅਵਤਾਰ ਪੈਗ਼ੰਬਰੋ ਵੇਖੇ ਰੂਪ ਅਨੂਪ ਸਰੂਪ, ਸੁਰਤ ਸ਼ਬਦ ਸਮਾਈਆ । ਵੇਖੇ ਸ਼ਹਿਨਸ਼ਾਹ ਸ਼ਾਹੋ ਭੂਪ, ਨਾਤਾ ਧੁਰਦਰਗਾਹੀਆ । ਵੇਖੇ ਚਾਰੇ ਕੂਟ, ਹਰਿਜਨ ਬੈਠੇ ਡੇਰਾ ਲਾਈਆ । ਛਡ ਕੇ ਜੂਠ ਝੂਠ, ਇਕੋ ਪੁਰਖ ਅਕਾਲ ਮਨਾਈਆ । ਸਭ ਨੇ ਛਡ ਜਾਣਾ ਗੁਰਮੁਖੋ ਪੰਜ ਤਤ ਦਾ ਕਲਬੂਤ, ਹਾਰ ਸ਼ਿੰਗਾਰ ਕੰਮ ਕਿਸੇ ਨਾ ਆਈਆ । ਆਪਣੇ ਸਤਿਗੁਰ ਨੂੰ ਆਪਣੇ ਵਿਚ ਸਮਝੋ ਮੌਜੂਦ, ਅੰਦਰ ਬੈਠਾ ਵੇਖੇ ਚਾਈਂ ਚਾਈਂਆ । ਜੋ ਗੁਰ ਅਵਤਾਰ ਪੈਗ਼ੰਬਰ ਆਇਆ ਉਹ ਵੀ ਕਰ ਕੇ ਗਿਆ ਕੂਚ, ਕੂਚਾ ਗਲੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਖੇਲ ਵਖਾਈਆ । ਗੋਬਿੰਦ ਕਹੇ ਮਾਝੇ ਵਾਲੀਆਂ ਬੀਬੀਆਂ ਗੀਤ ਗਾਉਣਾ ਸੁਹੰਜਣਾ, ਸਚ ਰੰਗ ਰੰਗਾਈਆ । ਇਕੋ ਧੂੜ ਤੇ ਇਕੋ ਮਜਣਾ, ਇਸ਼ਨਾਨ ਇਕੋ ਕਰ ਵਖਾਈਆ । ਇਕੋ ਸਤਿਗੁਰ ਸਾਚਾ ਮੰਗਣਾ, ਜੋ ਦੇਵੇ ਮਾਣ ਵਡਿਆਈਆ । ਇਕੋ ਸਹਿਜੇ ਸੌਣਾ ਪਲੰਘਣਾ, ਜਿਥੇ ਸੁਤਿਆਂ ਨਾ ਕੋਇ ਉਠਾਈਆ । ਇਕੋ ਡੰਡਾਵਤ ਕਰਨੀ ਬੰਦਨਾ, ਸੀਸ ਜਗਦੀਸ ਇਕ ਝੁਕਾਈਆ । ਜਗਤ ਜਹਾਨ ਵਿਚੋਂ ਸਭ ਨੇ ਵੰਞਣਾ, ਵੰਞ ਮੁਹਾਣੇ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਭੇਵ ਖੁਲ੍ਹਾਈਆ । ਸਗਣ ਕਹੇ ਮੈਂ ਰਿਹਾ ਆਦਿ ਤੋਂ ਆਦਿ, ਆਦਿ ਆਦਿ ਜਣਾਈਆ । ਮੈਨੂੰ ਖਾ ਸਕਿਆ ਕੋਇ ਨਾ ਸੰਤ ਸਾਧ, ਗੁਰ ਅਵਤਾਰ ਪੈਗ਼ੰਬਰ ਨਾ ਕੋਇ ਵਰਤਾਈਆ । ਮੈਂ ਸਭ ਦੀ ਸੁਣਦਾ ਰਿਹਾ ਅਵਾਜ਼, ਸਿਫ਼ਤਾਂ ਵਾਲੀ ਸਿਫ਼ਤ ਸਾਲਾਹੀਆ । ਸਾਰੇ ਪੁਰਖ ਅਕਾਲ ਨੂੰ ਮੰਨਦੇ ਰਹੇ ਬਾਪ, ਪਿਤਾ ਪੂਤ ਸੇਵ ਕਮਾਈਆ । ਸਿਫ਼ਤਾਂ ਵਾਲਾ ਕਰਦੇ ਰਹੇ ਜਾਪ, ਕਲਮਿਆਂ ਵਿਚ ਗਾਈਆ । ਜੋੜਦੇ ਰਹੇ ਨਾਤ, ਸੁਰਤ ਸ਼ਬਦ ਮਿਲਾਈਆ । ਰੂਹ ਬੁਤ ਕਰਦੇ ਰਹੇ ਪਾਕ, ਆਬੇਹਯਾਤ ਵਖਾਈਆ । ਖੋਲ੍ਹਦੇ ਰਹੇ ਤਾਕ, ਨਿਜ ਨੇਤਰ ਅੱਖ ਖੁਲ੍ਹਾਈਆ । ਕਰਦੇ ਰਹੇ ਭਵਿਖਤ ਵਾਕ, ਸਾਰੇ ਗਏ ਸੁਣਾਈਆ । ਕਲਜੁਗ ਅੰਤਮ ਝਗੜਾ ਪੈਣਾ ਜ਼ਾਤ ਪਾਤ, ਦੀਨ ਮਜ਼੍ਹਬ ਕੁਰਲਾਈਆ । ਹਿਰਦਾ ਕਿਸੇ ਨਾ ਰਹੇ ਸਾਫ਼, ਦੁਰਮਤ ਮੈਲ ਨਾ ਕੋਇ ਧਵਾਈਆ । ਅਪਰਾਧੀਆਂ ਕਰੇ ਨਾ ਕੋਇ ਮੁਆਫ਼, ਦੁਸ਼ਟਾਂ ਪਾਰ ਨਾ ਕੋਇ ਲੰਘਾਈਆ । ਹੰਸ ਬੁਧੀ ਹੋਣੀ ਕਾਗ, ਹਉਮੇ ਰੋਗ ਦੁਹਾਈਆ । ਮਾਇਆ ਮਮਤਾ ਲੱਗਣਾ ਦਾਗ਼, ਕੱਪੜ ਕੂੜ ਕਰੇ ਨਾ ਕੋਇ ਸਫ਼ਾਈਆ । ਸੋਇਆ ਸਕੇ ਨਾ ਕੋਇ ਜਾਗ, ਵੁਜ਼ੂ ਬਾਂਗ ਨਾ ਕੋਇ ਚਤੁਰਾਈਆ । ਝਗੜਾ ਮਿਟੇ ਨਾ ਕਾਇਆ ਹਾਡ, ਨਾੜੀ ਚੰਮ ਨਾ ਕੋਇ ਸਮਝਾਈਆ । ਅੰਤ ਸਭ ਦਾ ਉਘੜਨਾ ਪਾਜ, ਪਰਦਾ ਸਕੇ ਨਾ ਕੋਇ ਲੁਕਾਈਆ । ਪੁਰਖ ਅਕਾਲ ਨੇ ਦੇਣਾ ਇਕੋ ਕੋਰਾ ਜਵਾਬ, ਜੁਆਬ ਤਲਬੀ ਵਿਚ ਸਾਰੇ ਬੈਠਣ ਸੀਸ ਨਿਵਾਈਆ । ਸਭ ਨੂੰ ਇਕੋ ਸੱਜਦਾ ਦੱਸ ਕੇ ਅਦਾਬ, ਡੰਡਾਵਤ ਬੰਦਨਾ ਇਕ ਦ੍ਰਿੜਾਈਆ । ਹੁਕਮ ਦੇਣਾ ਹੋ ਕੇ ਮਹਾਰਾਜ, ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਸੀਸ ਜਗਦੀਸ ਰੱਖ ਕੇ ਤਾਜ, ਤਾਜਾਂ ਵਾਲਾ ਤਖ਼ਤ ਦਏ ਉਲਟਾਈਆ । ਪਰਗਟ ਹੋ ਕੇ ਦੇਸ ਮਾਝ, ਸੰਬਲ ਰੁਤ ਸੁਹਾਈਆ । ਸਗਣ ਕਹੇ ਮੈਂ ਉਸ ਦੇ ਕੋਲ ਜਾ ਕੇ ਬਣਨਾ ਪਰਸ਼ਾਦ, ਕਿਰਪਾ ਵਿਚੋਂ ਕਿਰਪਾ ਮੇਰੀ ਝੋਲੀ ਪਾਈਆ । ਇਹ ਦਾਤ ਮਿਲਣੀ ਛੱਬੀ ਪੋਹ ਤਰਿਪਤ ਦੀ ਪਿਛਲੀ ਜ਼ਿੰਦਗੀ ਤੋਂ ਬਾਦ, ਅਗਲਾ ਜਨਮ ਆਪਣੇ ਹੱਥ ਰਖਾਈਆ । ਜਿਹੜੀ ਕਾਂਗਿਆਰੀ ਵਖਾਈ ਵਿਚੋਂ ਕਮਾਦ, ਫੋਕਟ ਰੂਪ ਦਰਸਾਈਆ । ਉਹ ਦੱਸੇ ਭਗਤੋ ਮੰਨੋ ਇਕ ਵਾਹਦ, ਪਾਰਬ੍ਰਹਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣੀ ਕਾਰ ਕਮਾਈਆ । ਸਗਣ ਕਹੇ ਮੈਂ ਦੱਸਾਂ ਬਾਵਨ ਦੀ ਧਾਰ, ਧਰਮ ਦਵਾਰ ਜਣਾਈਆ । ਮੇਰਾ ਭਗਤਾਂ ਨਾਲ ਪਿਆਰ, ਤੇਰਾਂ ਸੌ ਸਤਾਸੀ ਰਿਸ਼ੀ ਇਕ ਕਿਸ਼ੀ ਨਾਲ ਵਡਿਆਈਆ । ਜਿਸ ਦਾ ਰੂਪ ਅਨੂਪ ਰਿਹਾ ਦਿਸੀ, ਰਾਜਕੁਮਾਰੀ ਉਠ ਕੇ ਦਏ ਵਖਾਈਆ । ਜੋਗਿੰਦਰ ਗੋਬਿੰਦ ਦੀ ਧਾਰ ਸਿਖੀ, ਸਿਖਿਆ ਸਚ ਵਿਚ ਵਡਿਆਈਆ । ਜਨ ਭਗਤੋ ਗੁਰਮੁਖ ਖ਼ੂਨ ਨਾਲ ਤੁਹਾਡੀ ਪ੍ਰੀਤੀ ਜਾਏ ਲਿਖੀ, ਨਾ ਕੋਇ ਮੇਟੇ ਮੇਟ ਮਿਟਾਈਆ । ਜਿਹੜੀ ਘਵਿੰਡ ਦੀ ਹੱਦ ਦੀ ਆਂਦੀ ਮਿੱਟੀ, ਜਗਤਾਰ ਸਿੰਘ ਏਥੇ ਦੇ ਟਿਕਾਈਆ । ਉਹ ਟਿੱਕੀ ਜਿਹੀ ਟਿੱਕੀ, ਮਿੱਟੀ ਨੌਂ ਮਿੰਟ ਸੜ ਕੇ ਦਏ ਗਵਾਹੀਆ । ਸੱਸੇ ਦਾ ਬਣ ਕੇ ਹੋੜਾ ਹਾਹੇ ਦੀ ਬਣ ਕੇ ਟਿੱਪੀ, ਟੀਕਾ ਟਿਪਣੀ ਵਿਚੋਂ ਗੁਰਮੁਖੋ ਤੁਹਾਨੂੰ ਬਾਹਰ ਕਢਾਈਆ । ਜਿਨ੍ਹਾਂ ਨੇ ਗਾਨਾ ਬੱਧਾ ਗਿੱਟੀਂ, ਦੁਆਬੇ ਵਾਲੇ ਬਿਆਸਾ ਦੀ ਧਾਰ ਵਿਚੋਂ ਬਾਹਰ ਕਢਾਈਆ । ਦੋ ਇਕ ਦੀ ਸੁਣ ਲਓ ਸਿਖੀ, ਸਚ ਦਏ ਸਮਝਾਈਆ । ਛੱਬੀ ਪੋਹ ਧੁਰ ਦੀ ਮਿਤੀ, ਮਿੱਤਰ ਪਿਆਰਾ ਨਾਲ ਲਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਰੰਗ ਰੰਗਾਈਆ । ਮਿੱਟੀ ਕਹੇ ਮੈਂ ਆਈ ਵਿਚੋਂ ਘਵਿੰਡ, ਸਿੰਘ ਸ਼ੇਰ ਦਾ ਦਰਸ਼ਨ ਪਾਈਆ । ਗੁਰਮੁਖੋ ਮੈਂ ਫਿਰਨਾ ਤੁਹਾਡੇ ਕਾਇਆ ਵਿਚ ਪਿੰਡ, ਸਾਢੇ ਤਿੰਨ ਹੱਥ ਭੱਜਾਂ ਚਾਈਂ ਚਾਈਂਆ । ਤੁਸੀਂ ਉਸ ਪ੍ਰਭੂ ਦੀ ਜਿੰਦ, ਜਿਹੜਾ ਜ਼ਿੰਦਗੀ ਨਵੀਂ ਸਭ ਦੀ ਝੋਲੀ ਵਿਚ ਪਾਈਆ । ਤੁਸੀਂ ਸ਼ਬਦ ਗੁਰੂ ਦੀ ਬਿੰਦ, ਨਾ ਮਰੇ ਨਾ ਜਾਈਆ । ਤੁਹਾਡਾ ਝੰਡਾ ਝੁਲਣਾ ਵਿਚ ਹਿੰਦ, ਸੱਤਰੰਗਾ ਆਪਣਾ ਰੰਗ ਦਏ ਚਮਕਾਈਆ । ਅਜੇ ਢਾਈ ਸਾਲ ਥੋੜੀ ਥੋੜੀ ਹੋਣੀ ਨਿੰਦ, ਫੇਰ ਝਗੜਾ ਇਕੋ ਵਾਰ ਦੇਣਾ ਪਾਈਆ । ਕਿਉਂ ਇਹ ਖੇਲ ਸੂਰੇ ਮਰਗਿੰਦ, ਮਿਹਰਵਾਨ ਵੇਖ ਵਖਾਈਆ । ਸਾਰੇ ਬਿਨਾ ਅੱਥਰੂਆਂ ਤੋਂ ਇਕ ਧਾਰ ਵਹਾਓ ਹਿੰਝ, ਬਹੁੜੀ ਬਹੁੜੀ ਕਰ ਕੇ ਰੌਲਾ ਦਿਉ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਮਿੱਟੀ ਕਹੇ ਵੇਖੀ ਖੇਲ ਅਜੀਬੀ, ਅਜਬ ਦਿਆਂ ਜਣਾਈਆ । ਗੁਰਮੁਖੋ ਤੁਹਾਡੇ ਅੰਦਰੋਂ ਕਢਣੀ ਗ਼ਰੀਬੀ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਜਿਹੜੀ ਦੀਨਾਂ ਮਜ਼੍ਹਬਾਂ ਦੀ ਹੋਈ ਬੇਤਰਤੀਬੀ, ਤਰੀਕਾ ਇਕੋ ਦਿਆਂ ਦ੍ਰਿੜਾਈਆ । ਵੇਖੋ ਤੁਸੀਂ ਦੂਰ ਦੁਰਾਡੇ ਬਣ ਗਏ ਨਜ਼ਦੀਕੀ, ਜ਼ਾਤ ਪਾਤ ਨਾ ਕੋਇ ਰਖਾਈਆ । ਕਿਸੇ ਨੇ ਜਾਣਾ ਨਹੀਂ ਮੰਦਰ ਮਸੀਤੀ, ਪੁਰਖ ਅਕਾਲ ਦਾ ਇਕੋ ਘਰ ਵੇਖ ਵਖਾਈਆ । ਹੁਣ ਛਡ ਦਿਉ ਪਹਿਲੀ ਕਹਾਣੀ ਬੀਤੀ, ਅਗਲਾ ਸਮਾਂ ਵੇਖੋ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਹੁਕਮ ਇਕ ਸੁਣਾਈਆ । ਜਨ ਭਗਤੋ ਇਹ ਸਗਣ ਰੱਖਣਾ ਤੁਹਾਡੇ ਅੰਦਰ, ਘਰ ਘਰ ਦਿਆਂ ਟਿਕਾਈਆ । ਖੋਲ੍ਹ ਦੇਣਾ ਬਜਰ ਕਪਾਟੀ ਜੰਦਰ, ਕੁੰਜੀ ਜਗਤ ਨਾ ਹੱਥ ਫੜਾਈਆ । ਮਨੂਆ ਮਨ ਭਵੇ ਨਾ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਅੰਧੇਰੀ ਗੁਫ਼ਾ ਵਿਚੋਂ ਕਢ ਕੇ ਕੰਦਰ, ਕਾਹਨ ਦੇਣਾ ਮਿਲਾਈਆ । ਤੁਹਾਡਾ ਸੋਹਣਾ ਸੁਹਾਉਣਾ ਅੰਗਣ, ਆਪਣਾ ਚਰਨ ਛੁਹਾਈਆ । ਕਿਸੇ ਦਵਾਰੇ ਕਿਸੇ ਨਹੀਂ ਜਾਣਾ ਮੰਗਣ, ਝੋਲੀ ਕਿਸੇ ਅੱਗੇ ਨਾ ਡਾਹੀਆ । ਆਹ ਵੇਖੋ ਗੋਬਿੰਦ ਦੀ ਧਾਰ ਗੁਰਮੁਖਾਂ ਦੇ ਸ਼ਕੰਗਣ, ਸੋਹਣੀ ਗੰਢ ਪੁਆਈਆ । ਇਕੋ ਸੱਯਦਾ ਇਕੋ ਬੰਦਨ, ਇਕੋ ਡੰਡਾਵਤ ਕਰਨੀ ਦੇ ਸਮਝਾਈਆ । ਹੁਣ ਝਗੜਾ ਪੈਣਾ ਵਿਚ ਵਰਭੰਡਣ, ਬ੍ਰਹਿਮੰਡ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਕੁਛ ਵੇਲਾ

ਆਉਣਾ ਸਖ਼ਤ, ਸਖ਼ਤੀ ਨਾਲ ਸਮਝਾਈਆ । ਇਕ ਅਕਾਲ ਦਾ ਕਾਇਮ ਰਹਿਣਾ ਤਖ਼ਤ, ਇੱਟਾਂ ਪੱਥਰਾਂ ਵਾਲਾ ਰਹਿਣ ਕੋਇ ਨਾ ਪਾਈਆ । ਜਿਥੇ ਮਾਇਆ ਦੀ ਕਰੇ ਕੋਈ ਨਾ ਬਚਤ, ਗੋਲਕਾਂ ਸਕੇ ਨਾ ਕੋਇ ਭਰਾਈਆ । ਅੱਖਰਾਂ ਵਿਚ ਬਣਾਏ ਕੋਇ ਨਾ ਬਜਟ, ਹਿੰਦਸਿਆਂ ਵੰਡ ਨਾ ਕੋਇ ਵੰਡਾਈਆ । ਸਤਿਗੁਰੂ ਘਰ ਵਿਚ ਕਦੇ ਨਹੀਂ ਗਿਣੀ ਜਾਏ ਅੱਜ ਕਿੰਨੀ ਹੋਈ ਵੱਟਤ, ਮਾਇਆ ਨਾਲ ਮਾਇਆਧਾਰੀ ਦੇਣੇ ਰੁੜ੍ਹਾਈਆ । ਵੇਖੋ ਕਿਹੜਾ ਆਉਣਾ ਉਹ ਵਕਤ, ਵਕਤ ਵੇਲਾ ਦਏ ਗਵਾਹੀਆ । ਕੋਈ ਕਾਇਮ ਰਹਿਸੀ ਸ਼ਖ਼ਸ, ਜਿਸ ਸਿਰ ਆਪਣਾ ਹੱਥ ਟਿਕਾਈਆ । ਇਹ ਖੇਲ ਵਰਤਾਉਣਾ ਵਾਲੀ ਅਰਸ਼, ਫ਼ਰਸ਼ਾਂ ਤੇ ਪਏ ਦੁਹਾਈਆ । ਨਜ਼ਰ ਆਉਣਾ ਨਹੀਂ ਕੋਈ ਚਰਚ, ਚਰਾਗਾਹ ਦਿਸੇ ਲੋਕਾਈਆ । ਭਗਤਾਂ ਦਾ ਵੰਡੇ ਭਗਵਾਨ ਆਪ ਦਰਦ, ਦੁਖੀਆਂ ਦਾ ਦੁੱਖ ਗਵਾਈਆ । ਤੁਸੀਂ ਬੇਨੰਤੀਆਂ ਰੋਜ਼ ਕਰੋ ਤੇ ਸਤਿਗੁਰੂ ਦੀ ਤੁਹਾਡੇ ਅੱਗੇ ਇਕ ਅਰਜ਼, ਇਕੋ ਵਾਰ ਸੁਣਾਈਆ । ਸਾਰਿਆਂ ਬੋਲਣਾ ਜ਼ੋਰ ਨਾਲ ਗਰਜ, ਬਿਨਾ ਪ੍ਰਭੂ ਤੋਂ ਸੀਸ ਨਾ ਕਿਸੇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਰੰਗ ਰੰਗਾਈਆ । ਸਤਾਈ ਪੋਹ ਕਹੇ ਮੈਂ ਵਜਾਉਣ ਆਇਆ ਡੌਰੂ, ਓਏ ਡੰਕਾ ਇਕ ਸੁਣਾਈਆ । ਜਨ ਭਗਤੋ ਉਠ ਕੇ ਪਾਓ ਖੌਰੂ, ਓਏ ਸੋਇਆ ਰਹਿਣ ਕੋਇ ਨਾ ਪਾਈਆ । ਵੇਖੋ ਇਕੋ ਤੁਹਾਡਾ ਪਾਹਰੂ, ਓਏ ਖ਼ਬਰਦਾਰ ਸਭ ਨੂੰ ਰਿਹਾ ਕਰਾਈਆ । ਤੁਹਾਨੂੰ ਵੜਨ ਨਹੀਂ ਦੇਣਾ ਮਸਾਣਾਂ ਵਿਚ ਗੋਰੂ, ਓਏ ਕਬਰਾਂ ਤੋਂ ਬਾਹਰ ਤੁਹਾਡਾ ਮੰਦਰ ਸਚਖੰਡ ਸੋਭਾ ਪਾਈਆ । ਪ੍ਰਭ ਦਾ ਸ਼ਬਦ ਆਦਿ ਅੰਤ ਦਾ ਬਾਂਕਾ ਛੋਹਰੂ, ਜਿਸ ਤੁਹਾਡੇ ਨਾਲ ਕੀਤੀ ਕੁੜਮਾਈਆ । ਜਿਸ ਵੇਲੇ ਚਾਹੋਗੇ ਓਸ ਵੇਲੇ ਬੌਹੜੂ, ਵੇਖੇ ਥਾਉਂ ਥਾਈਆ । ਜਿਸ ਨੂੰ ਕਹਿੰਦੇ ਬ੍ਰਾਹਮਣ ਗੌੜੂ, ਓਹ ਵੇਖੋ ਆਪਣਾ ਰੂਪ ਵਟਾਈਆ । ਤੁਹਾਡੀ ਇਕੋ ਮੰਜ਼ਲ ਤੇ ਇਕੋ ਪੌੜੂ, ਇਕੋ ਪੌੜੇ ਦਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਸਤਾਈ ਪੋਹ ਕਹੇ ਓਹ ਪ੍ਰਭੂ ਵੱਡਿਆ ਚਲਾਕਾ, ਕੀ ਜੁਗ ਜੁਗ ਕਾਰ ਕਮਾਈਆ । ਦੀਨਾਂ ਮਜ਼੍ਹਬਾਂ ਦਾ ਖਿਚਦਾ ਰਿਹੋਂ ਖ਼ਾਕਾ, ਇਨਸਾਨਾਂ ਅੰਦਰ ਵੰਡ ਵੰਡਾਈਆ । ਆਪ ਬਣਿਆ ਰਿਹੋਂ ਮਸੂਮ ਕਾਕਾ, ਗੁਰ ਅਵਤਾਰ ਪੈਗ਼ੰਬਰਾਂ ਦਿਤੀ ਵਡਿਆਈਆ । ਜਣਾਂ ਕੇ ਨਾਮ ਵਾਲੀਆਂ ਵਾਜਾਂ, ਸਿਫ਼ਤਾਂ ਵਿਚ ਸਾਲਾਹੀਆ । ਇਕੋ ਗੋਬਿੰਦ ਇਸ਼ਾਰਾ ਦਿਤਾ ਮੈਂ ਸੰਭਲ ਕੇ ਆਵਾਂ ਸੰਬਲ ਦੇ ਰਹਾਂ ਦੇਸ ਮਾਝਾ, ਸੰਭਲ ਆਪਣਾ ਕਦਮ ਟਿਕਾਈਆ । ਸਚ ਦਵਾਰੇ ਬਹਿ ਕੇ ਦੋ ਜਹਾਨ ਦੀਆਂ ਪਕੜਾਂ ਵਾਗਾਂ, ਵਾਗੀ ਹੋ ਕੇ ਭਗਤਾਂ ਕਲਜੁਗ ਵਿਚੋਂ ਬਾਹਰ ਕਢਾਈਆ । ਮਾਣ ਰਹੇ ਨਾ ਸੰਤ ਸਾਧਾਂ, ਸਤਿ ਵਿਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਪੁਰਖ ਅਕਾਲ ਦਾ ਇਕੋ ਗੁਣ, ਗੁਣਵੰਤਾ ਦਏ ਜਣਾਈਆ । ਜਨ ਭਗਤੋ ਸੱਜੇ ਖੱਬੇ ਹੱਥ ਦੀਆਂ ਮੁੱਠਾਂ ਮੀਟ ਕੇ ਬਣਾ ਲਓ ਘਸੁੰਨ, ਇਕ ਦੂਜੇ ਨਾਲ ਦਿਉ ਟਕਰਾਈਆ । ਕੋਈ ਰਹਿਣਾ ਨਹੀਂ ਰਿਖ ਮੁਨ, ਪੈਗ਼ੰਬਰਾਂ ਦਾ ਡੇਰਾ ਢਾਹੀਆ । ਭਗਵਾਨ ਨੇ ਆਪਣੇ ਭਗਤ ਲੈਣੇ ਚੁਣ, ਮਿਹਰ ਨਜ਼ਰ ਇਕ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੀ ਅਗੰਮ ਘਾਟੀ, ਲੋਕਮਾਤ ਧਿਆਨ ਲਗਾਈਆ । ਸਤਾਈ ਪੋਹ ਸੁਹਾਈ ਰਾਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਸਭ ਦਾ ਇਕੋ ਸੰਦੇਸ਼ਾ ਇਕੋ

ਲੇਖ ਪਾਤੀ, ਪੱਤਰਕਾ ਨਾਲ ਚਤੁਰਾਈਆ । ਜਨ ਭਗਤਾਂ ਪੂਰੀ ਹੋਏ ਆਸੀ, ਆਹਿਸਤਾ ਆਹਿਸਤਾ ਅਸਲ ਆਪਣਾ ਰੂਪ ਦਰਸਾਈਆ । ਸਭ ਦੀ ਬਖ਼ਸ਼ ਦੇਵੇ ਗੁਸਤਾਖੀ, ਕਰਮ ਕਾਂਡ ਦਾ ਡੇਰਾ ਢਾਹੀਆ । ਇਕੋ ਸਮਝਾ ਕੇ ਸੱਚੀ ਬਾਤੀ, ਬਾਤਨ ਦਾ ਪੜਦਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਆਪਣਾ ਹੱਥ ਰਖਾਈਆ । ਸਤਾਈ ਪੋਹ ਕਹੇ ਮੈਂ ਤੱਕਿਆ ਧੁਰ ਦਾ ਮਾਹੀ, ਜੋ ਮਮਤਾ ਮੋਹ ਮਿਟਾਈਆ । ਮੈਂ ਤੱਕਿਆ ਧੁਰ ਦਾ ਰਾਹੀ, ਜੋ ਰਹਿਬਰ ਥਾਉਂ ਥਾਈਂਆ । ਮੈਂ ਤੱਕਿਆ ਧੁਰ ਦਾ ਸ਼ਹਿਨਸ਼ਾਹੀ, ਸ਼ਾਹ ਪਾਤਸ਼ਾਹ ਇਕੋ ਅਖਵਾਈਆ । ਮੈਂ ਤੱਕਿਆ ਨੂਰ ਇਲਾਹੀ, ਜੋਤ ਜੋਤ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਦੇਂਦੇ ਰਹੇ ਗਵਾਹੀ, ਸ਼ਹਾਦਤ ਕਲਮਿਆਂ ਵਿਚ ਭੁਗਤਾਈਆ । ਉਹ ਭੱਜਿਆ ਆਇਆ ਬਣ ਕੇ ਰਾਹੀ, ਆਪਣਾ ਪੰਧ ਮੁਕਾਈਆ । ਜਿਨ੍ਹਾਂ ਗੁਰਮੁਖਾਂ ਨੂੰ ਪਿਛੇ ਚਲਾਇਆ ਕਦਮ ਢਾਈ, ਢਈਏ ਦਾ ਝਗੜਾ ਦਿਤਾ ਚੁਕਾਈਆ । ਅੱਗੇ ਰਹੀ ਕੋਇ ਨਾ ਖਾਈ, ਡੂੰਘੀ ਕੰਦਰ ਨਾ ਕੋਇ ਚਤੁਰਾਈਆ । ਜਨ ਭਗਤੋ ਸਚ ਦਵਾਰੇ ਦਏ ਬਹਾਈ, ਫੜ ਬਾਹੋਂ ਆਪ ਟਿਕਾਈਆ । ਇਹ ਛੱਬੀ ਪੋਹ ਦੀ ਸਭ ਨੂੰ ਮਿਲੇ ਵਧਾਈ, ਵਾਧੇ ਵਿਚ ਵਾਧਾ ਦਏ ਕਰਾਈਆ । ਘਰ ਨੂੰ ਜਾਣਾ ਚਾਈਂ ਚਾਈਂ, ਖ਼ੁਸ਼ੀਆਂ ਰੰਗ ਰੰਗਾਈਆ । ਗੁਰਮੁਖ ਗੁਰਮੁਖ ਨੂੰ ਸਮਝਣਾ ਤੂੰ ਮੇਰਾ ਧਰਮ ਧਾਰ ਦਾ ਭਾਈ, ਤੇ ਸਾਨੂੰ ਜੰਮਣ ਵਾਲੀ ਪੁਰਖ ਅਕਾਲ ਇਕੋ ਮਾਈਆ । ਜੇ ਸ਼ਬਦ ਸਤਿਗੁਰ ਬਚਨ ਮਨਜ਼ੂਰ ਏ ਹੱਸ ਕੇ ਦਿਓ ਵਖਾਈ, ਖ਼ੁਸ਼ੀਆਂ ਰੰਗ ਰੰਗਾਈਆ । ਸਾਰੇ ਕਹੋ ਚਾਚੀ ਤਾਈ, ਕੰਮ ਕਿਸੇ ਨਾ ਆਈਆ । ਮਾਸੀ ਫੂਫੀ ਤੋੜ ਕੋਇ ਨਾ ਜਾਈ, ਬਿਨਾ ਸਤਿਗੁਰ ਸ਼ਬਦ ਤੋਂ ਹੋਏ ਨਾ ਕੋਇ ਸਹਾਈਆ । ਨਾਤਾ ਕੂੜਾ ਦਿਸੇ ਨਾਰ ਕੰਤ ਇਕ ਦੂਜੇ ਨੂੰ ਸਮਝਣ ਧਾਰ ਪਰਾਈ, ਮੜ੍ਹੀ ਮਸਾਣਾਂ ਬੈਠੇ ਮੁਖ ਭਵਾਈਆ । ਸਤਿਗੁਰ ਪੂਰਾ ਕਦੇ ਨਾ ਕਰੇ ਜੁਦਾਈ, ਆਦਿ ਅੰਤ ਆਪਣਾ ਸਾਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿਗੁਰ ਸ਼ਬਦ ਕਹੇ ਓ ਗੁਰਮੁਖੋ ਤੁਸੀਂ ਚੜ੍ਹ ਗਏ ਓਸ ਖਾਰੇ, ਜਿਥੇ ਮੰਜ਼ਲ ਬੇਪਰਵਾਹੀਆ । ਤੁਹਾਡੀ ਮੰਜ਼ਲ ਮੁਕ ਗਈ ਜਗਤ ਦਵਾਰੇ, ਧੁਰ ਦਾ ਕੰਤ ਇਕ ਮਨਾਈਆ । ਉਹ ਸਗਣ ਜੇਹੜਾ ਅੱਸੂ ਦਾ ਰੱਖਿਆ ਸੰਭਾਲੇ, ਹਰਿ ਸੰਗਤ ਤੇਰੀ ਝੋਲੀ ਪਾਈਆ । ਜਨ ਭਗਤੋ ਤੁਹਾਡੇ ਵਿਚੋਂ ਅਜੇ ਡੋਲਦੇ ਬਾਹਲੇ, ਮਨ ਸਾਰਿਆਂ ਲੈਣਾ ਟਿਕਾਈਆ । ਭਾਣਾ ਵੇਖਣ ਨੂੰ ਬਣੋ ਨਾ ਕਾਹਲੇ, ਹੌਲੀ ਹੌਲੀ ਸਮੇਂ ਨਾਲ ਵਰਤਾਈਆ । ਸਦ ਰਹਿਵਾਂ ਤੁਹਾਡੇ ਆਲੇ ਦਵਾਲੇ, ਆਪਣਾ ਆਪ ਨਾ ਲਵਾਂ ਛੁਪਾਈਆ । ਸਭ ਦੇ ਹੱਲ ਕਰਾਂ ਸਵਾਲੇ, ਬਚਿਆ ਰਹਿਣ ਕੋਇ ਨਾ ਪਾਈਆ । ਬੇਸ਼ਕ ਛੱਬੀ ਪੋਹ ਦਾ ਦਿਨ ਸਤਾਈ ਦੀ ਰਾਤ ਤੁਸੀਂ ਬੜੇ ਕਟੇ ਪਾਲੇ, ਠੰਡ ਵਿਚ ਆਪਣਾ ਝਟ ਲੰਘਾਈਆ । ਜ਼ਰੂਰ ਫਲ ਲਗਾਵਾਂਗਾ ਤੁਹਾਡੇ ਕਾਇਆ ਡਾਲੇ, ਅੰਮ੍ਰਿਤ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤੋ ਤੁਹਾਡਾ ਵੇਖ ਕੇ ਖੇਲ ਅਨੋਖਾ, ਸਭ ਨੇ ਖ਼ੁਸ਼ੀ ਮਨਾਈਆ । ਪ੍ਰਭ ਨੂੰ ਮੰਨਣ ਵਿਚ ਕਦੇ ਨਹੀਂ ਹੋਇਆ ਧੋਖਾ, ਤੇ ਸਤਿਗੁਰ ਸ਼ਬਦ ਪਲੂ ਨਾ ਕਦੇ ਛੁਡਾਈਆ । ਜਿਸ ਮਾਰਗ ਦਿਤਾ ਸੌਖਾ, ਸਿੱਧਾ ਰਾਹ ਜਣਾਈਆ । ਪੜ੍ਹਨਾ ਪਏ ਕੋਈ ਨਾ ਪੋਥਾ, ਪੁਸਤਕ ਬਗ਼ਲ ਨਾ ਕੋਇ ਟਿਕਾਈਆ । ਲੱਭਣਾ ਪਏ ਕੋਈ ਨਾ ਕੋਠਾ, ਅੰਦਰ ਵੜ ਨਾ ਧਿਆਨ ਲਗਾਈਆ । ਮਣਕਾ ਫੇਰਨਾ ਪਏ ਨਾ ਉਤੇ ਪੋਟਾ, ਗਿਣਤੀ ਗਣਤ ਨਾ ਕੋਇ ਗਿਣਾਈਆ । ਤੂੰ ਮੇਰਾ

ਮੈਂ ਤੇਰਾ ਢੋਲਾ ਗਾਓ ਨਾਲ ਸ਼ੌਕਾ, ਸ਼ੌਕੀਨ ਹੋ ਕੇ ਮਿਲੇ ਤੁਹਾਡਾ ਮਾਹੀਆ । ਜੇ ਤੁਹਾਥੋਂ ਸਾਫ਼ ਨਹੀਂ ਹੁੰਦਾ ਕਾਇਆ ਚੌਂਕਾ, ਤੇ ਆਪੇ ਕਰੇ ਸਫ਼ਾਈਆ । ਤੁਹਾਨੂੰ ਹੁਣ ਪਤਾ ਨਹੀਂ ਆਪਣੇ ਨਾਲ ਮਿਲਾਵਣ ਦਾ ਬਣਾਇਆ ਮੌਕਾ, ਮੌਕੇ ਨਾਲ ਸਾਰੇ ਲਏ ਮਿਲਾਈਆ । ਗੋਬਿੰਦ ਜਾਗਿਆ ਲਾ ਕੇ ਢੌਂਕਾ, ਨੂਰ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਗੋਲੀ ਗਾਵੇ ਇਕ ਸ਼ਬਦ, ਪੁਰਖ ਅਕਾਲ ਸ਼ਬਦ ਇਕ ਵਡਿਆਈਆ । ਝਗੜਾ ਰਹੇ ਕੋਈ ਨਾ ਮਜ਼੍ਹਬ, ਦੀਨ ਦੁਨੀ ਨਾ ਵੰਡ ਵੰਡਾਈਆ । ਜਨ ਭਗਤੋ ਇਕ ਦੂਜੇ ਦਾ ਕਰਨਾ ਅਦਬ, ਪਿਆਰ ਵਿਚ ਸਮਝਾਈਆ । ਜੇ ਤੁਸੀਂ ਮੇਰੇ ਵੱਲ ਆਉਗੇ ਇਕ ਕਦਮ, ਕੋਟਾਂ ਜਨਮਾਂ ਦਾ ਲੇਖਾ ਦਿਆਂ ਮੁਕਾਈਆ । ਤੁਸੀਂ ਸਮਝਿਓ ਨਾ ਇਹ ਕਾਇਆ ਬਦਨ, ਤਤਾਂ ਵਾਲਾ ਜਗਤ ਹੰਢਾਈਆ । ਏਸ ਵਿਚ ਬਹਿ ਕੇ ਪੁਰਖ ਅਕਾਲ ਕਰੇ ਅਦਲ, ਇਨਸਾਫ਼ ਆਪਣੇ ਹੱਥ ਰਖਾਈਆ । ਏਹੋ ਜਾਮਾ ਗੋਬਿੰਦ ਦਾ ਆਇਆ ਬਦਲ, ਬਦਲੀ ਕਰੇ ਜਗਤ ਲੋਕਾਈਆ । ਸਤਿਗੁਰ ਸ਼ਬਦ ਨੂੰ ਕਰ ਸਕੇ ਕੋਈ ਨਾ ਕਤਲ, ਖੰਡਾ ਖੜਗ ਨਾ ਕੋਇ ਉਠਾਈਆ । ਤੁਹਾਨੂੰ ਲੈ ਕੇ ਜਾਵਾਂ ਓਸ ਵਤਨ, ਜਿਥੇ ਮਿਲੇ ਬੇਪਰਵਾਹੀਆ । ਤੁਹਾਡਾ ਇਕੋ ਕਿਨਾਰਾ ਤੇ ਇਕੋ ਪੱਤਨ, ਇਕੋ ਬੇੜਾ ਕੰਧ ਉਠਾਈਆ । ਤੁਸਾਂ ਇਕ ਮੰਨਣਾ ਬਚਨ, ਬਿਨਾ ਪੁਰਖ ਅਕਾਲ ਤੋਂ ਸੀਸ ਨਾ ਕਿਸੇ ਨਿਵਾਈਆ । ਜਿਥੇ ਭਗਤ ਭਗਵਾਨ ਵਸਣ, ਉਹ ਦਵਾਰਾ ਤੁਹਾਡਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਜਨ ਭਗਤੋ ਕਿਤੇ ਬੈਠੇ ਤੇ ਨਹੀਂ ਥੱਕੇ, ਥਕਾਵਟ ਵਿਚ ਨੀਂਦਰ ਆਈਆ । ਮੈਂ ਤੁਹਾਨੂੰ ਲੈ ਕੇ ਜਾਵਾਂ ਜਨ ਭਗਤੋ ਮਦੀਨੇ ਮੱਕੇ, ਕਾਅਬਿਆਂ ਵਿਚ ਫੇਰਾ ਪਾਈਆ । ਜਿਥੇ ਕਲਮੇ ਦੇ ਵਜਦੇ ਫੱਕੇ, ਅੱਲਾ ਹੂ ਅਕਬਰ ਐਲੀ ਹੈਦਰ ਨਾਅਰਾ ਲਾਈਆ । ਫ਼ਕੀਰ ਬਣ ਕੇ ਮੰਗਦੇ ਟਕੇ, ਬਗ਼ਲੀਆਂ ਹੱਥਾਂ ਵਿਚ ਟਿਕਾਈਆ । ਉਹ ਮੁਰੀਦ ਕਦੇ ਨਾ ਹੁੰਦੇ ਪੱਕੇ, ਜੇਹੜੇ ਮੁਰਸ਼ਦ ਦਾ ਰਾਹ ਗਏ ਭੁਲਾਈਆ । ਭਾਵੇਂ ਕੋਈ ਕਾਅਬੇ ਵਸੇ, ਸਤਿਗੁਰੂ ਦੇ ਅੱਗੇ ਪਿਛੇ ਨੱਠੇ, ਜਿੰਨਾ ਚਿਰ ਸਾਹਿਬ ਨਾ ਹਿਰਦੇ ਵਸੇ, ਮਿਲੇ ਨਾ ਕੋਇ ਵਡਿਆਈਆ । ਆਉ ਹੁਣ ਕੌਲ ਇਕਰਾਰ ਕਰੀਏ ਇਕੱਠੇ, ਗੁਰ ਚੇਲਾ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲ ਕੋਲੋਂ ਮੰਗ ਮੰਗੋ ਅਸੀਂ ਭਗਤ ਨਾ ਰਹੀਏ ਕੱਚੇ, ਕੱਚਿਆਂ ਤੋਂ ਪੱਕੇ ਦੇ ਬਣਾਈਆ । ਚੁਰਾਸੀ ਵਿਚ ਨਾ ਖਾਈਏ ਧੱਕੇ, ਆਵਣ ਜਾਵਣ ਦੇ ਕਟਾਈਆ । ਤੇਰੇ ਬਿਨਾ ਪਤ ਕੋਈ ਨਾ ਰੱਖੇ, ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਖੇਲ ਵਖਾਈਆ । ਜਨ ਭਗਤੋ ਆਉ ਚਲੀਏ ਵਿਚ ਗਿਰਜੇ, ਫਿਰੀਏ ਚਾਈਂ ਚਾਈਂਆ । ਪਹਿਲੋਂ ਸਾਫ਼ ਕਰੋ ਆਪਣੇ ਹਿਰਦੇ, ਕਲਪਣਾ ਬਾਹਰ ਕਢਾਈਆ । ਫੇਰ ਖੇਲ ਵੇਖੀਏ ਅਗੰਮੀ ਪਿਰ ਦੇ, ਜੋ ਪ੍ਰੀਤਮ ਇਕ ਅਖਵਾਈਆ । ਤੁਸੀਂ ਨਹੀਂ ਜਾਣਦੇ ਖੇਲ ਚਾਰ ਜੁਗ ਪਿਛਲੇ ਚਿਰ ਦੇ, ਕਲਜੁਗ ਅੰਤਮ ਜੋੜ ਜੁੜਾਈਆ । ਹੁਣ ਮਿਲੇ ਕਦੀ ਨਾ ਵਿਛੜਦੇ, ਸਚਖੰਡ ਦਵਾਰੇ ਦਿਆਂ ਪੁਚਾਈਆ । ਬੇਸ਼ਕ ਤੁਸੀਂ ਭਰੇ ਲਿਬੜੇ ਗਾਰੇ ਚਿੱਕੜ ਦੇ, ਹੱਥੀਂ ਧੋ ਕੇ ਤੁਹਾਡੀ ਦੁਰਮਤ ਮੈਲ ਕਰਾਂ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਕਾਰ ਕਮਾਈਆ । ਭਗਤੋ ਆਉ ਚਲੀਏ ਵਿਚ ਮੱਠਾਂ, ਸ਼ਿਵਦਵਾਲੇ ਖੋਜ ਖੁਜਾਈਆ । ਫਿਰੀਏ ਤੀਰਥ ਤੱਟਾਂ, ਗੰਗਾ ਗੋਦਾਵਰੀ ਜਮਨਾ ਸੁਰਸਤੀ ਵੇਖ ਵਖਾਈਆ । ਵੇਖੀਏ ਤਤਾਂ ਅੱਠਾਂ, ਗ੍ਰਹਿ

ਮੰਦਰ ਫੋਲ ਫੁਲਾਈਆ । ਵੇਖੀਏ ਨਾਮ ਬਾਣੀ ਦੇ ਹੱਟਾਂ, ਕਲਮਿਆਂ ਕੀ ਪੜ੍ਹਾਈਆ । ਸਭ ਦਾ ਮਾਤਾ ਪਿਤਾ ਇਕਾ, ਇਕੋ ਇਕ ਅਖਵਾਈਆ । ਓ ਗੁਰਮੁਖੋ ਫੇਰ ਦੀਨ ਮਜ਼੍ਹਬ ਦਾ ਝਗੜਾ ਕਾਹਦਾ ਰੱਟਾ, ਸਭ ਕੁਛ ਆਪਣੇ ਹੱਥ ਰਖਾਈਆ । ਜੁਗ ਜੁਗ ਖੇਲ ਪੁਰਖ ਸਮਰਥਾ, ਆਪਣੀ ਦਇਆ ਕਮਾਈਆ । ਏਸੇ ਕਰ ਕੇ ਗੋਬਿੰਦ ਨੇ ਮਾਣ ਵਡਿਆਈ ਦਿਤੀ ਸਿੱਖਾ, ਸਿਖ ਸਿਖਿਆ ਵਿਚੋਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਪੋਹ ਸਤਾਈ ਕਹੇ ਮੈਂ ਕੀ ਸੁਣਾਵਾਂ, ਸੁਣਾਉਣ ਦੀ ਲੋੜ ਰਹੀ ਨਾ ਰਾਈਆ । ਮੈਂ ਕੀ ਗਾਵਾਂ, ਗਾਉਣ ਦੀ ਲੋੜ ਰਹੀ ਨਾ ਰਾਈਆ । ਕੋਟਨ ਬੱਚੇ ਜੰਮਦੀਆਂ ਮਾਵਾਂ, ਭਗਤ ਗੋਦੀ ਨਾ ਕੋਇ ਉਠਾਈਆ । ਜਦੋਂ ਮਰਦੇ ਸਾਰੇ ਭਰਦੀਆਂ ਹਾਵਾ, ਹਾਏ ਹਾਏ ਕਰ ਸੁਣਾਈਆ । ਗੁਰਮੁਖੋ ਤੁਹਾਡੇ ਬਿਨਾ ਸਚ ਨਹੀਂ ਕੋਈ ਟਿਕਾਣਾ, ਧੁਰ ਦਾ ਸਾਥੀ ਨਜ਼ਰ ਕੋਇ ਨਾ ਆਈਆ । ਦੀਨ ਦੁਨੀ ਫਿਰਦੀ ਵਾਂਗ ਕਾਵਾਂ, ਕਾਗ ਵਾਂਗ ਕੁਰਲਾਈਆ । ਤੁਹਾਡਾ ਓਸ ਪ੍ਰਭੂ ਦੇ ਦਰ ਤੇ ਨਾਵਾਂ, ਜਿਥੋਂ ਸਕੇ ਨਾ ਕੋਇ ਤੁੜਾਈਆ । ਤੁਸਾਂ ਨਹੀਂ ਆਸ਼ਾ ਕੀਤੀ ਪ੍ਰਭੂ ਨੇ ਆਪਣੇ ਆਪ ਤੁਹਾਡੇ ਨਾਲ ਲੈ ਲਈਆਂ ਲਾਵਾਂ, ਆਤਮਾ ਪਰਮਾਤਮਾ ਨਾਲ ਪਰਨਾਈਆ । ਹੁਣ ਦੋਹਾਂ ਦਾ ਪਿਆਰ ਹੋ ਗਿਆ ਸਾਵਾਂ, ਅੱਗੇ ਸਕੇ ਨਾ ਕੋਇ ਤੁੜਾਈਆ । ਜੇ ਭੱਜੋਗੇ ਅੱਗੇ ਹੋ ਕੇ ਆਵਾਂ, ਪਹਿਰੇਦਾਰ ਹੋ ਕੇ ਲਵਾਂ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਸਤਾਈ ਪੋਹ ਕਹੇ ਮੈਂ ਹੋ ਗਿਆ ਚੁਪ, ਕਹਿਣ ਕੁਛ ਨਾ ਪਾਈਆ । ਜਿਹੜੇ ਬਣ ਗਏ ਪ੍ਰਭੂ ਦੇ ਪੁੱਤ, ਉਹ ਓਸ ਦੀ ਗੋਦ ਵਿਚ ਸਮਾਈਆ । ਉਹ ਨਿਕਲ ਗਏ ਵਿਚੋਂ ਅੰਧੇਰੇ ਘੁਪ, ਕਲਜੁਗ ਪੰਧ ਮੁਕਾਈਆ । ਉਨ੍ਹਾਂ ਸਿੱਧਾ ਸਚਖੰਡ ਵੱਲ ਕਰ ਲਿਆ ਰੁਖ਼, ਚਲਣ ਚਾਈਂ ਚਾਈਆ । ਜਿਥੇ ਨਾ ਕੋਈ ਸੁਖ ਤੇ ਨਾ ਕੋਈ ਦੁੱਖ, ਇਕੋ ਰੰਗ ਵਖਾਈਆ । ਜਨ ਭਗਤੋ ਤੁਸਾਂ ਫੇਰ ਆਉਣਾ ਨਹੀਂ ਕਿਸੇ ਮਾਂ ਦੀ ਕੁੱਖ, ਰਕਤ ਬੂੰਦ ਨਾ ਜੋੜ ਜੁੜਾਈਆ । ਇਕ ਵਾਰ ਫੇਰ ਖ਼ੁਸ਼ੀਆਂ ਵਿਚ ਸਾਰੇ ਜਾਓ ਉਠ, ਸੋਹੰ ਢੋਲਾ ਗਾਈਆ । ਸੁੱਤਾ ਰਹਿਣ ਨਹੀਂ ਦੇਣਾ ਕੋਈ ਵਿਚ ਗੁੱਠ, ਸਹਿਜੇ ਨਾਲ ਹਲੂਣੇ ਦਿਤੇ ਲਗਾਈਆ । ਭਾਵੇਂ ਕਿੰਨੇ ਬਾਹਰ ਵਾਲੇ ਰਜਾਈਆਂ ਲਓ ਘੁੱਟ, ਪਰਦੇ ਆਪਣੇ ਉਤੇ ਪਾਈਆ । ਇਹ ਸੌਣ ਵਾਲੀ ਨਹੀਂ ਰੁਤ, ਸੁੱਤਿਆਂ ਰਿਹਾ ਜਗਾਈਆ । ਸਭ ਨੂੰ ਆਪਣੀ ਗੋਦੀ ਚੁੱਕ, ਹਲੂਣਿਆਂ ਨਾਲ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ ।

### ✪ ੨੮ ਪੋਹ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ✪

ਜੰਮੂ ਸੰਗਤ ਕੇਸਰ ਲਿਆਉਣਾ ਰਤੀ ਢਾਈ, ਢਈਆ ਗੋਬਿੰਦ ਵੇਖ ਵਖਾਈਆ । ਸਚ ਦਵਾਰੇ ਸਤਿ ਸਚ ਕੁੜਮਾਈ, ਨਾਤਾ ਕੂੜ ਨਾ ਕੋਇ ਰਖਾਈਆ । ਮਸਤਕ ਤਿਲਕ ਦੇਣਾ ਲਗਾਈ, ਤੇਜਭਾਨ ਸੇਵ ਕਮਾਈਆ । ਸ਼ਬਦ ਸ਼ਹਾਦਤ ਦਏ ਗਵਾਹੀ, ਸਨਮੁਖ ਹੋ ਕੇ ਦਏ ਸਮਝਾਈਆ । ਜਨ ਭਗਤੋ ਹਿਰਦੇ ਕੂੜ ਨਾ ਰੱਖਣਾ ਰਾਈ, ਮਮਤਾ ਦੇਣੀ ਮਿਟਾਈਆ । ਸੌਹਰੇ ਪਈਏ ਖੇਲ ਧੀ ਜਵਾਈ, ਪ੍ਰਭ ਦਾ ਇਕੋ ਆਤਮਾ ਸੋਭਾ ਪਾਈਆ । ਸਚ ਦਵਾਰੇ ਸੀਸ ਦੇਣਾ ਨਿਵਾਈ, ਚਰਨ ਕਵਲ ਸਰਨਾਈਆ । ਸੋਹਣੀ ਰੁਤ ਸੁਹੰਜਣੀ ਆਈ, ਫਲ ਫੁਲਵਾੜੀ ਆਪ ਮਹਿਕਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜੰਮੂ ਵਾਲਿਓ ਦੇ ਦਿਉ ਪੱਗ ਕਸ਼ਮੀਰੀ, ਕੱਛ ਮੱਛ ਦਾ ਲੇਖ ਮੁਕਾਈਆ । ਹਿਰਦੇ ਰਹੇ ਨਾ ਕਿਸੇ ਦਿਲਗੀਰੀ, ਨਿਰੰਤਰ ਅੰਤਰ ਵੱਜੇ ਵਧਾਈਆ । ਗੁਰਮੁਖੋ ਝਗੜਾ ਛਡਣਾ ਗ਼ਰੀਬ ਅਮੀਰੀ, ਇਕੋ ਰੰਗ ਵੇਖਣਾ ਚਾਈਂ ਚਾਈਂਆ । ਇਹ ਆਸ਼ਾ ਰੱਖ ਕੇ ਗਿਆ ਹਰਿ ਗੋਬਿੰਦ ਜਿਸ ਨੇ ਧਾਰ ਚਲਾਈ ਮੀਰੀ ਪੀਰੀ, ਪੀਰ ਪੀਰਾਂ ਰੰਗ ਰੰਗਾਈਆ । ਇਕ ਦਵਾਰ ਇਕੋ ਪ੍ਰਭੂ ਦੀ ਚਲੇ ਪੀੜ੍ਹੀ, ਜੁਗ ਚੌਕੜੀ ਰੀਤੀ ਚਲੀ ਆਈਆ । ਜਿਸ ਪ੍ਰਹਿਲਾਦ ਤਾਰਿਆ ਬਣ ਕੇ ਕੀੜੀ, ਸੋ ਸਤਿ ਸਰੂਪ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਜੰਮੂ ਵਾਲਿਓ ਆਟਾ ਦੇ ਦਿਓ ਸਵਾ ਸੇਰ, ਬਲ ਬਾਵਨ ਮੰਗ ਮੰਗਾਈਆ । ਪ੍ਰਭ ਕਰਤਾ ਕਰੇ ਮਿਹਰ, ਮਿਹਰਵਾਨ ਸਰਨਾਈਆ । ਸ਼ਬਦ ਗੁਰੂ ਸਹਾਈ ਧੁਰ ਦਾ ਕੇਹਰ, ਭਬਕ ਇਕੋ ਇਕ ਦ੍ਰਿੜਾਈਆ । ਕੱਟਿਆ ਜਾਏ ਚੁਰਾਸੀ ਗੇੜ, ਚਾਰੇ ਖਾਣੀ ਨਾ ਕੋਇ ਭਵਾਈਆ । ਆਤਮ ਪਰਮਾਤਮ ਵਸੇ ਨੇੜ, ਦੂਰ ਦੁਰਾਡਾ ਪੰਧ ਮੁਕਾਈਆ । ਲਹਿਣਾ ਦੇਣਾ ਦਏ ਨਬੇੜ, ਪੂਰਬ ਲੇਖਾ ਰਹੇ ਨਾ ਰਾਈਆ । ਭਾਗ ਲਗਾ ਕੇ ਕਾਇਆ ਖੇੜ, ਅੰਦਰੋਂ ਪਰਦਾ ਦੇ ਚੁਕਾਈਆ । ਫ਼ਰਕ ਰਹੇ ਨਾ ਜ਼ਬਰ ਜ਼ੇਰ, ਨੂਰ ਨੂਰ ਰੁਸ਼ਨਾਈਆ । ਆਦਿ ਜੁਗਾਦਿ ਦਾ ਦਾਤਾ ਸ਼ਬਦ ਗੁਰੂ ਗੁਰ ਸ਼ੇਰ, ਸਿੰਘ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਵਾ ਸੇਰ ਆਟਾ ਰਿਹਾ ਹੱਸ, ਖ਼ੁਸ਼ੀ ਨਾਲ ਜਣਾਈਆ । ਜਨ ਭਗਤੋ ਪ੍ਰਭ ਦਾ ਗਾਉਣਾ ਇਕੋ ਜਸ, ਇਕੋ ਦਾਤਾ ਸਿਫ਼ਤ ਸਾਲਾਹੀਆ । ਜੋ ਹਰ ਘਟ ਅੰਦਰ ਰਿਹਾ ਵਸ, ਲੱਖ ਚੁਰਾਸੀ ਡੇਰਾ ਲਾਈਆ । ਅੰਮ੍ਰਿਤ ਧਾਰ ਦੇਵੇ ਰਸ, ਨਿਝਰ ਝਿਰਨਾ ਇਕ ਝਿਰਾਈਆ । ਅਣਿਆਲਾ ਤੀਰ ਮਾਰੇ ਕਸ, ਮੁਖੀ ਧਾਰ ਸ਼ਬਦ ਵਡਿਆਈਆ । ਦੁਰਮਤ ਮੈਲ ਦੇਵੇ ਕਟ, ਪਾਪਾਂ ਕਰੇ ਸਫ਼ਾਈਆ । ਸਿਰ ਤੇ ਰੱਖੇ ਆਦਿ ਜੁਗਾਦੀ ਹੱਥ, ਸਮਰਥ ਬੇਪਰਵਾਹੀਆ । ਸਾਢੇ ਤਿੰਨ ਹੱਥ ਕਾਇਆ ਚਲਾਏ ਰਥ, ਹੱਡ ਮਾਸ ਨਾੜੀ ਰੰਗ ਰੰਗਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਅੰਧ ਅੰਧੇਰਾ ਦਏ ਮਿਟਾਈਆ । ਦਰਸ਼ਨ ਦੇਵੇ ਹੋ ਪ੍ਰਤਖ, ਜੋਤੀ ਜਾਤਾ ਡਗਮਗਾਈਆ । ਜਨ ਭਗਤੋ ਤੁਹਾਡੀ ਰੀਤੀ ਚਾਰ ਜੁਗ ਤੋਂ ਵੱਖ, ਸੋਹਣਾ ਮਾਰਗ ਇਕ ਸਮਝਾਈਆ । ਵਰਨਾਂ ਬਰਨਾਂ ਇਕ ਦਵਾਰੇ ਜਾਣਾ ਵਸ, ਜਗਤ ਵੰਡ ਨਾ ਕੋਇ ਵੰਡਾਈਆ । ਸਭ ਦਾ ਸਾਂਝਾ ਇਕੋ ਜੇਹਾ ਹੱਕ, ਹਕੀਕਤ ਨਾਲ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਵਾ ਸੇਰ ਆਟਾ ਕਹੇ ਇਕ ਰੁਪਈਆ ਲਿਆਵੇ ਜੀਆ ਲਾਲ, ਰਾਮ ਦਾ ਲੇਖਾ ਦਿਆਂ ਮੁਕਾਈਆ । ਜਨਮ ਜਨਮ ਵਿਚ ਬਣਦਾ ਰਿਹਾ ਬਾਲ, ਕਰਮ ਕਰਮ ਸੰਗ ਰਖਾਈਆ । ਲਹਿਣਾ ਦੇਣਾ ਵੇਖਣਾ ਮਾਜ਼ੀ ਹਾਲ, ਭੇਵ ਅਭੇਦ ਰਹੇ ਨਾ ਰਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਆਸਾ ਮਨਸਾ ਵਾਲਾ ਸਵਾਲ, ਖ਼ਾਹਿਸ਼ ਖ਼ਾਹਿਸ਼ ਵਿਚੋਂ ਬਦਲਾਈਆ । ਕਦੇ ਪੋਹ ਨਾ ਸਕੇ ਕਾਲ, ਮਹਾਂਕਾਲ ਰੂਪ ਦਰਸਾਈਆ । ਸਤਿਗੁਰ ਸ਼ਬਦ ਵਿਚੋਲਾ ਜੁਗ ਜਨਮ ਦਿਆਂ ਵਿਛੜਿਆਂ ਲਏ ਭਾਲ, ਵੇਖੇ ਥਾਉਂ ਥਾਈਂਆ । ਜਨ ਭਗਤੋ ਤੁਹਾਡਾ ਸਗਣ ਇਕ ਰੁਪਈਆ ਜਿਥੇ ਨਾ ਕੋਈ ਸ਼ਾਹ ਤੇ ਨਾ ਕੋਈ ਕੰਗਾਲ, ਵੱਡੇ ਛੋਟੇ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਜੰਮੂ ਵਾਲਿਓ ਵੇਖੋ ਅੱਖ ਖੋਲ੍ਹ, ਬਾਵਨ ਆਇਆ ਚਾਈਂ

ਚਾਈਆ । ਪੁਰਖ ਅਬਿਨਾਸ਼ੀ ਰੂਪ ਇਕੋ ਪੋਲ, ਸਤਿ ਸਰੂਪ ਸੋਭਾ ਪਾਈਆ । ਸ਼ਬਦ ਅਗੰਮੀ ਰਿਹਾ ਬੋਲ, ਅਨਾਦੀ ਧੁਨ ਜਣਾਈਆ । ਚੇਲਾ
ਸਿੰਘ ਜੇਹੜੀਆ ਪੰਜ ਵਸਤੂ ਲਿਆਂਦੀਆਂ ਕੋਲ, ਗੁਰਦਰਸ਼ਨ ਕੌਰ ਦੀ ਝੋਲੀ ਦੇਣੀਆਂ ਪਾਈਆ । ਹਰਿ ਸੰਗਤ ਸਦਾ ਰਹਿਣਾ ਅਡੋਲ, ਨਾ ਕੋਈ
ਡੋਲੇ ਡੋਲ ਡੁਲਾਈਆ । ਚਾਰ ਜੁਗ ਸ਼ਬਦ ਦੀ ਧਾਰ ਵੱਜਣਾ ਢੋਲ, ਢੋਲਕ ਛੈਣਾ ਨਾ ਕੋਇ ਖੜਕਾਈਆ । ਗੋਬਿੰਦ ਵੇਖਣ ਵਾਲਾ ਘੋਲ, ਦੰਗਲ
ਪੈਣਾ ਚਾਈਂ ਚਾਈਂਆ । ਜਿਸ ਦਾ ਲੇਖਾ ਕੋਈ ਨਾ ਜਾਣੇ ਪੰਡਤ ਪਾਂਧਾ ਰੌਲ, ਨਛੱਤਰ ਗ੍ਰਹਿ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਪਗੜੀ ਕਹੇ ਮੈਂ ਸੱਤ ਰੰਗ ਦੀ ਦਸਤਾਰ, ਦਸਤ ਦਸਤ ਮਿਲੇ ਵਡਿਆਈਆ ।
ਮੇਰੇ ਅੰਦਰ ਪ੍ਰੀਤੀ ਓਸ ਨਿਰੰਕਾਰ, ਜੋ ਜੋਤੀ ਜੋਤ ਜੋਤ ਰੁਸ਼ਨਾਈਆ । ਮੈਨੂੰ ਲੇਖਾ ਦੱਸਿਆ ਜੋ ਵਜਾਉਂਦਾ ਰਿਹਾ ਸਤਾਰ, ਸਤਿ ਸਤਿ ਆਵਾਜ਼
ਸੁਣਾਈਆ । ਮੇਰਾ ਖੇਲ ਹੋਇਆ ਇਕ ਵਾਰ, ਜਨਕ ਦਵਾਰੇ ਸੋਭਾ ਪਾਈਆ । ਜਿਸ ਵੇਲੇ ਰਾਮ ਨੇ ਧਨੁਸ਼ ਲਿਆ ਸੀ ਉਠਾਲ, ਖ਼ੁਸ਼ੀਆਂ ਰੰਗ
ਰੰਗਾਈਆ । ਸੀਤਾ ਪਾਉਣ ਲੱਗੀ ਸੀ ਹਾਰ, ਸੱਤੇ ਰੰਗ ਇਕ ਦੂਜੇ ਨਾਲ ਦਿਤੇ ਜੁੜਾਈਆ । ਉਨ੍ਹਾਂ ਕੀਤਾ ਹਾਲ ਹਾਲ, ਕੂਕ ਕੂਕ ਸੁਣਾਈਆ ।
ਹੁਣ ਅਸੀਂ ਨਿੱਕੇ ਨਿੱਕੇ ਰੁਮਾਲ, ਛੋਟੇ ਛੋਟੇ ਵੇਖ ਵਖਾਈਆ । ਰਾਮ ਨੇ ਨਿਗਹ ਮਾਰੀ ਉਪਰ ਅਸਮਾਨ, ਬਿਨ ਨੈਣਾਂ ਨੈਣ ਉਠਾਈਆ । ਫੇਰ
ਵੇਖਿਆ ਰਾਮ ਨੇ ਰਾਮ, ਜੋ ਰਾਮ ਦਾ ਮਾਲਕ ਇਕ ਅਖਵਾਈਆ । ਓਸ ਸੰਦੇਸ਼ਾ ਦਿਤਾ ਧੁਰ ਪੈਗ਼ਾਮ, ਸ਼ਬਦੀ ਸ਼ਬਦ ਜਣਾਈਆ । ਜਿਸ ਵੇਲੇ
ਕਲਜੁਗ ਅੰਤ ਆਇਆ ਵਿਚ ਜਹਾਨ, ਚਾਰੋਂ ਕੁੰਟ ਅੰਧੇਰਾ ਛਾਈਆ । ਅੱਖਰਾਂ ਦਾ ਰਹੇ ਨਾ ਕੋਇ ਗਿਆਨ, ਸੁਰਤੀ ਸ਼ਬਦ ਨਾ ਕੋਇ ਮਿਲਾਈਆ ।
ਮਦਿਰਾ ਮਾਸ ਸਾਰੇ ਖਾਣ, ਰਸਨਾ ਕੂੜ ਕੂੜ ਹਲਕਾਈਆ । ਹਿਰਦੇ ਹਰਿ ਨਾ ਮੂਲ ਵਸਾਣ, ਕਾਇਆ ਮੰਦਰ ਨਾ ਕੋਇ ਰੁਸ਼ਨਾਈਆ । ਦੀਨ
ਮਜ਼੍ਹਬ ਜ਼ਾਤ ਪਾਤ ਮਾਨਵ ਮਾਨਵ ਇਕ ਦੂਜੇ ਨੂੰ ਬੁਰਾ ਤਕਾਣ, ਸੰਗੀ ਸੰਗ ਨਾ ਕੋਇ ਰਖਾਈਆ । ਤੇਜ ਰਹੇ ਕਿਸੇ ਨਾ ਭਾਨ, ਸੂਰੀਆ ਚੰਦ
ਨਾ ਕੋਇ ਰੁਸ਼ਨਾਈਆ । ਸ਼ਬਦ ਸੁਣੇ ਕੋਇ ਨਾ ਕਾਨ, ਢੋਲੇ ਕੂੜੇ ਗਾਵੇ ਜਗਤ ਲੋਕਾਈਆ । ਧਰਮ ਦਾ ਦੇਵੇ ਕੋਇ ਨਾ ਦਾਨ, ਜਗਤ ਲੁਟੇਰੇ
ਸੋਭਾ ਪਾਈਆ । ਪੰਡਤ ਪਾਂਧੇ ਹੋਣ ਬੇਈਮਾਨ, ਮੁੱਲਾ ਸ਼ੇਖ਼ ਮੁਸਾਇਕ ਤਸਬੀ ਕੂੜੀ ਗਲ ਲਟਕਾਈਆ । ਵਿਦਿਆ ਵਾਲਾ ਰਹੇ ਨਾ ਕੋਇ ਵਿਦਵਾਨ,
ਪਾਠੀ ਸੰਗ ਨਾ ਕੋਇ ਨਿਭਾਈਆ । ਹਰਿ ਦੀ ਕਰੇ ਨਾ ਕੋਇ ਪਹਿਚਾਨ, ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰੇ ਸਾਰੇ ਸੀਸ ਨਿਵਾਈਆ ।
ਰਾਮ ਕਹੇ ਮੈਂ ਵੇਖ ਹੋਇਆ ਹੈਰਾਨ, ਹੈਰਾਨੀ ਮੇਰੇ ਅੰਦਰ ਆਈਆ । ਓਨੇ ਚਿਰ ਨੂੰ ਸੀਤਾ ਕਰ ਦਿਤੀ ਪਰਨਾਮ, ਚਰਨਾਂ ਸੀਸ ਝੁਕਾਈਆ ।
ਮੇਰੇ ਸਾਹਿਬ ਸੱਚੇ ਭਗਵਾਨ, ਤੇਰੀ ਓਟ ਤਕਾਈਆ । ਤੂੰ ਹੋਣਾ ਨਿਗਾਹਬਾਨ, ਮਿਹਰ ਨਜ਼ਰ ਉਠਾਈਆ । ਰਾਮ ਨੇ ਆਪਣੇ ਪਕੜ ਕੇ ਕਾਨ,
ਹਲੂਣਾ ਦਿਤਾ ਲਗਾਈਆ । ਕਮਲੀਏ ਮੈਂ ਫਿਰਨਾ ਬੀਆਬਾਨ, ਜੰਗਲਾਂ ਵਿਚ ਭੱਜਾਂ ਵਾਹੋ ਦਾਹੀਆ । ਅਗਲਾ ਖੇਲ ਹੋਣਾ ਮਹਾਨ, ਅੰਦਰੇ
ਅੰਦਰ ਸੁਣਾਈਆ । ਮੇਰਾ ਸਾਥੀ ਰਾਵਣ ਨੌਜਵਾਨ, ਪਲੂ ਤੇਰਾ ਲਏ ਉਠਾਈਆ । ਫੇਰ ਫੜਨਾ ਤੀਰ ਕਮਾਨ, ਚਿੱਲਾ ਆਪਣੇ ਕੰਧ ਉਠਾਈਆ ।
ਯੁਧ ਕਰਾਂ ਘਮਸਾਨ, ਹਨਵੰਤ ਨਾਲ ਵਡਿਆਈਆ । ਲੰਕਾਪਤੀ ਮਾਰਾਂ ਝਗੜਾ ਮੁਕਾਵਾਂ ਜ਼ਿਮੀਂ ਅਸਮਾਨ, ਹੁਕਮ ਮੰਨਾਂ ਬੇਪਰਵਾਹੀਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਪੱਗ ਕਹੇ ਮੇਰੇ ਸੱਤੇ ਰੰਗ, ਸਤਿ

ਦੀ ਧਾਰ ਜਣਾਈਆ । ਆਦਿ ਅੰਤ ਤੋਂ ਗੁਰ ਅਵਤਾਰ ਪੈਗ਼ੰਬਰਾਂ ਮੰਗੀ ਮੰਗ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਏ ਗਵਾਹੀਆ । ਜਿਸ ਵੇਲੇ ਕੋਇ ਰਹੇ ਨਾ ਸੰਗ, ਸਗਲਾ ਸੰਗ ਨਾ ਕੋਇ ਨਿਭਾਈਆ । ਸੀਸ ਓਢਣ ਕਰੇ ਨੰਗ, ਪੜਦਾ ਸਕੇ ਕੋਇ ਨਾ ਪਾਈਆ । ਕਲਜੁਗ ਨੱਚੇ ਬਣ ਮਲੰਗ, ਡੌਰੂ ਘਰ ਘਰ ਡੰਕਾ ਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਵੇ ਅੰਧ, ਨੇਤਰ ਨੈਣ ਨਾ ਕੋਇ ਖੁਲ੍ਹਾਈਆ । ਆਵਣ ਜਾਵਣ ਮੁਕੇ ਕਿਸੇ ਨਾ ਪੰਧ, ਸਚ ਦਵਾਰੇ ਸੋਭਾ ਕੋਇ ਨਾ ਪਾਈਆ । ਓਸ ਵੇਲੇ ਭਗਤ ਭਗਵਾਨ ਦਾ ਸਾਂਝਾ ਹੋਣਾ ਛੰਦ, ਤੂੰ ਮੇਰਾ ਮੈਂ ਤੇਰਾ ਦੋਹਾਂ ਨੇ ਢੋਲਾ ਲੈਣਾ ਗਾਈਆ । ਪਤਿਪਰਮੇਸ਼ਵਰ ਨੇ ਆਤਮਾ ਪਰਮਾਤਮਾ ਦਾ ਕਰਨਾ ਕਾਰਜ ਅਨੰਦ, ਤਨ ਵਜੂਦ ਦਾ ਹਿੱਸਾ ਜਗਤ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਪਗੜੀ ਕਹੇ ਮੈਂ ਸਭ ਦੇ ਸਿਰ ਤੇ ਪਾਉਣਾ ਭਗਤ ਪੜਦਾ, ਸਤਿ ਸਤਿ ਸਮਝਾਈਆ । ਜੋ ਪਰਮ ਪੁਰਖ ਦਾ ਹੋਵੇ ਬਰਦਾ, ਪਤਿਪਰਮੇਸ਼ਵਰ ਸੀਸ ਨਿਵਾਈਆ । ਭੇਵ ਖੋਲ੍ਹਣਾ ਓਸ ਦੇ ਘਰ ਦਾ, ਗ੍ਰਿਹ ਮੰਦਰ ਦਿਆਂ ਵਖਾਈਆ । ਰੰਗ ਰੰਗਾਉਣਾ ਨਰਾਇਣ ਨਰ ਦਾ, ਨਰ ਹਰਿ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪਗੜੀ ਕਹੇ ਮੈਂ ਸਭ ਦੇ ਉਤੇ ਆਉਣਾ ਸੀਸ, ਛਤਰਧਾਰੀ ਨਜ਼ਰ ਕੋਇ ਨਾ ਆਈਆ । ਮਾਲਕ ਦੱਸਣਾ ਇਕ ਜਗਦੀਸ, ਜਗਦੀਸ਼ਰ ਬੇਪਰਵਾਹੀਆ । ਜੋ ਲੇਖਾ ਜਾਣੇ ਬੀਸ ਅਕੀਸ, ਅਕੀਸ ਅਕੀਸਾ ਨੂਰ ਇਲਾਹੀਆ । ਜਿਸ ਦਾ ਇਕੋ ਨਾਮ ਕਲਮਾ ਹਦੀਸ, ਹਜ਼ਰਤਾਂ ਤੋਂ ਪਰੇ ਕਰੇ ਪੜ੍ਹਾਈਆ । ਕਲਜੁਗ ਅੰਤਮ ਜਾਣਾ ਬੀਤ, ਲੋਕਮਾਤ ਰਹਿਣ ਨਾ ਪਾਈਆ । ਸੱਤ ਰੰਗ ਪਗੜੀ ਕਹੇ ਜਨ ਭਗਤੋ ਤੁਹਾਡੀ ਸਤਿਜੁਗ ਵਾਲੀ ਰੀਤ, ਚਾਰ ਵਰਨ ਲੈਣੀ ਅਪਣਾਈਆ । ਤੁਹਾਡਾ ਵਿਚੋਲਾ ਇਕ ਇਕ ਮੀਤ, ਪਰਮ ਪੁਰਖ ਅਖਵਾਈਆ । ਸਭ ਨੇ ਸਾਫ਼ ਰੱਖਣੀ ਨੀਤ, ਕਾਮ ਕਰੋਧ ਲੋਭ ਮੋਹ ਹੰਕਾਰ ਦੇਣਾ ਤਜਾਈਆ । ਤੁਹਾਡੀ ਕਾਇਆ ਰਹੇ ਠਾਂਡੀ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਤੁਹਾਡਾ ਖਹਿੜਾ ਛੁੱਟ ਗਿਆ ਮੰਦਰ ਮਸੀਤ, ਸ਼ਿਵਦਵਾਲੇ ਮੱਠ ਵੰਡ ਨਾ ਕੋਇ ਵੰਡਾਈਆ । ਹੁਣ ਸਾਰੀ ਸੰਗਤ ਇਕ ਪ੍ਰੇਮ ਦਾ ਗਾ ਲਉ ਗੀਤ, ਸ਼ਬਦ ਸ਼ਬਦ ਵਿਚੋਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਜਨ ਭਗਤ ਇਕੋ ਵਾਰ ਕੁੜਮ ਕੁੜਮ ਕਰੇ ਕੁੜਮਾਈ, ਕੁੜਮੇਟਾ ਬੰਸ ਸੋਭਾ ਪਾਈਆ । ਲੈਣ ਦੇਣ ਦੀ ਆਸਾ ਤ੍ਰਿਸ਼ਨਾ ਦੇਣੀ ਤਜਾਈ, ਅੰਦਰ ਮੰਗ ਨਾ ਕੋਇ ਮੰਗਾਈਆ । ਨਾਤਾ ਰੱਖਣਾ ਭੈਣ ਭਾਈ, ਘਰ ਸਾਚੇ ਵੱਜੇ ਵਧਾਈਆ । ਖ਼ੁਸ਼ੀਆਂ ਮੰਗਲ ਲੈਣਾ ਗਾਈ, ਸੋਹਲਾ ਅਗੰਮ ਅਥਾਹੀਆ । ਕਲਜੁਗ ਮਾਇਆ ਝੂਠਾ ਲਾਲਚ ਕੰਮ ਕਿਸੇ ਨਾ ਆਈ, ਧੰਨ ਦੌਲਤ ਨਾ ਕੋਇ ਚਤੁਰਾਈਆ । ਸ਼ਾਹ ਸੁਲਤਾਨ ਖ਼ਾਲੀ ਹੱਥ ਜਾਂਦੇ ਰਾਏ ਧਰਮ ਦਏ ਸਜ਼ਾਈ, ਅੱਗੇ ਹੋ ਨਾ ਕੋਇ ਬਚਾਈਆ । ਤੁਸਾਂ ਮਿਲ ਕੇ ਸਤਿਜੁਗ ਦੀ ਰੀਤੀ ਚਲਾਈ, ਜ਼ਾਤ ਪਾਤ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਗੁਰਮੁਖੋ ਸ਼ਾਦੀ ਦੇ ਸ਼ਾਦਿਆਨੇ, ਜਗਤ ਸਕੇ ਨਾ ਕੋਇ ਵਜਾਈਆ । ਜਿਸ ਦੇ ਕਾਰਨ ਗੁਰ ਅਵਤਾਰ ਪੈਗ਼ੰਬਰਾਂ ਦਿਤੇ ਬਿਆਨੇ, ਨਾਮ ਵਸੀਕੇ ਉਤੇ ਗਏ ਲਿਖਾਈਆ । ਓਹ ਬਦਲ ਗਏ ਜਮਾਨੇ, ਸਮਾਂ ਆਪਣਾ ਢੰਗ ਬਦਲਾਈਆ । ਅੱਗੇ ਹੁਕਮ ਵਰਤਣਾ ਸ੍ਰੀ ਭਗਵਾਨੇ, ਨਾ ਕੋਈ ਮੇਟੇ ਮੇਟ ਮਿਟਾਈਆ । ਜਗਤ ਵਿਹਾਰ

ਦੇ ਰਹਿਣੇ ਨਹੀਂ ਮਹਿਮਾਨਖ਼ਾਨੇ, ਗ੍ਰਿਹ ਇਕੋ ਵੱਜੇ ਵਧਾਈਆ । ਇਕੋ ਰੰਗ ਰੰਗਾਉਣੇ ਰੰਕ ਰਾਉ ਰਾਣੇ, ਦਰ ਇਕੋ ਸੋਭਾ ਪਾਈਆ । ਗੁਰਮੁਖੋ ਸਭ ਨੇ ਬਣਨਾ ਸੁਘੜ ਸੁਚੱਜੇ ਸਿਆਣੇ, ਮਨ ਮਤ ਦੇਣੀ ਗਵਾਈਆ । ਗੁਰ ਗੋਬਿੰਦ ਦੱਸ ਕੇ ਗਿਆ ਪੁਰਖ ਅਕਾਲ ਦੇ ਮੰਨਣੇ ਭਾਣੇ, ਓਟ ਇਕੋ ਇਕ ਤਕਾਈਆ । ਘਰ ਬਾਹਰ ਛਡ ਕੇ ਬੰਸ ਸਰਬੰਸ ਵਾਰ ਕੇ ਮਾਛੂਵਾੜੇ ਸੁੱਤਾ ਦੇ ਕੇ ਬਾਂਹ ਸਰਹਾਣੇ, ਸੱਥਰ ਯਾਰੜਾ ਇਕ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਰੰਗ ਰੰਗਾਈਆ । ਓ ਗੁਰਮੁਖੋ ਹੋਇਆ ਵਿਆਹ, ਪਾਇਆ ਹਰਿ ਨਿਰੰਕਾਰ । ਭਗਤਾਂ ਦੇ ਭਗਤ ਗਵਾਹ, ਸ਼ਹਾਦਤ ਦੇਣ ਪੈਗ਼ੰਬਰ ਗੁਰੂ ਅਵਤਾਰ । ਸਤਿਜੁਗ ਸਾਚਾ ਸਭ ਦਾ ਹੋਵੇ ਰਾਹ, ਰਹਿਬਰ ਹੋਵੇ ਪਰਵਰਦਿਗਾਰ । ਇਕੋ ਦਰ ਹੋਵੇ ਦੁਆ, ਸੱਜਦਾ ਇਕ ਹੋਵੇ ਨਿਮਸਕਾਰ । ਜਿਸ ਨੂੰ ਕਹਿੰਦੇ ਰਹੇ ਖ਼ੁਦਾ, ਖ਼ੁਦ ਮਾਲਕ ਸਾਂਝਾ ਯਾਰ । ਉਹ ਕਲਜੁਗ ਦਾ ਕਲ ਰਿਹਾ ਬਦਲਾ, ਸਤਿਜੁਗ ਸਚ ਕਰੇ ਉਜਿਆਰ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਵਾਹ ਵਾਹ, ਕਰੋੜ ਤੇਤੀਸਾ ਫੂਲਨ ਬਰਖੇ ਆਪਣੀ ਧਾਰ । ਇੰਦਰ ਸੇਵਾ ਰਿਹਾ ਕਮਾ, ਅੰਮ੍ਰਿਤ ਛਿੜਕੇ ਅਪਰ ਅਪਾਰ । ਵਕਤ ਸੁਹੰਜਣਾ ਗਿਆ ਆ, ਨਾਤਾ ਤੁਟੇ ਕੂੜ ਸੰਸਾਰ । ਗੁਰਮੁਖੋ ਜੇ ਤੁਹਾਡਾ ਸਭ ਦਾ ਇਕ ਪਿਆਰ, ਤੇ ਸਾਰੇ ਬਾਹਵਾਂ ਲਉ ਉਠਾਲ । ਗੁਰਸਿਖ ਹੋ ਕੇ ਬਣਿਓ ਨਾ ਕੋਇ ਬੁਰਿਆਰ, ਰਸਨਾ ਨਾਲ ਫਿਕਾ ਬੋਲ ਕਰਿਓ ਨਾ ਕੋਇ ਗੁਨਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਬਖ਼ਸ਼ਣਹਾਰ ਦੀਦਾਰ । ਅਠਾਈ ਪੋਹ ਕਹੇ ਮੇਰਾ ਦੋ ਅੱਠ ਦਾ ਸਮਾਂ, ਸਰਗੁਣ ਤਤਾਂ ਵਿਚ ਵਡਿਆਈਆ । ਧਰਮ ਸੰਦੇਸ਼ਾ ਧੁਰ ਦਾ ਕਹਿਵਾਂ, ਕਹਿ ਕੇ ਦਿਆਂ ਸੁਣਾਈਆ । ਸਤਿਜੁਗ ਮਾਰਗ ਚਲਣਾ ਨਵਾਂ, ਨੌਂ ਖੰਡ ਪ੍ਰਿਥਮੀ ਸੱਤ ਦੀਪ ਵੱਜੇ ਵਧਾਈਆ । ਅੱਗੇ ਵਕਤ ਨਹੀਂ ਰਿਹਾ ਲੰਮਾ, ਪੈਂਡਾ ਆਪਣਾ ਪੰਧ ਮੁਕਾਈਆ । ਨਾ ਕੋਈ ਹਰਖ਼ ਸੋਗ ਰਹੇ ਗ਼ਮਾ, ਜਨ ਭਗਤੋ ਅੰਦਰੋਂ ਚਿੰਤਾ ਦੇਣੀ ਕਢਾਈਆ । ਲੈਣ ਦੇਣ ਦੀ ਕਿਸੇ ਨਹੀਂ ਕਰਨੀ ਤਮਾ, ਲਾਲਚ ਵਿਚ ਕੋਇ ਨਾ ਆਈਆ । ਤੁਹਾਡੇ ਕੋਲੋਂ ਸਤਿ ਦੀ ਧਾਰ ਕਰਨੀ ਰਵਾਂ, ਭਗਤ ਜਗਤ ਵਿਚ ਪਰਗਟਾਈਆ । ਮੋਹ ਵਿਕਾਰ ਦਾ ਲਾ ਕੇ ਤੁਹਾਡੇ ਅੰਦਰ ਬੰਨਾ, ਹੱਦ ਪਿਛਲੀ ਦੇਣੀ ਗਵਾਈਆ । ਵੇਖਿਓ ਹਰਿਜਨ ਹੋ ਕੇ ਬਣਿਓ ਕੋਇ ਨਾ ਅੰਨ੍ਹਾ, ਨੇਤਰਹੀਣ ਨਾ ਕੋਇ ਅਖਵਾਈਆ । ਸੰਦੇਸ਼ਾ ਸੁਣੋ ਬਿਨਾ ਕੰਨਾਂ, ਹਿਰਦੇ ਅੰਦਰ ਆਪਣੇ ਖੋਜ ਖੁਜਾਈਆ । ਓ ਕਿਸੇ ਕੰਮ ਨਹੀਂ ਆਉਣਾ ਮਾਟੀ ਚੰਮਾ, ਚੰਮ ਦ੍ਰਿਸ਼ਟੀ ਲੈਣੀ ਬਦਲਾਈਆ । ਯਾਦ ਕਰ ਲਿਉ ਪੈਸੇ ਪਿਛੇ ਗੋਬਿੰਦ ਦੇ ਬੱਚੇ ਫੜਾਏ ਬ੍ਰਾਹਮਣ ਹੋ ਕੇ ਪੰਮਾਂ, ਧੰਨ ਦੌਲਤ ਕੰਮ ਕਿਸੇ ਨਾ ਆਈਆ । ਤੁਹਾਡੇ ਕੋਲ ਪ੍ਰਭ ਦੇ ਨਾਮ ਦਾ ਧਨਾ, ਖਾਉ ਖਰਚੋ ਨਿਖੁੱਟ ਕਦੇ ਨਾ ਜਾਈਆ । ਰਾਏ ਧਰਮ ਨਾ ਦੇਵੇ ਡੰਨਾ, ਚਿਤ੍ਰਗੁਪਤ ਨਾ ਲੇਖ ਜਣਾਈਆ । ਏਹੋ ਵਿਵਹਾਰ ਦੱਸਿਆ ਗੁਰੂ ਗ੍ਰੰਥ ਚੌਦਾਂ ਸੌ ਤੀਹ ਅੰਕ ਦਾ ਪੰਨਾ, ਚੌਥੀ ਲਾਵ ਪ੍ਰਭ ਅਬਿਨਾਸ਼ੀ ਨੂੰ ਮਿਲ ਕੇ ਆਪਣਾ ਮੰਦਰ ਲਉ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਵੇਖੇ ਆਪਣੇ ਚੰਨਾ, ਚੰਨ ਸੂਰਜ ਤੋਂ ਪਰੇ ਖੋਜ ਖੁਜਾਈਆ ।

## ੨੯ ਪੋਹ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ

ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭੂ ਤੇਰਿਆਂ ਭਗਤਾਂ ਮੰਗੀ ਲੋਹੜੀ, ਲੋਆਂ ਪੁਰੀਆਂ ਤੋਂ ਬਾਹਰ ਧਿਆਨ ਲਗਾਈਆ । ਕਿਸ਼ਨ ਸਿੰਘ ਹਾਲ ਦੁਹਾਈ ਕੀਤੀ ਬਹੁੜੀ, ਉਚੀ ਕੂਕ ਕੂਕ ਸੁਣਾਈਆ । ਦਾਤ ਵਿਚ ਮੰਗਣ ਭਗਤ ਭਗਵਾਨ ਦੀ ਬਣੀ ਰਹੇ ਜੋੜੀ, ਨਾਤਾ ਆਤਮ ਪਰਮਾਤਮ ਰਖਾਈਆ । ਸੋਹੰ ਧਾਰ ਮਿੱਠਾ ਰਸ ਦੇ ਗੁੜ ਰੋੜੀ, ਰੋੜਾ ਕੂੜ ਰਹੇ ਨਾ ਰਾਈਆ । ਪਿਛੇ ਦੇਂਦਾ ਰਿਹੋਂ ਭੋਰੀ ਭੋਰੀ, ਹੁਣ ਝੋਲੀ ਦੇ ਭਰਾਈਆ । ਸਾਧ ਸੰਤ ਤੈਨੂੰ ਲੱਭਦੇ ਚੋਰੀ, ਅੰਦਰ ਵੜ ਧਿਆਨ ਲਗਾਈਆ । ਭਗਤਾਂ ਆਪਣੇ ਨਾਲ ਬੰਨ੍ਹ ਲੈ ਡੋਰੀ, ਅੱਗੇ ਸਕੇ ਨਾ ਕੋਇ ਤੁੜਾਈਆ । ਮਨ ਕਲਪਣਾ ਵੱਲੋਂ ਮੋੜੀਂ, ਮੂਰਖ ਮੂੜ੍ਹ ਆਪ ਸਮਝਾਈਆ । ਸਾਡੀ ਮੰਗ ਬਹੁਤੀ ਥੋੜ੍ਹੀ, ਖ਼ੁਸ਼ੀਆਂ ਨਾਲ ਮੰਗ ਮੰਗਾਈਆ । ਵੇਖੀਂ ਦਰ ਆਏ ਕਿਸੇ ਨਾ ਹੋੜੀਂ, ਕਰਵਟ ਆਪਣੀ ਨਾ ਆਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤ ਮੰਗਦੇ ਮੁਰਾਦ ਚੰਗੀ, ਲੋੜੀਂਦੇ ਸੱਜਣ ਦੇਣੀ ਪਾਈਆ । ਸਾਡੀ ਪਿੱਠ ਰਹੇ ਨਾ ਨੰਗੀ, ਮਿਹਰ ਨਜ਼ਰ ਹੱਥ ਉਠਾਈਆ । ਦੁੱਖ ਭੁੱਖ ਰਹੇ ਨਾ ਤੰਗੀ, ਸੁਖ ਸਾਗਰ ਵਿਚ ਸਮਾਈਆ । ਨੇਤਰ ਅੱਖ ਰਹੇ ਨਾ ਅੰਧੀ, ਲੋਚਨ ਦੇਣਾ ਖੁਲ੍ਹਾਈਆ । ਆਤਮ ਧਾਰ ਰਹੇ ਨਾ ਰੰਡੀ, ਕੰਤ ਸੁਹਾਗ ਹੋਣਾ ਸਹਾਈਆ । ਪਿਛਲੀ ਟੁੱਟੀ ਜਾਏ ਗੰਢੀ, ਅੱਗੇ ਸਕੇ ਨਾ ਕੋਇ ਤੁੜਾਈਆ । ਮਨ ਵਾਸਨਾ ਰਹੇ ਨਾ ਮੰਦੀ, ਮੋਹ ਮਮਤਾ ਪਰੇ ਤਜਾਈਆ । ਸਿਰ ਝੁਕੇ ਕਿਸੇ ਨਾ ਡੰਬੀ, ਪਖੰਡੀ ਸੰਗ ਨਾ ਕੋਇ ਨਿਭਾਈਆ । ਦੀਨ ਮਜ਼੍ਹਬ ਦੀ ਰਹੇ ਨਾ ਕੋਇ ਪਾਬੰਦੀ, ਸ਼ਰਅ ਜ਼ੰਜੀਰ ਦੇਣੇ ਕਟਾਈਆ । ਝਗੜਾ ਮੁਕਾਉਣਾ ਜੇਰਜ ਅੰਡੀ, ਉਤਭੁਜ ਸੇਤਜ ਖਹਿੜਾ ਦੇਣਾ ਛੁਡਾਈਆ । ਨਾਮ ਮੁਹਾਣਾ ਦੇਣਾ ਵੰਝੀ, ਸੰਸਾਰ ਸਾਗਰ ਪਾਰ ਕਰਾਈਆ । ਆਤਮ ਸੇਜ ਸੁਹਾਉਣੀ ਮੰਜੀ, ਸਿੰਘਾਸਣ ਆਪਣਾ ਆਪ ਵਡਿਆਈਆ । ਦੂਈ ਦੀ ਧਾਰ ਰਹੇ ਨਾ ਕੰਧੀ, ਹਉਮੇ ਰੋਗ ਦੇਣਾ ਗਵਾਈਆ । ਭਗਤ ਭਗਤ ਦਾ ਬਣਾਉਣਾ ਸਤਿਸੰਗੀ, ਗੁਰਮੁਖ ਗੁਰਮੁਖ ਜੋੜ ਜੁੜਾਈਆ । ਨਿਝਰ ਰਸ ਦੇਣਾ ਅਨੰਦੀ, ਅਨੰਦ ਆਪਣਾ ਇਕ ਵਰਤਾਈਆ । ਵਾਸਨਾ ਮੂਲ ਰਹੇ ਨਾ ਗੰਦੀ, ਦੁਰਮਤ ਮੈਲ ਦੇਣੀ ਧਵਾਈਆ । ਪਿਛਲੀ ਪਿਛੇ ਜੇਹੜੀ ਲੰਘੀ, ਅੱਗੇ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਖੇਲ ਖਿਲਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਗੁਰਮੁਖ ਲੋਹੜੀ ਮੰਗਦੇ ਨਾਮ ਨਿਧਾਨ, ਤੇਰੀ ਸਰਨਾਈਆ । ਅਗਲਾ ਹੁਕਮ ਦੱਸ ਪੈਗ਼ਾਮ, ਹਜ਼ਰਤਾਂ ਦੇ ਹਜ਼ਰਤ ਕਰ ਪੜ੍ਹਾਈਆ । ਮੰਜ਼ਲ ਮਾਰਗ ਹੋਏ ਆਸਾਨ, ਰਹਿਬਰ ਰਾਹ ਦੇਣਾ ਜਣਾਈਆ । ਸ਼ਰਅ ਜ਼ੰਜੀਰ ਰਹੇ ਨਾ ਕੋਇ ਗ਼ੁਲਾਮ, ਗ਼ੁਰਬਤ ਅੰਦਰੋਂ ਬਾਹਰ ਕਢਾਈਆ । ਇਕੋ ਕਲਮਾ ਦੇ ਕਲਾਮ, ਕਾਇਨਾਤ ਦੇ ਸਮਝਾਈਆ । ਇਕੋ ਮਹਿਬੂਬ ਹੋਵੇ ਮਿਹਰਵਾਨ, ਮੁਹੱਬਤ ਵਿਚ ਸਮਾਈਆ । ਇਕੋ ਰਸ ਪੀਣ ਖਾਣ, ਇਕੋ ਗੰਢ ਦੇਣੀ ਜਣਾਈਆ । ਇਕੋ ਰੰਗ ਮਹੱਲ ਅਟਲ ਮਹਾਨ, ਬੇਪਹਿਚਾਨ ਦੇਣਾ ਜਣਾਈਆ । ਤੇਰਾ ਲੇਖਾ ਨੌਜਵਾਨ, ਜੁਗ ਜੁਗ ਸਭ ਦੀ ਝੋਲੀ ਪਾਈਆ । ਕਲਜੁਗ ਅੰਤਮ ਮਾਰ ਧਿਆਨ, ਗਿਆਨੀ ਧਿਆਨੀ ਬੈਠੇ ਮੁਖ ਭਵਾਈਆ । ਪਵਿੱਤਰ ਹੋਇਆ ਨਾ ਕੋਈ ਕਰ ਇਸ਼ਨਾਨ, ਅੱਠ ਸੱਠ ਸਾਰੇ ਦੇਣ ਦੁਹਾਈਆ । ਪੁਸਤਕ ਪੜ੍ਹ ਪੜ੍ਹ ਥੱਕਾ ਜਹਾਨ, ਤੇਰਾ ਦਰਸ ਕੋਇ ਨਾ ਪਾਈਆ । ਕਿਰਪਾ ਕਰ ਕੇ ਜਨ

ਭਗਤਾਂ ਆਪੇ ਮਿਲ ਆਣ, ਮਿਲਣੀ ਆਪਣੇ ਨਾਲ ਕਰਾਈਆ । ਕੋੜਿਆਂ ਕਮਲਿਆਂ ਕਰ ਪਰਵਾਨ, ਚਿੱਕੜ ਭਰੇ ਗੋਦ ਉਠਾਈਆ । ਸਾਡੇ ਸਿਰ ਕਰ ਅਹਿਸਾਨ, ਸਿਰ ਆਪਣਾ ਹੱਥ ਟਿਕਾਈਆ । ਪ੍ਰਭੂ ਭਗਤ ਨਾਲੇ ਤੇਰੇ ਮੰਗਤੇ ਨਾਲੇ ਤੇਰੇ ਮਹਿਮਾਨ, ਦੋਵੇਂ ਰੂਪ ਦਰਸਾਈਆ । ਨਾਲੇ ਬੁੱਢੇ ਨੱਢੇ ਬਣ ਅੰਜਾਣ, ਰੋ ਰੋ ਕੁਰਲਾਈਆ । ਸਾਡੀ ਝੋਲੀ ਪਾ ਦੇ ਭਗਤੀ ਦਾ ਦਾਨ, ਜਗਤ ਲੋਹੜੀ ਮੰਗ ਨਾ ਕੋਇ ਮੰਗਾਈਆ । ਰਸਨਾ ਮੰਗੇ ਨਾ ਪੀਣ ਖਾਣ, ਪਾਨ ਸਪਾਰੀ ਨਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਜਨ ਭਗਤ ਲੋਹੜੀ ਮੰਗਣ ਕੋਇ ਨਾ ਆਇਆ, ਪਿਛਲਾ ਜੁਗ ਦਏ ਗਵਾਹੀਆ । ਕਲਜੁਗ ਖੇਲ ਵੇਖ ਬੇਪਰਵਾਹਿਆ, ਬੇਪਰਵਾਹੀ ਵਿਚ ਸਮਾਈਆ । ਹਰਿਜਨ ਜੋ ਆਪਣੇ ਰੰਗ ਰੰਗਾਇਆ, ਰੰਗ ਰਤੜਾ ਘਰ ਬਹਾਈਆ । ਉਹ ਛਡ ਕੇ ਜਗਤ ਮਾਇਆ, ਝੋਲੀ ਨਾਮ ਅੱਗੇ ਡਾਹੀਆ । ਦੇ ਵਸਤ ਜਿਹੜੀ ਤੋਹੇ ਭਾਇਆ, ਭਾਵ ਭਾਵਨੀ ਨਾ ਕੋਇ ਰਖਾਈਆ । ਮਾਇਆ ਮਮਤਾ ਮੋਹ ਤਜਾਇਆ, ਰਜੋ ਤਮੋ ਸਤੋ ਸੰਗ ਨਾ ਕੋਇ ਰਖਾਈਆ । ਆਪਣੀ ਕਾਇਆ ਚਰਨਾਂ ਭੇਟ ਚੜ੍ਹਾਇਆ, ਤੇਰਾ ਤੇਰੀ ਝੋਲੀ ਪਾਈਆ । ਨਾਮ ਭੰਡਾਰਾ ਦੇਹੁ ਵਰਤਾਇਆ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤਾਂ ਰਲ ਕੇ ਸ਼ੋਰ ਮਚਾਇਆ, ਉਚੀ ਕੂਕ ਕੂਕ ਸੁਣਾਈਆ । ਪ੍ਰਭੂ ਕਿਹਨੂੰ ਕਹੇਂ ਪਰਾਇਆ, ਨਾਤਾ ਜਾਏਂ ਤੁੜਾਈਆ । ਜੋ ਤੇਰੇ ਦਰ ਤੇ ਆਇਆ, ਖ਼ਾਲੀ ਪਰਤ ਮੁਖ ਨਾ ਕੋਇ ਭਵਾਈਆ । ਸਚ ਭੰਡਾਰੇ ਨਾਲ ਦੇ ਰਜਾਇਆ, ਤ੍ਰਿਸ਼ਨਾ ਤ੍ਰਿਖਾ ਗਵਾਈਆ । ਜੁਗ ਚੌਕੜੀ ਪਿਛੋਂ ਲੋੜੀਂਦੇ ਸੱਜਣ ਲੋਹੜੀ ਮੰਗਣ ਤੇਰਾ ਹਰਿਜਨ ਆਇਆ, ਭਗਤ ਸੁਹੇਲਾ ਪਿਛਲਾ ਪੰਧ ਮੁਕਾਈਆ । ਵਸਤ ਅਗੰਮ ਦੇ ਵਰਤਾਇਆ, ਅਮੋਲਕ ਆਪਣੀ ਝੋਲੀ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਪੁਰਖ ਅਕਾਲ ਕਹੇ ਮੇਰੀ ਲੋਹੜੀ ਸਦਾ ਅਨਡਿੱਠੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਇਹ ਜਗਤ ਰਸਨਾ ਸਵਾਦ ਨਾਲੋਂ ਮਿੱਠੀ, ਰਸਨਾ ਚੱਖ ਕਹਿਣ ਕਿਛ ਨਾ ਪਾਈਆ । ਨਾ ਇਹ ਆਕਾਸ਼ ਮਿਲੇ ਨਾ ਧਰਤੀ ਵਾਲੀ ਵਿਚੋਂ ਮਿੱਟੀ, ਖੋਜਿਆਂ ਹੱਥ ਕਿਸੇ ਨਾ ਆਈਆ । ਨਾ ਇਹ ਕਾਲੀ ਨਾ ਇਹ ਚਿੱਟੀ, ਸੂਹਾ ਵੇਸ ਨਾ ਕੋਇ ਵਟਾਈਆ । ਨਾ ਇਹ ਵੱਡੀ ਨਾ ਇਹ ਨਿੱਕੀ, ਜਵਾਨੀ ਰੂਪ ਨਾ ਕੋਇ ਦਰਸਾਈਆ । ਕਸ਼ਤਰੀ ਬ੍ਰਾਹਮਣ ਸ਼ੂਦਰ ਵੈਸ਼ ਨਾ ਹਿੰਦੂ ਮੁਲਸਮਾਨ ਈਸਾਈ ਸਿੱਖੀ, ਤਨ ਵਜੂਦ ਨਾ ਕੋਇ ਰਖਾਈਆ । ਨਾ ਕੋਈ ਦੋ ਇਕ ਸਰਗੁਣ ਨਿਰਗੁਣ ਰੂਪ ਦਰਸਾਏ ਮਨ ਚਿਤੀ, ਠਗੌਰੀ ਖੇਲ ਨਾ ਕੋਇ ਖਿਲਾਈਆ । ਕਲਮ ਸ਼ਾਹੀ ਨਾਲ ਨਾ ਜਾਏ ਲਿਖੀ, ਕਾਗਜ ਜੋੜ ਨਾ ਕੋਇ ਜੁੜਾਈਆ । ਜੁਗ ਚੌਕੜੀ ਜਿਸ ਨੂੰ ਮਿਹਰਵਾਨ ਹੋ ਕੇ ਦਿਤੀ, ਕਿਰਪਾ ਨਿਧਾਨ ਝੋਲੀ ਆਪ ਭਰਾਈਆ । ਓਸੇ ਲੋਹੜੀ ਦੀ ਧਾਰ ਦੀ ਹਾਹੇ ਉਤੇ ਬਣੀ ਟਿੱਪੀ, ਜਿਨ੍ਹ ਆਤਮਾ ਦਿਤੀ ਪਰਗਟਾਈਆ । ਜਿਸ ਆਤਮਾ ਨੇ ਪਰਮਾਤਮਾ ਨਾਲ ਮਿਲ ਕੇ ਅਨੇਕ ਜ਼ਬਾਨਾਂ ਦੀ ਬਣਾਈ ਲਿੱਪੀ, ਇਲਮ ਆਲਮਾਂ ਤਾਈਂ ਜਣਾਈਆ । ਸਾਧਾਂ ਹੱਥ ਫੜਾ ਕੇ ਚਿੱਪੀ, ਦਰ ਦਰ ਦਿਤਾ ਭਵਾਈਆ । ਸ਼ਰਅ ਜ਼ੰਜੀਰ ਪਵਾ ਕੇ ਗਿੱਚੀ, ਗੁਰ ਅਵਤਾਰ ਪੈਗ਼ੰਬਰ ਦਿਤੇ ਬੰਧਾਈਆ । ਸ੍ਰਿਸ਼ਟੀ ਦੇ ਮੱਥੇ ਘਸਾ ਦਿਤੇ ਪੱਥਰਾਂ ਇੱਟੀ, ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰ ਰਗੜਾਈਆ । ਇਕ ਥਾਂ ਕਦੇ ਨਾ ਟਿਕੀ, ਜੁਗ ਚੌਕੜੀ ਭੱਜੀ ਵਾਹੋ ਦਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੁਹੱਥੜ ਮਾਰ ਕੇ ਪਿਟੀ, ਰੋ ਕੇ ਦਿਤਾ

ਸੁਣਾਈਆ । ਮਾਟੀ ਖ਼ਾਕ ਵਿਚ ਲਿਟੀ, ਆਪਣਾ ਰੂਪ ਬਦਲਾਈਆ । ਫਿਰ ਵਾਸਤਾ ਪਾ ਕੇ ਮੰਗੀ ਚਿੱਠੀ, ਦੋਏ ਜੋੜ ਸੀਸ ਨਿਵਾਈਆ । ਮੁਖੋਂ ਹੱਸ ਕੇ ਬਾਤ ਕੀਤੀ ਮਿੱਠੀ, ਨੈਣਾਂ ਨੀਰ ਵਹਾਈਆ । ਫੇਰ ਤੱਕਿਆ ਬਿਟ ਬਿਟੀ, ਅੱਖ ਨਾ ਕੋਇ ਝਮਕਾਈਆ । ਪ੍ਰਭੂ ਕਿਰਪਾ ਕਰ ਦਾਤ ਦੇ ਦੇ ਦਾਤਾਰ ਆਪਣੀ ਟਿੱਪੀ, ਜਿਸ ਉਤੇ ਟੀਕਾ ਟਿੱਪਣੀ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਭਾਵ ਪ੍ਰਭੂ ਤੇਰੀ ਲੋਹੜੀ, ਸਚ ਦੇ ਸਮਝਾਈਆ । ਪੁਰਖ ਅਕਾਲ ਕਿਹਾ ਮੈਂ ਆਪਣੀ ਆਪਣੇ ਨਾਲ ਬਣਾ ਕੇ ਜੋੜੀ, ਆਪ ਆਪਣਾ ਮੇਲ ਮਿਲਾਈਆ । ਆਪਣੀ ਵਸਤ ਆਪੇ ਦੇ ਕੇ ਥੋੜ੍ਹੀ, ਆਪਣੀ ਝੋਲੀ ਆਪ ਭਰਾਈਆ । ਆਪਣੀ ਖੇਲ ਆਪ ਤੋਰੀ, ਤੁਰਤ ਆਪਣੀ ਕਾਰ ਕਮਾਈਆ । ਜਿਸ ਦਾ ਰੂਪ ਨਾਰੀ ਨਰ ਨਾ ਜੋਰੂ ਜੋਰੀ, ਜੋਰੂ ਨਜ਼ਰ ਕੋਇ ਨਾ ਆਈਆ । ਜੋਬਨਵੰਤੀ ਨਾ ਬਾਂਕੀ ਛੋਹਰੀ, ਮੇਢੀ ਸੀਸ ਨਾ ਕੋਇ ਗੁੰਦਾਈਆ । ਹਿਰਦਾ ਕਪਟ ਨਾ ਦਿਸੇ ਕਠੋਰੀ, ਮਮਤਾ ਮੋਹ ਨਾ ਕੋਇ ਹਲਕਾਈਆ । ਹਾਏ ਉਫ ਨਾ ਕਰੇ ਬਹੁੜੀ, ਦੁਖੀ ਹੋ ਨਾ ਕਦੇ ਕੁਰਲਾਈਆ । ਇਕੋ ਵਰ ਇਕੋ ਦਰ ਇਕੋ ਘਰ ਮੇਰਾ ਰਹੀ ਲੋੜੀ, ਸਚ ਲੋੜੀ ਨੂੰ ਲੋਹੜੀ ਦਿਤਾ ਬਣਾਈਆ । ਇਹ ਰੀਤੀ ਵਿਸ਼ਨ ਬ੍ਰਹਮਾ ਸ਼ਿਵ ਨੇ ਤੋਰੀ, ਨਿਰਗੁਣ ਕੋਲੋਂ ਨਿਰਗੁਣ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਲੋਹੜੀ ਕਹੇ ਮੈਂ ਸਾਰੇ ਵੇਖੇ ਮੰਗਤੇ, ਮੰਗੇ ਜਗਤ ਲੋਕਾਈਆ । ਜੁਗ ਚੌਕੜੀ ਗਏ ਲੰਘਦੇ, ਸਮਾਂ ਸਮੇਂ ਵਿਚੋਂ ਬਦਲਾਈਆ । ਮੈਂ ਖੇਲ ਵੇਖਦੀ ਰਹੀ ਓਸ ਅਨੰਦ ਦੇ, ਜੋ ਅਨੰਦ ਅਨੰਦ ਵਿਚੋਂ ਪਰਗਟਾਈਆ । ਜਿਸ ਦਰ ਤੋਂ ਸਾਰੇ ਗਏ ਮੰਗਦੇ, ਗੁਰ ਅਵਤਾਰ ਪੈਗ਼ੰਬਰ ਝੋਲੀਆਂ ਡਾਹੀਆ । ਉਹ ਲੋਹੜੀ ਪ੍ਰਭੂ ਇਹਨਾਂ ਭਗਤਾਂ ਵੰਡ ਦੇ, ਜਿਨ੍ਹਾਂ ਤੇਰੀ ਆਸ ਰਖਾਈਆ । ਜੋ ਪਿਛੇ ਵਿਛੜੇ ਤੇ ਅੱਗੇ ਗੰਢ ਦੇ, ਨਾਤਾ ਸਕੇ ਨਾ ਕੋਇ ਤੁੜਾਈਆ । ਸ਼ੌਹ ਦਰਿਆ ਜਗਤ ਵਿਚੋਂ ਬੇੜਾ ਬੰਨ੍ਹ ਦੇ, ਫੜ ਆਪਣੇ ਕੰਧ ਉਠਾਈਆ । ਜੇਹੜੇ ਤੈਨੂੰ ਭਗਵਨ ਕਰਕੇ ਮੰਨਦੇ, ਉਨ੍ਹਾਂ ਆਪਣਾ ਰੰਗ ਰੰਗਾਈਆ । ਸਚ ਪ੍ਰੇਮ ਦਾ ਸਾਚਾ ਧਨ ਦੇ, ਮਨ ਮਨਸਾ ਕੂੜ ਗਵਾਈਆ । ਫਿੱਕੇ ਬੋਲ ਨਾ ਸੁਣੀਏ ਕੰਨ ਦੇ, ਚੁਗ਼ਲੀ ਨਿੰਦਿਆ ਨਾ ਕੋਇ ਚਤੁਰਾਈਆ । ਜੇ ਕਿਰਪਾ ਕਰੇਂ ਤੇ ਦਰਸ਼ਨ ਕਰੀਏ ਗੋਬਿੰਦ ਤੇਰੇ ਚੰਨ ਦੇ, ਅੰਧ ਅੰਧੇਰ ਰਹੇ ਨਾ ਰਾਈਆ । ਜੇਹੜੇ ਕੂੜੇ ਨਾਤੇ ਤਨ ਦੇ, ਜਗਤ ਜਾਈਏ ਤਜਾਈਆ । ਅੰਦਰੋਂ ਲੇਖੇ ਮੁਕਾ ਦੇ ਗ਼ਮ ਦੇ, ਚਿੰਤਾ ਚਿਖਾ ਬਾਹਰ ਕਢਾਈਆ । ਮੇਲ ਮਿਲਾ ਲੈ ਹੰ ਬ੍ਰਹਮ ਦੇ, ਪਾਰਬ੍ਰਹਮ ਆਪਣੇ ਵਿਚ ਮਿਲਾਈਆ । ਜਨ ਭਗਤ ਜੁਗ ਚੌਕੜੀ ਜਦੋਂ ਜੰਮਦੇ, ਜੰਮ ਕੇ ਮੰਗਤੇ ਤੇਰੇ ਅੱਗੇ ਝੋਲੀ ਡਾਹੀਆ । ਸਚ ਬਖ਼ਸ਼ੀਸ਼ ਆਪਣਾ ਰੂਪ ਬ੍ਰਹਮ ਦੇ, ਪਾਰਬ੍ਰਹਮ ਸਰਨਾਈਆ । ਲੇਖੇ ਰਹਿਣ ਨਾ ਜਨਮ ਕਰਮ ਦੇ, ਕਰਮ ਕਾਂਡ ਦਾ ਡੇਰਾ ਢਾਹੀਆ । ਭੁਲੇਖੇ ਕਢ ਦੇ ਅੰਦਰੋਂ ਭਰਮ ਦੇ, ਹਉਮੇ ਹੰਗਤਾ ਰਹੇ ਨਾ ਰਾਈਆ । ਆਪਣੇ ਘਰ ਵਿਚ ਆਪਣਾ ਜਰਮ ਦੇ, ਜਨ ਭਗਤਾਂ ਭੁੱਲ ਜਾਵੇ ਜੰਮਣ ਵਾਲੀ ਮਾਈਆ । ਸਦਾ ਪੁਜਾਰੀ ਰਹਿਣ ਤੇਰੇ ਚਰਨ ਦੇ, ਦੂਸਰ ਸੀਸ ਨਾ ਕਦੇ ਨਿਵਾਈਆ । ਭੈ ਚੁਕਾ ਦੇ ਡਰਨ ਮਰਨ ਦੇ, ਚੁਰਾਸੀ ਗੇੜ ਕਟਾਈਆ । ਤੇਰੇ ਹੋ ਕੇ ਤੇਰੇ ਢੋਲੇ ਪੜ੍ਹਨਗੇ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਰਨਾਈ ਸਰਨ ਦੇ, ਸਿਰ ਆਪਣਾ ਹੱਥ ਰਖਾਈਆ ।

## ✪ ਪਹਿਲੀ ਮਾਘ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ✪

ਸ਼ਹਿਨਸ਼ਾਹੀ ਸੰਮਤ ਪੰਜ ਕਹੇ ਮੇਰੇ ਮਿਹਰਵਾਨ ਦੀ ਮਾਘੀ, ਮਗਨ ਆਪਣੇ ਵਿਚ ਕਰਾਈਆ । ਅਵਤਾਰ ਪੈਗ਼ੰਬਰ ਗੁਰੂ ਬਣ ਕੇ ਰਾਗੀ, ਅਨਰਾਗੀ ਰਾਗ ਸੁਣਾਈਆ । ਤੂੰ ਹੀ ਤੂੰ ਕਹਿੰਦੇ ਵਡਭਾਗੀ, ਭਗਵਨ ਤੇਰੀ ਬੇਪਰਵਾਹੀਆ । ਤੇਰਾ ਖੇਲ ਜੁਗਾਦਿ ਆਦੀ, ਅੰਤ ਤੇਰਾ ਤੇਰੇ ਵਿਚ ਸਮਾਈਆ । ਸਾਡੀ ਚਤੁਰਾਈ ਕਾਹਦੀ, ਕੁੱਲ ਮਾਲਕ ਤੇਰੀ ਵਡਿਆਈਆ । ਅਸੀਂ ਸਿਫ਼ਤ ਕਰਦੇ ਰਹੇ ਤੇਰੇ ਨਾਂ ਦੀ, ਨਾਉਂ ਨਿਰੰਕਾਰਾ ਇਕ ਜਣਾਈਆ । ਤੇਰਾ ਸ਼ਬਦ ਗੁਰੂ ਗੁਰਦੇਵ ਅਨਾਦੀ, ਨਾਦ ਧੁਨ ਸਾਨੂੰ ਤਤਾਂ ਵਿਚ ਸੁਣਾਈਆ । ਅਸੀਂ ਤੇਰੇ ਚਾਰ ਜੁਗ ਦੇ ਸੇਵਕ ਚਾਕਰ ਲਾਗੀ, ਦਰ ਦਰ ਘਰ ਘਰ ਅਲਖ ਜਗਾਈਆ । ਤੇਰਾ ਹੁਕਮ ਨਸੀਹਤ ਡਾਹਢੀ, ਡੰਡਾਵਤ ਬੰਦਨਾ ਦਿਤੀ ਦ੍ਰਿੜਾਈਆ । ਨਿਤ ਨਵਿਤ ਬਣਾ ਕੇ ਗਾਡੀ, ਰਸਤਾ ਮਾਰਗ ਇਕ ਸਮਝਾਈਆ । ਦੀਨ ਮਜ਼੍ਹਬ ਦੀ ਵਧਾ ਅਬਾਦੀ, ਅਦਬ ਆਪਣਾ ਇਕ ਸਿਖਾਈਆ । ਸੀਤਾ ਰਾਮ ਬਣਾ ਕੇ ਕ੍ਰਿਸ਼ਨ ਰਾਧੀ, ਅੱਲਾ ਨਾਮ ਸਤਿਗੁਰੂ ਵਾਹਵਾ ਕੀਤੀ ਚਤੁਰਾਈਆ । ਅਸੀਂ ਖੇਲ ਵੇਖਿਆ ਤੇਰਿਆਂ ਭਗਤਾਂ ਦੀ ਤੇਰੇ ਨਾਲ ਹੋਈ ਸ਼ਾਦੀ, ਸ਼ਾਦਿਆਨੇ ਸਾਰੇ ਰਹੇ ਵਜਾਈਆ । ਤੂੰ ਮੋਹਨ ਮਾਧਵ ਮਾਧੀ, ਮਧੁਰ ਧੁਨ ਆਪਣੀ ਦੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਆਤਮ ਪਰਮਾਤਮ ਹੁੰਦਾ ਵੇਖਿਆ ਨਕਾਹ, ਨਕਾਬ ਅੰਤਰ ਰਹੀ ਨਾ ਰਾਈਆ । ਅਸੀਂ ਸਾਰੇ ਓਸ ਸਮੇਂ ਦੇ ਬਣਾ ਲਏ ਗਵਾਹ, ਹੁਕਮ ਆਪਣਾ ਇਕ ਜਣਾਈਆ । ਸਾਨੂੰ ਅਨਭੋਲ, ਸੁੱਤਿਆਂ ਨੂੰ ਆਪਣੀ ਧਾਰ ਵਿਚੋਂ ਕਢਾ ਕੇ ਲਾ ਲਿਆ ਦਾਅ, ਦਾਇਰਿਆਂ ਵਿਚੋਂ ਬਾਹਰ ਕਢਾਈਆ । ਐ ਮਾਲਕ ਬੇਪਰਵਾਹ, ਕੀ ਆਪਣੀ ਕਲ ਵਰਤਾਈਆ । ਸਾਨੂੰ ਸ਼ਬਦ ਸੰਦੇਸ਼ਾ ਦਿਤਾ ਸੁਣਾ, ਕਲਮਾ ਹੁਕਮ ਅਗੰਮ ਅਥਾਹੀਆ । ਛੱਬੀ ਪੋਹ ਨੂੰ ਸਭ ਨੇ ਜਾਣਾ ਆ, ਲੇਖਾ ਆਪਣਾ ਬਗ਼ਲ ਉਠਾਈਆ । ਭਗਤ ਦਵਾਰੇ ਪਹੁੰਚਣਾ ਨਾਲ ਚਾਅ, ਚਾਉ ਘਨੇਰਾ ਇਕ ਸਮਝਾਈਆ । ਜਾਂ ਪੰਧ ਮਾਰ ਕੇ ਆਏ ਵੇਖਿਆ ਸੁਹੰਜਣਾ ਥਾਂ, ਥਾਨੰਤਰ ਮਿਲੀ ਵਡਿਆਈਆ । ਜਿਥੇ ਸਭ ਦਾ ਇਕੋ ਪਿਤਾ ਇਕੋ ਮਾਂ, ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਨਾਮ ਨਿਧਾਨਾ ਰਹੇ ਗਾ, ਗ਼ਰੀਬ ਅਮੀਰ ਨਾ ਵੰਡ ਵੰਡਾਈਆ । ਇਕੋ ਰੰਗਣ ਰਹੇ ਰੰਗਾ, ਚਾਰ ਵਰਨ ਨਾ ਕੋਇ ਚਤੁਰਾਈਆ । ਫੇਰ ਹੁਕਮ ਦਿਤਾ ਅਗੰਮ ਅਥਾਹ, ਸਹਿਜ ਨਾਲ ਦ੍ਰਿੜਾਈਆ । ਜਨ ਭਗਤੋ ਤੁਹਾਡੀ ਆਤਮਾ ਲਈ ਪਰਨਾ, ਪਰਮ ਪੁਰਖ ਸ਼ਬਦ ਸੰਦੇਸ਼ੇ ਵਿਚ ਜਣਾਈਆ । ਅਸੀਂ ਇਕ ਦੂਜੇ ਵੱਲ ਰਹੇ ਤਕਾ, ਬਿਨ ਅੱਖਾਂ ਅੱਖ ਉਠਾਈਆ । ਨਾ ਕੋਈ ਨਾਮ ਕਲਮਾ ਲਿਆ ਦ੍ਰਿੜਾ, ਪੂਜਾ ਪਾਠ ਨਾ ਕੋਇ ਕਰਾਈਆ । ਹੱਸਦੇ ਹੱਸਦੇ ਖ਼ੁਸ਼ੀ ਨਾਲ ਕਿਹਾ ਗੁਰਮੁਖੋ ਮੈਂ ਤੁਹਾਡਾ ਕੀਤਾ ਵਿਆਹ, ਆਤਮਾ ਪਰਮਾਤਮਾ ਆਪਣੇ ਰੰਗ ਰੰਗਾਈਆ । ਸਦਾ ਸੁਹੇਲਾ ਹੋ ਕੇ ਦੇਵਾਂ ਠੰਡੀ ਛਾਂ, ਅਗਨੀ ਅੱਗ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਕੁਛ ਸਾਨੂੰ ਦਿਤਾ ਵਖਾ, ਸੱਦਾ ਦੇ ਕੇ ਆਪ ਬੁਲਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅਸੀਂ ਬਣ ਕੇ ਗਏ ਸੱਜਣ ਸੁਹੇਲੇ ਮੀਤ, ਮਿੱਤਰ ਪਿਆਰੇ ਰੂਪ ਬਦਲਾਈਆ । ਝਗੜਾ ਅੰਦਰ ਨਾ ਰੱਖਿਆ ਚੀਤ, ਠਗੌਰੀ ਸੰਗ ਨਾ ਕੋਇ ਲਿਜਾਈਆ । ਖੇਲ ਵੇਖਿਆ ਅਨਡੀਠ, ਅਨਡਿਠੜੀ ਕਾਰ ਕਮਾਈਆ । ਸਾਹਿਬ ਤੱਕਿਆ ਅਤੀਤ, ਤ੍ਰੈਗੁਣ ਬਾਹਰ ਸੋਭਾ ਪਾਈਆ । ਜਨ ਭਗਤਾਂ ਕਹੇ ਬੱਚਿਓ

ਗਾਉ ਸੋਹੰ ਗੀਤ, ਗੋਬਿੰਦ ਰੰਗ ਰੰਗਾਈਆ । ਨਾ ਕੋਈ ਵੇਖੀ ਮੰਦਰ ਮਸੀਤ, ਮੱਠ ਨਜ਼ਰ ਕੋਇ ਨਾ ਆਈਆ । ਸਭ ਤੋਂ ਵੱਖਰੀ ਨਿਰਾਲੀ ਰੀਤ, ਰੀਤੀਵਾਨ ਦਿਤੀ ਦ੍ਰਿੜਾਈਆ । ਜਨ ਭਗਤੋ ਕਰਿਓ ਇਕ ਪ੍ਰਭੂ ਦੀ ਪ੍ਰੀਤ, ਦੂਜਾ ਇਸ਼ਟ ਨਾ ਕੋਇ ਮਨਾਈਆ । ਇਕੋ ਕਲਮਾ ਇਕ ਹਦੀਸ, ਹਜ਼ਰਤ ਇਕੋ ਇਕ ਪੜ੍ਹਾਈਆ । ਨੇੜੇ ਆਵੇ ਨਾ ਸ਼ਰਅ ਅਬਲੀਸ, ਸ਼ੈਤਾਨੀ ਸੂਰ ਨਾ ਕੋਇ ਕਮਾਈਆ । ਸਾਡੀ ਸਭ ਦੀ ਅਸਲੀਅਤ, ਅਸਲ ਅਸਲ ਵਿਚੋਂ ਪਰਗਟਾਈਆ । ਆਪਣੀ ਅੰਤ ਦੀ ਵੇਖੋ ਵਸੀਅਤ, ਜੋ ਲੇਖਾ ਬਿਨਾ ਕਲਮ ਸ਼ਾਹੀਆ । ਕਲਜੁਗ ਰਹਿਣੀ ਨਹੀਂ ਕੋਈ ਮਲਕੀਅਤ, ਮਾਲਕ ਨਜ਼ਰ ਕੋਇ ਨਾ ਆਈਆ । ਅੰਤ ਹੋਣੀ ਸਭ ਦੀ ਇਕ ਵਲਦੀਅਤ, ਵਾਇਦੇ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਰੰਗ ਰੰਗਾਈਆ । ਸੰਮਤ ਪੰਜ ਕਹੇ ਮੇਰਾ ਪ੍ਰੇਮ ਮਤਾ ਮਾਘ, ਮਜਨ ਇਕ ਕਰਾਈਆ । ਧੋਵੇ ਦੁਰਮਤ ਦਾਗ਼, ਪਾਪਾਂ ਕਰੇ ਸਫ਼ਾਈਆ । ਜੋ ਸਾਹਿਬ ਸਰਨਾਈ ਗਿਆ ਲਾਗ, ਚਰਨ ਕਵਲ ਵਡਿਆਈਆ । ਸ਼ਬਦ ਸੁਣਾਏ ਨਾਦ, ਅਗੰਮੀ ਰਾਗ ਅਲਾਹੀਆ । ਸੰਤ ਬਣਾਏ ਸਾਧ, ਸਾਧਨਾ ਇਕ ਸਮਝਾਈਆ । ਅੰਤਰ ਰਹੇ ਨਾ ਸਵਾਲ ਜਵਾਬ, ਕਲਪਣਾ ਕੂੜ ਦਏ ਖਪਾਈਆ । ਝਗੜਾ ਮੁਕਾ ਇਸ਼ਕ ਹਕੀਕੀ ਮਿਜ਼ਾਜ, ਤਬੀਅਤ ਆਪਣੇ ਨਾਲ ਮਿਲਾਈਆ । ਸਤਿ ਸਚ ਸੁਣਾ ਨਾਦ, ਪਰਦਾ ਪਰਦੇ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਦਾਤਾ ਅਗੰਮ ਅਥਾਹੀਆ । ਸੰਮਤ ਪੰਜ ਕਹੇ ਮੇਰਾ ਮਾਘ ਸੋਹਣਾ ਚੰਗਾ, ਚਾਰ ਕੁੰਟ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਫਿਰੇ ਪੈਰੀਂ ਨੰਗਾ, ਸਚ ਦਵਾਰ ਬੈਠੇ ਥਾਉਂ ਥਾਈਂਆ । ਨਿਰਗੁਣ ਧਾਰ ਕਰਕੇ ਸੰਗਾ, ਸਗਲਾ ਸੰਗ ਵਖਾਈਆ । ਨੇਤਰ ਰਹੇ ਕੋਈ ਨਾ ਅੰਧਾ, ਲੋਚਨ ਇਕ ਖੁਲ੍ਹਾਈਆ । ਸ਼ਬਦ ਗੁਰੂ ਕਿਹਾ (ਰਿਹਾ) ਕੋਈ ਨਾ ਬੰਦਾ, ਜੋ ਬੰਦਗੀ ਬੰਦਿਆਂ ਰਿਹਾ ਦ੍ਰਿੜਾਈਆ । ਲੱਖ ਚੁਰਾਸੀ ਭਾਰ ਉਠਾਏ ਆਪਣੇ ਕੰਧਾ, ਬਾਹੂ ਬਲ ਇਕ ਪਰਗਟਾਈਆ । ਅਨਕ ਬਿਧੀ ਆਪਣਾ ਰੱਖ ਕੇ ਢੰਗਾ, ਚਾਲ ਨਿਰਾਲੀ ਇਕ ਸਮਝਾਈਆ । ਜੋ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਲੰਘਾ, ਗਗਨ ਗਗਨੰਤਰ ਡੇਰਾ ਢਾਹਿਆ । ਝਗੜਾ ਮੁਕਾ ਕੇ ਜੇਰਜ ਅੰਡਾ, ਉਤਭੁਜ ਸੇਤਜ ਵੇਖ ਵਖਾਈਆ । ਉਸ ਦਾ ਦਰਸ ਨਸੀਬ ਹੋਵੇ ਨਾ ਜਮਨਾ ਸੁਰਸਤੀ ਗੋਦਾਵਰੀ ਗੰਗਾ, ਨੇਤਰ ਰੋ ਰੋ ਮਾਰਨ ਧਾਈਂਆ । ਚੁਲੀ ਭਰ ਸਕੇ ਕੋਈ ਨਾ ਪੰਡਾ, ਅੰਮ੍ਰਿਤ ਹੱਥ ਕਿਸੇ ਨਾ ਆਈਆ । ਬਿਨ ਸਤਿਗੁਰ ਸ਼ਬਦ ਕਿਸੇ ਨਾ ਵੰਡਾ, ਦੂਸਰ ਨਜ਼ਰ ਕੋਇ ਨਾ ਪਾਈਆ । ਜੋ ਆਇਆ ਸੋ ਗਾ ਕੇ ਗਿਆ ਛੰਦਾ, ਢੋਲਾ ਸਿਫ਼ਤਾਂ ਵਾਲਾ ਗਾਈਆ । ਤਨ ਵੇਸ ਕਰਾਇਆ ਧੋਤੀ ਬੋਦੀ ਤੰਬਾ, ਮੁਛ ਦਾੜ੍ਹੀ ਕੇਸ ਕਛਿਹਰੇ ਨਾਲ ਵਡਿਆਈਆ । ਕਿਸੇ ਸਮਝ ਨਾ ਆਈ ਪ੍ਰਭ ਦਾ ਕੇਹੜਾ ਵੇਸ ਚੰਗਾ, ਕਵਣ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਖੇਲ ਖਿਲਾਈਆ । ਅਵਤਾਰ ਪੈਗ਼ੰਬਰ ਕਹਿਣ ਗੁਰ, ਸਿਫ਼ਤਾਂ ਵਿਚ ਸਾਲਾਹੀਆ । ਜਿਸ ਵੇਲੇ ਦਰਸ਼ਨ ਪਾਇਆ ਸਵਾਮੀ ਧੁਰ, ਧੁਰ ਮਸਤਕ ਭਗਤਾਂ ਵੇਖੇ ਚਾਈਂ ਚਾਈਂਆ । ਖ਼ਾਲੀ ਕੋਈ ਨਾ ਜਾਏ ਮੁੜ, ਨਿਰਾਸਾ ਰਹਿਣ ਕੋਇ ਨਾ ਪਾਈਆ । ਅੰਤਰ ਆਤਮ ਨਾਲ ਜਾਏ ਜੁੜ, ਬਾਹਰ ਵੰਡ ਨਾ ਕੋਇ ਵੰਡਾਈਆ । ਪ੍ਰੇਮ ਪਿਆਰ ਦੀ ਰਹੇ ਕੋਈ ਨਾ ਥੁੜ, ਥੁੜੇ ਥਿੜਕਿਆਂ ਲੈ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸ਼ਬਦ ਇਕ

ਸੁਣਾਈਆ । ਅਵਤਾਰ ਪੈਗ਼ੰਬਰ ਕਹਿਣ ਗੁਰ ਸ਼ਬਦ ਜਣਾਇਆ ਚੁਪ ਚਪੀਤੇ, ਸਮਝ ਕਿਸੇ ਨਾ ਆਈਆ । ਹੁਕਮ ਦਿਤਾ ਧੁਰ ਦੇ ਮੀਤੇ, ਮਤਲਬ ਆਪਣਾ ਇਕ ਸਮਝਾਈਆ । ਵੇਖੋ ਫਲ ਆਪਣੇ ਕੀਤੇ, ਚਾਰੇ ਜੁਗ ਧਿਆਨ ਲਗਾਈਆ । ਤੁਸਾਂ ਮੇਰੇ ਨਾਮ ਦੇ ਸਿਫ਼ਤਾਂ ਵਾਲੇ ਕੀਤੇ ਟੀਕੇ, ਹਰਫਾਂ ਵਿਚ ਵਡਿਆਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰ ਇਕੱਠੇ ਕੀਤੇ, ਠੇਕੇ ਇੱਟਾਂ ਪੱਥਰਾਂ ਨਾਲ ਵਡਿਆਈਆ । ਨਾਮ ਕਲਮਾ ਬਾਣੀ ਪੜ੍ਹ ਕੇ ਰਹੇ ਜੀਤੇ, ਜੀਵਣ ਯੁਗਤ ਵਿਚ ਸਮਝਾਈਆ । ਸਿਫ਼ਤਾਂ ਵਿਚ ਕੀਤੀ ਤਮਹੀਦੇ, ਨਜ਼ਮਾਂ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖਿਆ ਖੇਲ ਅਗੰਮਾ, ਆਗਮਨ ਵਿਚ ਵਡਿਆਈਆ । ਜਿਸ ਝਗੜਾ ਮਿਟਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਦਿਤੀ ਬਦਲਾਈਆ । ਮਾਰਗ ਦੱਸ ਕੇ ਨਵਾਂ, ਨਵ ਨੌਂ ਚਾਰ ਦਾ ਡੇਰਾ ਢਾਹੀਆ । ਧਰਮ ਦੀ ਧਾਰ ਬਦਲ ਕੇ ਸਮਾਂ, ਸੰਮਣ ਸਭ ਦੇ ਦਿਤੇ ਕਢਾਈਆ । ਸਭ ਨੇ ਹੋ ਕੇ ਆਉਣਾ ਰਵਾਂ, ਭੱਜਣਾ ਵਾਹੋ ਦਾਹੀਆ । ਕਿਸੇ ਨਹੀਂ ਭਰੋਸਾ ਦਮਾਂ, ਜੀਵਣ ਜੁਗਤ ਨਾ ਕਿਸੇ ਸਮਝਾਈਆ । ਖੇਲ ਵਖਾ ਕੇ ਹਰਖ ਸੋਗ ਗ਼ਮਾ, ਚਿੰਤਾ ਚਿਖਾ ਵਿਚ ਵਡਿਆਈਆ । ਝਗੜਾ ਪਾ ਕੇ ਕਲਪਣਾ ਮਨਾ, ਮਨਸਾ ਸੰਗ ਰਖਾਈਆ । ਫੇਰ ਹੱਸ ਕੇ ਕਿਹਾ ਗੋਬਿੰਦ ਚੰਨਾ, ਚੰਨ ਤੇਰੀ ਰੁਸ਼ਨਾਈਆ । ਸ਼ਬਦੀ ਧਾਰ ਗੁਰੂ ਗੁਰ ਜਣਾਂ, ਜਣ ਜਣੇਂਦੀ ਬਣਿਆ ਮਾਈਆ । ਦੀਨ ਮਜ੍ਹਬ ਦਾ ਮੇਟਣਾ ਬੰਨਾ, ਹੱਦ ਹਦੂਦ ਰਹੇ ਨਾ ਰਾਈਆ । ਜੇਹੜਾ ਗੋਬਿੰਦ ਲਾਇਆ ਕੰਨਾ, ਪਰਦਾ ਪਰਦੇ ਵਿਚ ਸਮਝਾਈਆ । ਏਹੋ ਫ਼ਰਕ ਰਹਿਣਾ ਪੁਰਖ ਅਕਾਲ ਦਾ ਸ਼ਬਦ ਧਾਰ ਦਾ ਵਿਚ ਸਰੀਰ ਤਨਾ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਿਉਂ ਗੋਬਿੰਦ ਲਾਇਆ ਕੰਨਾ, ਡੰਡਾ ਦਸ ਦਸ ਧਾਰ ਬਦਲਾਈਆ । ਵੇਖ ਕੇ ਅੰਤਮ ਕੰਢਾ, ਕਲਜੁਗ ਨੈਣ ਉਠਾਈਆ । ਪ੍ਰਭ ਦਾ ਖੇਲ ਕੋਈ ਕਰ ਨਾ ਸਕੇ ਪੰਜਾਂ ਤਤਾਂ ਵਾਲਾ ਬੰਦਾ, ਗੁਰ ਅਵਤਾਰ ਪੈਗ਼ੰਬਰ ਨਾ ਕੋਇ ਚਤੁਰਾਈਆ । ਹੁਣ ਮੈਂ ਕੀਤਾ ਖੰਡੇ ਨਾਲ ਜੰਗਾ, ਯੁਧਾਂ ਨਾਲ ਲੜਾਈਆ । ਫੇਰ ਫਿਰਾਂ ਵਿਚ ਬ੍ਰਹਿਮੰਡਾਂ, ਸ਼ਬਦੀ ਧਾਰ ਸਹਿਜ ਸੁਖਦਾਈਆ । ਦੋ ਜਹਾਨਾਂ ਨਿਰਗੁਣ ਧਾਰ ਬਦਲ ਕੇ ਲੰਘਾ, ਪੁਰੀ ਲੋਅ ਖੋਜ ਖੁਜਾਈਆ । ਜਨਣੀ ਕੁੱਖ ਕਿਸੇ ਨਾ ਜੰਮਾ, ਰਕਤ ਬੂੰਦ ਨਾ ਮੇਲ ਮਿਲਾਈਆ । ਪਵਣ ਸਵਾਸ ਲਵਾਂ ਨਾ ਦਮਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਰਸਨਾ ਨਾਲ ਕਿਸੇ ਨੂੰ ਕਹਿਣਾ ਨਹੀਂ ਅੰਮੜੀ ਅੰਮਾ, ਗੋਦੀ ਗੋਦ ਨਾ ਕੋਇ ਟਿਕਾਈਆ । ਦੀਨ ਮਜ੍ਹਬ ਦਾ ਹੋਣਾ ਨਹੀਂ ਕੋਈ ਤਮਾ, ਤਾਮਸ ਤ੍ਰਿਸ਼ਨਾ ਦੇਣੀ ਗਵਾਈਆ । ਇਕੋ ਸਾਹਿਬ ਦਾ ਹੁਕਮ ਮੰਨਾਂ, ਪੁਰਖ ਅਕਾਲ ਇਕ ਚਤੁਰਾਈਆ । ਮੇਰਾ ਉਹਦਾ ਨਿਰਗੁਣ ਧਾਰ ਸਰਗੁਣ ਫ਼ਰਕ ਹੋਵੇ ਇਕ ਕੰਨਾ, ਮੁਕਤਾ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਗੋਬਿੰਦ ਕਹੇ ਮੇਰੇ ਕੰਨੇ ਦਾ ਭਾਵ ਆਹ, ਆਮਦ ਵਿਚ ਸਰਨਾਈਆ । ਮਿਹਰਵਾਨ ਮੇਰੇ ਵਿਚ ਸਮਾ, ਸਮਗਰੀ ਆਪਣੀ ਵਿਚ ਟਿਕਾਈਆ । ਜੋਤੀ ਜਾਤਾ ਹੋ ਕੇ ਜੋਤ ਜਗਾ, ਨੂਰ ਜ਼ਹੂਰ ਕਰ ਰੁਸ਼ਨਾਈਆ । ਪੁਰਖ ਅਕਾਲ ਹੋ ਕੇ ਸ਼ਬਦੀ ਨਾਦ ਵਜਾ, ਅਨਰਾਗੀ ਰਾਗ ਸੁਣਾਈਆ । ਸਾਂਝਾ ਮੰਦਰ ਇਕ ਸੁਹਾ, ਹਿੱਸਾ ਵੰਡ ਨਾ ਕੋਇ ਵੰਡਾਈਆ । ਸਚ ਸਿੰਘਾਸਣ ਇਕ ਵਿਛਾ, ਸੋਭਨੀਕ ਇਕ ਸੁਹਾਈਆ ।

ਸਦ ਮਿਲ ਕੇ ਆਪਣਾ ਝਟ ਲੰਘਾ, ਏਕਾ ਦੂਆ ਨਾ ਕੋਇ ਚਤੁਰਾਈਆ । ਪੁਰਖ ਅਕਾਲ ਕਿਹਾ ਗੋਬਿੰਦ ਇਹ ਕੰਨਾ ਤੇਰਾ ਮੇਰਾ ਗਵਾਹ, ਸ਼ਹਾਦਤ ਨਿਰੰਤਰ ਦਏ ਭੁਗਤਾਈਆ । ਇਸ ਨੂੰ ਸਮਝ ਸਕੇ ਕੋਈ ਨਾ ਰਾਅ, ਪਰਦਾ ਪਰਦਾਨਸ਼ੀਂ ਨਾ ਕੋਇ ਉਠਾਈਆ । ਗੋਬਿੰਦ ਕਿਹਾ ਵਾਹ ਵਾਹ, ਵਾਹੋ ਵਾਹੋ ਵਾਹਿਗੁਰੂ ਤੇਰੀ ਸਰਨਾਈਆ । ਪੁਰਖ ਅਕਾਲ ਫੜ ਕੇ ਬਾਂਹ, ਬਾਜੂ ਦਿਤਾ ਹਿਲਾਈਆ । ਜਿਸ ਵੇਲੇ ਸ੍ਰਿਸ਼ਟੀ ਦ੍ਰਿਸ਼ਟੀ ਹੋਈ ਕਾਂ, ਕਾਗ ਵਾਂਗ ਕੁਰਲਾਈਆ । ਮਾਤ ਪੁਤ ਇਕ ਦੂਜੇ ਵੱਲ ਲੈਣ ਤਕਾ, ਭੈਣ ਭਈਆ ਅੱਖ ਬਦਲਾਈਆ । ਓਸ ਵੇਲੇ ਦੋਹਾਂ ਨੇ ਜਾਣਾ ਆ, ਧੁਰ ਦਾ ਫੇਰਾ ਪਾਈਆ । ਇਹ ਕੰਨਾ ਕਾਮਲ ਮੁਰਸ਼ਦ ਦਾ ਸਦਾ ਸਦਾ ਗਵਾਹ, ਸ਼ਹਾਦਤ ਸ਼ਰਅ ਤੋਂ ਬਾਹਰ ਭੁਗਤਾਈਆ । ਦੋਹਾਂ ਨੂੰ ਮਿਲ ਕੇ ਕਰਨੀ ਪਏ ਨਾ ਕੋਇ ਦੁਆ, ਸੱਜਦੇ ਵਿਚ ਨਾ ਸੀਸ ਨਿਵਾਈਆ । ਚੇਲਾ ਗੁਰੂ ਇਕ ਰੂਪ ਹੋ ਕੇ ਦਈਏ ਵਖਾ, ਵੱਖਰਾ ਘਰ ਨਾ ਕੋਇ ਜਣਾਈਆ । ਸ਼ਬਦ ਜੋਤ ਦਾ ਇਕੋ ਹੋਵੇ ਰਾਹ, ਰਹਿਬਰ ਇਕੋ ਨੂਰ ਇਲਾਹੀਆ । ਗੋਬਿੰਦ ਝਟ ਛਾਤੀ ਉਤੇ ਹੱਥ ਦਿਤਾ ਟਿਕਾ, ਸੀਨਾ ਜ਼ੋਰ ਨਾਲ ਦਬਾਈਆ । ਵੇਖੀਂ ਕਿਤੇ ਪ੍ਰਭੂ ਲਾ ਨਾ ਜਾਵੀਂ ਦਾਅ, ਅਛਲ ਛਲਧਾਰੀ ਆਪਣੀ ਕਾਰ ਕਮਾਈਆ । ਜੇ ਦੋਵੇਂ ਫੇਰ ਆਈਏ ਤੇ ਸੂਰ ਗਾਂ ਦਾ ਝਗੜਾ ਦਈਏ ਮੁਕਾ, ਪਸ਼ੂਆਂ ਉਤੇ ਧਰਮ ਨਾ ਕੋਇ ਟਿਕਾਈਆ । ਇਕ ਤੇਰਾ ਇਕ ਮੇਰਾ ਰਹਿ ਜਾਏ ਨਾਂ, ਦੂਜਾ ਨਜ਼ਰ ਕੋਇ ਨਾ ਆਈਆ । ਜੇਹੜਾ ਸਾਡੀ ਦੋਹਾਂ ਦੀ ਚਰਨ ਧੂੜੀ ਲਏ ਨਹਾ, ਜੁਗ ਜਨਮ ਦੀ ਦੁਰਮਤ ਮੈਲ ਧਵਾਈਆ । ਪੁਰਖ ਅਕਾਲ ਨੇ ਹਾਂ ਵਿਚ ਮਿਲਾਈ ਹਾਂ, ਹੱਸ ਕੇ ਦਿਤਾ ਸੁਣਾਈਆ । ਓਸ ਵੇਲੇ ਆਤਮਾ ਪਰਮਾਤਮਾ ਪਰਮਾਤਮਾ ਆਤਮਾ ਦੋਹਾਂ ਦਾ ਸਾਂਝਾ ਹੋਣਾ ਨਾਂ, ਮੇਰੀ ਇਕੱਲੇ ਦੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰੇ ਅਗੰਮ ਅਥਾਹ, ਅਥਾਹ ਆਪਣੀ ਕਾਰ ਕਮਾਈਆ ।

### ੧੯ ਮਾਘ ਸ਼ਹਿਨਸ਼ਾਹੀ ਸੰਮਤ ੫ ਸਰਮੁਖ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ

ਅਵਤਾਰ ਪੈਗ਼ੰਬਰ ਗੁਰ ਕਹਿਣ ਵੇਖਿਆ ਪਰਮ ਪੁਰਖ ਦਾ ਸਮਾਜ, ਕਲਜੁਗ ਅੰਤ ਸ੍ਰੀ ਭਗਵੰਤ ਪੜਦਾ ਦਿਤਾ ਉਠਾਈਆ । ਸਚਖੰਡ ਦਵਾਰੇ ਜੋਤੀ ਜਾਤੇ ਹੋ ਕੇ ਗਏ ਜਾਗ, ਬਿਨ ਨੇਤਰ ਲੋਚਣ ਨੈਣ ਅੱਖ ਪ੍ਰਤਖ ਖੁਲ੍ਹਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜੋਤੀ ਜਗਦਾ ਵੇਖਿਆ ਚਰਾਗ਼, ਬਿਨ ਤੇਲ ਬਾਤੀ ਕਮਲਾਪਾਤੀ ਕਰੇ ਰੁਸ਼ਨਾਈਆ । ਸ੍ਰੀ ਭਗਵਾਨਾ ਨੌਜਵਾਨਾ ਮਰਦ ਮਰਦਾਨਾ ਏਕੰਕਾਰ ਤੱਕਿਆ ਸੁਹਾਗ, ਲੱਖ ਚੁਰਾਸੀ ਚਾਰੇ ਖਾਣੀ ਅੰਡਜ ਜੇਰਜ ਉਤਭੁਜ ਸੇਤਜ ਰਿਹਾ ਪਰਨਾਈਆ । ਸ਼ਬਦ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਆਤਮ ਪਰਮਾਤਮ ਪਕੜੇ ਵਾਗ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਜੋੜ ਜੁੜਾਈਆ । ਜੋਤੀ ਜਾਤਾ ਪੁਰਖ ਬਿਧਾਤਾ ਸਤਿ ਸਤਿਵਾਦੀ ਆਪਣੀ ਸਾਜਣ ਸਾਜ, ਸੱਜਣ ਮੀਤ ਮੁਰਾਰ ਪਰਵਰਦਿਗਾਰ ਸਾਂਝਾ ਯਾਰ ਆਪਣੀ ਖੇਲ ਖਿਲਾਈਆ । ਕਲਜੁਗ ਕੂੜੀ ਕਿਰਿਆ ਮੇਟੇ ਰਾਜ, ਸਤਿਜੁਗ ਸਾਚੇ ਲਾਵੇ ਭਾਗ, ਸਤਿ ਸਤਿਵਾਦੀ ਆਪਣੀ ਕਾਰ ਕਮਾਈਆ । ਤ੍ਰੈਗੁਣ ਮਾਇਆ ਪੰਜ ਤਤ ਮੋਹ ਵਿਕਾਰ ਬੁਝਾਏ ਆਗ, ਅੰਮ੍ਰਿਤ ਮੇਘ ਆਬੇਹਯਾਤ

ਇਕ ਬਰਸਾਈਆ । ਧੁਨ ਅਗੰਮੀ ਨਾਮ ਅਨਾਦਾ ਸੁਣਾਏ ਆਪਣਾ ਨਾਦ, ਅਨਰਾਗੀ ਧੁਰ ਦਾ ਰਾਗ ਜਣਾਈਆ । ਗੁਰਮੁਖ ਗੁਰਸਿਖ ਸੰਤ ਸੁਹੇਲੇ ਭਗਤ ਭਗਵੰਤ ਵੇਖੇ ਸਾਧ, ਚਾਰ ਕੁੰਟ ਖੋਜੇ ਥਾਉਂ ਥਾਈਆ । ਜਿਸ ਨੂੰ ਓਮ ਰਾਮ ਕ੍ਰਿਸ਼ਨ ਅੱਲਾ ਵਾਹਿਗੁਰੂ ਕਿਹਾ ਗਾਡ, ਨਮਸਤੇ ਡੰਡਾਵਤ ਬੰਦਨਾ ਕਰਕੇ ਸੀਸ ਝੁਕਾਈਆ । ਉਹ ਹਰ ਘਟ ਅੰਤਰ ਨਿਰੰਤਰ ਹੋ ਵਿਸਮਾਦ, ਬਿਸਮਿਲ ਹੋ ਕੇ ਆਪਣੀ ਖੇਲ ਖਿਲਾਈਆ । ਸਚ ਸੰਦੇਸ਼ਾ ਦੇ ਕੇ ਬੋਧ ਅਗਾਧ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਤੱਕਿਆ ਨੂਰ ਅਲਾਹ, ਹਰਿ ਕਰਤਾ ਬੇਪਰਵਾਹੀਆ । ਸਦੀ ਚੌਧਵੀਂ ਵੇਖੇ ਸਰਬ ਗੁਨਾਹ, ਲੱਖ ਚੁਰਾਸੀ ਫੋਲ ਫੁਲਾਈਆ । ਭੇਵ ਅਭੇਦਾ ਅਛਲ ਅਛੇਦਾ ਦਏ ਖੁਲ੍ਹਾ, ਪੜਦਾ ਓਹਲਾ ਰਹਿਣ ਕੋਇ ਨਾ ਪਾਈਆ । ਜਿਸ ਦੇ ਅੱਗੇ ਨਮੋਂ ਨਮੋਂ ਕਰਦੇ ਦੁਆ, ਖ਼ਾਲੀ ਝੋਲੀ ਅੱਗੇ ਡਾਹੀਆ । ਸੋ ਲੇਖਾ ਮੰਗੇ ਥਾਉਂ ਥਾਂ, ਥਾਨ ਥਨੰਤਰ ਵੇਖੇ ਚਾਈਂ ਚਾਈਂਆ । ਸਦੀ ਚੌਧਵੀਂ ਨਾਉਂ ਨਿਰੰਕਾਰਾ ਏਕੰਕਾਰਾ ਦ੍ਰਿੜਾ ਕੇ ਆਪਣਾ ਨਾਂ, ਨਾਮ ਨਿਧਾਨਾ ਇਕ ਸਮਝਾਈਆ । ਆਤਮ ਪਰਮਾਤਮ ਬਣ ਕੇ ਪਿਤਾ ਮਾਂ, ਪੂਤ ਸਪੂਤੇ ਆਪਣੀ ਗੋਦ ਟਿਕਾਈਆ । ਸਚਖੰਡ ਦਵਾਰ ਦਰਗਾਹ ਸਾਚੀ ਦੱਸ ਅਵੱਲੜਾ ਥਾਂ, ਹਕੀਕਤ ਹੱਕ ਹੱਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਦਾ ਹੁਕਮ ਨਿਰਾਲਾ, ਨਿਰਵੈਰ ਆਪ ਜਣਾਈਆ । ਹੁਕਮ ਸੰਦੇਸ਼ਾ ਦੇਵੇ ਜੋਤੀ ਧਾਰ ਪੁਰਖ ਅਕਾਲਾ, ਅਕਲ ਕਲਧਾਰੀ ਆਪਣੀ ਕਾਰ ਕਮਾਈਆ । ਸਤਿ ਸਚ ਜਣਾਏ ਬਿਨ ਛੱਪਰ ਛੰਨ ਧਰਮਸਾਲਾ, ਦਵਾਰ ਇਕੋ ਇਕ ਪਰਗਟਾਈਆ । ਜਿਥੇ ਪੋਹ ਨਾ ਸਕੇ ਕਾਲ ਮਹਾਂਕਾਲਾ, ਚਿਤ੍ਰਗੁਪਤ ਧਰਮ ਰਾਏ ਦਏ ਨਾ ਕੋਇ ਸਜ਼ਾਈਆ । ਫੇਰਨੀ ਪਏ ਕੋਈ ਨਾ ਮਾਲਾ, ਤੀਰਥ ਤਟ ਇਸ਼ਨਾਨ ਨਾ ਕੋਇ ਕਰਾਈਆ । ਏਕਾ ਮਾਰਗ ਦੱਸ ਸੁਖਾਲਾ, ਤੂੰ ਮੇਰਾ ਮੈਂ ਤੇਰਾ ਦਏ ਜਣਾਈਆ । ਸਤਿਜੁਗ ਸਾਚੀ ਸਤਿ ਧਰਮ ਦੀ ਚਲਕੇ ਚਾਲਾ, ਚਾਰ ਕੁੰਟ ਕਰੇ ਰੁਸ਼ਨਾਈਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਸਰਗੁਣ ਨਿਰਗੁਣ ਦੇ ਕੇ ਗਏ ਅਹਿਵਾਲਾ, ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਸੋ ਜੋਧਾ ਸੂਰਬੀਰ ਪਰਗਟ ਹੋ ਮਰਦ ਮਰਦਾਨਾ, ਨਿਰਗੁਣ ਨਿਰਵੈਰ ਲਏ ਅੰਗੜਾਈਆ । ਆਤਮ ਬੋਧ ਸ਼ਬਦ ਸਵਾਮੀ ਦੱਸ ਕੇ ਗਾਣਾ, ਅਨਬੋਲਤ ਆਪਣਾ ਰਾਗ ਜਣਾਈਆ । ਸਤਿ ਧਰਮ ਸਚ ਝੁਲਾ ਨਿਸ਼ਾਨਾ, ਕੂੜ ਨਿਸ਼ਾਨੇ ਦਏ ਮਿਟਾਈਆ । ਇਕ ਮਹੱਲ ਅਟਲ ਦਰਸਾਏ ਸਚ ਮਕਾਨਾ, ਜਿਥੇ ਬਿਨ ਤੇਲ ਬਾਤੀ ਨਿਰਗੁਣ ਨੂਰ ਕਰੇ ਰੁਸ਼ਨਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਪਰਵਰਦਿਗਾਰ ਸਾਂਝਾ ਯਾਰ ਰਾਮ ਰਾਮਾ ਹੋ ਪਰਧਾਨਾ, ਪਰਮ ਪੁਰਖ ਆਪਣਾ ਹੁਕਮ ਵਰਤਾਈਆ । ਸਤਿ ਸੰਦੇਸ਼ਾ ਨਰ ਨਰੇਸ਼ਾ ਸ਼ਬਦੀ ਧਾਰ ਦੇ ਦੋ ਜਹਾਨਾਂ, ਬ੍ਰਹਿਮੰਡ ਖੰਡ ਆਪਣੀ ਕਾਰ ਕਮਾਈਆ । ਜਿਸ ਨੂੰ ਝੁਕਣ ਜ਼ਿਮੀਂ ਅਸਮਾਨਾ, ਚੌਦਾਂ ਲੋਕ ਚੌਦਾਂ ਤਬਕ ਸਬਕ ਸਿਖਿਆ ਵਿਚ ਦ੍ਰਿੜਾਈਆ । ਸੋ ਲੇਖਾ ਜਾਣੇ ਦੀਨ ਦੁਨੀ ਜਗਤ ਜੁਗ ਜਹਾਨਾ, ਜਹਾਲਤ ਵੇਖੇ ਬੇਪਰਵਾਹੀਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਨੂਰੀ ਜੋਤ ਪਹਿਰ ਕੇ ਜਾਮਾ, ਨਿਰਗੁਣ ਧਾਰ ਕਰੇ ਰੁਸ਼ਨਾਈਆ । ਜਨ ਭਗਤ ਸੁਹੇਲੇ ਗੁਰ ਚੇਲੇ ਕਰ ਪਰਵਾਨਾ, ਪਰਮ ਪੁਰਖ ਪ੍ਰਭ ਆਪਣਾ ਰੰਗ ਰੰਗਾਈਆ । ਆਤਮ ਧਾਰ ਦੇ ਕੇ ਬ੍ਰਹਮ ਗਿਆਨਾ, ਵਿਦਿਆ ਬ੍ਰਹਮ ਬ੍ਰਹਮ ਜਣਾਈਆ । ਜਿਸ ਨੂੰ ਸਮਝ ਸਕੇ ਨਾ ਕੋਇ ਇਨਸਾਨਾ, ਅਕਲ ਬੁਧੀ ਨਾ ਕੋਇ ਚਤੁਰਾਈਆ । ਕਾਗ਼ਜ਼

ਕਲਮ ਸ਼ਾਹੀ ਕਰ ਨਾ ਸਕੇ ਕੋਇ ਬਿਆਨਾ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਸੋ ਖੇਲ ਕਰੇ ਸ੍ਰੀ ਭਗਵਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਸ਼ਹਿਨਸ਼ਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖਣਾ ਅਗੰਮ ਨਜ਼ਾਰਾ, ਨਜ਼ਰੀਆ ਸਕੇ ਨਾ ਕੋਇ ਜਣਾਈਆ । ਕੀ ਖੇਲ ਕਰੇ ਕਰਤਾਰਾ, ਕੁਦਰਤ ਦਾ ਮਾਲਕ ਧੁਰਦਰਗਾਹੀਆ । ਨਿਰਗੁਣ ਸਰਗੁਣ ਪਾਵੇ ਸਾਰਾ, ਮਹਾਂਸਾਰਥੀ ਆਪਣੀ ਕਾਰ ਕਮਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਚੌਵੀਆਂ ਅਵਤਾਰਾ, ਪਰਦਾ ਓਹਲਾ ਦਏ ਚੁਕਾਈਆ । ਮੁਰੀਦ ਮੁਰਸ਼ਦ ਮਿਹਰਵਾਨ ਮਹਿਬੂਬ ਹੋ ਕੇ ਪਾਵੇ ਸਾਰਾ, ਦੀਨ ਦੁਨੀ ਕਲਮਾ ਕਾਇਨਾਤ ਖੋਜ ਖੁਜਾਈਆ । ਰਹਿਮਤ ਵਿਚ ਮੁਹੱਬਤ ਵਿਚ ਇਲਾਹੀ ਦੇਵੇ ਇਕ ਇਸ਼ਾਰਾ, ਐਸ਼ੋ ਇਸ਼ਰਤ ਲੇਖਾ ਦਏ ਮੁਕਾਈਆ । ਭੇਵ ਖੁਲ੍ਹਾਏ ਦਇਆ ਕਮਾਏ ਮੁਹੰਮਦ ਮਹਿਬੂਬ ਨਾਲ ਚਾਰ ਯਾਰਾ, ਯਰਾਨਾ ਕੂੜ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਨਿਰਗੁਣ ਨੂਰ ਜੋਤ ਇਕ ਅਵਤਾਰਾ, ਅਵਤਰ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਵੇਸ ਵਟਾਈਆ ।

### ✪ ੧੯ ਮਾਘ ਸ਼ਹਿਨਸ਼ਾਹੀ ਸੰਮਤ ੫ ਜਮਾਂਦਾਰ ਕਿਸ਼ਨ ਸਿੰਘ ਦੇ ਗ੍ਰਿਹ ਪਿੰਡ ਅਲੱੜਪਿੰਡੀ ਜ਼ਿਲਾ ਗੁਰਦਾਸ ਪੁਰ ✪



ਸਤਿਗੁਰ ਸ਼ਬਦ ਕਹੇ ਪੂਰਨ ਤਤ ਹੋਇਆ ਪਰਵਾਨਾ, ਪਰਮ ਪੁਰਖ ਦਿਤੀ ਵਡਿਆਈਆ । ਮੇਰਾ ਮੈਨੂੰ ਮਿਲਿਆ ਟਿਕਾਣਾ, ਸੰਬਲ ਸੰਭਲ ਡੇਰਾ ਲਾਈਆ । ਖੇਲ ਕਰ ਵਿਸ਼ਨੂੰ ਭਗਵਾਨਾ, ਭਗਵਨ ਆਪਣੀ ਕਾਰ ਕਮਾਈਆ । ਧੁਰ ਦਾ ਨਾਮ ਦੇ ਤਰਾਨਾ, ਤੁਰੀਆ ਤੋਂ ਅੱਗੇ ਤਰਜ਼ ਸਮਝਾਈਆ । ਬ੍ਰਹਮ ਰਿਹਾ ਨਾ ਕੋਇ ਬੇਗਾਨਾ, ਪਾਰਬ੍ਰਹਮ ਵਿਚ ਮਿਲਾਈਆ । ਧਰਮ ਦੀ ਧਾਰ ਸਚ ਨਿਸ਼ਾਨਾ, ਜੀਵ ਜਹਾਨਾਂ ਰਿਹਾ ਵਖਾਈਆ । ਮਿਹਰਵਾਨ ਹੋ ਮਿਹਰਵਾਨਾ, ਮਿਹਰ ਨਜ਼ਰ ਇਕ ਉਠਾਈਆ । ਕਲਮਾ ਦੇ ਧੁਰ ਫ਼ਰਮਾਨਾ, ਕਾਇਨਾਤ ਰਿਹਾ ਸਮਝਾਈਆ । ਜੋ ਆਦਿ ਜੁਗਾਦੀ ਪਹਿਰੇ ਬਾਨਾ, ਨਿਰਗੁਣ ਸਰਗੁਣ ਵੇਸ ਵਟਾਈਆ । ਸੋ ਜੋਧਾ ਸੂਰਬੀਰ ਮਰਦ ਮਰਦਾਨਾ, ਮਿਹਰਵਾਨ ਲਏ ਅੰਗੜਾਈਆ । ਚਾਰੋਂ ਕੁੰਟ ਮਾਰ ਧਿਆਨਾ, ਦਹਿ ਦਿਸ਼ਾ ਪੜਦਾ ਲਾਹੀਆ । ਧਰਨੀ ਧਵਲ ਵੇਖ ਜ਼ਿਮੀਂ ਅਸਮਾਨਾ, ਦੋ ਜਹਾਨਾਂ ਖੋਜ ਖੁਜਾਈਆ । ਚੁਰਾਸੀ ਵਿਚੋਂ ਏਕਾ ਤਤ ਪਹਿਚਾਨਾ, ਰੱਤ ਆਪਣੇ ਰੰਗ ਰੰਗਾਈਆ । ਸਤਿ ਸਚ ਕਰ ਪਰਧਾਨਾ, ਦੇਵੇ ਮਾਣ ਜਗਤ ਵਡਿਆਈਆ । ਮੰਦਰ ਵੇਖੇ ਅਗੰਮ ਮਕਾਨਾ, ਸਚ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਪੂਰਨ ਤਤ ਤਤ ਪ੍ਰਭ ਲੇਖੇ, ਜਗਤ ਲੇਖ ਨਾ ਕੋਇ ਵਡਿਆਈਆ । ਜਿਸ ਗ੍ਰਿਹ ਵਸੇ ਨਰ ਨਰੇਸ਼ੇ, ਨਰ ਨਰਾਇਣ ਡੇਰਾ ਲਾਈਆ । ਕੂੜ ਭਰਮ ਨਾ ਰਹੇ ਭੁਲੇਖੇ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਧਾਰ ਕਰ ਕੇ ਵੇਸੇ, ਵਿਸ਼ਵ ਬੈਠਾ ਡੇਰਾ ਲਾਈਆ । ਮਾਣ ਵਡਿਆਈ ਦੇ ਏਕੇ, ਏਕੰਕਾਰ ਰੰਗ ਚੜ੍ਹਾਈਆ । ਨਿਰਗੁਣ ਧਾਰ ਬਖ਼ਸ਼ ਕੇ ਟੇਕੇ, ਸਰਗੁਣ ਧੂੜ ਮਸਤਕ ਰਮਾਈਆ । ਨਾਤਾ ਜੁੜਿਆ ਪਿਤਾ ਪੁਰਖ ਅਕਾਲ ਸੁਤ ਦੁਲਾਰੇ ਗੋਬਿੰਦ ਬੇਟੇ, ਦੂਜਾ ਅਵਰ ਨਾ ਕੋਇ ਵਖਾਈਆ । ਦੋ ਜਹਾਨਾਂ ਖੇਵਟ ਖੇਟੇ, ਬੇੜਾ ਬ੍ਰਹਿਮੰਡ ਰਿਹਾ ਚਲਾਈਆ ।

ਜੁਗ ਚੌਕੜੀ ਬਚਨ ਰੱਖੇ ਚੇਤੇ, ਚੇਤਨ ਹੋ ਨਾ ਕਦੇ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵੇ ਮਾਣ ਵਡਿਆਈਆ । ਸਤਿਗੁਰ ਸ਼ਬਦ (ਕਹੇ) ਪੂਰਨ ਤਤ ਜੋਤ ਉਜਿਆਰਾ, ਉਜਲ ਏਕਾ ਏਕ ਕਰਾਈਆ । ਪੂਰਬ ਜਨਮ ਜਨਮ ਉਧਾਰਾ, ਲੇਖਾ ਲੇਖੇ ਵਿਚੋਂ ਪਰਗਟਾਈਆ । ਸ਼ਾਹ ਪਾਤਸ਼ਾਹ ਸੱਚੀ ਸਰਕਾਰਾ, ਸ਼ਹਿਨਸ਼ਾਹ ਇਕ ਵਡਿਆਈਆ । ਜਿਸ ਨੂੰ ਝੁਕਦੇ ਪੈਗ਼ੰਬਰ ਗੁਰ ਅਵਤਾਰਾ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਈਆ । ਜਿਸ ਦਾ ਆਦਿ ਅੰਤ ਇਕ ਜੈਕਾਰਾ, ਨਾਮ ਢੋਲਾ ਸਿਫ਼ਤ ਸਾਲਾਹੀਆ । ਸੋ ਜੁਗ ਜੁਗ ਆਵੇ ਵਾਰੋ ਵਾਰਾ, ਨਿਤ ਨਵਿਤ ਆਪਣਾ ਵੇਸ ਵਟਾਈਆ । ਜਿਸ ਦਾ ਕਰਦੇ ਗਏ ਇਸ਼ਾਰਾ, ਭਵਿਖਤਾਂ ਵਿਚ ਦ੍ਰਿੜਾਈਆ । ਸੋ ਕਲ ਕਲਕੀ ਅਵਤਾਰਾ, ਸੰਬਲ ਬੈਠਾ ਡੇਰਾ ਲਾਈਆ । ਸਾਢੇ ਤਿੰਨ ਹੱਥ ਮੁਨਾਰਾ, ਮੁਨੀ ਮੁਨੀਸ਼ਰ ਹੱਥ ਕਿਸੇ ਨਾ ਆਈਆ । ਜਿਸ ਦੀ ਧਰਮ ਧਾਰ ਦੀਵਾਰਾ, ਚਾਰੋਂ ਕੁੰਟ ਰੰਗ ਰੰਗਾਈਆ । ਕਿਲ੍ਹਾ ਕੋਟ ਇਕ ਅਪਾਰਾ, ਅਪਰੰਪਰ ਸਵਾਮੀ ਲਿਆ ਬਣਾਈਆ । ਜਗਤ ਖੇਲ ਵਖਾ ਕੇ ਨੌਂ ਦਵਾਰਾ, ਦਸਵੀਂ ਧਾਰ ਰਾਹ ਚਲਾਈਆ । ਇਸ ਤੋਂ ਅੱਗੇ ਕਰ ਕਿਨਾਰਾ, ਸੂਰੀਆ ਚੰਦ ਚਰਨਾਂ ਹੇਠ ਦਬਾਈਆ । ਤ੍ਰੈ ਪੰਜ ਨਾ ਕੋਈ ਇਸ਼ਾਰਾ, ਨਾਦ ਧੁਨ ਨਾ ਕੋਇ ਵਜਾਈਆ । ਨਿਰਗੁਣ ਨੂਰ ਕਰ ਉਜਿਆਰਾ, ਜੋਤੀ ਜਾਤਾ ਸੋਭਾ ਪਾਈਆ । ਨਿਰਗੁਣ ਧਾਰ ਬੋਲ ਜੈਕਾਰਾ, ਆਤਮ ਪਰਮਾਤਮ ਰਿਹਾ ਸੁਣਾਈਆ । ਸੰਦੇਸ਼ਾ ਦੇ ਗੁਰ ਅਵਤਾਰਾ, ਪੈਗ਼ੰਬਰਾਂ ਰਿਹਾ ਉਠਾਈਆ । ਕਲਜੁਗ ਕੂੜੀ ਕਿਰਿਆ ਵੇਖ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਪੂਰਨ ਤਤ ਤਤ ਦਾ ਵੇਤਾ, ਵਿਤਕਰਾ ਨਜ਼ਰ ਕੋਇ ਨਾ ਆਈਆ । ਜਿਸ ਦਾ ਨੂਰ ਅਗੰਮੀ ਨੇਤਾ, ਨਿਰਾਕਾਰ ਨਿਰੰਕਾਰ ਸੋਭਾ ਪਾਈਆ । ਸੋ ਸਰਗੁਣ ਧਾਰ ਕਰੇ ਹੇਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਗੋਬਿੰਦ ਪਿਆਰ ਕਰ ਕੇ ਚੇਤਾ, ਚੇਤਨ ਸਭ ਨੂੰ ਰਿਹਾ ਕਰਾਈਆ । ਸਹਾਈ ਹੋਵੇ ਸਦਾ ਹਮੇਸ਼ਾ, ਆਦਿ ਅੰਤ ਨਾ ਕਦੇ ਭੁਲਾਈਆ । ਜੋਤੀ ਧਾਰ ਬਣ ਨਰੇਸ਼ਾ, ਸ਼ਬਦੀ ਸ਼ਬਦ ਕਰੇ ਅਗਵਾਈਆ । ਅਗੰਮ ਅਥਾਹ ਦੇ ਭੇਤਾ, ਪਰਦਾ ਅੰਤਰ ਇਕ ਉਠਾਈਆ । ਲੇਖੇ ਲਾਏ ਗੁਰੂ ਅਰਜਨ ਵਾਲੀ ਤੱਤੀ ਸੀਸ ਪਈ ਰੇਤਾ, ਰਾਵੀ ਰਵਾਦਾਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਪੂਰਨ ਤਤ ਮੇਰਾ ਅਧਾਰ, ਸਿੰਘਾਸਣ ਆਸਣ ਇਕ ਸੁਹਾਈਆ । ਦੋਹਾਂ ਮੇਲਾ ਇਕ ਕਰਤਾਰ, ਕੁਦਰਤ ਕਾਦਰ ਰੰਗ ਰੰਗਾਈਆ । ਸਾਚਾ ਮੰਦਰ ਸਚ ਦਵਾਰ, ਦਵਾਰਕਾਵਾਸੀ ਜਿਥੇ ਸੀਸ ਨਿਵਾਈਆ । ਮਹੱਲ ਅਟੱਲ ਉਚ ਮਿਨਾਰ, ਮਹਿਬੂਬ ਮੁਹੱਬਤ ਵਿਚ ਵਡਿਆਈਆ । ਖੇਲ ਵੇਖ ਸੱਚੀ ਸਰਕਾਰ, ਸਤਿ ਸਚ ਵੱਜੇ ਵਧਾਈਆ । ਜਿਸ ਨੂੰ ਮੰਨਣ ਪੈਗ਼ੰਬਰ ਅਵਤਾਰ, ਗੁਰੂ ਗੁਰਦੇਵ ਰਾਹ ਤਕਾਈਆ । ਸੋ ਖੇਲ ਕਰੇ ਅਪਾਰ, ਅਪਰੰਪਰ ਆਪਣਾ ਹੁਕਮ ਵਰਤਾਈਆ । ਏਕਾ ਜੋਤ ਜੋਤ ਜਗੇ ਨਿਰੰਕਾਰ, ਸਾਢੇ ਤਿੰਨ ਹੱਥ ਨੂਰ ਰੁਸ਼ਨਾਈਆ । ਜਿਸ ਦਾ ਅੰਤ ਨਾ ਪਾਰਾਵਾਰ, ਬੇਅੰਤ ਆਪ ਹੋ ਆਈਆ । ਸੋ ਮੇਲਾ ਮੇਲੇ ਮੇਲਣਹਾਰ, ਵਿਛੋੜਾ ਅੱਗੇ ਰਹੇ ਨਾ ਰਾਈਆ । ਜਨ ਭਗਤਾਂ ਕਰੇ ਪਿਆਰ, ਮਿਹਰ ਨਜ਼ਰ ਇਕ ਉਠਾਈਆ । ਜੋ ਸੇਵਾ ਕਰਨ ਦਿਵਸ ਰੈਣ ਦਿਵਸ ਦੋ ਚਾਰ, ਘੜੀ ਪਲ ਆਪਣੇ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ

ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਪੂਰਨ ਤਤ ਭਗਤ ਵਿਚੋਲਾ, ਭਗਵਨ ਜਿਸ ਵਿਚ ਨਜ਼ਰੀ ਆਈਆ । ਪ੍ਰੇਮ ਪ੍ਰੀਤੀ ਖੇਲੇ ਹੋਲਾ, ਰੰਗ ਰਤੜਾ ਰੰਗ ਰੰਗਾਈਆ । ਮਾਣ ਬਖ਼ਸ਼ੇ ਉਪਰ ਧੌਲਾ, ਧਵਲ ਮਿਲੇ ਵਡਿਆਈਆ । ਸਭ ਦਾ ਪੂਰਾ ਕਰੇ ਕੌਲਾ, ਕਵਲ ਨੈਣ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਰੂਪ ਅਵਲ ਕਾ ਅਵਲਾ, ਅਵਲ ਆਪਣਾ ਹੁਕਮ ਵਰਤਾਈਆ ।

✪ ੨੦ ਮਾਘ ਸ਼ਹਿਨਸ਼ਾਹੀ ਸੰਮਤ ੫ ਬਾਵਾ ਸਿੰਘ ਦੇ ਗ੍ਰਿਹਿ ਪਿੰਡ ਅੱਲੜਪਿੰਡੀ ਜ਼ਿਲਾ ਗੁਰਦਾਸ ਪੁਰ ✪

ਪੂਰਨ ਤਤ ਪ੍ਰਭੂ ਦਾ ਘਰ, ਘਰਾਨਾ ਗੁਰ ਅਵਤਾਰ ਪੈਗ਼ੰਬਰ ਗਏ ਸਮਝਾਈਆ । ਜਿਸ ਗ੍ਰਿਹਿ ਪਾਰਬ੍ਰਹਮ ਦਾ ਸਰ, ਪਤਿਪਰਮੇਸ਼ਵਰ ਅੰਮ੍ਰਿਤ ਸਤਿ ਭਰਾਈਆ । ਨਿਰਗੁਣ ਸਰਗੁਣ ਮਿਲੇ ਵਰ, ਆਤਮ ਪਰਮਾਤਮ ਖੋਜ ਖੁਜਾਈਆ । ਧਨ ਦੌਲਤ ਵੇਖੇ ਜੋਰੂ ਜ਼ਰ, ਜ਼ੱਰਾ ਜ਼ੱਰਾ ਖੋਜ ਖੁਜਾਈਆ । ਲਹਿਣਾ ਦੇਣਾ ਜਾਣੇ ਨਾਰੀ ਨਰ, ਨਿਰਾਕਾਰ ਸਾਕਾਰ ਪੜਦਾ ਆਪ ਉਠਾਈਆ । ਸਾਚੀ ਪੌੜੀ ਆਪ ਚੜ੍ਹ, ਮੰਦਰ ਸਚ ਇਕ ਵਡਿਆਈਆ । ਭੇਵ ਖੋਲ੍ਹ ਕੇ ਚੇਤਨ ਜੜ੍ਹ, ਸੁਰਤੀ ਸ਼ਬਦੀ ਵੇਖ ਵਖਾਈਆ । ਨਾ ਜੀਵਤ ਨਾ ਜਾਏ ਮਰ, ਆਦਿ ਅੰਤ ਏਕਾ ਰੰਗ ਸਮਾਈਆ । ਜਗਤ ਜਗਿਆਸੂ ਸਕੇ ਕੋਈ ਨਾ ਫੜ, ਖੋਜਿਆਂ ਹੱਥ ਕਿਸੇ ਨਾ ਆਈਆ । ਮਿਹਰਵਾਨ ਮਹਿਬੂਬ ਮਿਹਰ ਆਪੇ ਕਰ, ਕਰਨੀ ਕਰਤਾ ਕਾਰ ਕਮਾਈਆ । ਸਚ ਦਵਾਰ ਏਕੰਕਾਰ ਆਪੇ ਖੜ੍ਹ, ਦਰ ਘਰ ਸਾਚਾ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਵਖਾਈਆ । ਪੂਰਨ ਤਤ ਪ੍ਰਭੂ ਗ੍ਰਿਹਿ ਮੰਦਰ, ਸਚ ਸੁਹੰਜਣਾ ਸੋਭਾ ਪਾਈਆ । ਅੱਠੇ ਪਹਿਰ ਖੁਲ੍ਹਾ ਰਹੇ ਜੰਦਰ, ਕੁੰਜੀ ਹੱਥ ਨਾ ਕਿਸੇ ਫੜਾਈਆ । ਪ੍ਰਕਾਸ਼ ਕਰ ਅੰਧੇਰੇ ਕੰਦਰ, ਜੋਤੀ ਜਾਤਾ ਡਗਮਗਾਈਆ । ਨਾਮ ਨਿਧਾਨਾ ਪਰਗਟਾ ਮੰਤਰ, ਤੂੰ ਮੇਰਾ ਮੈਂ ਤੇਰਾ ਸਚ ਪੜ੍ਹਾਈਆ । ਭੇਵ ਅਭੇਦਾ ਖੋਲ੍ਹ ਨਿਰੰਤਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਅਗਨੀ ਅੱਗ ਬੁਝਾ ਬਸੰਤਰ, ਅੰਮ੍ਰਿਤ ਮੇਘ ਮੇਘ ਬਰਸਾਈਆ । ਧਰਮ ਦੀ ਧਾਰ ਬਣਾ ਬਣਤਰ, ਸੰਬਲ ਆਪਣਾ ਰੰਗ ਰੰਗਾਈਆ । ਖੇਲ ਵੇਖੇ ਗਗਨ ਗਗਨੰਤਰ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਵਖਾਈਆ । ਪੂਰਨ ਤਤ ਪ੍ਰਭੂ ਪ੍ਰਭ ਦਵਾਰਾ, ਦਵਾਰਕਾਵਾਸੀ ਸੀਸ ਨਿਵਾਈਆ । ਅਸ਼ਟਭੁਜ ਭੁਜ ਨਿਮਸਕਾਰਾ, ਦੇਵ ਦੇਵਆਤਮਾ ਰਾਹ ਤਕਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖਣ ਨੈਣ ਉਘਾੜਾ, ਬਿਨ ਲੋਚਨ ਨੈਣ ਅੱਖ ਖੁਲ੍ਹਾਈਆ । ਪੈਗ਼ੰਬਰ ਸੱਯਦਾ ਕਰਨ ਵਾਰੋ ਵਾਰਾ, ਬਿਨ ਕਦਮਾਂ ਸੀਸ ਜਗਦੀਸ ਝੁਕਾਈਆ । ਗੁਰ ਗੁਰ ਧੂੜੀ ਲਾਵਣ ਛਾਰਾ, ਖ਼ਾਕੀ ਖ਼ਾਕ ਖ਼ਾਕ ਰਮਾਈਆ । ਸੂਫ਼ੀ ਸੰਤ ਬਣ ਭਿਖਾਰਾ, ਦਰ ਬੈਠੇ ਝੋਲੀਆਂ ਡਾਹੀਆ । ਭਗਤ ਭਗਵਾਨ ਇਕੋ ਹੋਵੇ ਜੈਕਾਰਾ, ਆਤਮ ਪਰਮਾਤਮ ਵੱਜੇ ਵਧਾਈਆ । ਇਹ ਖੇਲ ਸੱਚੀ ਸਰਕਾਰਾ, ਹਰਿ ਕਰਤਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਇਕ ਦਰਸਾਈਆ । ਪੂਰਨ ਤਤ ਤਤ ਸਿੰਘਾਸਣ, ਸਿੰਘ ਸ਼ਬਦ ਜੋਤ ਤੇਜ ਰੂਪ ਵਡਿਆਈਆ ।

ਬਰਾਜੇ ਸਾਹਿਬ ਪੁਰਖ ਅਬਿਨਾਸ਼ਣ, ਕਰਨੀ ਕਰਤਾ ਸੋਭਾ ਪਾਈਆ । ਅਗੰਮੀ ਸ਼ਬਦ ਅਗੰਮੀ ਆਵਾਜਣ, ਅਗੰਮ ਧਾਰ ਪਰਗਟਾਈਆ । ਨਿਰਵੈਰ ਨਿਰਾਕਾਰ ਖੇਲ੍ਹ ਕੇ ਰਾਜ਼ਣ, ਨਿਰੰਕਾਰ ਪੜਦਾ ਲਾਹੀਆ । ਸਚ ਦਵਾਰ ਦਾ ਕਰ ਕੇ ਸਾਧਨ, ਸਦ ਭਾਵਨਾ ਵਿਚ ਸਮਾਈਆ । ਜਿਸ ਨੂੰ ਚਾਰ ਜੁਗ ਅਵਤਾਰ ਪੈਗ਼ੰਬਰ ਗੁਰ ਅਰਾਧਣ, ਸੋ ਸੰਬਲ ਬੈਠਾ ਡੇਰਾ ਲਾਈਆ । ਜਿਸ ਦਾ ਖੇਲ ਮੋਹਨ ਮਾਧਵ ਮਾਧਨ, ਮਧੁਰ ਧੁਨ ਰਾਗ ਸੁਣਾਈਆ । ਜਿਸ ਦਾ ਪੂਜਾ ਪਾਠ ਪਾਠਣ, ਰਸਨਾ ਜਿਹਵਾ ਬੱਤੀ ਦੰਦ ਸਾਲਾਹੀਆ । ਜਿਸ ਦਾ ਲੇਖਾ ਬਾਹਰ ਆਣ ਬਾਟਣ, ਗਰਭ ਵਾਸ ਨਾ ਡੇਰਾ ਲਾਈਆ । ਸੋ ਖੇਲ ਕਰੇ ਸਮਰਾਥਨ, ਸਮਰਥ ਆਪਣਾ ਹੁਕਮ ਵਰਤਾਈਆ । ਜਿਸ ਨੂੰ ਨਿਹਕਲੰਕ ਕਲ ਕਲਕੀ ਸਾਰੇ ਆਖਣ, ਅਮਾਮ ਅਮਾਮਾ ਸਿਫ਼ਤ ਸਾਲਾਹੀਆ । ਜੋ ਆਦਿ ਜੁਗਾਦੀ ਧੁਰ ਦਾ ਬਾਪਣ, ਪਿਤਾ ਪੁਰਖ ਅਕਾਲ ਵਡਿਆਈਆ । ਸੋ ਕਲਜੁਗ ਅੰਤ ਮੇਟੇ ਅੰਧੇਰੀ ਰਾਤਨ, ਸਤਿਜੁਗ ਸਚ ਚੰਦ ਚਮਕਾਈਆ । ਜਿਸ ਦਾ ਸ਼ਬਦ ਸ਼ਬਦੀ ਧਾਰ ਭਾਸ਼ਨ, ਭਾਸ਼ਾ ਦੀਨ ਦੁਨੀ ਬਦਲਾਈਆ । ਅੰਤ ਸੰਦੇਸ਼ਾ ਆਇਆ ਆਖਣ, ਆਤਮ ਪਰਮਾਤਮ ਰਾਗ ਦ੍ਰਿੜਾਈਆ । ਜਨ ਭਗਤ ਸੁਹੇਲੇ ਲੱਖ ਚੁਰਾਸੀ ਵਿਚੋਂ ਵਰੋਲੇ ਮਾਖਣ, ਮਿਹਰਵਾਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰਾਹ ਇਕ ਵਖਾਈਆ । ਪੂਰਨ ਤਤ ਗੁਰੂ ਗੁਰਦੇਵਾ, ਦੇਵ ਦੇਵਾ ਆਤਮਾ ਰੂਪ ਸਮਾਈਆ । ਸਚ ਘਰਾਨਾ ਸਦਾ ਨਿਹਕੇਵਾ, ਨਿਹਚਲ ਇਕੋ ਇਕ ਵਖਾਈਆ । ਜਿਸ ਦੀ ਸਿਫ਼ਤ ਕਰ ਨਾ ਸਕੇ ਜਿਹਵਾ, ਜ਼ਬਾਨ ਉਲਫ਼ਤ ਵਿਚ ਨਾ ਕੋਇ ਵਡਿਆਈਆ । ਜਿਸ ਦਾ ਨਾਮ ਅਗੰਮੀ ਮੇਵਾ, ਅੰਮ੍ਰਿਤ ਰਸ ਰਸ ਚਖਾਈਆ । ਸੋ ਸਾਹਿਬ ਸਵਾਮੀ ਅਲਖ ਅਭੇਵਾ, ਅਚਰਜ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਨਾਮ ਦਾ ਮਸਤਕ ਲਾਵੇ ਥੇਵਾ, ਮਸਤੀ ਆਪਣੀ ਆਪ ਰਖਾਈਆ ।

✪ ੨੫ ਮਾਘ ਸ਼ਹਿਨਸ਼ਾਹੀ ਸੰਮਤ ੫ ਸਰਬ ਧਰਮ ਸਮੇਲਨ ੬ ਫਰਵਰੀ ੧੯੭੦ ਰਾਮ ਲੀਲਾ ਗਰਾਉਂਡ ਦਿੱਲੀ ✪

ਕਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਿੱਖ ਈਸਾਈ ਮੁਸਲਿਮ ਜੈਨੀ ਹੋ ਜਾਉ ਧਰਮ ਧਾਰ ਦੇ ਝੰਡੇ ਹੇਠ ਇਕੱਠੇ, ਵੱਖਰਾ ਰਹਿਣ ਕੋਇ ਨਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਦੀਨ ਮਜ਼੍ਹਬ ਜ਼ਾਤ ਪਾਤ ਝਗੜੇ ਵਿਚ ਫਿਰੋ ਨਾ ਨੱਠੇ, ਅੰਤਰ ਆਤਮ ਪਰਮਾਤਮ ਇਕੋ ਲੈਣਾ ਮਨਾਈਆ । ਅੰਤ ਅਖ਼ੀਰ ਬੇਨਜ਼ੀਰ ਪਰਵਰਦਿਗਾਰ ਸਾਂਝਾ ਯਾਰ ਪਾਰਬ੍ਰਹਮ ਪਤਿਪਰਮੇਸ਼ਵਰ ਸਭ ਨੂੰ ਆਪਣੇ ਰੰਗ ਰੱਤੇ, ਰੰਗ ਰਤੜਾ ਇਕੋ ਏਕ ਅਗੰਮ ਅਥਾਹੀਆ । ਸਤਿ ਧਰਮ ਦੀ ਵਿਸ਼ਵ ਜਾਣੋ ਸਤੇ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਆਪਣਾ ਆਪ ਲਓ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਰੰਗ ਵਖਾਈਆ । ਫੋਰਥ ਵਰਲਡ ਵੇਖੇ ਕਾਨਫ਼ਰੰਸ, ਦਿੱਲੀ ਦਵਾਰੇ ਸੋਭਾ ਪਾਈਆ । ਮਹਾਤਮਾ ਦੀ ਆਤਮਾ ਤੁਸੀਂ ਸਾਰੇ ਅੰਸ, ਦੂਜਾ ਨਜ਼ਰ ਕੋਇ ਨਾ ਆਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਗੁਰੂ ਅਵਤਾਰ ਪੈਗ਼ੰਬਰ ਈਸਾ ਮੂਸਾ ਹਜ਼ਰਤ ਮੁਹੰਮਦ ਨਾਨਕ ਗੋਬਿੰਦ ਜੋ ਮਾਰਗ ਗਏ ਦੱਸ, ਸਰਬ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਲਓ ਰਖਾਈਆ । ਇਕ ਦੂਜੇ ਦਾ ਪ੍ਰੇਮ ਪਿਆਰ ਮੁਹੱਬਤ ਵਿਚ

ਗਾਓ ਜਸ, ਦਵੈਤ ਅੰਦਰੋਂ ਦਿਉ ਕਢਾਈਆ । ਸਾਧ ਸੰਤ ਸੂਫ਼ੀ ਫ਼ਕੀਰ ਅਚਾਰੀਏ ਧਰਮ ਨਿਜ ਨੇਤਰ ਅੰਦਰ ਖੋਲ੍ਹੋ ਅੱਖ, ਪੜਦਾ ਭੇਵ ਦਾ ਦੇਣਾ ਮਿਟਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਧਰਮ ਸਟੇਜ ਤੇ ਵੇਖੋ ਪ੍ਰਤਖ, ਲੁਕਿਆ ਰਹਿਣ ਕੋਇ ਨਾ ਪਾਈਆ । ਅੱਗੇ ਵਾਸਤੇ ਹਿਰਦੇ ਅੰਦਰ ਆਪਣਾ ਇਰਾਦਾ ਕਰ ਲਓ ਪੱਕ, ਇਕ ਦੂਜੇ ਵੱਲ ਬੁਰੀ ਨਿਗਹ ਨਾ ਕੋਇ ਉਠਾਈਆ । ਜੋ ਮਜ਼੍ਹਬ ਉਤੇ ਮਜ਼੍ਹਬ ਦਾ ਕਰੇ ਸ਼ੱਕ, ਓਸ ਦਾ ਸ਼ਕਵਾ ਸਾਰੇ ਇਕੱਠੇ ਹੋ ਕੇ ਦਿਉ ਗਵਾਈਆ । ਧਰਮ ਦੀ ਪਾਲਣਾ ਧਰਮ ਦੀ ਅਵਸਥਾ ਕਰਨਾ ਧਰਮ ਦਾ ਪਰਚਾਰ ਕਰਨਾ ਧਰਮ ਤੇ ਚਲਣਾ ਸਾਰਿਆਂ ਦਾ ਹੱਕ, ਵੱਖਰੀ ਵੰਡ ਨਾ ਕੋਇ ਵੰਡਾਈਆ । ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਪੁਰਖ ਅਕਾਲ ਦੀਨ ਦਿਆਲ ਸਮਰਥ, ਦੂਜਾ ਨਜ਼ਰ ਕੋਇ ਨਾ ਆਈਆ । ਵੇਖੋ ਗ਼ਰੀਬਾਂ ਦੀ ਸਹਾਇਤਾ ਕਰਨ ਵਾਲਾ ਤੁਹਾਡੇ ਸਾਹਮਣੇ ਜਗਜੀਵਣ ਰਾਮ ਬੈਠਾ ਸਜ, ਸਾਰੇ ਭਾਰਤ ਨੂੰ ਏਕਤਾ ਦੇ ਰੰਗ ਵਿਚ ਰੰਗ ਪਰਧਾਨ ਮੰਤਰੀ ਮਿੱਤਰ ਰਿਹਾ ਬਣਾਈਆ । ਅੱਗੇ ਵਾਸਤੇ ਪ੍ਰਣ ਕਰ ਲਉ ਤੁਹਾਡਾ ਸਭ ਦਾ ਸਾਂਝਾ ਇਕੋ ਹੱਕ, ਦੀਨ ਮਜ਼੍ਹਬ ਦਾ ਝਗੜਾ ਮਾਤਲੋਕ ਧਰਨੀ ਧਰਤ ਧਵਲ ਧੌਲ ਭਾਰਤ ਖੰਡ ਯੂਰਪ ਏਸ਼ੀਆ ਵਿਚ ਰਹਿਣ ਕੋਇ ਨਾ ਪਾਈਆ । ਬਿਨਾ ਧਰਮ ਤੋਂ ਹੋਰ ਕੁਛ ਨਹੀਂ ਜੇ ਸਚ, ਬਿਨਾ ਸਚ ਤੋਂ ਸਤਿ ਪਾਰਬ੍ਰਹਮ ਪਤਿਪਰਮੇਸ਼ਵਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਘਰ ਘਰ, ਸੰਤ ਕਿਰਪਾਲ ਜੀ ਮੁਨੀ ਸੁਸ਼ੀਲ ਜੀ ਸਾਰਿਆਂ ਦਾ ਬੈਠੇ ਕਰ ਇਕੱਠ, ਦੇਸ ਦੇਸਾਂਤਰਾਂ ਦੇ ਅਚਾਰੀਏ ਧਰਮ ਦੇ ਆਗੂ ਬੈਠੇ ਡੇਰਾ ਲਾਈਆ ।



### ✪ ੨੬ ਮਾਘ ਸ਼ਹਿਨਸ਼ਾਹੀ ਸੰਮਤ ੫ ਚੌਥਾ ਧਰਮ ਸਮੇਲਨ ੭ ਫਰਵਰੀ ੧੯੭੦ ਰਾਮ ਲੀਲਾ ਗਰਾਉਂਡ ਦਿੱਲੀ ✪

ਵਿਸ਼ਵ ਧਰਮ ਸਮੇਲਨ ਸੱਤ ਫਰਵਰੀ ਕੁੰਟ ਚਾਰ, ਦਹਿ ਦਿਸ਼ਾ ਰਿਹਾ ਜਣਾਈਆ । ਧਰਨੀ ਧਰਤ ਧਵਲ ਉਤੇ ਸਾਧਾਂ ਸੰਤਾਂ ਸੂਫ਼ੀ ਫ਼ਕੀਰਾਂ ਰਿਖੀਆਂ ਮੁਨੀਆਂ ਦੇ ਸਭ ਨੇ ਸੁਣੇ ਵਿਚਾਰ, ਜੋ ਵਿਚਰ ਕੇ ਗਏ ਜਣਾਈਆ । ਧਰਮ ਸੰਦੇਸ਼ਾ ਅੱਜ ਦਿਹਾੜੇ ਦਰਗਾਹ ਸਾਚੀ ਮੁਕਾਮੇ ਹੱਕ ਸੁਣਿਆ ਓਸ ਪਰਵਰਦਿਗਾਰ, ਜੋ ਜਲਵਾਗਰ ਨੂਰ ਇਲਾਹੀਆ । ਜਿਸ ਦੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਈ ਅਵਤਾਰ ਹਜ਼ਰਤ ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਸਿਫ਼ਤਾਂ ਵਿਚ ਸਿਫ਼ਤ ਕਰ ਕੇ ਗਏ ਇਜ਼ਹਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਓਸੇ ਦਾ ਜਸ ਗਾਈਆ । ਭਵਿਖਤਾਂ ਵਿਚ ਲਿਖਤਾਂ ਵਿਚ ਇਸ਼ਟਾਂ ਵਿਚ ਦ੍ਰਿਸ਼ਟਾਂ ਵਿਚ ਰਸਨਾ ਜਿਹਵਾ ਬੱਤੀ ਦੰਦ ਬੋਲ ਕੇ ਗਏ ਨਿਰਗੁਣ ਸ਼ਬਦ ਦੀ ਸਰਗੁਣ ਸ਼ਬਦ ਧਾਰ, ਤਤ ਵਿਚੋਂ ਤਤ ਲੈਣਾ ਪਰਗਟਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਂਝਾ ਯਾਰ ਏਕੰਕਾਰ ਨਿਰਾਕਾਰ ਪਰਗਟ ਹੋਵੇ ਵਿਚ ਸੰਸਾਰ, ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਰੂਪ ਲਏ ਪਰਗਟਾਈਆ । ਜਿਸ ਨੇ ਸਤਿ ਧਰਮ ਸਚ ਨਾਮ ਸਚ ਕਲਮਾ ਕਾਇਨਾਤ ਦੁਨੀਆ ਵਰਲਡ ਸ੍ਰਿਸ਼ਟੀ ਦੀ ਦ੍ਰਿਸ਼ਟੀ ਦੇ ਅੰਦਰ ਕਰਨਾ ਉਜਿਆਰ, ਜ਼ਾਤ ਪਾਤ ਦੀਨ ਮਜ਼੍ਹਬ ਦਾ ਪੜਦਾ ਦੇਣਾ ਉਠਾਈਆ । ਸਾਰੇ ਆਲਮ ਵਾਲੇ ਹੋ ਜਾਓ ਖ਼ਬਰਦਾਰ, ਬੇਖ਼ਬਰਾਂ ਖ਼ਬਰ ਦਿਉ ਸੁਣਾਈਆ । ਜਿਸ ਨੂੰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਲੱਭਦੇ ਗੁਰੂਦਵਾਰ, ਸੋ ਮਾਲਕ ਖ਼ਾਲਕ ਪ੍ਰਿਤਪਾਲਕ ਤੁਹਾਡਾ ਮੀਤ ਆਦਿ ਦਾ ਅੰਤ ਤਕ ਕਦੀਮ ਦਾ ਕੁਦਰਤ ਦਾ ਕਾਦਰ ਤੁਹਾਡੇ ਵਿਚ ਬੈਠਾ ਸੋਭਾ ਪਾਈਆ ।

ਜਿਸ ਦੀ ਸਦਾ ਸਦਾ ਨਿਤ ਨਵਿਤ ਕਰਦੇ ਰਹੇ ਉਡੀਕ, ਵੇਖਦੇ ਰਹੇ ਅੱਖਰਾਂ ਤੇ ਹਿੰਦਸਿਆਂ ਵਾਲੀ ਤਾਰੀਖ, ਜਿਸ ਦਾ ਮਾਰਗ ਸ਼ਾਹਰਗ ਤੋਂ ਉਤੇ ਵਸਿਆ ਸੰਤਾਂ ਕਿਹਾ ਬਾਰੀਕ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਦੀ ਚਾਰ ਜੁਗ ਸਭ ਨੇ ਕੀਤੀ ਤਸਦੀਕ, ਰਸੂਲ ਸ਼ਹਾਦਤ ਗਏ ਭੁਗਤਾਈਆ । ਸੋ ਤੁਹਾਡੀ ਆਸਾ ਮਨਸਾ ਜ਼ਰੂਰ ਪੂਰੀ ਕਰੇ ਉਮੀਦ, ਦਰਗਾਹ ਦਾ ਮਾਲਕ ਅਰਸ਼ਾਂ ਦਾ ਮਾਲਕ ਫ਼ਰਸ਼ ਉਤੇ ਆਪਣਾ ਨੂਰ ਜੋਤ ਕਰੇ ਰੁਸ਼ਨਾਈਆ । ਕਿਉਂ ਓਸ ਨੇ ਸਭ ਦਾ ਪੂਰਾ ਕਰਨਾ ਭਵਿਖਤ ਵਾਕ, ਬੰਦ ਕਿਵਾੜੀ ਦਾ ਅੰਦਰੋਂ ਖੋਲ੍ਹਣਾ ਤਾਕ, ਆਤਮ ਪਰਮਾਤਮ ਦਾ ਦੇਣਾ ਸਾਥ, ਤਨ ਵਜੂਦ ਮਾਟੀ ਖ਼ਾਕ ਦਾ ਝਗੜਾ ਦੇਣਾ ਮੁਕਾਈਆ । ਕੋਈ ਹਿੰਦੂ ਮੁਸਲਿਮ ਸਿਖ ਈਸਾਈ ਪਾਰਸੀ ਬੋਧੀ ਜੈਨੀ ਰਹਿਣ ਨਹੀਂ ਦੇਣਾ ਉਦਾਸ, ਹਉਮੇ ਹੰਗਤਾ ਕੂੜੀ ਕਿਰਿਆ ਕਾਇਆ ਮੰਦਰ ਅੰਦਰ ਕਰਨੀ ਆਪ ਸਫ਼ਾਈਆ । ਜਿਸ ਦਾ ਕਲਮਾ ਸਚ ਅਦਾਬ, ਨਿਮਸਕਾਰ ਨਮਸਤੇ ਇਕੋ ਦੇਣੀ ਦ੍ਰਿੜਾਈਆ । ਹੁਣ ਏਥੇ ਸ਼ਰਅ ਦਾ ਸ਼ਰੀਅਤ ਵਾਲਾ ਕੋਈ ਹੋਣਾ ਨਹੀਂ ਹਿਸਾਬ, ਆਲਮਾਂ ਦਾ ਇਲਮ ਪ੍ਰੇਮ ਦਾ ਦੇਵੇ ਖ਼ਿਤਾਬ, ਨਾਮ ਦੇ ਰਸੂਲ ਸਭ ਨੇ ਕਲਮਾ ਕਰਨਾ ਕਬੂਲ, ਕਾਇਨਾਤ ਆਅਲਾ ਆਜ਼ਮ ਏਕਾ ਏਕ ਨੂਰ ਕਰੇ ਰੁਸ਼ਨਾਈਆ । ਜਿਸ ਦੀ ਗੋਬਿੰਦ ਦਏ ਸ਼ਹਾਦਤ, ਬਦਲ ਦੇਣੀ ਮਨ ਕਲਪਣਾ ਦੀ ਇਬਾਦਤ, ਸਭ ਨੂੰ ਦੱਸਣੀ ਇਕੋ ਸਦਾਕਤ, ਲਿਆਕਤ ਧਰਮ ਵਾਲੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਫ਼ੋਰਥ ਵਰਲਡ ਕਾਨਫ਼ਰੰਸ ਦੱਸੇ ਸਰਬ ਅਵਾਮ, ਦੀਨ ਦੁਨੀ ਜਣਾਈਆ ।

੩੫੩ ਸਭ ਦਾ ਮਾਲਕ ਪਾਰਬ੍ਰਹਮ ਪਤਿਪਰਮੇਸ਼ਵਰ ਅੱਲਾ ਰਾਮ ਵਾਹਿਗੁਰੂ ਕ੍ਰਿਸ਼ਨ ਗਾਡ ਜਿਸ ਨੇ ਬਣ ਕੇ ਆਉਣਾ ਅਮਾਮ, ਅਮਾਮ ਅਮਾਮਾ ਫੇਰਾ ਪਾਈਆ । ੩੫੩

ਓਸ ਝਗੜਾ ਮੇਟਣਾ ਕੂੜ ਕਲਪਣਾ ਦਾ ਤਮਾਮ, ਤਮ੍ਹਾਂ ਕੂੜੀ ਦੇਣੀ (ਗਵਾਈਆ) । ਕਲਜੁਗ ਰਹਿਣ ਨਹੀਂ ਦੇਣੀ ਅੰਧੇਰੀ ਸ਼ਾਮ, ਸੰਤੋ ਮਹਾਤਮੇ

੨੨ ਮਹਾਂਪੁਰਸ਼ੋ ਸਤਿ ਧਰਮ ਦਾ ਜੁਗ ਦੇਣਾ ਬਦਲਾਈਆ । ਓ ਤੁਸੀਂ ਬਿਰਧ ਨਹੀਂ ਹੋਣਾ ਕਿਉਂਕਿ ਤੁਹਾਡਾ ਮਾਲਕ ਤੁਹਾਨੂੰ ਕਰੇ ਜਵਾਨ, ਜੋਬਨਵੰਤੀ ੨੨

ਹਯਾਤੀ ਲੈਣੀ ਹੰਢਾਈਆ । ਉਹਦਾ ਇਕ ਧਰਮ ਤੇ ਇਕ ਇਸਲਾਮ, ਦੂਜੀ ਵੰਡ ਨਾ ਕੋਇ ਵੰਡਾਈਆ । ਜੋ ਆਇਆ ਸੋ ਲੈ ਕੇ ਜਾਇਓ ਇਕ ਦੂਜੇ ਦਾ ਸਚ ਪਿਆਰਾ, ਪ੍ਰੇਮ ਪ੍ਰੀਤੀ ਵਿਚ ਆਪਣਾ ਆਪ ਬੰਧਾਈਆ । ਵੇਖਿਓ ਆਪਣੇ ਮਨ ਦੇ ਅਧੀਨ ਹੋ ਕੇ ਬਣ ਨਾ ਜਾਇਓ ਅਵਾਰਾ, ਕਪਲਣਾ ਵਿਚ ਭੱਜੋ ਵਾਹੋ ਦਾਹੀਆ । ਜ਼ਰਾ ਆਤਮਾ ਦਾ ਰਸ ਮਾਣੋ ਪਰਮਾਤਮਾ ਦਾ ਰਸ ਮਾਣੋ ਫੇਰ ਵੇਖੋ ਕੀ ਨਜ਼ਾਰਾ, ਜਿਹੜਾ ਨਜ਼ਰ ਤੋਂ ਪਰੇ ਬੇਨਜ਼ੀਰ ਦਏ ਵਖਾਈਆ । ਜ਼ਰਾ ਇਕ ਦੇ ਸਾਰੇ ਬਣ ਕੇ ਵੇਖੋ ਤਾਬਿਆਦਾਰਾ, ਅਧੀਨ ਹੋ ਕੇ ਮਸਕੀਨ ਹੋ ਕੇ ਸੱਜਦਾ ਕਰੋ ਓਸ ਖ਼ੁਦਾ, ਜੋ ਸਭ ਦਾ ਪਿਤਾ ਮਾਈਆ । ਏਹ ਓਸੇ ਦਾ ਸੱਚਾ ਦਰਬਾਰਾ, ਜਿਥੇ ਵਸੇ ਆਪ ਨਿਰੰਕਾਰਾ, ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਪਾਤਸ਼ਾਹਾਂ ਦਾ ਪਾਤਸ਼ਾਹ, ਬੇਅੰਤ ਤੇ ਸਾਂਝਾ ਮੀਤ ਮੁਰਾਰਾ, ਮਿੱਤਰ ਸਾਰੇ ਲਏ ਬਣਾਈਆ । ਹੁਣ ਝਗੜੇ ਵਾਲਾ ਕਿਸੇ ਬੰਨੇ ਰਹਿਣ ਨਾ ਦਿਓ ਅਖਾੜਾ, ਕੂੜੀ ਕਿਰਿਆ ਜਗਤ ਵੇਸਵਾ ਨਾਚ ਨਾ ਕੋਇ ਨਚਾਈਆ । ਸਾਰੇ ਬਣ ਕੇ ਭਾਈ ਚਾਰਾ, ਇਕ ਦੂਜੇ ਨੂੰ ਮਿਲਣ ਵਾਸਤੇ ਦੋਵੇਂ ਹੱਥ ਲਓ ਉਠਾਈਆ । ਝੂਠਿਆਂ ਕਾਮੀਆਂ ਕਰੋਧੀਆਂ ਲੋਭੀਆਂ ਹੰਕਾਰੀਆਂ ਵਿਭਚਾਰੀਆਂ ਕੁਕਰਮੀਆਂ ਭ੍ਰਿਸ਼ਟਾਚਾਰੀਆਂ ਨੂੰ ਦੂਰੋਂ ਕਰੋ ਨਿਮਸਕਾਰਾ, ਡੰਡਾਵਤ ਕਰ ਕੇ ਇਕੋ ਵਾਰ ਪਲੂ ਲਓ ਛੁਡਾਈਆ । ਨਾਲੇ ਸਾਰਿਆਂ ਨੂੰ ਬੋਲੋ ਅਸੀਂ ਆਤਮਾ ਉਹ ਸਾਡਾ ਪਰਮਾਤਮਾ ਦੋਹਾਂ ਦਾ ਸਾਚਾ ਪਿਆਰਾ, ਵਿਛੋੜਾ ਨਜ਼ਰ ਕੋਇ ਨਾ ਆਈਆ । ਜੇ ਤੁਸੀਂ ਨਾ

ਉਠੇ ਸਾਰੀ ਦੁਨੀਆ ਵਿਚ ਸ੍ਰਿਸ਼ਟੀ ਕਾਇਨਾਤ ਵਿਚ ਵਿਗਿਆਨ ਨੇ ਕਰ ਦੇਣੀ ਹਾਹਾਕਾਰਾ, ਹੱਕ ਹੱਕ ਦਾ ਨਾਅਰਾ ਨਾ ਕੋਇ ਲਗਾਈਆ । ਇਹੋ ਪ੍ਰੇਮ ਪ੍ਰੀਤੀ ਮੁਹੱਬਤ ਦਾ ਸਾਰੇ ਕਰੋ ਮੁਜ਼ਾਹਰਾ, ਖ਼ੁਸ਼ੀ ਨਾਲ ਦੋ ਹੱਥਾਂ ਦੀ ਤਾਲੀ ਦਿਓ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸੁਣੋ ਸੱਤ ਫਰਵਰੀ ਵਾਲੀ ਬਾਤ, ਦਿੱਲੀ ਦਵਾਰ ਦਿਆਂ ਸੁਣਾਈਆ । ਕੀ ਖੇਲ ਹੁੰਦਾ ਦਰਗਹ ਸਾਚੀ ਅੱਜ ਦੀ ਰਾਤ, ਵੇਲਾ ਵਕਤ ਦਏ ਗਵਾਹੀਆ । ਅਵਤਾਰ ਪੈਗ਼ੰਬਰ ਗੁਰੂ ਸਾਰੇ ਇਕੱਠੇ ਬੈਠੇ ਲੋਕਮਾਤ ਵੱਲ ਮਾਰਨ ਝਾਤ, ਬਿਨਾ ਨਿਗਾਹ ਤੋਂ ਨਿਗਾਹ ਉਠਾਈਆ । ਜਿਹੜਾ ਅਸੀਂ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਲੇਖਾ ਲਿਖ ਕੇ ਆਏ ਨਾਲ ਕਲਮ ਦਵਾਤ, ਕਾਗ਼ਜ਼ਾਂ ਉਤੇ ਸ਼ਹਾਦਤ ਆਏ ਪਾਈਆ । ਅੱਜ ਉਸ ਨੂੰ ਉਹ ਭੁੱਲ ਗਈ ਦੀਨ ਮਜ਼੍ਹਬ ਵਾਲੀ ਜਮਾਤ, ਦੁਨੀਆ ਅੱਖਰ ਪੜ੍ਹ ਕੇ ਝਗੜਾ ਦੁਨੀਆ ਵਿਚ ਪਾਈਆ । ਜਿੰਨਾ ਚਿਰ ਖ਼ੁਦਾ ਮਿਹਰਵਾਨ ਮਹਿਬੂਬ ਤੂੰ ਆਪ ਨਾ ਆਇਉਂ ਸਾਖਿਆਤ, ਪਰਗਟ ਹੋ ਕੇ ਆਪਣਾ ਰੂਪ ਦਰਸਾਈਆ । ਓਨਾਂ ਚਿਰ ਝਗੜਾ ਨਹੀਂ ਮੁਕਣਾ ਜ਼ਾਤ ਪਾਤ, ਦੀਨ ਮਜ਼੍ਹਬ ਕਰਦਾ ਰਹੇ ਲੜਾਈਆ । ਸਾਧ ਸੰਤ ਸੂਫ਼ੀ ਫ਼ਕੀਰ ਸਭ ਵੇਖੋ ਦੀਨ ਦੁਨੀ ਅੰਦਰ ਦਾ ਵਾਕਿਆਤ, ਕਾਇਆ ਮੰਦਰ ਸਾਚੇ ਕਾਅਬੇ ਵਿਚ ਖੋਜੋ ਚਾਈਂ ਚਾਈਂਆ । ਪਿਆਰ ਮੁਹੱਬਤ ਵਿਚ ਸਾਰੇ ਬਣ ਜਾਓ ਇਕ ਦੇ ਦਾਸ, ਦਾਸੀ ਹੋ ਕੇ ਸੇਵ ਕਮਾਈਆ । ਓਹ ਕਾਹਨ ਤੇ ਤੁਸੀਂ ਗੋਪੀ ਤੁਹਾਡੀ ਸੁਰਤ ਸ਼ਬਦ ਨਾਲ ਪਾਏ ਰਾਸ, ਅੱਲਾ ਹੂ ਅੰਨਾ ਹੂ ਇਕੋ ਰੰਗ ਵਖਾਈਆ । ਵਾਹਿਦ ਅੰਮ੍ਰਿਤ ਪੀਓ ਤੇ ਪੀਓ ਆਬੇਹਯਾਤ, ਆਪਣੀ ਜ਼ਿੰਦਗੀ ਲਉ ਬਦਲਾਈਆ । ਤੁਹਾਡੇ ਘਰ ਉਹ ਧਨ ਉਹ ਸੂਰਜ ਮਹਿਤਾਬ, ਜਿਸ ਦੀ ਲਾਈਟ ਸੰਨ ਮੂਨ ਸਮਝ ਕਿਸੇ ਨਾ ਆਈਆ ।

੩੫੪ ੨੨

ਵੇਖੋ ਅੱਜ ਕੋਈ ਸੰਤ ਮਹਾਤਮਾ ਕਰ ਕੇ ਨਾ ਜਾਇਓ ਆਊਟ ਵਾਕ, ਆਪਣਾ ਪਲੂ ਲਓ ਛੁਡਾਈਆ । ਪਿਆਰ ਨਾਲ ਕਹੋ ਧਰਮ ਸਮੇਲਨ ਚੌਥੇ ਵਿਚ ਸਾਡਾ ਸਾਰਿਆਂ ਦਾ ਹੋਇਆ ਇਤਫ਼ਾਕ, ਨਿਫ਼ਾਕ ਵਾਲਾ ਨਜ਼ਰ ਕੋਇ ਨਾ ਆਈਆ । ਇਹੋ ਬੇਨੰਤੀ ਇਹੋ ਆਰਜ਼ੂ ਇਹੋ ਅਰਦਾਸ, ਵਿਸ਼ਵ ਧਰਮ ਦੇ ਬਾਨੀਓ ਸਾਰੇ ਪੁਰਖ ਅਕਾਲ ਨੂੰ ਦਿਓ ਸੁਣਾਈਆ । ਤੁਹਾਡਾ ਗੁਰੂ ਵਸੇ ਤੁਹਾਡੇ ਆਸ ਪਾਸ, ਦੂਰ ਦੁਰਾਡਾ ਨਜ਼ਰ ਕੋਇ ਨਾ ਆਈਆ । ਆਉਣ ਵਾਲਿਓ ਗੁਰਮੁਖੋ ਪ੍ਰੇਮੀਓ ਪਿਆਰਿਓ ਪ੍ਰਭੂ ਦੇ ਭਗਤੋ ਸੰਤੋ ਤੁਹਾਨੂੰ ਅਖ਼ੀਰੀ ਦੇਵਾਂ ਸ਼ਾਬਾਸ਼, ਜਿਹੜੇ ਬੈਠ ਕੇ ਅੰਤਰ ਆਤਮਾ ਪਰਮਾਤਮਾ ਦਾ ਜਸ ਸੁਣ ਕੇ ਆਪਣੀ ਖ਼ੁਸ਼ੀ ਬਣਾਈਆ । ਅੱਗੇ ਵਾਸਤੇ ਸਭ ਦਾ ਸਾਂਝਾ ਇਕੋ ਪਿਤਾ ਤੇ ਇਕੋ ਮਾਤ, ਕਿਉਂਕਿ, ਆਤਮਾ ਜਗਤ ਮਾਤਾ ਕਿਸੇ ਸਰੀਰ ਵਿਚ ਨਾ ਕਦੇ ਟਿਕਾਈਆ । ਇਕੋ ਦੀਨ ਇਕੋ ਮਜ਼੍ਹਬ ਇਕੋ ਜ਼ਾਤ ਇਕੋ ਨਾਮ ਕਲਮਾ ਤੇ ਇਕੋ ਗਾਥ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਲੈਣਾ ਗਾਈਆ । ਫੇਰ ਆਪਣੇ ਆਪ ਨੂੰ ਲੈਣਾ ਵਾਚ, ਸਮਝੋ ਇਹ ਉਸ ਦਾ ਖੇਲ ਤਮਾਸ਼, ਜੋ ਖ਼ਲਕ ਦਾ ਖ਼ਾਲਕ ਦੀਨ ਦੁਨੀ ਦਾ ਮਾਲਕ ਜਲਵਾਗਰ ਨੂਰ ਰੁਸ਼ਨਾਈਆ । ਉਹੋ ਸਦਾ ਸਦਾ ਵਾਹਦ, ਏਕੰਕਾਰ ਓਸੇ ਨੂੰ ਸਾਰੇ ਕਹਿ ਕੇ ਗਏ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵੇ ਮਾਣ ਵਡਿਆਈਆ । ਸੱਤ ਫ਼ਰਵਰੀ ਕਹੇ ਮੇਰਾ ਇਕੋ ਇਕ ਸੰਦੇਸ਼ਾ, ਸਰਬ ਨੂੰ ਦਿਆਂ ਸੁਣਾਈਆ । ਮੁਨੀ ਸੁਸ਼ੀਲ ਕੁਮਾਰ ਸੰਤ ਕਿਰਪਲ ਸਿੰਘ ਸਾਰਿਆਂ ਇਕੱਠੇ ਰਹਿਣਾ ਏਸੇ ਤਰਾਂ ਹਮੇਸ਼ਾ, ਵਿਛੋੜਾ ਨਜ਼ਰ ਕੋਇ ਨਾ ਆਈਆ । ਸਾਰਿਆਂ ਦਾ ਇਕੋ ਵੇਸ ਤੇ ਇਕੋ ਦੇਸਾ, ਵਿਛੋੜਾ ਅੱਗੇ ਨਾ ਕੋਇ ਰਖਾਈਆ । ਗੁਰ ਅਵਤਾਰ ਪੈਗ਼ੰਬਰ ਇਹੋ ਦੱਸ ਕੇ ਗਏ ਆਪਣਾ ਜੁਗ ਜੁਗ ਬਦਲ ਕੇ ਵੇਸਾ, ਕਾਇਆ

ਦੇ ਪੁਤਲੇ ਦਏ ਬਦਲਾਈਆ । ਭਾਵੇਂ ਕੋਈ ਮੁੱਲਾ ਮੁਸਾਇਕ ਸ਼ੇਖਾ, ਪੰਡਤ ਪਾਂਧਾ ਗ੍ਰੰਥੀ ਪੰਥੀ ਹਿੰਦੂ ਮੁਸਲਿਮ ਸਿਖ ਈਸਾਈ ਇਕੋ ਰੰਗ ਰੰਗਾਈਆ । ਸਭ ਦਾ ਪਿਆਰ ਤੇ ਆਤਮਾ ਪਰਮਾਤਮਾ ਦਾ ਹੇਤਾ, ਇਹੋ ਜਗਤ ਵਿਚ ਵਡਿਆਈਆ । ਤੁਸੀਂ ਹੁਣ ਆ ਗਏ ਓਹ ਭੂਮੀ ਵਿਚ ਓਸ ਰਣ ਖੇਤ ਵਿਚ ਜਿਥੇ ਕਲਜੁਗ ਦੀ ਕੂੜੀ ਕਿਰਿਆ ਕਰਨੀ ਖੇਤਾ, ਨਾਮ ਦਾ ਖੰਡਾ ਹੱਥ ਵਿਚ ਲੈਣਾ ਚਮਕਾਈਆ । ਯਾਦ ਕਰ ਲਓ ਗੁਰ ਅਵਤਾਰ ਪੈਗ਼ੰਬਰ ਭਵਿਖਤਾਂ ਵਿਚ ਸਭ ਨੂੰ ਕਰਾ ਕੇ ਗਏ ਚੇਤਾ, ਨਾਨਕ ਦਾ ਸ਼ਬਦ ਕਲਮਾ ਅਗੰਮ ਅਥਾਹੀਆ । ਪਿਆਰ ਮੁਹੱਬਤ ਕਰਨ ਵਾਲਾ ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਨਰ ਨਰੇਸ਼ਾ, ਨਰ ਨਰਾਇਣ ਕਹਿ ਕੇ ਜਿਸ ਨੂੰ ਸਾਰੇ ਸਿਫ਼ਤ ਸਾਲਾਹੀਆ । ਹਰਿ ਸੰਗਤ ਪ੍ਰੇਮੀ ਪਿਆਰਿਓ ਆਉਣ ਵਾਲੇ ਗੁਰਮੁਖੋ ਕਲ ਨੂੰ ਇਸ ਤੋਂ ਵੱਡਾ ਤੁਹਾਡੇ ਉਤੇ ਹੋਰ ਜੁਮੇਵਾਰੀ ਦਾ ਠੇਕਾ, ਮੁਨੀ ਹੋਰਾਂ ਦੀ ਖ਼ੁਸ਼ੀ ਦੇਣੀ ਬਣਾਈਆ । ਜਿਹੜਾ ਕੋਈ ਪਿਆਰ ਪਿਛੇ ਘਰ ਛਡ ਕੇ ਆਏ ਉਹ ਵੀ ਕੱਲ ਨੂੰ ਏਸ ਰਾਮ ਲੀਲਾ ਦੀ ਗਰਾਉਂਡ ਵਿਚ ਆ ਕੇ ਸੰਤਾਂ ਦੀ ਕਰ ਦੇਣਾ ਭੇਟਾ, ਤੇ ਸੰਤਾਂ ਦਾ ਸੰਗ ਬਣਾ ਕੇ ਚਲਣਾ ਚਾਈਂ ਚਾਈਂਆ । ਕਿਉਂਕਿ ਤੁਹਾਡਾ ਸਭ ਦਾ ਮਾਲਕ ਇਕੋ ਪੁਰਖ ਅਕਾਲ ਦੀਨ ਦਿਆਲ ਜੋ ਹਰ ਘਟ ਵਸਿਆ ਉਹੋ ਤੁਹਾਡਾ ਨੇਤਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਉਹੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਗੁਣ ਨਿਰਗੁਣ ਸਰਗੁਣ ਨਿਰਗੁਣ ਸਰਗੁਣ ਏਕੰਕਾਰ ਇਕ ਇਕੱਲਾ ਪਰਵਰਦਿਗਾਰ ਸਾਂਝਾ ਯਾਰ ਆਤਮ ਪਰਮਾਤਮ ਪਰਮਾਤਮ ਆਤਮ ਏਕਾ ਆਪਣਾ ਰੰਗ ਦਏ ਵਖਾਈਆ । ੨੭ ਮਾਘ ਰਾਮ ਲੀਲਾ ਗਰਾਉਂਡ ਧਰਮ ਸਮੇਲਨ ਚੌਥੇ ਆਤਮਾ ਪਰਮਾਤਮਾ ਦਿਤਾ ਸੱਦਾ, ਹੋਕਾ ਹੱਕ ਧਰਮ ਵਾਲਾ ਸੁਣਾਈਆ । ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਰਾਓ ਰੰਕ ਦੀਆਂ ਛਡ ਦਿਓ ਹੱਦਾਂ, ਮਾਇਆ ਮਮਤਾ ਮੋਹ ਹੰਕਾਰ ਵਿਭਚਾਰ ਕੁਕਰਮ ਭ੍ਰਿਸ਼ਟਾਚਾਰ ਅੰਦਰੋਂ ਦੇਣਾ ਕਢਾਈਆ । ਸੰਤ ਜਨ ਸੂਫ਼ੀ ਫ਼ਕੀਰ ਜਿਹੜੇ ਬੈਠੇ ਚੜ੍ਹ ਕੇ ਚੌਥੇ ਪਦਾ, ਸਮੇਲਨ ਵਿਚ ਆਪਣਾ ਰੰਗ ਦੇਣ ਵਖਾਈਆ । ਕਿਸੇ ਦਾ ਝਗੜਾ ਰਹਿਣ ਨਾ ਦੇਣਾ ਕਾਇਆ ਮਾਟੀ ਨਾੜੀ ਮਾਸ ਹੱਡਾ, ਤਨ ਵਜੂਦ ਦਾ ਬਾਹਰੋਂ ਲੇਖਾ ਦੇਣਾ ਮੁਕਾਈਆ । ਏਸ ਧਰਨੀ ਧਰਤ ਧੌਲ ਧਵਲ ਉਤੇ ਮੰਦਰ ਮਸਜਿਦ ਸ਼ਿਵਦਵਾਲਾ ਮੱਠ ਗੁਰੂਦਵਾਰ ਤੇ ਇਕੋ ਭਗਤ ਦਵਾਰਾ ਹੋਵੇ ਜਗ੍ਹਾ, ਦੂਜਾ ਨਜ਼ਰ ਕੋਇ ਨਾ ਆਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਹਿੰਦੂ ਮੁਸਲਿਮ ਸਿਖ ਈਸਾਈ ਪਾਰਸੀ ਬੋਧੀ ਜੈਨੀ ਇਕੋ ਮੰਚ ਉਤੇ ਹੋਵੇ ਸਜਾ, ਤੇ ਇਕੋ ਰੂਪ ਸਾਹਮਣੇ ਬੈਠੇ ਸਾਰੇ ਨਜ਼ਰੀ ਆਈਆ । ਸੰਸਾਰ ਵਿਚ ਪਿਆਰ ਵਿਚ ਵਿਚਾਰ ਵਿਚ ਸਾਰੇ ਬਦਲ ਜਾਉ ਪਿਛਲਾ ਪਿਛੇ ਤੋਂ ਸਮਝ ਲਉ ਕਿਹੜਾ ਸਾਡੇ ਆਉਣਾ ਅੱਗਾ, ਆਗਮਨ ਵਿਚ ਇਕ ਧਰਮ ਨੂੰ ਸਾਰੇ ਦਿਉ ਵਧਾਈਆ । ਕਿਉਂ ਤੁਹਾਡਾ ਪ੍ਰਭੂ ਪਰਵਰਦਿਗਾਰ ਸਾਂਝਾ ਯਾਰ ਪੁਰਖ ਅਕਾਲ ਦੀਨ ਦਿਆਲ ਸਦਾ ਵਸਦਾ ਤੁਹਾਡੀ ਉਤੇ ਸ਼ਾਹ ਰਗਾ, ਸੰਤਾਂ ਦੀ ਸਿਖਿਆ ਬਿਨਾ ਧੁਨ ਆਤਮ ਰਾਗ ਦੇਹ ਵਿਚ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਚੜ੍ਹਾਈਆ । ਚੌਥਾ ਸਮੇਲਨ ਇਕ ਦੂਜੇ ਨੂੰ ਦੇਵੇ ਦਾਅਵਤ, ਮੁਨੀ ਤੇ ਮੁਨੀਜਨ ਇਕੱਠੇ ਬੈਠੇ ਸੋਭਾ ਪਾਈਆ । ਅੱਜ ਫ਼ੈਸਲਾ ਕਰ ਲਉ ਸਭ ਨੇ ਅੰਦਰੋਂ ਕਢ ਕੇ ਜਾਣੀ ਅਦਾਵਤ, ਅੰਦਰ ਬਾਹਰ ਵੈਰ ਵਿਰੋਧ ਰਹਿਣ ਕਿਸੇ ਨਾ ਪਾਈਆ । ਪ੍ਰਭੂ ਦਾ ਖੇਲ ਹੋਣ ਵਾਲਾ ਜੋ ਭਿਆਨਕ, ਅਚਾਨਕ ਆਪਣੀ ਕਾਰ ਕਮਾਈਆ । ਜਿੰਨਾਂ ਚਿਰ ਧਰਮ ਨੇ ਸਿਆਸਤ ਦੀ ਦਿਤੀ ਨਾ ਜ਼ਮਾਨਤ, ਸੰਸਾਰ ਨੂੰ ਸਕੇ ਨਾ ਕੋਇ ਬਚਾਈਆ ।

ਪ੍ਰੇਮ ਦੀ ਪ੍ਰੇਮ ਦੀਨਾਂ ਮਜ਼੍ਹਬਾਂ ਨੂੰ ਸਾਂਝੀ ਦੇ ਦਿਉ ਨਿਆਮਤ, ਵੱਖਰਾ ਰਹਿਣ ਕੋਇ ਨਾ ਪਾਈਆ । ਜੇ ਸੰਤਾਂ ਮਹਾਤਮਾ ਦੇ ਹੁੰਦਿਆਂ ਵਿਕਾਰ ਹੰਕਾਰ ਦੀ ਸੰਸਾਰ ਦੇ ਕਾਇਆ ਮੰਦਰ ਅੰਦਰ ਰਹਿ ਗਈ ਅਲਾਮਤ, ਫੇਰ ਨਾਮ ਕਿਤੇ ਹੱਥ ਨਾ ਆਈਆ । ਸਾਰੇ ਇਕੱਠੇ ਹੋ ਉਸ ਪਰਮਾਤਮਾ ਖ਼ੁਦਾ ਵਾਹਿਗੁਰੂ ਅੱਲਾ ਗਾਡ ਤੋਂ ਮੰਗੋ ਇਕ ਸਖ਼ਾਵਤ, ਜੋ ਇਕ ਸੁਖ਼ਨ ਨਾਲ ਦੀਨ ਦੁਨੀ ਸਾਰੀ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦਾ ਮਾਲਕ ਪਾਰਬ੍ਰਹਮ ਪਤਿਪਰਮੇਸ਼ਵਰ, ਸੰਤਾਂ ਦੇ ਅੰਤਰ ਨਿਰੰਤਰ ਸਨਮੁਖ ਸਭ ਦੇ ਸੋਭਾ ਪਾਈਆ ।

## ੨੮ ਮਾਘ ਸ਼ਹਿਨਸ਼ਾਹੀ ਸੰਮਤ ੫ ਰੇਸ਼ਮ ਸਿੰਘ ਦੇ ਗ੍ਰਿਹ ਮੇਰਠ ਛਾਉਣੀ

ਅਵਤਾਰ ਪੈਗ਼ੰਬਰ ਗੁਰ ਲੋਕਮਾਤ ਤੱਕਿਆ, ਚਾਰ ਕੁੰਟ ਦਹਿ ਦਿਸ਼ਾ ਨੌਂ ਖੰਡ ਪ੍ਰਿਥਮੀ ਸੱਤ ਦੀਪ ਧਿਆਨ ਲਗਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਸਤਿ ਧਰਮ ਦੀ ਰਹੀ ਕੋਈ ਨਾ ਸਤਿਆ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਧੁਨ ਨਾ ਕੋਇ ਸੁਣਾਈਆ । ਪ੍ਰਭੂ ਪ੍ਰੇਮ ਪਿਆਰ ਭਗਤੀ ਵਿਚ ਦਿਸੇ ਕੋਈ ਨਾ ਰੱਤਿਆ, ਰਤਨ ਅਮੋਲਕ ਹੀਰਾ ਰੂਪ ਨਾ ਕੋਇ ਦਰਸਾਈਆ । ਮਨ ਮਮਤਾ ਕੂੜ ਵਾਸਨਾ ਜੀਵ ਜਹਾਨ ਫਿਰੇ ਨੱਸਿਆ, ਅੱਠੇ ਪਹਿਰ ਭੱਜੇ ਵਾਹੋ ਦਾਹੀਆ । ਸਚ ਦਵਾਰ ਸਾਢੇ ਤਿੰਨ ਹੱਥ ਅੰਦਰ ਹੋਈ ਰੈਣ ਅੰਧੇਰੀ ਮੱਸਿਆ, ਨਿਰਗੁਣ ਨੂਰੀ ਜੋਤ ਚੰਦ ਨਾ ਕੋਇ ਰੁਸ਼ਨਾਈਆ । ਕਲਜੁਗ ਸਦੀ ਚੌਧਵੀਂ ਵੇਖ ਕੇ ਖਿੜ ਖਿੜਾ ਕੇ ਹੱਸਿਆ, ਤਾਲੀ ਦੋ ਹੱਥਾਂ ਵਾਲੀ ਲਗਾਈਆ । ਸਾਧ ਸੰਤ ਜਗਤ ਫ਼ਕੀਰ ਸੂਫ਼ੀ ਮਾਇਆ ਮਮਤਾ ਡੱਸਿਆ, ਅੰਮ੍ਰਿਤ ਵਿਖ ਰੂਪ ਬਦਲਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਲੂੰ ਲੂੰ ਅੰਦਰ ਰਚਿਆ, ਸਾਢੇ ਤਿੰਨ ਕਰੋੜ ਦਏ ਗਵਾਹੀਆ । ਮਨ ਕਲਪਣਾ ਵਿਚ ਅਮੀਰ ਗ਼ਰੀਬ ਨੱਚਿਆ, ਸਾਂਤਕ ਸਤਿ ਨਾ ਕੋਇ ਕਰਾਈਆ । ਦੀਨ ਮਜ਼੍ਹਬ ਇਕ ਦੂਜੇ ਦੀ ਕਰਦੇ ਹੱਤਿਆ, ਹਿਤਕਾਰੀ ਨਜ਼ਰ ਕੋਇ ਨਾ ਆਈਆ । ਆਬੇਹਯਾਤ ਅੰਮ੍ਰਿਤ ਰਸ ਮਿਲੇ ਕਿਸੇ ਨਾ ਰਸਿਆ, ਹਉਮੇ ਤ੍ਰਿਸ਼ਨਾ ਰੋਗ ਨਾ ਕੋਇ ਮਿਟਾਈਆ । ਚਾਰੋਂ ਕੁੰਟ ਪਿਆ ਰੱਟਿਆ, ਝਗੜਾ ਹੋਵੇ ਥਾਉਂ ਥਾਈਂਆ । ਜੀਵ ਜਹਾਨ ਖੇਲ ਬਾਜ਼ੀਗਰ ਨਟਿਆ, ਕਲਜੁਗ ਸਵਾਂਗੀ ਆਪਣੀ ਕਲ ਵਰਤਾਈਆ । ਨਾਮ ਅਣਿਆਲਾ ਤੀਰ ਜਾਏ ਕੋਈ ਨਾ ਖਿਚਿਆ, ਬਜਰ ਕਪਾਟੀ ਪੜਦਾ ਨਾ ਕੋਇ ਉਠਾਈਆ । ਸਚ ਦਵਾਰੇ ਲਾਹਾ ਕਿਸੇ ਨਾ ਖੱਟਿਆ, ਖਟਕਾ ਦਿਸੇ ਕੂੜ ਲੋਕਾਈਆ । ਮਦਿ ਪਿਆਲਾ ਵਿਭਚਾਰ ਪੀਤਾ ਗੱਟਿਆ, ਹਰਸ ਹਵਸ ਨਾਲ ਵਧਾਈਆ । ਫਿਰੀ ਦਰੋਹੀ ਸਰੋਵਰ ਤੀਰਥ ਤੱਟਿਆ, ਤਟ ਕਿਨਾਰੇ ਰੋਵਣ ਮਾਰਨ ਧਾਹੀਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਬੇਪਰਵਾਹੀਆ । ਸਮਾਂ ਕਹੇ ਮੇਰਾ ਕਲਜੁਗ ਸੋਹਣਾ ਮੀਤ, ਕਲਕਾਤੀ ਰੰਗ ਰੰਗਾਈਆ । ਜਿਸ ਦੀਨ ਦੁਨੀ ਦੀ ਬਦਲ ਦਿਤੀ ਨੀਤ, ਨੀਤੀਵਾਨ ਨਾ ਕੋਇ ਚਤੁਰਾਈਆ । ਝਗੜਾ ਪਵਾ ਕੇ ਹਸਤ ਕੀਟ, ਊਚਾਂ ਨੀਚਾਂ ਰਿਹਾ ਲੜਾਈਆ । ਖੇਲ ਵੇਖ ਕੇ ਨਾਮ ਹਦੀਸ, ਹਜ਼ਰਤਾਂ ਰਿਹਾ ਜਣਾਈਆ । ਜੋ ਵੇਲਾ ਪਿਛੇ ਗਿਆ ਬੀਤ, ਗੁਰ ਅਵਤਾਰ ਪੈਗ਼ੰਬਰ ਕਿਸ ਦੀ ਦੇਣ ਸਫ਼ਾਈਆ । ਅੱਗੇ ਝਗੜਾ ਮੇਟਣਾ ਮੰਦਰ ਮਸੀਤ, ਸ਼ਿਵਦਵਾਲੇ ਮੱਠ ਗੁਰੂਦਵਾਰ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ

ਕਹਿਣ ਤੱਕਿਆ ਜਗਤ ਜਹਾਨ, ਚੁਰਾਸੀ ਅੰਦਰ ਖੋਜ ਖੁਜਾਈਆ । ਮਾਨਵ ਜ਼ਾਤੀ ਖ਼ਾਲੀ ਹੋਇਆ ਮਕਾਨ, ਸਾਢੇ ਤਿੰਨ ਹੱਥ ਵੱਜੀ ਨਾ ਕੋਇ ਵਧਾਈਆ । ਰੂਪ ਬਣਾਇਆ ਭੂਮੀ ਸ਼ਮਸ਼ਾਨ, ਸ਼ਮਾਂ ਨੂਰ ਨਾ ਜੋਤ ਰੁਸ਼ਨਾਈਆ । ਅੱਖਰਾਂ ਵਾਲਾ ਪੱਥਰਾਂ ਵਾਲਾ ਲੈਂਦੇ ਗਿਆਨ, ਨਿਰਅੱਖਰ ਸਕਿਆ ਨਾ ਕੋਇ ਪੜ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਸੁਣਦੇ ਕਾਨ, ਧੁਨ ਅਨਾਦੀ ਨਾਦ ਨਾ ਕੋਇ ਜਣਾਈਆ । ਚਾਰੋਂ ਕੁੰਟ ਫਿਰਨ ਇਨਸਾਨ, ਮਨ ਕਲਪਣਾ ਭੱਜਣ ਵਾਹੋ ਦਾਹੀਆ । ਆਤਮ ਪਰਮਾਤਮ ਕਰੇ ਨਾ ਕੋਇ ਪਰਵਾਨ, ਪਰਮ ਪੁਰਖ ਮਿਲਣ ਕੋਇ ਨਾ ਪਾਈਆ । ਸਤਿ ਧਰਮ ਦਾ ਰਿਹਾ ਨਾ ਕੋਇ ਨਿਸ਼ਾਨ, ਨਿਸ਼ਾਨੇ ਦੀਨ ਦੁਨੀ ਬਦਲਾਈਆ । ਕਰੇ ਖੇਲ ਸ੍ਰੀ ਭਗਵਾਨ, ਹਰਿ ਕਰਤਾ ਅਗੰਮ ਅਥਾਹੀਆ । ਗੁਰ ਅਵਤਾਰ ਪੈਗ਼ੰਬਰਾਂ ਦੇ ਭਵਿਖਤਾਂ ਦਾ ਲੇਖਾ ਵਖਾਏ ਵਿਚ ਜਹਾਨ, ਹਜ਼ਰਤ ਮੁਹੰਮਦ ਨਾਲ ਰਲਾਈਆ । ਸਦੀ ਚੌਧਵੀਂ ਅੰਤ ਵੇਖ ਤੂਫ਼ਾਨ, ਸ਼ੌਹ ਦਰਿਆ ਵਹਿਣ ਵਹਾਈਆ । ਕੇਹੜਾ ਅਵਤਾਰ ਪੈਗ਼ੰਬਰ ਲੋਕਮਾਤ ਜਾਏ ਬਚਾਣ, ਨਿਰਗੁਣ ਧਾਰ ਲਓ ਅੰਗੜਾਈਆ । ਦਰਗਹ ਸਾਚੀ ਸਚਖੰਡ ਦਵਾਰੇ ਸਾਰੇ ਨਿਉਂ ਨਿਉਂ ਸੀਸ ਝੁਕਾਣ, ਬਿਨ ਚਰਨ ਕਵਲ ਚਰਨਾਂ ਸੀਸ ਟਿਕਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਮਿਹਰਵਾਨ, ਮਹਿਬੂਬ ਤੇਰੀ ਵਡਿਆਈਆ । ਸਾਨੂੰ ਐਂ ਜਾਪਦਾ ਸਾਡਾ ਅੰਤ ਅਖ਼ੀਰੀ ਵਕਤ ਪਹੁੰਚਿਆ ਆਣ, ਅਨਕ ਕਲਧਾਰੀ ਤੇਰਾ ਭੇਵ ਕੋਇ ਨਾ ਆਈਆ । ਸਚਖੰਡ ਦਵਾਰੇ ਸਾਰੇ ਹੋਏ ਅਸੀਂ ਹੈਰਾਨ, ਹੈਰਾਨੀ ਅੰਦਰ ਤੇਰਾ ਨਾਮ ਦੁਹਾਈਆ । ਸਾਬਤ ਰਿਹਾ ਨਾ ਕਿਸੇ ਈਮਾਨ, ਧਰਮ ਦੀ ਧਾਰ ਨਾ ਕੋਇ ਜਣਾਈਆ । ਚਾਰੋਂ ਕੁੰਟ ਫਿਰੇ ਸ਼ੈਤਾਨ, ਸ਼ਰਅ ਛੁਰੀ ਬਣੀ ਜਗਤ ਕਸਾਈਆ । ਤੇਰਾ ਨੂਰ ਨਜ਼ਰ ਆਏ ਨਾ ਕੋਇ ਅਮਾਮ, ਆਲਮ ਇਲਮ ਨਾ ਕੋਇ ਚਤੁਰਾਈਆ । ਅਸੀਂ ਦੀਨ ਦੁਨੀ ਕਾਇਨਾਤ ਵੇਖੀ ਸ਼ਾਨ, ਅੰਦਰ ਵੜ ਕੇ ਮੰਦਰ ਚੜ੍ਹ ਕੇ ਖੋਜ ਖੁਜਾਈਆ । ਤੇਰਾ ਦਰਸ ਮੂਲ ਨਾ ਪਾਣ, ਮੰਜ਼ਲ ਮਿਲੇ ਨਾ ਬੇਪਰਵਾਹੀਆ । ਰਸਨਾ ਜਿਹਵਾ ਬੱਤੀ ਦੰਦ ਢੋਲੇ ਸਾਰੇ ਗਾਣ, ਵਾਹਵਾ ਕਰਕੇ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰਾ ਇਕ ਸਮਝਾਈਆ । ਪੈਗ਼ੰਬਰ ਕਹਿਣ ਹੱਕ ਖ਼ੁਦਾ ਵਕਤ ਨਜ਼ਦੀਕ, ਨੂਰੀ ਨਜ਼ਰ ਨੈਣ ਉਠਾਈਆ । ਤੇਰੇ ਵਿਚ ਇਕ ਤੌਫ਼ੀਕ, ਮਿਹਰਵਾਨ ਮਹਿਬੂਬ ਤੇਰੀ ਵਡਿਆਈਆ । ਤੇਰੀ ਰੱਖ ਕੇ ਆਏ ਉਡੀਕ, ਸਦੀ ਚੌਧਵੀਂ ਅੰਤ ਜਣਾਈਆ । ਤੂੰ ਪਰਵਰਦਿਗਾਰ ਲਾਸ਼ਰੀਕ, ਸ਼ਹਿਨਸ਼ਾਹ ਨੂਰ ਇਲਾਹੀਆ । ਸਾਡਾ ਕਲਮਾ ਕਰੇ ਤਸਦੀਕ, ਸ਼ਹਾਦਤ ਰਸੂਲ ਆਏ ਭੁਗਤਾਈਆ । ਜਿਸ ਦੀ ਸਿਫ਼ਤ ਕਰੇ ਕੁਰਾਨ ਮਜੀਦ, ਤੀਸ ਬਤੀਸਾ ਨਾਲ ਮਿਲਾਈਆ । ਸੋ ਕਲਜੁਗ ਕੂੜੀ ਕਿਰਿਆ ਗਫ਼ਲਤ ਵਿਚੋਂ ਖੋਲ੍ਹ ਦੇ ਨੀਂਦ, ਆਲਸ ਨਿੰਦਰਾ ਦੇ ਮਿਟਾਈਆ । ਤੇਰੇ ਉਪਰ ਇਕ ਉਮੀਦ, ਆਮਦ ਵਿਚ ਤੇਰਾ ਰਾਹ ਤਕਾਈਆ । ਤੇਰੀ ਸਿਫ਼ਤ ਤੇਰੀ ਤਮਹੀਦ, ਤੇਰਾ ਰਾਗ ਅਲਾਈਆ । ਕਲਜੁਗ ਕੂੜੀ ਕਿਰਿਆ ਉਤੇ ਮਾਰ ਦੇ ਲੀਕ, ਲਾਈਨ ਐਨ ਇਕ ਵਖਾਈਆ । ਦਰੋਹੀ ਤੇਰੇ ਨਾਮ ਦੀ ਮਾਰਦੇ ਚੀਕ, ਚੀਕ ਚਿਹਾੜਾ ਪਏ ਲੋਕਾਈਆ । ਖੇਲ ਵੇਖਣਾ ਕਰੌਚ ਦੀਪ, ਲੱਖਣ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਪੜਦਾ ਓਹਲਾ ਦਏ ਚੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੱਕਿਆ ਜਗਤ ਜਹਾਨ ਕਾਇਆ ਮੰਦਰ, ਕਾਅਬਾ ਹੁਜਰਾ ਸਾਢੇ ਤਿੰਨ ਹੱਥ ਵੇਖ ਵਖਾਈਆ । ਪ੍ਰਕਾਸ਼ ਦਿਸੇ ਨਾ ਅੰਧੇਰੀ ਕੰਦਰ, ਦੀਪਕ ਜੋਤ ਨਾ ਕੋਇ ਰੁਸ਼ਨਾਈਆ । ਮਨ ਕਲਪਣਾ ਨੱਸੇ ਵਾਂਗ ਬੰਦਰ, ਦਹਿ

ਦਿਸ਼ਾ ਉਠ ਉਠ ਧਾਹੀਆ । ਅੰਤਰ ਖੁਲ੍ਹਾ ਕੇ ਜੰਦਰ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਮਾਨਸ ਜ਼ਾਤੀ ਹੋਈ ਪਸੂ ਢੋਰ ਡੰਗਰ, ਜੋ ਪ੍ਰਭ ਨੂੰ ਗਏ ਭੁਲਾਈਆ । ਨੌਂ ਦਵਾਰੇ ਮੂਲ ਨਾ ਲੰਘਣ, ਸੁਖਮਨ ਈੜਾ ਪਿੰਗਲ ਪੰਧ ਨਾ ਕੋਇ ਚੁਕਾਈਆ । ਹਉਮੇ ਹੰਗਤਾ ਢਾਹੇ ਕੋਈ ਨਾ ਕੰਧਨ, ਦੂਈ ਦਵੈਤ ਨਾ ਕੋਇ ਮਿਟਾਈਆ । ਤੂੰ ਮੇਰਾ ਮੈਂ ਤੇਰਾ ਗਾਏ ਕੋਇ ਨਾ ਛੰਦਨ, ਆਤਮ ਪਰਮਾਤਮ ਨਾ ਕੋਇ ਸੁਣਾਈਆ । ਇਕ ਪੁਰਖ ਅਕਾਲ ਨੂੰ ਕਰੇ ਕੋਈ ਨਾ ਬੰਦਨ, ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰੇ ਸਾਰੇ ਸੀਸ ਨਿਵਾਈਆ । । ਅਬਿਨਾਸ਼ੀ ਕਰਤਾ ਲਾਏ ਕਿਸੇ ਨਾ ਅੰਗਣ, ਧਰਮ ਦੀ ਗੋਦ ਨਾ ਕੋਇ ਬਹਾਈਆ । ਗੁਰ ਅਵਤਾਰ ਪੈਗ਼ੰਬਰ ਇਕੋ ਮੰਗ ਮੰਗਣ, ਦੋਏ ਜੋੜ ਸੀਸ ਝੁਕਾਈਆ । ਪ੍ਰਭੂ ਡੰਕਾ ਨਾਮ ਵਜਾ ਮਰਦੰਗਣ, ਸੋਈ ਸ੍ਰਿਸ਼ਟੀ ਸੁਰਤ ਸ਼ਬਦ ਜਗਾਈਆ । ਸਦੀ ਚੌਧਵੀਂ ਅੰਤ ਅਖ਼ੀਰ ਨਾ ਦੇਵੀਂ ਲੰਘਣ, ਕੂੜੀ ਕਿਰਿਆ ਡੇਰਾ ਢਾਹੀਆ । ਪਿਛਲੀ ਕੀਤੀ ਕਰਨੀ ਖੰਡਨ, ਖੜਗ ਖੰਡਾ ਚੰਡ ਪਰਚੰਡ ਨਾਮ ਉਠਾਈਆ । ਤੁਧ ਬਿਨ ਕੋਈ ਨਾ ਦੱਸੇ ਇਕੋ ਬੰਦਨ, ਬੰਦਗੀ ਡੰਡਾਵਤ ਸੱਜਦਾ ਇਕੋ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਕਰੇ ਖੇਲ ਮੌਲਾ, ਪਾਰਬ੍ਰਹਮ ਪ੍ਰਭ ਦਾਤਾ ਧੁਰਦਰਗਾਹੀਆ । ਜਿਸ ਦਾ ਨਾਮ ਇਕ ਅੱਵਲ ਅਵਲਾ, ਆਲਮੀਨ ਨੂਰ ਇਲਾਹੀਆ । ਓਸ ਨੇ ਸਭ ਦਾ ਪੂਰਾ ਕਰਨਾ ਕੌਲਾ, ਇਕਰਾਰਨਾਮਾ ਵੇਖ ਵਖਾਈਆ । ਝਗੜਾ ਪਵਾ ਕੇ ਧਰਨੀ ਧਰਤ ਧਵਲ ਉਪਰ ਧੌਲਾ, ਦੀਨ ਦੀਨ ਨਾਲ ਟਕਰਾਈਆ । ਦੁਸ਼ਟ ਹੰਕਾਰੀਆਂ ਕਰਕੇ ਭਾਰ ਹੌਲਾ, ਹਰਿਜਨ ਗੁਰਮੁਖ ਸੰਤ ਲਏ ਪਰਗਟਾਈਆ । ਸ਼ਾਹ ਸੁਲਤਾਨਾਂ ਮੂਧਾ ਕਰਕੇ ਕੌਲਾ, ਕਾਸੇ ਬਗ਼ਲੀ ਹੱਥ ਫੜਾਈਆ । ਚਾਰ ਕੁੰਟ ਦਹਿ ਦਿਸ਼ਾ ਸ਼ਬਦੀ ਧਾਰ ਪਏ ਰੌਲਾ, ਰੌਣਕ ਕਲਜੁਗ ਦਏ ਵਖਾਈਆ । ਫਿਰੇ ਦਰੋਹੀ ਕੋਨਾ ਕੋਨਾ, ਗੋਸ਼ਾ ਗੋਸ਼ਾ ਦਏ ਗਵਾਹੀਆ । ਸੁਖ ਦੀ ਨੀਂਦ ਮਿਲੇ ਕਿਸੇ ਨਾ ਸੌਣਾ, ਬਿਸਤਰ ਨਾ ਕੋਇ ਹੰਢਾਈਆ । ਜੀਵ ਜਗਤ ਜਹਾਨ ਹਿਲਾਉਣਾ, ਬੇਖ਼ਬਰਾਂ ਖ਼ਬਰ ਕਰਾਈਆ । ਜਿਸ ਕਾਰਨ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਆਉਣਾ, ਉਹ ਵੇਲਾ ਵਕਤ ਦਏ ਵਡਿਆਈਆ । ਕਲਜੁਗ ਕੂੜੀ ਕਿਰਿਆ ਵਿਚ ਸੰਸਾਰ ਚਾਰ ਦਿਨ ਦਾ ਪਰਾਹੁਣਾ, ਚੌਥੇ ਜੁਗ ਦੀ ਅੰਤਮ ਹੋਏ ਸਫ਼ਾਈਆ । ਸਤਿਜੁਗ ਸਾਚਾ ਧਰਮ ਧਾਰ ਲੋਕਮਾਤ ਬਹਾਉਣਾ, ਸਚ ਦਵਾਰਾ ਇਕ ਵਖਾਈਆ । ਪੁਰਖ ਅਕਾਲ ਦੀਨ ਦਿਆਲ ਸਮਾਂ ਸਮੇਂ ਵਿਚੋਂ ਪਰਗਟਾਉਣਾ, ਜਿਸ ਸਮੇਂ ਦੀ ਸਮਝ ਕਿਸੇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਪੜ੍ਹ ਨਾ ਕਿਸੇ ਸਮਝਾਉਣਾ, ਭਵਿਖਤ ਲਿਖਤ ਬਿਨ ਅਵਤਾਰ ਪੈਗ਼ੰਬਰ ਗੁਰੂ ਦੂਸਰ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਖੇਲ ਓਸੇ ਨੇ ਕਰਾਉਣਾ, ਕਰਨੀ ਕਰਤਾ ਇਕ ਅਖਵਾਈਆ ।



੩੫੮ ੨੨

### ੨੯ ਮਾਘ ਸ਼ਹਿਨਸ਼ਾਹੀ ਸੰਮਤ ੫ ਲਛਮਣ ਸਿੰਘ ਦੇ ਗ੍ਰਹਿ ਪਿੰਡ ਧਨੌਰੀ ਜ਼ਿਲਾ ਰੋਪੜ

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਸ੍ਰਿਸ਼ਟ ਸਬਾਈ ਕਰ ਦੇ ਸੁਖੀ, ਸੁਖ ਆਤਮ ਪਰਮਾਤਮ ਇਕ ਜਣਾਈਆ । ਨੌਂ ਖੰਡ ਪ੍ਰਿਥਮੀ ਸੱਤ

ਦੀਪ ਰਹੇ ਕੋਇ ਨਾ ਦੁਖੀ, ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਆਪਣੇ ਗਲੇ ਲਗਾਈਆ । ਭਾਗ ਲਗਾ ਦੇ ਜਨਣੀ ਕੁੱਖੀ, ਹਰਿਜਨ ਜੰਮਣ ਥਾਉਂ ਥਾਈਆ । ਤੇਰੇ ਪ੍ਰੇਮ ਦੀ ਸਭ ਦੇ ਅੰਤਰ ਹੋਵੇ ਰੁਚੀ, ਰਸਨਾ ਜਿਹਵਾ ਢੋਲਾ ਸਿਫ਼ਤ ਸਾਲਾਹੀਆ । ਪੰਜ ਤਤ ਕਾਇਆ ਕਰ ਦੇ ਸੁੱਚੀ, ਕੂੜੀ ਕਿਰਿਆ ਬਾਹਰ ਕਢਾਈਆ । ਸਚ ਸੁਹੰਜਣੀ ਕਰ ਦੇ ਰੁਤੀ, ਰੁਤ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਦੇ ਦੇ ਇਕ ਸਹਾਰਾ, ਸਾਹਿਬ ਸਵਾਮੀ ਦਇਆ ਕਮਾਈਆ । ਚਾਰ ਵਰਨ ਹੋਏ ਤੇਰਾ ਪਿਆਰਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਇਕੋ ਨਾਮ ਦੱਸ ਜੈਕਾਰਾ, ਨੌ ਖੰਡ ਪ੍ਰਿਥਮੀ ਤੇਰਾ ਰਾਗ ਅਲਾਈਆ । ਏਕੋ ਮੰਦਰ ਦੱਸ ਦਵਾਰਾ, ਗ੍ਰਿਹਿ ਇਕੋ ਸੋਭਾ ਪਾਈਆ । ਇਕੋ ਅੰਮ੍ਰਿਤ ਦੇ ਠੰਡਾ ਠਾਰਾ, ਕਲਜੁਗ ਅਗਨੀ ਤਤ ਬੁਝਾਈਆ । ਇਕੋ ਦੀਪ ਕਰ ਉਜਿਆਰਾ, ਜੋਤੀ ਜਾਤੇ ਕਰ ਰੁਸ਼ਨਾਈਆ । ਇਕੋ ਲੱਗੇ ਤੇਰਾ ਸਚ ਅਖਾੜਾ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਇਕੋ ਨਜ਼ਰੀ ਆਏ ਧੁਰ ਦਾ ਲਾੜਾ, ਲਾੜੀ ਮੌਤ ਸਕੇ ਨਾ ਕਿਸੇ ਪਰਨਾਈਆ । ਪੁਰਖ ਅਕਾਲ ਤੇਰੇ ਅੱਗੇ ਹਾੜਾ, ਨਿਉਂ ਨਿਉਂ ਸੀਸ ਝੁਕਾਈਆ । ਤੇਰਾ ਖੇਲ ਅਗੰਮ ਅਪਾਰਾ, ਅਲਖ ਅਗੋਚਰ ਦੇ ਵਡਿਆਈਆ । ਚਾਰੋਂ ਕੁੰਟ ਅੰਧ ਅੰਧਿਆਰਾ, ਸਚ ਜੋਤ ਨਾ ਕੋਇ ਰੁਸ਼ਨਾਈਆ । ਸਚ ਸਵਾਮੀ ਤੇਰੇ ਚਰਨ ਕਵਲ ਨਿਉਂ ਨਿਉਂ ਨਿਉਂ ਨਿਮਸਕਾਰਾ, ਸੱਯਦਿਆਂ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਵੇਖ ਲੈ ਆਪਣੀ ਕਾਇਨਾਤ, ਦੀਨ ਦੁਨੀ ਖੋਜ ਖੁਜਾਈਆ । ਹਰ ਹਿਰਦੇ ਅੰਦਰ ਮਾਰ ਲੈ ਝਾਤ, ਬਿਨ ਨਿਗਹ ਨੈਣ ਨੈਣ ਇਕ ਉਠਾਈਆ । ਜਿਧਰ ਤਕੀਏ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਝਗੜਾ ਪਿਆ ਜ਼ਾਤ ਪਾਤ, ਊਚ ਨੀਚ ਹਿੰਦੂ ਮੁਸਲਿਮ ਸਿਖ ਈਸਾਈ ਕਰੇ ਲੜਾਈਆ । ਭਵਿਖਤਾਂ ਵਿਚ ਲਿਖਤਾਂ ਵਿਚ ਅਸੀਂ ਸਭ ਨੂੰ ਆਏ ਆਖ, ਨਾਮ ਸੰਦੇਸ਼ਿਆਂ ਵਿਚ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਰਗਟ ਹੋਵੇ ਸਾਖਿਆਤ, ਜੋਤੀ ਜਾਤਾ ਪੁਰਖ ਬਿਧਾਤਾ ਡਗਮਗਾਈਆ । ਆਤਮ ਪਰਮਾਤਮ ਸਭ ਦਾ ਜੋੜੇ ਨਾਤ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥ, ਗਹਿਰ ਗੰਭੀਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਿਰਪਾ ਕਰ ਪ੍ਰਭੂ ਪਰਮਾਤਮ, ਪਰਮ ਪੁਰਖ ਤੇਰੀ ਸਰਨਾਈਆ । ਨਿਰਗੁਣ ਧਾਰ ਬਣ ਸਾਥਣ, ਸਗਲਾ ਸੰਗ ਨਿਭਾਈਆ । ਹਉਂ ਸੇਵਕ ਦਾਸੀ ਦਾਸਨ, ਜੁਗ ਜੁਗ ਤੇਰੀ ਸੇਵ ਕਮਾਈਆ । ਕਲਜੁਗ ਸ੍ਰਿਸ਼ਟੀ ਮਨ ਕਲਪਣਾ ਹੋਈ ਪਾਪਣ, ਪਤਤ ਪੁਨੀਤ ਦੇਹੁ ਕਰਾਈਆ । ਸਭ ਦਾ ਸਾਂਝਾ ਕਰਦੇ ਜਾਪਣ, ਜਗਜੀਵਣ ਦਾਤੇ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਾਹਿਬ ਸੁਲਤਾਨ ਤੇਰੀ ਸਰਨਾਈਆ । ਪੁਰਖ ਅਕਾਲ ਸ਼ਬਦ ਜਣਾਉਂਦਾ ਏ । ਦੀਨ ਦਿਆਲ ਦਇਆ ਕਮਾਉਂਦਾ ਏ । ਅਗੰਮ ਸੰਦੇਸ਼ ਇਕ ਪਰਗਟਾਉਂਦਾ ਏ । ਜੋਤੀ ਜਾਮਾ ਧਾਰ ਕੇ ਵੇਸ, ਵੇਖ ਵਖਾਉਂਦਾ ਏ । ਜੋ ਲੇਖਾ ਲਿਖ ਕੇ ਗਿਆ ਦਸ ਦਸਮੇਸ਼, ਪੂਰ ਕਰੌਂਦਾ ਏ । ਘਟ ਨਿਵਾਸੀ ਨੇਤਨ ਨੇਤ, ਨਿਜ ਘਰ ਆਪਣਾ ਪੜਦਾ

ਲਾਹੁਦਾ ਏ । ਜਨ ਭਗਤਾਂ ਕਰ ਕੇ ਹੇਤ, ਜੁਗ ਜਨਮ ਦੇ ਵਿਛੜੇ ਮੇਲ ਮਿਲਾਉਂਦਾ ਏ । ਨਿਰਗੁਣ ਸਰਗੁਣ ਕਰ ਕੇ ਖੇਡ, ਖ਼ਾਲਕ ਖ਼ਲਕ ਵੇਖ ਵਖਾਉਂਦਾ ਏ । ਜੋਤੀ ਧਾਰ ਪ੍ਰਕਾਸ਼ ਕਰ ਕੇ ਤੇਜ, ਨੂਰ ਨੁਰਾਨਾ ਡਗਮਗਾਉਂਦਾ ਏ । ਲਹਿਣਾ ਪੂਰਾ ਕਰ ਕੇ ਚਾਰੇ ਵੇਦ, ਸ਼ਾਸਤਰ ਸਿਮਰਤ ਵੇਦ ਪੁਰਾਨ ਖੋਜ ਖੁਜਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਸੰਦੇਸ਼ਾ ਇਕ ਸੁਣਾਉਂਦਾ ਏ । ਸਚ ਸੰਦੇਸ਼ਾ ਇਕ ਸੁਣਾਵਾਂਗਾ । ਨਿਰਗੁਣ ਨੂਰ ਜੋਤ ਪਰਗਟਾਵਾਂਗਾ । ਵਰਨ ਗੋਤ ਡੇਰਾ ਢਾਹਵਾਂਗਾ । ਹਿਰਦਾ ਸੋਧ ਸਚ ਪਰਗਟਾਵਾਂਗਾ । ਨਾਮ ਬਣਾ ਕੇ ਬੋਧ, ਬੁੱਧੀ ਤੋਂ ਪਰੇ ਸ਼ਬਦ ਸੁਣਾਵਾਂਗਾ । ਖੇਲ ਵੇਖ ਕੇ ਲੋਕ ਪਰਲੋਕ, ਸਚ ਸਲੋਕ ਇਕ ਸੁਣਾਵਾਂਗਾ । ਪ੍ਰਭ ਦਾ ਭਾਣਾ ਸਕੇ ਕੋਇ ਨਾ ਰੋਕ, ਹੋਕਾ ਹੱਕ ਹੱਕ ਜਣਾਵਾਂਗਾ । ਕਲਜੁਗ ਕੂੜੀ ਕਿਰਿਆ ਢਾਹ ਕੇ ਕਿਲਾ ਕੋਟ, ਸਚ ਦਵਾਰਾ ਇਕ ਪਰਗਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡਾ ਇਕ ਸੁਹਾਵਾਂਗਾ । ਦਰ ਠਾਂਡਾ ਇਕ ਸੁਹਾਏਗਾ । ਦੀਨ ਦਿਆਲ ਦਇਆ ਕਮਾਏਗਾ । ਕੋਟਨ ਕੋਟ ਜੀਵ ਉਠਾਏਗਾ । ਚੜ੍ਹ ਚੋਟੀ ਨਾਦ ਵਜਾਏਗਾ । ਸੁਰਤੀ ਸੋਤੀ ਆਪ ਹਿਲਾਏਗਾ । ਲੱਖ ਚੁਰਾਸੀ ਵਿਚੋਂ ਮਾਣਕ ਮੋਤੀ ਗੁਰਮੁਖ ਆਪਣੇ ਰੰਗ ਰੰਗਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਏਗਾ । ਸਚ ਸੰਦੇਸ਼ਾ ਇਕ ਸੁਣਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਉਠਾਵਾਂਗਾ । ਦੇਵਤ ਸੁਰ ਨਾਲ ਰਲਾਵਾਂਗਾ । ਗਣ ਗੰਧਰਵ ਅੱਖ ਖੁਲ੍ਹਾਵਾਂਗਾ । ਗੁਰ ਅਵਤਾਰ ਪੈਗ਼ੰਬਰ ਸੰਗ ਰਲਾਵਾਂਗਾ । ਕਲਜੁਗ ਕੂੜੀ ਕਿਰਿਆ ਮੇਟ ਅਡੰਬਰ, ਸਤਿਜੁਗ ਸਚ ਰਾਹ ਚਲਾਵਾਂਗਾ । ਸਰਬ ਕਲਾ ਭਰਤੰਬਰ, ਪਾਰਬ੍ਰਹਮ ਅਖਵਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡਾ ਇਕ ਵਖਾਵਾਂਗਾ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖ ਲੈ ਆਪਣੀ ਧਰਤੀ, ਧਵਲ ਧਿਆਨ ਲਗਾਈਆ । ਪ੍ਰਭ ਮਾਲਕ ਧੁਰ ਦੇ ਅਰਸ਼ੀ, ਪ੍ਰੀਤਮ ਬੇਪਰਵਾਹੀਆ । ਖੇਲ ਕਰ ਫ਼ਰਸ਼ੀ, ਆਪਣਾ ਫੇਰਾ ਪਾਈਆ । ਚਾਰੋਂ ਕੁੰਟ ਅੰਧੇਰ ਗਰਦੀ, ਸਚ ਸਚ ਨਾ ਕੋਇ ਸੁਣਾਈਆ । ਪਿਤਾ ਪੂਤ ਰਿਹਾ ਨਾ ਦਰਦੀ, ਭਾਈ ਭਾਈ ਕਰੇ ਲੜਾਈਆ । ਨਾਰ ਕੰਤ ਉਤੇ ਪਾਵੇ ਅਰਜ਼ੀ, ਸਾਚਾ ਸੰਗ ਨਾ ਕੋਇ ਰਖਾਈਆ । ਵੇਖ ਖੇਲ ਕਲਜੁਗ ਕਲ ਦੀ, ਕਲਕਾਤੀ ਹੋਏ ਕਸਾਈਆ । ਵਡਿਆਈ ਰਹੀ ਨਾ ਤੀਰਥ ਤਟ ਅਠਸਠ ਜਲ ਦੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਈਆ । ਤੇਰੀ ਜੋਤ ਬਿਨ ਵਰਨ ਗੋਤ ਪੁਰਖ ਅਕਾਲ ਕੋਇ ਨਾ ਬਲਦੀ, ਚਾਰੋਂ ਕੁੰਟ ਅੰਧੇਰਾ ਛਾਈਆ । ਫਿਰੀ ਦਰੋਹੀ ਕਾਮ ਕਰੋਧ ਲੋਭ ਮੋਹ ਹੰਕਾਰ ਦਲ ਦੀ, ਚਾਰ ਵਰਨ ਅਠਾਰਾਂ ਬਰਨ ਸਭ ਦੇ ਉਤੇ ਛਾਈਆ । ਖੇਲ ਤਕ ਕਲਜੁਗ ਛਲ ਦੀ, ਕਪਟ ਵਿਕਾਰ ਹੰਕਾਰ ਹੋਇਆ ਬਾਉਂ ਬਾਈਆ । ਭਟਕਣਾ ਮਿਟੇ ਨਾ ਕਿਸੇ ਮਨ ਦੀ, ਮਮਤਾ ਮੋਹ ਨਾ ਕੋਇ ਚੁਕਾਈਆ । ਆਸਾ ਪੂਰੀ ਕਰ ਦੇ ਪ੍ਰਭੂ ਗੋਬਿੰਦ ਗੁਜਰੀ ਵਾਲੇ ਚੰਨ ਦੀ, ਮਾਛੂਵਾੜਾ ਦਏ ਗਵਾਹੀਆ । ਆਵਾਜ਼ ਸੁਣੇ ਨਾ ਕਿਸੇ ਕੰਨ ਦੀ, ਕਲਮ ਹਰਫ਼ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੱਕ ਲੈ ਆਪਣੀ ਦੀਨ ਦੁਨੀ ਦਾ ਨਜ਼ਾਰਾ, ਬੇਨਜ਼ੀਰ ਨਜ਼ਰ ਉਠਾਈਆ । ਮੇਰੇ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਇਸਤਗ਼ਫਾਰਾ, ਪਰਵਰਦਿਗਾਰ ਬੇਪਰਵਾਹੀਆ । ਹਕੀਕਤ

੩੯੦
੨੨

ਹੱਕ ਨਾ ਕੋਇ ਜੈਕਾਰਾ, ਨਾਅਰਾ ਨਾਮ ਨਾ ਕੋਇ ਲਗਾਈਆ । ਸ੍ਰਿਸ਼ਟੀ ਭੁੱਲ ਗਈ ਤੇਰਾ ਦਵਾਰਾ, ਸਚਖੰਡ ਮਿਲਣ ਕੋਇ ਨਾ ਆਈਆ । ਜੋ ਸੰਦੇਸ਼ਾ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰਾ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਜਣਾਈਆ । ਸੋ ਖੇਲ ਵੇਖ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਬੈਠੇ ਸੀਸ ਨਿਵਾਈਆ । ਤੁਧ ਬਿਨ ਦੂਜਾ ਅਵਰ ਨਾ ਕੋਇ ਆਤਮ ਪਰਮਾਤਮ ਕਰੇ ਪਿਆਰਾ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਕਲਜੁਗ ਕੂੜੀ ਕਿਰਿਆ ਕਰ ਕਿਨਾਰਾ, ਨਈਆ ਨੌਕਾ ਆਪਣਾ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਤੇਰੇ ਨਾਮ ਦਾ ਇਕ ਇਸ਼ਾਰਾ, ਸੈਨਤ ਸ਼ਬਦ ਧਾਰ ਲਗਾਈਆ ।

### ✪ ਪਹਿਲੀ ਫੱਗਣ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ✪

ਪੁਰਖ ਅਕਾਲ ਕਹੇ ਫਲਗੁਣ ਅੰਦਰ ਗੁਰ ਅਵਤਾਰ ਪੈਗ਼ੰਬਰ ਮੇਰੇ ਨਾਮ ਦਾ ਖਾਓ ਹੱਕ ਫ਼ਰੂਟ, ਫੁਟਕਲ ਰਹਿਣ ਕੋਇ ਨਾ ਪਾਈਆ । ਸਭ ਦਾ ਸਾਂਝਾ ਇਕੋ ਹੋਵੇ ਮਾਰਗ ਰਸਤਾ ਰੂਟ, ਵੱਖਰਾ ਰਾਹ ਨਾ ਕੋਇ ਚਲਾਈਆ । ਨਿਗਾਹ ਮਾਰੋ ਚਾਰੇ ਕੁੰਟ, ਦਹਿ ਦਿਸ਼ਾ ਅੱਖ ਉਠਾਈਆ । ਦੀਨ ਦੁਨੀ ਤਕੋ ਜੂਠ ਝੂਠ, ਹਰਿ ਹਿਰਦਾ ਫੋਲ ਫੁਲਾਈਆ । ਸਚ ਦਾ ਨਜ਼ਰ ਆਏ ਨਾ ਕੋਇ ਪੂਤ, ਪਿਤਾ ਪੁਰਖ ਅਕਾਲ ਨਾ ਕੋਇ ਮਨਾਈਆ । ਸੁਹੰਵਣੀ ਹੋਏ ਕੋਇ ਨਾ ਰੁਤ, ਰੁਤੜੀ ਬਸੰਤ ਨਾ ਕੋਇ ਮਹਿਕਾਈਆ । ਝਗੜਾ ਪਿਆ ਕਾਇਆ ਪੰਜ ਭੂਤ, ਸਾਂਤਕ ਸਤਿ ਨਾ ਕੋਇ ਵਖਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਵੇਖੋ ਕਰਕੇ ਕੂਚ, ਕੂਚਾ ਗਲੀ ਤਨ ਵਜੂਦ ਫੋਲ ਫੁਲਾਈਆ । ਸਤਿ ਧਰਮ ਦਾ ਤਾਣਾ ਪੇਟਾ ਰਿਹਾ ਕੋਇ ਨਾ ਸੂਤ, ਸੂਤਰਧਾਰੀ ਪੜਦਾ ਦਿਉ ਉਠਾਈਆ । ਕਿਉਂ ਜਗਤ ਤ੍ਰਿਸ਼ਨਾ ਵਧੀ ਭੁਖ, ਕੂੜੀ ਕਿਰਿਆ ਕਲਪਣਾ ਵਿਚ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਅਗੰਮ ਅਥਾਹੀਆ । ਫਲਗੁਣ ਕਹੇ ਪ੍ਰਭ ਨਾਮ ਦਾ ਚੱਖੋ ਰਸ, ਬਿਨ ਰਸਨਾ ਰਸ ਵਖਾਈਆ । ਦੀਨ ਦੁਨੀ ਵੇਖੋ ਨੱਸ ਨੱਸ, ਨਿਰਗੁਣ ਬਣ ਕੇ ਪਾਂਧੀ ਰਾਹੀਆ । ਮਨੂਆ ਰਿਹਾ ਕਿਸੇ ਨਾ ਵਸ, ਸਾਂਤਕ ਸਤਿ ਨਾ ਕੋਇ ਕਰਾਈਆ । ਨਿਜ ਨੇਤਰ ਖੁਲ੍ਹੇ ਕੋਈ ਨਾ ਅੱਖ, ਪ੍ਰਤਖ ਮਿਲੇ ਨਾ ਕਿਸੇ ਗੁਸਾਈਆ । ਅੰਮ੍ਰਿਤ ਲਏ ਕੋਈ ਨਾ ਚਖ, ਤ੍ਰਿਖਾ ਤ੍ਰਿਪਤ ਨਾ ਕੋਇ ਕਰਾਈਆ । ਸ਼ਬਦ ਨਾਦ ਵੱਜੇ ਨਾ ਸੱਟ, ਸੋਈ ਸੁਰਤ ਨਾ ਕੋਇ ਉਠਾਈਆ । ਨਿਰਗੁਣ ਜੋਤ ਜਗੇ ਲਟ ਲਟ, ਅੰਧ ਅੰਧੇਰ ਨਾ ਕੋਇ ਮਿਟਾਈਆ । ਭਾਗ ਲੱਗੇ ਨਾ ਕਾਇਆ ਮੱਟ, ਸਾਢੇ ਤਿੰਨ ਹੱਥ ਦੁਹਾਈਆ । ਵਣਜਾਰਾ ਮਿਲੇ ਕਿਸੇ ਨਾ ਹੱਟ, ਵਸਤ ਅਗੰਮ ਨਾ ਕੋਇ ਵਰਤਾਈਆ । ਫਿਰੀ ਦੁਹਾਈ ਤੀਰਥ ਤਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਨੇਤਰ ਰੋਂਦੇ ਮੰਦਰ ਮੱਠ, ਉਚੀ ਕੂਕਣ ਮਾਰਨ ਧਾਹੀਆ । ਦੀਨ ਮਜ਼੍ਹਬ ਦੀ ਮੇਟੇ ਕੋਈ ਨਾ ਵੱਟ, ਸਚ ਗ੍ਰਿਹਿ ਨਾ ਕੋਇ ਵਖਾਈਆ । ਰਸਨਾ ਜਿਹਵਾ ਬੱਤੀ ਦੰਦ ਨਾਮ ਕਲਮਾ ਸਾਰੇ ਰਹੇ ਰਟ, ਹਿਰਦੇ ਹਰਿ ਨਾ ਕੋਇ ਵਸਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਬਹੁਮਤ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਗੁਰ ਅਵਤਾਰ ਪੈਗ਼ੰਬਰ ਸਭ

ਦੀ ਵੇਖੇ ਮਿਤ ਗਤ, ਗਹਿਰ ਗੰਭੀਰ ਰਿਹਾ ਜਣਾਈਆ । ਕਿਉਂ ਤਨ ਵਜੂਦ ਨਾੜ ਬਹੱਤਰ ਉਬਲੇ ਰੱਤ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਚਾਰ ਕੁੰਟ ਰਿਹਾ ਨਾ ਸਚ, ਦਹਿ ਦਿਸ਼ਾ ਕੂੜ ਦੁਹਾਈਆ । ਮਾਇਆ ਅਗਨੀ ਦੂਨੀ ਰਹੀ ਮੱਚ, ਧੀਰਜ ਧੀਰ ਨਾ ਕੋਇ ਰਖਾਈਆ । ਚਾਰ ਵਰਨ ਅਠਾਰਾਂ ਬਰਨ ਸਕੇ ਕੋਈ ਨਾ ਬਚ, ਬਚਪਨ ਪ੍ਰਭ ਦੀ ਝੋਲੀ ਪਾਈਆ । ਸੁਣੇ ਹੁਕਮ ਕਮਲਾਪਤਿ, ਪਤਿਪਰਮੇਸ਼ਵਰ ਆਪ ਜਣਾਈਆ । ਜੁਗ ਚੌਕੜੀ ਭਵਿਖਤ ਵੇਖੇ ਪੇਸ਼ੀਨਗੋਈਆਂ ਵਾਲੇ ਖ਼ਤ, ਜੋ ਅੱਖਰਾਂ ਨਾਲ ਵਡਿਆਈਆ । ਕਿਉਂ ਦਰਗਾਹ ਸਾਚੀ ਬੈਠੇ ਸੱਥਰ ਘਤ, ਲੋਕਮਾਤ ਤਕੇ ਖ਼ਲਕ ਖ਼ੁਦਾਈਆ । ਹਕੀਕਤ ਰਹੀ ਕੋਈ ਨਾ ਹੱਕ, ਹੁਕਮ ਮੰਨੇ ਨਾ ਕੋਈ ਬੇਪਰਵਾਹੀਆ । ਕਾਇਆ ਖੇੜਾ ਸਭ ਦਾ ਹੋਵੇ ਭੱਠ, ਕਲਜੁਗ ਅਗਨੀ ਤਤ ਤਪਾਈਆ । ਜੋਗ ਅਭਿਆਸ ਰਿਹਾ ਕਿਸੇ ਨਾ ਹਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਫਲਗੁਣ ਕਹੇ ਗੁਰ ਅਵਤਾਰ ਪੈਗ਼ੰਬਰ ਪ੍ਰੇਮ ਪ੍ਰੀਤੀ ਬਰਸੋ ਫੂਲ, ਫਲੀਭੂਤ ਦਏ ਕਰਾਈਆ । ਨੂਰ ਤਕੋ ਕੰਤ ਕੰਤੂਹਲ, ਜੋ ਮਾਲਕ ਖ਼ਾਲਕ ਧੁਰਦਰਗਾਹੀਆ । ਜਿਸ ਦਾ ਆਦਿ ਅੰਤ ਨਾਮ ਅਸੂਲ, ਦੂਜੀ ਧਾਰਾ ਨਾ ਕੋਇ ਵਖਾਈਆ । ਮਿਹਰਵਾਨ ਮਹਿਬੂਬ ਚਰਨ ਕਵਲ ਦੇ ਕੇ ਧੂਲ, ਧਰਮ ਦਵਾਰਾ ਇਕ ਦਰਸਾਈਆ । ਜਿਸ ਦਾ ਸਤਿ ਸਚ ਅਸੂਲ, ਅਸਲੀਅਤ ਆਪਣਾ ਆਪ ਪਰਗਟਾਈਆ । ਨਾਮ ਕਲਮਾ ਦੇ ਮਾਕੂਲ, ਧੁਰ ਫ਼ਰਮਾਨਾ ਇਕ ਸੁਣਾਈਆ । ਜਿਸ ਦਾ ਸਚ ਭੰਗੂੜਾ ਰਹੇ ਝੂਲ, ਹੁਲਾਰਾ ਦੋ ਜਹਾਨਾਂ ਬਾਹਰ ਵਖਾਈਆ । ਉਸ ਦਾ ਨਾ ਕੋਇ ਅਰਜ਼ ਨਾ ਕੋਇ ਤੂਲ, ਵੰਡਣ ਵੰਡ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਚ ਸਮਝਾਈਆ । ਫਲਗੁਣ ਕਹੇ ਗੁਰ ਅਵਤਾਰ ਪੈਗ਼ੰਬਰ ਪ੍ਰੇਮ ਬਰਸਾਉ ਬਰਖਾ, ਬਿਧ ਰਹਿਣ ਕੋਇ ਨਾ ਪਾਈਆ । ਚਿੰਤਾ ਰੋਗ ਰਹੇ ਨਾ ਹਰਖਾ, ਹਉਮੇ ਗੜ੍ਹ ਦੇਣਾ ਤੁੜਾਈਆ । ਸੰਮਤ ਸ਼ਹਿਨਸ਼ਾਹੀ ਪੰਜ ਅਗੰਮਾ ਬਰਸਾ, ਬਰਖ਼ੁਰਦਾਰਾਂ ਇਕ ਦ੍ਰਿੜਾਈਆ । ਜੋ ਕੌਲ ਕੀਤਾ ਗੋਬਿੰਦ ਉਤੇ ਸਰਸਾ, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ । ਮੇਰਾ ਢਈਏ ਦਾ ਪੂਰਾ ਹੋਵੇ ਅਰਸਾ, ਅਰਸ਼ੀ ਪ੍ਰੀਤਮ ਨੂਰ ਜੋਤ ਕਰੇ ਰੁਸ਼ਨਾਈਆ । ਪਰਗਟ ਹੋਵੇ ਉਪਰ ਫ਼ਰਸ਼ਾ, ਫ਼ੈਸਲਾ ਜ਼ਿਮੀਂ ਅਸਮਾਨ ਮੁਕਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀਆਂ ਕਰੇ ਗ਼ਰਜ਼ਾਂ, ਗਹਿਰ ਗੰਭੀਰ ਦਇਆ ਕਮਾਈਆ । ਚਾਰ ਜੁਗ ਦੀਆਂ ਲੇਖੇ ਲਾਵੇ ਕੀਤੀਆਂ ਅਰਜ਼ਾਂ, ਬੇਨੰਤੀ ਆਪਣੀ ਝੋਲੀ ਪਾਈਆ । ਨਵ ਨੌਂ ਚਾਰ ਦੀਆਂ ਕਢ ਕੇ ਫ਼ਰਦਾਂ, ਲੇਖਾ ਵੇਖੇ ਥਾਉਂ ਥਾਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦਾਂ, ਕੋੜ੍ਹਿਆਂ ਕਮਲਿਆਂ ਗਲੇ ਲਗਾਈਆ । ਜਨ ਭਗਤਾਂ ਹੋਣ ਨਾ ਦੇਵੇ ਹਰਜਾ, ਹਰਜਾਨਾ ਆਪਣੇ ਵਿਚੋਂ ਪੂਰ ਕਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਵੇ ਪਿਛਲਾ ਕਰਜਾ, ਮਕਰੂਜ਼ ਪਿਛਲਾ ਦੇਵੇ ਚੁਕਾਈਆ । ਕਲਜੁਗ ਕੂੜੀ ਕਿਰਿਆ ਮੇਟੇ ਅੰਧੇਰ ਗਰਦਾ, ਗਰਦਸ਼ ਵੇਖੇ ਜਗਤ ਲੋਕਾਈਆ । ਜੋਧਾ ਸੂਰਬੀਰ ਬਣ ਮਰਦਾਨਾ ਮਰਦਾ, ਬਿਨ ਮਦਦ ਵੇਸ ਵਟਾਈਆ । ਸ਼ਬਦੀ ਗੋਬਿੰਦ ਨਾਲ ਰਖਾਵੇ ਬਰਦਾ, ਬੰਦਗੀ ਆਪਣੀ ਇਕ ਸਮਝਾਈਆ । ਸ਼ਰਅ ਛੁਰੀ ਕਤਲ ਕਰੇ ਕਿਸੇ ਨਾ ਕਰਦਾ, ਕਾਤਲ ਮਕਤੂਲ ਦਾ ਲੇਖਾ ਦਏ ਮੁਕਾਈਆ । ਤੂੰ ਮੇਰਾ ਮੈਂ ਤੇਰਾ ਇਕੋ ਨਾਮ ਕਲਮਾ ਢੋਲਾ ਆਤਮ ਪਰਮਾਤਮ ਹੋਵੇ ਪੜ੍ਹਦਾ, ਦੂਸਰ ਰਾਗ ਨਾ ਕੋਇ ਅਲਾਈਆ । ਸ਼ਬਦ ਸੁਣਾਏ ਲਹਿੰਦਾ ਚੜ੍ਹਦਾ, ਦੱਖਣ ਪਹਾੜ ਵੱਜੇ ਵਧਾਈਆ । ਸਤਿਜੁਗ

੩੬੨
੨੨

ਸਾਚਾ ਕਾਰਜ ਕਰਦਾ, ਵਿਸ਼ਨ ਬ੍ਰਹਮਾ ਸ਼ਿਵ ਚਲੇ ਨਾ ਕੋਇ ਚਤੁਰਾਈਆ । ਅਵਤਾਰ ਪੈਗ਼ੰਬਰ ਗੁਰ ਫਿਰੇ ਡਰਦਾ, ਸਿਰ ਸਕੇ ਨਾ ਕੋਇ ਉਠਾਈਆ । ਖੇਲ ਹੋਇਆ ਨਰਾਇਣ ਨਰ ਦਾ, ਨਿਰਗੁਣ ਆਪਣੀ ਕਾਰ ਕਮਾਈਆ । ਜਿਹੜਾ ਨਾ ਜੰਮੇ ਨਾ ਮਰਦਾ, ਚੁਰਾਸੀ ਵੰਡ ਨਾ ਕੋਇ ਰਖਾਈਆ । ਓਹ ਮਾਲਕ ਬਣ ਕੇ ਆਪਣੇ ਘਰ ਦਾ, ਘਰਾਨਾ ਦੀਨ ਦੁਨੀ ਵੇਖ ਵਖਾਈਆ । ਸੰਤ ਸੁਹੇਲੇ ਗੁਰਮੁਖ ਫੜਦਾ, ਜਨ ਭਗਤ ਗੋਦ ਟਿਕਾਈਆ । ਲੇਖਾ ਜਾਣੇ ਦਰ ਦਰ ਦਾ, ਧੁਰ ਦਰਵੇਸ਼ੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰੋ ਫਲਗੁਣ ਕਹੇ ਵੇਖੋ ਫੂਲ ਮਾਲਾ, ਮਣਕਾ ਨਜ਼ਰ ਕੋਇ ਨਾ ਆਈਆ । ਮਾਜ਼ੀ ਲੇਖਾ ਛਡੋ ਦੇਖੋ ਖੇਲ ਹਾਲਾ, ਹਾਲਤ ਬਦਲੀ ਜਗਤ ਲੋਕਾਈਆ । ਪੈਗ਼ੰਬਰੋ ਹੁਕਮ ਸੁਣੋ ਉਸ ਖ਼ੁਦਾ ਤੁਆਲਾ, ਜਿਸ ਤਾਲਬ ਸਾਰੇ ਲਏ ਕਰਾਈਆ । ਚਾਰੋਂ ਕੁੰਟ ਅੰਧੇਰਾ ਕਾਲਾ, ਦੀਆ ਬਾਤੀ ਨਾ ਕੋਇ ਰੁਸ਼ਨਾਈਆ । ਸੰਦੇਸ਼ਾ ਦੇ ਕੇ ਗਿਆ ਨਾਨਕ ਨਿਰਗੁਣ ਸਰਗੁਣ ਬਾਲਾ, ਸ਼ਬਦ ਸ਼ਬਦ ਵਿਚ ਸਮਝਾਈਆ । ਕਲਜੁਗ ਅੰਤਮ ਖੇਲ ਕਰੇ ਪੁਰਖ ਅਕਾਲਾ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦੀਆਂ ਘਾਲਦੇ ਰਹੇ ਘਾਲਾਂ, ਜੁਗ ਚੌਕੜੀ ਸੇਵ ਕਮਾਈਆ । ਜਿਸ ਦੇ ਅੱਗੇ ਕਰਦੇ ਰਹੇ ਸਵਾਲਾ, ਬੇਨੰਤੀ ਆਰਜ਼ੂ ਇਕ ਦ੍ਰਿੜਾਈਆ । ਜੋ ਲੇਖਾ ਜਾਣੇ ਸਚਖੰਡ ਸੱਚੀ ਧਰਮਸਾਲਾ, ਦਰਗਹ ਸਾਚੀ ਇਕ ਵਡਿਆਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਆਪਣੀ ਬਦਲ ਦੇਵੇ ਚਾਲਾ, ਚਲਾਕੀ ਖ਼ਾਕੀ ਬੰਦਾ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਫਲਗੁਣ ਕਹੇ ਸੁਹੰਜਣੀ ਰੁਤੀ, ਹਰਿ ਕਰਤੇ ਮੇਰੀ ਮਹਿਕਾਈਆ । ਗੁਰ ਅਵਤਾਰ ਪੈਗ਼ੰਬਰ ਖੇਲ ਵੇਖੋ ਕਾਇਆ ਬੁਤੀਂ, ਬੁਤਖ਼ਾਨੇ ਫੋਲ ਫੁਲਾਈਆ । ਸ੍ਰਿਸ਼ਟੀ ਗੂੜ੍ਹੀ ਨੀਂਦ ਸੁੱਤੀ, ਤੁਹਾਡਾ ਨਾਮ ਕਲਮਾ ਸਕੇ ਨਾ ਕੋਇ ਉਠਾਈਆ । ਮਨ ਕਲਪਣਾ ਹੋਈ ਦੁਖੀ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਭਾਗ ਲੱਗੇ ਕਿਸੇ ਨਾ ਕੁੱਖੀ, ਭਗਤ ਜਨਮੇ ਨਾ ਕੋਇ ਮਾਈਆ । ਅੰਮ੍ਰਿਤ ਪੀਏ ਕੋਇ ਨਾ ਘੁਟੀ, ਨਿਝਰ ਰਸ ਨਾ ਕੋਇ ਚਖਾਈਆ । ਵੇਖੋ ਤੁਹਾਡੇ ਮੁਰੀਦਾਂ ਸਿਖਾਂ ਦੀ ਤੁਹਾਡੇ ਨਾਲੋਂ ਅੰਤਰ ਧਾਰ ਤੁਟੀ, ਦੋਹਾਂ ਮਿਲ ਕੇ ਵੱਜੇ ਨਾ ਕੋਇ ਵਧਾਈਆ । ਫਲਗੁਣ ਰੁਤ ਸੁਹੰਜਣੀ ਤੁਸੀਂ ਸਾਰੇ ਕਰ ਲਉ ਛੁੱਟੀ, ਛੁਟਕਾਰਾ ਜਗਤ ਵੱਲੋਂ ਪਾਈਆ । ਕਿਉਂ ਦੀਨ ਦੁਨੀ ਜਾਂਦੀ ਲੁੱਟੀ, ਕਲਜੁਗ ਲੁਟੇਰਾ ਫੜ ਸਕੇ ਕੋਇ ਨਾ ਰਾਈਆ । ਸਾਰੇ ਆਪਣੀਆਂ ਮੀਟੋ ਮੁੱਠੀ, ਪੰਜੇ ਉਂਗਲਾਂ ਲਉ ਦਬਾਈਆ । ਫਿਰ ਹੱਥ ਲਗਾਓ ਗੁੱਟੀਂ, ਇਸ਼ਾਰੇ ਨਾਲ ਦਬਾਈਆ । ਫੇਰ ਚਰਨਾਂ ਵਿਚ ਵੇਖੋ ਜੁੱਤੀ, ਜੋੜਾ ਕਵਣ ਸੁਹਾਈਆ । ਕਿਉਂ ਦੁਨੀਆ ਤੁਹਾਡੇ ਹੁੰਦਿਆਂ ਰਾਹੋਂ ਘੁੱਥੀ, ਮਾਰਗ ਮਿਲੇ ਨਾ ਬੇਪਰਵਾਹੀਆ । ਕਿਉਂ ਮਤ ਹੋਈ ਪੁੱਠੀ, ਪੁੱਠੇ ਲਟਕਣ ਵਾਲਿਆਂ ਸਮਝ ਰਹੀ ਨਾ ਰਾਈਆ । ਕਿਉਂ ਜਾਪ ਕਰਦੇ ਬੁੱਲਾਂ ਬੁਟੀਂ, ਅੰਤਰ ਦਰਸ ਕੋਇ ਨਾ ਪਾਈਆ । ਕਿਉਂ ਅਭਿਆਸ ਕਰਦੇ ਨੌਂ ਦਵਾਰੇ ਬਾਹਰ ਤ੍ਰੈਕੁਟੀ, ਈੜਾ ਪਿੰਗਲ ਸੁਖਮਨ ਰਾਹ ਤਕਾਈਆ । ਕਿਉਂ ਸੁਰਤ ਸਵਾਣੀ ਸੋਈ ਨਾ ਉਠੀ, ਨਿਰਗੁਣ ਧਾਰ ਨਾ ਲਏ ਅੰਗੜਾਈਆ । ਫਲਗੁਣ ਕਹੇ ਔਹ ਵੇਖੋ ਮੇਰੀ ਸ਼ਾਖ਼ ਚਾਰ ਕੁੰਟ ਵਿਚ ਫੁੱਟੀ, ਰੰਗ ਆਪਣਾ ਰਹੀ ਵਖਾਈਆ । ਇਹ ਖੇਲ ਰਹਿਣੀ ਨਹੀਂ ਲੁਕੀ, ਪੜਦਾ ਸਕੇ ਕੋਇ ਨਾ ਪਾਈਆ । ਸਭ ਨੇ ਗਾਥਾ ਗਾਉਣੀ ਦੋ ਤੁਕੀ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ


੩੬੩
੨੨

ਸਾਚਾ ਵਰ, ਸਚ ਰੰਗ ਆਪ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੇਹੜੀ ਤੇਰੀ ਰੁਤ, ਕੀ ਸਾਨੂੰ ਰਿਹਾ ਸੁਣਾਈਆ । ਅੱਗੇ ਕਰ ਜਾ ਚੁੱਪ, ਪ੍ਰਭ ਦਾ ਭੇਵ ਕੋਇ ਨਾ ਆਈਆ । ਜਿਸ ਦੁਲਾਰਾ ਬਣਾਇਆ ਗੋਬਿੰਦ ਸੁਤ, ਜਨਣੀ ਇਕ ਅਖਵਾਈਆ । ਉਹ ਨਿਰਗੁਣ ਧਾਰੋਂ ਆਪੇ ਉਠ, ਜੋਤੀ ਨੂਰ ਕਰੇ ਰੁਸ਼ਨਾਈਆ । ਓਹਲਾ ਰਹਿਣ ਨਾ ਦੇਵੇ ਕਿਸੇ ਗੁੱਠ, ਉੱਤਰ ਪੂਰਬ ਪੱਛਮ ਦੱਖਣ ਫੋਲ ਫੁਲਾਈਆ । ਲੱਖ ਚੁਰਾਸੀ ਵਿਚੋਂ ਪਹਿਲੇ ਭਗਤ ਕਰ ਕੇ ਇਕੱਠੇ ਇਕ ਮੁੱਠ, ਮੁੱਠੀ ਆਪਣੀ ਵਿਚ ਬੰਧਾਈਆ । ਫੇਰ ਸ੍ਰਿਸ਼ਟੀ ਦ੍ਰਿਸ਼ਟੀ ਲਏ ਲੁੱਟ, ਲੁਟੇਰਾ ਹੋ ਕੇ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਫਲਗੁਣ ਤੇਰੀ ਵੇਖੀ ਖ਼ੁਸ਼ਬੂ, ਮਹਿਕ ਮਹਿਕ ਵਿਚੋਂ ਖੋਜ ਖੁਜਾਈਆ । ਉਹ ਮਾਲਕ ਵੇਖ ਜਿਸ ਨੇ ਤੈਨੂੰ ਬਖ਼ਸ਼ਿਆ ਰੂਹ, ਰੂਹ ਬੁਤ ਵੱਜੀ ਵਧਾਈਆ । ਫਲਗੁਣ ਕਹੇ ਅਸੀਂ ਓਸੇ ਦੇ ਸਾਰੇ ਨੂਰ ਹੂਬਹੂ, ਦੂਜਾ ਨਜ਼ਰ ਕੋਇ ਨਾ ਆਈਆ । ਜਿਹੜਾ ਵਸਿਆ ਮਾਨਵ ਜ਼ਾਤੀ ਸਾਢੇ ਤਿੰਨ ਕਰੋੜ ਲੂੰ ਲੂੰ, ਲੋਇਣਾਂ ਤੋਂ ਪਿਛੇ ਬੈਠਾ ਨਜ਼ਰੀ ਆਈਆ । ਓਸ ਦੀ ਮਹਿੰਮਾ ਸਿਫ਼ਤ ਚਾਰ ਜੁਗ ਕਰਦੇ ਰਹੇ ਨਾਲ ਮੂੰਹ, ਮੁਖ ਮੰਤਰਾਂ ਨਾਲ ਸਾਲਾਹੀਆ । ਓਹੋ ਸਤਿਗੁਰ ਓਹੋ ਸ਼ਬਦ ਗੁਰੂ, ਗੁਰਦੇਵ ਸਵਾਮੀ ਇਕ ਅਖਵਾਈਆ । ਜਿਸ ਦਾ ਨਾਮ ਮੰਤਰ ਕਲਮਾ ਕਾਇਨਾਤ ਇਕੋ ਫੁਰੂ, ਫੁਰਨੇ ਸਭ ਦੇ ਬੰਦ ਕਰਾਈਆ । ਆਪਣੀ ਕਰਨੀ ਕਰਨੋਂ ਕਦੇ ਨਾ ਮੁੜੂ, ਹੁਕਮ ਦੇਵੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਫਲਗੁਣ ਕਹੇ ਗੁਰ ਅਵਤਾਰ ਪੈਗ਼ੰਬਰ ਵੇਖੋ ਖੇਲ ਅਪਾਰਾ, ਅਪਰੰਪਰ ਦਿਆਂ ਜਣਾਈਆ । ਜਿਸ ਨੂੰ ਕਹਿੰਦੇ ਰਹੇ ਚਵੀਆਂ ਅਵਤਾਰਾ, ਜੋਤੀ ਜਾਤਾ ਵੇਸ ਵਟਾਈਆ । ਸਭ ਨੂੰ ਦਏ ਅਧਾਰਾ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਦੋ ਜਹਾਨਾਂ ਬਣ ਸਿਕਦਾਰਾ, ਹੁਕਮ ਆਪਣਾ ਇਕ ਦ੍ਰਿੜਾਈਆ । ਧਰਮ ਦੀ ਧਾਰ ਖੋਲ੍ਹ ਦਵਾਰਾ, ਗ੍ਰਿਹਿ ਇਕੋ ਇਕ ਸੁਹਾਈਆ । ਏਕਾ ਨਾਮ ਸ਼ਬਦ ਜੈਕਾਰਾ, ਚਾਰੋਂ ਕੁੰਟ ਦਏ ਸੁਣਾਈਆ । ਏਕਾ ਬ੍ਰਹਮ ਕਰ ਪਿਆਰਾ, ਪਾਰਬ੍ਰਹਮ ਜੋੜ ਜੁੜਾਈਆ । ਏਕਾ ਨੇਤਰ ਲੋਚਣ ਨੈਣ ਖੋਲ੍ਹ ਸੱਚੀ ਸਰਕਾਰਾ, ਸਰਗੁਣ ਨਿਰਗੁਣ ਫੋਲ ਫੁਲਾਈਆ । ਸਾਂਝਾ ਬਣ ਕੇ ਪਰਵਰਦਿਗਾਰਾ, ਪਰਮ ਪੁਰਖ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਦ ਆਪਣਾ ਰੰਗ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਫਲਗੁਣ ਆਇਆ ਵਕਤ ਸੁਹੇਲਾ, ਸੁਹੰਜਣੀ ਰੁਤ ਸੁਹਾਈਆ । ਪ੍ਰਭ ਕਰੇ ਖੇਲ ਅਕੇਲਾ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਜਨ ਭਗਤਾਂ ਕਰ ਕੇ ਮੇਲਾ, ਵਿਛੜੇ ਜੋੜ ਜੁੜਾਈਆ । ਨਿਰਗੁਣ ਸਰਗੁਣ ਬਣ ਕੇ ਸੱਜਣ ਸੁਹੇਲਾ, ਸਤਿ ਸਤਿਵਾਦੀ ਵੇਖ ਵਖਾਈਆ । ਏਕਾ ਰੰਗ ਰੰਗਾ ਗੁਰੂ ਗੁਰ ਚੇਲਾ, ਚੇਲਾ ਗੁਰੂ ਵਿਚ ਸਮਾਈਆ । ਅਚਰਜ ਖੇਲ ਪ੍ਰਭੂ ਕਲ ਖੇਲਾ, ਖ਼ਾਲਕ ਖ਼ਲਕ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨ ਵੇਖੇ ਜੰਗਲ ਬੇਲਾ, ਨਿਰਗੁਣ ਧਾਰ ਸਰਗੁਣ ਨਾਲੋਂ ਹੋ ਕੇ ਵਿਹਲਾ, ਦਿਵਸ ਰੈਣ ਅੱਠੇ ਪਹਿਰ ਘੜੀ ਪਲ ਆਪ ਆਪਣੀ ਕਾਰ ਕਮਾਈਆ ।

✪ ੨ ਫੱਗਣ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ✪



ਫਲਗੁਣ ਕਹੇ ਗੁਰੂ ਅਵਤਾਰ ਪੈਗੰਬਰਾਂ ਆਪਣਾ ਹੱਥ ਰੱਖਿਆ ਉਤੇ ਸੀਸ, ਸੀਸ ਜਗਦੀਸ ਨਿਵਾਈਆ । ਫੇਰ ਪੁਸ਼ਤ ਪਨਾਹ ਵੇਖੀ ਪੀਠ, ਕਰਵਟ ਆਪਣੇ ਵਿਚੋਂ ਬਦਲਾਈਆ । ਫੇਰ ਮੁਖ ਵਿਚ ਉਂਗਲ ਪਾ ਕੇ ਮਾਰੀ ਚੀਕ, ਉਚੀ ਕੂਕ ਦਿਤਾ ਸੁਣਾਈਆ । ਫੇਰ ਛਾਤੀ ਦੀ ਕਰ ਤਸਦੀਕ, ਪਿਸਤਾਨ ਅੰਦਰ ਆਪ ਦਬਾਈਆ । ਫੇਰ ਚਰਨ ਕਵਲ ਤਕ ਮੀਤ, ਨੇਤਰ ਨੈਣਾਂ ਨੀਰ ਵਹਾਈਆ । ਫੇਰ ਚਾਰ ਜੁਗ ਦੇ ਸ਼ਾਸਤਰ ਵੇਖੇ ਠੀਕ, ਜੋ ਠਾਕਰ ਗਿਆ ਲਿਖਾਈਆ । ਫੇਰ ਲੰਮੇ ਪੈ ਕੇ ਮਾਰੀ ਲੀਕ, ਲਾਈਨ ਨੱਕ ਨਾਲ ਬਣਾਈਆ । ਫੇਰ ਅੰਮ੍ਰਿਤ ਰਸ ਪੀਤਾ ਲਾ ਕੇ ਝੀਕ, ਤ੍ਰਿਸ਼ਨਾ ਤ੍ਰਿਪਤ ਕਰਾਈਆ । ਫੇਰ ਹੋ ਕੇ ਠਾਂਡੇ ਸੀਤ, ਸਾਹ ਸਾਹ ਨਾਮ ਵਡਿਆਈਆ । ਫੇਰ ਸ੍ਰਿਸ਼ਟੀ ਦੀ ਵੇਖੀ ਨੀਤ, ਮੁਰੀਦ ਗੁਰਸਿਖ ਖੋਜ ਖੁਜਾਈਆ । ਫੇਰ ਵਿਚਾਰ ਆਇਆ ਚੀਤ, ਚੇਤਨ ਆਪਣਾ ਆਪ ਕਰਾਈਆ । ਬਹੁੜੀ ਚਾਰ ਜੁਗ ਮਨ ਕਲਪਣਾ ਸਕੇ ਨਾ ਜੀਤ, ਭੈ ਭੌ ਨਾ ਕੋਇ ਵਡਿਆਈਆ । ਝਗੜਾ ਮੁਕਾ ਨਾ ਸਕੇ ਹਸਤ ਕੀਟ, ਊਚ ਨੀਚ ਨਾ ਰੰਗ ਰੰਗਾਈਆ । ਫੇਰ ਬੋਲ ਕੇ ਨਾਲ ਜੀਭ, ਜ਼ਬਾਨ ਨਾਲ ਦਿਤਾ ਦਰਸਾਈਆ । ਕਲਜੁਗ ਅੰਤਮ ਕਿਸੇ ਦਾ ਬਦਲੇ ਨਾ ਕੋਇ ਨਸੀਬ, ਨਿਸਬਤ ਸਕੇ ਨਾ ਕੋਇ ਕਢਾਈਆ । ਫੇਰ ਤਕੀ ਦੀਨ ਮਜ਼੍ਹਬ ਤਰਤੀਬ, ਜੋ ਤਰ੍ਹਾ ਤਰ੍ਹਾ ਬਣਾਈਆ । ਫੇਰ ਖੇਲ ਵੇਖਿਆ ਅਜੀਬ, ਪੁਰਖ ਅਕਾਲਾ ਕੀ ਕਾਰ ਕਮਾਈਆ । ਫੇਰ ਝਗੜਾ ਤੱਕਿਆ ਅਮੀਰ ਗ਼ਰੀਬ, ਵੱਡਾ ਛੋਟਾ ਕਰੇ ਲੜਾਈਆ । ਫੇਰ ਤੱਕਿਆ ਕੁਰਾਨ ਮਜੀਦ, ਜਿਸ ਦਾ ਮਸਲਾ ਹੱਲ ਨਾ ਕੋਇ ਕਰਾਈਆ । ਫੇਰ ਤੱਕਿਆ ਈਦ ਬਕਰੀਦ, ਨਿਮਾਜ਼ ਰੋਜ਼ਾ ਖੋਜ ਖੁਜਾਈਆ । ਫੇਰ ਤੱਕਿਆ ਜੋ ਗੁਰੂ ਗੁਰਦੇਵ ਹੋਏ ਸ਼ਹੀਦ, ਸ਼ਹਾਦਤ ਆਪਣੀ ਗਏ ਭੁਗਤਾਈਆ । ਫੇਰ ਤੱਕਿਆ ਲਾ ਕੇ ਨੀਝ, ਬਿਨ ਅੱਖਾਂ ਅੱਖ ਉਠਾਈਆ । ਫੇਰ ਤੱਕਿਆ ਕਵਣ ਦੂਰ ਕਵਣ ਨਜ਼ਦੀਕ, ਗ੍ਰਿਹਿ ਗ੍ਰਿਹਿ ਕਵਣ ਸੁਹਾਈਆ । ਜਾਂ ਗ਼ੌਰ ਨਾਲ ਤੱਕਿਆ ਇਕੋ ਪਰਮਾਤਮਾ ਇਕੋ ਆਤਮਾ ਸੱਚੀ ਪ੍ਰੀਤ, ਦੂਜਾ ਨਜ਼ਰ ਕੋਇ ਨਾ ਆਈਆ । ਸਾਰੇ ਹੋ ਗਏ ਭੈ ਭੀਤ, ਸਿਰ ਸਕੇ ਨਾ ਕੋਇ ਉਠਾਈਆ । ਤ੍ਰੈਗੁਣ ਤੋਂ ਬਾਹਰ ਤ੍ਰੈਗੁਣ ਅਤੀਤ, ਤ੍ਰੈਭਵਣ ਇਕ ਅਖਵਾਈਆ । ਜਿਸ ਲੇਖਾ ਮੁਕਾਉਣਾ ਊਚ ਨੀਚ, ਰਾਓ ਰੰਕਾਂ ਇਕੋ ਰੰਗ ਰੰਗਾਈਆ । ਜੋ ਸਭ ਦੇ ਭੀਤਰ ਸਭ ਦੇ ਬਾਹਰ ਸਭ ਦੇ ਬੀਚ, ਇਕ ਇਕੱਲਾ ਖੇਲ ਖਿਲਾਈਆ । ਜਿਸ ਦੇ ਜੁਗ ਚੌਕੜੀ ਗਏ ਬੀਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਸੋ ਸਾਹਿਬ ਕਰੇ ਬਖ਼ਸ਼ੀਸ਼, ਰਹਿਮਤ ਆਪਣਾ ਨਾਮ ਵਰਤਾਈਆ । ਸਾਚਾ ਕਲਮਾ ਦੱਸ ਹਦੀਸ, ਹਜ਼ਰਤਾਂ ਤੋਂ ਪਰੇ ਕਰੇ ਪੜ੍ਹਾਈਆ । ਗੁਰ ਅਵਤਾਰ ਪੈਗੰਬਰ ਕਹਿਣ ਸਾਨੂੰ ਇਕ ਇਕ ਉਮੀਦ, ਆਸਾ ਆਸਾ ਵਿਚੋਂ ਰਖਾਈਆ । ਜਿਸ ਦੀ ਸਿਫ਼ਤ ਕੀਤੀ ਤਮਹੀਦ, ਤਰਾ ਤਰਾ ਵਡਿਆਈਆ । ਜੋ ਆਦਿ ਅੰਤ ਨਾ ਹੋਏ ਪਲੀਤ, ਪਤਿਤ ਪੁਨੀਤ ਲਏ ਤਰਾਈਆ । ਜੋ ਸਭ ਦੀ ਬਦਲ ਦਏ ਤਬੀਅਤ, ਤਬੀਅਤ ਆਪਣੇ ਨਾਲ ਮਿਲਾਈਆ । ਮੂਸਾ ਈਸਾ ਮੁਹੰਮਦ ਵੇਖੇ ਵਸੀਅਤ, ਬਿਨ ਅੱਖਰਾਂ ਅੱਖ ਖੁਲ੍ਹਾਈਆ । ਜਿਸ ਨੇ ਸਾਂਝੀ ਕਰਨੀ ਇਕ ਵਲਦੀਅਤ, ਇਕੋ ਬਣਨਾ ਪਿਤਾ ਮਾਈਆ । ਉਸ ਦੀ ਹੱਕ ਨਾਮ ਅਹਿਮੀਅਤ, ਆਅਲਾ ਅਦਨਾ ਰੰਗ ਰੰਗਾਈਆ । ਧਰਮ ਦੀ ਧਾਰ ਦੱਸੇ ਇਨਸਾਨੀਅਤ, ਹੈਵਾਨ ਇਨਸਾਨ ਰੂਪ ਵਟਾਈਆ । ਸਭ ਦੀ ਵੇਖਣਹਾਰਾ ਬਦਨੀਅਤ, ਬਦੀ ਅੰਦਰੋਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ,

ਸਚ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ, ਫਲਗੁਣ ਕਹੇ, ਹੱਥ ਰੱਖਣ ਆਪਣੇ ਗੋਡੇ, ਘੁਟਨੇ ਰਹੇ ਹਿਲਾਈਆ । ਫੇਰ ਨਿਗਹ ਮਾਰੀ ਉਤੇ ਚੋਟੀ ਬੋਦੇ, ਕੇਸਾਧਾਰੀ ਖੋਜ ਖੁਜਾਈਆ । ਫੇਰ ਸੂਰਬੀਰ ਬਹਾਦਰ ਵੇਖੇ ਯੋਧੇ, ਜੋ ਅੰਗ ਅੰਗ ਗਏ ਕਟਾਈਆ । ਫੇਰ ਤੱਕੇ ਚਾਰ ਜੁਗ ਦੇ ਅਰਦਾਸੇ ਸੋਧੇ, ਵਦੀ ਸੁਦੀ ਭੇਵ ਚੁਕਾਈਆ । ਫੇਰ ਤਕੇ ਪ੍ਰਭ ਦਾ ਭਾਣਾ ਕੋਇ ਨਾ ਰੋਕੇ, ਨਾ ਕੋਇ ਮੇਟੇ ਮੇਟ ਮਿਟਾਈਆ । ਗੁਰ ਅਵਤਾਰ ਪੈਗ਼ੰਬਰ ਦੇਂਦੇ ਹੋਕੇ, ਭਵਿਖਤਾਂ ਵਿਚ ਸੁਣਾਈਆ । ਉਸ ਦੇ ਸੋਹਣੇ ਲੱਗੇ ਮੌਕੇ, ਮੁਕੰਮਲ ਆਪਣੀ ਕਾਰ ਕਮਾਈਆ । ਸਾਚੇ ਮਾਰਗ ਦੱਸ ਕੇ ਸੌਖੇ, ਜਨ ਭਗਤ ਲਏ ਉਠਾਈਆ । ਹਰਿਜਨ ਰਹੇ ਕੋਇ ਨਾ ਵਿਚ ਧੋਖੇ, ਭਾਂਡਾ ਭਰਮ ਭਰਮ ਭੰਨਾਈਆ । ਗੂੜ੍ਹੀ ਨੀਂਦ ਰਹੇ ਨਾ ਸੋਤੇ, ਸੁੱਤਿਆਂ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਮਾਟੀ ਭਾਂਡੇ ਅੰਦਰੋਂ ਪੋਚੇ, ਪ੍ਰਾਚੀਨ ਦਾ ਲੇਖਾ ਅੰਦਰੋਂ ਦਏ ਮਿਟਾਈਆ ।



## ✪ ੮ ਫੱਗਣ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਵੇਖੀ ਕਬਰ ਮੜ੍ਹੀ, ਮਕਬਰਿਆਂ ਸ਼ਮਸ਼ਾਨਾਂ ਫੋਲ ਫੁਲਾਈਆ । ਦੀਨ ਦੁਨੀ ਮਰੀ ਬੜੀ, ਅਨਗਿਣਤ ਗਣਤ ਨਾ ਕੋਇ ਗਣਾਈਆ । ਅਗਨੀ ਅੱਗ ਵਿਚ ਸੜੀ, ਤਨ ਵਜੂਦ ਗਈ ਮਿਟਾਈਆ । ਵਿਦਿਆ ਜਗਤ ਸ਼ਾਸਤਰ ਬੜੀ ਪੜ੍ਹੀ, ਅੱਖਰਾਂ ਨਾਲ ਸਿਫ਼ਤ ਸਾਲਾਹੀਆ । ਖੇਲ ਖੇਲਿਆ ਦੁੱਖ ਸੁਖ ਦੀ ਘੜੀ, ਵਕਤ ਵੇਲਾ ਦਏ ਗਵਾਹੀਆ । ਨਾਚ ਨਚਾਇਆ ਪੰਜ ਤਤ ਕਾਇਆ ਗੜ੍ਹੀ, ਕਲਪਣਾ ਹਵਸ ਨਾਲ ਮਿਲਾਈਆ । ਤਨ ਲਿਬਾਸ ਰਖਾਇਆ ਜ਼ਰੀ, ਜ਼ਰ ਜ਼ੇਵਰ ਨਾਲ ਚਤੁਰਾਈਆ । ਜਗ ਫੇਰਾ ਪਾਇਆ ਘਰ ਘਰੀ, ਗ੍ਰਿਹ ਗ੍ਰਿਹ ਡੇਰਾ ਲਾਈਆ । ਮਨ ਵਿਕਾਰ ਕੀਤਾ ਅੜੀ, ਹਉਮੇ ਰੋਗ ਸੰਗ ਰਖਾਈਆ । ਵਾਸਨਾ ਰੱਖੀ ਬਹੱਤਰ ਨੜੀ, ਨਾੜੀ ਨਾੜੀ ਦਏ ਗਵਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਬਿਨਾ ਪ੍ਰਭ ਕਿਰਪਾ ਆਤਮਾ ਸਚਖੰਡ ਦਵਾਰ ਕੋਇ ਨਾ ਵੜੀ, ਦਰਗਹ ਸਚ ਨਾ ਕੋਇ ਸੁਹਾਈਆ । ਬਿਨਾ ਸ਼ਬਦ ਗੁਰੂ ਤੋਂ ਸ਼ਸਤਰ ਨਹੀਂ ਕੋਈ ਛੜੀ, ਖੰਡਾ ਖੜਗ ਨਾ ਕੋਇ ਚਤੁਰਾਈਆ । ਕਿਸੇ ਕੰਮ ਨਾ ਆਵੇ ਹੁੱਕਾ ਨੜੀ, ਹਾਕਮ ਮਿਲੇ ਨਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖੇ ਜਗਤ ਤਾਲਾਬ, ਤੀਰਥਾਂ ਖੋਜ ਖੁਜਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਮਸੀਤਾਂ ਵਿਚੋਂ ਮਹਿਰਾਬ, ਮਹਿਬੂਬ ਨਜ਼ਰ ਕੋਇ ਨਾ ਆਈਆ । ਡੰਡਾਵਤ ਬੰਦਨਾ ਨਿਮਸਕਾਰ ਹੁੰਦੇ ਵੇਖੇ ਆਦਾਬ, ਸੱਯਦਿਆਂ ਸੀਸ ਝੁਕਾਈਆ । ਗ੍ਰਿਹ ਦਰ ਹੁੰਦੇ ਵੇਖੇ ਆਦਾਬ, ਮਾਣ ਮਾਣ ਵਿਚੋਂ ਪਰਗਟਾਈਆ । ਖਿੱਲਤ ਤਕੇ ਖਤਾਬ, ਖ਼ੁਦ ਮਾਲਕ ਹੋਏ ਸਹਾਈਆ । ਜਗਤ ਜੁਗੀਸ਼ਰ ਵੇਖੇ ਤਪੀਸ਼ਰ ਭੋਗੀ ਵੇਖੇ ਰਾਜ਼, ਜੋਗੀ ਜੁਗਤ ਨਾਲ ਦ੍ਰਿੜਾਈਆ । ਗੁਰਮੁਖ ਹੰਸ ਵੇਖੇ ਮੂਰਖ ਬੁੱਧੀ ਵੇਖੇ ਕਾਗ, ਕਾਗ ਵਾਂਗ ਕੁਰਲਾਈਆ । ਦੀਪਕ ਜੋਤੀ ਵੇਖੇ ਚਰਾਗ, ਚਾਰੋਂ ਕੁੰਟ ਕੁੰਟ ਰੁਸ਼ਨਾਈਆ । ਮਨ ਕਲਪਣਾ ਵੇਖੇ ਮਜ਼ਾਜ, ਸੁਰਤੀ ਅੰਦਰ ਖੋਜ ਖੁਜਾਈਆ । ਸਤਿ ਸਵਾਲ ਵੇਖੇ ਜਵਾਬ, ਜਵਾਬ ਤਲਬੀ ਵਿਚ ਖ਼ੁਦਾਈਆ । ਕਾਇਆ ਮੰਦਰ

ਵੇਖੇ ਕਵਲ ਨਾਭ, ਨਿਜ ਲੋਚਨ ਫੋਲ ਫੁਲਾਈਆ । ਗੁਰ ਅਵਤਾਰ ਪੈਗ਼ੰਬਰ ਵੇਖੇ ਕਰਦੇ ਇਮਦਾਦ, ਸਿਫ਼ਤਾਂ ਵਾਲੀ ਸਿਫ਼ਤ ਸਾਲਾਹੀਆ । ਰਸਨਾ ਜਿਹਵਾ ਬੱਤੀ ਦੰਦ ਵੇਖੇ ਜੋ ਰਹੇ ਅਰਾਧ, ਸਿਮਰਨ ਪੂਜਾ ਵਿਚ ਵਡਿਆਈਆ । ਬੁੱਧੀ ਤੋਂ ਪਰੇ ਵੇਖਿਆ ਬੋਧ ਅਗਾਧ, ਅਗੰਮ ਅਥਾਹ ਸਮਝਾਈਆ । ਦੀਨ ਦੁਨੀ ਤੱਕਿਆ ਸਮਾਜ, ਦੀਨਾਂ ਮਜ਼੍ਹਬਾਂ ਫੋਲ ਫੁਲਾਈਆ । ਸ਼ਾਹੋ ਭੂਪ ਤੱਕਿਆ ਨਕਾਬ, ਸ਼ਹਿਨਸ਼ਾਹ ਬੇਪਰਵਾਹੀਆ । ਜਾਂ ਖੇਲ ਤੱਕਿਆ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਰੇ ਆਪ, ਦੂਜਾ ਨਜ਼ਰ ਕੋਇ ਨਾ ਆਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਬਣ ਕੇ ਬਾਪ, ਦੇਵਣਹਾਰ ਵਡਿਆਈਆ । ਜਿਸ ਦਵਾਰੇ ਪਤਿਤ ਜਾਣ ਕਾਂਪ, ਪੁਨੀਤ ਸੀਸ ਝੁਕਾਈਆ । ਤ੍ਰੈਗੁਣ ਡੱਸਣੀ ਨਾ ਡੱਸੇ ਸਾਪ, ਅੱਖਾਂ ਅੱਖ ਉਠਾਈਆ । ਉਹ ਖੇਲ ਕਰੇ ਸਾਖਿਆਤ, ਸਾਹਿਬ ਸੁਲਤਾਨ ਨੂਰ ਇਲਾਹੀਆ । ਪੂਰਾ ਕਰ ਭਵਿਖਤ ਵਾਕ, ਲੇਖਾ ਚੁਕਾਏ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਵੇਖੇ ਵਾਟ, ਪੈਂਡਾ ਦੂਰ ਦੁਰਾਡਾ ਪੰਧ ਮੁਕਾਈਆ ।

## ✪ ੯ ਫੱਗਣ ਸ਼ਹਿਨਸ਼ਾਹੀ ਸੰਮਤ ੫ ਹਰਿ ਸੰਗਤ ਨਵਿਤ ਹਰਿ ਭਗਤ ਦਵਾਰ ਜੇਠੂਵਾਲ ✪

ਅਵਤਾਰ ਪੈਗ਼ੰਬਰ ਗੁਰ ਕਲਜੁਗ ਅੰਤਮ ਨੇਤਰ ਨੀਰ ਵਹਾਵਣ ਹੰਝੇ, ਹੰਝੂਆਂ ਧਾਰ ਵਹਾਈਆ । ਜਗਤ ਸਿੰਘਾਸਣ ਦੀਨ ਦੁਨੀ ਦੇ ਵੇਖਣ ਮੰਜੇ, ਖਟੀਆ ਖਾਟ ਫੋਲ ਫੁਲਾਈਆ । ਧਰਮ ਦੀ ਧਾਰ ਵਿਚ ਦਿਸਣ ਮੂਲ ਨਾ ਬੰਦੇ, ਬੰਦਗੀ ਵਿਚ ਬੰਦਨਾ ਨਾ ਕੋਇ ਕਰਾਈਆ । ਜਗ ਨੇਤਰ ਨੈਣਹੀਣ ਹੋਏ ਅੰਧੇ, ਨਿਜ ਅੱਖ ਨਾ ਕੋਇ ਖੁਲ੍ਹਾਈਆ । ਮਾਇਆ ਮਮਤਾ ਵਿਚ ਹੋਏ ਗੰਦੇ, ਹਉਮੇ ਰੋਗ ਨਾ ਕੋਇ ਗਵਾਈਆ । ਭੱਜੇ ਫਿਰਦੇ ਉਤਭੁਜ ਸੇਤਜ ਜੇਰਜ ਅੰਡੇ, ਚਾਰੇ ਖਾਣੀ ਰਾਹ ਤਕਾਈਆ । ਕਿਤੇ ਅੰਮ੍ਰਿਤ ਰਸ ਮਿਲੇ ਨਾ ਸ਼ਬਦੀ ਧਾਰ ਖੰਡੇ, ਕਲਜੁਗ ਖੰਡਨ ਹੋਈ ਲੋਕਾਈਆ । ਟੁੱਟੀ ਜਨਮ ਜਨਮ ਨਾ ਕੋਇ ਗੰਢੇ, ਤੰਦੀ ਤੰਦ ਨਾ ਕੋਇ ਬੰਧਾਈਆ । ਅੰਤਮ ਸਭ ਦੀ ਜਵਾਨੀ ਹੰਢੇ, ਬੁਢੇਪਾ ਬਿਰਧ ਨਜ਼ਰੀ ਆਈਆ । ਸਦੀ ਚੌਧਵੀਂ ਦਿਸਦੀ ਕੰਢੇ, ਪਾਰ ਕਿਨਾਰਾ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਅਵਤਾਰ ਪੈਗ਼ੰਬਰ ਕਹਿਣ ਵੇਖਿਆ ਖੇਲ ਗੁਰ ਗੁਰ ਦੀਨਾਂ, ਦੀਨ ਮਜ਼੍ਹਬ ਫੋਲ ਫੁਲਾਈਆ । ਸਾਚੀ ਰੁਤ ਬਸੰਤ ਦਿਸੇ ਨਾ ਫਲਗੁਣ ਮਹੀਨਾ, ਮਾਹ ਮਾਸ ਰਿਹਾ ਤਕਾਈਆ । ਜਿਧਰ ਤਕੀਏ ਮਨ ਕਲਪਣਾ ਵਿਚ ਜੀਵ ਹੋਇਆ ਕਮੀਨਾ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਬਿਨਾ ਭਗਤਾਂ ਤੋਂ ਠਾਂਡਾ ਹੋਏ ਕਿਸੇ ਨਾ ਸੀਨਾ, ਅਗਨੀ ਤਤ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਦਏ ਤਾਲੀਮਾ, ਤਸਲੀਮ ਆਪਣਾ ਆਪ ਕਰਾਈਆ ।

੩੯੭
੨੨

## ✪ ੧੧ ਫੱਗਣ ਸ਼ਹਿਨਸ਼ਾਹੀ ਸੰਮਤ ੫ ਸੁਰਜੀਤ ਸਿੰਘ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ✪

ਸਤਿਗੁਰ ਸ਼ਬਦ ਗੁਰੂ ਗੁਰਦਾਤਾ, ਦੇਵਣਹਾਰ ਅਖਵਾਈਆ । ਪੁਰਖ ਅਕਾਲ ਅਕਲ ਕਲਧਾਰੀ ਸਭ ਦਾ ਪਿਤਾ ਮਾਤਾ, ਪਤਿਪਰਮੇਸ਼ਵਰ ਨਜ਼ਰੀ ਆਈਆ । ਕਲਜੁਗ ਅੰਤ ਮੇਟੇ ਅੰਧੇਰੀ ਰਾਤਾ, ਰੁਤੜੀ ਆਪਣਾ ਨਾਮ ਮਹਿਕਾਈਆ । ਸਰਬ ਜੀਆਂ ਬਣ ਗਿਆਤਾ, ਗਹਿਰ ਗੰਭੀਰ ਵੇਖ ਵਖਾਈਆ । ਨਵ ਸੱਤ ਖੇਲੇ ਖੇਲ ਤਮਾਸ਼ਾ, ਚਾਰ ਕੁੰਟ ਭੱਜੇ ਵਾਹੋ ਦਾਹੀਆ । ਕਿਰਪਾ ਕਰੇ ਪੁਰਖ ਅਬਿਨਾਸ਼ਾ, ਅਬਿਨਾਸ਼ੀ ਆਪਣੀ ਕਾਰ ਕਮਾਈਆ । ਸਚ ਦਵਾਰੇ ਕਰਕੇ ਵਾਸਾ, ਸਚਖੰਡ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵੇ ਮਾਣ ਵਡਿਆਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਅਤੀਤ, ਤ੍ਰੈਗੁਣ ਬਾਹਰ ਜਣਾਈਆ । ਭਗਤਾਂ ਸੰਗ ਪ੍ਰੀਤ, ਪ੍ਰਭ ਪ੍ਰੀਤਮ ਮੇਲ ਮਿਲਾਈਆ । ਸਦਾ ਰੱਖ ਅਤੀਤ, ਤ੍ਰੈਗੁਣ ਡੇਰਾ ਢਾਹੀਆ । ਹਿਰਦੇ ਵਸ ਚੀਤ, ਚੇਤਨ ਸੁਰਤੀ ਆਪ ਕਰਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗੀਤ, ਗਹਿਰ ਗੰਭੀਰ ਪੜਦਾ ਲਾਹੀਆ । ਗੁਰਮੁਖਾਂ ਵਸੇ ਬੀਚ, ਕਾਇਆ ਮੰਦਰ ਅੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਰੇ ਆਪ ਅਤੀਤ, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ ।



## ✪ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠਵਾਲ ✪

ਹਜ਼ਰਤ ਈਸਾ ਮੂਸਾ ਮੁਹੰਮਦ ਝੁਕੇ, ਨਾਨਕ ਗੋਬਿੰਦ ਨਾਲ ਮਿਲਾਈਆ । ਸਾਡੇ ਸਭ ਦੇ ਪੈਂਡੇ ਮੁਕੇ, ਮੁਕੰਮਲ ਦਈਏ ਜਣਾਈਆ । ਵੇਖਣਾ ਖੇਲ ਅਬਿਨਾਸ਼ੀ ਅਚੁਤੇ, ਪਾਰਬ੍ਰਹਮ ਧਿਆਨ ਲਗਾਈਆ । ਜਿਸ ਦੀ ਦੋ ਜਹਾਨ ਸੁਹੰਜਣੀ ਹੋਣੀ ਰੁਤੇ, ਰੁਤੜੀ ਆਪਣੇ ਨਾਲ ਮਹਿਕਾਈਆ । ਸੰਤ ਸੁਹੇਲੇ ਉਠਾਏ ਸੁੱਤੇ, ਜਨ ਭਗਤ ਲਏ ਜਗਾਈਆ । ਦੇਸ ਦੇਸਾਂਤਰ ਅੰਤਰ ਪੁਛੇ, ਦੂਰ ਨੇੜਾ ਵੰਡ ਨਾ ਕੋਇ ਵੰਡਾਈਆ । ਸਾਚੇ ਮਾਰਗ ਕਰਕੇ ਸੁੱਚੇ, ਅੰਤਰ ਦ੍ਰਿਸ਼ਟੀ ਦਏ ਖੁਲ੍ਹਾਈਆ । ਫੜ ਬਾਂਹੋਂ ਗੋਦੀ ਚੁੱਕੇ, ਮਿਹਰਵਾਨ ਮਹਿਬੂਬ ਆਪਣਾ ਰੰਗ ਰੰਗਾਈਆ । ਚਾਰ ਵਰਨਾਂ ਅੰਤਰ ਨਿਰੰਤਰ ਕੋਇ ਨਾ ਦੁੱਖੇ, ਦਰਦੀਆਂ ਦਰਦ ਵੰਡਾਈਆ । ਜੋ ਚਾਰ ਜੁਗ ਦੇ ਭੁੱਖੇ, ਤਿਨ੍ਹਾਂ ਤ੍ਰਿਸ਼ਨਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਵੇਖਣ ਲਾ ਕੇ ਨਿਗਾਹ, ਨਾਨਕ ਗੋਬਿੰਦ ਸੰਗ ਰਖਾਈਆ । ਧਰਨੀ ਧਰਤ ਧਵਲ ਧੌਲ ਉਤੇ ਕਵਣ ਸੁਹੰਜਣੀ ਜਗਹ, ਅੰਤ ਮਿਲੇ ਮਾਣ ਵਡਿਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਹੋਵੇ ਉਘਾ, ਗਾਡ ਗਾਈਡ ਰੂਪ ਦਰਸਾਈਆ । ਜੋ ਸੰਦੇਸ਼ਾ ਦੇ ਕੇ ਗਿਆ ਰਾਮ ਕ੍ਰਿਸ਼ਨ ਵੇਦ ਵਿਆਸਾ ਬੁੱਧਾ, ਭਵਿਖਤਾਂ ਵਿਚ ਆਪਣਾ ਰਾਗ ਅਲਾਈਆ । ਉਸ ਦਾ ਖੇਲ ਵੇਖਣਾ ਜਿਸ ਦਾ ਆਦਿ ਅੰਤ ਤੋਂ ਕਿਸੇ ਸਮਝ ਨਾ ਆਇਆ ਮੁੱਦਾ, ਮੁੱਦਤਾਂ ਤੋਂ ਸਾਰੇ ਰਾਹ ਤਕਾਈਆ । ਉਹ ਪਰਗਟ ਹੋਵੇ ਗਹਿਰ ਗੰਭੀਰ ਬੇਨਜ਼ੀਰ ਉਤੇ ਬਸੁਧਾ, ਧਰਨੀ ਧਰਤ ਧਵਲ ਧੌਲ ਕਰੇ ਰੁਸ਼ਨਾਈਆ । ਸਚ ਦਵਾਰ ਏਕੰਕਾਰ ਖੋਲ੍ਹ ਕੇ ਉਚਾ,

ਊਚ ਨੀਚ ਦਾ ਝਗੜਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਕਹੇ ਪਰਵਰਦਿਗਾਰ ਇਕੋ ਗਾਈਡ, ਦੋ ਜਹਾਨਾਂ ਸੋਭਾ ਪਾਈਆ । ਜਿਸ ਦਾ ਮਾਰਗ ਰਸਤਾ ਵਾਈਡ, ਨੈਰੋ ਰੂਪ ਨਾ ਕੋਇ ਜਣਾਈਆ । ਦੀਨ ਮਜ਼੍ਹਬ ਦੀ ਪਕੜੇ ਕੋਇ ਨਾ ਸਾਈਡ, ਸਿੱਧਾ ਇਕੋ ਰਾਹ ਚਲਾਈਆ । ਓਹਲੇ ਰਹੇ ਨਾ ਕਦੇ ਬੀਹਾਂਈਂਡ, ਸਨਮੁਖ ਹੋ ਕੇ ਸੋਭਾ ਪਾਈਆ । ਜਿਸ ਨੇ ਯੂਰਪ ਏਸ਼ੀਆ ਵੇਖਣੀ ਲੈਂਡ, ਲੈਂਡ ਮਾਰਕ ਖੋਜ ਖੁਜਾਈਆ । ਸ਼ਬਦ ਸੰਦੇਸ਼ਾ ਹੁਕਮ ਕਰੇ ਸੇਂਡ, ਚਾਰ ਕੁੰਟ ਕੁੰਟ ਜਣਾਈਆ । ਸਦੀ ਚੌਧਵੀਂ ਕਰਕੇ ਏਂਡ, ਇਨਡੈਕਸ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਕਹੇ ਮੇਰੇ ਵਿਲਜ਼ੁਜ਼ਜਾ, ਲਾਉਲ ਜ਼ਮਲਾਜ਼ੂਰ ਨੂਰ ਇਲਾਹੀਆ । ਕਾਇਜ਼ੇਕਮਲੀ ਯਕੇ ਉਸਤੂ ਤਾਨਜ਼ੀ ਮੁਨਜ਼ਬੀਤੇ ਚਸ਼ਮੇ ਚਾ ਜ਼ਖਤੋ ਜ਼ੂ ਆਅਲਾ ਨੂਰ ਖ਼ੁਦਾਈਆ । ਮੁਖਤਾਬੀ ਨੂਰੇ ਰਬੀ ਆਅਲਾ ਤਬੀ, ਜਮਾਨੇਸ਼ਬੀ ਖ਼ਜ਼ੇਨੇ ਨਬੀ, ਨਜ਼ਰੇ ਨਿਆਜ਼ ਮੁਹੰਮਦੇ ਰਜ਼ਾ, ਮੋਜ਼ੁਨਵੀ ਜ਼ਕੇਜ਼ਵਾ ਮੁਹੰਮਦੇ ਰਜ਼ਾ, ਪੈਗ਼ੰਬਰੇ ਸਦਾ ਅਦਾਬੇ ਅੱਲਾ, ਆਲਮੀਨ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਮੁਹੰਮਦ ਕਹੇ ਨਾਨਕ ਨਿਮਸਕਾਰ, ਗੋਬਿੰਦ ਡੰਕ ਵਜਾਈਆ । ਈਸਾ ਕਹੇ ਨੂਰੇ ਇਜ਼ਹਾਰ, ਜ਼ਾਹਰ ਜ਼ਹੂਰ ਰੁਸ਼ਨਾਈਆ । ਈਸਾ ਕਹੇ ਜ਼ਖਨੇਬਲੁ ਤਾਜ਼ਿਖਤੇਜ਼ਲੁ ਬਖ਼ਸ਼ੇ ਰੂਹ, ਰਹਿਮਤੇ ਰਹਿਮਾਨ ਅਮਾਮ ਬੇਪਰਵਾਹੀਆ । ਗੋਬਿੰਦੇ ਗਜ਼ੀ, ਨਾਨਕੇ ਵਜ਼ੀ ਸ਼ਹਿਨਸ਼ਾਹ ਅਜ਼ੀਂ ਜ਼ਕਲਵ ਜਮੂ ਸ਼ਹਿਰਾਏ ਹਜ਼ੂ, ਸ਼ਰੀਏਤੇ ਤਜ਼ੂ, ਤਾਲਬੇ, ਤਜ਼ਿਬੂ ਆਲਮੇ ਆਲਮ ਆਅਲਾ ਅਦਨਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਕਰਦੇ ਸੱਯਦਾ, ਸਾਹਿਬ ਸੁਲਤਾਨ ਸੀਸ ਨਿਵਾਈਆ । ਮਿਹਰਵਾਨ ਮਹਿਬੂਬ ਲੇਖਾ ਵੇਖ ਸਭ ਦਾ, ਪੂਰਬ ਫੋਲ ਫੁਲਾਈਆ । ਚਾਰ ਜੁਗ ਤੇਰਾ ਨਾਮ ਕਲਮਾ ਸਰਗੁਣ ਹੋ ਕੇ ਰਿਹਾ ਰਟਦਾ, ਰਸਨਾ ਜਿਹਵਾ ਢੋਲਾ ਗਾਈਆ । ਤੈਨੂੰ ਮਾਲਕ ਬਣਾਇਆ ਘਟ ਘਟ ਦਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਦਏ ਗਵਾਹੀਆ । ਤੇਰਾ ਖੇਲ ਵੇਖਿਆ ਦੀਨ ਮਜ਼੍ਹਬ ਦੀ ਹੱਦ ਦਾ, ਚਾਰ ਕੁੰਟ ਦਹਿ ਦਿਸ਼ਾ ਦੀਨ ਦੁਨੀ ਕੁਰਲਾਈਆ । ਤੇਰਾ ਨੂਰ ਤੱਕਿਆ ਉਪਰ ਸ਼ਾਹਰਗ ਦਾ, ਜਿਥੇ ਦੀਪਕ ਅਗੰਮੀ ਜਗਦਾ, ਧੁਨ ਅਨਾਦੀ ਸ਼ਬਦ ਵੱਜਦਾ, ਅਨਰਾਗੀ ਰਾਗ ਅਲਾਈਆ । ਭਗਤ ਸੁਹੇਲੇ ਸੰਤ ਸਾਜਣ ਸੱਦ ਦਾ, ਗੁਰਮੁਖਾਂ ਗੁਰ ਗੁਰ ਜੋੜ ਜੁੜਾਈਆ । ਤੇਰਾ ਇਕ ਜੈਕਾਰਾ ਸੁਣਨਾ ਹੱਕ ਅਲੱਖ ਦਾ, ਲੱਖ ਪਾਤਾਲਾਂ ਆਕਾਸ਼ ਤੇਰਾ ਧਿਆਨ ਲਗਾਈਆ । ਬਿਨ ਤੇਰੀ ਕਿਰਪਾ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਕੋਇ ਨਾ ਵਸਦਾ, ਵਸਨੀਕ ਨਜ਼ਰ ਕੋਇ ਨਾ ਆਈਆ । ਤੇਰਾ ਭੇਵ ਨਿਜ ਨੇਤਰ ਲੋਚਨ ਨੈਣ ਅੱਖ ਦਾ, ਪ੍ਰਤਖ ਆਪਣਾ ਪੜਦਾ ਲਾਹੀਆ । ਜਗਤ ਵਣਜਾਰਾ ਕਰਦੇ ਪੁਰਖ ਅਕਾਲ ਆਪਣੇ ਹੱਟ ਦਾ, ਹਟਵਾਣੇ ਸਾਰੇ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਦ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਉਹ ਆ ਗਿਆ ਨੂਰ ਅਲਾਹ, ਆਲਮੀਨ ਵਡਿਆਈਆ । ਜਲਵਾਗਰ ਨੂਰ ਖ਼ੁਦਾ, ਖ਼ੁਦੀ ਤਕੱਬਰ ਵੇਖ ਖ਼ਲਕ ਖ਼ੁਦਾਈਆ । ਤੇਰੇ ਤੇਰੇ ਨਾਲੋਂ ਹੋਏ ਜੁਦਾ,

ਆਤਮ ਪਰਮਾਤਮ ਮੇਲ ਨਾ ਕੋਇ ਕਰਾਈਆ । ਮਨ ਕਲਪਣਾ ਕੂੜੀ ਕਿਰਿਆ ਹਉਮੇ ਹੰਗਤਾ ਵਧੀ ਵਬਾ, ਦੁਰਮਤ ਮੈਲ ਨਾ ਕੋਇ ਧਵਾਈਆ । ਤੇਰੇ ਨਾਮ ਦੀ ਸਾਰੇ ਲਾਉਂਦੇ ਸਦਾ, ਰਸਨਾ ਜਿਹਵਾ ਢੋਲੇ ਗਾਈਆ । ਦਰੋਹੀ ਤੇਰਾ ਦਰ ਕਿਸੇ ਨਾ ਲੱਧਾ, ਗ੍ਰਿਹ ਮੰਦਰ ਮਹਿਬੂਬ ਮਿਲਣ ਕੋਇ ਨਾ ਜਾਈਆ । ਸਦੀ ਚੌਧਵੀਂ ਕਿਸੇ ਸਮਝ ਨਾ ਆਵੇ ਕੀ ਖੇਲ ਤੇਰਾ ਕੀ ਵਜਹ, ਵਜੂਹਾਤ ਨਾ ਕੋਇ ਦ੍ਰਿੜਾਈਆ । ਕਿਉਂ ਜਗਤ ਜਗਿਆਸੂਆਂ ਅੰਦਰੋਂ ਬਦਲੀ ਤਬਾ, ਤਬੀਬ ਰੰਗ ਨਾ ਕੋਇ ਰੰਗਾਈਆ । ਤੂੰ ਮਾਲਕ ਖ਼ਾਲਕ ਪਾਰਬ੍ਰਹਮ ਸਭ ਦਾ ਇਕ ਅੱਬਾ, ਅੰਮੀ ਆਪਣਾ ਰੂਪ ਦਰਸਾਈਆ । ਤੇਰਾ ਸਚਖੰਡ ਦਵਾਰਾ ਮੁਕਾਮੇ ਹੱਕ ਇਕੋ ਅਗੰਮੀ ਜਗਹ, ਦੂਜਾ ਦਰ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪਰਦਾ ਆਪ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਆਪਣੀ ਧਾਰ ਧਾਰ ਪ੍ਰਭ ਭੇਜੀ, ਭਜਨ ਬੰਦਗੀ ਲੋੜ ਰਹੇ ਨਾ ਰਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਜਗਤ ਰਸਨਾ ਬੁੱਧੀ ਵਿਚ ਪੰਜਾਬੀ ਹਿੰਦੀ ਕੀ ਕਰੇ ਅੰਗਰੇਜ਼ੀ, ਲੈਂਗੂਏਜ ਕੰਮ ਕਿਸੇ ਨਾ ਆਈਆ । ਬਿਨ ਤੇਰੀ ਕਿਰਪਾ ਕੋਈ ਨਾ ਸਵੇਂ ਆਪਣੀ ਸੇਜੀ, ਸਿੰਘਾਸਣ ਸਚ ਨਾ ਕੋਇ ਸੁਹਾਈਆ । ਬਿਨ ਤੇਰੇ ਸਾਰੇ ਹੋਏ ਪਰਦੇਸੀ, ਦੇਸ ਨਜ਼ਰ ਕਿਸੇ ਨਾ ਆਈਆ । ਕਲਜੁਗ ਅੰਤ ਕੂੜੀ ਕਿਰਿਆ ਬਦਲ ਦੇ ਰੇਖੀ, ਰਿਖੀਆਂ ਮੁਨੀਆਂ ਦੇਹੁ ਸਮਝਾਈਆ । ਆਪਣੇ ਦਵਾਰੇ ਸਭ ਦੀ ਮਨਜ਼ੂਰ ਕਰ ਲੈ ਪੇਸ਼ੀ, ਪੇਸ਼ਵਾ ਸਾਰੇ ਰਹੇ ਸੁਣਾਈਆ । ਨਿਰਗੁਣ ਧਾਰ ਜੋਤ ਨਿਰੰਕਾਰ ਨੌ ਖੰਡ ਪ੍ਰਿਥਮੀ ਸੱਤ ਦੀਪ ਵੇਖੀ, ਵਖਿਆਨ ਕਰਨ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਆ ਗਿਆ ਵਕਤ ਸੁਹੰਜਣਾ, ਸੋਭਾਵੰਤ ਸੁਹਾਏ । ਕੀ ਖੇਲ ਕਰੇ ਦਰਦ ਦੁੱਖ ਭੈ ਭੰਜਣਾ, ਪ੍ਰਭ ਦਾਤਾ ਬੇਪਰਵਾਹੇ । ਜਿਸ ਨੂੰ ਨੌਂ ਖੰਡ ਪ੍ਰਿਥਮੀ ਲੱਭਣਾ, ਬੁੱਧੀ ਅੰਦਰ ਵੇਖਣ ਥਾਉਂ ਥਾਏਂ । ਉਸ ਨੇ ਦਰ ਦਰ ਘਰ ਘਰ ਆਪੇ ਵੰਞਣਾ, ਵੰਞ ਮੁਹਾਣਾ ਨਾ ਕੋਇ ਰਖਾਏ । ਆਤਮ ਪਰਮਾਤਮ ਪਰਮਾਤਮ ਹੋ ਕੇ ਸੱਦਣਾ, ਸੰਦੇਸ਼ਾ ਸ਼ਬਦ ਨਾਮ ਦ੍ਰਿੜਾਏ । ਇਕ ਇਕ ਦੀ ਚਾੜ੍ਹੇ ਰੰਗਣਾ, ਦੁਤੀਆ ਭਾਉ ਮਿਟਾਏ । ਇਕੋ ਦੱਸ ਡੰਡਾਵਤ ਬੰਦਨਾ, ਸੱਯਦਾ ਸੀਸ ਜਗਦੀਸ ਇਕ ਝੁਕਾਏ । ਇਕੋ ਨਾਮ ਨਿਧਾਨ ਪਾ ਕੇ ਅੰਜਣਾ, ਨਿਜ ਨੇਤਰ ਅੱਖ ਖੁਲ੍ਹਾਏ । ਇਕੋ ਸਵਾਮੀ ਲਾਵੇ ਅੰਗਣਾ, ਕੰਤ ਸੁਹਾਗ ਨੂਰ ਅਲਾਹੇ । ਝਗੜਾ ਮੇਟ ਕੇ ਕਾਇਆ ਮਾਟੀ ਬਦਨਾ, ਤਤਵ ਤਤ ਬ੍ਰਹਮ ਦ੍ਰਿੜਾਏ । ਸਚ ਨਗਾਰਾ ਇਕੋ ਵੱਜਣਾ, ਡੰਕਾ ਸ਼ਬਦੀ ਸ਼ਬਦ ਸੁਣਾਏ । ਜਨ ਭਗਤ ਸੁਹੇਲੇ ਜਗਤ ਸਾਗਰ ਲੰਘਣਾ, ਦੀਨ ਮਜ਼੍ਹਬ ਨਾ ਕੋਇ ਅਟਕਾਏ । ਇਹ ਖੇਲ ਸੂਰੇ ਸਰਬੰਗਣਾ, ਹਰਿ ਕਰਤਾ ਆਪ ਜਣਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਏ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਬੋਲੀਏ ਹੱਕ ਹਕੀਕਤ, ਸਚ ਸਚ ਰਹੇ ਸੁਣਾਏ । ਤੇਰੀ ਮਿਲੇ ਨਾ ਕਿਤੇ ਅਸਲੀਅਤ, ਅਸਲ ਵਸਲ ਨਾ ਕੋਇ ਜਣਾਏ । ਨਾਮ ਕਲਮੇ ਦੀ ਰਹੀ ਨਾ ਕੋਇ ਅਹਿਮੀਅਤ, ਦੀਨ ਦੁਨੀ ਹੋਈ ਹਲਕਾਏ । ਕਿਰਪਾ ਨਿਧਾਨ ਮਿਹਰਵਾਨ ਆਤਮ ਪਰਮਾਤਮ ਇਕੋ ਦੱਸ ਵਲਦੀਅਤ, ਦੂਜਾ ਨਜ਼ਰ ਕੋਇ ਨਾ ਆਏ । ਤੇਰਾ ਨੂਰ ਤੇਰੀ ਸ਼ਖ਼ਸ਼ੀਅਤ, ਸ਼ਰਅ ਜ਼ੰਜੀਰ ਦੇਣਾ ਕਟਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਮਾਰਗ ਇਕ ਖੁਲ੍ਹਾਏ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਵੇਖ ਲੈ ਆਪਣੀ ਕਾਇਨਾਤ, ਵਰਲਡ ਖੋਜ ਖੁਜਾਈਆ । ਬਿਨ

ਅੱਖਾਂ ਮਾਰ ਝਾਤ, ਬਿਨ ਕਦਮਾਂ ਕਦਮ ਉਠਾਈਆ । ਅੰਦਰੋਂ ਖੁਲ੍ਹਿਆ ਕਿਸੇ ਨਾ ਤਾਕ, ਚਾਰ ਜੁਗ ਦੇ ਸ਼ਾਸਤਰ ਸਾਰੇ ਰਹੇ ਵਾਚ, ਅੱਖਰਾਂ ਸਿਫ਼ਤ ਸਾਲਾਹੀਆ । ਰੂਹ ਬੁਤ ਕਿਸੇ ਨਾ ਹੋਇਆ ਪਾਕ, ਪਤਿਤ ਪੁਨੀਤ ਨਾ ਕੋਇ ਜਣਾਈਆ । ਸਦੀ ਚੌਧਵੀਂ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਸਾਚੀ ਦੱਸ ਆਪਣੀ ਗਾਥ, ਕਲਮਾ ਅਗੰਮ ਅਥਾਹੀਆ । ਤੂੰ ਸਾਹਿਬ ਪੁਰਖ ਸਮਰਾਥ, ਤੇਰੇ ਹੱਥ ਵਡਿਆਈਆ । ਹਉਂ ਸੇਵਕ ਤੇਰੇ ਨਾਥ, ਸ਼ਹਿਨਸ਼ਾਹ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਓਹ ਵੇਖੋ ਕਲਜੁਗ ਫਿਰੇ ਭੱਜਾ, ਭੱਜੇ ਵਾਹੋ ਦਾਹੀਆ । ਹੱਥ ਉਠਾਵੇ ਸੱਜਾ, ਸਭ ਨੂੰ ਰਿਹਾ ਜਣਾਈਆ । ਮੁਰੀਦਾਂ ਮੁਰਸ਼ਦਾਂ ਕੋਲੋਂ ਕਰਾਇਆ ਇਕ ਦੂਜੇ ਨਾਲ ਦਗ਼ਾ, ਗੁਰੂ ਚੇਲੇ ਦਿਤੇ ਲੜਾਈਆ । ਮੈਂ ਪ੍ਰਭ ਦੇ ਹੁਕਮ ਦਾ ਬੱਧਾ, ਬਦੀ ਵਿਚ ਦੁਨੀਆ ਦਿਤੀ ਫਸਾਈਆ । ਕੋਟਾਂ ਵਿਚੋਂ ਮੈਨੂੰ ਭਗਤ ਸੰਤ ਕੋਇ ਨਾ ਲੱਭਾ, ਜੋ ਪ੍ਰਭ ਦੇ ਵਿਚ ਸਮਾਈਆ । ਦੁਹੱਥੜ ਮਾਰ ਕੇ ਕਿਹਾ ਉਫ਼ ਖ਼ੁਦਾ ਹਾਏ ਰੱਬਾ, ਖ਼ੁਦੀ ਵਿਚ ਤੱਕੀ ਜਗਤ ਲੋਕਾਈਆ । ਜਿਧਰ ਜਾਵਾਂ ਓਧਰ ਕੂੜ ਕੁੜਿਆਰਾ ਅੱਡਾ, ਧਰਮ ਦੀ ਧਾਰ ਨਾ ਕੋਇ ਵਖਾਈਆ । ਮੈਂ ਸਭ ਨੂੰ ਦੇਵਾਂ ਸੱਦਾ, ਕੂਕ ਕੂਕ ਜਣਾਈਆ । ਗੁਰ ਅਵਤਾਰ ਪੈਗ਼ੰਬਰੋ ਤੁਹਾਡੇ ਨਾਮ ਕਲਮੇ ਦਾ ਖੜਕਦਾ ਸੁਣੇ ਕੋਇ ਨਾ ਡੱਬਾ, ਕਲਜੁਗ ਡੌਰੂ ਆਪਣਾ ਰਿਹਾ ਖੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕਲਜੁਗ ਕਹੇ ਗੁਰ ਅਵਤਾਰ ਪੈਗ਼ੰਬਰੋ ਮੈਂ ਹੱਥ ਮਾਰਾਂ ਉਤੇ ਛਾਤੀ, ਲਲਕਾਰ ਕੇ ਦਿਆਂ ਜਣਾਈਆ । ਕੂੜ ਕਿਰਿਆ ਦੀ ਲਾ ਚਵਾਤੀ, ਦੀਨ ਦੁਨੀ ਦਿਤੀ ਜਲਾਈਆ । ਤੁਹਾਡੀ ਮੰਨੇ ਕੋਇ ਨਾ ਆਖੀ, ਚੇਲੇ ਮੁਰੀਦ ਗਏ ਮੁਖ ਭਵਾਈਆ । ਤੁਹਾਡੀ ਅੱਖਰਾਂ ਵਾਲੀ ਪਾਤੀ, ਸੁਣ ਕੇ ਮਿਲਣ ਕੋਇ ਨਾ ਆਈਆ । ਸਭ ਤੋਂ ਔਖੀ ਮੰਜ਼ਲ ਮੇਰੀ ਘਾਟੀ, ਅੰਤ ਚੜ੍ਹਨ ਕੋਇ ਨਾ ਪਾਈਆ । ਉਠੋ ਵੇਖੋ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਮੁਹੰਮਦਾ ਨਿਗਹ ਮਾਰ ਲੈ ਤੂੰ ਮੇਰਾ ਇਕ ਜਮਾਤੀ, ਜੁਮਲਾ ਅੱਖਰ ਦਿਆਂ ਸੁਣਾਈਆ । ਚੌਦਾਂ ਸਦੀਆਂ ਜਿਹੜੀ ਉਮਤ ਦੀ ਕਰਦਾ ਰਿਹਾ ਆਬਪਾਸ਼ੀ, ਆਬੇਹਯਾਤ ਮਿਹਰ ਮਿਹਰ ਬਰਸਾਈਆ । ਅਵਤਾਰ ਦੇਂਦੇ ਰਹੇ ਅੰਮ੍ਰਿਤ ਬੂੰਦ ਸਵਾਂਤੀ, ਝਿਰਨਾ ਨਿਝਰ ਨਿਝਰ ਪਰਗਟਾਈਆ । ਗੁਰੂ ਗੁਰਦੇਵ ਸੁਣਾਉਂਦੇ ਰਹੇ ਅਗੰਮੀ ਗਾਥੀ, ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਅੰਤ ਅੰਤਸ਼ਕਰਨ ਦੀ ਧਾਰ ਕਿਸੇ ਨਾ ਭਾਖੀ, ਭਾਖਿਆ ਭੇਵ ਨਾ ਕਿਸੇ ਖੁਲ੍ਹਾਈਆ । ਮਾਤਲੋਕ ਵਿਚ ਆਏ ਅੰਤ ਸਚਖੰਡ ਦੇ ਵਾਸੀ, ਵਾਸਤਾ ਜਗਤ ਨਾਲੋਂ ਤੁੜਾਈਆ । ਚਾਰ ਕੁੰਟ ਗੁਰ ਅਵਤਾਰ ਪੈਗ਼ੰਬਰ ਕਰੇ ਕੋਇ ਨਾ ਰਾਖੀ, ਰੱਖਕ ਨਜ਼ਰ ਕੋਇ ਨਾ ਆਈਆ । ਕਲਜੁਗ ਕਹੇ ਇਹ ਜ਼ਰੂਰ ਮੇਰੀ ਗੁਸਤਾਖੀ, ਗ਼ੁੱਸਾ ਗਿਲਾ ਨਾ ਕੋਇ ਜਣਾਈਆ । ਮੈਂ ਸਭ ਦੀ ਉਲਟ ਦਿਤੀ ਬਾਜ਼ੀ, ਬਾਜ਼ਾਂ ਵਾਲਾ ਦਏ ਗਵਾਹੀਆ । ਕਿਉਂ ਮੇਰਾ ਪੁਰਖ ਅਕਾਲ ਪਰਵਰਦਿਗਾਰ ਮੇਰੇ ਤੇ ਰਾਜ਼ੀ, ਰਾਜ਼ਕ ਰਹੀਮ ਦਇਆ ਕਮਾਈਆ । ਮੈਂ ਬਣ ਕੇ ਜੋਧਾ ਸੂਰਬੀਰ ਵੱਡਾ ਗ਼ਾਜ਼ੀ, ਗ਼ਜ਼ਬ ਦੀ ਆਪਣੀ ਕਾਰ ਕਮਾਈਆ । ਜਗਤ ਸਨਿਆਸੀ ਬੈਰਾਗੀ ਤਿਆਗੀ, ਆਪਣਾ ਆਪ ਸਕੇ ਕੋਇ ਨਾ ਸਾਧੀ, ਸਾਧਨਾ ਵਿਚ ਨਾ ਕੋਇ ਸਫ਼ਾਈਆ । ਬੇਸ਼ਕ ਰਸਨਾ ਜਿਹਵਾ ਬੱਤੀ ਦੰਦ ਦੀਨ ਮਜ਼੍ਹਬ ਨਾਮ ਕਲਮੇ ਰਹੇ ਅਰਾਧੀ, ਹਿਰਦੇ ਹਰਿ ਨਾ ਕੋਇ ਵਸਾਈਆ । ਦਰੋਹੀ ਬਿਨਾ ਭਗਤਾਂ ਤੋਂ ਪੁਰਖ ਅਕਾਲ ਨਾਲ ਹੋਵੇ ਨਾ ਕਿਸੇ ਸ਼ਾਦੀ, ਸ਼ਾਦਿਆਨੇ ਨਾ ਕੋਇ ਵਜਾਈਆ । ਕਲਜੁਗ

ਕਹੇ ਮੇਰਾ ਅੰਤ ਅਖ਼ੀਰ ਗੁਰ ਅਵਤਾਰ ਪੈਗ਼ੰਬਰੋ ਕੋਈ ਲੱਭ ਲਓ ਆਪਣਾ ਇਮਦਾਦੀ, ਜਿਸ ਦੀ ਆਮਦ ਵਿਚ ਬੈਠੇ ਰਾਹ ਤਕਾਈਆ । ਮੈਂ ਪਿਆਰ ਮੁਹੱਬਤ ਦਾ ਨਾਤਾ ਰਹਿਣ ਨਹੀਂ ਦਿਤਾ ਹਕੀਕੀ ਤੇ ਮਜਾਜ਼ੀ, ਪੂਰਬ ਝਗੜਾ ਦਿਤਾ ਚੁਕਾਈਆ । ਬੇਸ਼ਕ ਦੁਨੀਆ ਦੀ ਬਹੁਤੀ ਵਧੀ ਅਬਾਦੀ, ਅਣਗਿਣਤ ਹੋਈ ਲੋਕਾਈਆ । ਕਿਸੇ ਦਾ ਮੀਤ ਬਣਿਆ ਨਾ ਧੁਰ ਦਾ ਢਾਡੀ, ਸੋਈ ਸੁਰਤ ਨਾ ਕੋਇ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ, ਕਲਜੁਗ ਮੁਖੋਂ ਬਚਨ ਕਹਿ ਨਾ ਮੰਦਾ, ਸਤਿ ਸਤਿ ਦ੍ਰਿੜਾਈਆ । ਸਾਨੂੰ ਸਮਝੀਂ ਮੂਲ ਨਾ ਬੰਦਾ, ਬੰਦਗੀ ਵਾਲਾ ਰੂਪ ਦਰਸਾਈਆ । ਅਸੀਂ ਓਸ ਨੂਰ ਦਾ ਚੰਦਾ, ਜੋ ਚੰਦ ਨੂਰ ਕਰੇ ਰੁਸ਼ਨਾਈਆ । ਕਲਜੁਗ ਅੱਗੋਂ ਕਢ ਕੇ ਆਪਣੇ ਦੰਦਾਂ, ਹੱਸ ਕੇ ਦਿਤਾ ਵਖਾਈਆ । ਮੈਨੂੰ ਇਕ ਡਰ ਜਿਸ ਵੇਲੇ ਗੋਬਿੰਦ ਦਾ ਵੇਖਦਾ ਖੰਡਾ, ਭੈ ਵਿਚ ਸੀਸ ਨਿਵਾਈਆ । ਫੇਰ ਪੁਛੇ ਮੈਂ ਸਭ ਤੋਂ ਉਤਮ ਸ੍ਰੇਸ਼ਟ ਚੰਗਾ, ਚਾਰ ਕੁੰਟ ਵਡਿਆਈਆ । ਮੈਂ ਪੰਡਤ ਪਾਂਧੇ ਭੁਲਾਏ ਉਤੇ ਗੰਗਾ, ਗੋਦਾਵਰੀ ਜਮਨਾ ਸੁਰਸਤੀ ਵਹਿਣ ਵਹਾਈਆ । ਸੰਤਾਂ ਅੰਦਰ ਰਹਿਣ ਨਹੀਂ ਦਿਤਾ ਅਨੰਦਾ, ਪਰਮਾਨੰਦ ਵਿਚ ਨਾ ਕੋਇ ਸਮਾਈਆ । ਸਾਚੀ ਮੰਜ਼ਲ ਦਰਗਹ ਸਚ ਕੋਇ ਨਾ ਲੰਘਾ, ਈਸਾ ਮੂਸਾ ਮੁਹੰਮਦ ਦਿਉ ਗਵਾਹੀਆ । ਗੋਬਿੰਦ ਨੇ ਸੀਸ ਤੋਂ ਕਢ ਕੇ ਕੰਘਾ, ਨੌ ਵਾਰ ਗੋਦਾਵਰੀ ਵਿਚ ਭਵਾਈਆ । ਮੇਰੇ ਢਈਏ ਤੋਂ ਬਾਦ ਜਗਤ ਜਹਾਨ ਹੋ ਜਾਣਾ ਰੰਡਾ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਅੰਤਰ ਆਤਮ ਕਿਸੇ ਨਹੀਂ ਹੋਣਾ ਠੰਡਾ, ਅਗਨੀ ਤਤ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਲਜੁਗ ਵੇਖ ਜ਼ਿਮੀਂ ਅਸਮਾਨ, ਉਪਰ ਨੀਚੇ ਧਿਆਨ ਲਗਾਈਆ । ਕਲਜੁਗ ਕਹੇ ਮੈਂ ਛਡੇ ਸੀਤਾ ਰਾਮ, ਰਾਧਾ ਕ੍ਰਿਸ਼ਨ ਨਾ ਵੇਖ ਵਖਾਈਆ । ਪੈਗ਼ੰਬਰੋ ਤੁਹਾਡਾ ਸੁਣਾਂ ਨਾ ਕਦੇ ਕਲਾਮ, ਉਂਗਲਾਂ ਕੰਨਾਂ ਵਿਚ ਪਾਈਆ । ਨਾਨਕ ਗੋਬਿੰਦ ਤੁਹਾਡਾ ਵੇਖ ਲਿਆ ਇੰਤਜ਼ਾਮ, ਚਾਰੋਂ ਕੁੰਟ ਖੋਜ ਖੁਜਾਈਆ । ਕਿਸੇ ਵਿਚ ਨਾ ਰਿਹਾ ਸਤਿਨਾਮ, ਸਤਿ ਦੀ ਧਾਰ ਨਾ ਕੋਇ ਦ੍ਰਿੜਾਈਆ । ਹਕੀਕੀ ਸੁਣੇ ਨਾ ਕੋਇ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਕਰੇ ਨਾ ਕੋਇ ਪੜ੍ਹਾਈਆ । ਮੈਨੂੰ ਐਂ ਜਾਪਦਾ ਤੁਸੀਂ ਸਾਰੇ ਮੇਰੇ ਵਰਗੇ ਉਸ ਪ੍ਰਭੂ ਦੇ ਗ਼ੁਲਾਮ, ਜੋ ਕਾਇਨਾਤ ਦਾ ਦੁਨੀਆ ਦਾ ਸ੍ਰਿਸ਼ਟੀ ਦਾ ਦ੍ਰਿਸ਼ਟੀ ਦਾ ਵਰਲਡ ਦਾ ਮਾਲਕ ਇਕ ਅਖਵਾਈਆ । ਤੁਹਾਡੇ ਹੁੰਦਿਆਂ ਵੇਖੋ ਮੈਂ ਕੀਤੀ ਅੰਧੇਰੀ ਸ਼ਾਮ, ਸ਼ਮਾਂ ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪਰਦਾ ਪਰਦੇ ਵਿਚੋਂ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਲਜੁਗ ਕਹਿੰਦਾ ਕੀ, ਕੀ ਰਿਹਾ ਜਣਾਈਆ । ਸਾਰੇ ਆਖਣ ਹੁਣ ਸੰਮਤ ਆ ਗਿਆ ਵੀਹ, ਹਜ਼ਰਤ ਈਸਾ ਦਏ ਗਵਾਹੀਆ । ਮੁਹੰਮਦ ਕਹੇ ਸਦੀ ਚੌਧਵੀਂ ਜਿਸ ਦੀ ਮੈਂ ਆ ਗਿਆ ਰੱਖ ਕੇ ਨੀਂਹ, ਲੋਕਮਾਤ ਮਾਤ ਲਗਾਈਆ । ਜਿਸ ਖ਼ੁਦਾ ਦੀ ਹਕੀਕੀ ਵਿਚ ਕਰ ਕੇ ਆਇਆ ਤਸ਼ਰੀਹ, ਨਬੀਆਂ ਨਬੀਆਂ ਵਿਚ ਸੁਣਾਈਆ । ਉਸ ਦਾ ਖੇਲ ਹੋਣਾ ਵਸੀਹ, ਮਜ਼੍ਹਬ ਪੈਮਾਨੇ ਵਿਚ ਨਾਪ ਨਾ ਕੋਇ ਕਰਾਈਆ । ਜਿਸ ਦੀ ਧਾਰ ਨਾ ਖਰੀਫ਼ ਨਾ ਰਬੀ, ਸਦ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕਲਜੁਗ ਖ਼ੁਸ਼ੀਆਂ ਨਾਲ ਦੂਰੋਂ ਖਲੋ ਕੇ ਮਾਰੀ ਤਾਲੀ, ਖ਼ੁਦਾ ਤੁਆਲਾ ਕੀ ਜਣਾਈਆ । ਵੇਖੋ ਖੇਲ

ਮਾਝੀ ਹਾਲੀ, ਨੇਤਰ ਖੋਲ੍ਹੋ ਚਾਈਂ ਚਾਈਂਆ । ਤੁਹਾਡੇ ਕਲਮੇ ਦੀਪਕ ਜੋਤ ਕਿਸੇ ਅੰਦਰ ਨਹੀਂ ਬਾਲੀ, ਬਾਲਾ ਮਰਦਾਨਾ ਦਏ ਗਵਾਹੀਆ । ਨਾਨਕ ਬਗ਼ਦਾਦ ਵਿਚ ਦੱਸ ਕੇ ਆਇਆ ਨਿੱਕੀ ਜੇਹੀ ਬਾਤ ਸੁਖਾਲੀ, ਸਹਿਜ ਨਾਲ ਦ੍ਰਿੜਾਈਆ । ਜਿਸ ਵੇਲੇ ਸਦੀ ਚੌਧਵੀਂ ਰੈਣ ਅੰਧੇਰੀ ਹੋਵੇ ਕਾਲੀ, ਨੂਰੀ ਚੰਦ ਨਾ ਕੋਇ ਚਮਕਾਈਆ । ਉਸ ਵੇਲੇ ਪਰਗਟ ਹੋਣਾ ਇਕ ਸਮਰਥਾ ਤੇ ਇਕ ਜੋਤ ਅਕਾਲੀ, ਵਾਹਦ ਵਾਹਦ ਨਜ਼ਰੀ ਆਈਆ । ਮੈਂ ਸੁਣਿਆ ਮੱਝੀਆਂ ਦਾ ਪਾਲੀ, ਉਸ ਦੀਨ ਦੁਨੀ ਦੇ ਮਾਲਕ ਨੇ ਨੌਂ ਖੰਡ ਪ੍ਰਿਥਮੀ ਮਾਨਵ ਜ਼ਾਤੀ ਆਪਣੇ ਅੱਗੇ ਲੈਣੀ ਚਲਾਈਆ । ਕੋਈ ਹਿਰਦਾ ਰਹਿਣ ਨਹੀਂ ਦੇਣਾ ਖ਼ਾਲੀ, ਜਿਸ ਅੰਤਰ ਨਿਰੰਤਰ ਨਿਰਗੁਣ ਜੋਤ ਨਾ ਕਰੇ ਰੁਸ਼ਨਾਈਆ । ਕਿਸੇ ਦੀ ਰਹਿਣ ਨਹੀਂ ਦੇਣੀ ਦਲਾਲੀ, ਵਿਚੋਲਾ ਨਜ਼ਰ ਕੋਇ ਨਾ ਆਈਆ । ਝਗੜਾ ਮੇਟ ਜ਼ਿਮੀਂ ਅਸਮਾਨੀ, ਦੂਈ ਦਵੈਤੀ ਡੇਰਾ ਢਾਹੀਆ । ਜਾਂ ਤੱਕਿਆ ਸਭ ਦਾ ਨਾਤਾ ਜੋੜੇ ਬਾਹਮੀ, ਇਕੋ ਰੰਗ ਰੰਗਾਈਆ । ਸ਼ਬਦ ਤੀਰ ਮਾਰ ਕੇ ਕਾਨੀ, ਕਾਇਨਾਤ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਲਜੁਗ ਨਾ ਕਰ ਆਪਣਾ ਜ਼ੋਰ, ਜੋਰੂ ਜ਼ਰ ਦੁਹਾਈਆ । ਕਲਜੁਗ ਕਹੇ ਅਵਤਾਰ ਪੈਗ਼ੰਬਰੋ ਤੁਹਾਡੇ ਸਿੱਖਾਂ ਮੁਰੀਦਾਂ ਖਾਧੇ ਪਸ਼ੂ ਤੇ ਢੋਰ, ਤਤਾਂ ਖੱਲ ਲੁਹਾਈਆ । ਆਤਮ ਪਰਮਾਤਮ ਨਾਤਾ ਸਕੇ ਕੋਇ ਨਾ ਜੋੜ, ਜੋੜੀ ਧੁਰ ਨਾ ਕੋਇ ਬਣਾਈਆ । ਐਸ ਵੇਲੇ ਇਸ ਦੀ ਸਭ ਨੂੰ ਲੋੜ, ਇਕ ਦਾ ਇਕ ਨੂਰ ਰੁਸ਼ਨਾਈਆ । ਜਿਹੜਾ ਸ਼ਬਦ ਡੰਡੇ ਨਾਲ ਸਭ ਦੇ ਅੰਦਰੋਂ ਕਢ ਦਏ ਖੋਰ, ਝਗੜਾ ਦੂਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰਾਂ ਕਲਜੁਗ ਦੀ ਸੁਣ ਕੇ ਸਾਖੀ, ਸਚਖੰਡ ਨਿਵਾਸੀ ਧਿਆਨ ਲਗਾਈਆ । ਜੋਤੀ ਧਾਰ ਜਾਮਾ ਬਦਲ ਨੂਰ ਜੋਤ ਪੋਸ਼ਾਕੀ, ਬੇਪਹਿਚਾਨ ਫੇਰਾ ਪਾਈਆ । ਖ਼ਬਰਦਾਰ ਸਾਰੇ ਸੁਣ ਲਉ ਇਕੋ ਬਾਤੀ, ਬਾਤਨ ਦਿਆਂ ਜਣਾਈਆ । ਵੇਖੋ ਆਪਣੀ ਆਪਣੀ ਭਵਿਖਤਾਂ ਦੀ ਪਿਛਲੀ ਪਾਤੀ, ਬਿਨਾ ਅੱਖਰਾਂ ਖੋਜ ਖੁਜਾਈਆ । ਸਦੀ ਬੀਸਵੀਂ ਕਿਸੇ ਦਾ ਰਹਿਣਾ ਨਹੀਂ ਕੋਈ ਸਾਥੀ, ਸਗਲਾ ਸੰਗ ਨਾ ਕੋਇ ਬਣਾਈਆ । ਸਦੀ ਚੌਧਵੀਂ ਮੰਨਣੀ ਨਹੀਂ ਕਿਸੇ ਦੀ ਆਖੀ, ਆਖ਼ਰ ਮੁਹੰਮਦ ਗਿਆ ਦ੍ਰਿੜਾਈਆ । ਨਾਨਕ ਨਿਰਗੁਣ ਸਰਗੁਣ ਬੋਲ ਕੇ ਬਚਨ ਸਤਿਨਾਮ ਦੀ ਸਾਤੀ, ਸਤਿ ਸਤਿ ਵਿਚੋਂ ਪਰਗਟਾਈਆ । ਗੋਬਿੰਦ ਛਡ ਕੇ ਕਲਮ ਦਵਾਤੀ, ਧੁਰ ਸੰਦੇਸ਼ਾ ਇਕ ਦ੍ਰਿੜਾਈਆ । ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਅੰਤਮ ਆਵੇ ਜਿਸ ਨੇ ਮੇਟਣੀ ਸਭ ਦੀ ਵਾਟੀ, ਅਗਲਾ ਪੰਧ ਮੁਕਾਈਆ । ਆਤਮ ਪਰਮਾਤਮ ਜੋੜ ਕੇ ਨਾਤੀ, ਨਰ ਨਰਾਇਣ ਵੇਖ ਵਖਾਈਆ । ਸਚ ਜੈਕਾਰਾ ਬੋਲ ਅਲਾਖੀ, ਅਲਖ ਅਲੱਖਣਾ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਰਗੁਣ ਧਾਰ ਨੂਰ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸੰਮਤ ਚੜ੍ਹ ਗਿਆ ਛੇ, ਸ਼ਹਿਨਸ਼ਾਹ ਵਡਿਆਈਆ । ਸੰਮਤ ਪੰਜ ਕਹੇ ਮੇਰਾ ਵੇਖੋ ਅੰਮ੍ਰਿਤ ਬਰਸੇ ਮੇਂਹ, ਮੇਘਲਾ ਸੇਵ ਕਮਾਈਆ । ਜਿਸ ਨੂੰ ਖ਼ੁਦਾ ਗਾਡ ਅੱਲਾ ਵਾਹਿਗੁਰੂ ਰਾਮ ਕ੍ਰਿਸ਼ਨ ਕਹਿੰਦੇ ਦਿਉ ਦੇਵ, ਦੇਵ ਦੇਵਤੇ ਸੀਸ ਨਿਵਾਈਆ । ਉਹ ਇਕ ਇਕੱਲਾ ਆਦਿ ਅੰਤ ਜੁਗਾ ਜੁਗੰਤ ਸਦਾ ਰਹੇ, ਰਹਿਬਰ ਇਕੋ ਇਕ ਅਖਵਾਈਆ । ਜਦ ਤੱਕੇ ਭਗਤਾਂ ਦੇ ਕਾਇਆ ਮੰਦਰ ਬਹੇ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਜਿਸ ਨੇ ਕਲਜੁਗ ਦੀ ਕਿਰਿਆ ਕਰਨੀ ਲੈ, ਲਾਈਨ ਪਿਛਲੀ ਦਏ ਮਿਟਾਈਆ ।

ਚਾਰੋਂ ਕੁੰਟ ਦੇ ਕੇ ਭੈ, ਭੈ ਭੰਜਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਪੁਰਖ ਅਕਾਲ ਕਹੇ ਤੇਈ ਅਵਤਾਰ ਹੋਵੇ ਸੂਰਬੀਰ, ਆਪਣਾ ਬਲ ਪਰਗਟਾਈਆ । ਕਿਉਂ ਤੁਹਾਡੇ ਮੰਨਣ ਵਾਲੇ ਨਹੀਂ ਧਰਦੇ ਧੀਰ, ਧੀਰਜ ਧਾਰ ਨਾ ਕੋਇ ਜਣਾਈਆ । ਰਾਮ ਜੀ ਕਿਥੇ ਗਿਆ ਤੇਰਾ ਧਨੁਸ਼ ਤੇ ਤੀਰ, ਸੀਤਾ ਸੁਰਤੀ ਨਾ ਸੰਗ ਰਖਾਈਆ । ਕ੍ਰਿਸ਼ਨਾ ਕਿਥੇ ਗਿਆ ਕੌਰਵ ਪਾਂਡਵ ਵਾਲਾ ਵਹੀਰ, ਅਠਾਈ ਕਸ਼ੂਣੀਆਂ ਵੰਡ ਨਾ ਕੋਇ ਵੰਡਾਈਆ । ਮੂਸਾ ਈਸਾ ਮੁਹੰਮਦ ਕਿਧਰ ਗਈ ਕਲਮੇ ਵਾਲੀ ਤਕਰੀਰ, ਬੇਨਜ਼ੀਰ ਨਾ ਕੋਇ ਮਿਲਾਈਆ । ਨਾਨਕ ਗੋਬਿੰਦ ਕਿਉਂ ਨਹੀਂ ਪੌੜੀ ਚੜ੍ਹਦੇ ਅਖ਼ੀਰ, ਜੋ ਸਤਿਨਾਮ ਵਾਹਿਗੁਰੂ ਦਾ ਢੋਲਾ ਗਾਈਆ । ਸਚ ਦੱਸੋ ਕੇਹੜਾ ਪੈਗ਼ੰਬਰ ਤੇ ਕੇਹੜਾ ਗੁਰੂ ਕੇਹੜਾ ਅਵਤਾਰ ਤੇ ਕੇਹੜਾ ਪੀਰ, ਕਿਸ ਨੂੰ ਸੀਸ ਝੁਕਾਈਆ । ਕੇਹੜਾ ਇਸ਼ਟ ਕੇਹੜੀ ਤਸਵੀਰ, ਕੇਹੜਾ ਰੂਪ ਰਹੇ ਸਮਝਾਈਆ । ਕੇਹੜਾ ਸ਼ਹਿਨਸ਼ਾਹ ਕੇਹੜਾ ਵਜ਼ੀਰ, ਹਕੂਮਤ ਹੁਕਮ ਕਵਣ ਜਣਾਈਆ । ਕੇਹੜਾ ਖੰਡਾ ਕੇਹੜਾ ਸ਼ਸਤਰ ਕੇਹੜਾ ਸ਼ਮਾਂ ਨੂਰ ਕਰੇ ਰੁਸ਼ਨਾਈਆ । ਸਾਰੇ ਕਹਿਣ ਅਸੀਂ ਹੋਏ ਪ੍ਰਭੂ ਦਿਲਗੀਰ, ਸਚ ਸਚ ਸਮਝਾਈਆ । ਜੇਹੜੀ ਸਾਡੀ ਦੀਨਾਂ ਮਜ਼੍ਹਬਾਂ ਵਾਲੀ ਲਕੀਰ, ਫ਼ਕੀਰ ਸਾਬਤ ਨਜ਼ਰ ਕੋਇ ਨਾ ਆਈਆ । ਕਲਜੁਗ ਕਹੇ ਮੈਂ ਸਭ ਦੀ ਬਦਲ ਦਿਤੀ ਜ਼ਮੀਰ, ਅੰਦਰ ਵੜ ਕੇ ਕੂੜੀ ਕਿਰਿਆ ਦਿਤੀ ਭਰਾਈਆ । ਤੁਸੀਂ ਕਿਸੇ ਦੀ ਬਦਲ ਨਹੀਂ ਸਕਦੇ ਤਕਦੀਰ, ਤਹਿਰੀਰ ਵਿਚ ਆਪਣਾ ਹੁਕਮ ਲਿਖਾਈਆ । ਝਟ ਆਵਾਜ਼ ਮਾਰ ਲਈ ਨੇੜੇ ਆ ਕਬੀਰ, ਕਬਰਾਂ ਦਾ ਝਗੜਾ ਦੇ ਮੁਕਾਈਆ । ਕਿਉਂ ਗ਼ਰੀਬ ਨਿਮਾਣਿਆਂ ਹੁੰਦੀ ਪੀੜ, ਬਿਰਹੋਂ ਰੋਗ ਸਤਾਈਆ । ਉਸ ਧਿਆਨ ਧਰਿਆ ਚੌਦਾਂ ਸੌ ਤੀਹ ਪੰਨਾ ਤੇ ਕਿਸੇ ਸਾਰ ਨਾ ਪਾਈ ਗੁਰੂ ਅਰਜਨ ਵਾਲੀ ਬੀੜ, ਬੀੜਾ ਧਰਮ ਨਾ ਕੋਇ ਉਠਾਈਆ । ਪ੍ਰਭ ਦਾ ਭੇਵ ਕਿਸੇ ਨਾ ਜਾਣਿਆ ਗਹਿਰ ਗੰਭੀਰ, ਗੁਜਰੀ ਦਾ ਲਾਲ ਕਰੇ ਸ਼ਨਵਾਈਆ । ਬਿਨਾ ਸ਼ਬਦ ਗੁਰੂ ਤੋਂ ਕਿਸੇ ਦਾ ਬਜਰ ਸਕੇ ਕੋਇ ਨਾ ਚੀਰ, ਚੀਰੇ ਸਾਰੇ ਸੀਸ ਤੇ ਬੈਠੇ ਟਿਕਾਈਆ । ਬਿਨਾ ਸਤਿਗੁਰ ਤੋਂ ਅੰਮ੍ਰਿਤ ਬਖ਼ਸ਼ੇ ਕੋਇ ਨਾ ਨੀਰ, ਅਠ ਸਠ ਦੇਣ ਦੁਹਾਈਆ । ਕਿਉਂ ਮੁਹੰਮਦ ਨੇ ਸ਼ਰਅ ਵਿਚ ਰੱਖੇ ਖੰਜੀਰ, ਕ੍ਰਿਸ਼ਨ ਭਗਵਾਨ ਗਊਆਂ ਦਾ ਪਾਲੀ ਹੋ ਕੇ ਬਣਾਂ ਵਿਚ ਫਿਰਿਆ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਸਾਰੇ ਕਹਿਣ ਸੰਮਤ ਸੋਹਣਾ ਚੜ੍ਹਿਆ, ਮਹੀਨਾ ਚੇਤ । ਇਕੋ ਕਲਮਾ ਪੜ੍ਹਿਆ, ਨਾਮ ਅਬਿਨਾਸ਼ੀ ਅਚੁਤ । ਜੋ ਸਚ ਦਵਾਰੇ ਖੜ੍ਹਿਆ, ਪਿਛਲਾ ਪੈਂਡਾ ਗਿਆ ਮੁਕ । ਜੋ ਦੀਨ ਮਜ਼੍ਹਬ ਨਾਲ ਲੜਿਆ, ਉਹ ਬੈਠਾ ਢੁੱਕ । ਜੇਹੜਾ ਨਾ ਜਨਮੇ ਨਾ ਮਰਿਆ, ਨਾ ਹਰਖ਼ ਸੋਗ ਦੁੱਖ । ਜਿਸ ਗੁਰ ਅਵਤਾਰ ਪੈਗ਼ੰਬਰ ਘਾੜਨ ਘੜਿਆ, ਅਰਸ਼ ਤੋਂ ਫ਼ਰਸ਼ ਉਤੇ ਦਿਤਾ ਸੁੱਟ । ਅੰਤਰ ਧਾਰ ਹੋ ਕੇ ਨਿਰੰਤਰ ਵਰਿਆ, ਬਣਾ ਕੇ ਆਪਣਾ ਸੁਤ । ਫੇਰ ਸ਼ਰਅ ਜ਼ੰਜੀਰ ਵਿਚ ਜੜਿਆ, ਨਾ ਕੋਇ ਪੜਦਾ ਨਾ ਕੋਇ ਓਹਲਾ ਲੁਕ । ਵੱਖੋ ਵੱਖਰਾ ਕਲਮਾ ਸਭ ਦੇ ਅੱਗੇ ਧਰਿਆ, ਤੇ ਸਿਫ਼ਤਾਂ ਵਾਲੀ ਸੁਣਾਈ ਤੁਕ । ਏਸੇ ਕਾਰਨ ਜਗਤ ਜਹਾਨ ਵਿਚ ਪੁਰਖ ਅਕਾਲ ਅਜੇ ਤਕ ਆਪਣਾ ਰੂਪ ਸਾਖਿਆਤ ਕਦੇ ਨਾ ਧਰਿਆ, ਧਰਨੀ ਧਰਤ ਧਵਲ ਰੋ ਰੋ ਰਹੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਈਆ । ਸੰਮਤ ਛੇ ਕਹੇ ਮੈਂ ਵੇਖੇ ਛੇ ਘਰ, ਘਰਾਨੇ ਖੋਜ ਖੁਜਾਈਆ । ਖੋਲ੍ਹਣੇ ਉਹ ਦਰ, ਜਿਥੇ ਦਰਬਾਨ ਨਜ਼ਰ ਕੋਇ ਨਾ ਪਾਈਆ । ਵੇਖਣੇ ਉਹ ਸਰ,

ਜਿਸ ਸਰੋਵਰ ਕੋਇ ਨਾ ਨਹਾਈਆ । ਵੇਖਣੇ ਉਹ ਗ੍ਰਿਹਿ ਉਹ ਮੰਦਰ ਉਹ ਦਰ, ਜਿਸ ਨੂੰ ਵਰਨ ਕੋਇ ਨਾ ਆਈਆ । ਜਾਂ ਨਿਗਾਹ ਮਾਰੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਇਕ ਦੂਜੇ ਦੇ ਅੰਦਰ ਗਏ ਵੜ, ਰੂਪ ਅਨੂਪ ਨਜ਼ਰ ਕੋਇ ਨਾ ਆਈਆ । ਕਿਸ ਨੂੰ ਛੱਡਾਂ ਤੇ ਕਿਸ ਨੂੰ ਲਵਾਂ ਫੜ, ਗਲਵਕੜੀ ਕਿਸ ਦੇ ਨਾਲ ਪਾਈਆ । ਕਿਸ ਦੇ ਨਾਲ ਰਹਿਵਾਂ ਤੇ ਕਿਸ ਦੇ ਨਾਲ ਜਾਵਾਂ ਮਰ, ਨਾਤਾ ਦੀਨ ਦੁਨੀ ਤੁੜਾਈਆ । ਜਾਂ ਨਿਗਾਹ ਹੋਈ ਨਰ ਨਰਾਇਣ ਤੱਕਿਆ ਨੂਰੀ ਜੋਤ ਨਰ ਹਰਿ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਮੈਂ ਦਰਸ਼ਨ ਕੀਤਾ ਗਿਆ ਤਰ, ਤੁਰਤ ਆਪਣਾ ਪੰਧ ਮੁਕਾਈਆ । ਫੇਰ ਤੱਕਿਆ ਮਾਤਲੋਕ ਵਿਚ ਦੀਨ ਦੁਨੀ ਨਾਮ ਕਲਮਾ ਰਹੀ ਪੜ੍ਹ, ਅੱਖਰਾਂ ਪੱਥਰਾਂ ਨਾਲ ਜਣਾਈਆ । ਤ੍ਰੈਗੁਣ ਮਾਇਆ ਵਿਚ ਰਹੀ ਸੜ, ਅਗਨੀ ਤਤ ਨਾ ਕੋਇ ਬੁਝਾਈਆ । ਹਾਲਤ ਵੇਖ ਕੇ ਡਿੱਗਾ ਦੜ, ਬਹੁੜੀ ਬਹੁੜੀ ਦੁਹਾਈਆ । ਭੱਜਿਆਂ ਨੱਠਿਆਂ ਕਿਸੇ ਬੰਨ੍ਹਾਏ ਕੋਇ ਨਾ ਲੜ, ਪਲੂ ਗੰਢ ਨਾ ਕੋਇ ਰਖਾਈਆ । ਫੇਰ ਗਿਆ ਡਰ, ਵਾਸਤਾ ਪ੍ਰਭ ਦੇ ਅੱਗੇ ਪਾਈਆ । ਕਿਰਪਾਲ ਆਪਣੀ ਕਿਰਪਾ ਕਰ, ਤੇਰੀ ਇਕ ਸਰਨਾਈਆ । ਉਸ ਸ਼ਬਦ ਸੰਦੇਸ਼ਾ ਦਿਤਾ ਦੱਸਿਆ ਨਾਲ ਇਸ਼ਾਰ, ਸੈਨਤ ਨਾਲ ਸਮਝਾਈਆ । ਸਾਰੇ ਵੇਖੋ ਸੰਬਲ ਮੇਰਾ ਘਰ, ਜਿਸ ਨੂੰ ਸਾਰੇ ਆਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਸਾਚੀ ਕਾਰ ਕਮਾਈਆ । ਸੰਮਤ ਕਹੇ ਮੈਂ ਕੀ ਦੱਸਾਂ ਆਪਣੀ ਰੀਤ ਗਤ ਮਿਤ, ਮਿਤ ਗਤ ਪ੍ਰਭ ਦੀ ਦਿਆਂ ਜਣਾਈਆ । ਓਸ ਨੇ ਖੇਲ ਵੇਖਣਾ ਪੰਜ ਤਤ, ਤਤਵ ਤਤ ਖੋਜ ਖੁਜਾਈਆ । ਫੇਰ ਨਿਗਹ ਪੈ ਗਈ ਉਸ ਨੂੰ ਤੱਕਾਂ ਉਹ ਵੇਖੋ ਜੇਹੜਾ ਬੈਠਾ ਸੱਥਰ ਘਤ, ਗੋਬਿੰਦ ਬੇਪਰਵਾਹੀਆ । ਇਕ ਯਾਰੜੇ ਵੱਲ ਅੱਖ, ਨਿਗਾਹ ਲਈ ਟਿਕਾਈਆ । ਫੇਰ ਹੱਸ ਕੇ ਕਿਹਾ ਜਿਉਂ ਭਾਵੇ ਤਿਉਂ ਲੈਣਾ ਰੱਖ, ਤੇਰੀ ਬੇਪਰਵਾਹੀਆ । ਮੇਰੇ ਖ਼ਾਲੀ ਹੱਥ, ਪੁਰਖ ਅਕਾਲ ਤੇਰੀ ਦੁਹਾਈਆ । ਅਬਿਨਾਸ਼ੀ ਕਰਤੇ ਕਿਹਾ ਝਟ, ਸ਼ਬਦੀ ਹੁਕਮ ਜਣਾਈਆ । ਗੋਬਿੰਦ ਤੇਰੀ ਧਾਰ ਹੋਵਾਂ ਪਰਗਟ, ਦੋ ਜਹਾਨ ਕਰਾਂ ਰੁਸ਼ਨਾਈਆ । ਸੂਰਬੀਰ ਬਣ ਕੇ ਜੱਟ, ਡੰਡਾ ਸੱਤਰੰਗ ਉਠਾਈਆ । ਦੀਨ ਮਜ਼੍ਹਬ ਦੀ ਡੋਰੀ ਦੇਵਾਂ ਕਟ, ਇਹ ਮੇਰੀ ਬੇਪਰਵਾਹੀਆ । ਝਗੜਾ ਮੇਟਾਂ ਜ਼ਾਤ ਪਾਤ, ਊਚ ਨੀਚ ਏਕਾ ਰੰਗ ਰੰਗਾਈਆ । ਇਕ ਦਾ ਇਕ ਦੱਸਾਂ ਸਤਿ, ਸਤਿ ਸਤਿਵਾਦੀ ਭੇਵ ਖੁਲ੍ਹਾਈਆ । ਜਿਸ ਵੇਲੇ ਫੇਰ ਆਵਾਂ ਵੱਤ, ਵਤਨ ਨਵਾਂ ਲਵਾਂ ਬਣਾਈਆ । ਗੋਬਿੰਦ ਪਿਆ ਹੱਸ, ਛਾਤੀ ਉਤੇ ਹੱਥ ਟਿਕਾਈਆ । ਓ ਮੇਰੇ ਵਿਚ ਵਸ, ਹੋਵੇ ਨਾ ਕਦੇ ਜੁਦਾਈਆ । ਮੇਰੀ ਲੱਗੀ ਰਹੇ ਅੱਖ, ਪ੍ਰਤਖ ਤੇਰਾ ਨੂਰ ਨਜ਼ਰੀ ਆਈਆ । ਮੈਂ ਗਾਵਾਂ ਤੇਰਾ ਜਸ, ਸਿਫ਼ਤਾਂ ਸਿਫ਼ਤ ਸਾਲਾਹੀਆ । ਪੁਰਖ ਅਕਾਲ ਜੋਤੀ ਧਾਰ ਆਇਆ ਨੱਠ, ਭੱਜਿਆ ਵਾਹੋ ਦਾਹੀਆ । ਤੇਰਾ ਮੇਰਾ ਸਦ ਇਕੱਠ, ਨਾ ਕੋਇ ਤੋੜੇ ਤੋੜ ਤੁੜਾਈਆ । ਮੈਂ ਸਦਾ ਸ਼ਬਦ ਗੁਰੂ ਦਾ ਦੇਵਾਂ ਸਾਥ, ਤਤਾਂ ਵਾਲੇ ਨਾਤੇ ਦਿਆਂ ਤੁੜਾਈਆ । ਗੋਬਿੰਦ ਕਿਹਾ ਸਤਿ ਸਚ ਦੱਸ, ਮੇਰੇ ਧੁਰ ਦੇ ਮਾਹੀਆ । ਕੀ ਧਾਰ ਦੇਵੇਂ ਰਸ, ਅੰਮ੍ਰਿਤ ਕੀ ਚਖਾਈਆ । ਪੁਰਖ ਅਕਾਲ ਕਿਹਾ ਈਸਾ ਮੂਸਾ ਮੁਹੰਮਦ ਤੇਈ ਅਵਤਾਰ ਦਸ ਗੁਰੂ ਇਹ ਆਦਿ ਮੇਰੇ ਨੂਰ ਦੀ ਰੱਤ, ਰਤੀ ਰੱਤ ਵਿਚ ਸਮਾਈਆ । ਅੰਤ ਕੰਤ ਭਗਵੰਤ ਹੋ ਕੇ ਸਭ ਦੀ ਰੱਖਾਂ ਪਤ, ਪਤਿਪਰਮੇਸ਼ਵਰ ਹੋ ਕੇ ਵੇਸ ਵਟਾਈਆ । ਪਿਛਲਾ ਲੇਖਾ ਸਭ ਦਾ ਦੇਵਾਂ ਠਪ, ਠੱਪਾ ਆਪਣਾ ਨਾਮ ਲਗਾਈਆ । ਵਸਾਂ ਘਟ ਘਟ, ਚੁਰਾਸੀ ਅੰਦਰ ਡੇਰਾ ਲਾਈਆ । ਨਵੀਂ ਧਾਰ ਵਿਚ ਧਰਮ ਦਾ ਖੋਲ੍ਹ ਕੇ ਹੱਟ, ਸਚ ਭੰਡਾਰਾ

ਦਿਆਂ ਵਰਤਾਈਆ । ਇਕੋ ਸਭ ਦਾ ਕਮਲਾਪਤਿ, ਪਤਿਪਰਮੇਸ਼ਵਰ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਦਏ ਖੁਲ੍ਹਾਈਆ । ਕਲਜੁਗ ਕਹੇ ਸੰਮਤ ਛੇ ਤੂੰ ਮਾਰਨਾ ਉਚਾ ਨਾਅਰਾ, ਕੂਕ ਕੂਕ ਸੁਣਾਈਆ । ਯਾਦ ਕਰ ਲੈ ਮੇਰਾ ਅਜੇ ਬਾਰਾਂ ਸਾਲ ਹੋਰ ਪਾਹਰਾ, ਚਾਰੋਂ ਕੁੰਟ ਫਿਰਨਾ ਚਾਈਂ ਚਾਈਂਆ । ਕਲਜੁਗ ਜੀਵ ਫਿਰਨ ਆਵਾਰਾ, ਧਰਮ ਦੀ ਧਾਰ ਨਾ ਕੋਇ ਰਖਾਈਆ । ਭਾਵੇਂ ਕਿੰਨਾਂ ਕਢੋ ਹਾੜਾ, ਮੰਨਣ ਵਿਚ ਕਦੇ ਨਾ ਆਈਆ । ਸਭ ਨੂੰ ਚਬਾਵਾਂ ਆਪਣੀਆਂ ਦਾੜ੍ਹਾਂ, ਦਾੜ੍ਹਾਂ ਹੇਠ ਰਖਾਈਆ । ਇਹ ਮੇਰੀ ਧੁਰ ਦੀ ਸਰਕਾਰਾ, ਹਰਿ ਕਰਤੇ ਸੇਵਾ ਦਿਤੀ ਲਗਾਈਆ । ਝਗੜਾ ਪਾ ਕੇ ਪੁਰਖ ਨਾਰਾ, ਨਾਰ ਕੰਤ ਦਿਤੇ ਲੜਾਈਆ । ਨਾਤਾ ਤੋੜ ਕੇ ਯਾਰ ਯਾਰਾਂ, ਪਿਤਾ ਪੂਤ ਬਣਾਉਣੇ ਕਸਾਈਆ । ਮੇਰੀਆਂ ਫੇਰ ਸਭ ਨੇ ਗਾਉਣੀਆਂ ਵਾਰਾਂ, ਵਾਰਤਾ ਦੇਣੀ ਸੁਣਾਈਆ । ਉਸ ਵੇਲੇ ਦੁਨੀਆ ਵਿਚ ਭਾਵੇਂ ਕਿੰਨੀਆਂ ਹੋਣ ਅਖ਼ਬਾਰਾ, ਸਤਿ ਦੀ ਖ਼ਬਰ ਨਾ ਕੋਇ ਜਣਾਈਆ । ਕਲਜੁਗ ਕਿਹਾ ਜਿੰਨਾ ਚਿਰ ਆਵੇ ਨਾ ਧੁਰ ਦਾ ਲਾੜਾ, ਹਰਿ ਕਰਤਾ ਬੇਪਰਵਾਹੀਆ । ਸਚ ਦਰ ਦਿਸੇ ਨਾ ਕਿਸੇ ਅਖਾੜਾ, ਦਰਗਾਹ ਸਚ ਨਾ ਕੋਇ ਸੁਹਾਈਆ । ਜਿਸ ਨੇ ਕਿਰਪਾ ਕਰ ਕੇ ਨੌਂ ਖੰਡ ਪ੍ਰਿਥਮੀ ਸੱਤ ਦੀਪ ਬਣਾਉਣਾ ਭਾਈਚਾਰਾ, ਹਿੰਦੂ ਮੁਸਲਿਮ ਸਿਖ ਈਸਾਈ ਪਾਰਸੀ ਬੋਧੀ ਲੈਣੇ ਮਨਾਈਆ । ਫੇਰ ਆਪਣੇ ਹੁਕਮ ਦਾ ਸ਼ਬਦ ਦਾ ਨਾਮ ਦਾ ਕਲਮੇ ਦਾ ਚਾਰ ਕੁੰਟ ਦੇ ਕੇ ਪਾਹਰਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਕਾਰ ਕਮਾਈਆ । ਮਾਨਵ ਮਾਨਸ ਮਾਨੁਸ਼ ਹੋਵੇ ਕੋਇ ਨਾ ਬਾਹਿਰਾ, ਦੂਰ ਦੁਰਾਡਾ ਨਜ਼ਰ ਕੋਇ ਨਾ ਪਾਈਆ । ਕੁਛ ਯਾਦ ਕਰ ਲਉ ਹੁਣ ਝਗੜਾ ਪੈਣਾ ਵਿਚ ਕਾਹਿਰਾ, ਮੁਹੰਮਦ ਮੂਸਾ ਨਾਲ ਕਰੇ ਸਲਾਹੀਆ । ਕਿਉਂ ਇਹ ਖੇਲ ਹੋਣਾ ਦੁਬਾਰਾ, ਧੁਰ ਦੀ ਧਾਰ ਜਣਾਈਆ । ਕਲਜੁਗ ਕਹੇ ਓਏ ਸੰਮਤ ਛੇ ਬੱਸ ਕਰ ਯਾਰਾ, ਅਗਲੀ ਗੱਲ ਨਾ ਅੱਜੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਸੰਮਤ ਛੇ ਕਹੇ ਮੈਂ ਆਇਆ ਲੋਕਮਾਤ, ਮਾਤਰ ਭੂਮੀ ਵੇਖ ਵਖਾਈਆ । ਹੁਕਮ ਸੰਦੇਸ਼ਾ ਦੇਣਾ ਆਜ, ਅੱਜ ਦੀ ਰਾਤ ਰਾਤੀ ਰੁਤੜੀ ਆਪ ਸੁਹਾਈਆ । ਦੀਨ ਦੁਨੀ ਦੇ ਸੰਗੀਓ ਬਣ ਜਾਉ ਇਕ ਜਮਾਤ, ਇਕੋ ਰੰਗ ਸਮਾਈਆ । ਸਭ ਦਾ ਮਾਲਕ ਇਕ ਅਬਿਨਾਸ਼, ਕਰਤਾ ਧੁਰਦਰਗਾਹੀਆ । ਜਿਸ ਦੇ ਪਿਛੇ ਸੀਤਾ ਰਾਮ ਕਟਿਆ ਬਨਵਾਸ, ਗੋਪੀ ਕਾਹਨ ਰਾਸ ਰਚਾਈਆ । ਮੂਸਾ ਮੂੰਹ ਦੇ ਭਾਰ ਡਿੱਗਾ ਸਾਫ਼, ਕੋਹਤੂਰ ਦਏ ਗਵਾਹੀਆ । ਹਜ਼ਰਤ ਈਸਾ ਜਿਸ ਗਲ ਵਿਚ ਪਾਏ ਫਾਸ, ਆਪਣਾ ਆਪ ਲਟਕਾਈਆ । ਮੁਹੰਮਦ ਪੀ ਕੇ ਆਬੇਹਯਾਤ, ਢਾਈ ਘੁੱਟਾਂ ਝਟ ਲੰਘਾਈਆ । ਨਾਨਕ ਨਿਰਗੁਣ ਸਰਗੁਣ ਵੇਖ ਕੇ ਖੇਲ ਤਮਾਸ਼, ਬੇਅੰਤ ਕਹਿ ਕੇ ਗਿਆ ਗਾਈਆ । ਗੋਬਿੰਦ ਕਰਕੇ ਇਕ ਅਰਦਾਸ, ਫ਼ਤਹਿ ਡੰਕਾ ਦਿਤਾ ਸੁਣਾਈਆ । ਜਿਸ ਵੇਲੇ ਮੇਰਾ ਪੁਰਖ ਅਕਾਲਾ ਆਵੇ ਆਪ, ਆਪ ਆਪਣਾ ਫੇਰਾ ਪਾਈਆ । ਸ਼ਬਦ ਗੁਰੂ ਤੇ ਸਭ ਦਾ ਬਣੇ ਬਾਪ, ਆਤਮ ਪਰਮਾਤਮ ਨੂਰ ਇਲਾਹੀਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰੋਂ ਕਢੇ ਪਾਪ, ਪਤਿਤ ਪੁਨੀਤ ਦਏ ਕਰਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਜਾਪ, ਸੋਹੰ ਢੋਲਾ ਇਕ ਸੁਣਾਈਆ । ਇਹੋ ਖੇਲ ਵੇਖਣਾ ਖ਼ਾਸ, ਗੁਰ ਅਵਤਾਰ ਪੈਗ਼ੰਬਰ ਰਹੇ ਦ੍ਰਿੜਾਈਆ । ਬਿਨਾ ਪ੍ਰਭੂ ਦੀ ਕਿਰਪਾ ਤੋਂ ਉਸ ਵੇਲੇ ਕੋਈ ਨਹੀਂ ਹੋਣਾ ਪਾਸ, ਪਾਸ ਆਉਟ ਨਾ ਕੋਇ ਕਰਾਈਆ । ਭਾਵੇਂ ਕੋਈ ਯੂਰਪੀਨ ਲੇਟੇ ਉਪਰ ਗ੍ਰੀਨ ਗਰਾਸ, ਸੋਹਣਾ ਰੰਗ ਰੰਗਾਈਆ । ਬਿਨਾ ਭਗਤਾਂ ਤੋਂ ਮਿਲਣੀ ਨਹੀਂ ਕਿਸੇ

ਸ਼ਾਬਾਸ਼, ਸਿਰ ਹੱਥ ਨਾ ਕੋਇ ਟਿਕਾਈਆ । ਇਹ ਲੇਖਾ ਪਿਛੇ ਨਹੀਂ ਸੀ ਤੇ ਹੁਣ ਲਿਖਿਆ ਜਾਂਦਾ ਨਾਲ ਕਲਮ ਦਵਾਤ, ਸ਼ਾਹੀ ਕਾਨੀ ਦਏ ਗਵਾਹੀਆ । ਕਿਸੇ ਨੂੰ ਕਿਸੇ ਨੇ ਕਰਨਾ ਨਹੀਂ ਮੁਆਫ਼, ਲੇਖਾ ਦੇਣਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸੰਮਤ ਕਹੇ ਓ ਵਿਸ਼ਨ ਬ੍ਰਹਮਾ ਸ਼ਿਵ ਦੇਵ ਗੁਰੂ ਗੁਰਦੇਵ, ਦੇਵਤਿਆਂ ਸੁਣਾਈਆ । ਤੁਹਾਡੀ ਕਿਥੇ ਗਈ ਸੇਵ, ਕੀ ਪੂਜਾ ਵੰਡ ਵੰਡਾਈਆ । ਕੀ ਆਸਾ ਮਹਾਂਦੇਵ, ਮੈਨੂੰ ਦਿਉ ਦ੍ਰਿੜਾਈਆ । ਕੀ ਖੇਲ ਹੋਣਾ ਨਿਹਕੇਵ, ਨਿਹਚਲ ਕੀ ਜਣਾਈਆ । ਕੀ ਗੁੱਝਾ ਰੱਖਿਆ ਭੇਵ, ਪੜਦਾ ਦਿਉ ਉਠਾਈਆ । ਕੀ ਰਸ ਚਖਣਾ ਮੇਵ, ਬਿਨ ਰਸਨਾ ਦਏ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਸਵਾਧਾਨ ਹੋਵੇ ਸੂਰੀਆ ਚੰਦ, ਹਰਿ ਚੰਦ ਚੰਦ ਜਣਾਈਆ । ਕੀ ਖੇਲ ਦੱਸਿਆ ਗੋਬਿੰਦ ਅੰਤ ਪੁਰੀ ਅਨੰਦ, ਸ਼ਬਦੀ ਸ਼ਬਦ ਧਾਰ ਦ੍ਰਿੜਾਈਆ । ਜਿਸ ਵੇਲੇ ਮੇਰੇ ਢਈਏ ਦਾ ਮੁੱਕਿਆ ਪੰਧ, ਅਗਲਾ ਬਰਸ ਬਰਸ ਉਪਜਾਈਆ । ਮੇਰੇ ਮਾਲਕ ਦਾ ਮੇਰੇ ਸਾਹਿਬ ਦਾ ਇਕੋ ਹੋਣਾ ਛੰਦ, ਇਕੋ ਰੰਗ ਰੰਗਾਈਆ । ਜੋ ਸਭ ਦੀ ਟੁੱਟੀ ਲਏ ਗੰਢ, ਆਪਣੇ ਨਾਲ ਮਿਲਾਈਆ । ਖ਼ੁਸ਼ੀ ਕਰ ਕੇ ਬੰਦ ਬੰਦ, ਬੰਦਨਾ ਇਕ ਸਮਝਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਕਾਸ਼ਾਂ ਪਾਤਾਲਾਂ ਜਾਏ ਲੰਘ, ਅੱਗੇ ਹੋ ਨਾ ਕੋਇ ਅਟਕਾਈਆ । ਚਾਰ ਕੁੰਟ ਦਹਿ ਦਿਸ਼ਾ ਛਡ ਕੇ ਇਕ ਦਵਾਰੇ ਇਕ ਸੇਜ ਤੇ ਇਕ ਪਲੰਘ, ਦੂਜਾ ਆਸਣ ਸਿੰਘਾਸਣ ਨਾ ਕੋਇ ਵਡਿਆਈਆ । ਸ਼ਬਦ ਅਗੰਮਾ ਬੋਲ ਜਣਾਏ ਅਗੰਮੇ ਦੰਦ, ਬੱਤੀ ਦੰਦ ਨਾ ਸਿਫ਼ਤ ਸਾਲਾਹੀਆ । ਜਿਸ ਨੇ ਦੂਈ ਦਵੈਤੀ ਢਾਹੁਣੀ ਕੰਧ, ਕੰਢੀ ਬੈਠਾ ਡੇਰਾ ਲਾਈਆ । ਕੂੜੀ ਕਿਰਿਆ ਕਰ ਕੇ ਖੰਡ ਖੰਡ, ਖੰਡਾ ਨਾਮ ਦੇਣਾ ਖੜਕਾਈਆ । ਸਾਚਾ ਪ੍ਰੇਮ ਦੇਣਾ ਵੰਡ, ਹਰ ਹਿਰਦੇ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪਣੇ ਵਿਚ ਛੁਪਾਈਆ । ਸੰਮਤ ਛੇ ਕਹੇ ਮੈਂ ਆਇਆ ਸੋਹਣਾ, ਸਭ ਨੂੰ ਦਿਆਂ ਜਣਾਈਆ । ਜਗਤ ਜਹਾਨ ਪੈਣਾ ਰੋਣਾ, ਨੈਣਾਂ ਨੀਰ ਵਹਾਈਆ । ਦੁਰਮਤ ਦਾਗ਼ ਕਿਸੇ ਨਹੀਂ ਧੋਣਾ, ਪਾਪੀਆਂ ਪੁਨੀਤ ਨਾ ਕੋਇ ਕਰਾਈਆ । ਨੇਤਰ ਖੁਲ੍ਹੇ ਕਿਸੇ ਨਾ ਲੋਇਣਾ, ਨਿਜ ਅੱਖ ਨਾ ਕੋਇ ਖੁਲ੍ਹਾਈਆ । ਆਤਮ ਸੇਜ ਕਿਸੇ ਨਾ ਸੋਣਾ, ਸੁਹੰਜਣੀ ਰੁਤ ਨਾ ਕੋਇ ਵਡਿਆਈਆ । ਆਤਮ ਪਰਮਾਤਮ ਢੋਲਾ ਕਿਸੇ ਨਾ ਗਾਉਣਾ, ਮਨ ਬੁੱਧੀ ਕਰੇ ਨਾ ਕੋਇ ਚਤੁਰਾਈਆ । ਸਾਚਾ ਕਾਇਆ ਖੇੜਾ ਨਗਰ ਕਿਸੇ ਨਾ ਵਸਾਉਣਾ, ਸਾਢੇ ਤਿੰਨ ਹੱਥ ਰੰਗ ਰੰਗਾਈਆ । ਬਿਨਾ ਭਗਤਾਂ ਪ੍ਰਭ ਦਾ ਦਰਸ ਕਿਸੇ ਨਾ ਪਾਉਣਾ, ਪੌਣ ਪਾਣੀ ਦੇਣ ਦੁਹਾਈਆ । ਸਾਚੇ ਘਰ ਨਾ ਕਿਸੇ ਬਹਾਉਣਾ, ਦਰ ਦਵਾਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਪਰਦਾ ਪਰਦੇ ਵਿਚੋਂ ਚੁਕਾਈਆ । ਸੰਮਤ ਛੇ ਕਹੇ ਆਉ ਗੁਰ ਅਵਤਾਰ ਪੈਗ਼ੰਬਰ ਸਾਰੇ ਕਰੀਏ ਸਲਾਹ, ਮਤਾ ਇਕ ਪਕਾਈਆ । ਕਲਜੁਗ ਕਹੇ ਮੈਨੂੰ ਬਣਾਓ ਗਵਾਹ, ਸ਼ਹਾਦਤ ਦਿਆਂ ਭੁਗਤਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਨਾ ਨਾ, ਇਸ਼ਾਰੇ ਰਹੇ ਵਖਾਈਆ । ਤੇਤੀਸ ਕਰੋੜ ਕਹੇ ਬਹੁੜੀ ਸਾਰੀ ਦੁਨੀਆ ਭਰੀ ਗੁਨਾਹ, ਅੰਤਰ ਨਿਰੰਤਰ ਨਾ ਕੋਇ ਸਫ਼ਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਕਲਮਾ ਕਹੇ ਸਾਨੂੰ ਕਿਸੇ ਨਾ ਵਸਾਇਆ ਵਿਚ ਦਮਾਂ, ਦਾਮਨਗੀਰ ਨਾ ਕੋਇ ਅਖਵਾਈਆ । ਸਾਨੂੰ ਜਪਦੇ ਰਹੇ ਕਾਇਆ ਮਾਟੀ ਬਣ ਕੇ ਚੰਮਾ, ਚੰਮ ਦ੍ਰਿਸ਼ਟੀ ਵਿਚ ਪ੍ਰਭ ਦਾ ਇਸ਼ਟ ਨਾ ਕੋਇ

ਮਨਾਈਆ । ਹੁਣ ਸਾਨੂੰ ਐਂ ਜਾਪਦਾ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਨੇ ਬਦਲ ਦੇਣਾ ਸਮਾਂ, ਨਵਾਂ ਆਪਣਾ ਰੰਗ ਰੰਗਾਈਆ । ਕਿਸੇ ਦਾ ਲੋਭ ਲਾਲਚ ਕੂੜੀ ਕਿਰਿਆ ਦਾ ਰਹਿਣ ਨਹੀਂ ਦੇਣਾ ਤਮਾਂ, ਤਾਮਸ ਅੰਦਰੋਂ ਦੇਣੀ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸੰਮਤ ਕਹੇ ਆਓ ਬੈਠੋ ਇਕ ਦਵਾਰ, ਮਜਲਸ ਇਕ ਲਗਾਈਆ । ਕਰੀਏ ਸਚ ਪੁਕਾਰ, ਨਿਉਂ ਨਿਉਂ ਸੀਸ ਨਿਵਾਈਆ । ਅਸੀਂ ਖ਼ਾਦਮ ਤੇਰੇ ਖ਼ਿਦਮਤਗਾਰ, ਸੇਵਕ ਸੇਵਾ ਵਿਚ ਸਮਾਈਆ । ਕਰਦੇ ਰਹੇ ਇੰਤਜ਼ਾਰ, ਜੁਗ ਚੌਕੜੀ ਧਿਆਨ ਲਗਾਈਆ । ਕਲ ਕਲਕੀ ਲੈ ਅਵਤਾਰ, ਅਮਾਮ ਅਮਾਮਾ ਵੇਸ ਵਟਾਈਆ । ਨੂਰੀ ਜੋਤ ਕਰ ਉਜਿਆਰ, ਅੰਧ ਅੰਧੇਰ ਰਹੇ ਨਾ ਰਾਈਆ । ਸੋ ਵੇਲਾ ਵਕਤ ਵੇਖ ਲਿਆ ਵਿਚਾਰ, ਵਿਚਰ ਕੇ ਦਈਏ ਸੁਣਾਈਆ । ਕਿਰਪਾ ਕਰ ਆਪ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦੁਨੀਆ ਕਰ ਖ਼ਬਰਦਾਰ, ਬੇਖ਼ਬਰਾਂ ਖ਼ਬਰ ਪਹੁੰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਧੁਰ ਦਾ ਹੁਕਮ ਸੁਣੋ ਸੁਣਾਏ ਸਾਹਿਬ ਸਤਿ ਮੀਤ, ਮਿੱਤਰ ਪਿਆਰਾ ਦ੍ਰਿੜਾਈਆ । ਸਭ ਨੇ ਰੱਖਣਾ ਚੀਤ, ਚਿਤ ਵਿਤ ਠਗੌਰੀ ਨਾ ਕੋਇ ਜਣਾਈਆ । ਪੁਰਖ ਅਕਾਲ ਬਦਲਣੀ ਰੀਤ, ਰੀਤੀਵਾਨ ਪੜਦਾ ਲਾਹੀਆ । ਝਗੜਾ ਮੁਕਾ ਕੇ ਮੰਦਰ ਮਸੀਤ, ਕਾਇਆ ਕਾਅਬਾ ਇਕ ਜਣਾਈਆ । ਜਿਥੇ ਬੈਠਾ ਰਹੇ ਅਤੀਤ, ਤ੍ਰੈਗੁਣ ਡੇਰਾ ਢਾਹੀਆ । ਭੇਵ ਰੱਖੇ ਨਾ ਊਚ ਨੀਚ, ਜ਼ਾਤ ਪਾਤ ਨਾ ਕੋਇ ਵਖਾਈਆ । ਇਕੋ ਆਦਿ ਅੰਤ ਦਾ ਗੀਤ, ਆਤਮ ਪਰਮਾਤਮ ਦਏ ਪੜ੍ਹਾਈਆ । ਕਾਇਆ ਕਰ ਕੇ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਸਾਚਾ ਕਲਮਾ ਹੱਕ ਹਦੀਸ, ਹਜ਼ਰਤਾਂ ਤੋਂ ਪਰੇ ਕਰੇ ਪੜ੍ਹਾਈਆ । ਚਾਰ ਜੁਗ ਦੀ ਮੇਟ ਕੇ ਲੀਕ, ਲਾਈਨ ਅਗਲੀ ਦਏ ਵਖਾਈਆ । ਗੁਰ ਅਵਤਾਰ ਪੈਗ਼ੰਬਰਾਂ ਕਰਨੀ ਤਸਦੀਕ, ਸ਼ਹਾਦਤ ਇਕ ਭੁਗਤਾਈਆ । ਪੁਰਖ ਅਕਾਲ ਤੇਰੇ ਉਤੇ ਉਮੀਦ, ਆਸਾ ਇਕ ਜਣਾਈਆ । ਸਾਡੇ ਕੋਲ ਦੀਨ ਮਜ਼੍ਹਬ ਦੇ ਪਟੇ ਵਾਲੀ ਰਸੀਦ, ਹੱਥੋ ਹੱਥ ਵੇਖ ਵਖਾਈਆ । ਤੇਰੇ ਹੁਕਮ ਨਾਲ ਤੇਰੇ ਨਾਮ ਦੀ ਕੀਤੀ ਤਮਹੀਦ, ਸਿਫ਼ਤਾਂ ਵਿਚ ਸਾਲਾਹੀਆ । ਤੇਰੀ ਬਖ਼ਸ਼ਿਸ਼ ਵਿਚੋਂ ਕੀਤੀ ਬਖ਼ਸ਼ੀਸ਼, ਰਹਿਮਤ ਨਾਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਪੁਰਖ ਅਕਾਲ ਕਹੇ ਸੁਣੋ ਹੁਕਮ ਧੁਰ ਫ਼ਰਮਾਨਾ, ਫੁਰਨਿਆਂ ਤੋਂ ਬਾਹਰ ਜਣਾਈਆ । ਸਭ ਨੂੰ ਮੰਨਣਾ ਪੈਣਾ ਭਾਣਾ, ਨਾ ਕੋਇ ਮੇਟੇ ਮੇਟ ਮਿਟਾਈਆ । ਤਖ਼ਤ ਨਿਵਾਸੀ ਰਹੇ ਕੋਇ ਨਾ ਰਾਣਾ, ਰਾਓ ਰੰਕ ਖੋਜ ਖੁਜਾਈਆ । ਖੇਲ ਹੋਣਾ ਵਿਚ ਜਹਾਨਾਂ, ਨਵ ਸੱਤ ਪੜਦਾ ਲਾਹੀਆ । ਸ਼ਬਦੀ ਧਾਰ ਹੁਕਮ ਮਿਹਰਵਾਨਾ, ਮਹਿਬੂਬ ਇਕ ਸੁਣਾਈਆ । ਸੰਮਤ ਛੇ ਵਿਚ ਰੂਸਾ ਚੀਨਾ ਨਿਗਾਹ ਤੇਰੇ ਵਿਚ ਟਿਕਾਣਾ, ਅੱਖ ਅੱਖ ਨਾ ਕੋਇ ਮਿਲਾਈਆ । ਈਸਾਈ ਮੁਸਲਿਮ ਸਾਂਝਾ ਰਹੇ ਨਾ ਖਾਣਾ, ਮੁਹੰਮਦ ਈਸਾ ਖੋਜ ਖੁਜਾਈਆ । ਝਗੜਾ ਪਏ ਵਿਚ ਪਠਾਣਾਂ, ਪੁੱਠੀ ਲਹਿਰ ਆਪ ਵਹਾਈਆ । ਭਾਰਤ ਖੰਡ ਖੇਲ ਮਹਾਨਾ, ਭਾਗ ਦਸਵਾਂ ਦਏ ਹਿਲਾਈਆ । ਜੋ ਲੇਖ ਲਿਖਿਆ ਵਿਚ ਸਕੰਦ ਪੁਰਾਣਾ, ਉਸ ਦਾ ਲਹਿਣਾ ਪੂਰ ਕਰਾਈਆ । ਸ਼ਬਦੀ ਸ਼ਬਦ ਉਡਾ ਬਿਬਾਣਾ, ਦੋ ਜਹਾਨਾਂ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਹੁਕਮ ਵਰਤਾਈਆ । ਸੰਮਤ ਕਹੇ ਖੇਲ ਵੇਖਣਾ ਵਿਚ ਅਰੇਬ, ਅਰਬ ਦਿਆਂ ਜਣਾਈਆ ।

ਕੂੜ ਦਾ ਹੋਣਾ ਫ਼ਰੇਬ, ਝਗੜੇ ਵਿਚ ਲੋਕਾਈਆ । ਮੁਹੰਮਦ ਦੀ ਭਵਿਖਤ ਵਾਲੀ ਕਤੇਬ, ਬਿਨ ਅਲਿਫ਼ ਯੇ ਰਹੀ ਸਮਝਾਈਆ । ਕਲਮਾ ਕਲਮੇ ਉਤੋਂ ਦੇਣਾ ਵੇਚ, ਕੀਮਤ ਸਕੇ ਨਾ ਕੋਇ ਚੁਕਾਈਆ । ਹੱਕ ਖ਼ੁਦਾ ਨੇ ਮਾਰਨਾ ਪੇਚ, ਪੇਸ਼ੀਨਗੋਈ ਵਿਚ ਦੁਹਾਈਆ । ਉਥੇ ਨਬੀ ਰਸੂਲਾਂ ਪੈਗ਼ੰਬਰਾਂ ਮੁੱਲਾਂ ਸ਼ੇਖ਼ਾਂ ਚਲਣੀ ਨਹੀਂ ਕੋਈ ਪੇਸ਼, ਪੇਸ਼ਵਾ ਹੋਏ ਨਾ ਕੋਇ ਸਹਾਈਆ । ਇਹ ਖੇਲ ਵਰਤਣਾ ਦੇਸ਼ ਬਦੇਸ਼, ਬਦੇਸ਼ਾਂ ਦਏ ਜਣਾਈਆ । ਸ਼ੰਕਰ ਗਲ ਵਿਚ ਹਲਾਏ ਨਾਗ ਸ਼ੇਸ਼, ਬਾਸ਼ਕ ਰਿਹਾ ਉਠਾਈਆ । ਰੂਪ ਬਦਲਿਆ ਜਿਸ ਗਣੇਸ਼, ਸੋ ਪਰਦਾ ਰਿਹਾ ਚੁਕਾਈਆ । ਜਿਸ ਰਾਮ ਕ੍ਰਿਸ਼ਨ ਬਣਾਏ ਦਰ ਦਰਵੇਸ਼, ਪੈਗ਼ੰਬਰ ਸੱਯਦਿਆਂ ਵਿਚ ਸੀਸ ਝੁਕਾਈਆ । ਗੁਰੂ ਗੁਰਦੇਵ ਕਰਨ ਆਦੇਸ, ਨਮੋਂ ਨਮੋਂ ਵਿਚ ਵਡਿਆਈਆ । ਸੋ ਧਾਰ ਕੇ ਆਵੇ ਭੇਖ, ਜੋਤੀ ਜਾਤਾ ਫੇਰਾ ਪਾਈਆ । ਜਿਸ ਦਾ ਮੁੱਛ ਦਾੜ੍ਹੀ ਨਾ ਕੋਇ ਕੇਸ, ਨਾ ਕੋਇ ਮੂੰਡੇ ਮੂੰਡ ਮੁੰਡਾਈਆ । ਆਦਿ ਜੁਗਾਦਿ ਸਦਾ ਰਹੇ ਹਮੇਸ਼, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਸੰਮਤ ਛੇ ਕਹੇ ਮੇਰਾ ਸਾਹਿਬ ਸਵਾਮੀ, ਮਿੱਤਰ ਪਿਆਰਾ ਨਜ਼ਰੀ ਆਈਆ । ਆਦਿ ਅੰਤ ਦਾ ਅੰਤਰਜਾਮੀ, ਅੰਤਸ਼ਕਰਨ ਵੇਖੇ ਥਾਉਂ ਥਾਈਂਆ । ਜਿਸ ਦੀ ਸਿਫ਼ਤਾਂ ਵਾਲੀ ਸਰਗੁਣ ਧਾਰ ਅੱਖਰਾਂ ਵਿਚ ਬਾਣੀ, ਸਤਰਾਂ ਵਿਚ ਲਿਖਾਈਆ । ਉਹ ਮਾਲਕ ਖ਼ਾਲਕ ਪ੍ਰਿਤਪਾਲਕ ਜੀਵ ਪ੍ਰਾਣੀ, ਪੁਰਾਨ ਅਠਾਰਾਂ ਤੋਂ ਬਾਹਰ ਕਰੇ ਪੜ੍ਹਾਈਆ । ਜਿਸ ਦੀ ਅੰਜੀਲ ਕੁਰਾਨ ਨਿਸ਼ਾਨੀ, ਪੈਗ਼ੰਬਰ ਗਏ ਦਿਖਾਈਆ । ਜਿਸ ਦਾ ਨਾਨਕ ਬਣਿਆ ਬਾਨੀ, ਗੋਬਿੰਦ ਕਰੀ ਅਗਵਾਈਆ । ਉਹ ਅੰਤ ਸਭ ਦੀ ਲਏ ਕੁਰਬਾਨੀ, ਕਰਬਲਾ ਲੇਖ ਚੁਕਾਈਆ । ਮਿਹਰਵਾਨ ਹੋ ਕੇ ਕਰੇ ਆਪਣੀ ਮਿਹਰਵਾਨੀ, ਮਹਿਬੂਬ ਹੋ ਕੇ ਖੋਜ ਖੁਜਾਈਆ । ਸਭ ਦਾ ਮਸਤਕ ਵੇਖੇ ਪੇਸ਼ਾਨੀ, ਪਰਦਾ ਪਰਦੇ ਵਿਚੋਂ ਚੁਕਾਈਆ । ਮੰਜ਼ਲ ਤਕੇ ਰੂਹਾਨੀ, ਰੂਹ ਬੁਤ ਦਾ ਪੜਦਾ ਲਾਹੀਆ । ਸ਼ਬਦੀ ਧਾਰ ਦਏ ਜਵਾਨੀ, ਜੋਬਨਵੰਤ ਅਖਵਾਈਆ । ਪਰਗਟ ਧਾਰ ਨੂਰ ਅਸਮਾਨੀ, ਜਿਸਮਾਨੀ ਨੂਰ ਦਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸੰਮਤ ਛੇ ਕਹੇ ਮੇਰਾ ਸ਼ਬਦ ਧਾਰ ਮੁਜ਼ਾਹਰਾ, ਮੁਸ਼ਕਲ ਹੱਲ ਕਰਾਈਆ । ਵੇਖੇ ਚਾਰ ਕੁੰਟ ਦਾ ਲਹਿਰਾ, ਲਹਿਰ ਲਹਿਰ ਨਾਲ ਟਕਰਾਈਆ । ਸ੍ਰਿਸ਼ਟੀ ਵਿਚੋਂ ਨੌਂ ਉਜੜਨੇ ਵਡੇ ਸ਼ਹਿਰਾ, ਉੱਤਰ ਪੂਰਬ ਪੱਛਮ ਦੱਖਣ ਖੋਜ ਖੁਜਾਈਆ । ਕਲਜੁਗ ਵਿਦਵਾਨ ਹੋਣਾ ਬਹਿਰਾ, ਧੁਰ ਦਾ ਨਾਮ ਸੁਣਨ ਕੋਇ ਨਾ ਪਾਈਆ । ਜੋ ਮਜ਼੍ਹਬਾਂ ਵਾਲਾ ਦੀਨਾਂ ਵਾਲਾ ਇਸਲਾਮਾਂ ਵਾਲਾ ਨਿੱਕਾ ਨਿੱਕਾ ਦਾਇਰਾ, ਹਿੱਸਿਆਂ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮਾ ਹਰਿ, ਹਰਿ ਹਿਰਦਾ ਵੇਖ ਵਖਾਈਆ । ਸੰਮਤ ਛੇ ਕਹੇ ਮੈਂ ਵੇਖਣਾ ਚੜ੍ਹਦਾ ਲਹਿੰਦਾ, ਉੱਤਰ ਪੂਰਬ ਪੱਛਮ ਦੱਖਣ ਫੋਲ ਫੁਲਾਈਆ । ਕਿਸ ਕੂਟੇ ਕਲਜੁਗ ਵਹਿੰਦਾ, ਕੀ ਆਪਣੀ ਕਾਰ ਕਮਾਈਆ । ਕਲਜੁਗ ਕਹੇ ਮੈਂ ਈਸਾ ਮੂਸਾ ਮੁਹੰਮਦ ਵੇਖਣਾ ਖਹਿੰਦਾ, ਖਾਰ ਖਾਰ ਵਿਚ ਦੁਹਾਈਆ । ਜਗਤ ਮੁਨਾਰਾ ਵੇਖਣਾ ਢਹਿੰਦਾ, ਸਿਰ ਸਕੇ ਨਾ ਕੋਇ ਉਠਾਈਆ । ਸਭ ਨੂੰ ਇਹ ਸੰਮਤ ਪੈਣਾ ਮਹਿੰਗਾ, ਕੌਡੀ ਕੀਮਤ ਨਾ ਕੋਇ ਚੁਕਾਈਆ । ਅੱਗੇ ਮੁਕੇ ਕਿਸੇ ਨਾ ਪੈਂਡਾ, ਪਾਂਧੀ ਪੰਧ ਵਿਚ ਕੁਰਲਾਈਆ । ਜਿਸ ਕਾਰਨ ਭੇਟਾ ਚੜ੍ਹਾਉਂਦੇ ਰਹੇ ਗੈਂਡਾ, ਬੁੱਧੀ ਤੋਂ ਪਰੇ ਸਮਝਾਈਆ । ਖੇਲ ਵੇਖਦੇ ਰਹੇ ਜਲ ਧਾਰ ਵਾਲੀ ਨੈਂ ਦਾ, ਵਹਿਣਾਂ ਵਿਚ ਵਹਾਈਆ । ਮਾਣ ਵਧਿਆ ਮੈਂ ਦਾ,

ਹਉਮੇ ਵਿਚ ਲੜਾਈਆ । ਡਰ ਰਿਹਾ ਨਾ ਸਤਿਗੁਰ ਭੈ ਦਾ, ਸੀਸ ਸਕੇ ਨਾ ਕੋਇ ਝੁਕਾਈਆ । ਹੁਣ ਵਕਤ ਆ ਗਿਆ ਲੈ ਦਾ, ਲਹਿਣਾ ਮੁਕਣਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹੁਕਮ ਸੰਦੇਸ਼ਾ ਇਕ ਸੁਣਾਈਆ । ਹੁਕਮ ਸੰਦੇਸ਼ਾ ਅਗੰਮ ਅਪਾਰ, ਅਪਰੰਪਰ ਰਿਹਾ ਜਣਾਈਆ । ਕੀ ਜਗਤ ਖੇਲ ਹੋਣਾ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵੇਖੇ ਥਾਉਂ ਥਾਈਂਆ । ਜਗਤ ਜੁਗਤ ਵਿਚ ਹਾਹਾਕਾਰ, ਭਗਤੀ ਭੁਗਤ ਨਾ ਕੋਇ ਚਤੁਰਾਈਆ । ਮੀਤ ਰਹੇ ਨਾ ਕੋਇ ਗ਼ਮਖ਼ਾਰ, ਸੱਜਣ ਸੰਗ ਨਾ ਕੋਇ ਨਿਭਾਈਆ । ਪਿਤਾ ਪੂਤ ਕਰੇ ਖਵਾਰ, ਭੈਣ ਭਾਈ ਭਾਈ ਲੜਾਈਆ । ਚਾਰੋਂ ਕੁੰਟ ਹਾਹਾਕਾਰ, ਧੀਰਜ ਧੀਰ ਨਾ ਕੋਇ ਰਖਾਈਆ । ਇਹ ਖੇਲ ਸੱਚੀ ਸਰਕਾਰ, ਹਰਿ ਕਰਤਾ ਰਿਹਾ ਸਮਝਾਈਆ । ਮੁਹੰਮਦ ਨੂੰ ਛਡਨੇ ਪੈਣੇ ਚਾਰ ਯਾਰ, ਮੀਤ ਇਕੋ ਇਕ ਮਨਾਈਆ । ਜਿਸ ਦਾ ਸਚਖੰਡ ਦਵਾਰ, ਧਰਨੀ ਧਰਤ ਧਵਲ ਧੌਲ ਅਰਸ਼ ਫ਼ਰਸ਼ ਇਕੋ ਰੰਗ ਰੰਗਾਈਆ । ਸੋ ਪਰਗਟ ਹੋ ਕੇ ਬੋਲੇ ਇਕ ਜੈਕਾਰ, ਧੁਰ ਦਾ ਨਾਮ ਅਲਾਈਆ । ਜਿਸ ਨੂੰ ਸਕੇ ਕੋਈ ਨਾ ਮਾਰ, ਮਰ ਜੀਵਤ ਨਾ ਰੂਪ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਿਰ ਆਪਣਾ ਹੱਥ ਰਖਾਈਆ । ਸੰਮਤ ਛੇ ਕਹੇ ਗੁਰ ਅਵਤਾਰ ਪੈਗ਼ੰਬਰ ਕਰੋ ਅਦਲਾ, ਅਦਲ ਇਨਸਾਫ਼ ਜਣਾਈਆ । ਕਲਜੁਗ ਕੂੜੀ ਕਿਰਿਆ ਚੁਕਾ ਦੇ ਬਦਲਾ, ਬਦੀ ਦੂਰ ਕਰਾਈਆ । ਸਭ ਦੀ ਸਾਂਝੀ ਇਕੋ ਹੋਵੇ ਮੰਜ਼ਲਾ, ਮੰਜ਼ਲ ਇਕ ਦਰਸਾਈਆ । ਇਕੋ ਢੋਲਾ ਗੀਤ ਨਾਮ ਹੋਵੇ ਗ਼ਜ਼ਲਾ, ਇਕੋ ਰਾਗ ਅਲਾਈਆ । ਇਕੋ ਮਹੱਲ ਅਟੱਲ ਸਾਢੇ ਤਿੰਨ ਹੱਥ ਦਾ ਬੰਗਲਾ, ਬਾਗ਼ੀ ਮਨ ਰਹੇ ਨਾ ਰਾਈਆ । ਪ੍ਰਭੂ ਮਿੱਤਰ ਬਣ ਜਾਏ ਰੰਗਲਾ, ਰੰਗ ਰਤੜਾ ਧੁਰ ਦਾ ਮਾਹੀਆ । ਸ਼ਰਅ ਜ਼ੰਜੀਰ ਮਿਟਾ ਦਏ ਸੰਗਲਾ, ਛੁਰੀ ਕਰਦ ਨਾ ਕੋਇ ਉਠਾਈਆ । ਭੇਵ ਖੋਲ੍ਹ ਦੇਵੇ ਅਗਲਾ, ਕੀ ਸਤਿਜੁਗ ਧਾਰ ਸਮਝਾਈਆ । ਪਵਿੱਤਰ ਕਰਕੇ ਕੂੜਾ ਕਾਗ ਬਗਲਾ, ਹੰਸ ਰੂਪ ਜਣਾਈਆ । ਫਿਰ ਫਿਰਨਾ ਪਏ ਨਾ ਜੰਗਲਾ, ਟਿੱਲੇ ਪਰਬਤ ਨਾ ਵੇਖ ਵਖਾਈਆ । ਕਾਇਆ ਮੰਦਰ ਅੰਦਰ ਕਰੇ ਚਾਰ ਮੰਗਲਾ, ਅਨਾਦੀ ਧੁਨ ਉਪਜਾਈਆ । ਸਾਚੀ ਉਸ ਨੂੰ ਕਰੇ ਬੰਦਨਾ, ਡੰਡਾਵਤ ਸੱਯਦਾ ਸੀਸ ਨਿਵਾਈਆ । ਜਿਸ ਛੱਡਿਆ ਪੁਰੀ ਅਨੰਦਨਾ, ਅਨੰਦ ਅਨੰਦ ਵਿਚ ਸਮਾਈਆ । ਉਸ ਸੰਬਲ ਦਵਾਰੇ ਲੰਘਣਾ, ਜਿਥੇ ਸਕੇ ਨਾ ਕੋਇ ਅਟਕਾਈਆ । ਜਿਸ ਦਾ ਸਤਿ ਧਰਮ ਦਾ ਕੰਗਣਾ, ਕੰਧੀ ਵੇਖ ਵਖਾਈਆ । ਕਲਜੁਗ ਮੇਟ ਕੇ ਪੰਧਨਾ, ਪਾਂਧੀ ਸਤਿਜੁਗ ਲਏ ਜਗਾਈਆ । ਸੰਦੇਸ਼ਾ ਦੇਂਦਿਆ ਮੂਲ ਨਾ ਸੰਗਣਾ, ਹੁਕਮ ਇਕ ਦ੍ਰਿੜਾਈਆ । ਸਭ ਨੇ ਇਕੋ ਦਵਾਰਾ ਮੰਗਣਾ, ਜਿਥੇ ਵਸੇ ਬੇਪਰਵਾਹੀਆ । ਲੇਖੇ ਲਾਉਣਾ ਤਤ ਪੰਜਨਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਸੰਮਤ ਛੇ ਕਹੇ ਵੇਖੋ ਹਜ਼ਰਤ ਈਸਾ ਦਾ ਕਲਾਕ, ਟਕ ਟਕ ਆਵਾਜ਼ ਲਗਾਈਆ । ਜਿਸ ਨੇ ਹੁਕਮ ਵਿਚ ਹੁਕਮ ਕੀਤਾ ਲਾਕ, ਤਾਲਾ ਦਿਤਾ ਲਗਾਈਆ । ਫੇਰ ਫੜ ਕੇ ਮਿੱਟੀ ਖ਼ਾਕ, ਹੱਥਾਂ ਵਿਚ ਉਡਾਈਆ । ਉਹ ਮਹੀਨਾ ਸੀ ਵਿਸਾਖ, ਨੌ ਦਿਨ ਦੇਣ ਗਵਾਹੀਆ । ਫੇਰ ਤਕ ਕੇ ਉਪਰ ਰਾਤ, ਚੰਦ ਤਾਰੇ ਰਿਹਾ ਸਮਝਾਈਆ । ਸੁਣੋ ਮੇਰੀ ਇਕ ਬਾਤ, ਤੁਹਾਨੂੰ ਦਿਆਂ ਦ੍ਰਿੜਾਈਆ । ਬਿਨਾ ਬੁੱਧੀ ਤੋਂ ਲੈਣਾ ਵਾਚ, ਵਾਚ ਕਲਾਕ ਦਏ ਦਰਸਾਈਆ । ਜਿਸ ਵੇਲੇ ਪਰਵਰਦਿਗਾਰ ਜ਼ਾਹਰ ਜ਼ਹੂਰ ਆਵੇ ਆਪ, ਆਪ ਆਪਣਾ ਫੇਰਾ ਪਾਈਆ ।

ਮੈਂ ਉਸ ਨੂੰ ਕਹਾਂ ਬਾਪ, ਓਸੇ ਨੂੰ ਸੀਸ ਝੁਕਾਈਆ । ਤੁਸੀਂ ਨਿੱਕੀ ਨਿੱਕੀ ਸ਼ਾਖ਼, ਟਹਿਣੀ ਟਹਿਣੀ ਨਾਲ ਦਰਸਾਈਆ । ਓਹ ਦਾਤਾ ਅਲਖਣਾ ਅਲਾਖ, ਅਗੋਚਰ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਸਰਨਾਈਆ । ਹਜ਼ਰਤ ਈਸਾ ਕਿਹਾ ਮੇਰਾ ਹੱਕ ਹਕੂਕ, ਮੁਹੰਮਦ ਕਿਹਾ ਯਕ ਯਕ ਯਕ ਅਖਵਾਈਆ । ਮੂਸਾ ਕਿਹਾ ਤਲਜ਼ਨੇ ਜ਼ੇ ਜ਼ਬਾ ਜ਼ੇ ਜ਼ਮਾ ਜ਼ਮ ਤਰਾਈਆ । ਖ਼ੁਦਾ ਕਿਹਾ ਮੇਰਾ ਨੂਰ ਹੂਬਹੂ, ਰੂਬਰੂ ਸਭ ਦੇ ਕਰੇ ਰੁਸ਼ਨਾਈਆ । ਮੇਰਾ ਕਲਮਾ ਧਾਰ ਗੁਰੂ, ਸ਼ਬਦ ਸ਼ਬਦ ਦ੍ਰਿੜਾਈਆ । ਜਿਸ ਵੇਲੇ ਸ਼ਹਿਨਸ਼ਾਹੀ ਸੰਮਤ ਛੇ ਹੋਣਾ ਸ਼ੁਰੂ, ਸ਼ਰਅ ਦੀ ਸ਼ਰੀਅਤ ਦਿਆਂ ਬਦਲਾਈਆ । ਇਕ ਨਵਾਂ ਮਾਰਗ ਤੁਰੂ, ਤੁਰਤ ਦਿਆਂ ਦ੍ਰਿੜਾਈਆ । ਦੂਰ ਦੁਰਾਡਿਆਂ ਪੁਰਾਣਿਆਂ ਸਾਥੀਆਂ ਫਿਰਨ ਵਾਲਿਆਂ ਦੇ ਅੰਦਰ ਫੁਰਨਾ ਫੁਰੂ, ਫੁਰਨੇ ਵਿਚ ਵਡਿਆਈਆ । ਧੁਰ ਦਾ ਹੁਕਮ ਕਦੇ ਨਾ ਮੁੜੂ, ਨਾ ਕੋਇ ਮੇਟੇ ਮੇਟ ਮਿਟਾਈਆ । ਕੂੜੀ ਕਿਰਿਆ ਬੇੜਾ ਰੁੜੂ, ਕਲਜੁਗ ਸ਼ੌਹ ਦਰਿਆ ਰੁੜ੍ਹਾਈਆ । ਜਿਸ ਉਤੇ ਕਿਰਪਾ ਕੀਤੀ ਉਹ ਦੂਰ ਨੇੜੇ ਵਸਣ ਵਾਲਾ ਆਪੇ ਜੁੜੂ, ਕਿਸੇ ਨੂੰ ਜੋੜਨ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਦੇਵੇ ਮਾਣ ਵਡਿਆਈਆ । ਸੰਮਤ ਛੇ ਕਹੇ ਮੈਂ ਦੇਵਾਂ ਸਚ ਸੰਦੇਸ਼ਾ, ਸਦ ਵਾਰੀ ਜਣਾਈਆ । ਜਿਸ ਦਾ ਕਿਸੇ ਨਹੀਂ ਲਿਖਿਆ ਲੇਖਾ, ਕਲਮ ਸ਼ਾਹੀ ਨਾ ਕੋਇ ਚਤੁਰਾਈਆ । ਉਹ ਸਭ ਦਾ ਕਢੇ ਭਰਮ ਭੁਲੇਖਾ, ਭਾਂਡਾ ਭਰਮ ਭੌ ਭੰਨਾਈਆ । ਪੜਦਾ ਰਹਿਣਾ ਨਹੀਂ ਵਿਚ ਬਦੇਸ਼ਾ, ਯੂਰਪ ਏਸ਼ੀਆ ਇਕੋ ਰੰਗ ਵਖਾਈਆ । ਭਗਤ ਤਾਰਨਾ ਜਿਸ ਦਾ ਪੇਸ਼ਾ, ਪੇਸ਼ਤਰ ਸਭ ਨੂੰ ਗਿਆ ਸਮਝਾਈਆ । ਓਸ ਦੀ ਸਾਰੇ ਕਰਦੇ ਵੇਟਾ, ਇੰਤਜ਼ਾਰੀ ਵਿਚ ਰਾਹ ਤਕਾਈਆ । ਜਿਸ ਦੀ ਸੇਵਾ ਵਿਚ ਗੋਬਿੰਦ ਬੱਚੇ ਚਾੜ੍ਹ ਕੇ ਗਿਆ ਭੇਟਾ, ਖੇਵਟ ਖੇਟਾ ਆਪਣਾ ਰੰਗ ਰੰਗਾਈਆ । ਓਸ ਕੋਲ ਕਲਜੁਗ ਅੰਤ ਦਾ ਗੁਰ ਅਵਤਾਰ ਪੈਗ਼ੰਬਰ ਦਿਤਾ ਠੇਕਾ, ਬੋਲੀ ਸਕੇ ਨਾ ਕੋਇ ਵਧਾਈਆ । ਜਿਸ ਨੇ ਸਭ ਦਾ ਕਰਨਾ ਏਕਾ, ਇਕੋ ਰੰਗ ਦੇਣਾ ਵਖਾਈਆ । ਦੋ ਜਹਾਨਾਂ ਬਣ ਕੇ ਨੇਤਾ, ਨਿਜ ਨੇਤਰ ਫੋਲ ਫੁਲਾਈਆ । ਸਤਿਜੁਗ ਸਾਚੀ ਵਸਤ ਦੇ ਕੇ ਵੇਤਾ, ਵਿਤਕਰਾ ਕੂੜਾ ਦੇਣਾ ਗਵਾਈਆ । ਦੀਨਾਂ ਮਜ਼੍ਹਬਾਂ ਮੇਟ ਕੇ ਭੇਦਾ, ਭਾਂਡਾ ਭਰਮ ਦੇਣਾ ਭੰਨਾਈਆ । ਭਾਵੇਂ ਜੱਟ ਹੋਵੇ ਹੱਲ ਵਾਹੇ ਵਿਚ ਖੇਤਾਂ, ਮੂਸਾ ਦੇ ਕੇ ਗਿਆ ਈਸਾ ਨਾਲ ਦੁਹਾਈਆ । ਓਸ ਨੇ ਮਾਰਨਾ ਆਪਣੇ ਨਾਮ ਦਾ ਪੇਚਾ, ਕਲਮਾ ਕਾਇਨਾਤ ਬੰਧਾਈਆ । ਦੀਨ ਦੁਨੀ ਵਿਚ ਖੇਡੇ ਖੇਡਾਂ, ਖਿਲਾੜੀ ਹੋ ਕੇ ਫੇਰਾ ਪਾਈਆ । ਉਹ ਕੋਈ ਯਾਲੀ ਨਹੀਂ ਕੋਈ ਪਾਲੀ ਨਹੀਂ ਚਾਰੇ ਗਊਆਂ ਅਤੇ ਭੇਡਾਂ, ਕਿ ਹਾਕਾਂ ਸੂਰੀਆਂ ਤਾਈਂ ਲਗਾਈਆ । ਉਸ ਨੇ ਸਭ ਨੂੰ ਮਾਰਨਾ ਠੇਡਾ, ਧੱਕੇ ਨਾਲ ਦੇਣਾ ਹਟਾਈਆ । ਭਗਤ ਕਰ ਕੇ ਆਪਣੇ ਜੇਡਾ, ਦਰਗਾਹ ਦੇਣੀ ਵਡਿਆਈਆ । ਕਿਸੇ ਦੀ ਚਾੜ੍ਹਨੀ ਪਏ ਨਾ ਦੇਗਾ, ਭੇਟਾ ਵਿਚ ਨਾ ਸੀਸ ਨਿਵਾਈਆ । ਸਭ ਦਾ ਸਾਂਝਾ ਕਰ ਕੇ ਲੇਖਾ, ਅਗਲੀ ਲਿਖਤ ਦੇਣੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਕਲਜੁਗ ਕਹੇ ਮੇਰੇ ਰਹਿੰਦੇ ਦਿਨ ਬਾਕੀ, ਸੰਮਤਾ ਤੈਨੂੰ ਦਿਆਂ ਸੁਣਾਈਆ । ਮੈਂ ਲੜਾਉਣੇ ਬੰਦੇ ਖ਼ਾਕੀ, ਖ਼ਾਲਸਾ ਖ਼ਾਲਸ ਰਹਿਣ ਕੋਇ ਨਾ ਪਾਈਆ । ਮੈਂ ਅੰਤ ਤੇ ਅਖ਼ੀਰੀ ਔਖੀ ਘਾਟੀ, ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਮੇਰੀ ਧਾਰ ਬੜੀ ਡਾਹਢੀ, ਪ੍ਰਭ ਡਾਹਢੇ ਦਿਤੀ ਸਮਝਾਈਆ । ਜਿਸ ਵੇਲੇ ਅਮਰਦਾਸ ਡਿੱਗਾ ਸੀ ਵਿਚ ਖਾਡੀ,

ਹੱਥ ਖੁੱਡਿਆਂ ਵਿਚ ਟਿਕਾਈਆ । ਗੋਡਿਆਂ ਭਾਰ ਹੋ ਕੇ ਕੀਤਾ ਯਾਦੀ, ਅੱਖਾਂ ਮੀਟ ਵਾਸਤਾ ਪਾਈਆ । ਮੈਂ ਸਤਿਗੁਰੂ ਦਾ ਪਾਂਧੀ, ਆਪਣਾ ਪੰਧ ਮੁਕਾਈਆ । ਨਾ ਕੋਈ ਕ੍ਰਿਸ਼ਨ ਤੇ ਨਾ ਕੋਈ ਰਾਧੀ, ਸੀਤਾ ਰਾਮ ਨਾ ਕੋਇ ਚਤੁਰਾਈਆ । ਮੇਰੀ ਧਾਰ ਸਿੱਧੀ ਸਾਧੀ, ਸਾਧਨਾ ਤੇਰੇ ਉਤੇ ਟਿਕਾਈਆ । ਇਕ ਆਈ ਅਗੰਮੀ ਆਵਾਜ਼ੀ, ਸ਼ਬਦ ਦਿਤਾ ਸੁਣਾਈਆ । ਤੂੰ ਸਦਾ ਰਹਿ ਰਾਜ਼ੀ, ਰਾਜ਼ਕ ਰਿਜ਼ਕ ਰਹੀਮ ਤੇਰੀ ਝੋਲੀ ਦਏ ਭਰਾਈਆ । ਪਰ ਫੇਰ ਵੇਖੀਂ ਮੁੱਲਾ ਕਾਜ਼ੀ, ਤੇਰੀ ਧਾਰ ਨੂੰ ਦੇਣ ਸਜ਼ਾਈਆ । ਫੇਰ ਅਮਰਦਾਸ ਦੀ ਸੁਰਤੀ ਜਾਗੀ, ਅੰਤਰ ਲਈ ਅੰਗੜਾਈਆ । ਚਾਰੋਂ ਕੁੰਠ ਉਠ ਕੇ ਭਾਗੀ, ਵੇਖਿਆ ਥਾਉਂ ਥਾਈਂਆ । ਜਾਂ ਨਿਗਾਹ ਮਾਰੀ ਪ੍ਰਭ ਦੇ ਨਾਲੋਂ ਸਭ ਦੀ ਆਤਮਾ ਬਾਗ਼ੀ, ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਜਿਧਰ ਵੇਖੇ ਉਧਰ ਨਾਰਾਜ਼ੀ, ਮੁਹੱਬਤ ਵਿਚ ਨਾ ਕੋਇ ਸਮਾਈਆ । ਫੇਰ ਤੱਕਿਆ ਕਾਅਬੇ ਦਾ ਬਣਿਆ ਕੋਇ ਨਾ ਹਾਜੀ, ਹੁਜਰਾ ਹੱਕ ਨਾ ਕੋਇ ਵਖਾਈਆ । ਕਲਜੁਗ ਦੀ ਵੇਖੀ ਆਬਾਦੀ, ਪ੍ਰਿਥਮੀ ਉਤੇ ਦੀਨ ਦੁਨੀ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪੜਦਾ ਲਾਹੀਆ । ਸੰਮਤ ਛੇ ਕਹੇ ਪ੍ਰਭੂ ਕਿਸ ਬਿਧ ਹੋਵੇ ਅਮਨ, ਮੈਨੂੰ ਦੇ ਜਣਾਈਆ । ਕਲਜੁਗ ਕਹੇ ਮੇਰਾ ਕੂੜ ਕੁੜਿਆਰ ਦਾ ਸੋਹਣਾ ਮਜਨ, ਚਾਰੋਂ ਕੁੰਟ ਨਜ਼ਰੀ ਆਈਆ । ਜਿੰਨਾਂ ਚਿਰ ਪ੍ਰਭੂ ਗੁਰ ਅਵਤਾਰ ਪੈਗ਼ੰਬਰਾਂ ਸ਼ਬਦ ਗੁਰੂ ਨਾ ਕਢੇ ਸੰਮਣ, ਫੇਰ ਪਰਗਟ ਹੋਏ ਗੋਬਿੰਦ ਧਾਰ ਆਵੇ ਨਾ ਦੁਸ਼ਟ ਦਮਨ, ਦਮਾਂ ਤੋਂ ਬਾਹਰ ਕਰੇ ਪੜ੍ਹਾਈਆ । ਕਲਜੁਗ ਨੂੰ ਮੇਟੇ ਕਵਣ, ਕਿਸ ਵਿਚ ਚਤੁਰਾਈਆ । ਰੋਂਦੀ ਫਿਰਦੀ ਹਵਾ ਪਵਣ, ਅੱਠ ਸੱਠ ਪਾਣੀ ਦਏ ਦੁਹਾਈਆ । ਕੀ ਲੇਖਾ ਲਿਖ ਕੇ ਗਿਆ ਬਲ ਦਵਾਰੇ ਬਾਵਨ, ਸ਼ਹਾਦਤ ਇਕ ਭੁਗਤਾਈਆ । ਭਗਤ ਬਣਾ ਕੇ ਜਾਮਨ, ਸਮਝ ਗਿਆ ਸਮਝਾਈਆ । ਪ੍ਰਭ ਦਾ ਖੇਲ ਵੇਖਣਾ ਆਮ੍ਹਨੋਂ ਸਾਹਮਣੇ, ਸੋਹਣਾ ਰੰਗ ਰੰਗਾਈਆ । ਓਸ ਵੇਲੇ ਪੱਤਰੀ ਵਾਚ ਸਕੇ ਕੋਈ ਨਾ ਬਾਹਮਣ, ਬ੍ਰਹਮ ਵਿਦਿਆ ਨਾ ਕੋਇ ਚਤੁਰਾਈਆ । ਸ੍ਰਿਸ਼ਟੀ ਤੇ ਹੋਏ ਤਮਾਂ ਤਾਮਨ, ਤਮਾਂ ਨਾ ਕੋਇ ਗਵਾਈਆ । ਕੂੜੀ ਕਿਰਿਆ ਹੋਵੇ ਕਾਮਨ, ਕਾਮ ਵਾਸਨਾ ਕੂੜ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਧੁਰ ਦਾ ਮਾਲਕ ਦਇਆ ਕਮਾਈਆ । ਕਲਜੁਗ ਕਹੇ ਮੈਂ ਬੜਾ ਲੰਬਾ ਚੌੜਾ, ਸੂਰਬੀਰ ਅਖਵਾਈਆ । ਮੇਰੇ ਵਾਸਤੇ ਮੰਗਾਂ ਮੰਗਦੇ ਗਏ ਆਉਣਾ ਬ੍ਰਾਹਮਣ ਗੌੜਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਪੈਗ਼ੰਬਰ ਲਾਉਂਦੇ ਗਏ ਪੌੜਾ, ਚੌਦਾਂ ਤਬਕਾਂ ਵੰਡ ਵੰਡਾਈਆ । ਗੁਰੂ ਗੁਰਦੇਵ ਵੇਖਦੇ ਗਏ ਨਾਲ ਗੌਰਾ, ਨਿਗਾਹ ਨਿਗਾਹ ਵਿਚੋਂ ਉਠਾਈਆ । ਪਰ ਕੰਮ ਕਿਸੇ ਦਾ ਮੂਲ ਨਾ ਸੌਰਾ, ਸੌਹਰੇ ਪਈਏ ਰਹੇ ਕੁਰਲਾਈਆ । ਜਾਂ ਖੇਲ ਤੱਕਿਆ ਅਵਰ ਕਾ ਔਰਾ, ਔਰਤ ਮਰਦ ਰੰਗ ਨਾ ਕੋਇ ਰੰਗਾਈਆ । ਜੋ ਆਇਆ ਸੋ ਨਾਮ ਦਾ ਬਣਿਆ ਬੌਰਾ, ਕਲਮੇ ਵਿਚ ਕੁਰਲਾਈਆ । ਸਤਿ ਦਵਾਰੇ ਬਣ ਕੇ ਭੌਰਾ, ਗੂੰਜ ਆਪਣੀ ਗਿਆ ਸੁਣਾਈਆ । ਕਲਜੁਗ ਅੰਤ ਸੁਣੇ ਕੋਇ ਨਾ ਸ਼ੋਰਾ, ਸ਼ੌਹਰ ਬਾਂਕਾ ਨਜ਼ਰ ਕੋਇ ਨਾ ਆਈਆ । ਸਾਰੇ ਕਹਿਣ ਪੁਰਖ ਅਕਾਲ ਦੀਨ ਦਿਆਲ ਨਿਰਗੁਣ ਧਾਰ ਚੜ੍ਹ ਕੇ ਆਉਣਾ ਉਪਰ ਘੋੜਾ, ਰਾਸਾਂ ਆਪਣੇ ਹੱਥ ਉਠਾਈਆ । ਸਚ ਪੁਛੋ ਕਿਸੇ ਨੂੰ ਖ਼ਬਰ ਨਹੀਂ ਜੇ ਭੋਰਾ, ਭੋਰੀ ਭੋਰੀ ਵੰਡ ਕੇ ਸਾਰੇ ਹਿੱਸੇ ਗਏ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਉਪਜਾਈਆ । ਸੰਮਤ ਛੇ ਕਹੇ ਮੇਰਾ ਦਾਤਾ, ਗਹਿਰ ਗੰਭੀਰ ਅਖਵਾਈਆ । ਜੋ ਸਰਬ ਕਲਾ ਕਲ ਗਿਆਤਾ, ਗੁਣਵੰਤ ਵਡਿਆਈਆ ।

ਸਭ ਦਾ ਪਿਤਾ ਮਾਤਾ, ਸਭ ਦਾ ਭੈਣ ਭਾਈਆ । ਸਭ ਦਾ ਬਣੇ ਰਾਖਾ, ਨਿਤ ਨਵਿਤ ਸਹਾਈਆ । ਗੁਰ ਅਵਤਾਰ ਪੈਗ਼ੰਬਰਾਂ ਦੱਸ ਕੇ ਜਾਚਾਂ, ਨਿੱਕੇ ਨਿੱਕੇ ਹਿੱਸੇ ਵੰਡ ਵੰਡਾਈਆ । ਝਗੜਾ ਪਾ ਕੇ ਕਾਇਆ ਮਾਟੀ ਕਾਚਾ, ਤਤ ਤਤ ਨਾਲ ਠੁਕਰਾਈਆ । ਸਭ ਦਾ ਡੂੰਘਾ ਰੱਖ ਕੇ ਖਾਤਾ, ਆਪਣੇ ਵਿਚ ਛੁਪਾਈਆ । ਨਾਮ ਕਲਮੇ ਦੀਆਂ ਨਿੱਕੀਆਂ ਨਿੱਕੀਆਂ ਦੱਸ ਕੇ ਬਾਤਾਂ, ਬੇਵਤਨ ਕਰ ਕੇ ਦਿਤਾ ਸਮਝਾਈਆ । ਦੀਨ ਦੁਨੀ ਦਾ ਖੇਲ ਸਾਰ ਪਾਸ਼ਾ, ਨਰਦ ਪੁੱਠੀ ਸਿੱਧੀ ਵਖਾਈਆ । ਆਪ ਸਚਖੰਡ ਬੈਠ ਕੇ ਸਭ ਦਾ ਵੇਖਦਾ ਰਿਹਾ ਤਮਾਸ਼ਾ, ਨਿਗਾਹ ਨਿਗਾਹ ਵਿਚੋਂ ਬਦਲਾਈਆ । ਸੰਦੇਸ਼ਾ ਦੇਂਦਾ ਰਿਹਾ ਖ਼ਾਸਾ, ਹੁਕਮ ਹੁਕਮ ਪਰਗਟਾਈਆ । ਕਲਜੁਗ ਅੰਤਮ ਪਰਗਟ ਕਰੇ ਆਪਾ, ਆਪਣੇ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਪੁਰਖ ਅਕਾਲ ਕਹੇ ਕਢੋ ਆਪਣੇ ਪੋਥੇ, ਪੂਰਬ ਖੋਜ ਖੁਜਾਈਆ । ਤੇਈ ਅਵਤਾਰ ਦੱਸੋ ਪ੍ਰਭ ਦਾ ਭਾਣਾ ਕੌਣ ਰੋਕੇ, ਅੱਗੇ ਹੋ ਕਵਣ ਅਟਕਾਈਆ । ਪੈਗ਼ੰਬਰ ਬੋਲੋ ਕੀ ਤੁਹਾਡੇ ਅੰਤਰ ਆਈ ਸੋਚੇ, ਸਮਝ ਨਾਲ ਸਮਝਾਈਆ । ਗੁਰੂ ਗੁਰਦੇਵ ਦੱਸੋ ਕੀ ਆਸਾ ਮਨਸਾ ਲੋਚੇ, ਲੋਚਨ ਤੋਂ ਪਰੇ ਕੀ ਰੁਸ਼ਨਾਈਆ । ਸ਼ਬਦ ਗੁਰੂ ਦੱਸੋ ਕਿਸ ਬਿਧ ਸਭ ਦੇ ਹਿਰਦੇ ਸੋਧੇ, ਸੁਦੀ ਵਦੀ ਨਾ ਵੰਡ ਵੰਡਾਈਆ । ਸਾਰਿਆਂ ਹੱਸ ਕੇ ਕਿਹਾ ਪ੍ਰਭੂ ਅਸੀਂ ਤੇਰੇ ਸਰਗੁਣ ਰੂਪ ਜੋਧੇ, ਅਵਤਾਰ ਪੈਗ਼ੰਬਰ ਗੁਰੂ ਨਾਮ ਪਰਗਟਾਈਆ । ਤੇਰਾ ਨਾਮ ਅਗਾਧ ਬੋਧੇ, ਬੁੱਧੀ ਤੋਂ ਪਰੇ ਆਪ ਸਮਝਾਈਆ । ਅੰਤਮ ਹੋ ਗਏ ਤੇਰੇ ਜੋਗੇ, ਜੁਗਤੀ ਨਾਲ ਦ੍ਰਿੜਾਈਆ । ਪਿਛਲੇ ਚਾਰ ਜੁਗ ਭੋਗੇ, ਭੋਗੀ ਬਣ ਕੇ ਆਪਣਾ ਆਪ ਦਰਸਾਈਆ । ਹੁਣ ਸਭ ਦੇ ਖ਼ਾਲੀ ਵੇਖ ਲੈ ਬੋਝੇ, ਪਾਕਟ ਜੇਬ ਨਾਮ ਕਲਮਾ ਨਜ਼ਰ ਕੋਇ ਨਾ ਆਈਆ । ਭਾਵੇਂ ਮੂੰਡ ਮੁੰਡਾਏ ਸੀਸ ਰਖਾਏ ਕੇਸ ਬੋਦੇ, ਮੁੱਛ ਦਾੜ੍ਹੀ ਨਾਲ ਚਤੁਰਾਈਆ । ਹੁਣ ਤੇਰੀ ਕਿਰਪਾ ਸਾਰੇ ਹੋ ਗਏ ਗੋਝੇ, ਅਕਲ ਚਲੇ ਨਾ ਕੋਇ ਚਤੁਰਾਈਆ । ਅਵਤਾਰ ਪੈਗ਼ੰਬਰ ਗੁਰੂ ਸਭ ਭਾਰ ਡਿੱਗ ਪਏ ਗੋਡੇ, ਵਾਸਤਾ ਪ੍ਰਭ ਦੇ ਅੱਗੇ ਪਾਈਆ । ਉਂਗਲੀ ਰੱਖ ਕੇ ਉਤੇ ਠੋਡੇ, ਸੋਚਾਂ ਵਿਚ ਸੋਚ ਸਮਾਈਆ । ਕਾਇਆ ਭਾਂਡੇ ਕੋਈ ਨਾ ਪੋਚੇ, ਅੰਦਰੋਂ ਕਰੇ ਨਾ ਕੋਇ ਸਫ਼ਾਈਆ । ਬਿਨ ਤੇਰੇ ਪੂਰੀ ਕਰੇ ਕੋਈ ਨਾ ਲੋਚੇ, ਲੋਚਣ ਨੈਣ ਅੱਖ ਨਾ ਕੋਇ ਖੁਲ੍ਹਾਈਆ । ਭਾਗ ਲਗਾ ਦੇ ਕਾਇਆ ਕੋਠੇ, ਕੁਟੀਆ ਕਰ ਸਫ਼ਾਈਆ । ਤੇਰੇ ਪਿਛੇ ਗੋਬਿੰਦ ਨੇ ਭੇਟਾ ਚੜ੍ਹਾਏ ਜਿਗਰ ਦੇ ਟੋਟੇ, ਗੁਰਮੁਖ ਟੁੱਟਿਆਂ ਲਏ ਜੁੜਾਈਆ । ਵੇਖੀਂ ਲੇਖੇ ਕਦੀ ਨਾ ਉਤੇ ਪੋਟੇ, ਗਿਣਤੀ ਗਣਤ ਗਣਾਈਆ । ਸਾਥੋਂ ਆਪਣੇ ਆਪ ਜਾਣ ਨਾ ਸੋਧੇ, ਪਵਿੱਤਰ ਰੂਪ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਸੰਮਤ ਛੇ ਕਹੇ ਮਹਿੰਦਰੋ ਬੀਬੀ ਜੰਡਿਆਲੇ ਵਾਲੀ ਲਿਆ ਦੇ ਨਰੇਲ, ਜੋ ਸ਼ਬਦ ਵਿਚ ਸਮਝਾਈਆ । ਕਿਸ਼ਨ ਸਿੰਘ ਚੁੰਨੀਆਂ ਫੜਾ ਦੇ ਲਾਵੀਂ ਨਾ ਦੇਰ, ਵੇਲਾ ਵਕਤ ਸਮਝਾਈਆ । ਕਿਰਪਾ ਕਰੇ ਸਿੰਘ ਸ਼ੇਰ, ਭਬਕ ਨਾਲ ਭਬਕ ਇਕ ਲਗਾਈਆ । ਪਿਛਲਾ ਲਹਿਣਾ ਦਏ ਨਬੇੜ, ਲੇਖਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਖੇਲ ਖਿਲਾਈਆ । ਕਿਸ਼ਨ ਸਿੰਘ ਸ਼ਬਦੀ ਧਾਰ ਸੀਸ ਲੈਣ ਦੇ ਚੁੰਨੀਆਂ, ਆਪਣਾ ਆਪ ਜਣਾਈਆ । ਜਿਹੜੀਆਂ ਆਸਾਂ ਰੱਖੀਆਂ ਰਿਖੀਆਂ ਮੁਨੀਆਂ, ਸੁਨੇਹੜਾ ਰਿਹਾ ਸੁਣਾਈਆ । ਭਾਵੇਂ ਤਾਨ੍ਹੇ ਦੇਵੇ ਦੁਨੀਆ, ਹਾਹਾਕਾਰ ਕਰੇ ਲੋਕਾਈਆ । ਪ੍ਰਭ ਦਾਤਾ ਗੁਣ ਗੁਣੀਆ, ਦੇਵਣਹਾਰ ਸਰਨਾਈਆ । ਇਹ ਲੇਖਾ ਸੰਮਤ ਉਨੀਆਂ,

ਉਨੀਸਾ ਵੰਡ ਵੰਡਾਈਆ । ਜਿਸ ਫ਼ਰਿਆਦਾਂ ਧੁਰ ਦੀਆਂ ਸੁਣੀਆਂ, ਸੁਣਨਹਾਰ ਦਇਆ ਕਮਾਈਆ । ਜਿਸ ਨੂੰ ਯਾਦ ਕਰਦੀਆਂ ਬੁੱਲੀਆਂ, ਰਸਨਾ ਮੁਖ ਵਿਚ ਹਿਲਾਈਆ । ਜਿਸ ਦੀ ਭੇਟਾ ਚਾੜ੍ਹਦੇ ਫੁੱਲੀਆਂ, ਪਤਾਸਿਆਂ ਭੋਗ ਲਗਾਈਆ । ਸੋ ਵਸੇ ਕਾਇਆ ਕੁਲੀਆਂ, ਕਾਅਬਿਆਂ ਡੇਰਾ ਢਾਹੀਆ । ਪ੍ਰਭੂ ਦੇ ਦਰ ਆਈਆਂ ਰੂਹਾਂ ਕਦੇ ਨਾ ਰੁਲੀਆਂ, ਆਪ ਆਪਣੇ ਵਿਚ ਸਮਾਈਆ । ਫਲਦਾਰ ਕਦੇ ਨਾ ਹੁੱਲੀਆਂ, ਪਤਝੜ ਨਾ ਕਦੇ ਜਣਾਈਆ । ਕਿਸੇ ਦੀਆਂ ਚੁੱਕਣੀਆਂ ਪੈਣ ਨਾ ਜੁੱਲੀਆਂ, ਸਤਿਗੁਰ ਓਢਣ ਸੀਸ ਟਿਕਾਈਆ । ਜਿਨ੍ਹਾਂ ਦਾ ਮਾਲਕ ਇਕ ਓਹ, ਉਹ ਕਦੇ ਨਾ ਡੁੱਲੀਆਂ, ਡੁਲਾਵਣ ਵਾਲਾ ਰੂਪ ਨਾ ਕਦੇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਿਰ ਆਪਣਾ ਹੱਥ ਟਿਕਾਈਆ । ਚੁੰਨੀ ਕਹੇ ਮੈਂ ਧਰਮ ਧਾਰ ਦਾ ਲੀੜਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਾਹ ਤਕਾਈਆ । ਮੇਰੇ ਮਾਲਕ ਹੁਕਮ ਦਿਤਾ ਪੀਰਨ ਪੀਰਾ, ਸੰਦੇਸ਼ਾ ਇਕ ਸੁਣਾਈਆ । ਸਚ ਧਾਰ ਦਾ ਕਰ ਵਰਤੀਰਾ, ਹੱਕ ਹੱਕ ਵਖਾਈਆ । ਜਿਨ੍ਹਾਂ ਬਹਿਣਾ ਨਹੀਂ ਕਿਸੇ ਰੰਗਲੇ ਪੀੜ੍ਹਾ, ਕੰਤ ਜਗਤ ਨਾ ਕੋਇ ਚਤੁਰਾਈਆ । ਨੇਤਰ ਵਹਾਉਣਾ ਨਹੀਂ ਨੀਰਾ, ਵਿਛੋੜੇ ਵਿਚ ਨਾ ਆਹ ਲਗਾਈਆ । ਸਤਿ ਸਚ ਦਾ ਚੁੱਕ ਕੇ ਬੀੜਾ, ਬੇੜਾ ਆਪਣਾ ਲੈਣਾ ਤਰਾਈਆ । ਬੇਸ਼ਕ ਦੁਨੀਆ ਦਾ ਰਾਹ ਭੀੜਾ, ਗੁਰਮੁਖਾਂ ਤਤੀ ਵਾਅ ਨਾ ਲਾਗੇ ਰਾਈਆ । ਇਹ ਵਕਤ ਅੰਤ ਅਖ਼ੀਰਾ, ਆਖ਼ਰ ਦਿਆਂ ਦ੍ਰਿੜਾਈਆ । ਜਿਸ ਸਾਹਿਬ ਦੇ ਸਿਰ ਤੇ ਚੀਰਾ, ਚੀਰੇ ਵਾਲਾ ਧੁਰ ਦਾ ਮਾਹੀਆ । ਜਿਸ ਦੇ ਹੱਥ ਨਾਮ ਸ਼ਮਸ਼ੀਰਾ, ਖੰਡਾ ਰਿਹਾ ਖੜਕਾਈਆ । ਉਹ ਦੇਵਣਹਾਰਾ ਧੀਰਾ, ਧਰਮ ਧਾਰ ਦਰਸਾਈਆ । ਕਿਸ਼ਨ ਸਿੰਘ ਬਣ ਗਿਆ ਵੀਰਾ, ਸਿਰ ਕੱਪੜ ਦਿਤਾ ਟਿਕਾਈਆ । ਤ੍ਰਿਪਤ ਜੁਗਿੰਦਰ ਦਾ ਪਹਿਲਾ ਦਰ ਤੇਰਾ, ਵਿਤਕਰੇ ਵਿਚੋਂ ਬਾਹਰ ਕਢਾਈਆ । ਭਾਵੇਂ ਰਹਿਣਾ ਪਏ ਵਾਂਗ ਫ਼ਕੀਰਾ, ਭੁੱਖੀ ਰਹਿ ਕੇ ਝਟ ਲੰਘਾਈਆ । ਸਿਰ ਸਭ ਤੋਂ ਰੱਖਣਾ ਨੀਵਾਂ, ਊਚਾ ਊਚ ਨਾ ਕੋਇ ਅਖਵਾਈਆ । ਸਚ ਪੁਛੇ ਗੁਰਮੁਖਾਂ ਵਾਸਤੇ ਸੱਤ ਰੰਗ ਮਨਮੁਖਾਂ ਵਾਸਤੇ ਸਾਢੇ ਤਿੰਨ ਹੱਥ ਦੀ ਸੀਵਾਂ, ਬਾਕੀ ਧੰਨ ਦੌਲਤ ਕੰਮ ਕਿਸੇ ਨਾ ਆਈਆ । ਪੁੱਤਰ ਧੀਆਂ ਨਾਲ ਕਿਸੇ ਦਾ ਬਣਿਆ ਨਹੀਂ ਜੀਣਾ, ਕੰਤ ਨਾਲ ਭਗਵੰਤ ਮਿਲਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸੰਮਤ ਛੇ ਕਹੇ ਹੁਕਮ ਦੇਣਾ ਯੂਰਪ, ਯੁਕਤੀ ਨਾਲ ਦ੍ਰਿੜਾਈਆ । ਹਰਿ ਆਸਾ ਮਨਸਾ ਸਭ ਦੀ ਪੂਰਤ, ਪੂਰਨ ਵਿਚ ਸਮਾਈਆ । ਜਦ ਸੌਵੇਂਗੇ ਹਾਜ਼ਰ ਹਜ਼ੂਰਤ, ਮਾਲਕ ਧੁਰਦਰਗਾਹੀਆ । ਜਲਵਾ ਵਖਾ ਕੇ ਨੂਰੋ ਨੂਰਤ, ਅੰਦਰ ਕਰੇ ਰੁਸ਼ਨਾਈਆ । ਨਾਤਾ ਤੋੜ ਕੇ ਕੂੜੋ ਕੂੜਤ, ਧਰਮ ਦੀ ਧਾਰ ਇਕ ਪਰਗਟਾਈਆ । ਚਤੁਰ ਸੁਘੜ ਬਣਾ ਮੂਰਖ ਮੂੜ੍ਹਤ, ਕੋਝਿਆਂ ਕਮਲਿਆਂ ਗਲੇ ਲਗਾਈਆ । ਸਰਬ ਕਲਾ ਭਰਪੂਰਤ, ਵੇਖੇ ਥਾਉਂ ਥਾਈਂਆ । ਜਿਸ ਨੂੰ ਕਹਿੰਦੇ ਰੱਬ ਦੀ ਸੂਰਤ, ਓਹ ਰਸੂਲਾਂ ਦਾ ਰਸੂਲ ਸਭ ਦਾ ਮਾਹੀਆ । ਜਿਸ ਨੇ ਮਿਸਟਰ ਬੈਰਨ ਕਰਨਾ ਮਸ਼ਹੂਰਤ, ਮਸ਼ਵਰੇ ਨਾਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਹੋਈਏ ਸਾਰੇ ਮਗਨ, ਇਕ ਧਿਆਨ ਲਗਾਈਆ । ਜੇ ਪ੍ਰਭੂ ਪਿਆਰਿਆਂ ਨੂੰ ਦੇਵੇ ਸਗਣ, ਗੁਰਮੁਖਾਂ ਝੋਲੀ ਪਾਈਆ । ਅੰਦਰੋਂ ਲਾਏ ਆਪਣੇ ਨਾਲ ਲਗਨ, ਲਗ ਮਾਤਰ ਦਾ ਡੇਰਾ ਢਾਹੀਆ । ਰਾਤੀ ਸੁਤਿਆਂ ਦਿਨੇ ਜਾਗਦਿਆਂ ਉਹ ਦੀਪਕ ਵਾਂਗ ਜਗਣ, ਅੰਧ ਅੰਧੇਰ ਰਹੇ ਨਾ ਰਾਈਆ । ਜੇ ਯੂਰਪ ਵਿਚੋਂ ਬੈਰਨ ਆਇਆ

ਸੱਦਣ, ਸਦਾ ਨਾਮ ਦਾ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਨਰੇਲ ਕਹੇ ਮੇਰੀ ਮਸਤ ਮਸਤ ਜਵਾਨੀ, ਜੋਬਨਵੰਤ ਅਖਵਾਈਆ । ਹਰਬੰਸ ਕੌਰ ਜੋ ਲੈ ਕੇ ਆਈ ਕਲਮ ਦੀ ਕਾਨੀ, ਕਲਸੀਆਂ ਵਾਲੀ ਦਏ ਫੜਾਈਆ । ਇਹ ਉਸ ਪ੍ਰਭੂ ਦੀ ਨਿਸ਼ਾਨੀ, ਜੋ ਨਿਸ਼ਾਨੇ ਸਭ ਦੇ ਦਏ ਬਦਲਾਈਆ । ਜਿਸ ਨੇ ਬਖ਼ਸ਼ਣੀ ਮੰਜ਼ਲ ਇਕ ਰੂਹਾਨੀ, ਰੂਹ ਬੁਤ ਕਰੇ ਸਫ਼ਾਈਆ । ਅੰਮ੍ਰਿਤ ਧਾਰ ਬਖ਼ਸ਼ ਕੇ ਪਾਣੀ, ਸਰ ਸਰੋਵਰ ਦੇਣਾ ਨੁਹਾਈਆ । ਹੁਣ ਪਿਛੇ ਤੋਂ ਅਗਲੀ ਬਦਲ ਦੇਣੀ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਝਗੜਾ ਮੁਕਾਉਣਾ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਕਾਨਾ ਕਹੇ ਮੇਰੀ ਕਲਮ ਹੁੰਦੀ ਸੀ ਪੁਰਾਣੀ, ਪੁਰਾਨਾਂ ਵੇਦਾਂ ਵਿਚ ਲਿਖਾਈਆ । ਕਲਜੁਗ ਅੰਤਮ ਮੈਨੂੰ ਅੰਤਮ ਆਈ ਹਾਨੀ, ਹਾਣੀ ਸੰਗ ਨਾ ਕੋਇ ਰਖਾਈਆ । ਮੇਰੀ ਸਾਰ ਕਿਸੇ ਨਾ ਜਾਣੀ, ਪਰਦਾ ਸਕੇ ਨਾ ਕੋਇ ਉਠਾਈਆ । ਮੇਰੇ ਅੰਦਰ ਆਈ ਹੈਰਾਨੀ, ਮੈਂ ਰੋ ਕੇ ਦਿਤਾ ਸੁਣਾਈਆ । ਓ ਪ੍ਰਭੂ ਬਿਨ ਤੇਰੇ ਮੇਰੇ ਉਤੇ ਕਰੇ ਨਾ ਕੋਇ ਮਿਹਰਵਾਨੀ, ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਕਾਨੀ ਕਹੇ ਮੈਂ ਦੱਸਾਂ ਸਚ ਵਿਚਾਰ, ਵਿਚਰ ਕੇ ਦਿਆਂ ਜਣਾਈਆ । ਮੈਨੂੰ ਘੜਨਾ ਨਾਲ ਪਿਆਰ, ਰਾਤ ਅੱਜ ਦੀ ਖ਼ੁਸ਼ੀਆਂ ਨਾਲ ਸੁਣਾਈਆ । ਮੇਰਾ ਦੋ ਚੇਤ ਨੂੰ ਕਰਨਾ ਵਿਹਾਰ, ਵਾਸਤਾ ਰਹੀ ਪਾਈਆ । ਮੇਰਾ ਲੇਖਾ ਲਿਖਣਾ ਦੂਜੀ ਵਾਰ, ਸਫਾ ਸਫੇ ਵਿਚੋਂ ਬਦਲਾਈਆ । ਇਹ ਹੁਕਮ ਸੱਚੀ ਸਰਕਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਤਨੀ ਲਿਖਤ ਹਰਬੰਸ ਕੌਰ ਨੇ ਲਿਖੀ ਸੀ ਉਹ ਦੋਬਾਰਾ ਜੁਗਿੰਦਰ ਕੌਰ ਨੇ ਲੈਣੀ ਉਤਾਰ, ਕਾਗ਼ਜ਼ ਕਲਮ ਉਤੇ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਕਲਮ ਕਹੇ ਮੈਨੂੰ ਘੜ ਦੇਵੇ ਰਵਦਾਸ, ਗੁਰਮੁਖ ਹੱਥ ਫੜਾਈਆ । ਮੇਰੇ ਨਾਲ ਸਿਰਫ਼ ਪੰਜ ਵੇਰਾਂ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ" ਲਿਖਣਾ ਖ਼ਾਸ, ਅੱਗੇ ਅੱਖਰ ਨਾ ਕੋਇ ਬਣਾਈਆ । ਮੈਂ ਸਾਦੀ ਮੇਰੀ ਜੰਗਲਾਂ ਵਿਚ ਅਬਾਦੀ ਤੇ ਗੁਰਮੁਖਾਂ ਦੇ ਲੇਖੇ ਲਾਉਣੇ ਸਵਾਸ, ਸਾਹ ਸਾਹ ਨਾਲ ਤਰਾਈਆ । ਮੈਂ ਭੱਜਣਾ ਨਹੀਂ ਆਕਾਸ਼, ਮੈਂ ਜਾਣਾ ਨਹੀਂ ਕੈਲਾਸ਼, ਮੈਂ ਵੇਖਣਾ ਨਹੀਂ ਪਰਭਾਸ, ਮੈਂ ਲੱਭਣੀ ਨਹੀਂ ਦਵਾਤ, ਮੈਂ ਤਕਣੇ ਨਹੀਂ ਕਾਗ਼ਜ਼ਾਤ, ਮੈਂ ਚਾਹੁੰਦੀ ਮੈਂ ਵੇਖਾਂ ਭਗਤਾਂ ਦੀ ਇਕ ਜਮਾਤ, ਜੋ ਜ਼ਾਤ ਪਾਤ ਦਾ ਝਗੜਾ ਗਏ ਮੁਕਾਈਆ । ਏਸੇ ਕਰਕੇ ਸ਼ਬਦ ਗੁਰੂ ਨੇ ਮੈਨੂੰ ਕੀਤਾ ਸਾਖਿਆਤ, ਪੂਰਨ ਸਿੰਘ ਨੇ ਕੀਤੀ ਨਹੀਂ ਕੋਈ ਬਾਤ, ਰਾਤੀਂ ਸੁਤਿਆਂ ਦਿਤੀ ਦਾਤ, ਦਿਨੇ ਜਾਗਦਿਆਂ ਦਏ ਵਖਾਈਆ । ਗੁਰਮੁਖੋ ਤੁਹਾਡੀ ਮੰਜ਼ਲ ਤੇ ਤੁਹਾਡਾ ਪੂਰਾ ਕਰਨਾ ਘਾਟ, ਚੁਰਾਸੀ ਦੀ ਰਹੇ ਅੱਗੇ ਨਾ ਵਾਟ, ਮਿਲੇ ਮੇਲ ਕਮਲਾਪਾਤ, ਜੋ ਪਤਿਪਰਮੇਸ਼ਵਰ ਤੁਹਾਡਾ ਧੁਰ ਦਾ ਮਾਹੀਆ । ਆਓ ਸਾਰੇ ਇਕੱਠੇ ਮਿਲ ਕੇ ਇਕੱਠਾ ਬਣਾਈਏ ਸਮਾਜ, ਦੀਨ ਦੁਨੀ ਦਾ ਬਦਲ ਦਈਏ ਰਿਵਾਜ, ਇਕੋ ਨਾਮ ਦੇ ਚੜ੍ਹੀਏ ਜਹਾਜ, ਜਿਸ ਨੂੰ ਚਲਾਉਣ ਵਾਲਾ ਧੁਰਦਰਗਾਹੀਆ । ਇਕੋ ਮੰਨੀਏ ਬਾਪ, ਇਕੋ ਬਣੀਏ ਜ਼ਾਤ, ਇਕੋ ਰੱਖੀਏ ਆਸ, ਇਕੋ ਬਣੀਏ ਪ੍ਰਕਾਸ਼, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭਾਂਡਾ ਭਰਮ ਭੌ ਭੰਨਾਈਆ । ਕਲਮ ਕਹੇ ਮੇਰੇ ਨਾਲ ਲਿਖਣਾ ਨਾਲ ਜ਼ੋਰ, ਸੱਜੀ ਉਂਗਲੀ ਨਾਲ ਦਬਾਈਆ । ਖੱਬਾ

ਹੱਥ ਕੰਨ ਵਿਚ ਪਾ ਅੰਦਰ ਵੇਖਣਾ ਨਾਲ ਗ਼ੌਰ, ਗਹਿਰ ਗੰਭੀਰ ਧਿਆਨ ਲਗਾਈਆ । ਮੁਖੋਂ ਕਹਿਣਾ ਸਤਿਗੁਰੂ ਤੇਰੇ ਉਤੇ ਡੋਰ, ਦੂਜਾ ਨਜ਼ਰ ਕੋਇ ਨਾ ਆਈਆ । ਮੇਰੇ ਅੰਦਰ ਰਹਿਣ ਨਾ ਪੰਜ ਚੋਰ, ਕੂੜੀ ਕਿਰਿਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਨਾਰੀਅਲ ਕਹੇ ਮੈਂ ਵੇਖਣਾ ਪੁਰਖ ਨਾਰਾ, ਨਰ ਨਰਾਇਣ ਸਮਝਾਈਆ । ਮੈਂ ਵੇਖਣਾ ਜਗਤ ਸ਼ਿੰਗਾਰਾ, ਤਤਾਂ ਨਾਲ ਵਡਿਆਈਆ । ਮੈਂ ਵੇਖਣਾ ਦੀਨ ਦੁਨੀ ਦੀਆਂ ਧਾਰਾਂ, ਧਰਨੀ ਧਰਤ ਖੋਜ ਖੁਜਾਈਆ । ਮੈਂ ਵੇਖਣਾ ਸੱਜਣ ਮੀਤ ਯਾਰਾਂ, ਸੁਹੇਲੇ ਰੰਗ ਰੰਗਾਈਆ । ਮੈਂ ਵੇਖਣੀਆਂ ਵਰਲਡ ਦੀਆਂ ਅਖ਼ਬਾਰਾਂ, ਸੱਜੇ ਖੱਬੇ ਧਿਆਨ ਲਗਾਈਆ । ਫੇਰ ਲਗਾਉਣਾ ਹੱਕ ਦਾ ਨਾਅਰਾ, ਉਚੀ ਕੂਕ ਕੂਕ ਸੁਣਾਈਆ । ਖ਼ਬਰਦਾਰ ਹੋ ਜਾਉ ਸਵਾਧਾਨ ਹੋ ਜਾਉ ਅਟੈਨਸ਼ਨ ਹੋ ਜਾਉ ਔਹ ਆਇਆ ਔਹ ਆਇਆ ਔਹ ਆਇਆ ਜੋ ਸਭ ਦਾ ਯਾਰਾ, ਯਾਰੀ ਯਾਰਾਂ ਨਾਲ ਨਿਭਾਈਆ । ਔਹ ਆਇਆ ਔਹ ਆਇਆ ਔਹ ਆਇਆ ਦੁਬਾਰਾ, ਸਰਗੁਣ ਤੋਂ ਨਿਰਗੁਣ ਰੂਪ ਵਟਾਈਆ । ਔਹ ਆਇਆ ਔਹ ਆਇਆ ਔਹ ਆਇਆ ਜਿਸ ਦਾ ਭਗਤਾਂ ਉਤੇ ਪਹਿਰਾ, ਪਹਿਰੇਦਾਰ ਹੋ ਕੇ ਹੋਕਾ ਦੇਵੇ ਚਾਰ ਜੁਗ ਦਾ ਰਾਖਾ ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਔਹ ਆ ਗਿਆ ਜਿਸ ਨੇ ਆਤਮਾ ਪਰਮਾਤਮਾ ਦਾ ਦਿਤਾ ਇਸ਼ਾਰਾ, ਇਸ਼ਾਰੇ ਨਾਲ ਪਾਰ ਕਨਾਰਾ, ਦਏ ਕਰਾਈਆ । ਔਹ ਆਇਆ, ਔਹ ਆਇਆ, ਔਹ ਆਇਆ ਜਿਸ ਦਾ ਆਦਿ ਤੋਂ ਅੰਤ ਗੁਰ ਅਵਤਾਰ ਪੈਗ਼ੰਬਰਾਂ ਤੱਕਿਆ ਨਜ਼ਾਰਾ, ਸੱਯਦਿਆਂ ਵਿਚ ਡੰਡਾਵਤ ਬੰਦਨਾ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵਾਹਵਾ ਹੱਕ ਖ਼ੁਦਾ, ਖ਼ੁਦਗ਼ਰਜ਼ ਵੇਖੀ ਤੇਰੀ ਖ਼ੁਦਾਈਆ । ਖ਼ੁਦਾ ਕਹੇ ਕਿਉਂ ਹੋਏ ਮੇਰੇ ਨਾਲੋਂ ਜੁਦਾ, ਜੁਜ਼ ਆਪਣਾ ਵੰਡ ਵੰਡਾਈਆ । ਪੈਗ਼ੰਬਰ ਕਹਿਣ ਤੇਰੇ ਉਤੋਂ ਹੋਏ ਫਿਦਾ, ਆਪਣਾ ਆਪ ਮਿਟਾਈਆ । ਖ਼ੁਦਾ ਕਿਹਾ ਮੇਰਾ ਮਾਰਗ ਇਕੋ ਸਿੱਧਾ, ਲਾਈਨ ਐਨ ਦਿਤੀ ਲਗਾਈਆ । ਤੁਸੀਂ ਕਿਉਂ ਅਵਤਾਰਾਂ ਨਾਲ ਕੀਤੀਆਂ ਜ਼ਿੱਦਾਂ, ਝਗੜੇ ਆਏ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਅਵਤਾਰ ਪੈਗ਼ੰਬਰ ਆਖਣ ਪ੍ਰਭੂ ਤੂੰ ਬੜਾ ਝਗੜਾਲੂ, ਸਾਨੂੰ ਝਗੜਿਆਂ ਵਿਚ ਰਖਾਈਆ । ਕਲਜੁਗ ਕਹੇ, ਨਹੀਂ, ਮੇਰਾ ਸਾਹਿਬ ਬੜਾ ਦਿਆਲੂ, ਜੋ ਮੇਰੀ ਪੁਸ਼ਤ ਪਨਾਹ ਹੱਥ ਟਿਕਾਈਆ । ਬਹੁੜੀ ਡਰੌਂਦਾ, ਕਿਉਂ ਨਾਨਕ ਜੰਮਿਆ ਘਰ ਕਾਲੂ, ਜਿਸ ਕੌਡੇ ਵਰਗਿਆਂ ਦਿਤਾ ਬਦਲਾਈਆ । ਫੇਰ ਦੱਸ ਕੇ ਇਕੋ ਪੁਰਖ ਅਕਾਲ ਅੰਤ ਸਭ ਨੂੰ ਸੰਭਾਲੂ, ਜੋ ਗੋਬਿੰਦ ਧਾਰ ਸੰਬਲ ਡੇਰਾ ਲਾਈਆ । ਉਸ ਦਾ ਹੁਕਮ ਸੰਦੇਸ਼ਾ ਸ਼ਬਦ ਹੋਣਾ ਚਾਲੂ, ਚਾਲ ਨਿਰਾਲੀ ਇਕ ਰਖਾਈਆ । ਭਾਵੇਂ ਤਪਦੀ ਹੋਵੇ ਰੇਤ ਬਾਲੂ, ਅਗਨੀ ਅੱਗ ਅੱਗ ਰੂਪ ਬਦਲਾਈਆ । ਉਹ ਗੁਰਮੁਖਾਂ ਦੇ ਉਤੇ ਦੇ ਕੇ ਲਾਲ ਸਾਲੂ, ਸੌਹਰੇ ਪਈਏ ਇਕੋ ਰੰਗ ਵਖਾਈਆ । ਉਹਨੂੰ ਉਹਦੀ ਕਿਰਪਾ ਤੋਂ ਬਗ਼ੈਰ ਕੋਈ ਨਾ ਪਾ ਲਊ, ਭਾਵੇਂ ਭਾਲਣ ਚੜ੍ਹੇ ਲੋਕਾਈਆ । ਜੇ ਕਿਰਪਾ ਕਰੇ ਬੈਰਨ ਵਰਗਿਆਂ ਨੂੰ ਖਵਾ ਕੇ ਕੱਚੇ ਆਲੂ, ਅੰਦਰੋਂ ਪੜਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਕਲਮ ਕਹੇ ਮੈਂ ਬੜੀ ਛੇਤੀ ਛੇਤੀ ਤੁਰਦੀ, ਚਾਰ ਜੁਗ ਦਾ ਪੰਧ ਮੁਕਾਈਆ । ਪਰ ਬਹੁੜੀ ਮੈਂ ਸਾਰ ਨਹੀਂ ਪਾਈ ਉਸ ਸੱਚੇ ਸਤਿਗੁਰ ਦੀ, ਜੋ ਸ਼ਬਦ ਗੁਰੂ ਅਖਵਾਈਆ । ਮੈਨੂੰ ਜਿਧਰ

ਚਾਹੇ ਲਿਖਾਰੀ ਮੈਂ ਉਸੇ ਤਰਫ਼ ਮੁੜਦੀ, ਭੱਜਾਂ ਵਾਹੋ ਦਾਹੀਆ । ਮੈਂ ਕਾਗ਼ਜ਼ ਦੇ ਨਾਲ ਜੁੜਦੀ, ਆਪਣਾ ਮੇਲ ਮਿਲਾਈਆ । ਪਰ ਜੇ ਸਚ ਪੁਛੋ ਤੇ ਮੈਂ ਪਾਣੀ ਦੇ ਵਹਿਣਾਂ ਵਿਚ ਰੁੜ੍ਹਦੀ, ਤੇ ਰੁੜ੍ਹਦੀ ਨੂੰ ਪਾਰ ਨਾ ਕੋਇ ਲੰਘਾਈਆ । ਚਾਰ ਜੁਗ ਕਿਸੇ ਅਵਤਾਰ ਪੈਗ਼ੰਬਰ ਗੁਰੂ ਮੈਨੂੰ ਜੀਵਤ ਨਹੀਂ ਕੀਤਾ ਤੇ ਮੈਂ ਰਹੀ ਮੁਰਦੀ, ਮੁਰਦਿਆਂ ਵਿਚ ਰਹਿ ਕੇ ਆਪਣਾ ਝਟ ਲੰਘਾਈਆ । ਮੇਰੇ ਅੰਦਰ ਇਕ ਆਸਾ ਰਹੀ ਫੁਰਦੀ, ਫੁਰਨਿਆਂ ਵਿਚ ਸੁਣਾਈਆ । ਮੈਨੂੰ ਖਾਹਸ਼ ਇਕ ਨੂਰ ਦੀ, ਜੋ ਨੂਰ ਨੁਰਾਨਾ ਡਗਮਗਾਈਆ । ਜਿਸ ਦੀ ਆਵਾਜ਼ ਸ਼ਬਦ ਅਗੰਮੀ ਇਕ ਤੂਰ ਦੀ, ਤੁਰੀਆ ਤੋਂ ਪਰੇ ਕਰੇ ਪੜ੍ਹਾਈਆ । ਜੋ ਜੀਵਣ ਜ਼ਿੰਦਗੀ ਲੇਖੇ ਲਾਵੇ ਗੁਰਮੁਖਾਂ ਮੂੜ੍ਹ ਦੀ, ਗ਼ਰੀਬਾਂ ਹੋਏ ਸਹਾਈਆ । ਕਲਮ ਕਹੇ ਮੈਂ ਪਿਆਸੀ ਰਹੀ ਉਸ ਦੇ ਚਰਨ ਧੂੜ ਦੀ, ਜੋ ਧੂੜੀ ਟਿੱਕੇ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸੰਮਤ ਕਹੇ ਮੇਰਾ ਚੜ੍ਹਿਆ ਮਹੀਨਾ ਚੇਤਰ, ਚਤੁਰਭੁਜ ਅਗਵਾਈਆ । ਮੇਰਾ ਪਹਿਲਾ ਹੋਣਾ ਪੇਪਰ, ਸਚ ਦਿਆਂ ਸੁਣਾਈਆ । ਮੈਂ ਜਾਣਾ ਅਰਬ ਦੇਸ਼ ਦੇ ਖੇਤਰ, ਸੋਹਣੀ ਵੰਡ ਵੰਡਾਈਆ । ਪਹਿਲਾ ਹਿੱਸਾ ਵੰਡਾਉਣਾ ਉਨੀ ਸੌ ਏਕੜ, ਜਿਥੇ ਮਤਾ ਲੈਣਾ ਪਕਾਈਆ । ਫੇਰ ਉਨੀ ਸੌ ਮੀਲ ਵਿਚ ਕਰਕੇ ਛੇਕੜ, ਛੱਕੇ ਸਭ ਦੇ ਦੇਣੇ ਛੁਡਾਈਆ । ਫੇਰ ਕਰਕੇ ਵਡੀ ਹੈਂਕੜ, ਹੱਥ ਹਿੱਕ ਉਤੇ ਟਿਕਾਈਆ । ਫੇਰ ਖੋਲ੍ਹ ਕੇ ਆਪਣਾ ਨੇਤਰ, ਦੀਨ ਦੁਨੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਚੇਤਰ ਕਹੇ ਮੈਂ ਚੜ੍ਹ ਗਿਆ ਮਹੀਨਾ, ਆਪਣਾ ਰੂਪ ਬਦਲਾਈਆ । ਸਭ ਨੂੰ ਆਉਣ ਲੱਗਾ ਪਸੀਨਾ, ਥਰ ਥਰ ਆਪਣਾ ਆਪ ਰਹੇ ਕੰਬਾਈਆ । ਕੁਛ ਮਸਲਾ ਬਣਨ ਲੱਗਾ ਚੀਨਾ, ਚੀਨ ਕੇ ਸਕੇ ਨਾ ਕੋਇ ਸਮਝਾਈਆ । ਝਗੜਾ ਪੈਣਾ ਨਰ ਮਦੀਨਾ, ਇਹਦਾ ਭੇਵ ਨਾ ਕੋਇ ਖੁਲ੍ਹਾਈਆ । ਜਿਸ ਕਾਰਨ ਪਾਖਰ ਪਾਈ ਅਸਵ ਜ਼ੀਨਾ, ਜ਼ੀਨਾ ਪੌੜੀ ਸੀੜ੍ਹੀ ਵੇਖੇ ਹੱਕ ਖ਼ੁਦਾਈਆ । ਫੇਰ ਲੇਖ ਵੇਖਣਾ ਮੁਲਕ ਤੀਨਾ, ਤ੍ਰੈਗੁਣ ਰੰਗ ਰੰਗਾਈਆ । ਜਿਥੇ ਵੱਜੇ ਹੰਕਾਰੀ ਬੀਨਾ, ਬਿਨੈ ਕਰ ਸੀਸ ਨਾ ਕੋਇ ਨਿਵਾਈਆ । ਜਲ ਮਿਲੇ ਨਾ ਪਾਣੀ ਮੀਨਾ, ਸਾਂਤਕ ਸਤਿ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਕਲਮ ਕਹੇ ਮੈਂ ਬੜੀ ਕਾਹਲੀ, ਓ ਗੁਰਮੁਖ ਕਾਹਲਿਓ ਦਿਆਂ ਜਣਾਈਆ । ਮੈਂ ਬੜੀ ਘਾਲਣਾ ਘਾਲੀ, ਚਾਰ ਜੁਗ ਦੇ ਸ਼ਾਸਤਰ ਲਿਖੇ ਚਾਈਂ ਚਾਈਂਆ । ਮੈਨੂੰ ਕਿਸੇ ਨੇ ਨਾ ਬਣਾਇਆ ਸਾਲੀ, ਨਾਤਾ ਗਿਆ ਨਾ ਕੋਇ ਜੁੜਾਈਆ । ਮੈਂ ਫਿਰ ਫਿਰ ਥੱਕੀ ਚਾਰ ਕੁੰਟ ਭਾਲੀ, ਚਾਰ ਜੁਗ ਵੇਖ ਵਖਾਈਆ । ਮੈਨੂੰ ਇਕ ਦਿਨ ਅਚਾਨਕ ਸੁਫ਼ਨਾ ਆਇਆ, ਕਲਮ ਕਹੇ ਨੀ ਕਮਲੀਏ ਔਹ ਵੇਖ ਜੱਟ ਹਾਲੀ, ਜੋ ਹਾਲਤ ਸਭ ਦੀ ਰਿਹਾ ਬਦਲਾਈਆ । ਕੋਈ ਨਹੀਂ ਮੰਗਦਾ ਵਿਚ ਦਲਾਲੀ, ਵਿਚੋਲਾ ਅਵਰ ਨਾ ਕੋਇ ਰਖਾਈਆ । ਜੋ ਆਈ ਸੋ ਦਰ ਤੋਂ ਕਦੇ ਨਾ ਜਾਏ ਖ਼ਾਲੀ, ਖ਼ਾਲੀ ਝੋਲੀ ਦਏ ਭਰਾਈਆ । ਜਿਸ ਨੂੰ ਕਹਿੰਦੇ ਜਗਤ ਦਾ ਵਾਲੀ, ਉਹ ਵਾਰਸ ਹੋ ਕੇ ਫੇਰਾ ਪਾਈਆ । ਕਾਨੀ ਕਹੇ ਜਾਂ ਮੈਂ ਅੱਗੇ ਹੋਈ ਨੇੜੇ ਹੋ ਕੇ ਤੱਕਿਆ ਕੰਨਾਂ ਨਾਲ ਸੁਣਿਆ ਬਹੁਤੇ ਉਸ ਨੂੰ ਕਢਦੇ ਗਾਲੀ, ਗਾਹਕ ਵਿਰਲਾ ਵੇਖ ਵਖਾਈਆ । ਨੀ ਕਮਲੀਏ ਮੈਂ ਖ਼ੁਸ਼ੀ ਵਿਚ ਖਲੋ ਕੇ ਅਸਮਾਨਾਂ ਵੱਲ ਦੋ ਹੱਥਾਂ ਦੀ ਮਾਰੀ ਤਾਲੀ, ਖ਼ੁਦਾ ਤੁਆਲਾ ਤੇਰੀ ਬੇਪਰਵਾਹੀਆ । ਇਕ ਸਵਾਲ ਇਕ ਜਵਾਬ ਫੇਰ ਵੇਖਿਆ ਗੁਰ ਅਵਤਾਰ ਪੈਗ਼ੰਬਰ ਉਸੇ ਦੇ ਸਵਾਲੀ, ਸਵਾਲਾਂ ਵਿਚ ਆਪਣੀ ਆਸਾ ਰਹੇ ਪਰਗਟਾਈਆ । ਫੇਰ ਤੱਕਿਆ ਚੋਟੀ ਹਿਮਾਲੀ, ਹਿਮਾਲੀਆ

ਦੇ ਪਿਛੇ ਦਵਾਲੀਆ ਸਭ ਦਾ ਰਿਹਾ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ... ... ... ... । ਕਲਮ ਕਹੇ ਮੈਂ ਭੰਨੀ ਦੌੜੀ, ਆਪਣਾ ਪੰਧ ਮੁਕਾਈਆ । ਮੈਂ ਵੇਖੀ ਦੀਨ ਮਜ਼੍ਹਬ ਦੀ ਪੌੜੀ, ਡੰਡੇ ਡੰਡੇ ਹੱਥ ਉਠਾਈਆ । ਅਸੀਂ ਅੰਦਰ ਵੜ ਕੇ ਵੇਖਿਆ ਕੇਹੜੀ ਧਾਰ ਮਿੱਠੀ ਕੌੜੀ, ਰਸ ਕਵਣ ਚਖਾਈਆ । ਜਾਂ ਤੱਕਿਆ ਸਭ ਦੇ ਅੰਦਰ ਪ੍ਰਭ ਦੀ ਆਸ ਥੋੜੀ, ਬਹੁੜੀ ਬਹੁੜੀ ਕਰੇ ਲੋਕਾਈਆ । ਮੇਰੀ ਆਸਾ ਕਹੇ ਨਾ ਦੌੜੀਂ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਕਲਮ ਕਹੇ ਪ੍ਰਭੂ ਮੇਰਾ ਕਰ ਦੇ ਹਿਸਾਬ, ਅੰਕੜੇ ਵੇਖ ਵਖਾਈਆ । ਪੁਰਖ ਅਕਾਲ ਕਹੇ ਓ ਕਮਲੀਏ ਮੇਰੇ ਕੋਲ ਅੱਖਰਾਂ ਵਾਲੀ ਨਹੀਂ ਕਿਤਾਬ, ਏ ਬੀ ਸੀ ਡੀ ਅਲਿਫ਼ ਯੇ ਊੜਾ ਐੜਾ ਵੰਡ ਨਾ ਕੋਇ ਵੰਡਾਈਆ । ਮੇਰਾ ਇਕੋ ਹਿੱਸਾ ਇਕੋ ਬਾਬ, ਬਿਨਾ ਪੰਨਿਆਂ ਤੋਂ ਮੇਰੀ ਸਿਫ਼ਤ ਸਾਲਾਹੀਆ । ਇਕੋ ਵਾਰ ਕਰ ਦੇ ਆਦਾਬ, ਬਿਨਾ ਸਜਦਿਆਂ ਸੀਸ ਝੁਕਾਈਆ । ਮਿਹਰਵਾਨ ਹੋ ਕੇ ਦੇਵਾਂ ਮਾਤ ਖ਼ਤਾਬ, ਸਿਰ ਆਪਣਾ ਹੱਥ ਟਿਕਾਈਆ । ਓਥੇ ਨਾ ਕੋਇ ਸਵਾਲ ਨਾ ਕੋਇ ਜੁਆਬ, ਜੁਆਬਤਲਬੀ ਵਿਚ ਸਾਰੇ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਰੰਗ ਰੰਗਾਈਆ । ਚੇਤਰ ਕਹੇ ਮੈਂ ਆਇਆ ਚਾਤ੍ਰਕ, ਤ੍ਰਿਖਾ ਪਿਆਸਾ ਜਗਤ । ਮਿਲੇ ਮੈਨੂੰ ਸਤਿ ਸਾਂਤਕ, ਉਤੇ ਸ਼ਾਹ ਰਗ । ਪ੍ਰਭੂ ਦਾ ਬਣਾਂ ਯਾਚਕ, ਨਾਤਾ ਤੁੱਟੇ ਕੂੜਾ ਜਗ । ਸਦਾ ਹੋਵਾਂ ਆਸਤਕ, ਰਹਾਂ ਨਾ ਬਗਲਾ ਬਪ । ਪ੍ਰੀਤੀ ਕਰਾਂ ਇਕੋ ਵਾਸਤਕ, ਜੋ ਸਾਹਿਬ ਸੂਰਾ ਸਰਬੱਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸ਼ਬਦ ਅਗੰਮੀ ਵਜਾ ਨਦ । ਕਲਮ ਕਹੇ ਮੈਂ ਲਿਖ ਲਿਖ ਭਰੇ ਕੁਤਬਖ਼ਾਨੇ, ਮੇਰੀ ਵਡ ਵਡਿਆਈਆ । ਮੈਂ ਜਦੋਂ ਆਈ ਤੇ ਆਈ ਹੱਥ ਬੇਗਾਨੇ, ਮੇਰੀ ਸੇਵਾ ਹੋਈ ਪਰਾਈਆ । ਮੈਂ ਗੁਰੂਆਂ ਦੀ ਮਹਿੰਮਾ ਕੀਤੀ ਤੇ ਸ਼ਬਦ ਗੁਰੂ ਦੇ ਲਿਖੇ ਗਾਣੇ, ਅੱਖਰਾਂ ਨਾਲ ਸਾਲਾਹੀਆ । ਸੇਵਾ ਕੀਤੀ ਪ੍ਰਭ ਦੀ ਨਾਲ ਬਹਾਨੇ, ਜੁਗ ਜੁਗ ਆਪਣੀ ਕਾਰ ਕਮਾਈਆ । ਕਲਜੁਗ ਅੰਤਮ ਮੇਰੇ ਲੇਖ ਲੇਖ ਨੂੰ ਦੇਵਣ ਤਾਹਨੇ, ਦੀਨ ਮਜ਼੍ਹਬ ਮਜ਼੍ਹਬ ਨਾਲ ਟਕਰਾਈਆ । ਮੇਰੇ ਝੂਠੇ ਦਿਸਣ ਯਰਾਨੇ, ਕੂੜ ਨਾਲ ਸਮਝਾਈਆ । ਮੈਂ ਰੋ ਕੇ ਕਿਹਾ ਪ੍ਰਭੂ ਮੇਰੇ ਲੇਖ ਹੋਏ ਪੁਰਾਣੇ, ਪਰਾਨੀ ਨਿਉਂ ਨਿਉਂ ਨਾ ਸੀਸ ਨਿਵਾਈਆ । ਝਟ ਹੁਕਮ ਦਿਤਾ ਸ੍ਰੀ ਭਗਵਾਨੇ, ਭਗਵਨ ਦਿਤਾ ਦ੍ਰਿੜਾਈਆ । ਤੂੰ ਸਵਾਧਾਨ ਹੋ ਲੋਕਮਾਤ ਵਿਚ ਜਹਾਨੇ, ਜਹਾਲਤ ਕੂੜੀ ਦੇਣੀ ਗਵਾਈਆ । ਲੇਖ ਲਿਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨੇ, ਜਿਸ ਤੋਂ ਅੱਗੇ ਹੋਰ ਨਾ ਕੋਇ ਪੜ੍ਹਾਈਆ । ਉਥੇ ਟੁੱਟ ਜਾਂਦੇ ਪੈਗ਼ੰਬਰਾਂ ਵਾਲੇ ਯਰਾਨੇ, ਗੁਰੂ ਗੋਦ ਨਾ ਕੋਇ ਉਠਾਈਆ । ਮੁਕ ਜਾਂਦੇ ਜਗਤ ਜੀਵਣ ਦੇ ਦਾਣੇ, ਤ੍ਰਿਸ਼ਨਾ ਤ੍ਰਿਖਾ ਮਿਟਾਈਆ । ਰਸ ਨਾ ਰਹਿੰਦੇ ਪੀਣੇ ਖਾਣੇ, ਨਵ ਨੌਂ ਚਾਰ ਡੇਰਾ ਢਾਹੀਆ । ਸਿਰਫ਼ ਮਿਲਦਾ ਕੀ ਕਮਲੀਏ ਭਗਤ ਭਗਵਾਨ ਦਾ ਮੇਲ ਜਿਥੇ ਸਦਾ ਇਕੋ ਰੰਗ ਇਕੋ ਜੋਬਨ ਜਵਾਨੀ ਮਾਣੇ, ਬੁੜ੍ਹੇਪਾ ਨਜ਼ਰ ਕੋਇ ਨਾ ਆਈਆ । ਨਾ ਕੋਈ ਤਾਅਨਾ ਨਾ ਕੋਈ ਮੇਹਣਾ ਨਾ ਕੋਈ ਦਏ ਉਲਾਮ੍ਹੇ, ਠੋਕਰ ਜਗਤ ਨਾ ਕੋਇ ਲਗਾਈਆ । ਕਲਮ ਹੱਸ ਪਈ ਪ੍ਰਭੂ ਵੱਲ ਨੱਸ ਪਈ, ਪ੍ਰਭੂ ਜੋ ਤੂੰ ਕਿਹਾ ਸੋ ਮੈਂ ਵੇਖਿਆ ਗੁਰ ਅਵਤਾਰ ਪੈਗ਼ੰਬਰ ਤੇਰੇ ਜੁਗ ਜੁਗ (ਨਿੱਕੇ ਨਿੱਕੇ ਬਾਲ ਅੰਵਾਣੇ), ਹੁਕਮ ਵਿਚ ਸੇਵਕ ਸੇਵ ਕਮਾਈਆ । ਤਨ ਵਜੂਦ ਦੇ ਬਦਲ ਕੇ ਆਉਂਦੇ ਬਾਣੇ, ਬਾਣੀ ਨਾਮ ਕਲਮਾ ਤੇਰਾ ਸੁਣਾਈਆ । ਫੇਰ ਵੇਖਾਂ ਸਾਰੇ ਤੇਰੇ ਵਿਚ ਸਮਾਂਣੇ, ਵੱਖਰਾ

ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਕਲਮ ਕਹੇ ਮੈਂ ਲਿਖਣਾ ਲੇਖ ਨਹੀਂ ਉਤੇ ਤਖ਼ਤੀ, ਤਖ਼ਤ ਨਿਵਾਸੀ ਰਿਹਾ ਜਣਾਈਆ । ਜਿਸ ਨੇ ਕਰਨੀ ਸਭ ਦੇ ਉਤੇ ਸਖ਼ਤੀ, ਸਖ਼ਤ ਹੁਕਮ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਆਈ ਕਮਬਖ਼ਤੀ, ਮਾਇਆ ਮਮਤਾ ਰਹੀ ਕੁਰਲਾਈਆ । ਕਿਉਂ ਮੇਰਾ ਮਾਲਕ ਆਇਆ ਅਰਸ਼ੀ, ਫ਼ਰਸ਼ੀ ਸੋਭਾ ਪਾਈਆ । ਜੋ ਸਦਾ ਸਦਾ ਆਤਮ ਦਰਸੀ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਓਸ ਨੇ ਭਗਤਾਂ ਦੀ ਛੇਵੇਂ ਘਰ ਮਨਾਈ ਬਰਸੀ, ਸੋਹਣਾ ਰੰਗ ਰੰਗਾਈਆ । ਜੀਵਣ ਦਾਤਾ ਬਣ ਕੇ ਦਰਦੀ, ਦੁਖੀਆਂ ਦੁੱਖ ਮਿਟਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਲਿਖ ਕੇ ਦਈਏ ਅਰਜ਼ੀ, ਦਰਖ਼ਾਸਤ ਪ੍ਰਭ ਦੇ ਅੱਗੇ ਟਿਕਾਈਆ । ਸਾਡੇ ਮਾਲਕ ਖ਼ਾਲਕ ਜੋ ਚਾਹੇਂ ਸੋ ਅੱਗੇ ਕਰ ਆਪਣੀ ਮਰਜ਼ੀ, ਸਾਰੇ ਇਕੋ ਵਾਰ ਸੀਸ ਝੁਕਾਈਆ । ਅਸੀਂ ਨਾਮ ਕਲਮਾ ਦੇ ਕੇ ਆਏ ਫ਼ਰਜ਼ੀ, ਜੋ ਜੁਗ ਜੁਗ ਗਏ ਬਦਲਾਈਆ । ਤੂੰ ਪੁੱਠੀ ਸਿੱਧੀ ਕਰ ਨਰਦੀ, ਦੀਨ ਦੁਨੀ ਤੇਰੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਰ ਦੇ ਧੁਰ ਦੇ ਸਵਾਮੀ, ਸਾਰੇ ਰਹੇ ਜਣਾਈਆ । ਤੂੰ ਆਦਿ ਜੁਗ ਜੁਗਾਦਿ ਦਾ ਦਾਨੀ, ਦਾਤਾ ਇਕ ਅਖਵਾਈਆ । ਸਾਚੀ ਮੰਜ਼ਲ ਦੇ ਅਸਾਨੀ, ਰਹਿਬਰ ਹੋ ਕੇ ਵੇਖ ਵਖਾਈਆ । ਬੇਸ਼ਕ ਤੇਰਾ ਲੇਖ ਲਿਖਦੀ ਕਲਮ ਕਾਨੀ, ਕਾਇਨਾਤ ਵਿਚ ਸਿਫ਼ਤ ਸਾਲਾਹੀਆ । ਜਿਸ ਦੀ ਕੀਮਤ ਪੈਸਾ ਧੇਲਾ ਨਹੀਂ ਕੋਈ ਦਵਾਨੀ, ਦੀਵਾਨੀ ਦਾ ਮੁਕਦਮਾ ਚਾਰ ਜੁਗ ਦਾ ਮੇਰਾ ਚਲਿਆ ਆਈਆ । ਤੇਰੇ ਅਵਤਾਰ ਪੈਗ਼ੰਬਰ ਗੁਰੂ ਸਾਰੇ ਹੋ ਗਏ ਫ਼ਾਨੀ, ਉਨ੍ਹਾਂ ਦਾ ਤਤ ਨਾ ਕੋਇ ਵਖਾਈਆ । ਮੇਰੇ ਲੇਖ ਦੀ ਅਜੇ ਤਕ ਰਹੀ ਨਿਸ਼ਾਨੀ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਦਏ ਗਵਾਹੀਆ । ਮੈਂ ਚਾਹੁੰਦੀ ਹੁਣ ਇਕੋ ਵਾਰ ਆਪਣਿਆਂ ਭਗਤਾਂ ਉਤੇ ਕਰ ਦੇ ਮਿਹਰਵਾਨੀ, ਘਰ ਘਰ ਮੰਗਣ ਦੀ ਲੋੜ ਰਹੇ ਨਾ ਰਾਈਆ । ਕਿਉਂ ਕਲਜੁਗ ਕੂੜੀ ਕਿਰਿਆ ਦੀ ਚੜ੍ਹੀ ਤੁਗ਼ਿਆਨੀ, ਦੀਨਾਂ ਮਜ਼੍ਹਬਾਂ ਰਹੀ ਰੁੜ੍ਹਾਈਆ । ਸੰਮਤ ਛੇ ਕਹੇ ਮੇਰੀ ਅਰਜ਼ ਜਗਦੀਸ ਇਕ ਮਾਨੀਂ, ਸਵਾਰਥ ਮੇਰਾ ਪੂਰ ਕਰਾਈਆ । ਤੇਰਿਆਂ ਭਗਤਾਂ ਆਏ ਕਿਤੇ ਨਾ ਹਾਨੀ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਮੇਟ ਅੰਧੇਰੀ ਸ਼ਾਮੀ, ਸ਼ਮਾਂ ਨੂਰ ਜੋਤ ਤੇਰੀ ਰੁਸ਼ਨਾਈਆ ।

✪ ੨ ਚੇਤ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ (ਹਰਦੇਵ ਸਿੰਘ ਰੁੜਕਾ ਕਲਾਂ) ✪

ਸਪਤਸ ਰਿਖੀ ਬੈਠੇ ਉਤੇ ਤਟ ਕਿਨਾਰਾ ਗੰਗੇ, ਆਪਣਾ ਆਸਣ ਲਾਈਆ । ਓਥੇ ਆ ਗਏ ਤਿੰਨ ਅੰਧੇ, ਨੈਣਹੀਣ ਦਰਸਾਈਆ । ਕਾਇਆ ਵੱਲੋਂ ਸੂਰਬੀਰ ਚੰਗੇ, ਸੋਭਨੀਕ ਸੋਭਾ ਪਾਈਆ । ਅਤਰੀ ਵੇਖਿਆ ਆਪਣੇ ਕੰਢੇ, ਘਾਟ ਉਤੇ ਧਿਆਨ ਲਗਾਈਆ । ਉਨ੍ਹਾਂ ਦੇ ਹੱਥ ਵਿਚ ਫੜੇ ਡੰਡੇ, ਚਲਣ ਚਾਈਂ ਚਾਈਆ । ਝੋਲੀ ਵਿਚ ਦਿਸੇ ਮੰਡੇ, ਟੁਕੜੇ ਸੁੱਕੇ ਸੋਭਾ ਪਾਈਆ । ਢਾਈ ਦਿਨ ਦੇ ਠੰਡੇ, ਅਗਨੀ ਸੇਕ ਨਾ ਕੋਇ ਵਖਾਈਆ । ਨਾਲ ਖਾਣ ਨੂੰ ਗੰਢੇ, ਦੂਜੀ ਵਸਤ ਨਾ ਕੋਇ ਜਣਾਈਆ । ਪੰਧ ਕਰਕੇ ਆਏ ਲੰਬੇ, ਮੀਲ ਨੌਂ ਨੌਂ ਦਰਸਾਈਆ । ਕਦਮਾਂ ਕਦਮਾਂ ਵਿਚ ਹੰਭੇ,

ਜ਼ੋਰ ਬਲ ਨਾ ਕੋਇ ਰਖਾਈਆ । ਸਰਦੀ ਨਾਲ ਕੰਬੇ, ਦੰਦੀਆਂ ਰਹੇ ਵਜਾਈਆ । ਓਧਰੋਂ ਆ ਗਿਆ ਇਕ ਉਦਾਸੀ ਜੋ ਵਸੇ ਵਿਚ ਚੰਬੇ, ਵਾਸੀ ਪਹਾੜੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਤਿੰਨ ਅੰਧੇ ਬੈਠੇ ਤਟ ਕਿਨਾਰੇ, ਗੰਗਾ ਸੋਭਾ ਪਾਈਆ । ਅਤਰੀ ਵੇਖੇ ਇਹ ਨਜ਼ਾਰੇ, ਰਿਸ਼ੀ ਆਪਣਾ ਧਿਆਨ ਲਗਾਈਆ । ਓਨੇ ਚਿਰ ਨੂੰ ਚੰਬੇ ਵਾਲਾ ਆ ਗਿਆ ਬੈਠਾ ਪੈਰ ਪਸਾਰੇ, ਆਪਣੀ ਲਈ ਅੰਗੜਾਈਆ । ਇਨ੍ਹਾਂ ਦੁਖੜੇ ਪਏ ਭਾਰੇ, ਨੇਤਰਹੀਣ ਨੈਣ ਨਾ ਕੋਇ ਰੁਸ਼ਨਾਈਆ । ਕੀ ਕਰਨ ਵਿਚਾਰੇ, ਵਿਚਰ ਕੇ ਸਕੇ ਨਾ ਕੋਇ ਸਮਝਾਈਆ । ਦੁੱਖ ਭੁੱਖ ਦੇ ਮਾਰੇ, ਫਿਰਦੇ ਵਾਹੋ ਦਾਹੀਆ । ਜਗਤ ਸ਼ਾਇਦ ਬਣੇ ਕਦੇ ਨਹੀਂ ਲਾੜੇ, ਲਾੜੀ ਨਾਰ ਨਾ ਕੋਇ ਪਰਨਾਈਆ । ਦਰ ਦਰ ਘਰ ਘਰ ਮੰਗਦੇ ਵਾੜੇ, ਖ਼ਾਲੀ ਝੋਲੀ ਅੱਗੇ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਤਿੰਨੇ ਅੰਧੇ ਆਪਣੀ ਰੱਖ ਕੇ ਸੋਟੀ, ਆਸਣ ਲਿਆ ਲਗਾਈਆ । ਹੱਥ ਮਾਰ ਕੇ ਬੋਦੀ, ਆਪਣੀ ਖ਼ੁਸ਼ੀ ਬਣਾਈਆ । ਓਧਰੋਂ ਆ ਗਿਆ ਇਕ ਜੋਗੀ, ਬੀਨ ਰਿਹਾ ਸੁਣਾਈਆ । ਓਧਰੋਂ ਆ ਗਿਆ ਇਕ ਭੋਗੀ, ਜੋ ਵੇਸਵਾ ਰਿਹਾ ਹੰਢਾਈਆ । ਓਧਰੋਂ ਆ ਗਿਆ ਇਕ ਸੰਜੋਗੀ, ਜੋ ਧਰਮ ਵਿਚ ਸਮਾਈਆ । ਓਧਰੋਂ ਆ ਗਿਆ ਪੰਡਤ ਹੱਥ ਲੈਂਦਾ ਗੋਡੀਂ, ਨਿਉਂ ਨਿਉਂ ਸੀਸ ਝੁਕਾਈਆ । ਓਧਰ ਧਿਆਨ ਮਾਰਿਆ ਅਤਰੀ ਖੇਲ ਵੇਖਿਆ ਘਰੋਗੀ, ਪਰਦਾ ਪਰਦੇ ਵਿਚੋਂ ਉਠਾਈਆ । ਨਾਲੇ ਹੱਸ ਕੇ ਕਿਹਾ ਪ੍ਰਭ ਠਾਕਰ ਬੜਾ ਮੌਜੀ, ਵੇਖੋ ਮਜ਼ਲਸ ਰਿਹਾ ਬਣਾਈਆ । ਜਿਹੜਾ ਸਦਾ ਅਗਾਧ ਬੋਧੀ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਦੱਸ ਨਾਮ ਸਲੋਕੀ, ਸੋਹਲਾ ਇਕ ਸੁਣਾਈਆ । ਉਸ ਦੀ ਮੰਜ਼ਲ ਔਖੀ, ਚੜ੍ਹਨ ਕੋਇ ਨਾ ਪਾਈਆ । ਜਗਤ ਵਿਦਿਆ ਵਿਚ ਪੜ੍ਹਾ ਕੇ ਪੋਥੀ, ਅੱਖਰਾਂ ਵਿਚ ਭਰਮਾਈਆ । ਅੰਤ ਮਿਲੇ ਕਿਸੇ ਨਾ ਮੋਖੀ, ਮੁਕਤ ਜੁਗਤ ਗਏ ਸਮਝਾਈਆ । ਸੌਦਾ ਹੋਵੇ ਕਿਸੇ ਨਾ ਰੋਖੀ, ਰੋਕੜ ਵਹੀ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਅੰਨ੍ਹੇ ਕਹਿਣ ਆਓ ਖਾਈਏ ਟੁੱਕਰ, ਟੁਕੜੇ ਬਾਹਰ ਕਢਾਈਆ । ਓਧਰੋਂ ਆ ਗਿਆ ਪਰੋਹਤ ਸ਼ੁਕਰ, ਸਹਿਜ ਨਾਲ ਸੁਣਾਈਆ । ਤੁਸੀਂ ਕਿਧਰੋਂ ਆਏ ਫਿਰਦੇ ਪੂਰਬ ਕਿ ਉੱਤਰ, ਕਿ ਪੱਛਮ ਦੱਖਣ ਵੰਡ ਵੰਡਾਈਆ । ਤੁਸੀਂ ਕਿਸ ਮਾਂ ਦੇ ਪੁੱਤਰ, ਜੰਮਣ ਵਾਲੀ ਕਵਣ ਅਖਵਾਈਆ । ਕਿਸ ਨੇ ਚੁੱਕਿਆ ਕੁੱਛੜ, ਗੋਦੀ ਲਾਡ ਲਡਾਈਆ । ਉਹ ਤਿੰਨੇ ਲੱਗੇ ਝੁਕਣ, ਨਿਉਂ ਨਿਉਂ ਸੀਸ ਨਿਵਾਈਆ । ਮੁਖੋਂ ਲੱਗੇ ਬੁੱਕਣ, ਬੂ ਬੂ ਰਹੇ ਸੁਣਾਈਆ । ਕੀ ਸਾਨੂੰ ਲੱਗਾ ਪੁਛਣ, ਕਿਉਂ ਦੁੱਖੜੇ ਰਿਹਾ ਪਰਗਟਾਈਆ । ਸਾਡਾ ਅੰਤ ਅਖ਼ੀਰ ਲੱਗਾ ਮੁਕਣ, ਲੋਕਮਾਤ ਰਹਿਣ ਨਾ ਪਾਈਆ । ਅਤਰੀ ਲਾਗੋਂ ਲੱਗਾ ਉਠਣ, ਆਪਣੀ ਲਈ ਅੰਗੜਾਈਆ । ਚੰਬੇ ਵਾਲਾ ਲੱਗਾ ਬੁੱਕਣ, ਜ਼ੋਰ ਨਾਲ ਸੁਣਾਈਆ । ਹੁਣ ਕਿਉਂ ਪਿਛੇ ਲੱਗਾ ਲੁਕਣ, ਸਨਮੁਖ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਚੰਬੇ ਵਾਲੇ ਦਾ ਨਾਂ ਸੀ ਬਲਕਾ, ਬਾਲੀ ਕਹਿ ਕੇ ਸਾਰੇ ਗਾਈਆ । ਉਹ ਉਮਰ ਜ਼ਾਤ ਦਾ ਹਲਕਾ, ਵੱਡੀ ਵਡ ਨਾ ਕੋਇ ਵਡਿਆਈਆ । ਉਸ ਨੇ ਅੰਧਿਆਂ ਨਾਲ ਪਾ ਲਿਆ ਤੁਅਲਕਾ, ਛਿੰਨ ਛਿੰਨ ਜੋੜ ਜੁੜਾਈਆ । ਨੇਤਰਹੀਣੋ ਪ੍ਰਭ ਦਾ ਖੇਲ ਸਦਾ ਛਲ ਕਾ, ਅਛਲ ਅਛਾਲੀ ਕਾਰ ਕਮਾਈਆ । ਤੁਹਾਡਾ ਮੇਲ ਮਿਲਾਇਆ ਦਲ ਕਾ, ਇਕੱਠੇ ਲਏ ਕਰਾਈਆ । ਕੁਛ ਸਵਾਲ ਲੱਭੇ ਹੱਲ

ਕਾ, ਕਿਉਂ ਵਕਤ ਰਹੇ ਗਵਾਈਆ । ਨਹੀਂ ਭਰੋਸਾ ਕਲ ਕਾ, ਘੜੀ ਪਲ ਹੋਏ ਨਾ ਕੋਇ ਸਹਾਈਆ । ਵੇਖੋ ਵਹਿਣ ਵਗਦਾ ਜਲ ਕਾ, ਗੰਗਾ ਧਾਰ ਦ੍ਰਿੜਾਈਆ । ਏਥੇ ਨਿਵਾਸ ਹੁੰਦਾ ਸੀ ਬਲ ਕਾ, ਬਾਵਨ ਖੋਜ ਖੁਜਾਈਆ । ਲਾਹਾ ਲਓ ਜਨਮ ਕੇ ਫਲ ਕਾ, ਫਲੀ ਭੂਤ ਭੂਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਅੰਧਿਆਂ ਕਿਹਾ ਸਾਡਾ ਇਕੋ ਅੰਧ ਅੰਧੇਰਾ, ਸਤਿ ਸਚ ਜਣਾਈਆ । ਇਕੋ ਸੰਝ ਸਵੇਰਾ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਇਕੋ ਚੁਰਾਸੀ ਗੇੜਾ, ਨਿਤ ਨਿਤ ਭਵਾਈਆ । ਇਕੋ ਨਗਰ ਖੇੜਾ, ਸਰਗੁਣ ਤਤ ਹੰਢਾਈਆ । ਇਕੋ ਬੈਠੇ ਕਰ ਕੇ ਜੇਰਾ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਵਧਾਈਆ । ਆਪੇ ਮਾਲਕ ਕਰੇ ਨਬੇੜਾ, ਹਰਿ ਕਰਤਾ ਧੁਰਦਰਗਾਹੀਆ । ਓਨੇ ਚਿਰ ਨੂੰ ਪੰਡਾ ਆ ਗਿਆ ਓਹਨੇ ਤਿੰਨਾਂ ਦੇ ਮੂੰਹ ਤੇ ਮਾਰਿਆ ਇਕ ਇਕ ਲਫੇੜਾ, ਥੱਪੜ ਦਿਤਾ ਲਗਾਈਆ । ਤੁਹਾਨੂੰ ਪਾਰ ਲੰਘਾਵੇ ਕਿਹੜਾ, ਗੁਰੂ ਗੁਰਦੇਵ ਕਵਣ ਅਖਵਾਈਆ । ਆਹ ਵੇਖੋ ਮੇਰੇ ਗਲ ਵਿਚ ਜੰਞੂ ਵਾਲਾ ਜੋੜਾ, ਜਿਹੜਾ ਸਭ ਨੂੰ ਰਿਹਾ ਬੰਧਾਈਆ । ਤੁਹਾਡਾ ਵਕਤ ਆ ਗਿਆ ਨੇੜਾ, ਪੜਦਾ ਦਿਆਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਤਿੰਨੇ ਅੰਧੇ ਬੋਲੇ ਨਾਲ ਜ਼ੋਰ, ਜ਼ੋਰ ਜ਼ੋਰ ਸੁਣਾਈਆ । ਉਚੀ ਉਚੀ ਪਾਇਆ ਸ਼ੋਰ, ਸ਼ੌਹਰ ਇਕੋ ਲੈਣਾ ਮਨਾਈਆ । ਜਿਸ ਦੇ ਹੱਥ ਅਸਾਡੀ ਡੋਰ, ਤੰਦ ਸਕੇ ਨਾ ਕੋਇ ਤੁੜਾਈਆ । ਸਾਨੂੰ ਪੰਡਤਾ ਨਹੀਂ ਤੇਰੀ ਲੋੜ, ਤੇਰੇ ਅੱਗੇ ਨਾ ਝੋਲੀ ਡਾਹੀਆ । ਅਸੀਂ ਉਸ ਤਟ ਗਏ ਬਹੁੜ, ਜਿਥੇ ਰਵਿਦਾਸ ਦਾ ਮੀਤ ਮਿਲੇ ਧੁਰ ਦਾ ਮਾਹੀਆ । ਜਿਸ ਨੂੰ ਕਹਿਣਾ ਬ੍ਰਾਹਮਣ ਗੌੜ, ਜਨਮੇ ਕੋਇ ਨਾ ਮਾਈਆ । ਲੇਖ ਮੁਕਾਵੇ ਮੜ੍ਹੀ ਗੋਰ, ਕਾਇਆ ਕਬਰੀ ਡੇਰਾ ਢਾਹੀਆ । ਲਹਿਣਾ ਦੇਵੇ ਅਵਰ ਕਾ ਔਰ, ਔਰਤ ਮਰਦ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਪੰਡਤ ਕਿਹਾ ਮੇਰਾ ਨਾਂ ਨਾਥ ਜਗਨ, ਜਗਮਗ ਜੋਤ ਜਗਾਈਆ । ਮੈਂ ਪ੍ਰਭੂ ਭਗਤੀ ਵਿਚ ਮਗਨ, ਅੱਠੇ ਪਹਿਰ ਮਾਇਆ ਵਿਚ ਸਮਾਈਆ । ਵੇਖੋ ਮੇਰਾ ਸਾਫ਼ ਸੁਥਰਾ ਬਦਨ, ਮਸਤਕ ਤਿਲਕ ਲਲਾਟ ਜਗਾਈਆ । ਫੇਰ ਆਪਣਾ ਆਪ ਕਰੇ ਨਗਨ, ਖ਼ੁਸ਼ੀਆਂ ਵਿਚ ਜਣਾਈਆ । ਬਿਨ ਮੇਰੇ ਤੋਂ ਪਾਰ ਮੂਲ ਨਾ ਲੰਘਣ, ਨਈਆ ਜਗਤ ਵਿਚ ਡੁਲਾਈਆ । ਆਉ ਤੁਹਾਨੂੰ ਲਾਵਾਂ ਅੰਗਣ, ਆਪਣੇ ਘਰ ਵਸਾਈਆ । ਫੇਰ ਜਜਮਾਨਾਂ ਘਰ ਜਾਵਾਂ ਮੰਗਣ, ਸ਼ਾਹ ਸੁਲਤਾਨਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਅੰਧੇ ਕਹਿਣ ਸਾਨੂੰ ਨਾ ਚੜ੍ਹਾ ਗ਼ੁੱਸਾ, ਐਵੇਂ ਰਿਹਾ ਸਤਾਈਆ । ਅਸਾਂ ਕੀ ਕਰਨਾ ਤੇਰਾ ਜੁੱਸਾ, ਤਤਾਂ ਵੇਖ ਨਾ ਖ਼ੁਸ਼ੀ ਮਨਾਈਆ । ਇਕ ਸਭ ਤੋਂ ਵਿਚੋਂ ਬੁੱਢਾ, ਉਹ ਜ਼ੋਰ ਨਾਲ ਦ੍ਰਿੜਾਈਆ । ਵੇਖ ਮੈਂ ਲੱਤੋਂ ਥੋੜ੍ਹਾ ਡੁੱਢਾ, ਹੌਲੀ ਹੌਲੀ ਪੰਧ ਮੁਕਾਈਆ । ਫੇਰ ਖ਼ੁਸ਼ੀਆਂ ਦੇ ਵਿਚ ਕੁੱਦਾ, ਉਛਲ ਕੇ ਦਿਤਾ ਜਣਾਈਆ । ਸਾਨੂੰ ਗੰਗਾ ਮਾਤਾ ਲੈਣ ਦੇਵੇ ਨਾ ਕਿਸੇ ਤੋਂ ਭੁੱਗਾ, ਹਿੱਸਾ ਵੰਡ ਨਾ ਕੋਇ ਵੰਡਾਈਆ । ਨਾਲੇ ਹੱਥ ਵਿਚ ਹਿਲਾਇਆ ਚੁੱਘਾ, ਡੰਡੇ ਨਾਲ ਡਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਬ੍ਰਾਹਮਣ ਕਿਹਾ ਅੰਧਿਆ ਮੂਲ ਹੋ ਨਾ ਹਲਕਾ, ਕਿਉਂ ਬਚਨ ਕੁਬਚਨ ਸੁਣਾਈਆ । ਮੇਰੇ ਕੋਲ ਲੋਟਾ ਗੰਗਾ ਜਲ ਕਾ, ਤੇਰੀ ਕਰੇ ਤਬਾਹੀਆ । ਵਿਛੋੜਾ ਹੋਵੇ ਸਲ ਕਾ, ਪ੍ਰਭੂ ਨਾਲੋਂ ਜੁਦਾਈਆ । ਮੇਰਾ ਬਚਨ ਕਦੇ ਨਾ ਟਲਦਾ,

ਸਚ ਦਿਆਂ ਸਮਝਾਈਆ । ਬਿਨਾ ਪੰਡਤਾਂ ਤੋਂ ਕਦੇ ਕੋਈ ਨਹੀਂ ਫਲਦਾ, ਫਲੀਭੂਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਓਹਲਾ ਦਏ ਚੁਕਾਈਆ । ਬੁੱਢੇ ਅੰਧੇ ਕਿਹਾ ਸੁਣ ਲੈ ਮੇਰਾ ਗਾਉਣਾ, ਤੈਨੂੰ ਦਿਆਂ ਸੁਣਾਈਆ । ਮੈਂ ਪ੍ਰਭੂ ਇਕ ਮਨਾਉਣਾ, ਦੂਜਾ ਨਜ਼ਰ ਕੋਇ ਨਾ ਪਾਈਆ । ਜਿਸ ਇਕੋ ਰੰਗ ਰੰਗਾਉਣਾ, ਇਕੋ ਗ੍ਰਹਿ ਵਡਿਆਈਆ । ਇਕੋ ਸੀਸ ਝੁਕਾਉਣਾ, ਇਕੋ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲ੍ਹਾਈਆ । ਬੁੱਢੇ ਕਿਹਾ ਪੰਡਤਾ ਤੂੰ ਕਿਉਂ ਹੋਇਆ ਹਲਕਾਇਆ, ਸਾਨੂੰ ਵੱਢ ਵੱਢ ਖਾਈਆ । ਓਨੇ ਚਿਰ ਨੂੰ ਅਤਰੀ ਕੋਲ ਚਲ ਕੇ ਆਇਆ, ਦੋਹਾਂ ਰਿਹਾ ਸੁਣਾਈਆ । ਕਿਉਂ ਐਵੇਂ ਝਗੜਾ ਪਾਇਆ, ਵਾਧੂ ਕਰੋ ਲੜਾਈਆ । ਓਧਰੋਂ ਸ਼ਬਦ ਅਗੰਮੀ ਆਪਣਾ ਹੁਕਮ ਸੁਣਾਇਆ, ਧਾਰ ਧਾਰ ਵਿਚੋਂ ਪ੍ਰਗਟਾਈਆ । ਦੋਹਾਂ ਦਾ ਲੇਖਾ ਪ੍ਰਭ ਆਪਣੇ ਹੱਥ ਵਿਚ ਰਖਾਇਆ, ਤਟ ਕਿਨਾਰਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਸੁਣਿਆ ਸ਼ਬਦ ਅਗੰਮੀ ਏਕ, ਏਕ ਇਕ ਸੁਣਾਈਆ । ਸਾਰੇ ਮਸਤਕ ਦਿਉ ਟੇਕ, ਮੱਥੇ ਧੂੜ ਲਗਾਈਆ । ਆਪਣਾ ਆਪ ਲਉ ਵੇਖ, ਅੰਤਰ ਧਿਆਨ ਲਗਾਈਆ । ਕੇਹੜਾ ਸੱਚਾ ਦੇਸ਼, ਕਵਣ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਇਕ ਸਮਝਾਈਆ । ਅੰਧੇ ਕਿਹਾ ਮੈਂ ਪ੍ਰਭੂ ਨੂੰ ਆਖ ਸੁਨਾਉਣਾ, ਅਣਸੁਣਤ ਦਿਆਂ ਜਣਾਈਆ । ਏਸ ਪਾਂਡੇ ਨੂੰ ਜਨਮ ਜ਼ਰੂਰ ਦਵਾਉਣਾ, ਮਾਨਸ ਮਾਨਸ ਵਿਚੋਂ ਪਰਗਟਾਈਆ । ਸਾਡਾ ਸੰਗ ਏਸ ਨਾਲ ਰਖਾਉਣਾ, ਵੇਖੀਏ ਚਾਈਂ ਚਾਈਆ । ਇਹਦਾ ਲਹਿਣਾ ਦੇਣਾ ਮੁਕਾਉਣਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਪੁਰਖ ਅਕਾਲ ਕਿਹਾ ਅੰਧੇ ਕਰ ਲੈ ਇੰਤਜ਼ਾਰੀ, ਸ਼ਬਦ ਸ਼ਬਦ ਸੁਣਾਈਆ । ਕਲਜੁਗ ਅੰਤ ਏਸ ਦੀ ਆਉਣੀ ਵਾਰੀ, ਵਾਰਸ ਹੋ ਕੇ ਲਵਾਂ ਪਰਗਟਾਈਆ । ਤੇਰੀ ਆਸਾ ਪੂਰੀ ਕਰਾਂ ਸੰਸਾਰੀ, ਸਾਹ ਸਾਹ ਵੇਖ ਵਖਾਈਆ । ਧੁਰ ਦਾ ਹੁਕਮ ਰੱਖਾਂ ਬਰਕਰਾਰੀ, ਨਾ ਕੋਇ ਮੇਟੇ ਮੇਟ ਮਿਟਾਈਆ । ਤੁਹਾਡੀ ਹੋਵੇ ਪਿਤਾ ਪੂਤ ਦੀ ਯਾਰੀ, ਯਰਾਨਾ ਯਰਾਨੇ ਵਿਚੋਂ ਬਣਾਈਆ । ਰਸਨਾ ਬੋਲ ਬੋਲ ਨਾ ਜਾਵੇ ਖ਼ਾਲੀ, ਖ਼ਾਲਕ ਖ਼ਲਕ ਵੇਖ ਵਖਾਈਆ । ਇਹਦੀ ਆਯੂ ਰੱਖਾਂ ਨਾ ਬਾਹਲੀ, ਬਹੁਤੀ ਅਵਰ ਨਾ ਕੋਇ ਵਧਾਈਆ । ਤੂੰ ਪ੍ਰੇਮ ਨਾਲ ਇਸ ਨੂੰ ਸੰਭਾਲੀ, ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਅੰਧੇ ਕਿਹਾ ਸੇਵਾ ਕਰਾਂ ਜ਼ਰੂਰ, ਆਪਣੀ ਸੇਵ ਕਮਾਈਆ । ਪੁਰਖ ਅਕਾਲ ਕਿਹਾ ਮੈਂ ਵੇਖਾਂ ਹਾਜ਼ਰ ਹਜ਼ੂਰ, ਹਰ ਅੰਤਰ ਖੋਜ ਖੁਜਾਈਆ । ਪੈਂਡਾ ਅਜੇ ਦੂਰ, ਕਲ ਕਲੇਸ਼ ਪਰਦਾ ਉਠਾਈਆ । ਜਿਸ ਵੇਲੇ ਦੀਨ ਦੁਨੀ ਹੋਈ ਮਗ਼ਰੂਰ, ਹਉਮੇ ਗੜ੍ਹ ਨਾ ਕੋਇ ਤੁੜਾਈਆ । ਉਸ ਵੇਲੇ ਆਪਣੀ ਜੋਤ ਦਾ ਦੇ ਕੇ ਨੂਰ, ਜ਼ਹੂਰ ਦਿਆਂ ਵਖਾਈਆ । ਤੂੰ ਹੋਣਾ ਮੇਰਾ ਮਸ਼ਕੂਰ, ਮੁਸ਼ਕਲ ਅੰਤ ਤੇਰੀ ਹੱਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਉਪਜਾਈਆ । ਬੁੱਢੇ ਕਿਹਾ ਕੀ ਵਕਤ ਸੁਹੰਜਣਾ ਆਉਣਾ, ਪ੍ਰਭੂ ਦੇ ਸਮਝਾਈਆ । ਪੁਰਖ ਅਕਾਲ ਕਿਹਾ ਤੁਹਾਨੂੰ ਮਾਤ ਜਨਮ ਦਵਾਉਣਾ, ਮਾਤਲੋਕ ਮਿਲੇ ਵਡਿਆਈਆ । ਪੂਰਬ ਲੇਖਾ ਪੂਰ ਕਰਾਉਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਏਸੇ ਪੰਡੇ ਨੂੰ ਤੇਰੇ ਘਰ ਵਿਚ ਹਲਕਾਉਣਾ, ਬਿਰਥਾ ਬਚਨ ਮੂਲ ਨਾ ਜਾਈਆ । ਫੇਰ ਆਪਣੇ ਨਾਲ ਮਿਲਾਉਣਾ,

ਜੋਤ ਜੋਤ ਵਿਚ ਸਮਾਈਆ । ਆਪਣੇ ਹੱਥੀਂ ਬਿਬਾਣ ਬਿਠਾਉਣਾ, ਆਪਣੇ ਅੰਗ ਟਕਾਈਆ । ਦਰਗਾਹ ਸਾਚੀ ਧਾਮ ਸੁਹਾਉਣਾ, ਸਚਖੰਡ ਰੰਗ ਰੰਗਾਈਆ । ਅੰਤਮ ਲਹਿਣਾ ਦੇਣਾ ਮੁਕਾਉਣਾ, ਲੇਖਾ ਰਹੇ ਨਾ ਰਾਈਆ । ਖ਼ੁਸ਼ੀਆਂ ਵਾਲਾ ਵਕਤ ਖ਼ੁਸ਼ੀਆਂ ਵਿਚ ਲੰਘਾਉਣਾ, ਗ਼ਮੀ ਦੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਡਤ ਦਾ ਲੇਖਾ ਹਰਦੇਵ ਜਨਮ ਪੂਰ ਕਰਾਉਣਾ, ਪੂਰਬ ਦਾ ਪੂਰਬ ਝੋਲੀ ਪਾਈਆ ।

३९३ ੨੨ ३९३ ੨੨

## ✪ ੩ ਚੇਤ ਸ਼ਹਿਨਸ਼ਾਹੀ ਸੰਮਤ ੬ ਚੀਫ਼ ਇੰਜੀਨੀਅਰ ਆਰ੦ ਐਲ੦ ਸ਼ਰਮਾ ਦੇ ਗ੍ਰਿਹਿ ਜੰਮੂ ✪

ਅਵਤਾਰ ਪੈਗ਼ੰਬਰ ਗੁਰੂ ਡੰਡਾਵਤ ਬੰਦਨਾ ਕਰਨ ਸਲਾਮ, ਬਿਨਾ ਸੀਸ ਸੀਸ ਜਗਦੀਸ ਝੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਵੇਖ ਦੀਨ ਦੁਨੀ ਅਵਾਮ, ਨੌਂ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਫੋਲ ਫੁਲਾਈਆ । ਕਸ਼ਤਰੀ ਬ੍ਰਾਹਮਣ ਸ਼ੂਦਰ ਵੈਸ਼ ਹਿੰਦੂ ਮੁਸਲਿਮ ਸਿਖ ਈਸਾਈ ਸਚ ਧਰਮ ਦਾ ਰਿਹਾ ਨਾ ਕੋਇ ਇੰਤਜ਼ਾਮ, ਬੰਦੋਬਸਤ ਸਕੇ ਨਾ ਕੋਇ ਕਰਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਨਿਰੰਤਰ ਦੀਨ ਦੁਨੀ ਦੇਵੇ ਨਾ ਕੋਇ ਹੱਕ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਕਰੇ ਪੜ੍ਹਾਈਆ । ਰਸਨਾ ਜਿਹਵਾ ਬੱਤੀ ਦੰਦ ਤੇਰਾ ਸਿਫ਼ਤਾਂ ਵਾਲਾ ਸਾਰੇ ਜਪਦੇ ਨਾਮ, ਆਤਮ ਪਰਮਾਤਮ ਪਰਮਾਤਮ ਆਤਮ ਮੇਲ ਨਾ ਕੋਇ ਮਿਲਾਈਆ । ਨਿਗਹ ਮਾਰ ਮਾਨਵ ਮਾਨਸ ਮਾਨੁਖ ਸਾਢੇ ਤਿੰਨ ਹੱਥ ਮੁਨਾਰ, ਕਾਇਆ ਮੰਦਰ ਧੁਰ ਦਾ ਕਾਅਬਾ ਨਿਰਗੁਣ ਨਿਰਾਕਾਰ ਵੇਖ ਵਖਾਈਆ । ਸਤਿ ਸਤਿਵਾਦ ਦਾ ਰਿਹਾ ਨਾ ਕੋਇ ਨਿਸ਼ਾਨ, ਮਨ ਕਲਪਣਾ ਹੋਈ ਸ਼ੈਤਾਨ, ਸ਼ਰਅ ਮਜ਼੍ਹਬ ਦੀਨ ਦੁਨੀ ਕਰੇ ਲੜਾਈਆ । ਤੇਰੀ ਮੰਜ਼ਲ ਮਹਿਬੂਬ ਹਕੀਕਤ ਵਿਚ ਮਿਲੇ ਨਾ ਕਿਸੇ ਅਸਾਨ, ਅਸਲ ਵਸਲ ਯਾਰ ਤੇਰਾ ਦਰਸ ਕੋਇ ਨਾ ਪਾਈਆ । ਜੋ ਨਾਮ ਕਲਮਾ ਦੇ ਕੇ ਆਏ ਪੈਗ਼ਾਮ, ਹਰਫ਼ ਹੁਰੂਫ਼ ਅੱਖਰ ਅੱਖਰਾਂ ਨਾਲ ਜੁੜਾਈਆ । ਸੋ ਕਲਜੁਗ ਅੰਤ ਹੋਏ ਬਦਨਾਮ, ਸ੍ਰੀ ਭਗਵਾਨ ਤੇਰਾ ਭੈ ਨਾ ਕੋਇ ਰਖਾਈਆ । ਸਚਖੰਡ ਦਵਾਰ ਏਕੰਕਾਰ ਨਿਰਗੁਣ ਧਾਰ ਅਸੀਂ ਸਾਰੇ ਹੋਏ ਹੈਰਾਨ, ਹੈਰਾਨੀ ਅੰਦਰ ਜੋਤ ਨੁਰਾਨੀ ਨੂਰ ਨੂਰ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਕੀ ਦੱਸੀਏ ਕਥਾ ਕਹਾਣੀ, ਵਿਚਰਨ ਦੀ ਲੋੜ ਰਹੀ ਨਾ ਰਾਈਆ । ਨੇਤਰ ਰੋਵੇ ਅਠ ਸਠ ਤੀਰਥ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਹੀਆ । ਪਿਆਰ ਰਿਹਾ ਨਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨੀ, ਖਾਣੀ ਬਾਣੀ ਰੰਗ ਨਾ ਕੋਇ ਰੰਗਾਈਆ । ਪਾਰਬ੍ਰਹਮ ਬ੍ਰਹਮ ਆਤਮ ਪਰਮਾਤਮ ਮਿਲੇ ਕੋਇ ਨਾ ਹਾਣੀ, ਨਿਰਗੁਣ ਨਿਰਗੁਣ ਮੇਲ ਨਾ ਕੋਇ ਮਿਲਾਈਆ । ਮਨ ਕਲਪਣਾ ਕੂੜੀ ਕਿਰਿਆ ਜਗਤ ਵਾਸਨਾ ਹੋਈ ਸ਼ੈਤਾਨੀ, ਸਤਿ ਸੰਤੋਖ ਧੀਰਜ ਧੀਰ ਨਾ ਕੋਇ ਰਖਾਈਆ । ਚਾਰ ਕੁੰਟ ਦਹਿ ਦਿਸ਼ਾ ਸ਼ਾਹ ਸੁਲਤਾਨ ਕਰਨ ਬੇਈਮਾਨੀ, ਬੇਵਾ ਰੂਪ ਵੇਖ ਖ਼ਲਕ ਖ਼ੁਦਾਈਆ । ਤੇਰਾ ਜਲਵਾ ਉਪਰ ਅਸਮਾਨੀ, ਕਿਰਪਾ ਕਰ ਧੁਰ ਦੇ ਬਾਨੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਆਸ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਨਾਮ ਦੀ ਸਿਫ਼ਤ ਕਰਦੇ ਰਹੇ ਵਿਚ ਜਗਤ ਜਹਾਨੀ, ਜਹਾਲਤ ਵਿਚ

ਅਦਾਲਤ ਤੇਰਾ ਹੁਕਮ ਵਖਾਈਆ । ਤਨ ਵਜੂਦ ਮਾਟੀ ਖ਼ਾਕ ਕਰਦੇ ਆਏ ਕੁਰਬਾਨੀ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਨਾਤਾ ਜਗਤ ਤੁੜਾਈਆ । ਬਹੁੜੀ ਦਰੋਹੀ ਤੇਰਾ ਨੂਰ ਨਜ਼ਰ ਨਾ ਆਏ ਜਗਤ ਜੁਗਤ ਨੂਰਾਨੀ, ਨਿਰਗੁਣ ਨੇਤਰ ਲੋਚਨ ਨੈਣ ਅੱਖ ਨਾ ਕੋਇ ਖੁਲ੍ਹਾਈਆ । ਕਿਰਪਾ ਨਿਧਾਨ ਠਾਕਰ ਸਵਾਮੀ ਭੇਵ ਖੁਲ੍ਹਾ ਆਲਮੇ ਜ਼ਾਵਦਾਨੀ, ਭਗਤ ਸੰਤ ਕੰਤ ਅੰਤ ਭਗਵੰਤ ਆਪਣਾ ਰੰਗ ਰੰਗਾਈਆ । ਤੇਰਾ ਜ਼ਹੂਰ ਮਨਜ਼ੂਰ ਹੋਵੇ ਪੇਸ਼ਾਨੀ, ਅੰਧ ਅਗਿਆਨ ਅੰਦਰੋਂ ਦੇ ਕਢਾਈਆ । ਰਸਨਾ ਜਿਹਵਾ ਸਿਫ਼ਤ ਸਾਲਾਹ ਅੱਖਰਾਂ ਵਿਚ ਤੇਰੀ ਕਰੇ ਕਲਾਮੀ, ਨਿਰਅੱਖਰ ਧਾਰ ਨਿਰਗੁਣ ਧਾਰ ਦਏ ਦ੍ਰਿੜਾਈਆ । ਸਤਿ ਧਰਮ ਦੀ ਸਚ ਧਾਰ ਬਖ਼ਸ਼ ਇਕ ਨਿਸ਼ਾਨੀ, ਜਿਸ ਵਿਚ ਦੀਨ ਮਜ਼੍ਹਬ ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਤਨ ਵਜੂਦ ਮਾਟੀ ਖ਼ਾਕ ਸਭ ਦਾ ਦਿਸੇ ਫ਼ਾਨੀ, ਜਿਸ ਦੀ ਸ਼ਰਅ ਉਤੇ ਦੀਨ ਦੁਨੀ ਹਿੰਦੂ ਮੁਸਲਿਮ ਸਿਖ ਈਸਾਈ ਬੈਠੇ ਰੂਪ ਬਦਲਾਈਆ । ਤੇਰਾ ਖੇਲ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਲੱਖ ਚੁਰਾਸੀ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਦ ਆਪਣਾ ਭੇਵ ਖੁਲ੍ਹਾਈਆ । ਅਵਤਾਰ ਪੈਗ਼ੰਬਰ ਕਹਿਣ ਕਿਰਪਾ ਕਰ ਮਿਹਰਵਾਨ ਮਹਿਬੂਬ ਖ਼ਾਲਕ, ਖ਼ਲਕ ਆਪਣੀ ਵੇਖ ਵਖਾਈਆ । ਤੂੰ ਆਦਿ ਜੁਗਾਦੀ ਸਚਖੰਡ ਨਿਵਾਸੀ ਧੁਰ ਦਾ ਮਾਲਕ, ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਨਜ਼ਰੀ ਆਈਆ । ਨਿਰਗੁਣ ਧਾਰ ਨਿਰਵੈਰ ਨਿਰਾਕਾਰ ਨਿਰੰਕਾਰ ਆਪਣੀ ਲਗਾ ਸਚ ਅਦਾਲਤ, ਅਦਲ ਇਨਸਾਫ਼ ਆਪਣੇ ਹੱਥ ਰਖਾਈਆ । ਕਲਜੁਗ ਕੂੜੀ ਕਿਰਿਆ ਮੇਟ ਅਲਾਮਤ, ਅੱਲਾ ਦਾ ਨੂਰ ਜ਼ਹੂਰ ਕਰ ਇਕ ਰੁਸ਼ਨਾਈਆ । ਸਦੀ ਚੌਧਵੀਂ ਅਵਤਾਰ ਪੈਗ਼ੰਬਰ ਗੁਰੂ ਜਿਸ ਦੀ ਦੇਣ ਜ਼ਮਾਨਤ ਤਿਨ੍ਹਾਂ ਦਾ ਲਹਿਣਾ ਦੇਣਾ ਥਾਉਂ ਥਾਈਆ । ਭਗਤ ਭਗਵੰਤ ਤੇਰੀ ਆਦਿ ਅੰਤ ਦੀ ਅਮਾਨਤ, ਮਧ ਆਪਣਾ ਸੰਗ ਰਖਾਈਆ । ਤੇਰਾ ਖੇਲ ਸਦਾ ਸਹੀ ਸਲਾਮਤ, ਜੀਵਨ ਮਰਨ ਰੂਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਤੇਰਾ ਇਕ ਸਹਾਰਾ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਨਈਆ ਭਵ ਸਾਗਰ ਕੋਈ ਕਰੇ ਨਾ ਪਾਰ ਕਿਨਾਰਾ, ਵੰਝ ਮੁਹਾਣਾ ਕੰਮ ਕੋਇ ਨਾ ਆਈਆ । ਆਦਿ ਨਿਰੰਜਣ ਜੋਤ ਉਜਾਲੇ ਨਿਰਗੁਣ ਨੂਰ ਕਰ ਉਜਿਆਰਾ, ਚਾਰ ਕੁੰਟ ਦਹਿ ਦਿਸ਼ਾ ਅੰਧ ਅੰਧੇਰਾ ਦੇ ਉਠਾਈਆ । ਤੇਰਾ ਜੋਤ ਪ੍ਰਕਾਸ਼ ਇਕ ਕਲ ਕਲਕੀ ਹੋਵੇ ਅਵਤਾਰਾ, ਅਵਤਰੀ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੈਗ਼ੰਬਰ ਜੋ ਦੇ ਕੇ ਗਿਆ ਲਾਰਾ, ਭਵਿਖਤਾਂ ਵਿਚ ਲਿਖਤਾਂ ਵਿਚ ਇਸ਼ਟਾਂ ਵਿਚ ਦ੍ਰਿਸ਼ਟਾਂ ਵਿਚ ਆਪਣਾ ਭੇਵ ਖੁਲ੍ਹਾਈਆ । ਜੋ ਲਹਿਣਾ ਦੇਣਾ ਪੂਰਾ ਕਰ ਦੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਬੈਠੇ ਸੀਸ ਨਿਵਾਈਆ । ਅਮਾਮ ਅਮਾਮਾ ਬਣ ਸਿਕਦਾਰਾ, ਮੁੱਲਾ ਸ਼ੇਖ਼ ਮੁਸਾਇਕ ਨਬੀ ਰਸੂਲਾਂ ਪੈਗ਼ੰਬਰਾਂ ਲੇਖਾ ਦਏ ਮੁਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਦੱਸ ਸਚ ਦੀ ਧਾਰਾ, ਧਰਮ ਧਾਰ ਦਾ ਮਾਰਗ ਇਕ ਉਪਜਾਈਆ । ਝਗੜਾ ਮੇਟ ਦੇ ਜ਼ਾਤ ਪਾਤ ਊਚ ਨੀਚ ਸ਼ਾਹ ਕੰਗਾਲਾ, ਰਾਓ ਰੰਕ ਦਵਾਰ ਬੰਕ ਵੰਡ ਨਾ ਕੋਇ ਵੰਡਾਈਆ । ਜਨ ਭਗਤਾਂ ਆਪਣੇ ਨਾਮ ਦੀ ਦੇ ਅਗੰਮੀ ਮਾਲਾ, ਮਨ ਕਾ ਮਣਕਾ ਆਪੇ ਦੇ ਭਵਾਈਆ । ਅੰਮ੍ਰਿਤ ਰਸ ਨਿਝਰ ਸਰੋਵਰ ਦੇ ਉਛਾਲਾ, ਅਛਲ ਛਲਧਾਰੀ ਆਪਣੀ ਦਇਆ ਕਮਾਈਆ । ਜੋ ਆਸਾ ਰੱਖ ਕੇ ਗਿਆ ਸੰਧੂ ਬਾਲਾ, ਬਾਲਮੀਕ

ਬਟਵਾਰਾ ਨਾਲ ਮਿਲਾਈਆ । ਸਪਤਸ ਰਿਖੀ ਕਹਿਣ ਨਿਰਗੁਣ ਨੂਰ ਜੋਤ ਉਜਾਲਾ, ਜਿਸ ਦਾ ਪੜਦਾ ਲਾਹ ਕੇ ਗਿਆ ਕ੍ਰਿਸ਼ਨ ਗਵਾਲਾ, ਗੋਪਾਲ ਸਵਾਮੀ ਹੋ ਕੇ ਆਪਣੀ ਦਇਆ ਕਮਾਈਆ । ਜਿਸ ਦੀ ਕਾਰ ਕਮਾਉਂਦਾ ਰਿਹਾ ਦਸਰਥ ਬੇਟਾ ਰਾਮਾ, ਸੀਤਾ ਸਤਿ ਸੁਰਤ ਸ਼ਬਦ ਸ਼ਬਦ ਪਰਨਾਈਆ । ਜਿਸ ਦਾ ਹਜ਼ਰਤ ਮੂਸਾ ਦਿਸਿਆ ਉਜਾਲਾ, ਕੋਹਤੂਰ ਜ਼ਹੂਰ ਰੁਸ਼ਨਾਈਆ । ਜਿਸ ਦਾ ਹਜ਼ਰਤ ਈਸਾ ਦਿਤਾ ਹਵਾਲਾ, ਬਾਪ ਇਕੋ ਨੂਰ ਇਲਾਹੀਆ । ਜਿਸ ਨੂੰ ਕਿਹਾ ਮੁਹੰਮਦ ਖ਼ੁਦਾ ਤੁਆਲਾ, ਤਾਰੀਕ ਅੰਧੇਰਾ ਦਏ ਗਵਾਈਆ । ਜਿਸ ਨੂੰ ਨਾਨਕ ਨਿਰਗੁਣ ਸਰਗੁਣ ਗਾਇਆ ਅੰਤਰ ਮਾਰ ਉਛਾਲਾ, ਸਿਫ਼ਤਾਂ ਵਿਚ ਸਾਲਾਹੀਆ । ਜਿਸ ਦੀਆਂ ਗੋਬਿੰਦ ਘਾਲੀਆਂ ਘਾਲਾਂ, ਬੱਚੇ ਨੀਹਾਂ ਹੇਠ ਦਬਾਈਆ । ਸੋ ਖੇਲ ਕਰੇ ਕਰਨੇਹਾਰਾ ਦੀਨ ਦਿਆਲਾ, ਦਇਆਨਿਧ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਸਭ ਦੀ ਘਸ ਗਈ ਅੰਤ ਮਣਕਿਆਂ ਵਾਲੀ ਮਾਲਾ, ਤਸਬੀ ਮੁਤੱਸਬ ਵਿਚ ਰੋਵੇ ਮਾਰੇ ਧਾਈਆ । ਤੁਧ ਬਿਨ ਤ੍ਰੈਗੁਣ ਤੋੜੇ ਨਾ ਕੋਇ ਜੰਜਾਲਾ, ਜਾਗਰਤ ਜੋਤ ਬਿਨ ਵਰਨ ਗੋਤ ਨਾ ਕੋਇ ਰੁਸ਼ਨਾਈਆ । ਸਚ ਦਵਾਰ ਖੋਲ੍ਹ ਸੱਚੀ ਧਰਮਸਾਲਾ, ਜਿਥੇ ਕਸ਼ਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਚਰਨ ਪ੍ਰੀਤੀ ਸਾਚੀ ਰੀਤੀ ਇਸ਼ਟ ਦੇਵ ਸਵਾਮੀ ਮਾਰਗ ਦੱਸ ਸੁਖਾਲਾ, ਦਰ ਤੇਰਾ ਨਜ਼ਰੀ ਆਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਚਰਚਾਂ ਹੱਥ ਨਾ ਆਏ ਭਾਲਾ, ਰਸਨਾ ਜਿਹਵਾ ਬੱਤੀ ਦੰਦ ਪੜ੍ਹਿਆਂ ਮਿਲਣ ਕੋਇ ਨਾ ਪਾਈਆ । ਸਦੀ ਚੌਧਵੀਂ ਕਲਜੁਗ ਕੂੜੀ ਕਿਰਿਆ ਦਾਗ਼ ਮੇਟ ਕੇ ਕਾਲਾ, ਕਲ ਕਲਕੀ ਆਪਣਾ ਰੰਗ ਰੰਗਾਈਆ । ਚਾਰ ਜੁਗ ਦੇ ਸ਼ਾਸਤਰ ਤੇਰੀਆਂ ਸਿਫ਼ਤਾਂ ਵਾਲੀਆਂ ਦੇਂਦੇ ਰਹੇ ਮਿਸਾਲਾ, ਨਾਮ ਕਲਮਾ ਢੋਲੇ ਗਾ ਗਾ ਸ਼ੁਕਰ ਮਨਾਈਆ । ਤੇਰਾ ਆਦਿ ਅੰਤ ਦਾ ਹੱਲ ਹੋਇਆ ਨਾ ਕਿਸੇ ਕੋਲੋਂ ਸਵਾਲਾ, ਸਵਾਲੀ ਦਰ ਬੈਠੇ ਸੀਸ ਨਿਵਾਈਆ । ਥੋੜਾ ਥੋੜਾ ਕਲ ਕਲਕੀ ਅਵਤਾਰ ਅਵਾਮ ਦੇ ਕੇ ਗਏ ਅਹਿਵਾਲਾ, ਭੇਵ ਅਭੇਦਾ ਸਕਿਆ ਨਾ ਕੋਇ ਖੁਲ੍ਹਾਈਆ । ਤੇਰੀ ਜਾਣੇ ਨਾ ਕੋਇ ਆਦਿ ਜੁਗਾਦਿ ਜੁਗ ਚੌਕੜੀ ਅਵੱਲੜੀ ਚਾਲਾ, ਚਾਲ ਨਿਰਾਲੀ ਬੇਮਿਸਾਲੀ ਆਪਣੇ ਵਿਚ ਛੁਪਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪਾਰਬ੍ਰਹਮ ਪਤਿਪਰਮੇਸ਼ਵਰ ਸਾਡਾ ਇਕੋ ਮੰਨ ਸਵਾਲਾ, ਸਵਾਲੀ ਹੋ ਕੇ ਸਾਰੇ ਸੀਸ ਨਿਵਾਈਆ । ਭਾਗ ਲਗਾ ਦੇ ਕਾਇਆ ਮਾਟੀ ਤਨ ਵਜੂਦ ਸਾਢੇ ਤਿੰਨ ਹੱਥ ਖਾਲਾ, ਖ਼ਾਲਕ ਖ਼ਲਕ ਮਖ਼ਲੂਕ ਆਪਣਾ ਮੇਲ ਮਿਲਾਈਆ । ਸ਼ਬਦੀ ਸਤਿਗੁਰ ਸਤਿਗੁਰ ਸ਼ਬਦ ਆਤਮ ਪਰਮਾਤਮ ਬਣ ਦਲਾਲਾ, ਵਿਚੋਲਾ ਬਣ ਕੇ ਓਹਲਾ ਅੰਦਰੋਂ ਦੇ ਚੁਕਾਈਆ । ਇਕੋ ਨਾਮ ਇਕੋ ਕਲਾਮ ਇਕੋ ਕਲਮ ਰੰਗ ਚਾੜ੍ਹ ਦੇ ਬਾਹਲਾ, ਲਾਲਨ ਹੋ ਕੇ ਆਪਣੀ ਦਇਆ ਕਮਾਈਆ । ਤੇਰਾ ਨੂਰ ਜ਼ਹੂਰ ਸੀਸ ਝੁਕਾਏ ਅਸ਼ਟਭੁਜ ਜਵਾਲਾ, ਸ਼ਸਤਰਧਾਰੀ ਧਰਮ ਧਾਰ ਦਰਸਾਈਆ । ਕਿਰਪਾ ਕਰ ਕਿਰਪਨ ਮੀਤ ਪੁਰਖ ਅਕਾਲਾ, ਅਤੀਤ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਅਵਤਾਰ ਪੈਗ਼ੰਬਰ ਕਹਿਣ ਗੁਰਦੇਵ ਸਵਾਮੀ ਮਿਹਰਵਾਨ ਮਹਿਬੂਬ, ਦਰ ਤੇਰੇ ਅਲਖ ਜਗਾਈਆ । ਤੇਰਾ ਮੰਦਰ ਆਲੀਸ਼ਾਨ ਅਰੂਜ, ਅਰਸ਼ ਫ਼ਰਸ਼ ਤੇਰੀ ਵਡਿਆਈਆ । ਤੇਰੀ ਮੰਜ਼ਲ ਇਕ ਮਕਸੂਦ, ਮਹਿੰਮਾ ਅਗੰਮ ਅਥਾਹੀਆ । ਕਿਰਪਾ ਕਰ ਕੇ ਦੀਨਾਂ ਮਜ਼੍ਹਬਾਂ ਮੇਟ ਦੇ ਹਦੂਦ, ਹਜ਼ਰਤ ਹਜ਼ੂਰ ਬੇਨਜ਼ੀਰ ਇਕੋ ਨਜ਼ਰੀ ਆਈਆ । ਜਿਧਰ ਤਕਣ ਸਨਮੁਖ ਹੋ ਕੇ ਮੌਜੂਦ, ਮੌਜੂਦਾ ਪਰਗਟ ਹੋ ਕੇ ਆਪਣਾ ਹੁਕਮ ਵਰਤਾਈਆ । ਗੁਰਮੁਖ ਸੰਤ ਸੁਹੇਲੇ ਸੂਫ਼ੀ ਜਨ ਭਗਤ ਕਰ ਮਹਿਫ਼ੂਜ, ਸਿਰ ਆਪਣਾ ਹੱਥ

ਰਖਾਈਆ । ਕੂੜੀ ਕਿਰਿਆ ਕਲਜੁਗ ਗਲੀ ਵਿਚੋਂ ਕਰ ਜਾਏ ਕੂਚ, ਚਾਰ ਵਰਨ ਅਠਾਰਾਂ ਬਰਨ ਰਹਿਣ ਕੋਇ ਨਾ ਪਾਈਆ । ਸਚ ਦਵਾਰ ਦੀ ਸਭ ਨੂੰ ਦੇ ਸੂਝ, ਬੁੱਧੀ ਤੋਂ ਪਰੇ ਆਪਣੀ ਦੱਸ ਪੜ੍ਹਾਈਆ । ਹਰ ਹਿਰਦੇ ਵਿਚੋਂ ਕਢ ਕੇ ਦੂਜ, ਦੁਤੀਆ ਭਾਓ ਰਹੇ ਨਾ ਰਾਈਆ । ਇਕੋ ਗ੍ਰਹਿ ਇਕੋ ਮੰਦਰ ਇਕ ਦਵਾਰ ਕੁਟੀਆ ਦੱਸ ਦੇ ਕੂਟ, ਨਵ ਨੌਂ ਚਾਰ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਧਰਮ ਦਾ ਹੋਵੇ ਜੁਗ, ਜੁਗਤੀ ਸ਼ਬਦ ਨਾਮ ਜਣਾਈਆ । ਭਗਤ ਸੁਹੇਲੇ ਸ੍ਰਿਸ਼ਟੀ ਦੁਨੀਆ ਕਾਇਨਾਤ ਵਰਲਡ ਵਿਚੋਂ ਲੈਣੇ ਚੁਗ, ਜ਼ਾਤ ਪਾਤ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਜਨ ਭਗਤਾਂ ਅੰਤਰ ਨਿਰੰਤਰ ਮਨ ਕਲਪਣਾ ਕਰਨੀ ਸ਼ੁਧ, ਸੁਦੀ ਵਦੀ ਦਾ ਪਰਵਿਸ਼ਟਾ ਨਾ ਕੋਇ ਮਿਲਾਈਆ । ਕਾਮੀ ਕਰੋਧੀ ਲੋਭੀ ਹੰਕਾਰੀ ਉਜਲ ਕਰ ਵਾਂਗ ਨਿਰਮਲ ਦੁੱਧ, ਸੀਰ ਸ਼ੀਰ ਮੁਖ ਆਪਣੇ ਨਾਮ ਚੁਆਈਆ । ਜੋ ਧਰਮ ਧਾਰ ਦੀ ਸਿਖਿਆ ਦੇ ਕੇ ਆਇਆ ਬੁੱਧ, ਸੰਦੇਸ਼ਾ ਧਰਮ ਧਰਮ ਜਣਾਈਆ । ਜੋ ਤੇਰੀ ਅੰਤਰ ਵਿਸ਼ੇਸ਼ ਵਿਦਿਆ ਵਾਲੀ ਜ਼ਾਤੀ ਸ਼ੁੱਧ, ਬ੍ਰਹਮ ਬ੍ਰਾਹਮਣ ਇਕ ਦ੍ਰਿੜਾਈਆ । ਤੇਰਾ ਭੇਵ ਰਹੇ ਨਾ ਲੁਕ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਹਰਿਜਨ ਆਪਣੇ ਦੁਲਾਰੇ ਬਣਾ ਸੁਤ, ਸੁਤਿਆਂ ਲੈ ਉਠਾਈਆ । ਦਰ ਤੇਰੇ ਜਾਵਣ ਝੁਕ, ਅਵਰ ਸੀਸ ਨਾ ਕੋਇ ਨਿਵਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਹਿੰਦੂ ਮੁਸਲਿਮ ਸਿੱਖ ਈਸਾਈ ਸੂਫ਼ੀ ਸੰਤ ਫ਼ਕੀਰ ਤੇਰੇ ਪਿਆਰੇ ਸੁਤ, ਸੁਤ ਦੁਲਾਰੇ ਰੰਗ ਰੰਗਾਈਆ । ਕੁਛ ਲਹਿਣਾ ਦੇਣਾ ਵੇਖ ਕੀ ਬਾਕੀ ਕਲਜੁਗ ਕੁਝ, ਕੋਝਿਆਂ ਕਮਲਿਆਂ ਪੜਦਾ ਲਾਹੀਆ । ਸਤਿਗੁਰ ਸ਼ਬਦ ਕਹੇ ਆਪ ਆਪਣੀ ਧਾਰੋਂ ਉਠ, ਚਾਰੋਂ ਕੁੰਟ ਖੋਜ ਖੁਜਾਈਆ । ਮੇਰਾ ਪਿਆਰ ਅੰਮ੍ਰਿਤ ਘੁਟ, ਬਿਨ ਪੀਤਿਆਂ ਖ਼ੁਮਾਰੀ ਦਏ ਚੜ੍ਹਾਈਆ । ਗੁਰ ਅਵਤਾਰ ਪੈਗ਼ੰਬਰੋ ਮੇਰਾ ਭੰਡਾਰਾ ਕਦੇ ਨਾ ਜਾਏ ਨਿਖੁਟ, ਜੁਗ ਚੌਕੜੀ ਜਗਤ ਵਰਤਾਈਆ । ਸਦਾ ਸੁਹੰਜਣੀ ਰੱਖਾਂ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਭਾਗ ਲਗਾ ਕੇ ਕਾਇਆ ਮਾਟੀ ਬੁਤ, ਬੁਤਖ਼ਾਨੇ ਕਰਾਂ ਸਫ਼ਾਈਆ । ਲਹਿਣਾ ਦੇਣਾ ਜਨਮ ਕਰਮ ਦਾ ਸਭ ਦਾ ਵੇਖਾਂ ਹੋ ਕੇ ਚੁਪ, ਉਚੀ ਕੂਕ ਨਾ ਕਦੇ ਸੁਣਾਈਆ । ਜਿਸ ਵੇਲੇ ਵਕਤ ਜਾਏ ਪੁੱਜ, ਸਮਾਂ ਸਮੇਂ ਨਾਲ ਟਕਰਾਈਆ । ਫੇਰ ਭੇਵ ਖੋਲ੍ਹਾਂ ਗੁਝ, ਇਹ ਧੁਰ ਦੀ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਗਿਆ ਪਾਰ ਅੰਤਮ ਆਇਆ ਕਲਜੁਗ, ਚੌਕੜੀ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਅਗੰਮਾ ਕਰ ਆਪ, ਆਪਣੀ ਦਇਆ ਕਮਾਈਆ । ਨਿਤ ਨਵਿਤ ਖੇਲ ਤਮਾਸ਼, ਨਿਰਗੁਣ ਸਰਗੁਣ ਵੇਖ ਵਖਾਈਆ । ਕਲਜੁਗ ਵੇਖਾਂ ਅੰਧੇਰੀ ਰਾਤ, ਚਾਰੋਂ ਕੁੰਟ ਫੋਲ ਫੁਲਾਈਆ । ਝਗੜਾ ਪਿਆ ਜ਼ਾਤ ਪਾਤ, ਦੀਨ ਮਜ਼੍ਹਬ ਕਰੇ ਲੜਾਈਆ । ਪੂਰਬ ਲੇਖਾ ਦੱਸਾਂ ਸਾਖਿਆਤ, ਸਹਿਜ ਨਾਲ ਸਮਝਾਈਆ । ਜਿਥੇ ਝਗੜਾ ਨਹੀਂ ਕੋਇ ਸਮਾਜ, ਹੱਦ ਹਦੂਦ ਨਾ ਵੰਡ ਵੰਡਾਈਆ । ਇਕੋ ਆਤਮ ਪਰਮਾਤਮ ਕਾਜ, ਨਾਤਾ ਧੁਰ ਦਾ ਜੋੜ ਜੁੜਾਈਆ । ਸ਼ਬਦ ਗੁਰੂ ਗੁਰਦੇਵ ਮਾਰੇ ਆਵਾਜ਼, ਸੋਈ ਸੁਰਤੀ ਸੁਰਤ ਜਗਾਈਆ । ਪੜ੍ਹਨੀ ਪਏ ਨਾ ਕੋਇ ਨਿਮਾਜ਼, ਗਾਇਤਰੀ ਮੰਤਰ ਨਾਮ ਸਿਫ਼ਤ ਸਾਲਾਹੀਆ । ਵਜਾਉਣਾ ਨਾ ਪਏ ਕੋਇ ਸਾਜ, ਢੋਲਕ ਛੈਣਾ ਨਾ ਕੋਇ ਖੜਕਾਈਆ । ਰਾਤੀ ਉਠ ਨਾ ਪੈਣਾ ਜਾਗ, ਤੀਰਥ ਤਟ ਨਾ ਕੋਇ ਭਵਾਈਆ । ਜਿਸ ਵੇਲੇ ਕਿਰਪਾ ਕਰੇ ਪ੍ਰਭ ਆਪ,

ਮਿਹਰ ਨਜ਼ਰ ਉਠਾਈਆ । ਫੜ ਹੰਸ ਬਣਾਵੇ ਕਾਗ, ਦੁਰਮਤ ਮੈਲ ਧਵਾਈਆ । ਲੇਖਾ ਆਪਣੇ ਹੱਥ ਰੱਖੇ ਵਾਹਿਦ, ਵਾਹਵਾ ਆਪਣੇ ਵਿਚ ਸਮਾਈਆ । ਅਗਲਾ ਖੇਲ ਕਰੇ ਜਾਇਜ, ਜਾਇਜ਼ਾ ਲੈ ਕੇ ਖ਼ਲਕ ਖ਼ੁਦਾਈਆ । ਧੁਰ ਦਾ ਹੁਕਮ ਕਰੇ ਰਾਇਜ, ਰਾਜਾ ਰਾਣਾ ਸੀਸ ਨਿਵਾਈਆ । ਜਨ ਭਗਤਾਂ ਕਰੇ ਹਮਾਇਤ, ਹਮ ਸਾਜਣ ਹੋ ਕੇ ਵੇਖ ਵਖਾਈਆ । ਪੂਰੀ ਕਰੇ ਸ਼ਰਅ ਸ਼ਰੀਅਤ ਵਿਚ ਸ਼ਰਾਇਤ, ਸ਼ਰਅ ਵਿਚ ਅਸੂਲ ਹੁਕਮ ਹੁਕਮ ਵਿਚ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਤਿਗੁਰ ਸ਼ਬਦ ਕਹੇ ਸੋਹਣਾ ਵਕਤ ਸੁਹਾਵਾ, ਵਧੀ ਇਕ ਵਧਾਈਆ । ਭਾਗ ਲੱਗਾ ਥਾਵਾਂ, ਥਨੰਤਰ ਸੋਭਾ ਪਾਈਆ । ਜਿਥੇ ਰਹਿੰਦਾ ਸੀ ਇਕ ਬਾਵਾ, ਮਛੰਦਰ ਚੇਲਾ ਆਪਣਾ ਡੇਰਾ ਲਾਈਆ । ਇਕਾਸੀ ਦਿਨ ਤਪਾਉਂਦਾ ਰਿਹਾ ਏਥੇ ਆਵਾ, ਆਵਾਗਵਣ ਦਾ ਧਿਆਨ ਰਖਾਈਆ । ਬਾਹਵਾਂ ਬਲ ਰੱਖੇ ਸਾਵਾਂ, ਹੱਥ ਤ੍ਰਿਸੂਲ ਉਤੇ ਰਖਾਈਆ । ਰੋਜ਼ ਪਿਆਰ ਕਰੇ ਨਾਲ ਕਾਵਾਂ, ਟੁਕੜੇ ਮੰਗ ਕੇ ਆਪ ਖਵਾਈਆ । ਕਦੇ ਹੱਸ ਕੇ ਕਹੇ ਪ੍ਰਭੂ ਪਿਆਰ ਕਰੇ ਵਾਂਗ ਪੁੱਤਰਾਂ ਮਾਵਾਂ, ਆਪ ਆਪਣੀ ਗੋਦ ਉਠਾਈਆ । ਇਕ ਦਿਨ ਹੌਕੇ ਦੇ ਵਿਚ ਭਰਿਆ ਹਾਵਾ, ਹਾਏ ਕਰ ਦਿਤਾ ਸੁਣਾਈਆ । ਮੈਂ ਦਰਸ ਕਿਸ ਬਿਧ ਪਾਵਾਂ, ਮਿਲੇ ਮੇਲ ਧੁਰ ਦਾ ਮਾਹੀਆ । ਫੇਰ ਧਿਆਨ ਧਰਿਆ ਜੇ ਕਾਹਨ ਮਿਲ ਜਾਏ ਚਾਰਦਾ ਗਾਵਾਂ, ਬੰਸਰੀ ਧੁੰਨ ਸੁਣਾਈਆ । ਫੇਰ ਉਚੀਆਂ ਕਰਕੇ ਬਾਹਵਾਂ, ਹੱਥ ਜੋੜ ਕੇ ਸੀਸ ਨਿਵਾਈਆ । ਪ੍ਰਭੂ ਮੈਂ ਤੈਨੂੰ ਕਿਥੋਂ ਪਾਵਾਂ, ਲੱਭਿਆਂ ਹੱਥ ਕਿਛ ਨਾ ਆਈਆ । ਕਿਹੜੀ ਕੂਟੇ ਜਾਵਾਂ, ਭੱਜਾਂ ਵਾਹੋ ਦਾਹੀਆ । ਕਿਹੜੇ ਵੇਖਾਂ ਗਰਾਵਾਂ, ਗਲੀ ਕੂਚੇ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਸ਼ਬਦ ਅਗੰਮੀ ਦਿਤਾ ਫ਼ਰਮਾਨ, ਸਚ ਸੰਦੇਸ਼ ਜਣਾਈਆ । ਹੁਣ ਛਡਣਾ ਪਏ ਜਹਾਨ, ਤਨ ਵਜੂਦ ਤਜਾਈਆ । ਫੇਰ ਕਿਰਪਾ ਹੋਵੇ ਮਹਾਨ, ਮਹਿੰਮਾ ਅਗੰਮ ਅਥਾਹੀਆ । ਕਿਰਪਾ ਕਰੇ ਸ੍ਰੀ ਭਗਵਾਨ, ਮਿਹਰ ਨਜ਼ਰ ਉਠਾਈਆ । ਜਨਮ ਲੈਣਾ ਪਏ ਵਿਚ ਏਸ ਅਸਥਾਨ, ਇਨਸਾਨ ਇਨਸਾਨ ਰੂਪ ਬਦਲਾਈਆ । ਪ੍ਰਭੂ ਦੇਵੇ ਆਤਮ ਜੋਤੀ ਗਿਆਨ, ਅਗਿਆਨ ਅੰਧੇਰ ਮਿਟਾਈਆ । ਉਚੀ ਕੁਲ ਹੋਵੇ ਮਹਾਨ, ਬ੍ਰਾਹਮਣ ਰੰਗ ਰੰਗਾਈਆ । ਸ਼ਰਮਾ ਏਸੇ ਕਰਕੇ ਹੋਇਆ ਪਰਵਾਨ, ਪੂਰਬ ਜਨਮ ਦਾ ਲਹਿਣਾ ਝੋਲੀ ਪਾਈਆ । ਬੈਰਨ ਆਇਆ ਜੋ ਬਣ ਪਰਧਾਨ, ਪਿਛਲਾ ਸਾਥੀ ਦਏ ਸਮਝਾਈਆ । ਇਹ ਵਿਦਿਆ ਵਿਚ ਹੁੰਦਾ ਸੀ ਬੜਾ ਮਹਾਨ, ਅਕਲ ਬੁੱਧੀ ਨਾਲ ਚਤੁਰਾਈਆ । ਮਜ਼ਾਕ ਵਿਚ ਹੁੰਦਾ ਸੀ ਸ਼ੈਤਾਨ, ਅੱਖਰ ਉਂਗਲਾ ਉਤੇ ਲਿਖਾਈਆ । ਇਸ ਨੇ ਮੰਗਿਆ ਇਕ ਦਾਨ, ਪ੍ਰਭੂ ਅੱਗੇ ਝੋਲੀ ਡਾਹੀਆ । ਮੈਂ ਵੇਖਣਾ ਤੇਰਾ ਨਿਸ਼ਾਨ, ਕੀ ਜੁਗ ਜੁਗ ਨਿਸ਼ਾਨੇ ਰਿਹਾ ਬਦਲਾਈਆ । ਸ਼ਬਦ ਗੁਰੂ ਕਹੇ ਫਿਰ ਆਉਣਾ ਪਏ ਜਹਾਨ, ਸਰਗੁਣ ਰੂਪ ਬਦਲਾਈਆ । ਕੀ ਕਰੇਂ ਪਹਿਚਾਨ, ਕੀ ਤੇਰੇ ਵਿਚ ਵਡਿਆਈਆ । ਇਸ ਨਿਉਂ ਕੇ ਸੀਸ ਨਿਵਾ ਕੀਤੀ ਪਰਨਾਮ, ਬੰਦਨਾ ਬੰਦਨਾ ਵਿਚ ਜਣਾਈਆ । ਬ੍ਰਾਹਮਣ ਘਰ ਏਸ ਦਾ ਜਨਮ ਹੁੰਦਾ ਸੀ ਦਾਸ ਭਗਵਾਨ, ਲੇਖਾ ਈਸਾ ਤੋਂ ਬਾਅਦ ਸਮਝਾਈਆ । ਪਿਛਲਾ ਲਹਿਣਾ ਮੇਲਾ ਮਿਲਿਆ ਆਣ, ਪੜਦਾ ਅਵਰ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਰੰਗ ਰੰਗਾਈਆ ।

## ੪ ਚੇਤ ਸ਼ਹਿਨਸ਼ਾਹੀ ਸੰਮਤ ੬ ਚੇਲਾ ਸਿੰਘ ਦੇ ਗ੍ਰਹਿ ਜੰਮੂ

ਕਾਲ ਕਹੇ ਸੁਣ ਕਲਜੁਗ ਕਾਤੀ, ਕਤਲਗਾਹ ਦੇ ਸਮਝਾਈਆ । ਮੈਂ ਵੇਖਾਂ ਜਗਤ ਅੰਧੇਰੀ ਰਾਤੀ, ਚਾਰੋਂ ਕੁੰਟ ਫੋਲ ਫੁਲਾਈਆ । ਤੇਰਾ ਧਰਮ ਦਾ ਬਣਾਂ ਸਾਥੀ, ਸਗਲਾ ਸੰਗ ਨਿਭਾਈਆ । ਜੇਹੜੀ ਚਾਰ ਜੁਗ ਗਾਥੀ, ਪੂਰਬ ਪੂਰੀ ਦੇਣੀ ਕਰਾਈਆ । ਚੁਰਾਸੀ ਕਰੇ ਕੋਈ ਨਾ ਰਾਖੀ, ਗਲ ਫਾਸੀ ਦੇਣੀ ਲਟਕਾਈਆ । ਧਰਮ ਦੀ ਰਹੇ ਕੋਈ ਨਾ ਦਾਸੀ, ਸੇਵਾ ਸਚ ਨਾ ਕੋਇ ਕਮਾਈਆ । ਮੰਡਲ ਪਵੇ ਕਿਸੇ ਨਾ ਰਾਸੀ, ਗੋਪੀ ਕਾਹਨ ਮੁਖ ਭਵਾਈਆ । ਸਭ ਦਾ ਲਹਿਣਾ ਵੇਖਣਾ ਬਾਕੀ, ਪੜਦਾ ਪੜਦੇ ਵਿਚੋਂ ਚੁਕਾਈਆ । ਝਗੜਾ ਵੇਖਣਾ ਤਨ ਖ਼ਾਕੀ, ਵਜੂਦ ਮਾਟੀ ਕਰੇ ਲੜਾਈਆ । ਮਨੂਆ ਮਨ ਕਰੇ ਆਕੀ, ਅਕਬਰ ਲੇਖਾ ਦੇਣਾ ਵਖਾਈਆ । ਮੈਨੂੰ ਕਥਾ ਸੁਣਾ ਸਾਚੀ, ਸਚ ਸਚ ਸਮਝਾਈਆ । ਕਿਸ ਬਿਧ ਪ੍ਰਕਾਸ਼ ਹੋਵੇ ਪਰਭਾਤੀ, ਨੂਰ ਚੰਦ ਰੁਸ਼ਨਾਈਆ । ਕੀ ਸੰਦੇਸ਼ਾ ਦਿਤਾ ਕਾਹਨ ਕ੍ਰਿਸ਼ਨ ਪਰਭਾਸੀ, ਬੱਧਕ ਬਧ ਕਰਾਈਆ । ਕੀ ਰਾਧਾ ਰੱਖੀ ਆਸੀ, ਆਪਣੀ ਮੰਗ ਮੰਗਾਈਆ । ਕੀ ਰਾਮ ਮਾਰੀ ਕਾਤੀ, ਸੀਤਾ ਸੰਗ ਵਡਿਆਈਆ । ਕੀ ਰਾਵਣ ਆਪਣੀ ਆਸਾ ਆਖੀ, ਅੰਤਰ ਗਿਆ ਦ੍ਰਿੜਾਈਆ । ਸੋ ਖੇਲ ਵੇਖਣਾ ਜਗਤ ਤਮਾਸ਼ੀ, ਦੀਨ ਦੁਨੀ ਪੜਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕਾਲ ਕਹੇ ਕਲਜੁਗ ਪ੍ਰੇਮ ਦਾ ਦੇ ਇਸ਼ਾਰਾ, ਐਸ਼ੋ ਇਸ਼ਰਤ ਵੇਖ ਜਗਤ ਲੋਕਾਈਆ । ਕੂੜ ਕਿਰਿਆ ਮਾਰ ਨਾਅਰਾ, ਬਿਨ ਰਸਨਾ ਜਿਹਵਾ ਗਾਈਆ । ਮੈਂ ਕਰਾਂ ਖੇਲ ਵਿਚ ਸੰਸਾਰਾ, ਦਹਿ ਦਿਸ਼ਾ ਫੋਲ ਫੁਲਾਈਆ । ਹਰ ਹਿਰਦੇ ਪਾਵਾਂ ਸਾਰਾ, ਮਹਾਂਸਾਰਥੀ ਹੋ ਕੇ ਭੱਜਾਂ ਚਾਈਂ ਚਾਈਆ । ਮਾਨਵ ਮਾਨਵ ਆਏ ਹਾਰਾ, ਸਿਰ ਸਕੇ ਨਾ ਕੋਇ ਉਠਾਈਆ । ਤੇਰਾ ਹੋਵੇ ਅੰਤ ਕਿਨਾਰਾ, ਪਾਂਧੀ ਪੰਧ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਕਲਜੁਗ ਕਹੇ ਉਹ ਕਾਲ ਹਮਾਰੇ ਸੱਜਣ, ਕਲ ਕੀ ਦਿਆਂ ਸਮਝਾਈਆ । ਕਿਸੇ ਦਾ ਹੋਣ ਨਾ ਦੇਵੇ ਮਜਨ, ਧੂੜੀ ਖ਼ਾਕ ਨਾ ਕੋਇ ਰਮਾਈਆ । ਮਾਨਵ ਜ਼ਾਤੀ ਪ੍ਰਭ ਨੂੰ ਲੱਭਣ, ਸਨਮੁਖ ਦਰਸ ਨਾ ਕੋਇ ਕਰਾਈਆ । ਚਾਰੋਂ ਕੁੰਟ ਲਗਾਈ ਅਗਨ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸੁਰਤੀ ਲੱਗੇ ਨਾ ਵਿਚ ਭਜਨ, ਬੰਦਗੀ ਬੰਦਿਆਂ ਵਿਚੋਂ ਕਢਾਈਆ । ਬਿਨ ਓਢਣ ਸੀਸ ਫਿਰਦੇ ਨਗਨ, ਪਰਦਾ ਸਕੇ ਨਾ ਕੋਇ ਟਿਕਾਈਆ । ਕਾਲੀ ਧਾਰ ਹੋਇਆ ਬਦਨ, ਬਦੀ ਦਾ ਬਦਲਾ ਨਾ ਕੋਇ ਚੁਕਾਈਆ । ਸਵਾਧਾਨ ਹੋ ਕੇ ਵੇਖ ਵਿਚ ਅਦਨ, ਨਿਗਾਹ ਨੈਣ ਨੈਣ ਉਠਾਈਆ । ਕਲ ਕਲਪਣਾ ਲੱਗੀ ਵਗਣ, ਅੰਧ ਅੰਧੇਰ ਵਹਾਈਆ । ਕਲਜੁਗ ਕਹੇ ਕਾਲ ਦੋਹਾਂ ਦਾ ਇਕੋ ਦਵਾਰ ਪੈਣਾ ਸਗਣ, ਨਾਤਾ ਧਰਮ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਪ੍ਰੇਮ ਦੀ ਚਾੜ੍ਹੇ ਰੰਗਣ, ਰੰਗਤ ਵਿਚ ਆਪਣਾ ਰੰਗ ਰੰਗਾਈਆ ।


੩੯੮ ੨੨

## ✪ ੪ ਚੇਤ ਸ਼ਹਿਨਸ਼ਾਹੀ ਸੰਮਤ ੬ ਭੂਮਣ ਸਿੰਘ ਦੇ ਗ੍ਰਿਹ ਜੰਮੂ ✪

ਕਾਲ ਕਹੇ ਕਲਜੁਗ ਵੇਖੀਏ ਟਾਈਮ ਵਕਤ, ਗਤ ਵਿਅਕਤੀ ਖੋਜ ਖੁਜਾਈਆ । ਕੀ ਖੇਲ ਕਰਨਾ ਇਹ ਜਗਤ, ਜੁਗਤੀ ਜਗਹ ਜਗਹ ਬਣਾਈਆ । ਕਿਸ ਬਿਧ ਸਭ ਦੀ ਪੂਰੀ ਕਰਨੀ ਸ਼ਰਤ, ਜੋ ਗੁਰ ਅਵਤਾਰ ਪੈਗ਼ੰਬਰ ਬੰਧਨ ਪਾਈਆ । ਕੀ ਸੰਦੇਸ਼ਾ ਦਿਤਾ ਰਾਮ ਵਿਛੋੜੇ ਵਿਚ ਭਰਤ, ਭਾਰਤ ਵਿਚ ਦੁਹਾਈਆ । ਨਿਗਹ ਮਾਰ ਕੇ ਉਪਰ ਅਰਸ਼, ਅਰਸ਼ੀ ਪ੍ਰੀਤਮ ਵੇਖ ਵਖਾਈਆ । ਜਿਸ ਵੇਲੇ ਲੇਖਾ ਰਿਹਾ ਨਾ ਸਵਰਗ ਨਰਕ, ਦੀਨ ਦੁਨੀ ਹੋਈ ਹਲਕਾਈਆ । ਨੇਤਰ ਰੋਵੇ ਧਰਨੀ ਧਰਤ, ਧਵਲ ਦਏ ਦੁਹਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰਨੀ ਅਰਜ਼, ਪ੍ਰਭ ਆਪਣਾ ਪੜਦਾ ਲਾਹੀਆ । ਜੋਤੀ ਜਾਤਾ ਆਵੇ ਉਤੇ ਫ਼ਰਸ਼, ਫੈਸਲਾ ਹੱਕ ਸੁਣਾਈਆ । ਲੇਖਾ ਵੇਖਾਂ ਸੰਮਤ ਸ਼ਹਿਨਸ਼ਾਹੀ ਆਪਣੇ ਬਰਸ, ਬਰਸੀ ਸਭ ਦੀ ਫੋਲ ਫੁਲਾਈਆ । ਜਨ ਭਗਤਾਂ ਉਪਰ ਕਰਕੇ ਤਰਸ, ਰਹਿਮਤ ਆਪਣਾ ਨਾਮ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕਾਲ ਕਹੇ ਕਲਜੁਗ ਕੀ ਪਕਾਉਣਾ ਮਤਾ, ਮਤ ਬੁਧ ਕੀ ਚਤੁਰਾਈਆ । ਕੀ ਤੈਨੂੰ ਅਗਲਾ ਕੁਛ ਪਤਾ, ਪਤਿਪਰਮੇਸ਼ਵਰ ਕੀ ਕਾਰ ਕਮਾਈਆ । ਮੈਨੂੰ ਭੇਵ ਖੋਲ੍ਹ ਦੇ ਰਤਾ, ਸਹਿਸਾ ਅੰਦਰ ਰਹੇ ਨਾ ਰਾਈਆ । ਕਲਜੁਗ ਦੋਵੇਂ ਜੋੜ ਕੇ ਹੱਥਾਂ, ਨੇਤਰ ਮੀਟ ਧਿਆਨ ਲਗਾਈਆ । ਫੇਰ ਟੇਕ ਕੇ ਮੱਥਾ, ਪਲੂ ਗਲ ਵਿਚ ਰਿਹਾ ਵਖਾਈਆ । ਨੀਰ ਵਹਾ ਕੇ ਅੱਖਾਂ, ਹੰਝੂਆਂ ਹਾਰ ਬਣਾਈਆ । ਏਥੇ ਅਵਤਾਰ ਪੈਗ਼ੰਬਰ ਗੁਰੂ ਹੋ ਗਏ ਲੱਖਾਂ, ਨਿਤ ਨਿਤ ਆਪਣਾ ਫੇਰਾ ਪਾਈਆ । ਅੰਤ ਸੜ ਗਏ ਵਿਚ ਕੱਖਾਂ, ਤਨ ਵਜੂਦ ਨਾ ਕੋਇ ਰਖਾਈਆ । ਕੌਲ ਇਕਰਾਰ ਕਰ ਗਏ ਪੱਕਾ, ਵਾਅਦਿਆਂ ਵਿਚ ਸੁਣਾਈਆ । ਇਸ਼ਾਰਾ ਦੇ ਕੇ ਗਏ ਮਦੀਨਾ ਮੱਕਾ, ਕਾਅਬਿਆਂ ਵਿਚ ਦੁਹਾਈਆ । ਆਸਾ ਰੱਖ ਕੇ ਗਏ ਬੂਰਾ ਕੱਕਾ, ਲੋਚਨ ਅੱਖ ਖੁਲ੍ਹਾਈਆ । ਦੱਸ ਕੇ ਗਏ ਚੇਤਨ ਸੱਤਾ, ਸਤਿ ਸਤਿਵਾਦੀ ਬੇਪਰਵਾਹੀਆ । ਜਿਸ ਨੂੰ ਲੱਭਦੇ ਕੋਟਨ ਲੱਖਾਂ, ਖੋਜਿਆਂ ਹੱਥ ਕਿਸੇ ਨਾ ਆਈਆ ਉਹ ਸਾਹਿਬ ਪੁਰਖ ਸਮਰਥਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਸ ਚਲਾਏ ਚੌਦਾਂ ਹੱਟਾ, ਤਬਕ ਸਬਕ ਪੜ੍ਹਾਈਆ । ਵਸੇ ਘਟ ਘਟਾਂ, ਚੁਰਾਸੀ ਵਿਚ ਸਮਾਈਆ । ਵੇਖੇ ਤੀਰਥ ਤੱਟਾਂ, ਖੋਜੇ ਥਾਉਂ ਥਾਈਂਆ । ਸੋ ਇਕ ਸੁਣਾਏ ਟੱਪਾ, ਹੰ ਬ੍ਰਹਮ ਕਰੇ ਪੜ੍ਹਾਈਆ । ਉਸ ਨੇ ਮਨਸੂਖ ਕਰਨਾ ਸਭ ਦਾ ਪਟਾ, ਪਟਨੇ ਵਾਲਾ ਨਾਲ ਮਿਲਾਈਆ । ਕੀਮਤ ਰਹੇ ਨਾ ਕਿਸੇ ਟਕਾ, ਕੌਡੀ ਕੌਡੀ ਹੱਟ ਵਿਕਾਈਆ । ਫੇਰ ਧਰਨੀ ਉਤੇ ਉਡਣਾ ਘੱਟਾ, ਮਿੱਟੀ ਖ਼ਾਕ ਦਏ ਵਖਾਈਆ । ਸ਼ਬਦ ਸ਼ਬਦ ਦੀ ਮਾਰ ਕੇ ਸੱਟਾ, ਕਾਤਲ ਮਕਤੂਲ ਦਾ ਲੇਖਾ ਦਏ ਮੁਕਾਈਆ । ਉਸ ਦਾ ਹੁਕਮ ਹੋਣਾ ਸੱਚਾ, ਨਾ ਕੋਇ ਮੇਟੇ ਮੇਟ ਮਿਟਾਈਆ । ਕਾਲ ਕਿਹਾ ਕਲਜੁਗ ਧੁਰ ਦਾ ਬਚਨ ਹੋਵੇ ਨਾ ਕੱਚਾ, ਕੱਚਾ ਤੰਦ ਨਾ ਕੋਇ ਵਖਾਈਆ । ਕਲਜੁਗ ਅੱਗੋਂ ਕਿਹਾ ਅੱਛਾ, ਇਹ ਉਸੇ ਦੀ ਬੇਪਰਵਾਹੀਆ । ਜਿਨ ਖੇਲ ਖਿਲਾਇਆ ਮੱਛਾਂ ਕੱਛਾਂ, ਜਲ ਧਾਰਾ ਵਿਚ ਰਹਾਈਆ । ਜਿਸ ਜੋੜ ਜੁੜਾਇਆ ਆਤਮ ਪਰਮਾਤਮ ਪਰਮਾਤਮ ਆਤਮ ਨਤਾ, ਨਾਤਾ ਇਕ ਵਖਾਈਆ । ਸੋ ਲੇਖਾ ਜਾਣੇ ਅੱਠ ਤਤਾਂ, ਤਤਵ ਤਤ ਖੋਜ ਖੁਜਾਈਆ । ਬਿਨ ਉਸ ਦੀ ਕਿਰਪਾ ਕੋਇ ਨਾ ਹੋਵੇ ਮਤਾ, ਸਲਾਹ ਸਲਾਹ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰ ਹਿਰਦੇ ਅੰਦਰ ਵਸਾ, ਵਸਣਹਾਰ ਇਕ ਅਖਵਾਈਆ ।

## ੫ ਚੇਤ ਸ਼ਹਿਨਸ਼ਾਹੀ ਸੰਮਤ ੬ ਤੇਜ ਭਾਨ ਦੇ ਗ੍ਰਿਹ ਸਈ ਖੁਰਦ ਜੰਮੂ

ਕਲਜੁਗ ਕਹੇ ਮੇਰਾ ਸਮਾਂ ਬੀਤਿਆ ਬਹੁਤਾ, ਬਹੁਤੀ ਗਿਣਤੀ ਵਿਚ ਜਣਾਈਆ । ਕਾਲ ਤੂੰ ਕਿਉਂ ਰਿਹਾ ਸੋਤਾ, ਸੁੱਤਾ ਨਾ ਕੋਇ ਜਗਾਈਆ । ਜਗਤ ਜਹਾਨ ਵੇਖ ਰੋਤਾ, ਨੇਤਰ ਨੈਣਾਂ ਨੀਰ ਵਹਾਈਆ । ਸਚ ਧਰਮ ਦੀ ਆਵੇ ਕਿਸੇ ਨਾ ਸੋਚਾ, ਦੀਨ ਦੁਨੀ ਹਲਕਾਈਆ । ਨਿਜ ਨੇਤਰ ਖੁਲ੍ਹੇ ਕਿਸੇ ਨਾ ਲੋਚਾ, ਲੋਚਨ ਅੱਖ ਨਾ ਕੋਇ ਖੁਲ੍ਹਾਈਆ । ਕੂੜੀ ਕਿਰਿਆ ਵਿਚ ਮਾਰਿਆ ਗੋਤਾ, ਪਾਰ ਕਿਨਾਰ ਨਾ ਕੋਇ ਵਖਾਈਆ । ਪ੍ਰਭ ਮਿਲੇ ਨਾ ਮੀਤ ਧੁਰ ਦਾ ਖੌਂਤਾ, ਖ਼ਸਮ ਕਸਮ ਨਾਲ ਨਾ ਕੋਇ ਹੰਢਾਈਆ । ਅੰਤਰ ਸਭ ਦਾ ਹੋਇਆ ਔਂਤਾ, ਦੁਹਾਗਣ ਰੂਪ ਖ਼ਲਕ ਖ਼ੁਦਾਈਆ । ਕਿਸੇ ਸਾਫ਼ ਨਾ ਕੀਤਾ ਕਾਇਆ ਚੌਂਕਾ, ਬ੍ਰਾਹਮਣ ਬ੍ਰਹਮ ਨਾ ਕੋਇ ਵਡਿਆਈਆ । ਉਠ ਵੇਖ ਗੋਬਿੰਦ ਦਾ ਪੂਰਾ ਹੋਇਆ ਢਈਆ ਵਾਲਾ ਢੌਂਕਾ, ਸਦੀ ਚੌਧਵੀਂ ਦਏ ਗਵਾਹੀਆ । ਦੀਨ ਦੁਨੀ ਖੇਲ ਵੇਖਣਾ ਨਾਲ ਸ਼ੌਂਕਾ, ਚਾਰੋਂ ਕੁੰਟ ਫੇਲ ਫੁਲਾਈਆ । ਸੋਹਣਾ ਸੁਹੰਜਣਾ ਬਣੇ ਮੌਕਾ, ਵੇਲਾ ਵਕਤ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਕਾਲ ਕਹੇ ਮੈਂ ਕਲਜੁਗ ਜਾਗਾ, ਆਲਸ ਨਿੰਦਰਾ ਰਿਹਾ ਨਾ ਰਾਈਆ । ਮੈਂ ਹੁਕਮ ਮੰਨਾ ਕੰਤ ਸੁਹਾਗਾ, ਜੋ ਮਾਲਕ ਧੁਰਦਰਗਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖਾਂ ਦੁਰਮਤ ਦਾਗ਼ਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਕਵਣ ਹੰਸ ਕਵਣ ਕਾਗਾ, ਕਵਣ ਕਿਰਿਆ ਕੂੜ ਵਿਚ ਹਲਕਾਈਆ । ਕਵਣ ਮੇਲਾ ਸੀਤਾ ਰਾਮ ਕ੍ਰਿਸ਼ਨ ਰਾਧਾ, ਸੁਰਤੀ ਸ਼ਬਦ ਕਵਣ ਸਮਾਈਆ । ਕਵਣ ਸੁਣੇ ਅਗੰਮੀ ਨਾਦਾ, ਧੁਨ ਆਤਮਕ ਰਾਗ ਸ਼ਨਵਾਈਆ । ਕਵਣ ਖੇਲ ਸਾਚੇ ਸੰਤਨ ਸਾਧਾ, ਸਤਿ ਸਤਿ ਵਿਚ ਵਡਿਆਈਆ । ਤੱਕਿਆ ਪ੍ਰਭ ਦਾ ਹੁਕਮ ਅਗੰਮੀ ਡਾਹਢਾ, ਡੰਡਾਵਤ ਸਭ ਦੀ ਰਿਹਾ ਬਦਲਾਈਆ । ਜਿਸ ਨੂੰ ਕਹਿਣ ਅੱਲਾ ਵਾਹਿਗੁਰੂ ਰਾਮ ਕ੍ਰਿਸ਼ਨ ਓਮ ਗਾਡਾ, ਸੋ ਗਾਈਡ ਇਕੋ ਇਕ ਉਪਜਾਈਆ । ਜਿਸ ਦਾ ਚੰਮ ਮਾਸ ਨਾ ਕੋਇ ਹਾਡਾ, ਤਤਵ ਤਤ ਨਾ ਕੋਇ ਰਖਾਈਆ । ਨੇਤਰ ਨੈਣ ਕਿਸੇ ਨਾ ਲਾਧਾ, ਜਗਤ ਅੱਖੀਆਂ ਵੇਖਣ ਕੋਇ ਨਾ ਪਾਈਆ । ਜਿਸ ਨੇ ਸ੍ਰਿਸ਼ਟ ਸਬਾਈ ਸਾਜਣ ਸਾਜਾ, ਸੱਜਣ ਬਣ ਬੇਪਰਵਾਹੀਆ । ਜਿਸ ਕਲਜੁਗ ਵਿਚ ਸਤਿਜੁਗ ਕਰਨਾ ਵਾਧਾ, ਵਦੀ ਸੁਦੀ ਦਾ ਪੰਧ ਮੁਕਾਈਆ । ਸਚ ਮੰਦਰ ਸੁਹਾਉਣਾ ਮਹਿਰਾਬਾ, ਮਹਿਬੂਬ ਇਕੋ ਨਜ਼ਰੀ ਆਈਆ । ਉਸ ਨੂੰ ਭੈ ਭਉ ਕਾਹਦਾ, ਜੋ ਸਭ ਨੂੰ ਰਿਹਾ ਡਰਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰੇ ਵਾਅਦਾ, ਮੁਆਇਦਾ ਪਿਛਲਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਕਲਜੁਗ ਕਹੇ ਕਾਲ ਕੀ ਕੁਝ ਕਰਨਾ, ਕੀ ਤੇਰੀ ਚਤੁਰਾਈਆ । ਕਾਲ ਕਿਹਾ ਮੈਂ ਪਹਿਲੋਂ ਪ੍ਰਭ ਅਬਿਨਾਸ਼ੀ ਸੀਸ ਝੁਕਾਉਣਾ ਚਰਨਾਂ, ਧੂੜੀ ਖ਼ਾਕ ਰਮਾਈਆ । ਫੇਰ ਹੁਕਮੀ ਘੋੜੇ ਚੜ੍ਹਨਾ, ਭੱਜਾਂ ਚਾਈਂ ਚਾਈਂਆ । ਪੁਸ਼ਕਰ ਦੀਪ ਵੜਨਾ, ਆਪਣਾ ਕਦਮ ਟਿਕਾਈਆ । ਨਿਰਗੁਣ ਹੋ ਕੇ ਲੜਨਾ, ਸਰਗੁਣ ਪਏ ਦੁਹਾਈਆ । ਮੇਰੇ ਅੱਗੇ ਕਿਸੇ ਨਾ ਅੜਨਾ, ਸਿਰ ਸਕੇ ਨਾ ਕੋਇ ਉਠਾਈਆ । ਪ੍ਰਭ ਦਾ ਭਾਣਾ ਸਭ ਨੂੰ ਪਏ ਜਰਨਾ, ਨਾ ਕੋਇ ਮੇਟੇ ਮੇਟ ਮਿਟਾਈਆ । ਮਾਨਸ ਜਨਮ ਪਏ ਹਰਨਾ, ਚੁਰਾਸੀ ਵਿਚ ਦੁਹਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲੇ ਤਰਨਾ, ਜਿਸ ਪ੍ਰਭ ਦੇਵੇ ਮਾਣ ਵਡਿਆਈਆ । ਬਾਕੀ ਸਭ ਨੇ ਧਰਮ ਰਾਏ ਦੀ ਫਾਸੀ ਚੜ੍ਹਨਾ, ਅੱਗੇ ਹੋ ਨਾ ਕੋਇ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਆਪੇ ਕਰਨਾ, ਕਰਨੀ ਦਾ ਕਰਤਾ ਇਕ ਹੁਕਮ ਵਰਤਾਈਆ ।

## ✪ ੫ ਚੇਤ ਸ਼ਹਿਨਸ਼ਾਹੀ ਸੰਮਤ ੬ ਸ਼ਿਵ ਸਿੰਘ ਦੇ ਗ੍ਰਿਹ ਜੰਮੂ ✪



ਕਲਜੁਗ ਕਹੇ ਕੀ ਕਾਲ ਤੇਰਾ ਇਰਾਦਾ, ਸਤਿ ਸਚ ਸਮਝਾਈਆ । ਸਭ ਦਾ ਵੇਖ ਪੂਰਾ ਪੂਰਬ ਵਾਅਦਾ, ਵਾਹਿਦ ਹੁਕਮ ਕੀ ਸੁਣਾਈਆ । ਜਿਸ ਨੇ ਦੀਨ ਮਜ਼੍ਹਬ ਕੀਤੇ ਅਲਾਹਿਦਾ, ਮਾਨਵ ਮਾਨਵ ਵੰਡ ਵੰਡਾਈਆ । ਉਹ ਕਿਸ ਬਿਧ ਸ੍ਰਿਸ਼ਟੀ ਦਾ ਲਏ ਜਾਇਜ਼ਾ, ਜਾਇਜ਼ ਨਜਾਇਜ਼ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਕਾਲ ਕਹੇ ਕਲਜੁਗ ਉਹ ਦੇਵੇ ਸ਼ਬਦ ਇਸ਼ਾਰਾ, ਸ਼ਰਅ ਤੋਂ ਬਾਹਰ ਸਮਝਾਈਆ । ਜੋਧਾ ਸੂਰਬੀਰ ਬਣ ਬਲਕਾਰਾ, ਬਲਧਾਰੀ ਰਿਹਾ ਦ੍ਰਿੜਾਈਆ । ਕਲਜੁਗ ਅੰਤਮ ਹੋਵੇ ਕਿਨਾਰਾ, ਕਾਇਨਾਤ ਵੇਖ ਵਖਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਦਿਤਾ ਲਾਰਾ, ਭਵਿਖਤਾਂ ਵਿਚ ਸਮਝਾਈਆ । ਉਨ੍ਹਾਂ ਦਾ ਪੂਰਾ ਕਰੇ ਖਸਾਰਾ, ਲੇਖਾ ਵੇਖੇ ਥਾਉਂ ਥਾਈਂਆ । ਦੀਨ ਮਜ਼੍ਹਬ ਦਾ ਤਕੇ ਦਾਇਰਾ, ਚਾਰੋਂ ਕੁੰਟ ਧਿਆਨ ਲਗਾਈਆ । ਕੁਛ ਸੰਦੇਸ਼ਾ ਦੇਵੇ ਵਿਚ ਕਾਹਿਰਾ, ਕਹਿਰ ਵਰਤੇ ਵਿਚ ਲੋਕਾਈਆ । ਕਲਜੁਗ ਸੁਣ ਲੈ ਹੋ ਨਾ ਜਾਈਂ ਬਹਰਾ, ਸ਼ਬਦੀ ਧੁਨ ਸ਼ਨਵਾਈਆ । ਪਰਵਰਦਿਗਾਰ ਹੋਣਾ ਜ਼ਾਹਿਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਕਾਲ ਕੀ ਤੇਰੀ ਅੰਤ ਦਲੀਲ, ਦਿਲਬਰ ਪਿਆਰੇ ਦੇ ਜਣਾਈਆ । ਕਾਲ ਕਹੇ ਮੈਂ ਵੇਖੀ ਜਗਤ ਦਲੀਲ, ਹਰ ਘਟ ਅੰਦਰ ਵੇਖ ਵਖਾਈਆ । ਸਚ ਦਵਾਰੇ ਕਰੇ ਨਾ ਕੋਇ ਅਪੀਲ, ਅਪਰੰਪਰ ਸਵਾਮੀ ਮਿਲਣ ਕੋਇ ਨਾ ਪਾਈਆ । ਜੋ ਸੰਦੇਸ਼ਾ ਦੇ ਕੇ ਗਿਆ ਅਰਜਨ ਭੀਲ, ਕ੍ਰਿਸ਼ਨ ਵਿਚੋਲਾ ਵਿਚ ਰਖਾਈਆ । ਇਸ਼ਾਰਾ ਕੀਤਾ ਬਸਨ ਬਨਵਾਰੀ ਨੀਲ, ਨੀਲ ਕੰਠ ਕੀ ਕੀ ਕਾਰ ਕਮਾਈਆ । ਜਿਸ ਸਾਰੀ ਸ੍ਰਿਸ਼ਟੀ ਕਰਨੀ ਜ਼ਲੀਲ, ਦਲੀਲ ਵਿਚ ਨਾ ਕੋਇ ਸਮਝਾਈਆ । ਮਨ ਮਮਤਾ ਵੇਖੇ ਕੁਚੀਲ, ਪੰਜ ਤਤ ਫੋਲ ਫੁਲਾਈਆ । ਧਰਮ ਦੀ ਧਾਰ ਨਾ ਰਹੇ ਸੁਸ਼ੀਲ, ਸੋਭਾਵੰਤ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਕਾਲ ਕਹੇ ਕਲਜੁਗ ਤੂੰ ਮਚਾ ਦੇ ਜਗਤ ਦੰਗਾ, ਦੰਗਲ ਵੇਖ ਵਖਾਈਆ । ਫੇਰ ਹੁਕਮ ਦੇਵੇ ਸੂਰਾ ਸਰਬੰਗਾ, ਸਾਹਿਬ ਸੁਲਤਾਨ ਦਇਆ ਕਮਾਈਆ । ਮੈਂ ਵੇਖਾਂ ਤੇਰਾ ਅੰਤਮ ਕੰਢਾ, ਕੰਢੀ ਬੈਠਾ ਡੇਰਾ ਲਾਈਆ । ਮੇਰਾ ਲੇਖਾ ਸਮਝੇ ਕੋਈ ਨਾ ਬੰਦਾ, ਬੰਦਗੀ ਵਾਲੇ ਰਹੇ ਕੁਰਲਾਈਆ । ਧਰਮ ਵਿਚ ਰਹਿਣ ਦਿਤਾ ਨਹੀਂ ਕੋਈ ਚੰਗਾ, ਸਤਿ ਵਿਚ ਨਾ ਕੋਇ ਸਮਾਈਆ । ਭਾਵੇਂ ਕੋਈ ਬਸਤਰ ਪਾਵੇ ਭਾਵੇਂ ਫਿਰੇ ਨੰਗਾ, ਧੂੜੀ ਖ਼ਾਕ ਖ਼ਾਕ ਰਮਾਈਆ । ਪਵਿੱਤਰ ਜਲ ਰਹਿਣ ਨਹੀਂ ਦਿਤਾ ਗੰਗਾ, ਗੋਦਾਵਰੀ ਜਮਨਾ ਸੁਰਸਤੀ ਮਿਲ ਕੇ ਮਾਰੇ ਧਾਹੀਆ । ਝਗੜਾ ਪਾ ਕੇ ਧੋਤੀ ਬੋਦੀ ਤਹਿਮਤ ਜੰਞੂ ਤੰਬਾ, ਚਾਰ ਕੁੰਟ ਦਿਤਾ ਲੜਾਈਆ । ਕਲਜੁਗ ਖੇਲ ਵੇਖ ਕੇ ਜਗਤ ਜਗਿਆਸੂ ਕੰਬਾ, ਧੀਰਜ ਧੀਰ ਨਾ ਕੋਇ ਧਰਾਈਆ । ਦੂਰ ਦੁਰਾਡੀ ਵੇਖੇ ਅਸ਼ਟਭੁਜ

ਜਿਸ ਨੂੰ ਕਹਿੰਦੇ ਦੇਵੀ ਅੰਬਾ, ਅੰਬੜੀ ਕਹਿ ਕੇ ਸਾਰੇ ਗਾਈਆ । ਭੈ ਵਿਚ ਸਾਰੇ ਤਕਦੇ ਪੁਰਖ ਅਕਾਲ ਦੀਨ ਦਿਆਲ ਲਿਆਦਾਂ ਅਗੰਮੀ ਡੰਡਾ, ਡੰਡਾਵਤ ਸਭ ਨੂੰ ਦਏ ਸਮਝਾਈਆ । ਜਿਹੜਾ ਪਰਗਟ ਕੀਤਾ ਵਿਚੋਂ ਛੰਬਾ, ਧਾਰ ਧਾਰ ਵਿਚੋਂ ਉਪਜਾਈਆ । ਉਸ ਨੇ ਖੇਲ ਕਰਨਾ ਪ੍ਰਭੂ ਸੰਧਾ, ਸੰਧਿਆ ਸਰਘੀ ਇਕੋ ਰੰਗ ਵਖਾਈਆ । ਕਲਜੁਗ ਜੀਵ ਰਹਿਣ ਨਹੀਂ ਦੇਣਾ ਕੋਇ ਗੰਦਾ, ਜੋ ਕੂੜੀ ਕਿਰਿਆ ਵਿਚ ਹਲਕਾਈਆ । ਲਹਿਣਾ ਦੇਣਾ ਪੂਰਾ ਕਰਨਾ ਜੋ ਗੋਬਿੰਦ ਨੇ ਸਰਸੇ ਵਿਚ ਨੌਂ ਵਾਰ ਧੋਤਾ ਕੰਘਾ, ਨੌਂ ਖੰਡ ਪ੍ਰਿਥਮੀ ਦਾ ਲੇਖਾ ਗਿਆ ਜਣਾਈਆ । ਜੋ ਇਸ਼ਾਰਾ ਕੀਤਾ ਮੁਹੰਮਦ ਨੇ ਤਾਰਾ ਚੰਦਾ, ਚੰਦ ਸਿਤਾਰ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਸੁਹੇਲਾ ਧੁਰ ਦਾ ਸੰਗਾ, ਸਗਲਾ ਸੰਗ ਇਕ ਅਖਵਾਈਆ ।

### ੫ ਚੇਤ ਸ਼ਹਿਨਸ਼ਾਹੀ ਸੰਮਤ ੬ ਲਛਮਣ ਸਿੰਘ ਦੇ ਗ੍ਰਿਹਿ ਸਈ ਖੁਰਦ ਜੰਮੂ

ਕਲਜੁਗ ਕਹੇ ਮੈਂ ਅੰਧੇਰਾ ਕੀਤਾ ਵਿਚ ਰਵ ਸਸਾ, ਸਹੰਸਰ ਨਾਉਂ ਪ੍ਰਭ ਦੇ ਦਿਤੇ ਭੁਲਾਈਆ । ਕਾਲ ਕਹੇ ਮੈਂ ਵੇਖ ਖਿੜ ਖਿੜ ਹੱਸਾ, ਭਰਮੇ ਭੁੱਲੀ ਜਗਤ ਕੂੜ ਲੋਕਾਈਆ । ਚਾਰ ਕੁੰਟ ਦਹਿ ਦਿਸ਼ਾ ਉਠ ਉਠ ਨੱਸਾ, ਭੱਜਾਂ ਵਾਹੋ ਦਾਹੀਆ । ਜੀਵਾਂ ਜੰਤਾਂ ਸਾਧਾਂ ਸੰਤਾਂ ਤਕਾਂ ਅੱਖਾਂ, ਕਵਣ ਪ੍ਰਭ ਦਾ ਦਰਸਨ ਪਾਈਆ । ਜਾਂ ਵੇਖਿਆ ਸਚ ਪ੍ਰੇਮ ਕੋਇ ਨਾ ਰੱਤਾ, ਰਤਨ ਅਮੋਲਕ ਹੀਰਾ ਰੂਪ ਨਾ ਕੋਇ ਦਰਸਾਈਆ । ਮਨ ਹੰਕਾਰ ਵਿਚ
੪੦੨ ਜੀਵ ਜੰਤ ਤਪਾ, ਅਗਨੀ ਤਤ ਨਾ ਕੋਇ ਬੁਝਾਈਆ । ਇਕ ਦੂਜੇ ਦੀ ਕਰਨ ਹੱਤਾ, ਹੱਤਿਆ ਵਿਚ ਸਰਬ ਕੁਰਲਾਈਆ । ਵਾਸਨਾ ਵਿਚ ਵਧੀ ੪੦੨
੨੨ ਮਨ ਮਤਾ, ਗੁਰਮਤ ਸਾਰੇ ਗਏ ਭੁਲਾਈਆ । ਸਚ ਧਰਮ ਦਾ ਰਿਹਾ ਕੋਇ ਨਾ ਹੱਟਾ, ਵਸਤ ਨਾਮ ਨਾ ਕੋਇ ਵਿਕਾਈਆ । ਕਲਜੁਗ ਕਹੇ ੨੨
ਕੂੜੀ ਕਿਰਿਆ ਛਾਣੇ ਘੱਟਾ, ਧਰਨੀ ਧਰਤ ਧਵਲ ਦੁਹਾਈਆ । ਮਾਣ ਰਿਹਾ ਨਾ ਤੀਰਥ ਤੱਟਾਂ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਸਾਬਤ ਰਹੀਆਂ ਨਾ ਕਿਸੇ ਦੀਆਂ ਲਟਾਂ, ਜਟਾ ਜੂਟ ਰੋਵਣ ਮਾਰਨ ਧਾਹੀਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਹੋਇਆ ਪਟਾ, ਪਟਨੇਵਾਲਾ ਵੇਖ ਵਖਾਈਆ । ਅੰਤਮ ਸਭ ਦੀ ਪਿਠ ਤੇ ਲੱਗਾ ਠੱਪਾ, ਕਾਲਖ ਦਾਗ਼ ਨਾ ਕੋਇ ਧਵਾਈਆ । ਸ੍ਰਿਸ਼ਟੀ ਜ਼ੀਰੋ ਨਾਲ ਜ਼ੀਰੋ ਹੋ ਗਈ ਬਟਾ, ਹਿੰਦਸਾ ਅੰਕੜਾ ਵੰਡ ਨਾ ਕੋਇ ਵੰਡਾਈਆ । ਚਾਰ ਜੁਗ ਦੇ ਸ਼ਾਸਤਰਾਂ ਕੀਮਤ ਰਹੀ ਨਾ ਟਕਾ, ਦਰ ਦਰ ਹੱਟੋ ਹੱਟ ਵਿਕਾਈਆ । ਪ੍ਰਭ ਦਾ ਖੇਲ ਬਾਜ਼ੀਗਰ ਨਟਾ, ਸਵਾਂਗੀ ਆਪਣਾ ਸਾਂਗ ਵਰਤਾਈਆ । ਕਲਜੁਗ ਅੰਤ ਚੀਥੜ ਪੁਰਾਣਾ ਸਭ ਦਾ ਫਟਾ, ਓਢਣ ਸੀਸ ਨਾ ਕੋਇ ਟਿਕਾਈਆ । ਸਭ ਦਾ ਖੇੜਾ ਹੋਇਆ ਭੱਠਾ, ਵੱਜੇ ਨਾਮ ਨਾ ਸਚ ਵਧਾਈਆ । ਲਹਿਣਾ ਮੁੱਕਿਆ ਅੱਠ ਸੱਠਾ, ਮੰਦਰ ਮਠ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕਾਲ ਕਹੇ ਮੈਂ ਵੇਖੀ ਕਲਜੁਗ ਅੰਧੇਰੀ ਰੈਣ, ਭਿੰਨੜੀ ਰੰਗ ਨਾ ਕੋਇ ਰੰਗਾਈਆ । ਝਗੜਾ ਪਿਆ ਮਾਤ ਪਿਤ ਭਾਈ ਭੈਣ, ਮੁਹੱਬਤ ਵਿਚ ਨਾ ਕੋਇ ਸਮਾਈਆ । ਨਾਤਾ ਤੁੱਟਿਆ ਸੱਜਣ ਸੈਣ, ਸਗਲਾ ਸੰਗ ਨਾ ਕੋਇ ਨਿਭਾਈਆ । ਕੂੜੀ ਕਿਰਿਆ ਵਗੇ ਵਹਿਣ, ਕਿਨਾਰਾ ਪਾਰ ਨਾ ਕੋਇ ਦਿਸਾਈਆ । ਨੁਕਤਾ ਮੇਟੇ ਕੋਇ ਨਾ

ਗ਼ੈਨ, ਐਨ ਰੂਪ ਨਾ ਕੋਇ ਦਰਸਾਈਆ । ਸਿਸ਼੍ਟੀ ਪ੍ਰਭ ਤੋਂ ਹੋਈ ਤਰਫ਼ੈਨ, ਆਤਮ ਪਰਮਾਤਮ ਮੇਲ ਨਾ ਕੋਇ ਕਰਾਈਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤੀ ਢੋਲੇ ਸਾਰੇ ਕਹਿਣ, ਹਿਰਦੇ ਹਰਿ ਨਾ ਕੋਇ ਵਸਾਈਆ । ਲੱਖ ਚੁਰਾਸੀ ਮੁਕੇ ਨਾ ਕਿਸੇ ਦਾ ਲਹਿਣਾ ਦੇਣ, ਆਵਣ ਜਾਣ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਵੇਖੋ ਖੇਲ ਜਗਤ, ਜਗਜੀਵਣ ਦਾਤਾ ਰਿਹਾ ਵਖਾਈਆ । ਸਤਿ ਦੀ ਰਹੀ ਕੋਈ ਨਾ ਸ਼ਕਤ, ਸ਼ਖ਼ਸੀਅਤ ਵਿਚ ਨਾ ਕੋਇ ਸਮਾਈਆ । ਬਿਨਾ ਪ੍ਰਭੂ ਤੋਂ ਮੇਲਾ ਮਿਲੇ ਨਾ ਕਿਸੇ ਭਗਤ, ਭਗਵਾਨ ਮਿਲਣ ਕੋਇ ਨਾ ਪਾਈਆ । ਨਾ ਕੋਇ ਮੰਜ਼ਲ ਚੜ੍ਹੇ ਰੂਹਾਨੀ ਅਰਸ਼, ਫ਼ਰਸ਼ ਪੰਧ ਨਾ ਕੋਇ ਚੁਕਾਈਆ । ਚਾਰੋਂ ਕੁੰਟ ਅੰਧੇਰਾ ਗਰਦ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਗ਼ਰੀਬ ਨਿਮਾਣਿਆਂ ਵੰਡੇ ਕੋਇ ਨਾ ਦਰਦ, ਕੋਝਿਆਂ ਕਮਲਿਆਂ ਗੋਦ ਨਾ ਕੋਇ ਉਠਾਈਆ । ਇਹ ਖੇਲ ਪ੍ਰਭੂ ਅਸਚਰਜ, ਬੁੱਧੀ ਅਕਲ ਸਮਝ ਸਕੇ ਨਾ ਰਾਈਆ । ਜੋਧਾ ਸੂਰਬੀਰ ਬਣ ਮਰਦਾਨਾ ਮਰਦ, ਮਦਦ ਅਵਰ ਨਾ ਕੋਇ ਰਖਾਈਆ । ਕਲਜੁਗ ਕੂੜ ਕਲਪਨਾ ਪਾ ਤਸ਼ੱਦਦ, ਤਸਬੀ ਮਾਲਾ ਮਣਕੇ ਦਿਤੇ ਠਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦਵਾਰਾ ਇਕ ਸਮਝਾਈਆ । ਕਾਲ ਕਹੇ ਮੈਂ ਹੋਇਆ ਕਾਹਲਾ, ਜਲਦੀ ਜਲਦੀ ਪੰਧ ਮੁਕਾਈਆ । ਕਲਜੁਗ ਤੇਰਾ ਸਮਾਂ ਰਹੇ ਨਾ ਬਾਹਲਾ, ਉਨਤੀ ਵਿਚ ਨਾ ਕੋਇ ਚਤੁਰਾਈਆ । ਪ੍ਰਭ ਨੇ ਹੁਕਮ ਦਿਤਾ ਸੁਖਾਲਾ, ਸਚ ਸੰਦੇਸਾ ਇਕ ਦ੍ਰਿੜਾਈਆ । ਸਦੀ ਚੌਧਵੀਂ ਰਹੇ ਨਾ ਕੋਇ ਦਲਾਲਾ, ਵਿਚੋਲਾ ਰੂਪ ਨਾ ਕੋਇ ਜਣਾਈਆ । ਦੀਨ ਦੁਨੀ ਦੀ ਬਦਲ ਦੇਣੀ ਚਾਲਾ, ਹੁਕਮ ਸੰਦੇਸਾ ਇਕ ਮਨਾਈਆ । ਜਿਸ ਦਾ ਅਵਤਾਰ ਪੈਗ਼ੰਬਰ ਗੁਰ ਦੇ ਕੇ ਗਏ ਅਹਿਵਾਲਾ, ਸਿਫ਼ਤਾਂ ਨਾਲ ਸਾਲਾਹੀਆ । ਉਹ ਖੇਲ ਕਰੇ ਨਿਰਾਲਾ, ਨਿਰਾਕਾਰ ਰੂਪ ਧਰਾਈਆ । ਕੁਛ ਲੇਖਾ ਵੇਖੇ ਪਾਰ ਹਿਮਾਲਾ, ਪਰਬਤ ਉਠ ਉਠ ਵੇਖਣ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਣਹਾਰ ਸਚਖੰਡ ਸੱਚੀ ਧਰਮਸਾਲਾ, ਧਰਮ ਦਵਾਰ ਏਕੰਕਾਰ ਇਕ ਇਕੱਲਾ ਆਪਣਾ ਹੁਕਮ ਵਰਤਾਈਆ ।



## ੬ ਚੇਤ ਸ਼ਹਿਨਸ਼ਾਹੀ ਸੰਮਤ ੬ ਅੰਗ੍ਰੇਜ਼ ਸਿੰਘ ਦੇ ਗ੍ਰਿਹ ਜੰਮੂ

ਕਾਲ ਕਹੇ ਚਿਤ੍ਰਗੁਪਤ ਲੇਖਾ ਰਿਹਾ ਕਰ, ਦਿਵਸ ਰੈਣ ਹਿਸਾਬ ਲਗਾਈਆ । ਚੌਂਤੀ ਸੌ ਖਰਬ ਵੇਖੇ ਘਰ, ਦੀਨ ਦੁਨੀ ਫੋਲ ਫੁਲਾਈਆ । ਜਿਨ੍ਹਾਂ ਵਿਚੋਂ ਇਕ ਲੱਖ ਗਿਆਰਾਂ ਹਜ਼ਾਰ ਪ੍ਰਭ ਦਾ ਫੜਨ ਲੜ, ਦੂਸਰ ਸੰਗ ਨਾ ਕੋਇ ਰਖਾਈਆ । ਝਗੜਾ ਤਕੇ ਸੀਸ ਧੜ, ਸਾਢੇ ਤਿੰਨ ਹੱਥ ਪੜਦਾ ਲਾਹੀਆ । ਫੇਰ ਨਿਗਾਹ ਹੇਠਾਂ ਉਪਰ ਕਰ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਕੀ ਸੰਦੇਸਾ ਦੇਵੇ ਹਰਿ, ਹਰਿ ਸ਼ਬਦੀ ਸ਼ਬਦ ਸੁਣਾਈਆ । ਜਿਧਰ ਤਕੇ ਆਵੇ ਡਰ, ਭੈ ਭੌ ਜਗਤ ਦੁਖਦਾਈਆ । ਮੂੰਹ ਦੇ ਭਾਰ ਡਿੱਗਾ ਦੜ, ਸੁਰਤ ਰਹੀ ਨਾ ਰਾਈਆ । ਕੀ ਘਾੜਨ ਰਿਹਾ ਘੜ, ਪ੍ਰਭ ਦਾਤਾ ਬੇਪਰਵਾਹੀਆ । ਸਦੀ ਚੌਧਵੀਂ ਕਿਆਮਤ ਵਹੇ ਹੜ੍ਹ, ਅੱਗੇ ਹੋ ਨਾ ਕੋਇ ਅਟਕਾਈਆ । ਝਗੜਾ ਮੁਕੇ ਚੋਟੀ ਜੜ੍ਹ, ਚੇਤਨ ਆਪਣਾ

ਪੜਦਾ ਲਾਹੀਆ । ਸ੍ਰਿਸ਼ਟ ਸਬਾਈ ਰਹੀ ਸੜ, ਅਗਨੀ ਤਤ ਨਾ ਕੋਇ ਬੁਝਾਈਆ । ਪੁਰਖ ਅਬਿਨਾਸ਼ੀ ਖੇਲ ਕਲਜੁਗ ਕਪਟ ਛਲ, ਅਛਲ ਛਲਧਾਰੀ ਆਪਣਾ ਹੁਕਮ ਵਰਤਾਈਆ । ਲੇਖਾ ਵੇਖੇ ਜਲ ਥਲ, ਮਹੀਅਲ ਖੋਜੇ ਥਾਉਂ ਥਾਈਂਆ । ਦੀਨ ਦੁਨੀ ਰਹੀ ਹੱਲ, ਕਦਮ ਕਦਮ ਨਾ ਕੋਇ ਟਿਕਾਈਆ । ਪਤਾ ਨਹੀਂ ਹੁਕਮ ਮਿਲੇ ਕਿਸ ਘੜੀ ਕਿਸ ਪਲ, ਪੁਰਖ ਅਬਿਨਾਸ਼ੀ ਸ਼ਬਦ ਸੰਦੇਸ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾ ਮਾਲਕ ਦਇਆ ਕਮਾਈਆ ।

## ✪ ੬ ਚੇਤ ਸ਼ਹਿਨਸ਼ਾਹੀ ਸੰਮਤ ੬ ਵਕੀਲ ਸਿੰਘ ਦੇ ਗ੍ਰਿਹ ਸਈ ਕੈਂਪ ਜੰਮੂ ✪

ਚਿਤ੍ਰਗੁਪਤ ਲੇਖਾ ਕਰੇ ਛੇਤੀ ਛੇਤੀ, ਦਿਵਸ ਰੈਣ ਸੇਵ ਕਮਾਈਆ । ਮਾਨਵ ਜ਼ਾਤੀ ਵੇਖੇ ਬਦੀ ਨੇਕੀ, ਨਿੱਕੇ ਵਡੇ ਖੋਜ ਖੁਜਾਈਆ । ਸ਼ਾਹ ਸੁਲਤਾਨ ਵੇਖੇ ਸੇਠੀ, ਗ਼ਰੀਬ ਨਿਮਾਣੇ ਫੋਲ ਫੁਲਾਈਆ । ਕਿਸ ਰੱਖੀ ਪ੍ਰਭ ਦੀ ਟੇਕੀ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਕਵਣ ਆਤਮਾ ਸਚ ਸਿੰਘਾਸਣ ਲੇਟੀ, ਸੁਖ ਆਸਣ ਡੇਰਾ ਲਾਈਆ । ਕਵਣ ਧਰਮ ਧਾਰ ਦੀ ਬਣੀ ਬੇਟੀ, ਪਿਤਾ ਪੁਰਖ ਅਕਾਲ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਦੀ ਰਹਿਣ ਨਾ ਦੇਵੇ ਸ਼ੇਖ਼ੀ, ਸ਼ੇਖ਼ ਮੁੱਲਾ ਮੁਸਾਇਕ ਪੰਡਤ ਵੇਖੇ ਥਾਉਂ ਥਾਈਂਆ ।


੪੦੪ ੨੨

## ✪ ੬ ਚੇਤ ਸ਼ਹਿਨਸ਼ਾਹੀ ਸੰਮਤ ੬ ਇੰਦਰੋ ਦੇਵੀ ਦੇ ਗ੍ਰਿਹ ਸਈ ਕੈਂਪ ਜੰਮੂ ✪

ਚਿਤ੍ਰਗੁਪਤ ਕਹੇ ਮੈਂ ਕਰਾਂ ਕੀ ਹਿਸਾਬ, ਲੇਖਾ ਲਿਖ ਲਿਖ ਜਣਾਈਆ । ਨੌਂ ਕਰੋੜ ਨੜਿਨਵੇਂ ਸਫ਼ੇ ਦੀ ਮੇਰੀ ਭਰ ਗਈ ਕਿਤਾਬ, ਅੰਕ ਅੰਕ ਦਿਤੇ ਬਦਲਾਈਆ । ਅੱਗੇ ਪ੍ਰਭ ਦੇ ਕੋਲੋਂ ਹੋਣਾ ਲਾਜਵਾਬ, ਬੇਨੰਤੀ ਵਿਚ ਸੀਸ ਨਿਵਾਈਆ । ਪ੍ਰਭੂ ਕਲਜੁਗ ਜੀਵ ਤੇਰਾ ਦਿਸੇ ਨਾ ਕੋਇ ਮੁਹਤਾਜ, ਲੋੜਵੰਦ ਨਾ ਕੋਇ ਦਰਸਾਈਆ । ਸਭ ਦਾ ਅੰਦਰੋਂ ਵਿਗੜਿਆ ਮਜ਼ਾਜ, ਮਜ਼ਾਕ ਵਿਚ ਹਲਕਾਈਆ । ਅਗਲਾ ਹੁਕਮ ਦੇ ਜਨਾਬ, ਸਚ ਸਾਹਿਬ ਮਿਲੇ ਗੁਸਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਚਿਤ੍ਰਗੁਪਤ ਕਹੇ ਮੈਂ ਵੇਖ ਹੋਇਆ ਹੈਰਾਨਾ, ਹੈਰਤ ਵਿਚ ਜਣਾਈਆ । ਜਿਧਰ ਤਕਾਂ ਤੇਰਾ ਤੇਰੇ ਨਾਲੋਂ ਬੇਗਾਨਾ, ਸਾਚਾ ਸੰਗ ਨਾ ਕੋਇ ਵਖਾਈਆ । ਪੈਮਾਇਸ਼ ਦਾ ਰਿਹਾ ਨਾ ਕੋਇ ਪੈਮਾਨਾ, ਨਾਪ ਪਾਪ ਨਾ ਕੋਇ ਕਰਾਈਆ । ਕਲਜੁਗ ਕੂੜੀ ਕਿਰਿਆ ਘਰ ਘਰ ਭਰਿਆ ਖ਼ਾਨਾ, ਖ਼ਾਲਸ ਰੂਪ ਨਾ ਕੋਇ ਦਰਸਾਈਆ । ਮਾਨਵ ਰੂਪ ਹੋਏ ਹੈਵਾਨਾ, ਇਨਸਾਨ ਆਪਣਾ ਆਪ ਬਦਲਾਈਆ । ਕੋਟਾਂ ਵਿਚੋਂ ਥੋੜੇ ਜਨ ਜੇਹੜੇ ਤੇਰਾ ਗਾਉਂਦੇ ਗਾਣਾ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਸਚ ਦੱਸ ਮੇਰੇ ਸੁਲਤਾਨਾ, ਸਾਹਿਬ ਬੇਪਰਵਾਹੀਆ । ਕਿਸ ਬਿਧ ਮਿਟੇ ਕੂੜ ਨਿਸ਼ਾਨਾ, ਕੂੜੀ ਕਿਰਿਆ ਡੇਰਾ

ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸ਼ਾਹ ਸੁਲਤਾਨਾ, ਸਤਿ ਦਾ ਆਪਣਾ ਖੇਲ ਵਖਾਈਆ ।

### ✪ ੬ ਚੇਤ ਸ਼ਹਿਨਸ਼ਾਹੀ ਸੰਮਤ ੬ ਰੌਸ਼ਨ ਲਾਲ ਦੇ ਗ੍ਰਹਿ ਸਈ ਖੁਰਦ ਜੰਮੂ ✪

ਚਿਤ੍ਰਗੁਪਤ ਕਹੇ ਪ੍ਰਭ ਤੇਰੀ ਬੇਪਰਵਾਹੀ, ਬੇਪਰਵਾਹੀ ਵਿਚ ਸਮਾਈਆ । ਕਲਜੁਗ ਜੀਵਾਂ ਲੇਖਾ ਲਿਖੇ ਕੋਇ ਨਾ ਸ਼ਾਹੀ, ਕਾਗ਼ਜ਼ ਚਲੇ ਨਾ ਕੋਇ ਚਤੁਰਾਈਆ । ਪਾਂਧੀ ਭੁੱਲੇ ਤੇਰੇ ਰਾਹੀ, ਸਾਚੀ ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਅਵਤਾਰ ਪੈਗ਼ੰਬਰ ਗੁਰੂ ਦੇਣ ਗਵਾਹੀ, ਸ਼ਹਾਦਤ ਸ਼ਬਦ ਗੁਰੂਦੇਵ ਭੁਗਤਾਈਆ । ਕੂੜੀ ਕਿਰਿਆ ਪਾਰ ਕਰੇ ਕੋਇ ਨਾ ਖਾਈ, ਖ਼ਾਲਸ ਰੂਪ ਨਾ ਕੋਇ ਦਰਸਾਈਆ । ਜਿਧਰ ਤਕਾਂ ਹਾਲ ਦੁਹਾਈ, ਬਹੁੜੀ ਬਹੁੜੀ ਵਿਚ ਕੁਰਲਾਈਆ । ਜੋ ਨਾਨਕ ਲੇਖਾ ਲਿਖਿਆ ਹਥੇਲੀ ਉਤੇ ਕਲਾਈ, ਕਲਮਾ ਮੁਹੰਮਦ ਵਾਲਾ ਬਦਲਾਈਆ । ਗੋਬਿੰਦ ਬੂਟਾ ਪੁੱਟ ਕੇ ਕਾਹੀ, ਢਾਈ ਉਂਗਲਾਂ ਜੜ੍ਹ ਹੇਠੋਂ ਵੱਖ ਕਰਾਈਆ । ਤੇਰਾ ਹੁਕਮ ਹੱਕ ਖ਼ੁਦਾਈ, ਨਾ ਕੋਈ ਮੇਟੇ ਮੇਟ ਮਿਟਾਈਆ । ਸਦੀ ਚੌਧਵੀਂ ਨੇੜੇ ਆਈ, ਅੰਤ ਲੇਖਾ ਦਏ ਮੁਕਾਈਆ । ਜਹੱਨਮ ਵਿਚ ਦੇ ਸਜ਼ਾਈ, ਨਰਕਾਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਸੱਜਣ ਇਕ ਅਖਵਾਈਆ ।



### ✪ ੬ ਚੇਤ ਸ਼ਹਿਨਸ਼ਾਹੀ ਸੰਮਤ ੬ ਦੇਵਾ ਸਿੰਘ ਦੇ ਗ੍ਰਹਿ ਜੰਮੂ ✪

ਚਿਤ੍ਰਗੁਪਤ ਕਹੇ ਮੈਂ ਵੇਖਾਂ ਵਕਤ ਅਖ਼ੀਰੀ, ਬਿਨ ਅੱਖਾਂ ਧਿਆਨ ਲਗਾਈਆ । ਮੈਨੂੰ ਨਜ਼ਰ ਆਏ ਉਹ ਜ਼ੰਜੀਰੀ, ਜੋ ਦੋ ਸੱਤ ਵੰਡ ਵੰਡਾਈਆ । ਜਿਸ ਨੇ ਸਰਬ ਸ੍ਰਿਸ਼ਟੀ ਕਰਨੀ ਦਿਲਗੀਰੀ, ਧੀਰਜ ਧੀਰ ਨਾ ਕੋਇ ਧਰਾਈਆ । ਕਿਸੇ ਦੀ ਰਹਿਣੀ ਨਹੀਂ ਮੀਰੀ ਪੀਰੀ, ਪੀਰਾਂ ਦਾ ਪੀਰ ਹੁਕਮ ਵਰਤਾਈਆ । ਝਗੜਾ ਮੁਕੇ ਸ਼ਾਹ ਹਕੀਰੀ, ਸ਼ਹਿਨਸ਼ਾਹ ਆਪਣੀ ਕਾਰ ਭੁਗਤਾਈਆ । ਨੇਤਰ ਸਭ ਦੇ ਵਹਿਣਾ ਨੀਰੀ, ਨੈਣ ਨੂਰ ਨਾ ਕੋਇ ਚਮਕਾਈਆ । ਲੇਖਾ ਵੇਖਣਾ ਪ੍ਰਹਿਲਾਦ ਵਾਲੀ ਕੀੜੀ, ਕਲਜੁਗ ਅਗਨੀ ਥੰਮ ਤਪਸ਼ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲੇ ਲੇਖੇ ਉਤੇ ਮਾਰ ਲਕੀਰੀ, ਲਾਈਨ ਅਗਲੀ ਦੇ ਵਖਾਈਆ ।

### ✪ ੬ ਚੇਤ ਸ਼ਹਿਨਸ਼ਾਹੀ ਸੰਮਤ ੬ ਕਿਰਪਾਲ ਸਿੰਘ ਦੇ ਗ੍ਰਹਿ ਜੰਮੂ ✪

ਚਿਤ੍ਰਗੁਪਤ ਕਹੇ ਮੈਂ ਵੇਖਾਂ ਅੱਗਾ ਪਿਛਾ, ਪੱਛਮ ਦੱਖਣ ਧਿਆਨ ਲਗਾਈਆ । ਕਿਸ ਦੀ ਕਰੇ ਪ੍ਰਭ ਰਿੱਛਾ, ਮਿਹਰ ਨਜ਼ਰ ਉਠਾਈਆ ।

ਕਿਸ ਦੀ ਪੂਰੀ ਹੋਵੇ ਇੱਛਾ, ਨਿਰਇੱਛਤ ਹੋਏ ਸਹਾਈਆ । ਕਿਸ ਦਾ ਲੇਖ ਧੁਰ ਦਾ ਲਿਖਾ, ਨਾ ਕੋਇ ਮੇਟੇ ਮੇਟ ਮਿਟਾਈਆ । ਕਿਸ ਪ੍ਰਭੂ ਨੂੰ ਦਿਤੀ ਪਿੱਠਾ, ਸਨਮੁਖ ਹੋ ਨਾ ਦਰਸਨ ਪਾਈਆ । ਕਿਸ ਦਾ ਲਹਿਣਾ ਦੇਣਾ ਚਿੱਟਾ, ਦੁਰਮਤ ਮੈਲ ਨਾ ਕੋਇ ਰਖਾਈਆ । ਕਿਸ ਨੇ ਇਸ਼ਟ ਰਖਾਇਆ ਪੱਥਰ ਇੱਟਾ, ਤਤਾਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕੀ ਆਪਣਾ ਪੜਦਾ ਲਾਹੀਆ । ਚਿਤ੍ਰਗੁਪਤ ਕਹੇ ਮੈਂ ਫੋਲਾਂ ਵਰਕਾ ਵਰਕਾ, ਚੁਰਾਸੀ ਚੁਰਾਸੀ ਫੋਲ ਫੁਲਾਈਆ । ਕੋਈ ਭਗਤ ਮਿਲੇ ਪ੍ਰਭੂ ਘਰ ਕਾ, ਜੋ ਘਰ ਬੈਠਾ ਦਰਸਨ ਪਾਈਆ । ਇਸ਼ਨਾਨ ਕਰੇ ਸਾਚੇ ਸਰ ਕਾ, ਸਰੋਵਰ ਗੁਰਚਰਨ ਮਿਲੇ ਸਰਨਾਈਆ । ਦਰਵਾਜ਼ਾ ਖੋਲ੍ਹੇ ਆਪਣੇ ਦਰ ਕਾ, ਦਰਗਾਹ ਸਾਚੀ ਵੱਜੇ ਵਧਾਈਆ । ਝਗੜਾ ਮੁਕਾਏ ਜੋਰੂ ਜ਼ਰ ਕਾ, ਰੰਗ ਇਕੋ ਵੇਖ ਵਖਾਈਆ । ਨਾਤਾ ਜੋੜ ਨਰਾਇਣ ਨਰ ਕਾ, ਨਰਕ ਸਵਰਗ ਦਾ ਡੇਰਾ ਢਾਹੀਆ । ਲੇਖਾ ਰੱਖੇ ਨਾ ਮਜ਼੍ਹਬ ਸ਼ਰੀਅਤ ਸ਼ਰ ਕਾ, ਜ਼ਾਤੀ ਵੰਡ ਨਾ ਕੋਇ ਵੰਡਾਈਆ । ਇਕੋ ਅੱਖਰ ਹੋਵੇ ਪੜ੍ਹਦਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਚਿਤ੍ਰਗੁਪਤ ਕਹੇ ਮੈਂ ਉਸ ਦੀ ਸਰਨੀ ਪੜਦਾ, ਨਿਉਂ ਨਿਉਂ ਲਾਗਾਂ ਪਾਈਆ । ਬਾਕੀ ਦਾ ਲੇਖਾ ਕਲਮ ਅੱਗੇ ਧਰਦਾ, ਧਰਨੀ ਧਰਤ ਧਵਲ ਸਕੇ ਨਾ ਕੋਇ ਛੁਡਾਈਆ । ਇਹ ਇਸ਼ਾਰਾ ਅਗੰਮੀ ਹਰਿ ਦਾ, ਹੁਕਮ ਸੰਦੇਸਿਆਂ ਵਿਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲੇ ਆਪੇ ਵਰਦਾ, ਵਰਿਆਮ ਹੋ ਕੇ ਆਪਣੀ ਕਲ ਵਰਤਾਈਆ ।



## ✪ ੬ ਚੇਤ ਸ਼ਹਿਨਸ਼ਾਹੀ ਸੰਮਤ ੬ ਗੁਰਮੁਖ ਸਿੰਘ ਦੇ ਗ੍ਰਿਹ ਸਈ ਜੰਮੂ ✪

ਚਿਤ੍ਰਗੁਪਤ ਕਹੇ ਮੈਂ ਤੱਕਿਆ ਲੱਖ ਚੁਰਾਸੀ, ਜੂਨੀ ਮਾਨਵ ਖੋਜ ਖੁਜਾਈਆ । ਅਵਤਾਰ ਜਿਨ੍ਹਾਂ ਦੀ ਪਾਉਂਦੇ ਰਾਸੀ, ਧਰਨੀ ਰੰਗ ਰੰਗਾਈਆ । ਜਿਸ ਧਾਰ ਵਿਚ ਈਸਾ ਚੜ੍ਹਿਆ ਫਾਸੀ, ਫ਼ੈਸਲਾ ਗਿਆ ਸੁਣਾਈਆ । ਮੁਹੰਮਦ ਮਹਿਬੂਬ ਕਥਾ ਆਖੀ, ਅਲਿਫ਼ ਯੇ ਜੋੜ ਜੁੜਾਈਆ । ਨਾਨਕ ਗੋਬਿੰਦ ਦਿਤੀ ਪਾਤੀ, ਸੰਦੇਸ਼ਿਆਂ ਵਿਚ ਸੁਣਾਈਆ । ਕਲਜੁਗ ਹੋਣੀ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਧਰਮ ਦੀ ਸੁਣੇ ਕੋਇ ਨਾ ਬਾਤੀ, ਕੂੜੀ ਕਿਰਿਆ ਜਗਤ ਹਲਕਾਈਆ । ਉਸ ਵੇਲੇ ਖੇਲ ਕਰੇ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਆਪਣਾ ਹੁਕਮ ਵਰਤਾਈਆ । ਭਗਤ ਸੁਹੇਲੇ ਬਣਾ ਕੇ ਸਾਥੀ, ਸਗਲਾ ਸੰਗ ਰਖਾਈਆ । ਚਿਤ੍ਰਗੁਪਤ ਅਣਗਿਣਤ ਹੋਣੇ ਪਾਪੀ, ਤੇਰੀ ਕਲਮ ਦਏ ਦੁਹਾਈਆ । ਸੋ ਵਕਤ ਪਹੁੰਚਿਆ ਸਾਚੀ, ਸਚ ਸੰਦੇਸ਼ਾ ਇਕ ਸੁਣਾਈਆ । ਝਗੜਾ ਮੁਕਿਆ ਕਰੋੜ ਲਾਖੀ, ਅਰਬਾਂ ਵਿਚ ਸ਼ਨਵਾਈਆ । ਦੋ ਅਰਬ ਕੂੜ ਕੁੜਿਆਰਾਂ ਆਬਾਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰ ਘਟ ਹਿਰਦੇ ਅੰਦਰ ਬਣ ਕੇ ਵਾਸੀ, ਵੇਖਣਹਾਰਾ ਥਾਉਂ ਥਾਈਆ ।

## ✪ ੬ ਚੇਤ ਸ਼ਹਿਨਸ਼ਾਹੀ ਸੰਮਤ ੬ ਕਰਮ ਸਿੰਘ ਦੇ ਗ੍ਰਿਹ ਸਈ ਜੰਮੂ ✪

ਕਾਲ ਕਹੇ ਚਿਤ੍ਰਗੁਪਤ ਕੁਛ ਲੇਖਾ ਦੱਸ, ਅੰਤ ਕੀ ਹਿਸਾਬ ਲਗਾਈਆ । ਕੀ ਲਹਿਣਾ ਜੀਵ ਜੰਤ, ਜਗਤ ਦੇ ਸਮਝਾਈਆ । ਕੀ ਲੇਖਾ ਸਾਧ ਸੰਤ, ਭਗਤ ਭਗਵਾਨ ਕੀ ਵਡਿਆਈਆ । ਕੀ ਲਹਿਣਾ ਹਉਮੇ ਹੰਗਤ, ਹੰਕਾਰ ਵਿਕਾਰ ਦੇਣਾ ਸਮਝਾਈਆ । ਕੀ ਲੇਖਾ ਬਹਿਸ਼ਤ ਜੱਨਤ, ਸਵਰਗ ਕੀ ਵਖਾਈਆ । ਕੀ ਲਹਿਣਾ ਲੈਣਾ ਨਿੰਦਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕਾਲ ਕਹੇ ਚਿਤ੍ਰਗੁਪਤ ਕਦ ਮੇਰੀ ਆਵੇ ਵਾਰੀ, ਮੈਨੂੰ ਦੇ ਜਣਾਈਆ । ਕਿਉਂ ਤੂੰ ਸਭ ਤੋਂ ਵੱਡਾ ਲਿਖਾਰੀ, ਲੇਖਾ ਆਪਣੇ ਹੱਥ ਰਖਾਈਆ । ਕਦੇ ਨਾ ਕਰੇਂ ਗ਼ਦਾਰੀ, ਮਨਮੁਖ ਹੋ ਨਾ ਮੁਖ ਭਵਾਈਆ । ਸਦਾ ਪ੍ਰਭ ਦੀ ਮੰਨੇ ਸਿਕਦਾਰੀ, ਗੁਰ ਅਵਤਾਰ ਪੈਗ਼ੰਬਰ ਤੇਰੀ ਧਾਰ ਸਕਿਆ ਨਾ ਕੋਇ ਬਦਲਾਈਆ । ਮੇਰੀ ਤੇਰੇ ਨਾਲ ਯਾਰੀ, ਪ੍ਰੀਤੀ ਸਚ ਨਿਭਾਈਆ । ਮੈਂ ਸਭ ਨੂੰ ਕਰਾਂ ਖ਼ੁਆਰੀ, ਬਚਿਆ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਕੀਤੇ ਛਾਰੀ, ਤਨ ਖ਼ਾਕ ਵਿਚ ਮਿਲਾਈਆ । ਮੇਰੇ ਅੱਗੇ ਕਿਸੇ ਦਾ ਜ਼ੋਰ ਨਾ ਚਲੇ ਮੁੰਡ ਮੁੰਡਾਏ ਮੁੱਛ ਦਾੜ੍ਹੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਆਪਣੀ ਕਾਰ ਵਰਤਾਈਆ ।

## ✪ ੬ ਚੇਤ ਸ਼ਹਿਨਸ਼ਾਹੀ ਸੰਮਤ ੬ ਪੂਰਨ ਸਿੰਘ ਦੇ ਗ੍ਰਿਹ ਸਈ ਜੰਮੂ ✪

ਚਿਤ੍ਰਗੁਪਤ ਕਹੇ ਕਲਜੁਗ ਕਿਉਂ ਪਿਆ ਚਾਰੋਂ ਕੁੰਟ ਸ਼ੋਰ, ਸ਼ੌਹਰ ਨਜ਼ਰ ਕਿਸੇ ਨਾ ਆਈਆ । ਕਲਜੁਗ ਕਿਹਾ ਤਕ ਲੈ ਨਾਲ ਗ਼ੌਰ, ਗਹਿਰੀ ਅੱਖ ਖੁਲ੍ਹਾਈਆ । ਸਾਰੀ ਦੁਨੀਆ ਹੋ ਗਈ ਹੋਰ, ਹੋਰ ਦਾ ਹੋਰ ਰੂਪ ਬਦਲਾਈਆ । ਪ੍ਰਭ ਦਰ ਤੋਂ ਹੋ ਗਈ ਚੋਰ, ਸਨਮੁਖ ਬੈਠ ਨਾ ਦਰਸ਼ਨ ਪਾਈਆ । ਫਿਰਨ ਅੰਧੇਰੇ ਘੋਰ, ਭੱਜਣ ਵਾਹੋ ਦਾਹੀਆ । ਜਿਨ੍ਹਾਂ ਦੀ ਪ੍ਰਭ ਸਾਚੇ ਨੂੰ ਲੋੜ, ਉਹ ਲੁੜੀਂਦੇ ਸਾਜਨ ਲਏ ਮਿਲਾਈਆ । ਓਨ੍ਹਾਂ ਉਤੇ ਲਾ ਕੇ ਆਪਣੇ ਨਾਮ ਦੀ ਮੋਹਰ, ਮੋਹਰੀ ਸਭ ਦੇ ਦਿਤੇ ਵਖਾਈਆ । ਧੁਰ ਦਾ ਹੁਕਮ ਅੰਦਰ ਤੋਰ, ਤੁਰਤ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਜਨਮ ਦੇ ਵਿਛੜੇ ਜੋੜ, ਜੋੜੀ ਭਗਤ ਭਗਵਾਨ ਆਪ ਬਣਾਈਆ ।

## ✪ ੬ ਚੇਤ ਸ਼ਹਿਨਸ਼ਾਹੀ ਸੰਮਤ ੬ ਰਾਜਾ ਸਿੰਘ ਦੇ ਗ੍ਰਿਹ ਸਈ ਜੰਮੂ ✪

ਚਿਤ੍ਰਗੁਪਤ ਕਹੇ ਕਲਜੁਗ ਮੈਂ ਵੇਖਾਂ ਹੋ ਚੁਕੰਨਾ, ਕੰਨਾ ਗੋਬਿੰਦ ਵਾਲਾ ਧਿਆਨ ਲਗਾਈਆ । ਪੁਰਖ ਅਕਾਲ ਦਾ ਹੁਕਮ ਮੰਨਾ, ਜੋ ਸੰਦੇਸ਼ਾ ਧੁਰਦਰਗਾਹੀਆ । ਜਿਸ ਦਾ ਇਕੋ ਨੂਰ ਅਗੰਮੀ ਚੰਨਾ, ਸਰਗੁਣ ਧਾਰ ਕਰੇ ਰੁਸ਼ਨਾਈਆ । ਸਿਫ਼ਤ ਭਰੀ ਚੌਦਾਂ ਸੌ ਤੀਸ ਪੰਨਾ, ਅੰਕ ਅੰਕ

ਨਾਲ ਵਖਾਈਆ । ਸਿਫ਼ਤ ਵਡਿਆਈ ਦਿਤੀ ਧੰਨਾ, ਕੋਝੇ ਗਲ ਲਗਾਈਆ । ਭਗਤਾਂ ਰਹਿਣ ਨਾ ਦੇਵੇ ਅੰਨ੍ਹਾ, ਨਿਜ ਲੋਇਣ ਕਰੇ ਰੁਸ਼ਨਾਈਆ । ਜਿਨ੍ਹਾਂ ਨੂੰ ਆਪਣੀ ਧਾਰੋਂ ਜਣਾ, ਬਣੇ ਧੰਨ ਜਣੇਂਦੀ ਮਾਈਆ । ਓਨ੍ਹਾਂ ਤਾਰੇ ਵਿਚੋਂ ਛੱਪਰ ਛੰਨਾਂ, ਸਿਰ ਆਪਣਾ ਹੱਥ ਟਿਕਾਈਆ । ਜ਼ਾਤ ਪਾਤ ਦਾ ਮੇਟ ਕੇ ਬੰਨਾ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਲਗਾਏ ਹਰਿਜਨ ਮਾਟੀ ਤਨਾਂ, ਅਗਨੀ ਤਤ ਤਤ ਬੁਝਾਈਆ ।

### ✪ ੬ ਚੇਤ ਸ਼ਹਿਨਸ਼ਾਹੀ ਸੰਮਤ ੬ ਭਗਵਾਨ ਸਿੰਘ ਦੇ ਗ੍ਰਿਹ ਸਈ ਜੰਮੂ ✪

ਕਲਜੁਗ ਕਹੇ ਕਾਲ ਪਿਆਰੇ, ਪ੍ਰੇਮ ਵਡ ਵਡਿਆਈਆ । ਉਹ ਵੇਖ ਗੋਬਿੰਦ ਦੇ ਦੁਲਾਰੇ, ਜੋ ਸ਼ਬਦ ਰਹੇ ਸੁਣਾਈਆ । ਨੀਂਹ ਉਖੜੇ ਜਗ ਸਾਰੇ, ਇੱਟ ਪੱਥਰ ਨਾ ਕੋਇ ਚਤੁਰਾਈਆ । ਫਿਰੇ ਦਰੋਹੀ ਵਿਚ ਜੰਗਲ ਜੂਹ ਉਜਾੜੇ, ਮਹੱਲ ਅਟੱਲ ਨਾ ਕੋਇ ਵਖਾਈਆ । ਮਿੰਨਤਾਂ ਵਿਚ ਸਾਰੇ ਕਢਣ ਹਾੜੇ, ਨਿਉਂ ਨਿਉਂ ਸੀਸ ਨਿਵਾਈਆ । ਜਗਤ ਕੂੜੀ ਕਿਰਿਆ ਲੱਗੇ ਅਖਾੜੇ, ਗ੍ਰਿਹ ਗ੍ਰਿਹ ਪਏ ਦੁਹਾਈਆ । ਲਹਿਣਾ ਤੱਕਣ ਪੰਚਮ ਧਾੜੇ, ਧੜਾ ਕਾਮ ਕਰੋਧ ਲੋਭ ਮੋਹ ਹੰਕਾਰ ਲਿਆ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਦੀ ਮੰਜ਼ਲ ਆਪ ਉਸਾਰੇ, ਚੋਟੀ ਜੜ੍ਹ ਰੰਗ ਰੰਗਾਈਆ ।


੪੦੮

੨੨

### ✪ ੬ ਚੇਤ ਸ਼ਹਿਨਸ਼ਾਹੀ ਸੰਮਤ ੬ ਪ੍ਰਕਾਸ਼ ਸਿੰਘ ਦੇ ਗ੍ਰਿਹ ਸਈ ਕੈਂਪ ਜੰਮੂ ✪

ਕਾਲ ਕਹੇ ਮੈਂ ਪੂਰਬ ਪੂਰਬ ਦਾ ਭੁੱਖਾ, ਭੁੱਖੇ ਭੁੱਖ ਨਾ ਕੋਇ ਗਵਾਈਆ । ਕ੍ਰਿਸ਼ਨ ਅਠਾਰਾਂ ਕਸ਼ੂਣੀਆਂ ਮੈਨੂੰ ਟੁੱਕਰ ਦੇ ਕੇ ਰੁੱਖਾ, ਮੇਰੀ ਆਸਾ ਨਾ ਤ੍ਰਿਪਤ ਕਰਾਈਆ । ਮੈਂ ਸੁੱਖਣਾ ਰਿਹਾ ਸੁੱਖਾ, ਪ੍ਰਭ ਅੱਗੇ ਵਾਸਤਾ ਪਾਈਆ । ਮੈਨੂੰ ਬਣਾ ਆਪਣਾ ਲਾਡਲਾ ਪੁੱਤਾ, ਸਿਰ ਮੇਰੇ ਹੱਥ ਟਿਕਾਈਆ । ਜਗਤ ਜਹਾਨ ਕਰ ਉਘਾ, ਦੇਹੁ ਮਾਣ ਵਡਿਆਈਆ । ਜਿਹੜਾ ਤੇਰੇ ਨਾਮ ਦਾ ਲੈਂਦੇ ਭੁੱਗਾ, ਓਨ੍ਹਾਂ ਦਾੜ੍ਹਾਂ ਹੇਠ ਦਬਾਈਆ । ਜਿਹੜਾ ਸੀਸ ਤੈਨੂੰ ਨਾ ਝੁਕਾ, ਉਸ ਦਾ ਲੇਖਾ ਦਿਆਂ ਮੁਕਾਈਆ । ਜਿਸ ਨੇ ਗਾਇਆ ਨਹੀਂ ਮੁਖਾ, ਉਸ ਨੂੰ ਖ਼ਾਕ ਵਿਚ ਮਿਲਾਈਆ । ਮੈਂ ਤਾਅ ਦੇਵਾਂ ਮੁੱਛਾਂ, ਚਾਰੋਂ ਕੁੰਟ ਲਵਾਂ ਅੰਗੜਾਈਆ । ਜਗਤ ਵਿਕਾਰੀਆਂ ਫੜ ਫੜ ਪੁਛਾਂ, ਦੇਵਾਂ ਅੰਤ ਸਜ਼ਾਈਆ । ਜਿਹੜਾ ਤੇਰੇ ਦਰ ਹੋਵੇ ਝੁਕਾ, ਉਸ ਨੂੰ ਝੁਕ ਕੇ ਆਪਣਾ ਸੀਸ ਦੇਵਾਂ ਨਿਵਾਈਆ । ਮਿਹਰਵਾਨ ਮਹਿਬੂਬ ਮੈਨੂੰ ਤ੍ਰਿਸ਼ਨਾ ਦਾ ਬੜਾ ਦੁੱਖਾ, ਮੇਰੀ ਤ੍ਰਿਖਾ ਦੇਣੀ ਗਵਾਈਆ । ਮੈਂ ਕੂੜ ਕੁੜਿਆਰੇ ਜਨਣੀ ਦੀ ਰਹਿਣ ਨਹੀਂ ਦੇਣੇ ਵਿਚ ਕੁੱਖਾ, ਕਾਇਆ ਗਰਭ ਵਿਚ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਤੇਰੇ ਸੀਸ ਮੇਰਾ ਝੁਕਾ, ਝੁਕ ਝੁਕ ਲਾਗਾਂ ਪਾਈਆ ।

## ✪ ੬ ਚੇਤ ਸ਼ਹਿਨਸ਼ਾਹੀ ਸੰਮਤ ੬ ਕੁਲਵੰਤ ਸਿੰਘ ਦੇ ਗ੍ਰਿਹ ਜੰਮੂ ✪

ਚਿਤ੍ਰਗੁਪਤ ਕਹੇ ਮੈਂ ਚੁਰਾਸੀ ਦਾ ਕਰਨ ਵਾਲਾ ਜੋੜ, ਹਿੰਦਸਾ ਹਿੰਦਸੇ ਨਾਲ ਮਿਲਾਈਆ । ਲੇਖਾ ਰੱਖਣਾ ਅੱਗੇ ਬ੍ਰਾਹਮਣ ਗੌੜ, ਜੋ ਮਾਲਕ ਬੇਪਰਵਾਹੀਆ । ਜਿਸ ਨੇ ਕਲਜੁਗ ਦੀ ਪੂਰੀ ਕਰਨੀ ਦੌੜ, ਅਗਲਾ ਪੈਂਡਾ ਦੇਣਾ ਮੁਕਾਈਆ । ਸਤਿਜੁਗ ਸਾਚਾ ਦੇਣਾ ਤੋਰ, ਤੁਰਤ ਆਪਣਾ ਹੁਕਮ ਵਰਤਾਈਆ । ਅੰਧੇਰਾ ਮੇਟ ਕੇ ਘੋਰ, ਸਚ ਨੂਰ ਕਰੇ ਰੁਸ਼ਨਾਈਆ । ਲੇਖਾ ਚੁਕਾ ਕੇ ਠੱਗ ਚੋਰ, ਜਨ ਭਗਤਾਂ ਲਏ ਉਪਜਾਈਆ । ਓਸੇ ਦੇ ਹੱਥ ਵਿਚ ਡੋਰ, ਜੋ ਸਭ ਦਾ ਪਿਤਾ ਮਾਈਆ । ਇਕ ਵਾਰ ਕਰਾ ਕੇ ਸ੍ਰਿਸ਼ਟੀ ਦਾ ਘੋਲ, ਦੀਨ ਦੁਨੀ ਦੇਣੀ ਹਿਲਾਈਆ । ਫੇਰ ਕੰਡੇ ਤੋਲ ਕੇ ਤੋਲ, ਨਾਮ ਵਜ਼ਨ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਰਨੀ ਦੱਸ ਅਨਮੋਲ, ਅਮੋਲਕ ਆਪਣਾ ਹੁਕਮ ਵਰਤਾਈਆ ।

## ✪ ੬ ਚੇਤ ਸ਼ਹਿਨਸ਼ਾਹੀ ਸੰਮਤ ੬ ਗੁਰਨਾਮ ਸਿੰਘ ਦੇ ਗ੍ਰਿਹ ਸੀੜ ਜੰਮੂ ✪

ਕਲਜੁਗ ਕਹੇ ਪ੍ਰਭੂ ਦੇ ਹੁਕਮ ਅੰਦਰ ਬੱਧੇ, ਬੰਦਨਾ ਵਿਚ ਕਾਲ ਮਹਾਂਕਾਲ ਸੀਸ ਨਿਵਾਈਆ । ਮਾਤਲੋਕ ਆਈਏ ਉਸ ਦੇ ਸੱਦੇ, ਜੋ ਸ਼ਬਦ ਸੰਦੇਸ਼ਾ ਨਾਮ ਸੁਣਾਈਆ । ਮਾਨਵ ਮਾਨਸ ਹੰਸ ਕੀਤੇ ਕੱਗੇ, ਕਲਕਾਤੀ ਆਪਣੀ ਕਲ ਵਰਤਾਈਆ । ਕਿਸੇ ਸਮਝ ਨਾ ਆਵੇ ਕੀ ਹੋਣਾ ਅੱਗੇ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੜਦਾ ਸਕੇ ਨਾ ਕੋਇ ਉਠਾਈਆ । ਸ਼ਾਹ ਸੁਲਤਾਨ ਇਕ ਦੂਜੇ ਨਾਲ ਕਰਨ ਦਗ਼ੇ, ਪਿਤਾ ਪੂਤ ਪਈ ਲੜਾਈਆ । ਸ੍ਰਿਸ਼ਟੀ ਤ੍ਰੈਗੁਣ ਮਾਇਆ ਵਿਚ ਦਗੇ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ ਜੋਤ ਕਿਸੇ ਨਾ ਲੱਭੇ, ਚਾਰ ਕੁੰਟ ਦਹਿ ਦਿਸ਼ਾ ਭੱਜਣ ਵਾਹੋ ਦਾਹੀਆ । ਦੀਨ ਮਜ਼੍ਹਬ ਜ਼ਾਤ ਪਾਤ ਤੋੜੇ ਕੋਇ ਨਾ ਹੱਦੇ, ਦਰਗਾਹ ਸਾਚੀ ਸਚ ਦਵਾਰ ਨਾ ਕੋਇ ਵਖਾਈਆ । ਜਿਥੇ ਸ਼ਬਦ ਅਗੰਮੀ ਇਕੋ ਵੱਜੇ, ਅਨਹਦ ਨਾਦੀ ਧੁਨ ਸੁਣਾਈਆ । ਦੀਪਕ ਜੋਤ ਇਕੋ ਜਗੇ, ਜਿਸ ਵਿਚ ਅਵਤਾਰ ਪੈਗ਼ੰਬਰ ਗੁਰੂ ਸਾਰੇ ਰਹੇ ਸਮਾਈਆ । ਝਗੜਾ ਦਿਸੇ ਨਾ ਮਾਸ ਨਾੜੀ ਹੱਡੇ, ਪੰਜ ਤਤ ਨਾ ਕੋਇ ਲੜਾਈਆ । ਜਿਸ ਨੇ ਜੁਗ ਜੁਗ ਧਰਮ ਨਿਸ਼ਾਨੇ ਗੱਡੇ, ਧਰਨੀ ਧਰਤ ਧੌਲ ਉਪਰ ਕੀਤੀ ਰੁਸ਼ਨਾਈਆ । ਉਹ ਖੇਲ ਕਰੇ ਸੂਰਾ ਸਰਬਗੇ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਕਲਜੁਗ ਕਹੇ ਉਸ ਦਾ ਹੁਕਮ ਸਿਰ ਮੱਥੇ, ਸੀਸ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕਲਜੁਗ ਕਹੇ ਮੈਂ ਵੇਖਾਂ ਦੂਰ ਨੇੜਾ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਝਗੜਾ ਪਿਆ ਕਾਇਆ ਖੇੜਾ, ਮਨੂਆ ਮਨ ਕਰੇ ਲੜਾਈਆ । ਸ਼ਾਸਤਰ ਸਿਮਰਤ ਕਰੇ ਨਾ ਕੋਇ ਨਬੇੜਾ, ਸਾਂਤਕ ਸਤਿ ਨਾ ਕੋਇ ਵਰਤਾਈਆ । ਚੁਰਾਸੀ ਚੁੱਕੇ ਕਿਸੇ ਨਾ ਗੇੜਾ, ਰਸਨਾ ਜਿਹਵਾ ਪੜ੍ਹ ਪੜ੍ਹ ਥੱਕੀ ਲੋਕਾਈਆ । ਜਗਤ ਜਹਾਨ ਪਾਰ ਕਰੇ ਕੋਇ ਨਾ ਬੇੜਾ, ਸਮੁੰਦ ਸਾਗਰ ਸਾਰ ਕਿਸੇ ਨਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਨੌਂ ਖੰਡ ਪ੍ਰਿਥਮੀ ਸੱਤ ਦੀਪ ਬਿਨ ਸਤਿਗੁਰ ਸ਼ਬਦ ਹੋਇਆ ਅੰਧੇਰਾ, ਨੂਰੀ ਚੰਦ ਨਾ ਕੋਇ ਚਮਕਾਈਆ ।

ਮਾਨਵ ਮਾਨਵ ਕਰੇ ਝੇੜਾ, ਦੀਨ ਦੀਨ ਨਾਲ ਟਕਰਾਈਆ । ਬਿਨ ਪੁਰਖ ਅਕਾਲ ਦੀਨ ਦਿਆਲ ਕਰੇ ਕੋਇ ਨਾ ਮਿਹਰਾ, ਮਹਿਰਵਾਨ ਮਹਿਬੂਬ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਵੇਖ ਵਖਾਈਆ । ਕਲਜੁਗ ਕਹੇ ਚਿਤ੍ਰਗੁਪਤ ਲੇਖਾ ਕਰ ਕਰ ਗਿਆ ਥੱਕ, ਸਦੀ ਚੌਧਵੀਂ ਧਿਆਨ ਲਗਾਈਆ । ਜੋ ਅਵਤਾਰ ਪੈਗ਼ੰਬਰਾਂ ਕਿਹਾ ਸੋ ਹੁਕਮ ਹੋਣਾ ਸਚ, ਨਾ ਕੋਇ ਮੇਟੇ ਮੇਟ ਮਿਟਾਈਆ । ਭਾਗ ਲੱਗਣਾ ਨਹੀਂ ਕਿਸੇ ਕਾਇਆ ਮਾਟੀ ਕੱਚ, ਕੰਚਨ ਗੜ੍ਹ ਨਾ ਕੋਇ ਸੁਹਾਈਆ । ਮਨ ਕਲਪਣਾ ਵਿਚ ਦੀਨ ਦੁਨੀ ਰਹੀ ਨੱਚ, ਸਚ ਧਰਮ ਦਾ ਕਦਮ ਨਾ ਕੋਇ ਉਠਾਈਆ । ਨਾੜ ਬਹੱਤਰ ਘਰ ਘਰ ਉਬਲੇ ਰੱਤ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਕਲਜੁਗ ਜੀਵਾਂ ਭੁੱਲੀ ਗੁਰਮਤ, ਗ਼ੁਰਬਤ ਅੰਦਰ ਹੋਏ ਹਲਕਾਈਆ । ਜੋ ਆਸਾ ਰੱਖ ਕੇ ਗਿਆ ਅਵਤਾਰ ਪੈਗ਼ੰਬਰ ਗੁਰੂ ਪੁਰਖ ਅਕਾਲਾ ਹਕੀਕਤ ਵੇਖੇ ਹੱਕ, ਸ਼ਾਹ ਸੁਲਤਾਨ ਦਇਆ ਕਮਾਈਆ । ਸੋ ਪਰਗਟ ਹੋ ਸਮਰਥ, ਧੁਰ ਦਾ ਹੁਕਮ ਇਕ ਸੁਣਾਈਆ । ਕਲਜੁਗ ਕਹੇ ਮੇਰਾ ਖੇੜਾ ਕਰੇ ਭੱਠ, ਮੇਰਾ ਅੰਤਰ ਮਾਰੇ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਚਿਤ੍ਰਗੁਪਤ ਕਹੇ ਕਲਜੁਗ ਪ੍ਰਭ ਜੋਤ ਧਾਰ ਵੇਖ ਕਲ ਕਲਕੀ, ਜੋ ਕਲੇਸ਼ ਦਏ ਮਿਟਾਈਆ । ਜਿਸ ਦਾ ਇਕੋ ਸਮਾਂ ਸੰਵ ਸਵੇਰਾ ਸਰਘੀ, ਸੁਬਹ ਸ਼ਾਮ ਵੰਡ ਨਾ ਕੋਇ ਵੰਡਾਈਆ । ਉਹ ਗ਼ਰੀਬ ਨਿਮਾਣਿਆਂ ਬਣੇ ਦਰਦੀ, ਜਨ ਭਗਤਾਂ ਹੋਏ ਸਹਾਈਆ । ਕੂੜੀ ਮੇਟੇ ਅੰਧੇਰ ਗਰਦੀ, ਧੁਰ ਦਾ ਹੁਕਮ ਇਕ ਉਪਜਾਈਆ । ਖੇਲ ਤਕਣੀ ਨਰਾਇਣ ਨਰ ਦੀ, ਜੋ ਨਰ ਹਰਿ ਆਪਣੀ ਰਿਹਾ ਸਮਝਾਈਆ । ਸਭ ਦਾ ਲਹਿਣਾ ਦੇਣਾ ਮੁਕਾਵੇ ਜਲਦੀ, ਜਲ ਥਲ ਮਹੀਅਲ ਖੋਜ ਖੁਜਾਈਆ । ਕਿਸੇ ਖ਼ਬਰ ਨਹੀਂ ਘੜੀ ਪਲ ਦੀ, ਪਲਕਾਂ ਓਹਲੇ ਬੈਠਾ ਕੀ ਆਪਣੀ ਕਰਨੀ ਰਿਹਾ ਜਣਾਈਆ । ਆਸਾ ਪੂਰੀ ਕਰਨੀ ਬਾਵਨ ਬਲ ਦੀ, ਬਲ ਦਵਾਰਾ ਦਏ ਗਵਾਹੀਆ । ਜੇਹੜੀ ਸ੍ਰਿਸ਼ਟੀ ਭਰੀ ਕਪਟ ਛਲ ਦੀ, ਅਛਲ ਛਲਧਾਰੀ ਸਭ ਦਾ ਡੇਰਾ ਢਾਹੀਆ । ਇਕੋ ਮੰਜ਼ਲ ਦੱਸੇ ਨਿਹਚਲ ਧਾਮ ਅਟੱਲ ਦੀ, ਜਿਥੇ ਵਸੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੂੜ ਕਲਪਣਾ ਮੇਟੇ ਕਾਮ ਕਰੋਧ ਲੋਭ ਮੋਹ ਹੰਕਾਰ ਦਲ ਦੀ, ਕੂੜ ਦਲਿੱਦਰ ਦਏ ਗਵਾਈਆ ।



### ✪ ੮ ਚੇਤ ਸ਼ਹਿਨਸ਼ਾਹੀ ਸੰਮਤ ੬ ਹਰਜਿੰਦਰ ਕੌਰ ਦੇ ਨਵਿਤ ਫ਼ਿਰੋਜ਼ਪੁਰ ਛਾਉਣੀ ✪

ਨਾਰਦ ਕਹੇ ਮੇਰੀ ਪੁੰਨੀ ਆਸ, ਨਿਰਾਸਾ ਰਹੀ ਨਾ ਰਾਈਆ । ਮੈਨੂੰ ਯਾਦ ਆ ਗਿਆ ਵੇਲਾ ਵਕਤ ਖ਼ਾਸ, ਸੁਹੰਜਣਾ ਸਚ ਸਚ ਸੁਹਾਈਆ । ਮੈਂ ਫਿਰਦਾ ਸਾਂ ਉਦਾਸ, ਜੋਤੀ ਧਾਰ ਵਾਹੋ ਦਾਹੀਆ । ਨੱਠਿਆ ਵਿਚ ਭਰਵਾਸ, ਹੱਥ ਬੋਦੀ ਉਤੇ ਟਿਕਾਈਆ । ਅੰਤਰ ਅੰਤਰ ਕਰਦਾ ਰਿਹਾ ਹਾਸ ਬਿਲਾਸ, ਖ਼ੁਸ਼ੀਆਂ ਵਿਚ ਜਣਾਈਆ । ਉਧਰੋਂ ਕ੍ਰਿਸ਼ਨ ਆ ਗਿਆ ਪਾਸ, ਆਪਣਾ ਪੰਧ ਮੁਕਾਈਆ । ਦਰਸ਼ਨ ਹੋਇਆ ਸਾਖਿਆਤ, ਮਿਲ ਕੇ ਵੱਜੀ ਵਧਾਈਆ । ਨਾਰਦ ਕਹੇ ਮੈਂ ਅੱਗੇ ਪਿਛੇ ਮਾਰੀ ਝਾਤ, ਸੱਜਾ ਖੱਬਾ ਵੇਖ ਵਖਾਈਆ । ਮੈਂ ਅਗੰਮੀ ਪੈਂਦੀ ਵੇਖੀ ਰਾਸ, ਬਿਨ ਗੋਪੀ

ਕਾਹਨ ਵੱਜੇ ਵਧਾਈਆ । ਮੈਂ ਸਹਿਜ ਨਾਲ ਦਿਤਾ ਆਖ, ਘਨਈਏ ਤਾਈਂ ਦ੍ਰਿੜਾਈਆ । ਮੈਨੂੰ ਵੀ ਰੱਖ ਸਾਥ, ਆਪਣਾ ਸੰਗ ਬਣਾਈਆ । ਉਸ ਸਹਿਜ ਨਾਲ ਕਿਹਾ ਨਾਰਦਾ ਸੁਣ ਮੇਰਾ ਵਾਕ, ਤੈਨੂੰ ਦਿਆਂ ਦ੍ਰਿੜਾਈਆ । ਜੁਗ ਜੁਗ ਖੇਲ ਤਮਾਸ਼, ਪ੍ਰਭ ਸਾਚਾ ਰਿਹਾ ਕਰਾਈਆ । ਅੱਜ ਤੇਰੀ ਪੂਰੀ ਕਰਾਂ ਆਸ, ਮਿਹਰ ਨਜ਼ਰ ਉਠਾਈਆ । ਤੂੰ ਤਕਣਾ ਉਪਰ ਬੈਠ ਦਰਖ਼ਤ ਦੀ ਸ਼ਾਖ਼, ਬਿਨ ਨੈਣਾਂ ਨੈਣ ਉਠਾਈਆ । ਮੇਰਾ ਹੋਣਾ ਘਾਤ, ਬੱਧਕ ਤੀਰ ਚਰਨ ਛੁਹਾਈਆ । ਇਹ ਖੇਲ ਕਰਾਉਣਾ ਆਪ, ਮੇਰੀ ਬੇਪਰਵਾਹੀਆ । ਨਾਰਦ ਕਿਹਾ ਕਾਂਪ, ਨਿਉਂ ਕੇ ਸੀਸ ਨਿਵਾਈਆ । ਮੇਰੇ ਕੋਲ ਨਹੀਂ ਕਲਮ ਦਵਾਤ, ਜੋ ਲਿਖ ਕੇ ਦਿਆਂ ਟਿਕਾਈਆ । ਕ੍ਰਿਸ਼ਨ ਕਿਹਾ ਇਹ ਛੋਟਾ ਜਿਹਾ ਹਾਲਾਤ, ਕੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਰਦ ਬਹਿ ਗਿਆ ਦਰਖ਼ਤ ਉਪਰ ਚੜ੍ਹ, ਚੋਟੀ ਜੜ੍ਹ ਦੇ ਮਧ ਆਸਣ ਲਾਈਆ । ਇਕ ਟੰਗਾ ਗਿਆ ਖੜ੍ਹ, ਨੇਤਰ ਨੈਣਾਂ ਨੀਰ ਵਹਾਈਆ । ਕ੍ਰਿਸ਼ਨ ਕ੍ਰਿਸ਼ਨ ਕਿਹਾ ਪੜ੍ਹ, ਸਿਫ਼ਤਾਂ ਵਿਚ ਸਾਲਾਹੀਆ । ਉਧਰੋਂ ਬੱਧਕ ਤੀਰ ਕਮਾਨ ਲਿਆ ਫੜ, ਮੁਖੀ ਚਾਰ ਮਾਸ਼ੇ ਨੌਂ ਰੱਤੀ ਵਾਲੀ ਸੁਹਾਈਆ । ਅੰਤਰ ਜ਼ੋਰ ਹੰਕਾਰ ਭਰ ਗੜ੍ਹ, ਚਿੱਲਾ ਦਿਤਾ ਖਿਚਾਈਆ । ਚਰਨ ਕਵਲ ਵੱਜਾ ਤੜ, ਆਰ ਪਾਰ ਰੰਗ ਰੰਗਾਈਆ । ਕ੍ਰਿਸ਼ਨ ਹੱਸ ਕੇ ਕਿਹਾ ਹੁਣ ਆ ਜਾ ਮੇਰੇ ਦਰ, ਦਰ ਦਵਾਰ ਖੁਲ੍ਹਾਈਆ । ਬੱਧਕ ਆ ਕੇ ਗਿਆ ਡਰ, ਭੈ ਵਿਚ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਬੱਧਕ ਆ ਕੇ ਕੀਤਾ ਕਿਆਸ, ਹੈਰਾਨੀ ਵਿਚ ਦੁਹਾਈਆ । ਕ੍ਰਿਸ਼ਨ ਮੰਗਿਆ ਪਾਣੀ ਦਾ ਗਲਾਸ, ਲੱਭਿਆਂ ਹੱਥ ਕਿਤੋਂ ਨਾ ਆਈਆ । ਓਧਰੋਂ ਅਠਾਰਾਂ ਸਾਲ ਦੀ ਗੁਜਰੀ ਆ ਗਈ ਖ਼ਾਸ, ਮਟਕੀ ਸਿਰ ਉਤੇ ਉਠਾਈਆ । ਨਾ ਉਹ ਵੇਲਾ ਦਿਨ ਸੀ ਨਾ ਰਾਤ, ਸੂਰੀਆ ਅੰਦਰ ਬਾਹਰ ਨਜ਼ਰੀ ਆਈਆ । ਉਹਦੀ ਕਸ਼ੱਤ੍ਰੀਆ ਵਾਲੀ ਜ਼ਾਤ, ਦੂਸਰ ਵੰਡ ਨਾ ਕੋਇ ਵੰਡਾਈਆ । ਉਸ ਨੇੜੇ ਆ ਕੇ ਦਿਤਾ ਆਖ, ਪ੍ਰੇਮ ਵਿਚ ਸੁਣਾਈਆ । ਕੀ ਤੁਹਾਨੂੰ ਕਿਸੇ ਨੂੰ ਲੱਗੀ ਪਿਆਸ, ਮੈਂ ਪਾਣੀ ਦਿਆਂ ਪਿਆਈਆ । ਬੱਧਕ ਰੋ ਕੇ ਦਿਤਾ ਆਖ, ਨੈਣਾਂ ਨੀਰ ਵਹਾਈਆ । ਉਹ ਕ੍ਰਿਸ਼ਨ ਦਾ ਤੀਰ ਵੇਖ ਸਾਖਿਆਤ, ਜੋ ਘਾਉ ਚਰਨਾਂ ਵਿਚ ਲਗਾਈਆ । ਗੁਜਰੀ ਭੁੱਲ ਗਈ ਅਗਲੀ ਵਾਟ, ਧਿਆਨ ਹਿਰਦੇ ਵਿਚ ਰਖਾਈਆ । ਮਟਕੀ ਰੱਖ ਉਤੇ ਮਿੱਟੀ ਮਾਟ, ਧਰਤੀ ਉਤੇ ਟਿਕਾਈਆ । ਪਾਣੀ ਦਾ ਭਰ ਗਲਾਸ, ਬੱਧਕ ਹੱਥ ਫੜਾਈਆ । ਬੱਧਕ ਕ੍ਰਿਸ਼ਨ ਚਰਨ ਡਿੱਗਾ ਸਪਾਟ, ਬਲਹੀਣ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਕ੍ਰਿਸ਼ਨ ਨੇ ਪਾਣੀ ਲਿਆ ਪੀ, ਜੋ ਬੱਧਕ ਦਿਤਾ ਫੜਾਈਆ । ਖ਼ੁਸ਼ੀ ਨਾਲ ਕਿਹਾ ਜੀ, ਜੀਵਣ ਤੇਰਾ ਲੇਖੇ ਵਿਚ ਰਖਾਈਆ । ਉਤੋਂ ਨਾਰਦ ਬੋਲਿਆ ਕਾਹਨ ਜੀ ਆਖਿਆ ਕੀ, ਮੈਨੂੰ ਦੇਣਾ ਸੁਣਾਈਆ । ਏਸ ਵਿਚਾਰੀ ਕੰਨਿਆ ਦੇ ਜੀਵਣ ਦੇ ਦਿਨ ਰਹਿੰਦੇ ਵੀਹ, ਤੂੰ ਜੀਊਂਦੀ ਰਹਿ ਕਿਸ ਤਰਾਂ ਦਿਤਾ ਸੁਣਾਈਆ । ਕੀ ਪਿਛਲੀ ਤੋੜਨ ਲੱਗੋਂ ਲੀਹ, ਮਾਰਗ ਰਿਹਾ ਬਦਲਾਈਆ । ਇਹ ਵੀ ਕੰਨਿਆਂ ਕਿਸੇ ਦੀ ਧੀ, ਜੋ ਤੇਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਕ੍ਰਿਸ਼ਨ ਕਿਹਾ ਧਿਆਨ ਧਰ ਚਰਨਾਂ, ਨਾਰਦ ਦਿਆਂ ਜਣਾਈਆ । ਜਿਸ ਨੂੰ ਮਿਲ ਗਈ ਮੇਰੀ ਸਰਨਾ, ਉਹ ਮੇਰੇ ਵਿਚ ਸਮਾਈਆ । ਸ਼ਰੀਰ ਛਡ ਕੇ ਜ਼ਰੂਰ ਪਊ ਮਰਨਾ, ਵੀਹ ਦਿਨ ਤੋਂ ਵੱਧ

ਆਰਜ਼ੂ ਨਾ ਹੋਰ ਲੰਘਾਈਆ । ਓਨੇ ਦਿਨ ਇਕ ਅੱਖਰ ਪਊ ਪੜ੍ਹਨਾ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਓਧਰੋਂ ਬੱਧਕ ਢਹਿ ਪਿਆ ਉਤੇ ਚਰਨਾ, ਬਹੁੜੀ ਬਹੁੜੀ ਕਰ ਸੁਣਾਈਆ । ਜੇ ਇਸ ਕੰਨਿਆ ਨੂੰ ਖੜਨਾ, ਮੇਰੀ ਹਾਲ ਦੁਹਾਈਆ । ਮੈਂ ਵੀ ਇਹਦੇ ਨਾਲ ਚਾਹੁੰਦਾ ਮਰਨਾ, ਜੋ ਇਕੱਠੇ ਮਿਲ ਕੇ ਤੇਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਿਹਾ ਬੱਧਕਾ ਮੈਂ ਸੁਣਦਾ ਤੇਰੀਆਂ ਬਾਤਾਂ, ਉਪਰ ਨਜ਼ਰ ਕਿਸੇ ਨਾ ਆਈਆ । ਪ੍ਰਭੂ ਦੀਆਂ ਜੁਗ ਜੁਗ ਦੀਆਂ ਗਾਥਾਂ, ਮੈਂ ਆਪਣੇ ਵਿਚ ਸਮਾਈਆ । ਜ਼ਰਾ ਨਿਗਾਹ ਮਾਰ ਏਸ ਕੰਨਿਆ ਦਾ ਨਾਤਾ ਪਿਛਲਾ ਨਾਲ ਦੇਵੀ ਲਾਟਾ, ਅਸ਼ਟਭੁਜ ਰੂਪ ਦਰਸਾਈਆ । ਇਸ ਦੇ ਹੋਰ ਸਾਥੀ ਜਿਨ੍ਹਾਂ ਦਾ ਏਸ ਵੇਲੇ ਰੂਪ ਵਾਖਾ, ਵੱਖਰੀ ਵੱਖਰੀ ਜੂਨੀ ਵੰਡ ਵੰਡਾਈਆ । ਇਨ੍ਹਾਂ ਦਾ ਪਿਛਲਾ ਖੇਲ ਤਮਾਸ਼ਾ, ਸਤਿ ਵਿਚ ਦਰਸਾਈਆ । ਇਕ ਦੁਰਗਾ ਨਾਲ ਸਾਧੂ ਕਰਦਾ ਹੁੰਦਾ ਸੀ ਰੋਜ਼ ਬਾਤਾਂ, ਬਚਨ ਪ੍ਰਭ ਦੇ ਸਦਾ ਗਾਈਆ । ਇਕ ਬਣ ਕੇ ਦਾਸੀ ਦਾਸਾ, ਸੇਵਕ ਸੇਵਾ ਰੂਪ ਜਣਾਈਆ । ਇਕ ਸੰਖ ਵਜਾਉਂਦਾ ਸੀ ਨਾਦਾ, ਧੁਨ ਆਵਾਜ਼ ਸੁਣਾਈਆ । ਤਿੰਨਾਂ ਦਾ ਲੇਖਾ ਪੂਰਾ ਵੇਖ ਵਾਅਦਾ, ਦਰ ਤੇਰੇ ਸੋਭਾ ਪਾਈਆ । ਇਹਨਾਂ ਫੇਰ ਹੋਣਾ ਅਲਹਿਦਾ, ਸਗਲਾ ਸੰਗ ਨਾ ਕੋਇ ਜਣਾਈਆ । ਭਗਤ ਉਧਾਰਨਾ ਪ੍ਰਭੂ ਦਾ ਕਾਇਦਾ, ਕਦੀਮ ਤੋਂ ਚਲਿਆ ਆਈਆ । ਇਹਨਾਂ ਦਾ ਅਗਲਾ ਲੈ ਜਾਇਜ਼ਾ, ਪਰਦਾ ਦੇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਕ੍ਰਿਸ਼ਨ ਕਿਹਾ ਨਾਰਦਾ ਉਹ ਵੇਖ ਸੰਸਾਰ, ਦੂਰ ਦੁਰਾਡਾ ਦਿਆਂ ਜਣਾਈਆ । ਕਲਜੁਗ ਵੇਖ ਧਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਇਨ੍ਹਾਂ ਜਨਮ ਲੈਣਾ ਫੇਰ ਏਕਾ ਵਾਰ, ਇਕ ਇਕ ਨਾਲ ਦਰਸਾਈਆ । ਬੱਧਕ ਨਾਲ ਨਾਤਾ ਜੋੜਾਂ ਅਪਾਰ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਜਿਸ ਨੂੰ ਬੁੱਧੀ ਵਿਚ ਸਕੇ ਨਾ ਕੋਇ ਵਿਚਾਰ, ਵਿਚਰ ਕੇ ਸਕੇ ਨਾ ਕੋਇ ਜਣਾਈਆ । ਕਿਰਪਾ ਕਰਾਂ ਅਪਰ ਅਪਾਰ, ਅਪਰੰਪਰ ਹੋ ਕੇ ਹੋਵਾਂ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਰਦ ਕਿਹਾ ਐ ਮੇਰੇ ਭਗਵਾਨ, ਸਚ ਦੇ ਸਮਝਾਈਆ । ਕਿਸ ਬਿਧ ਤੇਰੀ ਹੋਵੇ ਪਹਿਚਾਨ, ਇਹਨਾਂ ਪਰਦਾ ਕਵਣ ਉਠਾਈਆ । ਇਹ ਜਨਮ ਲੈਣ ਜੂਨੀ ਵਿਚ ਇਨਸਾਨ, ਪੰਜਾਂ ਤਤਾਂ ਰੰਗ ਰੰਗਾਈਆ । ਕ੍ਰਿਸ਼ਨ ਕਿਹਾ ਆਹ ਮੇਰੇ ਚਰਨ ਮਾਰ ਧਿਆਨ, ਬੱਧਕ ਲਾਲ ਰੰਗ ਨਾਲ ਰੰਗਾਈਆ । ਆਪਣੇ ਖ਼ੂਨ ਦਾ ਏਸ ਨੂੰ ਦੇਵਾਂ ਦਾਨ, ਇਸਦੇ ਖ਼ੂਨ ਵਿਚੋਂ ਖ਼ੂਨ ਲਵਾਂ ਉਪਜਾਈਆ । ਜਿਸ ਕੰਨਿਆਂ ਨੇ ਪਾਣੀ ਦਿਤਾ ਇਸ ਦਾ ਮੇਲਾ ਮੇਲਾਂ ਆਣ, ਆਪ ਆਪਣਾ ਰੰਗ ਰੰਗਾਈਆ । ਇਹ ਖੇਲ ਹੋਣਾ ਵਿਚ ਜਹਾਨ, ਵੇਲਾ ਵਕਤ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਨਾਰਦ ਕਿਹਾ ਕ੍ਰਿਸ਼ਨ ਹੁਣ ਏਸ ਕੰਨਿਆ ਦੀ ਆਯੂ ਉਮਰ ਸਾਲ ਅਠਾਰਾਂ, ਥੋੜੇ ਦਿਨ ਅੱਗੇ ਪਿਛੇ ਵਧਾਈਆ । ਜਿਸ ਵੇਲੇ ਫੇਰ ਆਵੇ ਦੁਬਾਰਾ, ਕੀ ਏਸੇ ਉਮਰ ਵਿਚ ਫੇਰ ਪਾਰ ਕਰਾਈਆ । ਬੱਧਕ ਨੇ ਰੋ ਕੇ ਕੱਢਿਆ ਹਾੜਾ, ਗਲ ਪਲੂ ਵਾਸਤਾ ਪਾਈਆ । ਕਿਰਪਾ ਕਰ ਮੇਰੇ ਮੁਰਾਰਾ, ਮਿਹਰ ਨਜ਼ਰ ਉਠਾਈਆ । ਇਸ ਦਾ ਲੇਖਾ ਜਗਤ ਰਹੇ ਸੰਸਾਰਾ, ਬਾਲ ਜਵਾਨੀ ਅਵਸਥਾ ਬਿਰਧ ਦੇਣੀ ਵਖਾਈਆ । ਕ੍ਰਿਸ਼ਨ ਨੇ ਉਂਗਲ ਨਾਲ ਦਿਤਾ ਇਸ਼ਾਰਾ, ਮੁਖੋਂ ਨਾ ਕੁਛ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ

ਕਾਰ ਕਮਾਈਆ । ਨਾਰਦ ਬੋਲਿਆ ਨਾਲ ਜ਼ੋਰ, ਜ਼ੋਰ ਨਾਲ ਸੁਣਾਈਆ । ਬੀਬੀ ਰਾਣੀਏ ਰੋ ਕੇ ਪਾ ਦੇ ਸ਼ੋਰ, ਕੂਕ ਕੂਕ ਦੇ ਜਣਾਈਆ । ਕਹੋ, ਮੇਰੇ ਭਗਵਾਨ ਮੇਰਾ ਤੇਰੇ ਉਤੇ ਜ਼ੋਰ, ਡੋਰੀ ਤੇਰੇ ਹੱਥ ਫੜਾਈਆ । ਜੇ ਇਸ ਜਨਮ ਵਿਚ ਬਾਲ ਅਵਸਥਾ ਰਿਹੋਂ ਤੋਰ, ਅਗਲੇ ਜਨਮ ਵਿਚ ਮੇਰੀ ਆਯੂ ਦੇਣੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕ੍ਰਿਸ਼ਨ ਕਰ ਗਿਆ ਚੁੱਪ, ਮੁਖੋਂ ਬਚਨ ਨਾ ਕੋਇ ਸੁਣਾਈਆ । ਉਸ ਵੇਲੇ ਨਾ ਛਾਂ ਰਹੀ ਨਾ ਧੁੱਪ, ਸੰਧਿਆ ਅੰਧੇਰਾ ਦਿਤਾ ਪਾਈਆ । ਅੰਧੇਰਾ ਹੋਇਆ ਘੁਪ, ਚਾਰੋਂ ਕੁੰਟ ਸੁੰਞ ਮਸਾਣ ਨਜ਼ਰੀ ਆਈਆ । ਨਾਰਦ ਫੇਰ ਲਿਆ ਪੁਛ, ਉਹ ਵਲੀਏ ਛਲੀਏ ਕੁਛ ਦੇ ਦ੍ਰਿੜਾਈਆ । ਜੇ ਆਖੇਂ ਤੇ ਦੂਜਾ ਚਰਨ ਦੇਵਾਂ ਘੁੱਟ, ਤੇਰੀ ਸੇਵ ਕਮਾਈਆ । ਮੈਨੂੰ ਗ਼ੁੱਸਾ ਚੜ੍ਹਦਾ ਜੇ ਮੇਰਾ ਟਾਹਣਾ ਗਿਆ ਟੁੱਟ, ਤੇਰੀ ਛਾਤੀ ਉਤੇ ਡਿੱਗਾਂ ਚਾਈਂ ਚਾਈਆ । ਤੈਨੂੰ ਜੱਫੀ ਵਿਚ ਲਵਾਂ ਘੁੱਟ, ਰੁੱਸੇ ਨੂੰ ਲਵਾਂ ਮਨਾਈਆ । ਜਿੰਨਾਂ ਚਿਰ ਇਹਨਾਂ ਨੂੰ ਕਹੇਂ ਨਾ ਆਪਣੇ ਪੁਤ, ਓਨਾਂ ਚਿਰ ਹੱਥ ਨਾ ਪਰੇ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕ੍ਰਿਸ਼ਨ ਕਿਹਾ ਨਾਰਦਾ ਮੈਂ ਮਰਿਆਦਾ ਦਾ ਪੱਕਾ, ਨਿਰਗੁਣ ਤੋਂ ਸਰਗੁਣ ਰੂਪ ਬਦਲਾਈਆ । ਬਿਨਾ ਭਗਤੀ ਤੋਂ ਬਣਿਆ ਨਹੀਂ ਕਿਸੇ ਦਾ ਸਕਾ, ਸਦ ਭਗਤਾਂ ਉਤੇ ਦਇਆ ਕਮਾਈਆ । ਜਿਨ੍ਹਾਂ ਮੇਰੇ ਉਤੇ ਭਰੋਸਾ ਰੱਖਾ, ਓਨ੍ਹਾਂ ਹੋਵਾਂ ਸਦਾ ਸਹਾਈਆ । ਨਾਲੇ ਦਰਸ਼ਨ ਦੇਵਾਂ ਨਾਲ ਅੱਖਾਂ, ਸਨਮੁਖ ਹੋ ਕੇ ਸੋਭਾ ਪਾਈਆ । ਬਿਨਾ ਪਿਆਰ ਤੋਂ ਭਾਵੇਂ ਲੱਭਦੇ ਫਿਰਨ ਕੋਟਨ ਲੱਖਾਂ, ਖੋਜਿਆਂ ਹੱਥ ਕਿਸੇ ਨਾ ਆਈਆ । ਮੈਂ ਖ਼ੁਸ਼ ਹੁੰਦਾ ਭਗਤਾਂ ਦੀ ਵੇਖ ਕੁੱਲੀ ਕੱਖਾਂ, ਮਹੱਲਾਂ ਵਿਚ ਡੇਰਾ ਕਦੇ ਨਾ ਲਾਈਆ । ਜਿਉਂ ਭਾਵੇ ਤਿਉਂ ਸਮੇਂ ਨਾਲ ਰੱਖਾਂ, ਇਹ ਮੇਰੀ ਬੇਪਰਵਾਹੀਆ । ਉਠ ਵੇਖ ਤੈਨੂੰ ਦੱਸਾਂ, ਪਰਦਾ ਦਿਆਂ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਿਹਾ ਭਗਵਨ ਆਪਣਾ ਦੱਸ ਇਰਾਦਾ, ਕੀ ਤੇਰੀ ਬੇਪਰਵਾਹੀਆ । ਤੂੰ ਹੀ ਪਿਉ ਤੂੰ ਹੀ ਦਾਦਾ, ਕੁਲ ਤੇਰੀ ਨਜ਼ਰੀ ਆਈਆ । ਤੇਰਾ ਭਗਤ ਤੇਰੀ ਰਾਧਾ, ਸਦ ਤੇਰੇ ਵਿਚ ਸਮਾਈਆ । ਹੁਣ ਭਰਮ ਭੁਲੇਖਾ ਕਾਹਦਾ, ਪਰਦਾ ਦੇ ਉਠਾਈਆ । ਕੁਛ ਬਚਨ ਕਰ ਵਾਹਿਦਾ, ਹੁਕਮ ਦੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਕ੍ਰਿਸ਼ਨ ਕਿਹਾ ਨਾਰਦਾ ਅੱਖਾਂ ਮੀਟ ਕੇ ਮਾਰ ਚੀਕ, ਰੋ ਕੇ ਦੇ ਸੁਣਾਈਆ । ਫੇਰ ਵੇਖ ਸਮਾਂ ਨਜ਼ਦੀਕ, ਕਲਜੁਗ ਅੰਤਮ ਨੇੜੇ ਆਈਆ । ਜੁਗ ਚੌਕੜੀ ਬਦਲਣੀ ਰੀਤ, ਮਾਰਗ ਇਕ ਦਰਸਾਈਆ । ਲੱਖ ਚੁਰਾਸੀ ਪਰਖ ਕੇ ਨੀਤ, ਭਗਤ ਸੁਹੇਲੇ ਲੈਣੇ ਪਰਗਟਾਈਆ । ਨਾਮ ਦੱਸ ਹਦੀਸ, ਸੋਹਲਾ ਦੇਣਾ ਜਣਾਈਆ । ਛਤਰ ਝੁਲਾ ਕੇ ਸੀਸ, ਜਗਦੀਸ ਲੈਣਾ ਅਖਵਾਈਆ । ਸਦੀ ਚੌਧਵੀਂ ਨਾਲ ਬੀਸ, ਬੀਸ ਬੀਸਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਇਕ ਉਠਾਈਆ । ਨਾਰਦ ਅੱਖਾਂ ਮੀਟ ਧਰਿਆ ਧਿਆਨ, ਦੋਵੇਂ ਹੱਥ ਬੋਦੀ ਉਤੇ ਟਿਕਾਈਆ । ਪ੍ਰਭੂ ਬਖ਼ਸ਼ਿਆ ਇਕ ਗਿਆਨ, ਪਰਦਾ ਦਿਤਾ ਖੁਲ੍ਹਾਈਆ । ਕਲਜੁਗ ਅੰਤਮ ਹੋ ਕੇ ਨਿਗਾਹਬਾਨ, ਭਗਤਾਂ ਹੋਏ ਸਹਾਈਆ । ਧਰਮ ਵਖਾ ਨਿਸ਼ਾਨ, ਨਿਸ਼ਾਨਾ ਦਿਤਾ ਦ੍ਰਿੜਾਈਆ । ਭੇਵ ਖੋਲ੍ਹ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ,

ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਨੇ ਤੱਕਿਆ ਅਜਬ ਨਜ਼ਾਰਾ, ਲੀਲਾ ਬੇਪਰਵਾਹੀਆ । ਰੋ ਕੇ ਕਿਹਾ ਜ਼ਾਰੋ ਜ਼ਾਰਾ, ਨੈਣਾਂ ਨੀਰ ਵਹਾਈਆ । ਭਗਵਨ ਤੇਰਾ ਖੇਲ ਅਪਾਰਾ, ਅਪਰੰਪਰ ਤੇਰੀ ਬੇਪਰਵਾਹੀਆ । ਬੇਸ਼ਕ ਏਸ ਕੰਨਿਆ ਨੂੰ ਜਨਮ ਦੇਣਾ ਦੁਬਾਰਾ, ਆਯੂ ਜੋਵਨ ਅਵਸਥਾ ਤੋਂ ਅੱਗੇ ਨਜ਼ਰ ਕੋਇ ਨਾ ਆਈਆ । ਕਿਰਪਾ ਕਰ ਇਸ ਦੇ ਜਨਮ ਦੇ ਵਿਚੋਂ ਜਨਮ ਦਾ ਕਰ ਉਧਾਰਾ, ਸਿਰ ਆਪਣਾ ਹੱਥ ਟਿਕਾਈਆ । ਕ੍ਰਿਸ਼ਨ ਨੇ ਕਿਹਾ ਜਿਸ ਵੇਲੇ ਸਾਚੀ ਧਾਰ ਹੋਵੇ ਕਲ ਕਲਕੀ ਅਵਤਾਰਾ, ਨਿਹਕਲੰਕਾ ਨਾਉਂ ਪਰਗਟਾਈਆ । ਬਖ਼ਸ਼ੇ ਬਖ਼ਸ਼ਣਹਾਰਾ, ਦਾਤਾ ਧੁਰਦਰਗਾਹੀਆ । ਸਭ ਕੁਛ ਉਸਦੇ ਅਖ਼ਤਿਆਰਾ, ਮੁਖ਼ਤਿਆਰਨਾਮੇ ਸਾਡੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਪੜਦਾ ਲਾਹੀਆ । ਨਾਰਦ ਕਿਹਾ ਇਸ ਦਾ ਕਿਸ ਬਿਧ ਲਹਿਣਾ ਮੁਕੇ ਮਾਤ, ਕਾਹਨ ਦੇ ਦ੍ਰਿੜਾਈਆ । ਕ੍ਰਿਸ਼ਨ ਨੇ ਹੱਥ ਤੇ ਰੱਖ ਕੇ ਹਾਥ, ਤਲੀ ਤਲੀ ਨਾਲ ਦਬਾਈਆ । ਫੇਰ ਜਣਾਇਆ ਸਾਫ਼, ਕਹਿ ਕੇ ਦਿਤਾ ਸੁਣਾਈਆ । ਔਹ ਵੇਖ ਖੇਲ ਪੁਰਖ ਅਬਿਨਾਸ਼, ਕਰਨੀ ਕਰਤਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਕਿਸ ਬਿਧ ਖੁਲ੍ਹੇ ਭੇਵ ਅਪਾਰਾ, ਸਮਝ ਕੀ ਸਮਝਾਈਆ । ਕ੍ਰਿਸ਼ਨ ਕਿਹਾ ਉਹ ਆਦਿ ਅੰਤ ਦਾ ਜਾਨਣਹਾਰਾ, ਜੁਗ ਜੁਗ ਵੇਖ ਵਖਾਈਆ । ਜਿਨ੍ਹਾਂ ਦਾ ਦੁਰਗਾ ਨਾਲ ਪਿਆਰਾ, ਅਸ਼ਟਭੁਜ ਦੀ ਸੇਵ ਕਮਾਈਆ । ਹੁਣ ਬੱਧਕ ਦਾ ਸਹਾਰਾ, ਭਰਵਾਸ ਬੈਠੇ ਡੇਰਾ ਲਾਈਆ । ਫੇਰ ਹੋਣਾ ਖੇਲ ਅਪਾਰਾ, ਕਲਜੁਗ ਅੰਤਮ ਜਨਮ ਦਵਾਈਆ । ਜਿਸ ਵੇਲੇ ਏਸ ਕੰਨਿਆ ਦੇ ਜਨਮ ਦਾ ਆਇਆ ਅੰਤ ਕਿਨਾਰਾ, ਲੇਖਾ ਵੀਹ ਦਿਨ ਬਾਕੀ ਸੋਭਾ ਪਾਈਆ । ਫੇਰ ਸ਼ਬਦੀ ਧਾਰ ਸਾਧੂ ਦਾ ਸਾਧੂ ਰੂਪ ਦਾਸੀ ਦਾ ਗੋਲੀ ਰੂਪ ਵਖਾਵਾਂ ਅਪਰ ਅਪਾਰਾ, ਧੁਰ ਦਾ ਹੁਕਮ ਇਕ ਜਣਾਈਆ । ਪਰਦਾ ਖੋਲ੍ਹ ਕੇ ਅੰਦਰ ਬਾਹਰਾ, ਗੁਪਤ ਜ਼ਾਹਰ ਦਿਆਂ ਵਡਿਆਈਆ । ਉਹ ਮੰਗੇ ਮੰਗ ਅਪਾਰਾ, ਪ੍ਰੇਮ ਪ੍ਰੀਤੀ ਝੋਲੀ ਅੱਗੇ ਡਾਹੀਆ । ਪਹਿਲੀ ਚੇਤ ਦਾ ਹੋਏ ਦਿਹਾੜਾ, ਸੋਹਣੀ ਰੁਤ ਸੁਹਾਈਆ । ਬੱਧਕ ਨੇ ਉਸ ਦਿਨ ਫੇਰ ਵੀ ਰੋਣਾ ਜ਼ਾਰੋ ਜ਼ਾਰਾ, ਪੂਰਬ ਲੇਖਾ ਨਾ ਕੋਇ ਮੇਟੇ ਮੇਟ ਮਿਟਾਈਆ । ਸਭ ਨੂੰ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਕਿਰਪਾ ਕਰੇ ਆਪ ਨਿਰੰਕਾਰਾ, ਨਿਰਵੈਰ ਹੋਏ ਸਹਾਈਆ । ਹਰਜਿੰਦਰ ਦਾ ਵੀਹ ਚੇਤ ਨੂੰ ਨਾਤਾ ਤੁਟਣਾ ਸੀ ਜਗਤ ਜਹਾਨ ਵਿਚ ਸੰਸਾਰਾ, ਸਵਾਸ ਸਵਾਸ ਨਾ ਕੋਇ ਰਖਾਈਆ । ਨਾਰਦ ਨੇ ਖ਼ੂਬ ਖ਼ੁਸ਼ੀ ਵਿਚ ਦਿਤਾ ਪਹਿਰਾ, ਪਹਿਰੇਦਾਰ ਹੋ ਕੇ ਦਿਤਾ ਸੁਣਾਈਆ । ਕਿਰਪਾ ਕਰ ਆਪ ਕਰਤਾਰਾ, ਕਿਰਤੀ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਜੁਗਿੰਦਰ ਤ੍ਰਿਪਤ ਪਿਛਲੇ ਦੁਰਗਾ ਦੇ ਸਾਥੀ, ਅਸ਼ਟਭੁਜ ਨਾਲ ਵਡਿਆਈਆ । ਉਹੋ ਰੂਪ ਦਰਸਾਇਆ ਜਿਸ ਦੇ ਨਾਲ ਲਹਿਣਾ ਮੁਕਣਾ ਸੀ ਜਗਤ ਜੀਵਣ ਹਯਾਤੀ, ਆਖ਼ਰ ਆਪਣਾ ਰੰਗ ਰੰਗਾਈਆ । ਏਸੇ ਕਾਰਨ ਬਿਨਾ ਸੱਦਿਆਂ ਪੁਛਿਆਂ ਮਾਰੀ ਵਾਟੀ, ਜਨਮ ਦਾ ਲਹਿਣਾ ਜਨਮ ਵਿਚੋਂ ਝੋਲੀ ਪਾਈਆ । ਨਾ ਕੋਇ ਸੰਦੇਸ਼ਾ ਨਾ ਕੋਇ ਪਾਤੀ, ਬਿਨਾ ਪਤ੍ਰਿਕਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਅੱਜ ਮੈਂ ਖ਼ੁਸ਼ੀ ਵਿਚ ਲਾਵਾਂ ਛਲਾਗਾਂ, ਭੱਜਾਂ ਚਾਈਂ ਚਾਈਆ । ਮੇਰੇ ਅੰਦਰ ਪ੍ਰੇਮ ਦੀਆਂ ਤਾਘਾਂ, ਖ਼ੁਸ਼ੀਆਂ ਵਿਚ ਵੱਜੀ ਵਧਾਈਆ । ਚਾਰੋਂ ਕੁੰਟ ਤੂੰ ਹੀ ਤੂੰ

ਹੀ ਢੋਲਾ ਗਾਂਦਾ, ਗਾ ਗਾ ਰਿਹਾ ਸੁਣਾਈਆ । ਬਿਨਾ ਮੇਰੇ ਤੋਂ ਭਗਤਾਂ ਨਾਲ ਪ੍ਰੇਮ ਨਾ ਕੋਇ ਵਧਾਂਦਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਦੇਣ ਗਵਾਹੀਆ । ਰਾਵੀ ਦਾ ਕੰਢਾ ਬਹੁਤ ਕੁਛ ਸੁਣਾਂਦਾ, ਉਚੀ ਕੂਕ ਕੂਕ ਅਲਾਈਆ । ਬਿਨਾ ਪ੍ਰਭੂ ਤੋਂ ਜਨਮ ਜਨਮ ਅੱਜ ਦਾ ਦਿਵਸ ਵੀਹ ਚੇਤ ਦਾ ਵਕਤ ਚੁਕਾਂਦਾ, ਚੁਕੰਨਾ ਕਰਕੇ ਦਏ ਸੁਣਾਈਆ । ਚਿਤ੍ਰਗੁਪਤ ਨੂੰ ਹਿਲਾਂਦਾ, ਧਰਮ ਰਾਏ ਨੂੰ ਰਿਹਾ ਉਠਾਈਆ । ਲਾੜੀ ਮੌਤ ਨੂੰ ਡਰਾਉਂਦਾ, ਕਾਲ ਦਰ ਤੋਂ ਦੁਰਕਾਈਆ । ਜਿਸ ਭਗਤ ਸਿਰ ਭਗਵਨ ਆਪ ਸਿਰ ਹੱਥ ਟਿਕਾਂਦਾ, ਸਿਰਜਣਹਾਰ ਹੋਏ ਸਹਾਈਆ । ਉਸ ਨੂੰ ਜਿੰਨਾਂ ਚਿਰ ਚਾਹੇ ਆਯੂ ਜਗਤ ਭੁਗਤਾਂਦਾ, ਦੂਸਰ ਸਕੇ ਨਾ ਕੋਇ ਤੁੜਾਈਆ । ਸ਼ਬਦੀ ਖੇਲ ਏਸੇ ਕਰਕੇ ਪਹਿਲੋਂ ਆਪ ਸਮਝਾਂਦਾ, ਤਾਕਿ ਭਰਮ ਭੁਲੇਖੇ ਵਿਚ ਰਹੇ ਕੋਇ ਨਾ ਰਾਈਆ । ਬੇਨੰਤੀ ਕਾਗ਼ਜ਼ ਸ਼ਾਹੀ ਨਾਲ ਕਰਾਂਦਾ, ਅਰਜ਼ ਆਰਜ਼ੂ ਵਾਲੀ ਬਣਾਈਆ । ਤੈਨੂੰ ਮਿਹਰਵਾਨ ਹੋ ਕੇ ਆਪ ਬਖ਼ਸ਼ਦਾ ਕਾਹਨ ਕੋਲੋਂ ਬਖ਼ਸ਼ਾਉਂਦਾ, ਨਾਰਦ ਸੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਰਨ ਤੋਂ ਪਹਿਲੋਂ ਜਿਸ ਨੂੰ ਬਚਾਉਂਦਾ, ਬਚਪਨ ਆਪਣੀ ਝੋਲੀ ਪਾਈਆ ।

## ੯ ਚੇਤ ਸ਼ਹਿਨਸ਼ਾਹੀ ਸੰਮਤ ੬ ਹਰਦੇਵ ਸਿੰਘ ਦੇ ਨਵਿਤ ਪਿੰਡ ਰੁੜਕਾ ਕਲਾਂ



ਹਰਦੇਵ ਕਹੇ ਮੇਰੀ ਆਤਮਾ ਠੰਡੀ ਸੀਤ, ਜਗਤ ਤ੍ਰਿਸ਼ਨਾ ਰਹੀ ਨਾ ਰਾਈਆ । ਮੇਰਾ ਜਨਮ ਹੋਇਆ ਅਤੀਤ, ਤ੍ਰੈਗੁਣ ਨਾਤਾ ਲਿਆ ਤੁੜਾਈਆ । ਆਤਮਾ ਪਰਮਾਤਮਾ ਗਾ ਕੇ ਗੀਤ, ਸੋਹੰ ਸੋ ਵਿਚ ਗਿਆ ਸਮਾਈਆ । ਖੇਲ ਵੇਖਿਆ ਅਗੰਮ ਅਨਡੀਠ, ਸਚਖੰਡ ਸਾਚੇ ਵੱਜੇ ਵਧਾਈਆ । ਜਿਥੇ ਇਕ ਪ੍ਰਭੂ ਸਾਚੇ ਕਰਨ ਪ੍ਰੀਤ, ਗੁਰ ਅਵਤਾਰ ਪੈਗ਼ੰਬਰ ਸੰਤ ਭਗਤ ਬੈਠੇ ਸੋਭਾ ਪਾਈਆ । ਮੇਰੀ ਖ਼ੁਸ਼ੀ ਵਿਚ ਨਿਕਲ ਗਈ ਚੀਕ, ਜ਼ੋਰ ਨਾਲ ਸੁਣਾਈਆ । ਅੱਗੋਂ ਹੱਸ ਕੇ ਕਿਹਾ ਮਨਜੀਤ, ਗਲਵਕੜੀ ਲਈ ਪਾਈਆ । ਤੇਰੀ ਕਰਦੇ ਸਾਂ ਉਡੀਕ, ਬਿਨ ਅੱਖਾਂ ਅੱਖ ਖੁਲ੍ਹਾਈਆ । ਧੰਨ ਭਾਗ ਜੇ ਮਿਲਿਉਂ ਮੀਤ, ਮਿਲ ਕੇ ਖ਼ੁਸ਼ੀ ਬਣਾਈਆ । ਲੋਕਮਾਤ ਦੀਨ ਦੁਨੀ ਦੀ ਬਦਲਣੀ ਰੀਤ, ਗੋਬਿੰਦ ਗੋਬਿੰਦ ਗਿਆ ਸਮਝਾਈਆ । ਆਹ ਵੇਖ ਬਿਨਾ ਲਾਈਨ ਤੋਂ ਵੱਜੀ ਲੀਕ, ਨਿਸ਼ਾਨਾ ਜਗਤ ਨਾ ਕੋਇ ਜਣਾਈਆ । ਜਿਥੇ ਵਸੇ ਲਾਸ਼ਰੀਕ, ਪਰਵਰਦਿਗਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਹਰਦੇਵ ਕਹੇ ਮੈਂ ਛੱਡਿਆ ਜਗਤ ਕੂੜ ਥਾਂ, ਸ੍ਰਿਸ਼ਟੀ ਦਿਤੀ ਤਜਾਈਆ । ਨਾਤਾ ਤੋੜ ਕੇ ਭੈਣ ਭਰਾ, ਪ੍ਰਭੂ ਦਰ ਆਇਆ ਚਾਈਂ ਚਾਈਂਆ । ਮੈਨੂੰ ਰੋਵੇ ਨਾ ਕੋਇ ਮੇਰਾ ਪਿਤਾ ਮਾਂ, ਮੇਰਾ ਦੁੱਖ ਨਾ ਕੋਇ ਰਖਾਈਆ । ਮੇਰੀ ਉਸ ਪ੍ਰਭੂ ਨੇ ਪਕੜੀ ਬਾਂਹ, ਜੋ ਆਦਿ ਅੰਤ ਭਗਤਾਂ ਗੋਦ ਉਠਾਈਆ । ਮੇਰੀ ਜਗਤ ਵਾਸਨਾ ਰਹੀ ਨਾ ਕਾਂ, ਹੰਸ ਗੁਰਮੁਖ ਲਿਆ ਉਪਜਾਈਆ । ਤਿਸ ਸਾਹਿਬ ਸਤਿਗੁਰ ਤੋਂ ਬਲ ਬਲ ਜਾਂ, ਜੋ ਹੋਇਆ ਆਪ ਸਹਾਈਆ । ਨਿਤ ਦਰਸ਼ਨ ਰਿਹਾ ਪਾ, ਛੁੱਟੀ ਜਗਤ ਲੋਕਾਈਆ । ਅੰਮ੍ਰਿਤ ਰਸ ਲਵਾਂ ਖਾ, ਤ੍ਰਿਸ਼ਨਾ ਭੁੱਖ ਦਿਤੀ ਮਿਟਾਈਆ । ਮੇਰੇ ਅੰਤਰ ਸਦਾ ਚਾਅ, ਪ੍ਰਭ ਮਿਲਿਆ ਬੇਪਰਵਾਹੀਆ । ਜੋ ਅਸਵ ਉਤੇ ਲਏ ਟਕਾ, ਪਾਖਰ ਜ਼ੀਨ ਨਾਲ ਵਡਿਆਈਆ । ਸਿਰ ਰੱਖੇ ਠੰਡੀ ਛਾਂ, ਮਿਹਰ ਨਜ਼ਰ ਉਠਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਦਏ ਮਿਲਾਈਆ । ਹਰਦੇਵ ਕਹੇ ਮੈਂ ਵੇਖਿਆ ਖੇਲ ਨਿਰਾਲਾ, ਨਿਰਗੁਣ ਜੋਤ ਵਿਚ ਸਮਾਈਆ । ਸਤਿਗੁਰ ਸ਼ਬਦ ਦੀਨ ਦਿਆਲਾ, ਸਦ ਆਪਣਾ ਸੰਗ ਰਖਾਈਆ । ਮੈਂ ਅੰਤ ਅਖ਼ੀਰ ਕਰਾਂ ਇਕ ਸਵਾਲਾ, ਸਚ ਦਿਆਂ ਸੁਣਾਈਆ । ਮੇਰੇ ਸਤਿਗੁਰ ਦੇ ਘੋੜੇ ਦਾ ਹੋਵੇ ਇਕ ਦੁਸ਼ਾਲਾ, ਰੰਗ ਨੀਲਾ ਨਜ਼ਰੀ ਆਈਆ । ਸਵਾ ਸੌ ਇਸ ਤੋਂ ਵੱਧ ਘੱਟ ਲੱਗੇ ਨਾ ਧਨ ਮਾਲਾ, ਉਤੇ ਨਾਂ ਹਰਦੇਵ ਦੇਣਾ ਲਿਖਾਈਆ । ਇਹੋ ਮੇਰੀ ਭਗਤੀ ਇਹੋ ਮੇਰੀ ਮਾਲਾ, ਇਹੋ ਮੇਰੀ ਕਰਨੀ ਕਮਾਈਆ । ਮੈਂ ਮਾਤ ਪਿਤਾ ਤੋਂ ਆਪਣਾ ਹਿੱਸਾ ਨਹੀਂ ਮੰਗਿਆ ਬਾਹਲਾ, ਭਰਾਵਾਂ ਨਾਲ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਨੂੰ ਵਸਾਇਆ ਉਸ ਸਚਖੰਡ ਸੱਚੀ ਧਰਮਸਾਲਾ, ਜਿਥੇ ਗੁਰਮੁਖ ਭਗਤ, ਬਿਨਾ ਸ੍ਰਿਸ਼ਟੀ ਜਗਤ, ਬਿਨ ਸ਼ਰੀਰ ਬੂੰਦ ਰਕਤ, ਨਿਰਗੁਣ ਜੋਤ ਜੋਤ ਵਿਚ ਸਮਾਈਆ ।

### ੧੬ ਚੇਤ ਸ਼ਹਿਨਸ਼ਾਹੀ ਸੰਮਤ ੬ ਬੀਬੀ ਹਰਨਾਮ ਕੌਰ ਦੇ ਨਵਿਤ ਪਿੰਡ ਵੇਰਕਾ ਜ਼ਿਲਾ ਅੰਮ੍ਰਿਤਸਰ

ਭੀਲਣੀ ਕਹੇ ਮੈਂ ਆਪਣੀ ਦੱਸਾਂ ਰੁਚੀ, ਰਚਨਾ ਪ੍ਰਭ ਦੀ ਦਿਆਂ ਜਣਾਈਆ । ਮੇਰੀ ਜ਼ਾਤ ਹੀਣ ਨਹੀਂ ਉਚੀ, ਬ੍ਰਾਹਮਣ ਰੂਪ ਨਾ ਕੋਇ ਦਰਸਾਈਆ । ਪ੍ਰਭੂ ਪਿਆਰ ਵਿਚ ਕਟਦੀ ਸਾਂ ਬੁੱਤੀ, ਬੁਤਖ਼ਾਨੇ ਵਿਚ ਵੇਖ ਵਖਾਈਆ । ਇਕ ਦਿਨ ਵੈਰਾਗ ਵਿਚ ਮੈਂ ਬੜੀ ਹੋਈ ਦੁਖੀ, ਰਾਮ ਰਾਮ ਦਿਤੀ ਦੁਹਾਈਆ । ਝਟ ਆ ਗਈ ਮੁਸਾਫ਼ਰ ਇਕ ਬੁੱਢੀ, ਲੰਬੇ ਲੰਬੇ ਕਦਮ ਉਠਾਈਆ । ਲੱਕੋਂ ਸੀ ਕੁੱਬੀ, ਸਿੱਧੀ ਕਮਰ ਨਾ ਕੋਇ ਰਖਾਈਆ । ਪ੍ਰੇਮ ਨਾਲ ਕੋਲ ਪੁੱਜੀ, ਸਹਿਜ ਨਾਲ ਪੁਛ ਪੁਛਾਈਆ । ਨੀ ਤੇਰੀ ਕਿਧਰ ਗਈ ਬੁੱਧੀ, ਕਿਉਂ ਰੋ ਕੇ ਮਾਰੇਂ ਧਾਈਆ । ਭੀਲਣੀ ਕਹੇ ਮੈਂ ਡਿੱਗੀ ਉਤੇ ਬਸੁਧੀ, ਧਰਤੀ ਉਤੇ ਆਸਣ ਲਾਈਆ । ਬਹੁੜੀ ਮੈਂ ਉਸ ਨੂੰ ਲੱਭਾਂ ਜਿਹੜਾ ਫਿਰੇ ਚਹੁ ਜੁਗੀ, ਜੁਗ ਜੁਗ ਵੇਸ ਵਟਾਈਆ । ਮੈਨੂੰ ਹੱਥ ਨਾ ਆਵੇ ਕਿਸੇ ਵਦੀ ਸੁਦੀ, ਕਿਸ਼ਨਾ ਸ਼ੁਕਲਾ ਪੱਖ ਖੋਜ ਖੁਜਾਈਆ । ਓਧਰੋਂ ਉਡ ਕੇ ਆ ਗਈ ਇਕ ਘੁੱਗੀ, ਘੂੰ ਘੂੰ ਅਵਾਜ਼ ਸੁਣਾਈਆ । ਝਟ ਪਹੁੰਚ ਗਈ ਇਕ ਗੁੰਗੀ, ਬਿਨਾ ਜਬਾਨ ਤੋਂ ਇਸ਼ਾਰੇ ਰਹੀ ਵਖਾਈਆ । ਉਸ ਦੇ ਕੋਲ ਜਲ ਕਟੋਰੀ ਕੁੰਗੀ, ਸਾਫ਼ ਸੁਥਰਾ ਨਜ਼ਰੀ ਆਈਆ । ਰਸਨਾ ਲਾਵੇ ਬੂੰਦ ਬੂੰਦੀ, ਹੌਲੀ ਹੌਲੀ ਮੁਖ ਚੁਆਈਆ । ਫੇਰ ਉਚੀ ਸਾਰੀ ਕੂੰਦੀ, ਕੂਕ ਦਿਤੀ ਦੁਹਾਈਆ । ਬਹੁੜੀ ਮੈਨੂੰ ਆਸ ਉਸ ਸਤਿਗੁਰ ਦੀ, ਜੋ ਸਭ ਦਾ ਪਿਤਾ ਮਾਈਆ । ਜਿਸ ਦੀ ਧਾਰ ਆਦਿ ਸ਼ੁਰੂ ਦੀ, ਸ਼ਹਿਨਸ਼ਾਹ ਇਕ ਅਖਵਾਈਆ । ਬੁੱਢੀ ਕਿਹਾ ਉਸ ਦੀ ਵਾਗ ਮੁਹੱਬਤ ਵਾਲੀ ਮੁੜੂ, ਆਪਣਾ ਫੇਰਾ ਪਾਈਆ । ਭੀਲਣੀ ਕਿਹਾ ਕੀ ਜਿਸ ਵੇਲੇ ਮੇਰੀ ਜ਼ਿੰਦਗੀ ਦਾ ਬੇੜਾ ਰੁੜ੍ਹੂ, ਉਸ ਵੇਲੇ ਹੋਏ ਸਹਾਈਆ । ਕੁੱਬੀ ਨੇ ਕਿਹਾ ਔਹ ਵੇਖ ਇਸ਼ਾਰਾ ਦੇਂਦਾ ਧਰੂ, ਧਰਮ ਦੀ ਧਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣੀ ਕਾਰ ਕਮਾਈਆ । ਕੁੱਬੀ ਕਿਹਾ ਭੀਲਣੀ ਨੀ ਮੇਰੇ ਭਾਗ ਸੋਤੇ, ਸੁੱਤਿਆਂ ਨਾ ਕੋਇ ਜਗਾਈਆ । ਤੂੰ ਪ੍ਰਭੂ ਪਿਆਰ ਵਿਚ ਖਾਵੇਂ ਗੋਤੇ, ਮੈਂ ਆਸ ਨਾ ਕੋਇ ਰਖਾਈਆ । ਮੇਰੇ ਨੇਤਰ ਨੈਣ ਰੋਤੇ, ਹੰਝੂ ਦੇਣ ਦੁਹਾਈਆ । ਘਰ ਵਿਚ ਬਥੇਰੇ ਪੁੱਤ ਪੋਤੇ, ਪਰਿਵਾਰ

ਇੱਕੀਆਂ ਵਾਲਾ ਸਮਝਾਈਆ । ਮੇਰੇ ਸੋਹਣੇ ਤਿੰਨ ਟੋਟੇ, ਲਖਤੇ ਜਿਗਰ ਵੰਡ ਵੰਡਾਈਆ । ਮੇਰੇ ਭਾਗ ਖੋਟੇ, ਪ੍ਰਭੂ ਮਿਲਣ ਦੀ ਆਸ ਨਾ ਕੋਇ ਬਣਾਈਆ । ਭੀਲਣੀ ਰੋ ਕੇ ਕਿਹਾ ਅਸੀਂ ਸਾਰੇ ਕਮਲੇ ਕੋਝੇ, ਸੁਰਤ ਵਿਚ ਨਾ ਕੋਇ ਚਤੁਰਾਈਆ । ਹੋਈਏ ਉਸ ਦੇ ਜੋਗੇ, ਜੋ ਜੁਗੀਸ਼ਰਾਂ ਦਏ ਵਡਿਆਈਆ । ਜਗਤ ਰਸ ਬਥੇਰੇ ਭੋਗੇ, ਭੁੱਖ ਰਹੀ ਨਾ ਰਾਈਆ । ਮਾਇਆ ਮਮਤਾ ਭਰੇ ਬੋਝੇ, ਹਉਮੇ ਵਿਚ ਦੁਹਾਈਆ । ਅੰਤਰ ਅੰਤਰ ਕੋਇ ਨਾ ਸੋਧੇ, ਪਵਿੱਤ੍ਰ ਪਾਕ ਨਾ ਕੋਇ ਕਰਾਈਆ । ਫੇਰ ਡਿੱਗ ਪਈ ਭਾਰ ਗੋਡੇ, ਹੋਸ਼ ਲਈ ਭੁਲਾਈਆ । ਫੇਰ ਧਰਤੀ ਤੇ ਵੱਜੇ ਮੋਢੇ, ਕੰਧੇ ਜ਼ਿਮੀਂ ਨਾਲ ਟਕਰਾਈਆ । ਫੇਰ ਉਠੀ ਨਿਕਲੇ ਹੌਕੇ, ਹਾ ਹਾ ਕਰ ਸੁਣਾਈਆ । ਫੇਰ ਪਿਛਾ ਵੇਖਿਆ ਭੌਂ ਕੇ, ਜਲਵਾ ਤੱਕਿਆ ਅਗੰਮ ਅਥਾਹੀਆ । ਸ਼ਬਦੀ ਹੁਕਮ ਦਿਤਾ ਕੁੱਬੀਏ ਹੁਣ ਜਾਣਾ ਜਨਮ ਕਰਮ ਵਿਚ ਸੌਂ ਕੇ, ਭੀਲਣੀ ਰਾਮ ਨਾਲ ਚਤੁਰਾਈਆ । ਮਾਣ ਛਡਣੇ ਮੈਂ ਹਉਂ ਕੇ, ਹੰਕਾਰ ਦੇਣਾ ਤਜਾਈਆ । ਖੇਲ ਵੇਖਣੇ ਪ੍ਰਭ ਭਾਉ ਕੇ, ਭਾਵਨਾ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਕੁਬੀ ਦਾ ਨਾਂ ਸੀ ਜ਼ੀਨਾ, ਜਿਉਣੀ ਕਹਿ ਕੇ ਸਾਰੇ ਗਾਈਆ । ਭੀਲਣੀ ਮਿਲਣ ਦਾ ਸੀ ਚੇਤ ਮਹੀਨਾ, ਪਰਵਿਸ਼ਟਾ ਸੋਲਾਂ ਸੋਭਾ ਪਾਈਆ । ਜੁਗ ਤ੍ਰੇਤਾ ਸੀ ਤੀਨਾ, ਤੀਨ ਲੋਕ ਵੇਖ ਵਖਾਈਆ । ਅੰਤ ਬਚਨ ਇਕ ਕੀਨਾ, ਰਸਨਾ ਨਾਲ ਸੁਣਾਈਆ । ਕੀ ਕਦੇ ਮੈਨੂੰ ਵੀ ਮਿਲੇਗਾ ਦਾਨਾ ਬੀਨਾ, ਮਿਹਰਵਾਨ ਬੇਪਰਵਾਹੀਆ । ਸ਼ਬਦ ਆਵਾਜ਼ ਆਈ ਤੇਰਾ ਜ਼ਰੂਰ ਹੋਵੇ ਠੰਡਾ ਸੀਨਾ, ਅਗਨੀ ਤਤ ਬੁਝਾਈਆ । ਲੇਖਾ ਜਾਣੇ ਜਲ ਮੀਨਾ, ਚਾਤਰਕ ਖੋਜ ਖੁਜਾਈਆ । ਤ੍ਰੇਤੇ ਪਿਛੋਂ ਦੁਆਪਰ ਖੇਲ ਹੋਣਾ ਪਰਬੀਨਾ, ਪਾਰਬ੍ਰਹਮ ਪ੍ਰਭ ਵੇਸ ਵਟਾਈਆ । ਫੇਰ ਕਲਜੁਗ ਹੋਣਾ ਨਾਬੀਨਾ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸ਼ਬਦੀ ਸ਼ਬਦ ਕਿਹਾ ਅੰਤ ਅਖ਼ੀਰੀ ਸੁਣ ਬਾਤ, ਨਾਦ ਧੁਨ ਸ਼ਨਵਾਈਆ । ਜਿਸ ਵੇਲੇ ਕਲਜੁਗ ਹੋਏ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਫੇਰ ਜਨਮ ਲੈਣਾ ਪਏ ਮਾਤ, ਮਾਨਸ ਮਾਨਵ ਰੂਪ ਵਟਾਈਆ । ਪੁਰਖ ਅਬਿਨਾਸ਼ੀ ਪੁਛੇ ਵਾਤ, ਨਿਰਗੁਣ ਧਾਰ ਖੋਜ ਖੁਜਾਈਆ । ਬਿਰਧ ਅਵਸਥਾ ਦੇਵੇ ਸਾਥ, ਅੰਤ ਆਪਣਾ ਰੰਗ ਰੰਗਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥ, ਆਤਮ ਪਰਮਾਤਮ ਜੋੜ ਜੁੜਾਈਆ । ਅੰਤ ਦਰਸ਼ਨ ਦੇਵੇ ਆਪ, ਆਪ ਆਪਣਾ ਫੇਰਾ ਪਾਈਆ । ਜਨਮ ਕਰਮ ਦਾ ਲਹਿਣਾ ਲੇਖਾ ਪੂਰਾ ਕਰ ਹਿਸਾਬ, ਬਿਨ ਅੱਖਰਾਂ ਅੱਖ ਦਏ ਖੁਲ੍ਹਾਈਆ । ਝਗੜਾ ਰਹੇ ਨਾ ਰਾਏ ਧਰਮ ਕਾਗ਼ਜ਼ਾਤ, ਚਿਤ੍ਰਗੁਪਤ ਨਾ ਲੇਖ ਲਿਖਾਈਆ । ਆਤਮ ਪਰਮਾਤਮ ਜੋੜ ਕੇ ਨਾਤ, ਪਾਰਬ੍ਰਹਮ ਬ੍ਰਹਮ ਮੇਲਾ ਲਏ ਮਿਲਾਈਆ । ਜੋ ਸ਼ਬਦੀ ਧਾਰ ਜੀਨੀ ਨੂੰ ਦਿਤਾ ਆਖ, ਬਿਨ ਜਿਹਵਾ ਨਾਮ ਜਣਾਈਆ । ਸੋ ਕਲਜੁਗ ਅੰਤਮ ਪੂਰਾ ਕਰੇ ਸਾਖਿਆਤ, ਸਾਹਿਬ ਸਤਿਗੁਰ ਦਇਆ ਕਮਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਚ ਦਵਾਰ ਦੀ ਦੇ ਕੇ ਦਾਤ, ਸਚਖੰਡ ਆਪ ਸੁਹਾਈਆ । ਤ੍ਰੇਤੇ ਜੁਗ ਦੀ ਪੂਰੀ ਕਰਕੇ ਆਸ, ਕਲਜੁਗ ਅੰਤਮ ਹਰਨਾਮ ਕੌਰ ਦਾ ਲੇਖਾ ਆਪਣੇ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਚੁਕਾਏ ਸੋਲਾਂ ਚੇਤ ਦੀ ਰਾਤ, ਭਿੰਨੜੀ ਰੁਤ ਨਾਲ ਮਿਲਾਈਆ ।


੪੧੭ ੨੨

## ✪ ੧੮ ਚੇਤ ਸ਼ਹਿਨਸ਼ਾਹੀ ਸੰਮਤ ੬ ਠੇਕੇਦਾਰ ਠਾਕਰ ਸਿੰਘ ਦੇ ਗ੍ਰਿਹਿ ਪਿੰਡ ਜੇਠੂਵਾਲ ✪

ਸਤੀ ਕਹੇ ਮੈਂ ਰਹੀ ਸੁੱਤੀ, ਸੁਰਤੀ ਲਈ ਅੰਗੜਾਈਆ । ਮੇਰੇ ਜਨਮ ਦੀ ਪੂਰੀ ਹੋਈ ਨਾ ਬੁੱਤੀ, ਬੁਤਖ਼ਾਨਾ ਗਈ ਤਜਾਈਆ । ਮੇਰੀ ਖ਼ਤਮ ਨਾ ਹੋਈ ਰੁਚੀ, ਜਗਤ ਖ਼ਾਹਸ਼ ਨਾ ਕੋਇ ਮਿਟਾਈਆ । ਮੈਂ ਦੂਰ ਦੁਰਾਡਾ ਵੇਖਾਂ ਉਚੀ, ਨੇਰਨ ਨੇਰਾ ਧਿਆਨ ਲਗਾਈਆ । ਸਦਾ ਸੁਹੰਜਣੀ ਹੋਏ ਕੋਇ ਨਾ ਰੁਤੀ, ਰੁਤ ਬਸੰਤ ਨਾ ਕੋਇ ਮਹਿਕਾਈਆ । ਜਗਤ ਦਵਾਰੇ ਰਹੀ ਰੁੱਸੀ, ਰੁੱਸਿਆਂ ਸਕੇ ਨਾ ਕੋਇ ਮਨਾਈਆ । ਮੈਂ ਆਸਾ ਰੱਖਾਂ ਤਨ ਜੁੱਸੀ, ਤਤਾਂ ਨਾਲ ਕੁੜਮਾਈਆ । ਆਪਣਿਉਂ ਨਿਸ਼ਾਨਿਉਂ ਮੂਲ ਨਾ ਉਕੀ, ਨਿਗਾਹ ਨਿਗਾਹ ਵਿਚ ਟਿਕਾਈਆ । ਜੀਵ ਜੀਵ ਕਰਕੇ ਦੁਖੀ, ਦੁੱਖ ਆਪਣਾ ਇਕ ਵਖਾਈਆ । ਮੇਰੀ ਆਤਮਾ ਹੋਈ ਨਾ ਸੁਖੀ, ਸਾਗਰ ਪਾਰ ਨਾ ਕੋਇ ਕਰਾਈਆ । ਬਹੁੜੀ ਗਈ ਲੁੱਟੀ, ਹਾਏ ਉਫ਼ ਦੁਹਾਈਆ । ਮੈਨੂੰ ਅੱਜੇ ਤਕ ਮਿਲੀ ਨਾ ਛੁੱਟੀ, ਬੰਧਨ ਅੱਗੇ ਨਾ ਕੋਇ ਤੁੜਾਈਆ । ਮੇਰੀ ਦਰੋਹੀ ਚਾਰੇ ਕੂਟੀ, ਕੁਟੰਬ ਵੇਖਾਂ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣੀ ਦਇਆ ਕਮਾਈਆ । ਸਤੀ ਕਹੇ ਮੈਂ ਉਠੀ ਜਾਗੀ ਬੋਲੀ, ਅਨਬੋਲਤ ਆਵਾਜ਼ ਜਣਾਈਆ । ਨਿਗਹ ਮਾਰੀ ਉਪਰ ਧਰਨੀ ਧਰਤ ਧਵਲ ਧੌਲੀ, ਜ਼ਿਮੀਂ ਜ਼ਮਾਂ ਖੋਜ ਖੁਜਾਈਆ । ਮੇਰੀ ਰੁਤੜੀ ਰੁੱਤ ਹੱਕ ਨਾ ਮੌਲੀ, ਬਹਾਰ ਪਿਆਰ ਨਾ ਕੋਇ ਵਖਾਈਆ । ਕੀਮਤ ਪਈ ਨਾ ਪੌਲੀ, ਜਗਤ ਵਣਜਾਰਨ ਹੱਟ ਚਲਾਈਆ । ਮਿਲਿਆ ਸ਼ਗਣ ਨਾ ਤੰਦ ਮੌਲੀ, ਮਿਹਰ ਨਜ਼ਰ ਨਾ ਕੋਇ ਉਠਾਈਆ । ਮੈਂ ਇਕਰਾਰ ਕਰਾਂ ਕੌਲੀ, ਕਵਲ ਦਿਆਂ ਜਣਾਈਆ । ਇਕ ਦੋ ਇਕ ਪਾਉਂਦੀ ਰਹੀ ਰੌਲੀ, ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਦ ਆਪਣਾ ਹੁਕਮ ਵਰਤਾਈਆ । ਸਤੀ ਕਹੇ ਮੈਂ ਗਈ ਸਤ, ਅਗਨੀ ਅੱਗ ਤਪਾਈਆ । ਕਾਇਆ ਅੰਦਰ ਰਹੀ ਤਪ, ਅਗਨੀ ਅੱਗ ਨਾ ਕੋਇ ਬੁਝਾਈਆ । ਮੇਰੇ ਅੰਤਰ ਰਿਹਾ ਨਾ ਜਪ, ਰਸਨਾ ਰਸ ਨਾ ਕੋਇ ਚਖਾਈਆ । ਮੇਰੇ ਖ਼ਾਲੀ ਦਿਸਣ ਹੱਥ, ਜ਼ਰ ਦੌਲਤ ਨਾ ਕੋਇ ਵਡਿਆਈਆ । ਜਾਂ ਮੈਂ ਨਿਗਹ ਖੋਲ੍ਹੀ ਪਰਤ ਕੇ ਵੇਖਿਆ ਪਲਕ, ਅੱਖ ਨੈਣ ਨੇਤਰ ਇਕ ਉਠਾਈਆ । ਪੁਰਖ ਅਬਿਨਾਸ਼ੀ ਤੱਕਿਆ ਸਮਰਥ, ਪਾਰਬ੍ਰਹਮ ਧੁਰਦਰਗਾਹੀਆ । ਜਿਸ ਦਾ ਨਾਮ ਭੰਡਾਰਾ ਹੱਟ, ਵਣਜ ਇਕ ਕਰਾਈਆ । ਵਸੇ ਘਟ ਘਟ, ਚੁਰਾਸੀ ਵਿਚ ਸਮਾਈਆ । ਮੈਂ ਚਰਨੀ ਡਿੱਗੀ ਝੱਟ, ਨਿਉਂ ਕੇ ਸੀਸ ਨਿਵਾਈਆ । ਮੇਰਾ ਪਿਛਲਾ ਲੇਖਾ ਕਟ, ਅੱਗੇ ਦਰਦ ਦੇਣਾ ਮਿਟਾਈਆ । ਮੈਂ ਬੰਸ ਪਰਿਵਾਰ ਨੂੰ ਜਾਵਾਂ ਛਡ, ਨਾੜੀ ਹੱਡ ਨਾ ਕੋਇ ਤਪਾਈਆ । ਵਜੂਦ ਵਿਚੋਂ ਹੋ ਕੇ ਅੱਡ, ਤੇਰੇ ਹੁਕਮੇ ਸੀਸ ਨਿਵਾਈਆ । ਫੇਰ ਲੰਘਾਂ ਕਦੀ ਨਾ ਹੱਦ, ਦਰ ਦਵਾਰ ਦਿਆਂ ਤਜਾਈਆ । ਪ੍ਰਭੂ ਕਿਰਪਾ ਕਰ ਦੇ ਅੱਜ, ਸੁਲਖਣੀ ਘੜੀ ਸੋਭਾ ਪਾਈਆ । ਮੈਂ ਦੂਰ ਦੁਰਾਡੀ ਜਾਵਾਂ ਭੱਜ, ਜਿਥੇ ਭਜਨ ਬੰਦਗੀ ਵਾਲਾ ਨਜ਼ਰ ਕੋਇ ਨਾ ਆਈਆ । ਤੇਰੀ ਤੇਰੀ ਧਾਰ ਭਗਤਾਂ ਵਾਲੀ ਯਦ, ਯਦੀ ਆਪਣਾ ਮੇਲ ਮਿਲਾਈਆ । ਮੈਂ ਸੁਣਿਆ ਤੂੰ ਮੇਰਾ ਮੈਂ ਤੇਰਾ ਛੰਦ, ਢੋਲਾ ਅਗੰਮ ਅਥਾਹੀਆ । ਮੇਰਾ ਮਾਣ ਰਿਹਾ ਨਾ ਜਗ, ਜਾਗਰਤ ਜੋਤ ਹੋਈ ਰੁਸ਼ਨਾਈਆ । ਮੈਨੂੰ ਲੱਗੀ ਜੋਤ ਧਾਰ ਦੀ ਅੱਗ, ਅਗਨੀ ਅੱਗ ਤਪਾਈਆ । ਸਚ ਸਰਨਾਈ ਰਹੀ ਢੱਠ, ਨਿਉਂ ਨਿਉਂ ਸੀਸ ਨਿਵਾਈਆ । ਕਿਰਪਾ ਕਰ ਸਾਹਿਬ ਸਮਰਥ, ਤੇਰੀ ਬੇਪਰਵਾਹੀਆ । ਪੁਰਖ ਅਕਾਲ ਕਿਹਾ ਨੀਵੇਂ ਨੈਣ ਜਾਵੀਂ ਨੱਸ, ਪਿਛਾ ਪਰਤ

ਨਾ ਅੱਖ ਬਦਲਾਈਆ । ਡੰਡਾਵਤ ਬੰਦਨਾ ਇਕੋ ਵਾਰ ਕਰ ਲੈ ਹੱਸ, ਹਸਤੀ ਵੇਖ ਬੇਪਰਵਾਹੀਆ । ਸਿਫ਼ਤਾਂ ਵਿਚ ਤੂੰ ਮੇਰਾ ਮੈਂ ਤੇਰਾ ਗਾਵੀਂ ਜਸ, ਦੂਸਰ ਅਵਰ ਨਾ ਕੋਇ ਚਤੁਰਾਈਆ । ਸਤੀ ਕਹੇ ਮੇਰਾ ਅੰਤ ਜੈਕਾਰਾ ਅਲੱਖ, ਅਲਖ ਅਗੋਚਰ ਦਿਆਂ ਸੁਣਾਈਆ । ਮੈਂ ਜਿਸ ਦਵਾਰੇ ਰਹੀ ਸਾਂ ਵਸ, ਅੱਜ ਛਡ ਕੇ ਭੱਜਾਂ ਵਾਹੋ ਦਾਹੀਆ । ਅੰਤ ਅਖ਼ੀਰ ਟੇਕ ਕੇ ਮੱਥ, ਧੂੜੀ ਚਰਨ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਰ ਆਤਮ ਨਿਰੰਤਰ ਦੇਵੇ ਆਪਣਾ ਰਸ, ਰਸਤਾ ਬਾਵਸਤਾ ਹੋ ਕੇ ਇਕੋ ਇਕ ਜਣਾਈਆ ।

✪ ੨੦ ਚੇਤ ਸ਼ਹਿਨਸ਼ਾਹੀ ਸੰਮਤ ੬ ਰਛਪਾਲ ਕੌਰ ਨਾਥੇਵਾਲ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ✪

ਕਾਲ ਕਹੇ ਮੈਂ ਸਭ ਨੂੰ ਗ੍ਰਸਿਆ, ਗ੍ਰਹਿ ਗਿਰਾ ਸਭ ਦੀ ਖੋਜ ਖੁਜਾਈਆ । ਜੁਗ ਚੌਕੜੀ ਫਿਰਾਂ ਨੱਸਿਆ, ਨਿਤ ਨਵਿਤ ਭੱਜਾਂ ਵਾਹੋ ਦਾਹੀਆ । ਕਲਜੁਗ ਵੇਖ ਅੰਧੇਰੀ ਮੱਸਿਆ, ਮੇਰੇ ਅੰਤਰ ਵੱਜੀ ਵਧਾਈਆ । ਜੋ ਮਾਰਗ ਅਵਤਾਰ ਪੈਗ਼ੰਬਰ ਗੁਰੂ ਦੱਸਿਆ, ਦਹਿ ਦਿਸ਼ਾ ਗਏ ਭੁਲਾਈਆ । ਆਤਮ ਪਰਮਾਤਮ ਨਾਮ ਕਿਸੇ ਨਾ ਜਪਿਆ, ਅਜਪਾ ਜਾਪ ਨਾ ਕੋਇ ਜਣਾਈਆ । ਪੰਜ ਤਤ ਅੰਗਿਆਰ ਜੀਵ ਤਪਿਆ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜਿਸ ਸ਼ਰੀਰ ਦੀ ਹੋਵੇ ਹੱਤਿਆ, ਅੰਤਰ ਮੇਲ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕਾਲ ਕਹੇ ਮੈਂ ਵੇਖੇ ਨੇਤੀ ਨੇਤ, ਨੇੜਨ ਦੂਰ ਖੋਜ ਖੁਜਾਈਆ । ਜੂਨ ਅਜੂਨੀ ਵੇਖੇ ਪ੍ਰੇਤ, ਜਨਮ ਜਨਮ ਵਿਚ ਦੁਹਾਈਆ । ਪੂਰਾ ਹੋਵੇ ਕਿਸੇ ਨਾ ਲੇਖ, ਬਹੁੜੀ ਰੋਵਣ ਮਾਰਨ ਧਾਈਆ । ਰਾਹ ਤੱਕਣ ਅਗੰਮੀ ਦੇਸ, ਕਵਣ ਵੇਲੇ ਪ੍ਰਭ ਆਵੇ ਸ਼ਹਿਨਸ਼ਾਹੀਆ । ਸੋ ਰੁੱਤ ਸੁਹੰਜਣੀ ਵੇਖ ਵੀਹ ਚੇਤ, ਚੇਤਨ ਹੋ ਕੇ ਧਿਆਨ ਰਖਾਈਆ । ਪ੍ਰਭੂ ਤੇਰਿਆਂ ਨਾਲ ਮੇਰਾ ਹੇਤ, ਹਿਤਕਾਰੀ ਹੋ ਕੇ ਮੇਲ ਮਿਲਾਈਆ । ਦੁੱਖ ਦਰਦ ਮਿਟਾ ਕਲੇਸ਼, ਕੂੜ ਕਲਪਨਾ ਬਾਹਰ ਕਢਾਈਆ । ਤੇਰੀ ਸ਼ਬਦੀ ਧਾਰ ਦਸ ਦਸਮੇਸ਼, ਦੂਜਾ ਨਜ਼ਰ ਕੋਇ ਨਾ ਆਈਆ । ਗੁਰਮੁਖਾਂ ਬਖ਼ਸ਼ ਮੁੱਛ ਦਾੜ੍ਹੀ ਕੇਸ, ਭਗਵਨ ਆਪਣਾ ਰੰਗ ਰੰਗਾਈਆ । ਸਵਾਲੀ ਦਰ ਤੇ ਹੋਏ ਪੇਸ਼, ਘਰ ਠਾਂਡੇ ਮੰਗ ਮੰਗਾਈਆ । ਤੂੰ ਆਦਿ ਅੰਤ ਦਾ ਏਕ, ਏਕੰਕਾਰ ਨੂਰ ਇਲਾਹੀਆ । ਕੂੜੀ ਕਿਰਿਆ ਅਗਨ ਨਾ ਲਾਵੇ ਸੇਕ, ਤਤਵ ਤਤ ਦੇਣਾ ਬਦਲਾਈਆ । ਲੇਖਾ ਮੁਕਾ ਜਿੰਨ ਪ੍ਰੇਤ, ਪਸੂ ਦੇਵ ਰੂਪ ਵਖਾਈਆ । ਸਭ ਦਾ ਅੰਤਮ ਕਰ ਦੇ ਖੇਤ, ਖੇਤਰ ਪਾਲ ਦਏ ਦੁਹਾਈਆ । ਤੇਰਾ ਸਭ ਤੋਂ ਵੱਖਰਾ ਨਿਰਾਲਾ ਵੇਸ, ਭੇਖ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਕਾਲ ਕਹੇ ਪ੍ਰਭੂ ਵੇਖਿਆ ਤੇਰਾ ਭੇਤ, ਅਵੱਲੜੀ ਚਾਲ ਚਲਾਈਆ । ਯਾਦ ਆਈ ਅਰਜਨ ਵਾਲੀ ਰੇਤ, ਜੋ ਅਗਨੀ ਤਤ ਤਪਾਈਆ । ਬਿਨ ਕਿਰਪਾ ਕਿਸੇ ਮਿਲੇ ਨਾ ਆਪਣਾ ਦੇਸ, ਘਰ ਸੱਜਣ ਨਾ ਕੋਇ ਜੁੜਾਈਆ । ਕਿਰਪਾ ਕਰ ਜਨ ਭਗਤਾਂ ਬਦਲ ਦੇ ਲੇਖ, ਜਨਮ ਜਨਮ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਪਿਆਰ ਇਕ ਸੰਦੇਸ਼ ਇਕ ਨਰੇਸ਼ ਹੋ ਕੇ ਆਪ ਜਣਾਈਆ ।

✪ ੨੦ ਚੇਤ ਸ਼ਹਿਨਸ਼ਾਹੀ ਸੰਮਤ ੬ ਬੀਬੀ ਹਰਜਿੰਦਰ ਕੌਰ ਫ਼ਿਰੋਜ਼ਪੁਰ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ✪

ਪੂਰਬ ਜਨਮ ਕਰਮ ਦਾ ਬੰਸ ਸੋਢੀ, ਹਰਿ ਗੋਬਿੰਦ ਰੰਗ ਰੰਗਾਈਆ । ਅੰਤਰ ਆਤਮ ਜਿਸ ਸੋਧੀ, ਵਦੀ ਸੁਦੀ ਦਾ ਡੇਰਾ ਢਾਹੀਆ । ਸਿਰ ਤੇ ਰੱਖਦਾ ਹੁੰਦਾ ਸੀ ਬੋਦੀ, ਉਂਗਲਾਂ ਨੌ ਨੌ ਲੰਬਾਈਆ । ਵੇਸ ਧਰਿਆ ਹੁੰਦਾ ਸੀ ਜੋਗੀ, ਬਸਤਰ ਗੇਰੂ ਰੰਗ ਛੁਹਾਈਆ । ਇਕ ਦਿਨ ਹਰਿ ਗੋਬਿੰਦ ਅਖਾੜੇ ਦੀ ਕਰਦਾ ਸੀ ਗੋਡੀ, ਆਪਣਾ ਬਲ ਵਧਾਈਆ । ਇਹ ਖੇਲ ਪ੍ਰੀਤਮ ਚੋਜੀ, ਖ਼ੁਸ਼ੀ ਨਾਲ ਵਖਾਈਆ । ਚੜ੍ਹਦਿਉਂ ਆ ਗਿਆ ਜਿਸ ਨਾਂ ਸੀ ਮੌਜੀ, ਖ਼ੁਸ਼ੀ ਵਿਚ ਆਪਣਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਮੌਜੀ ਆਇਆ ਵੇਖਣ ਹਰਿਗੋਬਿੰਦ ਬਲਵਾਨ, ਆਪਣਾ ਪੰਧ ਮੁਕਾਈਆ । ਸ਼ਰਾਰਤ ਵਿਚ ਬੜਾ ਹੁੰਦਾ ਸੀ ਸ਼ੈਤਾਨ, ਵੇਸ ਆਪਣਾ ਰੂਪ ਬਦਲਾਈਆ । ਨੇੜੇ ਆ ਕੇ ਕੱਪੜੇ ਪਾ ਕੇ ਕੰਨਿਆ ਬਣ ਗਿਆ ਨੌਜਵਾਨ, ਮੁਖ ਘੁੰਗਟ ਉਤੇ ਰਖਾਈਆ । ਕੋਲ ਆ ਕੇ ਬੋਲਿਆ ਨਹੀਂ ਨਾਲ ਜ਼ਬਾਨ, ਜ਼ੋਰ ਨਾਲ ਸੱਜੀ ਖੱਬੀ ਬਾਂਹ ਦਿਤੀ ਹਿਲਾਈਆ । ਹੌਲੀ ਹੌਲੀ ਲੱਗਾ ਗਾਣ, ਖ਼ੁਸ਼ੀਆਂ ਵਿਚ ਸੁਣਾਈਆ । ਜੇ ਹਰਿਗੋਬਿੰਦ ਬੜਾ ਜਵਾਨ, ਮੇਰਾ ਭੇਖ ਦਏ ਸਮਝਾਈਆ । ਅੰਦਰੇ ਅੰਦਰ ਕਰ ਧਿਆਨ, ਮਤਾ ਰਿਹਾ ਪਕਾਈਆ । ਝਟ ਹਰਿਗੋਬਿੰਦ ਪਹੁੰਚਿਆ ਕੋਲ ਆਣ, ਹੱਥ ਬੋਦੀ ਉਤੇ ਰਖਾਈਆ । ਕੀ ਸਤਿਗੁਰ ਨੂੰ ਸਮਝੇਂ ਅੰਜਾਣ, ਵੇਸ ਲੜਕੀਆਂ ਵਾਲਾ ਵਖਾਈਆ । ਅੱਗੇ ਨਿਗਹ ਮਾਰ ਧਿਆਨ, ਤੈਨੂੰ ਦਿਆਂ ਜਣਾਈਆ । ਤੈਨੂੰ ਜ਼ਰੂਰ ਕੰਨਿਆ ਬਣਨਾ ਪਏ ਧਰਤੀ ਉਤੇ ਨਿਸ਼ਾਨ, ਗੋਬਿੰਦ ਥਪਕੀ ਦਿਤੀ ਲਗਾਈਆ । ਉਸ ਰੋ ਕੇ ਹੱਥ ਲਾਇਆ ਉਤੇ ਕਾਨ, ਵਾਸਤਾ ਦਿਤਾ ਪਾਈਆ । ਹਰਿਗੋਬਿੰਦ ਹੋ ਮਿਹਰਵਾਨ, ਮੇਰੀ ਭੁੱਲ ਦੇ ਬਖ਼ਸ਼ਾਈਆ । ਹਰਿਗੋਬਿਦ ਕਿਹਾ ਮੇਰਾ ਬਚਨ ਨਿਕਲਿਆ ਵਿਚੋਂ ਜ਼ਬਾਨ, ਨਾ ਕੋਇ ਮੇਟੇ ਮੇਟ ਮਿਟਾਈਆ । ਤੈਨੂੰ ਫੇਰ ਜ਼ਰੂਰ ਜਾਮਾ ਮਿਲੇ ਇਨਸਾਨ, ਕੰਨਿਆ ਵਾਲਾ ਰੂਪ ਧਰਾਈਆ । ਜਿਸ ਵੇਲੇ ਪਰਗਟ ਹੋਏ ਸ੍ਰੀ ਭਗਵਾਨ, ਜੋਤੀ ਜਾਤਾ ਅਗੰਮ ਅਥਾਹੀਆ । ਤੇਰਾ ਮੇਲਾ ਮੇਲੇ ਵਿਚ ਜਹਾਨ, ਜਹਾਲਤ ਕੂੜੀ ਅੰਦਰੋਂ ਬਾਹਰ ਕਢਾਈਆ । ਚਰਨ ਪ੍ਰੀਤੀ ਬਖ਼ਸ਼ ਕੇ ਦਾਨ, ਧੂੜੀ ਟਿੱਕਾ ਖ਼ਾਕ ਰਮਾਈਆ । ਜਨਮ ਜਨਮ ਵਿਚੋਂ ਕਰ ਪਰਵਾਨ, ਪਰਵਾਨਾ ਆਪਣਾ ਦਏ ਵਖਾਈਆ । ਇਹ ਖੇਲ ਹੋਣਾ ਮਹਾਨ, ਅਕਲ ਕਲਧਾਰੀ ਆਪ ਕਰਾਈਆ । ਬਿਨਾ ਨਿਗਾਹ ਤੋਂ ਵੇਖੇ ਮਾਰ ਧਿਆਨ, ਅੰਤਰ ਆਪਣਾ ਪੜਦਾ ਲਾਹੀਆ । ਜ਼ਿੰਦਗੀ ਵਿਚੋਂ ਜ਼ਿੰਦਗੀ ਬਖ਼ਸ਼ ਸ੍ਰੀ ਭਗਵਾਨ, ਭਾਗ ਅਗਲਾ ਦਏ ਬਣਾਈਆ । ਸੁਹਾਗ ਦਾ ਦੇ ਨਿਸ਼ਾਨ, ਕੰਨ ਬੁੰਦਿਆਂ ਨਾਲ ਵਡਿਆਈਆ । ਬੁੰਦਿਆਂ ਵਾਲੀ ਕੰਨਿਆ ਜਿਸ ਸ਼ਬਦ ਸੁਣਿਆ ਮਹਾਨ, ਅਗੰਮੀ ਰਾਗ ਅਲਾਹੀਆ । ਇਹ ਹਰਿਗੋਬਿੰਦ ਦੀ ਸੇਵਾ ਕਰਦੀ ਸੀ ਰੋਜ਼ ਵਿਚ ਮਕਾਨ, ਨੌਂ ਵਾਰ ਦਿਨ ਵਿਚ ਝਾੜੂ ਫੇਰ ਕੇ ਆਪਣੀ ਖ਼ੁਸ਼ੀ ਬਣਾਈਆ । ਉਸ ਵੇਲੇ ਉਹ ਵੀ ਉਥੇ ਪਹੁੰਚੀ ਆਣ, ਜਿਥੇ ਹਰਿਗੋਬਿੰਦ ਖੇਲ ਰਿਹਾ ਕਰਾਈਆ । ਹੁਕਮ ਦਿਤਾ ਸੰਦੇਸ਼ਾ ਦਿਤਾ ਦੋਵੇਂ ਇਕ ਦੂਜੇ ਦੀ ਕਰੋ ਪਹਿਚਾਨ, ਹੱਥ ਕੰਨਾਂ ਉਤੇ ਰਖਾਈਆ । ਤੁਹਾਨੂੰ ਦੋਹਾਂ ਨੂੰ ਜ਼ਰੂਰ ਮਿਲੇ ਭਗਵਾਨ, ਜੋਤੀ ਜਾਤਾ ਅਗੰਮ ਅਥਾਹੀਆ । ਸਚ ਦੀ ਸਚ ਦੇਵੇ ਨਿਸ਼ਾਨ, ਮਿਹਰਵਾਨ ਹੋ ਸਹਾਈਆ । ਬਲਵਿੰਦਰ ਰਾਜਿੰਦਰ ਹਰਜਿੰਦਰ ਦੋ ਦਾ ਇਕ ਲੇਖਾ ਜੁੜਿਆ ਆਣ, ਸਿਰ ਆਪਣਾ ਹੱਥ ਟਿਕਾਈਆ ।

## ੨੨ ਚੇਤ ਸ਼ਹਿਨਸ਼ਾਹੀ ਸੰਮਤ ੬ ਸੁਰਜੀਤ ਕੌਰ ਦੇ ਗ੍ਰਹਿ ਪਿੰਡ ਕਲਸੀਆਂ

ਕਾਲ ਕਹੇ ਚਿਤ੍ਰਗੁਪਤ ਕੁਛ ਲੇਖਾ ਲਿਖ ਕਲਮ ਕਾਨੀ, ਕਾਇਨਾਤ ਲੱਖ ਚੁਰਾਸੀ ਖੋਜ ਖੁਜਾਈਆ । ਕਲਜੁਗ ਕਹੇ ਪ੍ਰਭ ਮੇਰੇ ਉਤੇ ਕੀਤੀ ਮਿਹਰਵਾਨੀ, ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਰਾਏ ਧਰਮ ਅੰਤਰ ਆਏ ਹੈਰਾਨੀ, ਹੈਰਤ ਵਿਚ ਹੱਥ ਪੇਸ਼ਾਨੀ ਉਤੇ ਟਿਕਾਈਆ । ਸ਼ੰਕਰ ਦੂਰ ਦੁਰਾਡਾ ਵੇਖੇ ਮਾਰ ਧਿਆਨੀ, ਨਿਗਾਹ ਨਿਗਾਹ ਵਿਚੋਂ ਬਦਲਾਈਆ । ਮਹਾਂਕਾਲ ਕਹੇ ਕੀ ਲੇਖਾ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਪੜਦਾ ਦੇਣਾ ਉਠਾਈਆ । ਸਤਿਗੁਰ ਸ਼ਬਦ ਕਹੇ ਚਾਰ ਜੁਗ ਦੀ ਵੇਖੋ ਸ਼ਬਦ ਅਕਥ ਕਹਾਣੀ, ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਦੇਣ ਗਵਾਹੀਆ । ਪੁਰਖ ਅਕਾਲ ਕਹੇ ਸਾਰੇ ਤਕੋ ਕੀ ਹੁਕਮ ਸ਼ਾਹ ਸੁਲਤਾਨੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਕੀ ਜਣਾਈਆ । ਸਤਿ ਧਰਮ ਦਾ ਰਿਹਾ ਕੋਇ ਨਾ ਦਾਨੀ, ਨੌਂ ਸੱਤ ਨੌਂ ਦਵਾਰ ਰਹੀ ਕੁਰਲਾਈਆ । ਅੰਤਰ ਨਿਰੰਤਰ ਹੋਏ ਕੋਇ ਨਾ ਬ੍ਰਹਮ ਗਿਆਨੀ, ਆਤਮ ਪਰਮਾਤਮ ਬ੍ਰਹਮ ਵਿਦਿਆ ਨਾ ਕੋਇ ਜਣਾਈਆ । ਸਦੀ ਚੌਧਵੀਂ ਅੰਤ ਅਖ਼ੀਰ ਦਿਸੇ ਉਹ ਨਿਸ਼ਾਨੀ, ਜਿਸ ਦਾ ਨਿਸ਼ਾਨਾ ਗਏ ਤਕਾਈਆ । ਅਠ ਸਠ ਤੀਰਥ ਨੇਤਰ ਰੋਵੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਪਾਣੀ, ਅੰਮ੍ਰਿਤ ਰਸ ਰਸ ਨਾ ਕੋਇ ਭਰਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਤਰਗਤ ਕਿਸੇ ਨਾ ਪੁਣੀ ਛਾਣੀ, ਸ਼ਾਮ ਅੰਧੇਰਾ ਗ੍ਰਹਿ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਕਾਲ ਕਹੇ ਚਿਤ੍ਰਗੁਪਤ ਵੇਖ ਚਾਰੋਂ ਤਰਫ਼, ਬਿਨਾ ਨਿਗਾਹ ਨੈਣ ਨੈਣ ਉਠਾਈਆ । ਕੀ ਲੇਖਾ ਬਦਲਿਆ ਅਲਿਫ਼ ਯੇ ਹਰਫ਼, ਹਰੂਫ ਮਸਰੂਫ਼ ਕਵਣ ਕਰਾਈਆ । ਕਿਹੜੀ ਸਦੀ ਸਦੀਵੀ ਆਇਆ ਬਰਸ, ਵਕਤ ਬੇਵਕਤ ਖੋਜ ਖੁਜਾਈਆ । ਕੀ ਆਸਾ ਰੱਖੀ ਈਸਾ ਵਿਚ ਚਰਚ, ਚਰਾਗਾਹਾਂ ਧਿਆਨ ਲਗਾਈਆ । ਕੀ ਮੁਹੰਮਦ ਤੱਕਿਆ ਉਤੇ ਅਰਸ਼, ਚੌਦਾਂ ਤਬਕ ਦੇਣ ਗਵਾਹੀਆ । ਕੀ ਮੂਸਾ ਕਿਹਾ ਜਿਸ ਵੇਲੇ ਮੂੰਹ ਦੇ ਭਾਰ ਡਿੱਗਾ ਫ਼ਰਸ਼, ਕੋਹਤੂਰ ਤੂਰ ਜਣਾਈਆ । ਕੀ ਨਾਨਕ ਨਿਰਗੁਣ ਧਾਰ ਕੀਤੀ ਅਰਜ਼, ਖਾਹਸ਼ ਤਮੰਨਾ ਇਕ ਜਣਾਈਆ । ਕੀ ਗੋਬਿੰਦ ਪੂਰਾ ਸਮਝਿਆ ਫਰਜ਼, ਫੈਸਲਾ ਹੱਕ ਹੱਕ ਦ੍ਰਿੜਾਈਆ । ਕੀ ਨਿਰਗੁਣ ਸਰਗੁਣ ਵੰਡੇ ਦਰਦ, ਦੀਨ ਦਿਆਲ ਦਇਆ ਕਮਾਈਆ । ਸ਼ਬਦ ਗੁਰੂ ਕਿਹਾ ਕਾਲ ਮਹਾਂਕਾਲ ਖੇਲ ਅਸਚਰਜ, ਜੋਗ ਜੁਗਤ ਭੇਵ ਕੋਇ ਨਾ ਪਾਈਆ । ਪੁਰਖ ਅਕਾਲਾ ਦੀਨ ਦਿਆਲਾ ਨੌ ਸੌ ਚੁਰਾਨਵੇ ਚੌਕੜੀ ਦੀ ਪਿਛਲੀ ਵੇਖੇ ਫ਼ਰਦ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਜਿਸ ਨੇ ਸ਼ਰਅ ਛੁਰੀ ਰਹਿਣ ਨਹੀਂ ਦੇਣੀ ਕਰਦ, ਕਤਲਗਾਹ ਵੇਖੇ ਜਗਤ ਲੋਕਾਈਆ । ਕੂੜੀ ਕਿਰਿਆ ਮੇਟੇ ਅੰਧੇਰਾ ਗਰਦ, ਗਰਦਸ਼ ਵਿਚ ਬ੍ਰਹਿਮੰਡ ਖੰਡ ਭਵਾਈਆ । ਜਨ ਭਗਤਾਂ ਹੋਣ ਨਾ ਦੇਵੇ ਹਰਜ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਕਾਲ ਤੇਰਾ ਪੂਰਾ ਕਰੇ ਖਰਚ, ਕਲਜੁਗ ਕੂੜ ਕੁੜਿਆਰੇ ਜੀਵ ਜੰਤ ਤੇਰੀ ਝੋਲੀ ਪਾਈਆ । ਤੂੰ ਬੇਮੁਖਾਂ ਖਾ ਕੇ ਜਾਣਾ ਪਰਚ, ਪ੍ਰਾਚੀਨ ਦਾ ਲੇਖਾ ਪੂਰ ਕਰਾਈਆ । ਅੱਗੇ ਹੋਰ ਨਾ ਰੱਖੀਂ ਹਰਸ, ਹਵਸ ਨਾ ਅਵਰ ਵਧਾਈਆ । ਸ਼ਬਦ ਗੁਰੂ ਗੁਰਦੇਵ ਕਰੇ ਤਰਸ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਿਹੜੀ ਗੋਬਿੰਦ ਮਾਛੂਵਾੜੇ ਲਾਈ ਸ਼ਰਤ, ਪੁਰਖ ਅਕਾਲ ਗੰਢ ਪਵਾਈਆ । ਸੋ ਲਹਿਣਾ ਪੂਰਾ ਕਰਨਾ ਉਪਰ ਧਰਤ, ਧਰਨੀ ਧਵਲ ਧੌਲ ਦੇਣੀ ਵਡਿਆਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਉਣਾ ਪਰਤ, ਪਤਿਪਰਮੇਸ਼ਵਰ ਨੂਰ ਇਲਾਹੀਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਕਾਲ ਕਹੇ ਚਿਤ੍ਰਗੁਪਤ ਕੀ ਮੇਰਾ ਦੱਸ ਲਹਿਣਾ, ਲੇਖਾ ਦੇ ਦ੍ਰਿੜਾਈਆ । ਸੰਦੇਸ਼ਾ ਰਾਏ ਧਰਮ ਨੂੰ ਕਹਿਣਾ, ਕਹਿ ਕੇ ਦੇਣਾ ਸਮਝਾਈਆ । ਅਗਲੇ ਬਰਸ ਮੈਂ ਨਹੀਂ ਬਹਿਣਾ, ਚਾਰ ਕੁੰਟ ਭੱਜਣਾ ਵਾਹੋ ਦਾਹੀਆ । ਨਾਲ ਰੱਖਣੀ ਲਾੜੀ ਮੌਤ ਡੈਣਾ, ਪਲੂ ਪਲੂ ਨਾਲ ਜੁੜਾਈਆ । ਮੁਹੰਮਦ ਮੂਸਾ ਨਾਲ ਖਹਿਣਾ, ਅਦਨ ਦੇ ਪਾਰ ਪਏ ਦੁਹਾਈਆ । ਸਭ ਨੇ ਨੇਤਰ ਨੈਣਾਂ ਨੀਰ ਵਹਾਉਣਾ ਨੈਣਾਂ, ਸਾਂਤਕ ਸਤਿ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਇਕ ਸਮਝਾਈਆ । ਕਾਲ ਕਹੇ ਚਿਤ੍ਰਗੁਪਤ ਛੇਤੀ ਲਿਖ ਦੇ ਨਾਲ ਚਾਲਾਕੀ, ਚਾਕਰ ਹੋ ਕੇ ਸੇਵ ਕਮਾਈਆ । ਮੈਂ ਮੌਤ ਪਿਆਲਾ ਪਿਆਵਾਂ ਬਣ ਕੇ ਸਾਕੀ, ਚਾਰ ਕੁੰਟ ਵੇਖ ਵਖਾਈਆ । ਤਨ ਵਜੂਦ ਬੰਦਾ ਵੇਖਾਂ ਖ਼ਾਕੀ, ਜੋ ਖ਼ਾਲਕ ਨੂੰ ਭੁੱਲ ਕੇ ਬੈਠਾ ਮੁਖ ਭਵਾਈਆ । ਸ਼ਾਹ ਸੁਲਤਾਨ ਰਹਿਣ ਨਾ ਦੇਵੇ ਆਕੀ, ਹੰਕਾਰੀਆਂ ਗੜ੍ਹ ਤੁੜਾਈਆ । ਜੋ ਗੋਬਿੰਦ ਦੇ ਕੇ ਗਿਆ ਸ਼ਬਦ ਅਗੰਮੀ ਪਾਤੀ, ਪਤ੍ਰਕਾ ਪੁਰਖ ਅਕਾਲ ਲਿਖਾਈਆ । ਨਿਰਗੁਣ ਧਾਰ ਨਰ ਨਰਾਇਣ ਇਕੋ ਹੋਣਾ ਸਾਥੀ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਨੇ ਕਲਜੁਗ ਵਿਚ ਸਤਿਜੁਗ ਬਦਲ ਦੇਣੀ ਹਯਾਤੀ, ਜੀਵਣ ਜੁਗਤ ਜੁਗਤ ਦ੍ਰਿੜਾਈਆ । ਰੈਣ ਅੰਧੇਰੀ ਮੇਟ ਕੇ ਰਾਤੀ, ਨਿਰਗੁਣ ਨੂਰ ਚੰਦ ਕਰੇ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰੇ ਆਸੀ, ਤ੍ਰਿਸ਼ਨਾ ਤ੍ਰਿਖਾ ਦੂਰ ਕਰਾਈਆ । ਦੋ ਜਹਾਨਾਂ ਨਿਰਗੁਣ ਸਰਗੁਣ ਪਾਵੇ ਰਾਸੀ, ਮੰਡਲ ਮੰਡਪ ਖੇਲ ਕਰਾਈਆ । ਚੌਥੇ ਜੁਗ ਦੀ ਅੰਤਮ ਵੇਖੇ ਘਾਟੀ, ਤਟ ਕਿਨਾਰਾ ਖੋਜ ਖੁਜਾਈਆ । ਸਭ ਦੀ ਪੂਰੀ ਕਰ ਕੇ ਵਾਟੀ, ਅਗਲਾ ਪੰਧ ਦਏ ਮੁਕਾਈਆ । ਮਿਹਰਵਾਨ ਮਹਿਬੂਬ ਸਚ ਦੱਸੇ ਕਥਾ ਕਹਾਣੀ ਸਾਚੀ, ਸਤਿ ਸਤਿ ਜਣਾਈਆ । ਤ੍ਰੈਗੁਣ ਬੁਝਾਏ ਆਂਚੀ, ਰਜੋ ਤਮੋ ਸਤੋ ਨਾ ਕੋਇ ਜਲਾਈਆ । ਕਾਲ ਚਿਤ੍ਰਗੁਪਤ ਦੋਵੇ ਜੋੜ ਕੇ ਹਾਥੀ, ਬੈਠਾ ਸੀਸ ਨਿਵਾਈਆ । ਧੁਰ ਦਾ ਖੇਲ ਪੁਰਖ ਸਮਰਾਥੀ, ਨਾ ਕੋਇ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਜੋਤ ਪ੍ਰਕਾਸ਼ੀ, ਪਰਮ ਪੁਰਖ ਪਰਮਾਤਮ ਪਾਰਬ੍ਰਹਮ ਬ੍ਰਹਮ ਨੂਰ ਨੂਰ ਰੁਸ਼ਨਾਈਆ ।

## ✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੬ ਦਲਬੀਰ ਸਿੰਘ ਦੇ ਗ੍ਰਿਹ ਪਿੰਡ ਕਲਸੀਆਂ ✪

ਕਾਲ ਕਹੇ ਮੈਂ ਜੁਗ ਜੁਗ ਚਾਰ ਕੁੰਟ ਦਹਿ ਦਿਸ਼ਾ ਭੱਜਿਆ, ਨਿਤ ਨਿਤ ਆਪਣੀ ਸੇਵ ਕਮਾਈਆ । ਲੱਖ ਚੁਰਾਸੀ ਗੁਰ ਅਵਤਾਰ ਪੈਗ਼ੰਬਰ ਖਾ ਖਾ ਮੂਲ ਨਾ ਰੱਜਿਆ, ਤ੍ਰਿਖਾ ਤ੍ਰਿਸ਼ਨਾ ਤ੍ਰਿਪਤ ਨਾ ਕੋਇ ਕਰਾਈਆ । ਡੌਰੂ ਡੰਕ ਜਗਤ ਜਹਾਨ ਹੋ ਕੇ ਵੱਜਿਆ, ਰਾਮਾ ਕ੍ਰਿਸ਼ਨਾ ਦਏ ਗਵਾਹੀਆ । ਪੈਗ਼ੰਬਰਾਂ ਖ਼ੁਸ਼ੀਆਂ ਦੇ ਨਾਲ ਸੱਦਿਆ, ਈਸਾ ਫਾਸੀ ਗਲ ਲਟਕਾਈਆ । ਮੁਹੰਮਦ ਦੇਖੀ ਆਰ ਪਾਰ ਦੀ ਹੱਦਿਆ, ਖ਼ਾਕੀ ਖ਼ਾਕ ਖ਼ਾਕ ਦਰਸਾਈਆ । ਕਰਬਲੇ ਰਹਿ ਗਈ ਨਾ ਕਿਸੇ ਦੀ ਲੱਜਿਆ, ਅਲੀ ਫਰਜ਼ੰਦ ਰਹੇ ਕੁਰਲਾਈਆ । ਗੋਬਿੰਦ ਧਾਰ ਖੰਡਾ ਵੱਢਿਆ, ਸੀਸ ਧੜ ਵੱਖ ਵਖਾਈਆ ।

ਇਕ ਨਿਸ਼ਾਨਾ ਦੋ ਜਹਾਨਾਂ ਗੱਡਿਆ, ਨਾ ਕੋਇ ਮੇਟੇ ਮੇਟ ਮਿਟਾਈਆ । ਸ਼ਾਹ ਪਾਤਸ਼ਾਹ ਕੋਇ ਨਾ ਬਚਿਆ, ਸੂਫ਼ੀ ਸੰਤ ਫ਼ਕੀਰ ਓਹਲੇ ਰਹਿਣ ਕੋਇ ਨਾ ਪਾਈਆ । ਸਦੀ ਚੌਧਵੀਂ ਮੈਂ ਬਚਨ ਕਰਾਂ ਸੱਚਿਆ, ਸਤਿ ਸਤਿਵਾਦੀ ਇਕ ਸੁਣਾਈਆ । ਕੂੜ ਕੁੜਿਆਰਾ ਜੋ ਨੌਂ ਖੰਡ ਪ੍ਰਿਥਮੀ ਨੱਚਿਆ, ਘਟ ਘਟ ਅੰਦਰ ਡੇਰਾ ਲਾਈਆ । ਮਾਇਆ ਮਮਤਾ ਵਿਚ ਜੀਵ ਜਹਾਨ ਮੱਚਿਆ, ਅਗਨੀ ਤਤ ਨਾ ਕੋਇ ਬੁਝਾਈਆ । ਮੈਂ ਚਾਹੁੰਦਾ ਸਭ ਦੀ ਅੰਤ ਅਖ਼ੀਰ ਕਰਾਂ ਹੱਤਿਆ, ਹਤਿਆਰੇ ਦੁਸ਼ਟ ਦਿਆਂ ਖਪਾਈਆ । ਜਿਹੜਾ ਪ੍ਰਭ ਦੇ ਨਾਮ ਹੋਵੇ ਰੱਤਿਆ, ਭਗਤ ਭਗਵਨ ਰੂਪ ਦਰਸਾਈਆ । ਸਤਿ ਧਰਮ ਦੀ ਹੋਵੇ ਇਕ ਸੱਤਿਆ, ਸਤਿ ਪੁਰਖ ਨਿਰੰਜਣ ਇਕ ਮਨਾਈਆ । ਕੂੜੀ ਕਿਰਿਆ ਮੇਟ ਕੇ ਰੱਟਿਆ, ਰਟਣ ਇਕੋ ਨਾਮ ਲਗਾਈਆ । ਸਚ ਸਰਨਾਈ ਹੋਵੇ ਢੱਠਿਆ, ਪੁਰਖ ਅਕਾਲਾ ਇਸ਼ਟ ਮਨਾਈਆ । ਝਗੜਾ ਛਡ ਕੇ ਪੱਥਰ ਇੱਟਿਆ, ਪਾਹਨ ਸਿਲਾ ਦੂਰ ਕਰਾਈਆ । ਆਤਮ ਪਰਮਾਤਮ ਦਵਾਰੇ ਹੋਵੇ ਵਿਕਿਆ, ਵਿਕਾਰ ਹੰਕਾਰ ਵਿਭਚਾਰ ਡੇਰਾ ਢਾਈਆ । ਪੂਰਬ ਦਾ ਲੇਖਾ ਹੋਵੇ ਲਿਖਿਆ, ਧੁਰ ਮਸਤਕ ਖੋਜ ਖੁਜਾਈਆ । ਸਾਚੀ ਸਿਖਿਆ ਹੋਵੇ ਸਿਖਿਆ, ਸੋਹੰ ਢੋਲਾ ਗਾਏ ਚਾਈਂ, ਚਾਈਂਆ । ਮਨ ਵਾਸਨਾ ਵਿਚੋਂ ਹੋਵੇ ਜਿੱਤਿਆ, ਜਾਗਰਤ ਜੋਤ ਜੋਤ ਰੁਸ਼ਨਾਈਆ । ਝਗੜਾ ਮੁਕਾ ਕੇ ਵਡਿਆਂ ਨਿੱਕਿਆਂ, ਬਿਰਧ ਬਾਲ ਜਵਾਨਾ ਵੇਖ ਵਖਾਈਆ । ਸਚ ਪਿਆਰ ਦਾ ਬਣ ਕੇ ਮਿੱਤਿਆ, ਮਿੱਤਰ ਪਿਆਰਾ ਹੋ ਕੇ ਦਿਆਂ ਦਰਸਾਈਆ । ਕਾਲ ਕਹੇ ਮੈਂ ਲੱਖ ਚੁਰਾਸੀ ਖਾਵਾਂ ਪੁਰਖ ਅਕਾਲ ਮੇਰੀ ਇਹੋ ਇੱਛਿਆ, ਨਿਰ ਇੱਛਤ ਤੇਰੇ ਅੱਗੇ ਰਖਾਈਆ । ਸਚ ਹੁਕਮ ਦੀ ਪਾ ਦੇ ਭਿੱਛਿਆ, ਖ਼ਾਲੀ ਝੋਲੀ ਦੇ ਭਰਾਈਆ । ਸਿਰ ਤੇਰੇ ਚਰਨ ਕਵਲਾਂ ਉਤੇ ਸਿੱਟਿਆ, ਧੂੜੀ ਮਸਤਕ ਖ਼ਾਕ ਰਮਾਈਆ । ਜਿਸ ਦੀਨ ਦੁਨੀ ਨੂੰ ਤੂੰ ਕਿਹਾ ਮਿੱਥਿਆ, ਸਾਰੀ ਮਥ ਕੇ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਿਰ ਮੇਰੇ ਹੱਥ ਰਖਾਈਆ । ਕਾਲ ਕਹੇ ਮੈਂ ਲੱਖ ਚੁਰਾਸੀ ਗ੍ਰਸਾਂ, ਗ੍ਰਿਹਿ ਗ੍ਰਿਹਿ ਵੇਖ ਵਖਾਈਆ । ਦੀਨ ਦੁਨੀ ਵੇਖ ਵੇਖ ਹੱਸਾਂ, ਮਾਨਵ ਮਾਨਵ ਖੋਜ ਖੁਜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖਾਂ ਅੱਖਾਂ, ਪਰਦਾ ਪਰਦੇ ਵਿਚੋਂ ਚੁਕਾਈਆ । ਸਾਚਾ ਭਗਤ ਕੋਇ ਨਾ ਮਿਲੇ ਵਿਚੋਂ ਕੋਟਨ ਲੱਖਾਂ, ਅਣਗਿਣਤ ਦਿਸੇ ਲੋਕਾਈਆ । ਕਥਾ ਕਹਾਣੀ ਪ੍ਰਭੂ ਸਾਚੀ ਦੱਸਾਂ, ਕਹਿ ਕੇ ਦਿਆਂ ਸੁਣਾਈਆ । ਕਲਜੁਗ ਰੈਣ ਅੰਧੇਰੀ ਵੇਖ ਮੱਸਾ, ਸਾਚਾ ਚੰਦ ਨਾ ਕੋਇ ਚਮਕਾਈਆ । ਸਭ ਦੇ ਖ਼ਾਲੀ ਦਿਸਦੇ ਹੱਥਾ, ਨਾਮ ਵਸਤ ਹੱਥ ਕਿਸੇ ਨਾ ਆਈਆ । ਜਗਤ ਬਣਜਾਰੇ ਫਿਰਦੇ ਹੱਟਾਂ, ਭੱਜਣ ਵਾਹੋ ਦਾਹੀਆ । ਤੇਰਾ ਅੰਮ੍ਰਿਤ ਰਸ ਮਿਲੇ ਨਾ ਤੀਰਥ ਤੱਟਾਂ, ਗੰਗਾ ਗੋਦਾਵਰੀ ਜਮਨਾ ਸੁਰਸਤੀ ਮਾਰੇ ਧਾਈਆ । ਸਭ ਦਾ ਚੀਥੜ ਪੁਰਾਣਾ ਅੰਤਮ ਫਟਾ, ਓਢਣ ਸੀਸ ਨਾ ਕੋਇ ਰਖਾਈਆ । ਮੈਂ ਚਾਹੁੰਦਾ ਸਭ ਦਾ ਲੇਖਾ ਕਟਾਂ, ਕਟਾਕਸ਼ ਤੇਰਾ ਹੁਕਮ ਲਗਾਈਆ । ਦੀਨ ਦੁਨੀ ਜ਼ੀਰੋ ਵਿਚ ਜ਼ੀਰੋ ਕਰ ਦਿਆਂ ਬਟਾ, ਹਿੰਦਸਾ ਅੰਕੜਾ ਰਹਿਣ ਨਾ ਪਾਈਆ । ਕਿਸੇ ਦੀ ਕੀਮਤ ਰਹੇ ਨਾ ਟਕਾ, ਮਾਇਆਧਾਰੀ ਦਿਆਂ ਖਪਾਈਆ । ਕੂੜ ਕੁੜਿਆਰ ਕਰ ਇਕੱਠਾ, ਸ਼ੌਹ ਦਰਿਆ ਰੁੜ੍ਹਾਈਆ । ਮੈਂ ਤੇਰਾ ਸੂਰਬੀਰ ਦੁਲਾਰਾ ਹੱਟਾ ਕੱਟਾ, ਜੋਧਾ ਇਕੋ ਇਕ ਅਖਵਾਈਆ । ਕਰਾਂ ਖੇਲ ਬਾਜ਼ੀਗਰ ਨੱਟਾ, ਸਵਾਂਗੀ ਹੋ ਕੇ ਆਪਣਾ ਸਵਾਂਗ ਵਰਤਾਈਆ । ਇਕੋ ਥਾਪੀ ਮਾਰਾਂ ਉਪਰ ਪੱਟਾਂ, ਪਟਨੇ ਵਾਲਾ ਨਾਲ ਮਿਲਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਸਮੁੰਦ ਸਾਗਰ ਤੇਰਾ ਟੱਪਾਂ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਨਾ ਕੋਇ ਅਟਕਾਈਆ । ਜਗਤ ਵਿਕਾਰੀਆਂ ਮਾਰਾਂ

ਸੱਟਾਂ, ਧਰਨੀ ਧਰਤ ਧਵਲ ਉਤੇ ਲਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਧਾਰ ਦੀ ਬਖ਼ਸ਼ ਕੇ ਸੱਤਾ, ਸਤਿ ਸਤਿਵਾਦੀ ਆਪਣੀ ਦਇਆ ਕਮਾਈਆ ।

### ੨੩ ਚੇਤ ਸ਼ਹਿਨਸ਼ਾਹੀ ਸੰਮਤ ੬ ਬਾਬੇ ਮੋਤਾ ਸਿੰਘ ਦੇ ਗ੍ਰਿਹ ਪਿੰਡ ਕਲਸੀਆਂ

ਤੇਈ ਚੇਤ ਧਰਮ ਦੀ ਧਾਰ, ਸਤਿ ਸਚ ਸਮਝਾਈਆ । ਪਹਿਲਾ ਅੱਖਰ ਕਰਨਾ ਸੁਧਾਰ, ਸੁਧ ਸ਼ੁੱਧੀ ਵਿਚ ਵਡਿਆਈਆ । ਪਾਲ ਸਿੰਘ ਚੌਵੀ ਚੇਤ ਨੂੰ ਛੱਡਿਆ ਸੰਸਾਰ, ਸਚਖੰਡ ਵੱਜੀ ਵਧਾਈਆ । ਤੇਈ ਚੇਤ ਦਾ ਤੇਈ ਕਟ ਕੇ ਚੌਵੀ ਦਾ ਅੱਖਰ ਦੇਣਾ ਡਾਰ, ਅੱਗੇ ਭੁੱਲ ਰਹੇ ਨਾ ਰਾਈਆ । ਕਿਰਪਾ ਕਰੇ ਆਪ ਕਰਤਾਰ, ਹਰਿ ਕਰਤਾ ਧੁਰਦਰਗਾਹੀਆ । ਪੁਰਾਣਾ ਚੰਦੋਆ ਦੇਣਾ ਉਤਾਰ, ਉਪਰ ਨਜ਼ਰ ਕੋਇ ਨਾ ਆਈਆ । ਉਸ ਦਾ ਨਿੱਕਾ ਜੇਹਾ ਹਿੱਸਾ ਲਿਆ ਪਾੜ, ਭਗਤ ਦਵਾਰੇ ਭਗਤ ਸਿੰਘਾਸਣ ਉਤੇ ਟਿਕਾਈਆ । ਹੁਣ ਅਗਲਾ ਹੁਕਮ ਹੋਣਾ ਕੀ ਖੇਲ ਖੇਲਣਾ ਸਤਾਰਾਂ ਹਾੜ, ਨਵੀਂ ਨਵੀਂ ਧਾਰ ਪਰਗਟਾਈਆ । ਸ਼ੇਰ ਸਿੰਘ ਰਿਹਾ ਨਹੀਂ ਤਤਾਂ ਦਾ ਯਾਰ, ਲੇਖਾ ਤਨ ਦਿਤਾ ਗਵਾਈਆ । ਅੱਗੇ ਕਰਨੀ ਅਗੰਮੀ ਕਾਰ, ਜਿਸ ਨੂੰ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਤੇਈ ਚੇਤ ਕਹੇ ਮੇਰੀ ਕਰ ਦਿਓ ਦਰੁਸਤੀ, ਦਰੁਸਤ ਦਿਆਂ ਜਣਾਈਆ । ਕਲਮ ਕਾਨੀ ਕਰਨੀ ਫੁਰਤੀ, ਫੁਰਤੀਲਾ ਅੰਗ ਬਣਾਈਆ । ਜੇਹੜੀ ਧਾਰ ਅਕਾਲ ਮੂਰਤੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਉਸ ਦੀ ਮੰਜ਼ਲ ਨਾ ਨੇੜ ਨਾ ਦੂਰ ਦੀ, ਇਕੋ ਰੰਗ ਸਮਾਈਆ । ਸਤਿਗੁਰ ਸ਼ਬਦ ਵਿਚ ਲਿਖਤ ਰਹਿਣ ਨਹੀਂ ਦੇਣੀ ਕੂੜ ਦੀ, ਮਨ ਮਤ ਨਾ ਕੋਇ ਚਤੁਰਾਈਆ । ਜਿਥੇ ਬਖਸ਼ਸ਼ ਇਕੋ ਧੂੜ ਦੀ, ਟਿੱਕੇ ਧੁਰ ਦੇ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਚੰਦੋਆ ਕਹੇ ਮੇਰਾ ਮੇਰਾ ਹੋਇਆ ਪੁਰਾਣਾ, ਮੇਰੀ ਮੈਂ ਰਹੀ ਨਾ ਰਾਈਆ । ਮੇਰਾ ਵੇਖਣ ਵਾਲਾ ਬਾਣਾ, ਜ਼ਰੀ ਜ਼ਰ ਸੋਭਾ ਪਾਈਆ । ਮੈਂ ਵੇਖਦਾ ਰਿਹਾ ਖੇਲ ਮਹਾਨਾ, ਆਪਣੀ ਨਿਗਾਹ ਟਿਕਾਈਆ । ਚੌਦਾਂ ਸਾਲ ਸੁਣਦਾ ਰਿਹਾ ਗਾਣਾ, ਅਗੰਮੀ ਧੁਨ ਮਹਾਰਾਜ ਸ਼ੇਰ ਸਿੰਘ ਦੇ ਅੰਦਰ ਵੱਜਦੀ ਰਹੀ ਵਧਾਈਆ । ਮੇਰੇ ਥੱਲੇ ਸੌਂ ਕੇ ਨੌਂ ਵਾਰ ਬਦਲਿਆ ਸਰਹਾਣਾ, ਸਰਹਾਣਾ ਪੈਂਦ ਵਲ ਬਦਲਾਈਆ । ਫੇਰ ਵੇਖਿਆ ਮਾਰ ਧਿਆਨਾ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਜਾਂ ਤੱਕਿਆ ਗੋਬਿੰਦ ਧਾਰ ਪੂਰਨ ਬ੍ਰਹਮ ਗਿਆਨਾ, ਦੂਜਾ ਨਜ਼ਰ ਕੋਇ ਨਾ ਆਈਆ । ਇਹੋ ਭਵਿਖਤਾਂ ਦਾ ਨਿਸ਼ਾਨਾ, ਨਿਸ਼ਾਨਾ ਨਿਸ਼ਾਨੇ ਉਤੇ ਟਿਕਾਈਆ । ਜੋਤ ਜੋਤ ਰੂਪ ਨਿਰਗੁਣ ਧਾਰ ਮਹਾਨਾ, ਮਹਿਮਾ ਅਕਥ ਅਕਥ ਸਮਝਾਈਆ । ਚੰਦੋਆ ਕਹੇ ਮੈਂ ਉਪਰ ਤਣਿਆ ਥੱਲੇ ਚਰਨਾਂ ਵਿਚ ਕਰਦਾ ਰਿਹਾ ਪ੍ਰਨਾਮਾ, ਨਿਉਂ ਨਿਉਂ ਯਾਰਾਂ ਲੱਖ ਵਾਰ ਸੀਸ ਨਿਵਾਈਆ । ਫੇਰ ਵੇਖਿਆ ਵਰਤਦਾ ਉਸ ਦਾ ਭਾਣਾ, ਭਾਣੇ ਵਿਚ ਆਪਣੀ ਕਾਰ ਕਮਾਈਆ । ਛਡ ਕੇ ਜਗਤ ਜਹਾਨਾ, ਜੋਤ ਜੋਤ ਵਿਚ ਸਮਾਈਆ । ਪਰਗਟ ਹੋ ਕੇ ਵਿਸ਼ਨੂੰ ਭਗਵਾਨਾ, ਡੰਕਾ ਨਾਮ ਦਿਤਾ ਵਜਾਈਆ । ਮੇਰਾ ਚੀਥੜ ਵੇਖ ਪੁਰਾਣਾ, ਪ੍ਰਾਣ ਅਧਾਰੀ ਮੇਰਾ ਹੋਇਆ ਸਹਾਈਆ । ਹੁਣ ਦੁੱਖ ਦਲਿਦ੍ਰ ਇਨ੍ਹਾਂ ਦਾ ਸਾਰਾ

ਲਾਹਣਾ, ਵੇਲਾ ਵਕਤ ਦਏ ਗਵਾਹੀਆ । ਇਕ ਦਿਨ ਤਿੰਨ ਵਾਰ ਮੇਰੀ ਕੰਨੀਆਂ ਤਣੀਆਂ ਸਿੰਘ ਮਾਣਾ, ਉੱਤਰ ਪੂਰਬ ਪੱਛਮ ਗੰਢ ਦਵਾਈਆ । ਫੇਰ ਦੱਖਣ ਮੁਖ ਕਰਕੇ ਖਾਧਾ ਸੀ ਖਾਣਾ, ਉਗਲਾਂ ਪੰਜ ਮੁਖ ਲਗਾਈਆ । ਫੇਰ ਮੰਜਾ ਡਾਹ ਕੇ ਸਾਣਾ, ਸਿਰ ਪੈਂਦ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਆਪ ਆਪਣੇ ਵਿਚ ਛੁਪਾਣਾ, ਬਾਹਰੋਂ ਸਮਝ ਕੋਇ ਨਾ ਪਾਈਆ ।

## ✪ ੨੩ ਚੇਤ ਸ਼ਹਿਨਸ਼ਾਹੀ ਸੰਮ ੬ ਦਿਆਲ ਸਿੰਘ ਦੇ ਗ੍ਰਿਹ ਪਿੰਡ ਡਲ ✪

ਕਲਜੁਗ ਕਹੇ ਕਾਲ ਉਠ ਮਹਾਂਕਾਲ ਦੇ ਧਰਮ ਭੁਯੰਗੀ, ਭੁਜਾ ਆਪਣੀ ਬਲ ਧਰਾਈਆ । ਤੂੰ ਚੁਰਾਸੀ ਲੱਖ ਦਾ ਯੋਧਾ ਸੂਰਬੀਰ ਜੰਗੀ, ਬਹਾਦਰ ਇਕੋ ਇਕ ਅਖਵਾਈਆ । ਆਪਣੀ ਤੇਜ਼ ਕਟਾਰ ਕਰ ਨੰਗੀ, ਨੌਂ ਖੰਡ ਪ੍ਰਿਥਮੀ ਸੱਤ ਦੀਪ ਦੇ ਚਮਕਾਈਆ । ਤੇਰਾ ਰਾਹ ਤਕੇ ਗੋਬਿੰਦ ਵਾਲੀ ਚੰਡੀ, ਚੰਡਾਲ ਰੂਪ ਹੋਈ ਲੋਕਾਈਆ । ਸਭ ਦੀ ਵਾਸਨਾ ਹੋਈ ਗੰਦੀ, ਅੰਤਰ ਅੰਮ੍ਰਿਤ ਰਸ ਨਾ ਕੋਇ ਵਖਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋਈ ਨੰਗੀ, ਓਢਣ ਨਾਮ ਸੀਸ ਨਾ ਕੋਇ ਟਿਕਾਈਆ । ਸਦੀ ਚੌਧਵੀ ਜਾਂਦੀ ਲੰਘੀ, ਮੁਹੰਮਦ ਵੇਖੇ ਚਾਈ ਚਾਈਆ । ਚਾਰ ਕੁੰਟ ਦਹਿ ਦਿਸ਼ਾ ਮਨ ਕਲਪਣਾ ਹੋਈ ਪਖੰਡੀ, ਸਤਿ ਦਾ ਰਾਹ ਨਾ ਕੋਇ ਵਖਾਈਆ । ਆਤਮਾ ਪਰਮਾਤਮਾ ਬਿਨਾ ਹੋਈ ਰੰਡੀ, ਸ਼ਬਦ ਸੁਹਾਗੀ ਕੰਤ ਨਾ ਕੋਇ ਹੰਢਾਈਆ । ਪ੍ਰੀਆ ਪ੍ਰੀਤਮ ਲਾਵੇ ਨਾ ਕਿਸੇ ਕਾਰ ਅੰਗੀ, ਅੰਗਣ ਅੰਗ ਨਾ ਕੋਇ ਲਗਾਈਆ । ਅੰਮ੍ਰਿਤ ਮਿਲੇ ਨਾ ਜਮਨਾ ਸੁਰਸਤੀ ਗੋਦਾਵਰੀ ਗੰਗੀ, ਅਠਸਠ ਤੀਰਥ ਰੋਵਣ ਮਾਰਨ ਧਾਈਆ । ਕਲਜੁਗ ਜੀਵ ਜੰਤ ਸਾਧ ਸੰਤ ਹੋਏ ਡੰਬੀ, ਬ੍ਰਹਮ ਵਿਦਿਆ ਨਾ ਕੋਇ ਪੜ੍ਹਾਈਆ । ਧਰਨੀ ਧਰਤ ਧਵਲ ਧੌਲ ਥਰ ਥਰਾਹਟ ਵਿਚ ਕੰਬੀ, ਧੀਰਜ ਧੀਰ ਨਾ ਕੋਇ ਧਰਾਈਆ । ਝਗੜਾ ਪਿਆ ਕਾਇਆ ਮਾਟੀ ਚੰਮੀ, ਹਿੰਦੂ ਮੁਸਲਿਮ ਸਿਖ ਈਸਾਈ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਕਲਜੁਗ ਕਹੇ ਕਾਲ ਉਠ ਵੇਖ ਕਲਕਾਤੀ, ਕਰਮ ਕਾਂਡ ਖੋਜ ਖੁਜਾਈਆ । ਝਗੜਾ ਪਿਆ ਦੀਨ ਮਜ਼੍ਹਬ ਜ਼ਾਤ ਪਾਤੀ, ਆਤਮ ਬ੍ਰਹਮ ਨਾ ਕੋਇ ਸਮਝਾਈਆ । ਚਾਰ ਜੁਗ ਦੀ ਧਾਰ ਵੇਖ ਕਾਗ਼ਜ਼ਾਤੀ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਖੋਜ ਖੁਜਾਈਆ । ਸਾਚਾ ਇਲਮ ਹੱਥ ਨਾ ਆਏ ਸਫ਼ਾਤੀ, ਅੱਖਰਾਂ ਵਾਲੀ ਸਾਰੇ ਕਰਨ ਪੜ੍ਹਾਈਆ । ਸਤਿਗੁਰ ਸ਼ਬਦ ਦਾ ਬਣੇ ਨਾ ਕੋਇ ਜਮਾਤੀ, ਮੰਜ਼ਲ ਹੱਕ ਨਾ ਕੋਇ ਵਖਾਈਆ । ਜੀਵਣ ਵਿਚ ਬਦਲੇ ਨਾ ਕਿਸੇ ਹਯਾਤੀ, ਜ਼ਿੰਦਗੀ ਜ਼ਿੰਦਾ ਨਾ ਕੋਇ ਕਰਾਈਆ । ਸਾਚੇ ਮੰਡਲ ਵੇਖੇ ਕੋਇ ਨਾ ਰਾਸੀ, ਬਿਨ ਗੋਪੀ ਕਾਹਨ ਰਾਸ ਰਚਾਈਆ । ਜਿਧਰ ਤਕੇ ਦੀਨ ਦੁਨੀ ਮਧਰਾ ਮਾਸੀ, ਨਾਮ ਖ਼ੁਮਾਰੀ ਮਸਤੀ ਹੱਥ ਕਿਸੇ ਨਾ ਆਈਆ । ਧਰਮ ਦਾ ਰਿਹਾ ਕੋਇ ਨਾ ਸਾਥੀ, ਸਤਿ ਦਾ ਸੰਗ ਨਾ ਕੋਇ ਨਿਭਾਈਆ । ਸਚ ਦਵਾਰ ਦੀ ਚੜ੍ਹੇ ਕੋਇ ਨਾ ਘਾਟੀ, ਹਰਿ ਕਾ ਦਰਸ ਕੋਇ ਨਾ ਪਾਈਆ । ਮੈਂ ਚਾਹੁੰਦਾ ਕਲਜੁਗ ਮੇਟ ਅੰਧੇਰੀ ਰਾਤੀ, ਸਤਿਜੁਗ ਸਚ ਹੋਵੇ ਰੁਸ਼ਨਾਈਆ । ਕੂੜੀ ਕਿਰਿਆ ਕੋਲੋਂ ਕਰ ਖੁਲਾਸੀ, ਵਾਗ ਇਕੋ ਖ਼ਸਮ ਹੱਥ ਫੜਾਈਆ ।

ਬਿਨ ਤੇਰੇ ਤਤਾਂ ਵਾਲੇ ਬੰਧਨ ਦੀ ਬੰਦ ਕਰੇ ਨਾ ਕੋਇ ਖੁਲਾਸੀ, ਤਨ ਵਜੂਦ ਨਾਤਾ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਾਚਾ ਹੁਕਮ ਇਕ ਸੁਣਾਈਆ । ਕਲਜੁਗ ਕਹੇ ਕਾਲ ਮੇਰਾ ਬਣਾ ਲੈ ਸੰਗ, ਸਗਲਾ ਸੰਗ ਰਖਾਈਆ । ਨੌਂ ਖੰਡ ਪ੍ਰਿਥਮੀ ਨੱਚ ਬਣ ਮਲੰਗ, ਡੌਰੂ ਘਰ ਘਰ ਡੰਕ ਵਜਾਈਆ । ਸਭ ਨੂੰ ਹੈਰਾਨ ਕਰ ਦੇ ਦੰਗ, ਦੰਗਾ ਕਰੇ ਜਗਤ ਲੋਕਾਈਆ । ਸਦੀ ਚੌਧਵੀਂ ਕਰਾ ਦੇ ਇਕ ਜੰਗ, ਦੀਨ ਦੁਨੀ ਬਚਿਆ ਰਹਿਣ ਕੋਇ ਨਾ ਪਾਈਆ । ਕੂੜ ਕੁਕਰਮ ਦੇ ਖੰਡੇ ਨਾਲ ਕਰ ਦੇ ਖੰਡ ਖੰਡ, ਸਿਰ ਧੜ ਨਾ ਕੋਇ ਚਤੁਰਾਈਆ । ਇਹੋ ਆਸਾ ਇਹੋ ਮਨਸਾ ਕਲਜੁਗ ਮੇਰੀ ਇਹੋ ਉਮੰਗ, ਮਨਸਾ ਆਪਣੀ ਦਿਆਂ ਸਮਝਾਈਆ । ਮੇਰਾ ਚਾਰ ਲੱਖ ਬੱਤੀ ਹਜ਼ਾਰ ਸਮਾਂ ਬੜਾ ਲੰਬਾ ਨਾ ਜਾਏ ਲੰਘ, ਬਿਨਾ ਕੂੜ ਕੁਕਰਮ ਤੋਂ ਹੋਏ ਨਾ ਕਦੇ ਸਫ਼ਾਈਆ । ਮੈਂ ਵੇਖ ਕਰਾਇਆ ਅੰਧੇਰਾ ਅੰਧ, ਗੋਬਿੰਦ ਦੇ ਬੱਚੇ ਨੀਹਾਂ ਹੇਠ ਦਬਾਈਆ । ਤੂੰ ਸਭ ਦਾ ਲੇਖਾ ਰਾਏ ਧਰਮ ਤੋਂ ਮੰਗ, ਚਿਤ੍ਰਗੁਪਤ ਹਿਸਾਬ ਵਖਾਈਆ । ਫੇਰ ਸਭ ਦੀ ਸੁਤਿਆਂ ਜਾਗਦਿਆਂ ਵੱਢ ਕੰਡ, ਖੰਡਾ ਖੜਗ ਖੜਗ ਚਮਕਾਈਆ । ਵੇਖੀਂ ਕਿਤੇ ਸਦੀ ਚੌਧਵੀਂ ਨਾ ਜਾਏ ਲੰਘ, ਮੁਹੰਮਦ ਦੀ ਆਸਾ ਪੂਰ ਕਰਾਈਆ । ਕਲਜੁਗ ਕਹੇ ਧੁਰ ਦੇ ਕਾਲ ਆਪਣੇ ਪ੍ਰੇਮ ਦਾ ਕਸ ਤੰਗ, ਆਸਣ ਆਪਣਾ ਆਪ ਬਣਾਈਆ । ਉੱਤਰ ਪੂਰਬ ਪੱਛਮ ਦੱਖਣ ਚਾਰੇ ਕੂਟ ਜਾਏ ਲੰਘ, ਅੱਗੇ ਹੋ ਨਾ ਕੋਇ ਅਟਕਾਈਆ । ਇਕੋ ਹੁਕਮ ਮੰਨਣਾ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੂਰੇ ਸਰਬੰਗ, ਜੋ ਪੁਰਖ ਅਕਾਲ ਦੀਨ ਦਿਆਲ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਹਿਬ ਸੁਲਤਾਨ ਸੂਰਾ ਸਰਬੰਗ, ਸਦ ਹੁਕਮੇ ਵਿਚ ਰਖਾਈਆ ।


੪੨੬ ੨੨

### ੨੩ ਚੇਤ ਸ਼ਹਿਨਸ਼ਾਹੀ ਸੰਮਤ ੬ ਮਨੀ ਸਿੰਘ ਦੇ ਗ੍ਰਿਹ ਪਿੰਡ ਸਿਧਵਾਂ

ਚਿਤ੍ਰਗੁਪਤ ਕਹੇ ਕਲਜੁਗ ਦਾ ਲੇਖਾ ਕੀਤਾ ਹਿਸਾਬ, ਹਿੰਦਸਾ ਹਿੰਦਸਾ ਵੇਖ ਵਖਾਈਆ । ਮੇਰੀ ਲਿਖਣ ਵਾਲੀ ਭਰ ਗਈ ਸਾਰੀ ਕਿਤਾਬ, ਖ਼ਾਲੀ ਸਫ਼ਾ ਨਜ਼ਰ ਕੋਇ ਨਾ ਆਈਆ । ਰਾਏ ਧਰਮ ਦੇਣਾ ਚਾਹੇ ਅਜ਼ਾਬ, ਬਲ ਆਪਣਾ ਰਿਹਾ ਜਣਾਈਆ । ਕਿਉਂ ਕਿਸੇ ਦਾ ਕਬੂਲ ਨਾ ਹੋਇਆ ਸੱਯਦਾ ਅਦਾਬ, ਨਮਸਤੇ ਨਮੋ ਨਾ ਕੋਇ ਵਡਿਆਈਆ । ਮਾਇਆ ਗ਼ਫ਼ਲਤ ਵਿਚੋਂ ਖੁਲ੍ਹੀ ਕਿਸੇ ਨਾ ਜਾਗ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਚਾਰ ਵਰਨ ਅਠਾਰਾਂ ਬਰਨ ਲੱਗੀ ਆਗ, ਅੰਮ੍ਰਿਤ ਮੇਘਲਾ ਮੇਘ ਨਾ ਕੋਇ ਬਰਸਾਈਆ । ਮਿਲਿਆ ਮੇਲ ਨਾ ਮੋਹਨ ਮਾਧਵ ਮਾਧ, ਧੁਨ ਬੰਸਰੀ ਨਾਮ ਨਾ ਕੋਇ ਸੁਣਾਈਆ । ਜੀਵ ਜੰਤ ਹੰਸ ਬੁੱਧੀ ਹੋਏ ਕਾਗ, ਦਿਵਸ ਰੈਣ ਕਾਗ ਵਾਂਗ ਕੁਰਲਾਈਆ । ਕਿਸੇ ਖੇੜੇ ਲੱਗਾ ਨਾ ਭਾਗ, ਭਗਵਨ ਮਿਲਣ ਕੋਇ ਨਾ ਆਈਆ । ਦੁਰਮਤ ਮੈਲ ਧੋਵੇ ਕੋਇ ਨਾ ਦਾਗ਼, ਪਾਪਾਂ ਕਰੇ ਨਾ ਕੋਇ ਸਫ਼ਾਈਆ । ਬਹੁੜੀ ਬਹੁੜੀ ਸਾਰਾ ਕਰੇ ਸਮਾਜ, ਸਾਂਤਕ ਸਤਿ ਨਾ ਕੋਇ ਵਰਤਾਈਆ । ਅਵਤਾਰ ਪੈਗ਼ੰਬਰ ਗੁਰੂ ਆਉਂਦੇ ਰਹੇ ਇਕ ਦੂਜੇ ਤੋਂ ਬਾਦ, ਯੱਕੇ ਬਾਦ ਦੀਗਰੇ ਆਪਣੀ ਸੇਵ ਕਮਾਈਆ । ਸਚ ਸੰਦੇਸ਼ਾ ਦੇ ਕੇ ਗਏ ਅਹਿਲਾਦ, ਹੁਕਮ ਹੁਕਮ ਵਿਚੋਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਅਗੰਮ ਅਥਾਹੀਆ । ਚਿਤ੍ਰਗੁਪਤ ਕਹੇ ਮੇਰੀ ਲਿਖ ਲਿਖ ਥੱਕੀ ਕਾਨੀ, ਕਾਇਨਾਤ ਕਰਮ ਖੋਜ ਖੁਜਾਈਆ । ਚਾਰੋਂ ਕੁੰਟ ਦਿਸੇ ਹਾਨੀ, ਦਹਿ ਦਿਸ਼ਾ ਨਾ ਕੋਇ ਵਡਿਆਈਆ । ਹਿਰਦੇ ਵਸਿਆ ਨਾ ਕਿਸੇ ਕਲਮਾ ਬਾਣੀ, ਨਾਮ ਨਿਧਾਨਾ ਅਣਿਆਲਾ ਤੀਰ ਨਾ ਕੋਇ ਲਗਾਈਆ । ਆਤਮ ਪਰਮਾਤਮ ਹੋਈ ਨਾ ਜਾਣ ਜਾਣੀ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਖੋਜੀ ਵੇਖੀ ਤਕੀ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਸਰਗੁਣ ਧਾਰ ਨਿਰਗੁਣ ਭੁੱਲਿਆ ਪ੍ਰਾਣੀ, ਪ੍ਰਾਣਪਤਿ ਪ੍ਰਭ ਮਿਲਣ ਕੋਇ ਨਾ ਪਾਈਆ । ਏਸੇ ਕਾਰਨ ਸ੍ਰਿਸ਼ਟੀ ਹੋਣੀ ਫ਼ਾਨੀ, ਫ਼ੈਸਲਾ ਹੱਕ ਹੱਕ ਸੁਣਾਈਆ । ਕਾਲ ਬਲ ਧਾਰਨਾ ਇਕ ਜਵਾਨੀ, ਜੋਬਨਵੰਤੇ ਲੈਣੀ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਾਲ ਕਹੇ ਮੈਂ ਸੂਰਬੀਰ ਬਾਂਕਾ, ਚਿਤ੍ਰਗੁਪਤ ਦਿਆਂ ਜਣਾਈਆ । ਦੀਨ ਦੁਨੀ ਦਾ ਵੇਖਾਂ ਖ਼ਾਕਾ, ਨਕਸ਼ਾ ਫੋਲਣਾ ਖ਼ਲਕ ਖ਼ੁਦਾਈਆ । ਜਗਤ ਵਿਕਾਰੀ ਖੋਲ੍ਹਾਂ ਤਾਕਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜਿਸ ਨੇ ਸਾਹਿਬ ਪ੍ਰਭੂ ਨਹੀਂ ਜਾਤਾ, ਮਿਲਿਆ ਮੇਲ ਨਾ ਧੁਰਦਰਗਾਹੀਆ । ਉਨ੍ਹਾਂ ਦੀ ਮਿੱਟੀ ਉਡਾਵਾਂ ਖ਼ਾਕਾ, ਬਚਿਆ ਰਹਿਣ ਕੋਇ ਨਾ ਪਾਈਆ । ਲਹਿਣਾ ਦੇਣਾ ਰਹੇ ਨਾ ਬਾਕਾ, ਹਿਸਾਬ ਤੇਰੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਚਿਤ੍ਰਗੁਪਤ ਕਹੇ ਕਾਲ ਆਹ ਵੇਖ ਮੇਰੀ ਲਕੀਰ, ਮਹਾਂਕਾਲ ਦਏ ਸਮਝਾਈਆ । ਦੀਨ ਦੁਨੀ ਵੇਖੀ ਸ਼ਾਹ ਹਕੀਰ, ਬਿਰਧ ਬਾਲ ਖੋਜ ਖੁਜਾਈਆ । ਤਕੇ ਸੂਫ਼ੀ ਸੰਤ ਫ਼ਕੀਰ, ਬਗ਼ਲੀਆਂ ਬਗ਼ਲਾਂ ਵਿਚ ਟਿਕਾਈਆ । ਸ਼ਰਅ ਮਜ਼੍ਹਬ ਤਕੇ ਜ਼ੰਜੀਰ, ਛੁਰੀ ਵੇਖੀ ਰੂਪ ਕਸਾਈਆ । ਅੰਤ ਸਾਰੇ ਹੋਏ ਦਿਲਗੀਰ, ਧੀਰਜ ਧੀਰ ਨਾ ਕੋਇ ਰਖਾਈਆ । ਹਉਮੇ ਸਭ ਦੇ ਅੰਦਰ ਪੀੜ, ਬਿਰਹੋ ਰੋਗ ਨਾ ਕੋਇ ਕਢਾਈਆ । ਬਦਲ ਸਕੇ ਨਾ ਕੋਇ ਤਕਦੀਰ, ਤਦਬੀਰ ਸਚ ਨਾ ਕੋਇ ਜਣਾਈਆ । ਕਲਜੁਗ ਵੇਲਾ ਅੰਤ ਅਖ਼ੀਰ, ਅਵਤਾਰ ਪੈਗ਼ੰਬਰ ਗੁਰੂ ਦੇਣ ਗਵਾਹੀਆ । ਕਿਸੇ ਦੀ ਰਹਿਣ ਨਹੀਂ ਦੇਣੀ ਮਿਲਖ ਜਾਗੀਰ, ਸ਼ਹਿਨਸ਼ਾਹ ਸ਼ਾਹੀ ਦੇਣੀ ਬਦਲਾਈਆ । ਸਦੀ ਚੌਧਵੀਂ ਅੰਤ ਨਿਰਗੁਣ ਧਾਰ ਕਰਨਾ ਤੂੰ ਵਹੀਰ, ਭੱਜਣਾ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਸ਼ਬਦੀ ਧਾਰ ਕਰੇ ਤਾਮੀਰ, ਅਖ਼ੀਰ ਅੰਤ ਲੇਖਾ ਦਏ ਮੁਕਾਈਆ ।



੪੨੧
੨੨

### ✪ ੨੪ ਚੇਤ ਸ਼ਹਿਨਸ਼ਾਹੀ ਸੰਮਤ ੬ ਸਮੁੰਦ ਸਿੰਘ ਦੇ ਗ੍ਰਿਹਿ ਪਿੰਡ ਮਾੜੀ ✪

ਕਲਜੁਗ ਕਹੇ ਪ੍ਰਭੂ ਸਾਚੇ ਭਗਤਾਂ ਦੇ ਸੁਮਤਿ, ਸਮਗਰੀ ਨਾਮ ਸਤਿ ਵਰਤਾਈਆ । ਕਾਇਆ ਤ੍ਰੈਗੁਣ ਤਪੇ ਨਾ ਅਗਨੀ ਤਤ, ਅੰਮ੍ਰਿਤ ਮੇਘ ਦੇਣਾ ਬਰਸਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਰਤਨ ਅਮੋਲਕ ਹੀਰੇ ਲਏ ਪਰਗਟਾਈਆ । ਧੀਰਜ ਅੰਦਰ ਦੇ ਸੰਤੋਖ ਜਤ, ਜਾਗਰਤ ਜੋਤ ਕਰ ਰੁਸ਼ਨਾਈਆ । ਮਨ ਕਲਪਣਾ ਰਹੇ ਮੂਲ ਨਾ ਹੱਠ, ਹਉਮੇ ਹੰਗਤਾ ਦੇਣੀ ਮਿਟਾਈਆ । ਵਿਕਾਰ ਵਿਭਚਾਰ ਦੇਣਾ ਕਟ, ਕਟਾਕਸ਼

ਧੁਰ ਦਾ ਨਾਮ ਲਗਾਈਆ । ਸੁਰਤੀ ਸ਼ਬਦੀ ਮਾਰ ਕੇ ਸੱਟ, ਸੋਈ ਸਾਹਿਬ ਲੈਣੀ ਉਠਾਈਆ । ਦਹਿ ਦਿਸ਼ਾ ਨਾ ਜਾਏ ਉਠ ਉਠ ਨੱਠ, ਘਰ ਮੰਦਰ ਇਕ ਵਖਾਈਆ । ਜਿਥੇ ਰਹੇ ਪੁਰਖ ਸਮਰਥ, ਹਰਿ ਕਰਤਾ ਸਹਿਜ ਸੁਖਦਾਈਆ । ਬਿਰਧ ਬਾਲ ਦੋਹਾਂ ਦੀ ਪੂਰੀ ਕਰਨੀ ਆਸ, ਤ੍ਰਿਸ਼ਨਾ ਤ੍ਰਿਖਾ ਦੇਣੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰ ਨਿਗਾਹ ਇਕ ਟਿਕਾਈਆ । ਮਨ ਕਲਪਣਾ ਨਾ ਹੋਏ ਸ਼ੋਰ, ਅਗਨੀ ਅੱਗ ਨਾ ਕੋਇ ਤਪਾਈਆ । ਅੰਧ ਅੰਧੇਰਾ ਮਿਟੇ ਘੋਰ, ਪਰਦਾ ਪਰਦੇ ਵਿਚੋਂ ਉਠਾਈਆ । ਵਸਤੂ ਘਰ ਵੜੇ ਨਾ ਚੋਰ, ਨਿੰਦਕ ਨਿੰਦਿਆ ਨਾ ਕੋਇ ਸਮਝਾਈਆ । ਸਚ ਮੁਹੱਬਤ ਵਿਚ ਦੇਵੇ ਜੋੜ, ਜੋੜੀ ਬਿਰਧ ਬਾਲ ਬਣਾਈਆ । ਜਗਤ ਪ੍ਰੀਤੀ ਨਿਭੇ ਤੋੜ, ਤੁਟਿਆਂ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸਵਾਮੀ ਹੋਏ ਸਹਾਈਆ । ਰਾਏ ਧਰਮ ਕਹੇ ਮੈਂ ਸ੍ਰਿਸ਼ਟੀ ਦਾ ਵੇਖਿਆ ਧਰਮ, ਧਰਮ ਦਵਾਰੇ ਖੋਜ ਖੁਜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਪਿਆ ਭਰਮ, ਭਾਂਡਾ ਭਰਮ ਨਾ ਕੋਇ ਭੰਨਾਈਆ । ਜਗਤ ਜਗਿਆਸੂ ਸਿੱਧ ਹੋਵੇ ਕਿਸੇ ਨਾ ਕਰਮ, ਕਰਮ ਕਾਂਡ ਵਿਚ ਭੁਲਾਈਆ । ਨੇਤਰ ਰੋਵੇ ਵਰਨ ਬਰਨ, ਚਾਰ ਅਠਾਰਾਂ ਦਏ ਦੁਹਾਈਆ । ਸਚ ਮਿਲੇ ਕੋਇ ਨਾ ਸਰਨ, ਸਿਰ ਹੱਥ ਨਾ ਕੋਇ ਟਿਕਾਈਆ । ਸੁਫਲ ਹੋਵੇ ਨਾ ਜਨਮ ਮਰਨ, ਚੁਰਾਸੀ ਪੰਧ ਨਾ ਕੋਇ ਮੁਕਾਈਆ । ਰਸਨਾ ਢੋਲੇ ਸਾਰੇ ਪੜ੍ਹਨ, ਹਿਰਦੇ ਹਰਿ ਨਾ ਕੋਇ ਟਿਕਾਈਆ । ਹਕੀਕੀ ਮੰਜ਼ਲ ਮੂਲ ਨਾ ਚੜ੍ਹਨ, ਦਰ ਘਰ ਸਚ ਨਾ ਕੋਇ ਸੁਹਾਈਆ । ਜਿਧਰ ਤਕਾਂ ਸ਼ਾਸਤਰਾਂ ਨਾਲ ਲੜਨ, ਕਲਮਾ ਨਾਮ ਨਾਲ ਟਕਰਾਈਆ । ਭੇਵ ਖੁਲ੍ਹੇ ਨਾ ਚੋਟੀ ਜੜ੍ਹਨ, ਚੇਤਨ ਜੜ੍ਹ ਨਾ ਕੋਇ ਸਮਝਾਈਆ । ਨੇਤਰ ਖੁਲ੍ਹੇ ਨਾ ਹਰਨ ਫਰਨ, ਸਾਧ ਸੰਤ ਨੇਤਰ ਨੈਣ ਨਾ ਕੋਇ ਚਤੁਰਾਈਆ । ਮਾਇਆ ਰਾਣੀ ਪਾਣੀ ਸਾਰੇ ਭਰਨ, ਸੀਸ ਜਗਦੀਸ ਨਾ ਕੋਇ ਨਿਵਾਈਆ । ਕੂੜ ਕੁੜਿਆਰ ਦਵਾਰੇ ਖੜ੍ਹਨ, ਸਚ ਗ੍ਰਿਹਿ ਨਾ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵਡਾ ਵਡ ਵਡਿਆਈਆ । ਰਾਏ ਧਰਮ ਕਹੇ ਚਿਤ੍ਰਗੁਪਤ ਲੇਖਾ ਲਿਖਿਆ ਕੀ, ਬਿਨ ਕਲਮ ਸ਼ਾਹੀ ਸਮਝਾਈਆ । ਕਾਲ ਕਹੇ ਮੈਂ ਵੇਖਣਾ ਲੱਖ ਚੁਰਾਸੀ ਜੀਅ, ਜਗਤ ਸੰਤ ਖੋਜ ਖੁਜਾਈਆ । ਝਗੜਾ ਮੇਟਣਾ ਸਾਢੇ ਤਿੰਨ ਹੱਥ ਸੀਂਅ, ਰਵਦਾਸ ਚਮਾਰਾ ਦਏ ਗਵਾਹੀਆ । ਨਾਤਾ ਤੋੜ ਕੇ ਪੁੱਤਰ ਧੀ, ਮਾਤ ਪਿਤ ਲੇਖਾ ਦੇਣਾ ਮੁਕਾਈਆ । ਕੂੜੀ ਕਲਪਣਾ ਕੁਕਰਮ ਬੀਜ ਕੇ ਬੀ, ਬੀਆਬਾਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਹੁਕਮ ਇਕ ਸੁਣਾਈਆ । ਕਾਲ ਕਹੇ ਚਿਤ੍ਰਗੁਪਤ ਮੈਂ ਉਠਿਆ, ਰਾਏ ਧਰਮ ਬਲ ਧਾਰ । ਹੁਕਮ ਦੇਵੇ ਅਬਿਨਾਸ਼ੀ ਅਚੁਤਿਆ, ਪਾਰਬ੍ਰਹਮ ਸੱਚੀ ਸਰਕਾਰ । ਚਾਰੋਂ ਕੁੰਟ ਸ਼ੇਰ ਹੋ ਕੇ ਬੁੱਕਿਆ, ਭਬਕ ਮਾਰੀ ਇਕ ਲਲਕਾਰ । ਜੋ ਜੀਵ ਪ੍ਰਭ ਦੇ ਰਾਹੋਂ ਘੁਥਿਆ, ਅੰਤਮ ਫੜ ਫੜ ਕਰਾਂ ਖ਼ੁਆਰ । ਜਿਸ ਵੇਲੇ ਮੁਹੰਮਦ ਦਾ ਪੈਂਡਾ ਮੁੱਕਿਆ, ਸਦੀ ਚੌਧਵੀਂ ਆਵੇ ਹਾਰ । ਨਬੀ ਰਸੂਲਾਂ ਅੰਤਰ ਹੋਵੇ ਦੁੱਖਿਆ, ਹਾਹਾਕਾਰ ਕਰੇ ਸੰਸਾਰ । ਧੁਰ ਦਾ ਭਾਣਾ ਕਦੇ ਨਾ ਰੁਕਿਆ, ਨਾ ਕੋਇ ਮੇਟੇ ਮੇਟਣਹਾਰ । ਪ੍ਰਭ ਨੇ ਗੇੜ ਚਲਾਉਣਾ ਪੁੱਠਿਆ, ਉਲਟੀ ਵਹੇ ਧਾਰ । ਜਿਸ ਦਾ ਨਾਤਾ ਆਤਮ ਪਰਮਾਤਮ ਤੁੱਟਿਆ, ਲੱਖ ਚੁਰਾਸੀ ਹੋਵੇ ਖ਼ੁਆਰ । ਕਾਲ ਕਹੇ ਮੈਂ ਅੰਤ ਅਖ਼ੀਰ ਸਭ ਨੂੰ ਪੁਛਿਆ, ਆਵਾਜ਼ ਅਗੰਮੀ ਉਚੀ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੪੨੮
੨੨

ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਨਿਤ ਨਵਿਤ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਪਰਵਰਦਿਗਾਰ ਸੱਚੀ ਸਰਕਾਰ ।

## ੨੪ ਚੇਤ ਸ਼ਹਿਨਸ਼ਾਹੀ ਸੰਮਤ ੬ ਗੰਡਾ ਸਿੰਘ ਦੇ ਘਰ ਪਿੰਡ ਦੁਰਾਜਕੇ

ਮਹਾਂਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਸਾਰੇ ਦਿਉ ਸਬੂਤ, ਬੇਸਬਰ ਸਬਰ ਨਾਲ ਜਣਾਈਆ । ਇਸ਼ਾਰਾ ਕਰੋ ਜੋ ਪਾਕ ਪੂਤ ਕਲਬੂਤ, ਕਲਮਾ ਨਾਮ ਨਾਲ ਵਡਿਆਈਆ । ਜਿਥੇ ਪ੍ਰਕਾਸ਼ ਪੰਜ ਭੂਤ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਆਤਮ ਪਰਮਾਤਮ ਹੋਵੇ ਸੂਝ, ਸਮਝ ਤੋਂ ਪਰੇ ਸਮਝ ਸਮਝਾਈਆ । ਕਾਇਆ ਕਾਅਬਾ ਦੱਸੋ ਆਅਲਾ ਅਰਸ਼ ਅਰੂਜ਼, ਪ੍ਰੀਤਮ ਅਰਸ਼ੀ ਵੇਖ ਵਖਾਈਆ । ਜਿਹੜੇ ਸਿਖ ਮੁਰੀਦ ਮਾਤ ਕੀਤੇ ਮਹਿਫ਼ੂਜ਼, ਸ਼ਬਦ ਇਸ਼ਾਰੇ ਲਓ ਉਠਾਈਆ । ਜਿਥੇ ਨਜ਼ਰ ਨਾ ਆਏ ਦਵੈਤ ਦੂਜ, ਦੁਤੀਆ ਭਉ ਨਾ ਕੋਇ ਰਖਾਈਆ । ਇਕੋ ਮੰਜ਼ਲ ਹੋਵੇ ਮਕਸੂਦ, ਗ੍ਰਹਿ ਇਕੋ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਵਣ ਦਵਾਰੇ ਦੇਵੇ ਵਰ, ਸਤਿ ਸਚ ਸਚ ਵਰਤਾਈਆ । ਮਹਾਂਕਾਲ ਕਹੇ ਰਾਏ ਧਰਮ ਚਿਤ੍ਰਗੁਪਤ, ਖੁਫ਼ੀਆ ਭੇਵ ਰਹੇ ਨਾ ਰਾਈਆ । ਚਾਰ ਜੁਗ ਪ੍ਰਭ ਦਾ ਨਾਮ ਜੁਗ ਚੌਕੜੀ ਮਿਲਿਆ ਮੁਫ਼ਤ, ਕੀਮਤ ਕਰਤਾ ਨਾ ਕੋਇ ਰਖਾਈਆ । ਕਿਉਂ ਦੀਨ ਦੁਨੀ ਹੋਈ ਏਸ ਦੇ ਉਲਟ, ਮਾਰਗ ਰਸਤਾ ਗਈ ਭੁਲਾਈਆ । ਕਿਸੇ ਹੱਥ ਧਰੇ ਕੋਇ ਨਾ ਪੁਸ਼ਤ, ਪੁਸ਼ਤ ਪਨਾਹ ਨਾ ਕੋਇ ਜਣਾਈਆ । ਕਿਉਂ ਸਦੀ ਚੌਧਵੀਂ ਸਾਰੇ ਹੋ ਗਏ ਸੁਸਤ, ਆਲਸ ਨਿੰਦਰਾ ਵਿਚ ਕੁਰਲਾਈਆ । ਪੀਆ ਪ੍ਰੀਤਮ ਮਿਲੇ ਕਿਸੇ ਨਾ ਮੁਰਸ਼ਦ, ਮੁਰੀਦ ਮੁਰਦਾ ਗੋਰ ਨਾ ਕੋਇ ਸਮਾਈਆ । ਆਪਣੀ ਆਪਣੀ ਸਾਰੇ ਕਰਦੇ ਉਲਫ਼ਤ, ਸਿਫਤਾਂ ਵਿਚ ਸਿਫਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ । ਮਹਾਂਕਾਲ ਕਹੇ ਅੰਤ ਸੁਣਨੀ ਨਹੀਂ ਫਰਿਆਦ, ਹੁਕਮ ਹਕੀਕਤ ਵਾਲਾ ਦ੍ਰਿੜਾਈਆ । ਜਿਸ ਨੇ ਦੀਨ ਦੁਨੀ ਖੇੜਾ ਕੀਤਾ ਆਬਾਦ, ਲੱਖ ਚੁਰਾਸੀ ਵੰਡ ਵੰਡਾਈਆ । ਦੀਨ ਮਜ਼੍ਹਬ ਬਣਾਏ ਸਮਾਜ, ਅਵਤਾਰ ਪੈਗ਼ੰਬਰ ਗੁਰ ਸੇਵ ਕਮਾਈਆ । ਸੋ ਖੇਲ ਕਰੇ ਨਿਰਗੁਣ ਸਰਗੁਣ ਸਾਜਣ ਸਾਜ, ਭੇਵ ਅਭੇਦਾ ਆਪ ਛੁਪਾਈਆ । ਸਦੀ ਚੌਧਵੀਂ ਰਚ ਕੇ ਕਾਜ, ਨਬੀ ਰਸੂਲਾਂ ਕਰੇ ਕੁੜਮਾਈਆ । ਵੀਹਵੀਂ ਸਦੀ ਦਾ ਹਿੱਸਾ ਦੇਵੇ ਭਾਗ, ਈਸਾ ਝੋਲੀ ਖ਼ਾਲੀ ਵਖਾਈਆ । ਨੌਂ ਖੰਡ ਪ੍ਰਿਥਮੀ ਵੇਖੇ ਸ੍ਰਿਸ਼ਟੀ ਬੁੱਧੀ ਹੋਈ ਕਾਗ, ਹੰਸ ਰੂਪ ਨਾ ਕੋਇ ਦਰਸਾਈਆ । ਨਿਜ ਨੇਤਰ ਖੁਲ੍ਹੀ ਕਿਸੇ ਨਾ ਜਾਗ, ਆਲਸ ਕੂੜ ਕੂੜ ਕੁਰਲਾਈਆ । ਸਾਚੇ ਬੇੜੇ ਚੜ੍ਹੇ ਨਾ ਕੋਇ ਜਹਾਜ਼, ਨਈਆ ਨੌਕਾ ਪਾਰ ਨਾ ਕੋਇ ਕਰਾਈਆ । ਗੁਰ ਅਵਤਾਰ ਪੈਗ਼ੰਬਰ ਨਿਰਗੁਣ ਸਰਗੁਣ ਕਰੇ ਨਾ ਕੋਇ ਅਹਿਲਾਦ, ਸਿਰ ਹੱਥ ਨਾ ਕੋਇ ਰਖਾਈਆ । ਜਿਧਰ ਤੱਕਣ ਦਿਸੇ ਵਾਦ ਵਿਵਾਦ, ਦੁਖ ਰੂਪ ਭਰੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦਵਾਰਾ ਇਕ ਜਣਾਈਆ । ਮਹਾਂਕਾਲ ਕਹੇ ਮੈਂ ਵੇਖਾਂ ਗ਼ਰੀਬ ਨਿਵਾਜ਼ਾ, ਨਿਰਇੱਛਤ ਖੇਲ ਖਿਲਾਈਆ । ਜਿਸ ਨੇ ਸਰਗੁਣ ਸਾਜਨ ਸਾਜਾ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਜਿਸ ਦਾ ਨਾਮ ਅਗੰਮੀ ਵਾਜਾ, ਅਨਹਦ ਨਾਦੀ ਨਾਦ ਦ੍ਰਿੜਾਈਆ ।

ਜਿਸਨੂੰ ਗਾਉਂਦੇ ਵਿਚ ਰਾਗਾਂ, ਸਿਫ਼ਤਾਂ ਵਿਚ ਸਾਲਾਹੀਆ । ਉਸ ਦਾ ਖੇਲ ਅੰਤਮ ਹੋਣਾ ਵਿਚ ਦੇਸ ਮਾਝਾ, ਮਜਲਸ ਭਗਤਾਂ ਨਾਲ ਬਣਾਈਆ । ਆਤਮ ਪਰਮਾਤਮ ਨਾਤਾ ਜੋੜ ਕੇ ਸਾਂਝਾ, ਸੱਜਣ ਮੀਤ ਇਕ ਅਖਵਾਈਆ । ਮੇਲਾ ਮੇਲੇ ਸ਼ਬਦੀ ਧਾਰ ਗੋਬਿੰਦ ਵਾਲਾ ਬਾਜਾਂ, ਬਾਜ਼ੀ ਆਪਣੇ ਹੱਥ ਰਖਾਈਆ । ਭੇਵ ਅਭੇਦਾ ਖੋਲ੍ਹੇ ਸੰਤਾਂ ਸਾਧਾਂ, ਸੂਫ਼ੀ ਫ਼ਕੀਰਾਂ ਵੇਖ ਵਖਾਈਆ । ਲਹਿਣਾ ਦੇਣਾ ਜਾਣੇ ਕ੍ਰਿਸ਼ਨਾ ਰਾਧਾ, ਸੀਤਾ ਰਾਮ ਭੇਵ ਨਾ ਰਾਈਆ । ਅੱਲਾ ਆਲਮੀਨ ਵੇਖੇ ਰੋਜ਼ੇ ਨਿਮਾਜ਼ਾ, ਸਜਦਿਆਂ ਅੱਖ ਖੁਲ੍ਹਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਂਝਾ ਯਾਰ ਆਪਣਾ ਪੂਰਾ ਕਰੇ ਵਾਅਦਾ, ਵਾਹਵਾ ਆਪਣੀ ਕਾਰ ਕਮਾਈਆ । ਕਲਜੁਗ ਕੂੜੀ ਕਿਰਿਆ ਕਰ ਅਲਹਿਦਾ, ਹਰਿਜਨ ਸਾਚੇ ਲਏ ਪਰਗਟਾਈਆ । ਕਲਜੁਗ ਵਿਚ ਸਤਿਜੁਗ ਲਾਏ ਬਾਕਾਇਦਾ, ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਜੀਵ ਜੰਤ ਸਭ ਦਾ ਲਏ ਜਾਇਜ਼ਾ, ਜਾਇਜ਼ ਆਪਣਾ ਹੁਕਮ ਵਰਤਾਈਆ ।

### ੨੫ ਚੇਤ ਸ਼ਹਿਨਸ਼ਾਹੀ ਸੰਮਤ ੬ ਦਲੀਪ ਸਿੰਘ ਦੇ ਗ੍ਰਹਿ ਪਿੰਡ ਗਗੋਬੂਆ





ਪੁਰਖ ਅਕਾਲ ਕਹੇ ਅਵਤਾਰ ਪੈਗ਼ੰਬਰ ਗੁਰ ਆਪਣੀ ਦੱਸੋ ਅੰਤ ਖ਼ਾਹਿਸ਼, ਦਲੀਲ ਦਲੀਲ ਵਿਚੋਂ ਪਰਗਟਾਈਆ । ਮੁਰੀਦ ਸਿਖ ਸ਼ਿਸ਼ ਆਪਣੇ ਕਰੋ ਤਲਾਸ਼, ਨਵ ਸੱਤ ਖੋਜ ਖੁਜਾਈਆ । ਪੰਜ ਤਤ ਕਾਇਆ ਮਾਟੀ ਵੇਖੋ ਖ਼ਾਕ, ਖ਼ਾਲਸ ਪੜਦਾ ਦਿਉ ਉਠਾਈਆ । ਜਿਸ ਜਿਸ ਦਾ ਲੇਖੇ ਲੱਗਾ ਸਵਾਸ, ਪਵਣ ਪਵਣਾਂ ਵਿਚ ਵਡਿਆਈਆ । ਉਸ ਦਾ ਲਹਿਣਾ ਦੇਣਾ ਲਿਖੋ ਬਿਨਾ ਕਲਮ ਦਵਾਤ, ਨਿਰਅੱਖਰ ਧਾਰ ਦਿਉ ਦ੍ਰਿੜਾਈਆ । ਝਗੜਾ ਮੇਟ ਕੇ ਜ਼ਾਤ ਪਾਤ, ਦੀਨ ਦੁਨੀ ਦਾ ਲਹਿਣਾ ਦਿਉ ਚੁਕਾਈਆ । ਜਿਸ ਦੀ ਚੁਰਾਸੀ ਵਿਚੋਂ ਖੁਲ੍ਹੀ ਜਾਗ, ਜਾਗਰਤ ਜੋਤ ਬਿਨ ਵਰਨ ਗੋਤ ਨਜ਼ਰੀ ਆਈਆ । ਜੋ ਹੰਸ ਬੁਧੀ ਬਣਿਆ ਹੋਵੇ ਕਾਗ, ਕਲਜੁਗ ਕੂੜੀ ਕਿਰਿਆ ਡੇਰਾ ਢਾਹੀਆ । ਤੁਹਾਡੇ ਨਾਮ ਕਲਮੇ ਨਾਲ ਜਿਸ ਮੇਟੀ ਅੰਧੇਰੀ ਰਾਤ, ਨਿਰਗੁਣ ਨੂਰ ਜੋਤ ਚੰਦ ਚਮਕਾਈਆ । ਸ਼ਬਦ ਸੁਣਿਆ ਹੋਵੇ ਅਨਾਦ, ਅਨਹਦ ਨਾਦੀ ਧੁਨ ਉਪਜਾਈਆ । ਸਾਧਨਾ ਵਿਚ ਜਿਹੜਾ ਬਣਿਆ ਹੋਵੇ ਸਾਧ, ਸਤਿ ਸਤਿ ਵਿਚ ਸਮਾਈਆ । ਜੋ ਬਿਨ ਰਸਨਾ ਜਿਹਵਾ ਰਿਹਾ ਹੋਵੇ ਅਰਾਧ, ਅਜਪਾ ਜਾਪ ਵਿਚ ਸਮਾਈਆ । ਉਸ ਦੀ ਉਚੀ ਕੂਕ ਦਿਉ ਆਵਾਜ਼, ਸੰਦੇਸ਼ਾ ਦਿਉ ਸੁਣਾਈਆ । ਪੜਦਾ ਓਹਲਾ ਰਹੇ ਕੋਇ ਨਾ ਰਾਜ਼, ਰਾਜ਼ਕ ਰਿਜ਼ਕ ਰਹੀਮ ਰਿਹਾ ਜਣਾਈਆ । ਜਿਸ ਮੁਰੀਦ ਉਤੇ ਮੁਰਸ਼ਦ ਦਾ ਨਾਜ਼, ਇਸ਼ਾਰਾ ਦਿਉ ਕਰਾਈਆ । ਜਿਸ ਗੁਰਸਿਖ ਉਤੇ ਸਤਿਗੁਰ ਨਾਮ ਦਾ ਤਾਜ, ਸੋ ਫੜ ਕੇ ਲਉ ਉਠਾਈਆ । ਜਿਸ ਦਾ ਸਤਿ ਵਿਚ ਦੀਨ ਮਜ਼੍ਹਬ ਆਬਾਦ, ਉਹ ਗੁਰ ਅਵਤਾਰ ਪੈਗ਼ੰਬਰ ਉਠ ਕੇ ਲਉ ਅੰਗੜਾਈਆ । ਜਿਸ ਦਾ ਮਾਤਲੋਕ ਵਿਚ ਚਲਦਾ ਸਤਿ ਜਹਾਜ਼, ਸੋ ਆਪਣਾ ਚਪੂ ਲਉ ਉਠਾਈਆ । ਜਿਸ ਦੇ ਕਾਰਨ ਮੰਨਦੇ ਇਕ ਵਾਹਿਦ, ਇਸ਼ਟ ਦੇਵ ਇਕ ਰਖਾਈਆ । ਜੋ ਆਪਣਾ ਆਪਣਾ ਹੁਕਮ ਕੀਤਾ ਆਇਦ, ਆਦਤ ਇਬਾਦਤ ਵਿਚ ਬਦਲਾਈਆ । ਉਸ ਦਾ ਵੇਲਾ ਵਕਤ ਸੁਹੰਜਣਾ ਵੇਖੋ ਸ਼ਾਇਦ, ਸ਼ਮਾਂ ਸ਼ਮੇਂ ਵਿਚੋਂ ਪਰਗਟਾਈਆ ।

ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਧੁਰ ਦਾ ਹੁਕਮ ਦੇਵੇ ਜਾਇਜ਼, ਜਾਇਜ਼ਾ ਲੈਣਾ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਵੇਖੇ ਆਪਣੇ ਸਿਖ ਮੁਰੀਦ, ਬਿਨ ਅੱਖਾਂ ਅੱਖ ਉਠਾਈਆ । ਕਿਸ ਦੀ ਮਿਲੀ ਹੋਈ ਦੀਦ, ਦੀਦਾ ਦਾਨਿਸਤਾ ਦੇਣਾ ਜਣਾਈਆ । ਕਿਹੜੀ ਮੰਜ਼ਲ ਰੱਖੀ ਸੀਧ, ਮਾਰਗ ਕਵਣ ਰਾਹ ਤਕਾਈਆ । ਕਵਣ ਗਫਲਤ ਸੁੱਤਾ ਨੀਂਦ, ਆਲਸ ਵਿਚ ਆਪਣਾ ਆਪ ਖਪਾਈਆ । ਸਾਰੇ ਵੇਖੋ ਸਦੀ ਚੌਧਵੀਂ ਰਹੀ ਬੀਤ, ਮੁਹੰਮਦ ਨੇਤਰ ਨੈਣ ਉਠਾਈਆ । ਹਕੀਕਤ ਵਾਲੀ ਰਹੀ ਨਾ ਈਦ, ਈਦੁਲ ਫ਼ਿਤਰ ਨਾ ਕੋਇ ਚਤੁਰਾਈਆ । ਈਸਾ ਕੂਕ ਕੇ ਮਾਰੇ ਚੀਕ, ਬਹੁੜੀ ਬਹੁੜੀ ਤੇਰੀ ਦੁਹਾਈਆ । ਮੂਸਾ ਕਹੇ ਰਹੀ ਨਾ ਕੋਈ ਤੌਫ਼ੀਕ, ਤੋਬਾ ਤੇਰਾ ਨਾਮ ਖ਼ੁਦਾਈਆ । ਨਾਨਕ ਗੋਬਿੰਦ ਕਹੇ ਸਤਿ ਧਰਮ ਦੀ ਮਿਟੀ ਲੀਕ, ਲਾਈਨ ਐਨ ਨਾ ਕੋਇ ਵਖਾਈਆ । ਪ੍ਰਭੂ ਅਸੀਂ ਸਾਰੇ ਕਰੀਏ ਤਸਦੀਕ, ਸ਼ਹਾਦਤ ਇਕ ਭੁਗਤਾਈਆ । ਮਿੱਤਰ ਰਿਹਾ ਨਾ ਕੋਇ ਰਫ਼ੀਕ, ਸੱਜਣ ਸੰਗ ਨਾ ਕੋਇ ਬਣਾਈਆ । ਝਗੜਾ ਪਿਆ ਹਸਤ ਕੀਟ, ਊਚ ਨੀਚ ਦਏ ਦੁਹਾਈਆ । ਮਨ ਕਲਪਣਾ ਸਕੇ ਕੋਇ ਨਾ ਜੀਤ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹ ਪੜ੍ਹ ਥੱਕੀ ਲੋਕਾਈਆ । ਬਿਨ ਤੇਰੀ ਕਿਰਪਾ ਹੋਏ ਨਾ ਕੋਇ ਅਤੀਤ, ਤ੍ਰੈਗੁਣ ਡੇਰਾ ਕੋਇ ਨਾ ਢਾਹੀਆ । ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਦੱਸੀਏ ਅਸੀਂ ਠੀਕ, ਠਾਕਰ ਤੇਰੇ ਅੱਗੇ ਸੀਸ ਨਿਵਾਈਆ । ਕਿਰਪਾ ਕਰ ਜਗਤ ਜਗਦੀਸ਼, ਜਗਦੀਸ਼ਰ ਤੇਰੀ ਇਕ ਸਰਨਾਈਆ । ਬਿਨ ਤੇਰੇ ਸਾਚਾ ਕਲਮਾ ਧੁਰ ਦਾ ਨਾਮ ਦੇਵੇ ਨਾ ਕੋਇ ਹਦੀਸ, ਹਜ਼ਰਤਾਂ ਤੋਂ ਪਰੇ ਕਰੇ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਕਾਇਆ ਕਰ ਠਾਂਡੀ ਸੀਤ, ਅਗਨੀ ਤਤ ਤਤ ਬੁਝਾਈਆ ।


੪੩੧
੨੨

### ੨੫ ਚੇਤ ਸ਼ਹਿਨਸ਼ਾਹੀ ਸੰਮਤ ੬ ਮੁਖਤਾਰ ਸਿੰਘ ਦੇ ਗ੍ਰਿਹ ਪਿੰਡ ਗੱਗੋਬੂਹਾ

ਅਵਤਾਰ ਪੈਗ਼ੰਬਰ ਗੁਰ ਕਹਿਣ, ਪ੍ਰਭੂ ਤੂੰ ਆਦਿ ਜੁਗਾਦਿ ਖਿਲਾੜੀ, ਜੁਗ ਜੁਗ ਖੇਲ ਖਿਲਾਈਆ । ਅਸੀਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤਕੀਏ ਦਿਨ ਦਿਹਾੜੀ, ਓਹਲਾ ਨਜ਼ਰ ਕੋਇ ਨਾ ਆਈਆ । ਤੇਰਾ ਹੁਕਮ ਮੰਨੇ ਰਾਏ ਧਰਮ ਚਿਤ੍ਰਗੁਪਤ ਕਾਲ ਮਹਾਂਕਾਲ ਮੌਤ ਲਾੜੀ, ਸਿਰ ਸਕੇ ਨਾ ਕੋਇ ਉਠਾਈਆ । ਲੱਖ ਚੁਰਾਸੀ ਜੀਵ ਜੰਤ ਸਦੀ ਚੌਧਵੀਂ ਪੱਕੀ ਦਿਸੇ ਹਾੜੀ, ਹਾੜਾ ਕਢ ਕੇ ਦਈਏ ਸੁਣਾਈਆ । ਮਾਣ ਰਹਿਣਾ ਨਹੀਂ ਮੂੰਡ ਮੁੰਡਾਏ ਮੁੱਛ ਕੇਸ ਦਾੜ੍ਹੀ, ਬਲ ਧਾਰ ਨਾ ਕੋਇ ਅਖਵਾਈਆ । ਫਿਰੇ ਦਰੋਹੀ ਜੰਗਲ ਵਿਚ ਉਜਾੜ ਪਹਾੜੀ, ਪਰਬਤ ਰਹੇ ਕੁਰਲਾਈਆ । ਲੱਗੇ ਅੱਗ ਬਹੱਤਰ ਨਾੜੀ, ਅਗਨੀ ਅੱਗ ਨਾ ਕੋਇ ਬੁਝਾਈਆ । ਸ੍ਰਿਸ਼ਟੀ ਦਿਸੇ ਵਿਚ ਝਾੜੀ, ਮਹੱਲ ਅਟਲ ਨਾ ਕੋਇ ਸੁਹਾਈਆ । ਕਲਜੁਗ ਵਖਾਵੇ ਡੂੰਘੀ ਖਾੜੀ, ਪਾਰ ਕਿਨਾਰਾ ਨਾ ਕੋਇ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਸਭ ਦੀ ਕਿਸਮਤ ਹੋਈ ਮਾੜੀ, ਅਸਮਤ ਸਕੇ ਨਾ ਕੋਇ ਬਚਾਈਆ । ਕੋਟਾਂ ਵਿਚੋਂ ਜਨ ਭਗਤ ਤਕੇ ਤੇਰੇ ਪੁਜਾਰੀ, ਜੋ ਤੇਰਾ ਨਾਮ ਧਿਆਈਆ । ਉਨ੍ਹਾਂ ਮਿਲੇ ਸੱਚੀ ਸਿਕਦਾਰੀ, ਸਿਰ ਆਪਣਾ ਹੱਥ

ਰਖਾਈਆ । ਮਿਹਰਵਾਨ ਮਹਿਬੂਬ ਬਿਨ ਤੇਰੇ ਧੁਰ ਧਰਮ ਦੀ ਦਿਸੇ ਕੋਈ ਨਾ ਯਾਰੀ, ਯਰਾਨਾ ਕੂੜ ਜਗਤ ਲੋਕਾਈਆ । ਅੰਤ ਅਖ਼ੀਰ ਬੇਨਜ਼ੀਰ ਸਾਡੀ ਇਕ ਇਕ ਨਿਮਸਕਾਰੀ, ਨਮੋ ਕਹਿ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਵਾਨ ਮਹਿਬੂਬ ਮਿਹਰ ਨਜ਼ਰ ਇਕ ਉਠਾਈਆ ।

### ੨੫ ਚੇਤ ਸ਼ਹਿਨਸ਼ਾਹੀ ਸੰਮਤ ੬ ਗੁਰਬਖ਼ਸ਼ ਸਿੰਘ ਦੇ ਘਰ ਪਿੰਡ ਗੱਗੋਬੂਹਾ

ਲਾੜੀ ਮੌਤ ਕਹੇ ਮੈਂ ਸੋਈ ਸਵਾਣੀ ਉਠੀ, ਉਠ ਲਈ ਅੰਗੜਾਈਆ । ਖੋਲ੍ਹ ਕੇ ਵੇਖੀ ਆਪਣੀ ਸੱਜੀ ਮੁਠੀ, ਹਥੇਲੀ ਵੱਲ ਧਿਆਨ ਟਿਕਾਈਆ । ਨਿਗਹ ਪਾਈ ਜਗਤ ਲੋਕਾਈ ਦਿਸੀ ਲੁੱਟੀ, ਲੁਟੇਰਾ ਕਲਜੁਗ ਭੱਜੇ ਵਾਹੋ ਦਾਹੀਆ । ਸਭ ਦੀ ਆਸਾ ਰੋਈ ਉਚੀ ਉਚੀ, ਕੂਕ ਕੂਕ ਸੁਣਾਈਆ । ਪ੍ਰਭ ਦੇ ਨਾਲ ਦਿਸੇ ਕਿਸੇ ਨਾ ਰੁਚੀ, ਬਿਨ ਭਗਤਾਂ ਸੰਗ ਨਾ ਕੋਇ ਰਖਾਈਆ । ਮੈਂ ਆਵਾਜ਼ ਮਾਰ ਕੇ ਇਕ ਗੱਲ ਪੁਛੀ, ਕਾਲ ਮੈਨੂੰ ਦੇ ਜਣਾਈਆ । ਉਸ ਇਸ਼ਾਰਾ ਕੀਤਾ ਚਿਤ੍ਰਗੁਪਤ ਲੇਖਾ ਰਿਹਾ ਚੁੱਕੀ, ਭਾਰ ਆਪਣੇ ਕੰਧ ਟਿਕਾਈਆ । ਫੇਰ ਖੋਲ੍ਹ ਕੇ ਖੱਬੀ ਮੁੱਠੀ, ਮੈਂ ਉਂਗਲਾਂ ਦਿਤੀਆਂ ਹਿਲਾਈਆ । ਫੇਰ ਹੱਥ ਪਾਇਆ ਦੋਹਾਂ ਗੁਟੀਂ, ਜ਼ੋਰ ਨਾਲ ਦਬਾਈਆ । ਫੇਰ ਅੰਦਰੋਂ ਅੱਖ ਪੁੱਟੀ, ਪਲਕ ਲਈ ਬਦਲਾਈਆ । ਜਾਂ ਵੇਖਿਆ ਦੀਨ ਦੁਨੀ ਹੋਈ ਦੁਖੀ, ਦੁਖੀਆਂ ਦਰਦ ਨਾ ਕੋਇ ਮਿਟਾਈਆ । ਜਨਣੀ ਸੁਫਲ ਨਾ ਹੋਈ ਕੁੱਖੀ, ਭਗਤ ਜਣੇ ਕੋਇ ਨਾ ਮਾਈਆ । ਇਕ ਗੱਲ ਮੈਂ ਧਰਮ ਦਵਾਰੇ ਪੁਛੀ, ਸਹਿਜ ਨਾਲ ਸੁਣਾਈਆ । ਕੀ ਗੱਲ ਸ੍ਰਿਸ਼ਟੀ ਦ੍ਰਿਸ਼ਟੀ ਪ੍ਰਭ ਪਿਆਰ ਨਾਲੋਂ ਟੁੱਟੀ, ਟੁੱਟਿਆਂ ਨਾ ਕੋਇ ਜੁੜਾਈਆ । ਝਟ ਈਸਾ ਕਿਹਾ ਖ਼ਲਕ ਖ਼ੁਦਾ ਰਾਹ ਤੋਂ ਘੁੱਥੀ, ਮੰਜ਼ਲ ਹੱਥ ਕਿਸੇ ਨਾ ਆਈਆ । ਅੱਗੇ ਗੱਲ ਰਹੀ ਦੋ ਤੁੱਕੀ, ਬਹੁਤੀ ਵੰਡ ਨਾ ਕੋਇ ਵੰਡਾਈਆ । ਸਭ ਦੀ ਮਤ ਹੋਈ ਪੁੱਠੀ, ਅਕਲ ਬੁੱਧੀ ਨਾ ਕੋਈ ਚਤੁਰਾਈਆ । ਵੇਖੀਂ ਆਪਣੇ ਨਿਸ਼ਾਨਿਉਂ ਕਦੇ ਨਾ ਉਕੀਂ, ਤੀਰ ਅਣਿਆਲਾ ਲੈਣਾ ਚਲਾਈਆ । ਪ੍ਰਭ ਦਾ ਹੁਕਮ ਮਿਲਣ ਵਾਲਾ ਕਮਲੀਏ ਪੈਰੀਂ ਪਾਵੀਂ ਨਾ ਜੁੱਤੀ, ਭੱਜੀਂ ਵਾਹੋ ਦਾਹੀਆ । ਪਹਿਲੋਂ ਵੇਖੀਂ ਮੁਹੰਮਦ ਦੀ ਮਾਸੀ ਫੁੱਫੀ, ਆਪਣੀ ਨਿਗਹ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰ ਕਦੀ ਨਾ ਰੁੱਸੀਂ, ਹੱਸ ਹੱਸ ਆਪਣੀ ਸੇਵ ਕਮਾਈਆ ।

### ੨੫ ਚੇਤ ਸ਼ਹਿਨਸ਼ਾਹੀ ਸੰਮਤ ੬ ਕਰਮ ਸਿੰਘ ਦੇ ਗ੍ਰਹਿ ਪਿੰਡ ਗੱਗੋਬੂਹਾ

ਲਾੜੀ ਮੌਤ ਕਹੇ ਮੈਂ ਆਪਣਾ ਵਕਤ ਸੁਹਾਉਣਾ, ਆਪਣੀ ਸੋਹਣੀ ਰੁਤ ਬਣਾਈਆ । ਤਨ ਸ਼ਿੰਗਾਰ ਅਗੰਮ ਕਰਾਉਣਾ, ਬਿਨ ਵਜੂਦ ਰੰਗ ਰੰਗਾਈਆ । ਬਸਤਰ ਸਤਿ ਸਤਿ ਰੰਗਾਉਣਾ, ਸਚ ਨਾਲ ਵਡਿਆਈਆ । ਨੇਤਰ ਕੱਜਲ ਧਾਰ ਵਖਾਉਣਾ, ਅੱਖ ਪ੍ਰਤਖ ਵੇਖ ਵਖਾਈਆ । ਮੈਂਡੀ ਸੀਸ ਸੀਸ ਗੁੰਦਾਉਣਾ, ਸੋਹਣੀ ਵੰਡ ਵੰਡਾਈਆ । ਸਾਲੂ ਸਿਜਲ ਵਾਲਾ ਟਕਾਉਣਾ, ਓਢਣ ਮੁਹੰਮਦ ਦਏ ਫੜਾਈਆ । ਈਸਾ ਗੋਡੀਂ ਹੱਥ ਲਗਾਉਣਾ,

ਮੂਸਾ ਉਂਗਲੀ ਨਾਲ ਹਿਲਾਈਆ । ਸਭ ਦਾ ਧਿਆਨ ਇਕ ਕਰਾਉਣਾ, ਸਹਿਜ ਨਾਲ ਸੁਣਾਈਆ । ਤੁਸੀਂ ਸੁਣਾਓ ਮੈਨੂੰ ਇਕ ਗਾਉਣਾ, ਜੋ ਕਲਮਿਆਂ ਬਾਦ ਪੜ੍ਹਾਈਆ । ਮੈਂ ਕਿਆਮਤ ਰੂਪ ਵਟਾਉਣਾ, ਕਿਆਮਗਾਹ ਦੇਣੀ ਜਣਾਈਆ । ਤੁਹਾਡੇ ਮੁਰਦਿਆਂ ਵੇਖ ਵਖਾਉਣਾ, ਜੋ ਕਬਰਾਂ ਵਿਚ ਦਬਾਈਆ । ਤੁਹਾਡੇ ਮੁਰੀਦਾਂ ਰਾਹ ਤਕਾਉਣਾ, ਜਿਨ੍ਹਾਂ ਕਲਮਾ ਭੁੱਲਣਾ ਖ਼ੁਦਾਈਆ । ਖ਼ੁਦ ਆਪਣਾ ਫੇਰਾ ਪਾਉਣਾ, ਹੁਕਮ ਦੇਣਾ ਧੁਰਦਰਗਾਹੀਆ । ਚੌਦਾਂ ਤਬਕ ਹਿਲਾਉਣਾ, ਚੌਦਸ ਚੰਦ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਹੁਕਮ ਇਕ ਸੁਣਾਉਣਾ, ਅਣਸੁਣਤ ਸਭ ਨੂੰ ਦਿਆਂ ਸੁਣਾਈਆ ।



## ✪ ੨੫ ਚੇਤ ਸ਼ਹਿਨਸ਼ਾਹੀ ਸੰਮਤ ੬ ਬੀਰ ਸਿੰਘ ਦੇ ਗ੍ਰਿਹ ਪਿੰਡ ਗੱਗੋਬੂਹਾ ✪

ਲਾੜੀ ਮੌਤ ਕਹੇ ਧੁਰ ਦਾ ਹੁਕਮ ਸੱਚੀ ਸਰਕਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਮੈਂ ਹੁਣ ਛੇਤੀ ਜਲਦੀ ਹੋਵਾਂ ਤਿਆਰ, ਆਪਣਾ ਆਪ ਆਪ ਉਠਾਈਆ । ਮੇਰਾ ਯੁੱਧ ਹੋਣਾ ਬਿਨਾ ਖੰਡੇ ਤਲਵਾਰ, ਬਿਨਾ ਤੀਰ ਤਰਕਸ਼ ਕਰਾਂ ਲੜਾਈਆ । ਬਿਨਾ ਸ਼ਸਤਰਾਂ ਤੋਂ ਮੇਰਾ ਵਾਰ, ਅੱਗੇ ਹੋ ਨਾ ਕੋਇ ਅਟਕਾਈਆ । ਮੈਂ ਅਵਤਾਰ ਪੈਗੰਬਰ ਗੁਰੂ ਛਡੇ ਸੰਘਾਰ, ਤਤਾਂ ਵਾਲਾ ਰਹਿਣ ਕੋਇ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਅੰਤ ਮਾਰਦੀ ਰਹੀ ਇਕ ਲਲਕਾਰ, ਸੂਰਬੀਰ ਮੂੰਹ ਦੇ ਭਾਰ ਸੁਟਾਈਆ । ਕਲਜੁਗ ਕੂਕ ਦੱਸਾਂ ਪੁਕਾਰ, ਨੌਂ ਸੱਤ ਸੁਣਾਈਆ । ਕਲਜੁਗ ਜੀਵ ਹੋ ਜਾਓ ਤਿਆਰ, ਤ੍ਰੈਭਵਨ ਧਨੀ ਆਪਣਾ ਹੁਕਮ ਸੁਣਾਈਆ । ਮੈਨੂੰ ਸੱਦਣ ਵਾਲਾ ਆਪਣੇ ਵਿਚ ਦਰਬਾਰ, ਘਰ ਸਾਚਾ ਇਕ ਵਖਾਈਆ । ਹੁਕਮ ਦੇਵੇ ਬਿਨਾ ਭਗਤਾਂ ਤੋਂ ਕਿਸੇ ਦਾ ਕਰਨਾ ਨਹੀਂ ਵਿਚਾਰ, ਵਿਚਰ ਕੇ ਦਏ ਸੁਣਾਈਆ । ਮੈਂ ਖ਼ੁਸ਼ੀ ਨਾਲ ਕਰਨੀ ਨਿਮਸਕਾਰ, ਨਿਉਂ ਨਿਉਂ ਸੀਸ ਨਿਵਾਈਆ । ਪ੍ਰਭੂ ਜੋ ਉਪਜਿਆ ਸੋ ਦੇਵਾਂ ਸੰਘਾਰ, ਧਰਨੀ ਧਰਤ ਧੌਲ ਉਤੇ ਮਿਟਾਈਆ । ਜੁਗ ਬਦਲੀ ਪਿਛੋਂ ਮੇਰੀ ਆਉਂਦੀ ਵਾਰ, ਜਿਸ ਵੇਲੇ ਮੇਰਾ ਸਾਹਿਬ ਆਪਣੀ ਚਲਾਏ ਸਚ ਰਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲੇ ਖੇਲ ਅਗੰਮ ਅਪਾਰ, ਅਲਖ ਅਲੱਖਣਾ ਆਪਣੀ ਕਾਰ ਕਮਾਈਆ ।

## ✪ ੨੫ ਚੇਤ ਸ਼ਹਿਨਸ਼ਾਹੀ ਸੰਮਤ ੬ ਜਗੀਰ ਸਿੰਘ ਦੇ ਗ੍ਰਿਹ ਪਿੰਡ ਗੱਗੋਬੂਹਾ ✪

ਲਾੜੀ ਮੌਤ ਕਹੇ ਮੈਂ ਵੇਖੀ ਧਿਆਨ ਵਿਚ ਧਰਤੀ, ਧਰਨੀ ਖੋਜ ਖੁਜਾਈਆ । ਮੈਂ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਪੁੱਜੀ ਚਰਚੀਂ, ਚਰਾਗਾਹਾਂ ਵੇਖ ਵਖਾਈਆ । ਚਾਰ ਜੁਗ ਦੇ ਸ਼ਾਸਤਰ ਵੇਖੇ ਪ੍ਰਭ ਦੇ ਨਾਮ ਦੀ ਪਰਚੀ, ਪ੍ਰਾਚੀਨ ਦਾ ਲੇਖਾ ਵੇਖ ਵਖਾਈਆ । ਮੇਰੀ ਨਿਗਾਹ ਵਿਚ ਅਵਤਾਰ ਪੈਗ਼ੰਬਰ ਗੁਰੂਆਂ ਦੀ ਨਜ਼ਰ ਆਈ ਅਰਜ਼ੀ, ਜਿਸ ਵਿਚ ਆਰਜ਼ੂ ਗਏ ਜਣਾਈਆ । ਜਿਸ ਵੇਲੇ ਪੁਰਖ ਅਕਾਲ ਦੀਨ ਦਿਆਲ ਸ੍ਰਿਸ਼ਟੀ ਹੋਵੇ ਖ਼ੁਦਗਰਜ਼ੀ, ਤੇਰੀ ਗ਼ਰਜ਼ ਨਾ ਕੋਇ ਰਖਾਈਆ । ਉਸ ਵੇਲੇ ਜਿਉਂ ਭਾਵੇਂ ਤਿਉਂ ਕਰੀਂ ਆਪਣੀ ਮਰਜ਼ੀ, ਮਿਹਰਵਾਨ ਆਪਣਾ ਹੁਕਮ ਵਰਤਾਈਆ । ਦੀਨ ਮਜ਼੍ਹਬ

ਦਾ ਪੁਰਾਣਾ ਚੀਥੜ ਸੀਵੇਂ ਬਣ ਕੇ ਦਰਜ਼ੀ, ਜ਼ਾਤ ਪਾਤ ਦੀ ਦਰਜ਼ ਰਹਿਣ ਕੋਇ ਨਾ ਪਾਈਆ । ਖੇਲ ਵੇਖ ਵਖਾਵੀਂ ਆਪਣੇ ਘਰ ਦੀ, ਗ੍ਰਿਹ ਮੰਦਰ ਕਰ ਰੁਸ਼ਨਾਈਆ । ਮੈਂ ਤੇਰੇ ਹੁਕਮ ਅੰਦਰ ਰਹਵਾਂ ਡਰਦੀ, ਜੁਗ ਚੌਕੜੀ ਸੀਸ ਨਿਵਾਈਆ । ਜਿਸ ਵੇਲੇ ਧਾਰ ਵਧੇ ਕਪਟ ਛਲ ਦੀ, ਕੂੜੀ ਕਿਰਿਆ ਹੋਏ ਹਲਕਾਈਆ । ਓਸ ਵੇਲੇ ਤੇਰੀ ਆਸਾ ਮੈਨੂੰ ਪ੍ਰਭੂ ਘੱਲਦੀ, ਲੋਕਮਾਤ ਰਾਹ ਦਰਸਾਈਆ । ਮੈਂ ਖੇਲ ਕਰਾਂ ਘੜੀ ਪਲ ਦੀ, ਪਲਕ ਵਿਚ ਖ਼ਲਕ ਦਿਆਂ ਮਿਟਾਈਆ । ਤੇਰੇ ਹੁਕਮ ਦੀ ਘੜੀ ਕਿਸੇ ਤੋਂ ਨਾ ਟਲਦੀ, ਟੱਲੀਆਂ ਖੜਕਾਉਣ ਵਾਲਾ ਰਹਿਣ ਕੋਇ ਨਾ ਪਾਈਆ । ਬਚਾ ਸਕੇ ਨਾ ਧਾਰਾ ਅੱਠ ਸੱਠ ਜਲ ਦੀ, ਤੀਰਥ ਤਟ ਨਾ ਕੋਇ ਸਰਨਾਈਆ । ਮੈਂ ਅੰਤਮ ਖੇਲ ਵੇਖਣੀ ਕਲਜੁਗ ਕਲ ਦੀ, ਜੋ ਕਾਲਖ ਟਿੱਕਾ ਸਭ ਨੂੰ ਰਿਹਾ ਲਗਾਈਆ । ਮੈਨੂੰ ਯਾਦ ਆ ਗਈ ਕਥਾ ਬਲ ਦੀ, ਜੋ ਬਾਵਨ ਗਿਆ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਖੇਲ ਨਿਹਚਲ ਧਾਮ ਅਟਲ ਦੀ, ਅਟਲ ਤੇਰਾ ਨੂਰ ਨਜ਼ਰੀ ਆਈਆ ।

### ੨੫ ਚੇਤ ਸ਼ਹਿਨਸ਼ਾਹੀ ਸੰਮਤ ੬ ਚੰਨਣ ਸਿੰਘ ਦੇ ਗ੍ਰਿਹ ਪਿੰਡ ਗੱਗੋਬੂਹਾ



ਲਾੜੀ ਮੌਤ ਕਹੇ ਮੈਂ ਹੁਕਮ ਦੇ ਵਿਚ ਪਾਬੰਦ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੇਵ ਕਮਾਈਆ । ਮੇਰਾ ਮਾਲਕ ਖ਼ਾਲਕ ਇਕ ਖ਼ਾਵੰਦ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਨੇ ਲੱਖ ਚੁਰਾਸੀ ਖਾਣ ਦਾ ਮੈਨੂੰ ਬਖ਼ਸ਼ਿਆ ਅਨੰਦ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਮੇਰੀ ਝੋਲੀ ਪਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਤਨ ਵਜੂਦ ਰਹਿਣ ਨਾ ਦਿਤਾ ਬੰਦ, ਬੰਦਗੀ ਵਾਲੇ ਸੰਤ ਫ਼ਕੀਰ ਜਨ ਭਗਤ ਖਾ ਕੇ ਖ਼ੁਸ਼ੀ ਮਨਾਈਆ । ਕੋਟਨ ਕੋਟ ਜੁਗ ਚੌਕੜੀ ਗਏ ਲੰਘ, ਨੌਂ ਸੌ ਚੁਰਾਨਮੇ ਦਏ ਗਵਾਹੀਆ । ਮੇਰਾ ਅੱਜੇ ਨਾ ਮੁਕਿਆ ਪੰਧ, ਅੰਤ ਅਖ਼ੀਰ ਨਾ ਕੋਇ ਕਰਾਈਆ । ਮੈਨੂੰ ਸ਼ੰਕਰ ਦੀ ਇਕ ਸੁਗੰਧ, ਸ਼ੰਕਾ ਰਹਿਣ ਕੋਇ ਨਾ ਪਾਈਆ । ਚਾਰ ਕੁੰਟ ਨਹੀਂ ਡਰੀ ਸਾਰੀ ਸ੍ਰਿਸ਼ਟੀ ਕਰਦੀ ਰਹੀ ਦੰਗ, ਹੈਰਾਨੀ ਵਿਚ ਕੁਰਲਾਈਆ । ਮੈਨੂੰ ਅੰਤ ਸੰਦੇਸ਼ਾ ਇਕ ਦੇ ਕੇ ਗਿਆ ਗੁਜਰੀ ਦਾ ਚੰਦ, ਗੁਰ ਗੋਬਿੰਦ ਧੁਰ ਦਾ ਮਾਹੀਆ । ਉਠ ਨਿਗਾਹ ਮਾਰ ਜਿਸ ਵੇਲੇ ਕਲਜੁਗ ਕੂੜੀ ਕਿਰਿਆ ਦੀ ਢਹਿਣੀ ਕੰਧ, ਗੜ੍ਹ ਹੰਕਾਰ ਰਹਿਣ ਨਾ ਪਾਈਆ । ਇਕ ਦਾ ਇਕ ਨੇ ਗਾਉਣਾ ਛੰਦ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਓਸ ਵੇਲੇ ਹੁਕਮ ਦੇਣਾ ਸੂਰੇ ਸਰਬੰਗ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਮਾਨਵ ਮਾਨਵ ਹੋਣਾ ਜੰਗ, ਜਗਹ ਜਗਹ ਪਏ ਦੁਹਾਈਆ । ਜਿਸ ਕਾਰਨ ਮੈਂ ਛੱਡਿਆ ਪੁਰੀ ਅਨੰਦ, ਸਦੀ ਚੌਧਵੀਂ ਸਫਾ ਸਭ ਦੀ ਦੇਣੀ ਉਠਾਈਆ । ਤੂੰ ਸਭ ਦੀ ਵੱਢਣੀ ਕੰਢ, ਭੱਜਣਾ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਧਰ ਤਕੇਂ ਨਿਰਗੁਣ ਤੇਰੇ ਸੰਗ, ਸਗਲਾ ਸੰਗੀ ਬਹੁਰੰਗੀ ਆਪਣਾ ਖੇਲ ਵਖਾਈਆ ।

੪੩੪ ੨੨

## ੨੫ ਚੇਤ ਸ਼ਹਿਨਸ਼ਾਹੀ ਸੰਮਤ ੬ ਕਰਤਾਰ ਸਿੰਘ ਦੇ ਗ੍ਰਹਿ ਪਿੰਡ ਭੋਜੀਆਂ

ਪੁਰਖ ਅਕਾਲ ਕਹੇ ਮੇਰਾ ਸ਼ਬਦ ਸ਼ਬਦ ਦੁਲਾਰਾ, ਦੂਲ੍ਹਾ ਧੁਰ ਦਾ ਨਜ਼ਰੀ ਆਈਆ । ਸੋ ਪੁਰਖ ਨਿਰੰਜਣ ਕਰੇ ਜਿਸ ਪਿਆਰਾ, ਹਰਿ ਪੁਰਖ ਨਿਰੰਜਣ ਦੇਵੇ ਮਾਣ ਵਡਿਆਈਆ । ਏਕੰਕਾਰ ਬਣ ਸਹਾਰਾ, ਆਦਿ ਨਿਰੰਜਣ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਕਰ ਉਜਿਆਰਾ, ਸ੍ਰੀ ਭਗਵਾਨ ਹੋਏ ਸਹਾਈਆ । ਪਾਰਬ੍ਰਹਮ ਪਾਵੇ ਸਾਰਾ, ਮਿਹਰਵਾਨ ਮਿਹਰ ਨਿਗਾਹ ਟਿਕਾਈਆ । ਹੁਕਮੀ ਹੁਕਮ ਕਰੇ ਵਰਤਾਰਾ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਜਿਸ ਦਾ ਖੇਲ ਸਦਾ ਜੁਗ ਚਾਰਾ, ਨਿਰਗੁਣ ਸਰਗਣ ਕਾਰ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਦਏ ਸਹਾਰਾ, ਸਦ ਸਦ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵਡਾ ਵਡ ਵਡਿਆਈਆ । ਪੁਰਖ ਅਕਾਲ ਕਹੇ ਮੇਰਾ ਸਤਿਗੁਰ ਸ਼ਬਦ ਸਵਾਮੀ, ਸਾਹਿਬ ਸੁਲਤਾਨ ਅਖਵਾਈਆ । ਆਦਿ ਜੁਗਾਦਿ ਦਾ ਅੰਤਰਜਾਮੀ, ਤਖ਼ਤ ਨਿਵਾਸੀ ਨੂਰ ਇਲਾਹੀਆ । ਸਚ ਦਰਗਾਹ ਸ਼ਬਦ ਧਾਰ ਦਰਬਾਨੀ, ਨਿਰਅੱਖਰ ਅੱਖਰ ਧਾਰ ਸਮਝਾਈਆ । ਖੇਲੇ ਖੇਲ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਲੇਖਾ ਜਾਣੇ ਤ੍ਰੈਗੁਣ ਮਾਇਆ ਪੰਜ ਤਤ ਪ੍ਰਾਣੀ, ਪਾਰਬ੍ਰਹਮ ਆਪਣਾ ਰੰਗ ਰੰਗਾਈਆ । ਜਿਸ ਦਾ ਆਦਿ ਅੰਤ ਜੁਗਾ ਜੁਗੰਤ ਬਣਿਆ ਕੋਇ ਨਾ ਸਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਪੁਰਖ ਅਕਾਲ ਕਹੇ ਮੇਰਾ ਸਤਿਗੁਰ ਸ਼ਬਦ ਪੂਰਾ, ਸੂਰਬੀਰ ਅਖਵਾਈਆ । ਜੁਗ ਚੌਕੜੀ ਹਾਜ਼ਰ ਹਜ਼ੂਰਾ, ਨਿਤ ਨਵਿਤ ਵੇਸ ਵਟਾਈਆ । ਸਾਚੇ ਨਾਮ ਦੀ ਵਜਾਏ ਤੂਰਾ, ਤੁਰੀਆ ਤੋਂ ਪਰੇ ਆਪ ਸਮਝਾਈਆ । ਕੂੜੀ ਕਿਰਿਆ ਹੂੰਝੇ ਕੂੜਾ, ਹਉਮੇ ਰੋਗ ਮਿਟਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜਾ, ਭੇਵ ਅਭੇਦ ਇਕ ਖੁਲ੍ਹਾਈਆ । ਪੰਧ ਮੁਕਾਏ ਨੇੜ ਦੂਰਾ, ਕਾਇਆ ਮੰਦਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਨੂਰ ਇਲਾਹੀਆ । ਪੁਰਖ ਅਕਾਲ ਕਹੇ ਮੇਰਾ ਸਤਿਗੁਰ ਪੂਰਾ ਸ਼ਬਦ ਆਦਿ ਜੁਗਾਦਿ ਏਕ, ਜੁਗ ਜੁਗ ਵੇਸ ਵਟਾਈਆ । ਸਚ ਦੀ ਦੇਵੇ ਟੇਕ, ਟਿੱਕਾ ਮਸਤਕ ਨਾਮ ਰਖਾਈਆ । ਕਰੇ ਸਰਬ ਬਿਬੇਕ, ਦੁਰਮਤ ਮੈਲ ਧਵਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਖੋਲ੍ਹ ਕੇ ਭੇਤ, ਪਰਦਾ ਅੰਦਰੋਂ ਦਏ ਉਠਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤਤ ਬੁਝਾਈਆ । ਸਚਖੰਡ ਵਖਾਵੇ ਅਗੰਮੀ ਦੇਸ, ਜਿਥੇ ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਿਰ ਆਪਣਾ ਹੱਥ ਟਿਕਾਈਆ । ਪੁਰਖ ਅਕਾਲ ਕਹੇ ਮੇਰਾ ਸ਼ਬਦ ਆਦਿ ਅੰਤ ਦਾ ਕਰਤਾ, ਕਰਤਾ ਪੁਰਖ ਦਏ ਵਡਿਆਈਆ । ਨਾ ਜੀਵੇ ਨਾ ਮਰਦਾ, ਮਰ ਜੀਵਤ ਰੂਪ ਨਾ ਕੋਇ ਦਰਸਾਈਆ । ਉਹਦਾ ਕੋਈ ਨਾ ਜਾਣੇ ਹਰਸਾ, ਜੁਗ ਚੌਕੜੀ ਕੋਟਨ ਕੋਟ ਗਏ ਵਿਹਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਉਸ ਦਾ ਹੱਲ ਕਰੇ ਕੋਇ ਨਾ ਪਰਚਾ, ਪ੍ਰਾਚੀਨ ਦਾ ਭੇਵ ਨਾ ਕੋਇ ਖੁਲ੍ਹਾਈਆ । ਇਕ ਸ਼ਬਦ ਸੰਦੇਸਾ ਦਿਤਾ ਗੋਬਿੰਦ ਜਿਸ ਵੇਲੇ ਚਰਨ ਛੁਹਾਇਆ ਵਿਚ ਸਰਸਾ, ਸਹਿਜ ਨਾਲ ਸੁਣਾਈਆ । ਪੁਰਖ ਅਕਾਲੇ ਦੀਨ ਦਿਆਲੇ ਖੇਲ ਵੇਖਣਾ ਕਲਜੁਗ ਕਲ ਦਾ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਉਹਦਾ ਭੇਵ ਅਭੇਦਾ ਹੋਣਾ ਅਛਲ ਅਛੱਲ ਦਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ

੪੩੫ ੨੨

ਆਪਣਾ ਵੇਸ ਵਟਾਈਆ । ਜਿਸ ਦਾ ਵਾਸਾ ਨਿਹਚਲ ਧਾਮ ਅਟੱਲ ਦਾ, ਦਰਗਾਹ ਸਾਚੀ ਸਚਖੰਡ ਦਵਾਰੇ ਨਿਰਗੁਣ ਜੋਤ ਕਰੇ ਰੁਸ਼ਨਾਈਆ । ਮੇਰਾ ਵਿਛੋੜਾ ਹੋਏ ਨਾ ਘੜੀ ਪਲ ਦਾ, ਸਦ ਇਕੋ ਰੰਗ ਸਮਾਈਆ । ਜਿਸ ਖੇਲ ਵੇਖਣਾ ਜਲ ਥਲ ਦਾ, ਮਹੀਅਲ ਖੋਜ ਖੁਜਾਈਆ । ਓਸ ਦਾ ਭਾਣਾ ਕਦੇ ਨਾ ਟਲਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਸੰਦੇਸਾ ਇਕ ਸੁਣਾਈਆ । ਸਤਿਗੁਰ ਸ਼ਬਦ ਆਦਿ ਅੰਤ ਇਕ ਬਲਵਾਨ, ਬਲਧਾਰੀ ਇਕ ਅਖਵਾਈਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਕੋਟਨ ਕੋਟ ਬ੍ਰਹਿਮੰਡ ਖੰਡ ਸੀਸ ਨਿਵਾਈਆ । ਜਿਸ ਦੀ ਮਹਿੰਮਾ ਸਿਫ਼ਤ ਸਾਰੇ ਗਾਣ, ਗਾ ਗਾ ਸ਼ੁਕਰ ਮਨਾਈਆ । ਤਖ਼ਤ ਨਿਵਾਸੀ ਨੌਜਵਾਨ, ਨਾ ਮਰੇ ਨਾ ਜਾਈਆ । ਸੋ ਲੇਖਾ ਜਾਣੇ ਜੀਵ ਜਹਾਨ, ਲੱਖ ਚੁਰਾਸੀ ਖੋਜ ਖੁਜਾਈਆ । ਜਿਸ ਦਾ ਅਵਤਾਰ ਪੈਗ਼ੰਬਰ ਦੇ ਕੇ ਆਏ ਪੈਗ਼ਾਮ, ਭਵਿਖਤਾਂ ਵਿਚ ਦ੍ਰਿੜਾਈਆ । ਸੋ ਸੂਰਬੀਰ ਅੰਤਰਜਾਮੀ ਸਭ ਦੀ ਕਰੇ ਪਹਿਚਾਨ, ਬੇਪਹਿਚਾਨ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਇਕ ਇਲਾਹੀਆ । ਪੁਰਖ ਅਕਾਲ ਕਹੇ ਮੇਰਾ ਸ਼ਬਦ ਗੁਰੂ ਸ਼ਬਦੀ ਧਾਰ ਸਚ ਖੰਡਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋ ਪਾਵੇ ਸਾਰ ਕੋਟਨ ਕੋਟ ਬ੍ਰਹਿਮੰਡਾ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਜਿਸ ਦਾ ਭੇਵ ਕੋਈ ਨਾ ਜਾਣੇ ਮੰਦਾ ਚੰਗਾ, ਹਰਿ ਕਾ ਰੂਪ ਨਾ ਕੋਇ ਵਡਿਆਈਆ । ਉਹ ਤਤਾਂ ਵਾਲਾ ਨਹੀਂ ਬੰਦਾ, ਵਜੂਦ ਸਬੂਤ ਨਾ ਕੋਇ ਕਰਾਈਆ । ਇਕੋ ਮਾਲਕ ਖ਼ਾਲਕ ਪ੍ਰਿਤਪਾਲਕ ਜੋ ਆਦਿ ਅੰਤ ਦਏ ਅਨੰਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਫ਼ਰਮਾਨਾ ਇਕ ਸੁਣਾਈਆ । ਪੁਰਖ ਅਕਾਲ ਕਹੇ ਮੇਰਾ ਸਤਿਗੁਰ ਸ਼ਬਦ ਬਹਾਦਰ, ਸੂਰਬੀਰ ਅਖਵਾਈਆ । ਜਿਸ ਜੋਤ ਜਗਾਈ ਸਤਿਗੁਰ ਤੇਗ਼ ਬਹਾਦਰ, ਦਿਤੀ ਦੋ ਜਹਾਨ ਵਡਿਆਈਆ । ਧਰਮ ਦੀ ਧਾਰ ਬਣ ਕੇ ਚਾਦਰ, ਅਨਾਥਾਂ ਹੋਇਆ ਸਹਾਈਆ । ਕਲਜੁਗ ਕੂੜੀ ਕਿਰਿਆ ਰੋੜ੍ਹ ਕੇ ਡੂੰਘੇ ਸਾਗਰ, ਗਹਿਰ ਗੰਭੀਰ ਇਕ ਪਰਗਟਾਈਆ । ਸਾਚੇ ਧਰਮ ਦਾ ਕਰ ਕੇ ਆਦਰ, ਇਨਸਾਫ਼ ਇਕ ਜਣਾਈਆ । ਝਗੜਾ ਮੁਕਾ ਕੇ ਮਕਤੂਲ ਕਾਤਲ, ਲੇਖਾ ਤਨ ਵਜੂਦ ਛੁਡਾਈਆ । ਜਿਸ ਦਾ ਨੂਰ ਅਗੰਮਾ ਸਾਬਤ, ਗੋਬਿੰਦ ਇਕ ਅਖਵਾਈਆ । ਉਸ ਨੇ ਦੀਨ ਦੁਨੀ ਦੀ ਬਦਲ ਕੇ ਆਦਤ, ਗੁਰਮੁਖ ਗੁਰਸਿਖ ਲਏ ਪਰਗਟਾਈਆ । ਪੁਰਖ ਅਕਾਲ ਦੀ ਇਕੋ ਕਰਨੀ ਇਬਾਦਤ, ਦੂਸਰ ਸੀਸ ਨਾ ਕੋਇ ਨਿਵਾਈਆ । ਊਚਾਂ ਨੀਚਾਂ ਇਕੋ ਦੇ ਲਿਆਕਤ, ਬੁੱਧੀ ਸਮਝ ਵਿਚ ਸਮਝਾਈਆ । ਦੀਨ ਦਿਆਲਾ ਤੁਹਾਡਾ ਮਾਲਕ, ਜ਼ਾਤ ਪਾਤ ਨਾ ਵੰਡ ਵੰਡਾਈਆ । ਸਤਿਗੁਰੂ ਸ਼ਬਦੀ ਧਾਰ ਆਦਿ ਅੰਤ ਦਾ ਸਾਲਸ, ਜੁਗ ਚੌਕੜੀ ਵੇਖ ਵਖਾਈਆ । ਤੁਸਾਂ ਗੁਰਸਿਖ ਗੁਰਮੁਖ ਬਣਨਾ ਖ਼ਾਲਸ, ਖ਼ਾਲਸਾ ਰੂਪ ਜਣਾਈਆ । ਵੇਖੋ ਕਲਜੁਗ ਮਾਇਆ ਵਿਚ ਨਾ ਕਰਿਉ ਆਲਸ, ਗ਼ਫਲਤ ਵਿਚ ਆਪਣਾ ਆਪ ਭੁਲਾਈਆ । ਬਿਨਾ ਗੋਬਿੰਦ ਦੇ ਫੇਰ ਕਿਸੇ ਨਹੀਂ ਦੇਣੀ ਜ਼ਮਾਨਤ, ਅੱਗੇ ਹੋ ਨਾ ਕੋਇ ਬਚਾਈਆ । ਮੇਰੇ ਨਾਮ ਦੀ ਕਰਿਓ ਨਾ ਕੋਇ ਖਿਆਨਤ, ਸਹਿਜ ਨਾਲ ਗਿਆ ਦ੍ਰਿੜਾਈਆ । ਗੁਰਸਿਖੋ ਸਿਖ ਨਾਲ ਕਦੇ ਨਾ ਕਰਿਓ ਅਦਾਵਤ, ਤੁਹਾਡੇ ਪਿਛੇ ਬੱਚੇ ਨੀਹਾਂ ਹੇਠ ਦਬਾਈਆ । ਪੰਥ ਖ਼ਾਲਸਾ ਮੇਰਾ ਸਹੀ ਸਲਾਮਤ, ਜਿਸ ਦਾ ਰਾਖਾ ਪੁਰਖ ਅਕਾਲ ਦਿਤਾ ਬਣਾਈਆ । ਮੇਰੀ ਧਾਰ ਨਹੀਂ ਬਨਾਵਟ, ਸਚ ਸਚ ਵਡਿਆਈਆ । ਮੈਂ ਸੇਵਾ

ਕਰਦਾ ਕਦੀ ਨਾ ਆਵਾਂ ਵਿਚ ਥਕਾਵਟ, ਗੋਬਿੰਦ ਸ਼ਬਦ ਵਿਚ ਜਣਾਈਆ । ਅੰਤ ਕਲਜੁਗ ਆਉਣੀ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਵੇਖਿਓ ਮਾਇਆ ਵਿਚ ਭੁੱਲ ਕੇ ਕੋਈ ਛਡ ਨਾ ਜਾਇਓ ਸਾਥ, ਸਗਲਾ ਸੰਗ ਰਖਾਈਆ । ਅਗਲਾ ਖੇਲ ਕਰਨਾ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣੀ ਕਾਰ ਕਮਾਈਆ । ਜਿਸ ਦੀ ਜੋਤ ਵਿਚ ਮੇਰਾ ਸਦਾ ਰਹਿਣਾ ਵਾਸ, ਵਿਛੋੜੇ ਵਾਲੀ ਵੰਡ ਨਾ ਕੋਇ ਵੰਡਾਈਆ । ਸਦਾ ਸਦ ਹੋਵੇ ਪ੍ਰਕਾਸ਼, ਅੰਧ ਅੰਧੇਰ ਗਵਾਈਆ । ਗੁਰਮੁਖੋ ਜਗਤ ਧਾਰ ਵਿਚ ਸੰਸਾਰ ਪਿਆਰ ਵਿਚ ਕਿਤੇ ਭੁੱਲ ਨਾ ਜਾਇਓ ਮੇਰਾ ਵਿਸ਼ਵਾਸ਼, ਵਿਸ਼ਿਆਂ ਵਿਚ ਆਪਣਾ ਆਪ ਦਬਾਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਸ਼ਬਦ ਸਤਿਗੁਰੂ ਖ਼ਾਸ, ਜਨਮ ਮਰਨ ਵਿਚ ਨਾ ਆਈਆ । ਮੈਨੂੰ ਆਪਣੇ ਵਿਚੋਂ ਕਰਿਓ ਤਲਾਸ਼, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਖ਼ਾਲਸਾ ਮੇਰਾ ਰੂਪ ਆਪ, ਮੈਂ ਸਦ ਖ਼ਾਲਸੇ ਵਿਚ ਸਮਾਈਆ । ਤੁਹਾਡਾ ਸਭ ਦਾ ਪੁਰਖ ਅਕਾਲ ਮਾਈ ਬਾਪ, ਜਿਸ ਦੀ ਗੋਦੀ ਦਿਤਾ ਟਿਕਾਈਆ । ਜਦ ਯਾਦ ਕਰੋਗੇ ਸਾਖਿਆਤ, ਪਰਗਟ ਹੋ ਕੇ ਵੇਖ ਵਖਾਈਆ । ਆਤਮ ਪਰਮਾਤਮ ਕਦੇ ਟੁੱਟੇ ਨਾ ਨਾਤ, ਨਾਤਾ ਧੁਰ ਦਾ ਇਕ ਬੰਧਾਈਆ । ਸੋ ਸ਼ਬਦ ਗੁਰੂ ਜੋ ਹਰ ਘਟ ਰੱਖੇ ਵਾਸ, ਵਾਸਤਾ ਇਕੋ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਦਵਾਰਾ ਇਕ ਮੰਜ਼ਲ ਇਕ ਘਾਟ, ਇਕੋ ਗ੍ਰਿਹ ਮੰਦਰ ਪੁਰਖ ਅਕਾਲ ਜੋ ਆਦਿ ਜੁਗਾਦਿ ਦਾ ਦੇਵੇ ਸਾਥ, ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਖੇਲ ਵਖਾਈਆ ।



✪ ੩੦ ਚੇਤ ਸ਼ਹਿਨਸ਼ਾਹੀ ਸੰਮਤ ੬ ਭਗਤ ਸਿੰਘ ਇਟਾਰਸੀ ਵਾਲੇ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ✪

ਚੇਤ ਕਹੇ ਮੇਰਾ ਅੰਤ ਦਿਹਾੜਾ ਮੁੱਕਿਆ, ਮੁੱਕਿਆ ਜਗਤ ਵਿਹਾਰ । ਪ੍ਰਭ ਖੇਲ ਕਰੇ ਅਬਿਨਾਸ਼ੀ ਅਚੁੱਤਿਆ, ਚੇਤਰ ਚਤੁਰਥ ਰੂਪ ਸਰਕਾਰ । ਭਾਗ ਲਗਾਵੇ ਕਾਇਆ ਬੁੱਤਿਆ, ਬੁਤਖ਼ਾਨੇ ਪਾਵੇ ਸਾਰ । ਕਲਜੁਗ ਜੀਵ ਵੇਖੇ ਰਾਹੋਂ ਘੁੱਥਿਆ, ਮਨ ਮੰਜ਼ਲ ਚੜ੍ਹੇ ਨਾ ਕੋਇ ਦੁਸ਼ਵਾਰ । ਦਿਨ ਦਿਹਾੜੇ ਜਾਏ ਲੁੱਟਿਆ, ਜਗਤ ਗੁਰਦੇਵ ਨਾ ਕੋਇ ਪਹਿਰੇਦਾਰ । ਪੁਰਖ ਅਕਾਲ ਗੁਰ ਅਵਤਾਰ ਪੈਗ਼ੰਬਰ ਕੋਲੋਂ ਪੁਛਿਆ, ਧਰਮ ਧਾਰ ਹੋਵੇ ਹੁਸ਼ਿਆਰ । ਕਲਜੁਗ ਦਾ ਵੇਲਾ ਅੰਤਮ ਪੁੱਜਿਆ, ਨੇਤਰ ਨੈਣ ਵੇਖੋ ਉਘਾੜ । ਜਿਸ ਨੇ ਭੇਵ ਚੁਕੌਣਾ ਏਕਾ ਦੂਜਿਆ, ਏਕਾ ਰੰਗ ਰੰਗੇ ਕਰਤਾਰ । ਜੋ ਜੀਵ ਪ੍ਰਾਨੀ ਰਿਹਾ ਸੁੱਤਿਆ, ਸਚ ਮਿਲੇ ਨਾ ਕੋਇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੱਚੀ ਸਰਕਾਰ । ਚੇਤ ਕਹੇ ਅੰਤ ਮੈਂ ਵੀ ਗਿਆ ਮੁਕ, ਮੁਕਤੀ ਦਿਆਂ ਜਣਾਈਆ । ਸਭ ਨੇ ਪੜ੍ਹਨੀ ਇਕੋ ਤੁਕ, ਸੋਹੰ ਢੋਲਾ ਧੁਰਦਰਗਾਹੀਆ । ਭਗਤ ਧਾਰ ਰਹੇ ਨਾ ਦੁੱਖ, ਦਰਦੀਆਂ ਦਰਦ ਗਵਾਈਆ । ਸਤਿਗੁਰ ਗੋਦੀ ਲਏ ਚੁੱਕ, ਫੜ ਬਾਹੋਂ ਗਲੇ ਲਗਾਈਆ । ਭਗਤ ਸੁਹੇਲੇ ਭਗਤ ਬਣਾ ਕੇ ਸੁਤ, ਅਪਰਾਧੀ ਲਏ ਤਰਾਈਆ । ਜੋ ਦਰ ਦਵਾਰ ਗਿਆ ਝੁਕ, ਤਿਸ ਰਾਏ ਧਰਮ ਨਾ ਦਏ ਸਜਾਈਆ । ਪਰਦਾ ਓਹਲਾ ਰਹੇ ਨਾ ਲੁਕ, ਭੇਵ ਅਭੇਦਾ ਦਏ ਖੁਲ੍ਹਾਈਆ । ਚੇਤਰ ਕਹੇ ਮੈਂ ਅੰਤ ਅਖ਼ੀਰੀ ਪੁਰਖ ਅਕਾਲ ਕੋਲੋਂ ਸਭ ਦੀ ਮੰਗਦਾ ਸੁਖ, ਖ਼ਾਲੀ ਝੋਲੀ ਅੱਗੇ ਡਾਹੀਆ ।

ਮੇਰਾ ਉਜਲ ਕਰੇ ਮੁਖ, ਦੁਰਮਤ ਮੈਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਭਗਤ ਸਿੰਘ ਭਗਵਾਨ ਵਖਾਏ ਆਪਣਾ ਇਕ ਸੁਖ, ਜਿਸ ਸੁਖ ਵਿਚ ਦੁੱਖ ਸਾਰੇ ਜਾਣ ਸਮਾਈਆ ।

## ✪ ਪਹਿਲੀ ਵਿਸਾਖ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ✪

ਵਿਸਾਖ ਕਹੇ ਮੈਂ ਵਸਦੇ ਖੇੜੇ ਗਿਆ ਆ, ਜਨਮ ਵਿਚ ਖ਼ੁਸ਼ੀ ਮਨਾਈਆ । ਪੁਰਖ ਅਕਾਲੇ ਸੀਸ ਨਿਵਾ, ਚਰਨ ਕਵਲ ਸਰਨਾਈਆ । ਨਮਸਤੇ ਵਿਚ ਦੁਆ, ਸੱਜਦੇ ਵਿਚ ਦੁਹਾਈਆ । ਤੂੰ ਦਾਤਾ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਤੂੰ ਜਲਵਾਗਰ ਖ਼ੁਦਾ, ਰੱਬੀ ਨੂਰ ਇਲਾਹੀਆ । ਤੈਨੂੰ ਸਾਰੇ ਰਹੇ ਗਾ, ਰਾਗਾਂ ਨਾਦਾਂ ਵਿਚ ਸ਼ਨਵਾਈਆ । ਤੂੰ ਵਸੇਂ ਹਰ ਘਟ ਥਾਂ, ਜਲ ਥਲ ਮਹੀਅਲ ਰਿਹਾ ਸਮਾਈਆ । ਤੂੰ ਸਭ ਦਾ ਪਿਤਾ ਮਾਂ, ਲੱਖ ਚੁਰਾਸੀ ਗੋਦ ਟਿਕਾਈਆ । ਤੂੰ ਸਭ ਦਾ ਆਤਮ ਪਰਮਾਤਮ ਧੁਰ ਦਾ ਨਾਂ, ਨਾਉਂ ਨਿਰੰਕਾਰਾ ਇਕ ਅਖਵਾਈਆ । ਤੇਰਾ ਖੇਲ ਅਗੰਮ ਅਥਾਹ, ਅਲਖ ਅਗੋਚਰ ਤੇਰੀ ਬੇਪਰਵਾਹੀਆ । ਮੈਂ ਗਲ ਵਿਚ ਪਲੂ ਪਾ ਕੇ ਵਾਸਤਾ ਰਿਹਾ ਪਾ, ਪਾਉਂ ਸੀਸ ਨਿਵਾਈਆ । ਕੀ ਕਲਜੁਗ ਅੰਤਮ ਲਾਵੇਂ ਦਾਅ, ਆਪਣੀ ਕਾਰ ਕਮਾਈਆ । ਭੇਵ ਅਭੇਦਾ ਦੇ ਖੁਲ੍ਹਾ, ਪਰਦਾ ਸਚ ਉਠਾਈਆ । ਕਵਣ ਤੇਰਾ ਰਾਹ ਰਿਹਾ ਤਕਾ, ਤਕਵਾ ਇਕ ਜਣਾਈਆ । ਕਵਣ ਇਸ਼ਾਰੇ ਰਿਹਾ ਕਰਾ, ਸੈਨਤ ਅਗੰਮ ਲਗਾਈਆ । ਕਿਰਪਾ ਕਰ ਮੇਰੇ ਮਿਹਰਵਾਂ, ਮਹਿਬੂਬ ਤੇਰੀ ਸਰਨਾਈਆ । ਮੇਰੇ ਅੰਤਰ ਆਵੇ ਚਾ, ਚਾਉ ਘਨੇਰਾ ਇਕ ਰਖਾਈਆ । ਤੇਰਾ ਖੇਲ ਵੇਖਿਆ ਝਗੜਾ ਪਾਇਆ ਸੂਰ ਗਾਂ, ਮਾਨਵ ਮਾਨਵ ਨਾਲ ਟਕਰਾਈਆ । ਦੀਨ ਮਜ਼੍ਹਬਾਂ ਵੰਡ ਵੰਡਾ, ਹਿੱਸੇ ਟੁਕੜੇ ਦਿਤੇ ਕਰਾਈਆ । ਅੱਖਰਾਂ ਵਾਲੇ ਜਪਾ ਕੇ ਨਾਂ, ਸਿਫਤਾਂ ਵਿਚ ਵਡਿਆਈਆ । ਜੁਗ ਜੁਗ ਸਤਿਗੁਰ ਸ਼ਬਦ ਬਦਲ ਕੇ ਵੇਸ ਅਵੇਸ ਵਟਾ, ਰੂਪ ਅਨੂਪ ਦਰਸਾਈਆ । ਅੰਤ ਸਭ ਨੂੰ ਹਕੀਕਤ ਦਾ ਦੇ ਕੇ ਪਟਾ, ਬੇਮੁਨਿਆਦਾਂ ਮੁਨਿਆਦ ਆਪਣੇ ਵਿਚ ਛੁਪਾਈਆ । ਵੱਖਰੇ ਵੱਖਰਾ ਦੱਸ ਕੇ ਟੱਪਾ, ਟਾਪੂਆਂ ਵਿਚ ਕੀਤੀ ਪੜ੍ਹਾਈਆ । ਸਭ ਨੂੰ ਕਿਹਾ ਮੈਂ ਤੁਹਾਡਾ ਪੱਕਾ, ਮੀਤ ਇਕ ਅਖਵਾਈਆ । ਫੇਰ ਓਸੇ ਨੂੰ ਦੇ ਕੇ ਧੱਕਾ, ਅਗਲੀ ਕਲ ਵਖਾਈਆ । ਵਿਸਾਖ ਕਹੇ ਮੇਰੀ ਦਰੋਹੀ ਕੀ ਸੰਦੇਸਾ ਮੁਹੰਮਦ ਨੂੰ ਦਿਤਾ ਵਿਚ ਮੱਕਾ, ਬਿਨਾ ਕਾਅਬੇ ਆਪ ਜਣਾਈਆ । ਵੇਖ ਨਜ਼ਾਰਾ ਮੇਰਾ ਯੱਕਾ, ਯਕ ਦਿਆਂ ਦ੍ਰਿੜਾਈਆ । ਜਿਸ ਵੇਲੇ ਤੇਰਾ ਤੇਰੇ ਵਿਚੋਂ ਥੱਕਾ, ਥਕਾਵਟ ਵਿਚ ਦੁਹਾਈਆ । ਉਸ ਵੇਲੇ ਕਲਮੇ ਦਾ ਮੁੱਲ ਰਹਿਣਾ ਨਹੀਂ ਟਕਾ, ਕੀਮਤ ਨਾ ਕੋਇ ਚੁਕਾਈਆ । ਨਾਤਾ ਰਹਿਣਾ ਕੋਈ ਨਹੀਂ ਸਕਾ, ਮੁਹੱਬਤ ਵਿਚ ਨਾ ਕੋਇ ਸਮਾਈਆ । ਸਦੀ ਚੌਧਵੀਂ ਲਾਇਆ ਠੱਪਾ, ਇਸ਼ਾਰੇ ਨਾਲ ਵਖਾਈਆ । ਉਸ ਵੇਲੇ ਇਕੋ ਮਾਣ ਵਡਿਆਈ ਮਿਲਣੀ ਜੋ ਨਾਨਕ ਨਿਰਗੁਣ ਸਰਗੁਣ ਧਾਰ ਅੱਖਰ ਹੋਣਾ ਪੱਪਾ, ਪੂਰਨ ਪੂਰਨ ਬ੍ਰਹਮ ਜਣਾਈਆ । ਜਿਸ ਦਾ ਹੁਕਮ ਚਾਰ ਜੁਗ ਮੂਲ ਨਾ ਛੱਪਾ, ਛੰਦਾਂ ਵਿਚ ਨਾ ਕੋਇ ਜਣਾਈਆ । ਜਿਸ ਖੇਲ ਖਿਲਾਇਆ ਕੱਛਾਂ ਮੱਛਾਂ, ਜਲਧਾਰਾ ਵਹਿਣ ਵਹਾਈਆ । ਉਸ ਖੇਲ ਵਖਾਉਣਾ ਦੋ ਜਹਾਨ ਅੱਖਾਂ, ਨੈਣ ਨੈਣ ਦਰਸਾਈਆ । ਲੇਖਾ

ਪੂਰਾ ਕਰਨਾ ਗੋਬਿੰਦ ਦੀ ਸੇਜ ਮਾਛੂਵਾੜੇ ਰੱਖਾਂ, ਕੰਡਿਆਂ ਲੈਣਾ ਸਵਾਈਆ । ਕਰਨੈਲ ਸਿੰਘ ਉਠ ਕੇ ਬੋਲ ਦੇ ਸਭ ਅੱਛਾ, ਕੰਡਾ ਹੱਥ ਦੇਣਾ ਟਿਕਾਈਆ । ਮੁਖੋਂ ਕਹਿ ਦੇ ਮੈਂ ਗੋਬਿੰਦ ਤੇਰਾ ਉਹ ਬੱਚਾ, ਜਿਹੜਾ ਨੌਂ ਵਾਰ ਭੁੱਲ ਕੇ ਫੇਰ ਸਰਨ ਵਿਚ ਆਈਆ । ਬਾਕੀ ਦੱਸ ਦੇ ਪਰਵਾਰ ਓਹ ਬਚਾ, ਵੱਡੇ ਛੋਟੇ ਲੈ ਉਠਾਈਆ । ਜਿਸ ਕਾਰਨ ਵੱਟ ਕੇ ਲਿਆਂਦਾ ਰੱਸਾ, ਹੱਥ ਵਿਚ ਦੇਣਾ ਫੜਾਈਆ । ਜਿਹੜਾ ਪਕਵਾਨ ਧੁਰ ਦਾ ਪੱਕਾ, ਅੱਗੇ ਦਿਓ ਟਿਕਾਈਆ । ਜਿਹੜਾ ਬਸਤਰ ਸਾਂਭ ਕੇ ਰੱਖਾ, ਚਰਨ ਦਿਓ ਛੁਹਾਈਆ । ਜਿਹੜਾ ਦੁੱਖ ਸਭ ਨੂੰ ਰਹਿੰਦਾ ਮੱਠਾ ਮੱਠਾ, ਸਾਰੇ ਹੱਥਾਂ ਨਾਲ ਦਿਓ ਸੁਟਾਈਆ । ਪ੍ਰਭ ਵੇਖਣਹਾਰ ਬੱਚਾ ਬੱਚਾ, ਬੁੱਢੇ ਨੱਢੇ ਖੋਜ ਖੁਜਾਈਆ । ਪਿਛਲਾ ਬਚਨ ਕਰਨਾ ਸੱਚਾ, ਨਾ ਕੋਇ ਮੇਟੇ ਮੇਟ ਮਿਟਾਈਆ । ਜਿਸ ਵੇਲੇ ਮਾਛੂਵਾੜੇ ਵਿਚੋਂ ਗੋਬਿੰਦ ਨੇ ਪਹਿਲੀ ਵਾਰ ਪੁਟੀਆਂ ਅੱਖਾਂ, ਨੈਣ ਜਗਤ ਉਠਾਈਆ । ਉਹ ਇਹਨਾਂ ਸਭਨਾ ਦਾ ਇਕ ਜੱਥਾ ਸੀ ਇਕੱਠਾ, ਨਿਉਂ ਕੇ ਸੀਸ ਨਿਵਾਈਆ । ਗੋਬਿੰਦ ਨੇ ਹੱਸ ਕੇ ਕਿਹਾ ਇਕ ਗਾਓ ਮੇਰਾ ਟੱਪਾ, ਸ਼ਬਦ ਨਾਮ ਸੁਣਾਈਆ । ਵਿਚੋਂ ਪੰਜਾਂ ਨੇ ਹੱਥ ਮਾਰਿਆ ਉਤੇ ਮੱਥਾ, ਠੋਕਰ ਨਾਲ ਜਣਾਈਆ । ਤੂੰ ਤੇ ਸੁੱਤਾ ਆਪ ਉਤੇ ਕੱਖਾਂ, ਕੀ ਸਾਨੂੰ ਦਏਂ ਵਡਿਆਈਆ । ਅਸੀਂ ਸੁਣਿਆ ਸੀ ਤੂੰ ਲੜਾਉਂਦਾ ਇਕ ਨੂੰ ਨਾਲ ਲੱਖਾਂ, ਅੱਜ ਸਾਥੀ ਨਜ਼ਰ ਕੋਇ ਨਾ ਆਈਆ । ਕਿਉਂ ਫਿਰਦਾ ਜੰਗਲ ਬੇਲੇ ਵੱਟਾਂ, ਭੱਜਿਆ ਵਾਹੋ ਦਾਹੀਆ । ਗੋਬਿੰਦ ਫੇਰ ਖੋਲ੍ਹੀਆਂ ਅੱਖਾਂ, ਨਿਗਾਹ ਕੀੜੀ ਵੱਲ ਟਿਕਾਈਆ । ਫੇਰ ਨਜ਼ਰ ਆਇਆ ਇਕ ਸਖ਼ਾ, ਦੂਰ ਦੁਰਾਡਾ ਭੱਜਿਆ ਵਾਹੋ ਦਾਹੀਆ । ਉਹ ਨੇੜੇ ਪਹੁੰਚਿਆ ਮਸਾਂ, ਆਪਣਾ ਪੰਧ ਮੁਕਾਈਆ । ਉਸ ਦੀਆਂ ਚੜ੍ਹ ਗਈਆਂ ਨਸਾਂ, ਨੇਤਰ ਰੋ ਕੇ ਦਿਤਾ ਵਖਾਈਆ । ਗੋਬਿੰਦ ਕਿਹਾ ਆਪਣਾ ਦੱਸ ਪਤਾ, ਕਵਣ ਭੈਣ ਤੇ ਕਵਣ ਭਾਈਆ । ਉਸ ਨੇ ਪਿਆਰ ਵਿਚ ਕਿਹਾ ਬਚਨ ਰਤਾ, ਸਹਿਜ ਨਾਲ ਸੁਣਾਈਆ । ਗੋਬਿੰਦ ਮੈਂ ਕੋਈ ਮਰਦ ਨਹੀਂ ਨੌਜਵਾਨ ਨਹੀਂ ਸੂਰਬੀਰ ਬਲਵਾਨ ਨਹੀਂ ਮੈਂ ਕੁਆਰੀ ਕੰਨਿਆ ਤੇ ਤੇਰਾ ਛੋਟਾ ਜਿਹਾ ਬੱਚਾ, ਜੰਗਲ ਵਿਚ ਤੇਰੀ ਯਾਦ ਕਰ ਕੇ ਭੱਜਾ ਚਾਈਂ ਚਾਈਂਆ । ਮੇਰਾ ਇਕ ਨਾਤਾ ਜਿਸ ਦੇ ਸਿਰ ਉਤੇ ਤਾਜ ਧਰਿਆ ਸੀ ਆਪਣਿਆਂ ਹੱਥਾਂ, ਉਹ ਮੇਰਾ ਮਾਸੀ ਦਾ ਪੁਤਰ ਭਾਈ ਸੋਭਾ ਪਾਈਆ । ਮੈਂ ਚਾਹੁੰਦੀ ਉਸ ਨੂੰ ਵੇਖਾਂ ਨਾਲ ਅੱਖਾਂ, ਨੈਣ ਨੈਣ ਦਰਸਾਈਆ । ਗੋਬਿੰਦ ਸ਼ਬਦ ਕਿਹਾ ਇਹ ਖੇਲ ਅਗੰਮਾ ਤੈਨੂੰ ਇਕ ਦੱਸਾਂ, ਸਚ ਨਾਲ ਸੁਣਾਈਆ । ਉਹ ਵੇਖ ਕਲਜੁਗ ਅੰਤ ਆਉਂਦਾ ਨੱਸਾ, ਭੱਜੇ ਵਾਹੋ ਦਾਹੀਆ । ਉਸ ਦਾ ਵੇਖ ਪਤਾ, ਜੋ ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਨੇ ਮੇਰਾ ਖੇਲ ਕਰਾਉਣਾ ਹੋ ਸਮਰਥਾ, ਸਮਰਥ ਦਏ ਵਡਿਆਈਆ । ਫੇਰ ਉਸ ਨੂੰ ਇਕ ਵਾਰ ਟੇਕੀ ਮੱਥਾ, ਮਸਤਕ ਚਰਨਾਂ ਉਤੇ ਛੁਹਾਈਆ । ਤੇਰਾ ਵੀਰ ਤੇਰੇ ਨਾਲ ਮਿਲਾਵੇ ਬਿਧ ਰੱਖੇ ਆਪਣਿਆਂ ਹੱਥਾ, ਸਤਿ ਸਚ ਸਚ ਜਣਾਈਆ । ਬਾਕੀ ਭਰਾਵਾਂ ਦਾ ਬਣਾ ਕੇ ਸੰਗ ਇਕੱਠਾ, ਬੰਸ ਸਰਬੰਸ ਦਏ ਜਣਾਈਆ । ਖਹਿੜਾ ਛੁਡਾ ਕੇ ਪੱਥਰ ਇੱਟਾਂ, ਘਰ ਇਕੋ ਇਕ ਦਏ ਵਖਾਈਆ । ਧੁਰ ਦਾ ਬਣ ਕੇ ਆਪ ਪਿਤਾ, ਪਤਿਪਰਮੇਸ਼ਵਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਹੁਕਮ ਇਕ ਸੁਣਾਈਆ । ਵਿਸਾਖ ਕਹੇ ਮੈਂ ਦੱਸਣ ਆਇਆ ਪਿਛਲੀ ਕਹਾਣੀ, ਸਹਿਜ ਨਾਲ ਸਮਝਾਈਆ । ਮਾਛੂਵਾੜੇ ਦੀ ਖੇਲ ਪੁਰਾਣੀ, ਆਹ ਕੰਡਾ ਨਿੱਕਾ ਜਿਹਾ ਦਏ ਗਵਾਹੀਆ । ਇਹੋ ਸ਼ਬਦ ਦੀ ਧਾਰ ਇਹੋ ਗੋਬਿੰਦ ਦੀ ਬਾਣੀ, ਬਾਣ ਅਣਿਆਲਾ ਤੀਰ ਲਗਾਈਆ । ਇਹੋ ਸਾਰੇ ਪ੍ਰਾਣੀ, ਜੋ ਪੁਰਾਣੇ ਵਿਛੜੇ ਨਜ਼ਰੀ ਆਈਆ । ਇਹੋ ਸਭ

ਦਾ ਜਾਣ ਜਾਣੀ, ਜਾਨਣਹਾਰ ਦਇਆ ਕਮਾਈਆ । ਬੀਬੀ ਮਹਿੰਦਰੋ ਉਹ ਵਸਤ ਲਿਆਉਣੀ, ਖ਼ੁਸ਼ੀਆਂ ਤੁਕ ਗਾਣੀ, ਵਾਹਵਾ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਮਹਿੰਦਰੋ ਦੇਦੇ ਬਸਤਰ ਚਿੱਟੇ, ਨਰਾਇਣ ਸਿੰਘ ਤੇਰੇ ਸੀਸ ਟਿਕਾਈਆ । ਕੰਘਾ ਦੇਦੇ ਜਿਸ ਦੇ ਨਿਕਲਣੇ ਹੋਰ ਸਿੱਟੇ, ਕੰਗਣ ਗੋਬਿੰਦ ਕੁੰਦਨ ਸਿੰਘ ਰੰਗ ਰੰਗਾਈਆ । ਗੁਲਜ਼ਾਰ ਸਿੰਘ ਦੇ ਕਾਕੇ ਦੇ ਦੇਦੇ ਆਪਣੀ ਹੱਥੀਂ ਹਿੱਸੇ, ਝੋਲੀ ਦੇ ਭਰਾਈਆ । ਓਹ ਕਲੀਰੇ ਕਢ ਦੇ ਦੋ ਜੇਹੜੇ ਸਤਿਗੁਰ ਹੱਟ ਵਿਕੇ, ਨਰਾਇਣ ਸਿੰਘ ਇਹ ਦੋਵੇਂ ਇਕ ਇਕ ਜੁਗਿੰਦਰ ਤਰਿਪਤ ਦੇ ਬੰਧਾਈਆ । ਦੋ ਸੇਬ ਫੜਾ ਦੇ ਮਿੱਠੇ, ਕੁੰਦਨ ਸਿੰਘ ਇਹ ਵੀ ਜੁਗਿੰਦਰ ਤਰਿਪਤ ਦੀ ਝੋਲੀ ਪਾਈਆ । ਅੱਗੇ ਨੂੰ ਇਹਨਾਂ ਨੂੰ ਹਿਰਸ ਰਹੇ ਨਾ ਕਿਤੇ, ਫਲ ਬੱਚਿਆਂ ਵਾਲੇ ਆਦਿ ਤੋਂ ਲੈ ਕੇ ਅੰਤ ਤਕ ਝੋਲੀ ਪਾਈਆ । ਬਲਵਿੰਦਰ ਨਾਰੀਅਲ ਲੈ ਆ ਜਿਸ ਦੇ ਨਾਲ ਇਹਨਾਂ ਸਾਰਿਆਂ ਦੇ ਲੇਖ ਜਾਣੇ ਲਿਖੇ, ਹੱਥ ਦੇ ਫੜਾਈਆ । ਪੰਜ ਪਤਾਸੇ ਕਿੱਥੇ, ਜਿਹੜੇ ਗੋਬਿੰਦ ਨੇ ਓਦੋਂ ਛੁਪਾਏ ਤੇ ਐਸ ਵਸਾਖੀ ਹੱਥ ਫੜਾਈਆ । ਇਹ ਸੰਦੇਸੇ ਵਿਚ ਕਿਸੇ ਸੰਦੇਸੇ ਨਹੀਂ ਲਿਖੇ, ਸ਼ਬਦ ਵਿਚ ਥਾਂ ਥਾਂ ਤੋਂ ਲਏ ਮੰਗਾਈਆ । ਕਿਸੇ ਸਮਝ ਨਹੀਂ ਆਉਂਦੀ ਮੁਨੀ ਰਿਖੇ, ਸਾਧ ਸੰਤ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਭੁਗਤਾਈਆ । ਕਰਨੈਲ ਸਿੰਹਾ ਇਹ ਕੰਡਾ ਤੇਰਾ ਬੜਾ ਤਿੱਖਾ, ਗੋਬਿੰਦ ਦੇ ਕੰਨ ਵਿਚ ਚੁੱਭਿਆ ਤੇ ਪਾਸਾ ਦਿਤਾ ਬਦਲਾਈਆ । ਤੇ ਗੋਬਿੰਦ ਨੇ ਹੱਸ ਕੇ ਕਿਹਾ ਓ ਵਾਹ ਮੇਰਿਆ ਨਿਕਿਆ ਜਿਹਾ ਸਿੱਖਾ, ਕੰਡੇ ਨੂੰ ਸਿਖ ਬਣਾ ਕੇ ਫਿਰ ਛਾਤੀ ਨਾਲ ਲਗਾਈਆ । ਫੇਰ ਊੜਾ ਓਅੰਕਾਰ ਵਾਲਾ ਲਿਖ ਕੇ ਫੇਰ ਉਸ ਦਾ ਲੇਖ ਲਿਖਾ,
੪੪੦ ਤੇ ਦੁੱਖ ਸਦਾ ਲਈ ਦਿਤਾ ਮਿਟਾਈਆ । ਹੱਸ ਕੇ ਕਿਹਾ ਓ ਮੈਂ ਭੁਲਿਆਂ ਹੋਇਆਂ ਗੁਰਸਿਖਾਂ ਨੂੰ ਫੇਰ ਵੀ ਨਾ ਦੇਵਾਂ ਪਿਛਾ, ਇਹ ਮੇਰੀ ਬੇਪਰਵਾਹੀਆ । ੪੪੦
੨੨ ਜਿਸ ਨੇ ਇਕ ਵਾਰ ਮੇਰੇ ਮਿਲਣ ਦੀ ਰੱਖ ਲਈ ਇੱਛਾ, ਸਦ ਇੱਛਾ ਪੂਰ ਕਰਾਈਆ । ਮੈਨੂੰ ਜਦ ਵੇਖੋਗੇ ਤਾਂ ਵਸਾਂ ਦਹਿ ਦਿਸ਼ਾ, ਘਟ ਘਟ ੨੨
ਅੰਦਰ ਆਪਣਾ ਡੇਰਾ ਲਾਈਆ । ਓ ਗੁਰਮੁਖੋ ਜਦ ਪੀਉਗੇ ਤੇ ਮੇਰਾ ਰਸ ਮਿੱਠਾ, ਕੜਵਾ ਰੂਪ ਨਾ ਕੋਇ ਬਦਲਾਈਆ । ਸਦਾ ਖੇਲ ਕਰਾਂਗਾ ਅਨਡਿਠਾ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਦਾ ਇਕੋ ਵਾਰ ਜਨਮ ਕਰਮ ਦਾ ਲੇਖਾ ਕਰਕੇ ਚਿੱਟਾ, ਦੁਰਮਤ ਮੈਲ ਦਿਤੀ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਵਿਸਾਖ ਕਹੇ ਓ ਗੁਰਮੁਖੋ ਤੁਹਾਡਾ ਵਿਸਾਖੀ ਦਾ ਮੇਲਾ, ਵਸਾਹ ਕੇ ਦਿਤਾ ਵਖਾਈਆ । ਜੇਹੜਾ ਪਿਆ ਸੀ ਵਿਚ ਜੰਗਲ ਬੇਲਾ, ਆਸਣ ਸੂਲਾਂ ਸੱਥਰ ਸੇਜ ਹੰਢਾਈਆ । ਜਿਸ ਨੇ ਇਕੋ ਰੰਗ ਸਮਝਾਇਆ ਸੀ ਗੁਰੂ ਗੁਰ ਚੇਲਾ, ਚੇਲਾ ਗੁਰ ਇਕ ਜਣਾਈਆ । ਉਹ ਧੁਰ ਦਾ ਬਣ ਕੇ ਸੱਜਣ ਸੁਹੇਲਾ, ਘਰ ਮਿਲਿਆ ਅਗੰਮਾ ਮਾਹੀਆ । ਸਦਾ ਸਮਝ ਲਉ ਉਸ ਦਾ ਗੁਰਮੁਖਾਂ ਨਾਲ ਇਕੋ ਜੇਹਾ ਵੇਲਾ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਜਨ ਭਗਤੋ ਤੁਹਾਡਾ ਅੰਨ ਦਾਨ ਤੇ ਭਗਤ ਭਗਵਾਨ ਦਾ ਭੋਜਨ, ਰਸ ਇਕੋ ਇਕ ਵਖਾਈਆ । ਜਿਸ ਵੇਲੇ ਨਾਨਕ ਦੀ ਧਾਰ ਨੇ ਖ਼ਤਮ ਕੀਤੇ ਸੀ ਯੋਜਨ, ਗਣਤੀਆਂ ਗਣਤ ਨਾ ਕੋਇ ਗਿਣਾਈਆ । ਉਸ ਵੇਲੇ ਇਕੋ ਨੂੰ ਹੋਇਆ ਰੋਸ਼ਨ, ਜ਼ਿਮੀ ਅਸਮਾਨ ਨਜ਼ਰ ਕੋਇ ਨਾ ਆਈਆ । ਜੋਤ ਦੀ ਧਾਰ ਵਿਚ ਮਿਲ ਕੇ ਜੋਤ ਦੀ ਧਾਰ ਨਾਨਕ ਲੱਗੀ ਸੋਚਨ, ਨਾਨਕ

ਤਤਾਂ ਵਾਲਾ ਸੰਗ ਨਾ ਕੋਇ ਰਖਾਈਆ । ਪੁਰਖ ਅਕਾਲ ਨੇ ਅੰਤਰ ਆਪਣੀ ਦਿਤੀ ਲੋਚਨ, ਲੋਚਾ ਇਕ ਸਮਝਾਈਆ । ਜਿਸ ਵੇਲੇ ਕਲਜੁਗ ਕੂੜ ਕੁੜਿਆਰਾ ਵੇਖਿਆ ਬਹੁਤਨ, ਧਰਮ ਦੀ ਧਾਰ ਨਾ ਕੋਇ ਰਖਾਈਆ । ਗੁਰ ਅਵਤਾਰ ਪੈਗ਼ੰਬਰ ਮੂਲ ਨਾ ਰੋਕਣ, ਅੱਗੇ ਹੋ ਨਾ ਕੋਇ ਅਟਕਾਈਆ । ਮਾਣ ਰਹੇ ਨਾ ਕਿਸੇ ਸਲੋਕਣ, ਅੱਖਰ ਅੱਖਰ ਨਾ ਕੋਇ ਚਤੁਰਾਈਆ । ਫਿਰ ਸਭ ਨੇ ਯਾਦ ਕਰਨਾ ਪਰਗਟ ਹੋਵੇ ਪੁਰਖ ਅਕਾਲ ਜੋਤਨ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਅੰਨ ਕਹੇ ਮੈਂ ਆਇਆ ਪ੍ਰਭੂ ਦਵਾਰੇ, ਸੀਸ ਜਗਦੀਸ ਨਿਵਾਈਆ । ਮੇਰੀ ਕਬੂਲ ਕਰੀਂ ਨਿਮਸਕਾਰੇ, ਦਰ ਤੇਰੇ ਵਾਸਤਾ ਪਾਈਆ । ਮੈਂ ਭੁੱਖਿਆਂ ਭਰਾਂ ਭੰਡਾਰੇ, ਗ਼ਰੀਬਾਂ ਸੰਗ ਰਖਾਈਆ । ਕੋਈ ਕਰੇ ਨਾ ਕਾਰੇ, ਕਲਜੁਗ ਸਤਿਜੁਗ ਵਿਚ ਬਦਲਾਈਆ । ਸਾਂਝੇ ਕਰਕੇ ਭਾਈਚਾਰੇ, ਝਗੜਾ ਦੂਈ ਦੇਣਾ ਚੁਕਾਈਆ । ਤੇਰਾ ਖੇਲ ਅਗੰਮ ਅਪਾਰੇ, ਹਰਿ ਕਰਤੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਰੱਸਾ ਕਹੇ ਮੈਨੂੰ ਲਿਆਂਦਾ ਵੱਟ, ਸੋਹਣੀ ਬਣਤ ਬਣਾਈਆ । ਮੈਂ ਵੇਖੇ ਕਿਰਸਾਨ ਜੱਟ, ਸੂਰਬੀਰ ਅਖਵਾਈਆ । ਬਿਰਧਾਂ ਵੇਖਿਆ ਹਠ, ਸਕੇ ਨਾ ਕੋਇ ਡੁਲਾਈਆ । ਨਵਾਂ ਘਰਾਂ ਦੇ ਜੇਹੜੇ ਮਰੇ ਉਹ ਸਾਰੇ ਫਿਰਨ ਬੇਪਤ, ਪਤ ਨਾ ਕੋਇ ਰਖਾਈਆ । ਵਡੇ ਛੋਟੇ ਹੋ ਕੇ ਰਹੇ ਨੱਸ, ਭੱਜਣ ਵਾਹੋ ਦਾਹੀਆ । ਬੋਲ ਕੇ ਦੱਸਣ ਸਚ, ਸਚ ਸਚ ਸੁਣਾਈਆ । ਅਸੀਂ ਵਸਦੇ ਰਹੇ ਵਿਚ ਕਾਇਆ ਮਾਟੀ ਕੱਚ, ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਰੱਸਾ ਕਹੇ ਮੈਂ ਇਕੋ ਵਾਰ ਬਣਾਉਣਾ ਰਸਤਾ, ਪ੍ਰਭ ਦੇਵੇ ਮਾਣ ਵਡਿਆਈਆ । ਜਨ ਭਗਤਾਂ ਘਰ ਵੇਖਣਾ ਵਸਦਾ, ਖ਼ੁਸ਼ੀ ਖ਼ੁਸ਼ੀ ਅੰਦਰੋਂ ਪਰਗਟਾਈਆ । ਮੈਂ ਮਾਲਕ ਬਣਨਾ ਹਜ਼ਾਰ ਅੱਸੀ ਇਕ ਲੱਖ ਦਾ, ਬਚਿਆ ਰਹਿਣ ਕੋਇ ਨਾ; ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਰੱਸਾ ਕਹੇ ਗੁਰਮੁਖੋ ਇਕੋ ਵਾਰ ਸਭ ਬੀਰ ਬਤਾਲੇ ਦੇਣੇ ਬੰਨ੍ਹ, ਖ਼ੁਸ਼ੀਆਂ ਗੰਢ ਪਵਾਈਆ । ਤੁਹਾਡੇ ਵੜ ਸਕੇ ਨਾ ਕੋਈ ਵਿਚ ਤਨ, ਗਲ ਫਾਸੀ ਦੇਵੇ ਲਟਕਾਈਆ । ਜੇਹੜੇ ਪ੍ਰਭੂ ਦੇ ਬਣ ਗਏ ਚੰਨ, ਉਹ ਚੰਨ ਦਿਆਂ ਚਮਕਾਈਆ । ਜ਼ਰਾ ਸੁਣ ਲਉ ਖੋਲ੍ਹ ਕੇ ਕੰਨ, ਸੀਸ ਦੂਸਰ ਅੱਗੇ ਨਾ ਕਦੇ ਝੁਕਾਈਆ । ਜੇ ਇਕ ਨੂੰ ਲਉਗੇ ਮੰਨ, ਸੋ ਮਾਲਕ ਇਕੋ ਨਜ਼ਰੀ ਆਈਆ । ਕਿਉਂ ਉਹ ਸਭ ਨੂੰ ਦੇਵਣਹਾਰਾ ਡੰਨ, ਸਾਰੇ ਦਰ ਦੇ ਮੰਗਤੇ ਤੇ ਸਾਰੇ ਬੈਠੇ ਸੀਸ ਨਿਵਾਈਆ । ਜੋ ਘੜਿਆ ਸੋ ਦੇਵੇ ਭੰਨ, ਇਹ ਉਹਦੀ ਬੇਪਰਵਾਹੀਆ । ਨਾ ਕੋਈ ਖ਼ੁਸ਼ੀ ਤੇ ਨਾ ਕੋਈ ਗ਼ਮ, ਜਨ ਭਗਤ ਸਦਾ ਇਕੋ ਰੰਗ ਰੰਗਾਈਆ । ਵਿਸਾਖ ਕਹੇ ਮੈਂ ਵਾਸਤਾ ਪਾਉਣਾ, ਪਵਣ ਪਾਣੀ ਨਾਲ ਮਿਲਾਈਆ । ਗੁਰਮੁਖੋ ਨੌਂ ਦਿਨ ਸਿਰਫ਼ ਰਾਤ ਦੇ ਬਾਰਾਂ ਵਜੇ ਉਠ ਕੇ ਮਹਾਰਾਜ ਸ਼ੇਰ ਸਿੰਘ ਗਾਉਣਾ, ਫੇਰ ਦੁੱਖ ਨੇੜ ਕੋਇ ਨਾ ਆਈਆ । ਉਸ ਵੇਲੇ ਮਾਂ ਨੇ ਬੱਚਾ ਨਹੀਂ ਕੋਈ ਰੁਆਉਣਾ, ਹਾਂ ਹੂੰ ਨਾ ਕੋਇ ਜਣਾਈਆ । ਕਿਸੇ ਨੇ ਹੱਥ ਸੀਸ ਉਤੇ ਨਹੀਂ ਲੌਣਾ, ਅੱਖਾਂ ਉਂਗਲਾ ਨਾਲ ਨਾ ਕੋਇ ਦਬਾਈਆ । ਮੂੰਹ ਤੇ ਪਲਾ ਕਿਸੇ ਨਹੀਂ ਪੌਣਾਂ, ਘੁੰਡ ਕਢ ਨਾ ਕੋਇ ਜਣਾਈਆ । ਪੈਰ ਉਂਗਲਾਂ ਨਾਲ ਨਹੀਂ ਛੁਹਾਉਣਾ, ਸ਼ਬਦ ਸਚ ਸਚ ਸੁਣਾਈਆ । ਉਂਗਲ ਸੱਜੇ ਹੱਥ ਦੀ ਨਾਭੀ ਉਤੇ ਰਖਾਉਣਾ, ਸੋਹਣੀ ਬਣਤ ਬਣਾਈਆ । ਖੱਬੀ ਉਂਗਲ ਕੰਨ ਵਿਚ ਪਾਉਣਾ, ਹੱਥ ਮਸਤੀ ਨਾਲ ਉਠਾਈਆ । ਜ਼ਰੂਰ ਸਾਹਮਣੇ ਹੋ ਕੇ ਦਰਸ ਦਿਖਾਉਣਾ,

ਇਹ ਮੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਇਆਂ ਸਭ ਨੂੰ ਪਾਰ ਕਰਾਉਣਾ, ਦੁਖੀਆਂ ਦਾ ਦੁੱਖ ਦਲਿਦ੍ਰੀਆਂ ਦਲਿੱਦ੍ਰ ਦਏ ਗਵਾਈਆ ।

ਸਤਿਗੁਰ ਸ਼ਬਦ ਕਹੇ ਪ੍ਰਭੂ ਮੈਂ ਭਗਤਾਂ ਦਾ ਵਿਚੋਲਾ, ਵਿਚਰ ਕੇ ਦਿਆਂ ਸੁਣਾਈਆ । ਮੈਂ ਸਭ ਦੇ ਅੰਦਰ ਵੜ ਕੇ ਰਾਤ ਦੇ ਬਾਰਾਂ ਵਜੇ ਤੇਰਾ ਗਾਵਾਂਗਾ ਢੋਲਾ, ਗੁਰਸਿਖ ਬਚਿਆ ਰਹਿਣ ਕੋਇ ਨਾ ਪਾਈਆ । ਕਿਉਂ ਸਚ ਦਾ ਸਚ ਭੰਡਾਰਾ ਖੋਲ੍ਹਾ, ਦੇ ਦੇ ਆਪਣੀ ਖ਼ੁਸ਼ੀ ਬਣਾਈਆ । ਬਿਨ ਤੇਰੀ ਕਿਰਪਾ ਕੋਈ ਬਣ ਨਾ ਸਕੇ ਪੂਰਾ ਤੋਲਾ, ਧੁਰ ਦਾ ਤੋਲ ਨਾ ਕੋਇ ਤੁਲਾਈਆ । ਮਿਹਰਵਾਨ ਮਹਿਬੂਬ ਤੂੰ ਆਦਿ ਜੁਗਾਦਿ ਸਭ ਦਾ ਮੌਲਾ, ਨਿਰਗੁਣ ਨਿਰਵੈਰ ਇਕ ਅਖਵਾਈਆ । ਮਨ ਕਦੇ ਨਾ ਹਟੇ ਪਾਉਣੋ ਰੌਲਾ, ਇਹ ਇਸ ਦੀ ਸਦਾ ਚਤੁਰਾਈਆ । ਜੇ ਤੂੰ ਵਸਣਹਾਰਾ ਸਭ ਦੇ ਕਾਇਆ ਚੋਲਾ, ਗੁਰਮੁਖਾਂ ਦੇ ਅੰਦਰ ਡੇਰਾ ਲਾਈਆ । ਫੇਰ ਹੋਰ ਕਿਸ ਦਾ ਬੋਲਣਾ ਬੋਲਾ, ਕਿਸ ਨੂੰ ਦੇਣ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਕਿਉਂ ਭਗਤਾਂ ਅੱਗੇ ਡਾਹੇਂ ਅੜਿੱਕਾ, ਪੂਰਾ ਕਰਨ ਕੋਇ ਨਾ ਪਾਈਆ । ਵੇਖ ਕੋਈ ਬੁੱਢਾ ਤੇ ਕੋਈ ਨਿੱਕਾ, ਕੋਈ ਉਸ ਵੇਲੇ ਜਨਮ ਲੈ ਕੇ ਰੋ ਕੇ ਦਾਈ ਨੂੰ ਦਏ ਸੁਣਾਈਆ । ਕੋਈ ਵਿਛੌਣੇ ਉਤੇ ਲਿਟਾ, ਕੋਈ ਵਿਸ਼ਿਆ ਵਿਚ ਆਪਣਾ ਆਪ ਲੁਭਾਈਆ । ਕਿਸੇ ਦੇ ਪੇਟ ਵਿਚ ਹੋਵੇ ਦਰਦ ਖਿੱਟਾ, ਰੋ ਰੋ ਮਾਰੇ ਧਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਜੇ ਰਾਤ ਦੇ ਬਾਰਾਂ ਵਜੇ ਮਰ ਗਈ ਕਿਸੇ ਦੀ ਮਾਂ, ਉਸ ਨੂੰ ਗਵਾਂਢੀ ਦੇਣ ਰਵਾਈਆ । ਉਹ ਗੁਰਸਿਖ ਕਿਸ ਤਰਾ ਕਰੇ ਹਾਂ, ਜੇ ਉਹਦਾ ਪੁਤ ਮਰੇ ਤੇ ਉਹ ਕਿਉਂ ਨਾ ਮਾਰੇ ਧਾਈਂਆ । ਕਿਸ ਤਰਾ ਕਰੇ ਵਾਹ ਵਾਹ, ਜੇ ਘਰ ਚੋਰ ਲੱਗਣ ਤੇ ਵੇਖ ਕੇ ਰੌਲਾ ਦੇਵੇ ਪਾਈਆ । ਜੇ ਕਿਸੇ ਦੀ ਉਸ ਵੇਲੇ ਸੂਣੀ ਹੋਈ ਮੱਝ ਗਾਂ, ਤੇਰੇ ਨਾਲੋਂ ਧਿਆਨ ਉਹਦੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਦ ਆਪਣੇ ਰੰਗ ਰੰਗਾਈਆ । ਸ਼ਬਦ ਗੁਰੂ ਕਹੇ ਬਾਰਾਂ ਵਜੇ ਸਿਰਫ਼ ਇਕ ਸੌ ਯਾਰਾਂ ਸਕਣ ਉਠ, ਬਾਕੀ ਅੱਖ ਨਾ ਕੋਇ ਖੁਲ੍ਹਾਈਆ । ਉਨ੍ਹਾਂ ਵਿਚੋਂ ਸਤਾਰਾਂ ਦੀ ਜ਼ਰੂਰ ਉਂਗਲੀ ਪੈਰ ਨਾਲ ਜਾਵੇ ਜੁਟ, ਬੇਵਸੀ ਵਿਚ ਵਸ ਨਾ ਕੋਇ ਚਲਾਈਆ । ਸੱਤ ਅੱਖਾਂ ਉਤੇ ਛੁਹਾਉਣ ਪੁਠ, ਫੇਰ ਪਛੋਤਾਣ ਵਿਚ ਆਪਣਾ ਆਪ ਡੁਬਾਈਆ । ਤੇ ਜੇ ਸਮਝੇਂ ਵੱਡੇ ਬਿਰਧ ਬਾਲ ਕੋਝੇ ਕਮਲੇ ਜਨ ਭਗਤ ਮੇਰੇ ਸਾਰੇ ਪੁਤ, ਤੇ ਫੇਰ ਸੁੱਤਿਆਂ ਸਭ ਨੂੰ ਆਪਣਾ ਦਰਸ ਦੇ ਕਰਾਈਆ । ਜੇਹੜੀ ਦਾਤ ਮੰਗਣ ਵਾਲੀ ਸੀ ਉਸ ਤੋਂ ਬੈਠੇ ਰਹੇ ਚੁਪ, ਬਿਨਾ ਮੰਗਿਆਂ ਝੋਲੀ ਦੇ ਪਾਈਆ । ਕਿਉਂ ਤੇਰੇ ਭਗਤ ਸਦਾ ਤੇਰੀ ਗੋਦੀ ਵਿਚ ਰਹਿ ਕੇ ਖ਼ੁਸ਼, ਤੇ ਰਾਤੀ ਜਗਾ ਕੇ ਕਿਉਂ ਦਏਂ ਤੜਫਾਈਆ । ਜੇ ਦਰਸ ਦੇਣਾ ਜਦੋਂ ਚਾਹੇਂ ਉਠਾ ਲੈ ਫੜ ਕੇ ਗੁਟ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਆਪਣੇ ਵਿਚ ਸਮਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਤੁਹਾਡੇ ਨੌਂ ਦਿਨ ਹੋ ਗਏ ਪੂਰੇ, ਜਾਗਣ ਦੀ ਲੋੜ ਰਹੀ ਨਾ ਰਾਈਆ । ਸਿਰਫ਼

ਘਰ ਜਾਂਦੀ ਵਾਰ ਭਗਤ ਦਵਾਰ ਦੀ ਨੌਂ ਵਾਰ ਲਾ ਜਾਣੀ ਮਸਤਕ ਧੂੜੇ, ਲੇਖਾ ਸਹਿਜੇ ਦਿਤਾ ਮੁਕਾਈਆ । ਆਪਣੀ ਖ਼ੁਸ਼ੀ ਨਾਲ ਵਸਣਾ ਨੇੜ ਦੂਰੇ, ਏਥੇ ਉਥੇ ਮਿਲੇ ਇਕੋ ਵਡਿਆਈਆ । ਤੁਹਾਡਾ ਸਤਿਗੁਰ ਤੁਹਾਡੇ ਅੰਦਰ ਹਜ਼ੂਰੇ, ਹਾਜ਼ਰ ਹਜ਼ੂਰ ਸੋਭਾ ਪਾਈਆ । ਸਚ ਦੀ ਬੇਨੰਤੀ ਸਚ ਕਰੇ ਮਨਜ਼ੂਰੇ, ਮੰਜ਼ਲ ਆਪਣੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦ ਤੁਹਾਡੇ ਮੂਹਰੇ, ਮੋਹਰ ਜਿਨ੍ਹਾਂ ਆਪਣਾ ਨਾਮ ਲਗਾਈਆ ।

## ✪ ੫ ਵਿਸਾਖ ਸ਼ਹਿਨਸ਼ਾਹੀ ਸੰਮਤ ੬ ਰਤਨ ਸਿੰਘ ਦੇ ਗ੍ਰਹਿ ਗੰਗਾਨਗਰ ਪੱਚੀ ਬੀ ਬੀ ✪

ਸਤਿਗੁਰ ਸ਼ਬਦ ਕਹੇ ਪੁਰਖ ਅਕਾਲ ਇਕੋ ਨੇਤਾ, ਨਰ ਨਰਾਇਣ ਨੂਰ ਇਲਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਕਰੇ ਹੇਤਾ, ਨਿਰਗੁਣ ਸਰਗੁਣ ਆਪਣੀ ਕਾਰ ਕਮਾਈਆ । ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਦੱਸ ਕੇ ਸਚਖੰਡ ਅਗੰਮਾ ਦੇਸਾ, ਦਿਸ਼ਾ ਦ੍ਰਿਸ਼ਟੀ ਆਪ ਖੁਲ੍ਹਾਈਆ । ਭਗਤ ਉਧਾਰਨਾ ਜਿਸ ਦਾ ਪੇਸ਼ਾ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਇਕ ਇਕੱਲਾ ਏਕੰਕਾਰ ਇਕ ਉਪਜਾਏ ਆਪਣਾ ਬੇਟਾ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦੇ ਕੋਲ ਸਤਿਜੁਗ ਤਰੇਤਾ ਦਵਾਪਰ ਕਲਜੁਗ ਦੀਨ ਮਜ਼੍ਹਬ ਦਾ ਠੇਕਾ, ਬੋਲੀ ਨਾਮ ਕਲਮੇ ਵਾਲੀ ਰਖਾਈਆ । ਖੇਲ ਵੇਖੇ ਤਤ ਵਜੂਦ ਕਰਕੇ ਵੇਸਾ, ਵਿਸ਼ਵ ਦਾ ਮਾਲਕ ਬੇਪਰਵਾਹੀਆ । ਅੰਤ ਕੰਤ ਭਗਵੰਤ ਸਭ ਦਾ ਤਕੇ ਲੇਖਾ, ਲੇਖ ਅਲੇਖ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਹੁਕਮ ਇਕੋ ਇਕ ਸੁਲਤਾਨਾ, ਸੁਰਤ ਸ਼ਬਦ ਜਣਾਈਆ । ਜੋ ਸ਼ਾਹ ਪਾਤਸ਼ਾਹ ਨਿਰਗੁਣ ਧਾਰ ਸ੍ਰੀ ਭਗਵਾਨਾ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਜਿਸ ਦਾ ਨਾਮ ਸੰਦੇਸ਼ਾ ਹੁਕਮ ਦੋ ਜਹਾਨਾ, ਜੁਗ ਚੌਕੜੀ ਨਾ ਕੋਇ ਮੇਟੇ ਮੇਟ ਮਿਟਾਈਆ । ਜੋ ਕਲਜੁਗ ਅੰਤ ਸ੍ਰੀ ਭਗਵੰਤ ਜੋਤੀ ਧਾਰ ਪਹਿਰ ਕੇ ਬਾਣਾ, ਬਾਣ ਅਣਿਆਲਾ ਸ਼ਬਦ ਤੀਰ ਚਲਾਈਆ । ਮਿਹਰਵਾਨ ਮਹਿਬੂਬ ਜਨ ਭਗਤਾਂ ਵਖਾ ਸਚਖੰਡ ਸੱਚੀ ਧਰਮਸਾਲਾ, ਧਾਮ ਇਕੋ ਇਕ ਜਣਾਈਆ । ਜਿਥੇ ਫੜਨੀ ਪਏ ਕੋਇ ਨਾ ਮਾਲਾ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਦੁਰਮਤ ਮੈਲ ਦਾਗ਼ ਰਹੇ ਨਾ ਕਾਲਾ, ਜੋਤੀ ਜਾਤਾ ਪੁਰਖ ਬਿਧਾਤਾ ਡਗਮਗਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਰਾਹ ਸੁਖਾਲਾ, ਕਾਇਆ ਮੰਦਰ ਅੰਦਰ ਮੇਲਾ ਮੇਲੇ ਸਹਿਜ ਸੁਭਾਈਆ । ਤ੍ਰੈਗੁਣ ਮਾਇਆ ਤੋੜ ਜਗਤ ਜੰਜਾਲਾ, ਜਾਗਰਤ ਜੋਤ ਬਿਨ ਵਰਨ ਗੋਤ ਨਿਰਗੁਣ ਧਾਰ ਕਰੇ ਰੁਸ਼ਨਾਈਆ । ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਦੀਨ ਦੁਨੀ ਦਾ ਖੇਲ ਵੇਖੇ ਹਾਲਾ, ਮਾਜ਼ੀ ਦਾ ਝਗੜਾ ਮੰਜ਼ਲ ਖੋਜ ਖੁਜਾਈਆ । ਜਿਸ ਦੇ ਦਰ ਉਤੇ ਨਾ ਕੋਇ ਜਵਾਬ, ਨਾ ਕੋਇ ਸਵਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਅੰਤਰ ਅੰਤਰ ਨਿਰੰਤਰ ਜੋੜੋ ਹੱਥ, ਬਿਨ ਹੱਥਾਂ ਹੱਥ ਮਿਲਾਈਆ । ਭਾਣਾ ਮੰਨੋ ਪੁਰਖ ਸਮਰਥ, ਸਿਰ ਸਕੇ ਨਾ ਕੋਇ ਉਠਾਈਆ । ਇਕੋ ਵਾਰ ਚਰਨ ਦਵਾਰ ਜਾਓ ਢੱਠ, ਧੂੜੀ ਮਸਤਕ ਖ਼ਾਕ ਰਮਾਈਆ । ਜਿਉਂ ਭਾਵੇ ਤਿਉਂ

ਲੈਣਾ ਰੱਖ, ਕਹਿਣਾ ਤੇਰੀ ਬੇਪਰਵਾਹੀਆ । ਕਲਜੁਗ ਅੰਤਮ ਸਾਡਾ ਚਲੇ ਕੋਈ ਨਾ ਵਸ, ਵਾਸਤਾ ਤੇਰੇ ਅੱਗੇ ਪਾਈਆ । ਸਭ ਦਾ ਪੰਧ ਮੁੱਕਿਆ ਨੱਸ ਨੱਸ, ਵੇਲਾ ਵਕਤ ਦਏ ਗਵਾਹੀਆ । ਜੋ ਸ਼ਬਦ ਸੰਦੇਸ਼ਾ ਨਿਰਗੁਣ ਸਰਗੁਣ ਧਾਰ ਆਏ ਦੱਸ, ਦਹਿ ਦਿਸ਼ਾ ਸਮਝਾਈਆ । ਤਿਸ ਦਾ ਬੋਲ ਜੈਕਾਰਾ ਅਲੱਖ, ਅਲਖ ਅਲਖਣੇ ਤੇਰੀ ਓਟ ਤਕਾਈਆ । ਤੇਰਾ ਸਭ ਦੇ ਉਤੇ ਇਕੋ ਜੇਹਾ ਹੱਕ, ਹਕੀਕਤ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਆਪਣਾ ਰੰਗ ਰੰਗਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਕਰੋ ਨਮੋਂ ਨਮੋਂ ਨਿਮਸਕਾਰ, ਨਮਸਤੇ ਵਿਚ ਸੀਸ ਨਿਵਾਈਆ । ਹੁਕਮ ਮੰਨੋ ਪਰਵਰਦਿਗਾਰ, ਜੋ ਸਾਂਝਾ ਯਾਰ ਨੂਰ ਖ਼ੁਦਾਈਆ । ਜਿਸ ਨੇ ਸਤਿਜੁਗ ਤ੍ਰੇਤਾ ਦੁਆਪਰ ਕੀਤਾ ਪਾਰ, ਕਲਜੁਗ ਅੰਤਮ ਲੇਖਾ ਵੇਖੇ ਥਾਉਂ ਥਾਈਂਆ । ਜਿਸ ਨੂੰ ਕਹਿ ਕੇ ਆਏ ਕਲਕੀ ਅਵਤਾਰ, ਨਿਹਕਲੰਕਾ ਨਾਉਂ ਪਰਗਟਾਈਆ । ਸੋ ਅਮਾਮਾਂ ਦਾ ਅਮਾਮ ਜੋਤ ਨੂਰ ਕਰੇ ਉਜਿਆਰ, ਜਲਵਾਗਰ ਅਗੰਮ ਅਥਾਹੀਆ । ਜਿਸ ਦੇ ਸਾਰੇ ਬਣੇ ਰਹੇ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਸਚ ਦਵਾਰੇ ਕਰਦੇ ਕਰਦੇ ਇੰਤਜ਼ਾਰ, ਬਿਨਾ ਅੱਖਾਂ ਅੱਖ ਉਠਾਈਆ । ਉਹ ਵੇਖਣਹਾਰਾ ਦੀਨ ਦੁਨੀ ਦੀ ਧਾਰ, ਧਰਨੀ ਧਰਤ ਖੋਜ ਖੁਜਾਈਆ । ਸਾਰੇ ਕੂਕੋ ਬੋਲੋ ਇਕ ਜੈਕਾਰ, ਤੂੰ ਹੀ ਤੂੰ ਹੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨਹਾਰ ਇਕ ਹੋ ਆਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਡੰਡਾਵਤ ਬੰਦਨਾ ਕਰੋ ਅਖ਼ੀਰੀ, ਆਖ਼ਰ ਇਕ ਜਣਾਈਆ । ਜਿਸ ਦੀ ਖੇਲ ਬੇਨਜ਼ੀਰੀ, ਉਹ ਨਜ਼ਰੀਆ ਰਿਹਾ ਬਦਲਾਈਆ । ਜਿਸ ਦਾ ਹੁਕਮ ਹੋਣਾ ਤਕਦੀਰੀ, ਨਾ ਕੋਇ ਮੇਟੇ ਮੇਟ ਮਿਟਾਈਆ । ਜਿਸ ਨੇ ਸ਼ਰਅ ਤੋੜਨੀ ਜ਼ੰਜੀਰੀ, ਸ਼ਰੀਅਤ ਰਹੇ ਨਾ ਕੋਇ ਚਤੁਰਾਈਆ । ਝਗੜਾ ਮੇਟਣਾ ਗ਼ਰੀਬ ਅਮੀਰੀ, ਅਮਰਾਪਦ ਇਕ ਦਰਸਾਈਆ । ਜੋ ਸੰਦੇਸ਼ਾ ਦੇ ਕੇ ਗਿਆ ਭਗਤ ਜੁਲਾਹਾ ਕਬੀਰੀ, ਕਬਰਾਂ ਤੋਂ ਬਾਹਰ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਰਗੁਣ ਧਾਰ ਨੂਰ ਰੁਸ਼ਨਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰਾਂ ਕਰਨੀ ਹੱਕ ਸਲਾਮ, ਸਾਹਿਬ ਸਚ ਸੁਣਾਈਆ । ਸੁਣਨੀ ਅਗੰਮ ਕਲਾਮ, ਅਲਫ਼ ਯੇ ਤੋਂ ਬਾਹਰ ਪੜ੍ਹਾਈਆ । ਵੇਖਣਾ ਨੂਰ ਅਮਾਮ, ਜਲਵਾਗਰ ਰੁਸ਼ਨਾਈਆ । ਜਿਸ ਮੇਟਣੀ ਅੰਧੇਰੀ ਸ਼ਾਮ, ਸ਼ਮਾਂ ਜੋਤ ਚਮਕਾਈਆ । ਦੀਨ ਮਜ਼੍ਹਬ ਦਾ ਰਹਿਣ ਦੇਣਾ ਨਹੀਂ ਕੋਈ ਗ਼ੁਲਾਮ, ਗ਼ੁਰਬਤ ਸਭ ਦੇ ਅੰਦਰੋਂ ਦੇਣੀ ਕਢਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਆਤਮ ਪਰਮਾਤਮ ਕਰਕੇ ਇੰਤਜ਼ਾਮ, ਬੰਦੋਬਸਤ ਸ਼ਬਦ ਗੁਰੂ ਹੱਥ ਫੜਾਈਆ । ਇਕੋ ਮਾਰਗ ਦੱਸ ਤਮਾਮ, ਅਵਾਮ ਦੇਣਾ ਜਣਾਈਆ । ਝਗੜਾ ਰਹੇ ਨਾ ਮਾਟੀ ਚਾਮ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਸਚ ਦਵਾਰ ਕਰੇ ਨਾ ਕੋਇ ਹਰਾਮ, ਕੂੜ ਕੁੜਿਆਰ ਡੇਰਾ ਢਾਹੀਆ । ਸਾਚਾ ਮਾਰਗ ਦੱਸ ਆਸਾਨ, ਅਸਲ ਦਾ ਵਸਲ ਦੇਣਾ ਕਰਾਈਆ । ਨਾਮ ਕਲਮਾ ਸੁਣਾ ਬਿਨਾ ਕਾਨ, ਅਨਹਦ ਨਾਦੀ ਧੁਨ ਦੇਣੀ ਉਪਜਾਈਆ । ਅੰਮ੍ਰਿਤ ਰਸ ਪਿਆ ਕੇ ਜਾਮ, ਕੂੜੀ ਤ੍ਰਿਸ਼ਨਾ ਦੇਣੀ ਮਿਟਾਈਆ । ਸਾਚਾ ਸ਼ਬਦ ਦੇ ਪੈਗ਼ਾਮ, ਪੈਗ਼ੰਬਰਾਂ ਤੋਂ ਪਰੇ ਕਰਨੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਆਪਣਾ ਖੇਲ ਕਰੇ ਮਹਾਨ, ਮਹਿੰਮਾ ਅਕਥ ਕਥਨੀ ਕਥ ਸਕੇ ਨਾ ਰਾਈਆ ।

## ✪ ੬ ਵਿਸਾਖ ਸ਼ਹਿਨਸ਼ਾਹੀ ਸੰਮਤ ੬ ਤਾਰਾ ਸਿੰਘ ਦੇ ਗ੍ਰਹਿ ਪਿੰਡ ਪੱਚੀ ਬੀ ਬੀ ਗੰਗਾਨਗਰ ✪

ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਤਕੋ ਲੋਕਮਾਤ, ਬਿਨ ਅੱਖਾਂ ਨੈਣ ਨੈਣ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਕਿਉਂ ਹੋਈ ਅੰਧੇਰੀ ਰਾਤ, ਨਿਰਗੁਣ ਨੂਰੀ ਸਾਚਾ ਚੰਦ ਨਾ ਕੋਇ ਚਮਕਾਈਆ । ਕਿਉਂ ਝਗੜਾ ਪਿਆ ਨਾਮ ਕਲਮੇ ਕਾਗ਼ਜ਼ਾਤ, ਅੱਖਰ ਹਰਫ਼ ਕਰਨ ਲੜਾਈਆ । ਧਿਆਨ ਧਰੋ ਦੀਨ ਮਜ਼੍ਹਬ ਜ਼ਾਤ ਪਾਤ, ਪਤਪਰਮੇਸ਼ਵਰ ਰਿਹਾ ਜਣਾਈਆ । ਸਾਚੇ ਮੰਡਲ ਪਵੇ ਕੋਇ ਨਾ ਰਾਸ, ਗੋਪੀ ਕਾਹਨ ਸੁਰਤੀ ਸ਼ਬਦ ਰੂਪ ਨਾ ਕੋਇ ਦਰਸਾਈਆ । ਹੱਕ ਕਲਮੇ ਦੀ ਦਿਸੇ ਨਾ ਕੋਇ ਜਮਾਤ, ਪਰਦਾ ਪਰਦਾਨਸ਼ੀਂ ਨਾ ਕੋਇ ਉਠਾਈਆ । ਅੰਤਰ ਨਿਰੰਤਰ ਦਿਸੇ ਕੋਇ ਨਾ ਜਾਪ, ਮੰਤਰ ਨਾਮ ਨਾ ਕੋਇ ਵਡਿਆਈਆ । ਕਿਉਂ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵਧਿਆ ਪਾਪ, ਕੂੜੀ ਕਿਰਿਆ ਜਗਤ ਹਲਕਾਈਆ । ਸਹਿਸਾ ਰੋਗ ਨਾ ਚੁੱਕੇ ਸੰਤਾਪ, ਹਉਮੇ ਹੰਗਤਾ ਰੋਗ ਨਾ ਕੋਇ ਮਿਟਾਈਆ । ਜੋ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਥਾਪਣਾ ਆਏ ਥਾਪ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣਾ ਖੇਲ ਵਖਾਈਆ । ਸ਼ਰਅ ਸ਼ਰੀਅਤ ਅੰਦਰ ਮਾਨਵ ਜ਼ਾਤੀ ਬਣਾ ਕੇ ਆਏ ਸਮਾਜ, ਸਮਿਗਰੀ ਕਰਮ ਧਰਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਅਗੰਮ ਅਥਾਹੀਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਤਕੋ ਆਪਣੀ ਤਾਅਲੀਮ, ਸਿਖਿਆ ਸਿਖ ਮੁਰੀਦ ਖੋਜ ਖੁਜਾਈਆ । ਜੇਹੜੀ ਮੰਜ਼ਲ ਹਕੀਕੀ ਦੱਸ ਕੇ ਆਏ ਅਜ਼ੀਮ, ਆਲੀਸ਼ਾਨ ਆਲੀ ਗਿਆ ਦ੍ਰਿੜਾਈਆ । ਜਿਸ ਦਾ ਹੁਕਮ ਦੱਸਿਆ ਆਦਿ ਅੰਤ ਕਦੀਮ, ਕੁਦਰਤ ਦਾ ਕਾਦਰ ਬੇਪਰਵਾਹੀਆ । ਜਿਸ ਦੀ ਧਾਰ ਸਦਾ ਮਹੀਨ, ਮਾਰਗ ਪੰਥ ਆਪਣੀ ਖੇਲ ਖਲਾਈਆ । ਉਹ ਕਿਸ ਬਿਧ ਖੇਲ ਕਰੇ ਧਰਨੀ ਧਰਤ ਧਵਲ ਉਪਰ ਜ਼ਮੀਨ, ਅਰਸ਼ ਫ਼ਰਸ਼ ਵੇਸ ਵਟਾਈਆ । ਕਿਸ ਬਿਧ ਧਾਰ ਪਰਗਟਾਉਣੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਰੂਸਾ ਚੀਨ, ਅਗੰਮ ਅਥਾਹ ਆਪਣੀ ਕਾਰ ਭੁਗਤਾਈਆ । ਜਿਸ ਨੇ ਦੀਨ ਦੁਨੀ ਕਾਇਨਾਤ ਨਵ ਸੱਤ ਕਰਨੀ ਗ਼ਮਗੀਨ ਗ਼ਮਖਾਰ ਨਜ਼ਰ ਕੋਇ ਨਾ ਆਈਆ । ਜਿਸ ਦੇ ਹੁਕਮ ਅੰਦਰ ਜੁਗ ਚੌਕੜੀ ਅਧੀਨ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਦਾ ਰੂਪ ਅਨੂਪ ਨਾ ਨਰ ਨਾ ਮਦੀਨ, ਇਸਤਰੀ ਪੁਰਸ਼ ਵੰਡ ਨਾ ਕੋਇ ਵੰਡਾਈਆ । ਜਿਸ ਨੂੰ ਮਾਲਕ ਖ਼ਾਲਕ ਪ੍ਰਿਤਪਾਲਕ ਕਿਹਾ ਰਹੀਮ, ਰਹਿਮਤ ਦਿਤੀ ਵਰਤਾਈਆ । ਜਿਸ ਨੇ ਸਦੀ ਚੌਧਵੀਂ ਸਭ ਕਿਛ ਲੈਣਾ ਛੀਨ, ਛਿੰਨ ਵਿਚ ਆਪਣਾ ਹੁਕਮ ਵਰਤਾਈਆ । ਜਿਸ ਦੀ ਸਿਫ਼ਤ ਕਰ ਨਾ ਸਕੇ ਜ਼ਬੀਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਰਗੁਣ ਦਾਤਾ ਨਿਰਵੈਰ ਪੁਰਖ ਵਡਿਆਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਵੇਖੋ ਆਪਣੀ ਸਿਖਿਆ, ਲੇਖਾ ਧੁਰਦਰਗਾਹੀਆ । ਕਵਣ ਤੁਹਾਡੇ ਦਵਾਰੇ ਵਿਕਿਆ, ਕੀਮਤ ਕਵਣ ਚੁਕਾਈਆ । ਕਿਸ ਦਾ ਮਨ ਜਗਤ ਟਿਕਿਆ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਕਿਸ ਦੀ ਆਤਮ ਪੂਰੀ ਕੀਤੀ ਸਿਕਿਆ, ਹਰਸ ਹਵਸ ਗਵਾਈਆ । ਕਿਸ ਨੂੰ ਦਰਸ਼ਨ ਦੇਵੋ ਨਿਜ ਨੇਤਰ ਨਿਤਿਆ, ਘੜੀ ਪਲ ਨਾ ਕੋਇ ਜੁਦਾਈਆ । ਕਿਸ ਬਿਧ ਨਾਮ ਦੀ ਪਾਵੋ ਭਿੱਖਿਆ, ਭਿੱਖਕ ਝੋਲੀ ਜਗਤ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸ਼ਬਦ ਗੁਰੂ ਕਹੇ ਗੁਰ ਅਵਤਾਰ ਪੈਗ਼ੰਬਰ ਵੇਖੋ ਕਲਜੁਗ ਆਪਣੀ ਸਾਖੀ, ਸਾਖਿਆਤ ਦ੍ਰਿੜਾਈਆ । ਜੋ ਸ਼ਬਦ ਅਗੰਮੀ ਬਾਣੀ ਆਖੀ, ਬਿਨ ਅੱਖਰਾਂ

੪੪੫
੨੨

ਕਰ ਪੜ੍ਹਾਈਆ । ਜਿਸ ਵਿਚ ਲੇਖਾ ਕਵਣ ਸੁਹੇਲਾ ਬਣੇ ਸਾਥੀ, ਸਖਾ ਕਵਣ ਅਖਵਾਈਆ । ਕਿਸ ਬਿਧ ਮਿਟੇ ਅੰਧੇਰੀ ਰਾਤੀ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਨਿਗਾਹ ਮਾਰੋ ਖੇਲ ਤਕੋ ਧਿਆਨ ਧਰੋ ਆਪਣੀ ਜ਼ਾਤੀ, ਅਜ਼ਾਤ ਨਾ ਕੋਇ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕਿਸ ਧਾਰ ਬਣਾਏ ਦਾਸੀ, ਸੇਵਾ ਸਚ ਜਣਾਈਆ । ਕਵਣ ਸੁ ਵੇਲਾ ਸਭ ਦੀ ਪੂਰੀ ਕਰੇ ਆਸੀ, ਤ੍ਰਿਸ਼ਨਾ ਤ੍ਰਿਖਾ ਮਿਟਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਇਕ ਤੇਰਾ ਨੂਰ ਜੋਤ ਪ੍ਰਕਾਸ਼ੀ, ਪ੍ਰਕਾਸ਼ ਅਗੰਮ ਅਥਾਹੀਆ । ਲੱਖ ਚੁਰਾਸੀ ਅੰਦਰ ਪਾਵੇ ਰਾਸੀ, ਸੁਰਤੀ ਸ਼ਬਦੀ ਗੋਪੀ ਕਾਹਨ ਰੂਪ ਧਰਾਈਆ । ਭਾਗ ਲਗਾ ਕੇ ਕਾਇਆ ਮਾਟੀ, ਪੰਜ ਤਤ ਦਏ ਵਡਿਆਈਆ । ਧਰਮ ਦਵਾਰ ਖੋਲ੍ਹ ਕੇ ਹਾਟੀ, ਵਸਤ ਇਕੋ ਨਾਮ ਵਰਤਾਈਆ । ਪਿਛਲੀ ਡੋਰ ਜਾਏ ਕਾਟੀ, ਬੰਧਨ ਸ਼ਰਅ ਰਹੇ ਨਾ ਰਾਈਆ । ਤੇਰਾ ਨਾਮ ਕਲਮਾ ਇਕ ਸਫ਼ਾਤੀ, ਸਫਾ ਸਭ ਦੀ ਦਏ ਉਠਾਈਆ । ਚਾਰ ਵਰਨ ਬਣ ਜ਼ਮਾਤੀ, ਜੁਮਲਾ ਅੱਖਰ ਇਕ ਪੜ੍ਹਾਈਆ । ਸਚ ਸਰੋਵਰ ਤੇਰੇ ਅੰਮ੍ਰਿਤ ਆਤਮਾ ਜਾਏ ਨਹਾਤੀ, ਦੁਰਮਤ ਮੈਲ ਧਵਾਈਆ । ਏਕਾ ਸ਼ਬਦ ਸੁਣੇ ਅਨਾਦੀ, ਅਨਹਦ ਨਾਦ ਸ਼ਨਵਾਈਆ । ਤੇਰਾ ਨੂਰ ਜੋਤ ਹੋਵੇ ਪ੍ਰਕਾਸ਼ੀ, ਅੰਧੇਰਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸ਼ਬਦ ਗੁਰੂ ਗੁਰਦੇਵਾ, ਦੇਵ ਆਤਮਾ ਦੇਣੀ ਵਡਿਆਈਆ । ਸਭ ਦੀ ਸਤਿ ਸਚ ਦੀ ਸੇਵਾ, ਨਮੋਂ ਨਮੋਂ ਸੀਸ ਝੁਕਾਈਆ । ਏਕਾ ਬਖ਼ਸ਼ਣਾ ਨਿਹਚਲ ਧਾਮ ਨਿਹਕੇਵਾ, ਅਲਖ ਅਗੋਚਰ ਤੇਰੀ ਸਰਨਾਈਆ । ਤੇਰੀ ਸਿਫ਼ਤ ਸਲਾਹ ਕਰ ਨਾ ਸਕੇ ਰਸਨਾ ਜਿਹਵਾ, ਅੱਖਰਾਂ ਵਿਚ ਨਾ ਕੋਇ ਵਡਿਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਆਤਮ ਪਰਮਾਤਮ ਆਪਣਾ ਨਾਮ ਬਖ਼ਸ਼ ਕੇ ਮੇਵਾ, ਰਸ ਇਕੋ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਦਰ ਠਾਂਡਾ ਇਕ ਦਵਾਰਾ, ਹਰਿ ਸਚ ਸਚ ਸਮਝਾਈਆ । ਸੁਣੋ ਸੰਦੇਸ਼ਾ ਗੁਰ ਅਵਤਾਰਾ, ਪੈਗ਼ੰਬਰਾਂ ਨਾਲ ਮਿਲਾਈਆ । ਮਾਤਲੋਕ ਖੇਲ ਨਿਆਰਾ, ਨਿਰਾਕਾਰ ਆਪ ਦਰਸਾਈਆ । ਏਕਾ ਨੂਰ ਜੋਤ ਉਜਿਆਰਾ, ਤਨ ਵਜੂਦ ਨਾ ਕੋਇ ਸਮਝਾਈਆ । ਏਕਾ ਸ਼ਬਦ ਗੁਰੂ ਜੈਕਾਰਾ, ਧੁਰ ਪੈਗ਼ਾਮ ਇਕ ਪਹੁੰਚਾਈਆ । ਏਕਾ ਮੰਦਰ ਇਕ ਦਵਾਰਾ, ਗ੍ਰਿਹਿ ਇਕੋ ਇਕ ਸੁਹਾਈਆ । ਏਕਾ ਸੱਜਦਾ ਹੋਏ ਨਿਮਸਕਾਰਾ, ਡੰਡਾਵਤ ਇਕ ਕਰਾਈਆ । ਇਕੋ ਸੱਜਣ ਮੀਤ ਮੁਰਾਰਾ, ਪਤਿਪਰਮੇਸ਼ਵਰ ਇਕ ਅਖਵਾਈਆ । ਇਕੋ ਖੇਲ ਕਰੇ ਜੁਗ ਚੌਕੜੀ ਵਾਰੋ ਵਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅਪ ਹੰਢਾਈਆ । ਇਕੋ ਨੂਰ ਜੋਤ ਕਲ ਕਲਕੀ ਲਏ ਅਵਤਾਰਾ, ਨਿਹਕਲੰਕ ਨੂਰ ਰੁਸ਼ਨਾਈਆ । ਇਕੋ ਅਮਾਮ ਅਮਾਮਾ ਹੋਏ ਸਿਕਦਾਰਾ, ਇਕ ਇਕੱਲਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮੀ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਨਿਵਾਸੀ ਨਿਰਗੁਣ ਜੋਤ ਆਦਿ ਮਧ ਸੱਚੀ ਸਰਕਾਰਾ, ਅੰਤ ਆਪਣਾ ਹੁਕਮ ਵਰਤਾਈਆ ।

ਧਰਨੀ ਕਹੇ ਫ਼ਰੀਦ ਨੇ ਕਟੀ ਏਥੇ ਇਕ ਰਾਤ, ਰੈਣ ਆਪਣੀ ਵੇਖ ਵਖਾਈਆ । ਉਂਗਲ ਨਾਲ ਲੇਖਾ ਲਿਖਿਆ ਬਿਨਾ ਕਲਮ ਦਵਾਤ, ਅੱਖਰ ਅੱਖਰਾਂ ਨਾਲ ਮਿਲਾਈਆ । ਨਿਗਾਹ ਮਾਰੀ ਵੱਲ ਕਮਲਾਪਾਤ, ਪਤਿਪਰਮੇਸ਼ਵਰ ਵੇਖ ਵਖਾਈਆ । ਜਿਧਰ ਤੱਕਿਆ ਓਧਰ ਸਾਥ, ਸਗਲਾ ਸੰਗ ਬਣਾਈਆ । ਪੇਸ਼ਾਨੀ ਹੱਥ ਰੱਖ ਕੇ ਮਾਰੀ ਝਾਤ, ਨੈਣ ਨੈਣ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਫ਼ਰੀਦ ਨੇ ਘੁੱਟਨੇ ਦਿਤੇ ਟੇਕ, ਹੱਥ ਛਾਤੀ ਉਤੇ ਰਖਾਈਆ । ਨਿਗਹ ਕੀਤੀ ਵੱਲ ਏਕ, ਏਕੰਕਾਰ ਵੇਖ ਵਖਾਈਆ । ਨਜ਼ਾਰਾ ਤੱਕਿਆ ਸਚਖੰਡ ਦੇਸ, ਘਰ ਸਚ ਹੋਈ ਰੁਸ਼ਨਾਈਆ । ਫਿਰ ਸੱਜਦੇ ਵਿਚ ਕੀਤੀ ਆਦੇਸ, ਨਿਉਂ ਕੇ ਸੀਸ ਨਿਵਾਈਆ । ਫੇਰ ਖੇਲ ਵੇਖੀ ਸ਼ਿਵ ਬ੍ਰਹਮਾ ਵਿਸ਼ਨ ਮਹੇਸ਼, ਮਹਿਖਾਸੁਰ ਦੈਂਤ ਨਾਲ ਵਡਿਆਈਆ । ਹੁਕਮ ਸੁਣਿਆ ਇਕ ਨਰੇਸ਼, ਨਰ ਨਰਾਇਣ ਦਿਤਾ ਜਣਾਈਆ । ਸੀਸ ਝੁਕਾ ਕੇ ਕਿਹਾ ਸ਼ੇਸ਼, ਸਹੰਸਰ ਮੁਖ ਆਵਾਜ਼ ਲਗਾਈਆ । ਓਹ ਵੇਖ ਕਲਜੁਗ ਅੰਤਮ ਲੇਖ, ਲੇਖਾ ਦਿਆਂ ਸਮਝਾਈਆ । ਪੁਰਖ ਅਕਾਲ ਵਟਾਏ ਵੇਸ, ਅਵੱਲੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਫ਼ਰੀਦ ਆਪ ਉਠਾਏ ਨੈਣਾਂ, ਨੇਤਰ ਨੀਰ ਵਹਾਈਆ । ਵਾਸਤਾ ਪਾ ਕੇ ਕਿਹਾ ਮਾਤਲੋਕ ਸਦ ਨਹੀਂ ਰਹਿਣਾ, ਜ਼ਿੰਦਗੀ ਜੀਵਣ ਨਾ ਕੋਇ ਵਡਿਆਈਆ । ਪਰਵਰਦਿਗਾਰ ਤੇਰਾ ਲਹਿਣਾ, ਦੇਵਣਹਾਰ ਤੇਰੀ ਸਰਨਾਈਆ । ਸਦ ਭਾਣਾ ਤੇਰਾ ਸਹਿਣਾ, ਸੀਸ ਜਗਦੀਸ ਝੁਕਾਈਆ । ਓਧਰੋਂ ਜੋੜਾ ਉਡ ਕੇ ਆ ਗਿਆ ਤੋਤਾ ਮੈਨਾ, ਉਮਰ ਬਾਲੀ ਸੋਭਾ ਪਾਈਆ । ਉਨ੍ਹਾਂ ਹੱਸ ਕੇ ਕਿਹਾ ਕਿਸ ਵਹਿਣ ਵਿਚ ਵਹਿਣਾਂ, ਫ਼ਰੀਦ ਫ਼ਿਕਰਾ ਦੇ ਸੁਣਾਈਆ । ਫ਼ਰੀਦ ਰਾਗ ਗਾਇਆ ਬਿਨ ਸੁਰ ਤਾਲ ਸੈਣਾ, ਤਾਨਸੇਨ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਮੈਨਾ ਤੋਤੇ ਕਿਹਾ ਪੁਕਾਰ, ਪ੍ਰੇਮ ਅਵਾਜ਼ ਸੁਣਾਈਆ । ਦੱਸ ਫ਼ਰੀਦ ਪ੍ਰਭੂ ਦੇ ਯਾਰ, ਕਿਸ ਬਿਧ ਮਿਲੇ ਤੇਰਾ ਗੁਸਾਈਂਆ । ਕਿਸ ਗ੍ਰਹਿ ਹੋਵੇ ਦੀਦਾਰ, ਸਨਮੁਖ ਹੋ ਕੇ ਸੋਭਾ ਪਾਈਆ । ਜੇ ਕੁਛ ਤੇਰਾ ਅਖਤਿਆਰ, ਸਾਨੂੰ ਦੇ ਮਿਲਾਈਆ । ਫ਼ਰੀਦ ਨੇ ਗੋਡਿਆਂ ਉਤੇ ਪਾਇਆ ਭਾਰ, ਹੱਥ ਸੀਸ ਉਤੇ ਰਖਾਈਆ । ਫਿਰ ਅੱਖਾਂ ਲਈਆਂ ਉਘਾੜ, ਜ਼ਿਮੀਂ ਅਸਮਾਨਾਂ ਰਾਹ ਤਕਾਈਆ । ਫੇਰ ਚਾਰ ਕੁੰਟ ਵੇਖੀ ਉਜਾੜ, ਬਾਲੂ ਰੇਤ ਚਲੇ ਵਾਹੋ ਦਾਹੀਆ । ਫੇਰ ਰੁਤ ਵੇਖੀ ਮਹੀਨਾ ਹਾੜ, ਅਗਨੀ ਤਤ ਤਪਾਈਆ । ਫੇਰ ਆਪਣੀ ਤਕੀ ਨਾੜ ਨਾੜ, ਤਿੰਨ ਸੌ ਸੱਠ ਹਾਡੀ ਖੋਜ ਖੁਜਾਈਆ । ਫੇਰ ਸੰਸਾਰ ਤੱਕਿਆ ਡੂੰਘੀ ਗ਼ਾਰ, ਚੁਰਾਸੀ ਵਿਚੋਂ ਨਾ ਕੋਇ ਕਢਾਈਆ । ਫੇਰ ਆਪਣੀ ਛਾਤੀ ਤੇ ਮਾਰੀ ਲਕਾਰ, ਲੈਨ ਦਿਤੀ ਲਗਾਈਆ । ਫੇਰ ਰੋ ਪਿਆ ਭੁੱਬਾਂ ਮਾਰ, ਹੰਝੂਆਂ ਹਾਰ ਬਣਾਈਆ । ਫੇਰ ਧਰਤੀ ਦੀ ਲੈ ਕੇ ਛਾਰ, ਮਸਤਕ ਨਾਲ ਛੁਹਾਈਆ । ਫੇਰ ਦੋ ਜਹਾਨ ਤੱਕਿਆ ਆਰ ਪਾਰ, ਪਰਾ ਪਸੰਤੀ ਮਧਮ ਬੈਖਰੀ ਚਹੁੰ ਬਾਣੀਆਂ ਤੋਂ ਬਾਹਰ ਖੋਜ ਖੁਜਾਈਆ । ਫੇਰ ਰੂਪ ਤੱਕਿਆ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਫੇਰ ਸ਼ਬਦ ਸੁਣੀ ਗੁੰਜਾਰ, ਜੋ ਸੰਦੇਸ਼ਾ ਰਿਹਾ ਸੁਣਾਈਆ । ਫ਼ਰੀਦਾ ਔਹ ਵੇਖ ਅਗੰਮੀ ਆਪਣਾ ਯਾਰ, ਜੋ ਯਰਾਨਾ ਤੋੜ ਨਿਭਾਈਆ ।

ਕਲਜੁਗ ਅੰਤ ਲਏ ਅਵਤਾਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਚਾਰ ਜੁਗ ਦੇ ਵਿਛੜਿਆਂ ਕਰੇ ਪਿਆਰ, ਪ੍ਰੇਮ ਪ੍ਰੀਤੀ ਇਕ ਨਿਭਾਈਆ । ਫ਼ਰੀਦ ਹੱਸ ਕੇ ਇਸ਼ਾਰਾ ਕੀਤਾ ਬਿਨਾ ਅੱਖਾਂ ਦਿਤਾ ਵਖਾਲ, ਆਖ਼ਰ ਧਿਆਨ ਕਰਾਈਆ । ਆਪਣੀ ਸੁਰਤ ਲਉ ਸੰਭਾਲ, ਮੈਨਾ ਤੋਤਾ ਭੈਣ ਭਾਈਆ । ਆਪੇ ਵੇਖੇ ਮੁਰੀਦਾਂ ਹਾਲ, ਪ੍ਰਭ ਮੁਰਸ਼ਦ ਬੇਪਰਵਾਹੀਆ । ਸਭ ਦੀ ਸੁਰਤ ਲਏ ਸੰਭਾਲ, ਸੰਬਲ ਬਹਿ ਕੇ ਕਾਰ ਕਮਾਈਆ । ਪੂਰੀ ਕਰੇ ਘਾਲੀ ਘਾਲ, ਲੇਖਾ ਦੇਵੇ ਥਾਉਂ ਥਾਈਆ । ਅੱਜ ਦੀ ਰਾਤ ਕਟਣੀ ਮੇਰੇ ਨਾਲ, ਜੰਗਲ ਬੀਆਬਾਨ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਂ ਵੇਖਿਆ ਅਜਬ ਨਜ਼ਾਰਾ, ਆਪਣਾ ਨੈਣ ਉਠਾਈਆ । ਫ਼ਰੀਦ ਬੋਲਿਆ ਫੇਰ ਦੁਬਾਰਾ, ਕਥਨੀ ਕਥ ਸੁਣਾਈਆ । ਜਿਸ ਵੇਲੇ ਕਲ ਕਲਕੀ ਆਵੇ ਅਵਤਾਰਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਤੁਹਾਡਾ ਮਾਨਸ ਜਨਮ ਹੋਵੇ ਵਿਚ ਸੰਸਾਰਾ, ਤਨ ਵਜੂਦ ਸੋਭਾ ਪਾਈਆ । ਦਰ ਠਾਂਡਾ ਬਖ਼ਸ਼ੇ ਦਰਬਾਰਾ, ਗ੍ਰਿਹ ਦੇਵੇ ਮਾਣ ਵਡਿਆਈਆ । ਏਸੇ ਧਰਨੀ ਉਤੇ ਆਵੇ ਪਰਵਰਦਿਗਾਰਾ, ਹਰਿ ਸਾਂਝਾ ਬੇਪਰਵਾਹੀਆ । ਬਿਨਾ ਕਲਮ ਤੋਂ ਲੇਖ ਹਮਾਰਾ, ਨਾ ਕੋਇ ਮੇਟੇ ਮੇਟ ਮਿਟਾਈਆ । ਫਿਰ ਨਿਉਂ ਕੇ ਕੀਤਾ ਨਿਮਸਕਾਰਾ, ਸੀਸ ਜਗਦੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਮੈਨਾ ਕਿਹਾ ਫ਼ਰੀਦ ਤੇਰੀ ਗਵਾਹੀ, ਸ਼ਹਾਦਤ ਇਕ ਭੁਗਤਾਈਆ । ਇਹ ਵੇਖ ਮੇਰਾ ਭਾਈ, ਜੋ ਪ੍ਰਭ ਦਾ ਰਾਹ ਤਕਾਈਆ । ਫ਼ਰੀਦ ਹੱਸ ਕੇ ਕਿਹਾ ਓਹ ਸਾਹਿਬ ਮੇਰਾ ਗੁਸਾਈਂ, ਹਰਿ ਵਡਾ ਵਡ ਵਡਿਆਈਆ । ਜੁਗ ਚੌਕੜੀ ਬਣਿਆ ਰਹੇ ਰਾਹੀ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ । ਭਗਤ ਸੁਹੇਲੇ ਲਏ ਮਿਲਾਈ, ਗੁਰਮੁਖ ਵਿਛੜੇ ਜੋੜ ਜੁੜਾਈਆ । ਜ਼ਰੂਰ ਤੁਹਾਡਾ ਲਹਿਣਾ ਦੇਣਾ ਦਏ ਏਸੇ ਥਾਈਂ, ਧਰਨੀ ਧਰਤ ਧੌਲ ਕਰੇ ਰੁਸ਼ਨਾਈਆ । ਤੁਸਾਂ ਮਿਲਣਾ ਚਾਈਂ ਚਾਈਂ, ਚਾਉ ਘਨੇਰਾ ਇਕ ਸਮਝਾਈਆ । ਨਿਰਗੁਣ ਧਾਰ ਪਕੜੇ ਬਾਹੀਂ, ਸੱਜਣ ਸੁਹੇਲੇ ਗੋਦ ਟਿਕਾਈਆ । ਪੂਰਬ ਲੇਖਾ ਦਏ ਮੁਕਾਈ, ਮੁਕੰਮਲ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਜਨਮ ਦਾ ਦੇਵੇ ਦਾਨ, ਸਿੰਘ ਗੁਰਦਿਆਲ ਕੌਰ ਗਿਆਨ, ਗਿਆਨ ਵਿਚ ਆਪਣਾ ਭੇਵ ਖੁਲ੍ਹਾਈਆ ।



### ੭ ਵਿਸਾਖ ਸ਼ਹਿਨਸ਼ਾਹੀ ਸੰਮਤ ੬ ਜਗੀਰ ਸਿੰਘ ਦੇ ਗ੍ਰਿਹ ਪਿੰਡ ਰੱਤੇਵਾਲ

ਜਗੀਰ ਸਿੰਘ ਮਿਲੀ ਉਹ ਜਾਗੀਰ, ਜੇਹੜੀ ਪੂਰਬ ਨਜ਼ਰੀ ਆਈਆ । ਜਿਸ ਵੇਲੇ ਗੁਰ ਅੰਗਦ ਦਾ ਫੜਿਆ ਸੀ ਚੀਰ, ਪਲੂ ਆਪਣੇ ਹੱਥ ਟਿਕਾਈਆ । ਨੈਣਾਂ ਵਿਚੋਂ ਵਹਾ ਕੇ ਨੀਰ, ਰੋ ਕੇ ਦਿਤਾ ਸੁਣਾਈਆ । ਤੂੰ ਪਾਤਸ਼ਾਹ ਮੈਂ ਫ਼ਕੀਰ, ਗ਼ਰੀਬ ਨਿਮਾਣਾ ਸੀਸ ਝੁਕਾਈਆ । ਤੂੰ ਸ਼ਹਿਨਸ਼ਾਹ ਮੈਂ ਹਕੀਰ, ਦਰ ਤੇਰੇ ਆਸ ਰਖਾਈਆ । ਮੇਰੇ ਅੰਤਰ ਨਾ ਆਵੇ ਧੀਰ, ਧੀਰਜ ਦੇਣੀ ਧਰਾਈਆ । ਅੰਗਦ ਮਸਤਕ ਉਤੇ ਲਾ ਲਕੀਰ, ਰੇਖ ਦਿਤੀ ਬਦਲਾਈਆ । ਫੇਰ ਵਖਾਈ ਗੋਬਿੰਦ ਵਾਲੀ ਸ਼ਮਸ਼ੀਰ, ਖੰਡਾ ਧਾਰ ਲਟਕਾਈਆ । ਫੇਰ ਬਦਲ ਦਿਤੀ ਤਕਦੀਰ, ਥਾਪੀ

ਪੁਸ਼ਤ ਪਨਾਹ ਰਖਾਈਆ । ਫੇਰ ਪ੍ਰੇਮ ਪਿਆਰ ਦਾ ਦੇ ਕੇ ਸੀਰ, ਅੰਮ੍ਰਿਤ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਅੰਗਦ ਦਿਤਾ ਪ੍ਰੇਮ ਦਿਲਾਸਾ, ਮਿਹਰ ਨਜ਼ਰ ਉਠਾਈਆ । ਪੁਰਖ ਅਕਾਲ ਅੱਗੇ ਕੀਤਾ ਅਰਦਾਸਾ, ਸੀਸ ਜਗਦੀਸ ਝੁਕਾਈਆ । ਤੇਰਾ ਖੇਲ ਤੇਰਾ ਤਮਾਸ਼ਾ, ਤੇਰੀ ਧਾਰ ਵੇਖ ਵਖਾਈਆ । ਇਹ ਪ੍ਰੇਮ ਮੁਹੱਬਤ ਦਾ ਪਿਆਸਾ, ਵਸਤ ਅਮੋਲਕ ਦੇਣੀ ਵਰਤਾਈਆ । ਭਾਗ ਲਗਾਉਣਾ ਕਾਇਆ ਕਾਸਾ, ਘਰ ਰਸ ਦੇਣਾ ਚਖਾਈਆ । ਫੇਰ ਅਗਲਾ ਖੋਲ੍ਹ ਖੁਲਾਸਾ, ਪਰਦਾ ਦਿਤਾ ਉਠਾਈਆ । ਤੇਰਾ ਮੇਲ ਹੋਣਾ ਪੁਰਖ ਅਬਿਨਾਸ਼ਾ, ਕਲਜੁਗ ਅੰਤਮ ਦਏ ਗਵਾਹੀਆ । ਜੋ ਆਦਿ ਅੰਤ ਦਾ ਦਾਤਾ, ਦੇਵਣਹਾਰ ਅਖਵਾਈਆ । ਆਤਮ ਪਰਮਾਤਮ ਜੋੜੇ ਨਾਤਾ, ਵਿਛੜੇ ਰੰਗ ਰੰਗਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥਾ, ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣੀ ਕਾਰ ਕਮਾਈਆ । ਅੰਗਦ ਅੱਗੇ ਧਰਿਆ ਇਕ ਰੁਪਈਆ, ਖ਼ੁਸ਼ੀ ਵਿਚ ਸੀਸ ਨਿਵਾਈਆ । ਆਪਣੀ ਫੜਾ ਕੇ ਬਹੀਆ, ਧਰਮ ਗੰਢ ਪਵਾਈਆ । ਮਲਾਹ ਬਣਾ ਕੇ ਜੀਵਣ ਨਈਆ, ਵੰਝ ਮੁਹਾਣਾ ਹੱਥ ਫੜਾਈਆ । ਇਕ ਸ਼ਬਦ ਕਿਹਾ ਬਿਨ ਤੇਰੇ ਪਤ ਨਾ ਰਹੀਆ, ਪਤਿਪਰਮੇਸ਼ਵਰ ਦੇਣਾ ਮਿਲਾਈਆ । ਰਾਏ ਧਰਮ ਨਾ ਕਢੇ ਵਹੀਆ, ਲੇਖਾ ਮੰਗੇ ਨਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਅੰਗਦ ਕਿਹਾ ਇਹ ਰੁਪਈਆ ਰੱਖ ਕੋਲ, ਸ਼ਬਦ ਸਚ ਜਣਾਈਆ । ਮੇਰਾ ਤੇਰੇ ਨਾਲ ਬੋਲ, ਅਨਬੋਲਤ ਰਿਹਾ ਸਮਝਾਈਆ । ਤੂੰ ਬੈਠਾ ਰਹੀਂ ਅਡੋਲ, ਧੀਰਜ ਧੀਰ ਰਖਾਈਆ । ਜਿਸ ਵੇਲੇ ਮੇਰਾ ਪੁਰਖ ਅਕਾਲ ਆਵੇ ਉਪਰ ਧੌਲ, ਧਰਨੀ ਉਤੇ ਸੋਭਾ ਪਾਈਆ । ਭਗਤਾਂ ਅੰਦਰ ਜਾਏ ਮੌਲ, ਪ੍ਰੇਮ ਪ੍ਰੀਤੀ ਰੰਗ ਰੰਗਾਈਆ । ਪੜਦਾ ਚੁਕਾਵੇ ਓਹਲ, ਭਰਮ ਦਏ ਮਿਟਾਈਆ । ਫੇਰ ਆਵੇ ਤੇਰੇ ਕੋਲ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਰੁਪਈਆ ਕਹੇ ਮੇਰੀ ਪੁਰਾਣੀ ਆਸ, ਖ਼ੁਸ਼ੀਆਂ ਨਾਲ ਜਣਾਈਆ । ਗੋਬਿੰਦ ਦੀ ਸਵਾ ਵਾਲੀ ਅਰਦਾਸ, ਰੀਤੀ ਜਗਤ ਵਾਲੀ ਅਪਣਾਈਆ । ਸੰਦੇਸ਼ੇ ਵਿਚ ਆਖ, ਸ਼ਬਦ ਵਿਚ ਸਮਝਾਈਆ । ਇਕ ਦਾ ਇਕ ਦੋ ਦਾ ਮੇਲਾ ਸਾਖਿਆਤ, ਪਰਦਾ ਨਾ ਕੋਇ ਛੁਪਾਈਆ । ਸੋ ਵੇਲਾ ਵਕਤ ਪਹੁੰਚਿਆ ਆਜ, ਲੇਖਾ ਮੁਕੇ ਚਾਈਂ ਚਾਈਂਆ । ਅੱਗੇ ਵਾਸਤੇ ਖੋਲ੍ਹੇ ਜਾਗ, ਆਲਸ ਨਿੰਦਰਾ ਦਏ ਮਿਟਾਈਆ । ਉਜੜੇ ਘਰ ਵਿਚ ਲਾਵੇ ਭਾਗ, ਖੇੜਾ ਫੇਰ ਵਸਾਈਆ । ਇਕ ਰੁਪਈਆ ਦੇਵੇ ਦਾਜ, ਦੌਲਤ ਨਾਮ ਵਰਤਾਈਆ । ਜਿਸ ਨੇ ਖੇਲ ਕੀਤਾ ਆਦਿ, ਸੋ ਅੰਤ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਦਾ ਲਹਿਣਾ ਲੇਖਾ ਸਭ ਦਾ ਰੱਖੇ ਯਾਦ, ਜੁਗ ਚੌਕੜੀ ਜਨਮ ਕਰਮ ਅਭੁੱਲ ਭੁੱਲ ਕਦੇ ਨਾ ਜਾਈਆ ।

## ✪ ੧੩ ਵਿਸਾਖ ਸ਼ਹਿਨਸ਼ਾਹੀ ਸੰਮਤ ੬ ਮਾਝਾ ਸੰਗਤ ਦੇ ਨਵਿਤ ਵਾਢੀ ਦੇ ਦਿਨ ਹਰਿ ਭਗਤ ਦਵਾਰ ਜੇਠੂਵਾਲ ✪

ਕਾਲ ਕਹੇ ਮੈਂ ਕਲਜੁਗ ਸੋਇਆ ਜਾਗਾ, ਆਲਸ ਨਿੰਦਰਾ ਰਹੀ ਨਾ ਰਾਈਆ । ਮੈਂ ਵੇਖਿਆ ਚਾਰ ਕੁੰਟ ਸੰਤ ਸਾਧਾ, ਸਾਧਨਾ ਵਿਚ ਨਾ ਕੋਇ ਸਮਾਈਆ । ਮੈਂ ਸੀਤਾ ਰਾਮ ਇਸ਼ਟ ਤੱਕਿਆ ਕ੍ਰਿਸ਼ਨਾ ਰਾਧਾ, ਅਸ਼ਟਭੁਜ ਸਿੰਘ ਸ਼ੇਰ ਧਿਆਨ ਲਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੱਕਿਆ ਵਾਹਿਦਾ, ਪੇਸ਼ੀਨਗੋਈਆਂ ਖੋਜ ਖੁਜਾਈਆ । ਅਵਤਾਰ ਪੈਗ਼ੰਬਰ ਗੁਰੂਆਂ ਤੱਕਿਆ ਮੁਆਹਿਦਾ, ਬਿਨ ਅੱਖਾਂ ਅੱਖ ਉਠਾਈਆ । ਜਗਤ ਜਹਾਨ ਖੇਲ ਤੱਕਿਆ ਆਤਮ ਪਰਮਾਤਮ ਹੋਈ ਅਲਾਹਿਦਾ, ਵਿਛੜਿਆਂ ਮੇਲ ਨਾ ਕੋਇ ਮਿਲਾਈਆ । ਮੈਂ ਲੱਖ ਚੁਰਾਸੀ ਜੀਵ ਜੰਤ ਲਿਆ ਜਾਇਜ਼ਾ, ਨਜਾਇਜ਼ ਹੁਕਮ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕਾਲ ਕਹੇ ਕਲਜੁਗ ਮੈਂ ਤਕੇ ਰਾਗ ਨਾਦ ਧੁਨ ਢਾਡੀ, ਸਾਰੰਗੜੇ ਖੋਜ ਖੁਜਾਈਆ । ਸ਼ਾਹ ਸੁਲਤਾਨ ਜ਼ਿਮੀਂ ਅਸਮਾਨ ਤਕੇ ਵੇਖੇ ਰੂਪ ਬਾੜੀ, ਜੋ ਘਾੜਤ ਘੜਨ ਵਿਚ ਚਤੁਰਾਈਆ । ਮੁੱਲਾ ਸ਼ੇਖ ਮੁਸਾਇਕ ਤਕੇ ਹਾਜੀ, ਹੁਜਰਿਆਂ ਖੋਜ ਖੁਜਾਈਆ । ਪੰਡਤ ਪਾਂਧੇ ਤਕੇ ਵਿਚ ਕਾਸ਼ੀ, ਤਟ ਕਿਨਾਰੇ ਫੋਲ ਫੁਲਾਈਆ । ਗ੍ਰੰਥੀ ਪੰਥੀ ਵੇਖੇ ਵੇਖੇ ਜਗਤ ਸਮਾਜੀ, ਸਮਾਂ ਸਮਝ ਕਿਸੇ ਨਾ ਆਈਆ । ਪਿਆਰ ਮੁਹੱਬਤ ਨਾਤੇ ਵੇਖੇ ਹਕੀਕੀ ਜਗਤ ਮਜਾਜ਼ੀ, ਆਤਮ ਰਸ ਮਜ਼ਾ ਹੱਕ ਨਾ ਕੋਇ ਚਖਾਈਆ । ਜਾਂ ਨਿਗਹ ਮਾਰੀ ਅੰਦਰੋਂ ਸੋਈ ਸੁਰਤ ਕਿਸੇ ਨਾ ਜਾਗੀ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਕਲਜੁਗ ਜੀਵ ਹੰਸ ਬੁੱਧੀ ਹੋਈ ਕਾਗੀ, ਦਿਵਸ ਰੈਣ ਰਹੇ ਕੁਰਲਾਈਆ । ਕਾਲ ਕਹੇ ਕਲਜੁਗ ਜਾਂ ਫੇਰ ਤੱਕਿਆ ਜਨ ਭਗਤ ਸੁਹੇਲੇ ਵੇਖੇ ਵਡਭਾਗੀ, ਅੰਤਮ ਤੇਰਾ ਧਿਆਨ ਲਗਾਈਆ । ਜਿਨ੍ਹਾਂ ਦੀ ਕੋਟਾਂ ਵਿਚੋਂ ਸ੍ਰਿਸ਼ਟੀ ਵਿਚ ਥੋੜੀ ਆਬਾਦੀ, ਬਹੁ ਗਣਤ ਨਾ ਕੋਇ ਗਿਣਾਈਆ । ਉਨ੍ਹਾਂ ਦਾ ਪ੍ਰੇਮ ਤੱਕਿਆ ਪਿਆਰ ਵੇਖਿਆ ਖ਼ੁਸ਼ੀਆਂ ਨਾਲ ਕਰਦੇ ਵਾਢੀ, ਭਗਤੀ ਦਾ ਮੂਲ ਭਗਵਨ ਦੀ ਧਾਰ ਵਿਚ ਸਮਾਈਆ । ਜਿਸ ਪ੍ਰਭੂ ਤੋਂ ਸ੍ਰਿਸ਼ਟੀ ਰਹਿ ਗਈ ਫਾਡੀ, ਨਿਰਗੁਣ ਸਰਗੁਣ ਮਿਲਣ ਕੋਇ ਨਾ ਆਈਆ । ਉਸ ਦਾ ਲੇਖਾ ਆਦਿ ਜੁਗਾਦਿ ਦੀ ਯਾਦਦਾਸ਼ਤ ਤੇ ਯਾਦੀ, ਜਿਸ ਦਾ ਯਾਦਵ ਕ੍ਰਿਸ਼ਨ ਗਿਆ ਧਿਆਨ ਲਗਾਈਆ । ਅਵਤਾਰ ਪੈਗ਼ੰਬਰ ਗੁਰੂ ਲੇਖਾ ਵੇਖਣ ਪਿਛਲਾ ਮਾਜ਼ੀ, ਹਾਲ ਹਾਲ ਵਿਚ ਸਮਝਾਈਆ । ਪੁਰਖ ਅਕਾਲਾ ਦੀਨ ਦਿਆਲਾ ਮਿਹਰਵਾਨ ਮਹਿਬੂਬ ਪ੍ਰੇਮ ਪਿਆਰ ਮੁਹੱਬਤ ਦੇਵੇ ਧਰਮ ਧਾਰ ਦੀ ਦਾਦੀ, ਦੀਦਾ ਦਾਨਿਸਤਾ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਅੰਦਰ ਬਾਹਰ ਰਹੇ ਅਮਦਾਦੀ, ਗੁਪਤ ਜ਼ਾਹਰ ਸਿਰ ਆਪਣਾ ਹੱਥ ਟਿਕਾਈਆ ।

## ✪ ੧੪ ਵਿਸਾਖ ਸ਼ਹਿਨਸ਼ਾਹੀ ਸੰਮਤ ੬ ਮਾਝਾ ਸੰਗਤ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ✪

ਕਲਜੁਗ ਕਹੇ ਗੁਰ ਅਵਤਾਰ ਪੈਗ਼ੰਬਰ ਮੈਨੂੰ ਮਾਰਦੇ ਦਾਬੇ, ਭੈ ਰਹੇ ਵਖਾਈਆ । ਮੈਂ ਅੱਗੋਂ ਹੱਸ ਕੇ ਉਂਗਲ ਕੀਤੀ ਵੱਲ ਕਾਅਬੇ, ਪੈਗ਼ੰਬਰਾਂ ਕਬਰਾਂ ਦਿਤੀਆਂ ਵਖਾਈਆ । ਫੇਰ ਇਸ਼ਾਰਾ ਕੀਤਾ ਜੋ ਬਗ਼ਦਾਦ ਬਚਨ ਕੀਤਾ ਨਾਨਕ ਬਾਬੇ, ਬਾਬਰ ਸ਼ਾਹੀ ਵੱਲ ਧਿਆਨ ਲਗਾਈਆ । ਸਦੀ

ਚੌਧਵੀਂ ਬਿਨਾ ਭਗਤਾਂ ਕੋਇ ਨਾ ਜਾਗੇ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਮਾਨਵ ਹੰਸ ਬਣਨੇ ਕਾਗੇ, ਦੁਰਮਤ ਮੈਲ ਨਾ ਕੋਇ ਧਵਾਈਆ । ਕੰਤ ਮਿਲੇ ਨਾ ਕਿਸੇ ਸੁਹਾਗੇ, ਸੁਹੰਜਣੀ ਸੇਜ ਨਾ ਕੋਇ ਹੰਢਾਈਆ । ਚਾਰ ਵਰਨ ਰੱਖੇ ਕੋਇ ਨਾ ਲਾਜੇ, ਮਿਹਰ ਨਜ਼ਰ ਨਾ ਕੋਇ ਟਿਕਾਈਆ । ਉਸ ਵੇਲੇ ਖੇਲ ਕਰਨਾ ਗ਼ਰੀਬ ਨਿਵਾਜੇ, ਦੀਨ ਦਿਆਲ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਦੇਸ ਮਾਝੇ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਕਲਜੁਗ ਕਹੇ ਗੁਰ ਅਵਤਾਰ ਪੈਗ਼ੰਬਰ ਮੈਨੂੰ ਹੋਵਣ ਗ਼ੁੱਸੇ, ਗ਼ਜ਼ਬ ਨਾਲ ਜਣਾਈਆ । ਕਿਉਂ ਵਿਕਾਰ ਵਧਾਇਆ ਕਾਇਆ ਮਾਟੀ ਜੁੱਸੇ, ਜਿਸਮ ਜ਼ਮੀਰ ਦਿਤੀ ਬਦਲਾਈਆ । ਕਿਉਂ ਕੂੜ ਕਲਪਨਾ ਵਿਚ ਹਰ ਹਿਰਦਾ ਦੁੱਖੇ, ਹਿਰਦੇ ਹਰਿ ਨਾ ਕੋਇ ਵਸਾਈਆ । ਜਨਣੀ ਸੁਫਲ ਹੋਏ ਨਾ ਕੁੱਖੇ, ਭਗਤ ਜਨਮੇ ਕੋਇ ਨਾ ਮਾਈਆ । ਸ਼ਾਹ ਸੁਲਤਾਨ ਜਾਣ ਲੁੱਟੇ, ਅੱਗੇ ਹੋ ਨਾ ਕੋਇ ਬਚਾਈਆ । ਕਲਜੁਗ ਜੀਵਾਂ ਭਾਗ ਨਿਖੁੱਟੇ, ਮਿਹਰ ਨਜ਼ਰ ਨਾਲ ਨਾ ਕੋਇ ਤਰਾਈਆ । ਕਿਉਂ ਝਗੜਾ ਪਾਇਆ ਪੰਜ ਤਤ ਬੁਤੇ, ਬੁਤਖ਼ਾਨੇ ਰਹੇ ਕੁਰਲਾਈਆ । ਕਲਜੁਗ ਕਹੇ ਮੈਂ ਨਿਗਾਹ ਮਾਰੀ ਅਸਮਾਨਾਂ ਉਤੇ, ਉੱਤਰ ਪੂਰਬ ਪੱਛਮ ਦੱਖਣ ਵੰਡ ਨਾ ਕੋਇ ਵੰਡਾਈਆ । ਖੇਲ ਵੇਖਿਆ ਪਰਮ ਪੁਰਖ ਅਬਿਨਾਸ਼ੀ ਅਚੁਤੇ, ਹਰਿ ਕਰਤਾ ਆਪ ਕਰਾਈਆ । ਮਿਹਰਵਾਨ ਜਨ ਭਗਤਾਂ ਆਪੇ ਪੁਛੇ, ਸੋਈ ਸੁਰਤ ਨਿਰਤ ਜਗਾਈਆ । ਉਨ੍ਹਾਂ ਸੀਸ ਜਗਦੀਸ ਝੁਕੇ, ਡੰਡਾਵਤ ਬੰਦਨਾ ਵਿਚ ਸਰਨਾਈਆ । ਕਲਜੁਗ ਕਹੇ ਮੈਂ ਹੱਸ ਕੇ ਕਿਹਾ ਔਹ ਵੇਖੋ ਹਰਿਜਨ ਅੱਖਰ ਪੜ੍ਹਦੇ ਦੋ ਤੁਕੇ, ਸੋਹੰ ਢੋਲਾ ਇਕੋ ਗਾਈਆ । ਸਭ ਦੇ ਆਵਣ ਜਾਵਣ ਪੈਂਡੇ ਮੁਕੇ, ਅੱਗੇ ਪੰਧ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਹੁਕਮ ਇਕ ਸੁਣਾਈਆ । ਕਲਜੁਗ ਕਹੇ ਗੁਰ ਅਵਤਾਰ ਪੈਗ਼ੰਬਰ ਮੈਨੂੰ ਡਰਾਉਣ, ਦਰਗਾਹ ਸਾਚੀ ਨੈਣ ਉਠਾਈਆ । ਮੈਂ ਨੀਵੀਂ ਕਰਕੇ ਧੌਣ, ਭੱਜਾਂ ਵਾਹੋ ਦਾਹੀਆ । ਫੇਰ ਸੰਦੇਸ਼ਾ ਦੇਵਣ ਵਿਚ ਪੌਣ, ਉਨੰਜਾ ਪਵਣ ਕਰੇ ਜਣਾਈਆ । ਮੈਂ ਨੀਵੀਂ ਪਾ ਕੇ ਕਹਾਂ ਕੌਣ, ਮੈਨੂੰ ਰਿਹਾ ਬੁਲਾਈਆ । ਤ੍ਰੇਤੇ ਵਾਲਾ ਨਹੀਂ ਰੌਣ, ਰਾਵਣ ਲੰਕ ਨਾ ਕੋਇ ਚਤੁਰਾਈਆ । ਦੁਆਪਰ ਕੰਸ ਆਏ ਨਾ ਕੋਇ ਅਜ਼ਮਾਉਣ, ਸ਼ਸਤਰ ਚਲੇ ਨਾ ਕੋਇ ਚਤੁਰਾਈਆ । ਕਲਜੁਗ ਸਭ ਦਾ ਸੁਣਿਆ ਗਾਉਣ, ਚਾਰੋਂ ਕੁੰਟ ਧਿਆਨ ਲਗਾਈਆ । ਅੱਖਰਾਂ ਵਿਚ ਜੁਗ ਜਨਮ ਦਾ ਰੁੱਸਿਆ ਪ੍ਰਭੂ ਮਨਾਉਣ, ਢੋਲੇ ਸਿਫਤਾਂ ਵਾਲੇ ਗਾਈਆ । ਮੈਂ ਫੇਰ ਤੱਕਿਆ ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਅੰਤ ਸਭ ਨੂੰ ਆਇਆ ਤੜਫਾਉਣ, ਸਾਂਤਕ ਸਤਿ ਨਾ ਕੋਇ ਕਰਾਈਆ । ਗੁਰ ਅਵਤਾਰ ਪੈਗ਼ੰਬਰਾਂ ਆਇਆ ਹਲਾਉਣ, ਹਲੂਣਾ ਆਪਣਾ ਨਾਮ ਲਗਾਈਆ । ਦੀਨ ਮਜ਼੍ਹਬ ਦਾ ਖੇੜਾ ਆਇਆ ਢਾਹੁਣ, ਦੂਈ ਦਵੈਤ ਕੰਧ ਗਵਾਈਆ । ਦਰਗਹ ਸਾਚੀ ਸਾਚਾ ਘਰ ਆਇਆ ਵਖਾਉਣ, ਦਰ ਪਰਦਾ ਆਪ ਖੁਲ੍ਹਾਈਆ । ਜਨ ਭਗਤ ਸੁਹੇਲੇ ਸਚ ਮੁਹੱਬਤ ਵਿਚ ਆਇਆ ਮਿਲਾਉਣ, ਮਿਲਣੀ ਆਪਣੇ ਨਾਲ ਕਰਾਈਆ । ਸਾਚਾ ਢੋਲਾ ਆਇਆ ਫਰਮਾਉਣ, ਫੁਰਨੇ ਪਿਛਲੇ ਬੰਦ ਕਰਾਈਆ । ਤੂੰ ਮੇਰਾ ਮੈਂ ਤੇਰਾ ਭਗਤ ਸੁਹੇਲੇ ਸੰਤ ਗਾਉਣ, ਗੁਰਮੁਖ ਗੁਰਸਿਖ ਰਸਨਾ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲੇਖਾ ਆਇਆ ਮੁਕਾਉਣ, ਬਚਿਆ ਰਹਿਣ ਕੋਇ ਨਾ ਪਾਈਆ ।

## ✪ ੧੫ ਵਿਸਾਖ ਸ਼ਹਿਨਸ਼ਾਹੀ ਸੰਮਤ ੬ ਮਾਝਾ ਸੰਗਤ ਦੇ ਘਰ ਜਾਣ ਸਮੇਂ ਹਰਿ ਭਗਤ ਦਵਾਰ ਜੇਠੂਵਾਲ ✪

ਗੁਰ ਪਰਸਾਦਿ ਮਿਲੇ ਹਰਿ ਕਿਰਪਾ, ਜਨ ਭਗਤ ਵਡਿਆਈਆ । ਜਨਮ ਕਰਮ ਦੀ ਰਹੇ ਕੋਇ ਨਾ ਬਿਪਤਾ, ਆਵਣ ਜਾਵਣ ਗੇੜ ਚੁਕਾਈਆ । ਜਿਸ ਦੀ ਮਹਿਮਾ ਚਾਰ ਜੁਗ ਦਾ ਸ਼ਾਸਤਰ ਰਿਹਾ ਲਿਖਦਾ, ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਸਿਫ਼ਤ ਸਾਲਾਹੀਆ । ਉਹ ਖੇਲ ਕਰੇ ਅਨਡਿਠ ਦਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸਦਾ ਪਿਆਰਾ ਰਹੇ ਗੁਰਮੁਖ ਹਿਤ ਦਾ, ਗੁਰਸਿਖ ਆਪਣੇ ਰੰਗ ਰੰਗਾਈਆ । ਸੰਤ ਸੁਹੇਲਾ ਮਾਨਸ ਜਨਮ ਜਿੱਤ ਦਾ, ਜਨਮ ਜੀਵਣ ਵਿਚੋਂ ਬਦਲਾਈਆ । ਦਰਸ ਕਰ ਅਗੰਮੀ ਪਿਤ ਦਾ, ਪਾਤਾਲ ਆਕਾਸ਼ਾਂ ਡੇਰਾ ਢਾਹੀਆ । ਸਾਥ ਮੰਗੇ ਸਦਾ ਨਿਤ ਦਾ, ਵਿਛੋੜਾ ਰਹਿਣ ਕੋਇ ਨਾ ਪਾਈਆ । ਸਾਚਾ ਹੁਕਮ ਸਤਿਗੁਰ ਸਿੱਖ ਦਾ, ਸਿੱਖੀ ਸਿਖਿਆ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕਰਨੀ ਕਹੇ ਮੇਰੀ ਜੁਗ ਜੁਗ ਕਾਰ, ਅਵਤਾਰ ਪੈਗ਼ੰਬਰ ਗੁਰ ਗਏ ਸਮਝਾਈਆ । ਪ੍ਰਭ ਨੇ ਵੱਖਰੀ ਬੱਧੀ ਧਾਰ, ਕਲਜੁਗ ਰੀਤੀ ਦਿਤੀ ਉਲਟਾਈਆ । ਜਨ ਭਗਤਾਂ ਦੇ ਅਧਾਰ, ਸਿਰ ਆਪਣਾ ਹੱਥ ਰਖਾਈਆ । ਜੋ ਪ੍ਰੇਮ ਨਾਲ ਕਰੇ ਇਕ ਵਾਰ ਨਿਮਸਕਾਰ, ਕੋਟ ਜਨਮ ਦਾ ਕਰਮ ਦਏ ਗਵਾਈਆ । ਜਿਨ੍ਹਾਂ ਸੇਵਾ ਕੀਤੀ ਅਪਰ ਅਪਾਰ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਸਤਿਗੁਰੂ ਭੰਡਾਰਾ ਭਗਤਾਂ ਦਾ ਭੰਡਾਰ, ਵਸਤ ਗੁਰਮੁਖਾਂ ਨਜ਼ਰੀ ਆਈਆ । ਗੁਰਸਿਖੋ ਸਭ ਦੇ ਅੰਤਰ ਬਖ਼ਸ਼ਾਂ ਉਹ ਪਿਆਰ, ਜਿਸ ਪ੍ਰੇਮ ਪ੍ਰੀਤੀ ਨੂੰ ਕਬੀਰ ਜੁਲਾਹਾ ਗਿਆ ਸਮਝਾਈਆ । ਤੁਹਾਡਾ ਚਾਰ ਦਿਨ ਦਾ ਵਿਹਾਰ, ਚੌਥੇ ਜੁਗ ਤੋਂ ਖਹਿੜਾ ਦਏ ਛੁਡਾਈਆ । ਤੁਹਾਡੇ ਅੰਦਰ ਦੀ ਸਿਤਾਰ, ਪ੍ਰੇਮ ਪ੍ਰੀਤੀ ਵਿਚ ਵਜਾਈਆ । ਜੇਹੜਾ ਸੀਸ ਤੇ ਚੁੱਕਿਆ ਭਾਰ, ਕੁਕਰਮ ਦੀ ਗਠੜੀ ਦਿਤੀ ਸੁਟਾਈਆ । ਬੁੱਢੇ ਨੱਢੇ ਵੱਡੇ ਛੋਟੇ ਨੌਜਵਾਨ ਦੇਵੇ ਤਾਰ, ਇਸਤਰੀ ਪੁਰਸ਼ ਵੰਡ ਨਾ ਕੋਇ ਵੰਡਾਈਆ । ਤੁਸੀਂ ਮੇਰੇ ਮੈਂ ਤੁਹਾਡਾ ਦੋਹਾਂ ਦਾ ਇਕੋ ਘਰ ਬਾਹਰ, ਭਗਤ ਦਵਾਰਾ ਇਕੋ ਸੋਭਾ ਪਾਈਆ । ਖ਼ੁਸ਼ੀ ਨਾਲ ਸਭ ਨੇ ਪੰਜ ਵਾਰ ਬੋਲਣਾ ਜੈਕਾਰ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਬੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਪ੍ਰੇਮ ਪ੍ਰੀਤੀ ਵਿਚ ਕਰੇ ਤਿਆਰ, ਗੁਰਮੁਖਾਂ ਘਰ ਜਾਣਾ ਚਾਈਂ ਚਾਈਆ ।

## ✪ ੧੭ ਵਿਸਾਖ ਸ਼ਹਿਨਸ਼ਾਹੀ ਸੰਮਤ ੬ ਮਾਲਵਾ ਸੰਗਤ ਦਾ ਖੇਤਾਂ ਵਿਚ ਇਕੱਠ ਪਿੰਡ ਰਜੋਵਾਲ ਦੁਆਬਾ ✪

ਗੋਬਿੰਦ ਲੱਸੀ ਪੀ ਕੇ ਕੀਤਾ ਹਾਸਾ, ਹੱਸ ਕੇ ਦਿਤਾ ਵਖਾਈਆ । ਇਸ਼ਾਰਾ ਕੀਤਾ ਵੱਲ ਪੁਰਖ ਅਬਿਨਾਸ਼ਾ, ਪਰਵਰਦਿਗਾਰ ਨੂਰ ਇਲਾਹੀਆ । ਜਿਸ ਨੇ ਹੱਕ ਮੁਹੱਬਤ ਭਰਨਾ ਸਭ ਦਾ ਕਾਇਆ ਕਾਸਾ, ਰਹਿਮਤ ਕਲਮੇ ਨਾਮ ਵਾਲੀ ਵਰਤਾਈਆ । ਦੀਨ ਦੁਨੀ ਦਾ ਵੇਖੇ ਖੇਲ ਤਮਾਸ਼ਾ, ਖਿਲਾੜੀ ਹੋ ਕੇ ਆਪਣੀ ਖੇਲ ਖਿਲਾਈਆ । ਧਰਨੀ ਧਰਤ ਧਵਲ ਦਏ ਧਰਵਾਸਾ, ਧਰਮ ਦੀ ਧਾਰ ਇਕ ਸਮਝਾਈਆ । ਸਦੀ ਚੌਧਵੀਂ ਤੇਰੀ ਪੂਰੀ ਕਰੇ ਆਸਾ, ਆਸਾ ਮਨਸਾ ਵੇਖ ਵਖਾਈਆ । ਨਿਰਗੁਣ ਧਾਰ ਸੰਤ ਸੁਹੇਲਾ ਬਣ ਕੇ ਰਾਖਾ, ਰੱਖਿਆ ਕਰੇ ਥਾਉਂ ਥਾਈਂਆ । ਇਕ ਬਚਨ ਮੰਨਣਾ



੪੫੨ ੨੨

ਆਖਾ, ਆਖ਼ਰ ਦਿਤਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਲਹਿੰਦਿਉਂ ਝਟ ਆ ਗਿਆ ਖਾਂ ਅਬਦੁੱਲਾ, ਅਬਦੁਲ ਕਹਿ ਕੇ ਸਾਰੇ ਗਾਈਆ । ਉਸ ਸਲਾਮਾਲੈਕਮ ਕਿਹਾ ਹੱਸ ਕੇ ਵਿਚੋਂ ਬੁੱਲਾਂ, ਸੱਜਦਾ ਨਿਉਂ ਕੇ ਸੀਸ ਨਿਵਾਈਆ । ਗੋਬਿੰਦ ਦੇ ਸੱਜੇ ਚਰਨ ਨਾਲ ਛੁਹਾਇਆ ਸਿਰ ਉਤੋਂ ਆਪਣਾ ਕੁੱਲਾ, ਰੋ ਕੇ ਕਿਹਾ ਮੇਰੀ ਕੁਲ ਦੇਣੀ ਤਰਾਈਆ । ਤੇਰੇ ਦਵਾਰੇ ਪਏ ਕੀਮਤ ਮੁੱਲਾ, ਲੇਖਾ ਲੇਖੇ ਦੇਣਾ ਲਗਾਈਆ । ਤੂੰ ਮਾਲਕ ਖ਼ਾਲਕ ਸੁਲਹਕੁਲਾ, ਸਿਲਸਲਾ ਤੇਰਾ ਜੁਗ ਜੁਗ ਨਜ਼ਰੀ ਆਈਆ । ਮੈਂ ਤੇਰੀ ਧਾਰ ਤੁਲਾ, ਤਾਲਬ ਤੁਲਬਾ ਆਪਣਾ ਲੈਣਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਅਬਦੁੱਲੇ ਹੱਥ ਫੇਰਿਆ ਉਤੇ ਚਰਨਾਂ, ਗੋਬਿੰਦ ਲਈ ਅੰਗੜਾਈਆ । ਅਬਦੁੱਲੇ ਕਿਹਾ ਤੇਰਾ ਕਲਮਾ ਪੜ੍ਹਨਾ, ਬਿਨਾ ਪੁਸਤਕ ਦੇ ਸਮਝਾਈਆ । ਗੋਬਿੰਦ ਹੱਸ ਕੇ ਕਿਹਾ ਇਕ ਵੇਰਾਂ ਕਹਿ ਤੇਰੇ ਵਿਚ ਮਰਨਾ, ਫੇਰ ਜੀਵਣ ਦੀ ਲੋੜ ਰਹੇ ਨਾ ਰਾਈਆ । ਅੱਜ ਤੋਂ ਤੈਨੂੰ ਲੈ ਜਾਵਾਂ ਉਸ ਪ੍ਰਭੂ ਦੀ ਸਰਨਾ, ਜਿਥੇ ਸਰਨਗਤ ਮਿਲੇ ਸਰਨਾਈਆ । ਮੰਜ਼ਲ ਅਗੰਮੀ ਚੜ੍ਹਨਾ, ਜਿਥੋਂ ਹੋਵੇ ਨਾ ਕਦੇ ਜੁਦਾਈਆ । ਓਧਰੋਂ ਰੋ ਕੇ ਕਿਹਾ ਧਰਨੀ ਧਰਨਾ, ਧਰਤ ਦਿਤੀ ਦੁਹਾਈਆ । ਗੋਬਿੰਦ ਮੇਰਾ ਲੇਖਾ ਪੂਰਾ ਕਿਸ ਕਰਨਾ, ਮੈਨੂੰ ਦੇ ਸਮਝਾਈਆ । ਗੋਬਿੰਦ ਕਿਹਾ ਪੁਰਖ ਅਕਾਲ ਤੈਨੂੰ ਵਰਨਾ, ਜੋ ਚਾਰੇ ਵਰਨਾਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਧਰਨੀ ਕਹੇ ਗੋਬਿੰਦ ਉਹ ਵੇਲਾ ਦੱਸ ਵਕਤ, ਨਿਗਾਹ ਮਿਹਰ ਉਠਾਈਆ । ਗੋਬਿੰਦ ਕਿਹਾ ਬਿਨਾ ਨੈਨਾਂ ਤੋਂ ਨੈਣ ਪਰਤ, ਅੱਖ ਅੱਖ ਨਾਲ ਮਿਲਾਈਆ । ਸ਼ਬਦੀ ਇਕਰਾਰ ਕਰਾਂ ਲਾਵਾਂ ਸ਼ਰਤ, ਸ਼ਰਅ ਤੋਂ ਬਾਹਰ ਸਮਝਾਈਆ । ਮੇਰਾ ਮਾਲਕ ਆਵੇ ਉਤੋਂ ਅਰਸ਼, ਫ਼ਰਸ਼ ਨੂਰ ਇਲਾਹੀਆ । ਤੇਰਾ ਪੂਰਾ ਕਰੇ ਕਰਜ਼, ਲਹਿਣਾ ਦਏ ਚੁਕਾਈਆ । ਧਰਨੀ ਫੇਰ ਕੀਤੀ ਅਰਜ਼, ਨਿਉਂ ਨਿਉਂ ਲਾਗੇ ਪਾਈਆਂ । ਕਿਸ ਬਿਧ ਮੇਰੀ ਆਸਾ ਪੂਰੀ ਕਰੇ ਗ਼ਰਜ਼, ਪਰਦਾ ਦੇਣਾ ਉਠਾਈਆ । ਗੋਬਿੰਦ ਕਿਹਾ ਇਹ ਖੇਲ ਬੜਾ ਅਸਚਰਜ, ਅਚਰਜ ਦਿਆਂ ਜਣਾਈਆ । ਜਿਸ ਵੇਲੇ ਸਤਿਜੁਗ ਦੀ ਕਲਜੁਗ ਵਿਚੋਂ ਪੁੱਠੀ ਸਿੱਧੀ ਕਰਨੀ ਨਰਦ, ਨਰ ਨਰਾਇਣ ਫੇਰਾ ਪਾਈਆ । ਧਰਨੀ ਤੇਰਾ ਜ਼ਰੂਰ ਵੰਡੇ ਦਰਦ, ਆਸਾ ਮਨਸਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਧਰਨੀ ਕਿਹਾ ਗੋਬਿੰਦ ਉਸ ਦੀ ਕੀ ਨਿਸ਼ਾਨੀ, ਕੁਛ ਮੈਨੂੰ ਦੇ ਜਣਾਈਆ । ਗੋਬਿੰਦ ਕਿਹਾ ਉਹ ਧਰਮ ਧਾਰ ਦਾ ਦਾਨੀ, ਦਇਆਵਾਨ ਅਖਵਾਈਆ । ਜਨ ਭਗਤਾਂ ਦੇਵੇ ਸਦਾ ਆਪਣੀ ਪ੍ਰੇਮ ਮਹਿਮਾਨੀ, ਮੁਹੱਬਤ ਰਸ ਵਿਚ ਚਖਾਈਆ । ਮੇਰੀ ਧਾਰ ਹੋਣ ਨਾ ਦਏ ਪੁਰਾਣੀ, ਨਵਾਂ ਆਪਣਾ ਰੰਗ ਰੰਗਾਈਆ । ਤੂੰ ਧਰਨੀ ਤੇ ਉਹ ਧਵਲ ਤੇਰਾ ਕਿਰਸਾਣੀ, ਕਿਰਸਾਣ ਧੁਰ ਦਾ ਸੋਭਾ ਪਾਈਆ । ਗੁਰਮੁਖ ਮਜ਼ਦੂਰ ਤੇਰੇ ਹਾਣੀ, ਸੇਵਾ ਸੇਵਾ ਵਿਚ ਸਮਝਾਈਆ । ਉਸ ਵੇਲੇ ਤੂੰ ਮੇਰਾ ਮੈਂ ਤੇਰਾ ਉਹ ਅੰਦਰੋਂ ਪੜ੍ਹਨਗੇ ਬਾਣੀ, ਸ਼ਾਸਤਰ ਵੰਡ ਨਾ ਕੋਇ ਵੰਡਾਈਆ । ਗੋਬਿੰਦ ਖ਼ੁਸ਼ੀ ਵਿਚ ਆਖਿਆ ਬਾਕੀ ਸ੍ਰਿਸ਼ਟ ਦਿਸੇ ਫ਼ਾਨੀ, ਧਰਨੀ ਤੇਰੇ ਉਤੇ ਰਹਿਣ ਕੋਇ ਨਾ ਪਾਈਆ । ਤੇਰੀ ਖ਼ਾਕ ਪ੍ਰਭੂ ਦੀ ਚਰਨ ਧੂੜ ਇਹ ਵਸਤ ਜ਼ਿਮੀਂ ਅਸਮਾਨੀ, ਬ੍ਰਹਮ ਗਿਆਨੀ ਗਿਆਨੀਆਂ ਦਏ ਮਿਲਾਈਆ । ਲਹਿਣਾ ਦੇਣਾ ਲੇਖਾ ਚੁਕਾਵੇ ਜੋ ਆਦਿ ਅੰਤ ਦਾ ਜਾਣ ਜਾਣੀ, ਜੁਗ ਜੁਗ ਆਪਣੀ ਕਾਰ ਕਮਾਈਆ । ਸੋ ਸਾਹਿਬ ਸਤਿਗੁਰ ਮਿਹਰਵਾਨ ਆਪਣੀ ਕਰੇ ਮਿਹਰਵਾਨੀ,

ਮਿਹਰ ਨਜ਼ਰ ਇਕ ਉਠਾਈਆ । ਜਨ ਭਗਤੋ ਤੁਸੀਂ ਸਾਰੇ ਭਗਤ ਤੇ ਸਾਰੇ ਆਪਣੀ ਆਤਮਾ ਦੇ ਬਾਨੀ, ਦੂਜੇ ਕੋਲੋਂ ਰਾਹ ਪੁਛਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡੀ ਬਿਰਧਾਂ ਬਾਲਾਂ ਦੀ ਇਕੋ ਜੇਹੀ ਰੱਖੇ ਜਵਾਨੀ, ਪਿਆਰ ਵਿਚ ਅਧਾਰ ਵਿਚ ਸੁਧਾਰ ਵਿਚ ਸ਼ਿੰਗਾਰ ਵਿਚ ਨਿਰਾਕਾਰ ਵਿਚ ਸਾਕਾਰ ਆਪਣਾ ਪ੍ਰਸ਼ਾਦਿ ਪ੍ਰੇਮ ਪ੍ਰੀਤੀ ਵਿਚ ਛਕਾਈਆ ।



### ੧੮ ਵਿਸਾਖ ਸ਼ਹਿਨਸ਼ਾਹੀ ਸੰਮਤ ੬ ਮਾਲਵਾ ਸੰਗਤ ਦੇ ਨਵਿਤ ਪਿੰਡ ਰਜੋਵਾਲ ਦੁਆਬਾ

ਪੁਰਖ ਅਕਾਲ ਜੋਤ ਨਿਰੰਕਾਰੀ, ਨਿਰਗੁਣ ਨਿਰਵੈਰ ਦਇਆ ਕਮਾਇੰਦਾ । ਉਠਾਏ ਸੁਰਤ ਸ਼ਬਦ ਦੁਲਾਰੀ, ਦੂਲ੍ਹਾ ਧੁਰ ਦਾ ਆਪ ਜਗਾਇੰਦਾ । ਬ੍ਰਹਿਮੰਡਾਂ ਖੰਡਾਂ ਪਾ ਸਾਰੀ, ਮਹਾਂਸਾਰਥੀ ਆਪ ਸਮਝਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਖ਼ਬਰਦਾਰੀ, ਬੇਖ਼ਬਰਾਂ ਖ਼ਬਰ ਸੁਣਾਇੰਦਾ । ਦੇਵਤ ਸੁਰ ਆਲਸ ਨਿੰਦਰਾ ਕਰੇ ਕੋਇ ਨਾ ਭਾਰੀ, ਭਾਂਡਾ ਭਰਮ ਸਰਬ ਭੰਨਾਈਆ । ਹੁਕਮ ਸੰਦੇਸ਼ਾ ਦੇ ਇਕੋ ਵਾਰੀ, ਇਕ ਇਕੱਲਾ ਏਕੰਕਾਰ ਰਿਹਾ ਜਣਾਈਆ । ਉਠੋ ਵੇਖੋ ਨਿਗਾਹ ਮਾਰੋ ਕਲਜੁਗ ਤਕੋ ਆਪਣੀ ਧਾਰੀ, ਧਰਮ ਦੀ ਧਾਰ ਇਕ ਸਮਝਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਜਿਧਰ ਤਕੋ ਹਾਹਾਕਾਰੀ, ਹਿਰਦੇ ਹਰਿ ਨਾ ਕੋਇ ਵਸਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਦੁਖਿਆਰੀ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਦੀਨਾਂ ਮਜ਼੍ਹਬਾਂ ਹੋਈ ਖ਼ੁਆਰੀ, ਸ਼ਰਅ ਕਲਮਾ ਨਾਮ ਨਾਲ ਟਕਰਾਈਆ । ਝਗੜਾ ਪਿਆ ਮੂੰਡ ਮੁੰਡਾਏ ਮੁੱਛ ਕੇਸ ਦਾੜ੍ਹੀ, ਬੋਦੀ ਜੰਞੂ ਵਾਲ ਕੁਰਲਾਈਆ । ਆਤਮ ਪਰਮਾਤਮ ਤਕੋ ਲੱਗੀ ਕਿਸੇ ਨਾ ਯਾਰੀ, ਕੂੜੀ ਕਿਰਿਆ ਦੀਨ ਦੁਨੀ ਹਲਕਾਈਆ । ਨਾਮ ਅਗੰਮੀ ਚੜ੍ਹੇ ਨਾ ਕਿਸੇ ਖ਼ੁਮਾਰੀ, ਖ਼ਾਲਸ ਰੂਪ ਨਾ ਕੋਇ ਦਰਸਾਈਆ ਮੈਂ ਵੇਖੀ ਤੱਕੀ ਚਾਰ ਯਾਰੀ, ਮੁਹੰਮਦ ਰਸੂਲ ਨਾਲ ਗਵਾਹੀਆ । ਮੈਂ ਵੇਖੀ ਗੋਬਿੰਦ ਵਾਲੀ ਪੰਚਮ ਧਾਰੀ, ਧਰਮ ਦੀ ਧਾਰ ਖੋਜ ਖੁਜਾਈਆ । ਸਦੀ ਚੌਧਵੀਂ ਸਭ ਨੇ ਆਪਣੀ ਬਾਜ਼ੀ ਹਾਰੀ, ਹਿਰਦੇ ਹਰਿ ਨਾ ਕੋਇ ਵਸਾਈਆ । ਉਠੋ ਉਠ ਸਵਾਧਾਨ ਹੋਵੋ ਚਿਤਰਗੁਪਤ ਰਾਏ ਧਰਮ ਸੰਗ ਮੌਤ ਲਾੜੀ, ਕਾਲ ਡੌਰੂ ਡੰਕ ਡੰਕ ਵਜਾਈਆ । ਪੁਰਖ ਅਕਾਲਾ ਦੀਨ ਦਿਆਲਾ ਆਪਣੇ ਹੱਥ ਲਏ ਖ਼ੁਦ ਮੁਖ਼ਤਿਆਰੀ, ਮੁਖਤਿਆਰ ਨਜ਼ਰ ਕੋਇ ਨਾ ਆਈਆ । ਹੁਕਮ ਸੰਦੇਸਾ ਦੇਵੇ ਪਹਿਲੀ ਵਾਰੀ, ਪਾਰਬ੍ਰਹਮ ਪ੍ਰਭ ਆਪਣੀ ਕਾਰ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਬੀਤਿਆ ਆਪਣੀ ਧਾਰੀ, ਕਲਜੁਗ ਧੀਰਜ ਧਰਮ ਨਾ ਕੋਇ ਰਖਾਈਆ । ਅੱਗ ਲੱਗੀ ਬਹੱਤਰ ਨਾੜੀ, ਸਾਂਤਕ ਸਤਿ ਨਾ ਕੋਇ ਵਰਤਾਈਆ । ਜੋਤ ਜਵਾਲਾ ਦਿਸੇ ਨਾ ਕਿਸੇ ਪਹਾੜੀ, ਪਰਬਤ ਰੋਵਣ ਮਾਰਨ ਧਾਈਆ । ਅਵਤਾਰ ਪੈਗ਼ੰਬਰ ਕਰਨ ਕੋਇ ਨਾ ਦਾਰੀ, ਗੁਰੂ ਗੁਰਦੇਵ ਰੰਗ ਨਾ ਕੋਇ ਰੰਗਾਈਆ । ਚਾਰ ਕੁੰਟ ਦਹਿ ਦਿਸ਼ਾ ਨੌਂ ਖੰਡ ਪ੍ਰਿਥਮੀ ਵੇਖੋ ਹਾਹਾਕਾਰੀ, ਦੀਪ ਸੱਤ ਰਹੇ ਕੁਰਲਾਈਆ । ਦੀਨ ਮਜ਼੍ਹਬ ਜ਼ਾਤ ਪਾਤ ਮੰਜ਼ਲ ਚੜ੍ਹੇ ਨਾ ਕੋਇ ਅਪਾਰੀ, ਅਪਰੰਪਰ ਸਵਾਮੀ ਮਿਲਣ ਕੋਇ ਨਾ ਪਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਤਕੇ ਨਾ ਕੋਇ ਮੀਤ ਮੁਰਾਰੀ, ਮਿੱਤਰ ਪਿਆਰਾ ਸੰਗ ਨਾ ਕੋਇ ਰਖਾਈਆ । ਕੋਟਾਂ ਵਿਚੋਂ ਜਨ ਭਗਤ ਸੁਹੇਲੇ ਜਾਣ ਬਲਿਹਾਰੀ, ਬਲ ਬਲ ਆਪਣਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਦੇਵਣਹਾਰਾ ਧੁਰ ਦਾ ਵਰ, ਸਿਰ ਆਪਣਾ ਹੱਥ ਰਖਾਈਆ । ਪੁਰਖ ਅਕਾਲ ਕਹੇ ਮੇਰਾ ਹੋਣਾ ਵਕਤ ਸੁਹਾਉਣਾ, ਸੁਹੰਜਣੀ ਰੁਤ ਵਡਿਆਈਆ । ਸ਼ਬਦ ਗੁਰੂ ਇਕ ਅਖਵਾਉਣਾ, ਦੂਜੀ ਸਿਫ਼ਤ ਨਾ ਕੋਇ ਸਾਲਾਹੀਆ । ਆਤਮ ਨੂਰ ਜੋਤ ਇਕ ਚਮਕਾਉਣਾ, ਅੰਧ ਅਗਿਆਨ ਦੇਣਾ ਮਿਟਾਈਆ । ਜਨ ਭਗਤ ਸੁਹੇਲਾ ਪਕੜ ਉਠਾਉਣਾ, ਗੁਰਮੁਖ ਗੁਰਸਿਖ ਗੁਰ ਗੁਰ ਗੋਦ ਟਿਕਾਈਆ । ਸਚ ਦਵਾਰੇ ਮੇਲ ਮਿਲੌਣਾ, ਮਿਲਣੀ ਹਰਿ ਜਗਦੀਸ ਕਰਾਈਆ । ਸਾਚਾ ਵਕਤ ਸੁਹੰਜਣਾ ਸੁਹਾਉਣਾ, ਸੋਹਣੀ ਰੁਤੜੀ ਸੋਭਾ ਪਾਈਆ । ਨਾਮ ਸੰਦੇਸ਼ਾ ਅਗੰਮੀ ਕਲਮਾ ਕਾਇਨਾਤ ਆਪ ਪਰਗਟਾਉਣਾ, ਸ੍ਰਿਸ਼ਟੀ ਦ੍ਰਿਸ਼ਟੀ ਵਿਚ ਟਕਰਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਗਾਉਣਾ, ਗਾਵਤ ਗਾ ਗਾ ਖ਼ੁਸ਼ੀ ਬਣਾਈਆ । ਆਤਮ ਬ੍ਰਹਮ ਇਕ ਦਰਸਾਉਣਾ, ਦੂਈ ਦਾ ਪਰਦਾ ਦੇਣਾ ਚੁਕਾਈਆ । ਸਚ ਦਵਾਰ ਏਕੰਕਾਰ ਇਕੋ ਘਰ ਵਸਾਉਣਾ, ਜੇਹੜਾ ਉਜੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਿਰ ਆਪਣਾ ਹੱਥ ਰਖਾਈਆ । ਪੁਰਖ ਅਕਾਲ ਮੇਰਾ ਸ਼ਬਦ ਸੰਦੇਸ਼ਾ ਇਕ, ਇਕ ਇਕ ਨਾਲ ਜੁੜਾਈਆ । ਗੁਰਮੁਖ ਵਿਰਲਾ ਜਾਣੇ ਸਿਖ, ਜਿਸ ਸਿਖਿਆ ਦਿਤੀ ਸਮਝਾਈਆ । ਜਿਸ ਦਾ ਲਹਿਣਾ ਦੇਣਾ ਲਏ ਲਿਖ, ਜਨਮ ਕਰਮ ਦਾ ਰੋਗ ਗਵਾਈਆ । ਜਨ ਭਗਤ ਆਦਿ ਅੰਤ ਜੁਗ ਚੌਕੜੀ ਪ੍ਰਭ ਦਾ ਮਿਤ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਬਿਨਾ ਭਗਤਾਂ ਤੋਂ ਪ੍ਰਭੂ ਨੇ ਕੀਤਾ ਨਹੀਂ ਕਿਸੇ ਦਾ ਹਿਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰੀਤੀ ਚਲੀ ਆਈਆ । ਸੋ ਗੁਰਮੁਖੋ ਸਵਾਮੀ ਹੋ ਕੇ ਵਸਿਆ ਸਭ ਦੇ ਚਿਤ, ਚਿਤ ਵਿਤ ਠਗੌਰੀ ਰਹਿਣ ਕੋਇ ਨਾ ਪਾਈਆ । ਜਨ ਭਗਤ ਸਦਾ ਆਦਿ ਤੋਂ ਇਕ, ਮਧ ਵਿਚ ਇਕ ਅੰਤ ਵਿਚ ਇਕ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖੇ ਲਾਵੇ ਪ੍ਰੇਮ ਪ੍ਰੀਤੀ ਕੀਤੀ ਜਿਸ, ਜਿਸਮ ਵਿਚ ਇਸਮ ਆਪਣਾ ਇਕ ਟਿਕਾਈਆ ।

### ੨੨ ਵਿਸਾਖ ਸ਼ਹਿਨਸ਼ਾਹੀ ਸੰਮਤ ੬ ਗੂੜਾ ਰਾਮ ਜੰਮੂ ਦੀ ਸ਼ਾਦੀ ਨਵਿਤ ਹਰਿ ਭਗਤ ਦਵਾਰ ਜੇਠੂਵਾਲ

ਹਰਿ ਖੇਲ ਉੱਤਰ ਪੂਰਬ ਪੱਛਮ ਦੱਖਣਾ, ਦਹਿ ਦਿਸ਼ਾ ਵੇਖ ਵਖਾਈਆ । ਲੇਖਾ ਜਾਣੇ ਅਲਖ ਅਲੱਖਣਾ, ਵਡ ਦਾਤਾ ਬੇਪਰਵਾਹੀਆ । ਜਿਸ ਜਨ ਭਗਤਾਂ ਸੀਸ ਹੱਥ ਰੱਖਣਾ, ਨਿਗਾਹ ਨਿਗਾਹ ਵਿਚੋਂ ਬਦਲਾਈਆ । ਪ੍ਰੇਮ ਪ੍ਰੀਤੀ ਵਿਚ ਰਹੇ ਕੋਇ ਨਾ ਸੱਖਣਾ, ਜੋ ਸਤਿਗੁਰ ਸਰਨ ਆਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਆਪਣਾ ਹੱਥ ਰਖਾਈਆ । ਉੱਤਰ ਪੂਰਬ ਪੱਛਮ ਦੱਖਣ ਵੇਖੇ ਚਾਰੇ ਕੁੰਟ, ਕੂਟ ਦਿਸ਼ਾ ਫੋਲ ਫੁਲਾਈਆ । ਲੇਖਾ ਜਾਣੇ ਮਾਤਲੋਕ ਬੈਕੁੰਠ, ਨਿਰਗੁਣ ਸਰਗੁਣ ਭੇਵ ਚੁਕਾਈਆ । ਹਰਿਜਨ ਹਰਿ ਹਰਿ ਸੁਹੇਲੇ ਜਾਣੇ ਸੰਤ, ਸਤਿਗੁਰ ਦੇਵਣਹਾਰ ਵਡਿਆਈਆ । ਧੁਰ ਦਾ ਖੇਲ ਕਰੇ ਬੇਅੰਤ, ਬੇਪਰਵਾਹੀ ਵਿਚ ਸਮਾਈਆ । ਨਾਮ ਦੇ ਕੇ ਸੋਹੰ ਮੰਤ, ਆਤਮ ਪਰਮਾਤਮ ਜੋੜ ਜੁੜਾਈਆ । ਸਚ ਸੁਹੇਲਾ ਬਣ ਕੇ ਕੰਤ, ਪਤਿਪਰਮੇਸ਼ਵਰ ਵੇਖ ਵਖਾਈਆ । ਮਾਨਸ ਜਨਮ ਬਣਾਏ ਬਣਤ, ਘੜਨ ਭੰਨਣਹਾਰ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਾਰ ਚਾੜ੍ਹ ਕੇ ਰੰਗਤ, ਰੰਗ ਇਕੋ ਇਕ ਵਖਾਈਆ ।

✪ ਜਮਾਂਦਾਰ ਸਾਹਿਬ ਕਿਸ਼ਨ ਸਿੰਘ ਅੱਲੜਪਿੰਡੀ ਦੇ ਬੇਨੰਤੀ ਕਰਨ ਤੇ ✪

ਤੁਹਾਡੀ ਪ੍ਰੇਮ ਪ੍ਰੀਤੀ ਦੀ ਕਠਨ ਘਾਲ, ਸੇਵਾ ਸਚ ਵਡਿਆਈਆ । ਇਹਨਾਂ ਵਿਚੋਂ ਤਿੰਨਾਂ ਸਿੱਖਾਂ ਦਾ ਹੋਣ ਵਾਲਾ ਸੀ ਕਾਲ, ਸਮਾਂ ਅੰਤ ਦੇਵੇ ਗਵਾਹੀਆ । ਕਿਰਪਾ ਕਰਕੇ ਸਚ ਮੁਹੱਬਤ ਵਿਚ ਕੀਤੀ ਸੰਭਾਲ, ਦੁੱਖ ਆਪਣੀ ਝੋਲੀ ਪਾਈਆ । ਇਹ ਸਭ ਤੋਂ ਵੱਖਰੀ ਚਾਲ, ਜੁਗ ਚੌਕੜੀ ਨਾ ਕਿਸੇ ਸਮਝਾਈਆ । ਫਲ ਟੁੱਟਣਾ ਸੀ ਡਾਲ, ਮੁਣਸ਼ਾ ਸਿੰਘ ਰਹਿਣ ਨਾ ਪਾਈਆ । ਖੇਲ ਹੋਣਾ ਸੀ ਹਾਲ, ਪਿਆਰਾ ਸਿੰਘ ਹੋਣੀ ਸੀ ਜੁਦਾਈਆ । ਸਤਿਗੁਰ ਸ਼ਬਦ ਬਣ ਦਲਾਲ, ਤ੍ਰਲੋਕ ਸਿੰਘ ਲਿਆ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦਾ ਸਦਾ ਸਦ ਸਿਰ ਆਪਣਾ ਹੱਥ ਰਖਾਈਆ ।

✪ ੨੩ ਵਿਸਾਖ ਸ਼ਹਿਨਸ਼ਾਹੀ ਸੰਮਤ ੬ ਦੁਪਹਿਰ ਗੁਰਦਾਸਪੁਰ ਸੰਗਤ ਦੇ ਘਰ ਜਾਣ ਤੋਂ ਬਾਦ ਹਰਿ ਭਗਤ ਦਵਾਰ ਜੇਠੂਵਾਲ ✪

ਦੇਵੇ ਦਾਤ ਵਸਤ ਬਿਨਾ ਮੰਗੀ, ਮੰਗਣ ਦੀ ਲੋੜ ਰਹੀ ਨਾ ਰਾਈਆ । ਸ਼ਬਦੀ ਧਾਰ ਪ੍ਰੀਤੀ ਚੰਗੀ, ਪ੍ਰੀਤਮ ਵੇਖੇ ਬੇਪਰਵਾਹੀਆ । ਗੋਬਿੰਦ ਦੀ ਪੂਰੀ ਕਰੇ ਲਿਖੀ ਸੰਧੀ, ਜੇਹੜੀ ਸੰਧਾਂ ਵਾਲੀਏ ਗਏ ਗਵਾਈਆ । ਜੇਹੜੀ ਕਟਾਰ ਤਲਵਾਰ ਨੰਦੇੜ ਰਹੀ ਟੰਗੀ, ਅੰਤ ਉਂਗਲਾਂ ਪੰਜ ਵਾਰ ਛੁਹਾਈਆ । ਉਹ ਤਨ ਛੁਹਾਏ ਬਾਣਾ ਪਹਿਰੇ ਜੰਗੀ, ਜੰਗਜੂ ਆਪਣੀ ਧਾਰ ਵਖਾਈਆ । ਲੇਖਾ ਪੂਰਾ ਕਰੇ ਗੁਰ ਅਰਜਨ ਰਾਵੀ ਕੰਢੀ, ਸਾਹਿਬ ਸੁਲਤਾਨ ਧੁਰਦਰਗਾਹੀਆ । ਕਮਰ ਨਾਲ ਹੋਵੇ ਪਾਬੰਦੀ, ਜ਼ੰਜੀਰੀ ਸ਼ਰਅ ਵਾਲੀ ਬੰਧਾਈਆ । ਨਾਲ ਗੁਡੀਆ ਹੋਵੇ ਅੰਧੀ, ਅੰਧ ਆਤਮ ਵੇਖੇ ਲੋਕਾਈਆ । ਤੇਗ ਬਹਾਦਰ ਦਾ ਲਹਿਣਾ ਪੂਰਾ ਕਰਨਾ ਫ਼ਰੰਗੀ, ਦਿੱਲੀ ਦਵਾਰਾ ਦਏ ਗਵਾਹੀਆ । ਪੁਰਖ ਅਕਾਲ ਖੇਲ ਕਰਨੀ ਅਚੰਭੀ, ਚੰਬੇ ਦੀ ਰਾਣੀ ਜੋ ਬੰਦੇ ਬਹਾਦਰ ਗਈ ਸੁਣਾਈਆ । ਸ੍ਰਿਸ਼ਟੀ ਧਾਰ ਮੇਟਣੀ ਦੋ ਰੰਗੀ, ਇਕ ਰੰਗ ਦੇਣਾ ਰੰਗਾਈਆ । ਜਨ ਭਗਤਾਂ ਪ੍ਰੇਮ ਪ੍ਰੀਤੀ ਦੇਣੀ ਗੰਢੀ, ਟੁੱਟਿਆਂ ਲਏ ਮਿਲਾਈਆ । ਪਵਣ ਹਵਾ ਦੇਵੇ ਠੰਡੀ, ਅਗਨੀ ਤਤ ਨਾ ਕੋਇ ਤਪਾਈਆ । ਸਭ ਦੀ ਕਟ ਕੇ ਆਏ ਖ਼ਾਨਾਬੰਦੀ, ਬੰਦੀ ਛੋੜ ਹਰਿ ਗੋਬਿੰਦ ਜੋ ਗਵਾਲੀਅਰ ਗਿਆ ਜਣਾਈਆ । ਨਾਨਕ ਸਿਤਾਰ ਵਜਾਏ ਤੰਦੀ, ਤੂੰਬਾ ਆਪਣੇ ਹੱਥ ਉਠਾਈਆ । ਮੁਹੰਮਦ ਲੇਖਾ ਚਾਰ ਯਾਰੀ ਸਦੀ ਚੌਧਵੀਂ ਲੰਘੀ, ਬੈਠੇ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਕਾਰ ਕਮਾਈਆ । ਜਨ ਭਗਤੋ ਤੁਹਾਡੀ ਸੇਵਾ ਚਾਰ ਜੁਗ ਤੋਂ ਨਵੀਂ, ਨਾਵਾਂ ਨਵਾਂ ਦਿਆਂ ਲਗਾਈਆ । ਜਿਸ ਵੇਲੇ ਜੇਠ ਆਇਆ ਚਵੀ, ਚੌਵੀਆਂ ਅਵਤਾਰਾ ਇਕੋ ਘਰ ਬਹਾਈਆ । ਪਾਲ ਸਿੰਘ ਬਣਾ ਕੇ ਕਵੀ, ਕਵਿਤਾ ਕਟਾਕਸ਼ ਵਾਲੀ ਪੜ੍ਹਾਈਆ । ਸਿਰੋਂ ਨੰਗਾ ਰੱਖ ਕੇ ਰਵੀ, ਗੁਰਮੁਖ ਖੇਲ ਖਿਲਾਈਆ । ਨੌ ਦਾਣੇ ਲੈ ਕੇ ਨਾਲ ਜਵੀ, ਕਬੀਰ ਦੀ ਆਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਜਨ ਭਗਤੋ ਸੇਵਾ ਚਾਰ ਜੁਗ ਤੋਂ ਵੱਖਰੀ, ਪ੍ਰਭੂ ਵੱਖਰੀ ਕਾਰ ਕਮਾਈਆ । ਭਗਤੀ ਕਰਾਈ ਨਹੀਂ ਕੋਈ (ਅੱਖਰੀ), ਮਿਹਰ ਨਜ਼ਰ ਨਾਲ ਤਰਾਈਆ । ਖ਼ੁਸ਼ੀ ਮਨਾਵੇ ਤੁਹਾਡੀ ਇਕ ਇਕ ਸੱਬਰੀ, ਨਾਲੀ ਨਾਲੀ ਸੀਸ ਝੁਕਾਈਆ ।

ਕਿਸੇ ਦਾ ਇਸ਼ਟ ਨਹੀਂ ਕੋਈ ਪੱਥਰੀ, ਇੱਟਾਂ ਨਾਲ ਨੱਕ ਰਗੜਾਈਆ । ਇਹ ਧਾਰ ਭਗਤਾਂ ਦੀ ਬਹੱਤਰੀ, ਬਹੱਤਰ ਜਾਮੇਂ ਦੇਣ ਗਵਾਹੀਆ । ਇਕੱਠੇ ਕੀਤੇ ਹੀਰੇ ਜੱਟ ਛੀਬੇਂ ਨਾਈ ਬ੍ਰਾਹਮਣ ਖੱਤ੍ਰੀ, ਖ਼ਤਰਾ ਸਭ ਦਾ ਦਿਤਾ ਮੁਕਾਈਆ । ਸਾਚੇ ਪ੍ਰੇਮ ਦੀ ਫੜ ਕੇ ਤਕੜੀ, ਗੁਰਮੁਖ ਦਾਣਾ ਦਾਣਾ ਦਿਤਾ ਤੁਲਾਈਆ । ਵਜ਼ਨ ਰਿਹਾ ਸੇਰ ਧੜੀ ਨਾ ਵਟੜੀ, ਟਾਂਕਾਂ ਵਿਚ ਨਾ ਕੋਇ ਸ਼ਨਵਾਈਆ । ਜਿਨ੍ਹਾਂ ਦੀ ਆਤਮਾ ਅੰਦਰੋਂ ਰਤੜੀ, ਉਹ ਰਤਨ ਅਮੋਲਕ ਹੀਰੇ ਲਏ ਉਠਾਈਆ । ਤੁਹਾਡੇ ਜਨਮ ਕਰਮ ਦੀ ਆਪਣੇ ਅੰਦਰ ਰੱਖ ਕੇ ਪੱਤਰੀ, ਦੀਨ ਦੁਨੀ ਦੇ ਗ੍ਰਿਹਿ ਦਿਤੇ ਮਿਟਾਈਆ । ਤੁਹਾਡੀ ਆਸਾ ਪ੍ਰਭੂ ਤੋਂ ਵੱਖ ਰਹੇ ਨਾ ਕਤਰੀ, ਤੁਹਾਡਾ ਕਤਰਾ ਕਤਰਾ ਪਸੀਨਾ ਧੁਰ ਦਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਜਨ ਭਗਤੋਂ ਚਵੀ ਜੇਠ ਨੂੰ ਸਭ ਨੂੰ ਕਰਨਾ ਸਾਵਾਂ, ਇਕੋ ਰੰਗ ਰੰਗਾਈਆ । ਨੌ ਸਾਲ ਤੋਂ ਘਟ ਬੱਚਿਆਂ ਦਾ ਸੀਸ ਗੁੰਦ ਕੇ ਆਵਣ ਮਾਵਾਂ, ਮੇਂਡੀ ਪੰਜ ਪੰਜ ਬਣਾਈਆ । ਖ਼ੁਸ਼ੀ ਵਿਚ ਆਵਣ ਚਾਵਾਂ, ਦੁੱਖ ਅੰਦਰ ਨਾ ਕੋਇ ਰਖਾਈਆ । ਉਚੀਆਂ ਕਰਨ ਬਾਹਵਾਂ, ਜੈਕਾਰੇ ਲਾਵਣ ਥਾਉਂ ਥਾਈਂਆ । ਸਭ ਨੇ ਕਹਿਣਾ ਗੁਰਮੁਖ ਰਿਹਾ ਨਹੀਂ ਕੋਈ ਨਿਥਾਵਾਂ, ਦਰਗਾਹ ਸਚ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਜਨ ਭਗਤੋ ਪੰਜ ਗੁਰਮੁਖਾਂ ਇਕੋ ਜੇਹਾ ਕਰਨਾ ਲਿਬਾਸ, ਨਵੀਂ ਧਾਰ ਬਣਾਈਆ । ਇਕੋ ਪ੍ਰੇਮ ਵਿਚ ਲੈਣਾਂ ਸਾਂਸ, ਪ੍ਰਭ ਸਾਹ ਸਾਹ ਸਮਾਈਆ । ਇਕੋ ਮਨਸਾ ਰੱਖਣੀ ਆਸ, ਤ੍ਰਿਸ਼ਨਾ ਦੇਣੀ ਗਵਾਈਆ । ਨੌ ਵਾਰ ਨਿਗਾਹ ਕਰਨੀ ਉਪਰ ਆਕਾਸ਼, ਆਕਾਸ਼ ਪਾਤਾਲਾਂ ਵੇਖ ਵਖਾਈਆ । ਇਕ ਇਕ ਸਭ ਦੇ ਕੋਲ ਹੋਵੇ ਗਿਲਾਸ, ਜਲ ਪਾਣੀ ਨਾਲ ਭਰਾਈਆ । ਜਿਸ ਵੇਲੇ ਸਾਢੇ ਦਸ ਦਾ ਵੇਲਾ ਹੋਇਆ ਰਾਤ, ਰੁਤੜੀ ਆਪਣਾ ਰੰਗ ਰੰਗਾਈਆ । ਸਤਿਗੁਰ ਚਰਨਾਂ ਹੇਠ ਰੱਖੀ ਹੋਵੇ ਪਰਾਤ, ਵੱਡੀ ਛੋਟੀ ਵੰਡ ਨਾ ਕੋਇ ਵੰਡਾਈਆ । ਦੀਨ ਦਿਆਲ ਬਖ਼ਸ਼ੇ ਦਾਤ, ਮਿਹਰ ਨਜ਼ਰ ਉਠਾਈਆ । ਚਰਨ ਚਰਨੋਦਕ ਬਖ਼ਸ਼ੇ ਬੂੰਦ ਸਵਾਂਤ, ਅੰਮ੍ਰਿਤ ਜਲ ਮੁਖ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਜਨ ਭਗਤੋ ਪ੍ਰੇਮ ਪਿਆਰ ਵਿਚ ਗੁਰਮੁਖ ਲਏ ਸੱਦ, ਭਗਤ ਭਗਤ ਨਾਲ ਵਡਿਆਈਆ । ਯਾਦ ਰੱਖਿਓ ਸਵਾ ਰੁਪਏ ਤੋਂ ਹਿੱਸਾ ਕਿਸੇ ਨਹੀਂ ਪਾਉਣਾ ਵੱਧ, ਲੰਗਰ ਸਾਂਝਾ ਲੈਣਾ ਬਣਾਈਆ । ਲਹਿਣਾ ਦੇਣਾ ਦੇਣਾ ਜੇਹੜਾ ਰਾਮ ਚੰਦਰ ਬਾਲਮੀਕ ਲਵ ਕੁਸ਼ ਦਾ ਅਸਵਮੇਧ ਜਗ, ਜਗਤ ਜੁਗਤ ਇਕ ਬਣਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਸਭ ਨੇ ਖਾਣਾ ਰੱਜ, ਰਜੋ ਸਤੋ ਤਮੋ ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਦਏ ਖੁਲ੍ਹਾਈਆ । ਸੇਵਾ ਕਹੇ ਮੈਂ ਸੋਹਣੀ ਖ਼ੂਬਸੂਰਤ, ਖ਼ੂਬੀ ਵਾਲੀ ਨਜ਼ਰ ਕਿਸੇ ਨਾ ਆਈਆ । ਮੇਰੀ ਬਿਨਾ ਗੋਬਿੰਦ ਤੋਂ ਕੋਈ ਤੱਕ ਸਕਿਆ ਨਾ ਮੂਰਤ, ਅਕਾਲ ਮੂਰਤ ਦਿਤੀ ਵਡਿਆਈਆ । ਮੇਰੇ ਨਾਦ ਦੀ ਸੁਣ ਸਕਿਆ ਨਾ ਕੋਈ ਤੂਰਤ, ਤੁਰੀਆ ਤੋਂ ਪਰੇ ਸ਼ਨਵਾਈਆ । ਮੈਨੂੰ ਖ਼ੁਸ਼ੀ ਹੋਣੀ ਮੈਂ ਕਲਜੁਗ ਵਿਚ ਸਤਿਜੁਗ ਦੀ ਮਨਾਉਣੀ ਮਹੂਰਤ, ਮੋਹਰ ਪ੍ਰਭ ਦਾ ਨਾਮ ਲਗਾਈਆ । ਨਾਤਾ ਤੋੜ ਦੀਨ ਦੁਨੀ ਕੂੜਤ, ਕੂੜੀ ਕਿਰਿਆ ਦੇਣੀ ਖਪਾਈਆ । ਸਭ ਦੀ ਆਸਾ ਮਨਸਾ ਕਰਕੇ ਪੂਰਤ, ਤ੍ਰਿਸ਼ਨਾ ਦੇਣੀ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ

ਇਕ ਅਖਵਾਈਆ । ਸੇਵਾ ਕਹੇ ਮੈਂ ਆਵਾਂ ਲਾ ਕੇ ਸੁਰਖੀ ਬਿੰਦੀ, ਪ੍ਰਭ ਦੀ ਚਰਨ ਧੂੜ ਵਡਿਆਈਆ । ਭਾਵੇਂ ਸਾਰੀ ਸ੍ਰਿਸ਼ਟੀ ਮੈਨੂੰ ਜਾਂਦੀ ਨਿੰਦੀ, ਨਿੰਦਕ ਵੇਖਾਂ ਥਾਉਂ ਥਾਈਆ । ਮੇਰੀ ਧਾਰ ਅਗੰਮੀ ਤੇਜ਼ ਸਾਗਰ ਸਿੰਧੀ, ਵਹਿਣ ਸਕੇ ਨਾ ਕੋਇ ਸਮਝਾਈਆ । ਮੈਂ ਖੇਲ ਵੇਖਣਾ ਗੋਬਿੰਦ ਧਾਰ ਹਿੰਦੀ, ਹਿੰਦ ਹਿੰਦਵਾਇਣ ਦਏ ਗਵਾਹੀਆ । ਮਰਦੰਗ ਵਜਾਉਣੀ ਕਿੰਗਰ ਕਿੰਗਰ ਕਿੰਗੀ, ਬ੍ਰਹਿਮੰਡ ਖੰਡ ਸੁਣਾਈਆ । ਮੈਂ ਵੇਖਣਾ ਜੀਉ ਜੀਵ ਪਿੰਡੀ, ਬ੍ਰਹਿਮੰਡ ਖੰਡ ਫੋਲ ਫੁਲਾਈਆ । ਮੈਂ ਵੇਖਣਾ ਵਿਸ਼ਨ ਬ੍ਰਹਮਾ ਸ਼ਿਵ ਸੁਰਪਤ ਇੰਦ ਇੰਦੀ, ਇੰਦਰਾਸਣ ਸਿੰਘਾਸਣ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸੇਵਾ ਕਹੇ ਮੈਂ ਮੇਲਣਾ ਉਹ ਸਵਾਮੀ, ਜੋ ਸਮੇਂ ਨਾਲ ਸਮਾਈਆ । ਮਿਲਾਉਣਾ ਉਹ ਅੰਤਰਜਾਮੀ, ਜੋ ਅੰਤਸ਼ਕਰਨ ਵੇਖ ਵਖਾਈਆ । ਦੱਸਣੀ ਉਹ ਕਲਾਮੀ, ਜੋ ਕਲਮਿਆਂ ਤੋਂ ਬਾਹਰ ਪੜ੍ਹਾਈਆ । ਦੇਣੀ ਉਹ ਸਲਾਮੀ, ਸੀਸ ਜਗਦੀਸ ਇਕ ਝੁਕਾਈਆ । ਜਨ ਭਗਤਾਂ ਚੁਰਾਸੀ ਕਟ ਗੁਲਾਮੀ, ਗੁਲਸ਼ਨ ਪ੍ਰਭ ਦਾ ਦੇਣਾ ਮਹਿਕਾਈਆ । ਜਗਹ ਸੁਹੰਜਣੀ ਅਲੱੜ੍ਹਪਿੰਡੀ ਦੀ ਨਿਸ਼ਾਨੀ, ਨਿਸ਼ਾਨਾ ਹਰਿ ਸੰਗਤ ਵਾਲਾ ਰਖਾਈਆ । ਗੁਰਦਾਸ ਪੁਰੀਓ ਤੁਹਾਡੀ ਰੀਤੀ ਇਹ ਪੁਰਾਣੀ, ਗੁਰੂ ਦੇ ਨਾਲ ਚਲੀ ਆਈਆ । ਸਤਿਗੁਰੂ ਤੁਹਾਡਾ ਬਣੇ ਬਾਨੀ, ਪਾਣੀ ਅੰਮ੍ਰਿਤ ਰਸ ਚਖਾਈਆ । ਤੁਹਾਡੀ ਵਾਢੀ ਉਹ ਜੇਹੜੀ ਅਰਜਨ ਨੂੰ ਕ੍ਰਿਸ਼ਨ ਨੇ ਦੱਸੀ ਮੰਜ਼ਲ ਰੁਹਾਨੀ, ਕਰਮ ਕਾਂਡ ਸਾਰੇ ਕਟ ਕੇ ਦਿਤੇ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਜ਼ਿਮੀਂ ਅਸਮਾਨੀ, ਇਸਮ ਆਪਣਾ ਇਕ ਦਰਸਾਈਆ ।


੪੫੮


੨੨

## ✪ ਪਹਿਲੀ ਜੇਠ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ✪

ਜੇਠ ਧਾਰ ਸੂਰਾ ਸਰਬੰਗਾ, ਹਰਿ ਕਰਤਾ ਆਪ ਦ੍ਰਿੜਾਈਆ । ਸੰਦੇਸ਼ ਦਿਤਾ ਚੰਗਾ, ਚੰਗੀ ਤਰਾ ਜਣਾਈਆ । ਦੁਆਪਰ ਖੇਲ ਕ੍ਰਿਸ਼ਨ ਸੰਗਾ, ਹਰਿ ਸੰਗੀ ਆਪ ਜਣਾਈਆ । ਕਾਹਨ ਨੂੰ ਆਪਣਾ ਚਾੜ੍ਹਿਆ ਰੰਗਾ, ਅਗਲਾ ਭੇਵ ਖੁਲ੍ਹਾਈਆ । ਕ੍ਰਿਸ਼ਨ ਫੇਰ ਜਮਨਾ ਦਾ ਪਾਣੀ ਮੰਗਾ ਠੰਡਾ, ਚਰਨ ਲਏ ਧਵਾਈਆ । ਫੇਰ ਵੇਖਿਆ ਜੁਗ ਦਾ ਕੰਢਾ, ਕੰਢੀ ਬਹਿ ਕੇ ਖੋਜ ਖੁਜਾਈਆ । ਫੇਰ ਨੌਂ ਕਦਮ ਆਪਣੇ ਪਿਛੇ ਲੰਘਾ, ਕਦਮ ਕਦਮ ਕਦਮ ਨਾਲ ਬਦਲਾਈਆ । ਫੇਰ ਪੁੱਠਾ ਕਰਕੇ ਮੰਜਾ, ਆਸਣ ਮੁਖ ਦੇ ਭਾਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਅਨੰਦ ਕਹੇ ਮੈਂ ਅਨੰਦ ਬਿਨੋਦੀ, ਬਿਨਮ ਰੂਪ ਦਰਸਾਈਆ । ਮੇਰਾ ਲੇਖ ਲਿਖਿਆ ਵੇਦੀ ਸੋਢੀ, ਸੁਦੀ ਵਦੀ ਨਾ ਕੋਇ ਸਮਝਾਈਆ । ਮੇਰਾ ਇਸ਼ਾਰਾ ਤੱਕਿਆ ਮਛੰਦਰ ਗੋਰਖ ਜੋਗੀ, ਜੁਗਤੀ ਵਿਚ ਧਿਆਨ ਰਖਾਈਆ । ਤ੍ਰੈਭਵਨ ਸੁਝਿਆ ਤ੍ਰੈਕਾਲ ਬੁਝਿਆ ਹਰਿ ਦਰਸੀ ਰੱਖੀ ਓਟੀ, ਓੜਕ ਧਿਆਨ ਲਗਾਈਆ । ਪਾਤਾਲ ਆਕਾਸ਼ ਵੇਖੇ ਕੋਟੀ, ਕੁਟੀਆ ਗੜ੍ਹ ਰੰਗ ਰੰਗਾਈਆ । ਦੋ ਜਹਾਨਾਂ ਵੇਖੀ ਚੋਟੀ, ਪਰਬਤ ਸਾਗਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਖੇਲ ਕਹੇ ਮੈਂ ਪ੍ਰਭ ਦਾ ਖਿਲਾਉਣਾ, ਖ਼ਾਲਕ ਨਜ਼ਰ ਕਦੇ ਨਾ ਆਈਆ । ਜੁਗ ਚੌਕੜੀ ਜਿਸ ਨੇ ਪਰਚਾਉਣਾ, ਸਤਿਜੁਗ

ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਥਿਤ ਵਾਰ ਜਿਸ ਨੇ ਉਲਟਾਉਣਾ, ਘੜੀ ਪਲ ਨਾ ਕੋਇ ਦਰਸਾਈਆ । ਧੁਰ ਸੰਦੇਸ਼ਾ ਇਕ ਦ੍ਰਿੜਾਉਣਾ, ਪੁਰਖ ਅਕਾਲ ਰਿਹਾ ਜਣਾਈਆ । ਸਾਚਾ ਮਾਰਗ ਇਕ ਪਰਗਟਾਉਣਾ, ਪਰਗਟ ਹੋ ਕੇ ਪਰਗਣਾ ਇਕੋ ਦੇਣਾ ਵਸਾਈਆ । ਜਗ ਨੇਤਰ ਨਜ਼ਰ ਕਿਸੇ ਨਾ ਆਉਣਾ, ਦੋਏ ਲੋਚਨ ਨਾ ਕੋਇ ਵਡਿਆਈਆ । ਜਿਹਵਾ ਸਿਫ਼ਤ ਨਾ ਕੋਇ ਸਾਲਾਹੁਣਾ, ਰਸਨਾ ਗਾ ਨਾ ਸਕੇ ਰਾਈਆ । ਕਦਮੀ ਕਦਮ ਨਾ ਕੋਇ ਟਿਕਾਉਣਾ, ਪੈਂਡਾ ਪੰਧ ਨਾ ਕੋਇ ਮੁਕਾਈਆ । ਧਾਮ ਭੂਮਿਕਾ ਨਾ ਕੋਇ ਸੁਹਾਉਣਾ, ਗੜ੍ਹੀ ਗੜ੍ਹ ਨਾ ਕੋਇ ਚਤੁਰਾਈਆ । ਰੂਪ ਰੇਖ ਨਾ ਕੋਇ ਦਰਸਾਉਣਾ, ਸਵੱਛ ਅਛ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਪੜਦਾ ਕਹੇ ਮੈਂ ਚੁਕਾਂ ਪੜਦਾ, ਪੜਦਾ ਦਿਆਂ ਉਠਾਈਆ । ਪਹਿਲੀ ਜੇਠ ਕ੍ਰਿਸ਼ਨ ਕਰਕੇ ਮੁਖ ਚੜ੍ਹਦਾ, ਅੱਖ ਨੌਂ ਵਾਰ ਬਦਲਾਈਆ । ਫੇਰ ਆਪਣੇ ਕੰਨ ਫੜਦਾ, ਹਲੂਣੇ ਨਾਲ ਹਿਲਾਈਆ । ਫੇਰ ਭੇਵ ਖੋਲ੍ਹ ਤ੍ਰੈਲੋਕੀ ਦਰ ਦਾ, ਤਿੰਨਾਂ ਲੋਕਾਂ ਖੋਜ ਖੁਜਾਈਆ । ਫੇਰ ਸਰੋਵਰ ਵੇਖ ਸਰ ਦਾ, ਜਲ ਪਾਣੀ ਭੇਵ ਚੁਕਾਈਆ । ਫੇਰ ਜਗਤ ਜਹਾਨ ਵੇਖ ਮਰਦਾ, ਮੁਰਦੇ ਮੁਰੀਦ ਰਿਹਾ ਦਰਸਾਈਆ । ਫੇਰ ਆਪਣੀ ਮਰਜ਼ੀ ਕਰਦਾ, ਸਚ ਸਿੰਘਾਸਣ ਡੇਰਾ ਲਾਈਆ । ਫੇਰ ਬਿਨ ਸ਼ਸਤਰ ਅਸਤਰ ਘੋੜੇ ਚੜ੍ਹਦਾ, ਬਾਹੂ ਬਲ ਨਾ ਕੋਇ ਜਣਾਈਆ । ਫੇਰ ਆਪਣੀ ਕਰਨੀ ਕਰਦਾ, ਕਰਤਾ ਪੁਰਖ ਨਾਲ ਰਖਾਈਆ । ਅਗਨ ਮੇਘ ਹੋ ਕੇ ਵਰ੍ਹਦਾ, ਵਰਸੀ ਦਏ ਗਵਾਹੀਆ । ਜਗਤ ਜੀਵ ਜਹਾਨ ਛਲ ਦਾ, ਅਛਲ ਛਲਧਾਰੀ ਆਪਣੀ ਕਾਰ ਕਮਾਈਆ । ਸਿਰਫ਼ ਵਕਤ ਕਢ ਕੇ ਨੌਂ ਪਲ ਦਾ, ਪਲਕਾਂ ਦੇ ਪਿਛੇ ਕ੍ਰਿਸ਼ਨ ਕ੍ਰਿਸ਼ਨ ਮੇਲ ਮਿਲਾਈਆ ।

੪੫੯ ੨੨ ਲੇਖਾ ਜਾਣ ਅਗੰਮੀ ਦਲ ਦਾ, ਦਲਿੱਦ੍ਰੀ ਸੁਦਾਮਾ ਲਿਆ ਉਠਾਈਆ । ਫੇਰ ਨਜ਼ਾਰਾ ਵੇਖਿਆ ਕਲਜੁਗ ਕਲ ਦਾ, ਕੱਲੂ ਕਾਲ ਖੋਜ ਖੁਜਾਈਆ । ੪੫੯ ੨੨

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪਰਦਾ ਆਪ ਉਠਾਈਆ । ਪਰਦਾ ਕਹੇ ਮੈਨੂੰ ਚੁਕੇ ਕੌਣ, ਕੌਣ ਭੇਵ ਖੁਲ੍ਹਾਈਆ । ਮੇਰੇ ਸੰਦੇਸ਼ੇ ਦੇਵੇ ਪੌਣ, ਪਾਣੀ ਨਾਲ ਗਵਾਹੀਆ । ਮੈਨੂੰ ਅਠਾਰਾਂ ਵਾਰ ਰੋ ਕੇ ਗਿਆ ਰੌਣ, ਰਾਵਣ ਰਾਮ ਵੇਖ ਕੇ ਮਾਰੀ ਧਾਈਆ । ਮੈਨੂੰ ਬਲ ਆਇਆ ਬੁਲਾਉਣ, ਬਾਵਨ ਕਦਮ ਸੀਸ ਝੁਕਾਈਆ । ਮੈਨੂੰ ਬਾਲਮੀਕ ਆਇਆ ਪਰਚਾਓਣ, ਪਰਚਾ ਜ਼ਿੰਦਗੀ ਵਾਲਾ ਟਿਕਾਈਆ । ਮੇਰਾ ਖੇਲ ਸਦਾ ਅਵਣ ਗਾਉਣ, ਗਾਵਣਹਾਰਾ ਕੋਇ ਨਾ ਗਾਈਆ । ਜੁਗ ਚੌਕੜੀ ਮੈਂ ਸਭ ਦੀ ਕੀਤੀ ਆਵਾਂ ਢਾਹੁਣ, ਢਾਹ ਢਾਹ ਫੇਰ ਬਣਾਈਆ । ਸ਼ਾਹ ਸੁਲਤਾਨਾਂ ਆਵਾਂ ਰੁਵਾਉਣ, ਨੇਤਰ ਨੈਣਾਂ ਨੀਰ ਵਹਾਈਆ । ਸੁੱਤਿਆਂ ਆਵਾਂ ਜਗਾਉਣ, ਅੱਖੀਂ ਅੱਖ ਖੁਲ੍ਹਾਈਆ । ਰੁੱਠਿਆਂ ਆਵਾਂ ਮਨਾਉਣ, ਮਨਸਾ ਮਨ ਦੀ ਖੋਜ ਖੁਜਾਈਆ । ਅੰਮ੍ਰਿਤ ਮੇਘ ਆਵਾਂ ਚੁਆਉਣ, ਨਿਝਰ ਝਿਰਨਾ ਇਕ ਝਿਰਾਈਆ । ਦਰ ਠਾਂਡਾ ਆਵਾਂ ਵਖਾਉਣ, ਵੱਖਰਾ ਗ੍ਰਿਹਿ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਵਡ ਦਾਤਾ ਬੇਪਰਵਾਹੀਆ । ਕ੍ਰਿਸ਼ਨ ਕਹੇ ਮੇਰਾ ਖੇਲ ਕਾਹਨ ਵਾਲਾ ਕਾਹਨੂੰ, ਘਨਈਆ ਘਨਈਆ ਘਨਈਆ ਰੂਪ ਦਰਸਾਈਆ । ਮੇਰਾ ਤਰਕਸ਼ ਤੀਰ ਕੋਇ ਨਾ ਬਾਨੂੰ, ਬਨਵਾਸੀ ਰਾਮ ਗਿਆ ਸਮਝਾਈਆ । ਮੇਰਾ ਹੁਕਮ ਪ੍ਰਿਥਮੀ ਅਸਮਾਨੂੰ, ਅਸਤਰ ਇਕੋ ਇਕ ਦ੍ਰਿੜਾਈਆ । ਮੇਰਾ ਧਰਮ ਧਾਰ ਪਰਮਾਨੂੰ, ਪਾਰਬ੍ਰਹਮ ਵੇਖ ਵਖਾਈਆ । ਮੈਂ ਬਣ ਕੇ ਬਾਲ ਅੰਞਾਣੂ, ਦੀਨ ਦੁਨੀ ਦਿਤੀ ਭੁਲਾਈਆ । ਮੈਂ ਹੋ ਕੇ ਵਡ ਸਿਆਣੂ, ਸ਼ਾਹ ਸੁਲਤਾਨ ਦਿਤੇ ਖਪਾਈਆ ।

ਮੈਂ ਹੋ ਕੇ ਬ੍ਰਹਮ ਗਿਆਨੂੰ, ਅਰਜਨ ਇਕ ਗਿਆਨ ਜਣਾਈਆ । ਮੈਂ ਹੋ ਕੇ ਅੰਤਮ ਫ਼ਾਨੂੰ, ਤਨ ਵਜੂਦ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕ੍ਰਿਸ਼ਨ ਕਿਹਾ ਮੇਰੀ ਵਾਰ ਥਿਤ ਜੇਠੀ, ਜੇਠਾ ਹੋ ਕੇ ਦਿਆਂ ਜਣਾਈਆ । ਮੈਂ ਢਾਈ ਉਂਗਲਾਂ ਦੀ ਬੰਨ੍ਹ ਕੇ ਪੇਟੀ, ਪਟਾ ਪਟਨੇ ਵਾਲੇ ਦਾ ਦਿਤਾ ਵਖਾਈਆ । ਤ੍ਰੈਲੋਕੀ ਦਾ ਬਣ ਕੇ ਗੇਟੀ, ਪਹਿਰੇਦਾਰ ਆਪ ਹੋ ਜਾਈਆ । ਲੱਖ ਚੁਰਾਸੀ ਦੀ ਵੇਖ ਕੇ ਨੇਕੀ, ਬਦੀ ਸਭ ਦੀ ਝੋਲੀ ਪਾਈਆ । ਇਕੋ ਵਾਰ ਕਰਕੇ ਪੇਸ਼ੀ, ਪੇਸ਼ਤਰ ਸਭ ਨੂੰ ਹੁਕਮ ਸੁਣਾਈਆ । ਬਿਨਾ ਭਗਤਾਂ ਤੋਂ ਸਾਰੇ ਹੋਏ ਪਰਦੇਸੀ, ਦੇਸ਼ ਵਾਲਾ ਨਜ਼ਰ ਕੋਇ ਨਾ ਆਈਆ । ਕਾਹਨ ਨੇ ਢਾਈ ਗਜ਼ ਦੀ ਸੁੱਟ ਕੇ ਖੇਸੀ, ਉਤੇ ਘੁਟਨੇ ਦਿਤੇ ਜਮਾਈਆ । ਏਸੇ ਕਰਕੇ ਨਾਨਕ ਆਇਆ ਵੇਦੀ, ਜੋਤ ਜੋਤ ਵਿਚੋਂ ਚਮਕਾਈਆ । ਜਿਸ ਨੇ ਸ਼ਬਦ ਧਾਰ ਭੇਜੀ, ਬੰਦਗੀ ਬੰਦਗੀ ਵਿਚ ਸਮਝਾਈਆ । ਉਹ ਮਾਲਕ ਖ਼ਾਲਕ ਧੁਰ ਦਾ ਜੁਗ ਜੁਗ ਕਰੇ ਤੇਜ਼ੀ, ਤਜਰਬਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਦਏ ਖੁਲ੍ਹਾਈਆ । ਕਾਹਨ ਕਿਹਾ ਮੇਰੇ ਹੱਥ ਦੋ ਜਹਾਨ ਦੀ ਕੁੰਜੀ, ਕੁੰਜੀ ਦਿਉ ਫੜਾਈਆ । ਇਹ ਜਗਤ ਜਹਾਨ ਮਹਿਸੂਲਖ਼ਾਨਾ ਚੁੰਗੀ, ਗੁਰ ਅਵਤਾਰ ਪੈਗ਼ੰਬਰ ਕਰਨ ਉਗਰਾਹੀਆ । ਕਿਸੇ ਦੀ ਰਸਨ ਸ਼ਬਦ ਧਾਰ ਨਹੀਂ ਕੂੰਦੀ, ਧੁਰ ਦਾ ਸ਼ਬਦ ਕਰੇ ਸ਼ਨਵਾਈਆ । ਆਦਿ ਜੁਗਾਦਿ ਜੁਗ ਚੌਕੜੀ ਸ੍ਰਿਸ਼ਟੀ ਸਾਰੀ ਸੁੰਞੀ, ਬਿਨਾ ਪ੍ਰਭੂ ਕਾਹਨ ਦੇ ਕਾਹਨ ਨਾ ਕੋਇ ਅਖਵਾਈਆ । ਇਹ ਆਤਮਾ ਪਰਮਾਤਮਾ ਬਿਨਾ ਗੁੰਗੀ, ਧੁਰ ਦਾ ਨਾਮ ਨਾ ਰਸਨਾ ਗਾਈਆ । ਇਹ ਚਲਣ ਫਿਰਨ ਤੋਂ ਟੁੰਡੀ, ਭੱਜ ਸਕੇ ਨਾ ਵਾਹੋ ਦਾਹੀਆ । ਇਸ ਦੇ ਅੰਦਰ ਮਨ ਵਾਸਨਾ ਗੁੰਡੀ, ਸ੍ਰਿਸ਼ਟੀ ਦ੍ਰਿਸ਼ਟੀ ਕੀਤੀ ਹਲਕਾਈਆ । ਓਸੇ ਵੇਲੇ ਕ੍ਰਿਸ਼ਨ ਨੇ ਆਪਣੇ ਚਰਨਾਂ ਹੇਠੋਂ ਫੜ ਕੇ ਖ਼ਾਕ ਦੀ ਚੂੰਡੀ, ਆਪਣੇ ਬੁਲਾਂ ਉਤੇ ਘਸਾਈਆ । ਉਹਦੇ ਹੱਥ ਵਿਚ ਹੋਵੇ ਖੂੰਡੀ, ਖ਼ੁਦ ਮਾਲਕ ਨੂਰ ਖ਼ੁਦਾਈਆ । ਖ਼ਬਰ ਸੁਣੇ ਨਾ ਕਿਸੇ ਹਾਂ ਹੂੰ ਦੀ, ਹਰਿ ਆਪਣਾ ਹੁਕਮ ਵਰਤਾਈਆ । ਧਾਰ ਚਲਾ ਕੇ ਮੈਂ ਤੂੰ ਦੀ, ਤੂੰ ਮੈਂ ਆਪਣਾ ਰੰਗ ਰੰਗਾਈਆ । ਉਹਦੇ ਕੋਲ ਸਿਫ਼ਤ ਨਾ ਹੋਵੇ ਕਿਸੇ ਮੂੰਹ ਤੂੰ ਦੀ, ਸ਼ਬਦ ਧਾਰ ਸ਼ਨਵਾਈਆ । ਉਹਦੀ ਖੇਲ ਪ੍ਰਕਾਸ਼ ਰੂਪ ਲੂੰ ਲੂੰ ਦੀ, ਸਾਢੇ ਤਿੰਨ ਕਰੋੜ ਦਏ ਗਵਾਹੀਆ । ਉਥੇ ਖੇਲ ਨਹੀਂ ਕੋਇ ਅਠਾਰਾਂ ਕਸ਼ੂਣੀਆਂ ਖੂਹ ਦੀ, ਅਠਾਈ ਲੱਖ ਨਾ ਵੰਡ ਵੰਡਾਈਆ । ਉਥੇ ਕੋਈ ਮਿੰਨਤ ਨਹੀਂ ਸੁਣਨੀ ਧਰੂ ਦੀ, ਸੀਸ ਸੀਸ ਨਾ ਕੋਇ ਨਿਵਾਈਆ । ਕੋਈ ਚਤੁਰਾਈ ਨਹੀਂ ਕਿਸੇ ਗੁਰੂ ਦੀ, ਹੱਥਾਂ ਵਾਲੀ ਬੰਦਨ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਦਏ ਉਠਾਈਆ । ਕ੍ਰਿਸ਼ਨ ਕਹੇ ਮੇਰਾ ਉਹ ਲੋਹੇ ਦਾ ਹਥਿਆਰ, ਕਰਨਾਲ ਵਾਲਾ ਦਿਉ ਵਖਾਈਆ । ਉਹ ਚਾਕੂ ਨਹੀਂ ਉਹ ਸ਼ਬਦ ਦੀ ਧਾਰ, ਜੇਹੜਾ ਪਿਛਲਾ ਲਿਆ ਛੁਪਾਈਆ । ਨੌ ਵਾਰ ਲਿਖਿਆ, ਧਰਨੀ, ਜਿਸ ਵੇਲੇ ਤੇਰੇ ਉਤੇ ਆਵੇ ਮੇਰਾ ਨਿਰੰਕਾਰ, ਖ਼ੁਦ ਮਾਲਕ ਫੇਰਾ ਪਾਈਆ । ਉਹ ਮੇਰੀ ਵਸਤੂ ਲਿਆਵੇ ਆਪਣੇ ਦਰਬਾਰ, ਜਿਸ ਦਾ ਲੇਖ ਨਾ ਕੋਇ ਸਮਝਾਈਆ । ਇਹ ਕੁੰਜੀ ਜਿਸ ਦੇ ਨਾਲ ਖੋਲ੍ਹਦਾ ਸੀ ਆਪਣੇ ਘਰ ਦਾ ਬਾਰ, ਜਿਸ ਵਿਚ ਜੋਤੀ ਧਾਰ ਡੇਰਾ ਲਾਈਆ । ਉਹ ਭਗਤਾਂ ਦਾ ਪਿਆਰ, ਉਹ ਯਾਰਾਂ ਦਾ ਯਾਰ, ਨਾ ਉਹ ਪੁਰਖ ਨਾ ਉਹ ਨਾਰ, ਨਾ ਉਹ ਤਨ ਕਰੇ ਸ਼ਿੰਗਾਰ, ਨਾ ਉਹ ਵਾਜ਼ਾਂ ਦੇਵੇ ਮਾਰ, ਜਨਮ ਮਰਨ ਦਾ ਰੂਪ ਨਾ ਕੋਇ ਦਰਸਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਕ੍ਰਿਸ਼ਨ ਕਿਹਾ ਮੈਂ ਵੇਖਣੀ ਰੈਣ ਅੰਧੇਰੀ ਮੱਸਾ, ਬਿਨ ਅੱਖਾਂ ਅੱਖ ਉਠਾਈਆ । ਕੌਰਵ ਪਾਂਡਵ ਬੰਨ੍ਹ ਕੇ ਰੱਸਾ, ਰਸਤਾ ਸਭ ਦਾ ਬੰਦ ਕਰਾਈਆ । ਫੇਰ ਮਾਰ ਕੇ ਹੱਥ ਉਤੇ ਹੱਥਾਂ, ਤਾਲੀ ਦਿਤੀ ਲਗਾਈਆ । ਮੇਰੀ ਸੁਣਦੇ ਰਹਿਣਗੇ ਚਾਰ ਜੁਗ ਕਥਾ, ਕਹਾਣੀ ਦਿਤੀ ਦ੍ਰਿੜਾਈਆ । ਫੇਰ ਬੋਲਿਆ ਯਥਾਰਥ ਯਥਾ, ਸਹਿਜ ਨਾਲ ਸੁਣਾਈਆ । ਫੇਰ ਨਿਉਂ ਕੇ ਟੇਕਿਆ ਮੱਥਾ, ਹੱਥ ਅੱਖਾਂ ਉਤੇ ਰਖਾਈਆ । ਕਲਜੁਗ ਅੰਤ ਮੇਰਾ ਆਇਆ ਪੁਰਖ ਸਮਰਥਾ, ਕਾਹਨਾਂ ਦਾ ਕਾਹਨ ਫੇਰਾ ਪਾਈਆ । ਉਹਦਾ ਖੇਲ ਹੋਣਾ ਤਤ ਅੱਠਾਂ, ਨੌਂ ਦਰ ਨਾ ਕੋਇ ਜਣਾਈਆ । ਉਸ ਨੇ ਭਗਤ ਬਣਾਉਣਾ ਬੱਚਾ, ਬਚਪਨ ਆਪਣੀ ਝੋਲੀ ਪਾਈਆ । ਜੋ ਕੋਈ ਭਗਤੀ ਵਿਚ ਰਹਿ ਗਿਆ ਕੱਚਾ, ਕੰਚਨ ਗੜ੍ਹ ਦਏ ਸੁਹਾਈਆ । ਕਿਉਂ ਉਹ ਆਦਿ ਅੰਤ ਦਾ ਸੱਚਾ, ਸਚ ਵਿਚ ਸਮਾਈਆ । ਹਰ ਹਿਰਦੇ ਅੰਦਰ ਵਸਾ, ਵਸਣਹਾਰਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕ੍ਰਿਸ਼ਨ ਨੇ ਵੇਖਿਆ ਚਾਰ ਚੁਫੇਰ, ਪਹਿਲੀ ਜੇਠ ਮਿਲੀ ਵਡਿਆਈਆ । ਜਿਧਰ ਤੱਕਿਆ ਉਧਰ ਅੰਧੇਰ, ਸਾਚਾ ਨੂਰ ਨਾ ਕੋਇ ਚਮਕਾਈਆ । ਫੇਰ ਨਿਗਹ ਮਾਰੀ ਭੀਲਣੀ ਦੇ ਨਜ਼ਰ ਆ ਗਏ ਬੇਰ, ਰਾਮ ਦੀ ਦਿਤੀ ਦੁਹਾਈਆ । ਫੇਰ ਅੱਗਾ ਵੇਖਿਆ ਨਜ਼ਰ ਆਇਆ ਸ਼ੇਰ, ਭਬਕ ਨਾਮ ਵਾਲੀ ਸੁਣਾਈਆ । ਫੇਰ ਵੇਖਿਆ ਉਹ ਕਰਦਾ ਜਾਵੇ ਮਿਹਰ, ਮਿਹਰ ਨਜ਼ਰ ਉਠਾਈਆ । ਜਿਸ ਦਾ ਲੇਖਾ ਸਮਝੇ ਕੋਇ ਜ਼ਬਰ ਨਾ ਜ਼ੇਰ, ਜ਼ੱਰਾ ਭੋਰੀ ਭੇਵ ਕੋਇ ਨਾ ਪਾਈਆ । ਜਾਂ ਫੇਰ ਵੇਖਿਆ ਉਹ ਦੂਰ ਦੁਰਾਡਾ ਨੇੜ, ਨੇੜਨ ਨੇੜਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਰੰਗ ਵਖਾਈਆ । ਕ੍ਰਿਸ਼ਨ ਫੇਰ ਵੇਖਿਆ ਮਾਰਿਆ ਪੰਜਾਂ ਵੱਲ ਧਿਆਨ, ਹੱਥ ਗਿਚੀ ਉਤੇ ਟਿਕਾਈਆ । ਫੇਰ ਕਿਹਾ ਤੁਸੀਂ ਮੇਰੇ ਜਵਾਨ, ਸੂਰਬੀਰ ਸੋਭਾ ਪਾਈਆ । ਅਰਜਨ ਨੇ ਖਿੱਚ ਕੇ ਕਮਾਨ, ਚਿੱਲਾ ਦਿਤਾ ਵਖਾਈਆ । ਭੀਮ ਗੁਰਜ ਹਿਲਾਈ ਉਤੇ ਅਸਮਾਨ, ਚੱਕਰ ਨੌ ਦਿਤੇ ਘੁਮਾਈਆ । ਯੁਧਿਸ਼ਟਰ ਕਰਕੇ ਪਰਨਾਮ, ਸੀਸ ਦਿਤਾ ਨਿਵਾਈਆ । ਕਰਨ ਸਹਿਦੇਵ ਨਕੁਲ ਦੀ ਕਰ ਪਹਿਚਾਨ, ਅੱਡੀ ਜ਼ਿਮੀਂ ਉਤੇ ਟਿਕਾਈਆ । ਪੰਜਾਂ ਦਾ ਫ਼ਰਮਾਨ ਛੇਵਾਂ ਨਾਲ ਅੰਵਾਣ, ਜਿਸ ਦੀ ਸਮਝ ਨਾ ਕੋਇ ਸਮਝਾਈਆ । ਫੇਰ ਕ੍ਰਿਸ਼ਨ ਨੇ ਕਿਹਾ ਮੇਰੇ ਦਰ ਉਹ ਪਰਵਾਨ, ਜੇਹੜੇ ਪਰਵਾਨੇ ਬਣ ਕੇ ਮੇਰੇ ਵਿਚ ਸਮਾਈਆ । ਯੁਧਿਸ਼ਟਰ ਨੇ ਝੋਲੀ ਡਾਹੀ ਕੁਝ ਮੰਗ ਲਿਆ ਨਾਲ ਖਾਣ, ਰਸਨਾ ਦੇ ਚਖਾਈਆ । ਉਹ ਪੰਜੇ ਫਲ ਕਰ ਦਿਉ ਦਾਨ, ਸਿੰਘਾਸਣ ਉਤੇ ਦਿਉ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਕ੍ਰਿਸ਼ਨ ਕਿਹਾ ਯੁਧਿਸ਼ਟਰ ਆਹ ਲੈ ਤੇਰਾ ਆਮ, ਮੈਂ ਤੇਰੀ ਅੰਮੀ ਅੰਮੜੀ ਦਾ ਜਾਇਆ ਤੂੰ । ਚਾਰੇ ਪਾਂਡੋ ਕਰ ਪਰਵਾਨ ਫੜਾਇਆ ਉਹ ਨਿਸ਼ਾਨ, ਜਿਸ ਦੇ ਵਿਚ ਬੁਤ ਤੇ ਰੂਹ । ਨਿਗਹ ਮਾਰੀ ਵੇਖਿਆ ਭਗਤ ਭਗਵਾਨ, ਹੋਇਆ ਹੂਬਹੂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਦਏ ਕਰਾਈਆ । ਯੁਧਿਸ਼ਟਰ ਨੂੰ ਕਿਹਾ ਆਹ ਲੈ ਅੰਬ ਦਾ ਫਲ ਮੇਵਾ, ਧੁਰ ਦਾ ਦਿਆਂ ਖਵਾਈਆ । ਆਹ ਚਾਰੇ ਫੜ ਲਉ ਮੇਰੇ ਪ੍ਰੇਮ ਦਾ ਰਸ ਤੇ ਤੁਹਾਡੀ ਪਰਵਾਨ ਹੋਈ ਸੇਵਾ, ਸੇਵਾ ਸਚ ਦੇ ਲੇਖੇ ਲਾਈਆ । ਇਕੋ ਤੁਹਾਡਾ ਇਸ਼ਟ ਇਕ ਗੁਰਦੇਵ ਇਕੋ ਦੇਵ ਦੇਵਾ, ਆਤਮਾ

ਪਰਮਾਤਮਾ ਪਰਮਾਤਮਾ ਆਤਮਾ ਇਕੋ ਨਜ਼ਰੀ ਆਈਆ । ਪੰਜ ਵਾਰ ਕਹੋ ਮੇਰੇ ਕਾਹਨ ਦਾ ਕਾਹਨ ਦਾਤਾ ਅਲਖ ਅਭੇਵਾ, ਕਥਨੀ ਕਥ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਕਾਹਨ ਕਹੇ ਇਹ ਵਾਰ ਥਿਤ ਜੇਠ ਮਹੀਨਾ ਪਹਿਲੀ, ਪਹਿਲੋਂ ਦਿਤਾ ਜਣਾਈਆ । ਔਹ ਵੇਖੋ ਰਾਣੀਆਂ ਮਹਾਂਰਾਣੀਆਂ ਨਿਕਲਦੀਆਂ ਵਿਚੋਂ ਮਹਿਲੀਂ, ਮਹਿਲਾਂ ਦੇ ਵਿਚੋਂ ਸਮਝਾਈਆ । ਅਰਜਨ ਨੂੰ ਕਿਹਾ ਅਰਜਨ ਢਾਈ ਕਦਮ ਮੇਰੇ ਪਿਛੇ ਟਹਿਲੀਂ, ਕਦਮ ਕਦਮ ਵਿਚੋਂ ਬਦਲਾਈਆ । ਯੁਧਿਸ਼ਟਰ ਕਰ ਨਾ ਲਵੀਂ ਅਨਗਹਿਲੀ, ਸਮਾਂ ਗਿਆ ਹੱਥ ਨਾ ਆਈਆ । ਅੱਗੇ ਕਰਦੇ ਆਪਣੀ ਤਨ ਵਾਲੀ ਥੈਲੀ, ਚਰਨ ਧੂੜ ਇਹਦੇ ਵਿਚ ਟਿਕਾਈਆ । ਜੋ ਚਾਹੇਂ ਮੇਰੇ ਕੋਲੋਂ ਲੈ ਲਈਂ, ਦੂਜਾ ਦਵਾਰਾ ਮੰਗਣ ਦੀ ਲੋੜ ਰਹੇ ਨਾ ਰਾਈਆ । ਚਪੇੜ ਮਾਰ ਜ਼ੋਰ ਦੀ ਇਹ ਗੱਲ ਕਹਿ ਲਈ, ਸਾਰੀ ਸ੍ਰਿਸ਼ਟੀ ਵਿਹਲੀ, ਵਾਹਵਾ ਕਹਿ ਕੇ ਸੀਸ ਦਿਤਾ ਨਿਵਾਈਆ । ਫੇਰ ਕਿਹਾ ਪ੍ਰਭੂ ਜੇ ਤੁੱਠਾ ਫੇਰ ਵੀ ਭਗਤਾਂ ਮੇਲੀਂ, ਮਿਲਣੀ ਆਪਣੇ ਨਾਲ ਕਰਾਈਆ । ਕ੍ਰਿਸ਼ਨ ਕਿਹਾ ਔਹ ਮੇਰਾ ਕਾਹਨ ਆਦਿ ਅੰਤ ਦਾ ਬੇਲੀ, ਬੇਲਿਆਂ ਵਿਚ ਭਗਤਾਂ ਹੋਏ ਸਹਾਈਆ । ਫੇਰ ਪੰਜ ਚੁਲੀਆਂ ਰੱਖੀਆਂ ਉਤੇ ਹਥੇਲੀ, ਪਿਛਲੀ ਰਸਮ ਪੂਰੀ ਦਿਤੀ ਕਰਾਈਆ । ਫੇਰ ਹੱਸ ਕੇ ਕਿਹਾ ਯੁਧਿਸ਼ਟਰਾ ਯਾਦ ਕਰ ਜਦ ਬਣੇ ਆਤਮਾ ਪਰਮਾਤਮਾ ਦੀ ਬਣੇ ਚੇਲੀ, ਦੂਜਾ ਚੇਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਅਰਜਨ ਕਿਹਾ ਮੇਰੇ ਕਾਹਨ, ਕੁਛ ਦੇ ਸਮਝਾਈਆ । ਕ੍ਰਿਸ਼ਨ ਨੇ ਲੱਤ ਮਾਰੀ ਔਹ ਵੇਖ ਮੈਦਾਨ, ਮੁਰਦਿਆਂ ਦਾ ਭਰਿਆ ਸੋਭਾ ਪਾਈਆ । ਅਰਜਨ ਬਣ ਕੇ ਨਾਦਾਨ, ਨੈਣਾਂ ਨੀਰ ਚਲਾਈਆ । ਉਹਨੇ ਜ਼ੋਰ ਦਾ ਖਿਚਿਆ ਕਾਨ, ਹਲੂਣਾ ਦਿਤਾ ਲਗਾਈਆ । ਛੇਤੀ ਕਰ ਕਰ ਚਰਨ ਧਿਆਨ, ਧੂੜੀ ਮਸਤਕ ਨਾਲ ਛੁਹਾਈਆ । ਇਕੋ ਵੇਖ ਨਿਗਾਹਬਾਨ, ਬਿਨਾ ਕਾਹਨ ਤੋਂ ਕਾਹਨ ਨਜ਼ਰ ਕੋਇ ਨਾ ਆਈਆ । ਫੇਰ ਦੋ ਹੱਥੜ ਮਾਰੀ, ਏਥੇ ਉਏ ਅਰਜਨਾ, ਔਹ ਵੇਖ ਕਲਜੁਗ ਸ਼ੈਤਾਨ, ਸ਼ਰਅ ਦਾ ਰੂਪ ਬਦਲਾਈਆ । ਫੇਰ ਏਥੇ ਮਾਰਿਆ ਔਹ ਵੇਖ ਅਸਮਾਨ, ਅਸਮਾਨਾਂ ਤੋਂ ਪਰੇ ਮੇਰਾ ਮਾਹੀਆ । ਜਿਸ ਵੇਲੇ ਆਵੇ ਨੌਜਵਾਨ, ਬਣ ਕੇ ਦਾਤਾ ਧੁਰਦਰਗਾਹੀਆ । ਉਹਨੂੰ ਸਾਰੀ ਦੁਨੀਆ ਕਹੇ ਬੇਈਮਾਨ, ਖ਼ਾਵੰਦ ਗੁਰਮੁਖ ਵਿਰਲਾ ਲਏ ਬਣਾਈਆ । ਅਰਜਨ ਨੇ ਸੁੱਟ ਕੇ ਤੀਰ ਕਮਾਨ, ਗਲ ਪਲੂ ਲਿਆ ਪਾਈਆ । ਕ੍ਰਿਸ਼ਨ ਨੇ ਦੋਏ ਜੋੜ ਕੇ ਚਰਨ ਵਖਾਏ ਆਹ ਵੇਖ ਬਾਲ ਅੰਞਾਣ, ਨਿਗਾਹ ਨਿਗਾਹ ਵਿਚ ਰਖਾਈਆ । ਉਹ ਸਦਾ ਮਿਹਰਵਾਨ, ਧੁਰ ਦਾ ਮਾਲਕ ਧੁਰਦਰਗਾਹੀਆ । ਜਿਸ ਨੇ ਲੱਖ ਚੁਰਾਸੀ ਵੇਖਣੀ ਆਣ, ਆਪ ਆਪਣਾ ਫੇਰਾ ਪਾਈਆ । ਸਾਡਾ ਲੇਖਾ ਪੂਰਾ ਕਰਨਾ ਜੋ ਕਰ ਰਹੇ ਫ਼ਰਮਾਨ, ਫੁਰਨੇ ਸਭ ਦੇ ਖੋਜ ਖੁਜਾਈਆ । ਅਵਤਾਰਾਂ ਪਿਛੋਂ ਪੈਗ਼ੰਬਰਾਂ ਦੀ ਚਲਾਉਣੀ ਦੁਕਾਨ, ਦੁਨੀਆ ਵਿਚ ਆਪਣਾ ਨਾਮ ਵੰਡ ਵੰਡਾਈਆ । ਫੇਰ ਗੁਰੂ ਕਰਨੇ ਪਰਧਾਨ, ਸਤਿਗੁਰੂ ਆਪਣਾ ਹੁਕਮ ਸੁਣਾਈਆ । ਫੇਰ ਸ਼ਰਅ ਦਾ ਜੰਗ ਕਰਨਾ ਘਮਸਾਨ, ਯੁਧ ਮਜ਼੍ਹਬ ਮਜ਼੍ਹਬ ਵਾਲਾ ਵਖਾਈਆ । ਫੇਰ ਪਰਗਟ ਹੋਣਾ ਆਣ, ਆਪ ਆਪਣਾ ਵੇਸ ਵਟਾਈਆ । ਜਿਸ ਨੂੰ ਧਰ ਸਕੇ ਨਾ ਕੋਇ ਵਿਚ ਧਿਆਨ, ਮਸੱਵਰ ਤਸੱਵਰ ਨਾ ਕੋਇ ਕਰਾਈਆ । ਸਾਰੀ ਦੁਨੀਆ ਕਰਨੀ ਹੈਰਾਨ, ਹੈਰਤ ਵਿਚ ਸਭ ਨੂੰ ਦਏ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਉਠਾਈਆ । ਪਹਿਲੀ ਜੇਠ ਕਹੇ ਕ੍ਰਿਸ਼ਨ ਸਿਰੋਂ ਲਾਹ ਲਿਆ ਮੁਕਟ, ਹੱਥ

੪੬੨
੨੨

ਦੋਵੇਂ ਉਤੇ ਟਿਕਾਈਆ । ਨਾਲੇ ਹੱਸ ਕੇ ਕਿਹਾ ਵਾਹ ਮੇਰੇ ਕਾਹਨ ਤੇਰੀ ਬੇਪਰਵਾਹੀ ਦੀ ਜੁਗਤ, ਜੁਗਤੀ ਸਮਝ ਕਿਸੇ ਨਾ ਆਈਆ । ਹੁਣ ਤੂੰ ਮੁਕਤੀ ਦੇਣ ਲੱਗਾ ਮੁਫ਼ਤ, ਕੀਮਤ ਨਾ ਕੋਇ ਰਖਾਈਆ । ਜੇਹੜਾ ਯੁਧ ਵਿਚ ਝੂਜੇ ਤੇ ਰਹੇ ਚੁਸਤ, ਧਨੁਸ਼ ਬਾਣ ਕੰਧਿਆਂ ਉਤੇ ਟਿਕਾਈਆ । ਉਹਦੀ ਅੰਦਰੋਂ ਲੱਗੀ ਹੋਵੇ ਸੁਰਤ, ਸੁਰਤੀ ਤੇਰੇ ਵਿਚ ਟਿਕਾਈਆ । ਜੇ ਉਹ ਤਕ ਲਏ ਆਪਣੀ ਮੂਰਤ, ਮਹੂਰਤ ਤੇਰਾ ਨਾਮ ਜਣਾਈਆ । ਨਾਤਾ ਤੁਟ ਜਾਏ ਦੁਨੀਆ ਕੂੜਤ, ਸਚ ਘਰ ਮਿਲੇ ਵਡਿਆਈਆ । ਪਾਰ ਹੋ ਜਾਏ ਮੂਰਖ ਮੂੜ੍ਹਤ, ਅਕਲ ਬੁੱਧੀ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਕਰਾਈਆ । ਕ੍ਰਿਸ਼ਨ ਨੇ ਨੌ ਵਾਰ ਜ਼ਿਮੀਂ ਉਤੇ ਚਰਨ ਝੱਸੇ, ਤਾਲੀ ਛਾਤੀ ਉਤੇ ਲਗਾਈਆ । ਨਾਲੇ ਨੇਤਰ ਬਾਣ ਕੱਸੇ, ਅੱਖ ਅੱਖ ਵਿਚੋਂ ਉਠਾਈਆ । ਨਾਲੇ ਵੇਖੇ ਦਵਾਪਰ ਵਾਲੇ ਪਟੇ, ਕੀ ਸਮਾਂ ਦਏ ਗਵਾਹੀਆ । ਫੇਰ ਕੰਨੀਉਂ ਖੋਲ੍ਹ ਯਸ਼ੋਧਾ ਵਾਲੇ ਟਕੇ, ਨੌ ਖ਼ਾਕ ਵਿਚ ਰੁਲਾਈਆ । ਫੇਰ ਉਹਨੂੰ ਪੁੱਠੇ ਕਦਮ ਟੱਪੇ, ਅੱਗੇ ਕਦਮ ਨਾ ਕੋਇ ਰਖਾਈਆ । ਖ਼ੁਸ਼ੀਆਂ ਵਿਚ ਕਿਹਾ ਪ੍ਰਭੂ ਤੇਰੇ ਮੇਰੇ ਕੌਲ ਪੱਕੇ, ਇਕਰਾਰ ਇਕੋ ਵਾਰ ਸਮਝਾਈਆ । ਉਹ ਕਲਜੁਗ ਨਿਸ਼ਾਨੇ ਤਕੇ, ਦੂਰ ਦੁਰਾਡਾ ਖੋਜ ਖੁਜਾਈਆ । ਖੇਲ ਵੇਖ ਮਦੀਨੇ ਮੱਕੇ, ਮਕਬਰਾ ਚਰਨਾਂ ਵਾਲਾ ਬਣਾਈਆ । ਫੇਰ ਸੁਣੇ ਨਾਮ ਦੇ ਟੱਪੇ ਨਾਮ ਸਤਿ ਸ਼ਨਵਾਈਆ । ਫੇਰ ਜਾਣ ਵਾਹਿਗੁਰੂ ਫ਼ਤੇ, ਫ਼ਤਵਾ ਸਭ ਦੇ ਉਤੇ ਲਗਾਈਆ । ਫੇਰ ਧੂੜੀ ਭਰ ਕੇ ਲੱਪੇ, ਅਸਮਾਨ ਵੱਲ ਉਡਾਈਆ । ਜਿਸ ਵੇਲੇ ਕਲਜੁਗ ਸਮਾਂ ਟੱਪੇ, ਟੱਪਾ ਇਕੋ ਸੋਭਾ ਪਾਈਆ । ਕਾਹਨ ਨੇ ਕਿਹਾ ਮੇਰਾ ਕਾਹਨ ਪ੍ਰਕਾਸ਼ ਹੋਵੇ ਨਾਲ ਪੱਪੇ, ਪੂਰਨ ਪ੍ਰਭ ਚਤੁਰਾਈਆ । ਇਕੋ ਵਾਰ ਇਕ ਨਾਲ ਕੀਤੇ ਮਤੇ, ਮਤ ਸਾਂਝੀ ਨਾ ਕੋਇ ਰਖਾਈਆ । ਫੇਰ ਯੁਧਿਸ਼ਟਰ ਨੂੰ ਮਾਰ ਕੇ ਧੱਫੇ, ਜ਼ਿਮੀਂ ਉਤੇ ਲਿਟਾਈਆ । ਗਰਦਨ ਉਤੇ ਹੱਥ ਰੱਖੇ, ਸਹਿਜ ਨਾਲ ਦਬਾਈਆ । ਯੁਧਿਸ਼ਟਰ ਤੂੰ ਮੇਰਾ ਮੈਂ ਤੇਰਾ ਦੋਵੇਂ ਇਕੋ ਨਾਮ ਜਪੇ, ਸੋਹੰ ਦਿਤਾ ਸੁਣਾਈਆ । ਫੇਰ ਲਿਖਿਆ ਲੇਖ ਉਤੇ ਗੱਤੇ, ਗਤਮਿਤ ਆਪਣੇ ਵਿਚ ਛੁਪਾਈਆ । ਫੇਰ ਕਢ ਕੇ ਖ਼ੂਨ ਰਤੇ, ਰਤੀ ਮਸਤਕ ਉਤੇ ਛੁਹਾਈਆ । ਭਗਤ ਪਾਏ ਪ੍ਰਭੂ ਦੇ ਖਤੇ, ਖ਼ਤਰਾ ਸਭ ਦਾ ਦਿਤਾ ਮੁਕਾਈਆ । ਜਿਥੋਂ ਮਿਲਦੇ ਪ੍ਰੇਮ ਦੇ ਗੱਫੇ, ਗੁਫਾ ਵਿਚ ਵੜਨ ਦੀ ਲੋੜ ਰਹੇ ਨਾ ਰਾਈਆ । ਸਾਡੇ ਜਨਮ ਕਰਮ ਕਰੇ ਰਫ਼ੇ, ਰਸਤਾ ਇਕੋ ਦਏ ਵਖਾਈਆ । ਜੋ ਆਵੇ ਸੋ ਖੱਟ ਕੇ ਜਾਏ ਨਾਮ ਦੇ ਨਫ਼ੇ, ਨੁਕਸਾਨ ਵਿਚ ਨਾ ਕੋਇ ਰਖਾਈਆ । ਕਾਹਨ ਕਿਹਾ ਯੁਧਿਸ਼ਟਰ ਇਕ ਵਾਰ ਮੈਨੂੰ ਹੋ ਖ਼ਫ਼ੇ, ਗ਼ੁੱਸੇ ਨਾਲ ਮੱਥੇ ਵਟ ਚੜ੍ਹਾਈਆ । ਯੁਧਿਸ਼ਟਰ ਕਿਹਾ ਕਾਹਨ ਮੇਰਾ ਸ਼ਰੀਰ ਅਗਨੀ ਵਾਂਗ ਤਪੇ, ਤਪਸ਼ ਨਾ ਕੋਇ ਬੁਝਾਈਆ । ਓਹ ਭਗਤ ਨਹੀਂ ਜੇਹੜਾ ਭਗਵਾਨ ਦੀ ਕਰਨੀ ਉਤੇ ਹੱਸੇ, ਸਤਿ ਕਰ ਮੰਨਣਾ ਮੇਰੀ ਰੀਤੀ ਚਲੀ ਆਈਆ । ਫੇਰ ਪਾ ਕੇ ਹੱਥ ਉਤੇ ਨੱਕੇ, ਲਕੀਰ ਨੌਂ ਵਾਰ ਖਿਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਜੇਠ ਕਹੇ ਮੈਨੂੰ ਸਾਰਿਆਂ ਕੀਤਾ ਵਾਧੂ, ਗਿਣਤੀ ਵਿਚ ਨਾ ਕੋਇ ਰਖਾਈਆ । ਪਰ ਮੈਨੂੰ ਯਾਦ ਆ ਗਿਆ ਗੋਬਿੰਦ ਨੇ ਬਚਨ ਸੁਣਿਆ ਸੀ ਪਿੱਠ ਪਿਛੇ ਦਾਦੂ, ਦਾਅਵੇ ਨਾਲ ਦ੍ਰਿੜਾਈਆ । ਹੁਣ ਇੱਟ ਪੱਥਰ ਤੇ ਫੇਰ ਮੇਰੇ ਪੁਰਖ ਅਕਾਲ ਦੇ ਨਾਮ ਦਾ ਚਲਣਾ ਜਾਦੂ, ਜਾਦਵ ਬੰਸੀ ਕ੍ਰਿਸ਼ਨ ਦਏ ਗਵਾਹੀਆ । ਉਹਦੀ ਕਿਰਪਾ ਤੋਂ ਬਿਨਾ ਰਹਿਣਾ ਨਹੀਂ ਕੋਈ ਸਾਧੂ, ਸਾਧਨਾ ਵਿਚ ਨਾ ਕੋਇ ਜਣਾਈਆ । ਉਹਦਾ ਸ਼ਬਦ ਹੋਣਾ ਇਕ ਆਗੂ,

੪੬੩
੨੨

ਆਗਮਨ ਕਰੇ ਖ਼ਲਕ ਖ਼ੁਦਾਈਆ । ਜੋ ਬ੍ਰਹਿਮੰਡ ਖੰਡ ਜਗਤ ਜਹਾਨ ਦੀਨ ਦੁਨੀ ਤਿਆਗੂ, ਤ੍ਰੈਗੁਣ ਦਾ ਡੇਰਾ ਢਾਹੀਆ । ਅੱਗੇ ਨਵੀਂ ਸਾਜਣਾ ਸਾਜੂ, ਸੱਜਣ ਹਰਿ ਭਗਤ ਲਏ ਪਰਗਟਾਈਆ । ਖੰਡਾ ਖੜਗ ਤੀਰ ਤਰਕਸ਼ ਕਮੰਦ ਚੁੱਕੇ ਕਿਸੇ ਨਾ ਬਾਜੂ, ਬਾਜਾਂ ਵਾਲਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਚ ਇਕ ਪਰਗਟਾਈਆ । ਜੇਠ ਕਹੇ ਮੇਰੀ ਥਿਤ ਸੁਹਾਵਣੀ, ਸੋਹਣੀ ਸੋਭਾ ਪਾਈਆ । ਜਿਸ ਵੇਲੇ ਸ਼ੁਰੂ ਕੀਤਾ ਸੀ ਰਾਗ ਮੁੰਦਾਵਣੀ, ਮੁੱਦਾ ਪ੍ਰਭ ਦਾ ਵੇਖ ਵਖਾਈਆ । ਇਸ਼ਾਰਾ ਕੀਤਾ ਸੀ ਬਲ ਬਾਵਣੀ, ਨਾਨਕ ਬਾਬਰ ਗਿਆ ਜਣਾਈਆ । ਕਲਜੁਗ ਅੰਤ ਰੁਤੜੀ ਉਹ ਆਵਣੀ, ਜਿਸ ਵੇਲੇ ਅਵਣ ਗਵਣ ਨਾ ਕੋਇ ਕਟਾਈਆ । ਸਚਖੰਡ ਦਵਾਰੇ ਦੇਣੀ ਨਹੀਂ ਕਿਸੇ ਨੇ ਜਾਮਣੀ, ਜਮਾਂ ਤੋਂ ਸਕੇ ਨਾ ਕੋਇ ਛੁਡਾਈਆ । ਦੀਨ ਦੁਨੀ ਹੋਣੀ ਵਿਕਾਰ ਵਿਭਚਾਰ ਦੀ ਪਰਾਹੁਣੀ, ਧਰਨੀ ਉਤੇ ਸੋਭਾ ਪਾਈਆ । ਸਚ ਪ੍ਰੀਤੀ ਕਿਸੇ ਨਾ ਲਾਵਣੀ, ਧੁਰ ਦਾ ਰੰਗ ਨਾ ਕੋਇ ਰੰਗਾਈਆ । ਖੇਲ ਹੋਣੀ ਤੀਰਥ ਤੱਟ ਨਹਾਵਣੀ, ਦੁਰਮਤ ਮੈਲ ਨਾ ਕੋਇ ਧਵਾਈਆ । ਸਾਚੀ ਮੰਜ਼ਲ ਕਿਸੇ ਨਾ ਪਾਵਣੀ, ਪਾਰਬ੍ਰਹਮ ਨਾ ਕੋਇ ਦਰਸਾਈਆ । ਕਲਜੁਗ ਕੂੜੀ ਕਿਰਿਆ ਚਮਕੇ ਦਾਮਣੀ, ਦਾਮਨਗੀਰ ਨਾ ਕੋਇ ਦਰਸਾਈਆ । ਵਿਦਿਆ ਰਹਿਣੀ ਨਹੀਂ ਬ੍ਰਾਹਮਣੀ, ਬ੍ਰਹਮ ਨਾ ਪੜਦਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਜੇਠ ਕਹੇ ਜਨ ਭਗਤੋ ਆਪਣੀ ਸੱਜੇ ਹੱਥ ਨਾਲ ਫੜੋ ਜ਼ਬਾਨ, ਜ਼ਿਬਹ ਆਪਣਾ ਆਪ ਕਰਾਈਆ । ਉਸ ਪ੍ਰਭੂ ਤੋਂ ਹੋਵੋ ਕੁਰਬਾਨ, ਜਿਸ ਦੀ ਕੁਰਬਾਨੀ ਦੇ ਕੇ ਗੁਰ ਅਵਤਾਰ ਪੈਗ਼ੰਬਰ ਖ਼ੁਸ਼ੀ ਬਣਾਈਆ । ਨੇਤਰ ਮੀਟ ਧਰੋ ਧਿਆਨ, ਸਾਹਿਬ ਵੇਖੋ ਧੁਰਦਰਗਾਹੀਆ । ਬੁੱਧੀ ਵਿਚ ਨਾ ਰਹੋ ਅੰਞਾਣ, ਮਨਮਤ ਝਗੜਾ ਦਿਉ ਗਵਾਈਆ । ਸਤਿ ਸਚ ਕਰੋ ਪਰਵਾਨ, ਪਰਵਾਨੇ ਬਣ ਕੇ ਦਿਉ ਵਖਾਈਆ । ਨਾਮ ਅੰਮ੍ਰਿਤ ਕਰੋ ਪਾਨ, ਜਗਤ ਪਾਨ ਨਾ ਮੁਖ ਚਖਾਈਆ । ਹੁਕਮ ਮੰਨੋ ਇਕ ਖ਼ਸਮਾਨ, ਸੇਵੋ ਸਿਮਰੋ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਮੇਲਾ ਲਏ ਮਿਲਾਈਆ । ਜੇਠ ਕਹੇ ਉਂਗਲ ਰੱਖੋ ਉਪਰ ਆਪਣੀ ਸ਼ਾਹ ਰਗ, ਪਹਿਲੇ ਪੋਰੇ ਨਾਲ ਦਬਾਈਆ । ਜਗਤ ਕੂੜਾ ਸਮਝੋ ਜਗ, ਮਾਇਆ ਮਮਤਾ ਵਿਚ ਕੁਰਲਾਈਆ । ਤ੍ਰਿਸਨਾ ਵਾਸਨਾ ਵੇਖੋ ਅੱਗ, ਚਾਰ ਕੁੰਟ ਰਹੀ ਜਲਾਈਆ । ਦੀਨ ਦੁਨੀ ਤਕੋ ਹੱਦ, ਹਦੂਦ ਕੂੜੀ ਸੋਭਾ ਪਾਈਆ । ਇਸ ਤੋ ਅੱਗੇ ਵੇਖੋ ਵਧ, ਸੁਰਤੀ ਸ਼ਬਦ ਵਿਚ ਸਮਾਈਆ । ਘਰ ਤਕੋ ਪੁਰਖ ਸਮਰਥ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋ ਲਹਿਣਾ ਦੇਣਾ ਪੂਰਾ ਕਰੇ ਹੱਕ, ਹਕੀਕਤ ਵੇਖੇ ਥਾਉਂ ਥਾਈਂਆ । ਘਰ ਚਲਦਿਆਂ ਮੰਜ਼ਲ ਨਾ ਜਾਣਾ ਥੱਕ, ਪੈਂਡਾ ਪੰਧ ਲੈਣਾ ਮੁਕਾਈਆ । ਪ੍ਰੀਤੀ ਵਿਚ ਸੱਥਰ ਲੈਣਾ ਘਤ, ਅੱਥਰ ਨੀਰ ਨਾ ਕੋਇ ਵਹਾਈਆ । ਆਪੇ ਰੱਖਣਹਾਰਾ ਪਤ, ਪਤਿਪਰਮੇਸ਼ਵਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਜੇਠ ਕਹੇ ਮੇਰੀ ਕਿਥੇ ਉਹ ਕੜਾਹੀ, ਜਿਸ ਵਿਚ ਚੁਰਾਸੀ ਨਜ਼ਰੀ ਆਈਆ । ਉਹ ਪੋਣੀ ਦਿਓ ਫੜਾਈ, ਜਿਸ ਨਾਲ ਗੁਰਮੁਖ ਬਾਹਰ ਲੈਣੇ ਕਢਾਈਆ । ਪਰਸ਼ਾਦ ਉਨ੍ਹਾਂ ਮੁਖ ਲਗਾਈ, ਜੋ ਖਾ ਕੇ ਖ਼ੁਸ਼ੀ ਬਣਾਈਆ । ਜਗਤ ਹਾਰਾਂ ਨਾਲ ਚਤੁਰਾਈ, ਸੋਹਣੇ ਤਨ ਰੰਗਾਈਆ । ਪਾਣੀ ਘੱਟ ਘੁਟ ਪਿਆਈ, ਅੰਮ੍ਰਿਤ ਰਸ ਚਖਾਈਆ । ਇਹ ਵੀ ਅਰਜਨ ਨੇ ਦਿਤੀ ਸੀ ਦੁਹਾਈ, ਵਰਾਟ ਰੂਪ ਵੇਖ ਕੇ ਮਾਰੀਆਂ ਧਹੀਆਂ । ਉਹ ਫਲ ਦਿਉ ਟਿਕਾਈ,

ਦੁਆਬੇ ਵਾਲੇ ਚਾਰੇ ਅੱਗੇ ਆਈਆ । ਅੱਗੇ ਗੁਰਮੁਖ ਬਣੇ ਕੋਇ ਨਾ ਰਾਹੀ, ਮੰਜ਼ਲ ਭੁੱਲੇ ਨਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਅਰਜਨ ਕਹੇ ਮੈਂ ਅਰਜ਼ ਕੀਤੀ ਸੀ ਨਿੱਕੀ, ਲਕੀਰ ਨੱਕ ਨਾਲ ਕਢਾਈਆ । ਕ੍ਰਿਸ਼ਨ ਨੇ ਨੌਂ ਵਾਰ ਲਿਖ ਕੇ ਇੱਕੀ, ਫੇਰ ਦਿਤੀ ਮਿਟਾਈਆ । ਫੇਰ ਧਾਰ ਵਖਾ ਕੇ ਤਿੱਖੀ, ਇਸ਼ਾਰੇ ਨਾਲ ਜਣਾਈਆ । ਧੌਣ ਫੜ ਕੇ ਫੇਰ ਵਖਾਈ ਸਿੱਖੀ, ਸਚ ਦਿਤਾ ਸੁਣਾਈਆ । ਅਰਜਨ ਨੇ ਆਪਣੇ ਅੰਦਰ ਲੇਖਣੀ ਲਿਖੀ, ਕਲਮ ਸ਼ਾਹੀ ਨਾ ਕੋਇ ਲਗਾਈਆ । ਨਾਲੇ ਯਾਦ ਕਰ ਲਈ ਮਿਤੀ, ਪਹਿਲੀ ਜੇਠ ਵੱਜੀ ਵਧਾਈਆ । ਫੇਰ ਵੇਖੀ ਥਿਤੀ, ਸੰਮਤ ਸ਼ਹਿਨਸ਼ਾਹੀ ਰੰਗ ਰੰਗਾਈਆ । ਫੇਰ ਕ੍ਰਿਸ਼ਨ ਵਖਾਈ ਚਿੱਠੀ, ਦੂਰੋਂ ਦਿਤੀ ਪੜ੍ਹਾਈਆ । ਫੇਰ ਜਣਾਈ ਟਿੱਪੀ, ਹਾਹੇ ਉਤੇ ਸੁਹਾਈਆ । ਫੇਰ ਵਸਤ ਅਗੰਮੀ ਦਿਤੀ, ਦੂਰੋਂ ਦਿਤੀ ਵਰਤਾਈਆ । ਫੇਰ ਧਾਰ ਜਣਾਈ ਚਿੱਟੀ, ਨੂਰ ਜੋਤ ਰੁਸ਼ਨਾਈਆ । ਫੇਰ ਬਾਣੀ ਸੁਣਾਈ ਮਿੱਠੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਫੇਰ ਤੱਕਿਆ ਬਿਟਬਿਟੀ, ਅੱਖ ਅੱਖਾਂ ਵਿਚ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਵਖਾਈਆ । ਰੰਗ ਕਹੇ ਮੈਂ ਰੰਗ ਰੂਪ, ਬਿਨ ਰੇਖਾ ਸੋਭਾ ਪਾਈਆ । ਮੈਂ ਆਦਿ ਅੰਤ ਦਾ ਪੂਤ, ਸਚ ਸਰੂਪ ਵਿਚ ਸਮਾਈਆ । ਮੇਰਾ ਲਹਿਣਾ ਚਾਰ ਕੂਟ, ਦਹਿ ਦਿਸ਼ਾ ਵਿਚ ਵਡਿਆਈਆ । ਮੈਂ ਕਦੇ ਨਾ ਜਾਵਾਂ ਊਤ, ਪ੍ਰਭ ਸਿਰ ਮੇਰੇ ਹੱਥ ਰਖਾਈਆ । ਮੈਂ ਸਦਾ ਸੁਹਾਵਾਂ ਰੁਤ, ਜੁਗ ਜੁਗ ਰੁੱਤ ਮਹਿਕਾਈਆ । ਮੈਂ ਭਾਗ ਲਗਾਵਾਂ ਬੁਤ, ਬੁਤਖ਼ਾਨੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਫੇਰਾ ਪਾਈਆ । ਰੰਗ ਕਹੇ ਮੈਂ ਰੰਗ ਰੰਗੀਲਾ, ਰਤੜਾ ਇਕ ਅਖਵਾਈਆ । ਮੇਰਾ ਆਦਿ ਅੰਤ ਦਾ ਇਕ ਵਸੀਲਾ, ਵਸਲ ਯਾਰ ਵਾਲਾ ਸਮਝਾਈਆ । ਮੇਰਾ ਅੰਬਰ ਨੂਰ ਨੀਲਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਮੇਰਾ ਸਤਿ ਸਤਿ ਕਬੀਲਾ, ਗੁਰ ਅਵਤਾਰ ਪੈਗ਼ੰਬਰ ਸੋਭਾ ਪਾਈਆ । ਮੇਰਾ ਨਿਰਗੁਣ ਧਾਰ ਜੀਣਾ, ਸਰਗੁਣ ਰੂਪ ਮਰਨ ਕਦੇ ਨਾ ਆਈਆ । ਮੇਰਾ ਲਹਿਣਾ ਪਾਰ ਲੋਕ ਤੀਨਾ, ਤ੍ਰੈਗੁਣ ਨਾ ਸਕੇ ਸਮਝਾਈਆ । ਮੇਰੀ ਸ਼ਹਾਦਤ ਨਹੀਂ ਜਲ ਮੀਨਾ, ਚੰਦ ਚਕੋਰ ਨਾ ਕੋਇ ਵਡਿਆਈਆ । ਮੈਂ ਕੋਈ ਲਹਿਣੇਦਾਰ ਨਹੀਂ ਕਮੀਨਾ, ਕੋਝਾ ਕਮਲਾ ਨਾ ਰੂਪ ਦਰਸਾਈਆ । ਮੇਰਾ ਆਦਿ ਅੰਤ ਤੋਂ ਸਾਫ਼ ਸੀਨਾ, ਹਿਰਦਾ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਰਿਹਾ ਚੁਕਾਈਆ । ਜੇਠ ਕਹੇ ਕ੍ਰਿਸ਼ਨ ਨੇ ਸੱਜੇ ਹੱਥ ਤੇ ਵੱਢੀ ਦੰਦੀ, ਦੰਦਾਂ ਨਾਲ ਦਬਾਈਆ । ਮੁਖੋਂ ਕਿਹਾ ਕਲਜੁਗ ਸ੍ਰਿਸ਼ਟੀ ਅੰਧੀ, ਜਗ ਨੇਤਰ ਨਾ ਕੋਇ ਰੁਸ਼ਨਾਈਆ । ਧੋਤੀ ਤਹਿਮਤ ਪਹਿਨਣ ਤੰਬੀ, ਤਾਅਬੇਦਾਰੀ ਨਾ ਕੋਇ ਸਮਝਾਈਆ । ਜੋਤ ਅਕਾਲਣ ਨਾ ਮਿਲੇ ਅੰਮੜੀ ਅੰਮੀ, ਪਿਤਾ ਪੂਤ ਨਾ ਗੋਦ ਉਠਾਈਆ । ਫੇਰ ਫਿਰਕੇ ਪੈਰੀ ਨੰਗੀ, ਚਰਨ ਕੰਡਿਆਂ ਉਤੇ ਟਿਕਾਈਆ । ਫੇਰ ਵੇਖਕੇ ਪਵਣ ਠੰਡੀ, ਸਾਹ ਸਾਹ ਵਿਚ ਮਿਲਾਈਆ । ਫੇਰ ਤੱਕਿਆ ਔਹ ਸੂਰਬੀਰ ਪ੍ਰਭ ਦਾ ਨੂਰ ਜੋਧਾ ਜੰਗੀ, ਬਹਾਦਰ ਇਕੋ ਨਜ਼ਰੀ ਆਈਆ । ਜਿਸ ਨੇ ਦੀਨ ਦੁਨੀ ਇਕੱਠੀ ਕਰਨੀ ਵੰਡੀ, ਜ਼ਾਤ ਪਾਤ ਦਾ ਲੇਖਾ ਦਏ ਮੁਕਾਈਆ । ਚਰਨ ਦਵਾਰ ਦਰਸਾਏ ਜਮਨਾ ਗੰਗੀ, ਸੁਰਸਤੀ ਗੋਦਾਵਰੀ ਧੂੜ ਛਾਰ ਰਮਾਈਆ । ਖ਼ੁਸ਼ੀ ਵਿਚ ਕਿਹਾ ਪੰਜ ਛੇ ਦੀ ਆਯੂ ਲੰਬੀ, ਸਮਾਂ ਸਮੇਂ ਨਾਲ ਠੁਕਰਾਈਆ । ਓਸ ਵੇਲੇ ਧਰਨੀ ਕੰਬੀ, ਥਰ ਥਰਾਹਟ ਵਿਚ

ਦੁਹਾਈਆ । ਕਾਹਨਾ ਬਿਨਾ ਤੇਰੇ ਕਾਹਨ ਤੋਂ ਦੁਨੀਆ ਹੋਣੀ ਡੰਬੀ, ਸਤਿ ਸਰੂਪ ਨਾ ਕੋਇ ਵਖਾਈਆ । ਮੇਰੀ ਆਸਾ ਮੰਗ ਰਹੀ ਮੰਗੀ, ਮਾਂਗਤ ਹੋ ਕੇ ਝੋਲੀ ਡਾਹੀਆ । ਕਲਜੁਗ ਅੰਤਮ ਉਹ ਧਾਰ ਨਿਰੰਕਾਰ ਆਵੇ ਜਿਹੜੀ ਮਾਤ ਕੁੱਖ ਨਾ ਜੰਮੀ, ਗਰਭਵਾਸ ਨਾ ਕੋਇ ਰਖਾਈਆ । ਜਿਹੜੀ ਕਿਸੇ ਨੂੰ ਕਹੇ ਨਾ ਅੰਮਾ ਮੰਮੀ, ਅੱਬਾਜਾਨ ਨਾ ਕਹਿ ਬੁਲਾਈਆ । ਖੇਲ ਹੋਵੇ ਇਕ ਨਵੀਂ, ਨਵ ਚਾਰ ਨਾ ਕੋਇ ਜਣਾਈਆ । ਅਰਜ਼ ਅਰਜ਼ੋਈ ਇਕ ਮੰਨੀਂ, ਮਨਸਾ ਦਿਤੀ ਸਮਝਾਈਆ । ਸੁਣਿਆ ਬਚਨ ਕੰਨੀਂ, ਸੰਦੇਸਾ ਸਹਿਜ ਸੁਭਾਈਆ । ਧਰਨੀ ਰੋ ਪਈ ਛੰਮ ਛੰਮੀ, ਛਹਿਬਰ ਹੰਝੂਆਂ ਵਾਲੀ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਹੁਕਮ ਵਰਤਾਈਆ । ਧਰਨੀ ਧਰਮ ਦਾ ਦਏ ਦਿਲਾਸਾ, ਸੀਤਲ ਸਚ ਜਣਾਈਆ । ਪ੍ਰਭੂ ਪ੍ਰੇਮ ਪਿਆਸਾ, ਜੁਗ ਜੁਗ ਵੇਸ ਵਟਾਈਆ । ਪੂਰੀ ਕਰੇ ਆਸਾ, ਤ੍ਰਿਸ਼ਨਾ ਦਏ ਗਵਾਈਆ । ਖ਼ਾਲੀ ਭਰੇ ਕਾਸਾ, ਵਸਤ ਅਗੰਮ ਵਰਤਾਈਆ । ਉਹਦਾ ਖੇਲ ਅਲੱਖਣਾ ਅਲਾਖਾ, ਲਖ ਸਕੇ ਕੋਇ ਨਾ ਰਾਈਆ । ਉਹ ਆਦਿ ਤੋਂ ਜੋਤੀ ਜਾਤਾ, ਜੋਤੀ ਜੋਤ ਨੂਰ ਰੁਸ਼ਨਾਈਆ । ਤੈਨੂੰ ਦੁਨੀਆ ਕਹਿੰਦੀ ਧਰਤੀ ਮਾਤਾ, ਧਵਲ ਤੇਰੀ ਚਤੁਰਾਈਆ । ਪਰ ਤੂੰ ਵੀ ਉਸਨੂੰ ਮੰਨਣਾ ਆਪਣਾ ਬਾਪਾ, ਪਿਤਾ ਪੁਰਖ ਅਕਾਲ ਸੀਸ ਨਿਵਾਈਆ । ਉਹ ਵੇਖੇ ਜ਼ਰੂਰ ਕਲਜੁਗ ਖੇਲ ਤਮਾਸ਼ਾ, ਨਿਰਗੁਣ ਆਪਣਾ ਫੇਰਾ ਪਾਈਆ । ਤੇਰੀ ਮੰਜ਼ਲ ਪੂਰੀ ਕਰੇ ਵਾਟਾ, ਅਗਲਾ ਪੰਧ ਰਹੇ ਨਾ ਰਾਈਆ । ਪਰ ਯਾਦ ਰੱਖੀਂ ਇਕ ਵੇਰਾਂ ਗੋਬਿੰਦ ਅੰਮ੍ਰਿਤ ਦੇਣ ਆਵੇ ਬਾਟਾ, ਜਗਤ ਰਸ ਚਖਾਈਆ । ਫੇਰ ਨਿਰਗੁਣ ਨੂਰ ਕਰ ਪ੍ਰਕਾਸ਼ਾ, ਅੰਧ ਅੰਧੇਰਾ ਦਏ ਗਵਾਈਆ । ਸੰਬਲ ਕਰਕੇ ਆਪਣਾ ਵਾਸਾ, ਵਾਸਤਾ ਇਕੋ ਨਾਲ ਜਣਾਈਆ । ਅਵਤਾਰ ਪੈਗ਼ੰਬਰ ਗੁਰੂ ਜੋ ਚਾਰ ਜੁਗ ਦੀਆਂ ਸ਼ਾਖਾਂ, ਸ਼ਨਾਖਤ ਕਰੇ ਚਾਈਂ ਚਾਈਂਆ । ਸਤਿ ਧਰਮ ਦਾ ਬਣ ਕੇ ਰਾਖਾ, ਤੇਰੀ ਰੱਖਿਆ ਕਰੇ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ । ਜੇਠ ਕਹੇ ਮੇਰੀ ਥਿਤ ਵਾਰ ਵਾਰਤਾ ਅਨੋਖੀ, ਵੱਖ ਵੱਖ ਸਮਝਾਈਆ । ਮੇਰੀ ਧਾਰ ਲਿਖੀ ਕਿਸੇ ਨਾ ਪੋਥੀ, ਪੁਸਤਕ ਸਕੇ ਨਾ ਕੋਇ ਸਮਝਾਈਆ । ਜੁਗ ਬੀਤੇ ਕੋਟਨ ਕੋਟੀ, ਕਾਲ ਗਏ ਵਿਹਾਈਆ । ਜੋ ਅਵਤਾਰ ਪੈਗ਼ੰਬਰ ਗੁਰੂ ਆਇਆ ਸੋ ਖਾ ਕੇ ਗਿਆ ਰੋਟੀ, ਰਸਨਾ ਰਸ ਚਖਾਈਆ । ਨਿਰਗੁਣ ਧਾਰ ਰਿਹਾ ਕੋਇ ਨਾ ਜੋਤੀ, ਪੰਜ ਤਤ ਤਤ ਸਮਾਈਆ । ਦੀਨ ਮਜ਼੍ਹਬ ਮਾਨਵ ਵੰਡ ਧਰਮ ਧਾਰ ਦੇ ਦੋਸ਼ੀ, ਦੁਸ਼ਮਣ ਨਾਮ ਨਾਮ ਸਮਝਾਈਆ । ਅੱਖਰ ਵਿਦਿਆ ਜਗਤ ਪੜ੍ਹਦਾ ਕੋਸ਼ੀ, ਸਿਫ਼ਤਾਂ ਵਿਚ ਸਾਲਾਹੀਆ । ਪੁਰਖ ਅਕਾਲਾ ਦੀਨ ਦਿਆਲਾ ਬਿਨਾ ਜ਼ਬਾਨ ਤੋਂ ਸਦਾ ਰੱਖੇ ਖ਼ਾਮੋਸ਼ੀ, ਸ਼ਬਦ ਸ਼ਬਦ ਨਾਲ ਜਣਾਈਆ । ਤਨ ਮਾਟੀ ਵਜੂਦ ਸੋਹੇ ਕੋਇ ਨਾ ਪੋਸ਼ੀ, ਪੋਸ਼ੀਦਾ ਆਪਣਾ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਦਇਆ ਕਮਾਈਆ । ਦਇਆ ਧਾਰ ਪ੍ਰਭ ਆ ਗਿਆ, ਅਚਨ ਅਚੇਤ ਅਚੱਲ । ਨਿਰਗੁਣ ਨੂਰ ਜੋਤ ਜਗਾ ਗਿਆ, ਗਹਿਰ ਗੰਭੀਰ ਅਛਲ ਅਛੱਲ । ਲੱਖ ਚੁਰਾਸੀ ਭਰਮ ਭੁਲਾ ਗਿਆ, ਜਨ ਭਗਤ ਉਧਾਰੇ ਘੜੀ ਪਲ । ਚਾਰ ਕੁੰਟ ਵੇਖ ਵਖਾ ਗਿਆ, ਲੇਖਾ ਜਾਣੇ ਮਹੀਅਲ ਜਲ ਥਲ । ਕੂੜ ਕੁੜਿਆਰਾ ਡੰਕ ਵਜਾ ਗਿਆ, ਹਉਮੇ ਹੰਗਤਾ ਵਿਕਾਰ ਉਠਾ ਕੇ ਦਲ । ਰਾਓ ਰੰਕ ਭੁਲਾ ਗਿਆ, ਨਿਹਚਲ ਧਾਮ ਬੈਠ ਅਟਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ

ਕਰਨੀ ਕਾਰ ਕਮਾ ਗਿਆ । ਕਰਨੀ ਕਾਰ ਕਮਾਵਣ ਆਇਆ, ਜੇਠ ਜਲੰਦਾ ਮੀਤ । ਭੇਵ ਅਭੇਦ ਖੁਲ੍ਹਾਵਣ ਆਇਆ, ਹਰਿ ਸਾਚਾ ਤ੍ਰੈਗੁਣ ਅਤੀਤ । ਜਨ ਭਗਤ ਸੁਹੇਲੇ ਮੇਲ ਮਿਲਾਵਣ ਆਇਆ, ਸ਼ਬਦ ਗੁਰਦੇਵਾ ਹੋ ਕੇ ਬੀਚ । ਦਰ ਸਾਚੇ ਆਪ ਬਹਾਵਣ ਆਇਆ, ਪਰਦਾ ਲਾਹ ਸਾਹਿਬ ਅਨਡੀਠ । ਭੇਵ ਅਭੇਦ ਖੁਲ੍ਹਾਵਣ ਆਇਆ, ਆਤਮ ਪਰਮਾਤਮ ਦੱਸ ਕੇ ਗੀਤ । ਅੰਧ ਅੰਧੇਰਾ ਗਵਾਵਣ ਆਇਆ, ਗ੍ਰਿਹ ਮੰਦਰ ਜਗਾ ਕੇ ਦੀਪ । ਸਚ ਮਾਰਗ ਸਮਝਾਵਣ ਆਇਆ, ਸਤਿਜੁਗ ਸਾਚੀ ਰੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਲੇਖਾ ਮੁਕਾ ਕੇ ਹਸਤ ਕੀਟ । ਹਸਤ ਕੀਟ ਨਾ ਰਾਓ ਰੰਕਾ, ਨਾ ਕੋਇ ਰਾਜ ਰਾਜਾਨ । ਸਾਹਿਬ ਸਤਿ ਸਵਾਮੀ ਦਵਾਰ ਬੰਕਾ, ਇਕੋ ਪਰਮ ਪੁਰਖ ਮਿਹਰਵਾਨ । ਚਰਨ ਪ੍ਰੀਤੀ ਸਾਚੀ ਸੰਗਤਾ, ਸੰਗਲ ਸ਼ਰਅ ਕਟਾਣ । ਗੜ੍ਹ ਤੋੜ ਹਉਮੇ ਹੰਗਤਾ, ਹੰ ਬ੍ਰਹਮ ਦਏ ਗਿਆਨ । ਸਹਿਸਾ ਲਾਹ ਕੇ ਮਨ ਕਾ, ਮਨਸਾ ਮੇਟੇ ਸ਼ੈਤਾਨ । ਰਸ ਰਹਿਣ ਨਾ ਦੇਵੇ ਕੰਨ ਕਾ, ਅੰਤਰ ਅੰਤਰ ਬਖ਼ਸ਼ੇ ਧਿਆਨ । ਕਰ ਪ੍ਰਕਾਸ਼ ਅਗੰਮੀ ਨੂਰ ਚੰਨ ਦਾ, ਲੇਖਾ ਮੁਕਾਏ ਕੋਟਨ ਭਾਨ । ਲਹਿਣਾ ਝੋਲੀ ਪਾਏ ਜਨ ਭਗਤਾਂ ਵਾਲੇ ਦਮ ਦਾ, ਦਾਮਨਗੀਰ ਹੋ ਸ੍ਰੀ ਭਗਵਾਨ । ਲੇਖਾ ਰਹੇ ਨਾ ਹਰਖ ਸੋਗ ਗ਼ਮ ਦਾ, ਚਿੰਤਾ ਚਿਖਾ ਮਿਟੇ ਜਹਾਨ । ਪਿਛਲਾ ਵੇਲਾ ਗਿਆ ਲੰਘਦਾ, ਅੱਗੇ ਹੁਕਮ ਫ਼ਰਮਾਨ । ਜਗਤ ਲੇਖਾ ਹੋਣਾ ਤੰਗ ਦਾ, ਗ੍ਰਿਹ ਗ੍ਰਿਹ ਹੋਏ ਹੈਰਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਾਚਾ ਵਡ ਮਿਹਰਵਾਨ । ਕ੍ਰਿਸ਼ਨ ਕਹੇ ਮੈਂ ਦਿਤਾ ਇਕ ਸੰਦੇਸਾ ਝਟ, ਯੁਧਿਸ਼ਟਰ ਝਟਕੇ ਨਾਲ ਉਠਾਈਆ । ਜਿਸ ਵੇਲੇ ਸੰਮਤ ਸ਼ਹਿਨਸ਼ਾਹੀ ਜਾਏ ਟੱਪ, ਟਾਪੂ ਵੇਖ ਜਗਤ ਲੋਕਾਈਆ । ਮਾਇਆ ਡਸਨੀ ਡੱਸੇ ਸਭ ਨੂੰ ਸੱਪ, ਜ਼ਹਿਰ ਕਹਿਰ ਵਰਤਾਈਆ । ਪੈਗ਼ੰਬਰਾਂ ਫਲ ਜਾਣਾ ਪੱਕ, ਸਦੀ ਸਦੀਵੀ ਦਏ ਗਵਾਹੀਆ । ਖੇਲ ਕਰਨਾ ਪੁਰਖ ਸਮਰਥ, ਹਰਿ ਵਡੇ ਵਡ ਵਡਿਆਈਆ । ਸ਼ਬਦੀ ਧਾਰ ਪਾ ਕੇ ਨੱਥ, ਸ੍ਰਿਸ਼ਟੀ ਬੰਨ੍ਹੇ ਥਾਉਂ ਥਾਈਂਆ । ਕਿਸੇ ਦੇ ਰਹੇ ਕਿਛ ਨਾ ਹੱਥ, ਜੋਰੂ ਜ਼ਰ ਨਾ ਕੋਇ ਚਤੁਰਾਈਆ । ਸਤਿ ਧਰਮ ਦਾ ਸੱਥਰ ਵਿਛ ਜਾਏ ਸੱਥ, ਕੂੜ ਕੂੜ ਵੱਜੇ ਵਧਾਈਆ । ਇਹ ਖੇਲ ਵੇਖਣਾ ਪ੍ਰਭੂ ਨਾਲ ਅਗੰਮੀ ਅੱਖ, ਬਿਨ ਨੈਣਾਂ ਨੈਣ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਕ੍ਰਿਸ਼ਨ ਕਿਹਾ ਜਿਸ ਵੇਲੇ ਸੰਮਤ ਸ਼ਹਿਨਸ਼ਾਹੀ ਛੇ ਆਵੇ, ਆਵਤ ਆਵਤ ਆਵਤ ਖ਼ੁਸ਼ੀ ਮਨਾਈਆ । ਸਤਾਰਾਂ ਹਾੜ ਥਿਤ ਸੁਹਾਵੇ, ਰੁਤੜੀ ਰੁਤ ਮਹਿਕਾਈਆ । ਪ੍ਰਭੂ ਚਰਨ ਧੂੜੀ ਹਰਿ ਸੰਗਤ ਨਹਾਵੇ, ਦੁਰਮਤ ਮੈਲ ਗਵਾਈਆ । ਤੂੰ ਹੀ ਮਾਤਾ ਪਿਤਾ ਗਾਵੇ, ਖ਼ੁਸ਼ੀਆਂ ਰਾਗ ਜਣਾਈਆ । ਗੁਰਮੁਖ ਇਕ ਦੂਜੇ ਨੂੰ ਹੱਸ ਹੱਸ ਬੁਲਾਵੇ, ਗਿਲਾ ਅੰਦਰ ਰਹੇ ਨਾ ਰਾਈਆ । ਹਰਿ ਸੰਗਤ ਨੌਂ ਪ੍ਰਦੱਖਣਾ ਲੈ ਕੇ ਨੌਂ ਦਵਾਰ ਦਾ ਡੇਰਾ ਢਾਵੇ, ਨਵ ਨੌਂ ਖ਼ੁਸ਼ੀ ਮਨਾਈਆ । ਆਤਮ ਪਰਮਾਤਮ ਇਕੋ ਪ੍ਰੀਤਮ ਰਾਵੇ, ਜੋ ਰਵ ਰਿਹਾ ਸਰਬ ਠਾਈਂਆ । ਜੂਠੇ ਝੂਠੇ ਛਡ ਕੇ ਦਾਅਵੇ, ਮਾਇਆ ਮਮਤਾ ਮੋਹ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਆਪ ਜਣਾਈਆ । ਸਤਾਰਾਂ ਹਾੜ ਕਹੇ ਮੈਂ ਆਉਂਦਾ ਆਉਂਦਾ ਭੱਜਾ, ਭਾਜੜ ਵੇਖਾਂ ਜਗਤ ਲੋਕਾਈਆ । ਹਰਿ ਸੰਗਤ ਪੂਰਨ ਅੱਖਰ ਲਿਖਿਆ ਹੋਵੇ ਹੱਥ ਸੱਜਾ, ਹਥੇਲੀ ਲਾਲ ਲਾਲ ਨਾਲ ਛੁਹਾਈਆ । ਅੱਗੇ ਦੱਸਣੀ ਏਸ ਦੀ ਵਜਹ, ਭੇਵ ਭੇਵ ਵਿਚੋਂ ਖੁਲ੍ਹਾਈਆ । ਸਭ ਦੇ ਖੱਬੇ ਹੱਥ

ਵਿਚ ਹੋਵੇ ਕਾਗ਼ਜ਼ ਚਿੱਟੇ ਰੰਗ ਦਾ ਬੱਗਾ, ਕਾਨਾ ਸਾਢੇ ਤਿੰਨ ਹੱਥ ਲੰਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਰੰਗ ਰੰਗਾਈਆ । ਚਿੱਟਾ ਕਾਗ਼ਜ਼ ਨੌਂ ਦਸ ਇੰਚ ਧਾਰ ਹੋਵੇ, ਤੂਲ ਅਰਜ਼ ਵਡਿਆਈਆ । ਗੁਰਮੁਖ ਸਾਢੇ ਤਿੰਨ ਘੰਟੇ ਕੋਇ ਨਾ ਸੋਵੇ, ਸੋਹਣਾ ਵਕਤ ਦਏ ਸਮਝਾਈਆ । ਵਿਰਾਗ ਵਿਚ ਕੋਇ ਨਾ ਰੋਵੇ, ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰਬ੍ਰਹਮ ਪ੍ਰਭ ਅਲਖ ਅਭੇਵੇ, ਭੇਵ ਅਭੇਦ ਸਕੇ ਕੋਇ ਨਾ ਪਾਈਆ ।

ਚਿੱਟੇ ਬਸਤਰ ਕਾਲਾ ਠੱਪਾ, ਜਨਮ ਜਨਮ ਜਨਮ ਕਰਮ ਗਵਾਈਆ । ਜਿਸ ਦੀ ਮਿਰਤੂ ਹੋਣੀ ਸੀ ਲੜ ਕੇ ਸੱਪਾ, ਮਹੀਨਾ ਜੇਠ ਲੰਘਣ ਨਾ ਪਾਈਆ । ਉਸ ਦਾ ਲਹਿਣਾ ਦੇਣਾ ਲੇਖਾ ਪੂਰਾ ਕੀਤਾ ਪੂਰਬ ਜਨਮ ਦਾ ਬਚਨ ਹੋਇਆ ਸੱਚਾ, ਰਾਮਦਾਸ ਗੁਰ ਦਏ ਗਵਾਹੀਆ । ਬਾਲ ਅਵਸਥਾ ਬਾਲੀ ਬੱਚਾ, ਬਚਪਨ ਬਚਪਨ ਵਿਚੋਂ ਬਣਾਈਆ । ਭਾਂਡਾ ਭੱਜਣ ਨਹੀਂ ਦਿਤਾ ਕੱਚਾ, ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੀਤ ਸਪੁੱਤਰੀ ਜਨਮ ਦਾਨ ਫੇਰ ਦਿਤਾ, ਦੇ ਕੇ ਆਪਣੀ ਦਇਆ ਕਮਾਈਆ ।



੪੬੮ ੨੨

## ✪ ੧੦ ਜੇਠ ਸ਼ਹਿਨਸ਼ਾਹੀ ਸੰਮਤ ੬ ਮਹਿੰਗਾ ਸਿੰਘ ਦੇ ਗ੍ਰਹਿ ਪਿੰਡ ਹਰੀਪੁਰ ਜ਼ਿਲਾ ਜਲੰਧਰ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਬੇਨਜ਼ੀਰੀ, ਨਿਰਗੁਣ ਨਿਰਵੈਰ ਨਜ਼ਰ ਸਭ ਦੀ ਦੇ ਬਦਲਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡਾ ਵਕਤ ਅਖ਼ੀਰੀ, ਪਰਵਰਦਿਗਾਰ ਸਾਂਝੇ ਯਾਰ ਦਈਏ ਜਣਾਈਆ । ਸ਼ਬਦੀ ਧਾਰ ਅੰਦਰ ਲੇਖਾ ਲਿਖ ਤਹਰੀਰੀ, ਸ਼ਾਹ ਹਕੀਰੀ ਵੇਖ ਵਖਾਈਆ । ਚਾਰ ਜੁਗ ਦੀ ਸ਼ਰਅ ਤੋੜ ਜ਼ੰਜੀਰੀ, ਕਲਜੁਗ ਕੂੜੀ ਕਿਰਿਆ ਡੇਰਾ ਢਾਹੀਆ । ਸਤਿਜੁਗ ਸਾਚਾ ਧਰਮ ਹੋਵੇ ਤਾਮੀਰੀ, ਧਰਨੀ ਧਰਤ ਧਵਲ ਧੌਲ ਵੱਜੇ ਵਧਾਈਆ । ਅੰਮ੍ਰਿਤ ਰਸ ਬਖ਼ਸ਼ ਦੇ ਸੀਰੀ, ਆਬੇਹਯਾਤ ਨੀਰ ਪਿਆਈਆ । ਕਿਸੇ ਦੀ ਰਹੇ ਨਾ ਮੀਰੀ ਪੀਰੀ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਜੋ ਆਸਾ ਰੱਖ ਕੇ ਗਿਆ ਕਬੀਰੀ, ਕਬਰਾਂ ਤੋਂ ਬਾਹਰ ਸੁਣਾਈਆ । ਦੀਨ ਦੁਨੀ ਮੇਟ ਦਿਲਗੀਰੀ, ਦੀਨ ਦਿਆਲ ਹੋਣਾ ਸਹਾਈਆ । ਦੀਨ ਮਜ਼੍ਹਬ ਰਹੇ ਨਾ ਕਿਸੇ ਜਗੀਰੀ, ਮਾਲਕ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਬੇਨੰਤੀ ਅਰਦਾਸ ਪ੍ਰਭੂ ਅੰਤ, ਅੰਤਸ਼ਕਰਨ ਵੇਖ ਖ਼ਲਕ ਖ਼ੁਦਾਈਆ । ਤੂੰ ਸਾਹਿਬ ਸਵਾਮੀ ਭਗਵੰਤ, ਭਗਵਨ ਤੇਰੀ ਬੇਪਰਵਾਹੀਆ । ਜੁਗ ਚੌਕੜੀ ਤੇਰਾ ਖੇਲ ਬੇਅੰਤ, ਅੰਤ ਕਹਿਣ ਕੋਇ ਨਾ ਪਾਈਆ । ਧਿਆਨ ਲਗਾਉਂਦੇ ਗਏ ਸੰਤ, ਸਾਜਣ ਹੋ ਕੇ ਖੋਜ ਖੁਜਾਈਆ । ਪਤਿਪਰਮੇਸ਼ਵਰ ਬਣ ਕੇ ਕੰਤ, ਕੰਤ ਕੰਤੂਹਲ ਪੜਦਾ ਦੇ ਉਠਾਈਆ । ਦੀਨ

ਦੁਨੀ ਦਾ ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਦੇ ਸਮਝਾਈਆ । ਬੋਧ ਅਗਾਧੀ ਬਣ ਕੇ ਪੰਡਤ, ਵਿਦਿਆ ਅਗੰਮ ਦੇਣੀ ਜਣਾਈਆ । ਮਾਨਵ ਜ਼ਾਤੀ ਤੇਰੀ ਸੰਗਤ, ਸ਼ਬਦੀ ਧਾਰ ਮੇਲ ਮਿਲਾਈਆ । ਲੇਖਾ ਪੂਰਾ ਕਰ ਦੇ ਪੁਰਖ ਅਕਾਲੇ ਵਿਚ ਆਪਣੇ ਸੰਮਤ, ਸਮਾਂ ਸਮੇਂ ਵਿਚੋਂ ਬਦਲਾਈਆ । ਹਉਮੇ ਰੋਗ ਰਹੇ ਨਾ ਚਿੰਤ, ਕਿਰਿਆ ਕੂੜ ਦੇਣੀ ਗਵਾਈਆ । ਤੇਰੇ ਨਾਮ ਕਲਮੇ ਦਾ ਰਹੇ ਕੋਇ ਨਾ ਨਿੰਦਕ, ਦੁਰਮਤ ਦੁਰਾਚਾਰ ਨਾ ਕੋਇ ਵਡਿਆਈਆ । ਮਨੂਆ ਕਰੇ ਕੋਇ ਨਾ ਇੱਲਤ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਇਕੋ ਸ਼ਬਦ ਗੁਰਦੇਵ ਸਤਿਗੁਰ ਹੋਵੇ ਹਿੰਮਤ, ਹੌਸਲਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅੰਤ ਕੰਤ ਸੰਦੇਸ਼ਾ, ਸ਼ਹਿਨਸ਼ਾਹ ਸੁਣਾਈਆ । ਤੂੰ ਜੁਗ ਜੁਗ ਰਹੇਂ ਹਮੇਸ਼ਾ, ਨਿਤ ਨਵਿਤ ਆਪਣਾ ਖੇਲ ਖਿਲਾਈਆ । ਭੇਵ ਖੁਲ੍ਹਾ ਦੇ ਸਚਖੰਡ ਅਗੰਮੇ ਦੇਸਾ, ਪੜਦਾ ਥਿਰ ਰਹੇ ਨਾ ਰਾਈਆ । ਝਗੜਾ ਮੁਕਾ ਦੇ ਪੰਡਤ ਮੁੱਲਾ ਸ਼ੇਖ਼ਾਂ, ਇਕੋ ਨੂਰ ਦੇਣਾ ਚਮਕਾਈਆ । ਆਪਣੇ ਹੱਥ ਰੱਖ ਆਪਣਾ ਲੇਖਾ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਸਤਿਜੁਗ ਸਾਚੇ ਰਹੇ ਕੋਇ ਨਾ ਭਰਮ ਭੁਲੇਖਾ, ਭਾਂਡਾ ਭਰਮ ਦੇਣਾ ਭੰਨਾਈਆ । ਦੀਨ ਮਜ਼੍ਹਬ ਦਾ ਦੇਣਾ ਕਿਸੇ ਨਹੀਂ ਠੇਕਾ, ਠਾਕਰ ਹੋ ਕੇ ਆਪਣਾ ਹੁਕਮ ਵਰਤਾਈਆ । ਤੂੰ ਆਦਿ ਅੰਤ ਦਾ ਏਕਾ, ਏਕੰਕਾਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅੰਤ ਅਖ਼ੀਰੀ ਕਹਿਣਾ, ਸ਼ਬਦੀ ਧਾਰ ਸੁਣਾਈਆ । ਤੇਰਾ ਖੇਲ ਵੇਖਣਾ ਬਿਨ ਨੈਣਾਂ, ਨੈਨ ਨੈਨ ਰੁਸ਼ਨਾਈਆ । ਤੇਰਾ ਭਾਣਾ ਸਭ ਨੇ ਸਹਿਣਾ, ਨਾ ਕੋਇ ਮੇਟੇ ਮੇਟ ਮਿਟਾਈਆ । ਕਲਜੁਗ ਕੂੜ ਕੁੜਿਆਰਾ ਬੁਰਜ਼ ਢਹਿਣਾ, ਹਉਮੇ ਹੰਗਤਾ ਹੋਏ ਸਫ਼ਾਈਆ । ਕੂੜੀ ਕਿਰਿਆ ਵਹਿਣ ਵਹਿਣਾ, ਚਾਰ ਕੁੰਟ ਦੁਹਾਈਆ । ਬਿਨ ਤੇਰੇ ਦਿਸੇ ਕੋਇ ਨਾ ਸਾਕ ਸੈਣਾ, ਸੱਜਣ ਮੀਤ ਨਾ ਕੋਇ ਅਖਵਾਈਆ । ਸਦੀ ਚੌਧਵੀਂ ਨਾਤਾ ਤੁਟਣਾ ਭਾਈ ਭੈਣਾਂ, ਪਿਤਾ ਪੂਤ ਨਾ ਗੋਦ ਸੁਹਾਈਆ । ਚਾਰੋਂ ਕੁੰਟ ਅੰਧੇਰੀ ਰੈਣਾਂ, ਨਿਰਗੁਣ ਜੋਤ ਨਾ ਕੋਇ ਰੁਸ਼ਨਾਈਆ । ਸਭ ਦਾ ਪੂਰਬ ਪਰਮ ਪੁਰਖ ਪ੍ਰਭ ਦੇਣਾ, ਦੇ ਦੇ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਲੇਖ ਅਗੰਮੀ ਤੱਕ, ਤਕਵਾ ਅੰਤ ਰਖਾਈਆ । ਹਕੀਕਤ ਝੋਲੀ ਪਾ ਦੇ ਹੱਕ, ਲਾਸ਼ਰੀਕ ਤੇਰੀ ਸਰਨਾਈਆ । ਸਾਡੇ ਸਭ ਦੇ ਖ਼ਾਲੀ ਹੱਥ, ਪਲੂ ਗੰਢ ਨਾ ਕੋਇ ਬੰਧਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਨਾਮ ਦਾ ਚਲਾਇਆ ਰਥ, ਹੁਕਮ ਸੰਦੇਸ਼ੇ ਮਾਤ ਸੁਣਾਈਆ । ਮਹਿਮਾ ਦੱਸੀ ਅਕਥ, ਭੇਵ ਅਭੇਦਾ ਇਕ ਪਰਗਟਾਈਆ । ਅੰਤਮ ਸਾਡੀ ਹੋਈ ਬਸ, ਬਸਤੇ ਸਭ ਨੇ ਲਏ ਬੰਧਾਈਆ । ਦੋ ਜਹਾਨਾਂ ਆਪੇ ਨੱਸ, ਨਵ ਸੱਤ ਖੋਜ ਖੁਜਾਈਆ । ਸਭ ਕਿਛ ਫੜਾਇਆ ਤੇਰੇ ਹੱਥ, ਤੇਰਾ ਤੇਰੇ ਅੱਗੇ ਟਿਕਾਈਆ । ਵੇਖੀਂ ਸਦੀ ਚੌਧਵੀਂ ਅੱਗੇ ਨਾ ਜਾਵੇ ਟੱਪ, ਟਾਪੂਆਂ ਵਾਲੇ ਦੇਣ ਦੁਹਾਈਆ । ਕੌਲ ਇਕਰਾਰ ਪੂਰਾ ਹੋਇਆ ਪੱਕ, ਪੱਕੀ ਗੰਢ ਨਾ ਕੋਇ ਖੁਲ੍ਹਾਈਆ । ਤੂੰ ਸਾਹਿਬ ਸਵਾਮੀ ਸਮਰਥ, ਬੇਅੰਤ ਤੇਰੀ ਸਰਨਾਈਆ । ਝਟ ਗੋਬਿੰਦ ਪਿਆ ਹੱਸ, ਸਚਖੰਡ ਆਪਣੀ ਖ਼ੁਸ਼ੀ ਬਣਾਈਆ । ਦੀਨ ਦਿਆਲ ਵੇਖ ਲੈ ਅੱਖ, ਅੱਖ ਮੇਰੇ ਨਾਲ ਮਿਲਾਈਆ । ਲੱਖ ਦਾ ਲੱਖ ਰਿਹਾ ਨਾ ਕੱਖ, ਕੱਖ ਲੱਖ ਨਾ ਕੋਇ ਜਣਾਈਆ । ਜੋ ਮਾਰਗ ਆਇਆ ਦੱਸ, ਦਹਿ ਦਿਸ਼ਾ

ਸ਼ਨਵਾਈਆ । ਉਸ ਦਾ ਲਏ ਕੋਇ ਨਾ ਰਸ, ਰਸਤਾ ਭੁੱਲਿਆ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਚੁਕਾਈਆ । ਗੋਬਿੰਦ ਕਹੇ ਮੇਰੀ ਵੇਖ ਹਥੇਲੀ, ਬਿਨ ਹੱਥਾਂ ਹੱਥ ਜਣਾਈਆ । ਤੁਧ ਬਿਨ ਅਵਰ ਕੋਇ ਨਾ ਬੇਲੀ, ਬੇਲਿਆਂ ਜੰਗਲਾਂ ਵਿਚ ਆਇਆ ਸੁਣਾਈਆ । ਤੇਰੀ ਖੇਲ ਸਦਾ ਨਵੇਲੀ, ਨਿਰੰਕਾਰ ਤੇਰੀ ਚਤੁਰਾਈਆ । ਗੁਰਮੁਖ ਮੇਰੇ ਮੇਰੇ ਨਾਲ ਮੇਲੀਂ, ਮਿਲ ਕੇ ਵਿਛੜ ਕੋਇ ਨਾ ਜਾਈਆ । ਔਹ ਤਕ ਲੈ ਨਾਨਕ ਟੋਪੀ ਸੇਲੀ, ਸਰਗੁਣ ਰਹੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਸਤ ਅਮੋਲਕ ਇਕ ਵਰਤਾਈਆ । ਗੋਬਿੰਦ ਕਿਹਾ ਮੇਰਾ ਇਕ ਇਸ਼ਾਰਾ, ਬਿਨ ਸੈਨਤ ਦਿਆਂ ਜਣਾਈਆ । ਔਹ ਵੇਖ ਆਪਣਾ ਕਿਨਾਰਾ, ਨਈਆ ਡੋਲੇ ਥਾਉਂ ਥਾਈਂਆ । ਕਿਸੇ ਦਾ ਰਿਹਾ ਨਾ ਕੋਇ ਸਹਾਰਾ, ਸਿਰ ਹੱਥ ਨਾ ਕੋਇ ਟਿਕਾਈਆ । ਸਿੱਖ ਸਿੱਖ ਨੂੰ ਕਹੇ ਗ਼ੱਦਾਰਾ, ਗੋਬਿੰਦ ਦਾ ਭੈ ਨਾ ਕੋਇ ਜਣਾਈਆ । ਮੇਰੇ ਪੁਰਖ ਅਕਾਲ ਦੀਨ ਦਿਆਲ ਮੈਂ ਤੇਰਾ ਸੁਤ ਦੁਲਾਰਾ, ਸ਼ਬਦ ਸ਼ਬਦ ਅਖਵਾਈਆ । ਨਿਰਗੁਣ ਧਾਰ ਹੋ ਦੁਬਾਰਾ, ਦੋਹਰੀ ਆਪਣੀ ਕਾਰ ਕਮਾਈਆ । ਨਵ ਸੱਤ ਪਾਵਾਂ ਸਾਰਾ, ਮਹਾਂਸਾਰਥੀ ਹੋ ਕੇ ਤੇਰਾ ਰਥ ਚਲਾਈਆ । ਲਹਿਣਾ ਦੇਣਾ ਪੂਰਾ ਕਰਕੇ ਜੁਗ ਚਾਰਾ, ਚੌਥਾ ਜੁਗ ਫੇਲ ਫੁਲਾਈਆ । ਤੇਰੇ ਪਿਆਰ ਦਾ ਇਕੋ ਹੋਵੇ ਦਵਾਰਾ, ਦਵਾਰਕਾ ਵਾਸੀ ਜਿਥੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰ ਦਇਆ ਕਮਾਈਆ । ਗੋਬਿੰਦ ਕਿਹਾ ਮੈਂ ਦੱਸਾਂ ਭੇਵ ਅਵੱਲਾ, ਅਗੰਮ ਅਥਾਹ ਜਣਾਈਆ । ਪੁਰਖ ਅਕਾਲ ਵੇਖ ਲੈ ਪੱਲਾ, ਕੰਨੀ ਗੰਢ ਨਾ ਕੋਇ ਬੰਧਾਈਆ । ਤੇਰਾ ਨੂਰ ਇਲਾਹੀ ਅੱਲਾ, ਆਲਮੀਨ ਤੇਰੀ ਬੇਪਰਵਾਹੀਆ । ਮੇਰਾ ਕੌਲ ਇਕਰਾਰ ਨਿਹਚਲ ਧਾਮ ਅਟੱਲਾ, ਦੂਜੀ ਭੂਮਿਕਾ ਨਾ ਕੋਇ ਦਰਸਾਈਆ । ਅੰਤ ਤੇਰੇ ਦਵਾਰੇ ਖਲਾ, ਖ਼ਾਲਕ ਖ਼ਲਕ ਰੰਗ ਰੰਗਾਈਆ । ਸਦੀ ਚੌਧਵੀਂ ਅੰਤ ਕਰਾਵਾਂ ਹੱਲਾ, ਹੁਕਮ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਰ ਆਪਣਾ ਇਕ ਜਣਾਈਆ । ਪੁਰਖ ਅਕਾਲ ਕਹੇ ਗੋਬਿੰਦ ਪ੍ਰੇਮ ਵਿਚ ਲਏ ਅੰਗੜਾਈ, ਮੁਹੱਬਤ ਵਿਚ ਵਡਿਆਈਆ । ਜੇਹੜਾ ਬੂਟਾ ਪੁੱਟ ਕੇ ਆਇਉਂ ਕਾਹੀ, ਕਾਇਨਾਤ ਜੜ੍ਹ ਉਖੜਾਈਆ । ਸ਼ਬਦੀ ਖੇਲ ਜਗਤ ਪਏ ਦੁਹਾਈ, ਹਾਹਾਕਾਰ ਲੋਕਾਈਆ । ਕਲਜੁਗ ਬਦਲ ਦੇਵੇ ਸ਼ਾਹੀ, ਸ਼ਹਿਨਸ਼ਾਹ ਆਪਣਾ ਹੁਕਮ ਸੁਣਾਈਆ । ਸਭ ਦੀ ਮੰਜ਼ਲ ਪੂਰੀ ਕਰੇ ਜੋ ਚਾਰ ਜੁਗ ਦੇ ਰਾਹੀ, ਪੈਂਡਾ ਪੰਧ ਮੁਕਾਈਆ । ਧੁਰ ਸੰਦੇਸ਼ਾ ਦੇਵੇ ਥਾਉਂ ਥਾਈਂ, ਥਾਨ ਥਨੰਤਰ ਖੋਜ ਖੁਜਾਈਆ । ਸਚ ਖੇਲ ਵੇਖਣਾ ਚਾਈਂ, ਚਾਓ ਘਨੇਰਾ ਇਕ ਦ੍ਰਿੜਾਈਆ । ਮੇਲਾ ਮਿਲਣਾ ਧੁਰ ਦੇ ਮਾਹੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਰਦਾ ਇਕ ਉਠਾਈਆ । ਪੁਰਖ ਅਕਾਲ ਕਿਹਾ ਗੋਬਿੰਦ ਮਾਛੂਵਾੜਾ ਕਰ ਲੈ ਯਾਦ, ਪੂਰਬ ਦਿਆਂ ਜਣਾਈਆ । ਜਿਸ ਧਾਰ ਲਿਆ ਅਰਾਧ, ਹਿਰਦੇ ਹਰਿ ਵਸਾਈਆ । ਭੇਵ ਪਾ ਕੇ ਬੋਧ ਅਗਾਧ, ਬੁੱਧੀ ਤੋਂ ਪਰੇ ਕੀਤੀ ਸ਼ਨਵਾਈਆ । ਉਸ ਦਾ ਲਹਿਣਾ ਵੇਖ ਆਜ, ਥਿਤ ਵਾਰ ਦਏ ਸਮਝਾਈਆ । ਭਗਤੀ ਧਾਰ ਬਦਲ ਸਮਾਜ, ਸਮਿਗਰੀ ਨਾਮ ਇਕ ਵਰਤਾਈਆ । ਤਖ਼ਤ ਨਿਵਾਸੀ ਪਹਿਨ ਕੇ ਤਾਜ, ਤਾਜਾਂ ਵਾਲੇ ਦਏ ਖਪਾਈਆ । ਤੇਰਾ ਪੂਰਨ ਕਰਕੇ ਕਾਜ, ਕਰਨੀ ਕਰਤਾ ਵੇਖ ਵਖਾਈਆ । ਜੇਹੜੀ ਮੈਂ ਪ੍ਰੇਮ ਵਿਚ ਕਟੀ ਰਾਤ, ਰੁਤੜੀ ਇਕ ਮਹਿਕਾਈਆ । ਇਕ ਕੀੜੀ


੪੭੦
੨੨

ਵਾਲੀ ਸੌਗਾਤ, ਪਦਾਰਥ ਦੁਆਬੇ ਵਿਚ ਭਰਾਈਆ । ਗੋਬਿੰਦ ਹੋਰ ਵੇਖ ਬਿਨ ਅੱਖਰਾਂ ਵਾਲੀ ਕਿਤਾਬ, ਬਿਨ ਕੁਤਬਖ਼ਾਨੇ ਫੋਲ ਫੁਲਾਈਆ । ਸਚਖੰਡ ਦੀ ਤੱਕ ਮਹਿਰਾਬ, ਮਹਿਬੂਬ ਰਿਹਾ ਦਰਸਾਈਆ । ਜਿਸ ਵਿਚੋਂ ਅਗੰਮੀ ਨਿਕਲੇ ਅਵਾਜ਼, ਰਸਨਾ ਜਿਹਵਾ ਨਾ ਕੋਇ ਸੁਣਾਈਆ । ਉਹਦਾ ਪੰਜਵਾਂ ਹਿੱਸਾ ਤੇ ਪੰਜਵਾਂ ਬਾਬ, ਪੰਜਵੀਂ ਸਤਰ ਸਤਰ ਸਮਝਾਈਆ । ਜਿਥੇ ਨਹੀਂ ਕੋਈ ਆਵਾਜ਼, ਧੁਨ ਨਾਦ ਨਾ ਕੋਇ ਸ਼ਨਵਾਈਆ । ਇਕੋ ਬੈਠਾ ਪ੍ਰੇਮੀ ਤੇਰਾ ਸਾਧ, ਸੰਤ ਸੁਹੇਲਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਗੋਬਿੰਦ ਕਹੇ ਮੈਂ ਸ਼ਬਦੀ ਧਿਆਨ ਧਰਿਆ, ਜਗਤ ਬੁਧੀ ਨਾ ਕੋਇ ਚਤੁਰਾਈਆ । ਖੇਲ ਵੇਖਿਆ ਨਰਾਇਣ ਨਰਿਆ, ਨਰ ਹਰਿ ਦਿਤਾ ਦਰਸਾਈਆ । ਜੇਹੜਾ ਦਾਦੂ ਦੇ ਦਿਹੁਰੇ ਦਾਦੂ ਦਾ ਸਾਥੀ ਗੋਬਿੰਦ ਚਰਨ ਲੱਗ ਕੇ ਤਰਿਆ, ਨੌਂ ਵਾਰ ਸੀਸ ਝੁਕਾਈਆ । ਗੋਬਿੰਦ ਉਸ ਨੂੰ ਬਾਹੋਂ ਫੜਿਆ, ਫੜ ਬਾਹੋਂ ਗਲੇ ਲਗਾਈਆ । ਉਹ ਝਟ ਗੋਦੀ ਦੇ ਵਿਚ ਵੜਿਆ, ਗਲਵਕੜੀ ਗਲ ਵਿਚ ਪਾਈਆ । ਤੂੰ ਮੇਰਾ ਮੈਂ ਤੇਰਾ ਪਿਤਾ ਪੂਤ ਦਾ ਢੋਲਾ ਪੜ੍ਹਿਆ, ਖ਼ੁਸ਼ੀ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਹੁਕਮ ਸੁਣਾਈਆ । ਗੋਬਿੰਦ ਕਹੇ ਦਾਦੂ ਦਾ ਸੰਗੀ ਜਿਸ ਦਾ ਨਾਂ ਸਾਰੇ ਕਹਿੰਦੇ ਵਾਧੂ, ਵਾਹਵਾ ਖੇਲ ਖਿਲਾਈਆ । ਨੌ ਕੋਲ ਰੱਖਦਾ ਸੀ ਸਦਾ ਕਾਜੂ, ਨੌਂ ਸਾਲ ਨਾ ਮੁਖ ਲਗਾਈਆ । ਬੰਨ੍ਹਦਾ ਸੀ ਨਾਲ ਸੱਜੇ ਬਾਜ਼ੂ, ਬਾਜ਼ਾਂ ਵਾਲੇ ਆਸ ਤਕਾਈਆ । ਜਿਸ ਵੇਲੇ ਆਵੇ ਮੇਰਾ ਸਾਹਿਬ ਮੇਰਾ ਬਣ ਕੇ ਆਗੂ, ਆਗਮਨ ਵਿਚ ਰਾਹ ਤਕਾਈਆ । ਉਹਦੇ ਨਾਮ ਦਾ ਮੇਰੇ ਉਤੇ ਹੋਵੇ ਜਾਦੂ, ਜਾਦਵ ਬੰਸ ਦਾ ਪਿਛਲਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਰਦਾ ਆਪ ਚੁਕਾਈਆ । ਗੋਬਿੰਦ ਆ ਗਿਆ ਨਾਲ ਪਿਆਰ, ਪ੍ਰੇਮ ਵਿਚ ਵਡਿਆਈਆ । ਵਾਧੂ ਨੇ ਕਰਕੇ ਨਿਮਸਕਾਰ, ਨੌਂ ਕਾਜੂ ਅੱਗੇ ਦਿਤੇ ਟਿਕਾਈਆ । ਗੋਬਿੰਦ ਦੇ ਸਹਾਰ, ਫੜ ਬਾਹੋਂ ਲਿਆ ਉਠਾਈਆ । ਉਸ ਹੱਸ ਕੇ ਕਿਹਾ ਵਾਹ ਯਾਰਾਂ ਦੇ ਯਾਰ, ਤੇਰੀ ਯਾਰੀ ਬੇਪਰਵਾਹੀਆ । ਜੇ ਤੁੱਠਾ ਮੈਨੂੰ ਆਪਣੀ ਮੰਜ਼ਲ ਚਾੜ੍ਹ, ਦਰ ਆਪਣਾ ਇਕ ਸੁਹਾਈਆ । ਗੋਬਿੰਦ ਇਸ਼ਾਰਾ ਕੀਤਾ ਅਜੇ ਜ਼ਿੰਦਗੀ ਵੇਖ ਹੋਰ ਦਿਨ ਚਾਰ, ਜੁਗ ਚੌਥੇ ਸਮਝਾਈਆ । ਜਿਸ ਵੇਲੇ ਖੇਲ ਕਰੇ ਮੇਰਾ ਕਰਤਾਰ, ਹਰਿ ਕਰਤਾ ਧੁਰਦਰਗਾਹੀਆ । ਮੈਂ ਸ਼ਬਦੀ ਧਾਰ ਆਵਾਂ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਬੈਠਣ ਸੀਸ ਨਿਵਾਈਆ । ਤੇਰਾ ਲਹਿਣਾ ਦੇਣਾ ਕਰਜ਼ਾ ਦੇਵਾਂ ਉਤਾਰ, ਉੱਤਰ ਪੂਰਬ ਪੱਛਮ ਦੱਖਣ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਵਾਧੂ ਕਿਹਾ ਮੇਰੇ ਨਾਲ ਕਰ ਵਾਅਦਾ, ਸਚ ਸਚ ਸੁਣਾਈਆ । ਦਾਦੂ ਕਿਹਾ ਗੋਬਿੰਦ ਕਦੇ ਨਾ ਹੋਵੇਂ ਅਲਾਹਿਦਾ, ਵੱਖਰਾ ਘਰ ਨਾ ਕੋਇ ਸੁਣਾਈਆ । ਗੋਬਿੰਦ ਕਿਹਾ ਮੈਂ ਅੰਤਰ ਲਵਾਂ ਜਾਇਜ਼ਾ, ਜਾਇਜ਼ ਆਪਣੀ ਕਾਰ ਕਮਾਈਆ । ਤੈਨੂੰ ਮਰਨਾ ਪਏ ਤੇ ਦੁੱਖ ਹੋਵੇ ਹੈਜ਼ਾ, ਤਨ ਵਜੂਦ ਦਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਵਾਧੂ ਕਿਹਾ ਮੈਂ ਮਰਨਾ ਤੇਰੀ ਹੁਕਮ ਦੀ ਧਾਰ, ਮਰਨਾ ਮਿਰਤ ਰਹੇ ਨਾ ਰਾਈਆ । ਜਾਵਾਂ ਸਚ ਸੱਚੇ ਦਰਬਾਰ, ਦਰਗਹਿ ਸਾਚੀ ਸੋਭਾ ਪਾਈਆ । ਕਰਕੇ ਨਿਮਸਕਾਰ, ਮੱਥਾ ਚਰਨਾਂ ਉਤੇ ਘਸਾਈਆ । ਗੋਬਿੰਦ ਥਪਕੀ ਦਿਤੀ ਵਾਰ ਦੋ ਚਾਰ, ਹੱਥ ਪੁਸ਼ਤ ਪਨਾਹ ਟਿਕਾਈਆ ।

ਤੇਰਾ ਲੇਖਾ ਅਗੰਮ ਅਪਾਰ, ਆਪਣੇ ਵਿਚ ਛੁਪਾਈਆ । ਜਨਮ ਲੈਣਾ ਪਏ ਵਿਚ ਸੰਸਾਰ, ਆਉਣਾ ਚਾਈਂ ਚਾਈਂਆ । ਇਹ ਖੇਲ ਹਰਿ ਕਰਤਾਰ, ਕਰਨੀ ਦਾ ਕਰਤਾ ਰਿਹਾ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਗੋਬਿੰਦ ਕਿਹਾ ਕੀ ਆਉਣਾ ਚਾਹੇਂ ਮਾਤ, ਜਨਮ ਜਨਮ ਬਦਲਾਈਆ । ਵਾਧੂ ਕਿਹਾ ਤੂੰ ਹੀ ਪਿਤਾ ਤੂੰ ਹੀ ਮਾਤ, ਹਉਂ ਬਾਲਕ ਇਕ ਅਖਵਾਈਆ । ਤੇਰਾ ਤੇਰੇ ਦਰ ਹੋਵੇ ਸਾਥ, ਸਗਲਾ ਸੰਗ ਬਣਾਈਆ । ਗੋਬਿੰਦ ਕਿਹਾ ਮੈਂ ਸ਼ਬਦ ਗੁਰੂ ਮੇਰਾ ਖੇਲ ਅਗੰਮ ਸਮਾਜ, ਸਮਝ ਸਕੇ ਕੋਇ ਨਾ ਰਾਈਆ । ਤਤਾਂ ਵਾਲੀ ਤੇਰੀ ਪੂਰੀ ਕਰਾਂ ਆਸ, ਖ਼ਾਹਸ਼ ਖ਼ਾਹਸ਼ ਵਿਚ ਸਮਾਈਆ । ਤੇਰਾ ਲਹਿਣਾ ਦੇਣਾ ਰੱਖ ਕੇ ਆਪਣੇ ਹਾਥ, ਹੱਥੋ ਹੱਥ ਚੁਕਾਈਆ । ਜੋੜ ਜੁੜੇ ਨਾਲ ਪੁਰਖ ਸਮਰਾਥ, ਧੁਰ ਸਾਹਿਬ ਹੋਏ ਸਹਾਈਆ । ਮੇਰੇ ਨਾਮ ਦਾ ਧੁਰ ਦੇ ਸ਼ਬਦ ਦਾ ਅਗੰਮੀ ਨਾਦਾਂ ਦਾ ਵਜਦਾ ਹੋਏ ਨਾਦ, ਨਾਦ ਨਾਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਦੇਸ਼ਾ ਇਕ ਸੁਣਾਈਆ । ਗੋਬਿੰਦ ਕਿਹਾ ਸਚ ਨਿਭਾਵਾਂ ਪ੍ਰੀਤ, ਪ੍ਰੀਤਮ ਹੋ ਕੇ ਦਿਆਂ ਜਣਾਈਆ । ਜਿਸ ਵੇਲੇ ਸਦੀ ਜਾਵੇ ਬੀਤ, ਚੌਧਵੀਂ ਵੇਸ ਵਟਾਈਆ । ਪੁਰਖ ਅਕਾਲਾ ਦੱਸੇ ਗੀਤ, ਢੋਲਾ ਅਗੰਮ ਅਥਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਬਦਲੇ ਰੀਤ, ਰੀਤੀਵਾਨ ਹੋਏ ਸਹਾਈਆ । ਸਤਿ ਸਚ ਦੀ ਬਖ਼ਸ਼ ਪ੍ਰੀਤ, ਪ੍ਰੀਤਮ ਹੋ ਕੇ ਵੇਸ ਵਟਾਈਆ । ਤੇਰਾ ਪਿਤਾ ਹੋਵੇ ਸੁਰਜੀਤ, ਸਿੰਘ ਸਿੰਘ ਨਾਲ ਵਡਿਆਈਆ । ਚੋਲੀ ਚਾੜ੍ਹ ਰੰਗ ਮਜੀਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਵਾਧੂ ਕਿਹਾ ਕੀ ਕੀਤਾ ਕੌਲ ਇਕਰਾਰ, ਇਕ ਵਾਰ ਸੁਣਾਈਆ । ਗੋਬਿੰਦ ਕੀਤਾ ਇਸ਼ਾਰ, ਮਾਛੂਵਾੜੇ ਦਿਤਾ ਵਖਾਈਆ । ਕੀੜੀ ਦਾ ਦੇ ਉਧਾਰ, ਭਰਮ ਦਿਤਾ ਚੁਕਾਈਆ । ਜਿਸ ਵੇਲੇ ਇਹ ਆਵੇ ਵਿਚ ਸੰਸਾਰ, ਲੋਕਮਾਤ ਵੱਜੇ ਵਧਾਈਆ । ਦੋ ਧਾਰ ਵਿਚ ਧਾਰ ਹੋਵੇ ਉਜਿਆਰ, ਦੋ ਦੋਆਬਾ ਮੇਲ ਮਿਲਾਈਆ । ਕਾਇਆ ਕਾਅਬਾ ਇਕ ਵਖਾਲ, ਮਹੱਲ ਅਟੱਲ ਕਰੇ ਰੁਸ਼ਨਾਈਆ । ਉਸ ਵੇਲੇ ਸੁਰਤ ਲੈਣੀ ਸੰਭਾਲ, ਸੰਬਲ ਵਸੇ ਧੁਰ ਦਾ ਮਾਹੀਆ । ਜਿਸ ਨੂੰ ਪੋਹ ਨਾ ਸਕੇ ਕਾਲ, ਮਹਾਂਕਾਲ ਸੀਸ ਨਿਵਾਈਆ । ਉਹ ਖੇਲ ਕਰੇ ਕਮਾਲ, ਕਲ ਕਲਕੀ ਨਾਉਂ ਪਰਗਟਾਈਆ । ਕੂੜੀ ਕਿਰਿਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਹੁਕਮ ਸੁਣਾਈਆ । ਗੋਬਿੰਦ ਕਿਹਾ ਸ਼ਬਦ ਗੁਰੂ ਗੁਰਦੇਵਾ, ਆਤਮਾ ਦੇਵ ਜਣਾਈਆ । ਸਾਚਾ ਨਾਮ ਅੰਮ੍ਰਿਤ ਮੇਵਾ, ਰਸ ਇਕੋ ਇਕ ਵਖਾਈਆ । ਜਿਸ ਨੂੰ ਚੱਖ ਨਾ ਸਕੇ ਜਿਹਵਾ, ਬੱਤੀ ਦੰਦ ਨਾ ਕੋਇ ਵਡਿਆਈਆ । ਓਹ ਮਿਲੇ ਧਾਮ ਨਿਹਚਲ ਨਿਹਕੇਵਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਹੁਕਮ ਵਰਤਾਈਆ । ਗੋਬਿੰਦ ਕਿਹਾ ਤੇਰਾ ਮੇਰਾ ਕੌਲ ਇਕ ਇਕਰਾਰਾ, ਅਕਲ ਬੁੱਧੀ ਤੋਂ ਬਾਹਰ ਜਣਾਈਆ । ਸ਼ਬਦੀ ਹੁਕਮ ਦੇ ਇਸ਼ਾਰਾ, ਸਹਿਜ ਨਾਲ ਸੁਣਾਈਆ । ਤੇਰਾ ਹੋ ਕੇ ਤੇਰੀ ਪਾਵਾਂ ਸਾਰਾ, ਸਿਰ ਤੇਰੇ ਹੱਥ ਟਿਕਾਈਆ । ਸੁਤ ਦਾ ਸੁਤ ਬਣਾ ਦੁਲਾਰਾ, ਸੂਤਰਧਾਰੀ ਖੋਜ ਖੁਜਾਈਆ । ਤੇਰਾ ਨਾਮ ਹੋਵੇ ਗੁਰ ਅਵਤਾਰਾ, ਸਿੰਘ ਅੱਖਰ ਸੰਗ ਰਖਾਈਆ । ਦੁਆਬੇ ਵਾਲਿਆਂ ਨਾਲ ਵਰਤਾਰਾ, ਪੂਰਬ ਪਿਛਲਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਸਾਚਾ ਮੇਲਾ ਮਿਲਿਆ ਮਿਲਾਪ,

ਹਰਿ ਕਰਤਾ ਆਪ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅੰਤ ਅੰਤ ਤੇਰਾ ਇਕੋ ਜਾਪ, ਆਖ਼ਰ ਅਖ਼ੀਰ ਨਜ਼ਰੀ ਆਈਆ । ਕੂੜੀ ਕਿਰਿਆ ਮੇਟ ਸੰਤਾਪ, ਹਉਮੇ ਰੋਗ ਰਹੇ ਨਾ ਰਾਈਆ । ਦੀਨ ਦੁਨੀ ਦੀ ਦ੍ਰਿਸ਼ਟੀ ਕਰ ਪਾਕ, ਪਤਿਤ ਪੁਨੀਤ ਆਪ ਕਰਾਈਆ । ਤੂੰ ਸਭ ਦਾ ਮਾਈ ਬਾਪ, ਪੁਰਖ ਅਕਾਲ ਤੇਰੀ ਸਰਨਾਈਆ । ਝਗੜਾ ਰਹੇ ਨਾ ਕੋਇ ਜ਼ਾਤ, ਮਜ਼੍ਹਬ ਦੀਨ ਨਾ ਕੋਇ ਲੜਾਈਆ । ਮਾਨਵ ਮਾਨਵ ਕਰ ਇਤਫ਼ਾਕ, ਮੇਲਾ ਮੇਲ ਸਹਿਜ ਸੁਭਾਈਆ । ਸਭ ਦਾ ਪੂਰਾ ਕਰ ਭਵਿਖਤ ਵਾਕ, ਵਾਹਵਾ ਤੇਰੀ ਇਕ ਸਰਨਾਈਆ । ਸਤਿਜੁਗ ਸਾਚਾ ਖੁੱਲ੍ਹਾ ਰਹੇ ਤਾਕ, ਦਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰਾ ਵਕਤ ਸੁਹੰਜਣਾ, ਸੋਭਾਵੰਤ ਰਮਣੀਕ । ਪੁਰਖ ਅਬਿਨਾਸ਼ੀ ਆਦਿ ਨਿਰੰਜਣਾ, ਤੇਰੇ ਹੱਥ ਹੱਕ ਤੌਫ਼ੀਕ । ਕਲਜੁਗ ਕੂੜਾ ਮਾਤ ਵੰਞਣਾ, ਦੂਜਾ ਰਹੇ ਨਾ ਕੋਇ ਸ਼ਰੀਕ । ਸਤਿਜੁਗ ਸਾਚਾ ਧਰਨੀ ਲੱਗਣਾ, ਕਿਰਪਾ ਕਰ ਤ੍ਰੈਗੁਣ ਅਤੀਤ । ਤੇਰਾ ਦੀਪਕ ਜੋਤ ਜਗਣਾ, ਖੇਲ ਦੱਸ ਅਨਡੀਠ । ਸਭ ਨੂੰ ਧੂੜੀ ਕਰਾ ਮਜਣਾ, ਅੰਤਰ ਰਹੇ ਨਾ ਕੌੜਾ ਰੀਠ । ਪੁਰਖ ਅਕਾਲ ਧੁਰ ਦੇ ਸੱਜਣਾ, ਚਾੜ੍ਹ ਰੰਗ ਮਜੀਠ । ਝਗੜਾ ਰਹੇ ਨਾ ਮਾਟੀ ਬਦਨਾ, ਬਦੀ ਦੀ ਅੰਦਰ ਰਹੇ ਨਾ ਰੀਤ । ਮਮਤਾ ਵਿਚ ਪਏ ਨਾ ਤਪਣਾ, ਕਾਇਆ ਕਰਦੇ ਠਾਂਡੀ ਸੀਤ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰਾ ਇਕੋ ਨਾਉਂ ਸਭ ਨੇ ਜਪਣਾ, ਧੁਰ ਦਾ ਕਲਮਾ ਹੱਕ ਹਦੀਸ । ਜਨ ਭਗਤ ਸੁਹੇਲਾ ਸਾਥ ਰੱਖਣਾ, ਝਗੜਾ ਰਹੇ ਨਾ ਊਚ ਨੀਚ । ਜਿਸ ਦਾ ਖੇੜਾ ਸਦਾ ਵਸਣਾ, ਸੋ ਤੇਰੇ ਚਰਨਾਂ ਹੋਵੇ ਵਸਨੀਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਸਦਾ ਸਦ ਸਦਾ ਸਦ, ਆਪਣਾ ਨਾਮ ਕਰੇਂ ਬਖ਼ਸ਼ੀਸ਼ ।

### ੧੧ ਜੇਠ ਸ਼ਹਿਨਸ਼ਾਹੀ ਸੰਮਤ ੬ ਬੀਬੀ ਹਰਭਜਨ ਕੌਰ ਦੇ ਗ੍ਰਿਹ ਪਿੰਡ ਹਰੀਪੁਰ ਜ਼ਿਲਾ ਜਲੰਧਰ

ਭੋਲਾ ਨਾਥ ਆਇਆ ਉਤੋਂ ਕੈਲਾਸ਼, ਕਾਲੀ ਜਟਾ ਜੂਟ ਵਖਾਈਆ । ਸਦਾ ਲਾ ਪੁਰਖ ਅਬਿਨਾਸ਼, ਅਲਖ ਅਲਖ ਦਿਤਾ ਸੁਣਾਈਆ । ਨੇਤਰ ਮੀਟ ਤੱਕ ਪ੍ਰਕਾਸ਼, ਪਰਾ ਪਸੰਤੀ ਤੋਂ ਪਰੇ ਵੇਖ ਵਖਾਈਆ । ਤ੍ਰਿਸ਼ੂਲ ਸੁੱਟ ਕੇ ਤੱਕਿਆ ਆਕਾਸ਼, ਮੰਡਲ ਮੰਡਪ ਖੋਜ ਖੁਜਾਈਆ । ਫੇਰ ਵੇਖਿਆ ਹਰ ਘਟ ਵਾਸ, ਲੱਖ ਚੁਰਾਸੀ ਰਿਹਾ ਸਮਾਈਆ । ਚਰਨ ਪ੍ਰੀਤੀ ਜੋੜ ਕੇ ਨਾਤ, ਮਸਤਕ ਧੂੜੀ ਖ਼ਾਕ ਰਮਾਈਆ । ਮੇਰੀ ਰਹੀ ਕੋਈ ਨਾ ਲਾਸ਼, ਤਨ ਤਤ ਨਾ ਕੋਇ ਦਰਸਾਈਆ । ਮੈਂ ਸ਼ਬਦ ਧਾਰ ਦਾ ਦਾਸ, ਦਾਸੀ ਦਾਸ ਸੇਵ ਕਮਾਈਆ । ਇਕ ਇਕ ਕਰ ਵਿਸਵਾਸ਼, ਵਿਸ਼ਾ ਤੇਰਾ ਨਾਮ ਅਪਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਤੇਰੀ ਬੇਪਰਵਾਹੀਆ । ਸ਼ੰਕਰ ਕਹੇ ਮੈਂ ਵੇਖ ਅਗੰਮਾ ਸੁਖ, ਆਪਣੀ ਖ਼ੁਸ਼ੀ ਬਣਾਈਆ । ਸ੍ਰਿਸ਼ਟੀ ਵੇਖ ਕੇ ਦੁੱਖ, ਹੈਰਤ ਵਿਚ ਆਪਣਾ ਆਪ ਭੁਲਾਈਆ । ਇਕ ਸੱਤ ਦੀ ਧਾਰ ਮਰਦੇ ਵਿਚ ਕੁੱਖ, ਜਨਮ ਪੂਰ ਨਾ ਕੋਇ ਕਰਾਈਆ । ਇਕ ਅਕੱਤੀ ਅਧ ਵਿਚੋਂ ਜਾਂਦੇ ਟੁੱਟ, ਟੁੱਟਿਆਂ ਗੰਢ ਨਾ ਕੋਇ ਪਵਾਈਆ । ਦੋ ਸੱਠ ਜਨਨੀ ਘਰ ਜੰਮਦੇ ਸੁਤ , ਪੁੱਤਰ ਧੀ ਨਾ ਵੰਡ ਵੰਡਾਈਆ । ਪੁਰਖ ਅਕਾਲ ਦੀਨ ਦਿਆਲ ਮੈਂ ਇਕੋ ਵਾਰ ਰਿਹਾ ਪੁਛ, ਨਿਉਂ ਕੇ ਸੀਸ

ਨਿਵਾਈਆ । ਪਿਛੇ ਕਾਲ ਬੀਤੇ ਚੌਕੜੀਆਂ ਨਾਲ ਜੁਗ, ਸਮਾਂ ਸਮੇਂ ਵਿਚੋਂ ਬਦਲਾਈਆ । ਮੈਨੂੰ ਸਮਝ ਨਹੀਂ ਆਈ ਕੀ ਖੇਲ ਤੇਰਾ ਕੁਝ, ਕਰਨੀ ਦੇ ਕਰਤੇ ਦੇਣਾ ਦਰਸਾਈਆ । ਮੈਂ ਰੱਖੀ ਨਹੀਂ ਕੋਈ ਬੁਧ, ਅਕਲ ਵਾਲੀ ਨਾ ਕੋਇ ਚਤੁਰਾਈਆ । ਦਰ ਠਾਂਡੇ ਜਾਵੇ ਝੁਕ, ਨਿਉਂ ਨਿਉਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਪੁਰਖ ਅਕਾਲ ਕਿਹਾ ਭੋਲੇ ਨਾਥ ਵੇਖਿਆ ਤੇਰਾ ਜੋਗ, ਜਟਾ ਜੂਟ ਦਿਆਂ ਜਣਾਈਆ । ਦੀਨ ਦੁਨੀ ਦਾ ਵੇਖਿਆ ਸੋਗ, ਚਿੰਤਾ ਵਿਚ ਕੁਰਲਾਈਆ । ਪੰਜ ਤਤ ਸਰੀਰ ਦੇ ਵਿਚ ਨੌਂ ਸੌ ਨੜਿਨਵੇ ਕਰੋੜ ਦਾ ਰੋਗ, ਮੇਟ ਸਕੇ ਕੋਇ ਨਾ ਰਾਈਆ । ਕਿਸੇ ਆਇਆ ਨਹੀਂ ਵਿਚ ਬੋਧ, ਧਨੰਤਰ ਇਸ਼ਾਰੇ ਨਾਲ ਸਮਝਾਈਆ । ਖੋਜ ਥੱਕੇ ਚੌਦਾਂ ਲੋਕ, ਪੈਗ਼ੰਬਰ ਤਬਕਿਆਂ ਵਿਚ ਸਬਕ ਪੜ੍ਹਾਈਆ । ਮੈਂ ਬਹਿ ਕੇ ਆਪਣੀ ਵਿਚ ਮੌਜ਼, ਖੇਲ ਧੁਰ ਦਾ ਰਿਹਾ ਖਿਲਾਈਆ । ਇਹ ਮੇਰੀ ਧਰਮ ਧਾਰ ਦੀ ਫ਼ੌਜ, ਸ਼ੰਕਰ ਤੇਰੀ ਵੀ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਭੇਵ ਅਭੇਦਾ ਇਕ ਖੁਲ੍ਹਾਈਆ । ਸ਼ੰਕਰ ਮਸਤਕ ਧਰ ਕੇ ਹੱਥ, ਅੱਖੀਂ ਮੀਟ ਧਿਆਨ ਲਗਾਈਆ । ਵਾਹ ਪੁਰਖ ਸਮਰਥ, ਤੇਰੀ ਬੇਪਰਵਾਹੀਆ । ਮੈਨੂੰ ਇੱਕੀਵਾਂ ਹਿੱਸਾ ਦਿਤਾ ਦੱਸ, ਜਿਸ ਨਾਲ ਲੱਖ ਚੁਰਾਸੀ ਲੇਖਾ ਦੇਵਾਂ ਮੁਕਾਈਆ । ਪੁਰਖ ਅਕਾਲ ਹੋਰ ਖੋਲ੍ਹੀ ਅੱਖ, ਪੜਦਾ ਦਿਤਾ ਚੁਕਾਈਆ । ਉਠ ਵੇਖ ਪ੍ਰਤਖ, ਸਾਹਿਬ ਇਕ ਗੁਸਾਈਆਂ । ਜਿਸ ਦਾ ਗਾਉਣਾ ਜਸ, ਸਿਫ਼ਤਾਂ ਵਿਚ ਸਾਲਾਹੀਆ । ਸਭ ਤੋਂ ਬੈਠਾ ਵੱਖ, ਗ੍ਰਿਹ ਮੰਦਰ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਹਰਿ ਕਰਤਾ ਬੇਪਰਵਾਹੀਆ । ਸ਼ੰਕਰ ਨਿਉਂ ਕਰੀ ਨਿਮਸਕਾਰੀ, ਨਮੋਂ ਸੀਸ ਨਿਵਾਈਆ । ਪੁਰਖ ਅਕਾਲ ਸ਼ਬਦ ਅਗੰਮੀ ਚਪੇੜ ਮਾਰੀ, ਤਨ ਵਜੂਦ ਦਿਤਾ ਹਿਲਾਈਆ । ਨਿਗਹ ਮਾਰ ਨੌਂ ਸੌ ਨੜਿਨਵੇਂ ਕਰੋੜ ਧਰਮ ਧਾਰ ਦੀ ਬੀਮਾਰੀ, ਹਿਕਮਤ ਵਿਚ ਸਮਝ ਵਿਚ ਕਿਸੇ ਨਾ ਆਈਆ । ਮੈਂ ਖੇਲ ਕਰਾਂ ਬ੍ਰਹਮ ਬਣਾ ਸੰਸਾਰੀ, ਭੰਡਾਰੀ ਵਿਸ਼ਨੂੰ ਨਾਲ ਬਣਾਈਆ । ਸ਼ੰਕਰ ਤੂੰ ਜਾਂਦਾ ਸੰਘਾਰੀ, ਸੰਘਾਰਨ ਵਾਲਿਆ ਅੰਤ ਤੂੰ ਵੀ ਰਹਿਣ ਨਾ ਪਾਈਆ । ਮੇਰਾ ਖੇਲ ਵੱਖਰਾ ਵੱਖਰੀ ਕਾਰੀ, ਕਰਨੀ ਦਾ ਕਰਤਾ ਹੋ ਕੇ ਆਪਣਾ ਹੁਕਮ ਵਰਤਾਈਆ । ਕਲਜੁਗ ਅੰਤ ਸਤਿਜੁਗ ਸਚ ਬਣ ਦਰਬਾਰੀ, ਦਰਬਾਰ ਆਪਣਾ ਦੇਣਾ ਲਗਾਈਆ । ਇਕੋ ਹੁਕਮ ਇਕੋ ਸ਼ਬਦ ਇਕੋ ਨਾਮ ਇਕੋ ਕਲਮਾ ਦੱਸ ਜੈਕਾਰੀ, ਜੈ ਜੈਕਾਰ ਦੇਣੀ ਕਰਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਗੁਰੂ ਮੰਨਣ ਸਚ ਸਿਕਦਾਰੀ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਸ਼ੰਕਰ ਕਿਹਾ ਮੇਰਾ ਨਾ ਸਵਾਲ ਨਾ ਜਵਾਬ, ਕਹਿਣ ਕਿਛ ਨਾ ਪਾਈਆ । ਤੂੰ ਆਦਿ ਅੰਤ ਦਾ ਮਾਲਕ ਹੋ ਕੇ ਕਰੇਂ ਰਾਜ, ਰਈਅਤ ਵੇਖੇਂ ਆਪਣੀ ਸ਼ਹਿਨਸ਼ਾਹੀਆ । ਜਗਦੀਸ਼ ਤੇਰੇ ਸੀਸ ਸੁਹੰਜਣਾ ਤਾਜ, ਤਖ਼ਤ ਨਿਵਾਸੀ ਤੇਰੀ ਵਡ ਵਡਿਆਈਆ । ਚਾਰ ਜੁਗ ਸਾਰੇ ਹੋਏ ਅਪਾਹਜ਼, ਲੰਗੜੇ ਲੂਲ੍ਹੇ ਸੋਭਾ ਪਾਈਆ । ਜਿਧਰ ਤਕਾਂ ਓਧਰ ਦਿਸੇ ਦਾਗ਼, ਦੁਰਮਤ ਮੈਲ ਨਾ ਕੋਇ ਧਵਾਈਆ । ਕੋਟਨ ਕੋਟ ਅਵਤਾਰ ਪੈਗ਼ੰਬਰ ਗੁਰੂ ਜਗ ਕੇ ਗਏ ਚਰਾਗ਼, ਸ਼ਮਾਂ ਨੂਰ ਰੂਪ ਸਮਾਈਆ । ਅੰਤ ਇਕੋ ਦਿਸੇ ਵਾਹਿਦ, ਦੂਜਾ ਰੂਪ ਨਾ ਕੋਇ ਦਰਸਾਈਆ । ਪਤਾ ਨਹੀਂ ਕੀ ਖੇਲ ਕਰੇ ਸ਼ਾਇਦ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਦੇ ਉਠਾਈਆ । ਪੁਰਖ ਅਕਾਲ ਕਿਹਾ ਸ਼ੰਕਰ ਹੁਕਮ ਸੰਦੇਸ਼ਾ ਦੇਵਾਂ ਨਾਲ ਪਿਆਰ, ਪ੍ਰੀਤਮ ਹੋ ਕੇ ਦਿਆਂ ਜਣਾਈਆ । ਸਤਾਰਾਂ ਹਾੜ ਨੂੰ ਹੋ ਕੇ ਆਵੀਂ ਤਿਆਰ, ਤ੍ਰਿਸ਼ੂਲ ਪੁੱਠੀ ਪਿੱਠ ਉਤੇ ਲਟਕਾਈਆ । ਅੱਖਾਂ ਨੂੰ ਮਲੀ ਹੋਵੇ ਛਾਰ, ਮਸਤਕ ਲਾਲ ਰੰਗ ਰੰਗਾਈਆ । ਕੁਸ਼ਾ ਕੰਧਿਆਂ ਉਤੇ ਚੁੱਕੀ ਹੋਵੇ ਰੱਖਿਆ ਹੋਵੇ ਭਾਰ, ਭਾਰਦਵਾਜ ਸੰਗ ਮਿਲਾਈਆ । ਅੰਤਰ ਖੁਲ੍ਹੀ ਹੋਵੇ ਜਾਗ, ਆਲਸ ਨਿੰਦਰਾ ਨਾ ਕੋਇ ਵਡਿਆਈਆ । ਸ਼ਬਦ ਅਗੰਮਾ ਗਾਉਣਾ ਰਾਗ, ਅਨਰਾਗੀ ਦਏ ਸੁਣਾਈਆ । ਜਿਸ ਵੇਲੇ ਵੱਜੇ ਆਵਾਜ਼, ਦਸ ਬੀਸ ਵਕਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸ਼ੰਕਰ ਕਿਹਾ ਮੇਰੇ ਸਾਹਿਬ ਸੁਲਤਾਨ, ਤੇਰੀ ਵਡ ਵਡਿਆਈਆ । ਮੇਰੇ ਉਤੇ ਹੋਇਆ ਮਿਹਰਵਾਨ, ਮਿਹਰ ਨਜ਼ਰ ਟਿਕਾਈਆ । ਮੇਰਾ ਅੱਗੇ ਗਿਆ ਧਿਆਨ, ਪਰਦਾ ਦਿਤਾ ਚੁਕਾਈਆ । ਮੇਰਾ ਸਾਥੀ ਨੌਜਵਾਨ, ਬ੍ਰਹਮਾ ਵੇਖ ਵਖਾਈਆ । ਵਿਸ਼ਨੂੰ ਨਾਲ ਕਰੇ ਪਰਵਾਨ, ਤਿੰਨੇ ਆਈਏ ਚਾਈਂ ਚਾਈਂਆ । ਦਰ ਭਿਖਾਰੀ ਮੰਗੀਏ ਦਾਨ, ਨਿਉਂ ਕੇ ਸੀਸ ਝੁਕਾਈਆ । ਨਾਲੇ ਤੇਰੀ ਕਰੀਏ ਕਲਿਆਨ, ਤੇਰਾ ਨਾਮ ਸਿਫ਼ਤ ਸਾਲਾਹੀਆ । ਫੇਰ ਦੇਵਾਂਗੇ ਸਚ ਬਿਆਨ, ਜੋ ਆਦਿ ਤੋਂ ਸਾਨੂੰ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਪੁਰਖ ਅਕਾਲ ਕਿਹਾ ਸ਼ੰਕਰ ਪੈਰੀਂ ਆਉਣਾ ਨੰਗੀ, ਕਦਮ ਕਦਮ ਨਾਲ ਬਦਲਾਈਆ । ਮੁੰਦਰਾ ਕੰਨ ਵਿਚ ਹੋਵੇ ਟੰਗੀ, ਟੰਗ ਸੱਜੀ ਸੱਤ ਰੰਗ ਵਿਚ ਵਖਾਈਆ । ਸੇਲੀ ਗਲ ਵਿਚ ਹੋਵੇ ਗੰਢੀ, ਵਲ ਨੌ ਨੌ ਪਵਾਈਆ । ਪਿੱਠ ਪਿਛੇ ਹੋਵੇ ਚੰਡੀ, ਚੰਡਾਲਕਾ ਰੂਪ ਦਰਸਾਈਆ । ਮੁਖ ਵਿਚੋਂ ਬਾਹਰ ਹੋਵੇ ਦੋ ਦੰਦੀ, ਕਾਲੇ ਰੰਗ ਵਿਚ ਦਰਸਾਈਆ । ਸੀਸ ਵਾਹੀ ਹੋਵੇ ਨਾ ਕੰਘੀ, ਖ਼ਾਕ ਛਾਰ ਵਿਚ ਜਣਾਈਆ । ਮਸਤਕ ਰੇਖਾ ਹੋਵੇ ਚੰਦੀ, ਚੰਦ ਰੂਪ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਸ਼ੰਕਰ ਹੱਥ ਫੜਿਆ ਹੋਵੇ ਕਾਸਾ, ਕਸਮ ਤੇਰਾ ਨਾਮ ਖ਼ੁਦਾਈਆ । ਜਲ ਪਾਣੀ ਭਰਿਆ ਹੋਵੇ ਵਿਚੋਂ ਬਿਆਸਾ, ਗੁਰਮੁਖ ਲੈ ਕੇ ਆਵੇ ਚਾਈਂ ਚਾਈਂਆ । ਸਵਾ ਸੇਰ ਦਾ ਹੋਵੇ ਆਟਾ, ਦੁਆਬੇ ਵਾਲਿਆਂ ਵੰਡ ਵੰਡਾਈਆ । ਮਾਲਵੇ ਵਾਲਿਆਂ ਲਿਆਉਣਾ ਬਾਟਾ, ਧਾਤ ਲੋਹੇ ਵਾਲੀ ਚਤੁਰਾਈਆ । ਮਾਝੇ ਵਾਲਿਆਂ ਬਸਤਰ ਲਿਆਉਣਾ ਪਾਟਾ, ਢਾਈ ਗਜ਼ ਲੰਬਾਈ ਚੁੜਾਈਆ । ਜੰਮੂ ਵਾਲਿਆਂ ਲਿਆਉਣਾ ਛਾਤਾ, ਕਾਲਾ ਕਾਲ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਹੁਕਮ ਸੁਣਾਈਆ । ਸ਼ੰਕਰ ਤ੍ਰਿਸ਼ੂਲ ਨਾਲ ਬੱਧੀ ਹੋਵੇ ਟਾਕੀ, ਹਿੱਸੇ ਇਕ ਸੱਤ ਵਖਾਈਆ । ਗਰਦਨ ਤੇ ਬੱਧੀ ਹੋਵੇ ਬਾਟੀ, ਬਾਟਾ ਗੋਬਿੰਦ ਵਾਲਾ ਦ੍ਰਿੜਾਈਆ । ਢਾਈ ਗਜ਼ ਦੀ ਹੋਵੇ ਲਾਠੀ, ਸੋਹੇ ਲੋਹੇ ਨਾਲ ਚਤੁਰਾਈਆ । ਬਿਨ ਅੰਧੇਰਿਉਂ ਹੋਵੇ ਬਾਤੀ, ਬੱਤੀ ਨੂਰ ਨੂਰ ਚਮਕਾਈਆ । ਓਮ ਹੋਵੇ ਉਪਰ ਛਾਤੀ, ਛਤਰਧਾਰੀ ਵੇਖ ਵਖਾਈਆ । ਢਾਈ ਇੰਚ ਦੀ ਹੋਵੇ ਗਿਲਾਸੀ, ਦੰਦਾਂ ਵਿਚ ਅੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਿਹਾ ਸ਼ੰਕਰ ਤਕਣਾ ਇਕ ਨਜ਼ਾਰਾ, ਬ੍ਰਹਮਾ ਵਿਸ਼ਨ ਨਾਲ ਮਿਲਾਈਆ । ਇੱਕੀ ਇੱਕੀ ਗੁਰਸਿਖਾਂ ਮਾਝਾ ਮਾਲਵਾ ਦੁਆਬਾ ਜੰਮੂ ਤਿੰਨ ਰੰਗ ਦੀਆਂ ਬੰਨ੍ਹੀਆਂ

ਹੋਣ ਦਸਤਾਰਾਂ, ਦਸਤ ਤਿੰਨ ਰੰਗ ਰੰਗਾਈਆ । ਤਿੰਨੇ ਰੰਗ ਰੰਗੀਆਂ ਹੋਣ ਤਲਵਾਰਾਂ, ਤੈਲੇਵੀਵ ਦਾ ਲੇਖਾ ਯੌਰੋਸ਼ਲਮ ਸਮਝਾਈਆ । ਇਹ ਹੁਕਮ ਸੱਚੀ ਸਰਕਾਰਾ, ਨਾ ਕੋਇ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸ਼ੰਕਰ ਪੰਜ ਪਿਆਰਿਆਂ ਦਾ ਵੇਖੀਂ ਰੂਪ, ਅੱਖ ਪੁੱਠੀ ਆਪ ਬਦਲਾਈਆ । ਜਿਹੜੇ ਪ੍ਰਭ ਦੇ ਬਣ ਕੇ ਆਉਣੇ ਦੂਤ, ਦੁਤੀਆ ਭਾਉ ਗਵਾਈਆ । ਓਨ੍ਹਾਂ ਦੇ ਗਲ ਵਿਚ ਅੱਟੀ ਹੋਵੇ ਇਕ ਇਕ ਸੂਤ, ਮੁਹੰਮਦ ਲੇਖਾ ਮੰਗੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਸੁਣ ਹੁਕਮ ਪੁਰਖ ਅਕਾਲੇ, ਅਕਲ ਕਲਧਾਰੀ ਆਪ ਜਣਾਈਆ । ਪੰਜਾਂ ਪਿਆਰਿਆਂ ਸੱਜੇ ਹੱਥ ਦੇ ਅੰਗੂਠੇ ਕਰਨੇ ਕਾਲੇ, ਕਾਲੀ ਚਰਨਾਂ ਵਿਚ ਸੀਸ ਨਿਵਾਈਆ । ਹੱਥਾਂ ਵਿਚ ਦੀਪਕ ਹੋਣ ਬਾਲੇ, ਬਾਲਾ ਮਰਦਾਨਾ ਸੇਵ ਕਮਾਈਆ । ਆਉਣਾ ਸਚ ਸੱਚੀ ਧਰਮਸਾਲੇ, ਧਰਮ ਦਵਾਰ ਇਕ ਵਡਿਆਈਆ । ਜਿਥੇ ਵਸਣ ਸ਼ਾਹ ਕੰਗਾਲੇ, ਸ਼ਹਿਨਸ਼ਾਹ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਹੁਕਮ ਸੁਣਾਈਆ । ਸ਼ੰਕਰ ਪੰਜ ਲਿਖਾਰੀ ਤਕਣੇ, ਤਕਣੇ ਨਾਲ ਧਿਆਨ, ਹਰਿ ਕਰਤਾ ਆਪ ਜਣਾਈਆ । ਓਨ੍ਹਾਂ ਦੀ ਵੱਖਰੀ ਹੋਵੇ ਸ਼ਾਨ, ਸ਼ਹਿਨਸ਼ਾਹ ਆਪਣਾ ਰੰਗ ਵਖਾਈਆ । ਮਸਤਕ ਉਤੇ ਬੱਧੀ ਹੋਵੇ ਕਿਰਪਾਨ, ਨੌਂ ਇੰਚ ਵਿਚ ਲੰਬਾਈਆ । ਕੰਧੇ ਰੱਖਿਆ ਹੋਵੇ ਧਨੁਸ਼ ਕਮਾਨ, ਕਮਾਨ ਸੱਤ ਰੰਗ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਪੁਰਖ ਅਕਾਲ ਕਿਹਾ ਸ਼ੰਕਰ ਵੇਖੀਂ ਕਿਸ ਬਿਧ ਬਦਲ ਦੇਵਾਂ ਬੁਧ, ਦੀਨ ਦੁਨੀ ਬਦਲਾਈਆ । ਹਾੜ ਸਤਾਰਾਂ ਰਾਤ ਬਾਰਾਂ ਭਗਤਾਂ ਦਾ ਭਗਤਾਂ ਨਾਲ ਹੁਕਮ ਨਾਲ ਕਰਾਵਾਂ ਯੁਧ, ਰਸਨਾ ਜਿਹਵਾ ਨਾਲ ਲੜਾਈਆ । ਮਾਝਾ ਮਾਲਵਾ ਦੁਆਬਾ ਜੰਮੂ ਇਕ ਦੂਜੇ ਨੂੰ ਪੈਣ ਕੁੱਦ ਕੁੱਦ, ਡਰਾਵੇ ਦੇਣ ਥਾਉਂ ਥਾਈਂਆ । ਪੜਦਾ ਓਹਲਾ ਰਹੇ ਨਾ ਲੁਕ, ਸਨਮੁਖ ਸਭ ਨੂੰ ਦੇਣਾ ਜਣਾਈਆ । ਫੇਰ ਸ੍ਰਿਸ਼ਟੀ ਦੀ ਸ੍ਰਿਸ਼ਟੀ ਦਾ ਬਦਲ ਦੇਵਾਂ ਰੁਖ਼, ਦੀਨ ਦੁਨੀ ਕਰਾਂ ਹਲਕਾਈਆ । ਅਗਲਾ ਲੇਖਾ ਉਹ ਦੱਸਾਂ ਜਿਸ ਨੂੰ ਜੁਗ ਚੌਕੜੀ ਸਾਰੇ ਰਹੇ ਪੁਛ, ਪੁੱਛਿਆਂ ਅੰਕ ਨਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਸੁਹਾਏ ਆਪ ਰੁਤ, ਸੁਤ ਦੁਲਾਰੇ ਆਪਣੇ ਨਾਲ ਮਿਲਾਈਆ ।



### ੧੧ ਜੇਠ ਸ਼ਹਿਨਸ਼ਾਹੀ ਸੰਮਤ ੬ ਡਾਕਟਰ ਪਾਲ ਸਿੰਘ ਦੇ ਗ੍ਰਿਹਿ ਪਿੰਡ ਦਾਊਦ ਪੁਰ ਜ਼ਿਲਾ ਕਪੂਰਥਲਾ

ਸ਼ੰਕਰ ਕਹੇ ਮੈਂ ਆਵਾਂ ਕਿਹੜੇ ਰਾਹ, ਰਹਿਬਰ ਹੋ ਕੇ ਦੇਣਾ ਸਮਝਾਈਆ । ਚਾਰ ਜੁਗ ਦੇ ਅਵਤਾਰ ਪੈਗ਼ੰਬਰ ਗੁਰੂ ਲਿਆਵਾਂ ਗਵਾਹ, ਸ਼ਹਾਦਤ ਤੇਰੇ ਨਾਮ ਵਾਲੀ ਭੁਗਤਾਈਆ । ਤਨ ਤੇ ਰਾਖ ਮਲਾਂ ਕਿ ਸਵਾਹ, ਸਾਹਿਬ ਸੁਲਤਾਨ ਦੇਣਾ ਸਮਝਾਈਆ । ਕਿਹੜਾ ਜਪਦਾ ਆਵਾਂ ਨਾਂ, ਓਅੰ ਹਰੀਅੰ ਤਤ ਸਤਿ ਰਾਮ ਕ੍ਰਿਸ਼ਨ ਅੱਲਾਹ ਸਤਿਨਾਮ ਵਾਹਿਗੁਰੂ ਕੀ ਚਤੁਰਾਈਆ । ਕਵਣ ਸੁਹੰਜਣਾ ਵੇਖਾਂ ਥਾਂ, ਥਾਨ ਥਨੰਤਰ ਜ਼ਿਮੀਂ ਅਸਮਾਨ ਬ੍ਰਹਿਮੰਡ ਖੰਡ ਫੋਲ ਫੁਲਾਈਆ । ਕਿਸ ਬਿਧ ਉਚੀ ਕੂਕਾਂ ਕਰ ਕੇ ਬਾਂਹ, ਦੋ ਜਹਾਨਾਂ ਕਰਾਂ ਸ਼ਨਵਾਈਆ । ਪੁਰਖ ਅਕਾਲਾ ਦੀਨ ਦਿਆਲਾ ਤੂੰ ਹੀ ਪਿਤਾ

ਤੂੰ ਹੀ ਮਾਂ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਵਿਸ਼ਨ ਬ੍ਰਹਮਾ ਨਾਲ ਲਿਆਵਾਂ ਚਾਅ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਨਗਰ ਖੇੜਾ ਵੇਖਾਂ ਗਰਾਂ, ਧਾਮ ਸੰਬਲ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਪੁਰਖ ਅਕਾਲ ਕਿਹਾ ਸੁਣ ਸ਼ਬਦ ਅਗੰਮੀ ਭੋਲੇ ਨਾਥ, ਜਟਾ ਜੂਟ ਦਿਆਂ ਜਣਾਈਆ । ਨਿਰਗੁਣ ਧਾਰ ਤੇਰਾ ਹੋਵੇ ਸਾਥ, ਗੁਰ ਅਵਤਾਰ ਪੈਗ਼ੰਬਰ ਬ੍ਰਹਮਾ ਵਿਸ਼ਨ ਨਾਲ ਮਿਲਾਈਆ । ਸੀਸ ਝੁਕਾਉਣਾ ਪੁਰਖ ਸਮਰਾਥ, ਧੂੜੀ ਖ਼ਾਕ ਖ਼ਾਕ ਰਮਾਈਆ । ਤੂੰ ਮੇਰਾ ਮੈਂ ਤੇਰਾ ਸਭ ਨੇ ਗਾਉਂਦੇ ਆਉਣਾ ਗਾਥ, ਜੋ ਆਦਿ ਅੰਤ ਦੀ ਇਕ ਪੜ੍ਹਾਈਆ । ਪਿੱਛਾ ਪਰਤ ਨਾ ਵੇਖਣਾ ਉਪਰ ਕੈਲਾਸ਼, ਕੇਸ਼ਵ ਆਪਣਾ ਹੁਕਮ ਵਰਤਾਈਆ । ਫੇਰ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਦੀ ਵੇਖਣੀ ਲਾਸ਼, ਤਨ ਮਾਟੀ ਫੋਲ ਫੁਲਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਦੀ ਤਕਣੀ ਰਾਸ, ਮੰਡਲ ਪੜਦਾ ਇਕ ਉਠਾਈਆ । ਦੀਨ ਦੁਨੀ ਦਾ ਝਗੜਾ ਵੇਖਣਾ ਜ਼ਾਤ ਪਾਤ, ਕੀ ਮਜ਼੍ਹਬ ਮਜ਼੍ਹਬ ਨਾਲ ਲੜਾਈਆ । ਫੇਰ ਕਲਜੁਗ ਤਕਣੀ ਅੰਧੇਰੀ ਰਾਤ, ਨੌਂ ਖੰਡ ਪ੍ਰਿਥਮੀ ਸੱਤ ਦੀਪ ਨੂਰੀ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਫ਼ਰਮਾਨਾ ਇਕ ਸੁਣਾਈਆ । ਸ਼ੰਕਰ ਕਹੇ ਮੇਰੇ ਸਵਾਮੀ, ਪੁਰਖ ਅਕਾਲ ਪਰਵਰਦਿਗਾਰ ਤੇਰੀ ਸਰਨਾਈਆ । ਆਦਿ ਅੰਤ ਦੇ ਅੰਤਰਜਾਮੀ, ਜੁਗਾ ਜੁਗੰਤਰ ਤੇਰਾ ਖੇਲ ਵੇਖ ਵਖਾਈਆ । ਚਾਰ ਜੁਗ ਦੇ ਸ਼ਾਸਤਰ ਤੇਰੀ ਸਿਫ਼ਤਾਂ ਵਾਲੀ ਬਾਣੀ, ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਅੱਖਰਾਂ ਨਾਲ ਅੱਖਰ ਮੇਲਾ ਮੇਲਿਆ ਸਹਿਜ ਸੁਭਾਈਆ । ਤੇਰਾ ਫ਼ਰਮਾਨਾ ਕਲਮਾ ਕਾਇਨਾਤ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਹੁਕਮ ਹੁਕਮ ਵਿਚੋਂ ਪਰਗਟਾਈਆ । ਚਾਰ ਜੁਗ ਦੇ ਅਵਤਾਰ ਪੈਗ਼ੰਬਰ ਗੁਰ ਮੇਰੇ ਨਾਲ ਕਰਨ ਧਿਆਨੀ, ਨਿਗਹ ਨਿਗਹ ਵਿਚੋਂ ਉਠਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਦੀ ਚੌਧਵੀਂ ਵੇਖੀਂ ਆਪਣੀ ਧਰਮ ਨਿਸ਼ਾਨੀ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਫੋਲ ਫੁਲਾਈਆ । ਫਿਰ ਹੈਰਤ ਵਿਚ ਸਭ ਦੇ ਅੰਦਰ ਆਵੇ ਹੈਰਾਨੀ, ਪਰੇਸ਼ਾਨੀ ਵਿਚ ਸਾਰੇ ਦੇਣ ਦੁਹਾਈਆ । ਜਿਨ੍ਹਾਂ ਸਿੱਖਾਂ ਮੁਰੀਦਾਂ ਦੇ ਪਿਛੇ ਦੇ ਕੇ ਗਏ ਕੁਰਬਾਨੀ, ਤਨ ਵਜੂਦ ਮਾਟੀ ਖ਼ਾਕ ਮਿਲਾਈਆ । ਨਾਮ ਨਿਧਾਨਾ ਦੇ ਕੇ ਗਏ ਬਣ ਕੇ ਦਾਨੀ, ਸ਼ਬਦ ਅਗੰਮੀ ਦਾਤ ਵਰਤਾਈਆ । ਆਬੇਹਯਾਤ ਅੰਮ੍ਰਿਤ ਰਸ ਬਖ਼ਸ਼ ਕੇ ਗਏ ਪਾਨੀ, ਪਤਿਪਰਮੇਸ਼ਵਰ ਤੇਰਾ ਜਾਮ ਪਿਆਈਆ । ਉਹ ਦੀਨ ਦੁਨੀ ਚਾਰੋਂ ਕੁੰਟ ਦਹਿ ਦਿਸ਼ਾ ਕਰੇ ਬੇਈਮਾਨੀ, ਬੇਵਾ ਰੂਪ ਹੋਈ ਲੋਕਾਈਆ । ਕਲਜੁਗ ਅੰਤ ਨਵ ਨੌਂ ਚਾਰ ਦਿਸੇ ਫ਼ਾਨੀ, ਅੰਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਇਕ ਅਖਵਾਈਆ । ਪੁਰਖ ਅਕਾਲ ਕਹੇ ਸੁਣ ਸ਼ੰਕਰ ਹੁਕਮ ਮੇਰਾ ਅਗੰਮ, ਅਗੰਮੜੀ ਕਾਰ ਕਮਾਈਆ । ਦੀਨ ਦੁਨੀ ਦਾ ਝਗੜਾ ਵੇਖਣਾ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਵਿਚ ਦੁਹਾਈਆ । ਚਾਰ ਕੁੰਟ ਹਰਖ ਸੋਗ ਚਿੰਤਾ ਗ਼ਮ, ਗ਼ਮਖ਼ਾਰ ਮਿਲੇ ਕਿਸੇ ਨਾ ਮਾਹੀਆ । ਮਾਇਆ ਮਮਤਾ ਹਉਮੇਂ ਹੰਗਤਾ ਵਧੀ ਤਮ, ਚਿਤ ਤ੍ਰਿਸ਼ਨਾ ਤ੍ਰਿਖਾ ਨਾ ਕੋਇ ਬੁਝਾਈਆ । ਸਦੀ ਚੌਧਵੀਂ ਬੇੜਾ ਸਕੇ ਕੋਇ ਨਾ ਬੰਨ੍ਹ, ਪੈਗ਼ੰਬਰ ਬੈਠੇ ਮੁਖ ਭਵਾਈਆ । ਕਲਮਾ ਕਾਇਨਾਤ ਆਵੇ ਨਾ ਕੰਮ, ਹੂ ਹੂ ਨਾਅਰਾ ਸਾਰੇ ਰਹੇ ਲਾਈਆ । ਧਰਨੀ ਧਰਤ ਧਵਲ ਧੌਲ ਬਿਨ ਨੇਤਰ ਰੋਵੇ ਛੰਮ ਛੰਮ, ਸ਼ਮਾਂ ਦੀਪਕ ਜੋਤ ਨਾ ਕੋਇ ਰੁਸ਼ਨਾਈਆ । ਨਿਰਗੁਣ ਨੂਰ ਪ੍ਰਕਾਸ਼ ਚੜ੍ਹੇ ਜੋਤ ਕੋਇ ਨਾ

ਚੰਨ, ਸੂਰੀਆ ਚੰਦ ਦਏ ਦੁਹਾਈਆ । ਭਗਤ ਸੁਹੇਲਾ ਜਨਣੀ ਦਏ ਕੋਇ ਨਾ ਜਣ, ਲੋਕਮਾਤ ਮਿਲੇ ਨਾ ਕੋਇ ਜਣੇਂਦੀ ਮਾਈਆ । ਅੰਤਰ ਨਿਰੰਤਰ ਕੂੜ ਕਲਪਨਾ ਵਧੀ ਸਭ ਦੀ ਮਨ, ਬੁਧ ਬਿਬੇਕ ਨਾ ਕੋਇ ਵਖਾਈਆ । ਤ੍ਰੈਗੁਣ ਮਾਇਆ ਅਗਨੀ ਲੱਗੀ ਤਨ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਭਾਂਡਾ ਭਰਮ ਭੇਵ ਜਗਤ ਵਿਦਿਆ ਸਕੇ ਕੋਇ ਨਾ ਭੰਨ, ਭਰਾਂਤ ਦੂਰ ਨਾ ਕੋਇ ਕਰਾਈਆ । ਕਰੇ ਖੇਲ ਸ੍ਰੀ ਭਗਵੰਨ, ਹਰਿ ਕਰਤਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਸ਼ੰਕਰ ਸਾਰਿਆਂ ਮਿਲ ਕੇ ਆਉਣਾ ਬਣ ਕੇ ਸੰਗ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪ ਜਣਾਈਆ । ਫਿਰ ਅਵਤਾਰਾਂ ਕਹਿਣਾ ਜਿਸ ਕਾਰਨ ਗੋਬਿੰਦ ਛੱਡਿਆ ਪੁਰੀ ਅਨੰਦ, ਅਨੰਦ ਅਨੰਦ ਵਿਚੋਂ ਵਖਾਈਆ । ਫਿਰ ਖੇਲ ਜਣਾਉਣਾ ਕਿਉਂ ਮੁਹੰਮਦ ਬਖ਼ਸ਼ਿਆ ਨਿਸ਼ਾਨ ਤਾਰਾ ਚੰਦ, ਚੰਦ ਸਤਾਰ ਮਿਲੀ ਵਡਿਆਈਆ । ਫੇਰ ਪੜਦਾ ਲਾਹੁਣਾ ਕਿਸ ਬਿਧ ਸਦੀ ਚੌਧਵੀਂ ਜਾਵੇ ਲੰਘ, ਅੰਤ ਲੋਕਮਾਤ ਰਹਿਣ ਨਾ ਪਾਈਆ । ਫੇਰ ਵੇਖਣਾ ਕਿਸ ਬਿਧ ਪੈਗ਼ੰਬਰ ਸੂਫ਼ੀ ਨੱਚਦੇ ਵਾਂਗ ਮਲੰਗ, ਮੁਤਹਿਰਾ ਕੰਧਿਆਂ ਉਤੇ ਟਿਕਾਈਆ । ਫੇਰ ਵੇਖਣਾ ਨੌਂ ਖੰਡ ਪ੍ਰਿਥਮੀ ਸੱਤ ਦੀਪ ਦੀਨ ਦੁਨੀ ਦਾ ਜੰਗ, ਮਜ਼੍ਹਬ ਮਜ਼੍ਹਬ ਵਿਚ ਟਕਰਾਈਆ । ਇਹ ਖੇਲ ਸੂਰਾ ਸਰਬੰਗ, ਸਨਮੁਖ ਸਭ ਦੇ ਦਏ ਵਰਤਾਈਆ । ਸ਼ੰਕਰ ਕਹੇ ਮੇਰਾ ਖ਼ੁਸ਼ੀ ਹੋਵੇ ਬੰਦ ਬੰਦ, ਰੋਮ ਰੋਮ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਲੱਖ ਚੁਰਾਸੀ ਪਵਣ ਸਵਾਸੀ ਦਮ, ਦਾਮਨਗੀਰ ਹੋ ਕੇ ਆਪਣਾ ਖੇਲ ਖਿਲਾਈਆ ।





## ✪ ੧੧ ਜੇਠ ਸ਼ਹਿਨਸ਼ਾਹੀ ਸੰਮਤ ੬ ਜੁਗਿੰਦਰ ਸਿੰਘ ਦੇ ਘਰ ਪਿੰਡ ਫ਼ਤਹਗੜ੍ਹ ਜ਼ਿਲਾ ਕਪੂਰਥਲਾ ✪

ਪੁਰਖ ਅਕਾਲ ਕਹੇ ਸ਼ੰਕਰ ਖੇਲ ਵੇਖਣਾ ਉਪਰ ਧਰਤ, ਧਰਨੀ ਧਰਤ ਧਵਲ ਖੋਜ ਖੁਜਾਈਆ । ਨਿਗਹ ਮਾਰਨੀ ਉਪਰ ਅਰਸ਼, ਆਲੀਸ਼ਾਨ ਰਿਹਾ ਸਮਝਾਈਆ । ਬ੍ਰਹਮਾ ਵਿਸ਼ਨ ਤੇਰੇ ਨਾਲ ਵੰਡਣ ਦਰਦ, ਦਰਦੀ ਹੋ ਕੇ ਵੇਖ ਵਖਾਈਆ । ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਵੇਖਣੀ ਫ਼ਰਦ, ਚਾਰ ਜੁਗ ਦਾ ਲੇਖਾ ਫੋਲ ਫੁਲਾਈਆ । ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਸਭ ਦੀ ਆਸਾ ਮਨਸਾ ਪੂਰੀ ਕਰਨੀ ਪੂਰਬ ਵੇਖਣੀ ਗ਼ਰਜ਼, ਗ੍ਰਿਹਿ ਮੰਦਰ ਖੋਜ ਖੁਜਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੋਣ ਦੇਵੇ ਕੋਇ ਨਾ ਹਰਜ਼, ਹਰਿ ਜੂ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਹਰਿ ਕਰਤਾ ਨੂਰ ਇਲਾਹੀਆ । ਸ਼ੰਕਰ ਕਹੇ ਪ੍ਰਭੂ ਮੇਰੇ ਮੇਰਾ ਕਵਣ ਹੋਵੇ ਲਿਬਾਸ, ਬਿਨ ਤਤ ਤਤ ਵਡਿਆਈਆ । ਕੀ ਖੇਲ ਵੇਖਾਂ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਖੋਜ ਖੁਜਾਈਆ । ਕਿਸ ਦਵਾਰੇ ਹੋਵੇ ਰਾਸ, ਕਿਸ ਮੰਡਲ ਸੋਭਾ ਪਾਈਆ । ਕਵਣ ਦਵਾਰ ਹੋਵੇ ਜੋਤ ਪ੍ਰਕਾਸ਼, ਨਿਰਗੁਣ ਨੂਰ ਨੂਰ ਚਮਕਾਈਆ । ਵਿਸ਼ਨ ਬ੍ਰਹਮਾ ਪੂਰੀ ਕਰਨੀ ਆਸ, ਭੇਵ ਅਭੇਦ ਇਕ ਖੁਲ੍ਹਾਈਆ । ਅਵਤਾਰ ਪੈਗ਼ੰਬਰ ਗੁਰੂ ਹੋਵਣ ਸਾਥ, ਸਗਲਾ ਸੰਗ ਬਣਾਈਆ । ਦਰਗਹ ਸਾਚੀ ਸਚ ਦਵਾਰ ਨਿਰਗੁਣ ਧਾਰ ਸਰਬ ਕਰਨ ਅਰਦਾਸ, ਬੇਨੰਤੀ ਬਿਨੈ ਇਕ ਜਣਾਈਆ । ਤੂੰ ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਪਰਗਟ ਹੋਵੇਂ ਆਪ, ਆਪ ਆਪਣਾ ਭੇਵ

ਚੁਕਾਈਆ । ਸਾਰੇ ਤੇਰਾ ਗਾਵਣ ਜਾਪ, ਤੂੰ ਮੇਰਾ ਮੈਂ ਤੇਰਾ ਦੂਜਾ ਰਾਗ ਨਾ ਕੋਇ ਅਲਾਈਆ । ਪੁਰਖ ਅਕਾਲ ਕਹੇ ਮੈਂ ਖੇਲ ਵਖਾਵਾਂ ਭੇਵ ਖੁਲ੍ਹਾਵਾਂ ਕਲਜੁਗ ਅੰਧੇਰੀ ਰਾਤ, ਰੈਣ ਭਿੰਨੜੀ ਇਕ ਸਮਝਾਈਆ । ਝਗੜਾ ਰਹੇ ਨਾ ਸ਼ੰਕਰ ਤੇ ਕੈਲਾਸ਼, ਕਲਾ ਕਲ ਆਪਣੀ ਇਕ ਵਰਤਾਈਆ । ਮੇਰਾ ਲੇਖ ਲਿਖਿਆ ਨਹੀਂ ਕਲਮ ਦਵਾਤ, ਸ਼ਾਸਤਰ ਸਕੇ ਨਾ ਕੋਇ ਜਣਾਈਆ । ਉਸ ਦਾ ਭੇਵ ਖੋਲ੍ਹਾਂ ਬਹੁ ਭਾਂਤ, ਬਾਤਨ ਭਰਮ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਵਡ ਵਡਿਆਈਆ । ਪੁਰਖ ਅਕਾਲ ਕਹੇ ਸ਼ੰਕਰ ਗਲ ਹੋਵੇ ਬਾਸ਼ਕ ਤਸ਼ਕਾ, ਤਸ਼ਕ ਮਿਲੇ ਵਡਿਆਈਆ । ਬਿਨਾ ਅੱਖਾਂ ਤੋਂ ਵੇਖਣਾ ਰਸਤਾ, ਰਹਿਬਰ ਇਕੋ ਦਏ ਵਖਾਈਆ । ਮੁਖ ਸਿਫ਼ਤ ਸਾਲਾਹੀ ਆਵੇ ਹੱਸਦਾ, ਹਸਤੀ ਤਕ ਬੇਪਰਵਾਹੀਆ । ਢੋਲਾ ਗਾਉਣ ਇਕੋ ਜਸ ਦਾ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਨੂਰ ਤਕਣਾ ਅਗੰਮੀ ਅੱਖ ਦਾ, ਦੋਏ ਲੋਚਨ ਡੇਰਾ ਢਾਹੀਆ । ਸਚ ਦਵਾਰਾ ਵੇਖਣ ਵਸਦਾ, ਜਿਥੇ ਨਿਰਗੁਣ ਨੂਰ ਜੋਤ ਰੁਸ਼ਨਾਈਆ । ਰਾਗ ਸੁਣਨਾ ਸ਼ਬਦ ਅਗੰਮੀ ਨਦ ਦਾ, ਅਨਹਦ ਨਾਦੀ ਆਪ ਵਜਾਈਆ । ਜਿਥੇ ਇਕੋ ਦੀਪਕ ਹੋਵੇ ਜਗਦਾ, ਜਾਗਰਤ ਜੋਤ ਡਗਮਗਾਈਆ । ਉਥੇ ਲੇਖਾ ਨਹੀਂ ਧੂਣੀਆਂ ਵਾਲੀ ਅੱਗ ਦਾ, ਖ਼ਾਕ ਤਨ ਨਾ ਕੋਇ ਰਮਾਈਆ । ਮੇਰਾ ਰਾਹ ਤਕਣਾ ਸੂਰੇ ਸਰਬਗ ਦਾ, ਸ਼ਹਿਨਸ਼ਾਹ ਪੜਦਾ ਦਏ ਉਠਾਈਆ । ਤੈਨੂੰ ਖੇਲ ਵਖਾਉਣਾ ਲੱਖ ਚੁਰਾਸੀ ਕਲਜੁਗ ਜਗ ਦਾ, ਜਗਜੀਵਣ ਦਾਤਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਈਆ । ਸ਼ੰਕਰ ਪ੍ਰੇਮ ਪ੍ਰੀਤੀ ਵਿਚ ਝੁਕਾਇਆ ਸੀਸ, ਨਮੋਂ ਨਮੋਂ ਸਰਨਾਈਆ । ਮੇਰੇ

ਸਾਹਿਬ ਸਾਹਿਬ ਜਗਦੀਸ, ਜਗਦੀਸ਼ਰ ਤੇਰੀ ਬੇਪਰਵਾਹੀਆ । ਤੇਰਾ ਖੇਲ ਬੀਸ ਅਕੀਸ, ਏਕੰਕਾਰ ਤੇਰੀ ਵਡਿਆਈਆ । ਮੇਰਾ ਝਗੜਾ ਮੁਕਾਇਆ ਰਾਗ ਛੱਤੀਸ, ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਡੇਰਾ ਢਾਹੀਆ । ਮੇਰਾ ਅੰਤਮ ਰਿਹਾ ਬੀਤ, ਥਿਰ ਰਹਿਣ ਕੋਇ ਨਾ ਪਾਈਆ । ਤੂੰ ਸ਼ਾਹ ਸੁਲਤਾਨਾ ਇਕ ਅਤੀਤ, ਤ੍ਰੈਗੁਣ ਤੋਂ ਬਾਹਰ ਸੋਭਾ ਪਾਈਆ । ਉਚੀ ਕੂਕ ਮਾਰੀ ਚੀਕ, ਨੇਤਰ ਨੈਣ ਨੀਰ ਵਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਤੁਧ ਬਿਨ ਕਰੇ ਕੋਇ ਨਾ ਹੱਕ ਤਸਦੀਕ, ਸ਼ਹਾਦਤ ਹੱਕ ਨਾ ਕੋਇ ਭੁਗਤਾਈਆ । ਅਵਤਾਰ ਪੈਗ਼ੰਬਰ ਗੁਰ ਸਾਰੇ ਕਰਨ ਤੇਰੀ ਉਡੀਕ, ਸਚਖੰਡ ਬੈਠੇ ਦਰਗਹ ਸਾਚੀ ਸਾਰੇ ਰਾਹ ਤਕਾਈਆ । ਮਿਹਰਵਾਨ ਮਹਿਬੂਬ ਲੱਖ ਚੁਰਾਸੀ ਪਰਖ ਨੀਤ, ਘਟ ਘਟ ਅੰਦਰ ਫੋਲ ਫੁਲਾਈਆ । ਝਗੜਾ ਪਿਆ ਮੰਦਰ ਮਸੀਤ, ਕਾਅਬੇ ਰੋ ਰੋ ਮਾਰਨ ਧਾਈਆ । ਅਠ ਸਠ ਪਾਣੀ ਕਰੇ ਕੋਇ ਨਾ ਠਾਂਡਾ ਸੀਤ, ਗੰਗਾ ਗੋਦਾਵਰੀ ਜਮਨਾ ਸੁਰਸਤੀ ਅਗਨੀ ਅੱਗ ਨਾ ਕੋਇ ਬੁਝਾਈਆ । ਸਦੀ ਚੌਧਵੀਂ ਰਹੀ ਬੀਤ, ਮੁਹੰਮਦ ਵੇਖੇ ਨੈਣ ਉਠਾਈਆ । ਹਜ਼ਰਤ ਈਸਾ ਆਪਣੀ ਵੇਖੇ ਲੀਕ, ਸਦੀ ਬੀਸਵੀਂ ਨਾਲ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਿਰ ਮੇਰੇ ਹੱਥ ਰਖਾਈਆ । ਸ਼ੰਕਰ ਕਿਹਾ ਮੇਰੇ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ, ਸ਼ਾਹ ਸੁਲਤਾਨ ਤੇਰੀ ਵਡਿਆਈਆ । ਨਮਸਤੇ ਵਿਚ ਸੀਸ ਝੁਕਾ, ਜੁਗ ਜੁਗ ਤੇਰੀ ਸੇਵ ਕਮਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾ, ਮੁਕੰਮਲ ਆਪਣੀ ਕਾਰ ਕਮਾਈਆ । ਵੇਲਾ ਵਕਤ ਪਹੁੰਚਿਆ ਆ, ਆਮਦ ਵਿਚ ਵੱਜੇ ਵਧਾਈਆ । ਅਵਤਾਰ ਪੈਗ਼ੰਬਰ ਗੁਰੂ ਨੇਤਰ ਨੈਣ ਰਹੇ ਉਠਾ, ਬਿਨਾ ਅੱਖਾਂ ਅੱਖ ਖੁਲ੍ਹਾਈਆ । ਕੀ ਖੇਲ ਕਰੇ ਹਰਿ ਕਰਤਾ ਆਪ ਖ਼ੁਦਾ, ਖ਼ੁਦ ਮਾਲਕ ਨੂਰ

ਇਲਾਹੀਆ । ਜਿਸ ਦੇ ਉਤੋਂ ਸਾਰੇ ਹੋਏ ਫ਼ਿਦਾ, ਫ਼ੈਸਲਾ ਹੱਕ ਦਏ ਸੁਣਾਈਆ । ਸਭ ਦੀ ਕਬੂਲ ਕਰੇ ਦੁਆ, ਦੋ ਜਹਾਨਾਂ ਵੇਖ ਵਖਾਈਆ । ਕਲਜੁਗ ਵਿਚ ਸਤਿਜੁਗ ਦੇਵੇ ਲਾ, ਮਾਰਗ ਆਪਣਾ ਇਕ ਦਰਸਾਈਆ । ਤੂੰ ਮੇਰਾ ਮੈਂ ਤੇਰਾ ਦੱਸ ਨਾਂ, ਨਿਰਗੁਣ ਧਾਰ ਇਕ ਸਮਝਾਈਆ । ਸਰਗੁਣ ਪੜਦਾ ਦੇਵੇ ਉਠਾ, ਭਾਂਡਾ ਭਰਮ ਭੌ ਭੰਨਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਮੰਨਣ ਇਕ ਰਜ਼ਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਪੁਰਖ ਅਕਾਲ ਕਹੇ ਸ਼ੰਕਰ ਅੰਤ ਰੱਖਣਾ ਚਾਉ ਘਨੇਰਾ, ਘੜੀ ਪਲ ਨਾਲ ਵਡਿਆਈਆ । ਕਲਜੁਗ ਚਾਰ ਕੁੰਟ ਤਕਣਾ ਅੰਧੇਰਾ, ਸਚ ਨੂਰ ਨਾ ਕੋਇ ਰੁਸ਼ਨਾਈਆ । ਮਾਨਵ ਬੰਨ੍ਹੇ ਕੋਇ ਨਾ ਬੇੜਾ, ਨੱਈਆ ਸ਼ੌਹ ਦਰਿਆ ਪਾਰ ਨਾ ਕੋਇ ਕਰਾਈਆ । ਵਰਨਾਂ ਬਰਨਾਂ ਪਿਆ ਝੇੜਾ, ਸ਼ਰਅ ਜ਼ੰਜੀਰ ਨਾ ਕੋਇ ਕਟਾਈਆ । ਭਾਗ ਲੱਗੇ ਕਿਸੇ ਨਾ ਖੇੜਾ, ਕਾਇਆ ਮਹੱਲ ਨਾ ਕੋਇ ਰੁਸ਼ਨਾਈਆ । ਸਚ ਧਰਮ ਦਾ ਦਿਸੇ ਨਾ ਕੋਇ ਵੇਹੜਾ, ਕੂੜੀ ਕਿਰਿਆ ਹੋਈ ਹਲਕਾਈਆ । ਪੁਰਖ ਅਕਾਲ ਪਰਵਰਦਿਗਾਰ ਸਾਂਝੇ ਯਾਰ ਨਿਰਗੁਣ ਧਾਰ ਤੇਰਾ ਅਗੰਮੀ ਫੇਰਾ, ਫ਼ਿਰਤ ਵੇਖੀ ਜਗਤ ਲੋਕਾਈਆ । ਸਾਬਤ ਰਿਹਾ ਕੋਇ ਨਾ ਚੇਰਾ, ਮੁਰੀਦ ਗਏ ਮੁਖ ਭਵਾਈਆ । ਇਕੋ ਇਕ ਸੁਹਾ ਦੇ ਵੇਲਾ, ਵਕਤ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸ਼ੰਕਰ ਆਉਣਾ ਪੈਰ ਦੱਬੇ, ਆਪਣੀ ਪਿੱਠ ਬਦਲਾਈਆ । ਹੁਕਮ ਸੰਦੇਸ਼ੇ ਸੁਣਨੇ ਹੱਬੇ, ਹਮਸਾਜਣ ਦਏ ਜਣਾਈਆ । ਇਹ ਵਕਤ ਮਿਲਦਾ ਕਦੇ ਕਦੇ, ਕਦੀਮ ਦਾ ਮਾਲਕ ਆਪ ਸੁਣਾਈਆ । ਕਲਜੁਗ ਕੂੜੀ ਕਿਰਿਆ ਰਹਿਣ ਨਹੀਂ ਦੇਣੇ ਦਗੇ, ਜਗਤ ਫ਼ਰੇਬ ਨਾ ਕੋਇ ਵਖਾਈਆ । ਤੇਰੇ ਦੋਵੇਂ ਹੱਥ ਹੋਵਣ ਬੱਧੇ, ਡੰਡਾਵਤ ਕਰਕੇ ਸੀਸ ਨਿਵਾਈਆ । ਤਨ ਮੂਲ ਪਾਉਣੇ ਨਹੀਂ ਝੱਗੇ, ਕੱਪੜਾ ਢਾਈ ਗਜ਼ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸਮਝਾਈਆ । ਸ਼ੰਕਰ ਆਉਣਾ ਲੋਕਮਾਤ, ਮਤਾ ਵਿਸ਼ਨ ਬ੍ਰਹਮਾ ਪਕਾਈਆ । ਸਤਾਰਾਂ ਹਾੜ ਸੁਹੰਜਣੀ ਰਾਤ, ਸੰਮਤ ਸ਼ਹਿਨਸ਼ਾਹੀ ਛੇ ਵਡਿਆਈਆ । ਪਿਠ ਉਤੇ ਬੱਧੀ ਹੋਵੇ ਕਲਮ ਦਵਾਤ, ਜਿਸ ਦਾ ਰੂਪ ਨਾ ਕੋਇ ਦਰਸਾਈਆ । ਨਿਮਸਕਾਰ ਕਰਨੀ ਨਿਉਂ ਨਿਉਂ ਉਸ ਅਗੰਮੇ ਨਾਥ, ਜੋ ਤ੍ਰਿਲੋਕੀ ਨਾਥ ਦਏ ਵਡਿਆਈਆ । ਨਾਮ ਨਿਧਾਨਾ ਗਾਉਣਾ ਬਣ ਕੇ ਭਾਟ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਪਿਛਲੀ ਪਿਛੇ ਛਡਣੀ ਵਾਟ, ਅਗਲਾ ਹੁਕਮ ਸੁਣਨਾ ਚਾਈਂ ਚਾਈਆ । ਖੇਲ ਖੇਲੇ ਪੁਰਖ ਅਬਿਨਾਸ਼, ਹਰਿ ਕਰਤਾ ਧੁਰਦਰਗਾਹੀਆ । ਸਭ ਦੀ ਪੁਛਣਹਾਰਾ ਵਾਤ, ਵਾਤਾਵਰਨ ਵੇਖੇ ਖ਼ਲਕ ਖ਼ੁਦਾਈਆ । ਜਿਸ ਨੇ ਝਗੜਾ ਮੇਟਣਾ ਜ਼ਾਤ ਪਾਤ, ਦੀਨ ਦੁਨੀ ਦਾ ਪੜਦਾ ਲਾਹੀਆ । ਪਰਗਟ ਹੋਣਾ ਸਾਖਿਆਤ, ਸਾਹਿਬ ਸਵਾਮੀ ਭੇਵ ਨਾ ਰਾਈਆ । ਤੇਰਾ ਲਹਿਣਾ ਦੇਣਾ ਪੂਰਾ ਕਰਨਾ ਬੰਦ ਖ਼ੁਲਾਸ, ਬੰਦੀ ਤੋੜ ਹੋਏ ਸਹਾਈਆ । ਅੱਗੇ ਬਦਲ ਦੇਵੇ ਸਮਾਜ, ਸਮਿਗਰੀ ਇਕੋ ਇਕ ਵਰਤਾਈਆ । ਦੀਨ ਦੁਨੀ ਦਾ ਬਦਲ ਦੇਵੇ ਰਾਜ, ਰਈਅਤ ਵੇਖੇ ਚਾਈਂ ਚਾਈਂਆ । ਜਿਸ ਦੇ ਚਾਰ ਜੁਗ ਮੁਹਤਾਜ, ਦੂਰ ਦੁਰਾਡੇ ਬੈਠੇ ਅੱਖ ਉਠਾਈਆ । ਉਹ ਸਾਹਿਬ ਸੁਲਤਾਨ ਮਰਦ ਮਰਦਾਨ ਨੌਜਵਾਨ ਸ਼ਬਦ ਅਗੰਮੀ ਮਾਰ ਅਵਾਜ਼, ਸੋਈ ਸੁਰਤੀ ਸਭ ਦੀ ਦਏ ਉਠਾਈਆ । ਅੰਤਰ ਨਿਰੰਤਰ ਰਹੇ ਕੋਇ ਨਾ ਨਾਰਾਜ਼, ਪਰਦਾ ਪਰਦਿਆਂ ਵਿਚੋਂ ਚੁਕਾਈਆ । ਝਗੜਾ ਮੇਟੇ ਸ਼ਰਅ ਨਿਮਾਜ਼, ਵੁਜ਼ੂ ਰੰਗ ਨਾ ਕੋਇ ਵਖਾਈਆ ।

ਸ਼ੰਕਰ ਦੋਏ ਜੋੜ ਕੇ ਹਾਥ, ਵਾਸਤਾ ਦੇਣਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਚ ਆਪਣਾ ਹੁਕਮ ਵਰਤਾਵਾਂਗਾ । ਨਿਰਗੁਣ ਨੂਰ ਜੋਤ ਚਮਕਾਵਾਂਗਾ । ਸ਼ਬਦ ਅਗੰਮੀ ਨਾਦ ਵਜਾਵਾਂਗਾ । ਸੋ ਪੁਰਖ ਨਿਰੰਜਣ ਖੇਲ ਵਖਾਵਾਂਗਾ । ਹਰਿ ਪੁਰਖ ਨਿਰੰਜਣ ਪੜਦਾ ਲਾਹਵਾਂਗਾ । ਏਕੰਕਾਰ ਵੇਸ ਵਟਾਵਾਂਗਾ । ਆਦਿ ਨਿਰੰਜਣ ਜੋਤ ਚਮਕਾਵਾਂਗਾ । ਅਬਿਨਾਸ਼ੀ ਕਰਤਾ ਹੋ ਕੇ ਵੇਖ ਵਖਾਵਾਂਗਾ । ਸ੍ਰੀ ਭਗਵਾਨ ਡੰਕ ਵਜਾਵਾਂਗਾ । ਪਾਰਬ੍ਰਹਮ ਪ੍ਰਭ ਆਪਣੀ ਧਾਰ ਵਖਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਸਰਬ ਉਠਾਵਾਂਗਾ । ਇੰਦ ਇੰਦਰਾਸਣ ਕਰੋੜ ਤੇਤੀਸਾ ਨਾਲ ਹਿਲਾਵਾਂਗਾ । ਗਣ ਗੰਧਰਬ ਕਿੰਨਰ ਯਸ਼ਪ ਰਾਗ ਸੁਣਾਵਾਂਗਾ । ਅਵਤਾਰ ਤੇਈ ਭੇਵ ਖੁਲ੍ਹਾਵਾਂਗਾ । ਹਜ਼ਰਤ ਈਸਾ ਮੂਸਾ ਮੁਹੰਮਦ ਨਾਲ ਮਿਲਾਵਾਂਗਾ । ਨਾਨਕ ਗੋਬਿੰਦ ਜੋਤ ਚਮਕਾਵਾਂਗਾ । ਕੋਟਨ ਕੋਟ ਬ੍ਰਹਿਮੰਡ ਖੰਡ ਫੋਲ ਫੁਲਾਵਾਂਗਾ । ਸ਼ਬਦ ਸ਼ਬਦ ਦੀ ਲਾ ਕੇ ਚੋਟ, ਚੋਟੀ ਚੜ੍ਹ ਕੇ ਵੇਖ ਵਖਾਵਾਂਗਾ । ਇਕੋ ਪੁਰਖ ਅਕਾਲ ਦੀ ਦੱਸ ਕੇ ਓਟ, ਓੜਕ ਇਕੋ ਵਿਚ ਮਿਲਾਵਾਂਗਾ । ਕਲਜੁਗ ਕੂੜੀ ਕਿਰਿਆ ਰਹੇ ਨਾ ਖੋਟ, ਖੋਟੇ ਖਰੇ ਵੇਖ ਵਖਾਵਾਂਗਾ । ਜੰਗਲ ਜੂਹਾਂ ਵਿਚ ਵੇਖਾਂ ਲੰਗੋਟ, ਰਿਸ਼ੀਆਂ ਮੁਨੀਆਂ ਫੋਲ ਫੁਲਾਵਾਂਗਾ । ਤਿਆਗੀ ਵੈਰਾਗੀ ਸਭ ਦੀ ਵੇਖਾਂ ਸੋਚ, ਸਮਾਜੀ ਪੜਦੇ ਆਪ ਚੁਕਾਵਾਂਗਾ । ਜੇਹੜੇ ਭਗਤ ਸੁਹੇਲੇ ਪ੍ਰਭ ਨੂੰ ਰਹੇ ਲੋਚ, ਤਿਨ੍ਹਾਂ ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਵਾਂਗਾ । ਜਿਸ ਪ੍ਰਭੂ ਦੀ ਮਾਣਦੇ ਮੌਜ, ਮਜਲਸ ਤਿਨ੍ਹਾਂ ਵਿਚ ਰਖਾਵਾਂਗਾ । ਲੱਖ ਚੁਰਾਸੀ ਵਿਚੋਂ ਗੁਰਮੁਖ ਸੰਤ ਸੁਹੇਲੇ ਚੰਗੇ ਥੋੜੇ ਬਹੁਤ, ਬਹੁ ਗਿਣਤ ਨਾ ਕੋਇ ਚਤਰਾਵਾਂਗਾ । ਜੇਹੜੇ ਮਿਲੇ ਪ੍ਰਭ ਦੀ ਜੋਤ, ਜੋਤ ਜੋਤ ਵਿਚ ਸਮਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਲੋਕ ਪਰਲੋਕ, ਦੋ ਜਹਾਨ ਸ੍ਰੀ ਭਗਵਾਨ ਪਰਵਰਦਿਗਾਰ ਸਾਂਝਾ ਯਾਰ ਏਕੰਕਾਰ ਕਲ ਆਪਣੀ ਇਕ ਪਰਗਟਾਵਾਂਗਾ ।

### ✪ ੧੭ ਜੇਠ ਸ਼ਹਿਨਸ਼ਾਹੀ ਸੰਮਤ ੬ ਗਿਆਨੀ ਗੁਰਮੁਖ ਸਿੰਘ ਦੇ ਗ੍ਰਹਿ ਪਿੰਡ ਭਲਾਈ ਪੁਰ ਜ਼ਿਲਾ ਅੰਮ੍ਰਿਤਸਰ ✪

ਵਿਸ਼ਨ ਬ੍ਰਹਮਾ ਸ਼ਿਵ ਕਹਿਣ ਨਿਰਗੁਣ ਧਾਰ ਜੋਤ ਨਿਰੰਕਾਰੀ, ਨਿਰਾਕਾਰ ਨਿਰਵੈਰ ਤੇਰੀ ਸਰਨਾਈਆ । ਜੁਗ ਚੌਕੜੀ ਆਦਿ ਪੁਰਖ ਅਪਰੰਪਰ ਸਵਾਮੀ ਵੇਖੀ ਤੇਰੀ ਖੇਲ ਨਿਆਰੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਸਰਗੁਣ ਸਰਗੁਣ ਬਣਿਆ ਰਿਹਾ ਪੁਜਾਰੀ, ਪੂਜਾ ਤਨ ਵਜੂਦ ਇਸ਼ਟ ਜਣਾਈਆ । ਖੇਲ ਹੁੰਦਾ ਰਿਹਾ ਪੈਗ਼ੰਬਰ ਗੁਰ ਅਵਤਾਰੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਖੇਲ ਖਿਲਾਈਆ । ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਤੇਰੀ ਕੋਇ ਨਾ ਪਾਵੇ ਸਾਰੀ, ਸਾਹਿਬ ਸੁਲਤਾਨ ਪਰਦਾ ਪਰਦੇ ਵਿਚੋਂ ਨਾ ਕੋਇ ਉਠਾਈਆ । ਅੱਖਰ ਧਾਰ ਤੇਰੇ ਸਿਫ਼ਤਾਂ ਵਾਲੇ ਬਣੇ ਰਹੇ ਪੁਜਾਰੀ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਰਾਗਾਂ ਨਾਦਾਂ ਵਿਚ ਢੋਲੇ ਗਾਈਆ । ਨਿਰਗੁਣ ਜੋਤ ਬਿਨ ਵਰਨ ਗੋਤ, ਤੇਰੀ ਸਰਨ ਚਰਨ ਕਰੇ ਨਾ ਕੋਇ ਨਿਮਸਕਾਰੀ, ਪਾਹਨ ਪਾਥਰ ਸਿਲ ਪੂਜਸ ਵੇਖੀ ਜਗਤ ਲੋਕਾਈਆ । ਪੜ੍ਹ ਪੜ੍ਹ ਰਸਨਾ ਜਿਹਵਾ ਸਾਰੇ ਰਹੇ ਉਚਾਰੀ, ਉਸਤਤ ਤੇਰਾ ਨਾਮ ਜਣਾਈਆ । ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਤੇਰੀ ਮੰਜ਼ਲ ਮਿਲੀ ਨਾ ਇਕ ਵਾਰੀ,

ਏਕੰਕਾਰ ਤੇਰੀ ਓਟ ਨਾ ਕੋਇ ਤਕਾਈਆ । ਕਲਜੁਗ ਅੰਤ ਦੋ ਜਹਾਨ ਸ੍ਰਿਸ਼ਟ ਦ੍ਰਿਸ਼ਟ ਹੋਈ ਦੁਖਿਆਰੀ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸਾਂਤਕ ਸਤਿ ਨਾ ਕੋਇ ਕਰਾਈਆ । ਚਾਰ ਕੁੰਟ ਦਹਿ ਦਿਸ਼ਾ ਮਾਨਵ ਮਾਨਵ ਹੋਈ ਖ਼ੁਆਰੀ, ਖ਼ਾਲਸ ਤੇਰਾ ਰੂਪ ਨਾ ਕੋਇ ਦਰਸਾਈਆ । ਮਨ ਕਲਪਣਾ ਵਿਚ ਦੀਨ ਦੁਨੀ ਹੰਕਾਰੀ, ਜ਼ਾਤ ਪਾਤ ਦੀਨ ਮਜ਼੍ਹਬ ਕਰੇ ਲੜਾਈਆ । ਤੇਰੇ ਨਾਮ ਦੀ ਝਗੜਿਆਂ ਵਾਲੀ ਲੱਗੀ ਅਖਾੜੀ, ਅੱਲਾ ਵਾਹਿਗੁਰੂ ਰਾਮ ਓਮ ਹਰੀ ਓਮ ਤਤ ਸਤਿ ਕਰੇ ਲੜਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਸਾਡੀ ਆਸ਼ਾ ਕਲਜੁਗ ਅੰਤਮ ਵੇਖ ਹਾਰੀ, ਹਰਿ ਹਰਿਜੂ ਸੀਸ ਨਿਵਾਈਆ । ਆਤਮ ਬ੍ਰਹਮ ਪਾਰਬ੍ਰਹਮ ਬਿਨ ਤੇਰੇ ਕਰੇ ਕੋਇ ਨਾ ਦਾਰੀ, ਅੰਤਰ ਨਿਰੰਤਰ ਮੇਲ ਨਾ ਕੋਇ ਮਿਲਾਈਆ । ਤੇਰੇ ਪਿਆਰ ਅੰਦਰ ਆਈ ਇਕ ਵਿਚਾਰੀ, ਵਿਚਰ ਕੇ ਦਈਏ ਸੁਣਾਈਆ । ਪੁਰਖ ਅਕਾਲੇ ਦੀਨ ਦਿਆਲੇ ਨਿਰਗੁਣ ਨੂਰ ਜੋਤ ਕਰ ਉਜਿਆਰੀ, ਪਾਰਬ੍ਰਹਮ ਪ੍ਰਭ ਆਪਣਾ ਖੇਲ ਖਿਲਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਭਵਿਖਤਾਂ ਵਿਚ ਕਰ ਕੇ ਗਏ ਇਜ਼ਹਾਰੀ, ਰਾਗਾਂ ਨਾਦਾਂ ਵਿਚ ਦ੍ਰਿੜਾਈਆ । ਜਿਸ ਦੀ ਸਾਰੇ ਮੰਨਣ ਤਾਬਿਆਦਾਰੀ, ਸੀਸ ਜਗਦੀਸ ਨਾ ਕੋਇ ਉਠਾਈਆ । ਸਭ ਦਾ ਲਹਿਣਾ ਦੇਣਾ ਵੇਖ ਪਾ ਸਾਰੀ, ਮਹਾਂਸਾਰਥੀ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਹੇ ਵਿਸ਼ਨ ਸ਼ਿਵ ਸੁਣ ਬ੍ਰਹਮ, ਬ੍ਰਹਿਮਾਦ ਦਿਆਂ ਜਣਾਈਆ । ਆਦਿ ਜੁਗਾਦਿ ਮੇਰਾ ਇਕੋ ਧਰਮ, ਸਤਿ ਸਚ ਦੀ ਬਾਣ ਸਮਝਾਈਆ । ਲੱਖ ਚੁਰਾਸੀ ਮੇਰੀ ਧਾਰ ਤੋਂ ਲਏ ਜਰਮ, ਆਤਮ ਮੇਰਾ ਨੂਰ ਇਲਾਹੀਆ । ਜਗਤ ਕਰਨੀ ਬਣਾ ਕੇ ਕਰਮ, ਕਾਂਡਾਂ ਵਿਚ ਖੇਲ ਖਿਲਾਈਆ । ਦੀਨ ਮਜ਼੍ਹਬ ਬਣਾਇਆ ਭਰਮ, ਜ਼ਾਤਾਂ ਵਿਚ ਕੀਤੀ ਲੜਾਈਆ । ਝਗੜਾ ਪਾ ਕੇ ਮਾਟੀ ਚਰਮ, ਸ੍ਰਿਸ਼ਟੀ ਦ੍ਰਿਸ਼ਟੀ ਦਿਤੀ ਬਦਲਾਈਆ । ਜੋ ਆਏ ਮੇਰੀ ਸਰਨ, ਸਿਰ ਆਪਣਾ ਹੱਥ ਰਖਾਈਆ । ਨਾਤਾ ਤੋੜ ਕੇ ਜਨਮ ਮਰਨ, ਮਰ ਜੀਵਤ ਰੂਪ ਸਮਝਾਈਆ । ਮਾਲਕ ਬਣ ਕੇ ਤਰਨੀ ਤਰਨ, ਨਿਰਗੁਣ ਜੋਤ ਵਿਚ ਸਮਾਈਆ । ਉਹ ਮੰਜ਼ਲ ਸਾਚੀ ਚੜ੍ਹਨ, ਦਰਗਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਬਿਨ ਸੀਸ ਜਗਦੀਸ ਝੁਕੇ, ਸਚਖੰਡ ਸੀਸ ਨਿਵਾਈਆ । ਪੁਰਖ ਅਕਾਲੇ ਸਭ ਦੇ ਪੈਂਡੇ ਮੁਕੇ, ਅੰਤਮ ਵੇਖ ਥਾਉਂ ਥਾਈਂਆ । ਤੇਰਾ ਭਾਣਾ ਕਦੇ ਨਾ ਰੁਕੇ, ਨਾ ਕੋਇ ਮੇਟੇ ਮੇਟ ਮਿਟਾਈਆ । ਸ੍ਰਿਸ਼ਟ ਸਬਾਈ ਕਲਜੁਗ ਅੰਤਮ ਦੁੱਖੇ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਜੀਵ ਜਹਾਨ ਵੇਖ ਭੁੱਖੇ, ਆਤਮ ਰਸ ਨਾ ਕੋਇ ਚਖਾਈਆ । ਭਾਗ ਲੱਗਾ ਕਿਸੇ ਨਾ ਕੁੱਖੇ, ਭਗਤ ਜਨਮੇ ਕੋਇ ਨਾ ਮਾਈਆ । ਮਾਨਵ ਜ਼ਾਤੀ ਉਲਟ ਰੁੱਖੇ, ਗੇੜਾ ਗੇੜਾ ਨਾ ਕੋਇ ਪਵਾਈਆ । ਭਾਗ ਲੱਗੇ ਨਾ ਕਾਇਆ ਪੰਜ ਤਤ ਬੁੱਤੇ, ਬੁਤਖ਼ਾਨੇ ਪਈ ਦੁਹਾਈਆ । ਸਾਨੂੰ ਇਉਂ ਜਾਪਦਾ ਗੁਰੂ ਅਵਤਾਰ ਪੈਗ਼ੰਬਰ ਪੁਰਖ ਅਕਾਲ ਤੇਰੀ ਜੋਤ ਵਿਚ ਸੁਤੇ, ਧਰਨੀ ਧਰਤ ਧਵਲ ਧੌਲ ਉਤੇ ਲਵੇ ਨਾ ਕੋਇ ਅੰਗੜਾਈਆ । ਆਪਣਿਆਂ ਮੁਰੀਦਾਂ ਸਿੱਖਾਂ ਸ਼ਬਦ ਗੋਦੀ ਕੋਇ ਨਾ ਚੁੱਕੇ, ਫੜ ਬਾਹੋਂ ਗਲੇ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਪੁਰਖ ਅਕਾਲ ਕਹੇ ਵਿਸ਼ਨ ਬ੍ਰਹਮਾ ਸ਼ਿਵ ਤੁਹਾਡੀ ਸਚ ਸੁਣਾਂ ਅਰਦਾਸ, ਬੇਨੰਤੀ ਆਪਣੀ ਝੋਲੀ ਪਾਈਆ । ਮੇਰਾ ਖੇਲ ਅਗੰਮ ਤਮਾਸ਼, ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਕਲਜੁਗ ਅੰਤਮ

ਪਾਵਾਂ ਰਾਸ, ਨਿਰਗੁਣ ਨਿਰਗੁਣ ਗੋਪੀ ਕਾਹਨ ਨਚਾਈਆ । ਵੇਲਾ ਵਕਤ ਦੱਸਣਾ ਖ਼ਾਸ, ਥਿਤ ਵਾਰ ਦਿਆਂ ਦ੍ਰਿੜਾਈਆ । ਸਤਾਰਾਂ ਹਾੜ ਸਭ ਨੇ ਬਣਾਉਣਾ ਸਾਥ, ਸੰਗ ਇਕੋ ਇਕ ਜਣਾਈਆ । ਤੂੰ ਮੇਰਾ ਮੈਂ ਤੇਰਾ ਗਾਉਣੀ ਗਾਥ, ਢੋਲਾ ਅਗੰਮ ਅਥਾਹੀਆ । ਸੋਹਣੀ ਸੁਹੰਜਣੀ ਸੁਹਾਉਣੀ ਰਾਤ, ਰੁਤੜੀ ਆਪਣੀ ਇਕ ਮਹਿਕਾਈਆ । ਸ਼ੰਕਰ ਪਿੱਠ ਤੇ ਬੰਨ੍ਹ ਕੇ ਲਿਔਣੀ ਕਲਮ ਦਵਾਤ, ਜੋ ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਤੈਨੂੰ ਖੇਲ ਵਖਾਵਾਂ ਸਾਖਿਆਤ, ਭੇਵ ਅਭੇਦ ਆਪ ਖੁਲ੍ਹਾਈਆ । ਚਾਰ ਜੁਗ ਸਿਰਫ਼ ਮੇਰੇ ਨਾਮ ਦੀ ਹੁੰਦੀ ਰਹੀ ਅਰਦਾਸ, ਮੇਰਾ ਦਰਸ ਕੋਇ ਨਾ ਪਾਈਆ । ਅਵਤਾਰ ਪੈਗ਼ੰਬਰ ਗੁਰੂ ਗਾ ਕੇ ਗਏ ਗਾਥ, ਸਿਫ਼ਤਾਂ ਵਾਲੇ ਢੋਲੇ ਜਗਤ ਸੁਣਾਈਆ । ਮੈਨੂੰ ਮੰਨ ਕੇ ਗਏ ਪੁਰਖ ਸਮਰਾਥ, ਸਚਖੰਡ ਦਾ ਵਾਸੀ ਧੁਰਦਰਗਾਹੀਆ । ਦੀਨ ਮਜ਼੍ਹਬ ਵਿਚੋਂ ਮੈਂ ਕਿਸੇ ਨਾ ਆਇਆ ਹਾਥ, ਸਨਮੁਖ ਹੋ ਨਾ ਮੇਲ ਮਿਲਾਈਆ । ਜੁਗ ਜੁਗ ਜਦ ਕਿਰਪਾ ਕੀਤੀ ਜਨ ਭਗਤਾਂ ਦਿਤੀ ਦਾਤ, ਜ਼ਾਤ ਪਾਤ ਨਾ ਕੋਇ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੇਰੀ ਚਲਦੀ ਆਈ ਸ਼ਾਖ਼, ਸ਼ਨਾਖ਼ਤ ਆਪਣੇ ਹੱਥ ਰਖਾਈਆ । ਮੇਰਾ ਖੇਲ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਆਪਣੀ ਕਾਰ ਕਮਾਈਆ । ਤੁਸਾਂ ਤਿੰਨਾਂ ਬਿਨਾ ਹੱਥਾਂ ਤੋਂ ਜੋੜੇ ਹਾਥ, ਨਮੋਂ ਨਮੋਂ ਸੀਸ ਝੁਕਾਈਆ । ਬ੍ਰਹਮਾ ਤੇਰੀ ਵਿਦਿਆ ਹੋਵੇ ਪਾਸ, ਚਾਰੇ ਵੇਦ ਨਾ ਕੋਇ ਚਤੁਰਾਈਆ । ਵਿਸ਼ਨੂੰ ਤੇਰਾ ਧਰਮ ਦੀ ਧਾਰ ਭੰਡਾਰਾ ਹੋਵੇ ਖ਼ਾਸ, ਖ਼ਾਲਸ ਆਪਣੀ ਕਾਰ ਕਮਾਈਆ । ਤਿੰਨਾਂ ਨੇ ਮੇਰਾ ਨਾਮ ਗਾਉਣਾ ਬਣ ਕੇ ਭਾਟ, ਬਿਨ ਰਾਗਾਂ ਰਾਗ ਅਲਾਈਆ । ਮੰਜ਼ਲ ਮਾਰ ਕੇ ਆਉਣਾ ਵਾਟ, ਭਗਤ ਦਵਾਰ ਪਹੁੰਚਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਿਰ ਆਪਣਾ ਹੱਥ ਰਖਾਈਆ । ਸ਼ੰਕਰ ਕਹੇ ਮੇਰੇ ਪ੍ਰਭੂ ਪ੍ਰਭ ਨਾਥ, ਅਨਾਥਾਂ ਹੋਏਂ ਸਹਾਈਆ । ਜੋ ਸ਼ਬਦ ਅਗੰਮੀ ਦਿਤਾ ਆਖ, ਆਖ਼ਰ ਸੀਸ ਝੁਕਾਈਆ । ਤੇਰੇ ਚਰਨ ਕਵਲ ਨਿਰਗੁਣ ਧਾਰ ਜੋੜੀਏ ਨਾਤ, ਨਾਤਾ ਇਕੋ ਨਾਲ ਜੁੜਾਈਆ । ਸਾਡੀ ਸਭ ਦੀ ਪੁਛੀਂ ਵਾਤ, ਵਾਸਤਾ ਤੇਰੇ ਅੱਗੇ ਪਾਈਆ । ਤੂੰ ਸਾਹਿਬ ਸਵਾਮੀ ਕਮਲਾਪਾਤ, ਪਤਿਪਰਮੇਸ਼ਵਰ ਤੇਰੀ ਬੇਪਰਵਾਹੀਆ । ਅਸਾਂ ਭਗਤ ਦਵਾਰ ਆ ਕੇ ਜਨ ਭਗਤਾਂ ਲਈ ਮੰਗਣੀ ਦਾਤ, ਖ਼ਾਲੀ ਝੋਲੀ ਆਪਣੀ ਡਾਹੀਆ । ਗ਼ਰੀਬ ਨਿਮਾਣਿਆਂ ਪੁਛ ਵਾਤ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਧਰਮ ਦੀ ਧਾਰ ਚਲਾ ਸਾਚ, ਸਚ ਦੀ ਕਰਨੀ ਕਾਰ ਕਮਾਈਆ । ਪ੍ਰਕਾਸ਼ ਕਰ ਕਾਇਆ ਮਾਟੀ ਕਾਚ, ਕੰਚਨ ਗੜ੍ਹ ਦੇ ਵਡਿਆਈਆ । ਤੇਰਾ ਖੇਲ ਅਲੱਖਣਾ ਅਲਾਖ, ਅਲਖ ਅਗੋਚਰ ਤੇਰੀ ਬੇਪਰਵਾਹੀਆ । ਅਸਾਂ ਤਿੰਨਾਂ ਸਚਖੰਡ ਦਵਾਰਿਉਂ ਤੇਰੀ ਚਰਨ ਧੂੜ ਦਾ ਲੈ ਕੇ ਆਉਣਾ ਪਰਸਾਦ, ਤੇਰੀ ਕਿਰਪਾ ਕਿਰਪਾ ਨਾਲ ਰਖਾਈਆ । ਤੂੰ ਮਾਲਕ ਖ਼ਾਲਕ ਆਦਿ ਦਾ ਆਦਿ, ਅੰਤ ਤੇਰੀ ਵਡ ਵਡਿਆਈਆ । ਅਸੀਂ ਚਾਹੁੰਦੇ ਤੂੰ ਜਨ ਭਗਤਾਂ ਬਣਾ ਯਾਦ, ਆਪਣਾ ਰੰਗ ਰੰਗਾਈਆ । ਤੇਰਿਆਂ ਗੁਰਮੁਖਾਂ ਖੇੜਾ ਰਹੇ ਆਬਾਦ, ਲੋਕਮਾਤ ਉਜੜ ਨਾ ਜਾਈਆ । ਅੰਦਰ ਵੜ ਕੇ ਖੋਲ੍ਹ ਜਾਗ, ਜਾਗਰਤ ਜੋਤ ਜੋਤ ਰੁਸ਼ਨਾਈਆ । ਚਾਰ ਜੁਗ ਤੈਨੂੰ ਲੱਭਦੇ ਰਹੇ ਸੰਤ ਸਾਧ, ਹੁਣ ਭਗਤਾਂ ਪਰਗਟ ਹੋ ਕੇ ਆਪਣਾ ਦਰਸ ਦਿਖਾਈਆ । ਸਤਿਜੁਗ ਤੇਰਾ ਵੇਖਣਾ ਚਾਹੁੰਦੇ ਬਗੀਚਾ ਬਾਗ਼, ਫੁੱਲ ਫੁਲਵਾੜੀ ਅਗੰਮ ਮਹਿਕਾਈਆ । ਜਿਧਰ ਜਾਈਏ ਓਧਰ ਤੇਰੇ ਨਾਮ ਦਾ ਵੱਜੇ ਨਾਦ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਕਲਜੁਗ ਕੂੜੀ ਕਿਰਿਆ ਕਰ ਬਰਬਾਦ, ਬੇਪਰਵਾਹ ਹੁਕਮ ਸੁਣਾਈਆ । ਸਤਿਜੁਗ ਸਾਚਾ ਕਰ ਆਬਾਦ, ਗੁਰਮੁਖ ਸਾਚੇ


੪੮੩
੨੨

ਵਿਚ ਟਿਕਾਈਆ । ਹਰ ਹਿਰਦੇ ਅੰਦਰ ਹੋ ਵਿਸਮਾਦ, ਬਿਸਮਿਲ ਆਪਣੀ ਕਾਰ ਕਮਾਈਆ । ਝਗੜਾ ਮੁਕਾ ਦੇ ਇਸ਼ਕ ਹਕੀਕੀ ਤੇ ਮਿਜਾਜ਼, ਮਿਸਲ ਆਪਣੀ ਇਕ ਸਮਝਾਈਆ । ਜਿਸ ਨੂੰ ਸਮਝੇ ਬੁਧੀ ਅਕਲ ਨਾ ਕੋਇ ਦਿਮਾਗ਼, ਅਨਭਵ ਆਪਣੀ ਕਾਰ ਕਮਾਈਆ । ਗ੍ਰਿਹ ਗ੍ਰਿਹ ਦੀਪਕ ਜੋਤ ਜਗਾ ਚਿਰਾਗ਼, ਕਾਇਆ ਚਰਾਗਾਹਾਂ ਅੰਦਰ ਹੋਏ ਰੁਸ਼ਨਾਈਆ । ਹਰਿਜਨ ਹੰਸ ਬਣਾ ਕਾਗ, ਦੁਰਮਤ ਮੈਲ ਧਵਾਈਆ । ਕਿਸੇ ਦਾ ਰਹੇ ਨਾ ਸਵਾਲ ਜਵਾਬ, ਧੁਰ ਫ਼ਰਮਾਨਾ ਇਕ ਸੁਣਾਈਆ । ਤੇਰੇ ਦਵਾਰਿਉਂ ਸਭ ਨੂੰ ਹੋਵੇ ਲਾਭ, ਗੁਰ ਅਵਤਾਰ ਪੈਗ਼ੰਬਰ ਬੈਠਣ ਸੀਸ ਨਿਵਾਈਆ । ਜਿਹੜਾ ਅੰਮ੍ਰਿਤ ਝਿਰਨਾ ਝਿਰਦਾ ਦੱਸ ਕੇ ਆਏ ਕਵਲ ਨਾਭ, ਸੋ ਬੂੰਦ ਸਵਾਂਤੀ ਮਿਹਰ ਨਜ਼ਰ ਨਾਲ ਪਿਆਈਆ । ਜਿਹੜਾ ਨੂਰ ਦੱਸਦੇ ਆਏ ਸੂਰੀਆ ਚਾਂਦ, ਕਾਇਆ ਅੰਤਰ ਕਰੇ ਰੁਸ਼ਨਾਈਆ । ਸੋ ਪੜਦਾ ਲਾਹ ਦੇ ਜਨ ਭਗਤਾਂ ਬੰਧਨਾਂ ਤੋਂ ਕਰ ਅਜ਼ਾਦ, ਸਤਿ ਸਰੂਪ ਆਪਣਾ ਦਰਸ ਦਖਾਈਆ । ਰਾਤੀ ਸੁਤਿਆਂ ਦਿਨੇ ਜਾਗਦਿਆਂ ਸਤਿਗੁਰ ਸ਼ਬਦ ਹੋ ਕੇ ਮਾਰ ਆਵਾਜ਼, ਤਤਾਂ ਵਾਲੇ ਗੁਰੂ ਦਾ ਝਗੜਾ ਦੇ ਮੁਕਾਈਆ । ਪੁਰਖ ਅਕਾਲੇ ਨਵੀਂ ਸਾਜਣਾ ਸਾਜ, ਅਵਤਾਰ ਪੈਗ਼ੰਬਰ ਗੁਰੂ ਜਿਸ ਦੀ ਭਵਿਖਤਾਂ ਵਿਚ ਦੇ ਕੇ ਗਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਫ਼ਰਮਾਨਾ ਇਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਣੋ ਸ਼ਬਦ ਤ੍ਰੈਗੁਣ ਅਤੀਤ, ਤ੍ਰੈਭਵਣ ਆਪ ਜਣਾਈਆ । ਆਦਿ ਜੁਗਾਦੀ ਧੁਰ ਦੀ ਰੀਤ, ਨਿਤ ਨਵਿਤ ਖੇਲ ਵਖਾਈਆ । ਜੁਗ ਚੌਕੜੀ ਖੇਲ ਖੇਲਿਆ ਠਾਕਰ ਦਵਾਰਾ ਮੰਦਰ ਮਸੀਤ ਸ਼ਿਵਦਵਾਲੇ ਮੱਠ ਗੁਰਦਵਾਰਿਆਂ ਵੰਡ ਵੰਡਾਈਆ । ਅੰਤ ਲੇਖਾ ਸਭ ਦਾ ਤੁਸਾਂ ਕਰਨਾ ਤਸਦੀਕ, ਸ਼ਹਾਦਤ ਵੱਖ ਵੱਖ ਭੁਗਤਾਈਆ । ਸਚ ਦਵਾਰੇ ਕਵਣ ਹੋਇਆ ਵਸਨੀਕ, ਵਸਣਹਾਰ ਕਵਣ ਹੋ ਜਾਈਆ । ਗੁਰ ਅਵਤਾਰ ਪੈਗ਼ੰਬਰ ਕੀ ਰੱਖਣ ਉਮੀਦ, ਆਸਾ ਕੀ ਜਣਾਈਆ । ਕਿਸ ਦੀ ਸਿਫ਼ਤ ਕੀਤੀ ਤੌਹੀਦ, ਭੇਵ ਅਭੇਦ ਖੁਲ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਪ੍ਰਭੂ ਅਸੀਂ ਸਾਰੇ ਤੇਰੇ ਅਜ਼ੀਜ਼, ਨਿਉਂ ਨਿਉਂ ਸੀਸ ਝੁਕਾਈਆ । ਬਿਨਾ ਤੇਰੇ ਨਾਮ ਕਲਮੇ ਤੋਂ ਕਿਸੇ ਨਾ ਆਈ ਤਮੀਜ਼, ਸਤਿ ਸਚ ਨਾ ਕੋਇ ਬਣਾਈਆ । ਪਰ ਸਾਨੂੰ ਜੁਗ ਚੌਕੜੀ ਪਿਛੋਂ ਇਹੋ ਆਈ ਰੀਝ, ਜੋ ਨਿਉਂ ਕੇ ਦਈਏ ਦ੍ਰਿੜਾਈਆ । ਔਹ ਵੇਖ ਭਵਿਖਤਾਂ ਤੇਰੀ ਸਦੀ ਚੌਧਵੀਂ ਰਹੀ ਬੀਤ, ਬੀਸਵੀਂ ਆਪਣਾ ਪੰਧ ਮੁਕਾਈਆ । ਦੋ ਜਹਾਨ ਤੇਰੇ ਨਾਮ ਦਾ ਇਕੋ ਗਾਵੇ ਗੀਤ, ਦੂਜਾ ਨਾਮ ਨਾ ਸਿਫ਼ਤ ਸਾਲਾਹੀਆ । ਇਕੋ ਕਲਮਾ ਹੋਵੇ ਹਦੀਸ, ਇਕੋ ਤੇਰੀ ਹੱਕ ਪੜ੍ਹਾਈਆ । ਤਿੰਨਾਂ ਰੋ ਕੇ ਮਾਰੀ ਚੀਕ, ਕੂਕ ਕੂਕ ਦਿਤਾ ਸੁਣਾਈਆ । ਬਹੁੜੀ ਤੇਰੀ ਸਾਰੇ ਕਰਨ ਉਡੀਕ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਕਲਜੁਗ ਅੰਧੇਰਾ ਬਦਲ ਦੇ ਤਾਰੀਕ, ਤਾਰੀਖ ਆਪਣੀ ਦੇ ਸਮਝਾਈਆ । ਲੱਖ ਚੁਰਾਸੀ ਬਦਲ ਦੇ ਨੀਤ, ਨੀਤੀਵਾਨ ਫੇਰਾ ਪਾਈਆ । ਤੇਰੇ ਦਰ ਤੇ ਮੰਗਦੇ ਭੀਖ, ਭਿੱਖਕ ਹੋ ਕੇ ਝੋਲੀ ਢਾਹੀਆ । ਚਰਨ ਕਵਲ ਤੇਰੇ ਸੀਸ, ਜਗਦੀਸ ਇਕ ਟਿਕਾਈਆ । ਲੇਖਾ ਵੇਖ ਬੀਸ ਇਕੀਸ, ਗੋਬਿੰਦ ਧਾਰ ਧਾਰ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਿਰ ਆਪਣਾ ਹੱਥ ਰਖਾਈਆ । ਪੁਰਖ ਅਕਾਲ ਕਹੇ ਵਿਸ਼ਨ ਬ੍ਰਹਮਾ ਸ਼ਿਵ ਰੱਖਣਾ ਯਾਦ, ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਸਮਝਾਈਆ । ਸਚ ਦਾ ਮਾਰਗ ਕਰਾਂ ਆਬਾਦ, ਧਰਨੀ ਧਰਤ ਧਵਲ ਧੌਲ ਦਿਆਂ ਵਡਿਆਈਆ । ਗੁਰਮੁਖਾਂ ਦੀ ਗੁਰਮੁਖ ਸਿੰਘ ਨਾਲ ਬਣਾਵਾਂ ਮੁਨਿਆਦ, ਮੁਨਿਆਦੀ ਆਪਣਾ ਨਾਮ ਕਰਾਈਆ । ਤਿੰਨ ਅੱਸੂ ਨਵੀਂ ਸਾਜਣਾ

ਸਾਜ, ਸਚ ਸਚ ਦਾ ਖੇਲ ਵਖਾਈਆ । ਨੌਂ ਗੁਰਮੁਖ ਲਗਾ ਕੇ ਰਾਜ, ਰਾਜਨ ਰਾਜ ਹੁਕਮ ਵਰਤਾਈਆ । ਪੰਦਰਾਂ ਪੰਦਰਾਂ ਆਪਣੀ ਧਾਰ ਲਾਧ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਨਿਰਗੁਣ ਧਾਰ ਹੋ ਵਿਸਮਾਦ, ਵੇਖਾਂ ਚਾਰੋਂ ਕੁੰਟ ਥਾਉਂ ਥਾਈਂਆ । ਫੇਰ ਹੁਕਮ ਸੁਣਾਵਾਂ ਜਿਸ ਨੇ ਬਦਲ ਦੇਣਾ ਸਮਾਜ, ਸਮਾਂ ਸਮੇਂ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਦ ਆਪਣਾ ਹੁਕਮ ਸੁਣਾਈਆ । ਗੁਰਮੁਖ ਦਵਾਰਾ ਪੰਦਰਾਂ ਪੰਦਰਾਂ ਵੰਦ, ਇਕ ਪੰਜ ਸਮਝਾਈਆ । ਹਰਿ ਸੰਗਤ ਤੂੰ ਮੇਰਾ ਮੈਂ ਤੇਰਾ ਗਾ ਕੇ ਛੰਦ, ਖ਼ੁਸ਼ੀ ਖ਼ੁਸ਼ੀ ਲੈਣੀ ਮਨਾਈਆ । ਆਤਮ ਧਾਰ ਪ੍ਰੇਮ ਪਿਆਰ ਸੋਹੇ ਪਲੰਘ, ਸੇਜ ਸੁਹੰਜਣੀ ਇਕ ਚਤੁਰਾਈਆ । ਅੰਦਰ ਨਿਸ਼ਾਨ ਬਣਾਉਣਾ ਤਾਰਾ ਚੰਦ, ਲਹਿੰਦੀ ਦਿਸ਼ਾ ਵੇਖ ਵਖਾਈਆ । ਅਗਲਾ ਖੇਲ ਸੂਰਾ ਸਰਬੰਗ, ਸਮਾਂ ਸਮੇਂ ਨਾਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਜਨ ਭਗਤਾਂ ਭਗਤ ਦਵਾਰ ਸੁਹਾਉਣਾ, ਦੇਵੇ ਮਾਣ ਵਡਿਆਈਆ । ਰਵਦਾਸ ਚਮਾਰਾ ਗੁਰਮੁਖ ਰੰਗ ਰੰਗਾਉਣਾ, ਸਿੰਘ ਸਿੰਘ ਵੱਜੇ ਵਧਾਈਆ । ਦੂਜਾ ਹੁਕਮ ਹੁਕਮ ਫੇਰ ਸਮਝਾਉਣਾ, ਸਮਝ ਸਮਝ ਵਿਚੋਂ ਬਦਲਾਈਆ । ਸਚ ਦਾ ਮਾਰਗ ਸਤਿਜੁਗ ਇਕ ਰਖਾਉਣਾ, ਸਤਿ ਸਤਿ ਨਾਲ ਕੁੜਮਾਈਆ । ਬ੍ਰਹਮ ਬ੍ਰਹਮ ਦਾ ਪੜਦਾ ਲਾਹੁਣਾ, ਬ੍ਰਹਮ ਮਤ ਇਕ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਕਾਰ ਕਮਾਈਆ । ਗੁਰਮੁਖ ਸਿੰਘ ਨੂੰ ਦੇ ਕੇ ਦਾਦ, ਸ਼ਬਦ ਸ਼ਬਦ ਨਾਲ ਵਡਿਆਈਆ । ਫੇਰ ਬਣਾਉਣੀ ਭਗਤ ਦਵਾਰੇ ਸਚ ਸਮਾਧ, ਜੋਗਿੰਦਰ ਤ੍ਰਿਪਤ ਜਿਸ ਵਿਚ ਜਾਣ ਸਮਾਈਆ । ਪੁਰਖ ਅਕਾਲ ਦੀਨ ਦਿਆਲ ਨਿਰਗੁਣ ਧਾਰ ਰੱਖਣੀ ਲਾਜ, ਸਰਗੁਣ ਆਪਣੀ ਕਾਰ ਕਮਾਈਆ । ਜਿਥੇ ਲੇਖਾ ਮੁਕਣਾ ਕਲਜੁਗ ਲੂਲ੍ਹੇ ਲੰਗੜੇ ਅਪਹਾਜ, ਬਲਹੀਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦੀ ਕਰਨੀ ਕਾਰ ਕਮਾਈਆ । ਸ਼ੰਕਰ ਕਹੇ ਮੈਂ ਕਲਮ ਦਵਾਤ ਲਿਆਉਣੀ, ਥਿਤ ਸਤਾਰਾਂ ਹਾੜ੍ਹ ਸਮਝਾਈਆ । ਕੀ ਸਾਹਿਬ ਖੇਲ ਖਿਲਾਉਣੀ, ਨਿਰਗੁਣ ਨਿਰਵੈਰ ਦੇ ਦ੍ਰਿੜਾਈਆ । ਪੁਰਖ ਅਕਾਲ ਕਿਹਾ ਮੈਂ ਨਵੀਂ ਲਿਖਤ ਲਿਖਾਉਣੀ, ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਸਮਝ ਸਕਿਆ ਕੋਇ ਨਾ ਰਾਈਆ । ਨਵੀਂ ਨਵੀਂ ਧਾਰ ਪਰਗਟਾਉਣੀ, ਵਿਸ਼ਨ ਬ੍ਰਹਮਾ ਸ਼ਿਵ ਸਭ ਨੇ ਨਿਉਂ ਨਿਉਂ ਲੱਗਣਾ ਪਾਈਆ । ਇੱਕੀ ਧਾਮਾਂ ਵੰਡ ਵੰਡਾਉਣੀ, ਜਿਨ੍ਹਾਂ ਸਤਿਜੁਗ ਸਚ ਸਚ ਕਰਨੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ । ਸ਼ੰਕਰ ਤੇਰੀ ਕਲਮ ਦਵਾਤ ਭਰੀ ਹੋਵੇ ਨਾਲ ਸਿਆਹੀ, ਸਿਆਹ ਰੂਪ ਨਾ ਕੋਇ ਦਰਸਾਈਆ । ਕਲਮ ਬਣਾਉਣੀ ਜੇਹੜਾ ਗੋਬਿੰਦ ਬੂਟਾ ਪੁੱਟਿਆ ਕਾਹੀ, ਕਾਇਨਾਤ ਨਾਤ ਵਿਚੋਂ ਪਰਗਟਾਈਆ । ਲਹਿਣਾ ਦੇਣਾ ਪੂਰਾ ਕਰਨਾ ਜੋ ਮਾਛੂਵਾੜੇ ਸਿਫ਼ਤ ਸਾਲਾਹੀ, ਮਹਿਮਾ ਕਥ ਕਥ ਸੁਣਾਈਆ । ਜੋ ਸੰਦੇਸ਼ਾ ਦਿਤਾ ਪਾਂਧੀ ਰਾਹੀ, ਰਹਿਬਰ ਹੋ ਕੇ ਆਪ ਦ੍ਰਿੜਾਈਆ । ਪੁਰਖ ਅਕਾਲਾ ਬਣ ਕੇ ਧੁਰ ਦਾ ਮਾਹੀ, ਮਹਿਬੂਬ ਹੋ ਕੇ ਮੁਹੱਬਤ ਵਿਚ ਆਪਣੀ ਕਾਰ ਕਮਾਈਆ । ਜਨ ਭਗਤਾਂ ਲੱਖ ਚੁਰਾਸੀ ਜਮ ਦੀ ਫਾਸੀ ਕਟੇ ਫਾਹੀ, ਰਾਏ ਧਰਮ ਨਾ ਦਏ ਸਜ਼ਾਈਆ । ਲੇਖਾ ਲਿਖਣਾ ਇਕੋ ਵਾਰ ਦੂਜੀ ਲੋੜ ਰਹੇ ਨਾ ਰਾਈ, ਰਹਿਮਤ ਆਪਣੀ ਆਪ ਕਮਾਈਆ । ਜਨ ਭਗਤ ਸੁਹੇਲੇ ਪਾਰ ਉਤਾਰੇ ਫੜ ਕੇ ਬਾਂਹੀਂ,


੪੮੫
੨੨

ਬਲ ਆਪਣਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੰਦੇਸ਼ਾ ਇਕ ਸਮਝਾਈਆ । ਸ਼ੰਕਰ ਕਿਹਾ ਮੇਰੀ ਕਲਮ ਦਵਾਤ ਕੀ ਹੋਵੇ ਵਡੀ ਨਿੱਕੀ, ਸਾਹਿਬ ਦੇ ਸਮਝਾਈਆ । ਪੁਰਖ ਅਕਾਲ ਕਿਹਾ ਸਰਗੁਣ ਧਾਰ ਨਿਰਗੁਣ ਦੂਆ ਏਕਾ ਬਣ ਕੇ ਹੋਵੇ ਇੱਕੀ, ਇਕੋ ਵਾਰ ਜਣਾਈਆ । ਜਿਹਦੀ ਧਾਰ ਨੋਕ ਹੋਵੇ ਤਿੱਖੀ, ਅੱਗੇ ਹੋ ਨਾ ਕੋਇ ਅਟਕਾਈਆ । ਪੁਰਖ ਅਕਾਲ ਸਤਿਜੁਗ ਸਚ ਧਰਮ ਦੀ ਤੇਰੇ ਨਾਲ ਲਿਖ ਕੇ ਬਣਾਉਣੀ ਸਿੱਖੀ, ਸਿੱਖ ਸਤਿਗੁਰ ਰੂਪ ਸਮਾਈਆ । ਨਾਲ ਲਿਆਉਣੀ ਗੋਬਿੰਦ ਵਾਲੀ ਉਹ ਚਿੱਠੀ, ਜਿਸ ਦਾ ਅੱਖਰ ਨਜ਼ਰ ਕੋਇ ਨਾ ਆਈਆ । ਜਿਸ ਵਿਚ ਲੱਖ ਚੁਰਾਸੀ ਇਕੋ ਰੂਪ ਦੱਸਿਆ ਹਾਹੇ ਉਤੇ ਟਿੱਪੀ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਨੂੰ ਵੇਖ ਕੇ ਕਲਜੁਗ ਦੀ ਧਾਰ ਆਸਾ ਪਿੱਟੀ, ਰੋ ਰੋ ਰੋ ਕੁਰਲਾਈਆ । ਅੱਗੇ ਨੂੰ ਖਹਿੜਾ ਛੁੱਟਣਾ ਦੀਨ ਦੂਨੀ ਦਾ ਪੱਥਰ ਇੱਟੀਂ, ਕਾਗ਼ਜ਼ਾਂ ਸੀਸ ਨਾ ਕੋਇ ਨਿਵਾਈਆ । ਸਤਿਜੁਗ ਦੀ ਧਾਰ ਸਤਾਰਾਂ ਹਾੜ੍ਹ ਦੀ ਹੋਣੀ ਮਿਤੀ, ਮਿੱਤਰ ਪਿਆਰਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਸ਼ੰਕਰ ਕਹੇ ਦਵਾਤ ਊਣੀ ਹੋਵੇ ਕਿ ਭਰੀ, ਮੇਰਾ ਭਰਮ ਦੇਣਾ ਚੁਕਾਈਆ । ਪੁਰਖ ਅਕਾਲ ਕਿਹਾ ਇਸ ਗੱਲ ਤੋਂ ਮੂਲ ਨਾ ਡਰੀਂ, ਡਰ ਤੇਰਾ ਦਿਆਂ ਚੁਕਾਈਆ । ਤੂੰ ਚਰਨ ਕਵਲ ਨਿਗਾਹ ਕਰੀਂ, ਨੇਤਰ ਨੈਣ ਨੀਰ ਵਹਾਈਆ । ਅੰਮ੍ਰਿਤ ਧਾਰ ਵਹੇ ਸਰੀ, ਸਰੋਵਰਾਂ ਲੇਖਾ ਦੇ ਮੁਕਾਈਆ । ਇਹ ਖੇਲ ਨਰਾਇਣ ਨਰ ਹਰੀ, ਹਰਿ ਕਰਤਾ ਆਪ ਕਰਾਈਆ । ਜਿਸ ਦੀ ਧਾਰ ਕਦੇ ਨਾ ਮਰੀ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਉਸ ਦੀ ਸਰਨੀ ਸਚ ਦਵਾਰ ਪਰੀਂ, ਧੂੜੀ ਚਰਨ ਖ਼ਾਕ ਰਮਾਈਆ । ਦੀਨ ਦਿਆਲਾ ਇਕੋ ਵਰੀਂ, ਵਰ ਦਾਤਾ ਅਗੰਮ ਅਥਾਹੀਆ । ਤੇਰੀ ਖੇਲ ਹੋਵੇ ਖਰੀ, ਖ਼ੈਰਖਾਹੀ ਵਿਚ ਸਮਝਾਈਆ । ਸ਼ੰਕਰਾ ਤੈਨੂੰ ਕਰਕੇ ਬਰੀ, ਤੇਰਾ ਲੇਖਾ ਦਏ ਮੁਕਾਈਆ । ਅੱਗੇ ਸਤਿਜੁਗ ਧਾਰ ਨਵੀਂ ਉਠਾਵੇ ਖੜ੍ਹੀ, ਖੜਗ ਖੰਡੇ ਦੀ ਲੋੜ ਰਹੇ ਨਾ ਰਾਈਆ । ਮੇਰੀ ਇਕੋ ਤੁਕ ਲੈਣੀ ਪੜ੍ਹੀ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਅਗੰਮ ਅਥਾਹੀਆ । ਫੇਰ ਅੰਤ ਅਖ਼ੀਰੀ ਮੰਜ਼ਲ ਚੜ੍ਹੀਂ, ਚੜ੍ਹ ਕੇ ਮਿਲਣਾ ਨੂਰ ਇਲਾਹੀਆ । ਤੇਰੀ ਪਿਛਲੀ ਸੇਵਾ ਬੜੀ, ਅੱਗੇ ਤੋਂ ਲੇਖਾ ਦੇ ਬਦਲਾਈਆ । ਖ਼ੁਸ਼ੀਆਂ ਵਿਚ ਨਿਮਸਕਾਰ ਕਰੀਂ, ਕਰਤੇ ਅੱਗੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਦਾ ਲੇਖਾ ਕਲਜੁਗ ਅੰਤਮ ਰਹਿਣ ਨਾ ਦੇਵੇ ਸ਼ਰੀ, ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਦਾ ਝਗੜਾ ਦਏ ਚੁਕਾਈਆ ।

## ✪ ੧੮ ਜੇਠ ਸ਼ਹਿਨਸ਼ਾਹੀ ਸੰਮਤ ੬ ਊਧਮ ਸਿੰਘ ਦੇ ਗ੍ਰਿਹ ਪਿੰਡ ਜਲਾਲਾਬਾਦ ✪

ਵਿਸ਼ਨੂੰ ਕਹੇ ਵਿਸ਼ਵ ਧਾਰ ਦਾ ਹੋਵੇ ਮੇਰਾ ਬਾਣਾ, ਬਾਣੀ ਖਾਣੀ ਤੋਂ ਬਾਹਰ ਦਿਆਂ ਦ੍ਰਿੜਾਈਆ । ਦਰਸ਼ਨ ਕਰਾਂ ਪੁਰਖ ਅਕਾਲ ਧੁਰ ਦੇ ਰਾਣਾ, ਦੋ ਜਹਾਨਾਂ ਰਈਅਤ ਵੇਖਾਂ ਥਾਈਂ ਥਾਈਆ । ਨਾਮ ਨਿਧਾਨ ਅਗੰਮ ਬਿਨ ਰਸਨਾ ਗਾਵਾਂ ਗਾਣਾ, ਨਿਰਗੁਣ ਨਿਰਗੁਣ ਸਿਫ਼ਤ ਸਾਲਾਹੀਆ । ਸਚ ਸੰਦੇਸ਼ਾ ਦੇਵਾਂ ਧਰਮ ਧਾਰ ਮਹਾਨਾ, ਮਹਿਮਾ ਅਕਥ ਕਥ ਸੁਣਾਈਆ । ਜੁਗ ਚੌਕੜੀ ਤੋਂ ਵੱਖਰਾ ਪੁਰਖ ਅਕਾਲ ਪਹਿਰਿਆ ਬਾਣਾ, ਨਿਰਗੁਣ

ਨੂਰ ਜੋਤ ਰੁਸ਼ਨਾਈਆ । ਜਿਸ ਭਗਤਾਂ ਦਾ ਲੇਖੇ ਲਾਉਣਾ ਇਕ ਇਕ ਦਾਣਾ, ਦਾਤਾ ਦਾਨੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਵਿਸ਼ਨੂੰ ਕਹੇ ਮੇਰਾ ਹੋਵੇ ਧਰਮ ਦੀ ਧਾਰ ਲਿਬਾਸ, ਜਗ ਨੇਤਰ ਨਜ਼ਰ ਨਾ ਆਈਆ । ਪੁਰਖ ਅਕਾਲ ਦਏ ਸ਼ਾਬਾਸ਼, ਸਿਰ ਮੇਰੇ ਹੱਥ ਟਿਕਾਈਆ । ਮੈਂ ਸਚ ਸੰਦੇਸ਼ਾ ਦੇਵਾਂ ਆਖ, ਬਿਨ ਅੱਖਰਾਂ ਅੱਖਰ ਦ੍ਰਿੜਾਈਆ । ਵੇਖੋ ਖੇਲ ਪ੍ਰਭੂ ਤਮਾਸ਼, ਸ਼ਿਵ ਬ੍ਰਹਮਾ ਧਿਆਨ ਲਗਾਈਆ । ਨਿਰਗੁਣ ਨੂਰ ਨੂਰ ਪ੍ਰਕਾਸ਼, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਮੇਰਾ ਖੇਲ ਹੋਣਾ ਅਲੱਖਣੀ, ਅਲਖ ਅਗੋਚਰ ਦਏ ਵਡਿਆਈਆ । ਮੇਰੀ ਧਾਰ ਚਲਣੀ ਦੱਖਣ ਪੱਛਮੀ, ਪਸਚਾਤਾਪ ਵਿਚ ਦੁਹਾਈਆ । ਕਲਜੁਗ ਕੂੜੀ ਕਿਰਿਆ ਕਰਨੀ ਸੱਖਣੀ, ਸਖ਼ਾਵਤ ਪ੍ਰਭ ਦਾ ਨਾਮ ਦਰਸਾਈਆ । ਦੀਨ ਦੁਨੀ ਧਾਰ ਮੱਚਣੀ, ਅਗਨੀ ਅੱਗ ਅੱਗ ਲਗਾਈਆ । ਅਵਤਾਰ ਪੈਗ਼ੰਬਰ ਗੁਰੂ ਪਤ ਰੱਖਣੀ, ਵੇਖਣਹਾਰ ਥਾਉਂ ਥਾਈਂਆ । ਲੇਖਾ ਜਾਣ ਯਥਾਰਥ ਯਥਣੀ, ਯਦੀ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਵਿਸ਼ਨੂੰ ਕਹੇ ਮੇਰਾ ਹੋਵੇ ਸਤਿ ਸਰੂਪ, ਸਤਿ ਸਤਿ ਵਿਚ ਸਮਾਈਆ । ਮਹਿਮਾ ਪ੍ਰਭ ਦੱਸਾਂ ਅਨੂਪ, ਭੇਵ ਅਭੇਦ ਖੁਲ੍ਹਾਈਆ । ਫਿਰ ਕੇ ਚਾਰੇ ਕੂਟ, ਦਹਿ ਦਿਸ਼ਾ ਵੇਖ ਵਖਾਈਆ । ਪ੍ਰਭ ਚਰਨ ਚਰਨ ਦਵਾਰ ਬਣ ਅਵਧੂਤ, ਦੂਤੀ ਹੋ ਕੇ ਕਾਰ ਕਮਾਈਆ । ਸਤਿ ਸਚ ਦਾ ਸਮਝ ਸਤਿ ਸਪੂਤ, ਪਿਤਾ ਪੂਤ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਲੱਖ ਚੁਰਾਸੀ ਧਾਰ ਮੇਰੀ ਚੋਲੀ, ਚੇਲਾ ਪ੍ਰਭ ਦਾ ਰੰਗ ਰੰਗਾਈਆ । ਅਗੰਮ ਅਗੰਮੜੀ ਬੋਲ ਬੋਲੀ, ਅਨਬੋਲਤ ਰਾਗ ਸੁਣਾਈਆ । ਨਿਰਗੁਣ ਧਾਰ ਰੁਤੜੀ ਹੋਵੇ ਮੌਲੀ, ਸਰਗੁਣ ਸਰਗੁਣ ਵੱਜੇ ਵਧਾਈਆ । ਖੇਲ ਵੇਖਣਾ ਉਪਰ ਧੌਲੀ, ਧਰਨੀ ਧਰਤ ਧਵਲ ਚਤੁਰਾਈਆ । ਨਵ ਸੱਤ ਪਾਵੇ ਰੌਲੀ, ਨਵ ਨੌਂ ਚਾਰ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਹੁਕਮ ਵਰਤਾਈਆ । ਵਿਸ਼ਨੂੰ ਕਹੇ ਵਿਸ਼ਵ ਧਾਰ ਹੋਵੇ ਪ੍ਰਕਾਸ਼, ਵਿਸ਼ੇਸ਼ ਵਿਸ਼ਨ ਦਏ ਜਣਾਈਆ । ਪਾਰ ਕਰ ਕਰ ਆਕਾਸ਼, ਧਵਲ ਧੌਲ ਧਰਮ ਧਾਰ ਬਣਾਈਆ । ਜੁਗ ਜੁਗ ਦੀ ਪੂਰੀ ਕਰ ਆਸ, ਆਸ ਆਸਾ ਵਿਚ ਸਮਾਈਆ । ਸੇਵਕ ਸੇਵਾਦਾਰ ਬਣ ਦਾਸ, ਦਾਸੀ ਦਾਸ ਰੂਪ ਸਮਝਾਈਆ । ਇਕ ਇਕ ਦੀ ਪਰਗਟ ਕਰ ਜ਼ਾਤ, ਜ਼ਾਤ ਅਜ਼ਾਤੀ ਡੇਰਾ ਢਾਹੀਆ । ਮੰਜ਼ਲ ਮੰਜ਼ਲ ਦੱਸ ਘਾਟ, ਘਾਟੀ ਪਿਛਲੀ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਵਿਸ਼ਨੂੰ ਕਹੇ ਸ਼ੰਕਰ ਸਤਾਰਾਂ ਹਾੜ ਆਉਣਾ, ਹੱਸ ਹੱਸ ਦਿਆਂ ਜਣਾਈਆ । ਪੂਰਬ ਲੇਖ ਸਰਬ ਚੁਕਾਉਣਾ, ਚੁਕੰਨਾ ਹੋ ਕੇ ਧਿਆਨ ਲਗਾਈਆ । ਦੀਨ ਦਿਆਲ ਹੁਕਮ ਸੁਣਾਉਣਾ, ਨਾ ਕੋਇ ਮੇਟੇ ਮੇਟ ਮਿਟਾਈਆ । ਸ਼ਾਹੋ ਭੂਪ ਖੇਲ ਖਿਲਾਉਣਾ, ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਪੈਗ਼ੰਬਰਾਂ ਸੰਗ ਰਖਾਉਣਾ, ਮੂਸਾ ਈਸਾ ਮੁਹੰਮਦ ਨਾਲ ਵਡਿਆਈਆ । ਸਦੀ ਚੌਧਵੀਂ ਵਾਸਤਾ ਪਾਉਣਾ, ਨਿਉਂ ਨਿਉਂ ਸੀਸ ਨਿਵਾਈਆ । ਪੁਰਖ ਅਕਾਲ ਜੇ ਮੇਰਾ ਵਕਤ ਮੁਕਾਉਣਾ, ਅੰਤਮ

ਅੰਤ ਦੇਣਾ ਕਰਾਈਆ । ਧਰਮ ਧਾਰ ਦੀ ਗੋਲੀ ਲਛਮੀ ਰੂਪ ਦਰਸਾਉਣਾ, ਜਗਤ ਬਸਤਰਾਂ ਨਾਲ ਸੁਹਾਈਆ । ਨੱਕ ਕਾਲਾ ਨਿਸ਼ਾਨ ਲਗਾਉਣਾ, ਕਲਜੁਗ ਦੀ ਰੀਤੀ ਦੇਣੀ ਮਿਟਾਈਆ । ਹੱਥ ਸੰਖ ਇਕ ਫੜਾਉਣਾ, ਵੱਡੀ ਛੋਟੀ ਨਾ ਕੋਇ ਲੰਬਾਈਆ । ਮਸਤਕ ਲਾਲ ਰੰਗ ਰੰਗਾਉਣਾ, ਦੂਜਾ ਰੰਗ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦੀ ਧਾਰ ਇਕ ਦਰਸਾਈਆ । ਵਿਸ਼ਨੂੰ ਕਹੇ ਉਠ ਬ੍ਰਹਮਾ ਖੋਲ੍ਹ ਮੁਖੜੇ ਚਾਰ, ਕਾਲ ਅੰਤ ਲਏ ਅੰਗੜਾਈਆ । ਵੇਖ ਪੈਗ਼ੰਬਰ ਗੁਰ ਅਵਤਾਰ, ਨੇਤਰ ਅੱਖ ਖੁਲ੍ਹਾਈਆ । ਸ਼ਾਸਤਰ ਸਿਮਰਤ ਵੇਦ ਕਰ ਵਿਚਾਰ, ਜੋ ਚਾਰੇ ਆਇਆ ਅਲਾਈਆ । ਸਚ ਦਿਸੇ ਨਾ ਕੋਇ ਦੀਵਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਨਿਗਾਹ ਮਾਰ ਵਿਚ ਸੰਸਾਰ, ਪਰਦਾ ਪਰਦੇ ਵਿਚੋਂ ਉਠਾਈਆ । ਜਿਧਰ ਤਕੇ ਧੂੰਆਂਧਾਰ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਬ੍ਰਹਮਾ ਕਹੇ ਵਿਸ਼ਨੂੰ ਮੈਂ ਬ੍ਰਹਮਵੇਤਾ, ਬ੍ਰਹਮ ਬ੍ਰਹਮ ਮੇਰਾ ਰੂਪ ਦਰਸਾਈਆ । ਮੇਰਾ ਇਕ ਦਾ ਇਕ ਨੇਤਾ, ਬਿਨ ਨੇਤਰ ਨੂਰ ਰੁਸ਼ਨਾਈਆ । ਜਿਸ ਦੇ ਨਾਲ ਜੁਗ ਚੌਕੜੀ ਹੇਤਾ, ਜੋਤੀ ਜੋਤ ਮਿਲ ਮਿਲ ਵੱਜੇ ਵਧਾਈਆ । ਉਹ ਵਸੇ ਸਚਖੰਡ ਸਾਚੇ ਦੇਸਾ, ਦਰਗਾਹ ਸਾਚੀ ਸੋਭਾ ਪਾਈਆ । ਝਟ ਸ਼ੰਕਰ ਉਠ ਕੇ ਬੋਲਿਆ ਬ੍ਰਹਮਾ ਤੇਰਾ ਮੇਰਾ ਪੂਰਾ ਹੋ ਗਿਆ ਠੇਕਾ, ਲੇਖਾ ਅੰਤ ਰਿਹਾ ਨਾ ਰਾਈਆ । ਅੱਗੇ ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਸ਼ਬਦੀ ਧਾਰ ਬਣਾ ਕੇ ਬੇਟਾ, ਧੁਰ ਸੰਦੇਸਾ ਇਕ ਸੁਣਾਈਆ । ਭਗਤ ਸੁਹੇਲਾ ਜੋ ਧੁਰ ਸਿੰਘਾਸਣ ਲੇਟਾ, ਸੁਤਿਆਂ ਲਏ ਉਠਾਈਆ । ਕੁਛ ਯਾਦ ਕਰ ਲੈ ਨਵ ਨੌਂ ਚਾਰ ਦਾ ਚੇਤਾ, ਚੇਤਨ ਹੋ ਕੇ ਵੇਖ ਵਖਾਈਆ । ਜੁਗ ਚੌਕੜੀ ਬਦਲੀ ਕਰਨਾ ਜਿਸ ਦਾ ਪੇਸ਼ਾ, ਪੇਸ਼ਤਰ ਸਭ ਨੂੰ ਰਿਹਾ ਦ੍ਰਿੜਾਈਆ । ਜੋ ਆਦਿ ਅੰਤ ਰਹੇ ਹਮੇਸ਼ਾ, ਜੀਵਣ ਮਰਨ ਵਿਚ ਨਾ ਆਈਆ । ਉਸ ਨੇ ਸਾਡਾ ਸਭ ਦਾ ਪੂਰਾ ਕਰਨਾ ਲੇਖਾ, ਲਿਖਿਆ ਲੇਖ ਨਾ ਕੋਇ ਮਿਟਾਈਆ । ਉਠ ਵੇਖ ਉਹ ਗੋਬਿੰਦ ਧਾਰ ਧਾਰੀ ਕੇਸਾ, ਕੇਸਵ ਆਪਣਾ ਖੇਲ ਖਿਲਾਈਆ । ਜਿਸ ਨੂੰ ਕਹਿੰਦੇ ਦਸ ਦਸਮੇਸ਼ਾ, ਉਹ ਦਸਮ ਦੀ ਧਾਰ ਨੂਰ ਦਰਸਾਈਆ । ਕਲਜੁਗ ਅੰਤਮ ਕਰ ਕੇ ਵੇਸਾ, ਵੇਸਵਾ ਵੇਖੇ ਜਗਤ ਲੋਕਾਈਆ । ਖੇਲੇ ਖੇਲ ਦੋ ਜਹਾਨ ਦੇਸ ਬਦੇਸਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਦਾ ਮਾਲਕ ਏਕਾ, ਏਕੰਕਾਰ ਇਕ ਅਖਵਾਈਆ ।

### ✪ ੨੩ ਜੇਠ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ✪

ਵਿਸ਼ਨੂੰ ਕਹੇ ਮੇਰੇ ਨਿਰੰਕਾਰਾ, ਨਰ ਨਿਰੰਕਾਰ ਤੇਰੀ ਸਰਨਾਈਆ । ਸਚਖੰਡ ਨਿਵਾਸੀ ਏਕੰਕਾਰਾ, ਅਕਲ ਕਲਧਾਰੀ ਤੇਰੀ ਬੇਪਰਵਾਹੀਆ । ਜੋਤੀ ਧਾਰ ਕਰਾਂ ਨਿਮਸਕਾਰਾ, ਬਿਨ ਸੀਸ ਸੀਸ ਝੁਕਾਈਆ । ਕਲ ਕਲਕੀ ਤੇਰਾ ਅਵਤਾਰਾ, ਜੁਗ ਚੌਥੇ ਵੱਜੇ ਵਧਾਈਆ । ਤੇਰਾ ਸੋਹੇ ਇਕੋ ਇਕ ਬੰਕ ਦਵਾਰਾ, ਦਵਾਰ ਬੰਕ ਵੱਜੇ ਵਧਾਈਆ । ਤੇਰੀ ਚਰਨ ਧੂੜ ਮੇਰਾ ਭੰਡਾਰਾ, ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਕਲਜੁਗ

ਅੰਤ ਬਣ ਵਰਤਾਰਾ, ਸ੍ਰੀ ਭਗਵੰਤ ਦਿਆਂ ਵਰਤਾਈਆ । ਤੇਰੇ ਭਗਤਾਂ ਕਰ ਪਿਆਰਾ, ਪ੍ਰੀਤਮ ਪ੍ਰੇਮੀ ਵੇਖ ਵਖਾਈਆ । ਜਿਹੜੇ ਦਿਵਸ ਰੈਣ ਕਰਦੇ ਕਾਰਾ, ਕਰਨੀ ਕਰਤੇ ਕਾਰ ਕਮਾਈਆ । ਨਿਉਂ ਨਿਉਂ ਨਮੋਂ ਨਮੋਂ ਕਰਾਂ ਨਿਮਸਕਾਰਾ, ਨੇਤਰ ਵੇਖਾਂ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਵਿਸ਼ਨੂੰ ਕਹੇ ਪ੍ਰਭੂ ਸਤਿ ਪ੍ਰੇਮ ਦੀ ਚਾੜ੍ਹ ਦੇ ਰੰਗਤ, ਰੰਗਣ ਇਕ ਰੰਗਾਈਆ । ਦਰ ਭਿਖਾਰੀ ਬੈਠਾ ਮੰਗਤ, ਦਰਵੇਸ਼ ਸੀਸ ਨਿਵਾਈਆ । ਨਿਗਾਹ ਮਾਰੀ ਜੇਰਜ ਅੰਡਜ, ਉਤਭੁਜ ਸੇਤਜ ਫੋਲ ਫੁਲਾਈਆ । ਮਾਨਵ ਜ਼ਾਤੀ ਮਿਲਿਆ ਕੋਇ ਨਾ ਪੰਡਤ, ਬੁਧੀ ਤੋਂ ਪਰੇ ਕਰੇ ਨਾ ਕੋਇ ਪੜ੍ਹਾਈਆ । ਨਵ ਨਵ ਚਾਰ ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਦਰਸਾਈਆ । ਦਰ ਤੇਰੇ ਮੇਰੀ ਮਿੰਨਤ, ਧੂੜੀ ਖ਼ਾਕ ਖ਼ਾਕ ਰਮਾਈਆ । ਤੇਰੇ ਭਗਤਾਂ ਜਨਮ ਜਨਮ ਦੀ ਰਹੇ ਕੋਇ ਨਾ ਚਿੰਤ, ਕਰਮ ਕਰਮ ਦਾ ਲੇਖਾ ਦੇਣਾ ਮੁਕਾਈਆ । ਸਤਿ ਸਚ ਦੀ ਦੇਣੀ ਹਿੰਮਤ, ਹੌਸਲਾ ਇਕੋ ਇਕ ਵਧਾਈਆ । ਮਨ ਕਰੇ ਕੋਇ ਨਾ ਇੱਲਤ, ਸੁਰਤੀ ਸ਼ਬਦ ਵਿਚ ਸਮਾਈਆ । ਸਦੀ ਚੌਧਵੀਂ ਖ਼ੁਆਰੀ ਹੋਵੇ ਕੋਇ ਨਾ ਜ਼ਿੱਲਤ, ਸਿਰ ਆਪਣਾ ਹੱਥ ਟਿਕਾਈਆ । ਜਿਸ ਦਵਾਰਿਉਂ ਭਗਤ ਭਗਵਾਨ ਖਾਵੇ ਨਿਮਕ, ਧੁਰ ਦੀ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਕਹੇ ਸੁਣ ਵਿਸ਼ਨੂੰ ਵਿਸ਼ਵ ਧਾਰ, ਵਿਸ਼ਨ ਦਿਆਂ ਜਣਾਈਆ । ਮੇਰਾ ਨੂਰ ਜ਼ਹੂਰ ਅਪਾਰ, ਅਪਰੰਪਰ ਸਵਾਮੀ ਆਪ ਦ੍ਰਿੜਾਈਆ । ਜੋਤੀ ਧਾਰ ਚੌਵੀਆਂ ਅਵਤਾਰ, ਸ਼ਬਦੀ ਧਾਰ ਡੰਕ ਸ਼ਨਵਾਈਆ । ਜਿਸ ਦੀ ਮਹਿਮਾ ਕਾਗਤ ਕਲਮ ਨਾ ਲਿਖਣਹਾਰ, ਸਿਫ਼ਤਾਂ ਵਿਚ ਨਾ ਸਿਫ਼ਤ ਸਾਲਾਹੀਆ । ਸੋ ਖੇਲ ਕਰੇ ਅਗੰਮ ਅਪਾਰ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਜਨ ਭਗਤ ਸੁਹੇਲੇ ਲਏ ਉਠਾਲ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਸੰਬਲ ਬਹਿ ਕੇ ਪਾਵੇ ਸਾਰ, ਸਿਰ ਆਪਣਾ ਹੱਥ ਟਿਕਾਈਆ । ਉਠ ਵੇਖ ਕਰ ਵਿਚਾਰ, ਪਰਦਾ ਪਰਦੇ ਵਿਚੋਂ ਹਟਾਈਆ । ਭਗਤ ਸੁਹੇਲੇ ਸੇਵਾਦਾਰ, ਜੋ ਸਚ ਦਵਾਰੇ ਸੇਵ ਕਮਾਈਆ । ਦਿਵਸ ਰੈਣ ਕਰਦੇ ਕਾਰ, ਕਿਰਤੀ ਕਿਰਤ ਕਮਾਈਆ । ਖ਼ਾਦਮ ਹੋ ਕੇ ਖ਼ਿਦਮਤਗਾਰ, ਖ਼ਾਲਸ ਆਪਣਾ ਰੂਪ ਦਰਸਾਈਆ । ਤਿਨ੍ਹਾਂ ਲੇਖਾ ਲਿਖਾਂ ਆਪਣੀ ਧਾਰ, ਦੂਸਰ ਅਵਰ ਨਾ ਕੋਇ ਜਣਾਈਆ । ਨਾਮ ਪਿਆਲਾ ਦੇਵਾਂ ਪਿਆਲ, ਨਿਝਰ ਝਿਰਨਾ ਇਕ ਝਿਰਾਈਆ । ਗੁਰਮੁਖ ਬਣਾ ਕੇ ਧੁਰ ਦੇ ਲਾਲ, ਲਾਲਨ ਆਪਣੇ ਗ੍ਰਿਹਿ ਵਸਾਈਆ । ਅੰਤ ਪੋਹ ਨਾ ਸਕੇ ਕਾਲ, ਮਹਾਂਕਾਲ ਨਾ ਕੋਇ ਚਤੁਰਾਈਆ । ਚਿਤ੍ਰਗੁਪਤ ਲੇਖ ਨਾ ਸਕੇ ਵਖਾਲ, ਰਾਏ ਧਰਮ ਨਾ ਦਏ ਸਜ਼ਾਈਆ । ਕਿਰਪਾ ਕਰਾਂ ਹੋ ਕੇ ਦੀਨ ਦਿਆਲ, ਨਾਥ ਅਨਾਥਾਂ ਵੇਖ ਵਖਾਈਆ । ਕਲਜੁਗ ਅੰਤ ਅਵੱਲੜੀ ਚਾਲ, ਨਿਰਾਲੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੰਦੇਸਾ ਇਕ ਸੁਣਾਈਆ । ਪੁਰਖ ਅਕਾਲ ਕਹੇ ਵਿਸ਼ਨੂੰ ਸੁਣ ਲੈ ਹੁਕਮ ਯੱਕਾ, ਯਕ ਦਿਆਂ ਦ੍ਰਿੜਾਈਆ । ਮੇਰਾ ਭਗਤਾਂ ਨਾਲ ਨਾਤਾ ਪੱਕਾ, ਜੋ ਜਗਤ ਪਕਵਾਨ ਸੇਵ ਕਮਾਈਆ । ਅੰਤ ਕੰਤ ਨਾ ਦੇਵੇ ਧੱਕਾ, ਦਰਗਾਹ ਸਚ ਮਿਲੇ ਵਡਿਆਈਆ । ਨਾਮ ਭੰਡਾਰਾ ਦੇ ਕੇ ਰਤਾ, ਰਤਨ ਅਮੋਲਕ ਹੀਰੇ ਲਏ ਉਪਜਾਈਆ । ਚਰਨ ਧੂੜੀ ਦਾ ਝੋਲੀ ਪਾ ਕੇ ਫੱਕਾ, ਫਕ ਕਲਜੁਗ ਕੂੜੀ ਕਿਰਿਆ ਦਏ ਵਖਾਈਆ । ਜਨਮ ਕਰਮ ਦਾ ਲਹਿਣਾ ਦੇਣਾ ਕਰਕੇ ਰਫ਼ਾ, ਰਫ਼ਾਕਤ ਆਪਣੇ ਨਾਲ ਰਲਾਈਆ ।

ਸਚ ਦਵਾਰੇ ਸਤਿ ਧਾਰ ਦੀ ਸ਼ਫ਼ਾ, ਸਾਹਿਬ ਸੁਲਤਾਨ ਵਖਾਈਆ । ਪ੍ਰੇਮ ਪਿਆਰ ਦਾ ਦੇ ਕੇ ਦੋ ਜਹਾਨਾਂ ਨਾਲੋਂ ਨਫ਼ਾ, ਨੁਕਸਾਨ ਜੀਵਣ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਵਿਸ਼ਨੂੰ ਕਹੇ ਮੈਂ ਭਗਤ ਸੁਹੇਲੇ ਵੇਖਾਂ ਅੱਖੀਂ, ਬਿਨ ਨੇਤਰ ਲੋਚਨ ਨੈਣ ਨੈਣ ਨੈਣ ਉਠਾਈਆ । ਜਿਨ੍ਹਾਂ ਦੀ ਸਾਹਿਬ ਸੁਲਤਾਨ ਪਹਿਲੋਂ ਪਤ ਰੱਖੀ, ਰੱਖਕ ਹੋਵੇ ਥਾਉਂ ਥਾਈਂਆ । ਅੰਤਰ ਦੇ ਪ੍ਰੇਮ ਦੀ ਰਤੀ, ਰਤ ਕੂੜੀ ਦਿਤੀ ਸੁਕਾਈਆ । ਸਤਿ ਧਰਮ ਬਣਾ ਕੇ ਸਖ਼ੀ, ਕਾਹਨ ਬੰਸਰੀ ਨਾਮ ਜਣਾਈਆ । ਵਸਤ ਅਮੋਲਕ ਦੇ ਅਣਚੱਖੀ, ਬਿਨ ਰਸਨਾ ਰਸ ਸਮਝਾਈਆ । ਨਿਰਗੁਣ ਜੋਤ ਜਗਾ ਕੇ ਬੱਤੀ, ਅੰਧ ਅੰਧੇਰ ਕਰੇ ਰੁਸ਼ਨਾਈਆ । ਆਤਮ ਪਰਮਾਤਮ ਮੇਲ ਮਿਲਾ ਕੇ ਕਮਲਾਪਤੀ, ਪਤ ਰੱਖੇ ਥਾਉਂ ਥਾਈਂਆ । ਜਿਨ੍ਹਾਂ ਸੇਵ ਕਮਾਈ ਪ੍ਰੇਮ ਪ੍ਰੀਤੀ ਵਿਚ ਹੱਥੀਂ, ਓਨ੍ਹਾਂ ਹਥੇਲੀ ਉਤੇ ਟਿਕਾਈਆ । ਮੰਜ਼ਲ ਜਗਤ ਜਹਾਨ ਦੀ ਟੱਪੀ, ਟਾਪੂਆਂ ਵਿਚੋਂ ਬਾਹਰ ਕਢਾਈਆ । ਮੰਜ਼ਲ ਮਿਲੇ ਹਕੀਕਤ ਹੱਕੀ, ਹਰਿ ਕਰਤਾ ਆਪ ਦਵਾਈਆ । ਜਨ ਭਗਤ ਸੁਹੇਲਾ ਰਹੇ ਕੋਇ ਨਾ ਸ਼ੱਕੀ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਕਲਜੁਗ ਅੰਤਮ ਸ੍ਰਿਸ਼ਟੀ ਜਾਏ ਮਥੀ, ਗੁਰਮੁਖ ਗੁਰ ਗੁਰ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸ਼ਬਦ ਦੀ ਧਾਰ ਖੇਲ ਸੱਚੀ, ਸਤਿ ਸਚ ਵਿਚ ਸਮਝਾਈਆ ।



## ੨੪ ਜੇਠ ਸ਼ਹਿਨਸ਼ਾਹੀ ਸੰਮਤ ੬ ਕਿਸ਼ਨ ਸਿੰਘ ਦੇ ਗ੍ਰਿਹਿ ਪਿੰਡ ਅੱਲੜਪਿੰਡੀ ਜ਼ਿਲਾ ਗੁਰਦਾਸ ਪੁਰ



ਚੌਵੀ ਜੇਠ ਦਿਵਸ ਸੁਭਾਗਾ, ਭਗਵਨ ਭਾਗ ਸਮਝਾਈਆ । ਖੇਲੇ ਖੇਲ ਪ੍ਰਭ ਗ਼ਰੀਬ ਨਿਵਾਜ਼ਾ, ਮਿਹਰਵਾਨ ਦਇਆ ਕਮਾਈਆ । ਕਿਰਪਾ ਨਿਧਾਨ ਸਾਜਣ ਸਾਜਾ, ਸਾਹਿਬ ਸੁਲਤਾਨ ਬੇਪਰਵਾਹੀਆ । ਸ਼ਬਦੀ ਧਾਰ ਵਿਚੋਂ ਕਿਹਾ ਗੋਬਿੰਦ ਆਪਣਾ ਸੁਤ ਤੋਹੇ ਨਿਵਾਜ਼ਾ, ਥਿਤ ਇਕੋ ਇਕ ਵਡਿਆਈਆ । ਨਾਮ ਸੁਣਾਇਆ ਅਗੰਮ ਰਾਗਾ, ਰਾਗਾਂ ਤੋਂ ਬਾਹਰ ਕੀਤੀ ਪੜ੍ਹਾਈਆ । ਸ਼ਬਦ ਵਜਾਇਆ ਸ਼ਬਦ ਅਨਾਦਾ, ਸ਼ਬਦੀ ਸ਼ਬਦ ਸੁਰ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਸੁਣਾਈਆ । ਚੌਵੀ ਜੇਠ ਗੋਬਿੰਦ ਸੁਤ ਨਿਵਾਜ, ਹਰਿ ਕਰਤੇ ਦਿਤੀ ਵਡਿਆਈਆ । ਨੌ ਦਾਣੇ ਦਿਤੇ ਖਾਜ, ਗੰਦਮ ਚਨੇ ਤੋਂ ਬਾਹਰ ਜਵੀ ਹੱਥ ਫੜਾਈਆ । ਦੁੱਖ ਭੁੱਖ ਤੇਰਾ ਸਮਾਜ, ਸਮਗਰੀ ਦਿਤੀ ਦ੍ਰਿੜਾਈਆ । ਫੇਰ ਸ਼ਬਦ ਦੀ ਮਾਰ ਅਵਾਜ਼, ਸ਼ਬਦ ਵਿਚ ਸਮਝਾਈਆ । ਔਹ ਵੇਖ ਬਗੀਚਾ ਬਾਗ਼, ਬਾਗ਼ਬਾਨ ਦਰਸਾਈਆ । ਔਹ ਵੇਖ ਤੇਰੇ ਬੰਸ ਦਾ ਬੁਝਿਆ ਚਰਾਗ, ਤਤਾਂ ਵਾਲਾ ਨਜ਼ਰ ਕੋਇ ਨਾ ਆਈਆ । ਔਹ ਵੇਖ ਮੇਰੇ ਚਾਰ ਜੁਗ ਦੇ ਸਾਧ, ਬਾਲੇ ਧੁਰ ਦੇ ਦਿਆਂ ਵਖਾਈਆ । ਕਿਉਂ ਗੋਬਿੰਦ ਤੂੰ ਨੌਂ ਸਾਲ ਦਾ ਜਿਸ ਵੇਲੇ ਤੇਗ਼ ਬਹਾਦਰ ਦਾ ਸਿਰ ਤੋਂ ਲੱਥਾ ਤਾਜ, ਜਗਤ ਵਾਲੀ ਨਜ਼ਰ ਕੋਇ ਨਾ ਆਈਆ । ਇਹ ਉਸ ਦੇ ਸਾਥੀ ਜਿਨ੍ਹਾਂ ਦੇ ਅੰਦਰ ਆਇਆ ਸੀ ਵੈਰਾਗ, ਨੈਣਾਂ ਰੋ ਕੇ ਨੀਰ ਵਹਾਈਆ । ਅੱਠੇ ਪਹਿਰ ਰੋ ਕੇ ਕਰਨ ਯਾਦ, ਅੰਦਰੇ ਅੰਦਰ ਧਿਆਨ ਲਗਾਈਆ । ਪੁਰਖ ਅਕਾਲ ਦਿਤੀ ਦਾਦ, ਮਿਹਰ ਨਜ਼ਰ ਉਠਾਈਆ । ਤੇਗ਼ ਬਹਾਦਰ ਕੀਤੀ ਅਰਦਾਸ,

ਸੀਸ ਦਿਤਾ ਝੁਕਾਈਆ । ਕੁਝ ਨਹੀਂ ਮੇਰੇ ਪਾਸ, ਪ੍ਰਭ ਤੇਰਾ ਤੇਰੇ ਹੱਥ ਫੜਾਈਆ । ਪੁਰਖ ਅਕਾਲ ਕਿਹਾ ਮੈਂ ਸ਼ਾਹ ਪਾਤਸ਼ਾਹ ਦੋ ਜਹਾਨਾਂ ਕਰਾਂ ਰਾਜ, ਰਈਅਤ ਨਿਰਗੁਣ ਨਿਰਗੁਣ ਆਪ ਬਣਾਈਆ । ਤੇਗ਼ ਬਹਾਦਰ ਗੋਬਿੰਦ ਤੇਰਾ ਸੁਤ ਨਹੀਂ ਮੈਂ ਆਪਣਾ ਸੁਤ ਲਿਆ ਨਿਵਾਜ, ਆਯੂ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਸੁਣਾਈਆ । ਤੇਗ਼ ਬਹਾਦਰ ਕਿਹਾ ਇਹ ਮੇਰਾ ਸੱਜਣ ਮੀਤ, ਗੋਬਿੰਦ ਰਾਹ ਤਕਾਈਆ । ਗੋਬਿੰਦ ਕਿਹਾ ਮੈਂ ਨੌਂ ਸਾਲ ਦਾ ਨਵ ਨੌਂ ਚਾਰ ਤੋਂ ਬਾਹਰ ਮੇਰੀ ਤਾਰੀਖ਼, ਭੇਵ ਸਕੇ ਨਾ ਕੋਇ ਖੁਲ੍ਹਾਈਆ । ਮੈਨੂੰ ਉਸ ਪ੍ਰਭੂ ਦੀ ਉਡੀਕ, ਜੋ ਪੁਰਖ ਅਕਾਲ ਮੇਰਾ ਪਿਤਾ ਮਾਈਆ । ਨਾਲੇ ਹੱਸ ਕੇ ਕਿਹਾ ਖ਼ੁਸ਼ੀ ਵਿਚ ਮੇਰਾ ਪਾਰਬ੍ਰਹਮ ਪ੍ਰਭ ਮੈਨੂੰ ਬਖ਼ਸ਼ ਦਏ ਉਹ ਚੀਜ਼, ਜਿਹੜੀ ਹੱਥ ਕਿਸੇ ਨਾ ਆਈਆ । ਫਿਰ ਲਾਹ ਕੇ ਗਲੋਂ ਕਮੀਜ਼, ਰੌਲਾ ਦਿਤਾ ਪਾਈਆ । ਨੇਤਰ ਰੋ ਕੇ ਕਿਹਾ ਮੈਂ ਤੇਰਾ ਅਜ਼ੀਜ਼, ਛੋਟਾ ਨੰਨ੍ਹਾ ਵੇਖ ਵਖਾਈਆ । ਫਿਰ ਖੜ੍ਹ ਗਿਆ ਵਿਚ ਦਲੀਜ਼, ਅੰਦਰ ਬਾਹਰ ਚਰਨ ਰਖਾਈਆ । ਖ਼ੁਸ਼ੀ ਵਿਚ ਮਾਰ ਕੇ ਚੀਕ, ਚੀਕ ਚਿਹਾੜਾ ਦਿਤਾ ਪਾਈਆ । ਫਿਰ ਮਾਰ ਕੇ ਅੱਗੇ ਲੀਕ, ਦੋਵੇਂ ਹੱਥ ਦਿਤੇ ਉਠਾਈਆ । ਪ੍ਰਭੂ ਤੇਰਾ ਮੇਰਾ ਨਹੀਂ ਕੋਈ ਸ਼ਰੀਕ, ਸ਼ਿਰਕਤ ਵਿਚ ਕਦੇ ਨਾ ਆਈਆ । ਬਿਨਾ ਕਲਮ ਤੋਂ ਪੁਰਖ ਅਕਾਲ ਕਰ ਤਸਦੀਕ, ਸ਼ਹਾਦਤ ਆਪਣੀ ਦੇ ਭੁਗਤਾਈਆ । ਤੇਗ਼ ਬਹਾਦਰ ਦੇ ਜੋ ਦਿਸਦੇ ਤੈਨੂੰ ਮੀਤ, ਇਹਨਾਂ ਮਿੱਤਰਾਂ ਆਪਣੇ ਨਾਲ ਮਿਲਾਈਆ । ਸ੍ਰੀ ਭਗਵਾਨ ਹੱਸ ਕੇ ਕਿਹਾ ਠੀਕ, ਠਾਕਰ ਹੋ ਕੇ ਜੋੜ ਜੁੜਾਈਆ । ਗੋਬਿੰਦ ਤੇਰਾ ਦਸਵਾਂ ਜਾਮਾ ਤੇ ਇਹਨਾਂ ਦੇ ਸਿਰ ਤੇ ਮੇਂਢੀ ਦਸ ਹੋਵੇ ਤੇ ਨੌਂ ਸਾਲ ਤੋਂ ਘੱਟ ਉਮਰ ਤੇਰੀ ਪਿਛਲੀ ਦੱਸਣ ਪ੍ਰੀਤ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਗੋਬਿੰਦ ਕਿਹਾ ਕਿਉਂ ਮੇਂਢੀ ਹੋਵੇ ਦਸ, ਮੈਂਡੇ ਸਾਹਿਬ ਦੇਣਾ ਜਣਾਈਆ । ਪੁਰਖ ਅਕਾਲ ਕਿਹਾ ਉਹ ਗੋਬਿੰਦ ਤੂੰ ਪੰਜਾਂ ਦੇ ਪੈਣਾ ਵਸ, ਪੰਜ ਪਿਆਰੇ ਤੇਰੀ ਧਾਰ ਰਖਾਈਆ । ਮੈਂ ਫੇਰ ਖੇਲ ਵੇਖਣਾ ਵਤ, ਵਤਨ ਬੇਵਤਨ ਹੋ ਕੇ ਆਪਣੀ ਕਾਰ ਕਮਾਈਆ । ਤੇਰੀ ਲੇਖੇ ਲਾ ਕੇ ਰਤ, ਰਤਨ ਅਮੋਲਕ ਲੈਣੇ ਪ੍ਰਗਟਾਈਆ । ਤੇਰੀ ਧਾਰ ਦਾ ਖੋਲ੍ਹ ਕੇ ਹੱਟ, ਵਸਤ ਅਮੋਲਕ ਦੇਣੀ ਵਰਤਾਈਆ । ਇਕੱਠੇ ਕਰਾਉਣੇ ਝੀਵਰ ਛੀਂਬੇ ਨਾਈ ਜੱਟ, ਜ਼ਾਤ ਪਾਤ ਦਾ ਡੇਰਾ ਢਾਹੀਆ । ਗੋਬਿੰਦ ਨੌਂ ਸਾਲ ਦਾ ਨੌਂ ਵਾਰ ਖ਼ੁਸ਼ੀਆਂ ਵਿਚ ਗਿਆ ਟੱਪ, ਨੌਂ ਦਾਣੇ ਜਵੀ ਦੇ ਖਾ ਕੇ ਦੰਦਾਂ ਹੇਠ ਦਬਾਈਆ । ਫਿਰ ਜ਼ਿਮੀਂ ਦੇ ਉਤੇ ਦਿਤੇ ਸੱਟ, ਜ਼ਿਮੀਂ ਅਸਮਾਨ ਵੱਲ ਵੇਖ ਵਖਾਈਆ । ਫੇਰ ਪੰਜੇ ਉਂਗਲਾਂ ਲਈਆਂ ਤਕ, ਪੰਜ ਪਿਆਰਾ ਨਜ਼ਰ ਕੋਇ ਨਾ ਆਈਆ । ਫੇਰ ਮੁਖ ਵਿਚ ਪਾਈਆਂ ਝਟ, ਰਸਾ ਚੂਸ ਕੇ ਆਪਣਾ ਰਸ ਬਣਾਈਆ । ਫੇਰ ਪੁਰਖ ਅਕਾਲ ਸ਼ਬਦ ਅਗੰਮੀ ਮਾਰੀ ਸੱਟ, ਜ਼ਿਮੀਂ ਅਸਮਾਨ ਵੱਲ ਵੇਖ ਵਖਾਈਆ । ਚਪੇੜ ਮਾਰੀ ਟਕ ਟਕ, ਟਕਿਆਂ ਦਾ ਝਗੜਾ ਦਿਤਾ ਮੁਕਾਈਆ । ਫੇਰ ਖੋਲ੍ਹ ਕੇ ਵੇਖਿਆ ਅੱਖ, ਪ੍ਰਤਖ ਮਿਲਿਆ ਬੇਪਰਵਾਹੀਆ । ਗੋਬਿੰਦ ਪੁਠੀ ਪੈਰੀਂ ਪਿਆ ਨੱਠ, ਭੱਜਿਆ ਵਾਹੋ ਦਾਹੀਆ । ਨਾਲੇ ਮਾਰਿਆ ਪੱਟ ਤੇ ਹੱਥ, ਲਲਕਾਰ ਕੇ ਦਿਤਾ ਸੁਣਾਈਆ । ਮੈਂ ਤੇਰਾ ਪੁਤ ਰਹਾਂ ਤੇਰੇ ਵਿਚ, ਸਤਿ ਸਚ ਵਿਚ ਸਮਾਈਆ । ਮੇਰੇ ਪ੍ਰਭੂ ਇਹ ਭਾਂਡਾ ਤੇਰਾ ਕਾਇਆ ਦਾ ਬਣ ਜਾਣਾ ਕੱਚ, ਤਨ ਵਜੂਦ ਰਹੇ ਨਾ ਰਾਈਆ । ਸ੍ਰੀ ਭਗਵਾਨ ਕਿਹਾ ਉਹ ਮੇਰੇ ਦੁਲਾਰੇ ਕੁਝ ਸ਼ਕ, ਨੇੜੇ ਆਉਣਾ ਚਾਈਂ ਚਾਈਂਆ । ਗੋਬਿੰਦ ਗ਼ੁੱਸੇ ਵਿਚ ਕਿਹਾ ਪਹਿਲੋਂ ਮੇਰਾ ਦੇ ਦੇ ਹੱਕ, ਹਕੀਕਤ ਮੇਰੀ ਝੋਲੀ ਪਾਈਆ ।

ਫੇਰ ਹੱਥ ਰੱਖਿਆ ਉਤੇ ਨੱਕ, ਸਹਿਜ ਨਾਲ ਦਬਾਈਆ । ਪੁਰਖ ਅਕਾਲ ਰੱਖਣੀ ਪਤਿ, ਪਰਮੇਸ਼ਵਰ ਤੇਰਾ ਰਾਹ ਤਕਾਈਆ । ਕੌਲ ਇਕਰਾਰ ਕਰ ਲੈ ਪੱਕ, ਨੌ ਸਾਲ ਦੀ ਆਯੂ ਮੇਰੀ ਦਏ ਗਵਾਹੀਆ । ਉਹ ਤਤਾਂ ਵਾਲਾ ਪਿਤਾ ਤੇਗ਼ ਬਹਾਦਰ ਗਿਆ ਛਡ, ਸੀਸ ਕਟਾਰ ਨਾਲ ਕਟਾਈਆ । ਮੇਰਾ ਸਰੀਰ ਤਨ ਵਜੂਦ ਮਾਤਾ ਪਿਤਾ ਦੀ ਰੱਤ, ਮੇਰਾ ਨੂਰ ਤੇਰੀ ਰੁਸ਼ਨਾਈਆ । ਮੈਂ ਚਾਹੁੰਦਾ ਅੱਗੇ ਵਾਸਤੇ ਤੇਰਾ ਹੋਵੇ ਸਾਥ, ਦੂਜੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਿਹਾ ਗੋਬਿੰਦ ਤੇਰੀ ਨੌਂ ਸਾਲ ਦੀ ਉਮਰ, ਅੰਬਰ ਵੇਖ ਥਾਉਂ ਥਾਈਂਆ । ਗੋਬਿੰਦ ਖ਼ੁਸ਼ੀਆਂ ਵਿਚ ਪਾਈ ਘੁੰਮਰ, ਨੱਚ ਕੇ ਦਿਤਾ ਵਖਾਈਆ । ਆਪਣੇ ਅੰਗੂਠੇ ਲੱਗਾ ਚੁੰਮਣ, ਜੀਭ ਦੰਦਾਂ ਹੇਠ ਦਬਾਈਆ । ਫੇਰ ਇਸ਼ਾਰੇ ਨਾਲ ਸਭ ਦੀ ਚੋਟੀ ਲੱਗਾ ਮੁੰਨਣ, ਬਚਿਆ ਰਹਿਣ ਕੋਇ ਨਾ ਪਾਈਆ । ਫਿਰ ਹੱਥੋਂ ਕੜਾ ਲਾਹ ਕੇ ਕੰਗਣ, ਉਂਗਲਾਂ ਵਿਚ ਪਵਾਈਆ । ਫੇਰ ਬਾਂਹ ਦੀ ਪਾ ਕੇ ਝੁੰਬਲ, ਝਟ ਦਿਤੀ ਖੁਲ੍ਹਾਈਆ । ਫੇਰ ਚਾਰੋਂ ਕੁੰਟ ਲੱਗਾ ਸੁੰਘਣ, ਗੁਰਮੁਖ ਵੇਖੇ ਥਾਉਂ ਥਾਈਂਆ । ਫੇਰ ਉਂਗਲ ਰੱਖ ਕੇ ਉਤੇ ਬੁੱਲਣ, ਜ਼ੋਰ ਨਾਲ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਪੁਰਖ ਅਕਾਲ ਕਿਹਾ ਗੋਬਿੰਦ ਮੇਰਾ ਖੇਲ ਜੁਗ ਜੁਗੀ, ਆਪਣੀ ਕਾਰ ਕਮਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਦੇਵਾਂ ਸੁਧੀ, ਸੁੱਧ ਆਪਣੇ ਨਾਲ ਰਖਾਈਆ । ਖੇਲ ਕਰਾਵਾਂ ਪਰੇ ਬੁਧੀ, ਬੁਧ ਮਨ ਨਾ ਕੋਇ ਚਤੁਰਾਈਆ । ਲਾਡ ਲਡਾਵਾਂ ਵਿਚ ਯੁੱਧੀ, ਸ਼ਸਤਰ ਸ਼ਸਤਰਾਂ ਨਾਲ ਟਕਰਾਈਆ । ਗੋਬਿੰਦ ਖ਼ੁਸ਼ੀ ਵਿਚ ਪਾਈ ਲੁੱਡੀ, ਕਦਮ ਕਦਮ ਨਾਲ ਬਦਲਾਈਆ । ਪੁਰਖ ਅਕਾਲ ਦੀਨ ਦਿਆਲ ਚਾਰ ਜੁਗ ਗੁਰ ਅਵਤਾਰ ਪੈਗ਼ੰਬਰ ਜਗਤ ਵਾਸਨਾ ਵਿਚ ਖੇਲ ਕਰਾਉਂਦਾ ਰਿਹਾ ਗੱਦੀਆਂ ਵਾਲੀ ਦੇ ਕੇ ਗੁੱਡੀ, ਨਾਮ ਜਗਤ ਵਾਲਾ ਸਮਝਾਈਆ । ਮੈਂ ਤੇਰਾ ਸੁਤ ਦੁਲਾਰਾ ਬਿਨਾ ਤੇਰੇ ਸ਼ਬਦ ਤੋਂ ਕੋਈ ਧਾਰ ਨਹੀਂ ਕਰਨੀ ਉਘੀ, ਆਪਣਾ ਨਾਮ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੋਬਿੰਦ ਕਿਹਾ ਪ੍ਰਭੂ ਮੈਂ ਚਾਰ ਜੁਗ ਦਾ ਬੇਟਾ ਸੁਣਦਾ ਰਿਹਾ ਕੰਨੀਂ, ਅਗੰਮ ਆਵਾਜ਼ ਬੇਪਰਵਾਹੀਆ । ਤੂੰ ਦਾਤਾ ਬੜਾ ਧਨੀ, ਦੇਵਣਹਾਰ ਅਖਵਾਈਆ । ਜਿਸ ਨੂੰ ਨਾਮ ਦਿਤਾ ਈਮਾਨ ਦਿਤਾ ਮਾਤਲੋਕ ਬੇੜਾ ਆਇਆ ਬੰਨ੍ਹੀ, ਜਗਤ ਜੁਗਤ ਵਿਚ ਚਤੁਰਾਈਆ । ਉਹ ਦੀਨਾਂ ਮਜ਼੍ਹਬਾਂ ਦੀ ਵਾਸਨਾ ਚਾਰ ਜੁਗ ਦੀ ਕਾਇਆ ਗੁਡੀਆ ਵਾਂਗ ਅੰਨ੍ਹੀ, ਅੱਖੀਂ ਵੇਖਣ ਕੁਛ ਨਾ ਪਾਈਆ । ਮੇਰੀ ਇਕ ਅਰਜ਼ੋਈ ਮੰਨੀ, ਦਰ ਤੇਰੇ ਸੀਸ ਝੁਕਾਈਆ । ਜਿਸ ਵੇਲੇ ਤੂੰ ਮੇਰਾ ਹੋਵੇਂ ਤਨੀ, ਇਕ ਘਰ ਵਿਚ ਰਹਿ ਕੇ ਦੋਵੇਂ ਝਟ ਲੰਘਾਈਆ । ਉਸ ਵੇਲੇ ਮੇਰਿਆਂ ਸਿੱਖਾਂ ਦਾ ਆਪਣੇ ਭਗਤਾਂ ਦਾ ਬੇੜਾ ਬੰਨ੍ਹੀ, ਕਲਜੁਗ ਦੀ ਮਾਇਆ ਪੋਹ ਸਕੇ ਨਾ ਰਾਈਆ । ਦੀਨ੍ਹਾਂ ਮਜ਼੍ਹਬਾਂ ਵਿਚ ਮਾਇਆਧਾਰੀ ਸੋਹਣੀ ਬਣਨੀ ਚੰਨੀ, ਜਗਤ ਸ਼ਿੰਗਾਰ ਦਏ ਕਰਾਈਆ । ਕਾਮ ਵਾਸ਼ਨਾ ਵਿਚ ਸਭ ਦੀ ਆਸਾ ਜਾਣੀ ਡੰਨੀ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰ ਨਜ਼ਰ ਉਠਾਈਆ । ਪੁਰਖ ਅਕਾਲ ਕਿਹਾ ਗੋਬਿੰਦ ਇਹ ਗੁਡੀਆ ਸਮਝ ਨਾ ਅੰਧੀ, ਨੇਤਰਹੀਣ ਅਖਵਾਈਆ । ਇਹ ਕਾਮ ਵਾਸਨਾ ਵਿਚ ਨਹੀਂ ਗੰਦੀ, ਜਗਤ ਤ੍ਰਿਸ਼ਨਾ ਨਾ ਕੋਇ ਹਲਕਾਈਆ । ਇਹ ਕਲਜੁਗ ਦੀ ਧਾਰ ਸੋਹਣੀ ਸੁਚੱਜੀ ਚੰਗੀ, ਭਗਤੀ ਵਾਲਿਆਂ ਲਏ

ਪ੍ਰਨਾਈਆ । ਇਹ ਹੋ ਜਾਏ ਇਕ ਟੰਗੀ, ਲੰਗੜੀ ਲੂਲ੍ਹੀ ਕਰੇ ਲੋਕਾਈਆ । ਇਹਨੇ ਦੀਨਾਂ ਮਜ਼੍ਹਬਾਂ ਦੀ ਤੋੜ ਦੇਣੀ ਡੰਡੀ, ਅੱਗੇ ਚਲੇ ਕੋਇ ਨਾ ਚਾਈਂ ਚਾਈਂਆ । ਇਹਨੇ ਸਿਰ ਤੋਂ ਹੋ ਜਾਣਾ ਨੰਗੀ, ਰੰਡੀ ਕੰਤ ਨਾ ਕੋਇ ਹੰਢਾਈਆ । ਉਸ ਵੇਲੇ ਮੈਂ ਹੋਵਾਂ ਤੇ ਤੂੰ ਹੋਵੇਂ ਭਗਤ ਸੁਹੇਲੇ ਹੋਵਣ ਸੰਗੀ, ਦੂਜਾ ਨਜ਼ਰ ਕੋਇ ਨਾ ਆਈਆ । ਸਭ ਦੀ ਆਤਮਾ ਕਰਾਂ ਠੰਡੀ, ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ । ਗੁਡੀਆ ਕਹੇ ਕਿਉਂ ਗੋਬਿੰਦ ਮੇਰੇ ਨਾਲ ਕੀਤਾ ਧੱਕਾ, ਹਾਏ ਉਫ਼ ਦੁਹਾਈਆ । ਮੇਰਾ ਕੌਲ ਇਕਰਾਰ ਪੱਕਾ, ਜੁਗ ਚੌਕੜੀ ਚਲਿਆ ਆਈਆ । ਮੇਰਾ ਮੁਹੰਮਦ ਯਾਰ ਬਣਾਇਆ ਸਕਾ, ਚਾਰ ਯਾਰ ਦੇਣ ਗਵਾਹੀਆ । ਜਿਸ ਵੇਲੇ ਤੇਗ਼ ਬਹਾਦਰ ਨੇ ਸੀ ਫ਼ਰੰਗੀਆਂ ਵੱਲ ਤਕਾ, ਉਂਗਲੀ ਹੱਥ ਉਠਾਈਆ । ਜਿਸ ਵੇਲੇ ਨਾਨਕ ਸਤਿਨਾਮ ਸਿਤਾਰ ਦਾ ਰਾਗ ਦੱਸਾ, ਮੇਰੀ ਸਿਫ਼ਤ ਆਵਾਜ਼ ਸੁਣਾਈਆ । ਜਿਸ ਵੇਲੇ ਹਰਿ ਗੋਬਿੰਦ ਗਵਾਲੀਅਰ ਵਿਚ ਲਿਖਾ ਪਟਾ, ਪਟਨੇ ਵਾਲੇ ਆਪਣੀ ਕਾਰ ਕਮਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਸਹਾਈ ਹੋ ਕੇ ਰੱਖਾ, ਰੱਖਿਆ ਕਰੀ ਥਾਉਂ ਥਾਈਂਆ । ਸਚ ਪੁਛੇਂ ਮੈਨੂੰ ਸਭ ਨੇ ਟੇਕਿਆ ਮੱਥਾ, ਮੇਰੇ ਅੱਗੇ ਸੀਸ ਨਿਵਾਈਆ । ਮੇਰਾ ਖੇਲ ਯਥਾਰਥ ਯਥਾ, ਮੈਂ ਸਚ ਦਿਆਂ ਸਮਝਾਈਆ । ਜਿਸ ਵੇਲੇ ਬ੍ਰਹਮਾ ਨੇ ਪਹਿਲੀ ਵੇਰ ਸੁਣਾਈ ਚਾਰ ਵੇਦ ਦੀ ਕਥਾ, ਮੇਰੀ ਮੂਰਤੀ ਬਣਾ ਕੇ ਅੱਗੇ ਲਈ ਟਿਕਾਈਆ । ਮੈਂ ਉਸ ਦੇ ਨਾਲ ਪਾ ਲਿਆ ਰੱਟਾ, ਅੱਗੇ ਹੋ ਕੇ ਕੀਤੀ ਲੜਾਈਆ । ਮਖੌਲ ਵਿਚ ਕੀਤਾ ਠੱਠਾ, ਚਾਰ ਮੁਖ ਵਾਲਿਆ ਤੂੰ ਇਕ ਮੁਖ ਦੀ ਸਾਰ ਕੀ ਪਾਈਆ । ਸੀਸ ਉਤੋਂ ਹਿਲਾ ਕੇ ਛੱਤਾ, ਮੁਖੋਂ ਕਿਹਾ ਮੈਂ ਛਤਰਧਾਰੀ ਦੇਣੇ ਰੁਲਾਈਆ । ਬ੍ਰਹਮਾ ਟਡ ਕੇ ਵੇਖਿਆ ਮੇਰੇ ਵੱਲ ਅੱਖਾਂ, ਮੈਂ ਤਾੜੀ ਦਿਤੀ ਲਗਾਈਆ । ਮੈਂ ਲੁਕ ਗਈ ਵਿਚ ਕੱਖਾਂ, ਲੱਭਿਆਂ ਹੱਥ ਫੇਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੁੱਡੀ ਕਹੇ ਮੈਂ ਕੋਈ ਨਹੀਂ ਕੋਝੀ ਕਮਲੀ, ਕਮਲਾਪਾਤ ਦਏ ਵਡਿਆਈਆ । ਮੈਂ ਬੁੱਧਹੀਣ ਨਹੀਂ ਯਮਲੀ, ਮੂਰਖ ਮਤ ਨਾ ਕੋਇ ਰਖਾਈਆ । ਮੈਂ ਨਹੀਂ ਕੋਈ ਗੋਰੀ ਕਾਲੀ ਸਵਲੀ, ਰੰਗਤ ਰੰਗ ਨਾ ਕੋਇ ਦਰਸਾਈਆ । ਮੇਰਾ ਨੂਰ ਇਲਾਹੀ ਅਵਲੀ, ਆਲਮੀਨ ਵਡਿਆਈਆ । ਮੈਂ ਜੁਗਾਂ ਪਿਛੋਂ ਜਦ ਆਵਾਂ ਧਵਲੀ, ਜੁਗ ਜੁਗ ਦਿਆਂ ਉਲਟਾਈਆ । ਸ਼ਾਹ ਸੁਲਤਾਨਾਂ ਹੱਥ ਫੜਾ ਦਿਆਂ ਬਗ਼ਲੀ, ਬਗ਼ਲਗੀਰ ਰਹਿਣ ਕੋਇ ਨਾ ਪਾਈਆ । ਚਾਰ ਜੁਗ ਲੰਘਦਿਆਂ ਲੰਘਦਿਆਂ ਮੇਰੀ ਬੋਦੀ ਵਧ ਗਈ, ਬੋਦੀ ਜੰਞੂ ਦਾ ਝਗੜਾ ਦੇਣਾ ਮੁਕਾਈਆ । ਮੇਰੀ ਪ੍ਰੀਤ ਇਕ ਨਾਲ ਲੱਗ ਗਈ, ਲਗ ਮਾਤਰ ਦਾ ਡੇਰਾ ਢਾਈਆ । ਹੁਣ ਆਈ ਮੈਂ ਕਲਜੁਗ ਜਗ ਲਈ, ਜੁਗ ਆਪਣਾ ਫੇਰਾ ਪਾਈਆ । ਮੈਂ ਭੱਜੀ ਫਿਰਦੀ ਚਾਰ ਕੁੰਟ ਅੱਗ ਲਈ, ਨੱਠਾਂ ਵਾਹੋ ਦਾਹੀਆ । ਬਹੁੜੀ ਮੇਰੀ ਟੰਗ ਭੱਜ ਗਈ, ਸਿਰ ਧੜ ਹੋਈ ਜੁਦਾਈਆ । ਪਰ ਮੈਨੂੰ ਇਕ ਖ਼ੁਸ਼ੀ ਮੈਂ ਉਸ ਦੀ ਭੇਟਾ ਚੜ੍ਹ ਗਈ, ਜਿਸ ਦਾ ਬੇਟਾ ਗੋਬਿੰਦ ਮਾਹੀਆ । ਜਿਸ ਸਚ ਦਵਾਰੇ ਸੱਦ ਲਈ, ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੁੱਡੀ ਕਹੇ ਜਨ ਭਗਤੋ ਤਕੋ ਮੇਰੀ ਧਾਰ, ਸਚ ਦਿਆਂ ਸੁਣਾਈਆ । ਮੇਰੇ ਵਾਂਗ ਸਭ ਕੁਛ ਆਪਣੇ ਸਾਹਿਬ ਤੋਂ ਦਿਉ ਵਾਰ, ਤਨ ਵਜੂਦ ਦੀ ਲੋੜ ਰਹੇ ਨਾ ਰਾਈਆ । ਮੈਂ ਜਗਤ ਅੰਧੀ ਜੋਬਨਵੰਤੀ ਮੁਟਿਆਰ, ਵੇਖੋ ਸੋਹਣੇ ਵਾਲ ਵਧਾਈਆ ।

ਸਾਫ਼ ਸੁਥਰੇ ਕੱਪੜੇ ਡਾਰ, ਅੰਗੀ ਅੰਗ ਨਾਲ ਛੁਹਾਈਆ । ਮੈਂ ਸਦੀ ਚੌਧਵੀਂ ਦੀ ਮੁਟਿਆਰ, ਜੋਬਨਵੰਤੀ ਰੰਗ ਵਖਾਈਆ । ਮੈਂ ਭੱਜੀ ਨੱਠੀ ਚਾਰ ਕੁੰਟ ਵੇਖਿਆ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਪਰ ਮੈਨੂੰ ਮੇਰੇ ਸਾਹਿਬ ਵਰਗਾ ਲੱਭਿਆ ਨਹੀਂ ਕੋਈ ਯਾਰ, ਮੀਤ ਨਜ਼ਰ ਕੋਇ ਨਾ ਆਈਆ । ਮੈਂ ਫੇਰ ਵੇਖਿਆ ਗੋਬਿੰਦ ਵਰਗਾ ਨਹੀਂ ਕੋਈ ਸੂਰਬੀਰ ਜੋਧਾ ਸੱਚੀ ਸਰਕਾਰ, ਸਚ ਸੇਵ ਨਾ ਕੋਇ ਕਮਾਈਆ । ਮੈਂ ਫੇਰ ਤੱਕਿਆ ਆਪਣੀ ਕਰ ਵਿਚਾਰ, ਵਿਚਰ ਕੇ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਉਠਾਈਆ । ਗੁਡੀਆ ਕਹੇ ਮੈਂ ਸੀਸ ਵਿਚ ਵਾਹੁਣੀ ਕੰਘੀ, ਕੰਘਾ ਗੋਬਿੰਦ ਦਏ ਸਮਝਾਈਆ । ਜੇਹੜੀ ਸ੍ਰਿਸ਼ਟੀ ਹੋਈ ਬਹੁਰੰਗੀ, ਬਹੁਮਤ ਵਿਚ ਕੁਰਲਾਈਆ । ਅਫ਼ੀਮੀ ਪੋਸਤੀ ਹੋ ਗਈ ਭੰਗੀ, ਮਧ ਪਾਨ ਵਿਚ ਸਮਾਈਆ । ਸੀਸ ਤੋਂ ਹੋ ਗਈ ਰੰਡੀ, ਕੰਤ ਸੁਹਾਗ ਨਾ ਕੋਇ ਹੰਢਾਈਆ । ਮਜ਼੍ਹਬਾਂ ਦੀ ਪੈ ਗਈ ਡੰਡੀ, ਪ੍ਰਭ ਮਿਲੇ ਨਾ ਧੁਰ ਦਾ ਮਾਹੀਆ । ਚਾਰ ਕੁੰਟ ਹੋਈ ਅੰਧੀ, ਅੰਧ ਅੰਧੇਰਾ ਨਾ ਕੋਇ ਗਵਾਈਆ । ਮੈਂ ਵੇਲੇ ਨਾਲ ਮੂਲ ਨਾ ਸੰਗੀ, ਸ਼ਰਮ ਹਯਾ ਦਿਤਾ ਮਿਟਾਈਆ । ਹੋਕਾ ਦੇਵਾਂ ਵਿਚ ਵਰਭੰਡੀ, ਬ੍ਰਹਿਮੰਡ ਦਿਆਂ ਸੁਣਾਈਆ । ਵੇਖਿਓ ਗੁਰਮੁਖੋ ਬਿਨਾ ਪੁਰਖ ਅਕਾਲ ਤੋਂ ਮੰਨਿਓ ਨਾ ਕੋਇ ਪਖੰਡੀ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਮੇਰੇ ਮੁਖ ਵਿਚ ਹੈ ਨਹੀਂ ਦੰਦੀ, ਬਿਨਾ ਜ਼ਬਾਨ ਦਿਆਂ ਸੁਣਾਈਆ । ਮੈਂ ਵੇਖੋ ਸੀਤਲ ਧਾਰ ਹੋ ਗਈ ਠੰਡੀ, ਸੀਸ ਜਗਦੀਸ਼ ਭੇਟ ਕਰਾਈਆ । ਇਹਦੀ ਆਦਿ ਤੋਂ ਧਾਰ ਆਦਿ ਤੋਂ ਖੇਲ ਚੰਗੀ, ਚੰਗੀ ਤਰਹ ਸੁਣਾਈਆ । ਜਿਸ ਵੇਲੇ ਦੁਰਗਾ ਦੇ ਹੱਥ ਫੜਾਈ ਸੀ ਚੰਡੀ, ਗੁਡੀਆ ਕਹੇ ਉਹ ਮੇਰੇ ਤਨ ਵਜੂਦ ਛੁਹਾਈਆ । ਫੇਰ ਆਪ ਸਾਹਮਣੇ ਬਾਣਾ ਪਹਿਰ ਕੇ ਜੰਗੀ, ਅਸ਼ਟਭੁਜ ਦਿਤਾ ਵਖਾਈਆ । ਨੀ ਤੂੰ ਮੇਰੀ ਧਾਰੋਂ ਜੰਮੀ, ਜੰਮਣ ਵਾਲੀ ਕੋਇ ਨਾ ਮਾਈਆ । ਤੇਰਾ ਤਨ ਨਹੀਂ ਕੋਈ ਚੰਮੀ, ਚੰਮ ਨਾ ਕੋਇ ਵਖਾਈਆ । ਕੌਲ ਕਰ ਨਾ ਹਰਖ਼ ਨਾ ਗ਼ਮੀ, ਚਿੰਤਾ ਵਿਚ ਕਦੇ ਨਾ ਆਈਆ । ਮੇਰਾ ਖੇਲ ਜਦ ਵੇਖੇ ਤੇ ਵੇਖੇ ਖੇਲ ਨਵੀਂ, ਜੁਗ ਜੁਗ ਆਪਣੀ ਕਾਰ ਕਮਾਈਆ । ਸਚ ਦਾ ਹੁਕਮ ਸਤਿ ਮੰਨੀ, ਸੰਦੇਸ਼ਾ ਇਕ ਦ੍ਰਿੜਾਈਆ । ਝਟ ਗੁਡੀਆ ਬੋਲੀ ਮੈਂ ਜਗਤ ਵਾਸਤੇ ਅੰਨ੍ਹੀ, ਨੇਤਰਹੀਣ ਦੁਖਦਾਈਆ । ਪਰ ਮੈਂ ਇਕੋ ਤਕਾਂ ਆਪਣਾ ਪਿਤਾ ਮੰਮੀ, ਅੰਮੀ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਖੇਲ ਵਖਾਈਆ । ਗੁਡੀਆ ਕਹੇ ਪੁਰਖ ਅਕਾਲ ਗੁਰ ਅਵਤਾਰ ਪੈਗ਼ੰਬਰਾਂ ਦੇਂਦਾ ਰਿਹਾ ਦਾਤ, ਜੁਗ ਜੁਗ ਹੁਕਮ ਵਰਤਾਈਆ । ਯੁੱਧ ਕਰਾਉਣ ਤੋਂ ਪਹਿਲੋਂ ਵਖਾਉਂਦਾ ਰਿਹਾ ਤਮਾਸ਼, ਆਪਣਾ ਪੜਦਾ ਲਾਹੀਆ । ਰੂਪ ਧਰਦਾ ਰਿਹਾ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਰੰਗ ਰੰਗਾਈਆ । ਪਹਿਲੋਂ ਸ਼ਸਤਰਧਾਰੀ ਹੋ ਕੇ ਸਚਖੰਡ ਆਪਣਾ ਵਖਾਉਂਦਾ ਰਿਹਾ ਲਬਾਸ, ਖੜਗ ਤਰਕਸ਼ ਨਾਲ ਵਡਿਆਈਆ । ਫਿਰ ਹੁਕਮ ਮਨਾਉਂਦਾ ਰਿਹਾ ਖ਼ਾਸ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਪਰਦਾ ਆਪ ਚੁਕਾਈਆ । ਗੁਡੀਆ ਕਹੇ ਜੁਗ ਜੁਗ ਗੁਰ ਅਵਤਾਰ ਪੈਗ਼ੰਬਰਾਂ ਦੇ ਕੇ ਆਪਣੀ ਝਲਕ, ਨਿਸ਼ਾਨਾ ਇਕ ਸਮਝਾਈਆ । ਫੇਰ ਓਹਲੇ ਹੋ ਕੇ ਪਲਕ, ਆਪਣਾ ਆਪ ਲੁਕਾਈਆ । ਫੇਰ ਝਗੜਾ ਪਾ ਕੇ ਖ਼ਲਕ, ਦੀਨ ਦੁਨੀ ਨਾਲ ਟਕਰਾਈਆ । ਫੇਰ ਅੰਮ੍ਰਿਤ ਦੇ ਕੇ ਕਲਸ, ਸਚ ਸਚ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

ਸਾਚਾ ਹਰਿ, ਸਚ ਆਪਣੀ ਕਾਰ ਕਮਾਈਆ । ਗੁਡੀਆ ਕਹੇ ਯੁੱਧ ਹੋਣ ਤੋਂ ਪਹਿਲੇ ਚਾਰ ਜੁਗ ਕਰਦਾ ਰਿਹਾ ਕਾਰ, ਹਰਿ ਕਰਤਾ ਬੇਪਰਵਾਹੀਆ । ਸਚ ਸਚਖੰਡ ਆਪਣੇ ਚਰਨਾਂ ਉਤੇ ਪਵਾਉਂਦਾ ਰਿਹਾ ਪ੍ਰੇਮ ਦੀ ਧਾਰ, ਵਿਸ਼ਨ ਬ੍ਰਹਮਾ ਸ਼ਿਵ ਇੰਦ ਕੁਬੇਰ ਨਾਲ ਮਿਲਾਈਆ । ਸਭ ਤੋਂ ਕਰਾਉਂਦਾ ਰਿਹਾ ਨਿਮਸਕਾਰ, ਹੁਕਮ ਵਿਚ ਦ੍ਰਿੜਾਈਆ । ਫਿਰ ਦਰਸਾਉਂਦਾ ਰਿਹਾ ਆਪਣਾ ਰੂਪ ਸਾਕਾਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਫੇਰ ਮਾਰਦਾ ਰਿਹਾ ਮਾਰ, ਖੜਗ ਖੰਡਾ ਚਮਕਾਈਆ । ਫੇਰ ਵਸਦੇ ਰਿਹਾ ਉਜਾੜ, ਚਾਰ ਕੁੰਟ ਦੁਹਾਈਆ । ਗੁਡੀਆ ਕਹੇ ਮੇਰੀ ਦੁਹਾਈ ਮੇਰੇ ਬਚਨ ਦਾ ਕਰਿਓ ਇਤਬਾਰ, ਬੇਇਤਬਾਰੀ ਨਾ ਕੋਇ ਜਣਾਈਆ । ਪੰਜੇ ਗੁਰਮੁਖ ਚਰਨਾਂ ਉਤੇ ਜਲ ਦਿਓ ਡਾਰ, ਸੋਹਣਾ ਰਸ ਬਣਾਈਆ । ਸਾਹਿਬ ਸੁਲਤਾਨ ਹੋਣ ਲੱਗਾ ਤਿਆਰ, ਤ੍ਰੈਗੁਣ ਅਤੀਤਾ ਆਪਣੀ ਕਾਰ ਕਮਾਈਆ । ਪਰਗਟ ਹੋਣ ਲੱਗਾ ਪਰਵਰਦਿਗਾਰ, ਸਾਂਝਾ ਯਾਰ ਨੂਰ ਇਲਾਹੀਆ । ਲੇਖ ਮੁਕਣ ਲੱਗਾ ਜੁਗ ਚਾਰ, ਚੌਥਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਗੁੱਡੀਆ ਕਹੇ ਗੁਰ ਅਵਤਾਰ ਪੈਗ਼ੰਬਰੋ ਵਿਸ਼ਨ ਬ੍ਰਹਮਾ ਸ਼ਿਵ ਅਵਧੂਤੋ, ਦੌੜੋ ਭੱਜੋ ਥਾਉਂ ਥਾਈਂਆ । ਵੇਖੋ ਆਪਣਾ ਗਲੀ ਕੂਚੇ, ਕੂਚਾ ਕੂਚਾ ਫੋਲ ਫੁਲਾਈਆ । ਅੰਦਰ ਵੇਖੋ ਪੰਜ ਭੂਤੇ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਫੋਲ ਫੁਲਾਈਆ । ਸੋਝੀ ਕਰੋ ਚਾਰ ਕੂਟੇ, ਕੁਟਿਆ ਰਹਿਣ ਕੋਇ ਨਾ ਪਾਈਆ । ਫੇਰ ਆਪਣਿਆਂ ਕੋਲੋਂ ਪੂਛੋ, ਪੁਛੋ ਚਾਈਂ ਚਾਈਂਆ । ਉਠੋ ਹਜ਼ਰਤ ਈਸਾ ਮੂਸੇ, ਮੁਹੰਮਦ ਨਾਲ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਅੰਮ੍ਰਿਤ ਲੈਣ ਦੇ ਚਖ, ਬਿਨ ਰਸਨਾ ਰਸ ਚਖਾਈਆ । ਵੇਖ ਲੈਣ ਦੇ ਅਲੱਖਣਾ ਅਲਖ, ਅਲਖ ਅਗੋਚਰ ਬੇਪਰਵਾਹੀਆ । ਨਿਰਗੁਣ ਧਾਰ ਲੈਣ ਦੇ ਤਕ, ਜੋਤੀ ਜੋਤ ਜੋਤ ਰੁਸ਼ਨਾਈਆ । ਚਰਨ ਝੁਕ ਲੈਣ ਦੇ ਸਚ, ਸਚ ਸਚ ਮਿਲੇ ਵਡਿਆਈਆ । ਹੁਕਮ ਮੰਨ ਲੈਣ ਦੇ ਕਮਲਾਪਤਿ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦਾ ਚਾਰ ਜੁਗ ਚਲਾਇਆ ਰਥ, ਰਥਵਾਹੀ ਬਣ ਕੇ ਸੇਵ ਕਮਾਈਆ । ਕਹਿ ਕੇ ਆਏ ਪੁਰਖ ਸਮਰਥ, ਹਰਿ ਵੱਡਾ ਵਡ ਵਡਿਆਈਆ । ਉਹ ਲੋਕਮਾਤ ਹੋਏ ਪਰਗਟ, ਪਰਗਟ ਹੋ ਕੇ ਆਪਣੀ ਕਾਰ ਕਮਾਈਆ । ਕੂੜ ਕਿਰਿਆ ਮੇਟ ਕੇ ਹੱਦ, ਧਰਮ ਦਵਾਰਾ ਇਕ ਸੁਹਾਈਆ । ਗੋਬਿੰਦ ਦੀ ਲੱਜਿਆ ਲਏ ਰੱਖ, ਨੌਂ ਸਾਲ ਦੇ ਬਾਲੇ ਦੇਣ ਗਵਾਹੀਆ । ਜਿਸ ਦਾ ਨਾਤਾ ਹੋਇਆ ਪੱਕ, ਕੱਚੀ ਤੰਦ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਦਾ ਖੇਲ ਅਪਾਰ, ਅਪਰੰਪਰ ਆਪਣੀ ਕਾਰ ਕਮਾਈਆ । ਜਨ ਭਗਤਾਂ ਬਣ ਕੇ ਪਹਿਰੇਦਾਰ, ਰੱਛਿਆ ਕਰੇ ਥਾਉਂ ਥਾਈਂਆ । ਤਲਵਾਰ ਰੱਖ ਕੇ ਸੀਸ ਚਮਿਆਰ, ਦੁਖੜਾ ਸਭ ਦਾ ਦਏ ਮਿਟਾਈਆ । ਜਨ ਭਗਤੋ ਹੋ ਜਾਣਾ ਹੁਸ਼ਿਆਰ, ਹੁਸ਼ਿਆਰੀ ਨਾਲ ਸੁਣਾਈਆ । ਪ੍ਰਭ ਦਾ ਮੇਲ ਹੁੰਦਾ ਨਹੀਂ ਜੁਗ ਚੌਕੜੀ ਚਾਰ, ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਆਪਣਾ ਰੰਗ ਰੰਗਾਈਆ । ਅੱਗੇ ਸ਼ਬਦ ਦੀ ਕਰਨੀ ਕਾਰ, ਸ਼ਬਦੀ ਹੁਕਮ ਵਰਤਾਈਆ । ਖੰਡਾ ਖੜਕੇ ਵਿਚ ਸੰਸਾਰ, ਖੰਡ ਬ੍ਰਹਿਮੰਡ ਦੇਣ ਦੁਹਾਈਆ । ਸ੍ਰਿਸ਼ਟੀ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਤੁਸਾਂ ਕਰਨਾ ਬੈਠ ਦੀਦਾਰ, ਸਨਮੁਖ ਹੋ ਕੇ ਸੋਭਾ ਪਾਈਆ । ਜਿਸ ਗੋਬਿੰਦ ਬਣਾਇਆ ਦੁਲਾਰ, ਦੁਲਾਰੇ ਗੋਬਿੰਦ ਆਪਣੀ ਗੋਦ ਟਿਕਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਕੀ ਤੂੰ ਜੰਗ ਜੂ ਬਹਾਦਰ, ਸੂਰਬੀਰ ਅਖਵਾਈਆ । ਪੁਰਖ ਅਕਾਲ ਕਹੇ ਮੈਂ ਕਰਤਾ ਕਰੀਮ ਕਾਦਰ, ਕੁਦਰਤ ਆਪਣਾ ਹੁਕਮ ਚਲਾਈਆ । ਗੁਰ ਅਵਤਾਰ ਪੈਗ਼ੰਬਰੋ ਤਖ਼ਤ ਨਿਵਾਸੀ ਹੋ ਕੇ ਕਰਾਂ ਆਦਲ, ਇਨਸਾਫ਼ ਸਭ ਨੂੰ ਦਿਆਂ ਜਣਾਈਆ । ਤੁਸੀਂ ਦੀਨਾਂ ਮਜ਼੍ਹਬਾਂ ਦੇ ਬਣੇ ਕਾਤਲ, ਨਾਮ ਸ਼ਸਤਰ ਮੇਰਾ ਹੱਥ ਉਠਾਈਆ । ਆਪਣਾ ਪੜਦਾ ਖੋਲ੍ਹ ਕੇ ਵੇਖੋ ਬਾਤਨ, ਭੇਵ ਰਹੇ ਨਾ ਰਾਈਆ । ਕਵਣ ਸੰਗੀ ਤੇ ਕੌਣ ਸਾਥਣ, ਕਵਣ ਮੇਲਾ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਪੁਰਖ ਅਕਾਲ ਕਹੇ ਔਹ ਵੇਖੋ ਪ੍ਰਭ ਦਾ ਖੇਲ ਨਿਆਰਾ, ਹਰਿ ਹਰਿ ਆਪ ਕਰਾਈਆ । ਮੁਖ ਲੈ ਕੇ ਤਿੱਖੀ ਧਾਰਾ, ਦੰਦਾਂ ਹੇਠ ਦਬਾਈਆ । ਸ੍ਰਿਸ਼ਟੀ ਦਾ ਲੱਗੇ ਅਖਾੜਾ, ਖੰਡਾ ਖੜਕੇ ਥਾਉਂ ਥਾਈਂਆ । ਇਹ ਵੇਖੋ ਖਾਰੇ ਚੜ੍ਹਦਾ ਲਾੜਾ, ਆਪਣੀ ਕਾਰ ਕਮਾਈਆ । ਜੇਹੜਾ ਆ ਗਿਆ ਦੁਬਾਰਾ, ਜਲ ਥਲ ਮਹੀਅਲ ਕਾਰ ਕਮਾਈਆ । ਅੰਮ੍ਰਿਤ ਰਹੇ ਨਾ ਕਿਸੇ ਦਵਾਰਾ, ਖੰਡਾ ਧੁਰ ਦਾ ਵਿਚ ਫਿਰਾਈਆ । ਝਗੜਾ ਮੁਕ ਜਾਏ ਇੱਟਾਂ ਪੱਥਰ ਗਾਰਾ, ਇਕੋ ਨੂਰ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪੜਦਾ ਆਪ ਚੁਕਾਈਆ । ਗੁਰਮੁਖੋ ਸਤਿਗੁਰ ਸ਼ਬਦ ਕਰੇ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਖੰਡਾ ਰੱਖ ਆਪਣੀ ਪੇਸ਼ਾਨੀ, ਤਿੱਖੀ ਧਾਰ ਧਾਰ ਵਿਚ ਫਿਰਾਈਆ । ਕਿਸੇ ਨੂੰ ਦੇਣੀ ਨਾ ਪਏ ਕੁਰਬਾਨੀ, ਕਰਬਲੇ ਵਾਂਗ ਨਾ ਕੋਇ ਕੁਰਲਾਈਆ । ਪਿਆਸਿਆਂ ਲੱਭਣਾ ਪਏ ਨਾ ਪਾਣੀ, ਅੰਮ੍ਰਿਤ ਰਸ ਮੁਖ ਚੁਆਈਆ । ਪ੍ਰਭ ਦੇ ਨਾਲ ਤੁਹਾਡੀ ਸਦਾ ਜਵਾਨੀ, ਬੁਢਾਪੇ ਵਿਚ ਕਦੇ ਨਾ ਆਈਆ । ਇਹ ਸ਼ਬਦ ਗੁਰੂ ਦੀ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਜਿਸ ਨੂੰ ਲੱਭਦੇ ਉਤੇ ਅਸਮਾਨੀ, ਉਹ ਸਨਮੁਖ ਤੁਹਾਡੇ ਸੋਭਾ ਪਾਈਆ । ਪ੍ਰਭ ਨੂੰ ਮਿਲਣਾ ਮੰਜ਼ਲ ਰੁਹਾਨੀ, ਇਸ ਤੋਂ ਅੱਗੇ ਨਾ ਕੋਇ ਰੁਸ਼ਨਾਈਆ । ਝਗੜਾ ਮੁਕ ਜਾਏ ਚਾਰੇ ਖਾਣੀ, ਪੈਂਡਾ ਦਿਤਾ ਮੁਕਾਈਆ । ਇਕੋ ਆਇਆ ਧੁਰ ਦਾ ਬਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਖੜਗ ਕਹੇ ਮੈਂ ਹੋ ਗਈ ਪੁੱਠੀ, ਪੁੱਠੀ ਮਤ ਜਗਤ ਲੋਕਾਈਆ । ਬਹੁੜੀ ਸ੍ਰਿਸ਼ਟੀ ਜਾਣੀ ਲੁੱਟੀ, ਲੁਟੇਰਾ ਬਣਿਆ ਧੁਰ ਦਾ ਮਾਹੀਆ । ਸ਼ਿੰਗਾਰ ਰਹਿਣਾ ਨਹੀਂ ਕਿਸੇ ਬੁਤੀ, ਮੇਂਢੀ ਸੀਸ ਨਾ ਕੋਇ ਰਖਾਈਆ । ਸੁਖ ਵੇਖਣਾ ਨਹੀਂ ਕਿਸੇ ਮਾਂ ਪੁੱਤੀ, ਪਤੀ ਕੰਤ ਹੋਏ ਜੁਦਾਈਆ । ਸਦੀ ਚੌਧਵੀਂ ਜੇਹੜੀ ਦੁਨੀਆ ਸੁੱਤੀ, ਸੁੱਤਿਆਂ ਨਾ ਕੋਇ ਉਠਾਈਆ । ਓ ਗੁਰਮੁਖੋ ਤੁਹਾਡੀ ਧਾਰ ਸਿਰਫ਼ ਦੋ ਤੁਕੀ, ਸੋਹੰ ਪੜ੍ਹ ਕੇ ਝਟ ਲੰਘਾਈਆ । ਤੁਹਾਡੀ ਆਤਮਾ ਆਪਣੇ ਪਰਮਾਤਮਾ ਤੋਂ ਨਹੀਂ ਜੇ ਲੁਕੀ, ਅੰਦਰ ਵੜ ਕੇ ਤੁਹਾਡੀ ਸੇਜ ਹੰਢਾਈਆ । ਤੁਹਾਨੂੰ ਦਿਵਸ ਰੈਣ ਫਿਰਦਾ ਚੁੱਕੀ, ਚੁਕੰਨਾ ਹੋ ਕੇ ਫਿਰੇ ਥਾਉਂ ਥਾਈਂਆ । ਭਾਵੇਂ ਤੁਸੀਂ ਆਪਣੇ ਸਾਹਿਬ ਤੋਂ ਕਿੰਨੇ ਹੋ ਗਏ ਦੁਖੀ, ਦੁੱਖਾਂ ਵਿਚ ਝਟ ਲੰਘਾਈਆ । ਉਹ ਫੇਰ ਵੀ ਤੁਹਾਡਾ ਉਜਲ ਕਰੇ ਮੁਖੀ, ਨੂਰ ਜੋਤ ਰੁਸ਼ਨਾਈਆ । ਜੇ ਸਤਿਗੁਰ ਦੇ ਹੁੰਦਿਆਂ ਤੁਸੀਂ ਫੇਰ ਆ ਜਾਉ ਕੁੱਖੀ, ਪਹਿਰੇਦਾਰ ਬਣ ਕੇ ਕੀ ਚਤੁਰਾਈਆ । ਚੁਰਾਸੀ ਦੀ ਜੜ੍ਹ ਜਾਏ ਪੁੱਟੀ, ਮਿਹਰ ਨਜ਼ਰ ਨਾਲ ਤਰਾਈਆ । ਉਹ ਤੁਸੀਂ ਜ਼ਰਾ ਗਾਨੇ ਬੰਨ੍ਹੇ ਗੁੱਟੀਂ, ਆਪਣੀ ਲਓ ਅੰਗੜਾਈਆ । ਤੁਸੀਂ ਹੁਣ ਲੁਕਿਓ ਖਾਂ ਆਪਣੀ ਗੁੱਠੀਂ, ਫੜ ਬਾਹੋਂ ਬਾਹਰ ਕਢਾਈਆ । ਜੇ ਤੁਹਾਡੀ ਟੁੱਟ ਗਈ ਤੇ ਮੇਰੀ ਨਹੀਂ ਜੇ ਯਾਰੀ ਟੁੱਟੀ,

ਟੁੱਟਿਆਂ ਨਾਲ ਜੁੜਾਈਆ । ਤੁਸੀਂ ਮੈਨੂੰ ਗਾਇਆ ਬੁੱਲਾਂ ਤੇ ਬੁੱਟੀਂ, ਮੈਂ ਅੰਦਰ ਵੜ ਕੇ ਵੇਖ ਵਖਾਈਆ । ਵੇਖੋ ਅਜੇ ਪੌਹ ਤੇ ਨਹੀਂ ਫੁੱਟੀ, ਵੇਖਣਾ ਕਿਸ ਤਰਾਂ ਚਾਰ ਕੁੰਟ ਹੋਵੇ ਰੁਸ਼ਨਾਈਆ । ਤੁਹਾਨੂੰ ਤੇ ਆਪਣੇ ਨਾਲ ਰੱਖਿਆ ਰੁੱਖੀ ਰੁੱਖੀ, ਬਹਾਨਿਆਂ ਨਾਲ ਆਪਣੇ ਨਾਲ ਚਲਾਈਆ । ਅਜੇ ਪਿਤਾ ਹੋ ਕੇ ਰੱਖਿਆ ਨਹੀਂ ਕੋਈ ਸੁਖੀ, ਸੁਖ ਦੇ ਵਿਚ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਹੋ ਕੇ ਵੇਖ ਵਖਾਈਆ । ਤਲਵਾਰ ਕਹੇ ਕੁਛ ਮੇਰੀ ਤਲਬ, ਖ਼ਾਹਿਸ਼ ਦਿਆਂ ਸਮਝਾਈਆ । ਜਨ ਭਗਤੋ ਸ੍ਰਿਸ਼ਟੀ ਭਾਵੇਂ ਕਿੰਨੀ ਹੋ ਜਾਏ ਅਰਬ ਖਰਬ, ਹਿੰਦਸਿਆਂ ਵਿਚ ਲਿਖ ਸਕੇ ਕੋਇ ਨਾ ਰਾਈਆ । ਤੇ ਭਗਤ ਕੋਟਾਂ ਵਿਚੋਂ ਇਕ ਨੂੰ ਦੇ ਕੇ ਜਰਬ, ਗਿਣਤੀ ਪ੍ਰਭ ਦੀ ਦਏ ਵਧਾਈਆ । ਇਹੋ ਖੇਲ ਪ੍ਰਭ ਦਾ ਅਸਚਰਜ, ਜੁਗ ਜੁਗ ਆਪਣਾ ਪੜਦਾ ਲਾਹੀਆ । ਜੇ ਤੁਸੀਂ ਸੂਰਬੀਰ ਬਹਾਦਰ ਬਣਨਾ ਯੋਧੇ ਮਰਦ, ਇਕ ਪੁਰਖ ਅਕਾਲ ਨੂੰ ਸੀਸ ਨਿਵਾਈਆ । ਜੋ ਆਦਿ ਤੋਂ ਅੰਤ ਤਕ ਲੈ ਕੇ ਵੰਡੇ ਤੁਹਾਡਾ ਦਰਦ, ਆਤਮਾ ਦਾ ਪਰਮਾਤਮਾ ਹੋ ਕੇ ਲਏ ਮਿਲਾਈਆ । ਤੁਹਾਨੂੰ ਕੋਹੇ ਨਾ ਸ਼ਰਅ ਵਾਲੀ ਛੁਰੀ ਕਰਦ, ਕਰਤਾ ਸਿਰ ਤੁਹਾਡੇ ਹੱਥ ਟਿਕਾਈਆ । ਤੁਸਾਂ ਸਿਰਫ਼ ਹੱਥ ਜੋੜ ਕੇ ਬੇਨੰਤੀ ਕਰਨੀ ਅਰਜ਼, ਪ੍ਰਭ ਤੇਰੀ ਓਟ ਰਖਾਈਆ । ਫਿਰ ਸਤਿਗੁਰ ਪੂਰਾ ਸ਼ਬਦ ਹੋ ਕੇ ਆਵਣ ਜਾਵਣ ਦੇ ਗੇੜਿਆਂ ਵਿਚੋਂ ਤੁਹਾਨੂੰ ਲਵੇ ਵਰਜ, ਰਾਏ ਧਰਮ ਚਿਤਰਗੁਪਤ ਨੇੜ ਕੋਇ ਨਾ ਆਈਆ । ਸਚ ਕਰ ਮੰਨਣਾ ਜਿਸ ਨੇ ਪੰਜ ਵਾਰ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈਕਾਰਾ ਲਾਇਆ ਗਰਜ, ਉਹ ਗ਼ਰਜ਼ ਆਪਣੀ ਪੂਰ ਕਰਾਈਆ । ਕਿਉਂ ਉਸ ਦੇ ਕੋਲ ਜੁਗ ਚੌਕੜੀ ਦੀ ਫ਼ਰਦ, ਪਿਛਲਾ ਕੀਤਾ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਚੌਵੀ ਜੇਠ ਕਹੇ ਪ੍ਰਭੂ ਮੈਨੂੰ ਕਿਉਂ ਬਣਾਇਆ ਜੇਠਾ, ਸਚ ਦੇ ਸਮਝਾਈਆ । ਗੋਬਿੰਦ ਕਿਹਾ ਉਸ ਦਿਨ ਮੈਨੂੰ ਮੰਨਿਆ ਸੀ ਪੁਰਖ ਅਕਾਲ ਦਾ ਬੇਟਾ, ਦੂਜਾ ਪਿਤਾ ਨਾ ਕੋਇ ਰਖਾਈਆ । ਕਮਲਿਆ ਮੈਨੂੰ ਮਿਲਿਆ ਭਗਤਾਂ ਦੇ ਉਧਾਰਨ ਦਾ ਠੇਕਾ, ਗੁਰਮੁਖ ਆਪਣੇ ਸੰਗ ਰਖਾਈਆ । ਜ਼ਰਾ ਯਾਦ ਕਰ ਲੈ ਪਿਛਲਾ ਚੇਤਾ, ਚੇਤਨ ਹੋ ਕੇ ਅੱਖ ਖੁਲ੍ਹਾਈਆ । ਸਤਾਰਾਂ ਸੌ ਬੱਤੀ ਜਿਸ ਵੇਲੇ ਮੈਨੂੰ ਮਿਲਿਆ ਸੀ ਮੇਰਾ ਨੇਤਾ, ਨਿਰਗੁਣ ਧਾਰ ਨੂਰ ਰੁਸ਼ਨਾਈਆ । ਉਸ ਮੇਰੇ ਹੱਥ ਮਾਰਿਆ ਸੀ ਉਤੇ ਕੇਸਾ, ਕੇਸ ਗੜ੍ਹ ਦਿਤਾ ਸੁਹਾਈਆ । ਫੇਰ ਕਿਹਾ ਤੂੰ ਮੇਰਾ ਦਸ ਦਸਮੇਸ਼ਾ, ਦਹਿ ਦਿਸ਼ਾ ਤੇਰੀ ਵਡਿਆਈਆ । ਮੈਂ ਰਹਾਂ ਤੇ ਤੂੰ ਰਹੇਂ ਮੇਰੇ ਨਾਲ ਹਮੇਸ਼ਾ, ਵਰ ਦੇ ਕੇ ਮੇਰੀ ਝੋਲੀ ਦਿਤੀ ਭਰਾਈਆ । ਏਸੇ ਦਿਨ ਗੋਬਿੰਦ ਕਹੇ ਮੇਰੀ ਬਦਲ ਗਈ ਸੀ ਰੇਖਾ, ਮੇਰਾ ਗ੍ਰਿਹ ਮਿਲ ਗਿਆ ਸੀ ਸਚਖੰਡ ਦੇਸਾ, ਦਰਗਹ ਸਾਚੀ ਸੋਭਾ ਪਾਈਆ । ਮੈਨੂੰ ਮਿਲਣ ਆਏ ਸੀ ਵਿਸ਼ਨ ਬ੍ਰਹਮਾ ਸ਼ਿਵ ਸ਼ੰਕਰ ਜੋ ਸੇਵਾ ਕਰਨ ਨਰ ਨਰੇਸ਼ਾ, ਨਰ ਨਰਾਇਣ ਕਾਰ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਚੌਵੀ ਜੇਠ ਕਹੇ ਇਕ ਹੋਰ ਕਰਾਂ ਬੇਨੰਤੀ, ਬਿਨੈ ਦਿਆਂ ਸੁਣਾਈਆ । ਜਿਸ ਵੇਲੇ ਗੋਬਿੰਦ ਨੇ ਆਸਾ ਰੋਕੀ ਸੀ ਸਿੱਖਾਂ ਦੇ ਮਨ ਦੀ, ਮਨਸਾ ਆਪਣੇ ਵਿਚ ਛੁਪਾਈਆ । ਉਸ ਵੇਲੇ ਖੇਲ ਵਰਤਾਈ ਸੀ ਸਵਾ ਰੁਪਈਏ ਅੰਨ ਦੀ, ਭੰਡਾਰਾ ਇਕੋ ਵਾਰ ਚਖਾਈਆ । ਨਾਲੇ ਹੱਸ ਕੇ ਕਿਹਾ ਗੁਰਮੁਖੋ ਜਨਣੀ ਅਨੇਕ ਬੱਚੇ ਜਣਦੀ, ਸਤਿਗੁਰ ਇਕੋ ਵਾਰ ਜੰਮ ਕੇ ਸਭ ਨੂੰ ਬੱਚੇ ਲਏ ਬਣਾਈਆ । ਕਿਉਂ ਸਤਿਗੁਰ ਨੂੰ ਲੋੜ ਨਹੀਂ ਦੂਜੇ ਤਨ ਦੀ, ਇਸਤਰੀ

੪੯੮
੨੨

ਪੁਰਖ ਨਾ ਕੋਇ ਰਖਾਈਆ । ਇਹ ਖੇਲ ਸ੍ਰੀ ਭਗਵਾਨ ਦੀ, ਜੋ ਆਦਿ ਅੰਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਲੰਗਰ ਕਹੇ ਮੇਰੀ ਕੀਮਤ ਕੋਈ ਨਾ ਜਾਣਿਓ ਜਗ, ਕੀਮਤ ਸਕੇ ਨਾ ਕੋਇ ਚੁਕਾਈਆ । ਮੈਂ ਗੁਰਮੁਖੋ ਸੜਦਾ ਉਤੇ ਅੱਗ, ਆਪਣਾ ਆਪ ਦਿਆਂ ਤਪਾਈਆ । ਫੇਰ ਪ੍ਰੇਮ ਨਾਲ ਤੁਹਾਡੇ ਕੋਲ ਆਵਾਂ ਭੱਜ, ਫੇਰ ਆਪਣਾ ਤਨ ਤੁਹਾਡੇ ਅੱਗੇ ਟਿਕਾਈਆ । ਤੇ ਮੈਨੂੰ ਖਾਓ ਰੱਜ, ਤੇ ਬਚਿਆ ਸ਼ੂਕਰਾਂ ਅੱਗੇ ਸੁਟਾਈਆ । ਮੈਂ ਕਮਲਿਓ ਤੁਹਾਨੂੰ ਦੱਸਾਂ ਇਕ ਚੱਜ, ਸਹਿਜ ਨਾਲ ਸੁਣਾਈਆ । ਵੇਖਿਓ ਕਦੀ ਖ਼ੁਦਾ ਪਰਮਾਤਮਾ ਨੂੰ ਲੱਭਿਓ ਨਾ ਮੱਕੇ ਮਦੀਨੇ ਵਾਸਤੇ ਹੱਜ, ਹਾਜ਼ਰ ਹਜ਼ੂਰ ਤੁਹਾਡੇ ਅੰਦਰ ਬੈਠਾ ਧੁਰ ਦਾ ਮਾਹੀਆ । ਇਕ ਪ੍ਰੇਮ ਪਿਆਰ ਮੁਹੱਬਤ ਵਿਚ ਜਾਇਓ ਬੱਝ, ਬੰਧਨ ਇਕੋ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਲੰਗਰ ਕਹੇ ਮੇਰੀ ਧਾਰ ਸਵਾ ਰੁਪਈਆ, ਰੁਪਾ ਸੋਨਾ ਚਾਂਦੀ ਨਾ ਕੋਇ ਜਣਾਈਆ । ਜਿਸ ਵੇਲੇ ਆਪਣੀ ਪੂਜਾ ਆਪੇ ਕੀਤੀ ਸੀ ਦੁਰਗਾ ਮਈਆ, ਆਪਣੀ ਭੇਟਾ ਆਪਣੇ ਅੱਗੇ ਟਿਕਾਈਆ । ਫੇਰ ਆਪਣੀ ਜ਼ਬਾਨ ਦੀ ਕਢ ਕੇ ਵਹੀਆ, ਲੇਖਾ ਨਾਖੁਨ ਨਾਲ ਲਿਖਾਈਆ । ਜਿਸ ਵੇਲੇ ਬੁੱਲ੍ਹੇ ਨੇ ਗਾਇਆ ਸੀ ਦਈਆ ਦਈਆ, ਧਾਹ ਮਾਰ ਕੇ ਦਿਤਾ ਸੁਣਾਈਆ । ਲੰਗਰ ਕਹੇ ਜਿਸ ਵੇਲੇ ਗੋਬਿੰਦ ਨੇ ਮੰਗ ਮੰਗੀ ਸੀ ਢਈਆ, ਨੌ ਦਾਣੇ ਖਾ ਕੇ ਪ੍ਰਭ ਦਾ ਸ਼ੁਕਰ ਮਨਾਈਆ । ਉਚੀ ਬਾਂਹ ਕਢ ਕੇ ਬਹੀਆ, ਬਾਜ਼ੂ ਦਿਤਾ ਵਖਾਈਆ । ਇਕੋ ਰਾਮ ਤੇ ਇਕੋ ਰਮਈਆ, ਹਰ ਘਟ ਨਜ਼ਰੀ ਆਈਆ । ਇਕੋ ਕਾਹਨ ਇਕੋ ਘਨਈਆ, ਜੋ ਘਰ ਘਰ ਸੋਭਾ ਪਾਈਆ । ਇਕੋ ਸੱਜਣ ਇਕੋ ਸੈਣ ਇਕੋ ਸਈਆ, ਸਾਹਿਬ ਸੁਲਤਾਨ ਇਕ ਅਖਵਾਈਆ । ਫੇਰ ਖ਼ੁਸ਼ੀ ਵਿਚ ਕਿਹਾ ਉਸ ਨੇ ਚਾਰ ਜੁਗ ਦਾ ਬਦਲ ਦੇਣਾ ਰਵਈਆ, ਰਵਾਦਾਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਲੰਗਰ ਕਹੇ ਜਿਸ ਵੇਲੇ ਗੋਬਿੰਦ ਚੜ੍ਹਿਆ ਸੀ ਨੈਣਾਂ ਦੀ ਚੋਟੀ, ਦੇਵੀ ਦੇਵ ਖੇਲ ਖਿਲਾਈਆ । ਉਸ ਵੇਲੇ ਆਪਣੇ ਅੱਗੇ ਇਕ ਪਰਸਾਦਾ ਰੱਖ ਕੇ ਰੋਟੀ, ਭੋਗ ਦਿਤਾ ਲਗਾਈਆ । ਫੇਰ ਪੁਰਖ ਅਕਾਲ ਅੱਗੇ ਕਿਹਾ ਪ੍ਰਭੂ ਤੋਟ ਨਾ ਆਵੇ ਤੋਟੀ, ਅਤੁੱਟ ਦੇਣਾ ਵਰਤਾਈਆ । ਭਾਵੇਂ ਖਾ ਕੇ ਜਾਣ ਕੋਟਨ ਕੋਟੀ, ਭੁੱਖਿਆਂ ਦੇਣਾ ਰਜਾਈਆ । ਯਾਦ ਰੱਖੀਂ ਤੇਰਾ ਭਗਤ ਮੇਰਾ ਸਿੱਖ ਖਾਵੇ ਕਿਸੇ ਦੀ ਨਾ ਬੋਟੀ, ਮਾਸ ਸ਼ਰਾਬ ਨਾ ਮੁਖ ਰਖਾਈਆ । ਉਹਦੇ ਕਿਸੇ ਕੰਮ ਨਹੀਂ ਆਉਣੀ ਪੜ੍ਹੀ ਪੋਥੀ, ਮੇਰਾ ਖੰਡਾ ਨਾ ਹੋਏ ਸਹਾਈਆ । ਜਿਹੜੀ ਆਵਾਜ਼ ਮਾਰੀ ਸੀ ਤੇਗ ਬਹਾਦਰ ਨੇ ਆਉਂਦੇ ਵਾਲੇ ਟੋਪੀ, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਰੰਗ ਇਕ ਵਖਾਈਆ । ਰੋਟੀ ਕਹੇ ਜਿਸ ਵੇਲੇ ਰਵਦਾਸ ਮੇਰਾ ਕਰਦਾ ਸੀ ਟੁਕੜਾ, ਹੱਥਾਂ ਨਾਲ ਬਣਾਈਆ । ਵੇਖਦਾ ਸੀ ਪੂਰਬ ਉੱਤਰਾ, ਪੱਛਮ ਦੱਖਣ ਨੈਣ ਉਠਾਈਆ । ਹੱਥ ਵਜਾਉਂਦਾ ਸੀ ਜਿਉਂ ਡੰਡੇ ਖੜਕਾਵੇ ਸੁਥਰਾ, ਸੋਹਣਾ ਤਾਲ ਬਣਾਈਆ । ਫੇਰ ਕਰ ਕੇ ਉਪਰ ਮੁਖੜਾ, ਪ੍ਰਭ ਨੂੰ ਵੇਖੇ ਚਾਈਂ ਚਾਈਂਆ । ਆ ਯਾਰ ਮੇਰਾ ਮੇਟ ਜਾ ਦੁੱਖੜਾ, ਅੰਦਰ ਵੜ ਕੇ ਖੇਲ ਖਿਲਾਈਆ । ਪੁਰਖ ਅਕਾਲ ਕਹੇ ਓ ਚਮਿਆਰ ਮੇਰੇ ਪੁੱਤਰਾ, ਇਹ ਮੇਰੀ ਬੇਪਰਵਾਹੀਆ । ਹੁਣ ਤੂੰ ਚਮੜੇ ਦੀਆਂ ਕਰਦਾ ਕੁਤਰਾ, ਰੰਬੀ ਜ਼ੋਰ ਨਾਲ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

ਹਰਿ, ਸਚ ਦਾ ਪਰਦਾ ਆਪ ਉਠਾਈਆ । ਪਰਦਾ ਕਹੇ ਰਵਦਾਸ ਗਿਆ ਉਤੇ ਗੰਗਾ, ਗੰਗੋਤਰੀ ਵੇਖ ਵਖਾਈਆ । ਸਿਰੋਂ ਬਹਿ ਕੇ ਨੰਗਾ, ਨਿਗਹ ਜਲ ਵਿਚ ਟਿਕਾਈਆ । ਅੱਗੋਂ ਪੁਰਖ ਅਕਾਲ ਬਣ ਗਿਆ ਓਹ ਬੰਦਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਹੱਸ ਕੇ ਕਿਹਾ ਤੂੰ ਮੇਰਾ ਮੈਂ ਤੇਰਾ ਚਮਿਆਰਾ ਗਾ ਛੰਦਾ, ਮੈਨੂੰ ਦੇ ਸੁਣਾਈਆ । ਫੇਰ ਮੇਰੇ ਚਰਨਾਂ ਉਤੇ ਘਸਾ ਕੇ ਤਿੱਖਾ ਕਰ ਲੈ ਰੰਬਾ, ਆਰ ਪਦਮ ਵਿਚ ਚੁਭਾਈਆ । ਰਵਦਾਸ ਉਸ ਵੇਲੇ ਕੰਬਾ, ਨੈਣਾਂ ਨੀਰ ਵਹਾਈਆ । ਪੁਰਖ ਅਬਿਨਾਸ਼ੀ ਆਪਣੇ ਰੰਗ ਰੰਗਾ, ਮਿਹਰ ਨਜ਼ਰ ਉਠਾਈਆ । ਕਢ ਕੇ ਸ਼ਬਦ ਧਾਰ ਦਾ ਖੰਡਾ, ਸੀਸ ਉਤੇ ਦਿਤਾ ਫਿਰਾਈਆ । ਰਵਦਾਸ ਔਹ ਵੇਖ ਕਲਜੁਗ ਦਾ ਅੰਤ ਕੰਢਾ, ਰਾਵੀ ਰਾਹ ਤਕਾਈਆ । ਜਿਸ ਵੇਲੇ ਕੋਈ ਪੰਡਤ ਰਹਿਣਾ ਨਹੀਂ ਪੰਡਾ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਉਸ ਵੇਲੇ ਆਉਣਾ ਸੂਰਾ ਸਰਬੰਗਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਨੇ ਛਡਣਾ ਪੁਰੀ ਅਨੰਦਾ, ਅਨੰਦ ਨਾਲ ਉਸੇ ਦਾ ਜੋੜ ਜੁੜਾਈਆ । ਸਦੀ ਚੌਧਵੀਂ ਵਕਤ ਲੰਘਾ, ਅੰਤ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਰਵਦਾਸ ਕਿਹਾ ਮੈਂ ਕਲਜੁਗ ਵੇਖਾਂ ਘਾਟ, ਅੰਤਰ ਅੰਤਰ ਖੋਜ ਖੁਜਾਈਆ । ਪੁਰਖ ਅਕਾਲ ਕਿਹਾ ਔਹ ਤਕ ਬਟਵਾਰੇ ਦੀ ਪਿਛਲੀ ਮੁਕੀ ਵਾਟ, ਅੱਗੇ ਤੇਰਾ ਮੇਲ ਮਿਲਾਈਆ । ਤੁਸਾਂ ਦੋਹਾਂ ਨੇ ਮੇਰੇ ਬਣਨਾ ਭਾਟ, ਸਿਫਤਾਂ ਵਿਚ ਸਾਲਾਹੀਆ । ਫੇਰ ਹੋਰ ਦੱਸਾਂ ਸੱਜਣ ਸਾਕ, ਗੁਰਮੁਖ ਨਾਲ ਰਲਾਈਆ । ਫੇਰ ਪੰਜਾਂ ਲਿਖਾਰੀਆਂ ਦੇ ਹੱਥ ਫੜਾ ਕੇ ਕਲਮ ਦਵਾਤ, ਕਲਮਾ ਨਵਾਂ ਦਿਆਂ ਸਮਝਾਈਆ । ਜਿਹੜਾ ਚਾਰ ਜੁਗ ਦਾ ਮੇਰੇ ਨਾਮ ਦਾ ਪਿਆ ਇਖਤਲਾਫ਼, ਝਗੜਾ ਸਭ ਦਾ ਦਿਆਂ ਮਿਟਾਈਆ । ਰਵਦਾਸ ਕਿਹਾ ਪ੍ਰਭੂ ਉਸ ਵੇਲੇ ਕਿਸ ਕਰੇਂ ਮੁਆਫ਼, ਮੈਨੂੰ ਦੇ ਸਮਝਾਈਆ । ਪੁਰਖ ਅਕਾਲ ਕਿਹਾ ਰਵੀ ਜਿਹੜਾ ਤੂੰ ਮੇਰਾ ਮੈਂ ਤੇਰਾ ਕਰੇ ਜਾਪ, ਸੋਹੰ ਢੋਲਾ ਅਗੰਮ ਅਥਾਹੀਆ । ਉਨ੍ਹਾਂ ਨੂੰ ਬੱਚੇ ਬਣਾਵਾਂ ਆਪ, ਆਪਣੀ ਗੋਦ ਟਿਕਾਈਆ । ਰਵੀ ਕਿਹਾ ਕੀ ਦਰਸ਼ਨ ਦੇਵੇ ਸਾਖਿਆਤ, ਭੇਵ ਅਭੇਦ ਖੁਲ੍ਹਾਈਆ । ਸ੍ਰੀ ਭਗਵਾਨ ਕਿਹਾ ਸੰਮਤ ਸ਼ਹਿਨਸ਼ਾਹੀ ਛੇ ਚੌਵੀ ਜੇਠ ਦੀ ਹੋਵੇ ਰਾਤ, ਵਾਅਦਾ ਤੇਰੇ ਨਾਲ ਕਰਾਈਆ । ਝਟ ਰਵੀ ਦੇ ਅੰਦਰੋਂ ਨਿਕਲੀ ਲਾਟ, ਨੂਰ ਜੋਤ ਰੁਸ਼ਨਾਈਆ । ਉਹ ਭੁੱਲ ਗਿਆ ਤੀਰਥ ਆਠ ਸਾਠ, ਗੰਗਾ ਮਾਈ ਗੁਰਚਰਨਾਂ ਵਿਚ ਸੋਭਾ ਪਾਈਆ । ਫੇਰ ਕਿਹਾ ਓ ਪ੍ਰਭੂ ਤੂੰ ਪਾ ਕੇ ਭਰਮ ਭਰਾਂਤ, ਮੈਨੂੰ ਜਲਧਾਰਾ ਵਿਚ ਫਿਰਾਈਆ । ਤੇ ਜਲਧਾਰਾ ਵਿਚ ਪਰਗਟੇਂ ਆਪ, ਐਵੇਂ ਦੂਜਿਆਂ ਦਏਂ ਵਡਿਆਈਆ । ਅੱਗੇ ਵਾਸਤੇ ਇਹ ਕਦੇ ਨਾ ਕਰੀਂ ਬਾਤ, ਭਗਤ ਔਝੜ ਰਾਹ ਫਿਰਾਈਆ । ਪਰਗਟ ਹੋ ਕੇ ਦਰਸ਼ਨ ਦੇਵੀਂ ਤੇ ਰੱਖੀਂ ਆਪਣੇ ਸਾਥ, ਸਗਲਾ ਸੰਗ ਬਣਾਈਆ । ਕੀ ਤੈਨੂੰ ਲੱਭਣ ਉਤੇ ਆਕਾਸ਼, ਜਿਥੇ ਵੇਖਣ ਕੋਇ ਨਾ ਜਾਈਆ । ਕੀ ਤੈਨੂੰ ਖੋਜਣ ਵਿਚ ਭਰਵਾਸ, ਜੰਗਲਾਂ ਵਿਚ ਦੁਹਾਈਆ । ਕੀ ਤੈਨੂੰ ਜਲਧਾਰਾ ਵਿਚੋਂ ਵੇਖਣ ਕਿਥੇ ਸਾਡਾ ਬਾਪ, ਸਮੁੰਦ ਸਾਗਰ ਡੇਰਾ ਲਾਈਆ । ਇਕੋ ਬਚਨ ਤੇ ਇਕੋ ਕਰ ਵਾਕ, ਕੌਲ ਇਕਰਾਰ ਇਕ ਰਖਾਈਆ । ਜਿਸ ਵੇਲੇ ਪਰਗਟ ਹੋਵੇਂ ਦਰਸ਼ਨ ਦੇਣਾ ਬਣ ਕੇ ਕਮਲਾਪਾਤ, ਪਤਿਪਰਮੇਸ਼ਵਰ ਹੋ ਕੇ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਰਵਦਾਸ ਕਿਹਾ ਪੰਜ ਲਿਖਾਰੀ ਕੀ ਕਰਨ ਲਿਖਤ, ਲਿਖਤ ਦੇਣਾ ਸਮਝਾਈਆ । ਸ੍ਰੀ ਭਗਵਾਨ ਕਿਹਾ ਓਹ ਨਾਤਾ ਮੇਰਾ ਪ੍ਰੇਮ ਦੱਸਣ ਐ ਮਾਨਵ ਤੇਰਾ ਪੁਰਖ ਅਕਾਲ ਨਾਲ ਹੋਵੇ ਇਸ਼ਕ, ਇਸ਼ਕ ਮਾਸ਼ੂਕ ਦਾ

ਡੇਰਾ ਢਾਹੀਆ । ਧੁਰ ਦਾ ਨਾਅਰਾ ਲਿਖਣ ਜਿਸ ਨੂੰ ਸੁਣ ਕੇ ਮੈਥੋਂ ਵਿਛੜੇ ਜਾਣ ਖਿਸਕ, ਨੇੜ ਰਹਿਣ ਕੋਇ ਨਾ ਪਾਈਆ । ਸਤਾਰਾਂ ਹਾੜ ਮਸਤਕ ਲੱਗਾ ਹੋਵੇ ਤਿਲਕ, ਸੰਮਤ ਛੇ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਖੇਲ ਖਿਲਾਈਆ । ਚੌਵੀ ਜੇਠ ਕਹੇ ਕਿਉਂ ਆਏ ਅੱਲੜਪਿੰਡੀ, ਅੱਲੜ ਜਵਾਨਾ ਦੇ ਦਰਸਾਈਆ । ਗੋਬਿੰਦ ਕਹੇ ਔਹ ਚੌਵੀ ਜੇਠ ਜਿਹੜੀ ਗੁਰਮੁਖਾਂ ਦੀ ਸੰਗਤ ਅਜੇ ਖਿੰਡੀ, ਉਹ ਅੱਗੇ ਲੈਣੀ ਮਿਲਾਈਆ । ਸਭ ਦੇ ਮਸਤਕ ਸੁਹਾਗ ਦੀ ਲਾਉਣੀ ਬਿੰਦੀ, ਕੰਤ ਕੰਤੂਹਲ ਲੈਣਾ ਪ੍ਰਭ ਹੰਢਾਈਆ । ਝਗੜਾ ਰਹਿਣ ਨਹੀਂ ਦੇਣਾ ਏਸ਼ੀਆ ਯੂਰਪ ਹਿੰਦੀ, ਨਵ ਸੱਤ ਵੇਖ ਵਖਾਈਆ । ਧੁਰ ਦੇ ਨਾਮ ਵਜਾਉਣੀ ਕਿੰਗੀ, ਮਰਦੰਗ ਸ਼ਬਦ ਲੈਣਾ ਉਠਾਈਆ । ਪੂਜਾ ਰਹਿਣ ਨਹੀਂ ਦੇਣੀ ਲਿੰਗੀ, ਸ਼ਿਵ ਝਗੜਾ ਰਹੇ ਨਾ ਰਾਈਆ । ਜਿਹੜੀ ਸ੍ਰਿਸ਼ਟੀ ਪ੍ਰਭ ਨੂੰ ਰਹੀ ਨਿੰਦੀ, ਨਿੰਦਿਆ ਵਿਚ ਸਮਾਈਆ । ਉਨ੍ਹਾਂ ਦੀ ਕਿਸੇ ਕੰਮ ਨਹੀਂ ਆਉਣੀ ਜਿੰਦੀ, ਰਾਏ ਧਰਮ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਹੁਕਮ ਕਹੇ ਪ੍ਰਭੂ ਪਹਿਰ ਕੇ ਜੰਗੀ ਬਾਣਾ, ਬਾਣੀ ਖਾਣੀ ਵੇਖ ਵਖਾਈਆ । ਨਿਰਗੁਣ ਧਾਰ ਬਣ ਕੇ ਧੁਰ ਦਾ ਰਾਣਾ, ਰਈਅਤ ਦੋ ਜਹਾਨ ਵੇਖੇ ਥਾਉਂ ਥਾਈਂਆ । ਜਿਸ ਨੇ ਹੁਕਮ ਸ਼ਬਦ ਵਰਤਾਣਾ, ਨਾ ਕੋਇ ਮੇਟੇ ਮੇਟ ਮਿਟਾਈਆ । ਜਨ ਭਗਤੋ ਤੁਹਾਡਾ ਲੇਖੇ ਲਾ ਕੇ ਪੀਣਾ ਖਾਣਾ, ਆਉਣਾ ਆਪਣੀ ਝੋਲੀ ਪਾਈਆ । ਹੋਏ ਸਹਾਈ ਮਾਣ ਨਿਮਾਣਾ, ਨਿਤਾਣਿਆਂ ਦਏ ਵਡਿਆਈਆ । ਸਭ ਨੇ ਖ਼ੁਸ਼ੀਆਂ ਵਿਚ ਖ਼ੁਸ਼ੀਆਂ ਵਿਚ ਜੈਕਾਰ ਲਗਾਉਣਾ, ਢੋਲਾ ਧੁਰਦਰਗਾਹੀਆ । ਗੁਰਸਿਖੋ ਨਾ ਕੋਈ ਨਵਾਂ ਤੇ ਨਾ ਕੋਇ ਪੁਰਾਣਾ, ਪ੍ਰਭ ਦਰ ਤੇ ਆਏ ਤੇ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਭ ਦਾ ਜਾਣੀ ਜਾਣਾ, ਜਾਨਣਹਾਰਾ ਜੁਗ ਜੁਗ ਆਪਣੀ ਦਇਆ ਕਮਾਈਆ ।

### ✪ ੨੫ ਜੇਠ ਸ਼ਹਿਨਸ਼ਾਹੀ ਸੰਮਤ ੬ ਦਲੀਪ ਸਿੰਘ ਦੇ ਗ੍ਰਹਿ ਬਾਬੂਪੁਰ ਜ਼ਿਲਾ ਗੁਰਦਾਸ ਪੁਰ ✪

ਕਲਜੁਗ ਕਹੇ ਮੈਨੂੰ ਖ਼ਬਰ ਸੰਦੇਸ਼ਾ ਮਿਲੀ ਖ਼ਬਰ, ਹੁਕਮ ਧੁਰ ਦਾ ਇਕ ਸੁਣਾਈਆ । ਭੈ ਜਣਾਇਆ ਜਾਬਰ ਜਬਰ, ਜ਼ਬਰਦਸਤ ਨੈਣ ਉਠਾਈਆ । ਚਾਰ ਕੁੰਟ ਮੜ੍ਹੀ ਗੋਰ ਵੇਖ ਕਬਰ, ਮਕਬਰਿਆਂ ਪੰਧ ਮੁਕਾਈਆ । ਸੰਦੇਸ਼ਾ ਦਿਤਾ ਨਾਲ ਧੁਨ ਮਧੁਰ, ਪ੍ਰੀਤਮ ਪ੍ਰੇਮ ਵਿਚ ਸ਼ਨਵਾਈਆ । ਨਵ ਸੱਤ ਪਾ ਗ਼ਦਰ, ਗਦਾਗਰ ਕਰ ਲੋਕਾਈਆ । ਕਿਉਂ ਮੇਰੇ ਨਾਮ ਦਾ ਰਿਹਾ ਕੋਇ ਨਾ ਕਦਰ, ਕੁਦਰਤ ਭੁੱਲੀ ਜਗਤ ਲੋਕਾਈਆ । ਤੇਰੇ ਉਤੇ ਕਰਾਂ ਮਿਹਰ ਨਜ਼ਰ, ਨਦਰੀ ਨਦਰ ਉਠਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰੀ ਹੋਵੇ ਸੱਧਰ, ਸਦਾ ਇਕੋ ਦੇਣੀ ਲਗਾਈਆ । ਚਾਰੋਂ ਕੁੰਟ ਦਹਿ ਦਿਸ਼ਾ ਹੋਵੇ ਪੱਧਰ, ਏਕਾ ਰੰਗ ਦੇਣਾ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਹੁਕਮ ਸੁਣਾਈਆ । ਕਲਜੁਗ ਕਹੇ ਮੇਰੇ ਅੰਦਰ ਵੱਜਾ ਨਗਾਰਾ, ਨੌਬਤ ਨਾਮ ਸੁਣਾਈਆ । ਮੇਰੇ ਆਕਾਸ਼ ਦਾ ਤੁਟਾ ਸਤਾਰਾ, ਸਿਆਰਾ ਬਣਿਆ ਪਾਂਧੀ

ਰਾਹੀਆ । ਜ਼ਿਮੀਂ ਅਸਮਾਨਾਂ ਇਕ ਇਸ਼ਾਰਾ, ਬਿਨ ਸੈਨਤ ਆਪ ਦ੍ਰਿੜਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਹੁਲਾਰਾ, ਨੇਤਰ ਅੱਖ ਖੁਲ੍ਹਾਈਆ । ਆਲਸ ਮੇਟ ਗੁਰੂ ਅਵਤਾਰਾ, ਪੈਗ਼ੰਬਰਾਂ ਪੜਦਾ ਲਾਹੀਆ । ਸਭ ਦਾ ਲੇਖਾ ਲੇਖੇ ਵਿਚੋਂ ਵਿਚਾਰਾ, ਵਿਚਲਾ ਭੇਵ ਖੁਲ੍ਹਾਈਆ । ਉਠੋ ਵੇਖੋ ਕਲ ਕਲਕੀ ਅਵਤਾਰਾ, ਅਵਤਰ ਆਪਣਾ ਹੁਕਮ ਮਨਾਈਆ । ਜੋ ਨਿਰਗੁਣ ਧਾਰ ਆਇਆ ਦੁਬਾਰਾ, ਗੋਬਿੰਦ ਮੇਲਾ ਸਹਿਜ ਸੁਭਾਈਆ । ਸ਼ਬਦ ਸਤਿਗੁਰੂ ਸ਼ਬਦ ਜੈਕਾਰਾ, ਸ਼ਬਦ ਨਾਮ ਸਿਫ਼ਤ ਸਾਲਾਹੀਆ । ਸਭ ਨੂੰ ਕਰੇ ਖ਼ਬਰਦਾਰਾ, ਖ੍ਵਾਬ ਪਿਛਲੇ ਵੇਖ ਵਖਾਈਆ । ਅੰਤ ਅਖ਼ੀਰ ਮੰਨੇ ਕਿਸੇ ਨਾ ਹਾੜਾ, ਹਾੜ੍ਹ ਸਤਾਰਾਂ ਦਏ ਵਡਿਆਈਆ । ਧੁਰਦਰਗਾਹੀ ਰੂਪ ਧਰਨਾ ਧਰਨੀ ਧਰਤ ਧਵਲ ਉਪਰ ਲਾੜਾ, ਸੇਹਰਾ ਸੀਸ ਜਗਦੀਸ ਸੁਹਾਈਆ । ਜਨ ਭਗਤਾਂ ਮੰਗਣ ਆਉਣਾ ਵਾੜਾ, ਖ਼ਾਲੀ ਝੋਲੀ ਦੇ ਭਰਾਈਆ । ਨੂਰੀ ਰੰਗ ਚਾੜ੍ਹਨਾ ਗਾੜ੍ਹਾ, ਗੜ੍ਹ ਹਉਮੇ ਇਕ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕਲਜੁਗ ਕਹੇ ਮੈਂ ਸੁਣੀ ਅਗੰਮ ਸੁਣਾਉਣੀ, ਹਰਿ ਕਰਤਾ ਆਪ ਜਣਾਈਆ । ਪ੍ਰਭ ਅਚਰਜ਼ ਖੇਲ ਰਚੌਣੀ, ਰਚਨਾ ਵੇਖੇ ਥਾਉਂ ਥਾਈਂਆ । ਧਰਮ ਦੀ ਧਾਰ ਧਾਰ ਪਰਗਟਾਉਣੀ, ਪਰਗਟ ਹੋ ਕੇ ਧੁਰ ਦੇ ਮਾਹੀਆ । ਗੁਰ ਅਵਤਾਰ ਪੈਗ਼ੰਬਰਾਂ ਜੋਤੀ ਜੋਤ ਆਪ ਪਰਨਾਉਣੀ, ਪਰਮ ਪੁਰਖ ਆਪਣੇ ਲੜ ਬੰਧਾਈਆ । ਸਤਿ ਸਚ ਦੀ ਡੋਲੀ ਇਕ ਰਖਾਉਣੀ, ਚਾਰੇ ਜੁਗ ਕਹਾਰ ਉਠਾਈਆ । ਮੁਖ ਵਖਾਈ ਰੁਪਈਆ ਇਕ ਰਖਾਉਣੀ, ਸੋਹਣਾ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕਲਜੁਗ ਕਹੇ ਖੇਲ ਕਰੇ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਪੈਗ਼ੰਬਰਾਂ ਨਾਲ ਹੋਵੇ ਨਕਾਹ, ਨਕਾਬ ਮੁਖ ਨਾ ਕੋਇ ਟਿਕਾਈਆ । ਜਨ ਭਗਤ ਸੁਹੇਲੇ ਬਣਾਏ ਗਵਾਹ, ਜਿਨ੍ਹਾਂ ਛੱਬੀ ਪੋਹ ਆਪਣੇ ਰੰਗ ਰੰਗਾਈਆ । ਅਵਤਾਰਾਂ ਅੰਤਰ ਨਾਲ ਰਲਾ, ਜੋੜਾ ਜੋੜੀ ਜੋੜੇ ਸਹਿਜ ਸੁਭਾਈਆ । ਗੁਰੂਆਂ ਆਪਣੇ ਰੰਗ ਰੰਗਾ, ਰੰਗਤ ਚਾੜ੍ਹੇ ਧੁਰਦਰਗਾਹੀਆ । ਸਭ ਨੂੰ ਇਕ ਸਿੰਘਾਸਣ ਲਏ ਬਹਾ, ਦੂਜਾ ਨਜ਼ਰ ਕੋਇ ਨਾ ਆਈਆ । ਅੰਤਰ ਪ੍ਰੇਮ ਪ੍ਰੀਤੀ ਬਖ਼ਸ਼ ਕੇ ਚਾ, ਚਾਉ ਘਨੇਰਾ ਇਕ ਦ੍ਰਿੜਾਈਆ । ਨਾਰੀ ਰੂਪ ਸਰਬ ਦਰਸਾ, ਦਰਸ਼ਨ ਦੇਵੇ ਅਗੰਮ ਅਥਾਹੀਆ । ਧੁਰ ਦਾ ਸਗਨ ਲਏ ਮਨਾ, ਮਾਨਵ ਸਮਝ ਕੋਇ ਨਾ ਪਾਈਆ । ਪੜਦਾ ਓਹਲਾ ਦਏ ਚੁਕਾ, ਦੀਨ ਮਜ਼੍ਹਬ ਦਾ ਮੁਖ ਘੁੰਗਟ ਰਹੇ ਨਾ ਰਾਈਆ । ਹਾੜ੍ਹ ਸਤਾਰਾਂ ਤੇਈ ਅਵਤਾਰਾਂ ਹਜ਼ਰਤ ਈਸਾ ਮੂਸਾ ਮੁਹੰਮਦ ਦਸ ਗੁਰੂਆਂ ਆਪਣੀ ਸੇਜੇ ਲਏ ਲਿਟਾ, ਆਪ ਆਪਣੇ ਅੰਗ ਲਗਾਈਆ । ਰਾਤ ਸੁਹਾਗ ਦਏ ਵਖਾ, ਸੁਹੰਜਣੀ ਸੋਭਾ ਪਾਈਆ । ਦੀਨ ਮਜ਼੍ਹਬ ਪਈਏ ਦਏ ਛੁਡਾ, ਸੌਹਰਾ ਸਈਆ ਸਾਹਿਬ ਸਤਿਗੁਰ ਇਕੋ ਘਰ ਨਜ਼ਰੀ ਆਈਆ । ਅੱਗੇ ਸਭ ਨੂੰ ਮੰਨਣੀ ਪਏ ਰਜ਼ਾ, ਸਿਰ ਸਕੇ ਨਾ ਕੋਇ ਉਠਾਈਆ । ਪੁਰਖ ਅਕਾਲਾ ਬਣ ਗਵਾਹ, ਆਪ ਆਪਣੀ ਕਾਰ ਕਮਾਈਆ । ਖੇਲੇ ਖੇਲ ਖ਼ੁਦ ਖ਼ੁਦਾ, ਖ਼ੁਦੀ ਤਕੱਬਰੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾ ਮਾਰਗ ਲਏ ਲਗਾ, ਲਗਨ ਆਪਣੇ ਨਾਲ ਰਖਾਈਆ ।

## ੨੫ ਜੇਠ ਸ਼ਹਿਨਸ਼ਾਹੀ ਸੰਮਤ ੬ ਪਿਆਰਾ ਸਿੰਘ ਦੇ ਗ੍ਰਿਹਿ ਬਾਬੂਪੁਰ ਜ਼ਿਲਾ ਗੁਰਦਾਸ ਪੁਰ

ਅਵਤਾਰ ਪੈਗ਼ੰਬਰ ਗੁਰ ਕਹਿਣ ਇਕੱਠੇ ਬਣਨਾ ਇਕ ਪ੍ਰਭੂ ਦੀ ਨਾਰੀ, ਨਰ ਨਰਾਇਣ ਜੋ ਅਖਵਾਈਆ । ਜੁਗ ਚੌਕੜੀ ਜਿਸ ਦੀ ਖੇਲ ਦੱਸਦੇ ਰਹੇ ਸੰਸਾਰੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਉਹ ਕਲਜੁਗ ਅੰਤ ਸ੍ਰੀ ਭਗਵੰਤ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਬਣ ਸਿਕਦਾਰੀ, ਸਿਰ ਸਿਰ ਆਪਣਾ ਹੁਕਮ ਮਨਾਈਆ । ਦੀਨ ਮਜ਼੍ਹਬ ਜ਼ਾਤ ਪਾਤ ਦੀ ਤੋੜ ਕੇ ਯਾਰੀ, ਯਰਾਨਾ ਆਪਣੇ ਨਾਲ ਲਗਾਈਆ । ਮਹੱਲ ਅਟਲ ਬਖ਼ਸ਼ ਅਟਾਰੀ, ਸਚਖੰਡ ਸਾਚਾ ਇਕ ਸੁਹਾਈਆ । ਜਿਥੇ ਜਗੇ ਜੋਤ ਨਿਰੰਕਾਰੀ, ਨਿਰਗੁਣ ਨਿਰਵੈਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਭ ਦਾ ਇਕੋ ਹੋਣਾ ਕੰਤ, ਹਰਿ ਕਰਤਾ ਵਡ ਵਡਿਆਈਆ । ਪਤਿਪਰਮੇਸ਼ਵਰ ਵੇਖਣਾ ਭਗਵੰਤ, ਭਗਵਨ ਜੋਤ ਨੂਰ ਰੁਸ਼ਨਾਈਆ । ਜਿਸ ਨੇ ਸਾਨੂੰ ਵੱਖ ਵੱਖ ਕਲਮੇ ਦੱਸੇ ਮੰਤ, ਚਾਰ ਜੁਗ ਲੋਕਮਾਤ ਵਿਚ ਭਵਾਈਆ । ਵੰਡ ਵੰਡਾਈ ਵਿਚ ਜੀਵ ਜੰਤ, ਅੱਖਰਾਂ ਵਾਲੀ ਦੱਸ ਪੜ੍ਹਾਈਆ । ਤਨ ਵਜੂਦ ਬਣਾਉਂਦਾ ਰਿਹਾ ਬਣਤ, ਸ਼ਰਅ ਸ਼ਰਅ ਵਿਚੋਂ ਪਰਗਟਾਈਆ । ਖੇਲ ਕਰਾਉਂਦਾ ਰਿਹਾ ਅਗਣਤ, ਗਿਣਤੀ ਗਿਣ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਦਾਤਾ ਇਕ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਸਾਂਝਾ ਇਕੋ ਖ਼ਸਮ, ਪ੍ਰਭ ਖ਼ਸਮਾਨਾ ਇਕ ਅਖਵਾਈਆ । ਜਿਸ ਦਾ ਮੁਛ ਦਾੜ੍ਹੀ ਵਾਲਾ ਨਹੀਂ ਜਿਸਮ, ਮੂੰਡ ਮੁੰਡਾਇਆ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦੀ ਇਕੋ ਇਸਮ, ਇਸਮ ਆਜ਼ਮ ਨੂਰ ਇਲਾਹੀਆ । ਸਾਡੀ ਵੱਖਰੀ ਰਹਿਣ ਨਹੀਂ ਦੇਣੀ ਕਿਸਮ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਸ਼ਬਦ ਦੀ ਧਾਰ ਚਲਾਉਣਾ ਮਿਸ਼ਨ, ਜੋਤ ਨੂਰ ਕਰ ਰੁਸ਼ਨਾਈਆ । ਸਾਡੇ ਲਾਗੀ ਬਣਾਉਣੇ ਸ਼ਿਵ ਬ੍ਰਹਮਾ ਵਿਸ਼ਨ, ਸੋਹਣੀ ਸੇਵ ਕਮਾਈਆ । ਅੱਗੇ ਪਿਛੇ ਸਾਰੇ ਦਿਸਣ, ਦਹਿ ਦਿਸ਼ਾ ਭੱਜਣ ਵਾਹੋ ਦਾਹੀਆ । ਪੁਰਖ ਅਕਾਲ ਦੀਨ ਦਿਆਲ ਏਕਾ ਸੇਜਾ ਸਭ ਨੂੰ ਆਉਣਾ ਮਿਲਣ, ਦੂਸਰ ਪਲੰਘ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਮਾਹੀ ਆਉਣਾ ਸਾਡੇ ਗ੍ਰਿਹਿ, ਘਰ ਮੰਦਰ ਇਕ ਸੁਹਾਈਆ । ਸਚ ਸਿੰਘਾਸਣ ਆਪਣੇ ਬਹਿ, ਸੁਖ ਆਸਣ ਡੇਰਾ ਲਾਈਆ । ਪਿਆਰ ਮੁਹੱਬਤ ਇਕੋ ਦਏ, ਦੇਵਣਹਾਰ ਦਇਆ ਕਮਾਈਆ । ਧੁਰ ਸੰਦੇਸ਼ਾ ਇਕੋ ਕਹੇ, ਕਹਿ ਕਹਿ ਰਿਹਾ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਤੁਹਾਡਾ ਦੀਨ ਮਜ਼੍ਹਬ ਨਾ ਰਹੇ, ਲੋਕਮਾਤ ਜੋ ਵੰਡ ਵੰਡਾਈਆ । ਮੇਰੇ ਨਾਮ ਕਲਮੇ ਦੀ ਸ਼ੈ, ਸੋ ਸ਼ਾਹ ਸੁਲਤਾਨਾਂ ਆਏ ਵਰਤਾਈਆ । ਉਠੋ ਵੇਖੋ ਅੰਤ ਇਕੋ ਮੇਰੇ ਨਾਮ ਦੀ ਜੈ, ਜੈ ਜੈਕਾਰ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਮਾਹੀ ਨੂੰ ਮਿਲਣਾ ਕੇਹੜੇ ਸ਼ੌਕ, ਸ਼ੌਕੀਨ ਕਵਣ ਅਖਵਾਈਆ । ਜਗਤ ਵੇਸ ਵੇਖੇ ਬਹੁਤ, ਬਹੁ ਗਿਣਤੀ ਖੋਜ ਖੁਜਾਈਆ । ਤਨ ਬਸਤਰਾਂ ਵਾਲੇ ਗਏ ਔਂਤ, ਅੰਤ ਰਹਿਣ ਨਾ ਪਾਈਆ । ਕਿਸ ਬਿਧ ਰੀਝਾਈਏ ਆਪਣਾ ਖੌਂਤ, ਹਰਿ ਕਰਤਾ ਧੁਰਦਰਗਾਹੀਆ । ਕਿਸ ਮੰਜ਼ਲ ਜਾਈਏ ਪਹੁੰਚ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ


੫੦੨ ੨੨

ਖਿਲਾਈਆ । ਅਵਤਾਰ ਪੈਗ਼ੰਬਰ ਕਹਿਣ ਪਹਿਲੋਂ ਕਰੀਏ ਇਕ ਸਲਾਹ, ਮਤਾ ਆਪਣਾ ਆਪ ਬਣਾਈਆ । ਉਸ ਦੇ ਅੱਗੇ ਕਰੀਏ ਦੁਆ, ਦੋਏ ਜੋੜ ਸੀਸ ਝੁਕਾਈਆ । ਤੂੰ ਪਰਮਾਤਮਾ ਹੱਕ ਖ਼ੁਦਾ, ਖ਼ੁਦ ਮਾਲਕ ਇਕ ਅਖਵਾਈਆ । ਸਭ ਨੂੰ ਲਿਆ ਪਰਨਾ, ਪਰਮ ਪੁਰਖ ਆਪਣੇ ਅੰਗ ਲਗਾਈਆ । ਸਾਡਾ ਦੀਨ ਮਜ਼੍ਹਬ ਦਾ ਝਗੜਾ ਦੇਣਾ ਮੁਕਾ, ਸੌਂਕਣਾਂ ਵਾਲੀ ਕਰੀਏ ਨਾ ਕੋਇ ਲੜਾਈਆ । ਮਿਲ ਕੇ ਜਪੀਏ ਇਕੋ ਤੇਰਾ ਨਾਂ, ਨਾਉਂ ਨਿਰੰਕਾਰਾ ਇਕੋ ਸਿਫ਼ਤ ਸਾਲਾਹੀਆ । ਤੂੰ ਸਾਡੀ ਪਕੜੀ ਬਾਂਹ, ਬਾਹਮੀ ਨਾਤਾ ਲਿਆ ਜੁੜਾਈਆ । ਸਦਾ ਰੱਖੀਂ ਠੰਡੀ ਛਾਂ, ਦਵੈਤ ਦੀ ਅਗਨ ਨਾ ਲਾਗੇ ਰਾਈਆ । ਤੇਰੇ ਚਰਨ ਕਵਲ ਬਲ ਜਾਂ, ਬਲਹਾਰੀ ਸੀਸ ਨਿਵਾਈਆ । ਅਵਤਾਰ ਪੈਗ਼ੰਬਰ ਕਹਿਣ ਤੇਰਾ ਚਰਨ ਕਵਲ ਇਕ ਥਾਂ, ਸਾਹਿਬ ਤੇਰੀ ਸਰਨਾਈਆ । ਨਾਰੀ ਕੰਤ ਸ੍ਰੀ ਭਗਵੰਤ ਪ੍ਰਭ ਆਪਣੀ ਆਪ ਲਈਂ ਹੰਢਾ, ਆਪਣਾ ਸੰਗ ਰਖਾਈਆ । ਦਰਗਹ ਸਾਚੀ ਸਚਖੰਡ ਵਿਚ ਤੁਧ ਬਿਨ ਦੂਜਾ ਕੋਈ ਨਾ, ਨੇਤਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰੇ ਹੋਈਂ ਸਹਾ, ਸਹਾਇਕ ਤੇਰੀ ਓਟ ਤਕਾਈਆ ।

## ✪ ੨੫ ਜੇਠ ਸ਼ਹਿਨਸ਼ਾਹੀ ਸੰਮਤ ੬ ਬਲਾਕਾ ਸਿੰਘ ਦੇ ਗ੍ਰਿਹ ਬਾਬੂਪੁਰ ਜ਼ਿਲਾ ਗੁਰਦਾਸ ਪੁਰ ✪



ਅਵਤਾਰ ਪੈਗ਼ੰਬਰ ਕਹਿਣ ਪ੍ਰਭ ਇਕੋ ਕਮਲਾਪਤੀ, ਪਤਿਪਰਮੇਸ਼ਵਰ ਨਜ਼ਰੀ ਆਈਆ । ਜਿਸ ਨੇ ਆਪਣੇ ਨਾਲ ਮਿਲਾਈ ਜ਼ਾਤੀ, ਜ਼ਾਤ ਆਪਣੇ ਵਿਚ ਰਲਾਈਆ । ਇਕੱਠੀ ਬਖ਼ਸ਼ ਕੇ ਸਚ ਦੀ ਦਾਤੀ, ਦਾਤੇ ਦਾਨੀ ਝੋਲੀ ਦਿਤੀ ਭਰਾਈਆ । ਸਾਡੀ ਪੁਛੀ ਵਾਤੀ, ਚਾਰ ਜੁਗ ਦੇ ਇਕੋ ਘਰ ਟਿਕਾਈਆ । ਸਚ ਪ੍ਰੇਮ ਦੀ ਬਖ਼ਸ਼ ਸੌਗ਼ਾਤੀ, ਆਸਾ ਤ੍ਰਿਸ਼ਨਾ ਦਿਤੀ ਗਵਾਈਆ । ਗ੍ਰਿਹ ਮੰਦਰ ਜਗਾ ਕੇ ਬਾਤੀ, ਨੂਰ ਜ਼ਹੂਰ ਦਿਤਾ ਵਖਾਈਆ । ਸਾਨੂੰ ਸਭ ਨੂੰ ਇਕ ਖ਼ੁਸ਼ੀ ਖ਼ੁਸ਼ੀਆਂ ਵਿਚ ਕਟੀ ਵਾਟੀ, ਪਿਛਲਾ ਪੰਧ ਰਹੇ ਨਾ ਰਾਈਆ । ਦੀਨ ਦਿਆਲ ਦਇਆ ਕਰਨੀ ਹਾੜ ਸਤਾਰਾਂ ਰਾਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਸਭ ਨੂੰ ਲਗਾਉਣਾ ਆਪਣੀ ਨਾਲ ਛਾਤੀ, ਸ਼ਹਿਨਸ਼ਾਹ ਗੁਰ ਅਵਤਾਰ ਪੈਗ਼ੰਬਰ ਆਪਣੀ ਸੇਜ ਸੁਹਾਈਆ । ਇਕ ਗ੍ਰਿਹ ਦੇ ਬਣ ਕੇ ਵਾਸੀ, ਦਰ ਇਕੋ ਵੱਜੇ ਵਧਾਈਆ । ਲੋਕਮਾਤ ਵਾਂਗੂੰ ਮੌਤ ਦੀ ਮਿਲੇ ਕੋਇ ਨਾ ਫਾਸੀ, ਨਾਤਾ ਕੂੜ ਨਾ ਕੋਇ ਵਖਾਈਆ । ਸਚਖੰਡ ਦਵਾਰੇ ਇਕੋ ਜੋਤ ਪ੍ਰਕਾਸ਼ੀ, ਪ੍ਰਕਾਸ਼ ਆਪਣਾ ਇਕ ਰਖਾਈਆ । ਸਾਡੀ ਸਭ ਦੀ ਪੂਰੀ ਕਰੇ ਆਸੀ, ਤ੍ਰਿਸ਼ਨਾ ਅਵਰ ਰਹੇ ਨਾ ਰਾਈਆ । ਸਾਚਾ ਕਾਹਨ ਬਣ ਕੇ ਸਾਡੇ ਨਾਲ ਪਾਵੇ ਰਾਸੀ, ਸਖ਼ੀ ਕਾਹਨ ਰੂਪ ਦਰਸਾਈਆ । ਧੁਰ ਦੀ ਧਾਰ ਪ੍ਰੇਮ ਪਿਆਰ ਕਰੇ ਭੋਗ ਬਿਲਾਸੀ, ਨੂਰ ਨੂਰ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵਡਾ ਵਡ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਇਕੋ ਹੋਵੇ ਮਾਲਕ, ਆਦਿ ਅੰਤ ਇਕ ਅਖਵਾਈਆ । ਜਿਸ ਨੂੰ ਕਹਿੰਦੇ ਆਏ ਖ਼ਾਲਕ, ਨਿਰਗੁਣ ਧਾਰ ਨੂਰ ਇਲਾਹੀਆ । ਜਿਸ ਦੇ ਬਣੇ ਰਹੇ ਬਾਲਕ, ਨੰਨ੍ਹੇ ਬੱਚੇ ਰੂਪ ਧਰਾਈਆ । ਜਿਸ ਦੀ ਸ੍ਰਿਸ਼ਟੀ ਦੱਸਦੇ ਰਹੇ ਹਾਲਤ, ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਜਿਸ ਨੂੰ ਕਹਿੰਦੇ ਆਏ ਕਰੇ ਸਚ ਅਦਾਲਤ, ਅਦਲ ਇਨਸਾਫ਼ ਆਪਣੇ ਹੱਥ ਰਖਾਈਆ । ਜਿਸ ਦੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਣੇ ਰਹੇ

ਅਮਾਨਤ, ਅਮਨ ਨਾਲ ਆਪਣਾ ਝਟ ਲੰਘਾਈਆ । ਸੋ ਸਵਾਮੀ ਸਚ ਗ੍ਰਿਹਿ ਦੇਵੇ ਇਕ ਨਿਆਮਤ, ਵਸਤ ਇਕੋ ਇਕ ਵਰਤਾਈਆ । ਜਿਸ ਨਾਲ ਦੀਨ ਮਜ਼੍ਹਬ ਦੀ ਰਹੇ ਨਾ ਕੋਇ ਬਗ਼ਾਵਤ, ਬਗ਼ਲਗੀਰ ਸਰਬ ਜਣਾਈਆ । ਚਰਨ ਧੂੜੀ ਦੇ ਸਖ਼ਾਵਤ, ਝੋਲੀ ਸਭ ਦੀ ਦਏ ਭਰਾਈਆ । ਇਕ ਦੂਜੇ ਦੀ ਕਰੇ ਨਾ ਕੋਇ ਮਜ਼ਾਹਮਤ, ਝਗੜਾ ਦੁਨੀ ਨਾ ਕੋਇ ਵਖਾਈਆ । ਸਾਚੇ ਗ੍ਰਿਹਿ ਪਿਛਲੀ ਕਰੇ ਮਮਾਨਤ, ਹੁਕਮ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸ਼ਰਅ ਦੀ ਸਾਡੇ ਅੰਦਰ ਰਹੇ ਨਾ ਕੋਇ ਅਲਾਮਤ, ਦੀਨ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਹੀ ਸਲਾਮਤ, ਸਾਹਿਬ ਸੁਲਤਾਨ ਇਕ ਅਖਵਾਈਆ ।

✪ ੨੫ ਜੇਠ ਸ਼ਹਿਨਸ਼ਾਹੀ ਸੰਮਤ ੬ ਹਜ਼ਾਰਾ ਸਿੰਘ ਦੇ ਗ੍ਰਿਹਿ ਬਾਬੂਪੁਰ ਜ਼ਿਲਾ ਗੁਰਦਾਸ ਪੁਰ ✪

ਗੁਰ ਅਵਤਾਰ ਪੈਗ਼ੰਬਰੋ ਸਤਾਰਾਂ ਹਾੜ ਆਵੇ ਰਾਤ ਸੁਹਾਗ, ਸੁਹਾਗ ਭਰੀ ਵੇਸ ਵਟਾਈਆ । ਨਿਰਗੁਣ ਧਾਰ ਸਭ ਨੇ ਜਾਣਾ ਜਾਗ, ਜਾਗਰਤ ਜੋਤ ਇਕ ਰੁਸ਼ਨਾਈਆ । ਤੇਈ ਗੁਰਮੁਖਾਂ ਦੇ ਹੱਥ ਵਿਚ ਹੋਣ ਚਰਾਗ਼, ਚੌਮੁਖੀਏ ਆਪਣਾ ਰੂਪ ਦਰਸਾਈਆ । ਤੇਈ ਬੀਬੀਆਂ ਹੋਣ ਸਾਧ, ਸਾਧਨਾ ਧੁਰ ਦੀ ਇਕ ਸਮਝਾਈਆ । ਤੇਈ ਗੁਰਮੁਖਾਂ ਵਜੌਣਾ ਨਾਦ, ਧੁਨ ਇਕੋ ਇਕ ਸੁਣਾਈਆ । ਤੇਈ ਬੀਬੀਆਂ ਹੱਥ ਵਿਚ ਫੜਿਆ ਹੋਵੇ ਲਿਖ ਕੇ ਗਾਡ, ਫ਼ਿਗਰ ਇੰਗਲਿਸ਼ ਵਿਚ ਜਣਾਈਆ । ਤੇਈ ਗੁਰਮੁਖਾਂ ਉਚੀ ਕੂਕ ਕੇ ਦੇਣੀ ਬਾਂਗ, ਜ਼ੋਰ ਜ਼ੋਰ ਨਾਲ ਸੁਣਾਈਆ । ਤੇਈ ਬੀਬੀਆਂ ਕੇਸ ਖੁਲ੍ਹੇ ਗਲ ਵਿਚ ਪਾਏ ਹੋਣ ਨਾਗ, ਆਪ ਆਪਣਾ ਵੇਸ ਵਟਾਈਆ । ਤੇਈ ਗੁਰਮੁਖਾਂ ਸਭ ਤੋਂ ਵੱਖਰਾ ਗਾਉਣਾ ਰਾਗ, ਸ਼ਬਦ ਪੁਰਖ ਅਕਾਲ ਸੁਣਾਈਆ । ਤੇਈ ਬੀਬੀਆਂ ਇਕ ਖੇੜਾ ਕਰਨਾ ਆਬਾਦ, ਮਿਲ ਕੇ ਬੈਠਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹਾੜ ਸਤਾਰਾਂ ਸੁਹੰਜਣੀ ਹੋਣੀ ਰੁਤ, ਰੁਤ ਮਿਲੇ ਵਡਿਆਈਆ । ਤੇਈ ਗੁਰਮੁਖਾਂ ਗੋਬਿੰਦ ਦੇ ਬਣਨਾ ਸੁਤ , ਸੁਤ ਦੁਲਾਰੇ ਨਜ਼ਰੀ ਆਈਆ । ਤੇਈ ਬੀਬੀਆਂ ਮਸਤਕ ਲਿਖਿਆ ਹੋਵੇ ਚੁੱਪ, ਮੁਖ ਵਿਚੋਂ ਕਰਨ ਨਾ ਕੋਇ ਲੜਾਈਆ । ਤੇਈ ਗੁਰਮੁਖਾਂ ਉਪਰ ਨੀਚੇ ਇਕ ਇਕ ਕੀਤੀ ਹੋਵੇ ਮੁੱਛ, ਵੱਟ ਜ਼ੋਰ ਨਾਲ ਚੜ੍ਹਾਈਆ । ਤੇਈ ਬੀਬੀਆਂ ਨੌਂ ਸਾਲ ਦੇ ਬੱਚੇ ਗੋਦੀ ਚੁੱਕ, ਬਾਜ਼ੂ ਖ਼ੁਸ਼ੀਆਂ ਨਾਲ ਉਠਾਈਆ । ਤੇਈ ਗੁਰਮੁਖਾਂ ਹੱਥ ਵਿਚ ਫੜਿਆ ਹੋਵੇ ਸੁੱਕਾ ਟੁੱਕ, ਭੁੱਖੇ ਨੰਗੇ ਰੂਪ ਜਣਾਈਆ । ਤੇਈ ਬੀਬੀਆਂ ਲਾਲ ਰੁਮਾਲ ਬੱਧੇ ਹੋਣ ਸੱਜੇ ਗੁੱਟ, ਗੰਢ ਤਿੰਨ ਤਿੰਨ ਪਵਾਈਆ । ਤੇਈ ਗੁਰਮੁਖਾਂ ਚਾਰ ਕੁੰਟ ਫਿਰਨਾ ਉਠ, ਦਹਿ ਦਿਸ਼ਾ ਸੇਵ ਕਮਾਈਆ । ਤੇਈ ਬੀਬੀਆਂ ਖੁਲ੍ਹੀ ਛਡੀ ਹੋਵੇ ਗੁੱਤ, ਵਾਲ ਚੋਟੀ ਉਤੇ ਬੰਧਾਈਆ । ਤੇਈ ਗੁਰਮੁਖਾਂ ਪ੍ਰੇਮ ਪਿਆਰ ਦੀ ਭਰੀ ਹੋਵੇ ਮੁੱਠ, ਮੁੱਠੀ ਜ਼ੋਰ ਨਾਲ ਦਬਾਈਆ । ਤੇਈ ਬੀਬੀਆਂ ਇਕ ਦੂਜੀ ਨੂੰ ਲੈਣ ਲੁੱਟ, ਵਸਤ ਵਸਤ ਨਾਲ ਬਦਲਾਈਆ । ਤੇਈ ਗੁਰਮੁਖਾਂ ਲਾਲ ਕੀਤੇ ਹੋਣ ਬੁੱਟ, ਬੁੱਲ ਸੋਹਣੇ ਰੰਗ ਰੰਗਾਈਆ । ਤੇਈ ਬੀਬੀਆਂ ਆਪਸ ਵਿਚ ਕੀਤੇ ਹੋਣ ਜੁਟ, ਬਾਜ਼ੂ ਬਾਜ਼ੂ ਨਾਲ ਬੰਧਾਈਆ । ਤੇਈ ਗੁਰਮੁਖ ਪ੍ਰਭ ਦੇ ਉਤੋਂ ਕਰਨ ਸੁੱਟ, ਟਕੇ ਪੰਜ ਪੰਜ ਸੁਟਾਈਆ । ਤੇਈ ਬੀਬੀਆਂ ਨੈਣਾਂ ਤੋਂ ਹੋਣ ਖ਼ੁਸ਼, ਕੱਜਲ ਧਾਰ ਵਿਚ ਵਖਾਈਆ । ਤੇਈ ਗੁਰਮੁਖ ਪ੍ਰਭ ਧੂੜੀ ਲੈਣ

ਸੁਚ, ਮਸਤਕ ਵਿਚ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਈ ਗੁਰਮੁਖਾਂ ਗਾਉਣਾ ਇਕ ਤਰਾਨਾ, ਧਰਮ ਰਾਗ ਸੁਣਾਈਆ । ਤੇਈ ਬੀਬੀਆਂ ਹਥੇਲੀ ਚੁੱਕਿਆ ਹੋਵੇ ਖਾਣਾ, ਵਸਤੂ ਤਿੰਨ ਤਿੰਨ ਰਖਾਈਆ । ਤੇਈ ਗੁਰਮੁਖਾਂ ਗ਼ਰੀਬੀ ਪਹਿਰਿਆ ਹੋਵੇ ਬਾਣਾ, ਲੀਰੋ ਲੀਰ ਨਜ਼ਰੀ ਆਈਆ । ਤੇਈ ਬੀਬੀਆਂ ਹੱਥ ਵਿਚ ਫੜਿਆ ਹੋਵੇ ਕਾਨਾ, ਕਾਇਨਾਤ ਵਖਾਈਆ । ਤੇਈ ਗੁਰਮੁਖਾਂ ਮੰਨਿਆ ਹੋਵੇ ਭਾਣਾ, ਨਿਉਂ ਨਿਉਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਈ ਗੁਰਮੁਖਾਂ ਹੱਥ ਹੋਵੇ ਗੰਡਾਸਾ, ਸ਼ਸਤਰਧਾਰੀ ਸੋਭਾ ਪਾਈਆ । ਤੇਈ ਬੀਬੀਆਂ ਕੋਲ ਲਿਖਿਆ ਹੋਵੇ ਗੋਬਿੰਦ ਸਾਕਾ, ਸਿੱਧਾ ਪੁੱਠਾ ਰੂਪ ਜਣਾਈਆ । ਤੇਈ ਬੀਬੀਆਂ ਜੇਵਰ ਪਾਇਆ ਹੋਵੇ ਸੱਜੀ ਨਾਸਾ, ਛੋਟਾ ਵਡਾ ਨਾ ਕੋਇ ਵਖਾਈਆ । ਤੇਈ ਗੁਰਮੁਖਾਂ ਦੰਦ ਕਢ ਕੇ ਕਰਨਾ ਹਾਸਾ, ਕਲਜੁਗ ਦੇਣਾ ਵਖਾਈਆ । ਤੇਈ ਬੀਬੀਆਂ ਸਿਰ ਤੇ ਓਢਿਆ ਹੋਵੇ ਛਾਤਾ, ਛਤਰਧਾਰੀ ਰਹਿਣ ਕੋਇ ਨਾ ਪਾਈਆ । ਤੇਈ ਗੁਰਮੁਖਾਂ ਕਰਦੇ ਆਉਣਾ ਧੁਰ ਦਾ ਪਾਠਾ, ਮਣਕਾ ਮਾਲਾ ਇਕ ਸੌ ਇਕ ਇਕ ਬਣਾਈਆ । ਤੇਈ ਬੀਬੀਆਂ ਜੋਤ ਜਲਾਵਣ ਨਿਕਲਣ ਲਾਟਾਂ, ਦੂਰ ਦੂਰ ਰੁਸ਼ਨਾਈਆ । ਤੇਈ ਗੁਰਮੁਖਾਂ ਚੁੱਕੀ ਹੋਵੇ ਇਕ ਖਾਟਾ, ਵਾਰ ਵਾਰ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਈ ਗੁਰਮੁਖ ਪ੍ਰਭ ਨੂੰ ਆਪ ਨਹਾਉਣ, ਖ਼ੁਸ਼ੀਆਂ ਨਾਲ ਵਡਿਆਈਆ । ਤੇਈ ਬੀਬੀਆਂ ਗੀਤ ਸੁਹਾਗੀ ਗਾਉਣ, ਖਾਰੇ ਚੜ੍ਹਿਆ ਧੁਰ ਦਾ ਮਾਹੀਆ । ਤੇਈ ਗੁਰਮੁਖ ਜਾਵੀਂ ਜਗਤ ਸਦਾਉਣ, ਹਾਰ ਸ਼ਿੰਗਾਰ ਵਿਚ ਚਤੁਰਾਈਆ । ਤੇਈ ਬੀਬੀਆਂ ਬਸਤਰ ਸੋਹਣੇ ਪਾਉਣ, ਸਚ ਪ੍ਰੇਮ ਵਧਾਈਆ । ਤੇਈ ਗੁਰਮੁਖ ਸਚ ਪ੍ਰੇਮ ਦੇ ਘੋੜੇ ਸਰਬ ਦੁੜਾਉਣ, ਭੱਜਣ ਚਾਈਂ ਚਾਈਂਆ । ਤੇਈ ਬੀਬੀਆਂ ਧਰਮ ਦੀ ਵਾਗ ਗੁੰਦਾਉਣ, ਨਾਤਾ ਧਰਮ ਦਾ ਭੈਣ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤੋ ਪਹਿਲੋਂ ਤੁਹਾਡਾ ਹੋਇਆ ਵਿਵਾਹ, ਲੋਕਮਾਤ ਖ਼ੁਸ਼ੀ ਬਣਾਈਆ । ਏਸੇ ਕਾਰਨ ਤੁਹਾਨੂੰ ਬਣਾਉਂਦੇ ਗਵਾਹ, ਸ਼ਹਾਦਤ ਦੇਣੀ ਭੁਗਤਾਈਆ । ਸਚਖੰਡ ਦਵਾਰੇ ਪੁਰਖ ਅਕਾਲ ਸਾਡੇ ਨਾਲ ਕਰੇ ਨਕਾਹ, ਨਕਾਬਪੋਸ਼ ਪੜਦਾ ਲਾਹੀਆ । ਤੁਸੀਂ ਸਾਰੇ ਕਰੋ ਦੁਆ, ਸੀਸ ਜਗਦੀਸ ਅੱਗੇ ਝੁਕਾਈਆ । ਪੁਰਖ ਅਕਾਲੇ ਦੀਨ ਦਿਆਲੇ ਸਭ ਨੂੰ ਆਪਣੀ ਨਾਰੀ ਲੈ ਬਣਾ, ਕੰਤ ਕੰਤੂਹਲ ਤੇਰੀ ਵਡਿਆਈਆ । ਸੇਜ ਸੁਹੰਜਣੀ ਲੈ ਸੁਹਾ, ਸਚ ਸਿੰਘਾਸਣ ਆਪ ਬਿਠਾਈਆ । ਦਵੈਤ ਦੂਨੀ ਰਹੇ ਨਾ ਕੋਇ ਵਬਾ, ਮਜ਼੍ਹਬ ਦੀਨ ਨਾ ਕੋਇ ਰਖਾਈਆ । ਸਾਰੇ ਤੈਨੂੰ ਕਰਨ ਵਾਹ ਵਾਹ, ਵਾਹਵਾ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤੋ ਪ੍ਰਭ ਦੇ ਚਰਨ ਕਵਲ ਕਰਨਾ ਸਲਵਾਰਨਾ, ਸੀਸ ਉਪਰ ਹੱਥ ਨਾ ਕੋਇ ਰਖਾਈਆ । ਮਨ ਹੰਕਾਰੀ ਵਿਚੋਂ ਮਾਰਨਾ, ਹਉਮੇ ਹਉਂ ਰਹੇ ਨਾ ਰਾਈਆ । ਜਿਸ ਨੇ ਸਭ ਨੂੰ ਫੜ ਫੜ ਤਾਰਨਾ, ਤ੍ਰੈਗੁਣ ਲੇਖਾ ਦਏ ਮੁਕਾਈਆ । ਉਸ ਨੇ ਕਲਜੁਗ ਕਾਲ ਸਵਾਰਨਾ, ਕਲ ਕਰਤਾ ਖੇਲ ਖਿਲਾਈਆ । ਮਾਣ ਵਡਿਆਈ ਦੇਵੇ ਸਤਾਰਾਂ ਹਾੜ੍ਹਨਾ,

ਸੋਹਣਾ ਰੰਗ ਰੰਗਾਈਆ । ਖ਼ੁਸ਼ੀਆਂ ਵਾਲੀ ਖ਼ੁਸ਼ੀ ਵੇਖਣੀ ਬਹਾਰਨਾ, ਆਪਣਾ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਹੁਕਮ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਈ ਗੁਰਮੁਖਾਂ ਪ੍ਰਭ ਨੂੰ ਬੰਨ੍ਹਣਾ ਸੇਹਰਾ, ਸੇਹ ਆਪਣੀ ਕਾਰ ਕਮਾਈਆ । ਅੱਗੋਂ ਨਜ਼ਰ ਨਾ ਆਵੇ ਚੇਹਰਾ, ਚਿੰਨ੍ਹ ਰੂਪ ਨਾ ਕੋਇ ਦਰਸਾਈਆ । ਭਗਤ ਦਵਾਰ ਸੁਹਾਉਣਾ ਖੇੜਾ, ਬੇੜੀ ਕੰਧ ਉਠਾਈਆ । ਕਲਜੁਗ ਅੰਤਮ ਦੇ ਕੇ ਗੇੜਾ, ਸਤਿਜੁਗ ਸਚ ਦਏ ਲਗਾਈਆ । ਦੀਨ ਮਜ਼੍ਹਬ ਮੁਕਾ ਕੇ ਝੇੜਾ, ਗੁਰ ਅਵਤਾਰ ਪੈਗ਼ੰਬਰ ਲਏ ਪਰਨਾਈਆ । ਭਰਮ ਭਰਾਂਤ ਦਾ ਕਰ ਨਿਖੇੜਾ, ਨਿਰਗੁਣ ਆਪਣਾ ਰੰਗ ਰੰਗਾਈਆ । ਸਾਹਿਬ ਹੋ ਕੇ ਕਰੇ ਮਿਹਰਾ, ਮਿਹਰ ਨਜ਼ਰ ਉਠਾਈਆ । ਇਹ ਖੇਲ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਇਕ ਵੇਰਾ, ਫੇਰ ਲੋਕਮਾਤ ਨਾ ਕਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਤੇਈ ਜਾਂਞੀ ਹੋਣ ਘੋੜ ਸਵਾਰ, ਵਾਗਾਂ ਹੱਥ ਵਿਚ ਉਠਾਈਆ । ਤੇਈ ਬੀਬੀਆਂ ਹੋਵਣ ਪਹਿਰੇਦਾਰ, ਤਲਵਾਰਾਂ ਕੰਧਿਆਂ ਉਤੇ ਟਿਕਾਈਆ । ਤੇਈ ਗੁਰਮੁਖ ਬੋਲਣ ਜੈਕਾਰ, ਉਚੀ ਕੂਕ ਕੂਕ ਸੁਣਾਈਆ । ਤੇਈ ਬੀਬੀਆਂ ਫੁੱਲ ਬਰਸਾਵਣ ਵਰਖਾ ਧਾਰ, ਮੇਘਲਾ ਰੂਪ ਜਣਾਈਆ । ਇਹ ਖੇਲ ਸੱਚੀ ਸਰਕਾਰ, ਹਰਿ ਕਰਤਾ ਆਪ ਸਮਝਾਈਆ । ਵਿਹਾਰ ਹੋਵੇ ਸਤਾਰਾਂ ਹਾੜ੍ਹ, ਥਿਤ ਅਵਰ ਨਾ ਕੋਇ ਵਧਾਈਆ । ਜਨ ਭਗਤੋ ਸਭ ਨੇ ਹੋ ਕੇ ਆਉਣਾ ਤਿਆਰ, ਤ੍ਰੈਗੁਣ ਦਾ ਡੇਰਾ ਢਾਹੀਆ । ਭਗਤ ਦਵਾਰ ਪਹੁੰਚਣਾ ਬਣ ਕੇ ਚਾਰ ਚਾਰ, ਚਾਰ ਯਾਰੀ ਦਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤ ਚੌਵੀਵਾਂ ਅਵਤਾਰ, ਅਵਤਰੀ ਆਪਣਾ ਹੁਕਮ ਵਰਤਾਈਆ ।


੫੦੬ ੨੨

## ੨੫ ਜੇਠ ਸ਼ਹਿਨਸ਼ਾਹੀ ਸੰਮਤ ੬ ਬਾਬੂਪੁਰ ਘਰੋਂ ਨਿਕਲ ਕੇ ਵਾਪਸੀ ਤੇ ਘਰੋਂ ਨਜ਼ਦੀਕ ਹੀ ਜ਼ਿਲਾ ਗੁਰਦਾਸ ਪੁਰ

ਕਿਰਪਾ ਕਰੇ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਬਾਬੂਪੁਰ ਅਲੱੜ੍ਹਪਿੰਡੀ ਘਰ ਘਰ ਪੱਕੇ ਪਕਵਾਨ, ਪੰਝੀ ਜੇਠ ਖ਼ੁਸ਼ੀ ਬਣਾਈਆ । ਸਾਹਿਬ ਸਤਿਗੁਰ ਪੰਜ ਗੁਰਮੁਖ ਨਾਲ ਲੈ ਕੇ ਮੰਗਣ ਆਏ ਦਾਨ, ਇਕ ਇਕ ਫੁਲਕਾ ਝੋਲੀ ਦੇਣਾ ਪਾਈਆ । ਅਚਾਰ ਗੰਢਾ ਨਾਲ ਨੂੰ ਦੇਣਾ ਖਾਣ, ਹੋਰ ਵਸਤ ਨਾ ਕੋਇ ਉਠਾਈਆ । ਮਿਹਰਵਾਨ ਹੋਏ ਮਿਹਰਵਾਨ, ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਜਨ ਭਗਤੋ ਭਗਵਨ ਬਣੇ ਦਰ ਭਿਖਾਰੀ, ਮਾਂਗਤ ਹੋ ਕੇ ਦਰ ਮੰਗਣ ਆਈਆ । ਲੋਕ ਲੱਜਿਆ ਲਾਹ ਕੇ ਸਾਰੀ, ਆਪਣੀ ਆਪ ਛਡੇ ਵਡਿਆਈਆ । ਤੁਹਾਡੇ ਗ੍ਰਿਹਿ ਵੇਖ ਜਾਏ ਬਲਿਹਾਰੀ, ਬਲ ਬਲ ਆਪਣਾ ਆਪ ਕਰਾਈਆ । ਸਭ ਨੇ ਭਿੱਛਿਆ ਪਾਉਣੀ ਢਹਿ ਕੇ ਚਰਨ ਦਵਾਰੀ, ਧੂੜੀ ਖ਼ਾਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਭਿੱਛਿਆ ਮੰਗੇ ਪਰਮ ਪੁਰਖ ਪ੍ਰਭ ਰਾਤੀ, ਦਰ ਦਰ ਅਲਖ ਜਗਾਈਆ । ਮੁਖੋਂ ਕਹੇ ਖੈਰ ਪਾਉ ਮੈਂ ਤੁਹਾਡਾ ਸਾਥੀ, ਜੁਗ ਜੁਗ ਦਾ ਚਲਿਆ ਆਈਆ । ਅੱਗੇ ਮੁਸ਼ਕਲ ਰਹੇ ਨਾ ਵਾਟੀ, ਚੁਰਾਸੀ ਪੰਧ ਚੁਕਾਈਆ । ਤੁਸੀਂ

ਮੇਰੇ ਤੇ ਮੈਂ ਤੁਹਾਡੀ ਜ਼ਾਤੀ, ਦੂਜਾ ਨਜ਼ਰ ਕੋਇ ਨਾ ਆਈਆ । ਜੋ ਖੈਰ ਪਾਏ ਸੋ ਹੱਥ ਮਾਰੇ ਉਤੇ ਪ੍ਰਭ ਦੀ ਛਾਤੀ, ਉਂਗਲਾਂ ਪੰਜ ਛੁਹਾਈਆ । ਇਹ ਅਚਰਜ ਖੇਲ ਤਮਾਸ਼ੀ, ਹਰਿ ਕਰਤਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਚ ਦਾ ਬਣ ਕੇ ਸਾਕੀ, ਸੱਜਣ ਧੁਰ ਦਾ ਇਕ ਅਖਵਾਈਆ ।

## ੨੫ ਜੇਠ ਸ਼ਹਿਨਸ਼ਾਹੀ ਸੰਮਤ ੬ ਪਿਆਰਾ ਸਿੰਘ ਦੇ ਗ੍ਰਿਹ ਬਾਬੂਪੁਰ ਜ਼ਿਲਾ ਗੁਰਦਾਸ ਪੁਰ

ਅਵਤਾਰ ਪੈਗੰਬਰ ਗੁਰ ਕਹਿਣ ਸਾਡਾ ਸ਼ਗਨ ਦਾ ਹੋਇਆ ਵਿਹਾਰ, ਜਨ ਭਗਤਾਂ ਗੰਢ ਪਵਾਈਆ । ਧੁਰ ਦਾ ਨਾਤਾ ਜੁੜਿਆ ਨਾਲ ਨਿਰੰਕਾਰ, ਘਰ ਸਾਚੇ ਵੱਜੀ ਵਧਾਈਆ । ਖ਼ੁਸ਼ੀ ਵਿਚ ਖਾ ਕੇ ਗੰਢਾ ਅਚਾਰ, ਖ਼ੁਸ਼ੀਆਂ ਰਹੇ ਮਨਾਈਆ । ਭੁੱਖਿਆਂ ਕਰ ਜਾ ਪਾਰ, ਦੁਖੀਆਂ ਦੁੱਖ ਗਵਾਈਆ । ਅੱਗੇ ਜੋ ਭਗਤ ਜਨਮੇ ਜਨਮੇ ਤੇਰੀ ਧਾਰ, ਧੁਰ ਦੀ ਧਾਰ ਵਿਚੋਂ ਪਰਗਟਾਈਆ । ਦਰ ਦਰ ਨਾ ਕਰੇਂ ਖ਼ੁਆਰ, ਘਰ ਘਰ ਨਾ ਕਦੇ ਭਵਾਈਆ । ਅਗਲਾ ਕਰ ਕੌਲ ਇਕਰਾਰ, ਧੁਰ ਦਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗੰਬਰ ਕਹਿਣ ਸ਼ਗਨ ਪਿਆ ਰਾਵੀ ਕੰਢਾ, ਰਵੀ ਦਏ ਗਵਾਹੀਆ । ਖੇਲ ਵੇਖੇ ਸੂਰੀਆ ਚੰਦਾ, ਸਿਤਾਰ ਅੱਖ ਟਿਕਾਈਆ । ਵੇਸ ਧਰ ਵਾਸੀ ਪੁਰੀ ਅਨੰਦਾ, ਅਨੰਦ ਆਪਣਾ ਇਕ ਜਣਾਈਆ । ਉਸ ਨੇ ਖੇਲ ਦੱਸਿਆ ਪਿਛਲਾ ਲਹਿਣਾ ਜੋ ਗੋਬਿੰਦ ਨਾਲ ਸੰਗਾ, ਸਗਲਾ ਸੰਗ ਵਖਾਈਆ । ਜਿਸ ਵੇਲੇ ਪੁਰੀ ਅਨੰਦ ਛੱਡਿਆ ਤੇ ਗੁਰਮੁਖਾਂ ਹੱਥ ਫੜਾਇਆ ਟੁਕੜਾ ਅਚਾਰ ਤੇ ਕੱਚਾ ਗੰਢਾ, ਭੋਜਨ ਮਾਤਾ ਗੁਜਰੀ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਗੁਰ ਅਵਤਾਰ ਪੈਗੰਬਰ ਕਹਿਣ ਸੱਤਰ ਸਿਖਾਂ ਨੇ ਲੈ ਕੇ ਦਾਨ, ਝੋਲੀ ਲਈ ਭਰਾਈਆ । ਨਾਲੇ ਕਿਹਾ ਗੋਬਿੰਦ ਤੇਰਾ ਪਕਵਾਨ, ਸਾਨੂੰ ਦਏ ਰਜਾਈਆ । ਚਾਰੋਂ ਕੁੰਟ ਮਾਰ ਧਿਆਨ, ਵੇਖਣ ਨੈਣ ਉਠਾਈਆ । ਫੇਰ ਆਉਣਾ ਨਹੀਂ ਏਸ ਅਸਥਾਨ, ਪੁਰੀ ਅਨੰਦ ਨਾ ਕੋਇ ਸੁਹਾਈਆ । ਮਾਤਾ ਗੁਜਰੀ ਸ਼ਬਦ ਸੁਣਿਆ ਬਿਨਾ ਕਾਨ, ਕੰਨਾਂ ਵਿਚ ਜਣਾਈਆ । ਛੱਤੀ ਜੁਗ ਦਾ ਜਗਤ ਗਿਆਨ, ਨਾਨਕ ਨਿਰਗੁਣ ਸਰਗੁਣ ਦਏ ਦ੍ਰਿੜਾਈਆ । ਖੇਲੇ ਖੇਲ ਸ੍ਰੀ ਭਗਵਾਨ, ਹਰਿ ਕਰਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗੰਬਰ ਕਹਿਣ ਜਿਸ ਵੇਲੇ ਪੁਰੀ ਅਨੰਦ ਛੱਡਿਆ, ਛਡੀ ਆਸਾ ਜਗ । ਗੋਬਿੰਦ ਮੁਖ ਤੇ ਪੜਦਾ ਪਾ ਕੇ ਗੱਜਿਆ, ਵਡ ਬਣ ਸੂਰਾ ਸਰਬੱਗ । ਪੁਰਖ ਅਕਾਲੇ ਰੱਖੀਂ ਲੱਜਿਆ, ਮੈਂ ਤੇਰਾ ਨੂਰੀ ਅਗੰਮਾ ਚੰਦ । ਜਿਸ ਕਾਰਨ ਮੈਨੂੰ ਲੋਕਮਾਤ ਸੱਦਿਆ, ਨਾਮ ਦਮਾਮਾ ਵਜਾ ਮਰਦੰਗ । ਉਸ ਵਿਚ ਨਾ ਪਵੇ ਭੰਗਿਆ, ਖ਼ੁਸ਼ੀ ਕਰਨਾ ਬੰਦ ਬੰਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਪੁਰਖ ਅਕਾਲ ਕੀਤਾ ਇਸ਼ਾਰਾ, ਸ਼ਬਦ ਨਾਲ ਸਮਝਾਈਆ । ਗੋਬਿੰਦ ਤੇਰਾ ਵੇਖਿਆ ਜਗਤ ਭੰਡਾਰਾ, ਬਿਨ ਨੈਣਾਂ ਨੈਣ ਉਠਾਈਆ । ਅੱਜ ਖ਼ਾਲੀ ਹੋਏ ਦਵਾਰਾ, ਦਰ ਨਜ਼ਰ ਕਿਛ ਨਾ ਆਈਆ । ਜ਼ਰਾ ਇਸ ਦੀ ਕਰ ਵਿਚਾਰਾ,

ਵਿਚਰ ਕੇ ਦੇ ਜਣਾਈਆ । ਇਕ ਹਲੂਣਾ ਜ਼ੋਰ ਦੀ ਮਾਰਾ, ਗੋਬਿੰਦ ਨੂੰ ਦਿਤਾ ਹਿਲਾਈਆ । ਜੋਤੀ ਜੋਤ ਦਾ ਦੇ ਚਮਤਕਾਰਾ, ਨੂਰ ਕੀਤਾ ਰੁਸ਼ਨਾਈਆ । ਗੋਬਿੰਦ ਕਿਹਾ ਪੁਰਖ ਅਕਾਲ ਮੇਰੀ ਨਿਮਸਕਾਰਾ, ਨਿਉਂ ਨਿਉਂ ਸੀਸ ਝੁਕਾਈਆ । ਜਿਸ ਵੇਲੇ ਸਤਾਰਾਂ ਸੌ ਛਪੰਜਾ ਕੀਤਾ ਸੀ ਪੰਥ ਤਿਆਰਾ, ਸਿੱਖ ਸਮਾਜ ਬਣਾਈਆ । ਬਣਿਆ ਸੀ ਵਰਤਾਰਾ, ਆਪਣੀ ਦਇਆ ਦਇਆ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਆਪਣਾ ਹੁਕਮ ਵਰਤਾਈਆ । ਗੋਬਿੰਦ ਕਿਹਾ ਪ੍ਰਭੂ ਮੇਰੇ ਵਿਚ ਇਕ ਵਾਰੀ ਇਕ ਛਿੰਨ ਆਇਆ ਸੀ ਹੰਕਾਰ, ਮੈਂ ਬੋਲ ਕੇ ਦਿਤਾ ਸੁਣਾਈਆ । ਗੁਰਸਿਖੋ ਮੈਂ ਤੁਹਾਡਾ ਦਾਤਾਰ, ਦੇਵਣਹਾਰ ਬੇਪਰਵਾਹੀਆ । ਪੁਰੀ ਅਨੰਦ ਦੇ ਭਰੇ ਭੰਡਾਰ, ਰਾਣੇ ਮਹਾਂਰਾਣੇ ਸੀਸ ਨਿਵਾਈਆ । ਖਿੱਚ ਕੇ ਨੰਗੀ ਤਲਵਾਰ, ਕਟਾਰ ਦਿਤੀ ਚਮਕਾਈਆ । ਸਭ ਨੂੰ ਦੇਵਾਂ ਸੰਘਾਰ, ਸ਼ਤਰੂ ਰਹਿਣ ਕੋਇ ਨਾ ਪਾਈਆ । ਫੇਰ ਹੱਥ ਮਾਰ ਉਤੇ ਦਸਤਾਰ, ਕਲਗੀ ਦਿਤੀ ਹਿਲਾਈਆ । ਮੈਂ ਰੂਪ ਸੱਚੀ ਸਰਕਾਰ, ਨਿਰਗੁਣ ਸਰਗੁਣ ਰੰਗ ਰੰਗਾਈਆ । ਪੁਰਖ ਅਕਾਲ ਦੀਨ ਦਿਆਲ ਝਟ ਤੂੰ ਉਸ ਵੇਲੇ ਮੇਰੇ ਉਤੇ ਪਾਇਆ ਭਾਰ, ਸ਼ਬਦ ਸ਼ਬਦ ਨਾਲ ਦਬਾਈਆ । ਨਾਲੇ ਹੱਸ ਕੇ ਕਿਹਾ ਗੋਬਿੰਦ ਤੂੰ ਪੁਰੀ ਅਨੰਦ ਦਾ ਚਾਰ ਦਿਨ ਦਾ ਮੁਖ਼ਤਿਆਰ, ਅੰਤ ਭੰਡਾਰਾ ਰਹਿਣ ਕੋਇ ਨਾ ਪਾਈਆ । ਮੈਂ ਝਟ ਨੌਂ ਵਾਰ ਚਰਨਾਂ ਤੇ ਕੀਤੀ ਨਮਸਕਾਰ, ਫਿਰ ਫਿਰ ਸੀਸ ਝੁਕਾਈਆ । ਪ੍ਰਭੂ ਤੂੰ ਫੇਰ ਲਿਆ ਉਠਾਲ, ਫੜ ਬਾਹੋਂ ਗਲੇ ਲਗਾਈਆ । ਜ਼ਿਮੀਂ ਤੋਂ ਚੁਕ ਕੇ ਇਸ਼ਾਰਾ ਕੀਤਾ ਔਹ ਵੇਖ ਕਲਜੁਗ ਅੰਤ ਕਾਲ, ਚਾਰੋਂ ਕੁੰਟ ਨਗਾਰ ਲਗਾਈਆ । ਫੇਰ ਵਖਾਇਆ ਔਹ ਵੇਖ ਮੇਰੇ ਭਗਤ ਦੁਲਾਰੇ ਲਾਲ, ਲਾਲ ਆਪਣੇ ਰੰਗ ਰੰਗਾਈਆ । ਬਿਨ ਮੇਰੀ ਕਿਰਪਾ ਮੇਰਿਆਂ ਭਗਤਾਂ ਨੂੰ ਕੋਈ ਨਾ ਸਕੇ ਖਵਾਲ, ਅਵਤਾਰ ਪੈਗ਼ੰਬਰ ਗੁਰੂ ਨਾ ਕੋਇ ਵਡਿਆਈਆ । ਆਦਿ ਜੁਗਾਦਿ ਦਾ ਮੈਂ ਦਲਾਲ, ਵਿਚੋਲਾ ਇਕ ਅਖਵਾਈਆ । ਸਚਖੰਡ ਮੇਰਾ ਸੱਚੀ ਧਰਮਸਾਲ, ਧਰਮ ਦਵਾਰਾ ਇਕ ਉਪਜਾਈਆ । ਜਿਥੇ ਮੰਗਤੇ ਸ਼ਾਹ ਕੰਗਾਲ, ਦੇਵਣਹਾਰ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੋਬਿੰਦ ਔਹ ਵੇਖ ਕਲਜੁਗ ਅੰਤ ਨਜ਼ਾਰਾ, ਸਚ ਦਿਆਂ ਵਖਾਈਆ । ਤੈਨੂੰ ਛਡਣਾ ਪਏ ਪੁਰੀ ਅਨੰਦ ਦਵਾਰਾ, ਅਨੰਦ ਪੁਰੀ ਰਹੀ ਕੁਰਲਾਈਆ । ਇਹ ਖੇਲ ਅਗੰਮ ਅਪਾਰਾ, ਅਲਖ ਅਗੋਚਰ ਆਪ ਸਮਝਾਈਆ । ਸੰਦੇਸ਼ਾ ਦੇਵਾਂ ਸ਼ਬਦ ਦੀ ਧਾਰਾ, ਧਾਰ ਧਾਰ ਵਿਚੋਂ ਪਰਗਟਾਈਆ । ਜਿਸ ਵੇਲੇ ਕਲ ਕਲਕੀ ਬਣ ਕੇ ਆਵਾਂ ਅਵਤਾਰਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਖੇਲ ਕਰਾਂ ਅਪਰ ਅਪਾਰਾ, ਅਪਰੰਪਰ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਇਕ ਅਖਵਾਈਆ । ਪੁਰਖ ਅਕਾਲ ਕਿਹਾ ਗੋਬਿੰਦ ਗੁਰ ਅਵਤਾਰ ਪੈਗ਼ੰਬਰ ਕੋਈ ਨਾ ਕਹੇ ਮੈਂ ਦਾਤਾ ਦਾਨੀ, ਦਾਤਾ ਇਕੋ ਇਕ ਅਖਵਾਈਆ । ਤੁਸੀਂ ਸਾਰੇ ਮੇਰੇ ਨਾਮ ਦੀ ਪੜ੍ਹਦੇ ਬਾਣੀ, ਸ਼ਬਦ ਸ਼ਬਦ ਨਾਲ ਸਾਲਾਹੀਆ । ਮੈਂ ਮਾਲਕ ਚਾਰੇ ਖਾਣੀ, ਲੱਖ ਚੁਰਾਸੀ ਮੇਰਾ ਨੂਰ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਹੁਕਮੇ ਅੰਦਰ ਭਰਨ ਪਾਣੀ, ਸੇਵਕ ਹੋ ਕੇ ਸੇਵ ਕਮਾਈਆ । ਆਦਿ ਜੁਗਾਦਿ ਜੁਗ ਮੇਰੀ ਮਿਹਰਵਾਨੀ, ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਈਆ । ਪੁਰਖ ਅਕਾਲ ਕਿਹਾ ਗੋਬਿੰਦ ਸੋਹਣਾ ਵਕਤ ਸੁਹੰਜਣਾ ਆਉਣਾ ਵਿਚ ਸੰਸਾਰਾ, ਸੰਸਾਰੀ ਭੰਡਾਰੀ

ਸੰਘਾਰੀ ਵੇਖ ਵਖਾਈਆ । ਮੈਂ ਨਿਰਗੁਣ ਨੂਰ ਕਰਾਂ ਉਜਿਆਰਾ, ਜੋਤੀ ਜਾਤਾ ਵੇਸ ਵਟਾਈਆ । ਕਲ ਕਲਕੀ ਲਏ ਅਵਤਾਰਾ, ਅਵਤਰਾ ਆਪਣਾ ਫੇਰਾ ਪਾਈਆ । ਸਤਿਜੁਗ ਰੀਤੀ ਮਾਤ ਸੰਸਾਰਾ, ਧੁਰ ਦਾ ਰਾਹ ਇਕ ਪਰਗਟਾਈਆ । ਕਿਸੇ ਦੇ ਅੰਦਰ ਰਹੇ ਨਾ ਕੋਇ ਹੰਕਾਰਾ, ਸਾਧ ਸੰਤ ਨਾ ਕੋਇ ਚਤੁਰਾਈਆ । ਜਨ ਭਗਤਾਂ ਦਵਾਰੇ ਬਣਾਂ ਆਪ ਭਿਖਾਰਾ, ਭਿੱਖਕ ਹੋ ਕੇ ਮੰਗ ਮੰਗਾਈਆ । ਇਕ ਨਿਸ਼ਾਨੀ ਤੇਰੀ ਰੱਖਾਂ ਪੁਰੀ ਅਨੰਦ ਦਾ ਅੰਤ ਗੰਢਾ ਤੇ ਅਚਾਰਾ, ਸ਼ਹਾਦਤ ਸਚ ਦੇਣੀ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦੀ ਧਾਰ ਇਕ ਸਮਝਾਈਆ । ਗੋਬਿੰਦ ਕਹੇ ਗੰਢਾ ਅਚਾਰ ਦਾ ਵੱਡਾ ਆਚਰਨ, ਸਚ ਸਚ ਸੁਣਾਈਆ । ਜਿਸ ਖਾਧਾ ਤਿਸ ਲੇਖਾ ਮੁਕਿਆ ਜੀਵਨ ਮਰਨ, ਚੁਰਾਸੀ ਫਾਸੀ ਨਾ ਕੋਇ ਲਟਕਾਈਆ । ਝਗੜਾ ਮੁਕਿਆ ਵਰਨ ਬਰਨ, ਜ਼ਾਤ ਪਾਤੀ ਨਾ ਵੰਡ ਵੰਡਾਈਆ । ਗੁਰਮੁਖ ਸਾਚੀ ਮੰਜ਼ਲ ਚੜ੍ਹਨ, ਜਿਥੇ ਮਿਲੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਗੰਢਾ ਅਚਾਰ ਕਹੇ ਸਾਡਾ ਮੇਲ ਹੋਇਆ ਨਾਲ ਰੋਟੀ, ਤਿੰਨਾਂ ਮਿਲ ਕੇ ਵੱਜੀ ਵਧਾਈਆ । ਤੇਈ ਗੁਰਮੁਖਾਂ ਤੇੜ ਬੱਧੀ ਹੋਵੇ ਧੋਤੀ, ਲਾਂਗੜ ਪਿਛੇ ਤਾਈਂ ਖਿਚਾਈਆ । ਤੇਈ ਬੀਬੀਆਂ ਹੱਥ ਵਿਚ ਫੜੀ ਹੋਵੇ ਸੋਟੀ, ਨੌਂ ਨੌਂ ਹੱਥ ਲੰਬਾਈਆ । ਤੇਈ ਗੁਰਮੁਖਾਂ ਪੜ੍ਹਦੇ ਆਉਣਾ ਪੋਥੀ, ਪੁਸਤਕ ਹੱਥ ਵਿਚ ਉਠਾਈਆ । ਤੇਈ ਬੀਬੀਆਂ ਗਲ ਵਿਚ ਗਾਨੀ ਪਾਉਣੀ ਮੋਤੀ, ਚਿੱਟੇ ਰੰਗ ਨਾਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਗੋਬਿੰਦ ਕਹੇ ਹੁਕਮ ਸੰਦੇਸ਼ਾ ਖ਼ਾਸ, ਧੁਰ ਦਾ ਇਕ ਜਣਾਈਆ । ਪੰਜਾਂ ਦਰਬਾਰੀਆਂ ਸੁਣਨੀ ਅਗੰਮੀ ਬਾਤ, ਬਾਤਨ ਪੜਦਾ ਆਪ ਖੁਲ੍ਹਾਈਆ । ਸਭ ਦੇ ਕੋਲ ਪੰਜ ਪੰਜ ਹੋਣ ਕਾਟ, ਜੇਬਾਂ ਵਿਚ ਲੁਕਾਈਆ । ਸਾਢੇ ਬਾਰਾਂ ਵਜੇ ਦੇਣੇ ਸਤਾਰਾਂ ਹਾੜ੍ਹ ਦੀ ਰਾਤ, ਲੜਾਈ ਪਿਛੋਂ ਸਫ਼ਾਈ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਮਨਾਈਆ । ਗੋਬਿੰਦ ਕਹੇ ਪੰਜਾਂ ਦਰਬਾਰੀਆਂ ਖੁਲ੍ਹੀ ਛੱਡੀ ਹੋਵੇ ਦਾੜ੍ਹੀ, ਮੁੱਛਾਂ ਵੱਟ ਚੜ੍ਹਾਈਆ । ਇਕੋ ਜੇਹੀ ਸਰਬ ਹੋਵੇ ਤਿਆਰੀ, ਤ੍ਰੈਗੁਣ ਦਾ ਡੇਰਾ ਢਾਹੀਆ । ਲਾਲ ਨੋਕ ਕੀਤੀ ਹੋਵੇ ਕਟਾਰੀ, ਉਂਗਲਾਂ ਨੌਂ ਨੌਂ ਰੰਗਾਈਆ । ਓਨ੍ਹਾਂ ਨਾਲ ਹੋਣ ਪੰਜ ਪੁਜਾਰੀ, ਸਮਾਨ ਪੂਜਾ ਵਾਲਾ ਉਠਾਈਆ । ਇਕ ਗੁਰਮੁਖ ਕੋਲ ਹੋਵੇ ਕੁੱਤਾ ਸ਼ਿਕਾਰੀ, ਜੋ ਸ਼ਰਅ ਦੀ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਲਾ ਲਏ ਮਿਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਸ਼ਗਨ ਸੁਹਾਵਾ, ਸੋਹਣੀ ਖ਼ੁਸ਼ੀ ਬਣਾਈਆ । ਸਾਡਾ ਪ੍ਰਭ ਦੇ ਨਾਲ ਦਾਅਵਾ, ਦਾਅਵੇ ਨਾਲ ਜਣਾਈਆ । ਜਨ ਭਗਤਾਂ ਆਪਣੇ ਦਵਾਰ ਲਾ ਕੇ ਨਾਵਾਂ, ਨਵ ਨੌਂ ਚਾਰ ਦਾ ਡੇਰਾ ਢਾਹੀਆ । ਸਭ ਦਾ ਭਾਰ ਕਰ ਲੈ ਸਾਵਾਂ, ਵੱਧ ਘੱਟ ਨਾ ਕੋਇ ਵਖਾਈਆ । ਤੇਰੇ ਨਾਲ ਲੈਣੀਆਂ ਲਾਵਾਂ, ਚੌਥੇ ਘਰ ਵੱਜੇ ਵਧਾਈਆ । ਘਰੋਂ ਸਤਾਰਾਂ ਹਾੜ ਨੂੰ ਪੁੱਤਰਾਂ ਦਾ ਮੁਖ ਮਿੱਠਾ ਕਰਕੇ ਆਵਣ ਮਾਵਾਂ, ਗੁੜ ਸ਼ੱਕਰ ਨਾਲ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲਾ ਰਹਿਣ ਦੇਵੇ ਨਾ ਕੋਇ ਨਿਥਾਵਾਂ, ਦਰਗਾਹ ਸਾਚੀ ਸਚਖੰਡ ਘਰ ਆਪਣੇ ਆਪ ਬਹਾਈਆ ।

## ਪਹਿਲੀ ਹਾੜ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ

ਅਵਤਾਰ ਪੈਗ਼ੰਬਰ ਗੁਰ ਕਹਿਣ ਸਚਖੰਡ ਕਰੀਏ ਤਿਆਰੀ, ਨਿਰਗੁਣ ਤੋਂ ਬਾਹਰ ਖੇਲ ਖਿਲਾਈਆ । ਹੁਕਮ ਮੰਨੀਏ ਪੁਰਖ ਅਕਾਲ ਇਕ ਨਿਰੰਕਾਰੀ, ਨਰ ਨਰਾਇਣ ਨਰ ਹਰਿ ਜਣਾਈਆ । ਸਤਿ ਸਤਿਵਾਦੀ ਹੋ ਕੇ ਸਤਿ ਦਾ ਕਰੀਏ ਸ਼ਿੰਗਾਰੀ, ਸਤਿ ਸਰੂਪ ਵੇਸ ਬਣਾਈਆ । ਸਚ ਦਵਾਰ ਸਚ ਦੀ ਮੰਜ਼ਲ ਚੜ੍ਹੀਏ ਖਾਰੀ, ਖ਼ਾਲਸ ਆਪਣਾ ਆਪ ਰਖਾਈਆ । ਬਿਨ ਨੇਤਰ ਨੈਣ ਸਚ ਪਿਆਰ ਬਣਾਈਏ ਕੱਜਲ ਧਾਰੀ, ਆਪ ਆਪਣੇ ਵਿਚੋਂ ਪਰਗਟਾਈਆ । ਥਾਨ ਥਨੰਤਰ ਸੋਹੇ ਅਗੰਮ ਅਪਾਰੀ, ਪ੍ਰਿਥਮੀ ਆਕਾਸ਼ ਨਾ ਕੋਇ ਚਤੁਰਾਈਆ । ਰਵ ਸਸ ਨਾ ਕੋਇ ਉਜਿਆਰੀ, ਏਕਾ ਨਿਰਗੁਣ ਨੂਰ ਜੋਤ ਜੋਤ ਰੁਸ਼ਨਾਈਆ । ਬ੍ਰਹਿਮੰਡ ਖੰਡ ਮਹੱਲ ਅਟੱਲ ਨਾ ਕੋਇ ਅਟਾਰੀ, ਗਗਨ ਗਗਨੰਤਰ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਵਡਾ ਵਡ ਵਡਿਆਈਆ । ਅਵਤਾਰ ਪੈਗ਼ੰਬਰ ਕਹਿਣ ਗੁਰ ਆਉਂਦਾ ਵਕਤ ਸੁਹੇਲਾ, ਸਚਖੰਡ ਮਿਲੀ ਵਡਿਆਈਆ । ਏਕਾ ਰੂਪ ਬਣਨਾ ਗੁਰੂ ਗੁਰ ਚੇਲਾ, ਦੂਜਾ ਨਜ਼ਰ ਕੋਇ ਨਾ ਆਈਆ । ਸਤਿ ਸਤਿ ਦਾ ਹੋਣਾ ਮੇਲਾ, ਜੋਤ ਜੋਤ ਜੋਤ ਪਰਨਾਈਆ । ਧੁਰਦਰਗਾਹੀ ਲਾੜਾ ਤਕਣਾ ਇਕ ਅਕੇਲਾ, ਅਕਲ ਕਲਧਾਰੀ ਨੂਰ ਇਲਾਹੀਆ । ਜੇਹੜਾ ਜੁਗ ਚੌਕੜੀ ਹੱਥ ਨਾ ਆਇਆ ਦੋ ਜਹਾਨ ਜੰਗਲ ਬੇਲਾ, ਪ੍ਰਿਥਮੀ ਆਕਾਸ਼ ਖੋਜ ਨਾ ਕੋਇ ਖੁਜਾਈਆ । ਸੋ ਸਵਾਮੀ ਅੰਤਰਜਾਮੀ ਲੱਖ ਚੁਰਾਸੀ ਨਾਲੋਂ ਹੋ ਕੇ ਵਿਹਲਾ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਮੇਲਾ ਮਿਲਣਾ ਪ੍ਰਭੂ ਪ੍ਰਭ ਕੰਤ, ਹਰਿ ਸਵਾਮੀ ਸੋਭਾ ਪਾਈਆ । ਸਭ ਨੇ ਇਕੋ ਗਾਉਣਾ ਮੰਤ, ਤੂੰ ਮੇਰਾ ਮੈਂ ਤੇਰਾ ਰਾਗ ਅਲਾਹੀਆ । ਚਾਰ ਜੁਗ ਦੀ ਨਾਮ ਕਲਮਿਆਂ ਵਾਲੀ ਛਡਣੀ ਬਣਤ, ਦੀਨ ਮਜ਼੍ਹਬ ਛਡਣੀ ਜਗਤ ਚਤੁਰਾਈਆ । ਇਕੋ ਬੋਧ ਅਗਾਧਾ ਪੁਰਖ ਅਕਾਲਾ ਮੰਨਣਾ ਪੰਡਤ, ਜੋ ਸ਼ਰਅ ਤੋਂ ਬਾਹਰ ਕਰੇ ਪੜ੍ਹਾਈਆ । ਜਿਸ ਝਗੜਾ ਮਿਟਾਉਣਾ ਉਤਭੁਜ ਸੇਤਜ ਜੇਰਜ ਅੰਡਜ, ਚਾਰੇ ਖਾਣੀ ਪੰਧ ਮੁਕਾਈਆ । ਸਤਿਜੁਗ ਸਚ ਬਣਾਏ ਬਣਤ, ਸਤਿ ਸਤਿਵਾਦੀ ਪੜਦਾ ਲਾਹੀਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਬਣਾ ਕੇ ਸੰਗਤ, ਸਗਲਾ ਸੰਗ ਵਖਾਈਆ । ਹਉਮੇ ਗੜ੍ਹ ਤੋੜ ਕੇ ਹੰਗਤ, ਹੰ ਬ੍ਰਹਮ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਰਗੁਣ ਦਾਤਾ ਨੂਰ ਇਲਾਹੀਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡਾ ਆਉਣਾ ਇਕ ਸਵਾਮੀ, ਸਾਹਿਬ ਸੁਲਤਾਨ ਬੇਪਰਵਾਹੀਆ । ਜੋ ਆਦਿ ਅੰਤ ਦਾ ਅੰਤਰਜਾਮੀ, ਘਟ ਨਿਵਾਸੀ ਧੁਰਦਰਗਾਹੀਆ । ਜਿਸ ਦੀ ਚਾਰ ਜੁਗ ਸਿਫ਼ਤਾਂ ਵਾਲੀ ਗਾ ਕੇ ਆਏ ਬਾਣੀ, ਨਿਰਅੱਖਰ ਅੱਖਰ ਧਾਰ ਵਿਚ ਪਰਗਟਾਈਆ । ਸੋ ਖੇਲ ਕਰੇ ਮਾਲਕ ਖ਼ਾਲਕ ਦੋ ਜਹਾਨੀ, ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਅਵਤਾਰ ਪੈਗ਼ੰਬਰ ਝਗੜਾ ਮੇਟ ਜ਼ਿਮੀਂ ਅਸਮਾਨੀ, ਅਸਲ ਆਪਣਾ ਆਪ ਸਮਝਾਈਆ । ਜੇਹੜਾ ਲੇਖਾ ਲਿਖਿਆ ਨਾਲ ਕਲਮ ਕਾਨੀ, ਕਾਇਨਾਤ ਦਏ ਦਰਸਾਈਆ । ਹਰ ਘਟ ਅੰਤਰ ਬਣ ਕੇ ਜਾਣ ਜਾਣੀ, ਜਾਨਣਹਾਰ ਦਇਆ ਕਮਾਈਆ । ਸਭ ਦੇ ਉਤੇ ਕਰੇ ਮਿਹਰਵਾਨੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਿਸ ਨਾਮ ਕਲਮੇ ਦੀ ਦੇ ਕੇ ਆਏ ਕੁਰਬਾਨੀ, ਜਗਤ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਆਪਣਾ ਹੁਕਮ ਵਰਤਾਈਆ । ਤੇਈ ਅਵਤਾਰ ਕਹਿਣ ਅਸੀਂ ਸੋਹਣਾ ਵਕਤ ਸੁਹਾਉਣਾ, ਸੁਹੰਜਣੀ ਰੁਤ ਵਡਿਆਈਆ । ਪੈਗ਼ੰਬਰ ਕਹਿਣ ਅਸੀਂ ਕਲਮਾ ਨੂਰ ਇਲਾਹੀ ਗਾਉਣਾ, ਅਲਿਫ਼ ਯੇ ਨਾ ਕੋਇ ਵਡਿਆਈਆ । ਗੁਰ ਦਸ ਕਹਿਣ ਇਕੋ ਨਾਮ ਧਿਆਉਣਾ, ਦੂਸਰ ਲੋੜ ਰਹੇ ਨਾ ਰਾਈਆ । ਪੁਰਖ ਅਕਾਲ ਕਹੇ ਮੈਂ ਸਭ ਦਾ ਪਿਛਲਾ ਵਕਤ ਚੁਕਾਉਣਾ, ਚਾਰ ਜੁਗ ਦਾ ਲੇਖ ਰਹੇ ਨਾ ਰਾਈਆ । ਸਤਿਜੁਗ ਸਾਚਾ ਮਾਰਗ ਲਾਉਣਾ, ਰਾਹ ਇਕੋ ਇਕ ਪਰਗਟਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਨਿਰਗੁਣ ਨਿਰਗੁਣ ਸਭ ਨੇ ਗਾਉਣਾ, ਗਾਣਾ ਗਾ ਗਾ ਖ਼ੁਸ਼ੀ ਬਣਾਈਆ । ਦੀਨ ਮਜ਼੍ਹਬ ਜ਼ਾਤ ਪਾਤ ਦਾ ਝਗੜਾ ਸਰਬ ਮਿਟਾਉਣਾ, ਮਿੱਟੀ ਖ਼ਾਕ ਨਾ ਕੋਇ ਉਡਾਈਆ । ਸਾਂਝਾ ਕੰਤ ਸ੍ਰੀ ਭਗਵੰਤ ਨਿਰਗੁਣ ਨੂਰ ਜੋਤ ਪਰਨਾਉਣਾ, ਪਰਾ ਪਸੰਤੀ ਮਧਮ ਬੈਖਰੀ ਦੀ ਲੋੜ ਰਹੇ ਨਾ ਰਾਈਆ । ਜ਼ਿਮੀਂ ਅਸਮਾਨਾਂ ਵਕਤ ਚੁਕਾਉਣਾ, ਬ੍ਰਹਿਮੰਡ ਖੰਡ ਦਾ ਡੇਰਾ ਢਾਹੀਆ । ਦਰਗਹ ਸਾਚੀ ਸਚ ਗ੍ਰਹਿ ਇਕੋ ਘਰ ਸੁਹਾਉਣਾ, ਸਚਖੰਡ ਵੱਜੇ ਵਧਾਈਆ । ਜਿਥੇ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਬਣ ਕੇ ਆਉਣਾ, ਨਿਰਗੁਣ ਨੂਰ ਕਰ ਰੁਸ਼ਨਾਈਆ । ਸਾਡਾ ਚਾਰ ਜੁਗ ਦਾ ਭਵਿਖਤ ਕਰੇ ਪਰਵਾਨਾ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਨਾਮ ਇਕ ਜਣਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਹਰਿ ਆਵੇ ਦੂਲ੍ਹਨ ਦੂਲ੍ਹਾ, ਨਿਰਵੈਰ ਰੂਪ ਵਡਿਆਈਆ । ਜਿਸ ਉਤੇ ਵਰਖਾ ਹੋਵੇ ਫੂਲਨ ਫੂਲਾ, ਸੱਤ ਰੰਗ ਚਤੁਰਾਈਆ । ਸਤਿਜੁਗ ਸਾਚਾ ਮਾਰਗ ਦੱਸੇ ਰੂਲਾ, ਅਸੂਲ ਇਕ ਸਮਝਾਈਆ । ਚਾਰ ਜੁਗ ਦਾ ਕੌਲ ਇਕਰਾਰ ਜਿਹੜਾ ਨਹੀਂ ਭੂਲਾ, ਅਭੁੱਲ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਆਉਣਾ ਕਮਲਾਪਤੀ, ਪਤਿਪਰਮੇਸ਼ਵਰ ਦਇਆ ਕਮਾਈਆ । ਅਸਾਂ ਸਭ ਨੇ ਬਣਨਾ ਸਤੀ, ਸਤਿ ਸਤਿਵੰਤੀ ਰੂਪ ਧਰਾਈਆ । ਝਗੜਾ ਰੱਖਣਾ ਨਹੀਂ ਕੋਈ ਰਤੀ, ਰੱਤੀ ਰਤ ਨਾ ਕੋਇ ਤਪਾਈਆ । ਨਿਰਗੁਣ ਨੂਰ ਵੇਖਣਾ ਅੱਖੀ, ਬਿਨ ਅੱਖਾਂ ਅੱਖ ਖੁਲ੍ਹਾਈਆ । ਤੇਈ ਅਵਤਾਰਾਂ ਬਣਨਾ ਸਖ਼ੀ, ਸੁਖ਼ਨ ਪਿਛਲਾ ਪੂਰ ਕਰਾਈਆ । ਪੈਗ਼ੰਬਰਾਂ ਇਕੋ ਖ਼ਾਵੰਦ ਖੱਟੀ ਲੈਣੀ ਖੱਟੀ, ਖਟਕਾ ਜਗਤ ਚੁਕਾਈਆ । ਗੁਰੂਆਂ ਪੜ੍ਹਨੀ ਇਕੋ ਪੱਟੀ, ਪਟਨੇ ਵਾਲਾ ਦਏ ਸਮਝਾਈਆ । ਪਿਛਲੀ ਆਸਾ ਸਭ ਨੇ ਜਾਣਾ ਛਡੀ, ਤ੍ਰਿਸ਼ਨਾ ਰਹੇ ਨਾ ਰਾਈਆ । ਜਿਹੜੀ ਖੇਲ ਖਿਲਾਈ ਮਾਸ ਨਾੜੀ ਹੱਡੀ, ਤਨ ਵਜੂਦ ਵੰਡ ਵੰਡਾਈਆ । ਉਹ ਦੀਨਾਂ ਮਜ਼੍ਹਬਾਂ ਵਾਲੀ ਛਡ ਦੇਣੀ ਗੱਦੀ, ਮਾਣ ਅਭਿਮਾਨ ਰਹੇ ਨਾ ਰਾਈਆ । ਮੁਹੰਮਦਾ ਹੋਕਾ ਦੇ ਦੇ ਮੇਰੀ ਬੀਤਦੀ ਚੌਧਵੀਂ ਸਦੀ, ਸਦਮੇ ਵਿਚ ਦੁਹਾਈਆ । ਪਰਵਰਦਿਗਾਰ ਨੇ ਪਿਛਲੀ ਕੀਤੀ ਕਰਨੀ ਰੱਦੀ, ਇਰਾਦਾ ਆਪਣਾ ਲਿਆ ਬਦਲਾਈਆ । ਅਗਲਾ ਖੇਲ ਕਰੇ ਯੱਦੀ, ਯਦੀ ਆਪਣੀ ਕਾਰ ਕਮਾਈਆ । ਸਾਨੂੰ ਸਭ ਨੂੰ ਨਿਰਗੁਣ ਧਾਰ ਬਣਾ ਕੇ ਕਾਇਆ ਨੱਢੀ, ਨਿਰਵੈਰ ਲਏ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਮਿਹਰਵਾਨ ਬੇਪਰਵਾਹੀਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਮੈਂ ਲਾੜਾ ਇਕ ਅਨੋਖਾ, ਸਚ ਦਿਆਂ ਸੁਣਾਈਆ । ਕਿਸੇ ਨਾਲ ਕਰਾਂ ਕੋਇ ਨਾ ਧੋਖਾ, ਭਰਮ ਭੁਲੇਖਾ ਰਹੇ ਨਾ ਰਾਈਆ । ਮੇਰੇ ਵਿਵਾਹ ਵਿਚ ਮੇਰੇ ਨਕਾਹ ਵਿਚ ਪੜ੍ਹਿਆ ਜਾਏ ਕੋਇ ਨਾ ਪੋਥਾ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਪਾਣੀ ਜਲ

੫੧੧
੨੨

ਦਾ ਭਰਿਆ ਜਾਏ ਕੋਇ ਨਾ ਲੋਟਾ, ਵੁਜ਼ੂਆਂ ਵਿਚ ਨਾ ਕੋਇ ਚਤੁਰਾਈਆ । ਅਰਦਾਸਾ ਜਾਏ ਕੋਇ ਨਾ ਸੋਧਾ, ਹਵਨ ਅਗਨ ਨਾ ਕੋਇ ਤਪਾਈਆ । ਸੰਦੇਸ਼ ਜਣਾਇਆ ਜਾਏ ਕੋਇ ਨਾ ਲੋਕਾ, ਸਲੋਕਾਂ ਵਿਚ ਨਾ ਕੋਇ ਪੜ੍ਹਾਈਆ । ਉਚੀ ਕੂਕ ਦਏ ਕੋਇ ਨਾ ਹੋਕਾ, ਸੌਹਰੇ ਪਈਏ ਨਾ ਕੋਇ ਸਮਝਾਈਆ । ਇਕੋ ਨਿਰਗੁਣ ਨਿਰਗੁਣ ਧਾਰ ਮਿਲਣ ਦਾ ਰੱਖਣਾ ਸ਼ੌਂਕਾ, ਦੂਜਾ ਵੇਸ ਨਾ ਕੋਇ ਵਖਾਈਆ । ਨਵ ਨੌਂ ਚਾਰ ਪਿਛੋਂ ਨਿਰਗੁਣ ਧਾਰ ਮਿਲਦਾ ਮੌਕਾ, ਮੁਕੰਮਲ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖਣਾ ਉਹ ਖ਼ਾਵੰਦ, ਜਿਸ ਨੂੰ ਖ਼ਸਮ ਕਹੇ ਲੋਕਾਈਆ । ਜਿਸ ਦੇ ਹੁਕਮੇ ਹੋਏ ਪਾਬੰਦ, ਬੰਧਨ ਸਕੇ ਨਾ ਕੋਇ ਤੁੜਾਈਆ । ਜਿਸ ਨੇ ਨਿਸ਼ਾਨ ਦਿਤੇ ਤਾਰਾ ਚੰਦ, ਚੌਦਾਂ ਤਬਕ ਤਬਕ ਸਮਝਾਈਆ । ਜਿਸ ਨੇ ਨਾਨਕ ਨਿਰਗੁਣ ਧਾਰ ਕਰਿਆ ਅਨੰਦ, ਕਾਰਜ ਆਪਣਾ ਇਕ ਦ੍ਰਿੜਾਈਆ । ਉਸ ਦੇ ਨਾਲ ਜਾਈਏ ਹੰਢ, ਸਦ ਆਪਣਾ ਮੇਲ ਮਿਲਾਈਆ । ਪਹਿਲੋਂ ਸਾਰੇ ਇਕੱਠੇ ਹੋ ਕੇ ਦੀਨ ਮਜ਼੍ਹਬ ਦੀ ਖੋਲ੍ਹੀਏ ਗੰਢ, ਦੁਤੀਆ ਨਜ਼ਰ ਕੋਇ ਨਾ ਆਈਆ । ਫੇਰ ਵੇਖੀਏ ਸਾਹਿਬ ਬਖ਼ਸ਼ੰਦ, ਜੋ ਮਾਲਕ ਸ਼ਹਿਨਸ਼ਾਹੀਆ । ਜਿਸ ਨੇ ਭੇਵ ਖੁਲ੍ਹਾਇਆ ਬ੍ਰਹਮ ਹੰ, ਹੰ ਬ੍ਰਹਮ ਸਮਝਾਈਆ । ਉਸ ਦਵਾਰੇ ਜਾਈਏ ਲੰਘ, ਜਿਥੇ ਦੀਨ ਮਜ਼੍ਹਬ ਦੀ ਮੰਜ਼ਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਪੁਰਖ ਅਕਾਲ ਕਹੇ ਮੇਰੀ ਨਿਰਗੁਣ ਧਾਰ ਜੋਤੀ, ਜੋਤ ਜੋਤ ਰੁਸ਼ਨਾਈਆ । ਜੁਗ ਬੀਤੇ ਕੋਟਨ ਕੋਟੀ, ਕੁਟੀਆ ਮੇਰੀ ਸਮਝ ਕਿਸੇ ਨਾ ਪਾਈਆ । ਅਵਤਾਰ ਪੈਗ਼ੰਬਰ ਗੁਰ ਮਾਤਲੋਕ ਮੰਜ਼ਲ ਚੜ੍ਹ ਕੇ ਆਏ ਚੋਟੀ, ਤਨ ਵਜੂਦ ਵੱਜੀ ਵਧਾਈਆ । ੫੧੨ ਗੁਜ਼ਾਰਾ ਕੀਤਾ ਖਾ ਕੇ ਰੋਟੀ, ਤ੍ਰਿਸ਼ਨਾ ਤ੍ਰਿਖਾ ਅੰਮ੍ਰਿਤ ਜਲ ਬੁਝਾਈਆ । ਮੇਰੀ ਨਿਰਅੱਖਰ ਧਾਰ ਦੀ ਪੜ੍ਹ ਕੇ ਪੋਥੀ, ਅੱਖਰ ਸਿਫਤਾਂ ਵਾਲੇ ਸੁਣਾਈਆ । ਜਿਸ ਨੂੰ ਗਾ ਗਾ ਗੁਜ਼ਾਰਾ ਕਰਦੇ ਜੀਵ ਲੋਕੀ, ਲੋਕ ਪਰਲੋਕ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰੋ ਤੁਸਾਂ ਹੁਕਮ ਅਨੋਖਾ ਮੰਨਣਾ, ਸਚ ਦਿਆਂ ਦ੍ਰਿੜਾਈਆ । ਪਰਗਟ ਹੋਣਾ ਨੂਰੀ ਚੰਨਣਾ, ਚੰਨ ਨੂਰ ਰੁਸ਼ਨਾਈਆ । ਸੰਦੇਸ਼ਾ ਸੁਣਨਾ ਬਿਨਾ ਕੰਨਣਾ, ਅਨਬੋਲਤ ਰਾਗ ਦ੍ਰਿੜਾਈਆ । ਦੀਨ ਮਜ਼੍ਹਬ ਦਾ ਭਾਂਡਾ ਭੰਨਣਾ, ਭਰਮ ਦੇਣਾ ਗਵਾਈਆ । ਝਗੜਾ ਛਡਣਾ ਮਾਟੀ ਚੰਮਣਾ, ਤਨ ਵਜੂਦ ਨਾ ਕੋਇ ਲੜਾਈਆ । ਹਰਖ ਸੋਗ ਨਾ ਰੱਖਣਾ ਗ਼ਮਣਾ, ਚਿੰਤਾ ਚਿਖਾ ਨਾ ਕੋਇ ਤਪਾਈਆ । ਨਾਮ ਕਲਮਾ ਨਾ ਰੱਖਣਾ ਤਮਣਾ, ਤਾਮਸ ਦੇਣੀ ਮਿਟਾਈਆ । ਸਭ ਨੇ ਆਪਣਾ ਆਪਣਾ ਬੇੜਾ ਬੰਨ੍ਹਣਾ, ਭਾਰ ਆਪਣੇ ਕੰਧ ਉਠਾਈਆ । ਤਨ ਵਜੂਦ ਤੋਂ ਬਿਨਾ ਆਪਣਾ ਨੂਰ ਰੰਗਣਾ, ਰੰਗਤ ਰੰਗਣੀ ਇਕੋ ਮਾਹੀਆ । ਸਚ ਦਵਾਰ ਮੂਲ ਨਾ ਸੰਗਣਾ, ਜਗਤ ਹਯਾ ਨਾ ਕੋਇ ਚਤੁਰਾਈਆ । ਝਗੜਾ ਰਿਹਾ ਨਾ ਸਵਾਸ ਦਮਣਾ, ਦਾਮਨਗੀਰ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ ਸਾਰੇ ਹੋ ਜਾਓ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਸੰਸਾਰੀ ਭੰਡਾਰੀ ਸੰਘਾਰੀ ਹੋਵੋ ਹੁਸ਼ਿਆਰ, ਆਲਸ ਨਿੰਦਰਾ ਨਾ ਕੋਇ ਵਖਾਈਆ । ਖੇਲ ਕਰੇ ਆਪ ਨਿਰੰਕਾਰ, ਹਰਿ ਕਰਤਾ ਵਡ ਵਡਿਆਈਆ । ਜਿਸ ਨੇ ਸਤਿਜੁਗ ਤ੍ਰੇਤਾ ਦੁਆਪਰ ਕੀਤਾ ਪਾਰ, ਕਲਜੁਗ ਅੰਤਮ ਲਏ ਅੰਗੜਾਈਆ । ਸਭ ਦਾ ਲਹਿਣਾ ਦੇਣਾ ਲਏ ਵਿਚਾਰ,

ਪੂਰਬ ਲੇਖਾ ਫੋਲ ਫੁਲਾਈਆ । ਦੀਨ ਦੁਨੀ ਦਾ ਝਗੜਾ ਵਿਚ ਸੰਸਾਰ, ਸ਼ਰਅ ਸ਼ਰੀਅਤ ਕਰੇ ਲੜਾਈਆ । ਗੁਰ ਅਵਤਾਰ ਪੈਗ਼ੰਬਰ ਵੇਖੇ ਨਿਗਹ ਮਾਰ, ਬਿਨ ਨੈਣਾਂ ਨੈਣ ਤਕਾਈਆ । ਸਚ ਦਾ ਰਿਹਾ ਨਾ ਕੋਇ ਪਿਆਰ, ਪ੍ਰੀਤੀ ਪ੍ਰੇਮ ਨਾ ਕੋਇ ਵਧਾਈਆ । ਖ਼ਾਦਮ ਰਿਹਾ ਨਾ ਕੋਇ ਖ਼ਿਦਮਤਗਾਰ, ਖ਼ਾਲਸ ਰੰਗ ਨਾ ਕੋਇ ਚੜ੍ਹਾਈਆ । ਚਾਰੋਂ ਕੁੰਟ ਧੂੰਆਂਧਾਰ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਬੇਸ਼ਕ ਲੱਖ ਚੁਰਾਸੀ ਵਿਵਾਹ ਕਰੇ ਸੰਸਾਰ, ਸਚ ਰੂਪ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਪੁਰਖ ਅਕਾਲ ਕਹੇ ਨਿਰਗੁਣ ਧਾਰ ਦਇਆ ਕਮਾਵਾਂਗਾ । ਜੋਤੀ ਜੋਤ ਡਗਮਗਾਵਾਂਗਾ । ਬਿਨ ਵਰਨ ਗੋਤ ਖੇਲ ਖਿਲਾਵਾਂਗਾ । ਪੂਰਬ ਸਭ ਦੀ ਸਮਝ ਸੋਚ, ਆਪਣੀ ਝੋਲੀ ਪਾਵਾਂਗਾ । ਜੋ ਭਵਿਖਤਾਂ ਵਿਚ ਰੱਖੀ ਆਸਾ ਲੋਚ, ਲੋਚਨ ਨੈਣਾਂ ਨਾਲ ਵਖਾਵਾਂਗਾ । ਜੁਗ ਬੀਤੇ ਕੋਟੀ ਕੋਟ, ਕੋਟਨ ਆਪਣਾ ਹੁਕਮ ਵਰਤਾਵਾਂਗਾ । ਅਵਤਾਰ ਪੈਗ਼ੰਬਰ ਗੁਰੂ ਨਿਰਗੁਣ ਧਾਰ ਬਣਾ ਕੇ ਧੁਰ ਦੀ ਗੋਤ, ਦੀਨ ਮਜ਼੍ਹਬ ਦਾ ਡੇਰਾ ਢਾਹਵਾਂਗਾ । ਨਾਮ ਸੁਣਾ ਕੇ ਇਕ ਸਲੋਕ, ਪਿਛਲੇ ਕਲਮੇ ਸਰਬ ਮਿਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਪਰਗਟਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਸਾਚਾ ਹੁਕਮ ਸੁਣਾਏਗਾ । ਦੀਨ ਦਿਆਲ ਦਇਆ ਕਮਾਏਗਾ । ਸਦੀ ਚੌਧਵੀਂ ਵੇਖ ਵਖਾਏਗਾ । ਸਦੀ ਬੀਸਵੀਂ ਪਰਦਾ ਆਪ ਉਠਾਏਗਾ । ਗੋਬਿੰਦ ਲਹਿਣਾ ਪੂਰ ਕਰਾਏਗਾ । ਹਾਜ਼ਰ ਹਜ਼ੂਰ ਨੂਰ ਰੁਸ਼ਨਾਏਗਾ । ਆਸਾ ਪੂਰ ਵੇਖ ਵਖਾਏਗਾ । ਜਿਸ ਦੇ ਬਣਦੇ ਰਹੇ ਮਜ਼ਦੂਰ, ਸੋ ਸੇਵਾ ਸਭ ਦੀ ਝੋਲੀ ਪਾਏਗਾ । ਕਲਜੁਗ ਅੰਤਮ ਪਰਗਟ ਹੋਏ ਜ਼ਰੂਰ, ਕਲ ਕਲਕੀ ਵੇਸ ਵਟਾਏਗਾ । ਸਭ ਦਾ ਤੋੜ ਮਾਣ ਗ਼ਰੂਰ, ਨਿਰਗੁਣ ਨੂਰ ਜੋਤ ਚਮਕਾਏਗਾ । ਇਕੋ ਨਾਮ ਕਰ ਮਸ਼ਹੂਰ, ਬ੍ਰਹਿਮੰਡ ਖੰਡ ਆਪ ਸੁਹਾਏਗਾ । ਪੰਧ ਮੁਕਾ ਕੇ ਨੇੜਾ ਦੂਰ, ਘਰ ਇਕੋ ਇਕ ਵਖਾਏਗਾ । ਜਿਥੇ ਜੋਤ ਜੋਤ ਦਾ ਨੂਰ, ਦੂਜਾ ਨਜ਼ਰ ਕੋਇ ਨਾ ਆਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਲਾ ਆਪ ਮਿਲਾਏਗਾ । ਸਚ ਮੇਲਾ ਮੇਲ ਮਿਲਾਵਾਂਗਾ । ਨਿਰਗੁਣ ਨੂਰ ਨੂਰ ਰੁਸ਼ਨਾਵਾਂਗਾ । ਜ਼ਾਹਰ ਜ਼ਹੂਰ ਦਇਆ ਕਮਾਵਾਂਗਾ । ਆਸਾ ਮਨਸਾ ਪੂਰ ਆਪ ਅਖਵਾਵਾਂਗਾ । ਕਲਜੁਗ ਕੂੜੇ ਕੂੜ ਕੂੜ ਮਿਟਾਵਾਂਗਾ । ਸਾਚੀ ਬਖ਼ਸ਼ ਚਰਨ ਧੂੜ, ਚਤੁਰ ਸੁਘੜ ਮੂੜ ਆਪ ਉਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦਵਾਰਾ ਇਕ ਦਰਸਾਵਾਂਗਾ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਇਕ ਅਰਜ਼ੋਈ, ਬੇਨੰਤੀ ਇਕ ਜਣਾਈਆ । ਪੁਰਖ ਅਕਾਲ ਪਰਵਰਦਿਗਾਰ ਤੇਰਾ ਨਾਮ ਦਰੋਹੀ, ਦੋ ਜਹਾਨ ਦੁਹਾਈਆ । ਤੁਧ ਬਿਨ ਅਵਰ ਨਾ ਦੀਸੇ ਕੋਈ, ਨਿਰਗੁਣ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਰੋਈ, ਰੋ ਕੇ ਦਏ ਦੁਹਾਈਆ । ਸੁਰਤੀ ਉਠੀ ਕਿਸੇ ਨਾ ਸੋਈ, ਸਤਿਗੁਰ ਸ਼ਬਦ ਨਾ ਕੋਇ ਮਿਲਾਈਆ । ਆਤਮ ਜਾਏ ਕੋਇ ਨਾ ਮੋਹੀ, ਮੁਹੱਬਤ ਵਿਚ ਨਾ ਕੋਇ ਰਖਾਈਆ । ਜਿਧਰ ਤਕੀਏ ਬਿਨ ਤੇਰੇ ਮਿਲਦੀ ਕੋਇ ਨਾ ਢੋਈ, ਦਰਗਾਹ ਬਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਵੇਖੋ ਆਪਣੀ ਧਰਤੀ, ਧਿਆਨ ਮਾਤਲੋਕ ਲਗਾਈਆ । ਕਿਸੇ ਨੂੰ ਮਿਲੇ ਨਾ ਪ੍ਰੀਤਮ ਅਰਸ਼ੀ, ਸਾਚਾ ਮੇਲਾ ਨਾ ਕੋਇ

੫੧੩
੨੨

ਮਿਲਾਈਆ । ਸਦੀ ਚੌਧਵੀਂ ਤੁਹਾਡੀ ਅੱਖਰਾਂ ਵਾਲੀ ਪਰਚੀ, ਪਰਚਾ ਅੱਗੇ ਨਾ ਕੋਇ ਜਣਾਈਆ । ਝਟ ਖੋਲ੍ਹੋ ਬਸਤੇ ਤੇ ਵੇਖੋ ਆਪਣੀ ਅਰਜ਼ੀ, ਜਿਸ ਵਿਚ ਆਰਜ਼ੂ ਆਪ ਸੁਣਾਈਆ । ਕਲਜੁਗ ਅੰਤ ਖੇਲ ਹੋਣੀ ਇਕੋ ਨਰਾਇਣ ਨਰ ਦੀ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦੇ ਕੋਲੋਂ ਸਭ ਦੀ ਆਸ਼ਾ ਡਰਦੀ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਨੂੰ ਲੱਖ ਚੁਰਾਸੀ ਵਰਦੀ, ਵਰ ਇਕੋ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਤੇਈ ਅਵਤਾਰ ਕਹਿਣ ਇਕ ਦੂਜੇ ਨੂੰ ਕਿਸ ਨੂੰ ਕਹੀਏ ਚੰਗਾ, ਚੰਗਾ ਨਜ਼ਰ ਕੋਇ ਨਾ ਆਈਆ । ਨਾ ਕੋਈ ਪੰਡਤ ਰਿਹਾ ਪੰਡਾ, ਨਾ ਕੋਈ ਸ਼ਾਸਤਰ ਸਿਫ਼ਤ ਸਾਲਾਹੀਆ । ਨਾ ਕੋਈ ਸੁਹਾਗੀ ਰਿਹਾ ਰੰਡਾ, ਕੰਤ ਕੰਤੂਹਲ ਨਾ ਕੋਇ ਹੰਢਾਈਆ । ਨਾ ਕੋਈ ਅੰਮ੍ਰਿਤ ਰਸ ਰਿਹਾ ਠੰਡਾ, ਜਲ ਧਾਰ ਨਾ ਕੋਇ ਵਹਾਈਆ । ਨਾ ਕੋਇ ਲਹਿਰ ਦਿਸੇ ਗੰਗਾ, ਗੰਗੋਤਰੀ ਮਾਰੇ ਧਾਈਆ । ਨਾ ਕੋਈ ਸੂਰੀਆ ਨਾ ਕੋਈ ਚੰਦਾ, ਮੰਡਲ ਮੰਡਪ ਨਾ ਕੋਇ ਵਡਿਆਈਆ । ਨਾ ਕੋਈ ਬੰਦਗੀ ਵਾਲਾ ਦਿਸੇ ਬੰਦਾ, ਚਾਰੋਂ ਕੁੰਟ ਦੁਹਾਈਆ । ਮਨ ਵਾਸਨਾ ਵਿਚ ਹੋਇਆ ਗੰਦਾ, ਕੂੜ ਕੁਕਰਮ ਵਿਚ ਕੁਰਲਾਈਆ । ਜੋ ਆਦਿ ਤੋਂ ਅੰਤ ਤਕ ਪ੍ਰਭੂ ਦਾ ਸਾਚਾ ਛੰਦਾ, ਸੋ ਸਕੇ ਕੋਇ ਨਾ ਗਾਈਆ । ਸਾਚੀ ਮੰਜ਼ਲ ਕੋਇ ਨਾ ਲੰਘਾ, ਪੜ੍ਹ ਪੜ੍ਹ ਥੱਕੀ ਲੋਕਾਈਆ । ਕਿਸੇ ਨੇ ਚੂੜਾ ਪਾ ਲਿਆ ਕਿਸੇ ਨੇ ਪਾਈਆਂ ਵੰਗਾਂ, ਕੋਈ ਕੰਗਣ ਹੱਥਾਂ ਵਿਚ ਲਟਕਾਈਆ । ਆਤਮ ਸੇਜ ਸੁੱਤਾ ਕੋਇ ਨਾ ਆਪਣੇ ਮੰਜਾ, ਸੇਜ ਸੁਹੰਜਣੀ ਨਾ ਕੋਇ ਹੰਢਾਈਆ । ਕਿਸੇ ਨੇ ਕੇਸ ਵਧਾਏ ਕਿਸੇ ਨੇ ਵਾਹ ਲਿਆ ਕੰਘਾ, ਕੋਈ ਬੋਦੀਆਂ ਰਿਹਾ ਹਿਲਾਈਆ । ਕਿਸੇ ਪਾਇਆ ਤੰਬਾ, ਕੋਈ ਕਛਿਹਰੇ ਰਿਹਾ ਸੁਹਾਈਆ ।

੫੧੪ ਜਾਂ ਵੇਖਿਆ ਬਿਨਾ ਪ੍ਰਭੂ ਤੋਂ ਸਾਰਿਆਂ ਦਾ ਸੀਸ ਦਿਸਦਾ ਨੰਗਾ, ਓਢਣ ਉਪਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੫੧੪

੨੨ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸਵਾਮੀ ਵੇਖ ਵਖਾਈਆ । ਗੁਰ ਅਵਤਾਰ ਪੈਗੰਬਰੋ ਵੇਖੋ ਆਪਣੀ ਧਰਨੀ ਧਵਲ ਧਰਤ, ਧਰਮ ਦੀ ਧਾਰ ਵਖਾਈਆ । ਤੁਸੀਂ ਜਾ ਕੇ ਫੇਰ ਨਾ ਆਏ ਪਰਤ, ਸੁੱਤਿਆਂ ਨਾ ਕੋਇ ਉਠਾਈਆ । ਕੀ ਕਰਦੇ ਉਤੇ ਅਰਸ਼, ਜੋਤ ਜੋਤ ਵਿਚ ਮਿਲਾਈਆ । ਸ੍ਰਿਸ਼ਟੀ ਬਿਹਬਲ ਹੋਏ ਉਤੇ ਫ਼ਰਸ਼, ਫ਼ੈਸਲਾ ਹੱਕ ਨਾ ਕੋਇ ਸੁਣਾਈਆ । ਕਲਜੁਗ ਕੂੜੀ ਕਿਰਿਆ ਕੀਤਾ ਗ਼ਰਕ, ਬਾਹਰ ਸਕੇ ਨਾ ਕੋਇ ਕਢਾਈਆ । ਤੁਹਾਡੇ ਨਾਮ ਕਲਮੇ ਕਰ ਗਏ ਤਰਕ, ਪਲੂ ਗੰਢ ਨਾ ਕੋਇ ਰਖਾਈਆ । ਜ਼ਰਾ ਉਠੋ ਵੇਖੋ ਆਪਣੀ ਭਵਿਖਤਾਂ ਵਾਲੀ ਫ਼ਰਦ, ਜੋ ਸ਼ਰਅ ਤੋਂ ਬਾਹਰ ਆਏ ਦ੍ਰਿੜਾਈਆ । ਕੀ ਪ੍ਰਭ ਨੇ ਖੇਲ ਕਰਨਾ ਅਸਚਰਜ, ਅਚਰਜ ਲੀਲਾ ਕੀ ਵਰਤਾਈਆ । ਸਦੀ ਚੌਧਵੀਂ ਪੁੱਠੀ ਕਰਨੀ ਨਰਦ, ਨਰ ਨਰਾਇਣ ਫੇਰਾ ਪਾਈਆ । ਸਭ ਦਾ ਵੰਡੇ ਦਰਦ, ਦੁਖੀਆਂ ਹੋਏ ਸਹਾਈਆ । ਤੁਹਾਡੀ ਸ਼ਰਅ ਦੀ ਤੋੜੇ ਕਰਦ, ਕਤਲਗਾਹ ਦਾ ਲੇਖ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਇਕੋ ਇਕ ਦਰਸਾਈਆ । ਗੁਰ ਅਵਤਾਰ ਪੈਗੰਬਰੋ ਕਿਉਂ ਕਲਜੁਗ ਹੋਇਆ ਝੇੜਾ, ਝਗੜਾ ਕਵਣ ਮੁਕਾਈਆ । ਕਿਉਂ ਧਰਮ ਦਾ ਦਿਸੇ ਨਾ ਖੇੜਾ, ਕੂੜ ਹੋਇਆ ਹਲਕਾਈਆ । ਕਿਉਂ ਹੱਕ ਨਾ ਕਰੋ ਨਬੇੜਾ, ਦੂਈ ਦਵੈਤ ਡੇਰਾ ਢਾਹੀਆ । ਕਿਉਂ ਚਾਰੋਂ ਕੁੰਟ ਹੋਇਆ ਅੰਧੇਰਾ, ਸਚ ਚੰਦ ਨਾ ਕੋਇ ਰੁਸ਼ਨਾਈਆ । ਕਿਉਂ ਸਿੱਖਾਂ ਮੁਰੀਦਾ ਉਤੇ ਨਹੀਂ ਕਰਦੇ ਮਿਹਰਾ, ਮਿਹਰ ਨਜ਼ਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਰ ਦਾਤਾ ਇਕ ਅਖਵਾਈਆ ।

ਗੁਰੂ ਅਵਤਾਰ ਪੈਗ਼ੰਬਰ ਆਪਣੇ ਆਪਣੇ ਕਢ ਕੇ ਵੇਖਣੇ ਪਟੇ, ਕੀ ਪੂਰਬ ਹੁਕਮ ਲਿਖਾਈਆ । ਜਾਂ ਤੱਕਿਆ ਸਭ ਦਾ ਲਹਿਣਾ ਦੇਣਾ ਮੁਕ ਗਿਆ ਵਿਚ ਬਟੇ, ਅੱਗੇ ਅਵਰ ਨਾ ਕੋਇ ਵਧਾਈਆ । ਜੇਹੜੇ ਦੀਨ ਮਜ਼੍ਹਬ ਦੇ ਪਾਏ ਰੱਟੇ, ਝਗੜੇ ਵਿਚ ਰੱਖੀ ਲੋਕਾਈਆ । ਉਹ ਹੁਣ ਸਾਡੇ ਲੇਖੇ ਜਾਣੇ ਕਟੇ, ਕਾਇਮ ਅੱਗੇ ਨਾ ਕੋਇ ਕਰਾਈਆ । ਚਾਰੋਂ ਕੁੰਟ ਫਿਰਦੇ ਨੱਠੇ, ਭੱਜਣ ਵਾਹੋ ਦਾਹੀਆ । ਹੁਣ ਕਰੀਏ ਕੀ ਇਕ ਦੂਜੇ ਨੂੰ ਕਹਿਣ ਕਾਇਆ ਭੱਜੇ ਸਭ ਦੇ ਮੱਟੇ, ਤਨ ਵਜੂਦ ਰਿਹਾ ਨਾ ਰਾਈਆ । ਜੇਹੜੇ ਪੈਗ਼ੰਬਰ ਅਵਤਾਰੋ ਗੁਰੂਓ ਸੁਣਾ ਕੇ ਆਏ ਪ੍ਰਭ ਦੇ ਨਾਮ ਦੇ ਟੱਪੇ, ਟਾਪੂਆਂ ਵਿਚ ਜਣਾਈਆ । ਉਸ ਦੇ ਉਤੇ ਇਕੋ ਪ੍ਰਭ ਦੇ ਲੱਗਣ ਲੱਗੇ ਠੱਪੇ, ਠੱਪਾ ਇਕੋ ਇਕ ਵਖਾਈਆ । ਹੁਣ ਹੋ ਜਾਈਏ ਸਾਰੇ ਇਕੱਠੇ, ਪਿਛਲਾ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਤਿ ਸਚ ਸਚ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਰੀਏ ਹੱਕ ਇਕੱਠ, ਇਕੋ ਰੰਗ ਰੰਗਾਈਆ । ਪਿਛਲਾ ਖੇੜਾ ਹੁੰਦਾ ਦਿਸੇ ਭੱਠ, ਅੱਗੇ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲ ਦੀ ਚਰਨੀ ਜਾਈਏ ਢੱਠ, ਨਿਵ ਨਿਵ ਸੱਜਦਾ ਸੀਸ ਨਿਵਾਈਆ । ਕਿਰਪਾ ਕਰ ਪੁਰਖ ਸਮਰਥ, ਦਰ ਤੇਰੇ ਮੰਗ ਮੰਗਾਈਆ । ਸਦੀ ਚੌਧਵੀਂ ਸਭ ਦੇ ਖ਼ਾਲੀ ਹੱਥ, ਝੋਲੀ ਖ਼ਾਲੀ ਅੱਗੇ ਟਿਕਾਈਆ । ਅਸੀਂ ਪਿਛੇ ਰਹੇ ਵੱਖ ਵੱਖ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਤੇਰੀ ਸੇਵ ਕਮਾਈਆ । ਅੱਗੇ ਜਿਉਂ ਭਾਵੇ ਤਿਉਂ ਲੈਣਾ ਰੱਖ, ਸਿਰ ਆਪਣਾ ਹੱਥ ਟਿਕਾਈਆ । ਇਕੋ ਤੇਰਾ ਨਾਮ ਕਲਮਾ ਲਈਏ ਰਟ, ਪਿਛਲਾ ਰੱਟਾ ਦਈਏ ਚੁਕਾਈਆ । ਸਾਨੂੰ ਸਮਝ ਆ ਗਈ ਤੂੰ ਵਸੇਂ ਘਟ ਘਟ, ਹਰ ਘਟ ਅੰਤਰ ਤੇਰਾ ਨੂਰ ਰੁਸ਼ਨਾਈਆ । ਤੂੰ ਸਭ ਦਾ ਇਕੋ ਜੇਹਾ ਕਰੇਂ ਪੱਖ, ਦੂਜੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਦੇਣਾ ਵਖਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਇਕੋ ਮਾਰੋ ਝਾਕੀ, ਝਲਕ ਦਿਆਂ ਵਖਾਈਆ । ਲੱਖ ਚੁਰਾਸੀ ਮੇਰਾ ਰੂਪ ਖ਼ਾਕੀ, ਜਲਵਾਗਰ ਨੂਰ ਰੁਸ਼ਨਾਈਆ । ਮੈਂ ਸਭ ਦਾ ਸਾਂਝਾ ਸਾਕੀ, ਪਿਆਲਾ ਨਾਮ ਜਾਮ ਪਿਆਈਆ । ਅੱਗੇ ਰਿਹਾ ਕੋਇ ਨਾ ਆਕੀ, ਜੋ ਘੜਿਆ ਸੋ ਭੰਨ ਵਖਾਈਆ । ਤੁਸੀਂ ਮੇਰੇ ਨਾਮ ਦੇ ਪਾਠੀ, ਪੜ੍ਹ ਪੜ੍ਹ ਆਏ ਸੁਣਾਈਆ । ਦੀਨ ਮਜ਼੍ਹਬ ਦੀ ਖੋਲ੍ਹ ਕੇ ਹਾਟੀ, ਸੌਦਾ ਜਗਤ ਵਿਚ ਵਿਕਾਈਆ । ਚਾਰ ਦਿਨ ਦੀ ਕਟ ਕੇ ਰਾਤੀ, ਥਿਰ ਰਹਿਣ ਕੋਇ ਨਾ ਪਾਈਆ । ਕਿਸੇ ਨੂੰ ਕਥਾ ਸੁਣਾਈ ਕਿਸੇ ਨੂੰ ਕਲਮਾ ਧਾਰ ਆਖੀ, ਅੱਖਰਾਂ ਵਿਚ ਬਦਲਾਈਆ । ਸਭ ਦੇ ਕੋਲੋਂ ਕਰਾਈ ਗੁਸਤਾਖੀ, ਗੁੱਸਿਆਂ ਵਿਚ ਕੀਤੀ ਲੜਾਈਆ । ਮੇਰਾ ਖੇਲ ਅਲਖਣਾ ਅਲਾਖੀ, ਕੋਈ ਲਖ ਨਾ ਸਕਿਆ ਰਾਈਆ । ਤੁਹਾਡੀ ਇਕੋ ਨੂਰ ਵਿਚੋਂ ਵੱਖਰੀ ਵੱਖਰੀ ਕੀਤੀ ਜ਼ਾਤੀ, ਜੁਮਲੇ ਅੱਖਰ ਕਰ ਪੜ੍ਹਾਈਆ । ਕਿਸੇ ਨੂੰ ਅੰਮ੍ਰਿਤ ਵੇਲਾ ਦੱਸਿਆ ਕਿਸੇ ਨੂੰ ਦੱਸੀ ਪਰਭਾਤੀ, ਕਿਸੇ ਨੂੰ ਸੰਧਿਆ ਦਿਤੀ ਸੁਹਾਈਆ । ਕਿਸੇ ਨੂੰ ਕਿਹਾ ਕਰਨੀ ਬੰਦ ਖੁਲਾਸੀ, ਕਿਸੇ ਨੂੰ ਚੁਰਾਸੀ ਗੇੜ ਸਮਝਾਈਆ । ਕਿਸੇ ਨੂੰ ਕਿਹਾ ਸਚਖੰਡ ਦਾ ਵਾਸੀ, ਕਿਸੇ ਨੂੰ ਦਰਗਾਹ ਦਏ ਜਣਾਈਆ । ਗੁਰ ਅਵਤਾਰ ਪੈਗ਼ੰਬਰੋ ਤੁਸੀਂ ਆਪਣੇ ਪ੍ਰਭੂ ਦੀ ਸਮਝ ਨਹੀਂ ਸਕੇ ਚਲਾਕੀ, ਕੀ ਜੁਗ ਜੁਗ ਕਾਰ ਕਮਾਈਆ । ਹੁਣ ਅੰਤਮ ਸਭ ਦੀ ਮੁਕਣੀ ਵਾਟੀ, ਪੰਧ ਰਹਿਣ ਕੋਇ ਨਾ ਪਾਈਆ । ਅੱਗੇ ਵਾਸਤੇ ਇਕੋ ਰੱਖਣਾ ਨਾਤੀ, ਸਾਚਾ ਸੰਗ ਬਣਾਈਆ । ਇਕ ਮੰਜ਼ਲ ਚੜ੍ਹਨਾ ਘਾਟੀ, ਅੱਗੇ ਹੋ ਨਾ ਕੋਇ ਅਟਕਾਈਆ । ਤੁਸੀਂ ਧਰਨੀ ਉਤੇ ਜੋ ਦੀਨ ਮਜ਼੍ਹਬ ਦੇ ਬਣੇ ਅਲਾਟੀ, ਅੰਤ ਫੈਸਲਾ ਦਿਤਾ ਕਰਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰੋ ਛਡ ਦਿਉ ਜਗਤ ਸਮਾਜ, ਸਮਗਰੀ ਇਕ ਵਰਤਾਈਆ । ਇਕੋ ਹੁਕਮ ਤੇ ਇਕੋ ਰਾਜ, ਰਈਅਤ ਇਕ ਅਖਵਾਈਆ । ਇਕੋ ਸੀਸ ਤੇ ਇਕੋ ਤਾਜ, ਸਾਹਿਬ ਸੁਲਤਾਨ ਰਖਾਈਆ । ਇਕੋ ਸ਼ਬਦ ਤੇ ਇਕ ਆਵਾਜ਼, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦ੍ਰਿੜਾਈਆ । ਇਕੋ ਰੱਖਣਹਾਰਾ ਲਾਜ, ਸਿਰ ਆਪਣਾ ਹੱਥ ਦਰਸਾਈਆ । ਜਿਸ ਨੂੰ ਕਹਿ ਕੇ ਆਏ ਸੰਬਲ ਪ੍ਰਗਟ ਹੋਵੇ ਦੇਸ ਮਾਝ, ਮਜਲਸ ਭਗਤਾਂ ਨਾਲ ਰਖਾਈਆ । ਦੋ ਜਹਾਨਾਂ ਕਰੇ ਰਾਜ, ਹੁਕਮ ਆਪਣਾ ਇਕ ਦ੍ਰਿੜਾਈਆ । ਉਸ ਦਾ ਸਾਰਾ ਖੋਲ੍ਹੋ ਰਾਜ਼, ਜੋ ਕਲਮੇ ਗਿਆ ਪੜ੍ਹਾਈਆ । ਜਿਸ ਪੜ੍ਹਾਈ ਨਿਮਾਜ਼, ਸੱਯਦਿਆਂ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਜੁਗ ਚੌਕੜੀ ਆਪਣੀ ਕਾਰ ਕਮਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਵੇਖੋ ਆਪਣਾ ਆਪਣਾ ਕਾਇਦਾ, ਕਾਨੂੰਨ ਵਿਚ ਜਣਾਈਆ । ਕਿਸ ਬਿਧ ਨਾਲ ਹੋਏ ਅਲਹਿਦਾ, ਪ੍ਰਭੂ ਨੂੰ ਦਿਉ ਸਮਝਾਈਆ । ਕੀ ਸਭ ਨੇ ਕੀਤਾ ਵਾਇਦਾ, ਪੜਦਾ ਦਿਉ ਉਠਾਈਆ । ਕੀ ਦੀਨ ਦੁਨੀ ਦਾ ਤੁਸੀਂ ਲਿਆ ਜਾਇਜ਼ਾ, ਅੰਕੜਿਆਂ ਵਿਚ ਦਿਉ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਕਾਰ ਕਮਾਈਆ । ਤੇਈ ਅਵਤਾਰ ਕਹਿਣ ਪ੍ਰਭੂ ਸਾਡੀ ਇਕੋ ਬਾਤ, ਬਾਤਨ ਦਈਏ ਜਣਾਈਆ । ਤੇਰੇ ਹੁਕਮ ਅੰਦਰ ਜੋ ਆਏ ਆਖ, ਅੱਖਰਾਂ ਵਾਲੀ ਕਰ ਪੜ੍ਹਾਈਆ । ਭਾਵੇਂ ਪਿਆਰ ਸਮਝੋ ਤੇ ਭਾਵੇਂ
੫੧੬ ਸਮਝੋ ਫ਼ਸਾਦ, ਇਹ ਤੇਰੀ ਬੇਪਰਵਾਹੀਆ । ਤੇਰਾ ਖੇਲ ਅੰਤ ਆਦਿ, ਜੁਗ ਜੁਗ ਵੇਖ ਵਖਾਈਆ । ਅਸੀਂ ਤੈਨੂੰ ਰਹੇ ਅਰਾਧ, ਤੁਧ ਬਿਨ ੫੧੬
੨੨ ਦੂਜਾ ਨਾ ਕੋਇ ਧਿਆਈਆ । ਜੋ ਬਣਾਇਆ ਸੋ ਤੇਰੇ ਹੁਕਮ ਦਾ ਸਮਾਜ, ਆਪਣੀ ਦੱਸੀ ਨਾ ਕੋਇ ਚਤੁਰਾਈਆ । ਜੋ ਗਾਇਆ ਤੇਰੇ ਨਾਮ ਦਾ ਰਾਗ, ਰਾਗਣੀਆਂ ਵਿਚ ਸਮਝਾਈਆ । ਜੋ ਸੁਣਾਇਆ ਤੇਰੇ ਸ਼ਬਦ ਦੀ ਅਵਾਜ਼, ਅਗੰਮੀ ਅਗੰਮ ਦ੍ਰਿੜਾਈਆ । ਜੋ ਵਜਾਇਆ ਤੇਰੇ ਪ੍ਰੇਮ ਦਾ ਨਾਦ, ਅਨਾਦੀ ਕੀਤੀ ਸ਼ਨਵਾਈਆ । ਜੋ ਵਡਿਆਇਆ ਬੋਧ ਅਗਾਧ, ਬੁੱਧੀ ਤੋਂ ਪਰੇ ਕੀਤੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਪੈਗ਼ੰਬਰ ਕਹਿਣ ਤੇਰਾ ਨਾਮ ਕਲਮਾ ਨਾਅਰਾ ਲਾਇਆ ਹੱਕ, ਹਕੀਕਤ ਵਿਚ ਜਣਾਈਆ । ਤੇਰੇ ਵੱਲ ਲਿਆ ਤਕ, ਤਕਵਾ ਇਕੋ ਇਕ ਰਖਾਈਆ । ਫੈਲਾ ਕੇ ਦੋਵੇਂ ਹੱਥ, ਮੰਗ ਮੰਗੀ ਥਾਉਂ ਥਾਈਆ । ਜੇ ਤੂੰ ਆਪਣੀ ਦਿਤੀ ਵਥ, ਝੋਲੀ ਦਿਤੀ ਭਰਾਈਆ । ਅਸੀਂ ਗਾਇਆ ਸਚ, ਸਚ ਆਏ ਸੁਣਾਈਆ । ਜੇ ਤੂੰ ਸਾਡਾ ਭਾਂਡਾ ਭੰਨਿਆ ਕਾਇਆ ਕੱਚ, ਲੋਕਮਾਤ ਆਏ ਤਜਾਈਆ । ਤੇਰੀ ਜੋਤ ਵਿਚ ਗਏ ਰਚ, ਤੇਰੇ ਨੂਰ ਵਿਚ ਸਮਾਈਆ । ਅੰਤਮ ਰੱਖ ਕੇ ਆਏ ਇਕੋ ਆਸ, ਆਸਾ ਦਈਏ ਸੁਣਾਈਆ । ਸਦੀ ਚੌਧਵੀਂ ਤੇਰਾ ਨੂਰ ਜ਼ਹੂਰ ਹੋਵੇ ਪ੍ਰਕਾਸ਼, ਅਮਾਮ ਅਮਾਮਾ ਫੇਰਾ ਪਾਈਆ । ਤੇਰੀ ਯਾਦ ਵਿਚ ਆਪਣੇ ਲੇਖੇ ਲਾਇਆ ਸਵਾਸ, ਸਾਹ ਸਾਹ ਤੇਰੀ ਕੀਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਗੁਰੂ ਗੁਰਦੇਵ ਕਹਿਣ ਤੇਰੇ ਹੁਕਮ ਦਾ ਕੀਤਾ ਖੇਲ, ਖ਼ਲਕ ਖ਼ਲਕ ਦ੍ਰਿੜਾਈਆ । ਤੇਰੇ ਸ਼ਬਦ ਦਾ ਕੀਤਾ ਮੇਲ, ਨਾਮ ਨਾਮ ਸਮਝਾਈਆ । ਜੋਤ ਜਗਾ ਬਿਨ ਬਾਤੀ ਤੇਲ, ਗ੍ਰਿਹਿ ਮੰਦਰ ਕੀਤੀ ਰੁਸ਼ਨਾਈਆ । ਤੈਨੂੰ ਦੱਸ ਕੇ ਸੱਜਣ ਸੁਹੇਲ, ਪੁਰਖ ਅਕਾਲ ਆਏ

ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਦੇਣਾ ਦਰਸਾਈਆ । ਪੁਰਖ ਅਕਾਲ ਕਹੇ ਪਿਛਲੀ ਛਡੋ ਕਹਾਣੀ, ਕਹਿਣ ਦੀ ਲੋੜ ਰਹੀ ਨਾ ਰਾਈਆ । ਮੈਂ ਵੇਖੀ ਚਾਰੇ ਖਾਣੀ, ਚਾਰੇ ਬਾਣੀ ਫੋਲ ਫੁਲਾਈਆ । ਵੇਖੇ ਤੀਰਥ ਤਟ ਅੱਠ ਸੱਠ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਪੜਦਾ ਲਾਹੀਆ । ਪਰਾ ਪਸੰਤੀ ਮਧਮ ਬੈਖਰੀ ਚਾਰ ਜੁਗ ਦੀ ਵੇਖੀ ਬਾਣੀ, ਅੱਖਰਾਂ ਅੱਖਰਾਂ ਜੋੜ ਜੁੜਾਈਆ । ਮੰਜ਼ਲ ਤਕੀ ਜਿਸਮ ਜ਼ਮੀਰ ਰੁਹਾਨੀ, ਨੌਂ ਦਵਾਰੇ ਪੰਧ ਮੁਕਾਈਆ । ਨਾਮ ਕਲਮਾ ਤੱਕਿਆ ਤੱਕੀ ਜ਼ਬਾਨ ਕਲਾਮੀ, ਸ਼ਬਦ ਸ਼ਬਦ ਵਾਲੀ ਸ਼ਨਵਾਈਆ । ਬਾਲ ਬੁਢੇਪਾ ਤੱਕਿਆ ਤੱਕੀ ਜਗਤ ਜਵਾਨੀ, ਗੋਬਿੰਦ ਖੋਜ ਖੁਜਾਈਆ । ਗੁਰ ਅਵਤਾਰ ਪੈਗ਼ੰਬਰੋ ਤੁਹਾਡੀ ਤੱਕੀ ਮਿਹਰਵਾਨੀ, ਜੋ ਮਿਹਰ ਆਏ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਪਿਛਲੀ ਛਡੋ ਕਥਾ, ਕਹਿ ਕੇ ਕੀ ਜਣਾਈਆ । ਹੁਕਮ ਸੁਣੋ ਯਥਾਰਥ ਯਥਾ, ਯਦੀ ਦਿਆਂ ਦ੍ਰਿੜਾਈਆ । ਨਿਜ ਨੇਤਰ ਵੇਖੋ ਅੱਖਾਂ, ਨੂਰ ਜੋਤ ਰੁਸ਼ਨਾਈਆ । ਜੋ ਆਦਿ ਜੁਗਾਦੀ ਸਖਾ, ਸੱਜਣ ਮੀਤ ਅਖਵਾਈਆ । ਜਿਸ ਨੂੰ ਸਾਰੇ ਟੇਕਦੇ ਮੱਥਾ, ਮਸਤਕ ਸੀਸ ਝੁਕਾਈਆ । ਸਾਹਿਬ ਪੁਰਖ ਸਮਰਥਾ, ਨਿਰਗੁਣ ਨੂਰ ਧੁਰਦਰਗਾਹੀਆ । ਜੁਗ ਚੌਕੜੀ ਫਿਰੇ ਨੱਠਾ, ਭੱਜੇ ਵਾਹੋ ਦਾਹੀਆ । ਉਹ ਸਭ ਨੂੰ ਕਰਕੇ ਇਕੱਠਾ, ਹੁਕਮ ਇਕ ਸੁਣਾਈਆ । ਦੀਨ ਮਜ਼੍ਹਬ ਦਾ ਛਡ ਦਿਉ ਰੱਟਾ, ਝਗੜਾ ਰਹੇ ਨਾ ਰਾਈਆ । ਸਭ ਦਾ ਪਿਛਲਾ ਪੂਰਾ ਹੋਇਆ ਪਟਾ, ਪਟਨੇ ਵਾਲਾ ਦਏ ਸਫ਼ਾਈਆ । ਇਕੋ ਯਾਦ ਕਰ ਲਓ ਟੱਪਾ, ਸੋਹੰ ਢੋਲਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਗੁਰ ਅਵਤਾਰ ਪੈਗ਼ੰਬਰੋ ਛਡ ਦਿਓ ਪਿਛਲਾ ਖ਼ਿਆਲ, ਅੰਤਸ਼ਕਰਨ ਰਹਿਣ ਨਾ ਪਾਈਆ । ਬਣ ਜਾਉ ਧੁਰ ਦੇ ਲਾਲ, ਲਾਲਨ ਵੇਖ ਵਖਾਈਆ । ਮੰਨੋ ਇਕ ਦਲਾਲ, ਵਿਚੋਲਾ ਨੂਰ ਇਲਾਹੀਆ । ਜੋ ਜਲਵਾਗਰ ਜਲਾਲ, ਅੰਧ ਅੰਧੇਰਾ ਦਏ ਮਿਟਾਈਆ । ਸਾਰੇ ਕੰਨਾਂ ਨੂੰ ਹੱਥ ਲਾਓ ਨਾ ਕੋਇ ਝਟਕਾ ਖਾਓ ਹਲਾਲ, ਸੂਰ ਗਾਂ ਵੰਡ ਨਾ ਕੋਇ ਵੰਡਾਈਆ । ਸਤਿਜੁਗ ਸਾਚੀ ਚਲੇ ਚਾਲ, ਚਾਲ ਨਿਰਾਲੀ ਆਪ ਸਮਝਾਈਆ । ਸਭ ਦਾ ਹੱਲ ਹੋਏ ਸਵਾਲ, ਸਵਾਲੀ ਮੰਗੋ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਪੈਗ਼ੰਬਰੋ ਪਿਛਲਾ ਛਡ ਦਿਉ ਝੇੜਾ, ਝਗੜਾ ਰਹੇ ਨਾ ਰਾਈਆ । ਸਤਿਜੁਗ ਸਚ ਧਰਮ ਦਾ ਵਸੇ ਖੇੜਾ, ਕਾਇਆ ਖਿੜਕੀ ਦਿਉ ਖੁਲ੍ਹਾਈਆ । ਧਰਨੀ ਧਰਤ ਧਵਲ ਦਾ ਖੁਲ੍ਹਾ ਹੋਵੇ ਵਿਹੜਾ, ਦੀਨ ਮਜ਼੍ਹਬ ਦੀ ਰਹੇ ਨਾ ਕੋਇ ਲੜਾਈਆ । ਨਾਤਾ ਛੁਟ ਜਾਏ ਤੇਰਾ ਮੇਰਾ, ਤੂੰ ਮੇਰਾ ਮੈਂ ਤੇਰਾ ਸਾਰੇ ਗਾਈਆ । ਕਲਜੁਗ ਕੂੜ ਮਿਟ ਜਾਏ ਅੰਧੇਰਾ, ਸਤਿਜੁਗ ਨੂਰ ਕਰੇ ਰੁਸ਼ਨਾਈਆ । ਇਕੋ ਰੂਪ ਦਿਸੇ ਗੁਰ ਚੇਰਾ, ਚੇਲਾ ਗੁਰ ਇਕ ਰੂਪ ਦਰਸਾਈਆ । ਸਾਰੇ ਵੱਡਾ ਕਰ ਲਓ ਜੇਰਾ, ਜ਼ੇਰ ਜ਼ਬਰ ਦਾ ਝਗੜਾ ਦਿਉ ਮੁਕਾਈਆ । ਸਤਿਗੁਰ ਸ਼ਬਦ ਸਿੰਘ ਸ਼ੇਰਾ, ਭਬਕ ਇਕੋ ਇਕ ਸੁਣਾਈਆ । ਪਿਛਲਾ ਲੇਖਾ ਸਭ ਦਾ ਹੋਵੇ ਢਹਿ ਢੇਰਾ, ਧਰਮ ਦੀ ਧਾਰ ਇਕ ਵਡਿਆਈਆ । ਇਕ ਦੂਜੇ ਦੇ ਆ ਜਾਉ ਨੇੜਾ, ਦੂਰ ਦੁਰਾਡਾ ਪੰਧ ਮੁਕਾਈਆ । ਆਪਣਾ ਮਿਲ ਕੇ ਸਾਰੇ ਬੰਨ੍ਹੋ ਬੇੜਾ, ਬੇੜੀ ਜਗਤ ਨਾ ਕੋਇ ਡੁਬਾਈਆ । ਪੁਰਖ ਅਕਾਲਾ ਕਰੇ ਹੱਕ ਨਬੇੜਾ, ਹੱਕ ਹੱਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ

ਕਹਿਣ ਤੇਰਾ ਖੇਲ ਅਪਾਰੀ, ਅਪਰੰਪਰ ਬੇਪਰਵਾਹੀਆ । ਸਾਰੀ ਸ੍ਰਿਸ਼ਟੀ ਦਿਸੇ ਦੁਖਿਆਰੀ, ਦੁਖ ਦਰਦ ਨਾ ਕੋਇ ਕਟਾਈਆ । ਕਲਜੁਗ ਅੰਤਮ ਆਈ ਤੇਰੀ ਵਾਰੀ, ਵਾਰਸ ਹੋ ਕੇ ਵੇਖ ਵਖਾਈਆ । ਪਰਗਟ ਕਰ ਜੋਤ ਨਿਰੰਕਾਰੀ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਇਹ ਆਸਾ ਸਭ ਹਮਾਰੀ, ਹਮ ਸਾਜਣ ਦਈਏ ਜਣਾਈਆ । ਪਰਗਟ ਹੋ ਕਲ ਕਲਕੀ ਅਵਤਾਰੀ, ਨਿਹਕਲੰਕ ਤੇਰੀ ਸਰਨਾਈਆ । ਹਉ ਸੇਵਕ ਤੂੰ ਮਾਲਕ ਪਤਿ ਪਤਵੰਤਾ ਹਉ ਨਾਰੀ, ਦਰ ਤੇਰੇ ਸੀਸ ਝੁਕਾਈਆ । ਸਾਡੀ ਧਾਰ ਅਜੇ ਕਵਾਰੀ, ਚਾਰ ਜੁਗ ਨਾ ਕਿਸੇ ਪਰਨਾਈਆ । ਨਾ ਮੁੱਛ ਦਿਸੇ ਨਾ ਦਾੜ੍ਹੀ, ਨਾ ਮੂੰਡ ਕੋਇ ਮੁੰਡਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਬਣੀਏ ਤੇਰੀ ਲਾੜੀ, ਲਾੜਾ ਇਕੋ ਨਜ਼ਰੀ ਆਈਆ । ਸੁਖ ਵੇਖੀਏ ਸਤਾਰਾਂ ਹਾੜ੍ਹੀ, ਵਦੀ ਸੁਦੀ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੱਚੀ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਸਭ ਨੂੰ ਲੈ ਪ੍ਰਨਾ, ਪਾਰਬ੍ਰਹਮ ਤੇਰੀ ਸਰਨਾਈਆ । ਘਰ ਇਕੋ ਲੈ ਵਸਾ, ਦੂਜਾ ਨਜ਼ਰ ਕੋਇ ਨਾ ਆਈਆ । ਅਵਤਾਰ ਪੈਗ਼ੰਬਰ ਗੁਰੂ ਦਾ ਝਗੜਾ ਦੇ ਮੁਕਾ, ਇਕੋ ਨੂਰ ਜੋਤ ਰੁਸ਼ਨਾਈਆ । ਦੀਨ ਮਜ਼੍ਹਬ ਦਾ ਹਿੱਸਾ ਨਾ ਕੋਇ ਵਖਾ, ਵੰਡਨ ਵੰਡ ਨਾ ਕੋਇ ਜਣਾਈਆ । ਤੇਰੇ ਅੱਗੇ ਸੀਸ ਦਈਏ ਝੁਕਾ, ਜਗਦੀਸ ਤੇਰੀ ਸਰਨਾਈਆ । ਸਾਡਾ ਚਾਰ ਜੁਗ ਦਾ ਪਿਛਲਾ ਵੇਖ ਰੁੱਕਾ, ਜੋ ਬਿਨ ਅੱਖਰਾਂ ਦਿਤਾ ਦ੍ਰਿੜਾਈਆ । ਅੰਤਮ ਸਭ ਦਾ ਪੈਂਡਾ ਮੁਕਾ, ਅੱਗੇ ਹੋਰ ਨਾ ਕੋਇ ਵਧਾਈਆ । ਅਸੀਂ ਚਾਹੁੰਦੇ ਸਾਡਾ ਮਾਲਕ ਤੂੰ ਇਕ ਅਬਿਨਾਸ਼ੀ ਅਚੁਤਾ, ਪ੍ਰਭ ਅਬਿਨਾਸ਼ੀ ਅਖਵਾਈਆ । ਸਾਡੀ ਸਭ ਦੀ ਬਣਾ ਦੇ ਸੁਹੰਜਣੀ ਰੁਤਾ, ਰੁਤ ਆਪਣੇ ਨਾਲ ਮਹਿਕਾਈਆ । ਸਤਾਰਾਂ ਹਾੜ੍ਹ ਸਾਡਾ ਅੰਤਰ ਨਿਰੰਤਰ ਕਰ ਦੇ ਸੁੱਚਾ, ਸੰਜਮ ਆਪਣਾ ਇਕ ਜਣਾਈਆ । ਭੇਵ ਰਹੇ ਕੋਇ ਨਾ ਲੁਕਾ, ਓਹਲਾ ਅੰਦਰੋਂ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਆਪਣੀ ਨਾਰ ਬਣਾ ਲੈ ਜਲਦੀ, ਵਕਤ ਵਕਤ ਵਿਚੋਂ ਬਦਲਾਈਆ । ਪ੍ਰਭੂ ਕਲਾ ਮੇਟ ਦੇ ਕਲਜੁਗ ਕਲ ਦੀ, ਕਲਕਾਤੀ ਦੇ ਖਪਾਈਆ । ਧਾਰ ਮੇਟ ਦੇ ਕਾਮ ਕਰੋਧ ਦਲ ਦੀ, ਦਲਿਦਰੀਆਂ ਡੇਰਾ ਢਾਹੀਆ । ਖੇਲ ਮੁਕਾ ਦੇ ਕਪਟ ਛਲ ਦੀ, ਅਛਲ ਛਲਧਾਰੀ ਹੋ ਸਹਾਈਆ । ਬਿਨ ਤੇਰੀ ਕਿਰਪਾ ਦਰ ਕੋਇ ਨਾ ਮੱਲਦੀ, ਘਰ ਸਚ ਨਾ ਕੋਇ ਸੁਹਾਈਆ । ਕਿਸੇ ਨੂੰ ਖ਼ਬਰ ਨਹੀਂ ਘੜੀ ਪਲ ਦੀ, ਕੀ ਪਲਕਾਂ ਦੇ ਪਿਛੇ ਬਹਿ ਕੇ ਕਰੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਆਪ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਰ ਦੇ ਵਕਤ ਸੁਹੰਜਣਾ, ਸੋਭਾਵੰਤ ਸ੍ਰੀ ਭਗਵਾਨ । ਤੂੰ ਮਾਲਕ ਆਦਿ ਨਿਰੰਜਣਾ, ਜੋਤੀ ਜਾਤਾ ਨੌਜਵਾਨ । ਦਾਤਾ ਦਾਨੀ ਦਰਦ ਦੁੱਖ ਭੈ ਭੰਜਣਾ, ਪਤਿਪਰਮੇਸ਼ਵਰ ਨੂਰ ਮਹਾਨ । ਸਭ ਦੇ ਨੇਤਰ ਪਾ ਦੇ ਆਪਣੇ ਨਾਮ ਦਾ ਅੰਜਣਾ, ਅਵਤਾਰ ਪੈਗ਼ੰਬਰ ਗੁਰ ਮੰਗਦੇ ਦਾਨ । ਚਰਨ ਧੂੜ ਚਾੜ੍ਹ ਦੇ ਰੰਗਣਾ, ਮਿਲੇ ਖ਼ੁਸ਼ੀ ਜ਼ਿਮੀਂ ਅਸਮਾਨ । ਇਕੋ ਵਾਰ ਪ੍ਰਭੂ ਤੋਂ ਹੀ ਮੰਗਣਾ, ਦੂਜਾ ਅਵਰ ਨਾ ਕੋਇ ਨਿਸ਼ਾਨ । ਸਦੀ ਚੌਧਵੀਂ ਮੂਲ ਨਹੀਂ ਸੰਗਣਾ, ਬੋਲੀਏ ਬਿਨਾ ਜ਼ਬਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਕਰ ਧੁਰ ਦੇ ਕਾਹਨ । ਧੁਰ ਦੇ ਕਾਹਨ ਕਿਰਪਾ ਕਰਦੇ, ਗੁਰ ਅਗਤਾਰ ਪੈਗ਼ੰਬਰ ਕਹਿੰਦੇ ਆਪਣਾ ਇਕੋ ਸਭ ਨੂੰ ਵਰ ਦੇਹੁ, ਝਗੜੇ ਮੁਕ ਜਾਣ ਚੜ੍ਹਦੇ ਲਹਿੰਦੇ । ਸ਼ਬਦ ਸਵਾਮੀ ਧੁਰ ਦਾ ਦਰ ਦੇ, ਦੀਨ ਮਜ਼੍ਹਬ ਰਹਿਣ ਨਾ ਖਹਿੰਦੇ ।

ਸਚਖੰਡ ਦਵਾਰਾ ਆਪਣਾ ਗੜ੍ਹ ਦੇ, ਮੰਦਰ ਮਸੀਤ ਸ਼ਿਵਦਵਾਲੇ ਜੁਗ ਜੁਗ ਰਹਿੰਦੇ ਢਹਿੰਦੇ । ਜੋਤੀ ਧਾਰ ਆਪਣਾ ਲੜ ਦੇ, ਇਕੱਠੇ ਹੋ ਕੇ ਸਚ ਦਵਾਰ ਤੇਰੇ ਬਹਿੰਦੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਚਰਨੀ ਪੈਂਦੇ । ਪੁਰਖ ਅਕਾਲ ਕਹੇ ਸਾਰੇ ਰਹੋ ਤਿਆਰ, ਤ੍ਰੈਗੁਣ ਤੋਂ ਬਾਹਰ ਜਣਾਈਆ । ਸਤਾਰਾਂ ਹਾੜ੍ਹ ਕਰੋ ਇੰਤਜ਼ਾਰ, ਅੱਗੇ ਅਵਰ ਨਾ ਕੋਇ ਵਧਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਲਹਿਣਾ ਦੇਣਾ ਦਏ ਉਤਾਰ, ਮਕਰੂਜ਼ ਕਰਜ਼ ਨਾ ਕੋਇ ਰਖਾਈਆ । ਤੁਸੀਂ ਜੋਬਨਵੰਤੇ ਜੋਬਨ ਵਿਚ ਕਰਨਾ ਹਾਰ ਸ਼ਿੰਗਾਰ, ਧਰਮ ਦਾ ਸਗਨ ਮਨਾਈਆ । ਉਚੀ ਕੂਕ ਕੇ ਕਹਿਣਾ ਇਕੋ ਵਾਰ, ਤੂੰ ਮਾਲਕ ਧੁਰਦਰਗਾਹੀਆ । ਮੈਂ ਪਾਵਾਂ ਸਭ ਦੀ ਸਾਰ, ਸਾਰ ਸ਼ਬਦ ਨਾਲ ਸਮਝਾਈਆ । ਵਖਾਵਾਂ ਇਕ ਦਵਾਰ, ਜਿਸ ਦਰ ਮਿਲੇ ਵਡਿਆਈਆ । ਗੁਰ ਅਵਤਾਰ ਪੈਗ਼ੰਬਰੋਂ ਆਪੇ ਕੰਤ ਆਪੇ ਭਤਾਰ, ਪੀਤ ਪੀਤੰਬਰ ਆਪ ਸੁਹਾਈਆ । ਆਪੇ ਵਿਚੋਲਾ ਬਣ ਸੰਸਾਰ, ਤੁਹਾਡਾ ਮੇਲਾ ਲਵਾਂ ਮਿਲਾਈਆ । ਤੁਸਾਂ ਸਭ ਨੇ ਆਉਣਾ ਭਗਤ ਦਵਾਰ, ਦਵਾਰਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਹਾੜ ਸਤਾਰਾਂ ਸਭ ਨੇ ਆਉਣਾ ਨਾਲ ਚਾਅ, ਚਾਉ ਘਨੇਰਾ ਇਕ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਮਿਲਾਉਣੇ ਵਿਚੋਂ ਰਾਹ, ਰਹਿਬਰ ਰਿਹਾ ਦ੍ਰਿੜਾਈਆ । ਅੰਤ ਬਣਾਉਣੇ ਜਗਤ ਗਵਾਹ, ਭਗਵਨ ਭਗਤ ਭਗਤ ਵਖਾਈਆ । ਇਹ ਆਦਿ ਤੋਂ ਵਿਸ਼ਨ ਬ੍ਰਹਮਾ ਸ਼ਿਵ ਤੁਹਾਡਾ ਸੁਧਾਇਆ ਸਾਹ, ਥਿਤ ਘੜੀ ਪਲ ਵੰਡ ਵੰਡਾਈਆ । ਚਾਰੇ ਵੇਦਾਂ ਵਿਚ ਲੇਖਾ ਲਿਖ ਨਾ ਸਕਿਆ ਰਾਅ, ਬ੍ਰਹਮਾ ਬ੍ਰਹਮ ਨਾ ਕੋਇ ਜਣਾਈਆ । ਸਿਰਫ਼ ਸ਼ਬਦ ਅਗੰਮੀ ਦਿਤਾ ਸੁਣਾ, ਲਿਖਣ ਦੀ ਲੋੜ ਰਹੇ ਨਾ ਰਾਈਆ । ਜਿਸ ਵੇਲੇ ਨੌ ਸੌ ਚੁਰਾਨਵੇ ਚੌਕੜੀ ਜੁਗ ਗਏ ਵਿਹਾ, ਆਪਣਾ ਪੰਧ ਮੁਕਾਈਆ । ਉਸ ਵੇਲੇ ਪਰਗਟ ਹੋਵੇ ਬੇਪਰਵਾਹ, ਹਰਿ ਕਰਤਾ ਧੁਰਦਰਗਾਹੀਆ । ਤੁਹਾਡਾ ਝਗੜਾ ਦਏ ਮੁਕਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਸਚ ਦਵਾਰ ਸਭ ਨੂੰ ਲਏ ਪਰਨਾ, ਪਤਿਪਰਮੇਸ਼ਵਰ ਆਪਣਾ ਘਰ ਵਖਾਈਆ । ਭਗਤ ਸੁਹੇਲੇ ਨਾਲ ਰਲਾ, ਇਕੋ ਦਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪੜਦਾ ਲਾਹੀਆ । ਗੁਰ ਅਵਤਾਰ ਪੈਗ਼ੰਬਰੋ ਸ਼ੰਕਰ ਮਾਰੇ ਆਵਾਜ਼, ਸ਼ਿਵ ਰਿਹਾ ਸੁਣਾਈਆ । ਮੇਰੀ ਭੋਲੇ ਦੀ ਖੁਲ੍ਹੀ ਜਾਗ, ਨਾਥ ਰਿਹਾ ਦ੍ਰਿੜਾਈਆ । ਬ੍ਰਹਮਾ ਆਵੇ ਵਿਚ ਸਮਾਜ, ਸਮਗਰੀ ਹੱਥ ਉਠਾਈਆ । ਵਿਸ਼ਨੂੰ ਵੇਖਣਾ ਇਹ ਕਾਜ, ਭੱਜਣਾ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਸੰਦੇਸ਼ ਸੁਣਾਈਆ । ਸ਼ੰਕਰ ਕਹੇ ਮੇਰੇ ਹੱਥ ਹੋਣੀ ਤ੍ਰਿਸੂਲ, ਪਰਦਾ ਰਹੇ ਨਾ ਰਾਈਆ । ਬ੍ਰਹਮਾ ਕਹੇ ਮੈਂ ਹੁਕਮ ਦੱਸਣਾ ਮਾਕੂਲ, ਨਾ ਕੋਇ ਮੇਟੇ ਮੇਟ ਮਿਟਾਈਆ । ਵਿਸ਼ਨੂੰ ਕਹੇ ਮੈਂ ਵਿਸ਼ਵ ਦਾ ਕਰਾਉਣਾ ਇਕ ਅਸੂਲ, ਨਿਯਮ ਨਿਯਮ ਵਿਚੋਂ ਬਦਲਾਈਆ । ਪੁਰਖ ਅਕਾਲ ਕਹੇ ਮੈਂ ਕਦੇ ਨਾ ਜਾਵਾਂ ਭੂਲ, ਸਭ ਦਾ ਲੇਖਾ ਝੋਲੀ ਪਾਈਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਸਾਡਾ ਇਕ ਕੰਤ ਕੰਤੂਹਲ, ਦੂਜਾ ਨਜ਼ਰ ਕੋਇ ਨਾ ਆਈਆ । ਸਤਿਜੁਗ ਕਹੇ ਸਭ ਨੇ ਪ੍ਰਭ ਦੇ ਚਰਨਾਂ ਦੀ ਲਾਉਣੀ ਧੂਲ, ਦੂਜਾ ਇਸ਼ਟ ਨਾ ਕੋਇ ਮਨਾਈਆ । ਹਾੜ ਸਤਾਰਾਂ ਜਿਸ ਵੇਲੇ ਭਗਤਾਂ ਦੀ ਭਗਤਾਂ ਨਾਲ ਲੜਾਈ ਹੋਵੇ ਤੇਈ ਬੀਬੀਆਂ ਬਰਸਾਉਣੇ ਪ੍ਰਭ ਦੇ ਉਤੋਂ ਫੂਲ, ਬਰਖਾ ਇਕ ਲਗਾਈਆ । ਗੁਰ ਅਵਤਾਰ ਪੈਗ਼ੰਬਰਾਂ ਸਚ ਪੰਘੂੜਾ ਲੈਣਾ ਝੂਲ, ਹੁਲਾਰਾ ਇਕੋ ਨਾਮ ਲਗਾਈਆ ।

੫੧੯
੨੨

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਰੰਗ ਆਪ ਵਖਾਈਆ । ਫੂਲ ਕਹਿਣ ਸਾਡੀ ਬਿਖਰੇ ਪੱਤੀ ਪੱਤੀ, ਪਤਿਪਰਮੇਸ਼ਵਰ ਸੇਵ ਕਮਾਈਆ । ਗੁਰਮੁਖੇ ਸਭ ਨੂੰ ਨਾਮ ਮਿਲਣਾ ਅਗੰਮੀ ਰਤੀ, ਜਿਸ ਦਾ ਵਜ਼ਨ ਨਾ ਕੋਇ ਜਣਾਈਆ । ਉਸ ਵੇਲੇ ਸਭ ਨੇ ਆਪਣਾ ਹੱਥ ਸੱਜਾ ਰੱਖਣਾ ਮਸਤਕ ਮੱਥੀ, ਝਗੜੇ ਦੇ ਪਿਛੋਂ ਖ਼ੁਸ਼ੀ ਮਨਾਈਆ । ਫਿਰ ਜੋਤ ਅਕਾਲਣ ਫਿਰੇ ਨੱਠੀ, ਭੱਜੇ ਵਾਹੋ ਦਾਹੀਆ । ਹਰਿ ਸੰਗਤ ਉਚੀ ਅਵਾਜ਼ ਲਗਾਉਣੀ ਇਕੱਠੀ, ਸਚ ਜੈਕਾਰਾ ਦੇਣਾ ਸੁਣਾਈਆ । ਪੰਜਾਂ ਪਿਆਰਿਆਂ ਮੁਹੰਮਦ ਦੀ ਗਲੋਂ ਲਾਹ ਕੇ ਅੱਟੀ, ਅਸਮਾਨ ਵੱਲ ਦੇਣੀ ਵਖਾਈਆ । ਤੇਈ ਬੀਬੀਆਂ ਮੱਥੇ ਤੋਂ ਚੁਪ ਵਾਲੀ ਲਾਹ ਕੇ ਪੱਟੀ, ਚਰਨਾਂ ਹੇਠਾਂ ਲੈਣੀ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਆਪਣੇ ਹੱਥ ਰਖਾਈਆ । ਕਰਨੀ ਕਹੇ ਮੈਂ ਵੇਖਣਾ ਕਰਨੀ ਕਰਤਾ, ਕਰਤਾ ਪੁਰਖ ਧਿਆਨ ਲਗਾਈਆ । ਜੇਹੜਾ ਆਦਿ ਅੰਤ ਨਹੀਂ ਮਰਤਾ, ਮਰ ਜੀਵਤ ਨਾ ਰੂਪ ਵਟਾਈਆ । ਜੋ ਨਿਰਗੁਣ ਹੋ ਕੇ ਪਰਤਾ, ਪਤਿਪਰਮੇਸ਼ਵਰ ਬੇਪਰਵਾਹੀਆ । ਅਵਤਾਰ ਪੈਗ਼ੰਬਰ ਗੁਰੂਆਂ ਪੂਰੀਆਂ ਕਰੇ ਸ਼ਰਤਾਂ, ਭਵਿਖਤ ਵੇਖੇ ਥਾਉਂ ਥਾਈਂਆ । ਬੇਨੰਤੀਆਂ ਸੁਣੇ ਅਰਜ਼ਾਂ, ਖ਼ਾਹਿਸ਼ਾਂ ਖੋਜ ਖੁਜਾਈਆ । ਸਭ ਦੀਆਂ ਪੁੱਠੀਆਂ ਕਰੇ ਨਰਦਾਂ, ਨਰ ਨਰਾਇਣ ਬੇਪਰਵਾਹੀਆ । ਔਰਤਾਂ ਰੂਪ ਬਣਾ ਕੇ ਮਰਦਾਂ, ਮਰਦ ਮਰਦਾਨਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਵਰ, ਸਚ ਕਰਨੀ ਕਾਰ ਕਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਜਿਸ ਵੇਲੇ ਸਾਡਾ ਪਤੀ ਸਾਨੂੰ ਪਰਣਾਵੇ, ਹਰਿ ਕਰਤਾ ਦਇਆ ਕਮਾਈਆ । ਹਰਿ ਸੰਗਤ ਤੂੰ ਮੇਰਾ ਮੈਂ ਤੇਰਾ ਢੋਲਾ ਗਾਵੇ, ਨੌਂ ਵਾਰ ਸਿਫ਼ਤ ਸਾਲਾਹੀਆ । ਧਰਮ ਧਾਰ ਦੀ ਗੋਲੀ ਨੌ ਚੱਕਰ ਪ੍ਰਭ ਦੇ ਚਾਰ ਕੁੰਟ ਲਗਾਵੇ, ਭੱਜੇ ਵਾਹੋ ਦਾਹੀਆ । ਵਿਸ਼ਨੂੰ ਵੇਖ ਵੇਖ ਬਿਗਸਾਵੇ, ਖ਼ੁਸ਼ੀਆਂ ਰਾਗ ਅਲਾਈਆ । ਲਛਮੀ ਕਪੜੇ ਰੰਗ ਰੰਗਾਵੇ, ਲਾਲ ਲਾਲ ਚਤੁਰਾਈਆ । ਸਚ ਸਵਾਮੀ ਖੇਲ ਖਿਲਾਵੇ, ਖ਼ਾਲਕ ਖ਼ਲਕ ਵੇਖ ਵਖਾਈਆ । ਸਭ ਦੇ ਪੂਰੇ ਕਰੇ ਦਾਅਵੇ, ਦਾਅਵੇਦਾਰ ਵਡ ਵਡਿਆਈਆ । ਚਾਰ ਗੁਰਮੁਖ ਪਹਿਰੇਦਾਰ ਹੋਣ ਸ਼ਬਦ ਸਿੰਘਾਸਣ ਚਾਰ ਪਾਵੇ, ਚਾਰੋਂ ਕੁੰਟ ਸੋਭਾ ਪਾਈਆ । ਮੁਖ ਸਵਾਹ ਨਾਲ ਭਰੇ ਹੋਣ ਬਣੇ ਹੋਣ ਬਾਵੇ, ਬਾਵਾ ਆਦਮ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਖੇਲ ਖਿਲਾਈਆ । ਖੇਲ ਕਹੇ ਮੈਂ ਪ੍ਰਭ ਦਾ ਖੇਲ ਖਿਲਾਉਣਾ, ਖ਼ਬਰ ਕਿਸੇ ਨਾ ਆਈਆ । ਸਤਾਰਾਂ ਹਾੜ੍ਹ ਦੇ ਬਾਰਾਂ ਵਜੇ ਵਕਤ ਸੁਹਾਉਣਾ, ਸੋਹਣਾ ਰੰਗ ਰੰਗਾਈਆ । ਪੰਜਾਂ ਪਿਆਰਿਆਂ ਚਰਨ ਕਵਲਾਂ ਉਤੇ ਸੀਸ ਝੁਕਾਉਣਾ, ਨਾਲ ਖੜਗ ਨੋਕ ਛੁਹਾਈਆ । ਪੰਜਾਂ ਦਰਬਾਰੀਆਂ ਧੁਰ ਦਾ ਢੋਲਾ ਗਾਣਾ, ਗਾ ਕੇ ਦੇਣਾ ਸੁਣਾਈਆ । ਸ਼ਿਕਾਰੀ ਨੇ ਆਪਣਾ ਕੁੱਤਾ ਫੜ ਕੇ ਭੱਜ ਕੇ ਅੱਗੇ ਆਉਣਾ, ਪਟਾ ਗਲ ਵਿਚ ਰਖਾਈਆ । ਪੰਜਾਂ ਲਿਖਾਰੀਆਂ ਉਠ ਕੇ ਲਿਖ ਵਖਾਣਾਂ, ਬੈਠਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਖੇਲ ਕਰਾਈਆ । ਖੇਲ ਕਹੇ ਮੈਂ ਹੋਣਾ ਵਿਚ ਜਗ, ਜਗਤ ਦਿਆਂ ਵਖਾਈਆ । ਭਗਤ ਸੁਹੇਲੇ ਵੇਖਾਂ ਉਪਰ ਸ਼ਾਹ ਰਗ, ਨੌਂ ਦਵਾਰੇ ਡੇਰਾ ਢਾਹੀਆ । ਸੰਤ ਸੁਹੇਲੇ ਸਦ, ਗੁਰਮੁਖ ਜੋੜ ਜੁੜਾਈਆ । ਗੁਰਸਿਖਾਂ ਮਿਲਾਂ ਅੱਗੇ ਵਧ, ਵਾਅਦਾ ਪਿਛਲਾ ਪੂਰ ਕਰਾਈਆ । ਸਭ ਨੇ ਬਣਨਾ ਵਿਸ਼ਵ ਯਦ, ਦੂਜੀ ਵੰਡ ਨਾ ਕੋਇ ਵੰਡਾਈਆ । ਗੁਰਮੁਖ ਰਹਿਓ ਕੋਇ ਨਾ ਕਗ, ਹੰਸ ਲੈਣੇ ਪਰਗਟਾਈਆ । ਤ੍ਰੈਗੁਣ ਪੋਹ ਨਾ ਸਕੇ ਅੱਗ, ਅੰਮ੍ਰਿਤ ਮੇਘ ਦੇਣਾ

ਬਰਸਾਈਆ । ਸਭ ਨੇ ਤਾੜੀ ਵਜਾਉਣੀ ਗੱਜ, ਜੈਕਾਰਾ ਦੇਣਾ ਲਗਾਈਆ । ਗੁਰ ਅਵਤਾਰ ਪੈਗ਼ੰਬਰਾਂ ਇਕੋ ਕਰਨਾ ਹੱਜ, ਹਜ਼ੂਰ ਇਕ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਖੋਲ੍ਹਣ ਅੱਖ, ਬਿਨ ਨੈਣ ਨੈਣ ਉਠਾਈਆ । ਪ੍ਰਭੂ ਨੂਰ ਪ੍ਰਤਖ, ਜੋਤ ਜੋਤ ਰੁਸ਼ਨਾਈਆ । ਰਹਿਣ ਨਾ ਦੇਵੇ ਵੱਖ, ਸਭ ਨੂੰ ਲਏ ਪਰਨਾਈਆ । ਜਿਸ ਦਾ ਗਾਇਆ ਜਸ, ਅੰਤ ਦਏ ਵਡਿਆਈਆ । ਸਚ ਦਵਾਰੇ ਲਏ ਰੱਖ, ਦਰਗਾਹ ਆਪ ਸੁਹਾਈਆ । ਨਾਮ ਦੱਸ ਅਲਖ, ਅਲਖਣਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਭ ਦੀ ਇਕੋ ਹੋਣੀ ਬੋਲੀ, ਅਨਬੋਲਤ ਰਾਗ ਸੁਣਾਈਆ । ਸਭ ਦੀ ਇਕੋ ਹੋਣੀ ਚੋਲੀ, ਬਿਨ ਤਤਾਂ ਵੇਖ ਵਖਾਈਆ । ਸਭ ਦੀ ਇਕੋ ਹੋਣੀ ਡੋਲੀ, ਚਾਰੇ ਜੁਗ ਕਹਾਰ ਉਠਾਈਆ । ਸਭ ਦੀ ਇਕੋ ਸੂਰਤ ਹੋਣੀ ਮੋਹਣੀ, ਮੋਹਣ ਮਾਧਵ ਵੇਖ ਵਖਾਈਆ । ਸਭ ਦੀ ਇਕੋ ਹੋਵੇ ਰੋਣੀ, ਬਿਰਹੋਂ ਵਿਛੋੜੇ ਵਿਚ ਕੁਰਲਾਈਆ । ਸਭ ਦੀ ਇਕੋ ਹੋਵੇ ਸੌਣੀ, ਪਤਿਪਰਮੇਸ਼ਵਰ ਸੇਜ ਹੰਢਾਈਆ । ਸਭ ਦੀ ਇਕੋ ਆਸਾ ਹੋਵੇ ਪਰਾਹੁਣੀ, ਦੂਸਰ ਘਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਧਾਰ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਆਵੇ ਸੁਹਾਗ ਰਾਤ, ਭਿੰਨੜੀ ਰੈਣ ਵਡਿਆਈਆ । ਇਕੋ ਹੋਵੇ ਜ਼ਾਤ, ਇਕੋ ਵਿਚ ਸਮਾਈਆ । ਇਕੋ ਹੋਵੇ ਗਾਥ, ਇਕੋ ਹੱਕ ਪੜ੍ਹਾਈਆ । ਇਕੋ ਹੋਵੇ ਜਮਾਤ, ਇਕੋ ਰੰਗ ਰੰਗਾਈਆ । ਇਕੋ ਜੋੜੇ ਨਾਤ, ਇਕੋ ਘਰ ਵਸਾਈਆ । ਇਕੋ ਦੇਵੇ ਦਾਤ, ਦੇਵਣਹਾਰ ਇਕ ਅਖਵਾਈਆ । ਇਕੋ ਪੁਛੇ ਵਾਤ, ਇਕੋ ਹੋਵੇ ਸਹਾਈਆ । ਇਕੋ ਪਤ ਲਏ ਰਾਖ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਘਰ ਵਸਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਘਰ ਵੇਖਣਾ ਪੁਰਖ ਅਬਿਨਾਸ਼ੀ, ਗ੍ਰਿਹ ਮੰਦਰ ਇਕ ਸੁਹਾਈਆ । ਜਿਥੇ ਨਾ ਕੋਈ ਮੰਡਲ ਰਾਸੀ, ਸੂਰੀਆ ਚੰਦ ਨਾ ਕੋਈ ਰੁਸ਼ਨਾਈਆ । ਨਾ ਕੋਈ ਸੰਧਿਆ ਨਾ ਕੋਈ ਪਰਭਾਤੀ, ਘੜੀ ਪਲ ਨਾ ਵੰਡ ਵੰਡਾਈਆ । ਨਾ ਕੋਈ ਦਿਵਸ ਨਾ ਕੋਈ ਰਾਤੀ, ਵਾਰ ਥਿਤ ਨਾ ਕੋਈ ਰਖਾਈਆ । ਨਾ ਕੋਈ ਪੂਜਾ ਨਾ ਕੋਈ ਪਾਠੀ, ਇਸ਼ਟ ਦੇਵ ਨਾ ਕੋਇ ਮਨਾਈਆ । ਨਾ ਕੋਈ ਮੰਜ਼ਲ ਨਾ ਕੋਈ ਘਾਟੀ, ਨਾ ਕੋਈ ਪਾਂਧੀ ਪੰਧ ਚੁਕਾਈਆ । ਨਾ ਕੋਈ ਸੱਜਣ ਨਾ ਕੋਈ ਸਾਥੀ, ਮੀਤ ਮੁਰਾਰ ਨਾ ਕੋਈ ਅਖਵਾਈਆ । ਨਾ ਕੋਈ ਤ੍ਰਿਸਨਾ ਨਾ ਕੋਈ ਆਸੀ, ਨਾ ਕੋਈ ਵਾਸਨਾ ਵਿਚ ਹਲਕਾਈਆ । ਜਾਂ ਤੱਕਿਆ ਇਕੋ ਨੂਰ ਜੋਤ ਪ੍ਰਕਾਸ਼ੀ, ਦੂਜਾ ਨਜ਼ਰ ਕੋਇ ਨਾ ਆਈਆ । ਫੇਰ ਵੇਖਿਆ ਘਨਕਪੁਰ ਦਾ ਵਾਸੀ, ਵਾਸਤਾ ਆਪਣੇ ਨਾਲ ਜੁੜਾਈਆ । ਫੇਰ ਵੇਖਿਆ ਜੋ ਕਰੇ ਬੰਦ ਖੁਲਾਸੀ, ਖੁਲਾਸਾ ਆਪਣਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਅਸੀਂ ਦਈਏ ਇਕ ਸੰਦੇਸ਼ਾ, ਸ਼ਬਦ ਸ਼ਬਦ ਵਿਚ ਸੁਣਾਈਆ । ਸਾਡਾ ਸਤਾਰਾਂ ਹਾੜ੍ਹ ਰੋਜ਼ ਦਾ ਲੇਖਾ, ਸਤਾਰਾਂ ਦਿਵਸ ਮੰਗ ਮੰਗਾਈਆ । ਨੌਂ ਸ਼ਬਦ ਲਿਖੇ ਜਾਣ ਹਮੇਸ਼ਾ, ਵਿਚੋਂ ਦਿਨ ਨਾ ਕੋਇ ਭੁਲਾਈਆ । ਲਿਖਾਰੀਆਂ ਰੱਖਣਾ ਚੇਤਾ, ਚੇਤਨ ਸੁਰਤੀ ਆਪ ਸਮਝਾਈਆ । ਲਿਖਣ ਤੋਂ ਪਹਿਲਾਂ ਪੀਲਾ ਕਪੜਾ ਰੱਖਣਾ ਹੇਠਾ, ਸਵਾ ਸਵਾ ਗਜ਼ ਲੰਬਾਈ ਚੌੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਮੇਲ ਮਿਲਾਈਆ । ਗੁਰ ਅਵਤਾਰ

ਪੈਗ਼ੰਬਰ ਕਹਿਣ ਦੋ ਲਿਖਾਰੀ ਲਿਖਣ ਜ਼ਰੂਰ, ਸਤਾਰਾਂ ਦਿਨ ਚਤੁਰਾਈਆ । ਅਸੀਂ ਅਗਲਾ ਭਵਿਖ ਦੱਸਣਾ ਜ਼ਰੂਰ, ਜੋ ਪਿਛੇ ਚਾਰ ਜੁਗ ਆਏ ਛੁਪਾਈਆ । ਮੁਹੰਮਦ ਕਹੇ ਮੈਂ ਭੇਵ ਖੋਲ੍ਹਣਾ ਕੇਹੜੀ ਬਹਿਸ਼ਤੀਂ ਮਿਲੇ ਹੂਰ, ਹੁਲੀਆ ਦਿਆਂ ਜਣਾਈਆ । ਮੂਸਾ ਕਹੇ ਮੈਂ ਦੱਸਣਾ ਕੀ ਜਲਵਾ ਕੋਹਤੂਰ, ਨੂਰ ਨੂਰ ਰੁਸ਼ਨਾਈਆ । ਈਸਾ ਕਹੇ ਮੈਂ ਬੋਲਣਾ ਕਿਉਂ ਫਾਸੀ ਚੜ੍ਹਿਆ ਹੋ ਮਜਬੂਰ, ਸਲੀਬ ਗਲ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪੜਦਾ ਦਏ ਉਠਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅਸੀਂ ਕਰ ਦੇਣੀ ਮਨਿਆਦੀ, ਮਨਿਆਦ ਮੁਕੀ ਥਾਉਂ ਥਾਈਂਆ । ਸਤਿਗੁਰ ਸ਼ਬਦ ਕਰਨੀ ਬਰਬਾਦੀ, ਬਦੀ ਦਾ ਝਗੜਾ ਦੇਣਾ ਮੁਕਾਈਆ । ਜੋ ਸੰਦੇਸ਼ਾ ਦੇ ਕੇ ਗਈ ਅਜੀਤ ਜੁਝਾਰ ਦੀ ਦਾਦੀ, ਗੁਜਰੀ ਗੋਬਿੰਦ ਗੋਬਿੰਦ ਵਿਚ ਸੁਣਾਈਆ । ਕਦੀ ਤੇ ਪ੍ਰਭ ਦੇ ਭਗਤਾਂ ਦੀ ਵਧੇਗੀ ਅਬਾਦੀ, ਲੋਕਮਾਤ ਵੱਜੇ ਵਧਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਨਿਰਗੁਣ ਧਾਰ ਦੀ ਨਿਰਗੁਣ ਧਾਰ ਨਾਲ ਹੋਵੇ ਸ਼ਾਦੀ, ਸ਼ਰਅ ਤੋਂ ਬਾਹਰ ਸ਼ਾਦਿਆਨੇ ਦਿਆਂ ਵਜਾਈਆ । ਓਸ ਵੇਲੇ ਵਿਸ਼ਨ ਬ੍ਰਹਮਾ ਸ਼ਿਵ ਬਣ ਕੇ ਆਉਣਗੇ ਲਾਗੀ, ਸੇਵਾਦਾਰ ਸੇਵ ਕਮਾਈਆ । ਧੁਰ ਦੇ ਭਗਤਾਂ ਦੀ ਭਗਤੀ ਹੋਵੇ ਜਾਗੀ, ਸੁਰਤੀ ਸੁਰਤ ਵਿਚੋਂ ਉਠਾਈਆ । ਦੀਨ ਦਿਆਲਾ ਹੋਵੇ ਰਾਗੀ, ਅਨਰਾਗੀ ਰਾਗ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਤਾਰਾਂ ਹਾੜ ਨੂੰ ਪੰਜ ਗੁਰਮੁਖ ਓਹ ਚਾਹੀਦੇ ਜਿਨ੍ਹਾਂ ਨੇ ਆਪਣੇ ਸਿਰ ਦੀ ਲਾਈ ਹੋਵੇ ਬਾਜ਼ੀ, ਬਾਜਾਂ ਵਾਲਾ ਹੋਏ ਸਹਾਈਆ । ਜੇ ਸਰੀਰ ਛੁੱਟ ਜਾਏ ਫੇਰ ਵੀ ਹੋਣ ਰਾਜ਼ੀ, ਚਿੰਤਾ ਗ਼ਮ ਅੰਦਰ ਨਾ ਕੋਇ ਰਖਾਈਆ । ਜੇ ਸਾਰੀ ਸ੍ਰਿਸ਼ਟੀ ਹੋ ਜਾਏ ਬਾਗੀ, ਓਹ ਫਿਰ ਵੀ ਪ੍ਰਭ ਨੂੰ ਸੀਸ ਨਿਵਾਈਆ । ਓਹਨਾਂ ਦਾ ਲਿਬਾਸ ਤੇ ਜ਼ਿੰਦਗੀ ਹੋਵੇ ਸਾਦੀ, ਪ੍ਰੇਮ ਦੀ ਸਾਧਨਾ ਵਿਚ ਆਪਣਾ ਆਪ ਛੁਪਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤੋ ਭਗਤ ਦਵਾਰੇ ਦਿਉਗੇ ਕੀ ਸੌਗਾਤ, ਸਚ ਦਿਓ ਸੁਣਾਈਆ । ਮਾਝਾ ਮਾਲਵਾ ਦੁਆਬਾ ਜੰਮੂ ਜਿਹੜੇ ਮਿਲ ਕੇ ਬਣਨੇ ਬਰਾਤ, ਬਰਾਤੀ ਰੂਪ ਵਟਾਈਆ । ਉਨ੍ਹਾਂ ਨਾਲ ਬਚਨ ਕਰਨਾ ਅੱਜ ਤੋਂ ਅਧੀ ਰਾਤ, ਰੁਤੜੀ ਨਾਲ ਰਖਾਈਆ । ਯਾਦ ਰੱਖੋ ਲਿਖਾਰੀਓ ਪੰਜਾਂ ਕੋਲ ਇਕ ਇਕ ਵੱਖਰੀ ਵੱਖਰੀ ਹੋਵੇ ਕਲਮ ਦਵਾਤ, ਦੂਸਰ ਹਿੱਸਾ ਨਾ ਕੋਇ ਪਾਈਆ । ਕੂੜ ਕਲਪਨਾ ਕਲ ਹੋਣੀ ਵਫ਼ਾਤ, ਵਫ਼ਾਦਾਰ ਲੈਣੇ ਉਠਾਈਆ । ਮਾਝਾ ਮਾਲਵਾ ਦੁਆਬਾ ਜੰਮੂ ਵੱਖ ਵੱਖ ਕਰਿਓ ਪਰਸਾਦ, ਵੰਡ ਵੰਡ ਕੇ ਦੇਣਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਅਵਤਾਰ ਪੈਗ਼ੰਬਰ ਕਹਿਣ ਗੁਰ, ਸਤਿ ਸਤਿ ਸੁਣਾਈਆ । ਜਨ ਭਗਤੋ ਤੁਹਾਡਾ ਭਗਤੀ ਦਾ ਉਹ ਅਨੰਦ ਪੁਰ, ਜੋ ਪੁਰੀ ਅਨੰਦ ਵਾਲਾ ਗਿਆ ਸਮਝਾਈਆ । ਕੋਟਨ ਕੋਟ ਇਸ ਸ੍ਰਿਸ਼ਟੀ ਵਿਚੋਂ ਜਾਣੇ ਤੁਰ, ਥਿਰ ਰਹਿਣ ਕੋਇ ਨਾ ਪਾਈਆ । ਤੁਹਾਡਾ ਨਾਤਾ ਜੁੜਿਆ ਧੁਰ, ਨਾ ਕੋਈ ਮੇਟੇ ਮੇਟ ਮਿਟਾਈਆ । ਤੁਸੀਂ ਉਸ ਪ੍ਰਭੂ ਨਾਲ ਗਏ ਜੁੜ, ਜਿਥੋਂ ਸਕੇ ਨਾ ਕੋਇ ਤੁੜਾਈਆ । ਸ਼ੌਹ ਦਰਿਆ ਨਹੀਂ ਜਾਣਾ ਰੁੜ੍ਹ, ਸ਼ੌਹ ਨਾਲ ਮਿਲ ਕੇ ਸ਼ੌਹ ਵਿਚ ਸਮਾਈਆ । ਇਕੋ ਤਾਲ ਤੇ ਇਕੋ ਸੁਰ, ਸੁਰਤ ਸ਼ਬਦ ਵਿਚ ਰਖਾਈਆ । ਸਚ ਪੁਛੋ ਤੁਹਾਡੇ ਪਿਛੇ ਆਇਆ ਮੁੜ, ਮੁੜ ਕੇ ਫੇਰਾ ਪਾਈਆ । ਉਹ ਵੜ ਗਿਆ ਸੰਬਲ ਦੀ ਵਿਚ ਕੁੜ, ਕੂੜ ਕੁੜਿਆਰਾਂ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਰਿਹਾ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣ ਕੇ ਆਉਣਾ ਲਾਗੀ, ਸੇਵਾਦਾਰ ਅਖਵਾਈਆ । ਤੁਹਾਡੀ ਧਾਰ

੫੨੨
੨੨

ਹੋਵੇ ਸਾਦੀ, ਸਚ ਨਾਲ ਮਿਲਾਈਆ । ਯਾਦ ਰੱਖਿਓ ਕੋਇ ਨਾ ਹੋਵੇ ਬਾਗ਼ੀ, ਅੰਤਰ ਸਕੇ ਨਾ ਕੋਇ ਬਦਲਾਈਆ । ਤੁਹਾਥੋਂ ਲੇਖਾ ਮੰਗਣਾ ਜੁਆਬੀ, ਜੁਆਬਤਲਬੀ ਲੈਣੀ ਕਰਾਈਆ । ਗੁਰ ਅਵਤਾਰ ਪੈਗ਼ੰਬਰਾਂ ਨੂੰ ਪੁਛਣਾ ਕਿਉਂ ਤੁਹਾਡੇ ਹੁੰਦਿਆਂ ਤੁਹਾਡੇ ਸਿਖ ਮੁਰੀਦ ਕਰਨ ਖ਼ਰਾਬੀ, ਲੋਕਮਾਤ ਵਿਚ ਕੁਰਲਾਈਆ । ਅਣਗਿਣਤ ਵਧ ਗਈ ਆਬਾਦੀ, ਆਬਾਦ ਹੋਇਆ ਨਜ਼ਰ ਕੋਇ ਨਾ ਆਈਆ । ਕਿਉਂ ਸਭ ਦਾ ਸਾਂਝਾ ਦਿਸੇ ਕੋਇ ਨਾ ਵਾਗੀ, ਵਾਗਾਂ ਮੋੜ ਨਾ ਕੋਇ ਘੁਮਾਈਆ । ਕਿਸੇ ਨੇ ਇਸ਼ਕ ਕਮਾਇਆ ਹਕੀਕੀ ਕਿਸੇ ਕਮਾਇਆ ਮਿਜਾਜੀ, ਸਭ ਦੀ ਤਨ ਦੇ ਨਾਲ ਕੁੜਮਾਈਆ । ਆਤਮ ਪਰਮਾਤਮ ਨਿਰਗੁਣ ਧਾਰ ਨਾ ਕਿਸੇ ਅਰਾਧੀ, ਰਾਧਾ ਕ੍ਰਿਸ਼ਨ ਦਏ ਦੁਹਾਈਆ । ਜੋ ਆਇਆ ਸੋ ਆਇਆ ਬਣ ਕੇ ਪਾਂਧੀ, ਸਧਰਾਂ ਵਿਚ ਆਪਣਾ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਗਲਾ ਪਰਦਾ ਦਏ ਖੁਲ੍ਹਾਈਆ । ਪ੍ਰਭੂ ਅਗਲਾ ਖੋਲ੍ਹ ਦੇ ਪਰਦਾ, ਪਰਦੇ ਵਿਚੋਂ ਉਠਾਈਆ । ਕਿਉਂ ਨਹੀਂ ਤੇਰੀ ਮੰਜ਼ਲ ਕੋਇ ਚੜ੍ਹਦਾ, ਚੜ੍ਹ ਕੇ ਦਰਸ ਕੋਇ ਨਾ ਪਾਈਆ । ਜਗਤ ਜਹਾਨ ਅੱਖਰਾਂ ਵਾਲੀ ਸਾਰੀ ਵਿਦਿਆ ਪੜ੍ਹਦਾ, ਸਿਫ਼ਤਾਂ ਵਿਚ ਸਾਲਾਹੀਆ । ਕਿਉਂ ਨਹੀਂ ਤੇਰਾ ਬਣਿਆ ਬਰਦਾ, ਬੰਦੀਖ਼ਾਨਾ ਦਏ ਤੁੜਾਈਆ । ਕਿਉਂ ਨਹੀਂ ਦਰਸ ਕਰਦਾ ਤੇਰੇ ਘਰ ਦਾ, ਗ੍ਰਿਹ ਮੰਦਰ ਸੀਸ ਨਿਵਾਈਆ । ਪੁਰਖ ਅਕਾਲ ਕਿਹਾ ਮੈਂ ਸਭ ਨੂੰ ਆਦਿ ਅੰਤ ਆਇਆ ਛਲਦਾ, ਅਛਲ ਛਲ ਆਪਣਾ ਖੇਲ ਖਿਲਾਈਆ । ਕੁਝ ਲੇਖਾ ਯਾਦ ਜੋ ਵਾਅਦਾ ਕੀਤਾ ਬਲ ਦਾ, ਬਾਵਨ ਅੱਖ ਮਿਲਾਈਆ । ਉਸ ਦਾ ਲਹਿਣਾ ਕਲਜੁਗ ਅੰਤਮ ਫਲ ਦਾ, ਫਲੀਭੂਤ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਦੱਸ ਆਪਣਾ ਤਿਵਹਾਰ, ਵਿਵਹਾਰ ਦੇ ਸਮਝਾਈਆ । ਕਿਹੜਾ ਪੁਰਖ ਤੇ ਕਿਹੜੀ ਨਾਰ, ਕਿਹੜਾ ਨੂਰ ਲਵੇ ਪਰਨਾਈਆ । ਕਿਹੜਾ ਮੰਦਰ ਕਿਹੜਾ ਮੁਨਾਰ, ਕਿਸ ਮਹੱਲ ਲਏ ਟਿਕਾਈਆ । ਕਿਹੜਾ ਦਰ ਕਿਹੜਾ ਦਰਬਾਰ, ਕਿਸ ਗ੍ਰਿਹ ਵੱਜੇ ਵਧਾਈਆ । ਸਚ ਸਵਾਮੀ ਕਿਰਪਾ ਕਰ ਆਪ ਨਿਰੰਕਾਰ, ਨਿਰਵੈਰ ਦੇਣਾ ਸੁਣਾਈਆ । ਪੁਰਖ ਅਕਾਲ ਕਿਹਾ ਨੌਂ ਸੌ ਚੁਰਾਨਮੇਂ ਚੌਕੜੀ ਜੁਗ ਪਿਛੋਂ ਆਈ ਮੇਰੀ ਵਾਰ, ਵਾਰਤਾ ਦਿਆਂ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਸਾਹਿਬਾਨੋ ਮੇਰਿਆਂ ਭਗਤਾਂ ਤੋਂ ਜਾਓ ਬਲਿਹਾਰ, ਬਲਿਹਾਰੀ ਬਲਿਹਾਰ ਕਹਿ ਕੇ ਆਪਣੀ ਖ਼ੁਸ਼ੀ ਬਣਾਈਆ । ਜਿਨ੍ਹਾਂ ਨੂੰ ਚਾਰ ਜੁਗ ਦਾ ਵਿਛੜਿਆ ਮਿਲਿਆ ਯਾਰ, ਯਰਾਨਾ ਇਕ ਨਾਲ ਲਗਾਈਆ । ਇਕ ਦੀ ਬਣ ਗਏ ਸਾਰੇ ਨਾਰ, ਦੂਜਾ ਘਰ ਨਾ ਕੋਇ ਵਸਾਈਆ । ਸਾਰਿਆਂ ਨੇ ਬੋਲਿਆਂ ਇਕ ਜੈਕਾਰ, ਆਪਣੇ ਕਲਮੇ ਦੇਣੇ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਪੂਰਬ ਲਹਿਣਾ ਦੇਣਾ ਚੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤੋ ਪ੍ਰਭੂ ਤੁਹਾਡੇ ਗਾਉਂਦਾ ਗੀਤ, ਗੋਬਿੰਦ ਨਾਲ ਮਿਲਾਈਆ । ਅਸੀਂ ਮੰਦਰ ਛਡੇ ਛਡੀ ਮਸੀਤ, ਕਾਅਬਿਆਂ ਡੇਰਾ ਢਾਹੀਆ । ਹੁਕਮ ਮੰਨਿਆ ਤ੍ਰੈਗੁਣ ਅਤੀਤ, ਤ੍ਰੈਭਵਨ ਦਿਤਾ ਸੁਣਾਈਆ । ਜੋ ਤੁਹਾਨੂੰ ਕਰੇ ਬਖ਼ਸ਼ੀਸ਼, ਰਹਿਮਤ ਨਾਮ ਨਾਮ ਵਰਤਾਈਆ । ਉਹਦਾ ਆਦਿ ਤੋਂ ਇਕੋ ਕਲਮਾ ਇਕੋ ਹਦੀਸ, ਇਕੋ ਦਏ ਜਣਾਈਆ । ਸਭ ਦਾ ਇਕੋ ਦਰ ਤੇ ਝੁਕੇ ਸੀਸ, ਸੱਜਦਾ ਇਕੋ ਇਕ ਵਖਾਈਆ । ਤੁਹਾਡੀ ਸਾਡੀ ਸਾਂਝੀ ਹੋ ਗਈ ਰੀਤ, ਰੀਤ ਪ੍ਰਭ ਨੇ ਦਿਤੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਗੁਰ ਅਵਤਾਰ ਪੈਗ਼ੰਬਰ

੫੨੩ ੨੨

ਕਹਿਣ ਅਸਾਂ ਕਹਿਣਾ ਅੰਤ ਅਖ਼ੀਰੀ, ਆਖ਼ਰ ਦਈਏ ਜਣਾਈਆ । ਜਨ ਭਗਤੋ ਸਚ ਦਵਾਰ ਇਕੋ ਰੂਪ ਗ਼ਰੀਬੀ ਅਮੀਰੀ, ਜਿਥੇ ਅਮਰਾਪਦ ਮਿਲੇ ਵਡਿਆਈਆ । ਤੁਹਾਡੀ ਸਭ ਤੋਂ ਉਤਮ ਫ਼ਕੀਰੀ, ਜੋ ਫ਼ਿਕਰਾ ਸੋਹੰ ਢੋਲਾ ਰਹੇ ਗਾਈਆ । ਇਕੋ ਗ੍ਰਿਹ ਪਾਤਸ਼ਾਹ ਵਜ਼ੀਰੀ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਝਗੜਾ ਰਹੇ ਨਾ ਸ਼ਾਹ ਹਕੀਰੀ, ਹਕੀਕਤ ਦਾ ਪੜਦਾ ਦਿਤਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਵਿਚ ਸਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡੀ ਪੂਰਬ ਆਸ਼ਾ, ਆਸ਼ਾ ਵਿਚ ਰਖਾਈਆ । ਖੇਲ ਕਰੇ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਸੰਬਲ ਕਰੇ ਵਾਸਾ, ਸਚ ਦਵਾਰ ਇਕ ਨਿਰਗੁਣ ਨੂਰ ਹੋਵੇ ਪ੍ਰਕਾਸ਼ਾ, ਜੋਤੀ ਜਾਤਾ ਡਗਮਗਾਈਆ । ਜਨ ਭਗਤਾਂ ਦਏ ਭਰਵਾਸਾ, ਭਾਂਡਾ ਭਰਮ ਭਉ ਭੰਨਾਈਆ । ਸਾਚੇ ਮੰਡਲ ਪਾਵੇ ਰਾਸਾ, ਗੋਪੀ ਕਾਹਨ ਆਪਣਾ ਖੇਲ ਵਖਾਈਆ । ਲੇਖਾ ਜਾਣੇ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਫੋਲ ਫੁਲਾਈਆ । ਕਲਜੁਗ ਉਲਟਾਏ ਵਿਚ ਹਾਸਾ, ਹਸਤੀ ਸਭ ਦੀ ਦਏ ਮਿਟਾਈਆ । ਸਤਿਜੁਗ ਬਣਾ ਕੇ ਦਾਸੀ ਦਾਸਾ, ਸੇਵਕ ਸੇਵਾ ਇਕ ਦਰਸਾਈਆ । ਪੂਰਾ ਕਰ ਕੇ ਮੁਖ ਵਾਕਾ, ਗੁਰ ਅਵਤਾਰ ਪੈਗ਼ੰਬਰਾਂ ਭਵਿਖਤ ਦਏ ਭੁਗਤਾਈਆ । ਦੀਨ ਦੁਨੀ ਦਾ ਸਾਂਝਾ ਕਰ ਕੇ ਇਖ਼ਲਾਕਾ, ਇਕ ਇਕੱਲਾ ਰੰਗ ਰੰਗਾਈਆ । ਅੰਦਰ ਵੜ ਕੇ ਖੋਲ੍ਹੇ ਤਾਕਾ, ਬਜਰ ਕਪਾਟੀ ਪੜਦਾ ਦਏ ਉਠਾਈਆ । ਧੁਨ ਸ਼ਬਦ ਸੁਣਾਏ ਨਾਦਾ, ਨਾਦੀ ਨਾਦ ਵਜਾਈਆ । ਨਿਰਗੁਣ ਨੂਰ ਕਰੇ ਪ੍ਰਕਾਸ਼ਾ, ਨਿਰਗੁਣ ਨੂਰ ਡਗਮਗਾਈਆ । ਸਚ ਦਵਾਰੇ ਕਰ ਕੇ ਵਾਸਾ, ਵਾਸਤਾ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖਿਆ ਅਸਥਾਨ, ਥਨੰਤਰ ਮਿਲੇ ਵਡਿਆਈਆ । ਜਿਥੇ ਮੇਲਾ ਭਗਤ ਭਗਵਾਨ, ਭਗਵਨ ਰੰਗ ਰੰਗਾਈਆ । ਸੁਰਤੀ ਸ਼ਬਦ ਗੋਪੀ ਕਾਹਨ, ਸੀਤਾ ਰਾਮ ਸੁਰਤ ਸ਼ਬਦ ਵਿਚ ਸਮਾਈਆ । ਸਚ ਦਾ ਮਿਲੇ ਦਾਨ, ਦਾਤਾ ਦਾਨੀ ਝੋਲੀ ਦਏ ਭਰਾਈਆ । ਜਨ ਭਗਤੋ ਸੁਣ ਲਓ ਲਾ ਕੇ ਕਾਨ, ਪੜਦਾ ਅੰਦਰੋਂ ਦੇਣਾ ਉਠਾਈਆ । ਸੂਰਬੀਰ ਮਰਦ ਬਣੋ ਜਵਾਨ, ਆਪਣੀ ਆਪ ਲਓ ਅੰਗੜਾਈਆ । ਕਲਜੁਗ ਕੂੜੀ ਕਿਰਿਆ ਜਗਤ ਵੇਖੋ ਸ਼ੈਤਾਨ, ਸ਼ਰਅ ਕਰੇ ਲੜਾਈਆ । ਬਿਨਾ ਪ੍ਰਭ ਦੀ ਕਿਰਪਾ ਤੋਂ ਸਾਬਤ ਰਹਿਣਾ ਨਹੀਂ ਕਿਸੇ ਦਾ ਈਮਾਨ, ਅਮਲ ਛੱਡੇ ਜਗਤ ਲੋਕਾਈਆ । ਪ੍ਰਭ ਦਾ ਇਕੋ ਹੁਕਮ ਲੈਣਾ ਮਾਨ, ਮਨ ਮਨਸਾ ਦੇਣੀ ਗਵਾਈਆ । ਅਵਤਾਰ ਪੈਗ਼ੰਬਰ ਗੁਰੂ ਜਿਸ ਦਾ ਦੇ ਕੇ ਗਏ ਫ਼ਰਮਾਨ, ਫੁਰਨਿਆਂ ਵਿਚ ਸੁਣਾਈਆ । ਸੋ ਪਰਗਟ ਹੋਇਆ ਵਾਲੀ ਦੋ ਜਹਾਨ, ਨਿਰਗੁਣ ਸਰਗੁਣ ਆਪਣੀ ਖੇਲ ਵਖਾਈਆ । ਉਸ ਨੇ ਭਗਤਾਂ ਦੀ ਕੀਤੀ ਪਹਿਚਾਨ, ਬੇਪਹਿਚਾਨ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਹਿੱਸਾ ਸਭ ਦਾ ਝੋਲੀ ਪਾਈਆ ।

### ੨ ਹਾੜ ਸ਼ਹਿਨਸ਼ਾਹੀ ਸੰਮਤ ੬ ਪਿਆਰੀ, ਹਜ਼ਾਰਾ ਸਿੰਘ ਦੀ ਲੜਕੀ ਦੀ ਸ਼ਾਦੀ ਸਮੇਂ ਹਰਿ ਭਗਤ ਦਵਾਰ ਜੇਠੂਵਾਲ

ਪਰਵਰਦਿਗਾਰ ਕਹੇ ਮੇਰਾ ਖੇਲ ਨਿਰਾਲਾ, ਖ਼ਲਕ ਸਮਝ ਕੋਇ ਨਾ ਆਈਆ । ਨਿਤ ਨਵਿਤ ਅਵੱਲੜੀ ਚਾਲਾ, ਜੁਗ ਚੌਕੜੀ ਵੇਸ ਵਟਾਈਆ ।

ਸਿਫ਼ਤੀ ਦੱਸ ਕੇ ਨਾਮ ਸੁਖਾਲਾ, ਜਗਤ ਮਾਰਗ ਇਕ ਉਪਜਾਈਆ । ਧੁਰ ਦੇ ਨਾਮ ਦੀ ਦੇ ਕੇ ਮਾਲਾ, ਮਨ ਮਨਕਾ ਜਗਤ ਭਵਾਈਆ । ਕਲਜੁਗ ਅੰਤ ਦ੍ਰਿੜਾ ਸੱਚੀ ਧਰਮਸਾਲਾ, ਸਚਖੰਡ ਇਕ ਦਰਸਾਈਆ । ਜਿਥੇ ਭਗਤ ਭਗਵਾਨ ਰਹੇ ਖ਼ੁਸ਼ਹਾਲਾ, ਖ਼ੁਸ਼ੀ ਖ਼ੁਸ਼ੀ ਨਾਲ ਮਿਲਾਈਆ । ਸ਼ਬਦੀ ਸੁਤ ਦੁਲਾਰਾ ਹੋਵੇ ਲਾਲਾ, ਲਾਲਨ ਇਕੋ ਸੋਭਾ ਪਾਈਆ । ਜਿਸ ਦਾ ਦੀਪਕ ਹੋਵੇ ਬਾਲਾ, ਨਿਰਗੁਣ ਨੂਰ ਡਗਮਗਾਈਆ । ਉਸ ਦਾ ਦੇ ਕੇ ਅੰਤ ਅਹਿਵਾਲਾ, ਹਾਲਤ ਅਗਲੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਪਰਵਰਦਿਗਾਰ ਕਹੇ ਮੈਨੂੰ ਸਾਰੇ ਕਹਿੰਦੇ ਆਮੀਨ, ਅਮਨ ਵਿਚ ਸੀਸ ਨਿਵਾਈਆ । ਮੇਰੀ ਸਿਖਿਆ ਲਏ ਤਾਲੀਮ, ਹਰਫ਼ ਹਰੂਫ਼ ਜਗਤ ਪੜ੍ਹਾਈਆ । ਨੂਰੀ ਅਲਾਹ ਕਰ ਤਸਲੀਮ, ਤਸਬੀ ਮਾਲਾ ਸਿਫ਼ਤ ਸਾਲਾਹੀਆ । ਲੇਖਾ ਵੇਖਣ ਬਾਹਰ ਨਰ ਮਦੀਨ, ਨਰ ਨਰਾਇਣ ਨਜ਼ਰੀ ਆਈਆ । ਮਾਲਕ ਇਕ ਕਦੀਮ, ਕੁਦਰਤ ਦਾ ਕਰਤਾ ਡਗਮਗਾਈਆ । ਪੈਗ਼ੰਬਰਾਂ ਦੇ ਕੇ ਆਇਆ ਯਕੀਨ, ਪਰਗਟ ਹੋਏ ਅਮਾਮ ਅਮਾਮਾ ਸਹਿਜ ਸੁਖਦਾਈਆ । ਜਿਸ ਨੂੰ ਸਾਰੇ ਕਰਨ ਤਸਲੀਮ, ਸਿਰ ਸਕੇ ਨਾ ਕੋਇ ਉਠਾਈਆ । ਕਰਤਾ ਬਣ ਰਹੀਮ, ਰਹਿਮਤ ਆਪ ਕਮਾਈਆ । ਖੇਲ ਖੇਲੇ ਉਤੇ ਜ਼ਮੀਨ, ਅਸਮਾਨਾਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪੜਦਾ ਲਾਹੀਆ । ਪਰਵਰਦਿਗਾਰ ਕਹੇ ਮੇਰਾ ਲੇਖਾ ਅਗੰਮ ਅਮਾਮ, ਅਮਲ ਨਜ਼ਰ ਕੋਇ ਨਾ ਆਈਆ । ਮੈਨੂੰ ਝੁਕ ਝੁਕ ਸੱਜਦੇ ਕਰਨ ਸਲਾਮ, ਨਿਉਂ ਨਿਉਂ ਲਾਗਣ ਪਾਈਆ । ਕਲਮਾ ਪੜ੍ਹਦੇ ਨਾਮ, ਸਿਫ਼ਤਾਂ ਵਿਚ ਸਾਲਾਹੀਆ । ਜੁਗ ਚੌਕੜੀ ਬੀਤੇ ਵਿਚ ਜਹਾਨ, ਆਪਣਾ ਪੰਧ ਮੁਕਾਈਆ । ਸਦੀ ਚੌਧਵੀਂ ਹੋਈ ਸ਼ਰਅ ਸ਼ੈਤਾਨ, ਸ਼ਰੀਅਤ ਵਿਚ ਕੁਰਲਾਈਆ । ਧੁਰ ਸੰਦੇਸ਼ਾ ਸੁਣੇ ਨਾ ਕੋਇ ਕਾਨ, ਅੰਤਰ ਅਗੰਮ ਨਾ ਕੋਇ ਪੜ੍ਹਾਈਆ । ਚਾਰੋਂ ਕੁੰਟ ਦਿਸੇ ਹਰਾਮ, ਹੈਰਤ ਵਿਚ ਦੁਹਾਈਆ । ਨਵ ਨੌਂ ਚਾਰ ਦਿਸੇ ਸ਼ਾਮ, ਸ਼ਮਾਂ ਦੀਪ ਨਾ ਕੋਇ ਜਲਾਈਆ । ਪੈਗ਼ੰਬਰ ਹੋਏ ਬਦਨਾਮ, ਬਦੀ ਦਾ ਡੇਰਾ ਕੋਇ ਨਾ ਢਾਹੀਆ । ਸਭ ਦਾ ਵਕਤ ਪਹੁੰਚਿਆ ਆਣ, ਸਦੀ ਚੌਧਵੀਂ ਅੱਖ ਉਠਾਈਆ । ਸ਼ਰਅ ਦੇ ਜ਼ੰਜੀਰ ਕਟ ਰਹੇ ਨਾ ਕੋਇ ਗ਼ੁਲਾਮ, ਪੈਗ਼ੰਬਰ ਦੇਣ ਦੁਹਾਈਆ । ਤੇਰਾ ਤੇਰੇ ਕੋਲ ਹੋਵੇ ਇੰਤਜ਼ਾਮ, ਬੰਦੋਬਸਤ ਤੇਰੇ ਹੱਥ ਫੜਾਈਆ । ਅਸੀਂ ਬਾਲੇ ਨੱਢੇ ਅੰਞਾਣ, ਦੋ ਜਹਾਨ ਸਾਰ ਨਾ ਪਾਈਆ । ਗਾ ਕੇ ਸਿਫ਼ਤਾਂ ਵਾਲੇ ਗਾਣ, ਆਪਣਾ ਝੱਟ ਲੰਘਾਈਆ । ਹੁਣ ਨਿਉਂ ਨਿਉਂ ਕਰੀਏ ਸਲਾਮ, ਸੱਜਦਾ ਸੀਸ ਝੁਕਾਈਆ । ਸਾਡਾ ਝਗੜਾ ਮੇਟ ਤਮਾਮ, ਤਮਾਂ ਦਾ ਲੇਖਾ ਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਪਰਵਰਦਿਗਾਰ ਪੈਗ਼ੰਬਰ ਤੇਰੇ ਮਤੀਹ, ਮੁਤਲਾ ਕਲਮਾ ਨਾਮ ਕਰਾਈਆ । ਰੋ ਕੇ ਕਹੇ ਮਸੀਹ, ਮਸਲਾ ਤੇਰੇ ਹੱਥ ਫੜਾਈਆ । ਤੇਰਾ ਖੇਲ ਵਸੀਹ, ਸਮਝੇ ਕੋਇ ਨਾ ਰਾਈਆ । ਤੂੰ ਆਦਿ ਅੰਤ ਦਾ ਤਬੀਅ, ਤਬੀਅਤ ਸਭ ਦੀ ਦੇ ਬਦਲਾਈਆ । ਦੋ ਜਹਾਨ ਤੇਰੀ ਫਸਲ ਖਰੀਫ ਰਬੀ, ਰਬੀਉਲ ਤੇਰੇ ਹੱਥ ਵਡਿਆਈਆ । ਸੱਜਦੇ ਕਰਦੇ ਸਾਰੇ ਨਬੀ, ਰਸੂਲ ਸੀਸ ਝੁਕਾਈਆ । ਹੁਕਮ ਸੁਣਾ ਦੇ ਯਦੀ, ਯਕ ਇਕ ਦ੍ਰਿੜਾਈਆ । ਵੇਖ ਚੌਧਵੀਂ ਸਦੀ, ਸਦਮੇ ਵਿਚ ਦੁਹਾਈਆ । ਮੁੱਲਾ ਸ਼ੇਖ਼ ਮੁਸਾਇਕ ਕਰਨ ਬਦੀ, ਬਦਨ ਦਾ ਝਗੜਾ ਰਹੇ ਪਾਈਆ । ਤੇਰੇ ਨਾਮ ਦੀ ਲੈਂਦੇ ਵੱਢੀ, ਕਲਮੇ ਹੱਟੋ ਹੱਟ ਵਿਕਾਈਆ । ਅੱਗੇ ਰਹਿਣ ਨਾ ਦੇਣੀਂ ਕਿਸੇ ਦੀ ਗੱਦੀ, ਗਦਾਗਰ ਦੇ ਬਣਾਈਆ ਤੇਰਾ ਹੁਕਮ ਵਹਿਣ ਜਿਸ ਨੂੰ ਕਹਿੰਦੇ ਨੂਹ ਨਦੀ, ਜਗਤ

ਅੱਖਰਾਂ ਸਾਰ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਦੇਣਾ ਸੁਣਾਈਆ । ਪੈਗ਼ੰਬਰ ਕਹਿਣ ਸਾਡੇ ਮੌਲਾ ਮੌਲਾਨ, ਮੁਸ਼ਕਲ ਹੱਲ ਕਰਾਈਆ । ਕਰ ਦੇ ਇਕ ਐਲਾਨ, ਐਲਾਨੀਆ ਦੇ ਜਣਾਈਆ । ਤੇਰੇ ਕਦਮਾਂ ਰੱਖੀ ਅੰਜੀਲ ਕੁਰਾਨ, ਤੁਰਾਇਤ ਤੁਰਤ ਅੱਗੇ ਟਿਕਾਈਆ । ਜਗਤ ਛੱਡਿਆ ਈਮਾਨ, ਭਰੋਸਾ ਤੇਰੇ ਨਾਲ ਰਖਾਈਆ । ਤੇਰਾ ਨਾਮ ਸਿਫ਼ਤ ਇਸਲਾਮ, ਸਾਹਿਬ ਸੁਲਤਾਨ ਤੇਰੀ ਸਰਨਾਈਆ । ਤੇਰੀ ਇਕੋ ਹੋਵੇ ਕਲਾਮ, ਕਲਮਾ ਗਾਈਏ ਚਾਈਂ ਚਾਈਂਆ । ਸ਼ਰਅ ਦਾ ਰਹੇ ਨਾ ਕੋਇ ਗ਼ੁਲਾਮ, ਗ਼ੁਰਬਤ ਅੰਦਰੋਂ ਦੇਣੀ ਕਢਾਈਆ । ਤੂੰ ਖ਼ਾਵੰਦ ਇਕ ਅਮਾਮ, ਖ਼ਸਮਾਨਾ ਬੇਪਰਵਾਹੀਆ । ਤੇਰਾ ਤਾਰਾ ਚੰਦ ਨਿਸ਼ਾਨ, ਤੇਰੀ ਝੋਲੀ ਵਿਚ ਟਿਕਾਈਆ । ਤੂੰ ਸਭ ਨੂੰ ਕਰ ਪਰਵਾਨ, ਮਿਹਰ ਨਜ਼ਰ ਉਠਾਈਆ । ਸਭ ਕੁਛ ਕੀਤਾ ਦਾਨ, ਤੇਰੇ ਕਦਮਾਂ ਵਿਚ ਰਖਾਈਆ । ਸਾਡਾ ਨੂਰ ਜ਼ਹੂਰ ਤੇਰੀ ਧੁਰ ਦੀ ਬੇਗਮ ਨੌਜਵਾਨ, ਨੂਰ ਨੁਰਾਨੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਵੇਖ ਜ਼ਿਮੀ ਅਸਮਾਨ, ਇਸਮ ਆਪਣਾ ਇਕ ਦਰਸਾਈਆ । ਪੈਗ਼ੰਬਰ ਕਹਿਣ ਤੇਰੇ ਕਦਮਾਂ ਹੋਵੇ ਕਦਮਬੋਸੀ, ਸੱਜਦਾ ਸੀਸ ਝੁਕਾਈਆ । ਤੇਰਾ ਕੀਤਾ ਸਭ ਕਿਛ ਹੋਸੀ, ਹਸਨ ਹੁਸੈਨ ਰੋ ਕੇ ਗਏ ਸੁਣਾਈਆ । ਸ਼ਾਹ ਅਲੀ ਬੈਠ ਕੇ ਗੋਦੀ, ਕੀਤੀ ਇਕ ਦੁਆਈਆ । ਜਿਸ ਵੇਲੇ ਧਾਰ ਬਦਲ ਗਈ ਵੇਦੀ ਸੋਢੀ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਉਸ ਵੇਲੇ ਫਲ ਰਹਿਣਾ ਨਹੀਂ ਉਮਤ ਦੀ ਡੋਡੀ, ਡੂੰਗਰ ਆਪਣੀ ਕਾਰ ਕਮਾਈਆ । ਝਗੜਾ ਮੁਕਾਉਣਾ ਜੰਬੂ ਬੋਦੀ, ਬੁੱਧੀ ਤੋਂ ਪਰੇ ਬੋਧ ਦਏ ਸਮਝਾਈਆ । ਮਜ਼੍ਹਬ ਦਾ ਰਹੇ ਕੋਇ ਨਾ ਰੋਗੀ, ਰਘੁਪਤ ਇਕੋ ਨਜ਼ਰੀ ਆਈਆ । ਭੇਸ ਦਾ ਦਿਸੇ ਕੋਇ ਨਾ ਜੋਗੀ, ਜੁਗਤ ਇਕੋ ਇਕ ਸਮਝਾਈਆ । ਮਾਇਆ ਦਾ ਰਹੇ ਕੋਇ ਨਾ ਲੋਭੀ, ਮਮਤਾ ਸਾਧ ਨਾ ਕੋਇ ਚਤੁਰਾਈਆ । ਪ੍ਰਭ ਕਰੇ ਖੇਲ ਅਨੋਖੀ, ਨਿਰਵੈਰ ਵੇਸ ਵਟਾਈਆ । ਪੜ੍ਹਨੀ ਪਏ ਕੋਇ ਨਾ ਪੋਥੀ, ਪੁਸਤਕ ਝਗੜਾ ਦੇ ਚੁਕਾਈਆ । ਇਕੋ ਨਾਮ ਸੁਣਾ ਸਲੋਕੀ, ਸੋਹਲਾ ਧੁਰ ਦਾ ਇਕ ਉਪਜਾਈਆ । ਚਰਨਾਂ ਹੇਠ ਦਬਾ ਕੇ ਤ੍ਰੈਲੋਕੀ, ਤ੍ਰੈਗੁਣ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਪੈਗ਼ੰਬਰ ਕਹਿਣ ਪਰਵਰਦਿਗਾਰ ਸਾਡਾ ਬਣਨਾ ਖ਼ਸਮ, ਮਾਲਕ ਧੁਰਦਰਗਾਹੀਆ । ਮਕਬਰਿਆਂ ਵਿਚੋਂ ਜਿਸ ਲੇਖੇ ਲਾਉਣੀ ਭਸਮ, ਭਸਮੜ ਆਪਣਾ ਰੰਗ ਰੰਗਾਈਆ । ਜਿਸ ਦੀ ਖਾ ਕੇ ਆਏ ਕਸਮ, ਕਿਸਮ ਸਭ ਦੀ ਵੇਖ ਵਖਾਈਆ । ਝਗੜਾ ਰਹਿਣ ਨਹੀਂ ਦੇਣਾ ਜਿਸਮ, ਜਿਸਮ ਜ਼ਮੀਰ ਦਏ ਬਦਲਾਈਆ । ਆਪਣਾ ਇਕੋ ਦੱਸੇ ਇਸਮ, ਇਸਮ ਆਜ਼ਮ ਨੂਰ ਇਲਾਹੀਆ । ਸੂਫ਼ੀ ਓਸੇ ਦਾ ਰੂਪ ਦਿਸਣ, ਚਾਰੋਂ ਕੁੰਟ ਸੋਭਾ ਪਾਈਆ । ਸਾਡੀ ਆਸਾ ਪੂਰੀ ਕਰੇ ਇੱਛਨ, ਨਿਰਇੱਛਤ ਦਇਆ ਕਮਾਈਆ । ਧੁਰ ਕਲਮੇ ਦੀ ਪਾ ਕੇ ਭਿੱਛਨ, ਭਿੱਖਕ ਝੋਲੀ ਦੇ ਭਰਾਈਆ । ਉਸ ਦਾ ਲੇਖਾ ਭਗਤ ਲਿਖਾਰੀ ਲਿਖਣ, ਲਿਖ ਲਿਖ ਲੇਖ ਬਣਾਈਆ । ਜਿਸ ਵੇਲੇ ਕਲਜੁਗ ਆਇਆ ਮਿਟਣ, ਮਿੱਟੀ ਘੱਟੇ ਵਿਚ ਉਡਾਈਆ । ਅਵਤਾਰ ਗੁਰੂ ਸਭ ਆਪਣਾ ਪਿਛਲਾ ਲੇਖਾ ਸਿੱਟਣ, ਅੱਗੇ ਕੰਧ ਨਾ ਕੋਈ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲੇਖਾ ਦੱਸ ਦੇ ਮਿਥਨ, ਥਿਰ ਇਕੋ ਇਕ ਆਪ ਅਖਵਾਈਆ ।

✪ ੨ ਹਾੜ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ✪

ਸਤਿਗੁਰ ਸ਼ਬਦ ਹੋਏ ਕਲਧਾਰੀ, ਕਲ ਕਲਕੀ ਕਾਰ ਕਮਾਈਆ । ਭੂਤ ਭਵਿਖਤ ਪਾਵੇ ਸਾਰੀ, ਭੇਵ ਅਭੇਦ ਆਪ ਖੁਲ੍ਹਾਈਆ । ਜਾਗਰਤ ਜੋਤ ਕਰੇ ਉਜਿਆਰੀ, ਅੰਧ ਅੰਧੇਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਖੇਲ ਵਖਾਈਆ । ਸਤਿਗੁਰ ਸ਼ਬਦ ਸ਼ਬਦ ਬਹੁਰੰਗਾ, ਅਨਰੰਗਤ ਰੰਗ ਵਖਾਈਆ । ਧੁਰ ਦੀ ਧਾਰ ਬਣ ਸੂਰਾ ਸਰਬੰਗਾ, ਸਚ ਆਪਣਾ ਡੰਕ ਵਜਾਈਆ । ਦੀਨ ਦਿਆਲ ਹੋ ਬਖ਼ਸ਼ੰਦਾ, ਬਖ਼ਸ਼ਿਸ਼ ਰਹਿਮਤ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਅਨੰਦਾ, ਅਨੰਦ ਆਪਣਾ ਇਕ ਪਰਗਟਾਈਆ । ਸਤਿਗੁਰ ਸ਼ਬਦ ਸ਼ਬਦ ਬਹੁਭਾਂਤੀ, ਭਰਮ ਵਿਚ ਨਾ ਆਈਆ । ਉਤਮ ਸ੍ਰੇਸ਼ਟ ਨਿਰਵੈਰ ਜ਼ਾਤੀ, ਨਿਰਾਕਾਰ ਦਰਸਾਈਆ । ਆਦਿ ਅੰਤ ਦਾ ਬਣ ਸਾਥੀ, ਨਿਤ ਨਵਿਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰਾਹ ਚਲਾਈਆ । ਸਤਿਗੁਰ ਸ਼ਬਦ ਸ਼ਬਦ ਸ਼ਬਦ ਗੁਰ ਸਾਚਾ, ਸਚ ਦੇਵੇ ਵਡਿਆਈਆ । ਲਹਿਣਾ ਚੁਕਾ ਕੇ ਜੀਉ ਪਿੰਡ ਕਾਚਾ, ਕੰਚਨ ਗੜ੍ਹ ਇਕ ਸੁਹਾਈਆ । ਜਿਸ ਅਵਤਾਰ ਪੈਗ਼ੰਬਰ ਗੁਰੂ ਵੇਖਿਆ ਤਮਾਸ਼ਾ, ਨਿਰਗੁਣ ਸਰਗੁਣ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਆਪਣਾ ਹੁਕਮ ਸੁਣਾਈਆ । ਸਤਿਗੁਰ ਸ਼ਬਦ ਕਹੇ ਮੇਰਾ ਭੇਵ ਨਿਰਾਲਾ, ਗੋਝ ਸਮਝ ਕਿਸੇ ਨਾ ਆਈਆ । ਜੁਗ ਚੌਕੜੀ ਅਵੱਲੜੀ ਚਾਲਾ, ਨਿਰਗੁਣ ਸਰਗੁਣ ਵੇਸ ਵਟਾਈਆ । ਨਾਮ ਮਾਰਗ ਜਗਤ ਸੁਖਾਲਾ, ਸਿਖਿਆ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਹ ਸਾਚੀ ਬੈਠ ਸੱਚੀ ਧਰਮਸਾਲਾ, ਧਰਮ ਦਵਾਰ ਇਕ ਵਡਿਆਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਸਦਾ ਵਿਵਹਾਰੀ, ਵਿਵਹਾਰ ਵਿਚ ਵਡਿਆਈਆ । ਮੇਰਾ ਮੇਲ ਨੂਰ ਨਿਰੰਕਾਰੀ, ਜੋਤ ਜੋਤ ਸੰਗ ਰਖਾਈਆ । ਮੇਰੀ ਕਾਰ ਸਦਾ ਜੁਗ ਚਾਰੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਨਾਮ ਇਕ ਸਮਝਾਈਆ । ਸਤਿਗੁਰ ਸ਼ਬਦ ਕਹੇ ਮੈਂ ਸਾਚਾ ਰਾਮ ਰਾਮਾ, ਰਾਮ ਮੇਰੀ ਚਤੁਰਾਈਆ । ਸਤਿਗੁਰ ਸ਼ਬਦ ਕਹੇ ਮੈਂ ਸਾਚਾ ਧੁਰ ਦਾ ਕਾਹਨਾ, ਕਾਹਨ ਕਾਹਨ ਰੁਸ਼ਨਾਈਆ । ਸਤਿਗੁਰ ਸ਼ਬਦ ਕਹੇ ਮੈਂ ਧੁਰ ਦਾ ਇਕ ਅਮਾਮਾ, ਅਮਲਾਂ ਤੋਂ ਬਾਹਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਜਾਉਣਹਾਰਾ ਇਕ ਦਮਾਮਾ, ਦੋ ਜਹਾਨਾਂ ਆਪ ਸੁਣਾਈਆ । ਸਤਿਗੁਰ ਸ਼ਬਦ ਕਹੇ ਮੇਰਾ ਡੌਰੂ ਡੰਕਾ, ਜਗਹ ਜਗਹ ਸ਼ਨਵਾਈਆ । ਸੁਹਾਵੇ ਇਕ ਬੰਕਾ, ਗ੍ਰਿਹਿ ਮੰਦਰ ਵੱਜੇ ਵਧਾਈਆ । ਉਠਾਵੇ ਰਾਓ ਰੰਕਾ, ਸ਼ਾਹ ਫਕੀਰਾਂ ਆਪ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਖੁਲ੍ਹਾਏ ਧੁਰ ਦੇ ਸੰਤਾ, ਸਤਿ ਆਪਣਾ ਆਪ ਜਣਾਈਆ । ਸਤਿਗੁਰ ਸ਼ਬਦ ਕਹੇ ਮੈਂ ਸ਼ਹਿਨਸ਼ਾਹ ਸਿਕਦਾਰੀ, ਪਾਤਸ਼ਾਹ ਅਖਵਾਈਆ । ਲੱਖ ਚੁਰਾਸੀ ਮੇਰੀ ਪਿਆਰੀ, ਪੀਆ ਪ੍ਰੀਤਮ ਹੋ ਕੇ ਵੇਖ ਵਖਾਈਆ । ਅਵਤਾਰ ਪੈਗ਼ੰਬਰ ਗੁਰੂ ਮੇਰੀ ਨਾਰੀ, ਨਰ ਨਰਾਇਣ ਹੋ ਕੇ ਆਪ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਫ਼ਰਮਾਨ ਦੇਵੇ ਸਰਕਾਰੀ, ਸਾਰ ਸ਼ਬਦ ਸ਼ਬਦ ਸ਼ਨਵਾਈਆ ।

## ✪ ੩ ਹਾੜ ਸ਼ਹਿਨਸ਼ਾਹੀ ਸੰਮਤ ੬ ਗੁਰਮੁਖ ਸਿੰਘ ਦੇ ਗ੍ਰਿਹ ਭਲਾਈ ਪੁਰ ਡੋਗਰਾਂ ✪



ਸਤਿਗੁਰ ਸ਼ਬਦ ਕਹੇ ਮੈਂ ਵੇਖਿਆ ਜਗਤ ਜਹਾਨ, ਗੁਰ ਅਵਤਾਰ ਪੈਗ਼ੰਬਰੋ ਖੋਜ ਖੁਜਾਈਆ । ਸਤਿ ਧਰਮ ਨਾ ਮਿਲੇ ਨਿਸ਼ਾਨ, ਸਚ ਵਿਚ ਨਾ ਕੋਇ ਸਮਾਈਆ । ਆਤਮ ਦਾ ਰਿਹਾ ਨਾ ਕੋਇ ਗਿਆਨ, ਪਰਮਾਤਮ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖੀ ਦੀਨ ਦੁਨੀ ਦੀ ਧਾਰ, ਗੁਰ ਅਵਤਾਰ ਪੈਗ਼ੰਬਰੋ ਖੋਜ ਖੁਜਾਈਆ । ਸਾਚਾ ਦਿਸੇ ਨਾ ਕੋਇ ਮੀਤ ਮੁਰਾਰ, ਮਿੱਤਰ ਪਿਆਰਾ ਸੰਗ ਨਾ ਕੋਇ ਰਖਾਈਆ । ਪਤਿ ਪਤਵੰਤ ਦਿਸੇ ਨਾ ਕੋਇ ਨਾਰ, ਨਰ ਨਰਾਇਣ ਨਾ ਕੋਇ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਦੀਨ ਮਜ਼੍ਹਬ ਦੀ ਧਾਰ ਤਕੀ, ਤਕਵਾ ਹੱਥ ਨਾ ਕੋਇ ਰਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋ ਗਈ ਸ਼ੱਕੀ, ਸ਼ਿਕਵਾ ਅੰਦਰੋਂ ਨਾ ਕੋਇ ਗਵਾਈਆ । ਪ੍ਰਭ ਮਿਲੇ ਕਿਸੇ ਨਾ ਹੱਕੀ, ਹਕੀਕਤ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸੁਲਤਾਨ ਧੁਰ ਸਮਰਥੀ, ਸਮਰਥ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਿਆ ਜਗਤ ਖੇਲ, ਗੁਰ ਅਵਤਾਰ ਪੈਗ਼ੰਬਰੋ ਖੋਜ ਖੁਜਾਈਆ । ਆਤਮ ਪਰਮਾਤਮ ਕਰੇ ਕੋਇ ਨਾ ਮੇਲ, ਮਿਲਣੀ ਜਗਦੀਸ਼ ਨਾ ਕੋਇ ਕਰਾਈਆ । ਧਰਮ ਦਾ ਰਿਹਾ ਨਾ ਕੋਇ ਸੁਹੇਲ, ਸੱਜਣ ਮੀਤ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖੀ ਜਗਤ ਜਗਤ ਦੀ ਕਾਰ, ਕਰਨੀ ਕਰਤਾ ਹੋ ਕੇ ਧਿਆਨ ਲਗਾਈਆ । ਸਾਚਾ ਸੋਹੇ ਨਾ ਕੋਇ ਦਵਾਰ, ਸਾਢੇ ਤਿੰਨ ਹੱਥ ਨਾ ਕੋਇ ਚਤੁਰਾਈਆ । ਚਾਰੋਂ ਕੁੰਟ ਧੂੰਆਂਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਿਆ ਦੀਨ ਦੁਨੀ ਦਾ ਕੰਮ, ਗੁਰ ਅਵਤਾਰ ਪੈਗ਼ੰਬਰੋ ਵੇਖ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਗ਼ਮ, ਗ਼ਮਖ਼ਾਰ ਯਾਰ ਨਾ ਕੋਇ ਮਿਲਾਈਆ । ਝਗੜਾ ਵੇਖ ਕੇ ਕਾਇਆ ਮਾਟੀ ਚੰਮ, ਚਾਰ ਕੁੰਟ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਦਾ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਮੈਂ ਤੱਕਿਆ ਦੀਨ ਦੁਨੀ ਦਾ ਰਾਹ, ਗੁਰ ਅਵਤਾਰ ਪੈਗ਼ੰਬਰ ਪੜਦਾ ਆਪ ਉਠਾਈਆ । ਸਾਚਾ ਦਿਸੇ ਨਾ ਕੋਇ ਮਲਾਹ, ਚਾਰ ਵਰਨ ਕੰਧ ਨਾ ਕੋਇ ਉਠਾਈਆ । ਸੀਸ ਜਗਦੀਸ ਸਕੇ ਨਾ ਕੋਇ ਝੁਕਾ, ਚਰਨ ਧੂੜ ਖ਼ਾਕ ਨਾ ਕੋਇ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਕਹੇ ਮੈਂ ਤਕੀ ਦੀਨ ਮਜ਼੍ਹਬ ਵਾਲੀ ਕਰਨੀ, ਅੰਦਰ ਵੜ ਕੇ ਫੋਲ ਫੁਲਾਈਆ । ਝਗੜਾ ਮੇਟੇ ਕੋਇ ਨਾ ਵਰਨੀ ਬਰਨੀ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕ ਰੰਗ ਨਾ ਕੋਇ ਰੰਗਾਈਆ । ਨੇਤਰ ਲੋਚਨ ਨੈਣ ਅੱਖ ਖੋਲ੍ਹੇ ਨਾ ਹਰਨੀ ਫਰਨੀ, ਜੋਤ ਨੂਰ ਪ੍ਰਭ ਦਾ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਪਰਦਾ ਆਪ ਉਠਾਈਆ । ਸਤਿਗੁਰ ਸ਼ਬਦ ਕਹੇ ਮੈਂ ਤਕੇ

ਮਹੱਲ ਮੁਨਾਰੇ, ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਫੋਲ ਫੁਲਾਈਆ । ਸਤਿ ਧਰਮ ਦੇ ਵੱਜਣ ਨਾ ਮੂਲ ਨਗਾਰੇ, ਨੌਬਤ ਨਾਮ ਨਾ ਕੋਇ ਸ਼ਨਵਾਈਆ । ਚਾਰੋਂ ਕੁੰਟ ਧੂੰਆਂਧਾਰੇ, ਨੂਰੀ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਜਨ ਭਗਤਾਂ ਪਾਏ ਕੋਇ ਨਾ ਸਾਰੇ, ਸਰਨਗਤ ਵਿਚ ਸਰਨ ਨਾ ਕੋਇ ਰਖਾਈਆ ।

## ✪ ੪ ਹਾੜ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ✪

ਸਤਿਗੁਰ ਸ਼ਬਦ ਕਹੇ ਪ੍ਰਭ ਕਰੇ ਖੇਲ ਅਪਾਰਾ, ਅਪ ਵਾਏ ਤੇਜ ਪ੍ਰਿਥਮੀ ਆਕਾਸ਼ ਖੋਜ ਖੁਜਾਈਆ । ਨਿਰਗੁਣ ਸਰਗੁਣ ਪਾਵੇ ਸਾਰਾ, ਤਨ ਵਜੂਦ ਮਾਟੀ ਖ਼ਾਕ ਫੋਲ ਫੁਲਾਈਆ । ਆਤਮ ਪਰਮਾਤਮ ਵੇਖੇ ਵੇਖਣਹਾਰਾ, ਪਾਰਬ੍ਰਹਮ ਬ੍ਰਹਮ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਘਰ ਇਕ ਸੁਹਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਪੜਦਾ ਚੁੱਕੇ ਓਹਲਾ, ਨਿਰਗੁਣ ਨਿਰਵੈਰ ਲਏ ਅੰਗੜਾਈਆ । ਧੁਰ ਦਾ ਨਾਮ ਦਏ ਅਨਮੋਲਾ, ਅਨਮੁਲੜੀ ਵਸਤ ਆਪ ਵਰਤਾਈਆ । ਤੂੰ ਮੇਰਾ ਮੈਂ ਤੇਰਾ ਦੱਸੇ ਢੋਲਾ, ਸੋਹੰ ਸ਼ਬਦ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਆਦਿ ਕਰਨੀ ਕਰਤਾ, ਕਰਨਹਾਰ ਅਖਵਾਈਆ । ਭੇਵ ਖੋਲ੍ਹੇ ਸਾਚੇ ਘਰ ਦਾ, ਦਰਗਹ ਸਚ ਸਚ ਦਰਸਾਈਆ । ਜਿਥੇ ਨੂਰ ਨਰਾਇਣ ਨਰ ਦਾ, ਬਿਨ ਤੇਲ ਬਾਤੀ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਦਾ ਖੇਲ ਕਾਇਆ ਅੰਦਰ, ਬਜਰ ਕਪਾਟੀ ਗ੍ਰਹਿ ਇਕੋ ਇਕ ਸੁਹਾਈਆ । ਕਰ ਪ੍ਰਕਾਸ਼ ਡੂੰਘੀ ਕੰਦਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਬਜਰ ਕਪਾਟੀ ਤੋੜੇ ਜੰਦਰ, ਦੂਈ ਦਵੈਤੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਦਾ ਖੇਲ ਤਨ ਸ਼ਰੀਰ, ਕਾਇਆ ਮਾਟੀ ਵੱਜੇ ਵਧਾਈਆ । ਅੰਮ੍ਰਿਤ ਰਸ ਬਖ਼ਸ਼ੇ ਨੀਰ, ਨਿਝਰ ਝਿਰਨਾ ਅਗੰਮ ਝਿਰਾਈਆ । ਅੰਤਰ ਬਦਲ ਦੇਵੇ ਜ਼ਮੀਰ, ਜ਼ੇਰ ਜ਼ਬਰ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਮਸਤਕ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਦਾ ਖੇਲ ਕਾਇਆ ਗੜ੍ਹ, ਬੰਕ ਦਵਾਰ ਇਕ ਸੁਹਾਈਆ । ਜਿਸ ਮੰਦਰ ਜਾਏ ਚੜ੍ਹ, ਦਰ ਦਵਾਰ ਸੋਭਾ ਪਾਈਆ । ਹਉਮੇਂ ਤੋੜ ਹੰਕਾਰੀ ਗੜ੍ਹ, ਭੇਵ ਅਭੇਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਦਾ ਖੇਲ ਕਾਇਆ ਭੀਤ, ਭੀਤਰ ਆਪ ਜਣਾਈਆ । ਸਾਚਾ ਕਾਅਬਾ ਦੱਸ ਮਸੀਤ, ਮੰਦਰ ਸਾਢੇ ਤਿੰਨ ਹੱਥ ਵਡਿਆਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗੀਤ, ਗੋਬਿੰਦ ਸ਼ਬਦ ਨਾਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਮਾਲਕ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਕਾਇਆ ਮੰਦਰ ਅਗੰਮ ਅਸਥਾਨ, ਅਬਿਨਾਸ਼ੀ

ਕਰਤਾ ਸੋਭਾ ਪਾਈਆ । ਤਖ਼ਤ ਨਿਵਾਸੀ ਨੌਜਵਾਨ, ਨਰ ਨਿਰੰਕਾਰਾ ਵੇਖ ਵਖਾਈਆ । ਜੋਤੀ ਨੂਰ ਜਗੇ ਮਹਾਨ, ਦੀਪਕ ਅਵਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਤਿਗੁਰ ਸ਼ਬਦ ਕਹੇ ਕਾਇਆ ਅੰਦਰ ਖੇਲ ਬਹੁ ਭਾਂਤ, ਭੇਵ ਰਹੇ ਨਾ ਰਾਈਆ । ਛੋਟੇ ਛੋਟੇ ਅੰਤਰ ਪ੍ਰਾਂਤ, ਹਿੱਸੇ ਹਿੱਸਿਆਂ ਵਿਚ ਵੰਡਾਈਆ । ਨਿਰਗੁਣ ਧਾਰ ਖੇਲ ਸਾਖਿਆਤ, ਸਰਗੁਣ ਜਗਤ ਵਿਚ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪਰਦਾ ਦਏ ਉਠਾਈਆ । ਸਤਿਗੁਰ ਸ਼ਬਦ ਕਹੇ ਕਾਇਆ ਅੰਦਰ ਗੁਰੂ ਚੇਲਾ, ਸਤਿਗੁਰ ਸ਼ਬਦ ਸ਼ਬਦ ਜਣਾਈਆ । ਆਤਮ ਪਰਮਾਤਮ ਹੋਏ ਧੁਰ ਦਾ ਮੇਲਾ, ਮਿਲਣੀ ਹਰਿ ਜਗਦੀਸ ਕਰਾਈਆ । ਏਥੇ ਓਥੇ ਬਣ ਕੇ ਸੱਜਣ ਸੁਹੇਲਾ, ਦੋ ਜਹਾਨਾਂ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਰੰਗੇ ਰੰਗ ਨਵੇਲਾ, ਨਿਰਗੁਣ ਆਪਣੀ ਦਇਆ ਕਮਾਈਆ ।

## ੫ ਹਾੜ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ



ਸਤਿਗੁਰ ਸ਼ਬਦ ਕਹੇ ਵਿਸ਼ਨ ਖੋਲ੍ਹ ਅੱਖ, ਬਿਨ ਅੱਖਾਂ ਅੱਖ ਉਠਾਈਆ । ਭਗਵਾਨ ਰੂਪ ਵੇਖ ਪ੍ਰਤਖ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਜਿਸ ਦੀ ਸਦਾ ਬੋਲਦੇ ਆਏ ਅਲੱਖ, ਨਾਅਰਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਖੇਲ ਰਿਹਾ ਖਿਲਾਈਆ । ਸਤਿਗੁਰ ਸ਼ਬਦ ਕਹੇ ਵਿਸ਼ਨ ਵੇਖ ਪਿਛੇ ਆਪਣੀ ਪਲਕ, ਬਿਨ ਨੇਤਰ ਨੈਣ ਉਠਾਈਆ । ਜੋਤੀ ਧਾਰ ਤਕ ਝਲਕ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਸ ਨੇ ਸ੍ਰਿਸ਼ਟੀ ਦ੍ਰਿਸ਼ਟੀ ਦੇਖਣੀ ਖ਼ਲਕ, ਖ਼ਾਲਕ ਖ਼ਲਕ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਸਤਿਗੁਰ ਸ਼ਬਦ ਕਹੇ ਵਿਸ਼ਨ ਵੇਖ ਆਪਣੇ ਨੈਣ, ਬਿਨ ਨੈਣ ਨੈਣ ਦਰਸਾਈਆ । ਮੈਂ ਸਚ ਸੰਦੇਸ਼ਾ ਆਇਆ ਕਹਿਣ, ਕਹਿ ਕੇ ਦਿਆਂ ਸੁਣਾਈਆ । ਅੰਤਮ ਸਭ ਦਾ ਚੁਕਣਾ ਲਹਿਣਾ ਦੇਣ, ਪੂਰਬ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਬ੍ਰਹਮਾ ਵੇਖ ਚਾਰ ਮੁਖ ਗਿਆਤਾ, ਚਾਰੋਂ ਕੁੰਟ ਧਿਆਨ ਲਗਾਈਆ । ਬ੍ਰਹਮ ਰੂਪ ਨਾ ਕਿਸੇ ਪਛਾਤਾ, ਪਾਰਬ੍ਰਹਮ ਪ੍ਰਭ ਮਿਲਣ ਕੋਇ ਨਾ ਪਾਈਆ । ਸਾਚੀ ਦੇਵੇ ਕੋਈ ਨਾ ਦਾਤਾ, ਧਰਮ ਦਾ ਦਾਨ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਬ੍ਰਹਮਾ ਸ਼ਬਦ ਜਣਾ ਚਾਰ ਮੁਖ, ਉੱਤਰ ਪੂਰਬ ਪੱਛਮ ਦੱਖਣ ਆਵਾਜ਼ ਸੁਣਾਈਆ । ਸੰਦੇਸ਼ਾ ਦੇ ਕਵਣ ਦਵਾਰ ਬੈਠਾ ਲੁਕ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਜਿਸ ਦੇ ਕੋਲ ਆਦਿ ਜੁਗਾਦਿ ਦਾ ਸੁਖ, ਨਿਰਗੁਣ ਸਰਗੁਣ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗ੍ਰਿਹ ਸਚ ਇਕ ਸਮਝਾਈਆ । ਸਤਿਗੁਰ ਸ਼ਬਦ ਕਹੇ ਬ੍ਰਹਮਾ

ਵੇਖ ਬ੍ਰਹਮ ਗਿਆਨ, ਵਿਦਿਆ ਵਿਦਤ ਹੋਈ ਲੋਕਾਈਆ । ਸਾਚਾ ਧਰਮ ਦੱਸ ਨਿਸ਼ਾਨ, ਨਿਸ਼ਾਨੇ ਕੂੜੇ ਜਗਤ ਗਵਾਈਆ । ਸਚ ਦਵਾਰ ਕਰ ਪਰਧਾਨ, ਜਿਥੇ ਪਾਰਬ੍ਰਹਮ ਬ੍ਰਹਮ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਰਖਾਈਆ । ਸਤਿਗੁਰ ਸ਼ਬਦ ਕਹੇ ਉਠ ਸ਼ੰਕਰ ਵੇਖ ਰਹੇ ਨਾ ਸ਼ੰਕਾ, ਸ਼ਹਿਨਸ਼ਾਹ ਸ਼ਾਹ ਸ਼ਾਹ ਜਣਾਈਆ । ਕਵਣ ਸੁਹਾਏ ਦਵਾਰ ਬੰਕਾ, ਬੰਕ ਦਵਾਰੀ ਕਵਣ ਅਖਵਾਈਆ । ਨਾਮ ਵਜਾਏ ਧੁਰ ਦਾ ਡੰਕਾ, ਰਾਓ ਰੰਕਾਂ ਦਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਮੇਲ ਮਿਲਾਈਆ । ਸਤਿਗੁਰ ਸ਼ਬਦ ਕਹੇ ਸ਼ੰਕਰ ਵੇਖ ਦੀਨ ਦੁਨੀ ਦੀ ਬਦੀ, ਚਾਰੋਂ ਕੁੰਟ ਧਿਆਨ ਲਗਾਈਆ । ਕਿਉਂ ਝਗੜਾ ਪਿਆ ਤਨ ਵਜੂਦ ਜਗਤ ਗੱਦੀ, ਗੁਰੂ ਗੁਰਦੇਵ ਗੁਰ ਵੇਖ ਵਖਾਈਆ । ਲੇਖਾ ਜਾਣ ਧਰਮ ਦੀ ਸਦੀ, ਸਦੀ ਚੌਧਵੀਂ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਸ਼ੰਕਰ ਭੋਲੇ ਨਾਥ, ਸ਼ੰਭੂ ਧਿਆਨ ਲਗਾਈਆ । ਬਿਨ ਤੇਰੇ ਦਿਸੇ ਕੋਇ ਨਾ ਸਾਥ, ਸਗਲਾ ਸੰਗ ਨਾ ਕੋਇ ਵਖਾਈਆ । ਕਲਜੁਗ ਅੰਤਮ ਮੇਟੇ ਕੋਇ ਨਾ ਵਾਟ, ਵਟਣਾ ਮਲੇ ਨਾ ਕੋਇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਪੁਰਖ ਸਮਰਾਥ, ਸਵਾਮੀ ਅੰਤਰਜਾਮੀ ਮਿਹਰਵਾਨੀ ਕਰ ਕੇ ਆਪਣੀ ਦਇਆ ਕਮਾਈਆ ।


੫੩੧ ੨੨

### ✪ ੬ ਹਾੜ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਦਰਬਾਰ ਵਿਚ ✪

ਬ੍ਰਹਮਾ ਕਹੇ ਤੇਰੀ ਸ਼ਬਦ ਧਾਰ ਸੁਰਸਤੀ, ਸੋ ਪੁਰਖ ਨਿਰੰਜਣ ਤੇਰੀ ਵਡਿਆਈਆ । ਤੇਰਾ ਨੂਰ ਅਗੰਮੀ ਹਸਤੀ, ਹਸਤ ਕਵਲ ਤੇਰੀ ਬੇਪਰਵਾਹੀਆ । ਸਚ ਪਿਆਰ ਮੁਹੱਬਤ ਦੀ ਮਸਤੀ, ਮਸਤ ਮਤਵਾਲਾ ਰੂਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਬ੍ਰਹਮਾ ਕਹੇ ਪ੍ਰਭ ਸੁਰਸਤੀ ਤੇਰਾ ਸਤਿ, ਸਤਿ ਵਿਚ ਵਡਿਆਈਆ । ਤੇਰਾ ਖੇਲ ਅਗੰਮੀ ਤਤ, ਤਤ ਸਮਝ ਕਿਸੇ ਨਾ ਆਈਆ । ਮਿਹਰਵਾਨ ਪੁਰਖ ਸਮਰਥ, ਸਾਹਿਬ ਸੁਲਤਾਨ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਰ ਮਿਲੇ ਵਡਿਆਈਆ । ਬ੍ਰਹਮਾ ਕਹੇ ਪ੍ਰਭ ਸੁਰਸਤੀ ਸਤਿ ਦਾ ਸੰਗ, ਸਤਿ ਵਿਚ ਸਮਾਈਆ । ਸਚ ਮੁਹੱਬਤ ਅਨੋਖਾ ਰੰਗ, ਰੰਗਤ ਨਜ਼ਰ ਕਿਸੇ ਨਾ ਆਈਆ । ਦੀਨ ਦਿਆਲ ਸਾਹਿਬ ਬਖ਼ਸ਼ੰਦ, ਬਖ਼ਸ਼ਿਸ਼ ਤੇਰੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਆਪਣਾ ਮੇਲ ਮਿਲਾਈਆ । ਸ਼ੰਕਰ ਕਹੇ ਮੇਰੇ ਕਮਲਾਪਤੀ, ਤੇਰੀ ਤੇਰੇ ਹੱਥ ਵਡਿਆਈਆ । ਨਿਰਗੁਣ ਸਰਗੁਣ ਧਾਰ ਬਖ਼ਸ਼ ਕੇ ਪਾਰਬਤੀ, ਪਾਰਬ੍ਰਹਮ ਬ੍ਰਹਮ ਮੇਲਾ ਲਿਆ ਮਿਲਾਈਆ । ਜਿਸ ਦਾ ਭੇਵ ਨਾ ਜਾਣੇ ਕੋਇ ਰਤੀ, ਰਤਨ ਅਮੋਲਕ ਵਸਤ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਮਰਥੀ, ਸਮਰਥ ਤੇਰੇ ਹੱਥ ਵਡਿਆਈਆ । ਸ਼ੰਕਰ ਕਹੇ ਪਾਰਬਤੀ ਤੇਰੀ ਧਾਰ ਪਰਬਤ ਚੋਟੀ, ਚਟਾਣ ਪੱਥਰ ਦੇਣ ਗਵਾਹੀਆ । ਜਿਸ ਦਾ

ਪ੍ਰਕਾਸ਼ ਅਗੰਮੀ ਜੋਤੀ, ਜੋਤ ਜੋਤ ਵਿਚੋਂ ਰੁਸ਼ਨਾਈਆ । ਜਿਸ ਦੀ ਕਲ ਤੇਰੀ ਧਾਰ ਅਗੰਮਾ ਮੋਤੀ, ਮਤ ਬੁਧੀ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਰ ਆਪ ਸੁਹਾਈਆ । ਭੋਲਾ ਨਾਥ ਕਹੇ ਪ੍ਰਭ ਪਾਰਬਤੀ ਪਰਾ ਪਸੰਤੀ ਮਧਮ ਬੈਖਰੀ ਵੇਖੀ ਧਾਰ, ਸ਼ਬਦ ਨਾਦ ਸ਼ਨਵਾਈਆ । ਸਾਚਾ ਖੇਲ ਸੱਚੀ ਸਰਕਾਰ, ਸਚ ਦਿਤੀ ਮਾਣ ਵਡਿਆਈਆ । ਘਰ ਸਚ ਕਰ ਪਿਆਰ, ਮੇਲ ਮੇਲਿਆ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਆਪਣੇ ਗ੍ਰਹਿ ਵਸਾਈਆ । ਵਿਸ਼ਨ ਕਹੇ ਧੁਰ ਦੀ ਲਛਮੀ ਅਗੰਮਾ ਲੱਛਣ, ਸ਼ਾਸਤਰ ਸਿਮਰਤ ਸਮਝ ਕੋਇ ਨਾ ਪਾਈਆ । ਜਿਸ ਦੀ ਅਗੰਮ ਅਥਾਹ ਅੱਖਣ, ਨਿਜ ਨੇਤਰ ਲੋਚਣ ਨੈਣ ਵੇਖ ਵਖਾਈਆ । ਸਚ ਪਿਆਰ ਸਤਿ ਪਰਦੱਖਣ, ਪ੍ਰਤਖ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੀ ਆਸ ਰਖਾਈਆ । ਵਿਸ਼ਨੂੰ ਕਹੇ ਪ੍ਰਭ ਤੇਰਾ ਸ਼ਬਦ ਸੰਦੇਸ਼, ਸੰਦੇਸ਼ਾ ਧੁਰਦਰਗਾਹੀਆ । ਜੋ ਕਹਿ ਕੇ ਗਿਆ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਵੇਖ ਵਖਾਈਆ । ਜਿਸ ਵੇਲੇ ਸਾਹਿਬ ਆਵੇ ਪ੍ਰਭ ਏਕ, ਏਕੰਕਾਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨ ਕਹੇ ਧਰਮ ਧਾਰ ਦੀ ਲਛਮੀ ਖੁਲ੍ਹੇ ਹੋਵਣ ਕੇਸ, ਕੇਸ਼ਵ ਆਪਣਾ ਹੁਕਮ ਵਰਤਾਈਆ । ਵਿਸ਼ਨ ਕਹੇ ਲਛਮੀ ਨਵ ਗ੍ਰਹਿ ਨਵ ਹੋਣ ਫੂਲ, ਸੀਸ ਸੀਸ ਸੁਹਾਈਆ । ਲਾਲ ਬਸਤਰ ਹੋਵਣ ਨਾਲ ਅਸੂਲ, ਅਸਲ ਅਸਲ ਵਿਚੋਂ ਪਰਗਟਾਈਆ । ਸ਼ੰਕਰ ਦੀ ਗੱਡੀ ਹੋਵੇ ਤ੍ਰਿਸੂਲ, ਮੁਖੀ ਤਿੰਨ ਤਿੰਨ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਦਾ ਕੰਤ ਕੰਤੂਹਲ, ਕਲ ਕਲਕੀ ਖੇਲ ਖਿਲਾਈਆ ।



੫੩੨ ੨੨

## ✪ ੭ ਹਾੜ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਵਿਚ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਵਿਸ਼ਨ ਬ੍ਰਹਮਾ ਸ਼ਿਵ ਅੱਗੇ ਬਣੇ ਕਦੀ ਨਹੀਂ ਲਾਗੀ, ਲੋਕਮਾਤ ਨਾ ਸਗਨ ਮਨਾਈਆ । ਪੁਰਖ ਅਕਾਲ ਬਣਿਆ ਨਹੀਂ ਕੰਤ ਸੁਹਾਗੀ, ਜੁਗ ਜੁਗ ਅਵਤਾਰ ਪੈਗ਼ੰਬਰ ਗੁਰ ਭੇਜ ਕੇ ਆਪਣਾ ਹੁਕਮ ਵਰਤਾਈਆ । ਨਿਰਗੁਣ ਧਾਰ ਖੇਲ ਕਰੇ ਵਡ ਰਾਜਨ ਰਾਜੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਵਿਸ਼ਨ ਬ੍ਰਹਮਾ ਸ਼ਿਵ ਆਉਣਾ ਇਕ ਦਵਾਰ, ਸੋਹਣਾ ਸੰਗ ਬਣਾਈਆ । ਲੇਖਾ ਦੱਸਣਾ ਸਰਬ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਪੜਦਾ ਲਾਹੀਆ । ਕੀ ਖੇਲ ਖਿਲਾਉਂਦਾ ਰਿਹਾ ਪੁਰਖ ਅਕਾਲ, ਜੁਗ ਚੌਕੜੀ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵਿਸ਼ਨ ਬ੍ਰਹਮਾ ਸ਼ਿਵ ਸੋਹਣੀ ਕਰਨੀ ਕਾਰ, ਭੱਜਣਾ ਵਾਹੋ ਦਾਹੀਆ । ਹੁਕਮ ਮੰਨਣਾ ਸੱਚੀ ਸਰਕਾਰ, ਸ਼ਾਹ ਪਾਤਸ਼ਾਹ

ਆਪ ਸੁਣਾਈਆ । ਦਰ ਦਵਾਰ ਕਰ ਨਿਮਸਕਾਰ, ਸੀਸ ਜਗਦੀਸ ਲੈਣਾ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹੁਕਮ ਸਤਿ ਸਤਿ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਬ੍ਰਹਮਾ ਸ਼ਿਵ ਵਿਸ਼ਨ, ਵਿਸ਼ਵ ਖੇਲ ਖਿਲਾਈਆ । ਚਾਰ ਜੁਗ ਦਾ ਤੁਸਾਂ ਦੱਸਣਾ ਮਿਸ਼ਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੜਦਾ ਲਾਹੀਆ । ਕਿਸ ਬਿਧ ਪ੍ਰਭ ਦੇ ਨਾਮ ਜਗਤ ਵਣਜਾਰਿਆਂ ਹੱਥ ਵਿਕਣ, ਕੀਮਤ ਹੱਟੋ ਹੱਟ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਪਣਾ ਹੁਕਮ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਕਰੋਗੇ ਸੇਵ, ਵਿਸ਼ਨ ਬ੍ਰਹਮਾ ਸ਼ਿਵ ਦੇਣਾ ਸਮਝਾਈਆ । ਕੀ ਰਸ ਖਾਓਗੇ ਮੇਵ, ਅੰਮ੍ਰਿਤ ਕੀ ਚਖਾਈਆ । ਕੀ ਗੁਣ ਗਾਉਗੇ ਰਸਨਾ ਜੇਹਵ, ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮੇਲਾ ਲਏ ਮਿਲਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਕੀ ਪਿਛਲੀ ਖੇਲ ਰਹਿੰਦੀ, ਵਿਸ਼ਨ ਬ੍ਰਹਮਾ ਸ਼ਿਵ ਕੀ ਜਣਾਈਆ । ਕੀ ਦਿਸ਼ਾ ਵੇਖੇ ਲਹਿੰਦੀ, ਉੱਤਰ ਪੂਰਬ ਪੱਛਮ ਦੱਖਣ ਫੋਲ ਫੁਲਾਈਆ । ਕੀ ਲਛਮੀ ਹੱਥੀਂ ਲਾਵੇ ਮਹਿੰਦੀ, ਪੁੱਠੇ ਸਿਧੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਕੀ ਦਿਵਸ ਸੁਹਾਉਣਾ ਆਉਣਾ, ਹਾੜ ਸਤਾਰਾਂ ਥਿਤ ਵਡਿਆਈਆ । ਕੀ ਪ੍ਰਭ ਨੇ ਖੇਲ ਖਿਲਾਉਣਾ, ਖ਼ਾਲਕ ਖ਼ਲਕ ਆਪਣਾ ਹੁਕਮ ਵਰਤਾਈਆ । ਕੀ ਨਿਰਗੁਣ ਧਾਰ ਸਤਿ ਸਰੂਪ ਪਰਨਾਉਣਾ, ਪਤਿਪਰਮੇਸ਼ਵਰ ਆਪਣੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਖੇਲ ਇਕ ਵਖਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਕੀ ਪੁਰਖ ਅਕਾਲਾ ਉਠਿਆ, ਵਿਸ਼ਨ ਬ੍ਰਹਮਾ ਸ਼ਿਵ ਲਏ ਅੰਗੜਾਈਆ । ਕੀ ਸਾਹਿਬ ਸੁਲਤਾਨਾ ਤੁੱਠਿਆ, ਪਾਰਬ੍ਰਹਮ ਪ੍ਰਭ ਹੋਏ ਸਹਾਈਆ । ਕੀ ਸੱਤ ਰੰਗ ਦਾ ਗਾਨਾ ਬੰਨ੍ਹਿਆ ਗੁੱਟਿਆ, ਪੰਜ ਪਿਆਰੇ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅਸੀਂ ਖੋਲ੍ਹਣਾ ਪੜਦਾ, ਵਿਸ਼ਨ ਬ੍ਰਹਮਾ ਸ਼ਿਵ ਦਈਏ ਜਣਾਈਆ । ਤੁਸਾਂ ਖਲੋਣਾ ਦੱਖਣ ਲਹਿੰਦਾ ਚੜ੍ਹਦਾ, ਪਹਾੜ ਵੰਡ ਨਾ ਕੋਇ ਵੰਡਾਈਆ । ਅੰਮ੍ਰਿਤ ਲੈਣਾ ਪ੍ਰਭ ਚਰਨ ਸਰੋਵਰ ਸਰ ਦਾ, ਕਲਸ ਇਕ ਇਕ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੜਦਾ ਲਾਹੇ ਆਪਣੇ ਦਰ ਦਾ, ਗ੍ਰਿਹਿ ਮੰਦਰ ਵੇਖ ਵਖਾਈਆ ।

### ੮ ਹਾੜ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ

ਮੂਸਾ ਕਹੇ ਮੈਂ ਜਲਵਾ ਤੱਕਿਆ, ਤੱਕਿਆ ਕੋਹਨੂਰ । ਖ਼ੁਦ ਖ਼ੁਦਾ ਵੇਖਿਆ ਸਮਰਥਿਆ, ਸੁਲਤਾਨ ਹਾਜ਼ਰ ਹਜ਼ੂਰ । ਪ੍ਰਕਾਸ਼ ਹੋਇਆ ਪਿਛੇ ਅੱਖੀਆਂ, ਨਿਰਗੁਣ ਦਰਸ ਹੋਇਆ ਜ਼ਰੂਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਧੁਰ ਦਾ ਵਰ, ਮੇਰੀ ਆਸਾ

ਆਸ਼ਾ ਪੂਰ । ਮੂਸਾ ਕਹੇ ਜਲਵਾ ਦਿਤਾ ਨੂਰ ਨੁਰਾਨਾ, ਆਪਣਾ ਆਪ ਦਰਸਾਈਆ । ਦੂਸਰ ਰਹੇ ਨਾ ਕੋਇ ਬੇਗਾਨਾ, ਇਕੋ ਮੇਲਾ ਲਿਆ ਮਿਲਾਈਆ । ਮੇਰੇ ਅੰਤਰ ਨਾਦ ਸ਼ਬਦ ਸ਼ਬਦ ਦਾ ਤਰਾਨਾ, ਸੋਹੰ ਰਾਗ ਦਿਤਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪਰਦਾ ਦਿਤਾ ਉਠਾਈਆ । ਮੂਸਾ ਕਹੇ ਮੈਂ ਤੱਕਿਆ ਇਕ ਅਲਾਹ, ਨੂਰ ਜ਼ਹੂਰ ਜ਼ਹੂਰ ਰੁਸ਼ਨਾਈਆ । ਜਿਸ ਪੈਗ਼ਾਮ ਧੁਰ ਦਿਤਾ ਸੁਣਾ, ਸਲਲ ਇਕ ਸਮਝਾਈਆ । ਤੂੰ ਮੇਰਾ ਨੂਰ ਚਲਣਾ ਮੇਰੀ ਵਿਚ ਰਜ਼ਾ, ਦੂਸਰ ਆਸ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਿਆ ਮਿਲਾਈਆ । ਈਸਾ ਕਹੇ ਮੈਨੂੰ ਚਾੜ੍ਹ ਦਿਤਾ ਸਲੀਵ, ਫਾਸੀ ਗਲ ਲਟਕਾਈਆ । ਮੈਂ ਨਜ਼ਾਰਾ ਤੱਕਿਆ ਅਜੀਬ, ਅਜਬ ਦਿਤਾ ਦਰਸਾਈਆ । ਖ਼ੁਦ ਖ਼ੁਦਾ ਵੇਖਿਆ ਕਰੀਬ, ਕਰੀਮ ਕਰਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਜਾਣ ਸ਼ਾਹ ਗ਼ਰੀਬ, ਗਹਿਰ ਆਪਣਾ ਹੁਕਮ ਵਰਤਾਈਆ । ਈਸਾ ਕਹੇ ਮੇਰੇ ਗਲ ਵਿਚ ਪਾਇਆ ਰੱਸਾ, ਰਾਸ ਪ੍ਰਭ ਨੇ ਹੱਥ ਉਠਾਈਆ । ਮੈਂ ਅੰਤਰ ਖਿੜ ਖਿੜਾ ਕੇ ਹੱਸਾ, ਹਸਤੀ ਤੱਕੀ ਬੇਪਰਵਾਹੀਆ । ਤਨ ਵਜੂਦ ਤੇਰਾ ਲੇਖੇ ਲਾਇਆ ਅੱਛਾ, ਅੱਛੀ ਤਰਾਂ ਦਿਤਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਰੰਗ ਵਖਾਈਆ । ਈਸਾ ਕਹੇ ਜਿਸ ਵੇਲੇ ਫਾਸੀ ਮੈਂ ਚੜ੍ਹਿਆ, ਚੜ੍ਹਦੀ ਦਿਸ਼ਾ ਧਿਆਨ ਲਗਾਈਆ । ਤੂੰ ਮੇਰਾ ਮੈਂ ਤੇਰਾ ਕਲਮਾ ਪੜ੍ਹਿਆ, ਸੋਹੰ ਢੋਲਾ ਰਾਗ ਅਲਾਈਆ । ਸਚ ਦਵਾਰ ਤੱਕਿਆ ਘਰਿਆ, ਦਰਗਾਹ ਸਾਚੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਪ੍ਰਕਾਸ਼ ਅਗੰਮਾ ਕਰਿਆ, ਨੂਰ ਜੋਤ ਜੋਤ ਰੁਸ਼ਨਾਈਆ । ਮੁਹੰਮਦ ਕਹੇ ਮੇਰਾ ਲੇਖਾ ਮੁਫ਼ਾਦ, ਮੁਫ਼ਾਸ ਬੇਜ਼ੀਨ ਨਾ ਜ਼ੋਰ ਜੁਵਾਈਆ । ਨਾਮ ਕਲਮਾ ਸ਼ਬਦ ਅਹਿਲਾਦ, ਤਾਲੀਮ ਤਾਜ਼ੀਮ ਸੋਭਾ ਪਾਈਆ । ਮੇਰੇ ਵਜੂਦ ਆਈ ਆਵਾਜ਼, ਬਾਂਗ ਸਦਾ ਦਿਤੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਮੈਂ ਅੰਦਰੋਂ ਗਿਆ ਜਾਗ, ਜਗਤ ਨਿੰਦਰਾ ਨਾ ਕੋਇ ਰਖਾਈਆ । ਮੁਹੰਮਦ ਕਿਹਾ ਮੇਰਾ ਮਿਲਿਆ ਮੀਤ ਅਹਿਬਾਬ, ਮਿਹਰਵਾਨ ਨੂਰ ਇਲਾਹੀਆ । ਹੱਕ ਹਕੀਕੀ ਬਣ ਅਹਿਬਾਬ, ਸਚ ਰਬਾਬ ਦਿਤੀ ਵਜਾਈਆ । ਸੱਯਦਾ ਦੱਸਿਆ ਆਦਾਬ, ਨਮੋਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਸਚ ਹੁਕਮ ਇਕ ਸੁਣਾਈਆ । ਮੁਹੰਮਦ ਕਹੇ ਮੇਰੇ ਅੰਦਰ ਨੂਰ ਅਲਾਹ, ਆਲੀਸ਼ਾਨ ਦਿਤੀ ਵਡਿਆਈਆ । ਚੌਦਾਂ ਤਬਕ ਬਣ ਮਲਾਹ, ਬੇੜਾ ਖੇਵਟ ਕੰਧ ਉਠਾਈਆ । ਤੂੰ ਮੇਰਾ ਮੈਂ ਤੇਰਾ ਅੱਲਾ ਹੂ ਅੱਨਾ ਹੂ ਸੋਹੰ ਸ਼ਬਦ ਦੇ ਸਲਾਹ, ਸਹਿਜ ਸਹਿਜ ਨਾਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨੂਰ ਇਕ ਅਲਾਹ, ਦੋਇਮ ਨਜ਼ਰ ਕੋਇ ਨਾ ਆਈਆ ।

ਮੂਸਾ ਕਹੇ ਮੇਰਾ ਮੁਸਾਹਿਬ, ਮਿਲਜ਼ੀ ਆਪਣਾ ਹੁਕਮ ਵਰਤਾਈਆ । ਜੇਹੜਾ ਜਗਤ ਨਿਗਾਹ ਗ਼ਾਇਬ, ਅੱਖ ਵੇਖਣ ਕੋਇ ਨਾ ਪਾਈਆ । ਉਹ ਖੇਲ ਕਰੇ ਅਜੀਬ ਅਜਾਇਬ, ਅਜਬ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਸਾਚਾ ਇਕ ਲੁਭਾਈਆ । ਮੂਸਾ ਕਹੇ ਮੇਰਾ ਮਲਜ਼ੇਵਿਤ ਇਕ, ਇਕ ਇਕੱਲਾ ਸੋਭਾ ਪਾਈਆ । ਜਿਸ ਦਾ ਨੂਰ ਕੋਹਤੂਰ ਰਿਹਾ ਦਿਸ, ਬੁਲੰਦੀ ਸਕੇ ਨਾ ਕੋਇ ਸਮਝਾਈਆ । ਉਹ ਅੰਤਰ ਹੋ ਕੇ ਮੇਰੇ ਵਿਚ, ਵਿਚਲਾ ਭੇਵ ਦਿਤਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸਮਝਾਈਆ । ਮੂਸਾ ਕਹੇ ਮੇਰਾ ਮਾਲਕ ਖ਼ੁਦ ਖ਼ੁਦਾ, ਖ਼ੁਦੀ ਤਕੱਬਰੀ ਨਾ ਕੋਇ ਰਖਾਈਆ । ਜਿਸ ਦਾ ਇਕੋ ਹੁਕਮ ਇਕ ਸਦਾ, ਸਦਾ ਵਤਨ ਬੇਵਤਨਾਂ ਆਪ ਜਣਾਈਆ । ਜਿਸ ਦੀ ਅਗੰਮ ਅਥਾਹ ਅਦਾ, ਅਦਾਬ ਇਕੋ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਈਸਾ ਕਹੇ ਮੇਰੀ ਅਸਲੀਅਤ, ਅਸਲ ਦਿਆਂ ਜਣਾਈਆ । ਪਰਵਰਦਿਗਾਰ ਮੇਰੀ ਵਲਦੀਅਤ, ਜਿਸ ਨੇ ਮਰਯਮ ਮਵਜ਼ੂ ਲਈ ਪਰਨਾਈਆ । ਦੂਸਰ ਜਾਣੇ ਨਾ ਕੋਇ ਅਹਿਮੀਅਤ, ਮਸਲਾ ਹਲ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਈਸਾ ਕਹੇ ਮੇਰੇ ਸਾਹਿਬ ਦੀ ਹੱਕ ਰਜ਼ਾ, ਹਕੀਕਤ ਵਿਚ ਰਖਾਈਆ । ਸਲੀਵ ਦਿਤੀ ਨਹੀਂ ਸਜਾ, ਸਚ ਦੀ ਧਾਰ ਦਿਤੀ ਪਰਗਟਾਈਆ । ਪਿਆਰ ਮੁਹੱਬਤ ਦਾ ਦੇ ਕੇ ਮਜ਼ਾ, ਮਜ਼ਾਹਮਤ ਕੀਤੀ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਮਾਰਗ ਇਕ ਦਰਸਾਈਆ । ਈਸਾ ਕਹੇ ਮੇਰਾ ਮੇਰੇ ਕੀਤਾ ਅਹਿਸਾਨ, ਪੁਸ਼ਤ ਪਨਾਹ ਦਿਤੀ ਵਡਿਆਈਆ । ਜਗਤ ਖੇਲ ਕਰ ਮਹਾਨ, ਪਰਦਾ ਪਰਦੇ ਵਿਚੋਂ ਚੁਕਾਈਆ । ਸਿਫ਼ਤੀ ਸਿਫ਼ਤ ਬਣ ਬਲਵਾਨ, ਬਲਧਾਰੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਲਿਆ ਰੰਗਾਈਆ । ਮੁਹੰਮਦ ਕਹੇ ਮੇਰੇ ਖ਼ੁਦਾ ਖੇਲ ਕੀਆ ਮੁਨਾਸਬ, ਕਰਨਹਾਰ ਵਡਿਆਈਆ । ਆਲੀਜ਼ਾਹ ਬਣ ਕੇ ਆਸਫ, ਅਸਲ ਅਸੂਲ ਦਿਤਾ ਦ੍ਰਿੜਾਈਆ । ਮੁਨਸਫ਼ ਬਣ ਮੁਨਾਸਬ, ਫ਼ੈਸਲਾ ਹੱਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਪਣਾ ਖੇਲ ਵਖਾਈਆ । ਮੁਹੰਮਦ ਕਹੇ ਮੈਂ ਵੇਖੀ ਅਗੰਮੀ ਦੀਦ, ਜ਼ਾਹਰ ਜ਼ਹੂਰ ਦਿਤੀ ਜਣਾਈਆ । ਮੇਰੀ ਮਨਸਾ ਪੂਰੀ ਕੀਤੀ ਉਮੀਦ, ਤਮੰਨਾ ਖ਼ਾਹਿਸ਼ ਆਪਣੇ ਨਾਲ ਮਿਲਾਈਆ । ਬਰਖ਼ੁਰਦਾਰ ਬਣਾ ਅਜ਼ੀਜ਼, ਸਿਰ ਸਾਹਿਬ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਧਾਰ ਦੇ ਤਮੀਜ਼, ਕਲਮਾ ਕਲਮੇ ਵਿਚੋਂ ਸਮਝਾਈਆ । ਮੁਹੰਮਦ ਕਿਹਾ ਤੱਕਿਆ ਜਲਵਾ ਨੂਰੀ, ਨੂਰੇ ਨਜ਼ਰ ਵਡਿਆਈਆ । ਪੈਗ਼ਾਮ ਸੁਣਿਆ ਜ਼ਰੂਰੀ, ਜ਼ੱਰਾ ਜ਼ੱਰਾ ਦਿਤਾ ਸਮਝਾਈਆ । ਕਲਮੇ ਨਾਲ ਕਰਨੀ ਮਸ਼ਹੂਰੀ, ਸਿਫ਼ਤਾਂ ਵਾਲੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਨਜ਼ਰੇ ਆਏ ਹਜ਼ੂਰੀ, ਹਜ਼ੂਰ ਹਜ਼ਰਤ ਧੁਰ ਦਾ ਮਾਹੀਆ ।

## ੧੦ ਹਾੜ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ

ਅਵਤਾਰ ਕਹਿਣ ਪ੍ਰਭ ਨੇ ਭੇਵ ਰੱਖਿਆ ਗੁੱਝਾ, ਭਵਿਸ਼ ਭਵਿਖ ਸਮਝ ਕਿਸੇ ਨਾ ਆਈਆ । ਸਾਨੂੰ ਭੇਜਦਾ ਰਿਹਾ ਉਤੇ ਬਸੁਧਾ, ਧਰਨੀ ਧਰਤ ਧਵਲ ਧੌਲ ਪਰਗਟਾਈਆ । ਪੰਜ ਤਤ ਕਾਇਆ ਕਰਾਉਂਦਾ ਰਿਹਾ ਯੁਧਾ, ਤਰਕਸ਼ ਖੰਡਾ ਸ਼ਸਤਰ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅਵਤਾਰ ਕਹਿਣ ਪ੍ਰਭ ਜੁਗ ਚੌਕੜੀ ਰੱਖਿਆ ਪੜਦਾ, ਭੇਵ ਸਕਿਆ ਨਾ ਕੋਇ ਖੁਲ੍ਹਾਈਆ । ਮਾਨਵ ਮਾਨਵ ਰਿਹਾ ਲੜਦਾ, ਸਾਂਤਕ ਸਤਿ ਨਾ ਕੋਇ ਕਰਾਈਆ । ਭੇਵ ਪਾਇਆ ਨਾ ਕਿਸੇ ਧੁਰ ਘਰ ਦਾ, ਜਗਤ ਖ਼ਾਨਾਜੰਗੀ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ । ਅਵਤਾਰ ਕਹਿਣ ਪਾਰਬ੍ਰਹਮ ਪ੍ਰਭ ਰੱਖਿਆ ਓਹਲਾ, ਆਦਿ ਅੰਤ ਨਾ ਕੋਇ ਜਣਾਈਆ । ਸਾਨੂੰ ਬਖ਼ਸ਼ ਕੇ ਕਾਇਆ ਚੋਲਾ, ਪੰਜ ਤਤ ਮਾਟੀ ਖ਼ਾਕ ਦਿਤੀ ਵਡਿਆਈਆ । ਤੂੰ ਮੇਰਾ ਮੈਂ ਤੇਰਾ ਸੋਹੰ ਸ਼ਬਦ ਜਣਾ ਕੇ ਢੋਲਾ, ਰਾਗ ਅਗੰਮੀ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸਮਝਾਈਆ । ਗੁਰ ਕਹਿਣ ਪ੍ਰਭ ਦੀ ਧਾਰ ਆਦਿ ਅੰਤ ਅਨੋਖੀ, ਅਲੱਖਣਾ ਲਖ ਸਕੇ ਕੋਇ ਨਾ ਰਾਈਆ । ਜਿਸ ਅੱਖਰਾਂ ਵਾਲੀ ਬਣਾ ਕੇ ਪੋਥੀ, ਪੁਸਤਕ ਸਿਖਿਆ ਵਾਲੀ ਦਰਸਾਈਆ । ਖ਼ਬਰ ਦੇ ਕੇ ਲੋਕ ਪਰਲੋਕੀ, ਸਲੋਕ ਸੋਹਲਾ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਛੁਪਾ ਕੇ ਆਪਣੀ ਵਿਚ ਜੋਤੀ, ਜੋਤੀ ਜਾਤਾ ਆਪਣਾ ਹੁਕਮ ਵਰਤਾਈਆ । ਗੁਰ ਕਹਿਣ ਪੁਰਖ ਅਕਾਲ ਖੇਲ ਨਿਆਰਾ, ਨਿਰਾਕਾਰ ਆਪ ਕਰਾਈਆ । ਸਾਨੂੰ ਬਖ਼ਸ਼ ਕੇ ਸਿਫ਼ਤੀ ਨਾਮ ਸਹਾਰਾ, ਲੋਕਮਾਤ ਦਿਤੀ ਵਡਿਆਈਆ । ਹੋਰ ਦੱਸ ਅਗੰਮ ਜੈਕਾਰਾ, ਤੂੰ ਮੇਰਾ ਮੈਂ ਤੇਰਾ ਰਾਗ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਈਆ । ਗੁਰ ਕਹਿਣ ਪ੍ਰਭੂ ਪਾਏ ਕੋਈ ਨਾ ਭੇਤ, ਭੇਵ ਕਹਿਣ ਕੋਇ ਨਾ ਆਈਆ । ਬਖਸ਼ਿਸ਼ ਵਿਚੋਂ ਬਖ਼ਸ਼ਿਸ਼ ਹੋਇਆ ਕਰਕੇ ਜਾਣ ਹੇਤ, ਨਾਮ ਮੁਹੱਬਤ ਪਿਆਰ ਸ਼ਬਦ ਵਡਿਆਈਆ । ਦੱਸ ਕੇ ਜਾਣ ਨੇਤਨ ਨੇਤ, ਨਰ ਨਰਾਇਣ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਭਗਤ ਕਹਿਣ ਪ੍ਰਭ ਦਾ ਸਮਝੇ ਕੋਇ ਨਾ ਭਾਉ, ਜਗਤ ਭਗਤੀ ਵਿਚ ਫਸਾਈਆ । ਜੁਗ ਚੌਕੜੀ ਆਪ ਚਲੇ ਅਵੱਲੜੇ ਰਾਹੋ, ਰਸਤਾ ਦੀਨ ਮਜ਼੍ਹਬ ਕਲਮੇ ਵਾਲਾ ਬਦਲਾਈਆ । ਹੁਕਮ ਸੰਦੇਸ਼ਿਆਂ ਵਿਚ ਦੱਸੇ ਮੇਰਾ ਨਾਂ ਗਾਓ, ਕਥਨੀ ਕਥ ਕਥ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦਵਾਰ ਇਕ ਵਡਿਆਈਆ । ਭਗਤ ਕਹਿਣ ਪ੍ਰਭ ਦੀ ਜਾਣੇ ਕੋਇ ਨਾ ਰੀਤ, ਜੁਗ ਜੁਗ ਆਪਣਾ ਖੇਲ ਖਿਲਾਈਆ । ਬੈਠਾ ਰਹੇ ਤ੍ਰੈਗੁਣ ਅਤੀਤ, ਤ੍ਰੈਭਵਨ ਧਨੀ ਦਰ ਸਾਚੇ ਸੋਭਾ ਪਾਈਆ । ਕਿਸੇ ਹੱਥ ਨਾ ਆਏ ਮੰਦਰ ਮਸੀਤ, ਕਾਅਬੇ ਮਠ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਖਾਈਆ । ਭਗਤ ਕਹਿਣ ਪ੍ਰਭ ਦਾ ਜਾਣੇ ਕੋਇ ਨਾ ਲੇਖ, ਕਾਤਬ ਕਲਮ ਨਾ ਕੋਇ ਚਤੁਰਾਈਆ । ਜੁਗ ਚੌਕੜੀ ਅਵੱਲੜਾ ਵੇਸ, ਨਿਤ ਨਵਿਤ ਖੇਲ ਖਿਲਾਈਆ ।



੫੩੬ ੨੨

ਵਸਣਹਾਰਾ ਸਚਖੰਡ ਸਾਚੇ ਦੇਸ, ਲੋਕਮਾਤ ਨਿਰਗੁਣ ਸਰਗੁਣ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਏਕਾ ਏਕ, ਏਕੰਕਾਰ ਇਕ ਅਖਵਾਈਆ ।

## ੧੧ ਹਾੜ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ

ਅਵਤਾਰ ਕਹਿਣ ਅਸੀਂ ਰਹੇ ਵਿਚ ਭੈ, ਹੁਕਮ ਭਵਰੀ ਵਿਚ ਭਵਾਈਆ । ਨਾਮ ਸੰਦੇਸ਼ਾ ਆਏ ਕਹਿ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਅੰਤਮ ਸਾਨੂੰ ਕਰ ਕੇ ਲੈ, ਨਾਮ ਨਿਸ਼ਾਨ ਦਿਤਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਹੁਕਮ ਵਰਤਾਈਆ । ਅਵਤਾਰ ਕਹਿਣ ਅਸੀਂ ਰਹੇ ਡਰਦੇ, ਸਿਰ ਸਕਿਆ ਨਾ ਕੋਇ ਉਠਾਈਆ । ਨਾਮ ਨਿਧਾਨ ਰਹੇ ਪੜ੍ਹਦੇ, ਧੁਰ ਫ਼ਰਮਾਨ ਅਗੰਮ ਅਥਾਹੀਆ । ਲੋਕਮਾਤ ਭਾਣਾ ਰਹੇ ਜਰਦੇ, ਸਿਰ ਸਕਿਆ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਵਡ ਵਡਿਆਈਆ । ਅਵਤਾਰ ਕਹਿਣ ਅਸੀਂ ਰਹੇ ਵਿਚ ਭੌ, ਭੈ ਵਿਚ ਸੀਸ ਨਿਵਾਈਆ । ਜਗਤ ਨਾਮ ਦਾ ਦੇ ਕੇ ਗਉਂ, ਲਾਲਚ ਸਿਫਤਾਂ ਵਿਚ ਸਮਝਾਈਆ । ਸੰਦੇਸਾ ਦੇ ਕੇ ਆਪਣਾ ਨਾਉਂ, ਲੋਕਮਾਤ ਦਿਤਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਗੁਰੂ ਕਹਿਣ ਅਸੀਂ ਸੁਣਦੇ ਰਹੇ ਸੰਦੇਸ਼, ਸੰਧਿਆ ਪ੍ਰਭਾਤੀ ਵੰਡ ਨਾ ਕੋਇ ਵੰਡਾਈਆ । ਲਿਖਦੇ ਰਹੇ ਲੇਖ, ਸਿਫ਼ਤ ਸਿਫ਼ਤਾਂ ਵਿਚ ਸਾਲਾਹੀਆ । ਕਰਦੇ ਰਹੇ ਆਦੇਸ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਗੁਰੂ ਕਹਿਣ ਅਸੀਂ ਸੁਣਦੇ ਰਹੇ ਖ਼ਬਰ, ਫ਼ਰਮਾਨਾ ਅਗੰਮ ਅਥਾਹੀਆ । ਕਰਦੇ ਰਹੇ ਸਬਰ, ਸਤਿ ਸੰਤੋਖ ਵਿਚ ਵਡਿਆਈਆ । ਭਾਣਾ ਮੰਨਦੇ ਰਹੇ ਜਬਰ, ਸਿਰ ਸਕਿਆ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਇਕ ਕਰਾਈਆ । ਗੁਰੂ ਕਹਿਣ ਅਸੀਂ ਸੁਣਦੇ ਰਹੇ ਸ਼ਬਦੀ ਬਾਤ, ਬਾਤਨ ਧਿਆਨ ਲਗਾਈਆ । ਖੇਲ ਵੇਖਦੇ ਰਹੇ ਕਮਲਾਪਾਤ, ਪਤਿਪਰਮੇਸ਼ਵਰ ਕੀ ਹੁਕਮ ਵਰਤਾਈਆ । ਸਿਫ਼ਤ ਸਾਲਾਹੀ ਗਾਉਂਦੇ ਰਹੇ ਗਾਥ, ਪੜ੍ਹ ਪੜ੍ਹ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਭਗਤ ਕਹਿਣ ਭਗਵਨ ਤੱਕਿਆ ਧੁਰ ਦਾ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਨਿਰਗੁਣ ਨਿਰਗੁਣ ਬਣ ਕੇ ਸੱਜਣ ਸਾਕ, ਨਾਤਾ ਆਤਮਾ ਪਰਮਾਤਮਾ ਜੋੜ ਜੁੜਾਈਆ । ਸੋਹੰ ਸ਼ਬਦ ਦੇ ਕੇ ਗਾਥ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਨਾਮ ਇਕ ਦਰਸਾਈਆ । ਭਗਤ ਕਹਿਣ ਪ੍ਰਭ ਭਗਤੀ ਦੇਵੇ ਜੋਗ, ਜੁਗਤੀ ਆਪਣੇ ਹੱਥ ਰਖਾਈਆ । ਨਿਰਗੁਣ ਧਾਰ ਕਰ ਸੰਜੋਗ, ਮੇਲਾ ਮੇਲੇ ਸਹਿਜ ਸੁਭਾਈਆ । ਦਰਸ਼ਨ ਦੇ ਅਮੋਘ, ਅਗੰਮ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੱਟਣਹਾਰਾ ਹਉਮੇ ਰੋਗ, ਹੰ ਬ੍ਰਹਮ

ਪੜਦਾ ਦਏ ਚੁਕਾਈਆ । ਭਗਤ ਕਹਿਣ ਪ੍ਰਭ ਆਦੀ ਮੀਤ ਮੁਰਾਰਾ, ਅੰਤ ਸੰਗ ਰਖਾਈਆ । ਨਿਰਗੁਣ ਨੂਰ ਜੋਤ ਉਜਿਆਰਾ, ਸਰਗੁਣ ਤਤ ਦਏ ਵਡਿਆਈਆ । ਕਲ ਕਲਕੀ ਲਏ ਅਵਤਾਰਾ, ਖੇਲ ਖੇਲੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਹੋ ਕੇ ਭਗਤਨ ਆਪਣਾ ਰੰਗ ਚੜ੍ਹਾਈਆ ।

## ੧੨ ਹਾੜ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ

ਅਵਤਾਰ ਕਹਿਣ ਭਗਤ ਦਵਾਰ ਹੋਣਾ ਕਿਆਮ, ਸਤਾਰਾਂ ਹਾੜ ਸੋਭਾ ਪਾਈਆ । ਪੈਗ਼ੰਬਰ ਕਹਿਣ ਖੇਲ ਕਰਨਾ ਅਗੰਮ ਅਮਾਮ, ਅਮਲ ਤੋਂ ਬਾਹਰ ਆਪਣਾ ਹੁਕਮ ਵਰਤਾਈਆ । ਗੁਰ ਕਹਿਣ ਝਗੜਾ ਮੁਕਣਾ ਤਮਾਮ, ਧਾਰ ਪਿਛਲੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪੰਜਾਂ ਲਿਖਾਰੀਆਂ ਇਕ ਇਕ ਲਿਆਉਣਾ ਅਸ਼ਟਾਮ, ਸਵਾ ਰੁਪਈਆ ਵੰਡ ਵੰਡਾਈਆ । ਸਾਡਾ ਲੇਖਾ ਲਿਖਿਆ ਜਾਏ ਬਨਾਮ, ਨਾਮ ਨਾਮ ਨਾਲ ਮਿਲਾਈਆ । ਭੇਵ ਚੁਕਣਾ ਜ਼ਿਮੀਂ ਅਸਮਾਨ, ਦੋ ਜਹਾਨ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਭੁਗਤਾਈਆ । ਅਵਤਾਰ ਕਹਿਣ ਲੇਖਾ ਸ਼ਬਦ ਹੋਵੇ ਤਹਿਰੀਰੀ, ਤਾਰੀਖ ਤਵਾਰੀਖ ਦਏ ਗਵਾਹੀਆ । ਪੈਗ਼ੰਬਰ ਕਹਿਣ ਝਗੜਾ ਮੇਟਣਾ ਸ਼ਾਹ ਹਕੀਰੀ, ਫ਼ਕੀਰੀ ਧੁਰ ਦੀ ਇਕ ਸਮਝਾਈਆ । ਗੁਰ ਕਹਿਣ ਸ਼ਰਅ ਦੀ ਦਿਸੇ ਨਾ ਕੋਇ ਜ਼ੰਜੀਰੀ, ਬੰਧਨ ਬੰਧ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅਵਤਾਰ ਕਹਿਣ ਅਸਾਂ ਲੇਖ ਲਿਖਾਉਣਾ ਸੱਚਾ, ਸਚ ਸਚ ਸੁਣਾਈਆ । ਪੈਗ਼ੰਬਰ ਕਹਿਣ ਹੁਕਮ ਰਹਿਣ ਨਹੀਂ ਦੇਣਾ ਕੱਚਾ, ਕੱਚਾ ਤੰਦ ਨਾ ਕੋਇ ਵਖਾਈਆ । ਗੁਰੂ ਕਹਿਣ ਏਕਾ ਸ਼ਬਦ ਗੁਰਦੇਵ ਮੰਨਣਾ ਧੁਰ ਦਾ ਬੱਚਾ, ਦੂਜਾ ਅਵਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਈਆ । ਅਵਤਾਰ ਕਹਿਣ ਪਹਿਲੋਂ ਲਿਖਾਰੀਆਂ ਦੇਣਾ ਇਕਬਾਲ, ਮੁਖੋਂ ਕਹਿ ਕੇ ਦੇਣ ਜਣਾਈਆ । ਅਸੀਂ ਆਦਿ ਅੰਤ ਦੇ ਤੇਰੇ ਬਾਲ, ਜਗਤ ਮਾਤ ਪਿਤ ਨਾ ਕੋਇ ਵਡਿਆਈਆ । ਆ ਵੇਖ ਮੁਰੀਦਾਂ ਹਾਲ, ਮੁਰਸ਼ਦ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਪਣੀ ਧਾਰ ਪ੍ਰਗਟਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਫੇਰ ਸਾਡਾ ਲਿਖਣਾ ਹਿਸਾਬ, ਨਿਸਬਤ ਸਮਝ ਕੋਇ ਨਾ ਪਾਈਆ । ਪਹਿਲਾ ਅੱਖਰ ਪਹਿਲਾ ਬਾਬ, ਅੰਕ ਹਿੱਸਾ ਪਹਿਲਾ ਜੋੜ ਜੁੜਾਈਆ । ਜਿਸ ਕਾਰਨ ਨਾਨਕ ਵਜਾਈ ਰਬਾਬ, ਰਬੀਉਲ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਵਖਾਈਆ । ਅਵਤਾਰ ਪੈਗ਼ੰਬਰ ਕਹਿਣ ਲੇਖਾ ਸ਼ਬਦ ਗੁਰੂ ਇਤਹਾਸ, ਇਤਮੀਨਾਨ ਨਾਲ ਨਾਲ ਦ੍ਰਿੜਾਈਆ । ਕੀ ਖੇਲ ਕਰੇ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਕਲ ਵਰਤਾਈਆ । ਪ੍ਰਗਟ ਹੋ ਕੇ ਪ੍ਰਿਥਵੀ ਆਕਾਸ਼, ਗਗਨ ਗਗਨੰਤਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਗ੍ਰਿਹਿ ਇਕ ਵਖਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡਾ ਹੋਇਆ ਅੰਤ ਬਿਆਨ, ਅੱਗੇ ਹਲਫ਼ ਲੈਣਾ ਉਠਾਈਆ । ਪਿਛਲੀ ਸ਼ਰਅ ਛੱਡੀ ਸ਼ੈਤਾਨ, ਸ਼ਰੀਅਤ ਵਿਚ ਨਾ ਕੋਇ ਲੜਾਈਆ । ਨਾਤਾ ਤੋੜ ਕੇ ਦੀਨ ਮਜ਼੍ਹਬ ਈਮਾਨ, ਅਮਨ ਦਾ ਮਾਲਕ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲੇਖਾ ਜਾਣ ਜੀਵ ਇਨਸਾਨ, ਕੂਕਰ ਸਵਾਨ ਵੇਖੇ ਥਾਉਂ ਥਾਈਂਆ ।

### ੧੩ ਹਾੜ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ

ਰਾਮ ਕਹੇ ਸੁਣ ਕ੍ਰਿਸ਼ਨ, ਕ੍ਰਿਸ਼ਨ ਦਿਆਂ ਦ੍ਰਿੜਾਈਆ । ਹਜ਼ਰਤ ਈਸਾ ਮੂਸਾ ਮੁੰਹਮਦ ਮੈਨੂੰ ਦਿਸਣ, ਜੋਤੀ ਧਾਰ ਸੋਭਾ ਪਾਈਆ । ਨਾਨਕ ਗੋਬਿੰਦ ਗੁਰਦੇਵ ਦਸ ਬਣੇ ਸਿੱਖਣ, ਮਿਤਰ ਪਿਆਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਰਾਮ ਕਹੇ ਕ੍ਰਿਸ਼ਨ ਕੀ ਖੇਲ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਹਜ਼ਰਤ ਈਸਾ ਮੂਸਾ ਮੁਹੰਮਦ ਮੈਨੂੰ ਦਿਸਣ ਨਾਲ, ਵੱਖਰਾ ਨਜ਼ਰ ਕੋਇ ਨਾ ਆਈਆ । ਨਾਨਕ ਗੋਬਿੰਦ ਰੂਪ ਦੱਸ ਪੁਰਖ ਅਕਾਲ, ਅਕਲ ਕਲਧਾਰੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਰਤਾਈਆ । ਰਾਮ ਕਿਹਾ ਕ੍ਰਿਸ਼ਨ ਕੀ ਕਰੇ ਭਗਵੰਤ, ਭਗਵਨ ਖੇਲ ਖਿਲਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਇਕੋ ਦਿਸੇ ਸੰਗਤ, ਸਗਲਾ ਸੰਗ ਬਣਾਈਆ । ਨਾਨਕ ਗੋਬਿੰਦ ਧਾਰ ਦਿਸੇ ਬਾਹਰ ਜੇਰਜ ਅੰਡਜ, ਉਤਭੁਜ ਸੇਤਜ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਰਾਮ ਕਹੇ ਕ੍ਰਿਸ਼ਨ ਜੁਗ ਚੌਕੜੀ ਬੀਤੇ, ਬਾਤਨ ਪੜਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਾਮ ਕਹੇ ਕ੍ਰਿਸ਼ਨ ਕੀ ਹਰਿ ਹਰਿ ਖੇਲ ਕਰਨਾ, ਕਰਤਾ ਕੀ ਵਡਿਆਈਆ । ਜਿਸ ਮੇਟ ਕੇ ਵਰਨਾਂ ਬਰਨਾਂ, ਜ਼ਾਤਾਂ ਪਾਤਾਂ ਦੇਣਾ ਮਿਟਾਈਆ । ਸਚ ਦਵਾਰ ਦੀ ਦੱਸ ਕੇ ਸਰਨਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਾਮ ਕਹੇ ਕ੍ਰਿਸ਼ਨ ਕੀ ਖੇਲ ਕਰਨਾ ਕਾਹਨਾ, ਕਾਹਨ ਦੇਣਾ ਜਣਾਈਆ । ਕ੍ਰਿਸ਼ਨ ਕਿਹਾ ਸਾਡਾ ਦੇਸ ਹੋਇਆ ਬੇਗਾਨਾ, ਮਾਲਕ ਨਜ਼ਰ ਕੋਇ ਨਾ ਆਈਆ । ਜਗਤ ਜੁਗ ਚੀਥੜ ਹੋਇਆ ਪੁਰਾਣਾ, ਗੰਦਗੀ ਪਰੇ ਦੇਣੀ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਰਾਮ ਕਹੇ ਕ੍ਰਿਸ਼ਨ ਕਥਾ ਕੀ ਕਹਾਣੀ, ਕਹਿ ਕੇ ਦਿਆਂ ਜਣਾਈਆ । ਪੈਗ਼ੰਬਰੋ ਇਹ ਖੇਲ ਜੁਗ ਪੁਰਾਣੀ, ਚੌਕੜੀ ਚਲੀ ਆਈਆ । ਬਿਨਾ ਪ੍ਰਭੂ ਕਿਰਪਾ ਕਰੇ ਨਾ ਕੋਇ ਸਾਵਧਾਨੀ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਤ ਆਪ ਰਖਾਈਆ । ਰਾਮ ਕਹੇ ਕ੍ਰਿਸ਼ਨ ਸਾਥੋਂ ਲੇਖ ਲਿਖਾਉਣ ਲੱਗਾ, ਇਸ਼ਟਾਮ ਇਸ਼ਟ

ਵਾਲੇ ਮੰਗਾਈਆ । ਚਾਰੋਂ ਕੁੰਟ ਫਿਰੇ ਭੱਜਾ, ਦਹਿ ਦਿਸ਼ਾ ਫੋਲ ਫੁਲਾਈਆ । ਸਾਡਾ ਵਧੇ ਕੋਇ ਨਾ ਅੱਗਾ, ਅੱਗੇ ਦਾ ਲੇਖਾ ਦਿਤਾ ਮੁਕਾਈਆ । ਸਾਹਿਬ ਸੁਲਤਾਨ ਬਣ ਸੂਰਾ ਸਰਬਗਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਚਲਾਏ ਆਪਣੀ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਆਪਣੀ ਦਇਆ ਕਮਾਈਆ ।

## ✪ ੧੪ ਹਾੜ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ✪

ਅਵਤਾਰ ਪੈਗ਼ੰਬਰ ਗੁਰੂ ਕਹਿਣ ਅਕਬਾਲੇ ਹੂ, ਇਕਬਾਲ ਅਕਲ ਬੁੱਧੀ ਤੋਂ ਬਾਹਰ ਜਣਾਈਆ । ਜਿਸ ਦਾ ਹੁਕਮ ਹਾਕਮ ਬੁਤ ਰੂਹ, ਰੂਹੇ ਰਵਾਂ ਦਏ ਵਡਿਆਈਆ । ਜਿਸ ਦਾ ਨੂਰ ਜ਼ਹੂਰ ਨੂਰੀ ਹੂਬਹੂ, ਹਰ ਹਿਰਦੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਦਾਤਾ ਇਕ ਅਖਵਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਖੇਲ ਕਰੇ ਖ਼ੁਦਾ ਤੁਆਲਾ, ਤੁਅਲੁਕ ਸਭ ਦਾ ਵੇਖ ਵਖਾਈਆ । ਪਾਵੇ ਸਾਰ ਅਦਨਾ ਆਅਲਾ, ਅਮੀਰ ਗ਼ਰੀਬ ਖੋਜ ਖੁਜਾਈਆ । ਲਹਿਣਾ ਦੇਣਾ ਵੇਖੇ ਮਾਜ਼ੀ ਹਾਲਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਹੁਕਮ ਇਕ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਰੱਬੀ ਨੂਰ ਅਲਾਹ, ਏਕੰਕਾਰ ਇਕ ਵਡਿਆਈਆ । ਸ਼ਬਦੀ ਕਲਮੇ ਦਿਤੀ ਸਚ ਸਲਾਹ, ਸਿਫ਼ਤ ਸਿਫ਼ਤ ਵਿਚੋਂ ਪਰਗਟਾਈਆ । ਨਵ ਨੌਂ ਚਾਰ ਦਾ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੱਸਣਹਾਰਾ ਧੁਰ ਦਾ ਰਾਹ, ਰਹਿਬਰ ਅਗੰਮ ਅਥਾਹੀਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸ਼ਬਦ ਸੰਦੇਸ਼ਾ ਕਲਮਾ ਦੇਵੇ ਨਾਲ ਵਜ਼ਾਹਤ, ਵਜੂਹ ਵਸਲ ਦਾ ਝਗੜਾ ਰਿਹਾ ਮੁਕਾਈਆ । ਚਾਰ ਜੁਗ ਦੇ ਜੋ ਬਣੇ ਰਹੇ ਰਾਹਕ, ਦੀਨ ਮਜ਼੍ਹਬ ਹੱਕ ਫੱਕ ਨਾ ਕੋਇ ਵਖਾਈਆ । ਅਲਿਫ਼ ਯੇ ਦੇ ਬਣੇ ਰਹੇ ਗਾਹਕ, ਅੱਖਰ ਅੱਖਰਾਂ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਚ ਘਰ, ਜੋ ਸਚ ਦੇ ਬਣੇ ਰਹੇ ਸਾਹਿਤ, ਸਹਿਜ ਨਾਲ ਖੋਜ ਖੁਜਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਦੱਸੇ ਨਾਮ ਕਲਮਾ ਅਗੰਮ, ਮਜ਼ਮੂਨ ਮੰਜ਼ਲ ਪਿਛਲੀ ਰਿਹਾ ਚੁਕਾਈਆ । ਧੁਰ ਦਾ ਹੁਕਮ ਬਣਾ ਕਾਨੂੰਨ, ਕਾਇਨਾਤ ਦਾ ਕਾਇਦਾ ਦੇ ਉਲਟਾਈਆ । ਪਿਆਰ ਮੁਹੱਬਤ ਵਿਚ ਬਣਨਾ ਦੱਸੇ ਮਮਨੂਨ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡਾ ਬਣਨਾ ਇਕ ਕਬੀਲਾ, ਕਿਬਲੇ ਅਜ਼ ਦਏ ਵਡਿਆਈਆ । ਨੂਰੀ ਅੱਲਾ ਅਲਾਹ ਬਣ ਵਸੀਲਾ, ਵਸਤ ਅਮੋਲਕ ਇਕ ਵਰਤਾਈਆ । ਪੰਜਾਂ ਪਿਆਰਿਆਂ ਸੱਜੀ ਹਥੇਲੀ ਨਿਸ਼ਾਨ ਲਾਉਣਾ ਪੀਲਾ, ਪਲਕਾਂ ਦੇ ਉਤੇ ਚਰਨ ਧੂੜੀ ਲੈਣੀ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਖੇਲੇ ਖੇਲ ਨਿਆਰੀ, ਅਗੰਮੜੀ ਕਾਰ ਕਮਾਈਆ । ਪੈਰਾਂ ਤੋਂ ਨੰਗੇ ਹੋਣ ਪੰਜ ਪੁਜਾਰੀ, ਪੂਜਾ ਜੁਗ ਜਨਮ ਦੀ ਝੋਲੀ ਪਾਈਆ । ਪੰਜਾਂ ਲਿਖਾਰੀਆਂ ਕੱਜਲ ਪਾਉਣਾ ਇਕ ਧਾਰੀ,

ਸੂਤਰ ਪੰਜ ਪੰਜ ਲੰਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਭ ਦਾ ਪੂਰਾ ਹੋਣਾ ਵਾਅਦਾ, ਵਾਹਵਾ ਵੱਜੇ ਵਧਾਈਆ । ਅੱਗੇ ਰਹਿਣਾ ਨਹੀਂ ਕੋਈ ਅਲਹਿਦਾ, ਅੱਲਾ ਰਾਮ ਵਾਹਿਗੁਰੂ ਵੰਡ ਨਾ ਕੋਇ ਵੰਡਾਈਆ । ਏਕਾ ਹੁਕਮ ਸਭ ਨੇ ਮੰਨਣਾ ਬਾਕਾਇਦਾ, ਨਿਉਂ ਨਿਉਂ ਲਾਗਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗ ਚੌਕੜੀ ਸਭ ਦਾ ਅੰਤਰ ਲਏ ਜਾਇਜ਼ਾ, ਨਾਜਾਇਜ਼ ਕਾਰ ਨਾ ਕੋਇ ਕਮਾਈਆ ।

## ✪ ੧੫ ਹਾੜ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ✪

ਭਗਵਨ ਦੇ ਥਾਂ ਮਾਣ ਦਵਾਇਆ ਭਗੌਤੀ, ਭਗਵਤੀ ਆਪਣਾ ਹੁਕਮ ਵਰਤਾਈਆ । ਕਾਜ ਰਚਾਇਆ ਅਦੌਤੀ, ਝਗੜਿਆਂ ਵਿਚ ਵਡਿਆਈਆ । ਖੇਲ ਖਿਲਾਇਆ ਬਨੌਟੀ, ਲੋਕਮਾਤ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਨਹਾਰ ਅਖਵਾਈਆ । ਭਗਵਨ ਥਾਂ ਭਗੌਤੀ ਕਰਾਈ ਪੂਜਾ, ਸਿਲ ਪਾਹਨ ਸੰਗ ਮਿਲਾਈਆ । ਇਸ਼ਟ ਇਸ਼ਟ ਦਾ ਰੂਪ ਦੂਜਾ, ਦੁਤੀਆ ਭਾਉ ਜਗਤ ਲੋਕਾਈਆ । ਆਪਣਾ ਭੇਵ ਰਖਾਇਆ ਗੁੱਝਾ, ਚਾਰ ਜੁਗ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਹੁਕਮੀ ਹੁਕਮ ਬਦਲਾਈਆ । ਭਗਵਨ ਥਾਂ ਭਗਵਤੀ ਕੀਤੀ ਸਿਧ, ਸਾਧਨਾ ਸਮਝ ਕਿਸੇ ਨਾ ਆਈਆ । ਚੰਡੀ ਚੰਡਿਕਾ ਬਣਾ ਕੇ ਜ਼ਿਦ, ਜ਼ੋਰ ਜ਼ਬਰ ਵਿਚ ਰਖਾਈਆ । ਅਛਲ ਛਲ ਆਪਣਾ ਕਾਰਜ ਕਰਕੇ ਸਿਧ, ਸਿਧਾਂਤ ਜਗਤ ਵਾਲਾ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਭਗੌਤੀ ਹੋਈ ਮਾਤ ਪ੍ਰਧਾਨ, ਪ੍ਰਥਮ ਰੂਪ ਦਿਤਾ ਦਰਸਾਈਆ । ਇਹ ਸਭ ਤੋਂ ਵਡਾ ਖੇਲ ਸ੍ਰੀ ਭਗਵਾਨ, ਅਛਲ ਛਲਧਾਰੀ ਆਪ ਕਰਾਈਆ । ਅਵਤਾਰ ਪੈਗ਼ੰਬਰ ਗੁਰੂ ਬਣਾ ਬਲਵਾਨ, ਤਨ ਵਜੂਦ ਘਾਉ ਏਸੇ ਨਾਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪਰਦਾ ਆਪ ਚੁਕਾਈਆ । ਭਗਵਨ ਥਾਂ ਭਗਵਤੀ ਹੋਈ ਪ੍ਰਗਟ, ਪ੍ਰਗਟ ਆਪਣਾ ਆਪ ਕਰਾਈਆ । ਗੁਰ ਅਵਤਾਰ ਪੈਗ਼ੰਬਰਾਂ ਬਦਲਦੀ ਰਹੀ ਕਰਵਟ, ਨਿਰਗੁਣ ਸਰਗੁਣ ਧਾਰ ਹਿਲਾਈਆ । ਮਾਰਗ ਪੈਂਡਾ ਰਾਹ ਦੱਸਦੀ ਰਹੀ ਮਰਘਟ, ਆਪ ਆਪਣਾ ਬਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਇਕ ਵਖਾਈਆ । ਭਗੌਤੀ ਕਹੇ ਮੇਰਾ ਨਾਮ ਅਨੋਖਾ, ਸ਼ਕਤੀ ਜੋਤ ਗੁਰ ਗਏ ਸਮਝਾਈਆ । ਮੈਂ ਪ੍ਰਗਟ ਹੋਣਾਂ ਸਮੇਂ ਅਨੁਸਾਰ ਜਗਤ ਮੌਕਾ, ਮੁਕੰਮਲ ਆਪਣਾ ਹੁਕਮ ਦਰਸਾਈਆ । ਮੈਂ ਖੇਲ ਖਿਲਾਵਾਂ ਜਗਤ ਜੀਵ ਖਉਕਾ, ਭੌ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਭਗਵਤੀ ਕਹੇ ਮੇਰਾ ਨਾਤਾ ਨਾਲ ਭਵਾਨੀ, ਭੁਜਾਂ ਬਾਹਵਾਂ ਨਾਲ ਵਡਿਆਈਆ । ਮੇਰੀ ਗੋਬਿੰਦ ਨਾਲ ਨਿਸ਼ਾਨੀ, ਨਿਸ਼ਾਨਾ ਗੋਬਿੰਦ

ਗਿਆ ਸਮਝਾਈਆ । ਜਿਸ ਨੇ ਬੱਚਿਆਂ ਦੀ ਲਈ ਕੁਰਬਾਨੀ, ਕਰ ਹੱਥਾਂ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਆਦਿ ਜੁਗਾਦਿ ਘਰ, ਗ੍ਰਿਹ ਆਪਣਾ ਆਪ ਪ੍ਰਗਟਾਈਆ । ਭਗੌਤੀ ਕਹੇ ਮੈਨੂੰ ਝੁਕਦੇ ਰਹੇ ਸੀਸ, ਜਗਤ ਜੀਵ ਧਿਆਨ ਲਗਾਈਆ । ਮੇਰੇ ਪਿਛੇ ਭੁੱਲ ਗਿਆ ਇਸ਼ਟ ਜਗਦੀਸ਼, ਜਗਦੀਸ਼ਰ ਭੈ ਨਾ ਕੋਇ ਰਖਾਈਆ । ਮੇਰੀ ਧਾਰ ਜਗਤ ਜਵਾਰੀ ਰੀਤ, ਜੁਗ ਜੁਗ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਭਗੌਤੀ ਕਹੇ ਮੇਰਾ ਰੂਪ ਜਗਤ ਧਾਤ, ਮਾਨਵ ਰੰਗ ਨਾ ਕੋਇ ਰੰਗਾਈਆ । ਮੈਂ ਜੁਗ ਜੁਗ ਹਿੱਸੇ ਵੰਡੇ ਪ੍ਰਾਂਤ, ਦੀਨ ਦੁਨੀ ਵੇਖ ਵਖਾਈਆ । ਭਰਮ ਭੁਲੇਖੇ ਪਾਏ ਭਰਾਂਤ, ਭਾਂਡਾ ਭਰਮ ਨਾ ਕੋਇ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗੌਤੀ ਕਹੇ ਮੇਰੀ ਲੇਖੇ ਲਾਉਣੀ ਗੋਬਿੰਦ ਵਾਲੀ ਓਹ ਰਾਤ, ਜਿਸ ਰਾਤ ਤਨ ਨਾਲੋਂ ਲਾਹ ਕੇ ਮਾਛੂਵਾੜੇ ਪ੍ਰਭ ਚਰਨਾਂ ਵਿਚ ਟਿਕਾਈਆ ।

## ੧੯ ਹਾੜ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ



ਅਵਤਾਰ ਪੈਗ਼ੰਬਰ ਗੁਰ ਕਹਿਣ ਸੌਣਾ ਨਹੀਂ ਸੋਲਾਂ ਹਾੜ ਦੀ ਰੈਣਾ, ਸਚਖੰਡ ਸਚ ਧਾਰ ਵਿਚ ਆਪਣਾ ਆਪ ਪ੍ਰਗਟਾਈਆ । ਪੁਰਖ ਅਕਾਲ ਦੀਨ ਦਿਆਲ ਦਾ ਮੰਨਣਾ ਸ਼ਬਦ ਅਗੰਮੀ ਕਹਿਣਾ, ਜਿਸ ਨੂੰ ਦੋ ਜਹਾਨ ਸੁਣਨ ਕੋਇ ਨਾ ਪਾਈਆ । ਅੰਤ ਅਖ਼ੀਰ ਸਤਿ ਸਚ ਦਾ ਲਹਿਣਾ, ਲਹਿਣੇਦਾਰ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਇਕ ਪ੍ਰਗਟਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਰੈਣ ਸਬਾਈ ਜਾਗਣਾ, ਸਚਖੰਡ ਸਾਚੇ ਵੱਜੇ ਵਧਾਈਆ । ਚਾਰ ਜੁਗ ਦਾ ਪਿਛਲਾ ਕੀਤਾ ਤਿਆਗਣਾ, ਤ੍ਰੈਗੁਣ ਦਾ ਲੇਖਾ ਰਹੇ ਨਾ ਰਾਈਆ । ਆਪ ਆਪਣਾ ਆਪ ਸਾਧਣਾ, ਦੁਤੀਆ ਭਉ ਦੇਣਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅੱਜ ਦੀ ਰੈਣ ਨਾ ਹੋਏ ਆਲਸ, ਦਰਗਾਹ ਸਾਚੀ ਅਸਲ ਦਈਏ ਜਣਾਈਆ । ਅਸਾਂ ਸਭ ਨੇ ਰੂਪ ਧਾਰਨਾ ਖ਼ਾਲਸ, ਖ਼ਾਕੀ ਤਨ ਵੰਡ ਨਾ ਕੋਇ ਵੰਡਾਈਆ । ਜਗਤ ਸ਼ਰਅ ਬਣੇ ਨਾ ਕੋਇ ਸਾਲਸ, ਵਿਚੋਲਾ ਮਜ਼੍ਹਬ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਭਿੰਨੜੀ ਰੈਣ ਆਵੇ ਸੱਦਾ, ਸਦਕੇ ਵਾਰੀ ਘੋਲ ਘੁਮਾਈਆ । ਕਰੇ ਖੇਲ ਪੁਰਖ ਸਮਰਥਾ, ਸਾਹਿਬ ਸਵਾਮੀ ਵਡ ਵਡਿਆਈਆ । ਜਿਸ ਦਾ ਚਾਰ ਜੁਗ ਨਾਮ ਕਲਮੇ ਵਿਚ ਸਿਫ਼ਤੀ ਖੇਲ ਖੇਲਿਆ ਯਥਾਰਥ ਯਥਾ, ਯਦੀ ਆਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅੱਜ ਦੀ ਰੈਣ ਵਿਸ਼ਨ ਬ੍ਰਹਮਾ ਸ਼ਿਵ ਉਠਣਾ, ਨਿਰਗੁਣ ਧਾਰ ਧਾਰ ਵਿਚੋਂ ਲੈਣੀ ਅਗੰੜਾਈਆ । ਸਭ ਨੇ ਪ੍ਰਭ ਦੀ ਚਰਨ ਧੂੜ ਧੋਣਾ ਮੁਖੜਾ, ਸਤਿ

ਸਰੂਪ ਇਕੋ ਸੋਭਾ ਪਾਈਆ । ਨੇਤਰ ਖੋਲ੍ਹ ਵੇਖਣਾ ਸਾਡਾ ਪੈਂਡਾ ਅੰਤਮ ਮੁਕਣਾ, ਚਾਰ ਜੁਗ ਦੀ ਸ਼ਰਅ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਵਿਸ਼ਨ ਬ੍ਰਹਮਾ ਸ਼ਿਵ ਹੋਸ਼ ਸੰਭਾਲੋ, ਸੰਬਲ ਵੇਖਣਾ ਬੇਪਰਵਾਹੀਆ । ਦੋ ਜਹਾਨ ਨਿਰਗੁਣ ਧਾਰ ਬਿਨ ਸਰਗੁਣ ਰੂਪ ਭਾਲੋ, ਜ਼ਿਮੀਂ ਅਸਮਾਨਾਂ ਤੋਂ ਪਰੇ ਖੋਜ ਖੁਜਾਈਆ । ਇਕ ਸੰਦੇਸ਼ਾ ਨਾਨਕ ਧਾਰ ਦੇਣਾ ਲਾਲੋ, ਲਾਲ ਰੰਗ ਦਾ ਮਸਤਕ ਕਰ ਕੇ ਮਸਤਕ ਨਾਨਕ ਲਏ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਰੈਣ ਸਬਾਈ ਸੁਣਨਾ ਗੀਤ, ਸਚਖੰਡ ਗ੍ਰਿਹਿ ਵੱਜੇ ਵਧਾਈਆ । ਪੁਰਖ ਅਕਾਲ ਦੀਨ ਦਿਆਲ ਦੋ ਜਹਾਨ ਬਦਲ ਦੇਣੀ ਰੀਤ, ਰੀਤੀਵਾਨ ਆਪਣੀ ਕਾਰ ਕਮਾਈਆ । ਸਤਿ ਧਰਮ ਦਾ ਮਾਰਗ ਲਾ ਕੇ ਠੀਕ, ਰਾਸਤਾ ਬਰਾਸਤਾ ਇਕੋ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਵੇਖ ਅੰਧੇਰਾ ਤਾਰੀਕ, ਤਾਰੀਖ ਤਵਾਰੀਖ ਪਿਛਲੀ ਦਏ ਬਦਲਾਈਆ । ਅਵਤਾਰ ਪੈਗ਼ੰਬਰ ਕਹਿਣ ਰੈਣ ਸਬਾਈ ਚੰਗੀ, ਗੁਰੂ ਗੁਰਦੇਵ ਦਏ ਸਮਝਾਈਆ । ਗੋਬਿੰਦ ਪਿਛਲੀ ਕਢਣੀ ਸੰਧੀ, ਜਿਹੜੀ ਸੰਧਿਆ ਵੇਲੇ ਪੁਰਖ ਅਕਾਲ ਸਮਝਾਈਆ । ਸੰਦੇਸ਼ਾ ਦਿਤਾ ਕਲਜੁਗ ਅੰਤ ਆਵੇ ਸੂਰਾ ਸਰਬੰਗੀ, ਸ਼ਾਹ ਸੁਲਤਾਨਾ ਧੁਰਦਰਗਾਹੀਆ । ਓਸ ਵੇਲੇ ਤੇਈ ਗੁਰਮੁਖਾਂ ਆਪਣੀ ਪਿੱਠ ਕਰਨੀ ਨੰਗੀ, ਪੁਸ਼ਤ ਉਤੇ ਗੋਬਿੰਦ ਲੈਣਾ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਆਪਣੇ ਹੱਥ ਰਖਾਈਆ । ਰੈਣ ਕਹੇ ਮੇਰੇ ਹੱਥ ਜੋੜੇ, ਦੋ ਜਹਾਨਾਂ ਸੀਸ ਨਿਵਾਈਆ । ਜਿਸ ਵੇਲੇ ਪੁਰਖ ਅਕਾਲਾ ਸਾਹਿਬ ਸਤਿਗੁਰ ਸ਼ਬਦੀ ਧਾਰ ਚੜ੍ਹੇ ਘੋੜੇ, ਅਗੰਮ ਅਗੰਮੜਾ ਵੇਸ ਵਟਾਈਆ । ਉਸ ਵੇਲੇ ਵਿਸ਼ਨ ਬ੍ਰਹਮਾ ਸ਼ਿਵ ਸਾਰੇ ਹੋਵਣ ਕੋਲੇ, ਨੇਰਨ ਨੇਰਾ ਸੀਸ ਨਿਵਾਈਆ । ਪੰਜ ਗੁਰਮੁਖ ਬੱਚੇ ਬਾਲ ਅਵਸਥਾ ਰੰਗ ਦੇ ਹੋਣ ਗੋਰੇ, ਹੱਥ ਗੋਡਿਆਂ ਉਤੇ ਟਿਕਾਈਆ । ਪੰਜਾਂ ਗੁਰਮੁਖਾਂ ਪਿੱਠ ਤੇ ਬੱਧੇ ਹੋਣ ਜੋੜੇ, ਤਲਾ ਬਾਹਰ ਸੋਭਾ ਪਾਈਆ । ਤੇਈ ਗੁਰਮੁਖ ਬਣੇ ਹੋਣ ਢੋਰੇ, ਬੁੱਧੀ ਸਮਝ ਨਾ ਕੋਇ ਚਤੁਰਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਵਰ ਪਾਉਣਾ ਜਿਹਾ ਲੋੜੇ, ਲੋੜੀਂਦਾ ਸੱਜਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਕਰੇ ਦੋਹਰੇ, ਦੂਏ ਦਾ ਏਕਾ ਰੂਪ ਦਰਸਾਈਆ ।

### ✪ ੧੭ ਹਾੜ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਦੁਪਿਹਰ ਇਸ਼ਨਾਨ ਦੇ ਸਮੇਂ ✪

ਸਚਖੰਡ ਸਚ ਦਵਾਰ ਸਚ ਧਾਰ ਹੋਈ ਸਵਾਧਾਨ, ਏਕਾ ਏਕ ਰੂਪ ਦਰਸਾਈਆ । ਤੇਈ ਅਵਤਾਰ ਕਹਿਣ ਵੇਖੋ ਧੁਰ ਦਾ ਰਾਮ, ਰਾਮ ਰਾਮ ਰੂਪ ਵਡਿਆਈਆ । ਪੈਗ਼ੰਬਰ ਕਹਿਣ ਤੱਕੀਏ ਇਕ ਅਮਾਮ, ਜਲਵਾਗਰ ਨੂਰ ਇਲਾਹੀਆ । ਗੁਰ ਦਸ ਕਹਿਣ ਸਾਡਾ ਸ਼ਹਿਨਸ਼ਾਹ ਸੁਲਤਾਨ, ਪੁਰਖ ਅਕਾਲਾ ਬੇਪਰਵਾਹੀਆ । ਜਿਸ ਦੇ ਜੁਗ ਚੌਕੜੀ ਗਾਉਂਦੇ ਆਏ ਗਾਣ, ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਉਹ ਨਵ ਨੌਂ ਚਾਰ ਪਿਛੋਂ

ਸਭ ਦਾ ਬਦਲਣ ਲੱਗਾ ਵਿਧਾਨ, ਪਿਛਲੀ ਰੇਖਾ ਰਿਹਾ ਬਦਲਾਈਆ । ਸਤਿਗੁਰ ਸਾਚਾ ਸਚ ਕਰ ਪ੍ਰਵਾਨ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਰਿਹਾ ਸਮਝਾਈਆ । ਜੋਤੀ ਜਾਤਾ ਪੁਰਖ ਬਿਧਾਤਾ ਸਾਡਾ ਸਭ ਦਾ ਇਕੋ ਬਣ ਕੇ ਕਾਹਨ, ਕਾਹਨ ਕਾਹਨਾ ਰੰਗ ਰੰਗਾਈਆ । ਧੰਨ ਭਾਗ ਸਚਖੰਡ ਸਖ਼ੀਆਂ ਕਰੇ ਪਰਵਾਨ, ਸਾਖਿਆਤ ਆਪਣੀ ਕਲ ਧਰਾਈਆ । ਜੋਤੀ ਧਾਰ ਤਕੀਏ ਲੋਕਮਾਤ ਖੇਲ ਮਹਾਨ, ਮਹਾਂਸਾਰਥੀ ਆਪਣੀ ਕਾਰ ਕਮਾਈਆ । ਲਹਿਣਾ ਦੇਣਾ ਚੁਕਾਏ ਤੇਈ ਅਵਤਾਰਾਂ ਆਣ, ਆਣ ਆਪਣੀ ਇਕ ਮਨਾਈਆ । ਧਰਮ ਦੇ ਖਾਰੇ ਚੜ੍ਹ ਕੇ ਨੌਜਵਾਨ, ਸੂਰਬੀਰ ਸੁਲਤਾਨ ਪੜਦਾ ਦਏ ਉਠਾਈਆ । ਤੇਈ ਗੁਰਮੁਖ ਕਰਾਉਣ ਇਸ਼ਨਾਨ, ਇਸ਼ਾਰਾ ਸਚਖੰਡ ਸਮਝਾਈਆ । ਤੇਈ ਬੀਬੀਆਂ ਗਾਵਣ ਗਾਣ, ਗੀਤ ਸੁਹਾਗੀ ਸਤਿਗੁਰ ਪੂਰਾ ਧੁਰ ਦਾ ਮਾਹੀਆ । ਇਸ ਨੇ ਦੋ ਜਹਾਨਾਂ ਬਣਨਾ ਹੁਕਮਰਾਨ, ਨਾਮ ਸੰਦੇਸਾ ਇਕ ਦ੍ਰਿੜਾਈਆ । ਸਤਿਜੁਗ ਸਚ ਬਣਾਏ ਵਿਧਾਨ, ਜ਼ਾਤ ਪਾਤ ਦੀਨ ਮਜ਼੍ਹਬ ਦਾ ਡੇਰਾ ਢਾਹੀਆ । ਜਿਸ ਵੇਲੇ ਅਨੰਦ ਕਾਰਜ ਹੋਇਆ ਕਰਨ ਵਿਚ ਜਹਾਨ, ਸ੍ਰਿਸ਼ਟ ਸਬਾਈ ਏਕਾ ਖੇਲ ਖਿਲਾਈਆ । ਪੰਜ ਗੁਰਮੁਖ ਲਾੜੇ ਲਾੜੀ ਨੂੰ ਸਦਾ ਕਰਾਇਆ ਕਰਨ ਇਸ਼ਨਾਨ, ਦੂਸਰ ਭੇਖ ਨਾ ਕੋਇ ਬਣਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਬੋਲਣ ਨਾਲ ਜ਼ਬਾਨ, ਮੁਖੋਂ ਕੂਕ ਕੂਕ ਸੁਣਾਈਆ । ਦਰਗਹ ਸਾਚੀ ਸਚਖੰਡ ਹੋਵਣ ਪਰਵਾਨ, ਪਰਵਾਨੇ ਗੁਰਮੁਖ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਅਵਤਾਰ ਪੈਗ਼ੰਬਰ ਕਹਿਣ ਸਾਡਾ ਆਇਆ ਸਗਨ ਦਿਹਾੜਾ, ਜੋਤੀ ਜੋਤ ਵੱਜੇ ਵਧਾਈਆ । ਅਸੀਂ ਤੱਕੀਏ ਧੁਰ ਦਾ ਲਾੜਾ, ਜਿਸ ਲਾੜੀ ਜੋਤੀ ਧਾਰ ਲੈਣੀ ਪਰਨਾਈਆ । ਸਭ ਨੂੰ ਬਣਾਏ ਸਤਿ ਸਚ ਦੀ ਨਾਰਾ, ਨਰ ਨਰਾਇਣ ਆਪਣੀ ਦਇਆ ਕਮਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਮਾਤਲੋਕ ਅਵਤਾਰ ਪੈਗ਼ੰਬਰ ਗੁਰ ਰਿਹਾ ਕਵਾਰਾ, ਪਰਗਟ ਸਾਖਿਆਤ ਹਰਿ ਕੰਤ ਨਾ ਕੋਇ ਹੰਢਾਈਆ । ਕਿਰਪਾ ਨਿਧਾਨ ਠਾਕਰ ਸਵਾਮੀ ਅਚਰਜ਼ ਖੇਲ ਕੀਆ ਦੁਬਾਰਾ, ਸਰਗੁਣ ਨਿਰਗੁਣ ਰੂਪ ਬਣਾਈਆ । ਤੇਈ ਅਵਤਾਰ ਕਹਿਣ ਸਾਡੀ ਨਿਮਸਕਾਰਾ, ਨਮੋ ਨਮੋ ਸੀਸ ਝੁਕਾਈਆ । ਧੰਨ ਵਡਿਆਈ ਸਾਡਾ ਲੇਖਾ ਪੂਰਾ ਕੀਤਾ ਜਿਸ ਨੂੰ ਕਹਿੰਦੇ ਚੌਬੀਸਾ ਕਲਕੀ ਅਵਤਾਰਾ, ਅਵਤਰ ਆਪਣੀ ਕਲ ਵਰਤਾਈਆ । ਜਿਸ ਲੋਕਮਾਤ ਵਿਚੋਂ ਸ਼ਬਦੀ ਘੱਲੀ ਅੰਮ੍ਰਿਤ ਧਾਰਾ, ਸਚਖੰਡ ਦਿਤੀ ਪਹੁੰਚਾਈਆ । ਸਾਨੂੰ ਕਰ ਕੇ ਠੰਡੀ ਠਾਰਾ, ਠਾਕਰ ਆਪਣਾ ਰੰਗ ਰੰਗਾਈਆ । ਸਾਡਾ ਖ਼ੁਸ਼ੀਆਂ ਦਾ ਵਿਵਹਾਰਾ, ਵਿਵਹਾਰੀ ਹੋ ਕੇ ਆਪਣਾ ਆਪ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਕੀਤੇ ਖ਼ਬਰਦਾਰਾ, ਲਾਗੀ ਦੀਨ ਦੁਨੀ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪੜਦਾ ਆਪ ਉਠਾਈਆ । ਅਵਤਾਰ ਪੈਗ਼ੰਬਰ ਕਹਿਣ ਜੋ ਸਰਗੁਣ ਧਾਰ ਨਹਾਤਾ ਕੇਸੀ, ਕੇਸਗੜ੍ਹ ਦਾ ਲੇਖਾ ਪੂਰ ਕਰਾਈਆ । ਜੋ ਵਾਅਦਾ ਕੀਤਾ ਦਸ ਦਸਮੇਸੀ, ਦੀਨ ਦਿਆਲਾ ਪੁਰਖ ਅਕਾਲਾ ਝੋਲੀ ਰਿਹਾ ਪਾਈਆ । ਉਹਨੇ ਖੇਲ ਅਗੰਮੀ ਸਤਿ ਸਰੂਪੀ ਵੇਖੀ, ਜਿਸ ਨੂੰ ਵਖਾਵਣਹਾਰਾ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਧਾਰ ਅਸੀਂ ਅੱਗੇ ਰਹਿਣਾ ਨਹੀਂ ਪਰਦੇਸੀ, ਪਰਦੇਸ ਦਾ ਝਗੜਾ ਦਿਤਾ ਮੁਕਾਈਆ । ਸੇਵਾ ਕਰਨੀ ਕਰਨੀ ਨਾਲ ਨੇਕੀ, ਦੁਤੀਆ ਭਾਉ ਦਿਤਾ ਮਿਟਾਈਆ । ਪੁਰਖ ਅਕਾਲਾ ਦੀਨ ਦਿਆਲਾ ਸਚ ਦਵਾਰੇ ਰਿਹਾ ਵੇਖੀ, ਵੇਖਣਹਾਰਾ ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸੌਹਰਾ ਪਈਆ ਆਪੇ ਬਣ ਕੇ ਬੇਟਾ ਬੇਟੀ, ਨਾਰ ਕੰਤ ਆਪਣਾ ਰੂਪ ਦਰਸਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅਸੀਂ ਸਗਣ ਮਨਾਈਏ ਸਚ, ਸਚ ਮਿਲੀ ਵਡਿਆਈਆ । ਸਾਡਾ ਲੇਖਾ ਮੁਕਣਾ ਅੱਜ, ਘੜੀ ਸੁਲਖਣੀ ਸੋਭਾ ਪਾਈਆ । ਅਸਾਂ ਗੀਤ ਸੁਹਾਗੀ ਸੁਣਨੇ ਰੱਜ, ਬਿਨ ਕੰਨਾਂ ਕੰਨ ਲਗਾਈਆ । ਧੰਨ ਵਡਿਆਈ ਜੋ ਸਾਹਿਬ ਸਵਾਮੀ ਅੰਤਰਜਾਮੀ ਸਾਨੂੰ ਮਾਤਲੋਕ ਲਏ ਸੱਦ, ਸ਼ਬਦ ਸੰਦੇਸ਼ਾ ਇਕ ਸੁਣਾਈਆ । ਅਸੀਂ ਆਈਏ ਭੱਜ ਭੱਜ, ਸਗਨ ਮਨਾਉਣ ਥਾਈਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਰੂਪ ਦਰਸਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਨੂੰ ਚੜ੍ਹਿਆ ਤੇਲ ਅਪਾਰਾ, ਅਪਰੰਪਰ ਦਿਤਾ ਚੜ੍ਹਾਈਆ । ਜੋਤੀ ਧਾਰ ਕਿਰਨ ਕਿਰਨ ਕਰ ਸ਼ਿੰਗਾਰਾ, ਰੂਪ ਅਨੂਪ ਦਿਤਾ ਸਮਝਾਈਆ । ਨੂਰ ਨੁਰਾਨਾ ਮਾਰ ਚਮਤਕਾਰਾ, ਜੋਬਨ ਸੋਹਣਾ ਦਿਤਾ ਬਣਾਈਆ । ਸਤਿ ਸਰੂਪ ਬਣਾ ਕੇ ਨਾਰਾ, ਮੇਲਾ ਮੇਲੇ ਸਹਿਜ ਸੁਭਾਈਆ । ਨਾਮ ਨਿਧਾਨਾ ਕੱਜਲ ਪਾ ਕੇ ਧਾਰਾ, ਬਿਨ ਨੈਣ ਨੈਣ ਮਟਕਾਈਆ । ਸੋਹਣਾ ਸੀਸ ਬਣਾ ਰੰਗ ਚੜ੍ਹਾ ਅਪਾਰਾ, ਅਪਰੰਪਰ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੇ ਨਾਨਕ ਦਾਦਕ ਦੋ ਜਹਾਨ, ਸੋਹਣੀ ਖ਼ੁਸ਼ੀ ਮਨਾਈਆ । ਸਚ ਝੂਠ ਦਾ ਦੋਵੇਂ ਲੈ ਕੇ ਆਏ ਦਾਨ, ਝੋਲੀ ਸਭ ਦੀ ਰਹੇ ਭਰਾਈਆ । ਝੂਠੇ ਸੱਚੇ ਗਾਉਂਦੇ ਗਾਣ, ਗਾ ਗਾ ਰਹੇ ਸੁਣਾਈਆ । ਕੌੜੇ ਮਿੱਠੇ ਖਾ ਪਕਵਾਨ, ਮਨ ਆਤਮਾ ਰਹੇ ਭਰਮਾਈਆ । ਅਸੀਂ ਹੋ ਗਏ ਹੈਰਾਨ, ਹੈਰਾਨੀ ਵਿਚ ਸੁਣਾਈਆ । ਕਿਹੜਾ ਰੱਖੀਏ ਦਾਨ, ਕਵਣ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੋ ਜਹਾਨ ਲਿਆਏ ਸਾਡੇ ਬਸਤਰ, ਸੋਹਣਾ ਰੰਗ ਰੰਗਾਈਆ । ਜਗਤ ਸ਼ਿੰਗਾਰ ਲਿਆਏ ਸ਼ਸਤਰ, ਸ਼ਸਤਰ ਨਾਲ ਵਡਿਆਈਆ । ਫੇਰ ਵੇਖਿਆ ਅੰਤਰ, ਅੰਤਸ਼ ਖੋਜ ਖੁਜਾਈਆ । ਪ੍ਰਭ ਦਾ ਖੇਲ ਨਿਰੰਤਰ, ਨਿਰਵੈਰ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੇ ਆਏ ਸੂਟ, ਸੋਹਣਾ ਰੂਪ ਦਰਸਾਈਆ । ਲੈ ਕੇ ਆਏ ਉੱਤਰ ਪੂਰਬ ਪੱਛਮ ਦੱਖਣ ਚਾਰੇ ਕੂਟ, ਬਚਿਆ ਰਹਿਣ ਕੋਇ ਨਾ ਪਾਈਆ । ਪੰਜ ਵਿਕਾਰੀ ਨਾਲ ਰਲਾਏ ਦੂਤ, ਹੰਕਾਰੀ ਸੰਗ ਬਣਾਈਆ । ਜਾਂ ਅਸਾਂ ਕਪੜੇ ਫੋਲੇ ਵਿਚੋਂ ਨਿਕਲੀ ਦੀਨ ਮਜ਼੍ਹਬ ਦੀ ਛੂਤ, ਜ਼ਾਤ ਪਾਤੀ ਆਪਣਾ ਰੰਗ ਬਦਲਾਈਆ । ਅਸਾਂ ਹੱਸ ਕੇ ਕਿਹਾ ਇਨ੍ਹਾਂ ਬਸਤਰਾਂ ਨਾਲੋਂ ਚੰਗੀ ਪ੍ਰਭ ਚਰਨਾਂ ਦੀ ਧੂੜੀ ਵਿਭੂਤ, ਵਿਭੂਤੀ ਧੁਰ ਦੀ ਸੋਭਾ ਪਾਈਆ । ਹੁਣ ਅਸੀਂ ਲੋਕਮਾਤ ਵਿਚੋਂ ਕਰ ਕੇ ਆ ਗਏ ਕੂਚ, ਕੂਚੇ ਗਲੀ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਆਪ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਚਾਰ ਜੁਗ ਦੀ ਵਾਸਨਾ ਸਾਡਾ ਆਇਆ ਜੇਵਰ, ਜਗਤ ਸੁਨਿਆਰ ਘੜਾਈਆ । ਪ੍ਰਭ ਦਾ ਨਾਮ ਕਲਮਾ ਸਾਡੇ ਬਣ ਗਏ ਜੇਠ ਦੇਵਰ, ਇਸ਼ਾਰੇ ਇਸ਼ਾਰੇ ਨਾਲ ਬਦਲਾਈਆ । ਦੀਨ ਮਜ਼੍ਹਬ ਦੀ ਸ਼ਰਅ ਬਣ ਗਈ ਸਾਡੇ ਸਗਨਾਂ ਵਾਲੇ ਤੇਵਰ, ਤ੍ਰੈਗੁਣ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਹੁਕਮ ਵਰਤਾਈਆ । ਅਵਤਾਰ ਪੈਗ਼ੰਬਰ ਕਹਿਣ ਗੁਰ ਗੁਰੂ ਗੁਰ ਸਤਿਗੁਰ ਦੀਖਿਆ, ਦੇਖਿਆ

ਅਗੰਮ ਅਪਾਰ । ਜਿਸ ਦਾ ਭਵਿਖਤਾਂ ਵਿਚ ਲੇਖ ਲਿਖਿਆ, ਕਲਮ ਸ਼ਾਹੀ ਕਰ ਤਿਆਰ । ਜਿਸ ਨੇ ਸ੍ਰਿਸ਼ਟੀ ਦੱਸੀ ਮਿਥਿਆ, ਥਿਰ ਰਹੇ ਨਾ ਕੋਇ ਸੰਸਾਰ । ਸੋ ਖੇਲ ਖੇਲੇ ਰੂਪ ਧਰ ਕੇ ਵੱਡਾ ਨਿੱਕਿਆ, ਨਿਰਗੁਣ ਨੂਰ ਜੋਤ ਉਜਿਆਰ । ਜਿਸ ਦਾ ਲੇਖ ਕਦੇ ਨਾ ਮਿਟਿਆ, ਨਾ ਕੋਇ ਮੇਟੇ ਮੇਟਣਹਾਰ । ਅੰਤ ਅਖ਼ੀਰ ਸਭ ਦਾ ਕਢੇ ਸਿੱਟਿਆ, ਸਿੱਟੇਬਾਜ਼ੀ ਦੱਸ ਸੰਸਾਰ । ਜਿਸ ਸ਼ੇਰ ਸਿੰਘ ਦੇ ਨਿਸ਼ਾਨ ਲਗਾਇਆ ਗਿਟਿਆ, ਪੂਰਨ ਵਿਚ ਪੂਰਨ ਜੋਤ ਕਰ ਉਜਿਆਰ । ਸਭ ਦਾ ਬਣ ਕੇ ਮਿਤਿਆ, ਪਿਤਾ ਪੁਰਖ ਅਕਾਲ । ਜਗਤ ਜਹਾਨ ਵੇਖਿਆ, ਹੋ ਕੇ ਨਦਰੀ ਨਦਰ ਨਿਹਾਲ । ਗੋਬਿੰਦ ਬਣਾ ਕੇ ਬੇਟਿਆ, ਧਰਨੀ ਧਰਤ ਸੁਹਾਏ ਸੱਚੀ ਸਰਕਾਰ । ਬਣ ਕੇ ਖੇਵਟ ਖੇਟਿਆ, ਬੇੜਾ ਚਲਾਏ ਦੋ ਜਹਾਨ । ਜੇਹੜਾ ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਲੇਖਾ ਆਪਣੇ ਵਿਚ ਲਪੇਟਿਆ, ਉਹ ਸਭ ਨੂੰ ਦਏ ਵਖਾਲ । ਨਿਰਗੁਣ ਧਾਰ ਕਰ ਕੇ ਹੇਤਿਆ, ਸੰਬਲ ਖੇਲ ਕਰੇ ਕਮਾਲ । ਛਡ ਕੇ ਜੰਗਲ ਜੂਹ ਉਜਾੜ ਪਹਾੜ ਰੇਤਿਆ, ਸਾਢੇ ਤਿੰਨ ਹੱਥ ਵਸੇ ਦੀਨ ਦਿਆਲ । ਸਚਖੰਡ ਦਵਾਰੇ ਖੋਲ੍ਹ ਕੇ ਭੇਤਿਆ, ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਲਿਆ ਉਠਾਲ । ਪਿਛਲਾ ਭਵਿਖਤ ਕਰਾਇਆ ਚੇਤਿਆ, ਚੇਤਨ ਕਰ ਕੇ ਸਵਾਧਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਡ ਦਾਤਾ ਮਿਹਰਵਾਨ । ਅਵਤਾਰ ਪੈਗ਼ੰਬਰ ਗੁਰ ਕਹਿਣ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਗਾਉਂਦੇ, ਗਾ ਗਾ ਖ਼ੁਸ਼ੀ ਬਣਾਈਆ । ਸੁਰ ਨਰ ਫੁੱਲ ਬਰਸਾਉਂਦੇ, ਵਿਸ਼ਨ ਬ੍ਰਹਮਾ ਸ਼ਿਵ ਭੱਜਣ ਚਾਈਂ ਚਾਈਂਆ । ਜੋਤੀ ਧਾਰ ਸੀਸ ਨਿਵਾਉਂਦੇ, ਬਿਨ ਸੀਸ ਸੀਸ ਸਰਨਾਈਆ । ਦੂਰ ਦੁਰਾਡੇ ਰਾਹ ਤਕਾਉਂਦੇ, ਬਿਨ ਅੱਖਾਂ ਅੱਖ ਉਠਾਈਆ । ਜੋ ਵੇਲਾ ਵਕਤ ਸੁਹਾਉਂਦੇ, ਸੋ ਗੁਰਮੁਖ ਪ੍ਰਭ ਦਾ ਰੂਪ ਜਣਾਈਆ । ਸੋ ਸਨਮੁਖ ਦਰਸ਼ਨ ਪਾਉਂਦੇ, ਦਰਸ ਦੀਦਾਰ ਨੂਰ ਇਲਾਹੀਆ । ਧੁਰ ਦਾ ਲਾੜਾ ਵਿਚ ਬਹਾਉਂਦੇ, ਚਾਰੋਂ ਕੁੰਟ ਘੇਰਾ ਪਾਈਆ । ਨੌਂ ਸੌ ਚੁਰਾਨਮੇ ਚੌਕੜੀ ਜੁਗ ਦਾ ਲੇਖਾ ਪੂਰ ਕਰਾਉਂਦੇ, ਅਗਲਾ ਭੇਵ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਗੁਰਮੁਖ ਸਾਰੇ ਲਾ ਲਉ ਚਰਨ ਧੂੜੀ, ਬੈਠੇ ਬੈਠੇ ਧਿਆਨ ਲਗਾਈਆ । ਤੁਹਾਡੀ ਸਾਡੀ ਆਸਾ ਹੋਵੇ ਪੂਰੀ, ਨਿਰਾਸਾ ਰਹਿਣ ਕੋਇ ਨਾ ਪਾਈਆ । ਤੁਹਾਡਾ ਹਜ਼ੂਰ ਬੈਠਾ ਤੁਹਾਡੀ ਵਿਚ ਹਜ਼ੂਰੀ, ਹਜ਼ਰਤ ਦੇਣ ਗਵਾਹੀਆ । ਸਾਡੇ ਅਨੰਦ ਕਾਰਜ ਦੀ ਭਗਤੋ ਦੇ ਦਿਉ ਮਨਜ਼ੂਰੀ, ਹੱਥ ਦੋਵੇਂ ਉਪਰ ਉਠਾਈਆ । ਜਿਸ ਵੇਲੇ ਸਚਖੰਡ ਆਉਗੇ ਆਪਣੇ ਵਿਆਹ ਦੀ ਤੁਹਾਨੂੰ ਸਭ ਨੂੰ ਨਾਮ ਦੀ ਖਵਾਵਾਂਗੇ ਚੂਰੀ, ਚਾਰ ਜੁਗ ਦਾ ਝਗੜਾ ਪਿਛਲਾ ਮੁਕਾਈਆ । ਜੇਹੜੀ ਮੰਜ਼ਲ ਸਮਝੋ ਦੂਰੀ, ਉਹ ਨੇਰਨ ਨੇਰਾ ਨਜ਼ਰੀ ਆਈਆ । ਇਹ ਸ੍ਰਿਸ਼ਟੀ ਵੇਖੋ ਕੂੜੀ, ਸਗਲਾ ਸੰਗ ਨਾ ਕੋਇ ਬਣਾਈਆ । ਤੁਹਾਡੇ ਪ੍ਰੇਮ ਦੀ ਤੁਹਾਡੀ ਝੋਲੀ ਜ਼ਰੂਰ ਪਏ ਮਜ਼ਦੂਰੀ, ਸ਼ਹਿਨਸ਼ਾਹ ਲੇਖਾ ਸਭ ਦਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਭ ਨੂੰ ਦਏ ਸਰੂਰੀ, ਸਰੂਰ ਆਪਣਾ ਆਪ ਚੜ੍ਹਾਈਆ ।

### ✪ ੧੭ ਹਾੜ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਇਸ਼ਨਾਨ ਤੋਂ ਬਾਅਦ ਮੂੰਹ ਮਿੱਠਾ ਕਰਾਉਣ ਸਮੇਂ ✪

ਗੁਰਮੁਖ ਪਿਆਰ ਸਦਾ ਰਸ ਮਿੱਠਾ, ਘਿਰਤ ਖੰਡ ਗਵਾਹੀਆ । ਜੇਹੜਾ ਚਾਰ ਜੁਗ ਕਿਸੇ ਨਹੀਂ ਡਿੱਠਾ, ਗੁਰ ਅਵਤਾਰ ਪੈਗੰਬਰ ਸਿਫ਼ਤਾਂ ਵਿਚ ਸੁਣਾਈਆ । ਮਿਹਰਵਾਨ ਹੋ ਕੇ ਪੁਰਖ ਅਕਾਲ ਸਨਮੁਖ ਕਿਸੇ ਨਹੀਂ ਦਿੱਤਾ, ਹੱਥੋ ਹੱਥ ਨਾ ਕਿਸੇ ਫੜਾਈਆ । ਸ਼ਬਦ ਸੰਦੇਸ਼ੇ ਵਿਚ ਸੁਣਾ ਕੇ ਚਿੱਠਾ, ਸਭ ਦੇ ਹੱਥ ਗਿਆ ਪਰਚਾਈਆ । ਧੁਰ ਦਾ ਲੇਖਾ ਮਾਤਲੋਕ ਕਿਸੇ ਨਾ ਲਿਖਾ, ਨਾ ਕੋਇ ਲੇਖਣੀ ਦਏ ਗਵਾਹੀਆ । ਸਿਰਫ਼ ਨੌਂ ਵਾਰ ਗੋਬਿੰਦ ਨੇ ਕਿਹਾ ਉਹ ਗੁਰਮੁਖ ਮੇਰਿਆ ਸਿੱਖਾ, ਸਿੰਘ ਤੇਰੀ ਚਤੁਰਾਈਆ । ਜਿਸ ਵੇਲੇ ਆਵੇ ਮੇਰਾ ਪੁਰਖ ਅਕਾਲ ਪਿਤਾ, ਪਤਿਪਰਮੇਸ਼ਵਰ ਧੁਰਦਰਗਾਹੀਆ । ਉਹ ਤੁਹਾਡਾ ਅੰਨ ਖਾ ਕੇ ਰੁੱਖਾ ਮਿੱਸਾ, ਮਿਸਲ ਦੋ ਜਹਾਨ ਦਏ ਬਣਾਈਆ । ਤੁਹਾਡੇ ਪ੍ਰੇਮ ਪਿਆਰ ਦਾ ਆਪਣੇ ਅੰਦਰ ਰੱਖੇ ਮਿੱਠਾ, ਮਿਠਤ ਤੁਹਾਡੇ ਵਿਚੋਂ ਪਰਗਟਾਈਆ । ਜਨ ਭਗਤੋ ਤੁਹਾਡਾ ਲੇਖਾ ਸਭ ਦਾ ਕਰ ਕੇ ਚਿੱਟਾ, ਚਿੱਟੇ ਉਤੇ ਆਪਣੇ ਚਿੱਟੇ ਦੀ ਮੋਹਰ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਸਭ ਦਾ ਪੂਰ ਕਰਾਈਆ ।

### ✪ ੧੭ ਹਾੜ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਘੋੜੇ ਦੀ ਵਾਗ ਗੁੰਦਣ ਸਮੇਂ ✪

ਜ਼ੀਨ ਪਾਖਰ ਚਰਨ ਧਰਿਆ ਰਕਾਬ, ਹਰਿਕ੍ਰਿਸ਼ਨ ਰਕਾਬ ਗੰਜ ਜਣਾਈਆ । ਅਵਤਾਰ ਪੈਗ਼ੰਬਰ ਗੁਰੂਆਂ ਕਰਨਾ ਅਦਾਬ, ਸੀਸ ਸਿਲਸਿਲੇ ਵਾਰ ਨਿਵਾਈਆ । ਖੇਲ ਕਰਨਾ ਪਰਮ ਪੁਰਖ ਪ੍ਰਭ ਆਪ, ਆਪਣੀ ਧਾਰ ਪਰਗਟਾਈਆ । ਜਿਸ ਨੂੰ ਸਭ ਨੇ ਮੰਨਿਆ ਬਾਪ, ਪਿਤਾ ਪੁਰਖ ਅਕਾਲ ਖ਼ੁਦ ਖ਼ੁਦਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਜਾਪ, ਆਤਮ ਪਰਮਾਤਮ ਮੇਲ ਮਿਲਾਈਆ । ਦੋ ਜਹਾਨਾਂ ਖੇਲ ਕਰਨਾ ਸਾਖਿਆਤ, ਪਰਦਾ ਓਹਲਾ ਰਹੇ ਨਾ ਰਾਈਆ । ਅਵਤਾਰ ਪੈਗ਼ੰਬਰਾਂ ਪੂਰਾ ਕਰਨਾ ਭਵਿਖਤ ਵਾਕ, ਗੁਰੂ ਗੁਰਦੇਵ ਰਾਹ ਤਕਾਈਆ । ਝਗੜਾ ਮੇਟਣਾ ਜ਼ਾਤ ਪਾਤ, ਦੀਨ ਮਜ਼੍ਹਬ ਦੀ ਸ਼ਰਅ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਆਪ ਹੁਕਮ ਵਰਤਾਈਆ । ਸਤਿਗੁਰ ਅਰਜਨ ਕਿਹਾ ਬੁੱਢੇ ਬਾਬੇ, ਨਿਰਗੁਣ ਸ਼ਬਦ ਜੋਤ ਸਮਝਾਈਆ । ਨਿਗਹ ਮਾਰ ਵਿਚ ਕਾਅਬੇ, ਕਰਬਲੇ ਤੋਂ ਪਰੇ ਅੱਖ ਉਠਾਈਆ । ਪੁਰਖ ਅਕਾਲ ਖੇਲ ਖਿਲਾਉਣਾ ਧਰਨੀ ਧਰਤ ਧਵਲ ਉਤੇ ਵਾਘੇ, ਰਾਵੀ ਦਏ ਗਵਾਹੀਆ । ਜੋਤੀ ਸ਼ਬਦੀ ਧਾਰ ਚਰਨ ਧਰ ਵਿਚ ਰਕਾਬੇ, ਭਗਵਨ ਆਪਣਾ ਹੁਕਮ ਵਰਤਾਈਆ । ਸੰਬਲ ਸੁਹਾਉਣਾ ਦੇਸ ਮਾਝੇ, ਸੋਹਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ ।

### ✪ ੧੭ ਹਾੜ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਜਲੂਸ ਦਰਬਾਰ ਵਿਚ ਪੁੱਜਣ ਤੇ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਵੇਖਿਆ ਖੇਲ ਕਮਲਾਪਾਤੀ, ਜੋਤ ਸ਼ਬਦ ਧਾਰ ਦੋ ਜਹਾਨ ਵੱਜੀ ਵਧਾਈਆ । ਧਰਨੀ ਧਰਤ ਧਵਲ ਧੌਲ ਭਗਤ ਸੁਹੇਲੇ ਜਿਸ ਦੇ ਬਣੇ ਬਰਾਤੀ, ਬਰਾਦਰੀ ਆਤਮ ਪਰਮਾਤਮ ਮੇਲ ਮਿਲਾਈਆ । ਦੀਨ ਮਜ਼੍ਹਬ ਦਾ ਝਗੜਾ ਛੱਡਿਆ ਲੇਖਾ ਮੁਕਿਆ ਜ਼ਾਤ

ਪਾਤੀ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਗਾਇਆ ਗਾਥੀ, ਆਦਿ ਜੁਗਾਦਿ ਜੁਗ ਚੌਕੜੀ ਜਿਸ ਦੀ ਸਿਖਿਆ ਆਏ ਸਮਝਾਈਆ । ਚਾਰ ਕੁੰਟ ਦਹਿ ਦਿਸ਼ਾ ਮੁਕੀ ਸਭ ਦੀ ਵਾਟੀ, ਪੈਂਡਾ ਪੰਧ ਰਿਹਾ ਨਾ ਰਾਈਆ । ਖ਼ੁਸ਼ੀ ਹੋਣੀ ਹਾੜ ਸਤਾਰਾਂ ਰਾਤੀ, ਸੰਮਤ ਸ਼ਹਿਨਸ਼ਾਹੀ ਛੇ ਦਏ ਗਵਾਹੀਆ । ਹੁਕਮ ਮਿਲਣਾ ਪ੍ਰਿਥਮੀ ਆਕਾਸ਼ੀ, ਗਗਨ ਗਗਨੰਤਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਚਖੰਡ ਦਵਾਰੇ ਸਾਡੀ ਸ਼ਾਦੀ, ਨਕਾਹ ਨਕਾਹ ਨਿਰਗੁਣ ਜੋਤ ਨੂਰ ਕਰਾਈਆ । ਸਦੀ ਚੌਧਵੀਂ ਅੰਤ ਅਖ਼ੀਰ ਲੋਕਮਾਤ ਹੋਣੀ ਬਰਬਾਦੀ, ਅੱਗੇ ਹੋ ਨਾ ਕੋਇ ਬਚਾਈਆ । ਜੋ ਸੰਦੇਸ਼ਾ ਦੇ ਕੇ ਗਈ ਅਜੀਤ ਜੁਝਾਰ ਦੀ ਦਾਦੀ, ਗੁਜ਼ਰੀ ਗੁਜ਼ਰਿਆ ਹਾਲ ਸੁਣਾਈਆ । ਕਲਜੁਗ ਅੰਤ ਬਿਨਾ ਸ੍ਰੀ ਭਗਵੰਤ ਰਹਿਣਾ ਨਹੀਂ ਕੋਈ ਗਾਡੀ, ਗਾਈਡ ਨਜ਼ਰ ਕੋਇ ਨਾ ਆਈਆ । ਇਕੋ ਸ਼ਬਦ ਗੁਰੂ ਗੁਰਦੇਵ ਸਭ ਦਾ ਬਣਨਾ ਢਾਡੀ, ਲੱਖ ਚੁਰਾਸੀ ਅੰਦਰ ਵੜ ਕੇ ਨਾਮ ਸੋਹਲਾ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਵੇਖੇ ਧਰਮ ਧਾਰ ਦੇ ਜਾਂਵੀ, ਜੰਞੂ ਬੋਦੀ ਟਿੱਕਾ ਮੁੱਛ ਦਾੜ੍ਹੀ ਕੇਸ ਵੰਡ ਨਾ ਕੋਇ ਵੰਡਾਈਆ । ਹਿੰਦੂ ਮੁਸਲਿਮ ਸਿਖ ਈਸਾਈ ਧਰਮ ਦੀ ਧਾਰ ਬਰਾਤ ਸਾਂਝੀ, ਦੀਨ ਮਜ਼੍ਹਬ ਰੂਪ ਨਾ ਕੋਇ ਦਰਸਾਈਆ । ਜਿਸ ਨੇ ਖੇਲ ਖੇਲਣਾ ਝਗੜਾ ਮੁਕਾਉਣਾ ਰੁਪਾ ਚਾਂਦੀ, ਤਾਰਾ ਚੰਦ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸੁਣੋ ਅਗੰਮ ਫ਼ਰਮਾਨ, ਫੁਰਨਿਆਂ ਤੋਂ ਬਾਹਰ ਜਣਾਈਆ । ਸ਼ਬਦ ਸੰਦੇਸ਼ਾ ਦਏ ਸ੍ਰੀ ਭਗਵਾਨ, ਹਰਿ ਭਗਵਨ ਬੇਪਰਵਾਹੀਆ । ਜਿਸ ਦਾ ਲੇਖਾ ਜ਼ਿਮੀ ਅਸਮਾਨ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਉਹ ਸਭ ਦੀ ਕਰੇ ਪਹਿਚਾਨ, ਬੇਪਹਿਚਾਨ ਪਰਦਾ ਆਪ ਉਠਾਈਆ । ਜਿਸ ਨੇ ਵਿਸ਼ਨ ਬ੍ਰਹਮਾ ਸ਼ਿਵ ਵੱਲ ਕੀਤਾ ਧਿਆਨ, ਬਿਨ ਅੱਖਾਂ ਅੱਖ ਉਠਾਈਆ । ਸਾਰੇ ਹੋਵੋ ਸਵਾਧਾਨ, ਸ੍ਰਿਸ਼ਟੀ ਦ੍ਰਿਸ਼ਟੀ ਵੇਖੋ ਥਾਉਂ ਥਾਈਂਆ । ਅਵਤਾਰੋ ਆਪਣਿਆਂ ਪ੍ਰੇਮੀਆਂ ਦੀ ਲਾਓ ਮੀਜ਼ਾਨ, ਲੇਖਾ ਲਿਖ ਕੇ ਦਿਉ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਧੁਰ ਫ਼ਰਮਾਨਾ ਅਗੰਮ ਅਥਾਹ, ਹਰਿ ਕਰਤਾ ਆਪ ਦ੍ਰਿੜਾਈਆ । ਸਦੀ ਚੌਧਵੀਂ ਹਾੜ ਸਤਾਰਾਂ ਧੁਰ ਦਾ ਸਾਹ, ਥਿਤ ਵਾਰ ਮਿਲੇ ਵਡਿਆਈਆ । ਭਗਤ ਸੁਹੇਲੇ ਬਣਨ ਗਵਾਹ, ਹਰਿਜਨ ਸਾਚੇ ਨਾਲ ਮਿਲਾਈਆ । ਅਵਤਾਰ ਪੈਗ਼ੰਬਰ ਗੁਰ ਹਰਿ ਕੰਤ ਸੁਹਾਗੀ ਲਏ ਪਰਨਾ, ਪਰਮ ਪੁਰਖ ਆਪਣੇ ਕੰਠ ਲਗਾਈਆ । ਦੀਨ ਮਜ਼੍ਹਬ ਦਾ ਝਗੜਾ ਮੁਕੇ ਥਾਉਂ ਥਾਂ, ਨੌਂ ਖੰਡ ਪ੍ਰਿਥਮੀ ਇਕੋ ਹੁਕਮ ਵਰਤਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਸਭ ਨੇ ਲੈਣਾ ਗਾ, ਜ਼ਿਮੀਂ ਅਸਮਾਨਾਂ ਇਕੋ ਰੰਗ ਅਲਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਵੇਖੇ ਥਾਂ ਥਾਂ, ਥਾਨ ਥਨੰਤਰ ਖੋਜ ਖੁਜਾਈਆ । ਸਤਿ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਰਵਰਦਿਗਾਰ ਸਾਂਝਾ ਯਾਰ ਸਭ ਦੀ ਪਕੜੇ ਬਾਂਹ, ਬਾਜ਼ੂ ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਖੇਲ ਵਖਾਈਆ । ਅਵਤਾਰ ਕਹਿਣ ਸਾਡੀ ਰੀਤੀ ਵੇਖੀ ਬੇਦੀ, ਵੇਦੀ ਵੇਦ ਸ਼ਾਸਤਰ ਫੋਲ ਫੁਲਾਈਆ । ਪੁਰਖ ਅਕਾਲਾ

ਦੀਨ ਦਿਆਲਾ ਬਣ ਕੇ ਭੇਦੀ, ਪੜਦਾ ਅੰਦਰੇ ਅੰਦਰ ਉਠਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਲੇਖ ਲੇਖਣੀ ਲੇਖੀ, ਲਿਖ ਲਿਖ ਆਏ ਸਮਝਾਈਆ । ਅੰਤ ਲੋਕਮਾਤ ਬਣ ਪਰਦੇਸੀ, ਬੇਵਤਨ ਹੋ ਕੇ ਆਪਣਾ ਵਤਨ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਹੇ ਵਿਸ਼ਨ ਬ੍ਰਹਮਾ ਸ਼ਿਵ ਧਰਮ ਦਵਾਰੇ ਬਣਨਾ ਲਾਗੀ, ਥਿਤ ਹਾੜ ਸਤਾਰਾਂ ਵੱਜੇ ਵਧਾਈਆ । ਦਸ ਬੀਸ ਅੰਤਰ ਨਿਰੰਤਰ ਸੁਰਤੀ ਸਭ ਦੀ ਹੋਵੇ ਜਾਗੀ, ਜਾਗਰਤ ਜੋਤ ਜੋਤ ਰੁਸ਼ਨਾਈਆ । ਨਿਰਗੁਣ ਜੋਤ ਪਰਮ ਪੁਰਖ ਜੋਤ ਨਾਲ ਹੋਵੇ ਸ਼ਾਦੀ, ਸ਼ਾਦਿਆਨਾ ਧਰਮ ਦੇਣਾ ਵਜਾਈਆ । ਸਚਖੰਡ ਵਿਚ ਪ੍ਰਭ ਭਗਤਾਂ ਦੀ ਥੋੜੀ ਜੇਹੀ ਆਬਾਦੀ, ਆਬਾਦਕਾਰ ਸੰਤ ਸੁਹੇਲੇ ਸੋਭਾ ਪਾਈਆ । ਸਾਰੇ ਨਿਗਾਹ ਮਾਰ ਕੇ ਵੇਖੋ ਦੀਨ ਦੁਨੀਆ ਅਵਤਾਰ ਪੈਗ਼ੰਬਰ ਗੁਰੂਆਂ ਤੋਂ ਹੋ ਗਈ ਬਾਗੀ, ਭੈ ਭੌ ਨਾ ਕੋਇ ਰਖਾਈਆ । ਅਨਹਦ ਸ਼ਬਦ ਦਾ ਬਣੇ ਕੋਇ ਨਾ ਰਾਗੀ, ਪੁਸਤਕ ਪੜ੍ਹ ਪੜ੍ਹ ਝਟ ਲੰਘਾਈਆ । ਧੁਨ ਆਤਮਕ ਸ਼ਬਦ ਦਾ ਬਣੇ ਕੋਇ ਨਾ ਢਾਡੀ, ਢੋਲਕ ਛੈਣੇ ਰਹੇ ਖੜਕਾਈਆ । ਮਨ ਕਲਪਣਾ ਜਾਵੇ ਕਿਸੇ ਨਾ ਸਾਧੀ, ਸਾਧ ਸੰਤ ਰਹੇ ਕੁਰਲਾਈਆ । ਚਾਰ ਜੁਗ ਦਾ ਖੇਲ ਵੇਖਣਾ ਮਾਜ਼ੀ, ਪੜਦਾ ਹਾਲ ਦਏ ਚੁਕਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਕੋਈ ਕਰਿਓ ਨਾ ਮੂਲ ਨਾਰਾਜ਼ੀ, ਰਾਜ਼ੀ ਨਿਰਾਕਾਰ ਨਿਰੰਕਾਰ ਰਿਹਾ ਸੁਣਾਈਆ । ਵੇਖੋ ਕਲਜੁਗ ਸਭ ਤੋਂ ਵੱਡਾ ਗ਼ਾਜ਼ੀ, ਗ਼ਰਜ਼ ਸਭ ਦੀ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਪੁਰਖ ਅਕਾਲ ਕਹੇ ਸੁਣੋ ਹੁਕਮ ਫ਼ਰਮਾਨਾ, ਫਰਮਾਂਬਰਦਾਰੋ ਦਿਆਂ ਜਣਾਈਆ । ਅਵਤਾਰ ਪੈਗ਼ੰਬਰ ਗੁਰੂਆਂ ਮੰਨਣਾ ਭਾਣਾ, ਸਿਰ ਸਕੇ ਨਾ ਕੋਇ ਉਠਾਈਆ । ਸਦੀ ਚੌਧਵੀਂ ਕਲਜੁਗ ਅੰਤ ਸ੍ਰੀ ਭਗਵੰਤ ਆਪਣਾ ਖੇਲ ਖਿਲਾਉਣਾ, ਖ਼ਾਲਕ ਖ਼ਲਕ ਵੇਖ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਜੀਵ ਜਗਤ ਜਹਾਨ ਰਵਾਉਣਾ, ਧੀਰਜ ਧੀਰ ਨਾ ਕੋਇ ਧਰਾਈਆ । ਝਗੜਾ ਮੇਟਣਾ ਵੇਦ ਪੁਰਾਨਾਂ, ਅੰਜੀਲ ਕੁਰਾਨ ਸ਼ਰਅ ਦਏ ਗਵਾਹੀਆ । ਇਕੋ ਪਰਮ ਪੁਰਖ ਪਰਮਾਤਮ ਪਰਵਰਦਿਗਾਰ ਧੁਰ ਦਾ ਗਾਡ ਸਭ ਨੇ ਗਾਣਾ, ਦੂਜਾ ਇਸ਼ਟ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਪਰਮ ਪੁਰਖ ਤੇਰੀ ਜੋਤ ਜੋਤ ਦੀ ਨਾਰੀ, ਨਰ ਨਰਾਇਣ ਤੇਰੀ ਸਰਨਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਨਿਹਕਲੰਕ ਆਈ ਕਲ ਤੇਰੀ ਵਾਰੀ, ਕਲ ਕਲਕੀ ਵੇਸ ਵਟਾਈਆ । ਅਮਾਮ ਅਮਾਮਾ ਤੇਰੀ ਸਿਕਦਾਰੀ, ਸਿਰ ਸਕੇ ਨਾ ਕੋਇ ਉਠਾਈਆ । ਲੱਖ ਚੁਰਾਸੀ ਤੇਰੀ ਪਨਹਾਰੀ, ਪੁਨਹ ਪੁਨਹ ਸੀਸ ਨਿਵਾਈਆ । ਅਸੀਂ ਚਾਰ ਜੁਗ ਤੇਰੇ ਨਾਮ ਦੀ ਦੱਸਦੇ ਆਏ ਕਾਰੀ, ਜੁਗ ਜੁਗ ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਤੂੰ ਖੇਲ ਖਿਲਾਉਂਦਾ ਰਿਹੋਂ ਨਿਰਗੁਣ ਜੋਤ ਬਣ ਮਦਾਰੀ, ਮੁੱਦਾ ਆਪਣਾ ਨਾ ਕਿਸੇ ਸਮਝਾਈਆ । ਥੋੜੀ ਜੇਹੀ ਮਸਤੀ ਦੇ ਕੇ ਨਾਮ ਖ਼ੁਮਾਰੀ, ਆਪ ਆਪਣਾ ਰੰਗ ਚੜ੍ਹਾਈਆ । ਦੀਨਾਂ ਮਜ਼੍ਹਬਾਂ ਦੀ ਕਰਾਉਂਦਾ ਰਿਹਾ ਤਿਆਰੀ, ਤ੍ਰੈਗੁਣ ਅਤੀਤਾ ਆਪਣੀ ਧਾਰ ਸਮਝਾਈਆ । ਮਾਨਵ ਮਾਨਵ ਮਾਨਵ ਅਸੀਂ ਕਰਦੇ ਰਹੇ ਖ਼ੁਆਰੀ, ਤੇਰੀ ਸ਼ਰਅ ਦੇ ਨਾਮ ਲੜਾਈਆ । ਤੇਰਾ ਹੁਕਮ ਖੰਡਾ ਬਣਦਾ ਰਿਹਾ ਕਟਾਰੀ, ਅੱਲਾ ਵਾਹਿਗੁਰੂ ਨਾਮ ਸਤਿ ਰਾਮ ਰਾਮ ਯੁਧ ਜੰਗ ਜਗਤ ਬਣਾਈਆ । ਤੇਰੀ ਕਲਾ ਚਲਦੀ ਰਹੀ ਅਪਾਰੀ, ਅਪਰੰਪਰ ਸਮਝ ਕਿਸੇ ਨਾ ਆਈਆ । ਅੰਤ ਵੇਖੀ ਸ੍ਰਿਸ਼ਟੀ ਸਾਰੀ, ਦ੍ਰਿਸ਼ਟੀ ਅੰਦਰ ਧਿਆਨ ਲਗਾਈਆ ।

੫੪੯
੨੨

ਮੰਜ਼ਲ ਚੜ੍ਹੇ ਨਾ ਕੋਇ ਦੁਸ਼ਵਾਰੀ, ਦਰਗਹ ਸਚ ਸਚ ਟਿਕਾਣਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਦੇਣਾ ਵਖਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਹੰਢਾਉਣਾ ਸਾਹਿਬ ਸੁਹਾਗੀ ਕੰਤ, ਕੰਤੂਹਲ ਬੇਪਰਵਾਹੀਆ । ਜਿਸ ਦਾ ਇਕੋ ਨਾਮ ਇਕੋ ਮੰਤ, ਇਕੋ ਕਲਮਾ ਦਏ ਪੜ੍ਹਾਈਆ । ਇਕੋ ਸਾਧ ਇਕੋ ਸੰਤ, ਸੂਫ਼ੀ ਇਕੋ ਰੰਗ ਰੰਗਾਈਆ । ਇਕੋ ਧਾਰ ਜੀਵ ਜੰਤ, ਹੰ ਬ੍ਰਹਮ ਦਏ ਸਮਝਾਈਆ । ਇਕੋ ਆਦਿ ਇਕੋ ਅੰਤ, ਇਕੋ ਮਧ ਵੇਖ ਵਖਾਈਆ । ਇਕੋ ਬਣਾਏ ਤੁਹਾਡੀ ਬਣਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤਤ ਸ਼ਰੀਰ ਵਜੂਦ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰਾਗ ਅਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਿਸਮ ਛੱਡਿਆ ਖ਼ਾਕੀ, ਤਨ ਵਜੂਦ ਰਿਹਾ ਨਾ ਰਾਈਆ । ਦੀਨ ਮਜ਼੍ਹਬ ਛੱਡੀ ਜਮਾਤੀ, ਝਗੜਾ ਮੁਕਿਆ ਖ਼ਲਕ ਖ਼ੁਦਾਈਆ । ਪਵਣ ਸਵਾਸੀ ਛੁੱਟੀ ਹਯਾਤੀ, ਸਾਹ ਸਾਹ ਨਾ ਕੋਇ ਵਡਿਆਈਆ । ਇਕੋ ਬਖ਼ਸ਼ਿਸ਼ ਦੇ ਅਗੰਮੀ ਦਾਤੀ, ਦਇਆਵਾਨ ਤੇਰੀ ਸਰਨਾਈਆ । ਅਵਤਾਰ ਪੈਗ਼ੰਬਰ ਗੁਰੂ ਬਣਾ ਦੇ ਜਮਾਤੀ, ਨਾਮ ਅੱਖਰ ਇਕ ਪੜ੍ਹਾਈਆ । ਕਲਮਿਆਂ ਵਾਲੀ ਰਹੇ ਨਾ ਗਾਥੀ, ਅੱਖਰਾਂ ਜੋੜ ਨਾ ਕੋਇ ਜੁੜਾਈਆ । ਨਿਰਗੁਣ ਧਾਰ ਬਣ ਜਾ ਸਾਥੀ, ਸਗਲਾ ਸੰਗ ਆਪ ਨਿਭਾਈਆ । ਤੂੰ ਸਾਹਿਬ ਪੁਰਖ ਸਮਰਾਥੀ, ਪ੍ਰਭ ਦਾਤਾ ਧੁਰਦਰਗਾਹੀਆ । ਜਿਹੜੀ ਭਵਿਖਤਾਂ ਵਿਚ ਤੇਰੀ ਕਥਾ ਆਖੀ, ਕਹਿ ਕੇ ਆਏ ਸੁਣਾਈਆ । ਸਭ ਦੀ ਅੰਤਮ ਕਟ ਕੇ ਵਾਟੀ, ਵਟਣਾ ਮਲੇ ਚਾਈਂ ਚਾਈਂਆ । ਮੰਜ਼ਲ ਰਹੇ ਕੋਇ ਨਾ ਘਾਟੀ, ਮਾਰਗ ਇਕੋ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਓਹਲਾ ਦਏ ਚੁਕਾਈਆ । ਗੁਰ ਅਵਤਾਰ ਪੈਗ਼ੰਬਰੋ ਖਾਵੋ ਇਕ ਦਵਾਰੇ ਕਸਮ, ਗੁਰੂਆਂ ਕਿਸਮ ਰਹੇ ਨਾ ਰਾਈਆ । ਤੁਹਾਡੀ ਕੰਮ ਆਈ ਕੋਈ ਨਾ ਭਸਮ, ਤਨ ਵਜੂਦ ਨਾ ਕੋਇ ਚਤੁਰਾਈਆ । ਇਕੋ ਮੇਰਾ ਅਗੰਮੀ ਇਸਮ, ਆਜ਼ਮ ਜਲਵਾਗਰ ਨੂਰ ਇਲਾਹੀਆ । ਮੈਂ ਖੇਲ ਵੇਖਣਾ ਉੱਤਰ ਪੂਰਬ ਪੱਛਮ, ਦੱਖਣ ਆਪਣੀ ਕਾਰ ਕਮਾਈਆ । ਬਿਨਾ ਭਗਤਾਂ ਤੋਂ ਸਚ ਦਵਾਰੇ ਮੂਲ ਕੋਇ ਨਾ ਵਸਣ, ਵਸਲ ਮਿਲੇ ਨਾ ਧੁਰ ਦੇ ਮਾਹੀਆ । ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਕੂੜੀ ਕਿਰਿਆ ਨਿਰਗੁਣ ਧਾਰ ਜੜ੍ਹ ਆਇਆ ਪੁੱਟਣ, ਪਟਨੇ ਵਾਲਾ ਨਾਲ ਮਿਲਾਈਆ । ਸਤਿਜੁਗ ਸਾਚਾ ਖੋਲ੍ਹੇ ਹੱਟਣ, ਦਵਾਰਾ ਇਕੋ ਇਕ ਵਖਾਈਆ । ਜਿਥੇ ਤੂੰ ਮੇਰਾ ਮੈਂ ਤੇਰਾ ਸਾਰੇ ਢੋਲਾ ਰਟਣ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਪੁਰਖ ਅਕਾਲ ਦੇ ਚਰਨਾਂ ਉਤੇ ਸੀਸ ਸੁੱਟਣ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਰਹੇ ਨਾ ਕੋਇ ਚਤੁਰਾਈਆ । ਕਲਜੁਗ ਖੇਲ ਵੇਖਣ ਬਾਜ਼ੀਗਰ ਨੱਟਣ, ਸਤਿਜੁਗ ਸਾਚਾ ਲੈਣਾ ਪਰਗਟਾਈਆ । ਜਿਥੇ ਸੰਤ ਸੁਹੇਲੇ ਹੱਸਣ, ਗੁਰਮੁਖ ਗੁਰ ਗੁਰ ਵੱਜੇ ਵਧਾਈਆ । ਨਿਜ ਨੇਤਰ ਖੋਲ੍ਹ ਕੇ ਅੱਖਣ, ਲੋਚਣ ਨੈਣ ਕਰਨ ਰੁਸ਼ਨਾਈਆ । ਚੁਰਾਸੀ ਵਿਚੋਂ ਵਰੋਲ ਕੇ ਮੱਖਣ, ਹਰਿਜਨ ਆਪਣੀ ਗੋਦ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪੜਦਾ ਲਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਅਸੀਂ ਹੋਈਏ ਵਡਭਾਗੀ, ਨਿਉਂ ਨਿਉਂ ਦਰ ਤੇ ਸੀਸ ਨਿਵਾਈਆ । ਇਕੋ ਬਣਨਾ ਰਾਗੀ, ਨਾਮ ਸੰਦੇਸ਼ਾ ਦੇ ਸੁਣਾਈਆ । ਦੀਨ ਮਜ਼੍ਹਬਾਂ ਦੀ ਮੇਟ ਕੇ ਵਾਟੀ, ਵਾਅਦਾ ਸਭ ਦਾ ਪੂਰ ਕਰਾਈਆ । ਸਾਡੇ ਸਿਖ ਮੁਰੀਦ ਸਾਥੋਂ ਹੋ ਗਏ ਬਾਗ਼ੀ, ਮਨ ਮਨਕਾ ਨਾ ਕੋਇ ਭਵਾਈਆ । ਸਭ ਦੀ ਕਾਇਆ ਹੋ ਗਈ ਦਾਗ਼ੀ, ਦੁਰਮਤ ਮੈਲ ਨਾ ਕੋਇ ਧਵਾਈਆ । ਹਉਮੇ ਹੰਗਤਾ ਬਣੀ ਕਾਗੀ,

ਮਾਣਕ ਮੋਤੀ ਤੇਰਾ ਨਾਮ ਚੋਗ ਨਾ ਕੋਇ ਚੁਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅੰਤ ਅਖ਼ੀਰੀ ਹੋ ਜਾਣਾ ਨਿਕਾਹ, ਨਾਤਾ ਬਿਧਾਤਾ ਆਪਣੇ ਨਾਲ ਜੁੜਾਈਆ । ਜਿਸ ਨੂੰ ਸਤਿਗੁਰ ਨਾਨਕ ਕਿਹਾ ਚੌਥੀ ਲਾਂਵ ਤੇ ਚੌਥੀ ਮੰਜ਼ਲ ਦਾ ਵਿਵਾਹ, ਉਸ ਦਾ ਲੇਖਾ ਪੂਰ ਦੇਣਾ ਕਰਾਈਆ । ਚੌਦਾਂ ਸੌ ਤੀਹ ਪੰਨਾ ਜਿਸ ਦੀ ਸ਼ਹਾਦਤ ਦੇਵੇ ਤੇ ਗੁਰੂ ਅਰਜਨ ਹੋਵੇ ਗਵਾਹ, ਕਲਮ ਸ਼ਾਹੀ ਵੰਡ ਨਾ ਕੋਇ ਵੰਡਾਈਆ । ਗੋਬਿੰਦ ਨੇ ਮਾਛੂਵਾੜੇ ਪੁਰਖ ਅਕਾਲ ਨਾਲ ਸਤਾਰਾਂ ਹਾੜ੍ਹ ਦਾ ਮਿਥਿਆ ਸੀ ਸਾਹ, ਸੋਹਣੀ ਰੁਤ ਬਣਾਈਆ । ਮੇਰੇ ਦੀਨ ਦਿਆਲੇ ਪੁਰਖ ਅਕਾਲੇ ਜੋਤ ਸਰੂਪੀ ਜਾਵੀਂ ਆ, ਆਮਦ ਆਪਣੀ ਆਪਣੇ ਵਿਚ ਛੁਪਾਈਆ । ਚਾਰ ਵਰਨ ਅਠਾਰਾਂ ਬਰਨ ਦਾ ਝਗੜਾ ਦੇਵੀਂ ਮੁਕਾ, ਦੀਨ ਮਜ਼੍ਹਬ ਦਾ ਅੱਗੇ ਡੇਰਾ ਢਾਹੀਆ । ਜੇ ਤੂੰ ਆਪ ਇਕ ਤੇ ਤੈਨੂੰ ਕਹਿੰਦੇ ਇਕ ਖ਼ੁਦਾ, ਖ਼ੁਦ ਮਾਲਕ ਧੁਰਦਰਗਾਹੀਆ । ਹਿੰਦੂ ਮੁਸਲਿਮ ਸਿਖ ਈਸਾਈ ਕਿਉਂ ਦਿਤੀ ਵੰਡ ਵੰਡਾ, ਤੇ ਨਾਮ ਸਿਫ਼ਤ ਇਕ ਸਾਲਾਹੀਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਫੇਰਾ ਜਾਵੀਂ ਪਾ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਗੋਬਿੰਦ ਕਿਹਾ ਮੈਂ ਜਿਧਰ ਤਕਾਂ ਤੂੰ ਮੇਰਾ ਮੈਂ ਤੇਰਾ ਸ੍ਰਿਸ਼ਟੀ ਦੀ ਦ੍ਰਿਸ਼ਟੀ ਗਾਉਂਦੀ ਹੋਵੇ ਨਾਂ, ਦੂਜਾ ਰਾਗ ਨਾ ਕੋਇ ਅਲਾਈਆ । ਨਾ ਕੋਇ ਸੂਰ ਖਾਏ ਨਾ ਕੋਇ ਗਾਂ, ਮਧ ਪਾਨ ਰਸ ਨਾ ਕੋਇ ਚਖਾਈਆ । ਉੱਤਰ ਪੂਰਬ ਪੱਛਮ ਦੱਖਣ ਸਾਰੇ ਪਵਿੱਤਰ ਹੋਵਣ ਥਾਂ, ਹਰ ਹਿਰਦੇ ਅੰਦਰ ਕਰਨ ਸਫ਼ਾਈਆ । ਤੂੰ ਪਿਤਾ ਤੇ ਤੂੰ ਹੀ ਮਾਂ, ਹਰਿ ਸੰਗਤ ਨੇ ਢੋਲਾ ਦੇਣਾ ਗਾਈਆ । ਗੁਰਮੁਖੋ ਧੁਰ ਦਾ ਮਾਲਕ ਖ਼ੁਦ ਖ਼ੁਦਾ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਦਾ ਕਰੇ ਸਚ ਨਿਆਂ, ਨਿਆਂ ਵਿਚ ਆਪਣਾ ਨਾਮ ਜਪਾਈਆ । ਜੇ ਤੁਸੀਂ ਪ੍ਰਭੂ ਦੇ ਪਿਆਰੇ ਗੋਬਿੰਦ ਦੇ ਦੁਲਾਰੇ ਦੋਵੇਂ ਹੱਥ ਦਿਉ ਉਠਾ, ਖ਼ੁਸ਼ੀਆਂ ਵਿਚ ਢੋਲਾ ਲਓ ਗਾਈਆ । ਵੇਖਿਓ ਹੰਸ ਬੁੱਧੀ ਨਾ ਬਣਿਓ ਕਾਂ, ਕਾਗ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਾਰਜ ਆਪ ਕਰਾਈਆ । ਜਨ ਭਗਤੋ ਵੇਖੋ ਕਾਰਜ ਕਰਤਾ, ਕਲ ਕੀ ਕੀ ਖੇਲ ਖਿਲਾਈਆ । ਜਿਹੜਾ ਨਾ ਜੰਮਦਾ ਨਾ ਮਰਦਾ, ਜੰਮਣ ਮਰਨ ਵਿਚ ਨਾ ਆਈਆ । ਮਾਲਕ ਹੋ ਕੇ ਸਚਖੰਡ ਸਾਚੇ ਘਰ ਦਾ, ਦਰਗਾਹ ਸਾਚੀ ਸੋਭਾ ਪਾਈਆ । ਅਵਤਾਰ ਪੈਗ਼ੰਬਰ ਗੁਰੂ ਆਪਣੀ ਜੋਤ ਆਪੇ ਵਰਦਾ, ਕੰਤ ਨਾਰ ਆਪ ਅਖਵਾਈਆ । ਜਿਸ ਲੇਖਾ ਮੁਕਾਉਣਾ ਲਹਿੰਦਾ ਚੜ੍ਹਦਾ, ਦੱਖਣ ਪਹਾੜ ਫੋਲ ਫੁਲਾਈਆ । ਭਾਵੇਂ ਸਾਰਾ ਜਹਾਨ ਹੋਵੇ ਸੜਦਾ, ਗੁਰਮੁਖਾਂ ਅੰਮ੍ਰਿਤ ਦੇਣਾ ਬਰਸਾਈਆ । ਸਚ ਦਵਾਰੇ ਸੰਤ ਸੁਹੇਲਾ ਤਰਦਾ, ਭਵਜਲ ਵਿਚ ਨਾ ਕੋਇ ਰੁੜ੍ਹਾਈਆ । ਜਨ ਭਗਤੋ ਸਭ ਦਾ ਖੋਲ੍ਹ ਦੇਣਾ ਪੜਦਾ, ਪੜਦਾ ਅੰਦਰੋਂ ਦੇਣਾ ਚੁਕਾਈਆ । ਜਿਹੜਾ ਸੇਹਰਾ ਸੀਸ ਉਤੇ ਧਰਦਾ, ਮੁਖ ਕਲਜੁਗ ਕੋਲੋਂ ਲੁਕਾਈਆ । ਇਹ ਤੁਹਾਡੀ ਜੋਤੀ ਧਾਰ ਵਰਦਾ, ਆਤਮ ਪਰਮਾਤਮ ਸੰਗ ਵਖਾਈਆ । ਵੇਖਿਓ ਲਹਿੰਦੀ ਦਿਸ਼ਾ ਕਿਸ ਤਰਾਂ ਅੱਗ ਦਾ ਭਾਂਬੜ ਮੱਚ ਦਾ, ਨਾ ਕੋਇ ਮੇਟੇ ਮੇਟ ਮਿਟਾਈਆ । ਮੁਹੰਮਦ ਮਲੰਗ ਹੋ ਕੇ ਨੱਚਦਾ, ਚਾਰ ਯਾਰੀ ਸੰਗ ਰਖਾਈਆ । ਜੋ ਸਦੀ ਚੌਧਵੀਂ ਰਾਹ ਤਕਦਾ, ਇਕ ਤਕਵਾ ਬੇਪਰਵਾਹੀਆ । ਉਸ ਦਾ ਲਹਿਣਾ ਦੇਣਾ ਹੱਕ ਦਾ, ਹਕੀਕਤ ਵੇਖ ਵਖਾਈਆ । ਜਿਸ ਧਰਮ ਡੋਲਾ ਲਿਆਂਦਾ ਸਤਿ ਸਚ ਦਾ, ਸਤਿ ਸਚ ਪਰਨਾਈਆ । ਇਹ ਮੁੜ ਆਪਣੇ ਦੇਸ ਕਦੀ ਨਹੀਂ ਵਤ ਦਾ, ਵਤਨ ਬੇਵਤਨ ਦੋਵੇਂ ਵੇਖ ਵਖਾਈਆ । ਲਾੜਾ ਨਹੀਂ ਹੱਡ ਮਾਸ ਨਾੜੀ ਰਤ ਦਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਅੱਗੇ ਵੇਖਿਓ ਖੇਲ ਸਾਰੇ ਜਗ ਦਾ, ਜਗਹ ਜਗਹ

੫੫੧ ੨੨

ਪਏ ਦੁਹਾਈਆ । ਤੁਹਾਨੂੰ ਮਾਣ ਮਿਲਣਾ ਤਿੰਨ ਰੰਗ ਪੱਗ ਦਾ, ਤ੍ਰੈਗੁਣ ਦੀ ਧਾਰ ਤਲਵਾਰ ਦਸਤ ਦਏ ਗਵਾਹੀਆ । ਬੜਾ ਸੋਹਣਾ ਵਿਹਾਰ ਹੋਣਾ ਅੱਜ ਦਾ, ਅੱਜ ਦੀ ਘੜੀ ਮਿਲੇ ਵਡਿਆਈਆ । ਤੁਸੀਂ ਲੰਗਰ ਛਕੋ ਤੇ ਪੁਰਖ ਅਕਾਲ ਅਵਤਾਰ ਪੈਗ਼ੰਬਰ ਗੁਰੂਆਂ ਸੱਦ ਦਾ, ਸ਼ਬਦੀ ਸ਼ਬਦ ਇਕ ਦ੍ਰਿੜਾਈਆ । ਫੇਰ ਸਾਂਝਾ ਦੋਹਾਂ ਦਾ ਨਾਤਾ ਬੱਝਦਾ, ਬੰਧਨ ਇਕ ਰਖਾਈਆ । ਜਿਸ ਚੌਥੇ ਪਦ ਨੂੰ ਸਨਿਆਸੀ ਵੈਰਾਗੀ ਤਿਆਗੀ ਸਾਧੂ ਸੰਤ ਫ਼ਕੀਰ ਸੂਫ਼ੀ ਲੱਭਦਾ, ਉਸ ਪਦ ਦੀ ਹੱਦ ਤੁਹਾਡੇ ਅੰਦਰ ਦਿਤੀ ਮੁਕਾਈਆ । ਜਿਸ ਨੂੰ ਵਾਸਤੇ ਪਾ ਪਾ ਡੰਡਾਵਤਾਂ ਕਰ ਕਰ ਸੱਯਦਿਆਂ ਵਿਚ ਜੰਗਲ ਜੂਹ ਉਜਾੜ ਪਹਾੜਾਂ ਵਿਚ ਜੰਗਜੂ ਜਗਤ ਜਗਿਆਸੂ ਲੱਭਦਾ, ਉਹ ਤੁਹਾਡੇ ਸਨਮੁਖ ਸੋਭਾ ਪਾਈਆ । ਹੁਣ ਕੋਈ ਭੇਤ ਨਹੀਂ ਰੱਖਣਾ ਅੱਜ ਤੇ ਕੱਲ ਦਾ, ਇਕੋ ਰੰਗ ਦੇਣਾ ਵਖਾਈਆ । ਵੇਖਿਓ ਏਸੇ ਸਾਲ ਵਿਚ ਤੁਹਾਡਾ ਸਾਹਿਬ ਕਿਵੇਂ ਗੱਜਦਾ, ਖ਼ਬਰ ਥਾਂ ਥਾਂ ਦਏ ਪਹੁੰਚਾਈਆ । ਸ਼ਬਦ ਦਾ ਅਗੰਮੀ ਗੋਲਾ ਬਿਨਾ ਗੋਲ ਅੰਦਾਜ਼ ਤੋਂ ਵੱਜਦਾ, ਜਿਸ ਦੀ ਵਜਹ ਸਮਝ ਕੋਇ ਨਾ ਪਾਈਆ । ਕਿਸੇ ਨੇ ਕਹਿਣਾ ਭਾਣਾ ਹੋਇਆ ਰੱਬ ਦਾ, ਯਾਮੁਬੀਨ ਤੇਰੀ ਬੇਪਰਵਾਹੀਆ । ਕਿਸੇ ਨੇ ਕਹਿਣਾ ਕੂੜ ਕੁੜਿਆਰਾ ਦਗਦਾ, ਫ਼ਰੇਬ ਮਿਲੇ ਸਜ਼ਾਈਆ । ਪਰ ਸਾਹਿਬ ਸਤਿਗੁਰ ਨੇ ਕਹਿਣਾ ਇਹ ਖ਼ੁਸ਼ੀ ਦਾ ਸਮਾਂ ਓਸ ਪੁਰਖ ਸਮਰਥ ਦਾ, ਜੋ ਲੱਭਿਆ ਹੱਥ ਕਿਸੇ ਨਾ ਆਈਆ । ਜਿਸ ਵੇਲੇ ਚਾਹੇ ਦੋ ਜਹਾਨ ਲੱਖ ਚੁਰਾਸੀ ਮਥ ਦਾ, ਮਥਣ ਨਾਮ ਮਧਾਣਾ ਸ਼ੰਕਰ ਹੱਥ ਫੜਾਈਆ । ਕਿਸੇ ਦਾ ਮਾਣ ਨਹੀਂ ਰਹਿਣਾ ਕੱਖ ਦਾ, ਸ਼ਾਹ ਸੁਲਤਾਨਾਂ ਕਾਸੇ ਹੱਥਾਂ ਵਿਚ ਫੜਾਈਆ । ਗੁਰਮੁਖੋ ਤੁਹਾਡਾ ਨਜ਼ਾਰਾ ਹੋਣਾ ਕੱਜਲ ਵਾਲੀ ਅੱਖ ਦਾ, ਜਿਸ ਅੱਖ ਉਤੇ ਪ੍ਰਤਖ ਮਿਲੇ ਗੁਸਾਈਆਂ । ਹੁਣ ਚੰਗਾ ਨਹੀਂ ਰਹਿਣਾ ਵੱਖ ਦਾ, ਇਕੋ ਘਰ ਇਕੋ ਦਰ ਤੇ ਇਕੋ ਵਰ ਤੇ ਇਕੋ ਮਾਹੀ ਮਿਲ ਕੇ ਵੱਜੇ ਵਧਾਈਆ । ਕਿਉਂ ਤੁਹਾਡਾ ਦਵਾਰਾ ਧਰਮ ਦੀ ਧਾਰ ਸਚ ਦਾ, ਜਿਥੇ ਭਗਤ ਜਨ ਬੈਠੇ ਸੋਭਾ ਪਾਈਆ । ਤੁਸਾਂ ਵਿਆਹ ਤੇ ਵੇਖਣਾ ਉਸ ਕਮਲਾਪਤ ਦਾ, ਮਾਝਾ ਮਾਲਵਾ ਦੁਆਬਾ ਜਿਸ ਨੂੰ ਪਤਿਪਰਮੇਸ਼ਵਰ ਕਹਿ ਕੇ ਸਾਰੇ ਆਏ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਜਿਉਂ ਭਾਵੇ ਤਿਉਂ ਰੱਖਦਾ, ਰੱਖਣਹਾਰ ਸਿਰ ਆਪਣਾ ਹੱਥ ਟਿਕਾਈਆ ।

### ✪ ੧੭ ਹਾੜ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ✪

ਧਰਮ ਧਾਰ ਦੀ ਲਕਸ਼ਮੀ ਸੰਖ ਵਿਚ ਉਠ ਕੇ ਮਾਰੇ ਫੂਕ, ਆਵਾਜ਼ ਅਗੰਮ ਸੁਣਾਈਆ । ਸ਼ੰਕਰ ਭੋਲੇ ਨਾਥ ਕੋਲ ਆ ਕੇ ਮਾਰ ਕੂਕ, ਉਚੀ ਕੂਕ ਕੂਕ ਸੁਣਾਈਆ । ਖ਼ਬਰ ਹੋ ਜਾਏ ਚਾਰੇ ਕੂਟ, ਖ਼ਾਲੀ ਕੁਟੀਆ ਰਹਿਣ ਕੋਇ ਨਾ ਪਾਈਆ । ਨਿਰਗੁਣ ਧਾਰ ਉਠੋ ਦੂਤ, ਸਤਿ ਸਰੂਪੀ ਆਪ ਜਗਾਈਆ । ਲੱਖ ਚੁਰਾਸੀ ਵੇਖੋ ਕਾਇਆ ਭੂਤ, ਪੰਜ ਤਤ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਹੁਕਮ ਇਕ ਸੁਣਾਈਆ । ਸੁਣ ਸ਼ੰਕਰ ਭੋਲੇ ਨਾਥਾ, ਕਿਉਂ ਨਹੀਂ ਲਈ ਅੰਗੜਾਈਆ । ਚਰਨ ਕਵਲ ਪਹਿਲੋਂ ਟੇਕ ਮਾਥਾ, ਧੂੜੀ ਖ਼ਾਕ ਰਮਾਈਆ । ਫੇਰ ਮਾਝੇ ਵਾਲਿਆਂ ਦਾ ਵਖਾ ਦੇ ਬਸਤਰ ਪਾਟਾ, ਢਾਈ ਗਜ਼ ਲੰਬਾਈ ਚੁੜਾਈਆ । ਦੁਆਬੇ ਵਾਲਿਆਂ ਦਾ ਵੇਖ ਲੈ ਆਟਾ, ਸਵਾ

ਸੇਰ ਅੰਨ ਤਕਾਈਆ । ਕਿੱਥੇ ਮਾਲਵੇ ਵਾਲਾ ਬਾਟਾ, ਪਿੱਠ ਦੇ ਬਦਲਾਈਆ । ਕਿਹੜਾ ਜੰਮੂ ਵਾਲਿਆਂ ਦਿਤਾ ਛਾਤਾ, ਛਤਰਧਾਰੀ ਦੇ ਉਤੇ ਦੇ ਲਗਾਈਆ । ਫੇਰ ਵੇਖ ਪ੍ਰਿਥਮੀ ਆਕਾਸ਼ਾ, ਉਪਰ ਨੀਚੇ ਧਿਆਨ ਲਗਾਈਆ । ਔਹ ਵੇਖ ਗੁਰ ਅਵਤਾਰ ਪੈਗ਼ੰਬਰਾਂ ਦੀਆਂ ਆਸਾ, ਆਹਿਸਤਾ ਨਾਲ ਅੱਖ ਖੁਲ੍ਹਾਈਆ । ਜਿਹੜੇ ਕਲਜੁਗ ਕਰਦੇ ਹਾਸਾ, ਦੰਦੀਆਂ ਦੰਦ ਵਖਾਈਆ । ਹੁਕਮ ਸੁਣ ਸਤਾਰਾਂ ਹਾੜ ਦੀ ਰਾਤਾ, ਜਟਾ ਜੂਟ ਦੇ ਹਿਲਾਈਆ । ਭੋਲਿਆ ਮੁਕੀਆਂ ਪਿਛਲੀਆਂ ਵਾਟਾਂ, ਅਗਲਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਭੋਲੇ ਨਾਥ ਗਲ ਤੇਰੇ ਵਿਚ ਸੇਲੀ, ਸਭ ਨੂੰ ਦੇ ਸੁਣਾਈਆ । ਸੱਦ ਲੈ ਵਿਸ਼ਨੂੰ ਬ੍ਰਹਮਾ ਬੇਲੀ, ਉਚੀ ਆਵਾਜ਼ ਇਕ ਲਗਾਈਆ । ਕਿਉਂ ਨਹੀਂ ਧਰਤੀ ਹੋਈ ਵੇਹਲੀ, ਮਨਮੁਖਾਂ ਨਾਲ ਲਦਾਈਆ । ਕਿਉਂ ਨਹੀਂ ਵਿਸ਼ਨੂੰ ਖੇਲ ਖੇਲੀ, ਆਪਣਾ ਛਲ ਪਰਗਟਾਈਆ । ਬ੍ਰਹਮਾ ਕਿਥੇ ਤੇਰੀ ਧਾਰ ਨਵੇਲੀ, ਆਤਮ ਨਜ਼ਰ ਕਿਸੇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਆਪ ਕਰਾਈਆ । ਉਹ ਤੈਨੂੰ ਕਹਿੰਦੇ ਜਗਤ ਸ਼ੰਘਾਰੀ, ... ... ... ... । ... ... ... ... ... ਘਰ ਘਰ ਰਿਜ਼ਕ ਪਹੁੰਚਾਈਆ । ਕਿਥੇ ਬ੍ਰਹਮਾ ਤੇਰੀ ਜੋਤ ਉਜਿਆਰੀ, ਜੋਤੀ ਜਾਤਾ ਪੁਛ ਪੁਛਾਈਆ । ਤਿੰਨੇ ਰਲ ਕੇ ਕਰੋ ਨਿਮਸਕਾਰੀ, ਸਨਮੁਖ ਹੋ ਕੇ ਸੋਭਾ ਪਾਈਆ । ਕਿਧਰੋਂ ਆ ਗਈ ਤੇਰੀ ਸਤਾਰਾਂ ਹਾੜ੍ਹੀ, ਬਾਹਾਂ ਚੁੱਕ ਕੇ ਕਹੋ ਬਹੁੜੀ ਤੇਰੀ ਦੁਹਾਈਆ । ਔਹ ਵੇਖ ਗੁਰ ਅਵਤਾਰ ਪੈਗ਼ੰਬਰ ਬਣ ਕੇ ਲਾੜੀ, ਸੋਹਣਾ ਰੂਪ ਚੜ੍ਹਾਈਆ । ਫੇਰ ਤੱਕਿਆ ਤੇਰੀ ਭਗਤਾਂ ਨਾਲ ਯਾਰੀ, ਯਰਾਨਾ ਮਾਤਲੋਕ ਰਖਾਈਆ । ਜਾਂ ਵੇਖਿਆ ਤੇਰੀ ਧਾਰ ਆਪਣੀ ਆਪ ਕਵਾਰੀ, ਕੰਤ ਭਗਵੰਤ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਸ਼ੰਕਰਾ ਕਿਥੇ ਤੇਰੀ ਤਰਸੂਲ, ਛੇਤੀ ਦੇ ਸਮਝਾਈਆ । ਕੀ ਬਚਨ ਗਿਉਂ ਭੂਲ, ਭਬੂਤ ਖ਼ਾਕ ਰਮਾਈਆ । ਪ੍ਰਭ ਦਾ ਅਰਜ਼ ਨਾ ਜਾਣੇਂ ਤੂਲ, ਕੀਮਤ ਬਾਜ਼ੀ ਵੰਡ ਵੰਡਾਈਆ । ਜੁਗ ਜੁਗ ਬਦਲਣ ਵਾਲਾ ਅਸੂਲ, ਅਸਲ ਆਪਣੇ ਹੱਥ ਰਖਾਈਆ । ਕੀ ਵਿਸ਼ਨੂੰ ਤੈਨੂੰ ਹੋਇਆ ਵਸੂਲ, ਚੌਥੇ ਜੁਗ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸੁਣਾਈਆ । ਓ ਬ੍ਰਹਮੇ ਕਿਹੜੇ ਤੇਰੇ ਚਾਰ ਮੁਖ, ਚਾਰੋਂ ਕੁੰਟ ਦੇ ਵਖਾਈਆ । ਇਹ ਸ੍ਰਿਸ਼ਟੀ ਭਰੀ ਸਾਰੀ ਦੁੱਖ, ਆਤਮ ਬ੍ਰਹਮ ਨਾ ਕੋਇ ਸਮਝਾਈਆ । ਸੁਫਲ ਹੋਈ ਕਿਸੇ ਨਾ ਕੁੱਖ, ਮਿਲੇ ਮਾਣ ਨਾ ਜਣੇਂਦੀ ਮਾਈਆ । ਕਲਜੁਗ ਵੇਖ ਅੰਧੇਰੀ ਰੁਤ, ਨੂਰੀ ਚੰਦ ਨਾ ਕੋਇ ਚਮਕਾਈਆ । ਇਨ੍ਹਾਂ ਭਗਤਾਂ ਕੋਲੋਂ ਪੁਛ, ਤੇਈਆਂ ਕਿਉਂ ਨਹੀਂ ਦੀਪਕ ਲਏ ਜਗਾਈਆ । ਇਹ ਲੇਖਾ ਮੂਲ ਨਹੀਂ ਜਾਣਾ ਛੁਟ, ਜੋ ਲਿਖਾਰੀਆਂ ਕੋਲੋਂ ਦਿਤਾ ਲਿਖਾਈਆ । ਭਾਵੇਂ ਕਿੰਨੇ ਬਹੋ ਲੁਕ, ਲੁਕਿਆ ਰਹਿਣ ਕੋਇ ਨਾ ਪਾਈਆ । ਤੁਸੀਂ ਪੰਜਾਂ ਤਤਾਂ ਵਾਲੇ ਬੁਤ, ਪ੍ਰਭ ਦਾਤਾ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਘਰ ਵਖਾਈਆ । ਓ ਸ਼ੰਕਰਾ ਕਿਥੇ ਤੇਰਾ ਬਾਸ਼ਕ ਤਸ਼ਕ ਨਾਗ, ਤਨ ਡੰਗ ਲਗਾਈਆ । ਤੇਰੇ ਹੱਥ ਸ੍ਰਿਸ਼ਟੀ ਫੜਾਈ ਵਾਗ, ਕਿਉਂ ਸੰਘਾਰੀ ਦਿਤੀ ਭੁਲਾਈਆ । ਜਿਹੜੇ ਪ੍ਰਭ ਨੂੰ ਭੁੱਲ ਕੇ ਹੋ ਗਏ ਕਾਗ, ਕਿਉਂ ਨਹੀਂ ਫੜ ਫੜ ਦਏਂ ਸਜ਼ਾਈਆ । ਔਹ ਵੇਖ ਗੋਬਿੰਦ ਦਾ ਉਡਦਾ ਬਾਜ਼, ਬਾਜਾਂ ਵਾਲਾ ਵੇਖ ਵਖਾਈਆ । ਬ੍ਰਹਮਾ ਚਾਰ ਵੇਦ ਤੋਂ ਪਰੇ ਦਾ ਸੁਣ ਲੈ ਰਾਗ, ਮੁਖ ਚਾਰੋਂ ਕੁੰਟ ਭਵਾਈਆ । ਆਹ ਵੇਖ ਜਿਸ

ਪਾਤਸ਼ਾਹ ਪਹਿਨਿਆ ਤਾਜ, ਮਾਲਕ ਦੋ ਜਹਾਨ ਅਖਵਾਈਆ । ਵਿਸ਼ਨੂੰ ਕੀ ਵਰਤਾਵੇ ਪ੍ਰਸ਼ਾਦ, ਘਰ ਘਰ ਰਿਜ਼ਕ ਸਬਾਈਆ । ਕਿਸ ਦਾ ਹੁਕਮ ਤੇ ਕਿਸ ਦਾ ਰਾਜ, ਰਈਅਤ ਕਵਣ ਰੂਪ ਦਰਸਾਈਆ । ਕਿਸ ਦੀ ਧਾਰ ਤੇ ਕਿਸ ਦੀ ਔਲਾਦ, ਮਾਤ ਪਿਤ ਕਵਣ ਅਖਵਾਈਆ । ਕਿਸ ਦਾ ਸ਼ਬਦ ਹੁਕਮ ਸੁਣੇ ਆਵਾਜ਼, ਕਵਣ ਰਾਹ ਦਰਸਾਈਆ । ਕਿਸ ਦਾ ਲਖ ਚੁਰਾਸੀ ਬਗੀਚਾ ਬਾਗ਼, ਮਾਲਕ ਕਵਣ ਰੂਪ ਵਟਾਈਆ । ਕਿਉਂ ਨਹੀਂ ਤੇਈ ਬੀਬੀਆਂ ਜਗਾਏ ਚਿਰਾਗ਼, ਉਠ ਕੇ ਭੁੱਲ ਲਓ ਬਖ਼ਸ਼ਾਈਆ । ਇਹ ਕੋਈ ਕਲਜੁਗ ਦਾ ਨਹੀਂ ਰਿਵਾਜ, ਸਤਿਜੁਗ ਧਾਰ ਰਾਹ ਬਣਾਈਆ । ਇਸ ਵਿਚ ਪ੍ਰਭ ਦਾ ਨਹੀਂ ਕੋਈ ਮੁਫ਼ਾਦ, ਭਗਤਾਂ ਦਏ ਮਾਣ ਵਡਿਆਈਆ । ਜਿਨ੍ਹਾਂ ਪੋਹ ਨਾ ਸਕੇ ਕਲਜੁਗ ਤ੍ਰੈਗੁਣ ਅਗਨੀ ਆਗ, ਮਮਤਾ ਮੋਹ ਨਾ ਕੋਇ ਹਲਕਾਈਆ । ਅੰਤਮ ਸਭ ਦੀ ਮੁਕੀ ਮੁਨਿਆਦ, ਮੁਨਿਆਦੀ ਬ੍ਰਹਮਾ ਵਿਸ਼ਨ ਸ਼ਿਵ ਰਹੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਧਾਰ ਪ੍ਰਗਟਾਈਆ । ਤਿੰਨੇ ਕੱਠੇ ਹੋ ਗਏ ਬਣ ਗਏ ਸੱਚੇ ਯਾਚਕ, ਯਾਦ ਫੇਰ ਕਰਾਈਆ । ਕਿਉਂ ਸ੍ਰਿਸ਼ਟੀ ਹੋਈ ਨਾਸਤਕ, ਮੁਖੋਂ ਬਚਨ ਦਿਉ ਅਲਾਈਆ । ਕੀ ਹੁਕਮ ਸੁਣਨਾ ਵਾਸਤਕ, ਵਾਸਤਾ ਇਕੇ ਨਾਲ ਪਾਈਆ । ਕਿਉਂ ਨਹੀਂ ਮਨ ਕਲਪਣਾ ਹੋਈ ਸਾਂਤਕ, ਸਤਿ ਸਤਿ ਵਿਚ ਸਮਾਈਆ । ਦੀਨ ਦੁਨੀ ਕਾਮ ਵਾਸ਼ਨਾ ਹੋਈ ਆਸ਼ਕ, ਪ੍ਰਭ ਪ੍ਰੇਮ ਨਾ ਕੋਇ ਪ੍ਰਗਟਾਈਆ । ਬਿਨਾ ਭਗਤਾਂ ਤੋਂ ਦਿਸੇ ਨਾ ਕੋਇ ਉਪਾਸ਼ਕ, ਸੀਸ ਜਗਦੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਵਖਾਈਆ । ਪੁਰਖ ਅਕਾਲ ਕਹੇ ਸ਼ੰਕਰ ਕੀ ਤੇਰੇ ਅੰਤਰ ਸ਼ੰਕਾ, ਸ਼ਰਅ ਤੋਂ ਬਾਹਰ ਜਣਾਈਆ । ਭੈ ਭਿਆਨਕ ਦਾ ਵਜਾ ਦੇ ਡੰਕਾ, ਡੌਰੂ ਹੱਥ ਫੜਾਈਆ । ਓਹ ਤੁਹਾਨੂੰ ਇਕ ਦਿਤਾ ਇੰਨਾਂ ਜਿਹਾ ਤਿਨਕਾ, ਓਮ ਰੂਪ ਪਰਗਟਾਈਆ । ਨਿਸ਼ਾਨ ਵਖਾਇਆ ਜੋਤੀ ਚਿੰਨ੍ਹ ਕਾ, ਚਿੱਤਰ ਨਾ ਕੋਇ ਦਰਸਾਈਆ । ਹੁਣ ਖੇਲ ਨਹੀਂ ਕੋਈ ਦਿਨ ਕਾ, ਰੈਣ ਅੰਧੇਰੀ ਕਲਜੁਗ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਬ੍ਰਹਮਾ ਤੂੰ ਵੀ ਦੱਸ ਦੇ ਭੇਦਾ, ਭੇਵ ਭਾਉ ਖੁਲ੍ਹਾਈਆ । ਕਿਥੇ ਗਏ ਚਾਰੇ ਵੇਦਾ, ਵਿਦਿਆ ਸ਼ਾਸਤਰ ਨਾ ਕੋਇ ਚਤੁਰਾਈਆ । ਰਸਤਾ ਮਿਲੇ ਨਾ ਕਿਸੇ ਸੇਧਾ, ਮਾਰਗ ਇਕ ਨਾ ਕੋਇ ਦਰਸਾਈਆ । ਕਿਉਂ ਦੀਨ ਦੁਨੀ ਦਾ ਬਦਲਿਆ ਮੇਧਾ, ਆਤਮ ਬ੍ਰਹਮ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਕਿਥੇ ਗਿਆ ਆਤਮ ਬ੍ਰਹਮ, ਬ੍ਰਹਮ ਵੇਤੇ ਕੀ ਚਤੁਰਾਈਆ । ਕੇਹੜੀ ਨੀਤੀ ਕੇਹੜਾ ਕਰਮ, ਕੀ ਕਲਜੁਗ ਜੀਵ ਰਹੇ ਕਰਾਈਆ । ਕੇਹੜਾ ਧਰਨੀ ਉਤੇ ਧਰਮ, ਸਚ ਸਚ ਦੇ ਸਮਝਾਈਆ । ਤੇਰੇ ਬ੍ਰਹਮ ਦੇ ਕਿਉਂ ਬਣ ਗਏ ਜਗਤ ਵਰਨ, ਤਤਾਂ ਵਾਲੀ ਵੰਡ ਵੰਡਾਈਆ । ਇਕ ਦੀ ਕਿਉਂ ਨਹੀਂ ਪੈ ਗਏ ਸ਼ਰਨ, ਇਕ ਇਸ਼ਟ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਓਹਲਾ ਦੇ ਚੁਕਾਈਆ । ਕਿਉਂ ਵਿਸ਼ਨੂੰ ਬਣਿਆ ਨਹੀਂ ਦਰਦੀ, ਦੀਨ ਦੁਨੀ ਵੇਖ ਵਖਾਈਆ । ਚਾਰੋਂ ਤਰਫ਼ ਸ੍ਰਿਸ਼ਟੀ ਮਰਦੀ, ਭੁੱਖ ਦੁੱਖ ਨਾਲ ਕੁਰਲਾਈਆ । ਕਿਉਂ ਨਹੀਂ ਖੇਲ ਦੱਸੀ ਮੈਨੂੰ ਕਲਜੁਗ ਕਲ ਦੀ, ਕਦ ਰਿਹਾ ਵਰਤਾਈਆ । ਧੀ ਮਾਂ ਨੂੰ ਵੇਖ ਛਲ ਦੀ, ਪਿਤਾ ਪੂਤ ਨਾਲ ਲੜਾਈਆ । ਗੁਰੂ ਸਿਖ ਦੀ ਪ੍ਰੀਤੀ ਨਿਭੇ ਨਾ ਘੜੀ ਪਲ ਦੀ, ਵਿਛੋੜਾ ਹੋਇਆ ਥਾਉਂ ਥਾਈਆ । ਕਿਉਂ ਨਹੀਂ ਸ਼ੰਕਰਾ ਤੇਰੀ ਗੜਵੀ ਭਰੀ ਜਲ ਦੀ, ਊਣੀ ਕਿਉਂ ਰਖਾਈਆ । ਬ੍ਰਹਮਾ

ਤੇਰੀ ਧਾਰਾ ਕਿਉਂ ਨਹੀਂ ਫਲ ਦੀ, ਵਿਕਾਰ ਹੰਕਾਰ ਬਾਹਰ ਕਢਾਈਆ । ਸ੍ਰਿਸ਼ਟੀ ਦੀ ਆਤਮ ਪਰਮਾਤਮ ਨਾਲ ਕਿਉਂ ਨਹੀਂ ਰਲਦੀ, ਕੀ ਤੇਰਾ ਭੈ ਗਈ ਮਿਟਾਈਆ । ਕਿਥੇ ਤੇਰੀ ਖੇਲ ਗਈ ਵਲ ਛਲ ਦੀ, ਅਛਲ ਛਲ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣੀ ਕਾਰ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਖੜ੍ਹੇ ਤਿੰਨੇ, ਤਿੰਨ ਲੋਕ ਸੇਵ ਕਮਾਈਆ । ਦੱਸੋ ਕਿੰਨੇ ਬੀਤੇ ਜੁਗ ਤੇ ਤੁਸਾਂ ਵੇਖੇ ਕਿੰਨੇ, ਕੀ ਕੀ ਕਾਰ ਕਮਾਈਆ । ਨਹੀਂ ਤੇ ਨਿਉਂ ਕੇ ਕਰ ਦਿਉ ਬਿਨੈ, ਸੀਸ ਜਗਦੀਸ ਝੁਕਾਈਆ । ਪ੍ਰਭੂ ਅਸੀਂ ਤੇ ਇਹੋ ਜਾਣਦੇ ਤੇਰੀ ਜੋਤ ਦਾ ਛਿੰਨ ਏ, ਛੋਟਾ ਰੂਪ ਅਪਣਾਈਆ । ਪ੍ਰੇਮ ਪਿਆਰ ਵਿਚ ਆਪਣਾ ਆਪ ਬੈਠੇ ਵਿੰਨ੍ਹੇ, ਆਰ ਪਾਰ ਤੇਰੀ ਧਾਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸ਼ੰਕਰ ਉਹ ਕੇਹੜੀ ਬੱਧੀ ਤੇੜ ਕੁਸ਼ਾ, ਕੁਸ਼ਾ ਦੀਪ ਵੇਖ ਵਖਾਈਆ । ਪ੍ਰਭ ਤੋਂ ਕੇਹੜਾ ਭੇਵ ਛੁਪਾ, ਕਿਉਂ ਛੁਪ ਛੁਪ ਝਟ ਲੰਘਾਈਆ । ਓ ਵਿਸ਼ਨੂੰ ਕੀ ਤੇਰਾ ਭੰਡਾਰਾ ਮੁਕਾ, ਭੁੱਖਿਆਂ ਨਾ ਸਕੇ ਰਜ਼ਾਈਆ । ਓ ਤੈਨੂੰ ਪਤਾ ਨਹੀਂ ਕਿ ਪ੍ਰਭ ਦਾ ਨਾਮ ਦੋ ਤੁਕਾ, ਚਾਰ ਮੁਖ ਵਾਲੇ ਚਾਰੇ ਅੱਖਰਾਂ ਦਾ ਵੇਲਾ ਰਹਿਣ ਨਾ ਪਾਈਆ । ਬੱਚੂ ਕਰਿਓ ਕੋਇ ਨਾ ਗ਼ੁੱਸਾ, ਜੁਗ ਚੌਕੜੀ ਤੁਹਾਡੀ ਸੇਵ ਦਿਆਂ ਬਦਲਾਈਆ । ਕਿਸੇ ਨੂੰ ਧੱਫਾ ਮਾਰ ਕਿਸੇ ਨੂੰ ਮੁਕਾ, ਓ ਬ੍ਰਹਮਾ ਕਿਸੇ ਨੂੰ ਕਹਾਂ ਮੇਰਿਆ ਪੁੱਤਾ, ਸ੍ਰਿਸ਼ਟੀ ਦੇਣੀ ਚਲਾਈਆ । ਖ਼ੁਸ਼ੀ ਵਿਚ ਚਰਨ ਧੂੜੀ ਦੀ ਸੁੱਟ ਕੇ ਤੁਹਾਡੇ ਸਿਰ ਤੋਂ ਮੁੱਠਾ, ਮੁੱਠੀ ਭਰ ਸ੍ਰਿਸ਼ਟੀ ਚੁਰਾਸੀ ਲੱਖ ਜੂਨ ਤੁਹਾਡੇ ਹੱਥ ਫੜਾਈਆ । ਆਪ ਫੇਰ ਲੁਕ ਜਾਵਾਂ ਆਪਣੀ ਉਸ ਗੁੱਠਾ, ਜਿਥੋਂ ਮੇਰੀ ਕਿਰਪਾ ਬਿਨਾ ਤੁਸੀਂ ਵੇਖਣ ਕੋਇ ਨਾ ਪਾਈਆ । ਤੁਹਾਨੂੰ ਪਤਾ ਨਹੀਂ ਮੇਰੇ ਭਗਤ ਤੇ ਖਾਵਣ ਟੁੱਕਰ ਸੁੱਕਾ, ਕਿਥੇ ਭੰਡਾਰੇ ਰੱਖੇ ਛੁਪਾਈਆ । ਏਸੇ ਦੁੱਖ ਵਿਚ ਉਨ੍ਹਾਂ ਦੀ ਇਕ ਇਕ ਹੇਠਾਂ ਹੋ ਗਈ ਮੁੱਛਾ, ਕਿਉਂ ਭੁੱਖੇ ਰਹਿ ਕੇ ਝਟ ਲੰਘਾਈਆ । ਹੁਣ ਯਾਦ ਕਰ ਲੈ ਪੰਜਾਂ ਪਿਆਰਿਆਂ ਨੇ ਗਾਨਾ ਬੰਨ੍ਹ ਦਿਤਾ ਨਾਲ ਗੁਟਾ, ਸੱਤ ਰੰਗ ਦਾ ਸਤਿ ਦਿਆਂ ਵਖਾਈਆ । ਹੁਣ ਕੋਈ ਰਾਕਸ਼ ਨਹੀਂ ਜੇਹੜੇ ਲਾਲ ਕਰਨਗੇ ਬੁੱਲ ਤੇ ਬੁੱਟਾਂ, ਗੁਰਮੁਖਾਂ ਨੂੰ ਪ੍ਰੇਮ ਵਿਚ ਦਿਤਾ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬ੍ਰਹਮੇ ਕੀ ਕਹਿੰਦਾ ਤੇਰਾ ਵੇਦ ਅਥਰਬਣ, ਕਿਉਂ ਰੋ ਕੇ ਅੱਥਰੂ ਰਿਹਾ ਵਹਾਈਆ । ਕੀ ਸੰਦੇਸ਼ਾ ਦੇ ਕੇ ਗਿਆ ਕ੍ਰਿਸ਼ਨਾ ਅਰਜਨ, ਵੇਲੇ ਅੰਤ ਸੁਣਾਈਆ । ਮੇਰੇ ਕਾਹਨ ਨੇ ਕੋਈ ਚੁੱਕਣਾ ਨਹੀਂ ਉਂਗਲੀਂ ਉਤੇ ਗਵਰਧਨ, ਜਗਤ ਵਿਚ ਨਾ ਕੋਇ ਚਤੁਰਾਈਆ । ਉਹ ਜਦ ਆਵੇ ਦੋ ਜਹਾਨਾਂ ਕਰੇ ਮਰਦਨ, ਸੋਇਆ ਰਹਿਣ ਕੋਇ ਨਾ ਪਾਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦਨ, ਦੁਖੀਆਂ ਆਪਣੇ ਗਲੇ ਲਗਾਈਆ । ਆਪਣਾ ਪੂਰਾ ਕਰੇ ਫਰਜ਼ਨ, ਨੌਂ ਸੌ ਚੁਰਾਨਮੇ ਚੌਕੜੀ ਜੁਗ ਪਿਛੋਂ ਕਲ ਕਲਕੀ ਵੇਸ ਵਟਾਈਆ । ਏਸੇ ਕਰਕੇ ਅਵਤਾਰ ਪੈਗੰਬਰਾਂ ਗੁਰੂਆਂ ਲਾਈ ਸ਼ਰਤਨ, ਸ਼ਰਅ ਤੋਂ ਬਾਹਰ ਗਏ ਸਮਝਾਈਆ । ਜੇਹੜੇ ਦੁਆਬੇ ਵਾਲਿਆਂ ਪ੍ਰੇਮ ਵਿਚ ਭੇਟਾ ਕਰਨੇ ਬਰਤਨ, ਉਨ੍ਹਾਂ ਨੂੰ ਖ਼ਰੀਦਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਬ੍ਰਹਮੇ ਕੀ ਕਹਿੰਦਾ ਅਥਰਬਣ ਦਾ ਐੜਾ, ਊੜੇ ਤੋਂ ਪਰੇ ਸੁਣਾਈਆ । ਓ ਵਿਸ਼ਨੂੰ, ਕਿਸ ਤਰਾਂ ਸ੍ਰਿਸ਼ਟੀ ਤੋਂ ਛੁੱਟੇ ਖਹਿੜਾ, ਖੇੜਾ ਵਸਦਾ ਨਜ਼ਰ ਕੋਇ ਨਾ ਆਈਆ । ਸ਼ੰਕਰਾ ਤੈਨੂੰ ਸਾਰੇ ਕਹਿੰਦੇ ਭੈੜਾ, ਕਿਉਂ ਸ਼ਾਹ ਸੁਲਤਾਨਾਂ ਦੀ ਕਰੇਂ ਸਫ਼ਾਈਆ । ਪੁਰਖ ਅਬਿਨਾਸ਼ੀ ਤੁਹਾਡੀਆਂ ਕਰਨੀਆਂ

ਦੀਆਂ ਦੋ ਜਹਾਨ ਵੇਖੇ ਪੈੜਾਂ, ਬਿਨਾ ਖੁਰੇ ਤੋਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਪੜਦਾ ਲਾਹੀਆ । ਭੋਲੇ ਸਵਾਧਾਨ ਹੋ ਕੇ ਉਠ, ਆਕਾਸ਼ ਦੇ ਉਤੇ ਲੈ ਅੰਗੜਾਈਆ । ਕਲਜੁਗ ਵੇਖ ਸਭ ਦੇ ਬੁਤ, ਬੁਤਖ਼ਾਨੇ ਖੋਜ ਖੁਜਾਈਆ । ਹੁਣ ਰਹਿਣ ਨਹੀਂ ਦੇਣਾ ਚੁੱਪ, ਚੁਪ ਚਪੀਤੇ ਤਾੜੀ ਦੇਣੀ ਖੁਲ੍ਹਾਈਆ । ਔਹ ਕਿਉਂ ਹੋ ਗਿਆ ਅੰਧੇਰਾ ਘੁੱਪ, ਕੰਨ ਵਿਚ ਮੁੰਦਰਾਂ ਪਾਈਆਂ ਦੇਣ ਦੁਹਾਈਆ । ਜਗਤ ਵਿਕਾਰ ਪਾਈ ਲੁੱਟ, ਲੁਟੇਰਾ ਬਣਿਆ ਕਲਜੁਗ ਭੱਜੇ ਵਾਹੋ ਦਾਹੀਆ । ਕੀ ਤੈਨੂੰ ਨਹੀਂ ਆਇਆ ਦੁੱਖ, ਮਨਮੁਖਾਂ ਕਰੇਂ ਸਫ਼ਾਈਆ । ਅੱਜ ਵੇਲਾ ਈ ਝੁਕ ਕੇ ਲੈ ਪੁਛ, ਕੂੜ ਕੁੜਿਆਰ ਰਹਿਣ ਕੋਇ ਨਾ ਪਾਈਆ । ਜੇ ਨਹੀਂ ਕੋਲ ਤੇ ਹੋਰ ਮੰਗ ਲੈ ਕੁਛ, ਖ਼ਾਲੀ ਝੋਲੀ ਦਿਆਂ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਹੁਕਮ ਵਿਚੋਂ ਸੁਣਾਈਆ । ਬ੍ਰਹਮਾ ਕਹੇ ਪ੍ਰਭੂ ਤੂੰ ਬੜਾ ਦਿਆਲ, ਦਿਆਲੂ ਸਦਾ ਅਖਵਾਈਆ । ਪਰ ਬਹੁੜੀ ਤੇਰੀ ਸਮਝ ਨਹੀਂ ਆਉਂਦੀ ਚਾਲ, ਜੁਗ ਚੌਕੜੀ ਅਵੱਲੜੀ ਚਾਲ ਚਲਾਈਆ । ਮੈਂ ਵੀ ਆਪਣਾ ਆਪ ਨਾ ਸਕਾਂ ਸੰਭਾਲ, ਕਿਉਂ, ਜਾਂ ਤੱਕਿਆ ਤੇ ਸੰਬਲ ਬੈਠਾ ਧੁਰਦਰਗਾਹੀਆ । ਜਿਸ ਦਾ ਜੋਤੀ ਜਲਵਾ ਨੂਰ ਜਲਾਲ, ਦੋ ਜਹਾਨ ਕਰੇ ਰੁਸ਼ਨਾਈਆ । ਜਿਸ ਨੇ ਮੇਟ ਦੇਣਾ ਝਟਕਾ ਹਲਾਲ, ਹਰ ਹਿਰਦੇ ਕਰੇ ਸਫ਼ਾਈਆ । ਆਪਣੇ ਹੱਥ ਵਿਚ ਫੜ ਕੇ ਕਾਲ ਮਹਾਂਕਾਲ, ਚਾਰੋਂ ਕੁੰਟ ਸੇਵਾ ਦੇਣੀ ਲਗਾਈਆ । ਇਸ ਤਰਾਂ ਜੁਗ ਜੁਗ ਵਜਾਏ ਤਾਲ, ਤਲਵਾੜਾ ਆਪਣਾ ਨਾਮ ਖੜਕਾਈਆ । ਜੇ ਮਿਹਰ ਕਰੇ ਪਾਪੀਆਂ ਅਪਰਾਧੀਆਂ ਜਾਵੇ ਤਾਰ, ਮਿਹਰ ਨਜ਼ਰ ਇਕ ਉਠਾਈਆ । ਹੁਣ ਕੋਟਾਂ ਵਿਚੋਂ ਭਗਤਾਂ ਦੀ ਆ ਗਈ ਵਾਰ, ਵਾਰਸ ਆਪਣੇ ਰਿਹਾ ਬਣਾਈਆ । ਸਚ ਦਾ ਕਰ ਪਿਆਰ, ਪ੍ਰੇਮ ਪ੍ਰੀਤੀ ਇਕ ਬਣਾਈਆ । ਰਾਤੀ ਸੁੱਤਿਆਂ ਅੰਦਰ ਕਰ ਗੁਫ਼ਤਾਰ, ਗੁਫ਼ਤ ਸ਼ਨੀਦ ਕਰੇ ਸ਼ਨਵਾਈਆ । ਅੱਗੇ ਵੇਖਿਉ ਤੁਹਾਡੇ ਸਾਹਿਬ ਦੀ ਕਿਸ ਤਰਾਂ ਚਲਦੀ ਤੇਜ਼ ਰਫ਼ਤਾਰ, ਰਫ਼ਤਾ ਰਫ਼ਤਾ ਸਾਰੇ ਦਏ ਉਠਾਈਆ । ਹੁਕਮੇ ਅੰਦਰ ਸਾਰੇ ਕਰ ਗ੍ਰਿਫ਼ਤਾਰ, ਪਾਬੰਦੀ ਨਾਮ ਵਾਲੀ ਵਖਾਈਆ । ਗੁਰ ਅਵਤਾਰ ਪੈਗ਼ੰਬਰ ਬਣ ਜਾਵੇ ਇਕੋ ਵਾਰ ਉਸਦੀ ਨਾਰ, ਨਰ ਨਰਾਇਣ ਲਏ ਪਰਨਾਈਆ । ਜਿਥੇ ਇਕੋ ਇਕ ਏਕੰਕਾਰ, ਦੂਜਾ ਨਜ਼ਰ ਕੋਇ ਨਾ ਆਈਆ । ਆਪੇ ਜਵਾਨ ਤੇ ਆਪੇ ਮੁਟਿਆਰ, ਬੁਢਾਪਾ ਵੇਸ ਨਾ ਕੋਇ ਵਖਾਈਆ । ਆਪੇ ਅੰਦਰ ਤੇ ਆਪੇ ਬਾਹਰ, ਆਪੇ ਭੱਜੇ ਚਾਈਂ ਚਾਈਆ । ਆਪੇ ਸਹੇਲੀ ਆਪੇ ਅਕੇਲੀ ਆਪੇ ਭੈਣ ਭਾਈ ਤੇ ਆਪੇ ਸਾਕ ਸੱਜਣ ਕਰੇ ਪਿਆਰ, ਆਪੇ ਖੇਲ ਆਪਣੇ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਆਪਣੀ ਬਣਤ ਬਣਾਈਆ । ਸ਼ੰਕਰ ਔਹ ਵੇਖ ਪ੍ਰਭੂ ਦੀ ਸ਼ਾਨ, ਸ਼ਹਾਨਾ ਰੂਪ ਦਰਸਾਈਆ । ਬਣ ਕੇ ਆਉਂਦਾ ਸਖ਼ੀਆਂ ਦਾ ਕਾਹਨ, ਜਿਨ੍ਹਾਂ ਦਾ ਤਨ ਵਜੂਦ ਵੇਖਣ ਕੋਇ ਨਾ ਪਾਈਆ । ਉਹ ਖ਼ੁਸ਼ੀਆਂ ਵਿਚ ਓਸੇ ਦਾ ਗੀਤ ਗਾਣ, ਜਿਸ ਨੂੰ ਸਾਰੇ ਆਏ ਗਾਈਆ । ਓਸੇ ਦਾ ਦਰਸ਼ਨ ਕਰਕੇ ਆਪਣਾ ਮਨ ਰਿਝਾਣ, ਜਿਥੇ ਮਨ ਦੀ ਅਵਸਥਾ ਨਜ਼ਰ ਕੋਇ ਨਾ ਆਈਆ । ਬੱਚਿਓ ਤੁਹਾਨੂੰ ਉਸੇ ਦੀ ਨਹੀਂ ਪਹਿਚਾਨ, ਜੋ ਤੁਹਾਡਾ ਪਿਤਾ ਮਾਈਆ । ਪੁਛੇ ਕੀ ਤੁਹਾਡੀ ਜਗਤ ਵਿਚ ਆਣ, ਕੀ ਭੈ ਰਹੇ ਦ੍ਰਿੜਾਈਆ । ਕਿਉਂ ਸ਼ਰਅ ਬਣ ਗਈ ਸ਼ੈਤਾਨ, ਘਰ ਘਰ ਕਰੇ ਲੜਾਈਆ । ਕਿਉਂ ਮਾਨਵ ਜ਼ਾਤੀ ਹੋਏ ਵੈਰਾਨ, ਵੈਰੀ ਪੰਜ ਬੈਠੇ ਅੰਦਰ ਡੇਰਾ ਲਾਈਆ । ਕਿਧਰ ਗਏ ਤੁਹਾਡੇ ਨਿਸ਼ਾਨੇ ਵਾਲੇ ਬਾਣ, ਕੀ ਅਣਿਆਲੇ ਤੀਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੫੫੬
੨੨

ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਪ੍ਰਭੂ ਅਸੀਂ ਤੇਰੇ ਪੁਜਾਰੀ, ਪੂਜਾ ਵਿਚ ਸਮਾਈਆ । ਤੇਰੀ ਵੇਖੀ ਖੇਲ ਨਿਆਰੀ, ਨਿਰਗੁਣ ਧਾਰ ਤੇਰੀ ਰੁਸ਼ਨਾਈਆ । ਤੇਰੀ ਕਿਰਪਾ ਨਾਲ ਨਿਗਹ ਸਚਖੰਡ ਮਾਰੀ, ਓਥੇ ਮਾਰੂ ਰਾਗ ਨਾ ਕੋਇ ਸੁਣਾਈਆ । ਜਿਧਰ ਵੇਖੀਏ ਤੇਰੇ ਚਰਨਾਂ ਤੋਂ ਜਾਣ ਬਲਿਹਾਰੀ, ਬਲ ਬਲ ਸੀਸ ਨਿਵਾਈਆ । ਕਿਸੇ ਹਿਰਦੇ ਅੰਦਰ ਨਹੀਂ ਗ਼ਦਾਰੀ, ਗਦਾਗਰ ਨਾ ਕੋਇ ਦਰਸਾਈਆ । ਜਿਧਰ ਤਕੀਏ ਉਧਰ ਤੇਰਾ ਨੂਰ ਤੇਰਾ ਜ਼ਹੂਰ ਤੇਰਾ ਰੂਪ ਸ਼ੰਗਾਰੀ, ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਇਕ ਰੰਗਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਪ੍ਰਭ ਸਾਨੂੰ ਫਿਰ ਲੈਣ ਦੇ ਵਿਚ ਵਿਵਾਹ, ਸੇਵਾ ਕਰੀਏ ਨੱਠੀਏ ਭੱਜੀਏ ਚਾਈਂ ਚਾਈਂਆ । ਨਾਲੇ ਵੇਖੀਏ ਪੈਗ਼ੰਬਰਾਂ ਦਾ ਕਿਸ ਤਰਾਂ ਹੁੰਦਾ ਨਕਾਹ, ਬਿਨਾ ਨਕਾਬ ਤੋਂ ਨਕਾਬ ਵਾਲਾ ਲਏ ਪਰਨਾਈਆ । ਉਸ ਦੇ ਕੇਹੜੇ ਬਣਨ ਗਵਾਹ, ਸ਼ਹਾਦਤ ਦੇਣ ਭੁਗਤਾਈਆ । ਜਿਸ ਦੇ ਸਿੰਘਾਸਣ ਦੇ ਪਹਿਰੇਦਾਰ ਤੇ ਸੇਵਾਦਾਰ ਉਹ ਜਿਨ੍ਹਾਂ ਮੁਖ ਨੂੰ ਮਲੀ ਸਵਾਹ, ਸੂਤਰਧਾਰੀ ਆਪਣਾ ਖੇਲ ਵਖਾਈਆ । ਜਿਸ ਨੇ ਸਭ ਦਾ ਸਾਂਝਾ ਬਣਾਉਣਾ ਰਾਹ, ਰਹਿਬਰ ਹੋ ਕੇ ਸਿਰ ਆਪਣਾ ਹੱਥ ਟਿਕਾਈਆ । ਨਾਲੇ ਉਸੇ ਨੂੰ ਕਿਹਾ ਖ਼ੁਦਾ, ਖ਼ੁਦ ਮਾਲਕ ਆਪਣਾ ਜੋਤ ਨੂਰ ਕਰੇ ਰੁਸ਼ਨਾਈਆ । ਜਿਸ ਨੇ ਮਜ਼੍ਹਬ ਦੀ ਮੇਟਣੀ ਵਬਾ, ਅਦਾ ਪਿਛਲੀ ਦਏ ਗਵਾਈਆ । ਇਕ ਨਾਮ ਦੀ ਕਰਕੇ ਸਤ੍ਹਾ, ਸੱਦਾ ਘਰ ਘਰ ਦੇਣਾ ਜਣਾਈਆ । ਆਪਣਾ ਫਰਜ਼ ਕਰਕੇ ਅਦਾ, ਜਨ ਭਗਤ ਸਚਖੰਡ ਦਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਮੇਲ ਮਿਲਾਈਆ । ਅਵਤਾਰ ਕਹਿਣ ਵਿਸ਼ਨ ਬ੍ਰਹਮਾ ਸ਼ਿਵ ਛੇਤੀ ਕਰੋ ਛੇਤੀ, ਚਾਰੋਂ ਕੁੰਟ ਵੇਖੋ ਨੈਣ ਉਠਾਈਆ । ਵੇਖੋ ਜੇਹੜਾ ਪ੍ਰਭੂ ਮਾਤਲੋਕ ਵਿਚ ਬਣ ਗਿਆ ਪਰਦੇਸੀ, ਕੀ ਪਰਦੇਸਕ ਖ਼ਬਰਾਂ ਰਿਹਾ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਸਾਡੇ ਕੰਨ ਫੜੀ ਔਹ ਬਹੁੜੀ ਉਹ ਆਦਿ ਜੁਗਾਦਿ ਦਾ ਭੇਤੀ, ਦੂਰ ਦੁਰਾਡਾ ਵੇਖੇ ਥਾਉਂ ਥਾਈਂਆ । ਹੁਣ ਉਹ ਵੇਖਣ ਗਿਆ ਦੀਨਾਂ ਮਜ਼੍ਹਬਾਂ ਵਾਲੀ ਨੇਕੀ, ਕੀ ਨਿੱਕੇ ਵੱਡੇ ਕਾਰ ਕਮਾਈਆ । ਸਾਨੂੰ ਇਕੋ ਪਤਾ ਉਹ ਇਕੋ ਆਪ ਤੇ ਇਕੋ ਉਹਦਾ ਪੁਤ ਸ਼ਬਦ ਪਲੇਠੀ, ਦੂਜਾ ਜੰਮਣ ਵਾਲਾ ਨਜ਼ਰ ਕੋਇ ਨਾ ਆਈਆ । ਸ਼ਹਿਨਸ਼ਾਹਾਂ ਦਾ ਸ਼ਾਹ ਪਾਤਸ਼ਾਹਾਂ ਦਾ ਪਾਤਸ਼ਾਹ ਤੇ ਧਰਮ ਖ਼ਜ਼ਾਨੇ ਦਾ ਸੇਠੀ, ਨਾਮ ਦਾ ਭੰਡਾਰਾ ਆਪਣੇ ਹੱਥ ਉਠਾਈਆ । ਉਸ ਨੇ ਆਪੇ ਲਾੜਾ ਬਣਨਾ ਨਾਰੀ ਬਣਨਾ ਤੇ ਆਪੇ ਬਣਨਾ ਬੇਟਾ ਤੇ ਬੇਟੀ, ਤੇ ਆਪੇ ਆਪਣਾ ਘਰ ਲੈਣਾ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਸਚਖੰਡ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਓ ਬ੍ਰਹਮਾ ਵਿਸ਼ਨ ਸ਼ਿਵ ਚਾਰੋਂ ਕੁੰਟ ਮਾਰਿਓ ਨਜ਼ਰ, ਬਿਨਾ ਅੱਖਾਂ ਅੱਖ ਉਠਾਈਆ । ਪਤਾ ਨਹੀਂ ਕੀ ਸਾਡੇ ਉਤੇ ਹੋਣ ਲੱਗਾ ਫ਼ਜ਼ਲ, ਰਹਿਮਤ ਹੱਕ ਕਮਾਈਆ । ਮੁਹੰਮਦ ਬੋਲਿਆ ਬਹੁੜੀ ਸ੍ਰਿਸ਼ਟੀ ਉਤੇ ਆਉਣ ਵਾਲੀ ਅਜ਼ਲ, ਇਹੋ ਮੇਰੀ ਦੁਹਾਈਆ । ਦੀਨਾਂ ਮਜ਼੍ਹਬਾਂ ਵਿਚ ਕਰ ਕੇ ਪਜ਼ਲ, ਕਿਸੇ ਨੂੰ ਪਲੀਤ ਤੇ ਕਿਸੇ ਨੂੰ ਪਾਕ ਦਿਤਾ ਸਮਝਾਈਆ । ਅੱਲਾ ਵਾਹਿਗੁਰੂ ਰਾਮ ਓਮ ਸਤਿਨਾਮ ਦੀ ਦੱਸ ਕੇ ਗ਼ਜ਼ਲ, ਅੱਖਰਾਂ ਵਿਚ ਪਰਚਾਈਆ । ਤੇ ਇਕ ਦੂਜੇ ਦੀ ਮਾਰਨ ਨਹੀਂ ਦਿਤੀ ਨਕਲ, ਵੱਖਰਾ ਵੱਖਰਾ ਅੱਖਰ ਪੜ੍ਹਾਈਆ । ਜਿਹਨੂੰ ਬਣਾਇਆ ਉਹਨੂੰ ਆਖਿਆ ਤੂੰ ਮੇਰਾ ਅਸਲ, ਵਸਲ ਤੇਰੇ ਨਾਲ ਰਖਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਬਣਾ ਕੇ ਫ਼ਸਲ, ਰਬੀ ਖ਼ਰੀਫ਼ ਦਾ ਝਗੜਾ ਦਿਤਾ ਪਾਈਆ । ਵੱਖਰੀ ਵੱਖਰੀ ਬਣਾ

ਕੇ ਨਸਲ, ਹਿੱਸੇ ਮਾਨੁਖ ਜ਼ਾਤੀ ਦਿਤੇ ਕਰਾਈਆ । ਤੇ ਕੋਟਾਂ ਵਿਚੋਂ ਜੁਗ ਜੁਗ ਆਪਣੇ ਪਰਗਟਾ ਕੇ ਭਗਤ ਸੁਹੇਲੇ ਰਤਨ, ਅਮੋਲਕ ਆਪਣੀ ਗੋਦ ਟਿਕਾਈਆ । ਤੇ ਗੁਰ ਅਵਤਾਰ ਪੈਗ਼ੰਬਰ ਕਹਿਣ ਹੁਣ ਭਾਵੇਂ ਕਿੰਨੇ ਕਰੀਏ ਯਤਨ, ਯਥਾਰਥ ਸਾਡਾ ਹੁਕਮ ਰਹੇ ਨਾ ਰਾਈਆ । ਕਿਉਂ ਅਸੀਂ ਮਾਤਲੋਕ ਵਿਚੋਂ ਆ ਗਏ ਸਚਖੰਡ ਦੇ ਵਤਨ, ਦਰਗਹ ਸਾਚੀ ਸੋਭਾ ਪਾਈਆ । ਜਿਥੇ ਇਕੋ ਗ੍ਰਿਹਿ ਤੇ ਇਕੋ ਮੰਦਰ ਤੇ ਇਕੋ ਪੱਤਨ, ਦੂਜਾ ਘਾਟ ਨਾ ਕੋਇ ਦਰਸਾਈਆ । ਇਕੋ ਨਾਮ ਤੇ ਇਕੋ ਕਲਮਾ ਰਟਣ, ਰੱਟਾ ਹੋਰ ਨਾ ਕੋਇ ਸਮਝਾਈਆ । ਜਿਥੇ ਸੰਤ ਸੁਹੇਲੇ ਲਾਹਾ ਖੱਟਣ, ਉਹ ਦਰ ਰਿਹਾ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਗੁਰ ਅਵਤਾਰ ਪੈਗ਼ੰਬਰੋ ਇਕ ਦੂਜੇ ਦੀਆਂ ਬਣ ਜਾਓ ਸਖ਼ੀ ਸਹੇਲੀਆਂ, ਅੰਕ ਅੰਕ ਨਾਲ ਜੁੜਾਈਆ । ਦੀਨਾਂ ਮਜ਼੍ਹਬਾਂ ਤੋਂ ਹੋ ਜਾਓ ਵੇਹਲੀਆਂ, ਝਗੜਾ ਰਹੇ ਨਾ ਰਾਈਆ । ਗਲਵਕੜੀਆਂ ਪਾਓ ਵਿਛੜੇ ਬੇਲੀਆਂ, ਜੋ ਮਾਲਕ ਇਕ ਅਖਵਾਈਆ । ਓਸੇ ਨੂੰ ਮਿਲ ਕੇ ਸਾਡੀਆਂ ਲੇਖੇ ਲਗਦੀਆਂ ਸੇਲੀਆਂ, ਜੋ ਸਿਰ ਤੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਰ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਤੂੰ ਮਾਲਕ ਨਰ ਨਰੇਸ਼ੇ, ਤੇਰੀ ਸਤਿ ਸਰਨਾਈਆ । ਕੀ ਮਾਤਲੋਕ ਵਿਚੋਂ ਦਏ ਸੰਦੇਸ਼ੇ, ਫ਼ਰਮਾਨਾ ਇਕ ਪਰਗਟਾਈਆ । ਜਿਥੇ ਜੁਗ ਚੌਕੜੀ ਬੀਤ ਗਏ ਕੇਤੇ, ਕੋਟਨ ਕੋਟ ਕਾਲ ਵਿਹਾਈਆ । ਤੇਰਾ ਕਿਸੇ ਨਹੀਂ ਪਾਇਆ ਭੇਤੇ, ਅੰਤ ਕਹਿਣ ਕੋਇ ਨਾ ਆਈਆ । ਸਾਨੂੰ ਇਕੋ ਸ਼ਬਦ ਚੇਤੇ, ਜੋ ਨਾਨਕ ਗਿਆ ਸਮਝਾਈਆ । ਉਸ ਲਾਲੋ ਨੂੰ ਕਿਹਾ ਸੀ ਜਿਸ ਵੇਲੇ ਵਾੜ ਖਾਏਗੀ ਖੇਤੇ, ਰਾਖਾ ਨਜ਼ਰ ਕੋਇ ਨਾ ਆਈਆ । ਮਾਤਾ ਕੱਚੇ ਕਰਾਵਣ ਪੇਟੇ, ਸਤਿ ਧਰਮ ਨਾ ਕੋਇ ਵਖਾਈਆ । ਭਾਈ ਭੈਣ ਦੀ ਸੇਜੇ ਲੇਟੇ, ਕਲਜੁਗ ਕੂੜ ਕੂੜ ਕੁਰਲਾਈਆ । ਪਿਤਾ ਕੰਨਿਆ ਦਾ ਮਾਸ ਵੇਚੇ, ਕੀਮਤ ਟਕਿਆ ਵਾਲੀ ਪਾਈਆ । ਗੁਰ ਅਵਤਾਰਾਂ ਰਹਿਣੇ ਨਹੀਂ ਕੋਈ ਲੇਖੇ, ਪੈਗ਼ੰਬਰਾਂ ਨਾ ਕੋਇ ਚਤੁਰਾਈਆ । ਉਸ ਵੇਲੇ ਪੁਰਖ ਅਕਾਲ ਵਟਾਉਣਾ ਭੇਸੇ, ਭੇਖਾਧਾਰੀ ਰੂਪ ਦਰਸਾਈਆ । ਨਾ ਉਹਦੀ ਮੁੱਛ ਦਾੜ੍ਹੀ ਨਾ ਕੇਸੇ, ਨਾ ਕੋਈ ਮੂੰਡ ਮੁੰਡਾਈਆ । ਸਿਰਫ਼ ਇਹ ਨਾਲ ਰੱਖੇ ਦਸ ਦਸਮੇਸ਼ੇ, ਜਿਸ ਨਾਲ ਦਹਿ ਦਿਸ਼ਾ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਅਵਤਾਰ ਪੈਗ਼ੰਬਰ ਗੁਰੂਓ ਗੁਰਦੇਵੋ ਔਹ ਆ ਗਿਆ ਹਲਕਾਰਾ, ਸ਼ਬਦੀ ਰੂਪ ਵਟਾਈਆ । ਤੁਹਾਨੂੰ ਪਰਨਾਵਣ ਵਾਲਾ ਪਿਛੇ ਗਿਆ ਦੁਬਾਰਾ, ਦੁਆਰਕਾਵਾਸੀ ਆਪਣੀ ਲਓ ਅੰਗੜਾਈਆ । ਅੱਗੇ ਤੇ ਤੁਸੀਂ ਹੰਢਾ ਕੇ ਆਏ ਤਤਾਂ ਵਾਲੀਆਂ ਨਾਰਾਂ, ਵਿਸ਼ਿਆਂ ਵਿਚ ਆਪਣਾ ਝਟ ਲੰਘਾਈਆ । ਪੁਰਖ ਅਕਾਲ ਨੂੰ ਮੰਨਦੇ ਆਏ ਭਤਾਰਾ, ਪਤਿਪਰਮੇਸ਼ਵਰ ਕਹਿ ਕੇ ਸੀਸ ਨਿਵਾਈਆ । ਦੂਰੋਂ ਦੂਰੋਂ ਕਰਦੇ ਰਹੇ ਨਿਮਸਕਾਰਾ, ਨੇੜੇ ਹੋ ਸੇਵ ਨਾ ਕਿਸੇ ਕਮਾਈਆ । ਅੱਖਰਾਂ ਵਿਚ ਦੱਸ ਕੇ ਆਏ ਇਜ਼ਹਾਰਾ, ਸਿਫ਼ਤਾਂ ਵਿਚ ਸਾਲਾਹੀਆ । ਮਿੰਨਤਾ ਦਾ ਬਣਾ ਕੇ ਪੁਜਾਰਾ, ਪੂਜਾ ਵਿਚ ਆਏ ਦ੍ਰਿੜਾਈਆ । ਪੱਥਰ ਇੱਟਾਂ ਦਾ ਬਣਾ ਕੇ ਮੁਨਾਰਾ, ਪੁਰਖ ਅਕਾਲ ਆਏ ਵਖਾਈਆ । ਜਿਸ ਦੀਆਂ ਦੀਨਾਂ ਮਜ਼੍ਹਬਾਂ ਵਾਲੇ ਢਾਹ ਦੇਂਦੇ ਦੀਵਾਰਾ, ਨਿਸ਼ਾਨਾ ਦੇਣ ਮਿਟਾਈਆ । ਲੇਖਾ ਲਿਖਦੇ ਵਿਚ ਅਖ਼ਬਾਰਾ, ਖ਼ਬਰਾਂ ਘਰ ਘਰ ਵਖਾਈਆ । ਹੁਣ ਵੇਖਿਓ ਅੱਗੇ ਦਾ ਨਜ਼ਾਰਾ, ਨਜ਼ਰੀਆ ਸਭ ਦਾ ਦਏ ਬਦਲਾਈਆ । ਤੁਸੀਂ ਚਾਰ ਜੁਗ ਦੀਆਂ ਮੁਟਿਆਰਾਂ, ਅੱਜੇ ਤਕ



੫੫੮
੨੨

ਖਾਵੰਦ ਹੱਥ ਕੋਇ ਨਾ ਆਈਆ । ਸਿਰਫ਼ ਤਤਾਂ ਵਾਲੇ ਸਰੀਰ ਦਾ ਕਰ ਕੇ ਸ਼ਿੰਗਾਰਾ, ਸੋਹਣਾ ਰੂਪ ਵਖਾਈਆ । ਹੁਣ ਏਥੇ ਤੇਈ ਤੇ ਤਿੰਨ ਛੱਬੀ ਤੇ ਦਸ ਛੱਤੀ ਤੇ ਨਾਨਕ ਦੇ ਛੱਤੀ ਜੁਗ ਦੀਆਂ ਬੱਧੀਆਂ ਪਈਆਂ ਕਤਾਰਾਂ, ਕਤਾਰਾਂ ਦਾ ਮਾਲਕ ਸੋਭਾ ਪਾਈਆ । ਜਿਸ ਨੇ ਰਹਿਣ ਨਹੀਂ ਦੇਣੀ ਦੋਫਾੜਾ, ਇਕੋ ਰੰਗ ਦੇਣਾ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਮੇਲ ਮਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਗੁਰ ਅਵਤਾਰ ਪੈਗ਼ੰਬਰੋ ਆ ਗਈ ਸਤਾਰਾਂ ਹਾੜ ਦੀ ਤਾਰੀਖ, ਤਵਾਰੀਖ ਪਿਛਲੀ ਰਿਹਾ ਮਿਟਾਈਆ । ਤੁਹਾਡੀ ਭਗਤ ਸੁਹੇਲੇ ਕਰਦੇ ਉਡੀਕ, ਬੈਠੇ ਰਾਹ ਤਕਾਈਆ । ਸੁਹਾਗ ਦੇ ਗਾਏ ਗੀਤ, ਖ਼ੁਸ਼ੀਆਂ ਰੰਗ ਰੰਗਾਈਆ । ਛਡ ਕੇ ਸ਼ਿਵਦਵਾਲੇ ਮੱਠ ਤੇ ਮੰਦਰ ਮਸੀਤ, ਗੁਰੂਦਵਾਰਿਆਂ ਆਏ ਤਜਾਈਆ । ਸਾਰੇ ਕਹਿੰਦੇ ਅਸੀਂ ਪ੍ਰਭੂ ਦੀ ਵੇਖਣੀ ਰੀਤ, ਕੀ ਆਪਣੀ ਕਾਰ ਕਮਾਈਆ । ਕਿਸ ਬਿਧ ਜੋਤੀ ਧਾਰ ਕਰੇ ਪ੍ਰੀਤ, ਪ੍ਰੀਤਮ ਆਪਣਾ ਜੋੜ ਜੁੜਾਈਆ । ਸਾਚਾ ਕਲਮਾ ਦੱਸੇ ਹਦੀਸ, ਹਜ਼ਰਤਾਂ ਤੋਂ ਪਰੇ ਕਰੇ ਪੜ੍ਹਾਈਆ । ਲੇਖੇ ਲਾਏ ਊਚ ਨੀਚ, ਰਾਓ ਰੰਕ ਇਕੋ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰੋ ਔਹ ਆਉਂਦਾ ਜੇ ਫ਼ਰਮਾਨਾ, ਸ਼ਬਦੀ ਸ਼ਬਦ ਸੁਣਾਈਆ । ਸਭ ਨੂੰ ਮਾਤਲੋਕ ਪੈਣਾ ਜਾਣਾ, ਆਪਣਾ ਆਪਣਾ ਧਰਮ ਉਠਾਈਆ । ਤੂੰ ਮੇਰਾ ਮੈਂ ਤੇਰਾ ਗਾਉਣਾ ਗਾਣਾ, ਗਾ ਗਾ ਸ਼ੁਕਰ ਮਨਾਈਆ । ਵੇਖਿਓ ਪ੍ਰਭ ਨੇ ਹੱਥ ਨਹੀਂ ਆਉਣਾ ਕਿਸੇ ਪਲੰਘ ਗਲੀਚੇ ਪੈਂਦ ਤੇ ਸਰਹਾਣਾ, ਦੁਸ਼ਾਲਿਆਂ ਵਾਲੀ ਸੇਜ ਨਾ ਕੋਇ ਹੰਢਾਈਆ । ਪਹਿਲੇ ਉਹਦਿਆਂ ਭਗਤਾਂ ਦਾ ਦਰਸ਼ਨ ਪਾਣਾ, ਜੋ ਬੈਠੇ ਆਸਣ ਲਾਈਆ । ਫੇਰ ਕਹਿਣਾ ਤੇਰਾ ਨੂਰ ਜੋਤ ਨਿਮਾਣਾ, ਹੰਕਾਰ ਵਿਚ ਨਾ ਕੋਇ ਚਤੁਰਾਈਆ । ਸਾਡਾ ਦੀਨ ਮਜ਼੍ਹਬ ਹੋਇਆ ਪੁਰਾਣਾ, ਪੁਰਾਣੇ ਚੀਥੜ ਮਾਝੇ ਵਾਲਿਆਂ ਦੇ ਦੇਣ ਗਵਾਹੀਆ । ਫੇਰ ਤੱਕਿਆ ਨੌਂ ਖੰਡ ਪ੍ਰਿਥਮੀ ਦਾ ਕਿਰਸਾਣਾ, ਤੇ ਦੋ ਜਹਾਨਾਂ ਹਲ ਚਲਾਈਆ । ਟਿੱਲੇ ਪਰਬਤ ਸਮੁੰਦ ਸਾਗਰ ਲੋਆਂ ਪੁਰੀਆਂ ਫਿਰਦਾ ਵਿਚ ਵਾਹਣਾ, ਭੱਜੇ ਚਾਈਂ ਚਾਈਂਆ । ਜਦ ਕਿਰਪਾ ਕਰੇ ਤੇ ਜੁਗ ਦਾ ਅੰਤਮ ਵੇਖੇ ਜਿਸ ਵੇਲੇ ਜੀਵ ਹੋਇਆ ਨਿਮਾਣਾ, ਨਿਤਾਣਿਆਂ ਖੋਜ ਖੁਜਾਈਆ । ਹੁਕਮੇ ਵਿਚ ਹੁਕਮ ਦੇਵੇ ਤੇ ਸ੍ਰਿਸ਼ਟੀ ਕਹੇ ਵਰਤ ਗਿਆ ਭਾਣਾ, ਪ੍ਰਭ ਦਾ ਭੇਵ ਕੋਇ ਨਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜੋਤੀ ਧਾਰ ਪਹਿਰ ਕੇ ਬਾਣਾ, ਬਾਣ ਅਣਿਆਲਾ ਤੀਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਗੁਰ ਅਵਤਾਰ ਪੈਗ਼ੰਬਰ ਆਉਂਦੇ ਜੋਤੀ ਧਾਰ, ਵਿਸ਼ਨ ਬ੍ਰਹਮਾ ਸ਼ਿਵ ਵੇਖ ਵਖਾਈਆ । ਵੇਖੋ ਬਣੇ ਇਕ ਕਤਾਰ, ਅੱਗੇ ਪਿਛੇ ਨਾ ਕੋਇ ਚਤੁਰਾਈਆ । ਗਲ ਵੇਖੋ ਉਹ ਫੁੱਲਾਂ ਦੇ ਹਾਰ, ਜਿਹੜੇ ਹਾਰ ਹਰ ਹਿਰਦੇ ਵਿਚ ਫੁੱਲਾਂ ਦੀ ਮਹਿਕ ਦੇਣ ਮਹਿਕਾਈਆ । ਆਏ ਓਸ ਦਵਾਰ, ਜਿਥੇ ਬੈਠਾ ਧੁਰਦਰਗਾਹੀਆ । ਓਸੇ ਦਾ ਰੂਪ ਓਸੇ ਦਾ ਸ਼ਿੰਗਾਰ, ਓਸੇ ਦੇ ਵਿਚ ਸਮਾਈਆ । ਇਕ ਦੂਜੇ ਨੂੰ ਕਰੋ ਨਿਮਸਕਾਰ, ਦਰ ਦਵਾਰ ਮਿਲੇ ਮਾਣ ਵਡਿਆਈਆ । ਓ ਯਾਰਾਂ ਦੇ ਯਾਰ, ਯਰਾਨੇ ਪਿਛਲੇ ਵੇਖ ਵਖਾਈਆ । ਕੀ ਲੇਖਾ ਨਾਲ ਸਿਰਜਣਹਾਰ, ਜੋ ਸਿਰ ਸਿਰ ਰਿਜ਼ਕ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਲੇਖਾ ਦਏ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਔਹ ਵੇਖੋ ਨਿਰਗੁਣ ਧਾਰ ਆਪਣੇ ਸਾਥੀ, ਜੋਤੀ ਜੋਤ ਰੁਸ਼ਨਾਈਆ । ਕੋਈ ਦਿਸਦਾ ਨਹੀਂ ਐਰਾਪਤ ਹਾਥੀ, ਦੱਖਣ ਦਿਸ਼ਾ ਵੰਡ ਨਾ ਕੋਇ ਵੰਡਾਈਆ । ਇਕੋ ਪ੍ਰੇਮ ਪਿਆਰ ਤੇ ਮੁਹੱਬਤ ਵਾਲਾ

ਸਾਕੀ, ਸਚ ਪਿਆਲਾ ਜਾਮ ਰਿਹਾ ਪਿਆਈਆ । ਸਚਖੰਡ ਦਰਗਾਹ ਸਾਚੀ ਦੀ ਖੋਲ੍ਹ ਕੇ ਤਾਕੀ, ਪਰਦਾ ਦਿਤਾ ਉਠਾਈਆ । ਅੰਤ ਅਖ਼ੀਰ ਬੇਨਜ਼ੀਰ ਸਭ ਦੀ ਮੰਨ ਕੇ ਆਖੀ, ਭਵਿਖਤ ਪਿਛਲਾ ਪੂਰ ਕਰਾਈਆ । ਆਪ ਚੜ੍ਹ ਕੇ ਚਿੱਟੇ ਅਸਵ ਘੋੜੇ ਰਾਕੀ, ਪਾਖ਼ਰ ਜੀਨ ਸੁਹਾਈਆ । ਜਿਹੜੀ ਹਰਦੇਵ ਸਿੰਘ ਦੀ ਪੋਸ਼ਾਕੀ, ਉਹ ਦੁਸ਼ਾਲਾ ਸਿੰਘਾਸਣ ਉਪਰ ਟਿਕਾਈਆ । ਭਗਤੋ ਤੁਹਾਡੀ ਮੇਟ ਕੇ ਪਿਛਲੀ ਵਾਟੀ, ਵਟਣਾ ਆਪਣੇ ਤਨ ਛੁਹਾਈਆ । ਅੱਜ ਸੁਹਾਗ ਭਰੀ ਰਾਤੀ, ਰੁਤੜੀ ਗੁਰ ਅਵਤਾਰਾਂ ਪੈਗ਼ੰਬਰਾਂ ਨਾਲ ਮਹਿਕਾਈਆ । ਸਭ ਦੀ ਇਕੋ ਕਰ ਕੇ ਜ਼ਾਤੀ, ਦੀਨ ਮਜ਼੍ਹਬ ਦਾ ਝਗੜਾ ਰਹੇ ਨਾ ਰਾਈਆ । ਲੇਖਾ ਮੁਕ ਗਿਆ ਤਨ ਵਜੂਦ ਖ਼ਾਕੀ, ਖ਼ਾਕ ਨੂੰ ਖ਼ਾਕ ਵਿਚ ਰੁਲਾਈਆ । ਜਿਸ ਦਾ ਇਕੋ ਨੂਰ ਇਕੋ ਜੋਤ ਪ੍ਰਕਾਸ਼ੀ, ਪ੍ਰਕਾਸ਼ਵਾਨ ਹੋ ਕੇ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੋ ਆਰਾਮ, ਸਿੰਘਾਸਣ ਲਓ ਲਗਾਈਆ । ਤੇਈ ਅਵਤਾਰਾਂ ਦੀ ਅੱਗੇ ਨਿਮਸਕਾਰ, ਕ੍ਰਿਸ਼ਨ ਰਾਮ ਰਮਈਆ ਸੀਸ ਨਿਵਾਈਆ । ਪੈਗ਼ੰਬਰਾਂ ਕੀਤੀ ਸਲਾਮ, ਸੱਯਦੇ ਵਿਚ ਵਡਿਆਈਆ । ਗੁਰੂਆਂ ਕੀਤੀ ਪਰਨਾਮ, ਨਿਉਂ ਨਿਉਂ ਸੀਸ ਝੁਕਾਈਆ । ਸਾਡਾ ਪੂਰਨ ਹੋਵੇ ਕਾਮ, ਪੂਰਨ ਸਾਹਿਬ ਤੇਰੀ ਬੇਪਰਵਾਹੀਆ । ਤੂੰ ਸਾਹਿਬ ਸੱਚਾ ਸੁਲਤਾਨ, ਸ਼ਹਿਨਸ਼ਾਹ ਅਖਵਾਈਆ । ਪੁਰਖ ਅਕਾਲ ਕਹੇ ਮੈਂ ਆਦਿ ਦਾ ਹੁਕਮਰਾਨ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਪੰਜੇ ਲਿਖਾਰੀਓ ਆਪਣੇ ਅਦਾਲਤੀ ਕਢ ਲਓ ਅਸ਼ਟਾਮ, ਹੱਥਾਂ ਵਿਚ ਸਭ ਨੂੰ ਦਿਓ ਵਖਾਈਆ । ਵੇਖੋ ਅਵਤਾਰਾਂ ਦੇ ਹੋਣ ਲੱਗੇ ਬਿਆਨ, ਪੈਗ਼ੰਬਰਾਂ ਦਾ ਸੁਣਨਾ ਪੈਗ਼ਾਮ, ਦਸ ਗੁਰੂ ਕੀ ਲਿਖਾਣ ਆਪਣੀ ਆਸ਼ਾ ਦੇਣੀ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡਾ ਬਿਆਨ ਹੋਵੇ ਕਲਮ ਬੰਦ, ਬੰਦਸ਼ ਅਵਰ ਨਾ ਕੋਇ ਰਖਾਈਆ । ਅਸੀਂ ਸਚਖੰਡ ਦਵਾਰਿਉਂ ਮਾਰ ਕੇ ਆਏ ਪੰਧ, ਪਾਂਧੀ ਬਣ ਕੇ ਭੱਜੇ ਵਾਹੋ ਦਾਹੀਆ । ਸਾਡੇ ਬੋਲਣ ਵਾਲੇ ਨਹੀਂ ਜ਼ਬਾਨ ਤੇ ਦੰਦ, ਤੇਰਾ ਹੁਕਮ ਸ਼ਬਦ ਸ਼ਨਵਾਈਆ । ਅੱਜ ਤੋਂ ਅਸੀਂ ਦੀਨ ਮਜ਼੍ਹਬ ਦਾ ਝਗੜਾ ਛੱਡਿਆ ਤੇ ਕਰਨਾ ਨਹੀਂ ਜੰਗ, ਲੜਾਈ ਤੇਰੇ ਹੱਥ ਫੜਾਈਆ । ਪੰਜਾਂ ਲਿਖਾਰੀਆਂ ਦੇ ਰੂਬਰੂ ਸਾਡਾ ਹੋ ਜਾਏ ਤੇਰੇ ਨਾਲ ਕਾਰਜ ਅਨੰਦ, ਅਨੰਦ ਤੇਰੇ ਵਿਚੋਂ ਆਈਆ । ਤੇਈ ਅਵਤਾਰ ਹਜ਼ਰਤ ਈਸਾ ਮੂਸਾ ਮੁਹੰਮਦ ਦਸ ਗੁਰੂ ਸਾਰੇ ਕੱਠੇ ਹੋ ਕੇ ਗਾਈਏ ਇਕੋ ਛੰਦ, ਤੂੰ ਮੇਰਾ ਮੈਂ ਤੇਰਾ ਤੇ ਦੂਜਾ ਨਜ਼ਰ ਕੋਇ ਨਾ ਆਈਆ । ਜਿਧਰ ਵੇਖੀਏ ਤੂੰ ਸਾਡਾ ਨੂਰ ਤੇ ਅਸੀਂ ਤੇਰੇ ਚੰਦ, ਚੰਦ ਨੂਰ ਤੇਰਾ ਰੁਸ਼ਨਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰੇ ਅੱਗੇ ਸਾਡੀ ਸਭ ਦੀ ਇਹੋ ਮੰਗ, ਸਾਡੀ ਝੋਲੀ ਦੇਣੀ ਭਰਾਈਆ । ਜਿਹੜਾ ਨਾਮ ਕਲਮਾ ਸਾਨੂੰ ਤੂੰ ਪਿਛੇ ਦਿਤਾ ਵੰਡ, ਤੇਰਿਆਂ ਭਗਤਾਂ ਦੇ ਸਾਹਮਣੇ ਤੇਰਿਆਂ ਕਦਮਾਂ ਵਿਚ ਸੁਟਾਈਆ । ਅਸੀਂ ਚਾਹੁੰਦੇ ਅੱਗੇ ਸਾਰੀ ਸ੍ਰਿਸ਼ਟੀ ਨੂੰ ਚਾੜ੍ਹ ਦੇ ਇਕੋ ਰੰਗ, ਇਕੋ ਇਸ਼ਟ ਦੇਣਾ ਵਖਾਈਆ । ਤੇਰੇ ਚਰਨਾਂ ਦੀ ਧੂੜ ਅੱਠ ਸੱਠ ਤੀਰਥ ਤੇ ਉਤਮ ਸ੍ਰੇਸ਼ਟ ਚੰਗ, ਜਿਥੇ ਵਿਸ਼ਨ ਬ੍ਰਹਮਾ ਸ਼ਿਵ ਨਹਾ ਨਹਾ ਖ਼ੁਸ਼ੀ ਮਨਾਈਆ । ਅਸੀਂ ਪਿੰਡੇ ਤੋਂ ਹੋ ਜਾਈਏ ਨੰਗ, ਤੇਰੇ ਅੱਗੇ ਦੁਹਾਈਆ । ਕੋਈ ਮਾਰ ਨਾ ਸਕੀਏ ਦਮ, ਦਾਮਨਗੀਰ ਤੇਰੀ ਇਕ ਸਰਨਾਈਆ । ਕਿਉਂ ਹੁਣ ਅਸੀਂ ਛਡਦੇ ਝਗੜਾ ਮਾਟੀ ਤੇ ਚੰਮ, ਤੇਰੀ ਜੋਤ ਵਿਚ ਤੇਰਾ ਰੂਪ ਸਮਾਈਆ । ਨਾ ਕੋਇ ਖ਼ੁਸ਼ੀ ਤੇ ਨਾ ਕੋਇ ਗ਼ਮ, ਚਿੰਤਾ ਰਹੀ ਨਾ ਰਾਈਆ । ਨਾ ਕੋਇ ਭੇਖ

ਕਰੀਏ ਨਾ ਕੰਮ, ਨਾ ਡੌਰੂ ਡੰਕ ਖੜਕਾਈਆ । ਜੋ ਘੜਿਆ ਸੋ ਦੇਵੀਂ ਸਾਹਿਬ ਤੂੰ ਭੰਨ, ਭੰਨਣਹਾਰ ਸਭ ਕਿਛ ਤੇਰੇ ਹੱਥ ਫੜਾਈਆ । ਇਕ ਬੇਨੰਤੀ ਜ਼ਰੂਰ ਮਾਤਲੋਕ ਵਿਚ ਆਪਣਿਆਂ ਭਗਤਾਂ ਦਾ ਬੰਨ੍ਹੀ ਮਨ, ਮਨਸਾ ਬਾਹਰ ਨਾ ਕੋਇ ਹਲਕਾਈਆ । ਵੇਖੀਂ ਚੁਗਲੀ ਵਾਲੇ ਰਹਿਣ ਨਾ ਦੇਵੀਂ ਕਿਸੇ ਦੇ ਕੰਨ, ਗੁਰਸਿਖ ਦੀ ਨਿੰਦਿਆ ਗੁਰਸਿਖ ਨਾ ਕੋਇ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਦੱਸ ਕੇ ਆਏ ਬਿਨਾ ਸਤਿਗੁਰੂ ਦੇ ਨਾਮ ਤੋਂ ਚੰਗਾ ਨਹੀਂ ਜੇ ਕੋਈ ਧਨ, ਉਹ ਧਨ ਦੇਣਾ ਵਰਤਾਈਆ । ਕਿਉਂ ਕਲਜੁਗ ਚੋਰ ਡਾਕੂ ਬਥੇਰੇ ਤੇ ਲਾਵਣ ਵਾਲੇ ਸੰਨ੍ਹ, ਸਾਧ ਸੰਤ ਇਹੋ ਚੋਰੀ ਰਹੇ ਕਮਾਈਆ । ਪ੍ਰਭੂ ਕੋਈ ਇਸਤਰੀ ਬਣਦਾ ਕੋਈ ਨਾਰ ਬਣਦਾ ਕੋਈ ਵਾਈਫ਼ ਅਸੀਂ ਬਣ ਗਏ ਤੇਰੀ ਉਹ ਰੰਨ, ਜਿਹੜੀ ਸ਼ਰਮ ਹਯਾ ਵਿਚ ਆਪਣਾ ਆਪ ਤੇਰੇ ਵਿਚ ਛੁਪਾਈਆ । ਹੁਣ ਕਿਰਪਾ ਕਰ ਕੇ ਸਭ ਦਾ ਬੇੜਾ ਲਵੀਂ ਬੰਨ੍ਹ, ਤੇਰਾ ਤੇਰੀ ਝੋਲੀ ਦਿਤਾ ਸੁਟਾਈਆ । ਜਿਹੜਾ ਤੇਰੇ ਚਰਨ ਝੁਕ ਜਾਏ ਉਹਨੂੰ ਕੋਈ ਸਕੇ ਨਾ ਡੰਨ, ਚੁਰਾਸੀ ਦਾ ਲੇਖਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਬਿਆਨ ਹਲਫ਼ੀ, ਤਸਦੀਕ ਭਗਤੋ ਦੇਣੇ ਕਰਾਈਆ । ਸਾਡੇ ਗਲ ਨਹੀਂ ਕੋਈ ਅਲਫ਼ੀ, ਅਲਿਫ਼ ਰੂਪ ਨੰਗੇ ਸੋਭਾ ਪਾਈਆ । ਤੂੰ ਸਾਡਾ ਸ਼ਰਫ਼ੀ, ਸ਼ਰਤੀਆ ਤੇਰੀ ਓਟ ਤਕਾਈਆ । ਨਾਲੇ ਤੇਰੀਆਂ ਮਿੰਨਤਾਂ ਕੀਤੀਆਂ ਨਾਲੇ ਤੈਨੂੰ ਕਿਹਾ ਮਾਲਕ ਅਰਸ਼ੀ, ਅਰਸ਼ੀ ਪ੍ਰੀਤਮ ਤੇਰੇ ਢੋਲੇ ਗਾਈਆ । ਓਏ ਸਾਨੂੰ ਉਡੀਕਦਿਆਂ ਉਡੀਕਦਿਆਂ ਉਹ ਵਕਤ ਆ ਗਿਆ ਤੇ ਤੂੰ ਆਇਉਂ ਉਪਰ ਧਰਤੀ, ਧਰਨੀ ਉਤੇ ਸੋਭਾ ਪਾਈਆ । ਹੁਣ ਬਣ ਜਾ ਸਭ ਦਾ ਇਕੋ ਨਿਧ ਪਰਤੀ, ਇਹ ਪੰਜਾਂ ਲਿਖਾਰੀਆਂ ਦੀ ਪਤਰਕਾ ਦਏ ਗਵਾਹੀਆ । ਭਗਤੋ ਤੁਹਾਡੇ ਸਾਹਮਣੇ ਲੇਖ ਲਿਖਾਇਆ ਸ਼ਰਤੀ, ਨਾ ਕੋਇ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੇਰਾ ਮੁਖਤਿਆਰਨਾਮਾ ਤੇਰੇ ਅੱਗੇ ਦਿਤਾ ਰੱਖ, ਮਜ਼੍ਹਬਾਂ ਦਾ ਝਗੜਾ ਦਿਤਾ ਮੁਕਾਈਆ । ਅਸੀਂ ਹੋ ਕੇ ਲੱਖੋਂ ਕੱਖ, ਤੇਰੇ ਅੱਗੇ ਸੀਸ ਨਿਵਾਈਆ । ਇਕ ਹੁਕਮ ਸੱਚਾ ਦੱਸ, ਕੀ ਆਪਣਾ ਖੇਲ ਭੁਗਤਾਈਆ । ਪੁਰਖ ਅਕਾਲ ਕਿਹਾ ਜੋਤੀ ਮੇਰੇ ਨੂਰ ਵੱਲ ਤੱਕ, ਤਕਵਾ ਇਕ ਰਖਾਈਆ । ਜੇ ਤੁਹਾਨੂੰ ਅਜੇ ਸ਼ੱਕ, ਦਰਗਹ ਸਾਚੀ ਨੂੰ ਪਿਛੇ ਭੱਜੋ ਚਾਈਂ ਚਾਈਆ । ਜੇ ਹੁਕਮ ਮੰਨਣਾ ਯਕ, ਸੀਸ ਜਗਦੀਸ ਦੇਣਾ ਨਿਵਾਈਆ । ਫੇਰ ਵੇਲਾ ਨਾ ਆਵੇ ਹੱਥ, ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਆਵੇ ਬੇਪਰਵਾਹੀਆ । ਤੁਹਾਡਾ ਸਭ ਦਾ ਲਹਿਣਾ ਦੇਣਾ ਦੇਵੇ ਠੱਪ, ਠੱਪਾ ਆਪਣਾ ਨਾਮ ਲਗਾਈਆ । ਜਿਹੜਾ ਚਾਰ ਜੁਗ ਦਾ ਨਾਮ ਦਿਤਾ ਰਫ਼, ਜਗਤ ਵਸੀਕਿਆਂ ਤੇ ਕਾਗ਼ਜ਼ਾਂ ਉਤੇ ਦਿਤਾ ਲਿਖਾਈਆ । ਉਸ ਦਾ ਬਦਲ ਦਿਤਾ ਮਤ, ਹੁਕਮ ਸੰਦੇਸ਼ਾ ਇਕ ਸੁਣਾਈਆ । ਕਿਉਂ ਪ੍ਰਭ ਦੀ ਜੋਤ ਜਿਸ ਦੀ ਉਬਲੇ ਕਦੇ ਨਾ ਰਤ, ਅਗਨੀ ਅੱਗ ਨਾ ਕੋਇ ਵਖਾਈਆ । ਸੌਣ ਵਾਲਿਓ ਕੁਝ ਨਹੀਂ ਆਉਣਾ ਹੱਥ, ਨੈਣ ਖੋਲ੍ਹੋ ਆਪਣੀ ਲਓ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਮੇਲਾ ਰਿਹਾ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸ਼ਟਾਮ ਉਤੇ ਲਾਇਓ ਮੋਹਰ, ਮੋਹਰਾ ਨਾਮ ਬਣਾਈਆ । ਅੱਜ ਤੋਂ ਆਪਣੇ ਹੁਕਮ ਅੰਦਰ ਸਾਨੂੰ ਤੋਰ, ਤੁਰਤ ਆਪਣੀ ਸੇਵ ਸਮਝਾਈਆ । ਜਿਹੜੇ ਬਣੇ ਸਾਂ ਬਾਂਕੇ ਛੋਹਰ, ਲੋਕਮਾਤ ਧਰਾਈਆ । ਜਿਹੜੇ ਅਸੀਂ ਵੰਡਾਂ ਪਾ ਕੇ ਆਏ ਸਾਂ ਸੂਰ ਗਾਂ ਤੇ ਉਤੇ ਢੋਰ, ਮਜ਼੍ਹਬਾਂ ਵਿਚ ਟਕਰਾਈਆ ।

ਨਾਲੇ ਦੱਸ ਕੇ ਆਏ ਸਾਂ ਆਉਣਾ ਬ੍ਰਾਹਮਣ ਗੌੜ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਸਾਨੂੰ ਇਹ ਨਹੀਂ ਸੀ ਪਤਾ ਤੂੰ ਸਭ ਦੀ ਪੱਟੀ ਕਰ ਦੇਣੀ ਚੌੜ, ਚਾਰ ਜੁਗ ਦਾ ਲੇਖਾ ਦੇਣਾ ਮੁਕਾਈਆ । ਕਿਸੇ ਨੇ ਰਾਮ ਕਿਹਾ ਕਿਸੇ ਨੇ ਕ੍ਰਿਸ਼ਨ ਕਿਸੇ ਨੇ ਅੱਲਾ ਕਿਸੇ ਨੇ ਸਤਿਨਾਮ ਵਾਹਿਗੁਰੂ ਦਾ ਮਾਰਿਆ ਫੌੜ, ਹੋਕੇ ਦੇ ਦੇ ਦ੍ਰਿੜਾਈਆ । ਤੇ ਕਿਹੜਾ ਤੂੰ ਕਿੱਥੋਂ ਪ੍ਰਭੂ ਗੁਰ ਅਵਤਾਰ ਪੈਗ਼ੰਬਰਾਂ ਦੇ ਵਿਚੋਂ ਕਾਇਆ ਤੌੜ, ਜਿਹੜਾ ਕੱਚਾ ਠੀਕਰ ਅੰਤ ਭੰਨ ਵਖਾਈਆ । ਜ਼ਰਾ ਹੁਣ ਅਸਾਂ ਕੀਤਾ ਗੌਰ, ਜਿਸ ਵੇਲੇ ਤੂੰ ਗਹਿਰ ਗੰਭੀਰ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਪੂਰ ਕਰਾਈਆ । ਗੁਰ ਅਵਤਾਰ ਪੈਗ਼ੰਬਰੋ ਤੁਸਾਂ ਵਕਤ ਲਿਆ ਸੰਭਾਲ, ਸੰਬਲ ਆ ਕੇ ਵੇਖ ਵਖਾਈਆ । ਕਿਤੇ ਕਰਨੀ ਨਾ ਪਈ ਭਾਲ, ਖੋਜਣਾ ਪਿਆ ਨਾ ਬਣ ਕੇ ਰਾਹੀਆ । ਵਿਸ਼ਨ ਬ੍ਰਹਮਾ ਸ਼ਿਵ ਨਾਲ ਦਿਤਾ ਵਖਾਲ, ਸੋਹਣਾ ਰੰਗ ਬਣਾਈਆ । ਅੱਗੇ ਸਤਿਜੁਗ ਦੀ ਚਲੇ ਚਾਲ, ਕਲਜੁਗ ਦਾ ਲੇਖਾ ਦੇਣਾ ਮੁਕਾਈਆ । ਜੇ ਕੋਈ ਅਖ਼ੀਰੀ ਹੈ ਸਵਾਲ, ਮੈਨੂੰ ਦਿਓ ਸੁਣਾਈਆ । ਗੁਰ ਅਵਤਾਰ ਪੈਗ਼ੰਬਰਾਂ ਨਿਉਂ ਕੇ ਕੀਤਾ ਪ੍ਰਨਾਮ, ਇਕੋ ਵਾਰ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਰੱਖਣਾ ਆਪਣੇ ਘਰ, ਦੂਜਾ ਘਰ ਨਾ ਕੋਇ ਵਖਾਈਆ । ਲਛਮੀ ਕਹੇ ਮੈਂ ਪ੍ਰਭੂ ਦੀ ਦਾਸੀ, ਜੁਗ ਜੁਗ ਸੇਵ ਕਮਾਈਆ । ਜਗਤ ਮਾਇਆ ਮੇਰੀ ਰਾਸੀ, ਪੂਜਾ ਵਿਚ ਸਰਬ ਸੀਸ ਨਿਵਾਈਆ । ਜਨ ਭਗਤਾਂ ਦੱਸਾਂ ਖੇਲ ਤਮਾਸ਼ੀ, ਸਹਿਜ ਨਾਲ ਸੁਣਾਈਆ । ਤੇਰਾ ਖੇਲ ਪ੍ਰਿਥਮੀ ਆਕਾਸ਼ੀ, ਗਗਨ ਗਗਨੰਤਰ ਤੇਰੀ ਰੁਸ਼ਨਾਈਆ । ਮੇਰੀ ਇਕ ਅਰਜ਼ੋਈ, ਮੇਰੇ ਸਾਹਿਬ ਤੇਰਾ ਭਗਤ ਧਰਮ ਰਾਏ ਦੀ ਚੜ੍ਹੇ ਕੋਈ ਨਾ ਫਾਸੀ, ਰਾਏ ਧਰਮ ਨਾ ਦਏ ਸਜ਼ਾਈਆ । ਲੇਖੇ ਲਾ ਕੇ ਸਭ ਦੀ ਅੱਜ ਦੀ ਰਾਤੀ, ਰੁਤੜੀ ਆਪਣੇ ਨਾਲ ਇਕ ਮਹਿਕਾਈਆ । ਤੂੰ ਸਭ ਦਾ ਸਾਂਝਾ ਕਮਲਾਪਾਤੀ, ਪਤਿਪਰਮੇਸ਼ਵਰ ਨੂਰ ਇਲਾਹੀਆ । ਭਾਵੇਂ ਮੈਨੂੰ ਸਾਰੇ ਕਰਦੇ ਹਾਸੀ, ਜ਼ਬਾਨ ਦੂਨੀ ਵਾਲੀ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਲਛਮੀ ਕਹੇ ਮੇਰੇ ਵੇਖ ਲਓ ਨੌਂ ਦਵਾਰਿਆਂ ਵਾਲਿਓ ਨੌਂ ਫੂਲ, ਸਭ ਨੂੰ ਰਹੀ ਦਰਸਾਈਆ । ਪ੍ਰਭੂ ਭਗਤ ਬਣ ਕੇ ਜਗਤ ਵਾਸ਼ਨਾ ਵਿਚ ਜਾਇਓ ਕੋਇ ਨਾ ਭੂਲ, ਕੂੜਾ ਜੋਬਨ ਕੰਮ ਕਿਸੇ ਨਾ ਆਈਆ । ਸਤਿਗੁਰ ਚਰਨ ਪ੍ਰੀਤੀ ਇਕ ਅਸੂਲ, ਨਿਯਮ ਇਕ ਸੁਣਾਈਆ । ਸਭ ਕੁਝ ਓਥੋਂ ਹੁੰਦਾ ਵਸੂਲ, ਜਿਸ ਦੀ ਵਸੂਲੀ ਕਿਸੇ ਵਹੀ ਖਾਤੇ ਉਤੇ ਨਾ ਜਾਏ ਲਿਖਾਈਆ । ਲਹਿਣਾ ਦੇਣਾ ਮਿਲੇ ਮਾਕੂਲ, ਨਾ ਕੋਇ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਗੁਰਮੁਖੋ ਆਹ ਵੇਖ ਲਓ ਆ ਗਈ ਪ੍ਰੇਮ ਧਾਰ ਬੁਨਾਇਣ, ਬੁਨਿਆਦ ਸਭ ਦੀ ਦਏ ਬਣਾਈਆ । ਹਰਿ ਸੰਗਤ ਵਿਚ ਬੁਰਾ ਉਠਾਏ ਕੋਇ ਨਾ ਨੈਣ, ਕਵਾਰ ਕੰਨਿਆ ਰਹੀ ਸਮਝਾਈਆ । ਸੁਨੇਹੁੜਾ ਦਏ ਸਤਾਰਾਂ ਹਾੜ ਦੀ ਰੈਣ, ਭਿੰਨੜੀ ਇਕ ਸੁਣਾਈਆ । ਸਚ ਦਾ ਭੰਡਾਰਾ ਸਚ ਦਾ ਨਾਮ ਸਚ ਦਾ ਗਹਿਣ, ਸਾਚੇ ਤਨ ਛੁਹਾਈਆ । ਤੁਹਾਨੂੰ ਘਰ ਬੈਠਿਆਂ ਨੂੰ ਪ੍ਰਭੂ ਮਿਲ ਗਿਆ ਉਹ ਰਸੈਣ, ਜੇਹੜੀ ਖੋਜਿਆਂ ਹੱਥ ਕਦੇ ਨਾ ਆਈਆ । ਇਕ ਦੂਜੇ ਨੂੰ ਸਮਝਿਉ ਨਾ ਕੋਇ ਤ੍ਰਫ਼ੈਣ, ਭਗਤ ਭਗਤਾਂ ਮਿਲਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪੜਦਾ ਲਾਹੀਆ । ਲਛਮੀ ਕਹੇ ਮੈਂ ਵੇਖੀ ਜੋਤ ਨਿਰੰਕਾਰੀ, ਨਿਰਗੁਣ ਨੂਰ ਰੁਸ਼ਨਾਈਆ । ਜਿਸ ਦਾ ਲੇਖਾ ਬੰਦ ਵਿਚ ਪਟਾਰੀ, ਰੁੜਕੇ

ਵਾਲੇ ਦੇਣ ਗਵਾਹੀਆ । ਇਹ ਖੇਲ ਸ਼ਬਦ ਦੀ ਨਿਆਰੀ, ਬੁੱਧੀ ਤੋਂ ਪਰੇ ਆਪ ਜਣਾਈਆ । ਜਿਸ ਨੂੰ ਅਕਲ ਨਾ ਕਰੇ ਵਿਚਾਰੀ, ਮਨ ਮਨਸਾ ਨਾ ਕੋਇ ਦਰਸਾਈਆ । ਪੰਜੇ ਉਠ ਖਲੋਵੇ ਦਰਬਾਰੀ, ਕਿਰਪਾਨਾਂ ਉਪਰ ਲਉ ਉਠਾਈਆ । ਸਾਡੀ ਪ੍ਰਭ ਦੇ ਨਾਲ ਸਦਾ ਤਿਆਰੀ, ਚਾਰੋਂ ਕੁੰਟ ਰਹੀਏ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਜਨ ਭਗਤੋ ਆਹ ਵੇਖ ਲਉ ਗੁਰਮੁਖਾਂ ਲਿਆਂਦਾ ਸਗਣ, ਸ਼ਬਦ ਵਿਚ ਸਮਝਾਈਆ । ਕਿਸੇ ਦੇ ਹਿਰਦੇ ਲੱਗੇ ਕੋਇ ਨਾ ਅਗਨ, ਬੁੱਧੀ ਤੋਂ ਪਰੇ ਕਾਰ ਕਮਾਈਆ । ਜਿਨ੍ਹਾਂ ਗੁਰਮੁਖਾਂ ਦੇ ਦੀਪਕ ਜਗਣ, ਲੋਕਮਾਤ ਹੋਏ ਰੁਸ਼ਨਾਈਆ । ਉਨ੍ਹਾਂ ਦਾ ਸੜੇ ਕਦੇ ਨਾ ਬਦਨ, ਤਾਮਸ ਵਿਚ ਨਾ ਕੋਇ ਵਖਾਈਆ । ਇਕੋ ਪ੍ਰਭ ਦੇ ਨਾਲ ਹੋਵੇ ਲਗਨ, ਅੰਤਰ ਅੰਤਰ ਧਿਆਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਲਛਮੀ ਕਹੇ ਇਹ ਗਿਰੀ, ਖੋਪਾ ਕੌਡੀਆਂ ਨਾਲ ਵਡਿਆਈਆ । ਇਹ ਪ੍ਰਭੂ ਦੀ ਪ੍ਰੀਤੀ ਨਿਰੀ, ਹਰਿ ਸੰਗਤ ਰਹੀ ਸਮਝਾਈਆ । ਪਰ ਗੁਰਮੁਖੇ ਮਿਲਦੀ ਚਿਰੀਂ ਚਿਰੀਂ, ਚਿਰੀਂ ਵਿਛੁੰਨਿਆਂ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਲਛਮੀ ਕਹੇ ਇਹ ਮਾਝਾ ਮਾਲਵਾ ਦਵਾਬਾ ਜੰਮੂ ਦਾ ਦਰਮਿਆਨ, ਸੋਹਣਾ ਸੋਭਾ ਪਾਈਆ । ਜਿਥੇ ਫਿਰੇ ਮੇਰੇ ਕਾਹਨਾਂ ਦਾ ਕਾਹਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਬ੍ਰਹਿਮੰਡ ਖੰਡ ਸੀਸ ਨਿਵਾਈਆ । ਉਹ ਆ ਗਿਆ ਭਗਤਾਂ ਨੂੰ ਸਗਣ ਪਾਣ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਦਾ ਬਣ ਜਜਮਾਨ, ਫਿਰੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਓਹਲਾ ਦਏ ਚੁਕਾਈਆ । ਗਿਰੀ ਕਹੇ ਮੈਨੂੰ ਕਹਿੰਦੇ ਖੋਪਰਾ, ਵੇਖੋ ਮੇਰੇ ਜੁੱਟ ਦਾ ਜੋੜ ਬਣਾਈਆ । ਗੁਰਮੁਖੋ ਭਗਤ ਭਗਵਾਨ ਰਹੇ ਕੋਇ ਨਾ ਓਪਰਾ, ਰਵਦਾਸ ਦਾ ਕਸੀਰਾ ਦਏ ਗਵਾਹੀਆ । ਤੁਹਾਡਾ ਸਾਹਿਬ ਸੁਲਤਾਨ ਜਦ ਤੱਕੋ ਤੇ ਜਗਤ ਜਹਾਨ ਛੋਕਰਾ, ਬਿਰਧ ਬਾਲ ਨਾ ਰੂਪ ਵਟਾਈਆ । ਕਦੇ ਨਾ ਸਮਝਿਓ ਇਹ ਮਾਟੀ ਦਾ ਲੋਥੜਾ, ਖ਼ੁਸ਼ੀਆਂ ਵਿਚ ਤੁਹਾਨੂੰ ਗਿਰੀਆਂ ਬਾਦਾਮ ਛੁਹਾਰੇ ਦਏ ਖਵਾਈਆ । ਤੁਹਾਡੇ ਪਿਛੇ ਵੇਖੋ ਕਿੱਡਾ ਫੜਿਆ ਟੋਕਰਾ, ਆਪਣੇ ਹੱਥ ਉਠਾਈਆ । ਤੁਹਾਡਾ ਧਰਮ ਦਵਾਰਾ ਕਰਕੇ ਮੋਕਲਾ, ਰਸਤਾ ਇਕੋ ਦਏ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹੁਕਮ ਦੇਵੇ ਧਰਮ ਧਾਰ ਦੇ ਨੌਕਰਾਂ, ਵਿਸ਼ਨ ਬ੍ਰਹਮਾ ਸ਼ਿਵ ਆਪ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਪ੍ਰਭੂ ਤੇਰੇ ਸ਼ਗਣ ਬੜੇ ਬਹੁਤੇ, ਮਹਿੰਦੀਆਂ ਰੰਗ ਰੰਗਾਈਆ । ਪਰ ਅਸੀਂ ਇਕੋ ਚਾਹੁੰਦੇ ਤੇਰੇ ਭਗਤ ਭਵ ਸਾਗਰ ਵਿਚ ਖਾਣ ਨਾ ਗੋਤੇ, ਵਹਿੰਦੀ ਧਾਰ ਨਾ ਕੋਇ ਵਹਾਈਆ । ਸਭ ਨੂੰ ਤਾਰ ਦੇਵੀਂ ਜੇਹੜੇ ਤੇਰਾ ਨਾਮ ਜਪਦੇ ਤੇ ਲਾਉਂਦੇ ਜੱਟਾਂ ਵਾਲੇ ਜੋਤੇ, ਜੋਤਰਾ ਆਪਣੇ ਨਾਮ ਲਗਾਈਆ । ਕਿਉਂ ਉਹ ਤੇਰੇ ਪਿਛੇ ਗੋਬੰਦ ਨੇ ਭੇਟ ਕਰਾਏ ਜਿਗਰ ਦੇ ਟੋਟੇ, ਟੁੱਟਿਆਂ ਲਿਆ ਜੁੜਾਈਆ । ਕਦੀ ਆਪਣੇ ਪਿਆਰ ਵਿਚ ਰੱਖੀਂ ਨਾ ਖੋਟੇ, ਸਦਾ ਖੋਟਿਆਂ ਖਰੇ ਬਣਾਈਆ । ਤੈਨੂੰ ਮਿਲਣ ਵਿਚ ਤੇਰਿਆਂ ਪਿਆਰਿਆਂ ਨੂੰ ਕੋਇ ਨਾ ਰੋਕੇ, ਰੁਕਾਵਟ ਕੋਇ ਨਾ ਆਈਆ । ਜਿਨ੍ਹਾਂ ਬੀਬੀਆਂ ਸੱਜੇ ਨੱਕ ਨਾਲ ਪਾਏ ਕੋਕੇ, ਇਹ ਗੋਬਿੰਦ ਦੀ ਸੇਵਾ ਪਿਛੇ ਆਈਆਂ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਲਛਮੀ ਉਠ ਕਰ ਅਰਦਾਸ, ਬੇਨੰਤੀ ਇਕ ਸੁਣਾਈਆ । ਪ੍ਰਭੂ ਸਦਾ

ਵਸੀਂ ਭਗਤਾਂ ਪਾਸ, ਤੇਰੇ ਨਾਲੋਂ ਨਾ ਹੋਵੇ ਜੁਦਾਈਆ । ਗੁਰ ਅਵਤਾਰ ਪੈਗ਼ੰਬਰਾਂ ਦਾ ਵਿਵਾਹ ਹੋਇਆ ਖ਼ਾਸ, ਨਕਾਹ ਤੇਰੇ ਨਾਲ ਪੜ੍ਹਾਈਆ । ਕੀ ਅਜੇ ਵੱਜੇ ਨਹੀਂ ਸਾਢੇ ਬਾਰਾਂ ਰਾਤ, ਲਿਖਾਰੀਓ ਦਿਉ ਸੁਣਾਈਆ । ਮਾਝੇ ਮਾਲਵੇ ਦੁਆਬੇ ਜੰਮੂ ਵਾਲਿਓ ਹੋ ਜਾਉ ਗੁਸਤਾਖ਼, ਆਪਣਾ ਬਲ ਲਉ ਪਰਗਟਾਈਆ । ਮੁਖੋ ਕਢੋ ਗ਼ੁੱਸੇ ਵਾਲੇ ਵਾਕ, ਇਕ ਦੂਜੇ ਨੂੰ ਦਿਉ ਸੁਣਾਈਆ । ਇਨ੍ਹਾਂ ਤੋਂ ਪਿਛੋਂ ਪੰਜਾਂ ਦਰਬਾਰੀਆਂ ਨੇ ਪੰਜ ਪੰਜ ਕਢਣੇ ਕਾਡ, ਜਿਨ੍ਹਾਂ ਦਾ ਲੇਖਾ ਨਾਲ ਗੋਬਿੰਦ ਸੱਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਵਖਾਈਆ । ਭਗਤੋ ਤੁਹਾਡੀ ਲੜਾਈ ਨੇ ਲੜਾਉਣੇ ਚਾਰ ਕੂਟ, ਜ਼ਰਾ ਜ਼ੋਰ ਦਿਉ ਲਗਾਈਆ । ਮੇਲ ਮੇਲਣਾ ਜੂਠ ਝੂਠ, ਕਰੋਧ ਕਰੋਧ ਨਾਲ ਟਕਰਾਈਆ । ਇਕ ਸ਼ਬਦ ਗੁਰੂ ਦਾ ਹੁਕਮ ਵਾਲਾ ਜੂਤ, ਚੌਥੇ ਜੁਗ ਦਏ ਖੜਕਾਈਆ । ਲੇਖਾ ਵੇਖੇ ਤਾਣਾ ਪੇਟਾ ਸੂਤ, ਸੂਤਰਧਾਰੀ ਖੋਜ ਖੁਜਾਈਆ । ਕੂੜੀ ਕਿਰਿਆ ਕਰਾਉਣਾ ਕੂਚ, ਕੂਚਾ ਗਲੀ ਕਰ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤ ਬਣਾ ਕੇ ਆਪਣੇ ਪੂਤ, ਪਿਤਾ ਪੁਰਖ ਅਕਾਲ ਗੋਦ ਸੁਹਾਈਆ । ਜਨ ਭਗਤੋ ਸਾਰੇ ਢਕੋ ਅੱਖੀਂ, ਅੱਖਾਂ ਪੋਟਿਆਂ ਨਾਲ ਦਬਾਈਆ । ਗੁਰ ਅਵਤਾਰ ਪੈਗ਼ੰਬਰ ਇਕ ਰੂਪ ਬਣ ਜਾਏ ਸਖ਼ੀ, ਸਤਿ ਵਿਚ ਸਮਾਈਆ । ਅੰਗੀ ਨਾਲ ਕਿਸੇ ਦੀ ਨੰਗੀ ਨਹੀਂ ਵੱਖੀ, ਹੱਥ ਪੈਰ ਵੇਖਣ ਕੋਇ ਨਾ ਪਾਈਆ । ਹਾੜ ਮਹੀਨਾ ਫੜੇ ਕੋਇ ਨਾ ਪੱਖੀ, ਗਰਮੀ ਸਕੇ ਨਾ ਕੋਇ ਸਤਾਈਆ । ਸਚ ਪਿਆਰ ਵਿਚ ਬਣ ਕੇ ਸੱਚੀ, ਸਚ ਵਿਚੋਂ ਪਰਗਟਾਈਆ । ਸੋਹਣਾ ਰੂਪ ਦਰਸਾਵੇ ਪੜਦਾ ਲਾਹਵੇ ਵਿਚੋਂ ਨਜ਼ਰੀ ਆਵੇ ਸੁਨੱਖੀ, ਘੁੰਗਟ ਆਪ ਉਠਾਈਆ । ਜੇਹੜੀ ਜੋਬਨਵੰਤੀ ਨੱਕ ਤੇ ਬਹਿਣ ਨਹੀਂ ਦੇਂਦੀ ਮੱਖੀ, ਦੀਨ ਮਜ਼੍ਹਬ ਦੀ ਗੱਲ ਸਹਿ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨੀ ਵੇਖੋ ਪ੍ਰਭ ਦੀ ਨਾਰ ਸੁਹਾਗਣ, ਸੋਹਣਾ ਰੂਪ ਬਣਾਈਆ । ਪੀਆ ਦੇ ਵੈਰਾਗ ਵਿਚ ਫਿਰੇ ਵੈਰਾਗਣ, ਬਹੁੜੀ ਬਹੁੜੀ ਦੁਹਾਈਆ । ਜਿਸ ਨੇ ਮੈਨੂੰ ਕੀਤਾ ਵਡ ਭਾਗਣ, ਵਡ ਭਾਗੀ ਆਪਣੇ ਨਾਲ ਮਿਲਾਈਆ । ਮੈਂ ਹੈਰਾਨ ਹੋਈ ਗੁਰਮੁਖ ਹੰਸ ਬਣਾਏ ਕਾਗਣ, ਕਾਗੋਂ ਹੰਸ ਉਡਾਈਆ । ਜੇਹੜੇ ਸਾਢੇ ਬਾਰਾਂ ਵਜੇ ਤਕ ਜਾਗਣ, ਪਿਛਲਾ ਲੇਖਾ ਆਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਜੋਤ ਕਹੇ ਮੈਨੂੰ ਸਾਰੇ ਕਹਿੰਦੇ ਕੋਝੀ ਕਮਲੀ, ਪ੍ਰਭ ਕਮਲਾ ਕੰਤ ਹੰਢਾਈਆ । ਮੈਨੂੰ ਕਹਿੰਦੇ ਰਾਮ ਦੀ ਸੀਤਾ ਯਮਲੀ, ਜਿਸ ਨੂੰ ਰਾਮ ਰਾਵਣ ਗਿਆ ਉਠਾਈਆ । ਮੈਨੂੰ ਕਹਿੰਦੇ ਸਾਰੇ ਕਵਲੀ, ਬੌਰੀ ਖੁਲ੍ਹੇ ਕੇਸ ਗਲ ਵਿਚ ਪਾਈਆ । ਜਾਂ ਤੱਕਿਆ ਮੇਰਾ ਮਾਹੀ ਪ੍ਰੇਮ ਪ੍ਰੀਤੀ ਦਾ ਅਮਲੀ, ਅਮਲਾਂ ਤੋਂ ਰਹਿਤ ਨਜ਼ਰ ਕਦੇ ਨਾ ਆਈਆ । ਜਦ ਆਇਆ ਤੇ ਭਗਤਾਂ ਦੇ ਦਮ ਲਈ, ਆਪ ਆਪਣਾ ਫੇਰਾ ਪਾਈਆ । ਜਾਂ ਪਰਗਟਿਆ ਜੁਗ ਚੌਕੜੀ ਕੰਮ ਲਈ, ਕੋਝਿਆਂ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਨਾਰ ਕਹੇ ਮੇਰਾ ਵੇਖੋ ਮੱਥਾ, ਪੇਸ਼ਾਨੀ ਸੋਭਾ ਪਾਈਆ । ਜਿਥੇ ਧੂੜੀ ਲੱਗੇ ਪੁਰਖ ਸਮਰਥਾ, ਖ਼ਾਕੀ ਖ਼ਾਕ ਰਮਾਈਆ । ਇਥੇ ਇਕ ਹਰਫ਼ ਤੂੰ ਮੇਰਾ ਮੈਂ ਤੇਰਾ ਹੋਵੇ ਕਥਾ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਮੈਂ ਖ਼ੁਸ਼ੀਆਂ ਵਿਚ ਨੱਠਾਂ, ਭੱਜਾਂ ਵਾਹੋ ਦਾਹੀਆ । ਦੀਨ ਮਜ਼੍ਹਬ ਦਾ ਮੇਟਾਂ ਰੱਟਾ, ਘੱਟਾ ਸਭ ਦੇ ਸਿਰ ਵਿਚ ਪਾਈਆ । ਜੇ ਕਿਸੇ ਮੇਰੇ ਸਾਹਿਬ ਦਾ ਪੁਛਣਾ ਪਤਾ, ਭਗਤਾਂ ਦੇ

੫੬੫
੨੨

ਦਵਾਰੇ ਧੁਰ ਦਾ ਮਾਹੀਆ । ਜਿਸ ਦੇ ਕੋਲ ਨਾ ਕੋਇ ਗਾਂ ਨਾ ਕੋਇ ਵੱਛਾ, ਕੱਟਿਆਂ ਸੀਸ ਨਾ ਕੋਇ ਕਟਾਈਆ । ਅੱਜ ਸਭ ਦਾ ਪਿਛਲਾ ਪੂਰਾ ਕਰਕੇ ਪਟਾ, ਤੇ ਪਟਨੇ ਵਾਲੇ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਮੈਨੂੰ ਕਹਿੰਦੇ ਕਮਲੀ ਨੇ ਖੋਲ੍ਹ ਲਈ ਗੁੱਤ, ਬੁਰਾ ਸ਼ਗਨ ਮਨਾਈਆ । ਮੈਂ ਹੋ ਗਈ ਖ਼ੁਸ਼, ਕਿਉਂ ਪ੍ਰਭ ਨੇ ਕਲਜੁਗ ਦਾ ਲੇਖਾ ਦੇਣਾ ਚੁਕਾਈਆ । ਫੇਰ ਮੈਂ ਚਲਾਂ ਟੁਪ ਟੁਪ, ਸਹਿਜ ਸਹਿਜ ਪੈਰ ਉਠਾਈਆ । ਮੈਂ ਜਾਂ ਵੇਖਿਆ ਤੇ ਆਪਣਿਆਂ ਭਗਤਾਂ ਵਿਚ ਬੈਠਾ ਲੁਕ, ਲੁਕਿਆਂ ਨੂੰ ਆਪਣੇ ਨਾਲ ਮਿਲਾਈਆ । ਮੈਂ ਚਾਰ ਕੁੰਟ ਤੱਕੀ ਕਮਲਿਓ ਮੇਰੇ ਸਾਹਿਬ ਬਿਨਾ ਦਿਸੇ ਅੰਧੇਰਾ ਘੁਪ, ਚੰਦ ਦਾ ਚੰਦ ਨਾ ਕੋਇ ਰੁਸ਼ਨਾਈਆ । ਮੈਂ ਇਕੋ ਲੱਭਦੀ ਇਕੋ ਗੁਜ਼ਰੀ ਦਾ ਪੁੱਤ, ਜਿਸ ਨੂੰ ਦੂਜੀ ਜਨਮੇ ਕੋਇ ਨਾ ਮਾਈਆ । ਜਿਸ ਦੇ ਗੁਰਮੁਖ ਇਕ ਮੁਠ, ਦਹਿ ਦਿਸ਼ਾ ਵਿਚ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹਾਲ ਸਮਝਾਈਆ । ਮੈਨੂੰ ਕਹਿੰਦੇ ਇਹ ਜੋਬਨਵੰਤੀ ਮਸਤੀ, ਆਪਣੀ ਲਏ ਅੰਗੜਾਈਆ । ਪਰ ਮੈਂ ਵੇਖਣੀ ਸਭ ਦੀ ਹਸਤੀ, ਸੂਰਬੀਰ ਦੇਣੇ ਉਠਾਈਆ । ਜੇ ਮੰਨਣਾ ਤੇ ਇਕੋ ਪ੍ਰੀਤਮ ਅਰਸ਼ੀ, ਦੂਜਾ ਅੰਗ ਨਾ ਕੋਇ ਲਗਾਈਆ । ਕਿਉਂ ਮੈਂ ਸਦਾ ਵਸਨੀਕ ਉਸੇ ਦੇ ਘਰ ਦੀ, ਜਿਥੇ ਇਕੋ ਜੋਤ ਨੂਰ ਰੁਸ਼ਨਾਈਆ । ਮੈਂ ਨਾਰ ਨਰਾਇਣ ਨਰ ਦੀ, ਜੋ ਮਾਲਕ ਧੁਰਦਰਗਾਹੀਆ । ਮੈਂ ਤਾਂ ਯਾਦ ਕਰਦੀ ਸਾਂ ਪਰ ਦੀ, ਕਦੇ ਆਵੇ ਮੇਰਾ ਮਾਹੀਆ । ਕਿਉਂ ਓਹ ਸਦਾ ਭਗਤਾਂ ਦਾ ਦਰਦੀ, ਦੁਖੀਆਂ ਦੁੱਖ ਗਵਾਈਆ । ਕਿੰਨੇ ਚਿਰ ਪਿਛੋਂ ਗੁਰ ਅਵਤਾਰ ਪੈਗ਼ੰਬਰਾਂ ਦੀ ਮਨਜ਼ੂਰ ਕੀਤੀ ਅਰਜ਼ੀ, ਅਸ਼ਟਾਮ ਉਤੇ ਦਸਖ਼ਤ ਲਏ ਕਰਾਈਆ । ਮੈਂ ਬੜੀ ਕੋਝੀ ਕਮਲੀ ਹੋ ਕੇ ਰਹੀ ਡਰਦੀ, ਲੁਕ ਲੁਕ ਆਪਣਾ ਝਟ ਲੰਘਾਈਆ । ਪਰ ਮੈਨੂੰ ਇਕ ਦੁੱਖ ਜਦੋਂ ਦੋ ਜਹਾਨਾਂ ਨਾਲ ਪਿਆਰ ਕਰੇ ਤੇ ਮੈਂ ਵਿਚੇ ਵਿਚ ਸੜਦੀ, ਸੌਂਕਣਾ ਵਾਲਾ ਰੂਪ ਬਣਾਈਆ । ਜੇ ਮੈਂ ਚੰਗੀ ਹੋਵਾਂ ਪ੍ਰਭ ਦਾ ਭਾਣਾ ਮੰਨਦੀ, ਜੋ ਕਰੇ ਸੋ ਮੰਨ ਕੇ ਸ਼ੁਕਰ ਮਨਾਈਆ । ਕਿਉਂਕਿ ਇਹ ਖੇਲ ਆਦਿ ਜੁਗਾਦਿ ਇਕੋ ਹਰਿ ਦੀ, ਜੋ ਹਰ ਹਿਰਦੇ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਵੇਖੋ ਕੇਹੜੀ ਨਾਰ ਨਿਕਲੀ ਵਿਚੋਂ ਡੋਲੀ, ਸਤਿ ਸਚ ਨੂੰ ਪਰਗਟਾਈਆ । ਜਿਸ ਨੂੰ ਨਿਸਮਕਾਰ ਕਰੇ ਸਦੀ ਚੌਧਵੀਂ ਦੀ ਗੋਲੀ, ਸੀਸ ਚਰਨਾਂ ਉਤੇ ਰਖਾਈਆ । ਹੁਣ ਸਾਰੇ ਗੁਰਮੁਖ ਪਾਉ ਰੌਲੀ, ਵੇਖੋ ਕੀ ਪ੍ਰਭ ਦੀ ਬੇਪਰਵਾਹੀਆ । ਚੁਰਾਸੀਆਂ ਵਿਚੋਂ ਥੋੜ੍ਹਿਆਂ ਜਿਹਾਂ ਭਗਤਾਂ ਦੀ ਰੁਤ ਮੌਲੀ, ਮੌਲਾ ਹੋ ਕੇ ਆਪਣੇ ਗੁਲ ਖਿਲਾਈਆ । ਦੇਵੇ ਮਾਣ ਵਡਿਆਈ ਉਪਰ ਧੌਲੀ, ਧਰਨੀ ਧਰਤ ਧਵਲ ਧੌਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਮਿਲ ਗਿਆ ਪਤਿ ਪਤਵੰਤ, ਦਾਤਾ ਬੇਪਰਵਾਹੀਆ । ਜਿਸ ਨੇ ਕਲਜੁਗ ਕਰਨਾ ਅੰਤ, ਕੂੜੀ ਰੈਣ ਦੇਣੀ ਮਿਟਾਈਆ । ਭਗਤ ਬਣਾ ਕੇ ਸੰਤ, ਗੁਰਮੁਖ ਲੈਣੇ ਜਗਾਈਆ । ਜਨਮ ਕਰਮ ਦੀ ਮੇਟ ਕੇ ਚਿੰਤ, ਸਾਂਤਕ ਸਤਿ ਦੇਣਾ ਸਮਝਾਈਆ । ਆਪਣੀ ਮਹਿਮਾ ਦੱਸ ਬੇਅੰਤ, ਬੇਅੰਤ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੰਜ ਪਿਆਰੇ ਲਿਆ ਦਿਉ ਪਾਣੀ, ਗਲਾਸ ਇਕੋ ਨਜ਼ਰੀ ਆਈਆ । ਰਵਦਾਸ ਚਮਾਰ ਕਿਤੋਂ ਪੜ੍ਹਦੇ ਬਾਣੀ, ਸਤਰਾਂ ਨੌ ਨੌਂ ਸੁਣਾਈਆ ।

ਸਾਡਾ ਝਗੜਾ ਮੁਕ ਜਾਏ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਹੁਕਮ ਨਾ ਕੋਇ ਸੁਣਾਈਆ । ਅਸੀਂ ਹੁਣ ਬਣ ਗਏ ਓਸ ਸਾਹਿਬ ਦੀ ਰਾਣੀ, ਜਿਸ ਦੀ ਰਈਅਤ ਦੋ ਜਹਾਨ ਅਖਵਾਈਆ । ਅੱਖ ਰਹੀ ਕੋਇ ਨਾ ਕਾਣੀ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਜਦ ਵੇਖੇ ਤੇ ਸੁਘੜ ਸੁਚੱਜੀ ਸਵਾਣੀ, ਸਚ ਤਖ਼ਤ ਤੇ ਬੈਠੀ ਸਚ ਦੇ ਮਾਲਕ ਨਾਲ ਆਪਣਾ ਅੰਗ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਚੜ੍ਹਾਈਆ । ਵੇਖੋ ਚੜ੍ਹਿਆ ਰੰਗ ਜ਼ਰੂਰ, ਚਰਨ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਗਿਆ ਨਾ ਭੂਲ, ਅਭੁੱਲ ਬੇਪਰਵਾਹੀਆ । ਜਿਸ ਨੂੰ ਕਹਿ ਕੇ ਆਏ ਚਾਰ ਜੁਗ ਕੰਤ ਕੰਤੂਹਲ, ਸੋ ਅੰਤ ਲਏ ਪ੍ਰਨਾਈਆ । ਸਭ ਦਾ ਸਾਂਝਾ ਕਰ ਅਸੂਲ, ਸੋਹੰ ਢੋਲਾ ਦਿਤਾ ਸੁਣਾਈਆ । ਚਰਨ ਪ੍ਰੀਤੀ ਬਖ਼ਸ਼ ਕੇ ਧੂਲ, ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਵੇਸ ਵਟਾਈਆ । ਵੇਸ ਵਟਾ ਕੇ ਆ ਗਿਆ ਸਵਾਮੀ, ਸਮਾਂ ਦਏ ਗਵਾਹੀਆ । ਜਿਸ ਨੂੰ ਕਹਿੰਦੇ ਅੰਤਰਜਾਮੀ, ਜੁਗ ਚੌਕੜੀ ਖੇਲ ਖਿਲਾਈਆ । ਜਿਸ ਦੀ ਸ਼ਬਦ ਸ਼ਬਦ ਗੁਰਬਾਣੀ, ਨਾਮ ਨਾਮ ਸਮਝਾਈਆ । ਉਹ ਲੇਖਾ ਜਾਣੇ ਜੀਵ ਪ੍ਰਾਣੀ, ਲੱਖ ਚੁਰਾਸੀ ਵੇਖ ਵਖਾਈਆ । ਕਲਜੁਗ ਸਭ ਦੀ ਪਿਛਲੀ ਵੇਖੇ ਕਹਾਣੀ, ਲੇਖਾ ਫੋਲੇ ਥਾਉਂ ਥਾਈਂਆ । ਆਪਣੀ ਕਰਕੇ ਤਰਲ ਜਵਾਨੀ, ਨੌਜਵਾਨਾ ਆਪਣਾ ਹੁਕਮ ਸੁਣਾਈਆ । ਸਾਰੀ ਸ੍ਰਿਸ਼ਟੀ ਕਰਕੇ ਫਾਨੀ, ਅਡੋਲ ਅਡੁਲ ਆਪਣਾ ਆਪ ਧਰਾਈਆ । ਜਨ ਭਗਤੋ ਅੱਜ ਤੋਂ ਤੁਹਾਡੀ ਮੰਜ਼ਲ ਪੂਰੀ ਕੀਤੀ ਰੁਹਾਨੀ, ਰੂਹ ਬੁਤ ਕਰੀ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਬਣ ਗਏ ਨਾਰ ਸੁਚੱਜੀ, ਸੋਹਣਾ ਰੂਪ ਧਰਾਈਆ । ਜਨ ਭਗਤੋ ਤੁਹਾਨੂੰ ਮਿਲਣ ਆਏ ਅੱਜੀ ਪੱਜੀ, ਭੱਜੇ ਵਾਹੋ ਦਾਹੀਆ । ਵੇਖੋ ਕਿਡੀ ਸੋਹਣੀ ਸੰਗਤ ਸਜੀ, ਸੱਜਣ ਬੈਠਾ ਧੁਰਦਰਗਾਹੀਆ । ਤੁਹਾਡੇ ਵਸੇ ਉਪਰ ਸ਼ਾਹ ਰਗੀ, ਰਘੁਪਤ ਦਾਤਾ ਬੇਪਰਵਾਹੀਆ । ਜਿਸ ਨੇ ਲੇਖਾ ਪੂਰਾ ਕਰਨਾ ਚੌਧਵੀਂ ਸਦੀ, ਸਦਮਾ ਘਰ ਘਰ ਦਏ ਦਰਸਾਈਆ । ਜਿਸ ਨੂੰ ਕਹਿੰਦੇ ਮੁਹੰਮਦ ਦੀ ਵਗਣੀ ਨੂਹ ਨਦੀ, ਉਹ ਨਦੀਆਂ ਦੇ ਵਹਿਣ ਦਏ ਵਹਾਈਆ । ਔਹ ਵੇਖੋ ਲਹਿੰਦੀ ਦਿਸ਼ਾ ਅੱਗ ਲੱਗੀ, ਅੱਗੇ ਹੋ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੂਪ ਦਰਸਾਈਆ । ਉਹ ਪੰਜ ਪਿਆਰੇ ਕਹਿਣ ਧੁਰ ਦੀਏ ਰਾਣੀਏ ਪਾਣੀ ਤੇ ਪੀ ਲੈ, ਕੀ ਦੁਪੱਟਾ ਸਿਰ ਟਿਕਾਈਆ । ਗੁਰਮੁਖੋ ਉਹ ਵੇਖੋ ਕਲਜੁਗ ਭਗਤ ਦਵਾਰੇ ਬਾਹਰ ਬੈਠਾ , ਨਿਉਂ ਨਿਉਂ ਸੀਸ ਝੁਕਾਈਆ । ਮੂੰਹ ਤੇ ਹੱਥ ਫੇਰ ਕੇ ਕਹੇ ਮੈਂ ਹੋ ਗਿਆ ਹੀਣਾ, ਮੇਰੀ ਚਲੇ ਨਾ ਕੋਇ ਚਤੁਰਾਈਆ । ਜੇ ਅੱਜ ਹੁਕਮ ਮਿਲ ਜਾਏ ਤੇ ਮੈਂ ਜਾਵਾਂ ਵਿਚ ਚੀਨਾ, ਚੀਨ ਵਾਲਿਆਂ ਦਿਆਂ ਉਠਾਈਆ । ਮੇਰਾ ਫੇਰ ਠੰਡਾ ਹੋਵੇ ਸੀਨਾ, ਏਸ਼ੀਆ ਤੇ ਯੂਰਪ ਦੇਣਾ ਲੜਾਈਆ । ਜੇ ਦੁਨੀਆ ਨਾ ਲੜੇ ਤੇ ਮੈਂ ਸ਼ਹਿਨਸ਼ਾਹ ਦਾ ਪੁਤ ਕਮੀਨਾ, ਤੇ ਮੇਰੀ ਚੌਥੇ ਜੁਗ ਦੀ ਬੁੱਧੀ ਕੰਮ ਕਿਸੇ ਨਾ ਆਈਆ । ਮੈਂ ਤਕਦਾ ਕੁਝ ਖੇਲ ਕਰਨਾ ਵਿਚ ਅੱਸੂ ਮਹੀਨਾ, ਮਾਸ ਸੋਹਣਾ ਸੋਭਾ ਪਾਈਆ । ਜੇਹੜਾ ਗੁਰਮੁਖਾਂ ਨੇ ਬਹਿ ਕੇ ਅੱਜ ਵਹਾਇਆ ਪਸੀਨਾ, ਹੱਡੀਆਂ ਪਸਲੀਆਂ ਵਿਚੋਂ ਕਢਾਈਆ । ਪਰ ਫਿਰ ਵੀ ਚੰਗਾ ਇਨ੍ਹਾਂ ਨੂੰ ਮਿਲ ਗਿਆ ਦਾਨਾ ਬੀਨਾ, ਜੋ ਮਾਲਕ ਇਕ ਅਖਵਾਈਆ । ਮੈਂ ਜਾਣਿਆ ਸ਼ਾਇਦ ਇਹੋ ਰਾਮ ਰਹੀਮਾ, ਰਹਿਮਤ ਰਿਹਾ ਕਮਾਈਆ । ਮੈਂ ਤਕਦਾ ਜਿਸ ਭਗਤਾਂ ਦਾ ਅੰਮ੍ਰਿਤ ਪੀਣਾ,

ਮੁਖ ਬੁੱਲਾਂ ਨਾਲ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਘਰ ਵਸਾਈਆ । ਗੁਰਮੁਖੋ ਤੁਹਾਡਾ ਅੰਮ੍ਰਿਤ ਬੜਾ ਠੰਡਾ, ਠੰਡਾ ਯਖ ਨਜ਼ਰੀ ਆਈਆ । ਉਹ ਵੇਖੋ ਕਲਜੁਗ ਦਾ ਕੰਢਾ, ਕੰਢੀ ਬੈਠੇ ਧਿਆਨ ਲਗਾਈਆ । ਯਾਦ ਕਰ ਲਓ ਇਕ ਬਚਨ ਭੁੱਲ ਗਿਆ ਸੀ ਗੋਬਿੰਦ ਦਾ ਬੰਦਾ, ਬਹਾਦਰ ਮਾਧੋ ਦਾਸ ਮਿਲੀ ਸਜ਼ਾਈਆ । ਹੁਣ ਵਕਤ ਓਸ ਨਾਲੋਂ ਵੀ ਚੰਗਾ, ਚੰਗੀ ਤਰਾਂ ਦ੍ਰਿੜਾਈਆ । ਜਿਸ ਨੇ ਇਕੋ ਵਾਰ ਖਹਿੜਾ ਛਡਾ ਦੇਣਾ ਜੇਰਜ ਅੰਡਾ, ਉਤਭੁਜ ਸੇਤਜ ਪੰਧ ਮੁਕਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਵਿਚ ਰਹਿਣ ਨਹੀਂ ਦੇਣਾ ਕੋਈ ਗੰਦਾ, ਗੰਦਗੀ ਦੇ ਕੀੜੇ ਗੰਦਗੀ ਵਿਚ ਦੇਣੇ ਸੁਟਾਈਆ । ਮੈਂ ਕੋਈ ਉਗਰਾਹੁਣ ਨਹੀਂ ਆਇਆ ਤੁਹਾਥੋਂ ਵਸੂਲੀ ਵਾਲਾ ਚੰਦਾ, ਚੰਦ ਸੂਰਜ ਸਾਰੇ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਭਗਤੋ ਤੁਸੀਂ ਆਂਹਦੇ ਹੋਵੋਗੇ ਇਹ ਨਿੱਕੀ ਜੇਹੀ ਮੁੰਨੀ, ਕੰਨਾ ਮੰਨਾ ਕੁਰਲ ਕਰ ਕੇ ਝਟ ਲੰਘਾਈਆ । ਕਦੀ ਸਿਰ ਤੋਂ ਲਹਿ ਜਾਵੇ ਚੁੰਨੀ, ਸੌਹਰਿਆਂ ਪੇਕਿਆਂ ਦੀ ਸ਼ਰਮ ਹਯਾ ਗਵਾਈਆ । ਆਂਹਦੇ ਹੋਵੋਗੇ ਅਕਲ ਦੀ ਗੁੰਨੀ, ਸੀਣੇ ਪਰੋਣੇ ਦੀ ਜਾਂਚ ਨਾ ਕਿਸੇ ਸਿਖਾਈਆ । ਹੱਥਾਂ ਨਾਲ ਆਟਾ ਕਦੇ ਨਾ ਸਕੇ ਗੁੰਨ੍ਹੀ, ਤੌਣ ਸਕੇ ਨਾ ਕਦੇ ਬਣਾਈਆ । ਜਦੋਂ ਵੇਖੀਏ ਪਤਾ ਨਹੀਂ ਕਦੋਂ ਦੀ ਤਿਆਹੀ ਝਟ ਪਾਣੀ ਲਾ ਲਏ ਬੁੱਲੀਂ, ਆਪਣੇ ਅੰਦਰ ਲੰਘਾਈਆ । ਕਿਡੀ ਮੋਟੀ ਝਟ ਵਿਚ ਸ਼ਕਲ ਲਏ ਬਦਲਾਈਆ । ਨੀ ਕੀ ਵੇਖਿਆ ਬਾਹਰੋਂ ਹੋਰ ਅੰਦਰੋਂ ਹੋਰ ਨਵੀਂ ਨਕੋਰ ਦਿਸੇ ਕਾਇਆ ਕੁੱਲੀ, ਮਾਲਕ ਆਪਣਾ ਰੂਪ ਧਰਾਈਆ । ਜਦ ਵੇਖੋ ਤੇ ਭਗਤਾਂ ਦੇ ਚਰਨਾਂ ਵਿਚ ਰੁਲੀ, ਰੁਲ ਕੇ ਆਪਣਾ ਝਟ ਲੰਘਾਈਆ । ਫੇਰ ਵੇਖੋ ਸੁਲਹਕੁਲੀ, ਸਭ ਦਾ ਮੇਲਾ ਰਹੀ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਜਨ ਭਗਤੋ ਕਿਸ ਨੇ ਮੇਰਾ ਸਿਰ ਤੋਂ ਲਾਹ ਲਿਆ ਲੀੜਾ, ਬੜੇ ਸ਼ੈਤਾਨ ਨਜ਼ਰੀ ਆਈਆ । ਮੈਂ ਭੱਜ ਕੇ ਬਹਿ ਜਾਵਾਂ ਵਿਚ ਆਪਣੇ ਪੀੜ੍ਹਾ, ਕਿਤੇ ਕੋਈ ਚੁੱਕ ਕੇ ਭੱਜ ਨਾ ਜਾਈਆ । ਨੀ ਕਿਥੇ ਮੇਰਾ ਧਰਮ ਦੀਏ ਗੋਲੀਏ ਕਲੀਰਾ, ਹੱਥ ਦੇ ਫੜਾਈਆ । ਮੈਨੂੰ ਲੱਭ ਲੈਣ ਦੇ ਕਿਹੜਾ ਭਗਤ ਤੇ ਕਿਹੜਾ ਸਾਚਾ ਵੀਰਾ, ਤੇ ਵੀਰ ਜੀ ਕਵਾਰੀ ਕਹਿ ਕੇ ਦਿਆਂ ਸੁਣਾਈਆ । ਮੇਰਾ ਉਹ ਭਰਾ ਜਿਹੜਾ ਪਿਓ ਮਾਂ ਮਰਨ ਤੋਂ ਅੱਖਾਂ ਵਿਚ ਨਾ ਵਹਾਏ ਨੀਰਾ, ਸਤਿਗੁਰ ਦਾ ਭਾਣਾ ਮੰਨ ਕੇ ਫੁੱਲਾਂ ਦੀ ਵਰਖਾ ਲਏ ਕਰਾਈਆ । ਉਹਦਾ ਸਾਫ਼ ਤੇ ਸੁਥਰਾ ਚੀਰਾ, ਉਹ ਗੋਬਿੰਦ ਦਾ ਸਿਖ ਸੋਭਾ ਪਾਈਆ । ਕਿਉਂ ਅੱਗੇ ਸਤਿਗੁਰ ਦਾ ਵਰਤੀਰਾ, ਵਿਤਕਰਾ ਰਹਿਣ ਕੋਇ ਨਾ ਪਾਈਆ । ਭਾਵੇਂ ਤੁਸੀਂ ਕਹੋ ਪ੍ਰਭੂ ਦੀ ਨਾਰੀ ਤੇ ਫਿਰਦੀ ਵਾਂਗ ਫ਼ਕੀਰਾ, ਫ਼ਿਕਰੇ ਕਲਮਿਆਂ ਵਾਲੇ ਗਾਈਆ । ਰਹਾਂ ਵਾਂਗ ਹਕੀਰਾ, ਮੇਂਢੀ ਵਿਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਭਗਤ ਕਹਿਣ ਕਿਉਂ ਪੀਂਦੀ ਪਾਣੀ ਦੇ ਘੁਟ, ਪਿਆਸੀਏ ਸਾਨੂੰ ਦੇ ਸਮਝਾਈਆ । ਨਾਲੇ ਸਾਂਭ ਕੇ ਅਬਿਨਾਸ਼ੀ ਅਚੁਤ, ਤੇ ਸੋਹਣੀ ਸੇਜ ਹੰਢਾਈਆ । ਸਦਾ ਰਹੇਂ ਆਪ ਉਸ ਨਾਲ ਖ਼ੁਸ਼, ਗਲਵਕੜੀ ਇਕੋ ਪਾਈਆ । ਓਏ ਅਸੀਂ ਮਰ ਗਏ ਲੋਕਮਾਤ ਵਿਚ ਭੁੱਖ, ਸੁੱਕੇ ਟੁੱਕੜੇ ਹੱਥਾਂ ਵਿਚ ਵਖਾਈਆ । ਦਸ ਮਾਸ ਸਾੜ ਕੇ ਮਾਤ ਦੀ ਅਗਨ ਵਿਚ ਕੁੱਖ, ਪੁੱਠੇ ਦਿਤੇ ਲਟਕਾਈਆ । ਕਿਸੇ ਨੂੰ ਧੀ ਬਣਾ ਦਿਤਾ ਕਿਸੇ ਨੂੰ ਬਣਾ ਦਿਤਾ ਪੁੱਤ, ਖ਼ੁਸ਼ੀ ਜਗਤ ਵਾਲੀ ਵਖਾਈਆ । ਆਪ ਸਭ ਤੋਂ ਬੈਠੀ ਲੁਕ, ਸਚਖੰਡ ਸਾਚੇ ਡੇਰਾ ਲਾਈਆ । ਅਸੀਂ ਚਾਰ ਜੁਗ

ਇਕ ਇਕ ਜਣਾ ਕੇ ਆਉਂਦੇ ਰਹੇ ਤੇ ਡਰਦੇ ਰਹੇ ਕਰ ਚੁੱਪ, ਉਚੀ ਕੂਕ ਨਾ ਕੋਇ ਸੁਣਾਈਆ । ਹੁਣ ਅਸੀਂ ਸਾਰੇ ਭਗਤ ਇਕੱਠੇ ਹੋ ਗਏ ਜੇ ਸਾਡੇ ਗਲ ਵੀ ਘੁੱਟੇਂ ਅਸੀਂ ਜਾਣਾ ਰੁੱਸ, ਵੇਖਿਓ ਕਿਸ ਤਰਾਂ ਪਏ ਲੜਾਈਆ । ਪਰ ਅਸੀਂ ਚਾਹੁੰਦੇ ਸਾਡੇ ਵਿਚੋਂ ਅੱਜ ਈ ਕਢ ਦੇ ਫੁੱਟ, ਦਵੈਤ ਦਾ ਝਗੜਾ ਦੇ ਮੁਕਾਈਆ । ਪ੍ਰਭੂ ਪਿਆਰ ਨਾ ਜਾਵੇ ਟੁੱਟ, ਗੰਢ ਇਕੋ ਇਕ ਪਵਾਈਆ । ਜੇ ਤੂੰ ਪ੍ਰਭੂ ਦੇ ਪਿਆਰ ਦੀ ਕੀਤੀ ਲੁੱਟ, ਸਾਡੀ ਝੋਲੀ ਦੇਣੀ ਭਰਾਈਆ । ਇਕ ਵਿਚੋਂ ਕਹਿੰਦਾ ਓਏ ਭਗਤਾ ਜ਼ਨਾਨੀ ਦੀ ਮਤ ਹੁੰਦੀ ਪਿਛੇ ਗੁੱਤ, ਗਿੱਚੀ ਵਿਚ ਰਖਾਈਆ । ਦੂਜਾ ਕਹਿੰਦਾ ਨਹੀਂ ਓਏ ਹੁਣ ਸਤਿਜੁਗ ਨੇ ਬਦਲ ਲਿਆ ਰੁਖ਼, ਪਿਛਲੀ ਰੀਤੀ ਦਿਤੀ ਮਿਟਾਈਆ । ਸਾਰੇ ਇਸਤ੍ਰੀ ਪੁਰਸ਼ ਉਸ ਪ੍ਰਭੂ ਦੇ ਪੁਤ, ਜੋ ਆਪਣੀ ਗੋਦ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਨਾਮ ਜਪਾਈਆ । ਭਗਤ ਕਹਿਣ ਵੇਖੋ ਪੀ ਗਈ ਗਲਾਸ, ਗਲਾ ਲਿਆ ਫੁਲਾਈਆ । ਸਾਡੀ ਬੁਝਾ ਦੇ ਪਿਆਸ, ਕਿਉਂ ਰਹੀ ਤਰਸਾਈਆ । ਦੁੱਖਾਂ ਦਾ ਸਾਰਾ ਕਰਦੇ ਨਾਸ, ਸਿਰ ਸਭ ਦੇ ਹੱਥ ਟਿਕਾਈਆ । ਤੂੰ ਤੇਈ ਅਵਤਾਰਾਂ ਪੈਗ਼ੰਬਰਾਂ ਤੇ ਗੁਰੂਆਂ ਦੀ ਦਾਤ, ਜੋਤੀ ਨੂਰ ਨਾਰੀ ਰੂਪ ਪਰਗਟਾਈਆ । ਤੇ ਤੇਰਾ ਪਤੀ ਤੇ ਖ਼ਾਵੰਦ ਪ੍ਰਭ ਆਪ, ਆਪਣਾ ਰੰਗ ਵਖਾਈਆ । ਜਿਧਰ ਤਕੀਏ ਸਦਾ ਸਾਡੇ ਹੋਵੇ ਸਾਥ, ਸਗਲਾ ਸੰਗ ਬਣਾਈਆ । ਸਾਡੀ ਸਭ ਦੀ ਮਿਟ ਜਾਏ ਵਾਟ, ਦੋਹਾਂ ਮਿਲ ਕੇ ਲੇਖਾ ਦੇਣਾ ਮੁਕਾਈਆ । ਅਸੀਂ ਪਹੁੰਚੀਏ ਉਸ ਘਾਟ, ਜਿਥੇ ਘਾਟਾ ਰਹੇ ਨਾ ਰਾਈਆ । ਵਾਹ ਮੇਰੇ ਪ੍ਰਭੂ ਤੇਰੀ ਤੇਰੇ ਦਵਾਰੇ ਮਿਲਦੀ ਦਾਤ, ਦਾਤੇ ਇਕੋ ਵਾਰ ਦੇਣੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਪੰਜੇ ਦਰਬਾਰੀ ਕਹਿੰਦੇ ਸਾਡੇ ਕਾਟਾਂ ਉਤੇ ਚਾੜ੍ਹ ਦੇ ਲਿਖਤ, ਲੇਖੇ ਨਾਲ ਸੁਣਾਈਆ । ਅੰਤ ਪ੍ਰਭੂ ਦਾ ਪੂਰਾ ਹੋ ਜਾਏ ਭਵਿਖਤ, ਸਭ ਦਾ ਲੇਖਾ ਦੇਣਾ ਮੁਕਾਈਆ । ਸਭ ਦਾ ਇਕੋ ਹੋ ਜਾਏ ਇਸ਼ਟ, ਇਸ਼ਟ ਇਕ ਮਨਾਈਆ । ਜੇ ਸਾਹਿਬ ਸਤਿਗੁਰ ਖੋਲ੍ਹ ਦੇਵੇ ਸਭ ਦੀ ਦ੍ਰਿਸ਼ਟ, ਅੰਦਰੋਂ ਪੜਦਾ ਦਏ ਉਠਾਈਆ । ਜੇ ਰਾਮਾ ਕਹਿ ਕੇ ਗਿਆ ਰਾਮ ਵਸ਼ਿਸ਼ਟ, ਵਿਸ਼ਿਆਂ ਦਾ ਡੇਰਾ ਢਾਹੀਆ । ਜੇ ਤੇਰੇ ਹੁੰਦਿਆਂ ਵੀ ਨਾ ਆਇਆ ਸਿਦਕ, ਫਿਰ ਕਿਥੇ ਜਾਏ ਲੋਕਾਈਆ । ਜੇ ਤੂੰ ਸੱਚਾ ਤੇ ਸਚ ਦਾ ਦੱਸ ਇਸ਼ਕ, ਕਿਉਂ ਪ੍ਰੀਤੀ ਕੂੜਿਆਂ ਨਾਲ ਲਗਾਈਆ । ਜਨ ਭਗਤੋ ਜੇ ਪਿਆਰ ਮਨਜ਼ੂਰ ਨਹੀਂ ਬੇਸ਼ਕ ਉਠ ਕੇ ਵਿਚੋਂ ਜਾਉ ਖ਼ਿਸਕ, ਖ਼ਿਸਕਿਆਂ ਦੀ ਲੋੜ ਰਹੇ ਨਾ ਰਾਈਆ । ਭਗਤ ਦਵਾਰੇ ਕੋਈ ਨਹੀਂ ਚਾਹੀਦਾ ਨਿੰਦਕ, ਗੁਰਮੁਖ ਸੋਹਣੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੋਹਣਾ ਰੂਪ ਦਰਸਾਈਆ । ਤਖ਼ਤ ਨਿਵਾਸੀ ਸੀਸ ਪਹਿਨਿਆ ਤਾਜ, ਤਾਜਾਂ ਵਾਲੇ ਤੇਰੀ ਵਡਿਆਈਆ । ਤੇਰਾ ਜੁਗ ਜੁਗ ਚਲਦਾ ਰਿਹਾ ਰਾਜ, ਹੁਕਮ ਸ਼ਹਿਨਸ਼ਾਹੀਆ । ਕਲਜੁਗ ਅੰਤਮ ਬਦਲ ਦਿਤਾ ਸਮਾਜ, ਸਮਗ੍ਰੀ ਨਾਮ ਵਰਤਾਈਆ । ਹਰ ਘਟ ਅੰਤਰ ਹੋ ਵਿਸਮਾਦ, ਵਿਸ਼ਵ ਆਪਣਾ ਪੜਦਾ ਲਾਹੀਆ । ਭਾਗ ਲਗਾ ਦੇ ਦੇਸ ਮਾਝ, ਸੰਬਲ ਕਰ ਰੁਸ਼ਨਾਈਆ । ਜਿਸ ਖੇਲ ਖਿਲਾਈ ਆਜ, ਸੋ ਅੰਤ ਰਿਹਾ ਵਖਾਈਆ । ਸ਼ਬਦ ਨਾਮ ਵਜਾ ਕੇ ਨਾਦ, ਨਾਦੀ ਧੁੰਨ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਲੇਖਾ ਲੇਖੇ ਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਪੂਰੀ ਹੋ ਗਈ ਪੂਜਾ, ਵੇਲਾ ਵਕਤ ਸਰਨਾਈਆ । ਦੁਤੀਆ ਭਾਉ ਰਿਹਾ ਨਾ ਦੂਜਾ, ਦੂਆ ਰੂਪ ਨਾ ਕੋਇ ਦਰਸਾਈਆ । ਪਿਛਲਾ ਕਾਸਾ ਕੀਤਾ ਮੂਧਾ, ਨੈਣ ਮੂੰਦ ਦਰਸਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਰੰਗ ਲਏ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਚਰਨ ਕਵਲ ਸਲਵਾਰਨਾ, ਸਤਿਜੁਗ ਰੀਤ ਬਣਾਈਆ । ਭਗਤ ਭਗਵਾਨ ਸਦਾ ਤਾਰਨਾ, ਇਕ ਇਕ ਰੰਗ ਵਖਾਈਆ । ਪੰਜ ਵਿਕਾਰਾ ਵਿਚੋਂ ਮਾਰਨਾ, ਮਮਤਾ ਮੋਹ ਮਿਟਾਈਆ । ਦਰਗਹਿ ਸਾਚੀ ਘਰ ਸਾਚੇ ਸਚਖੰਡ ਵਾੜਨਾ, ਅੱਗੇ ਹੋ ਨਾ ਕੋਇ ਅਟਕਾਈਆ । ਲੇਖੇ ਲਾ ਕੇ ਪੁਰਖ ਨਾਰਨਾ, ਨਰ ਨਰਾਇਣ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਨੇ ਸਭ ਤੋਂ ਵੱਖਰਾ ਛੱਬੀ ਪੋਹ ਨੂੰ ਖੇਲ ਵਿਚਾਰਨਾ, ਜਿਸ ਦੀ ਨਵ ਨੌਂ ਚਾਰ ਜੁਗ ਸਮਝ ਕਿਸੇ ਨਾ ਆਈਆ ।

### ੧੮ ਹਾੜ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਸਵੇਰੇ ਵਿਆਹਾਂ ਦੇ ਸਮੇਂ

ਅਵਤਾਰ ਪੈਗ਼ੰਬਰ ਗੁਰ ਕਹਿਣ ਸੁਹਾਗ ਰਾਤ ਹੋਈ ਸੁਹੰਜਣੀ, ਪ੍ਰਭ ਦਿਤੀ ਮਾਣ ਵਡਿਆਈਆ । ਸਾਡਾ ਨੇਤਰ ਤਕ ਕੇ ਅੰਜਣੀ, ਨੈਣ ਨੈਣ ਮਿਲਾਈਆ । ਚਰਨ ਧੂੜੀ ਦੇ ਕੇ ਮਜਨੀ, ਦੀਨ ਮਜ਼੍ਹਬ ਦੀ ਮੈਲ ਦਿਤੀ ਲਾਹੀਆ । ਨਿਰਗੁਣ ਧਾਰ ਦੱਸ ਨਿਰੰਜਣੀ, ਨਿਰਾਕਾਰ ਲਿਆ ਮਿਲਾਈਆ । ਸਤਿ ਦਵਾਰ ਦਾ ਬਣ ਕੇ ਸੱਜਣੀ, ਸੱਜਣ ਰੰਗ ਵਖਾਈਆ । ਝਗੜਾ ਮੁਕਾ ਕੇ ਬਦਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਭੁਗਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਮਿਲਿਆ ਪ੍ਰਭ ਅਬਿਨਾਸ਼ੀ ਕੰਤ, ਰੈਣ ਵੱਜਦੀ ਰਹੀ ਵਧਾਈਆ । ਅਸੀਂ ਮਹਿੰਮਾ ਕਰਦੇ ਰਹੇ ਅਗਣਤ, ਸਿਫ਼ਤਾਂ ਵਿਚ ਸਾਲਾਹੀਆ । ਨਜ਼ਾਰਾ ਤਕਦੇ ਰਹੇ ਬੇਅੰਤ, ਬੇਪਰਵਾਹ ਆਪਣੀ ਕਾਰ ਕਮਾਈਆ । ਜਿਸ ਮਾਤ ਬਣਾਏ ਭਗਤ ਸੰਤ, ਗੁਰਮੁਖ ਗੋਦ ਉਠਾਈਆ । ਦੇਵੇ ਨਾਮ ਨਿਧਾਨਾ ਮੰਤ, ਸੋਹੰ ਢੋਲਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹਾੜ ਸਤਾਰਾਂ ਰੈਣ ਹੋਈ ਸੁਹਾਵੀ, ਸੋਹਣਾ ਰੂਪ ਦਰਸਾਈਆ । ਲੇਖੇ ਲੱਗੀ ਸਭ ਦੀ ਲਾਵੀ, ਚੌਥਾ ਜੁਗ ਪੂਰ ਕਰਾਈਆ । ਸਾਡੀ ਧਾਰ ਕੋਝੀ ਕਮਲੀ ਬਾਵੀ, ਬਵਰੀ ਲਈ ਪਰਨਾਈਆ । ਆਪਣੇ ਨਾਲ ਕਰਕੇ ਸਾਵੀਂ, ਸਾਚੀ ਸੇਜੇ ਲਈ ਟਿਕਾਈਆ । ਹੁਕਮ ਸੰਦੇਸ਼ਾ ਦਿਤਾ ਨਾਰ ਸੁਹਾਗਣ ਏਕਾ ਕੰਤ ਰਾਵੀਂ, ਦੂਸਰ ਅੱਖ ਨਾ ਕੋਇ ਉਠਾਈਆ । ਫਿਰ ਚੁੱਕੇ ਆਪਣੀ ਬਾਹਵੀਂ, ਭੁਜਾਂ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰਾਗ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡੇ ਸਗਨ ਲਗਾਇਆ ਬੁਲ, ਪਹਿਲੀ ਰੈਣ ਖ਼ੁਸ਼ੀ ਮਨਾਈਆ । ਇਕੋ ਮਾਲਕ ਸਮਝਣਾ ਕੁਲ, ਕੁਲ ਮਾਲਕ ਇਕ ਅਖਵਾਈਆ । ਪਿਛਲੀ ਰੀਤੀ ਜਾਣੀ ਭੁੱਲ, ਅਭੁੱਲ ਦਿਤਾ ਦ੍ਰਿੜਾਈਆ । ਪ੍ਰੇਮ ਪ੍ਰੀਤੀ ਸੇਜ ਤੇ ਸੁੱਟੇ ਫੁੱਲ, ਫੂਲਨ ਸੇਜਾ ਉਤੇ ਲਿਟਾਈਆ । ਫੇਰ ਮੁਹੱਬਤ ਵਿਚ ਗਿਆ ਭੁੱਲ, ਰੂਪ ਰੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸੇਜੇ ਸੁੱਤਾ ਪੁਰਖ ਅਬਿਨਾਸ਼ੀ, ਅੰਗੀਕਾਰ ਆਪ ਕਰਾਈਆ । ਪ੍ਰੇਮ ਪਿਆਰ ਦੀ ਦੱਸ ਕੇ ਰਾਸੀ, ਮੰਡਲਾਂ ਉਪਰ ਖੇਲ ਖਿਲਾਈਆ । ਚਾਰ ਜੁਗ ਦੀ ਪੂਰੀ ਕਰ ਕੇ ਆਸੀ, ਆਸਾ ਆਪਣੀ ਨਾਲ ਮਿਲਾਈਆ । ਦੀਨਾਂ ਮਜ਼੍ਹਬਾਂ ਵਿਚੋਂ

ਹੋਈ ਬੰਦ ਖ਼ੁਲਾਸੀ, ਬੰਦੀ ਛੋੜ ਦਇਆ ਕਮਾਈਆ । ਝਗੜਾ ਮੇਟ ਕੇ ਜਗਤ ਸਵਾਸੀ, ਰਸਨਾ ਨਾਲੋਂ ਕੀਤੀ ਜੁਦਾਈਆ । ਇਕੋ ਨੂਰ ਜੋਤ ਪ੍ਰਕਾਸ਼ੀ, ਕੰਤ ਸੁਹਾਗੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਇਆ ਸਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤਿੰਨ ਵਾਰ ਬਦਲੀ ਰਾਤ ਕਰਵਟ, ਪਤੀ ਪਤਵੰਤ ਕਾਰ ਕਮਾਈਆ । ਅਸੀਂ ਅੰਗੜਾਈ ਲਈ ਝਟ ਪਟ, ਪਟਨੇ ਵਾਲਾ ਦਿਤਾ ਹਿਲਾਈਆ । ਉਠੋ ਵੇਖੋ ਵਸਿਆ ਘਟ ਘਟ, ਘਰ ਘਰ ਡੇਰਾ ਲਾਈਆ । ਜਿਸ ਦਾ ਨਾਮ ਰਹੇ ਰਟ, ਰੱਟਾ ਜਗਤ ਰਿਹਾ ਮੁਕਾਈਆ । ਦੀਨ ਮਜ਼੍ਹਬ ਦੀ ਡੋਰੀ ਦਿਤੀ ਕਟ, ਕਟਾਕਸ਼ ਆਪਣਾ ਨਾਮ ਵਖਾਈਆ । ਮਾਰਗ ਦੱਸ ਕੇ ਇਕ ਸਚ, ਸਾਚੀ ਮੰਜ਼ਲ ਇਕ ਚੜ੍ਹਾਈਆ । ਝਗੜਾ ਮੇਟ ਕੇ ਮਾਟੀ ਕੱਚ, ਸਾਡੀ ਜੋਤ ਧਾਰ ਲਈ ਪਰਨਾਈਆ । ਸਾਡੇ ਅੰਦਰ ਗਿਆ ਰਚ, ਲੂੰ ਲੂੰ ਵਿਚ ਸਮਾਈਆ । ਅੱਗੇ ਵਿਛੋੜੇ ਵਿਚ ਨਾ ਸਕੀਏ ਬਚ, ਬਚਪਨ ਏਸੇ ਦੀ ਝੋਲੀ ਪਾਈਆ । ਇਕੋ ਖ਼ਾਵੰਦ ਮੰਨਣਾ ਹੱਕ, ਪਾਬੰਦ ਹੋ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਨੂੰ ਲਾਇਆ ਨਾਲ ਛਾਤੀ, ਛਤਰਧਾਰੀ ਦਇਆ ਕਮਾਈਆ । ਸੀਤਲ ਹੋ ਗਏ ਮਿਲ ਕੇ ਕਮਲਾਪਾਤੀ, ਪਤਿ ਪਰਮੇਸ਼ਵਰ ਆਪਣੀ ਗੋਦ ਉਠਾਈਆ । ਚਰਨ ਚਰਨੋਦਕ ਦਿਤਾ ਬੂੰਦ ਸਵਾਤੀ, ਦੀਨ ਮਜ਼੍ਹਬ ਦੀ ਅਗਨੀ ਦਿਤੀ ਬੁਝਾਈਆ । ਆਪਣੇ ਘਰ ਬਣਾ ਕੇ ਹਯਾਤੀ, ਹਯਾ ਸ਼ਰਮ ਦਿਤਾ ਮਿਟਾਈਆ । ਸਾਨੂੰ ਸੌਣਾ ਮਿਲਿਆ ਨਹੀਂ ਸਾਰੀ ਰਾਤੀ, ਗੱਲਾਂ ਕਰ ਕਰ ਝਟ ਲੰਘਾਈਆ । ਬੜੇ ਚਿਰਾਂ ਪਿਛੋਂ ਮੁਕੀ ਵਾਟੀ, ਨਵ ਨੌਂ ਚਾਰ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਰਖਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡੇ ਤਨ ਨਾ ਕੋਇ ਲਿਬਾਸ, ਅਲਫ਼ ਆਪਣਾ ਰੂਪ ਦਰਸਾਈਆ । ਚਰਨ ਪ੍ਰੀਤੀ ਦੇ ਵਿਸ਼ਵਾਸ਼, ਵਿਸ਼ਿਆਂ ਵਿਚੋਂ ਬਾਹਰ ਕਢਾਈਆ । ਖੇਲ ਕਰੇ ਉਪਰ ਆਕਾਸ਼, ਧਰਨੀ ਧਰਤ ਧਵਲ ਦਿਤਾ ਵਖਾਈਆ । ਸਾਢੇ ਬਾਰਾਂ ਸੱਦ ਕੇ ਆਪਣੇ ਪਾਸ, ਪਾਸਾ ਦੀਨ ਦੁਨੀ ਬਦਲਾਈਆ । ਇਕ ਪਿਆਰ ਵਿਚ ਕੀਤਾ ਵਾਕ, ਹੁਕਮ ਦਿਤਾ ਸੁਣਾਈਆ । ਸ਼ਬਦ ਅਗੰਮੀ ਦੱਸ ਕੇ ਬਾਤ, ਬਾਤਨ ਪੜਦਾ ਦਿਤਾ ਖੁਲ੍ਹਾਈਆ । ਤੁਹਾਡਾ ਲੇਖਾ ਰਿਹਾ ਨਾ ਜ਼ਾਤ ਪਾਤ, ਪੁਰਖ ਅਕਾਲ ਨੂਰ ਨਜ਼ਰੀ ਆਈਆ । ਮਾਝਾ ਮਾਲਵਾ ਦੁਆਬਾ ਜੰਮੂ ਚੌਦਾਂ ਕਿਲੋ ਵੰਡਾ ਕੇ ਪਰਸ਼ਾਦ, ਚੌਦਾਂ ਤਬਕ ਦਿਤੇ ਹਿਲਾਈਆ । ਇਕੋ ਹੁਕਮ ਮੰਨਣਾ ਵਾਹਿਦ, ਦੂਜਾ ਇਸ਼ਟ ਨਾ ਕੋਇ ਬਣਾਈਆ । ਤੁਹਾਡਾ ਲੇਖਾ ਮੁਕਿਆ ਇਕ ਦੂਜੇ ਤੋਂ ਬਾਦ, ਬਾਵਜੂਦ ਆਪਣਾ ਹੁਕਮ ਸੁਣਾਈਆ । ਫੇਰ ਅਸਾਂ ਕੀਤੀ ਫ਼ਰਿਆਦ, ਨਿਉਂ ਨਿਉਂ ਸੀਸ ਝੁਕਾਈਆ । ਤੇਰੀ ਸੇਜੇ ਨੀਂਦ ਨਾ ਆਵੇ ਸਦਾ ਰਹੀਏ ਜਾਗ, ਜਾਗਰਤ ਜੋਤ ਜੋਤ ਰੁਸ਼ਨਾਈਆ । ਤੇਰੇ ਪਿਆਰ ਦੀ ਵਜਾਉਂਦੇ ਰਹੀਏ ਰਬਾਬ, ਨਾਨਕ ਨਿਰਗੁਣ ਧਾਰ ਸੁਣਾਈਆ । ਸਾਨੂੰ ਖ਼ੁਸ਼ੀ ਹੋਈ ਦੀਨ ਮਜ਼੍ਹਬ ਤੋਂ ਹੋਏ ਆਜ਼ਾਦ, ਆਜ਼ਾਦੀ ਵਿਚ ਤੇਰਾ ਦਰ ਸੁਹਾਈਆ । ਜੇ ਤੂੰ ਸਚ ਸਵਾਮੀ ਜਾਏਂ ਬਰਾਜ, ਤੇਰੇ ਸੁੱਤਿਆਂ ਤੇਰੀ ਸੇਵ ਕਮਾਈਆ । ਚਾਰ ਜੁਗ ਤੋਂ ਵੱਖਰੀ ਤੇਰੀ ਸਤਾਰਾਂ ਹਾੜ ਦੀ ਰਾਤ, ਭਿੰਨੜੀ ਆਪਣਾ ਰੰਗ ਵਖਾਈਆ । ਸਾਡੀ ਸ਼ਹਾਦਤ ਹੋਈ ਨਾਲ ਕਲਮ ਦਵਾਤ, ਪੰਜ ਲਿਖਾਰੀ ਦੇਣ ਗਵਾਹੀਆ । ਭਗਤ ਭੁੱਲਦੇ ਨਹੀਂ ਜੇਹੜੇ ਚੜ੍ਹ ਕੇ ਆਏ ਬਰਾਤ, ਜਾਂਞੀ ਲਾੜੇ ਨਾਲ ਵਡਿਆਈਆ । ਸਾਨੂੰ ਇਕ ਖ਼ੁਸ਼ੀ ਤੇ ਇਕੋ ਅੰਤਰ ਖਾਹਿਸ਼, ਖ਼ਾਲਸ ਦਈਏ ਸੁਣਾਈਆ । ਤੂੰ ਸਦਾ ਵਸਣਾ ਸਾਡੇ ਪਾਸ, ਵਿਛੋੜਾ ਨਜ਼ਰ ਕੋਇ ਨਾ ਆਈਆ ।

ਤੇਰੀ ਜੋਤ ਤੇਰਾ ਪ੍ਰਕਾਸ਼, ਤੇਰੀ ਨਜ਼ਰੇ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਰੰਗ ਰੰਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡੇ ਰੱਖਿਆ ਹੱਥ ਉਤੇ ਪੁਸ਼ਤ, ਹਲੂਣਾ ਦਿਤਾ ਲਗਾਈਆ । ਜ਼ਰਾ ਹੋ ਜਾਵੇ ਹੁਣ ਚੁਸਤ, ਹੁਸ਼ਿਆਰੀ ਵਿਚ ਦ੍ਰਿੜਾਈਆ । ਅੱਗੇ ਲੇਖਾ ਕਰਨਾ ਦਰੁਸਤ, ਦਰੁਸਤੀ ਸਭ ਦੀ ਆਪੇ ਵੇਖ ਵਖਾਈਆ । ਜੇਹੜਾ ਨਾਮ ਮਿਲਦਾ ਰਿਹਾ ਮੁਫ਼ਤ, ਮੁਫ਼ਤੀਆਂ ਝੋਲੀਆਂ ਆਏ ਪਾਈਆ । ਸੁਹਾ ਕੇ ਆਏ ਉਰਸ, ਅਸਮਾਨਾਂ ਰਾਹ ਤਕਾਈਆ । ਖੇਲ ਖੇਲਦੇ ਆਏ ਨਾਰੀ ਪੁਰਸ਼, ਜਗਤ ਨਾਰ ਕੰਤ ਹੰਢਾਈਆ । ਹੁਣ ਹੁਕਮ ਸੁਣਨਾ ਤੁਰਤ, ਤੁਰੀਆ ਤੋਂ ਪਰੇ ਆਪ ਜਣਾਈਆ । ਜਿਸ ਨੂੰ ਕਹਿੰਦੇ ਆਏ ਅਕਾਲ ਮੂਰਤ, ਉਹ ਤੁਹਾਡਾ ਖ਼ਸਮ ਖ਼ਸਮਾਨਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਦਰ ਸੁਹਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਜਿਸ ਵੇਲੇ ਸ਼ਾਹ ਸੁਲਤਾਨਾਂ ਆਇਆ ਅੱਗੇ, ਆਪਣਾ ਰੂਪ ਪਰਗਟਾਈਆ । ਸਾਡੇ ਸੀਨੇ ਧੜਕਣ ਲੱਗੇ, ਬੇਵਸੀ ਵਿਚ ਦੁਹਾਈਆ । ਜਿਸ ਵੇਲੇ ਚਰਨ ਰੱਖਿਆ ਸ਼ਬਦ ਸਿੰਘਾਸਣ ਉਪਰ ਮੰਜੇ, ਮੰਜ਼ਲ ਆਪਣੀ ਪੰਧ ਮੁਕਾਈਆ । ਪਿਆਰ ਵਿਚ ਕਿਹਾ ਤੂੰ ਮੇਰਾ ਮੈਂ ਤੇਰਾ ਗਾ ਕੇ ਛੰਦੇ, ਸੋਹਣਾ ਰਾਗ ਦ੍ਰਿੜਾਈਆ । ਅਵਤਾਰ ਪੈਗ਼ੰਬਰ ਗੁਰ ਹੁਣ ਤੁਸੀਂ ਤਤਾਂ ਵਾਲੇ ਨਹੀਂ ਬੰਦੇ, ਰਸ ਲਿੰਗਾਂ ਨਾ ਕੋਇ ਵਖਾਈਆ । ਮਲ ਮੂਤਰ ਵਾਲੇ ਨਹੀਂ ਗੰਦੇ, ਵਿਸ਼ਟਾ ਵੰਡ ਨਾ ਕੋਇ ਵੰਡਾਈਆ । ਸ਼ਸਤਰ ਪਹਿਰੇ ਨਹੀਂ ਚੰਡ ਪਰਚੰਡੇ, ਕਮੰਦ ਕੰਧ ਨਾ ਕੋਇ ਉਠਾਈਆ । ਦੀਨ ਮਜ਼੍ਹਬ ਕੋਇ ਨਾ ਵੰਡੇ, ਜ਼ਾਤ ਪਾਤ ਨਾ ਕੋਇ ਜਣਾਈਆ । ਇਕੋ ਘਰ ਦੇ ਕੁਫ਼ਲ ਖੋਲ੍ਹ ਦਿਤੇ ਜਿੰਦੇ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਕਰਿਆ ਖੇਲ ਵਿਚ ਹਿੰਦੇ, ਹਰਿ ਕਰਤੇ ਬੇਪਰਵਾਹੀਆ । ਜਿਸ ਨੂੰ ਕਲਜੁਗ ਜੀਵ ਰਹੇ ਨਿੰਦੇ, ਨਿੰਦਿਆ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਿਸ ਵੇਲੇ ਅਸੀਂ ਸਾਹਿਬ ਨੂੰ ਵੇਖਿਆ ਅੱਖੀਂ, ਆਪਣੀ ਅੱਖ ਲਈ ਮਟਕਾਈਆ । ਉਸ ਨੇ ਹੱਥ ਰੱਖਿਆ ਸਾਡੀ ਵੱਖੀ, ਸੁੱਤਿਆਂ ਦਿਤਾ ਹਸਾਈਆ । ਫੇਰ ਬੋਲ ਜੈਕਾਰਾ ਅਲੱਖੀ, ਅਲਖ ਅਲੱਖਣੇ ਵਿਚ ਦ੍ਰਿੜਾਈਆ । ਤੁਸੀਂ ਇਕ ਪ੍ਰਭੂ ਦੀ ਸਖ਼ੀ, ਇਕੋ ਸੇਜ ਲੈਣੀ ਹੰਢਾਈਆ । ਤੁਹਾਡਾ ਫ਼ਰਕ ਰਿਹਾ ਨਾ ਰਤੀ, ਰਤ ਦਾ ਝਗੜਾ ਦਿਤਾ ਗਵਾਈਆ । ਪਿਆਰ ਕਰਨਾ ਕਮਲਾਪਤੀ, ਪਤਿਪਰਮੇਸ਼ਵਰ ਅੰਗ ਲਗਾਈਆ । ਜਿਸ ਦੀ ਦਰਗਹਿ ਸਾਚੀ ਵਸੀ, ਸਚਖੰਡ ਵੱਜੇ ਵਧਾਈਆ । ਜਿਸ ਨੇ ਲੇਖ ਮੁਕਾਉਣਾ ਲੱਖ ਚਾਰ ਅੱਸੀ, ਅਸਲ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅਸੀਂ ਵੇਖਿਆ ਨੂਰ ਜੋਤ ਉਜਿਆਰਾ, ਨਜ਼ਰ ਲਈ ਬਦਲਾਈਆ । ਪ੍ਰਭੂ ਕੀਤਾ ਸਚ ਪਿਆਰਾ, ਕਰਵਟ ਕਰਵਟ ਵਿਚੋਂ ਬਦਲਾਈਆ । ਦੇ ਕੇ ਸ਼ਬਦ ਹੁਲਾਰਾ, ਝੂਲਾ ਦਿਤਾ ਝੁਲਾਈਆ । ਬੋਲ ਕੇ ਸਚ ਜੈਕਾਰਾ, ਮੇਲਾ ਲਿਆ ਮਿਲਾਈਆ । ਅਸਾਂ ਕੀਤੀ ਨਿਮਸਕਾਰਾ, ਚਰਨਾਂ ਉਤੇ ਸੀਸ ਝੁਕਾਈਆ । ਅਬਿਨਾਸ਼ੀ ਕਰਤੇ ਫੇਰ ਕਿਹਾ ਦੋਬਾਰਾ, ਦੋਹਰਾ ਹੁਕਮ ਸੁਣਾਈਆ । ਤੁਹਾਡਾ ਮਾਲਕ ਇਕ ਨਿਰੰਕਾਰਾ, ਨਿਰਵੈਰ ਨੂਰ ਖ਼ੁਦਾਈਆ । ਝਗੜਾ ਛਡ ਦਿਉ ਪੱਥਰ ਇੱਟਾਂ ਗਾਰਾ, ਅੱਖਰਾਂ ਵਾਲੀ ਨਾ ਰਹੇ ਲੜਾਈਆ । ਮੇਰਾ ਵੇਖੋ ਸਰਬ ਪਸਾਰਾ, ਪਸਰ ਪਸਾਰੀ ਹੋ ਕੇ ਰਿਹਾ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰਾ, ਸੇਵਕ ਹੋ ਕੇ ਸੇਵ ਕਮਾਈਆ । ਤੁਹਾਡਾ ਸਭ ਦਾ ਇਕੋ ਘਰ ਬਾਹਰਾ, ਦਰ ਇਕੋ

ਦਿਤਾ ਵਖਾਈਆ । ਤੁਹਾਡਾ ਲੇਖੇ ਲਾਇਆ ਇਕ ਸ਼ਿੰਗਾਰਾ, ਸੋਹਣਾ ਮੋਹਣਾ ਰੂਪ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਸੰਗ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੇ ਕੋਲ ਆ ਗਿਆ ਸੱਚੀਂ, ਸਚ ਦਈਏ ਦ੍ਰਿੜਾਈਆ । ਅਸੀਂ ਸ਼ਰਮ ਵਿਚ ਅੱਖ ਨਾ ਪੱਟੀ, ਫੇਰ ਪਟਨੇ ਵਾਲੇ ਦਿਤਾ ਉਠਾਈਆ । ਹੁਣ ਸ਼ੱਕ ਰਿਹਾ ਨਾ ਰਤੀ, ਸ਼ਿਕਵਾ ਦਿਉ ਗਵਾਈਆ । ਸਾਹਿਬ ਸੁਲਤਾਨਾ ਸ੍ਰੀ ਭਗਵਾਨਾ ਤੁਹਾਡਾ ਲਹਿਣਾ ਦੇਵੇ ਹੱਥੋ ਹੱਥੀ, ਹਥੇਲੀ ਲਾਲ ਰੰਗ ਰੰਗਾਈਆ । ਇਹ ਬਚਨ ਸੁਣ ਕੇ ਲਛਮੀ ਖਿੜ ਖਿੜਾ ਕੇ ਹੱਸੀ, ਤਾਲੀ ਮੱਥੇ ਉਤੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰਾਹ ਚਲਾਈਆ । ਲਛਮੀ ਹੱਸ ਕੇ ਕਿਹਾ ਵੇਖੋ ਖੇਲ ਪੁਰਖ ਸਮਰਥ, ਵਿਸ਼ਵ ਧਾਰ ਦ੍ਰਿੜਾਈਆ । ਜਿਸ ਨੇ ਮਹਿੰਦੀ ਨਾਲ ਰੰਗੇ ਮੇਰੇ ਹੱਥ, ਜਗਤ ਰੂਪ ਦਰਸਾਈਆ । ਮਹਿੰਮਾ ਜਣਾਏ ਅਕਥਨਾ ਕਥ, ਜਿਸ ਨੂੰ ਲਿਖ ਸਕੇ ਕੋਇ ਨਾ ਰਾਈਆ । ਜੋ ਜੁਗ ਚੌਕੜੀ ਚਲਾਵੇ ਰਥ, ਨਾਨਕ ਨਿਰਗੁਣ ਸਰਗੁਣ ਆਇਆ ਸਮਝਾਈਆ । ਉਹ ਮਾਲਕ ਕਮਲਾਪਤ, ਪਤਿਪਰਮੇਸ਼ਵਰ ਬੇਪਰਵਾਹੀਆ । ਤੁਹਾਡੇ ਕੋਲ ਆ ਗਿਆ ਵਤ, ਵਤਨ ਆਪਣਾ ਇਕ ਸੁਹਾਈਆ । ਝਗੜਾ ਮੁਕਾ ਕੇ ਕਾਇਆ ਰਤ, ਨੂਰ ਜੋਤ ਵਿਚ ਸਮਾਈਆ । ਤੁਹਾਡਾ ਰਿਹਾ ਕੋਇ ਨਾ ਤਤ, ਤਤਵ ਝਗੜਾ ਦਿਤਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਖ ਵਟਾਈਆ । ਲਛਮੀ ਕਹੇ ਮੇਰੇ ਸੰਖ ਦੀ ਆਵਾਜ਼, ਗੁਰ ਅਵਤਾਰ ਪੈਗ਼ੰਬਰਾਂ ਰਹੀ ਹਿਲਾਈਆ । ਮੇਰੇ ਸੰਖ ਦੀ ਆਵਾਜ਼, ਸੁਖ਼ਨ ਪ੍ਰਭ ਦਾ ਨਜ਼ਰੀ ਆਈਆ । ਮੇਰੇ ਸੰਖ ਦੀ ਆਵਾਜ਼, ਧੁੰਨ ਦੋ ਜਹਾਨ ਸ਼ਨਵਾਈਆ । ਮੇਰੇ ਸੰਖ ਦੀ ਆਵਾਜ਼, ਦੋ ਜਹਾਨ ਰਹੀ ਉਠਾਈਆ । ਮੇਰੇ ਸੰਖ ਦੀ ਆਵਾਜ਼, ਗੋਬਿੰਦ ਸ਼ਬਦ ਬਾਜ਼ ਉਡਾਈਆ । ਮੇਰੇ ਸੰਖ ਦੀ ਆਵਾਜ਼, ਸਾਹਿਬ ਸੁਲਤਾਨ ਸੁਣ ਕੇ ਖ਼ੁਸ਼ੀ ਬਣਾਈਆ । ਮੇਰੇ ਸੰਖ ਦੀ ਆਵਾਜ਼, ਤਖ਼ਤ ਨਿਵਾਸੀ ਸੀਸ ਨਿਵਾਈਆ । ਜਿਸ ਦੇ ਸੀਸ ਉਤੇ ਤਾਜ, ਤਾਜਾਂ ਵਾਲੇ ਦਏ ਮਿਟਾਈਆ । ਜਿਸ ਦਾ ਇਕੋ ਹੋਣਾ ਰਾਜ, ਰਈਅਤ ਹੋਵੇ ਜਗਤ ਲੋਕਾਈਆ । ਸਤਿ ਧਰਮ ਚਲਾਉਣਾ ਰਿਵਾਜ, ਕਲਜੁਗ ਕਿਰਿਆ ਕੂੜ ਮਿਟਾਈਆ । ਮੁਖ਼ਾਤਬ ਹੋ ਕੇ ਦੇਣਾ ਖ਼ਤਾਬ, ਖਤਾ ਸਭ ਦੀ ਵੇਖ ਵਖਾਈਆ । ਮਿੱਤਰ ਪਿਆਰਾ ਬਣ ਅਹਿਬਾਬ, ਮਿਹਰਵਾਨ ਹੋਏ ਸਹਾਈਆ । ਸਤਿ ਧਰਮ ਦਾ ਬਦਲ ਦੇਣਾ ਸਮਾਜ, ਸਮਗਰੀ ਸਤਿ ਸਤਿ ਵਰਤਾਈਆ । ਗੁਰ ਅਵਤਾਰ ਪੈਗ਼ੰਬਰੋ ਤੁਹਾਡਾ ਪੂਰਾ ਕਰਨਾ ਕਾਜ, ਅਨੰਦ ਆਪਣੇ ਨਾਲ ਰਖਾਈਆ । ਮੇਰੇ ਸੰਖ ਦੀ ਆਵਾਜ਼, ਸੁਹਾਗੀ ਰੈਣ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪੜਦਾ ਲਾਹੀਆ । ਅਵਤਾਰ ਪੈਗ਼ੰਬਰ ਗੁਰ ਕਹਿਣ ਹਰਿ ਪਾਇਆ ਕੰਤ ਸੁਹਾਗੀ, ਸੁਹਾਗੀ ਕੰਤ ਘਰ ਰਾਮ ਜੀਉ । ਜਿਸ ਦੇ ਵਿਸ਼ਨ ਬ੍ਰਹਮਾ ਸ਼ਿਵ ਲਾਗੀ, ਸੇਵਕ ਸੇਵਾ ਕਰਨ ਗੁਣਵਾਨ ਜੀਉ । ਭਗਤ ਸੰਤ ਸਮਾਜੀ, ਗੁਰਮੁਖ ਗੁਰਸਿਖ ਸੰਗ ਨਿਭਾਉਣ ਜੀਉ । ਪ੍ਰੇਮ ਪਿਆਰੇ ਸ਼ਬਦ ਧਾਰ ਮਾਰਨ ਆਵਾਜ਼ੀ, ਧੁਨ ਨਾਦ ਸ਼ਨਵਾਈ ਜੀਉ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵੈਰਾਗ ਜੀਉ । ਵੈਰਾਗੀ ਸਤਿਗੁਰ ਡਿੱਠੜਾ, ਗਹਿਰ ਗੰਭੀਰਾ ਮੀਤ । ਜਿਸ ਦਾ ਬੋਲਾ ਮਿੱਠੜਾ, ਨਾਮ ਸੁਣਾਏ ਗੀਤ । ਵਸੇ ਸਦਾ ਚੀਤੜਾ, ਚਾੜ੍ਹੇ ਰੰਗ ਬਸੀਠ । ਜੋਤੀ ਧਾਰੋਂ ਨਿਤਰਾ, ਸਵਾਮੀ ਠਾਂਡਾ ਸੀਤ । ਆਦਿ ਜੁਗਾਦਿ ਕਦੇ ਨਾ ਵਿਛੜਾ, ਸਚਖੰਡ ਦਾ ਵਸਨੀਕ । ਜਿਸ ਸੋਹੰ ਸ਼ਬਦ ਸੁਣਾ ਕੇ ਫ਼ਿਕਰਾ, ਸਤਿਜੁਗ ਸਚ ਬਣਾਈ

ਰੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੀ ਦੇਵੇ ਭੀਖ । ਘਰ ਸਵਾਮੀ ਸਹਿਜ ਸੁਖ, ਪਾਇਆ ਕੰਤ ਭਤਾਰਾ । ਦਰਸ਼ਨ ਪਾਇਆ ਅਗੰਮ ਮੁਖ, ਹੋਇਆ ਨੂਰ ਦੀਦਾਰਾ । ਲੇਖਾ ਪਿਛਲਾ ਗਿਆ ਚੁੱਕ, ਹਰਿ ਮਿਲਿਆ ਕੰਤ ਭਤਾਰਾ । ਕੂੜਾ ਨਾਤਾ ਗਿਆ ਟੁੱਟ, ਸੁਣਿਆ ਸ਼ਬਦ ਨਜ਼ਾਰਾ । ਦੀਨ ਮਜ਼੍ਹਬ ਦੀ ਰਹੀ ਨਾ ਫੁੱਟ, ਸਚਖੰਡ ਵੇਖ ਆਏ ਏਕੰਕਾਰਾ । ਜਿਸ ਦਾ ਨਾਮ ਅਗੰਮਾ ਅੰਮ੍ਰਿਤ ਘੁਟ, ਦੋ ਜਹਾਨਾਂ ਠੰਡਾ ਠਾਰਾ । ਜਿਨ ਭਗਤ ਬਣਾਏ ਸਾਚੇ ਸੁਤ, ਨਾਲ ਰਲਾਏ ਗੋਬਿੰਦ ਸ਼ਬਦ ਦੁਲਾਰਾ । ਚਾਰ ਜੁਗ ਦਿਆਂ ਵਿਛੜਿਆਂ ਲਿਆ ਪੁਛ, ਵੇਖੇ ਵਿਗਸੇ ਪਾਵੇ ਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਹਾਰਾ । ਧੰਨਭਾਗ ਗੁਰ ਦੇਖਿਆ, ਦੀਖਿਆ ਹੋਈ ਅਪਾਰ । ਜਿਸ ਪਾਈ ਸਾਚੀ ਭਿਖਿਆ, ਭਿਛਿਆ ਨਾਮ ਵਿਚਾਰ । ਬਖ਼ਸ਼ੀ ਸਚ ਪ੍ਰੀਤਿਆ, ਪ੍ਰੀਤਮ ਸਿਰਜਣਹਾਰ । ਸਾਡਾ ਪਿਛਲਾ ਲੇਖ ਬੀਤਿਆ, ਅੱਗੇ ਮਾਰਗ ਦਿਤਾ ਸੁਖਾਲ । ਸਤਿਜੁਗ ਚਲਾਉਣੀ ਸਾਚੀ ਰੀਤਿਆ, ਏਕਾ ਰੰਗ ਰੰਗਾਉਣਾ ਸ਼ਾਹ ਕੰਗਾਲ । ਲੱਖ ਚੁਰਾਸੀ ਅੰਤਰ ਪਵਿਤਰ ਕਰੇ ਨੀਤਿਆ, ਨੇਤਰ ਆਪਣਾ ਖੋਲ੍ਹ ਕਮਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਨੂੰ ਕੀਤਾ ਸਭ ਬਹਾਲ । ਗੁਰ ਅਵਤਾਰ ਪੈਗ਼ੰਬਰ ਕਹਿਣ ਹਰਿ ਪਾਇਆ ਕੰਤ ਸੁਹੇਲਾ, ਸਵਾਮੀ ਸਹਿਜ ਸੁਖਦਾਈ ਜੀਉ । ਜਿਨ ਜੋਤੀ ਧਾਰ ਕੀਤਾ ਮੇਲਾ, ਸੰਜੋਗੀ ਰੂਪ ਦਰਸਾਈ ਜੀਉ । ਇਕੋ ਘਰ ਬਹਾ ਗੁਰੂ ਗੁਰ ਚੇਲਾ, ਦਰ ਸਾਚਾ ਇਕ ਵਡਿਆਈ ਜੀਉ । ਰੰਗ ਨਵੇਲੇ ਵਸਿਆ, ਵਸਣਹਾਰ ਗੋਪਾਲ । ਜਿਸ ਸਤਿਜੁਗ ਮਾਰਗ ਦੱਸਿਆ, ਦੀਨਾਂ ਬੰਧਪ ਦੀਨ ਦਿਆਲ । ਕਲਜੁਗ ਮੇਟੇ ਰੈਣ ਅੰਧੇਰੀ ਮੱਸਿਆ, ਸਤਿਜੁਗ ਸਾਚਾ ਦੇਵੇ ਨਾਮ ਮਸ਼ਾਲ । ਸੰਤ ਸੁਹੇਲਾ ਆਵੇ ਨੱਸਿਆ, ਖੇਲੇ ਖੇਲ ਮਾਤ ਕਮਾਲ । ਜੋ ਹਰ ਹਿਰਦੇ ਅੰਦਰ ਵਸਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਸੁਰਤ ਰਿਹਾ ਸੰਭਾਲ । ਗੁਰ ਅਵਤਾਰ ਪੈਗ਼ੰਬਰ ਕਹਿਣ ਆਇਆ ਦੇਸ ਸੰਬਲ, ਸੰਭਲ ਖੇਲ ਖਿਲਾਈਆ । ਜਿਸ ਨੂੰ ਦੋ ਜਹਾਨ ਲੱਭਣ, ਖੋਜਣ ਥਾਉਂ ਥਾਈਆ । ਉਹ ਮੂਰਤ ਗੋਪਾਲ ਮਦਨ, ਮਧ ਸੂਦਨ ਨੂਰ ਇਲਾਹੀਆ । ਜਿਸ ਦੇ ਦੀਪਕ ਜੋਤੀ ਜਗਣ, ਗੁਰ ਅਵਤਾਰ ਪੈਗ਼ੰਬਰ ਜੁਗ ਜੁਗ ਕਰ ਕੇ ਗਏ ਰੁਸ਼ਨਾਈਆ । ਅੰਤ ਓਸੇ ਦੀ ਸਰਨੀ ਲੱਗਣ, ਜਿਸ ਨੂੰ ਕੰਤ ਸੁਹਾਗੀ ਕਹਿ ਕੇ ਗਾਈਆ । ਨਾਤਾ ਤੋੜ ਕੇ ਮਾਟੀ ਬਦਨ, ਬਦਲਾ ਦੀਨ ਦੁਨੀ ਬਦਲਾਈਆ । ਸਚ ਦਵਾਰਾ ਲਗਾ ਕੇ ਸਗਣ, ਸਗਲਾ ਸਾਥੀ ਇਕ ਪਰਨਾਈਆ । ਖ਼ੁਸ਼ੀਆਂ ਨਾਲ ਸਾਰੇ ਵਸਣ, ਸਚਖੰਡ ਸਾਚੇ ਸੋਭਾ ਪਾਈਆ । ਦਿਨ ਦੀ ਵਾਰਤਾ ਫੇਰ ਰੈਣ ਨੂੰ ਦੱਸਣ, ਕਿਸ ਬਿਧ ਪ੍ਰਭ ਨਾਲ ਹੱਸ ਕੇ ਖ਼ੁਸ਼ੀ ਬਣਾਈਆ । ਨੱਚਣ ਕੁੱਦਣ ਟੱਪਣ, ਟੱਪੇ ਦੇਣ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਸਚ ਆਪਣੀ ਕਾਰ ਭੁਗਤਾਈਆ ।

### ੧੮ ਹਾੜ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ

ਅਵਤਾਰ ਪੈਗ਼ੰਬਰ ਗੁਰ ਜੋਤੀ ਨਾਰ ਕਹੇ ਪੁਰਖ ਅਕਾਲ ਨਾਲ ਹੁੰਦਾ ਰਿਹਾ ਹਾਸਾ, ਹੱਸ ਹੱਸ ਖ਼ੁਸ਼ੀ ਬਣਾਈਆ । ਤੇਰਾ ਕੀ ਖੇਲ ਲੱਖ ਆਕਾਸ਼ ਆਕਾਸ਼ਾ, ਭੇਵ ਅਭੇਦਾ ਦੇ ਖੁਲ੍ਹਾਈਆ । ਝਟ ਜੋਤੀ ਧਾਰ ਦੀ ਪਾ ਕੇ ਰਾਸਾ, ਕੋਟਨ ਕੋਟ ਬ੍ਰਹਿਮੰਡ ਖੰਡ ਦਿਤੇ ਹਿਲਾਈਆ । ਫੇਰ

ਸ਼ਾਹੋ ਭੂਪ ਬਣ ਸ਼ਾਹੀ ਪਹਿਨ ਲਿਬਾਸਾ, ਸੁਲਤਾਨ ਮਿਹਰਵਾਨ ਹੁਕਮ ਸੁਣਾਈਆ । ਸੁਣੋ ਜਿਸ ਸਾਹਿਬ ਦੀਆਂ ਕਰਦੇ ਆਏ ਬਾਤਾਂ, ਅੱਖਰਾਂ ਹਰਫ਼ਾਂ ਵਿਚ ਵਡਿਆਈਆ । ਲੋਕਮਾਤ ਮਾਰਦੇ ਆਏ ਵਾਟਾਂ, ਜੁਗ ਜੁਗ ਪੰਧ ਮੁਕਾਈਆ । ਜਗਾਉਂਦੇ ਆਏ ਹਵਨਾਂ ਵਿਚ ਲਾਟਾਂ, ਦੀਪਕ ਘਿਰਤ ਦਰਸਾਈਆ । ਸੁਣਾਉਂਦੇ ਆਏ ਸਿਫ਼ਤ ਅਗੰਮੀ ਗਾਥਾ, ਗਾ ਗਾ ਸ਼ੁਕਰ ਮਨਾਈਆ । ਉਸ ਦਾ ਖੇਲ ਵੇਖੋ ਹੁਣ ਸਾਚਾ, ਸਚ ਆਪਣਾ ਹੁਕਮ ਵਰਤਾਈਆ । ਸ੍ਰਿਸ਼ਟੀ ਉਤੇ ਸਤਿਜੁਗ ਵਿਚ ਰਹੇ ਕੋਇ ਨਾ ਚਾਚਾ, ਪਿਤਾ ਪੁਰਖ ਅਕਾਲ ਇਕੋ ਸੋਭਾ ਪਾਈਆ । ਤੁਹਾਡਾ ਲਹਿਣਾ ਦੇਣਾ ਪਿਛਲਾ ਵਾਚਾ, ਅਭੁੱਲ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਅਵਤਾਰ ਪੈਗ਼ੰਬਰ ਕਹੇ ਜੋਤੀ ਨਾਰੀ ਮੈਂ ਹੱਸ ਕੇ ਕੀਤਾ ਮਖੌਲ, ਵਾਹ ਪ੍ਰਭੂ ਤੇਰੀ ਬੇਪਰਵਾਹੀਆ । ਉਸ ਝਟ ਇਸ਼ਾਰਾ ਕੀਤਾ ਉਤੇ ਧੌਲ, ਧਰਨੀ ਦਿਤੀ ਵਖਾਈਆ । ਔਹ ਵੇਖੋ ਸਭ ਦਾ ਪੂਰਾ ਕੀਤਾ ਕੌਲ, ਇਕਰਾਰ ਆਪਣੇ ਨਾਲ ਨਿਭਾਈਆ । ਇਕੋ ਦੱਸ ਅਗੰਮਾ ਬੋਲ, ਅਨਬੋਲਤ ਰਾਗ ਸੁਣਾਈਆ । ਨਾਮ ਦੇ ਕੰਡੇ ਧਰਮ ਦਾ ਤੋਲ ਕੇ ਤੋਲ, ਤਰਾਜ਼ੂ ਸ਼ਬਦ ਗੁਰੂ ਹੱਥ ਟਿਕਾਈਆ । ਜੋਤੀ ਜਾਤਾ ਹੋ ਕੇ ਗਿਆ ਮੌਲ, ਮੌਲਾ ਆਪਣਾ ਹੁਕਮ ਵਰਤਾਈਆ । ਕਿਸੇ ਨਜ਼ਰ ਨਾ ਆਵੇ ਗੋਰਾ ਨਾ ਚਿੱਟਾ ਨਾ ਕਾਲਾ ਨਾ ਸੌਲ, ਸਾਂਵਲ ਸੁੰਦਰ ਸਮਝ ਕੋਇ ਨਾ ਪਾਈਆ । ਤੁਹਾਡੇ ਸਭ ਦੇ ਨਾਲ ਮਾਰ ਕੇ ਰੌਲ, ਰੋਲ ਆਪਣਾ ਨਾ ਕਿਸੇ ਸਮਝਾਈਆ । ਵੇਖੋ ਭਗਤ ਦਵਾਰਾ ਦਿਤਾ ਖੋਲ੍ਹ, ਖੁੱਲ੍ਹਾ ਦਰ ਇਕ ਦਰਸਾਈਆ । ਜਿਥੇ ਦੀਨ ਮਜ਼੍ਹਬ ਜ਼ਾਤ ਪਾਤ ਦਾ ਵੱਜੇ ਕੋਇ ਨਾ ਢੋਲ, ਢੋਲਾ ਪ੍ਰਭ ਦਾ ਸਾਰੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਜੋਤੀ ਨਾਰ ਕਹੇ ਮੈਂ ਖਿੜ ਖਿੜ ਹੱਸੀ, ਹਸਤੀ ਤਕੀ ਸ਼ਹਿਨਸ਼ਾਹੀਆ । ਫਿਰ ਮੈਂ ਇਰਦ ਗਿਰਦ ਚਾਰੇ ਕੂਟਾਂ ਨੱਸੀ, ਭੱਜੀ ਵਾਹੋ ਦਾਹੀਆ । ਫਿਰ ਹੌਕਾ ਭਰਿਆ ਕਿਸ ਦੇ ਪ੍ਰੇਮ ਵਿਚ ਫਸੀ, ਜੋ ਫੈਸਲਾ, ਹੱਕ ਸੁਣਾਈਆ । ਜਾਂ ਨਿਗਾਹ ਬਦਲੀ ਉਸੇ ਦੇ ਚਰਨਾਂ ਉਤੇ ਝੁਕਦੇ ਲੱਖ ਚਾਰ ਅੱਸੀ, ਦੋ ਜਹਾਨ ਬੈਠੇ ਸੀਸ ਨਿਵਾਈਆ । ਫਿਰ ਤੱਕਿਆ ਉਸ ਦੇ ਭਗਤਾਂ ਦੀ ਬਸਤੀ ਵਸੀ, ਦੂਜਾ ਖੇੜਾ ਸੋਭਾ ਕੋਇ ਨਾ ਪਾਈਆ । ਫੇਰ ਮੈਨੂੰ ਵੇਖ ਕੇ ਪੈ ਗਈ ਗਸ਼ੀ, ਹਾਏ ਉਫ਼ ਦਿਤਾ ਸੁਣਾਈਆ । ਫਿਰ ਯਾਦ ਆ ਗਿਆ ਇਹ ਤੇ ਪਿਛਲੀ ਕਥਾ ਕਹਾਣੀ ਪੱਕੀ, ਜੋ ਭਵਿਖਤਾਂ ਵਿਚ ਆਏ ਦ੍ਰਿੜਾਈਆ । ਜ਼ਰੂਰ ਏਸੇ ਕਰ ਕੇ ਡੋਰ ਗਈ ਕਟੀ, ਕਟਾਕਸ਼ ਪ੍ਰਭ ਨੇ ਦਿਤਾ ਲਗਾਈਆ । ਫੇਰ ਵੇਖਿਆ ਗੋਬਿੰਦ ਵਖਾ ਦਿਤੀ ਪੱਟੀ, ਪਟਨੇ ਵਾਲੇ ਦਿਤੀ ਵਖਾਈਆ । ਫੇਰ ਮੈਨੂੰ ਖ਼ੁਸ਼ੀ ਆਈ ਮੱਠੀ ਮੱਠੀ, ਪ੍ਰੇਮ ਰਸ ਰਸ ਪ੍ਰਗਟਾਈਆ । ਫੇਰ ਮੁਹੱਬਤ ਆਈ ਕੱਠੀ, ਮੈਂ ਆਪਣਾ ਆਪ ਲਿਆ ਦਬਾਈਆ । ਫੇਰ ਸਾਹਿਬ ਸਤਿਗੁਰ ਵੱਲ ਨੱਠੀ, ਭੱਜੀ ਵਾਹੋ ਦਾਹੀਆ । ਮੈਂ ਹੱਸ ਕੇ ਕਿਹਾ ਵੇ ਪ੍ਰਭੂ ਤੂੰ ਪਾਤਸ਼ਾਹ ਕਿ ਸ਼ਹਿਨਸ਼ਾਹ ਮੈਨੂੰ ਮਾਤਲੋਕ ਬਣਾ ਦਿਤਾ ਜੱਟੀ, ਜੱਟਾਂ ਦੇ ਵਸ ਪਾਈਆ । ਪੁਰਖ ਅਕਾਲ ਨੇ ਕਿਹਾ ਓਹ ਕਮਲੀਏ ਮੈਂ ਏਸੇ ਕਰ ਕੇ ਤੁਹਾਡਾ ਲੇਖਾ ਪਾਇਆ ਨੱਟੀ, ਪੌਂ ਆਪਣੇ ਸ਼ਬਦ ਹੱਥ ਰਖਾਈਆ । ਜਿੰਨਾ ਚਿਰ ਤੁਸਾਂ ਮੈਨੂੰ ਨਹੀਂ ਬਣਾਇਆ ਕਮਲਾਪਤੀ, ਪਤਿਪਰਮੇਸ਼ਵਰ ਹੋ ਕੇ ਤੁਹਾਨੂੰ ਅਜੇ ਗੋਦ ਨਾ ਕੋਇ ਟਿਕਾਈਆ । ਤੁਹਾਡੀ ਨਿੱਕੀ ਨਿੱਕੀ ਲੋਕਮਾਤ ਮੈਂ ਜਗਾਉਂਦਾ ਰਿਹਾ ਮੋਮਬੱਤੀ, ਬੁਤਖ਼ਾਨਿਆਂ ਵਿਚ ਰਖਾਈਆ । ਕਿਉਂ ਮੁਹੰਮਦਾ ਤੂੰ ਮੁਹੰਮਦ ਕਿ ਫੱਤੀ, ਕਿ ਫ਼ਤਵੇ ਵਾਲਾ ਸੋਭਾ ਪਾਈਆ । ਉਸ ਸੱਚੀ ਕਹਾਣੀ ਦੱਸੀ, ਦੱਸ ਕੇ ਰਿਹਾ ਜਣਾਈਆ । ਓਨੇ ਚਿਰ ਨੂੰ ਈਸਾ ਬੋਲਿਆ ਆਹ ਵੇਖ

ਮੇਰੇ ਗਲ ਵਿਚ ਰੱਸੀ, ਬਿਨ ਤੇਰੇ ਤੋਂ ਰਸਤਾ ਨਜ਼ਰ ਕੋਇ ਨਾ ਆਈਆ । ਮੂਸਾ ਕਿਹਾ ਮੇਰੀ ਭੱਜ ਗਈ ਕਾਇਆ ਮੱਟੀ, ਮਟਕ ਮਟਕ ਚਲਣ ਵਾਲੀ ਤੋਰ ਰਹੀ ਨਾ ਰਾਈਆ । ਨਾਨਕ ਗੋਬਿੰਦ ਕਿਹਾ ਤੇਰੀ ਬਣਿਆ ਕੋਇ ਨਾ ਸਖ਼ੀ, ਸਖ਼ੀ ਸੁਖ਼ਨ ਤੋੜ ਨਾ ਕੋਇ ਨਿਭਾਈਆ । ਧੰਨ ਭਾਗ ਜੇ ਹੁਣ ਖੇਲ ਵਖਾਇਆ ਅੱਖੀਂ, ਆਖ਼ਰ ਆਪਣੀ ਕਾਰ ਕਮਾਈਆ । ਅੱਗੇ ਭਗਤਾਂ ਨੂੰ ਭਗਤੀ ਕਰਾਉਂਦਾ ਰਿਹਾ ਕੁੱਲੀ ਕੱਖੀਂ, ਜੰਗਲਾਂ ਵਿਚ ਭਵਾਈਆ । ਤਪਾਉਂਦਾ ਰਿਹੋਂ ਅਗਨੀ ਵਾਲੀ ਭੱਠੀ, ਈਂਧਨ ਨਾਲ ਚਤੁਰਾਈਆ । ਦੱਸਦਾ ਰਿਹਾ ਮਾਲਾ ਮਣਕਿਆਂ ਵਾਲੀ ਰੱਟੀ, ਦਿਵਸ ਰੈਣ ਧਿਆਨ ਲਗਾਈਆ । ਹੁਣ ਖੇਲ ਅਨੋਖਾ ਕਥਾ ਕਹਾਣੀ ਅੱਛੀ, ਅੱਛੀ ਤਰਾਂ ਦਿਤਾ ਦ੍ਰਿੜਾਈਆ । ਜਿਸ ਆਤਮਾ ਨੂੰ ਇਕ ਵਾਰ ਪ੍ਰੇਮ ਨਾਲ ਕਹਿ ਲਿਆ ਆ ਮੇਰੀ ਬੱਚੀ, ਬੱਚਿਆਂ ਵਾਂਗ ਗੋਦ ਉਠਾਈਆ । ਉਹ ਤੇਰੇ ਸਚਖੰਡ ਦਵਾਰੇ ਵਸੀ, ਵਾਸਤਾ ਤੇਰੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਜੋਤੀ ਨਾਰ ਕਹੇ ਅੱਜ ਮੇਰੇ ਸਵਾਮੀ ਹੱਥ ਲਾ ਦਿਤਾ ਉਤੇ ਮੇਰੀ ਠੋਡੀ, ਉਂਗਲ ਸਹਿਜ ਨਾਲ ਛੁਹਾਈਆ । ਮੈਂ ਸਿਰ ਦੇ ਲਿਆ ਵਿਚ ਗੋਡੀਂ, ਨੇਤਰ ਨੈਣ ਸ਼ਰਮਾਈਆ । ਚਰਨ ਰੱਖਿਆ ਉਤੇ ਮੇਰੀ ਮੋਢੀ, ਸਹਿਜ ਨਾਲ ਦਬਾਈਆ । ਜਾਂ ਨੇਤਰ ਖੋਲ੍ਹਿਆ ਮੈਂ ਬੈਠੀ ਵਿਚ ਗੋਦੀ, ਗੋਦਾਵਰੀ ਦੇ ਕੰਢੇ ਵਾਲਾ ਗੋਬਿੰਦ ਦਏ ਗਵਾਹੀਆ । ਫੇਰ ਵੇਖਿਆ ਨਾ ਮੈਂ ਸਵਾਣੀ ਨਾ ਮੇਰੇ ਸੀਸ ਤੇ ਮੇਂਢੀ ਤੇ ਨਾ ਸੀਸ ਤੇ ਦਿਸੀ ਬੋਦੀ, ਮੂੰਡ ਮੁੰਡਾਇਆ ਵੇਸ ਨਾ ਕੋਇ ਕਰਾਈਆ । ਜਾਂ ਮਾਲਕ ਤੱਕਿਆ ਨਿਰਗੁਣ ਧਾਰ ਜੋਤੀ, ਜੋਤੀ ਜਾਤਾ ਨਜ਼ਰੀ ਆਈਆ । ਮੈਂ ਆਪਣਾ ਆਪ ਉਸੇ ਦੀ ਗੋਤੀ, ਓਸੇ ਵਿਚੋਂ ਪਰਗਟ ਕੇ ਤੇ ਓਸੇ ਵਿਚ ਆਪਣਾ ਝਟ ਲੰਘਾਈਆ । ਨਾ ਕੋਈ ਪੜ੍ਹਨੀ ਪਈ ਪੋਥੀ, ਪੁਸਤਕ ਬਗ਼ਲ ਨਾ ਕੋਇ ਟਿਕਾਈਆ । ਮੈਂ ਸੋਚ ਕੀਤੀ ਬਹੁਤੀ, ਧਿਆਨ ਧਿਆਨ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖ਼ੁਸ਼ੀ ਬਣਾਈਆ । ਜੋਤੀ ਨਾਰ ਕਹੇ ਪੁਰਖ ਅਕਾਲ ਕੀਤੀ ਨਿੱਕੀ ਜਿਹੀ ਸ਼ਰਾਰਤ, ਸ਼ਰਅ ਚਾਰ ਜੁਗ ਦੀ ਦਿਤੀ ਵਖਾਈਆ । ਆਹ ਵੇਖ ਆਪਣੀ ਅੱਖਰਾਂ ਵਾਲੀ ਇਬਾਰਤ, ਕੀ ਸਬਕ ਰਹੀ ਪੜ੍ਹਾਈਆ । ਆਹ ਵੇਖ ਇੱਟਾਂ ਪੱਥਰਾਂ ਵਾਲੀ ਇਮਾਰਤ, ਰੂਪ ਮੇਰਾ ਨਜ਼ਰ ਕੋਇ ਨਾ ਆਈਆ । ਆਹ ਵੇਖ ਨਾਮ ਕਲਮੇ ਵਾਲੀ ਆੜ੍ਹਤ, ਹੱਟ ਧਰਮ ਨਾ ਕੋਇ ਚਲਾਈਆ । ਆਹ ਵੇਖ ਮੇਰਾ ਖੇਲ ਵਿਚ ਭਾਰਤ, ਖੰਡ ਬ੍ਰਹਿਮੰਡ ਦਿਆਂ ਦਰਸਾਈਆ । ਥੋੜਾ ਜਿਹਾ ਇਸ਼ਾਰਾ ਦਿਤਾ ਨਾਰਦ, ਬੋਦੀ ਹਿਲਾਉਂਦਾ ਆ ਗਿਆ ਚਾਈਂ ਚਾਈਂਆ । ਪ੍ਰਭੂ ਜੇ ਤੇਰੀ ਜੋਤੀ ਇਸਤਰੀ ਉਤੇ ਕੋਈ ਚਾਹੀਦੀ ਗਾਰਦ, ਤੇ ਮੈਂ ਸੂਰਮਾ ਪਹਿਰੇਦਾਰ ਬੜਾ ਅਖਵਾਈਆ । ਕਿਉਂ ਤੂੰ ਸਭ ਤੋਂ ਵੱਡਾ ਲਾਰਡ, ਮੈਂ ਤੇਰੇ ਦੋ ਜਹਾਨ ਦਾ ਲੈਂਡ ਲਾਰਡ ਨਜ਼ਰੀ ਆਈਆ । ਕਿਉਂ ਤੇਰੇ ਪੰਜਾਂ ਦਰਬਾਰੀਆਂ ਨੇ ਤੇਰੀ ਭੇਟਾ ਕੀਤੇ ਪੰਜ ਕਾਰਡ, ਪੰਜ ਪੰਜ ਤੇਰੇ ਹੱਥ ਫੜਾਈਆ । ਉਨ੍ਹਾਂ ਉਤੇ ਤੂੰ ਦੱਸਿਆ ਨਾਰਦਾ ਤੂੰ ਵਸਣਾ ਕੇਹੜੀ ਵਿਚ ਵਾਰਡ, ਕਵਣ ਘਰਾਨੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਨਾਰਦ ਕਹੇ ਪ੍ਰਭੂ ਮੈਂ ਕੋਈ ਨੌਕਰੀ ਕਰਨੀ ਏ ਚੰਗੀ, ਚੰਗੀ ਤਰਾਂ ਦਿਆਂ ਸੁਣਾਈਆ । ਭਾਵੇਂ ਮੈਨੂੰ ਬਹੁਤੀ ਹੋਵੇ ਤੰਗੀ, ਤੰਗੀ ਕਟ ਕੇ ਖ਼ੁਸ਼ੀ ਬਣਾਈਆ । ਪਰ ਇਕ ਗੱਲ ਯਾਦ ਕਰ ਲੈ ਆਪਣੀ ਜੋਤੀ ਰਾਣੀ ਨੂੰ ਦੱਸ ਦੇ ਜੇ ਕਿਤੇ ਅਚਾਨਕ ਹੋ ਜਾਏ ਰੰਡੀ, ਬਿਨਾ ਨਾਰਦ ਤੋਂ ਹੋਰ ਨਾ ਕਿਸੇ ਪਰਨਾਈਆ । ਕਿਉਂ ਤੂੰ ਦਾਤਾ ਜੁਗ ਜੁਗ ਗੁਰੂਆਂ ਅਵਤਾਰਾਂ ਪੈਗ਼ੰਬਰਾਂ



੫੭੫
੨੨

ਨੂੰ ਇਕ ਇਕ ਨਾਰ ਜ਼ਰੂਰ ਵੰਡੀ, ਤੇ ਮੇਰਾ ਹਿੱਸਾ ਅਜੇ ਤਕ ਰੱਖਿਆ ਛੁਪਾਈਆ । ਮੇਰਾ ਜੀਅ ਕਰਦਾ ਇਸ ਚਹੁ ਜੁਗਾਂ ਦੀ ਧਾਰ ਨੂੰ ਚੁੱਕ ਲਵਾਂ ਆਪਣੀ ਕੰਧੀਂ, ਮੋਢਿਆਂ ਉਤੇ ਲਵਾਂ ਟਿਕਾਈਆ । ਫੇਰ ਪੈ ਜਾਵਾਂ ਤੇਰੇ ਭਗਤਾਂ ਦੇ ਭਗਤ ਦਵਾਰੇ ਦੀ ਡੰਡੀ, ਡੰਡਾਵਤ ਕਰਕੇ ਸਭ ਨੂੰ ਸੀਸ ਨਿਵਾਈਆ । ਪਰ ਯਾਦ ਕਰ ਲੈ ਆਪਣੀ ਘਰ ਵਾਲੀ ਨੂੰ ਦੱਸਦੇ ਜੇ ਨਾਰਦ ਨਾਲ ਜਾਣਾ ਤੇ ਗਲ ਕਦੇ ਨਾ ਪਾਵੇ ਅੰਗੀ, ਮਟਕ ਨਾਲ ਚਲੇ ਚਾਈਂ ਚਾਈਂਆ । ਫੇਰ ਵੇਖੀਂ ਮੇਰੀ ਬੋਦੀ ਦੀ ਹਵਾ ਆਉਂਦੀ ਠੰਡੀ, ਤੇ ਜਦੋਂ ਹਿਲਾਵਾਂ ਉਨੰਜਾ ਪਵਣ ਅੱਖ ਸ਼ਰਮਾਈਆ । ਪਰ ਹੋਰ ਗੱਲ ਉਹਨੂੰ ਕਹਿ ਦੇਵੀਂ ਸਿੱਧੀ ਪੁੱਠੀ ਤੇ ਦੋਵੇਂ ਧਾਰਾਂ ਦੀ ਵਾਹਵੇ ਕੰਘੀ, ਐਵੇਂ ਸਿੱਧਾ ਚੀਰ ਕਢ ਕੇ ਨਾ ਦੇਵੇ ਵਖਾਈਆ । ਹੋਰ ਦੱਸਾਂ ਕਿਤੇ ਸੁੱਤੀ ਨਾ ਰਹੇ ਉਤੇ ਪਲੰਘੀ, ਸੁਖ ਆਸਣ ਡੇਰਾ ਲਾਈਆ । ਮੈਂ ਚਾਹੁੰਦਾ ਉਹਨੂੰ ਉਥੇ ਸਵਾਵਾਂ ਜੇਹੜੀ ਕਲ ਭਗਤਾਂ ਨੇ ਚੁੱਕੀ ਸੀ ਅਲਾਣੀ ਮੰਜੀ, ਤੇ ਸੁੱਕੇ ਟੁਕੜੇ ਖਵਾ ਕੇ ਗ਼ਰੀਬਾਂ ਵਿਚ ਦੇਵਾਂ ਰਲਾਈਆ । ਪਰ ਜੇ ਕਿਤੇ ਗੁਰਸਿਖਾਂ ਦੀ ਲੱਗੀ ਹੋਵੇ ਮੰਡੀ, ਉਥੇ ਜਾ ਕੇ ਦਿਆਂ ਵਖਾਈਆ । ਓ ਗੁਰਮੁਖੋ ਗੁਰਸਿਖੋ ਜੇ ਤੁਹਾਨੂੰ ਪਸੰਦ ਹੈ ਤੇ ਕੀਮਤ ਮੈਨੂੰ ਦਿਉ ਚੰਗੀ, ਮੈਂ ਰੱਜ ਪੁਜ ਕੇ ਬ੍ਰਾਹਮਣ ਆਪਣਾ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਜੋਤੀ ਨਾਰ ਕਹੇ ਓ ਬ੍ਰਾਹਮਣਾ ਨਾ ਕਰ ਗੁਸਤਾਖ਼ੀ, ਝਟ ਗੌਤਮ ਅੱਖ ਖੁਲ੍ਹਾਈਆ । ਉਸ ਕਿਹਾ ਕਮਲਿਆ ਮੰਗ ਲੈ ਮਾਫ਼ੀ, ਹੱਥ ਬੰਨ੍ਹ ਸੀਸ ਨਿਵਾਈਆ । ਨਾਰਦ ਕਿਹਾ ਮੇਰਾ ਖੇਲ ਦੋ ਜਹਾਨਾਂ ਦੀ ਸਾਖੀ, ਸਖ਼ਾਵਤ ਦਿਆਂ ਦ੍ਰਿੜਾਈਆ । ਓ ਮੈਂ ਤੇਰੀ ਮੰਨਾਂ ਕਿ ਉਸ ਪ੍ਰਭੂ ਦੀ ਆਖੀ, ਜੋ ਅੱਖਰਾਂ ਤੋਂ ਬਾਹਰ ਕਰੇ ਪੜ੍ਹਾਈਆ । ਵੇਖੀਂ ਮੈਨੂੰ ਕਦੀ ਨਾ ਕਹੀਂ ਪਾਪੀ, ਮੈਂ ਪਤਿਤ ਪੁਨੀਤ ਬਣ ਕੇ ਪ੍ਰਭ ਦੀ ਸੇਵ ਕਮਾਈਆ । ਮੈਂ ਜਦੋਂ ਕਰਾਂ ਤੇ ਇਕੋ ਇਕ ਦਾ ਪਾਠੀ, ਪਾਠਸ਼ਾਲਾ ਆਪਣੇ ਅੰਦਰ ਇਕ ਟਿਕਾਈਆ । ਧੰਨ ਭਾਗ ਜੇ ਮੇਰੀ ਮੁਕ ਗਈ ਵਾਟੀ, ਪੈਂਡਾ ਰਿਹਾ ਨਾ ਰਾਹੀਆ । ਤੇ ਮੈਨੂੰ ਇਕ ਅੰਮ੍ਰਿਤ ਬੂੰਦ ਮਿਲੀ ਜਿਸ ਵੇਲੇ ਗੋਬਿੰਦ ਨੇ ਰਸ ਭਰਿਆ ਸੀ ਵਿਚ ਬਾਟੀ, ਜਗਤ ਵਿਸਾਖੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਚਮਕਾਈਆ । ਬੋਦੀ ਕਹੇ ਓ ਪ੍ਰਭੂ ਦੀਏ ਰਾਣੀਏ, ਧਰਮ ਦੀਏ ਸਵਾਣੀਏ, ਸਚ ਸਚ ਸੁਣਾਈਆ । ਇਧਰ ਵੇਖ ਅੱਗੇ ਤੂੰ ਰੂਪ ਧਰਦੀ ਰਹੀਉਂ ਬ੍ਰਾਹਮਣ ਖੱਤ੍ਰੀ ਤੇ ਬਾਣੀਏ, ਈਸਾਈ ਮੁਸਲਿਮ ਪਾਰਸੀ ਵੰਡ ਵੰਡਾਈਆ । ਨੀ ਇਕ ਅੱਖ ਨਾਲ ਵੇਖਣ ਵਾਲੀਏ ਅੱਖੋਂ ਕਾਣੀਏ, ਦੀਨ੍ਹਾਂ ਮਜ਼੍ਹਬਾਂ ਤੋਂ ਆਪਣਾ ਮੁਖ ਛੁਪਾਈਆ । ਤੂੰ ਚੜ੍ਹ ਕੇ ਬਹਿੰਦੀ ਰਹੀਉਂ ਲਹਿੰਦੇ ਚੜ੍ਹਦੇ ਦੱਖਣ ਪਹਾੜ ਜਗਤ ਬ੍ਰਿਛ ਦੀਏ ਟਾਹਣੀਏ, ਪ੍ਰਭ ਦਾ ਨਾਮ ਵੱਖਰਾ ਵੱਖਰਾ ਰਾਗਾਂ ਵਿਚ ਸੁਣਾਈਆ । ਬਣਦੀ ਰਹੀ ਏਂ ਪਵਣ ਸਵਾਸੀ ਮਸਾਣੀਏ, ਕਬਰਾਂ ਮੜ੍ਹੀਆਂ ਰੰਗ ਰੰਗਾਈਆ । ਭਰਦੀ ਰਹੀਉਂ ਪਾਣੀਏ, ਅੱਠਾਂ ਸੱਠਾਂ ਖੇਲ ਖਿਲਾਈਆ । ਜੇ ਹੁਣ ਕੁਛ ਕਰੇ ਤਾਂ ਜਾਣੀਏ, ਕੀ ਆਪਣੀ ਕਲ ਵਰਤਾਈਆ । ਮੈਨੂੰ ਐਂ ਦਿਸਦਾ ਇਹ ਖੇਲ ਅਗੰਮ ਮਹਾਨੀਏ, ਜਿਸ ਦੀ ਸਮਝ ਕਿਸੇ ਨਾ ਪਾਈਆ । ਸਾਡੀ ਛੋਟੀ ਛੋਟੀ ਦੱਸਦੇ ਆਏ ਨਿਸ਼ਾਨੀਏ, ਨਿਸ਼ਾਨਾ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਜੋਤੀ ਨਾਰ ਕਹੇ ਏਹ ਬ੍ਰਹਮਣ ਪਖੰਡੀ ਕਰ ਜਾ ਚੁਪ, ਬੋਲ ਕਬੋਲ ਨਾ ਕੋਇ ਸੁਣਾਈਆ । ਨਾਰਦ ਕਿਹਾ ਗ਼ੁੱਸੇ ਨਾ ਹੋ ਅੰਬੜੀਏ ਮੈਂ ਤੇਰਾ ਪੁੱਤ, ਲਾਡਾਂ ਨਾਲ ਮੈਨੂੰ ਗੋਦ ਲੈ ਟਿਕਾਈਆ । ਉਸ ਕਿਹਾ ਵੇਖ ਕਲਜੁਗ ਅੰਧੇਰਾ ਘੁੱਪ, ਨੂਰ ਨਜ਼ਰ ਕੋਇ ਨਾ ਆਈਆ । ਨਾਰਦ

ਕਿਹਾ ਬੀਬੀ ਰਾਣੀਏ ਕਿਤੇ ਤੁਹਾਡਾ ਪੈਂਡਾ ਤੇ ਨਹੀਂ ਗਿਆ ਮੁਕ, ਅੱਗੇ ਰਾਹ ਨਾ ਕੋਇ ਵਖਾਈਆ । ਓਨ੍ਹੇ ਗ਼ੁੱਸੇ ਵਿਚ ਕਿਹਾ ਮੂਰਖਾ ਪਰੇ ਹੋ ਕੇ ਲੁਕ, ਕਿਉਂ ਤੁਹਮਤਾਂ ਰਿਹਾ ਲਾਈਆ । ਨਾਰਦ ਕਹਿੰਦਾ ਮੈਨੂੰ ਇਹੋ ਦੁੱਖ, ਮੇਰੇ ਪੁਰਖ ਅਕਾਲ ਤੋਂ ਬਿਨਾ ਨਿੱਕੇ ਨਿੱਕੇ ਨਾਂ ਸਾਰੇ ਆਏ ਜਪਾਈਆ । ਸ੍ਰਿਸ਼ਟੀ ਦੇ ਮਾਨਵ ਨੂੰ ਕਿਸੇ ਗਲ ਨਾਲ ਲਾਇਆ ਨਹੀਂ ਘੁੱਟ, ਗਲਵਕੜੀ ਇਕੋ ਵਾਰ ਪਾਈਆ । ਜੋਤੀ ਰੋ ਪਈ ਬਿਨ ਨੈਣਾਂ ਫੁੱਟ ਫੁੱਟ, ਇਹ ਫੁਟਕਲ ਕੀਤੀ ਤੇਰੇ ਮਾਹੀਆ । ਨਾਰਦ ਢਿੱਲੇ ਕਰਕੇ ਬੁੱਲ ਤੇ ਬੁੱਟ, ਮੂੰਹ ਦਿਤਾ ਬਦਲਾਈਆ । ਬੀਬੀਏ ਰਾਣੀਏ ਹੁਣ ਖੋਲ੍ਹ ਦੇ ਗੁੱਤ, ਮੇਂਢੀ ਕਿਉਂ ਮੇਂਢੀ ਉਤੇ ਚੜ੍ਹਾਈਆ । ਏਸ ਮੇਂਢੀ ਦੀਆਂ ਤਿੰਨ ਧਾਰਾਂ ਤੇ ਤ੍ਰਿਲੋਕੀ ਵਿਚ ਆਪ ਬੈਠਾ ਲੁਕ, ਇਹ ਗੁੱਤ ਕਰਨੀ ਲਛਮੀ ਨੂੰ ਪਹਿਲੇ ਦਿਨ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਪੁਰਖ ਅਕਾਲ ਕਹੇ ਮੈਂ ਕੀਤਾ ਥੋੜਾ ਥੋੜਾ ਚੋਲ੍ਹ, ਚੋਲੇ ਸਰਬ ਬਦਲਾਈਆ । ਹੌਲੀ ਜੇਹੀ ਬੋਲਿਆ ਬੋਲ, ਅਨਬੋਲਤ ਰਾਗ ਸੁਣਾਈਆ । ਜੋਤੀ ਧਾਰੀ ਆ ਗਈ ਕੋਲ, ਨੇੜੇ ਹੋ ਕੇ ਸੀਸ ਨਿਵਾਈਆ । ਮੈਂ ਸਹਿਜ ਨਾਲ ਮਾਰੀ ਧੌਲ, ਚਰਨਾਂ ਉਤੇ ਮੂੰਹ ਦੇ ਭਾਰ ਸੁਟਾਈਆ । ਨੀ ਚਾਰ ਜੁਗ ਦੇ ਲੇਖੇ ਦੱਸ ਦੇ ਬੋਲ, ਜੋ ਲਿਖ ਲਿਖ ਜਗਤ ਜਣਾਈਆ । ਉਹ ਕਹਿੰਦੀ ਪ੍ਰਭੂ ਤੇਰਾ ਖੇਲ ਸਦਾ ਗੋਲ, ਏਸੇ ਕਰਕੇ ਗੋਲ ਧਰਤੀ ਦਿਤੀ ਬਣਾਈਆ । ਜਿਧਰ ਵੇਖੀਏ ਉਧਰ ਰਵਿਆ ਹੋਵੇ ਮੌਲ, ਮੌਲਾ ਹੋ ਕੇ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਵਖਾਈਆ । ਜੋਤੀ ਨਾਰ ਕਹੇ ਮੇਰਾ ਸੋਹਣਾ ਰੂਪ ਸੁਹਾਵਣਾ, ਸੋਭਾ ਵਿਚ ਵਡਿਆਈਆ । ਮੈਂ ਤੇ ਇਕੋ ਕੰਤ ਹੰਢਾਵਣਾ, ਦੂਜੀ ਸੇਜ ਨਾ ਵੇਖਣ ਪਾਈਆ । ਇਕੋ ਢੋਲਾ ਗਾਵਣਾ, ਗਾ ਗਾ ਖ਼ੁਸ਼ੀ ਵਖਾਈਆ । ਇਕੋ ਇਸ਼ਟ ਮਨਾਵਣਾ, ਜੋ ਮੇਰਾ ਮਾਲਕ ਧੁਰ ਦਾ ਮਾਹੀਆ । ਇਕੋ ਚਰਨ ਧੂੜੀ ਨ੍ਹਾਵਣ ਨ੍ਹਾਵਣਾ, ਦੂਸਰ ਜਲ ਨਾ ਕੋਇ ਵਰਤਾਈਆ । ਇਕੋ ਪੀਣਾ ਇਕੋ ਖਾਵਣਾ, ਤ੍ਰਿਸਨਾ ਅਗਨ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਝਟ ਬੋਲ ਪਿਆ ਨਾਰਦ, ਕੀ ਕਿਹਾ, ਹੈਂ, ਮੈਨੂੰ ਦੇ ਸੁਣਾਈਆ । ਸਚ ਦੱਸ ਪ੍ਰਭੂ ਚੰਗਾ ਕਿ ਮੈਂ, ਮੇਰੇ ਤੋਂ ਚੰਗੀ ਪ੍ਰਭ ਨੇ ਸ਼ਕਲ ਨਾ ਕਦੇ ਬਣਾਈਆ । ਨੀ ਹੌਲੀ ਜੇਹੀ ਕਹਿ ਦੇ ਮੁਖੋਂ ਤੈਂ, ਫਿਰ ਮਾਲਵੇ ਵਾਲੇ ਸਾਰੇ ਦੇਣ ਗਵਾਹੀਆ । ਜੋਤੀ ਨਾਰ ਕਿਹਾ ਨਾ ਕਰ ਕੈਂ ਕੈਂ, ਕਾਗ ਵਾਂਗ ਕੁਰਲਾਈਆ । ਉਸ ਕਿਹਾ ਮੈਂ ਪ੍ਰਭੂ ਨੂੰ ਜਾਣਾ ਲੈ, ਮਾਤਲੋਕ ਦਾ ਰਾਹ ਵਖਾਈਆ । ਜਿਥੇ ਸਾਰੇ ਮੰਨਦੇ ਉਹਦਾ ਭੈ, ਭਾਉ ਵਿਚ ਸੀਸ ਨਿਵਾਈਆ । ਉਥੇ ਵਖਾਉਣਾ ਭਗਤਾਂ ਦਾ ਗ੍ਰਿਹਿ, ਜਿਥੇ ਗੁਰਮੁਖ ਸੋਹਣੇ ਸੋਭਾ ਪਾਈਆ । ਜੇ ਪ੍ਰਭੂ ਨਾ ਆਇਆ ਤੇ ਤੇਰਾ ਸਚਖੰਡ ਜਾਏ ਢਹਿ, ਬਿਨਾ ਸਾਹਿਬ ਤੋਂ ਸਚਖੰਡ ਕੰਮ ਕਿਸੇ ਨਾ ਆਈਆ । ਹੁਣ ਵੇਖੀਏ ਕਿਸ ਤਰਾਂ ਕਲਜੁਗ ਅੰਤਮ ਵਹਿੰਦੀ ਨੈਂ, ਨਾਉਂ ਨਿਰੰਕਾਰਾ ਹੜ੍ਹ ਵਗਾਈਆ । ਨੀ ਜੋਤੀ ਰਾਣੀਏ ਚਾਰ ਜੁਗ ਨੂੰ ਖਾਣੀਏ ਆਪਣੇ ਅੰਦਰੋਂ ਕਰਦੇ ਕੈ, ਦੀਨ ਮਜ਼੍ਹਬ ਸਾਰੇ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਹੁਕਮ ਇਕ ਸੁਣਾਈਆ । ਧੁਰ ਦੀ ਰਾਣੀ ਕਿਹਾ ਓ ਮੁਨੀ, ਜੀ ਕੀ ਰਿਹਾ ਸੁਣਾਈਆ । ਨਾਰਦ ਕਿਹਾ ਅਜੇ ਤੂੰ ਉਹ ਗੱਲ ਨਹੀਂ ਸੁਣੀ, ਜੋ ਸੁਣ ਕੇ ਭੱਜੇ ਵਾਹੋ ਦਾਹੀਆ । ਅੱਜੇ ਪ੍ਰਭ ਨੇ ਖੇਲ ਕਰਨਾ ਇਕ ਦੇ ਨਾਲ ਨੌਂ ਜੋੜ ਕੇ ਜਿਸ ਨੂੰ ਕਹਿੰਦੇ ਉਨੀ, ਮੁਸਲਿਮ ਸੁੰਨੀ ਡੇਰਾ ਢਾਹੀਆ । ਜੋਤੀ ਕਹੇ ਵੇਖ ਓ ਕਮਲਿਆ ਕੀ ਮੇਰਾ ਮਾਲਕ ਸਭ ਤੋਂ ਵਡਾ ਖ਼ੂਨੀ, ਖ਼ੂੰਖਾਰ

ਨਜ਼ਰੀ ਆਈਆ । ਨਾਰਦ ਕਿਹਾ ਨਾ ਬੀਬਾ ਜੁਗ ਉਲਟਾਉਣਾ ਉਸ ਦੇ ਵਾਸਤੇ ਮਾਮੂਲੀ, ਮਾਮਲੇ ਸਭ ਦੇ ਸਾਫ਼ ਕਰਾਈਆ । ਉਹ ਕਦੇ ਨਹੀਂ ਕਰਦਾ ਬੇਅਸੂਲੀ, ਅਸਲ ਆਪਣਾ ਹੁਕਮ ਵਰਤਾਈਆ । ਪਰ ਯਾਦ ਰੱਖ ਲੈ ਤੁਹਾਡੇ ਨਾਮ ਕਮਲਿਆਂ ਦੀ ਕਰੇ ਵਸੂਲੀ, ਲੇਖਾ ਪਿਛਲਾ ਸਰਬ ਕਢਾਈਆ । ਕਿਉਂ ਉਹ ਜਾਣਦਾ ਅਰਜ਼ ਤੇ ਤੂਲੀ, ਤੂਲ ਅਰਜ਼ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦੀ ਸਮਝ ਰਿਹਾ ਸਮਝਾਈਆ । ਪੁਰਖ ਅਕਾਲ ਕਹੇ ਓਏ ਨਾਰਦ ਪਾਂਧੇ, ਬੋਦੀ ਦੇ ਹਿਲਾਈਆ । ਸਚ ਦੱਸ ਕਲਜੁਗ ਜੀਵ ਕੀ ਖਾਂਦੇ, ਭੇਵ ਅਭੇਦ ਦ੍ਰਿੜਾਈਆ । ਨਾਰਦ ਕਹੇ ਪ੍ਰਭੂ ਮੈਨੂੰ ਇਉਂ ਦਿਸਦਾ ਜੇਹੜੇ ਤੂੰ ਬਣਾਏ ਪਸ਼ੂ ਢਾਂਡੇ, ਓਨ੍ਹਾਂ ਮੁਖ ਵਿਚ ਰਖਾਈਆ । ਤੇਰਾ ਨਾਮ ਮੂਲ ਨਹੀਂ ਗਾਂਦੇ, ਰਾਗ ਜਗਤ ਵਾਲੇ ਸੁਣਾਈਆ । ਜਦੋਂ ਕੋਈ ਭੀੜ ਪਏ ਫਿਰ ਤੈਨੂੰ ਅੱਲਾ ਵਾਹਿਗੁਰੂ ਰਾਮ ਸਤਿਨਾਮ ਕ੍ਰਿਸ਼ਨ ਦੇਵਾ ਇਸ਼ਟ ਦੇਵਾ ਦੁਰਗਾ ਕਹਿ ਕੇ ਧਿਆਉਂਦੇ, ਝੋਲੀਆਂ ਤੇਰੇ ਅੱਗੇ ਡਾਹੀਆ । ਤੇ ਜੇ ਓਨ੍ਹਾਂ ਨੂੰ ਖ਼ੁਸ਼ੀ ਰੱਖੇਂ ਤੇ ਫੇਰ ਆਪਣੇ ਪੁੱਠੇ ਪੈਰ ਤੈਨੂੰ ਵਖਾਉਂਦੇ, ਤੇਰੇ ਚਰਨਾਂ ਦੀ ਲੋੜ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਭੁਗਤਾਈਆ । ਪੁਰਖ ਅਕਾਲ ਕਹੇ ਪੰਡਤਾ ਕਿਤੇ ਝੂਠ ਤੇ ਨਹੀਂ ਮਾਰਿਆ, ਸਚ ਦੇ ਸੁਣਾਈਆ । ਪ੍ਰਭੂ ਤੂਹੀਏਂ ਦੱਸ ਅੱਜ ਤਕ ਤੇਰੇ ਬਿਨਾ ਕਿਸੇ ਗੁਰ ਅਵਤਾਰ ਪੈਗ਼ੰਬਰ ਨੇ ਭਗਤ ਰੂਪ ਨਹੀਂ ਕਿਸੇ ਨੇ ਤਾਰਿਆ, ਸਿਖ ਮੁਰੀਦ ਸਾਰੇ ਆਏ ਬਣਾਈਆ । ਬਿਨਾ ਭਗਤਾਂ ਤੋਂ ਤੇਰਾ ਨਾਮ ਨਹੀਂ ਕਿਸੇ ਉਚਾਰਿਆ, ਅੱਖਰਾਂ ਵਿਚ ਕੀਤੀ ਨਾ ਕਿਸੇ ਲਿਖਾਈਆ । ਤੇਰਾ ਲੇਖਾ ਨਹੀਂ ਕਿਸੇ ਵਿਚਾਰਿਆ, ਮਨ ਬੁੱਧੀ ਰਹੀ ਹਲਕਾਈਆ । ਮੈਨੂੰ ਇਕ ਯਾਦ ਆ ਗਈ ਜਿਸ ਵੇਲੇ ਤੂੰ ਮੁਹੰਮਦ ਨੂੰ ਤਾਰਿਆ, ਗ਼ੁੱਸੇ ਨਾਲ ਡਰਾਈਆ । ਓਸ ਵੇਲੇ ਓਨ੍ਹੇ ਨਿਗਹ ਮਾਰੀ ਉਤੇ ਚੰਦ ਸਤਾਰਿਆ, ਏਸੇ ਕਰਕੇ ਤਾਰਾ ਚੰਦ ਨਿਸ਼ਾਨ ਦਿਤੇ ਜਣਾਈਆ । ਫਿਰ ਨੌਂ ਵਾਰੀ ਓਨ੍ਹੇ ਆਪਣਾ ਸੀਸ ਤੇਰੇ ਚਰਨਾਂ ਉਤੋਂ ਵਾਰਿਆ, ਸੱਯਦੇ ਕਰ ਕਰ ਕੇ ਧੂੜੀ ਖ਼ਾਕ ਰਮਾਈਆ । ਫਿਰ ਕੂਕ ਪੁਕਾਰਿਆ, ਉਫ ਹਾਏ ਦੁਹਾਈਆ । ਤੂੰ ਮੇਰਾ ਪਰਵਰਦਿਗਾਰਿਆ, ਜਲਵਾਗਰ ਨੂਰ ਇਲਾਹੀਆ । ਜਿਸ ਵੇਲੇ ਆਵੇਂ ਵਿਚ ਸੰਸਾਰਿਆ, ਕਲ ਕਲਕੀ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰਾਹ ਵਖਾਈਆ । ਨਾਰਦ ਕਹੇ ਪ੍ਰਭੂ ਕਲਜੁਗ ਜੀਵ ਬੜੇ ਚਲਾਕ, ਚਲਾਕੀ ਤੇਰੇ ਨਾਲੋਂ ਵੱਧ ਰਖਾਈਆ । ਅੰਮ੍ਰਿਤ ਵੇਲੇ ਉਠ ਕੇ ਨਹਾ ਕੇ ਹੁੰਦੇ ਪਾਕ, ਤੇਰੀ ਪੂਜਾ ਕਰਕੇ ਸਭ ਨੂੰ ਦੇਣ ਸੁਣਾਈਆ । ਕੂਕ ਕੇ ਦੱਸਣ ਸਾਡਾ ਅੰਦਰੋਂ ਖੁਲ੍ਹ ਗਿਆ ਤਾਕ, ਪੜਦਾ ਰਿਹਾ ਨਾ ਰਾਈਆ । ਸਾਨੂੰ ਧੁਰ ਦੇ ਸ਼ਬਦ ਦੀ ਆਉਂਦੀ ਡਾਕ, ਚਿੱਠੀ ਰਸੈਣ ਹਲਕਾਰਾ ਤੈਨੂੰ ਕਹਿ ਰਹੇ ਸੁਣਾਈਆ । ਜਿਸ ਵੇਲੇ ਹੁੰਦੀ ਅੰਧੇਰੀ ਰਾਤ, ਫਿਰ ਵੇਖਣ ਚਾਰੋਂ ਕੁੰਟ ਥਾਉਂ ਥਾਈਆ । ਮਨ ਕਲਪਣਾ ਹੋ ਜਾਂਦੀ ਜਿਵੇਂ ਨਾਰ ਕਮਜ਼ਾਤ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਤੇਰੇ ਅੱਗੇ ਅਰਦਾਸੇ ਕਰਦੇ ਬੇਨੰਤੀਆਂ ਕਰਦੇ ਪ੍ਰਭੂ ਕਿਤੋਂ ਮਾਇਆ ਦੀ ਮਿਲ ਜਾਏ ਦਾਤ, ਕੋਈ ਸੁਖ ਚੰਗਾ ਸਾਡੀ ਝੋਲੀ ਦੇ ਭਰਾਈਆ । ਏਸੇ ਕਰਕੇ ਪੜ੍ਹਦੇ ਰਹੇ ਰਹਿਰਾਸ, ਅਰਦਾਸ ਸੋਧ ਕੇ ਝਟ ਲੰਘਾਈਆ । ਪੁਰਖ ਅਕਾਲ ਕਿਹਾ ਵਾਹ ਨਾਰਦਾ ਸ਼ਾਬਾਸ਼, ਸਚ ਦਿਤਾ ਦ੍ਰਿੜਾਈਆ । ਨਾਰਦ ਕਿਹਾ ਪ੍ਰਭੂ ਜੇ ਕਿਤੇ ਮੈਨੂੰ ਭੇਜੇਂ ਹੁਣ ਲੋਕਮਾਤ, ਤੇ ਧਰਤੀ ਮਾਤਾ ਵੇਖ ਵਖਾਈਆ । ਜਿਹੜੀ ਕੋਈ ਚੰਗੀ ਹੋਵੇ ਰੂਪ ਸ਼ਿੰਗਾਰਨ ਤੇ ਮੈਂ ਲੈ ਕੇ ਆਵਾਂ ਸਾਥ, ਤੇਰੇ ਸਚਖੰਡ ਵਿਚ ਸੋਹਣੀਆਂ ਸਵਾਣੀਆਂ ਦੇ ਰੂਪ ਦਿਆਂ ਦਰਸਾਈਆ । ਮੇਰਾ ਜੀਅ

੫੭੮
੨੨

ਕਰਦਾ ਮੈਂ ਪਿਛਲਿਆਂ ਜੁਗਾਂ ਦੇ ਵੰਡੇ ਦਾ ਇਕੋ ਵਾਰ ਬਣ ਜਾਵਾਂ ਕਮਲਾਪਾਤ, ਪਤੀ ਹੋ ਕੇ ਆਪਣੀ ਖ਼ੁਸ਼ੀ ਬਣਾਈਆ । ਪੁਰਖ ਅਕਾਲ ਨੇ ਇਸ਼ਾਰਾ ਦਿਤਾ ਬਿਨਾ ਹਾਥ, ਹਥੇਲੀ ਨਾ ਕੋਇ ਵਖਾਈਆ । ਨਾਰਦ ਝਟ ਟੇਕਿਆ ਮਾਥ, ਮਸਤਕ ਚਰਨਾਂ ਉਤੇ ਛੁਹਾਈਆ । ਫੇਰ ਵੇਖਿਆ ਇਸਤਰੀ ਮਰਦ ਸਭ ਪ੍ਰਭੂ ਦੀ ਜ਼ਾਤ, ਦੂਜਾ ਰੂਪ ਨਾ ਕੋਇ ਦਰਸਾਈਆ । ਫੇਰ ਵੇਖਿਆ ਝਗੜਾ ਕਾਗ਼ਜ਼ਾਤ, ਜੋ ਨਾਮ ਹਿੱਸੇ ਰਿਹਾ ਵੰਡਾਈਆ । ਫੇਰ ਨਿਉਂ ਕੇ ਤੱਕਿਆ ਨਾਲ ਇਤਫ਼ਾਕ, ਨਜ਼ਰ ਨਜ਼ਰ ਵਿਚੋਂ ਬਦਲਾਈਆ । ਜਾਂ ਮਾਤਲੋਕ ਮਾਰੀ ਝਾਕ, ਝਾਕੀ ਇਕ ਉਠਾਈਆ । ਸਾਚੇ ਭਗਤਾਂ ਦੀ ਨਜ਼ਰੀ ਆਈ ਜਮਾਤ, ਜੋ ਇਕੋ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਧਾਰ ਵਖਾਈਆ । ਨਾਰਦ ਕਹੇ ਵਾਹਵਾ ਕਿੱਡੀ ਸੋਹਣੀ ਸਵਾਣੀ, ਚਾਰ ਜੁਗ ਦੀ ਜੋਤੀ ਰਾਣੀ ਨਜ਼ਰੀ ਆਈਆ । ਪਰ ਮੇਰੇ ਵਰਗਾ ਇਹਨੂੰ ਹੋਰ ਕੋਈ ਲੱਭਣਾ ਨਹੀਂ ਹਾਣੀ, ਦੋ ਜਹਾਨਾਂ ਨਜ਼ਰ ਕੋਇ ਨਾ ਆਈਆ । ਮੈਂ ਪੜ੍ਹਾਨੀ ਤੂੰ ਮੇਰੀ ਮੈਂ ਤੇਰਾ ਮੈਂ ਤੇਰਾ ਤੂੰ ਮੇਰੀ ਬਾਣੀ, ਬਾਣ ਨਿਰਾਲਾ ਤੀਰ ਤੇਰੇ ਹਿਰਦੇ ਦਿਆਂ ਲਗਾਈਆ । ਤੇਰੇ ਭਗਵਾਨ ਨੇ ਬਣਾਈ ਚਾਰੇ ਖਾਣੀ, ਤੇ ਆਪਾਂ ਦੋਵੇਂ ਰਲ ਕੇ ਚਾਰੇ ਖਾਣੀ ਦਈਏ ਮਿਟਾਈਆ । ਫੇਰ ਮੈਂ ਹੋਵਾਂ ਤੇ ਤੂੰ ਹੋਵੇਂ ਤੇ ਮੈਨੂੰ ਪਿਆਵੇਂ ਠੰਡਾ ਪਾਣੀ, ਤੇ ਮੈਂ ਗਟ ਗਟ ਪੀ ਕੇ ਤੇਰੇ ਵੱਲ ਅੱਖ ਉਠਾਈਆ । ਤੇ ਤੂੰ ਮੈਨੂੰ ਕਹਿਣਾ ਨਾਰਦਾ ਤੂੰ ਸਭ ਦਾ ਜਾਣ ਜਾਣੀ, ਜਾਨਣਹਾਰ ਅਖਵਾਈਆ । ਮੇਰਾ ਜੀਅ ਕਰਦਾ ਮੈਂ ਤੇਰੀ ਬਣ ਜਾਵਾਂ ਪੰਡਤਾਣੀ, ਮੱਥੇ ਤਿਲਕ ਲਗਾ ਕੇ ਫਿਰਾਂ ਚਾਈਂ ਚਾਈਂਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਭੇਵ ਖੁਲ੍ਹਾਈਆ । ਝਟ ਆ ਗਿਆ ਪੁਰਖ ਅਕਾਲ, ਜੋਤੀ ਜੋਤ ਕਰ ਰੁਸ਼ਨਾਈਆ ।
੫੭੯ ਜੋਤੀ ਨਾਰ ਨੇ ਕੀਤਾ ਸਵਾਲ, ਸਹਿਜ ਨਾਲ ਦ੍ਰਿੜਾਈਆ । ਪ੍ਰਭੂ ਇਹ ਤੇਰਾ ਕਿਡਾ ਚੰਗਾ ਬਾਲ, ਬੜੀ ਸੇਵ ਕਮਾਈਆ । ਕਦੀ ਮੈਨੂੰ ਮਾਤਾ ੫੭੯
੨੨ ਕਹੇ ਕਦੀ ਕਹੇ ਉਠ ਕੇ ਚਲ ਮੇਰੇ ਨਾਲ, ਤੇ ਦੋਵੇਂ ਰਲ ਕੇ ਝਟ ਲੰਘਾਈਆ । ਤੂੰ ਮੇਰੀ ਦੀਨ ਤੇ ਮੈਂ ਤੇਰਾ ਦਿਆਲ, ਦੋਵੇਂ ਮਿਲ ਕੇ ਵੱਜੇ ੨੨
ਵਧਾਈਆ । ਮੇਰਾ ਪ੍ਰੇਮ ਤੇ ਤੇਰਾ ਪਿਆਰ ਸੱਚੀ ਧਰਮਸਾਲ, ਇਸ ਤੋਂ ਚੰਗਾ ਸਚਖੰਡ ਨਜ਼ਰ ਕੋਇ ਨਾ ਆਈਆ । ਤੂੰ ਮੈਨੂੰ ਨਾ ਮਾਰੀਂ ਤੇ ਮੈਂ ਤੈਨੂੰ ਨਾ ਮਾਰਾਂ ਤੇ ਨਾ ਕੋਈ ਕਾਲ ਰਹੇ ਨਾ ਮਹਾਂਕਾਲ, ਬਿਨਾ ਸਾਥੋਂ ਦੂਜਾ ਨਜ਼ਰ ਕੋਇ ਨਾ ਆਈਆ । ਤੇ ਅਸੀਂ ਪ੍ਰਭੂ ਨੂੰ ਕਹੀਏ ਜਾਹ ਕੋਟਨ ਕੋਟ ਬ੍ਰਹਿਮੰਡ ਖੰਡ ਭਾਲ, ਲੱਖ ਪਾਤਾਲਾਂ ਆਕਾਸ਼ਾਂ ਵਿਚ ਆਪਣਾ ਡੇਰਾ ਲਾਈਆ । ਫੇਰ ਸਾਡਾ ਕਦੇ ਵਿੰਗਾ ਨਾ ਹੋਵੇ ਵਾਲ, ਮਿਲ ਕੇ ਵੱਜਦੀ ਰਹੇ ਵਧਾਈਆ । ਜੇ ਕਿਤੇ ਸਾਡੀ ਪੂਰੀ ਹੋ ਜਾਏ ਦੋਹਾਂ ਦੀ ਚਾਲ, ਪ੍ਰਭੂ ਵਿਚਾਰਾ ਕੀ ਕਰੇ ਆਪਣੀ ਚਤੁਰਾਈਆ । ਮੇਰੇ ਕੋਲ ਸੁਗੰਧ ਸੁਗੰਧ ਨਾਲ ਧਨ ਮਾਲ, ਖ਼ਜ਼ਾਨੇ ਬੋਦੀ ਹੇਠ ਦਬਾਈਆ । ਤੇ ਮੈਂ ਬੜਾ ਸੂਰਬੀਰ ਬਲਵਾਨ ਯੋਧਾ ਇਕ ਅਖਵਾਈਆ । ਮੈਂ ਇਕ ਵੇਰਾਂ ਇਕ ਸਖ਼ੀ ਮੰਗਣ ਗਿਆ ਕੋਲੋਂ ਕਾਹਨ, ਓਹਨੇ ਹੀਂ ਹੀਂ ਕਰ ਕੇ ਦਿਤਾ ਵਖਾਈਆ । ਵੇਖ ਵੇ ਆਹ ਲੇਖਾ ਤੂੰ ਬ੍ਰਾਹਮਣ ਤੇ ਮੈਂ ਜਜਮਾਨ, ਤੇ ਮੇਰੇ ਇੜੱਕੇ ਆਇਆ ਤੇ ਸਾਰੇ ਲੇਖੇ ਦਉਂ ਮੁਕਾਈਆ । ਅੱਜ ਉਹੋ ਕਾਹਨ ਨਾ ਰਿਹਾ ਇਨਸਾਨ, ਤੂੰ ਬਣ ਗਈ ਜੋਤ ਨੂਰ ਮਹਾਨ, ਤੇ ਮੈਂ ਪੰਡਤ ਤੇਰਾ ਪਤੀ ਰੂਪ ਸੋਭਾ ਪਾਈਆ । ਆ ਮੈਨੂੰ ਪਹਿਲੋਂ ਕਰਾ ਇਸ਼ਨਾਨ, ਅੰਮ੍ਰਿਤ ਜਲ ਦੇ ਸੁਟਾਈਆ । ਫੇਰ ਮੇਰੇ ਚਰਨਾਂ ਦਾ ਧਰ ਧਿਆਨ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਫੇਰ ਮੇਰੀ ਵਿਦਿਆ ਦਾ ਸੁਣ ਗਿਆਨ, ਮੈਂ ਤੈਨੂੰ ਦੱਸਾਂ ਬਿਨਾ ਨਾਰਦ ਤੋਂ ਦੂਜਾ ਪ੍ਰਭ ਨਜ਼ਰ ਕੋਇ ਨਾ ਆਈਆ । ਫੇਰ ਤੇਰੀ ਮੇਰੀ ਆਪੇ ਹੋ ਜਾਏ

ਜਾਣ ਪਛਾਣ, ਇਕ ਦੂਜੇ ਨੂੰ ਤਕੀਏ ਚਾਈਂ ਚਾਈਆ । ਤੂੰ ਵੀ ਚਾਰ ਜੁਗ ਦੀ ਕਵਾਰੀ ਤੇ ਮੈਂ ਵੀ ਚਾਰ ਜੁਗ ਦਾ ਬਲਵਾਨ, ਬਿਨਾ ਸ਼ਾਦੀ ਤੋਂ ਦੋਵੇਂ ਰੋਂਦੇ ਫਿਰਦੇ ਮਾਰਦੇ ਧਾਈਆ । ਧੰਨ ਭਾਗ ਜੇ ਵਕਤ ਪਹੁੰਚਿਆ ਆਣ, ਪ੍ਰਭ ਨੇ ਮੇਲਾ ਦਿਤਾ ਮਿਲਾਈਆ । ਝਟ ਸ਼ਬਦ ਗੁਰੂ ਆ ਗਿਆ ਸੁਣੇ ਹੁਕਮ ਫ਼ਰਮਾਨ, ਪਰਵਰਦਿਗਾਰ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਨਾਮ ਸਮਝਾਈਆ । ਨਾਰਦ ਕਹਿੰਦਾ ਉਏ ਸ਼ਬਦ ਗੁਰੂ ਨਾ ਤੇਰਾ ਤਨ ਨਾ ਵਜੂਦ, ਵੇਖਿਆ ਨਜ਼ਰ ਕਿਸੇ ਨਾ ਆਈਆ । ਐਵੇਂ ਚਾਰ ਜੁਗ ਕਹਿੰਦਾ ਰਿਹੋਂ ਸਚਖੰਡ ਵਸੇ ਉਚ ਅਰੂਜ, ਮੁਹੱਬਤ ਦਾ ਮਾਲਕ ਬੇਪਰਵਾਹੀਆ । ਨਾ ਮੰਜ਼ਲ ਲੱਭੀ ਨਾ ਪਾਇਆ ਹੱਕ ਮਹਿਬੂਬ, ਮੁਕੰਮਲ ਗ੍ਰਹਿ ਨਾ ਕੋਇ ਵਖਾਈਆ । ਜੇਹੜੇ ਗੁਰ ਅਵਤਾਰ ਪੈਗ਼ੰਬਰ ਗਏ ਉਹ ਵੀ ਕਰ ਦਿਤੇ ਨੇਸਤੋ ਨਾਬੂਦ, ਜੜ੍ਹ ਨਜ਼ਰ ਕੋਇ ਨਾ ਆਈਆ । ਮੈਨੂੰ ਇਉਂ ਜਾਪਦਾ ਤੂੰ ਆਦਿ ਤੋਂ ਲੈ ਕੇ ਅੰਤ ਤੇ ਮਧ ਤਕ ਊਤ ਦਾ ਊਤ, ਉਤਮ ਸ੍ਰੇਸ਼ਟ ਰੂਪ ਨਾ ਕੋਇ ਦਰਸਾਈਆ । ਲੱਖ ਚੁਰਾਸੀ ਬਣਾ ਕੇ ਪੰਜ ਭੂਤ, ਵਿਸ਼ਨ ਬ੍ਰਹਮਾ ਸ਼ਿਵ ਸੇਵ ਦਿਤੀ ਲਗਾਈਆ । ਫੇਰ ਤਨ ਵਜੂਦ ਦੱਸ ਕੇ ਝੂਠ, ਨਾਤੇ ਦਿਤੇ ਤੁੜਾਈਆ । ਜੋ ਆਇਆ ਸੋ ਕਰਕੇ ਗਿਆ ਕੂਚ, ਚਾਰ ਜੁਗ ਦੇ ਗਲੀ ਕੂਚੇ ਖ਼ਾਲੀ ਰਹੇ ਕੁਰਲਾਈਆ । ਇਕ ਬਚਨ ਮੇਰੇ ਕੋਲੋਂ ਪੂਛ, ਮੈਂ ਬ੍ਰਾਹਮਣ ਦਿਆਂ ਸਮਝਾਈਆ । ਦੱਸ ਬ੍ਰਾਹਮਣਾ ਆਪਣੇ ਵਿਚੋਂ ਮੂਖ, ਮੁਖ ਨਾਲ ਸੁਣਾਈਆ । ਬ੍ਰਾਹਮਣ ਕਹੇ ਸ਼ਬਦ ਗੁਰੂ ਓਏ ਤੇਰਿਆਂ ਅਵਤਾਰਾਂ ਪੈਗ਼ੰਬਰਾਂ ਨੂੰ ਮਜ਼੍ਹਬ ਦੀ ਲੱਗੀ ਰਹੀ ਭੁਖ, ਉਹ ਭੁੱਖੇ ਬਣ ਕੇ ਸਾਰੀ ਦੁਨੀਆ ਆਏ ਖਾਈਆ । ਇਹੋ ਮੈਨੂੰ ਦੁਖ, ਦਿਲਬਰ ਯਾਰ ਨਾ ਕੋਇ ਮਿਲਾਈਆ । ਮੈਂ ਰੋ ਕੇ ਮਾਰੀ ਕੂਕ, ਕੂਕ ਕੂਕ ਦਿਤਾ ਸੁਣਾਈਆ । ਮੈਂ ਕਿਹਾ ਪੁਰਖ ਅਕਾਲ ਜੇ ਮੈਂ ਸ਼ਬਦ ਗੁਰੂ ਹੋਵਾਂ ਤੇ ਤੇਰਾ ਦੋ ਜਹਾਨ ਦੇਵਾਂ ਫੂਕ, ਕਿਉਂ ਜੇਹੜੇ ਤੈਨੂੰ ਗਏ ਭੁਲਾਈਆ । ਓਏ ਤੇਰੇ ਹੁੰਦਿਆਂ ਕਿਉਂ ਕਲਜੁਗ ਜੀਵ ਸੁੱਤੇ ਘੂਕ, ਆਲਸ ਨਿੰਦਰਾ ਨਾ ਕੋਇ ਮਿਟਾਈਆ । ਤੂੰ ਕਿਉਂ ਫਿਰਦਾ ਚਾਰੇ ਕੂਟ, ਭੱਜੇਂ ਵਾਹੋ ਦਾਹੀਆ । ਨਾਮ ਜਪਣ ਵਾਲਿਆਂ ਦੇ ਅੰਦਰੋਂ ਅਜੇ ਨਹੀਂ ਗਿਆ ਜੂਠ ਝੂਠ, ਮੈਂ ਸਚ ਦਿਆਂ ਸੁਣਾਈਆ । ਪ੍ਰਭ ਦਾ ਬਣਿਆ ਨਹੀਂ ਕੋਈ ਸਪੂਤ, ਪੁਤ ਪੋਤਰੇ ਸਾਰੇ ਰਹੇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਠੀਕ ਬੜਾ ਬਲਕਾਰੀ, ਸੂਰਬੀਰ ਅਖਵਾਈਆ । ਪਰ ਮੇਰੇ ਉਤੇ ਹੁਕਮ ਇਕ ਨਿਰੰਕਾਰੀ, ਬਿਨਾ ਹੁਕਮ ਤੋਂ ਕਦਮ ਨਾ ਕੋਇ ਟਿਕਾਈਆ । ਜਿਸ ਹੁਕਮ ਦੇ ਵਿਚ ਬ੍ਰਹਮਾ ਵਿਸ਼ਨ ਸ਼ਿਵ ਵਗਾਰੀ, ਗੁਰ ਅਵਤਾਰ ਪੈਗ਼ੰਬਰ ਨਿਉਂ ਨਿਉਂ ਸੀਸ ਝੁਕਾਈਆ । ਪਰ ਸਚ ਦੱਸਾਂ ਜਦੋਂ ਪ੍ਰਭੂ ਕਿਰਪਾ ਕਰੇ ਮੈਂ ਭਗਤਾਂ ਨੂੰ ਜ਼ਰੂਰ ਆਵਾਂ ਤਾਰੀ, ਤਾਰਨਹਾਰਾ ਹੋ ਕੇ ਦਇਆ ਕਮਾਈਆ । ਸਚ ਪੁਛੇਂ ਮਾਤਲੋਕ ਵਿਚੋਂ ਪ੍ਰੇਮੀਆਂ ਦੀ ਸਿਰ ਤੇ ਚੁੱਕ ਕੇ ਖਾਰੀ, ਦੋ ਜਹਾਨਾਂ ਪਾਰ ਕਰਾਈਆ । ਜਿਥੇ ਮੇਰੇ ਸਾਹਿਬ ਦੀ ਜੋਤ ਹੋਏ ਉਜਿਆਰੀ, ਉਥੇ ਜਾਵਾਂ ਚਾਈਂ ਚਾਈਆ । ਬਣ ਕੇ ਦਰ ਦਾ ਦਰਬਾਰੀ, ਨਿਉਂ ਨਿਉਂ ਸੀਸ ਨਿਵਾਈਆ । ਆਹ ਸਾਂਭ ਆਪਣੇ ਭਗਤ ਤੇਰੇ ਚਰਨਾਂ ਤੋਂ ਬਲਿਹਾਰੀ, ਤੇਰੇ ਅੱਗੇ ਟਿਕਾਈਆ । ਪੁਰਖ ਅਕਾਲ ਕਹੇ ਇਹੋ ਮੇਰੇ ਮੀਤ ਇਹੋ ਮੇਰੇ ਸੱਜਣ ਇਹੋ ਮੇਰੇ ਕਰਤੇ ਇਹੋ ਮੇਰੀ ਨਾਰੀ, ਤੇ ਨਰ ਨਰਾਇਣ ਇਕੋ ਸੋਭਾ ਪਾਈਆ । ਤੇ ਸਦਾ ਸਦਾ ਸਦ ਇਕੋ ਨਾਲ ਰੱਖਾਂ ਯਾਰੀ, ਯਰਾਨੇ ਕੂੜੇ ਸਰਬ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਚ ਇਕ ਪਰਗਟਾਈਆ । ਸ਼ਬਦ

ਗੁਰੂ ਕਹੇ ਪੰਡਤਾ ਤੂੰ ਬੜਾ ਦੇਵੀ ਦੇਵਾ, ਦੇਵ ਆਤਮਾ ਤੇਰਾ ਰੂਪ ਦਰਸਾਈਆ । ਨਾਰਦ ਕਹਿੰਦਾ ਨਹੀਂ ਓਏ ਤੂੰ ਮੈਨੂੰ ਕਹਿ ਤੂੰ ਬੜਾ ਅਲਖ ਅਭੇਵਾ, ਲਖ ਨਾ ਲਖਿਆ ਜਾਈਆ । ਸ਼ਬਦ ਸਤਿਗੁਰੂ ਨੇ ਚਪੇੜ ਮਾਰੀ ਜਾਹ ਮੂਰਖਾ ਪ੍ਰਭੂ ਦੇ ਭਗਤਾਂ ਦੀ ਜਾ ਕੇ ਕਰ ਸੇਵਾ, ਬਿਨਾ ਸੇਵਾ ਤੋਂ ਫਲ ਮਿਲਣ ਕੋਇ ਨਾ ਪਾਈਆ । ਨਾਰਦ ਹੱਸ ਕੇ ਕਿਹਾ ਗੁਰੂ ਜੀ ਮੇਰੀ ਕੋਈ ਨਹੀਂ ਰਸਨਾ ਜਿਹਵਾ, ਮੈਂ ਕੀ ਦਿਆਂ ਸੁਣਾਈਆ । ਕੇਹੜਾ ਰਸ ਤੇ ਕੇਹੜਾ ਮੇਵਾ, ਕੀ ਚੱਖ ਕੇ ਖ਼ੁਸ਼ੀ ਮਨਾਈਆ । ਮੈਨੂੰ ਐਂ ਦਿਸਦਾ ਜਿਥੇ ਮੇਰਾ ਸਾਹਿਬ ਵਸੇ ਉਹੀ ਨਿਹਚਲ ਧਾਮ ਨਿਹਕੇਵਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਘਰ ਵਖਾਈਆ । ਨਾਰਦ ਕਿਹਾ ਸ਼ਬਦ ਗੁਰੂ ਦੱਸ ਸ਼ਬਦ ਵਡਾ ਕਿ ਜੋਤੀ, ਕਿ ਜੋਤ ਵਿਚ ਵਡਿਆਈਆ । ਸ਼ਬਦ ਕਹੇ ਇਹ ਗੱਲ ਕਹੀ ਅਨੋਖੀ, ਕੀ ਦਿਆਂ ਸੁਣਾਈਆ । ਨਾਰਦ ਕਹਿੰਦਾ ਓਏ ਸ਼ਬਦ ਗੁਰੂ ਤੂੰ ਜਦੋਂ ਪਰਗਟ ਹੋਵੇਂ ਕਦੀ ਨੰਗਾ ਤੇ ਕਦੀ ਤੇੜ ਬੰਨ੍ਹੇ ਧੋਤੀ, ਕਦੀ ਬੋਦੀ ਰੱਖ ਕੇ ਮੁਕਟ ਸੀਸ ਟਿਕਾਈਆ । ਕਦੀ ਮੁੱਛ ਦਾੜ੍ਹੀ ਕਟਾ ਕੇ ਸੂਰਤ ਬਣਾਏਂ ਆਪਣੀ ਖੋਦੀ, ਮੁਹੰਮਦ ਦਏ ਗਵਾਹੀਆ । ਕਦੇ ਬਣ ਕੇ ਪ੍ਰੀਤਮ ਚੋਜੀ, ਗੋਬਿੰਦ ਰੂਪ ਦਰਸਾਈਆ । ਤੈਨੂੰ ਕੀ ਕਹਿਣ ਲੋਕੀ, ਵਲੀਆ ਛਲੀਆ ਸਭ ਨੂੰ ਧੋਖੇ ਵਿਚ ਫਸਾਈਆ । ਕਿਸੇ ਨੂੰ ਪੜ੍ਹਨ ਲਾਇਆ ਪੜ੍ਹਾਈ ਪੋਥੀ, ਆਪਣਾ ਭੇਵ ਨਾ ਕੋਇ ਖੁਲ੍ਹਾਈਆ । ਕਿਸੇ ਨੂੰ ਪਗੜੀ ਕਿਸੇ ਦੇ ਸੀਸ ਤੇ ਰਖਾਈ ਟੋਪੀ, ਕਿਸੇ ਦੇ ਬੋਦੇ ਦਿਤੇ ਕਟਾਈਆ । ਕਿਸੇ ਨੂੰ ਖ਼ਾਕ ਵਿਚ ਰੁਲਾਇਆ ਕਿਸੇ ਨੂੰ ਚਾੜ੍ਹ ਦਿਤਾ ਚੋਟੀ, ਚੋਟਿਆ ਕਿਉਂ ਸਾਰੀ ਦੁਨੀਆ ਦਿਤੀ ਭੁਲਾਈਆ । ਕਿਸੇ ਦੀ ਗੁਰ ਅਵਤਾਰ ਪੈਗ਼ੰਬਰਾਂ ਕੋਲੋਂ ਕਰਾਈ ਬੋਟੀ ਬੋਟੀ, ਧਨੁਸ਼ ਬਾਣ ਸ਼ਸਤਰ ਖੰਡੇ ਹੱਥ ਫੜਾਈਆ । ਕਿਡੀ ਖੇਲ ਕੀਤੀ ਹੋਛੀ, ਬੱਚੇ ਬੱਚਿਆਂ ਨਾਲ ਦਿਤੇ ਲੜਾਈਆ । ਨਾਰਦ ਕਹੇ ਜੇ ਕਿਤੇ ਰਵਦਾਸ ਚਮਾਰ ਮੈਨੂੰ ਆਰ ਫੜਾ ਦਏ ਮੋਚੀ, ਪ੍ਰਭੂ ਤੇਰਾ ਨੱਕ ਵਿੰਨ੍ਹ ਕੇ ਨਕੇਲ ਦੇਵਾਂ ਪਾਈਆ । ਪਰ ਇਹ ਮੇਰੀ ਗੱਲ ਥੋਥੀ, ਮੈਂ ਪਿਆਰ ਵਿਚ ਸੁਣਾਈਆ । ਝਟ ਜੋਤੀ ਰਾਣੀ ਨੇ ਹੱਥ ਰੱਖ ਲਿਆ ਉਤੇ ਠੋਡੀ, ਹਾਏ ਮੇਰੇ ਪਤੀ ਨੂੰ ਰਿਹਾ ਡਰਾਈਆ । ਨਾਰਦ ਕਿਹਾ ਨਹੀਂ ਮਈਆ ਇਹ ਤੇ ਗੱਲ ਸਾਡੀ ਘਰੋਗੀ, ਘਰ ਵਿਚ ਰਲ ਮਿਲ ਕੇ ਏਸੇ ਤਰਾਂ ਝਟ ਲੰਘਾਈਆ । ਨਹੀਂ ਤੇ ਉਹ ਵੇਖ ਲੈ ਨਾਮਾ ਛੀਂਬਾ ਤੇ ਧੋਬੀ, ਉਹ ਵੀ ਪ੍ਰਭ ਦੀ ਜੋਤ ਵਿਚ ਸਮਾਈਆ । ਫੇਰ ਲੇਟ ਕੇ ਚਰਨਾਂ ਵਿਚ ਤੇ ਸਿਰ ਰੱਖ ਲਿਆ ਵਿਚ ਗੋਦੀ, ਹੱਸ ਕੇ ਦਿਤਾ ਵਖਾਈਆ । ਨੌਂ ਵਾਰ ਸਿਰ ਮਾਰ ਕੇ ਹਲਾਈ ਬੋਦੀ, ਤਾੜੀ ਦਿਤੀ ਲਗਾਈਆ । ਫੇਰ ਭੱਜ ਕੇ ਚੜ੍ਹ ਗਿਆ ਜੋਤ ਨਾਰ ਦੀ ਮੋਢੀਂ, ਹੱਥ ਸੀਸ ਉਤੇ ਟਿਕਾਈਆ । ਨਾਲੇ ਕਿਹਾ ਮੰਮੀ ਹੋ ਤੇ ਨਹੀਂ ਗਈ ਔਖੀ, ਮੇਰਾ ਭਾਰ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਪੁਰਖ ਅਕਾਲ ਕਹੇ ਸਾਰਾ ਦਿਨ ਸਚਖੰਡ ਹੁੰਦੀ ਰਹੀ ਖ਼ੁਸ਼ੀ, ਸਾਢੇ ਤਿੰਨ ਘੰਟੇ ਵੱਜਦੀ ਰਹੀ ਵਧਾਈਆ । ਪੂਰਨ ਸਿੰਘ ਸੁੱਤਾ ਨਹੀਂ ਸੀ ਤੇ ਲੱਗੀ ਸੀ ਉਸ ਦਵਾਰੇ ਰੁਚੀ, ਜਿਥੇ ਆਪਣਾ ਨੂਰ ਨੂਰ ਵਿਚ ਰਲਾਈਆ । ਜਿਸ ਦੀ ਖੇਲ ਅਜੇ ਨਹੀਂ ਮੁਕੀ, ਮੁਕੰਮਲ ਆਪਣੀ ਕਾਰ ਭੁਗਤਾਈਆ । ਆਵਾਜ਼ ਸੁਣਦੀ ਰਹੀ ਦੋ ਤੁਕੀ, ਤੂੰ ਮੇਰਾ ਮੈਂ ਤੇਰਾ ਇਕੋ ਨਾਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਨਾਰਦ ਕਹੇ ਪ੍ਰਭੂ ਮੇਰੀ ਇਕ ਅਰਦਾਸ ਨਿੱਕੀ, ਸਨਮੁਖ ਹੋ ਕੇ ਦਿਆਂ ਸੁਣਾਈਆ । ਗੋਬਿੰਦ ਨੇ ਕਿਹਾ ਮੇਰੀ ਸਿੱਖੀ ਇੱਕੀ, ਇਕ ਅਕੀਸ ਤੇਰੀ ਵਡਿਆਈਆ ।

ਪਰ ਉਹ ਵੀ ਕਥਾ ਕਹਾਣੀ ਨਹੀਂ ਕੋਈ ਲਿਖੀ, ਤੇਰੇ ਸਹਾਰੇ ਗਿਆ ਤਜਾਈਆ । ਸੋ ਵੇਲਾ ਵਕਤ ਪਹੁੰਚਿਆ ਮਿਤੀ, ਮਿੱਤਰ ਪਿਆਰੇ ਵੇਖ ਵਖਾਈਆ । ਸੋਹਣੀ ਸੁਹਾਉਣੀ ਕਰਦੇ ਰੁਤੀ, ਰੁਤੜੀ ਰੰਗ ਰੰਗਾਈਆ । ਜੇਹੜਾ ਸਰੀਰ ਹੋ ਜਾਣਾ ਸੀ ਮਿੱਟੀ, ਉਹਨੂੰ ਬਖ਼ਸ਼ ਦੇ ਵਡਿਆਈਆ । ਜਨਮ ਕਰਮ ਦੀ ਰੇਖਾ ਕਰਦੇ ਚਿੱਟੀ, ਕਾਲਾ ਦਾਗ਼ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਨਾਰਦ ਕਹੇ ਪ੍ਰਭੂ ਤੇਰੇ ਸ਼ਰੀਰ ਉਤੇ ਹੁੰਦਾ ਸੀ ਚੰਦਨ ਚੰਦੋਆ, ਸੋਹਣਾ ਨਜ਼ਰੀ ਆਈਆ । ਮੈਨੂੰ ਐ ਦਿਸਦਾ ਤੇਰਾ ਸ਼ਰੀਰ ਨਾ ਰਿਹਾ ਜਿਹਨੂੰ ਕਹਿੰਦੇ ਸੀ ਸ਼ੇਰ ਸਿੰਘ ਤੇ ਸ਼ੇਰ ਸਿੰਘ ਮੋਇਆ, ਤੇ ਸ਼ੇਰ ਸਿੰਘ ਰੂਪ ਪਰਗਟਾਈਆ । ਫੇਰ ਸਚਖੰਡ ਵਿਚੋਂ ਲੈ ਕੇ ਆਇਆ ਢੋਆ, ਜਨ ਭਗਤਾਂ ਝੋਲੀ ਪਾਈਆ । ਇਸ ਦਾ ਭੇਵ ਨਾ ਜਾਣੇ ਕੋਆ, ਕੂਕ ਕੂਕ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਚੰਦੋਆ ਕਹੇ ਮੇਰਾ ਚੀਥੜ ਪੁਰਾਣਾ, ਲੋਕਮਾਤ ਨਜ਼ਰੀ ਆਈਆ । ਸ਼ੇਰ ਸਿੰਘ ਤਨ ਰਿਹਾ ਨਾ, ਜਿਸ ਦੇ ਉਤੇ ਸੋਭਾ ਪਾਈਆ । ਓਏ ਜਨ ਭਗਤੋ ਜਗ ਕਰਿਉ ਕੋਇ ਨਾ ਮਾਣਾ, ਹੰਕਾਰ ਵਿਚ ਨਾ ਕੋਇ ਵਡਿਆਈਆ । ਵੇਖੋ ਜੇਹੜਾ ਛਤਰ ਕਰਦਾ ਸੀ ਉਤੇ ਸ੍ਰੀ ਭਗਵਾਨਾ, ਆਪਣਾ ਬਲ ਪਰਗਟਾਈਆ । ਅੱਜ ਉਹ ਤੁਹਾਡੇ ਦਰ ਤੇ ਹੋਇਆ ਨਿਮਾਣਾ, ਆਪਣਾ ਅੰਗ ਅੰਗ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਭੁਗਤਾਈਆ । ਚੋਲਾ ਕਹੇ ਮੇਰੇ ਵਿਚ ਰਹੀ ਕੋਇ ਨਾ ਤਾਕਤ, ਸਾਰੇ ਗੁਰਮੁਖ ਵੇਖੋ ਹੱਥ ਲਗਾਈਆ । ਨਾ ਅਕਲ ਰਹੀ ਨਾ ਲਿਆਕਤ, ਬੁੱਧੀ ਕੰਮ ਕਿਸੇ ਨਾ ਆਈਆ । ਮੈਂ ਆਇਆ ਸਾਂ ਜਿਸ ਦੀ ਬਾਬਤ, ਉਹ ਮਾਤਲੋਕ ਗਿਆ ਤਜਾਈਆ । ਭਗਤੋ ਮੇਰੀ ਕਰੋ ਸਫ਼ਾਰਸ਼, ਤੁਹਾਡੇ ਅੱਗੇ ਸੀਸ ਨਿਵਾਈਆ । ਜੇ ਉਹ ਕਰੇ ਸਚ ਅਦਾਲਤ, ਇਨਸਾਫ਼ ਇਕ ਵਖਾਈਆ । ਮੈਨੂੰ ਬਣਾ ਦੇਵੇ ਆਪਣੀ ਅਮਾਨਤ, ਚਰਨਾਂ ਵਿਚ ਟਿਕਾਈਆ । ਪੰਜ ਪਿਆਰੇ ਇਸ ਦੀ ਦਿਉ ਜ਼ਮਾਨਤ, ਨਿਵ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਚੰਦੋਆ ਕਹੇ ਮੇਰਾ ਵਕਤ ਚੁੱਕ ਗਿਆ ਅਖ਼ੀਰੀ, ਆਖ਼ਰ ਦਿਆਂ ਜਣਾਈਆ । ਅੱਗੇ ਕਿਸੇ ਦੀ ਰਹਿਣੀ ਨਹੀਂ ਪੀਰੀ ਫ਼ਕੀਰੀ, ਮਾਣ ਤਾਣ ਨਾ ਕੋਇ ਰਖਾਈਆ । ਸ਼ਰਅ ਦੀ ਟੁੱਟ ਜਾਣੀ ਜ਼ੰਜੀਰੀ, ਕੜੀ ਕੜੀ ਦਏ ਗਵਾਹੀਆ । ਬੇਸ਼ਕ ਪ੍ਰਭੂ ਦੇ ਮਿਲਣ ਦੀ ਗਲੀ ਭੀੜੀ, ਔਖਾ ਰਾਹ ਦਿਸੇ ਲੋਕਾਈਆ । ਪਰ ਯਾਦ ਕਰ ਲਉ ਭਗਤ ਤਾਰਿਆ ਸੀ ਰੂਪ ਧਾਰ ਕੇ ਕੀੜੀ, ਫਿਰ ਨਿੱਕਿਉਂ ਵੱਡਾ ਆਪ ਬਣਾਈਆ । ਤੁਹਾਡੀ ਰਹਿਣ ਨਹੀਂ ਦੇਣੀ ਦਿਲਗੀਰੀ, ਦਿਲਾਂ ਦਾ ਮਾਲਕ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਚੋਲਾ ਕਹੇ ਮੈਂ ਵਿਕ ਗਿਆ ਉਸ ਹਾਟ, ਜਿਸ ਦਰ ਮਿਲੇ ਮੂੰਹੋਂ ਮੰਗਿਆ ਤੋਟ ਰਹੀ ਨਾ ਰਾਈਆ । ਮਿਟ ਗਈ ਮੇਰੀ ਵਾਟ, ਪੈਂਡਾ ਦਿਤਾ ਚੁਕਾਈਆ । ਮਿਟ ਗਈ ਮੇਰੀ ਜ਼ਾਤ, ਆਪਣਾ ਆਪ ਗਵਾਈਆ । ਵੇਖੋ ਅਠਾਰਾਂ ਹਾੜ੍ਹ ਦੀ ਰਾਤ, ਸੰਮਤ ਸ਼ਹਿਨਸ਼ਾਹੀ ਛੇ ਦਏ ਗਵਾਹੀਆ । ਜਨ ਭਗਤਾਂ ਬਖ਼ਸ਼ਿਆ ਸਾਥ, ਸਗਲਾ ਸੰਗ ਬਣਾਈਆ । ਕਰਿਆ ਖੇਲ ਕਮਲਾਪਾਤ, ਪਤਿਪਰਮੇਸ਼ਵਰ ਹੋਇਆ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਚੋਲਾ ਕਹੇ ਪ੍ਰਭੂ ਮੇਰਾ ਅੰਤ ਅਖ਼ੀਰੀ ਹੋਇਆ ਵਿਹਾਰ, ਤੇਰੇ ਚਰਨ ਮਿਲੀ ਸਰਨਾਈਆ । ਮੈਂ ਚਾਹੁੰਦਾ ਇੱਕੀ ਭਗਤ

ਜਨ ਕਰ ਤਿਆਰ, ਸਿਰ ਆਪਣਾ ਹੱਥ ਟਿਕਾਈਆ । ਉਹ ਅੰਦਰੋਂ ਹੋਣ ਸੰਗਤ ਦੇ ਸੇਵਾਦਾਰ, ਦਵੈਤ ਵਾਲਾ ਨਜ਼ਰ ਕੋਇ ਨਾ ਆਈਆ । ਓਨ੍ਹਾਂ ਦੇ ਸੀਸ ਬੰਨ੍ਹ ਦਸਤਾਰ, ਇਹ ਇੱਕੀ ਦੇਣ ਗਵਾਹੀਆ । ਆਪ ਬਣ ਯਾਰਾਂ ਦਾ ਯਾਰ, ਯਰਾਨਾ ਤੋੜ ਨਿਭਾਈਆ । ਪਹਿਲੋਂ ਮਾਝੇ ਵਿਚੋਂ ਕਰ ਵਿਚਾਰ, ਫੌਜਾ ਸਿੰਘ ਮਲੂਵਾਲੋਂ ਲੈਣਾ ਉਠਾਈਆ । ਫੇਰ ਮੰਗਲ ਸਿੰਘ ਹੋਵੇ ਹੁਸ਼ਿਆਰ, ਸਾਰੰਗੜੇ ਵਾਲਾ ਸੰਗ ਬਣਾਈਆ । ਨਰੈਣ ਸਿੰਘ ਕਰ ਖ਼ਬਰਦਾਰ, ਪੁਰ ਗੁਮਾਨ ਵੱਜੇ ਵਧਾਈਆ । ਮੋਤਾ ਸਿੰਘ ਦੇ ਉਧਾਰ, ਸਿਰ ਆਪਣਾ ਹੱਥ ਟਿਕਾਈਆ । ਕੁੰਦਨ ਸਿੰਘ ਬਖ਼ਸ਼ ਪਿਆਰ, ਮਾਲਚੱਕ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਚੋਲਾ ਕਹੇ ਮਾਲਵੇ ਕਰ ਧਿਆਨ, ਮਿਹਰ ਨਜ਼ਰ ਉਠਾਈਆ । ਜਰਨੈਲ ਸਿੰਘ ਕਰ ਪਰਵਾਨ, ਰਾਮ ਸਿੰਘ ਨਾਲ ਮਿਲਾਈਆ । ਸਾਧੂ ਸਿੰਘ ਦੇ ਗਿਆਨ, ਸਿਰ ਆਪਣਾ ਹੱਥ ਰਖਾਈਆ । ਜਾਗੀਰ ਸਿੰਘ ਹੋਵੇ ਬਲਵਾਨ, ਹਰਬੰਸ ਸਿੰਘ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਚੋਲਾ ਕਹੇ ਦੁਆਬੇ ਵੇਖ ਆਪਣਾ ਰੂਪ, ਦੋਹਰੀ ਧਾਰ ਸਮਝਾਈਆ । ਤਾਰੂ ਸਿੰਘ ਬਣਾ ਸਪੂਤ, ਅਰਜਨ ਸਿੰਘ ਸੰਗ ਵਖਾਈਆ । ਲਾਲ ਸਿੰਘ ਬਣਾ ਸੂਚ, ਹੇਰਾਂ ਪਿੰਡ ਦੇਣੀ ਵਡਿਆਈਆ । ਪ੍ਰੀਤਮ ਸਿੰਘ ਭਾਗ ਲਗਾ ਪੰਜ ਭੂਤ, ਪ੍ਰੀਤਮ ਸਿੰਘ ਜੰਡਿਆਲੇ ਵਾਲਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਪੂਰ ਕਰਾਈਆ । ਚੋਲਾ ਕਹੇ ਜੰਮੂ ਚਾੜ੍ਹ ਦੇ ਰੰਗ, ਆਪਣੀ ਦਇਆ ਕਮਾਈਆ । ਤੇਜ ਭਾਨ ਦੇ ਅਨੰਦ, ਲਛਮਣ ਸਿੰਘ ਮਿਲ ਕੇ ਵੱਜੇ ਵਧਾਈਆ । ਅੰਗ੍ਰੇਜ਼ ਸਿੰਘ ਚਮਕਾ ਚੰਦ, ਦੇਵੀ ਸਿੰਘ ਹੋਵੇ ਰੁਸ਼ਨਾਈਆ । ਗੁਰਦਿਤ ਸਿੰਘ ਤੇਰੇ ਨਾਮ ਦਾ ਹੋਏ ਪਾਬੰਦ, ਸਿਰ ਪੰਜਾਂ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਦ ਆਪਣਾ ਰੰਗ ਰੰਗਾਈਆ । ਚੋਲਾ ਕਹੇ ਮੇਰਾ ਰੂਪ ਚੰਦੋਆ, ਬਿਨ ਚੰਦਨ ਵਾਸ ਮਹਿਕਾਈਆ । ਤੇਰੇ ਜੋਗਾ ਹੋਆ, ਦੂਜਾ ਨਜ਼ਰ ਕੋਇ ਨਾ ਪਾਈਆ । ਮੈਂ ਜਗਤ ਜਹਾਨ ਮੋਆ, ਗੁਰਮੁਖ ਆਪਣੇ ਲੈਣੇ ਪਰਗਟਾਈਆ । ਪ੍ਰਕਾਸ਼ ਹੋਵੇ ਤ੍ਰੈ ਲੋਆ, ਪੁਰੀਆਂ ਲੋਆਂ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਚੰਦੋਆ ਕਹੇ ਮੇਰੇ ਸਾਹਿਬ ਸਤਿਗੁਰ ਮਹਾਰਾਜ, ਸ਼ਹਿਨਸ਼ਾਹ ਤੇਰੀ ਸਰਨਾਈਆ । ਇੱਕੀਵੀਂ ਦਸਤਾਰ ਅਮਰਜੀਤ ਸਿੰਘ ਦੇ ਸਿਰ ਤੇ ਰੱਖ ਦੇ ਤਾਜ, ਤਖ਼ਤ ਨਿਵਾਸੀ ਦਇਆ ਕਮਾਈਆ । ਤੇਰਾ ਸਤਿਜੁਗ ਦਾ ਬਣੇ ਸਮਾਜ, ਸਮਗਰੀ ਇਕ ਵਰਤਾਈਆ । ਜੇਹੜਾ ਝਗੜਾ ਪਏ ਕੋਈ ਨਾ ਬਾਦ, ਬਾਦ ਦਾ ਲੇਖਾ ਦੇਣਾ ਗਵਾਈਆ । ਮੰਗੂਪੁਰੋਂ ਜੋ ਆਈ ਸੌਗਾਤ, ਮਨਜੀਤ ਭੱਜੀ ਚਾਈਂ ਚਾਈਂਆ । ਇਹ ਸ਼ਬਦ ਗੁਰੂ ਵਜਾਏ ਨਾਦ, ਸੰਦੇਸ਼ਾ ਆਇਆ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਇਕ ਵਖਾਈਆ । ਚੰਦੋਆ ਕਹੇ ਇੱਕੀ ਗੁਰਮੁਖੋ ਸਤਿਗੁਰ ਬਣਨ ਦੀ ਰੱਖਣੀ ਕਦੇ ਨਹੀਂ ਆਸ, ਭਗਵਨ ਰੂਪ ਨਾ ਕੋਇ ਬਣਾਈਆ । ਇਕੋ ਸ਼ਬਦ ਗੁਰਦੇਵ ਸਭ ਦੇ ਵਸੇ ਪਾਸ, ਮਾਲਕ ਹਰ ਘਟ ਥਾਈਂਆ । ਪੂਰਨ ਵਿਚ ਪੂਰਨ ਜੋਤ ਪ੍ਰਕਾਸ਼, ਬਿਨਾ ਪੂਰਨ ਤੋਂ ਦੂਜਾ ਨਜ਼ਰ ਕੋਇ ਨਾ ਆਈਆ । ਕੰਨਾਂ ਵਿਚ ਸੁਣਿਓ ਨਾ ਕਿਸੇ ਦੀ ਬਾਤ, ਝਗੜੇ ਵਿਚ ਕੂੜ ਲੋਕਾਈਆ । ਮੇਰਾ ਠੱਗਾਂ ਚੋਰਾਂ ਨਾਲ ਸਾਥ, ਬਦਮਾਸ਼ਾਂ ਵਿਚ ਵੜ ਕੇ ਝਟ ਲੰਘਾਈਆ । ਕਾਹਨਾਂ ਗੋਪੀਆਂ ਅੰਦਰ ਵੜ

ਕੇ ਪਾਵਾਂ ਰਾਸ, ਇਹ ਮੇਰੀ ਬੇਪਰਵਾਹੀਆ । ਨਿਮਾਜ਼ੀਆਂ ਵਿਚ ਬਹਿ ਕੇ ਪੜ੍ਹਾਂ ਨਿਮਾਜ਼, ਸੱਜਦਾ ਸੀਸ ਝੁਕਾਈਆ । ਸ਼ਾਹ ਸੁਲਤਾਨਾਂ ਵਿਚ ਸੀਸ ਤੇ ਰੱਖਾਂ ਤਾਜ, ਸ਼ਾਹ ਪਾਤਸ਼ਾਹ ਹੋ ਕੇ ਆਪਣਾ ਹੁਕਮ ਸੁਣਾਈਆ । ਜਦ ਚਾਹੋਗੇ ਦਿਨ ਰਾਤ ਮਾਰਾਂ ਆ ਆਵਾਜ਼, ਹੁਕਮ ਹੁਕਮ ਵਿਚੋਂ ਪਰਗਟਾਈਆ । ਪਿਛੇ ਜੇ ਸੁੱਤੇ ਰਹੇ ਤੇ ਹੁਣ ਪੈਣਾ ਜਾਗ, ਆਲਸ ਨਿੰਦਰਾ ਲੈਣੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਚੰਦੋਆ ਕਹੇ ਪ੍ਰਭ ਦਾ ਖੇਲ ਸਦਾ ਬਹੁ ਭਾਂਤੀ, ਮੈਂ ਜੁਗ ਜੁਗ ਸੇਵ ਕਮਾਈਆ । ਨਿਰਗੁਣ ਸਰਗੁਣ ਖੇਲ ਕਰੇ ਦਿਵਸ ਰਾਤੀ, ਜੁਗ ਜੁਗ ਫੇਰਾ ਪਾਈਆ । ਜਗਤ ਸਾਕ ਸਨਬੰਧ ਬਣਾਏ ਮਾਤ ਪਿਤ ਭੈਣ ਭਾਈ ਪਿਤਾ ਪੂਤ ਤਾਈ ਚਾਚੀ, ਫੁੱਫੀ ਮਾਸੀ ਨਾਲ ਵਡਿਆਈਆ । ਤੇ ਓਨ੍ਹਾਂ ਦੀ ਫੇਰ ਕਰੇ ਰਾਖੀ, ਜਿਨ੍ਹਾਂ ਪੁਤ ਤੋਂ ਹੋ ਕੇ ਪਿਤਾ ਰੂਪ ਬਣਾਈਆ । ਇਹੋ ਔਖੀ ਮੰਜ਼ਲ ਤੇ ਔਖੀ ਘਾਟੀ, ਜੇਹੜੀ ਚਾਰ ਜੁਗ ਸਮਝ ਕਿਸੇ ਨਾ ਆਈਆ । ਸਾਹਿਬ ਦੀਨ ਦਿਆਲ ਜਿਸ ਨੂੰ ਚਾਹੇ ਕੋਝੇ ਕਮਲੇ ਨੂੰ ਦੇਵੇ ਦਾਤੀ, ਭੁੱਖੇ ਨੰਗੇ ਨੂੰ ਦਾਤਾ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਇੱਕੀ ਭਗਤ ਜਨ ਹੋ ਜਾਉ ਖੜੇ, ਖੜੇ ਦੋਵੇਂ ਹੱਥ ਕਰਾਈਆ । ਮੁਖੋਂ ਕਹੋ ਪ੍ਰਭੂ ਅਸੀਂ ਇਕੋ ਅੱਖਰ ਪੜ੍ਹੇ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਤੇਰੇ ਸ਼ਬਦ ਬੇੜੇ ਚੜ੍ਹੇ, ਜਗਤ ਨਈਆ ਨੌਕਾ ਦਿਤਾ ਤਜਾਈਆ । ਇਕੋ ਜਾਣਾ ਤੇਰੇ ਘਰੇ, ਦੂਜੇ ਮੰਦਰ ਨਾ ਕੋਇ ਵਡਿਆਈਆ । ਤੈਨੂੰ ਹੋਣ ਨਹੀਂ ਦੇਣਾ ਪਰੇ, ਪਲਕਾਂ ਦੇ ਪਿਛੇ ਲੈਣਾ ਛੁਪਾਈਆ । ਜੇ ਤੂੰ ਸਾਡੇ ਅਵਤਾਰ ਪੈਗ਼ੰਬਰ ਗੁਰੂ ਵਰੇ, ਕਿਉਂ ਸਾਥੋਂ ਕਰੇਂ ਜੁਦਾਈਆ । ਅਸੀਂ ਅੱਗੇ ਨਹੀਂ ਰਹਿਣਾ ਛੜੇ, ਆਤਮ ਤੇਰੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਚੋਲਾ ਕਹੇ ਪੰਜੇ ਪਿਆਰੇ ਜੋੜੇ ਹੱਥ, ਸੀਸ ਜਗਦੀਸ ਨਿਵਾਈਆ । ਪੰਜ ਲਿਖਾਰੀ ਲਿਖੇ ਪੁਰਖ ਸਮਰਥ, ਇਹੋ ਪਿਤਾ ਇਹੋ ਮਾਈਆ । ਪੰਜੇ ਦਰਬਾਰੀ ਚਰਨ ਜਾਓ ਢੱਠ, ਮਸਤਕ ਧੂੜੀ ਖ਼ਾਕ ਰਮਾਈਆ । ਪੰਜੇ ਪੁਜਾਰੀ ਚਰਨ ਲਓ ਚੱਟ, ਰਹੀ ਨਾ ਮਾਣ ਵਡਿਆਈਆ । ਕੁੱਤੇ ਵਾਲਾ ਸ਼ਿਕਾਰੀ ਭਜਨ ਸਿੰਘ ਆਵੇ ਨੱਸ, ਪਿਛਲੀ ਭੁੱਲ ਰਹੇ ਨਾ ਰਾਈਆ । ਇੱਕੀਆਂ ਦਾ ਵੇਖੇ ਸਥ, ਸੋਹਣਾ ਦਿਤਾ ਬਣਾਈਆ । ਛੱਬੀ ਪੋਹ ਫਿਰ ਹੋਰ ਮਿਲਣੀ ਵਥ, ਜੋ ਸਭ ਦੀ ਝੋਲੀ ਪਾਈਆ । ਅੱਜ ਤੋਂ ਜਿਸ ਤਰਾਂ ਗੁਰਮੁਖੋ ਤੁਹਾਨੂੰ ਦਰਸ਼ਨ ਹੋਵਣ ਉਹ ਲਿਖ ਕੇ ਰੱਖਣਾ ਤੇ ਆ ਕੇ ਦੇਣਾ ਦੱਸ, ਤੇ ਫੇਰ ਪ੍ਰਭੂ ਦੇ ਦਰਸ਼ਨਾਂ ਦਾ ਲੇਖਾ ਲੈਣਾ ਪਾਈਆ । ਵੇਖਿਓ ਮੈਂ ਇਕ ਤੇ ਤੁਹਾਨੂੰ ਮਿਲਦਾ ਕਿਸ ਤਰਾਂ ਨੱਸ ਨੱਸ, ਰਾਤੀਂ ਸੁੱਤਿਆਂ ਲਵਾਂ ਉਠਾਈਆ । ਪਰ ਯਾਦ ਕਰ ਲਓ ਪ੍ਰਭੂ ਦੇ ਵਿਹਾਰ ਵਿਚ ਪਿਆਰ ਵਿਚ ਸਤਿਕਾਰ ਵਿਚ ਦਰਬਾਰ ਵਿਚ ਅਗਨੀ ਵਿਚ ਨਾ ਜਾਇਓ ਮੱਚ, ਹਸਦ ਵਿਚ ਕੋਇ ਨਾ ਆਈਆ । ਬਾਹਰ ਦਾ ਖੇਲ ਕਾਇਆ ਕੱਚ, ਕਾਚੀ ਵੰਗ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਪਤਿਪਰਮੇਸ਼ਵਰ ਅਗੰਮ ਅਥਾਹੀਆ । ਸਤਾਰਾਂ ਹਾੜ ਕਹੇ ਪ੍ਰਭੂ ਚਾਰ ਜੁਗ ਤੇਰੀ ਚਲਦੀ ਰਹੀ ਗੱਡੀ, ਨਾਮ ਦੇ ਪਈਏ ਦਿਤੇ ਲਗਾਈਆ । ਇਕ ਗੱਲ ਪੁਛਾਂ ਵੱਡੀ, ਗਲ ਪਲੂ ਵਾਸਤਾ ਪਾਈਆ । ਉਹ ਕਿਹੜੀ ਧਾਰ ਜਿਸ ਨਾਲ ਸ੍ਰਿਸ਼ਟੀ ਬੱਧੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਉਹ ਕਿਹੜੀ ਆਵਾਜ਼, ਜਿਸ ਨਾਲ ਗੁਰ ਅਵਤਾਰ ਪੈਗ਼ੰਬਰਾਂ ਬਖ਼ਸ਼ੇ ਗੱਦੀ, ਲੋਕਮਾਤ ਮਾਣ ਤਾਣ ਵਧਾਈਆ । ਪੁਰਖ ਅਕਾਲ ਕਿਹਾ ਇਹ ਸਾਰੀ

੫੮੪
੨੨

ਖੇਲ ਮੇਰਿਆਂ ਚਰਨਾਂ ਹੇਠ ਦੱਬੀ, ਬਿਨਾ ਕਿਰਪਾ ਤੋਂ ਨਜ਼ਰ ਕਿਸੇ ਨਾ ਆਈਆ । ਪਰ ਇਹ ਦਾਤ ਬਖ਼ਸ਼ਦਾ ਕਦੀ ਕਦੀ, ਸਦਾ ਹੱਥ ਨਾ ਕਿਸੇ ਫੜਾਈਆ । ਜਿਸ ਦੀ ਪ੍ਰੀਤ ਪ੍ਰੀਤਮ ਨਾਲ ਲੱਗੀ, ਸੋ ਪ੍ਰੀਤਮ ਵਿਚ ਸਮਾਈਆ । ਜਨ ਭਗਤੋ ਹੁਣ ਉਹੋ ਦਾਤ ਤੁਹਾਡੀਆਂ ਪਿੱਠਾਂ ਉਤੇ ਬੱਧੀ, ਕਿਉਂ ਗੋਬਿੰਦ ਦਿਤਾ ਲਿਖਾਈਆ । ਅੱਗੇ ਗੋਬਿੰਦ ਦਾ ਦਰਸ਼ਨ ਕਰਦੇ ਸੀ ਅੱਖੀਂ, ਸਾਹਮਣੇ ਹੋ ਕੇ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਜਨ ਭਗਤੋ ਗੋਬਿੰਦ ਬਹਿ ਗਿਆ ਤੁਹਾਡੀ ਉਤੇ ਪਿੱਠ, ਪਿਠੂ ਮਜ਼੍ਹਬ ਦੇ ਦਿਤੇ ਲਾਹੀਆ । ਜਿਹੜੀ ਸਾਧਾਂ ਨੇ ਮੰਜ਼ਲ ਦੱਸੀ ਸਵਾ ਗਿੱਠ, ਉਹ ਬਿਨਾ ਨਾਪ ਤੋਂ ਦਿਤੀ ਮੁਕਾਈਆ । ਤੁਹਾਡੇ ਕੋਲ ਇਕੋ ਮੇਰੇ ਨਾਮ ਦੀ ਚਿਟ, ਚਿੱਟੀ ਧਾਰ ਵਿਚੋਂ ਪਾਰ ਲੰਘਾਈਆ । ਕਦੀ ਨਾ ਪੂਜਿਓ ਪੱਥਰ ਤੇ ਇੱਟ, ਇੱਟਾਂ ਪੱਥਰਾਂ ਵਾਲਾ ਗੁਰੂ ਕੰਮ ਕਿਸੇ ਨਾ ਆਈਆ । ਜੇ ਚੰਗਾ ਕੰਮ ਇਹ ਨਾ ਹੁੰਦਾ ਤੇ ਜ਼ਰੂਰ ਮਾਰਦਾ ਕੋਈ ਛਿਕ, ਇਹ ਜਗਤ ਦੀ ਰੀਤੀ ਪਿਛਲੀ ਚਲੀ ਆਈਆ । ਪਰ ਮੈਨੂੰ ਐਂ ਜਾਪਦਾ ਸਾਰੇ ਪ੍ਰਭੂ ਦੇ ਦਵਾਰੇ ਗਏ ਵਿਕ, ਕੀਮਤ ਆਪਣੀ ਗਏ ਮੁਕਾਈਆ । ਜਨ ਭਗਤੋ ਸੱਜਾ ਹੱਥ ਮਾਰੋ ਉਤੇ ਹਿੱਕ, ਅਸੀਂ ਪ੍ਰਭੂ ਦੇ ਭਗਤ ਤੇ ਉਹ ਸਾਡਾ ਭਗਵਨ ਸੋਭਾ ਪਾਈਆ । ਸਾਡੇ ਅੰਦਰ ਮਾਰੇ ਸਦਾ ਖਿੱਚ, ਵਿਚ ਵੜ ਕੇ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਨਾਰੀ ਦੀ ਫੇਰ ਆ ਗਈ ਵਾਰੀ, ਚਾਰ ਜੁਗ ਦੀ ਖ਼ੁਸ਼ੀ ਬਣਾਈਆ । ਪ੍ਰਭੂ ਸਾਹਿਬ ਹੁਣ ਕਰੀਏ ਅਗਲੀ ਤਿਆਰੀ, ਤ੍ਰੈਗੁਣ ਤੋਂ ਬਾਹਰ ਖੇਲ ਖਿਲਾਈਆ । ਜਿਸ ਤਰਾਂ ਮੈਂ ਤੈਨੂੰ ਲੱਗੀ ਪਿਆਰੀ, ਪ੍ਰੇਮ ਵਿਚ ਆਪਣਾ ਪ੍ਰੇਮ ਵਧਾਈਆ । ਮੈਂ ਚਾਹੁੰਦੀ ਮੇਰੇ ਨਾਲੋਂ ਚੰਗੀ ਤੇਰੀ ਤੇਰਿਆਂ ਭਗਤਾਂ ਨਾਲ ਹੋਵੇ ਯਾਰੀ, ਬਿਨਾ ਭਗਤਾਂ ਤੋਂ ਯਰਾਨਾ ਕੰਮ ਕਿਸੇ ਨਾ ਆਈਆ । ਬਿਨਾ ਸਹਿਬ ਕੰਤ ਤੋਂ ਸ੍ਰਿਸ਼ਟੀ ਸਰਬ ਕਵਾਰੀ, ਆਤਮ ਸੇਜ ਨਾ ਕੋਇ ਹੰਢਾਈਆ । ਮੈਂ ਸਦਕੇ ਘੋਲੀ ਵਾਰੀ, ਆਪਣਾ ਆਪ ਘੋਲ ਘੁਮਾਈਆ । ਵੇਖੀਂ ਕਿਤੇ ਵਿਤਕਰਾ ਨਾ ਪਾਵੀਂ ਮੁੱਛ ਕੇਸ ਤੇ ਦਾੜ੍ਹੀ, ਮੂੰਡ ਮੁੰਡਾਇਆ ਹਿੱਸਾ ਨਾ ਕੋਇ ਰਖਾਈਆ । ਮੈਂ ਚਾਹੁੰਦੀ ਜੋ ਤੇਰੇ ਚਰਨ ਕਰੇ ਨਿਮਸਕਾਰੀ, ਨਿਉਂ ਨਿਉਂ ਸੀਸ ਝੁਕਾਈਆ । ਉਹੋ ਤੇਰੇ ਸਚਖੰਡ ਵਿਚ ਆ ਕੇ ਪ੍ਰੇਮ ਦੀ ਦਏ ਬਹਾਰੀ, ਬਹਾਰ ਰੁਤ ਆਪਣੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਘਰ ਵਸਾਈਆ । ਨਾਰਦ ਕਹੇ ਮੇਰਾ ਇਕੋ ਹੋਕਾ, ਹੁੱਕਿਆਂ ਵਾਲਿਓ ਦਿਆਂ ਸੁਣਾਈਆ । ਪ੍ਰਭੂ ਦਾ ਖੇਲ ਜੁਗ ਚੌਕੜੀ ਧੋਖਾ, ਅਛਲ ਛਲ ਸਭ ਦੇ ਨਾਲ ਕਰਾਈਆ । ਏਸੇ ਤਰਾਂ ਵਕਤ ਲੰਘ ਗਿਆ ਬਹੁਤਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਲੰਘਾਈਆ । ਹੁਣ ਗੋਬਿੰਦ ਦਾ ਪੂਰਾ ਕਰ ਕੇ ਢਈਆ ਵਾਲਾ ਢੌਂਕਾ, ਆਪਣੀ ਲਈ ਅੰਗੜਾਈਆ । ਰਵਦਾਸ ਦਾ ਸਾਢੇ ਤਿੰਨ ਹੱਥ ਲੇਖਾ ਪੂਰਾ ਕੀਤਾ ਔਂਟਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਅੰਤ ਅਖ਼ੀਰ ਸਭ ਦਾ ਮਾਲਕ ਖ਼ਸਮ ਖ਼ਾਵੰਦ ਬਣ ਕੇ ਖੌਂਤਾ, ਅਵਤਾਰ ਪੈਗੰਬਰ ਗੁਰੂ ਲਏ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਨਾਰਦ ਕਹੇ ਜਨ ਭਗਤੋ ਇੱਕੀ ਪਗੜੀਆਂ ਲਓ ਬੰਨ੍ਹ, ਜੁਗਿੰਦਰ ਕੌਰ ਦੇਣੀਆਂ ਵਰਤਾਈਆ । ਮਨਜੀਤ ਨੇ ਨਾਲ ਤੁਰਨਾ ਕਹਿਣਾ ਧੰਨ ਧੰਨ, ਪ੍ਰਭੂ ਤੇਰੀ ਬੇਪਰਵਾਹੀਆ । ਸਭ ਨੇ ਬੋਲਣਾ ਹਰਿ ਸੰਗਤ ਦਾ ਬੇੜਾ ਲੈਣਾ ਬੰਨ੍ਹ, ਸਤਿਗੁਰ ਆਪਣੇ ਕੰਧ ਉਠਾਈਆ । ਕੋਈ ਮੰਦਰ ਵਸੇ ਤੇ ਕੋਈ ਭਾਵੇਂ ਵਸੇ ਛੰਨ, ਸਭ ਨੂੰ ਇਕੋ ਘਰ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ

੫੮੫
੨੨

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਚੜ੍ਹਾਈਆ । ਪਗੜੀ ਕਹੇ ਮੈਨੂੰ ਸਾਰੇ ਕਹਿੰਦੇ ਪੱਗ, ਪੱਗ ਕਹਿ ਕੇ ਮੈਨੂੰ ਪਾਗ਼ਲ ਦਿਤਾ ਬਣਾਈਆ । ਮੈਂ ਵੇਖਿਆ ਸਾਰਾ ਜਗ, ਜੁਗ ਜੁਗ ਸੇਵ ਕਮਾਈਆ । ਮੈਂ ਜਿਸ ਦੇ ਸਿਰ ਤੇ ਆਈ ਉਹਦੇ ਅੰਦਰ ਵੇਖੀ ਦੀਨ ਮਜ਼੍ਹਬ ਦੀ ਅੱਗ, ਸਾਂਤਕ ਸਤਿ ਨਾ ਕੋਇ ਕਰਾਈਆ । ਮੈਂ ਭੱਜ ਕੇ ਚਲੀ ਗਈ ਮੱਕੇ ਮਦੀਨੇ ਦਾ ਕਰਨ ਹੱਜ, ਹਾਜੀਆਂ ਵੇਖ ਵਖਾਈਆ । ਜਿਨ੍ਹਾਂ ਦੇ ਸਿਰਾਂ ਉਤੇ ਕੁੱਲੇ ਰਹੇ ਸਜ, ਕੁਲ ਮਾਲਕ ਨਾ ਕੋਇ ਸੀਸ ਨਿਵਾਈਆ । ਓਨ੍ਹਾਂ ਦੇ ਅੰਦਰ ਦਵੈਤ ਸਭ ਨਾਲੋਂ ਵੱਧ, ਆਬੇਹਯਾਤ ਨਾ ਕੋਇ ਪਿਆਈਆ । ਮੈਂ ਸਾਰੇ ਦਿਤੇ ਛਡ, ਭੱਜੀ ਵਾਹੋ ਦਾਹੀਆ । ਇਕ ਭਗਤ ਸੁਹੇਲਾ ਲਿਆ ਲੱਭ, ਉਸ ਨੂੰ ਦਿਤਾ ਸੁਣਾਈਆ । ਮੈਨੂੰ ਲੈ ਚਲ ਉਥੇ ਜਿਥੇ ਨਹੀਂ ਕੋਈ ਹੱਦ, ਹਿੱਸਾ ਵੰਡ ਨਾ ਕੋਇ ਵੰਡਾਈਆ । ਮੈਂ ਸਭ ਤੋਂ ਵੱਖਰੀ ਰਹਾਂ ਅਲੱਗ, ਵੱਖਰਾ ਘਰ ਸੁਹਾਈਆ । ਜਿਥੇ ਸਾਰੇ ਭਗਤ ਹੋਣ ਹੋਵੇ ਕੋਇ ਨਾ ਕਗ, ਹੰਸ ਗੁਰਮੁਖ ਸੋਭਾ ਪਾਈਆ । ਨਾਮ ਖ਼ੁਮਾਰੀ ਪੀ ਕੇ ਮਧ, ਮਧੁਰ ਧੁਨ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦਿਤੀ ਮਾਣ ਵਡਿਆਈਆ । ਪੱਗ ਕਹੇ ਜਨ ਭਗਤੋ ਪ੍ਰਭ ਨੇ ਕੀਤੀ ਬੜੀ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਜਿਸ ਦੇ ਭਗਤ ਸਦਾ ਨਿਸ਼ਾਨੀ, ਜੁਗ ਜੁਗ ਸੋਭਾ ਪਾਈਆ । ਆਦਿ ਜੁਗਾਦਿ ਬਣਿਆ ਰਿਹਾ ਬਾਨੀ, ਸਦਾ ਸਦਾ ਸਿਰ ਆਪਣਾ ਹੱਥ ਟਿਕਾਈਆ । ਪਿਛਲੀ ਰੀਤੀ ਚੁੱਕੀ ਪੁਰਾਣੀ, ਅੱਗੇ ਆਪਣਾ ਹੁਕਮ ਵਰਤਾਈਆ । ਜਿਸ ਜੋਤੀ ਧਾਰ ਅਵਤਾਰ ਪੈਗ਼ੰਬਰ ਗੁਰੂ ਬਣਾ ਲਏ ਮਹਾਂਰਾਣੀ, ਰਾਓ ਰੰਕ ਰਿਹਾ ਨਾ ਰਾਈਆ । ਸੋ ਜਨ ਭਗਤਾਂ ਸਚ ਦਵਾਰੇ ਖਵਾ ਮਹਿਮਾਨੀ, ਤ੍ਰਿਸ਼ਨਾ ਭੁੱਖ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਨਾਰਦ ਕਹੇ ਪ੍ਰਭੂ ਜਿਹੜੀ ਖੇਲ ਕੀਤੀ ਆਦਿ, ਮੈਨੂੰ ਦੇ ਸੁਣਾਈਆ । ਮੈਨੂੰ ਆ ਗਿਆ ਯਾਦ, ਯਾਦਦਾਸ਼ਤ ਨਾ ਕਦੇ ਭੁਲਾਈਆ । ਜੁਗ ਚੌਕੜੀ ਜਗਤ ਵਸਤੂਆਂ ਦਾ ਵਰਤਾਉਂਦਾ ਰਿਹਾ ਪਰਸਾਦ, ਪਰਸ਼ਾਦੇ ਖਵਾ ਕੇ ਸਭ ਦੇ ਝਟ ਲੰਘਾਈਆ । ਪਰ ਆਪਣੇ ਨਾਮ ਦੀ ਪਰਗਟ ਹੋ ਕੇ ਸਾਖਿਆਤ ਹਰਿ ਸੰਗਤ ਕਰ ਕੇ ਵੰਡੀ ਕਦੇ ਨਹੀਂ ਦਾਤ, ਇਕ ਇਕ ਨੂੰ ਚੋਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਨਾਰਦ ਕਹੇ ਪ੍ਰਭੂ ਅੱਜ ਪਰਸ਼ਾਦ ਦੇ ਦੇ ਉਹ, ਜੋ ਆਦਿ ਝੋਲੀ ਪਾਈਆ । ਜਿਹੜੇ ਗੁਰਮੁਖ ਆਉਣ ਛੱਬੀ ਪੋਹ, ਓਨ੍ਹਾਂ ਦੇ ਅੰਦਰ ਵੱਜਦੀ ਰਹੇ ਵਧਾਈਆ । ਸਭ ਦੇ ਹੱਥ ਵਿਚ ਲਿਖ ਕੇ ਫੜਿਆ ਹੋਵੇ ਸੋਹੰ ਸੋ, ਸੁਨਿਹਰੀ ਅੱਖਰਾਂ ਵਿਚ ਸੋਭਾ ਪਾਈਆ । ਤੇਰੇ ਚਰਨਾਂ ਦਾ ਹੋਵੇ ਮੋਹ, ਨਾਤਾ ਦੀਨ ਦੁਨੀ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਨਾਮ ਦੇਣਾ ਵਰਤਾਈਆ । ਸਾਚਾ ਨਾਮ ਦੇ ਦੇ ਗੱਫਾ, ਆਪਣੀ ਗੰਢ ਖੁਲ੍ਹਾਈਆ । ਐਵੇਂ ਨਾ ਹੋਵੀਂ ਖ਼ਫ਼ਾ, ਗ਼ੁੱਸੇ ਵਿਚ ਸੁਣਾਈਆ । ਜ਼ਰਾ ਹੁਣ ਬਦਲ ਦੇ ਆਪਣਾ ਪਿਛਲਾ ਸਫ਼ਾ, ਅੱਗਾ ਦੇ ਦ੍ਰਿੜਾਈਆ । ਅਜੇ ਤਕ ਭਗਤਾਂ ਨੂੰ ਮਹਿਸੂਸ ਹੁੰਦਾ ਅਸੀਂ ਅਜੇ ਤਕ ਕੋਈ ਨਹੀਂ ਕੀਤਾ ਵਾਧਾ, ਵਾਧਾ ਨਜ਼ਰ ਕੋਇ ਨਾ ਆਈਆ । ਹੁਣ ਇਨ੍ਹਾਂ ਦੇ ਅੰਦਰ ਵੜ ਕੇ ਇਨ੍ਹਾਂ ਦੀ ਆਤਮ ਨੂੰ ਮਾਰਨਾ ਜੱਫਾ, ਗਲਵਕੜੀ ਵਿਚੋਂ ਨਿਕਲ ਕੋਇ ਨਾ ਜਾਈਆ । ਇਕੋ ਤੇਰਾ ਗਾਵਣ ਟੱਪਾ, ਟਾਪੂਆਂ ਦਾ ਡੇਰਾ ਢਾਹੀਆ । ਇਕੋ ਪਾ ਦੇ ਸਭ ਦੇ ਉਪਰ ਛੱਪਾ, ਸਿਰ ਸਕੇ ਨਾ ਕੋਇ ਉਠਾਈਆ । ਜਿਹੜੇ ਤੈਥੋਂ ਓਹਲੇ ਹੋ ਕੇ ਮਾਰਦੇ ਗੱਪਾਂ, ਗਪੌੜੀਆਂ ਰਹੇ ਸੁਣਾਈਆ । ਉਨ੍ਹਾਂ

੫੮੬
੨੨

ਦੇ ਗੱਲ ਵਿਚ ਪਾ ਦੇ ਨਾਮ ਦਾ ਪਟਾ, ਪਟੇ ਵਾਲਾ ਕੁੱਤਾ ਦਏ ਗਵਾਹੀਆ । ਬਿਨਾ ਤੇਰੇ ਤੋਂ ਦੂਜੇ ਨਾਲ ਹੋਵੇ ਕਦੇ ਨਾ ਮਤਾ, ਮਤ ਮਤਾਂਤਰ ਦਾ ਡੇਰਾ ਢਾਹੀਆ । ਜੇ ਤੂੰ ਅੰਮ੍ਰਿਤ ਵਰਤਾਇਆ ਸੀ ਨਾਲ ਲੱਪਾਂ, ਹੁਣ ਬੁਕੜੇ ਦੇ ਭਰਾਈਆ । ਪੀਣਾ ਪਏ ਨਾ ਨਾਲ ਕੱਪਾਂ, ਰਸਨਾ ਜਿਹਵਾ ਨਾ ਮੁਖ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਸਤ ਝੋਲੀ ਪਾਈਆ । ਪੁਰਖ ਅਕਾਲ ਕਹੇ ਮੇਰਾ ਪ੍ਰਸਾਦ ਸਦਾ ਪ੍ਰਸਾਦੀ, ਪਰਸ ਪਰਸ ਪਰਸਾਇਆ । ਤਰਸਦੇ ਰਹੇ ਕ੍ਰਿਸ਼ਨਾ ਰਾਧੀ, ਰਾਮਾ ਸੀਤਾ ਰਾਹ ਤਕਾਇਆ । ਪੈਗ਼ੰਬਰ ਝੋਲੀਆਂ ਰਹੇ ਆਡੀ, ਨੇਤਰ ਨੈਣ ਉਠਾਇਆ । ਗੁਰ ਗੁਰ ਗਾਉਂਦੇ ਰਹੇ ਬਣ ਕੇ ਢਾਡੀ, ਸਿਫਤਾਂ ਵਿਚ ਸਾਲਾਹਿਆ । ਮੈਂ ਇਕ ਖ਼ਬਰ ਸੁਣਾਈ ਸਾਚੀ, ਸਹਿਜ ਨਾਲ ਦ੍ਰਿੜਾਈਆ । ਜਿਸ ਵੇਲੇ ਆਪ ਆਵਾਂ ਤੇ ਦੀਨਾਂ ਮਜ਼੍ਹਬਾਂ ਤੋਂ ਦੇਵਾਂ ਆਜ਼ਾਦੀ, ਝਗੜੇ ਸਰਬ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਦੀ ਧਾਰ ਬਖ਼ਸ਼ ਕੇ ਸਾਂਝੀ, ਸਾਂਝੀਵਾਲ ਭਗਤ ਜਨ ਬਣਾਇਆ ।

### ੨੯ ਹਾੜ ਸ਼ਹਿਨਸ਼ਾਹੀ ਸੰਮਤ ੬ ਸ੍ਰੀ ਆਰ ਐਲ ਸ਼ਰਮਾ ਦੇ ਨਵਿਤ ਧਰਮ ਅਰਥ ਰੋਡ ਕੋਠੀ ਨੰ੦ ੧੦੨, ਸ੍ਰੀਨਗਰ ਕਸ਼ਮੀਰ

ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਪਾਇਆ ਕਮਲਾਪਤੀ, ਪਤਿਪਰਮੇਸ਼ਵਰ ਪਾਰਬ੍ਰਹਮ ਧੁਰਦਰਗਾਹੀਆ । ਜਿਸ ਨੇ ਆਦਿ ਅੰਤ ਦੀ ਕਥਾ ਕਹਾਣੀ ਦੱਸੀ ਸੱਚੀ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣਾ ਭੇਵ ਖੁਲ੍ਹਾਈਆ । ਦਰਗਹਿ ਸਾਚੀ ਸਚਖੰਡ ਦਵਾਰੇ ਨਿਰਗੁਣ ਜੋ ਕਬੂਲ ਕਰ ਕੇ ਸਖੀ, ਸਖ਼ਾਵਤ ਧੁਰ ਦਾ ਨਾਮ ਆਪਣਾ ਆਪ ਵਰਤਾਈਆ । ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਵੇਖਿਆ ਬਿਨਾ ਅੱਖੀਂ, ਨੇਤਰ ਲੋਚਨ ਨਾ ਕੋਇ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਨਾਮ ਭੰਡਾਰਾ ਦੇਂਦਾ ਰਿਹਾ ਰਤੀ, ਰਤਨ ਅਮੋਲਕ ਧੁਰ ਦਾ ਹੀਰਾ ਸਾਡੀ ਝੋਲੀ ਪਾਈਆ । ਸਰਗੁਣ ਧਾਰ ਲੋਕਮਾਤ ਵਿਚ ਗਾ ਕੇ ਗਾਥੀ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਧੁਰ ਦੀ ਧਾਰ ਆਖੀ, ਆਖ਼ਰ ਨਿਰਅੱਖਰ ਧਾਰ ਵਿਚੋਂ ਮਾਤ ਪ੍ਰਗਟਾਈਆ । ਸੋ ਸਵਾਮੀ ਅੰਤਰਜਾਮੀ ਪੁਰਖ ਅਬਿਨਾਸ਼ੀ ਅੰਤ ਵੇਖੇ ਕਲਜੁਗ ਅੰਧੇਰੀ ਰਾਤੀ, ਦੋ ਜਹਾਨ ਨੌਜਵਾਨ ਮਰਦ ਮਰਦਾਨ ਫੋਲ ਫੁਲਾਈਆ । ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਅੰਤਰ ਆਤਮ ਰਿਹਾ ਵਾਚੀ, ਨਿਰੰਤਰ ਹੋ ਕੇ ਪਰਦਾ ਆਪ ਚੁਕਾਈਆ । ਸੱਜਣ ਸੁਹੇਲਾ ਇਕ ਇਕੇਲਾ ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਸਭ ਦੀ ਪੂਰੀ ਕਰੇ ਆਸੀ, ਆਹਿਸਤਾ ਆਹਿਸਤਾ ਮੇਲਾ ਮੇਲਿਆ ਸਹਿਜ ਸੁਭਾਈਆ । ਜਿਧਰ ਤਕੀਏ ਚਾਰ ਕੁੰਟ ਦਹਿ ਦਿਸ਼ਾ ਇਕੋ ਨੂਰ ਜੋਤ ਪ੍ਰਕਾਸ਼ੀ, ਪ੍ਰਕਾਸ਼ਵਾਨ ਮਿਹਰਵਾਨ ਮਹਿਬੂਬ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਸੁਹਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਵੇਖਿਆ ਸਚ ਘਰ ਸੁਹੰਜਣਾ, ਸਚਖੰਡ ਵੱਜੀ ਵਧਾਈਆ । ਪ੍ਰਭ ਪਾਇਆ ਆਦਿ ਪੁਰਖ ਨਿਰੰਜਣਾ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦੇ ਚਰਨ ਕਵਲ ਕਰ ਕੇ ਧੂੜੀ ਮਜਣਾ, ਆਪਾ ਆਪ ਕੀਤੀ ਸਫ਼ਾਈਆ । ਠਾਕਰ ਪਾ ਕੇ ਧੁਰ ਦਾ ਸੱਜਣਾ, ਮੀਤ ਲਿਆ ਪਾਈਆ । ਜਿਸ ਦੇ ਪਿਛੇ ਜਗਤ ਜਹਾਨ ਦੀਨ ਤਜਣਾ, ਜ਼ਾਤ ਪਾਤ ਦਾ ਡੇਰਾ ਢਾਹੀਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰੇ ਵੇਖੇ ਚਾਈਂ ਚਾਈਂਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਪਾਇਆ ਸਾਹਿਬ ਸੁਹੇਲਾ ਕੰਤ, ਖ਼ਸਮਾਨਾ ਧੁਰਦਰਗਾਹੀਆ । ਜਿਸ ਦਾ ਜਾਣ ਨਾ ਸਕੇ ਆਦਿ ਅੰਤ, ਬੇਅੰਤ ਕਹਿ ਕੇ ਝਟ ਲੰਘਾਈਆ । ਸੋ ਮਹਿੰਮਾ ਦੱਸੇ ਅਗਣਤ, ਲੇਖਾ ਲਿਖ ਸਕੇ ਕੋਇ ਨਾ ਰਾਈਆ । ਜਿਸ ਦੇ ਬ੍ਰਹਿਮੰਡ ਖੰਡ ਪੁਰੀ ਲੋਅ ਅਨੰਤ, ਕਲਮ ਸ਼ਾਹੀ ਦੱਸੇ ਨਾ ਕੋਇ ਚਤੁਰਾਈਆ । ਜਿਸ ਨੂੰ ਧਿਆਉਂਦੇ ਲੱਖ ਚੁਰਾਸੀ ਜੀਵ ਜੰਤ, ਸਾਧ ਸੰਤ ਭਗਤ ਸੁਹੇਲੇ ਸੀਸ ਨਿਵਾਈਆ । ਸੋ ਸਾਹਿਬ ਸਤਿਗੁਰ ਸਚ ਦਵਾਰੇ ਏਕੰਕਾਰ ਏਕਾ ਨਾਮ ਦੱਸ ਕੇ ਮਨੀਆ ਮੰਤ, ਮੰਤਰ ਅੰਤਰ ਨਿਰੰਤਰ ਦਿਤਾ ਜਣਾਈਆ । ਸਾਡੀ ਦੀਨ ਮਜ਼੍ਹਬ ਦੀ ਮੇਟ ਕੇ ਚਿੰਤ, ਦਵੈਤ ਅਗਨੀ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਪਾਇਆ ਸਤਿ ਸਵਾਮੀ, ਸਾਹਿਬ ਸੁਲਤਾਨ ਦਿਤੀ ਵਡਿਆਈਆ । ਖ਼ਾਵੰਦ ਤਕਿਆ ਅੰਤਰਜਾਮੀ, ਖ਼ੁਦ ਮਾਲਕ ਨੂਰ ਇਲਾਹੀਆ । ਜਿਸ ਦੀ ਮੰਜ਼ਲ ਇਕ ਰੁਹਾਨੀ, ਰੂਹ ਬੁਤ ਤੋਂ ਪਰੇ ਕਰੇ ਸ਼ਨਵਾਈਆ । ਜਿਸ ਨੂੰ ਲੱਭਦੇ ਉਪਰ ਅਸਮਾਨੀ, ਸੋ ਹਰ ਘਟ ਰਿਹਾ ਸਮਾਈਆ । ਜਿਸ ਦੇ ਚਾਰ ਜੁਗ ਦੇ ਸ਼ਾਸਤਰ ਸਿਫ਼ਤਾਂ ਵਾਲੀ ਬਾਣੀ, ਬਾਣ ਅਣਿਆਲਾ ਤੀਰ ਲਗਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਦੋ ਜਹਾਨੀ, ਜੋਤੀ ਜਾਤਾ ਪੁਰਖ ਬਿਧਾਤਾ ਅਗੰਮ ਅਥਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਕਰੇ ਸਾਵਧਾਨੀ, ਆਲਸ ਨਿੰਦਰਾ ਗ਼ਫ਼ਲਤ ਵਿਚ ਸੋਇਆ ਰਹਿਣ ਕੋਇ ਨਾ ਪਾਈਆ । ਜਿਸ ਨੇ ਝਗੜਾ ਮੇਟਣਾ ਜਿਸਮ ਜ਼ਮੀਰ ਜਿਸਮਾਨੀ, ਜਿਸਮ ਜ਼ਮੀਰ ਆਪਣਾ ਆਪ ਸਮਝਾਈਆ । ਸਤਿ ਧਰਮ ਵਿਚ ਰਹਿਣ ਨਾ ਦੇਵੇ ਗ਼ੁਲਾਮੀ, ਕੂੜੀ ਕਿਰਿਆ ਡੇਰਾ ਢਾਹੀਆ । ਲੇਖਾ ਜਾਣੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਮਿਹਰਵਾਨ ਮਹਿਬੂਬ ਹੋ ਕੇ ਮੁਹੱਬਤ ਵਿਚ ਦੇਵੇ ਆਬੇਹਯਾਤ ਪਾਣੀ, ਅੰਮ੍ਰਿਤ ਇਕੋ ਰਸ ਚਖਾਈਆ । ਦੀਨ ਦੁਨੀ ਦਾ ਬਣ ਕੇ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ । ਝਗੜਾ ਮੇਟ ਕੇ ਵੇਦ ਪੁਰਾਣੀ, ਅੰਜੀਲ ਕੁਰਾਨੀ ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਾਲਕ ਬੇਪਰਵਾਹੀਆ । ਅਵਤਾਰ ਪੈਗ਼ੰਬਰ ਕਹਿਣ ਠਾਕਰ ਪਾਇਆ ਇਕ ਖ਼ਾਵੰਦ, ਖ਼ਾਹਸ਼ ਅਵਰ ਰਹੀ ਨਾ ਰਾਈਆ । ਜਿਸ ਦੇ ਹੁਕਮ ਅੰਦਰ ਹੋ ਪਾਬੰਦ, ਪਾਬੰਦੀ ਦੀਨ ਮਜ਼੍ਹਬ ਵਾਲੀ ਗਵਾਈਆ । ਜਿਸ ਦਾ ਨਿਸ਼ਾਨ ਤਾਰਾ ਚੰਦ, ਚੌਦਾਂ ਤਬਕ ਦੇਣ ਗਵਾਹੀਆ । ਸੋ ਸੁਣਾਏ ਆਪਣਾ ਅਗੰਮੀ ਛੰਦ, ਸੋਹੰ ਢੋਲਾ ਧੁਰਦਰਗਾਹੀਆ । ਜਿਸ ਦੀ ਚਾਰ ਜੁਗ ਕਰਦੇ ਆਏ ਮੰਗ, ਭਵਿਖਤਾਂ ਵਿਚ ਧਿਆਨ ਲਗਾਈਆ । ਸੋ ਸਾਹਿਬ ਸੂਰਾ ਸਰਬੰਗ, ਹਰਿ ਕਰਤਾ ਵੇਸ ਵਟਾਈਆ । ਜਿਸ ਨੇ ਗੋਬਿੰਦ ਤੋਂ ਛੁਡਾਇਆ ਪੁਰੀ ਅਨੰਦ, ਅਨੰਦ ਆਪਣਾ ਇਕ ਜਣਾਈਆ । ਸ਼ਸਤਰ ਖੰਡਾ ਕਰਾ ਕੇ ਜੰਗ, ਜਗਤ ਵਿਚ ਦਿਤੀ ਵਡਿਆਈਆ । ਅਗਲਾ ਲੇਖਾ ਕਰਕੇ ਕਲਮਬੰਦ, ਪਰਦਾ ਪਰਦਿਆਂ ਵਿਚ ਛੁਪਾਈਆ । ਜਿਸ ਦੇ ਹੁਕਮ ਅੰਦਰ ਸਦੀ ਚੌਧਵੀਂ ਰਹੀ ਲੰਘ, ਮੁਹੰਮਦ ਉਠ ਕੇ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡਾ ਵਸਿਆ ਸਚ ਮਹੱਲਾ, ਮਹਿਫ਼ਲ ਪ੍ਰਭ ਦੇ ਨਾਲ ਰਖਾਈਆ । ਮਾਲਕ ਮਿਲਿਆ ਇਕ ਇਕੱਲਾ, ਜੋਤੀ ਜਾਤਾ ਧੁਰਦਰਗਾਹੀਆ । ਜਿਸ ਦਾ ਖੇਲ ਜਲਾਂ

ਬਲਾਂ, ਮਹੀਅਲ ਆਪਣੀ ਕਾਰ ਕਮਾਈਆ । ਜੋ ਲੱਖ ਚੁਰਾਸੀ ਅੰਦਰ ਰਲਾ, ਆਤਮ ਪਰਮਾਤਮ ਹੋ ਕੇ ਸੋਭਾ ਪਾਈਆ । ਜਿਸ ਨੇ ਸ਼ਬਦ ਸੰਦੇਸ਼ਾ ਘੱਲਾ, ਸੁਨੇਹੜਾ ਅਗੰਮ ਅਥਾਹੀਆ । ਜਿਸ ਦਾ ਹੁਕਮ ਕਦੇ ਨਾ ਟਲਾ, ਨਾ ਕੋਇ ਮੇਟੇ ਮੇਟ ਮਿਟਾਈਆ । ਸੋ ਕਲਜੁਗ ਅੰਤਮ ਧਰ ਕੇ ਆਪਣੀ ਕਲਾ, ਕਲਕਾਤੀ ਦਏ ਖਪਾਈਆ । ਚਾਰੋਂ ਕੁੰਟ ਬੋਲ ਕੇ ਹੱਲਾ, ਸ਼ਬਦੀ ਧਾਰ ਇਕ ਉਠਾਈਆ । ਜੋ ਗੋਬਿੰਦ ਦੱਸ ਕੇ ਗਿਆ ਡੱਲਾ, ਸਹਿਜ ਸਹਿਜ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਅਵਤਾਰ ਪੈਗ਼ੰਬਰ ਕਹਿਣ ਪ੍ਰਭ ਪਾਇਆ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜਿਸ ਦਾ ਲੇਖਾ ਅਗੰਮ ਅਥਾਹ, ਅਗੋਚਰ ਕਹਿਣ ਕੋਇ ਨਾ ਆਈਆ । ਜੇਹਦੀ ਚਾਰ ਜੁਗ ਦੀ ਸਿਫ਼ਤ ਸਾਲਾਹ, ਅੱਖਰਾਂ ਵਿਚ ਵਡਿਆਈਆ । ਸੋ ਲਹਿਣਾ ਦੇਣਾ ਜਾਣੇ ਥਾਉਂ ਥਾਂ, ਥਾਨ ਥਨੰਤਰ ਫੇਲ ਫੁਲਾਈਆ । ਵੇਖਣਹਾਰਾ ਮਾਨਵ ਜ਼ਾਤੀ ਸਾਢੇ ਤਿੰਨ ਹੱਥ ਗਰਾਂ, ਮਾਸ ਨਾੜੀ ਭੇਵ ਰਹੇ ਨਾ ਰਾਈਆ । ਜਿਸ ਦਾ ਚਾਰ ਜੁਗ ਅੱਖਰਾਂ ਵਿਚ ਹਰਫ਼ਾਂ ਵਿਚ ਹਰੂਫ਼ਾਂ ਵਿਚ ਜਪਦੇ ਆਏ ਨਾਂ, ਦੀਨ ਦੁਨੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਇਕ ਸੁਹਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭੂ ਪਾਇਆ ਪੁਰਖ ਸਮਰਥ, ਮਿਲ ਕੇ ਵੱਜੀ ਵਧਾਈਆ । ਜਿਸ ਚਾਰ ਜੁਗ ਚਲਾਇਆ ਰਥ, ਰਥਵਾਹੀ ਹੋ ਕੇ ਸੇਵ ਕਮਾਈਆ । ਜਿਸ ਕੋਲ ਅਗੰਮੀ ਵਥ, ਭੰਡਾਰਾ ਬੇਪਰਵਾਹੀਆ । ਜਿਸ ਦੇ ਪਿਛੇ ਗੋਬਿੰਦ ਬੈਠਾ ਸੱਥਰ ਘਤ, ਮਾਛੂਵਾੜੇ ਸੇਜ ਸੁਹਾਈਆ । ਉਸ ਨੇ ਖੇਲ ਕਰਨਾ ਵਤ, ਬੇਵਤਨਾਂ ਵੇਖੇ ਥਾਉਂ ਥਾਈਆ ਜਿਸ ਦੇ ਲੇਖੇ ਲੱਗੀ ਅਜੀਤ ਜੁਝਾਰ ਦੀ ਰਤ, ਬੱਚੇ ਨੀਹਾਂ ਹੇਠ ਦਬਾਈਆ । ਸੋ ਜੋਤੀ ਜਾਤਾ ਹੋ ਪਰਗਟ, ਪਰਦਾ ਓਹਲਾ ਦਏ ਜਣਾਈਆ । ਕਲਜੁਗ ਕੂੜੀ ਕਿਰਿਆ ਦੇਵੇ ਕਟ, ਕਟਾਕਸ਼ ਆਪਣਾ ਨਾਮ ਲਗਾਈਆ । ਸਤਿਜੁਗ ਸਾਚਾ ਅੰਗੜਾਈ ਲਏ ਝੱਟ, ਆਲਸ ਨਿੰਦਰਾ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਸੁਹਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਪਾਇਆ ਏਕੰਕਾਰ, ਇਕ ਇਕੱਲਾ ਸੋਭਾ ਪਾਈਆ । ਜਿਸ ਦਾ ਖੇਲ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸੇਵ ਕਮਾਈਆ । ਜਿਸ ਦਾ ਰੂਪ ਤੇਈ ਅਵਤਾਰ, ਈਸਾ ਮੂਸਾ ਮੁਹੰਮਦ ਨੂਰ ਇਲਾਹੀਆ । ਜਿਸ ਦਾ ਦਸ ਗੁਰੂ ਜੋਤ ਚਮਤਕਾਰ, ਉਜਾਲਾ ਕੀਤਾ ਥਾਉਂ ਥਾਈਂਆ । ਸੋ ਪੁਰਖ ਅਕਾਲਾ ਧੁਰ ਦਾ ਪਰਵਰਦਿਗਾਰ, ਸਾਂਝਾ ਯਾਰ ਇਕੋ ਇਕ ਅਖਵਾਈਆ । ਸਚਖੰਡ ਬਣਾ ਸਾਨੂੰ ਆਪਣੀ ਨਾਰ, ਭਤਾਰ ਹੋ ਕੇ ਇਕੋ ਸੇਵ ਕਮਾਈਆ । ਅਸੀਂ ਮਿਲ ਕੇ ਗਾਇਆ ਮੰਗਲਾਚਾਰ, ਤੂੰ ਮੇਰਾ ਮੈਂ ਤੇਰਾ ਨੂਰ ਇਲਾਹੀਆ । ਦੀਨ ਮਜ਼੍ਹਬ ਦਾ ਝਗੜਾ ਦਿਤਾ ਵਸਾਰ, ਵਿਸਰੀ ਵਸਤ ਪਰਾਈਆ । ਦਰ ਠਾਂਡਾ ਕਰ ਦਰਬਾਰ, ਸੱਯਦਾ ਇਕੋ ਸੀਸ ਝੁਕਾਈਆ । ਜਿਸ ਦਾ ਲੇਖਾ ਕਾਗਤ ਕਲਮ ਨਾ ਲਿਖਣਹਾਰ, ਸ਼ਾਸਤਰ ਸਿਮਰਤ ਕਹਿਣ ਕੋਇ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਜਿਸ ਦੇ ਬਣੇ ਰਹੇ ਪਨਹਾਰ, ਜਗਤ ਕਿਨਾਰੇ ਪਰਗਣੇ ਉਤੇ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਏਕੰਕਾਰਾ ਇਕ ਇਕੱਲਾ ਆਪ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਪਾਇਆ ਮੁਹੱਬਤ ਵਿਚ ਪਾਰਬ੍ਰਹਮ ਮੁਬਾਇਨ, ਮਹਿਬਾਨ ਬੀਦੋ ਬੀਖ਼ੈਰ ਯਾ ਅਲਾਹ ਨੂਰ ਇਲਾਹੀਆ । ਜਿਸ ਦਾ ਰੂਪ ਆਦਿ

ਅੰਤ ਐਨ ਦਾ ਐਨ, ਰੇਖ ਸਕਿਆ ਨਾ ਕੋਇ ਬਦਲਾਈਆ । ਜੋ ਮਾਲਕ ਖ਼ਾਲਕ ਸੱਜਣ ਸੈਣ, ਜੋਤੀ ਜਾਤਾ ਪੁਰਖ ਬਿਧਾਤਾ ਇਕ ਅਖਵਾਈਆ । ਜਿਸ ਨੇ ਦੀਨ ਮਜ਼੍ਹਬ ਵਿਚ ਸਾਨੂੰ ਬਣਾ ਦਿਤਾ ਤ੍ਰਫ਼ੈਨ, ਤਰਫ਼ਦਾਰੀ ਵਿਚ ਨਾਮ ਕਲਮਾ ਯਾਰੀ ਦਿਤੀ ਵਖਾਈਆ । ਹੁਕਮ ਸੰਦੇਸ਼ੇ ਦਿੰਦਾ ਰਿਹਾ ਬਿਨਾ ਆਪਣੇ ਸਾਇਨ, ਦਸਖ਼ਤ ਨਜ਼ਰ ਕੋਇ ਨਾ ਆਈਆ । ਕੁਛ ਲੇਖਾ ਲਿਖ ਕੇ ਗਿਆ ਬਾਲਮੀਕ ਵਿਚ ਰਮਾਇਣ, ਰਾਮ ਦਾ ਰਾਮ ਬੇਪਰਵਾਹੀਆ । ਕੁਛ ਅਰਜਨ ਕ੍ਰਿਸ਼ਨ ਲੱਗਾ ਕਹਿਣ, ਕਹਿ ਕੇ ਦਿਤਾ ਦ੍ਰਿੜਾਈਆ । ਕੁਛ ਕਰਬਲੇ ਦਾ ਲੇਖਾ ਹਸਨ ਹੁਸੈਨ, ਮੁਹੰਮਦ ਦੀ ਧਾਰ ਦਏ ਗਵਾਹੀਆ । ਕੁਛ ਅਰਜਨ ਨੇ ਤਕਿਆ ਨੈਣ, ਤਤੀ ਤਵੀ ਸੋਭਾ ਪਾਈਆ । ਤੇਗ਼ ਬਹਾਦਰ ਦੇ ਕੇ ਲਹਿਣ ਦੇਣ, ਲੇਖਾ ਅਗਲਾ ਗਿਆ ਸੁਣਾਈਆ । ਗੋਬਿੰਦ ਕਿਹਾ ਪੁਰਖ ਅਕਾਲਾ ਦੀਨ ਦਿਆਲਾ ਅੰਤ ਪਰਗਟ ਹੋਵੇ ਜਿਸ ਵੇਲੇ ਕੂੜੀ ਕਿਰਿਆ ਵਹੇ ਵਹਿਣ, ਸਤਿ ਧਰਮ ਦਵਾਰਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰਾ ਇਕ ਵਡਿਆਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਘਰ ਪਾਇਆ ਗ੍ਰਿਹਿ ਏਕ, ਮਹੱਲ ਅਟੱਲ ਵੱਜੀ ਵਧਾਈਆ । ਜਿਥੇ ਇਕੋ ਇਕ ਟੇਕ, ਦੂਜਾ ਇਸ਼ਟ ਨਜ਼ਰ ਕੋਇ ਨਾ ਆਈਆ । ਤ੍ਰੈਗੁਣ ਮਾਇਆ ਨਾ ਲੱਗੇ ਸੇਕ, ਅਗਨੀ ਤਤ ਨਾ ਕੋਇ ਜਲਾਈਆ । ਭੇਵ ਰਹੇ ਕੋਇ ਨਾ ਭੇਤ, ਅਭੇਵ ਆਪਣਾ ਦਏ ਖੁਲ੍ਹਾਈਆ । ਤਨ ਮਾਟੀ ਖ਼ਾਕ ਨਾ ਹੋਵੇ ਖੇਤ, ਮੜ੍ਹੀ ਗੋਰ ਨਾ ਕੋਇ ਦਬਾਈਆ । ਜਦ ਤਕੀਏ ਹਰਿ ਕਰਤਾ ਨੇਤਨ ਨੇਤ, ਬਿਨ ਨੇਤਰ ਸੋਭਾ ਪਾਈਆ । ਸਦ ਦਰਸ਼ਨ ਲਈਏ ਪੇਖ, ਪੇਖਤ ਆਪਣੀ ਖ਼ੁਸ਼ੀ ਬਣਾਈਆ । ਜਿਸ ਦੀ ਸ਼ਬਦ ਸਤਿਗੁਰ ਬਦਲ ਦੇਵੇ ਰੇਖ, ਅਪ ਵਾਏ ਤੇਜ ਪ੍ਰਿਥਮੀ ਆਕਾਸ਼ ਆਪਣੀ ਕਾਰ ਕਮਾਈਆ । ਨਾਮ ਕਲਮਾ ਧਰਨੀ ਧਰਤ ਧਵਲ ਜਗਤ ਦੇਸ, ਨਿਰਅੱਖਰ ਧਾਰ ਵਿਚੋਂ ਅੱਖਰ ਅੱਖਰ ਪਰਗਟਾਈਆ । ਖੇਲ ਖਿਲਾਏ ਮੂੰਡ ਮੁੰਡਾਏ ਰੰਗ ਰੰਗਾਏ ਮੁੱਛ ਦਾੜ੍ਹੀ ਕੇਸ, ਕੇਸਗੜ੍ਹ ਦਾ ਲੇਖਾ ਪੂਰ ਕਰਾਈਆ । ਜਿਸ ਦਾ ਖੇਲ ਪੰਡਤ ਪਾਂਧੇ ਵਾਚ ਨਾ ਸਕਣ ਮੁੱਲਾ ਸ਼ੇਖ਼, ਆਪਣਾ ਹੁਕਮ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰਾ ਧੁਰ ਦਰਬਾਰਾ ਇਕੋ ਇਕ ਸੁਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਬਣਾ ਧੁਰ ਦੀ ਸਵਾਣੀ, ਸੋਹਣਾ ਰੰਗ ਦਿਤਾ ਰੰਗਾਈਆ । ਪਤਿਪਰਮੇਸ਼ਵਰ ਬਣਾ ਕੇ ਅਗੰਮੀ ਰਾਣੀ, ਮੇਲ ਮੇਲਿਆ ਸਹਿਜ ਸੁਭਾਈਆ । ਜੋਤ ਧਾਰ ਬਣ ਕੇ ਜੋਤ ਦੀ ਰਾਣੀ, ਰੰਗ ਮਹੱਲ ਅਟਲ ਦਿਤਾ ਚੜ੍ਹਾਈਆ । ਜਿਥੇ ਨਾ ਕੋਇ ਸ਼ਬਦ ਨਾ ਕੋਇ ਬਾਣੀ, ਨਾ ਕੋਇ ਕਲਮਾ ਸਿਫ਼ਤ ਸਾਲਾਹੀਆ । ਨਾ ਕੋਇ ਅੰਮ੍ਰਿਤ ਨਾ ਕੋਇ ਪਾਣੀ, ਆਬੇਹਯਾਤ ਨਾ ਕੋਇ ਬਰਸਾਈਆ । ਨਾ ਕੋਇ ਵੇਦ ਪੁਰਾਣ ਸ਼ਾਸਤਰ ਨਾ ਕੋਇ ਘਾੜਤ ਘੜੇ ਚਾਰੇ ਖਾਣੀ, ਵਿਸ਼ਨ ਬ੍ਰਹਮਾ ਸ਼ਿਵ ਦੂਰ ਦੁਰਾਡੇ ਸੀਸ ਨਿਵਾਈਆ । ਮਿਹਰਵਾਨ ਮਹਿਬੂਬ ਸਾਡੇ ਉਤੇ ਕੀਤੀ ਮਿਹਰਵਾਨੀ, ਮਿਹਰਵਾਨ ਮਿਹਰਵਾਨ ਮਿਹਰਵਾਨ ਆਪਣੀ ਦਇਆ ਕਮਾਈਆ । ਸਤਿ ਧਰਮ ਦੀ ਦੇ ਕੇ ਨਿਸ਼ਾਨੀ, ਨਿਸ਼ਾਨਾ ਆਪਣਾ ਦਿਤਾ ਵਖਾਈਆ । ਜਿਸ ਦੇ ਪਿਛੇ ਦੇ ਕੇ ਆਏ ਕੁਰਬਾਨੀ, ਸ਼ਸਤਰ ਖੰਡਾ ਕਮਾਨ ਕੰਧ ਉਠਾਈਆ । ਸੋ ਲੇਖਾ ਮੁਕਾ ਜਗਤ ਅਵਾਮੀ, ਆਮ ਦਾ ਖਹਿੜਾ ਦਿਤਾ ਛੁਡਾਈਆ । ਸਾਡਾ ਝਗੜਾ ਮੁਕਾ ਜਿਸਮਾਨੀ, ਅਵਤਾਰ ਪੈਗ਼ੰਬਰ ਇਕੋ ਰੰਗ ਵਖਾਈਆ । ਜਿਸ ਨੂੰ ਸਮਝੇ ਨਾ ਕੋਇ ਜੀਵ ਪ੍ਰਾਣੀ, ਪ੍ਰਾਣਪਤਿ ਸਮਝ ਕੋਇ ਨਾ ਪਾਈਆ । ਵਿਦਿਆ ਵਾਲੇ ਵਿਦਵਾਨਾਂ ਦੀ ਚਲੇ ਨਾ ਰੀਤ ਪੁਰਾਣੀ, ਸਚਖੰਡ ਚਲੇ ਨਾ ਕੋਇ ਚਤੁਰਾਈਆ ।

੫੯੦ ੨੨

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਗ੍ਰਿਹਿ ਇਕੋ ਇਕ ਵਖਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਨੂੰ ਮਿਲਿਆ ਗਹਿਰ ਗੰਭੀਰਾ, ਗੁਣਵੰਤ ਬੇਪਰਵਾਹੀਆ । ਜਿਸ ਨੇ ਕਲਜੁਗ ਬਦਲ ਦੇਣਾ ਵਤੀਰਾ, ਵਾਤਾਵਰਨ ਦਏ ਬਦਲਾਈਆ । ਜਿਸ ਨੇ ਲੇਖੇ ਲਾਇਆ ਰਵਦਾਸ ਦਾ ਇਕ ਕਸੀਰਾ, ਕਬੀਰ ਜੁਲਾਹਾ ਦਏ ਗਵਾਹੀਆ । ਨਾਮੇ ਦਾ ਦੁੱਧ ਪੀ ਕੇ ਸੀਰਾ, ਭੋਗ ਲਗਾਇਆ ਚਾਈਂ ਚਾਈਂਆ । ਸੋ ਸਾਹਿਬ ਸਵਾਮੀ ਬਣ ਕੇ ਪੀਰਨ ਪੀਰਾ, ਪਾਰਬ੍ਰਹਮ ਪ੍ਰਭ ਆਪਣਾ ਫੇਰਾ ਪਾਈਆ । ਸਦੀ ਚੌਧਵੀਂ ਸਭ ਦੀ ਅੰਦਰੋਂ ਕਢ ਦੇਵੇ ਦਿਲਗੀਰਾ, ਦਿਲ ਦਲੀਲ ਦਏ ਬਦਲਾਈਆ । ਸ਼ਰਅ ਸ਼ਰੀਰ ਤੋੜ ਜ਼ੰਜੀਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਲੇਖਾ ਮੁਕਾ ਕੇ ਗ਼ਰੀਬ ਅਮੀਰਾ, ਫ਼ਕੀਰਾਂ ਫ਼ਿਕਰਾ ਇਕੋ ਦਏ ਸਮਝਾਈਆ । ਜਿਸ ਕਾਰਨ ਗੋਬਿੰਦ ਧਰਨੀ ਉਤੇ ਮੁਖੀ ਛੁਹਾਈ ਤੀਰਾ, ਤੀਰ ਤਰਕਸ਼ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੁਹੇਲਾ ਇਕ ਅਕੇਲਾ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਬਣਾ ਦੇ ਨਾਰ ਸੁਲੱਖਣੀ, ਸੁਖ ਸਾਗਰ ਵਿਚ ਸਮਾਈਆ । ਸਾਨੂੰ ਖੇਲ ਵਖਾਈ ਉੱਤਰ ਪੂਰਬ ਪੱਛਮ ਦੱਖਣੀ, ਚਾਰੇ ਕੁੰਟ ਰਾਹ ਤਕਾਈਆ । ਹੁਕਮ ਸੰਦੇਸ਼ਾ ਦੇ ਕੇ ਅਲਖ ਅਲੱਖਣੀ, ਅਗੰਮ ਅਥਾਹ ਕਰੇ ਪੜ੍ਹਾਈਆ । ਜਿਸ ਨੇ ਸਭ ਦੀ ਪਤ ਰੱਖਣੀ, ਪਤਿਪਰਮੇਸ਼ਵਰ ਦਏ ਖੇਲ ਜਣਾਈਆ । ਗੁਰਮੁਖ ਧਾਰ ਨਹੀਂ ਰੱਖਣੀ ਸੱਖਣੀ, ਜਨ ਭਗਤ ਲਏ ਉਪਜਾਈਆ । ਗੁਰਸਿਖ ਰਹੇ ਨਾ ਕੋਇ ਬੇਵਤਨੀ, ਵਤਨ ਆਪਣਾ ਇਕ ਸਮਝਾਈਆ । ਜੋ ਸਤਿਗੁਰ ਦਵਾਰੇ ਆਏ ਪੱਤਨੀਂ, ਨਈਆ ਨੌਕਾ ਨਾਮ ਚਲਾਈਆ । ਸੇਵਾ ਲਗਾਏ ਜਿਸ ਦੇ ਚਰਨ ਝੱਸੇ ਲਛਮੀ, ਧਰਮ ਦਵਾਰ ਵੇਖਣਾ ਚਾਈਂ ਚਾਈਂਆ । ਸਤਿਜੁਗ ਦੀ ਖੇਲ ਕਰਨੀ ਰਸਮੀ, ਰਿਵਾਜ ਕਾਜ ਆਪਣਾ ਇਕ ਰਚਾਈਆ । ਸ਼ੰਕਰ ਦੀ ਧਾਰ ਵੇਖ ਭਸਮੀ, ਭਸਮੜ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਧਾਰ ਬਣ ਕੇ ਇਕ ਜੋਤੀ, ਦੀਨ ਦੁਨੀ ਰਹੇ ਸੁਣਾਈਆ । ਜਨ ਭਗਤੋ ਪ੍ਰਭ ਦੇ ਬਣ ਜਾਓ ਇਕੋ ਗੋਤੀ, ਗੌਤਮ ਬੁੱਧ ਦਏ ਸਮਝਾਈਆ । ਕਿਸੇ ਦੀ ਆਤਮ ਰਹੇ ਨਾ ਸੋਤੀ, ਸੋਈ ਸੁਰਤ ਲੈਣੀ ਉਠਾਈਆ । ਜਿਸ ਨੂੰ ਲੱਭਦੇ ਕੋਟਨ ਕੋਟੀ, ਸੋ ਕਾਇਆ ਕੁਟੀਆ ਅੰਦਰ ਡੇਰਾ ਲਾਈਆ । ਜਿਸ ਦੇ ਨਾਮ ਨਾਲ ਦੁਰਮਤ ਮੈਲ ਜਾਏ ਧੋਤੀ, ਪਤਤ ਪੁਨੀਤ ਬਣਾਈਆ । ਅੰਤਰ ਵਾਸਨਾ ਰਹੇ ਨਾ ਖੋਟੀ, ਕੂੜੀ ਕਿਰਿਆ ਡੇਰਾ ਢਾਹੀਆ । ਸੋ ਮਾਲਕ ਖ਼ਾਲਕ ਵੇਖੇ ਆਪਣੀ ਚੜ੍ਹ ਕੇ ਚੋਟੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਜਨ ਭਗਤੋ ਵੇਖੋ ਕਲਜੁਗ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਉਠੋ ਵੇਖੋ ਮਾਰੋ ਝਾਤ, ਚਾਰੋਂ ਕੁੰਟ ਨੈਣ ਉਠਾਈਆ । ਸਾਚਾ ਦੇਵੇ ਕੋਇ ਨਾ ਸਾਥ, ਸਗਲਾ ਸੰਗ ਨਾ ਕੋਇ ਨਿਭਾਈਆ । ਚਾਰ ਜੁਗ ਦੇ ਅੱਖਰਾਂ ਵਾਲੀ ਗਾਥ, ਪੜ੍ਹ ਪੜ੍ਹ ਥੱਕੀ ਮਾਤ ਲੋਕਾਈਆ । ਅੰਤਰ ਆਤਮ ਮਿਲੇ ਕਿਸੇ ਨਾ ਸ਼ਾਂਤ, ਅਗਨੀ ਅੱਗ ਨਾ ਕੋਇ ਬੁਝਾਈਆ । ਨਾਮ ਭੰਡਾਰਾ ਬਖ਼ਸ਼ੇ ਕੋਇ ਨਾ ਦਾਤ, ਦਾਤਾਰ ਹੋ ਨਾ ਕੋਇ ਵਰਤਾਈਆ । ਸਾਚੇ ਮੰਡਲ ਵੇਖੇ ਕੋਇ ਨਾ ਰਾਸ, ਗੋਪੀਆਂ ਕਾਹਨ ਸ਼ਬਦ ਨਾ ਕੋਇ ਮਿਲਾਈਆ । ਸਾਚੇ ਮੰਦਰ ਹੋਏ ਨਾ ਕੋਇ ਪ੍ਰਕਾਸ਼, ਅੰਧ ਅੰਧੇਰ ਨਾ ਕੋਇ ਮਿਟਾਈਆ । ਸ਼ਬਦ ਨਾਦ ਧੁਨ ਸੁਣੇ ਨਾ ਕੋਇ ਆਵਾਜ਼, ਨਾਦੀ



੫੯੧
੨੨

ਨਾਦ ਨਾ ਕੋਇ ਸ਼ਨਵਾਈਆ । ਪੜ੍ਹ ਪੜ੍ਹ ਥੱਕੇ ਪੰਜੇ ਵਕਤ ਨਮਾਜ਼, ਵਜ਼ੂਆਂ ਬਾਂਗ ਵਿਚ ਕਰਾਈਆ । ਪਰਵਰਦਿਗਾਰ ਦਾ ਖੋਲ੍ਹੇ ਨਾ ਕੋਇ ਰਾਜ਼, ਅੱਖਾਂ ਬੋਧ ਨਾ ਕੋਇ ਜਣਾਈਆ । ਸਦੀ ਚੌਧਵੀਂ ਜਾਓ ਜਾਗ, ਜਾਗਰਤ ਵੇਲਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਉਠੋ ਸਾਧ ਸੰਤ ਫ਼ਕੀਰ, ਨਿਰਗੁਣ ਧਾਰ ਲਓ ਅੰਗੜਾਈਆ । ਬਿਰਹੋਂ ਵਿਛੋੜੇ ਵਿਚ ਨੇਤਰ ਨੈਣ ਵਹਾਓ ਨੀਰ, ਹੰਝੂਆਂ ਹਾਰ ਬਣਾਈਆ । ਆਪਣੀ ਬਦਲ ਲਓ ਤਕਦੀਰ, ਤਦਬੀਰ ਧੁਰ ਦਾ ਸ਼ਬਦ ਦਏ ਜਣਾਈਆ । ਜਿਸ ਦੀ ਨਜ਼ਰ ਨਾ ਆਏ ਕੋਇ ਤਸਵੀਰ, ਮੁਸੱਵਰ ਖਿੱਚ ਨਾ ਕੋਇ ਵਖਾਈਆ । ਤਿਸ ਸਵਾਮੀ ਅੱਗੇ ਆਪਣੀ ਦੱਸੋ ਪੀੜ, ਜੋ ਪੀਆ ਪ੍ਰੀਤਮ ਹੋ ਕੇ ਵੇਖ ਵਖਾਈਆ । ਸਤਿਗੁਰ ਸ਼ਬਦ ਹੋ ਕੇ ਬੰਨ੍ਹੇ ਬੀੜ, ਬੇੜਾ ਆਪਣੇ ਕੰਧ ਉਠਾਈਆ । ਸਦੀ ਚੌਧਵੀਂ ਨੌਂ ਖੰਡ ਪ੍ਰਿਥਮੀ ਪੈਣੀ ਪੀੜ, ਅੱਗੇ ਹੋ ਨਾ ਕੋਇ ਬਚਾਈਆ । ਜਿਸ ਨੇ ਲੱਜਿਆ ਰੱਖੀ ਦਰੋਪਤੀ ਲਹਿਣ ਨਹੀਂ ਦਿਤੇ ਚੀਰ, ਚਿਰੀ ਵਿਛੁੰਨੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤੋ ਪ੍ਰਭ ਵੇਖੋ ਇਕੋ ਮੀਤ, ਮਿੱਤਰ ਪਿਆਰਾ ਇਕ ਅਖਵਾਈਆ । ਜਿਸ ਦਾ ਰਾਮ ਅੱਲਾ ਵਾਹਿਗੁਰੂ ਓਮ ਤਤ ਸਤਿ ਗਾਉਂਦੇ ਗੀਤ, ਗੋਬਿੰਦ ਗੋਬਿੰਦ ਗੋਬਿੰਦ ਇਲਾਹੀਆ । ਸੋ ਸਚ ਦਾ ਮਾਲਕ ਬੈਠਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਜਿਸ ਦਾ ਖੇਲ ਸਦਾ ਅਨਡੀਠ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਹੁਕਮ ਇਕ ਉਪਜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸੁਣੋ ਸਾਡਾ ਹੁਕਮ ਫ਼ਰਮਾਨ, ਫੁਰਨਿਆਂ ਤੋਂ ਬਾਹਰ ਜਣਾਈਆ । ਹੁਕਮ ਮੰਨਣਾ ਇਕ ਸ੍ਰੀ ਭਗਵਾਨ, ਜੋ ਭਗਵਨ ਧੁਰਦਰਗਾਹੀਆ । ਜਿਸ ਦਾ ਸਤਿ ਸਚ ਨਿਸ਼ਾਨ, ਦੋ ਜਹਾਨਾਂ ਆਪ ਝੁਲਾਈਆ । ਜਿਸ ਨੂੰ ਅਸਾਂ ਮੰਨਿਆ ਕਾਹਨ, ਸੋ ਲੱਖ ਚੁਰਾਸੀ ਗੋਪੀ ਲਏ ਹੰਢਾਈਆ । ਜਿਸ ਨੂੰ ਗਾਇਆ ਕਹਿ ਕੇ ਸੀਤਾ ਰਾਮ, ਸੁਰਤੀ ਸ਼ਬਦ ਸ਼ਬਦ ਸਮਝਾਈਆ । ਜਿਸ ਨੇ ਈਸਾ ਮੂਸਾ ਮੁਹੰਮਦ ਪੈਗ਼ਾਮ ਸੁਣਾਇਆ ਵਿਚ ਜਹਾਨ, ਅਲਿਫ਼ ਯੇ ਕੀਤੀ ਪੜ੍ਹਾਈਆ । ਕਲਮਾ ਦੱਸ ਕੇ ਅੰਜੀਲ ਕੁਰਾਨ, ਈਮਾਨ ਆਪਣਾ ਇਕ ਸਮਝਾਈਆ । ਨਾਨਕ ਗੋਬਿੰਦ ਕਰ ਪਰਧਾਨ, ਡੰਕਾ ਫ਼ਤਹਿ ਦਿਤਾ ਵਜਾਈਆ । ਸਦੀ ਚੌਧਵੀਂ ਮੇਟ ਕੇ ਸ਼ਰਅ ਸ਼ੈਤਾਨ, ਸ਼ਰੀਅਤ ਇਕੋ ਇਕ ਦਰਸਾਈਆ । ਜਿਸ ਦੀ ਲੱਖ ਚੁਰਾਸੀ ਮੰਨੇ ਆਣ, ਸਿਰ ਸਕੇ ਨਾ ਕੋਇ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਓਸੇ ਦੇ ਬਾਲ ਅੰਞਾਣ, ਬਾਲੀ ਬੁਧ ਨਾ ਕੋਇ ਚਤੁਰਾਈਆ । ਨਾਮ ਕਲਮੇ ਦਿਤੇ ਵਿਚ ਜਹਾਨ, ਕਾਇਨਾਤ ਵਿਚ ਦੁਨੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਰਬਾਰੀ ਇਕ ਏਕੰਕਾਰੀ ਇਕ ਇਕੱਲਾ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤੋ ਸੂਫ਼ੀ ਸੰਤ ਫ਼ਕੀਰੋ ਇਕੋ ਪਰਵਰਦਿਗਾਰ ਕਰ ਦਿਓ ਸੱਯਦਾ, ਸੀਸ ਜਗਦੀਸ ਝੁਕਾਈਆ । ਵੇਖੋ ਖੇਲ ਆਪਣੇ ਘਰ ਦਾ, ਘਰ ਘਰ ਵਿਚ ਹੋਏ ਰੁਸ਼ਨਾਈਆ । ਨਜ਼ਾਰਾ ਤਕੋ ਨਰਾਇਣ ਨਰ ਦਾ, ਜੋ ਨਾਰੀ ਨਰ ਰੂਪ ਦਰਸਾਈਆ । ਜਿਸ ਝਗੜਾ ਮੁਕਾਉਣਾ ਕਲਜੁਗ ਕਲ ਦਾ, ਕਾਲਖ ਟਿੱਕੇ ਦਏ ਧਵਾਈਆ । ਲਹਿਣਾ ਦੇਣਾ ਲੇਖਾ ਪੂਰਾ ਕਰਨਾ ਰਾਜੇ ਬਲ ਦਾ, ਜੋ ਬਾਵਨ ਆਇਆ ਦ੍ਰਿੜਾਈਆ ।

ਤੇਰਾਂ ਸੌ ਸਤਾਸੀ ਰਿਸ਼ੀਆਂ ਧਾਮ ਦੱਸਿਆ ਨਿਹਚਲ ਅਟਲ ਦਾ, ਅਟਲ ਪਦਵੀ ਇਕ ਦਰਸਾਈਆ । ਅਠਾਸੀਵਾਂ ਰਿਸ਼ੀ ਹੁਕਮ ਨਾਲ ਸ਼ਬਦੀ ਧਾਰ ਰਲਦਾ, ਭੇਵ ਅਭੇਦ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਜਾਣੇ ਕਸ਼ਪ ਵਾਲੀ ਡਲ ਦਾ, ਪਰਦਾ ਪਰਦੇ ਵਿਚੋਂ ਚੁਕਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਜਨ ਭਗਤੋ ਮੰਨੋ ਏਕਾ ਗੁਰ, ਸਤਿਗੁਰ ਸ਼ਬਦ ਸ਼ਬਦ ਅਖਵਾਈਆ । ਜਿਸ ਦਾ ਲੇਖਾ ਹੋਵੇ ਧੁਰ, ਧੁਰ ਮਸਤਕ ਫੋਲ ਫੁਲਾਈਆ । ਸਤਿਨਾਮ ਵਜਾਏ ਸੁਰ, ਸੁਰਤੀ ਸ਼ਬਦ ਨਾਲ ਜੁੜਾਈਆ । ਸ਼ੌਹ ਦਰਿਆ ਜਾਏ ਕੋਇ ਨਾ ਰੁੜ੍ਹ, ਚੁਰਾਸੀ ਵਿਚੋਂ ਬਾਹਰ ਕਢਾਈਆ । ਜੋ ਜਾ ਕੇ ਆਇਆ ਮੁੜ, ਮੁੜ ਆਪਣਾ ਹੁਕਮ ਵਰਤਾਈਆ । ਉਸ ਦਾ ਮੰਤਰ ਨਾਮ ਕਲਮਾ ਜਾਣਾ ਫੁਰ, ਫੁਰਨੇ ਸਭ ਦੇ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਭਗਤੋ ਉਠੋ ਵੇਖੋ ਮਾਰੋ ਝਾਕੀ, ਲੋਚਨ ਨੈਣ ਅੱਖ ਉਠਾਈਆ । ਪਤਿਪਰਿਮੇਸ਼ਵਰ ਤਕੋ ਕਮਲਾਪਾਤੀ, ਪਾਰਬ੍ਰਹਮ ਅਗੰਮ ਅਥਾਹੀਆ । ਜੀਵਣ ਜ਼ਿੰਦਗੀ ਬਦਲ ਦੇਵੇ ਹਯਾਤੀ, ਜਨਮ ਜਨਮ ਵਿਚੋਂ ਬਦਲਾਈਆ । ਮੰਜ਼ਲ ਚਾੜ੍ਹੇ ਧੁਰ ਦੀ ਘਾਟੀ, ਘਾਟਾ ਪਿਛਲਾ ਪੂਰਾ ਕਰਾਈਆ । ਆਤਮ ਪਰਮਾਤਮ ਬਣ ਕੇ ਸਾਥੀ, ਸਗਲਾ ਸੰਗ ਵਖਾਈਆ । ਸਦੀ ਚੌਧਵੀਂ ਸਾਰੇ ਮੰਨ ਲਉ ਆਖੀ, ਬਿਨਾ ਅੱਖਰਾਂ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਇਕ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੋ ਸੱਚਾ ਸੱਜਣ, ਸਤਿਗੁਰ ਇਕ ਅਖਵਾਈਆ । ਜੋ ਪਰਦੇ ਆਏ ਕੱਜਣ, ਓਢਣ ਸੀਸ ਨਾਮ ਟਿਕਾਈਆ । ਜਿਸ ਨੂੰ ਕਹਿੰਦੇ ਅਕਾਲ ਮੂਰਤ ਗੋਪਾਲ ਮਦਨ, ਮਧ ਸੂਦਨ ਨਾਮ ਧਰਾਈਆ । ਜਿਸ ਦੇ ਖੰਡ ਬ੍ਰਹਿਮੰਡ ਸੂਰੀਆ ਦੀਪਕ ਜਗਣ, ਕੋਟਨ ਕੋਟ ਕਰੇ ਰੁਸ਼ਨਾਈਆ । ਸੋ ਕਲਜੁਗ ਅੰਤਮ ਕਰੇ ਅਦਲ, ਇਨਸਾਫ਼ ਆਪਣੇ ਹੱਥ ਰਖਾਈਆ । ਕੂੜੀ ਕਿਰਿਆ ਸ਼ਰਅ ਕਰੇ ਕਤਲ, ਕਾਤਲ ਮਕਤੂਲ ਆਪਣਾ ਹੁਕਮ ਵਰਤਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਚ ਦਵਾਰੇ ਬਣਾ ਕੇ ਰਤਨ, ਅਮੋਲਕ ਆਪਣੀ ਝੋਲੀ ਪਾਈਆ । ਪ੍ਰਭ ਮਿਲਣ ਦਾ ਮਾਣਸ ਦੇਹੀ ਯਤਨ, ਯਥਾਰਥ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡੀ ਇਕ ਅਰਜ਼ੋਈ, ਬੇਨੰਤੀ ਇਕ ਸੁਣਾਈਆ । ਪ੍ਰਭ ਬਿਨ ਅਵਰ ਨਾ ਕੋਈ, ਸਚ ਸਚ ਸੁਣਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰੋਂ ਰੋਈ, ਬਿਨ ਨੈਣਾਂ ਨੀਰ ਵਹਾਈਆ । ਸੋਈ ਸੁਰਤ ਨਾ ਉਠਾਏ ਕੋਈ, ਆਲਸ ਨਿੰਦਰਾ ਦਏ ਮਿਟਾਈਆ । ਮੁਹੱਬਤ ਵਿਚ ਨਾ ਜਾਏ ਮੋਹੀ, ਪਿਆਰ ਪਿਆਰ ਵਿਚ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਵਰ, ਸਚ ਦਾ ਮੇਲਾ ਆਪ ਕਰਾਈਆ । ਗੁਰ ਅਵਤਾਰ ਪੈਗ਼ਬਰ ਕਹਿਣ ਹਰਿ ਪਾਇਆ ਕੰਤ ਸੁਹਾਗੀ, ਸਹਿਜ ਸੁਹੇਲਾ ਮੀਤ ਦੁਹਲਾ । ਜਿਸ ਅੰਤਰ ਦਿਤਾ ਇਕ ਵੈਰਾਗੀ, ਬਣ ਸਾਹਿਬ ਕੰਤ ਕੰਤੂਹਲਾ । ਹਉਮੇ ਹੰਗਤਾ ਸਾਰੀ ਭਾਗੀ, ਦੀਨ ਮਜ਼੍ਹਬ ਦਾ ਝਗੜਾ ਭੁਲਾ । ਇਕੋ ਨਾਮ ਕਲਮਾ ਰਹੇ ਅਰਾਧੀ, ਲਹਿਣਾ ਦਰਗਹ ਸਚ ਵਸੂਲਾ । ਜਿਸ ਖੇਲ ਕਰਿਆ ਆਦੀ, ਸੋ ਜੁਗਾਦੀ ਕਦੇ ਨਾ ਭੁਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਹੁਕਮ ਮਾਕੂਲਾ । ਅਵਤਾਰ ਪੈਗ਼ੰਬਰ ਗੁਰ ਵਿਲਜ਼ਤੇ ਵਜ਼ੀਅ

ਜ਼ਲਮੀਨੋ ਜ਼ਗਾਹ ਅਰਸ਼ੇ ਨਜ਼ਾਅ, ਖ਼ਾਕੇ ਗਖੋਸ਼, ਕਲਮੇ ਨਜ਼ੀ, ਤਜ਼ੀਨੇ ਨਵਿਤ ਕਸ਼ੇ ਨਜ਼ਾਅ ਮੁਹੱਬਤੇ ਨਵੂਅ ਰਸੂਲੇ ਅਜ਼ਾਅ, ਕਨਿਸਤੇ ਵਨੂਅ ਦਸਤੇ ਦੁਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਰਦਾ ਆਪ ਚੁਕਾਈਆ । ਪਰਦਾ ਚੁੱਕੇ ਸਚ ਮਹਿਬੂਬ, ਮੁਹੱਬਤ ਵਿਚ ਵਡਿਆਈਆ । ਜਿਸ ਦਾ ਆਲੀਸ਼ਾਨ ਅਰੂਜ, ਅਰਸ਼ ਫ਼ਰਸ਼ ਧੁਰਦਰਗਾਹੀਆ । ਜੋ ਸਭ ਨੂੰ ਕਰੇ ਨੇਸਤੋ ਨਾਬੂਦ, ਆਲਮੇ ਜਵਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲਹਿਣਾ ਦਏ ਚੁਕਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਇਹ ਧਰਨੀ ਧਰਤ ਧਰਤ ਵਡ ਭਾਗ, ਸਚ ਮਿਲੀ ਵਡਿਆਈਆ । ਜਿਥੇ ਭਗਤ ਭਗਤ ਚਰਾਗ਼, ਭਗਵਨ ਨੂਰ ਨੂਰ ਰੁਸ਼ਨਾਈਆ । ਸੰਤ ਸੰਤ ਸਮਾਜ, ਸਮਿਗਰੀ ਸਚ ਵਰਤਾਈਆ । ਹੰਸ ਹੰਸ ਕਾਗ, ਗੁਰਮੁਖ ਗੁਰ ਗੁਰ ਗਾਈਆ । ਬਿਰਹੋ ਬਿਰਹੋ ਵੈਰਾਗ, ਪੰਚਮ ਪੰਧ ਮੁਕਾਈਆ । ਸੋਈ ਸੁਰਤੀ ਗਈ ਜਾਗ, ਆਲਸ ਨਿੰਦਰਾ ਰਹੀ ਨਾ ਰਾਈਆ । ਆਸਾ ਮਨਸਾ ਪੂਰੀ ਹੋਈ ਤਾਂਘ, ਅਨਦ੍ਰਿਸ਼ਟ ਦ੍ਰਿਸ਼ਟੀ ਦਿਤੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਭੁਗਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਏਥੇ ਸਪਤ ਰਿਸ਼ੀ ਕਟ ਕੇ ਗਏ ਰਾਤ, ਆਪਣੀ ਖ਼ੁਸ਼ੀ ਬਣਾਈਆ । ਭਾਰਦਵਾਜ਼ ਨੇ ਰੱਖੀ ਆਸ, ਅਤਰੀ ਨਾਲ ਸੁਹਾਈਆ । ਉਠ ਵੇਖ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਧਿਆਨ ਲਗਾਈਆ । ਕਲਜੁਗ ਅੰਤਮ ਮਾਰ ਝਾਤ, ਝਾਤੀ ਆਪਣੀ ਇਕ ਸਮਝਾਈਆ । ਜਿਸ ਵੇਲੇ ਚੇਲਾ ਗੁਰੂ ਇਕ ਦੂਜੇ ਦੀ ਪੁਛੇ ਕੋਇ ਨਾ ਬਾਤ, ਵਾਤਾਵਰਨ ਬਦਲੇ ਲੋਕਾਈਆ । ਸਚ ਧਰਮ ਦੀ ਕਰੇ ਕੋਇ ਨਾ ਬਾਤ, ਬਾਤਨ ਪੜਦਾ ਨਾ ਕੋਇ ਖੁਲ੍ਹਾਈਆ । ਮੇਰਾ ਪੂਰਾ ਹੋਣਾ ਵਾਕ, ਵਾਕਿਆ ਦਏ ਸੁਣਾਈਆ । ਏਥੇ ਖੇਲ ਹੋਣਾ ਇਤਫ਼ਾਕ, ਇਤਫ਼ਾਕੀਆ ਆਏ ਬੇਪਰਵਾਹੀਆ । ਜਿਸ ਨੇ ਪਰਗਟ ਪਰਸਿੱਧ ਕਰਨੀ ਬ੍ਰਾਹਮਣ ਜ਼ਾਤ, ਬ੍ਰਹਮ ਆਪਣਾ ਪੜਦਾ ਲਾਹੀਆ । ਸ਼ਬਦ ਸੰਦੇਸ਼ਾ ਦੇ ਕੇ ਆਏ ਸਾਚ, ਸਚ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਇਕ ਖੁਲ੍ਹਾਈਆ । ਭਾਰਦਵਾਜ ਕਹੇ ਇਹ ਮੇਰੀ ਧਰਮ ਨਿਸ਼ਾਨੀ, ਨਿਸ਼ਾਨਾ ਇਕ ਵਖਾਈਆ । ਖੇਲ ਕਰੇ ਸ਼ਹਿਨਸ਼ਾਹ ਸੁਲਤਾਨੀ, ਹਰਿ ਕਰਤਾ ਧੁਰਦਰਗਾਹੀਆ । ਜਿਸ ਵੇਲੇ ਸ੍ਰਿਸ਼ਟੀ ਜੁਗ ਚੌਕੜੀ ਦਿਸੀ ਫ਼ਾਨੀ, ਫ਼ਨਾਹ ਫਿਲਾ ਵੇਖੇ ਧੁਰਦਰਗਾਹੀਆ । ਸੋ ਪੁਰਖ ਨਿਰੰਜਣ ਨਿਰਗੁਣ ਧਾਰ ਖਾਏ ਪ੍ਰੇਮ ਰਸ ਮਹਿਮਾਨੀ, ਵਸਤ ਅਮੋਲਕ ਆਪਣੀ ਆਪ ਵਰਤਾਈਆ । ਉੱਤਰ ਪੂਰਬ ਪੱਛਮ ਦੱਖਣ ਚਾਰੇ ਦਿਸ਼ਾ ਹੋਏ ਵੈਰਾਨੀ, ਵੈਰੀ ਘਰ ਘਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕ ਸਮਝਾਈਆ । ਭਾਰਦਵਾਜ ਕਿਹਾ ਇਹ ਧਰਤੀ ਸੋਹਣੀ ਕਛਪ ਦੀ ਕਸ਼ਮੀਰ, ਕਛ ਮਛ ਦੇਣ ਗਵਾਹੀਆ । ਜਿਥੇ ਆਵੇ ਪੀਰਨ ਪੀਰ, ਪੈਗ਼ੰਬਰ ਨੂਰ ਇਲਾਹੀਆ । ਜਿਸ ਨੇ ਖੇਲ ਕਰਨਾ ਅਖ਼ੀਰ, ਆਖ਼ਰ ਕੁਦਰਤ ਕਾਦਰ ਵੇਖ ਵਖਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਸਮੁੰਦ ਸਾਗਰ ਵਿਰੋਲੇ ਨੀਰ, ਧਰਨੀ ਧਰਤ ਧਵਲ ਪਰਦਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਭਾਰਦਵਾਜ ਕਹੇ ਧਰਨੀ ਧਰਤ ਧਵਲ ਸੁਹਾਉਣਾ, ਸੋਹਣੀ ਰੁਤ ਵਡਿਆਈਆ । ਜੋਤੀ ਜਾਤੇ ਖੇਲ ਖਿਲਾਉਣਾ, ਖ਼ਾਲਕ ਖ਼ਲਕ ਸਮਝ ਕੋਇ ਨਾ ਪਾਈਆ । ਭਗਤ ਭਗਵੰਤ ਆਪ ਉਠਾਉਣਾ, ਭਗਵਨ ਆਪਣਾ


੫੯੪
੨੨

ਪੜਦਾ ਲਾਹੀਆ । ਸ਼ਬਦੀ ਨਾਦ ਧੁਨ ਸੁਨਾਉਣਾ, ਬਿਨ ਕੰਨਾਂ ਕਰ ਸ਼ਨਵਾਈਆ । ਪ੍ਰੇਮ ਪਿਆਲਾ ਰਸ ਪਿਆਉਣਾ, ਅੰਮਿਉਂ ਰਸ ਚਖਾਈਆ । ਮਾਣਕ ਮੋਤੀ ਗੁਰਮੁਖ ਆਪ ਬਣਾਉਣਾ, ਸੋਹੰ ਹੰਸਾ ਚੋਗ ਚੁਗਾਈਆ । ਪਿਛਲਾ ਲੇਖ ਪੂਰ ਕਰਾਉਣਾ, ਅੱਗੇ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਰੰਗ ਵਖਾਈਆ । ਭਾਰਦਵਾਜ ਕਹੇ ਅਤਰੀ ਬ੍ਰਾਹਮਣ ਹੋਣਾ ਬ੍ਰਹਮ, ਪਾਰਬ੍ਰਹਮ ਦਇਆ ਕਮਾਈਆ । ਜਿਥੇ ਉਪਜਾਉਣਾ ਸਾਚਾ ਧਰਮ, ਧਰਮ ਦਵਾਰਾ ਇਕ ਸਮਝਾਈਆ । ਉਸ ਦਾ ਪਿਛਲੇ ਜਨਮ ਦਾ ਹੋਣਾ ਕਰਮ, ਰਾਜਾ ਬਲ ਦਏ ਗਵਾਹੀਆ । ਲੇਖਾ ਲਹਿਣਾ ਪੂਰਾ ਕਰਨਾ ਪ੍ਰਣ, ਪ੍ਰਾਣਪਤ ਦਏ ਸਮਝਾਈਆ । ਸਹਾਰਾ ਦੇ ਕੇ ਇਕੋ ਚਰਨ, ਚਰਨੋਦਕ ਇਕ ਪਿਆਈਆ । ਝਗੜਾ ਮੇਟ ਕੇ ਮਰਨ ਡਰਨ, ਚੁਰਾਸੀ ਵਿਚੋਂ ਬਾਹਰ ਕਢਾਈਆ । ਏਥੇ ਉਸ ਵੇਲੇ ਇਕੋ ਢੋਲਾ ਪੜ੍ਹਨ, ਤੂੰ ਮੇਰਾ ਮੈਂ ਤੇਰਾ ਦੂਜਾ ਰਾਗ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਭਾਰਦਵਾਜ ਕਿਹਾ ਸੁਣ ਰਿਖੀ, ਰੇਖਾ ਦਿਆਂ ਜਣਾਈਆ । ਜਿਸ ਵੇਲੇ ਸਚ ਧਰਮ ਦੀ ਰਹੇ ਕੋਇ ਨਾ ਸਿੱਖੀ, ਸਿਖਿਆ ਜਗਤ ਸਰਬ ਤਜਾਈਆ । ਉਸ ਵੇਲੇ ਸ਼ਹਿਨਸ਼ਾਹੀ ਸੰਮਤ ਛੇ ਤੇਰੇ ਧਰਮ ਦੀ ਹੋਣੀ ਮਿਤੀ, ਮਿੱਤਰ ਪਿਆਰਾ ਵੇਖ ਵਖਾਈਆ । ਪਿਛਲੀ ਕਥਾ ਕਹਾਣੀ ਜਾਣੀ ਲਿਖੀ, ਪੂਰਬ ਲੇਖਾ ਦਏ ਦ੍ਰਿੜਾਈਆ । ਜਿਥੇ ਸਤਿਗੁਰ ਪਰਮਾਤਮ ਆਤਮ ਮਿਲ ਕੇ ਪੈਣੀ ਇੱਕੀ, ਸਰਗੁਣ ਨਿਰਗੁਣ ਜੋੜ ਜੁੜਾਈਆ । ਉਸ ਵੇਲੇ ਕਢ ਕੇ ਵੇਖੀਂ ਬਿਨਾ ਅੱਖਰਾਂ ਵਾਲੀ ਚਿੱਠੀ, ਜਿਥੇ ਹਰਫ਼ ਹਰੂਫ਼ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਲੇਖਾ ਦਏ ਜਣਾਈਆ । ਅਤਰੀ ਕਹੇ ਮੈਂ ਚਿੱਠੀ ਅੱਜ ਵਾਚੀ, ਵਾਚਕ ਹੋ ਕੇ ਧਿਆਨ ਲਗਾਈਆ । ਨਿਗਾਹ ਮਾਰੀ ਤਕਿਆ ਖੇਲ ਤਮਾਸ਼ੀ, ਤਮਾਸ਼ਾ ਬੇਪਰਵਾਹੀਆ । ਨਿਰਗੁਣ ਨੂਰ ਜੋਤ ਪ੍ਰਕਾਸ਼ੀ, ਬਿਨ ਚੰਦ ਸੂਰੀਆ ਕਰੇ ਰੁਸ਼ਨਾਈਆ । ਮੈਂ ਹੋਰ ਮਾਰੀ ਝਾਤੀ, ਨਿਗਹ ਨਿਗਹ ਵਿਚੋਂ ਬਦਲਾਈਆ । ਤਨ ਤੱਕਿਆ ਵਜੂਦ ਖ਼ਾਕੀ, ਤਤਵ ਤਤ ਸੋਭਾ ਪਾਈਆ । ਜਿਸ ਦਾ ਮੇਲਾ ਪਰਮਾਤਮ ਆਤਮ ਬਣਿਆ ਸਾਥੀ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪੜਦਾ ਲਾਹੀਆ । ਅਤਰੀ ਕਹੇ ਜਿਸ ਵੇਲੇ ਮੈਂ ਅੱਖਰ ਇਕ ਪੜ੍ਹਿਆ, ਬਿਨ ਅੱਖਾਂ ਅੱਖ ਉਠਾਈਆ । ਮੰਜ਼ਲ ਉਸ ਅਗੰਮੀ ਚੜ੍ਹਿਆ, ਜਿਥੇ ਮੇਲਾ ਸਾਹਿਬ ਸਵਾਮੀ ਧੁਰਦਰਗਾਹੀਆ । ਮੈਂ ਭੈ ਵਿਚ ਭਉ ਵਿਚ ਡਰਿਆ, ਨਿਉਂ ਕੇ ਸੀਸ ਨਿਵਾਈਆ । ਔਹ ਵੇਖ ਜਿਥੇ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਭਗਤ ਸੁਹੇਲੇ ਰਿਹਾ ਵਰਿਆ, ਆਤਮ ਪਰਮਾਤਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਪੂਰਬ ਲਹਿਣਾ ਦੇਣਾ ਚੁਕਾਈਆ । ਅਤਰੀ ਕਹੇ ਜਾਂ ਮੈਂ ਖੋਲ੍ਹ ਕੇ ਵੇਖਿਆ ਅੱਖ, ਅੱਖ ਉਠਾਈਆ । ਜੇਹੜਾ ਭਗਤਾਂ ਤੋਂ ਕਦੇ ਨਾ ਹੋਇਆ ਵੱਖ, ਵੱਖਰਾ ਗ੍ਰਿਹਿ ਨਾ ਕੋਇ ਵਸਾਈਆ । ਜੁਗ ਚੌਕੜੀ ਪੈਜ ਲਏ ਰੱਖ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਖੇਲ ਕਰੇ ਸਚ, ਸਚ ਦਾ ਮਾਲਕ ਫੇਰਾ ਪਾਈਆ । ਅਤਰੀ ਕਿਹਾ ਭਗਤਾਂ ਦੇ ਲੂੰ ਲੂੰ ਅੰਦਰ ਰਿਹਾ ਰਚ, ਸਾਢੇ ਤਿੰਨ ਕਰੋੜ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਫੇਰਾ ਪਾਈਆ । ਅਤਰੀ ਕਹੇ ਮੈਂ ਭਗਤ ਸੁਹੇਲਾ ਤਕਿਆ ਨਾਮ ਲੀਲਾ ਵੰਤੀ, ਵਤਨ ਆਪਣੇ

੫੯੫
੨੨

ਸੋਭਾ ਪਾਈਆ । ਜਿਸ ਦੇ ਅੰਦਰ ਇਕੋ ਰੰਗ ਬਸੰਤੀ, ਬਸੰਤ ਰੁਤ ਮਿਲੇ ਵਡਿਆਈਆ । ਗੜ੍ਹ ਰਿਹਾ ਨਾ ਹਉਮੇ ਹੰਗਤੀ, ਹੰ ਬ੍ਰਹਮ ਪੜਦਾ ਦਿਤਾ ਚੁਕਾਈਆ । ਤੂੰ ਮੇਰਾ ਮੈਂ ਤੇਰਾ ਪੜ੍ਹ ਕੇ ਪੰਗਤੀ, ਪੰਜਾਂ ਦਾ ਲੇਖਾ ਦਿਤਾ ਮੁਕਾਈਆ । ਸਤਿ ਧਰਮ ਦੀ ਮਿਲ ਕੇ ਸੰਗਤੀ, ਸਗਲਾ ਸੰਗ ਬਣਾਈਆ । ਜਿਥੇ ਮੇਲ ਮਿਲਾਵਾ ਜੋਤ ਅੰਤੀ, ਅੰਤ ਕੰਤ ਭਗਵੰਤ ਆਪਣੇ ਵਿਚ ਮਿਲਾਈਆ । ਆਸ਼ਾ ਰਹੇ ਨਾ ਫੇਰ ਤਨ ਦੀ, ਚੁਰਾਸੀ ਵਿਚੋਂ ਚਾਰੇ ਕੰਨੀਆਂ ਲਈਆਂ ਛੁਡਾਈਆ । ਮੁਖੋਂ ਆਵਾਜ਼ ਨਿਕਲੇ ਧੰਨ ਧੰਨ ਦੀ, ਧੰਨ ਤੇਰੀ ਬੇਪਰਵਾਹੀਆ । ਖੇਲ ਮੁਕ ਜਾਏ ਸੰਸਾਰ ਵਾਲੇ ਗ਼ਮ ਦੀ, ਚਿੰਤਾ ਚਿਖਾ ਨਾ ਕੋਇ ਜਲਾਈਆ । ਇਕੋ ਆਸ਼ਾ ਹੋਵੇ ਉਸ ਰਾਮ ਦੀ, ਜੋ ਰਾਮ ਰਮਿਆ ਹਰ ਘਟ ਥਾਈਂਆ । ਇਕੋ ਤਾਂਘ ਹੋਵੇ ਉਸ ਭਗਵਾਨ ਦੀ, ਜੋ ਭਗਵਨ ਭਗਤਾਂ ਲਏ ਮਿਲਾਈਆ । ਇਕੋ ਤਮਾਂ ਲਏ ਉਸ ਭਗਵਾਨ ਦੀ, ਜੋ ਮਿਹਰਵਾਨ ਹੋ ਕੇ ਬੰਸ ਸਰਬੰਸ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਭਗਤਾਂ ਦੇਣਾ ਮਾਣ, ਅਭਿਮਾਨ ਦੇਣਾ ਮਿਟਾਈਆ । ਆਪਣਾ ਬਖ਼ਸ਼ ਕੇ ਤਾਣ, ਨਿਤਾਣਿਆਂ ਹੋਣਾ ਸਹਾਈਆ । ਅੰਮ੍ਰਿਤ ਰਸ ਦੇ ਕੇ ਪੀਣ ਖਾਣ, ਨਿਝਰ ਝਿਰਨਾ ਬੂੰਦ ਸਵਾਂਤ ਦੇਣਾ ਚੁਆਈਆ । ਜੋਤੀ ਨੂਰ ਦੱਸ ਮਹਾਨ, ਪਾਰਬ੍ਰਹਮ ਬ੍ਰਹਮ ਮੇਲਾ ਮੇਲਣਾ ਸਹਿਜ ਸੁਭਾਈਆ । ਇਕੋ ਦੀਆ ਬਾਤੀ ਕਮਲਾਪਾਤੀ ਤੇਰਾ ਨਜ਼ਰੀ ਆਵੇ ਵਿਚ ਦੋ ਜਹਾਨ, ਦੂਜਾ ਨਜ਼ਰ ਕੋਇ ਨਾ ਆਈਆ । ਧੰਨ ਭਾਗ ਜੇ ਕਿਰਪਾ ਕੀਤੀ ਆਣ, ਆਣ ਆਪਣੀ ਇਕ ਸਮਝਾਈਆ । ਏਥੇ ਓਥੇ ਨਿਰਗੁਣ ਸਰਗੁਣ ਕਰੀਂ ਧਿਆਨ, ਧਿਆਨ ਧਿਆਨ ਵਿਚੋਂ ਪਰਗਟਾਈਆ । ਸਾਡਾ ਲੇਖਾ ਕਰੀਂ ਪਰਵਾਨ, (ਪਰਵਾਨੇ) ਆਪਣੇ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਘਰ ਇਕ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਹੋਣਾ ਆਪ ਸਹਾਇਕ, ਸਗਲਾ ਸੰਗ ਨਿਭਾਈਆ । ਤੂੰ ਸਵਾਮੀ ਆਦਿ ਨਾਇਕ, ਨਰਾਇਣ ਤੇਰੀ ਵਡਿਆਈਆ । ਤੇਰਾ ਕਲਮਾ ਹੱਕ ਹਮਾਇਤ, ਹਮ ਸਾਜਣ ਲੈਣਾ ਬਣਾਈਆ । ਸਾਚਾ ਸਚ ਕਰ ਅਨਾਇਤ, ਬਖ਼ਸ਼ਿਸ਼ ਕਰ ਧੁਰਦਰਗਾਹੀਆ । ਕੋਝੇ ਕਮਲੇ ਬਣਾ ਲਾਇਕ, ਮੂਰਖ ਮੁਗਧ ਅੰਗ ਲਗਾਈਆ । ਭਾਰਦਵਾਜ ਅਤਰੀ ਦਾ ਪੂਰਾ ਕੀਤਾ ਆਯਤ, ਕੌਲ ਇਕਰਾਰ ਪੂਰ ਕਰਾਈਆ । ਤੇਰਾ ਹੁਕਮ ਮੰਨੀਏ ਜਾਇਜ਼, ਨਾਜਾਇਜ਼ ਕਾਰ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਸਚ ਨਾਮ ਨਾਮ ਵਰਤਾਈਆ । ਪੁਰਖ ਅਕਾਲ ਕਹੇ ਮੇਰਾ ਜੁਗ ਜੁਗ ਖੇਲ ਅਵੱਲਾ, ਸਮਝ ਕੋਇ ਨਾ ਪਾਈਆ । ਵੇਸ ਅਨੇਕ ਕਰਾਂ ਜੋਤੀ ਧਾਰ ਇਕੱਲਾ, ਕਲ ਆਪਣੀ ਆਪ ਵਰਤਾਈਆ । ਕਲਜੁਗ ਅੰਤ ਸ਼ਬਦੀ ਧਾਰ ਰਲਾ, ਤਨ ਵਜੂਦ ਰੂਪ ਨਾ ਕੋਇ ਦਰਸਾਈਆ । ਦੋ ਜਹਾਨਾਂ ਖੇਲ ਖੇਲਾਂ ਘੜੀ ਪਲਾ, ਪਲ ਪਲ ਆਪਣਾ ਹੁਕਮ ਵਰਤਾਈਆ । ਜਿਸ ਨੇ ਐੜੇ ਤੋਂ ਅੱਖਰ ਸਿਫ਼ਤ ਵਿਚ ਬਣਾਇਆ ਅੱਲਾ, ਆਲਮੀਨ ਆਪਣੀ ਕੀਤੀ ਵਡਿਆਈਆ । ਘਰ ਵਖਾਵੇ ਨਿਹਚਲ ਧਾਮ ਅਟੱਲਾ, ਜਿਥੇ ਨਿਰਗੁਣ ਨੂਰ ਜੋਤ ਰੁਸ਼ਨਾਈਆ । ਸ੍ਰਿਸ਼ਟੀ ਨਾਲ ਕਰ ਕੇ ਵਲ ਛਲਾ, ਦ੍ਰਿਸ਼ਟੀ ਵਿਚੋਂ ਦਰ ਤੋਂ ਬਾਹਰ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਇਕ ਰੰਗਾਈਆ । ਪੁਰਖ ਅਕਾਲ ਕਹੇ ਭਿੰਨੜੀ ਰੈਨੜੀਏ ਉਠ ਵੇਖ ਖੇਲ ਅਪਾਰਾ, ਅਪਰੰਪਰ ਰਿਹਾ ਜਣਾਈਆ । ਕਲਜੁਗ



੫੯੬
੨੨

ਜੀਵ ਸੁੱਤਾ ਵਿਚ ਸੰਸਾਰਾ, ਨੇਤਰ ਲੋਚਨ ਨੈਣ ਨਾ ਕੋਇ ਉਠਾਈਆ । ਸੋ ਜੋਤੀ ਜਾਤਾ ਪੁਰਖ ਬਿਧਾਤਾ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਜਿਸ ਦਾ ਗੋਬਿੰਦ ਦੇ ਕੇ ਗਿਆ ਇਸ਼ਾਰਾ, ਸੰਬਲ ਵਸੇ ਧੁਰਦਰਗਾਹੀਆ । ਤਿਸ ਗ੍ਰਿਹਿ ਮੰਦਰ ਨਿਰਗੁਣ ਦੀਆ ਬਾਤੀ ਕਮਲਾਪਾਤੀ ਇਕੋ ਇਕ ਦਸਾਏ ਚਮਤਕਾਰਾ, ਚਮਕ ਚਮਕ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਭਿੰਨੜੀ ਰੈਣ ਕਹੇ ਮੈਂ ਨਿਉਂ ਨਿਉਂ ਲਾਗਾਂ ਪਾਉਂ, ਚਰਨ ਕਵਲ ਸਰਨਾਈਆ । ਮੇਰੇ ਅੰਤਰ ਆਇਆ ਚਾਉ, ਵੱਜੀ ਸਚ ਵਧਾਈਆ । ਜਨ ਭਗਤੋ ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਗਾਓ, ਆਦਿ ਅੰਤ ਦਾ ਗੀਤ ਪ੍ਰਭ ਇਕੋ ਗਿਆ ਸਮਝਾਈਆ । ਇਹੋ ਗੋਬਿੰਦ ਲਾ ਕੇ ਗਿਆ ਦਾਓ, ਦਸ ਦਸਮੇਸ ਆਪਣਾ ਹੁਕਮ ਸਮਝਾਈਆ । ਗੁਰਮੁਖਾਂ ਕਹਿ ਕੇ ਵਾਹੋ ਵਾਹੋ, ਵਾਹਵਾ ਤੇਰੀ ਬੇਪਰਵਾਹੀਆ । ਸੋ ਕਲਜੁਗ ਅੰਤਮ ਖੇਵਟ ਖੇਟਾ ਬਣੇ ਮਲਾਹੋ, ਬੇੜਾ ਕਲਜੁਗ ਅੰਤਮ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਇਕ ਅਖਵਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡੀ ਅੰਤ ਅਰਦਾਸ, ਬੇਨੰਤੀ ਇਕ ਸੁਣਾਈਆ । ਪ੍ਰਭੂ ਸਦ ਵਸੀਂ ਭਗਤਾਂ ਪਾਸ, ਭਗਵਨ ਆਪਣੀ ਗੋਦ ਟਿਕਾਈਆ । ਗੁਰਮੁਖ ਕਦੇ ਨਾ ਹੋਵੇ ਉਦਾਸ, ਗੁਰਸਿਖ ਲੈਣਾ ਤਰਾਈਆ । ਸੂਫ਼ੀ ਤੇਰੀ ਸ਼ਾਖ਼, ਸ਼ਨਾਖ਼ਤ ਆਪਣੀ ਦੇਣੀ ਸਮਝਾਈਆ । ਅੰਮ੍ਰਿਤ ਪਿਆ ਕੇ ਆਬੇਹਯਾਤ, ਜ਼ਿੰਦਗੀ ਜ਼ਿੰਦਗੀ ਵਿਚੋਂ ਪਰਗਟਾਈਆ । ਨਾਮ ਧੁਨ ਵਜਾ ਕੇ ਨਾਦ, ਅਗੰਮੀ ਰਾਗ ਸੁਣਾਈਆ । ਸੀਤਾ ਕਟੇ ਨਾ ਕੋਇ ਬਨਵਾਸ, ਰਾਮ ਰਾਮਾ ਜੋੜ ਜੁੜਾਈਆ । ਪੈਗ਼ੰਬਰ ਜਿਸ ਦੀ ਕਰਕੇ ਗਏ ਵਜ਼ਾਹਤ, ਸਿਫ਼ਤਾਂ ਵਿਚ ਸਾਲਾਹੀਆ । ਤੂੰ ਮਾਲਕ ਇਕੋ ਵਾਹਿਦ, ਵਾਹਵਾ ਤੇਰੀ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਪੁਰਖ ਅਕਾਲ ਕਿਹਾ ਗੁਰ ਅਵਤਾਰ ਪੈਗ਼ੰਬਰ ਨਿਰਗੁਣ ਖੇਲ ਖਿਲਾਵਾਂਗਾ । ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ, ਨੂਰ ਨੁਰਾਨਾ ਨੂਰ ਪਰਗਟਾਵਾਂਗਾ । ਸਚ ਨਿਵਾਸੀ ਪੁਰਖ ਅਬਿਨਾਸ਼ੀ ਦੋ ਜਹਾਨਾਂ ਦਾਤਾ ਹੋ ਕੇ, ਨਾਮ ਨਿਧਾਨਾ ਇਕ ਵਰਤਾਵਾਂਗਾ । ਪਾਰਬ੍ਰਹਮ ਬ੍ਰਹਮ ਨਾਲ ਛੋਹ ਕੇ, ਈਸ਼ ਜੀਵ ਦਾ ਰੰਗ ਰੰਗਾਵਾਂਗਾ । ਦਸਮ ਦਵਾਰੀ ਵਿਚੋਂ ਖਲੋ ਕੇ, ਨੂਰੀ ਜੋਤ ਜੋਤ ਰੁਸ਼ਨਾਵਾਂਗਾ । ਹਉਮੇ ਹੰਗਤਾ ਸਾਰੀ ਖੋਹ ਕੇ, ਸਚ ਸੁੱਚ ਇਕ ਵਰਤਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਵਾਂਗਾ । ਦੀਨ ਮਜ਼੍ਹਬ ਦਾ ਪੰਧ ਮੁਕਾਵਾਂਗਾ । ਅੰਧ ਅੰਧੇਰ ਕੂੜ ਮਿਟਾਵਾਂਗਾ । ਸ਼ਬਦ ਗੁਰੂ ਸ਼ੇਰ ਬੁਕਾਵਾਂਗਾ । ਭੈ ਭਉ ਸਰਬ ਦਰਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਇਕ ਖੁਲ੍ਹਾਵਾਂਗਾ । ਸਚ ਦਵਾਰ ਇਕ ਖੁਲ੍ਹਾਏਗਾ । ਦੀਨ ਦਿਆਲ ਦਇਆ ਕਮਾਏਗਾ । ਈਸ਼ ਜੀਵ ਭਰਮ ਮਿਟਾਏਗਾ । ਅੰਮ੍ਰਿਤ ਰਸ ਜਲ ਪਿਆਏਗਾ । ਤੂੰ ਮੇਰਾ ਮੈਂ ਤੇਰਾ ਮਾਰਗ ਦੱਸ, ਮਾਨਵ ਜ਼ਾਤੀ ਇਕੋ ਰਾਹ ਵਖਾਏਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਪਿਛਲਾ ਮੁੱਕਿਆ ਨੱਸ ਨੱਸ, ਸਤਿਜੁਗ ਆਪਣਾ ਰਾਹ ਤਕਾਏਗਾ । ਜਨ ਜਗਤ ਸੁਹੇਲਾ ਪ੍ਰਭ ਦਵਾਰੇ ਜਾਏ ਵਸ, ਵਾਸਤਾ ਆਪਣੇ ਨਾਲ ਰਖਾਏਗਾ । ਜਨ ਭਗਤਾਂ ਲੇਖੇ ਲਾ ਕੇ ਅੱਜ ਦੀ ਰਾਤ, ਰੁਤੜੀ ਧਰਮ ਧਾਰ ਮਹਿਕਾਏਗਾ । ਫੇਰ ਜਨਮ ਲੈਣਾ ਪਏ ਨਾ ਵਤ, ਬੇਵਤਨਾਂ ਆਪਣੇ ਵਤਨ ਪਹੁੰਚਾਏਗਾ । ਜੋਤੀ ਧਾਰ ਮੇਲਾ ਕਰਕੇ ਸਤਿ, ਸਤਿ ਸਤਿ ਵਿਚ ਮਿਲਾਏਗਾ । ਪ੍ਰਭ ਦਾ ਨਾਮ ਇਹੋ ਬ੍ਰਹਮ ਮਤ, ਬ੍ਰਹਮ ਵਿਦਿਆ

ਇਕ ਪੜ੍ਹਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਝਰ ਧਾਰ ਦੇ ਕੇ ਰਸ, ਰਸਤਾ ਆਪਣਾ ਆਪ ਖੁਲ੍ਹਾਏਗਾ ।

✪ ੩੦ ਹਾੜ ਸ਼ਹਿਨਸ਼ਾਹੀ ਸੰਮਤ ੬ ਲੈਫ਼ਟੀਨੈਂਟ ਚੇਲਾ ਸਿੰਘ ਦੇ ਗ੍ਰਿਹ ਜੰਮੂ ✪

ਪੁਰਖ ਅਕਾਲ ਕਹੇ ਅਵਤਾਰ ਪੈਗ਼ੰਬਰ ਗੁਰ ਤਕੋ ਜ਼ਿਮੀਂ ਅਸਮਾਨ, ਬਿਨ ਨੇਤਰ ਲੋਚਨ ਨੈਣ ਅੱਖ ਉਠਾਈਆ । ਪਰਦਾ ਖੋਲ੍ਹ ਕੇ ਵੇਖੋ ਦੋ ਜਹਾਨ, ਜਾਗਰਤ ਜੋਤ ਬਿਨ ਵਰਨ ਗੋਤ ਜਗਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਧਰੋ ਧਿਆਨ, ਅੰਤਰ ਅੰਤਸ਼ਕਰਨ ਖੋਜ ਖੁਜਾਈਆ । ਮੁਰੀਦ ਸ਼ਿਸ਼ ਤਕੋ ਹੋ ਮਿਹਰਵਾਨ, ਮਹਿਬੂਬ ਮੁਹੱਬਤ ਵਿਚ ਅੱਖ ਖੁਲ੍ਹਾਈਆ । ਕਵਣ ਸਾਚਾ ਕਲਮਾ ਨਾਮ ਗਾਏ ਗਾਣ, ਹਿਰਦੇ ਹਰਿ ਕੌਣ ਵਸਾਈਆ । ਕਵਣ ਅੰਮ੍ਰਿਤ ਰਸ ਪੀਏ ਖਾਣ, ਕਵਣ ਜਗਤ ਤ੍ਰਿਸ਼ਨਾ ਭੁੱਖ ਗਵਾਈਆ । ਕਵਣ ਵੇਖੇ ਧਰਮ ਨਿਸ਼ਾਨ, ਨਿਸ਼ਾਨਾ ਦੀਨ ਮਜ਼੍ਹਬ ਬਦਲਾਈਆ । ਕਵਣ ਜਾਣੇ ਧੁਰ ਦਾ ਕਾਹਨ, ਜੋ ਲੱਖ ਚੁਰਾਸੀ ਗੋਪੀ ਆਤਮ ਰਿਹਾ ਹੰਢਾਈਆ । ਕਵਣ ਲੱਭੇ ਅਗੰਮਾ ਰਾਮ, ਜੋ ਸੀਤਾ ਸੁਰਤ ਸਰਬ ਪਰਨਾਈਆ । ਕੌਣ ਪੜ੍ਹ ਕੇ ਕਲਮਾ ਕਲਾਮ, ਕਾਇਨਾਤ ਵਿਚੋਂ ਪਲੂ ਰਿਹਾ ਛੁਡਾਈਆ । ਕਵਣ ਗਾ ਕੇ ਸਤਿਨਾਮ, ਸਤਿ ਸਤਿ ਵਿਚ ਸਮਾਈਆ । ਕਵਣ ਪੀ ਕੇ ਵਾਹਿਗੁਰੂ ਜਾਮ, ਅੰਮ੍ਰਿਤ ਗੋਬਿੰਦ ਰਸ ਚਖਾਈਆ । ਸੁਣੋ ਸੰਦੇਸ਼ਾ ਇਕ ਫ਼ਰਮਾਨ, ਫਰਮਾਂਬਰਦਾਰੋ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰੋ ਤਕੋ ਦੀਨ ਮਜ਼੍ਹਬ ਜਗਤ ਜ਼ਾਤੀ, ਜੁਗਤੀ ਨਾਲ ਦਿਓ ਦ੍ਰਿੜਾਈਆ । ਕਿਉਂ ਨਹੀਂ ਮਿਲਦਾ ਕਿਸੇ ਨੂੰ ਅੰਮ੍ਰਿਤ ਬੂੰਦ ਸਵਾਂਤੀ, ਨਿਝਰ ਝਿਰਨਾ ਅੰਮਿਉਂ ਰਸ ਨਾ ਕੋਇ ਚੁਆਈਆ । ਕਿਉਂ ਤੁਹਾਡੇ ਹੁੰਦਿਆ ਹੋਈ ਕਲਜੁਗ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਕਿਉਂ ਭੁੱਲੀ ਪਰਮ ਪੁਰਖ ਦੀ ਗਾਥੀ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਨਾ ਕੋਇ ਸਾਲਾਹੀਆ । ਕਿਉਂ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਤੁਹਾਡੀ ਮੰਨੇ ਕੋਇ ਨਾ ਆਖੀ, ਆਖ਼ਰ ਅੱਖਰਾਂ ਕਰਨ ਪੜ੍ਹਾਈਆ । ਕਿਉਂ ਆਤਮ ਪਰਮਾਤਮ ਸਭ ਨੂੰ ਭੁੱਲੀ ਸਾਖੀ, ਸਾਖਿਆਤ ਤੇਰਾ ਦਰਸ ਕੋਇ ਨਾ ਪਾਈਆ । ਕਿਉਂ ਧਰਮ ਦਵਾਰੇ ਕੂੜ ਕੁੜਿਆਰਾ ਵਿਕੇ ਵਿਚ ਹਾਟੀ, ਸਚ ਤਰਾਜੂ ਕੰਡਾ ਨਾਮ ਹੱਥ ਨਾ ਕੋਇ ਉਠਾਈਆ । ਕਿਉਂ ਮੰਜ਼ਲ ਚੜ੍ਹੇ ਕੋਇ ਨਾ ਘਾਟੀ, ਦਰਗਹ ਸਾਚੀ ਮਿਲਣ ਕੋਇ ਨਾਂ ਆਈਆ । ਉਠੋ ਵੇਖੋ ਗ਼ੌਰ ਕਰੋ ਹਰ ਹਿਰਦੇ ਅੰਦਰ ਮਾਰੋ ਝਾਤੀ, ਕਾਇਆ ਮੰਦਰ ਫੋਲ ਫੁਲਾਈਆ । ਤੁਹਾਡਾ ਨਾਮ ਜਪ ਕੇ ਕਿਉਂ ਮੇਲ ਨਹੀਂ ਹੋਇਆ ਕਮਲਾਪਾਤੀ, ਪਤਿਪਰਮੇਸ਼ਵਰ ਮਿਲਣ ਕੋਇ ਨਾ ਆਈਆ । ਕੀ ਸੰਦੇਸ਼ਾ ਦਿਤਾ ਸੰਧਿਆ ਪਰਭਾਤੀ, ਭਾਂਡਾ ਭਰਮ ਭਰਮ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਤਕੋ ਦੀਨ ਦੁਨੀ ਦੀ ਹੱਦ, ਹਦੂਦ ਆਪਣੀ ਵੇਖ ਵਖਾਈਆ । ਮਜ਼੍ਹਬਾਂ ਵਾਲੀ ਤਕੋ ਯਦ, ਯਦੀ ਪੜਦਾ ਦੇਣਾ ਉਠਾਈਆ । ਜੁਗ ਚੌਕੜੀ ਕੇਤੇ ਗਏ ਲਦ, ਨਵ ਨੌਂ ਚਾਰ ਦਏ ਗਵਾਹੀਆ । ਕੀ ਢੋਲਾ ਗਾਇਆ ਸਦ, ਸ਼ਬਦ ਨਾਮ ਜਣਾਈਆ । ਕਿਥੇ ਰਾਗ ਗਿਆ ਨਾਦ ਗਿਆ ਅਨਹਦ, ਧੁਨ ਆਤਮਕ ਨਾ ਕੋਇ ਵਡਿਆਈਆ । ਆਪਣੀ ਦੁਨੀ ਵੇਖੋ ਜਗ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਹਊਮੇ

ਲੱਗੀ ਅੱਗ, ਹੰਗਤਾ ਰਹੀ ਜਲਾਈਆ । ਕਿਉਂ ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹਨ ਵਾਲੇ ਹੋਏ ਕਗ, ਹੰਸ ਰੂਪ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਪਰਦਾ ਆਪ ਚੁਕਾਈਆ । ਅਵਤਾਰ ਪੈਗ਼ੰਬਰ ਗੁਰ ਵੇਖੇ ਅੰਤਮ ਅੰਤ ਕਿਨਾਰਾ, ਨਈਆ ਡੋਲੇ ਥਾਉਂ ਥਾਈਂਆ । ਸਾਚਾ ਦੇਵੇ ਨਾ ਕੋਇ ਸਹਾਰਾ, ਖੇਵਟ ਖੇਟਾ ਰੂਪ ਨਾ ਕੋਇ ਪਰਗਟਾਈਆ । ਸਤਿ ਧਰਮ ਦਾ ਲਾਏ ਕੋਇ ਨਾ ਨਾਅਰਾ, ਧਰਮ ਜੈਕਾਰ ਨਾ ਕੋਇ ਵਖਾਈਆ । ਚਾਰੋਂ ਕੁੰਟ ਦੀਨ ਦੁਨੀ ਮਨਮਤ ਹੋਈ ਦੁਰਾਚਾਰਾ, ਦਿਬ ਦ੍ਰਿਸ਼ਟ ਨਾ ਕੋਇ ਖੁਲ੍ਹਾਈਆ । ਮਨ ਮਨੂਆ ਹੋਇਆ ਅਵਾਰਾ, ਚਾਰੋਂ ਕੁੰਟ ਦਹਿ ਦਿਸ਼ਾ ਭੱਜੇ ਵਾਹੋ ਦਾਹੀਆ । ਸਾਚਾ ਦੇਵੇ ਕੋਇ ਨਾ ਪਾਹਰਾ, ਬਾਹੋਂ ਫੜ ਨਾ ਕੋਇ ਜਗਾਈਆ । ਕਲਜੁਗ ਅੰਤ ਅਖ਼ੀਰ ਆਖ਼ਰ ਕੋਇ ਕਰ ਲਉ ਚਾਰਾ, ਚੌਥਾ ਜੁਗ ਚਾਰੇ ਖਾਣੀ ਚਾਰੋਂ ਕੁੰਟ ਕਰੇ ਤਬਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਧਰਮ ਇਕ ਦਰਸਾਈਆ । ਅਵਤਾਰ ਪੈਗ਼ੰਬਰ ਗੁਰ ਨਿਗਹ ਕਰੋ ਮਾਤਲੋਕ, ਅਲੋਕਿਕ ਆਪਣਾ ਧਿਆਨ ਲਗਾਈਆ । ਪ੍ਰਭ ਦਾ ਭਾਣਾ ਸਕੇ ਕੋਇ ਨਾ ਰੋਕ, ਨਾ ਕੋਇ ਮੇਟੇ ਮੇਟ ਮਿਟਾਈਆ । ਜਿਸ ਪਰਗਟ ਕੀਤੀ ਇਕੋ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਝਗੜਾ ਮਿਟਾਵੇ ਵਰਨ ਗੋਤ, ਗੌਤਮ ਦੀ ਆਸਾ ਦਏ ਗਵਾਹੀਆ । ਸਤਿ ਸਚ ਸੁਣਾ ਸਲੋਕ, ਢੋਲਾ ਇਕੋ ਇਕ ਦ੍ਰਿੜਾਈਆ । ਜਿਸ ਨੂੰ ਲੱਭਦੇ ਕੋਟੀ ਕੋਟ, ਸੋ ਕੋਟ ਕਾਇਆ ਕੰਚਨ ਗੜ੍ਹ ਦਏ ਵਖਾਈਆ । ਜਿਸ ਦਾ ਭਾਣਾ ਕੋਇ ਨਾ ਸਕੇ ਰੋਕ, ਰੁਕਮਣੀ ਅਰਜਨ ਗਿਆ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਪੁਰਖ ਅਕਾਲ ਕਹੇ ਅਵਤਾਰ ਪੈਗ਼ੰਬਰ ਗੁਰ ਵੇਲਾ ਵਕਤ ਲਓ ਸੰਭਾਲ, ਸੰਬਲ ਵੇਖੋ ਬੇਪਰਵਾਹੀਆ । ਜਿਸ ਨੇ ਤ੍ਰੈਗੁਣ ਤੋੜਨਾ ਜਗਤ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਤਿ ਸਚ ਬਣਾ ਕੇ ਧਰਮਸਾਲ, ਧਰਮ ਦਵਾਰਾ ਇਕੋ ਦਏ ਪਰਗਟਾਈਆ । ਜਿਥੇ ਵਸਣ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਵਖਾਈਆ । ਇਕੋ ਨਾਮ ਭੰਡਾਰਾ ਦੇ ਕੇ ਧਨ ਮਾਲ, ਸਚ ਖ਼ਜ਼ੀਨਾ ਆਪ ਵਰਤਾਈਆ । ਆ ਕੇ ਪੁਛੇ ਮੁਰੀਦਾਂ ਹਾਲ, ਗੋਬਿੰਦ ਦਾਤਾ ਅਗੰਮ ਅਥਾਹੀਆ । ਕਲਜੁਗ ਵਿਚ ਸਤਿਜੁਗ ਬਦਲ ਦੇਵੇ ਚਾਲ, ਚਾਲ ਨਿਰਾਲੀ ਇਕ ਰਖਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਸੰਤ ਭਗਤ ਸੁਹੇਲੇ ਲਏ ਉਠਾਲ, ਆਤਮ ਪਰਮਾਤਮ ਜੋੜ ਜੁੜਾਈਆ । ਜਿਸ ਦਾ ਦੇਂਦੇ ਆਏ ਅਹਿਵਾਲ, ਸੰਦੇਸ਼ਿਆ ਵਿਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਏਥੇ ਓਥੇ ਦੋ ਜਹਾਨਾਂ ਕਰਨਹਾਰਾ ਪ੍ਰਿਤਪਾਲ, ਪ੍ਰਿਤਪਾਲਕ ਖ਼ਾਲਕ ਇਕ ਅਖਵਾਈਆ ।

### ✪ ੩੧ ਹਾੜ ਸ਼ਹਿਨਸ਼ਾਹੀ ਸੰਮਤ ੬ ਸਰਦਾਰਾ ਸਿੰਘ ਗੁਰਨਾਮ ਸਿੰਘ ਦੇ ਗ੍ਰਹਿ ਪਿੰਡ ਸੀੜ ਜ਼ਿਲਾ ਜੰਮੂ ✪

ਸ਼ੰਕਰ ਕਹੇ ਪ੍ਰਭੂ ਸਾਨੂੰ ਲਾਗ ਦੇ ਦੇ ਨਾਲ ਚਾਅ, ਚਾਉ ਘਨੇਰਾ ਇਕ ਜਣਾਈਆ । ਅਸੀਂ ਕਰੀਏ ਵਾਹ ਵਾ, ਵਾਹਵਾ ਤੇਰੀ ਬੇਪਰਵਾਹੀਆ । ਹੁਕਮ ਸੰਦੇਸ਼ਾ ਦੇ ਸੁਣਾ, ਸ਼ਬਦ ਅਗੰਮੀ ਅਵਾਜ਼ ਲਗਾਈਆ । ਲੱਖ ਚੁਰਾਸੀ ਝੋਲੀ ਦੇ ਭਰਾ, ਖ਼ਾਲੀ ਹੱਥ ਨਾ ਕੋਇ ਵਖਾਈਆ । ਮੈਂ ਦੀਨ ਦੁਨੀ


੫੯੯
੨੨

ਕਰਾਂ ਸਫਾ, ਸਫ਼ਾਰਸ਼ ਦੀ ਲੋੜ ਨਾ ਕੋਇ ਰਖਾਈਆ । ਦਰ ਠਾਂਡੇ ਮੰਗ ਲਈ ਮੰਗਾ, ਮਾਂਗਤ ਹੋ ਕੇ ਝੋਲੀ ਡਾਹੀਆ । ਵਾਸਤਾ ਪਾ ਕੇ ਕਰਾਂ ਦੁਆ, ਨਿਉਂ ਕੇ ਸੀਸ ਝੁਕਾਈਆ । ਮੇਰੇ ਮਿਹਰਵਾਨ ਮਿਹਰਵਾਂ, ਮਿਹਰ ਨਜ਼ਰ ਉਠਾਈਆ । ਮੈਂ ਬ੍ਰਹਿਮੰਡ ਖੰਡ ਵੇਖਾਂ ਤੇਰਾਂ ਥਾਂ, ਜ਼ਿਮੀਂ ਅਸਮਾਨ ਖੋਜ ਖੁਜਾਈਆ । ਬਖ਼ਸ਼ਿਸ਼ ਵਿਚ ਦੇ ਦੇ ਜਿਹੜੇ ਖਾਂਦੇ ਸੂਰ ਗਾਂ, ਸਭ ਦਾ ਲੇਖਾ ਦਿਆਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਸ਼ੰਕਰ ਕਹੇ ਪ੍ਰਭੂ ਮਜ਼ਦੂਰੀ ਪਾ ਦੇ ਮੇਰੀ ਝੋਲੀ, ਝੂਲਾ ਪ੍ਰੇਮ ਦੇਣਾ ਝੁਲਾਈਆ । ਮੈਂ ਪਰਵਾਨ ਕਰਾਂ ਤੇਰੀ ਬੋਲੀ, ਸਚ ਦੀ ਧਾਰ ਦੇਣੀ ਸੁਣਾਈਆ । ਜਿਹੜਾ ਸਤਿ ਚੜ੍ਹ ਕੇ ਆਇਆ ਤੇਰੀ ਡੋਲੀ, ਉਸ ਨੂੰ ਵੇਖਾਂ ਚਾਈਂ ਚਾਈਂਆ । ਕਲਜੁਗ ਕੂੜੀ ਕਿਰਿਆ ਮੇਟਾਂ ਰੌਲੀ, ਰੋਵਣ ਵਾਲਾ ਨਜ਼ਰ ਕੋਇ ਨਾ ਆਈਆ । ਸਾਡੀ ਆਸਾ ਤੇਰੀ ਸੇਵਾ ਵਿਚ ਬਣੀ ਰਹੀ ਪਰਾਹੁਣੀ, ਘਰ ਤੇਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਵਰ ਦਾਤੇ ਦਇਆ ਕਮਾਈਆ । ਸ਼ੰਕਰ ਕਹੇ ਪ੍ਰਭੂ ਅਸੀਂ ਸੇਵਾ ਕੀਤੀ ਚੰਗੀ, ਏਸੇ ਕਰਕੇ ਮੰਗ ਮੰਗਾਈਆ । ਬਸਤਰ ਦੇ ਦੇ ਅਗੰਮੀ ਜੰਗੀ, ਜੰਗਜੂ ਆਪਣੀ ਦਇਆ ਕਮਾਈਆ । ਖੇਲ ਵੇਖੀਏ ਸ਼ਮੀਨਾ ਫ਼ਰੰਗੀ, ਫ਼ਾਰਸ ਦਾ ਭੇਵ ਖੁਲ੍ਹਾਈਆ । ਓਢਣ ਸੀਸ ਦੇ ਦੇ ਪੁਸ਼ਤ ਹੋਵੇ ਨਾ ਨੰਗੀ, ਆਪਣੀ ਦਇਆ ਕਮਾਈਆ । ਪਿਛਲੀ ਹੱਥ ਫੜਾ ਦੇ ਸੰਦੀ, ਜੋ ਬਿਨ ਅੱਖਰਾਂ ਆਪਣੇ ਕੋਲ ਰਖਾਈਆ । ਦੀਨ ਦੁਨੀ ਦੀ ਵਾਸਨਾ ਕਢੀਂ ਗੰਦੀ, ਕੂੜ ਕੁੜਿਆਰਾ ਡੇਰਾ ਢਾਹੀਆ । ਮੈਂ ਚਾਹੁੰਦਾ ਜਿਹੜੀ ਆਤਮਾ ਤੈਨੂੰ ਭੁੱਲੀ ਉਹ ਸਦਾ ਸਦ ਰੰਡੀ, ਸੁਹਾਗਣ ਰੂਪ ਨਾ ਕੋਇ ਦਰਸਾਈਆ । ਮੈਂ ਬੇਨੰਤੀ ਕਰਨੀ ਕਰਨੀ ਉਸ ਕੰਢੀ, ਜਿਸ ਕੰਢੇ ਦੀ ਖ਼ਬਰ ਕਿਸੇ ਨਾ ਪਾਈਆ । ਕਿਰਪਾ ਨਿਧਾਨ ਤੇਰੀ ਕਿਰਪਾ ਨਾਲ ਸਦੀ ਚੌਧਵੀਂ ਜਾਂਦੀ ਲੰਘੀ, ਭੱਜੇ ਵਾਹੋ ਦਾਹੀਆ । ਹੁਣ ਮੇਟਣੀ ਦੀਨ ਮਜ਼੍ਹਬ ਦੀ ਪਾਬੰਦੀ, ਪਾਬੰਦ ਆਪਣਾ ਇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਹਿਬ ਸਦਾ ਬਖ਼ਸ਼ੰਦੀ, ਬਖ਼ਸ਼ਿਸ਼ ਆਪਣੀ ਦੇ ਵਰਤਾਈਆ ।

## ੩੧ ਹਾੜ ਸ਼ਹਿਨਸ਼ਾਹੀ ਸੰਮਤ ੬ ਲਛਮਣ ਸਿੰਘ ਦੇ ਗ੍ਰਹਿ ਸਈ ਕੈਂਪ ਜ਼ਿਲਾ ਜੰਮੂ

ਸ਼ੰਕਰ ਕਹੇ ਪ੍ਰਭ ਲਾਗ ਲੈਣਾ ਨਹੀਂ ਸੋਨਾ ਰੁਪਾ, ਧਨ ਦੌਲਤ ਕੰਮ ਕਿਸੇ ਨਾ ਆਈਆ । ਮੈਂ ਇਕੋ ਮੰਗ ਮੰਗਾਂ ਮੁਖਾ, ਬਿਨ ਰਸਨਾ ਜਿਹਵਾ ਕਹਿ ਕਹਿ ਸੁਣਾਈਆ । ਚੌਥੇ ਜੁਗ ਮੇਰੀ ਦੂਰ ਕਰਾ ਦੇ ਭੁੱਖਾ, ਕਲਜੁਗ ਖ਼ਾਹਿਸ਼ ਦੇ ਮਿਟਾਈਆ । ਧਰਨੀ ਸੁਫਲ ਕਰਾ ਦੇ ਕੁੱਖਾ, ਲੱਖ ਚੁਰਾਸੀ ਮੇਰੀ ਝੋਲੀ ਪਾਈਆ । ਮੈਂ ਕੂੜ ਕੁੜਿਆਰਿਆਂ ਟੁੱਕਰ ਖਾਵਾਂ ਰੁੱਖਾ, ਅੰਤ ਆਪਣੀ ਖ਼ੁਸ਼ੀ ਬਣਾਈਆ । ਝਗੜਾ ਮਿਟਾ ਦੇਵਾਂ ਪੰਜ ਭੂਤਾ, ਤਨ ਵਜੂਦ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਸ਼ੰਕਰ ਕਹੇ ਲਾਗ ਲੈਣਾ ਨਹੀਂ ਮਾਇਆ ਮਮਤਾ, ਮੋਹ ਜਗਤ ਨਾ ਕੋਇ ਜਣਾਈਆ । ਮੈਂ ਵੇਖਣਾ ਚਾਹੁੰਦਾ ਤੇਰਾ ਸੰਮਤੀ ਸੰਮਤਾ, ਸੰਮਤ ਸ਼ਹਿਨਸ਼ਾਹੀ ਚਤੁਰਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਬਣ ਮੰਗਤਾ, ਮੰਗਾਂ ਚਾਈਂ ਚਾਈਂਆ । ਜੋ ਤੇਰੇ ਨਾਮ ਬਿਨਾ ਭੁੱਖਾ ਨੰਗਤਾ, ਉਸ ਦਾ ਲੇਖਾ ਦਿਆਂ

ਗਵਾਈਆ । ਅੰਤਮ ਵੇਲਾ ਜਾਏ ਲੰਘਦਾ, ਕਲਜੁਗ ਕੂੜ ਰਿਹਾ ਕੁਰਲਾਈਆ । ਪਿਆਰ ਦੇ ਦੇ ਆਪਣੇ ਰੰਗ ਦਾ, ਰੰਗਤ ਇਕੋ ਇਕ ਚੜ੍ਹਾਈਆ । ਮੈਂ ਵਕਤ ਸੁਹਾਵਾਂ ਧੌਲ ਉਤੇ ਲੜਾਈ ਜੰਗ ਦਾ, ਜੰਗਜੂ ਹੋ ਕੇ ਹੁਕਮ ਵਰਤਾਈਆ । ਲੇਖਾ ਪੂਰਾ ਕਰਾਵਾਂ ਪੁਰੀ ਅਨੰਦ ਦਾ, ਜੋ ਗੋਬਿੰਦ ਆਸ ਧਰਾਈਆ । ਖ਼ੂਨ ਧਾਰ ਲੇਖਾ ਮੁਕੇ ਅਸਵ ਤੰਗ ਦਾ, ਦੁਲ ਦੁਲ ਐਲੀ ਸੀਸ ਨਿਵਾਈਆ । ਝਗੜਾ ਰਹੇ ਨਾ ਮਾਨਵ ਵਾਲੀ ਵੰਡ ਦਾ, ਦਾਨਵ ਦੇਵ ਦੇਵ ਮਿਟਾਈਆ । ਜੋ ਤਨ ਵਜੂਦ ਖ਼ਾਕੀ ਮਾਨਸ ਰਿਹਾ ਜੰਮਦਾ, ਤਤਵ ਤਤ ਰੂਪ ਵਟਾਈਆ । ਲੇਖਾ ਪੂਰਾ ਕਰਾਂ ਦਮ ਦਾ, ਦਾਮਨਗੀਰ ਹੋ ਕੇ ਖੋਜ ਖੁਜਾਈਆ । ਝਗੜਾ ਮੇਟਾਂ ਮਾਟੀ ਚੰਮ ਦਾ, ਚੰਮ ਦ੍ਰਿਸ਼ਟੀ ਦਿਆਂ ਗਵਾਈਆ । ਇਕੋ ਲੇਖਾ ਹੋਵੇ ਤੇਰੇ ਬ੍ਰਹਮ ਦਾ, ਪਾਰਬ੍ਰਹਮ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸ਼ੰਕਰ ਕਹੇ ਲਾਗ ਦੇ ਦੇ ਆਪਣਾ ਅਗੰਮ ਅਨਮੋਲ, ਵਸਤ ਦਸਤ ਫੜਾਈਆ । ਧਰਮ ਕੰਢੇ ਤਰਾਜ਼ੂ ਤੋਲ, ਜਗਤ ਤੁਲੇ ਦੀ ਲੋੜ ਰਹੇ ਨਾ ਰਾਈਆ । ਮੇਰੇ ਅੰਤਰ ਨਿਰੰਤਰ ਮੌਲ, ਮੌਲਾ ਹੋ ਕੇ ਦਇਆ ਕਮਾਈਆ । ਫੇਰ ਮੈਂ ਹੁਕਮ ਸੰਦੇਸ਼ਾ ਦੇਵਾਂ ਉਪਰ ਧੌਲ, ਧਰਨੀ ਧਰਤ ਧਵਲ ਦ੍ਰਿੜਾਈਆ । ਅਵਤਾਰ ਪੈਗ਼ੰਬਰ ਗੁਰੂਆਂ ਵਖਾਵਾਂ ਪੂਰਾ ਹੋਇਆ ਕੌਲ, ਇਕਰਾਰਨਾਮਾ ਸਭ ਦੇ ਅੱਗੇ ਟਿਕਾਈਆ । ਲਹਿਣਾ ਚੁਕਾਵਾਂ ਜਗਤ ਪਾਂਧੇ ਰੌਲ, ਗ੍ਰਹਿ ਨਛੱਤਰ ਡੇਰਾ ਢਾਹੀਆ । ਸਦੀ ਚੌਧਵੀਂ ਪੂਰਾ ਕਰਾਂ ਬੋਲ, ਮੁਹੰਮਦ ਬੈਠਾ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਚ ਵਿਚ ਸਮਾਈਆ । ਸ਼ੰਕਰ ਕਹੇ ਲਾਗ ਦੇ ਦੇ ਚਰਨ ਵਿਭੂਤ, ਧੂੜੀ ਧੂਲ ਖ਼ਾਕ ਰਮਾਈਆ । ਫੇਰ ਮੈਂ ਵੇਖਾਂ ਚਾਰੇ ਕੂਟ, ਉੱਤਰ ਪੂਰਬ ਪੱਛਮ ਦੱਖਣ ਫੋਲ ਫੁਲਾਈਆ । ਹਰ ਹਿਰਦੇ ਅੰਦਰ ਵੇਖਾਂ ਜੂਠ ਝੂਠ, ਤਨ ਵਜੂਦ ਪੜਦਾ ਆਪ ਚੁਕਾਈਆ । ਲਹਿਣਾ ਮੇਟਾਂ ਪੰਜ ਭੂਤ, ਭਾਂਡਾ ਭਰਮ ਭੌ ਭੰਨਾਈਆ । ਦਹਿ ਦਿਸ਼ਾ ਫਿਰਾਂ ਬਣ ਅਵਧੂਤ, ਦੁਤੀਆ ਭਾਓ ਰਹਿਣ ਨਾ ਪਾਈਆ । ਸਭ ਦੀ ਮੰਜ਼ਲ ਪੂਰੀ ਹੋਈ ਦੱਸਾਂ ਇਕ ਮਕਸੂਦ, ਮਸਲਾ ਦੀਨ ਦੁਨੀ ਹੱਲ ਕਰਾਈਆ । ਪੁਰਖ ਅਕਾਲ ਹੋਣਾ ਮੌਜੂਦ, ਮੌਜੂਦਾ ਹੋ ਕੇ ਵੇਖ ਵਖਾਈਆ । ਕਲਜੁਗ ਕਰਾਂ ਨੇਸਤੋ ਨਾਬੂਦ, ਜੜ੍ਹ ਰਹਿਣ ਕੋਇ ਨਾ ਪਾਈਆ । ਕਿਰਪਾ ਕਰ ਮਿਹਰਵਾਨ ਮਹਿਬੂਬ, ਮਿਹਰ ਨਜ਼ਰ ਇਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਉਪਜਿਆ ਸੋ ਜਾਏ ਝੂਝ, ਬਚਿਆ ਰਹਿਣ ਕੋਇ ਨਾ ਪਾਈਆ ।



### ✪ ੩੧ ਹਾੜ ਸ਼ਹਿਨਸ਼ਾਹੀ ਸੰਮਤ ੬ ਬਚਨ ਸਿੰਘ ਦੇ ਗ੍ਰਹਿ ਸਈ ਕੈਂਪ ਜ਼ਿਲਾ ਜੰਮੂ ✪

ਸ਼ੰਕਰ ਕਹੇ ਲਾਗ ਦੇ ਦੇ ਨਾਮ ਦਾ ਖੰਡਾ, ਖੜਗ ਅਗੰਮ ਫੜਾਈਆ । ਬਖ਼ਸ਼ਿਸ਼ ਕਰਦੇ ਚੰਡ ਪਰਚੰਡਾ, ਪਰਬ੍ਰਹਮ ਪ੍ਰਭ ਦਇਆ ਕਮਾਈਆ । ਮੈਂ ਰਹਿਣ ਨਾ ਦੇਵਾਂ ਬਿਨਾ ਬੰਦਗੀ ਤੋਂ ਕੋਇ ਬੰਦਾ, ਬੰਧਨ ਕੂੜਾ ਦਿਆਂ ਤੁੜਾਈਆ । ਮੂਰਖ ਰਹੇ ਕੋਇ ਨਾ ਅੰਧਾ, ਅਗਿਆਨੀਆਂ ਕਰਾਂ ਸਫ਼ਾਈਆ । ਦੋਜ਼ਖ਼ ਦਾ ਦੋਹਰੀ ਧਾਰ ਖੋਲ੍ਹ ਕੇ ਜਿੰਦਾ, ਕੁੰਜੀ ਮੇਰੇ ਹੱਥ ਫੜਾਈਆ । ਲੱਖ ਚੁਰਾਸੀ ਜਿਸ ਦੇ ਅੰਦਰ ਟੰਗਾ, ਰਾਏ ਧਰਮ ਨਾਲ ਮਿਲਾਈਆ ।

ਪੁਰੀ ਲੋਅ ਆਕਾਸ਼ ਪਾਤਾਲ ਲੰਘਾ, ਤਬਕ ਚੌਦਾਂ ਪੰਧ ਮੁਕਾਈਆ । ਕਲਜੁਗ ਅੰਤ ਅਖ਼ੀਰ ਵੇਖਾਂ ਕੰਢਾ, ਕੰਢੀ ਬਹਿ ਕੇ ਧਿਆਨ ਲਗਾਈਆ । ਕਿਉਂ ਤੇਰਾ ਖ਼ੁਸ਼ੀਆਂ ਨਾਲ ਹੋਇਆ ਕਾਰਜ ਅਨੰਦਾ, ਅਨੰਦ ਸਾਨੂੰ ਦੇਣਾ ਵਰਤਾਈਆ । ਦਰ ਦਰਵੇਸ਼ ਹੋ ਕੇ ਮੰਗਾ, ਮਾਂਗਤ ਹੋ ਕੇ ਝੋਲੀ ਢਾਹੀਆ । ਬੇਸ਼ਕ ਕਲਜੁਗ ਸਮਾਂ ਲੰਬਾ, ਬਹੁਤਿਉਂ ਥੋੜਾ ਦਿਆਂ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਹ ਖੇਲ ਤੇਰਾ ਸਾਹਿਬ ਸਦਾ ਬਖ਼ਸ਼ੰਦਾ, ਬਖ਼ਸ਼ਿਸ਼ ਆਪਣੀ ਨਾਲ ਕਰਾਈਆ ।

## ✪ ੩੧ ਹਾੜ ਸ਼ਹਿਨਸ਼ਾਹੀ ਸੰਮਤ ੬ ਕੁਲਵੰਤ ਸਿੰਘ ਦੇ ਗ੍ਰਿਹਿ ਸਈ ਕੈਂਪ ਜ਼ਿਲਾ ਜੰਮੂ ✪

ਸ਼ੰਕਰ ਕਹੇ ਲਾਗ ਵਿਚ ਦੇ ਦੇ ਕਮੰਦਾ ਤੀਰ, ਤੀਰ ਅਣਿਆਲਾ ਹੱਥ ਫੜਾਈਆ । ਮੈਂ ਕਲਜੁਗ ਕਰਾਂ ਅਖ਼ੀਰ, ਆਖ਼ਰ ਤੇਰੀ ਸੇਵ ਕਮਾਈਆ । ਕੂੜ ਕੁੜਿਆਰਾ ਕਟ ਜ਼ੰਜੀਰ, ਸ਼ਰਅ ਸ਼ਰਅ ਵਿਚੋਂ ਬਦਲਾਈਆ । ਸਤਿ ਧਰਮ ਕਰਾ ਤਾਮੀਰ, ਜੂਠਾ ਝੂਠਾ ਪੰਧ ਮੁਕਾਈਆ । ਸਾਹਿਬ ਸਵਾਮੀ ਤੇਰੇ ਹੁਕਮ ਦੀ ਹੋਏ ਤਦਬੀਰ, ਤਰੀਕਾ ਇਕ ਦ੍ਰਿੜਾਈਆ । ਖੇਲ ਕਰਾਂ ਬੇਨਜ਼ੀਰ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਸਚ ਵਿਚ ਰਹਿਣ ਨਾ ਦੇਵਾਂ ਖ਼ਮੀਰ, ਝੂਠਾ ਪੰਧ ਦਿਆਂ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਸ਼ਹਿਨਸ਼ਾਹ ਮੈਂ ਖ਼ਾਦਮ ਤੇਰਾ ਵਜ਼ੀਰ, ਹੁਕਮ ਮੰਨ ਕੇ ਖ਼ੁਸ਼ੀ ਬਣਾਈਆ ।



## ✪ ੩੧ ਹਾੜ ਸ਼ਹਿਨਸ਼ਾਹੀ ਸੰਮਤ ੬ ਦੇਵਾ ਸਿੰਘ ਦੇ ਗ੍ਰਿਹਿ ਸਈ ਕੈਂਪ ਜ਼ਿਲਾ ਜੰਮੂ ✪

ਸ਼ੰਕਰ ਕਹੇ ਲਾਗ ਦੇ ਦੇ ਨਾਮ ਕਟਾਰ, ਦੋ ਧਾਰੀ ਸੋਭਾ ਪਾਈਆ । ਝਗੜਾ ਮੇਟ ਦੇਵਾਂ ਚਾਰ ਯਾਰ, ਯਾਰੀ ਜਗਤ ਵਾਲੀ ਤੁੜਾਈਆ । ਸਤਿ ਧਰਮ ਦੇ ਅਧਾਰ, ਸਚ ਤੇਰਾ ਇਕ ਪਰਗਟਾਈਆ । ਮਜ਼੍ਹਬਾਂ ਦੀ ਰਹੇ ਕੋਇ ਨਾ ਖਾਰ, ਖ਼ਾਲਸ ਤੇਰਾ ਬ੍ਰਹਮ ਸਮਝਾਈਆ । ਤੇਰੇ ਚਰਨ ਕਵਲ ਬਲਿਹਾਰ, ਬਲਿਹਾਰੀ ਸੀਸ ਨਿਵਾਈਆ । ਤੂੰ ਸਾਹਿਬ ਸੱਚਾ ਦਾਤਾਰ, ਦਾਤਾਰ ਤੇਰੀ ਵਡਿਆਈਆ । ਨਿਉਂ ਨਿਉਂ ਕਰਾਂ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਸਭ ਦਾ ਲਹਿਣਾ ਦੇਣਾ ਪੂਰਾ ਕਰ ਉਧਾਰ, ਕਰਜ਼ਾ ਮਕਰੂਜ਼ ਦੇ ਚੁਕਾਈਆ । ਤੇਰਾ ਰਾਹ ਤਕਦੇ ਰਹੇ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੱਖ ਉਠਾਈਆ । ਧੰਨ ਭਾਗ ਜੇ ਆਈ ਤੇਰੀ ਵਾਰ, ਵੇਲਾ ਵਕਤ ਖ਼ੁਸ਼ੀ ਬਣਾਈਆ । ਲੇਖਾ ਪੂਰਾ ਕਰਾ ਸਾਹਿਬ ਸੱਚੀ ਸਰਕਾਰ, ਹੁਕਮ ਆਪਣਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰਖ ਅਕਾਲ ਤੇਰੀ ਸਰਨਾਈਆ ।

## ✪ ੩੧ ਹਾੜ ਸ਼ਹਿਨਸ਼ਾਹੀ ਸੰਮਤ ੬ ਕਿਰਪਾਲ ਸਿੰਘ ਦੇ ਗ੍ਰਿਹਿ ਸਈ ਕੈਂਪ ਜ਼ਿਲਾ ਜੰਮੂ ✪

ਸ਼ੰਕਰ ਕਹੇ ਲਾਗ ਦੇ ਦੇ ਸਭ ਤੋਂ ਉੱਤਮ ਸ੍ਰੇਸ਼ਟ ਚੰਗਾ, ਚੰਗੀ ਤਰਾਂ ਮੰਗ ਮੰਗਾਈਆ । ਜਟਾ ਜੂਟ ਦੀ ਧਾਰ ਤੇਰਾ ਚਰਨ ਕਵਲ ਹੋਵੇ

ਗੰਗਾ, ਜਮਨਾ ਸੁਰਸਤੀ ਗੋਦਾਵਰੀ ਰੂਪ ਸਮਾਈਆ । ਲੇਖਾ ਪੂਰਾ ਕਰਦੇ ਕੌਲ ਸੁਰਸਤੀ ਵਾਲਾ ਬ੍ਰਹਮਾ, ਬ੍ਰਹਮਾਦਿਕ ਧਿਆਨ ਲਗਾਈਆ । ਮੈਂ ਕੋਈ ਕੀਤੀ ਨਹੀਂ ਤਮਾਂ, ਤਾਮਸ ਵਾਲੀ ਆਸ ਨਾ ਕੋਇ ਜਣਾਈਆ । ਜੇਹੜੇ ਕਲਜੁਗ ਜੀਵ ਹੋਏ ਜਮ੍ਹਾਂ, ਜਮਾਂ ਦੇ ਵਸ ਦੇਣੇ ਪਾਈਆ । ਹੁਣ ਵੇਖ ਲੈ ਆਪਣਾ ਸਮਾਂ, ਸਾਹਮਣੇ ਹੋ ਕੇ ਸੀਸ ਨਿਵਾਈਆ । ਅੱਗੇ ਵਕਤ ਰਹੇ ਨਾ ਲੰਮਾ, ਲਮਹਾ ਲਮਹਾ ਧਿਆਨ ਲਗਾਈਆ । ਤੇਰਾ ਜੁਗ ਬਦਲ ਜਾਏ ਨਵਾਂ, ਚੌਕੜੀ ਲੇਖਾ ਦਿਆਂ ਮੁਕਾਈਆ । ਦਰ ਦਵਾਰੇ ਤੇਰੇ ਕਹਵਾਂ, ਕਹਿ ਕਹਿ ਰਿਹਾ ਸੁਣਾਈਆ । ਸ਼ੰਕਰ ਕਹੇ ਪ੍ਰਭੂ ਹੁਣ ਨਾ ਕਰੀਂ ਮਨ੍ਹਾਂ, ਅੱਗੇ ਹੋ ਨਾ ਕੋਇ ਜਣਾਈਆ । ਮੈਂ ਮਾਇਆ ਮਮਤਾ ਰਹਿਣ ਨਹੀਂ ਦੇਣਾ ਬੰਨਾ, ਬੰਧਨ ਕੂੜਾ ਦੇਣਾ ਤੁੜਾਈਆ । ਮੇਰਾ ਸਾਥ ਹੋ ਗਿਆ ਨਾਲ ਗੋਬਿੰਦ ਚੰਨਾ, ਜੋ ਚੰਨ ਤੇਰਾ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹੁਕਮ ਅੰਦਰ ਫਿਰਾਂ ਭੰਨਾ, ਭੱਜ ਭੱਜ ਆਪਣੀ ਸੇਵ ਕਮਾਈਆ ।

### ੩੧ ਹਾੜ ਸ਼ਹਿਨਸ਼ਾਹੀ ਸੰਮਤ ੬ ਤੇਜ ਭਾਨ ਦੇ ਘਰ ਸਈ ਕੈਂਪ ਜ਼ਿਲਾ ਜੰਮੂ

ਸ਼ੰਕਰ ਕਹੇ ਧੁਰ ਦੇ ਲਾਗ ਦੀ ਭਿੱਛਿਆ ਪਾ ਦੇ ਖ਼ੈਰ, ਖ਼ੈਰਖਾਹ ਹੋ ਕੇ ਦਇਆ ਕਮਾਈਆ । ਮਿਹਰਵਾਨ ਹੋ ਕੇ ਕਰ ਦੇ ਮਿਹਰ, ਮਿਹਰਵਾਨ ਤੇਰੀ ਸਰਨਾਈਆ । ਸੂਰਬੀਰ ਬਹਾਦਰ ਯੋਧਾ ਬਣ ਕੇ ਕੇਹਰ, ਭਬਕ ਅਗੰਮ ਸ਼ਬਦ ਸੁਣਾਈਆ । ਦੋ ਜਹਾਨਾਂ ਵਿਚ ਰਹੇ ਕੋਇ ਨਾ ਗ਼ੈਰ, ਕੂੜ ਕੁੜਿਆਰਾ ਲੇਖਾ ਦੇਣਾ ਮੁਕਾਈਆ । ਤੇਰਾ ਲੇਖਾ ਪੂਰਾ ਹੋਵੇ ਸਵਾ ਪਹਿਰ, ਪਹਿਰੇਦਾਰ ਨਜ਼ਰ ਕੋਇ ਨਾ ਆਈਆ । ਆਸਾ ਪੂਰੀ ਕਰ ਦੇ ਲਾਹੌਰ ਸ਼ਹਿਰ, ਸ਼ਹਿਨਸ਼ਾਹ ਆਪਣੀ ਕਾਰ ਭੁਗਤਾਈਆ । ਸ਼ੰਕਰ ਕਹੇ ਮੇਰਾ ਕਿਸੇ ਦੇ ਨਾਲ ਨਹੀਂ ਵੈਰ, ਬਿਨਾ ਭਗਤਾਂ ਤੋਂ ਮੇਲ ਨਾ ਕਿਸੇ ਮਿਲਾਈਆ । ਕਲਜੁਗ ਕੂੜੀ ਕਲਪਨਾ ਵੇਖ ਜ਼ਹਿਰ, ਜ਼ਹਿਰੀਲਾਪਨ ਵੇਖ ਘਰ ਘਰ ਲੋਕਾਈਆ । ਕੂੜ ਕੁੜਿਆਰੀ ਤਕ ਲਹਿਰ, ਕਾਮ ਕਰੋਧ ਨਾਲ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਸਾਚਾ ਵਰ, ਸਚ ਆਸਾ ਇਕ ਰਖਾਈਆ । ਸ਼ੰਕਰ ਕਹੇ ਭਿੱਛਿਆ ਪਾ ਦੇ ਦੇਦੇ ਆਪਣਾ ਮੂਲ, ਮੁੱਲ ਕੀਮਤ ਨਾ ਕੋਇ ਲਗਾਈਆ । ਮਾਲਕ ਬਣੇ ਕੰਤ ਕੰਤੂਹਲ, ਕਰਤੇ ਲੇਖਾ ਦੇਣਾ ਚੁਕਾਈਆ । ਲਹਿਣਾ ਚਾਰ ਜੁਗ ਦਾ ਨਹੀਂ ਜਾਣਾ ਭੂਲ, ਅਭੁੱਲ ਪੜਦਾ ਦੇਣਾ ਉਠਾਈਆ । ਸਤਿਜੁਗ ਤ੍ਰੇਤਾ ਦੁਆਪਰ ਬਦਲਿਆ ਤੇਰਾ ਅਸੂਲ, ਵਾਰੀ ਕਲਜੁਗ ਅੰਤਮ ਆਈਆ । ਸਭ ਦਾ ਲੇਖਾ ਕਰ ਵਸੂਲ, ਵਸਲ ਯਾਰ ਭਗਤਾਂ ਦੇਣਾ ਵਖਾਈਆ । ਤੇਰਾ ਹੁਕਮ ਇਕ ਮਾਕੂਲ, ਨਾ ਕੋਇ ਮੇਟੇ ਮੇਟ ਮਿਟਾਈਆ । ਦੀਨ ਦੁਨੀ ਦਾ ਬਦਲ ਦੇ ਅਸੂਲ, ਅਸਲੀਅਤ ਆਪਣੀ ਇਕ ਸਮਝਾਈਆ । ਜੋ ਤੇਰਾ ਨਾਮ ਕਰਨ ਕਬੂਲ, ਕਬਰ ਮੜ੍ਹੀ ਤੋਂ ਬਾਹਰ ਰਖਾਈਆ । ਮੁਹੱਬਤ ਵਿਚ ਰੱਖਣਾ ਮਸ਼ਗੂਲ, ਸਿਫ਼ਤਾਂ ਨਾਲ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਇਕ ਰਖਾਈਆ । ਸ਼ੰਕਰ ਕਹੇ ਦੇਦੇ ਲਾਗ, ਲਗ ਮਾਤਰ ਰੂਪ ਰੇਖ ਨਾ ਕੋਇ ਵਖਾਈਆ । ਤੇਰੀ ਸ੍ਰਿਸ਼ਟੀ ਜਾਏ ਜਾਗ, ਦ੍ਰਿਸ਼ਟੀ ਅੰਦਰੋਂ ਦੇਣੀ ਖੁਲ੍ਹਾਈਆ । ਦੁਰਮਤ ਮੈਲ ਧੋ ਦਾਗ਼, ਪਤਿਤ ਪੁਨੀਤ ਦੇ ਕਰਾਈਆ । ਤ੍ਰੈਗੁਣ ਕੂੜੀ ਮਿਟਾ ਆਗ, ਤ੍ਰਿਸ਼ਨਾ ਅਗਨ ਨਾ ਕੋਇ

ਜਲਾਈਆ। ਸਤਿ ਦੀਪਕ ਜਲਾ ਚਰਾਗ਼, ਚਰਾਗਾਹਾਂ ਕਰ ਰੁਸ਼ਨਾਈਆ। ਸਤਿ ਧਰਮ ਦਾ ਬਦਲ ਦੇ ਸਮਾਜ, ਕਲਜੁਗ ਕੂੜੀ ਰੀਤੀ ਰਹੇ ਨਾ ਰਾਈਆ। ਜਿਧਰ ਤਕਾਂ ਸਾਰੇ ਤੇਰੇ ਹੋਣ ਮੁਹਤਾਜ, ਮੁਫ਼ਿਲਸ ਹੋ ਕੇ ਝੋਲੀ ਢਾਹੀਆ। ਦੀਨ ਦੁਨੀ ਤੇ ਤੇਰੇ ਹੁਕਮ ਦਾ ਹੋਵੇ ਰਾਜ, ਰਈਅਤ ਵੇਖਾਂ ਖ਼ਲਕ ਖ਼ੁਦਾਈਆ। ਤੇਰਾ ਨਾਮ ਨਿਧਾਨਾ ਹੋਵੇ ਬੋਧ ਅਗਾਧ, ਬੁੱਧੀ ਤੋਂ ਪਰੇ ਪਰੇ ਪੜ੍ਹਾਈਆ। ਭਗਤ ਸੁਹੇਲਾ ਤੇਰਾ ਹੋਵੇ ਸਾਧ, ਗੁਰ ਚੇਲਾ ਰੂਪ ਦਰਸਾਈਆ। ਤੇਰੇ ਨਾਮ ਦੀ ਹੋਵੇ ਇਕ ਆਵਾਜ਼, ਤੂੰ ਮੇਰਾ ਮੈਂ ਤੇਰਾ ਢੋਲਾ ਧੁਰਦਰਗਾਹੀਆ। ਕਿਉਂ ਅਵਤਾਰ ਪੈਗ਼ੰਬਰਾਂ ਗੁਰੂਆਂ ਤੇਰੇ ਨਾਲ ਕੀਤਾ ਅਨੰਦ ਕਾਜ, ਅਨੰਦ ਤੇਰੇ ਵਿਚ ਰਖਾਈਆ। ਅੱਗੇ ਸ੍ਰਿਸ਼ਟੀ ਦਾ ਬਦਲ ਦੇ ਸਮਾਜ, ਸਮਗਰੀ ਆਪਣੀ ਇਕ ਵਰਤਾਈਆ। ਜੋ ਆਸ਼ਾ ਰੱਖ ਕੇ ਗਿਆ ਰਿਸ਼ੀ ਭਾਰਦਵਾਜ, ਦੂਤੀਆ ਧਾਰ ਦੇਣੀ ਮਿਟਾਈਆ। ਸ਼ਹਿਨਸ਼ਾਹ ਸ਼ਾਹ ਬਣ ਨਵਾਬ, ਨੌਬਤ ਆਪਣਾ ਨਾਮ ਸੁਣਾਈਆ। ਕੂੜ ਕਲਪਨਾ ਕਰ ਬਰਬਾਦ, ਬਰਬਾਦੀ ਹੋਵੇ ਥਾਉਂ ਥਾਈਆ। ਸਤਿ ਧਰਮ ਕਰ ਆਜ਼ਾਦ, ਬੰਧਨ ਨਜ਼ਰ ਕੋਇ ਨਾ ਆਈਆ। ਜੋ ਸਰਨ ਸਰਨਾਈ ਪ੍ਰਭੂ ਜਾਏ ਲਾਗ, ਲਗ ਮਾਤਰ ਦਾ ਡੇਰਾ ਢਾਹੀਆ। ਅੰਦਰ ਬਖ਼ਸ਼ ਕੇ ਸਚ ਵੈਰਾਗ, ਵੈਰੀ ਅੰਦਰੋਂ ਦੇਣੇ ਕਢਾਈਆ। ਆਪਣੇ ਪ੍ਰੇਮ ਦੀ ਵਜਾ ਰਬਾਬ, ਧੁੰਨ ਸਤਾਰ ਸ਼ਬਦ ਸ਼ਨਵਾਈਆ। ਤੈਨੂੰ ਸਭ ਨੇ ਮੰਨਿਆ ਗੁਰੂ ਮਹਾਰਾਜ, ਰਾਜ ਰਾਜਾਨਾ ਵਡ ਵਡਿਆਈਆ। ਜਗਤ ਜਗਦੀਸ ਤੇਰੇ ਸੀਸ ਤੇ ਤਾਜ, ਤਖ਼ਤ ਨਿਵਾਸੀ ਸੋਭਾ ਪਾਈਆ। ਤੇਰਾ ਸੁਹੰਜਣਾ ਦੇਸ ਮਾਝ, ਸੰਬਲ ਆਪਣਾ ਨੂਰ ਚਮਕਾਈਆ। ਸ਼ੰਕਰ ਕਹੇ ਛੱਬੀ ਪੋਹ ਨੂੰ ਨੌ ਸੌ ਨੜ੍ਹਿਨਵੇ ਗੁਰਮੁਖਾਂ ਦੇ ਹੱਥ ਵਿਚ ਹੋਵੇ ਫੁੱਲ ਗੁਲਾਬ, ਨੌ ਸੌ ਨੜ੍ਹਿਨਵੇ ਨਦੀ ਧਾਰ ਆਪਣਾ ਆਪ ਰੁਖ਼ ਬਦਲਾਈਆ। ਸਭ ਨੇ ਰਸ ਬੁਲਾਂ ਨਾਲ ਲਾਉਣਾ ਲੁਆਬ, ਮਿੱਠਤ ਧੁਰ ਦਾ ਨਾਮ ਭਰਾਈਆ। ਬਵੰਜਾ ਗੁਰਮੁਖਾਂ ਹੱਥ ਵਿਚ ਫੜੀ ਹੋਵੇ ਨਵੀਂ ਕਿਤਾਬ, ਜੇਹੜੀ ਸਤਿਗੁਰ ਹੁਕਮ ਨਾਲ ਛਪਵਾਈਆ। ਨੌ ਗੁਰਮੁਖਾਂ ਮੁਖ ਤੇ ਪਾਈ ਹੋਵੇ ਨਕਾਬ, ਨੇਤਰ ਨੈਣ ਨਾ ਕੋਇ ਦਰਸਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ। ਸ਼ੰਕਰ ਕਹੇ ਮੈਂ ਲਾਗੀ ਕਿੱਡਾ ਵੱਡਾ, ਦਰ ਤੇਰੇ ਸੋਭਾ ਪਾਈਆ। ਮੈਂ ਧਰਮ ਨਿਸ਼ਾਨਾ ਗੱਡਾ, ਗਾਈਡ ਹੋ ਕੇ ਗਾਡ ਤੇਰੀ ਕਰਾਂ ਰੁਸ਼ਨਾਈਆ। ਝਗੜਾ ਚੁਕਾਵਾਂ ਮਾਟੀ ਹੱਡਾ, ਰਕਤ ਬੂੰਦ ਵੇਖ ਵਖਾਈਆ। ਤੇਰੇ ਭਗਤ ਬਣਾਵਾਂ ਹੰਸ ਕੱਗਾ, ਕਾਗ ਹੰਸ ਰੂਪ ਦਰਸਾਈਆ। ਮੈਂ ਚਾਹੁੰਦਾ ਨੌਂ ਖੰਡ ਪ੍ਰਿਥਮੀ ਲੱਗਣ ਅੱਗਾਂ, ਅਗਨੀ ਅੱਗ ਨਾ ਕੋਇ ਬੁਝਾਈਆ। ਕਥਾ ਕਹਾਣੀ ਸੱਚੀ ਦੱਸਾਂ, ਦੱਸ ਦੱਸ ਕੇ ਦਿਆਂ ਸੁਣਾਈਆ। ਛੱਬੀ ਪੋਹ ਨੂੰ ਇਕ ਸੌ ਇਕ ਗੁਰਮੁਖਾਂ ਪੀਲੀਆਂ ਬੱਧੀਆਂ ਹੋਵਣ ਪੱਗਾਂ, ਲਾਲ ਬਿੰਦੀ ਮਸਤਕ ਵਿਚ ਰੰਗਾਈਆ। ਫੇਰ ਖੇਲ ਦੱਸਾਂ ਅਗੰਮੀ ਜਗ੍ਹਾ, ਜਿਥੇ ਜਗਤ ਦੀ ਪਏ ਦੁਹਾਈਆ। ਸ਼ੰਕਰ ਕਹੇ ਜੰਮੂ ਵਾਲਿਆਂ ਖ਼ਾਲੀ ਲਿਆਉਣਾ ਇਕ ਡੱਬਾ, ਜੋ ਨਾਰਦ ਹੱਥ ਦੇਣਾ ਫੜਾਈਆ। ਜਿਸ ਦੇ ਪਿਛੇ ਲਿਖਿਆ ਹੋਵੇ ਅੱਖਰ ਬੱਬਾ, ਬਾਬਲ ਵੇਖੇ ਧੁਰ ਦਾ ਮਾਹੀਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਲੇਖਾ ਜਾਣੇ ਹੱਬਾ, ਹਮਸਾਜਣ ਹੋ ਕੇ ਵੇਖ ਵਖਾਈਆ।

## ✪ ੩੨ ਹਾੜ ਸ਼ਹਿਨਸ਼ਾਹੀ ਸੰਮਤ ੬ ਸ਼ਿਵ ਸਿੰਘ ਦੇ ਗ੍ਰਹਿ ਸਈ ਕੈਂਪ ਜ਼ਿਲਾ ਜੰਮੂ ✪

ਹੁਕਮ ਲਾਗ ਦੇਵੇ ਤਖ਼ਤ ਨਿਵਾਸੀ, ਤਖ਼ਤ ਨਸ਼ੀਨ ਦਇਆ ਕਮਾਈਆ । ਇਕੋ ਤਕ ਨੂਰ ਜੋਤ ਪ੍ਰਕਾਸ਼ੀ, ਪ੍ਰਕਾਸ਼ ਹੋਵੇ ਥਾਉਂ ਥਾਈਆ । ਜਿਸ ਨੂੰ ਕਹਿੰਦੇ ਘਨਕਪੁਰ ਵਾਸੀ, ਉਹ ਘਨਈਆ ਬੇਪਰਵਾਹੀਆ । ਉਸ ਦੀ ਮੰਨਣੀ ਪੈਣੀ ਆਖੀ, ਆਖ਼ਰ ਸੰਦੇਸ਼ਾ ਇਕ ਸੁਣਾਈਆ । ਸਭ ਦਾ ਲੇਖਾ ਪੂਰਾ ਕਰ ਦੇ ਬਾਕੀ, ਬਾਕਾਇਦਾ ਆਪਣੀ ਸੇਵ ਕਮਾਈਆ । ਸ਼ੰਕਰ ਇਕੋ ਵਾਰ ਵੇਖ ਲੈ ਖੋਲ੍ਹ ਕੇ ਤਾਕੀ, ਪਰਦਾ ਦੋ ਜਹਾਨ ਉਠਾਈਆ । ਜੇਹੜਾ ਪ੍ਰਭ ਦਾ ਨਾਮ ਜਾਮ ਪੀਂਦਾ ਨਹੀਂ ਸਾਕੀ, ਸਾਖਿਆਤ ਦੇ ਸਜ਼ਾਈਆ । ਕਲਜੁਗ ਅੰਤਮ ਕਰ ਸਕੇ ਕੋਇ ਨਾ ਰਾਖੀ, ਰੱਖਕ ਨਜ਼ਰ ਕੋਇ ਨਾ ਆਈਆ । ਹੁਣ ਹੱਥ ਮਾਰ ਉਪਰ ਛਾਤੀ, ਛਤਰਧਾਰੀ ਦੇਣੇ ਮਿਟਾਈਆ । ਇਕੋ ਹੁਕਮ ਕਮਲਾਪਾਤੀ, ਪਤਿਪਰਮੇਸ਼ਵਰ ਰਿਹਾ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਰਿਹਾ ਕੋਇ ਨਾ ਸਾਥੀ, ਸਗਲਾ ਸੰਗ ਗਏ ਤਜਾਈਆ । ਜਨ ਭਗਤਾਂ ਦੇਣੀ ਬੂੰਦ ਸਵਾਂਤੀ, ਅੰਮਿਉਂ ਅੰਮ੍ਰਿਤ ਇਕ ਚਖਾਈਆ । ਲੱਖ ਚੁਰਾਸੀ ਧਰਮ ਰਾਏ ਦੀ ਹਵਾਲਾਤੀ, ਬੰਦੀਖ਼ਾਨੇ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰਖ ਅਬਿਨਾਸ਼ੀ ਅਬਿਨਾਸ਼ ਆਪਣੀ ਕਾਰ ਕਮਾਈਆ ।



## ✪ ੩੨ ਹਾੜ ਸ਼ਹਿਨਸ਼ਾਹੀ ਸੰਮਤ ੬ ਗੂੜਾ ਰਾਮ ਦੇ ਗ੍ਰਹਿ ਸਈ ਕੈਂਪ ਜ਼ਿਲਾ ਜੰਮੂ ✪

ਧੁਰ ਦਾ ਹੁਕਮ ਸਚ ਤਖ਼ਮੀਨਾ, ਤਖ਼ਤ ਨਿਵਾਸੀ ਆਪ ਜਣਾਈਆ । ਜੋ ਵਰਤੇ ਆਸਮਾਂ ਜ਼ਮੀਨਾ, ਜ਼ਮੇ ਜ਼ਾਹਿਰੇ ਜ਼ਹੂਰ ਖ਼ੁਦਾਈਆ । ਪੈਗ਼ੰਬਰ ਤਸਲੀਮ ਕਰਨ ਆਮੀਨਾ, ਅਮਲ ਖ਼ਲਕ ਖ਼ੁਦਾਈਆ । ਅਸਵ ਸੋਹੇ ਪਾਖਰ ਜ਼ੀਨਾ, ਜ਼ੀਨਾ ਸੀੜੀ ਵੇਖੇ ਜਗਤ ਲੋਕਾਈਆ । ਜਨ ਭਗਤਾਂ ਠਾਂਡਾ ਕਰੇ ਸੀਨਾ, ਸੀਨਾ ਜ਼ੋਰੀ ਦਏ ਵਖਾਈਆ । ਲੱਖ ਚੁਰਾਸੀ ਕਰ ਅਧੀਨਾ, ਵਿਸ਼ਨ ਬ੍ਰਹਮਾ ਸ਼ਿਵ ਹੁਕਮ ਵਰਤਾਈਆ । ਕੋਟਾਂ ਵਿਚੋਂ ਹਰਿਜਨ ਕਢ ਨਗੀਨਾ, ਕੀਮਤ ਆਪਣੇ ਹੱਟ ਰਖਾਈਆ । ਝਗੜਾ ਮੇਟ ਕੇ ਨਰ ਮਦੀਨਾ, ਆਤਮ ਬ੍ਰਹਮ ਦਏ ਸਮਝਾਈਆ । ਭੇੜ ਭੇੜ ਕੇ ਰੂਸਾ ਚੀਨਾ, ਚੀਨਾ ਛੜੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਦਾ ਇਕ ਰਹੀਮਾ, ਰਹਿਮਤ ਆਪਣੀ ਆਪ ਵਰਤਾਈਆ ।

## ✪ ੩੨ ਹਾੜ ਸ਼ਹਿਨਸ਼ਾਹੀ ਸੰਮਤ ੬ ਛੁੱਮਣ ਸਿੰਘ ਦੇ ਗ੍ਰਹਿ ਜ਼ਿਲਾ ਜੰਮੂ ✪

ਸ਼ੰਕਰ ਵਸਤ ਲੈ ਨਾਮ ਦੀ ਧਾਰ, ਧਰਨੀ ਧਰਤ ਧਵਲ ਵੇਖਣ ਕੋਇ ਨਾ ਪਾਈਆ । ਜਿਸ ਨਾਲ ਲਹਿਣਾ ਦੇਣਾ ਮੁਕੇ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਤੁਹਾਡੀ ਆਸਾ ਪੂਰ ਕਰਾਈਆ । ਚਾਰੋਂ ਕੁੰਟ ਰਹੇ ਨਾ ਧੂੰਆਂਧਾਰ, ਅੰਧ ਅੰਧੇਰਾ ਅੰਤ ਮਿਟਾਈਆ । ਸਤਿ ਸਚ ਹੋਵੇ ਜੈਕਾਰ, ਵੱਜੇ ਇਕੋ ਪੁਰਖ ਅਕਾਲ ਵਧਾਈਆ । ਤੂੰ ਲੱਖ ਚੁਰਾਸੀ ਦਾ ਦਾਅਵੇਦਾਰ, ਅੰਤਮ ਸਭ ਨੂੰ ਖ਼ਾਕ ਮਿਲਾਈਆ । ਉਠ ਵੇਖ ਹੋ ਹੁਸ਼ਿਆਰ, ਸੰਬਲ

ਨੈਣ ਟਿਕਾਈਆ । ਕੀ ਸੰਦੇਸ਼ਾ ਦੇਵੇ ਕਰਤਾਰ, ਧੁਰ ਕਰਤਾ ਅਗੰਮ ਅਥਾਹੀਆ । ਜਿਸ ਨੂੰ ਲੱਭਦੇ ਰਹੇ ਜੁਗ ਚਾਰ, ਸੋ ਲਹਿਣਾ ਦੇਣਾ ਰਿਹਾ ਮੁਕਾਈਆ । ਹਿੰਮਤ ਨਾਲ ਹੌਸਲੇ ਵਾਲਾ ਕਰਨਾ ਵਾਰ, ਵਾਰਤਾ ਪਿਛਲੀ ਦੇਣੀ ਮਿਟਾਈਆ । ਤ੍ਰੈਗੁਣ ਤੋਂ ਪਰੇ ਰਹੇ ਤਿਆਰ, ਆਪ ਆਪਣਾ ਬਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਕਰਾਵੇ ਕਰਨੇਹਾਰ, ਕਰਤਾ ਆਪਣਾ ਹੁਕਮ ਵਰਤਾਈਆ ।

### ✪ ਪਹਿਲੀ ਸਾਵਣ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ✪

ਸੋ ਪੁਰਖ ਨਿਰੰਜਣ ਕਹੇ ਸ਼ੰਕਰ ਸਚਖੰਡ ਦਵਾਰਾ ਵੇਖ ਠੀਕ, ਠਾਕਰ ਆਪਣੀ ਦਇਆ ਕਮਾਈਆ । ਹਰਿ ਪੁਰਖ ਨਿਰੰਜਣ ਕਹੇ ਜਿਸ ਦੀ ਕਰਦੇ ਗਏ ਉਡੀਕ, ਜੁਗ ਚੌਕੜੀ ਬਿਨ ਅੱਖਾਂ ਅੱਖ ਉਠਾਈਆ । ਏਕੰਕਾਰ ਕਹੇ ਜਿਸ ਦੀ ਮੰਨਦੇ ਰਹੇ ਹਦੀਸ, ਹੁਕਮ ਹੁਕਮ ਵਿਚ ਸ਼ਨਵਾਈਆ । ਆਦਿ ਨਿਰੰਜਣ ਕਹੇ ਜਿਸ ਦੀ ਨਿਰਗੁਣ ਜੋਤ ਸਦਾ ਅਤੀਤ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਕਹੇ ਜੋ ਆਦਿ ਜੁਗਾਦੀ ਸਾਚਾ ਮੀਤ, ਮਿੱਤਰ ਪਿਆਰਾ ਬੇਪਰਵਾਹੀਆ । ਸ੍ਰੀ ਭਗਵਾਨ ਕਹੇ ਜੋ ਮਿਟਾਵਣਹਾਰਾ ਜੁਗ ਜੁਗ ਲੀਕ, ਲਾਈਨ ਐਨ ਆਪਣੀ ਇਕ ਸਮਝਾਈਆ । ਪਾਰਬ੍ਰਹਮ ਕਹੇ ਜਿਸ ਦੀ ਬ੍ਰਹਮ ਧਾਰ ਸਚ ਪ੍ਰੀਤ, ਪ੍ਰੀਤਮ ਧੁਰਦਰਗਾਹੀਆ । ਅਵਤਾਰ ਪੈਗ਼ੰਬਰ ਗੁਰ ਜਿਸ ਦੀ ਕਰਨ ਤਸਦੀਕ, ਸ਼ਹਾਦਤ ਸ਼ਬਦ ਕਲਮਾ ਨਾਮ ਭੁਗਤਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਸਭ ਦੀ ਆਸਾ ਮਨਸਾ ਪੂਰੀ ਕਰੇ ਉਮੀਦ, ਨਿਰਾਸਾ ਰਹਿਣ ਕੋਇ ਨਾ ਪਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਰਖੇ ਨੀਤ, ਚਾਰੇ ਖਾਣੀ ਪੜਦਾ ਆਪ ਉਠਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਮਜੀਦ, ਗੀਤਾ ਗਿਆਨ ਚਾਰੇ ਖਾਣੀ ਪੜਦਾ ਆਪ ਉਠਾਈਆ । ਪਰਮਾਤਮ ਆਤਮ ਬ੍ਰਹਮ ਪਾਰਬ੍ਰਹਮ ਨਿਰਗੁਣ ਧਾਰ ਨਿਰਗੁਣ ਵੇਖੇ ਵਲਦੀਅਤ, ਵਲਦ ਵਾਲਦਾ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸ਼ੰਕਰ ਸੁਣ ਹੁਕਮ ਅਗੰਮ ਅਥਾਹ, ਅਲਖ ਅਗੋਚਰ ਆਪ ਸੁਣਾਈਆ । ਪਰਦਾ ਓਹਲਾ ਦਿਆਂ ਚੁਕਾ, ਭੇਵ ਅਭੇਦ ਆਪ ਖੁਲ੍ਹਾਈਆ । ਧੁਰ ਸੰਦੇਸ਼ਾ ਦਿਆਂ ਸੁਣਾ, ਅਨਬੋਲਤ ਰਾਗ ਅਲਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਗੁਰ ਰਾਮ ਅੱਲਾ ਵਾਹਿਗੁਰੂ ਕਹਿੰਦੇ ਆਏ ਖ਼ੁਦਾ, ਖ਼ੁਦ ਮਾਲਕ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਿਹਾ ਸ਼ੰਕਰ ਕਲਜੁਗ ਲੇਖਾ ਵੇਖ ਅਖ਼ੀਰ, ਅੰਤਸ਼ਕਰਨ ਤਕ ਖ਼ਲਕ ਖ਼ੁਦਾਈਆ । ਚਾਰ ਕੁੰਟ ਸ਼ਰਅ ਜ਼ੰਜੀਰ, ਦੀਨ ਮਜ਼੍ਹਬ ਬੰਧਨ ਨਾ ਕੋਇ ਤੁੜਾਈਆ । ਅੱਠ ਸੱਠ ਨੇਤਰ ਰੋਵੇ ਨੀਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਈਆ । ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਲੱਥੇ ਚੀਰ, ਚੀਰਾ ਸੀਸ ਨਾ ਕੋਇ ਟਿਕਾਈਆ । ਸਾਧ ਸੰਤ ਹੋਏ ਦਿਲਗੀਰ, ਭਗਤ ਭਗਵਾਨ ਨਾ ਕੋਇ ਮਿਲਾਈਆ । ਸ਼ਾਹ ਸੁਲਤਾਨ ਦਿਸਣ ਕੀਰ, ਕੀਟ ਹਸਤ ਨਾ ਕੋਇ ਵਡਿਆਈਆ । ਅਲਫ਼ੀ ਪਾਟੀ ਦਿਸੇ ਫ਼ਕੀਰ, ਫ਼ਿਕਰਾ ਹੱਕ ਨਾ ਕੋਇ ਸੁਣਾਈਆ । ਸੂਫ਼ੀਆਂ ਬੰਨ੍ਹੇ ਕੋਇ

ਨਾ ਧੀਰ, ਗੁਰਮੁਖ ਗੁਰ ਗੁਰ ਗੋਦ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਹੇ ਸ਼ੰਕਰ ਕੀ ਮੰਗਣਾ ਕਲਜੁਗ ਅੰਤ, ਅੰਤਮ ਦੇਣਾ ਜਣਾਈਆ । ਸ਼ੰਕਰ ਕਿਹਾ ਮੇਰੇ ਭਗਵੰਤ, ਭਗਵਨ ਤੇਰੀ ਬੇਪਰਵਾਹੀਆ । ਮੈਂ ਦਰ ਭਿਖਾਰੀ ਮੰਗਤ, ਚਾਕਰ ਰੂਪ ਦਰਸਾਈਆ । ਪੁਰਖ ਅਕਾਲ ਕਹੇ ਮੇਰਾ ਭੰਡਾਰਾ ਅਨੰਤ, ਨਖੁਟ ਕਦੇ ਨਾ ਜਾਈਆ । ਸ਼ੰਕਰ ਕਹੇ ਮੇਰੀ ਝੋਲੀ ਤੇਰਾ ਲੱਖ ਚੁਰਾਸੀ ਜੀਵ ਜੰਤ, ਪੂਰਬ ਲਹਿਣਾ ਚਲਿਆ ਆਈਆ । ਪੁਰਖ ਅਕਾਲ ਕਹੇ ਨੌਂ ਸੌ ਚੁਰਾਨਮੇ ਚੌਕੜੀ ਜੁਗ ਮੇਰਾ ਸੁਣਿਆ ਨਹੀਂ ਨਾਮ ਮੰਤ, ਪੂਰਾ ਨਾਮ ਨਾ ਕਿਸੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਹੁਕਮ ਸੁਣਾਈਆ । ਪੁਰਖ ਅਕਾਲ ਕਿਹਾ ਸ਼ੰਕਰ ਪਹਿਲੋਂ ਤਕ ਲੈ ਮੇਰਾ ਨੂਰ ਨੂਰੀ, ਨੂਰ ਨੁਰਾਨਾ ਨਜ਼ਰੀ ਆਈਆ । ਫੇਰ ਮਸਤਕ ਲਾ ਲੈ ਚਰਨ ਧੂੜੀ, ਧੂੜੀ ਟਿੱਕਾ ਖ਼ਾਕ ਰਮਾਈਆ । ਫੇਰ ਨਾਮ ਦੀ ਮਸਤੀ ਲੈ ਜ਼ਰੂਰੀ, ਜ਼ਰੂਰਤ ਆਪਣੀ ਪੂਰ ਕਰਾਈਆ । ਫੇਰ ਝੋਲੀ ਡਾਹ ਕੇ ਮੰਗ ਮਜ਼ਦੂਰੀ, ਗਲ ਪਲੂ ਵਾਸਤਾ ਪਾਈਆ । ਨੱਕ ਨਾਲ ਲੀਕ ਕਢ ਕੇ ਕਹਿ ਦੇ ਮੇਰਾ ਦੁਨੀਆ ਨਾਲ ਨਾਤਾ ਨਹੀਂ ਕੂੜੀ, ਕੂੜਾ ਨਾਤਾ ਲਿਆ ਤੁੜਾਈਆ । ਸ਼ੰਕਰਾ ਜੇਹੜਾ ਤੇਰਾ ਇਸ਼ਟ ਮੰਨਦੇ ਉਨ੍ਹਾਂ ਨੂੰ ਕਹਿ ਦੇ ਮੂਰਖ ਮੂੜ੍ਹੀ, ਚਤੁਰ ਸੁਘੜ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਿਹਾ ਸੁਣ ਧੁਰ ਦਾ ਅਗੰਮ ਅਸੂਲ, ਅਸਲੀਅਤ ਦਿਆਂ ਜਣਾਈਆ । ਇਕੋ ਹੁਕਮ ਕਰ ਕਬੂਲ, ਦੂਸਰ ਓਟ ਨਾ ਕੋਇ ਰਖਾਈਆ । ਕਲਜੁਗ ਅੰਤ ਨਾ ਜਾਣਾ ਭੂਲ, ਅਭੁਲ ਰਿਹਾ ਸੁਣਾਈਆ । ਚਰਨ ਕਵਲ ਲਾ ਧੂਲ, ਧਰਨੀ ਧਰਤ ਧਵਲ ਧੌਲ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਸ਼ੰਕਰ ਹੋਣਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਨਾਲ ਮਿਲਾਉਣਾ ਬ੍ਰਹਮਾ ਬ੍ਰਹਮ ਦਾ ਯਾਰ, ਯਾਰੀ ਯਾਰਾਂ ਨਾਲ ਨਿਭਾਈਆ । ਵਿਸ਼ਨੂੰ ਨੂੰ ਕਹਿਣਾ ਹੋਏ ਤਿਆਰ, ਵਿਸ਼ਵ ਦਾ ਲੇਖਾ ਹੱਥ ਉਠਾਈਆ । ਹੁਕਮ ਮਿਲਣਾ ਸੱਚੀ ਸਰਕਾਰ, ਫ਼ਰਮਾਨਾ ਦਏ ਧੁਰਦਰਗਾਹੀਆ । ਲੱਖ ਚੁਰਾਸੀ ਪਾਉਣੀ ਸਾਰ, ਅੰਡਜ ਜੇਰਜ ਉਤਭੁਜ ਸੇਤਜ ਬਚਿਆ ਰਹਿਣ ਕੋਇ ਨਾ ਪਾਈਆ । ਔਹ ਵੇਖ ਮੁਹੰਮਦ ਰੋਂਦਾ ਜ਼ਾਰੋ ਜ਼ਾਰ, ਸਦੀ ਚੌਧਵੀਂ ਧਿਆਨ ਲਗਾਈਆ । ਈਸਾ ਕੂਕ ਕੇ ਕਹੇ ਪੁਕਾਰ, ਸਦੀ ਬੀਸਵੀਂ ਮੇਰੀ ਦੁਹਾਈਆ । ਮੂਸਾ ਕਹੇ ਮੇਰੇ ਪਰਵਰਦਿਗਾਰ, ਜਲਵਾ ਨੂਰ ਕੋਹਤੂਰ ਤੇਰੀ ਰੁਸ਼ਨਾਈਆ । ਨਾਨਕ ਕਹੇ ਉਤਰਿਆ ਆਪਣੀ ਧਾਰ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਗੋਬਿੰਦ ਕਹੇ ਸੰਬਲ ਹੋਇਆ ਉਜਿਆਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਸ ਨੇ ਕਲਜੁਗ ਕਰਨਾ ਅੰਤ ਖ਼ੁਆਰ, ਦੋ ਜਹਾਨਾਂ ਫੇਲ ਫੁਲਾਈਆ । ਨਾਮ ਖੰਡਾ ਅਗੰਮ ਕਟਾਰ, ਤਰਕਸ਼ ਤੀਰ ਕਮਾਨ ਨਾ ਕੰਧ ਉਠਾਈਆ । ਸਭ ਦਾ ਲਹਿਣਾ ਦੇਣਾ ਲਏ ਵਿਚਾਰ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਕਲ ਕਲਕੀ ਲਏ ਅਵਤਾਰ, ਕਲ ਕਲੇਸ਼ ਦਏ ਮਿਟਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਰਹੇ ਨਾ ਧੂੰਆਂਧਾਰ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਭਗਤ ਸੁਹੇਲੇ ਕਰ ਪਿਆਰ, ਪਾਰਬ੍ਰਹਮ ਬ੍ਰਹਮ ਪੜਦਾ ਦਏ ਉਠਾਈਆ । ਕਲਜੁਗ ਕੂੜ ਕੁੜਿਆਰਿਆਂ ਸ਼ਬਦੀ ਡੋਰੀ ਕਰੇ ਗ੍ਰਿਫ਼ਤਾਰ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਿਹਾ ਸ਼ੰਕਰ ਕਲਜੁਗ ਅੰਤ ਅੰਤ ਨਾ ਸੰਗੀਂ, ਸਗਲਾ ਭੇਵ ਖੁਲ੍ਹਾਈਆ । ਨਿਧੜਕ ਹੋ ਕੇ ਮੰਗ ਮੰਗੀਂ, ਮੰਗਦਿਆਂ ਲੱਜਿਆ ਰਹੇ ਨਾ ਰਾਈਆ । ਸ਼ਬਦ ਕਟਾਰ ਕਰਨੀ ਨੰਗੀ, ਤਿੱਖੀ ਧਾਰ ਧਾਰ ਵਹਾਈਆ । ਜੇਹੜੀ ਸ੍ਰਿਸ਼ਟੀ ਹੋ ਗਈ ਅੰਧੀ, ਨੇਤਰ ਲੋਚਨ ਨੈਣ ਦਿਆਂ ਖੁਲ੍ਹਾਈਆ । ਜੇਹੜੀ ਵਾਸਨਾ ਹੋ ਗਈ ਗੰਦੀ, ਅੰਦਰੋਂ ਬਾਹਰ ਦੇਣੀ ਕਢਾਈਆ । ਜੇਹੜੀ ਦੀਨਾਂ ਮਜ਼੍ਹਬਾਂ ਵਿਚ ਹੋ ਗਈ ਬਹੁਰੰਗੀ, ਇਕੋ ਆਤਮ ਬ੍ਰਹਮ ਦੇਣਾ ਸਮਝਾਈਆ । ਇਕ ਢੋਲਾ ਗਾਉਣਾ ਛੰਦੀ, ਇਕੋ ਢੋਲਾ ਸਿਫ਼ਤ ਸਲਾਹੀਆ । ਇਕ ਹੁਕਮ ਦੀ ਹੋਏ ਪਾਬੰਦੀ, ਦੂਜਾ ਬੰਧਨ ਨਾ ਕੋਇ ਰਖਾਈਆ । ਉਠ ਵੇਖ ਸਦੀ ਚੌਧਵੀਂ ਜਾਂਦੀ ਲੰਘੀ, ਭੱਜੇ ਵਾਹੋ ਦਾਹੀਆ । ਰਵਦਾਸ ਚਮਾਰਾ ਆਪਣੀ ਪੁੱਠੀ ਸਿੱਧੀ ਕਰੇ ਰੰਬੀ, ਜੋ ਢੋਰਾਂ ਖੱਲ ਲੁਹਾਈਆ । ਉਠ ਉਠ ਵੇਖੇ ਗੁਰ ਅਰਜਨ ਰਾਵੀ ਕੰਢੀ, ਕੰਢਾ ਆਰ ਪਾਰ ਧਿਆਨ ਲਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਰਹਿਣ ਦੇਣਾ ਨਹੀਂ ਕੋਈ ਪਖੰਡੀ, ਕੂੜ ਕੁੜਿਆਰਾ ਨਜ਼ਰ ਕੋਇ ਨਾ ਆਈਆ । ਜੇਹੜੀ ਆਤਮਾ ਪਰਮਾਤਮਾ ਬਿਨਾ ਰੰਡੀ, ਰਾਏ ਧਰਮ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਸ਼ੰਕਰ ਕਹੇ ਪ੍ਰਭੂ ਮੇਰੀਆਂ ਆਦਿ ਆਦਿ ਦੀਆਂ ਮੰਗਾਂ, ਆਸਾ ਇਕ ਦ੍ਰਿੜਾਈਆ । ਬਹੁੜੀ ਕਿਵੇਂ ਦਰ ਤੇਰਾ ਲੰਘਾਂ, ਕਦਮ ਸਚਖੰਡ ਟਿਕਾਈਆ । ਕੀ ਗੀਤ ਗਾਵਾਂ ਛੰਦਾ, ਕਹਿ ਕੇ ਕੀ ਸੁਣਾਈਆ । ਕੀ ਪ੍ਰੇਮ ਕਰਾਂ ਅਨੰਦਾ, ਕਿਸ ਰਸ ਵਿਚ ਸਮਾਈਆ । ਕੀ ਮਾੜਾ ਕਹਾਂ ਕਿ ਚੰਗਾ, ਕੀ ਤੇਰੀ ਬੇਪਰਵਾਹੀਆ । ਤੂੰ ਸਾਹਿਬ ਸੂਰਾ ਸਰਬੰਗਾ, ਸ਼ਹਿਨਸ਼ਾਹ ਇਕ ਅਖਵਾਈਆ । ਜੁਗ ਚੌਕੜੀ ਅਵਤਾਰ ਪੈਗ਼ੰਬਰ ਗੁਰੂ ਤੇਰੇ ਨਾਮ ਦਾ ਲਾ ਕੇ ਆਏ ਚੰਦਾ, ਤਾਰਾ ਚੰਦ ਨਿਸ਼ਾਨ ਦਏ ਗਵਾਹੀਆ । ਤੂੰ ਰੂਪ ਧਰਦਾ ਰਿਹੋਂ ਸਰਗੁਣ ਪੰਜਾਂ ਤਤਾਂ ਵਾਲਾ ਬੰਦਾ, ਆਪਣੀ ਬੰਦਗੀ ਕਰ ਕੇ ਝਟ ਲੰਘਾਈਆ । ਤੂੰ ਇਧਰ ਉਧਰ ਫਿਰਦਾ ਰਿਹੋਂ ਮਾਨਸ ਵਾਂਗ ਦੋ ਟੰਗਾ, ਕਦਮ ਕਦਮ ਨਾਲ ਬਦਲਾਈਆ । ਬਹੁੜੀ ਹੁਣ ਪਿਛਲਾ ਸਮਾਂ ਲੰਘਾ, ਵੇਲਾ ਵਕਤ ਰਿਹਾ ਜਣਾਈਆ । ਤੂੰ ਜੋਤ ਸਰੂਪ ਤੇਰਾ ਖੇਲ ਬਹੁਰੰਗਾ, ਰੰਗ ਰੇਖ ਨਾ ਕੋਇ ਵਡਿਆਈਆ । ਹੁਣ ਨਾ ਕੋਇ ਤੇਰਾ ਬਸਤਰ ਨਾ ਕੋਇ ਤੀਰ ਤਲਵਾਰ ਤੁਫੰਗਾ, ਤਰਕਸ਼ ਨਜ਼ਰ ਕੋਇ ਨਾ ਆਈਆ । ਨਾ ਕੋਇ ਭੱਥਾ ਟਿਕਾਏ ਕੰਧਾ, ਨਾ ਕੋਇ ਅਸਵ ਪਾਖਰ ਜ਼ੀਨ ਡੇਰਾ ਲਾਈਆ । ਨਾ ਕੋਇ ਦੀਨ ਮਜ਼੍ਹਬ ਦੀਆਂ ਵੰਡਾਂ, ਨਾ ਕੋਇ ਅੱਖਰਾਂ ਵਿਚ ਨਾਮ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਸ਼ੰਕਰ ਕਹੇ ਮੇਰੀ ਆਸ਼ਾ ਇਕ ਪੁਰਾਣੀ, ਪੁਰਾਣ ਵੇਦ ਕਹਿਣ ਨਾ ਪਾਈਆ । ਪੁਰਖ ਅਕਾਲ ਕਰ ਮਿਹਰਵਾਨੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੂੰ ਆਦਿ ਜੁਗਾਦੀ ਬੜਾ ਦਾਨੀ, ਦਾਤਾ ਇਕ ਅਖਵਾਈਆ । ਤੇਰਾ ਖੇਲ ਜ਼ਿਮੀਂ ਅਸਮਾਨੀ, ਗਗਨ ਗਗਨੰਤਰ ਵੱਜੇ ਵਧਾਈਆ । ਤੇਰੀ ਮੰਜ਼ਲ ਇਕ ਰੁਹਾਨੀ, ਰੂਹ ਬੁਤ ਤੋਂ ਪਰੇ ਸ਼ਨਵਾਈਆ । ਤੇਰਾ ਖੇਲ ਨੌਜਵਾਨੀ, ਮਰਦ ਮਰਦਾਨੀ ਵਡ ਵਡਿਆਈਆ । ਮੈਂ ਚਾਹੁੰਦਾ ਮੈਨੂੰ ਦੇ ਦੇ ਇਕ ਨਿਸ਼ਾਨੀ, ਨਿਸ਼ਾਨਾ ਸਭ ਨੂੰ ਦਿਆਂ ਵਖਾਈਆ । ਉਠੋ ਵੇਖੋ ਜਿਸ ਦੇ ਪਿਛੇ ਗੋਬਿੰਦ ਬੱਚਿਆਂ ਦੀ ਦੇ ਕੇ ਗਿਆ ਕੁਰਬਾਨੀ, ਕਰਬਲਾ ਵਿਚ ਹਸਨ ਹੁਸੈਨ ਸ਼ਹੀਦ ਕਰਾਈਆ । ਉਹ ਸਭ ਦੇ ਨਾਲ ਕਰੇ ਨਾਫ਼ਰਮਾਨੀ, ਹੁਕਮ ਆਪਣਾ ਇਕ ਪਰਗਟਾਈਆ । ਬ੍ਰਹਿਮੰਡ ਖੰਡ ਦੇ ਆਵੇ ਵਿਚ ਮੈਦਾਨੀ, ਪੁਰੀ ਲੋਅ ਦਾ ਡੇਰਾ ਢਾਹੀਆ । ਜਿਸ ਦਾ ਆਦਿ ਅੰਤ ਕੋਇ

ਨਾ ਸਾਨੀ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਇਕ ਵਰਤਾਈਆ । ਸ਼ੰਕਰ ਕਹੇ ਪ੍ਰਭੂ ਕੋਈ ਮਾਣ ਰਿਹਾ ਨਾ ਗੰਗਾ, ਜਟਾ ਜੂਟ ਨਾ ਕੋਇ ਵਡਿਆਈਆ । ਮੈਂ ਤਨ ਭਬੂਤੀ ਖ਼ਾਕ ਰਮਾਵਾਂ ਨੰਗਾ, ਪੋਸ਼ਨ ਭੂਸ਼ਨ ਸੋਭਾ ਕੋਇ ਨਾ ਪਾਈਆ । ਮੇਰੇ ਵੇਂਹਦਿਆਂ ਜੁਗ ਚੌਕੜੀ ਲੰਘਾ, ਆਪਣਾ ਪੰਧ ਮੁਕਾਈਆ । ਮੈਂ ਹੁਕਮ ਸੰਦੇਸ਼ਾ ਸੁਣਾਂ ਤੇਰਾ ਜਿਸ ਨੂੰ ਝੁਕਦੇ ਸੂਰੀਆ ਚੰਦਾ, ਮੰਡਲ ਸੀਸ ਨਿਵਾਈਆ । ਮੈਨੂੰ ਯਾਦ ਆ ਗਿਆ ਜਿਸ ਵੇਲੇ ਗੁਰ ਗੋਬਿੰਦ ਮੰਗਿਆ ਕੰਘਾ, ਇੱਕੀ ਦੰਦੇ ਵੰਡ ਵੰਡਾਈਆ । ਤੂੰ ਮਾਣ ਬਖ਼ਸ਼ ਕੇ ਪੁਰੀ ਅਨੰਦਾ, ਅਨੰਦ ਆਪਣਾ ਦਿਤਾ ਵਖਾਈਆ । ਜੋਤੀ ਧਾਰ ਹੋ ਕੇ ਉਸ ਦੀ ਕਾਇਆ ਮੰਦਰ ਅੰਦਰ ਲੰਘਾ, ਮਹੱਲ ਅਟਲ ਕੀਤੀ ਰੁਸ਼ਨਾਈਆ । ਅੰਦਰ ਕੁਫਲ ਖੋਲ੍ਹ ਕੇ ਜੰਦਾ, ਜ਼ਿੰਦਗੀ ਆਪਣੇ ਲੇਖੇ ਪਾਈਆ । ਪਿਠ ਉਤੇ ਧਰਮ ਦਾ ਲਾ ਕੇ ਪੰਜਾ, ਪੰਜ ਪਿਆਰੇ ਦਿਤੇ ਪਰਗਟਾਈਆ । ਅੰਮ੍ਰਿਤ ਰਸ ਦੇ ਕੇ ਠੰਡਾ, ਅਗਨੀ ਤਤ ਬੁਝਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰੇ ਵਰਨ ਪਾ ਕੇ ਗੰਢਾ, ਝੀਵਰ ਛੀਂਬੇ ਨਾਈ ਜੱਟ ਜੋੜ ਜੁੜਾਈਆ । ਫਿਰ ਹੁਕਮ ਸੰਦੇਸ਼ਾ ਦਿਤਾ ਜਿਸ ਵੇਲੇ ਗੋਬਿੰਦ ਤੇਰਾ ਢਈਆ ਲੰਘਾ, ਆਪਣਾ ਪੰਧ ਚੁਕਾਈਆ । ਉਸ ਵੇਲੇ ਧਰਮ ਦਾ ਸਿਰ ਹੋਣਾ ਨੰਗਾ, ਓਢਣ ਸੀਸ ਨਾ ਕੋਇ ਰਖਾਈਆ । ਕਲਜੁਗ ਸਾਧ ਹੋਣਾ ਗੰਦਾ, ਹਿਰਦੇ ਹਰਿ ਨਾ ਕੋਇ ਵਸਾਈਆ । ਕਿਸੇ ਨੇ ਧੋਤੀ ਤਹਿਮਤ ਬੰਨ੍ਹਣੀ ਕਿਸੇ ਨੇ ਪਾਉਣਾ ਤੰਬਾ, ਜਗਤ ਵੰਡਾਂ ਵੰਡ ਵੰਡਾਈਆ । ਕੋਟਾਂ ਵਿਚੋਂ ਲੱਭਣਾ ਨਹੀਂ ਕੋਈ ਬੰਦਗੀ ਵਾਲਾ ਬੰਦਾ, ਜੋ ਬੰਧਨ ਕਟ ਕੇ ਪ੍ਰਭ ਦੇ ਵਿਚ ਸਮਾਈਆ । ਸ਼ੰਕਰ ਕਹੇ ਮੈਂ ਉਸ ਵੇਲੇ ਮੰਗ ਮੰਗਣੀ ਜੇ ਦਾਤਾ ਏਂ ਤੇ ਮੈਨੂੰ ਬਖ਼ਸ਼ ਦੇ ਸੱਤ ਰੰਗ ਦਾ ਡੰਡਾ, ਜੋ ਡੰਡਾਵਤ ਸਭ ਨੂੰ ਦਏ ਕਰਾਈਆ । ਸਾਢੇ ਤਿੰਨ ਹੱਥ ਹੋਵੇ ਲੰਬਾ, ਸੀਆਂ ਸਭ ਦੀ ਪੂਰ ਕਰਾਈਆ । ਭੇਵ ਖੁਲ੍ਹਾਏ ਹੰ ਬ੍ਰਹਮਾ, ਪਾਰਬ੍ਰਹਮ ਪੜਦਾ ਦਏ ਚੁਕਾਈਆ । ਉਸ ਦਾ ਰੂਪ ਹੋਏ ਅਚੰਭਾ, ਜਿਸ ਦੀ ਸਿਫ਼ਤ ਨਾ ਕੋਇ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਲਕ ਦਇਆ ਕਮਾਈਆ । ਸ਼ੰਕਰ ਕਿਹਾ ਬਖ਼ਸ਼ ਦੇ ਸੱਤ ਰੰਗ ਦਾ ਡੰਡਾ, ਡਾਹਢੇ ਤੇਰੇ ਹੱਥ ਵਡਿਆਈਆ । ਮੈਂ ਬੰਨ੍ਹਾਂ ਜੇਰਜ ਅੰਡਾ, ਉਤਭੁਜ ਸੇਤਜ ਲੇਖਾ ਦਿਆਂ ਮੁਕਾਈਆ । ਮੈਂ ਭੈ ਜਣਾਵਾਂ ਵਿਚ ਬ੍ਰਹਿਮੰਡਾਂ, ਲੋਆਂ ਲੋਚਨ ਅੱਖ ਬੰਦ ਰਹਿਣ ਨਾ ਪਾਈਆ । ਮੈਂ ਸਦੀ ਚੌਧਵੀਂ ਅੰਤਮ ਵੇਖਾਂ ਕੰਢਾ, ਚਾਰ ਯਾਰੀ ਨਾਲ ਦੁਹਾਈਆ । ਮੈਂ ਲੇਖ ਵੇਖਾਂ ਤੇਗ਼ ਬਹਾਦਰ ਸੰਦਾ, ਜੋ ਬਿਨ ਅੱਖਰਾਂ ਮਾਛੂਵਾੜੇ ਗਿਆ ਦ੍ਰਿੜਾਈਆ । ਮੈਂ ਤੇਰਾ ਨਿਰਗੁਣ ਧਾਰ ਤਕਾਂ ਸਾਹਿਬ ਸਵਾਮੀ ਤੇਰਾ ਖੰਡਾ, ਜਿਸ ਨੂੰ ਲੁਹਾਰ ਤਰਖਾਣ ਨਾ ਕੋਇ ਘੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਪੁਰਖ ਅਕਾਲ ਕਿਹਾ ਸ਼ੰਕਰ ਸੱਤ ਰੰਗ ਦਾ ਡੰਡਾ ਬੜਾ ਬਹਾਦਰ, ਤੇਗ਼ ਬਹਾਦਰ ਗਿਆ ਜਣਾਈਆ । ਜਿਹੜਾ ਧਰਮ ਦੀ ਬਣ ਕੇ ਚਾਦਰ, ਗ਼ਰੀਬ ਨਿਮਾਣਿਆਂ ਉਤੇ ਰਿਹਾ ਛਾਈਆ । ਜਿਸ ਦਾ ਹੁਕਮ ਮੇਟ ਨਾ ਸਕੇ ਕਰੀਮ ਕਾਦਰ, ਹਰਿ ਕਰਤਾ ਸ਼ਹਿਨਸ਼ਾਹੀਆ । ਨੌਂ ਸੌ ਚੁਰਾਨਮੇਂ ਚੌਕੜੀ ਜੁਗ ਪਿਛੋਂ ਖ਼ੁਦ ਖ਼ੁਦਾ ਗਾਡ ਦੇਵੇ ਆਦਰ, ਸੰਦੇਸ਼ਾ ਇਕ ਸੁਣਾਈਆ । ਸੱਤ ਰੰਗਿਆ ਚਾਰ ਜੁਗ ਦੀਨ ਮਜ਼੍ਹਬ ਦਾ ਰਹਿਣ ਨਹੀਂ ਦੇਣਾ ਬਾਡਰ, ਹੱਦਾਂ ਵਾਲੀ ਵੰਡ ਨਾ ਕੋਇ ਰਖਾਈਆ । ਜਿਸ ਵੇਲੇ ਪੁਰਖ ਅਕਾਲ ਆਵੇ ਤੇ ਤੂੰ ਵੀ ਮਾਤਲੋਕ ਹੋਣਾ ਉਜਾਗਰ, ਉਜਾਲਾ ਕਰਨਾ ਥਾਉਂ ਥਾਈਆ ।


੬੦੯
੨੨

ਤੇਰੇ ਪਿਆਰ ਵਿਚ ਮੇਰੇ ਭਗਤ ਹੋਣ ਸੌਦਾਗਰ, ਵਣਜ ਵੇਖਾਂ ਚਾਈਂ ਚਾਈਆ । ਜਿਸ ਵੇਲੇ ਤਖ਼ਤ ਤੇ ਬੈਠ ਕੇ ਕਰਾਂ ਸਚ ਦਾ ਆਦਲ, ਉਸ ਵੇਲੇ ਵਿਸ਼ਨ ਬ੍ਰਹਮਾ ਸ਼ਿਵ ਸਾਰੇ ਤੈਨੂੰ ਸੀਸ ਨਿਵਾਈਆ । ਸੱਤ ਰੰਗਿਆ ਸ਼ਰਅ ਦਾ ਰਹਿਣ ਨਹੀਂ ਦੇਣਾ ਕੋਇ ਕਾਤਲ, ਮਕਤੂਲ ਦਾ ਝਗੜਾ ਦੇਣਾ ਮੁਕਾਈਆ । ਗੁਰਮੁਖਾਂ ਦੇ ਅੰਦਰੋਂ ਪੜਦਾ ਖੋਲ੍ਹਣਾ ਬਾਤਨ, ਨੂਰ ਨੁਰਾਨਾ ਕਰੀਂ ਰੁਸ਼ਨਾਈਆ । ਜਿਸ ਨੂੰ ਸਾਰੇ ਕਹਿ ਕੇ ਗਏ ਪੁਰਖ ਸਮਰਾਥਨ, ਸਮਰਥ ਧੁਰਦਰਗਾਹੀਆ । ਤੇਰਾ ਸਦਾ ਉਸ ਦੇ ਨਾਲ ਸਾਥਨ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਭੇਵ ਆਪ ਚੁਕਾਈਆ । ਸੱਤ ਰੰਗਾ ਕਹੇ ਸ਼ੰਕਰਾ ਪਹਿਲੋਂ ਮੇਰੇ ਪ੍ਰਭ ਨੂੰ ਕਰ ਨਿਮਸਕਾਰ, ਫੇਰ ਮੇਰਾ ਧਿਆਨ ਲਗਾਈਆ । ਮੈਂ ਉਸ ਪ੍ਰਭੂ ਦਾ ਯਾਰ, ਜਿਹੜਾ ਵਿਛੜ ਕਦੇ ਨਾ ਜਾਈਆ । ਆਦਿ ਤੋਂ ਲੈ ਕੇ ਅੰਤ ਤਕ ਸਦਾ ਰਹਵਾਂ ਤਿਆਰ, ਆਲਸ ਨਿੰਦਰਾ ਨਾ ਕੋਇ ਰਖਾਈਆ । ਮੈਂ ਹੱਥ ਨਹੀਂ ਆਇਆ ਕਿਸੇ ਪੈਗ਼ੰਬਰ ਗੁਰ ਅਵਤਾਰ, ਵਿਸ਼ਨ ਬ੍ਰਹਮਾ ਸ਼ਿਵ ਦੂਰੋਂ ਸੀਸ ਨਿਵਾਈਆ । ਮੈਂ ਸਭ ਨੂੰ ਸਚਖੰਡ ਬੈਠਾ ਕਰ ਦੇਵਾਂ ਖ਼ਬਰਦਾਰ, ਡੰਕਾ ਨਾਮ ਵਾਲਾ ਸ਼ਨਵਾਈਆ । ਉਹ ਮੈਨੂੰ ਵੇਖ ਕੇ ਸੰਗ ਮੁਹੰਮਦ ਰੋਵੇ ਚਾਰ ਯਾਰ, ਚਾਰੋਂ ਕੁੰਟ ਹਿਲਾਈਆ । ਤੋਬਾ ਤੋਬਾ ਕਰਦੇ ਰੋਂਦੇ ਧਾਹਾਂ ਮਾਰ, ਧੀਰਜ ਧੀਰ ਨਾ ਕੋਇ ਰਖਾਈਆ । ਚੌਦਾਂ ਤਬਕ ਭੱਜਣ ਵਾਰੋ ਵਾਰ, ਪਾਂਧੀ ਹੋ ਕੇ ਪੰਧ ਮੁਕਾਈਆ । ਮੈਂ ਉਨ੍ਹਾਂ ਨੂੰ ਹੱਸ ਕੇ ਕਿਹਾ ਵੇਖੋ ਮੇਰਾ ਅਗੰਮਾ ਯਾਰ, ਪਰਵਰਦਿਗਾਰ ਨੂਰ ਇਲਾਹੀਆ । ਜਿਸ ਦੇ ਕਲਮੇ ਆਏ ਉਚਾਰ, ਸਿਫ਼ਤਾਂ ਵਾਲੀ ਕਰ ਪੜ੍ਹਾਈਆ । ਉਹ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਦਰਗਾਹ ਸਾਚੀ ਦਾ ਸਿਕਦਾਰ, ਸਿਰ ਸਿਰ ਹੁਕਮ ਸੁਣਾਈਆ । ਮੈਂ ਉਸ ਦਾ ਪਹਿਰੇਦਾਰ, ਜੁਗ ਚੌਕੜੀ ਆਲਸ ਨਿੰਦਰਾ ਵਿਚ ਕਦੇ ਨਾ ਆਈਆ । ਅਵਤਾਰ ਪੈਗ਼ੰਬਰ ਗੁਰੂ ਭੇਜਦਾ ਰਿਹਾ ਵਾਰੋ ਵਾਰ, ਵਾਰਸ ਹੋ ਕੇ ਹੁਕਮ ਸੁਣਾਈਆ । ਅੰਤ ਏਸੇ ਦੇ ਭੈ ਵਿਚ ਬਣਾ ਕੇ ਉਸ ਦੀ ਨਾਰ, ਸਚਖੰਡ ਦਵਾਰ ਦਿਤੇ ਬਹਾਈਆ । ਸ਼ੰਕਰਾ ਤੂੰ ਕੀ ਜਾਣੇਂ ਮੇਰੀ ਸਾਰ, ਸਮਝ ਕੋਇ ਨਾ ਪਾਈਆ । ਮੈਂ ਸਤਿ ਜੋਤ ਦੀ ਧਾਰ, ਸੱਤ ਰੰਗ ਰੰਗ ਪਰਗਟਾਈਆ । ਮਰਾਂ ਜੰਮਾਂ ਨਾ ਵਿਚ ਸੰਸਾਰ, ਜੁਗ ਚੌਕੜੀ ਸਮਾਂ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸ਼ੰਕਰ ਕਹੇ ਸਤਰੰਗੇ ਸੁਣ ਲੈ ਮੇਰੇ ਮੀਤ, ਮਿੱਤਰਾ ਦਿਆਂ ਜਣਾਈਆ । ਜਿੰਨਾ ਚਿਰ ਤੂੰ ਸਾਡਾ ਸਾਥ ਨਾ ਦਿਤਾ ਸਾਰੀ ਸ੍ਰਿਸ਼ਟੀ ਗਾਉਣਾ ਨਹੀਂ ਸੋਹੰ ਗੀਤ, ਹਰੀ ਓਮ ਤਤ ਸਤਿ ਇਸ਼ਟ ਅੰਦਰੋਂ ਨਾ ਕੋਇ ਕਢਾਈਆ । ਬਿਨ ਤੇਰੇ ਕਲਜੁਗ ਬਦਲਣੀ ਨਹੀਂ ਰੀਤ, ਕਲਜੁਗ ਕੂੜੀ ਕਿਰਿਆ ਪੰਧ ਨਾ ਕੋਇ ਮੁਕਾਈਆ । ਸਤਿਜੁਗ ਸਾਚਾ ਉਠਣਾ ਨਹੀਂ ਅਤੀਤ, ਤ੍ਰੈਗੁਣ ਪੰਧ ਨਾ ਕੋਇ ਮੁਕਾਈਆ । ਝਗੜਾ ਮੁਕਣਾ ਨਹੀਂ ਊਚ ਨੀਚ, ਜ਼ਾਤ ਪਾਤ ਦਾ ਲੇਖਾ ਨਾ ਕੋਇ ਮੁਕਾਈਆ । ਇਸ਼ਟ ਛੁਟਣਾ ਨਹੀਂ ਮੰਦਰ ਮਸੀਤ, ਸ਼ਿਵਦਵਾਲੇ ਮੱਠ ਨਾ ਕੋਇ ਤਜਾਈਆ । ਬਿਨ ਤੇਰੀ ਕਿਰਪਾ ਇਕ ਪੜ੍ਹਨੀ ਨਹੀਂ ਕਿਸੇ ਹਦੀਸ, ਹਜ਼ਰਤ ਸਾਰੇ ਦੇਣ ਗਵਾਹੀਆ । ਸੱਤਰੰਗਾ ਕਹੇ ਸ਼ੰਕਰਾ, ਮੇਰੇ ਸਾਹਿਬ ਨੇ ਮੇਰੇ ਵਿਚ ਬਖ਼ਸ਼ੀ ਇਕ ਤੌਫ਼ੀਕ, ਜੋ ਤੋਹਫ਼ੇ ਘਰ ਘਰ ਦਏ ਪਹੁੰਚਾਈਆ । ਜਿਸ ਵੇਲੇ ਮੈਂ ਨਿਗਾਹ ਕਰਾਂ ਜਿਸ ਦੇ ਬਣੇ ਹੋਣ ਫ਼ਰੀਕ, ਉਹ ਰਫ਼ੀਕ ਬਣ ਕੇ ਦੇਣ ਵਖਾਈਆ । ਮੇਰਾ ਸਾਹਿਬ ਜਦੋਂ ਚਾਹਵੇ ਸਭ ਦੇ ਅੰਦਰ ਬਖ਼ਸ਼ ਦੇਵੇ ਆਪਣੀ ਪ੍ਰੀਤ, ਪ੍ਰੀਤਮ ਹੋ ਕੇ ਪ੍ਰੇਮ ਵਧਾਈਆ । ਜਿਸ ਦੀ ਆਤਮਾ ਉਸੇ ਪਰਮਾਤਮਾ ਦਾ ਗਾਉਣਾ ਗੀਤ, ਸੋਹੰ ਅਵਰ ਨਾ ਕੋਇ

ਪੜ੍ਹਾਈਆ। ਪਰ ਇਕ ਦੁੱਖ, ਸੱਤਰੰਗਾ ਕਹੇ, ਮੈਂ ਸਚਖੰਡ ਵਸਦਾ ਧਾਮ ਅਗੰਮੇ ਅਨਡੀਠ, ਜਿਥੇ ਜਗ ਨੇਤਰ ਵੇਖਣ ਕੋਇ ਨਾ ਜਾਈਆ। ਮੇਰਾ ਪਿਆਰ ਨਹੀਂ ਕਿਸੇ ਪੱਥਰ ਈਟ, ਚਿੱਕੜ ਗਾਰੇ ਨਾ ਕੋਇ ਚਤੁਰਾਈਆ। ਮੈਂ ਉਸ ਦੀ ਸਹਾਇਤਾ ਕਰਦਾ ਜਿਹੜਾ ਮੇਰੇ ਪ੍ਰਭ ਨੂੰ ਮੰਨੇ ਠੀਕ, ਠਾਕਰ ਸਹਿਜੇ ਦਿਆਂ ਮਿਲਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ। ਸੱਤਰੰਗਾ ਕਹੇ ਮੇਰੇ ਵਿਚ ਪ੍ਰਭੂ ਦੀ ਖ਼ੂਬੀ, ਖ਼ੂਬਸੂਰਤੀ ਨਿਰਗੁਣ ਜੋਤ ਦਿਤੀ ਚਮਕਾਈਆ। ਮੈਂ ਫਿਰਨਾ ਸ਼ਰਕਣ ਗ਼ਰਬਨ ਸ਼ਮਾਲਨ ਜਨੂਬੀ, ਚਾਰੋਂ ਕੁੰਟ ਵਾਹੋ ਦਾਹੀਆ। ਮੈਂ ਇਸ਼ਟ ਤਕਣਾ ਮੁਹੱਬਤ ਵਿਚ ਮਹਿਬੂਬ ਵਾਲਾ ਮਹਿਬੂਬੀ, ਅੰਤਰ ਨਿਰੰਤਰ ਫੋਲ ਫੁਲਾਈਆ। ਮੰਜ਼ਲ ਵੇਖਣੀ ਇਕ ਮਨਸੂਬੀ, ਜਿਥੇ ਜਲਵਾਗਰ ਨੂਰ ਰੁਸ਼ਨਾਈਆ। ਜਿਨ੍ਹਾਂ ਪਿਛੇ ਅਜੀਤ ਜੁਝਾਰ ਦੀ ਕਾਇਆ ਝੂਜੀ, ਰਣ ਭੂਮੀ ਖੇਲ ਖਿਲਾਈਆ। ਉਸ ਗੋਬਿੰਦ ਦੀ ਰਮਜ਼ ਕਿਸੇ ਨਾ ਬੂਝੀ, ਬੁਝਿਆ ਦੀਪਕ ਨਾ ਕੋਇ ਜਲਾਈਆ। ਸ੍ਰਿਸ਼ਟੀ ਖੋਜਦੀ ਵਿਚ ਬੁੱਧੀ, ਅਕਲ ਨਾਲ ਚਤੁਰਾਈਆ। ਉਸ ਦੀ ਢੂੰਡਦੀ ਵਿਚੋਂ ਯੁੱਧੀ, ਸ਼ਸਤਰ ਸ਼ਸਤਰਾਂ ਨਾਲ ਟਕਰਾਈਆ। ਸੱਤਰੰਗਾ ਕਹੇ ਗੋਬਿੰਦ ਦੀ ਮੰਜ਼ਲ ਸਭ ਤੋਂ ਉਚੀ, ਉਚ ਅਗੰਮ ਦਿਤੀ ਬਣਾਈਆ। ਜਿਥੇ ਧਾਰ ਸਦਾ ਸੁੱਚੀ, ਸੰਜਮ ਦੀ ਲੋੜ ਨਾ ਕੋਇ ਵਖਾਈਆ। ਮੈਂ ਉਸ ਦੇ ਪਿਆਰ ਦੀ ਸਦਾ ਕਰਾਂ ਬੁਤੀ, ਬੁਤਖ਼ਾਨੇ ਵੇਖ ਵਖਾਈਆ। ਮੈਨੂੰ ਇਉਂ ਦਿਸਦਾ ਮੇਰੇ ਮਾਲਕ ਦੀ ਹੁਣ ਆਉਂਦੀ ਜਾਂਦੀ ਰੁਤੀ, ਰੁਤੜੀ ਪਿਛਲੀ ਦੇਣੀ ਬਦਲਾਈਆ। ਇਕ ਵਾਰ ਸਾਹਿਬ ਤੋਂ ਪੁਛੀਂ, ਨਿਉਂ ਕੇ ਸੀਸ ਨਿਵਾਈਆ।

੬੧੧ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵਡਾ ਵਡ ਵਡਿਆਈਆ। ਪੁਰਖ ਅਕਾਲ ਕਿਹਾ ਸ਼ੰਕਰ ਸੱਤਰੰਗ ਕੀ ਕਹਿੰਦਾ, ਮੈਨੂੰ ਦੇ ਸੁਣਾਈਆ। ਫੇਰ ਕੰਨੋਂ ਫੜ ਕੇ ਕਿਹਾ ਉਠ ਵੇਖ ਦਿਸ਼ਾ ਲਹਿੰਦਾ, ਕੀ ਮੁਹੰਮਦ ਰਾਹ ਤਕਾਈਆ। ਕਿਉਂ ਕਲਮਾ ਉਠ ਉਠ ਬਹਿੰਦਾ, ਭੱਜ ਭੱਜ ਰਿਹਾ ਵਖਾਈਆ। ਕੀ ਮਾਨਵ ਮਾਨਵ ਨਾਲ ਖਹਿੰਦਾ, ਤਨ ਤਨ ਨਾਲ ਟਕਰਾਈਆ। ਉਹ ਵੇਖ ਮਕਬਰਿਆਂ ਵਾਲਾ ਬੁਰਜ ਢਹਿੰਦਾ, ਕਾਅਬਾ ਰੋਵੇ ਮਾਰੇ ਧਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਹੋਏ ਸਹਾਈਆ। ਸ਼ੰਕਰ ਕਹੇ ਮੈਂ ਆਪਣੀ ਉਠਾਈ ਨਿਗਹ, ਬਿਨ ਨੈਣਾਂ ਅੱਖ ਖੁਲ੍ਹਾਈਆ। ਮੈਨੂੰ ਰਸਤਾ ਦਿਸਿਆ ਸਿੱਧਾ, ਜਿਸ ਦੀ ਕੁਤਬ ਸਤਾਰ ਦਏ ਗਵਾਹੀਆ। ਦੋ ਸੌ ਪੈਂਠ ਡਿਗਰੀ ਵਿਚ ਸਿੱਧਾ, ਨਿਸ਼ਾਨਾ ਧੁਰ ਦਾ ਸੋਭਾ ਪਾਈਆ। ਜਿਥੇ ਖੇਲ ਹੋਣਾ ਇਕਾ, ਵਾਹਿਦ ਆਪਣੀ ਕਾਰ ਭੁਗਤਾਈਆ। ਜਿਸ ਦਾ ਗੁਰ ਤੇਗ਼ ਬਹਾਦਰ ਇਸ਼ਾਰਾ ਦਿਤਾ ਸੀ ਉਠ ਵੇਖ ਦਿਆਲੇ ਸਿਖਾ, ਮਤੀਦਾਸ ਗਵਾਹੀਆ। ਓਥੇ ਜ਼ਰੂਰ ਬਣਨੀ ਕਲਜੁਗ ਦੀ ਅੰਤਮ ਚਿੱਖਾ, ਅਗਨੀ ਸੇਕ ਨਾ ਕੋਇ ਬੁਝਾਈਆ। ਜਿਹੜਾ ਗੋਬਿੰਦ ਦਾ ਲੇਖ ਸੱਸੇ ਵਾਲਾ ਕਿਸੇ ਨਾ ਲਿਖਾ, ਉਹ ਛੱਬੀ ਪੋਹ ਨੂੰ ਦੇਣਾ ਲਿਖਾਈਆ। ਜਿਹੜਾ ਅਜੇ ਤਕ ਬੁਧੀ ਦੇ ਹੱਟ ਨਹੀਂ ਵਿਕਾ, ਅਕਲ ਵਿਚ ਸਕਿਆ ਨਾ ਕੋਇ ਸਮਝਾਈਆ। ਉਸ ਦਾ ਲੇਖ ਦੱਸਣਾ ਖੰਡਿਉਂ ਤਿੱਖਾ ਤੇ ਵਾਲੋਂ ਨਿੱਕਾ, ਨਿੱਕਿਉਂ ਵਡਾ ਵਡ ਵਡਿਆਈਆ। ਕੁਝ ਭੇਤ ਖੋਲ੍ਹਣਾ ਕੀ ਗੋਬਿੰਦ ਨੇ ਪੰਜ ਪਿਆਰਿਆਂ ਮਸਤਕ ਲਾਇਆ ਟਿੱਕਾ, ਜਿਸ ਦੀ ਸ਼ਹਾਦਤ ਗ੍ਰੰਥ ਨਾ ਕੋਇ ਭੁਗਤਾਈਆ। ਕੀ ਗੋਬਿੰਦ ਨੇ ਹੁਕਮ ਸੁਣਾਇਆ ਕਿ ਸਤਿਜੁਗ ਵਿਚ ਚਲਣਾ ਪ੍ਰਭੂ ਦੇ ਨਾਮ ਦਾ ਸਿੱਕਾ, ਦੂਜੀ ਮੋਹਰ ਨਾ ਕੋਇ ਰਖਾਈਆ। ਫਿਰ ਹੱਸ ਕੇ ਕਿਹਾ ਤਾਲੀ ਮਾਰ ਕੇ ਕਿਹਾ ਉਸ ਵੇਲੇ ਪੁਰਖ ਅਕਾਲ ਇਕੋ ਹੋਣਾ ਸਭ ਦਾ ਪਿਤਾ, ਪਤਿਪਰਮੇਸ਼ਵਰ

ਧੁਰਦਰਗਾਹੀਆ । ਜਿਸ ਦਾ ਨਾਮ ਰਸ ਹੋਣਾ ਅਗੰਮੀ ਮਿੱਠਾ, ਸ਼ੱਕਰ ਗੁੜ ਨਾ ਕੋਇ ਚਤੁਰਾਈਆ । ਮੰਜ਼ਲ ਮਾਰਗ ਦੱਸਣਾ ਇਕੋ ਚਿੱਟਾ, ਰੰਗਤ ਰੰਗ ਕੂੜ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਸ਼ਬਦੀ ਸਤਿਗੁਰ ਹੋ ਕੇ ਕਢੇ ਸਿੱਟਾ, ਸਿੱਟੇਬਾਜ਼ੀ ਵੇਖੇ ਖ਼ਲਕ ਖ਼ੁਦਾਈਆ ।

## ✪ ੧੪ ਸਾਵਣ ਸ਼ਹਿਨਸ਼ਾਹੀ ਸੰਮਤ ੬ ਕਪੂਰ ਸਿੰਘ ਬਰਾੜ ਦੇ ਗ੍ਰਿਹ ਮੋਗਾ ਜ਼ਿਲਾ ਫ਼ਿਰੋਜ਼ਪੁਰ ✪

ਚੌਦਾਂ ਸਾਵਣ ਕਹੇ ਮੈਂ ਫਿਰਿਆ ਚੌਦਾਂ ਲੋਕ, ਤਬਕ ਸਬਕ ਵੇਖ ਵਖਾਈਆ । ਨਾਮ ਕਲਮਾ ਸੁਣਿਆ ਸਲੋਕ, ਸੋਹਲਾ ਧੁਰਦਰਗਾਹੀਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਦਾ ਭਾਣਾ ਕੋਇ ਨਾ ਸਕੇ ਰੋਕ, ਨਾ ਕੋਈ ਮੇਟੇ ਮੇਟ ਮਿਟਾਈਆ । ਆਦਿ ਜੁਗਾਦਿ ਪੁਰਖ ਅਕਾਲ ਏਕਾ ਓਟ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦਾ ਖੇਲ ਜੁਗ ਚੌਕੜੀ ਕੋਟਨ ਕੋਟ, ਬੇਅੰਤ ਅੰਤ ਕਹਿਣ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਇਆ ਵਿਚ ਕਿਸੇ ਨਾ ਸੋਚ, ਸਮਝ ਵਿਚ ਨਾ ਕੋਇ ਸਮਝਾਈਆ । ਜਿਸ ਦੀ ਭਵਿਖਤਾਂ ਵਿਚ ਸਾਰੇ ਕਰਦੇ ਆਏ ਲੋਚ, ਲੋਚਨ ਨੈਣ ਅੱਖ ਖੁਲ੍ਹਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਵੇਸ ਵਟਾਏ ਮਾਤਲੋਕ, ਪੁਰੀ ਲੋਅ ਬ੍ਰਹਿਮੰਡ ਖੰਡ ਆਪਣੀ ਕਾਰ ਕਮਾਈਆ । ਕਰ ਪ੍ਰਕਾਸ਼ ਨਿਰਮਲ ਜੋਤ, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਕਰੇ ਰੁਸ਼ਨਾਈਆ । ਨਾਮ ਖ਼ੁਮਾਰੀ ਦੇ ਕਰੇ ਮਦਹੋਸ਼, ਮਧੁਰ ਧੁਨ ਅਗੰਮ ਸੁਣਾਈਆ । ੬੧੨ ਚੌਦਾਂ ਲੋਕ ਕਹਿਣ ਅਸੀਂ ਹੋਏ ਖ਼ਾਮੋਸ਼, ਜ਼ਬਾਂ ਸਕੇ ਨਾ ਕੋਇ ਹਿਲਾਈਆ । ਜਿਸ ਮੰਜ਼ਲ ਤੇ ਅਸੀਂ ਨਾ ਸਕੇ ਪਹੁੰਚ, ਸੋ ਮੰਜ਼ਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਚੌਦਾਂ ਸਾਵਣ ਕਹੇ ਮੈਂ ਵੇਖਿਆ ਦੀਨ ਦੁਨੀ ਦਾ ਚੌਦਸ ਚੰਦ, ਚਾਂਦਨੀ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਅੰਧੇਰਾ ਅੰਧ, ਸਚ ਨੂਰ ਨਾ ਕੋਇ ਚਮਕਾਈਆ । ਅੰਤਰ ਮਿਲੇ ਨਾ ਕਿਸੇ ਅਨੰਦ, ਆਤਮ ਪਰਮਾਤਮ ਵਿਚ ਨਾ ਕੋਇ ਸਮਾਈਆ । ਤੂੰ ਮੇਰਾ ਮੈਂ ਤੇਰਾ ਗਾਏ ਕੋਇ ਨਾ ਛੰਦ, ਪੜ੍ਹ ਪੜ੍ਹ ਥੱਕੀ ਜਗਤ ਲੋਕਾਈਆ । ਮਿਲੇ ਮੇਲ ਨਾ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਹੋਏ ਨਾ ਕੋਇ ਸਹਾਈਆ । ਸਦੀ ਚੌਧਵੀਂ ਰਹੀ ਲੰਘ, ਭੱਜੇ ਵਾਹੋ ਦਾਹੀਆ । ਕਲਜੁਗ ਕੂੜ ਵੱਜੇ ਮਰਦੰਗ, ਚਾਰ ਵਰਨ ਰਿਹਾ ਸੁਣਾਈਆ । ਮਾਇਆ ਮਮਤਾ ਮੋਹ ਵਿਕਾਰਾ ਨੱਚੇ ਵਾਂਗ ਮਲੰਗ, ਉੱਤਰ ਪੂਰਬ ਪੱਛਮ ਦੱਖਣ ਆਪਣੀ ਕਾਰ ਕਮਾਈਆ । ਅੰਮ੍ਰਿਤ ਧਾਰ ਵਹੀ ਕਿਸੇ ਨਾ ਗੰਗ, ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਈਆ । ਗੁਰ ਚੇਲਾ ਮੁਰੀਦ ਮੁਰਸ਼ਦ ਬਣੇ ਕੋਇ ਨਾ ਸੰਗ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਆਵਣ ਜਾਵਣ ਲੱਖ ਚੁਰਾਸੀ ਮੇਟੇ ਕੋਇ ਨਾ ਪੰਧ, ਚਿਤਰਗੁਪਤ ਦਾ ਲੇਖ ਨਾ ਕੋਇ ਚੁਕਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਚਾੜ੍ਹੇ ਕੋਇ ਨਾ ਰੰਗ, ਦੁਰਮਤ ਮੈਲ ਨਾ ਕੋਇ ਧਵਾਈਆ । ਪੂਰਬ ਲੇਖਾ ਕਰੇ ਕੋਇ ਨਾ ਖੰਡ ਖੰਡ, ਖੰਡਾ ਖੜਗ ਨਾਮ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਚੌਦਾਂ ਸਾਵਣ ਕਹੇ ਮੇਰੇ ਅੰਤਰ ਆਈ ਹੈਰਾਨੀ, ਹੈਰਤ ਵਿਚ ਦੁਹਾਈਆ । ਮੈਂ ਜੁਗ ਚੌਕੜੀ ਖੇਲ ਤੱਕਿਆ

ਮਹਾਨੀ, ਅਵਤਾਰ ਪੈਗ਼ੰਬਰ ਗੁਰ ਧਿਆਨ ਲਗਾਈਆ । ਅੱਖਰਾਂ ਵਾਲੀ ਸੁਣੀ ਬਾਣੀ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਜਗਤ ਵਡਿਆਈਆ । ਦੀਨ ਦੁਨੀ ਦੀ ਮੰਜ਼ਲ ਤਕੀ ਰੁਹਾਨੀ, ਰੂਹ ਬੁਤ ਖੋਜ ਖੁਜਾਈਆ । ਦੀਨ ਮਜ਼੍ਹਬ ਸਤਿ ਧਰਮ ਦੀ ਧਰਨੀ ਧਰਤ ਤਕੀ ਨਿਸ਼ਾਨੀ, ਨਿਸ਼ਾਨੇ ਜਗਤ ਵੰਡ ਵੰਡਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਰਮ ਧਾਰ ਦੀ ਕਿਸੇ ਕਰੇ ਨਾ ਕੋਇ ਮਿਹਰਵਾਨੀ, ਮਿਹਰ ਨਜ਼ਰ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਚੌਦਾਂ ਸਾਵਣ ਕਹੇ ਮੈਂ ਸੁਣਿਆ ਸ਼ਬਦ ਅਨੋਖਾ, ਅਗੰਮ ਅਗੰਮੜੇ ਦਿਤਾ ਸੁਣਾਈਆ । ਜਿਸ ਦੇ ਵਿਚ ਨਹੀਂ ਕੋਈ ਧੋਖਾ, ਭਰਮ ਵਿਚ ਨਾ ਭਰਮ ਭੁਲਾਈਆ । ਸ਼ਬਦੀ ਧਾਰ ਸੰਦੇਸ਼ਾ ਨਿਰਗੁਣ ਜੋਤਾ, ਜੋਤੀ ਜੋਤ ਜੋਤ ਰੁਸ਼ਨਾਈਆ । ਜਿਸ ਦਾ ਭਾਣਾ ਕਿਸੇ ਨਾ ਰੋਕਾ, ਚਾਰ ਜੁਗ ਦੇ ਰੁੱਕੇ ਦੇਣ ਗਵਾਹੀਆ । ਸੋ ਜੁਗ ਚੌਕੜੀ ਜਾਣੇ ਆਪਣਾ ਮੌਕਾ, ਮੁਕੰਮਲ ਆਪਣੀ ਕਾਰ ਕਮਾਈਆ । ਮੈਂ ਉਚੀ ਕੂਕ ਕੇ ਦੇਵਾਂ ਹੋਕਾ, ਹੁਕਮ ਸੁਣਾਵਾਂ ਧੁਰਦਰਗਾਹੀਆ । ਬੇਨਕਾਬ ਹੋਵਣ ਚੌਦਾਂ ਲੋਕਾ, ਚੌਦਾਂ ਤਬਕ ਅੱਖ ਉਠਾਈਆ । ਉਠੋ ਵੇਖੋ ਮਾਰਗ ਸੌਖਾ, ਸਹਿਜ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਆਪ ਸੁਣਾਈਆ । ਚੌਦਾਂ ਸਾਵਣ ਕਹੇ ਮੈਂ ਦੱਸਾਂ ਅਗੰਮੀ ਬਾਤ, ਬਾਤਨ ਦਿਆਂ ਜਣਾਈਆ । ਕੀ ਖੇਲ ਕਮਲਾਪਾਤ, ਪਤਿਪਰਮੇਸ਼ਵਰ ਕੀ ਆਪਣਾ ਹੁਕਮ ਸੁਣਾਈਆ । ਮੈਂ ਸੋਹਣੀ ਸੁਹੰਜਣੀ ਰਾਤ, ਭਿੰਨੜੀ ਆਪਣੇ ਨਾਲ ਮਹਿਕਾਈਆ । ਜਨ ਭਗਤ ਸੁਹੇਲੇ ਪੁਛ ਕੇ ਵਾਤ, ਵਾਤਾਵਰਨ ਦਿਤਾ ਬਦਲਾਈਆ । ਜੀਵਣ ਜ਼ਿੰਦਗੀ ਬਖ਼ਸ਼ ਕੇ ਦਾਤ, ਦਾਤਾਰ ਆਪਣਾ ਰੰਗ ਵਖਾਈਆ । ਲਹਿਣਾ ਦੇਣਾ ਵੇਖ ਲੋਕਮਾਤ, ਪਾਤਾਲ ਆਕਾਸ਼ਾਂ ਡੇਰਾ ਢਾਹੀਆ । ਨਿਰਗੁਣ ਧਾਰ ਹੋ ਕੇ ਸਾਥ, ਸਗਲਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣੀ ਕਾਰ ਕਮਾਈਆ । ਚੌਦਾਂ ਸਾਵਣ ਕਹੇ ਗੁਰ ਅਵਤਾਰ ਪੈਗ਼ੰਬਰੋ ਪਰਮ ਪੁਰਖ ਦੀ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਸ਼ਬਦੀ ਧਾਰ ਬਖ਼ਸ਼ ਜ਼ਿੰਦਗਾਨੀ, ਜੀਵਣ ਆਪਣੇ ਲੇਖੇ ਪਾਈਆ । ਪੜ੍ਹਨੀ ਪਈ ਨਾ ਅੱਖਰਾਂ ਵਾਲੀ ਬਾਣੀ, ਢੋਲੇ ਗੀਤ ਨਾ ਕੋਇ ਸ਼ਨਵਾਈਆ । ਲੇਖਾ ਮੁੱਕਿਆ ਦੋ ਜਹਾਨੀ, ਏਥੇ ਓਥੇ ਦਇਆ ਕਮਾਈਆ । ਝਗੜਾ ਚੁੱਕਿਆ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਡੇਰਾ ਢਾਹੀਆ । ਜੁਗ ਚੌਕੜੀ ਝਗੜਾ ਚੁੱਕਿਆ ਦੀਵਾਨੀ, ਚੁਰਾਸੀ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਚੌਦਾਂ ਸਾਵਣ ਕਹੇ ਮੇਰਾ ਸੋਹਣਾ ਸੁਹਾਵਣਾ ਦਿਹਾੜਾ, ਦਿਵਸ ਵੱਜੀ ਵਧਾਈਆ । ਜਿਸ ਨੇ ਜਾਣਾ ਸੀ ਵਿਚ ਭਰਵਾਸ ਜੰਗਲ ਉਜਾੜਾ, ਮੜ੍ਹੀ ਮਸਾਣਾਂ ਡੇਰਾ ਲਾਈਆ । ਕੂੜ ਕਿਰਿਆ ਦਾ ਵੱਜਣਾ ਸੀ ਨਗ਼ਾਰਾ, ਨੌਬਤ ਦੁਨੀ ਵਾਲੀ ਸੁਣਾਈਆ । ਨਾਤਾ ਟੁਟਣਾ ਸੀ ਸੱਜਣ ਮਿੱਤਰ ਯਾਰਾ, ਸਾਕ ਸੱਜਣ ਸਰਬ ਤਜਾਈਆ । ਪਿਆਰ ਰਹਿਣਾ ਨਹੀਂ ਸੀ ਪੁੱਤਰ ਧੀਆਂ ਮਾਤ ਪਿਤ ਸਹਾਰਾ, ਸਗਲਾ ਸੰਗ ਤਜਾਈਆ । ਨਾਰ ਕੰਤ ਦੇਣਾ ਨਹੀਂ ਸੀ ਅਧਾਰਾ, ਜੀਵਣ ਜਗਤ ਨਾ ਕੋਇ ਵਡਿਆਈਆ । ਦੀਨ ਦੁਨੀ ਵਿਚੋਂ ਹੋਣਾ ਸੀ ਕਨਾਰਾ, ਵੇਲਾ ਵਕਤ ਦਏ ਗਵਾਹੀਆ । ਤਿਸ ਦਾ ਸ਼ਬਦ ਗੁਰੂ ਗੁਰ ਬਣ ਵਣਜਾਰਾ, ਹੋਕਾ ਦੇ ਕੇ ਗਿਆ ਸੁਣਾਈਆ । ਬੇਖ਼ਬਰਾਂ ਕਰੇ ਖ਼ਬਰਦਾਰਾ, ਆਲਸ ਨਿੰਦਰਾ ਵਿਚੋਂ ਉਠਾਈਆ । ਬਿਨਾ ਸਾਹਿਬ

ਸਤਿਗੁਰ ਦੂਜਾ ਅਵਰ ਨਾ ਕੋਇ ਸਹਾਰਾ, ਬਖ਼ਸ਼ਣਹਾਰਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲਾ ਸਭ ਕਿਛ ਕਰਨੇਹਾਰਾ, ਕਰਨੀ ਦਾ ਕਰਤਾ ਬੇਪਰਵਾਹੀਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦੇ ਸੇਵਾਦਾਰਾ, ਦਰ ਬੈਠੇ ਸੀਸ ਨਿਵਾਈਆ । ਓਥੇ ਸ਼ੰਕਰ ਕਰੇ ਕੀ ਵਿਚਾਰਾ, ਧੂੜੀ ਮਸਤਕ ਖ਼ਾਕ ਰਮਾਈਆ । ਰਾਏ ਧਰਮ ਚਿਤਰਗੁਪਤ ਦੂਰ ਦੁਰਾਡੇ ਰੋਵਣ ਜ਼ਾਰੋ ਜ਼ਾਰਾ, ਜਗ ਨੇਤਰ ਨੈਣਾਂ ਨੀਰ ਵਹਾਈਆ । ਜਮ ਕਾ ਦੂਤ ਨੇਤਰ ਅੱਖ ਨਾ ਸਕੇ ਉਘਾੜਾ, ਰਹਿਬਰ ਰਾਹ ਨਾ ਕੋਇ ਦਰਸਾਈਆ । ਜਿਸ ਉਤੇ ਕਿਰਪਾ ਕਰੇ ਆਪ ਕਰਤਾਰਾ, ਹਰਿ ਕਰਤਾ ਹੋਏ ਸਹਾਈਆ । ਉਸ ਦਾ ਜਨਮ ਵਿਚੋਂ ਜਨਮ ਦਏ ਦੁਬਾਰਾ, ਆਪ ਬਣੇ ਜਣੇਂਦੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਕਰਾਈਆ । ਚੌਦਾਂ ਸਾਵਣ ਕਹੇ ਮੈਂ ਸਚ ਦੱਸਾਂ ਅੱਗੇ ਹਜ਼ੂਰ, ਹਰਿਜਨ ਹਰਿ ਜਣਾਈਆ । ਦਿਵਸ ਦਿਹਾੜੇ ਲਹਿਣਾ ਮੁਕਣਾ ਸੀ ਸਿੰਘ ਕਪੂਰ, ਕਾਇਆ ਕੱਪੜ ਦੇਣਾ ਤਜਾਈਆ । ਨਾਤਾ ਤੁਟਣਾ ਸੀ ਜ਼ਰੂਰ, ਤਨ ਵਜੂਦ ਮਾਟੀ ਖ਼ਾਕ ਸੰਗ ਨਾ ਕੋਇ ਵਖਾਈਆ । ਮੈਂ ਹੈਰਾਨ ਹੋਇਆ ਕਿਸ ਬਿਧ ਫੇਰ ਬਖ਼ਸ਼ਿਆ ਨੂਰ, ਨੂਰ ਨੂਰ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਵਖਾਈਆ । ਚੌਦਾਂ ਸਾਵਣ ਕਹੇ ਹਰਿ ਭਗਤ ਜਾਣਾ ਸੀ ਪ੍ਰਭ ਦਾ ਸੁਤ ਦੁਲਾਰਾ, ਪ੍ਰਭ ਆਪਣੀ ਦਇਆ ਕਮਾਈਆ । ਸਚ ਦੱਸਾਂ ਕੀ ਅਗੰਮੀ ਹੋਇਆ ਇਸ਼ਾਰਾ, ਬਿਨ ਸੈਨਤ ਸੈਨਤ ਲਾਈਆ , । ਸੁਤ ਦੇ ਘਰ ਸੁਤ ਅਜੇ ਸੁਤ ਹੋਣਾ ਦੁਲਾਰਾ, ਲਾਰਾ ਪਿਛਲਾ ਪੂਰ ਕਰਾਈਆ । ਅਗਲਾ ਜਨਮ ਜਨਮ ਤੋਂ ਬਾਹਰਾ, ਬਿਧ ਨਾਲ ਲੇਖਾ ਦਿਤਾ ਚੁਕਾਈਆ । ਦਰਗਾਹ ਸਾਚੀ ਸਚਖੰਡ ਖੰਡ ਸਚ ਸਚ (ਦਵਾਰਾ), ਹਰਿਜਨ ਸੱਚੀ ਸਰਨਾਈਆ । ਜਿਥੇ ਝੁਕਦੇ ਪੈਗ਼ੰਬਰ ਗੁਰ ਅਵਤਾਰਾ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਮੰਗਣ ਵਾਰੋ ਵਾਰਾ, ਦਰ ਠਾਂਡੇ ਝੋਲੀਆਂ ਡਾਹੀਆ । ਸਦ ਦੇਵਣਹਾਰ ਇਕ ਦਾਤਾਰਾ, ਦਇਆਵਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦਵਾਰ ਇਕ ਵਖਾਈਆ । ਚੌਦਾਂ ਸਾਵਣ ਕਹੇ ਮੈਂ ਵੇਖਾਂ ਚਾਰੇ ਕੂਟ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਜਿਧਰ ਤੱਕਿਆ ਉਧਰ ਜੂਠ ਝੂਠ, ਸਚ ਸੁਚ ਰੂਪ ਨਾ ਕੋਇ ਦਰਸਾਈਆ । ਫੇਰ ਵੇਖਿਆ ਕਿਸ ਬਿਧ ਪ੍ਰਭ ਭਗਤ ਉਧਾਰਿਆ ਪੂਤ, ਪਿਤਾ ਪੁਰਖ ਅਕਾਲ ਹੋ ਸਹਾਈਆ । ਜਾਂ ਨਿਗਾਹ ਮਾਰੀ ਆਤਮ ਪਰਮਾਤਮ ਏਕਾ ਧਾਗਾ ਏਕਾ ਸੂਤ, ਦੂਜਾ ਨਜ਼ਰ ਕੋਇ ਨਾ ਆਈਆ । ਮੈਂ ਸਹਿਜ ਨਾਲ ਗਿਆ ਚੂਕ, ਨਿਮ੍ਹੀਂ ਨਿਮ੍ਹੀਂ ਅਵਾਜ਼ ਸੁਣਾਈਆ । ਸ਼ਬਦੀ ਸ਼ਬਦ ਕਿਹਾ ਔਹ ਵੇਖ ਨੌ ਖੰਡ ਪ੍ਰਿਥਮੀ ਸੁੱਤੀ ਘੂਕ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਮੇਲੇ ਸਹਿਜ ਸੁਭਾਈਆ । ਸਾਵਣ ਕਹੇ ਮੈਂ ਚੌਦਾਂ ਆਇਆ ਜਗ, ਸੰਮਤ ਸ਼ਹਿਨਸ਼ਾਹੀ ਛੇ ਦਏ ਵਡਿਆਈਆ । ਜਿਸ ਨੇ ਬੰਸ ਸਰਬੰਸ ਤੋਂ ਹੋਣਾ ਸੀ ਅਲੱਗ, ਵੱਖਰਾ ਆਪਣਾ ਘਰ ਸੁਹਾਈਆ । ਉਸ ਨੂੰ ਖ਼ੁਸ਼ੀ ਦਾ ਬੰਨ੍ਹਾ ਤਗ, ਤੰਦਨ ਪ੍ਰਭ ਦਾ ਨਾਮ ਸੁਣਾਈਆ । ਜਿਸ ਦਾ ਸਰੀਰ ਜਲਣਾ ਸੀ ਵਿਚ ਅੱਗ, ਚਿਖਾ ਜਗਤ ਵਾਲੀ ਤਪਾਈਆ । ਉਸ ਦਾ ਮੇਲ ਨਾਲ ਸੂਰੇ ਸਰਬਗ, ਸਾਹਿਬ ਸਤਿਗੁਰ ਆਪਣੇ ਰੰਗ ਰੰਗਾਈਆ । ਪਿਛਲੇ ਜਨਮ ਦੀ ਮੰਜ਼ਲ ਗਿਆ ਲੰਘ, ਅਗਲਾ ਜਨਮ ਸਤਿਗੁਰ ਹੱਥ ਵਡਿਆਈਆ । ਤੇਤੀ ਸਾਲ ਨਾ ਜਾਏ ਵੰਞ, ਖ਼ੁਸ਼ੀ

ਖ਼ੁਸ਼ੀ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਜੋੜ ਜੁੜਾਈਆ । ਨਵੀਂ ਆਰਜ਼ੂ ਆਯੂ ਬਖ਼ਸ਼ੀ ਤੇਤੀ ਸਾਲ, ਚੌਦਾਂ ਸਾਵਣ ਦਏ ਗਵਾਹੀਆ । ਨਵੇਂ ਜਨਮ ਦਾ ਜੋਬਨਵੰਤਾ ਹੋਵੇ ਬਾਲ, ਘਰ ਗ੍ਰਿਹਿ ਵੱਜੇ ਵਧਾਈਆ । ਪਿਛਲੀ ਲਿਖਤ ਪੜ੍ਹਨੀ ਤੇ ਰੱਖਣੀ ਮਾਤ ਸੰਭਾਲ, ਸੰਬਲ ਦਾ ਮਾਲਕ ਦਏ ਜਣਾਈਆ । ਜਿਸ ਨੇ ਲੇਖਾ ਚੁਕਾਇਆ ਕਾਲ ਮਹਾਂਕਾਲ, ਭੈ ਭਿਆਨਕ ਹੋਇਆ ਸਹਾਈਆ । ਸੋ ਬਖ਼ਸ਼ੇ ਸੱਚਾ ਧਨ ਮਾਲ, ਮਾਲਕ ਹੋ ਕੇ ਝੋਲੀ ਪਾਈਆ । ਜਨਮ ਜਨਮ ਦੀ ਲੇਖੇ ਲਾ ਕੇ ਘਾਲ, ਕਰਮ ਕਰਮ ਦਾ ਮੂਲ ਵਖਾਈਆ । ਅੰਤਮ ਅੰਤ ਕਰ ਸੰਭਾਲ, ਮੇਲਾ ਮੇਲਿਆ ਸਹਿਜ ਸੁਭਾਈਆ । ਸਤਿਗੁਰ ਸ਼ਬਦ ਬਣ ਦਲਾਲ, ਅਜਮੇਰ ਸਿੰਘ ਦਿਤਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਪੂਰ ਕਰਾਈਆ । ਚੌਦਾਂ ਸਾਵਣ ਕਹੇ ਮੇਰੀ ਨਮੋ ਨਮੋ ਨਿਮਸਕਾਰ, ਨਮਸਤੇ ਕਹਿ ਕੇ ਸੀਸ ਨਿਵਾਈਆ । ਮੇਰਾ ਅੱਜ ਦਾ ਵਿਹਾਰ, ਨੌਂ ਸੌ ਚੁਰਾਨਮੇ ਚੌਕੜੀ ਦੀ ਖ਼ੁਸ਼ੀ ਨਾਲ ਵਡਿਆਈਆ । ਮੇਰੀ ਮੁਹੱਬਤ ਦੀ ਬਹਾਰ, ਬਸੰਤ ਤੋਂ ਪਰੇ ਸੋਭਾ ਪਾਈਆ । ਮੇਰੇ ਸਾਹਿਬ ਦੀ ਗੁਲਜ਼ਾਰ, ਫੁੱਲ ਫੁਲਵਾੜੀ ਆਪਣਾ ਰੰਗ ਵਖਾਈਆ । ਖੇਲ ਵੇਖ ਸੱਚੀ ਸਰਕਾਰ, ਸਚ ਕਹਾਣੀ ਦਿਆਂ ਸੁਣਾਈਆ । ਜਨ ਭਗਤਾਂ ਭਗਤਾਂ ਲਏ ਉਬਾਰ, ਚੁਰਾਸੀ ਵਿਚੋਂ ਖੋਜ ਖੁਜਾਈਆ । ਜਨਮ ਮਰਨ ਤੋਂ ਕਰ ਕੇ ਬਾਹਰ, ਦਰ ਘਰ ਸਾਚੇ ਦਏ ਵਡਿਆਈਆ । ਲੇਖਾ ਲਹਿਣਾ ਪੂਰਾ ਕਰ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਦਾ ਕਰਜ਼ਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਵਖਾਈਆ । ਚੌਦਾਂ ਸਾਵਣ ਕਹੇ ਮੇਰੀ ਬੇਨੰਤੀ ਅੰਤ, ਅੰਤਰੀਵ ਦਿਆਂ ਜਣਾਈਆ । ਕਿਰਪਾ ਕਰੀ ਸਾਹਿਬ ਭਗਵੰਤ, ਸ੍ਰੀ ਆਪਣੀ ਦਇਆ ਕਮਾਈਆ । ਆਤਮ ਦਾ ਮਾਲਕ ਬਣ ਕੇ ਕੰਤ, ਕੰਤੂਹਲ ਆਪਣੇ ਅੰਗ ਲਗਾਈਆ । ਆਪਣੀ ਖੇਲ ਦੱਸ ਕਲਾ ਅਨੰਤ, ਅਨੰਤ ਆਪਣੀ ਕਾਰ ਕਮਾਈਆ । ਜਨ ਭਗਤ ਉਧਾਰ ਗੁਰਮੁਖ ਧੁਰ ਦਾ ਸੰਤ, ਗੁਰਸਿਖ ਆਪਣਾ ਜੋੜ ਜੁੜਾਈਆ । ਹਰਖ਼ ਸੋਗ ਰਿਹਾ ਨਾ ਚਿੰਤ, ਗ਼ਮੀ ਗ਼ਮਖਾਰ ਦਿਤੀ ਗਵਾਈਆ । ਤਨ ਵਜੂਦ ਮਾਟੀ ਖ਼ਾਕ ਦੀ ਬਣਾ ਕੇ ਬਣਤ, ਘੜਨਹਾਰ ਆਪਣਾ ਰੰਗ ਰੰਗਾਈਆ । ਲਹਿਣਾ ਦੇਣਾ ਲੇਖਾ ਪੂਰਾ ਕਰ ਕੇ ਅੰਤ, ਅੰਤ ਆਤਮਾ ਪੰਜ ਤਤ ਵਿਚ ਰਖਾਈਆ । ਜਿਹੜੀ ਵਸਤ ਚਾਰ ਜੁਗ ਮਿਲੀ ਨਹੀਂ ਕਿਸੇ ਸਾਧ ਸੰਤ, ਸਤਿਗੁਰ ਸ਼ਬਦ ਹੱਥ ਨਾ ਕਿਸੇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਚੌਦਾਂ ਸਾਵਣ ਕਹੇ ਮੇਰੀ ਅੰਤ ਅੰਤ ਅਰਜ਼ੋਈ, ਅਰਜ਼ ਦੇਵਾਂ ਸੁਣਾਈਆ । ਤੂੰ ਕੋਟਾਂ ਵਿਚੋਂ ਪ੍ਰਭ ਦਰ ਪਰਵਾਨ ਹੋਈ, ਜੋ ਪਰਵਾਨਾ ਧੁਰ ਦਾ ਨਜ਼ਰੀ ਆਈਆ । ਬਿਨਾ ਪੁਰਖ ਅਕਾਲ ਤੋਂ ਮਿਲੇ ਕਿਸੇ ਨਾ ਢੋਈ, ਢੋਆ ਜ਼ਿੰਦਗੀ ਹੱਥ ਨਾ ਕੋਇ ਫੜਾਈਆ । ਪੈਗ਼ੰਬਰ ਕਹਿਣ ਸਾਡੀ ਦਰੋਹੀ, ਤੋਬਾ ਤੋਬਾ ਕਰ ਸੁਣਾਈਆ । ਜਿਨ੍ਹਾਂ ਭਗਤਾਂ ਆਤਮਾ ਸਦਾ ਨਰੋਈ, ਮਰਨ ਵਿਚ ਮਰਨ ਨਾ ਕੋਈ ਬਦਲਾਈਆ । ਅਵਤਾਰ ਕਹਿਣ ਜੋ ਆਤਮਾ ਓਸੇ ਦੀ ਹੋਈ, ਉਹ ਵੇਖਣਹਾਰਾ ਥਾਉਂ ਥਾਈਂਆ । ਗੁਰ ਕਹਿਣ ਨਿਰਗੁਣ ਜੋਤ ਜੋਤੀ ਜਾਤੇ ਦੀ ਲੋਈ, ਲੋਇਣ ਨੇਤਰ ਦਏ ਗਵਾਹੀਆ । ਜਿਸ ਨੂੰ ਚੌਦਾਂ ਸਾਵਣ ਕਹੇ ਅੱਜ ਨੇਤਰ ਅੱਖ ਕੋਇ ਨਾ ਰੋਈ, ਜਲਧਾਰ ਨਾ ਵਹਿਣ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਪਰਦਾ ਆਪ ਚੁਕਾਈਆ । ਚੌਦਾਂ ਸਾਵਣ ਕਹੇ ਮੇਰੀ ਅਰਦਾਸ,



੬੧੫ ੨੨

ਅਰਜ਼ ਦਿਆਂ ਸੁਣਾਈਆ । ਸਤਿਗੁਰ ਸ਼ਬਦ ਸ਼ਬਦ ਦੀ ਪਾਵੇ ਰਾਸ, ਗੋਪੀ ਕਾਹਨ ਆਪਣਾ ਖੇਲ ਵਖਾਈਆ । ਮਿਹਰਵਾਨ ਹੋ ਕੇ ਬਖ਼ਸ਼ੇ ਪਵਣ ਜਗਤ ਸਵਾਸ, ਸਾਹ ਸਾਹ ਆਪਣਾ ਖੇਲ ਖਿਲਾਈਆ । ਲਹਿਣਾ ਦੇਣਾ ਪੂਰਾ ਕਰੇ ਪ੍ਰਿਥਮੀ ਆਕਾਸ਼, ਧਰਨੀ ਧਰਤ ਧਵਲ ਧੌਲ ਦੀ ਗੋਦ ਸੁਹਾਈਆ । ਜਨਮ ਵਿਚੋਂ ਜਨਮ ਬਦਲ ਦੇ ਆਜ, ਅੱਜ ਦੀ ਥਿਤ ਥਿਤ ਨਾਲ ਵਡਿਆਈਆ । ਜਿਹੜੀ ਵਿਧਵਾ ਹੋਣੀ ਸੀ ਰਾਜ, ਰਾਜ ਤਖ਼ਤ ਉਤੇ ਫੇਰ ਦਿਤਾ ਬਹਾਈਆ । ਅੱਗੇ ਪੂਰਾ ਕਰੇ ਜ਼ਰੂਰ ਕਾਜ, ਜੋ ਕਰਨੀ ਕਰਤਾ ਪਿਛੇ ਗਿਆ ਲਿਖਾਈਆ । ਪਹਿਲੇ ਆਪਣੇ ਭਗਤ ਦੀ ਰੱਖੀ ਲਾਜ, ਭਗਵਨ ਹੋ ਕੇ ਹੋਇਆ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਵੇਂ ਜੀਵਣ ਦਾ ਨਵਾਂ ਸਾਜਣ ਸਾਜ, ਸੱਜਣ ਹੋ ਕੇ ਅਗਲੀ ਖ਼ੁਸ਼ੀ ਖ਼ੁਸ਼ੀ ਵਿਚੋਂ ਦਏ ਵਖਾਈਆ ।

### ✪ ੩੦ ਸਾਵਣ ਸ਼ਹਿਨਸ਼ਾਹੀ ਸੰਮਤ ੬ ਬੀਬੀ ਰਜਿੰਦਰ ਕੌਰ ਦੇ ਨਵਿਤ ਫ਼ਿਰੋਜਪੁਰ ਛਾਉਣੀ ✪

ਤੀਜੀ ਪਤਰਕਾ ਤੀਜਾ ਅੰਕ, ਰਜਿੰਦਰ ਅੰਤਸ਼ਕਰਨ ਵਿਚੋਂ ਸਮਝਾਈਆ । ਪੂਰਬ ਲੇਖਾ ਸੀਤਾ ਸਪੁੱਤਰੀ ਜਨਕ, ਜਨ ਭਗਤ ਭੇਵ ਖੁਲ੍ਹਾਈਆ । ਜਿਸ ਦਾ ਲੇਖਾ ਪੂਰਾ ਕਰਾਏ ਵਾਸੀ ਪੁਰ ਘਨਕ, ਘਨਈਆ ਰਾਮ ਧੁਰਦਰਗਾਹੀਆ । ਜੀਵਣ ਜਗਤ ਬਣਾਈ ਬਣਤ, ਕਰਮ ਦਿਤੀ ਵਡਿਆਈਆ । ਹੁਕਮ ਸੰਦੇਸ਼ਾ ਕੁਮਾਰ ਸੰਤ, ਸਹਿਜ ਨਾਲ ਸੁਣਾਈਆ । ਜਿਸ ਵੇਲੇ ਕਲਜੁਗ ਆਵੇ ਅੰਤ, ਸਦੀ ਚੌਧਵੀਂ ਸੰਗ ਰਖਾਈਆ । ਆਤਮ ਪਰਮਾਤਮ ਹੋਣਾ ਮੰਤ, ਮੰਤਰ ਇਕ ਅਲਾਈਆ । ਸਾਹਿਬ ਸੁਲਤਾਨਾ ਸ੍ਰੀ ਭਗਵਾਨਾ ਆਦੀ ਕੰਤ, ਗਹਿਰ ਗੰਭੀਰ ਨੂਰ ਖ਼ੁਦਾਈਆ । ਜਿਸ ਲੇਖਾ ਚੁਕਾਉਣਾ ਵਿਚੋਂ ਜੀਵ ਜੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਨਕ ਸਪੁਤਰੀ ਚਲਦੀ ਪਗਡੰਡੀ, ਭੱਜੇ ਚਾਈਂ ਚਾਈਂਆ । ਸਹੇਲੀਆਂ ਸੰਗ ਹੱਸ ਕੇ ਕਢੇ ਦੰਦੀ, ਖ਼ੁਸ਼ੀਆਂ ਰੰਗ ਵਖਾਈਆ । ਫੇਰ ਘੁੱਟ ਕੇ ਗਲ ਤੈਨੂੰ ਲਾਇਆ ਮੁਖੋਂ ਕਿਹਾ ਚੰਗੀ, ਠੋਡੀ ਫੜ ਕੇ ਦਿਤੀ ਹਿਲਾਈਆ । ਫੇਰ ਮਖ਼ੌਲ ਵਿਚ ਹਲੂਣ ਕੇ ਕਿਹਾ ਤੂੰ ਰੰਡੀ, ਰੰਡੇਪਾ ਤੇਰੇ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਸਹੇਲੀ ਕਿਹਾ ਮੇਰਾ ਨਹੀਂ ਨਹੀਂ ਕੋਈ ਕੰਤ, ਰੰਡੇਪਾ ਰੂਪ ਨਾ ਕੋਇ ਦਰਸਾਈਆ । ਸੀਤਾ ਨਿਗਹ ਮਾਰੀ ਵੇਖਿਆ ਖੇਲ ਬੇਅੰਤ, ਬੇਪਰਵਾਹ ਦਿਤਾ ਜਣਾਈਆ । ਸੁਣਿਆ ਅਗੰਮੀ ਛੰਤ, ਢੋਲਾ ਧੁਰਦਰਗਾਹੀਆ । ਕਿਸ ਦੀ ਕਰਾਂ ਮੰਨਤ, ਕਿਸ ਅੱਗੇ ਸੀਸ ਝੁਕਾਈਆ । ਮੇਰੇ ਅੰਦਰ ਰਹੀ ਨਹੀਂ ਹਿੰਮਤ, ਹੌਸਲਾ ਦਿਤਾ ਮਿਟਾਈਆ । ਅਚਾਨਕ ਆਈ ਚਿੰਤ, ਚਿਖਾ ਰਹੀ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਆਪਣੀ ਕਲ ਵਰਤਾਈਆ । ਸੀਤਾ ਕਿਹਾ ਮੈਂ ਦਿਤਾ ਕੀ ਸਰਾਪ, ਮੇਰੀ ਰਾਮ ਦੁਹਾਈਆ । ਸਹੇਲੀ ਕਿਹਾ ਮੇਰਾ ਰਾਮ ਕਰੇ ਮੁਆਫ਼, ਤੇਰੇ ਰਾਮ ਸਰਨਾਈਆ । ਸੀਤਾ ਕਿਹਾ ਮੇਰਾ ਨਹੀਂ ਕੋਈ ਜੁਆਬ, ਜੁਆਬਤਲਬੀ ਮੰਗ ਨਾ ਕੋਇ ਮੰਗਾਈਆ । ਸਹੇਲੀ ਕਿਹਾ ਓਹ ਸਭ ਕਿਛ ਆਪਣੇ ਆਪ, ਜੋ ਰਾਮ ਰਮਿਆ ਹਰ ਘਟ ਥਾਈਆ । ਸੀਤਾ ਕਿਹਾ ਕੀ ਮੈਂ ਕੀਤਾ ਪਾਪ, ਤੈਨੂੰ ਸੁਖ਼ਨ ਦਿਤਾ ਸੁਣਾਈਆ । ਰੰਡੀ ਵਰਗਾ ਨਹੀਂ ਕੋਈ ਸੰਤਾਪ, ਦੁੱਖ ਦਰਦ ਨਾ ਕੋਇ ਅਖਵਾਈਆ । ਸੀਤਾ ਸਿਰ

ਪੈਰ ਤਾਈਂ ਗਈ ਕਾਂਪ, ਰੋ ਕੇ ਨੈਣਾਂ ਨੀਰ ਵਹਾਈਆ । ਆਤਮਾ ਪਰਮਾਤਮਾ ਦਾ ਕੀਤਾ ਜਾਪ, ਸਤਿ ਸਰੂਪ ਵਿਚ ਸਮਾਈਆ । ਝਟ ਧੁਰ ਸ਼ਬਦ ਨੇ ਦਿਤਾ ਆਖ, ਸੰਦੇਸ਼ਾ ਅਗੰਮ ਅਥਾਹੀਆ । ਉਹ ਵੇਖ ਖੇਲ ਅਲੱਖਣਾ ਅਲਾਖ, ਜਿਸ ਦਾ ਲੇਖਾ ਨਾ ਲਖਿਆ ਜਾਈਆ । ਜੋ ਸਭ ਦਾ ਮਾਈ ਬਾਪ, ਪਿਤਾ ਪੁਰਖ ਅਕਾਲ ਵਡਿਆਈਆ । ਜਿਸ ਵੇਲੇ ਤ੍ਰੇਤਾ ਦੁਆਪਰ ਲੰਘਿਆ ਇਨ੍ਹਾਂ ਦਾ ਲੇਖ ਲਿਖੇ ਜਗਤ ਇਤਿਹਾਸ, ਅੱਖਰਾਂ ਵਿਚ ਵਡਿਆਈਆ । ਕਲਜੁਗ ਅੰਤ ਕਰੇ ਕਰਾਏ ਆਪ, ਆਪ ਆਪਣਾ ਵੇਸ ਵਟਾਈਆ । ਉਸ ਵਕਤ ਇਸ ਦਾ ਜਨਮ ਹੋਵੇ ਵਿਚ ਮਾਤ, ਧਰਨੀ ਧਰਤ ਧਵਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਤੀਜੀ ਚਿੱਠੀ ਤ੍ਰੇਤਾ ਦੁਆਪਰ ਕਲਜੁਗ ਤੀਜੇ ਜੁਗ ਦੀ ਧਾਰ, ਸਹਿਜ ਸਹਿਜ ਸਹਿਜ ਸੁਣਾਈਆ । ਜੋ ਸ਼ਬਦ ਗੁਰੂ ਗੁਰ ਸ਼ਬਦ ਦਿਤਾ ਅਧਾਰ, ਬਿਨਾ ਉਦਰ ਤੋਂ ਆਪ ਜਣਾਈਆ । ਸੋ ਲਹਿਣਾ ਦੇਣਾ ਲੇਖਾ ਪੂਰਾ ਕਰੇ ਕਰਤਾਰ, ਕੁਦਰਤ ਦਾ ਕਰਤਾ ਕਾਦਰ ਨੂਰ ਇਲਾਹੀਆ । ਸੀਤਾ ਦਾ ਬਚਨ ਨਾ ਜਾਏ ਹਾਰ, ਸਹੇਲੀ ਅਕੇਲੀ ਰੰਗ ਰੰਗਾਈਆ । ਰੰਡੀ ਦਾ ਰੰਡੇਪੇ ਵਾਲਾ ਵਾਰ, ਰਹਿਬਰ ਹੋ ਕੇ ਵੇਖ ਵਖਾਈਆ । ਜਨਮ ਕਰਮ ਕਰਮ ਜਨਮ ਤੋਂ ਬਾਹਰ, ਬਾਹਰ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਿਹਾ ਸੀਤਾ ਅੰਤਰ ਆਈ ਵਿਚਾਰ, ਅੰਤਸ਼ਕਰਨ ਧਿਆਨ ਲਗਾਈਆ । ਕਲਜੁਗ ਖੇਲ ਵੇਖਿਆ ਸੰਸਾਰ, ਚਾਰੋਂ ਕੁੰਟ ਕੂੜ ਦੁਹਾਈਆ । ਫੇਰ ਸਹੇਲੀ ਉਤੇ ਨਿਗਾਹ ਲਈ ਮਾਰ, ਨੇਤਰ ਲੋਚਨ ਅੱਖ ਉਠਾਈਆ । ਫੇਰ ਪ੍ਰੇਮ ਵਿਚ

੬੧੭ ਕੀਤਾ ਪਿਆਰ, ਗਲਵਕੜੀ ਆਪਣੇ ਹੱਥ ਵਖਾਈਆ । ਫੇਰ ਪ੍ਰਭ ਦੇ ਅੱਗੇ ਕੀਤੀ ਪੁਕਾਰ, ਨੇਤਰ ਰੋ ਰੋ ਨੀਰ ਵਹਾਈਆ । ਜੇ ਏਸ ਦਾ ਜਨਮ ੬੧੭

੨੨ ਹੋਣਾ ਆਉਣਾ ਦੂਜੀ ਵਾਰ, ਕਲਜੁਗ ਅੰਤਮ ਫੇਰਾ ਪਾਈਆ । ਮੇਲਾ ਮੇਲਣਾ ਸਚ ਦਵਾਰ, ਦਰ ਦਰਬਾਰ ਇਕ ਸੁਹਾਈਆ । ਜਿਸ ਕੰਤ ਦੀ ੨੨

ਬਣੇ ਨਾਰ, ਤਨ ਵਜੂਦ ਤਤ ਸਮਾਈਆ । ਖ਼ਸਮ ਖ਼ਸਮਾਨੇ ਉਹ ਮਰਨ ਨਹੀਂ ਦੇਣਾ ਭਤਾਰ, ਰੰਡੇਪਾ ਜਗਤ ਨਾ ਕੋਇ ਵਖਾਈਆ । ਉਸ ਵੇਲੇ ਸ਼ਬਦ ਗੁਰੂ ਨੇ ਸੀਤਾ ਨਾਲ ਕੀਤਾ ਉਪਕਾਰ, ਬਚਨ ਬਚਨ ਨਾਲ ਮਿਲਾਈਆ । ਪੂਰਾ ਕਰਾਂ ਜ਼ਰੂਰ ਕੌਲ ਇਕਰਾਰ, ਵਾਅਦਾ ਵਾਅਦੇ ਵਿਚ ਰਖਾਈਆ । ਏਸੇ ਕਾਰਨ ਇਹ ਖੇਲ ਹੋਇਆ ਅਪਾਰ, ਜਿਸ ਦਾ ਭੇਵ ਕੋਇ ਨਾ ਪਾਈਆ । ਜੇ ਰਜਿੰਦਰ ਨਾ ਹੁੰਦੀ ਤੇ ਲਹਿਣਾ ਹੁੰਦਾ ਨਾ ਵਿਚ ਸੰਸਾਰ, ਰਣਜੀਤ ਨੂੰ ਸਕਦਾ ਨਾ ਕੋਇ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਪੂਰਾ ਕੀਤਾ ਕੌਲ, ਆਪਣਾ ਤੋੜ ਨਿਭਾਈਆ । ਖੇਲ ਵਖਾ ਕੇ ਉਪਰ ਧੌਲ, ਧਰਮ ਦਿਤਾ ਨਿਭਾਈਆ । ਜੇ ਗੁਰਸਿਖ ਨਾ ਜਾਵੇ ਡੋਲ, ਸਤਿਗੁਰ ਸਦਾ ਸਦਾ ਸਹਾਈਆ । ਸਹੇਲੀ ਦਾ ਸਹਿਜ ਸੁਭਾਓ ਦਾ ਬੋਲ, ਅਨਬੋਲਤ ਪੂਰ ਕਰਾਈਆ । ਜਿਸ ਨੂੰ ਸਮਝੇ ਕੋਇ ਨਾ ਪੰਡਤ ਪਾਂਧਾ ਰੌਲ, ਸ਼ਾਸਤਰ ਸਿਮਰਤ ਵੇਦ ਪੁਰਾਨ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੀਜੇ ਅੰਕ ਦਾ ਲੇਖਾ ਪੂਰਾ ਕਰਨ ਆਇਆ ਕੌਲ, ਗ੍ਰਿਹ ਮੰਦਰ ਮੰਦਰ ਆ ਕੇ ਅੰਦਰ ਖ਼ੁਸ਼ੀ ਬਣਾਈਆ ।

## ✪ ਪਹਿਲੀ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ✪

ਜੋਤੀ ਨਾਰ ਕਹੇ ਮੇਰਾ ਸਚ ਦਾ ਹੋਇਆ ਵਿਵਾਹ, ਵਾਹਵਾ ਵੱਜੀ ਵਧਾਈਆ । ਦੀਨ ਦਿਆਲੇ ਦਇਆ ਲਈ ਕਮਾ, ਕਾਮਲ ਮਿਹਰ ਨਜ਼ਰ ਉਠਾਈਆ । ਪ੍ਰੇਮ ਸੰਦੇਸ਼ਾ ਦਿਤਾ ਸੁਣਾ, ਅਗੰਮ ਅਥਾਹ ਅਥਾਹੀਆ । ਸਾਡੇ ਅੰਦਰੋਂ ਬਦਲ ਸੁਭਾ, ਸਾਹਿਬ ਦਿਤੀ ਵਡਿਆਈਆ । ਚਰਨ ਕਵਲ ਲਿਆ ਬਹਾ, ਦਰ ਦਵਾਰ ਸੁਹਾਈਆ । ਨਿਰੰਤਰ ਦਿਤੀ ਇਕ ਇਤਲਾਹ, ਇਤਆਦਕ ਆਪ ਜਣਾਈਆ । ਮੰਨੋ ਸਚ ਦੀ ਸਲਾਹ, ਸਾਹਿਬ ਸੁਲਤਾਨ ਦ੍ਰਿੜਾਈਆ । ਸੱਯਦਾ ਸੀਸ ਦਿਉ ਝੁਕਾ, ਡੰਡਾਵਤ ਬੰਦਨਾ ਇਕ ਵਖਾਈਆ । ਮੁਹੱਬਤ ਵਿਚ ਸਾਰੇ ਕਰੋ ਹਾਂ, ਨਾਂਹ ਨਾ ਕੋਇ ਦਰਸਾਈਆ । ਧੂੜੀ ਖ਼ਾਕ ਲਓ ਰਮਾ, ਰਹਿਮਤ ਵਿਚ ਸੁਣਾਈਆ । ਇਕੋ ਧਾਰ ਕਹਿਣਾ ਪਿਛਲਾ ਲੇਖਾ ਦਿਤਾ ਗਵਾ, ਦੀਨ ਮਜ਼੍ਹਬ ਰਿਹਾ ਨਾ ਰਾਈਆ । ਝਗੜਾ ਮੁਕਾਓ ਸੂਰ ਤੇ ਗਾਂ, ਢੋਰਾਂ ਖੱਲ ਨਾ ਕੋਇ ਲੁਹਾਈਆ । ਇਕੋ ਜਪਣਾ ਸਭ ਨੇ ਨਾਂ, ਨਿਰੰਕਾਰਾ ਸਿਫ਼ਤ ਸਾਲਾਹੀਆ । ਖ਼ੁਸ਼ੀ ਵਿਚ ਕਹੋ ਵਾਹ ਵਾਹ, ਵਾਹਵਾ ਤੇਰੀ ਬੇਪਰਵਾਹੀਆ । ਤੁਧ ਬਿਨ ਅਵਰ ਨਾ ਕੋਇ ਖ਼ੁਦਾ, ਖ਼ੁਦੀ ਤਕੱਬਰੀ ਦੇਣੀ ਗਵਾਈਆ । ਸਚ ਕਲਮੇ ਦੀ ਲਾਓ ਸਦਾ, ਅਦਾ ਅਵਾਜ਼ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਚ ਵਰ, ਸਚ ਸਚ ਹੁਕਮ ਸੁਣਾਈਆ । ਜੋਤੀ ਨਾਰ ਕਹੇ ਮੇਰੇ ਸਾਹਿਬ ਨੇ ਦਿਤੀ ਸਲਾਹ, ਸਹਿਜ ਨਾਲ ਸੁਣਾਈਆ । ਸ਼ਰਅ ਦਾ ਘੁੰਗਟ ਦੇਣਾ ਲਾਹ, ਮੁਖ ਪੜਦਾ ਰਹੇ ਨਾ ਰਾਈਆ । ਨਾਰ ਸੁਹਾਗਣੇ ਉਚੀ ਕਰ ਦੇ ਬਾਂਹ, ਬਾਜ਼ੂ ਇਕ ਵਖਾਈਆ । ਦੋ ਜਹਾਨਾਂ ਦੱਸਦੇ ਇਹੋ ਪਿਤਾ ਤੇ ਇਹੋ ਮਾਂ, ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਦੇ ਚਰਨੀ ਬਲ ਬਲ ਜਾ, ਸੀਸ ਜਗਦੀਸ ਇਕ ਨਿਵਾਈਆ । ਇਕੋ ਰਹਿਬਰ ਇਕੋ ਵੇਖਣਾ ਰਾਹ, ਰਸਤਾ ਅਵਰ ਨਾ ਕੋਇ ਅਪਨਾਈਆ । ਇਕੋ ਪ੍ਰਾਣਪਤ ਇਕੋ ਸ਼ਾਹੀ ਸ਼ਹਿਨਸ਼ਾਹ, ਪਾਤਸ਼ਾਹ ਇਕ ਅਖਵਾਈਆ । ਇਕੋ ਸੱਯਦਾ ਇਕ ਦੁਆ, ਇਕੋ ਮੰਗ ਮੰਗਾਈਆ । ਇਕੋ ਆਦਮ ਇਕ ਹੱਵਾ, ਇਕੋ ਨੂਰ ਅਗੰਮੀ ਮਾਈਆ । ਇਕੋ ਮਾਲਕ ਦਿਲਰੁਬਾ, ਜੋ ਰਬਾਬ ਸਿਤਾਰ ਰਿਹਾ ਵਜਾਈਆ । ਇਕੋ ਆਲਮ ਆਲਮਾਨ ਉਲਮਾ, ਆਲਮੀਨ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਜਣਾਈਆ । ਜੋਤੀ ਨਾਰ ਕਹੇ ਪ੍ਰਭ ਦਿਤਾ ਇਕ ਸੰਦੇਸ਼ਾ, ਸੰਧਿਆ ਸਰਘੀ ਨਾ ਕੋਇ ਵਡਿਆਈਆ । ਜੁਗ ਚੌਕੜੀ ਤਕੋ ਵੇਸਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਤਨ ਵਜੂਦ ਤਕੋ ਪੇਸ਼ਾ, ਪੇਸ਼ੀਨਗੋਈ ਦਏ ਗਵਾਹੀਆ । ਮਾਲਕ ਤਕੋ ਇਕ ਨਰੇਸ਼ਾ, ਨਰ ਨਰਾਇਣ ਇਕ ਵਡਿਆਈਆ । ਜਿਸ ਨੂੰ ਕਹਿੰਦੇ ਆਏ ਰਹੇ ਹਮੇਸ਼ਾ, ਉਹ ਤੁਹਾਡਾ ਬਣਿਆ ਮਾਹੀਆ । ਸਾਰੇ ਕਹਿ ਦਿਉ ਇਕੋ ਧਾਰ ਦੀਨ ਮਜ਼੍ਹਬ ਦਾ ਛੱਡਿਆ ਪੇਸ਼ਾ, ਹਿਸਾਬ ਵੰਡ ਨਾ ਕੋਇ ਰਖਾਈਆ । ਝਗੜਾ ਰਿਹਾ ਨਾ ਮੂੰਡ ਮੁੰਡਾਏ ਧਾਰੀ ਕੇਸਾ, ਤਤਾਂ ਰੰਗ ਨਾ ਕੋਇ ਰੰਗਾਈਆ । ਲੇਖਾ ਰਹੇ ਨਾ ਮੁੱਲਾਂ ਸ਼ੇਖ਼ਾਂ, ਸ਼ਕਲ ਪ੍ਰਭ ਦੇਣੀ ਬਦਲਾਈਆ । ਸਭ ਨੇ ਮੰਨਣਾ ਇਕੋ ਨੇਤਾ, ਨਰ ਨਰਾਇਣ ਨੂਰ ਇਲਾਹੀਆ । ਜਿਸ ਦੇ ਅੰਦਰ ਤੁਹਾਡਾ ਭੇਤਾ, ਭੇਵ ਨਾ ਕੋਇ ਖੁਲ੍ਹਾਈਆ । ਚਾਰ ਜੁਗ ਦਾ ਸਾਰੇ ਕਰ ਲਉ ਚੇਤਾ, ਚੇਤਨ ਰਿਹਾ ਕਰਾਈਆ । ਤੁਹਾਡਾ ਦੇਸ ਰਿਹਾ ਨਾ ਜਿਸ ਗਏ ਵਿਚ ਪਰਦੇਸਾ, ਆਪਣਾ ਪੰਧ ਰਖਾਈਆ । ਪਿਤਾ ਪੂਤ ਨਜ਼ਰ ਨਾ ਆਏ ਬੇਟੀ ਬੇਟਾ, ਸੰਗੀ ਸੰਗ ਨਾ ਕੋਇ ਬਣਾਈਆ । ਸਾਰੇ ਕਹੋ ਇਕੋ ਖੇਵਟ ਇਕੋ ਖੇਟਾ, ਖ਼ਾਲਕ ਖ਼ਲਕ ਇਕ ਅਖਵਾਈਆ ।

ਇਕੋ ਪ੍ਰੇਮ ਇਕੋ ਹੇਤਾ, ਮੁਹੱਬਤ ਇਕ ਰਖਾਈਆ । ਜਿਸ ਦੇ ਵਸੇ ਸਚਖੰਡ ਦੇਸਾ, ਦੇਸ ਦੇਸੰਤਰ ਡੇਰਾ ਢਾਹੀਆ । ਉਹ ਕਲਜੁਗ ਅੰਤਮ ਆਪਣਾ ਖੇਲ ਕਰੇ ਉਚੇਚਾ, ਊਚ ਅਗੰਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਹੁਕਮ ਇਕ ਉਪਜਾਈਆ । ਜੋਤੀ ਨਾਰ ਕਹੇ ਮੇਰੇ ਸਾਹਿਬ ਨੇ ਦਿਤੀ ਸਿਖਿਆ, ਪ੍ਰੇਮ ਸ਼ਬਦ ਜਣਾਈਆ । ਉਹ ਵੇਖ ਜੇਹੜੀ ਸ੍ਰਿਸ਼ਟੀ ਦੱਸੀ ਮਿਥਿਆ, ਮਥਣ ਵਾਲਾ ਕਵਣ ਅਖਵਾਈਆ । ਚਾਰ ਜੁਗ ਦਾ ਲੇਖ ਵਖਾਇਆ ਲਿਖਿਆ, ਜੋ ਲੇਖਾ ਕਲਮ ਸ਼ਾਹੀਆ । ਫੇਰ ਧਰਮ ਵਖਾਇਆ ਕੂੜ ਦਵਾਰੇ ਵਿਕਿਆ, ਹੱਟ ਸਚ ਨਾ ਕੋਇ ਚਲਾਈਆ । ਮਨਸਾ ਮਨ ਕਿਸੇ ਨਾ ਟਿਕਿਆ, ਧਰਮੀ ਧਰਮ ਨਾ ਕੋਇ ਜਣਾਈਆ । ਫੇਰ ਦੀਨ ਮਜ਼੍ਹਬ ਦਾ ਵਖਾਇਆ ਹਿੱਸਿਆ, ਪਰਦਾ ਪਰਦੇ ਵਿਚੋਂ ਚੁਕਾਈਆ । ਫੇਰ ਲੇਖਾ ਦੱਸਿਆ ਮਿੱਤਰ ਪਿਆਰੇ ਮਿਤਿਆ, ਜੋ ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹੁਕਮ ਇਕੋ ਇਕ ਸੁਣਾਈਆ । ਜੋਤੀ ਨਾਰ ਕਹੇ ਮੈਂ ਸਹਿਜ ਨਾਲ ਬੋਲੀ, ਨਿਮਰਤਾ ਵਿਚ ਸੁਣਾਈਆ । ਸਦਕੇ ਤੈਥੋਂ ਘੋਲੀ, ਵਾਰੀ ਆਪਣਾ ਆਪ ਵਾਰ ਕਰਾਈਆ । ਕਿਉਂ ਕਲਜੁਗ ਅੰਤ ਨਹੀਂ ਬਦਲੀ ਚੋਲੀ, ਚੋਲੇ ਵਾਲਿਆ ਦੇਣਾ ਸਮਝਾਈਆ । ਸਾਨੂੰ ਸਤਿ ਸਚ ਦੀ ਚਾੜ੍ਹ ਕੇ ਡੋਲੀ, ਅਨਡੋਲਤ ਆਪਣੇ ਘਰ ਬਹਾਈਆ । ਸਾਡਾ ਵਾਸਤਾ ਸਾਡੀ ਪਿਛਲੀ ਕਥਾ ਨਾ ਫੋਲੀਂ, ਵਰਕਾ ਜੁਗ ਵਾਲਾ ਉਲਟਾਈਆ । ਅਸੀਂ ਜਾਣਿਆ ਤੇਰਾ ਸ਼ਬਦ ਗੁਰੂ ਤੇਰੇ ਨਾਮ ਦਾ ਢੋਲੀ, ਢੋਲਕ ਜਗਤ ਸਾਡੇ ਗਲ ਵਿਚ ਪਾਈਆ । ਅਸੀਂ ਤੇਰੇ ਸਿਫ਼ਤ ਦੀ ਸਿਫ਼ਤਾਂ ਵਾਲਿਆ ਪਾ ਕੇ ਆ ਗਏ ਰੌਲੀ, ਰੌਣਕ ਮਨਾਂ ਨਾਲ ਬਣਾਈਆ । ਜੁਗ ਚੌਕੜੀ ਖੇਲ ਖਿਲਾਇਆ ਹੌਲੀ ਹੌਲੀ, ਸਹਿਜ ਸਹਿਜ ਦ੍ਰਿੜਾਈਆ । ਸਾਡਾ ਵਾਸਤਾ ਵੇਖੀਂ ਹੁਣ ਕਰੀ ਨਾ ਤੌਲੀ, ਜਲਦੀ ਜਲਦੀ ਕਾਰ ਭੁਗਤਾਈਆ । ਸਾਨੂੰ ਕੁਛ ਵੇਖ ਲੈਣ ਦੇ ਉਪਰ ਧੌਲੀ, ਧਰਮ ਦੀ ਧਾਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹੱਕ ਸੰਦੇਸ਼ਾ ਇਕ ਜਣਾਈਆ । ਜੋਤੀ ਨਾਰ ਕਹੇ ਮੈਂ ਬਿਨਾ ਸੀਸ ਤੋਂ ਕੀਤਾ ਸੱਯਦਾ, ਕਦਮਬੋਸੀ ਬੋਸਿਆਂ ਵਿਚ ਰਖਾਈਆ । ਬਣ ਕੇ ਰੂਪ ਦਾਸੀ ਦਾਸ ਬਰਦਾ, ਸੇਵਕ ਚਾਕਰ ਵੇਸ ਵਟਾਈਆ । ਮੈਂ ਪ੍ਰੇਮ ਵਿਚ ਪੁੱਛਿਆ ਮਾਹੀ ਮੈਨੂੰ ਭੇਤ ਦੱਸ ਦੇ ਆਪਣੇ ਘਰ ਦਾ, ਜੋ ਜੁਗ ਚੌਕੜੀ ਲਿਆ ਲੁਕਾਈਆ । ਤਤਾਂ ਵਾਲਾ ਗੁਰੂ ਅਵਤਾਰ ਪੈਗ਼ੰਬਰ ਤੈਥੋਂ ਰਿਹਾ ਡਰਦਾ, ਭਾਣਾ ਮੰਨ ਕੇ ਸੀਸ ਨਿਵਾਈਆ । ਕਿਸੇ ਨੂੰ ਕਿਹਾ ਸੀਸ ਨਿਵਾ ਲਹਿੰਦਾ ਕਿਸੇ ਨੂੰ ਕਿਹਾ ਚੜ੍ਹਦਾ, ਚੜ੍ਹਦੀਆਂ ਕਲਾਂ ਵਾਲੇ ਤੇਰੀ ਸਮਝ ਕਿਸੇ ਨਾ ਪਾਈਆ । ਕਿਸੇ ਨੂੰ ਕਿਹਾ ਮੇਰਾ ਅੱਖਰਾਂ ਵਾਲਾ ਨਾਮ ਰਹੀਂ ਪੜ੍ਹਦਾ, ਮਾਤਲੋਕ ਮਕਤਬ ਵਿਚ ਸਾਰੇ ਪੜ੍ਹਨੇ ਦਿਤੇ ਪਾਈਆ । ਕਿਸੇ ਨੂੰ ਦੱਸਿਆ ਮੇਰਾ ਰੂਪ ਨਰਾਇਣ ਨਰ ਦਾ, ਨਰ ਹਰਿ ਬੇਪਰਵਾਹੀਆ । ਅੰਤ ਫ਼ੈਸਲਾ ਦੇ ਦਿਤਾ ਮੈਂ ਮਾਤਲੋਕ ਹੋਵਾਂ ਕਲਜੁਗ ਕਲ ਦਾ, ਕਲਕਾਤੀ ਵੇਖ ਵਖਾਈਆ । ਜੇਹੜੇ ਗੁਰ ਅਵਤਾਰ ਪੈਗ਼ੰਬਰ ਰਿਹੋਂ ਘੱਲਦਾ, ਹੁਕਮੀ ਹੁਕਮ ਸੁਣਾਈਆ । ਉਹ ਸਿਫ਼ਤ ਸੁਣਾਂਦਾ ਰਿਹਾ ਤੇਰੇ ਮਹੱਲ ਅਟੱਲ ਦਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਜੋਤੀ ਨਾਰ ਕਹੇ ਆਪਣੇ ਘਰ ਦਾ ਦੱਸ ਦੇ ਘੇਰਾ, ਜਿਥੇ ਰਹਿ ਕੇ ਝਟ ਲੰਘਾਈਆ । ਇਕ ਵਾਰ ਆਪਣੇ ਨਾਲ ਲਗਾ ਦੇ ਗੇੜਾ, ਮੁੜ ਕੇ ਫਿਰਨ ਦੀ ਲੋੜ ਰਹੇ ਨਾ ਰਾਈਆ । ਕਿੱਡਾ ਵਡਾ ਲੰਮਾ

੬੧੯
੨੨

ਵਿਹੜਾ, ਸਹਿਜ ਨਾਲ ਸੁਣਾਈਆ । ਮਿਹਰਵਾਨ ਕਰ ਦੇ ਮਿਹਰਾ, ਮਿਹਰ ਨਜ਼ਰ ਉਠਾਈਆ । ਪੁਰਖ ਅਕਾਲ ਕਿਹਾ ਮੇਰੀ ਜੋਤ ਤਕ ਲੈ ਧਾਰ ਕੇਰਾ, ਇਕੋ ਵਾਰ ਇਕ ਸਮਝਾਈਆ । ਜਿਥੇ ਕਦੇ ਨਾ ਹੋਵੇ ਨਬੇੜਾ, ਆਦਿ ਅੰਤ ਕਹਿਣ ਕੋਇ ਨਾ ਆਈਆ । ਮੇਰਾ ਸਤਿ ਸਰੂਪ ਮੇਰਾ ਵਿਹੜਾ, ਚਾਰ ਦੀਵਾਰ ਛੱਪਰ ਛੰਨ ਕੋਇ ਨਾ ਛਾਈਆ । ਮੇਰੀ ਧਾਰ ਵਿਚ ਰਹਿਣਾ ਕਰਕੇ ਵੱਡਾ ਜੇਰਾ, ਜੇਰਜ ਅੰਡਜ ਉਤਭੁਜ ਸੇਤਜ ਨਜ਼ਰ ਕੋਇ ਨਾ ਆਈਆ । ਜਿਥੇ ਨਾ ਪ੍ਰਕਾਸ਼ ਨਾ ਅੰਧੇਰਾ, ਚੰਨ ਸੂਰੀਆ ਨਾ ਕੋਇ ਚਮਕਾਈਆ । ਮੇਰੇ ਪਿਆਰ ਵਿਚ ਮਾਰ ਲੈ ਫੇਰਾ, ਮੁਹੱਬਤ ਵਿਚ ਫਿਰਨ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਵਰ, ਸਚ ਦਾ ਪਰਦਾ ਆਪ ਉਠਾਈਆ । ਜੋਤੀ ਨਾਰ ਕਹੇ ਮੈਨੂੰ ਸੰਦੇਸ਼ਾ ਦਿਤਾ ਹੋਰ, ਸਹਿਜ ਨਾਲ ਸੁਣਾਈਆ । ਉਹ ਵੇਖ ਅੰਧੇਰਾ ਘੋਰ, ਕਲਜੁਗ ਦਿਆਂ ਦ੍ਰਿੜਾਈਆ । ਮਨ ਮਨਸਾ ਹੋਈ ਚੋਰ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਸ਼ਬਦ ਪ੍ਰੀਤੀ ਗਏ ਤੋੜ, ਸੁਰਤੀ ਸਤਿ ਨਾ ਕੋਇ ਮਿਲਾਈਆ । ਜਗਤ ਵਾਸਨਾ ਰਹੇ ਦੌੜ, ਕਲਜੁਗ ਜੀਵ ਭੱਜਣ ਵਾਹੋ ਦਾਹੀਆ । ਦੀਨ ਮਜ਼੍ਹਬ ਸਕੇ ਕੋਇ ਨਾ ਮੋੜ, ਅੱਗੇ ਹੋ ਨਾ ਕੋਇ ਅਟਕਾਈਆ । ਜਗਤ ਸਾਧ ਬਣੇ ਚੋਰ, ਠੱਗਾਂ ਪਈ ਦੁਹਾਈਆ । ਧੁਰ ਦਾ ਨਾਮ ਕਿਸੇ ਨਾ ਕੋਲ, ਵਸਤ ਸਚ ਨਾ ਕੋਇ ਵਰਤਾਈਆ । ਸਿਫ਼ਤੀ ਢੋਲੇ ਰਹੇ ਬੋਲ, ਅਨਬੋਲਤ ਰਾਗ ਨਾ ਕੋਇ ਸੁਣਾਈਆ । ਫਿਰੀ ਦੁਹਾਈ ਉਪਰ ਧੌਲ, ਧਰਮ ਦੀ ਧਾਰ ਨਾ ਕੋਇ ਵਖਾਈਆ । ਪੂਰਬ ਕਰੇ ਕਿਸੇ ਨਾ ਕੌਲ, ਇਕਰਾਰ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਪੁਰਖ ਅਕਾਲ ਕਿਹਾ ਮੇਰਾ ਗ੍ਰਿਹਿ ਤਕਣਾ ਤਕਣਾ ਚਾਰੇ ਕੂਟ, ਕੁਟੀਆ ਆਪਣੀ ਫੋਲ ਫੁਲਾਈਆ । ਮੇਰਾ ਖੇਲ ਤਕਣਾ ਤਕਣਾ ਜੂਠ ਝੂਠ, ਜੋ ਕਲਜੁਗ ਕਾਇਆ ਭਰਮ ਭੁਲਾਈਆ । ਮੇਰਾ ਧਰਮ ਤਕਣਾ ਮੋਹ ਵਿਕਾਰਾ ਤਕਣਾ ਪੂਤ, ਪਿਤਾ ਪੁਰਖ ਅਕਾਲ ਨਾ ਕੋਇ ਮਨਾਈਆ । ਮੇਰਾ ਖੇਲ ਤਕਣਾ ਸਤਿ ਧਰਮ ਕਰਕੇ ਗਿਆ ਕੂਚ, ਕੂਚਾ ਗਲੀ ਰੋਵੇ ਮਾਰੇ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਜੋਤੀ ਧਾਰ ਕਹੇ ਮੇਰੇ ਸਾਹਿਬ ਹੱਥ ਜੋੜੇ, ਜੋੜੀ ਤੇਰੇ ਨਾਲ ਬਣਾਈਆ । ਅਗੰਮ ਅਗੰਮੜੇ ਚੜ੍ਹ ਘੋੜੇ, ਵਾਗਾਂ ਨਿਰਗੁਣ ਹੱਥ ਉਠਾਈਆ । ਕਲਜੁਗ ਜੀਵ ਵੇਖੇ ਮਿੱਠੇ ਕੌੜੇ, ਕੂੜੀ ਕਿਰਿਆ ਫੋਲ ਫੁਲਾਈਆ । ਮੋਹ ਵਿਕਾਰ ਕੋਇ ਨਾ ਹੋੜੇ, ਸੱਸੇ ਦਾ ਹੋੜਾ ਦਏ ਦੁਹਾਈਆ । ਆਤਮ ਪਰਮਾਤਮ ਕੋਇ ਨਾ ਜੋੜੇ, ਦੀਨ ਦੁਨੀ ਮੇਲ ਨਾ ਕੋਇ ਮਿਲਾਈਆ । ਕੁਛ ਯਾਦ ਕਰ ਲੈ ਨਾਨਕ ਧਾਰ ਕਿਹਾ ਜਿਸ ਵੇਲੇ ਸੇਜਾ ਸੁੱਤਾ ਰੋੜੇ, ਕੰਕਰਾਂ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਰ ਸਾਚਾ ਇਕ ਵਖਾਈਆ । ਜੋਤੀ ਧਾਰ ਕਹੇ ਮੇਰੇ ਧਰਨਾਪਤਿ, ਪਤਿ ਤੇਰੀ ਸਰਨਾਈਆ । ਸਾਨੂੰ ਸਾਚੀ ਸਿਖਿਆ ਦਿਤੀ ਮਤ, ਮਤ ਮਤਾਂਤਰ ਡੇਰਾ ਢਾਹੀਆ । ਸਾਡੀ ਦੀਨ ਮਜ਼੍ਹਬ ਨਾਲ ਉਬਲੇ ਰੱਤ, ਰੱਤੀ ਰੱਤ ਦਿਤੀ ਸੁਕਾਈਆ । ਆਪਣੀ ਆਪ ਜਣਾ ਕੇ ਮਿਤ ਗਤ, ਗਤਮਿਤ ਆਪਣੀ ਆਪ ਬਣਾਈਆ । ਸਚ ਦਵਾਰੇ ਕਰਕੇ ਹਿਤ, ਹਿਤਕਾਰੀ ਲਿਆ ਪਰਨਾਈਆ । ਤੇਰਾ ਹੁਕਮ ਮੰਨੀਏ ਨਿਤ, ਨਵਿਤ ਤੇਰੀ ਸੇਵ ਕਮਾਈਆ । ਤੂੰ ਸਭ ਦੇ ਆਵੇਂ ਚਿਤ, ਚਿਤ ਠਗੌਰੀ ਰਹੇ ਨਾ ਰਾਈਆ । ਤੂੰ ਸਵਾਮੀ ਮਾਲਕ ਪਿਤ, ਪਤਿਪਰਮੇਸ਼ਵਰ ਵਡ ਵਡਿਆਈਆ । ਸਾਡੀ ਇਕ ਬੇਨੰਤੀ ਆਪਣੇ ਭਗਤ ਸੁਹੇਲੇ ਖਿੱਚ, ਸ਼ਬਦੀ

ਸ਼ਬਦ ਸ਼ਬਦ ਮਿਲਾਈਆ । ਵਕਤ ਸੁਹੰਜਣਾ ਸੁਹੰਜਣੀ ਕਰਦੇ ਥਿਤ, ਥਿਤ ਵਾਰ ਵੱਜੇ ਵਧਾਈਆ । ਤੈਨੂੰ ਖੋਜਦੇ ਗਏ ਕੇਤੇ ਕਿਤ, ਕੋਟਨ ਕੋਟ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਖਹਿੜਾ ਛੁਡਾਉਣਾ ਪੱਥਰ ਇੱਟ, ਪਾਹਨ ਰੂਪ ਨਾ ਕੋਇ ਬਣਾਈਆ । ਜੋਤੀ ਧਾਰ ਕਹੇ ਮੇਰਾ ਝਗੜਾ ਰਹੇ ਨਾ ਅੱਖਰ, ਆਖ਼ਰ ਦਿਆਂ ਸੁਣਾਈਆ । ਮੇਰਾ ਇਸ਼ਟ ਰਹੇ ਨਾ ਪੱਥਰ, ਇੱਟਾਂ ਵੰਡ ਨਾ ਕੋਇ ਵੰਡਾਈਆ । ਮੇਰੀ ਜ਼ਾਤ ਰਹੇ ਨਾ ਟੱਕਰ, ਸ਼ਰਅ ਰਹੇ ਨਾ ਕੋਇ ਲੜਾਈਆ । ਮੇਰੀ ਸ਼ਰੀਣੀ ਰਹੇ ਖੰਡ ਨਾ ਸ਼ੱਕਰ, ਜਗਤ ਰਸ ਨਾ ਕੋਇ ਚਖਾਈਆ । ਮੇਰਾ ਭਾਗ ਰਹੇ ਨਾ ਵੱਖਰ, ਹਿੱਸਿਆਂ ਵੰਡ ਨਾ ਕੋਇ ਵੰਡਾਈਆ । ਮੇਰੀ ਵਡਿਆਈ ਰਹੇ ਨਾ ਸਤਰ, ਲਾਈਨਾਂ ਰੰਗ ਰੰਗਾਈਆ । ਮੇਰਾ ਸੰਦੇਸ਼ਾ ਰਹੇ ਨਾ ਪੱਤਰ, ਪੱਤ੍ਰਕਾ ਜਗਤ ਪੜ੍ਹਾਈਆ । ਮੇਰਾ ਗ੍ਰਿਹ ਰਹੇ ਨਾ ਨਛੱਤਰ, ਹਿੱਸਿਆਂ ਰੰਗ ਚੜ੍ਹਾਈਆ । ਇਕੋ ਤੇਰੇ ਪ੍ਰੇਮ ਦਾ ਪ੍ਰਭੂ ਪ੍ਰੀਤਮ ਹੋਵੇ ਅਸਰ, ਅਸਲੀਅਤ ਇਕ ਸਮਝਾਈਆ । ਤੇਰੇ ਪਿਆਰ ਵਿਚ ਅੱਗੇ ਸਾਰੇ ਕਰੀਏ ਬਸਰ, ਬਿਸਤਰ ਇਕੋ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਨਾਰ ਕਹੇ ਸਾਨੂੰ ਬਖ਼ਸ਼ੀਂ ਸਿਦਕ ਸਬੂਰੀ, ਪਿਆਲਾ ਸਬਰ ਜਾਮ ਪਿਆਈਆ । ਇਕ ਨੂਰ ਤਕ ਕੇ ਨੂਰੀ, ਨੂਰ ਨੁਰਾਨੇ ਵਿਚ ਸਮਾਈਆ । ਦਰ ਬਰਦੀ ਬਣ ਹਜ਼ੂਰੀ, ਹਜ਼ੂਰ ਅੱਗੇ ਸੀਸ ਝੁਕਾਈਆ । ਮੈਂ ਤੇਰੀ ਕਰਾਂ ਮਜ਼ਦੂਰੀ, ਮਾਂਗਤ ਹੋ ਕੇ ਝੋਲੀ ਢਾਹੀਆ । ਕਲਜੁਗ ਸ਼ਰਅ ਮੇਟ ਕੇ ਕੂੜੀ, ਕਿਰਿਆ ਕੁਕਰਮ ਦੇਣੀ ਗਵਾਈਆ । ਬੁੱਧੀ ਰਹੇ ਕੋਇ ਨਾ ਮੂੜ੍ਹੀ, ਮੂਰਖ ਮੁਗਧ ਦੇਣੇ ਤਰਾਈਆ । ਇਕੋ ਚਰਨ ਬਖ਼ਸ਼ਣੀ ਧੂੜੀ, ਟਿੱਕੇ ਖ਼ਾਕ ਰਮਾਈਆ । ਮੈਂ ਚਾਹੁੰਦੀ ਪ੍ਰਭੂ ਦਿਨੇ ਜਾਗਦਿਆਂ ਰਾਤੀਂ ਸੁੱਤਿਆਂ ਤੇਰਾ ਸ਼ਬਦ ਤੇਰੇ ਨਾਮ ਦੀ ਕਰੇ ਮਸ਼ਹੂਰੀ, ਲੱਖ ਚੁਰਾਸੀ ਅੰਦਰ ਆਵਾਜ਼ ਸੁਣਾਈਆ । ਤੈਨੂੰ ਲੱਭਦੀ ਫਿਰੇ ਮੰਜ਼ਲ ਕੋਹਤੂਰੀ, ਤੁਰੀਆ ਤੋਂ ਪਰੇ ਧਿਆਨ ਲਗਾਈਆ । ਪਰ ਇਕ ਕਿਰਪਾ ਕਰੀਂ ਮੇਰੇ ਵੱਲ ਵੱਟੀਂ ਕਦੇ ਨਾ ਘੂਰੀ, ਗ਼ੁੱਸੇ ਨਾਲ ਡਰਾਈਆ । ਜੇ ਮੈਂ ਤੇਰਾ ਰੂਪ ਤੂੰਹੇ ਮੇਰਾ ਨੂਰੀ, ਨੂਰ ਨੁਰਾਨਾ ਸੋਭਾ ਪਾਈਆ । ਮੇਰੇ ਕਸੂਰ ਨੂੰ ਸਦਾ ਸਮਝੀਂ ਬੇਕਸੂਰੀ, ਕਸਰ ਅਸ਼ਾਰੀਏ ਨਾਲ ਦੇਣਾ ਉਡਾਈਆ । ਨਿਗਹ ਮਾਰ ਲੈ ਕਿਸ ਬਿਧ ਕਲਜੁਗ ਪਾਉਣੀ ਫ਼ਤੂਰੀ, ਫ਼ਤਵਾ ਕੀ ਲਗਾਈਆ । ਕੀ ਮਤ ਹੋਣੀ ਹੂੜੀ, ਬੁੱਧਹੀਣ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਰ ਆਪਣਾ ਆਪ ਜਣਾਈਆ । ਜੋਤੀ ਨਾਰ ਕਹੇ ਮੈਂ ਹੋਵਾਂ ਤੇਰੀ ਸੁਲੱਖਣੀ, ਸੋਹਣੀ ਸੋਭਾ ਪਾਈਆ । ਮੇਰੀ ਝੋਲੀ ਰਹੇ ਨਾ ਸੱਖਣੀ, ਭਗਤਾਂ ਪ੍ਰੇਮ ਨਾਲ ਭਰਾਈਆ । ਮੇਰੀ ਮੁਹੱਬਤ ਉਨ੍ਹਾਂ ਨਾਲ ਰੱਖਣੀ, ਜੇਹੜੇ ਤੇਰਾ ਢੋਲਾ ਗਾਈਆ । ਮੈਂ ਤੇਰਾ ਰੂਪ ਅਲਖ ਅਲੱਖਣੀ, ਜਨਮ ਮਰਨ ਵਿਚ ਨਾ ਆਈਆ । ਜੇ ਪ੍ਰਭੂ ਤੂੰ ਮੈਨੂੰ ਬਣਾਇਆ ਪਤਨੀ, ਪਤਿਪਰਮੇਸ਼ਵਰ ਹੋ ਕੇ ਦੇਣਾ ਵਖਾਈਆ । ਜੇਹੜੇ ਤੇਰੇ ਭਗਤ ਸੁਹੇਲੇ ਕਲਜੁਗ ਹੋ ਗਏ ਬੇਵਤਨੀ, ਉਨ੍ਹਾਂ ਨੂੰ ਆਪਣੇ ਵਤਨ ਦੇਣਾ ਪਹੁੰਚਾਈਆ । ਮੈਂ ਆ ਗਈ ਤੇਰੇ ਪੱਤਨੀ, ਕੰਢੇ ਬੈਠੀ ਸੋਭਾ ਪਾਈਆ । ਮੇਰੇ ਸਾਹਿਬਾ ਉਨ੍ਹਾਂ ਦੀ ਪਤ ਰੱਖਣੀ, ਜੋ ਤੇਰਾ ਨਾਮ ਧਿਆਈਆ । ਮੈਂ ਉਹ ਸਖ਼ੀ ਨਹੀਂ ਜਿਸਨੇ ਕਾਹਨ ਨੂੰ ਖਵਾਈ ਮੱਖਣੀ, ਦੁੱਧਾਂ ਧਾਰ ਵਹਾਈਆ । ਮੈਂ ਤਤਾਂ ਵਾਲੀ ਨਹੀਂ ਜੋ ਤੇਰੇ ਅੱਗੇ ਨੱਚਣੀ, ਨੇਤਰ ਨੈਣਾਂ ਅੱਖ ਮਟਕਾਈਆ । ਮੈਂ ਤੇ ਇਕ ਜਾਣਦੀ ਤੇਰਾ ਮੇਰਾ ਕੌਲ ਤੇ ਤੂੰ ਪੂਰਾ ਰਹੀਂ ਉਤੇ ਬਚਨੀ, ਅਭੁੱਲ ਭੁੱਲ ਕਦੇ ਨਾ ਜਾਈਆ । ਮੇਰੇ ਮਹਿਬੂਬ ਤੇਰੀ ਸਦੀ ਚੌਧਵੀਂ ਕਦੇ ਨਹੀਂ ਟੱਪਣੀ, ਟਾਪੂਆਂ ਦੇ ਟੱਪੇ ਦੇਣੇ

ਗਵਾਈਆ । ਮੈਂ ਨੈਣ ਉਘਾੜ ਕੇ ਤਕਣੀ, ਕਿਸ ਵੇਲੇ ਤੇਰੇ ਭਗਤਾਂ ਦੀ ਹਾੜ੍ਹੀ ਪੱਕਣੀ, ਹਾੜ੍ਹਾ ਕਢ ਕੇ ਦਿਆਂ ਸੁਣਾਈਆ । ਤੇਰੇ ਭਗਤਾਂ ਦੀ ਬਸਤੀ ਵਸਣੀ, ਸਚ ਦਵਾਰੇ ਬਹਿ ਕੇ ਖ਼ੁਸ਼ੀ ਵਖਾਈਆ । ਮੈਂ ਖੇਲ ਤਕਣਾ ਆਪਣੀ ਅੱਖਣੀ, ਬਿਨ ਅੱਖਾਂ ਅੱਖ ਖੁਲ੍ਹਾਈਆ । ਜੇ ਤੇਰਾ ਹੁਕਮ ਪੂਰਾ ਨਾ ਹੋਵੇ ਤੇ ਮੈਂ ਮਰ ਜਾਵਾਂ ਨੱਕ ਡੋਬ ਕੇ ਵਿਚ ਚੱਪਣੀ, ਜਗਤ ਕਹਾਣੀ ਪਿਛਲੀ ਚਲੀ ਆਈਆ । ਫੇਰ ਤੇਰੀ ਕਥਾ ਕਹਾਣੀ ਕਿਸੇ ਨਹੀਂ ਰਟਣੀ, ਤੇਰਾ ਢੋਲਾ ਕੋਇ ਨਾ ਗਾਈਆ । ਜੇ ਤੂੰ ਲਾੜਾ ਬਣਿਆ ਸ਼ਿੰਗਾਰ ਕੀਤਾ ਲਾ ਕੇ ਵੱਟਣੀ, ਸੋਹਣਾ ਰੂਪ ਦਰਸਾਈਆ । ਮੇਰਾ ਵਾਸਤਾ ਮੇਰੇ ਮਹਿਬੂਬ ਜ਼ਰੂਰ ਕਲਜੁਗ ਦੀ ਜੜ੍ਹ ਪੁਟਣੀ, ਪਟਨੇ ਵਾਲਾ ਤੇਰਾ ਸੋਭਾ ਪਾਈਆ । ਫੇਰ ਮੈਂ ਖ਼ੁਸ਼ੀਆਂ ਦੇ ਵਿਚ ਤੇਰੀ ਹਸਤੀ ਤਕ ਕੇ ਹੱਸਣੀ, ਹੱਸ ਹੱਸ ਕੇ ਦਿਆਂ ਵਖਾਈਆ । ਮੈਂ ਫਿਰਾਂ ਉੱਤਰ ਪੂਰਬ ਪੱਛਮੀ, ਦੱਖਣ ਵਾਹੋ ਦਾਹੀਆ । ਤੇਰੀ ਖੇਲ ਵੇਖਣੀ ਰਸਮੀ, ਕਲਜੁਗ ਰਸਮੇ ਰਿਵਾਜ ਦੇਣਾ ਬਦਲਾਈਆ । ਮੈਨੂੰ ਤੇਰੀ ਸੁਗੰਦ ਤੇ ਤੇਰੀ ਕਸਮੀ, ਕਸਮ ਖਾ ਕੇ ਰਹੀ ਦ੍ਰਿੜਾਈਆ । ਤੇਰੇ ਚਰਨਾਂ ਦੀ ਧੂੜ ਲਾਉਣੀ ਭਸਮੀ, ਭਸਮ ਕਰ ਦੇ ਕੂੜ ਲੋਕਾਈਆ । ਤੂੰ ਇਕੋ ਨਜ਼ਰ ਆਵੇਂ ਇਸਮੀ, ਆਜ਼ਮ ਤੇਰਾ ਨੂਰ ਖ਼ੁਦਾਈਆ । ਮਾਨਵ ਜ਼ਾਤੀ ਤੇਰੀ ਕਿਸਮੀ, ਕਿਸਮ ਸਭ ਨੂੰ ਦੇਣੀ ਸਮਝਾਈਆ । ਪੁਰਖ ਅਕਾਲੇ ਦੀਨ ਦਿਆਲੇ ਝਗੜਾ ਮੇਟ ਦੇ ਜਿਸਮੀ, ਜਿਸਮ ਜ਼ਮੀਰ ਅੰਦਰੋਂ ਦੇਣੀ ਬਦਲਾਈਆ । ਤੂੰ ਮਾਲਕ ਆਦਿ ਜੁਗਾਦਿ ਦਾ ਮਿਸ਼ਨੀ, ਮਿਸ਼ਨ ਆਪਣਾ ਦੇਣਾ ਚਲਾਈਆ । ਕੀ ਕਰੇ ਰਾਮ ਤੇ ਕ੍ਰਿਸ਼ਨੀ, ਕੀ ਪੈਗ਼ੰਬਰ ਸਿਫ਼ਤ ਸਾਲਾਹੀਆ । ਇਕੋ ਤੇਰੀ ਧਾਰ ਦੋ ਜਹਾਨਾਂ ਦਿਸਣੀ, ਦੂਜਾ ਨਜ਼ਰ ਕੋਇ ਨਾ ਆਈਆ । ਤੂੰ ਮੇਰਾ ਸਤਿਗੁਰ ਤੇ ਮੈਂ ਤੇਰੀ ਸਿੱਖਣੀ, ਸਿੱਖ ਸਤਿਗੁਰ ਵਿਚ ਸਮਾਈਆ । ਨੌਂ ਸੌ ਚੁਰਾਨਮੇ ਚੌਕੜੀ ਜੁਗ ਪਿਛੋਂ ਤੇਰੀ ਲੇਖ ਲੇਖਣੀ ਪੰਜਾਂ ਲਿਖਾਰੀਆਂ ਲਿਖਣੀ, ਗੋਬਿੰਦ ਦੇ ਕੇ ਗਿਆ ਗਵਾਹੀਆ । ਤੇਰੇ ਵੈਰਾਗ ਵਿਚ ਮੈਂ ਸਾਰੀ ਦੁਨੀਆ ਪਿਟਣੀ, ਦੁਹੱਥੜ ਮਾਰ ਕੇ ਦਿਆਂ ਸੁਣਾਈਆ । ਵੇ ਮੇਰੇ ਪ੍ਰਭੂ ਤੇਰੇ ਹੁੰਦਿਆਂ ਮੈਨੂੰ ਸਾਰੇ ਕਰਦੇ ਟੀਕਾ ਟਿਪਣੀ, ਮੂਰਖ ਮੂੜ੍ਹ ਉਂਗਲਾਂ ਰਹੇ ਉਠਾਈਆ । ਬੇਸ਼ਕ ਮੈਂ ਤੇਰੇ ਨਾਲੋਂ ਵੱਡੀ ਤੇ ਤੇਰੇ ਨਾਲੋਂ ਨਿਕਣੀਂ, ਤੇਰੇ ਵਿਚ ਸਮਾਈਆ । ਮੈਨੂੰ ਆਪੇ ਦੱਸ ਦੇ ਮੈਂ ਚਾਰ ਜੁਗ ਦੀ ਧਾਰ ਤੇਰੇ ਵਾਸਤੇ ਕਿਤਨੀ, ਕੀ ਮੇਰੀ ਵੰਡ ਵੰਡਾਈਆ । ਬਿਨ ਤੇਰੀ ਕਿਰਪਾ ਤੇਰੇ ਦਰ ਸੁਰਤੀ ਕਿਸੇ ਨਾ ਟਿਕਣੀ, ਟਿੱਕਿਆਂ ਵਾਲੇ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਵਰ, ਸਚ ਦਵਾਰੇ ਆਸ ਰਖਾਈਆ । ਜੋਤੀ ਧਾਰ ਕਹੇ ਮੇਰੇ ਮਾਲਕ ਕਰਾਂ ਕੀ ਬੇਨੰਤੀ, ਬਿਨੈ ਕੀ ਸੁਣਾਈਆ । ਕਲਜੁਗ ਘਰ ਘਰ ਵੇਖ ਮਹੰਤੀ, ਦਰ ਦਰ ਡੇਰੇ ਲਾਈਆ । ਗੜ੍ਹ ਬਣਿਆ ਹਉਮੇ ਹੰਗਤੀ, ਹੰ ਬ੍ਰਹਮ ਨਾ ਕੋਇ ਸਮਝਾਈਆ । ਪੰਡਤ ਪਾਂਧੇ ਖਾਂਦੇ ਪੰਗਤੀ, ਰਸਾਂ ਮੁਖ ਭਰਾਈਆ । ਤ੍ਰਿਸ਼ਨਾ ਪੂਰੀ ਹੋਈ ਨਾ ਅੰਨ ਦੀ, ਵਿਸ਼ਨੂੰ ਰਿਹਾ ਕੁਰਲਾਈਆ । ਇਕ ਗੱਲ ਯਾਦ ਕਰ ਲੈ ਗੁਜ਼ਰੀ ਗੋਬਿੰਦ ਚੰਨ ਦੀ, ਜੇਹੜਾ ਤੇਰੇ ਅੰਦਰ ਵਾਸਤਾ ਪਾ ਕੇ ਗਿਆ ਸੁਣਾਈਆ । ਜਿਸ ਵੇਲੇ ਸ੍ਰਿਸ਼ਟੀ ਚੋਰ ਹੋ ਗਈ ਕੰਨ ਦੀ, ਚੁਗ਼ਲੀ ਨਿੰਦਿਆਂ ਵਿਚ ਸੁਣਾਈਆ । ਉਸ ਵੇਲੇ ਜਨਣੀ ਭਗਤ ਹੋਣੀ ਕੋਈ ਨਹੀਂ ਜਣਦੀ, ਸਾਂਤਕ ਸਤਿ ਨਾ ਕੋਇ ਸਮਾਈਆ । ਤ੍ਰਿਸ਼ਨਾ ਵਧਣੀ ਤਮ ਦੀ, ਤਾਮਸ ਵਿਚ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਜੋਤੀ ਧਾਰ ਕਹੇ ਮੈਂ ਨਾਰ ਸੁਹਾਗਣ ਚੰਗੀ, ਸਚ ਸਾਹਿਬ ਸੇਵ ਕਮਾਈਆ । ਜੋ ਮੰਗ ਅਗੰਮੀ ਮੰਗੀ, ਸੋ ਮੰਗ ਦਿਆਂ ਸਮਝਾਈਆ । ਜਿਸ

ਵੇਲੇ ਕਲ ਕਾਤੀ ਵਾਸਨਾ ਹੋਈ ਗੰਦੀ, ਮੰਦ ਭਾਗ ਦਿਸੇ ਲੋਕਾਈਆ । ਸਾਚੀ ਮੰਜ਼ਲ ਚਲੇ ਕੋਇ ਨਾ ਡੰਡੀ, ਡੰਡਾਵਤ ਬੰਦਨਾ ਨਾ ਕੋਇ ਦਰਸਾਈਆ । ਸ੍ਰਿਸ਼ਟੀ ਨੇਤਰ ਹੋ ਜਾਏ ਅੰਧੀ, ਪ੍ਰਭ ਦਾ ਦਰਸ ਕੋਇ ਨਾ ਪਾਈਆ । ਕਲਜੁਗ ਅੰਤਮ ਆਵੇ ਕੰਢੀ, ਸਦੀ ਚੌਧਵੀਂ ਨਾਲ ਰਲਾਈਆ । ਮਨ ਵਾਸਨਾ ਹੋਵੇ ਪਾਖੰਡੀ, ਦੁਤੀਆ ਭਾਉ ਵਧਾਈਆ । ਸਦੀ ਚੌਧਵੀਂ ਜਾਏ ਲੰਘੀ, ਵੇਲਾ ਵਕਤ ਅੰਤ ਸਮਝਾਈਆ । ਪੁਰਖ ਅਕਾਲ ਖੇਲੇ ਖੇਲ ਸਾਹਿਬ ਬਖ਼ਸ਼ਿੰਦੀ, ਬਖ਼ਸ਼ਣਹਾਰ ਦਇਆ ਕਮਾਈਆ । ਗੋਬਿੰਦ ਧਾਰ ਕਰ ਕੇ ਨੰਗੀ, ਪਰਦਾ ਓਹਲਾ ਦਏ ਚੁਕਾਈਆ । ਜਨ ਭਗਤਾਂ ਸੀਸ ਦਸਤਾਰ ਜਾਏ ਰੰਗੀ, ਲਾਲ ਗੁਲਾਲਾ ਰੰਗ ਵਖਾਈਆ । ਕਰਨੈਲ ਸਿੰਘ ਫੜਾ ਦੇ ਹੱਥ ਬੰਨ੍ਹੀ, ਬੰਦਨਾ ਕਰ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਪਗੜੀ ਕਹੇ ਮੇਰਾ ਰੰਗ ਲਾਲ ਗੁਲਾਲਾ, ਗੋਬਿੰਦ ਹੱਥ ਵਡਿਆਈਆ । ਮੇਰਾ ਸਾਹਿਬ ਸਦਾ ਪ੍ਰਿਤਪਾਲਾ, ਪ੍ਰਿਤਪਾਲਕ ਇਕ ਅਖਵਾਈਆ । ਜਿਸ ਦਾ ਨਾਮ ਸਤਿ ਸੁਖਾਲਾ, ਸਹਿਜ ਸਹਿਜ ਦ੍ਰਿੜਾਈਆ । ਜਨ ਭਗਤਾਂ ਤੋੜ ਕੇ ਕੂੜ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਲੇਖਾ ਜਾਣ ਕੇ ਮਾਝੀ ਹਾਲਾ, ਅੱਗੇ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਪਗੜੀ ਕਹੇ ਧਰਮ ਦੀ ਧਾਰ ਦੇ ਦਿਉ ਖੱਦਰ, ਮਾਂ ਪੁੱਤ ਹੱਥ ਉਠਾਈਆ । ਜਿਸ ਨੇ ਸ੍ਰਿਸ਼ਟੀ ਦ੍ਰਿਸ਼ਟੀ ਕਰਨੀ ਪੱਧਰ, ਕੂੜੀ ਕਿਰਿਆ ਬਾਹਰ ਕਢਾਈਆ । ਜਨ ਭਗਤਾਂ ਆਸਾ ਮਨਸਾ ਪੂਰੀ ਕਰੇ ਸੱਧਰ, ਸਦਮਾ ਰੋਗ ਰਹਿਣ ਨਾ ਪਾਈਆ । ਕਲਜੁਗ ਅੰਤਮ ਚਾਰੋਂ ਕੁੰਟ ਪਾਏ ਗ਼ਦਰ, ਗਦਾਗਰ ਕਰੇ ਲੋਕਾਈਆ । ਜਨ ਭਗਤ ਇਕੱਠਾ ਕਰ ਕੇ ਟੱਬਰ, ਸ਼ਬਦੀ ਰੱਸਾ ਡੋਰੀ ਹੱਥ ਉਠਾਈਆ । ਸਦੀ ਚੌਧਵੀਂ ਕਰ ਕੇ ਅਦਲ, ਇਨਸਾਫ਼ ਲਏ ਕਮਾਈਆ । ਕਲਜੁਗ ਵਿਚ ਸਤਿਜੁਗ ਜਾਣਾ ਬਦਲ, ਬਦਲਾ ਦੇਵੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਵਰ, ਸਚ ਕਰਨੀ ਕਾਰ ਕਮਾਈਆ । ਪਗੜੀ ਕਹੇ ਮੈਂ ਲਾਲ ਇਕ, ਇਕ ਦਿਤੀ ਵਡਿਆਈਆ । ਇਕ ਦੇ ਨਾਲ ਇੱਕੀ ਲੈਣੇ ਲਿਖ, ਸ਼ਬਦੀ ਸ਼ਬਦ ਹੁਕਮ ਲਿਖਾਈਆ । ਛੱਬੀ ਪੋਹ ਮਰਿਆਦਾ ਦੱਸਣੀ ਕਿਸ ਬਿਧ ਬਣਦਾ ਸਿੱਖ, ਸਿੱਖ ਸਤਿਗੁਰ ਵਿਚ ਸਮਾਈਆ । ਜਿਸ ਵੱਲ ਕਦੇ ਨਾ ਹੋਵੇ ਪਿਠ, ਪਿਛਾ ਦੇ ਨਾ ਮੁਖ ਭਵਾਈਆ । ਜੇਹੜਾ ਪੈਂਡਾ ਸਵਾ ਗਿਠ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਘਰ ਵਸ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਦਏ ਕਰਾਈਆ । ਸਚ ਸੁਹੰਜਣੀ ਕਰ ਕੇ ਥਿਤ, ਰੁਤੜੀ ਆਪਣੇ ਨਾਲ ਮਹਿਕਾਈਆ । ਭਾਗ ਲਗਾ ਕੇ ਕਾਇਆ ਬੁਤ, ਬੁਤਖ਼ਾਨੇ ਕਰੇ ਰੁਸ਼ਨਾਈਆ । ਜੋ ਲੇਖਾ ਲੇਖ ਪਿਛਲਾ ਸੀਸ ਚੁੱਕ ਕੇ ਲਿਆਇਆ ਗੁਰਮੀਤ ਸਿੰਘ ਸੁੱਤ, ਸੁਤ ਦੁਲਾਰੇ ਗੁਰਮੁਖ ਆਪ ਉਪਜਾਈਆ । ਕੁਛ ਰਸ ਲਗਾਉਣਾ ਮੁਖ, ਕਾਲੇ ਜਾਮਨ ਦਿਉ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਪਗੜੀ ਕਹੇ ਮੇਰਾ ਪਿਆਰ ਨਾਲ ਰੱਸੇ, ਜੋ ਰਸਤਾ ਰਿਹਾ ਵਖਾਈਆ । ਜਿਸ ਨੇ ਸ੍ਰਿਸ਼ਟੀ ਕਰਨੀ ਬੇਵਸੇ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਕੂੜੀ ਕਿਰਿਆ ਗੰਢ ਕਸੇ, ਬਿਨ ਸਤਿਗੁਰ ਸ਼ਬਦ ਨਾ ਕੋਇ ਖੁਲ੍ਹਾਈਆ । ਚਾਰੋਂ ਕੁੰਟ ਕਰਕੇ ਰੈਣ ਅੰਧੇਰੀ ਮੱਸੇ, ਧੁਰ ਦਾ ਚੰਦ ਚੰਦ ਦਏ ਛੁਪਾਈਆ । ਜੇਹੜਾ ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਜਪੇ, ਜਗਜੀਵਣ ਦਾਤਾ ਦਏ ਮਿਲਾਈਆ । ਇਕੋ ਵਡਿਆਈ ਮਿਲਣੀ ਪੂਰਨ ਅੱਖਰ ਪੱਪੇ, ਪਾਰਬ੍ਰਹਮ ਰੰਗ ਰੰਗਾਈਆ । ਝਗੜਾ ਰਹੇ


੬੨੩ ੨੨

੬੨੪ ੨੨

ਨਾ ਚੁੰਕੇ ਚੁਨਾਂਚੇ ਅਲਬੱਤੇ, ਫ਼ਿਕਰੇ ਸਭ ਦੇ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਵਰ, ਸਚ ਮੇਲਾ ਲਏ ਮਿਲਾਈਆ । ਜੋਤੀ ਨਾਰ ਕਹੇ ਮੈਂ ਕਰਾਂ ਇਕ ਅਰਦਾਸ, ਬਿਨੈ ਬੇਨੰਤੀ ਇਕ ਜਣਾਈਆ । ਵਾਹ ਮੇਰੇ ਸਾਹਿਬ ਗੁਣਤਾਸ, ਗੁਣਵੰਤ ਤੇਰੀ ਵਡਿਆਈਆ । ਜਨ ਭਗਤਾਂ ਰਹਿਣਾ ਸਾਥ, ਸਗਲਾ ਸੰਗ ਬਣਾਈਆ । ਤੂੰ ਮੇਰਾ ਮੈਂ ਤੇਰਾ ਦੱਸਣੀ ਗਾਥ, ਢੋਲਾ ਅਗੰਮ ਅਥਾਹੀਆ । ਤੂੰ ਦੀਨ ਦਿਆਲਾ ਰਘੁਨਾਥ, ਰਘੁਪਤ ਤੇਰੀ ਸਰਨਾਈਆ । ਤੈਨੂੰ ਲੱਭਣਾ ਪਏ ਨਾ ਪ੍ਰਿਥਮੀ ਆਕਾਸ਼, ਜਨ ਭਗਤਾਂ ਅੰਦਰ ਡੇਰਾ ਲਾਈਆ । ਸਚ ਸਵਾਮੀ ਹੋ ਕੇ ਕਰਨਾ ਵਾਸ, ਵਾਸਤਾ ਆਪਣੇ ਨਾਲ ਜੁੜਾਈਆ । ਭਰਮ ਮੇਟਣਾ ਖ਼ਾਸ, ਪਹਿਲੀ ਭਾਦਰੋਂ ਇਹੋ ਮੰਗ ਮੰਗਾਈਆ । ਬਿਨਾ ਭਗਤਾਂ ਤੋਂ ਤੇਰੀ ਚਲੇ ਕੋਇ ਨਾ ਸਾਖ, ਸ਼ਨਾਖਤ ਵਾਲਾ ਨਜ਼ਰ ਕੋਇ ਨਾ ਆਈਆ । ਪਰ ਇਕ ਗੱਲ ਯਾਦ ਕਰ ਲੈ ਪਹਿਲੀ ਅੱਸੂ ਨੂੰ ਪੰਜਾਂ ਪਿਆਰਿਆਂ ਕੋਲ ਹੋਵੇ ਇਕ ਇਕ ਗਿਲਾਸ, ਜਲ ਪੁੱਠੇ ਪਾਸੇ ਭਰਾਈਆ । ਪੰਜਾਂ ਦਰਬਾਰੀਆਂ ਕੋਲ ਹੋਣ ਨੌਂ ਨੌਂ ਪੱਤੇ ਤਾਸ਼, ਨਹਿਲੇ ਤੋਂ ਅੱਗੇ ਹੱਥ ਨਾ ਕੋਇ ਉਠਾਈਆ । ਪੰਜਾਂ ਲਿਖਾਰੀਆਂ ਕੋਲ ਪੁੱਠਾ ਫੜਿਆ ਹੋਵੇ ਇਕ ਇਕ ਚਾਕ, ਚਾਕੂ ਮੁਖ ਖੁਲ੍ਹੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਜੋਤੀ ਨਾਰ ਕਹੇ ਪ੍ਰਭੂ ਮੈਂ ਤੇਰੀ ਕੋਝੀ ਕਮਲੀ, ਬੁਧਹੀਣ ਅਖਵਾਈਆ । ਤੂੰ ਮੇਰਾ ਸਾਹਿਬ ਅਮਲੀ, ਅਮਲਾਂ ਤੋਂ ਰਹਿਤ ਕਾਰ ਖ਼ੁਦਾਈਆ । ਮੈਂ ਯਥਾ ਯਥਾਰਥ ਯਮਲੀ, ਯਾਦਾਸ਼ਤ ਨਾ ਕੋਇ ਜਣਾਈਆ । ਸਿਰਫ਼ ਆਈ ਤੇ ਆਈ ਤੇਰੇ ਕੰਮ ਲਈ, ਕਾਜ ਆਪਣਾ ਦੇਣਾ ਸਮਝਾਈਆ । ਜੇ ਆਈ ਤੇ ਆਈ ਭਗਤਾਂ ਦੇ ਦਮ ਲਈ, ਦਾਮਨਗੀਰ ਲੈਣਾ ਬਣਾਈਆ । ਜੇ ਆਈ ਤੇ ਆਈ ਤੇਰੇ ਨਾਮ ਲਈ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜੇ ਆਈ ਤੇ ਆਈ ਅਗੰਮੇ ਰਾਮ ਲਈ, ਜਿਸ ਰਾਮ ਨੂੰ ਜਨਮੇ ਕੋਇ ਨਾ ਮਾਈਆ । ਜੇ ਆਈ ਤੇ ਆਈ ਸੋਹਣੇ ਸ਼ਾਮ ਲਈ, ਜਿਸ ਸ਼ਾਮ ਦੀ ਸ਼ਮਾ ਨਾ ਕੋਇ ਬੁਝਾਈਆ । ਜੇ ਆਈ ਤੇ ਆਈ ਉਸ ਅਮਾਮ ਲਈ, ਜਿਸ ਦਾ ਭੇਵ ਪੈਗ਼ੰਬਰ ਨਾ ਸਕੇ ਖੁਲ੍ਹਾਈਆ । ਜੇ ਆਈ ਤੇ ਆਈ ਉਸ ਭਗਵਾਨ ਲਈ, ਜੋ ਭਗਤਾਂ ਦਏ ਵਡਿਆਈਆ । ਜੇ ਆਈ ਤੇ ਆਈ ਜਗਤ ਜਹਾਨ ਇਨਸਾਨ ਲਈ, ਦੀਨ ਮਜ਼੍ਹਬ ਦਾ ਡੇਰਾ ਢਾਹੀਆ । ਜੇ ਆਈ ਤੇ ਆਈ ਆਤਮ ਪਰਮਾਤਮ ਮਿਲਾਣ ਲਈ, ਮਿਲਣੀ ਹਰਿ ਜਗਦੀਸ ਕਰਾਈਆ । ਜੇ ਆਈ ਤੇ ਆਈ ਇਕ ਪਹਿਚਾਨ ਲਈ, ਜੋ ਬੇਪਹਿਚਾਨ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਜੋਤੀ ਨਾਰ ਕਹੇ ਤੇਰਾ ਸੱਤਰੰਗਾ ਵੇਖ ਕੇ ਡਰਦੀ, ਲੁਕ ਲੁਕ ਝਟ ਲੰਘਾਈਆ । ਹੌਕਿਆਂ ਵਿਚ ਮਰਦੀ, ਹਾਏ ਹਾਏ ਸੁਣਾਈਆ । ਮੈਨੂੰ ਸਮਝ ਨਾ ਆਈ ਤੇਰੇ ਘਰ ਦੀ, ਕੀ ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਮੈਂ ਸਿਫ਼ਤ ਕੀਤੀ ਸੀ ਨਰਾਇਣ ਨਰ ਦੀ, ਰਾਗਾਂ ਵਿਚ ਸੁਣਾਈਆ । ਮੈਨੂੰ ਸਮਝ ਨਹੀਂ ਸੀ ਪਲ ਦੀ, ਕੀ ਆਪਣਾ ਹੁਕਮ ਵਰਤਾਈਆ । ਮੈਨੂੰ ਛੋਟਾ ਜਿਹਾ ਪਤਾ ਸੀ ਕਿਸ ਤਰਾਂ ਤੇਰੀ ਧਾਰ ਰਾਜੇ ਬਲ ਨੂੰ ਛਲਦੀ, ਬਾਵਨ ਹੋ ਕੇ ਖੇਲ ਖਲਾਈਆ । ਮੈਨੂੰ ਪਤਾ ਨਹੀਂ ਸੀ ਕੀ ਕੀਮਤ ਪਾਵੇਂ ਗੱਲ ਦੀ, ਜੋ ਅਵਤਾਰ ਪੈਗ਼ੰਬਰ ਗੁਰ ਮੁਖੋਂ ਸਹਿਜ ਨਾਲ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਧੁਰ ਦੇ ਮਾਲਕ ਹੋ ਸਹਾਈਆ । ਪ੍ਰਭੂ ਤੇਰਾ ਸੱਤਰੰਗਾ ਬੜਾ ਮੋਟਾ, ਜਗਤ ਜਹਾਨ ਨਜ਼ਰੀ

ਆਈਆ । ਜਿਸ ਦੇ ਹੁਕਮ ਨਾਲ ਅਸਾਂ ਸੰਸਾਰ ਕੀਤਾ ਟੋਟਾ ਟੋਟਾ, ਟੁਕੜਿਆਂ ਵੰਡ ਵੰਡਾਈਆ । ਜਿਸ ਤੋਂ ਡਰਦਿਆਂ ਤੇਰੇ ਨਾਮ ਨੂੰ ਦੱਸ ਕੇ ਖਰਾ ਤੇ ਖੋਟਾ, ਦੋਵੇਂ ਰਾਹ ਚਲਾਈਆ । ਜਿਸ ਤੋਂ ਡਰਦਿਆਂ ਮਾਲਾ ਮਣਕਿਆਂ ਘਸਾਇਆ ਪੋਟਾ, ਪੋਟੇ ਪੋਟੇ ਦਿਤੀ ਦੁਹਾਈਆ । ਜਿਸ ਤੋਂ ਡਰਦਿਆਂ ਖੇਲ ਖਲਾਇਆ ਚੌਦਾਂ ਲੋਕਾ, ਚੌਦਾਂ ਤਬਕਾਂ ਕਾਰ ਕਮਾਈਆ । ਜਿਸ ਤੋਂ ਡਰਦਿਆਂ ਨਾਮ ਸੁਣਾਇਆ ਵਿਚ ਸਲੋਕਾ, ਅੱਖਰਾਂ ਵਿਚ ਸਾਲਾਹੀਆ । ਜਿਸ ਤੋਂ ਡਰਦਿਆਂ ਤੇਰੇ ਹੁਕਮ ਦਾ ਦਿਤਾ ਹੋਕਾ, ਹੌਕਾ ਹੱਕ ਹੱਕ ਇਲਾਈਆ । ਜਿਸ ਤੋਂ ਡਰਦਿਆਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਸੰਭਾਲਿਆ ਮੌਕਾ, ਮੁਕੰਮਲ ਤੇਰੀ ਸੇਵ ਕਮਾਈਆ । ਜਿਸ ਤੋਂ ਡਰਦਿਆਂ ਦੀਨ ਦੁਨੀ ਨਾਲ ਕੀਤਾ ਧੋਖਾ, ਮਾਨਵ ਮਾਨਵ ਨਾਲ ਟਕਰਾਈਆ । ਜਿਸ ਤੋਂ ਡਰਦਿਆਂ ਵੱਖਰਾ ਵੱਖਰਾ ਸਾਫ਼ ਕੀਤਾ ਚੌਕਾ, ਹਿੱਸੇ ਕਾਇਆ ਵਾਲੇ ਵੰਡਾਈਆ । ਜਿਸ ਤੋਂ ਡਰਦਿਆਂ ਤੇਰਾ ਭਾਣਾ ਮੰਨਿਆ ਨਾਲ ਸ਼ੌਕਾ, ਸਿਰ ਸਕਿਆ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਪ੍ਰਭੂ ਤੇਰਾ ਸੱਤਰੰਗਾ ਉਠੇ ਨਾਲ ਬਲ, ਬਲਧਾਰੀ ਲਏ ਅੰਗੜਾਈਆ । ਜਿਸ ਨੇ ਕਲਜੁਗ ਮੇਟਣਾ ਛਲ, ਛਲੀਏ ਤੇਰੀ ਕਾਰ ਕਮਾਈਆ । ਜਿਸ ਨੇ ਵਰੋਲਣੇ ਅਠਸਠ ਜਲ, ਗੰਗਾ ਗੋਦਾਵਰੀ ਜਮਨਾ ਸੁਰਸਤੀ ਬਚਿਆ ਰਹਿਣ ਕੋਇ ਨਾ ਪਾਈਆ । ਜਿਸ ਨੇ ਫੋਲਣੇ ਜੰਗਲ ਜੂਹ ਉਜਾੜ ਪਹਾੜ ਥਲ, ਸਰੋਵਰ ਅਸਗਾਹ ਪੜਦਾ ਲਾਹੀਆ । ਜਿਸ ਨੇ ਕੂੜੀ ਕਿਰਿਆ ਲਾਹੁਣੀ ਖੱਲ, ਛੁਰੀ ਕਸਾਈਆਂ ਹੱਥ ਫੜਾਈਆ । ਜਿਸ ਨੇ ਚਾਰੋਂ ਕੁੰਟ ਤੇਰੇ ਹੁਕਮ ਨਾਲ ਉਠਾਣੇ ਦਲ, ਰੂਸਾ ਚੀਨਾ ਚੀਨਾ ਰੂਸਾ ਨਾਲ ਲੜਾਈਆ । ਜਿਸ ਨੇ ਜਗਤ ਚੁਰਾਸੀ ਨੂੰ ਦੇਣਾ ਫਲ, ਕਰਮਾਂ ਵਾਲਾ ਝੋਲੀ ਪਾਈਆ । ਜਿਸ ਪ੍ਰਭੂ ਅਵਤਾਰ ਪੈਗ਼ੰਬਰਾਂ ਦਾ ਮਸਲਾ ਕਰਨਾ ਹੱਲ, ਭਵਿਖਤ ਗੁਰੂਆਂ ਵਾਲੇ ਵੇਖ ਵਖਾਈਆ । ਜਿਸ ਨੇ ਭਗਤਾਂ ਅੰਦਰ ਜਾਣਾ ਰਲ, ਰਲ ਮਿਲ ਆਪਣਾ ਝਟ ਲੰਘਾਈਆ । ਵਖਾਉਣਾ ਨਿਹਚਲ ਧਾਮ ਅਟੱਲ, ਦਰਗਾਹ ਸਾਚੀ ਇਕ ਸੁਹਾਈਆ । ਜਿਥੇ ਤੇਰਾ ਦੀਪਕ ਦੀਆ ਅਗੰਮ ਜੋਤ ਰਿਹਾ ਬਲ, ਅਗਨੀ ਅੱਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਵਰ, ਸਾਹਿਬ ਤੇਰੇ ਹੱਥ ਵਡਿਆਈਆ । ਸੱਤਰੰਗਾ ਕਹੇ ਓ ਜੋਤੀ ਧਾਰ ਮੈਂ ਕੋਈ ਨਹੀਂ ਵਾਧੂ, ਵਾਦਲ ਰੂਪ ਨਾ ਕੋਇ ਵਖਾਈਆ । ਮੇਰਾ ਲੇਖਾ ਸਮਝਾ ਕੇ ਗਿਆ ਗੋਬਿੰਦ ਕੋਲ ਦਾਦੂ, ਦਾਅਵੇ ਨਾਲ ਦ੍ਰਿੜਾਈਆ । ਜਿਸ ਵੇਲੇ ਅਵਤਾਰ ਪੈਗ਼ੰਬਰ ਗੁਰੂਆਂ ਤੋਂ ਮਾਨਵ ਜ਼ਾਤੀ ਨਹੀਂ ਆਉਣੀ ਕਾਬੂ, ਮਨ ਕਲਪਣਾ ਵਿਚ ਕੁਰਲਾਈਆ । ਉਸ ਵੇਲੇ ਮੇਰਾ ਪੁਰਖ ਅਕਾਲ ਆਪਣੀ ਕਲਾ ਸਭ ਨੂੰ ਸਾਂਭੂ, ਸਾਹਿਬ ਸਤਿਗੁਰ ਬੇਪਰਵਾਹੀਆ । ਭੈ ਵਿਚ ਚਾਰੋਂ ਕੁੰਟ ਲੱਗਣੇ ਲਾਂਬੂ, ਅਗਨੀ ਸਕੇ ਨਾ ਕੋਇ ਬੁਝਾਈਆ । ਰਹਿਣਾ ਨਹੀਂ ਕੋਈ ਨਾਢੂ, ਸਿਰ ਸਕੇ ਨਾ ਕੋਇ ਉਠਾਈਆ । ਚੌਦਾਂ ਤਬਕਾਂ ਦੋ ਜਹਾਨਾਂ ਸਦੀ ਚੌਧਵੀਂ ਅੰਤ ਅਖ਼ੀਰ ਇਕੋ ਨਿਸ਼ਾਨਾ ਗਾਡੂ, ਗਾਈਡ ਹੋ ਕੇ ਗਾਡ ਆਪ ਅਖਵਾਈਆ । ਕੋਈ ਰਹਿਣ ਨਹੀਂ ਦੇਣਾ ਕੂੜੀ ਕਿਰਿਆ ਵਾਲਾ ਸਾਧੂ, ਸਾਧਨਾ ਸਭ ਦੀ ਦਏ ਕਰਾਈਆ । ਗੁਰ ਅਵਤਾਰ ਪੈਗ਼ੰਬਰ ਜਗਤ ਇਸ਼ਟ ਹੋਣਾ ਨਹੀਂ ਕੋਈ ਆਗੂ, ਨੇੜੇ ਨਜ਼ਰ ਕੋਇ ਨਾ ਆਈਆ । ਜਿਸ ਵੇਲੇ ਸੱਤਰੰਗਾ ਉਠਿਆ ਤੇ ਸ੍ਰਿਸ਼ਟ ਸਬਾਈ ਅੰਦਰੋਂ ਜਾਗੂ, ਜੁਗਤੀ ਨਾਲ ਰਖਾਈਆ । ਪ੍ਰਭ ਨੇ ਸ਼ਸਤਰ ਫੜਨਾ ਨਹੀਂ ਕੋਈ ਬਾਜ਼ੂ, ਬਾਜਾਂ ਵਾਲਾ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਚ ਆਪਣਾ ਖੇਲ ਵਖਾਈਆ ।


੬੨੫
੨੨

ਸੱਤਰੰਗਾ ਕਹੇ ਮੇਰੇ ਵਿਚ ਨਹੀਂ ਕੋਈ ਤਾਕਤ, ਤਾਕਤਵਰ ਦੀ ਓਟ ਰਖਾਈਆ । ਮੇਰੇ ਵਿਚ ਨਹੀਂ ਕੋਈ ਲਿਆਕਤ, ਲਾਇਕ ਬਣ ਨਾ ਕੋਇ ਚਤੁਰਾਈਆ । ਮੈਂ ਪ੍ਰਭੂ ਤੋਂ ਮੰਗ ਮੰਗੀ ਤੇਰੇ ਭਗਤਾਂ ਨਾਲ ਮੇਰੀ ਹੋਵੇ ਰਫ਼ਾਕਤ, ਸੋਹਣਾ ਸੰਗ ਬਣਾਈਆ । ਜਿਸ ਵੇਲੇ ਦੁਨੀਆ ਉਤੇ ਆਵੇ ਆਫ਼ਤ, ਚਾਰੋਂ ਕੁੰਟ ਅੰਧੇਰਾ ਛਾਈਆ । ਮੈਂ ਪਰਗਟ ਹੋਵਾਂ ਤੇ ਤੇਰਿਆਂ ਭਗਤਾਂ ਦੀ ਬਾਬਤ, ਬਾਬਲ ਤੇਰੀ ਸੇਵ ਕਮਾਈਆ । ਤੇਰੇ ਹੁਕਮ ਨੂੰ ਕਰਾਂ ਸਾਬਤ, ਸਚ ਦਿਆਂ ਵਰਤਾਈਆ । ਦੀਨ ਦੁਨੀ ਦੀ ਬਦਲ ਕੇ ਆਦਤ, ਤੇਰਾ ਇਸ਼ਟ ਦਿਆਂ ਮਨਾਈਆ । ਤੇਰੇ ਕਲਮੇ ਦੀ ਹੋਵੇ ਵਾਹਿਦਤ, ਵਾਹਿਦ ਤੇਰਾ ਨਾਮ ਧਿਆਈਆ । ਮੇਰੇ ਗੋਬਿੰਦ ਦੇ ਸ਼ਹਾਦਤ, ਤੇਰਾ ਸੂਰਬੀਰ ਅਖਵਾਈਆ । ਇਕੋ ਤੇਰੀ ਹੋਵੇ ਇਬਾਦਤ, ਦੂਜਾ ਨਾਮ ਨਾ ਕੋਇ ਪੜ੍ਹਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦਾ ਹੋਵੇ ਮਾਲਕ, ਮਾਲਕ ਨੂਰ ਨੂਰ ਇਲਾਹੀਆ । ਪ੍ਰਭੂ ਮੈਂ ਸੱਤਰੰਗਾ ਤੇਰੇ ਧਰਮ ਦਾ ਸਾਲਸ, ਸਾਲਸੀ ਜਗਤ ਵਿਚ ਕਮਾਈਆ । ਮੈਂ ਚਾਹੁੰਦਾ ਇਕ ਤੂੰ ਹੋਵੇਂ ਇਕ ਤੇਰਾ ਭਗਤ ਹੋਵੇ ਖ਼ਾਲਸ, ਦੂਜਾ ਨਜ਼ਰ ਕੋਇ ਨਾ ਆਈਆ । ਜੋ ਕੋਈ ਮੇਰੇ ਹੁੰਦਿਆਂ ਜੂਠਿਆਂ ਝੂਠਿਆਂ ਦੀ ਕਰੇ ਸਫ਼ਾਰਸ਼, ਮੁਖ ਤੋੜ ਕੇ ਦੰਦ ਭੰਨਾਈਆ । ਜੇ ਤੇਰੇ ਨਾਮ ਦੇ ਹੁੰਦਿਆਂ ਕੋਈ ਹੋਰ ਲਿਖਾਵੇ ਇਬਾਰਤ, ਕਲਮ ਸ਼ਾਹੀ ਨਾ ਕੋਇ ਚਤੁਰਾਈਆ । ਬਿਨਾ ਤੇਰੇ ਪਿਆਰ ਤੋਂ ਹੋਵੇ ਨਾ ਕੋਇ ਜ਼ਮਾਨਤ, ਜ਼ਾਮਨੀ ਅਵਰ ਨਾ ਕੋਇ ਜਣਾਈਆ । ਮੇਰੀ ਤੇਰੇ ਨਾਲ ਇਕ ਹਮਾਕਤ, ਹਮਸਾਜਣ ਲੈਣੀ ਨਿਭਾਈਆ । ਪ੍ਰਭੂ ਮੈਂ ਇਸ ਕਰ ਕੇ ਆਇਆ ਕਿ ਤੇਰਿਆਂ ਭਗਤਾਂ ਦੀ ਮੇਰੇ ਵਿਚ ਹੋਵੇ ਸ਼ਨਾਖਤ, ਸਮਝ ਸਮਝ ਵਿਚ ਪਰਗਟਾਈਆ । ਤੇਰਾ ਰੂਪ ਦੱਸਾਂ ਵਾਸਤਕ, ਵਾਅਦਾ ਪਿਛਲਾ ਪੂਰ ਕਰਾਈਆ । ਗੁਰਮੁਖ ਹੋਵੇ ਕੋਇ ਨਾ ਨਾਸਤਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਵਰ, ਸਚ ਸਚ ਨਾਲ ਮਿਲਾਈਆ । ਸੱਤਰੰਗਾ ਕਹੇ ਮੈਂ ਤੇਰਾ ਇਕ ਦੁਲਾਰਾ, ਦੋ ਜਹਾਨਾਂ ਦੇਣੀ ਵਡਿਆਈਆ । ਚਾਰੋਂ ਕੁੰਟ ਦੇਵਾਂ ਪਹਿਰਾ, ਸੇਵਕ ਹੋ ਕੇ ਸੇਵ ਕਮਾਈਆ । ਮੈਂ ਉਹਦੇ ਸ਼ਾਹ ਰਗ ਤੇ ਵੱਜਣਾ ਜਿਹੜਾ ਤੂੰ ਮੇਰਾ ਮੈਂ ਤੇਰਾ ਨਾ ਲਾਵੇ ਨਾਅਰਾ, ਆਤਮ ਪਰਮਾਤਮ ਰਾਗ ਅਲਾਈਆ । ਇਕੋ ਗ੍ਰਹਿ ਇਕੋ ਮੰਦਰ ਦੱਸਣਾ ਦਵਾਰਾ, ਜਿਥੇ ਦਵਾਰਕਾਵਾਸੀ ਸੀਸ ਝੁਕਾਈਆ । ਜਿਥੇ ਝੁਕਣ ਪੈਗ਼ੰਬਰ ਅਵਤਾਰਾ, ਗੁਰੂ ਗੁਰ ਰੰਗ ਵਖਾਈਆ । ਮੇਰੀ ਨਮੋ ਨਮੋ ਨਿਮਸਕਾਰਾ, ਡੰਡਾਵਤ ਬੰਦਨਾ ਸੱਯਦੇ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਆਦਿ ਅੰਤ ਜੁਗਾ ਜੁਗੰਤ ਸਾਚਾ ਦਵਾਰਾ, ਦੂਜਾ ਦਰ ਨਰਾਇਣ ਨਰ ਨਜ਼ਰ ਕੋਇ ਨਾ ਆਈਆ ।



੬੨੬ ੨੨

## ✪ ੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਦੁਪਹਿਰ ਨੂੰ ✪

ਧਰਨੀ ਕਹੇ ਮੇਰੀ ਆਸਾ ਹੋਈ ਸਵਾਧਾਨ, ਨਿੰਦਰਾ ਕਲ ਰਹੀ ਨਾ ਰਾਈਆ । ਮੈਂ ਉਠ ਕੇ ਲੱਗੀ ਤਕਾਣ, ਬਿਨ ਅੱਖਾਂ ਅੱਖ ਖੁਲ੍ਹਾਈਆ । ਵੇਖਿਆ ਜ਼ਿਮੀ ਅਸਮਾਨ, ਚਾਰੋਂ ਕੁੰਟ ਫੋਲ ਫੁਲਾਈਆ । ਅਵਤਾਰ ਪੈਗ਼ੰਬਰ ਗੁਰੂ ਮੰਗਦੇ ਦਾਨ, ਦਾਸੀ ਹੋ ਕੇ ਝੋਲੀਆਂ ਡਾਹੀਆ । ਜਿਸ ਬਦਲ ਦਿਤਾ ਵਿਧਾਨ, ਤਰਮੀਮ ਕਰੀਮ ਆਪ ਕਰਾਈਆ । ਝੂਲਾ ਦਿਤਾ ਸਚ ਨਿਸ਼ਾਨ, ਧਰਮ ਨਿਸ਼ਾਨਾ ਇਕ ਪਰਗਟਾਈਆ । ਸੰਤ ਸੁਹੇਲੇ ਭਗਤ

ਬਣਾ ਨੌਜਵਾਨ, ਜੋਬਨ ਆਪਣਾ ਰੰਗ ਰੰਗਾਈਆ । ਸੂਰਬੀਰ ਬਣ ਪਹਿਲਵਾਨ, ਦੋ ਜਹਾਨ ਦੇ ਬੰਨੇ ਭੱਜੇ ਚਾਈਂ ਚਾਈਂਆ । ਕਿਸੇ ਦੀ ਰਹਿਣ ਨਹੀਂ ਦੇਣੀ ਸ਼ਾਨ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਖੇਲ ਵੇਖਦੇ ਸੂਰੀਆ ਭਾਨ, ਚੰਦ ਸਿਤਾਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕ ਰਖਾਈਆ । ਸੂਰੀਆ ਕਹੇ ਮੈਂ ਤੱਕਿਆ ਸੂਰਬੀਰਾ, ਧਰਨੀ ਉਤੇ ਧਿਆਨ ਲਗਾਈਆ । ਜਿਸ ਦੀ ਚਰਨ ਛੋਹ ਮੰਗਦੇ ਅਵਤਾਰ ਪੈਗ਼ੰਬਰ ਗੁਰ ਪੀਰਾ, ਜੁਗ ਚੌਕੜੀ ਧਿਆਨ ਲਗਾਈਆ । ਜੋ ਸ਼ਰਅ ਕਟੇ ਜ਼ੰਜੀਰਾ, ਕੜੀ ਕੜੀ ਨਾਲੋਂ ਬਦਲਾਈਆ । ਰੂਪ ਧਰ ਕੇ ਬੇਨਜ਼ੀਰਾ, ਨਜ਼ਰ ਸਭ ਦੀ ਰਿਹਾ ਬਦਲਾਈਆ । ਧਰਮ ਦੀ ਧਾਰ ਬੰਧਾ ਚੀਰਾ, ਚੀਰ ਦੁਫਾੜ ਦਾ ਲੇਖਾ ਰਿਹਾ ਮੁਕਾਈਆ । ਦੋ ਜਹਾਨਾਂ ਚੁੱਕ ਕੇ ਬੀੜਾ, ਪਹਿਲਵਾਨ ਆਪਣਾ ਬਲ ਧਰਾਈਆ । ਚਾਰ ਜੁਗ ਦੀ ਜੋਤੀ ਧਾਰ ਨਾਰ ਬਣਾ ਬਹਾਈ ਉਤੇ ਪੀੜ੍ਹਾ, ਰੰਗਲਾ ਗ੍ਰਿਹਿ ਇਕ ਵਖਾਈਆ । ਜਿਸ ਦੇ ਓਢਣ ਸੀਸ ਦੇਣਾ ਸੱਤ ਰੰਗ ਦਾ ਲੀੜਾ, ਪੋਹ ਛੱਬੀ ਵੰਡ ਵੰਡਾਈਆ । ਇਕ ਮਾਰਗ ਬਣਾਉਣਾ ਭੀੜਾ, ਗੁਰਮੁਖ ਵਿਰਲਾ ਲੰਘ ਕੇ ਖ਼ੁਸ਼ੀ ਬਣਾਈਆ । ਇਕ ਲੱਕੋਂ ਬੰਨ੍ਹ ਕੇ ਲਿਆਉਣਾ ਕੀੜਾ, ਲੰਮੀਆਂ ਟੰਗਾਂ ਵਾਲਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਧਰਨੀ ਕਹੇ ਮੈਂ ਵੇਖਿਆ ਨਾਲ ਫੁਰਤੀ, ਫੁਰਤੀਲਾ ਰੂਪ ਬਣਾਈਆ । ਜਿਸ ਦਾ ਖੇਲ ਆਪਣੀ ਆਪ ਜੁਗਤੀ, ਜੁਗ ਚੌਕੜੀ ਹੁਕਮ ਵਰਤਾਈਆ । ਕਲਜੁਗ ਅੰਦਰ ਸਤਿਜੁਗ ਕਰਨੀ ਦਰੁਸਤੀ, ਦਰੁਸਤ ਆਪਣਾ ਹੁਕਮ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਧਾਰ ਵੇਖਣੀ ਪੁਸ਼ਤੀ, ਪੁਸ਼ਤ ਦਰ ਪੁਸ਼ਤ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭ ਵੇਖਿਆ ਪਹਿਲਵਾਨ ਉਤੇ ਖੜ੍ਹਾ ਪੱਬਾਂ, ਪੰਜਾਂ ਸਹਿਜ ਨਾਲ ਦਬਾਈਆ । ਸਦੀ ਚੌਧਵੀਂ ਦੇ ਮੁਖੋਂ ਨਿਕਲਿਆ ਹਾਏ ਰੱਬਾ, ਯਾਮਬੀਨ ਤੇਰੀ ਬੇਪਰਵਾਹੀਆ । ਮੇਰੇ ਉਤੇ ਪੈਣ ਲੱਗਾ ਦੱਬਾ, ਸਿਰ ਸਕਾਂ ਨਾ ਕੋਇ ਉਠਾਈਆ । ਮੈਂ ਵੇਖਣਾ ਕੀ ਲੇਖਾ ਕਬਰਾਂ ਵਿਚ ਹੱਡਾਂ, ਮਕਬਰਿਆਂ ਕੀ ਦੁਹਾਈਆ । ਕਿਸ ਬਿਧ ਜਗਤ ਜਹਾਨ ਛਡਾਂ, ਛੁੱਟੇ ਕੂੜ ਲੋਕਾਈਆ । ਚਾਰੋਂ ਕੁੰਟ ਉਠ ਉਠ ਭੱਜਾਂ, ਭੱਜਾਂ ਵਾਹੋ ਦਾਹੀਆ । ਸਾਹਿਬ ਸਵਾਮੀ ਧੁਰ ਦਾ ਲੱਭਾ, ਪਰਦੇ ਓਹਲੇ ਜਗਤ ਚੁਕਾਈਆ । ਨਾਮ ਖ਼ੁਮਾਰੀ ਲਵਾਂ ਮਧਾ, ਮਧੁਰ ਆਪਣੀ ਧੁਨ ਬਣਾਈਆ । ਜਿਸ ਦੇ ਹੁਕਮ ਅੰਦਰ ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਬੱਧਾ, ਪਲੂ ਸਕੇ ਨਾ ਕੋਇ ਛੁਡਾਈਆ । ਉਸ ਨੇ ਕਦਮ ਚੁਕਿਆ ਸੱਜਾ, ਸਾਜਣ ਹੋ ਕੇ ਦਇਆ ਕਮਾਈਆ । ਸ਼ੇਰ ਰੂਪ ਹੋ ਕੇ ਗੱਜਾ, ਗਜ ਹਾਥੀ ਦੇਣ ਦੁਹਾਈਆ । ਜੋ ਖੇਲ ਕਰਦਾ ਜਨ ਭਗਤਾਂ ਨਾਲ ਮਿਲ ਕੇ ਆਪਣੀ ਵਜਹ, ਵਜੂਹਾਤ ਨਾ ਕਿਸੇ ਦਰਸਾਈਆ । ਆਪਣੀ ਧਾਰ ਵਿਚ ਵੇਖੇ ਆਪਣਾ ਮਜ਼ਾ, ਮਜ਼ਾਕ ਦੱਸੇ ਜਗਤ ਲੋਕਾਈਆ । ਜਿਸ ਨੇ ਸਭ ਨੂੰ ਦੇਣੀ ਅੰਤਮ ਸਜ਼ਾ, ਬਚਿਆ ਨਜ਼ਰ ਕੋਇ ਨਾ ਆਈਆ । ਸੋ ਲੇਖਾ ਜਾਣੇ ਆਪਣੀ ਰਜ਼ਾ, ਰਾਜ਼ਕ ਰਹੀਮ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਚਲਾਏ ਅੱਗਾ, ਅੱਗੇ ਕਿਸੇ ਦੀ ਲੋੜ ਰਹੇ ਨਾ ਰਾਈਆ ।

੬੨੭
੨੨

## ੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ

ਦੋ ਭਾਦਰੋਂ ਤ੍ਰੇਤਾ ਖੇਲ ਕੀਤਾ, ਪ੍ਰਭ ਆਪਣਾ ਹੁਕਮ ਵਰਤਾਈਆ । ਰਾਮ ਨੇ ਪਾਣੀ ਮੰਗਿਆ ਕੋਲੋਂ ਸੀਤਾ, ਸੁੱਤੀ ਲਈ ਉਠਾਈਆ । ਔਹ ਵੇਖ ਕ੍ਰਿਸ਼ਨ ਧਾਰ ਲਿਖਾਉਣੀ ਗੀਤਾ, ਭਗਤਨ ਦੇਣੀ ਵਡਿਆਈਆ । ਔਹ ਤਕ ਕਲਜੁਗ ਅੰਤਮ ਨੀਤਾ, ਮਾਨਵ ਜ਼ਾਤੀ ਫੋਲ ਫੁਲਾਈਆ । ਔਹ ਵੇਖ ਅਵਤਾਰ ਪੈਗ਼ੰਬਰ ਗੁਰੂਆਂ ਪੈਂਡਾ ਬੀਤਾ, ਵੇਲਾ ਵਕਤ ਸੋਭਾ ਪਾਈਆ । ਔਹ ਤਕ ਲੇਖਾ ਊਚਾ ਨੀਚਾ, ਨੀਚਾਂ ਊਚਾਂ ਵੇਖ ਵਖਾਈਆ । ਔਹ ਵੇਖ ਮੇਰਾ ਰਾਮ ਸਭ ਦਾ ਪਿਆਰਾ ਮੀਤਾ, ਮਿੱਤਰ ਪਿਆਰਾ ਇਕ ਅਖਵਾਈਆ । ਔਹ ਤਕ ਚਾਰ ਜੁਗ ਦਾ ਲਹਿਣਾ ਦੇਣਾ ਕੀਤਾ, ਲੇਖਾ ਖੋਜ ਖੁਜਾਈਆ । ਔਹ ਵੇਖ ਦੇਵੇ ਰਸ ਮੀਠਾ, ਅਗੰਮਾ ਆਪ ਵਰਤਾਈਆ । ਔਹ ਤਕ ਜਿਸ ਵੇਲੇ ਸਭ ਨੇ ਦੇ ਜਾਣੀ ਪੀਠਾ, ਪੁਸ਼ਤ ਹੱਥ ਨਾ ਕੋਇ ਟਿਕਾਈਆ । ਔਹ ਤਕ ਆਖ਼ਰੀ ਗੋਬਿੰਦ ਵਾਲਾ ਅੰਗੀਠਾ, ਅਗਨੀ ਅੱਗ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦੋ ਭਾਦਰੋਂ ਕਹੇ ਰਾਮ ਪਾਣੀ ਹੱਥ ਵਿਚ ਫੜਿਆ, ਫੜ ਕੇ ਨਿਗਾਹ ਟਿਕਾਈਆ । ਫੇਰ ਤੱਕਿਆ ਮੈਂ ਕਿਸ ਮੰਜ਼ਲ ਤੇ ਚੜ੍ਹਿਆ, ਵਸਿਆ ਕਿਹੜੀ ਥਾਈਂਆ । ਫੇਰ ਵੇਖਿਆ ਮੈਂ ਕਿਸ ਜਗਤ ਵਿਚ ਅੜਿਆ, ਬਨ ਵਿਚ ਸਾਥੀ ਨਜ਼ਰ ਕੋਇ ਨਾ ਆਈਆ । ਫੇਰ ਵੇਖਿਆ ਰਾਮ ਨੇ ਰਾਮ ਦਾ ਢੋਲਾ ਪੜ੍ਹਿਆ, ਤੂੰ ਮੇਰਾ ਮੈਂ ਤੇਰਾ ਦੂਜਾ ਸੰਗ ਨਾ ਕੋਇ ਨਿਭਾਈਆ । ਫੇਰ ਤੱਕਿਆ ਮੈਂ ਪੰਜਾਂ ਤਤਾਂ ਵਿਚੋਂ ਮਰਿਆ, ਤਤ ਵਜੂਦ ਨਾ ਕੋਇ ਵਖਾਈਆ । ਫੇਰ ਵੇਖਿਆ ਮੈਂ ਉਸ ਦੀ ਸਰਨੀ ਪੜਿਆ, ਜਿਸ ਦੀ ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਪੜ੍ਹਾਈਆ । ਫਿਰ ਤੱਕਿਆ ਨਿਰਭੌ ਤੋਂ ਭੈ ਵਿਚ ਡਰਿਆ, ਸਹਿਜ ਵਿਚ ਹੱਥ ਛਾਤੀ ਤੇ ਟਿਕਾਈਆ । ਫਿਰ ਤੱਕਿਆ ਜਗਤ ਜਹਾਨ ਡੂੰਘਾ ਗੜ੍ਹਿਆ, ਜਿਸ ਲੱਖ ਚੁਰਾਸੀ ਲਈ ਦਬਾਈਆ । ਫੇਰ ਉਠਿਆ ਰਾਮ ਰਾਮ ਦੇ ਨਾਲ ਲੜਿਆ, ਰਾਮ ਤੇਰੇ ਰਾਮ ਦੀ ਰਾਮ ਦੁਹਾਈਆ । ਪੁਰਖ ਅਕਾਲ ਨੇ ਕਿਹਾ ਓਹ ਰਾਮ ਛੜਿਆ, ਤੇਰੀ ਸੀਤਾ ਸੰਗ ਨਾ ਕੋਇ ਰਖਾਈਆ । ਕਿਸ ਵਹਿਣ ਵਿਚ ਹੜ੍ਹਿਆ, ਜਗਤ ਧਾਰ ਸਮਾਈਆ । ਫੇਰ ਰਾਮ ਨੇ ਰਾਮ ਦੇ ਚਰਨਾਂ ਉਤੇ ਸੀਸ ਧਰਿਆ, ਧਰ ਕੇ ਖ਼ੁਸ਼ੀ ਮਨਾਈਆ । ਰਾਮ ਨੇ ਕਿਹਾ ਰਾਮ ਔਹ ਵੇਖ ਅੜਿਆ, ਸਹਿਜ ਨਾਲ ਸੁਣਾਈਆ । ਮੈਂ ਜ਼ਰੂਰ ਭੰਨਾਂ ਜੋ ਘੜਿਆ, ਘੜਨ ਭੰਨਣਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਰਾਮ ਫੜਿਆ ਗਲਾਸ ਹੱਥ, ਬਰਤਨ ਮਾਟੀ ਹੱਥ ਉਠਾਈਆ । ਫੇਰ ਤੱਕਿਆ ਪੁਰਖ ਸਮਰਥ, ਦਾਤਾ ਬੇਪਰਵਾਹੀਆ । ਫੇਰ ਨਜ਼ਰ ਆਇਆ ਗੋਬਿੰਦ ਸੁੱਤਾ ਵਿਚ ਸਥ, ਸੂਲਾਂ ਸੇਜ ਹੰਢਾਈਆ । ਫੇਰ ਨੇਤਰ ਵਹਾ ਕੇ ਅੱਥ, ਹੱਥ ਮਸਤਕ ਉਤੇ ਰਖਾਈਆ । ਫਿਰ ਨਿਗਹ ਮਾਰੀ ਵਿਚ ਕਾਇਆ ਨਾੜੀ ਮਾਸ ਹੱਡ, ਬਿਨਾ ਰਾਮ ਤੋਂ ਪਿੰਜਰ ਕੰਮ ਕਿਸੇ ਨਾ ਆਈਆ । ਫੇਰ ਜਾਣਿਆ ਇਹ ਸਭ ਕੁਝ ਜਾਣਾ ਛਡ, ਸਗਲਾ ਸੰਗ ਨਾ ਕੋਇ ਰਖਾਈਆ । ਤਨ ਨਾਲੋਂ ਹੋਣਾ ਅੱਡ, ਘਰ ਮੰਦਰ ਦੇਣਾ ਢਾਹੀਆ । ਫੇਰ ਵੇਖਿਆ ਪੁਰਖ ਅਕਾਲ ਸੁਣਾਇਆ ਸਦ, ਢੋਲਾ ਅਗੰਮ ਅਥਾਹੀਆ । ਓਹ ਵੇਖ ਰਾਮ ਆਪਣੇ ਰਾਮ ਦੀ ਹੱਦ, ਹਦੂਦ ਹਦੂਦ ਵਿਚੋਂ ਸਮਝਾਈਆ । ਜਿਸ ਵੇਲੇ ਅਵਤਾਰ ਪੈਗ਼ੰਬਰ ਗੁਰੂ ਸਾਰੇ ਜਾਣੇ ਲਦ, ਤਤਾਂ ਵਾਲਾ ਰਹਿਣ ਕੋਇ ਨਾ ਪਾਈਆ । ਸੀਤਾ ਸਵਾਣੀ ਜਾਏ ਛਡ, ਅੰਗੀ ਅੰਗ ਨਾ ਕੋਇ ਕਰਾਈਆ । ਫੇਰ ਧਰਮ

ਨਿਸ਼ਾਨਾ ਦੇਵਾਂ ਗੱਡ, ਇਕੋ ਇਕ ਪਰਗਟਾਈਆ । ਪਰਗਟ ਹੋਵਾਂ ਝੱਬ, ਮਾਲਕ ਬਣ ਕੇ ਬੇਪਰਵਾਹੀਆ । ਤੁਹਾਡੇ ਲੇਖੇ ਪੂਰੇ ਕਰਾਂ ਸਭ, ਸਬਬ ਨਾਲ ਆਪਣਾ ਮੇਲ ਮਿਲਾਈਆ । ਪੁਰਖ ਅਕਾਲ ਨੇ ਰਾਮ ਨੂੰ ਰਾਮ ਦਾ ਆਪਣਾ ਵਖਾਇਆ ਕੱਦ, ਜਿਸ ਦਾ ਅਕਾਰ ਨਾ ਕੋਇ ਜਣਾਈਆ । ਖ਼ੁਸ਼ੀ ਵਿਚ ਗਿਆ ਵਧ, ਬੇਅੰਤ ਬੇਪਰਵਾਹੀਆ । ਸੂਰਬੀਰ ਹੋ ਕੇ ਗਿਆ ਗੱਜ, ਭੈ ਜ਼ੋਰ ਨਾਲ ਜਣਾਈਆ । ਫੇਰ ਬ੍ਰਹਿਮੰਡ ਖੰਡ ਵਖਾ ਕੇ ਪੰਜਾਂ ਤਤਾਂ ਵਾਲੇ ਕੋਲ ਪੰਜ ਬੈਠਕਾਂ ਲਈਆਂ ਕਢ, ਰਾਮ ਨੇ ਰਾਮ ਨੂੰ ਦਿਤਾ ਡਰਾਈਆ । ਰਾਮ ਚਰਨੀ ਗਿਆ ਲੱਗ, ਕੀ ਪ੍ਰਭੂ ਖੇਲ ਵਰਤਾਈਆ । ਪੁਰਖ ਅਕਾਲ ਨੇ ਕਿਹਾ ਜਿਸ ਵੇਲੇ ਆਵਾਂ ਵਿਚ ਜਗ, ਜਾਗਰਤ ਜੋਤ ਕਰ ਰੁਸ਼ਨਾਈਆ । ਭਗਤ ਸੁਹੇਲੇ ਲਵਾਂ ਲੱਭ, ਖੋਜਾਂ ਚਾਈਂ ਚਾਈਆ । ਨਾਮ ਖ਼ੁਮਾਰੀ ਦੇ ਕੇ ਮਧ, ਮਧੁਰ ਧੁਨ ਰਾਗ ਸੁਣਾਈਆ । ਰਾਮ ਤੁਹਾਡੇ ਸਭ ਦੇ ਇਸ਼ਟ ਵਾਲੇ ਧਰਮ ਰਾਏ ਦਾ ਹੋਣਾ ਵਗ, ਮੈਂ ਭਗਤਾਂ ਦਾ ਰਾਖਾ ਇਕੋ ਨਜ਼ਰੀ ਆਈਆ । ਗੁਰਮੁਖ ਰਹਿਣ ਨਹੀਂ ਦੇਣਾ ਕੋਇ ਕੱਗ, ਕਾਗੋਂ ਹੰਸ ਉਡਾਈਆ । ਉਸ ਵੇਲੇ ਕਲਜੁਗ ਦੀ ਅਗਨੀ ਲੱਗਣੀ ਅੱਗ, ਚਾਰੋਂ ਕੁੰਟ ਤਪਾਈਆ । ਧੁਰ ਦੇ ਰਾਮ ਨੇ ਰਾਮ ਤੋਂ ਗਿਲਾਸ ਫੜ ਲਿਆ ਝਟ, ਪਾਣੀ ਆਪਣੇ ਹੱਥ ਵਖਾਈਆ । ਫੇਰ ਕਿਹਾ ਰਾਮ ਉਸ ਵੇਲੇ ਭਗਤਾਂ ਉਤੇ ਅੰਮ੍ਰਿਤ ਦੇਣਾ ਸੱਟ, ਧੁਰ ਦਾ ਮੇਘ ਬਰਸਾਈਆ । ਜੁਗ ਚੌਕੜੀ ਦੇ ਲੇਖੇ ਦੇਵਾਂ ਕਟ, ਜਨਮ ਮਰਨ ਰਹੇ ਨਾ ਰਾਈਆ । ਕੀਮਤ ਪਾ ਕੇ ਆਪਣੇ ਹੱਟ, ਖਰੀਦਦਾਰ ਬਣਾਂ ਥਾਉਂ ਥਾਈਂਆ । ਲੋਕਮਾਤ ਵਿਚੋਂ ਸਚਖੰਡ ਦਵਾਰੇ ਦੇਵਾਂ ਸੱਟ, ਫੜ ਬਾਹੋਂ ਆਪ ਉਠਾਈਆ । ਰਾਮ ਨੇ ਰਾਮ ਨੂੰ ਟੇਕਿਆ ਮੱਥ, ਇਹ ਤੇਰੀ ਬੇਪਰਵਾਹੀਆ । ਜੁਗ ਚੌਕੜੀ ਤੂੰ ਚਲਾਵਣਹਾਰਾ ਰਥ, ਰਥਵਾਹੀ ਇਕ ਅਖਵਾਈਆ । ਮੇਰੇ ਸਾਹਿਬ ਇਕ ਗੱਲ ਦੱਸ, ਝੋਲੀ ਡਾਹ ਕੇ ਮੰਗ ਮੰਗਾਈਆ । ਦੱਸ ਤੂੰ ਹੋਵੇਂ ਕਿ ਭਗਤ ਹੋਣ ਤੇਰੇ ਵਸ, ਪੜਦਾ ਦੇਣਾ ਉਠਾਈਆ । ਰਾਮ ਨੇ ਕਿਹਾ ਰਾਮ ਉਸ ਵੇਲੇ ਕਿਸੇ ਦਾ ਚਲੇ ਕੋਇ ਨਾ ਵਸ, ਅਕਲ ਬੁੱਧੀ ਨਾ ਕੋਇ ਚਤੁਰਾਈਆ । ਉਹ ਮੇਰਾ ਤੇ ਮੈਂ ਉਹਨਾਂ ਦਾ ਲਵਾਂ ਰਸ, ਰਸਤਾ ਇਕੋ ਲੈਣਾ ਬਣਾਈਆ । ਉਹ ਮੇਰੇ ਅੰਦਰ ਤੇ ਮੈਂ ਉਨ੍ਹਾਂ ਦੇ ਅੰਦਰ ਜਾਵਾਂ ਵਸ, ਦੂਜੇ ਘਰ ਨਾ ਕੋਇ ਵਡਿਆਈਆ । ਉਹ ਮੇਰੇ ਤੇ ਮੈਂ ਉਹਨਾਂ ਦਾ ਗਾਵਾਂ ਜਸ, ਇਹੋ ਮੇਰੀ ਸਿਫ਼ਤ ਸਾਲਾਹੀਆ । ਬਾਕੀ ਕੀਤੀ ਕਰਨੀ ਸਭ ਦੀ ਹੋ ਜਾਏ ਰਫ, ਰਫ਼ਤਾ ਰਫ਼ਤਾ ਲੇਖਾ ਦਏ ਮੁਕਾਈਆ । ਅੰਤ ਮਲੇਛਾਂ ਦੀ ਉਠਣੀ ਸਫ, ਸਫ਼ ਗੋਬਿੰਦ ਸ਼ਬਦ ਧਾਰ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਰਾਮ ਕਿਹਾ ਰਾਮ ਪਾਣੀ ਗਿਲਾਸ ਥੋੜਾ ਊਣਾ, ਭਰਿਆ ਨਜ਼ਰ ਕੋਇ ਨਾ ਆਈਆ । ਫੜ ਮੋਢਿਉਂ ਦਿਤਾ ਹਲੂਣਾ, ਜ਼ੋਰ ਨਾਲ ਦਬਾਈਆ । ਸੀਤਾ ਤੂੰ ਨਹੀਂ ਮੁਖੋਂ ਕੂਣਾ, ਕਹਿ ਕੇ ਦਿਤਾ ਸੁਣਾਈਆ । ਇਹਦਾ ਰਸ ਅਜੇ ਅਲੂਣਾ, ਮਿੱਠਾ ਰੂਪ ਨਾ ਕੋਇ ਪਰਗਟਾਈਆ । ਰਾਮ ਕਿਹਾ ਮੇਰੇ ਰਾਮ ਇਉਂ ਦਿਸਦਾ ਜਿਸ ਵੇਲੇ ਕਲਜੁਗ ਤਪਣਾ ਧੂਣਾਂ, ਧੂੰਆਂਧਾਰ ਹੋਣੀ ਲੋਕਾਈਆ । ਪਾਪ ਵਧਣਾ ਦੂਣਾ, ਪਤਤ ਹੋਏ ਲੋਕਾਈਆ । ਜਗਤ ਹੋਵੇ ਤੇਰੇ ਨਾਮ ਵਿਹੂਣਾ, ਸਾਚਾ ਨਾਮ ਨਾ ਕੋਇ ਧਿਆਈਆ । ਤੇਰੇ ਗੁਰਮੰਤਰ ਨੂੰ ਜਗਤ ਸਮਝੇ ਟੂਣਾ, ਜਾਦੂਆਂ ਵਾਲੀ ਦੁਹਾਈਆ । ਇਹ ਲੇਖਾ ਨਾਮਾਲੂਮਾ, ਸਮਝ ਨਾ ਕੋਇ ਸਮਝਾਈਆ । ਧੁਰ ਦੇ ਰਾਮ ਕਿਹਾ ਓਹ ਰਾਮ ਮੇਰੇ ਮਾਸੂਮਾ, ਉਠ ਨੈਣ ਅੱਖ ਖੁਲ੍ਹਾਈਆ । ਕਲਜੁਗ ਵਿਚ ਮੈਂ ਓਨ੍ਹਾਂ ਭਗਤਾਂ ਦੇ ਮੁਖੜੇ ਚੂਮਾਂ, ਜਿਨ੍ਹਾਂ ਨੂੰ ਬੁਰਾ ਕਹੇ ਲੋਕਾਈਆ । ਰਾਮ ਕਿਹਾ ਵਾਹ ਓਏ ਪ੍ਰਭੂ

ਸੂਮਾ, ਬਿਨਾ ਇਕ ਭਗਤ ਤੋਂ ਤੂੰ ਤਾਰਨ ਦੀ ਹਿੰਮਤ ਨਾ ਕੋਇ ਰਖਾਈਆ । ਧੁਰ ਰਾਮ ਕਿਹਾ ਰਾਮ ਜੇ ਮੈਂ ਕਿਰਪਾ ਕਰਾਂ ਇਕ ਤੋਂ ਬਣਾ ਦੇਵਾਂ ਹਜੂਮਾਂ, ਇਕੱਠੇ ਭੁੱਖੇ ਨੰਗੇ ਸਰਬ ਕਰਾਈਆ । ਜਿਸ ਵੇਲੇ ਚਾਹਵਾਂ ਤੇ ਆਪਣੇ ਭਗਤਾਂ ਦੇ ਅੰਦਰ ਘੁਮਾਂ, ਘੁੰਮਣ ਘੇਰੀ ਵਿਚੋਂ ਬਾਹਰ ਕਢਾਈਆ । ਜਦੋਂ ਚਾਹਵਾਂ ਮੈਂ ਮਿੱਠਾ ਕਰ ਦੇਵਾਂ ਤੁੰਮਾ, ਕੁੜੱਤਨ ਵਿਚੋਂ ਬਾਹਰ ਕਢਾਈਆ । ਸ੍ਰਿਸ਼ਟੀ ਦੇ ਵੇਂਹਦਿਆਂ ਉਨ੍ਹਾਂ ਦੇ ਵਿਚ ਗੁੰਮਾਂ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਹੁਕਮ ਵਰਤਾਈਆ । ਰਾਮ ਕਿਹਾ, ਰਾਮ, ਕੀ ਦੋ ਭਾਦਰੋਂ ਰਹਿ ਜਾਊ ਯਾਦ, ਸਚ ਦੇ ਸੁਣਾਈਆ । ਧੁਰ ਰਾਮ ਕਿਹਾ ਮੈਂ ਮਾਲਕ ਅੰਤ ਤੇ ਆਦਿ, ਜੁਗ ਜੁਗ ਮੇਰੀ ਬੇਪਰਵਾਹੀਆ । ਤੈਨੂੰ ਪੰਜਾਂ ਤਤਾਂ ਵਾਲੀ ਦਿਤੀ ਦਾਦ, ਜਿਸ ਵੇਲੇ ਚਾਹਾਂ ਉਸ ਵੇਲੇ ਖੋਹ ਕੇ ਆਪਣੀ ਝੋਲੀ ਪਾਈਆ । ਮੈਂ ਦੋ ਜਹਾਨਾਂ ਕਰਨ ਵਾਲਾ ਰਾਜ, ਲੱਖ ਚੁਰਾਸੀ ਆਪਣੀ ਰਈਅਤ ਭੁੱਲ ਕਦੇ ਨਾ ਜਾਈਆ । ਉਸ ਵੇਲੇ ਤੁਹਾਡੇ ਸਾਰੇ ਬਦਲ ਦੇਣੇ ਸਮਾਜ, ਸਮਿਗਰੀ ਆਪਣਾ ਨਾਮ ਵਰਤਾਈਆ । ਸੰਤ ਭਗਤ ਬਣਾ ਕੇ ਸਾਧ, ਗੁਰਮੁਖ ਲੈਣੇ ਉਠਾਈਆ । ਇਕੋ ਦੱਸ ਕੇ ਆਪਣਾ ਰਾਗ, ਵੈਰਾਗ ਅੰਦਰ ਦੇਣਾ ਰਖਾਈਆ । ਜਿਥੇ ਨਾ ਕੋਇ ਸਵਾਲ ਨਾ ਜਵਾਬ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਨਾ ਕੋਇ ਤੰਦ ਸਤਾਰ ਰਬਾਬ, ਨਾ ਕੋਇ ਕਿੱਲੀ ਲਏ ਭਵਾਈਆ । ਇਕੋ ਇਕ ਉਪਜਾ ਕੇ ਨਾਦ, ਸ਼ਬਦ ਧੁਨ ਦੇਣੀ ਸੁਣਾਈਆ । ਜਨ ਭਗਤਾਂ ਸਨਮੁਖ ਹੋ ਕੇ ਆਪ, ਆਪਣਾ ਮੇਲਾ ਲੈਣਾ ਮਿਲਾਈਆ । ਲੇਖਾ ਰਹਿਣ ਨਹੀਂ ਦੇਣਾ ਪੁੰਨ ਪਾਪ, ਇਕੋ ਰੰਗ ਦੇਣਾ ਰੰਗਾਈਆ । ਸੋ ਉਹ ਵੇਲਾ ਵਕਤ ਲਹਿਣਾ ਦੇਣਾ ਲੇਖਾ ਪੂਰਾ ਕੀਤਾ ਆਪ, ਰਾਮ ਦਾ ਰਾਮ ਭੁੱਲ ਕਦੇ ਨਾ ਜਾਈਆ । ਜਨ ਭਗਤੋ ਤੁਹਾਡੀ ਏਸੇ ਕਰ ਕੇ ਖੋਲ੍ਹੀ ਜਾਗ, ਆਲਸ ਨਿੰਦਰਾ ਵਿਚੋਂ ਬਾਹਰ ਉਠਾਈਆ । ਬੈਠਕਾਂ ਕਢਣ ਦਾ ਰਾਮ ਨੇ ਰਾਮ ਨੂੰ ਦੱਸਿਆ ਸੀ ਰਿਵਾਜ, ਪਰਭਾਸ ਵਿਚ ਸੁੱਤਾ ਆਪ ਜਗਾਈਆ । ਏਸੇ ਕਾਰਨ ਉਹ ਖੇਲ ਕੀਤੀ ਕੀਤੀ ਸਾਖਿਆਤ, ਭਰਮ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਸੇ ਕਰ ਕੇ ਸੌਣ ਨਹੀਂ ਦਿਤਾ ਤਕ ਅੱਧੀ ਰਾਤ, ਜਬ ਤਕ ਪਿਛਲਾ ਲੇਖਾ ਨਾ ਝੋਲੀ ਪਾਈਆ ।



## ੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਹਰੀ ਸਿੰਘ ਤੇ ਪੂਰਨ ਸਿੰਘ ਦੇ ਗ੍ਰਿਹਿ ਪਿੰਡ ਸੋਲ੍ਹ

ਗੁਰਸਿਖ ਕਦੇ ਨਾ ਹੋਵੇ ਗ਼ਰੀਬ, ਜਿਸ ਅੰਤਰ ਗੋਬਿੰਦ ਦਇਆ ਕਮਾਈਆ । ਸਤਿਗੁਰ ਸ਼ਬਦ ਸਦਾ ਰੱਖੇ ਚੀਤ, ਚਿਤ ਵਿਤ ਠਗੌਰੀ ਰਹਿਣ ਕੋਇ ਨਾ ਪਾਈਆ । ਤ੍ਰੈਗੁਣ ਤੋਂ ਹੋਵੇ ਅਤੀਤ, ਤ੍ਰੈਭਵਣ ਧਨੀ ਦਇਆ ਕਮਾਈਆ । ਕਾਇਆ ਹੋਵੇ ਠਾਂਡੀ ਸੀਤ, ਕਲਜੁਗ ਅਗਨੀ ਤਤ ਨਾ ਕੋਇ ਤਪਾਈਆ । ਮਨ ਕਲਪਣਾ ਬਦਲ ਜਾਏ ਨੀਤ, ਕੂੜੀ ਕਿਰਿਆ ਕੂੜ ਮਿਟਾਈਆ । ਸਾਹਿਬ ਸਵਾਮੀ ਮਿਲੇ ਇਕੋ ਮੀਤ, ਮਿੱਤਰ ਪਿਆਰਾ ਧੁਰਦਰਗਾਹੀਆ । ਜਿਸ ਦੇ ਛਤਰ ਝੁੱਲੇ ਸੀਸ, ਜਗਦੀਸ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ ਵਰ, ਭੇਵ ਅਭੇਦਾ ਅੰਤਰ ਖੁਲ੍ਹਾਈਆ । ਗ਼ਰੀਬ ਹੋਵੇ ਨਾ ਕਦੇ ਗੁਰਸਿਖ, ਜਿਸ ਸਿਖਿਆ ਸਤਿਗੁਰ ਭਾਈਆ । ਜਨਮ ਕਰਮ

ਤੋਂ ਬਾਹਰ ਲੇਖਾ ਦੇਵੇ ਲਿਖ, ਸਤਿਗੁਰ ਦਾਤਾ ਧੁਰਦਰਗਾਹੀਆ । ਜਿਸ ਦਾ ਅੰਤਰ ਆਤਮ ਇਸ਼ਟ ਇਕ, ਏਕੰਕਾਰ ਸੀਸ ਨਿਵਾਈਆ । ਸੋ ਸਾਹਿਬ ਸੁਹੇਲਾ ਬਣੇ ਅਗੰਮਾ ਪਿਤ, ਮੀਤ ਮੁਰਾਰਾ ਇਕ ਅਖਵਾਈਆ । ਜਿਸ ਦੀ ਕਿਰਪਾ ਨਾਲ ਸ੍ਰਿਸ਼ਟੀ ਦ੍ਰਿਸ਼ਟੀ ਜਾਏ ਜਿੱਤ, ਨੌਂ ਦਵਾਰ ਦਾ ਡੇਰਾ ਢਾਹੀਆ । ਸਚ ਦਵਾਰ ਜਾਏ ਵਿਕ, ਕੀਮਤ ਸਤਿਗੁਰ ਘਰ ਪਾਈਆ । ਜਿਸ ਮੰਜ਼ਲ ਤੇ ਚੜ੍ਹੇ ਕੋਇ ਮੁਨ ਨਾ ਰਿਖ, ਗੁਰਮੁਖ ਮਿਲੇ ਮਾਣ ਵਡਿਆਈਆ । ਜਿਸ ਦੀ ਝੋਲੀ ਪਏ ਨਾਮ ਦੀ ਭਿੱਖ, ਭਿਛਿਆ ਦੇਵੇ ਬੇਪਰਵਾਹੀਆ । ਉਸ ਦੀ ਪੂਰੀ ਮਨਸਾ ਇੱਛ, ਨਿਰਇੱਛਤ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ ਵਰ, ਹਰਿ ਵੱਡਾ ਵਡ ਵਡਿਆਈਆ । ਗ਼ਰੀਬ ਨਾ ਹੋਵੇ ਗੁਰਸਿਖ ਸੱਚਾ, ਸਚ ਮਿਲੇ ਵਡਿਆਈਆ । ਬੇਸ਼ਕ ਕਾਇਆ ਮਾਟੀ ਭਾਂਡਾ ਕੱਚਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਨਜ਼ਰੀ ਆਈਆ । ਅੰਦਰ ਵਸੇ ਪੁਰਖ ਸਮਰਥਾ, ਨਿਰਗੁਣ ਨੂਰ ਜੋਤ ਇਲਾਹੀਆ । ਜੋ ਹਭ ਕਿਛ ਹੋ ਕੇ ਪਰਮਾਤਮ ਦੇਵੇ ਵਥਾ, ਵਸਤ ਅਮੋਲਕ ਨਾਮ ਵਰਤਾਈਆ । ਚੁਰਾਸੀ ਵਿਚੋਂ ਰੱਖੇ ਦੇ ਕੇ ਹੱਥਾ, ਰਾਏ ਧਰਮ ਨਾ ਦਏ ਸਜ਼ਾਈਆ । ਸਚ ਦਵਾਰਾ ਖੋਲ੍ਹ ਕੇ ਹੱਟਾ, ਗ੍ਰਿਹਿ ਆਪਣਾ ਇਕ ਸਮਝਾਈਆ । ਜਿਥੇ ਕੀਮਤ ਸੋਨਾ ਰੁਪਾ ਪਏ ਕੋਈ ਨਾ ਟਕਾ, ਜਗਤ ਮਾਇਆ ਨਾ ਕੋਇ ਚਤੁਰਾਈਆ । ਇਕੋ ਏਕੰਕਾਰ ਸਿਰ ਰੱਖੇ ਆਪਣਾ ਹੱਥਾ, ਮਿਹਰ ਨਜ਼ਰ ਉਠਾਈਆ । ਆਦਿ ਤੋਂ ਅੰਤ ਤਕ ਸਿੱਖ ਸਦਾ ਸਤਿਗੁਰੂ ਦਾ ਬੱਚਾ, ਸ਼ਬਦ ਗੁਰੂ ਆਪਣੀ ਗੋਦ ਉਠਾਈਆ । ਜੋ ਸਾਢੇ ਤਿੰਨ ਕਰੋੜ ਲੂੰ ਲੂੰ ਅੰਦਰ ਰਚਾ, ਰਚਨਾ ਆਪਣੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਨਾਮ ਵਰ, ਵਸਤ ਇਕੋ ਇਕ ਵਰਤਾਈਆ । ਗੁਰਸਿਖ ਗ਼ਰੀਬ ਹੋਵੇ ਨਾ ਕਦੇ ਕੰਗਾਲ, ਕੌਡੀ ਹੱਟ ਨਾ ਕਦੇ ਵਿਕਾਈਆ । ਜੇਹੜਾ ਸ਼ਬਦ ਗੁਰੂ ਦਾ ਲਾਲ, ਉਹ ਗੁਰਸਿਖ ਗੋਬਿੰਦ ਗੋਦ ਉਠਾਈਆ । ਏਥੇ ਓਥੇ ਬਣੇ ਦਲਾਲ, ਵਿਚੋਲਾ ਹੋਵੇ ਸਭਨੀਂ ਥਾਈਆ । ਨਾਤਾ ਤੋੜ ਕੇ ਕਾਲ ਮਹਾਂਕਾਲ, ਮਿਹਰ ਨਜ਼ਰ ਇਕ ਟਿਕਾਈਆ । ਆਤਮ ਪਰਮਾਤਮ ਰੱਖੇ ਨਾਲ, ਵਿਛੋੜਾ ਅੰਤ ਰਹੇ ਨਾ ਰਾਈਆ । ਲੈ ਜਾਏ ਸਚਖੰਡ ਸੱਚੀ ਧਰਮਸਾਲ, ਜਿਥੇ ਇਕੋ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ ਵਰ, ਹਰਿ ਵੱਡਾ ਵਡ ਵਡਿਆਈਆ । ਗੁਰਸਿਖ ਗ਼ਰੀਬ ਹੋਵੇ ਨਾ ਜਗ, ਜਾਗਰਤ ਜੋਤ ਸ਼ਬਦ ਗੁਰੂ ਰੁਸ਼ਨਾਈਆ । ਜਗਤ ਤ੍ਰਿਸ਼ਨਾ ਮਿਟੇ ਅੱਗ, ਹਉਮੇਂ ਰੋਗ ਗਵਾਈਆ । ਹੰਸ ਬਣੇ ਕਗ, ਕੂੜੀ ਕਿਰਿਆ ਡੇਰਾ ਢਾਹੀਆ । ਸਤਿਗੁਰ ਦਰਸ ਕਰੇ ਉਪਰ ਸ਼ਾਹ ਰਗ, ਮਾਇਆ ਮਮਤਾ ਮੋਹ ਚੁਕਾਈਆ । ਸ਼ਬਦੀ ਰਾਗ ਸੁਣੇ ਅਨਹਦ, ਨਾਦ ਆਪ ਸੁਣਾਈਆ । ਏਕਾ ਇਕ ਦੀ ਬਣੇ ਯਦ, ਬੰਸ ਇਕੋ ਇਕ ਸੁਹਾਈਆ । ਸਤਿਗੁਰ ਸਿੱਖ ਸਿੱਖ ਸਤਿਗੁਰ ਕਦੇ ਨਾ ਹੋਵੇ ਅੱਡ, ਸਤਿਗੁਰ ਗੋਬਿੰਦ ਗਿਆ ਜਣਾਈਆ । ਉਹ ਸਦਾ ਸਦਾ ਸਦ ਲਡਾਵੇ ਲਡ, ਗੁਰਮੁਖਾਂ ਬਣ ਕੇ ਪਿਤਾ ਮਾਈਆ । ਕੂੜੀ ਕਿਰਿਆ ਕਰ ਦੇਵੇ ਰੱਦ, ਅੱਗੇ ਮਾਰਗ ਇਕ ਚਲਾਈਆ । ਸਚ ਦਵਾਰੇ ਲਏ ਸੱਦ, ਸਦਾ ਹੁਕਮ ਨਾਮ ਸ਼ਨਵਾਈਆ । ਗੁਰਮੁਖ ਸਤਿਗੁਰ ਮੰਜ਼ਲ ਚੜ੍ਹਨਾ ਭੱਜ, ਵਿਸ਼ਨ ਬ੍ਰਹਮਾ ਸ਼ਿਵ ਅੱਗੇ ਦਿਸਣ ਸੀਸ ਨਿਵਾਈਆ । ਸਚਖੰਡ ਦਵਾਰੇ ਜਾਣਾ ਸਜ, ਜਿਥੇ ਸੱਜਣ ਮਿਲੇ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਨਰ ਹਰਿ ਆਪਣਾ ਇਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ

੬੩੧
੨੨

ਡੰਡਾਵਤ, ਨਿਵ ਨਿਵ ਸੀਸ ਝੁਕਾਈਆ । ਪਾਰਬ੍ਰਹਮ ਬ੍ਰਹਮ ਤੇਰੀ ਵੇਖੀ ਬਨਾਵਟ, ਲੱਖ ਚੁਰਾਸੀ ਰੰਗ ਰੰਗਾਈਆ । ਸਾਨੂੰ ਅੰਤਮ ਆਈ ਥਕਾਵਟ, ਦਰ ਠਾਂਡੇ ਦਈਏ ਦ੍ਰਿੜਾਈਆ । ਕਲਜੁਗ ਜੀਵਾਂ ਅੰਦਰ ਆਈ ਜਹਾਲਤ, ਬੁਧ ਬਿਬੇਕ ਨਾ ਕੋਇ ਕਰਾਈਆ । ਨੌਂ ਖੰਡ ਪ੍ਰਿਥਮੀ ਦਿਸੇ ਨਾ ਕੋਈ ਸਚ ਅਦਾਲਤ, ਸੱਤ ਦੀਪ ਹੁਕਮ ਹਾਕਮ ਨਾ ਕੋਇ ਸੁਣਾਈਆ । ਜਿਧਰ ਤੱਕੀਏ ਕੂੜ ਬਨਾਵਟ, ਕੂੜੀ ਕਿਰਿਆ ਨਾਲ ਸਮਝਾਈਆ । ਧਰਮ ਦੀ ਧਾਰ ਨਾ ਰਹੀ ਅਮਾਨਤ, ਅਮਲ ਰਿਹਾ ਨਾ ਜਗਤ ਲੋਕਾਈਆ । ਚਾਰੋਂ ਕੁੰਟ ਅੰਧੇਰੀ ਸ਼ਾਮਤ, ਸ਼ਮਾਂ ਦੀਪ ਨਾ ਕੋਇ ਜਲਾਈਆ । ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਸਾਂਝੇ ਯਾਰ ਕਰ ਸਖ਼ਾਵਤ, ਸਖ਼ੀ ਸੁਖ਼ਨ ਇਕ ਨਿਭਾਈਆ । ਕਲਪਨਾ ਕੂੜ ਮੇਟ ਅਲਾਮਤ, ਅਲਾਹ ਇਕੋ ਨੂਰ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਪ੍ਰਭੂ ਵੇਖ ਲੈ ਆਪਣੀ ਦੁਨੀਆ, ਖ਼ਾਲਕ ਖ਼ਲਕ ਖੋਜ ਖੁਜਾਈਆ । ਨੂਰ ਰਿਹਾ ਨਾ ਰਿਖੀਆਂ ਮੁਨੀਆਂ, ਸਤਿ ਸਚ ਨਾ ਕੋਇ ਸਮਾਈਆ । ਵਿਦਵਾਨ ਰਿਹਾ ਕੋਇ ਨਾ ਗੁਣੀਆਂ, ਅੰਤਰ ਭੇਵ ਨਾ ਕੋਇ ਚੁਕਾਈਆ । ਕਲਜੁਗ ਸਿਰ ਉਤੇ ਰਹਿਣ ਨਹੀਂ ਦਿਤੀਆਂ ਚੁੰਨੀਆਂ, ਨਪਤਦ ਮੇਰੀ ਦੁਹਾਈਆ । ਭਾਗ ਲੱਗੇ ਨਾ ਸਾਢੇ ਤਿੰਨ ਹੱਥ ਕਾਇਆ ਕੁਲੀਆਂ, ਦੀਪਕ ਦੀਆ ਨਾ ਕੋਇ ਜਲਾਈਆ । ਮਾਇਆ ਮਮਤਾ ਮੋਹ ਵਿਕਾਰ ਵਿਚ ਕਾਹਨਾ ਤੇਰੀਆਂ ਸਖ਼ੀਆਂ ਰੁਲੀਆਂ, ਸਾਂਤਕ ਸਤਿ ਨਾ ਕੋਇ ਕਰਾਈਆ । ਬਿਨਾ ਹਰਿ ਕੇ ਨਾਮ ਤੋਂ ਜਗਤ ਲਾਲ ਕਰਦਾ ਬੁਲ੍ਹੀਆਂ, ਧੁਰ ਦਾ ਰੰਗ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਪ੍ਰਭ ਆਪਣੀ ਵੇਖ ਲੈ ਸ੍ਰਿਸ਼ਟੀ, ਸ੍ਰੇਸ਼ਟ ਨਜ਼ਰ ਕੋਇ ਨਾ ਆਈਆ । ਸਾਬਤ ਰਿਹਾ ਕੋਇ ਨਾ ਇਸ਼ਟੀ, ਈਸ਼ ਜੀਵ ਪਈ ਦੁਹਾਈਆ । ਧਰਮ ਦਾ ਰਿਹਾ ਨਾ ਕੋਇ ਗ੍ਰਿਹਸਤੀ, ਨੇਤਰ ਨੈਣ ਸਰਬ ਤਕਾਈਆ । ਝਗੜਾ ਤਕ ਲੈ ਦੋਜ਼ਖ਼ ਬਹਿਸ਼ਤੀ, ਪੈਗ਼ੰਬਰ ਕੂਕ ਕੂਕ ਸੁਣਾਈਆ । ਚਾਰ ਕੁੰਟ ਦਹਿ ਦਿਸ਼ਾ ਨੌਂ ਖੰਡ ਪ੍ਰਿਥਮੀ ਸੱਤ ਦੀਪ ਸਾਬਤ ਰਿਹਾ ਕੋਈ ਨਾ ਸਿਦਕੀ, ਸਬੂਰੀ ਅੰਦਰ ਨਾ ਕੋਇ ਟਿਕਾਈਆ । ਪੁਰਖ ਅਕਾਲ ਦੀਨ ਦਿਆਲ ਆਪਣੀ ਪੂਜਾ ਕਰਾ ਲੈ ਇਕ ਦੀ, ਏਕੰਕਾਰ ਤੈਨੂੰ ਦਈਏ ਜਣਾਈਆ । ਕਲਜੁਗ ਕੂੜੀ ਕਾਇਆ ਵੇਖ ਲੈ ਵਿਕਦੀ, ਕੀਮਤ ਟਕਿਆਂ ਵਾਲੀ ਪਾਈਆ । ਕਿਸੇ ਨੂੰ ਖ਼ਬਰ ਨਹੀਂ ਪਰਮਾਤਮ ਤੇਰੇ ਮਿਤ ਦੀ, ਮਿੱਤਰ ਪਿਆਰੇ ਤੇਰਾ ਪ੍ਰੇਮ ਨਾ ਕੋਇ ਨਿਭਾਈਆ । ਜਿਸ ਦਾ ਲੇਖ ਚਾਰ ਜੁਗ ਕਲਮ ਸ਼ਾਹੀ ਰਹੀ ਲਿਖਦੀ, ਕਾਤਬ ਬਣ ਕੇ ਕੀਤੀ ਵਡਿਆਈਆ । ਅੰਤ ਕਲ ਤੇਰੀ ਨਿਸ਼ਾਨੀ ਜਾਂਦੀ ਮਿਟਦੀ, ਮੇਟਣਹਾਰੇ ਸਾਡੀ ਦੁਹਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹੇ ਸਾਡੀ ਆਸ਼ਾ ਪੁਰਖ ਅਕਾਲ ਤੇਰੇ ਦਵਾਰੇ ਪਿਟਦੀ, ਰੋ ਰੋ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰ ਦੇ ਆਪਣੀ ਵਾਰ ਥਿਤ ਦੀ, ਜਿਸ ਦੀ ਥਿਤ ਵਾਰ ਜੁਗ ਚੌਕੜੀ ਸਮਝ ਕਿਸੇ ਨਾ ਆਈਆ ।

✪ ੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਮਹਿੰਦਰ ਸਿੰਘ ਦੇ ਗ੍ਰਹਿ ਪਿੰਡ ਸੋਲ੍ਹ ਜ਼ਿਲਾ ਅੰਮ੍ਰਿਤਸਰ ✪

ਜੋਤ ਧਾਰ ਕਹੇ ਮੈਂ ਚਾਰ ਜੁਗ ਭੱਜੀ ਨੱਠੀ, ਅਵਤਾਰ ਪੈਗ਼ੰਬਰ ਗੁਰੂ ਰੂਪ ਪਰਗਟਾਈਆ । ਪੁਰਖ ਅਕਾਲ ਦੀਨ ਦਿਆਲ ਤੇਰੀ ਬਣੀ ਰਹੀ ਪੱਠੀ, ਨਿਮਾਣੀ ਹੋ ਕੇ ਸੇਵ ਕਮਾਈਆ । ਦੀਨ ਮਜ਼੍ਹਬ ਤਪਾਉਂਦੀ ਰਹੀ ਭੱਠੀ, ਅਗਨੀ ਤਤਾਂ ਵਿਚ ਪਰਗਟਾਈਆ । ਤੇਰਾ ਖੇਲ ਦੱਸਦੀ ਰਹੀ ਹਠੀ, ਸਤਿ ਸਰੂਪ ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਨਾਮ ਕਲਮਾ ਰਹੀ ਰਟੀ, ਢੋਲੇ ਸਿਫ਼ਤਾਂ ਵਾਲੇ ਰਹੇ ਗਾਈਆ । ਅੱਖਰਾਂ ਵਾਲੀ ਪੜ੍ਹਾਉਂਦੀ ਰਹੀ ਪੱਟੀ, ਲੇਖਾ ਲਿਖ ਕਲਮ ਸ਼ਾਹੀਆ । ਜਗਤ ਵਣਜਾਰਨ ਚਲਾਉਂਦੀ ਰਹੀ ਹੱਟੀ, ਦਰ ਦਵਾਰ ਮਾਤ ਖੁਲ੍ਹਾਈਆ । ਮਹਿਮਾ ਸਿਫ਼ਤ ਦੀ ਲਿਖਾਉਂਦੀ ਰਹੀ ਫੱਟੀ, ਲਾਈਨਾਂ ਸਤਰਾਂ ਵਿਚ ਵਖਾਈਆ । ਦੱਸਦੀ ਰਹੀ ਵਸਿਆ ਘਟ ਘਟੀ, ਘਟ ਅੰਤਰ ਬੈਠਾ ਡੇਰਾ ਲਾਈਆ । ਭਾਗ ਲਗਾਵੇ ਕਾਇਆ ਮੱਟੀ, ਸਾਢੇ ਤਿੰਨ ਹੱਥ ਪੰਜ ਤਤ ਤੇਰੇ ਕਦਮਾਂ ਉਤੇ ਸਿਰ ਰਹੀ ਸੱਟੀ, ਨੈਣ ਅੱਖ ਨਾ ਕੋਇ ਉਠਾਈਆ । ਜੁਗ ਚੌਕੜੀ ਖੱਟੀ ਖੱਟੀ, ਖਟਕਾ ਮੂਲ ਰਿਹਾ ਨਾ ਰਾਈਆ । ਸਿਫ਼ਤ ਕੀਤੀ ਬਿਨਾ ਭੱਟ ਭੱਟੀ, ਢੋਲੇ ਰਾਗ ਜਣਾਈਆ । ਨਿਰਗੁਣ ਹੋ ਕੇ ਜਗਦੀ ਰਹੀ ਨਿੱਕੀ ਜੇਹੀ ਵੱਟੀ, ਬੁਤਖ਼ਾਨੇ ਕਰ ਰੁਸ਼ਨਾਈਆ । ਮੇਰੇ ਸਾਹਿਬ ਸੁਲਤਾਨ ਮੈਂ ਸ੍ਰਿਸ਼ਟੀ ਕਰ ਨਾ ਸਕੀ ਇਕੱਠੀ, ਇਕ ਰੰਗ ਨਾ ਕੋਇ ਰੰਗਾਈਆ । ਵੱਖ ਵੱਖ ਬੰਨ੍ਹੀ ਗੱਠੀ, ਭਾਰ ਜਗਤ ਵਾਲਾ ਉਠਾਈਆ । ਅੰਤ ਉਲਟੀ ਗੇੜ ਦੇ ਲੱਠੀ, ਚਾਰ ਜੁਗ ਦਾ ਝਗੜਾ ਦੇ ਮੁਕਾਈਆ । ਕਥਾ ਕਹਾਣੀ ਇਕ ਦੱਸੀ, ਦਹਿ ਦਿਸ਼ਾ ਦੇਣੀ ਪੜ੍ਹਾਈਆ । ਲੇਖਾ ਜਾਣ ਚਾਰ ਲੱਖ ਅੱਸੀ, ਚੁਰਾਸੀ ਭੇਵ ਰਹੇ ਨਾ ਰਾਈਆ । ਜਨ ਭਗਤਾਂ ਰਾਏ ਧਰਮ ਗਲੋਂ ਲਾਹ ਰੱਸੀ, ਫਾਸੀ ਗਲ ਨਾ ਕੋਇ ਲਟਕਾਈਆ । ਕਲਜੁਗ ਮੇਟ ਅੰਧੇਰੀ ਮੱਸੀ, ਨੂਰ ਚੰਦ ਇਕ ਕਰ ਰੁਸ਼ਨਾਈਆ । ਤੇਰੀ ਬਸਤੀ ਇਕੋ ਹੋਵੇ ਵਸੀ, ਦੂਜਾ ਗ੍ਰਹਿ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਜੋਤ ਧਾਰ ਕਹੇ ਮੈਂ ਚਾਰ ਜੁਗ ਭੱਜੀ ਦੌੜੀ, ਨੱਠੀ ਵਾਹੋ ਦਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲਾਈ ਪੌੜੀ, ਡੰਡਾ ਤੇਰਾ ਨਾਮ ਲਗਾਈਆ । ਬੇਅੰਤ ਤੇਰੀ ਬੇਅੰਤ ਖੇਲ ਮੁਝੇ ਨਾ ਔੜੀ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਸਾਚੇ ਮਾਰਗ ਸ੍ਰਿਸ਼ਟੀ ਚਲੇ ਥੋੜੀ, ਧਰਮ ਦੀ ਧਾਰ ਨਾ ਕੋਇ ਬਣਾਈਆ । ਕਲਜੁਗ ਕਾਇਆ ਹੋਈ ਕੌੜੀ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਸਦੀ ਚੌਧਵੀਂ ਸਕੇ ਕੋਈ ਨਾ ਹੋੜੀ, ਹੋਕਾ ਦੇ ਕੇ ਦਿਆਂ ਸੁਣਾਈਆ । ਮੇਰੀ ਆਯੂ ਰਹਿ ਗਈ ਥੋੜੀ, ਲੋਕਮਾਤ ਨਾ ਕੋਇ ਚਤੁਰਾਈਆ । ਅੱਗੇ ਭਗਤ ਭਗਵਾਨ ਦੀ ਹੋਵੇ ਜੋੜੀ, ਜੋੜੀ ਦੋ ਜਹਾਨ ਬਣਾਈਆ । ਮਿਹਰਵਾਨ ਮਹਿਬੂਬ ਆਪਣੀ ਵਸਤ ਦੇ ਦੇ ਝੋਰੀ, ਝੋਰੇ ਵਿਚ ਪੈਣ ਦੀ ਲੋੜ ਰਹੇ ਨਾ ਰਾਈਆ । ਤੇਰੇ ਅੱਗੇ ਨਹੀਂ ਕੋਈ ਜ਼ੋਰੀ, ਨਿਉਂ ਨਿਉਂ ਕੇ ਸੀਸ ਝੁਕਾਈਆ । ਮੈਂ ਚਾਰ ਜੁਗ ਦੀ ਬਾਂਕੀ ਛੋਹਰੀ, ਵਲੀਏ ਛਲੀਏ ਤੇਰਾ ਭੇਵ ਕੋਇ ਨਾ ਪਾਈਆ । ਕਲਜੁਗ ਅੰਤਮ ਮੇਰੀ ਬਹੁੜੀ, ਰੋ ਰੋ ਕੇ ਦਿਆਂ ਸੁਣਾਈਆ । ਸਾਹਿਬ ਸਤਿਗੁਰ ਬਣ ਭੋਰੀ, ਅੰਤਰ ਆਤਮ ਖੋਜ ਖੁਜਾਈਆ । ਏਸ ਵੇਲੇ ਤੇਰੀ ਲੋੜੀ, ਲੁੜੀਂਦੇ ਸੱਜਣ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਜੋਤ ਧਾਰ ਕਹੇ ਮੈਂ ਫਿਰ ਫਿਰ ਥੱਕੀ, ਥਕਾਵਟ ਵਿਚ ਦੁਹਾਈਆ । ਮੈਂ ਚਾਰ ਜੁਗ ਦੀ ਅੱਕੀ,

ਅਕਲ ਬੁੱਧੀ ਤੋਂ ਪਰੇ ਦਿਆਂ ਸੁਣਾਈਆ । ਮੈਂ ਲੱਖ ਚੁਰਾਸੀ ਤਕੀ, ਵੇਖਾਂ ਥਾਉਂ ਥਾਈਆ । ਤੇਰਾ ਪਿਆਰ ਕਰੇ ਕੋਈ ਨਾ ਹੱਕੀ, ਹਕੀਕਤ ਸਚ ਨਾ ਕੋਇ ਸਮਝਾਈਆ । ਦੀਨ ਦੁਨੀ ਹੋਈ ਸ਼ੱਕੀ, ਸ਼ਿਕਵਾ ਸਕੇ ਨਾ ਕੋਇ ਮਿਟਾਈਆ । ਕਿਰਪਾ ਕਰ ਪੁਰਖ ਸਮਰਥੀ, ਤੇਰੇ ਅੱਗੇ ਵਾਸਤਾ ਪਾਈਆ । ਆਪਣਾ ਦਰਸ ਦੇ ਨਿਜ ਨੇਤਰ ਨੈਣ ਅੱਖੀ, ਅੱਖ ਪ੍ਰਤਖ ਆਪ ਖੁਲ੍ਹਾਈਆ । ਮੈਂ ਤੇਰੇ ਘਰ ਦੀ ਸਖ਼ੀ, ਸੁਖ਼ਨ ਸਚ ਰਹੀ ਸੁਣਾਈਆ । ਤੂੰ ਸਾਹ ਪਾਤਸ਼ਾਹ ਸ਼ਹਿਨਸ਼ਾਹ ਨਾਮ ਦਾ ਲਖੀ, ਤੋਟ ਨਜ਼ਰ ਕੋਇ ਨਾ ਆਈਆ । ਤੇਰੇ ਚਰਨ ਕਵਲ ਸਰਨਾਈ ਢੱਠੀ, ਧੂੜੀ ਮਸਤਕ ਖ਼ਾਕ ਰਮਾਈਆ । ਸਦੀ ਚੌਧਵੀਂ ਜਾਂਦੀ ਟੱਪੀ, ਟੱਪਾ ਆਪਣਾ ਦੇ ਪੜ੍ਹਾਈਆ । ਭਾਗ ਲਗਾ ਦੇ ਕਾਇਆ ਮੱਟੀ, ਗ੍ਰਿਹ ਮੰਦਰ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੰਦਰ ਸਦਾ ਵਸੀਂ, ਵਾਸਤਾ ਆਪਣੇ ਨਾਲ ਰਖਾਈਆ । ਜੋਤੀ ਨਾਰ ਕਹੇ ਮੈਂ ਵੇਖਿਆ ਚਾਰ ਚੁਫੇਰਾ, ਕੁੰਟ ਬੈਕੁੰਟ ਧਿਆਨ ਲਗਾਈਆ । ਦਿਸਿਆ ਅੰਧ ਅੰਧੇਰਾ, ਜੋਤ ਨੂਰ ਨਾ ਕੋਇ ਚਮਕਾਈਆ । ਵਸਿਆ ਕੋਈ ਨਾ ਖੇੜਾ, ਘਰ ਮੰਦਰ ਨਾ ਵੱਜੇ ਵਧਾਈਆ । ਬੰਨ੍ਹਿਆ ਕਿਸੇ ਨਾ ਬੇੜਾ, ਸੰਸਾਰ ਸਾਗਰ ਪਾਰ ਨਾ ਕੋਇ ਕਰਾਈਆ । ਭਰਮਾਂ ਢਾਇਆ ਕਿਸੇ ਨਾ ਡੇਰਾ, ਹਉਮੈਂ ਰੋਗ ਨਾ ਕੋਇ ਚੁਕਾਈਆ । ਸਵਾਮੀ ਦਿਸੇ ਨਾ ਨੇਰਨ ਨੇਰਾ, ਗ੍ਰਿਹ ਮੰਦਰ ਨਾ ਕੋਇ ਰੁਸ਼ਨਾਈਆ । ਮੈਂ ਵਾਸਤਾ ਪਾਉਂਦੀ ਸਤਿਗੁਰ ਸ਼ਬਦ ਸ਼ਬਦ ਗੁਰ ਸ਼ੇਰਾ, ਸ਼ਹਿਨਸ਼ਾਹ ਤੇਰੀ ਸਰਨਾਈਆ । ਅਗਲਾ ਸਮਾਂ ਦੱਸਦਾ ਤੇਰਾ, ਤੀਰਥ ਤਟ ਰਹੇ ਕੁਰਲਾਈਆ । ਪਾਰਬ੍ਰਹਮ ਬ੍ਰਹਮ ਲਾ ਨਾ ਦੇਰਾ, ਬ੍ਰਹਮ ਤੇਰੀ ਆਸ ਰਖਾਈਆ । ਭੇਵ ਖੋਲ੍ਹ ਦੇ ਤੂੰ ਮੇਰਾ ਮੈਂ ਤੇਰਾ, ਆਤਮ ਪਰਮਾਤਮ ਪਰਮਾਤਮ ਆਤਮ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਰੰਗਾ ਦੇ ਸੰਝ ਸਵੇਰਾ, ਦੂਤੀਆ ਭੌ ਰਹੇ ਨਾ ਰਾਈਆ ।



### ੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਕਰਮ ਸਿੰਘ ਦੇ ਗ੍ਰਿਹ ਪਿੰਡ ਮੀਆਂ ਪੁਰ

ਪੁਰਖ ਅਕਾਲ ਕਹੇ ਮੈਂ ਵੇਖਾਂ ਕਲਜੁਗ ਕਲ, ਜੋਤੀ ਧਾਰ ਨਾਰ ਦ੍ਰਿੜਾਈਆ । ਜੋ ਚਾਰ ਕੁੰਟ ਦਹਿ ਦਿਸ਼ਾ ਵਧਿਆ ਛਲ, ਅਛਲ ਛਲਧਾਰੀ ਫੋਲ ਫੁਲਾਈਆ । ਨੇਤਰ ਵਰੋਲਾਂ ਅਠ ਸਠ ਜਲ, ਗੰਗਾ ਗੋਦਾਵਰੀ ਜਮਨਾ ਸੁਰਸਤੀ ਭੇਵ ਰਹੇ ਨਾ ਰਾਈਆ । ਸਤਿਜੁਗ ਤ੍ਰੇਤਾ ਦੁਆਪਰ ਲਹਿਣਾ ਦੱਸਾਂ ਬਾਵਨ ਬਲ, ਬਲ ਧਾਰੀ ਆਪ ਸੁਣਾਈਆ । ਜਿਸ ਕਾਰਨ ਅਵਤਾਰ ਪੈਗ਼ੰਬਰ ਗੁਰੂ ਦੇਵਾਂ ਘਲ, ਸੰਦੇਸ਼ਾ ਨਾਮ ਸ਼ਬਦ ਸ਼ਨਵਾਈਆ । ਓਹ ਖੇਲ ਤਕਾਂ ਬੈਠ ਉਪਰ ਧਾਮ ਨਿਹਚਲ ਅਟਲ, ਸਚਖੰਡ ਸਾਚੇ ਆਸਣ ਲਾਈਆ । ਕਿਉਂ ਜਗਤ ਜਹਾਨ ਕੂੜੀ ਕਿਰਿਆ ਗਿਆ ਰਲ, ਮਾਇਆ ਮਮਤਾ ਮੋਹ ਵਿਚ ਹਲਕਾਈਆ । ਹਰਿ ਕਾ ਨਾਮ ਸਿਮਰੇ ਘੜੀ ਨਾ ਪਲ, ਪਲਕਾਂ ਪਿਛੇ ਪ੍ਰਭ ਨਜ਼ਰ ਕਿਸੇ ਨਾ ਆਈਆ । ਅੰਤਮ ਸਭ ਨੂੰ ਦੇਵਾਂ ਫਲ, ਲੇਖਾ ਵੇਖਾਂ ਥਾਉਂ ਥਾਈਆ । ਸਦੀ ਚੌਧਵੀਂ ਧੁਰ ਦਾ ਹੁਕਮ ਜਾਏ ਕਦੇ ਨਾ ਟਲ, ਅਟਲ ਆਪ ਸੁਣਾਈਆ । ਲੱਖ ਚੁਰਾਸੀ ਪਾਵਾਂ ਡੂੰਘੀ ਡਲ, ਸਮੁੰਦ ਸਾਗਰ ਟਿੱਲੇ ਪਰਬਤ ਦੇਣ ਦੁਹਾਈਆ । ਸ਼ਬਦ ਅਗੰਮੀ ਭੇਜ ਕੇ ਦਲ, ਕੂੜ ਦਲਿੱਦਰ ਦਿਆਂ ਗਵਾਈਆ । ਅੰਤ ਅਖ਼ੀਰ

੬੩੫
੨੨

ਲੇਖਾ ਜਾਣਾਂ ਜਲ ਥਲ, ਮਹੀਅਲ ਪੜਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਨਿਵਾਸੀ ਆਪਣਾ ਹੁਕਮ ਸੁਣਾਈਆ । ਜੋਤੀ ਨਾਰ ਧਾਰ ਮੈਂ ਵੇਖਾਂ ਜਗਤ ਜਹਾਨਾਂ, ਨਿਰਗੁਣ ਸਰਗੁਣ ਭੇਵ ਚੁਕਾਈਆ । ਜੋਧਾ ਸੂਰਬੀਰ ਬਣ ਬਲਵਾਨਾ, ਬਲਧਾਰੀ ਵੇਸ ਵਟਾਈਆ । ਕਲ ਕਲਕੀ ਪਹਿਰਿਆ ਜਾਮਾ, ਨੂਰ ਨੂਰ ਕਰ ਰੁਸ਼ਨਾਈਆ । ਖੇਲ ਖਿਲਾਵਾਂ ਬਣ ਅਮਾਮਾ, ਪੈਗ਼ੰਬਰਾਂ ਪੰਧ ਮੁਕਾਈਆ । ਧੁਰ ਦਾ ਡੰਕ ਵਜਾ ਦਮਾਮਾ, ਦੋ ਜਹਾਨਾਂ ਦਿਆਂ ਡਰਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜ਼ਿਮੀਂ ਅਸਮਾਨਾਂ, ਆਪਣਾ ਰੰਗ ਰੰਗਾਈਆ । ਹੁਕਮ ਸੁਣਾਵਾਂ ਗੋਪੀ ਕਾਹਨਾ, ਸੀਤਾ ਰਾਮਾ ਨਾਲ ਮਿਲਾਈਆ । ਕਲਜੁਗ ਮੇਟ ਅੰਧੇਰੀ ਸ਼ਾਮਾ, ਸ਼ਮਾਂ ਨੂਰ ਇਕ ਚਮਕਾਈਆ । ਲੇਖਾ ਤਕਾਂ ਸਾਢੇ ਤਿੰਨ ਹੱਥ ਗਰਾਮਾ, ਕਾਇਆ ਖੇੜਾ ਖੋਜ ਖੁਜਾਈਆ । ਅੰਤਮ ਵਰਤ ਆਪਣਾ ਭਾਣਾ, ਭਾਵੀ ਸਭ ਨੂੰ ਦਿਆਂ ਵਖਾਈਆ । ਸ਼ਾਹੋ ਭੂਪ ਬਣ ਕੇ ਰਾਣਾ, ਰਈਅਤ ਖੋਜਾਂ ਚਾਈਂ ਚਾਈਂਆ । ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਸੁਹੇਲਾ ਵੇਖ ਨਿਮਾਣਾ, ਸਿਰ ਆਪਣਾ ਹੱਥ ਟਿਕਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਸ਼ਬਦ ਦੱਸ ਕੇ ਗਾਣਾ, ਆਤਮ ਪਰਮਾਤਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਹ ਹੱਕ ਹੱਕ ਸ਼ਨਵਾਈਆ । ਪੁਰਖ ਅਕਾਲ ਕਿਹਾ ਜੋਤੀ ਨਾਰ ਧਾਰ ਮੈਂ ਵੇਖਾਂ ਜਗਤ, ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਫੋਲ ਫੁਲਾਈਆ । ਨਿਰਗੁਣ ਧਾਰ ਜਾਮਾ ਪਹਿਰਿਆ ਫ਼ਕਤ, ਫ਼ਿਕਰਾ ਇਕੋ ਇਕ ਸੁਣਾਈਆ । ਚਾਰ ਜੁਗ ਦੀ ਆਪਣੀ ਵਿਚ ਛੁਪਾ ਕੇ ਸ਼ਕਤ, ਸ਼ਕਤੀਸ਼ਾਲੀ ਇਕ ਅਖਵਾਈਆ । ਸੰਤ ਸੁਹੇਲੇ ਪਰਗਟਾ ਭਗਤ, ਭਗਵਨ ਆਪਣਾ ਰੰਗ ਰੰਗਾਈਆ । ਲੇਖੇ ਲਾ ਕੇ ਬੂੰਦ ਰਕਤ, ਤਨ ਵਜੂਦ ਦਏ ਵਡਿਆਈਆ । ਕਲਜੁਗ ਅੰਤ ਸੁਹਾ ਕੇ ਵਕਤ, ਵੇਲਾ ਆਪਣੇ ਰੰਗ ਰੰਗਾਈਆ । ਲੇਖਾ ਜਾਣੇ ਅਰਸ਼ ਫ਼ਰਸ਼ ਉਪਰ ਧਰਤ, ਧਰਨੀ ਧਵਲ ਧੌਲ ਭੇਵ ਰਹੇ ਨਾ ਰਾਈਆ । ਜੋਧਾ ਸੂਰਬੀਰ ਬਣ ਮਰਦਾਨਾ ਮਰਦ, ਮੁੱਦਾ ਆਪਣਾ ਇਕ ਦ੍ਰਿੜਾਈਆ । ਸ਼ਰਅ ਛੁਰੀ ਤੋੜ ਕੇ ਕਰਦ, ਕਤਲਗਾਹ ਦਾ ਲੇਖਾ ਦਏ ਮੁਕਾਈਆ । ਚਾਰ ਵਰਨ ਅਠਾਰਾਂ ਬਰਨ ਗ਼ਰੀਬ ਨਿਮਾਣਿਆਂ ਵੰਡੇ ਦਰਦ, ਦੁਖੀਆਂ ਆਪਣੀ ਗੋਦ ਉਠਾਈਆ । ਕਲਜੁਗ ਮੇਟ ਅੰਧੇਰਾ ਗਰਦ, ਸਤਿਜੁਗ ਸਚ ਕਰੇ ਰੁਸ਼ਨਾਈਆ । ਝਗੜਾ ਮੇਟੇ ਮੰਦਰ ਮਸਜਿਦ ਚਰਚ, ਸ਼ਿਵਦਵਾਲੇ ਮੱਠ ਨਾ ਕੋਇ ਚਤੁਰਾਈਆ । ਗੁਰਮੁਖਾਂ ਮਨਸਾ ਪੂਰੀ ਕਰ ਕੇ ਹਰਸ, ਹਵਸ ਕੂੜੀ ਬਾਹਰ ਕਢਾਈਆ । ਜੋਤੀ ਧਾਰ ਦੇ ਕੇ ਦਰਸ, ਜਨਮ ਮਰਨ ਦੀ ਤ੍ਰਿਖਾ ਦਏ ਬੁਝਾਈਆ । ਅੰਮ੍ਰਿਤ ਮੇਘ ਬੂੰਦ ਸਵਾਂਤ ਨਿਝਰ ਝਿਰਨਾ ਬਰਸ, ਕਵਲ ਨਾਭੀ ਆਪ ਖੁਲ੍ਹਾਈਆ । ਗ੍ਰਿਹ ਮੰਦਰ ਅੰਦਰ ਸਚ ਸਵਾਮੀ ਆਵੇ ਪਰਤ, ਪਤਿਪਰਮੇਸ਼ਵਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਜੈਕਾਰਾ ਬੋਲੇ ਇਕੋ ਗਰਜ, ਗ਼ਰਜ਼ ਦੋ ਜਹਾਨਾਂ ਪੂਰ ਕਰਾਈਆ ।

### ੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਬੀਬੀ ਬੰਤੀ ਦੇ ਗ੍ਰਿਹ ਪਿੰਡ ਮੀਆਂ ਪੁਰ ਜ਼ਿਲਾ ਅੰਮ੍ਰਿਤਸਰ

ਪੁਰਖ ਅਕਾਲ ਕਿਹਾ ਜੋਤੀ ਨਾਰ ਧਾਰ ਮੈਂ ਅੰਤ ਸਭ ਕਿਛ ਕਰਨਾ, ਕਰਨੀ ਕਰਤਾ ਇਕ ਅਖਵਾਈਆ । ਲੱਖ ਚੁਰਾਸੀ ਮੇਰੇ ਹੱਥ ਜੀਣਾ

ਮਰਨਾ, ਗੇੜੇ ਵਿਚ ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਅਵਤਾਰ ਪੈਗ਼ੰਬਰ ਗੁਰ ਭੈ ਭੌ ਵਿਚ ਡਰਨਾ, ਦੇਵਤ ਸੁਰ ਸੀਸ ਸਕੇ ਨਾ ਕੋਇ ਉਠਾਈਆ । ਹੁਕਮੇ ਅੰਦਰ ਸ਼ਬਦੀ ਅਗੰਮੀ ਢੋਲਾ ਸਭ ਨੇ ਪੜ੍ਹਨਾ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀਆ । ਹਰਿ ਭਗਤ ਦਵਾਰ ਗ੍ਰਿਹਿ ਮੰਦਰ ਅੰਦਰ ਦਰਸਾਉਣਾ ਇਕ ਘਰਨਾ, ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਇਕ ਖੁਲ੍ਹਾਈਆ । ਇਕੋ ਨਿਮਸਕਾਰ ਕਰਨਾ ਪ੍ਰਭ ਦੇ ਚਰਨਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਕਲਜੁਗ ਕੂੜੀ ਕਿਰਿਆ ਕਰਮ ਕਾਂਡ ਨੇ ਝੜਨਾ, ਸਤਿਜੁਗ ਸਤਿ ਸਤਿ ਵਰਤਾਈਆ । ਮਾਇਆ ਮਮਤਾ ਮੋਹ ਹੰਕਾਰ ਵਿਕਾਰ ਹੜ੍ਹਨਾ, ਡੋਰੀ ਨਾਮ ਸ਼ਬਦ ਬੰਧਾਈਆ । ਪਰਵਰਦਿਗਾਰ ਸਾਂਝੇ ਯਾਰ ਦੀ ਇਕੋ ਦਿਸੇ ਸਰਨਾ, ਸਰਨਗਤ ਇਕ ਰਖਾਈਆ । ਨੇਤਰ ਲੋਚਨ ਨੈਣ ਨਿਰਗੁਣ ਧਾਰ ਦਰਸ ਕਰ ਸਰਬ ਨੇ ਤਰਨਾ, ਹਰਿਜਨ ਬੇੜਾ ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਮੰਜ਼ਲ ਅਗੰਮੀ ਚੜ੍ਹਨਾ, ਪੁਰੀ ਲੋਅ ਆਕਾਸ਼ ਪਾਤਾਲ ਅੱਗੇ ਹੋ ਨਾ ਕੋਇ ਡਰਾਈਆ । ਕਲਜੁਗ ਅੰਤਮ ਖੇਲ ਕਰੇ ਨਰਾਇਣ ਨਰਨਾ, ਨਰ ਹਰਿ ਆਪਣਾ ਹੁਕਮ ਵਰਤਾਈਆ । ਝਗੜਾ ਮੇਟੇ ਦੀਨ ਮਜ਼੍ਹਬ ਜ਼ਾਤ ਪਾਤ ਵਰਨਾ ਬਰਨਾ, ਅੰਤਰ ਆਤਮ ਪੜਦਾ ਇਕ ਚੁਕਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਭਾਣਾ ਸਭ ਨੇ ਜਰਨਾ, ਜਗਤ ਜਰਵਾਣਾ ਸੀਸ ਨਾ ਕੋਇ ਉਠਾਈਆ । ਸਚ ਸੁਚ ਸਚ ਦਾ ਮਾਰਗ ਧਰਨਾ, ਘੜਨ ਭੰਨਣਹਾਰ ਆਪਣੇ ਹੱਥ ਰੱਖੇ ਵਡਿਆਈਆ । ਨਵ ਸਤਿ ਸਤਿ ਸਵਾਮੀ ਆਪੇ ਖੜ੍ਹਨਾ, ਸਨਮੁਖ ਹੋ ਕੇ ਦੋ ਜਹਾਨਾਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਵੇਖੇ ਧਰਨੀ ਧਰਤ ਧਵਲ ਧੌਲ ਉਪਰ ਧਰਨਾ, ਧਰਨਾਪਤਿ ਹੋ ਕੇ ਪੜਦਾ ਆਪ ਉਠਾਈਆ ।



### ✪ ੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਅਵਤਾਰ ਸਿੰਘ ਦੇ ਗ੍ਰਿਹਿ ਪਿੰਡ ਕਾਉਂਕੇ ✪

ਪੁਰਖ ਅਕਾਲ ਕਹੇ ਮੈਂ ਸਭ ਕਿਛ ਜਾਣਾ, ਜਾਣਨਹਾਰ ਇਕ ਅਖਵਾਈਆ । ਜੁਗ ਚੌਕੜੀ ਵਰਤਾਵਾਂ ਆਪਣਾ ਭਾਣਾ, ਨਾ ਕੋਇ ਮੇਟੇ ਮੇਟ ਮਿਟਾਈਆ । ਜੋਧਾ ਸੂਰਬੀਰ ਬਣ ਮਰਦ ਮਰਦਾਨਾ, ਹੁਕਮ ਇਕੋ ਇਕ ਸੁਣਾਈਆ । ਕਲਜੁਗ ਅੰਤਮ ਜੋਤ ਸਰੂਪ ਪਹਿਨ ਕੇ ਬਾਣਾ, ਬਾਣ ਅਣਿਆਲਾ ਤੀਰ ਚਲਾਈਆ । ਤਖ਼ਤੋਂ ਲਾਹ ਕੇ ਰਾਜਾ ਰਾਣਾ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਗਾਣਾ, ਬ੍ਰਹਮ ਪਾਰਬ੍ਰਹਮ ਮੇਲਾ ਦੇਣਾ ਮਿਲਾਈਆ । ਸਚਖੰਡ ਦਵਾਰਾ ਏਕੰਕਾਰਾ ਦੱਸ ਇਕ ਨਿਸ਼ਾਨਾ, ਨਿਸ਼ਾਨੇ ਪਿਛਲੇ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਵਡ ਵਡਿਆਈਆ । ਪੁਰਖ ਅਕਾਲ ਕਹੇ ਮੈਂ ਕਰਾਂ ਖੇਲ ਅਪਾਰ, ਅਪਰੰਪਰ ਆਪ ਦ੍ਰਿੜਾਈਆ । ਲੇਖਾ ਜਾਣ ਸਰਬ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਪੜਦਾ ਦਿਆਂ ਚੁਕਾਈਆ । ਸਭ ਦਾ ਲਹਿਣਾ ਦੇਣਾ ਵੇਖਾਂ ਇਕੋ ਵਾਰ, ਏਕੰਕਾਰ ਹੋਕੇ ਪੜਦਾ ਆਪ ਚੁਕਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਰਹਿਣ ਦੇਵਾਂ ਨਾ ਧੂੰਆਂਧਾਰ, ਨਿਰਗੁਣ ਨੂਰ ਕਰਾਂ ਰੁਸ਼ਨਾਈਆ । ਮਾਇਆ ਮਮਤਾ ਮੋਹ ਵਿਕਾਰ ਕੂੜੀ ਕਿਰਿਆ ਮੇਟ ਹੰਕਾਰ, ਹਉਮੇ ਹੰਗਤਾ ਗੜ੍ਹ ਦਿਆਂ ਤੁੜਾਈਆ । ਸਚ ਦਵਾਰੇ

ਸੱਦ ਗੁਰੂ ਅਵਤਾਰ, ਪੈਗ਼ੰਬਰਾਂ ਨਾਲ ਮਿਲਾਈਆ । ਭਗਤ ਸੁਹੇਲੇ ਨੇਤਰ ਲੋਚਨ ਨੈਣ ਕਰ ਉਜਿਆਰ, ਅੱਖ ਪ੍ਰਤਖ ਖੁਲ੍ਹਾਈਆ । ਹੁਕਮ ਸੰਦੇਸ਼ਾ ਦੇਵਾਂ ਆਪਣੀ ਧਾਰ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਉਠੋ ਸਾਰੇ ਕਰੋ ਵਿਚਾਰ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਕਿਉਂ ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਹੋਈ ਖ਼ੁਆਰ, ਖ਼ੂਨਖਾਰ ਜਗਤ ਲੋਕਾਈਆ । ਧੁਰ ਦਾ ਨਾਮ ਕਲਮਾ ਅੰਤਰ ਨਿਰੰਤਰ ਸਕੇ ਨਾ ਕੋਇ ਉਚਾਰ, ਆਚਰਨ ਸਚ ਨਾ ਕੋਇ ਜਣਾਈਆ । ਕੂੜ ਵਾਸਨਾ ਸਾਰੇ ਹੋਏ ਗ੍ਰਿਫ਼ਤਾਰ, ਬੰਧਨ ਸਕੇ ਨਾ ਕੋਇ ਤੁੜਾਈਆ । ਧਰਮ ਦੀ ਮੌਲੇ ਨਾ ਕੋਇ ਬਹਾਰ, ਬਸੰਤ ਰੁਤ ਨਾ ਕੋਇ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਹੇ ਮੈਂ ਵੇਖਾਂ ਖੇਲ ਸ੍ਰਿਸ਼ਟ ਸੁਬਾਈ ਜਗ, ਜਗ ਜੀਵਣ ਦਾਤਾ ਹੋ ਕੇ ਫੋਲ ਫੁਲਾਈਆ । ਕਿਉਂ ਆਤਮ ਪਰਮਾਤਮ ਇਸ਼ਟ ਗਈ ਛਡ, ਨਾਤਾ ਜੁੜਿਆ ਕੂੜ ਲੋਕਾਈਆ । ਕਿਉਂ ਤਿੰਨ ਸੌ ਸੱਠ ਹਾਡੀ ਲੱਗੀ ਅੱਗ, ਨਾੜ ਬਹੱਤਰ ਦਏ ਗਵਾਹੀਆ । ਸਤਿ ਦਵਾਰਾ ਕੋਈ ਨਾ ਸਕੇ ਲੱਭ, ਗ੍ਰਿਹ ਮੰਦਰ ਨਾ ਮਿਲੇ ਵਡਿਆਈਆ । ਮਨ ਵਾਸਨਾ ਸਾਰੇ ਰਹੇ ਭੱਜ, ਸੁਰਤ ਸ਼ਬਦ ਨਾ ਕੋਇ ਸਮਾਈਆ । ਪਿਛਲੀ ਕੀਤੀ ਸ਼ਬਦੀ ਸਤਿਗੁਰ ਕਰ ਦੇਣੀ ਰੱਦ, ਅੱਗੇ ਹੁਕਮ ਹੁਕਮ ਪਰਗਟਾਈਆ । ਤੂੰ ਮੇਰਾ ਮੈਂ ਤੇਰਾ ਅਵਤਾਰ ਪੈਗ਼ੰਬਰ ਗੁਰੂਆਂ ਗਾਉਣਾ ਛੱਡ, ਸੋਹੰ ਢੋਲਾ ਅਗੰਮ ਅਥਾਹੀਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਬੋਲਣਾ ਗੱਜ, ਬਿਨਾ ਰਸਨਾ ਜਿਹਵਾ ਜਿਹਵਾ ਰਸਨ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦੀ ਧਾਰ ਇਕ ਪਰਗਟਾਈਆ । ਪੁਰਖ ਅਕਾਲ ਕਿਹਾ ਦਇਆ ਕਮਾਵਾਂਗਾ । ਦੀਨਾਂ ਅਨਾਥਾਂ ਵੇਖ ਵਖਾਵਾਂਗਾ । ਸਗਲਾ ਸਾਥਾ ਆਪ ਨਿਭਾਵਾਂਗਾ । ਸਤਿਜੁਗ ਰਾਥਾ ਮਾਤ ਚਲਾਵਾਂਗਾ । ਝਗੜਾ ਮੇਟ ਕੇ ਜ਼ਾਤਾ ਪਾਤਾ, ਪਤਿਪਰਮੇਸ਼ਵਰ ਇਕ ਦ੍ਰਿੜਾਵਾਂਗਾ । ਕਲਜੁਗ ਰਹਿਣ ਨਾ ਦੇਵਾਂ ਅੰਧੇਰੀ ਰਾਤਾ, ਸਤਿਜੁਗ ਚੰਦ ਇਕ ਰੁਸ਼ਨਾਵਾਂਗਾ । ਦੀਨ ਦੁਨੀ ਦਾ ਬਣ ਕੇ ਦਾਤਾ, ਨਾਮ ਭੰਡਾਰਾ ਇਕ ਵਰਤਾਵਾਂਗਾ । ਸਭ ਦਾ ਬਣ ਕੇ ਪਿਤਾ ਮਾਤਾ, ਲੱਖ ਚੁਰਾਸੀ ਗੋਦ ਉਠਾਵਾਂਗਾ । ਨਿਰਗੁਣ ਧਾਰ ਹੋ ਕੇ ਰਾਖਾ, ਸਰਗੁਣ ਸੇਵਾ ਸਚ ਕਮਾਵਾਂਗਾ । ਭੇਵ ਖੋਲ੍ਹ ਅਲਖਣਾ ਅਲਾਖਾ, ਅਲਖ ਅਗੋਚਰ ਆਪਣਾ ਰੰਗ ਰੰਗਾਵਾਂਗਾ । ਕਲਜੁਗ ਅੰਤਮ ਮੇਟ ਕੇ ਵਾਟਾ, ਕੂੜੀ ਕਿਰਿਆ ਪੰਧ ਚੁਕਾਵਾਂਗਾ । ਜਨ ਭਗਤਾਂ ਪੂਰਾ ਕਰ ਕੇ ਘਾਟਾ, ਕਾਇਆ ਰੋਗ ਸਰਬ ਗਵਾਵਾਂਗਾ । ਧੁਰ ਦੀ ਧਾਰ ਸਿਰ ਉਪਰ ਇਕੋ ਛਾਤਾ, ਛਤਰਧਾਰੀ ਹੋ ਕੇ ਵੇਖ ਵਖਾਵਾਂਗਾ । ਪੂਰੀ ਮਨਸਾ ਕਰ ਕੇ ਆਸਾ, ਮਨਸਾ ਪੂਰ ਕਰਾਵਾਂਗਾ । ਨਿਰਗੁਣ ਨੂਰ ਕਰ ਪ੍ਰਕਾਸ਼ਾ, ਅੰਧ ਅੰਧੇਰ ਕੂੜ ਮਿਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਸਾਚਾ ਇਕ ਵਖਾਵਾਂਗਾ । ਗ੍ਰਿਹ ਮੰਦਰ ਇਕ ਉਪਜਾਵਾਂਗਾ । ਦੀਆ ਬਾਤੀ ਡਗਮਗਾਵਾਂਗਾ । ਅਨਹਦ ਨਾਦੀ ਸ਼ਬਦ ਸੁਣਾਵਾਂਗਾ । ਬ੍ਰਹਮ ਬ੍ਰਹਿਮਾਦੀ ਵੇਖ ਵਖਾਵਾਂਗਾ । ਹੰਸ ਕਾਗੀ ਕਾਗ ਹੰਸ ਬਣਾਵਾਂਗਾ । ਜਿਨ੍ਹਾਂ ਭਗਤਾਂ ਸੋਈ ਸੁਰਤੀ ਜਾਗੀ, ਜਾਗਰਤ ਜੋਤ ਵਿਚ ਰੁਸ਼ਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਵਰ, ਸਚ ਦਾ ਪੜਦਾ ਆਪ ਉਠਾਵਾਂਗਾ ਸਚ ਪੜਦਾ ਆਪ ਉਠਾਏਗਾ । ਦਇਆਨਿਧ ਦਇਆ ਕਮਾਏਗਾ । ਜਨ ਭਗਤਾਂ ਕਾਰਜ ਕਰ ਕੇ ਸਿਧ, ਸਿਧਮਾਰਗ ਇਕ ਰਖਾਏਗਾ । ਮਨ ਮਨੂਆ ਅੰਤਰ ਵਿਧ, ਅਣਿਆਲਾ ਤੀਰ ਨਾਮ ਚਲਾਏਗਾ । ਕੂੜੀ ਕਿਰਿਆ ਮੇਟ ਕੇ ਚਿੰਦ,

੬੩੭
੨੨

ਜ਼ਿੰਦਗੀ ਆਪਣੇ ਲੇਖੇ ਲਾਏਗਾ । ਜੋ ਲਹਿਣਾ ਦੇਣਾ ਲਿਖਿਆ ਵੇਦ ਰਿਗ, ਅਥਰਬਣ ਪੂਰੀ ਆਪ ਕਰਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਪਾਰ ਕਰਾਏਗਾ । ਹਰਿਜਨ ਪ੍ਰਭੂ ਦਾ ਮੀਤ, ਮਿੱਤਰ ਪਿਆਰਾ ਇਕ ਅਖਵਾਈਆ । ਕਾਇਆ ਕਰੇ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਅੰਤਰ ਨਿਰੰਤਰ ਪਰਖ ਕੇ ਨੀਤ, ਮਿਹਰਵਾਨ ਹੋਏ ਸਹਾਈਆ । ਜੋਤੀ ਧਾਰ ਵਸੇ ਚੀਤ, ਠਗੌਰੀ ਮਨ ਰਹੇ ਨਾ ਰਾਈਆ । ਚਰਨ ਕਵਲ ਬਖ਼ਸ਼ ਪ੍ਰੀਤ, ਪ੍ਰੀਤਮ ਆਪਣੇ ਘਰ ਵਸਾਈਆ । ਪਿਛਲਾ ਲੇਖਾ ਪਿਛੇ ਗਿਆ ਬੀਤ, ਅੱਗੇ ਗੁਰਮੁਖਾਂ ਦਏ ਵਡਿਆਈਆ । ਸਤਿਗੁਰ ਕਦੇ ਨਾ ਦੇਵੇ ਪੀਠ, ਪੁਸਤ ਪਨਾਹ ਹੱਥ ਟਿਕਾਈਆ । ਮਿਠੇ ਕੌੜੇ ਕਰੇ ਰੀਠ, ਅੰਮ੍ਰਿਤ ਨਾਮ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਹਿਬ ਸਹਿਜ ਸੁਖਦਾਈਆ । ਹਰਿ ਸਾਹਿਬ ਸੱਚਾ ਸੁਖਦਾਇਕ, ਸਿਰਜਣਹਾਰ ਗੋਪਾਲ । ਆਦਿ ਜੁਗਾਦੀ ਨਾਇਕ, ਮਿਹਰਵਾਨ ਮਿਹਰਵਾਨ ਮਿਹਰਵਾਨ । ਕਲਜੁਗ ਹੋਏ ਸਹਾਇਕ, ਦਾਤਾ ਸ੍ਰੀ ਭਗਵਾਨ । ਗੁਰਮੁਖ ਬਣਾਏ ਲਾਇਕ, ਦੇਵੇ ਨਾਮ ਨਿਧਾਨ । ਝਗੜਾ ਮਿਟਾਏ ਮਾਟੀ ਖ਼ਾਇਕ, ਜੋਤੀ ਨੂਰ ਨੂਰ ਰੁਸ਼ਨਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਰਸ ਦਰਸ ਨੌਜਵਾਨ । ਦੇਵੇ ਦਰਸ ਦਰਸ ਪ੍ਰਭ ਠਾਕਰ, ਹਰਿ ਵਡਾ ਵਡ ਵਡਿਆਈਆ । ਹਰਿਜਨ ਪਾਰ ਕਰਾਏ ਕਲਜੁਗ ਸਾਗਰ, ਨਈਆ ਨੌਕਾ ਨਾਮ ਚੜ੍ਹਾਈਆ । ਏਥੇ ਓਥੇ ਦੋ ਜਹਾਨਾਂ ਦੇਵੇ ਆਦਰ, ਅਦਰਸ਼ ਆਪਣਾ ਇਕ ਵਖਾਈਆ । ਨਿਰਮਲ ਕਰਮ ਕਰ ਉਜਾਗਰ, ਦੁਰਮਤ ਮੈਲ ਦਏ ਧਵਾਈਆ । ਹਰਿਜਨ ਕਲਜੁਗ ਕਲਪਣਾ ਵਿਚ ਕਦੇ ਨਾ ਹੋਵੇ ਪਾਗ਼ਲ, ਬੁਧ ਬਿਬੇਕ ਆਪ ਕਰਾਈਆ । ਭਾਗ ਲਗਾ ਕੇ ਕਾਇਆ ਗਾਗਰ, ਗਹਿਰ ਗੰਭੀਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਵਰ, ਸਚ ਪਰਦਾ ਆਪ ਚੁਕਾਈਆ । ਸਚ ਪਰਦਾ ਆਪ ਚੁਕਾਉਂਦਾ ਏ । ਸਾਹਿਬ ਸਤਿਗੁਰ ਦਇਆ ਕਮਾਉਂਦਾ ਏ । ਨੌਂ ਦਵਾਰੇ ਪੰਧ ਮੁਕਾਉਂਦਾ ਏ । ਈੜਾ ਪਿੰਗਲ ਸੁਖਮਨ ਡੇਰਾ ਢਾਹਉਂਦਾ ਏ । ਕਵਲ ਕਵਲ ਕਵਲ ਉਲਟਾਉਂਦਾ ਏ । ਕਵਲ ਨਾਭੀ ਰਸ ਚੁਆਉਂਦਾ ਏ । ਸ਼ੇਸ਼ ਸਹੰਸਰ ਮੁਖ ਖੁਲ੍ਹਾਉਂਦਾ ਏ । ਬ੍ਰਹਮ ਬ੍ਰਹਿਮਾਦੀ ਰਾਗ ਸੁਣਾਉਂਦਾ ਏ । ਦੀਆ ਬਾਤੀ ਆਪ ਜਗਾਉਂਦਾ ਏ । ਨੂਰ ਨੁਰਾਨਾ ਡਗਮਗਾਉਂਦਾ ਏ । ਘਰ ਸਾਚਾ ਇਕ ਵਖਾਉਂਦਾ ਏ । ਜਿਸ ਗ੍ਰਿਹ ਆਪਣਾ ਆਸਣ ਲਾਉਂਦਾ ਏ । ਤਖ਼ਤ ਤਾਜ ਇਕ ਵਡਿਆਉਂਦਾ ਏ । ਸ਼ਾਹੋ ਭੂਪ ਭੂਪ ਅਖਵਾਉਂਦਾ ਏ । ਸਤਿ ਸਰੂਪ ਰੂਪ ਵਟਾਉਂਦਾ ਏ । ਮਹਿਮਾ ਅਨੂਪ ਕੋਇ ਨਾ ਭਾਉਂਦਾ ਏ । ਅੰਤਮ ਕਲਜੁਗ ਕਰਨਾ ਕੂਚ, ਕੂਚਾ ਗਲੀ ਸਾਫ਼ ਕਰਾਉਂਦਾ ਏ । ਜਨ ਭਗਤਾਂ ਬਣਾ ਕੇ ਆਪਣਾ ਤਾਣਾ ਪੇਟਾ ਸੂਤ, ਸੂਤਰਧਾਰੀ ਵੇਖ ਵਖਾਉਂਦਾ ਏ । ਗੁਰਮੁਖ ਗੁਰਸਿਖ ਬਣਾ ਕੇ ਆਪਣੇ ਸਪੂਤ, ਸੁਤ ਦੁਲਾਰੇ ਗੋਦ ਉਠਾਉਂਦਾ ਏ । ਜਨਮ ਜਨਮ ਦਾ ਕਰਮ ਕਰਮ ਦਾ ਚਾਰੋਂ ਕੁੰਟ ਰੰਗ ਰੰਗਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜ ਤਤ ਤਤ ਕਾਇਆ ਭੂਤ, ਭੂਤਕ ਹੋ ਕੇ ਵੇਖ ਵਖਾਉਂਦਾ ਏ ।

### ✪ ੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਨਰੈਣ ਸਿੰਘ ਦੇ ਗ੍ਰਿਹ ਗੁਮਾਨ ਪੁਰਾ ਜ਼ਿਲਾ ਅੰਮ੍ਰਿਤਸਰ ✪



ਪੁਰਖ ਅਕਾਲ ਕਹੇ ਮੈਂ ਤਕਾਂ ਲੱਖ ਚੁਰਾਸੀ, ਜੋਤੀ ਨਾਰ ਧਾਰ ਸਮਝਾਈਆ । ਸਾਚੇ ਮੰਡਲ ਪਾਵੇ ਕੋਇ ਨਾ ਰਾਸੀ, ਸੁਰਤ ਸ਼ਬਦ ਗੋਪੀ ਕਾਹਨ ਰੰਗ ਨਾ ਕੋਇ ਰੰਗਾਈਆ । ਦੀਨ ਦੁਨੀ ਕੂੜ ਕਲਪਨਾ ਹੋਈ ਮਧਰਾ ਮਾਸੀ, ਮਸਤ ਖ਼ੁਮਾਰੀ ਨਾਮ ਨਾ ਕੋਇ ਚੜ੍ਹਾਈਆ । ਧਰਮ ਧਾਰ ਦੀ ਰਹੇ ਕਿਸੇ ਨਾ ਆਸੀ, ਕੂੜ ਕਿਰਿਆ ਜਗਤ ਹਲਕਾਈਆ । ਆਤਮ ਪਰਮਾਤਮ ਬਣੇ ਕੋਇ ਨਾ ਦਾਸੀ, ਪਾਰਬ੍ਰਹਮ ਬ੍ਰਹਮ ਸੇਵ ਨਾ ਕੋਇ ਕਮਾਈਆ । ਚਾਰ ਵਰਨ ਅਠਾਰਾਂ ਬਰਨ ਨਵ ਸੱਤ ਕਰੇ ਹਾਸੀ, ਹਸਤੀ ਤਕੇ ਨਾ ਕੋਇ ਬੇਪਰਵਾਹੀਆ । ਮੈਂ ਪੂਰੀ ਕਰਾਂ ਅਵਤਾਰ ਪੈਗ਼ੰਬਰ ਗੁਰੂਆਂ ਆਖੀ, ਆਖ਼ਰ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਉਮਤ ਰਸੂਲਾਂ ਨਬੀਆਂ ਕਰੇ ਕੋਇ ਨਾ ਰਾਖੀ, ਈਸਾ ਮੂਸਾ ਮੁਹੰਮਦ ਨੇਤਰ ਰੋਵੇ ਮਾਰੇ ਧਾਈਆ । ਰਾਮਾ ਕ੍ਰਿਸ਼ਨਾ ਬਣੇ ਕਿਸੇ ਨਾ ਸਾਥੀ, ਸਗਲਾ ਸੰਗ ਨਾ ਕੋਇ ਨਿਭਾਈਆ । ਅੰਮ੍ਰਿਤ ਹੱਥ ਆਵੇ ਨਾ ਗੋਬਿੰਦ ਬਾਟੀ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੇਖ ਵਖਾਈਆ । ਕਲਜੁਗ ਜੀਵ ਸਾਚੀ ਮੰਜ਼ਲ ਚੜ੍ਹੇ ਕੋਇ ਨਾ ਘਾਟੀ, ਪੈਂਡਾ ਪੰਧ ਨਾ ਕੋਇ ਮੁਕਾਈਆ । ਤੂੰ ਮੇਰਾ ਮੈਂ ਤੇਰਾ ਪੜ੍ਹੇ ਕੋਇ ਨਾ ਗਾਥੀ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਪੜ੍ਹ ਪੜ੍ਹ ਝਟ ਲੰਘਾਈਆ । ਧੁਰ ਦੀ ਧਾਰ ਸਮਝੇ ਕੋਇ ਨਾ ਭਵਿਖਤ ਵਾਕੀ, ਪੇਸ਼ੀਨਗੋਈ ਸਭ ਦੀ ਦਿਆਂ ਜਣਾਈਆ । ਕਲਜੁਗ ਮੇਟ ਅੰਧ ਅੰਧੇਰੀ ਰਾਤੀ, ਸਤਿਜੁਗ ਸਚ ਚੰਦ ਚਮਕਾਈਆ । ਕਰੇ ਖੇਲ ਅਲੱਖਣਾ ਅਲਾਖੀ, ਅਲਖ ਅਗੋਚਰ ਧੁਰਦਰਗਾਹੀਆ । ਜਿਸ ਦਾ ਰੂਪ ਸਦਾ ਬਹੁਭਾਂਤੀ, ਕਲ ਕਲਕੀ ਵੇਸ ਵਟਾਈਆ । ਸਚ ਧਰਮ ਦੀ ਖੋਲ੍ਹੇ ਹਾਟੀ, ਹਟਵਾਣਾ ਇਕੋ ਨਜ਼ਰੀ ਆਈਆ । ਝਗੜਾ ਮੇਟਣਾ ਜ਼ਾਤੀ ਪਾਤੀ, ਦੀਨ ਮਜ਼੍ਹਬ ਕਰੇ ਨਾ ਕੋਇ ਲੜਾਈਆ । ਹੁਕਮ ਸੰਦੇਸ਼ਾ ਦੇਵੇ ਕਮਲਾਪਾਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦਾ ਖੇਲ ਬਾਜ਼ੀਗਰ ਨਾਟੀ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਸਾਹਿਬ ਬੇਪਰਵਾਹੀਆ । ਪੁਰਖ ਅਕਾਲ ਕਹੇ ਮੈਂ ਤਕਣਾ ਜਗਤ ਜਹਾਨ, ਜਹਾਲਤ ਵੇਖਾਂ ਥਾਉਂ ਥਾਈਆ । ਦੀਨ ਦੁਨੀ ਦਾ ਤਕਾਂ ਈਮਾਨ, ਧਰਮ ਦੀ ਧਾਰ ਖੋਜ ਖੁਜਾਈਆ । ਮਾਨਵ ਰਸਨਾ ਜਿਹਵਾ ਵੇਖਾਂ ਜ਼ਬਾਨ, ਅੰਤਰ ਨਿਰੰਤਰ ਫੋਲ ਫੁਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਤਕਾਂ ਮਾਰ ਧਿਆਨ, ਭੇਵ ਅਭੇਦਾ ਇਕ ਖੁਲ੍ਹਾਈਆ । ਪੜਦਾ ਲਾਹ ਕੇ ਸਾਢੇ ਤਿੰਨ ਹੱਥ ਮਕਾਨ, ਕਾਇਆ ਕਾਅਬਾ ਖੋਜ ਖੁਜਾਈਆ । ਸਦੀ ਚੌਧਵੀਂ ਕਲਜੁਗ ਅੰਤ ਕੀ ਕਰੇ ਜਗਤ ਇਨਸਾਨ, ਇਨਸਾਨੀਅਤ ਵੇਖਾਂ ਥਾਉਂ ਥਾਈਆ । ਸ਼ਬਦ ਅਗੰਮੀ ਮਾਰ ਕੇ ਬਾਣ, ਅਣਿਆਲਾ ਤੀਰ ਇਕ ਚਲਾਈਆ । ਪਰਗਟ ਹੋ ਕੇ ਯੋਧਾ ਸੂਰਬੀਰ ਬਲਵਾਨ, ਬਲਧਾਰੀ ਕਾਰ ਕਮਾਈਆ । ਧਰਮ ਚਲਾ ਕੇ ਇਕ ਨਿਸ਼ਾਨ, ਨਿਸ਼ਾਨੇ ਦੋ ਜਹਾਨ ਬਦਲਾਈਆ । ਅਵਤਾਰ ਪੈਗ਼ੰਬਰ ਗੁਰ ਸੀਸ ਝੁਕਾਣ, ਵਿਸ਼ਨ ਬ੍ਰਹਮਾ ਸ਼ਿਵ ਨਿਉਂ ਨਿਉਂ ਲਾਗਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੱਚਾ ਸਹਿਜ ਸੁਖਦਾਈਆ । ਪੁਰਖ ਅਕਾਲ ਕਹੇ ਮੈਂ ਤਕਾਂ ਦੀਨ ਦੁਨੀ ਦਾ ਲਹਿਣਾ, ਲੱਖ ਚੁਰਾਸੀ ਖੋਜ ਖੁਜਾਈਆ । ਅਵਤਾਰ ਪੈਗ਼ੰਬਰ ਗੁਰੂਆਂ ਮੰਨਾਂ ਕਹਿਣਾ, ਜੋ ਕੂਕ ਕੂਕ ਗਏ ਸੁਣਾਈਆ । ਸਭ ਨੂੰ ਭਾਣਾ ਪੈਣਾ ਸਹਿਣਾ, ਨਾ ਕੋਇ ਮੇਟੇ ਮੇਟ ਮਿਟਾਈਆ । ਕਲਜੁਗ ਅੰਤ ਵਖਾਉਣਾ ਨੈਣਾਂ, ਹਰਿਜਨ ਨੇਤਰ

੬੩੯
੨੨

ਲੋਚਨ ਨੈਣ ਅੱਖ ਖੁਲ੍ਹਾਈਆ । ਨਾਤਾ ਤੁਟਣਾ ਭਾਈ ਭੈਣਾਂ, ਸਾਕ ਸੱਜਣ ਸਗਲਾ ਸੰਗ ਨਾ ਕੋਇ ਰਖਾਈਆ । ਜੋ ਆਸਾ ਰੱਖੀ ਬਾਲਮੀਕ ਵਿਚ ਰਮਾਇਣਾ, ਰਾਮ ਦਾ ਰਾਮ ਵੇਖ ਵਖਾਈਆ । ਜੋ ਹੁਕਮ ਸੰਦੇਸ਼ਾ ਦਿਤਾ ਕਾਹਨ ਕ੍ਰਿਸ਼ਨ ਯੁਧਿਸ਼ਟਰ ਦੀ ਸੈਨਾ, ਸੈਨਾਪਤ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਪੁਰਖ ਅਕਾਲ ਕਹੇ ਮੈਂ ਵੇਖਾਂ ਦੀਨ ਦੁਨੀ ਦਾ ਲੇਖਾ, ਜੋ ਜੁਗ ਚੌਕੜੀ ਅਵਤਾਰ ਪੈਗ਼ੰਬਰ ਗੁਰ ਗਏ ਜਣਾਈਆ । ਨਿਰਗੁਣ ਧਾਰ ਕਰਕੇ ਵੇਸਾ, ਰੂਪ ਅਨੂਪ ਆਪ ਪਰਗਟਾਈਆ । ਪ੍ਰਕਾਸ਼ ਕਰਕੇ ਸੰਬਲ ਦੇਸਾ, ਗੋਬਿੰਦ ਮੇਲਾ ਸਹਿਜ ਸੁਭਾਈਆ । ਨਿਰਗੁਣ ਧਾਰ ਕਰਕੇ ਹੇਤਾ, ਸਰਗੁਣ ਦੇਵੇ ਮਾਣ ਵਡਿਆਈਆ । ਆਦਿ ਪੁਰਖ ਭੁੱਲੇ ਕਦੇ ਨਾ ਚੇਤਾ, ਚੇਤਨ ਸਭ ਨੂੰ ਦਏ ਕਰਾਈਆ । ਅਮਾਮ ਅਮਾਮਾ ਬਣ ਕੇ ਨੇਤਾ, ਪੀਰ ਪੈਗ਼ੰਬਰਾਂ ਵੇਖ ਵਖਾਈਆ । ਜਿਸ ਨੇ ਗੋਬਿੰਦ ਸੁਤ ਦੁਲਾਰੇ ਲਏ ਭੇਟਾ, ਚਾਰੇ ਆਪਣੇ ਰੰਗ ਰੰਗਾਈਆ । ਉਹ ਬਣ ਕੇ ਖੇਵਟ ਖੇਟਾ, ਧੁਰਦਰਗਾਹੀ ਆਇਆ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨ ਵਸਣਹਾਰਾ ਸਚਖੰਡ ਸਾਚੇ ਦੇਸਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀ ਅਸਮਾਨਾਂ ਖੋਜ ਖੁਜਾਈਆ ।



## ✪ ੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਜੀਤ ਸਿੰਘ ਦੇ ਗ੍ਰਿਹ ਪਿੰਡ ਗੁਮਾਨ ਪੁਰਾ ਜ਼ਿਲਾ ਅਮ੍ਰਿਤਸਰ ✪

੬੪੦ ੨੨

ਪੁਰਖ ਅਕਾਲ ਕਹੇ ਜੋਤੀ ਨਾਰ ਧਾਰ ਵੇਖ ਲੈ ਆਪਣੀ ਅੱਖਾਂ, ਅੱਖਰਾਂ ਵਾਲੀ ਜਗਤ ਪੜ੍ਹਾਈਆ । ਦੀਨ ਮਜ਼੍ਹਬ ਦੇ ਤਕ ਲੈ ਪੱਖਾਂ, ਜੋ ਨਾਮ ਕਲਮਿਆਂ ਵੰਡ ਵੰਡਾਈਆ । ਸਿੱਖ ਮੁਰੀਦ ਤਕ ਲੈ ਲੱਖਾਂ, ਅਰਬਾਂ ਖਰਬਾਂ ਵਿਚ ਗਣਤ ਗਣਾਈਆ । ਕਿਸੇ ਦੀ ਕੀਮਤ ਰਹੀ ਨਾ ਕੌਡੀ ਕੱਖਾਂ, ਕਾਇਆ ਮਾਟੀ ਕੰਮ ਕਿਸੇ ਨਾ ਆਈਆ । ਕਲਜੁਗ ਅੰਤ ਅਖ਼ੀਰ ਸਿਰਫ਼ ਆਪਣੇ ਭਗਤ ਰੱਖਾਂ, ਜੋ ਇਕੋ ਮੇਰਾ ਨਾਮ ਧਿਆਈਆ । ਜਿਨ੍ਹਾਂ ਦਾ ਇਸ਼ਟ ਬਣ ਗਿਆ ਪੱਥਰ ਵੱਟੇ ਇੱਟਾਂ, ਸਿਲ ਪੂਜਸ ਪਾਹਨ ਸੀਸ ਨਿਵਾਈਆ । ਉਨ੍ਹਾਂ ਦੀਆਂ ਸਚਖੰਡ ਦਵਾਰੇ ਦਿਸਣ ਕੋਇ ਨਾ ਚਿਟਾਂ, ਪਾਸ ਹੱਥ ਨਾ ਕੋਇ ਫੜਾਈਆ । ਵੇਖ ਬਾਵਰੀਆਂ ਹੋਈਆਂ ਲਿਟਾਂ, ਜਟਾ ਜੂਟ ਰੋਵਣ ਮਾਰਨ ਧਾਈਆ । ਰਾਏ ਧਰਮ ਦੇ ਖਾਤੇ, ਸਿੱਟਾਂ, ਸਿੱਟਾ ਸਭ ਦਾ ਵੇਖ ਵਖਾਈਆ । ਸ਼ਬਦੀ ਹੁਕਮ ਨਾਲ ਜੁਗ ਚੌਕੜੀ ਜਿੱਤਾਂ, ਇਹ ਮੇਰੀ ਬੇਪਰਵਾਹੀਆ । ਮੇਰੀਆਂ ਸਮਝ ਸਕੇ ਕੋਇ ਨਾ ਵਾਰ ਥਿਤਾਂ, ਅੰਤ ਕਹਿਣ ਕੋਇ ਨਾ ਪਾਈਆ । ਕਿਉਂ ਆਦਿ ਤੋਂ ਅੰਤ ਅੰਤ ਤੋਂ ਆਦਿ ਮੈਂ ਸਭ ਦਾ ਪਿਤਾ, ਪਤਿਪਰਮੇਸ਼ਵਰ ਇਕ ਅਖਵਾਈਆ । ਇਕੋ ਸੁਤ ਦੁਲਾਰਾ ਲਾਡਲਾ ਨਿੱਕਾ, ਜੋ ਗੋਬਿੰਦ ਆਪਣੇ ਸੰਗ ਰਖਾਈਆ । ਜਿਸ ਦਾ ਸਤਿਜੁਗ ਵਿਚ ਪੂਰਨ ਪ੍ਰਕਾਸ਼ ਦਾ ਚਲਣਾ ਸਿੱਕਾ, ਮੋਹਰ ਲੱਗੇ ਥਾਉਂ ਥਾਈਂਆ । ਤੂੰ ਮੇਰਾ ਮੈਂ ਤੇਰਾ ਸਤਿਗੁਰ ਸ਼ਬਦ ਚਿੱਠੀ ਰਸੈਣ ਦੇਣਾ ਦੋ ਜਹਾਨ ਚਿੱਠਾ, ਬ੍ਰਹਿਮੰਡਾਂ ਖੰਡਾਂ ਆਪ ਵਰਤਾਈਆ । ਆਪਣਾ ਖੇਲ ਜਗਤ ਜਹਾਨ ਆਪ ਨਜਿੱਠਾ, ਦੂਸਰ ਸੰਗ ਨਾ ਕੋਇ ਰਖਾਈਆ । ਜੋ ਮੰਜ਼ਲ ਪਿਛਲੀ ਤੇ ਲੇਖਾ ਸਵਾ ਗਿੱਠਾ, ਜਨ ਭਗਤਾਂ ਮਿਹਰ ਨਜ਼ਰ ਨਾਲ ਪਾਰ ਲੰਘਾਈਆ । ਏਥੇ ਓਥੇ ਕਰਾਂ ਹਿੱਤਾ, ਹਿਤਕਾਰੀ ਹੋ ਕੇ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ

ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਅਪਰੰਪਰ ਸਵਾਮੀ ਇਕਾ, ਏਕੰਕਾਰ ਇਕ ਅਖਵਾਈਆ ।

✪ ੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਹਰਨਾਮ ਸਿੰਘ ਦੇ ਗ੍ਰਿਹ ਪਿੰਡ ਗੁਮਾਨਪੁਰਾ ਜ਼ਿਲਾ ਅੰਮ੍ਰਿਤਸਰ ✪

ਪੁਰਖ ਅਕਾਲ ਕਹੇ ਮੇਰਾ ਹੁਕਮ ਹੁਕਮ ਅਬਿਨਾਸ਼, ਬਿਨਸ ਕਦੇ ਨਾ ਜਾਈਆ । ਸਤਿਜੁਗ ਦੀ ਧਾਰ ਲੇਖ ਹੋਵੇ ਪੂਰਨ ਪ੍ਰਕਾਸ਼, ਮੋਹਰ ਇਕੋ ਨਾਮ ਲਗਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਗੁਰ ਸਾਰੇ ਕਰਨ ਪਾਸ, ਅੱਗੇ ਹੋ ਨਾ ਕੋਇ ਅਟਕਾਈਆ । ਵਰਤੇ ਵਰਤਾਵੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ ਹੁਕਮ ਹੁਕਮ ਸਮਰਾਥੇ, ਨਾ ਕੋਇ ਮੇਟੇ ਮੇਟ ਮਿਟਾਈਆ । ਨਿਰਗੁਣ ਸਰਗੁਣ ਹੋਵੇ ਸਾਥੇ, ਸਗਲਾ ਸੰਗ ਬਣਾਈਆ । ਜੋਤੀ ਨਾਰ ਧਾਰ ਸਰਬ ਆਖੇ, ਅਨਬੋਲਤ ਬੋਲ ਜਣਾਈਆ । ਤੇਰਾ ਖੇਲ ਪ੍ਰਭੂ ਪ੍ਰਭ ਸਾਚੇ, ਸਚ ਤੇਰੀ ਵਡਿਆਈਆ । ਧਰਮ ਧਾਰ ਦੇ ਤੇਰੇ ਨਾਤੇ, ਨਰ ਨਰਾਇਣ ਬੰਧਨ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਹੇ ਸ਼ਬਦ ਅਣਿਆਲਾ ਤੀਰ ਗਿਆ ਛੁਟ, ਕਮੰਦ ਇਕੋ ਇਕ ਖਿਚਾਈਆ । ਲੇਖਾ ਜਾਣੇ ਅਬਿਨਾਸ਼ੀ ਅਚੁਤ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਭਗਤ ਸੁਹੇਲੇ ਦੁਲਾਰੇ ਉਠਾਏ ਸੁਤ , ਅਪਰੰਪਰ ਆਪਣੇ ਰੰਗ ਰੰਗਾਈਆ । ਛੱਬੀ ਪੋਹ ਨੂੰ ਪੂਰਨ ਪ੍ਰਕਾਸ਼ ਦੀ ਮੋਹਰ ਲੱਗੀ ਹੋਵੇ ਸਭ ਦੇ ਸੱਜੇ ਉਤੇ ਗੁਟ, ਲਾਲ ਰੰਗ ਰੰਗਾਈਆ । ਅੱਗੇ ਭਾਗ ਨਾ ਜਾਣ ਨਿਖੁੱਟ, ਭਗਵਨ ਦੇਵੇ ਮਾਣ ਵਡਿਆਈਆ । ਚਰਨ ਪ੍ਰੀਤ ਨਾ ਜਾਏ ਟੁਟ, ਟੁੱਟਿਆਂ ਲਏ ਜੁੜਾਈਆ । ਗਲਵਕੜੀ ਪਾ ਘੁੱਟ, ਆਤਮ ਪਰਮਾਤਮ ਸੰਗ ਵਖਾਈਆ । ਦੀਨ ਦੁਨੀ ਦੀ ਰਹਿਣ ਨਾ ਦੇਵੇ ਫੁੱਟ, ਮਜ਼੍ਹਬ ਦੀ ਵੰਡ ਨਾ ਕੋਇ ਵੰਡਾਈਆ । ਸਚ ਸੁਹੰਜਣੀ ਸੁਹਾ ਕੇ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਦਾ ਰਹਿਣ ਨਾ ਦੇਵੇ ਲੁਕ, ਓਹਲਾ ਸਭ ਦਾ ਦਏ ਚੁਕਾਈਆ ।

✪ ੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਮੰਗਲ ਸਿੰਘ ਦੇ ਗ੍ਰਿਹ ਪਿੰਡ ਸਾਰੰਗੜਾ ਜ਼ਿਲਾ ਅੰਮ੍ਰਿਤਸਰ ✪

ਕਲਜੁਗ ਕਹੇ ਮੇਰੇ ਸਾਹਿਬ ਸਤਿਗੁਰ ਹਜ਼ੂਰ, ਸ੍ਰੀ ਭਗਵਾਨ ਸੀਸ ਨਿਵਾਈਆ । ਮੇਰੀ ਆਸਾ ਮਨਸਾ ਪੂਰੀ ਕਰ ਜ਼ਰੂਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਇਕ ਸਰਨਾਈਆ । ਮੈਂ ਨਿਉਂ ਨਿਉਂ ਮਸਤਕ ਲਾਵਾਂ ਧੂੜ, ਧੂੜੀ ਖ਼ਾਕ ਰਮਾਈਆ । ਨਿਗਾਹ ਮਾਰ ਲੈ ਮੈਂ ਸ੍ਰਿਸ਼ਟੀ ਦ੍ਰਿਸ਼ਟੀ ਰੰਗ ਚਾੜ੍ਹਿਆ ਗੂੜ੍ਹ, ਕਾਲਖ ਟਿੱਕੇ ਦਿਤੇ ਲਗਾਈਆ । ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹ, ਮਾਇਆ ਮਮਤਾ ਵਿਚ ਫਸਾਈਆ । ਕੋਈ ਰਹਿਣ

੬੪੨
੨੨

ਨਹੀਂ ਦਿਤਾ ਯੋਧਾ ਬੀਰ ਸੂਰ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਸਾਰੇ ਤੈਥੋਂ ਕੀਤੇ ਦੂਰ, ਗ੍ਰਿਹ ਮੰਦਰ ਵੇਖਣ ਕੋਇ ਨਾ ਆਈਆ । ਅਵਤਾਰ ਪੈਗ਼ੰਬਰ ਕੀਤੇ ਮਜਬੂਰ, ਵੇਖਣ ਥਾਉਂ ਥਾਈਆ । ਸਾਚਾ ਬੇੜਾ ਨਜ਼ਰ ਨਾ ਆਵੇ ਕੋਇ ਪੂਰ, ਪੂਰਨ ਬ੍ਰਹਮ ਨਾ ਕੋਇ ਸਮਝਾਈਆ । ਸਭ ਦੀ ਬੁੱਧੀ ਕੀਤੀ ਚੂਰ, ਮਨ ਮਮਤਾ ਮੋਹ ਹਲਕਾਈਆ । ਸਾਧਾਂ ਸੰਤਾਂ ਅੰਦਰ ਭਰ ਗ਼ਰੂਰ, ਹੰਕਾਰ ਵਿਚ ਦਿਤੀ ਵਡਿਆਈਆ । ਕੀ ਹੋਇਆ ਜੇ ਸੂਲੀ ਚੜ੍ਹਿਆ ਮਨਸੂਰ, ਤਤਾਂ ਖੱਲ ਲੁਹਾਈਆ । ਕੀ ਹੋਇਆ ਜੇ ਜਲਵਾ ਤੱਕਿਆ ਕੋਹਤੂਰ, ਮੂਸਾ ਮਸੀਹ ਕੀਤੀ ਰੁਸ਼ਨਾਈਆ । ਸਦੀ ਚੌਧਵੀਂ ਤਕ ਮੈਂ ਰਹਿਣ ਨਹੀਂ ਦਿਤਾ ਹੱਕ ਨੂਰ, ਹਕੀਕਤ ਪੜਦਾ ਨਾ ਕੋਇ ਉਠਾਈਆ । ਤੇਰਾ ਕਲਮਾ ਹੋਇਆ ਮਫ਼ਰੂਰ, ਖੋਜਿਆਂ ਹੱਥ ਕਿਸੇ ਨਾ ਆਈਆ । ਜਿਧਰ ਵੇਖੋਂ ਓਧਰ ਕਲਜੁਗ ਕਹੇ ਮੇਰਾ ਨਾਮ ਮਸ਼ਹੂਰ, ਤੇਰਾ ਨਾਮ ਨਾ ਕੋਇ ਧਿਆਈਆ । ਤੂੰ ਸਚਖੰਡ ਬੈਠਾ ਰਿਹੋਂ ਦੂਰ, ਦੂਰ ਦੁਰਾਡਾ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਾਹਿਬ ਤੇਰੀ ਇਕ ਸਰਨਾਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰਾ ਸੁਤ ਦੁਲਾਰਾ, ਜੁਗ ਚੌਥਾ ਨਜ਼ਰੀ ਆਈਆ । ਆਪਣਾ ਪਰਗਟ ਕਰ ਬਲਕਾਰਾ, ਬਲਧਾਰੀ ਦਿਆਂ ਜਣਾਈਆ । ਚਾਰ ਕੁੰਟ ਵੇਖ ਹਾਹਾਕਾਰਾ, ਸਾਂਤਕ ਸਤਿ ਨਾ ਕੋਇ ਵਰਤਾਈਆ । ਨਾਮ ਭੁਲਾਇਆ ਪੈਗ਼ੰਬਰ ਗੁਰ ਅਵਤਾਰਾ, ਅਵਤਰੀ ਤੇਰੀ ਸਾਰ ਕੋਇ ਨਾ ਪਾਈਆ । ਤੇਰੇ ਨਾਮ ਦਾ ਆਤਮ ਪਰਮਾਤਮ ਲਾਏ ਕੋਇ ਨਾ ਨਾਅਰਾ, ਨਰ ਨਰਾਇਣ ਤੇਰੇ ਵਿਚ ਨਾ ਕੋਇ ਸਮਾਈਆ । ਤੇਰਾ ਰੂਪ ਅਨੂਪ ਵੇਖੇ ਕੋਇ ਨਾ ਅਗੰਮੀ ਲਾੜਾ, ਜੋਤੀ ਧਾਰ ਨਾਰ ਨਾ ਕੋਇ ਸੇਵ ਕਮਾਈਆ । ਪੁਰਖ ਅਕਾਲੇ ਦੀਨ ਦਿਆਲੇ ਮੇਰਾ ਤੇਰੇ ਅੱਗੇ ਹਾੜਾ, ਹੌਕਾ ਭਰ ਕੇ ਸੀਸ ਨਿਵਾਈਆ । ਮੈਨੂੰ ਖ਼ੁਸ਼ੀ ਨਾਲ ਸਦੀ ਚੌਧਵੀਂ ਅੰਤ ਵੇਖ ਲੈਣ ਦੇ ਇਕ ਅਖਾੜਾ, ਨੌਂ ਖੰਡ ਪ੍ਰਿਥਮੀ ਸੱਤ ਦੀਪ ਨਾਲ ਮਿਲਾਈਆ । ਜਿਸ ਦਾ ਖੇਲ ਸ਼ੁਰੂ ਹੋਣਾ ਦਿਵਸ ਸਤਾਰਾਂ ਹਾੜਾ, ਵਦੀ ਸੁਦੀ ਵੰਡ ਨਾ ਕੋਇ ਵੰਡਾਈਆ । ਮੈਨੂੰ ਅਗਨੀ ਲਾ ਲੈਣ ਦੇ ਘਰ ਘਰ ਬਹੱਤਰ ਨਾੜਾ, ਹਉਮੇ ਹੰਗਤਾ ਰੋਗ ਜਲਾਈਆ । ਮੈਨੂੰ ਫਿਰ ਲੈਣ ਦੇ ਜੰਗਲ ਜੂਹ ਉਜਾੜ ਪਹਾੜਾ, ਟਿੱਲੇ ਪਰਬਤ ਸਮੁੰਦ ਸਾਗਰ ਫੋਲ ਫੁਲਾਈਆ । ਮੈਨੂੰ ਤਕ ਲੈਣ ਦੇ ਮਰਦ ਨਾਰਾ, ਇਸਤਰੀ ਪੁਰਸ਼ ਖੋਜ ਖੁਜਾਈਆ । ਮੇਰੇ ਮਿਹਰਵਾਨ ਮਹਿਬੂਬ ਅਜੇ ਤੇ ਹੁਣ ਹੋਣਾ ਮੁਜ਼ਾਹਿਰਾ, ਜ਼ਾਹਿਰਾ ਰੂਪ ਵਟਾਈਆ । ਮਾਂ ਪੁੱਤਰ ਨਾਲ ਕਰੇ ਪਿਆਰਾ, ਪਿਤਾ ਕੰਨਿਆ ਵੱਲ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਣੀ ਮਾਣ ਵਡਿਆਈਆ । ਕਲਜੁਗ ਕਹੇ ਪ੍ਰਭੂ ਮੇਰੀ ਹੱਥ ਮਾਰ ਦੇ ਉਤੇ ਛਾਤੀ, ਛਤਰਧਾਰੀ ਦਇਆ ਕਮਾਈਆ । ਵੇਖ ਲੈ ਅਵਤਾਰ ਪੈਗ਼ੰਬਰ ਗੁਰੂਆਂ ਦੇ ਹੁੰਦਿਆਂ ਕੀਤੀ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਤੇਰੀ ਪੜ੍ਹੇ ਕੋਇ ਨਾ ਗਾਥੀ, ਧੁਰ ਦਾ ਨਾਮ ਨਾ ਕੋਇ ਧਿਆਈਆ । ਝਗੜਾ ਪਿਆ ਜ਼ਾਤ ਪਾਤੀ, ਦੀਨ ਦੁਨੀ ਰਹੀ ਕੁਰਲਾਈਆ । ਸਚ ਦੀ ਕਰੇ ਕੋਇ ਨਾ ਰਾਖੀ, ਖੰਡਾ ਹੱਥ ਨਾ ਕੋਇ ਚਮਕਾਈਆ । ਤੂੰ ਸਭ ਦਾ ਪੂਰਾ ਕਰਨਾ ਭਵਿਖਤ ਵਾਕੀ, ਪੇਸ਼ੀਨਗੋਈ ਤੇਰੇ ਅੱਗੇ ਟਿਕਾਈਆ । ਜੋ ਕਥਾ ਕਹਾਣੀ ਗੋਬਿੰਦ ਮਾਛੂਵਾੜੇ ਆਖੀ, ਸੋ ਪੁਰਖ ਅਕਾਲੇ ਤੇਰੇ ਅੱਗੇ ਟਿਕਾਈਆ । ਬੇਸ਼ਕ ਮੇਰੀ ਮੁਕਣੀ ਅੰਤਮ ਵਾਟੀ, ਲੋਕਮਾਤ ਪੰਧ ਰਹੇ ਨਾ ਰਾਈਆ । ਪਰ ਮੇਰੇ ਸਾਹਿਬ ਪਰਮਾਤਮ ਮੈਂ ਵੀ ਚਾਰ ਕੁੰਟ ਕਿਸੇ ਗ੍ਰਿਹ ਜਗਣ ਨਹੀਂ ਦੇਣਾ ਦੀਵਾ ਬਾਤੀ, ਮਹੱਲ ਅਟਲ ਨਾ ਕੋਇ ਸੁਹਾਈਆ । ਜਗਤ ਝਗੜਾ ਪੈਣਾ ਜ਼ਰੂਰ ਗੋਬਿੰਦ ਵਾਲੀ ਵਿਸਾਖੀ, ਵਸਾਹ

ਕੇ ਸਤਿਗੁਰ ਸ਼ਬਦ ਦਏ ਲੜਾਈਆ । ਜਿਸ ਵੇਲੇ ਮੇਰੀ ਮੁਕੇ ਵਾਟੀ, ਵਾਟਾਂ ਸਭ ਦੀਆਂ ਦਿਆਂ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਕਲਜੁਗ ਕਹੇ ਪ੍ਰਭੂ ਮੇਰੀ ਪਿਠ ਤੇ ਮਾਰ ਦੇ ਥਪਕੀ, ਹੱਥ ਪੁਸ਼ਤ ਪਨਾਹ ਰਖਾਈਆ । ਆਹ ਵੇਖ ਮੈਂ ਪੌੜੀ ਬਣਾਈ ਪਪ ਦੀ, ਦੀਨ ਦੁਨੀ ਦਿਤੀ ਚੜ੍ਹਾਈਆ । ਜੇਹੜੀ ਰਸਨਾ ਜਿਹਵਾ ਤੈਨੂੰ ਜਪਦੀ, ਢੋਲੇ ਸਿਫ਼ਤਾਂ ਵਾਲੇ ਗਾਈਆ । ਉਹ ਜੰਗਲ ਜੂਹਾਂ ਵਿਚ ਫਿਰੇ ਲੱਭਦੀ, ਖੋਜਿਆਂ ਹੱਥ ਕਿਸੇ ਨਾ ਆਈਆ । ਮੈਂ ਖੇਲ ਕੀਤੀ ਤੇਰੇ ਸਬਬ ਦੀ, ਸਭਨਾਂ ਦਿਤਾ ਭੁਲਾਈਆ । ਅੰਦਰ ਵੜ ਕੇ ਦੱਸਿਆ ਬੂੰਦ ਸਵਾਂਤੀ ਨਾ ਕਮਲਿਓ ਕਿਸੇ ਲੱਭਦੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਤੁਹਾਡੀ ਰਹਿਣੀ ਹੋ ਜਾਏ ਪਰਮਾਤਮ ਨਾਲੋਂ ਅੱਡ ਦੀ, ਵੱਖਰਾ ਘਰ ਬਣਾਈਆ । ਏਸੇ ਕਾਰਨ ਪ੍ਰਭੂ ਕਲਜੁਗ ਦੁਨੀਆ ਤੈਨੂੰ ਛਡਦੀ, ਤੇਰਾ ਸੰਗ ਨਾ ਕੋਇ ਰਖਾਈਆ । ਮੇਰੀ ਆਸ਼ਾ ਹਿੱਸੇਦਾਰ ਅੰਤਮ ਅਧ ਦੀ, ਗੋਬਿੰਦ ਗੋਬਿੰਦ ਗਿਆ ਜਣਾਈਆ । ਜਿਸ ਵੇਲੇ ਕਲਪਣਾ ਵਧੀ ਜਗ ਦੀ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਤ੍ਰਿਸ਼ਨਾ ਲੱਗਣੀ ਅੱਗ ਦੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਕਲਜੁਗ ਜੀਵਾਂ ਬੁੱਧੀ ਹੋਣੀ ਕੱਗ ਦੀ, ਹੰਸ ਰੂਪ ਨਾ ਕੋਇ ਵਖਾਈਆ । ਬਾਹਰੋਂ ਮੂਰਤ ਹੋਣੀ ਬਗਲੇ ਬੱਪ ਦੀ, ਅੰਤਰ ਨੂਰ ਨਾ ਕੋਇ ਚਮਕਾਈਆ । ਪੁਤ ਦੀ ਆਸਾ ਹੋਣੀ ਪਿਤਾ ਦੇ ਰੱਤ ਦੀ, ਕਤਲਗਾਹ ਬਣੇ ਲੋਕਾਈਆ । ਰੱਛਿਆ ਕਰਨੀ ਨਹੀਂ ਕਿਸੇ ਨੇ ਪਤ ਦੀ, ਪਤੀਬਰਤਾ ਰੂਪ ਨਾ ਕੋਇ ਵਟਾਈਆ । ਵਡਿਆਈ ਹੋਣੀ ਮਨਮੱਤ ਦੀ, ਗੁਰਮੱਤ ਸਾਰੇ ਜਾਣ ਭੁਲਾਈਆ । ਤੇਰੀ ਜੋਤ ਖੇਲ ਹੋਣੀ ਸ਼ੱਕ ਦੀ, ਸ਼ਿਕਵਾ ਸਕੇ ਨਾ ਕੋਇ ਗਵਾਈਆ । ਕਲਜੁਗ ਕਹੇ ਪ੍ਰਭੂ ਮੇਰੀ ਇਕੋ ਆਵਾਜ਼ ਹੱਕ ਦੀ, ਧੁਰ ਦੇ ਹਾਕਮ ਦਿਆਂ ਸੁਣਾਈਆ । ਦੁਨੀਆ ਨੂੰ ਲੱਜਿਆ ਹੋਣੀ ਕੂੜੇ ਨੱਕ ਦੀ, ਤੇਰੀ ਲੱਜਿਆ ਨਾ ਕੋਇ ਰਖਾਈਆ । ਉਸ ਵੇਲੇ ਸਦੀ ਚੌਧਵੀਂ ਹੋਣੀ ਟੱਪਦੀ, ਚੌਦਾਂ ਤਬਕ ਟਾਪੂਆਂ ਵਿਚ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰਾ ਸੁਤ ਛੋਟਾ, ਨੰਨ੍ਹਾ ਬੱਚਾ ਨਜ਼ਰੀ ਆਈਆ । ਭਾਵੇਂ ਤੇਰੇ ਕਿੰਨੇ ਨਾਮ ਜਪਣ ਕੋਟਨ ਕੋਟਾਂ, ਫਿਰ ਵੀ ਤੈਨੂੰ ਮਿਲਣ ਕੋਇ ਨਾ ਪਾਈਆ । ਮੈਂ ਸਭ ਦੇ ਅੰਦਰ ਮਨ ਮਨੂਆ ਕੀਤਾ ਖੋਟਾ, ਖਰਾ ਰੂਪ ਨਾ ਕੋਇ ਦਰਸਾਈਆ । ਸਾਬਤ ਰਹਿਣ ਨਹੀਂ ਦਿਤਾ ਕਿਸੇ ਦਾ ਲੰਗੋਟਾ, ਸਤਿ ਵਿਚ ਨਾ ਕੋਇ ਸਮਾਈਆ । ਜਿਸ ਕਾਰਨ ਗੋਬਿੰਦ ਵਾਰੇ ਜਿਗਰ ਦਾ ਟੋਟਾ, ਬਾਲੇ ਨੀਂਹਾਂ ਹੇਠ ਦਬਾਈਆ । ਉਸ ਦੀ ਧਾਰ ਵਿਚ ਗੁਰਸਿਖ ਮਾਰੇ ਕੋਇ ਨਾ ਗੋਤਾ, ਲਹਿਰ ਵਿਚ ਲਹਿਰ ਨਾ ਕੋਇ ਸਮਾਈਆ । ਮੇਰੇ ਸਾਹਿਬ ਸੁਲਤਾਨ ਵੇਖ ਲੈ ਮੈਂ ਕਿਡਾ ਸੰਭਾਲਿਆ ਮੌਕਾ, ਮੁਕੰਮਲ ਦਿਆਂ ਜਣਾਈਆ । ਕਿਸੇ ਨੂੰ ਚੜ੍ਹਨ ਨਹੀਂ ਦੇਂਦਾ ਤੇਰੇ ਨਾਮ ਵਾਲੀ ਨੌਕਾ, ਕੰਢੀ ਬੈਠੀ ਖ਼ਲਕ ਖ਼ੁਦਾਈਆ । ਡਰ ਰਹਿਣ ਨਹੀਂ ਦਿਤਾ ਤੇਰੇ ਭੌ ਕਾ, ਭੈ ਵਿਚ ਸੀਸ ਨਾ ਕੋਇ ਝੁਕਾਈਆ । ਪਿਆਰ ਰਹਿਣ ਨਹੀਂ ਦਿਤਾ ਪਿਤਾ ਮਾਉਂ ਕਾ, ਭੈਣ ਭਾਈ ਸੰਗ ਨਾ ਕੋਇ ਵਖਾਈਆ । ਮੇਰਾ ਖੇਲ ਵੇਖ ਜੋ ਲਾਇਆ ਕਲਜੁਗ ਦਾਓ ਕਾ, ਦਾਅ ਆਪਣਾ ਦਿਆਂ ਦਰਸਾਈਆ । ਪਵਿੱਤਰ ਗ੍ਰਿਹਿ ਰਹਿਣ ਨਹੀਂ ਦਿਤਾ ਸਾਢੇ ਤਿੰਨ ਹੱਥ ਗਰਾਉਂ ਕਾ, ਮੰਦਰ ਅੰਦਰ ਨਾ ਕੋਇ ਸਫ਼ਾਈਆ । ਰੂਪ ਬਦਲਿਆ ਸਾਧ ਸੰਤ ਸੁਭਾਓ ਕਾ, ਸਤਿ ਵਿਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਰ ਦਾਤੇ ਤੇਰੇ ਅੱਗੇ ਝੋਲੀ

ਡਾਹੀਆ। ਕਲਜੁਗ ਕਹੇ ਪ੍ਰਭੂ ਮੇਰੀ ਅੰਤ ਵੇਖ ਲੈ ਖੇਲ, ਖ਼ਾਲਕ ਦਿਆਂ ਜਣਾਈਆ। ਸਾਚਾ ਰਹਿਣ ਨਹੀਂ ਦਿਤਾ ਕੋਈ ਸੱਜਣ ਸੁਹੇਲ, ਮਿੱਤਰ ਮੀਤ ਨਾ ਕੋਇ ਅਖਵਾਈਆ। ਗੁਰੂ ਚੇਲ ਕਰੇ ਕੋਈ ਨਾ ਮੇਲ, ਮੇਲਾ ਹਰਿ ਜਗਦੀਸ ਨਾ ਕੋਇ ਵਖਾਈਆ। ਤੇਰਾ ਭੇਵ ਸਦਾ ਨਵੇਲ, ਅਕਲ ਬੁੱਧੀ ਸਮਝ ਕਿਸੇ ਨਾ ਆਈਆ। ਮੈਂ ਸਦੀ ਚੌਧਵੀਂ ਉਮਤ ਉਮਤੀ ਸਾਰੇ ਕਰਨੇ ਫ਼ੇਲ, ਖੇਲ ਸਭ ਦਾ ਵੇਖ ਵਖਾਈਆ। ਅੰਤਮ ਲੇਖਾ ਹੋਣਾ ਧਰਮ ਰਾਏ ਦੀ ਜੇਲ, ਬੰਧਨ ਸਕੇ ਨਾ ਕੋਇ ਕਟਾਈਆ। ਮੈਨੂੰ ਤੇਰੀ ਸੇਵਾ ਵਿਚ ਮੇਰੇ ਸਵਾਮੀ ਕਦੇ ਨਹੀਂ ਮਿਲਦੀ ਵਿਹਲ, ਦਿਵਸ ਰੈਣ ਤੇਰੀ ਕਾਰ ਕਮਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਦਵਾਰੇ ਆਸ ਰਖਾਈਆ। ਕਲਜੁਗ ਕਹੇ ਪੁਰਖ ਅਕਾਲ ਮੈਂ ਤੇਰਾ ਸੁਤ ਸੋਹਣਾ, ਜੋਬਨਵੰਤਾ ਨਜ਼ਰੀ ਆਈਆ। ਜਿਸ ਨੇ ਕੂੜੀ ਕਿਰਿਆ ਦਾ ਮੁਖ ਧੋਣਾ, ਸਤਿ ਸਚ ਦੇਣਾ ਗਵਾਈਆ। ਕਿਸੇ ਦਾ ਖੁੱਲ੍ਹਣ ਨਹੀਂ ਦੇਣਾ ਤੀਜਾ ਲੋਇਣਾ, ਲੋਚਣ ਅੱਖ ਨਾ ਕੋਇ ਖੁਲ੍ਹਾਈਆ। ਤੇਰੇ ਘਰ ਦਾ ਬਣਨ ਦੇਣਾ ਨਹੀਂ ਕੋਇ ਪਰਾਹੁਣਾ, ਦਰਗਹ ਸਚ ਮਿਲਣ ਕੋਇ ਨਾ ਆਈਆ। ਆਪਣਾ ਖੇਲ ਕਰਨਾ ਅਨਹੋਣਾ, ਪਰਵਰਦਿਗਾਰ ਤੇਰੀ ਓਟ ਤਕਾਈਆ। ਸਦੀ ਚੌਧਵੀਂ ਸਭ ਨੂੰ ਫੜ ਫੜ ਕੋਹਣਾ, ਜਿਉਂ ਬੱਕਰਾ ਹੱਥ ਕਸਾਈਆ। ਚਾਰੋਂ ਕੁੰਟ ਪਏ ਰੋਣਾ, ਉੱਤਰ ਪੂਰਬ ਪੱਛਮ ਦੱਖਣ ਤੇਰਾ ਨਾਮ ਦੁਹਾਈਆ। ਗੂੜ੍ਹੀ ਨੀਂਦ ਪਏ ਕਿਸੇ ਨਾ ਸੌਣਾ, ਸੁੱਤਿਆਂ ਲਵਾਂ ਜਗਾਈਆ। ਫੇਰ ਤੇਰੀ ਚਰਨੀ ਛੋਹਣਾ, ਸੀਸ ਜਗਦੀਸ਼ ਦੇਣਾ ਨਿਵਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਕਿਰਪਾ ਨਾਲ ਮੈਂ ਸਭ ਦੇ ਅੰਦਰ ਬੀਜ ਕੂੜ ਦਾ ਬੋਣਾ, ਫੁਲਵਾੜੀ ਘਰ ਘਰ ਦੇਣੀ ਮਹਿਕਾਈਆ।

✪ ੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਕਾਰਜ ਸਿੰਘ ਦੇ ਗ੍ਰਿਹ ਪਿੰਡ ਸਾਰੰਗੜਾ ਜ਼ਿਲਾ ਅੰਮ੍ਰਿਤਸਰ ✪

ਕਲਜੁਗ ਕਹੇ ਪ੍ਰਭੂ ਮੈਂ ਤੇਰਾ ਸੁਤ ਬਲਕਾਰੀ, ਜੋਬਨਵੰਤਾ ਇਕ ਅਖਵਾਈਆ। ਜਗਤ ਜਹਾਨ ਖੇਲ ਕੀਤੀ ਨਿਆਰੀ, ਨਿਰੰਕਾਰ ਨਿਰਵੈਰ ਤੇਰੀ ਓਟ ਤਕਾਈਆ। ਜੂਠ ਝੂਠ ਦੀ ਫੇਰ ਬਹਾਰੀ, ਸਚ ਸੁੱਚ ਹਰ ਹਿਰਦਿਉਂ ਦਿਤਾ ਕਢਾਈਆ। ਹਉਮੇ ਰੋਗ ਲਗਾ ਬੀਮਾਰੀ, ਤਨ ਵਜੂਦ ਪਾਈ ਦੁਹਾਈਆ। ਝਗੜਾ ਕਰਾ ਕੇ ਨਰ ਨਾਰੀ, ਇਸਤਰੀ ਮਰਦ ਦਿਤੇ ਲੜਾਈਆ। ਪਿਤਾ ਪੂਤ ਦੀ ਕਰ ਖ਼ੁਆਰੀ, ਭਾਈ ਭਾਈਆਂ ਨਾਲ ਟਕਰਾਈਆ। ਸਚ ਦੀ ਰਹਿਣ ਨਹੀਂ ਦਿਤੀ ਯਾਰੀ, ਯਾਰ ਯਾਰਾਂ ਦਗ਼ਾ ਕਮਾਈਆ। ਪਵਿੱਤਰ ਰਹਿਣ ਨਹੀਂ ਦਿਤੀ ਕੋਈ ਅਟਾਰੀ, ਮਹੱਲ ਅਟੱਲ ਰਹੇ ਕੁਰਲਾਈਆ। ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਮਾਇਆ ਮਮਤਾ ਫਿਰੇ ਵਿਭਚਾਰੀ, ਕੁਕਰਮ ਆਪਣਾ ਇਕ ਜਣਾਈਆ। ਸਾਚੀ ਮੰਜ਼ਲ ਧਰਮ ਦੀ ਚੜ੍ਹੇ ਕੋਇ ਨਾ ਖਾਰੀ, ਖ਼ਾਲਸ ਰੂਪ ਨਾ ਕੋਇ ਵਖਾਈਆ। ਮੈਂ ਸਾਹਿਬ ਸਤਿਗੁਰ ਤੇਰੇ ਚਰਨਾਂ ਦਾ ਪੁਜਾਰੀ, ਪੂਜਸ ਪੂਜਸ ਸੀਸ ਨਿਵਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ। ਕਲਜੁਗ ਕਹੇ ਪ੍ਰਭੂ ਮੈਂ ਤੇਰਾ ਪਿਆਰਾ ਪੁੱਤਰ, ਦਰ ਠਾਂਡੇ ਦੇ ਵਡਿਆਈਆ। ਮੁਹੱਬਤ ਵਿਚ ਚੁੱਕ ਲੈ ਕੁੱਛੜ, ਗੋਦ ਆਪਣੀ ਲੈ ਟਿਕਾਈਆ।

ਮੈਂ ਤੇਰੀ ਸੇਵਾ ਵਿਚ ਸਾਰੀ ਸ੍ਰਿਸ਼ਟੀ ਕੀਤੀ ਭੁੱਖੜ, ਸਾਂਤਕ ਸਤਿ ਨਾ ਕੋਇ ਕਰਾਈਆ । ਅੱਗੇ ਝਗੜਾ ਪਾਉਣਾ ਪੱਛਮ ਪੂਰਬ ਉੱਤਰ, ਦੱਖਣ ਰੰਗ ਰੰਗਾਈਆ । ਕੋਈ ਸ਼ਾਹ ਸੁਲਤਾਨਾ ਲੁਕਿਆ ਰਹਿਣ ਦੇਣਾ ਨਹੀਂ ਵਿਚ ਨੁੱਕਰ, ਚਾਰੇ ਕੁੰਟਾਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਹੁਕਮ ਵਰਤਾਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰਾ ਪੂਤ ਸਪੂਤ ਬੜਾ ਚਲਾਕ, ਚਲਾਕੀ ਇਕ ਵਖਾਈਆ । ਦੀਨ ਮਜ਼੍ਹਬ ਕੋਈ ਰਹਿਣ ਨਹੀਂ ਦਿਤਾ ਪਾਕ, ਰਸੂਲ ਪੈਗ਼ੰਬਰ ਰੋਵਣ ਮਾਰਨ ਧਾਈਂਆ । ਘਰ ਘਰ ਵਿਚ ਰਿਹਾ ਨਾ ਕੋਇ ਇਤਫ਼ਾਕ, ਨਿਫ਼ਾਕ ਵਿਚ ਦੁਹਾਈਆ । ਨਾਤਾ ਜੁੜਿਆ ਰਹੇ ਨਾਂ ਸੱਜਣ ਸਾਕ, ਸਗਲਾ ਸੰਗ ਨਾ ਕੋਇ ਨਿਭਾਈਆ । ਤੇਰੇ ਅਵਤਾਰ ਪੈਗ਼ੰਬਰ ਗੁਰੂਆਂ ਦਾ ਮੇਰੀ ਕਰਨੀ ਕਾਰਨ ਹੋਣਾ ਨਹੀਂ ਪੂਰਾ ਭਵਿਖਤ ਵਾਕ, ਪੇਸ਼ੀਨਗੋਈ ਪੇਸ਼ਵਾ ਜੋ ਗਏ ਸੁਣਾਈਆ । ਸਤਿ ਸਚ ਦਾ ਰਹਿਣ ਨਾ ਦਿਤਾ ਇਖ਼ਲਾਕ, ਖ਼ਾਲਕ ਤੇਰੀ ਖ਼ਲਕ ਦਿਤੀ ਲੜਾਈਆ । ਕੂੜ ਕਿਰਿਆ ਖੋਲ੍ਹ ਕੇ ਤਾਕ, ਪੜਦਾ ਸਭ ਦਾ ਦਿਤਾ ਉਠਾਈਆ । ਜਿਧਰ ਵੇਖੋ ਓਧਰ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਸਚਖੰਡ ਦਵਾਰਾ ਸਚਖੰਡ ਨਿਵਾਸੀ ਪਰਵਰਦਿਗਾਰ ਸਾਂਝੇ ਯਾਰ ਮੈਨੂੰ ਦੇ ਖ਼ਿਤਾਬ, ਮੁਖ਼ਾਤਬ ਹੋ ਕੇ ਦੇ ਜਣਾਈਆ । ਮੈਂ ਖੇਲ ਖੇਲਣਾ ਮੱਕਾ ਮਦੀਨਾ ਕਾਅਬ, ਕਾਅਬਿਆਂ ਰੰਗ ਰੰਗਾਈਆ । ਮੁਹੰਮਦ ਦਾ ਪੂਰਾ ਕਰਨਾ ਖ਼ਵਾਬ, ਸਦੀ ਚੌਧਵੀਂ ਵੇਖ ਵਖਾਈਆ । ਉਮਤ ਉਮਤੀ ਮਿਲਣਾ ਅਜ਼ਾਬ, ਅੱਗੇ ਹੋ ਨਾ ਕੋਇ ਅਟਕਾਈਆ । ਮੇਰੇ ਮਿੱਤਰ ਪਿਆਰੇ ਅਹਿਬਾਬ, ਮੁਹੱਬਤ ਵਿਚ ਤੇਰੇ ਕਦਮਾਂ ਸੀਸ ਨਿਵਾਈਆ । ਤੂੰ ਸ਼ਹਿਨਸ਼ਾਹ ਸ਼ਾਹ ਆਲੀ ਜਨਾਬ, ਸ਼ਹਿਨਸ਼ਾਹ ਤੇਰੀ ਇਕ ਸਰਨਾਈਆ । ਜੋ ਨਾਨਕ ਸੰਦੇਸ਼ਾ ਦੇ ਕੇ ਗਿਆ ਬਗਦਾਦ, ਸ਼ਬਦ ਅਗੰਮਾ ਇਕ ਦ੍ਰਿੜਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨੂਰ ਨੁਰਾਨਾ ਆਵੇ ਆਪ, ਆਪ ਆਪਣਾ ਵੇਸ ਵਟਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸੇ ਜਾਪ, ਧੁਰ ਦਾ ਢੋਲਾ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਕਲਜੁਗ ਕਹੇ ਪ੍ਰਭੂ ਮੈਂ ਸੂਰਬੀਰ ਸੁਲਤਾਨਾ, ਵੱਡਾ ਇਕ ਅਖਵਾਈਆ । ਧਰਮ ਦਾ ਰਹਿਣ ਨਹੀਂ ਦਿਤਾ ਨਿਸ਼ਾਨਾ, ਕੂੜ ਦਾ ਡੰਕ ਦਿਤਾ ਵਜਾਈਆ । ਜਗਤ ਜਹਾਨ ਕਰ ਦੀਵਾਨਾ, ਬੁਧ ਸੁਧ ਦਿਤੀ ਭੁਲਾਈਆ । ਚਾਰੋਂ ਕੁੰਟ ਦਿਸੇ ਵੀਰਾਨਾ, ਵੈਰੀ ਘਰ ਘਰ ਡੇਰਾ ਲਾਈਆ । ਤੇਰੇ ਨਾਮ ਦਾ ਰਿਹਾ ਨਾ ਕੋਇ ਮਸਤਾਨਾ, ਮਸਤ ਖ਼ੁਮਾਰੀ ਨਾਮ ਨਾ ਕੋਇ ਚੜ੍ਹਾਈਆ । ਤਨ ਵਜੂਦ ਮਾਟੀ ਖ਼ਾਕ ਹੋਇਆ ਬੇਈਮਾਨਾ, ਬੇਵਾ ਰੂਪ ਹੋਈ ਲੋਕਾਈਆ । ਮੈਂ ਖ਼ੁਸ਼ੀਆਂ ਵਿਚ ਗਾਵਾਂ ਤੇਰਾ ਸਿਫ਼ਤ ਤਰਾਨਾ, ਤਰਾਂ ਤਰਾਂ ਸੁਣਾਈਆ । ਵੇਖਣਾ ਖੇਲ ਜਗਤ ਜਹਾਨਾਂ, ਚੁਰਾਸੀ ਪੜਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸ਼ਬਦ ਹੁਕਮ ਇਕ ਫ਼ਰਮਾਨਾ, ਫ਼ਰਮਾਂਬਰਦਾਰ ਹੋ ਕੇ ਸੀਸ ਨਿਵਾਈਆ ।



੬੪੫
੨੨

### ੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਦਲੀਪ ਸਿੰਘ ਦੇ ਗ੍ਰਹਿ ਪਿੰਡ ਮਾਨਾਂਵਾਲਾ ਜ਼ਿਲਾ ਅੰਮ੍ਰਿਤਸਰ

ਕਲਜੁਗ ਕਹੇ ਪ੍ਰਭ ਮੈਂ ਤੇਰਾ ਫ਼ਰਜ਼ੰਦ ਬੜਾ ਜਬਰ, ਜਾਬਰ ਜਗਤ ਜਹਾਨ ਅਖਵਾਈਆ । ਤੇਰਾ ਹੁਕਮ ਸ਼ੇਰ ਬੱਬਰ, ਸ਼ਹਿਨਸ਼ਾਹ ਮੰਨ ਕੇ

ਖ਼ੁਸ਼ੀ ਬਣਾਈਆ । ਪੈਗ਼ੰਬਰ ਸੁਆਏ ਵਿਚ ਕਬਰ, ਗੋਰਾਂ ਵਿਚ ਕੁਰਲਾਈਆ । ਸਦੀ ਚੌਧਵੀਂ ਉਮਤੀ ਵੇਖਣਾ ਟੱਬਰ, ਘਰਾਨੇ ਸ਼ਰਅ ਵਾਲੇ ਫੋਲ ਫੁਲਾਈਆ । ਆਪਣੀ ਪੂਰੀ ਕਰਨੀ ਸੱਧਰ, ਸਦਮਾ ਹੋਣਾ ਜਗਤ ਲੋਕਾਈਆ । ਚਾਰੋਂ ਕੁੰਟ ਪਾਉਣਾ ਗਦਰ, ਗਦਾਗਰ ਕਰਾਂ ਲੋਕਾਈਆ । ਜਿਹੜੇ ਪਰਵਰਦਿਗਾਰ ਤੇਰਾ ਨਹੀਂ ਕਰਦੇ ਕਦਰ, ਕਤਲਗਾਹ ਦੇਵਾਂ ਵਖਾਈਆ । ਅੰਤ ਕਰਾਂ ਆਪਣਾ ਅਦਲ, ਕੂੜ ਕਿਰਿਆ ਨਾਲ ਰਲਾਈਆ । ਸੂਫ਼ੀਆਂ ਭੁਲਾਇਆ ਤੇਰਾ ਵਤਨ, ਬੇਵਤਨ ਦੇਣ ਦੁਹਾਈਆ । ਸਾਚਾ ਨਜ਼ਰ ਨਾ ਆਵੇ ਪੱਤਨ, ਕੰਢਾ ਘਾਟ ਪਾਰ ਨਾ ਕੋਇ ਕਰਾਈਆ । ਦੂਰ ਦੁਰਾਡੇ ਸਾਰੇ ਤੈਨੂੰ ਤੱਕਣ, ਨਿਜ ਨੇਤਰ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰਾ ਦੁਲਾਰਾ ਦੂਲ੍ਹਾ, ਲੋਕਮਾਤ ਸੋਭਾ ਪਾਈਆ । ਤੇਰਾ ਹੁਕਮ ਹੁਕਮ ਨਹੀਂ ਭੂਲਾ, ਅਭੁਲ ਤੇਰੀ ਸ਼ਰਨਾਈਆ । ਤੇਰੀ ਮਸਤਕ ਲਾ ਕੇ ਧੂਲਾ, ਧੂੜੀ ਖ਼ਾਕ ਰਮਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸਤਿ ਰਹਿਣ ਨਹੀਂ ਦਿਤਾ ਮੂਲਾ, ਅਮਲ ਅਮਲ ਵਿਚੋਂ ਚੁਕਾਈਆ । ਨਾਤਾ ਤੋੜਿਆ ਕੰਤ ਕੰਤੂਹਲਾ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਸਦੀ ਚੌਧਵੀਂ ਮੈਂ ਖ਼ੁਸ਼ੀਆਂ ਵਿਚ ਨਾ ਸਮਾਵਾਂ ਫੂਲਾ, ਫੁੱਲ ਫੁਲਵਾੜੀ ਮੇਰੀ ਸਰਬ ਮਹਿਕਾਈਆ । ਮੈਂ ਸਭ ਨੂੰ ਵੇਖਦਾ ਤੇਰਾ ਨਾਮ ਗਾਉਂਦੇ ਨਾਲ ਬੁੱਲਾਂ, ਹਿਰਦੇ ਹਰਿ ਨਾ ਕੋਇ ਵਸਾਈਆ । ਭਾਗ ਲੱਗਿਆ ਨਹੀਂ ਕਾਇਆ ਕੁੱਲਾ, ਕਾਅਬਾ ਹੱਕ ਨਾ ਕੋਇ ਜਣਾਈਆ । ਤੇਰਾ ਮਾਨਵ ਮੇਰੇ ਰਾਜ ਵਿਚ ਸ਼ਾਹ ਸੁਲਤਾਨਾ ਬਣ ਕੇ ਰੁਲਾ, ਰਹਿਮਤ ਹੱਕ ਨਾ ਕੋਇ ਕਮਾਈਆ । ਸਤਿ ਦਰ ਮਿਲੇ ਕੋਇ ਨਾ ਤੁਲ੍ਹਾ, ਤੂਲ ਅਰਜ਼ ਪੰਧ ਨਾ ਕੋਇ ਚੁਕਾਈਆ । ਮੇਰੇ ਮਾਲਕ ਖ਼ਾਲਕ ਪ੍ਰਿਤਪਾਲਕ ਮੇਰੇ ਜੁਗ ਵਿਚ ਵੇਖ ਲੈ ਚਾਰ ਕੁੰਟ ਅੰਧੇਰਾ ਝੁੱਲਾ, ਤੇਰਾ ਨੂਰ ਨਜ਼ਰ ਕੋਇ ਨਾ ਆਈਆ । ਅੰਮ੍ਰਿਤ ਜਾਮ ਸਭ ਦੇ ਅੰਦਰ ਡੁੱਲ੍ਹਾ, ਜੋ ਗੋਬਿੰਦ ਜਾਮ ਗਿਆ ਪਿਆਈਆ । ਮਾਨਵ ਮਾਨਸ ਜੀਵਣ ਫਲ ਸਭ ਦਾ ਹੁੱਲਾ, ਪੱਤ ਟਹਿਣੀ ਸਰਬ ਰਹੀ ਕੁਰਲਾਈਆ । ਉਠ ਵੇਖ ਪ੍ਰਭੂ ਤੇਰੀ ਚਰਨ ਪ੍ਰੀਤੀ ਕੋਇ ਨਾ ਘੋਲ ਘੁਲਾ, ਆਪਾ ਵਾਰ ਨਾ ਕੋਇ ਵਖਾਈਆ । ਮੇਰਾ ਮੋਹ ਵਿਕਾਰ ਹੰਕਾਰ ਵਿਭਚਾਰ ਦਰ ਦਵਾਰਾ ਖੁਲ੍ਹਾ, ਜੂਠ ਝੂਠ ਭੰਡਾਰਾ ਦਿਤਾ ਵਰਤਾਈਆ । ਭਾਵੇਂ ਅਵਤਾਰ ਪੈਗ਼ੰਬਰ ਗੁਰੂ ਸਾਹਿਬ ਤੂੰ ਭੇਜੇ ਸੁਲਹਕੁਲਾ, ਸੁਲ੍ਹਾ ਸਕਿਆ ਨਾ ਕੋਇ ਕਰਾਈਆ । ਸਭ ਦੇ ਅੰਦਰ ਤ੍ਰੈਗੁਣ ਅਗਨੀ ਤਪਾਇਆ ਚੁੱਲ੍ਹਾ, ਅੰਮ੍ਰਿਤ ਮੇਘ ਸਕੇ ਨਾ ਕੋਇ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਸਰਨਾਈਆ । ਕਲਜੁਗ ਕਹੇ ਮੇਰੇ ਪਰਵਰਦਿਗਾਰ ਮੈਂ ਤੇਰਾ ਸੁਤ ਦਲੇਰ, ਸੂਰਬੀਰ ਅਖਵਾਈਆ । ਮੈਂ ਸਭ ਤੋਂ ਵੱਡਾ ਕੇਹਰ, ਚਾਰੋਂ ਕੁੰਟ ਭੈ ਜਣਾਈਆ । ਤੇਰੀ ਦੀਨ ਦੁਨੀਆ ਕੀਤੀ ਜ਼ਬਰ ਜ਼ੇਰ, ਜ਼ੇਰ ਜ਼ਬਰ ਰੂਪ ਦਰਸਾਈਆ । ਤੇਰੇ ਨਾਮ ਵਾਲੀ ਰਹਿਣ ਨਹੀਂ ਦਿਤੀ ਮਿਹਰ, ਮਿਹਰਵਾਨ ਵੇਖ ਵਖਾਈਆ । ਮਨ ਕਲਪਣਾ ਕਾਇਆ ਅੰਦਰ ਛੇੜ ਦਿਤੀ ਛੇੜ, ਦੀਨ ਮਜ਼੍ਹਬ ਮਜ਼੍ਹਬ ਨਾਲ ਟਕਰਾਈਆ । ਹਉਮੇ ਹੰਗਤਾ ਪਾ ਕੇ ਝੇੜ, ਚੱਕਰ ਜ਼ਾਤ ਪਾਤ ਸਮਝਾਈਆ । ਆਤਮ ਪਰਮਾਤਮ ਆਉਣ ਨਹੀਂ ਦਿਤਾ ਨੇੜ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਸਤਿ ਧਰਮ ਦੀ ਜੜ੍ਹ ਦਿਤੀ ਉਖੇੜ, ਗੁਰਦਰ ਮੰਦਰ ਮਸਜਦ ਦੇਣ ਗਵਾਹੀਆ । ਮੈਨੂੰ ਯਾਦ ਆਉਂਦਾ ਕਲਜੁਗ ਕਹੇ ਜੋ ਅੰਤ ਸੰਦੇਸ਼ਾ ਦਿਤਾ ਵਿਚ ਨਦੇੜ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਮੇਰਾ ਪੁਰਖ ਅਕਾਲਾ ਦੀਨ ਦਿਅਲਾ ਕਲਜੁਗ ਅੰਤਮ ਝਗੜਾ ਦਏ

ਨਬੇੜ, ਦੂਸਰ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਵਰ, ਮੇਰੇ ਸਾਹਿਬ ਬੇਪਰਵਾਹੀਆ । ਕਲਜੁਗ ਕਹੇ ਮੇਰੇ ਪ੍ਰਭੂ ਮੈਂ ਤੇਰਾ ਸੂਰਬੀਰ ਬਹਾਦਰ, ਜੰਗਜੂ ਅਖਵਾਈਆ । ਮੇਰੇ ਕਰਤੇ ਕਰੀਮ ਕਾਦਰ, ਤੇਰੀ ਕੁਦਰਤ ਵੇਖ ਵਖਾਈਆ । ਤੇਰਾ ਰਹਿਣ ਨਹੀਂ ਦਿਤਾ ਆਦਲ, ਇਨਸਾਫ਼ ਹੱਕ ਨਾ ਕੋਇ ਕਮਾਈਆ । ਪਿਤਾ ਪੁੱਤ ਦਾ ਬਣਿਆ ਕਾਤਲ, ਮਕਤੂਲ ਕੀਤੀ ਲੋਕਾਈਆ । ਸੂਫ਼ੀਆਂ ਪੜਦਾ ਚੁੱਕੇ ਕੋਇ ਨਾ ਬਾਤਨ, ਜ਼ਾਹਰ ਜ਼ਹੂਰ ਤੇਰਾ ਨੂਰ ਨਾ ਕੋਇ ਰੁਸ਼ਨਾਈਆ । ਜਿਧਰ ਤਕੇ ਅੰਧੇਰੀ ਰਾਤਨ, ਚੌਦਸ ਚੰਦ ਨਾ ਕੋਇ ਰੁਸ਼ਨਾਈਆ । ਏਸ ਵੇਲੇ ਨੌਂ ਖੰਡ ਪ੍ਰਿਥਮੀ ਸੱਤ ਦੀਪ ਚੌਦਾਂ ਤਬਕ ਚੌਦਾਂ ਲੋਕ ਸਾਰੇ ਆਖਣ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਕੂਕ ਕੂਕ ਸੁਣਾਈਆ । ਕਲਜੁਗ ਕਲ ਕਲਕੀ ਆਵੇ ਪੁਰਖ ਸਮਰਾਥਨ, ਸਮਰਥ ਦਾਤਾ ਵਡ ਵਡਿਆਈਆ । ਜੋ ਝਗੜਾ ਮੇਟੇ ਜ਼ਾਤ ਪਾਤਨ, ਦੀਨ ਮਜ਼੍ਹਬਾਂ ਡੇਰਾ ਢਾਹੀਆ । ਆਤਮ ਪਰਮਾਤਮ ਦੇਵੇ ਸਾਥਨ, ਸਗਲਾ ਸੰਗ ਬਣਾਈਆ । ਤੂੰ ਮੇਰਾ ਮੈਂ ਤੇਰਾ ਦੱਸੇ ਗਾਥਨ, ਧੁਰ ਦਾ ਨਾਮ ਇਕ ਸਮਝਾਈਆ । ਰੂਹ ਬੁਤ ਕਰੇ ਪਾਕਨ, ਦੀਨ ਮਜ਼੍ਹਬਾਂ ਡੇਰਾ ਢਾਹੀਆ । ਆਤਮ ਪਰਮਾਤਮ ਦੇਵੇ ਸਾਥਨ, ਦੁਰਮਤ ਮੈਲ ਕਰੇ ਸਫ਼ਾਈਆ । ਸਭ ਨੂੰ ਕਰ ਕੇ ਦਾਸੀ ਦਾਸਨ, ਗ੍ਰਿਹ ਮੰਦਰ ਇਕ ਵਖਾਈਆ । ਜਿਥੇ ਸਾਂਝਾ ਹੋਵੇ ਜਾਪਨ, ਹਿੰਦੂ ਮੁਸਲਿਮ ਸਿਖ ਈਸਾਈ ਵੰਡ ਨਾ ਕੋਇ ਵੰਡਾਈਆ । ਲੱਖ ਚੁਰਾਸੀ ਦਾ ਬਣ ਕੇ ਮਾਈ ਬਾਪਨ, ਪਿਤਾ ਪੁਰਖ ਅਕਾਲ ਗੋਦ ਉਠਾਈਆ । ਕਲਜੁਗ ਕਹੇ ਮੈਂ ਵੇਖਾਂ ਖੇਲ ਤਮਾਸ਼ਨ, ਚਾਰੋਂ ਕੁੰਟ ਧਿਆਨ ਲਗਾਈਆ । ਮੇਰੇ ਸਾਹਿਬ ਸੁਲਤਾਨ ਜੇਹੜੇ ਤੇਰਾ ਨਾਮ ਨਾ ਵਾਚਣ, ਅੰਤਰ ਨਿਰੰਤਰ ਪ੍ਰੇਮ ਨਾ ਕੋਇ ਰਖਾਈਆ । ਮਨ ਮਨੂਆ ਅੰਦਰ ਨਾਚਣ, ਦਹਿ ਦਿਸ਼ਾ ਉਠ ਉਠ ਧਾਈਆ । ਉਨ੍ਹਾਂ ਦਾ ਅੰਤਮ ਕਰਾਂ ਘਾਤਨ, ਘਾਉ ਤੇਰਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਹਿਬ ਸੁਲਤਾਨ ਪੁਰਖ ਸਮਰਾਥਣ, ਸਮਰਥ ਤੇਰੇ ਹੱਥ ਵਡਿਆਈਆ ।



੬੪੭ ੨੨

### ✪ ੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਚਰਨ ਸਿੰਘ ਦੇ ਗ੍ਰਿਹ ਪਿੰਡ ਮਾਨਾਂਵਾਲਾ ਜ਼ਿਲਾ ਅੰਮ੍ਰਿਤਸਰ ✪

ਕਲਜੁਗ ਕਹੇ ਪ੍ਰਭ ਤੇਰਾ ਨਾਮ ਵਜਾਵਾਂ ਡੰਕਾ, ਡੌਰੂ ਕੂੜ ਹੱਥ ਉਠਾਈਆ । ਸਾਬਤ ਰਹਿਣ ਦੇਵਾਂ ਨਾ ਕੋਇ ਦਵਾਰ ਬੰਕਾ, ਬੰਕ ਦਵਾਰੀ ਤੇਰੀ ਆਸ ਰਖਾਈਆ । ਝਗੜਾ ਪਾਵਾਂ ਰਾਓ ਰੰਕਾ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਸਦੀ ਚੌਧਵੀਂ ਜਗਤ ਬਣਾਵਾਂ ਬਣਤਾ, ਘੜਨ ਭੰਨਣਹਾਰ ਤੇਰੀ ਓਟ ਰਖਾਈਆ । ਵੇਸ ਵਟਾਵਾਂ ਅਨੇਕ ਅਨਕਾ, ਅਕਲ ਕਲਧਾਰੀ ਹੋਣਾ ਆਪ ਸਹਾਈਆ । ਫਿਰੀ ਦਰੋਹੀ ਚਾਰ ਕੁੰਟ ਵਿਚ ਜਨਤਾ, ਮਾਨਵ ਮਾਨਸ ਮਾਨੁਖ ਨੇਤਰ ਨੀਰ ਵਹਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਗੜ੍ਹ ਬਣਾਵਾਂ ਹਉਮੇ ਹੰਗਤਾ, ਹੰ ਬ੍ਰਹਮ ਨਾ ਕੋਇ ਸਮਝਾਈਆ । ਰਾਜ ਰਾਜਾਨਾ ਹੋਵੇ ਮੰਗਤਾ, ਘਰ ਘਰ ਅਲਖ ਜਗਾਈਆ । ਮੇਰਾ ਵੇਲਾ ਅੰਤਮ ਜਾਂਦਾ ਲੰਘਦਾ, ਸਮਾਂ ਸਮੇਂ ਵਿਚੋਂ ਬਦਲਾਈਆ । ਨਗਾਰਾ ਵੱਜਣਾ ਭੁੱਖ ਨੰਗ ਦਾ, ਸਾਂਤਕ ਸਤਿ ਨਾ ਕੋਇ ਕਰਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਝਗੜਾ ਪੈਣਾ ਮਜ਼੍ਹਬੀ ਜੰਗ ਦਾ, ਜਗਤ ਜਹਾਨ ਦਏ

ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰੀ ਓਟ ਰੱਖਾਂ, ਦੂਸਰ ਸੀਸ ਨਾ ਕੋਇ ਨਿਵਾਈਆ । ਮੈਂ ਸ਼ਾਹ ਸੁਲਤਾਨਾਂ ਕਰਾਂ ਲੱਖੋਂ ਕੱਖਾਂ, ਸਾਬਤ ਨਜ਼ਰ ਕੋਇ ਨਾ ਆਈਆ । ਨਵ ਸੱਤ ਦਹਿ ਦਿਸ਼ਾ ਦਿਵਸ ਰੈਣ ਨੱਠਾਂ, ਭੱਜਾਂ ਵਾਹੋ ਦਾਹੀਆ । ਧਰਮ ਦੀ ਧਾਰ ਡੋਰ ਕਟਾਂ, ਕਟਾਕਸ਼ ਤੇਰਾ ਨਾਮ ਲਗਾਈਆ । ਝਗੜਾ ਪਾਵਾਂ ਪੱਥਰ ਇੱਟਾਂ, ਪਾਹਨ ਰੋ ਰੋ ਮਾਰਨ ਧਾਈਆ । ਸਾਧਾਂ ਸੰਤਾਂ ਸਾਬਤ ਰਹਿਣ ਨਾ ਦੇਵਾਂ ਲਿਟਾਂ, ਜਟਾ ਜੂਟ ਸਰਬ ਕੁਰਲਾਈਆ । ਮਨ ਕਲਪਣਾ ਵਿਚ ਜਗਤ ਜਗਿਆਸੂ ਸਿੱਟਾਂ, ਬਾਹਰ ਸਕੇ ਨਾ ਕੋਇ ਕਢਾਈਆ । ਤੇਰਾ ਸਤਿ ਸੰਦੇਸ਼ ਅਗੰਮਾ ਲਿਖਾਂ, ਬਣ ਕਾਤਬ ਧੁਰਦਰਗਾਹੀਆ । ਜੋ ਸਿਖਿਆ ਗੋਬਿੰਦ ਦੇ ਕੇ ਗਿਆ ਸਿੱਖਾਂ, ਸਿਦਕੀ ਸਿਖ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਕਲਜੁਗ ਕਹੇ ਪੁਰਖ ਅਕਾਲ ਮੇਰੀ ਝੋਲੀ ਭਰ, ਭਾਰਤ ਖੰਡ ਦੇ ਵਡਿਆਈਆ । ਤੂੰ ਮਾਲਕ ਨਰਾਇਣ ਨਰ, ਨਰ ਹਰਿ ਤੇਰੀ ਬੇਪਰਵਾਹੀਆ । ਮੈਂ ਭਿਖਾਰੀ ਬਣਿਆ ਦਰ, ਦਰ ਦਰਵੇਸ਼ ਅਲਖ ਜਗਾਈਆ । ਨਿਰਗੁਣ ਧਾਰ ਫੜਿਆ ਲੜ, ਪਲੂ ਆਪਣੇ ਨਾਲ ਲੈਣਾ ਬੰਧਾਈਆ । ਨਿਰਭੌ ਕਰ ਦੇ ਨਿਡਰ, ਭੈ ਸਿਰ ਨਾ ਕੋਇ ਰਖਾਈਆ । ਮੈਂ ਲਹਿੰਦੀ ਦਿਸ਼ਾ ਮੱਕੇ ਮਦੀਨੇ ਜਾਵਾਂ ਵੜ, ਕਾਅਬਿਆਂ ਪੜਦਾ ਦਿਆਂ ਉਠਾਈਆ । ਦੀਨ ਦੁਨੀ ਵੇਖਾਂ ਤੇਰਾ ਗ੍ਰਿਹਿ ਘਰ, ਮੰਦਰ ਮਸਜਿਦ ਫੋਲ ਫੁਲਾਈਆ । ਜਿਥੇ ਸ਼ਰੀਅਤ ਵਾਲੀ ਹੋਵੇ ਸ਼ਰ, ਸ਼ਰਅ ਸ਼ਰਅ ਨਾਲ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਪਰਵਰਦਿਗਾਰ ਤੇਰੀ ਬੇਪਰਵਾਹੀਆ । ਕਲਜੁਗ ਕਹੇ ਮੇਰੇ ਪਰਵਰਦਿਗਾਰ ਮਹਿਬੂਬ, ਮਿਹਰਵਾਨ ਤੇਰੀ ਸਰਨਾਈਆ । ਤੇਰੀ ਮੰਜ਼ਲ ਤਕ ਅਰਸ਼ ਅਰੂਜ, ਆਲੀਸ਼ਾਨ ਸੀਸ ਨਿਵਾਈਆ । ਤੇਰੀ ਮੰਜ਼ਲ ਹੱਕ ਮਕਸੂਦ, ਦਰ ਇਕੋ ਇਕ ਵਡਿਆਈਆ । ਸਦੀ ਚੌਧਵੀਂ ਮੇਰੇ ਅੰਦਰ ਦੇ ਦੇ ਇਕ ਸੂਝ, ਸਮਝ ਆਪਣੇ ਨਾਲ ਮਿਲਾਈਆ । ਮੈਂ ਖ਼ਾਕ ਉਡਾਵਾਂ ਕਾਇਆ ਪੰਜ ਭੂਤ, ਤਤਵ ਤਤ ਤਤ ਜਲਾਈਆ । ਤੇਰਾ ਫੇਰ ਅਖਵਾਵਾਂ ਸਚ ਸਪੂਤ, ਸੂਰਬੀਰ ਅਖਵਾਈਆ । ਕੂੜੀ ਸ੍ਰਿਸ਼ਟੀ ਕਰਾਵਾਂ ਕੂਚ, ਕੂਚਾ ਗਲੀ ਕਰਾਂ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੀ ਵਸਤ ਇਕ ਵਰਤਾਈਆ । ਕਲਜੁਗ ਕਹੇ ਪ੍ਰਭੂ ਮੇਰੀ ਧੁਰਦਰਗਾਹੀ ਕਰ ਮਦਦ, ਮੁੱਦਾ ਤੇਰੇ ਹੱਥ ਵਖਾਈਆ । ਮੈਂ ਚਾਰੋਂ ਕੁੰਟ ਕਰਾਂ ਤਸ਼ੱਦਦ, ਅੱਗੇ ਹੋ ਨਾ ਕੋਇ ਅਟਕਾਈਆ । ਸ੍ਰਿਸ਼ਟੀ ਹਿੰਦਸਿਆਂ ਵਿਚ ਵਖਾਵਾਂ ਗਿਣਤੀ ਵਾਲੇ ਅੱਦਦ, ਸ਼ੁਮਾਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਦਰ ਮਾਂਗਤ ਸੀਸ ਨਿਵਾਈਆ । ਕਲਜੁਗ ਕਹੇ ਪ੍ਰਭੂ ਮੈਂ ਅੰਤਮ ਸੋਇਆ ਉਠਣਾ, ਆਪਣੀ ਲਵਾਂ ਅੰਗੜਾਈਆ । ਤੇਰਾ ਭਾਣਾ ਕਦੇ ਨਾ ਰੁਕਣਾ, ਨਾ ਕੋਇ ਮੇਟੇ ਮੇਟ ਮਿਟਾਈਆ । ਇਕੋ ਸੀਸ ਜਗਦੀਸ ਝੁਕਣਾ, ਦੂਸਰ ਅਵਰ ਨਾ ਕੋਇ ਸਰਨਾਈਆ । ਸਦੀ ਚੌਧਵੀਂ ਮੂਲ ਨਾ ਲੁਕਣਾ, ਲੁਕਮਾ ਕਰਾਂ ਸਰਬ ਲੋਕਾਈਆ । ਸ਼ੰਕਰ ਨਾਲ ਰਲਾਵਾਂ ਜੋ ਚਾਰ ਜੁਗ ਦਾ ਭੁੱਖਣਾ, ਲੱਖ ਚੁਰਾਸੀ ਖਾ ਕੇ ਸ਼ੁਕਰ ਮਨਾਈਆ । ਤੇਰੀ ਕਿਰਪਾ ਨਾਲ ਵਿਸ਼ਨੂੰ ਦਾ ਭੰਡਾਰਾ ਲੁੱਟਣਾ, ਕੁਬੇਰ ਰੋਵੇ ਮਾਰੇ ਧਾਈਆ । ਬ੍ਰਹਮੇ ਬ੍ਰਹਮ ਧਾਰ ਕਿਸੇ ਨਾ ਪੁਛਣਾ, ਪੁਸ਼ਤ ਪਨਾਹ ਹੱਥ ਨਾ ਕੋਇ ਰਖਾਈਆ । ਕਿਸੇ

ਦਵਾਰੇ ਰਹੇ ਕੋਇ ਨਾ ਸੁਚਨਾ, ਸਚ ਧਰਮ ਨਾ ਕੋਇ ਚਤੁਰਾਈਆ । ਚਾਰ ਜੁਗ ਦਾ ਧਰਮ ਦਾ ਬੇੜਾ ਪੁੱਟਣਾ, ਅੰਤਮ ਜੜ੍ਹ ਦੇਣੀ ਪੁਟਾਈਆ । ਫੇਰ ਸ਼ਾਹ ਸੁਲਤਾਨਾਂ ਲੁੱਟਣਾ, ਖ਼ਾਕੀ ਖ਼ਾਕ ਮਿਲਾਈਆ । ਕੋਟਾਂ ਵਿਚੋਂ ਕਿਸੇ ਵਿਰਲੇ ਭਗਤ ਤੇਰੇ ਨਾਮ ਦਾ ਗਾਨਾ ਬੰਨ੍ਹਾਂ ਗੁਟਨਾ, ਜੋ ਤੇਰਾ ਤੇਰੇ ਵਿਚ ਸਮਾਈਆ । ਬਾਕੀ ਸਭ ਦਾ ਨਾਤਾ ਤੁਟਣਾ, ਅਵਤਾਰ ਪੈਗ਼ੰਬਰ ਗੁਰ ਹੋਏ ਨਾ ਕੋਇ ਸਹਾਈਆ । ਫੇਰ ਮੈਨੂੰ ਕਹੀਂ ਸ਼ਾਬਾਸ਼ ਕਲਜੁਗ ਮੇਰੇ ਪੁੱਤਨਾ, ਸਪੂਤ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਜੋਤ ਨਿਰੰਕਾਰ ਸਾਹਿਬ ਸਵਾਮੀ ਪਰਵਰਦਿਗਾਰ ਤੁੱਠਣਾ, ਯਾਮਬੀਨ ਤੇਰੀ ਸਰਨਾਈਆ ।




### ✪ ੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਧੰਨਤੋ ਦੇ ਗ੍ਰਿਹਿ ਮਾਨਾਵਾਲਾ ਜ਼ਿਲਾ ਅੰਮ੍ਰਿਤਸਰ ✪

ਕਲਜੁਗ ਕਹੇ ਪ੍ਰਭੂ ਮੇਰੇ ਬਾਲੇ ਨੌਂ ਸੌ ਚੁਰਾਨਮੇ, ਸੇਵਾਦਾਰ ਸੰਗ ਰਖਾਈਆ । ਜਿਨ੍ਹਾਂ ਚਾਰੋਂ ਕੁੰਟ ਖੇਲ ਖਿਲਾਵਣੇ, ਖਿਲੌਣੇ ਕੂੜ ਵਾਲੇ ਵਰਤਾਈਆ । ਲੇਖੇ ਤਕਣੇ ਬਵੰਜਾ ਅੱਖਰ ਬਾਵਨੇ, ਬਲ ਬਾਵਨ ਗਿਆ ਜਣਾਈਆ । ਰੂਪ ਵਟਾਉਣੇ ਆਹਮਣੇ ਸਾਹਮਣੇ ਸਨਮੁਖ ਹੋ ਕੇ ਨਜ਼ਰੀ ਆਈਆ । ਜੋ ਭਵਿਖਤ ਸੀਤਾ ਦੱਸਿਆ ਰਾਮ ਨੇ, ਸਤਿ ਵਿਚ ਸਮਝਾਈਆ । ਕ੍ਰਿਸ਼ਨ ਅਰਜਨ ਦੱਸੇ ਗਾਵਣੇ, ਗਾ ਕੇ ਗਿਆ ਸੁਣਾਈਆ । ਕਲਜੁਗ ਜੀਵਾਂ ਤੀਰਥ ਬੜੇ ਨਹਾਵਣੇ, ਮੰਦਰ ਮਸਜਿਦ ਸ਼ਿਵਦਵਾਲੇ ਭੱਜਣ ਥਾਉਂ ਥਾਈਂਆ । ਪੁਰਖ ਅਕਾਲ ਦੇ ਦਰਸ ਕਿਸੇ ਨਾ ਪਾਵਣੇ, ਨੂਰ ਨਜ਼ਰ ਕਿਸੇ ਨਾ ਆਈਆ । ਜ਼ੋਰ ਪਾਉਣਾ ਲੋਭ ਮੋਹ ਹੰਕਾਰ ਕਾਮ ਨੇ, ਕਾਮਨੀ ਹੋਏ ਜਗਤ ਲੋਕਾਈਆ । ਅਵਤਾਰ ਪੈਗ਼ੰਬਰ ਗੁਰ ਪਕੜੇ ਕੋਇ ਨਾ ਦਾਮਨੇ, ਦਾਮਨਗੀਰ ਨਾ ਕੋਇ ਅਖਵਾਈਆ । ਸਹਾਇਤਾ ਕਰਨੀ ਨਹੀਂ ਸਿਫ਼ਤੀ ਨਾਮ ਨੇ, ਰਸਨਾ ਜਿਹਵਾ ਨਾ ਕੋਇ ਵਡਿਆਈਆ । ਉਸ ਵੇਲੇ ਪਰਗਟ ਹੋਣਾ ਸ੍ਰੀ ਭਗਵਾਨਨੇ, ਭਗਵਨ ਆਪਣੀ ਦਇਆ ਕਮਾਈਆ । ਝਗੜੇ ਮੁਕਾਉਣੇ ਚੰਮ ਦ੍ਰਿਸ਼ਟੀ ਚਾਮ ਨੇ, ਚਮਕ ਆਪਣਾ ਨੂਰ ਕਰ ਰੁਸ਼ਨਾਈਆ । ਲੇਖੇ ਮੁਕਣੇ ਸ਼ੱਤਰੀ ਬ੍ਰਾਹਮਣੇ, ਸ਼ੂਦਰ ਵੈਸ਼ ਬ੍ਰਹਮ ਆਪਣਾ ਪੜਦਾ ਲਾਹੀਆ । ਕਲਜੁਗ ਕਹੇ ਮੈਂ ਉਸ ਵੇਲੇ ਸਰਬ ਹੁਕਮ ਮਾਨਣੇ, ਮੰਨ ਕੇ ਦਿਆਂ ਵਖਾਈਆ । ਅਗਨੀ ਲਾਵਾਂ ਘਰ ਘਰ ਖੇੜਾ ਗਰਾਮਨੇ, ਸਾਢੇ ਤਿੰਨ ਹੱਥ ਤਤ ਜਲਾਈਆ । ਸਾਬਤ ਰਹੇ ਨਾ ਕੋਇ ਇੰਤਜ਼ਾਮਨੇ, ਬੰਦੀਖ਼ਾਨੇ ਵਿਚ ਦੁਹਾਈਆ । ਕੋਟਾਂ ਵਿਚੋਂ ਅਬਿਨਾਸ਼ੀ ਕਰਤੇ ਭਗਤ ਪਹਿਚਾਨਨੇ, ਪਹਿਚਾਨ ਆਪਣੀ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੰਦੇਸ਼ੇ ਦਏ ਪੈਗ਼ਾਮਨੇ, ਪੈਗ਼ੰਬਰ ਨਾਰ ਧਾਰ ਸਮਝਾਈਆ ।

### ✪ ੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਗੁਰਦਿਤ ਸਿੰਘ ਦੇ ਗ੍ਰਿਹਿ ਪਿੰਡ ਮਾਨਾਵਾਲਾ ਜ਼ਿਲਾ ਅੰਮ੍ਰਿਤਸਰ ✪

ਕਲਜੁਗ ਕਹੇ ਪ੍ਰਭੂ ਮੇਰਾ ਰੂਪ ਖ਼ਾਲਸ, ਖ਼ਾਲਸ ਦਿਆਂ ਸੁਣਾਈਆ । ਸਾਹਿਬ ਸਤਿਗੁਰ ਬਣੀਂ ਸਾਲਸ, ਵਿਚੋਲਾ ਇਕ ਅਖਵਾਈਆ । ਮੈਂ

ਸਭ ਨੂੰ ਦੀਨਾਂ ਮਜ਼੍ਹਬਾਂ ਦਾ ਦੇਣਾ ਲਾਲਚ, ਲੋਭ ਨਾਮ ਕਲਮੇ ਵਾਲਾ ਜਣਾਈਆ । ਜੋ ਕਹਿ ਕੇ ਗਿਆ ਤੇਰਾ ਗੋਬਿੰਦ ਬਾਲਕ, ਸੋ ਪੂਰਾ ਦੇਣਾ ਕਰਾਈਆ । ਖ਼ਾਲੀ ਕਰਨੀ ਤੇਰੀ ਖ਼ਲਕ ਖ਼ਾਲਕ, ਮਖ਼ਲੂਕ ਵੇਖ ਵਖਾਈਆ । ਮੇਰੇ ਹੁਕਮ ਦੀ ਵੇਖ ਜਹਾਲਤ, ਘਰ ਘਰ ਬੈਠੀ ਡੇਰਾ ਲਾਈਆ । ਏਸ ਵੇਲੇ ਸਾਰੀ ਦੁਨੀਆ ਦਾ ਜਗਤ ਕੁਕਰਮ ਬਣਿਆ ਮਾਲਕ, ਮਾਲਕ ਧੁਰ ਦੇ ਤੇਰਾ ਧਿਆਨ ਨਾ ਕੋਇ ਰਖਾਈਆ । ਸਤਿ ਦੀ ਕਰੇ ਨਾ ਕੋਇ ਅਦਾਲਤ, ਇਨਸਾਫ਼ ਹੱਥ ਨਾ ਕੋਇ ਵਖਾਈਆ । ਬੇਸ਼ਕ ਤੂੰ ਸਭ ਦਾ ਪ੍ਰਿਤਪਾਲਕ, ਮਿਹਰਵਾਨ ਬੇਪਰਵਾਹੀਆ । ਪਰ ਮੇਰੀ ਕੂੜ ਕਿਰਿਆ ਦੀ ਵਡੀ ਨਾਲਸ਼, ਜੋ ਸਭ ਨੂੰ ਦਏ ਭੁਲਾਈਆ । ਤੈਥੋਂ ਵਿਛੜਿਆਂ ਮਸਤਕ ਲਾਵਾਂ ਕਾਲਖ, ਟਿੱਕੇ ਲੋਕਮਾਤ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਵਰ, ਸਿਰ ਮੇਰੇ ਹੱਥ ਰਖਾਈਆ । ਕਲਜੁਗ ਕਹੇ ਪ੍ਰਭੂ ਮੈਂ ਕਿਡਾ ਚੰਗਾ, ਚੰਗੀ ਤਰਹ ਜਣਾਈਆ । ਉਲਟੇ ਵਹਿਣ ਵਹਾਈ ਗੰਗਾ, ਗੋਦਾਵਰੀ ਜਮਨਾ ਸੁਰਸਤੀ ਨਾਲ ਮਿਲਾਈਆ । ਰਸ ਰਹਿਣ ਨਹੀਂ ਦਿਤਾ ਧਾਰ ਖੰਡਾ, ਖੜਗ ਖੜਗ ਨਾ ਕੋਇ ਖੜਕਾਈਆ । ਜਗਤ ਜਹਾਨ ਕੀਤਾ ਨੰਗਾ, ਓਢਣ ਸੀਸ ਨਾ ਕੋਇ ਟਿਕਾਈਆ । ਵਿਦਵਾਨ ਰਿਹਾ ਨਾ ਕੋਇ ਪੰਡਾ, ਮੁੱਲਾ ਸ਼ੇਖ਼ ਮਸਲਾ ਹੱਕ ਨਾ ਕੋਇ ਸੁਣਾਈਆ । ਚਾਰੋਂ ਕੁੰਟ ਕੂੜ ਵਿਕਾਰ ਦਾ ਦੰਗਾ, ਝਗੜਾ ਪਾਇਆ ਥਾਉਂ ਥਾਈਂਆ । ਅੱਗੇ ਵਾਸਤੇ ਇਕੋ ਮੰਗ ਮੰਗਾਂ, ਦਰ ਤੇਰੇ ਸੀਸ ਨਿਵਾਈਆ । ਜੇ ਤੂੰ ਸਾਹਿਬ ਸੂਰਾ ਸਰਬੰਗਾ, ਸਦਾ ਸਦ ਸਿਰ ਮੇਰੇ ਹੱਥ ਟਿਕਾਈਆ । ਮੈਂ ਝਗੜਾ ਮੁਕਾਉਣਾ ਬੋਦੀ ਧੋਤੀ ਜੰਞੂ ਤਹਿਮਤ ਤੰਬਾ, ਇਕੋ ਵੇਸ ਦੇਣਾ ਵਖਾਈਆ । ਬੇਸ਼ਕ ਮੇਰਾ ਪੈਂਡਾ ਸ਼ਾਸਤਰ ਗ੍ਰੰਥ ਦੱਸਦੇ ਲੰਬਾ, ਆਯੂ ਹਿੰਦਸਿਆਂ ਵਿਚ ਗਿਣਾਈਆ । ਪਰ ਤੇਰੀ ਕਿਰਪਾ ਨਾਲ ਮੇਰਾ ਪਿਛਲਾ ਵਕਤ ਲੰਘਾ, ਅੱਗੇ ਲੇਖਾ ਛੇਤੀ ਦੇਣਾ ਮੁਕਾਈਆ । ਕੁਛ ਯਾਦ ਕਰ ਲੈ ਜਿਸ ਵਕਤ ਲੁਬਾਣੇ ਜਹਾਜ਼ ਲਗਾਇਆ ਕੰਢਾ, ਬਹਾਦਰ ਚਾਦਰ ਤੇਰਾ ਰੂਪ ਦਰਸਾਈਆ । ਅੰਤ ਮੇਰਾ ਸੀਨਾ ਕਰੀਂ ਠੰਡਾ, ਦਰ ਤੇਰੇ ਅਲਖ ਜਗਾਈਆ । ਮੈਂ ਸ਼ੁਕਰਾਨਾ ਸ਼ੁਕਰ ਸ਼ਰੀਣੀਆਂ ਵੰਡਾਂ, ਮਿਹਰਵਾਨ ਤੇਰੀ ਓਟ ਤਕਾਈਆ । ਮੈਂ ਬੰਦਗੀ ਵਾਲਾ ਰਹਿਣ ਦੇਣਾ ਨਹੀਂ ਕੋਈ ਬੰਦਾ, ਬੰਦੀ ਛੋੜ ਦਰ ਤੇਰੇ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਨਿਮਸਕਾਰ ਡੰਡਾਵਤ ਬੰਦਨਾ ਸੱਯਦਾ ਉਸ ਅਗੰਮੀ ਪਲੰਘਾ, ਜਿਸ ਦਾ ਪਾਵਾ ਚੂਲ ਲੁਹਾਰ ਤਰਖਾਣ ਨਾ ਕੋਇ ਘੜਾਈਆ ।



## ੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਹਜ਼ਾਰਾ ਸਿੰਘ ਦੇ ਗ੍ਰਹਿ ਪਿੰਡ ਛੀਨਾ ਜ਼ਿਲਾ ਅੰਮ੍ਰਿਤਸਰ

ਕਲਜੁਗ ਕਹੇ ਪ੍ਰਭ ਮੇਰਾ ਸਫ਼ਰ ਨਾ ਕਰੀਂ ਲੰਬਾ, ਅੱਗੇ ਅਵਰ ਨਾ ਕੋਇ ਵਧਾਈਆ । ਮੈਂ ਸੁਤ ਦੁਲਾਰਾ ਤੇਰੇ ਗ੍ਰਹਿ ਜੰਮਾ, ਜੰਮਣ ਵਾਲੀ ਅਵਰ ਕੋਇ ਨਾ ਮਾਈਆ । ਤੇਰੇ ਹੁਕਮ ਅੰਦਰ ਕਲਜੁਗ ਜੀਵਾਂ ਕੀਤਾ ਨਿਕੰਮਾ, ਧਰਮ ਦੀ ਧਾਰ ਨਾ ਕੋਇ ਰਖਾਈਆ । ਉਠ ਵੇਖ ਜਗਤ ਜਗਿਆਸੂ ਰੋਂਦੇ ਛੰਮ ਛੰਮਾਂ, ਧੀਰਜ ਧੀਰ ਨਾ ਕੋਇ ਧਰਾਈਆ । ਸਦੀ ਚੌਧਵੀਂ ਮੇਰਾ ਆਇਆ ਸਮਾਂ, ਪੈਗ਼ੰਬਰਾਂ ਦਿਆਂ ਹਿਲਾਈਆ । ਉਮਤ ਉਮਤੀ ਵਸਾਇਆ ਨਹੀਂ ਕੋਈ ਦਮਾ, ਮੁਹੰਮਦ ਦਾਮਨਗੀਰ ਲਓ ਅੰਗੜਾਈਆ । ਝਗੜਾ ਮੇਟਣਾ ਕਾਇਆ ਚੰਮਾ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ ।

ਕੂੜ ਸੰਦੇਸ਼ਾ ਸਭ ਨੂੰ ਦੇਣਾ ਬਿਨਾ ਕੰਨਾਂ, ਅੰਦਰੇ ਅੰਦਰ ਆਪ ਜਣਾਈਆ । ਪੁਰਖ ਅਕਾਲ ਤੈਨੂੰ ਮੰਨਣ ਤੋਂ ਸਾਰੇ ਕਰਨੇ ਮਨ੍ਹਾ, ਨਾਸਤਕ ਰੂਪ ਦੇਣੇ ਦਰਸਾਈਆ । ਪ੍ਰਕਾਸ਼ ਹੋਣ ਦੇਣਾ ਨਹੀਂ ਕਿਸੇ ਤਨਾਂ, ਨਿਰਗੁਣ ਜੋਤ ਨਾ ਕੋਇ ਰੁਸ਼ਨਾਈਆ । ਇਕ ਵਾਰ ਮੈਨੂੰ ਵੀ ਕਹਿ ਦੇ ਗੋਬਿੰਦ ਵਾਂਗ ਆ ਮੇਰਿਆ ਚੰਨਾ, ਸਿਰ ਮੇਰੇ ਹੱਥ ਟਿਕਾਈਆ । ਮੈਂ ਫੇਰ ਲੱਖ ਚੁਰਾਸੀ ਦੀਆਂ ਤੈਨੂੰ ਦੱਸਾਂ ਗੱਲਾਂ, ਭੇਵ ਅਭੇਦ ਦਿਆਂ ਖੁਲ੍ਹਾਈਆ । ਤੇਰੇ ਅਵਤਾਰ ਪੈਗ਼ੰਬਰ ਗੁਰੂ ਲੋਕਮਾਤ ਇਕੱਠੇ ਕਲਜੁਗ ਕਹੇ ਮੈਂ ਇਕ ਇਕੱਲਾ, ਫਿਰ ਵੀ ਕਲਧਾਰੀ ਆਪਣੀ ਕਲ ਦਰਸਾਈਆ । ਫੇਰਾਂ ਦਰੋਹੀ ਜਲਾਂ ਥਲਾਂ, ਗੰਗਾ ਗੋਦਾਵਰੀ ਜਮਨਾ ਸੁਰਸਤੀ ਅੱਠ ਸੱਠ ਨੀਰ ਸੀਰ ਰਹਿਣ ਕੋਇ ਨਾ ਪਾਈਆ । ਗ੍ਰਿਹ ਗ੍ਰਿਹ ਅੰਦਰ ਘਰ ਘਰ ਕਾਇਆ ਮੰਦਰ ਕਰਾਂ ਹੱਲਾ, ਹਾਲਤ ਸਭ ਦੀ ਦਿਆਂ ਬਿਗੜਾਈਆ । ਜਿਸ ਕਾਰਨ ਮੁਹੰਮਦ ਤੇਰਾ ਨਾਮ ਸਿਫ਼ਤ ਸਾਲਾਹਿਆ ਅੱਲਾ, ਅਲਾਹ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਓਟ ਤਕਾਈਆ । ਕਲਜੁਗ ਕਹੇ ਮੇਰੇ ਪੁਰਖ ਅਕਾਲ ਮੈਂ ਤੇਰਾ ਸੁਤ ਹੀਰਾ, ਚੌਥਾ ਜੁਗ ਸੋਭਾ ਪਾਈਆ । ਮੈਂ ਕਿਸੇ ਦੇ ਅੰਦਰ ਰਹਿਣ ਨਹੀਂ ਦੇਣੀ ਧੀਰਜ ਧੀਰਾ, ਧਰਮ ਦੀ ਧਾਰ ਨਾ ਕੋਇ ਰਖਾਈਆ । ਸਭ ਨੂੰ ਪਾ ਕੇ ਸ਼ਰਅ ਜ਼ੰਜੀਰਾ, ਸ਼ਰੀਅਤ ਵਿਚ ਦੇਣਾ ਬੰਧਾਈਆ । ਸਚ ਦਾ ਮਾਰਗ ਕਰ ਕੇ ਭੀੜਾ, ਕੂੜ ਦੇ ਰਸਤੇ ਦੇਣਾ ਲਗਾਈਆ । ਸੀਸ ਰਹਿਣ ਦੇਣਾ ਨਹੀਂ ਕਿਸੇ ਲੀੜਾ, ਓਢਣ ਉਪਰ ਨਾ ਕੋਇ ਟਿਕਾਈਆ । ਮੈਂ ਮੋਹ ਹੰਕਾਰ ਵਿਕਾਰ ਦਾ ਚੁੱਕਿਆ ਬੀੜਾ, ਸਾਹਿਬ ਸੁਲਤਾਨ ਆਪਣੇ ਕੰਧ ਉਠਾਈਆ । ਮੈਂ ਝਗੜਾ ਪਾਉਣਾ ਹਸਤ ਕੀੜਾ, ਕੀਟ ਹਸਤ ਦੇਣੇ ਲੜਾਈਆ । ਮੈਂ ਖੇਲ ਵੇਖਣਾ ਊਚਾ ਨੀਚਾ, ਵਰਨ ਬਰਨ ਫੋਲ ਫੁਲਾਈਆ । ਮੈਂ ਸਾਢੇ ਤਿੰਨ ਹੱਥ ਕਾਇਆ ਨਾਪਣੀ ਕਰਮ ਕਾਂਡ ਦਾ ਲੈ ਕੇ ਫੀਤਾ, ਫ਼ਤਵਾ ਸਭ ਦੇ ਉਤੇ ਦੇਣਾ ਲਗਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਸਭ ਦਾ ਬਣਾਉਣਾ ਮੀਤਾ, ਯਾਰੀ ਕੂੜ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਤੇਰੇ ਅੱਗੇ ਸੀਸ ਨਿਵਾਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰਾ ਪੂਤ ਅੱਛਾ, ਅੱਛੀ ਤਰਾਂ ਸੁਣਾਈਆ । ਤੂੰ ਮੇਰੀ ਕਰਨੀ ਰੱਛਾ, ਰੱਛਕ ਹੋ ਕੇ ਦਇਆ ਕਮਾਈਆ । ਮੈਂ ਰਹਿਣ ਨਹੀਂ ਦੇਣਾ ਕੋਈ ਸੱਚਾ, ਕੂੜ ਦਾ ਡੰਕਾ ਦੇਣਾ ਵਜਾਈਆ । ਦਰੋਹੀ ਫਰਾਉਣੀ ਮਦੀਨਾ ਮੱਕਾ, ਕਾਅਬਾ ਨੇਤਰ ਨੈਣਾਂ ਨੀਰ ਵਹਾਈਆ । ਝਗੜਾ ਪਾਉਣਾ ਬੂਰਾ ਕੱਕਾ, ਕਾਮਲ ਮੁਰਸ਼ਦ ਤੇਰੀ ਓਟ ਤਕਾਈਆ । ਭਾਈ ਭੈਣ ਕੋਈ ਰਹਿਣ ਨਹੀਂ ਦੇਣਾ ਸਕਾ, ਪਿਤਾ ਪੂਤ ਨਾਲ ਟਕਰਾਈਆ । ਕੂੜ ਕੁੜਿਆਰਿਆਂ ਮਾਰਗ ਦੱਸਾਂ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਕੋਟਾਂ ਵਿਚੋਂ ਕੋਇ ਵਿਰਲਾ ਤੇਰਾ ਭਗਤ ਬਣੇ ਬੱਚਾ, ਜੋ ਬਚਪਨ ਤੇਰੀ ਝੋਲੀ ਪਾਈਆ । ਜਿਨ੍ਹਾਂ ਨੇ ਅਜਪਾ ਜਾਪ ਤੇਰਾ ਜਪਾ, ਤਿਨ੍ਹਾਂ ਨੂੰ ਨਿਉਂ ਨਿਉਂ ਸੀਸ ਨਿਵਾਈਆ । ਬਾਕੀ ਸਭ ਦਾ ਇਕੋ ਵਾਰ ਮਾਰ ਕੇ ਫੱਕਾ, ਸ਼ੰਕਰ ਨਾਲ ਦੇਣਾ ਰਲਾਈਆ । ਤੇਰੀ ਪੂਜਾ ਦਾ ਕਿਸੇ ਨੂੰ ਲੈਣ ਦੇਣਾ ਨਹੀਂ ਕੋਈ ਟਕਾ, ਟਕਿਆਂ ਵਾਲੀ ਕੀਮਤ ਦੇਣੀ ਗਵਾਈਆ । ਮੈਂ ਸੂਰਬੀਰ ਬਹਾਦਰ ਤੇਰਾ ਯੋਧਾ ਹੱਟਾ ਕੱਟਾ, ਗੁਰੂ ਗੋਬਿੰਦ ਗਿਆ ਸਮਝਾਈਆ । ਜਿਸ ਵੇਲੇ ਸਦੀ ਚੌਧਵੀਂ ਅੰਤਮ ਪੂਰਾ ਹੋਇਆ ਪਟਾ, ਪਟਨੇ ਵਾਲਾ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਜਿਸ ਦੇ ਨਾਮ ਦਾ ਨੌਂ ਖੰਡ ਪ੍ਰਿਥਮੀ ਸੱਤ ਦੀਪ ਇਕੋ ਲੱਗਣਾ ਠੱਪਾ, ਮੋਹਰ ਇਕੋ ਇਕ ਵਖਾਈਆ । ਜਿਸ ਦਾ ਚਾਰ ਕੁੰਟ ਦਹਿ ਦਿਸ਼ਾ ਸੰਸਾਰ ਬੁੱਧੀ ਅੰਦਰ ਲੱਗੇ ਕਿਸੇ ਨਾ ਪਤਾ,

੬੫੧
੨੨

ਪਤਿਪਰਮੇਸ਼ਵਰ ਸਮਝ ਕੋਇ ਨਾ ਪਾਈਆ । ਉਸ ਨੇ ਇਕੋ ਸ਼ਬਦ ਗੁਰੂ ਨਾਲ ਪਕਾਉਣਾ ਮਤਾ, ਮਤ ਮਤਾਂਤਰ ਦਾ ਡੇਰਾ ਢਾਈਆ । ਸਤਿ ਦੀ ਧਾਰ ਵਿਚੋਂ ਸਭ ਦਾ ਬਦਲ ਕੇ ਸਫਾ, ਸਫਾ ਮਲੇਛ ਦੇਣੀ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਦਵਾਰਿਉਂ ਤੇਰੇ ਨਾਮ ਦਾ ਘੱਟਾਂ ਨਫ਼ਾ, ਨੁਕਸਾਨ ਨਜ਼ਰ ਕੋਇ ਨਾ ਆਈਆ । ਮੈਂ ਧਰਮ ਦੀ ਰਹਿਣ ਦਿਤੀ ਨਹੀਂ ਕੋਈ ਸੇਜ, ਸੁਹਾਗਣ ਰੂਪ ਨਾ ਕੋਇ ਵਟਾਈਆ । ਕਲਜੁਗ ਕਹੇ ਪ੍ਰਭੂ ਮੇਰਾ ਵੇਖ ਤਪ ਤੇਜ, ਚਾਰੋਂ ਕੁੰਟ ਨਜ਼ਰੀ ਆਈਆ । ਜਿਸ ਕਾਰਨ ਮੈਨੂੰ ਦਿਤਾ ਭੇਜ, ਮੈਂ ਭਜਨ ਬੰਦਗੀ ਦੇਣੀ ਗਵਾਈਆ । ਕੂੜੀ ਕਿਰਿਆ ਚਾੜ੍ਹ ਕੇ ਨੌ ਨੌ ਨੇਜ਼, ਨਵ ਦਵਾਰ ਦੇਣੇ ਭਰਾਈਆ । ਜੇਹੜੀ ਕਿਸੇ ਨੂੰ ਨਹੀਂ ਕੋਇ ਉਮੇਦ, ਉਹ ਕਰਨੀ ਕਰ ਕੇ ਦੇਣੀ ਵਖਾਈਆ । ਸਾਧਾਂ ਮੰਜ਼ਲ ਰਹਿਣ ਨਹੀਂ ਦੇਣੀ ਸੇਧ, ਨੂਰ ਜੋਤ ਨਾ ਕੋਇ ਚਮਕਾਈਆ । ਮਾਣ ਰਹਿਣ ਦੇਣਾ ਨਹੀਂ ਚਾਰ ਵੇਦ, ਵਿਦਿਆਹੀਣ ਖ਼ਲਕ ਖ਼ੁਦਾਈਆ । ਜੇਹੜੇ ਰਸਨਾ ਪੜ੍ਹਨ ਕਤੇਬ, ਅੱਖਰਾਂ ਵਿਚ ਸਾਲਾਹੀਆ । ਉਹ ਤੇਰਾ ਨਾਮ ਜਗਤ ਦਵਾਰੇ ਰਹੇ ਵੇਚ, ਕੀਮਤ ਟਕਿਆਂ ਵਾਲੀ ਪਾਈਆ । ਕਲਜੁਗ ਕਹੇ ਪ੍ਰਭੂ ਮੇਰਾ ਖੇਲ ਵਿਸ਼ੇਸ਼, ਵਿਸ਼ਿਆਂ ਵਿਚ ਸਾਰੇ ਦਿਤੇ ਭਰਮਾਈਆ । ਮੈਂ ਤੇਰੇ ਦਵਾਰੇ ਹੋਇਆ ਪੇਸ਼, ਨਿਉਂ ਨਿਉਂ ਸੀਸ ਨਿਵਾਈਆ । ਅੱਗੇ ਨੂੰ ਪੂਜਾ ਰਹੇ ਨਾ ਕੋਇ ਗਣਪਤ ਗਣੇਸ਼, ਪਾਹਨ ਸੀਸ ਨਾ ਕੋਇ ਨਿਵਾਈਆ । ਜੋ ਹੁਕਮ ਸੰਦੇਸ਼ਾ ਦੇ ਕੇ ਗਿਆ ਦਸ ਦਸਮੇਸ਼, ਗੋਬਿੰਦ ਗੋਬਿੰਦ ਧਾਰ ਜਣਾਈਆ । ਕਲਜੁਗ ਕੂੜੀ ਕਿਰਿਆ ਮੇਟਣੀ ਰੇਖ, ਰੱਖਕ ਹੋ ਕੇ ਵੇਖ ਵਖਾਈਆ । ਇਕ ਦਰਸਾਉਣਾ ਸਚਖੰਡ ਸਾਚਾ ਦੇਸ, ਦਰਗਹ ਸਾਚੀ ਦੇ ਸਮਝਾਈਆ । ਤੂੰ ਮਾਲਕ ਖ਼ਾਲਕ ਬਣਨਾ ਨਰ ਨਰੇਸ਼, ਨਰ ਹਰਿ ਤੇਰੀ ਸਰਨਾਈਆ । ਸਤਿਜੁਗ ਅੰਦਰ ਸਭ ਦੇ ਹੋਵਣ ਮੁੱਛ ਦਾੜ੍ਹੀ ਕੇਸ, ਕੇਸਗੜ੍ਹ ਦੀ ਸ਼ਹਾਦਤ ਇਕ ਭੁਗਤਾਈਆ । ਲੇਖਾ ਰਹੇ ਨਾ ਮੁੱਲਾਂ ਸ਼ੇਖ਼, ਸ਼ਰੀਅਤ ਆਪਣੀ ਦੇਣੀ ਸਮਝਾਈਆ । ਚਾਰ ਜੁਗ ਦਾ ਪੂਰਾ ਕਰਨਾ ਭਵਿਖਤਾਂ ਵਾਲਾ ਲੇਖ, ਲੇਖਕ ਹੋ ਕੇ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਦੇਣਾ ਆਦਿ ਜੁਗਾਦਿ ਜੁਗ ਚੌਕੜੀ ਹਮੇਸ਼, ਹਮ ਸਾਜਣ ਤੇਰੀ ਸੇਵ ਕਮਾਈਆ ।



### ✪ ੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਸੁਰਿੰਦਰ ਸਿੰਘ ਦੇ ਗ੍ਰਿਹ ਪਿੰਡ ਭੁੱਲਰ ਜ਼ਿਲਾ ਅੰਮ੍ਰਿਤਸਰ ✪

ਕਲਜੁਗ ਕਹੇ ਪ੍ਰਭ ਬਖ਼ਸ਼ ਦੇ ਆਪਣਾ ਜ਼ੋਰ, ਜੋਰੂ ਜ਼ਰ ਦੀਨ ਦੁਨੀ ਦਿਆਂ ਰੁਲਾਈਆ । ਸਦੀ ਚੌਧਵੀਂ ਕਰਾਂ ਅੰਧੇਰਾ ਘੋਰ, ਤੇਰਾ ਨੂਰ ਚੰਦ ਨਾ ਕੋਇ ਚਮਕਾਈਆ । ਨੌਂ ਖੰਡ ਪ੍ਰਿਥਮੀ ਪਾਵਾਂ ਸ਼ੋਰ, ਸ਼ੌਹਰ ਬਾਂਕੇ ਤੇਰੀ ਓਟ ਤਕਾਈਆ । ਮੁਰੀਦ ਮੁਰਸ਼ਦ ਉਠਾਵਾਂ ਵਿਚੋਂ ਗੋਰ, ਮਕਬਰੇ ਦੇਣ ਦੁਹਾਈਆ । ਝਗੜਾ ਮੁਕਾਵਾਂ ਜਿਨ੍ਹਾਂ ਖਾਧੇ ਪਸ਼ੂ ਤੇ ਢੋਰ, ਤਤਾਂ ਖੱਲ ਲੁਹਾਈਆ । ਜੇਹੜੀ ਸ੍ਰਿਸ਼ਟੀ ਤੇਰੇ ਦਰ ਤੋਂ ਹੋ ਗਈ ਚੋਰ, ਠੱਗਾਂ ਵਾਲਾ ਰੂਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਕਲਜੁਗ ਕਹੇ ਪ੍ਰਭੂ ਮੇਰੀ ਆਸਾ ਹੋਰ ਵੱਡੀ, ਹਰਿ ਵੱਡੇ ਦਿਆਂ ਜਣਾਈਆ । ਮੇਰਾ ਕੂੜ ਨਿਸ਼ਾਨਾ ਜਗਤ ਜਹਾਨ ਗੱਡੀਂ, ਗਾਈਡ ਗਾਡ ਖ਼ੁਦ ਬਣਾਈਆ ।

ਮਮਤਾ ਮੋਹ ਵਿਕਾਰ ਵਿਚ ਦੀਨ ਦੁਨੀ ਦੱਬੀ, ਸਿਰ ਸਕੇ ਨਾ ਕੋਇ ਉਠਾਈਆ । ਤੇਰਾ ਨੂਰ ਨਜ਼ਰ ਨਾ ਆਵੇ ਰੱਬੀ, ਯਾਮਬੀਨ ਤੇਰੀ ਬੇਪਰਵਾਹੀਆ । ਕਿਉਂ ਮੈਂ ਅੰਤ ਅਖ਼ੀਰ ਕਰਨਾ ਮੁਹੰਮਦ ਦੀ ਚੌਧਵੀਂ ਸਦੀ, ਸਦਮਾ ਘਰ ਘਰ ਪਹੁੰਚਾਈਆ । ਚਾਰ ਜੁਗ ਦੀ ਪਿਛਲੀ ਰਹਿਣ ਨਹੀਂ ਦੇਣੀ ਗੱਦੀ, ਗਦਾਗਰ ਕਰਾਂ ਲੋਕਾਈਆ । ਪੁਰਖ ਅਕਾਲੇ ਤੇਰੇ ਅੱਗੇ ਝੋਲੀ ਅੱਡੀ, ਦੋਵੇਂ ਖ਼ਾਲੀ ਹੱਥ ਦੁਹਾਈਆ । ਮਿਹਰਵਾਨ ਮਹਿਬੂਬ ਮੇਰੀ ਆਸ਼ਾ ਮੰਨੀਂ, ਮਨਸਾ ਰਿਹਾ ਜਣਾਈਆ । ਜੋ ਮਾਇਆ ਮਮਤਾ ਵਿਚ ਬਣ ਗਏ ਧਨੀ, ਤਿਨ੍ਹਾਂ ਕਰਨੀ ਅੰਤ ਸਫ਼ਾਈਆ । ਜੋ ਚੁਗ਼ਲੀ ਨਿੰਦਿਆ ਸੁਣਦੇ ਕੰਨੀਂ, ਖ਼ੁਦੀ ਵਿਚ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਹੁਕਮ ਸੁਣਾਈਆ । ਕਲਜੁਗ ਕਹੇ ਪ੍ਰਭੂ ਮੈਨੂੰ ਕਰਦੇ ਇਕ ਇਸ਼ਾਰਾ, ਐਸ਼ੋ ਇਸ਼ਰਤ ਵੇਖਾਂ ਥਾਉਂ ਥਾਈਂਆ । ਸਾਚਾ ਰਹਿਣ ਨਾ ਦੇਵਾਂ ਕੋਇ ਦਵਾਰਾ, ਧਰਮ ਦੀ ਧਾਰ ਨਾ ਕੋਇ ਵਡਿਆਈਆ । ਹਰ ਹਿਰਦੇ ਅੰਦਰ ਭਰਾਂ ਕੂੜ ਵਿਕਾਰਾ, ਕਾਮ ਕਰੋਧ ਲੋਭ ਮੋਹ ਹਲਕਾਈਆ । ਤਨ ਵੇਸਵਾ ਰੂਪ ਦਸਾਂ ਸ਼ਿੰਗਾਰਾ, ਕਲਜੁਗ ਜੀਵਾਂ ਮਨ ਮਤ ਬੁਧ ਬਦਲਾਈਆ । ਭੈ ਰਹਿਣ ਨਾ ਦੇਵਾਂ ਗੁਰੂ ਅਵਤਾਰਾ, ਪੈਗ਼ੰਬਰਾਂ ਸੀਸ ਨਾ ਕੋਇ ਨਿਵਾਈਆ । ਤੇਰੇ ਚਰਨ ਕਵਲ ਕਰੇ ਨਾ ਕੋਇ ਨਿਮਸਕਾਰਾ, ਸੱਯਦਾ ਸੀਸ ਨਾ ਕੋਇ ਝੁਕਾਈਆ । ਚਾਰ ਕੁੰਟ ਵਖਾਵਾਂ ਧੂੰਆਂਧਾਰਾ, ਨੂਰ ਜ਼ਹੂਰ ਨਾ ਕੋਇ ਪਰਗਟਾਈਆ । ਝਗੜਾ ਪਾ ਕੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰਾ, ਮਜ਼੍ਹਬ ਮਜ਼੍ਹਬ ਨਾਲ ਟਕਰਾਈਆ । ਮਨ ਵਾਸਨਾ ਖੇਲ ਵੇਖਾਂ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਸਿਰ ਸਕੇ ਨਾ ਕੋਇ ਉਠਾਈਆ । ਫੇਰ ਨਿਰਗੁਣ ਨਿਰਵੈਰ ਰੂਪ ਧਾਰ ਆਵੇਂ ਤੂੰ ਦੁਬਾਰਾ, ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਵਾਨ ਮਿਹਰਵਾਨ ਮਿਹਰਵਾਨ ਤੇਰੀ ਵਡਿਆਈਆ । ਕਲਜੁਗ ਕਹੇ ਪ੍ਰਭ ਮੇਰੇ ਅੰਦਰ ਮਾਰ ਦੇ ਰਮਜ਼, ਰਹਿਮਾਨ ਤੇਰੀ ਸਰਨਾਈਆ । ਮੈਂ ਕਾਇਨਾਤ ਦੀ ਬਦਲ ਦੇਣੀ ਸਮਝ, ਬੁਧ ਬਿਬੇਕ ਰਹਿਣ ਨਾ ਪਾਈਆ । ਤੇਰਾ ਭਾਣਾ ਵਰਤਣਾ ਗ਼ਜ਼ਬ, ਗਹਿਰ ਗੰਭੀਰ ਸਮਝ ਕਿਸੇ ਨਾ ਆਈਆ । ਸਦੀ ਚੌਧਵੀਂ ਸਾਰੇ ਹੋਣਾ ਤਅੱਜੁਬ, ਹੈਰਾਨੀ ਘਰ ਘਰ ਦੇਵਾਂ ਵਖਾਈਆ । ਮੇਰੇ ਰਾਜ ਵਿਚ ਤੇਜ ਵਿਚ ਪਰਤਾਪ ਵਿਚ ਅਵਤਾਰ ਪੈਗ਼ੰਬਰ ਕਰ ਸਕੇ ਕੋਇ ਨਾ ਮਦਦ, ਨਾਮ ਕਲਮਾ ਨਾ ਕੋਇ ਵਖਾਈਆ । ਮੈਂ ਤਨ ਸਰੀਰ ਦੇ ਅੰਦਰ ਕਰਨੀ ਤਸ਼ੱਦਦ, ਸ਼ਰਅ ਸ਼ਰਅ ਨਾਲ ਟਕਰਾਈਆ । ਮੇਰਾ ਲੇਖਾ ਲਹਿਣਾ ਦੇਣਾ ਹੋਵੇ ਨਕਦ, ਉਧਾਰ ਅੱਗੇ ਨਾ ਕੋਇ ਵਖਾਈਆ । ਮੈਂ ਟਕਰਾ ਦੇਣਾ ਦੀਨ ਮਜ਼੍ਹਬ, ਜ਼ਾਤ ਜ਼ਾਤੀ ਨਾਲ ਲੜਾਈਆ । ਇਕੋ ਹੁਕਮ ਮੰਨਣਾ ਤੇਰਾ ਸਤਿਗੁਰ ਸ਼ਬਦ, ਜੋ ਸ਼ਬਦੀ ਸ਼ਬਦ ਸ਼ਨਵਾਈਆ । ਇਕੋ ਝੁਕਣਾ ਤੇਰੇ ਕਦਮ, ਦੂਸਰ ਸੀਸ ਨਾ ਕਦੇ ਨਿਵਾਈਆ । ਸਹਾਰਾ ਤਕਣਾ ਨਹੀਂ ਕਿਸੇ ਬਦਨ, ਮਾਟੀ ਖੱਲ ਨਾ ਕੋਇ ਚਤੁਰਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਕਲਜੁਗ ਕਹੇ ਮੇਰਾ ਕਰ ਦੇ ਅਦਲ, ਇਨਸਾਫ਼ ਮੇਰੇ ਹੱਥ ਫੜਾਈਆ । ਕੋਟਾਂ ਵਿਚ ਵੇਖ ਲੈ ਆਪਣੇ ਭਗਤ ਸੁਹੇਲੇ ਰਤਨ, ਅਮੋਲਕ ਹੀਰੇ ਲਏ ਪਰਗਟਾਈਆ । ਬਾਕੀ ਸਭ ਦਾ ਮਾਨਸ ਜਨਮ ਦਾ ਨਿਸਫਲ ਜਾਏ ਯਤਨ, ਯਥਾਰਥ ਤੈਨੂੰ ਮਿਲਣ ਕੋਇ ਨਾ ਪਾਈਆ । ਮੇਰਾ ਅੰਤਮ ਸਮਾਂ ਮੈਂ ਕੰਢੀ ਖਲੋਤਾ ਪੱਤਨ, ਬੇੜਾ ਸ਼ੌਹ ਦਰਿਆ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਾਹ ਸਾਚੀ ਮੰਗ ਮੰਗਾਈਆ । ਕਲਜੁਗ ਕਹੇ ਪ੍ਰਭੂ ਮੈਂ ਆਪਣਾ ਅੰਤ ਵਖਾਵਾਂ ਰੰਗਾ, ਰੰਗਤ ਕੂੜ ਦਿਆਂ ਚੜ੍ਹਾਈਆ ।



੬੫੩
੨੨

ਗੁਰ ਚੇਲੇ ਦਾ ਰਹਿਣ ਨਾਂ ਦੇਵਾਂ ਸੰਗਾ, ਮੁਰੀਦ ਮੁਰਸ਼ਦ ਮਿਲਣ ਕੋਇ ਨਾ ਪਾਈਆ । ਸਾਧਾਂ ਸੰਤਾਂ ਸੀਸ ਕਰਾਂ ਨੰਗਾਂ, ਓਢਣ ਨਾਮ ਨਾ ਕੋਇ ਟਿਕਾਈਆ । ਘਰ ਘਰ ਅੰਦਰ ਭਰਮਾਂ ਵਾਲੀ ਬਣਾ ਕੇ ਕੰਧਾ, ਓਹਲਾ ਤੇਰੇ ਨਾਲੋਂ ਕਰਾਈਆ । ਤੇਰਾ ਨਜ਼ਰ ਨਾ ਆਵੇ ਨੂਰੀ ਚੰਦਾ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਭਾਵੇਂ ਕਿੰਨਾ ਕੋਈ ਗਾਵੇ ਬੱਤੀ ਦੰਦਾ, ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਪਰ ਆਤਮਾ ਦਾ ਮੈਂ ਆਉਣ ਨਹੀਂ ਦੇਣਾ ਅਨੰਦਾ, ਪਰਮਾਤਮ ਤੇਰੇ ਵਿਚ ਨਾ ਕੋਇ ਸਮਾਈਆ । ਭਾਵੇ ਕੋਈ ਕਿੰਨਾ ਨਹਾਵੇ ਤੀਰਥ ਗੰਗਾ, ਦੁਰਮਤ ਮੈਲ ਨਾ ਕੋਇ ਧਵਾਈਆ । ਮੇਰੇ ਰਾਜ ਵਿਚ ਪਰਤਾਪ ਵਿਚ ਤੇਰੇ ਨਾਲ ਕੋਈ ਨਾ ਸਕੇ ਗੰਢਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਵੇਖਾਂ ਥਾਉਂ ਥਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰ ਤੇਰੇ ਰਿਹਾ ਮੰਗਾ, ਮਾਂਗਤ ਹੋ ਕੇ ਝੋਲੀ ਡਾਹੀਆ । ਮੈਂ ਚਾਹੁੰਦਾ ਨੌਂ ਖੰਡ ਪ੍ਰਿਥਮੀ ਸੱਤ ਦੀਪ ਮੇਰੇ ਕੂੜ ਦਾ ਵੱਜੇ ਮਰਦੰਗਾ, ਸਤਿ ਸਚ ਰਹਿਣ ਕੋਇ ਨਾ ਪਾਈਆ । ਨੌਂ ਦਵਾਰੇ ਤੋਂ ਪਾਰ ਤੇਰੀ ਮੰਜ਼ਲ ਸਕੇ ਕੋਇ ਨਾ ਲੰਘਾ, ਸਚ ਦਵਾਰੇ ਦਰਸ ਕੋਇ ਨਾ ਪਾਈਆ । ਮੇਰਾ ਜੋਬਨ ਕਦੇ ਨਾ ਜਾਵੇ ਹੰਢਾ, ਸੂਰਬੀਰ ਤੇਰੀ ਸਰਨਾਈਆ । ਮੈਨੂੰ ਫੇਰ ਪਵੇ ਠੰਡਾ, ਜੇ ਸਾਰੀ ਸ੍ਰਿਸ਼ਟੀ ਭੁੱਲੇ ਤੇਰਾ ਨਾਮ ਕੋਇ ਨਾ ਗਾਈਆ । ਮੇਰਾ ਖ਼ੁਸ਼ੀ ਹੋਵੇ ਬੰਦ ਬੰਦਾ, ਬੰਦਗੀ ਕਰਕੇ ਤੈਨੂੰ ਸੀਸ ਨਿਵਾਈਆ । ਫੇਰ ਤਕਾਂ ਕੀ ਕਹਿ ਕੇ ਗਿਆ ਗੋਬਿੰਦ ਪੁਰੀ ਅਨੰਦਾ, ਅਨੰਦਪੁਰ ਵਾਸੀ ਸ਼ਬਦ ਸ਼ਬਦ ਸ਼ਨਵਾਈਆ । ਜਿਨ੍ਹਾਂ ਸਰਸੇ ਧਾਰ ਕੀਤਾ ਜੰਗਾ, ਖੰਡਾ ਖੜਗ ਖੜਗ ਖੜਕਾਈਆ । ਜਿਨ੍ਹੇ ਅਸਵ ਨੀਲੇ ਕੱਸਿਆ ਤੰਗਾ, ਦਸਤ ਕਟਾਰ ਇਕ ਚਮਕਾਈਆ । ਲੇਖਾ ਵੇਖ ਗੜ੍ਹ ਚਮਕੌਰ ਕੱਚੀ ਕੰਧਾ, ਦੋ ਜਹਾਨਾਂ ਫੋਲ ਫੁਲਾਈਆ । ਫੇਰ ਤਕਾਂ ਜੋ ਮਾਛੂਵਾੜੇ ਗਾਇਆ ਛੰਦਾ, ਸੂਲਾਂ ਸੱਥਰ ਸੇਜ ਹੰਢਾਈਆ । ਕੀ ਸੰਦੇਸ਼ਾ ਦੇ ਕੇ ਗਿਆ ਗੁਜਰੀ ਦੁਲਾਰਾ ਚੰਦਾ, ਚੰਦ ਸਿਤਾਰ ਮੁਹੰਮਦ ਨਾਲ ਮਿਲਾਈਆ । ਤੇਰਾ ਹੁਕਮ ਸੂਰੇ ਸਰਬੰਗਾ, ਅੰਤਮ ਤੇਰਾ ਰਾਹ ਤਕਾਈਆ । ਸੇਜ ਸੁਹੰਜਣੀ ਰਹਿਣ ਦੇਣੀ ਨਹੀਂ ਕੋਇ ਪਲੰਘਾ, ਸੁਖਆਸਣ ਡੇਰਾ ਕੋਇ ਨਾ ਲਾਈਆ । ਸਭ ਦੀ ਨੰਗੀ ਕਰਨੀ ਕੰਡਾ, ਕੰਢੀ ਵਾਲੇ ਤੇਰੀ ਓਟ ਤਕਾਈਆ । ਤੂੰ ਦੀਨ ਦਿਆਲ ਸਾਹਿਬ ਬਖ਼ਸ਼ੰਦਾ, ਬਖ਼ਸ਼ਿਸ਼ ਮੇਰੀ ਝੋਲੀ ਦੇਣੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਨਿਉਂ ਨਿਉਂ ਲਾਗਾਂ ਪਾਈਆ । ਕਲਜੁਗ ਕਹੇ ਪ੍ਰਭ ਮੈਂ ਤੇਰੇ ਦਰ ਝੁਕਦਾ, ਨਿਵ ਨਿਵ ਕਰਾਂ ਨਿਮਸਕਾਰ । ਮੇਰਾ ਪੈਂਡਾ ਜਾਏ ਮੁਕਦਾ, ਮੈਨੂੰ ਗੋਬਿੰਦ ਦਿਤੀ ਹਾਰ । ਵੇਲਾ ਰਿਹਾ ਨਾ ਲੁਕਦਾ, ਪਰਗਟ ਹੋਵਾਂ ਵਿਚ ਸੰਸਾਰ । ਪਿਆਰ ਰਹਿਣ ਨਹੀਂ ਦੇਣਾ ਪਿਤਾ ਪੁੱਤ ਦਾ, ਚਾਰੋਂ ਕੁੰਟ ਹਾਹਾਕਾਰ । ਗੁਰੂ ਚੇਲਿਆਂ ਤਾਈਂ ਲੁਟਦਾ, ਚੇਲੇ ਗੁਰੂਆਂ ਕਰ ਖ਼ੁਆਰ । ਝਗੜਾ ਪੈਣਾ ਪੰਜ ਤਤ ਬੁਤ ਦਾ, ਬੁਤਖ਼ਾਨੇ ਹੋਣੀ ਧੂੰਆਂਧਾਰ । ਤੇਰਾ ਖੇਲ ਵਖਾਵਾਂ ਉਚ ਦਾ, ਮੇਰੇ ਪੀਰ ਪੀਰਨ ਸਰਦਾਰ । ਵਖਾਵਾਂ ਨਜ਼ਾਰਾ ਉਲਟੇ ਰੁਖ਼ ਦਾ, ਜੋ ਜਨਮੇ ਮਰੇ ਵਿਚ ਸੰਸਾਰ । ਮੇਰਾ ਇਹੋ ਵਿਚਾਰ ਦੁੱਖ ਦਾ, ਤੇਰੇ ਅੱਗੇ ਦੇਵਾਂ ਉਚਾਰ । ਅਜੇ ਸਮਾਂ ਆਉਣਾ ਹੋਰ ਭੁੱਖ ਦਾ, ਨਾਮ ਦਾ ਦੇਵੇ ਨਾ ਕੋਇ ਉਧਾਰ । ਫੇਰ ਖੇਲ ਹੋਣਾ ਤੇਰੇ ਗੋਬਿੰਦ ਦੁਲਾਰੇ ਸੁਤ ਦਾ, ਜੋਤੀ ਜਾਤੇ ਤੇਰੀ ਜੋਤ ਕਰੇ ਉਜਿਆਰ । ਜਿਸ ਝਗੜਾ ਮੁਕਾਉਣਾ ਦਵੈਤੀ ਫੁੱਟ ਦਾ, ਮੇਲ ਮਿਲਾਏ ਸਿਰਜਣਹਾਰ । ਪਰ ਇਕ ਵੇਰਾਂ ਮੇਰਾ ਵਕਤ ਸੁਹਾਉਣਾ ਰੁਤ ਦਾ, ਕਲਜੁਗ ਕੂੜੀ ਰੁਤੜੀ ਖਿੜੇ ਗੁਲਜ਼ਾਰ । ਮੈਂ ਅੰਤ ਅਖ਼ੀਰ ਤੇਰੇ ਦਰ ਦਵਾਰੇ ਠਾਂਡੇ ਪੁਛਦਾ, ਮੇਰੇ ਸਾਹਿਬ ਪਰਵਰਦਿਗਾਰ । ਮੁਹੰਮਦ ਕਿਸ ਬਿਧ ਤੇਰੇ

ਦਵਾਰੇ ਝੁਕਦਾ, ਕੀ ਕਲਮਾ ਰਿਹਾ ਉਚਾਰ । ਕਿਸ ਬਿਧ ਚਾਰ ਯਾਰੀ ਨਾਲੋਂ ਟੁੱਟਦਾ, ਉਮਤ ਉਮਤੀ ਦਏ ਵਿਸਾਰ । ਕਿਸ ਬਿਧ ਗਾਨਾ ਬੰਨ੍ਹੇ ਗੁਟ ਦਾ, ਮਹਿੰਦੀ ਲਾਲ ਰੰਗ ਅਪਾਰ । ਕਿਸ ਬਿਧ ਲੇਖਾ ਪੂਰਾ ਹੋਣਾ ਮਨੁੱਖ ਦਾ, ਮਾਨਵ ਮਾਨਸ ਲੇਖਾ ਰਹੇ ਨਾ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਸਾਹਿਬ ਸੱਚੀ ਸਰਕਾਰ, ਸਰੋਕਾਰ ਆਪਣਾ ਵੇਖ ਵਖਾਈਆ ।

### ੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਭਾਗ ਸਿੰਘ ਦੇ ਗ੍ਰਿਹਿ ਪਿੰਡ ਮਾਹਲ ਜ਼ਿਲਾ ਅੰਮ੍ਰਿਤਸਰ

ਕਲਜੁਗ ਕਹੇ ਪ੍ਰਭ ਮੇਰੇ ਅੰਤਰਜਾਮੀ, ਅੰਤਸ਼ਕਰਨ ਵੇਖ ਜਗਤ ਲੋਕਾਈਆ । ਮੈਂ ਚੌਥਾ ਜੁਗ ਤੇਰਾ ਸੁਤ ਅਨਾਮੀ, ਮਾਂਗਤ ਹੋ ਕੇ ਝੋਲੀ ਡਾਈਆ । ਮੈਂ ਸਾਬਤ ਰਹਿਣ ਨਹੀਂ ਦਿਤਾ ਕਿਸੇ ਦਾ ਈਮਾਨੀ, ਧਰਮ ਦੀ ਧਾਰ ਨਾ ਕੋਇ ਸਮਝਾਈਆ । ਸਾਰੀ ਸ੍ਰਿਸ਼ਟੀ ਕੀਤੀ ਕਰੋਧੀ ਕਾਮੀ, ਹੰਕਾਰ ਵਿਕਾਰ ਵਿਚ ਤੜਫਾਈਆ । ਕਿਸੇ ਦੇ ਅੰਦਰ ਅਵਤਾਰ ਪੈਗ਼ੰਬਰ ਗੁਰੂਆਂ ਦੀ ਵਸਣ ਨਹੀਂ ਦਿਤੀ ਬਾਣੀ, ਕੂੜ ਦਾ ਅਣਿਆਲਾ ਤੀਰ ਚਲਾਈਆ । ਚਾਰੋਂ ਕੁੰਟ ਤਕ ਲੈ ਪ੍ਰਭੂ ਦਿਸੇ ਅੰਧੇਰੀ ਸ਼ਾਮੀ, ਸ਼ਮਾਂ ਨੂਰ ਨਾ ਕੋਇ ਚਮਕਾਈਆ । ਮਨ ਮਤ ਦੀ ਦੂਨੀ ਹੋਈ ਗ਼ੁਲਾਮੀ, ਗਹਿਰ ਗੰਭੀਰ ਜ਼ੰਜੀਰ ਸਕੇ ਨਾ ਕੋਇ ਤੁੜਾਈਆ । ਝਗੜਾ ਵੇਖ ਉਮਤ ਇਸਲਾਨੀ, ਇਸਮ ਆਜ਼ਮ ਨਜ਼ਰ ਕਿਸੇ ਨਾ ਆਈਆ । ਸੀਤਾ ਰਾਮ ਦੀ ਭੁੱਲੀ ਕਹਾਣੀ, ਰਾਧੇ ਸ਼ਾਮ ਰੂਪ ਨਾ ਕੋਇ ਦਰਸਾਈਆ । ਵਾਹਵਾ ਗੁਰੂ ਸਤਿਗੁਰੂ ਤੇਰੀ ਖੇਲ ਕਿਸੇ ਨਾ ਜਾਣੀ, ਜਾਨਣਹਾਰ ਤੇਰੀ ਬੇਪਰਵਾਹੀਆ । ਤੇਰੀ ਕਿਰਪਾ ਨਾਲ ਮੈਂ ਘਰ ਘਰ ਅੰਦਰ ਕੀਤੀ ਬੇਈਮਾਨੀ, ਬੇਵਾ ਰੂਪ ਕੀਤੀ ਖ਼ਲਕ ਖ਼ੁਦਾਈਆ । ਸਤਿ ਸਚ ਦੇ ਨਾਲੋਂ ਕਰਕੇ ਨਾ ਫ਼ਰਮਾਨੀ, ਜੂਠ ਝੂਠ ਦਿਤਾ ਅਪਨਾਈਆ । ਸਭ ਦੀ ਕਾਇਆ ਬਸਤੀ ਕਰ ਬੇਗਾਨੀ, ਸੁਰਤ ਸ਼ਬਦ ਗਾਨਾ ਧਾਗਾ ਦਿਤਾ ਤੁੜਾਈਆ । ਮੈਂ ਚਾਰ ਕੁੰਟ ਦਹਿ ਦਿਸ਼ਾ ਫਿਰਾਂ ਨਾਲ ਸ਼ਾਨੀ, ਸ਼ਹਿਨਸ਼ਾਹ ਤੇਰਾ ਹੁਕਮ ਮੰਨਾਂ ਚਾਈਂ ਚਾਈਆ । ਅਠਸਠ ਤੀਰਥ ਪਵਿੱਤਰ ਰਹਿਣ ਨਹੀਂ ਦਿਤਾ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇਤਰ ਰੋਵੇ ਮਾਰੇ ਧਾਈਆਂ । ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਸਤਿ ਦੀ ਨਜ਼ਰ ਨਾ ਆਏ ਨਿਸ਼ਾਨੀ, ਨਿਸ਼ਾਨਾ ਕੂੜ ਦਿਤਾ ਚਲਾਈਆ । ਝਗੜਾ ਪਾਵਾਂ ਅੰਜੀਲ ਕੁਰਾਨੀ, ਵੇਦ ਪੁਰਾਣੀ ਸੰਗ ਨਾ ਕੋਇ ਰਖਾਈਆ । ਕਿਸੇ ਮੰਜ਼ਲ ਚੜ੍ਹਨ ਨਾ ਦੇਵਾਂ ਰੂਹਾਨੀ, ਰੂਹ ਬੁਤ ਪਤਿਤ ਪੁਨੀਤ ਨਾ ਕੋਇ ਕਰਾਈਆ । ਤੂੰ ਸਾਹਿਬ ਸੁਲਤਾਨ ਮਰਦ ਮਰਦਾਨ ਮੇਰੇ ਉਤੇ ਕਰੀਂ ਮਿਹਰਵਾਨੀ, ਮਿਹਰਵਾਨ ਮਹਿਬੂਬ ਤੇਰੀ ਆਸ ਰਖਾਈਆ । ਕਲਜੁਗ ਕਹੇ ਪ੍ਰਭੂ ਮੇਰੀ ਕਲਾ ਦੀ ਇਕ ਸ਼ੈਤਾਨੀ, ਸ਼ਰਅ ਨਾਲ ਸ਼ਰਅ ਦੇਣੀ ਟਕਰਾਈਆ । ਤੇਰੀ ਕਾਇਨਾਤ ਕਰਨੀ ਦੀਵਾਨੀ, ਬੁਧ ਬਿਬੇਕ ਨਾ ਕੋਇ ਵਖਾਈਆ । ਜਿਸ ਸ੍ਰਿਸ਼ਟੀ ਨੂੰ ਸਭ ਨੇ ਦੱਸਿਆ ਫ਼ਾਨੀ, ਫ਼ਨਾਹ ਕਰਕੇ ਦੇਣਾ ਵਖਾਈਆ । ਸਦੀ ਚੌਧਵੀਂ ਸਭ ਨੂੰ ਦੇਣੀ ਪੈਣੀ ਕੁਰਬਾਨੀ, ਮੁਹੰਮਦ ਬੈਠਾ ਆਸ ਰਖਾਈਆ । ਝਗੜਾ ਪਾਉਣਾ ਵਿਚ ਅਵਾਮੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਆਦਿ ਅੰਤ ਸਭ ਦਾ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ ।

### ੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਹਜਾਰਾ ਸਿੰਘ ਦੇ ਗ੍ਰਿਹਿ ਪਿੰਡ ਘਨੁਕਪੁਰ ਜ਼ਿਲਾ ਅੰਮ੍ਰਿਤਸਰ

ਕਲਜੁਗ ਕਹੇ ਪ੍ਰਭ ਮੈਂ ਖੇਲ ਖਿਲਾਉਣੀ ਬਜਰ ਕਪਾਟੀ ਸਿਲ ਦੀ, ਸਿਲਸਿਲਾ ਅੰਦਰ ਦੇਣਾ ਬਦਲਾਈਆ । ਮੈਂ ਕਲਪਣਾ ਵਧਾਉਣੀ ਮਨ ਨਾਲ ਦਿਲ ਦੀ, ਦਲੀਲ ਦਲੀਲ ਵਿਚੋਂ ਸਮਝਾਈਆ । ਕੋਈ ਆਤਮਾ ਮੇਰੇ ਅੰਤ ਤੈਨੂੰ ਨਾ ਹੋਵੇ ਮਿਲਦੀ, ਬ੍ਰਹਮ ਪਾਰਬ੍ਰਹਮ ਨਾ ਕੋਇ ਸਮਝਾਈਆ । ਮੈਂ ਖੇਲ ਮਿਟਾਉਣੀ ਇੱਲਲਾਹ ਦੀ, ਰਸੂਲ ਰਸੂਲਾਂ ਕਰਾਂ ਸਫ਼ਾਈਆ । ਮੇਰੇ ਹੁਕਮ ਨਾਲ ਮੇਰੇ ਸਾਹਿਬ ਧਰਤੀ ਹੋਵੇ ਹਿਲਦੀ, ਪਾਪਾਂ ਭਾਰ ਨਾਲ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰੇ ਹੁਕਮ ਦਾ ਫੜਨਾ ਖੰਜਰ, ਖੰਜੀਰ ਸ੍ਰਿਸ਼ਟੀ ਦੇਣੀ ਬਣਾਈਆ । ਕੂੜ ਨਗਾਰਾ ਵਜਾਉਣਾ ਸਭ ਦੇ ਅੰਦਰ, ਸਤਿ ਸਚ ਨਜ਼ਰ ਕੋਇ ਨਾ ਆਈਆ । ਪ੍ਰਕਾਸ਼ ਹੋਣ ਦੇਣਾ ਨਹੀਂ ਕਾਇਆ ਮੰਦਰ, ਕਾਅਬਾ ਹੱਕ ਨਾ ਕੋਇ ਵਖਾਈਆ । ਅੰਧੇਰਾ ਹੋਣਾ ਸਦੀ ਚੌਧਵੀਂ ਦੀ ਕੰਦਰ, ਪਰਦਾ ਸਕੇ ਨਾ ਕੋਇ ਉਠਾਈਆ । ਕਲਜੁਗ ਜੀਵ ਨਚਾਉਣੇ ਵਾਂਗ ਬੰਦਰ, ਮਾਇਆ ਡੋਰੀ ਗਲ ਲਟਕਾਈਆ । ਝਗੜਾ ਮੁਕਾਉਣਾ ਸੂਰੀਆ ਚੰਦਰ, ਚੰਦ ਸਿਤਾਰ ਨਿਸ਼ਾਨ ਗਵਾਈਆ । ਤੇਰੇ ਦਰ ਤੇ ਆਇਆ ਮੰਗਣ, ਭਿਖਾਰੀ ਹੋ ਕੇ ਝੋਲੀ ਡਾਹੀਆ । ਮੇਰੇ ਪਿਆਰ ਨਾਮ ਦਾ ਛੱਬੀ ਪੋਹ ਬਖ਼ਸ਼ ਦੇ ਕੰਗਣ, ਕੰਘਾ ਇੱਕੀਆਂ ਦੰਦਾਂ ਵਾਲਾ ਨਾਲ ਰਖਾਈਆ । ਮੈਂ ਹੋਕਾ ਦੇਵਾਂ ਵਿਚ ਵਰਭੰਡਣ, ਕੂਕ ਕੂਕ ਸੁਣਾਈਆ । ਖ਼ਬਰ ਕਰਾਂ ਜੇਰਜ ਅੰਡਨ, ਉਤਭੁਜ ਸੇਤਜ ਆਪ ਉਠਾਈਆ । ਇਕ ਸੌ ਇਕ ਗੁਰਮੁਖਾਂ ਮਸਤਕ ਲੱਗਾ ਹੋਵੇ ਚੰਦਨ, ਚੰਦਨ ਨਾਲ ਨਿਮ ਵਾਸ ਮਹਿਕਾਈਆ । ਹੁਕਮ ਦੇਣਾ ਸੂਰੇ ਸਰਬੰਗਣ, ਸਾਹਿਬ ਸੁਲਤਾਨ ਤੇਰੀ ਓਟ ਰਖਾਈਆ । ਮੇਰਾ ਤਿੰਨ ਰੰਗ ਦਾ ਕਾਲਾ ਹੋਵੇ ਬਦਨ, ਲਾਲ ਸੂਹਾ ਪੀਲਾ ਰੰਗ ਰੰਗਾਈਆ । ਖੜਗ ਨੰਗੀ ਹੋਵੇ ਕੰਧਨ, ਕਟਾਰ ਧਾਰ ਚਮਕਾਈਆ । ਪੁੱਠਾ ਡੱਠਾ ਹੋਵੇ ਪਲੰਘਨ, ਸੋਹਣੀ ਸੇਜ ਬਣਾਈਆ । ਨੌਂ ਅਵਧੂਤ ਕਰਦੇ ਹੋਣ ਬੰਦਨ, ਆਪਣਾ ਸੀਸ ਝੁਕਾਈਆ । ਮੈਂ ਅਗਲਾ ਹੋਰ ਭੰਡਾਰਾ ਆਵਾਂ ਮੰਗਣ, ਆਪਣੀ ਆਸਾ ਨਾਲ ਪਰਗਟਾਈਆ । ਰੂਪ ਧਰਿਆ ਹੋਵੇ ਗੁਰਮੁਖ ਦੁਸ਼ਟ ਦਮਨ, ਦਾਮਨਗੀਰ ਤੇਰੀ ਸਰਨਾਈਆ । ਨੌਂ ਰੰਗ ਦਾ ਗ਼ੁੰਚਾ ਬਣਿਆ ਹੋਵੇ ਚਮਨ, ਬਾਗ਼ਵਾਨ ਵੇਖ ਵਖਾਈਆ । ਪੰਜਾਂ ਲਿਖਾਰੀਆਂ ਦੇ ਮਸਤਕ ਲਿਖਿਆ ਹੋਵੇ ਅਮਨ, ਅੱਖਰ ਇਕੋ ਰੰਗ ਵਖਾਈਆ । ਚੌਦਾਂ ਗੁਰਮੁਖ ਲਹਿੰਦੀ ਦਿਸ਼ਾ ਕੰਬਣ, ਦੰਦ ਦੰਦਾਂ ਨਾਲ ਟਕਰਾਈਆ । ਚੌਦਾਂ ਚਾਰ ਕੁੰਟ ਲੱਭਣ, ਭੱਜਣ ਵਾਹੋ ਦਾਹੀਆ । ਚੌਦਾਂ ਪੁੱਠੀ ਕਰਨ ਬੰਦਨ, ਸੋਹਣਾ ਸੀਸ ਝੁਕਾਈਆ । ਚੌਦਾਂ ਡੰਗੋਰੀਆਂ ਫੜ ਕੇ ਖੰਘਣ, ਉਭੇ ਸਾਹ ਸਾਹ ਦਬਾਈਆ । ਚੌਦਾਂ ਇਕ ਦੂਜੇ ਤੋਂ ਲੰਘਣ, ਪਿਠ ਧਰਤ ਉਤੇ ਛੁਹਾਈਆ । ਚੌਦਾਂ ਪ੍ਰਭ ਦੀ ਧਾਰੋਂ ਜੰਮਣ, ਜਨਮ ਜਨਮ ਵਿਚੋਂ ਬਦਲਾਈਆ । ਚੌਦਾਂ ਦੇ ਹੱਥ ਵਿਚ ਫੜੇ ਹੋਣ ਸੰਮਣ, ਪੰਜਾਬੀ ਹਿੰਦੀ ਵਿਚ ਵਖਾਈਆ । ਪੰਜਾਂ ਦੇ ਮਸਤਕ ਲੱਗੇ ਹੋਣ ਖੰਭਣ, ਗਰੜ ਗਰੜ ਨਾਲ ਵਡਿਆਈਆ । ਚੌਦਾਂ ਮਸਤਕ ਲਾ ਕੇ ਰੰਗਣ, ਨੀਲੀ ਧਾਰ ਧਾਰ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮੇਲਾ ਆਪ ਮਿਲਾਈਆ । ਕਲਜੁਗ ਕਹੇ ਪ੍ਰਭੂ ਮੈਂ ਕੰਗਣ ਕਰਨਾ ਗੋਬਿੰਦ ਭੇਟਾ, ਆਪਣੀ ਖ਼ੁਸ਼ੀ ਬਣਾਈਆ । ਜਿਸ ਨੀਹਾਂ ਹੇਠ ਦਬਾ ਕੇ ਬੇਟਾ, ਮੇਰੀ ਜੜ੍ਹ ਦਿਤੀ ਹਿਲਾਈਆ । ਮੈਨੂੰ ਅਜੇ ਨਾ ਭੁੱਲਿਆ ਚੇਤਾ, ਜਿਸ ਵੇਲੇ ਤੇਗ਼ ਬਹਾਦਰ ਸੀਸ ਕਟਾਈਆ ।

ਮੈਨੂੰ ਅਜੇ ਵੀ ਆਉਂਦਾ ਸੇਕਾ, ਜਿਸ ਵੇਲੇ ਅਰਜਨ ਤਤੀ ਲੋਹ ਆਸਣ ਲਾਈਆ । ਮੈਂ ਅਜੇ ਵੀ ਦੇਖਦਾ ਤੇਰਿਆ ਦੇਸਾ, ਜਿਥੇ ਦਸ ਦਸਮੇਸ਼
ਸੋਭਾ ਪਾਈਆ । ਮੇਰਾ ਪੂਰਾ ਕਰਨਾ ਲੇਖਾ, ਲਿਖਤ ਭਵਿਖਤ ਨਾ ਕੋਇ ਦ੍ਰਿੜਾਈਆ । ਇਕੋ ਵਾਰ ਚੁਰਾਸੀ ਦਾ ਲੈਣਾ ਤੈਥੋਂ ਠੇਕਾ, ਠੇਕੇਦਾਰੀ
ਅਵਰ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਗ੍ਰਿਹ ਬਣਾਉਣਾ ਭਗਤ ਦਵਾਰੇ ਕੋਲ ਗੇਟਾ, ਮਿਹਰ
ਮਿਹਰ ਨਜ਼ਰ ਉਠਾਈਆ । ਕਲਜੁਗ ਕਹੇ ਮੇਰੇ ਲਈ ਹੋਵੇ ਕਾਲੀ ਕੰਮਲੀ, ਕਫ਼ਨ ਕਾਲਾ ਨਾਲ ਰਖਾਈਆ । ਨਾਲ ਗੁਰਮੁਖ ਚੌਦਾਂ ਹੋਵਣ ਅਮਲੀ,
ਨਾਮ ਖ਼ੁਮਾਰੀ ਅਮਲ ਚੜ੍ਹਾਈਆ । ਇਕ ਦੀ ਆਸ਼ਾ ਹੋਵੇ ਯਮਲੀ, ਮੂਰਖ ਮੁਗਧ ਰੂਪ ਦਰਸਾਈਆ । ਚੌਦਾਂ ਤੇਰੀ ਸਿਖਿਆ ਹੋਵੇ ਮੰਨ ਲਈ,
ਮਨ ਮਨਸਾ ਵਿਚ ਛੁਪਾਈਆ । ਚੌਦਾਂ ਆਵਣ ਜਗਤ ਦੇ ਧਨ ਲਈ, ਖ਼ਾਲੀ ਝੋਲੀ ਅੱਗੇ ਡਾਹੀਆ । ਚੌਦਾਂ ਆਵਣ ਚੁਗ਼ਲੀ ਦੇ ਕੰਨ ਲਈ,
ਨਿੰਦਿਆ ਵਿਚ ਸੁਣਾਈਆ । ਚੌਦਾਂ ਆਵਣ ਪਵਿੱਤਰ ਤਨ ਲਈ, ਦੁਰਮਤ ਮੈਲ ਦੂਰ ਕਰਾਈਆ । ਚੌਦਾਂ ਆਵਣ ਦਰਸ਼ਨ ਸ੍ਰੀ ਭਗਵਨ ਲਈ,
ਨੈਣ ਲਾਲ ਰੰਗ ਰੰਗਾਈਆ । ਚੌਦਾਂ ਆਵਣ ਜਨਮ ਕਰਮ ਦੇ ਡੰਨ ਲਈ, ਕੂੜ ਕੁੜਿਆਰਾ ਨਾਲ ਰਖਾਈਆ । ਚੌਦਾਂ ਆਵਣ ਸ਼ਬਦ ਧਾਰ
ਦੇ ਦਮ ਲਈ, ਦਾਮਨਗੀਰ ਸੀਸ ਨਿਵਾਈਆ । ਚੌਦਾਂ ਆਵਣ ਤ੍ਰਿਸ਼ਨਾ ਤਮ ਲਈ, ਹਉਮੇ ਰੋਗ ਵਖਾਈਆ । ਚੌਦਾਂ ਗੁਰਸਿਖ ਆਵਣ ਕਲਜੁਗ
ਅੰਤਮ ਗ਼ਮ ਲਈ, ਕਾਲੀ ਕਫ਼ਨੀ ਗਲ ਵਿਚ ਪਾਈਆ । ਚੌਦਾਂ ਆਵਣ ਨੂਰੀ ਚੰਨ ਲਈ, ਚੰਦ ਹੱਥ ਵਿਚ ਉਠਾਈਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਆਸ ਵਖਾਈਆ । ਕਲਜੁਗ ਕਹੇ ਚੌਦਾਂ ਆਵਣ ਗੁਰਮੁਖ ਪੱਕੇ, ਛੱਬੀ
ਪੋਹ ਵੱਜੇ ਵਧਾਈਆ । ਚੌਦਾਂ ਭਗਤ ਸੁਹੇਲੇ ਹੋਣ ਸਕੇ, ਰਿਸ਼ਤਾ ਰਿਸ਼ਤੇ ਵਿਚੋਂ ਪਰਗਟਾਈਆ । ਚੌਦਾਂ ਲਿਆਵਣ ਚੌਦਾਂ ਚੌਦਾਂ ਟਕੇ, ਟਕੇ ਹੱਥਾਂ
ਵਿਚ ਉਠਾਈਆ । ਚੌਦਾਂ ਨਾਮ ਦੀ ਧਾਰ ਵਿਚ ਹੋਵਣ ਰਤੇ, ਰਤਨ ਅਮੋਲਕ ਰੂਪ ਦਰਸਾਈਆ । ਚੌਦਾਂ ਜੈਕਾਰਾ ਬੋਲਣ ਫ਼ਤਹਿ, ਵਾਹਿਗੁਰੂ
ਤੇਰੀ ਬੇਪਰਵਾਹੀਆ । ਚੌਦਾਂ ਵਾਸਤਾ ਆਵਣ ਘੱਤੇ, ਦੋਏ ਜੋੜ ਸੀਸ ਨਿਵਾਈਆ । ਚੌਦਾਂ ਬਾਜ਼ੂ ਕੀਤੇ ਹੋਣ ਇਕੱਠੇ, ਗੰਢ ਇਕੋ ਇਕ ਪਵਾਈਆ ।
ਚੌਦਾਂ ਛਾਤੀ ਬੰਨ੍ਹ ਕੇ ਆਵਣ ਪਟੇ, ਪਟਨੇ ਵਾਲਾ ਅੱਖਰ ਵਖਾਈਆ । ਚੌਦਾਂ ਆਪਣੇ ਕਰਮ ਦੇ ਲੈ ਕੇ ਆਵਣ ਖਤੇ, ਖਾਤਾ ਆਪਣੇ ਹੱਥ ਉਠਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਕਲਜੁਗ ਕਹੇ ਪ੍ਰਭੂ ਚੌਦਾਂ
ਗਾਉਂਦੇ ਆਉਂਣ ਤਰਾਨੇ, ਤਰਜ਼ ਤਰਾਂ ਤਰਾਂ ਸੁਣਾਈਆ । ਚੌਦਾਂ ਖਾਂਦੇ ਆਵਣ ਖਾਣੇ, ਮਨ ਭਾਉਂਦੀ ਖ਼ੁਸ਼ੀ ਬਣਾਈਆ । ਚੌਦਾਂ ਚੁੱਕੀ ਆਵਣ
ਅੰਵਾਣੇ, ਵਡੇ ਛੋਟੇ ਨਾ ਕੋਇ ਵਡਿਆਈਆ । ਚੌਦਾਂ ਚੱਬਦੇ ਆਵਣ ਦਾਣੇ, ਦਾੜ੍ਹਾਂ ਦੰਦਾਂ ਹੇਠ ਦਬਾਈਆ । ਚੌਦਾਂ ਅੱਖੋਂ ਹੋਵਣ ਕਾਣੇ, ਇਕ
ਇਕ ਅੱਖ ਨਾ ਕੋਇ ਖੁਲ੍ਹਾਈਆ । ਚੌਦਾਂ ਬਣੇ ਹੋਣ ਰਾਣੇ, ਸ਼ਾਹੀ ਲਬਾਸ ਨਾਲ ਸਜਾਈਆ । ਚੌਦਾਂ ਬੁੱਢੇ ਹੋਣ ਪੁਰਾਣੇ, ਬਿਰਧ ਅਵਸਥਾ ਵੇਖ
ਵਖਾਈਆ । ਚੌਦਾਂ ਚਲਣ ਨਾਲ ਸ਼ਾਨੇ, ਮੁਖੋਂ ਕਹਿਣ ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਚੌਦਾਂ ਬੈਠੇ ਹੋਣ ਘੋੜਿਆਂ ਉਤੇ ਅਲਾਣੇ, ਪਾਖਰ ਜ਼ੀਨ
ਨਾ ਕੋਇ ਵਖਾਈਆ । ਚੌਦਾਂ ਖੜ੍ਹੇ ਹੋਣ ਸਰਹਾਣੇ, ਛੱਬੀ ਪੋਹ ਰੈਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਕਲਜੁਗ ਕਹੇ ਪ੍ਰਭੂ ਚੌਦਾਂ ਤਬਕ ਦਰ ਤੇਰੇ ਆਵਣ ਨੱਠੇ, ਭੱਜਣ ਵਾਹੋ ਦਾਹੀਆ । ਚੌਦਾਂ

ਅੱਗੋਂ ਇੱਕੀ ਸਾਲ ਦੇ ਗੁਰਮੁਖ ਮਿਲਣ ਇਕੱਠੇ, ਜੋਬਨਵੰਤੇ ਸੋਭਾ ਪਾਈਆ । ਚੌਦਾਂ ਹੱਥ ਵਿਚ ਭਵਾਉਣ ਲੱਠੇ, ਸਾਢੇ ਤਿੰਨ ਹੱਥ ਲੰਬਾਈਆ । ਚੌਦਾਂ ਹੱਥ ਵਿਚ ਫੜੇ ਹੋਣ ਕੱਟੇ, ਨੰਨ੍ਹੇ ਬੱਚੇ ਸੰਗ ਰਖਾਈਆ । ਚੌਦਾਂ ਛੁਰੀ ਹੱਥ ਕਸਾਈ ਉਠਾਵਣ ਇਕ ਦੂਜੇ ਦੇ ਬਣ ਕੇ ਸਕੇ, ਸਾਜਣ ਮੀਤ ਮੀਤ ਅਖਵਾਈਆ । ਚੌਦਾਂ ਭਾਰ ਹੋਵਣ ਚੱਕੇ, ਸਵਾ ਪੰਜ ਸੇਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕਹੇ ਮੇਰੀ ਅੰਤਮ ਪਤ ਰੱਖੇ, ਰੱਖਣਹਾਰ ਧੁਰਦਰਗਾਹੀਆ ।

### ੨੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਜੁਗਿੰਦਰ ਸਿੰਘ ਦੇ ਗ੍ਰਿਹਿ ਇਟਾਰਸੀ

ਕਲਜੁਗ ਕਹੇ ਨੌਂ ਖੰਡ ਪ੍ਰਿਥਮੀ ਸੱਤ ਦੀਪ ਪਾਉਣਾ ਗ਼ਦੂਰ, ਚਾਰੇ ਕੁੰਟ ਦਹਿ ਦਿਸ਼ਾ ਦੇਣਾ ਹਿਲਾਈਆ । ਦੀਨ ਦੀਨ ਕੋਲੋਂ ਕਰਾਉਂਣਾ ਮਕਤੂਲ, ਕਤਲ ਤਕਣੀ ਖ਼ਲਕ ਖ਼ੁਦਾਈਆ । ਸਤਿ ਧਰਮ ਦਾ ਰਹਿਣ ਨਹੀਂ ਦੇਣਾ ਅਸੂਲ, ਅਸਲ ਵਸਲ ਯਾਰ ਨਾ ਕੋਇ ਵਖਾਈਆ । ਨਾਉਂ ਨਿਰੰਕਾਰਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਜਾਏ ਭੂਲ, ਸੁਰਤੀ ਸਿਫਤ ਨਾ ਕੋਇ ਸਾਲਾਹੀਆ । ਆਤਮ ਨਾਰੀ ਤੈਨੂੰ ਕੋਈ ਵਰੇ ਨਾ ਕੰਤ ਕੰਤੂਹਲ, ਸੁਹੰਜਣੀ ਸੇਜ ਨਾ ਕੋਇ ਵਡਿਆਈਆ । ਸਚ ਪੰਘੂੜਾ ਲਏ ਕੋਇ ਨਾ ਝੂਲ, ਕੂੜੀ ਕਿਰਿਆ ਵਿਚ ਹਲਕਾਈਆ । ਤੇਰੇ ਨਾਮ ਦਾ ਬਰਖੇ ਕੋਇ ਨਾ ਫੂਲ, ਸੁਗੰਧੀ ਸਤਿ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਸਰਨਾਈਆ । ਕਲਜੁਗ ਕਹੇ ਪ੍ਰਭ ਮੇਰੀ ਪੂਰੀ ਕਰ ਦਈਂ ਮੰਗ, ਦਰ ਮਾਂਗਤ ਸੀਸ ਝੁਕਾਈਆ । ਕਿਸੇ ਦੇ ਅੰਦਰ ਰਹਿਣ ਨਹੀਂ ਦੇਣਾ ਅਨੰਦ, ਸਾਂਤਕ ਸਤਿ ਨਾ ਕੋਇ ਵਖਾਈਆ । ਮੈਂ ਝਗੜਾ ਵੇਖਣਾ ਤਾਰਾ ਚੰਦ, ਸਦੀ ਚੌਧਵੀਂ ਮੁਹੰਮਦ ਨਾਲ ਮਿਲਾਈਆ । ਸੂਫ਼ੀ ਸੰਤ ਫ਼ਕੀਰ ਅੰਤਰ ਪਏ ਕਿਸੇ ਨਾ ਠੰਡ, ਅਗਨੀ ਤਤ ਜਲਾਈਆ । ਤੇਰੇ ਹੁਕਮ ਦੀ ਚਲੇ ਚੰਡ ਪਰਚੰਡ, ਖੰਡਾ ਖੜਗ ਕੂੜ ਖੜਕਾਈਆ । ਸਦੀ ਚੌਧਵੀਂ ਤੇਰੇ ਹੁਕਮ ਦੀ ਰਹੀ ਲੰਘ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਕਲਜੁਗ ਕਹੇ ਪ੍ਰਭ ਮੇਰੀ ਆਸਾ ਹੋਰ ਵੱਡੀ, ਵਡ ਦਾਤੇ ਦਿਆਂ ਜਣਾਈਆ । ਮੈਂ ਚਾਰ ਜੁਗ ਦੀ ਪੁਸ਼ਤ ਰਹਿਣ ਨਹੀਂ ਦੇਣੀ ਯੱਦੀ, ਯਥਾਰਥ ਸਾਹਿਬ ਦਿਆਂ ਦ੍ਰਿੜਾਈਆ । ਅਵਤਾਰ ਪੈਗ਼ੰਬਰ ਗੁਰੂਆਂ ਦੀ ਅੰਤ ਰਹੇ ਨਾ ਗੱਦੀ, ਗਦਾਗਰ ਕਰਾਂ ਲੋਕਾਈਆ । ਅੰਤ ਵੇਖ ਲੈ ਆਪਣੇ ਹੁਕਮ ਵਾਲੀ ਸਦੀ, ਸਦਮਾ ਗ੍ਰਿਹਿ ਗ੍ਰਿਹਿ ਸਮਝਾਈਆ । ਤੇਰੀ ਨੂਰ ਜੋਤ ਦੀਪਕ ਅਗੰਮ ਹੋ ਕੇ ਜਗੀ, ਬਿਨ ਤੇਲ ਬਾਤੀ ਰੁਸ਼ਨਾਈਆ । ਮੇਰੇ ਸਾਹਿਬ ਸੂਰੇ ਸੁਲਤਾਨ ਅਲੱਖਣਾ ਅਲਖੀ, ਤੇਰਾ ਨੂਰ ਲਖਿਆ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਮੰਗ ਮੰਗਾਈਆ । ਕਲਜੁਗ ਕਹੇ ਮੇਰਾ ਪੂਰਾ ਹੋ ਲੈਣ ਦੇ ਚਾ, ਚਾਉ ਘਨੇਰਾ ਇਕ ਦਰਸਾਈਆ । ਵਕਤ ਸੁਹੰਜਣਾ ਸੁਹਾਵਾ ਰਿਹਾ ਆ, ਆਮਦ ਵਿਚ ਰਹੀ ਵਡਿਆਈਆ । ਮੈਂ ਸ਼ਾਹ ਸੁਲਤਾਨਾਂ ਦੇਣੀ ਪੱਤ ਗਵਾ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਅੰਤ ਕੰਤ ਭਗਵੰਤ ਮੇਰਾ ਸ਼ਬਦ ਗੁਰੂ ਗਵਾਹ, ਸ਼ਹਾਦਤ ਇਕ ਭੁਗਤਾਈਆ । ਮੈਂ ਸਭ ਦੇ ਮਸਤਕ ਲਾਉਣੀ ਸੁਆਹ, ਸ਼ਹਿਨਸ਼ਾਹ ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਹੰਸ ਬੁੱਧੀ ਕਰਨੀ ਕਾਂ, ਸ੍ਰਿਸ਼ਟੀ ਕਾਗ ਵਾਂਗ ਕੁਰਲਾਈਆ । ਝਗੜਾ ਪਾ ਕੇ ਸੂਰ ਗਾਂ, ਧਰਮ ਦੀ ਧਰਮ ਧਾਰ

੬੫੮
੨੨

ਠੁਕਰਾਈਆ । ਫਿਰ ਤੂੰ ਮੈਨੂੰ ਕਹੀਂ ਵਾਹ ਵਾ, ਚੌਥੇ ਜੁਗ ਸੁਤ ਦੁਲਾਰੇ ਤੇਰੀ ਵਡ ਵਡਿਆਈਆ । ਮੈਨੂੰ ਮੰਨਣ ਤੋਂ ਸਾਰੇ ਕਰ ਗਏ ਨਾਂਹ, ਨਾਮ ਨਿਧਾਨ ਕੋਇ ਨਾ ਗਾਈਆ । ਨਾ ਕੋਇ ਪਿਤਾ ਰਹੇ ਨਾ ਮਾਂ, ਪੂਤ ਕਪੂਤ ਸਪੂਤ ਨਜ਼ਰ ਕੋਇ ਨਾ ਆਈਆ । ਭਾਈ ਭੈਣ ਨਾ ਪਕੜੇ ਬਾਂਹ, ਸੱਜਣ ਮੀਤ ਨਾ ਸੰਗ ਰਖਾਈਆ । ਦੀਨ ਮਜ਼ੵਬ ਦੇਵੇ ਕੋਇ ਨਾ ਥਾਂ, ਰਹਿਬਰ ਨੂਰ ਨਾ ਕੋਇ ਚਮਕਾਈਆ । ਤੂੰ ਮਾਲਕ ਖ਼ਾਲਕ ਵਾਹਿਦ ਇਕ ਖ਼ੁਦਾ, ਖ਼ੁਦ ਮਾਲਕ ਤੇਰੀ ਓਟ ਤਕਾਈਆ । ਮੈਂ ਚਾਹੁੰਦਾ ਤੇਰੀ ਲੱਖ ਚੁਰਾਸੀ ਕਰਾਂ ਜ਼ਿਬਾਹ, ਛੁਰੀ ਤੇਰੇ ਨਾਮ ਕਲਮੇ ਵਾਲੀ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਉਂ ਨਿਉਂ ਲਾਗਾਂ ਪਾਈਆ । ਕਲਜੁਗ ਕਹੇ ਪ੍ਰਭੂ ਮੇਰੇ ਅੰਤਰ ਉਠੀ ਅਗੰਮੀ ਆਵਾਜ਼, ਬਿਨ ਰਸਨਾ ਜਿਹਵਾ ਸੁਣਾਈਆ । ਮੈਂ ਤੇਰਾ ਚਾਰ ਜੁਗ ਦਾ ਵੇਖਾਂ ਸਾਜ਼, ਅਸਮਾਨ ਤਕਾਂ ਪੰਜ ਤਤ ਖ਼ਲਕ ਖ਼ੁਦਾਈਆ । ਦੀਨ ਦੁਨੀ ਦਾ ਬਦਲ ਦੇਵਾਂ ਸਮਾਜ, ਸਮਗਰੀ ਤੇਰੀ ਕੂੜ ਵਰਤਾਈਆ । ਕਾਇਆ ਮੰਦਰ ਅੰਦਰ ਬਹਿ ਕੇ ਕਰਾਂ ਰਾਜ, ਹੁਕਮ ਮਨੂਆ ਮਨ ਸੁਣਾਈਆ । ਸੁਰਤੀ ਕਿਸੇ ਨਾ ਜਾਏ ਜਾਗ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਤਨ ਵਜੂਦ ਮਾਟੀ ਖ਼ਾਕ ਲਾਵਾਂ ਦਾਗ਼, ਦੁਰਮਤ ਮੈਲ ਸਕੇ ਨਾ ਕੋਇ ਧਵਾਈਆ । ਤੇਰੇ ਨਾਮ ਬਿਨਾ ਖ਼ਾਲੀ ਕਰਾਂ ਲੰਗੜੇ ਲੂਲ੍ਹੇ ਅਪਾਹਜ, ਸਾਬਤ ਰਹਿਣ ਕੋਇ ਨਾ ਪਾਈਆ । ਧਰਮ ਦੀ ਧਾਰ ਦਿਸੇ ਕੋਇ ਨਾ ਸਾਧ, ਸਾਂਤਕ ਸਤਿ ਨਾ ਕੋਇ ਸਮਾਈਆ । ਜੋ ਤੇਰੇ ਅਵਤਾਰ ਪੈਗ਼ੰਬਰ ਗੁਰੂਆਂ ਦੀਨਾਂ ਮਜ਼੍ਹਬਾਂ ਦਾ ਲਾਹਿਆ ਪਾਪ, ਸਭ ਦਾ ਲੇਖਾ ਦਿਆਂ ਮੁਕਾਈਆ । ਤੇਰੀ ਜੋਤ ਦਾ ਜਗੇ ਨਾ ਕੋਇ ਚਰਾਗ਼, ਚਰਾਗਾਹਾਂ ਕਰੇ ਨਾ ਕੋਇ ਰੁਸ਼ਨਾਈਆ । ਸਚ ਦਰ ਤੇ ਨਾ ਕੋਇ ਸਵਾਲ ਨਾ ਕੋਇ ਜਵਾਬ, ਜਵਾਬ ਤਲਬੀ ਨਾ ਕੋਇ ਵਖਾਈਆ । ਮੇਰੇ ਪੁਰਖ ਅਕਾਲੇ ਸਾਹਿਬ ਮਹਾਰਾਜ, ਦੀਨ ਦਿਆਲ ਸੀਸ ਝੁਕਾਈਆ । ਮੈਂ ਦਿਵਸ ਰੈਣ ਤੈਨੂੰ ਰਿਹਾ ਅਰਾਧ, ਸਿਮਰ ਸਿਮਰ ਸਿਮਰ ਤੇਰਾ ਧਿਆਨ ਲਗਾਈਆ । ਤੂੰ ਮੇਰੀ ਝੋਲੀ ਪਾ ਦੇ ਵਾਦ ਵਿਵਾਦ, ਵਿਖ ਆਪਣੀ ਆਪ ਟਿਕਾਈਆ । ਮੈਂ ਨਾਮ ਵਿਹੂਣੀ ਸ੍ਰਿਸ਼ਟ ਕਰਾਂ ਬਰਬਾਦ, ਜਨਣੀ ਜਨ ਭਗਤ ਜਨਮੇ ਕੋਇ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰੇ ਆਸ ਰਖਾਈਆ । ਕਲਜੁਗ ਕਹੇ ਪ੍ਰਭੂ ਮੇਰੀ ਆਸ਼ਾ ਲੰਮੀ, ਅੰਤ ਤੇਰੇ ਵਿਚ ਰਖਾਈਆ । ਮੈਂ ਝਗੜਾ ਪਾਵਾਂ ਕਾਇਆ ਮਾਟੀ ਚੰਮੀ, ਚੰਮ ਦ੍ਰਿਸ਼ਟੀ ਸਭ ਦੀ ਦਿਆਂ ਬਦਲਾਈਆ । ਮੈਂ ਤੇਰਾ ਨਾਮ ਜਪਣ ਨਾ ਦੇਵਾਂ ਦਮੀ, ਸਵਾਸ ਸਵਾਸ ਕੋਇ ਨਾ ਗਾਈਆ । ਗਗਨ ਪਾਤਾਲਾਂ ਰਹਿਣ ਨਾ ਦੇਵਾਂ ਥੰਮ੍ਹੀ, ਥਰਥਰਾਹਟ ਕਰੇ ਲੋਕਾਈਆ । ਸੰਤ ਫ਼ਕੀਰ ਬਣਾਵਾਂ ਡੰਭੀ, ਨਿਰਗੁਣ ਨੂਰ ਨਾ ਕੋਇ ਚਤੁਰਾਈਆ । ਘਰ ਘਰ ਅੰਦਰ ਵਖਾਵਾਂ ਗ਼ਮੀ, ਗ਼ਮਖਾਰ ਤੇਰੀ ਸਰਨਾਈਆ । ਤੂੰ ਮਾਲਕ ਖ਼ਾਲਕ ਹੋ ਕੇ ਮੇਰਾ ਬੇੜਾ ਬੰਨ੍ਹੀਂ, ਮਿਹਰਵਾਨ ਸਿਰ ਮੇਰੇ ਹੱਥ ਟਿਕਾਈਆ । ਤੂੰ ਦਾਤਾ ਆਦਿ ਜੁਗਾਦਿ ਧਨ ਧਨੀ, ਧਨਾਢ ਇਕ ਅਖਵਾਈਆ । ਕੂੜ ਕੁਕਰਮ ਨਾਲ ਮੇਰੀ ਖ਼ਾਲੀ ਹੋਣ ਦੇਵੀਂ ਨਾ ਕੰਨੀ, ਪਲੂ ਗੰਢ ਦੇਣੀ ਪਵਾਈਆ । ਮੈਂ ਤੇਰੇ ਹੁਕਮ ਦੀ ਧਾਰ ਸੰਦੇਸ਼ਾ ਰਹੀ ਮੰਨੀ, ਮਨ ਮਨਸਾ ਪੂਰ ਕਰਾਈਆ । ਅੰਤ ਕੋਇ ਰਹਿਣ ਨਾ ਦੇਵਾਂ ਛੱਪਰ ਛੰਨੀ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਲਿਖਿਆ ਜਾਏ ਨਾ ਉਪਰ ਪੰਨੀਂ, ਸਫਿਆਂ ਵਿਚ ਨਾ ਕੋਇ ਜਣਾਈਆ ।

## ✪ ੨੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਭਗਤ ਸਿੰਘ ਦੇ ਗ੍ਰਿਹ ਇਟਾਰਸੀ ✪

ਕਲਜੁਗ ਕਹੇ ਪ੍ਰਭੂ ਮੇਰਾ ਕਰਨਾ ਵਕਤ ਸੁਹਾਉਣਾ, ਸੁਹੰਜਣਾ ਆਪ ਬਣਾਈਆ । ਤੇਰੀ ਕਿਰਪਾ ਮੈਂ ਆਪਣਾ ਬਲ ਪਰਗਟਾਉਣਾ, ਪਰਗਟ ਹੋਣਾ ਥਾਉਂ ਥਾਈਂਆ । ਦੋ ਜਹਾਨਾਂ ਰੌਲਾ ਪਾਉਣਾ, ਸ਼ੋਰੋ ਗ਼ੁਲ ਦੁਹਾਈਆ । ਲੱਖ ਚੁਰਾਸੀ ਜੀਵ ਜੰਤ ਰੁਵਾਉਣਾ, ਸਾਧ ਸੰਤ ਕੁਰਲਾਈਆ । ਕੂੜ ਕੁੜਿਆਰ ਦਾ ਡੰਕ ਵਜਾਉਣਾ, ਕੁੰਟ ਕੂਟ ਸ਼ਨਵਾਈਆ । ਤੇਰਾ ਸੁਤ ਦੁਲਾਰਾ ਇਕ ਅਖਵਾਉਣਾ, ਆਖ਼ਰ ਲਵਾਂ ਅੰਗੜਾਈਆ । ਜਗਤ ਹੰਕਾਰੀ ਬੁਰਜ ਢਾਹੁਣਾ, ਢਾਹ ਢਾਹ ਖ਼ਾਕ ਮਿਲਾਈਆ । ਤੇਈ ਅਵਤਾਰ ਪੈਗ਼ੰਬਰਾਂ ਗੁਰੂਆਂ ਆਪ ਹਿਲਾਉਣਾ, ਜੜ੍ਹ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਵਾਨ ਤੇਰੀ ਸਰਨਾਈਆ । ਕਲਜੁਗ ਕਹੇ ਔਹ ਵੇਖ ਪ੍ਰਭੂ ਮੁਹੰਮਦ ਮੈਨੂੰ ਕਢਦਾ ਅੱਖਾਂ, ਨੈਣ ਨੈਣ ਉਠਾਈਆ । ਮੈਂ ਤੇਰੇ ਅੱਗੇ ਜੋੜਦਾ ਹੱਥਾਂ, ਦੋਵੇਂ ਦਸਤ ਦਸਤ ਬੰਧਾਈਆ । ਈਸਾ ਮੂਸਾ ਸੰਗ ਹੋਵੇ ਇਕੱਠਾ, ਜਗਤ ਜੋੜ ਬਣਾਈਆ । ਮੈਂ ਚਾਹੁੰਦਾ ਇਨ੍ਹਾਂ ਵਿਚ ਪਾਵਾਂ ਰੱਟਾ, ਰੁਟੀਨ ਵਿਚ ਆਪਣਾ ਖੇਲ ਖਿਲਾਈਆ । ਸਭ ਦੀ ਖ਼ਾਕ ਉਡਾਵਾਂ ਘੱਟਾ, ਮਿੱਟੀ ਖੇਤ ਰਸਾਈਆ । ਆਪਣੇ ਵਾਅਦੇ ਵਾਲਾ ਯਾਦ ਕਰ ਲੈ ਇਕ ਟੱਪਾ, ਜੋ ਆਦਿ ਦਿਤਾ ਸੁਣਾਈਆ । ਇਕ ਨੂਰ ਜ਼ਹੂਰ ਪ੍ਰਕਾਸ਼ ਵੇਖਾਂ ਤੇਰੇ ਪੱਪਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਵਰ, ਸਚ ਦੇ ਮਾਲਕ ਦਇਆ ਕਮਾਈਆ । ਕਲਜੁਗ ਕਹੇ ਪ੍ਰਭੂ ਉਹ ਵੇਖ ਹਜ਼ਰਤ ਈਸਾ ਮਾਰਦਾ ਝਾਕੀ, ਪੜਦਾ ਪੜਦੇ ਵਿਚੋਂ ਉਠਾਈਆ । ਵੀਹਵੀਂ ਸਦੀ ਦਾ ਲੇਖਾ ਵੇਖ ਕੇ ਬਾਕੀ, ਹਿਸਾਬ ਅੰਕੜਿਆਂ ਵਿਚ ਲਗਾਈਆ । ਝਗੜਾ ਦਿਸਦਾ ਤਨ ਵਜੂਦ ਖ਼ਾਕੀ, ਬੁਤਖ਼ਾਨੇ ਰਹੇ ਕੁਰਲਾਈਆ । ਮੈਂ ਉਸ ਨੂੰ ਫਿਰ ਸ਼ਬਦ ਕਹਾਣੀ ਆਖੀ, ਕਲਮਾ ਹੱਕ ਦ੍ਰਿੜਾਈਆ । ਮੇਰਾ ਸੰਦੇਸ਼ਾ ਨਹੀਂ ਗੁਸਤਾਖੀ, ਗਿਲੇ ਵਿਚ ਨਾ ਕੋਇ ਜਣਾਈਆ । ਤੇਰਾ ਲਹਿਣਾ ਰਿਹਾ ਨਾ ਬਾਕੀ, ਵੇਲਾ ਵਕਤ ਵਕਤ ਦ੍ਰਿੜਾਈਆ । ਜਿਸ ਕਾਰਨ ਤੈਨੂੰ ਚੜ੍ਹਾਇਆ ਫਾਸੀ, ਸਲੀਬ ਗਲ ਲਟਕਾਈਆ । ਉਹ ਲੇਖਾ ਪੂਰਾ ਕਰੇ ਪੁਰਖ ਅਬਿਨਾਸ਼ੀ, ਜਲਵਾਗਰ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਵੇਖ ਵਖਾਈਆ । ਕਲਜੁਗ ਕਹੇ ਪ੍ਰਭੂ ਉਹ ਵੇਖ ਮੂਸਾ ਤਕਦਾ, ਤਕਦੀਰ ਆਪਣੀ ਨਾਲ ਮਿਲਾਈਆ । ਜਿਸ ਨਜ਼ਾਰਾ ਤੱਕਿਆ ਯਕ ਦਾ, ਵਾਹਿਦ ਤੇਰੀ ਓਟ ਰਖਾਈਆ । ਬਿਨ ਕਦਮਾਂ ਤੇਰੀ ਕਦਮ ਬੋਸੀ ਨੂੰ ਭੱਜਦਾ, ਕਦੀਮ ਦੇ ਮਾਲਕ ਰਾਹ ਤਕਾਈਆ । ਮਿਹਰਵਾਨ ਮਹਿਬੂਬ ਤੇਰਾ ਭਾਣਾ ਕੋਇ ਨਾ ਡਕਦਾ, ਨਾ ਕੋਇ ਰੋਕੇ ਰੋਕ ਰੁਕਾਈਆ । ਉਸ ਦਾ ਲੇਖਾ ਵੇਖ ਲੈ ਲਿਖਿਆ ਹੱਥ ਦਾ, ਹਥੇਲੀ ਅੱਖਰਾਂ ਨਾਲ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਾਜਣ ਵੇਖ ਵਖਾਈਆ । ਕਲਜੁਗ ਕਹੇ ਪ੍ਰਭੂ ਕੀ ਮੂਸਾ ਕਰਦਾ ਉਜਰ, ਆਰਜ਼ੂ ਕੀ ਜਣਾਈਆ । ਕਿਉਂ ਮੇਰਾ ਵਕਤ ਗਿਆ ਗੁਜ਼ਰ, ਗੁਜ਼ਸ਼ਤਾ ਹਾਲ ਦਏ ਗਵਾਹੀਆ । ਮੈਂ ਵੇਖਾਂ ਅਗੰਮਾ ਮੁਜ਼ਰ, ਮੁਜ਼ਾਹਰੇ ਵਿਚ ਸ਼ਨਵਾਈਆ । ਮੇਰਾ ਅੰਤ ਅਖ਼ੀਰ ਰੂਪ ਰਿਹਾ ਨਾ ਸੁੰਦਰ, ਕੋਹਤੂਰ ਨਾ ਕੋਇ ਚਤੁਰਾਈਆ । ਆਪਣਿਆਂ ਨੇਤਰਾਂ ਉਤੇ ਫੇਰ ਉਂਗਲ, ਜੋ ਬੇਜ਼ਬਾਨ ਅਸਮਾਨ ਵੱਲ ਉਠਾਈਆ । ਫੇਰ ਧਰਤੀ ਦਾ ਤਕ ਲੈ ਉਜਰ, ਅੰਤਰ ਨਿਰੰਤਰ ਵੇਖ ਵਖਾਈਆ । ਫੇਰ ਜ਼ਮੀਨ ਦਾ ਵੇਖ ਲੈ ਕੁਤਰ, ਨਿਸ਼ਾਨਾ ਕਲਜੁਗ ਕਵਣ ਜਣਾਈਆ । ਫੇਰ

ਤਕਦਾ ਮੈਂ ਕਿਸ ਧਾਰ ਦਾ ਪੁੱਤਰ, ਕਵਣ ਮੇਰੀ ਜਣੇਂਦੀ ਮਾਈਆ । ਫੇਰ ਕਰਦਾ ਤੇਰਾ ਸ਼ੁਕਰ, ਸ਼ੁਕਰਾਨੇ ਵਿਚ ਸੀਸ ਨਿਵਾਈਆ । ਫੇਰ ਸਦੀ ਚੌਧਵੀਂ ਵੇਖਦਾ ਪੂਰਬ ਉੱਤਰ, ਪੱਛਮ ਦੱਖਣ ਅੱਖ ਉਠਾਈਆ । ਉਹ ਵੇਖ ਮੈਨੂੰ ਇਸ਼ਾਰਾ ਕਰਦਾ ਕਲਜੁਗ ਤੂੰ ਨਾ ਜਾਵੀਂ ਮੁਕਰ, ਵਾਹਿਦਾ ਦਾਅਵੇ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਸਤਕ ਵੇਖ ਵਖਾਈਆ । ਕਲਜੁਗ ਕਹੇ ਪ੍ਰਭੂ ਈਸਾ ਮੂਸਾ ਮੁਹੰਮਦ ਤਿੰਨੇ ਵੇਖਦੇ ਨਾਲ ਗ਼ੁੱਸੇ, ਮੇਰੇ ਵੱਲ ਧਿਆਨ ਲਗਾਈਆ । ਮੈਂ ਹੱਸ ਕੇ ਕਿਹਾ ਪੈਗ਼ੰਬਰੋ ਤੁਹਾਡੇ ਰਹਿਣ ਨਹੀਂ ਦਿਤੇ ਜੁੱਸੇ, ਜਿਸਮ ਜ਼ਮੀਰ ਖ਼ਾਕ ਮਿਲਾਈਆ । ਅੰਤਮ ਤੁਹਾਡੇ ਪੈਂਡੇ ਮੁਕੇ, ਮੁਕੰਮਲ ਦਿਆਂ ਸੁਣਾਈਆ । ਉਮਤ ਵੱਲ ਵੇਖ ਕੇ ਤੁਹਾਡੇ ਹਿਰਦੇ ਦੁਖੇ, ਮੁਰਸ਼ਦ ਮੁਰੀਦ ਹੋਣੀ ਅੰਤ ਜੁਦਾਈਆ । ਸਭ ਨੂੰ ਖਾਣੇ ਪੈਣੇ ਟੁਕੜੇ ਰੁੱਖੇ, ਛੁਰੀ ਜ਼ਿਬਹ ਨਾ ਕੋਇ ਕਰਾਈਆ । ਮੁਹੰਮਦਾ ਉਮਤ ਨੂੰ ਗਾਨਾ ਬੰਨ੍ਹ ਦੇ ਗੁੱਟੇ, ਮੌਲੀ ਤੰਦ ਹੱਥ ਉਠਾਈਆ । ਈਸਾ ਵੇਖ ਲੈ ਲਹਿੰਦੀ ਗੁੱਠੇ, ਮੂਸਾ ਉਂਗਲ ਇਕ ਹਿਲਾਈਆ । ਤਕ ਲਉ ਪੁਰਾਣੇ ਆਪਣੇ ਜੁੱਤੇ, ਜੋ ਮਕਬਰਿਆਂ ਬਾਹਰ ਤਕਾਈਆ । ਮੇਰੇ ਪਰਵਰਦਿਗਾਰ ਦੇ ਭੇਵ ਰਹਿਣੇ ਨਹੀਂ ਲੁਕੇ, ਲੁਕਮਾਨ ਰੋ ਕੇ ਗਿਆ ਸੁਣਾਈਆ । ਸੁਲੇਮਾਨ ਨੇ ਬੁੱਲ ਕਰ ਕੇ ਸੁੱਚੇ, ਨੌਂ ਵਾਰ ਦਿਤਾ ਦ੍ਰਿੜਾਈਆ । ਸ਼ਾਹ ਅਲੀ ਨੇ ਨੇਤਰ ਕਰ ਕੇ ਪੁੱਠੇ, ਪੁਸ਼ਤ ਪੁਸ਼ਤ ਵੇਖ ਵਖਾਈਆ । ਜਿਸ ਵੇਲੇ ਅਮਾਮ ਅਮਾਮਾ ਸ਼ਾਹ ਸ਼ਹਾਨਾ ਉਠੇ, ਕਲਮਾ ਕਲਾਮ ਆਪ ਜਣਾਈਆ । ਉਸ ਵੇਲੇ ਪਿਛਲੀ ਗੰਢੀ ਸਭ ਦੀ ਟੁੱਟੇ, ਟੁੱਟਿਆਂ ਗੰਢ ਨਾ ਕੋਇ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੇ ਲੇਖੇ ਵੇਖੇ ਪੁੱਠੇ, ਕਾਗ਼ਜ਼ ਕਲਮ ਸ਼ਾਹੀ ਅੱਖਰ ਨਾ ਕੋਇ ਚਤੁਰਾਈਆ ।



੬੬੧ ੨੨

## ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਟੋਪਨ ਰਾਮ ਦੇ ਗ੍ਰਿਹ ਇਟਾਰਸੀ

ਪੁਰਖ ਅਬਿਨਾਸ਼ੀ ਸੱਜਣ ਸੁਹੇਲਾ, ਪਰਵਰਦਿਗਾਰ ਵੇਸ ਵਟਾਈਆ । ਦਰੋਹੀ ਫਿਰੀ ਜੰਗਲ ਜੂਹ ਬੇਲਾ, ਕਾਇਨਾਤ ਪਈ ਦੁਹਾਈਆ । ਲੇਖਾ ਜਾਣੇ ਗੁਰੂ ਚੇਲਾ, ਮੁਰੀਦ ਮੁਰਸ਼ਦ ਫੋਲ ਫੁਲਾਈਆ । ਫੇਰ ਵਸ ਕੇ ਸਭ ਤੋਂ ਨਵੇਲਾ, ਨਿਰਗੁਣ ਆਪਣਾ ਹੁਕਮ ਸੁਣਾਈਆ । ਸਾਡਾ ਕਲਮਾ ਅੰਤਮ ਹੋਇਆ ਫੇਲਾ, ਲੁਕ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਹੁਕਮ ਇਕ ਪਰਗਟਾਈਆ । ਕਲਜੁਗ ਕਹੇ ਮੁਹੰਮਦ ਬਸ ਕਰ ਯਾਰ, ਮਿੱਤਰ ਕੀ ਸੁਣਾਈਆ । ਮੈਂ ਵੀ ਹੋਣ ਲੱਗਾ ਤਿਆਰ, ਤ੍ਰੈਗੁਣ ਆਪਣੇ ਨਾਲ ਮਿਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਕਰਨੀ ਖ਼ੁਆਰ, ਖ਼ਾਲਸ ਨਜ਼ਰ ਕੋਇ ਨਾ ਆਈਆ । ਕੋਟਾਂ ਵਿਚੋਂ ਸਾਬਤ ਰਹਿਣ ਦੇਣੇ ਦੋ ਚਾਰ, ਜੋ ਪ੍ਰਭ ਦੀ ਓਟ ਤਕਾਈਆ । ਮੈਂ ਹੁਕਮ ਮੰਨਾ ਸੱਚੀ ਸਰਕਾਰ, ਜੋ ਪਾਤਸ਼ਾਹ ਸ਼ਾਹ ਰਿਹਾ ਦ੍ਰਿੜਾਈਆ । ਮੈਂ ਆਪਣੀ ਵੇਖਣੀ ਖ਼ੂਬ ਬਹਾਰ, ਚਾਰੋਂ ਕੁੰਟ ਰੰਗ ਰੰਗਾਈਆ । ਝਗੜਾ ਪਾ ਕੇ ਮਰਦ ਨਾਰ, ਇਸਤਰੀ ਪੁਰਸ਼ ਦੇਣੇ ਲੜਾਈਆ । ਖੇਲ ਕਰਨਾ ਉਸ ਦੀ ਧਾਰ, ਜੋ ਧਰਨੀ ਉਤੇ ਆਵੇ ਚਾਈਂ ਚਾਈਆਂ । ਤੇਰਾ ਲਹਿਣਾ ਦੇਣਾ ਲੇਖਾ ਲਏ ਵਿਚਾਰ, ਪੂਰਬ ਪੜਦਾ ਫੋਲ ਫੁਲਾਈਆ । ਉਠ ਦੋਵੇਂ ਕਰੀਏ ਉਸ ਨੂੰ

ਨਿਮਸਕਾਰ, ਨਮੋ ਨਮੋ ਸੀਸ ਝੁਕਾਈਆ । ਜਿਸ ਦੇ ਕੋਲ ਸਰਬ ਅਖਤਿਆਰ, ਮੁਖ਼ਤਾਰਨਾਮੇ ਸਾਡੇ ਆਪਣੇ ਹੁਕਮ ਵਿਚ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਇਕ ਅਵਤਾਰ, ਅਵਤਰ ਆਪਣੀ ਜੋਤ ਕਰੇ ਰੁਸ਼ਨਾਈਆ ।

## ੨੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਹਰਦਿਤ ਸਿੰਘ ਦੇ ਗ੍ਰਿਹ ਇਟਾਰਸੀ

ਸ਼ੰਕਰ ਕਹੇ ਨਾਨਕ ਵੇਖ ਲੈ ਆਪਣੀ ਕਾਲੀ ਭੂਰੀ, ਭਰਮ ਰਹੇ ਨਾ ਰਾਈਆ । ਮੇਰੀ ਹੋਈ ਅੰਤ ਮਜਬੂਰੀ, ਮਜਬੂਰ ਹੋ ਕੇ ਦਿਆਂ ਸੁਣਾਈਆ । ਸਭ ਦੀ ਤ੍ਰਿਸ਼ਨਾ ਕਰਨੀ ਪੂਰੀ, ਤ੍ਰਿਖਾ ਕੂੜ ਵੇਖ ਵਖਾਈਆ । ਸਾਚਾ ਚੰਦ ਦਿਸੇ ਨਾ ਨੂਰੀ, ਨੂਰਾਨਾ ਨੂਰ ਨਾ ਕੋਇ ਚਮਕਾਈਆ । ਤੇਰੀ ਦਿਸੇ ਨਾ ਕੋਇ ਹਜ਼ੂਰੀ, ਉਹ ਵੇਖ ਹਜ਼ਰਤ ਦੇਣ ਗਵਾਹੀਆ । ਸਭ ਦੀ ਦ੍ਰਿਸ਼ਟੀ ਹੋਈ ਮੂੜੀ, ਚਤੁਰ ਸੁਜਾਨ ਰੂਪ ਨਾ ਕੋਇ ਦਰਸਾਈਆ । ਮਲੇਛਾਂ ਦੀ ਸਫਾ ਵੇਖ ਲੈ ਕੂੜੀ, ਧਰਨੀ ਧਰਤ ਧਵਲ ਦੁਹਾਈਆ । ਰੰਗਣ ਰਹੀ ਨਾਮ ਨਾ ਗੂੜ੍ਹੀ, ਕੁਸੰਭੜਾ ਰੰਗ ਗਈ ਬਦਲਾਈਆ । ਸਚਿਆਈ ਸਚ ਦੀ ਧਾਰ ਹੋਈ ਮਫ਼ਰੂਰੀ, ਬੇਲੇ ਮਮਤਾ ਵਿਚ ਆਪਣਾ ਆਪ ਛੁਪਾਈਆ । ਚਾਰ ਕੁੰਟ ਗੜ੍ਹ ਗ਼ਰੂਰੀ, ਕਲਮਾ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਕਲਜੁਗ ਕਹੇ ਨਾਨਕ ਵੇਖ ਲੈ ਆਪਣੀ ਖੂੰਡੀ, ਖੋਜਤ ਖੋਜਤ ਧਿਆਨ ਲਗਾਈਆ । ਸਾਚੀ ਸਿਖਿਆ ਮਿਲੇ ਨਾ ਢੂੰਡੀ, ਢੂੰਡਤ ਢੂੰਡਤ ਖ਼ਲਕ ਖ਼ੁਦਾਈਆ । ਸਭ ਦੀ ਆਸਾ ਹੋਈ ਮੂਧੀ, ਕਵਲੀ ਕਵਲ ਨਾ ਕੋਇ ਉਲਟਾਈਆ । ਹੁਣ ਖੇਲ ਵੇਖਣੀ ਨਬੀ ਨੂਹ ਦੀ, ਜੋ ਨਿਉਂ ਨਿਉਂ ਸੀਸ ਝੁਕਾਈਆ । ਵਡਿਆਈ ਰਹੀ ਨਾ ਕਿਸੇ ਗੁਰੂ ਦੀ, ਗੁਰਦੇਵ ਦੇਣ ਦੁਹਾਈਆ । ਖੇਲ ਤਕਣੀ ਪਰਵਰਦਿਗਾਰ ਸ਼ੁਰੂ ਦੀ, ਜੋ ਸ਼ਰਅ ਦਏ ਬਦਲਾਈਆ । ਜਿਸ ਬਿਧ ਦੀਨ ਦੁਨੀਆ ਰੁੜ੍ਹਗੀ, ਵਹਿੰਦੇ ਵਹਿਣ ਵਹਾਈਆ । ਜਗਤ ਧਾਰ ਕੋਇ ਨਾ ਮੁੜ੍ਹਗੀ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਰਦਾ ਰਿਹਾ ਚੁਕਾਈਆ । ਕਲਜੁਗ ਕਹੇ ਨਾਨਕ ਮੋਢੇ ਚੁੱਕ ਕੇ ਵੇਖ ਲੈ ਖੇਸ, ਖ਼ਾਲਸ ਨਜ਼ਰ ਕੋਇ ਨਾ ਆਈਆ । ਜੋ ਸੁਨੇਹੜਾ ਦੇ ਕੇ ਗਿਆ ਦਸ ਦਸਮੇਸ, ਗੋਬਿੰਦ ਗੋਬਿੰਦ ਗੋਬਿੰਦ ਧੁਰ ਦਾ ਮਾਹੀਆ । ਮੈਂ ਉਸ ਦਾ ਲੇਖਾ ਪੂਰਾ ਕਰਨਾ ਲੇਖ, ਲੇਖਣੀ ਪਿਛਲੀ ਵੇਖ ਵਖਾਈਆ । ਜੋ ਮੇਰੇ ਕਾਰਨ ਬੱਚੇ ਕਰ ਕੇ ਗਿਆ ਭੇਟ, ਬਾਲੇ ਨੀਹਾਂ ਹੇਠ ਦਬਾਈਆ । ਆਪਣਾ ਖ਼ਾਲੀ ਕਰਕੇ ਪੇਟ, ਪੇਟਾ ਤਾਣਾ ਵੇਖੇ ਖ਼ਲਕ ਖ਼ੁਦਾਈਆ । ਮਾਛੂਵਾੜੇ ਦੀ ਸੇਜ ਉਤੇ ਵੇਖ, ਨਿਗਹ ਨਿਗਹ ਵਿਚੋਂ ਬਦਲਾਈਆ । ਪੁਰਖ ਅਕਾਲੇ ਦਿਤਾ ਸੰਦੇਸ਼, ਸੱਥਰ ਯਾਰ ਇਕ ਸੁਹਾਈਆ । ਮੇਰਾ ਖੇਲ ਸਦਾ ਹਮੇਸ਼, ਜੁਗ ਚੌਕੜੀ ਚਲਿਆ ਆਈਆ । ਕਲਜੁਗ ਅੰਤਮ ਕਰਾ ਵੇਸ, ਮੇਲਾ ਮੇਲੇ ਸਹਿਜ ਸੁਭਾਈਆ । ਅੰਦਰ ਵੜ ਕੇ ਖੋਲ੍ਹਾਂ ਭੇਤ, ਓਹਲਾ ਦੋ ਜਹਾਨ ਚੁਕਾਈਆ । ਨਜ਼ਰੀ ਆਵਾਂ ਨੇਤਨ ਨੇਤ, ਨਿਜ ਨੈਣ ਨੈਣ ਰੁਸ਼ਨਾਈਆ । ਧਰਮ ਦੀ ਧਾਰ ਬਣ ਕੇ ਖੇਵਟ ਖੇਟ, ਬੇੜਾ ਆਪਣੇ ਕੰਧ ਉਠਾਈਆ । ਲਹਿਣਾ ਦੇਣਾ ਪੂਰਾ ਕਰੇ ਪਿਤਾ ਪੂਤ ਬੇਟ, ਲੇਖਾ ਪੂਰਬ ਝੋਲੀ ਪਾਈਆ ।

ਸਚ ਸਵਾਮੀ ਹੋ ਕੇ ਕਰਾਂ ਹੇਤ, ਅੰਤਰ ਅੰਤਰ ਜੋੜ ਜੁੜਾਈਆ । ਜਗਤ ਨਿਰਾਲੀ ਵਖਾਵਾਂ ਖੇਡ, ਜਿਸ ਦੀ ਸਮਝ ਕੋਇ ਨਾ ਪਾਈਆ । ਪਰਗਟ ਹੋ ਕੇ ਸੰਬਲ ਦੇਸ, ਸੰਭਲ ਆਪਣਾ ਕਦਮ ਟਿਕਾਈਆ । ਕਲਜੁਗ ਕੂੜੀ ਬਦਲ ਦੇਵਾਂ ਰੇਖ, ਰੱਖਿਆ ਕਰਾਂ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਲਜੁਗ ਕਹੇ ਨਾਨਕ ਤਕ ਲੈ ਆਪਣੀ ਸੇਲੀ ਟੋਪੀ, ਸੱਜਣ ਸੁਹੇਲਾ ਰਿਹਾ ਜਣਾਈਆ । ਪ੍ਰਭੂ ਕਾਹਨ ਦੀ ਸਾਚੀ ਰਹੀ ਕੋਇ ਨਾ ਗੋਪੀ, ਗੋਪਾਲ ਬਣ ਗਊਆਂ ਨਾ ਕੋਇ ਚਰਾਈਆ । ਜਿਧਰ ਤਕਾਂ ਓਧਰ ਹੰਕਾਰ ਵਿਕਾਰ ਕਰੋਧੀ, ਹਉਮੇ ਹੰਗਤਾ ਰੂਪ ਬਦਲਾਈਆ । ਸਾਚੀ ਪੜ੍ਹੇ ਕੋਇ ਨਾ ਪੋਥੀ, ਪੁਸਤਕ ਬਗ਼ਲ ਸਰਬ ਚੁਕਾਈਆ । ਦੀਨ ਦੁਨੀ ਦੀ ਬੁੱਧੀ ਹੋਈ ਥੋਥੀ, ਮਤਹੀਣ ਦਿਸੇ ਲੋਕਾਈਆ । ਸਚ ਸਾਹਿਬ ਦੀ ਨਜ਼ਰ ਨਾ ਆਵੇ ਜੋਤੀ, ਜੋਤੀ ਜਾਤਾ ਵੇਸ ਵਟਾਈਆ । ਜਿਸ ਨੂੰ ਲੱਭਦੇ ਕੋਟਨ ਕੋਟੀ, ਅਸੰਖ ਅਸੰਖਾਂ ਧਿਆਨ ਲਗਾਈਆ । ਉਹ ਆਪਣੀ ਖੇਲ ਕਰੇ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਸੋਤੀ, ਸੋਈ ਸੁਰਤ ਨਾ ਕੋਇ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਵਰ, ਦੇਵਣਹਾਰ ਇਕ ਅਖਵਾਈਆ । ਕਲਜੁਗ ਕਹੇ ਨਾਨਕ ਉਠ ਵੇਖ ਆਪਣੀ ਰਬਾਬ, ਸਤਿ ਸਤਿ ਕੀ ਸੁਣਾਈਆ । ਕੀ ਸੰਦੇਸਾ ਦੇਵੇ ਮਿੱਤਰ ਅਹਿਬਾਬ, ਅਦਾਬ ਨਾਲ ਸੀਸ ਝੁਕਾਈਆ । ਜਿਸ ਨੂੰ ਮੰਨਿਆ ਹੱਕ ਜਨਾਬ, ਪੈਗ਼ੰਬਰ ਧੂੜੀ ਖ਼ਾਕ ਰਮਾਈਆ । ਉਹਦਾ ਵੇਖ ਬਗੀਚਾ ਬਾਗ, ਦੀਨ ਦੁਨੀ ਕੂੜ ਮਹਿਕਾਈਆ । ਜੋ ਅੰਤਮ ਸਭ ਦਾ ਬਣਾਉਣ ਵਾਲਾ ਕਬਾਬ, ਕਾਅਬਿਆਂ ਪਏ ਦੁਹਾਈਆ । ਅੰਮ੍ਰਿਤ ਰਸ ਮਿਲੇ ਕਿਸੇ ਨਾ ਨਾਭ, ਆਬੇਹਯਾਤ ਨਾ ਕੋਇ ਚੁਆਈਆ । ਜੋ ਸੰਦੇਸ਼ ਦਿਤਾ ਵਿਚ ਬਗ਼ਦਾਦ, ਬਗ਼ਲਗੀਰ ਹੋ ਸੁਣਾਈਆ । ਉਸ ਨੇ ਬਦਲ ਦੇਣਾ ਸਮਾਜ, ਸਮਾਂ ਸਮੇਂ ਨਾਲ ਟਕਰਾਈਆ । ਖੇਲ ਕਰਨੇ ਆਇਆ ਇਕ ਇਕੱਲਾ ਵਾਹਿਦ, ਆਪਣੀ ਕਾਰ ਕਮਾਈਆ । ਜਿਸ ਨੇ ਮੇਰੀ ਖੋਲ੍ਹੀ ਜਾਗ, ਆਲਸ ਨਿੰਦਰਾ ਦਿਤੀ ਮਿਟਾਈਆ । ਮੈਂ ਉਠ ਉਠ ਰਿਹਾ ਭਾਗ, ਭੱਜਾ ਵਾਹੋ ਦਾਹੀਆ । ਸਦੀ ਚੌਧਵੀਂ ਜਿਸ ਉਮਤ ਬੁਝਾਉਣਾ ਚਰਾਗ਼, ਦੀਵਾ ਗੁਲ ਕਰਾਈਆ । ਉਹ ਬਿਨ ਅੱਖਰਾਂ ਵਾਲੀ ਵੇਖੇ ਕਿਤਾਬ, ਕੁਤਬਖ਼ਾਨੇ ਨਾ ਫੋਲ ਫੁਲਾਈਆ । ਉਸ ਦਾ ਖ਼ੁਸ਼ੀ ਵਿਚ ਨਾਨਕ ਤਕੀਏ ਮਜਾਜ਼, ਬਿਨ ਨੇਤਰ ਅੱਖ ਉਠਾਈਆ । ਜਿਸ ਨੇ ਖੇਲ ਕਰਨਾ ਅਵਤਾਰ ਪੈਗ਼ੰਬਰ ਗੁਰੂਆਂ ਤੋਂ ਬਾਦ, ਹੁਕਮ ਹੁਕਮ ਵਿਚੋਂ ਬਦਲਾਈਆ । ਮੈਨੂੰ ਮੇਰੀ ਕਰਨੀ ਦਾ ਜਿਸ ਨੇ ਦੇਣਾ ਇਜਾਜ਼, ਇਜ਼ਤ ਨਾਲ ਵਡਿਆਈਆ । ਮੈਂ ਆਪਣਾ ਮੰਗਾਂ ਖਰਾਜ, ਨਿਉਂ ਨਿਉਂ ਸੀਸ ਝੁਕਾਈਆ । ਖੇਲ ਵੇਖੀਏ ਉਸ ਜਗਤ ਗੁਰੂ ਮਹਾਰਾਜ, ਜੋ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਾਜਣ ਰਿਹਾ ਸਾਜ, ਸਾਜਣ ਹੋ ਕੇ ਦਇਆ ਕਮਾਈਆ ।

### ✪ ੨੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਸੁਰਿੰਦਰ ਸਿੰਘ ਦੇ ਗ੍ਰਿਹਿ ਇਟਾਰਸੀ ✪

ਕਲਜੁਗ ਕਹੇ ਜਨ ਭਗਤੋ ਵੇਖ ਲਉ ਆਪਣੀ ਭਗਤੀ, ਭਾਗ ਭੇਵ ਫੋਲ ਫੁਲਾਈਆ । ਧਰਮ ਦੀ ਧਾਰ ਰਹੀ ਨਾ ਸ਼ਕਤੀ, ਸ਼ਖ਼ਸੀਅਤ

ਨਜ਼ਰ ਕੋਇ ਨਾ ਆਈਆ । ਨਿਗਾਹ ਮਾਰੋ ਉਪਰ ਧਰਤੀ, ਧਰਨੀ ਧਵਲ ਧੌਲ ਵੇਖ ਵਖਾਈਆ । ਵਡਿਆਈ ਰਹੀ ਨਾ ਕਿਸੇ ਘਰ ਦੀ, ਸਾਢੇ ਤਿੰਨ ਹੱਥ ਕੂੜ ਦੁਹਾਈਆ । ਮਨ ਕਲਪਨਾ ਸਭ ਦੀ ਲੜਦੀ, ਸਾਂਤਕ ਸਤਿ ਨਾ ਕੋਇ ਵਰਤਾਈਆ । ਸੁਰਤੀ ਸੁਰਤ ਕਿਸੇ ਨਾ ਚੜ੍ਹਦੀ, ਸ਼ਬਦੀ ਸ਼ਬਦ ਨਾ ਕੋਇ ਕਮਾਈਆ । ਤੁਸੀਂ ਖੇਲ ਵੇਖੋ ਮੇਰੀ ਕਲਜੁਗ ਕਲ ਦੀ, ਕਲਕਾਤੀ ਕੀਤੀ ਲੋਕਾਈਆ । ਜੋਰੂ ਜ਼ਰ ਧਾਰ ਕਪਟ ਛਲ ਦੀ, ਅਛਲ ਛਲ ਆਪਣਾ ਰੰਗ ਵਖਾਈਆ । ਕਿਸੇ ਨੂੰ ਖ਼ਬਰ ਨਹੀਂ ਘੜੀ ਪਲ ਦੀ, ਪਲਕਾਂ ਦੇ ਓਹਲੇ ਬਹਿ ਕੇ ਦਿਤਾ ਭੁਲਾਈਆ । ਵਡਿਆਈ ਰਹਿਣ ਦਿਤੀ ਨਹੀਂ ਤੀਰਥ ਅੱਠ ਸੱਠ ਜਲ ਦੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਈਆ । ਮੇਰੀ ਖੇਲ ਤਕੋ ਕਾਮ ਕਰੋਧ ਮੋਹ ਹੰਕਾਰ ਵਿਕਾਰ ਦਲ ਦੀ, ਦਲਿਦ੍ਰੀ ਸਾਰੇ ਦਿਤੇ ਬਣਾਈਆ । ਆਵਾਜ਼ ਰਹੀ ਨਾ ਕਿਸੇ ਮੰਦਰ ਟੱਲ ਦੀ, ਅਟਲ ਪਦਵੀ ਸਮਝ ਕਿਸੇ ਨਾ ਆਈਆ । ਜਿਧਰ ਤਕੋ ਕੂੜੀ ਕਿਰਿਆ ਅਗਨੀ ਬਲਦੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਖੇਲ ਤਕੋ ਜਲ ਥਲ ਦੀ, ਮਹੀਅਲ ਪੜਦਾ ਲਉ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਮੇਰਾ ਹੁਕਮ ਵਰਤਾਈਆ । ਕਲਜੁਗ ਕਹੇ ਜਨ ਭਗਤੋ ਵੇਖੋ ਸਭ ਦੀ ਨੀਤੀ, ਨਿਰੰਤਰ ਧਿਆਨ ਲਗਾਈਆ । ਚੜ੍ਹੇ ਰੰਗ ਨਾ ਕਿਸੇ ਮਜੀਠੀ, ਕੂੜ ਕਲਪਨਾ ਨਾਲ ਵਡਿਆਈਆ । ਕਾਇਆ ਹੋਵੇ ਨਾ ਠਾਂਡੀ ਸੀਤੀ, ਝਿਰਨਾ ਨਿਝਰ ਨਾ ਕੋਇ ਝਿਰਾਈਆ । ਧੁਰ ਦੀ ਦਿਸੇ ਨਾ ਕੋਇ ਬਗ਼ੀਚੀ, ਫੁੱਲ ਫੁਲਵਾੜੀ ਨਾ ਕੋਇ ਮਹਿਕਾਈਆ । ਪੁਰਖ ਅਕਾਲ ਮੇਰੇ ਸਾਹਿਬ ਮੈਨੂੰ ਕੀਤੀ ਬਖ਼ਸ਼ੀਸ਼ੀ, ਬਖ਼ਸ਼ਿਸ਼ ਕੂੜ ਕਿਰਿਆ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਰਾ ਸੰਗ ਨਿਭਾਈਆ । ਕਲਜੁਗ ਕਹੇ ਜਨ ਭਗਤੋ ਅੱਖਾਂ ਖੋਲ੍ਹ ਕੇ ਤਕੋ, ਤਕੋ ਖੇਲ ਅਥਾਹ । ਇਕ ਦੂਜੇ ਨੂੰ ਦੱਸੋ, ਬੋਲੋ ਸਹਿਜ ਸੁਭਾ । ਮੇਰੀ ਕਰਨੀ ਵੇਖ ਕੇ ਹੱਸੋ, ਦੋ ਹੱਥਾਂ ਤਾਲੀ ਵਜਾ । ਫੇਰ ਪ੍ਰਭ ਦੀ ਚਰਨੀ ਢੱਠੋ, ਸੀਸ ਜਗਦੀਸ ਝੁਕਾ । ਫੇਰ ਵੇਖੋ ਖੇਲ ਸਮਰਥੋ, ਕੀ ਕਰੇ ਬੇਪਰਵਾਹ । ਜਿਸ ਨੂੰ ਕਹਿੰਦੇ ਮਾਲਕ ਯੱਕੋ, ਵਾਹਿਦ ਵਾਹਿਦ ਨੂਰ ਖ਼ੁਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੱਚਾ ਪਾਤਸ਼ਾਹ । ਕਲਜੁਗ ਕਹੇ ਜਨ ਭਗਤੋ ਵੇਖੋ ਮੇਰੀ ਅੱਖ ਬਦਲੀ, ਨੈਣ ਨੈਣ ਮਟਕਾਈਆ । ਮੈਂ ਮਾਤਲੋਕ ਦਾ ਅਦਲੀ, ਇਨਸਾਫ਼ ਰਿਹਾ ਕਮਾਈਆ । ਮੇਲਾ ਰਹਿਣ ਨਹੀਂ ਦਿਤਾ ਪਤਿ ਪਤਨੀ, ਪਰਮੇਸ਼ਵਰ ਸਭ ਨੂੰ ਦੇਣਾ ਭੁਲਾਈਆ । ਅੰਤਮ ਪਤ ਕਿਸੇ ਨਹੀਂ ਰੱਖਣੀ, ਸਿਰ ਹੱਥ ਨਾ ਕੋਇ ਟਿਕਾਈਆ । ਮੈਂ ਨਵ ਸੱਤ ਲਾਉਣੀ ਅਗਨੀ, ਗ੍ਰਿਹਿ ਗ੍ਰਿਹਿ ਆਂਚ ਵਖਾਈਆ । ਮੇਰੀ ਜੋਤ ਇਕੋ ਜਗਣੀ, ਕੂੜ ਕੁੜਿਆਰੇ ਨਾਲ ਰਲਾਈਆ । ਨਹਾਵਣ ਦੇਣਾ ਨਹੀਂ ਕਿਸੇ ਨੂੰ ਪ੍ਰਭ ਚਰਨ ਧੂੜ ਮਜਨੀ, ਸਰੋਵਰ ਸਚ ਨਾ ਕੋਇ ਸੁਹਾਈਆ । ਝਗੜਾ ਪਾ ਕੇ ਪੰਜ ਤਤ ਕਾਇਆ ਬਦਨੀ, ਬਦਲਾ ਲੈਣਾ ਥਾਉਂ ਥਾਈਂਆ । ਤੁਸੀਂ ਸਾਰੇ ਹੋ ਜਾਓ ਬੇਵਤਨੀ, ਵਤਨ ਹੱਕ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਰਾ ਰੰਗ ਰੰਗਾਈਆ । ਭਗਤ ਕਹਿਣ ਕਲਜੁਗ ਕੀ ਕਹਿਣਾ, ਕੀ ਰਿਹਾ ਜਣਾਈਆ । ਕਲਜੁਗ ਕਹੇ ਉਠ ਵੇਖ ਲਓ ਆਪਣੇ ਨੈਣਾਂ, ਬਿਨ ਨੈਣਾਂ ਨੈਣ ਉਠਾਈਆ । ਧੁਰ ਦੇ ਹੁਕਮ ਦਾ ਵਹਿਣ ਵਹਿਣਾ, ਨਾ ਕੋਇ ਮੇਟੇ ਮੇਟ ਮਿਟਾਈਆ । ਨੇਤਰ ਰੋ ਕੇ ਉਠਿਆ ਕਬੀਰ ਜੁਲਾਹਿਆ ਨਾਈ ਸੈਣਾਂ, ਨਾਮਾ ਛੀਂਬਾ ਨਾਲ ਮਿਲਾਈਆ । ਰਵਦਾਸ

ਕਿਹਾ ਕੀ ਕਲੇਸ਼ ਕਲ ਪੈਣਾ, ਕਲਕਾਤੀ ਦੇ ਦ੍ਰਿੜਾਈਆ । ਕਲਜੁਗ ਨੇ ਹੱਸ ਕੇ ਕਿਹਾ ਮੇਰੀ ਕਰਨੀ ਨੇ ਰੂਪ ਧਰਨਾ ਡੈਣਾਂ, ਅਨੋਖਾ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੇਰੀ ਆਸਾ ਪੂਰ ਕਰਾਈਆ । ਭਗਤ ਕਹਿਣ ਕਲਜੁਗ ਉਹ ਵੇਖ ਨਾਨਕ ਆਉਂਦਾ ਭੱਜਾ, ਕਦਮ ਕਦਮ ਨਾਲ ਬਦਲਾਈਆ । ਕਲਜੁਗ ਕਢ ਕੇ ਹੱਥ ਸੱਜਾ, ਉਂਗਲਾਂ ਪੰਜੇ ਰਿਹਾ ਵਖਾਈਆ । ਨਾਨਕ ਉਚੀ ਕੂਕ ਸੁਣਾਇਆ ਟੱਪਾ, ਨਾਅਰਾ ਅਗੰਮ ਅਥਾਹੀਆ । ਮੈਂ ਸੂਰਬੀਰ ਬਹਾਦਰ ਜੁਗ ਚੌਕੜੀ ਟੇਕਾਂ ਮੱਥਾ, ਜੋਬਨਵੰਤ ਅਖਵਾਈਆ । ਤੂੰ ਅਵਤਾਰ ਪੈਗ਼ੰਬਰ ਗੁਰੂਆਂ ਭਗਤਾਂ ਕਰੇਂ ਇਕੱਠਾ, ਮਖ਼ੌਲ ਵਿਚ ਦੁਹਾਈਆ । ਕਿਸੇ ਨੂੰ ਗਾਂ ਖਵਾਈ ਕਿਸੇ ਨੂੰ ਸੂਰ ਖਵਾਇਆ ਕਿਸੇ ਨੂੰ ਵੱਛਾ ਕੱਟਾ, ਪੰਖੀ ਪੰਛੀਆਂ ਤਨਾਂ ਖੱਲ ਲੁਹਾਈਆ । ਓਏ ਤੈਨੂੰ ਪਤਾ ਨਹੀਂ ਤੂੰ ਵਸ ਪੈਣਾ ਉਸ ਸ਼ਬਦ ਧਾਰ ਧੁਰਦਰਗਾਹੀ ਜੱਟਾ, ਜਿਸ ਨੂੰ ਜਟਾ ਜੂਟ ਸਾਰੇ ਸੀਸ ਨਿਵਾਈਆ । ਜਿਸ ਦੇ ਹੁਕਮ ਅੰਦਰ ਕਮਲਿਆ ਤੇਰੀ ਆਯੂ ਹੋ ਜਾਣੀ ਬਟਾ, ਸਿਫ਼ਰ ਸਿਫ਼ਰ ਜ਼ੀਰੋ ਜ਼ੀਰੋ ਵਿਚ ਸਮਾਈਆ । ਉਠ ਵੇਖ ਸਾਹਿਬ ਸੁਲਤਾਨ ਸਮਰਥਾ, ਪਾਰਬ੍ਰਹਮ ਆਪਣਾ ਖੇਲ ਖਿਲਾਈਆ । ਕਲਜੁਗ ਨੇਤਰ ਖੋਲ੍ਹ ਅੱਖਾਂ, ਆਖ਼ਰ ਅੱਖਰ ਦਿਆਂ ਪੜ੍ਹਾਈਆ । ਜਿਸ ਨੇ ਤੇਰੀ ਮੇਟਣੀ ਸਫਾ, ਮਲੇਛਾਂ ਡੇਰਾ ਢਾਹੀਆ । ਸਾਰਾ ਚਾਰ ਜੁਗ ਦਾ ਲਹਿਣਾ ਕਰਨਾ ਰਫ਼ਾ, ਰਫ਼ਾਕਤ ਆਪਣੀ ਦੇ ਦ੍ਰਿੜਾਈਆ । ਉਸ ਦੇ ਕੋਲੋਂ ਬਿਨਾ ਭਗਤਾਂ ਤੋਂ ਖੱਟਣਾ ਕਿਸੇ ਨਹੀਂ ਨਫਾ, ਨੁਕਸਾਨ ਵਿਚ ਦੋ ਜਹਾਨ ਨਜ਼ਰੀ ਆਈਆ । ਆਹ ਵੇਖ ਢਹਿੰਦਾ ਮਦੀਨਾ ਮੱਕਾ, ਕਾਅਬੇ ਰਹੇ ਕੁਰਲਾਈਆ । ਓਹ ਵੇਖ ਮੁਕਦਾ ਬੂਰਾ ਕੱਕਾ, ਮੂਸਾ ਈਸਾ ਨੇਤਰ ਨੈਣਾਂ ਨੀਰ ਵਹਾਈਆ । ਓਹ ਵੇਖ ਜਿਨ੍ਹਾਂ ਇਕੋ ਤੇਰਾ ਨਾਮ ਜਪਾ, ਜਗਜੀਵਣ ਦਾਤਾ ਵੇਖ ਕੇ ਖ਼ੁਸ਼ੀ ਮਨਾਈਆ । ਓਹ ਵੇਖ ਸਤਿਜੁਗ ਚਲਦਾ ਰਥਾ, ਰਥਵਾਹੀ ਹੋ ਕੇ ਆਪਣਾ ਹੁਕਮ ਵਰਤਾਈਆ । ਓਹ ਵੇਖ ਤੂੰ ਮੇਰਾ ਮੈਂ ਤੇਰਾ ਹੁੰਦੀ ਕਥਾ, ਕਥਾ ਕਹਾਣੀ ਪਿਛਲੀ ਦਿਤੀ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਹੁਕਮ ਵਰਤਾਈਆ । ਨਾਨਕ ਕਹੇ ਕਲਜੁਗ ਉਠ ਵੇਖ ਟੱਪਦਾ ਅਖ਼ੀਰੀ, ਬਿਨ ਅੱਖਰਾਂ ਰਿਹਾ ਸੁਣਾਈਆ । ਜਿਸ ਨੇ ਸ਼ਰਅ ਦੀ ਤੋੜਨੀ ਜ਼ੰਜੀਰੀ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਰਹਿਣ ਦੇਣੀ ਨਹੀਂ ਮੀਰੀ ਪੀਰੀ, ਅਪਰੰਪਰ ਸਵਾਮੀ ਆਪਣਾ ਹੁਕਮ ਸੁਣਾਈਆ । ਕਮਲਿਆ ਮੈਂ ਵੀ ਆ ਗਿਆ ਅੱਜ ਤਕਦੀਰੀ, ਤਦਬੀਰ ਤੈਨੂੰ ਰਿਹਾ ਸਮਝਾਈਆ । ਨਾ ਕੋਈ ਪਾਤਸ਼ਾਹ ਨਾ ਕੋਈ ਵਜ਼ੀਰੀ, ਵਜ਼ਾਰਤ ਰਹਿਣ ਕੋਇ ਨਾ ਪਾਈਆ । ਨਾ ਕੋਈ ਚਾਰ ਜੁਗ ਦੀ ਪਿਛਲੀ ਚਲੇ ਪੀੜ੍ਹੀ, ਰੀਤ ਸਭ ਦੀ ਦੇਣੀ ਬਦਲਾਈਆ । ਲੇਖਾ ਮੁਕਾ ਕੇ ਸ਼ਾਹ ਹਕੀਕੀ, ਏਕਾ ਰੰਗ ਦੇਣਾ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਨਾਨਕ ਕਹੇ ਕਲਜੁਗ ਆਪਣਾ ਪਾ ਲੈ ਜ਼ੋਰ, ਜੋਰੂ ਜ਼ਰ ਵੇਖ ਵਖਾਈਆ । ਜਿਸ ਨੇ ਬਦਲ ਦੇਣੀ ਸਭ ਦੀ ਤੋਰ, ਤੁਰੀਆ ਤੋਂ ਪਰੇ ਆਪਣਾ ਹੁਕਮ ਸ਼ਨਵਾਈਆ । ਜ਼ਰਾ ਨਿਗਹ ਮਾਰ ਲੈ ਨਾਲ ਗ਼ੌਰ, ਗੋਰੂ ਹੋ ਕੇ ਵੇਖ ਵਖਾਈਆ । ਜਿਹੜੇ ਚਾਰ ਜੁਗ ਵਿਚ ਖਾਧੇ ਪਸ਼ੂ ਢੋਰ, ਮਾਨਵ ਮਾਨਵ ਮੁਖ ਮੁਖ ਨਾਲ ਬਦਲਾਈਆ । ਉਹ ਸਾਰੇ ਧਰਮ ਰਾਏ ਦੇ ਅੱਗੇ ਦੇਣੇ ਤੋਰ, ਅੱਗੇ ਹੋ ਨਾ ਕੋਇ ਅਟਕਾਈਆ । ਤੂੰ ਉਸ ਦਵਾਰੇ ਦਾ ਚੋਰ, ਜਿਥੇ ਠੱਗ ਚੋਰ ਬੈਠੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ ।



੬੬੫
੨੨

ਕਲਜੁਗ ਕਹੇ ਨਾਨਕ ਮੈਂ ਅੰਞਾਣਾ ਨਹੀਂ ਬੱਚਾ, ਸਚ ਦਿਆਂ ਸੁਣਾਈਆ । ਮੈਂ ਹੁਕਮੇ ਅੰਦਰ ਸੱਚਾ, ਪ੍ਰਭ ਸਾਚੇ ਦੀ ਸੇਵ ਕਮਾਈਆ । ਮੇਰਾ ਵਾਅਦਾ ਮੇਰਾ ਕੌਲ ਇਕਰਾਰ ਮੁਹੰਮਦ ਨਾਲ ਓਹ ਸਦੀ ਚੌਧਵੀਂ ਤੇਰਾ ਢਾਹੁਣਾ ਮਦੀਨਾ ਮੱਕਾ, ਕਾਅਬਿਆਂ ਵਿਚ ਤੇਰੇ ਨਾਮ ਦੀ ਪਏ ਦੁਹਾਈਆ । ਕੋਈ ਰਹਿਣ ਨਹੀਂ ਦੇਣਾ ਸਕਾ, ਸੱਜਣ ਮੀਤ ਨਾ ਕੋਇ ਅਖਵਾਈਆ । ਉਸ ਵੇਲੇ ਇਕੋ ਪੱਪਾ ਤੇ ਇਕੋ ਕੂੜ ਦਾ ਹੋਣਾ ਟੱਪਾ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਜਿਸ ਨੇ ਤੂੰ ਮੇਰਾ ਮੈਂ ਤੇਰਾ ਜਾਪ ਜਪਾ, ਤਿਸ ਨੂੰ ਮਿਲੇ ਮਾਤਲੋਕ ਵਿਚ ਵਡਿਆਈਆ । ਇਹ ਖੇਲ ਕਰੇ ਪੁਰਖ ਸਮਰਥਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਕਲਜੁਗ ਕਹੇ ਨਾਨਕ ਮੈਂ ਉਸ ਸਾਹਿਬ ਦਾ ਚਾਕਰ, ਚਾਕਰੀ ਸਚ ਕਮਾਈਆ । ਜਿਸ ਨੂੰ ਨਿਰਗੁਣ ਧਾਰ ਸਾਰੇ ਆਖਣ, ਰੂਪ ਰੰਗ ਰੇਖ ਨਾ ਕੋਇ ਦਰਸਾਈਆ । ਮੈਂ ਕੋਈ ਕੀਤਾ ਨਹੀਂ ਪਾਪਣ, ਹੁਕਮ ਮੰਨ ਕੇ ਝਟ ਲੰਘਾਈਆ । ਮੈਂ ਘਰ ਘਰ ਅੰਦਰ ਕੀਤਾ ਵਾਸਣ, ਵਿਸ਼ਿਆਂ ਵਿਚ ਕੀਤੀ ਲੋਕਾਈਆ । ਜਿਧਰ ਤਕੋ ਓਧਰ ਅੰਧੇਰੀ ਰਾਤਨ, ਸਾਚਾ ਚੰਦ ਨਾ ਕੋਇ ਚਮਕਾਈਆ । ਨਾ ਕੋਈ ਪੂਜਾ ਰਹੀ ਨਾ ਪਾਠਣ, ਹਿਰਦੇ ਹਰਿ ਨਾ ਕੋਇ ਵਸਾਈਆ । ਸਭ ਨੂੰ ਮਾਇਆ ਡੱਸੇ ਨਾਗਣ, ਅਗਨੀ ਅੱਗ ਤਪਾਈਆ । ਉਠ ਵੇਖ ਬਿਨਾ ਭਗਤਾਂ ਨਾਰ ਦਿਸੇ ਨਾ ਕੋਇ ਸੁਹਾਗਣ, ਆਤਮ ਪਰਮਾਤਮ ਕੰਤ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰਾਹ ਇਕ ਵਖਾਈਆ । ਨਾਨਕ ਕਹੇ ਕਲਜੁਗ ਕੀ ਆਪਣਾ ਆਪ ਰਿਹੋਂ ਚਿਤਾਰ, ਚਿੱਤਰ ਆਪਣਿਆਂ ਵੇਖ ਵਖਾਈਆ । ਕੀ ਆਪਣੇ ਸਿਫ਼ਤ ਦੀ ਕਰੇਂ ਗੁਫ਼ਤਾਰ, ਗੁਫ਼ਤ ਸ਼ਨੀਦ ਫੋਲ ਫੁਲਾਈਆ । ਕੀ ਆਪਣੇ ਜੁਗ ਦੀ ਤਕੇਂ ਰਫ਼ਤਾਰ, ਰਫ਼ਤਾ ਰਫ਼ਤਾ ਖੋਜ ਖੁਜਾਈਆ । ਕੀ ਹੁਕਮ ਦੱਸੇਂ ਆਪਣੀ ਸਰਕਾਰ, ਸ਼ਹਿਨਸ਼ਾਹ ਕੀ ਕਾਰ ਕਮਾਈਆ । ਓਹ ਜ਼ਰਾ ਉਠ ਵੇਖ ਔਹ ਗੋਬਿੰਦ ਦੇ ਖੰਡੇ ਦੀ ਧਾਰ, ਜਿਸ ਨੂੰ ਲੁਹਾਰ ਤਰਖਾਣ ਨਾ ਕੋਇ ਘੜਾਈਆ । ਉਹ ਪਰਗਟ ਹੋਇਆ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਜਿਸ ਦੇ ਅੱਗੇ ਬੈਠੇ ਸੀਸ ਨਿਵਾਈਆ । ਦੋ ਜਹਾਨਾਂ ਬਣ ਸ਼ਾਹ ਅਸਵਾਰ, ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨਾਂ ਭੱਜੇ ਵਾਹੋ ਦਾਹੀਆ । ਉਠ ਹੋ ਤਿਆਰ, ਤ੍ਰੈਗੁਣ ਅਤੀਤਾ ਤੇਰਾ ਲੇਖਾ ਵੇਖ ਵਖਾਈਆ । ਆਪਣਾ ਲਹਿਣਾ ਕੀਤੀ ਕਰਨੀ ਦਾ ਕਰਤਬ ਸਰਬ ਵਿਚਾਰ, ਵਿਚਰ ਕੇ ਦੇਣਾ ਸੁਣਾਈਆ । ਬੇਖ਼ਬਰਾ ਹੋ ਜਾ ਖ਼ਬਰਦਾਰ, ਖੁਆਬ ਵਿਚ ਵੇਖ ਮੈਂ ਆਪਣਾ ਆਪ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਕਲਜੁਗ ਕਹੇ ਨਾਰਦ ਮੈਂ ਨਹੀਂ ਕੋਈ ਭੋਲਾ ਭਾਲਾ, ਭਰਮ ਨਾ ਕੋਇ ਰਖਾਈਆ । ਮੈਨੂੰ ਹੁਕਮ ਦਿਤਾ ਅੱਲਾ ਤੁਆਲਾ, ਤਾਬਿਆ ਵਿਚ ਸੇਵ ਕਮਾਈਆ । ਮੈਂ ਸਦੀ ਚੌਧਵੀਂ ਮਾਰਨੀਆਂ ਛਾਲਾਂ, ਚੌਦਾਂ ਤਬਕ ਭੱਜਾਂ ਚਾਈਂ ਚਾਈਂਆ । ਮੈਂ ਸਭ ਦੇ ਕੋਲੋਂ ਮੰਗਣਾ ਹਾਲਾ, ਵਸੂਲੀ ਕਰਾਂ ਥਾਉਂ ਥਾਈਂਆ । ਮੇਰੀ ਕਰਨੀ ਵੇਖੀਂ ਸਭ ਦਾ ਮੂੰਹ ਕਰਨਾ ਕਾਲਾ, ਕਾਲਖ ਟਿੱਕਾ ਨਾ ਕੋਇ ਧਵਾਈਆ । ਮੈਂ ਦੀਨ ਮਜ਼੍ਹਬਾਂ ਦਾ ਕਢਣਾ ਦਿਵਾਲਾ, ਦਿਵਾਲੀਏ ਹੋ ਕੇ ਸਾਰੇ ਦੇਣ ਵਖਾਈਆ । ਮੈਂ ਸਭ ਨਾਲੋਂ ਹੁਕਮ ਮੰਨਣਾ ਬਾਹਲਾ, ਸਤਿਜੁਗ ਤ੍ਰੇਤਾ ਦੁਆਪਰ ਮੇਰੇ ਅੱਗੇ ਕਰ ਸਕੇ ਨਾ ਕੋਇ ਚਤੁਰਾਈਆ । ਮੈਂ ਫਲ ਰਹਿਣ ਨਹੀਂ ਦੇਣਾ ਕਿਸੇ ਡਾਲਾ, ਸਿੰਮਲ ਰੁੱਖ ਦੀਨ ਦੁਨੀ ਦੇਣੀ ਵਖਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰਾ ਸਗਲਾ ਸੰਗ ਨਿਭਾਈਆ । ਨਾਨਕ ਕਹੇ ਕਲਜੁਗ ਮੈਂ ਵੇਖੇ ਜੁਗ ਚੌਕੜੀ ਬੀਤਦੇ, ਪੂਰਬ ਧਿਆਨ ਲਗਾਈਆ । ਅੰਤਮ ਸਾਰੇ ਗਏ ਚੀਕਦੇ, ਨੇਤਰ ਨੈਣਾਂ ਨੀਰ ਵਹਾਈਆ । ਓ ਜਿਸ ਵਕਤ ਨੂੰ ਅਵਤਾਰ ਪੈਗ਼ੰਬਰ ਗੁਰੂ ਉਡੀਕਦੇ, ਬੈਠੇ ਅੱਖ ਖੁਲ੍ਹਾਈਆ । ਉਹ ਆਪਣਿਆਂ ਦੀਨਾਂ ਮਜ਼੍ਹਬਾਂ ਦੀ ਗੰਢ ਪੀਚਦੇ, ਜ਼ੋਰ ਜ਼ੋਰ ਨਾਲ ਖਿਚਾਈਆ । ਧਰਮ ਨਿਸ਼ਾਨੇ ਗਏ ਉਡੀਕਦੇ, ਸਿਫ਼ਤਾਂ ਵਿਚ ਕਰ ਕਰ ਸਿਫ਼ਤ ਸਾਲਾਹੀਆ । ਹੁਣ ਵੇਲੇ ਵਕਤ ਆ ਗਏ ਪ੍ਰਭੂ ਦੀ ਤਸਦੀਕ ਦੇ, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ । ਤੈਥੋਂ ਲੇਖੇ ਮੰਗਣ ਤੇਰੀ ਕਰਮ ਕਾਂਡ ਰਸੀਦ ਦੇ, ਹਰਫ਼ ਹਰੂਫ਼ ਨਾਲ ਮਿਲਾਈਆ । ਜ਼ਰਾ ਖੇਲ ਵੇਖ ਉਸ ਪ੍ਰੀਤਮ ਦੀ ਪ੍ਰੀਤ ਦੇ, ਜੋ ਪ੍ਰੇਮ ਵਿਚ ਲੇਖਾ ਸਭ ਦਾ ਦਏ ਚੁਕਾਈਆ । ਜਿਸ ਨੇ ਝਗੜੇ ਮੁਕਾਉਣੇ ਊਚ ਨੀਚ ਦੇ, ਨੀਚ ਊਚ ਏਕਾ ਰੰਗ ਰੰਗਾਈਆ । ਉਸ ਖੇਲ ਕਰਾਉਣੇ ਇਕੀਸ ਬੀਸ ਦੇ, ਬੀਸ ਬੀਸਾ ਆਪਣਾ ਹੁਕਮ ਵਰਤਾਈਆ । ਝਗੜੇ ਮੁਕਾਉਣੇ ਰਾਗ ਛਤੀਸ ਦੇ, ਛੱਤੀ ਜੁਗ ਦਾ ਡੇਰਾ ਢਾਹੀਆ । ਲੇਖੇ ਮੁਕਣੇ ਕੁਰਾਨ ਹਦੀਸ ਦੇ, ਹਜ਼ਰਤਾਂ ਤੋਂ ਪਰੇ ਕਰੇ ਪੜ੍ਹਾਈਆ । ਛੇਤੀ ਕਰ ਤੂੰ ਦੋਹਾਂ ਹੱਥਾਂ ਦੀਆਂ ਮੁੱਠਾਂ ਮੀਚ ਦੇ, ਖੁਲ੍ਹੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਕਲਜੁਗ ਕਹੇ ਨਾਨਕ ਮੈਂ ਬੜਾ ਚੰਗਾ ਸੁਚੱਜਾ, ਦੁਲਾਰਾ ਦੂਲ੍ਹਾ ਨਜ਼ਰੀ ਆਈਆ । ਮੈਂ ਪਵਿਤਰ ਰਹਿਣ ਨਹੀਂ ਦਿਤੀ ਕੋਈ ਜਗਹ, ਹਰ ਹਿਰਦਾ ਵੇਖ ਵਖਾਈਆ । ਜੀਵ ਜਹਾਨ ਬਣਾਇਆ ਕੱਗਾ, ਹੰਸ ਰੂਪ ਨਾ ਕੋਇ ਸਮਝਾਈਆ । ਕਿਸੇ ਦਾ ਵਸਣ ਨਹੀਂ ਦੇਣਾ ਅੱਗਾ, ਲੇਖਾ ਅਵਰ ਰਹੇ ਨਾ ਰਾਈਆ । ਜਿਸ ਗੋਬਿੰਦ ਨੂੰ ਸਿਫ਼ਤ ਵਾਲਾ ਲਾਇਆ ਗੱਗਾ, ਗਹਿਰ ਗੰਭੀਰ ਆਪਣੇ ਵਿਚ ਸਮਾਈਆ । ਜ਼ਰਾ ਸਭ ਦੀਆਂ ਵੇਖ ਚੜ੍ਹ ਕੇ ਉਪਰ ਸ਼ਾਹ ਰਗਾਂ, ਸ਼ਹਿਨਸ਼ਾਹ ਨਜ਼ਰ ਕੋਇ ਨਾ ਆਈਆ । ਧਰਮ ਦਾ ਰਿਹਾ ਕੋਇ ਨਾ ਤਗਾ, ਸ਼ਬਦੀ ਗੰਢ ਨਾ ਕੋਇ ਬੰਨ੍ਹਾਈਆ । ਕੂੜ ਕੁੜਿਆਰ ਘਰ ਘਰ ਮੇਰਾ ਅੱਡਾ, ਨਵ ਦਰ ਆਪਣਾ ਹੁਕਮ ਸੁਣਾਈਆ । ਮੈਂ ਧੁਰ ਦਾ ਸੇਵਕ ਆਪਣੇ ਆਪ ਦਾ ਪਿਆਰਾ ਤੇ ਸੱਚਾ, ਸਚ ਸਚ ਰਿਹਾ ਸੁਣਾਈਆ । ਮੈਂ ਵੀ ਚਾਹੁੰਦਾ ਸਭ ਦਾ ਭਾਂਡਾ ਭੰਨਣਾ ਕੱਚਾ, ਸਾਢੇ ਤਿੰਨ ਹੱਥ ਨਜ਼ਰੀਂ ਨਜ਼ਰ ਕੋਇ ਨਾ ਆਈਆ । ਝਗੜਾ ਮੁਕਾਉਣਾ ਅਵਤਾਰ ਪੈਗ਼ੰਬਰਾਂ ਗੁਰੂਆਂ ਚੱਚਾ, ਇਕੋ ਪਿਤਾ ਪੁਰਖ ਅਕਾਲ ਲੈਣਾ ਮਨਾਈਆ । ਮੈਨੂੰ ਸ਼ਬਦੀ ਹੁਕਮ ਵਿਚ ਸਾਰਾ ਦੇਵੇ ਪਤਾ, ਪਤਿਪਰਮੇਸ਼ਵਰ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਵਰਤਾਈਆ । ਨਾਨਕ ਕਹੇ ਕਲਜੁਗ ਨਾ ਦੇ ਵਡੀਆਂ ਦਲੀਲਾਂ, ਜਗਤ ਜੁਗਤ ਨਾ ਕੋਇ ਚਤੁਰਾਈਆ । ਧੁਰ ਮਾਲਕ ਨੇ ਹੁਣ ਸੁਣਨੀਆਂ ਨਹੀਂ ਅਪੀਲਾਂ, ਅਪਰੰਪਰ ਸਵਾਮੀ ਇਕੋ ਆਪਣਾ ਹੁਕਮ ਵਰਤਾਈਆ । ਲੋੜ ਰਹਿਣੀ ਨਹੀਂ ਕਿਸੇ ਵਕੀਲਾਂ, ਧਾਰਾ ਦੀਨ ਦੁਨੀ ਦੇਣੀ ਬਦਲਾਈਆ । ਝਗੜਾ ਪੈਣਾ ਉਤੇ ਜ਼ਮੀਨਾ, ਅਸਮਾਨਾਂ ਉਤੇ ਸਰਬ ਕੁਰਲਾਈਆ । ਓ ਮੂਰਖਾ ਤੂੰ ਬਣਿਉ ਰਿਹਾ ਕਮੀਨਾ, ਹੋਛੀ ਮਤ ਵਖਾਈਆ । ਤੇਰੇ ਵਿਚ ਸੱਚਾ ਸਾਹਿਬ ਕਿਸੇ ਨਹੀਂ ਚੀਨਾ, ਹਿਰਦੇ ਹਰਿ ਨਾ ਕੋਇ ਵਸਾਈਆ । ਕਲਜੁਗ ਹੱਸ ਕੇ ਕਿਹਾ ਨਾਨਕਾ ਮੈਨੂੰ ਸਲਾਮ ਕਰ ਤੇ ਕਹਿ ਆਮੀਨਾ, ਸੱਯਦਾ ਸੀਸ ਝੁਕਾਈਆ । ਉਠ ਵੇਖ ਮੇਰੇ ਵਿਚ ਪ੍ਰਭੂ ਦੇ ਭਗਤ ਉਹ ਨਗੀਨਾ, ਜਿਨ੍ਹਾਂ ਵੱਲ ਨਿਗਾਹ ਕਰ ਨਾ ਕੋਇ ਵਖਾਈਆ । ਜਿਨ੍ਹਾਂ ਦੇ ਵਸਿਆ ਹਰਿਮੰਦਰ ਹਰਿ ਚੀਨਾ,

ਹਰਿ ਆਪਣਾ ਡੇਰਾ ਲਾਈਆ । ਓਨ੍ਹਾਂ ਦੇ ਹੋ ਕੇ ਅਧੀਨਾ, ਹੁਕਮ ਵਿਚ ਭੱਜੇ ਚਾਈਂ ਚਾਈਂਆ । ਜਿਨ੍ਹਾਂ ਦਾ ਲੇਖਾ ਕਿਸੇ ਤੋਂ ਨਹੀਂ ਜਾਣਾ ਛੀਨਾ, ਅੱਗੇ ਹੋ ਨਾ ਕੋਇ ਅਟਕਾਈਆ । ਉਨ੍ਹਾਂ ਦਾ ਮਾਲਕ ਓਹ ਪਰਬੀਨਾ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਧਾਰ ਸ਼ਾਹ ਸਵਾਰ ਅਸਵ ਪਾਵੇ ਪਾਖਰ ਜ਼ੀਨਾ, ਜ਼ੀਨਾ ਜ਼ੀਨਾ ਵੇਖੇ ਖ਼ਲਕ ਖ਼ੁਦਾਈਆ ।

✪ ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਪਾਰੂ ਮਲ ਦੇ ਗ੍ਰਿਹ ਇਟਾਰਸੀ ✪

ਕਲਜੁਗ ਕਹੇ ਮੈਂ ਭਗਤਾਂ ਸਦਾ ਦਾਸ, ਨਿਮਰਤਾ ਵਿਚ ਸੀਸ ਨਿਵਾਈਆ । ਜਿਨ੍ਹਾਂ ਦੇ ਅੰਤਰ ਨਿਰੰਤਰ ਇਕ ਨਿਵਾਸ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਮੈਂ ਨਿਵ ਨਿਵ ਉਨ੍ਹਾਂ ਦਾ ਮੰਗਾਂ ਸਾਥ, ਸਗਲਾ ਸੰਗ ਬਣਾਈਆ । ਬੰਦਨਾ ਕਰਾਂ ਜੋੜ ਕੇ ਹਾਥ, ਡੰਡਾਵਤ ਵਿਚ ਰਾਮ ਦੁਹਾਈਆ । ਜੋ ਤੂੰ ਮੇਰਾ ਮੈਂ ਤੇਰਾ ਸੋਹੰ ਗਾਉਂਦੇ ਗਾਥ, ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਉਨ੍ਹਾਂ ਦਾ ਪੂਰਬ ਲਹਿਣਾ ਮਸਤਕ ਮਾਥ, ਜਨਮ ਜਨਮ ਦਾ ਲੇਖ ਸਮਝਾਈਆ । ਮੈਂ ਉਨ੍ਹਾਂ ਦਾ ਦਾਸ, ਸੇਵਕ ਚਾਕਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਕਰਤਾ ਰੂਪ ਦਰਸਾਈਆ । ਕਲਜੁਗ ਕਹੇ ਮੈਂ ਭਗਤਾਂ ਆਦਿ ਜੁਗਾਦੀ ਸੇਵਾਦਾਰ, ਦਰ ਦਰ ਸੇਵ ਕਮਾਈਆ । ਜਿਨ੍ਹਾਂ ਦੇ ਅੰਦਰ ਪ੍ਰਭੂ ਪਿਆਰ, ਪ੍ਰੀਤਮ ਮਿਲ ਕੇ ਵੱਜੀ ਵਧਾਈਆ । ਮੈਂ ਵੇਖਾਂ ਆਪਣੀ ਧਾਰ, ਜਗ ਨੇਤਰ ਨੈਣ ਨਾ ਕੋਇ ਉਠਾਈਆ । ਵੱਖਰਾ ਹੋ ਕੇ ਸਰਬ ਸੰਸਾਰ, ਸ੍ਰਿਸ਼ਟੀ ਦ੍ਰਿਸ਼ਟੀ ਤੋਂ ਬਾਹਰ ਆਪਣੀ ਕਾਰ ਕਮਾਈਆ । ਜਿਨ੍ਹਾਂ ਦਾ ਤਕਾਂ ਇਕੋ ਹਕੀਕੀ ਯਾਰ, ਹੱਕ ਨੂਰ ਖ਼ੁਦਾਈਆ । ਉਨ੍ਹਾਂ ਦਾ ਬਣ ਕੇ ਬਰਖ਼ੁਰਦਾਰ, ਬਦੀ ਦੇ ਵਿਚ ਕਦੇ ਨਾ ਆਈਆ । ਲਹਿਣਾ ਤਕ ਕੇ ਤਨ ਮਨਾਰ, ਸਾਢੇ ਤਿੰਨ ਹੱਥ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਕਲਜੁਗ ਕਹੇ ਭਗਤ ਆਦਿ ਪ੍ਰਭੂ ਦਾ ਮੀਤ, ਅੰਤ ਉਸੇ ਵਿਚ ਸਮਾਈਆ । ਜੋ ਹਿਰਦੇ ਰੱਖਦਾ ਚੀਤ, ਚਿਤਵਿਤ ਠਗੌਰੀ ਨਜ਼ਰ ਕੋਇ ਨਾ ਆਈਆ । ਪਾਰਬ੍ਰਹਮ ਪ੍ਰਭ ਗਾਏ ਅਗੰਮੜਾ ਗੀਤ, ਸੁਰਤ ਸ਼ਬਦ ਸ਼ਬਦ ਸਮਾਈਆ । ਅੰਦਰ ਪਵਿੱਤਰ ਕਰਕੇ ਨੀਤ, ਦੁਰਮਤ ਪਾਪਾਂ ਮੈਲ ਧਵਾਈਆ । ਉਨ੍ਹਾਂ ਵੇਖਾਂ ਕਾਇਆ ਠੰਡੀ ਸੀਤ, ਅਗਨੀ ਤਤ ਨਾ ਲਾਗੇ ਰਾਈਆ । ਝਗੜਾ ਛਡ ਮੰਦਰ ਮਸੀਤ, ਪਤਿਪਰਮੇਸ਼ਵਰ ਇਕੋ ਰਹੇ ਮਨਾਈਆ । ਲੇਖਾ ਰਹੇ ਊਚ ਨਾ ਨੀਚ, ਜ਼ਾਤ ਪਾਤ ਨਾ ਕੋਇ ਚਤੁਰਾਈਆ । ਮੇਰੀ ਸਦਾ ਸਦਾ ਸਦ ਉਨ੍ਹਾਂ ਅਸੀਸ, ਜੋ ਸਿਰ ਸਰ ਪ੍ਰਭ ਦੇ ਅੱਗੇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਦ੍ਰਿਸ਼ਟ ਅੰਤਰ ਅੰਤਰ ਜਾਏ ਜੀਤ, ਜਗਜੀਵਣ ਦਾਤਾ ਆਪਣਾ ਹੁਕਮ ਇਕ ਵਰਤਾਈਆ ।

## ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਸਦਨ ਮਲ ਕੌੜਾ ਮਲ ਦੇ ਗ੍ਰਿਹ ਇਟਾਰਸੀ

ਜਨ ਭਗਤ ਕਹੇ ਮੇਰੀ ਆਸਾ ਪੁੰਨੀ, ਪੂਰਨ ਬ੍ਰਹਮ ਭੇਵ ਖੁਲਾਈਆ । ਸ਼ਬਦੀ ਅਗੰਮੀ ਅਵਾਜ਼ ਸੁਣੀ, ਸੁਰਤ ਸਮਾਧੀ ਦਿਤੀ ਖੁਲ੍ਹਾਈਆ । ਨਾਮ ਨਿਧਾਨ ਅਗੰਮੀ ਵੱਜੀ ਧੁਨੀ, ਧੁਨ ਆਤਮਕ ਰਾਗ ਅਲਾਈਆ । ਮੰਜ਼ਲ ਮਿਲ ਗਈ ਉਪਰ ਰਿਖੀ ਮੁਨੀ, ਮੋਨ ਰਹਿਣ ਦੀ ਲੋੜ ਰਹੇ ਨਾ ਰਾਈਆ । ਝੂਠੀ ਦਿਸੀ ਦੀਨ ਦੁਨੀ, ਮਜ਼੍ਹਬ ਜ਼ਾਤ ਦਾ ਡੇਰਾ ਢਾਹੀਆ । ਪ੍ਰਕਾਸ਼ ਹੋਇਆ ਕਾਇਆ ਕੁੱਲੀ, ਕਾਅਬਿਆਂ ਪਰੇ ਰੁਸ਼ਨਾਈਆ । ਮਾਲਕ ਮਿਲਿਆ ਸੁਲਹ ਕੁਲੀ, ਕੁਲ ਮਾਲਕ ਬੇਪਰਵਾਹੀਆ । ਜਿਸ ਮੁਹੱਬਤ ਦਿਤੀ ਨਾਮ ਅਨਮੁੱਲੀ, ਕੀਮਤ ਹੱਟ ਨਾ ਕੋਇ ਲਗਾਈਆ । ਮੇਰੀ ਆਸ਼ਾ ਫਲੀ ਫੁੱਲੀ, ਪੱਤ ਟਹਿਣੀ ਮਾਤ ਮਹਿਕਾਈਆ । ਮੇਰੀ ਸੁਰਤ ਰਹੇ ਨਾ ਭੁੱਲੀ, ਅਭੁੱਲ ਲਈ ਜਗਾਈਆ । ਅੰਮ੍ਰਿਤ ਪੀਣਾ ਪਿਆ ਨਾ ਚੁੱਲੀ, ਨਿਝਰ ਝਿਰਨਾ ਦਿਤਾ ਝਿਰਾਈਆ । ਮੇਰੀ ਕਲਪਣਾ ਮਾਤਲੋਕ ਮੂਲ ਨਾ ਰੁਲੀ, ਚੁਰਾਸੀ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਜਨ ਭਗਤ ਕਹੇ ਮੇਰਾ ਪੂਰਾ ਹੋਇਆ ਭਰਵਾਸਾ, ਭਰਮ ਰਿਹਾ ਨਾ ਰਾਈਆ । ਘਰ ਮਿਲਿਆ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤਾ ਦਇਆ ਕਮਾਈਆ । ਜਿਸ ਮਾਨਸ ਜਨਮ ਕੀਤਾ ਰਹਿਰਾਸਾ, ਰਹਿਮਤ ਆਪਣਾ ਨਾਮ ਕਮਾਈਆ । ਭਾਗ ਲਗਾ ਕੇ ਕਾਇਆ ਕਾਸਾ, ਕਿਸਮਤ ਕਿਸਮਤ ਵਿਚੋਂ ਬਦਲਾਈਆ । ਚਰਨ ਕਵਲ ਕਵਲ ਚਰਨ ਕਰਕੇ ਦਾਸੀ ਦਾਸਾ, ਸੇਵਕ ਸੇਵਾ ਸਚ ਸਮਝਾਈਆ । ਆਤਮ ਪਰਮਾਤਮ ਜੋੜ ਕੇ ਨਾਤਾ, ਜੁਗ ਜਨਮ ਦੇ ਵਿਛੜੇ ਆਪ ਮਿਲਾਈਆ । ਹਰਿ ਸੰਗਤ ਬਣਾ ਕੇ ਭੈਣ ਭਰਾਤਾ, ਪ੍ਰੇਮ ਮੁਹੱਬਤ ਇਕ ਸਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਇਕ ਵਰ, ਇਕ ਇਕ ਦਰਸਾਈਆ । ਜਨ ਭਗਤ ਕਹੇ ਮੇਰਾ ਪੂਰਾ ਹੋਇਆ ਜੋਗ, ਜੁਗਤੀ ਅਵਰ ਰਹੀ ਨਾ ਰਾਈਆ । ਪੁਰਖ ਅਬਿਨਾਸ਼ੀ ਕੀਤਾ ਸਚ ਸੰਜੋਗ, ਵਿਛੋੜਾ ਵਿਛੋੜੇ ਵਿਚੋਂ ਕਟਾਈਆ । ਆਤਮ ਪਰਮਾਤਮ ਕਰਕੇ ਭੋਗ, ਭਸਮੜ ਆਪਣਾ ਰੰਗ ਰੰਗਾਈਆ । ਲੇਖਾ ਮੁਕਾ ਕੇ ਲੋਕ ਪਰਲੋਕ, ਸਚ ਦਵਾਰ ਦਿਤੀ ਸਰਨਾਈਆ । ਤੂੰ ਮੇਰਾ ਮੈਂ ਤੇਰਾ ਦੱਸ ਸਲੋਕ, ਜਗਤ ਵਿਦਿਆ ਡੇਰਾ ਢਾਹੀਆ । ਨਿਰਮਲ ਨੂਰ ਜਗਾ ਕੇ ਜੋਤ, ਅੰਧ ਅੰਧੇਰਾ ਦਿਤਾ ਗਵਾਈਆ । ਏਕੰਕਾਰ ਇਕੋ ਦੱਸ ਕੇ ਓਟ, ਓੜਕ ਆਪਣੇ ਨਾਲ ਮਿਲਾਈਆ । ਲੇਖਾ ਮੁਕਾ ਕੇ ਜਨਮ ਕੋਟੀ ਕੋਟ, ਕੰਚਨ ਗੜ੍ਹ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧਰਮ ਦਵਾਰ ਇਕ ਵਖਾਈਆ । ਜਨ ਭਗਤ ਕਹੇ ਮੋਹੇ ਚਾਉ ਘਨੇਰਾ, ਘਨਈਆ ਮਿਲਿਆ ਧੁਰਦਰਗਾਹੀਆ । ਜਿਸ ਨੇ ਭੇਵ ਚੁਕਾਇਆ ਸੰਝ ਸਵੇਰਾ, ਦਿਵਸ ਰੈਣ ਨਾ ਕੋਇ ਵਡਿਆਈਆ । ਮਾਇਆ ਮੋਹ ਮਿਟਾਇਆ ਅੰਧੇਰਾ, ਨਿਰਗੁਣ ਨੂਰ ਕਰ ਰੁਸ਼ਨਾਈਆ । ਇਕੋ ਘਰ ਦਰਸਾਇਆ ਗੁਰੂ ਗੁਰ ਚੇਰਾ, ਚੇਲਾ ਗੁਰ ਇਕ ਘਰ ਬਣਾਈਆ । ਹਉਮੇ ਹੰਗਤਾ ਢਾਹ ਕੇ ਡੇਰਾ, ਡੰਡਾਵਤ ਇਕੋ ਦਿਤੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲਾ ਭਗਤਾਂ ਬੰਨ੍ਹੇ ਬੇੜਾ, ਬੇੜਾ ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ ।

## ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਜਸਵੰਤ ਸਿੰਘ ਦੇ ਗ੍ਰਿਹ ਇਟਾਰਸੀ

ਜਨ ਭਗਤ ਕਹਿਣ ਪ੍ਰਭ ਤੇਰਾ ਸਚ ਦਰਬਾਰਾ, ਦਰਗਹ ਸਾਚੀ ਸਚਖੰਡ ਸੋਭਾ ਪਾਈਆ । ਜਿਥੇ ਅਗੰਮ ਨੂਰ ਉਜਿਆਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਬਿਨ ਸੀਸ ਜਗਦੀਸ ਝੁਕਦੇ ਗੁਰ ਅਵਤਾਰਾ, ਪੈਗ਼ੰਬਰ ਸੱਯਦਿਆਂ ਵਿਚ ਸੋਭਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰਾ, ਨਿਰਗੁਣ ਧਾਰ ਤੇਰੀ ਸੇਵ ਕਮਾਈਆ । ਏਕਾ ਸ਼ਬਦ ਸਤਿਗੁਰੂ ਤੇਰਾ ਜੈ ਜੈਕਾਰਾ, ਦੂਜਾ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਅਪਰੰਪਰ ਤੇਰਾ ਖੇਲ ਅਪਾਰਾ, ਪਾਰਬ੍ਰਹਮ ਪ੍ਰਭ ਤੇਰੀ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਬੀਤਿਆ ਵਿਚ ਸੰਸਾਰਾ, ਦੀਨ ਦਿਆਲੇ ਪਰਵਰਦਿਗਾਰ ਆਪਣਾ ਪੰਧ ਮੁਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਚਾਰ ਕੁੰਟ ਦਹਿ ਦਿਸ਼ਾ ਵੇਖ ਧੂੰਆਂਧਾਰਾ, ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਸਚ ਸਵਾਮੀ ਸਾਚਾ ਦਿਸੇ ਨਾ ਕੋਇ ਦਵਾਰਾ, ਦਰ ਦਰ ਘਰ ਘਰ ਅੰਧ ਅੰਧੇਰਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਜਨ ਭਗਤ ਕਹਿਣ ਪ੍ਰਭੂ ਤੇਰਾ ਸਾਚਾ ਖੰਡ, ਸਚ ਸਚ ਸੋਭਾ ਪਾਈਆ । ਨਿਗਾਹ ਮਾਰ ਆਪਣੇ ਵਿਚ ਬ੍ਰਹਿਮੰਡ, ਬ੍ਰਹਿਮਾਦ ਖੋਜ ਖੁਜਾਈਆ । ਵੇਖ ਖੇਲ ਸੂਰੀਆ ਚੰਦ, ਮੰਡਲ ਮੰਡਪ ਡੇਰਾ ਲਾਈਆ । ਜੋ ਦੀਨ ਦੁਨੀ ਦਿਤੀ ਵੰਡ, ਮਾਨਵ ਮਾਨਵ ਹਿੱਸੇ ਮਾਤ ਰਖਾਈਆ । ਜਗਤ ਦੀ ਧਾਰ ਬਣਾ ਕੇ ਕੰਧ, ਦਵੈਤ ਦੂਈ ਵਾਲੀ ਰਖਾਈਆ । ਮਨ ਮਨੂਆ ਕਰੇ ਜੰਗ, ਕੂੜੀ ਕਿਰਿਆ ਸ਼ਸਤਰ ਹੱਥ ਉਠਾਈਆ । ਸਦੀ ਚੌਧਵੀਂ ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਤੇਰੇ ਪਿਆਰ ਨਾਲੋਂ ਹੋਈ ਰੰਡ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਦਰ ਠਾਂਡਾ ਤੇਰਾ ਰਹੇ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਤੇਰਾ ਨਾਮ ਕਲਮਾ ਦੇਵੇ ਕੇਹੜਾ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਕੇਹੜਾ ਢੋਲਾ ਗੀਤ ਗਾਈਏ ਛੰਦ, ਕਵਣ ਅੱਖਰ ਅੱਖਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਭੇਵ ਅਭੇਦਾ ਅੰਤ ਖੁਲ੍ਹਾਈਆ । ਜਨ ਭਗਤ ਕਹਿਣ ਪ੍ਰਭੂ ਤੇਰਾ ਦਰਬਾਰ ਸੁਹੰਜਣਾ, ਸੋਭਾਵੰਤ ਸੁਹਾਏ । ਪੁਰਖ ਵੇਖ ਆਦਿ ਨਿਰੰਜਣਾ, ਨਿਰਗੁਣ ਨੂਰ ਕਰ ਰੁਸ਼ਨਾਏ । ਮਾਤਲੋਕ ਰਿਹਾ ਨਾ ਕੋਇ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਨਾ ਕੋਇ ਕਰਾਏ । ਸਾਚਾ ਨਾਮ ਮਿਲੇ ਨਾ ਅੰਜਣਾ, ਅੰਧ ਅੰਧੇਰ ਨਾ ਕੋਇ ਮਿਟਾਏ । ਕੂੜੀ ਕਿਰਿਆ ਵਿਚ ਕਲਜੁਗ ਸਦੀ ਚੌਧਵੀਂ ਵੰਞਣਾ, ਵੰਝ ਮੁਹਾਣਾ ਦਏ ਸਮਝਾਏ । ਸਤਿ ਦਵਾਰ ਤੇਰੀ ਮੰਜ਼ੂਰ ਹੋਏ ਬੰਦਨਾ, ਡੰਡਾਵਤ ਸੱਯਦਾ ਨਾ ਕੋਇ ਵਡਿਆਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਸੀਸ ਨਿਵਾਏ । ਜਨ ਭਗਤ ਕਹਿਣ ਪ੍ਰਭ ਤੇਰਾ ਦਵਾਰਾ ਸਚ, ਸਚ ਮਿਲੇ ਵਡਿਆਈਆ । ਉਠ ਵੇਖ ਕਾਇਆ ਮਾਟੀ ਕੱਚ, ਪੰਜ ਤਤ ਫੋਲ ਫੁਲਾਈਆ । ਨੌਂ ਖੰਡ ਪ੍ਰਿਥਮੀ ਨੌਂ ਦਵਾਰੇ ਰਹੀ ਨੱਚ, ਨਵ ਰਸ ਨਾਲ ਦੁਹਾਈਆ । ਤੇਰਾ ਰੂਪ ਅਨੂਪ ਦਿਸੇ ਕਿਸੇ ਨਾ ਸਤਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਤੇਰਾ ਭੇਵ ਨਾ ਕੋਇ ਖੁਲ੍ਹਾਈਆ । ਜਿਧਰ ਤਕੀਏ ਓਧਰ ਮਨ ਮਤ, ਗੁਰਮਤ ਸਾਰੇ ਗਏ ਭੁਲਾਈਆ । ਨਾੜ ਬਹੱਤਰ ਉਬਲੇ ਰੱਤ, ਹਾਡੀ ਤਿੰਨ ਸੌ ਸੱਠ ਸੱਠ ਕੁਰਲਾਈਆ । ਤੇਰਾ ਨੂਰ ਜ਼ਹੂਰ ਮਿਲੇ ਨਾ ਕਿਸੇ ਉਪਰ ਸ਼ਾਹ ਰਗ, ਸ਼ਹਿਨਸ਼ਾਹ ਤੇਰਾ ਦਰਸ ਕੋਇ ਨਾ ਪਾਈਆ । ਕੂੜ ਕਲਪਨਾ ਸਾਰੇ ਰਹੇ ਭੱਜ, ਭਜਨ ਬੰਦਗੀ ਵਿਚ ਨਾ ਕੋਇ ਸਮਾਈਆ । ਤੇਰੀ ਆਤਮ ਪਰਮਾਤਮ ਤੇਰੇ ਨਾਲੋਂ

ਹੋਈ ਅੱਡ, ਗ੍ਰਿਹ ਮੰਦਰ ਮਿਲਣ ਕੋਇ ਨਾ ਪਾਈਆ । ਤੇਰੀ ਮੰਜ਼ਲ ਸਾਰੇ ਗਏ ਛਡ, ਨਾਤਾ ਜੁੜਿਆ ਕੂੜ ਲੋਕਾਈਆ । ਤੇਰਾ ਨਾਮ ਖ਼ੁਮਾਰੀ ਪੀਏ ਕੋਇ ਨਾ ਮਧ, ਮਧੁਰ ਧੁਨ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮੇਲਾ ਲਏ ਮਿਲਾਈਆ । ਜਨ ਭਗਤ ਕਹਿਣ ਤੇਰਾ ਦਰਬਾਰਾ ਚੰਗਾ, ਸਾਹਿਬ ਤੇਰੀ ਸਰਨਾਈਆ । ਕਲਜੁਗ ਕੂੜੀ ਕਿਰਿਆ ਲਹਿਰ ਵੇਖ ਧਾਰ ਗੰਗਾ, ਗੋਦਾਵਰੀ ਜਮਨਾ ਸੁਰਸਤੀ ਬੈਠੀ ਨੈਣ ਸ਼ਰਮਾਈਆ । ਮਾਨਵ ਮਾਨਸ ਮਾਨੁਖ ਨੇਤਰ ਨੈਣ ਹੀਣ ਹੋਇਆ ਅੰਧਾ, ਨਿਜ ਨੇਤਰ ਲੋਚਨ ਨੈਣ ਅੱਖ ਨਾ ਕੋਇ ਖੁਲ੍ਹਾਈਆ । ਮਨ ਮਨਸਾ ਵਿਚ ਗੰਦਾ, ਬੁਧ ਬਿਬੇਕ ਨਾ ਕੋਇ ਕਰਾਈਆ । ਸਦੀ ਚੌਧਵੀਂ ਲੇਖਾ ਤਕ ਤਾਰਾ ਚੰਦਾ, ਮੁਹੰਮਦ ਚਾਰ ਯਾਰੀ ਨਾਲ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਜਨ ਭਗਤ ਕਹਿਣ ਤੇਰਾ ਦਰਬਾਰਾ ਅਗੰਮ ਅਥਾਹ, ਅਥਾਹ ਤੇਰੀ ਵਡਿਆਈਆ । ਕਲਜੁਗ ਅੰਤਮ ਦਿਸੇ ਨਾ ਕੋਇ ਮਲਾਹ, ਬੇੜਾ ਕੰਧ ਨਾ ਕੋਇ ਉਠਾਈਆ । ਸਾਰੇ ਤੇਰੇ ਨਾਮ ਕਲਮੇ ਦੀ ਦੇਂਦੇ ਸਦਾ, ਸਿਫ਼ਤਾਂ ਵਾਲੇ ਢੋਲੇ ਗਾਈਆ । ਅੱਗੇ ਹੋ ਕੇ ਪਕੜੇ ਕੋਇ ਨਾ ਬਾਂਹ, ਦੋ ਜਹਾਨਾਂ ਪੰਧ ਨਾ ਕੋਇ ਚੁਕਾਈਆ । ਜਿਧਰ ਤਕੀਏ ਝਗੜਾ ਸੂਰ ਗਾਂ, ਧਰਮ ਦੀ ਧਾਰ ਰੂਪ ਨਾ ਕੋਇ ਦਰਸਾਈਆ । ਕਲਜੁਗ ਜੀਵਾਂ ਬੁੱਧੀ ਹੋਈ ਕਾਂ, ਕਾਗ ਵਾਂਗ ਸਰਬ ਕੁਰਲਾਈਆ । ਤੇਰੇ ਪਿਆਰ ਮੁਹੱਬਤ ਵਿਚ ਮਿਲੇ ਕੋਇ ਨਾ ਥਾਂ, ਥਾਨ ਥਨੰਤਰ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਦਰ ਤੇਰੇ ਸੀਸ ਨਿਵਾਈਆ । ਜਨ ਭਗਤ ਕਹਿਣ ਤੇਰਾ ਦਰਬਾਰਾ ਉਚ ਅਗੰਮਾ, ਹਰਿ ਅਗੰਮ ਤੇਰੀ ਵਡਿਆਈਆ । ਉਠ ਵੇਖ ਖੇਲ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਇਸ਼ਟੀ ਫੋਲ ਫੁਲਾਈਆ । ਤੇਰਾ ਪਿਆਰ ਰਿਹਾ ਨਾ ਪਵਣ ਸਵਾਸੀ ਦਮਾ, ਦਾਮਨਗੀਰ ਨਾ ਕੋਇ ਅਖਵਾਈਆ । ਸਦੀ ਚੌਧਵੀਂ ਬਦਲ ਦੇ ਸਮਾਂ, ਸਮਾਪਤ ਕਰ ਕੂੜ ਖ਼ਲਕ ਖ਼ੁਦਾਈਆ । ਅਗਲਾ ਹੁਕਮ ਦੇ ਨਵਾਂ, ਨਵ ਜੋਬਨ ਤੇਰੀ ਬੇਪਰਵਾਹੀਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਰਹੇ ਕੋਇ ਨਾ ਤਮਾਂ, ਤਾਮਸਗੀਰੀ ਦੇਣੀ ਗਵਾਈਆ । ਝਗੜਾ ਮੁਕਾ ਦੇ ਹਉਂ ਹਮਾਂ, ਹੰਕਾਰ ਵਿਕਾਰ ਦੇਣਾ ਮਿਟਾਈਆ । ਸਤਿਜੁਗ ਸੱਦ ਜਗਾ ਦੇ ਸ਼ਮਾਂ, ਨੂਰ ਜੋਤ ਕਰ ਰੁਸ਼ਨਾਈਆ । ਕਲਪਨਾ ਰਹੇ ਕੂੜ ਨਾ ਮਨਾਂ, ਬੁੱਧੀ ਬੁੱਧੀ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਜਨ ਭਗਤ ਸੁਹੇਲੇ ਝੋਲੀ ਡਾਹੀਆ । ਜਨ ਭਗਤ ਸੁਹੇਲੇ ਕਹਿਣ ਪ੍ਰਭੂ ਤੇਰਾ ਦਰਬਾਰਾ ਸਚਾ, ਸਚ ਸਚ ਤੇਰੀ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਸੰਦੇਸ਼ਾ ਦੇ ਕੇ ਗਏ ਸਚ ਹੱਕਾ, ਹਕੀਕਤ ਇਕ ਇਕ ਦ੍ਰਿੜਾਈਆ । ਅੰਤਮ ਸਭ ਦਾ ਪੈਂਡਾ ਮੁਕਾ, ਲੇਖਾ ਅਵਰ ਰਿਹਾ ਨਾ ਰਾਈਆ । ਕਿਰਪਾ ਨਿਧਾਨ ਸਾਹਿਬ ਸਵਾਮੀ ਆਦਿ ਅੰਤ ਬੇਅੰਤਾ, ਬੇਅੰਤ ਤੇਰੀ ਬੇਪਰਵਾਹੀਆ । ਨਿਰਗੁਣ ਧਾਰ ਮੇਲ ਸਾਚੇ ਕੰਤਾ, ਕੰਤ ਕੰਤੂਹਲ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਜਨ ਭਗਤ ਕਹਿਣ ਸਾਡੀ ਅਰਜ਼ੋਈ, ਅਰਜ਼ ਬੇਨੰਤੀ ਇਕ ਸੁਣਾਈਆ । ਕਲਜੁਗ ਮਿਲੇ ਕਿਸੇ ਨਾ ਢੋਈ, ਧਰਮ ਦੀ ਧਾਰ ਨਾ ਕੋਇ ਜਣਾਈਆ । ਸੁਰਤੀ ਕਿਸੇ (ਉਠੇ) ਮੂਲ ਨਾ ਸੋਈ, ਸ਼ਬਦੀ ਚੋਟ ਨਾ ਕੋਇ ਲਗਾਈਆ । ਜਗਤ ਦੁਹਾਗਣ ਬਣ ਕੇ ਰੋਈ, ਬਿਨ ਨੈਣਾਂ ਨੀਰ ਵਹਾਈਆ । ਪਤ ਸਭ ਦੀ


੬੭੧
੨੨

ਗਈ ਖੋਹੀ, ਓਢਣ ਸੀਸ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਸਚ ਵਰ, ਦਰ ਆਪਣਾ ਵੇਖ ਵਖਾਈਆ । ਜਨ ਭਗਤ ਕਹਿਣ ਸਾਡੀ ਇਕ ਇਕ ਅਰਦਾਸ, ਬੇਨੰਤੀ ਸਚ ਸੁਣਾਈਆ । ਸਤਿਗੁਰ ਸ਼ਬਦ ਸ਼ਬਦ ਵਸਣਾ ਪਾਸ, ਪਾਸਾ ਦੀਨ ਦੁਨੀ ਉਲਟਾਈਆ । ਲੇਖੇ ਲਾਉਣਾ ਸਵਾਸ ਸਵਾਸ, ਸਾਹ ਸਾਹ ਆਪਣੇ ਰੰਗ ਰੰਗਾਈਆ । ਭੇਵ ਖੋਲ੍ਹਣਾ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਡੇਰਾ ਢਾਈਆ । ਨਿਰਗੁਣ ਨੂਰ ਕਰ ਪ੍ਰਕਾਸ਼, ਜੋਤੀ ਜਾਤੇ ਨਜ਼ਰੀ ਆਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਚ ਚੰਦ ਚਮਕਾਈਆ । ਚਾਰ ਵਰਨ ਅਠਾਰਾਂ ਬਰਨ ਬਣਾ ਇਕ ਜਮਾਤ, ਜੁਮਲਾ ਅੱਖਰ ਇਕ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਹੋਵੇ ਗਾਥ, ਢੋਲਾ ਦੱਸਣਾ ਸਿਫ਼ਤ ਸਾਲਾਹੀਆ । ਝਗੜਾ ਮੁਕਾ ਕੇ ਲੋਕਮਾਤ, ਮਾਤਰ ਭੂਮੀ ਰੰਗ ਰੰਗਾਈਆ । ਤੇਰਾ ਦਰਸ ਕਰੀਏ ਇਕਾਂਤ, ਇਕ ਗ੍ਰਿਹਿ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਪੁਰਖ ਅਕਾਲ ਦਇਆ ਕਮਾਉਂਦਾ ਏ । ਸ਼ਬਦ ਅਗੰਮੀ ਇਕ ਸੁਣਾਉਂਦਾ ਏ । ਭੇਵ ਅਭੇਦਾ ਆਪ ਖੁਲ੍ਹਾਉਂਦਾ ਏ । ਅਛਲ ਅਛੇਦਾ ਵੇਸ ਵਟਾਉਂਦਾ ਏ । ਚਾਰੇ ਵੇਦਾਂ ਵੇਖ ਵਖਾਉਂਦਾ ਏ । ਪੁਰਾਨ ਅਠਾਰਾਂ ਖੋਜ ਖੁਜਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਉਂਦਾ ਏ । ਸਚ ਦਾ ਪੜਦਾ ਆਪ ਚੁਕਾਵਾਂਗਾ । ਨਿਰਗੁਣ ਨੂਰ ਜੋਤ ਚਮਕਾਵਾਂਗਾ । ਜੋਤੀ ਜਾਤਾ ਡਗਮਗਾਵਾਂਗਾ । ਨਿਰਗੁਣ ਸਰਗੁਣ ਖੇਲ ਖਿਲਾਵਾਂਗਾ । ਲੱਖ ਚੁਰਾਸੀ ਖੇਲ ਖਿਲਾਵਾਂਗਾ । ਗੁਰ ਅਵਤਾਰ ਪੈਗ਼ੰਬਰ ਕੋਲ ਬਹਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਵਾਂਗਾ । ਕਲਜੁਗ ਕੂੜਾ ਪਕੜ ਉਠਾਵਾਂਗਾ । ਦੋ ਜਹਾਨਾਂ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਵਾਂਗਾ । ਸਚ ਸੰਦੇਸ਼ਾ ਇਕ ਸੁਣਾਏਗਾ । ਦੀਨ ਦਿਆਲ ਦਇਆ ਕਮਾਏਗਾ । ਜੋਤੀ ਜਾਤਾ ਡਗਮਗਾਏਗਾ । ਕਲਜੁਗ ਕੂੜਾ ਵੇਖ ਵਖਾਏਗਾ । ਪ੍ਰਭੂ ਦੀ ਧਾਰ ਇਕ ਪਰਗਟਾਏਗਾ । ਨਿਰਗੁਣ ਨੂਰ ਜੋਤ ਰੁਸ਼ਨਾਏਗਾ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਭੇਵ ਖੁਲ੍ਹਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਏਗਾ । ਸਚ ਕਰਨੀ ਕਾਰ ਕਮਾਵਾਂਗਾ । ਬੋਧ ਅਗਾਧਾ ਭੇਵ ਖੁਲ੍ਹਾਵਾਂਗਾ । ਸਦੀ ਚੌਧਵੀਂ ਵੰਡ ਵੰਡਾਵਾਂਗਾ । ਮੁਹੰਮਦ ਲੇਖਾ ਝੋਲੀ ਪਾਵਾਂਗਾ । ਅਗਲਾ ਹੁਕਮ ਹੁਕਮ ਪਰਗਟਾਵਾਂਗਾ । ਦੀਨ ਦੁਨੀ ਆਪ ਸਮਝਾਵਾਂਗਾ । ਰਿਸ਼ੀ ਮੁਨੀ ਮੁਨੀਸ਼ਰ ਆਪ ਉਠਾਵਾਂਗਾ । ਧੁਰ ਸੰਦੇਸ਼ਾ ਨਰ ਨਰੇਸ਼ਾ ਹੋ ਕੇ ਇਕ ਸੁਣਾਵਾਂਗਾ । ਜੋ ਆਦਿ ਜੁਗਾਦੀ ਰਹੇ ਹਮੇਸ਼ਾ, ਸੋ ਪੁਰਖ ਅਬਿਨਾਸ਼ੀ ਰੂਪ ਧਰਾਵਾਂਗਾ । ਭਗਤ ਉਧਾਰਨਾ ਜਿਸ ਦਾ ਪੇਸ਼ਾ, ਪੇਸ਼ਤਰ ਆਪਣਾ ਪੜਦਾ ਲਾਹਵਾਂਗਾ । ਸਚ ਸਵਾਮੀ ਹੋ ਕੇ ਦੇਵਾਂ ਸੰਦੇਸ਼ਾ, ਫ਼ਰਮਾਨਾ ਇਕੋ ਇਕ ਸੁਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡਾ ਇਕ ਦਰਸਾਵਾਂਗਾ । ਦਰ ਠਾਂਡਾ ਇਕ ਪਰਗਟਾਏਗਾ । ਨਿਰਗੁਣ ਨੂਰ ਜੋਤ ਰੁਸ਼ਨਾਏਗਾ । ਪਾਰਬ੍ਰਹਮ ਪ੍ਰਭ ਵੇਸ ਵਟਾਏਗਾ । ਦੇਸ ਪਰਦੇਸ ਖੋਜ ਖੁਜਾਏਗਾ । ਨਰ ਨਰਾਇਣ ਨਰੇਸ਼ ਇਕ ਅਖਵਾਏਗਾ । ਜਨ ਭਗਤਾਂ ਕਰ ਕੇ ਹੇਤ, ਹਿਤਕਾਰੀ ਮੇਲ ਮਿਲਾਏਗਾ । ਦਰਸ਼ਨ ਦੇ ਕੇ ਨੇਤਨ ਨੇਤ, ਨਿਜ ਨੇਤਰ ਅੱਖ ਖੁਲ੍ਹਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ

ਮਾਰਗ ਲਾਏਗਾ । ਸਚ ਮਾਰਗ ਇਕ ਲਗਾਵਾਂਗਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਹੁਕਮ ਮਨਾਵਾਂਗਾ । ਮਾਨਵ ਜ਼ਾਤੀ ਆਪ ਉਠਾਵਾਂਗਾ । ਸ਼ਬਦ ਅਨਾਦੀ ਨਾਦ ਸੁਣਾਵਾਂਗਾ । ਨਿਰਗੁਣ ਜੋਤੀ ਜੋਤ ਜਗਾਵਾਂਗਾ । ਸੋਈ ਸੁਰਤੀ ਆਪ ਉਠਾਵਾਂਗਾ । ਗੁਰ ਅਵਤਾਰ ਪੈਗ਼ੰਬਰਾਂ ਲਹਿਣਾ ਲੇਖਾ ਪੂਰ ਕਰਾਵਾਂਗਾ । ਆਤਮ ਪਰਮਾਤਮ ਰਚ ਸਵੰਬਰ, ਸੋਹਣਾ ਜੋੜਾ ਜਗਤ ਜੁੜਾਵਾਂਗਾ । ਕਲਜੁਗ ਕੂੜ ਮੇਟ ਅਡੰਬਰ, ਸਤਿਜੁਗ ਸਤਿ ਸਤਿ ਵਰਤਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਇਕੋ ਇਕ ਖੁਲ੍ਹਾਵਾਂਗਾ । ਦਰ ਇਕੋ ਇਕ ਖੁਲ੍ਹਾਏਗਾ । ਸੋ ਪੁਰਖ ਨਿਰੰਜਣ ਦਇਆ ਕਮਾਏਗਾ । ਹਰਿ ਪੁਰਖ ਨਿਰੰਜਣ ਵੇਖ ਵਖਾਏਗਾ । ਆਦਿ ਨਿਰੰਜਣ ਸੋਭਾ ਪਾਏਗਾ । ਇਕ ਏਕੰਕਾਰ ਰੰਗ ਰੰਗਾਏਗਾ । ਅਬਿਨਾਸ਼ੀ ਕਰਤਾ ਪੜਦਾ ਲਾਹੇਗਾ । ਸ੍ਰੀ ਭਗਵਾਨ ਡੰਕ ਵਜਾਏਗਾ । ਪਾਰਬ੍ਰਹਮ ਪ੍ਰਭ ਵੇਸ ਵਟਾਏਗਾ । ਬ੍ਰਹਮ ਆਪਣਾ ਸੰਗ ਰਖਾਏਗਾ । ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਏਗਾ । ਗੁਰ ਅਵਤਾਰ ਪੈਗ਼ੰਬਰ ਨਿਉਂ ਨਿਉਂ ਸੀਸ ਝੁਕਾਏਗਾ । ਭਗਤ ਭਗਵਾਨ ਮੇਲ ਮਿਲਾਏਗਾ । ਸ਼ਬਦ ਨਿਸ਼ਾਨ ਇਕ ਝੁਲਾਏਗਾ । ਨੌਂ ਖੰਡ ਪ੍ਰਿਥਮੀ ਸੱਤ ਦੀਪ, ਧੁਰ ਦਾ ਹੁਕਮ ਇਕ ਵਰਤਾਏਗਾ । ਤੂੰ ਮੇਰਾ ਮੈਂ ਤੇਰਾ ਲੇਖਾ ਮੁਕਾ ਕੇ ਮੰਦਰ ਮਸੀਤ, ਕਾਇਆ ਕਾਅਬਾ ਇਕ ਵਡਿਆਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਆਪ ਮਿਲਾਏਗਾ । ਸਚ ਮੇਲਾ ਮੇਲ ਮਿਲਾਵਾਂਗਾ । ਬਿਨ ਤੇਲ ਬਾਤੀ ਜੋਤ ਰੁਸ਼ਨਾਵਾਂਗਾ । ਬਿਨ ਵਰਨ ਗੋਤੀ ਗੋਤ ਚਲਾਵਾਂਗਾ । ਸਭ ਦੀ ਚੜ੍ਹ ਕੇ ਚੋਟੀ, ਚੋਟ ਸ਼ਬਦ ਨਾਮ ਲਗਾਵਾਂਗਾ । ਜਿਸ ਨੂੰ ਲੱਭਦੇ ਕੋਟਨ ਕੋਟੀ, ਉਹ ਭਗਤ ਸੁਹੇਲੇ ਵੇਖ ਵਖਾਵਾਂਗਾ । ਝਗੜਾ ਕਰ ਕੇ ਗੋਸ਼ਟ ਗੋਸ਼ਟੀ, ਹਉਮੇ ਹੰਗਤਾ ਜੜ੍ਹ ਉਖੜਾਵਾਂਗਾ । ਨਾਮ ਸੁਣਾ ਕੇ ਇਕ ਸਲੋਕੀ, ਸੋਹਲਾ ਧੁਰ ਦਾ ਇਕ ਸੁਣਾਵਾਂਗਾ । ਏਥੇ ਓਥੇ ਦੋ ਜਹਾਨਾਂ ਬਖ਼ਸ਼ ਕੇ ਓਟੀ, ਓੜਕ ਇਕੋ ਰੰਗ ਰੰਗਾਵਾਂਗਾ । ਰਸਨਾ ਰਹਿਣ ਦੇਵਾਂ ਨਾ ਕਿਸੇ ਦੀ ਖੋਟੀ, ਖੋਟੇ ਖਰੇ ਸਰਬ ਬਣਾਵਾਂਗਾ । ਭਗਤ ਸੁਹੇਲੇ ਬਣਾ ਕੇ ਮਾਣਕ ਮੋਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਪਣੀ ਕਾਰ ਕਮਾਵਾਂਗਾ । ਸਚ ਆਪਣੀ ਕਾਰ ਕਮਾਏਗਾ । ਸੋ ਪੁਰਖ ਨਿਰੰਜਣ ਦਇਆ ਕਮਾਏਗਾ । ਗ੍ਰਿਹਿ ਮੰਦਰ ਫੋਲ ਫੁਲਾਏਗਾ । ਤਨ ਮੰਦਰ ਪੜਦਾ ਲਾਹੇਗਾ । ਮਮਤਾ ਮੋਹ ਵਿਕਾਰ ਜੰਦਰ ਆਪ ਤੁੜਾਏਗਾ । ਭਾਗ ਲਗਾ ਕੇ ਮੇਰੀ ਕੰਦਰ, ਦੀਪਕ ਜੋਤੀ ਜੋਤ ਰੁਸ਼ਨਾਏਗਾ । ਭਗਤ ਦੂਜੇ ਘਰ ਨਾ ਜਾਏ ਮੰਗਣ, ਵਸਤ ਅਗੰਮ ਨਾਲ ਝੋਲੀ ਭਰਾਏਗਾ । ਦੂਈ ਦਵੈਤੀ ਢਾਹ ਕੇ ਕੰਧਨ, ਦਰ ਸਾਚਾ ਇਕ ਸੁਹਾਏਗਾ । ਤੂੰ ਮੇਰਾ ਤੇ ਮੈਂ ਤੇਰਾ ਇਹੋ ਨਾਮ ਤੇ ਇਹੋ ਬੰਦਨ, ਸੱਯਦਾ ਸਚ ਸਚ ਸਮਝਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰਾਹ ਵਖਾਏਗਾ । ਜਨ ਭਗਤ ਕਹਿਣ ਪ੍ਰਭ ਹਉਂ ਦਾਸੀ ਦਾਸ ਤੇਰੇ, ਤ੍ਰੈਗੁਣ ਡੇਰਾ ਢਾਹੀਆ । ਘਰ ਸਵਾਮੀ ਵਸਣਾ ਨੇੜੇ, ਦੂਰ ਦੁਰਾਡਾ ਪੰਧ ਚੁਕਾਈਆ । ਕੂੜ ਕਲਪਨਾ ਰਹਿਣ ਨਾ ਦੇਵੇ ਝੇੜੇ, ਝਗੜਾ ਦੇਣਾ ਮੁਕਾਈਆ । ਚੁਰਾਸੀ ਕਟ ਕਟ ਕੇ ਗੇੜੇ, ਚਾਰੇ ਖਾਣੀ ਡੇਰਾ ਢਾਹੀਆ । ਜੋ ਸੁਤ ਦੁਲਾਰੇ ਬਣ ਗਏ ਤੇਰੇ, ਤੇਰੇ ਵਿਚ ਸਮਾਈਆ । ਉਨ੍ਹਾਂ ਲੇਖਾ ਮੁਕਾ ਦੇ ਗੁਰੂ ਗੁਰ ਚੇਰੇ, ਚੇਲਾ ਗੁਰ ਆਪ ਹੋ ਆਈਆ । ਇਕੋ ਵਾਰ ਨਿਰੰਕਾਰ ਚਾੜ੍ਹ ਲੈ ਬੇੜੇ, ਦੂਜੀ ਨਈਆ ਦੀ ਲੋੜ ਰਹੇ ਨਾ ਰਾਈਆ । ਸਤਿਜੁਗ ਸਚ ਵਸਾ ਲੈ ਆਪਣੇ ਖੇੜੇ, ਜਿਥੇ ਖੰਡਾ ਖੜਗ ਨਾ ਕੋਇ ਚਮਕਾਈਆ । ਦੀਨ ਮਜ਼੍ਹਬ ਦੇ ਦਿਸਣ ਕੋਇ ਨਾ ਝੇੜੇ,

ਝਗੜਾ ਸ਼ਰਅ ਨਾ ਕੋਇ ਲੜਾਈਆ । ਤੇਰੇ ਚਰਨ ਕਵਲ ਕਵਲ ਹੋਣ ਪ੍ਰਭ ਤੇਰੇ, ਗ੍ਰਹਿ ਇਕੋ ਸੋਭਾ ਪਾਈਆ । ਮੁੜ ਕੇ ਮਾਤਲੋਕ ਮਾਰਨੇ ਪੈਣ ਨਾ ਫੇਰੇ, ਫਿਰਤ ਫਿਰਤ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਚ ਮਿਲੇ ਸਰਨਾਈਆ । ਜਨ ਭਗਤ ਕਹਿਣ ਪ੍ਰਭ ਅਸੀਂ ਤੇਰੇ ਬਣੇ ਬਾਲਕ, ਬਾਲੇ ਨੰਨ੍ਹੇ ਰੂਪ ਧਰਾਈਆ । ਤੂੰ ਸ੍ਰਿਸ਼ਟ ਸਬਾਈ ਖ਼ਾਲਕ, ਤੇਰੇ ਹੱਥ ਵਡਿਆਈਆ । ਏਥੇ ਉਥੇ ਦੋ ਜਹਾਨਾਂ ਮਾਲਕ, ਮਿਹਰਵਾਨ ਤੇਰੀ ਓਟ ਤਕਾਈਆ । ਬਿਨ ਤੇਰੇ ਸਾਡਾ ਅਵਰ ਕੋਇ ਨਾ ਸਾਲਸ, ਸੁਲਹਕੁਲ ਤੇਰੀ ਇਕ ਸਰਨਾਈਆ । ਸਾਡੀ ਕੂੜ ਕਲਪਨਾ ਮੇਟ ਦੇ ਆਦਤ, ਅਦਲ ਇਨਸਾਫ਼ ਇਕ ਕਮਾਈਆ । ਤੇਰੇ ਨਾਮ ਦੀ ਕਰੀਏ ਇਬਾਦਤ, ਕਲਮਾ ਇਕੋ ਦੇਣਾ ਪੜ੍ਹਾਈਆ । ਆਪਣੀ ਬਖ਼ਸ਼ਿਸ਼ ਕਰ ਸਖ਼ਾਵਤ, ਸੁਖ਼ਨ ਪਿਛਲੇ ਪੂਰ ਕਰਾਈਆ । ਸਾਡੀ ਆਤਮਾ ਤੇਰੀ ਅਮਾਨਤ, ਅਮਾਨਤ ਆਪਣੀ ਝੋਲੀ ਲੈ ਟਿਕਾਈਆ । ਸਾਚਾ ਨਾਮ ਨਿਧਾਨਾ ਗੁਣ ਨਿਧਾਨਾ (ਦੇ) ਨਿਆਮਤ, ਰਸ ਇਕੋ ਇਕ ਵਖਾਈਆ । ਮਨ ਮਨੂਆ ਕਰੇ ਨਾ ਕੋਇ ਬਗ਼ਾਵਤ, ਝਗੜਾ ਅਵਰ ਰਹੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਪੁਰਖ ਅਕਾਲ ਕਹੇ ਜਨ ਭਗਤੋ ਸੁਣੋ ਆਪ, ਹਰਿ ਆਪਣਾ ਭੇਵ ਖੁਲ੍ਹਾਈਆ । ਇਕੋ ਧੁਰ ਦਾ ਮੰਨੋ ਬਾਪ, ਪਿਤਾ ਪੁਰਖ ਅਕਾਲ ਵਡਿਆਈਆ । ਇਕੋ ਧੁਰ ਦਾ ਕਰੋ ਜਾਪ, ਤੂੰ ਮੇਰਾ ਮੈਂ ਤੇਰਾ ਸਬਕ ਪੜ੍ਹਾਈਆ । ਇਕੋ ਆਤਮ ਪਰਮਾਤਮ ਬਣੋ ਸਾਕ, ਦੂਜਾ ਸੰਗ ਨਾ ਕੋਇ ਰਖਾਈਆ । ਇਕੋ ਵੇਖੋ ਧੁਰ ਦਾ ਵਾਕ, ਸੋ ਸੰਦੇਸ਼ਾ ਹੱਕ ਸੁਣਾਈਆ । ਇਕੋ ਨੂਰ ਇਕੋ ਬਣੋ ਜ਼ਾਤ, ਅਜ਼ਾਤੀ ਡੇਰਾ ਦੇਣਾ ਢਾਹੀਆ । ਇਕੋ ਅੰਤਰ ਰੱਖੋ ਖ਼ਾਹਿਸ਼, ਪ੍ਰਭ ਮੇਲਾ ਸਹਿਜ ਸੁਭਾਈਆ । ਇਕੋ ਗ੍ਰਹਿ ਕਰੋ ਵਿਸ਼ਵਾਸ਼, ਜੋ ਵਿਸ਼ਿਆਂ ਦਾ ਡੇਰਾ ਢਾਹੀਆ । ਇਕੋ ਵਿਕੋ ਹਾਟ, ਦੂਜੇ ਹੱਟ ਨਾ ਕੋਇ ਵਿਕਾਈਆ । ਇਕੋ ਵੇਖੋ ਪੁਰਖ ਅਬਿਨਾਸ਼, ਜੋ ਜਨਮ ਮਰਨ ਵਿਚ ਨਾ ਆਈਆ । ਸੋ ਆਪੇ ਮੇਟੇ ਅੰਧੇਰੀ ਰਾਤ, ਕਲਜੁਗ ਕੂੜੀ ਕਿਰਿਆ ਡੇਰਾ ਢਾਹੀਆ । ਪਰਗਟ ਹੋ ਕੇ ਦਰਸ਼ਨ ਦੇਵੇ ਸਾਖਿਆਤ, ਸਚ ਸਵਾਮੀ ਸੋਭਾ ਪਾਈਆ । ਜਿਸ ਦਾ ਲੇਖਾ ਲਿਖ ਸਕੇ ਨਾ ਕੋਇ ਕਲਮ ਦਵਾਤ, ਕਾਗ਼ਜ਼ ਸਿਫ਼ਤ ਨਾ ਕੋਇ ਸਾਲਾਹੀਆ । ਸੋ ਵਸੇ ਤੁਹਾਡੇ ਪਾਸ, ਸਚ ਦਵਾਰੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਪੁਰਖ ਅਕਾਲ ਕਹੇ ਜਨ ਭਗਤੋ ਰੱਖ ਲਓ ਓਟ, ਓੜਕ ਇਕ ਸਰਨਾਈਆ । ਜੋ ਕਾਇਆ ਅੰਦਰੋਂ ਕਢੇ ਖੋਟ, ਖੋਟੇ ਖਰੇ ਦਏ ਬਣਾਈਆ । ਨਾਮ ਸ਼ਬਦ ਦੀ ਲਾ ਕੇ ਚੋਟ, ਚੋਟੀ ਚੜ੍ਹ ਕੇ ਵੇਖ ਵਖਾਈਆ । ਨਿਰਗੁਣ ਨੂਰ ਜਗਾ ਕੇ ਜੋਤ, ਅੰਧ ਅੰਧੇਰਾ ਦਏ ਮਿਟਾਈਆ । ਜਿਥੇ ਮਨ ਬੁੱਧੀ ਦੀ ਰਹੀ ਨਹੀਂ ਸੋਚ, ਸੋ ਅਨਭਵ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਨਾਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਵਿਚ ਸਭ ਦੀ ਹੋਈ ਲੋਚ, ਲੋਚਾ ਅਵਰ ਰਹੇ ਨਾ ਰਾਈਆ ।

## ✪ ੨੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਹਰਬੰਸ ਸਿੰਘ ਦੇ ਗ੍ਰਿਹ ਗੁੜਗਾਉਂ ✪

ਜਨ ਭਗਤ ਕਹਿਣ ਪ੍ਰਭ ਕਿਰਪਾ ਕਰ ਅਗੰਮ, ਅਗੰਮੜੇ ਆਪਣੀ ਦਇਆ ਕਮਾਈਆ । ਭਾਗ ਲਗਾ ਦੇ ਕਾਇਆ ਮਾਟੀ ਚੰਮ, ਪੰਜ ਤਤ ਚੰਮ ਦ੍ਰਿਸ਼ਟੀ ਦੇ ਬਦਲਾਈਆ । ਪਵਣ ਸਵਾਸੀ ਜਪੀਏ ਜਾਪ ਦਮ, ਦਾਮਨਗੀਰ ਹੋ ਕੇ ਦਇਆ ਕਮਾਈਆ । ਕਲਜੁਗ ਹਰਖ ਸੋਗ ਮੇਟ ਦੇ ਗ਼ਮ, ਚਿੰਤਾ ਚਿਖਾ ਨਾ ਕੋਇ ਜਲਾਈਆ । ਕੂੜ ਵਿਕਾਰ ਰਹੇ ਨਾ ਤਮ, ਤ੍ਰਿਸ਼ਨਾ ਮੋਹ ਦੇਣਾ ਮਿਟਾਈਆ । ਦਹਿ ਦਿਸ਼ਾ ਨਾ ਭਟਕੇ ਮਨ, ਸੁਰਤੀ ਸ਼ਬਦ ਨਾਲ ਜੁੜਾਈਆ । ਜੋਤ ਪ੍ਰਕਾਸ਼ ਦੇ ਚੰਨ, ਅੰਧ ਅੰਧੇਰ ਦੇ ਗਵਾਈਆ । ਜਗਤ ਜੁਗਤ ਦਾ ਬੇੜਾ ਦੇ ਬੰਨ੍ਹ, ਜਗਤ ਧਾਰ ਨਾ ਕੋਇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਆਪਣੀ ਦਇਆ ਕਮਾਈਆ । ਜਨ ਭਗਤ ਕਹਿਣ ਕਿਰਪਾ ਕਰ ਧੁਰ ਦੇ ਠਾਕਰ, ਠੋਕਰ ਆਪਣਾ ਨਾਮ ਲਗਾਈਆ । ਨਿਰਮਲ ਕਰਮ ਕਰ ਉਜਾਗਰ, ਦੁਰਮਤ ਮੈਲ ਮੈਲ ਧਵਾਈਆ । ਪੜਦਾ ਲਾਹ ਦੇ ਕਾਇਆ ਗਾਗਰ, ਗਹਿਰ ਗੰਭੀਰ ਵੇਖ ਵਖਾਈਆ । ਭਵਰੀ ਰਹੇ ਕੋਇ ਨਾ ਸਾਗਰ, ਜਗਤ ਭਵਰ ਪਾਰ ਕਰਾਈਆ । ਸਚ ਨਾਮ ਬਣਾ ਸੌਦਾਗਰ, ਵਣਜ ਇਕੋ ਇਕ ਵਖਾਈਆ । ਤੂੰ ਕਰਤਾ ਕਰੀਮ ਕਾਦਰ, ਦਰ ਤੇਰੇ ਅਲਖ ਜਗਾਈਆ । ਦਰ ਘਰ ਸਾਚੇ ਦੇ ਆਦਰ, ਚਰਨ ਕਵਲ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਨਾਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਯੋਧਾ ਸੂਰਬੀਰ ਸ਼ਬਦ ਸ਼ਬਦ ਗੁਰ ਬਹਾਦਰ, ਭੈ ਆਪਣਾ ਇਕ ਵਖਾਈਆ ।



## ✪ ੨੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਸੇਵਾ ਸਿੰਘ ਦੇ ਗ੍ਰਿਹ ਗੁੜਗਾਉਂ ✪

ਜਨ ਭਗਤ ਕਹਿਣ ਪ੍ਰਭ ਕਿਰਪਾ ਕਰ ਅਪਾਰ, ਅਪਰੰਪਰ ਆਪਣੀ ਦਇਆ ਕਮਾਈਆ । ਕਲਜੁਗ ਕੂੜੀ ਕਿਰਿਆ ਨਾ ਕਰੇ ਖ਼ੁਆਰ, ਮੋਹ ਵਿਕਾਰ ਨਾ ਕੋਇ ਹਲਕਾਈਆ । ਸਾਚਾ ਨਾਮ ਧੁੰਨ ਦੇ ਧੁੰਨਕਾਰ, ਅਨਹਦ ਨਾਦੀ ਨਾਦ ਸੁਣਾਈਆ । ਅੰਮ੍ਰਿਤ ਝਿਰਨਾ ਝਿਰਾ ਠੰਡਾ ਠਾਰ, ਬੂੰਦ ਸਵਾਂਤੀ ਦੇ ਝਿਰਾਈਆ । ਨਿਰਮਲ ਨੂਰ ਜੋਤ ਕਰ ਉਜਿਆਰ, ਬਿਨ ਤੇਲ ਬਾਤੀ ਹੋਵੇ ਰੁਸ਼ਨਾਈਆ । ਸਾਚੇ ਮੰਦਰ ਖੋਲ੍ਹ ਦਵਾਰ, ਘਰ ਘਰ ਪੜਦਾ ਦੇ ਉਠਾਈਆ । ਆਤਮ ਪਰਮਾਤਮ ਮੇਲਾ ਘਰ ਮੀਤ ਮੁਰਾਰ, ਹਰਿ ਸੱਜਣ ਸਹਿਜ ਸੁਭਾਈਆ । ਸਚ ਦਵਾਰ ਏਕੰਕਾਰ ਤੇਰਾ ਦਰਸ ਹੋਵੇ ਦੀਦਾਰ, ਦੂਸਰ ਨਜ਼ਰ ਕੋਇ ਨਾ ਆਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਕਿਰਪਾ ਧਾਰ, ਪਾਰਬ੍ਰਹਮ ਬ੍ਰਹਮ ਮਿਹਰ ਨਜ਼ਰ ਉਠਾਈਆ । ਜਨ ਭਗਤ ਕਹਿਣ ਸਾਡੀ ਨਿਵ ਨਿਵ ਨਮੋਂ ਨਮੋਂ ਨਿਮਸਕਾਰ, ਸੱਯਦਾ ਸੀਸ ਜਗਦੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਜਨ ਭਗਤ ਕਹਿਣ ਪ੍ਰਭ ਧੁਰ ਦਾ ਦੇ ਦੇ ਨਾਮ ਭੰਡਾਰਾ, ਜਗਤ ਮੰਗਣ ਦੀ ਲੋੜ ਰਹੇ ਨਾ ਰਾਈਆ । ਸ਼ਬਦ ਸੁਣਾ ਦੇ ਅਗੰਮ ਅਪਾਰਾ, ਜਿਸ ਨੂੰ ਚਾਰ ਜੁਗ ਦੇ ਸ਼ਾਸਤਰ ਕਹਿਣ ਕੋਇ ਨਾ ਪਾਈਆ । ਸਾਹਿਬ ਸਵਾਮੀ ਅੰਤਰਜਾਮੀ ਘਰ ਅੰਦਰ ਵਖਾ ਦਰਬਾਰਾ, ਦਰਗਹ ਸਾਚੀ ਸਚਖੰਡ ਦਵਾਰ ਇਕ ਜਣਾਈਆ । ਜਿਥੇ ਆਦਿ ਅੰਤ ਜੁਗਾ ਜੁਗੰਤ ਤੇਰਾ ਨੂਰ ਜੋਤ

ਉਜਿਆਰਾ, ਜੋਤੀ ਜਾਤਾ ਡਗਮਗਾਈਆ । ਸੋ ਪੁਰਖ ਨਿਰੰਜਣ ਦਰ ਮੰਗੀਏ ਏਕਾ ਵਾਰਾ, ਬੇਨੰਤੀ ਇਕ ਇਕ ਸੁਣਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧਿਆਰਾ, ਅੰਧ ਆਤਮ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਈਆ । ਜਨ ਭਗਤ ਕਹਿਣ ਪ੍ਰਭ ਸਾਚੇ ਨਾਮ ਦੀ ਭਰ ਦੇ ਝੋਲੀ, ਝੂਲਾ ਦੋ ਜਹਾਨ ਝੁਲਾਈਆ । ਆਤਮ ਪਰਮਾਤਮ ਦੱਸ ਦੇ ਬੋਲੀ, ਅਨਬੋਲਤ ਆਪਣਾ ਰਾਗ ਦ੍ਰਿੜਾਈਆ । ਤੇਰੇ ਪ੍ਰੇਮ ਦੀ ਖੇਲੀਏ ਹੋਲੀ, ਲਾਲ ਗੁਲਾਲਾ ਰੰਗ ਚੜ੍ਹਾਈਆ । ਉਲਟੀ ਕਰ ਦੇ ਨਾਭ ਦੀ ਕਵਲੀ, ਕਵਲ ਕਵਲਾ ਰੂਪ ਦਰਸਾਈਆ । ਸੁਰਤੀ ਰਹੇ ਕਿਸੇ ਨਾ ਬਵਲੀ, ਬੁਧ ਬਿਬੇਕ ਦੇਣੀ ਬਣਾਈਆ । ਸਾਡੀ ਆਸ਼ਾ ਕੋਝੀ ਕਮਲੀ, ਕਾਮਲ ਮੁਰਸ਼ਦ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨੂਰ ਅਲਾਹੀ ਅਵਲੀ, ਅਮਲਾਂ ਤੋਂ ਰਹਿਤ ਤੇਰੀ ਬੇਪਰਵਾਹੀਆ ।




## ੨੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਰੇਸ਼ਮ ਸਿੰਘ ਦੇ ਗ੍ਰਿਹ ਮੇਰਠ ਛਾਉਣੀ

ਜਨ ਭਗਤ ਕਹਿਣ ਪ੍ਰਭੂ ਕਲਜੁਗ ਬੜਾ ਠੱਗ, ਘਰ ਘਰ ਠਗੌਰੀ ਪਾਈਆ । ਸਾਢੇ ਤਿੰਨ ਹੱਥ ਪੰਜ ਤਤ ਲਾ ਕੇ ਅੱਗ, ਸਰਗੁਣ ਤਤ ਰਿਹਾ ਜਲਾਈਆ । ਚੜ੍ਹਨਾ ਮਿਲੇ ਨਾ ਕਿਸੇ ਉਪਰ ਸ਼ਾਹ ਰਗ, ਜੀਵ ਜੰਤ ਸਾਧ ਸੰਤ ਰਹੇ ਕੁਰਲਾਈਆ । ਨਿਝਰ ਝਿਰਨਾ ਬੂੰਦ ਸਵਾਂਤੀ ਅੰਮ੍ਰਿਤ ਮਿਲੇ ਕਿਸੇ ਨਾ ਰਸ, ਕਵਲੀ ਕਵਲ ਨਾ ਕੋਇ ਉਲਟਾਈਆ । ਧੁਨ ਆਤਮਕ ਸ਼ਬਦ ਸੁਣੇ ਕੋਇ ਨਾ ਨਦ, ਅਨਹਦ ਨਾਦੀ ਨਾਦ ਨਾ ਕੋਇ ਸ਼ਨਵਾਈਆ । ਹੰਸ ਰੂਪ ਹੋਏ ਕਗ, ਤੇਰਾ ਨਾਮ ਮਾਣਕ ਮੋਤੀ ਚੋਗ ਨਾ ਕੋਇ ਚੁਗਾਈਆ । ਤਿੰਨ ਸੌ ਸੱਠ ਖ਼ਾਲੀ ਦਿਸੇ ਹੱਡ, ਨਾੜ ਬਹੱਤਰ ਨਾ ਵੱਜੇ ਵਧਾਈਆ । ਤੇਰੀ ਆਤਮਾ ਤੇਰੇ ਨਾਲੋਂ ਕੀਤੀ ਅੱਡ, ਗ੍ਰਿਹ ਗ੍ਰਿਹ ਮਿਲਣ ਕੋਇ ਨਾ ਪਾਈਆ । ਸਾਹਿਬ ਸੁਲਤਾਨ ਨੌਜਵਾਨ ਸਾਰੇ ਤੈਨੂੰ ਰਹੇ ਸੱਦ, ਸੱਦਾ ਹੋਕਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਸੀਸ ਨਿਵਾਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰਾ ਸੁਤ ਦੁਲਾਰਾ, ਜੋਬਨਵੰਤਾ ਸੋਭਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਪਾਵਾਂ ਸਾਰਾ, ਇਸ਼ਟ ਸਭ ਦਾ ਰਿਹਾ ਬਦਲਾਈਆ । ਘਰ ਘਰ ਅੰਦਰ ਵਧਾ ਕੇ ਕਾਮ ਕਰੋਧ ਲੋਭ ਮੋਹ ਹੰਕਾਰਾ, ਹਉਮੇ ਗੜ੍ਹ ਦਿਤਾ ਬਣਾਈਆ । ਸੁਰਤ ਸ਼ਬਦ ਕਰੇ ਨਾ ਕੋਇ ਪਿਆਰਾ, ਪ੍ਰੀਤਮ ਰੰਗ ਨਾ ਕੋਇ ਰੰਗਾਈਆ । ਅੰਮ੍ਰਤ ਰਸ ਮਿਲੇ ਨਾ ਕਿਸੇ ਠੰਡਾ ਠਾਰਾ, ਬੂੰਦ ਸਵਾਂਤ ਨਾ ਕੋਇ ਟਪਕਾਈਆ । ਸਾਢੇ ਤਿੰਨ ਹੱਥ ਕੀਆ ਅੰਧਿਆਰਾ, ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਰਸਨਾ ਜਿਹਵਾ ਬੱਤੀ ਦੰਦ ਪੜ੍ਹ ਪੜ੍ਹ ਥੱਕਾ ਸਰਬ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਦੇਣ ਗਵਾਹੀਆ । ਤੇਰੀ ਮੰਜ਼ਲ ਮਿਲੇ ਨਾ ਕਿਸੇ ਨਰ ਨਿਰੰਕਾਰਾ, ਬੰਦ ਕਵਾੜ ਨਾ ਕੋਇ ਖੁਲ੍ਹਾਈਆ । ਤੇਰੀ ਮਿਹਰ ਨਾਲ ਮਹਿਬੂਬ ਮੈਂ ਨੌਂ ਖੰਡ ਪ੍ਰਿਥਮੀ ਪਾਵਾਂ ਸਾਰਾ, ਨੌਂ ਦਵਾਰ ਆਪਣਾ ਬਲ ਧਰਾਈਆ । ਹਰਿ ਹਿਰਦੇ ਅੰਦਰ ਕੀਆ ਧੂੰਆਂਧਾਰਾ, ਅੰਧ ਅੰਧੇਰ ਕੀਤਾ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸੇਵ ਕਮਾਈਆ । ਜਨ ਭਗਤ ਕਹਿਣ ਪ੍ਰਭ ਕਲਜੁਗ

ਕੀਤਾ ਅੰਧ ਘੋਰ, ਘੋਰੀ ਨਜ਼ਰ ਕੋਇ ਨਾ ਆਈਆ । ਅੰਦਰ ਵਸਾ ਕੇ ਆਪਣੇ ਚੋਰ, ਚੋਰੀ ਚੋਰੀ ਤੇਰਾ ਨਾਮ ਲਿਆ ਚੁਰਾਈਆ । ਮਨੁਸ਼ਾਂ ਕੋਲੋਂ ਖੁਆਏ ਪਸ਼ੂ ਤੇ ਢੋਰ, ਪੰਛੀਆਂ ਖੱਲ ਲੁਹਾਈਆ । ਸਚ ਧਰਮ ਦੀ ਕਟ ਕੇ ਡੋਰ, ਡੋਰੀ ਕੂੜ ਨਾਲ ਬੰਧਾਈਆ । ਝਗੜਾ ਪਾ ਕੇ ਮੜ੍ਹੀ ਗੋਰ, ਅਵਤਾਰ ਪੈਗ਼ੰਬਰ ਗੁਰੂ ਦਿਤੇ ਲੜਾਈਆ । ਅਵਤਾਰ ਪੈਗ਼ੰਬਰ ਬਣਦੇ ਬਾਂਕਾ ਛੋਹਰ, ਦਰ ਦਰ ਆਪਣਾ ਰੂਪ ਦਰਸਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਅੰਤਮ ਤੇਰੀ ਪਈ ਲੋੜ, ਲੁੜੀਂਦੇ ਸਾਜਣ ਹੋ ਸਹਾਈਆ । ਤੁਧ ਬਿਨ ਆਤਮ ਪਰਮਾਤਮ ਸਕੇ ਕੋਇ ਨਾ ਜੋੜ, ਸੁਰਤ ਸ਼ਬਦ ਨਾ ਕੋਇ ਸਮਾਈਆ । ਜਗਤ ਵਿਦਿਆ ਤੇਰਾ ਭੇਵ ਖੋਲ੍ਹ ਨਾ ਸਕੇ ਹੋਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ੍ਰੀ ਭਗਵਾਨ ਤੇਰੀ ਸਰਨਾਈਆ । ਕਲਜੁਗ ਕਹੇ ਪ੍ਰਭੂ ਮੇਰੀ ਤੇਰੇ ਚਰਨ ਕਵਲ ਨਿਮਸਕਾਰ, ਡੰਡਾਵਤ ਬੰਦਨਾ ਸੀਸ ਝੁਕਾਈਆ । ਮੈਂ ਚਾਹੁੰਦਾ ਚਾਰੋਂ ਕੁੰਟ ਹੋਵੇ ਹਾਹਾਕਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਸਚ ਮਿਲੇ ਨਾ ਕਿਸੇ ਦਵਾਰ, ਪੜਦਾ ਅੰਦਰੋਂ ਨਾ ਕੋਇ ਉਠਾਈਆ । ਰਸਨਾ ਜਿਹਵਾ ਬੱਤੀ ਦੰਦ ਗਾਵਣ ਗਾਏ ਵਿਚ ਸੰਸਾਰ, ਸਹਿੰਸਾ ਅੰਦਰੋਂ ਨਾ ਕੋਇ ਮਿਟਾਈਆ । ਮੈਂ ਤੇਰੇ ਪ੍ਰੇਮ ਪਿਆਰ ਦੀ ਵੱਜਣ ਨਾ ਦੇਵਾਂ ਸਿਤਾਰ, ਸਤਿ ਸਤਿਵਾਦੀ ਤੇਰਾ ਭੇਵ ਨਾ ਕੋਇ ਖੁਲ੍ਹਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਦੇ ਇਕ ਇਸ਼ਾਰ, ਧੁਰ ਸੰਦੇਸ਼ਾ ਇਕ ਦ੍ਰਿੜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਖੇਲ ਕਰਾਂ ਅਪਾਰ, ਅਪਰੰਪਰ ਆਪਣੀ ਕਾਰ ਕਮਾਈਆ । ਜਿਹੜੀ ਮੇਰੀ ਆਯੂ ਲੱਖ ਚਾਰ ਬੱਤੀ ਹਜ਼ਾਰ, ਛਿਨ ਭੰਗਰ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਜਨ ਭਗਤ ਕਹਿਣ ਮੇਰੇ ਸਾਹਿਬ ਸਵਾਮੀ, ਹਰਿ ਵਡੇ ਤੇਰੀ ਵਡਿਆਈਆ । ਤੂੰ ਆਦਿ ਜੁਗਾਦੀ ਨਿਰਗੁਣ ਧਾਰ ਨਿਹਕਾਮੀ, ਨਿਰੰਤਰ ਤੇਰੀ ਸ਼ਰਨਾਈਆ । ਲੱਖ ਚੁਰਾਸੀ ਅੰਤਰਜਾਮੀ, ਘਟ ਘਟ ਅੰਤਰ ਫੋਲ ਫੁਲਾਈਆ । ਲੇਖਾ ਵੇਖ ਲੈ ਆਪਣੀ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਪੜਦਾ ਲਾਹ ਕੇ ਆਪਣੀ ਬਾਣੀ, ਪਰਾ ਪਸੰਤੀ ਮਧਮ ਬੈਖਰੀ ਭੇਵ ਰਹੇ ਨਾ ਰਾਈਆ । ਤੇਰੀ ਮੰਜ਼ਲ ਮਿਲੇ ਨਾ ਕਿਸੇ ਰੁਹਾਨੀ, ਰੂਹ ਬੁਤ ਦੇਣ ਦੁਹਾਈਆ । ਝਗੜਾ ਮੇਟ ਜਿਸਮ ਜਿਸਮਾਨੀ, ਜ਼ਮੀਰ ਅੰਦਰੋਂ ਆਪ ਬਦਲਾਈਆ । ਜਿਸ ਕਲਜੁਗ ਵਿਚ ਗੋਬਿੰਦ ਬੱਚਿਆਂ ਦੀ ਦੇ ਕੇ ਗਿਆ ਕੁਰਬਾਨੀ, ਉਸੇ ਦਾ ਲੇਖਾ ਕਰਬਲਾ ਰਿਹਾ ਸੁਣਾਈਆ । ਕਿਰਪਾ ਕਰ ਸ਼ਹਿਨਸ਼ਾਹ ਸੁਲਤਾਨੀ, ਸਤਿ ਪੁਰਖ ਤੇਰੀ ਵਡਿਆਈਆ । ਜੋ ਭਵਿਖਤਾਂ ਵਿਚ ਅਵਤਾਰ ਪੈਗ਼ੰਬਰ ਗੁਰ ਦੇ ਕੇ ਗਏ ਬਿਆਨੀ, ਸਦੀ ਚੌਧਵੀਂ ਸੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਪਾਰਬ੍ਰਹਮ ਤੇਰੀ ਵਡਿਆਈਆ । ਕਲਜੁਗ ਕਹੇ ਪ੍ਰਭੂ ਮੇਰਾ ਖੇਲ ਵੇਖ ਲੈ ਚੰਗਾ, ਚੰਗੀ ਤਰਾਂ ਕਰਾਈਆ । ਜੂਠ ਝੂਠ ਵਹਾਈ ਧਾਰ ਗੰਗਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਮਾਣ ਰਿਹਾ ਨਾ ਰਾਈਆ । ਘਰ ਘਰ ਪਵਾਇਆ ਦੰਗਾ, ਇਸਤਰੀ ਪੁਰਸ਼ ਦਿਤੇ ਲੜਾਈਆ । ਸਭ ਦਾ ਸੀਸ ਕਰ ਕੇ ਨੰਗਾ, ਓਢਣ ਪਰਦਾ ਦਿਤਾ ਚੁਕਾਈਆ । ਬੰਦਗੀ ਵਿਚ ਸਾਬਤ ਰਹਿਣ ਦਿਤਾ ਨਹੀਂ ਕੋਈ ਬੰਦਾ, ਬੰਦਨ ਸੀਸ ਨਾ ਕੋਇ ਨਿਵਾਈਆ । ਲੇਖਾ ਵੇਖ ਕੇ ਜੇਰਜ ਅੰਡਾ, ਉਤਭੁਜ ਸੇਤਜ ਆਪਣੀ ਕਾਰ ਕਮਾਈਆ । ਇਕ ਡਰ ਆਉਂਦਾ ਜਿਸ ਵੇਲੇ ਤਕਾਂ ਸ਼ਬਦ ਗੋਬਿੰਦ ਦਾ ਖੰਡਾ, ਖੜਗ ਅਗੰਮ ਅਥਾਹੀਆ । ਫੇਰ ਤਕਾਂ ਸਦੀ ਚੌਧਵੀਂ ਦਾ ਨਜ਼ਰ ਆਵੇ ਤੰਬਾ, ਤੋਬਾ ਤੋਬਾ ਨਾਲ ਦੁਹਾਈਆ । ਫੇਰ



੬੧੧
੨੨

ਵੇਖਾਂ ਲੇਖਾ ਹਜ਼ਰਤ ਈਸਾ ਸੰਗਾ, ਸਦੀ ਬੀਸਵੀਂ ਨਾਲ ਰਲਾਈਆ । ਫੇਰ ਤਕਾਂ ਮੂਸਾ ਹੋਇਆ ਅੰਤ ਇਕ ਟੰਗਾ, ਦੋਹਰੀ ਧਾਰ ਨਾ ਕੋਇ ਜਣਾਈਆ । ਮੈਂ ਚਾਹੁੰਦਾ ਮੇਰਾ ਅੰਤਮ ਛੇਤੀ ਆਵੇ ਕੰਢਾ, ਦੂਰ ਦੁਰਾਡਾ ਪੰਧ ਮੁਕਾਈਆ । ਧਰਮ ਸ਼ਾਸਤਰ ਵਿਚ ਪੂਰਾ ਰਹਿਣ ਨਾ ਦੇਵਾਂ ਕੋਇ ਪੰਡਾ, ਪਿੰਡੀ ਦਾ ਭੇਵ ਨਾ ਕੋਇ ਖੁਲ੍ਹਾਈਆ । ਆਤਮ ਤੇਰੇ ਨਾਲੋਂ ਕਰਨ ਰੰਡਾ, ਕੰਤ ਸੁਹਾਗ ਨਾ ਕੋਇ ਹੰਢਾਈਆ । ਮਨ ਮਨੂਆ ਕਰ ਮੁਸ਼ਟੰਡਾ, ਦੀਨ ਦੁਨੀ ਦੀ ਆਦਤ ਦੇਣੀ ਬਦਲਾਈਆ । ਮੇਰਾ ਸਮਾਂ ਰਹੇ ਨਾ ਲੰਬਾ, ਲੰਮਾ ਪੈ ਕੇ ਸੀਸ ਨਿਵਾਈਆ । ਉਠ ਵੇਖ ਖੇਲ ਮੇਰੇ ਸੰਗਾ, ਜੋ ਕਲਜੁਗ ਕਹੇ ਲੋਕਮਾਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਕਹਿਣ ਪ੍ਰਭ ਕਲਜੁਗ ਸਭ ਨੂੰ ਲਾਈ ਜਾਂਦਾ ਕਾਲਖ, ਦੁਰਮਤ ਮੈਲ ਨਾ ਕੋਇ ਧਵਾਈਆ । ਚਾਰ ਵਰਨ ਰਿਹਾ ਕੋਇ ਨਾ ਖ਼ਾਲਸ, ਅਠਾਰਾਂ ਬਰਨ ਕੂੜ ਦੁਹਾਈਆ । ਧਰਮ ਦੀ ਧਾਰ ਬਣੇ ਨਾ ਕੋਇ ਸਾਲਸ, ਸਗਲਾ ਸੰਗ ਨਾ ਕੋਇ ਜਣਾਈਆ । ਸਾਰੀ ਸ੍ਰਿਸ਼ਟੀ ਏਸ ਨੂੰ ਕਹਿੰਦੀ ਅਜੇ ਬਾਲਕ, ਜਗਤ ਸ਼ਾਸਤਰ ਨਾਲ ਗਵਾਹੀਆ । ਕੀ ਅੰਧੇਰਾ ਪਾਇਆ ਖ਼ਲਕ ਦੇ ਖ਼ਾਲਕ, ਮਖ਼ਲੂਕ ਚਾਰੋਂ ਕੁੰਟ ਰੁਆਈਆ । ਜਿਧਰ ਤਕੋ ਉਧਰ ਜਹਾਲਤ, ਅਕਲ ਬੁੱਧੀ ਨਾ ਕੋਇ ਚਤੁਰਾਈਆ । ਸਚ ਦੀ ਰਹੇ ਨਾ ਕੋਇ ਅਦਾਲਤ, ਅਦਲ ਇਨਸਾਫ਼ ਨਾ ਕੋਇ ਕਮਾਈਆ । ਦੀਨ ਮਜ਼੍ਹਬ ਕਰੇ ਬਗਾਵਤ, ਬਗ਼ਲਗੀਰ ਨਾ ਕੋਇ ਅਖਵਾਈਆ । ਧੁਰ ਦਾ ਨਾਮ ਕਰੇ ਨਾ ਕੋਇ ਸਖ਼ਾਵਤ, ਅੱਖਰਾਂ ਵਾਲੀ ਸਾਰੇ ਕਰਨ ਪੜ੍ਹਾਈਆ । ਮਨ ਮਨਸਾ ਕਰੇ ਨਾ ਕੋਇ ਮਮਾਨਤ, ਮਨ ਕਾ ਮਣਕਾ ਨਾ ਕੋਇ ਭਵਾਈਆ । ਤੇਰੀ ਆਤਮਾ ਤੇਰੇ ਹੱਥ ਫੜਾਏ ਨਾ ਕੋਇ ਅਮਾਨਤ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਦੀਨ ਦੁਨੀ ਹੋਈ ਅਣਜਾਣਤ, ਅਨਭਵ ਤੇਰਾ ਪੜਦਾ ਕੋਇ ਨਾ ਲਾਹੀਆ । ਸਮਝ ਆਏ ਕਿਸੇ ਨਾ ਮਾਨਸ, ਮਾਨਵ ਮਾਨੁਖ ਚਰਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਜਨ ਭਗਤ ਸੁਹੇਲੇ ਦਰ ਤੇਰੇ ਓਟ ਰਖਾਈਆ । ਕਲਜੁਗ ਕਹੇ ਪ੍ਰਭੂ ਮੇਰੀ ਪਿਠ ਤੇ ਮਾਰ ਦੇ ਥਾਪੀ, ਪੁਸ਼ਤ ਪਨਾਹ ਹੱਥ ਰਖਾਈਆ । ਮੈਂ ਰੂਹ ਬੁਤ ਰਹਿਣ ਦੇਣਾ ਨਹੀਂ ਕੋਈ ਪਾਕੀ, ਸਦੀ ਚੌਧਵੀਂ ਫੋਲ ਫੁਲਾਈਆ । ਮਨ ਮਨੂਆ ਸਭ ਦਾ ਕਰ ਕੇ ਆਕੀ, ਘਰ ਘਰ ਦੇਣਾ ਲੜਾਈਆ । ਤੇਰੇ ਨਾਮ ਦਾ ਰਹਿਣ ਦੇਣਾ ਨਹੀਂ ਕੋਈ ਸਾਕੀ, ਆਬੇ ਹਯਾਤ ਨਾ ਕੋਇ ਪਿਆਈਆ । ਪਵਿੱਤਰ ਰਹਿਣ ਦੇਣਾ ਨਹੀਂ ਬੰਦਾ ਖ਼ਾਕੀ, ਧੂੜੀ ਖ਼ਾਕ ਨਾ ਕੋਇ ਰਮਾਈਆ । ਲਹਿਣਾ ਤਕਣਾ ਜ਼ਾਤ ਪਾਤੀ, ਊਚ ਨੀਚਾਂ ਨਾਲ ਟਕਰਾਈਆ । ਪ੍ਰਭੂ ਇਹ ਮੇਰੀ ਬਖ਼ਸ਼ ਦੇਣੀ ਗੁਸਤਾਖੀ, ਗ਼ੁੱਸਾ ਗਿਲਾ ਨਾ ਕੋਇ ਜਣਾਈਆ । ਮੈਂ ਤੇਰੀ ਮੰਨਣੀ ਸਾਚੀ ਆਖੀ, ਸਾਬਤ ਨਜ਼ਰ ਕੋਇ ਨਾ ਆਈਆ । ਮੈਨੂੰ ਉਹ ਵੇਲਾ ਯਾਦ ਜਿਸ ਵੇਲੇ ਮਾਛੂਵਾੜੇ ਗੋਬਿੰਦ ਨੂੰ ਬਿਨ ਅੱਖਰਾਂ ਸ਼ਬਦੀ ਦਿਤੀ ਪਾਤੀ, ਬਿਨ ਹਰਫ਼ ਹਰੂਫ਼ ਦਿਤੀ ਲਿਖਾਈਆ । ਗੋਬਿੰਦ ਤੇਰੇ ਢਈਏ ਤੋਂ ਪਿਛੋਂ ਦੀਨ ਦੁਨੀ ਦੀ ਬਦਲ ਜਾਣੀ ਹਯਾਤੀ, ਸਤਿ ਰਹਿਣ ਕੋਇ ਨਾ ਪਾਈਆ । ਸੋ ਪੂਰਾ ਕਰਨਾ ਭਵਿਖਤ ਵਾਕੀ, ਵਾਕਿਆ ਵੇਖਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਲਜੁਗ ਕਹੇ ਮੈਂ ਢਹਿ ਪਿਆ ਸਰਨਾਈਆ । ਜਨ ਭਗਤ ਕਹਿਣ ਪ੍ਰਭੂ ਉਹ ਵੇਖ ਕਲਜੁਗ ਪਾਉਂਦਾ ਸ਼ੋਰ, ਜ਼ੋਰ ਜ਼ੋਰ ਸੁਣਾਈਆ । ਕਲਜੁਗ ਕਹੇ ਮੈਂ ਕੋਈ ਠੱਗ ਨਹੀਂ ਚੋਰ, ਸਨਮੁਖ ਹੋ ਕੇ ਦਿਆਂ ਦ੍ਰਿੜਾਈਆ । ਪੁਰਖ ਅਕਾਲ ਕਹੇ ਤੁਹਾਨੂੰ ਸਭ ਨੂੰ ਮੇਰੀ ਲੋੜ,


੬੭੮
੨੨

ਖ਼ਾਲੀ ਕੋਈ ਨਜ਼ਰ ਨਾ ਆਈਆ । ਜਨ ਭਗਤ ਕਹਿਣ ਪੁਰਖ ਅਕਾਲ ਆਪਣੇ ਨਾਲ ਜੋੜ, ਜੋੜੀ ਧੁਰ ਦੀ ਲੈ ਬਣਾਈਆ । ਕਲਜੁਗ ਕਹੇ ਪ੍ਰਭੂ ਸਭ ਦੀ ਪ੍ਰੀਤੀ ਲੱਗੀ ਤੋੜ, ਤੇਰੀ ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਪੁਰਖ ਅਕਾਲ ਕਹੇ ਮੈਂ ਸਭ ਦਾ ਮਾਲਕ ਖ਼ਾਲਕ ਸਚਖੰਡ ਨਿਵਾਸੀ ਸ਼ੌਹਰ, ਖਾਵੰਦ ਇਕੋ ਨਜ਼ਰੀ ਆਈਆ । ਜਨ ਭਗਤ ਕਹਿਣ ਸਾਨੂੰ ਆਪਣੇ ਸੰਗ ਤੋਰ, ਤੁਰੀਆ ਤੋਂ ਪਰੇ ਕਰ ਰੁਸ਼ਨਾਈਆ । ਕਲਜੁਗ ਕਹੇ ਬੇੜਾ ਸਭ ਦਾ ਸ਼ੌਹ ਦਰਿਆਏ ਰੋੜ੍ਹ, ਨਈਆ ਨੌਕਾ ਨਾਮ ਚੜ੍ਹਨ ਕੋਇ ਨਾ ਪਾਈਆ । ਪੁਰਖ ਅਕਾਲ ਕਹੇ ਮੇਰਾ ਸਾਂਝਾ ਇਕੋ ਪੌੜ, ਪੌੜੀ ਡੰਡਾ ਅਵਰ ਨਾ ਕੋਇ ਰਖਾਈਆ । ਜਨ ਭਗਤ ਕਹਿਣ ਅੰਤਮ ਛੇਤੀ ਕਰ ਗ਼ੌਰ, ਗਹਿਰ ਗੰਭੀਰ ਵੇਖ ਵਖਾਈਆ । ਕਲਜੁਗ ਕਹੇ ਪ੍ਰਭੂ ਮੈਨੂੰ ਹੋਰ ਬਖ਼ਸ਼ ਦੇ ਜ਼ੋਰ, ਜੋਰੂ ਜ਼ਰ ਖ਼ਾਕ ਦਿਆਂ ਰੁਲਾਈਆ । ਪੁਰਖ ਅਕਾਲ ਕਹੇ ਮੈਂ ਆਦਿ ਅੰਤ ਜੁਗਾ ਜੁਗੰਤ ਅਵਰ ਕਾ ਔਰ, ਹੋਰ ਦਾ ਹੋਰ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਕਰੇ ਪ੍ਰਕਾਸ਼ ਕਾਇਆ ਮੰਦਰ ਅੰਦਰ ਵਿਚ ਅੰਧਘੋਰ, ਨਿਰਗੁਣ ਨੂਰ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ ।



## ✪ ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਸਰਮੈਲ ਸਿੰਘ ਦੇ ਗ੍ਰਿਹ ਮੇਰਠ ਛਾਉਣੀ ✪

੬੭੯ ੨੨

ਜਨ ਭਗਤੋ ਇਕੋ ਇਕ ਰੱਖੋ ਸਹਾਰ, ਸਹਾਇਕ ਇਕੋ ਨਜ਼ਰੀ ਆਈਆ । ਕਲਜੁਗ ਕਰੇ ਨਾ ਕਿਸੇ ਖ਼ੁਆਰ, ਕੂੜ ਕਿਰਿਆ ਨਾ ਕੋਇ ਸਮਝਾਈਆ । ਸਿਰ ਹੱਥ ਰੱਖੇ ਨਿਰੰਕਾਰ, ਨਿਰਵੈਰ ਆਪਣੀ ਦਇਆ ਕਮਾਈਆ । ਕੂੜੀ ਕਿਰਿਆ ਮੇਟ ਵਿਚ ਸੰਸਾਰ, ਸਹਿੰਸਾ ਅਗਲਾ ਦਏ ਚੁਕਾਈਆ । ਜਨਮ ਲੈਣਾ ਨਾ ਪਏ ਦੁਬਾਰ, ਚੁਰਾਸੀ ਫਾਸੀ ਆਪ ਕਟਾਈਆ । ਘਰ ਮੰਦਰ ਵਖਾ ਦਵਾਰ, ਦਰਗਹ ਸਾਚੀ ਇਕ ਸਰਨਾਈਆ । ਜਿਥੇ ਨਿਰਗੁਣ ਨੂਰ ਜੋਤ ਉਜਿਆਰ, ਦੀਆ ਬਾਤੀ ਨਾ ਕੋਇ ਰੁਸ਼ਨਾਈਆ । ਸਚਖੰਡ ਮੇਲ ਮਿਲਾਏ ਮੇਲਣਹਾਰ, ਮਿਲਣੀ ਹਰਿ ਜਗਦੀਸ਼ ਕਰਾਈਆ । ਤਿਸ ਸਾਹਿਬ ਕਰੋ ਨਿਮਸਕਾਰ, ਨਮੋ ਨਮੋ ਬੰਦਨਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਰੰਗ ਰੰਗਾਈਆ । ਜਨ ਭਗਤੋ ਇਕੋ ਰੱਖਣੀ ਓਟ, ਓੜਕ ਇਕੋ ਨਜ਼ਰੀ ਆਈਆ । ਕਲਜੁਗ ਮਾਰ ਨਾ ਸਕੇ ਚੋਟ, ਚੋਟੀ ਚੜ੍ਹ ਨਾ ਦਏ ਦੁਹਾਈਆ । ਸਤਿਗੁਰ ਸ਼ਬਦ ਅੰਦਰੋਂ ਕਢੇ ਖੋਟ, ਖੋਟੇ ਖਰੇ ਲਏ ਬਣਾਈਆ । ਆਤਮ ਪਰਮਾਤਮ ਜਣਾ ਕੇ ਗੋਤ, ਵਰਨ ਬਰਨ ਦਾ ਡੇਰਾ ਢਾਹੀਆ । ਜਨਮ ਕਰਮ ਦੀ ਕਰਨੀ ਪਏ ਨਾ ਸੋਚ, ਸਮਝ ਬੁੱਧੀ ਤੋਂ ਪਰੇ ਦਏ ਸਮਝਾਈਆ । ਸਭ ਦੀ ਆਸਾ ਮਨਸਾ ਪੂਰੀ ਕਰੇ ਲੋਚ, ਲੋਚਨ ਨੇਤਰ ਨੈਣ ਅੱਖ ਖੁਲ੍ਹਾਈਆ । ਨਾਮ ਖ਼ੁਮਾਰੀ ਕਰੇ ਮਦਹੋਸ਼, ਮਧੁਰ ਧੁਨ ਇਕ ਸੁਣਾਈਆ । ਝਗੜਾ ਮਿਟਾ ਕੇ ਕਾਇਆ ਪੋਸ਼, ਆਤਮ ਬ੍ਰਹਮ ਦਏ ਦ੍ਰਿੜਾਈਆ । ਪੜ੍ਹਨਾ ਪਏ ਨਾ ਵਿਦਿਆ ਵਾਲਾ ਕੋਸ਼, ਅੱਖਰ ਵੱਖਰ ਇਕ ਸਮਝਾਈਆ । ਪੰਧ ਮੁਕਾ ਲੋਕ ਪਰਲੋਕ, ਦੋ ਜਹਾਨਾਂ ਚਰਨਾਂ ਹੇਠ ਦਬਾਈਆ । ਜਿਸ ਤੂੰ ਮੇਰਾ ਮੈਂ ਤੇਰਾ ਗਾਇਆ ਇਕ ਸਲੋਕ, ਤਿਸ ਕਲਜੁਗ ਮਾਇਆ ਪੋਹ ਸਕੇ ਮੂਲ ਨਾ ਰਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਮਲ ਨੂਰ ਜਗਾਏ ਜੋਤ, ਜੋਤੀ ਜਾਤਾ ਦਇਆ ਕਮਾਈਆ ।

### ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਮੁਲਖ ਰਾਜ ਦੇ ਗ੍ਰਹਿ ਮੇਰਠ ਛਾਉਣੀ

ਜਨ ਭਗਤੋ ਇਕੋ ਮੰਨੋ ਪੁਰਖ ਅਕਾਲ, ਅਕਲ ਕਲਧਾਰੀ ਦਇਆ ਕਮਾਈਆ । ਕਲਜੁਗ ਪੋਹ ਨਾ ਸਕੇ ਕਾਲ, ਕਲੂ ਕਲ ਨਾ ਕੋਇ ਵਡਿਆਈਆ । ਸਾਹਿਬ ਸਤਿਗੁਰ ਦੇ ਬਣੋ ਲਾਲ, ਲਾਲਨ ਆਪਣੀ ਗੋਦ ਟਿਕਾਈਆ । ਜਿਸ ਦੀ ਜੁਗਾਂ ਅਵੱਲੜੀ ਚਾਲ, ਜੁਗ ਚੌਕੜੀ ਸਮਝ ਕੋਇ ਨਾ ਪਾਈਆ । ਸੋ ਵੇਖਣਹਾਰਾ ਮੁਰੀਦਾਂ ਹਾਲ, ਮੁਰਸ਼ਦ ਦਾਤਾ ਬੇਪਰਵਾਹੀਆ । ਜਨ ਭਗਤਾਂ ਬੇਨੰਤੀ ਮੰਨੇ ਸਵਾਲ, ਸਵਾਲੀ ਵੇਖੇ ਥਾਉਂ ਥਾਈਂਆ । ਕਲਜੁਗ ਅੰਤਮ ਹੋ ਦਿਆਲ, ਮਿਹਰ ਨਜ਼ਰ ਇਕ ਉਠਾਈਆ । ਜਿਧਰ ਤਕੋ ਉਧਰ ਨਾਲ, ਹਾਜ਼ਰ ਹਜ਼ੂਰ ਸੋਭਾ ਪਾਈਆ । ਚਰਨ ਪ੍ਰੀਤੀ ਨਾਮ ਦੇਵੇ ਸੱਚਾ ਧਨ ਮਾਲ, ਖ਼ਜ਼ੀਨਾ ਅਤੋਟ ਅਤੁਟ ਵਰਤਾਈਆ । ਲੇਖਾ ਜਾਣੇ ਸਭ ਦਾ ਮਾਜ਼ੀ ਹਾਲ, ਓਹਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਦਾ ਕਰੇ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਸਿਰ ਆਪਣਾ ਹੱਥ ਟਿਕਾਈਆ ।



### ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਹੰਸ ਰਾਜ ਦੇ ਗ੍ਰਹਿ ਮੇਰਠ ਛਾਉਣੀ

ਜਨ ਭਗਤੋ ਅੰਦਰ ਤਕੋ ਆਪਣਾ ਮੀਤ, ਮਿੱਤਰ ਪਿਆਰਾ ਨਜ਼ਰੀ ਆਈਆ । ਜਿਸ ਨੇ ਕਲਜੁਗ ਬਦਲ ਦਿਤੀ ਰੀਤ, ਮੰਦਰ ਮਸੀਤ ਦਾ ਪੰਧ ਮੁਕਾਈਆ । ਤੁਹਾਡੀ ਕਾਇਆ ਕਰੇ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗੀਤ, ਸੋਹੰ ਢੋਲਾ ਦਿਤਾ ਪੜ੍ਹਾਈਆ । ਦੀਨ ਦੁਨੀ ਚੋਂ ਬਦਲ ਕੇ ਨੀਤ, ਨੀਤੀਵਾਨ ਹੋਇਆ ਸਹਾਈਆ । ਇਕੋ ਰੰਗ ਰੰਗਾ ਕੇ ਹਸਤ ਕੀਟ, ਊਚਾਂ ਨੀਚਾਂ ਮੇਲ ਮਿਲਾਈਆ । ਧੁਰ ਸੰਦੇਸ਼ਾ ਦੇ ਹਦੀਸ, ਹਜ਼ਰਤਾਂ ਤੋਂ ਪਰੇ ਕਰੇ ਪੜ੍ਹਾਈਆ । ਆਸਾ ਮਨਸਾ ਪੂਰੀ ਕਰੇ ਉਮੀਦ, ਨਿਰਾਸਾ ਰਹਿਣ ਕੋਇ ਨਾ ਪਾਈਆ । ਸਭ ਦੀ ਲੇਖੇ ਲਾਏ ਦੀਦ, ਦੋ ਜਹਾਨਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਸਦਾ ਵਸੇ ਚੀਤ, ਚਿਤਵਿਤ ਜਗਤ ਠਗੌਰੀ ਰਹਿਣ ਕੋਇ ਨਾ ਪਾਈਆ ।

### ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਪਿਆਰੇ ਲਾਲ ਦੇ ਗ੍ਰਹਿ ਮੇਰਠ ਛਾਉਣੀ

ਜਨ ਭਗਤੋ ਪੁਰਖ ਅਬਿਨਾਸ਼ੀ ਅੰਦਰ ਵਸੇ, ਵਾਸਤਾ ਆਪਣੇ ਨਾਲ ਰਖਾਈਆ । ਕਲਜੁਗ ਕੂੜ ਕੁੜਿਆਰਾ ਨੱਸੇ, ਦੂਰ ਦੁਰਾਡਾ ਭੱਜੇ ਵਾਹੋ

ਦਾਹੀਆ । ਤੁਹਾਡੀ ਮਿਟੇ ਰੈਣ ਅੰਧੇਰੀ ਮੱਸੇ, ਜੋਤੀ ਨੂਰ ਕਰੇ ਰੁਸ਼ਨਾਈਆ । ਅੰਮ੍ਰਿਤ ਧਾਰ ਬਖ਼ਸ਼ੇ ਰਸੇ, ਨਿਝਰ ਝਿਰਨਾ ਇਕ ਝਿਰਾਈਆ । ਸਾਚਾ ਮਾਰਗ ਸਤਿਜੁਗ ਦੱਸੇ, ਕਲਜੁਗ ਕਿਰਿਆ ਵਿਚੋਂ ਬਾਹਰ ਕਢਾਈਆ । ਚਾਰ ਵਰਨਾਂ ਰਹਿਣਾ ਇਕੱਠੇ, ਜ਼ਾਤ ਪਾਤ ਨਾ ਕੋਇ ਚਤੁਰਾਈਆ । ਜੋ ਇਕੋ ਸਾਹਿਬ ਦੀ ਚਰਨੀ ਢੱਠੇ, ਉਨ੍ਹਾਂ ਦਾ ਇਕੋ ਪਿਤਾ ਮਾਈਆ । ਮਜ਼੍ਹਬਾਂ ਦੇ ਰਹਿਣ ਨਹੀਂ ਦੇਣੇ ਰੱਟੇ, ਝਗੜਾ ਤੁਸਾਂ ਦੇਣਾ ਮਿਟਾਈਆ । ਤੁਸੀਂ ਮੰਜ਼ਲ ਉਹ ਟੱਪੇ, ਜਿਥੇ ਟੱਪਿਆਂ ਵਾਲੇ ਪੁੱਜ ਸਕਣ ਨਾ ਰਾਈਆ । ਤੁਹਾਡੇ ਚੀਥੜ ਨਹੀਂ ਰਹਿਣੇ ਫਟੇ, ਓਢਣ ਇਕੋ ਇਕ ਪਹਿਨਾਈਆ । ਨਾਮ ਖ਼ੁਮਾਰੀ ਵਿਚ ਰਹਿਣਾ ਰਤੇ, ਰਤਨ ਅਮੋਲਕ ਰੂਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਨੂੰ ਭਗਤੀ ਵਿਚ ਰਹਿਣ ਨਾ ਦੇਵੇ ਕੱਚੇ, ਭਗਵਨ ਹੋ ਕੇ ਸਚ ਦੀ ਬਖ਼ਸ਼ੇ ਮਾਣ ਵਡਿਆਈਆ ।



## ✪ ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਹਰਭਜਨ ਸਿੰਘ ਦੇ ਗ੍ਰਿਹ ਦਿੱਲੀ ✪

ਪੁਰਖ ਅਕਾਲ ਕਹੇ ਜਨ ਭਗਤੋ ਅੰਤਰ ਆਤਮ ਮਾਣੋ ਮੇਰਾ ਰੰਗ, ਰੰਗਤ ਇਕੋ ਅਗੰਮ ਅਥਾਹੀਆ । ਕਲਜੁਗ ਕੂੜੀ ਕਿਰਿਆ ਟੁੱਟੇ ਸੰਗ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਰਹਿਣ ਕੋਇ ਨਾ ਪਾਈਆ । ਸੇਜ ਸੁਹੰਜਣੀ ਸੁਹਾਓ ਆਤਮ ਪਲੰਘ, ਜਿਸ ਦਾ ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਘਰ ਸ਼ਬਦ ਨਾਦ ਸੁਣੋ ਮਰਦੰਗ, ਧੁਨ ਆਤਮਕ ਰਾਗ ਅਥਾਹੀਆ । ਜੋਤ ਪ੍ਰਕਾਸ਼ ਤਕੋ ਬਿਨ ਸੂਰੀਆ ਚੰਦ, ਅੰਧ ਅੰਧੇਰ ਮਿਟਾਈਆ । ਆਤਮ ਪਰਮਾਤਮ ਮਾਣੋ ਸਾਚਾ ਅਨੰਦ, ਰਸਨਾ ਜਿਹਵਾ ਰਸ ਨਾ ਕੋਇ ਵਖਾਈਆ । ਹਉਮੇ ਹੰਗਤਾ ਮਾਇਆ ਮਮਤਾ ਕੂੜੀ ਕਿਰਿਆ ਢਾਓ ਕੰਧ, ਭਾਂਡਾ ਭਰਮ ਭੌ ਭੰਨਾਈਆ । ਸਚ ਸਵਾਮੀ ਅੰਤਰਜਾਮੀ ਗਾਓ ਛੰਦ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਜਗਤ ਜਹਾਨ ਮੰਜ਼ਲ ਧਰਮ ਧਾਰ ਦੀ ਜਾਓ ਲੰਘ, ਅੱਗੇ ਹੋ ਨਾ ਕੋਇ ਅਟਕਾਈਆ । ਸਚ ਗ੍ਰਿਹਿ ਸਚ ਦਵਾਰਾ ਵੇਖੋ ਸਚਖੰਡ, ਦਰਗਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਇਕੋ ਇਕ ਵਖਾਈਆ । ਪੁਰਖ ਅਕਾਲ ਕਹੇ ਜਨ ਭਗਤੋ ਮੇਰਾ ਅੰਤਰ ਆਤਮ ਮਾਣੋ ਰਸ, ਜਗਤ ਦਵਾਰੇ ਤ੍ਰਿਖਾ ਬੁਝਾਈਆ । ਕਲਜੁਗ ਕੂੜ ਕਲਪਣਾ ਜਾਏ ਨੱਸ, ਤਨ ਵਜੂਦ ਮਾਟੀ ਖ਼ਾਕ ਰਹਿਣ ਨਾ ਪਾਈਆ । ਮਨ ਮਨੂਆ ਹੋਏ ਵੱਸ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਸ਼ਬਦ ਨਿਰਾਲਾ ਤੀਰ ਮਾਰੇ ਕਸ, ਅਣਿਆਲਾ ਅਗੰਮ ਚਲਾਈਆ । ਬਿਨ ਰਸਨਾ ਜਿਹਵਾ ਮੇਰਾ ਗਾਵੇ ਜਸ, ਅਜਪਾ ਜਾਪ ਵਿਚ ਵਡਿਆਈਆ । ਸ਼ਬਦ ਰਥਵਾਹੀ ਚੜ੍ਹੋ ਰਥ, ਦੋ ਜਹਾਨਾਂ ਪਾਰ ਕਰਾਈਆ । ਇਕੋ ਓਟ ਰੱਖੋ ਪੁਰਖ ਸਮਰਥ, ਦੂਜਾ ਇਸ਼ਟ ਨਾ ਕੋਇ ਸਮਝਾਈਆ । ਜੋ ਵਸੇ ਘਟ ਘਟ, ਸੋ ਤੁਹਾਡਾ ਪਿਤਾ ਮਾਈਆ । ਝਗੜਾ ਮੇਟੇ ਤੀਰਥ ਅੱਠ ਸੱਠ, ਗ੍ਰਿਹਿ ਮੰਦਰ ਕਾਇਆ ਸਰੋਵਰ ਇਕ ਨੁਹਾਈਆ । ਨਿਰਗੁਣ ਜੋਤ ਜਗਾਏ ਲਟ ਲਟ, ਅੰਧ ਅੰਧੇਰ ਦਏ ਮਿਟਾਈਆ । ਇਕ ਜੈਕਾਰਾ ਸ਼ਬਦੀ ਸੁਣੋ ਅਲੱਖ, ਅਲਖ ਅਗੋਚਰ ਆਪ ਸੁਣਾਈਆ । ਸ਼ਾਹ ਸੁਲਤਾਨ ਮਿਹਰਵਾਨ ਕਰੋ ਪ੍ਰਤਖ, ਪ੍ਰਤਖ ਆਪਣਾ ਦਰਸ ਦਿਖਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਾਮ ਸੁਣਾਈਆ । ਪੁਰਖ ਅਕਾਲ ਕਹੇ ਜਨ ਭਗਤੋ ਮੇਰਾ ਅੰਤਰ ਕਰੋ ਧਿਆਨ, ਧਰਨੀ ਧਰਤ ਧਵਲ ਧੌਲ ਦਿਆਂ ਵਡਿਆਈਆ । ਕਲਜੁਗ ਕੂੜੀ ਕਿਰਿਆ ਮਿਟੇ ਨਿਸ਼ਾਨ, ਜੂਠ ਝੂਠ ਰਹਿਣ ਨਾ ਪਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮੇਲ ਮਿਲਾਵਾਂ ਆਣ, ਮਿਹਰਵਾਨ ਹੋ ਕੇ ਆਪਣੀ ਦਇਆ ਕਮਾਈਆ । ਰਸਨਾ ਜਿਹਵਾ ਬੱਤੀ ਦੰਦ ਗਾਣਾ ਪਏ ਕੋਇ ਨਾ ਗਾਣ, ਅਨਹਦ ਨਾਦੀ ਧੁਨ ਦਿਆਂ ਸੁਣਾਈਆ । ਪਰਦਾ ਲਾਹ ਕੇ ਜੋਤੀ ਧਾਰ ਦੇਵਾਂ ਪਹਿਚਾਨ, ਬੇਪਹਿਚਾਨ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਜਨ ਭਗਤ ਕਹਿਣ ਪ੍ਰਭ ਤੇਰਾ ਜਪੀਏ ਨਾਮ, ਨਰ ਨਿਰੰਕਾਰ ਤੇਰੀ ਸਰਨਾਈਆ । ਕਲਜੁਗ ਕੀਤੀ ਅੰਧ ਅੰਧੇਰੀ ਸ਼ਾਮ, ਸ਼ਮਾ ਨੂਰ ਨਾ ਕੋਇ ਚਮਕਾਈਆ । ਮਨ ਮਨਸਾ ਕਰ ਗ਼ੁਲਾਮ, ਗ਼ੁਰਬਤ ਅੰਦਰ ਦੇਣੀ ਭਰਾਈਆ । ਨਜ਼ਰ ਆਏ ਨਾ ਧੁਰ ਦਾ ਰਾਮ, ਰਮਈਆ ਰਮਜ਼ ਨਾ ਕੋਇ ਵਖਾਈਆ । ਪੁਰਖ ਅਕਾਲੇ ਦੀਨ ਦਿਆਲੇ ਨਿਰਗੁਣ ਧਾਰ ਹੋ ਮਿਹਰਵਾਨ, ਮਹਿਬੂਬ ਆਪਣਾ ਪੜਦਾ ਲਾਹੀਆ । ਤੁਧ ਬਿਨ ਦੂਜਾ ਦਿਸੇ ਨਾ ਕੋਇ ਵਿਚ ਜਹਾਨ, ਇਸ਼ਟ ਦੇਵ ਆਤਮਾ ਨਾ ਕੋਇ ਮਿਲਾਈਆ । ਸਦੀ ਚੌਧਵੀਂ ਚਾਰ ਕੁੰਟ ਦਹਿ ਦਿਸ਼ਾ ਹੋਈ ਹੈਰਾਨ, ਹੈਰਾਨੀ ਘਟ ਘਟ ਅੰਤਰ ਛਾਈਆ । ਸ਼ਰਅ ਛੁਰੀ ਬਣੀ ਸ਼ੈਤਾਨ, ਦੀਨ ਮਜ਼੍ਹਬ ਕਰੇ ਲੜਾਈਆ । ਸਚ ਮਾਰਗ ਦਿਸੇ ਨਾ ਕੋਇ ਨਿਸ਼ਾਨ, ਨਿਸ਼ਾਨਾ ਦੀਨ ਦੁਨੀ ਗਏ ਭੁਲਾਈਆ । ਅਵਤਾਰ ਪੈਗ਼ੰਬਰ ਗੁਰੂ ਦੇ ਕੇ ਗਏ ਨਾਮ ਕਲਮੇ ਦਾ ਗਾਏ ਗਾਣ, ਦਰ ਦੀਦਾ ਦਾਨਿਸਤਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਹਿਨਸ਼ਾਹ ਸੁਲਤਾਨ ਸੂਰੇ ਸਰਬਗ ਸੀਸ ਜਗਦੀਸ ਤੇਰੇ ਚਰਨ ਕਵਲ ਸਰਨਾਈਆ ।

## ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਗੁਰਬਲਵਿੰਦਰ ਸਿੰਘ ਦੇ ਘਰ ਦਿੱਲੀ

ਕਲਜੁਗ ਕਹੇ ਮੈਂ ਯੋਧਾ ਸੂਰਬੀਰ ਬਹਾਦਰ ਗਭਰੂ, ਗਹਿਰ ਗੰਭੀਰ ਦਿਤੀ ਵਡਿਆਈਆ । ਮੈਂ ਘਰ ਘਰ ਕੂੜ ਕੁੜਿਆਰ ਵਜੌਣਾ ਡਮਰੂ, ਅਡੰਬਰ ਦੀਨ ਦੁਨੀ ਦੇਣਾ ਵਖਾਈਆ । ਮੇਰਾ ਸੰਦੇਸ਼ਾ ਸਤਿਗੁਰ ਰਾਮਦਾਸ ਨੂੰ ਦੇ ਕੇ ਗਿਆ ਨਿਥਾਵਾਂ ਅਮਰੂ, ਅਮਰਦਾਸ ਅਰਦਾਸ ਸੁਣਾਈਆ । ਗੋਬਿੰਦ ਦੀ ਅੰਤਮ ਧਾਰ ਕੋਇ ਨਾ ਸੰਭਲੂ, ਸੰਬਲ ਆਪਣੀ ਖੇਲ ਖਿਲਾਈਆ । ਜੋ ਕਲਜੁਗ ਵਿਚ ਸਤਿਜੁਗ ਆ ਕੇ ਬਦਲੂ, ਬਦਲਾ ਲਵੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਿਸ ਨੂੰ ਕੋਈ ਮਾਈ ਨਾ ਜੰਮ ਲੂ, ਗਰਭ ਵਾਸ ਨਾ ਡੇਰਾ ਲਾਈਆ । ਕਲਜੁਗ ਕਹੇ ਮੈਂ ਜੋਬਨਵੰਤਾ, ਪ੍ਰਭ ਦਿਤੀ ਮਾਣ ਵਡਿਆਈਆ । ਚਾਰੋਂ ਕੁੰਟ ਬਣਾ ਕੇ ਗੜ੍ਹ ਹੰਗਤਾ, ਹਉਮੇ ਹੰਕਾਰ ਦੇਣਾ ਭਰਾਈਆ । ਮਾਣ ਰਹਿਣ ਨਹੀਂ ਦੇਣਾ ਕਿਸੇ ਸੰਤਾ, ਸਾਧੂ ਸੱਜਣ ਨਾ ਕੋਇ ਅਖਵਾਈਆ । ਕੂੜੀ ਕਿਰਿਆ ਵਧਾ ਕੇ ਮਮਤਾ, ਮੋਹ ਦੇ ਵਿਚ ਦੇਣਾ ਫਸਾਈਆ । ਝਗੜਾ ਪਾ ਕੇ ਕਿਰਿਆ ਮਨ ਦਾ, ਮਨ ਕਾ ਮਣਕਾ ਦੇਣਾ ਭਵਾਈਆ । ਝਗੜਾ ਵੇਖਣਾ ਸਾਢੇ ਤਿੰਨ ਹੱਥ ਤਨ ਦਾ,

ਪੰਜ ਤਤ ਖੋਜ ਖੁਜਾਈਆ । ਪ੍ਰਕਾਸ਼ ਰਹਿਣ ਨਹੀਂ ਦੇਣਾ ਨਿਰਗੁਣ ਜੋਤ ਚੰਨ ਕਾ, ਅੰਧ ਅੰਧੇਰ ਹੋਏ ਲੋਕਾਈਆ । ਜਗਤ ਵਣਜਾਰਾ ਬਣਾਉਣਾ ਚੁਗਲੀ ਕੰਨ ਕਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਰਖਾਈਆ । ਖੇਲ ਖੇਲਣਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਧਨ ਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਹਿਬ ਦਇਆ ਕਮਾਈਆ । ਕਲਜੁਗ ਕਹੇ ਮੈਂ ਮੰਨਣਾ ਹੁਕਮ ਹਜ਼ੂਰੀ, ਜੋ ਹਜ਼ਰਤਾਂ ਦਾ ਹਜ਼ਰਤ ਰਿਹਾ ਸੁਣਾਈਆ । ਦਰਗਾਹ ਸਚ ਤੋਂ ਮਿਲੀ ਮਨਜ਼ੂਰੀ, ਅੱਗੇ ਹੋ ਨਾ ਕੋਇ ਅਟਕਾਈਆ । ਮੈਂ ਦੀਨਾਂ ਮਜ਼੍ਹਬਾਂ ਧਾਰ ਕਰਨੀ ਕੂੜੀ, ਕੂੜੀ ਕਿਰਿਆ ਗੰਢ ਪਵਾਈਆ । ਪੁਰਖ ਅਕਾਲ ਦੀ ਚਰਨ ਲੈ ਸਕੇ ਕੋਇ ਨਾ ਧੂੜੀ, ਟਿੱਕਾ ਧਰਮ ਨਾ ਕੋਇ ਲਗਾਈਆ । ਸਭ ਦੀ ਸੁਰਤੀ ਕਰਨੀ ਮੂੜ੍ਹੀ, ਮੂਰਖ ਮੁਗਧ ਦੇਣੇ ਬਣਾਈਆ । ਮੰਜ਼ਲ ਰਹਿਣ ਨਹੀਂ ਦੇਣੀ ਕੋਈ ਨੂਰੀ, ਨੂਰੀ ਚੰਦ ਨਾ ਕੋਇ ਚਮਕਾਈਆ । ਸਭ ਦੇ ਅੰਤਰ ਭਰ ਗ਼ਰੂਰੀ, ਗ਼ੁਰਬਤ ਨਾਤਾ ਦੇਣਾ ਜੁੜਾਈਆ । ਆਪਣੇ ਨਾਮ ਦੀ ਕਰ ਮਸ਼ਹੂਰੀ, ਮਸ਼ਵਰਾ ਸਭ ਨੂੰ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਮੇਰਾ ਸੰਗ ਨਿਭਾਈਆ । ਕਲਜੁਗ ਕਹੇ ਮੈਂ ਹਰ ਘਟ ਅੰਦਰ ਵੜਨਾ, ਰਹਿਬਰ ਹੋ ਕੇ ਖੋਜ ਖੁਜਾਈਆ । ਕੂੜੀ ਕਿਰਿਆ ਢੋਲਾ ਸਭ ਨੇ ਪੜ੍ਹਨਾ, ਨਾਮ ਗੁਰਦੇਵ ਦੇਣਾ ਭੁਲਾਈਆ । ਝਗੜਾ ਪਾਉਣਾ ਵਰਨਾਂ ਬਰਨਾਂ, ਵਾਰਸ ਇਕੋ ਇਕ ਸਮਝਾਈਆ । ਭਵਜਲ ਵਿਚੋਂ ਕਿਸੇ ਨਾ ਤਰਨਾ, ਭਵ ਸਾਗਰ ਵਿਚ ਦੇਣਾ ਰੁੜ੍ਹਾਈਆ । ਜੀਵਤ ਹੋਏ ਕਿਸੇ ਨਾ ਮਰਨਾ, ਮਰ ਜੀਵਤ ਨਾ ਕੋਇ ਦਰਸਾਈਆ । ਨੌਂ ਦਵਾਰੇ ਅੱਗੇ ਖੜ੍ਹਨਾ, ਦਸਮ ਦਵਾਰੀ ਚੜ੍ਹਨ ਕੋਇ ਨਾ ਪਾਈਆ । ਪਿਤਾ ਪੂਤ ਹੋ ਕੇ ਲੜਨਾ, ਢਈਆ ਢਈਆ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੇ ਸਵਾਮੀ (ਆਸ ਪੁਜਾਈਆ) । ਕਲਜੁਗ ਕਹੇ ਮੈਂ ਕਰਨੀ ਖੇਲ ਨਿਰਾਲੀ, ਨਿਰਾਲਮ ਹੋ ਕੇ ਦਿਆਂ ਜਣਾਈਆ । ਬੜੀ ਜੁਗ ਚੌਕੜੀ ਘਾਲਣਾ ਘਾਲੀ, ਘਾਇਲ ਹੋ ਕੇ ਦਿਆਂ ਵਖਾਈਆ । ਜੇਹੜਾ ਖੇਲ ਰਾਮ ਦੱਸਿਆ ਸੰਦੇਸ਼ਾ ਦਿਤਾ ਬਾਲੀ, ਸੁਗਰੀਵ ਸਮਝ ਕਿਛ ਨਾ ਪਾਈਆ । ਉਸ ਵੇਲੇ ਦੀ ਵਸਤ ਸੰਭਾਲੀ, ਸੰਬਲ ਦੂਰੋਂ ਸੀਸ ਨਿਵਾਈਆ । ਮੇਰਾ ਪ੍ਰਭੂ ਖੇਲ ਤਕ ਲੈ ਹਾਲੀ, ਹਾਲਤ ਵੇਖਣੀ ਖ਼ਲਕ ਖ਼ੁਦਾਈਆ । ਫਲ ਰਹਿਣ ਨਹੀਂ ਦੇਣਾ ਕਿਸੇ ਡਾਲੀ, ਖ਼ਿਜ਼ਾਂ ਰੁਤ ਦਿਆਂ ਜਣਾਈਆ । ਸ੍ਰਿਸ਼ਟੀ ਪਾ ਕੇ ਤ੍ਰੈਗੁਣ ਜੰਜਾਲੀ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹੁਕਮ ਅੰਦਰ ਲੋਕਮਾਤ ਸੁਰਤ ਸੰਭਾਲੀ, ਸਾਹਿਬ ਤੇਰੀ ਇਕੋ ਓਟ ਤਕਾਈਆ ।

## ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਚੰਦਾ ਸਿੰਘ ਦੇ ਗ੍ਰਿਹ ਦਿੱਲੀ

ਕਲਜੁਗ ਕਹੇ ਪ੍ਰਭ ਮੇਰੇ ਅੰਤਰ ਦੇ ਦੇ ਬਲ, ਬਲਧਾਰੀ ਦਇਆ ਕਮਾਈਆ । ਪਵਿੱਤਰ ਰਹਿਣ ਨਾ ਦੇਵਾਂ ਅਠਸਠ ਜਲ, ਅੰਮ੍ਰਿਤ ਰਸ ਨਾ ਕੋਇ ਵਖਾਈਆ । ਚਾਰ ਕੁੰਟ ਜਗਤ ਵਿਕਾਰ ਚੜ੍ਹਾਵਾਂ ਦਲ, ਸਤਿ ਧਰਮ ਸਿਰ ਸਕੇ ਨਾ ਕੋਇ ਉਠਾਈਆ । ਭਾਗ ਲੱਗੇ ਨਾ ਕਿਸੇ ਕਾਇਆ ਡੂੰਘੀ ਡਲ, ਅੰਧ ਅੰਧੇਰ ਤਨ ਨਾ ਕੋਇ ਚੁਕਾਈਆ । ਦੂਈ ਦਵੈਤੀ ਸਭ ਨੂੰ ਲਾਵਾਂ ਸੱਲ, ਧੀਰਜ ਧੀਰ ਨਾ ਕੋਇ ਰਖਾਈਆ । ਪਿਤਾ ਪੂਤ


੬੮੩ ੨੨

ਨਾਲ ਕਰੇ ਛਲ, ਇਹ ਮੇਰੀ ਬੇਪਰਵਾਹੀਆ । ਭਾਣਾ ਵਰਤਾ ਆਪਣਾ ਕਲਜੁਗ ਕਲ, ਕਲਕਾਤੀ ਕਰਾਂ ਲੋਕਾਈਆ । ਤੇਰਾ ਮੰਦਰ ਦਿਸੇ ਨਾ ਕਿਸੇ ਅਟਲ, ਅਟਲ ਪਦਵੀ ਕੋਇ ਨਾ ਪਾਈਆ । ਜੂਠ ਝੂਠ ਦਾ ਲਾਵਾਂ ਫਲ, ਪੱਤ ਸ਼ਗੂਫਾ ਨਾ ਕੋਇ ਮੁਸਕਾਈਆ । ਫਿਰੀ ਦਰੋਹੀ ਵਿਚ ਥਲ, ਅਸਗਾਹਾਂ ਦੇਣ ਦੁਹਾਈਆ । ਜਗਤ ਦਵਾਰੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਲਵਾਂ ਮੱਲ, ਗੁਰੂਦਵਾਰੇ ਆਪਣਾ ਡੇਰਾ ਲਾਈਆ । ਤੇਰਾ ਨਾਮ ਕੋਈ ਲੈ ਸਕੇ ਨਾ ਪਲ, ਪਲਕਾਂ ਦੇ ਪਿਛੇ ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਕਾਇਨਾਤ ਦੁਨੀਆ ਸ੍ਰਿਸ਼ਟੀ ਸਤਿ ਸਚ ਤੋਂ ਸਾਰੀ ਜਾਵੇ ਹਲ, ਹਲੂਣਾ ਇਕੋ ਦੇਣਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਕਹੇ ਪ੍ਰਭੂ ਮੇਰੇ ਅੰਦਰ ਦੇ ਦੇ ਤਾਕਤ, ਸਦੀ ਚੌਧਵੀਂ ਦਇਆ ਕਮਾਈਆ । ਮੈਂ ਕਿਸੇ ਦੀ ਰਹਿਣ ਨਹੀਂ ਦੇਣੀ ਸ਼ਰਾਫ਼ਤ, ਹੱਕ ਹੱਕ ਨਾ ਕੋਇ ਕਮਾਈਆ । ਬੁੱਧੀ ਵਿਚ ਦੱਸੇ ਨਾ ਕੋਇ ਲਿਆਕਤ, ਮੂਰਖ ਮੁਗਧ ਦਿਆਂ ਬਣਾਈਆ । ਤੇਰੀ ਕਰੇ ਨਾ ਕੋਇ ਇਬਾਦਤ, ਕਲਮਾ ਸੁਣਨ ਕੋਇ ਨਾ ਪਾਈਆ । ਮਾਇਆ ਮਮਤਾ ਮੋਹ ਵਿਕਾਰ ਦੀ ਕਰਾਂ ਜ਼ਿਆਰਤ, ਆਲਸ ਨਿੰਦਰਾ ਦਿਆਂ ਖੁਲ੍ਹਾਈਆ । ਮੇਰਾ ਖੇਲ ਤਕ ਲੈ ਵਿਚ ਭਾਰਤ, ਭਾਵਨਾ ਗੁਰ ਅਵਤਾਰ ਪੈਗ਼ੰਬਰਾਂ ਨਾਲ ਮਿਲਾਈਆ । ਤੇਰੀ ਭਵਿਖਤਾਂ ਵਾਲੀ ਪੂਰੀ ਕਰਾਂ ਅਬਾਰਤ, ਜੋ ਅੱਖਰਾਂ ਵਿਚ ਲਿਖ ਲਿਖ ਦਿਤੀ ਗਵਾਹੀਆ । ਮੈਂ ਨੌਂ ਖੰਡ ਪ੍ਰਿਥਮੀ ਸੱਤ ਦੀਪ ਬਣਾ ਕੇ ਵਜ਼ਾਰਤ, ਮਾਇਆ ਮਮਤਾ ਨਾਲ ਠੁਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਦੀ ਬਦਲ ਦੇਵਾਂ ਆਦਤ, ਅਦਲੀ ਹੋ ਕੇ ਤੇਰੇ ਹੁਕਮ ਦਾ ਅਦਲ ਕਮਾਈਆ ।



## ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੬ ਕੈਪਟਨ ਮਹਿੰਦਰ ਸਿੰਘ ਦੇ ਗ੍ਰਿਹ ਦਿੱਲੀ

ਕਲਜੁਗ ਕਹੇ ਪ੍ਰਭ ਹੁਕਮ ਦੇ ਦੇ ਹੱਕਾ, ਪਰਵਰਦਿਗਾਰ ਵਾਹਿਦ ਜਣਾਈਆ । ਮੈਂ ਮੁਹੰਮਦ ਦਾ ਲੇਖਾ ਵੇਖਾਂ ਸੱਚਾ, ਸਤਿ ਸਤਿਵਾਦੀ ਫੋਲ ਫੁਲਾਈਆ । ਸਦੀ ਚੌਧਵੀਂ ਦਾ ਪੂਰਾ ਦੇ ਦੇ ਪਤਾ, ਪਤਿਪਰਮੇਸ਼ਵਰ ਪੜਦਾ ਲਾਹੀਆ । ਖੇਲ ਵਖਾਵਾਂ ਮਦੀਨਾ ਮੱਕਾ, ਕਾਅਬਿਆਂ ਵਿਚ ਦੁਹਾਈਆ । ਪਕੜ ਉਠਾਵਾਂ ਬੂਰਾ ਕੱਕਾ, ਈਸਾ ਮੂਸਾ ਨਾਲ ਮਿਲਾਈਆ । ਤੇਰੇ ਹੁਕਮ ਦਾ ਕਲਮੇ ਦਾ ਸਭ ਨੂੰ ਲਾਵਾਂ ਧੱਕਾ, ਅੱਗੇ ਹੋ ਨਾ ਕੋਇ ਅਟਕਾਈਆ । ਚਾਰ ਕੁੰਟ ਦਹਿ ਦਿਸ਼ਾ ਫਿਰਾਂ ਨੱਠਾ, ਸਾਹਿਬ ਸੁਲਤਾਨ ਭੱਜਾਂ ਵਾਹੋ ਦਾਹੀਆ । ਮੈਂ ਦੀਨ ਮਜ਼੍ਹਬ ਦਾ ਵੇਖਦਾ ਪੱਟਾ, ਪੱਟੇਦਾਰੀ ਖੋਜ ਖੁਜਾਈਆ । ਜਿਸ ਨੇ ਤੇਰੇ ਨਾਮ ਦਾ ਪਾਇਆ ਰੱਟਾ, ਅੱਖਰ ਨਾਲ ਅੱਖਰ ਦਿਤੇ ਲੜਾਈਆ । ਆਤਮ ਪਰਮਾਤਮ ਸਮਝਿਆ ਕਿਸੇ ਨਾ ਟੱਪਾ, ਸਿਫ਼ਤੀ ਢੋਲੇ ਸਾਰੇ ਗਾਈਆ । ਹੁਕਮ ਸੰਦੇਸ਼ਾ ਦੇ ਦੇ ਸ਼ਬਦੀ ਧਾਰ ਗੋਬਿੰਦ ਬੱਚਾ, ਬਚਪਨ ਆਪਣਾ ਪੂਰ ਕਰਾਈਆ । ਮੇਰਾ ਕੌਲ ਇਕਰਾਰ ਰਹੇ ਨਾ ਕੱਚਾ, ਕਾਇਨਾਤ ਹੋਏ ਸਹਾਈਆ । ਅੱਗੇ ਫ਼ਰਕ ਰਹੇ ਨਾ ਫਕਾ, ਫ਼ਤਵਾ ਸਭ ਤੇ ਦੇਣਾ ਲਗਾਈਆ । ਮੇਰਾ ਤੇਰੇ ਨਾਲ ਅਖ਼ੀਰੀ ਮਤਾ, ਮਤ ਬੁੱਧੀ ਤੋਂ ਬਾਹਰ ਦੇਣਾ ਸਮਝਾਈਆ । ਮੈਂ ਚਾਰ ਕੁੰਟ ਦਹਿ ਦਿਸ਼ਾ ਵੇਖਾਂ ਬਿਨਾ ਅੱਖਾਂ, ਨਿਜ ਨੇਤਰ ਤੇਰਾ ਧਿਆਨ ਲਗਾਈਆ । ਸਾਚੀ ਮੰਜ਼ਲ ਚੜ੍ਹੇ

ਨਾ ਕੋਈ ਵਿਚੋਂ ਲੱਖਾਂ, ਕੋਟਨ ਕੋਟੀ ਮਿਲਣ ਕੋਇ ਨਾ ਪਾਈਆ । ਮੈਂ ਖਿੜ ਖਿੜਾ ਕੇ ਹੱਸਾ, ਹੱਸ ਹੱਸ ਖ਼ੁਸ਼ੀ ਬਣਾਈਆ । ਤੇਰਾ ਮਿਲੇ ਨਾਮ ਕਿਸੇ ਨਾ ਰਸਾ, ਰਸਤਾ ਦੂਨੀ ਗਈ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਕਲਜੁਗ ਕਹੇ ਪ੍ਰਭੂ ਮੇਰਾ ਪੱਕਾ ਵੇਖ ਇਰਾਦਾ, ਅਦਲੀ ਇਕ ਜਣਾਈਆ । ਮੈਂ ਲੇਖਾ ਪੂਰਾ ਕਰਨਾ ਧਰਮ ਦਵਾਰਾ, ਲੇਖਾ ਰਹਿਣ ਨਹੀਂ ਦੇਣਾ ਕਿਸੇ ਸਾਧਾ, ਸੰਤ ਸਚ ਨਾ ਕੋਇ ਕਮਾਈਆ । ਤੇਰਾ ਭੇਵ ਖੋਲ੍ਹੇ ਨਾ ਕੋਇ ਬੋਧ ਅਗਾਧਾ, ਸ਼ਬਦੀ ਸ਼ਬਦ ਨਾ ਕੋਇ ਸ਼ਨਵਾਈਆ । ਤੇਰਾ ਹੁਕਮ ਜੁਗ ਚੌਕੜੀ ਆਦਿ ਜੁਗਾਦਾ, ਸਤਿਜੁਗ ਤ੍ਰੇਤਾ ਦੁਆਪਰ ਖੇਲ ਖਿਲਾਈਆ । ਅੰਤਮ ਨਿਰਗੁਣ ਧਾਰ ਮਾਰੇ ਵਾਜਾਂ, ਸ਼ਬਦ ਤੇਰਾ ਨਾਮ ਸੁਣਾਈਆ । ਮੇਰਾ ਲੇਖਾ ਪੂਰਾ ਕਰ ਦੇ ਜੋ ਕਹਿ ਕੇ ਗਿਆ ਵਾਲਾ ਬਾਜਾਂ, ਬਾਜ਼ੀਗਰ ਆਪਣਾ ਸਵਾਂਗ ਬਦਲਾਈਆ । ਤੂੰ ਸ਼ਾਹੋ ਭੂਪ ਵਡ ਰਾਜਨ ਰਾਜਾ, ਸ਼ਹਿਨਸ਼ਾਹ ਏਕੰਕਾਰ ਇਕ ਅਖਵਾਈਆ । ਮੈਂ ਤੇਰੀ ਸਰਨ ਲਾਗਾ, ਗੁਰ ਅਵਤਾਰ ਪੈਗ਼ੰਬਰਾਂ ਨਾਤਾ ਲਿਆ ਤੁੜਾਈਆ । ਤੂੰ ਕੰਤ ਕੰਤੂਹਲ ਸੁਹਾਗਾ, ਪਰਵਰਦਿਗਾਰ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਕਲਜੁਗ ਕਹੇ ਪ੍ਰਭ ਮੇਰਾ ਵਕਤ ਕਰ ਸੁਹੰਜਣਾ, ਸੋਭਾਵੰਤ ਸਾਹਿਬ ਸੁਲਤਾਨ । ਤੂੰ ਦਾਤਾ ਦਾਨੀ ਦਰਦ ਦੁੱਖ ਭੈ ਭੰਜਨਾ, ਜੋਧਾ ਸੂਰਬੀਰ ਨੌਜਵਾਨ । ਮੈਂ ਤੇਰੇ ਚਰਨ ਧੂੜੀ ਕਰਾਂ ਮਜਨਾ, ਸਚ ਦੀ ਧਾਰ ਇਕ ਅਸ਼ਨਾਨ । ਤੇਰਾ ਦਰਸ ਕਰ ਕਰ ਰੱਜਣਾ, ਨੇਤਰ ਨੈਣ ਖ਼ੁਸ਼ੀ ਮਨਾਣ । ਤੂੰ ਮੈਨੂੰ ਲਾਉਣਾ ਅੰਗਣਾ, ਬੇਨੰਤੀ ਕਰ ਪਰਵਾਨ । ਮੈਂ ਘਰ ਘਰ ਅੰਦਰ ਲੱਖ ਚੁਰਾਸੀ ਜੀਵ ਜੰਤ ਲੰਘਣਾ, ਕੂੜੀ ਕਿਰਿਆ ਸਭ ਨੂੰ ਦੇਣਾ ਦਾਨ । ਤੇਰਾ ਦਰਸ ਹੋਣ ਨਹੀਂ ਦੇਣਾ ਗੋਪਾਲ ਮਦਨਾ, ਸ਼ਬਦ ਸੁਣੇ ਨਾ ਕੋਇ ਧੁਨਕਾਨ । ਤੇਰੀ ਕਿਰਪਾ ਨਾਲ ਮੇਰਾ ਛੰਦ ਡੌਰੂ ਵੱਜਣਾ, ਨੌਂ ਖੰਡ ਪ੍ਰਿਥਮੀ ਸੱਤ ਦੀਪ ਕਰਾਂ ਹੈਰਾਨ । ਮੈਂ ਦੀਨਾਂ ਮਜ਼੍ਹਬਾਂ ਜ਼ਾਤਾਂ ਪਾਤਾਂ ਲਾਉਣੀ ਅੱਗਨਾ, ਤ੍ਰੈਗੁਣ ਮਾਇਆ ਅਗਨੀ ਬਾਲ । ਮੈਂ ਦਿਸ਼ਾ ਕੂਟ ਵਿਚ ਵੰਞਣਾ, ਉੱਤਰ ਪੂਰਬ ਪੱਛਮ ਦੱਖਣ ਖੇਲ ਮਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਦੇ ਸਾਚਾ ਵਰ, ਮੇਰੇ ਸਾਹਿਬ ਸਾਹਿਬ ਸੁਲਤਾਨ । ਕਲਜੁਗ ਕਹੇ ਪ੍ਰਭੂ ਉਹ ਵੇਖ ਮੈਨੂੰ ਮੁਹੰਮਦ ਵਟਦਾ ਘੂਰੀ, ਚੌਦਾਂ ਤਬਕ ਧਿਆਨ ਲਗਾਈਆ । ਮੂਸਾ ਤੇਰਾ ਨੂਰ ਦੱਸ ਕੇ ਨੂਰੀ, ਨੂਰ ਨੁਰਾਨੇ ਰਿਹਾ ਜਣਾਈਆ । ਈਸਾ ਜਣਾ ਕੇ ਇਕ ਹਜ਼ੂਰੀ, ਹਾਜ਼ਰ ਹਜ਼ੂਰ ਤੇਰੀ ਵਡਿਆਈਆ । ਮੇਰੀ ਆਸਾ ਤੁਧ ਬਿਨ ਕਵਣ ਕਰੇ ਪੂਰੀ, ਤ੍ਰਿਸ਼ਨਾ ਜਗਤ ਪੂਰ ਕਰਾਈਆ । ਮੈਂ ਚਾਹੁੰਦਾ ਸਾਰੀ ਸ੍ਰਿਸ਼ਟੀ ਕਰਾਂ ਕੂੜੀ, ਕੂੜ ਕੁਟੰਬ ਬਣਾਈਆ । ਤੇਰੇ ਚਰਨਾਂ ਦੀ ਲਾ ਸਕੇ ਨਾ ਕੋਇ ਧੂੜੀ, ਮਸਤਕ ਟਿੱਕਾ ਖ਼ਾਕ ਨਾ ਕੋਇ ਰਮਾਈਆ । ਚਾਰ ਕੁੰਟ ਦਹਿ ਦਿਸ਼ਾ ਮੋਹ ਵਿਕਾਰ ਹੰਕਾਰ ਦੀ ਕਰਾਂ ਮਸ਼ਹੂਰੀ, ਮਾਇਆ ਮਮਤਾ ਵਿਚ ਸ੍ਰਿਸ਼ਟ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਵਰ ਦਾਤੇ ਦਇਆ ਕਮਾਈਆ । ਕਲਜੁਗ ਕਹੇ ਪ੍ਰਭ ਵੇਖ ਕਿਥੇ ਮੁਹੰਮਦ ਧਾਰ ਨੂਹ ਨਦੀ, ਸਾਗਰ ਵਹਿਣ ਨਾ ਕੋਇ ਵਹਾਈਆ । ਬੀਤਦੀ ਜਾਂਦੀ ਚੌਧਵੀਂ ਸਦੀ, ਸਦਮਾ ਦਿਸੇ ਨਾ ਕੋਇ ਲੋਕਾਈਆ । ਮੈਂ ਚਾਹੁੰਦਾ ਕਿਸੇ ਦੀ ਰਹੇ ਮੂਲ ਨਾ ਗੱਦੀ, ਗਦਾਗਰ ਦੇਣਾ ਬਣਾਈਆ । ਮੇਰੀ ਪ੍ਰੀਤ ਤੇਰੇ ਨਾਲ ਲੱਗੀ, ਲਗ ਮਾਤਰ ਦਾ ਝਗੜਾ ਦੇਣਾ ਗਵਾਈਆ । ਕਲਜੁਗ ਜੀਵ ਹੰਸ ਕਰਾਂ ਕੱਗੀ, ਮੁਖ ਜੂਠ ਝੂਠ ਭਰਾਈਆ । ਤੇਰੀ ਧਾਰ ਨਜ਼ਰ ਨਾ ਆਵੇ ਕਿਸੇ ਬੱਗੀ, ਸ਼ਾਹ ਰਗ ਤੋਂ ਉਪਰ ਤੇਰਾ ਦਰਸ

ਕੋਇ ਨਾ ਪਾਈਆ । ਝਗੜਾ ਮੁਕਾਵਾਂ ਸੁਦੀ ਵਦੀ, ਕਿਸ਼ਨਾ ਸ਼ੁਕਲਾ ਪੱਖ ਪੱਖ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਮੇਰੀ ਆਸਾ ਪੂਰ ਕਰਾਈਆ । ਕਲਜੁਗ ਕਹੇ ਪ੍ਰਭੂ ਉਹ ਵੇਖ ਆਪਣਾ ਈਸਾ, ਈਸਉਲਸਲਾਮ ਕੀ ਚਤੁਰਾਈਆ । ਉਹ ਰਾਹ ਤਕੇ ਬੀਸ ਬੀਸਾ, ਬੀਸਵੀਂ ਸਦੀ ਦਏ ਗਵਾਹੀਆ । ਜਿਸ ਵਿਚ ਬਦਲੀ ਹਦੀਸਾ, ਹਜ਼ਰਤਾਂ ਤੋਂ ਪਰੇ ਤੇਰੀ ਪੜ੍ਹਾਈਆ । ਝਗੜਾ ਮੁਕਾਉਣਾ ਊਚਾਂ ਨੀਚਾਂ, ਜ਼ਾਤ ਪਾਤ ਰਹਿਣ ਕੋਇ ਨਾ ਪਾਈਆ । ਆਤਮ ਬ੍ਰਹਮ ਮਾਨਵ ਵੇਖਣਾ ਹੱਕ ਬਗ਼ੀਚਾ, ਕਲਮਾ ਸ਼ਰਅ ਨਾ ਕੋਇ ਵਡਿਆਈਆ । ਇਕੋ ਸਿਫ਼ਤ ਇਕੋ ਸਲਾਹ ਇਕੋ ਤਮਹੀਦਾ, ਇਕੋ ਵਿਦਿਆ ਵਿਦਤ ਦੇਣੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਦੇ ਧੁਰ ਦਾ ਵਰ, ਪੂਰਬ ਲੇਖਾ ਵੇਖ ਵਖਾਈਆ । ਕਲਜੁਗ ਕਹੇ ਮੇਰਾ ਆਇਆ ਵਕਤ ਸੁਹਾਣਾ, ਪਰਵਰਦਿਗਾਰ ਤੇਰੀ ਸਰਨਾਈਆ । ਮੈਂ ਕੂੜੀ ਕਿਰਿਆ ਖੇਲ ਖਿਲਾਣਾ, ਖ਼ਾਲਕ ਤੇਰੀ ਖ਼ਲਕ ਦੇਣੀ ਭੁਲਾਈਆ । ਚਾਰੋਂ ਕੁੰਟ ਕਰਾਂ ਵੈਰਾਨਾ, ਵੈਰੀ ਘਰ ਘਰ ਆਪ ਬਣਾਈਆ । ਈਸਾ ਮੂਸਾ ਮੁਹੰਮਦ ਜ਼ਰੂਰ ਲੜਾਂਨਾ, ਸਚ ਤੇਰੀ ਓਟ ਤਕਾਈਆ । ਅੰਤਮ ਸਭ ਦਾ ਲੇਖਾ ਪੂਰਾ ਕਰਾਨਾ, ਬਾਕੀ ਰਹਿਣ ਕੋਇ ਨਾ ਪਾਈਆ । ਮੈਂ ਚਾਹੁੰਦਾ ਛੇਤੀ ਬਦਲ ਦੇਵਾਂ ਜ਼ਮਾਨਾ, ਜ਼ਿਮੀ ਜ਼ਮਾਂ ਤੇਰਾ ਧਿਆਨ ਕਰਾਈਆ । ਖੇਲ ਤਕਾਂ ਉਪਰ ਜ਼ਿਮੀਂ ਅਸਮਾਨਾਂ, ਇਸਮ ਆਜ਼ਮ ਤੇਰਾ ਵੇਖ ਵਖਾਈਆ । ਝਗੜਾ ਮੇਟ ਅੰਜ਼ੀਲ ਕੁਰਾਨਾ, ਕੁਰਹ ਇਕ ਦਿਆਂ ਦਰਸਾਈਆ । ਜਿਥੇ ਜਲਵਾਗਰ ਨੂਰ ਨੁਰਾਨਾ, ਜੋਤੀ ਜੋਤ ਜੋਤ ਰੁਸ਼ਨਾਈਆ । ਨਾ ਕੋਈ ਸ਼ਬਦ ਨਾਦ ਨਾ ਕੋਈ ਕਲਮਿਆਂ ਵਾਲਾ ਗਾਣਾ, ਨਾ ਕੋਈ ਅੱਖਰਾਂ ਵਾਲੀ ਪੜ੍ਹਾਈਆ । ਜਿਸ ਧਾਰ ਵਿਚ ਅਵਤਾਰ ਪੈਗ਼ੰਬਰ ਗੁਰੂ ਸਮਾਣਾ, ਮਜ਼੍ਹਬਾਂ ਵਾਲੀ ਵੰਡ ਨਾ ਕੋਇ ਵੰਡਾਈਆ । ਇਕੋ ਤੇਰਾ ਪਦ ਹੋਵੇ ਨਿਰਬਾਨਾ, ਨਿਰਵੈਰ ਤੇਰਾ ਰਾਹ ਜਣਾਈਆ । ਝਗੜਾ ਮੁਕਾਵਾਂ ਸੂਰ ਗਾਂ ਖਾਣਾ, ਪਸ਼ੂਆਂ ਉਤੇ ਧਰਮ ਨਾ ਕੋਇ ਟਿਕਾਈਆ । ਤੂੰ ਮੇਰੀ ਬੇਨੰਤੀ ਕਰ ਪਰਵਾਨਾ, ਪਰਮ ਪੁਰਖ ਦਇਆ ਕਮਾਈਆ । ਮੈਂ ਵੀ ਆਪਣੀ ਆਯੂ ਗੋਬਿੰਦ ਧਾਰ ਭੇਟ ਚੜ੍ਹਾਨਾ, ਲੱਖ ਲਖੀਸਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਸਤਕ ਲੇਖ ਬਣਾਈਆ । ਕਲਜੁਗ ਕਹੇ ਪ੍ਰਭ ਦੇ ਦੇ ਸਚ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਦੇ ਜਣਾਈਆ । ਮੈਂ ਤੇਰੇ ਬਿਨਾ ਕਿਸੇ ਦਾ ਨਹੀਂ ਗ਼ੁਲਾਮ, ਗੁਰ ਅਵਤਾਰ ਪੈਗ਼ੰਬਰਾਂ ਸੀਸ ਨਾ ਕਦੇ ਝੁਕਾਈਆ । ਮੈਂ ਮਜ਼੍ਹਬ ਦਾ ਮਜ਼੍ਹਬ ਉਤੇ ਲਾਉਣਾ ਇਲਜ਼ਾਮ, ਝਗੜਾ ਕਲਮਿਆਂ ਵਾਲਾ ਪਾਈਆ । ਸ਼ਰਅ ਨਾਲ ਸ਼ਰਅ ਕਰਨੀ ਬਦਨਾਮ, ਬਦੀ ਦਾ ਪਰਦਾ ਦੇਣਾ ਉਠਾਈਆ । ਮੈਂ ਚਾਹੁੰਦਾ ਇਸ਼ਟ ਰਹੇ ਕੋਇ ਨਾ ਰਾਮ, ਕ੍ਰਿਸ਼ਨਾ ਕਾਹਨ ਨਾ ਕੋਇ ਮਨਾਈਆ । ਸਾਰੇ ਜੀਵ ਬਣਨ ਸ਼ੈਤਾਨ, ਮਨ ਕਲਪਣਾ ਵਿਚ ਹਲਕਾਈਆ । ਮੇਰਾ ਚਾਰ ਲੱਖ ਦਾ ਸਮਾਂ ਛੇਤੀ ਮੁਕੇ ਵਿਚ ਜਹਾਨ, ਬੱਤੀ ਹਜ਼ਾਰ ਨਾ ਵੰਡ ਵੰਡਾਈਆ । ਜਿਸ ਕਾਰਨ ਗੋਬਿੰਦ ਬੱਚੇ ਕੀਤੇ ਕੁਰਬਾਨ, ਬਾਲੇ ਨੀਹਾਂ ਹੇਠ ਦਬਾਈਆ । ਸੋ ਸੂਰਬੀਰ ਯੋਧਾ ਆਵੇ ਇਕ ਵਿਚ ਮੈਦਾਨ, ਦੋ ਜਹਾਨਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਹੋ ਮਿਹਰਵਾਨ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਤੇਰੇ ਕਦਮ ਕਦੀਮ ਦੇ ਮਾਲਕ ਸੀਸ ਝੁਕਾਈਆ ।

## ✪ ਪਹਿਲੀ ਅੱਸੂ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਦਰਬਾਰ ਵਿਚ ✪

ਪਹਿਲੀ ਅੱਸੂ ਕਹੇ ਛੇ ਸੰਮਤ ਮੇਰੀ ਆਸ ਪੁਰਾਣੀ, ਪੂਰਨ ਸਤਿਗੁਰ ਦਿਤੀ ਸੁਣਾਈਆ । ਮੈਂ ਤਕੀ ਇਕੋ ਜੋਤ ਨੁਰਾਨੀ, ਨੂਰ ਨੂਰੀ ਨਜ਼ਰੀ ਆਈਆ । ਜੋ ਆਦਿ ਜੁਗਾਦਿ ਦਾ ਬਾਨੀ, ਬਾਣ ਅਣਿਆਲਾ ਤੀਰ ਚਲਾਈਆ । ਜਿਸ ਦਾ ਸਚਖੰਡ ਮਕਾਨੀ, ਮੁਕਾਮੇ ਹੱਕ ਰੁਸ਼ਨਾਈਆ । ਜਿਸ ਦੀ ਸੱਧਰਾਂ ਭਰੀ ਜਵਾਨੀ, ਇਕੋ ਰੰਗ ਰਖਾਈਆ । ਜਿਸ ਦੀ ਧਾਰ ਆਦਿ ਸ਼ਕਤ ਭਵਾਨੀ, ਅੱਗੇ ਪਿਛੇ ਭੱਜੇ ਵਾਹੋ ਦਾਹੀਆ । ਜਿਸ ਦੀ ਤੇਈ ਅਵਤਾਰ ਨਿਸ਼ਾਨੀ, ਨਿਸ਼ਾਨਾ ਧੁਰ ਗਏ ਸਮਝਾਈਆ । ਜਿਸ ਦੀ ਪੈਗ਼ੰਬਰ ਪੜ੍ਹਨ ਕਲਾਮੀ, ਕਲਮਾ ਹੱਕ ਸੁਣਾਈਆ । ਜਿਸ ਦੀ ਗੁਰੂਆਂ ਗਾਈ ਬਾਣੀ, ਬ੍ਰਹਮ ਖੇਲ ਖਿਲਾਈਆ । ਜਿਸ ਦਾ ਵਿਸ਼ਨੂੰ ਰੂਪ ਮਹਾਨੀ, ਵਿਸ਼ਵ ਨਾਲ ਪਰਨਾਈਆ । ਜਿਸ ਦੀ ਬ੍ਰਹਮ ਜੋਤ ਮਹਾਨੀ, ਬ੍ਰਹਮ ਬ੍ਰਹਮ ਵਡਿਆਈਆ । ਜਿਸ ਦਾ ਸ਼ੰਕਰ ਰੰਗ ਨਿਧਾਨੀ, ਵੇਖਣ ਕੋਇ ਨਾ ਪਾਈਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਬਾਣੀ ਨਿਕਲੀ ਜ਼ਬਾਨੀ, ਜਗਤ ਮਨਸਾ ਜ਼ਿਬਹ ਕਰਾਈਆ । ਉਹ ਸ਼ਹਿਨਸ਼ਾਹ ਸੁਲਤਾਨੀ, ਸੂਰਬੀਰ ਵਡ ਵਡਿਆਈਆ । ਉਹ ਦਾਤਾ ਧੁਰ ਦਾ ਦਾਨੀ, ਦਇਆਵਾਨ ਅਖਵਾਈਆ । ਜਿਸ ਦੀ ਲੱਖ ਚੁਰਾਸੀ ਰਾਣੀ, ਆਤਮ ਆਪ ਪਰਨਾਈਆ । ਜਿਸ ਦਾ ਖੇਲ ਜੀਵ ਪ੍ਰਾਣੀ, ਪੂਰਬ ਆਪ ਸਮਝਾਈਆ । ਜੋ ਵਸੇ ਜ਼ਿਮੀਂ ਅਸਮਾਨੀ, ਇਸਮ ਇਕ ਦਰਸਾਈਆ । ਜੋ ਹਰ ਘਟ ਜਾਣ ਜਾਣੀ, ਜਾਨਣਹਾਰ ਅਖਵਾਈਆ । ਜੋ ਜੁਗ ਚੌਕੜੀ ਕਰੇ ਫ਼ਾਨੀ, ਫ਼ਨਾਹ ਰੂਪ ਦਰਸਾਈਆ । ਜਿਸ ਦਾ ਖੇਲ ਸਦਾ ਗੁਮਨਾਮੀ, ਖੋਜਿਆਂ ਹੱਥ ਕਿਸੇ ਨਾ ਆਈਆ । ਉਹ ਖੇਲ ਕਰੇ ਸਚਖੰਡ ਮੈਦਾਨੀ, ਸਚ ਸਚ ਸਮਝਾਈਆ । ਸਾਰੇ ਵੇਖੇ ਜੀਵ ਇਨਸਾਨੀ, ਪਰਦਾ ਅੱਖ ਖੁਲ੍ਹਾਈਆ । ਤਕੋ ਅੰਮ੍ਰਿਤ ਪਾਣੀ, ਤਟ ਕਿਨਾਰ ਖੋਜ ਖੁਜਾਈਆ । ਮੰਜ਼ਲ ਤਕੋ ਰੂਹਾਨੀ, ਰੂਹ ਬੁਤ ਦਰਸਾਈਆ । ਕਿਉਂ ਜਗਤ ਆਈ ਤੁਗਿਆਨੀ, ਕੂੜ ਲਹਿਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਕਲਜੁਗ ਕਹੇ ਪ੍ਰਭੂ ਮੈਂ ਆ ਗਿਆ, ਆਇਆ ਤੇਰੇ ਦਰਬਾਰ । ਮੈਂ ਸੋਇਆ ਸੋਇਆ ਜਾਗਿਆ, ਜਾਗਰਤ ਹੋ ਉਜਿਆਰ । ਸਰਨ ਸਰਨਾਈ ਲਾਗਿਆ, ਧੂੜੀ ਲਾਵਾਂ ਚਰਨ ਛਾਰ । ਮੈਂ ਸਤਿਜੁਗ ਤ੍ਰੇਤਾ ਦੁਆਪਰ ਮਾਰੀ ਆਵਾਜ਼ਿਆ, ਵੇਖੋ ਖੇਲ ਅਪਾਰ । ਗੁਰ ਅਵਤਾਰ ਪੈਗ਼ੰਬਰ ਕੀਤਿਆ ਹਾਸਿਆ, ਤੇਰੀ ਹਸਤੀ ਕਰ ਨਿਮਸਕਾਰ । ਫਿਰ ਅੱਖਾਂ ਪੁਟ ਪੁਟ ਝਾਕਿਆ, ਝਾਕੀ ਮਾਰੀ ਸਰਬ ਸੰਸਾਰ । ਫਿਰ ਕੁੰਡਾ ਖੋਲ੍ਹਿਆ ਤਾਕਿਆ, ਪਰਦਾ ਅਗੰਮ ਉਤਾਰ । ਫੇਰ ਵੇਖਿਆ ਤੇਰਾ ਭਵਿਖਤ ਵਾਕਿਆ ਜੋ ਜਣਾਇਆ ਪੈਗ਼ੰਬਰ ਗੁਰ ਅਵਤਾਰ । ਫੇਰ ਮੈਂ ਸ੍ਰਿਸ਼ਟੀ ਅੰਦਰ ਨਾਸਿਆ, ਕੀਤੀ ਅਗੰਮ ਵਿਚਾਰ । ਜਿੱਧਰ ਤਕਾਂ ਓਧਰ ਮਦਿਰਾ ਮਾਸਿਆ, ਮਾਨਵ ਹੋਏ ਖੂੰਖਾਰ । ਅਜਬ ਤੇਰਾ ਤਮਾਸ਼ਿਆ, ਤਮਾਂ ਦੀ ਮਾਰੀ ਮਾਰ । ਫਿਰ ਨਾਨਕ ਵੱਲ ਖੋਲ੍ਹਿਆ ਨੇਤਰ ਨੈਣਾਂ ਤਾਕਿਆ, ਪਲਕ ਪਲਕ ਉਠਾਲ । ਦਿਸੇ ਕੋਇ ਨਾ ਸਾਚਾ ਹਾਟਿਆ, ਮੈਂ ਹੱਸ ਕੇ ਕਿਹਾ ਨਾਨਕ ਤਕ ਕਮਾਲ । ਫੇਰ ਗੋਬਿੰਦ ਵੇਖਿਆ ਬਾਟਿਆ, ਅੰਮ੍ਰਿਤ ਸਕਿਆ ਨਾ ਕੋਇ ਸੰਭਾਲ । ਕਲਜੁਗ ਕਹੇ ਫਿਰ ਮੈਂ ਖ਼ੁਸ਼ੀਆਂ ਦੇ ਵਿਚ ਨਾਚਿਆ, ਸੋਹਣਾ ਬਣਾਇਆ ਤਾਲ । ਫਿਰ ਤਾਲੀ ਮਾਰ ਕੇ ਕਿਹਾ ਅਵਤਾਰ ਪੈਗ਼ੰਬਰ ਗੁਰੂ ਜਗਤ ਦੇ ਚਾਚਿਆ, ਉਠੋ ਵੇਖੋ ਸੁਰਤ ਸੰਭਾਲ । ਤੁਹਾਡਾ ਲੇਖਾ ਸਾਹਿਬ ਨੇ ਵਾਚਿਆ, ਵਾਚਕ ਬਣਿਆ ਆਪ ਅਕਾਲ । ਫਿਰ ਨਾਨਕ ਉਠ ਕੇ ਕਿਹਾ


੬੮੭
੨੨

ਦਾਸੀ ਦਾਸਿਆ, ਤੇਰਾ ਖੇਲ ਬੇਮਿਸਾਲ । ਫੇਰ ਗੋਬਿੰਦ ਵੇਖੀ ਆਪਣੀ ਪਾਤੀਆ, ਜੋ ਸ਼ਬਦੀ ਧਾਰ ਰਖੀ ਸੰਭਾਲ । ਫਿਰ ਤੱਕਿਆ ਪਾਣੀ ਆਟਿਆ, ਜੋ ਲੰਗਰ ਚਲਾਇਆ ਵਿਚ ਜਹਾਨ । ਫੇਰ ਸੰਦੇਸ਼ਾ ਸੁਣਿਆ ਪੁਰਖ ਸਮਰਾਥਿਆ, ਸਚ ਸੁਣਾਇਆ ਦੀਨ ਦਿਆਲ । ਆਪਣਾ ਲੇਖਾ ਤਕੇ ਮਸਤਕ ਮਾਥਿਆ, ਅਗੰਮ ਅਗੰਮੜਾ ਖੇਲ ਕਮਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਾਹਿਬ ਸੱਚੀ ਸਰਕਾਰ । ਅੱਸੂ ਕਹੇ ਮੇਰੀ ਆਸਾ ਪਿਛਲੀ ਰੱਖੀ, ਰੱਖਕ ਦਿਤੀ ਵਡਿਆਈਆ । ਮੈਂ ਖੇਲ ਵੇਖਣਾ ਅੱਖੀਂ, ਅੱਖਰਾਂ ਵਿਚ ਦੇਣਾ ਸਮਝਾਈਆ । ਭੇਵ ਖੋਲ੍ਹਣਾ ਅਲੱਖ ਅਲੱਖੀ, ਅਲਖ ਅਗੋਚਰ ਦਇਆ ਕਮਾਈਆ । ਤੇਰੀ ਗੋਬਿੰਦ ਨਾਲ ਪੱਕੀ, ਪੱਕੀ ਗੰਢ ਨਾ ਕੋਇ ਖੁਲ੍ਹਾਈਆ । ਸਦੀ ਚੌਧਵੀਂ ਜਾਂਦੀ ਟੱਪੀ, ਟੱਪਾ ਆਪਣਾ ਦੇ ਦ੍ਰਿੜਾਈਆ । ਤੈਨੂੰ ਮੰਨਿਆ ਕਮਲਾਪਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਤਕਾਈਆ । ਅੱਸੂ ਕਹੇ ਗੁਰ ਅਵਤਾਰ ਪੈਗ਼ੰਬਰੋ ਨਿਗਹ ਮਾਰ ਲਓ ਖ਼ਾਸ, ਬਿਨ ਨੈਣ ਨੈਣ ਉਠਾਈਆ । ਤਕੋ ਪੁਰਖ ਅਬਿਨਾਸ਼, ਜੋ ਮਾਲਕ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਤਕਾਈਆ । ਗੁਰ ਅਵਤਾਰ ਪੈਗ਼ੰਬਰੋ ਜਿਸ ਨੇ ਤੁਹਾਨੂੰ ਦਿਤਾ ਲਬਾਸ, ਤਤਾਂ ਵਾਲਾ ਤਨ ਸੁਹਾਈਆ । ਜੋਤ ਦੇ ਪ੍ਰਕਾਸ਼, ਨੂਰ ਦਿਤਾ ਚਮਕਾਈਆ । ਸ਼ਬਦ ਦੇ ਆਵਾਜ਼, ਧੁਨ ਦਿਤੀ ਪਰਗਟਾਈਆ । ਉਹ ਲੇਖਾ ਮੰਗੇ ਹਿਸਾਬ, ਲਹਿਣਾ ਦਿਉ ਦ੍ਰਿੜਾਈਆ । ਅੰਮ੍ਰਿਤ ਦੱਸੋ ਦੱਸੋ ਹਯਾਤੇ ਆਬ, ਕਿਥੇ ਰੱਖਿਆ ਟਿਕਾਈਆ । ਜਾਂ ਵੇਖਣ ਲੱਗੇ ਸਭ ਦੇ ਮੂਧੇ ਹੋਏ ਗਿਲਾਸ, ਭਰਿਆ ਨਜ਼ਰ ਕੋਇ ਨਾ ਆਈਆ । ਮੁਖੋਂ ਕਹਿਣ ਵਾਹ ਰੇ ਸਾਡੇ ਬਾਪ, ਕੀ ਤੇਰੀ ਬੇਪਰਵਾਹੀਆ । ਪ੍ਰਭੂ ਕਹੇ ਜਪੋ ਆਪਣਾ ਆਪਣਾ ਜਾਪ, ਮੈਨੂੰ ਦਿਉ ਸੁਣਾਈਆ । ਇਕ ਦੂਜੇ ਨਾਲ ਕਰੋ ਟਾਕ, ਟੰਗ ਜਿਹਵਾ ਨਾਲ ਸੁਣਾਈਆ । ਇਕ ਦੂਜੇ ਨਾਲ ਕਰੋ ਵਾਕ, ਵਾਕਫ਼ਕਾਰ ਬਣ ਕੇ ਦਿਉ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੀਏ ਕਿਹੜਾ ਬਾਟਾ, ਧਰਨੀ ਧਿਆਨ ਲਗਾਈਆ । ਕਿਉਂ ਸਭ ਨੂੰ ਆਇਆ ਘਾਟਾ, ਘਾਟੀ ਮੰਜ਼ਲ ਰਹੀ ਨਾ ਰਾਈਆ । ਕਿਸੇ ਨਾ ਮੰਨਿਆ ਆਖਾ, ਬੈਠਾ ਮੁਖ ਭਵਾਈਆ । ਕਵਣ ਛੱਡਿਆ ਸਾਕਾ, ਆਤਮ ਪਰਮਾਤਮ ਗੰਢ ਤੁੜਾਈਆ । ਕਵਣ ਸੌਂ ਗਿਆ ਖਾਟਾ, ਲੇਫ ਤਲਾਈ ਅੰਗ ਲਗਾਈਆ । ਕਵਣ ਵੜ ਗਿਆ ਜ਼ਾਤਾ ਪਾਤਾ, ਦੀਨਾਂ ਮਜ਼੍ਹਬਾਂ ਸੰਗ ਨਿਭਾਈਆ । ਸਾਰੇ ਕਢੀਏ ਆਪਣਾ ਆਪਣਾ ਖਾਤਾ, ਲੇਖਾ ਪੂਰਬ ਹੱਥ ਉਠਾਈਆ । ਕਿਉਂ ਸਭ ਦੇ ਹੁੰਦਿਆਂ ਹੋਈ ਅੰਧੇਰੀ ਰਾਤਾ, ਸਚ ਚੰਦ ਨਾ ਕੋਇ ਰੁਸ਼ਨਾਈਆ । ਕਿਉਂ ਪੁਰਖ ਅਕਾਲ ਨੇ ਸਭ ਦੇ ਉਤੇ ਮਾਰਿਆ ਛਾਪਾ, ਛੱਪਾ ਆਪਣਾ ਲਿਆ ਪਾਈਆ । ਕਿਉਂ ਸ੍ਰਿਸ਼ਟੀ ਕਟਦੀ ਫ਼ਾਕਾ, ਭੁੱਖੀ ਮਰੇ ਲੋਕਾਈਆ । ਕਿਉਂ ਕੂੜੀ ਕਿਰਿਆ ਲੱਗੀ ਮਾਥਾ, ਮਸਤਕ ਦਏ ਦੁਹਾਈਆ । ਕਿਉਂ ਨਹੀਂ ਕਿਸੇ ਦਾ ਪੂਰਾ ਹੋਇਆ ਜਾਪਾ, ਜਪਤ ਜਪਤ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਧੁਰ ਆਪਣੀ ਖੇਲ ਖਿਲਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅੰਮ੍ਰਿਤ ਰਿਹਾ ਕੋਇ ਨਾ ਭਰਿਆ, ਭਰਮ ਵਿਚ ਦੁਹਾਈਆ । ਸਾਚਾ ਰਿਹਾ ਕੋਇ ਨਾ ਸਰਿਆ, ਸਰੋਵਰ ਦੇਣ ਗਵਾਹੀਆ । ਤੀਰਥ ਤਟ ਕੋਇ ਨਾ ਤਰਿਆ, ਗੰਗਾ ਗੋਦਾਵਰੀ

ਰੋਵੇ ਮਾਰੇ ਧਾਈਆ । ਮੰਜ਼ਲ ਸਚ ਕੋਇ ਨਾ ਚੜ੍ਹਿਆ, ਪੜਦਾ ਦਰ ਨਾ ਕੋਇ ਖੁਲ੍ਹਾਈਆ । ਜੀਵਣ ਜੀ ਕੋਈ ਨਾ ਮਰਿਆ, ਮਰ ਜੀਵਤ ਰੂਪ ਜਣਾਈਆ । ਕੀ ਖੇਲ ਕਰੇ ਹਰਿ ਹਰਿਆ, ਹਰਿ ਵੱਡਾ ਵਡ ਵਡਿਆਈਆ । ਕੀ ਲੇਖਾ ਨਰਾਇਣ ਨਰਿਆ, ਨਰ ਹਰਿ ਕੀ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਖੇਲ ਕੀਤਾ ਪ੍ਰਭ ਛੜਿਆ, ਇਕੱਲੇ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਹੇ ਕਿਉਂ ਮੈਨੂੰ ਕਹਿੰਦੇ ਛੜਾ, ਸਹਿਜ ਦਿਉ ਜਣਾਈਆ । ਮੈਥੋਂ ਕਿਹੜਾ ਕੰਤ ਬੜਾ, ਜੋ ਸਭ ਨੂੰ ਲਏ ਪਰਨਾਈਆ । ਵੇਖੋ ਸਾਹਮਣੇ ਤੁਹਾਡੇ ਖੜ੍ਹਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਾਰੇ ਕਹਿਣ ਹੁਣ ਕਿਹੜੀ ਮਾਰੀਏ ਤੜਾ, ਆਕੜ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਕਹੇ ਮੈਂ ਤੁਹਾਡਾ ਚਾਰ ਜੁਗ ਦਾ ਲੇਖਾ ਪੜ੍ਹਾ, ਸਭ ਕਿਛ ਵੇਖ ਵਖਾਈਆ । ਕਿਹੜੀਆਂ ਦੀਨਾਂ ਮਜ਼੍ਹਬਾਂ ਵਾਲੀਆਂ ਲਾਈਆਂ ਜੜ੍ਹਾਂ, ਉਨ੍ਹਾਂ ਸਹਿਜੇ ਦਿਆਂ ਉਖੜਾਈਆ । ਜਿਹੜਾ ਦੀਨ ਦੁਨੀ ਦਾ ਖੋਦਿਆ ਗੜ੍ਹਾ, ਉਹ ਤੁਹਾਥੋਂ ਦਿਆਂ ਭਰਾਈਆ । ਤੁਸਾਂ ਸਾਰਿਆਂ ਫੜਿਆ ਇਕ ਦਾ ਲੜਾ, ਨਾਰੀ ਰੂਪ ਨੂਰ ਦਰਸਾਈਆ । ਬੱਚੂ ਹੁਣ ਚਲਾ ਕੇ ਦੱਸਿਉ ਜ਼ਰਾ ਸ਼ਰਅ, ਆਪਣਾ ਹੁਕਮ ਵਰਤਾਈਆ । ਤੁਹਾਡਾ ਹੁਕਮ ਰਹਿਣਾ ਨਹੀਂ ਜ਼ਰਾ, ਜ਼ੱਰੇ ਜ਼ੱਰੇ ਵਿਚੋਂ ਇਕੋ ਨਜ਼ਰੀ ਆਈਆ । ਮੇਰਾ ਹੁਕਮ ਸ਼ਬਦ ਹੱਕ ਖਰਾ, ਖੋਟਾ ਰੰਗ ਨਾ ਕੋਇ ਰੰਗਾਈਆ । ਗੁਰ ਅਵਤਾਰ ਪੈਗ਼ੰਬਰੋ ਹੁਣ ਰਹਿਣ ਨਹੀਂ ਦੇਣਾ ਕਿਸੇ ਦਾ ਧੜਾ, ਵੱਖਰੀ ਵੰਡ ਨਾ ਕੋਇ ਕਰਾਈਆ । ਇਕੋ ਪਰਗਟ ਹੋਇਆ ਨਰਾਇਣ ਨਰਾ, ਨਰ ਨਰਾਇਣ ਇਕ ਅਖਵਾਈਆ । ਨਾਮ ਕਲਮਾ ਕੋਇ ਜਪੇ ਨਾ ਤਰਾ ਤਰਾ, ਇਕੋ ਹੁਕਮ ਦੇਣਾ ਸੁਣਾਈਆ ।



ਭੱਜਣਾ ਪਏ ਨਾ ਦਰ ਦਰਾ, ਘਰ ਇਕੋ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪੜਦਾ ਆਪ ਚੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਅੰਤ ਇਕ ਅਰਦਾਸ, ਸੀਸ ਜਗਦੀਸ ਝੁਕਾਈਆ । ਸਾਰੇ ਬਣ ਗਏ ਤੇਰੇ ਦਾਸ, ਦਾਸੀ ਰੂਪ ਅਨੂਪ ਵਟਾਈਆ । ਇਕੋ ਤੇਰਾ ਰੂਪ ਨੂਰ ਪ੍ਰਕਾਸ਼, ਜੋਤੀ ਜਾਤੇ ਤੇਰੀ ਰੁਸ਼ਨਾਈਆ । ਅਸੀਂ ਤੇਰੀ ਨਿੱਕੀ ਨਿੱਕੀ ਸਾਖ, ਲੋਕਮਾਤ ਮਹਿਕ ਮਹਿਕਾਈਆ । ਅਸੀਂ ਸਭ ਨੂੰ ਆਏ ਆਖ, ਅੰਤਮ ਆਏ ਧੁਰ ਦਾ ਮਾਹੀਆ । ਜੋ ਦੋ ਜਹਾਨਾਂ ਪਾਵੇ ਰਾਸ, ਗੋਪੀ ਕਾਹਨ ਰੂਪ ਜਣਾਈਆ । ਸਾਡੀ ਤੇਰੇ ਨਾਲ ਸੁਹੰਜਣੀ ਹੋਵੇ ਰਾਤ, ਰੁਤੜੀ ਤੇਰੇ ਨਾਲ ਮਹਿਕਾਈਆ । ਅਠਾਰਾਂ ਹਾੜ ਦੇ ਪਿਛੋਂ ਸਾਡੇ ਨਾਲ ਤੂੰ ਕਰੀ ਨਹੀਂ ਕੋਈ ਬਾਤ, ਉਡੀਕਾਂ ਵਿਚ ਤੇਰਾ ਰਾਹ ਤਕਾਈਆ । ਸਾਨੂੰ ਤਾਅਨੇ ਦੇਵੇ ਤੇਰੀ ਸਚਖੰਡ ਦੀ ਖਾਟ, ਖਟੀਆ ਰਹੀ ਸੁਣਾਈਆ । ਵੇ ਗੁਰ ਅਵਤਾਰ ਪੈਗ਼ੰਬਰੋ ਕਿਥੇ ਤੁਹਾਡਾ ਕਮਲਾਪਾਤ, ਪਤਿਪਰਮੇਸ਼ਵਰ ਅੰਗ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਇਕ ਤੇਰੀ ਓਟ ਤਕਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅਸੀਂ ਤੇਰੇ ਤੇਰੀ ਨਾਰੀ, ਸਾਹਿਬ ਤੇਰੀ ਸਰਨਾਈਆ । ਜੇ ਤੂੰ ਛੜਾ ਤੇ ਜੋਤ ਤੇਰੀ ਕਵਾਰੀ, ਦੋਹਾਂ ਦਾ ਖੇਲ ਬੇਪਰਵਾਹੀਆ । ਕੀ ਅਗਲੀ ਕਰੇ ਤਿਆਰੀ, ਤ੍ਰੈਗੁਣ ਅਤੀਤੇ ਦੇ ਸੁਣਾਈਆ । ਸਾਨੂੰ ਸਚ ਦੱਸ ਦੇ ਯਾਰ ਚੰਗਾ ਕਿ ਯਾਰੀ, ਯਰਾਨਾ ਕਵਣ ਨਿਭਾਈਆ । ਪੁਰਖ ਅਕਾਲ ਕਹੇ ਪਹਿਲੋਂ ਪੂਜਾ ਕਰੋ ਹਮਾਰੀ, ਇਕੋ ਨਾਮ ਧਿਆਈਆ । ਇਕੋ ਚਰਨ ਕਰੋ ਪਿਆਰੀ, ਇਕੋ ਸੀਸ ਝੁਕਾਈਆ । ਇਕੋ ਮਸਤੀ ਲਉ ਖ਼ੁਮਾਰੀ, ਇਕੋ ਰੰਗ ਰੰਗਾਈਆ । ਇਕੋ ਕਰੋ ਹਾਰ ਸ਼ਿੰਗਾਰੀ, ਇਕੋ

ਭੂਸਣ ਬਸਤਰ ਸੋਭਾ ਪਾਈਆ । ਇਕੋ ਤਕੋ ਨੈਣ ਦਾਤਾਰੀ, ਦਾਤਾ ਇਕ ਦਰਸਾਈਆ । ਫੇਰ ਵੇਖੋ ਖੇਲ ਲੋਕਮਾਤ ਨਿਆਰੀ, ਨਿਰੰਕਾਰ ਦਏ ਦ੍ਰਿੜਾਈਆ । ਨੌ ਸੌ ਚੁਰਾਨਮੇ ਚੌਕੜੀ ਜੁਗ ਪਿਛੋਂ ਹੁਣ ਜਿਸ ਦੀ ਆਈ ਵਾਰੀ, ਵਾਰਤਾ ਅਗਲੀ ਦਏ ਜਣਾਈਆ । ਇਕ ਨਾਮ ਨਾਮ ਜੈਕਾਰੀ, ਸ਼ਬਦ ਸ਼ਬਦ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰ ਨਜ਼ਰ ਨਾਲ ਤਰਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅਸੀਂ ਤੇਰਾ ਨੂਰ ਮਹਾਨੀ, ਤੇਰੇ ਵਿਚ ਸਮਾਈਆ । ਸਾਡੇ ਉਤੇ ਕਰ ਮਿਹਰਵਾਨੀ, ਮਹਿਬੂਬ ਰਹੇ ਜਣਾਈਆ । ਕੀ ਕਲਜੁਗ ਵਿਚ ਤੇਰਾ ਖੇਲ ਮਹਾਨੀ, ਸਤਿਜੁਗ ਧਾਰ ਦ੍ਰਿੜਾਈਆ । ਪੁਰਖ ਅਕਾਲ ਕਿਹਾ ਸਾਰੇ ਵੇਖੋ ਨਿਗਾਹ ਨਾਲ ਨੁਰਾਨੀ, ਜਗਤ ਨੇਤਰ ਨਾ ਕੋਇ ਰਖਾਈਆ । ਮੈਂ ਬਣ ਕੇ ਧੁਰ ਦਾ ਦਾਨੀ, ਗੋਬਿੰਦ ਦਾ ਲੇਖਾ ਅਗਲਾ ਪੂਰ ਕਰਾਈਆ । ਪੰਜਾਂ ਪਿਆਰਿਆਂ ਦੇ ਕੋਲੋਂ ਪੁਠੇ ਗਿਲਾਸ ਉਤੇ ਰਖਾਇਆ ਪਾਣੀ, ਪੁੱਠੀ ਰੀਤੀ ਦਿਤੀ ਚਲਾਈਆ । ਸਵਾ ਰਤੀ ਕੇਸਰ ਥੋੜਾ ਥੋੜਾ ਮਿਲਾਣਾ ਇਕੋ ਕਰਨੀ ਜਾਨੀ, ਰੰਗ ਰੰਗ ਬਦਲਾਈਆ । ਇਕ ਇਕ ਪਤਾਸਾ ਵਿਚ ਪਾਉਣਾ ਨਾਲ ਅਸਾਨੀ, ਜੋ ਗੁਰਦਾਸ ਗਿਆ ਲਿਖਾਈਆ । ਦਰਸ਼ਨ ਸਿੰਘ ਲੈ ਕੇ ਆਇਆ ਖ਼ੁਸ਼ੀ ਬਹੁਤੀ ਮਾਣੀ, ਮਾਣ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਦਰਸਾਈਆ । ਅਵਤਾਰ ਪੈਗ਼ੰਬਰ ਗੁਰ ਵੇਖੇ ਅਜਬ ਨਜ਼ਾਰਾ, ਨਜ਼ਰ ਤੋਂ ਬਾਹਰ ਦਰਸਾਈਆ । ਪ੍ਰਭੂ ਦਾ ਭਗਤ ਗੋਬਿੰਦ ਦਾ ਪਿਆਰਾ, ਗੁਰਮੁਖ ਦੋਵੇਂ ਰੂਪ ਬਣਾਈਆ । ਆਤਮ ਪਰਮਾਤਮ ਦਾ ਲਾ ਜੈਕਾਰਾ, ਜਾਗਰਤ ਜੋਤ ਦਿਤੀ ਜਗਾਈਆ । ਇਹ ਪਿਛਲਾ ਪੂਰਬ ਦਾ ਇਸ਼ਾਰਾ, ਕਲਮ ਸ਼ਾਹੀ ਤੋਂ ਬਾਹਰ ਲਿਖਾਈਆ । ਪਿਛਲਾ ਸਭ ਦਾ ਹੋਇਆ ਕਿਨਾਰਾ, ਅੰਤ ਆਪਣੇ ਵਿਚ ਟਿਕਾਈਆ । ਪੰਜਾਂ ਪਿਆਰਿਆਂ ਹੋਣਾ ਖ਼ਬਰਦਾਰਾ, ਸੰਦੇਸ਼ਾ ਇਕ ਦ੍ਰਿੜਾਈਆ । ਇਹ ਤਿਲਕ ਗੁਰਮੁਖਾਂ ਨੂੰ ਲਾਉਣਾ ਸਾਰਾ, ਵੱਡਾ ਛੋਟਾ ਵੰਡ ਨਾ ਕੋਇ ਨਾ ਵੰਡਾਈਆ । ਵੇਖਿਉ ਤੁਹਾਡਾ ਸਾਹਿਬ ਹੁੰਦਾ ਹੁਣ ਜ਼ਾਹਰਾ, ਜ਼ਾਹਿਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਗੋਬਿੰਦ ਲਿਆਂਦਾ ਦੁਬਾਰਾ, ਦੋਹਰੀ ਧਾਰ ਦਏ ਵਖਾਈਆ । ਤੁਹਾਡੇ ਨਾਲ ਮਿਲ ਕੇ ਦੋ ਜਹਾਨਾਂ ਲਾਉਣਾ ਅਖਾੜਾ, ਸੂਰਬੀਰ ਆਪਣਾ ਬਲ ਪਰਗਟਾਈਆ । ਜਿਹੜਾ ਸਭ ਦਾ ਸਤਾਰਾਂ ਹਾੜ ਨੂੰ ਬਣ ਗਿਆ ਲਾੜਾ, ਨਾਰੀ ਰੂਪ ਸਰਬ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰਾ ਤੇਰੀ ਚਤੁਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁੱਠਾ ਗਿਲਾਸ ਮਾਰੇ ਆਵਾਜ਼ਾਂ, ਜ਼ੋਰ ਜ਼ੋਰ ਨਾਲ ਸੁਣਾਈਆ । ਖ਼ਬਰਦਾਰ ਹੁਣ ਪੜ੍ਹਨੀਆਂ ਪੈਣ ਨਾ ਕਿਸੇ ਨਿਮਾਜ਼ਾਂ, ਰੋਜ਼ਿਆਂ ਵਕਤ ਚੁਕਾਈਆ । ਹੱਥ ਲਾਉਣੇ ਪੈਣ ਨਾ ਸਾਜਾਂ, ਸਿਤਾਰ ਨਾ ਕੋਇ ਹਿਲਾਈਆ । ਬੰਧਨ ਰਹਿਣ ਨਾ ਕੋਇ ਸਮਾਜਾਂ, ਝਗੜੇ ਦੇਣੇ ਚੁਕਾਈਆ । ਸ਼ਹਿਨਸ਼ਾਹ ਕਰੇ ਕੋਇ ਨਾ ਰਾਜਾ, ਰਈਅਤ ਦੇਣੀ ਬਦਲਾਈਆ । ਚਾਰ ਕੁੰਟ ਦਹਿ ਦਿਸ਼ਾ ਇਕੋ ਫਿਰਨਾ ਵਾਲਾ ਬਾਜ਼ਾਂ, ਬਾਜ਼ੀ ਸਭ ਦੀ ਦਏ ਉਲਟਾਈਆ । ਉਹ ਪਰਗਟ ਹੋ ਗਿਆ ਦੇਸ ਮਾਝਾ, ਮਾਝੇ ਵਾਲਿਓ ਭੁੱਲ ਰਹੇ ਨਾ ਰਾਈਆ । ਕਿਸੇ ਦੇ ਸੀਸ ਤੇ ਰਹਿਣ ਨਹੀਂ ਦੇਣਾ ਤਾਜਾ, ਤਖ਼ਤ ਤਾਜ ਦੇਣੇ ਉਲਟਾਈਆ । ਫੇਰ ਸਭ ਨੂੰ ਕਹਿਣ ਓ ਮਾਨਵ ਇਕ ਦੀ ਸਰਨੀ ਆ ਜਾ, ਅਜਾਮਲ ਵਾਂਗ ਸਭ ਪਾਰ ਕਰਾਈਆ । ਫਿਰ ਨੌਂ ਖੰਡ ਦੇ ਫਿਰਨਾ ਵਿਚ ਬਾਗ਼ਾ, ਸੱਤ ਦੀਪਾਂ ਫੇਰਾ ਪਾਈਆ । ਫਿਰ ਹੰਸ ਬਣਾਉਣਾ ਕਾਗਾ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਫੇਰ ਸ਼ਬਦ ਦਾ ਮਾਰਨਾ ਦਾਬਾ, ਸੁੱਤੇ

ਸਾਰੇ ਲੈਣੇ ਜਗਾਈਆ । ਫਿਰ ਪੁੱਠੇ ਚਰਨ ਕਰਨੇ ਵਿਚ ਕਾਅਬਾ, ਮੱਕੇ ਹਾਲ ਦੁਹਾਈਆ । ਫਿਰ ਬਣ ਕੇ ਬੁੱਢਾ ਬਾਬਾ, ਦੇਸ ਪਰਦੇਸਾਂ ਫਿਰਨਾ ਰੂਪ ਵਟਾਈਆ । ਫੇਰ ਗੁਰਮੁਖਾਂ ਦੀ ਬਹਿ ਕੇ ਉਤੇ ਢਾਬਾ, ਅੰਮ੍ਰਿਤ ਰਸ ਦੇਣਾ ਭਰਾਈਆ । ਫਿਰ ਤਖ਼ਤ ਨਿਵਾਸੀ ਹੋ ਕੇ ਧਰਮ ਦਾ ਕੰਡਾ ਫੜ ਕੇ ਤੋਲਣਾ ਛਾਬਾ, ਚੁਰਾਸੀ ਆਪਣੇ ਤੋਲ ਤੁਲਾਈਆ । ਫੇਰ ਲਹਿਣਾ ਦੇਣਾ ਵੇਖਣਾ ਸਭ ਦਾ ਪੀਤਾ ਖਾਧਾ, ਖਾਦਮ ਖੋਜੇ ਥਾਉਂ ਥਾਈਂਆ । ਫਿਰ ਸਭ ਨੇ ਕਹਿਣਾ ਇਹ ਕਿੱਥੋਂ ਆ ਗਿਆ ਨਿਰਗੁਣ ਰੂਪ ਡਾਢਾ, ਆਪਣਾ ਹੁਕਮ ਵਰਤਾਈਆ । ਫੇਰ ਸਭ ਨੇ ਕਹਿਣਾ ਬੱਚਿਆਂ ਵਾਂਗ ਲਡਾਵੇ ਲਾਡਾ, ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ, ਉਏ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਲ ਲਉ ਮਿਲਾਈਆ । ਸਾਰੇ ਖੇਲ ਵੇਖੋ ਆਪਣੇ ਨੈਣ, ਅੱਖ ਅੱਖ ਲਉ ਉਠਾਈਆ । ਜਿਸ ਨੇ ਤਾਰੇ ਸਦਨਾ ਸੈਣ, ਕਬੀਰ ਜੁਲਾਹੇ ਦਿਤੀ ਵਡਿਆਈਆ । ਜਿਸ ਨੇ ਬਟਵਾਰੇ ਕੋਲੋਂ ਲਿਖਾਈ ਰਮਾਇਣ, ਰਾਮਾ ਰੂਪ ਰੂਪ ਸਮਝਾਈਆ । ਜਿਸ ਨੇ ਭੇਵ ਜਣਾਇਆ ਐਨ ਤੇ ਗ਼ੈਨ, ਨੁਕਤਾ ਨੂਨ ਨਾਲ ਮਿਲਾਈਆ । ਜਿਸ ਨੇ ਤਤਾਂ ਦਿਤਾ ਚੈਨ, ਗੁਰੂ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਹੁਣ ਵੇਖੀਏ ਕੇਹੜੀ ਕਲਾਸ, ਏ ਟੂ ਜ਼ੈਡ ਧਿਆਨ ਲਗਾਈਆ । ਹਜ਼ਰਤ ਮੂਸਾ ਕਹੇ ਮੇਰੇ ਤੇ ਕਰੋ ਵਿਸ਼ਵਾਸ, ਮੈਂ ਆਪਣਾ ਭੇਵ ਦਿਆਂ ਖੁਲ੍ਹਾਈਆ । ਈਸਾ ਕਹੇ ਮੇਰਾ ਵੇਖੋ ਧਰਵਾਸ, ਧਰਨੀ ਉਤੇ ਦਿਆਂ ਦ੍ਰਿੜਾਈਆ । ਮੁਹੰਮਦ ਕਹੇ ਮੈਨੂੰ ਦਿਉ ਸ਼ਾਬਾਸ਼,
੬੯੧ ਤਾੜੀ ਦੋ ਹੱਥਾਂ ਵਾਲੀ ਲਗਾਈਆ । ਕਲਜੁਗ ਆਖਿਆ ਓ ਮੈਨੂੰ ਸਾਰੇ ਕਹੋ ਬਦਮਾਸ਼, ਬਦੀ ਦਾ ਮਾਲਕ ਇਕ ਅਖਵਾਈਆ । ਮੈਂ ਚਾਰ ਜੁਗ ੬੯੧
੨੨ ਦੇ ਸਾਰੇ ਬਣਾ ਦਿਤੇ ਪੱਤੇ ਤਾਸ਼, ਇਕ ਦਾ ਰੂਪ ਨਹਿਲੇ ਦੀ ਧਾਰ ਵਿਚ ਨੌਂ ਦਵਾਰਿਆਂ ਵਿਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੨੨
ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਕਾਰ ਕਮਾਈਆ । ਕਲਜੁਗ ਕਹੇ ਗੁਰ ਅਵਤਾਰ ਪੈਗ਼ੰਬਰੋ ਵੇਖੋ ਪੰਜ ਦਰਬਾਰੀ, ਸੱਜਾ ਹੱਥ ਉਪਰ ਰਹੇ ਉਠਾਈਆ । ਜਿਨ੍ਹਾਂ ਦੀ ਪ੍ਰਭੂ ਦੇ ਨਾਲ ਯਾਰੀ, ਯਰਾਨਾ ਇਕੋ ਨਾਲ ਜਣਾਈਆ । ਅੱਜ ਉਹ ਕਰਕੇ ਆਏ ਤਿਆਰੀ, ਤ੍ਰੈਗੁਣ ਤੋਂ ਬਾਹਰ ਡੇਰਾ ਲਾਈਆ । ਤੁਸੀਂ ਉਨ੍ਹਾਂ ਦੀ ਵੇਖਣੀ ਹੁਸ਼ਿਆਰੀ, ਹੁਸ਼ਿਆਰੀ ਨਾਲ ਤਾਸ਼ ਖੇਡਣ ਚਾਈਂ ਚਾਈਂਆ । ਉਨ੍ਹਾਂ ਨੂੰ ਇਹ ਖੇਡ ਬੜੀ ਪਿਆਰੀ, ਕਿਉਂ ਕਲਜੁਗ ਦੀ ਰੀਤੀ ਸੋਹਣੀ ਸੁਚੱਜੀ ਸੋਭਾ ਪਾਈਆ । ਕਲਜੁਗ ਕਹੇ ਓ ਬਸ ਗੁਰ ਅਵਤਾਰ ਪੈਗ਼ੰਬਰੋ ਮੈਨੂੰ ਪਹਿਲਾਂ ਥੱਲੇ ਫੇਰ ਲੈਣ ਦਿਉ ਬਹਾਰੀ, ਜਿਥੇ ਪੱਤੇ ਥੱਲੇ ਸੁੱਟਣੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਕਲਜੁਗ ਕਹੇ ਦਰਬਾਰੀਓ ਸੁੱਟੋ ਪਹਿਲੋਂ ਇਕ ਇਕ ਯੱਕਾ, ਇਕ ਦੂਜੇ ਦੇ ਉਤੇ ਦਿਉ ਟਿਕਾਈਆ । ਪੰਜ ਪਿਆਰਿਓ ਆਪਣੀ ਉਂਗਲੀ ਨਾਲ ਪੁੱਠੇ ਗਿਲਾਸ ਤੋਂ ਪਾਣੀ ਦਾ ਇਕ ਇਕ ਦਿਉ ਛਿੱਟਾ, ਦੂਰ ਦੂਰ ਸੁਟਾਈਆ । ਓਏ ਲਿਖਾਰੀਓ ਇਸ ਦੇ ਉਤੇ ਸੁੱਟੋ ਟੁਕੜਾ ਚਾਕ ਦਾ ਨਿੱਕਾ ਜਿਹਾ ਚਿੱਟਾ, ਸੁੱਟ ਕੇ ਦਿਉ ਵਖਾਈਆ । ਭਈ ਗੁਰ ਅਵਤਾਰ ਪੈਗ਼ੰਬਰੋ ਹੁਣ ਇੰਨਾਂ ਤਿੰਨਾਂ ਦਾ ਕਢੋ ਸਿੱਟਾ, ਕੀ ਪ੍ਰਭ ਨੇ ਖੇਲ ਰਚਾਈਆ । ਤੇਈ ਅਵਤਾਰ ਕਹਿਣ ਤਾਸ਼ ਦਾ ਪੱਤਾ ਇਉਂ ਜਾਪਦਾ, ਜਿਉਂ ਪਿਛਲਾ ਚਿੱਠਾ, ਇਕ ਨੂੰ ਇਕ ਰਿਹਾ ਦਰਸਾਈਆ । ਪੈਗ਼ੰਬਰ ਕਹਿਣ ਇਉਂ ਜਾਪਦਾ

ਅੰਮ੍ਰਿਤ ਦਾ ਛਿੱਟਾ, ਜਿਉਂ ਆਬੇਹਯਾਤ ਮਿੱਠਾ ਖ਼ੁਦ ਖ਼ੁਦਾ ਨੇ ਦਿਤਾ ਚੁਆਈਆ । ਗੁਰੂ ਕਹਿਣ ਲਿਖਾਰੀਆਂ ਦੇ ਹੱਥ ਦਾ ਚਾਕ ਚਿੱਟਾ, ਚਿੱਟੀ ਧਾਰ ਦਾ ਰੂਪ ਸਤਿਗੁਰ ਸੋਹਣਾ ਰਿਹਾ ਸਮਝਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ, ਵਾਹਵਾ ਕਿੱਡਾ ਸੋਹਣਾ ਕੱਢਿਆ ਸਿੱਟਾ, ਲੇਖਾ ਸਹਿਜੇ ਦਿਤਾ ਸਮਝਾਈਆ । ਦੁੱਕੀ ਕਹੇ ਮੈਨੂੰ ਪੰਜੇ ਜ਼ੋਰ ਨਾਲ ਸਿੱਟਣ ਤੇ ਵੇਖਣ ਜਿਵੇਂ ਸਰਗੁਣ ਰੂਪ ਪ੍ਰਭ ਦਾ ਟਿਕਾ, ਇਕ ਤੋਂ ਦੋ ਸੋਭਾ ਪਾਈਆ । ਪੰਜ ਪਿਆਰੇ ਕਹਿਣ ਉਨ੍ਹਾਂ ਦੋਹਾਂ ਦਾ ਇਕੋ ਹੀ ਪਤੀ ਤੇ ਇਕੋ ਪਿਤਾ, ਦੂਜਾ ਨਜ਼ਰ ਕੋਇ ਨਾ ਆਈਆ । ਪੰਜ ਲਿਖਾਰੀ ਕਹਿਣ ਜੁਗ ਜੁਗ ਉਸੇ ਦਾ ਲੇਖ ਲਿਖਾ, ਜੋ ਮਾਲਕ ਇਕ ਗੁਸਾਈਂਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਲਜੁਗ ਵਾਹ ਓਏ ਵਾਹ ਆਪਣੀ ਕਰਨੀ ਦਿਆ ਸਿੱਖਾ, ਤੇਰੀ ਬੇਪਰਵਾਹੀਆ । ਪੰਜਾਂ ਦਰਬਾਰੀਆਂ ਕਢ ਲਿਆ ਤਿਕਾ, ਪੁੱਠਾ ਦੇਣ ਰਖਾਈਆ । ਪੰਜ ਪਿਆਰੇ ਕਹਿਣ ਤ੍ਰੈਗੁਣ ਤੋਂ ਬਾਹਰ ਗੁਰਮੁਖ ਸਤਿਗੁਰ ਦੇ ਘਰ ਵਿਕਾ, ਤ੍ਰੈਭਵਣ ਧਨੀ ਵਿਚ ਸਮਾਈਆ । ਪੰਜ ਲਿਖਾਰੀ ਕਹਿਣ ਇਹੋ ਸਭ ਦੀ ਕਰਦਾ ਰਿੱਛਾ, ਰੱਛਕ ਹੋ ਕੇ ਹੋਏ ਸਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਓ ਚਾਰ ਜੁਗ ਪਿਛੋਂ ਸਾਡਾ ਕੀਤਾ ਪਿਛਾ, ਅਚਨਚੇਤ ਸਾਨੂੰ ਲਿਆ ਉਠਾਈਆ । ਕਲਜੁਗ ਕਹੇ ਏਥੇ ਸਭ ਦਾ ਇਕੋ ਜੇਹਾ ਹਿੱਸਾ, ਵੱਖਰੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤ੍ਰੈਗੁਣ ਦਾ ਲੇਖਾ ਦਏ ਮੁਕਾਈਆ । ਪੰਜ ਦਰਬਾਰੀ ਕਹਿਣ ਅਸੀਂ ਸੁੱਟ ਦਿਤਾ ਚੌਕਾ, ਚੌਥਾ ਸੱਜੇ ਖੱਬੇ ਸੋਭਾ ਪਾਈਆ । ਪੰਜ ਪਿਆਰੇ ਕਹਿਣ ਜੇ ਸਤਿਗੁਰ ਮਿਲ ਜਾਏ ਤੇ ਪੜ੍ਹਨਾ ਪਏ ਨਾ ਪੋਥਾ, ਅੱਖਰਾਂ ਦੀ ਲੋੜ ਰਹੇ ਨਾ ਰਾਈਆ । ਲਿਖਾਰੀ ਕਹਿਣ ਪ੍ਰਭੂ ਦਾ ਪਿਆਰ ਬੜਾ ਸੌਖਾ, ਬਿਨਾ ਕੀਮਤ ਤੋਂ ਬਿਨਾ ਟਕਿਆ ਤੋਂ ਲੋਕਮਾਤ ਦਏ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹੁਣ ਦੀਨਾਂ ਮਜ਼੍ਹਬਾਂ ਦਾ ਲੇਖਾ ਬਣ ਗਿਆ ਔਖਾ, ਵੇਲਾ ਵਕਤ ਦਏ ਗਵਾਹੀਆ । ਕਲਜੁਗ ਕਹੇ ਮਿਹਰਵਾਨੋ ਅੱਗੇ ਸੁਖ ਮਾਣ ਲਿਆ ਚੋਖਾ, ਚਾਰ ਜੁਗ ਗਏ ਵਿਹਾਈਆ । ਓਏ ਬੌਹੜੀ ਓਏ ਬੌਹੜੀ ਓਏ ਮੇਰਾ ਅੰਦਰ ਹੋ ਗਿਆ ਖੋਖਾ, ਸਚ ਰਹਿਣ ਕੋਇ ਨਾ ਪਾਈਆ । ਵੇਖੋ ਓਏ ਰੱਬ ਦਿਓ ਬੰਦਿਓ ਕਿਸੇ ਨੇ ਪਗੜੀ ਹੈਟ ਪਹਿਨ ਲਈ ਕਿਸੇ ਨੇ ਪਹਿਨ ਲਿਆ ਟੋਪਾ, ਉਹ ਟੋਪੀਆਂ ਵਾਲਿਓ ਟਾਪ ਦਾ ਮਾਲਕ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਤਾਸ਼ ਕਹੇ ਉਹ ਮੈਨੂੰ ਕਹਿੰਦੇ ਕਿਉਂ ਤਾਸ਼, ਅੱਜ ਤਕ ਸਕਿਆ ਨਾ ਕੋਇ ਸਮਝਾਈਆ । ਉਹ ਯਾਦ ਕਰੋ ਜਿਸ ਵੇਲੇ ਸ਼ੰਕਰ ਨੂੰ ਸਿਖਿਆ ਦਿਤੀ ਸੀ ਉਪਰ ਕੈਲਾਸ਼, ਕਲਾ ਆਪਣੀ ਇਕ ਸਮਝਾਈਆ । ਇਕ ਤੋਂ ਨੌਂ ਤਕ ਜਗਤ ਤਮਾਸ਼, ਇਹ ਮੇਰੀ ਬੇਪਰਵਾਹੀਆ । ਪੰਜਾਂ ਤਤਾਂ ਦਾ ਮੇਰਾ ਖੇਲ ਤਮਾਸ਼, ਤਤ ਤਤ ਨਾਲ ਜੁੜਾਈਆ । ਪੰਜ ਦਰਬਾਰੀਓ ਸੁੱਟ ਦਿਓ ਉਤੇ ਪੰਜੇ ਨੂੰ ਵਾਚ, ਆਪਣਾ ਹੱਥ ਉਠਾਈਆ । ਪੰਜ ਪਿਆਰੇ ਖ਼ੁਸ਼ੀਆਂ ਨਾਲ ਪਏ ਨਾਚ, ਪੰਚਮ ਪੰਚਮ ਪੰਚਮ ਦਿਤੀ ਵਡਿਆਈਆ । ਪੰਜ ਲਿਖਾਰੀ ਕਹਿਣ ਧੁਰ ਦਾ ਲੇਖ ਸਾਚ, ਸਚ ਸਚ ਰਿਹਾ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੰਜਾਂ ਤੋਂ ਬਾਹਰ ਕੇਹੜਾ ਸਮਾਜ, ਲੇਖਾ ਅਵਰ ਰਿਹਾ ਨਾ ਰਾਈਆ । ਕਲਜੁਗ ਕਹੇ ਮੇਰੇ ਵੀ ਵੱਡੇ ਭਾਗ, ਭਾਗ ਪ੍ਰਭ ਨੇ ਦਿਤਾ ਲਗਾਈਆ । ਅੱਗੇ ਤੁਸੀਂ ਸਵਾਲ ਸਮਝਦੇ ਰਹੇ ਤੇ ਹੁਣ ਸਭ ਨੂੰ ਦੇਣਾ ਪਿਆ ਜਵਾਬ, ਨਤੀਜਾ ਅਗਲੇ ਸਾਲ ਵਖਾਈਆ । ਛੇ ਕਹਿਣ ਸਾਡਾ ਸਭ ਤੋਂ ਵੱਖਰਾ ਹਿਸਾਬ, ਛਿੱਕੀ ਛਿੱਕੀ ਉਤੇ ਟਿਕਾਈਆ । ਪੰਜ ਪਿਆਰੇ ਕਹਿਣ ਓ ਗੁਰਮੁਖੋ

੬੯੨
੨੨

ਕੋਇ ਨਾ ਰਿਹੋ ਕਾਗ, ਬੁੱਧੀ ਹੰਸ ਰੂਪ ਬਣਾਈਆ । ਲਿਖਾਰੀ ਕਹਿਣ ਪ੍ਰਭੂ ਦੇ ਪਿਆਰ ਬਿਨਾ ਕੋਈ ਬਣ ਨਹੀਂ ਸਕਦਾ ਸਾਧ, ਸਾਧਨਾ ਵਿਚ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅੱਗੇ ਸਾਨੂੰ ਕੋਈ ਨਾ ਲਿਓ ਅਰਾਧ, ਇਕੋ ਅਰਾਧਨਾ ਧੁਰਦਰਗਾਹੀਆ । ਕਲਜੁਗ ਕਹੇ ਮੈਨੂੰ ਖ਼ੁਸ਼ੀ ਹੋਈ ਆਜ, ਨਿਉਂ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਤਾਸ਼ ਕਹੇ ਜਿਸ ਵੇਲੇ ਸ਼ੰਕਰ ਨੂੰ ਦੱਸਿਆ ਸਾਤਾ, ਸਤਿ ਦਿਤਾ ਸਮਝਾਈਆ । ਉਸ ਵੇਲੇ ਥੱਲੇ ਪਿਆ ਇਕ ਦਾਤਾ, ਤੇ ਸਤਿ ਸਰੂਪ ਉਪਰ ਦਿਤਾ ਦਰਸਾਈਆ । ਦੱਸਿਆ ਇਕੋ ਪਿਤਾ ਤੇ ਇਕੋ ਮਾਤਾ, ਇਕੋ ਜੰਮਣ ਵਾਲੀ ਮਾਈਆ । ਇਸ ਤੋਂ ਅੱਗੇ ਮੇਰੀ ਧਾਰ ਦੀਆਂ ਸ਼ਾਖ਼ਾਂ, ਸ਼ਨਾਖ਼ਤ ਆਪਣੇ ਵਿਚ ਰਖਾਈਆ । ਪੰਜ ਦਰਬਾਰੀ ਇਕ ਦੂਜੇ ਨਾਲ ਸਲਾਹ ਕਰ ਕੇ ਸਾਤੇ ਨੂੰ ਰੱਖ ਕੇ ਉਪਰ ਮਾਰੋ ਹਾਥਾ, ਹਥੇਲੀ ਨਾਲ ਦਬਾਈਆ । ਪੰਜ ਪਿਆਰੇ ਕਹਿਣ ਓ ਗੁਰਮੁਖੋ ਇਕੋ ਮੀਤ ਤੇ ਇਕੋ ਸਾਕਾ, ਦੂਜਾ ਸੱਜਣ ਨਾ ਕੋਇ ਅਖਵਾਈਆ । ਪੰਜ ਲਿਖਾਰੀ ਕਹਿਣ ਅਸਾਂ ਲੇਖ ਲਿਖ ਦਿਤਾ ਅੱਗੇ ਰਹੇ ਕੋਇ ਨਾ ਚਾਚਾ, ਪਿਤਾ ਪੁਰਖ ਅਕਾਲ ਸਰਬ ਮਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਖੁਸ ਗਿਆ ਹਾਟਾ, ਵਣਜ ਨਾ ਕੋਇ ਵਖਾਈਆ । ਕਲਜੁਗ ਖ਼ੁਸ਼ੀਆਂ ਦੇ ਵਿਚ ਨਾਠਾ, ਭੱਜਿਆ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਸ਼ੰਕਰ ਕਹੇ ਮੈਨੂੰ ਸਮਝ ਆਈ ਕੀ ਖੇਲ ਤਤ ਅੱਠ, ਹਰਿ ਸਹਿਜ ਦਿਤਾ ਸਮਝਾਈਆ । ਮੈਂ ਆਪਣੇ ਅੰਦਰ ਬੰਨ੍ਹ ਲਈ ਗੱਠ, ਜੁਗ ਚੌਕੜੀ ਨਾ ਕਦੇ ਖੁਲ੍ਹਾਈਆ । ਧੁਰ ਦੇ ਹੁਕਮ ਨਾਲ ਰੱਖੀ ਠੱਪ, ਮੋਹਰ ਨਾਮ ਵਾਲੀ ਛੁਹਾਈਆ । ਹੁਣ ਹੁਕਮ ਮਿਲ ਗਿਆ ਝਟ, ਸੰਦੇਸ਼ਾ ਅਗੰਮ ਅਥਾਹੀਆ । ਸ਼ੰਕਰਾ ਲੋਕਮਾਤ ਨੂੰ ਨਠ, ਭੱਜਣਾ ਵਾਹੋ ਦਾਹੀਆ । ਭਗਤਾਂ ਦਾ ਤਕਣਾ ਇਕੱਠ, ਸੋਹਣੇ ਸੋਭਾ ਪਾਈਆ । ਪੰਜ ਦਰਬਾਰੀ ਤਕਣੇ ਪ੍ਰਭ ਦੇ ਝੀਵਰ ਛੀਂਬੇ ਨਾਈਂ ਜੱਟ, ਸੋਹਣਾ ਰੂਪ ਦਰਸਾਈਆ । ਉਹ ਅੱਠਾਂ ਤਤਾਂ ਉਤੇ ਮਾਰਨ ਲੱਗੇ ਸੱਟ, ਅੱਠਾ ਖੱਬੇ ਹੱਥ ਨਾਲ ਸੁਟਾਈਆ । ਪੰਜ ਪਿਆਰੇ ਕਹਿਣ ਅੱਠਾਂ ਤਤਾਂ ਦੀ ਰਹਿਣ ਨਹੀਂ ਦੇਣੀ ਵੱਟ, ਝਗੜਾ ਦੂਈ ਦੇਣਾ ਮੁਕਾਈਆ । ਪੰਜ ਲਿਖਾਰੀ ਕਹਿਣ ਅਸਾਂ ਲੇਖ ਲਿਖਣਾ ਸਚ, ਜੋ ਪੁਰਖ ਅਕਾਲਾ ਰਿਹਾ ਲਿਖਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਇਕ ਦੂਜੇ ਨੂੰ ਦਈਏ ਦੱਸ, ਸਹਿਜ ਨਾਲ ਸੁਣਾਈਆ । ਸਾਡਾ ਰਿਹਾ ਕੋਇ ਨਾ ਵਸ, ਵਾਸਤਾ ਇਕੋ ਨਾਲ ਜੁੜਾਈਆ । ਕਲਜੁਗ ਕਹੇ ਤੁਹਾਡਾ ਪੂਰਾ ਹੋਣ ਲੱਗਾ ਹੱਕ, ਪ੍ਰਭ ਪੂਰਬ ਲੇਖਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪੜਦਾ ਲਾਹੀਆ । ਨਹਿਲਾ ਕਹੇ ਮੈਂ ਆ ਗਿਆ ਸੂਰਬੀਰ ਬਹਾਦਰ, ਨੌਂ ਦਰ ਦਾ ਮਾਲਕ ਇਕ ਅਖਵਾਈਆ । ਮੈਨੂੰ ਮਾਣ ਬਖ਼ਸ਼ ਗਿਆ ਨੌਵੀਂ ਪਾਤਸ਼ਾਹੀ ਤੇਗ਼ ਬਹਾਦਰ, ਖ਼ੁਸ਼ੀ ਨਾਲ ਹੱਥ ਛੁਹਾਈਆ । ਓ ਧਰਮ ਦਿਆ ਨਹਿਲਿਆ ਤੂੰ ਹੋਣਾ ਮਾਤ ਉਜਾਗਰ, ਚਾਰ ਕੁੰਟ ਕੁੰਟ ਰੁਸ਼ਨਾਈਆ । ਨਹਿਲੇ ਰੋ ਕੇ ਕਿਹਾ ਮੇਰਾ ਬਣੇ ਨਾ ਕੋਇ ਸੌਦਾਗਰ, ਮੇਰੀ ਕੀਮਤ ਕੋਇ ਨਾ ਪਾਈਆ । ਮੇਰਾ ਨਾ ਕੋਇ ਪਿਸਰ ਪਿਦਰ ਨਾ ਕੋਇ ਮਾਦਰ, ਸਿਰ ਹੱਥ ਨਾ ਕੋਇ ਟਿਕਾਈਆ । ਸਤਿਗੁਰ ਕਿਹਾ ਓ ਵੇਖ ਕਰੀਮ ਕਾਦਰ, ਮੇਰਾ ਸਾਹਿਬ ਧੁਰਦਰਗਾਹੀਆ । ਜਿਸ ਕਲਜੁਗ ਅੰਤ ਖੇਲ ਕਰਨਾ ਵਾਜਬ, ਵਜੂਹਾਤ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਮੇਲਾ ਸਹਿਜ ਸੁਭਾਈਆ । ਨਹਿਲਾ ਕਹੇ ਮੇਰਾ ਨਾਮ ਬੜਾ ਖੋਟਾ,

ਨੌਂ ਦਵਾਰ ਪਈ ਦੁਹਾਈਆ । ਮੈਨੂੰ ਕਹਿੰਦੇ ਸਾਰੇ ਚੋਟਾ, ਸ਼ਰਾਰਤੀ ਨਾਉਂ ਧਰਾਈਆ । ਮੈਨੂੰ ਗਿਣਦੇ ਉਤੇ ਪੋਟਾ, ਜਿਹਵਾ ਨਾਲ ਹਿਲਾਈਆ ।
ਮੈਨੂੰ ਇਹੋ ਪ੍ਰਭੂ ਤੇ ਰੋਸਾ, ਸਹਿਜ ਨਾਲ ਸੁਣਾਈਆ । ਮੈਂ ਤਕਦਾ ਓਧਰੋਂ ਤੇਗ਼ ਬਹਾਦਰ ਨੇ ਹੱਥ ਵਿਚ ਫੜਿਆ ਲੋਟਾ, ਓਧਰੋਂ ਦਿਆਲੇ
ਦਾ ਪਾਣੀ ਹੁੰਦਾ ਸੀ ਕੋਸਾ, ਗੁਰਮੁਖ ਖ਼ੁਸ਼ੀਆਂ ਵਿਚ ਸਮਾਈਆ । ਫੇਰ ਮੈਨੂੰ ਆਇਆ ਜੋਸ਼ਾ, ਮੈਂ ਕੀਤੀ ਹਾਲ ਦੁਹਾਈਆ । ਮੇਰੇ ਪੁਰਖ ਅਕਾਲਾ
ਕੀ ਤੇਰਾ ਖੇਲ ਕਾਇਆ ਪੋਸ਼ਾ, ਤਤਾਂ ਨਾਲ ਵਡਿਆਈਆ । ਪਹਿਨੇਂ ਹੱਡ ਮਾਸ ਨਾੜੀ ਦਾ ਚੋਗਾ, ਬੂੰਦ ਰਕਤ ਨਾਲ ਸੁਹਾਈਆ । ਸ਼ਬਦ ਆਵਾਜ਼
ਆਈ ਜਿਸ ਤਰਾ ਤੇਗ਼ ਬਹਾਦਰ ਮੇਰੀਆਂ ਮਾਣਦਾ ਮੌਜ਼ਾਂ, ਧਿਆਨ ਮੇਰੇ ਵਿਚ ਲਗਾਈਆ । ਫੇਰ ਮੇਰੇ ਦੁਲਾਰੇ ਦੀਆਂ ਗੁਰਮੁਖ ਹੋਣੀਆਂ ਫ਼ੌਜਾਂ,
ਹੱਥ ਮੇਰੇ ਵੱਲ ਰਖਾਈਆ । ਫੇਰ ਕਲਜੁਗ ਅੰਤ ਮੈਂ ਉਨ੍ਹਾਂ ਦੇ ਕੋਲ ਪਹੁੰਚਾਂ, ਨਿਰਗੁਣ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਦ੍ਰਿੜਾਈਆ । ਨਹਿਲਾ ਕਹੇ ਮੈਨੂੰ ਅੱਠੇ ਉਤੇ ਮਾਰੋ, ਆਪਣਾ ਬਲ ਰਖਾਈਆ ।
ਪੰਜ ਦਰਬਾਰੀ ਪ੍ਰਭੂ ਨੂੰ ਰਿਦੇ ਚਿਤਾਰੋ, ਤੁਹਾਡੇ ਨੌਂ ਦਰਾਂ ਕਰਾਂ ਸਫ਼ਾਈਆ । ਪੰਜ ਪਿਆਰੇ ਅੰਮ੍ਰਿਤੀ ਬੂੰਦ ਇਕ ਇਕ ਡਾਰੋ, ਪ੍ਰੇਮ ਨਾਲ ਸੁਟਾਈਆ ।
ਪੰਜ ਲਿਖਾਰੀ ਚਾਕੂ ਨਾਲ ਮੇਰੇ ਦੁਆਲੇ ਇਕ ਇਕ ਲਕੀਰ ਮਾਰੋ, ਜ਼ਿਮੀਂ ਨਾਲ ਨਾ ਕੋਇ ਛੁਹਾਈਆ । ਨਹਿਲਾ ਕਹੇ ਫਿਰ ਸਾਰੇ ਬੋਲੋ ਪੰਜ ਜੈਕਾਰੋ,
ਪ੍ਰਭ ਤੇਰੀ ਓਟ ਤਕਾਈਆ । ਇਕੋ ਵਾਰ ਪੁਰਖ ਅਕਾਲ ਨੂੰ ਕਰੋ ਨਿਮਸਕਾਰੋ, ਦੋਏ ਜੋੜ ਕੇ ਸੀਸ ਨਿਵਾਈਆ । ਫੇਰ ਖ਼ੁਸ਼ੀਆਂ ਨਾਲ ਤਾਲੀ
ਵਜਾ ਕੇ ਕਹੋ ਅਸੀਂ ਆਉਣਾ ਤੇਰੇ ਦਰਬਾਰੋ, ਸਚਖੰਡ ਸਾਚੇ ਸੋਭਾ ਪਾਈਆ । ਵਿਛੜ ਜਾਈਏ ਨਾ ਤੇਰੀ ਕਤਾਰੋ, ਇਕੋ ਡੋਰੀ ਤੰਦ ਬੰਧਾਈਆ ।


ਤੂੰ ਧੁਰ ਦਾ ਸੱਚਾ ਪ੍ਰੀਤਮ ਯਾਰੋ, ਮੁਹੱਬਤ ਤੇਰੇ ਨਾਲ ਬਣਾਈਆ । ਗੁਰ ਅਵਤਾਰ ਪੈਗ਼ੰਬਰ ਬਣ ਗਏ ਤੇਰੀ ਨਾਰੋ, ਨਰ ਨਰਾਇਣ ਤੇਰੀ ਸੇਵ
ਕਮਾਈਆ । ਤੇਰੇ ਜੋਗੇ ਹੋ ਗਏ ਸਤਾਰਾਂ ਹਾੜ੍ਹੇ, ਲੇਖਾ ਅਵਰ ਰਿਹਾ ਨਾ ਰਾਈਆ । ਤੂੰ ਇਕ ਖ਼ਸਮ ਹੈਂ ਇਕ ਹੈਂ ਲਾੜੇ, ਨਾਰੀ ਸਰਬ ਪਰਨਾਈਆ ।
ਸਾਨੂੰ ਦੀਨ ਮਜ਼੍ਹਬ ਦੀ ਬਾਹਰ ਕਢ ਦੇ ਧਾੜੇ, ਕੰਡਾ ਖਾਰ ਲੱਗਣ ਨਾ ਪਾਈਆ । ਤੈਨੂੰ ਲੱਭਣਾ ਪਏ ਨਾ ਜੰਗਲ ਪਹਾੜੇ, ਹਰ ਘਟ ਅੰਦਰ ਨਜ਼ਰੀ
ਆਈਆ । ਓ ਕੋਝਿਆਂ ਕਮਲਿਆਂ ਨੂੰ ਆ ਕੇ ਤਾਰੋ, ਤਾਰਨਹਾਰ ਤੇਰੀ ਸਰਨਾਈਆ । ਸਤਿਜੁਗ ਵੇਖੀਏ ਸਚ ਬਹਾਰੋ, ਤੇਰਾ ਰੂਪ ਫੁੱਲ ਮਹਿਕਾਈਆ ।
ਆਪਣਾ ਨਾਮ ਵਜਾ ਕੇ ਨਗਾਰੋ, ਡੰਕਾ ਇਕ ਸ਼ਨਵਾਈਆ । ਨੌਂ ਖੰਡ ਪ੍ਰਿਥਮੀ ਬਣਾ ਕੇ ਅਖਾੜੇ, ਖੰਡਾ ਖੜਗ ਦੇ ਖੜਕਾਈਆ । ਸਭ ਨੂੰ
ਕਢ ਲੈ ਫੜ ਕੇ ਝਾੜੋਂ, ਲੁਕਿਆ ਰਹਿਣ ਕੋਇ ਨਾ ਪਾਈਆ । ਆਪਣੇ ਚਰਨਾਂ ਦੀ ਧੂੜ ਦੇ ਦੇ ਛਾਰੋ, ਸ਼ਹਿਨਸ਼ਾਹ ਤੇਰੀ ਸਰਨਾਈਆ । ਸਾਰੇ
ਕਹਿ ਦਿਉ ਯਾਰਾਂ ਨੂੰ ਯਾਰ ਮਿਲ ਗਿਆ ਯਾਰੋ, ਯਾਰੀ ਇਕ ਰਖਾਈਆ । ਗੁਰਮੁਖੋ ਹੁਣ ਅੱਗੇ ਵਾਸਤੇ ਕੁਛ ਵਿਚਾਰੋ, ਪਿਛਲਾ ਵੇਲਾ ਹੱਥ ਨਾ
ਆਈਆ । ਓਹ ਜਿਸ ਨੂੰ ਕਹਿੰਦੇ ਮਾਲਕ ਧੁਰਦਰਬਾਰੋ, ਤੁਹਾਡੇ ਸਾਹਮਣੇ ਸੋਭਾ ਪਾਈਆ । ਭਾਵੇਂ ਇਸ ਨੂੰ ਚੀਰੋ ਭਾਵੇ ਇਸ ਨੂੰ ਫਾੜੋ, ਫਿਰ
ਵੀ ਤੁਹਾਡਾ ਤੁਹਾਡੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਵਿਚ ਆਪਣਾ ਰੰਗ ਜਣਾਈਆ ।
ਕਲਜੁਗ ਕਹੇ ਪ੍ਰਭੂ ਮੇਰੀਆਂ ਅੱਖਾਂ ਵਿਚ ਆ ਗਏ ਅੱਥਰੂ ਅਥਰਾ ਹੋ ਕੇ ਦਿਆਂ ਜਣਾਈਆ । ਉਹ ਕੇਹੜਾ ਗੋਬਿੰਦ ਤੇ ਕੇਹੜਾ ਯਾਰ ਤੇ ਕਿਸ
ਦਾ ਹੰਢਾਇਆ ਸੱਥਰੂ, ਸੱਥਰਾਂ ਵਾਲੇ ਦੇਣ ਸਮਝਾਈਆ । ਕੇਹੜੀਆਂ ਇੱਟਾਂ ਕੇਹੜੇ ਪੂਜੇ ਪੱਥਰੂ, ਪਾਹਨ ਕੀ ਵਡਿਆਈਆ । ਪੁਰਖ ਅਕਾਲ

ਕਿਹਾ ਕਲਜੁਗ, ਮੇਰਾ ਆਦਿ ਦਾ ਜੁਗਾਦਿ ਦਾ ਜੁਗ ਜੁਗ ਵੇਖੇ ਗੋਬਿੰਦ ਗੱਭਰੂ, ਬਿਰਧ ਬਾਲ ਬੁਢਾਪਾ ਰੂਪ ਨਾ ਕੋਇ ਵਖਾਈਆ । ਜਦ ਤਕੋ ਮੇਰੇ ਨਾਮ ਦਾ ਅਦਲੂ, ਇਨਸਾਫ਼ ਇਕ ਸਮਝਾਈਆ । ਜਿਸ ਵੇਲੇ ਚਾਹੇ ਉਹ ਗੁਰਮੁਖ ਸੰਤ ਭਗਤ ਆਪਣੇ ਵਿਚੋਂ ਕਢ ਲਊ, ਫਿਰ ਆਪਣੇ ਵਿਚ ਸਮਾਈਆ । ਜਿਸ ਵੇਲੇ ਚਾਹੇ ਸਚਖੰਡ ਦਵਾਰੇ ਸੱਦ ਲਊ, ਦਰਗਹ ਸਾਚੀ ਦਏ ਟਿਕਾਈਆ । ਜਿਸ ਵੇਲੇ ਚਾਹੇ ਆਪਣੀ ਧਾਰ ਨਾਲ ਆਪੇ ਬੱਝ ਲਊ, ਜੁਗ ਜੁਗ ਨਾਲ ਬਦਲਾਈਆ । ਜਿਸ ਵੇਲੇ ਚਾਹੇ ਪਾਪੀਆਂ ਅਪਰਾਧੀਆਂ ਦੇ ਪੜਦੇ ਕੱਜ ਲਊ, ਜੋ ਚਰਨ ਆਇਆ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕਲਜੁਗ ਕਹੇ ਪ੍ਰਭੂ ਮੈਨੂੰ ਹੁਲਾਰਾ ਦਿਤਾ ਪਵਣ ਉਣੰਜਾ, ਚੌਥੇ ਜੁਗ ਦਾ ਨਾਇਆਂ ਨਾਲ ਰਲਾਈਆ । ਨਾਲੇ ਕਿਹਾ ਵੇ ਕਲਜੁਗਾ ਪਿਛੇ ਤੇ ਸਭ ਦਾ ਲੇਖਾ ਅਵਤਾਰ ਪੈਗ਼ੰਬਰ ਗੁਰੂ ਭਗਤ ਸ਼ਬਦ ਧਾਰ ਬਵੰਜਾ, ਬਵੰਜਾ ਮਾਇਆ ਵਿਚ ਸਮਾਈਆ । ਪ੍ਰਭ ਦਾ ਕਿਹੋ ਜਿਹਾ ਸ਼ਕੰਜਾ, ਜੇਹੜਾ ਫਸਿਆ ਉਹਨੂੰ ਬਾਹਰ ਨਾ ਕੋਇ ਕਢਾਈਆ । ਸਤਿਗੁਰ ਸ਼ਬਦ ਕਹੇ ਮੈਂ ਇਕ ਵੇਰਾਂ ਜੋਤ ਵਿਚ ਤੇਈ ਸਾਲ ਦੀ ਉਮਰ ਵਿਚ ਹੁਕਮ ਦਿਤਾ ਸੀ ਤੇਜਾ ਸਿੰਘ ਗੰਜਾ, ਹੱਥ ਮੁਖ ਉਤੇ ਲਗਾਈਆ । ਫਿਰ ਕਢ ਕੇ ਰੁਮਾਲ ਨੀਲਾ ਰੰਗਾ, ਹਵਾ ਵਿਚ ਉਡਾ ਕੇ ਫੇਰ ਖਲੋ ਕੇ ਕੇਸਾਂ ਨੂੰ ਵਾਹਿਆ ਕੰਘਾ, ਵਟ ਪੁੱਠੇ ਹੱਥ ਚੜ੍ਹਾਈਆ । ਫੇਰ ਖ਼ੁਸ਼ੀ ਵਿਚ ਕਿਹਾ ਪ੍ਰਭੂ ਆਪੇ ਜੋਤ ਤੇ ਆਪੇ ਬੰਦਾ, ਬੰਦੇ ਦੀ ਸਮਝ ਕੋਇ ਨਾ ਆਈਆ । ਫੇਰ ਹੱਸ ਕੇ ਕਿਹਾ ਜਿਸ ਵੇਲੇ ਮੈਂ ਗੁਰਮੁਖਾਂ ਦੀ ਧਾਰ ਆਪਣੇ ਸ਼ਬਦ ਸਿੰਘਾਸਣ ਉਤੇ ਕਰ ਦਿਤੀ ਬਵੰਜਾ ਤੋਂ ਸਵਾ ਬਵੰਜਾ, ਬਾਵਨ ਦਾ ਬਾਵਨ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕਲਜੁਗ ਕਹੇ ਸਵਾ ਬਵੰਜਾ ਕਿਹੜਾ ਤੇਰਾ ਖੇਲ, ਮੈਨੂੰ ਦੇ ਸਮਝਾਈਆ । ਪੁਰਖ ਅਕਾਲ ਕਿਹਾ ਸ਼ਬਦ ਗੁਰੂ ਮੇਰਾ ਮੇਲਾ ਲਏ ਮੇਲ, ਇਹ ਮੇਰੇ ਹੱਥ ਵਡਿਆਈਆ । ਕਿਉਂ ਇਕੋ ਰੂਪ ਗੁਰੂ ਗੁਰ ਚੇਲ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਵੇਲੇ ਮੈਂ ਕਲਜੁਗ ਵਿਚ ਅੰਤ ਦੀਨ ਦੁਨੀ ਦਾ ਕਰਨਾ ਖੇਲ, ਖ਼ਾਲਕ ਹੋ ਕੇ ਖ਼ਲਕ ਵੇਖ ਵਖਾਈਆ । ਜੋਬਨਵੰਤਾ ਹੋ ਕੇ ਅਲਬੇਲ, ਮਸਤੀ ਵਿਚ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਵਖਾਈਆ । ਸਤਿਗੁਰ ਸ਼ਬਦ ਕਹੇ ਕਲਜੁਗ ਉਠ ਵੇਖ ਪ੍ਰਭੂ ਦੀ ਖੇਲ ਨਿਰਾਲੀ, ਸ਼ਬਦੀ ਧਾਰ ਪਹਿਲੀ ਅੱਸੂ ਭੁਗਤਾਈਆ । ਜਸਵੰਤ ਸਿੰਘ ਨੂੰ ਸ਼ਬਦ ਦਿਤਾ ਰੁਪਈਏ ਲਿਆਉਣੇ ਚਾਲੀ, ਸਿੰਘਾਸਣ ਉਤੇ ਟਿਕਾਈਆ । ਗੁਰਦਰਸ਼ਨ ਨੂੰ ਹੁਕਮ ਦਿਤਾ ਸੁਖਾਲੀ, ਸੱਤ ਭੇਟਾ ਦੇਣੇ ਕਰਾਈਆ । ਹਰਿਜਿੰਦਰ ਸਿੰਘ ਕਾਕਾ ਦੁਆਬਿਉ ਲਿਆ ਉਠਾਲੀ, ਸਵਾ ਪੰਜ ਨਾਲ ਮਿਲਾਈਆ । ਇਹ ਕੋਈ ਮਾਇਆ ਨਹੀਂ ਬਾਹਲੀ, ਚਵੰਨੀ ਨਾਲ ਜਵਾਨੀ ਸਭ ਦੀ ਦਿਤੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣੀ ਕਾਰ ਕਮਾਈਆ । ਅੱਸੂ ਕਹੇ ਪ੍ਰਭੂ ਚੰਗੀ ਤਰਾ ਤਕੀਂ ਕਿਤੇ ਹੋ ਨਾ ਜਾਵੀਂ ਅੰਨ੍ਹਾ, ਨੈਣ ਮੂੰਦ ਅਖਵਾਈਆ । ਦੀਨ ਮਜ਼੍ਹਬ ਦਾ ਛਡ ਨਾ ਜਾਵੀਂ ਬੰਨਾ, ਹੱਦ ਹਦੂਦ ਵੇਖ ਵਖਾਈਆ । ਕਿਤੇ ਕੱਚਾ ਨਾ ਹੋ ਜਾਵੀਂ ਕੰਨਾਂ, ਚੁਗਲੀ ਨਿੰਦਿਆਂ ਸੁਣ ਕੇ ਝਟ ਲੰਘਾਈਆ । ਪੁਰਖ ਅਕਾਲ ਕਿਹਾ ਮੇਰਾ ਸੂਰਬੀਰ ਗੋਬਿੰਦ ਚੰਨਾ, ਚੰਦ ਵਾਂਗ ਰੁਸ਼ਨਾਈਆ । ਜਿਸ ਦੇ ਵਸਾਂ ਵਿਚ ਤਨਾਂ, ਪੰਜ ਤਤ ਡੇਰਾ ਲਾਈਆ । ਆਪਣਾ ਹੁਕਮ ਦੇ ਕੇ ਨਵਾਂ, ਨਵਜੁਗ ਖੇਲ ਖਿਲਾਈਆ । ਦੀਨ ਮਜ਼੍ਹਬ ਦੀ ਰੱਖੇ

ਕੋਇ ਨਾ ਤਮਾਂ, ਲਾਲਚ ਵਿਚ ਕਦੇ ਨਾ ਆਈਆ । ਇਕੋ ਮੇਰਾ ਦੀਪਕ ਹੋਵੇ ਸ਼ਮਾਂ, ਇਕੋ ਨੂਰ ਹੋਵੇ ਰੁਸ਼ਨਾਈਆ । ਮੇਰੀ ਧਾਰੋਂ ਹੋਵੇ ਜੰਮਾ, ਜਨਣੀ ਕੁੱਖ ਨਾ ਕੋਇ ਉਠਾਈਆ । ਜੇਹੜਾ ਗੋਬਿੰਦ ਨੇ ਲਾਇਆ ਕੰਨਾ, ਉਸ ਦੇ ਪਿਛੇ ਦੀਨ ਦੁਨੀ ਉਲਟਾਈਆ । ਜੇਹੜਾ ਅਗੰਮੀ ਹੁਕਮ ਦਿਤਾ ਸਾਹਿਬ ਦਮ ਦਮਾ, ਦਮਦਮਾ ਸਾਹਿਬ ਦੁਹਾਈਆ । ਉਸ ਨੇ ਬਦਲ ਦੇਣਾ ਬਦੀਆਂ ਵਾਲਾ ਸਮਾਂ, ਸਮਾਪਤ ਕਰੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਪੁਰਖ ਅਕਾਲ ਕਿਹਾ ਕਲਜੁਗ ਮੈਂ ਅੰਨ੍ਹਾਂ ਨਾ ਹੋਵਾਂ ਨਿਧਾਨ, ਅੱਖ ਨਾ ਕੋਇ ਬਦਲਾਈਆ । ਔਹ ਵੇਖ ਮੇਰਾ ਖੇਲ ਮਹਾਨ, ਤੈਨੂੰ ਦਿਆਂ ਵਖਾਈਆ । ਦਲੀਪ ਸਿੰਘ ਜੇਹੜਾ ਸੁਰਮਾ ਲਿਆਂਦਾ ਬਣਾ ਕੇ ਨੌਜਵਾਨ, ਅੱਗੇ ਹੋ ਕੇ ਹੱਥ ਲੈ ਉਠਾਈਆ । ਇਕ ਇਕ ਸਲਾਈ ਦਾ ਕਰਨਾ ਨਿਸ਼ਾਨ, ਸਹਿਜ ਸਹਿਜ ਨਾਲ ਛੁਹਾਈਆ । ਜਨ ਭਗਤੋ ਤੁਹਾਡੇ ਸੁਰਮੇ ਨਾਲ ਤੁਹਾਡੇ ਅੰਜਣ ਨਾਲ ਤੁਹਾਡੀ ਭਗਤੀ ਦਾ ਹੋਵੇ ਗਿਆਨ, ਅਨਜਾਣਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਓਏ ਕਲਜੁਗ ਵੇਖ ਲੈ ਪੈਂਦੀ ਸਲਾਈ, ਗੁਰਮੁਖ ਨੈਣਾਂ ਰੰਗ ਰੰਗਾਈਆ । ਜੇਹੜੀ ਸਤਾਈ ਸਾਲ ਅੱਖ ਰਹੀ ਸ਼ਰਮਾਈ, ਉਹ ਸਾਹਮਣੇ ਦੇਣੀ ਖੁਲ੍ਹਾਈਆ । ਮੇਰੀ ਖੇਲ ਬੇਪਰਵਾਹੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਹੁਣ ਫਿਰਨਾ ਏਸੇ ਤਰ੍ਹਾ ਥਾਉਂ ਥਾਈਂ, ਜੇਹੜਾ ਮਰਜ਼ੀ ਰੂਪ ਬਦਲਾਈਆ । ਹੁਣ ਬਹਿਣਾ ਨਹੀਂ ਪੀੜ੍ਹਾ ਡਾਹੀ, ਘੁੰਗਟ ਮੁਖ ਟਿਕਾਈਆ । ਖੇਲ ਕਰਨਾ ਚਾਈਂ ਚਾਈਂ, ਚਾਉ ਘਨੇਰਾ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਘਰ ਵਸਾਈਆ । ਭਗਤੋ ਸੁਰਮਾ ਪਾਇਆ ਅੱਖ, ਅੱਖ ਨਾਲ ਅੱਖ ਲਓ ਮਿਲਾਈਆ । ਜਦ ਮਿਲੋ ਤੇ ਮਿਲੋ ਪ੍ਰਤਖ, ਬਾਹਵਾਂ ਦੋਵੇਂ ਅੱਗੇ ਉਠਾਈਆ । ਤੁਹਾਡਾ ਨਾਤਾ ਹੋਇਆ ਸਚ, ਸਚ ਮਿਲੀ ਵਡਿਆਈਆ । ਹੁਣ ਤੁਸੀਂ ਭਾਂਡਾ ਰਹੇ ਨਹੀਂ ਕੱਚ, ਕੰਚਨ ਗੜ੍ਹ ਦਿਤਾ ਜਣਾਈਆ । ਸਾਰੇ ਖ਼ੁਸ਼ੀਆਂ ਵਿਚ ਇਕੋ ਵਾਰ ਪਓ ਨੱਚ, ਪ੍ਰਭੂ ਤੇਰੀ ਬੇਪਰਵਾਹੀਆ । ਤੂੰ ਸਾਡੀ ਰੱਖਣੀ ਪਤ, ਪਤਿਪਰਮੇਸ਼ਵਰ ਦਇਆ ਕਮਾਈਆ । ਸਾਡਾ ਦੇ ਦੇ ਹੱਕ, ਸ਼ਰਮ ਹਯਾ ਰਹੇ ਨਾ ਰਾਈਆ । ਜਿਹੜਾ ਨਲੇਰ ਰੱਖਿਆ ਢਕ, ਉਹਦੀ ਗੰਢ ਦੇ ਖੁਲ੍ਹਾਈਆ । ਇਸ ਨੂੰ ਸਾਡੇ ਵਿਚ ਦੇ ਛਡ, ਭੱਜੇ ਵਾਹੋ ਦਾਹੀਆ । ਕੁਛ ਲਾਚੀ ਦਾਣਾ ਚੱਬ, ਦੰਦਾਂ ਹੇਠ ਦਬਾਈਆ । ਅਸੀਂ ਦੋਗਲੇ ਨਾ ਰਹੀਏ ਤੇ ਸਾਡੇ ਵਿਚ ਨਾ ਰਹੇ ਡੱਬ, ਇਕੋ ਰੂਪ ਲੈਣਾ ਬਣਾਈਆ । ਅਸੀਂ ਤੇਰੇ ਤੇਰੇ ਹੋ ਗਏ ਸਭ, ਜੋ ਤੇਰਾ ਨਾਮ ਧਿਆਈਆ । ਓ ਕਿਰਪਾ ਕਰ ਕੇ ਸਾਨੂੰ ਆਪਣੇ ਪਿਆਰ ਦੀ ਪਿਆ ਦੇ ਮਦਿ, ਖ਼ੁਮਾਰੀ ਇਕੋ ਇਕ ਚੜ੍ਹਾਈਆ । ਓ ਸਾਨੂੰ ਚੰਗਾ ਨਹੀਂ ਲਗਦਾ ਤੂੰ ਮਸਤੀ ਵਿਚ ਇਕੱਲਾ ਫਿਰੇਂ ਜਗ, ਆਕੜ ਵਿਚ ਆਪਣਾ ਆਪ ਬਣਾਈਆ । ਅਸੀਂ ਚਾਹੁੰਦੇ ਅਸੀਂ ਭਗਤ ਤੇਰੇ ਨਾਲੋਂ ਹੋਈਏ ਵੱਧ, ਸਾਡੇ ਵਿਚ ਆਪਣਾ ਆਪ ਦੇ ਪਰਗਟਾਈਆ । ਇਕ ਦੂਜੇ ਨੂੰ ਕਦੀ ਨਾ ਜਾਈਏ ਛਡ, ਰੰਡੇਪਾ ਜਗਤ ਨਾ ਕੋਇ ਹੰਢਾਈਆ । ਭਗਤ ਭਗਵਾਨ ਹੋ ਕੇ ਕਦੀ ਨਾ ਹੋਈਏ ਅੱਡ, ਵੱਖਰਾ ਘਰ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਕਲਜੁਗ ਕਹੇ ਪ੍ਰਭੂ ਮੇਰੀਆਂ ਸਾਰੀਆਂ ਪੂਰੀਆਂ ਕਰ ਦੇ ਮੰਗਾਂ, ਮਾਂਗਤ ਹੋ ਕੇ ਮੰਗ ਮੰਗਾਈਆ । ਮੈਨੂੰ ਵਖਾ ਦੇ ਉਹ ਕੰਘਾ, ਜਿਹੜਾ ਦੁਆਬਿਉਂ ਲਿਆ ਮੰਗਾਈਆ । ਮੇਰੇ ਮਗਰ ਲਾ ਦੇ ਸੱਤਰੰਗ ਡੰਡਾ, ਗੁਰਮੁਖ ਹੋ ਕੇ ਸੀਸ ਨਾ ਕੋਇ ਮੁੰਡਾਈਆ । ਮੈਂ ਬੰਦਿਆਂ ਨੂੰ

ਬਣਾ ਦੇਵਾਂ ਬੰਦਾ, ਬੰਦਗੀ ਇਕ ਜਣਾਈਆ । ਤੇਰੇ ਹੁੰਦਿਆਂ ਤੇਰਾ ਰਹੇ ਕੋਇ ਨਾ ਗੰਦਾ, ਗੰਦਗੀ ਵਿਚ ਆਪਣਾ ਆਪ ਡੁਬਾਈਆ । ਸਾਰੇ ਤੂੰ ਮੇਰਾ ਮੈਂ ਤੇਰਾ ਗਾਵਣ ਛੰਦਾ, ਸੋਹਣਾ ਰਾਗ ਸੁਣਾਈਆ । ਅਸੀਂ ਨਹੀਂ ਚਾਹੁੰਦੇ ਤੇਰਾ ਅੱਗੇ ਪੈਂਡਾ ਹੋ ਜਾਏ ਲੰਬਾ, ਸਿਸਕ ਸਿਸਕ ਕੇ ਸਾਰੇ ਆਪਣਾ ਆਪ ਤਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਮੇਲ ਮਿਲਾਈਆ ਅੱਸੂ ਕਹੇ ਪੰਜ ਪਿਆਰਿਓ ਕਰਿਓ ਮਿਹਰਵਾਨੀ, ਆਪਣਾ ਬਲ ਧਰਾਈਆ । ਸਾਰਿਆਂ ਦੇ ਮਸਤਕ ਮੇਰੇ ਪਿਆਰ ਦੀ ਲਾਇਓ ਨਿਸ਼ਾਨੀ, ਮੇਰੇ ਸਾਹਿਬ ਨੂੰ ਦੇਣੀ ਵਖਾਈਆ । ਪੰਜ ਦਰਬਾਰੀਓ ਤਾਸ਼ ਦੇ ਪੱਤੇ ਲੜਨ ਵਾਲੇ ਕੱਠੇ ਹੋ ਕੇ ਇਕ ਤੋਂ ਨੌ ਤਕ ਸਾਰੇ ਬਣ ਗਏ ਇਕ ਦੂਜੇ ਦੇ ਜਾਨੀ, ਪਿਆਰ ਪਿਆਰ ਨਾਲ ਰਲਾਈਆ । ਪੰਜ ਲਿਖਾਰੀਓ ਲਿਖਣ ਵਿਚ ਕੋਈ ਅੱਖਰ ਰਹਿ ਨਾ ਜਾਏ ਖ਼ਾਲੀ, ਖ਼ਾਲੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਾਸ਼ ਵਾਲਿਓ ਤਾਸ਼ ਦੀ ਅਗਲੀ ਖੇਲ ਹੋਣੀ ਚਾਲੀ, ਕਿਸ ਤਰਾਂ ਦਹਿਲੇ ਤੋਂ ਪਾਤਸ਼ਾਹ ਕਿੰਗ ਤਾਈਂ ਆਪਣੀ ਕਾਰ ਕਮਾਈਆ ।

## ਸੱਤਾਂ ਲਾਂਗਰੀਆਂ ਦੇ ਨਵਿਤ

ਸੰਮਤ ਛੇ ਕਹੇ ਸੁਣ ਅੱਸੂ ਮੀਤ, ਮਿੱਤਰਾ ਦਿਆਂ ਜਣਾਈਆ । ਸ੍ਰਿਸ਼ਟੀ ਭੁੱਲੀ ਗੋਬਿੰਦ ਦੀ ਰੀਤ, ਜ਼ਾਤ ਪਾਤ ਡੇਰਾ ਕੋਇ ਨਾ ਢਾਹੀਆ । ਮਾਣ ਮਿਲੇ ਨਾ ਕਿਸੇ ਗ਼ਰੀਬ, ਉਚਾਂ ਨੀਚਾਂ ਰੰਗ ਨਾ ਕੋਇ ਰੰਗਾਈਆ । ਮੈਂ ਖੇਲ ਤੱਕਿਆ ਅਜੀਬ, ਅਜਬ ਨਿਰਾਲਾ ਵੇਖ ਵਖਾਈਆ । ਸਾਚੀ ਰਹੀ ਨਾ ਕੋਇ ਤਰਤੀਬ, ਸਿਲਸਿਲਾ ਹੱਕ ਨਾ ਕੋਇ ਜਣਾਈਆ । ਝਗੜਾ ਪਿਆ ਮੁਰਸ਼ਦ ਮੁਰੀਦ, ਗੁਰ ਸਤਿਗੁਰ ਸਿੱਖ ਲੜਾਈਆ । ਸ੍ਰਿਸ਼ਟੀ ਸੁੱਤੀ ਗੂੜ੍ਹੀ ਨੀਂਦ, ਸੋਈ ਸੁਰਤ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਧੁਰ ਦਾ ਵਰ, ਸਾਚਾ ਲੇਖਾ ਦੇਣਾ ਬਣਾਈਆ । ਅੱਸੂ ਕਹੇ ਮੈਂ ਵੇਖਾਂ ਸੂਰੀਆ ਚੰਦਰ, ਚੰਨ ਚੰਦ ਧਿਆਨ ਲਗਾਈਆ । ਵੇਖਾਂ ਮਸਜਿਦ ਮੰਦਰ, ਗੁਰੂਦਵਾਰੇ ਫੋਲ ਫੁਲਾਈਆ । ਤਕਾਂ ਢੋਰ ਡੰਗਰ, ਪਸ਼ੂ ਖ਼ਲਕ ਖ਼ੁਦਾਈਆ । ਪ੍ਰਭੂ ਦੇ ਨਾਮ ਤੇ ਮੰਗਣ, ਘਰ ਘਰ ਫੇਰਾ ਪਾਈਆ । ਧਰਮ ਦਾ ਚਲੇ ਕੋਇ ਨਾ ਲੰਗਰ, ਸਾਂਝਾ ਘਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਸਾ ਪੂਰ ਕਰਾਈਆ । ਅੱਸੂ ਕਹੇ ਜੋ ਲੰਗਰ ਚਲਾਇਆ ਜਗ, ਜ਼ਾਤ ਪਾਤ ਨਾ ਕੋਇ ਰਖਾਈਆ । ਵਿਚੋਂ ਕੂੜ ਦੀ ਮੇਟਣੀ ਅੱਗ, ਹੰਗਤਾ ਦੇਣੀ ਗਵਾਈਆ । ਸਭ ਨੂੰ ਲੈਣਾ ਸੱਦ, ਸ਼ਬਦ ਕਰ ਸ਼ਨਵਾਈਆ । ਦੋ ਜਹਾਨਾਂ ਲੈਣਾ ਲੱਭ, ਖੋਜਣਾ ਥਾਉਂ ਥਾਈਂਆ । ਆਪਣਾ ਬਣਾ ਕੇ ਆਪ ਸਬਬ, ਸਾਹਿਬ ਸੁਲਤਾਨ ਲੈਣਾ ਮਿਲਾਈਆ । ਤੇਰੇ ਬੰਦੇ ਦਿਸਣ ਸਭ, ਦੂਜਾ ਨਜ਼ਰ ਕੋਇ ਨਾ ਆਈਆ । ਤੇਰਿਆਂ ਭਗਤਾਂ ਰਹੇ ਕੋਇ ਨਾ ਲਬ, ਲਾਲਚ ਵਿਚ ਨਾ ਕੋਇ ਕੁਰਲਾਈਆ । ਭੰਡਾਰੇ ਵਿਚੋਂ ਲਏ ਕੋਇ ਨਾ ਕਢ, ਚੋਰੀ ਠੱਗੀ ਨਾ ਕੋਇ ਕਮਾਈਆ । ਕਦੇ ਰਿੱਝੇ ਸੂਰ ਗਾਂ ਨਾ ਹੱਡ, ਪੰਖੀ ਪੰਛੀ ਨਾ ਵੇਖ ਵਖਾਈਆ । ਧਰਮ ਨਿਸ਼ਾਨਾ ਦੇਣਾ ਗੱਡ, ਧਰਮ ਦੀ ਧਾਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਅੱਸੂ ਕਹੇ ਪ੍ਰਭੂ ਕਿਰਪਾ ਕਰਨੀ ਜੇ, ਜੋਬਨਵੰਤ ਤੇਰੀ ਸਰਨਾਈਆ । ਮੇਰੀ ਬੇਨੰਤੀ ਇਹ, ਅਹਿਮਕ ਮੂਰਖ ਲੈਣੇ ਤਰਾਈਆ ।

ਜਿਨ੍ਹਾਂ ਦਾ ਤੇਰੇ ਨਾਲ ਲੱਗਾ ਨੇਹ, ਨਿਹਕਲੰਕ ਤੋੜ ਨਿਭਾਈਆ । ਅੰਮ੍ਰਿਤ ਬਰਸਣਾ ਮੇਂਹ, ਮੇਘਲਾ ਇਕ ਬਰਸਾਈਆ । ਪਵਿਤਰ ਕਰਨੀ ਦੇਹ, ਪੰਜ ਤਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਅੱਸੂ ਕਹੇ ਪ੍ਰਭੂ ਸੱਤ ਲਾਂਗਰੀ ਕਰ ਤਿਆਰ, ਮੈਂ ਆਪਣੀ ਮੰਗ ਮੰਗਾਈਆ । ਗਿਰਧਾਰਾ ਸਿੰਘ ਹੋਵੇ ਸਰਦਾਰ, ਬਖ਼ਸ਼ੀਸ਼ ਸਿੰਘ ਨਾਲ ਮਿਲਾਈਆ । ਪਾਲ ਸਿੰਘ ਲੈਣਾ ਵੰਗਾਰ, ਮੱਸਾ ਸਿੰਘ ਜੋੜ ਜੁੜਾਈਆ । ਕਾਸ਼ੀ ਰਾਮ ਦੇਣਾ ਪਿਆਰ, ਪ੍ਰੀਤੀ ਪ੍ਰੀਤਮ ਨਾਲ ਬੰਧਾਈਆ । ਚਰਨੀ ਸੁਰਤ ਲੈਣੀ ਸੰਭਾਲ, ਸੰਬਲ ਮੇਲਣਾ ਸਹਿਜ ਸੁਭਾਈਆ । ਵਰਿਆਮ ਕੌਰ ਰਹੇ ਨਾਲ, ਜੋੜ ਜੋੜਨਾ ਸਹਿਜ ਸੁਭਾਈਆ । ਸੱਤਾਂ ਦਾ ਇਕੋ ਮਾਲਕ ਇਕੋ ਕਰੇ ਪ੍ਰਿਤਪਾਲ, ਪ੍ਰਿਤਪਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰ ਇਕ ਰਖਾਈਆ । ਕਲਜੁਗ ਕਹੇ ਇਨ੍ਹਾਂ ਦਾ ਹਕੀਕੀ ਹੋਵੇ ਲਬਾਸ, ਤੇਰੇ ਸ਼ਬਦ ਨਾਲ ਜਣਾਈਆ । ਗੁਰਮੁਖਾਂ ਦੇ ਸਿਰ ਤੇ ਪਗੜੀ ਕਾਲੀ ਹੋਇਆ ਕਰੇ ਖ਼ਾਸ, ਬੀਬੀਆਂ ਕਾਲੇ ਲੀੜੇ ਰੰਗ ਰੰਗਾਈਆ । ਜਿਸ ਵੇਲੇ ਤੇਰਾ ਹੁਕਮ ਹੋਵੇ ਖ਼ਾਸ, ਉਸ ਵੇਲੇ ਲੈਣ ਬਦਲਾਈਆ । ਇਹ ਮੇਰੀ ਆਸਾ ਮੇਰੇ ਨਿਕਲੇ ਵਿਚੋਂ ਸਵਾਸ, ਸਾਹ ਸਾਹ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ ।



### ੩ ਅੱਸੂ ਸ਼ਹਿਨਸ਼ਾਹੀ ਸੰਮਤ ੬ ਗੁਰਮੁਖ ਦਵਾਰੇ ਨੀਂਹ ਰੱਖਣ ਸਮੇਂ ਭਲਾਈ ਪੁਰ ਡੋਗਰਾ

ਅੱਸੂ ਤਿੰਨ ਕਹੇ ਸੁਣ ਚੰਦ ਸਿਤਾਰਿਆ, ਸੰਮਤ ਸ਼ਹਿਨਸ਼ਾਹੀ ਛੇ ਧਿਆਨ ਲਗਾਈਆ । ਤਕ ਮੁਹੰਮਦ ਵਾਲਾ ਨਜ਼ਾਰਿਆ, ਨਜ਼ਰ ਆਪਣੀ ਇਕ ਉਠਾਈਆ । ਜਿਸ ਨੇ ਚੌਦਾਂ ਤਬਕ ਵੰਗਾਰਿਆ, ਵੰਗਾਰ ਕੇ ਦਿਤਾ ਸੁਣਾਈਆ । ਇਹ ਹੁਕਮ ਪਰਵਰਦਿਗਾਰਿਆ, ਸ਼ਾਹ ਸੁਲਤਾਨਾਂ ਰਿਹਾ ਦ੍ਰਿੜਾਈਆ । ਚੌਦਾਂ ਸਦ ਮੇਰਾ ਬਲਕਾਰਿਆ, ਬਲ ਇਕੋ ਇਕ ਵਖਾਈਆ । ਫਿਰ ਹੱਥ ਮਸਤਕ ਉਤੇ ਮਾਰਿਆ, ਉਂਗਲਾਂ ਪੰਜ ਤਿੰਨ ਛੁਹਾਈਆ । ਫਿਰ ਉਪਰ ਨੇਤਰ ਲੈਣ ਉਘਾੜਿਆ, ਨੇਤਰ ਨੈਣ ਅੱਖ ਲਈ ਉਠਾਈਆ । ਜਿਸ ਵੇਲੇ ਮਾਤਲੋਕ ਆਵੇ ਧੁਰ ਦਾ ਲਾੜਿਆ, ਲਾੜੀ ਸਭ ਨੂੰ ਲਏ ਬਣਾਈਆ । ਲੇਖਾ ਪੂਰਾ ਕਰ ਸਤਾਰਾਂ ਹਾੜਿਆ, ਹਾੜਾ ਸਭ ਦਾ ਲੇਖੇ ਲਾਈਆ । ਨਾਉਂ ਧਰਾ ਨਰ ਅਵਤਾਰਿਆ, ਨਰ ਨਰਾਇਣ ਫੇਰਾ ਪਾਈਆ । ਜਗਤ ਜਹਾਨ ਹੋਵੇ ਜ਼ਾਹਰਿਆ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਖੇਲ ਕਰੇ ਅਗੰਮ ਅਪਾਰਿਆ, ਨਰ ਨਰਾਇਣ ਆਪਣੀ ਦਇਆ ਕਮਾਈਆ । ਆਪਣਿਆਂ ਮੁਰੀਦਾਂ ਭਗਤਾਂ ਕਰੇ ਉਜਿਆਰਿਆ, ਸਿੱਖਾਂ ਸੰਗ ਨਿਭਾਈਆ । ਸਤਿਜੁਗ ਸਾਚਾ ਕਰ ਵਰਤਾਰਿਆ, ਸਚ ਸਚ ਦਏ ਪਰਗਟਾਈਆ । ਪਰਸਿੱਧ ਕਰ ਗੁਰਮੁਖ ਦਵਾਰਿਆ, ਗੁਰਸਿਖ ਆਪਣੇ ਰੰਗ ਰੰਗਾਈਆ । ਚਾਰ ਕੁੰਟ ਦਹਿ ਦਿਸ਼ਾ ਫਿਰ ਆਵੇ ਹਾਰਿਆ, ਸੰਭਲ ਸਕੇ ਕੋਇ ਨਾ ਰਾਈਆ । ਫੇਰ ਮੁਹੰਮਦ ਨੇ ਆਪਣਾ ਕਾਲਾ ਚੋਲਾ ਪਾੜਿਆ, ਟੁਕੜੇ ਸੱਤ ਦਿਤੇ ਕਰਾਈਆ । ਫੇਰ ਮਸਤਕ ਰੰਗ ਲਾਵੇ ਗਾੜ੍ਹਿਆ, ਲਾਲ ਦਿਤਾ ਜਣਾਈਆ । ਫੇਰ ਮਹਿੰਦੀ ਲਾ ਕੇ ਦਾੜ੍ਹਿਆ, ਹੱਥਾਂ ਨਾਲ ਛੁਹਾਈਆ । ਫੇਰ ਆਪਣਾ ਅਲਫ਼ੀ ਕਫ਼ਨ ਸਾੜਿਆ, ਆਂਚ ਅੱਗ ਜਲਾਈਆ । ਫੇਰ ਉਪਰ ਕੀਤਾ ਇਸ਼ਾਰਿਆ, ਉਂਗਲਾਂ ਕੰਨਾਂ ਵਿਚ ਪਾਈਆ । ਫੇਰ ਰੋ ਕੇ ਜ਼ਾਰੋ ਜ਼ਾਰਿਆ, ਕੀਤੀ ਹਾਲ ਦੁਹਾਈਆ । ਫੇਰ ਤੱਕਿਆ ਸਮੁੰਦ

੬੯੯ ੨੨

ਸਾਗਰ ਪਾਣੀ ਖਾਰਿਆ, ਮਿੱਠਾ ਰਸ ਨਾ ਕੋਇ ਚਖਾਈਆ । ਫੇਰ ਆਪਣਾ ਆਪ ਉਭਾਰਿਆ, ਬਲ ਲਿਆ ਪਰਗਟਾਈਆ । ਫੇਰ ਇਕ ਅੱਖ ਮੀਟ ਕੇ ਕਿਹਾ ਮੇਰੇ ਆਸਮਾਂ ਅਸਮਾਨੀ ਤਾਰਿਆ, ਤਾਰ ਸਿਤਾਰ ਵੇਖ ਵਖਾਈਆ । ਫੇਰ ਕਿਹਾ ਚੰਨ ਚੰਨ ਮੇਰੇ ਪਿਆਰਿਆ, ਚੰਨ ਤੇਰੀ ਵਡਿਆਈਆ । ਦੋਹਾਂ ਤਾਲੀ ਵਜਾ ਕੇ ਕਿਹਾ ਮੁਹੰਮਦਾ ਜਿਸ ਵੇਲੇ ਤੁਹਾਡਾ ਮਾਲਕ ਆਇਆ ਵਿਚ ਅਖਾੜਿਆ, ਅਕਲ ਕਲ ਧਾਰੀ ਆਪਣਾ ਫੇਰਾ ਪਾਈਆ । ਲੇਖਾ ਜਾਣੇ ਨਾੜੀ ਨਾੜਿਆ, ਤਨ ਵਜੂਦ ਖੋਜ ਖੁਜਾਈਆ । ਮੈਨੂੰ ਇਉਂ ਦਿਸਦਾ ਉਹਨੇ ਤੇਰਾ ਚੌਦਾਂ ਤਬਕ ਖ਼ੁਸ਼ੀ ਵਿਚ ਉਜਾੜਿਆ, ਮਾਲਕ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਹਿਰਦਾ ਕਰੇ ਠੰਡਾ ਠਾਰਿਆ, ਅਗਨੀ ਤਤ ਬੁਝਾਈਆ । ਤੇਰਾ ਕੀਤਾ ਕੀ ਹੋਵੇ ਖਸਾਰਿਆ, ਘਾਟਾ ਕੀ ਰਖਾਈਆ । ਮੁਹੰਮਦ ਕੀਤਾ ਹਾਲ ਪਾਹਰਿਆ, ਦਰੋਹੀ ਦਰੋਹੀ ਹਾਲ ਜਣਾਈਆ । ਕਿਸ ਬਿਧ ਮੇਰੀ ਉਮਤ ਲੱਗੇ ਚੰਗਿਆੜਿਆ, ਸ਼ੋਲੇ ਉਡਣ ਥਾਉਂ ਥਾਈਆ । ਜਗਤ ਜੁਗ ਦੀਆਂ ਉਜਾੜਨ ਵਾੜੀਆਂ ਵਾੜਾ ਰਹਿਣ ਕੋਇ ਨਾ ਪਾਈਆ । ਧੂੰਆਂਧਾਰ ਹੋਣਾ ਉਚ ਪਹਾੜੀਆਂ, ਟਿੱਲੇ ਅਸਗਾਹ ਰੋਵਣ ਮਾਰਨ ਧਾਈਆ । ਰੂਪ ਰਹਿਣਾ ਨਹੀਂ ਕਿਸੇ ਧੀ ਭੈਣ ਕਵਾਰੀਆਂ, ਧਰਮ ਦੀ ਧਾਰ ਕਲਮਾ ਹੱਕ ਨਾ ਕੋਇ ਜਣਾਈਆ । ਸੁਹਾਗ ਦੀਆਂ ਸਿਰ ਤੇ ਚੁਕਣੀਆਂ ਨਹੀਂ ਕਿਸੇ ਨੇ ਖਾਰੀਆਂ, ਖ਼ਾਲਸ ਰੰਗ ਨਾ ਕੋਇ ਸਮਝਾਈਆ । ਜਿਸ ਵੇਲੇ ਜਨ ਭਗਤਾਂ ਗੁਰਮੁਖ ਦਵਾਰੇ ਵਾਸਤੇ ਚੁਕਣੀਆਂ ਸਿਰਾਂ ਤੇ ਤਗਾਰੀਆਂ, ਤੇਗ਼ਾਂ ਵਾਲੇ ਉਠਣ ਥਾਉਂ ਥਾਈਆ । ਕਲਮਾਂ ਪਰਸਿਧ ਹੋਣੀਆਂ ਪੰਜਾਂ ਲਿਖਾਰੀਆਂ, ਪੰਜਾਂ ਦਰਬਾਰੀਆਂ ਸੰਗ ਮਿਲਾਈਆ । ਪੰਜਾਂ ਪਿਆਰਿਆਂ ਖ਼ੁਸ਼ੀਆਂ ਮਨਾਉਣੀਆਂ ਸਾਰੀਆਂ, ਗ਼ਮੀ ਰਹਿਣ ਕੋਇ ਨਾ ਪਾਈਆ । ਹਰਿ ਸੰਗਤ ਦੇ ਗੁਰਮੁਖਾਂ ਨੇ ਮੁੱਛਾਂ ਹੋਣ ਚਾੜ੍ਹੀਆਂ, ਸੂਰਬੀਰ ਆਪਣਾ ਬਲ ਪਰਗਟਾਈਆ । ਪੁਰਖ ਅਕਾਲ ਖੇਲ ਕਰਨਾ ਆਪਣੀ ਵਾਰੀਆਂ, ਵਾਹਿਦ ਆਪਣਾ ਹੁਕਮ ਜਣਾਈਆ । ਗੁਰ ਅਵਤਾਰ ਪੈਗ਼ੰਬਰਾਂ ਉਤੋਂ ਉਡ ਜਾਣੀਆਂ ਇਤਬਾਰੀਆਂ, ਬੇਇਤਬਾਰੀ ਹੋਏ ਲੋਕਾਈਆ । ਜਿਸ ਕਾਰਨ ਦੋ ਦਰਵਾਜ਼ੇ ਤੇ ਛੇ ਲੱਗੀਆਂ ਬਾਰੀਆਂ, ਛੇ ਘਰ ਦਾ ਲੇਖਾ ਦਿਤਾ ਮੁਕਾਈਆ । ਮੁਹੰਮਦ ਜਿਸ ਪ੍ਰਭੂ ਨੇ ਮਿਹਰ ਨਾਲ ਆਪਣੀਆਂ ਸੰਗਤਾਂ ਤਾਰੀਆਂ, ਤਾਰਨਹਾਰ ਦਇਆ ਕਮਾਈਆ । ਉਸ ਦੇ ਪਿਛੇ ਗੁਰ ਅਵਤਾਰ ਪੈਗ਼ੰਬਰ ਫਿਰਨੇ ਵਾਂਗ ਵੰਗਾਰੀਆਂ, ਦੋ ਜਹਾਨਾਂ ਥਾਉਂ ਥਾਈਆ । ਗੁਰਮੁਖਾਂ ਖ਼ੁਸ਼ੀਆਂ ਵਿਚ ਮਾਰਨੀਆਂ ਕੁਦਾੜੀਆਂ, ਭੱਜਣ ਵਾਹੋ ਦਾਹੀਆ । ਹੰਕਾਰੀਆਂ ਦੀਆਂ ਭੰਨ ਦੇਣੀਆਂ ਚਬਾੜੀਆਂ, ਡੰਡਾ ਸ਼ਬਦ ਵਾਲਾ ਉਠਾਈਆ । ਮੁਹੰਮਦ ਤੱਕਿਆ ਕੀ ਹਾਲ ਹੋਣਾ ਖ਼ਾਵੰਦ ਤੇ ਲਾੜੀਆਂ, ਜ਼ਨੋ ਮਰਦ ਸਰਬ ਕੁਰਲਾਈਆ । ਕਿਸੇ ਨੇ ਖਾਣੀਆਂ ਨਹੀਂ ਮੁਖ ਪਾਨ ਸੁਪਾਰੀਆਂ, ਖ਼ੂੰਖਾਰ ਹੋਏ ਲੋਕਾਈਆ । ਕਿਉਂ ਪੁਰਖ ਅਕਾਲ ਨੇ ਚਾਰ ਜੁਗ ਦੀਆਂ ਪੇਸ਼ੀਨਗੋਈਆਂ ਉਚਾਰੀਆਂ, ਅੱਖਰ ਅੱਖਰ ਫੋਲ ਫੁਲਾਈਆ । ਗ੍ਰੰਥ ਰੱਖੇ ਨਹੀਂ ਰਹਿਣੇ ਵਿਚ ਅਲਮਾਰੀਆਂ, ਪਰਗਟ ਆਪਣਾ ਨਾਉਂ ਕਰਾਈਆ । ਜਨ ਭਗਤਾਂ ਬਖ਼ਸ਼ ਕੇ ਨਾਮ ਖ਼ੁਮਾਰੀਆਂ, ਖ਼ਿਮਾ ਵਿਚ ਆਪਣਾ ਰੰਗ ਰੰਗਾਈਆ । ਦੀਨ ਦੁਨੀ ਰੋਵੇ ਬੇਸ਼ੁਮਾਰੀਆਂ, ਸ਼ਮਾਂ ਨੂਰ ਨਾ ਕੋਇ ਰੁਸ਼ਨਾਈਆ । ਹੁਣ ਗੁਰਮੁਖ ਦਾ ਜਨਮ ਨਹੀਂ ਘਰ ਚਮਿਆਰੀਆਂ, ਗੁਰਸਿਖ ਦਾ ਬੇਟਾ ਗੁਰਮੁਖ ਨਜ਼ਰੀ ਆਈਆ । ਜਿਨ੍ਹ ਆਪਣੀਆਂ ਆਸਾਂ ਸ਼ਬਦ ਗੋਬਿੰਦ ਉਤੋਂ ਵਾਰੀਆਂ, ਜਗਤ ਤ੍ਰਿਸ਼ਨਾ ਨਾ ਕੋਇ ਰਖਾਈਆ । ਮੁਹੰਮਦਾ ਤੇਰੀਆਂ ਧਾਰਾਂ ਅੰਤਮ ਹਾਰੀਆਂ, ਜਿੱਤ ਨਜ਼ਰ ਕੋਇ ਨਾ ਆਈਆ । ਮੁਹੰਮਦ ਕਹੇ ਮੇਰੀ ਤੋਬਾ ਮੈਂ ਸੁੱਟ ਦਿਤੀਆਂ ਹੱਥੋਂ ਛੁਰੀ ਕਟਾਰੀਆਂ, ਜ਼ਿਬਹ ਕਰ ਨਾ ਕੋਇ ਵਖਾਈਆ । ਅੰਦਰ ਰਹਿਣੀਆਂ ਨਹੀਂ ਗ਼ਦਾਰੀਆਂ, ਗਦਾਗਰ ਹੋਏ

ਜਗਤ ਲੋਕਾਈਆ । ਮਾਣ ਰਹਿਣਾ ਨਹੀਂ ਕਿਸੇ ਅਟਾਰੀਆਂ, ਮਹੱਲ ਅਟੱਲ ਨਾ ਕੋਇ ਜਣਾਈਆ । ਕਿਉਂ ਗੁਰਮੁਖ ਦਵਾਰੇ ਨੌਆਂ ਮਿਸਤਰੀਆਂ ਨੇ ਕਰਨੀਆਂ ਉਸਾਰੀਆਂ, ਨੌਂ ਦਰ ਦਾ ਲੇਖਾ ਰਹੇ ਨਾ ਰਾਈਆ । ਨੌਵੇਂ ਮਿਸਤਰੀ ਇਕ ਇਕ ਵਾਰ ਹੱਥ ਲਾਉ ਇੱਟ ਰੱਖੇ ਲਹਿੰਦੀ ਦਿਸ਼ਾ ਸਾਰੀ ਸੰਗਤ ਮੁਖੋਂ ਬੋਲੋ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੰਜ ਪੰਜ ਜੈਕਾਰੀਆਂ, ਜੈ ਜੈਕਾਰ ਕਰੇ ਸਰਬ ਲੋਕਾਈਆ । ਗੁਰਮੁਖ ਦਵਾਰੇ ਸੇਵਾ ਕਰਨਗੀਆਂ ਸੰਗਤਾਂ ਸਾਰੀਆਂ, ਇਕੱਲਾ ਹੱਕ ਨਾ ਕੋਇ ਰਖਾਈਆ । ਅੱਗੇ ਮਾਣ ਰਹਿਣਾ ਨਹੀਂ ਕਿਸੇ ਪੁਜਾਰੀਆਂ, ਪੂਜਾ ਧਾਨ ਕੋਇ ਨਾ ਖਾਈਆ । ਏਥੇ ਆਉਣਾ ਨਹੀਂ ਕਿਸੇ ਜਗਤ ਜੁਆਰੀਆਂ, ਠੱਗ ਰਹਿਣ ਕੋਇ ਨਾ ਪਾਈਆ । ਇਸ ਦੇ ਪਿਛੋਂ ਫੇਰ ਸਮਾਧਾਂ ਦੀਆਂ ਲੱਗਣੀਆਂ ਉਸਾਰੀਆਂ, ਹੁਕਮ ਧੁਰ ਦਾ ਇਕ ਜਣਾਈਆ । ਵਿਆਧਾਂ ਦੀਆਂ ਮਿਟਣ ਬੀਮਾਰੀਆਂ, ਕੂੜੀ ਕਿਰਿਆ ਰੋਗ ਗੁਆਈਆ । ਜਿਸ ਦੀ ਸੇਵਾ ਕਰਨ ਪੁਰਖ ਨਾਰੀਆਂ, ਨਰ ਨਰਾਇਣ ਰੰਗ ਰੰਗਾਈਆ । ਸਾਰੀ ਹਰਿ ਸੰਗਤ ਇਕ ਇਕ ਉਂਗਲੀ ਇੱਟ ਉਤੇ ਰੱਖਣ ਵਾਰੋ ਵਾਰੀਆ, ਉਂਗਲੀ ਖ਼ੁਸ਼ੀਆਂ ਨਾਲ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ ।

## ✪ ੩ ਅੱਸੂ ਸ਼ਹਿਨਸ਼ਾਹੀ ਸੰਮਤ ੬ ਗੁਰਮੁਖ ਸਿੰਘ ਦੇ ਘਰ ਪਿੰਡ ਭਲਾਈ ਪੁਰ ਡੋਗਰਾ ✪



ਤਿੰਨ ਅੱਸੂ ਕਹੇ ਮੁਹੰਮਦ ਸੱਜਦਾ ਕੀਤਾ ਲਹਿੰਦਿਉਂ ਚੜ੍ਹਦਾ, ਚੜ੍ਹਦੀ ਦਿਸ਼ਾ ਧਿਆਨ ਲਗਾਈਆ । ਨਜ਼ਾਰਾ ਤੱਕਿਆ ਗੁਰਮੁਖ ਘਰ ਦਾ, ਗ੍ਰਹਿ ਮੰਦਰ ਵੇਖ ਵਖਾਈਆ । ਜਿਥੇ ਖੇਲ ਅਗੰਮੀ ਹਰਿ ਦਾ, ਪਰਵਰਦਿਗਾਰ ਰਿਹਾ ਕਰਾਈਆ । ਭਗਤ ਸੁਹੇਲਾ ਰੂਪ ਅਗੰਮਾ ਧਰਦਾ, ਧਰਨੀ ਧਰਤ ਧਵਲ ਹੋਏ ਰੁਸ਼ਨਾਈਆ । ਸਭ ਦੀ ਆਸਾ ਮਨਸਾ ਪੂਰੀ ਕਰਦਾ, ਪੂਰਬ ਲੇਖਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਮੁਹੰਮਦ ਕਹੇ ਮੇਰੀ ਸਚ ਸਚ ਤਕਬੀਰ, ਤਕਵਾ ਇਕ ਰਖਾਈਆ । ਪਰਵਰਦਿਗਾਰ ਕੀ ਕਰੇ ਤਦਬੀਰ, ਸ਼ਾਹ ਪਾਤਸ਼ਾਹ ਆਪਣਾ ਹੁਕਮ ਵਰਤਾਈਆ । ਬਹੁੜੀ ਮੇਰੀ ਸ਼ਰਅ ਦੇ ਤੋੜਨ ਲੱਗਾ ਜ਼ੰਜੀਰ, ਚੌਦਾਂ ਤਬਕ ਖੋਜ ਖੁਜਾਈਆ । ਮੇਰੀ ਮੰਜ਼ਲ ਹੋਈ ਅਖ਼ੀਰ, ਆਖ਼ਰ ਰੋ ਕੇ ਦਿਆਂ ਸੁਣਾਈਆ । ਸ਼ਰਅ ਦਾ ਰਿਹਾ ਨਾ ਕੋਈ ਫ਼ਕੀਰ, ਫ਼ਿਕਰਾ ਹੱਕ ਨਾ ਕੋਇ ਸੁਣਾਈਆ । ਦੁਹਾਈ ਤੋਬਾ ਗੁਰਮੁਖ ਦਵਾਰਾ ਹੋਇਆ ਤਾਮੀਰ, ਤਾਮੀਲ ਸਭ ਤੋਂ ਲਈ ਕਰਾਈਆ । ਮੇਰੇ ਨੇਤਰ ਵਗੇ ਨੀਰ, ਨੈਣ ਛਹਿਬਰ ਰਹੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੁਹੰਮਦ ਕਹੇ ਮੇਰੀ ਅੰਤ ਅਖ਼ੀਰ ਸਲਾਮ, ਅਲੈਕਮ ਇਕ ਜਣਾਈਆ । ਮੇਰਾ ਕਲਮਾ ਧੁਰ ਕਲਾਮ, ਕਾਇਨਾਤ ਦੀ ਕਰੇ ਬੇਵਫ਼ਾਈਆ । ਨਾਤਾ ਤੁਟਣ ਲੱਗਾ ਨਾਲੋਂ ਅਵਾਮ, ਆਮ ਦਾ ਲੇਖਾ ਰਹੇ ਨਾ ਰਾਈਆ । ਮੇਰਾ ਰਹੇ ਨਾ ਕੋਇ ਗ਼ੁਲਾਮ, ਬੰਧਨ ਬੰਧ ਨਾ ਕੋਇ ਖੁਲ੍ਹਾਈਆ । ਕਿਰਪਾ ਕਰੇ ਸ੍ਰੀ ਭਗਵਾਨ, ਪਰਵਰਦਿਗਾਰ ਨੂਰ ਇਲਾਹੀਆ । ਮੇਰਾ ਵਿਗੜਨ ਲੱਗਾ ਨਿਜ਼ਾਮ, ਇੰਤਜ਼ਾਮ ਨਾ ਕੋਇ ਰਖਾਈਆ । ਚਾਰੋਂ ਕੁੰਟ ਹੋਈ ਅੰਧੇਰੀ ਸ਼ਾਮ, ਤਾਰਾ ਚੰਦ ਦਏ ਗਵਾਹੀਆ । ਮੇਰਾ ਸਦਮੇ ਵਿਚ ਅੰਤਰ ਹੋਇਆ ਹੈਰਾਨ, ਹੈਰਾਨੀ ਮੇਰੇ ਉਤੇ ਆਈਆ । ਅਗਲਾ ਖੇਲ ਸ੍ਰੀ ਭਗਵਾਨ,

ਭਗਵਨ ਆਪਣੇ ਵਿਚ ਛੁਪਾਈਆ । ਮੁਹੰਮਦ ਕਹੇ ਗੁਰਮੁਖ ਦਵਾਰੇ ਵੱਲ ਮੇਰਾ ਸੰਦੇਸ਼ਾ ਇਕ ਪੈਗ਼ਾਮ, ਪੀਰ ਪੀਰਾਂ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਵਡ ਅਮਾਮ, ਅਮਾਮ ਅਮਾਮਾ ਨੌਜਵਾਨਾ, ਮਰਦ ਮਰਦਾਨਾ ਸ਼ਾਹ ਸੁਲਤਾਨਾ, ਆਪਣਾ ਹੁਕਮ ਹਿਕਮਤ ਨਾਲ ਵਰਤਾਈਆ ।

### ੫ ਅੱਸੂ ਸ਼ਹਿਨਸ਼ਾਹੀ ਸੰਮਤ ੬ ਦਰਬਾਰ ਵਿਚ ਜਸਬੀਰ ਸਿੰਘ ਜਲਾਲਬਾਦ ਦੇ ਨਵਿਤ ਜੇਠੂਵਾਲ

ਨੌਂ ਮਹੀਨੇ ਅਠਾਰਾਂ ਦਿਨ ਗਏ ਬੀਤ, ਜਸਬੀਰ ਜਨਮ ਲਿਆ ਸ਼ਬਦੀ ਧਾਰ ਜਗ । ਪੁਰਖ ਅਬਿਨਾਸ਼ੀ ਅਵੱਲੜੀ ਰੀਤ, ਕਿਰਪਾ ਕਰੀ ਸੂਰੇ ਸਰਬਗ । ਦਾਸੀ ਦੀ ਸਚ ਵੇਖ ਪ੍ਰੀਤ, ਧਾਰ ਹੋਣ ਨਹੀਂ ਦਿਤੀ ਅਲੱਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਜਾਣੇ ਜਨਮ ਜਨਮ ਦੇ ਕੱਗ । ਕੱਗ ਕਹੇ ਮੈਂ ਕੀਤੀ ਕੁਰਬਾਨੀ, ਆਪਣਾ ਆਪ ਤਜਾਈਆ । ਮੇਰੇ ਸਾਹਿਬ ਦੀ ਹੋਈ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਮੈਂ ਦਾਸੀ ਦਾ ਭਰਾ ਮੇਰਾ ਨਾਂ ਜਾਨੀ, ਦੇਵ ਕਹਿ ਕੇ ਸਾਰੇ ਬੁਲਾਈਆ । ਮੇਰਾ ਖੇਲ ਖੇਲ ਮਹਾਨੀ, ਭੇਵ ਅਭੇਦਾ ਦਿਆਂ ਦ੍ਰਿੜਾਈਆ । ਮੈਂ ਵੀ ਹੱਸ ਕੇ ਕਿਹਾ ਪ੍ਰਭੂ ਮੇਰੀ ਭੈਣ ਦੀ ਰਹੇ ਨਿਸ਼ਾਨੀ, ਆਪਣੇ ਜੀਵਨ ਦੀ ਲੋੜ ਨਾ ਕੋਇ ਰਖਾਈਆ । ਪਰ ਸਚ ਦੱਸਾਂ ਅੰਤ ਅਖ਼ੀਰ ਮੇਰੇ ਅੰਤਰ ਆਈ ਬੇਈਮਾਨੀ, ਬੇਵਾ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਦਾਸੀ ਦਾ ਭਰਾਤਾ ਕਹੇ ਮੈਂ ਦੱਸਾਂ ਕਹਾਣੀ ਸਚੀ, ਸਚ ਦਿਆਂ ਜਣਾਈਆ । ਮੇਰਾ ਖੇਲ ਜਾਣੇ ਪੁਰਖ ਸਮਰਥੀ, ਜੋ ਦਾਤਾ ਬੇਪਰਵਾਹੀਆ । ਮੈਂ ਮੰਦਰ ਜਾਦਾਂ ਸਾਂ ਵਾਰ ਅੱਠੀ, ਅੱਠ ਅੱਠ ਨਾਲ ਦਰਸਾਈਆ । ਇਕ ਦਿਨ ਪਰਸਾਦ ਚੜ੍ਹਾ ਕੇ ਭੋਗ ਲਗਾ ਕੇ ਖਾ ਲਿਆ ਆਪਣੀ ਹੱਥੀਂ, ਚੋਰੀ ਚੋਰੀ ਮੁਖ ਲਗਾਈਆ । ਫੇਰ ਰਗੜ ਕੇ ਮੱਥੀ, ਭੁੱਲ ਲਈ ਬਖ਼ਸ਼ਾਈਆ । ਝਟ ਹੁਕਮ ਆਇਆ ਓ ਵੇਖ ਤੇਰੇ ਕਰਮਾਂ ਦੀ ਧਾਰ ਆਉਂਦੀ ਨੱਠੀ, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਭਰਾਤੇ ਕਿਹਾ ਮੈਂ ਰਸਨਾ ਲਾਇਆ ਪ੍ਰਭੂ ਦਾ ਭੋਗ, ਆਪਣੇ ਮੁਖ ਛੁਹਾਈਆ । ਮੇਰੇ ਅੰਦਰੋਂ ਉਠਿਆ ਰੋਗ, ਹਉਮੇਂ ਲਈ ਅੰਗੜਾਈਆ । ਹਰਖ਼ ਰਿਹਾ ਨਾ ਸੋਗ, ਚਿੰਤਾ ਨਾ ਕੋਇ ਜਣਾਈਆ । ਫੇਰ ਮੈਂ ਸੁਣਿਆ ਇਕ ਸਲੋਕ, ਸੰਦੇਸ਼ਾ ਅਗੰਮ ਅਥਾਹੀਆ । ਤੇਰੀ ਅੰਤ ਨਹੀਂ ਹੋਣੀ ਮੋਖ਼, ਚੁਰਾਸੀ ਵਿਚ ਭਵਾਈਆ । ਤੇਰਾ ਲਹਿਣਾ ਦੇਣਾ ਮਾਤਲੋਕ, ਚੌਥੇ ਜੁਗ ਨਾਲ ਸਮਝਾਈਆ । ਜਨਮ ਲੈਣਾ ਪਏ ਕੋਟਨ ਕੋਟ, ਤ੍ਰੇਤਾ ਦੁਆਪਰ ਰੂਪ ਬਦਲਾਈਆ । ਗੁਰ ਅਵਤਾਰ ਪੈਗ਼ੰਬਰ ਤੇਰੀ ਕਰੇ ਨਾ ਕੋਇ ਛੋਟ, ਚੁਰਾਸੀ ਵਿਚੋਂ ਬਾਹਰ ਨਾ ਕੋਇ ਕਢਾਈਆ । ਜਿਸ ਵੇਲੇ ਪਰਗਟ ਹੋਵੇ ਪੁਰਖ ਅਕਾਲ ਨਿਰਮਲ ਜੋਤ, ਜੋਤੀ ਜਾਤਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਭਰਾਤਾ ਕਹੇ ਮੇਰੇ ਮੁਖੋਂ ਨਿਕਲਿਆ ਨਾ ਨਾਂ, ਪ੍ਰਭੂ ਧਿਆਨ ਨਾ ਕੋਇ ਰਖਾਈਆ । ਮੈਨੂੰ ਯਾਦ ਆਈ ਕੀ ਲੇਖਾ ਭੈਣ ਭਰਾ, ਭੇਵ ਕਵਣ ਖੁਲ੍ਹਾਈਆ । ਜੇ ਦਾਸੀ ਸੁਤ ਮਰਾ, ਰੋਵੇ ਮਾਰੇ ਧਾਈਆ । ਮੈਂ

ਡਿੱਗ ਕੇ ਵਿਚ ਦਰਾ, ਠਾਕਰ ਅੱਗੇ ਸੀਸ ਨਿਵਾਈਆ । ਡੰਡਾਵਤ ਵਿਚ ਪੜਾ, ਨੈਣ ਮੂੰਦ ਵੇਖ ਵਖਾਈਆ । ਮੈਨੂੰ ਦੁੱਖ ਬੜਾ, ਸਹਿ ਸਕਾਂ ਨਾ ਰਾਈਆ । ਜਾਂ ਤੱਕਿਆ ਨਿਰਗੁਣ ਧਾਰ ਨੂਰ ਖੜਾ, ਜੋਤੀ ਜਾਤਾ ਸੋਭਾ ਪਾਈਆ । ਉਸ ਹੁਕਮ ਕੀਤਾ ਉਠ ਵੇਖ ਨਰਾਇਣ ਨਰਾ, ਨਰ ਹਰਿ ਆਪਣਾ ਕਰਮ ਸਮਝਾਈਆ । ਜਿਸ ਵੇਲੇ ਸਤਿਜੁਗ ਤ੍ਰੇਤਾ ਦੁਆਪਰ ਪਾਰ ਪਰਾ, ਪਰਾ ਪਸੰਤੀ ਮਧਮ ਬੇਖਰੀ ਤੋਂ ਪਰੇ ਮੇਰੀ ਪੜ੍ਹਾਈਆ । ਜੇਹੜਾ ਦਾਸੀ ਸੁਤ ਤੂੰ ਕਦੇ ਨਹੀਂ ਮਰਾ, ਮਰ ਜੀਵਤ ਰੂਪ ਵਟਾਈਆ । ਉਠ ਨਿਗਾਹ ਮਾਰ ਜ਼ਰਾ, ਪੜਦਾ ਦਿਆਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਹੁਕਮ ਇਕ ਜਣਾਈਆ । ਸ਼ਬਦੀ ਧਾਰ ਕਿਹਾ ਜੇਹੜਾ ਰਸਨਾ ਲਾਇਆ ਪਰਸਾਦ, ਚੋਰੀ ਚੋਰੀ ਖਾਈਆ । ਇਸ ਦਾ ਲੈਣਾ ਪਿਆ ਸਵਾਦ, ਆਪਣਾ ਮਨ ਪਰਚਾਈਆ । ਏਸੇ ਕੁਕਰਮ ਪਿਛੇ ਤੈਨੂੰ ਜਨਮ ਲੈਣਾ ਪੈਣਾ ਕਾਗ, ਕਾਗ ਰੂਪ ਸਮਝਾਈਆ । ਉਸ ਰੋ ਕੇ ਮਾਰੀ ਅਵਾਜ਼, ਕੂਕ ਕੂਕ ਸੁਣਾਈਆ । ਕਿਰਪਾ ਕਰ ਆਜ, ਮਿਹਰ ਨਜ਼ਰ ਉਠਾਈਆ । ਸ਼ਬਦੀ ਧਾਰ ਕਿਹਾ ਜੁਗ ਚੌਕੜੀ ਵੇਖ ਤਮਾਸ਼, ਤ੍ਰੇਤਾ ਦੁਆਪਰ ਪਾਰ ਕਰਾਈਆ । ਜਿਸ ਵੇਲੇ ਨਿਰਗੁਣ ਨੂਰ ਹੋਇਆ ਪ੍ਰਕਾਸ਼, ਜੋਤੀ ਜਾਤਾ ਡਗਮਗਾਈਆ । ਤੇਰੀ ਭੈਣ ਦਾ ਤੇਰੇ ਭਣੇਵੇ ਨਾਲ ਫੇਰ ਬਣਾਵਾਂ ਸਾਕ, ਮਾਤ ਪਿਤ ਪੁੱਤ ਮਿਲਾਈਆ । ਦੂਜੀ ਦਾਸੀ ਦਾ ਲੇਖਾ ਹੋਵੇ ਸਾਥ, ਸਗਲਾ ਸੰਗ ਬਣਾਈਆ । ਜਨਮ ਵਿਚੋਂ ਜਨਮ ਬਖ਼ਸ਼ ਕੇ ਪੂਰੀ ਕਰਾਂ ਆਸ, ਤ੍ਰਿਸ਼ਨਾ ਦੂਰ ਕਰਾਈਆ । ਉਸ ਵੇਲੇ ਦਾਸੀ ਨੇ ਬਦਲ ਲੈਣਾ ਲਬਾਸ, ਕਪੜੇ ਓਢਣ ਸੰਗ ਵਖਾਈਆ । ਅੱਗੇ ਲੇਖੇ ਲੱਗੇ ਸਵਾਸ, ਸਾਹ ਸਾਹ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਸੁਣਾਈਆ । ਭਰਾਤੇ ਕਿਹਾ ਕਲਜੁਗ ਅੰਤਮ ਜੇ ਮੇਰਾ ਰੂਪ ਹੋਵੇ ਕਾਗ, ਮਾਨਸ ਸਮਝ ਕੋਇ ਨਾ ਪਾਈਆ । ਸ਼ਬਦੀ ਧਾਰ ਕਿਹਾ ਮੇਰਾ ਖੇਲ ਆਦਿ ਜੁਗਾਦਿ, ਜੁਗ ਚੌਕੜੀ ਚਲਿਆ ਆਈਆ । ਵੇਖਾਂ ਦੀਨ ਦੁਨੀ ਸਮਾਜ, ਦੋ ਜਹਾਨਾਂ ਖੋਜ ਖੁਜਾਈਆ । ਜਿਸ ਵੇਲੇ ਪੁਰਖ ਅਕਾਲ ਦਾ ਹੋਇਆ ਰਾਜ, ਪੰਛੀ ਪੰਖੀ ਸੰਗ ਰਲਾਈਆ । ਜਨਮ ਕਰਮ ਦਾ ਧੋ ਕੇ ਦਾਗ਼, ਪਤਤ ਪੁਨੀਤ ਦਏ ਕਰਾਈਆ । ਬੇਸ਼ਕ ਤੂੰ ਉਸ ਵੇਲੇ ਹੋਣਾ ਕਾਗ, ਕਾਗ ਰੂਪ ਦਰਸਾਈਆ । ਤੇਰੇ ਜੀਵਣ ਦਾ ਬੁਝਾਉਣਾ ਚਰਾਗ਼, ਨੂਰ ਨਜ਼ਰ ਕੋਇ ਨਾ ਆਈਆ । ਤੇਰੀ ਭੈਣ ਦਾ ਫੇਰ ਵੇਖਣਾ ਬਗ਼ੀਚਾ ਬਾਗ਼, ਪੱਤ ਟਹਿਣੀ ਫੂਲ ਵੇਖ ਵਖਾਈਆ । ਸਚ ਨਾਮ ਵਜਾਉਣਾ ਨਾਦ, ਧੁੰਨ ਇਕ ਸ਼ਨਵਾਈਆ । ਅੱਗੇ ਬਖ਼ਸ਼ ਕੇ ਦਾਦ, ਸੁਤ ਦੁਲਾਰਾ ਝੋਲੀ ਪਾਈਆ । ਜਿਸ ਦਾ ਪਰਸਾਦ ਕਰਾਉਣਾ ਪਏ ਪਹਿਲੀ ਮਾਘ, ਗੁਰਸਿਖ ਪੰਜ ਨਾਲ ਰਲਾਈਆ । ਫੇਰ ਅਗਲਾ ਖੇੜਾ ਹੋਣਾ ਆਬਾਦ, ਤਤੀ ਵਾ ਨਾ ਲਾਗੇ ਰਾਈਆ । ਨੌਂ ਗੰਨੇ ਲਿਆਉਣੇ ਨਾਲ ਕਮਾਦ, ਸਾਢੇ ਤਿੰਨ ਹੱਥ ਲੰਬਾਈਆ । ਊਧਮ ਸਿੰਘ ਬਣ ਕੇ ਆਉਣਾ ਰੂਪ ਸਾਧ, ਕੇਸ ਖੁਲ੍ਹੇ ਪਿਛਾਂਹ ਸੁਟਾਈਆ । ਫੇਰ ਅਗਲੀ ਕੁਲ ਨੂੰ ਲੱਗੇ ਭਾਗ, ਭਗਵਨ ਆਪਣੀ ਦਇਆ ਕਮਾਈਆ । ਹੁਕਮ ਸੰਦੇਸ਼ਾ ਸ਼ਬਦੀ ਧਾਰ ਦਿਤਾ ਆਪ, ਆਪ ਆਪਣਾ ਪੜਦਾ ਲਾਹੀਆ । ਦੋਵੇਂ ਕੱਠੇ ਆਉਣ ਜਸਬੀਰ ਸਿੰਘ ਤੇ ਉਸਦਾ ਬਾਪ, ਥਿਤ ਵਾਰ ਵਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਲ ਦਵਾਰ ਦਾ ਪੂਰਾ ਕਰੇ ਵਾਕ, ਦਾਸੀ ਦਾਸ ਦਾਸਨ ਦਾਸਾ ਵੇਖ ਵਖਾਈਆ ।

## ✪ ੧੧ ਅੱਸੂ ਸ਼ਹਿਨਸ਼ਾਹੀ ਸੰਮਤ ੬ ਸੁਖਦੇਵ ਸਿੰਘ ਦੇ ਘਰ ਪਿੰਡ ਕੱਲਾ ✪

ਦਸਮ ਦਵਾਰ ਕਹੇ ਮੇਰੀ ਅਰਦਾਸ, ਅਰਜ਼ ਬੇਨੰਤੀ ਇਕ ਸੁਣਾਈਆ । ਮੇਰੇ ਸਾਹਿਬ ਪੁਰਖ ਅਬਿਨਾਸ਼, ਹਰਿ ਕਰਤੇ ਤੇਰੀ ਬੇਪਰਵਾਹੀਆ । ਖੇਲ ਖਿਲਾ ਕੇ ਹੱਡ ਨਾੜੀ ਮਾਸ, ਪੰਜ ਤਤ ਬਣਤ ਬਣਾਈਆ । ਤ੍ਰੈਗੁਣ ਮਾਇਆ ਪਾ ਕੇ ਰਾਸ, ਪਰਕਿਰਤੀ ਰੰਗ ਰੰਗਾਈਆ । ਨੌ ਦਵਾਰੇ ਦੇ ਕੇ ਸਾਥ, ਜਗਤ ਸੰਗ ਜਣਾਈਆ । ਈੜਾ ਪਿੰਗਲ ਸੁਖਮਨ ਬਣਾ ਕੇ ਘਾਟ, ਮੰਜ਼ਲ ਮੰਜ਼ਲ ਵਿਚ ਅਟਕਾਈਆ । ਕਵਲੀ ਬਖ਼ਸ਼ ਕੇ ਬੂੰਦ ਸਵਾਂਤ, ਨਾਭੀ ਨਾਭ ਟਪਕਾਈਆ । ਸ਼ਬਦ ਅਗੰਮੀ ਜਣਾ ਕੇ ਨਾਦ, ਧੁਨ ਧੁਨ ਸ਼ਨਵਾਈਆ । ਸੁਰਤੀ ਸੁਰਤ ਅਰਾਧ, ਰਸਨਾ ਰਸ ਚਖਾਈਆ । ਆਪਣਾ ਭੇਵ ਰੱਖ ਕੇ ਬੋਧ ਅਗਾਧ, ਅਗਾਧ ਬੋਧ ਬੋਧ ਬੇਪਰਵਾਹੀਆ । ਕਵਲ ਕਵਲਾ ਬੁਝਾ ਕੇ ਆਗ, ਤ੍ਰਿਸਨਾ ਤ੍ਰਿਖਾ ਗਵਾਈਆ । ਮਨ ਮਨੂਏ ਦੇ ਵੈਰਾਗ, ਵੈਰੀ ਅੰਤਰ ਨਿਰੰਤਰ ਮਿਟਾਈਆ । ਮੇਰੇ ਘਰ ਵਿਚ ਨਿੱਕਾ ਜੇਹਾ ਆਪਣਾ ਜਗਾ ਕੇ ਚਰਾਗ਼, ਸੂਰੀਆ ਚੰਨ ਤੋਂ ਪਰੇ ਕੀਤੀ ਰੁਸ਼ਨਾਈਆ । ਜਗਤ ਸਾਧੂਆਂ ਵਾਸਤੇ ਖ਼ੁਸ਼ੀਆਂ ਵਾਲਾ ਬਾਗ, ਬਗੀਚਾ ਦਿਤਾ ਪ੍ਰਗਟਾਈਆ । ਇਸ ਵਿਚ ਵੜ ਕੇ ਕਹਿਣ ਏਥੇ ਕਰੀਏ ਰਾਜ, ਅੱਗੇ ਕਦਮ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਦਸਮ ਦਵਾਰ ਕਹੇ ਮੇਰਾ ਨਿੱਕਾ ਜੇਹਾ ਘਰਾਨਾ, ਘਰ ਘਰ ਵਿਚ ਟਿਕਾਈਆ । ਜਿਸ ਨੂੰ ਮਾਣ ਜਗਤ ਜਹਾਨਾ, ਜੀਵ ਈਸ਼ ਸਮਝਾਈਆ । ਜਿਥੇ ਪੰਚਮ ਪੰਚ ਸੁਣ ਧੁਨਕਾਨਾ, ਸ਼ਬਦ ਸ਼ਬਦ ਵਡਿਆਈਆ । ਜਿਥੇ ਮਸਤੀ ਮਸਤ ਦੀਵਾਨਾ, ਖ਼ੁਮਾਰੀ ਖ਼ਿਮਾਂ ਵਿਚ ਰਖਾਈਆ । ਧਰਮ ਧਰਮ ਦਾ ਈਮਾਨਾ, ਅਮਲਾਂ ਤੋਂ ਬਾਹਰ ਦ੍ਰਿੜਾਈਆ । ਤੇਰੀ ਮੰਜ਼ਲ ਦਾ ਪਹਿਲਾ ਨਿਸ਼ਾਨਾ, ਨਿਸ਼ਾਨੇਬਾਜ਼ ਤੇਰੀ ਸਰਨਾਈਆ । ਏਥੇ ਦਰਸ ਹੁੰਦਾ ਤੇਰਾ ਨੂਰੀ ਨੂਰ ਦਾ ਕਾਹਨਾ, ਰਾਮ ਤੇਰੀ ਵਡਿਆਈਆ । ਤੇਰੀ ਮੰਜ਼ਲ ਮੰਜ਼ਲ ਦਾ ਮਿਲੇ ਬਹਾਨਾ, ਰਹਿਬਰ ਤੇਰਾ ਰਾਹ ਦਰਸਾਈਆ । ਕਲਮਾ ਕਲਮੇ ਵਿਚ ਦੱਸੇ ਕਲਾਮਾ, ਸੰਦੇਸ਼ਾ ਅਗੰਮ ਅਥਾਹੀਆ । ਸਾਚਾ ਨੂਰ ਨੂਰ ਨੁਰਾਨਾ, ਰਵ ਸਸ ਸੀਸ ਨਿਵਾਈਆ । ਦੂਸਰ ਦਿਸੇ ਨਾ ਕੋਇ ਬੇਗਾਨਾ, ਵੈਰੀ ਮੀਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਪਣਾ ਰੰਗ ਰੰਗਾਈਆ । ਦਸਮ ਦਵਾਰ ਕਹੇ ਮੈਨੂੰ ਅੱਖਰਾਂ ਵਿਚ ਪੜ੍ਹਦੇ, ਸਿਫ਼ਤਾਂ ਵਿਚ ਵਡਿਆਈਆ । ਅਭਿਆਸਾਂ ਵਿਚ ਲੜਦੇ, ਨੈਣ ਮੂੰਦ ਧਿਆਨ ਲਗਾਈਆ । ਪਾਣੀ ਵਿਚ ਠਰਦੇ, ਜਲ ਧਾਰਾ ਸੀਸ ਕਰਾਈਆ । ਅਗਨੀ ਵਿਚ ਸੜਦੇ, ਹਵਨ ਹਵਨ ਸਮਝਾਈਆ । ਇਸ਼ਟ ਜਗਤ ਵਾਲਾ ਦੇਵ ਮੂਰਤੀ ਧਰਦੇ, ਧਰਮ ਧਾਰ ਦਰਸਾਈਆ । ਢੋਲੇ ਗਾਉਣ ਨਰਾਇਣ ਨਰ ਦੇ, ਬਿਨ ਰਸਨਾ ਰਸਨ ਹਿਲਾਈਆ । ਸੁਰਤੀ ਸ਼ਬਦ ਨਾਲ ਜੜਦੇ, ਸ਼ਬਦ ਸੁਰਤ ਵੱਲ ਰਖਾਈਆ । ਬਹੁੜੀ ਮੇਰੇ ਘਰ ਮੂਲ ਨਾ ਵੜਦੇ, ਰਾਹ ਵਿਚ ਬੈਠਣ ਪਤ ਗਵਾਈਆ । ਦਸਮ ਦਵਾਰ ਕਹੇ ਮੈਂ ਕੋਟਨ ਕੋਟ ਵੇਖੇ ਲੋਭ ਮੋਹ ਹੰਕਾਰ ਵਿਚ ਲੜਦੇ, ਦਿਵਸ ਰੈਣ ਕਰਨ ਲੜਾਈਆ । ਕੋਈ ਮੁਖ ਕਰਦੇ ਚੜ੍ਹਦੇ, ਕੋਈ ਲਹਿੰਦੇ ਸੀਸ ਨਿਵਾਈਆ । ਕੋਈ ਦੱਖਣ ਪਹਾੜ ਨੱਠਦੇ, ਭੱਜਣ ਵਾਹੋ ਦਾਹੀਆ । ਕੋਈ ਰਾਹ ਤਕਣ ਨਿਜ ਨੇਤਰ ਅੱਖ ਦੇ, ਜਗਤ ਨੈਣ ਨੈਣ ਸ਼ਰਮਾਈਆ । ਕੋਈ ਬੂੰਦ ਸਵਾਂਤ ਅੰਮ੍ਰਿਤ ਰਸ ਚੱਖਦੇ, ਕਵਲੀ ਕਵਲ ਕਵਲ ਉਲਟਾਈਆ । ਦਸਮ ਦਵਾਰ ਕਹੇ ਪ੍ਰਭੂ ਮੇਰੇ ਦਵਾਰੇ ਬਿਨਾ ਤੇਰੇ ਭਗਤਾਂ ਤੋਂ ਮੂਲ ਕੋਇ ਨਾ

ਵਸਦੇ, ਵਿਦਿਆ ਜਗਤ ਨਾ ਕੋਇ ਵਡਿਆਈਆ । ਕਰ ਕਿਰਪਾ ਜਿਸ ਨੂੰ ਆਪਣੀ ਮਤ ਦੇ, ਮਤ ਮਤਾਂਤਰ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਦਸਮ ਦਵਾਰੀ ਕਹੇ ਮੇਰਾ ਘਰ ਛੋਟੇ ਤੋਂ ਛੋਟਾ, ਸਾਹਿਬ ਤੇਰੀ ਵਡ ਵਡਿਆਈਆ । ਮੈਨੂੰ ਲੱਭਦੇ ਕੋਟੀ ਕੋਟਾ, ਕੋਟਨ ਕੋਟ ਭੱਜਣ ਵਾਹੋ ਦਾਹੀਆ । ਮੈਂ ਉਚੀ ਕੂਕ ਸੁਣਾਵਾਂ ਲੋਕਾ, ਧੁਰ ਦਾ ਨਾਮ ਇਕ ਜਣਾਈਆ । ਬਿਨਾ ਸਤਿਗੁਰ ਕਿਰਪਾ ਮੇਰੇ ਘਰ ਦਾ ਕਿਸੇ ਨੂੰ ਨਹੀਂ ਮਿਲਦਾ ਮੌਕਾ, ਦਰ ਚੜ੍ਹਨ ਕੋਇ ਨਾ ਆਈਆ । ਗੋਬਰ ਨਾਲ ਮੇਰਾ ਕਦੇ ਕਿਸੇ ਸਾਫ਼ ਕੀਤਾ ਨਹੀਂ ਚੌਂਕਾ, ਜਗਤ ਪੋਚ ਨਾ ਕੋਇ ਲਗਾਈਆ । ਬਸਤਰ ਤਨ ਕਿਸੇ ਨਹੀਂ ਧੋਤਾ, ਅੰਤਰ ਕਰੇ ਨਾ ਕੋਇ ਸਫ਼ਾਈਆ । ਛੱਤਾਂ ਵਾਲਾ ਨਹੀਂ ਕੋਈ ਕੋਠਾ, ਛੱਪਰ ਛੰਨ ਨਾ ਕੋਇ ਛੁਹਾਈਆ । ਮੇਰੇ ਵਿਚ ਮੇਰੇ ਪ੍ਰਭੂ ਨੇ ਰੱਖੀ ਨਿੱਕੀ ਜਿਹੀ ਆਪਣੀ ਜੋਤਾ, ਜੋਤੀ ਜੋਤ ਨਾਲ ਜਗਾਈਆ । ਮੇਰਾ ਕੋਈ ਮਾਣ ਨਹੀਂ ਵੱਡਾ ਬਹੁਤਾ, ਘਰ ਵਿਚ ਘਰ ਦਿਤਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਭੇਵ ਆਪ ਖੁਲ੍ਹਾਈਆ । ਦਸਮ ਦਵਾਰ ਕਹੇ ਮੇਰਾ ਦਰਵਾਜ਼ਾ ਕਿਸੇ ਨਾ ਲੱਭਾ, ਹਾਏ ਉਫ਼ ਮੇਰੀ ਦੁਹਾਈਆ । ਮੇਰੇ ਅੰਦਰ ਸਤਿ ਸਰੂਪ ਇਕੋ ਬੱਗਾ, ਜੋਤੀ ਧਾਰ ਸੋਭਾ ਪਾਈਆ । ਜਿਥੇ ਹੰਸ ਬਣ ਗਏ ਕੱਗਾ, ਕਾਗ ਹੰਸ ਰੂਪ ਵਖਾਈਆ । ਤ੍ਰੈਗੁਣ ਲੱਗੇ ਕੋਇ ਨਾ ਅੱਗਾ, ਤਤਵ ਤਤ ਨਾ ਕੋਇ ਜਲਾਈਆ । ਮੇਰਾ ਕੋਈ ਸਕੇਅਰ ਨਹੀਂ ਵਿਚ ਗਜ਼ਾਂ, ਫੁੱਟਾਂ ਵਿਚ ਨਾ ਕੋਇ ਲੰਬਾਈਆ । ਮੇਰੇ ਘਰ ਦੀ ਕਿਸੇ ਅੱਗੇ ਬਿਆਨ ਨਹੀਂ ਕੀਤੀ ਪੂਰੀ ਵਜ਼ਹ, ਚਾਰ ਜੁਗ ਦੇ ਸ਼ਾਸਤਰ ਇਸ਼ਾਰੇ ਦੇ ਕੇ ਗਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚ ਲੇਖਾ ਆਪ ਦ੍ਰਿੜਾਈਆ । ਦਸਮ ਦਵਾਰ ਕਹੇ ਮੇਰਾ ਮੁਹੀਤ ਮਜ਼ਲੇ ਮੁਜ਼ਲੂ ਮੀਜ਼ਾਨ ਮਜ਼੍ਹਬ ਨਾ ਕੋਇ ਲਗਾਈਆ । ਜਿਥੇ ਆਫ਼ਤਾਬ ਨਾ ਹੋਵੇ ਕੋਇ ਤਲੂਹ ਗ਼ਰੂਬ ਗਿਰਹਾ ਨਾ ਕੋਇ ਸਮਝਾਈਆ । ਸੈਲਾਨੇ ਸਲਲ ਰੂਹਾਨੇ ਰੂਹ, ਰਹਿਮਤ ਯਕਸੂ ਅਖਵਾਈਆ । ਜਿਥੇ ਬਿਨਾ ਰੂਪ ਰੰਗ ਰੇਖ ਤੋਂ ਸ਼ਬਦ ਗੁਰੂ, ਗ੍ਰਿਹ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਭੇਵ ਖੁਲ੍ਹਾਈਆ । ਦਸਮ ਦਵਾਰ ਕਹੇ ਮੇਰਾ ਕਰਜ਼ਾ ਬੂ ਇਰਦ ਗਿਰਦ, ਕਬੀਰ ਨਾਨਕ ਮੁਹੰਮਦ ਜ਼ਹੂਰੇ ਜ਼ਾਹਿਰ ਜੀਵ ਸਮਝਾਈਆ । ਕੋਈ ਜਾਣ ਨਾ ਸਕੇ ਬਾਲ ਬਿਰਧ, ਜੋਬਨਵੰਤ ਨਾ ਕੋਇ ਚਤੁਰਾਈਆ । ਭੇਵ ਪਾ ਨਾ ਸਕੇ ਸੁਰਤ ਨਿਰਤ, ਨੈਣ ਅੱਖ ਨਾ ਕੋਇ ਦਰਸਾਈਆ । ਜਿਥੇ ਮਨੂਆ ਕਰੇ ਕੋਇ ਨਾ ਕਿਰਤ, ਕਿਰਤਘਨ ਨਾ ਕੋਇ ਵਡਿਆਈਆ । ਮਿਰਤੂ ਵਿਚ ਹੋਵੇ ਕਦੇ ਨਾ ਮਿਰਤ, ਮਿਰਤਕ ਰੂਪ ਨਾ ਕੋਇ ਦਰਸਾਈਆ । ਵੇਖਣਾ ਪਏ ਨਾ ਦੀਪ ਘਿਰਤ, ਜੋਤੀ ਜਗਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਦਰ, ਦਰ ਦਰਬਾਰਾ ਇਕ ਦਰਸਾਈਆ । ਦਸਮ ਦਵਾਰ ਕਹੇ ਮੇਰਾ ਗ੍ਰਿਹ ਨਿੱਕੇ ਤੋਂ ਨਿੱਕਾ, ਨੱਕਾ ਸੂਈ ਨਾ ਕੋਇ ਚਤੁਰਾਈਆ । ਜਿਸ ਦਾ ਮਾਲਕ ਇਕੋ ਇਕਾ, ਏਕੰਕਾਰ ਇਕ ਰਖਾਈਆ । ਜੋ ਮੇਰੇ ਅੰਤਰ ਮੰਤਰ ਨਿਰੰਤਰ ਹੋ ਕੇ ਟਿਕਾ, ਘਰ ਘਰ ਦਿਤੀ ਵਡਿਆਈਆ । ਮੈਂ ਕਦੇ ਹੱਥ ਨਹੀਂ ਆਇਆ ਵਿਚੋਂ ਪੱਥਰ ਇੱਟਾਂ, ਪਾਹਨ ਪੂਜਸ ਮਿਲਣ ਕੋਇ ਨਾ ਪਾਈਆ । ਮੇਰਾ ਆਦਿ ਤੋਂ ਲੈ ਕੇ ਅੰਤ ਤਕ ਇਕੋ ਗ੍ਰਿਹ ਤੇ ਇਕੋ ਮੰਦਰ ਇਕੋ ਜੁਗ ਚੌਕੜੀ ਸਿੱਟਾ, ਦੂਜਾ ਰੂਪ ਨਾ ਕੋਇ ਦਰਸਾਈਆ । ਸਚ

ਦਵਾਰ ਏਕੰਕਾਰ ਕਿਰਪਾ ਧਾਰ ਅਪਰ ਅਪਾਰ ਮੇਰਾ ਦਵਾਰ ਜਦ ਵਖਾਇਆ ਵਖਾਇਆ ਭਗਤਾਂ ਸਿੱਖਾਂ, ਸਹਿਜ ਨਾਲ ਸਮਝਾਈਆ । ਜਿਥੇ ਇਕੋ ਧੁਰ ਧਾਰ ਦੀ ਮਿਲਦੀ ਭਿੱਛਾ, ਦੂਜੀ ਵਸਤ ਨਾ ਕੋਇ ਵਰਤਾਈਆ । ਤ੍ਰਿਸ਼ਨਾ ਤ੍ਰਿਖਾ ਰਹੇ ਨਾ ਇੱਛਾ, ਨਿਰਇੱਛਤ ਰੰਗ ਰੰਗਾਈਆ । ਮੇਰਾ ਕੋਈ ਲੰਮਾ ਚੌੜਾ ਹਰਫ਼ਾਂ ਹਰੂਫ਼ਾਂ ਵਾਲਾ ਨਹੀਂ ਕਿੱਸਾ, ਸਤਰਾਂ ਵਾਲੀ ਨਾ ਕੋਇ ਲਿਖਾਈਆ । ਮੇਰਾ ਗ੍ਰਿਹਿ ਮੰਦਰ ਟਕਿਆਂ ਵਿਚ ਕਦੇ ਨਾ ਵਿਕਾ, ਕੀਮਤ ਹੱਟ ਨਾ ਕੋਇ ਪਵਾਈਆ । ਮੇਰਾ ਇਕੋ ਮਾਲਕ ਇਕੋ ਪਿਤਾ, ਇਕੋ ਦੇਵਣਹਾਰ ਵਡਿਆਈਆ । ਪੁਤ ਕਹੇ ਪਿਓ ਨੂੰ ਕੀ ਤੈਨੂੰ ਪਹਿਲੇ ਵੀ ਕਦੇ ਦਿਸਾ, ਜੇ ਅੱਗੇ ਵੇਖਣਾ ਈ ਬੇਨੰਤੀ ਵਿਚ ਮੰਗ ਮੰਗਾਈਆ । ਜਿਥੇ ਸਾਹਿਬ ਦਾ ਦਰਸ਼ਨ ਹੋਏ ਨਿਤਾ, ਜਾਗਤ ਸੋਵਤ ਨੂਰ ਦਏ ਚਮਕਾਈਆ । ਕੋਈ ਚੁੱਕਣੀ ਪਏ ਨਾ ਚਿਕਾ, ਕੁੰਡੀ ਹੱਥ ਨਾ ਕੋਇ ਖੁਲ੍ਹਾਈਆ । ਪ੍ਰਭ ਦੀ ਕਿਰਪਾ ਨਾਲ ਭਗਤਾਂ ਦਾ ਪਹਿਲਾ ਇਹੋ ਹਿੱਸਾ, ਦਸਮ ਦਵਾਰੀ ਵਿਚ ਪਹਿਲਾਂ ਦਰਸ ਦਿਖਾਈਆ । ਫੇਰ ਦਸਮ ਦਵਾਰੀ ਨੂੰ ਦੇ ਕੇ ਪਿਛਾ, ਅੱਗੇ ਲਏ ਕਢਾਈਆ । ਇਸ ਤੋਂ ਅੱਗੇ ਮੰਜ਼ਲਾਂ ਚਾਰ ਹੋਰ ਜਿਥੇ ਸਾਹਿਬ ਸਤਿਗੁਰ ਬੈਠਾ ਅਨਡਿੱਠਾ, ਅਗੰਮ ਅਥਾਹ ਬੇਪਰਵਾਹੀਆ । ਓਥੇ ਦਸਮ ਦਵਾਰੀ ਤਕੇ ਬਿਟ ਬਿਟਾ, ਦੂਰ ਦੁਰਾਡੀ ਧਿਆਨ ਲਗਾਈਆ । ਜਨ ਭਗਤਾਂ ਕਹੇ ਮੇਰੀ ਅਰਜ਼ੋਈ ਹਿਕਾ, ਇਕ ਦਿਆਂ ਸੁਣਾਈਆ । ਜਿਥੇ ਤੁਹਾਡਾ ਸਾਹਿਬ ਸਵਾਮੀ ਵਸੇ ਪਿਤਾ, ਓਥੇ ਮੇਰੀ ਮੰਜ਼ਲ ਮੂਲ ਰਹੇ ਨਾ ਰਾਈਆ । ਮੈਂ ਤਾਂ ਸਾਢੇ ਤਿੰਨ ਹੱਥ ਵਿਚ ਹਾਂ ਟਿਕਾ, ਨੌਂ ਦਵਾਰਿਆਂ ਉਪਰ ਆਪਣਾ ਘਰ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਭ ਦੀ ਪੂਰੀ ਕਰੇ ਇੱਛਾ, ਨਿਰਾਸਾ ਰਹਿਣ ਕੋਇ ਨਾ ਪਾਈਆ ।


੭੦੫
੨੨

## ✪ ੧੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਦਰਸ਼ਨ ਸਿੰਘ ਦੇ ਗ੍ਰਿਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਫ਼ੱਕਰ ਕਹੇ ਸ਼ਾਹ ਤਕੀ, ਤਕੀਆ ਮੇਰਾ ਦਏ ਦੁਹਾਈਆ । ਦੋ ਸੌ ਸੱਠ ਸਾਲ ਦੀ ਮੇਰੀ ਆਸਾ ਪੱਕੀ, ਮਾਜ਼ੀ ਲੇਖਾ ਦਿਆਂ ਜਣਾਈਆ । ਮੈਂ ਰਾਹ ਤਕਦਾ ਸਾਂ ਮਾਲਕ ਹੱਕੀ, ਜੋ ਹਕੀਕਤ ਦਏ ਜਣਾਈਆ । ਬਾਵਨ ਸਾਲ ਮੇਰੀ ਆਸਾ ਰਹੀ ਸ਼ੱਕੀ, ਪਰਦਾ ਭੇਵ ਨਾ ਕੋਇ ਖੁਲ੍ਹਾਈਆ । ਮੇਰੀ ਅੰਤਰ ਅਜ਼ਾਂ ਬਾਂਗ ਖ਼ਾਹਿਸ਼ਾਂ ਵਿਚ ਨੱਠੀ, ਭੱਜੀ ਵਾਹੋ ਦਾਹੀਆ । ਹੁਣ ਸਦੀ ਜਾਂਦੀ ਟੱਪੀ, ਚੌਧਵੀਂ ਪੰਧ ਮੁਕਾਈਆ । ਮੇਰੀ ਬੁਝਣ ਲੱਗੀ ਬੱਤੀ, ਜਗਤ ਨੂਰ ਰਹੇ ਨਾ ਰਾਈਆ । ਮੈਂ ਇਕ ਸੌ ਅਠਾਰਾਂ ਸਾਲ ਰਿਹਾ ਏਥੇ ਦਿਨ ਅੱਸੀ, ਆਸਾ ਵਿਚ ਧਿਆਨ ਲਗਾਈਆ । ਢਾਈ ਵਾਰ ਮੇਰੀ ਜਗਹ ਇਹ ਵਸੀ, ਜਗਤ ਰੂਪ ਬਣਾਈਆ । ਮੈਂ ਸਭ ਕੁਝ ਵੇਖਦਾ ਰਿਹਾ ਅੱਖੀ, ਨੇਤਰ ਨੈਣ ਖੁਲ੍ਹਾਈਆ । ਅਰਜ਼ੋਈ ਕਰਦਾ ਰਿਹਾ ਅੱਗੇ ਸਾਹਿਬ ਅਲਖੀ, ਲਖਮੀ ਨਰਾਇਣ ਤੇਰੀ ਸਰਨਾਈਆ । ਮੇਰੀ ਧਾਰ ਤੇਰੀ ਮੁਹੱਬਤ ਵਿਚ ਫਸੀ, ਫੈਸਲਾ ਤੇਰੇ ਹੱਥ ਰਖਾਈਆ । ਹੁਣ ਰਮਜ਼ ਰਹੀ ਨਾ ਛਪੀ, ਛੱਪਾ ਅਵਰ ਦਿਤਾ ਚੁਕਾਈਆ । ਮੇਰੀ ਪਿਛਲਾ ਕਲਮਾ ਕਲਾਮ ਜਪੀ, ਜਗਜੀਵਣ ਦਾਤੇ ਤੇਰੀ ਝੋਲੀ ਪਾਈਆ । ਪੂਰਬ ਲੇਖਾ ਕਰਦੇ ਨਫ਼ੀ, ਵਾਧਾ ਆਪਣੇ ਨਾਲ ਬਣਾਈਆ । ਮੇਰਾ ਸਾਥੀ ਇਕ ਹੋਰ ਮੁਹੰਮਦ ਸ਼ਫੀ, ਜੋ ਸ਼ਾਹ ਸੁਲਤਾਨ ਦਾ ਨੂਰ ਰੂਪ ਦਰਸਾਈਆ ।

ਜਿਸ ਦੇ ਹੱਥ ਪਿਆਲਾ ਕੜੀ, ਕਫ਼ਨ ਓਢਣ ਨਾਲ ਮਿਲਾਈਆ । ਮਿਹਰਵਾਨ ਮਹਿਬੂਬ ਕਥਾ ਕਹਾਣੀ ਸਾਚੀ ਦੱਸੀ, ਪਰਵਰਦਿਗਾਰ ਦਿਤੀ ਸੁਣਾਈਆ । ਸਾਡਾ ਲੇਖਾ ਮੁਕਾ ਦੇ ਲੱਖ ਚਾਰ ਅੱਸੀ, ਚੁਰਾਸੀ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਆਪਣੇ ਰੰਗ ਵਿਚ ਰਤੀ, ਸਾਡਾ ਝਗੜਾ ਦੇਣਾ ਮੁਕਾਈਆ । ਓਨ੍ਹਾਂ ਵਾ ਨਾ ਲੱਗੇ ਤਤੀ, ਜਿਹੜੇ ਤੇਰਾ ਨਾਮ ਧਿਆਈਆ । ਤੂੰ ਸਾਹਿਬ ਪੁਰਖ ਸਮਰਥੀ, ਹਰਿ ਵੱਡਾ ਵਡ ਵਡਿਆਈਆ । ਸਾਡੀ ਆਸਾ ਪੂਰੀ ਕਰਦੇ ਇਕੱਠੀ, ਇਕੋ ਵਾਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਣਹਾਰਾ ਘਟ ਘਟੀ, ਘਟ ਅੰਤਰ ਗੁਰਮੁਖਾਂ ਕਰੇ ਸਫ਼ਾਈਆ ।

## ੧੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਪ੍ਰੀਤਮ ਸਿੰਘ ਦੇ ਗ੍ਰਿਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ



ਧਰਨੀ ਕਹੇ ਏਥੇ ਅੰਗਦ ਲਕੀਰ ਖਿੱਚੀ ਸੀ ਨਾਲ ਚੀਚੀ, ਚੀਚਕ ਦਾ ਰੋਗ ਗਿਆ ਗਵਾਈਆ । ਫੇਰ ਨਿਗਹ ਕੀਤੀ ਨੀਚੀ, ਧਰਨੀ ਧਰਤ ਧਵਲ ਧਿਆਨ ਲਗਾਈਆ । ਫੇਰ ਆਪਣੇ ਪਲੂ ਗੰਢ ਪੀਚੀ, ਘੁੱਟ ਕੇ ਦਿਤੀ ਬੰਧਾਈਆ । ਫੇਰ ਪਿਛਲੀ ਵੇਖੀ ਬੀਤੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਤ੍ਰੇਤੇ ਬਾਲਮੀਕ ਏਥੇ ਦੱਬ ਕੇ ਗਿਆ ਸੀ ਗੀਟੀ, ਉਂਗਲਾਂ ਪੰਜ ਪੰਜ ਛੁਹਾਈਆ । ਉਤੇ ਲੇਖ ਲਿਖਿਆ ਕਲਜੁਗ ਅੰਤ ਚਲੇ ਭਗਤ ਭਗਵਾਨ ਦੀ ਰੀਤੀ, ਅੰਗਦ ਵੇਖ ਕੇ ਖ਼ੁਸ਼ੀ ਬਣਾਈਆ । ਫੇਰ ਨਿਗਾਹ ਮਾਰੀ ਕੀ ਅੱਗੇ ਹੁਕਮ ਹਦੀਸੀ, ਹਰਿ ਸਤਿਗੁਰ ਆਪ ਜਣਾਈਆ । ਜਾਂ ਖੇਲ ਤੱਕਿਆ ਬੀਸ ਬੀਸੀ, ਚੌਦਸ ਚੌਦਾਂ ਅੰਕ ਬਣਾਈਆ । ਇਕੋ ਛਤਰ ਦਿਸੇ ਸੀਸੀ, ਜਗਦੀਸ ਸੋਭਾ ਪਾਈਆ । ਅੰਗਦ ਸ੍ਰਿਸ਼ਟੀ ਵੇਖੀ ਨੀਤੀ, ਨਿਗਾਹ ਨੈਣ ਉਠਾਈਆ । ਚਾਰ ਕੁੰਟ ਤੱਕਿਆ ਬਿਨਾ ਭਗਤਾਂ ਤੋਂ ਰਹੇ ਨਾ ਕੋਇ ਪ੍ਰੀਤੀ, ਭਗਵਨ ਮਿਲਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅੰਗਦ ਲਾ ਕੇ ਗਿਆ ਅੰਗੂਠਾ, ਖੱਬਾ ਹੱਥ ਹੱਥ ਉਠਾਈਆ । ਜਿਸ ਵੇਲੇ ਜਗਤ ਭੰਡਾਰ ਦਾ ਮੂਧਾ ਹੋਇਆ ਠੂਠਾ, ਨਾਮ ਵਸਤ ਨਾ ਕੋਇ ਟਿਕਾਈਆ । ਸਤੋ ਗੁਣ ਦਾ ਰਿਹਾ ਕੋਇ ਨਾ ਬੂਟਾ, ਸਿੰਮਲ ਹੋਏ ਜਗਤ ਲੋਕਾਈਆ । ਸਤਿਗੁਰ ਪ੍ਰੇਮ ਮਿਲੇ ਨਾ ਹੂਟਾ, ਦੋ ਜਹਾਨਾਂ ਪਾਰ ਨਾ ਕੋਇ ਕਰਾਈਆ । ਫਿਰੇ ਦਰੋਹੀ ਚਾਰੇ ਕੂਟਾ, ਕੁਟੀਆ ਸ਼ਾਂਤ ਨਾ ਕੋਇ ਰਖਾਈਆ । ਅਵਤਾਰ ਪੈਗ਼ੰਬਰ ਹੋਵੇ ਰੂਠਾ, ਰੁਠਿਆਂ ਸਕੇ ਨਾ ਕੋਇ ਮਨਾਈਆ । ਮਾਣ ਰਹੇ ਨਾ ਕਿਸੇ ਅਵਧੂਤਾ, ਸਾਧ ਸੰਤ ਨਾ ਕੋਇ ਚਤੁਰਾਈਆ । ਓਸ ਵੇਲੇ ਪੁਰਖ ਅਕਾਲ ਕਿਰਪਾ ਕਰਨੀ ਆਪਣੇ ਭਗਤ ਸਪੂਤਾ, ਸੁਤ ਦੁਲਾਰੇ ਗੋਦ ਟਿਕਾਈਆ । ਚੌਦਾ ਤਬਕ ਪੈਣੀਆਂ ਕੂਕਾਂ, ਕੁਰਹ ਕਾਇਨਾਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਵਿਕਾਰ ਦੀਆਂ ਕਲ ਰਹਿਣ ਨਾ ਮਾਸ਼ੂਕਾਂ, ਆਸ਼ਕ ਦਾ ਇਸ਼ਕ ਇਸ਼ਕ ਦਾ ਆਸ਼ਕ ਇਕੋ ਏਕ ਏਕ ਦਰਸਾਈਆ ।

## ✪ ੧੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਜਗੀਰ ਕੌਰ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਗੁਰ ਅੰਗਦ ਆਖਿਆ, ਸ਼ਬਦੀ ਹੁਕਮ ਸੁਣਾਈਆ । ਮੇਰੇ ਅੰਤਰ ਅਗੰਮੀ ਭਾਖਿਆ, ਭਜਨ ਬੰਦਗੀ ਤੋਂ ਬਾਹਰ ਦਰਸਾਈਆ । ਕਿਰਪਾ ਕਰੇ ਅਲਖਣਾ ਅਲਾਖਿਆ, ਹਰਿ ਕਰਤਾ ਧੁਰਦਰਗਾਹੀਆ । ਜਿਸ ਨੇ ਕਲਜੁਗ ਅੰਤਮ ਵੇਖਣਾ ਵਾਕਿਆ, ਵਾਕਿਆ ਆਪਣਾ ਰੂਪ ਪ੍ਰਗਟਾਈਆ । ਚਾਰ ਜੁਗ ਦਾ ਲਹਿਣਾ ਜਾਨਣਾ ਸਾਕਿਆ, ਸਾਕ ਸੱਜਣ ਮੀਤ ਹੋ ਕੇ ਵੇਖ ਵਖਾਈਆ । ਨਾਮ ਅਸਵ ਚੜ੍ਹਨਾ ਰਾਕਿਆ, ਰਕਬਾ ਵੇਖੇ ਖ਼ਲਕ ਖ਼ੁਦਾਈਆ । ਜਨ ਭਗਤਾਂ ਖੋਲ੍ਹਣਾ ਤਾਕਿਆ, ਪਰਦਾ ਪਰਦੇ ਵਿਚੋਂ ਲਾਹੀਆ । ਕਲਜੁਗ ਮੇਟੇ ਅੰਧ ਅੰਧੇਰੀ ਰਾਤਿਆ, ਰੁਤ ਆਪਣੇ ਨਾਲ ਮਹਿਕਾਈਆ । ਸਚਖੰਡ ਨਿਵਾਸੀ ਸਚ ਦਵਾਰੇ ਕਰੇ ਵਾਸਿਆ, ਦਰ ਇਕੋ ਇਕ ਰਖਾਈਆ । ਜਿਥੇ ਨਿਰਗੁਣ ਨੂਰ ਜੋਤ ਹੋਵੇ ਪ੍ਰਕਾਸਿਆ, ਪ੍ਰਕਾਸ਼ਤ ਰੂਪ ਸਹਿਜ ਸੁਖਦਾਈਆ । ਮੇਰੀ ਪੂਰੀ ਕਰੇ ਆਸਿਆ, ਤ੍ਰਿਸਨਾ ਆਪਣੇ ਵਿਚ ਮਿਲਾਈਆ । ਜਿਸ ਦੀ ਜੋਤ ਧਾਰ ਹੋਣੀ ਦਸ ਸ਼ਾਖਿਆ, ਗੋਬਿੰਦ ਗੋਬਿੰਦ ਕਾਰ ਭੁਗਤਾਈਆ । ਸੋ ਵੇਲਾ ਵਕਤ ਸੁਹਾਏ ਦੇਸ ਮਾਝਿਆ, ਮਜਲਸ ਧਰਮ ਗਿਆ ਸਮਝਾਈਆ । ਧਰਨੀ ਕਹੇ ਸੋ ਸਵਾਮੀ ਆ ਗਿਆ, ਆਗਮਨ ਵਿਚ ਖ਼ੁਸ਼ੀ ਬਣਾਈਆ । ਮੇਰੇ ਗ੍ਰਿਹ ਜਗੇ ਚਰਾਗਿਆ, ਚਰਾਗਾਹਾਂ ਹੋਏ ਰੁਸ਼ਨਾਈਆ । ਮੇਰਾ ਅਗਿਆਨ ਅੰਧੇਰਾ ਭਾਗਿਆ, ਭੱਜਿਆ ਵਾਹੋ ਦਾਹੀਆ । ਸੋਹਣਾ ਵਕਤ ਸੁਹੰਜਣਾ ਆਪ ਸੁਹਾਗਿਆ, ਕੰਤ ਸੁਹਾਗੀ ਦਇਆ ਕਮਾਈਆ । ਧੰਨ ਵਡਿਆਈ ਜੋ ਜਨ ਸਾਹਿਬ ਸਰਨਾਈ ਲਾਗਿਆ, ਲਗਮਾਤਰ ਰਹੇ ਨਾ ਰਾਈਆ । ਜਗਤ ਵਿਕਾਰ ਹੰਕਾਰ ਤਿਆਗਿਆ, ਤ੍ਰੈਗੁਣ ਦਾ ਡੇਰਾ ਢਾਹੀਆ । ਸਚ ਦਵਾਰਾ ਏਕਾ ਪਾ ਗਿਆ, ਪਵਣ ਪਾਣੀ ਤੋਂ ਬਾਹਰ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਰ ਦੇਵੇ ਨਾਮ ਵੈਰਾਗਿਆ, ਵੈਰੀ ਅੰਦਰੋਂ ਬਾਹਰ ਕਢਾਈਆ ।

## ✪ ੧੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਗੁਰਬਖ਼ਸ਼ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਗੁਰ ਅੰਗਦ ਕਹੇ ਏਥੇ ਬਾਲਮੀਕ ਨੇ ਉਂਗਲ ਸੀ ਗੱਡੀ, ਪੋਟੇ ਢਾਈ ਜ਼ਿਮੀਂ ਵਿਚ ਦਬਾਈਆ । ਥੋੜ੍ਹੀ ਆਪਣੀ ਨੰਗੀ ਕਰ ਕੇ ਹੱਡੀ, ਖੱਲ ਦਿਤੀ ਲੁਹਾਈਆ । ਫੇਰ ਮਾਚਸ ਲੈ ਕੇ ਡੱਬੀ, ਅਗਨੀ ਦਿਤੀ ਜਲਾਈਆ । ਫੇਰ ਟਾਕੀ ਕਢ ਕੇ ਬੱਗੀ, ਚਿੰਦੀ ਉਤੇ ਛੁਹਾਈਆ । ਫੇਰ ਨਿਗਹ ਮਾਰੀ ਉਪਰ ਸ਼ਾਹ ਰਗੀ, ਸ਼ਹਿਨਸ਼ਾਹ ਤੱਕਿਆ ਬੇਪਰਵਾਹੀਆ । ਫੇਰ ਕਲਜੁਗ ਤੱਕਿਆ ਅਗਨ ਲੱਗੀ, ਚਾਰੋਂ ਕੁੰਟ ਰਹੀ ਜਲਾਈਆ । ਫੇਰ ਵੇਖਿਆ ਭਗਤ ਭਗਵਾਨ ਪ੍ਰੀਤੀ ਲੱਗੀ, ਨਾ ਕੋਈ ਤੋੜੇ ਤੋੜ ਤੁੜਾਈਆ । ਫੇਰ ਜਲਵਾ ਤੱਕਿਆ ਰੱਬੀ, ਨੂਰ ਨੁਰਾਨਾ ਨੂਰ ਇਲਾਹੀਆ । ਫੇਰ ਵੇਖੀ ਚੌਧਵੀਂ ਸਦੀ, ਸਦਮੇ ਵਿਚ ਦੁਹਾਈਆ । ਫੇਰ ਚਾਰ ਜੁਗ ਧਰਮ ਦੀ ਵੇਖੀ ਗੱਦੀ, ਤਖ਼ਤਨਸ਼ੀਨ ਨਾ ਕੋਇ ਚਤੁਰਾਈਆ । ਫੇਰ ਦੀਨ ਮਜ਼੍ਹਬ ਦੀ ਤਕੀ ਹੱਦੀ, ਵੰਡਣ ਵੇਖੀ ਥਾਉਂ ਥਾਈਂਆ । ਫੇਰ ਆਪਣੇ ਅੰਦਰੋਂ ਆਵਾਜ਼ ਕਢੀ, ਉਚੀ ਕੂਕ ਕੇ ਦਿਤਾ ਜਣਾਈਆ । ਜੇ ਤੂੰ ਮੇਰਾ ਸਾਹਿਬ ਸਮਰਥੀ, ਰਾਮ ਰਾਮ ਤੇਰੀ ਦੁਹਾਈਆ । ਤੂੰ ਕਲਜੁਗ ਅੰਤਮ ਆਪ ਪਤ ਰੱਖੀਂ, ਪਤਿਪਰਮੇਸ਼ਵਰ ਦਇਆ ਕਮਾਈਆ । ਮੈਨੂੰ

ਖੇਲ ਵਖਾਉਣਾ ਅੱਖੀਂ, ਆਖ਼ਰ ਚਰਨਾਂ ਸੀਸ ਨਿਵਾਈਆ । ਫੇਰ ਲਕੀਰ ਕਢੀ ਨੱਕੀ, ਨੱਕ ਰਗੜ ਕੇ ਦਿਤੀ ਦੁਹਾਈਆ । ਵਾਸਤਾ ਪਾ ਕੇ ਕਿਹਾ ਹੱਕੀ, ਹਕੀਕਤ ਦੇ ਮਾਲਕ ਹੋਣਾ ਸਹਾਈਆ । ਆਪਣਿਆਂ ਭਗਤਾਂ ਦੀ ਪਤ ਰੱਖੀਂ, ਜਿਸ ਵੇਲੇ ਪਤਿਪਰਮੇਸ਼ਵਰ ਨਜ਼ਰ ਕਿਸੇ ਨਾ ਆਈਆ । ਕੋਝਿਆਂ ਕਮਲਿਆਂ ਪਾਵੀਂ ਘੁੱਟ ਕੇ ਜੱਫੀ, ਜ਼ਫ਼ਾਕਸ਼ ਆਪਣਾ ਰੰਗ ਰੰਗਾਈਆ । ਉਨ੍ਹਾਂ ਦਾ ਜਨਮ ਕਰਮ ਸਾਰਾ ਕਰ ਦੇਵੀਂ ਨਫ਼ੀ, ਵਾਧਾ ਆਪਣੇ ਨਾਲ ਬਣਾਈਆ । ਤੇਰੀ ਲਿਖਤ ਲੇਖ ਸਿਫ਼ਤਾਂ ਵਿਚ ਲਿਖਿਆ ਨਾ ਜਾਵੇ ਸਫ਼ੀ, ਵਰਕਿਆਂ ਵਿਚ ਨਾ ਕੋਇ ਵਡਿਆਈਆ । ਤੂੰ ਜੁਗ ਚੌਕੜੀ ਸਭ ਨੂੰ ਕਰਦਾ ਰਫ਼ੀ, ਰਫ਼ਤਾ ਰਫ਼ਤਾ ਆਪਣਾ ਹੁਕਮ ਵਰਤਾਈਆ । ਮੈਂ ਵਾਸਤਾ ਪਾਵਾਂ ਜੋੜ ਕੇ ਦੋ ਹੱਥੀਂ, ਹਥੇਲੀ ਹਥੇਲੀ ਨਾਲ ਮਿਲਾਈਆ । ਬਾਲਮੀਕ ਕਿਹਾ ਪੁਰਖ ਸਮਰਥੀ, ਤੇਰੀ ਬੇਪਰਵਾਹੀਆ । ਅੰਗਦ ਕਿਹਾ ਇਹ ਖੇਲ ਪੁਰਾਣੀ ਪੁਰਾਤਨ ਦੱਸੀ, ਦੱਸ ਕੇ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨਾਂ ਫਿਰਦਾ ਟੱਪੀ, ਟਾਪੂਆਂ ਤੋਂ ਪਰੇ ਆਪਣੀ ਕਾਰ ਕਮਾਈਆ ।

### ✪ ੧੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਪਿਆਰੋ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਏਥੇ ਨੌਂ ਘੰਟੇ ਬੈਠਾ ਰਿਹਾ ਬਾਲਮੀਕ, ਆਸਣ ਘੁਟਨੇ ਭਾਰ ਲਗਾਈਆ । ਆਪਣਿਆਂ ਪੈਰਾਂ ਦੇ ਪਿਛੇ ਮਾਰੀ ਲੀਕ, ਆਰ ਪਾਰ ਦਿਤੀ ਖਿਚਾਈਆ । ਫੇਰ ਪ੍ਰਭੂ ਦੀ ਕੀਤੀ ਉਡੀਕ, ਤ੍ਰਿਸਨਾ ਲਈ ਵਧਾਈਆ । ਮਿਹਰਵਾਨ ਕਰ ਬਖ਼ਸ਼ੀਸ਼, ਵਸਤ ਅਗੰਮ ਦੇ ਵਰਤਾਈਆ । ਪੁਰਖ ਅਕਾਲ ਵਸ ਕੇ ਚੀਤ, ਚੇਤਨ ਸੁਰਤੀ ਦਿਤੀ ਵਖਾਈਆ । ਉਠ ਵੇਖ ਕਲਜੁਗ ਅੰਤਮ ਰੀਤ, ਰੀਤੀਵਾਨ ਦਿਤੀ ਸਮਝਾਈਆ । ਭਗਤ ਭਗਵਾਨ ਇਕੋ ਮੀਤ, ਦੂਜਾ ਸੰਗ ਨਾ ਕੋਇ ਰਖਾਈਆ । ਲੇਖਾ ਛੁਟਣਾ ਮੰਦਰ ਮਸੀਤ, ਮੱਠਾਂ ਵੰਡ ਨਾ ਕੋਇ ਵੰਡਾਈਆ । ਬਾਲਮੀਕ ਕਿਹਾ ਮੈਂ ਬਟਵਾਰਾ ਨੀਚ, ਨੀਚੋ ਨੀਚ ਅਖਵਾਈਆ । ਆਪਣੇ ਗਲੋਂ ਲਾਹ ਕਮੀਜ਼, ਪ੍ਰਭ ਦੇ ਚਰਨਾਂ ਅੱਗੇ ਟਿਕਾਈਆ । ਨਾਲੇ ਹੱਸ ਕੇ ਕਿਹਾ ਨਾਲੇ ਰੋ ਕੇ ਕਿਹਾ ਪ੍ਰਭੂ ਸਦਾ ਬਖਸ਼ੀਂ ਆਪਣੀ ਤਾਮੀਜ਼, ਤਮਾਂ ਵਿਚ ਨਾ ਕਦੇ ਕੁਰਲਾਈਆ । ਮੈਨੂੰ ਤੇਰੇ ਮਿਲਣ ਦੀ ਸਦਾ ਰਹੇ ਰੀਝ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਪੁਰਖ ਅਕਾਲ ਕਿਹਾ ਓ ਕਲਜੁਗ ਵੇਖ ਨਾਲ ਨੀਝ, ਧਿਆਨ ਧਿਆਨ ਵਿਚੋਂ ਬਣਾਈਆ । ਜਿਸ ਵੇਲੇ ਭਗਤਾਂ ਦੀ ਲੰਘਾਂ ਦਹਿਲੀਜ਼, ਦਰ ਦਰਾਂ ਦੇਵਾਂ ਵਡਿਆਈਆ । ਉਸ ਵੇਲੇ ਤੇਰੀ ਆਸਾ ਮਨਸਾ ਪੂਰੀ ਕਰਾਂ ਉਮੀਦ, ਤ੍ਰਿਸ਼ਨਾ ਤ੍ਰਿਖਾ ਤ੍ਰਿਪਤ ਕਰਾਈਆ । ਧਰਨੀ ਕਹੇ ਸੋ ਵੇਲਾ ਵਕਤ ਪਿਛਲਾ ਗਿਆ ਬੀਤ, ਜਗਤ ਸੁਹੰਜਣੀ ਦਏ ਵਡਿਆਈਆ । ਮੇਰੀ ਕਾਇਆ ਹੋਈ ਠੰਡੀ ਸੀਤ, ਪੁਰਖ ਅਬਿਨਾਸ਼ੀ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਸਰਨਾਈਆ ।


੭੦੮ ੨੨

## ✪ ੧੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਕਰਮ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਗੁਰ ਅੰਗਦ ਕਹੇ ਮੈਂ ਏਥੇ ਧਰਨੀ ਦੱਬੀ ਸੀ ਨਾਲ ਅੱਡੀ, ਜ਼ੋਰ ਤਿੰਨ ਵੇਰਾਂ ਲਗਾਈਆ । ਮੇਰੇ ਅੰਦਰ ਆਵਾਜ਼ ਆਈ ਰੱਬੀ, ਧੁਰ ਸ਼ਬਦ ਸ਼ਬਦ ਸ਼ਨਵਾਈਆ । ਖੇਲ ਵੇਖਣਾ ਚੌਧਵੀਂ ਸਦੀ, ਸਦਮੇ ਵਿਚ ਸਰਬ ਕੁਰਲਾਈਆ । ਉਸ ਵੇਲੇ ਭਗਤ ਭਗਵਾਨ ਦੀ ਪ੍ਰੀਤੀ ਹੋਣੀ ਲੱਗੀ, ਦੂਸਰ ਇਸ਼ਟ ਨਾ ਕੋਇ ਰਖਾਈਆ । ਇਹ ਸਮਾਂ ਜੁਗ ਚੌਕੜੀ ਪਿਛੋਂ ਆਉਂਦਾ ਕਦੀ, ਕਦੀਮ ਦਾ ਮਾਲਕ ਹੋਏ ਸਹਾਈਆ । ਜਿਸ ਨੇ ਸਭ ਦੀ ਕਰਨੀ ਕਰਨੀ ਰੱਦੀ, ਹੁਕਮ ਆਪਣਾ ਇਕ ਵਰਤਾਈਆ । ਮਾਤਲੋਕ ਵਿਚੋਂ ਕਢਣੀ ਬਦੀ, ਬੁਤਖ਼ਾਨਿਆਂ ਕਰੇ ਸਫ਼ਾਈਆ । ਗੁਰਮੁਖਾਂ ਦੇਵੇ ਉਚ ਪਦਵੀ ਪਦੀ, ਪਦ ਦਾ ਮਾਲਕ ਇਕ ਅਖਵਾਈਆ । ਸ੍ਰਿਸ਼ਟੀ ਅਗਨੀ ਹੋਵੇ ਲੱਗੀ, ਜਗਤ ਸਕੇ ਨਾ ਕੋਇ ਬੁਝਾਈਆ । ਝਗੜਾ ਪਏ ਸੂਰ ਗਾਂ ਢੱਗੀ, ਢੋਰਾਂ ਉਤੋਂ ਹੋਏ ਲੜਾਈਆ । ਆਪਣੀ ਮੰਜ਼ਲ ਸਭ ਨੇ ਜਾਣੀ ਛਡੀ, ਜਗਤ ਸਾਧ ਸੰਤ ਫ਼ਕੀਰ ਚੜ੍ਹਨ ਕੋਇ ਨਾ ਪਾਈਆ । ਜਗਤ ਹਾਕਮਾਂ ਖਾਣੀ ਵੱਢੀ, ਹਰਾਮ ਖੋਰ ਰੂਪ ਦਰਸਾਈਆ । ਫੇਰ ਤਿੰਨਾਂ ਉਂਗਲਾਂ ਨਾਲ ਲਕੀਰ ਕਢੀ, ਲਹਿੰਦੇ ਚੜ੍ਹਦੇ ਦਿਤੀ ਵਹਾਈਆ । ਸ਼ਬਦੀ ਬਚਨ ਕਿਹਾ ਜੋ ਖਾਵੇ ਮੱਛੀ ਡੱਡੀ, ਡੰਡਾਵਤ ਪ੍ਰਭ ਨੇ ਸਭ ਦੀ ਦੇਣੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਮਾਲਕ ਬਣ ਕੇ ਤਬੀ, ਤਬੀਅਤ ਵੇਖੇ ਥਾਉਂ ਥਾਈਆ ।



## ✪ ੧੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਸਰਦਾਰਾ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੇਰਾ ਭਾਗ ਵੱਡਾ, ਹਰਿ ਵੱਡੇ ਦਿਤੀ ਵਡਿਆਈਆ । ਬਾਲਮੀਕ ਦੇ ਕੇ ਗਿਆ ਸੱਦਾ, ਸੰਦੇਸ਼ਾ ਪ੍ਰਭ ਦੀ ਯਾਦ ਸੁਣਾਈਆ । ਜਿਸ ਵੇਲੇ ਪਿਤਾ ਪੁੱਤ ਨਾਲ ਕਰੇ ਦਗ਼ਾ, ਸੱਜਣ ਮੀਤ ਨਾ ਕੋਇ ਸਖਾਈਆ । ਮਾਇਆ ਰੂਪੀ ਲੱਗਣੀ ਅੱਗਾ, ਤਤਵ ਤਤ ਨਾ ਕੋਇ ਬੁਝਾਈਆ । ਆਤਮ ਰਸ ਦਾ ਕਿਸੇ ਲੈਣਾ ਨਹੀਂ ਮਜ਼ਾ, ਵਿਸ਼ਿਆਂ ਵਿਚ ਸ੍ਰਿਸ਼ਟ ਹਲਕਾਈਆ । ਸਦੀ ਚੌਧਵੀਂ ਆਉਣੀ ਕਜ਼ਾ, ਕਿਆਮਤ ਆਪਣਾ ਰੂਪ ਬਦਲਾਈਆ । ਜਿਸ ਦੀ ਸਮਝਣੀ ਨਹੀਂ ਕਿਸੇ ਨੇ ਵਜਹ, ਵਜੂਹਾਤ ਨਾ ਕੋਇ ਦ੍ਰਿੜਾਈਆ । ਬਿਨਾ ਭਗਤਾਂ ਤੋਂ ਪ੍ਰਭ ਦੀ ਚਲੇ ਨਾ ਕੋਇ ਵਿਚ ਰਜ਼ਾ, ਰਜ਼ਾਮੰਦ ਨਾ ਕੋਇ ਅਖਵਾਈਆ । ਉਸ ਵੇਲੇ ਪੁਰਖ ਅਕਾਲ ਨੇ ਸਭ ਨੂੰ ਦੇਣੀ ਸਜ਼ਾ, ਲੇਖਾ ਮੰਗੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦੀ ਸਤਿ ਲਗਾਵੇ ਸਭਾ, ਸਭੀ ਆਪਣੇ ਰੰਗ ਰੰਗਾਈਆ ।

## ✪ ੧੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਸਰਮੁਖ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਅੰਗਦ ਕਹੇ ਏਥੇ ਝੰਗੀ ਹੁੰਦੀ ਸੀ ਨੌਂ ਦਰਖ਼ਤ, ਕਿੱਕਰ ਬੇਰੀ ਸੋਭਾ ਪਾਈਆ । ਮੈਂ ਧਿਆਨ ਧਰਿਆ ਦਿਨ ਦੇ ਬਾਰਾਂ ਵਕਤ, ਅੰਤਰ ਅੰਤਰ

ਮੇਲ ਮਿਲਾਈਆ । ਮੇਰੀ ਦ੍ਰਿਸ਼ਟੀ ਵਿਚ ਆਇਆ ਸਾਰਾ ਜਗਤ, ਦੀਨ ਦੁਨੀ ਖੋਜ ਖੁਜਾਈਆ । ਝਟ ਸ਼ਬਦ ਅਗੰਮੀ ਸੁਣਿਆ ਫ਼ਕਤ, ਫ਼ਿਕਰਾ ਅਗੰਮ ਅਥਾਹੀਆ । ਜਿਸ ਵਿਚ ਜਣਾਇਆ ਨਾਨਕ ਧਾਰ ਵਾਰਨੇ ਜਿਗਰੇ ਲਖਤ, ਗੋਬਿੰਦ ਗੋਬਿੰਦ ਖੇਲ ਖਿਲਾਈਆ । ਲੇਖੇ ਲੱਗਣੀ ਬੂੰਦ ਰਕਤ, ਰਕਤ ਬੂੰਦ ਸੋਭਾ ਪਾਈਆ । ਉਸ ਦੇ ਪਿਛੋਂ ਪ੍ਰਭੂ ਨੇ ਪਰਗਟ ਕਰਨੇ ਭਗਤ, ਭਗਵਨ ਆਪਣਾ ਮੇਲ ਮਿਲਾਈਆ । ਜਿਨ੍ਹਾਂ ਆਤਮਾ ਪਰਮਾਤਮਾ ਦੀ ਲਾਉਣੀ ਸ਼ਰਤ, ਸ਼ਰਅ ਦਾ ਝਗੜਾ ਦੇਣਾ ਮੁਕਾਈਆ । ਮਾਣ ਦੇਣਾ ਵਡਿਆਈ ਦੇਣੀ ਉਪਰ ਧਰਤ, ਮਿਹਰ ਨਜ਼ਰ ਇਕ ਉਠਾਈਆ । ਅੰਤ ਵਾਸਾ ਕਰ ਕੇ ਉਪਰ ਅਰਸ਼, ਅਰਸ਼ੀ ਪ੍ਰੀਤਮ ਆਪਣੇ ਵਿਚ ਸਮਾਈਆ । ਗੁਰ ਅੰਗਦ ਕਿਹਾ ਇਹ ਸਾਹਿਬ ਸਤਿਗੁਰ ਕਰਨਾ ਤਰਸ, ਮਿਹਰਵਾਨ ਮਿਹਰਵਾਨ ਆਪਣਾ ਰੰਗ ਰੰਗਾਈਆ । ਮੇਰੀ ਇਕੋ ਬੇਨੰਤੀ ਇਕੋ ਅਰਜ਼, ਇਕੋ ਇਕ ਦਿਆਂ ਸੁਣਾਈਆ । ਉਸ ਸਮੇਂ ਪੁਰਖ ਅਕਾਲ ਦੀਨ ਦਿਆਲ ਨੂੰ ਗੁਰਮੁਖਾਂ ਨਾਲ ਹੋਵੇ ਗ਼ਰਜ਼, ਲੋੜਵੰਦ ਆਪਣਾ ਪੜਦਾ ਲਾਹੀਆ । ਇਹ ਖੇਲ ਹੋਣਾ ਅਸਚਰਜ, ਅਚਰਜ ਲੀਲਾ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗ਼ਰੀਬ ਨਿਮਾਣਿਆਂ ਵੰਡੇ ਦਰਦ, ਦਰਦੀਆਂ ਦੁੱਖ ਆਪਣੀ ਝੋਲੀ ਪਾਈਆ ।



### ✪ ੧੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਹਰਨਾਮ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੇਰਾ ਇਸ਼ਾਰਾ ਕੀਤਾ ਸੀ ਅਬੂੱਬਕਰ, ਦੂਰ ਦੁਰਾਡਾ ਧਿਆਨ ਲਗਾਈਆ । ਜਿਸ ਵੇਲੇ ਮੇਰੇ ਮਾਲਕ ਨੇ ਵੰਡ ਵੰਡੀ ਗੁੜ ਸ਼ੱਕਰ, ਸ਼ਿਕਵਾ ਸਭ ਦਾ ਦਏ ਚੁਕਾਈਆ । ਦੀਨ ਦੁਨੀ ਦੀ ਲਵਾਉਣੀ ਟੱਕਰ, ਮਜ਼੍ਹਬ ਮਜ਼੍ਹਬ ਨਾਲ ਟਕਰਾਈਆ । ਜ਼ਾਤ ਜ਼ਾਤੀ ਕਰਨੇ ਕੱਟੜ, ਨਿਮਰਤਾ ਰਹਿਣ ਕੋਇ ਨਾ ਪਾਈਆ । ਧਰਮ ਧਰਮ ਨੂੰ ਕਰੇ ਫੱਟੜ, ਫੱਟਿਆਂ ਉਤੇ ਦਏ ਲਟਕਾਈਆ । ਸ਼ਰਅ ਦਾ ਸ਼ਰਅ ਨੂੰ ਵੱਜੇ ਲੱਫੜ, ਤਮਾਚਾ ਧੁਰਦਰਗਾਹੀਆ । ਚਾਰੋਂ ਕੁੰਟ ਪੈਣਾ ਰੱਫੜ, ਅੱਗੇ ਹੋ ਨਾ ਕੋਇ ਅਟਕਾਈਆ । ਸਾਚਾ ਦਿਸਣਾ ਨਹੀਂ ਕੋਈ ਫ਼ੱਕਰ, ਫ਼ਿਕਰੇ ਹੱਕ ਨਾ ਕੋਇ ਸੁਣਾਈਆ । ਜਿਸ ਵੇਲੇ ਸੰਮਤ ਛੇ ਦਾ ਮਹੀਨਾ ਚੜ੍ਹਿਆ ਕੱਤਕ, ਕੱਤਕ ਆਪਣਾ ਰੰਗ ਬਦਲਾਈਆ । ਪੰਜਾਂ ਦਰਬਾਰੀਆਂ ਸੁਹਾਉਣਾ ਵਕਤ, ਆਪਣਾ ਬਲ ਧਰਾਈਆ । ਪੰਜਾਂ ਪਿਆਰਿਆਂ ਮਸਤਕ ਤਿਲਕ ਲਾਉਣਾ ਸਾਰੇ ਭਗਤ, ਉਂਗਲੀ ਸੱਜਾ ਹੱਥ ਉਠਾਈਆ । ਪੰਜਾਂ ਲਿਖਾਰੀਆਂ ਮਸਤਕ ਲਾਉਣੀ ਆਪਣੀ ਰਕਤ, ਖ਼ੂਨ ਆਪਣਾ ਆਪਣਾ ਚਮਕਾਈਆ । ਫੇਰ ਦਿਸ਼ਾ ਲਹਿੰਦੀ ਚੜ੍ਹੇ ਕਟਕ, ਅਟਕ ਤੋਂ ਪਾਰ ਵੇਖ ਵਖਾਈਆ । ਕੱਲੇ ਵਾਲਿਆਂ ਲਿਔਣੀ ਇਕ ਬੱਤਖ਼, ਛੱਬੀ ਪੋਹ ਰਿਹਾ ਸੁਣਾਈਆ । ਉਸ ਦਾ ਲਾਲ ਪਾਸਾ ਕੀਤਾ ਹੋਵੇ ਇਕ ਤਰਫ਼, ਦੂਜਾ ਰੂਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਫ਼ਰਸ਼ ਅਰਸ਼, ਅਰਸ਼ ਫ਼ਰਸ਼ ਆਪਣਾ ਹੁਕਮ ਵਰਤਾਈਆ ।

## ✪ ੧੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਪ੍ਰੀਤਮ ਸਿੰਘ ਦੇ ਘਰ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੈਂ ਕੀ ਦੱਸਾਂ, ਦੱਸ ਕੇ ਦਿਆਂ ਜਣਾਈਆ । ਨਾਲੇ ਰੋਵਾਂ ਨਾਲੇ ਹੱਸਾਂ, ਹਸਤੀ ਵੇਖਾਂ ਬੇਪਰਵਾਹੀਆ । ਗੁਰ ਅੰਗਦ ਏਥੇ ਜਲਾਇਆ ਸੀ ਨੌਂ ਕੱਖਾਂ, ਅਗਨੀ ਆਪਣੇ ਹੱਥ ਲਗਾਈਆ । ਫੇਰ ਨਜ਼ਾਰਾ ਤੱਕਿਆ ਅਗੰਮੀ ਅੱਖਾਂ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਧਿਆਨ ਧਰਿਆ ਕਿਸ਼ਨਾ ਸ਼ੁਕਲਾ ਪੱਖਾ, ਵਦੀ ਸੁਦੀ ਵੰਡ ਵੰਡਾਈਆ । ਫੇਰ ਜ਼ਿਮੀਂ ਦੇ ਉਤੇ ਸੱਬਰ ਲੱਥਾ, ਡੰਡਾਵਤ ਰੂਪ ਲਿਆ ਬਦਲਾਈਆ । ਫੇਰ ਮਿੱਟੀ ਨਾਲ ਛੁਹਾਇਆ ਮਸਤਕ ਮੱਥਾ, ਧੂੜੀ ਉਂਗਲਾਂ ਨਾਲ ਛੁਹਾਈਆ । ਫੇਰ ਛੇਤੀ ਤੱਕਿਆ ਪੁਰਖ ਸਮਰਥਾ, ਸਾਹਿਬ ਸਵਾਮੀ ਮੇਲ ਮਿਲਾਈਆ । ਝਟ ਮੰਗੀ ਅਗਲੀ ਵੱਥਾ, ਵਾਸਤਕ ਝੋਲੀ ਦਿਤੀ ਡਾਹੀਆ । ਪ੍ਰਭ ਸਚ ਸੁਣਾ ਦੇ ਕਥਾ, ਅਨੁਰਾਗੀ ਰਾਗ ਸੁਣਾਈਆ । ਭੇਵ ਜਣਾ ਕੇ ਯਥਾਰਥ ਯਥਾ, ਯਦੀ ਆਪਣਾ ਪੜਦਾ ਲਾਹੀਆ । ਧੁਰ ਸੰਦੇਸ਼ਾ ਆਇਆ ਜਿਸ ਵੇਲੇ ਕਲਜੁਗ ਆਯੂ ਬੀਤੀ ਲੱਖਾਂ, ਹੁਕਮੇ ਅੰਦਰ ਆਪਣਾ ਹੁਕਮ ਬਦਲਾਈਆ । ਫੇਰ ਪੜਦਾ ਲਾਹਵਾਂ ਭੇਦ ਅਗੰਮਾ ਦੱਸਾਂ, ਦਹਿ ਦਿਸ਼ਾ ਕਰਾਂ ਰੁਸ਼ਨਾਈਆ । ਲੇਖਾ ਚੁਕਾਵਾਂ ਚਾਰ ਚੱਸਾਂ, ਚਸ਼ਮ ਦੀਦ ਦਿਆਂ ਦਰਸਾਈਆ । ਜੋ ਲਹਿਣਾ ਮੁਹੰਮਦ ਮਸੀਹ ਯਸੂ ਯਸਾ, ਯਥਾਰਥ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਮੈਂ ਕੀ ਦੱਸਾਂ ਆਪਣਾ ਭੇਵ, ਪਰਦਾ ਕੀ ਚੁਕਾਈਆ । ਏਥੇ ਕਿਰਪਾ ਕੀਤੀ ਸਤਿਗੁਰ ਸਤਿਗੁਰ ਗੁਰਦੇਵ, ਗੁਰੂਦੇਵ ਭੇਵ ਚੁਕਾਈਆ । ਜਿਸ ਨੂੰ ਕਹਿੰਦੇ ਨਿਹਚਲ ਨਿਹਕੇਵ, ਨਿਹਕਰਮੀ ਧੁਰਦਰਗਾਹੀਆ । ਸੋ ਕਲਜੁਗ ਅੰਤਮ ਜਨ ਭਗਤਾਂ ਲੇਖੇ ਲਾਏ ਸੇਵ, ਸੇਵਕ ਸੇਵਾ ਆਪਣੀ ਝੋਲੀ ਪਾਈਆ । ਜਿਸ ਨੂੰ ਕਹਿਣਾ ਵਡ ਦੇਵੀ ਦੇਵ, ਦੇਵਤ ਸੁਰ ਆਪਣੇ ਰੰਗ ਰੰਗਾਈਆ । ਜਿਸ ਦੀ ਸਿਫ਼ਤ ਕਰ ਨਾ ਸਕੇ ਰਸਨਾ ਜਿਹਵ, ਸ਼ਾਸਤਰ ਸਿਮਰਤ ਕਹਿਣ ਕਿਛ ਨਾ ਪਾਈਆ । ਸੋ ਪੜਦਾ ਖੋਲ੍ਹੇ ਅਲਖ ਅਭੇਵ, ਅਪਰੰਪਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਸਰਬ ਦੇਵੀ ਦੇਵ, ਦੇਵ ਆਤਮਾ ਪਰਮਾਤਮਾ ਆਪਣੇ ਰੰਗ ਰੰਗਾਈਆ ।

## ✪ ੧੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਸਵਰਨ ਸਿੰਘ ਹਰਭਜਨ ਸਿੰਘ ਦੇ ਘਰ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਬਾਲਮੀਕ ਕਹੇ ਮੈਂ ਏਥੇ ਕਲਮ ਨੂੰ ਸ਼ਾਹੀ ਵਿਚ ਦਿਤਾ ਡੋਬਾ, ਤਿੰਨ ਤਿੰਨ ਤਿੰਨ ਵਾਰ ਲਗਾਈਆ । ਮੁਖੋਂ ਕਿਹਾ ਪ੍ਰਭੂ ਮੈਂ ਤੇਰੇ ਜੋਗਾ, ਜੋਗ ਜੁਗਤ ਨਾ ਕੋਇ ਰਖਾਈਆ । ਆਪਣੇ ਨਾਮ ਰਸ ਦਾ ਦੇ ਚੋਗਾ, ਚੁਗ਼ਲੀ ਨਿੰਦਿਆ ਤੋਂ ਲੈਣਾ ਬਚਾਈਆ । ਝਟ ਸ਼ਬਦ ਆਵਾਜ਼ ਆਈ ਜਿਸ ਵੇਲੇ ਪੈਗ਼ੰਬਰਾਂ ਕਹੀ ਤੋਬਾ, ਤੋਬਾ ਤੋਬਾ ਕਰ ਸੁਣਾਈਆ । ਫੇਰ ਭਗਤਾਂ ਦਿਆਂ ਸੋਭਾ, ਸੁਬਹ ਸ਼ਾਮ ਆਪਣਾ ਰੰਗ ਰੰਗਾਈਆ । ਸੂਰਬੀਰ ਬਣ ਕੇ ਯੋਧਾ, ਲੋਕਮਾਤ ਲਵਾਂ ਅੰਗੜਾਈਆ । ਗੁਰਮੁਖਾਂ ਹਿਰਦੇ ਆਪ ਸੋਧਾਂ, ਸੁਦੀ ਵਦੀ ਦਾ ਪੰਧ ਮੁਕਾਈਆ । ਨਾਮ ਨਿਧਾਨਾ ਦੇ ਕੇ ਅਗਾਧ ਬੋਧਾ, ਬੁੱਧੀ ਤੋਂ ਅੱਗੇ ਕਰਾਂ ਪੜ੍ਹਾਈਆ । ਖੇਲ ਕਰਾਂ ਲੋਕ ਚੌਦਾਂ, ਚੌਦਸ ਚੰਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬਾਲਮੀਕ ਬਖ਼ਸ਼ੇ ਉਹ ਮੌਜਾਂ, ਮਜਲਸ ਸਦਾ ਆਪਣੇ ਸੰਗ ਰਖਾਈਆ ।

### ✪ ੧੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਸਾਧੂ ਸਿੰਘ ਦੇ ਗ੍ਰਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਗੁਰ ਅੰਗਦ ਕਹੇ ਮੇਰਾ ਲੇਖ ਪੰਜ ਅੱਖਰ, ਅੱਖਰੀ ਬਾਵਨ ਨਾਲ ਵਡਿਆਈਆ । ਮੈਂ ਨਿਸ਼ਾਨਾ ਲਾ ਕੇ ਗਿਆ ਉਤੇ ਇੱਟ ਪੱਥਰ, ਪਾਹਨ ਪਾਹਨ ਹੇਠ ਦਬਾਈਆ । ਨਿੱਕੀ ਜੇਹੀ ਨਾਲ ਰਖਾਈ ਪਾਤੀ ਪੱਤਰ, ਪਤ੍ਰਕਾ ਸਹਿਜ ਸੁਖਦਾਈਆ । ਜਿਸ ਵੇਲੇ ਗੋਬਿੰਦ ਯਾਰੜਾ ਹੰਢਾਇਆ ਸੱਥਰ, ਸੂਲਾਂ ਸੇਜ ਸੁਹਾਈਆ । ਨੇਤਰ ਵਰੋਲੇ ਨੀਰ ਨਾ ਅੱਥਰ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਫੇਰ ਖੇਲ ਕਰਨਾ ਪ੍ਰਭ ਉੱਤਰ ਪੂਰਬ ਪੱਛਮ ਦੱਖਣ, ਦਹਿ ਦਿਸ਼ਾ ਪੜਦਾ ਲਾਹੀਆ । ਜਨ ਭਗਤਾਂ ਆਵੇ ਪੈਜ ਰੱਖਣ, ਥਾਉਂ ਥਾਈਂ ਹੋਏ ਸਹਾਈਆ । ਜੋ ਇਕੋ ਦਾ ਨਾਮ ਜਪਣ, ਬਿਨ ਰਸਨਾ ਰਸ ਚਖਾਈਆ । ਇਕੋ ਦਵਾਰੇ ਵਸਣ, ਗ੍ਰਹਿ ਮੰਦਰ ਇਕ ਵਖਾਈਆ । ਇਕੋ ਪੀਵਣ ਰਸਣ, ਅੰਮ੍ਰਿਤ ਰਸ ਦਏ ਸਮਝਾਈਆ । ਖ਼ੁਸ਼ੀਆਂ ਦੇ ਵਿਚ ਸਾਰੇ ਹੱਸਣ, ਗ਼ਮੀਂ ਗ਼ਮਖਾਰ ਦਏ ਚੁਕਾਈਆ । ਇਕ ਦੂਜੇ ਨੂੰ ਦੱਸਣ, ਸਾਹਿਬ ਮਿਲਿਆ ਧੁਰਦਰਗਾਹੀਆ । ਜਿਸ ਚੁਰਾਸੀ ਵਿਚੋਂ ਭਗਤ ਵਰੋਲੇ ਮੱਖਣ, ਛਾਛ ਦੀਨ ਦੁਨੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਬੇੜਾ ਇਕੋ ਚਲਾਏ ਨਾਮ ਪੱਤਨ, ਘਾਟ ਇਕੋ ਇਕ ਦਰਸਾਈਆ ।



### ✪ ੧੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਲਾਲ ਸਿੰਘ ਦੇ ਗ੍ਰਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਸੁਲੱਖਣੀ ਘੜੀ, ਘੜੀ ਪਲ ਪ੍ਰਭ ਆਪਣੇ ਲੇਖੇ ਪਾਈਆ । ਕਿਰਪਾ ਕੀਤੀ ਸਾਹਿਬ ਸਤਿਗੁਰ ਬੜੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਆਤਮ ਪਰਮਾਤਮ ਜੋੜੀ ਜੁੜੀ, ਨਾਤਾ ਬਿਧਾਤਾ ਆਪ ਬੰਧਾਈਆ । ਧੁਰ ਪ੍ਰੇਮ ਦੀ ਲਾ ਕੇ ਝੜੀ, ਅੰਮ੍ਰਿਤ ਮੇਘ ਦਿਤਾ ਬਰਸਾਈਆ । ਮਹਿਬੂਬ ਹੋ ਕੇ ਕਿਰਪਾ ਕਰੀ, ਕਿਰਪਨ ਆਪਣਾ ਰੰਗ ਚੜ੍ਹਾਈਆ । ਝਗੜਾ ਰਹਿਣ ਨਾ ਦੇਵੇ ਕੋਈ ਸ਼ਰਈ, ਸ਼ਰਅ ਦਾ ਲੇਖਾ ਰਿਹਾ ਮੁਕਾਈਆ । ਜੋ ਆਤਮਾ ਸਰਨ ਸਰਨਾਈ ਪਰੀ, ਪਰਾ ਪਸੰਤੀ ਮਧਮ ਬੈਖਰੀ ਦਾ ਲੇਖਾ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਪਰੋ ਕੇ ਆਪਣੀ ਲੜੀ, ਲੜ ਆਪਣੇ ਨਾਲ ਬੰਧਾਈਆ ।

### ✪ ੧੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਪ੍ਰੀਤਮ ਸਿੰਘ ਦੇ ਗ੍ਰਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੈਂ ਫਿਰਾਂ ਭਾਰ ਪੱਬਾ, ਚਾਰੋਂ ਕੁੰਟ ਚਾਈਂ ਚਾਈਆ । ਮੈਨੂੰ ਸਾਹਿਬ ਸਤਿਗੁਰ ਲੱਭਾ, ਪੁਰਖ ਅਕਾਲ ਧੁਰਦਰਗਾਹੀਆ । ਜਿਸ

ਨੇ ਮੇਰਾ ਧੋਣਾ ਧੱਬਾ, ਦੁਰਮਤ ਮੈਲ ਮੇਟਣੀ ਸ਼ਾਹੀਆ । ਝਗੜਾ ਚੁਕਾਉਣਾ ਸਬਾ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਜ਼ਾਤ ਪਾਤ ਮਿਟਾ ਕੇ ਹੱਦਾ, ਰੰਗ ਇਕੋ ਦੇਣਾ ਰੰਗਾਈਆ । ਸਤਿ ਧਰਮ ਦੀ ਫੜਾ ਕੇ ਗਦਾ, ਚੱਕਰ ਸੁਦਰਸ਼ਨ ਦੇਣਾ ਚਲਾਈਆ । ਕੂੜੀ ਕਿਰਿਆ ਮੇਟ ਕੇ ਅੱਗਾ, ਅਗਨੀ ਤਤ ਦਏ ਬੁਝਾਈਆ । ਪਵਿਤ੍ਰ ਕਰੇ ਜਨ ਭਗਤਾਂ ਦਵਾਰ ਜਗਹ, ਜਗਹ ਜਗਹ ਆਪਣਾ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਨਾਮ ਦਾ ਲਾ ਕੇ ਡੱਗਾ, ਦੋ ਜਹਾਨਾਂ ਦਏ ਜਗਾਈਆ ।

### ✪ ੧੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਕੁੰਦਨ ਸਿੰਘ ਦੇ ਗ੍ਰਹਿ ਪਿੰਡ ਕੱਲਾ ✪

ਧਰਨੀ ਕਹੇ ਮੈਂ ਜੁਗ ਚੌਕੜੀ ਘੁੰਮਾਂ, ਘੁੰਮਣ ਘੇਰ ਵਿਚੋਂ ਬਾਹਰ ਨਾ ਕੋਇ ਕਢਾਈਆ । ਮੈਂ ਉਸ ਦੇ ਚਰਨ ਚੁੰਮਾਂ, ਜੋ ਹੁਕਮ ਰਿਹਾ ਵਰਤਾਈਆ । ਮੈਨੂੰ ਸੰਦੇਸ਼ਾ ਦਿਤਾ ਹਜ਼ਰਤ ਮੁਹੰਮਦ ਦਿਨ ਜੁਮਾਂ, ਸ਼ੁਕਰਵਾਰ ਜਗਤ ਕਹੇ ਲੋਕਾਈਆ । ਜਿਸ ਕਾਰਨ ਜਿਬਹ ਕੀਤਾ ਦੁੰਬਾ, ਛੁਰੀ ਕਰਦ ਹੱਥ ਉਠਾਈਆ । ਜਿਸ ਵੇਲੇ ਸ੍ਰਿਸ਼ਟੀ ਦ੍ਰਿਸ਼ਟੀ ਰਿਹਾ ਕੋਇ ਨਾ ਗੁਣਾ, ਗੁਣਵੰਤ ਨਾ ਕੋਇ ਚਤੁਰਾਈਆ । ਵਾਸਨਾ ਹੋਣੀ ਵਾਂਗ ਤੁੰਮਾ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਖੇਲ ਕਰਨਾ ਮਾਲਕ ਕੁਲ ਕੁੰਨਾ, ਕੁਲ ਆਲਮ ਵੇਖ ਵਖਾਈਆ । ਕੋਟਾਂ ਵਿਚੋਂ ਜਨ ਭਗਤ ਸੁਹੇਲਾ ਲਏ ਚੁਣਾ, ਚੁਣ ਆਪਣੇ ਰੰਗ ਰੰਗਾਈਆ । ਸਾਚੇ ਨਾਮ ਦੀ ਬਖ਼ਸ਼ੇ ਧੁਨਾ, ਧੁਨ ਆਤਮਕ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸੰਦੇਸ਼ਾ ਹੱਕ ਸੁਣਾ, ਸੁਣ ਕੇ ਆਪਣੇ ਵਿਚ ਟਿਕਾਈਆ ।

### ✪ ੧੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਗੁਰਦਿਆਲ ਸਿੰਘ ਦੇ ਘਰ ਪਿੰਡ ਕੱਲਾ ✪

ਧਰਨੀ ਕਹੇ ਮੇਰਾ ਭਾਗ ਹੋਇਆ ਸੁਲੱਖਣਾ, ਗ੍ਰਹਿ ਵੱਜੀ ਵਧਾਈਆ । ਨਿਰਗੁਣ ਧਾਰ ਤੱਕਿਆ ਅੱਖਣਾ, ਬਿਨ ਅੱਖਾਂ ਅੱਖ ਖੁਲ੍ਹਾਈਆ । ਜਿਸ ਦਾ ਭਗਤ ਰਹਿਣਾ ਨਹੀਂ ਸੱਖਣਾ, ਖ਼ਾਲੀ ਝੋਲੀ ਨਾਮ ਭਰਾਈਆ । ਲੋਕਮਾਤ ਵਿਚ ਮਾਣ ਦੇ ਕੇ ਰੱਖਣਾ, ਸਿਰ ਆਪਣਾ ਹੱਥ ਟਿਕਾਈਆ । ਕਿਨਾਰੇ ਲਾ ਕੇ ਆਪਣੇ ਪੱਤਣਾਂ, ਦਰ ਸਾਚਾ ਦੇਣਾ ਜਣਾਈਆ । ਜਿਸ ਖ਼ੁਸ਼ੀਆਂ ਦੇ ਵਿਚ ਨੱਚਣਾ, ਭੱਜਣਾ ਵਾਹੋ ਦਾਹੀਆ । ਦੀਨ ਦਿਆਲ ਵੇਖ ਕੇ ਹੱਸਣਾ, ਹਸਤੀ ਮਸਤੀ ਵਿਚ ਸਮਾਈਆ । ਦਰਗਹ ਸਾਚੀ ਵਿਚ ਵਸਣਾ, ਸਚਖੰਡ ਦਵਾਰ ਵੱਜੇ ਵਧਾਈਆ । ਮੇਰੇ ਉਤੇ ਉਨ੍ਹਾਂ ਪ੍ਰੇਮੀਆਂ ਨੱਚਣਾ, ਜਿਨ੍ਹਾਂ ਮਿਲਿਆ ਧੁਰਦਰਗਾਹੀਆ । ਜਿਨ੍ਹਾਂ ਇਕੋ ਨਾਮ ਜਪਣਾ, ਇਕੋ ਇਸ਼ਟ ਦੇਵ ਰਖਾਈਆ । ਧਰਨੀ ਕਹੇ ਪ੍ਰਭ ਨੇ ਕੌਲ ਇਕਰਾਰ ਪੂਰਾ ਕਰਨਾ ਜੋ ਗੋਬਿੰਦ ਨੂੰ ਤਿੰਨ ਸਾਲ ਦੀ ਉਮਰ ਵਿਚ ਦੱਸਿਆ ਵਿਚ ਪਟਣਾ, ਪੌਂਟੇ ਫੇਰ ਦਿਤਾ ਦਰਸਾਈਆ । ਕਲਜੁਗ ਅੰਤਮ ਹੋਣੀ ਦੁਰਘਟਨਾ,

੭੧੩
੨੨

ਜਿਸ ਨੂੰ ਸਕੇ ਨਾ ਕੋਇ ਅਟਕਾਈਆ । ਗੁਰ ਅਵਤਾਰ ਪੈਗ਼ੰਬਰਾਂ ਦਾ ਵੇਲਾ ਟੱਪਣਾ, ਟੱਪਿਆਂ ਵਾਲੀ ਨਾ ਰਹੇ ਪੜ੍ਹਾਈਆ । ਕਲਜੁਗ ਦਾ ਫਲ ਕੂੜੀ ਕਿਰਿਆ ਪੱਕਣਾ, ਪੱਕੀ ਤਰਾਂ ਦਿਤਾ ਜਣਾਈਆ । ਫੇਰ ਪੁਰਖ ਅਕਾਲ ਦੀਨ ਦਿਆਲ ਜਗਤ ਜਹਾਨ ਤਕਣਾ, ਚੁਰਾਸੀ ਵੇਖੇ ਚਾਈਂ ਚਾਈਆ । ਜਨ ਭਗਤਾਂ ਬਖ਼ਸ਼ ਕੇ ਸਾਚੀ ਮਤਨਾ, ਮਤ ਮਤਾਂਤਰ ਡੇਰਾ ਢਾਹੀਆ । ਚਾਰ ਵਰਨਾਂ ਇਕੋ ਨਾਮ ਜਪਣਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਰੇ ਪੜ੍ਹਾਈਆ । ਹਰ ਹਿਰਦੇ ਅੰਦਰ ਵਸਣਾ, ਗ੍ਰਿਹ ਮੰਦਰ ਸੋਭਾ ਪਾਈਆ । ਧਰਨੀ ਕਹੇ ਮੈਂ ਉਸ ਸਾਹਿਬ ਦੇ ਚਰਨੀ ਢੱਠਣਾ, ਢਹਿ ਢਹਿ ਧੂੜੀ ਖ਼ਾਕ ਰਮਾਈਆ । ਜਿਸ ਨੇ ਆਤਮ ਧਾਰ ਲਗਾ ਕੇ ਵਟਣਾ, ਗੁਰ ਅਵਤਾਰ ਪੈਗ਼ੰਬਰ ਲਏ ਪਰਨਾਈਆ । ਮੈਂ ਖ਼ੁਸ਼ੀਆਂ ਦੇ ਵਿਚ ਹੱਸਣਾ, ਗੁਰਮੁਖਾਂ ਦੇਣਾ ਸਮਝਾਈਆ । ਜਨ ਭਗਤੋ ਇਕੋ ਜਪੋ ਆਪਣੀ ਰਸਨਾ, ਜਿਹਵਾ ਇਕੋ ਇਕ ਇਸ਼ਟ ਮਨਾਈਆ । ਅੰਤ ਇਕੋ ਕੰਤ ਦੇ ਘਰ ਵਸਣਾ, ਦੂਜਾ ਖੌਂਤ ਨਾ ਕੋਇ ਹੰਢਾਈਆ । ਸਭ ਦਾ ਤਨ ਮਾਟੀ ਖ਼ਾਕ ਹੋਣਾ ਭਸਨਾ, ਭਸਮ ਉਡੇ ਥਾਉਂ ਥਾਈਆ । ਜੋ ਹਜ਼ਰਤ ਈਸਾ ਮੁਰੀਦਾਂ ਦੇ ਕੇ ਗਿਆ ਬਪੁਤਿਸਮਾ, ਹਯਾਤੇ ਆਬ ਆਪ ਪਰਗਟਾਈਆ । ਸੋ ਮਾਲਕ ਮਿਹਰਵਾਨ ਮਹਿਬੂਬ ਤੁਹਾਡੇ ਅੰਦਰ ਰੱਖਣਾ, ਸਹਿਜ ਸਹਿਜ ਨਾਲ ਟਿਕਾਈਆ । ਜਨ ਭਗਤੋ ਤੁਸਾਂ ਬਿਨਾ ਪੀਤਿਉਂ ਰਸ ਚਖਣਾ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਮੁੜ ਜਾਣਾ ਆਪਣੇ ਵਤਨਾਂ, ਜਿਸ ਵਤਨੋਂ ਹੋਈ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਖੇਲੇ ਅਲਖ ਅਲੱਖਣਾ, ਅਲਖ ਅਗੋਚਰ ਆਪਣੀ ਕਾਰ ਕਮਾਈਆ ।



## ✪ ੧੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਹਰਦੀਪ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੇਰੀਆਂ ਨਿਕਲੀਆਂ ਚੀਕਾਂ, ਪਾਪਾਂ ਭਾਰ ਦਿਤਾ ਦਬਾਈਆ । ਮੈਂ ਰੋ ਕੇ ਕਿਹਾ ਪ੍ਰਭੂ ਆਪਣੇ ਭਵਿਖਤ ਦੀਆਂ ਵੇਖ ਤਰੀਕਾਂ, ਜੋ ਅਵਤਾਰ ਪੈਗ਼ੰਬਰ ਗੁਰੂ ਗਏ ਜਣਾਈਆ । ਤੇਰੇ ਵਿਚ ਹੱਕ ਤੌਫ਼ੀਕਾਂ, ਸਾਹਿਬ ਸੁਲਤਾਨ ਤੇਰੀ ਸਰਨਾਈਆ । ਸਭ ਦੀਆਂ ਆਸਾ ਮਨਸਾ ਪੂਰੀਆਂ ਕਰ ਉਮੀਦਾਂ, ਤ੍ਰਿਸ਼ਨਾ ਵਿਚ ਨਾ ਕੋਇ ਬਿਲਲਾਈਆ । ਸ੍ਰਿਸ਼ਟੀ ਅੰਤਰ ਨਿਰੰਤਰ ਬਦਲੀਆਂ ਨੀਤਾਂ, ਨੀਤੀਵਾਨ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਟੁੱਟੀਆਂ ਪ੍ਰੀਤਾਂ, ਪ੍ਰੀਤਮ ਪ੍ਰੇਮ ਨਾ ਕੋਇ ਵਧਾਈਆ । ਕਾਇਆ ਹੋਏ ਨਾ ਠਾਂਡੀ ਸੀਤਾ, ਅਗਨੀ ਤਤ ਨਾ ਕੋਇ ਬੁਝਾਈਆ । ਕਲਮਾ ਰਿਹਾ ਨਾ ਜਗਤ ਹਦੀਸਾ, ਹਜ਼ਰਤਾਂ ਭੈ ਨਾ ਕੋਇ ਦਰਸਾਈਆ । ਅਵਤਾਰ ਗੁਰੂ ਕਰਨ ਤਸਦੀਕਾ, ਸ਼ਹਾਦਤ ਰਹੇ ਭੁਗਤਾਈਆ । ਛਤਰ ਝੁੱਲੇ ਕਿਸੇ ਨਾ ਸੀਸਾ, ਜਗਦੀਸ਼ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਤੇਰੀ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰਾ ਅੰਤਸ਼ਕਰਨ ਕਰੇ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਮੈਂ ਚਾਰੋਂ ਕੁੰਟ ਗਈ ਹਾਰ, ਦਹਿ ਦਿਸ਼ਾ ਨਾ ਕੋਇ ਚਤੁਰਾਈਆ । ਤੇਰੀ ਸ੍ਰਿਸ਼ਟੀ ਹੋ ਗਈ ਠੱਗ ਚੋਰ ਯਾਰ, ਧਰਮੀ ਧਰਮ ਨਾ ਕੋਇ ਕਮਾਈਆ । ਗੁਰ ਚੇਲੇ ਰਿਹਾ ਨਾ ਕੋਇ ਪਿਆਰ, ਮੁਰੀਦ ਮੁਰਸ਼ਦ ਨਾ ਸੰਗ ਰਖਾਈਆ । ਪਿਤਾ ਪੂਤ ਕਰੇ ਖ਼ੁਆਰ, ਇਸਤਰੀ ਮਰਦ ਪਈ ਲੜਾਈਆ । ਤੇਰੀ ਮੰਜ਼ਲ ਚੜ੍ਹੇ ਨਾ ਕੋਇ

ਦੁਸ਼ਵਾਰ, ਦੁਸ਼ਮਣ ਅੰਦਰੋਂ ਪੰਜ ਨਾ ਕੋਇ ਕਢਾਈਆ । ਮੈਂ ਰੋ ਰੋ ਕਰਾਂ ਗਿਰਿਆਜ਼ਾਰ, ਗ੍ਰਿਹ ਗ੍ਰਿਹ ਆਪਣਾ ਧਿਆਨ ਰਖਾਈਆ । ਕਿਰਪਾ ਕਰ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਧੁਰ ਦੇ ਸ਼ਹਿਨਸ਼ਾਹੀਆ । ਕਲਜੁਗ ਵੇਲਾ ਅੰਤ ਸੰਭਾਲ, ਸੰਬਲ ਬਹਿ ਕੇ ਹੁਕਮ ਵਰਤਾਈਆ । ਝਗੜਾ ਮੇਟ ਕੇ ਸ਼ਾਹ ਕੰਗਾਲ, ਦੂਈ ਦਵੈਤ ਦਾ ਡੇਰਾ ਢਾਈਆ । ਤੇਰਾ ਹੁਕਮ ਬੇਮਿਸਾਲ, ਜਿਸ ਦੀ ਮਿਸਲ ਨਾ ਕੋਇ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਦੇ ਕੇ ਗਏ ਅਹਿਵਾਲ, ਭਵਿਖਤਾਂ ਵਿਚ ਤੇਰੀ ਲਿਖਤ ਲਿਖਾਈਆ । ਪੁਰਖ ਅਕਾਲੇ ਦੀਨ ਦਿਆਲੇ ਸਚ ਆਪਣਾ ਦੱਸ ਅਹਿਵਾਲ, ਅਹਿਲ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਧਰਤ ਧਵਲ ਉਪਰ ਵੇਖ ਆਪਣੇ ਲਾਲ, ਭਗਤ ਸੁਹੇਲੇ ਗੁਰੂ ਗੁਰ ਚੇਲੇ ਆਪਣੇ ਰੰਗ ਰੰਗਾਈਆ ।

## ੧੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਮੱਸਾ ਸਿੰਘ ਦੇ ਗ੍ਰਿਹ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ

ਕਲਜੁਗ ਕਹੇ ਅਵਤਾਰੋ ਮੇਰੀ ਨਮਸਤੇ, ਨਮੋਂ ਨਮੋਂ ਨਾਲ ਵਡਿਆਈਆ । ਕਿਉਂ ਤੁਹਾਡੇ ਨਾਮ ਹੋਏ ਸਸਤੇ, ਕਾਗ਼ਜ਼ ਹੱਟਾਂ ਵਿਚ ਵਿਕਾਈਆ । ਮਾਰਗ ਪ੍ਰੇਮ ਕਿਉਂ ਨਹੀਂ ਦੱਸਦੇ, ਦਹਿ ਦਿਸ਼ਾ ਕਰ ਸ਼ਨਵਾਈਆ । ਭੇਵ ਖੁਲ੍ਹਣ ਨਾ ਨਿਜ ਨੇਤਰ ਅੱਖ ਦੇ, ਪ੍ਰਤਖ ਮਿਲੇ ਨਾ ਕਿਸੇ ਗੁਸਾਈਆ । ਕਿਉਂ ਤੁਹਾਡੇ ਮਨ ਮਨੂਏ ਅੰਦਰ ਨੱਚਦੇ, ਨਟੂਆ ਰੂਪ ਵਖਾਈਆ । ਆਪਣੇ ਭਾਂਡੇ ਵੇਖੋ ਕਾਇਆ ਮਾਟੀ ਕੱਚ ਦੇ, ਸਾਢੇ ਤਿੰਨ ਹੱਥ ਫੋਲ ਫੁਲਾਈਆ । ਜੋ ਵਿਵਹਾਰ ਚਲਾਏ ਮੰਦਰ ਮੱਠ ਦੇ, ਸ਼ਿਵਦਵਾਲਿਆਂ ਨਾਲ ਕੁੜਮਾਈਆ । ਉਥੇ ਰਾਮ ਨਾਮ ਕੋਈ ਨਾ ਰਟਦੇ, ਰੱਟਾ ਵੇਖੋ ਥਾਉਂ ਥਾਈਂਆ । ਤੁਸੀਂ ਕਿਉਂ ਨਹੀਂ ਉਠ ਉਠ ਨੱਚਦੇ, ਭੱਜੋ ਵਾਹੋ ਦਾਹੀਆ । ਮੇਰੀ ਕੂੜੀ ਕਿਰਿਆ ਕਿਉਂ ਨਹੀਂ ਕਟਦੇ, ਕਟਾਕਸ਼ ਆਪਣਾ ਨਾਮ ਲਗਾਈਆ । ਕਿਥੇ ਧਰਮ ਦੀ ਧਾਰ ਰਖਦੇ, ਰੱਖਕ ਹੋ ਕੇ ਦਿਉ ਸਮਝਾਈਆ । ਬਿਨਾ ਨਿਗਹ ਤੋਂ ਕਿਉਂ ਨਹੀਂ ਤਕ ਦੇ, ਜੋਤੀ ਨੂਰ ਨੂਰ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਹੁਕਮ ਵਰਤਾਈਆ । ਕਲਜੁਗ ਕਹੇ ਪੈਗ਼ੰਬਰੋ ਆਪਣੀ ਮੰਜ਼ਲ ਤਕੋ ਰੂਹਾਨੀ, ਰੂਹ ਬੁਤ ਵੇਖ ਵਖਾਈਆ । ਕਿਉਂ ਸਦੀ ਚੌਧਵੀਂ ਆਈ ਹਾਨੀ, ਹਾਨ ਲਾਭ ਦਿਉ ਦ੍ਰਿੜਾਈਆ । ਕਿਉਂ ਉਮਤ ਉਮਤੀ ਹੋਈ ਫ਼ਾਨੀ, ਆਬੇ ਹਯਾਤ ਨਾ ਕੋਇ ਪਿਆਈਆ । ਕੇਹੜੀ ਤੁਹਾਡੀ ਆਲਮੇ ਜ਼ਾਵਦਾਨੀ, ਜ਼ਰਾ ਪਰਦਾ ਦਿਉ ਉਠਾਈਆ । ਕਿਉਂ ਸ਼ਰਅ ਦੀ ਆਈ ਤੁਗ਼ਿਆਨੀ, ਜਗਤ ਜਹਾਨ ਰਹੀ ਰੁੜ੍ਹਾਈਆ । ਕਿਧਰ ਗਈ ਤੁਹਾਡੀ ਮਿਹਰਵਾਨੀ, ਮਹਿਬੂਬ ਨਾਲ ਮੇਲ ਨਾ ਕੋਇ ਮਿਲਾਈਆ । ਭੇਵ ਦੱਸੋ ਮਣਕਿਆਂ ਵਾਲੀ ਗਾਨੀ, ਇਕ ਜ਼ੀਰੋ ਇਕ ਕੀ ਚਤੁਰਾਈਆ । ਚੌਦਾਂ ਤਬਕ ਹੋਈ ਅੰਧੇਰੀ ਸ਼ਾਮੀ, ਸ਼ਮਾਂ ਨੂਰ ਨਾ ਕੋਇ ਰੁਸ਼ਨਾਈਆ । ਸਚ ਸੰਦੇਸ਼ਾ ਦੱਸੋ ਪੈਗ਼ਾਮੀ, ਪੈਗ਼ੰਬਰੋ ਕਰੋ ਕੀ ਪੜ੍ਹਾਈਆ । ਕਿਉਂ ਉਮਤ ਹੋਈ ਹਰਾਮੀ, ਹੁਰਮਾਂ ਵਿਚ ਕੁਰਲਾਈਆ । ਕਿਧਰ ਕਲਮਾ ਗਿਆ ਕਲਾਮੀ, ਕੁੱਲੀ ਖ਼ਾਕ ਨਾ ਕੋਇ ਵਡਿਆਈਆ । ਕੇਹੜਾ ਡੰਕ ਵਜਾਉਣਾ ਦਮਾਮੀ, ਦਾਮਨਗੀਰ ਦਿਉ ਦਰਸਾਈਆ । ਕਿਉਂ ਤਮ੍ਹਾਂ ਹੋਈ ਤਮਾਮੀ, ਤ੍ਰਿਸ਼ਨਾ ਸੰਗ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ ।

ਕਲਜੁਗ ਕਹੇ ਦਸ ਗੁਰੂ ਗੁਰੂ ਸਤਿਗੁਰੂ ਧਾਰ, ਦਰ ਠਾਂਡੇ ਸੀਸ ਨਿਵਾਈਆ । ਸਾਰੇ ਵੇਖੇ ਨਿਗਹ ਮਾਰ, ਤਕੇ ਥਾਉਂ ਥਾਈਆ । ਧਰਮ ਦਾ ਰਿਹਾ ਨਾ ਕੋਇ ਦਵਾਰ, ਧੁਰ ਦਾ ਡੰਕ ਨਾ ਕੋਇ ਵਜਾਈਆ । ਅੰਤਰ ਕਰੇ ਨਾ ਕੋਇ ਪਿਆਰ, ਪ੍ਰੀਤਮ ਪ੍ਰੀਤ ਨਾ ਕੋਇ ਨਿਭਾਈਆ । ਝਗੜਾ ਮੁਕਿਆ ਨਹੀਂ ਵਰਨ ਚਾਰ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਨਾ ਕੋਇ ਸਮਾਈਆ । ਕਿਉਂ ਅਠਾਰਾਂ ਬਰਨ ਕਰਨ ਹਾਹਾਕਾਰ, ਹਉਮੇ ਅਗਨੀ ਤਤ ਜਲਾਈਆ । ਅੰਮ੍ਰਿਤ ਮਿਲੇ ਨਾ ਠੰਡਾ ਠਾਰ, ਸਾਂਤਕ ਸਤਿ ਨਾ ਕੋਇ ਕਰਾਈਆ । ਉਠੋ ਵੇਖੋ ਦੀਨ ਦੁਨੀ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਸਤਿਨਾਮ ਦਾ ਮੰਤਰ ਕਵਣ ਰਿਹਾ ਉਚਾਰ, ਉਚਰ ਕੇ ਸਤਿ ਵਿਚ ਸਮਾਈਆ । ਕਵਣ ਵਾਹਿਗੁਰੂ ਫ਼ਤਹਿ ਬੋਲੇ ਜੈਕਾਰ, ਖ਼ਾਲਸਾ ਗੋਬਿੰਦ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਮਾਲਕ ਸੱਚੀ ਸਰਕਾਰ । ਕਲਜੁਗ ਕਹੇ ਮੇਰੀ ਡੰਡਾਵਤ, ਗੁਰ ਅਵਤਾਰ ਪੈਗ਼ੰਬਰੋ ਸੀਸ ਨਿਵਾਈਆ । ਮੇਰੀ ਕੂੜ ਦੀ ਵੇਖੋ ਬਗ਼ਾਵਤ, ਘਰ ਘਰ ਅੰਦਰ ਦਿਤੀ ਟਿਕਾਈਆ । ਸ਼ਰਅ ਦੀ ਸ਼ਰਅ ਨਾਲ ਅਦਾਵਤ, ਮਜ਼੍ਹਬ ਦੀਨ ਨਾਲ ਲੜਾਈਆ । ਕਰਕੇ ਰੈਣ ਅੰਧੇਰੀ ਸ਼ਾਮਤ, ਸ਼ਮਾ ਸਭ ਦੀ ਗੁਲ ਕਰਾਈਆ । ਕਿਸੇ ਕੋਲ ਨਾਮ ਕਲਮਾ ਰਹਿਣ ਨਹੀਂ ਦਿਤੀ ਨਿਆਮਤ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਧਰਮ ਦੀ ਧਾਰ ਦਿਸੇ ਨਾ ਕੋਇ ਦਿਆਨਤ, ਅਮਾਨਤ ਹੱਕ ਨਾ ਕੋਇ ਸਮਝਾਈਆ । ਮੇਰੀ ਕਿਰਿਆ ਦਾ ਵੇਖੋ ਖੇਲ ਕੂੜ ਬਣੀ ਬਨਾਵਟ, ਸੋਹਣੀ ਬਣਤ ਜਣਾਈਆ । ਕਿਉਂ
੭੧੬ ਤੁਹਾਨੂੰ ਆਈ ਥਕਾਵਟ, ਸਵਾਧਾਨ ਹੋ ਕੇ ਵੇਖੋ ਆਪਣੀ ਖ਼ਲਕ ਖ਼ੁਦਾਈਆ । ਜ਼ਰਾ ਮੁੱਛ ਦਾੜ੍ਹੀ ਕੇਸ ਤਕੋ ਬੋਦੀ ਜੰਞੂ ਤਕੋ ਮੂੰਡ ਮੁੰਡਾਏ ਤਕੋ ਹਜਾਮਤ, ੭੧੬
੨੨ ਹੁਜਰਾ ਹੱਕ ਨਾ ਕੋਇ ਵਖਾਈਆ । ਵੇਖਿਓ ਤੁਹਾਡੇ ਹੁੰਦਿਆ ਸਭ ਤੇ ਆਈ ਕਿਆਮਤ, ਕਾਮਲ ਮੁਰਸ਼ਦ ਖੇਲ ਖਿਲਾਈਆ । ਸਦੀ ਚੌਧਵੀਂ ਆਪਣਿਆਂ ੨੨
ਸਿਖਾਂ ਮੁਰੀਦਾਂ ਦੀ ਦਿਉ ਜ਼ਮਾਨਤ, ਜ਼ਾਮਨ ਹੋ ਕੇ ਲੈਣਾ ਬਚਾਈਆ । ਪ੍ਰਭ ਦਾ ਖੇਲ ਨਾ ਕੋਇ ਅਨਜਾਨਤ, ਭਰਮ ਵਿਚ ਨਾ ਕੋਇ ਛੁਪਾਈਆ । ਭੇਵ ਖੋਲ੍ਹ ਮਾਨੁਖ ਮਾਨਵ ਮਾਨਸ, ਮਨਸਾ ਸਭ ਦੀ ਨਾਲ ਰਲਾਈਆ । ਜਗਤ ਦੀ ਤ੍ਰਿਸ਼ਨਾ ਤਕ ਲਉ ਤਾਮਸ, ਤਮਾਂ ਕੂੜ ਲੋਕਾਈਆ । ਕਿਉਂ ਤੁਹਾਡੇ ਹੁੰਦਿਆਂ ਸਭ ਦੇ ਅੰਦਰ ਆਇਆ ਆਲਸ, ਨਿੰਦਰਾ ਗੂੜ੍ਹੀ ਨੀਂਦ ਸਵਾਈਆ । ਕਲਜੁਗ ਕਹੇ ਮੇਰੇ ਅੰਤ ਸਾਰੇ ਬਣ ਜਾਓ ਸਾਲਸ, ਸਮਾਂ ਸਮੇਂ ਨਾਲ ਟਕਰਾਈਆ । ਮੈਂ ਵੀ ਉਸ ਸਾਹਿਬ ਦਾ ਬਾਲਕ, ਜਿਸ ਤੁਹਾਨੂੰ ਦਿਤੀ ਮਾਣ ਵਡਿਆਈਆ । ਮੇਰਾ ਉਹੋ ਇਕ ਪ੍ਰਿਤਪਾਲਕ, ਪਾਰਬ੍ਰਹਮ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਅਵਤਾਰ ਪੈਗ਼ੰਬਰ ਗੁਰੂ ਮੇਰੀ ਆਦਿ ਅੰਤ ਦੀ ਬੰਦਨਾ, ਸੀਸ ਬਿਨ ਸੀਸ ਝੁਕਾਈਆ । ਵੇਖੋ ਮੇਰੀ ਜਗਤ ਦੀ ਰੰਗਣਾ, ਰੰਗਣ ਕੂੜ ਦਿਤੀ ਰੰਗਾਈਆ । ਮੇਰੇ ਹੁਕਮ ਨਾਲ ਤੁਹਾਡਾ ਦਰ ਕਿਸੇ ਨਾ ਲੰਘਣਾ, ਅੱਗੇ ਕਦਮ ਨਾ ਕੋਇ ਟਿਕਾਈਆ । ਮੈਂ ਸਭ ਦਾ ਜਨਮ ਕਰਮ ਕੀਤਾ ਭੰਗਣਾ, ਧਰਮ ਦੀ ਧਾਰ ਨਾ ਕੋਇ ਸਮਝਾਈਆ । ਬਿਨਾ ਪ੍ਰਭੂ ਦੀ ਕਿਰਪਾ ਤੋਂ ਕਲਜੁਗ ਕਹੇ ਮੇਰੇ ਵਿਚ ਭਗਤ ਕੋਇ ਨਾ ਜੰਮਣਾ, ਜੰਮਣ ਵਾਲੀ ਕੋਇ ਨਾ ਮਾਈਆ । ਕਿਉਂ ਸੰਦੇਸ਼ਾ ਦੇ ਕੇ ਗਿਆ ਦੁਸ਼ਟ ਦਮਨਾ, ਜਲ ਧਾਰਾ ਵਿਚ ਆਪਣਾ ਧਿਆਨ ਲਗਾਈਆ । ਜਿਸ ਦਾ ਰੂਪ ਸਤਿ ਸਰੂਪ ਗੋਬਿੰਦ ਧਾਰ ਅਨਨਾ, ਅਨਕ ਕਲਧਾਰੀ ਆਪਣੀ ਕਾਰ ਦਰਸਾਈਆ । ਉਸ ਦਾ ਭਾਣਾ ਸਭ ਨੇ ਮੰਨਣਾ, ਨਾ ਕੋਇ ਮੇਟੇ ਮੇਟ ਮਿਟਾਈਆ ।

ਇਕੋ ਪ੍ਰਕਾਸ਼ ਹੋਣਾ ਚੰਨਣਾ, ਚੰਦ ਨੂਰ ਜੋਤ ਰੁਸ਼ਨਾਈਆ । ਜਿਸ ਦੇ ਕੋਲੋਂ ਦੋ ਜਹਾਨਾਂ ਕੰਬਣਾ, ਵਿਸ਼ਨ ਬ੍ਰਹਮਾ ਸ਼ਿਵ ਸਿਰ ਸਕੇ ਨਾ ਕੋਇ ਉਠਾਈਆ । ਅੰਤਮ ਸਭ ਦਾ ਬੇੜਾ ਬੰਨ੍ਹਣਾ, ਬੰਨ੍ਹਣਹਾਰ ਹੋ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਹੁਕਮ ਇਕ ਵਰਤਾਈਆ । ਕਲਜੁਗ ਕਹੇ ਗੁਰ ਅਵਤਾਰ ਪੈਗ਼ੰਬਰੋ ਮੇਰੀ ਇਕ ਸਲਾਮ, ਅਲੈਕਮ ਵਿਚ ਸਰਨਾਈਆ । ਆਪਣਾ ਤਕੋ ਨਾਮ ਕਲਮਾ ਕਲਾਮ, ਸ੍ਰਿਸ਼ਟੀ ਦ੍ਰਿਸ਼ਟੀ ਦੁਨੀਆ ਕਾਇਨਾਤ ਖੋਜ ਖੁਜਾਈਆ । ਵੇਖੋ ਕੀ ਖੇਲ ਕਰੇ ਅਮਾਮ, ਅਮਲਾਂ ਤੋਂ ਬਾਹਰ ਕਾਰ ਭੁਗਤਾਈਆ । ਜਿਸ ਝਗੜਾ ਮੇਟਣਾ ਤਮਾਮ, ਸ਼ਰਅ ਜ਼ੰਜੀਰ ਸ਼ਾਹ ਹਕੀਰ ਕਟਾਈਆ । ਮਜ਼੍ਹਬ ਦਾ ਰਹਿਣ ਦੇਣਾ ਨਹੀਂ ਕੋਈ ਗ਼ੁਲਾਮ, ਬੰਧਨ ਹੱਦ ਨਾ ਕੋਇ ਰਖਾਈਆ । ਨਾਮ ਦੇ ਨਾਲ ਲੱਗਣ ਦੇਣਾ ਨਹੀਂ ਬਨਾਮ, ਇਕੋ ਮਾਰਗ ਪੰਥ ਦੇਣਾ ਦਰਸਾਈਆ । ਖੇਲ ਵੇਖਣਾ ਜਗਤ ਜਹਾਨ, ਕੁੰਠ ਬੈਕੁੰਠ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਧਰਮ ਧਾਰ ਸਮਝਾਈਆ । ਕਲਜੁਗ ਕਹੇ ਮੇਰੀ ਨਮੋ ਨਮੋ ਚਰਨ ਕਵਲ, ਕਮਲਾਪਤ ਸਰਨਾਈਆ । ਲੇਖਾ ਵੇਖੋ ਉਪਰ ਧਵਲ, ਧਰਨੀ ਧਿਆਨ ਲਗਾਈਆ । ਜਿਸ ਨੂੰ ਕਿਹਾ ਇਲਾਹੀ ਅਵਲ, ਆਲਮੀਨ ਸਮਾਈਆ । ਜਿਸ ਦੀ ਧਾਰ ਦਿਤੀ ਪਾਹੁਲ, ਅੰਮ੍ਰਿਤ ਰਸ ਵਡਿਆਈਆ । ਜਿਸ ਦਾ ਰੂਪ ਸਮਝਿਆ ਸਾਵਲ ਸਵਲ, ਮੁਕਟ ਬੈਣ ਨੈਣ ਅਖਵਾਈਆ । ਜੋ ਹਰ ਘਟ ਰਿਹਾ ਮਵਲ, ਮੌਲਾ ਰੂਪ ਨੂਰ ਇਲਾਹੀਆ । ਉਹ ਸਭ ਕੁਛ ਮੇਰੇ ਅੰਤਮ ਦੇਵੇ ਬਦਲ, ਬਦਲਾ ਦਏ ਚੁਕਾਈਆ । ਸਚ ਸਵਾਮੀ ਹੋ ਕੇ ਕਰੇ ਅਦਲ, ਇਨਸਾਫ਼ ਇਕ ਦ੍ਰਿੜਾਈਆ । ਸ਼ਰਅ ਨਾਲ ਸ਼ਰਅ ਨੂੰ ਕਰਕੇ ਕਤਲ, ਮਕਤੂਲ ਦਾ ਲੇਖਾ ਦਏ ਮੁਕਾਈਆ । ਇਕੋ ਧਾਰ ਉਪਜਾ ਕੇ ਮੁਕੱਦਸ, ਬੈਤੁਲ ਧਾਮ ਜਣਾਈਆ । ਜਿਥੇ ਚਾਰ ਕੁੰਟ ਦਹਿ ਦਿਸ਼ਾ ਚਲ ਕੇ ਆਵੇ ਪੈਦਲ, ਆਪਣਾ ਪੰਧ ਮੁਕਾਈਆ । ਕੂੜੀ ਕਿਰਿਆ ਰਹਿਣ ਨਾ ਦੇਵੇ ਬੇਅਕਲ, ਬੁੱਧੀ ਬੁੱਧ ਨਾਲ ਬਦਲਾਈਆ । ਝਗੜਾ ਮੁਕਾਉਣਾ ਤਨ ਵਜੂਦ ਸ਼ਕਲ, ਰੰਗਤ ਰੰਗ ਨਾ ਕੋਇ ਲੜਾਈਆ । ਕਲਮਾ ਦੱਸ ਹਕੀਕੀ ਹੱਕਲ, ਨਾਮ ਨਿਧਾਨ ਦੇਣਾ ਉਪਜਾਈਆ । ਕਿਸੇ ਦਾ ਚਲਣਾ ਨਹੀਂ ਕੋਈ ਯਤਨ, ਯਥਾਰਥ ਪੁਰਖ ਅਕਾਲ ਆਪਣਾ ਹੁਕਮ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਮਾਤਲੋਕ ਵੇਖੋ ਆਪਣਾ ਵਤਨ, ਬੇਵਤਨ ਧਿਆਨ ਲਗਾਈਆ । ਜਿਥੇ ਸਭ ਦਾ ਸਾਂਝਾ ਹੋਣਾ ਪੱਤਨ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਸਭ ਦੀ ਆਏ ਪਤ ਰੱਖਣ, ਰੱਖਿਆ ਕਰੇ ਥਾਉਂ ਥਾਈਆ । ਤੁਹਾਡਾ ਭਵਿਖਤਾਂ ਦਾ ਪੂਰਾ ਕਰੇ ਕੌਲ ਇਕਰਾਰ ਬਚਨ, ਵਾਇਦਾ ਸਭ ਦਾ ਵੇਖ ਵਖਾਈਆ । ਅੱਗੇ ਸਤਿਜੁਗ ਬਣਾਏ ਸਾਚੀ ਰਚਨ, ਰਚਨਾ ਆਪ ਜਣਾਈਆ । ਭਾਗ ਲਗਾ ਕੇ ਪੰਜ ਤਤ ਕੰਚਨ, ਕੰਚਨ ਗੜ੍ਹ ਦਏ ਵਡਿਆਈਆ । ਜਿਸ ਵਿਚ ਭਗਤ ਸੁਹੇਲੇ ਨੱਚਣ, ਟੱਪਣ ਕੁੱਦਣ ਚਾਈਂ ਚਾਈਆ । ਸਚ ਦਵਾਰੇ ਸਾਚੇ ਵਸਣ, ਜਿਥੇ ਮਾਲਕ ਇਕ ਇਲਾਹੀਆ । ਮਨੂਆ ਮਨ ਰਹੇ ਨਾ ਮਤਨ, ਮਨ ਕਾ ਮਣਕਾ ਦਏ ਭਵਾਈਆ । ਹਰਿਜਨ ਲਾਲ ਅਨਮੁਲੜੇ ਬਣਾ ਕੇ ਰਤਨ, ਗੁਰਮੁਖ ਆਪਣੀ ਗੋਦ ਉਠਾਈਆ । ਕਲਜੁਗ ਕਹੇ ਮੇਰਾ ਮੂਲ ਰਹੇ ਨਾ ਹੱਠਣ, ਹਠ ਦਏ ਮਿਟਾਈਆ । ਮੈਨੂੰ ਯਾਦ ਆਉਂਦਾ ਜੋ ਸੰਦੇਸ਼ਾ ਦਿਤਾ ਪੁਰਖ ਅਕਾਲ ਗੋਬਿੰਦ ਵਿਚ ਪੱਟਣ, ਪਟਨੇ ਵਾਸੀ ਦਇਆ ਕਮਾਈਆ । ਉਹ ਸ਼ਬਦੀ ਧਾਰ ਮਾਰੇ ਅਗੰਮੀ ਸੱਟਣ, ਸੁਤਿਆਂ ਲਏ ਜਗਾਈਆ । ਮੇਰੀ ਡੋਰੀ ਨੂੰ ਆਵੇ ਕੱਟਣ, ਕਟਾਕਸ਼ ਇਕੋ

੭੧੭
੨੨

ਨਾਮ ਲਗਾਈਆ । ਕਲਜੁਗ ਕਹੇ ਮੈਂ ਅੰਤ ਉਸ ਨੂੰ ਟੇਕਣਾ ਮੱਥਣ, ਨਿਉਂ ਨਿਉਂ ਲਾਗਾਂ ਪਾਈਆ । ਜਿਸ ਦਾ ਢੋਲਾ ਨਾਮ ਗੀਤ ਏਥੇ ਉਥੇ ਦੋ ਜਹਾਨਾਂ ਜਪਣ, ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਗਣ ਗੰਧਰਬ ਕਿੰਨਰ ਯਸ਼ਪ ਰਾਗ ਅਲਾਈਆ । ਮੇਰਾ ਖ਼ੁਸ਼ੀਆਂ ਵਿਚ ਨਿਕਲੇ ਹੱਸਣ, ਹਸਤੀ ਤਕਾਂ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜੁਗ ਚੌਕੜੀ ਜਿਸ ਦੇ ਸਭ ਕਿਛ ਹੱਥਣ, ਸਮਰਥ ਅਕਥ ਆਪਣਾ ਹੁਕਮ ਵਰਤਾਈਆ ।

## ✪ ੧੩ ਅੱਸੂ ਸ਼ਹਿਨਸ਼ਾਹੀ ਸੰਮਤ ੬ ਮੱਖਣ ਸਿੰਘ ਦੇ ਗ੍ਰਹਿ ਪਿੰਡ ਨੌਰੰਗਾਬਾਦ ✪

ਕਲਜੁਗ ਕਹੇ ਪ੍ਰਭ ਮੈਨੂੰ ਕਹਿ ਦੇ ਲਾਡਲੇ ਚੰਨਾ, ਚੰਨ ਮੇਰੇ ਤੇਰੀ ਵਡਿਆਈਆ । ਮੈਂ ਤੇਰਾ ਹੁਕਮ ਫ਼ਰਮਾਨਾ ਮੰਨਾ, ਮੰਨ ਕੇ ਤੈਨੂੰ ਸੀਸ ਝੁਕਾਈਆ । ਮੈਂ ਕੋਈ ਲੂਲ੍ਹਾ ਲੰਗੜਾ ਨਹੀਂ ਲੰਙਾ, ਅੰਗਹੀਣ ਅਖਵਾਈਆ । ਮੇਰੇ ਵਿਚ ਲਿਖਿਆ ਗਿਆ ਦਸਵਾਂ ਅੱਖਰ 'ਙ', ਜਿਸ ਦਾ ਬਹੁ ਗਿਣਤੀ ਵਿਚ ਲੇਖ ਨਾ ਕੋਇ ਲਿਖਾਈਆ । ਮੇਰੇ ਵਿਚ ਸਿਫ਼ਤ ਸਾਲਾਹੀ ਚੌਦਾਂ ਸੌ ਤੀਹ ਬਣਿਆ ਪੰਨਾ, ਸਫ਼ਾ ਸਫ਼ੇ ਨਾਲ ਵਡਿਆਈਆ । ਮੇਰੇ ਵਿਚ ਗੋਬਿੰਦ ਨੇ ਲਾਇਆ ਤੇਰੇ ਪਿਆਰ ਦਾ ਕੰਨਾ, ਕੰਨੀ ਤੇਰੇ ਨਾਲ ਰਖਾਈਆ । ਮੇਰੇ ਵਿਚ ਦੀਨ ਮਜ਼੍ਹਬ ਦਾ ਬਣਿਆ ਬੰਨਾ, ਹਦ ਹਦੂਦ ਦਿਤੀ ਰਖਾਈਆ । ਮੇਰੇ ਵਿਚ ਤੇਰਾ ਕਲਮਾ ਉਮਤ ਉਮਤੀ ਚੱਲਾ, ਕਾਇਨਾਤ ਸੁਹਾਈਆ । ਮੇਰੇ ਵਿਚ ਤੇਰਾ ਨੂਰ ਪਰਗਟਾਇਆ ਅੱਲਾ, ਆਲਮੀਨ ਅਖਵਾਈਆ । ਮੇਰੇ ਵਿਚ ਸ਼ਬਦ ਗੁਰੂ ਫੜਾਇਆ ਪੱਲਾ, ਪੱਲੂ ਲੋਕਮਾਤ ਫਿਰਾਈਆ । ਮੇਰੇ ਵਿਚ ਜਗਤ ਹੰਕਾਰ ਦਾ ਚੜ੍ਹਿਆ ਦਲਾ, ਆਪਣਾ ਬਲ ਪਰਗਟਾਈਆ । ਮੇਰੇ ਵਿਚ ਕਪਟ ਵਿਕਾਰ ਵਧਿਆ ਛਲਾ, ਅਛਲ ਛਲ ਧਾਰੀ ਹੋ ਸਹਾਈਆ । ਮੇਰੇ ਵਿਚ ਮਾਣ ਰਿਹਾ ਨਾ ਜਲਾ ਥਲਾ, ਤੀਰਥ ਤਟ ਰਹੇ ਕੁਰਲਾਈਆ । ਮੇਰੇ ਵਿਚ ਪ੍ਰਭੂ ਤੇਰੀ ਪਗਰਟੀ ਕਲਾ, ਕਲਧਾਰੀ ਖ਼ੁਸ਼ੀ ਦੇਣੀ ਬਣਾਈਆ । ਮੇਰੇ ਵਿਚ ਤੇਰਾ ਗੋਬਿੰਦ ਸੂਰਬੀਰ ਪਲਾ, ਜੋ ਪਲਕ ਨਾ ਝਲੇ ਜੁਦਾਈਆ । ਮੇਰੇ ਵਿਚ ਕਾਮ ਕਰੋਧ ਲੋਭ ਮੋਹ ਹੰਕਾਰ ਫਲਾ, ਫਲੀਭੂਤ ਨਜ਼ਰੀ ਆਈਆ । ਮੇਰੇ ਵਿਚ ਦੂਈ ਦਵੈਤੀ ਲੱਗਾ ਸੱਲਾ, ਸਿਲ ਪਾਹਨ ਨਾ ਕੋਇ ਚਤੁਰਾਈਆ । ਮੇਰੇ ਵਿਚ ਢੋਰਾਂ ਲੱਭਦੀ ਖੱਲਾ, ਗਊ ਗ਼ਰੀਬ ਨਾ ਕੋਇ ਸਹਾਈਆ । ਮੇਰੇ ਵਿਚ ਨਜ਼ਰ ਨਾ ਆਏ ਕੋਈ ਟਲਾ, ਅਟਲ ਪਦਵੀ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਿਰ ਮੇਰੇ ਹੱਥ ਰਖਾਈਆ । ਕਲਜੁਗ ਕਹੇ ਪ੍ਰਭੂ ਬੁੱਧੀ ਬਖ਼ਸ਼ ਦੇ ਅਕਲ, ਮਤ ਦੇ ਦ੍ਰਿੜਾਈਆ । ਸਭ ਤੋਂ ਵੱਖਰੀ ਦੇ ਦੇ ਸ਼ਕਲ, ਹੁਸੀਨ ਦੇਣਾ ਬਣਾਈਆ । ਮੈਨੂੰ ਬਣਾ ਦੇ ਪੀਰ ਮਵੱਕਲ, ਮਿਹਰ ਨਿਗਹ ਉਠਾਈਆ । ਮੈਂ ਸਭ ਨੂੰ ਆਵਾਂ ਤਕਣ, ਵੇਖਾਂ ਥਾਉਂ ਥਾਈਆ । ਪੜਦਾ ਲਾਹਵਾਂ ਮਦੀਨਾ ਮੱਕਨ, ਕਾਅਬਿਆਂ ਖੋਜ ਖੁਜਾਈਆ । ਮੇਰਾ ਬਿਰਥਾ ਨਾ ਜਾਏ ਯਤਨ, ਯਥਾਰਥ ਹੋਣਾ ਸਹਾਈਆ । ਮੈਂ ਘਰ ਸੁਹਾਵਾਂ ਪੱਤਨ, ਕੰਢੀ ਰੰਗ ਰੰਗਾਈਆ । ਸਦੀ ਚੌਧਵੀਂ ਆਵਾਂ ਕਟਣ, ਕਟਾਕਸ਼ ਤੇਰਾ ਨਾਮ ਲਗਾਈਆ । ਉਮਤੀ ਜੜ੍ਹ ਆਵਾਂ ਪੱਟਣ, ਪਟਨੇ ਵਾਲਾ ਨਾਲ ਮਿਲਾਈਆ । ਸਭ ਦੇ ਹਿਰਦੇ ਆਵਾਂ ਫੱਟਣ, ਫੱਟੜ ਕਰਾਂ ਜਗਤ ਲੋਕਾਈਆ । ਸਭ ਦਾ ਰਸ ਆਵਾਂ ਚੱਟਣ, ਕੂੜ ਕਿਰਿਆ ਨਾਲ ਲਗਾਈਆ । ਸਵਾਂਗੀ

ਬਣਾਂ ਨੱਟਣ, ਘਰ ਘਰ ਵੇਸ ਵਟਾਈਆ । ਮੈਂ ਲੇਖਾ ਜਾਣਾ ਬਾਲੇ ਸ਼ਿਕਮ ਵਿਚ ਬਤਨ, ਅਨਭਵ ਆਪਣੀ ਖੇਲ ਖਿਲਾਈਆ । ਚਾਰੋਂ ਕੁੰਟ ਮੇਰੇ ਅੰਗਿਆਰੇ ਤਪਣ, ਬਿਨ ਤੇਰੀ ਕਿਰਪਾ ਸਕੇ ਨਾ ਕੋਇ ਬੁਝਾਈਆ । ਜਗਤ ਸੰਤ ਫ਼ਕੀਰ ਮੈਥੋਂ ਛਪਣ, ਸਿਰ ਸਕੇ ਨਾ ਕੋਇ ਉਠਾਈਆ । ਜਮ ਕੇ ਦੂਤ ਚਾਰੋਂ ਕੁੰਟ ਟੱਪਣ, ਕੁੱਦਣ ਵਾਹੋ ਦਾਹੀਆ । ਮੇਰਾ ਲਹਿਣਾ ਦੇ ਦੇ ਹੱਕਣ, ਹਕੀਕਤ ਵਿਚ ਸੁਣਾਈਆ । ਮੈਂ ਖੇਲ ਵੇਖਿਆ ਪੂਰਬ ਉੱਤਰ ਦੱਖਣ ਪੱਛਮ, ਦਹਿ ਦਿਸ਼ਾ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਤੇਰਾ ਨਾਮ ਜਪਣ, ਤਿਨ੍ਹਾਂ ਜਮ ਨੇੜ ਕੋਇ ਨਾ ਆਈਆ ।

### ੧੩ ਅੱਸੂ ਸ਼ਹਿਨਸ਼ਾਹੀ ਸੰਮਤ ੬ ਕਰਨੈਲ ਸਿੰਘ ਦੇ ਘਰ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ

ਕਲਜੁਗ ਕਹੇ ਪ੍ਰਭੂ ਮੈਂ ਤੇਰਾ ਸੁਤ ਦੁਲਾਰਾ ਚੰਗਾ, ਚੰਗੀ ਬਖ਼ਸ਼ ਮਾਣ ਵਡਿਆਈਆ । ਤੇਰਾ ਨਾਮ ਜਪਾਂ ਇਕ ਟੰਗਾ, ਇਕ ਟੰਗ ਕੀਤੀ ਲੋਕਾਈਆ । ਉਲਟਾ ਵਹਿਣ ਵਹਾਇਆ ਗੰਗਾ, ਕੂੜ ਵਿਕਾਰ ਲਹਿਰ ਨਾਲ ਮਿਲਾਈਆ । ਜੀਵ ਜੰਤ ਸਾਧ ਸੰਤ ਕੀਤਾ ਭੁੱਖਾ ਨੰਗਾ, ਧੀਰਜ ਧਰਵਾਸ ਨਾ ਕੋਇ ਬਣਾਈਆ । ਪਿਤਾ ਪੂਤ ਕਰਾਇਆ ਦੰਗਾ, ਇਹ ਮੇਰੀ ਬੇਪਰਵਾਹੀਆ । ਤੈਨੂੰ ਕੋਈ ਆ ਨਾ ਲਾਵੇ ਅੰਗਾ, ਨਾਤਾ ਆਤਮ ਪਰਮਾਤਮ ਦਿਤਾ ਤੁੜਾਈਆ । ਤੈਨੂੰ ਦੁਨੀਆ ਕਹਿੰਦੀ ਮੰਦਾ, ਭਾਗਹੀਣ ਜਣਾਈਆ । ਮੈਂ ਕੋਈ ਪੰਜ ਤਤ ਨਹੀਂ ਬੰਦਾ, ਤਨ ਵਜੂਦ ਨਾ ਜਗਤ ਰਖਾਈਆ । ਮੇਰਾ ਸੰਗ ਤੇਰੇ ਸੰਦਾ, ਜੋਤੀ ਧਾਰ ਤੇਰੀ ਵਡਿਆਈਆ । ਇਕੋ ਵਸਤ ਅਗੰਮੀ ਮੰਗਾਂ, ਮਾਂਗਤ ਹੋ ਕੇ ਝੋਲੀ ਡਾਹੀਆ । ਘਰ ਘਰ ਕੂੜ ਵਿਕਾਰ ਦਾ ਦੇਵਾਂ ਅਨੰਦਾ, ਅਨੰਦ ਮਮਤਾ ਵਿਚ ਸਮਾਈਆ । ਮੇਰੇ ਵਿਚ ਤੇਰੇ ਨਾਮ ਦਾ ਦੀਨ ਮਜ਼੍ਹਬ ਉਗਰਾਉਂਦੇ ਚੰਦਾ, ਸ਼ਾਸਤਰ ਚੁੰਗੀਖ਼ਾਨਾ ਲਏ ਬਣਾਈਆ । ਮਨ ਵਾਸਨਾ ਉਡੇ ਪਤੰਗਾ, ਡੋਰੀ ਸ਼ਬਦ ਨਾ ਕੋਇ ਰਖਾਈਆ । ਕੀਤਾ ਪਰਧਾਨ ਲੁੱਚਾ ਲੰਡਾ, ਧਰਮ ਦੀ ਧਾਰ ਨਾ ਕੋਇ ਰਖਾਈਆ । ਹਉਮੇਂ ਹੰਗਤਾ ਫੜਾ ਕੇ ਖੰਡਾ, ਜਗਤ ਖੜਗ ਦਿਤੀ ਖੜਕਾਈਆ । ਹਾਏ ਮੇਰਾ ਅੰਤਮ ਕੰਢਾ, ਕੰਢੀ ਬੈਠੇ ਵੇਖ ਵਖਾਈਆ । ਕੀ ਖੇਲ ਹੋਣਾ ਅਚੰਭਾ, ਆਪਣਾ ਦੇ ਸਮਝਾਈਆ । ਔਹ ਵੇਖ ਮੁਹੰਮਦ ਪਹਿਨ ਕੇ ਹਰਾ ਤੰਬਾ, ਕਦਮ ਚੌਦਾਂ ਰਿਹਾ ਉਠਾਈਆ । ਮੇਰਾ ਲੂੰ ਲੂੰ ਵੇਖ ਕੇ ਕੰਬਾ, ਕੰਬਣੀ ਗਈ ਆਈਆ । ਕੀ ਹੁਣ ਉਮਤ ਦਾ ਹਾਲ ਹੋਣਾ ਮੰਦਾ, ਮੰਦਭਾਗ ਦਿਸੇ ਲੋਕਾਈਆ । ਫਿਰ ਨਜ਼ਰ ਆ ਗਿਆ ਸੁਲਤਾਨਪੁਰ ਨਾਨਕ ਫੇਰਿਆ ਰੰਬਾ, ਧਰਨੀ ਧਰਤੀ ਉਤੇ ਚਲਾਈਆ । ਫੇਰ ਦਿਸਿਆ ਜੋ ਤੇਗ਼ ਬਹਾਦਰ ਡਾਹਿਆ ਕੰਧਾ, ਲੁਬਾਣਾ ਪਾਰ ਕਰਾਈਆ । ਫੇਰ ਤੱਕਿਆ ਜੋ ਗੋਬਿੰਦ ਵੰਡਿਆ ਮੰਡਾ, ਗੁਰਮੁਖਾਂ ਜੰਗਲਾਂ ਵਿਚ ਖਵਾਈਆ । ਫੇਰ ਵੇਖਿਆ ਖੇਲ ਤੇਰਾ ਵਿਚ ਵਰਭੰਡਾ, ਬ੍ਰਹਿਮੰਡ ਅੱਖ ਖੁਲ੍ਹਾਈਆ । ਨਜ਼ਰੀ ਆਇਆ ਬਿਨਾ ਭਗਤਾਂ ਤੋਂ ਜਗਤ ਜਹਾਨ ਰੰਡਾ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਮੈਂ ਚਾਹੁੰਦਾ ਮੇਰਾ ਸਫ਼ਰ ਕਰੀਂ ਨਾ ਲੰਬਾ, ਪੰਧ ਛੇਤੀ ਦੇਣਾ ਮੁਕਾਈਆ । ਅੱਗੇ ਪਾਵੇ ਕੋਇ ਨਾ ਫੰਦਾ, ਫਾਂਦਗੀ ਤੈਨੂੰ ਰਿਹਾ ਸੁਣਾਈਆ । ਵੇਖ ਤੇਰਾ ਜਗ ਨੇਤਰਹੀਣ ਅੰਧਾ, ਤੇਰਾ ਦਰਸ ਕਰਨ ਕੋਇ ਨਾ ਆਈਆ । ਮੈਂ ਚਾਹੁੰਦਾ ਅੰਤਮ ਲੇਖਾ ਮੁਕਾਵਾਂ ਜੇਰਜ ਅੰਡਾ, ਉਤਭੁਜ ਸੇਤਜ ਡੇਰਾ ਢਾਹੀਆ । ਮੈਨੂੰ ਫੇਰ ਪਵੇ ਠੰਡਾ, ਜਿਸ

ਵੇਲੇ ਪੂਰੀ ਸ੍ਰਿਸ਼ਟੀ ਤੇਰੀ ਝੋਲੀ ਦਿਆਂ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਨੂੰ ਜਗਤ ਕਹੇ ਮੁਸ਼ਟੰਡਾ, ਮੈਂ ਮਛੰਦਾ ਤੇਰਾ ਨਜ਼ਰੀ ਆਈਆ ।

## ✪ ੧੩ ਅੱਸੂ ਸ਼ਹਿਨਸ਼ਾਹੀ ਸੰਮਤ ੬ ਦਾਰਾ ਸਿੰਘ ਦੇ ਘਰ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ✪

ਕਲਜੁਗ ਕਹੇ ਪ੍ਰਭ ਮੇਰੇ ਕੋਲ ਤੇਰੇ ਹੁਕਮ ਦਾ ਪਟਾ, ਜਿਸ ਦਾ ਲੇਖ ਨਾ ਕੋਇ ਮਿਟਾਈਆ । ਜਿਸ ਵਿਚ ਸਾਰੀ ਸ੍ਰਿਸ਼ਟੀ ਕਰਨੀ ਬਟਾ, ਧੁਰ ਹੁਕਮ ਕਾਰ ਕਮਾਈਆ । ਜ਼ਿੰਦਗੀ ਜੀਵਣ ਵਿਚ ਸਭ ਨੂੰ ਲਾਉਣਾ ਠੱਪਾ, ਕੂੜ ਕੁਕਰਮ ਮੋਹਰ ਲਗਾਈਆ । ਮਾਇਆ ਡਸਣੀ ਘਰ ਘਰ ਡੱਸੇ ਸੱਪਾ, ਸਪਤ ਸੁਰਿਖ ਦੇਣ ਦੁਹਾਈਆ । ਜੋ ਨਾਨਕ ਕਹਿ ਕੇ ਗਿਆ ਤਪਾ, ਤਪਦੇ ਹਿਰਦੇ ਸ਼ਾਂਤ ਨਾ ਕੋਇ ਕਰਾਈਆ । ਮੈਂ ਤੇਰੇ ਉਸ ਬਚਨ ਤੇ ਪੱਕਾ, ਸਾਰੀ ਦੁਨੀਆ ਦਿਤੀ ਹਿਲਾਈਆ । ਬਣ ਕੇ ਨੇਕ ਸਪੂਤ ਬੱਚਾ, ਸਾਹਿਬ ਸਵਾਮੀ ਤੈਨੂੰ ਦਿਤਾ ਵਖਾਈਆ । ਮੇਰਾ ਖੇਲ ਨਹੀਂ ਕੋਈ ਕੱਚਾ, ਡੋਰੀ ਤੰਦ ਨਾ ਕੋਇ ਤੁੜਾਈਆ । ਮੈਂ ਮਾਨਸਾ ਸੂਰ ਗਾਂ ਖਵਾਇਆ ਕੱਟਾ, ਪੰਖੇਰੂਆਂ ਖੱਲ ਲੁਹਾਈਆ । ਮਮਤਾ ਮਦਿ ਪਿਆਈ ਗਟ ਗਟਾ, ਅੰਮ੍ਰਿਤ ਰਸ ਹੱਥ ਕਿਸੇ ਨਾ ਆਈਆ । ਮੈਂ ਕਾਮ ਕਰੋਧ ਦਾ ਲਾ ਕੇ ਝੱਟਾ, ਖ਼ਾਲੀ ਘਰਾਨੇ ਦਿਤੇ ਭਰਾਈਆ । ਜਗਤ ਸਨਿਆਸ ਸਿਰ ਵਿਚ ਪਾ ਕੇ ਘੱਟਾ, ਬੇਆਸ ਦਿਤੇ ਰੁਲਾਈਆ । ਦਿਵਸ ਰੈਣ ਫਿਰਾਂ ਨੱਠਾ, ਭੱਜਾ ਵਾਹੋ ਦਾਹੀਆ । ਮੈਨੂੰ ਸਾਰੇ ਕਰਦੇ ਠੱਠਾ, ਮਖ਼ੌਲ ਰਹੇ ਉਡਾਈਆ । ਮੈਂ ਤੇਰੇ ਹੁਕਮ ਵਿਚ ਰੱਤਾ, ਰਤਨ ਅਮੋਲਕ ਰੂਪ ਬਣਾਈਆ । ਮੈਨੂੰ ਅਗਲਾ ਦੱਸ ਦੇ ਪਤਾ, ਪਤਿਪਰਮੇਸ਼ਵਰ ਹੁਕਮ ਸੁਣਾਈਆ । ਕੇਹੜੀ ਧਰਨੀ ਉਤੇ ਹੋਵੇ ਸੁੱਤਾ, ਸੁਤਿਆਂ ਕਵਣ ਉਠਾਈਆ । ਭੇਵ ਖੁਲ੍ਹਾ ਦੇ ਯਥਾਰਥ ਯਥਾ, ਯਦਪ ਯਦੀ ਦੇ ਜਣਾਈਆ । ਮੈਂ ਸੁਣਨਾ ਨਹੀਂ ਚਾਹੁੰਦਾ ਪਿਛਲੀ ਜਗਤ ਦੀ ਕਥਾ, ਬੀਤੀ ਕਹਾਣੀ ਕੰਮ ਕਿਸੇ ਨਾ ਆਈਆ । ਖੇਲ ਵੇਖਣਾ ਨਹੀਂ ਚਾਹੁੰਦਾ ਖੰਡਾ ਤੀਰ ਕਮਾਨ ਭੱਥਾ, ਖੜਗ ਖੜਗ ਖੜਕਾਈਆ । ਮੈਨੂੰ ਇਕੋ ਦੱਸ ਦੇ ਤੇਰਾ ਸ਼ਬਦ ਖਿਲਾੜੀ ਕਿਹੜਾ ਪੱਠਾ, ਜੋ ਦੋ ਜਹਾਨਾਂ ਕਾਰ ਕਮਾਈਆ । ਸੂਰਬੀਰ ਯੋਧਾ ਹੱਟਾ ਕੱਟਾ, ਬਲਧਾਰੀ ਨਜ਼ਰੀ ਆਈਆ । ਜਿਸ ਦਾ ਨਾਮ ਹੋਵੇ ਇਕੋ ਟੱਪਾ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਕਲਜੁਗ ਕਹੇ ਮੈਂ ਤੇਰਾ ਬੱਚਾ ਹੋਣਹਾਰ, ਹੋਣੀ ਆਪਣੇ ਸੰਗ ਰਖਾਈਆ । ਮੈਂ ਬਣ ਕੇ ਖੂੰਖਾਰ, ਸ੍ਰਿਸ਼ਟੀ ਸ੍ਰਿਸ਼ਟ ਜਾਵਾਂ ਚਬਾਈਆ । ਮੈਂ ਵੇਖਾਂ ਚਾਰ ਯਾਰ, ਯਾਰੀ ਮੁਹੰਮਦ ਨਾਲੋਂ ਤੁੜਾਈਆ । ਮੈਂ ਫੜ ਕੇ ਕੰਡਾ ਖਾਰ, ਗ੍ਰਿਹ ਗ੍ਰਿਹ ਦਿਆਂ ਚੁਭਾਈਆ । ਮੈਨੂੰ ਬਖ਼ਸ਼ ਦੇ ਨਾਮ ਕਟਾਰ, ਧਾਰਾਂ ਦੋਵੇਂ ਦੇ ਦਰਸਾਈਆ । ਮੇਰੀ ਚਰਨ ਕਵਲ ਨਿਮਸਕਾਰ, ਸੀਸ ਜਗਦੀਸ ਝੁਕਾਈਆ । ਮੇਰੀ ਆਈ ਅੰਤਮ ਵਾਰ, ਸਦੀ ਚੌਧਵੀਂ ਸੰਗ ਰਖਾਈਆ । ਤੂੰ ਇਕੱਲਾ ਮੇਰਾ ਯਾਰ, ਦੂਜਾ ਯਾਰਾਨਾ ਨਾ ਕੋਇ ਬਣਾਈਆ । ਜਿਉਂ ਭਾਵੇ ਮੈਨੂੰ ਲੈਣਾ ਤਾਰ, ਤੇਰੇ ਹੱਥ ਮੇਰੀ ਵਡਿਆਈਆ । ਕਿਰਪਾ ਕਰ ਸੱਚੀ ਸਰਕਾਰ, ਸ਼ਹਿਨਸ਼ਾਹ ਤੇਰੀ ਸਰਨਾਈਆ । ਮੇਰਾ ਬਿਰਥਾ ਜਾਏ ਨਾ ਵਾਰ, ਖ਼ਾਲੀ ਹੱਥ ਮੇਰੀ ਦੁਹਾਈਆ । ਦੀਨ ਦੁਨੀ ਨੂੰ ਮਾਰਾਂ ਮਾਰ, ਸ਼ਰਅ ਸ਼ਰਅ ਨਾਲ ਟਕਰਾਈਆ । ਤੇਰੇ ਤੇਰੇ ਨਾਲੋਂ ਕਰਾਂ ਗ਼ਦਾਰ,

ਗਦਾ ਕੂੜ ਹੱਥ ਫੜਾਈਆ । ਕਿਰਪਾ ਕਰ ਆਪ ਨਿਰੰਕਾਰ, ਮਿਹਰ ਨਜ਼ਰ ਉਠਾਈਆ । ਮੈਂ ਹੋ ਗਿਆ ਹੁਸ਼ਿਆਰ, ਆਲਸ ਨਿੰਦਰਾ ਦਿਤੀ ਤਜਾਈਆ । ਮੈਂ ਵੇਖਾਂ ਸਰਬ ਸੰਸਾਰ, ਅੰਤਰ ਨਿਰੰਤਰ ਫੋਲ ਫੁਲਾਈਆ । ਮੰਗ ਮੰਗਾਂ ਤੇਰੇ ਦਰਬਾਰ, ਦਰ ਠਾਂਡੇ ਸੀਸ ਝੁਕਾਈਆ । ਮੇਰੀ ਨਮੋਂ ਨਮੋਂ ਨਿਮਸਕਾਰ, ਡੰਡਾਵਤ ਵਿਚ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਦੇਣਾ ਲੇਖਾ ਅਗੰਮ ਅਪਾਰ, ਅਗੰਮੜੇ ਆਪਣਾ ਹੁਕਮ ਵਰਤਾਈਆ ।

## ੧੩ ਅੱਸੂ ਸ਼ਹਿਨਸ਼ਾਹੀ ਸੰਮਤ ੬ ਸੋਹਣ ਸਿੰਘ ਦੇ ਗ੍ਰਹਿ ਤਰਨਤਾਰਨ

ਕਲਜੁਗ ਕਹੇ ਮੇਰੇ ਵਡ ਅਮਾਮ, ਪਰਵਰਦਿਗਾਰ ਤੇਰੀ ਸਰਨਾਈਆ । ਮੈਨੂੰ ਖ਼ੁਸ਼ੀ ਵਿਚ ਦੇ ਇਨਾਮ, ਖ਼ਾਲਕ ਖ਼ਲਕ ਦਇਆ ਕਮਾਈਆ । ਮੈਂ ਭੁਲਾਈ ਪੈਗ਼ੰਬਰਾਂ ਦੀ ਕਲਾਮ, ਤੇਰਾ ਨੂਰ ਨਾ ਕੋਇ ਰੁਸ਼ਨਾਈਆ । ਤੇਰਾ ਝਗੜਾ ਵੇਖਣਾ ਵਿਚ ਇਸਲਾਮ, ਇਸਮ ਆਜ਼ਮ ਨਾ ਕੋਇ ਜਣਾਈਆ । ਸਦੀ ਚੌਧਵੀਂ ਮੈਂ ਲੇਖਾ ਮੁਕਾਉਣਾ ਤਮਾਮ, ਤਮੰਨਾ ਮੁਹੰਮਦ ਨਾਲ ਮਿਲਾਈਆ । ਸ਼ਰਅ ਦਾ ਰਹੇ ਨਾ ਕੋਇ ਗੁਲਾਮ, ਕੂੜ ਜ਼ੰਜੀਰ ਦੇਣੀ ਤੁੜਾਈਆ । ਖੇਲ ਕਰਨਾ ਵਿਚ ਅਵਾਮ, ਆਮ ਆਪਣੀ ਕਾਰ ਭੁਗਤਾਈਆ । ਨੌਂ ਖੰਡ ਪ੍ਰਿਥਮੀ ਖ਼ਾਕ ਦੇਣੀ ਛਾਣ, ਸੱਤਾਂ ਦੀਪਾਂ ਧੂੜ ਉਡਾਈਆ । ਹੁਣ ਆਉਣਾ ਵਿਚ ਮੈਦਾਨ, ਬਲਧਾਰੀ ਰੂਪ ਪਰਗਟਾਈਆ । ਦੀਨ ਮਜ਼੍ਹਬ ਕਰਾਉਣਾ ਘਮਸਾਨ, ਜ਼ਾਤ ਜ਼ਾਤ ਨਾਲ ਟਕਰਾਈਆ । ਧਰਮ ਦਾ ਰਹਿਣ ਨਹੀਂ ਦੇਣਾ ਨਿਸ਼ਾਨ, ਕਲਮਾ ਹੱਕ ਨਾ ਕੋਇ ਸੁਣਾਈਆ । ਸਾਂਝਾ ਰਹੇ ਨਾ ਪੀਣ ਖਾਣ, ਪਿਤਾ ਪੂਤ ਦੇਣੇ ਟਕਰਾਈਆ । ਮੈਂ ਕਰਨਾਂ ਖੇਲ ਤਮਾਮ, ਮਿਹਰਵਾਨ ਤੇਰੀ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਵਡਿਆਈਆ । ਕਲਜੁਗ ਕਹੇ ਮੈਂ ਤੇਰਾ ਨਾਮ ਧਿਆਉਂਦਾ, ਹਰਿ ਹਿਰਦੇ ਵਿਚ ਟਿਕਾਈਆ । ਮੈਂ ਸਦਾ ਤੇਰੀ ਓਟ ਰਖਾਉਂਦਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੇਰੇ ਅੱਗੇ ਵਾਸਤਾ ਪਾਉਂਦਾ, ਰੋ ਰੋ ਨੈਣਾਂ ਨੀਰ ਵਹਾਈਆ । ਖ਼ਾਲੀ ਝੋਲੀ ਅੱਗੇ ਡਾਹੁਦਾ, ਮਿਹਰਵਾਨ ਦੇਣੀ ਭਰਾਈਆ । ਮੈਂ ਤੇਰਾ ਇਕੋ ਹੁਕਮ ਚਾਹੁੰਦਾ, ਜਗਤ ਜਹਾਨ ਦਿਆਂ ਲੜਾਈਆ । ਸ਼ਾਹ ਸੁਲਤਾਨਾਂ ਖ਼ਾਕ ਮਿਲਾਉਂਦਾ, ਸੀਸ ਤਾਜ ਨਾ ਕੋਇ ਟਿਕਾਈਆ । ਮਾਇਆਧਾਰੀ ਦਲ ਫਿਰਾਉਂਦਾ, ਗ੍ਰਹਿ ਗ੍ਰਹਿ ਅਲਖ ਜਗਾਈਆ । ਚੰਮ ਦ੍ਰਿਸ਼ਟੀ ਪੰਧ ਮੁਕਾਉਂਦਾ, ਊਚ ਨੀਚ ਨਾ ਕੋਇ ਚਤੁਰਾਈਆ । ਧੁਰ ਸੰਦੇਸ਼ਾ ਇਕ ਸੁਣਾਉਂਦਾ, ਸੁਣਾਵਾਂ ਇਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਓਟ ਰਖਾਈਆ । ਕਲਜੁਗ ਕਹੇ ਪ੍ਰਭੂ ਮੇਰੀ ਵੇਖ ਨੀਤ, ਨੀਤੀਵਾਨ ਦਇਆ ਕਮਾਈਆ । ਮੇਰੀ ਕਾਇਆ ਕਰ ਠਾਂਡੀ ਸੀਤ, ਅਗਨੀ ਤਤ ਕੂੜ ਬੁਝਾਈਆ । ਝਗੜਾ ਮੇਟ ਮੰਦਰ ਮਸੀਤ, ਕਾਅਬੇ ਪਏ ਨਾ ਕੋਇ ਦੁਹਾਈਆ । ਸਤਿਜੁਗ ਸਾਚੀ ਦੱਸ ਰੀਤ, ਮਾਨਵ ਜ਼ਾਤੀ ਦੇ ਸਮਝਾਈਆ । ਇਕੋ ਤੇਰੇ ਚਰਨ ਹੋਵੇ ਪ੍ਰੀਤ, ਅਵਤਾਰ ਪੈਗ਼ੰਬਰ ਗੁਰੂ ਪੰਧ ਮੁਕਾਈਆ । ਲੇਖਾ ਰਹੇ ਨਾ ਊਚ ਨੀਚ, ਜ਼ਾਤ ਪਾਤ ਨਾ ਕੋਇ ਵੰਡਾਈਆ । ਇਕੋ ਕਲਮਾ ਸਚ ਦੱਸ ਹਦੀਸ, ਹਜ਼ਰਤਾਂ ਤੋਂ ਪਰੇ ਕਰ ਪੜ੍ਹਾਈਆ । ਤੂੰ ਹਰ ਘਟ ਵਸਿਆ ਬੀਚ, ਅੰਤਰ ਪੜਦਾ ਦੇ ਉਠਾਈਆ । ਜਿਸ ਦੀ ਚਾਰ ਜੁਗ ਸ਼ਾਸਤਰ

ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਕਰਨ ਤਸਦੀਕ, ਸ਼ਹਾਦਤ ਅੱਖਰਾਂ ਵਾਲੀ ਭੁਗਤਾਈਆ । ਸੋ ਸਵਾਮੀ ਹੱਕ ਕਰ ਤਬਲੀਕ, ਯਕ ਮੁਰਸ਼ਦ ਵਾਹਿਦ ਖੇਲ ਖਿਲਾਈਆ । ਮੇਰੀ ਆਸਾ ਮਨਸਾ ਇਕ ਉਮੀਦ, ਮਿਹਰਵਾਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਦਇਆ ਕਮਾਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰਾ ਫ਼ਰਮਾਂਬਰਦਾਰ, ਫ਼ਰਮਾਨ ਮੰਨਿਆ ਚਾਈਂ ਚਾਈਂਆ । ਸਾਰੀ ਸ੍ਰਿਸ਼ਟੀ ਕੀਤੀ ਖ਼ੁਆਰ, ਖ਼ਾਲਸ ਰੂਪ ਨਾ ਕੋਇ ਵਖਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਰੋਂਦੇ ਜ਼ਾਰੋ ਜ਼ਾਰ, ਪਤਿਪਰਮੇਸ਼ਵਰ ਪਾਰਬ੍ਰਹਮ ਮਿਲਣ ਕੋਇ ਨਾ ਪਾਈਆ । ਸਤਿਗੁਰ ਇਸ਼ਟ ਗਏ ਵਿਸਾਰ, ਵਿਸ਼ਿਆਂ ਕੂੜ ਭਰੀ ਲੋਕਾਈਆ । ਸਭ ਦੇ ਅੰਦਰ ਧੂੰਆਂਧਾਰ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਸੁਰਤੀ ਸ਼ਬਦ ਨਾ ਕਰੇ ਪਿਆਰ, ਸੁਰਤ ਸ਼ਬਦ ਨਾ ਕੋਇ ਮਿਲਾਈਆ । ਅੰਮ੍ਰਿਤ ਮਿਲੇ ਨਾ ਠੰਡਾ ਠਾਰ, ਝਿਰਨਾ ਨਿਝਰ ਨਾ ਕੋਇ ਝਿਰਾਈਆ । ਨਿਜ ਨੇਤਰ ਸਕੇ ਨਾ ਕੋਇ ਉਘਾੜ, ਲੋਚਨ ਨੈਣ ਨਾ ਕੋਇ ਖੁਲ੍ਹਾਈਆ । ਸ਼ਬਦ ਨਾਦ ਸੁਣੇ ਨਾ ਕੋਇ ਧੁਨਕਾਰ, ਅਨਹਦ ਨਾਦੀ ਨਾਦ ਨਾ ਕੋਇ ਸ਼ਨਵਾਈਆ । ਨਿਰਗੁਣ ਜੋਤ ਨਾ ਹੋਏ ਉਜਿਆਰ, ਦੀਆ ਬਾਤੀ ਘਰ ਨਾ ਕੋਇ ਡਗਮਗਾਈਆ । ਮੇਰਾ ਪ੍ਰਭੂ ਖੇਲ ਅਪਰ ਅਪਾਰ, ਲੱਖ ਚੁਰਾਸੀ ਵਿਚ ਗਿਆ ਸਮਾਈਆ । ਜਿਧਰ ਤਕਾਂ ਧੂੰਆਂਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਮੈਂ ਚਾਹੁੰਦਾ ਲੇਖਾ ਮੁਕਾ ਦੇ ਸੰਗ ਮੁਹੰਮਦ ਚਾਰ ਯਾਰ, ਸਦੀ ਚੌਧਵੀਂ ਵੇਖ ਵਖਾਈਆ । ਤੇਰੇ ਅੰਤਰ ਨਿਰੰਤਰ ਮੇਰੀ ਗੁਫ਼ਤਾਰ, ਗੁਫ਼ਤ ਸ਼ਨੀਦ ਭੇਵ ਖੁਲ੍ਹਾਈਆ । ਤੂੰ ਪਤਿਪਰਮੇਸ਼ਵਰ ਪਰਵਰਦਿਗਾਰ, ਸਾਂਝਾ ਯਾਰ ਨੂਰ ਇਲਾਹੀਆ । ਤੇਰੀ ਮਹਿਮਾ ਕਾਗਤ ਕਲਮ ਨਾ ਲਿਖਣਹਾਰ, ਸ਼ਾਹੀ ਸ਼ਹਾਦਤ ਨਾ ਕੋਇ ਭੁਗਤਾਈਆ । ਤੇਰੀ ਓਟ ਰਖਦੇ ਗਏ ਅਵਤਾਰ ਪੈਗ਼ੰਬਰ ਗੁਰੂ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਬੈਠੇ ਧਿਆਨ ਲਗਾਈਆ । ਕਲ ਕਲਕੀ ਤੇਰਾ ਖੇਲ ਹੋਵੇ ਅਪਾਰ, ਅਪਰੰਪਰ ਸਵਾਮੀ ਆਪਣਾ ਭੇਵ ਖੁਲ੍ਹਾਈਆ । ਮੇਰੀ ਨਮਸਤੇ ਡੰਡਾਵਤ ਬੰਦਨਾ ਸੱਜਦੇ ਵਿਚ ਮਸਤਕ ਲਾਵਾਂ ਛਾਰ, ਧੂੜੀ ਖ਼ਾਕ ਖ਼ਾਕ ਰਮਾਈਆ । ਕਲਜੁਗ ਕਹੇ ਪ੍ਰਭੂ ਕਰ ਕਿਰਪਾ ਏਕੰਕਾਰ, ਅਕਲ ਕਲਧਾਰੀ ਆਪਣੀ ਕਲ ਪ੍ਰਗਟਾਈਆ । ਸਭ ਦਾ ਲਹਿਣਾ ਦੇਣਾ ਪੂਰਬ ਲੈ ਵਿਚਾਰ, ਵਿਚਰ ਕੇ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸੱਚੀ ਸਰਕਾਰ, ਜੁਗ ਚੌਕੜੀ ਧੁਰ ਦਾ ਹੁਕਮ ਨਾਮ ਵਰਤਾਈਆ ।



## ✪ ੧੯ ਅੱਸੂ ਸ਼ਹਿਨਸ਼ਾਹੀ ਸੰਮਤ ੬ ਲਾਲ ਸਿੰਘ ਦੇ ਗ੍ਰਹਿ ਪਿੰਡ ਡੱਲੇਵਾਲ ਜ਼ਿਲਾ ਜਲੰਧਰ ✪

ਕਲਜੁਗ ਕਹੇ ਪ੍ਰਭੂ ਅੱਸੂ ਆ ਗਿਆ ਸੋਲਾ, ਸੋਲਾਂ ਕਲ ਰਹੇ ਨਾ ਕੋਇ ਚਤੁਰਾਈਆ । ਮੈਨੂੰ ਤਕ ਲੈ ਆਪਣੇ ਕੋਲਾ, ਕੁਲ ਮਾਲਕ ਦਇਆ ਕਮਾਈਆ । ਮੈਂ ਤੇਰੇ ਹੁਕਮੇ ਅੰਦਰ ਬੋਲਾ, ਅਨਬੋਲਤ ਰਾਗ ਸੁਣਾਈਆ । ਚਾਰ ਕੁੰਟ ਤਕ ਲੈ ਸਾਚਾ ਰਿਹਾ ਕੋਇ ਨਾ ਢੋਲਾ, ਢੋਲ ਮੇਰੇ ਧੁਰ ਦੇ ਮਾਹੀਆ । ਨੌਂ ਖੰਡ ਪ੍ਰਿਥਮੀ ਪਾਵੇ ਰੌਲਾ, ਸੱਤ ਦੀਪ ਰਹੇ ਕੁਰਲਾਈਆ । ਧਰਨੀ ਧਰਤ ਧਵਲ ਧੌਲ ਲੱਭੇ ਕਿਸੇ ਨਾ ਮੌਲਾ, ਮੌਲਾ

ਵਿਚ ਨਾ ਕੋਇ ਸਮਾਈਆ । ਆਪਣਾ ਕੌਲ ਇਕਰਾਰ ਤਕ ਲੈ ਰਹੇ ਨਾ ਪੜਦਾ ਓਹਲਾ, ਭੇਵ ਦੇਣਾ ਖੁਲ੍ਹਾਈਆ । ਸਚ ਦੀ ਧਾਰ ਰਹੇ ਕੋਇ ਨਾ ਤੋਲਾ, ਤੱਕੜ ਨਾਮ ਨਾ ਕੋਇ ਉਠਾਈਆ । ਸਾਚੇ ਘਰ ਦਾ ਬਣੇ ਕੋਇ ਨਾ ਗੋਲਾ, ਗੋਲਕ ਮਾਇਆ ਰਹੇ ਭਰਾਈਆ । ਤੇਰੇ ਮਿਲਣ ਦਾ ਦਿਸੇ ਨਾ ਕੋਇ ਵਿਚੋਲਾ, ਵਿਚਲਾ ਭੇਵ ਨਾ ਕੋਇ ਖੁਲ੍ਹਾਈਆ । ਸਭ ਦੀ ਸ਼ਕਤੀ ਅੰਤਰ ਖੋਹ ਲਾ, ਭਗਤੀ ਰਹਿਣ ਕੋਇ ਨਾ ਪਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਟੋਹ ਲਾ, ਸਾਢੇ ਤਿੰਨ ਹੱਥ ਫੋਲ ਫੁਲਾਈਆ । ਧੁਰ ਦੇ ਪਿਆਰ ਵਿਚ ਫ਼ਰਕੇ ਕਿਸੇ ਨਾ ਡੌਲਾ, ਯੋਧਾ ਸੂਰਬੀਰ ਨਾ ਕੋਇ ਅਖਵਾਈਆ । ਤੇਰੇ ਨਾਮ ਵਿਚ ਖੇਲੇ ਕੋਇ ਨਾ ਹੋਲਾ, ਲਾਲ ਗੁਲਾਲਾ ਰੰਗ ਨਾ ਕੋਇ ਰੰਗਾਈਆ । ਮਿਹਰਵਾਨ ਮਹਿਬੂਬ ਨਿਰਗੁਣ ਆਪਣਾ ਵੇਖ ਮਾਤਲੋਕ ਵਿਚ ਚੋਲਾ, ਚੌਬੀਸਵੇਂ ਅਵਤਾਰ ਦਇਆ ਕਮਾਈਆ । ਤੇਰਾ ਮਾਨਸ ਮਾਨਵ ਮਾਨੁਖ ਇਨਸਾਨ ਹੋਇਆ ਬੋਲਾ, ਧੁਰ ਸੰਦੇਸ਼ਾ ਸੁਣਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਨਿਉਂ ਨਿਉਂ ਲਾਗਾ ਪਾਈਆ । ਕਲਜੁਗ ਕਹੇ ਪ੍ਰਭ ਮੈਂ ਨੱਠਾ ਭੱਜਾ ਥੱਕਾ, ਨੈਣ ਲੈ ਉਠਾਈਆ । ਮੈਂ ਬਚਨ ਕਰਾਂ ਹੱਕਾ, ਹਕੀਕਤ ਵਿਚ ਸੁਣਾਈਆ । ਤੇਰੀ ਸ੍ਰਿਸ਼ਟੀ ਲੰਘਾਈ ਵਿਚੋਂ ਜਿਉਂ ਸੂਈ ਨੱਕਾ, ਨਿੱਕਾ ਵਡਾ ਬਚਿਆ ਰਹਿਣ ਕੋਇ ਨਾ ਪਾਈਆ । ਸਾਧਾਂ ਸੰਤਾਂ ਕੀਮਤ ਪਾ ਕੇ ਟਕਾ, ਟੱਕਿਆਂ ਵਿਚ ਦਿਤੇ ਰੁਲਾਈਆ । ਉਹ ਵੇਖ ਮੁਹੰਮਦ ਦਾ ਸਦੀ ਚੌਧਵੀਂ ਦਾ ਪਟਾ, ਪਟਨੇ ਵਾਲਾ ਲੈ ਜਗਾਈਆ । ਸੂਰਬੀਰ ਯੋਧਾ ਬਣਾ ਹੱਟਾ, ਹਠ ਇਕੋ ਇਕ ਪਰਗਟਾਈਆ । ਪਿਛਲਾ ਨਾਮ ਸਭ ਦਾ ਜਾਏ ਕਟਾ, ਕਟਾਕਸ਼ ਅਗਲਾ ਦੇ ਲਗਾਈਆ । ਦੀਨ ਮਜ਼੍ਹਬ ਦਾ ਰਹੇ ਕੋਇ ਨਾ ਰੱਟਾ, ਝਗੜਾ ਜ਼ਾਤ ਕੋਇ ਨਾ ਪਾਈਆ ।





ਕਲਜੁਗ ਚੀਥੜ ਪੁਰਾਣਾ ਫਟਾ, ਸਤਿਜੁਗ ਬਸਤਰ ਸਤਿ ਦੇ ਪਹਿਨਾਈਆ । ਲੱਖ ਚੁਰਾਸੀ ਆਪਣੇ ਨਾਮ ਤੋਂ ਕਰਕੇ ਬਟਾ, ਜ਼ੀਰੋ ਸਿਫ਼ਰ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਸਰਨਾਈਆ । ਕਲਜੁਗ ਕਹੇ ਪ੍ਰਭੂ ਮੇਰੇ ਮਾਲਕ ਧੁਰ ਦੇ ਅੱਬਾ, ਯਾ ਮੁਬੀਨ ਤੇਰੀ ਸਰਨਾਈਆ । ਮੇਰਾ ਵੇਖੀਂ ਕੋਇ ਨਾ ਧੱਬਾ, ਸਚ ਦੀ ਧਾਰ ਇਕ ਸਰਨਾਈਆ । ਮੇਰਾ ਕਦਮ ਵੇਖ ਲੈ ਸੱਜਾ, ਸਹਿਜ ਸਹਿਜ ਉਠਾਈਆ । ਜਿਥੇ ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰ ਦੀ ਹੋਵੇ ਜਗਹ, ਓਥੇ ਓਥੇ ਦਿਆਂ ਟਿਕਾਈਆ । ਕਲਜੁਗ ਜੀਵ ਹੰਸ ਬਣਾ ਕੇ ਕੱਗਾ, ਮਾਇਆ ਮਮਤਾ ਵਿਚ ਰੁਲਾਈਆ । ਸਾਧਾਂ ਸੰਤਾਂ ਦੇ ਅੰਦਰ ਲਾ ਕੇ ਅੱਗਾ, ਕਾਮ ਕਰੋਧ ਲੋਭ ਮੋਹ ਹੰਕਾਰ ਵਿਚ ਤਪਾਈਆ । ਮਿਹਰਵਾਨ ਮਹਿਬੂਬ ਅੰਤਮ ਸਭ ਨੂੰ ਦੇ ਦੇ ਸਜ਼ਾ, ਸੱਜਣ ਹੋ ਕੇ ਹੋ ਸਹਾਈਆ । ਮੈਂ ਚਲਦਾ ਵਿਚ ਤੇਰੀ ਰਜ਼ਾ, ਰਾਜ਼ਕ ਰਿਜ਼ਕ ਰਹੀਮ ਓਟ ਤਕਾਈਆ । ਸਦੀ ਚੌਧਵੀਂ ਸਭ ਦੇ ਸਿਰ ਤੇ ਵਖਾ ਦੇ ਕਜ਼ਾ, ਕਾਤਲ ਮਕਤੂਲ ਦਿਸੇ ਲੋਕਾਈਆ । ਕੋਈ ਦਰਸ ਤੇਰਾ ਕਰੇ ਨਾ ਉਪਰ ਸ਼ਾਹ ਰਗਾ, ਨੌਂ ਦਵਾਰ ਸ੍ਰਿਸ਼ਟ ਦ੍ਰਿਸ਼ਟ ਹੋਏ ਹਲਕਾਈਆ । ਚੌਥਾ ਮਿਲੇ ਨਾ ਕਿਸੇ ਪਦਾ, ਪਤਿਪਰਮੇਸ਼ਵਰ ਮੇਰੀ ਆਸਾ ਪੂਰ ਕਰਾਈਆ । ਧੁਨ ਆਤਮਕ ਸੁਣੇ ਕੋਇ ਨਾ ਨੱਦਾ, ਅਨਾਦੀ ਨਾਦ ਨਾ ਕੋਇ ਸ਼ਨਵਾਈਆ । ਮੇਰਾ ਕੂੜ ਨਿਸ਼ਾਨਾ ਚਾਰ ਕੁੰਟ ਹੋਵੇ ਗੱਡਾ, ਗਾਡ ਗੁਡ ਮੇਰਾ ਰੀਮਾਕਰਸ ਦੇਣਾ ਬਣਾਈਆ । ਤੀਰਥ ਤੱਟਾਂ ਲਾਵਾਂ ਅੱਡਾ, ਤਟ ਕਿਨਾਰੇ ਵੇਖ ਵਖਾਈਆ । ਸਦੀ ਬੀਸਵੀਂ ਡੂੰਘਾ ਕਰ ਦੇ ਆਪਣਾ ਹੋਰ ਖੱਡਾ, ਹਜ਼ਰਤ ਈਸਾ ਨੈਣ ਉਠਾਈਆ । ਮੁਹੱਬਤ ਵਿਚ ਲਡਾਵੇ ਕੋਇ ਨਾ ਲੱਡਾ, ਗੋਦੀ ਗੋਦ ਨਾ ਕੋਇ ਟਿਕਾਈਆ । ਪੁਰਖ ਅਕਾਲ ਮੈਂ ਤੇਰੇ ਹੁਕਮੇ

ਅੰਦਰ ਬੱਧਾ, ਬਦੀ ਦਾ ਮਾਲਕ ਆਪਣਾ ਰੂਪ ਬਣਾਈਆ । ਸਾਚੀ ਕਾਰੇ ਜਗਤ ਲੱਗਾ, ਕਰਨੀ ਕਰਤੇ ਤੇਰੀ ਸੇਵ ਕਮਾਈਆ । ਮੈਨੂੰ ਜਗਤ ਵਿਕਾਰ ਵਿਚ ਕਰ ਦੇ ਮਗਾ, ਮਗਨ ਆਪਣਾ ਆਪ ਕਰਾਈਆ । ਵਿਸ਼ੇ ਵਿਕਾਰ ਦਾ ਸਭ ਨੂੰ ਚਖਾਵਾਂ ਮਜ਼ਾ, ਜੋ ਮਜ਼ਾਕ ਤੈਨੂੰ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਟਿਕਾਈਆ । ਕਲਜੁਗ ਕਹੇ ਪ੍ਰਭੂ ਮੇਰੀ ਵੇਖ ਲੈ ਕਰਨੀ, ਕਰਤਬ ਦਿਆਂ ਜਣਾਈਆ । ਤੇਰੀ ਹਕੀਕੀ ਮੰਜ਼ਲ ਕਿਸੇ ਨਹੀਂ ਚੜ੍ਹਨੀ, ਚੜ੍ਹਦਾ ਲਹਿੰਦਾ ਵੇਖ ਵਖਾਈਆ । ਆਤਮ ਪਰਮਾਤਮ ਤੁਕ ਕਿਸੇ ਨਾ ਪੜ੍ਹਨੀ, ਸਤਿ ਵਿਚ ਨਾ ਕੋਇ ਸਮਾਈਆ । ਸ੍ਰਿਸ਼ਟੀ ਦੀਨਾਂ ਮਜ਼੍ਹਬਾਂ ਵਿਚ ਲੜਨੀ, ਇਹ ਮੇਰੀ ਵਡ ਚਤੁਰਾਈਆ । ਮੈਂ ਧਾਨ ਵਾਂਗ ਸ੍ਰਿਸ਼ਟੀ ਛੜਨੀ, ਚਾਰੋਂ ਕੁੰਟ ਵੇਖ ਵਖਾਈਆ । ਮੇਰੇ ਅੱਗੇ ਬੁੱਧੀ ਨਾ ਕਿਸੇ ਦੀ ਅੜਨੀ, ਮੂਰਖ ਮੁਗਧ ਦੇਣੇ ਬਣਾਈਆ । ਸਭ ਦੀ ਅਕਲ ਕੂੜ ਵਿਚ ਹਰਨੀ, ਸਚ ਨਾਲ ਨਾ ਕੋਇ ਮਿਲਾਈਆ । ਬਿਨਾ ਭਗਤਾਂ ਤੋਂ ਤੇਰੇ ਆਏ ਕੋਇ ਨਾ ਚਰਨੀ, ਚਰਨੋਦਕ ਮੁਖ ਨਾ ਕੋਇ ਚੁਆਈਆ । ਕਲਜੁਗ ਕਹੇ ਮੈਂ ਐਸੀ ਘਾੜਤ ਘੜਨੀ, ਘੜਨ ਭੰਨਣਹਾਰ ਦੇਣੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮੇਲਾ ਲੈ ਮਿਲਾਈਆ । ਕਲਜੁਗ ਕਹੇ ਪ੍ਰਭੂ ਤੇਰਾ ਦਰ ਸੱਚਾ ਦੁਆਬਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਗੁਰ ਅਰਜਨ ਇਸ਼ਾਰਾ ਕੀਤਾ ਬੁੱਢੇ ਬਾਬਾ, ਸ਼ਬਦ ਸ਼ਬਦ ਵਿਚੋਂ ਸ਼ਨਵਾਈਆ । ਜਿਸ ਵੇਲੇ ਪੁਰਖ ਅਕਾਲ ਆਇਆ ਗੁਰਮੁਖਾਂ ਦਾ ਧੁਰ ਦਾ ਦਾਦਾ, ਪਿਤਾ ਗੋਬਿੰਦ ਸ਼ਬਦ ਨਾਲ ਮਿਲਾਈਆ । ਦੋ ਜਹਾਨਾਂ ਬਣੇ ਰਾਜਨ ਰਾਜਾ, ਸ਼ਾਹੋ ਭੂਪ ਆਪ ਅਖਵਾਈਆ । ਸਭ ਦਾ ਲਹਿਣਾ ਦੇਣਾ ਪੂਰਾ ਕਰੇ ਦੇਸ ਮਾਝਾ, ਮਾਲਵਾ ਸੰਗ ਬਣਾਈਆ । ਗੁਰਮੁਖ ਹੰਸ ਬਣਾਵੇ ਕਾਗਾ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਜੋ ਆਸ਼ਾ ਰੱਖੀ ਕ੍ਰਿਸ਼ਨ ਕੋਲ ਰਾਧਾ, ਰਿਦੇ ਵਿਚ ਧਿਆਨ ਲਗਾਈਆ । ਜਿਸ ਕਾਰਨ ਰਾਮ ਨੂੰ ਸੀਤਾ ਮਾਰੀਆਂ ਆਵਾਜ਼ਾਂ, ਸੁਤੀ ਉਠ ਕੇ ਦਿਤੀ ਦੁਹਾਈਆ । ਕੀ ਮਨੁੱਸ਼ਾਂ ਪੜ੍ਹਨੀਆਂ ਨਿਮਾਜ਼ਾਂ, ਰਾਮ ਕ੍ਰਿਸ਼ਨ ਦਾ ਇਸ਼ਟ ਭੁਲਾਈਆ । ਰਾਮ ਹੱਸ ਕੇ ਕਿਹਾ ਸਭ ਦੇ ਪਿਛੇ ਵੇਖੀਂ ਗੋਬਿੰਦ ਵਾਲਾ ਬਾਜ਼ਾਂ, ਗੋਬਿੰਦ ਸ਼ਬਦ ਰੂਪ ਦਰਸਾਈਆ । ਜਿਸ ਨੇ ਜਗਤ ਜਹਾਨ ਰਚਣਾ ਕਾਜਾ, ਕਰਨੀ ਧੁਰ ਦੀ ਨਾਲ ਰਖਾਈਆ । ਮਾਣ ਰਹਿਣਾ ਨਹੀਂ ਸੰਤ ਸਾਧਾ, ਸਾਧਨਾ ਸਚ ਨਾ ਕੋਇ ਕਮਾਈਆ । ਕੋਟਾਂ ਵਿਚੋਂ ਭਗਤਾਂ ਦਾ ਹੋਣਾ ਨਹੀਂ ਵਾਧਾ, ਵਾਅਦੇ ਸਭ ਦੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਆਦਿ ਜੁਗਾਦਾ, ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸਦ ਆਪਣੀ ਖੇਲ ਖਿਲਾਈਆ ।



✪ ੧੯ ਅੱਸੂ ਸ਼ਹਿਨਸ਼ਾਹੀ ਸੰਮਤ ੬ ਕੇਹਰ ਸਿੰਘ ਰੁੜਕਾ ਦੇ ਨਵਿਤ ਪਿੰਡ ਡੱਲੇਵਾਲ ਜ਼ਿਲਾ ਜਲੰਧਰ ✪

ਕਲਜੁਗ ਕਹੇ ਮੈਂ ਸੰਦੇਸ਼ਾ ਦੇਵਾਂ ਜ਼ਰਾ, ਜ਼ਾਹਰ ਜ਼ਹੂਰ ਰਿਹਾ ਜਣਾਈਆ । ਭਗਤ ਸੁਹੇਲਾ ਵੇਖਣਾ ਖਰਾ, ਖ਼ਾਲਸ ਧੁਰ ਦਾ ਰੰਗ ਰੰਗਾਈਆ । ਤਨ ਮੰਦਰ ਵੇਖਣਾ ਘਰਾ, ਗ੍ਰਿਹਿ ਅੰਤਰ ਫੋਲ ਫੁਲਾਈਆ । ਧਰਮ ਦੀ ਧਾਰ ਤਕਣੀ ਸ਼ਰਅ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਪ੍ਰੇਮ ਵੇਖਣਾ

ਨਰਾਇਣ ਨਰਾ, ਕੀ ਨਰ ਹਰਿ ਰੰਗ ਰੰਗਾਈਆ । ਧਰਮ ਦੀ ਧਾਰ ਤਕਣਾ ਧੜਾ, ਸਚ ਸਚ ਨਾਲ ਟਕਰਾਈਆ । ਦੁਆਬੇ ਵਾਲਿਓ ਲੇਖਾ ਬੜਾ, ਕਲਜੁਗ ਕੂਕ ਕੂਕ ਸੁਣਾਈਆ । ਜੇਹੜਾ ਮੈਂ ਗੋਬਿੰਦ ਦੀ ਭੇਟਾ ਕਰਨਾ ਕੜਾ, ਉਹ ਤੁਹਾਡੇ ਹਿੱਸੇ ਆਈਆ । ਮੈਂ ਭਗਤ ਦਵਾਰੇ ਅੱਗੇ ਹੋਣਾ ਖੜ੍ਹਾ, ਪਲੰਘ ਦੋ ਰੰਗ ਵਿਛਾਈਆ । ਫੇਰ ਮੇਰੀ ਵੇਖਿਓ ਤਰਜ਼ ਤੇ ਤਰ੍ਹਾ, ਕੀ ਅਗਲਾ ਹੁਕਮ ਦ੍ਰਿੜਾਈਆ । ਲਹਿੰਦੀ ਦਿਸ਼ਾ ਲਿਖ ਕੇ ਲੱਗੀ ਹੋਵੇ ਮੁਹੰਮਦ ਦੀ ਸ਼ਰਅ, ਕਾਨੇ ਕਲਮ ਨਾਲ ਵਡਿਆਈਆ । ਚੜ੍ਹਦੇ ਢਾਈ ਫੁਟ ਦਾ ਬਣਿਆ ਹੋਵੇ ਥੜ੍ਹਾ, ਤਪਾ ਨਾਨਕ ਮੰਗ ਮੰਗਾਈਆ । ਦੱਖਣ ਨੌਂ ਇੰਚ ਦਾ ਹੋਵੇ ਗੜ੍ਹਾ, ਧੂੜੀ ਖ਼ਾਕ ਖ਼ਾਕ ਰਮਾਈਆ । ਪਹਾੜ ਭਰਮ ਲਿਖ ਕੇ ਲਾਇਆ ਹੋਵੇ ਮਰਾ, ਮੁਰੀਦ ਮੁਰਸ਼ਦ ਨਾਲ ਰਲਾਈਆ । ਨੌਂ ਫੁਟ ਅੱਗੇ ਹੋਵੇ ਦਰਾ, ਪੁੱਠਾ ਰੂਪ ਦੇਣਾ ਦਰਸਾਈਆ । ਜਿਥੇ ਧਾਰ ਚਲਣੀ ਨਹੀਂ ਮਧਮ ਬੈਖਰੀ ਪਸੰਤੀ ਪਰਾ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕੰਕਾਰ ਇਕ ਹਰਾ, ਹਰੀ ਹਰਿ ਆਪਣੀ ਕਾਰ ਕਮਾਈਆ ।

## ✪ ੧੭ ਅੱਸੂ ਸ਼ਹਿਨਸ਼ਾਹੀ ਸੰਮਤ ੬ ਕਰਮ ਦੇ ਘਰ ਪਿੰਡ ਗੁੜਾ ਜ਼ਿਲਾ ਲੁਧਿਆਣਾ ✪



ਕਲਜੁਗ ਕਹੇ ਪ੍ਰਭੂ ਮੈਂ ਚਾਰ ਕੁੰਟ ਭੱਜਾ ਦੌੜਾ, ਉੱਤਰ ਪੂਰਬ ਪੱਛਮ ਦੱਖਣ ਵਾਹੋ ਦਾਹੀਆ । ਜਗਤ ਜਹਾਨ ਜੀਵ ਜੰਤ ਸਾਧ ਸੰਤ ਮਾਰਗ ਤੱਕਿਆ ਸੌੜਾ, ਅੱਗੇ ਕਦਮ ਨਾ ਕੋਇ ਟਿਕਾਈਆ । ਨਾਮ ਨਿਧਾਨ ਨੌਜਵਾਨ ਮਰਦ ਮਰਦਾਨ ਤੇਰੇ ਪਿਆਰ ਦਾ ਦਿਸੇ ਕੋਇ ਨਾ ਪੌੜਾ, ਪੌੜੀ ਡੰਡਾ ਚੜ੍ਹਨ ਕੋਇ ਨਾ ਪਾਈਆ । ਆਤਮ ਪਰਮਾਤਮ ਮਿਲਿਆ ਰਹਿਣ ਨਹੀਂ ਦੇਣਾ ਜੋੜਾ, ਜੋੜੀ ਤੇਰੇ ਨਾਲ ਨਾ ਕੋਇ ਬਣਾਈਆ । ਸਾਹਿਬ ਖੇਲ ਵੇਖ ਲੈ ਮੋਰਾ, ਮਿਹਰਵਾਨ ਆਪਣੀ ਅੱਖ ਉਠਾਈਆ । ਜਗਤ ਜੀਵ ਕਰ ਕੇ ਅੰਤਰ ਕੌੜਾ, ਮਿੱਠਾ ਰਸ ਦਿਤਾ ਗਵਾਈਆ । ਮੈਨੂੰ ਦੂਰ ਦੁਰਾਡਾ ਨਜ਼ਰ ਆਉਂਦਾ ਗੋਬਿੰਦ ਵਾਲਾ ਘੋੜਾ, ਨੀਲਾ ਨੀਲੀ ਧਾਰੋਂ ਸੋਭਾ ਪਾਈਆ । ਜਿਸ ਦਾ ਦੋ ਜਹਾਨ ਸੁਣਦੇ ਸ਼ੋਰਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਧਿਆਨ ਲਗਾਈਆ । ਤੇਰਾ ਸੂਰਬੀਰ ਬਹਾਦਰ ਦਿਸਦਾ ਬਾਂਕਾ ਛੋਹਰਾ, ਨੌਜਵਾਨ ਨੂਰ ਇਲਾਹੀਆ । ਜਿਸ ਨੇ ਖੇਲ ਕਰਨਾ ਝਗੜਾ ਮੇਟਣਾ ਪੰਜ ਚੋਰਾ, ਤਤਵ ਤਤ ਤਤ ਬਦਲਾਈਆ । ਤੇਰੇ ਨਾਮ ਦਾ ਇਕੋ ਗਾਉਣਾ ਦੋਹਰਾ, ਦੋਹਰੀ ਚੋਟ ਲਗਾਈਆ । ਮਿਹਰਵਾਨ ਮੇਰੇ ਤੇ ਕਿਰਪਾ ਕਰਦੇ ਭੋਰਾ, ਵਸਤ ਅਗੰਮ ਦੇਣੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਘਰ ਸਾਚੇ ਮੰਗ ਮੰਗਾਈਆ । ਕਲਜੁਗ ਕਹੇ ਪ੍ਰਭੂ ਮੇਰਾ ਖੇਲ ਤਕ ਇਤਫ਼ਾਕੀ, ਇਖ਼ਤਲਾਫ਼ ਕੀਤਾ ਜਗਤ ਲੋਕਾਈਆ । ਆਬੇਹਯਾਤ ਦਾ ਰਿਹਾ ਕੋਇ ਨਾ ਸਾਕੀ, ਸਾਖਿਆਤ ਤੇਰਾ ਦਰਸ ਕੋਇ ਨਾ ਪਾਈਆ । ਮੰਜ਼ਲ ਮਿਲੇ ਨਾ ਕਿਸੇ ਤਨ ਖ਼ਾਕੀ, ਹਕੀਕਤ ਹੱਕ ਨਾ ਕੋਇ ਜਣਾਈਆ । ਸਭ ਦਾ ਮਨੂਆ ਕੀਤਾ ਆਕੀ, ਅਕਲ ਬੁੱਧੀ ਦਾ ਡੇਰਾ ਢਾਹੀਆ । ਬਜਰ ਕਪਾਟੀ ਕੋਈ ਖੋਲ੍ਹ ਸਕੇ ਨਾ ਤਾਕੀ, ਨਾਭੀ ਕਵਲ ਨਾ ਕੋਇ ਉਲਟਾਈਆ । ਧੁਨ ਸ਼ਬਦ ਸੁਣੇ ਕੋਇ ਨਾ ਗਾਥੀ, ਨਾਦੀ ਨਾਦ ਨਾ ਕੋਇ ਵਜਾਈਆ । ਨਿਰਮਲ ਜੋਤ ਨਾ ਕਿਸੇ ਪ੍ਰਕਾਸ਼ੀ, ਅੰਧ ਅੰਧੇਰ ਨਾ ਕੋਇ ਮਿਟਾਈਆ ।

ਮੇਰੇ ਸਾਹਿਬ ਪੁਰਖ ਸਮਰਾਥੀ, ਤੇਰੀ ਸੇਵਾ ਸਚ ਕਮਾਈਆ । ਸਦੀ ਚੌਧਵੀਂ ਮੰਨਣੀ ਆਖੀ, ਉਮਤ ਨਬੀ ਰਸੂਲਾਂ ਲਵਾਂ ਉਠਾਈਆ । ਉਮਤ ਉਮਤੀ ਖੇਲ ਕਰਾਵਾਂ ਜਗਤ ਤਮਾਸ਼ੀ, ਤਮਾਂ ਤਮਾਂ ਨਾਲ ਟਕਰਾਈਆ । ਤੂੰ ਕਿਰਪਾ ਕਰਨੀ ਪੁਰਖ ਅਬਿਨਾਸ਼ੀ, ਸੋ ਪੁਰਖ ਨਿਰੰਜਣ ਤੇਰੀ ਸਰਨਾਈਆ । ਹਰਿ ਪੁਰਖ ਨਿਰੰਜਣ ਕਰੀਂ ਮੇਰੀ ਰਾਖੀ, ਏਕੰਕਾਰ ਤੇਰੀ ਵਡਿਆਈਆ । ਆਦਿ ਨਿਰੰਜਣ ਮੇਰੀ ਪੂਰੀ ਕਰੀਂ ਘਾਟੀ, ਸ੍ਰੀ ਭਗਵਾਨ ਵੇਖ ਵਖਾਈਆ । ਅਬਿਨਾਸ਼ੀ ਕਰਤੇ ਵੇਖੀਂ ਮੇਰੀ ਵਾਟੀ, ਪਾਰਬ੍ਰਹਮ ਹੋਣਾ ਆਪ ਸਹਾਈਆ । ਮੈਂ ਅੰਤ ਅਖ਼ੀਰ ਬੇਨਜ਼ੀਰ ਕਥਾ ਕਹਾਣੀ ਆਖੀ, ਕਹਿ ਕੇ ਦਿਤਾ ਸੁਣਾਈਆ । ਮੇਰੀ ਮੁਆਫ਼ ਕਰਨੀ ਗੁਸਤਾਖ਼ੀ, ਗ਼ੁੱਸਾ ਗਿਲਾ ਨਾ ਕੋਇ ਜਣਾਈਆ । ਮੇਰਾ ਖੇਲ ਵਰਤਣਾ ਧਰਮ ਧਾਰ ਦੀ ਗੋਬਿੰਦ ਵਾਲੀ ਵਿਸਾਖੀ, ਵਸਾਹ ਕੇ ਸਭ ਨੂੰ ਦੇਣਾ ਹਿਲਾਈਆ । ਸ਼ਬਦ ਅਗੰਮਾ ਤਕਣਾ ਪਾਤੀ, ਪਤਿਪਰਮੇਸ਼ਵਰ ਵੇਖ ਵਖਾਈਆ । ਤੇਰੀ ਕਿਰਪਾ ਨਾਲ ਚਾਰ ਕੁੰਟ ਕੀਤੀ ਅੰਧੇਰੀ ਰਾਤੀ, ਰੁਤੜੀ ਸਚ ਨਾ ਕੋਇ ਮਹਿਕਾਈਆ । ਖੇਲ ਵੇਖਿਆ ਤਤ ਆਠੀ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਨਾਲ ਮਿਲਾਈਆ । ਨਵ ਦਵਾਰ ਜਗਤ ਵਾਸਨਾ ਰਾਖੀ, ਕੂੜ ਕੁਟੰਬ ਬਣਾਈਆ । ਹਉਂ ਸੇਵਕ ਨਾਥ ਅਨਾਥੀ, ਦੀਨਨ ਤੇਰੇ ਅੱਗੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰੇ ਦਰ ਦਾ ਮੰਗਤਾ, ਮਾਂਗਤ ਇਕ ਅਖਵਾਈਆ । ਮੈਨੂੰ ਬਖ਼ਸ਼ ਦੇ ਹਉਮੇ ਹੰਗਤਾ, ਕੂੜੀ ਕਿਰਿਆ ਗੜ੍ਹ ਜਣਾਈਆ । ਮੈਂ ਜਗਤ ਜਹਾਨ ਕਰਨਾ ਭੁੱਖਾ ਨੰਗਤਾ, ਓਢਣ ਸੀਸ ਨਾ ਕੋਇ ਟਿਕਾਈਆ । ਝਗੜਾ ਪਾਉਣਾ ਕਾਇਆ ਮਨ ਕਾ, ਮਮਤਾ ਕੂੜ ਨਾਲ ਰਲਾਈਆ । ਹੁਣ ਨਿਸ਼ਾਨ ਰਹਿਣ ਦੇਣਾ ਨਹੀਂ ਤਾਰਾ ਚੰਦ ਦਾ, ਮੁਹੰਮਦ ਚਾਰ ਯਾਰੀ ਨਾਲ ਕੁਰਲਾਈਆ । ਤੇਰਾ ਖੇਲ ਸ੍ਰੀ ਭਗਵਨ ਦਾ, ਨਾ ਕੋਇ ਮੇਟੇ ਮੇਟ ਮਿਟਾਈਆ । ਕਲਜੁਗ ਕਹੇ ਮੈਂ ਤੇਰੇ ਦਰ ਤੇ ਜੰਮਦਾ, ਜੰਮਣ ਵਾਲੀ ਅਵਰ ਕੋਇ ਨਾ ਮਾਈਆ । ਤੂੰ ਜੁਗ ਜੁਗ ਸਭ ਦਾ ਬੇੜਾ ਬੰਨ੍ਹਦਾ, ਮੇਰਾ ਹੋਣਾ ਅੰਤ ਸਹਾਈਆ । ਮੈਂ ਸ਼ੁਕਰਾਨਾ ਕਰਾਂ ਤੇਰਾ ਧੰਨ ਧੰਨ ਦਾ, ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਇਸ਼ਾਰਾ ਦੇ ਦੇ ਆਪਣੀ ਗੱਲ ਦਾ, ਸੰਦੇਸ਼ਾ ਇਕ ਅਗੰਮ ਅਥਾਹੀਆ । ਫੇਰ ਖੇਲ ਤਕਣਾ ਕਲਜੁਗ ਕਲ ਦਾ, ਕਲ ਕਾਤੀ ਲੈ ਉਠਾਈਆ । ਝਗੜਾ ਪਾਵਾਂ ਪੰਚ ਵਿਕਾਰੇ ਦਲ ਦਾ, ਤਤ ਤਨ ਵਜੂਦ ਲੜਾਈਆ । ਮਾਣ ਰਹਿਣ ਦੇਣਾ ਨਹੀਂ ਅਠਸਠ ਤੀਰਥ ਜਲ ਦਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਈਆ । ਲੇਖਾ ਯਾਦ ਕਰ ਲੈ ਰਾਜੇ ਬਲ ਦਾ, ਜੋ ਬਾਵਨ ਰੂਪ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਹਰਿ ਸਾਹਿਬ ਤੇਰੀ ਸਰਨਾਈਆ । ਕਲਜੁਗ ਕਹੇ ਪ੍ਰਭੂ ਮੇਰੇ ਅੰਤਰ ਦੇ ਦੇ ਤਾਕਤ, ਤਾਕਤਵਰ ਤੇਰੀ ਵਡਿਆਈਆ । ਮੈਂ ਸਾਬਤ ਰਹਿਣ ਦੇਣੀ ਨਹੀਂ ਕਿਸੇ ਲਿਆਕਤ, ਅਕਲ ਬੁੱਧੀ ਨਾ ਕੋਇ ਚਤੁਰਾਈਆ । ਮੁਹੱਬਤ ਵਿਚ ਕਰੇ ਨਾ ਕੋਇ ਰਫ਼ਾਕਤ, ਨਿਫ਼ਾਕ ਵਿਚ ਖ਼ਲਕ ਖ਼ੁਦਾਈਆ । ਮਾਇਆ ਮਮਤਾ ਲਾਉਣੀ ਅਲਾਮਤ, ਆਲਮਾਂ ਇਲਮ ਦੇਣਾ ਭੁਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਕਰ ਅਣਜਾਣਤ, ਨਾਤਾ ਤੇਰੇ ਨਾਲੋਂ ਤੁੜਾਈਆ । ਸਚ ਦੀ ਰਹੇ ਨਾ ਕੋਇ ਅਮਾਨਤ, ਧਰਮ ਦੀ ਧਾਰ ਨਾ ਕੋਇ ਵਖਾਈਆ । ਘਰ ਘਰ ਵਿਚ ਪਾ ਕੇ ਬਗ਼ਾਵਤ, ਝਗੜਾ ਵੇਖਾਂ ਖ਼ਲਕ ਖ਼ੁਦਾਈਆ । ਤੇਰੇ ਨਾਮ ਕਲਮੇ ਦੀ ਰਹਿਣ ਨਾ ਦੇਵਾਂ ਲਿਆਕਤ, ਹਉਮੇ ਹੰਗਤਾ ਨਾਲ ਭਰਾਈਆ । ਫੇਰ ਵੇਖੀਂ ਮੇਰੀ ਰੈਣ ਅੰਧੇਰੀ ਸ਼ਾਮਤ, ਸ਼ਮ੍ਹਾ ਜੋਤ ਨੂਰ ਨਾ

ਕੋਇ ਰੁਸ਼ਨਾਈਆ । ਮੈਂ ਤੇਰਾ ਸੁਤ ਦੁਲਾਰਾ ਸਹੀ ਸਲਾਮਤ, ਤੇਰੇ ਚਰਨ ਕਵਲ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਕਲਜੁਗ ਕਹੇ ਪ੍ਰਭੂ ਮੇਰੀ ਤੇਰੇ ਅੱਗੇ ਅਰਦਾਸ, ਬੇਨੰਤੀ ਇਕ ਜਣਾਈਆ । ਮੈਨੂੰ ਦੇਣੀ ਇਕ ਸ਼ਾਬਾਸ਼, ਸ਼ਹਿਨਸ਼ਾਹ ਪੁਸ਼ਤ ਪਨਾਹ ਹੱਥ ਇਕ ਰਖਾਈਆ । ਮੈਂ ਤੇਰਾ ਸੁਤ ਦੁਲਾਰਾ ਖ਼ਾਸ, ਖ਼ਾਹਿਸ਼ ਮੇਰੀ ਵੇਖ ਵਖਾਈਆ । ਸਤਿ ਧਰਮ ਦਾ ਕੀਤਾ ਨਾਸ, ਕੂੜ ਕੁੜਿਆਰ ਦਿਤਾ ਚਲਾਈਆ । ਝਗੜਾ ਪਾ ਕੇ ਜ਼ਾਤ ਪਾਤ, ਦੀਨ ਮਜ਼੍ਹਬ ਦਿਤਾ ਟਕਰਾਈਆ । ਅੱਗੇ ਵੇਖੀਂ ਮੇਰਾ ਹੋਰ ਹਾਲਾਤ, ਹਾਲਤ ਬਦਲੇ ਸਰਬ ਲੋਕਾਈਆ । ਕੂੜ ਕੁੜਿਆਰ ਕੁਕਰਮ ਪਾਉਣੀ ਵਫ਼ਾਤ, ਮਕਬਰਾ ਕਾਇਨਾਤ ਰੂਪ ਦਰਸਾਈਆ । ਸਚ ਦੀ ਰਹਿਣ ਦੇਣੀ ਨਹੀਂ ਕੋਈ ਜਮਾਤ, ਜੁਮਲਾ ਅੱਖਰ ਨਾ ਕੋਇ ਸ਼ਨਵਾਈਆ । ਤੇਰੀ ਕਿਰਪਾ ਨਾਲ ਨਵ ਸੱਤ ਹੋਣੀ ਅੰਧੇਰੀ ਰਾਤ, ਨੌਂ ਦਵਾਰੇ ਪੰਧ ਨਾ ਕੋਇ ਮੁਕਾਈਆ । ਤੈਨੂੰ ਕਰੇ ਨਾ ਕੋਇ ਤਲਾਸ਼, ਸਾਰੇ ਬੈਠਣ ਮੁਖ ਭਵਾਈਆ । ਉਠ ਵੇਖੇ ਸ਼ੰਕਰ ਉਪਰ ਕੈਲਾਸ਼, ਕੀ ਕਲਾ ਕਲ ਵਰਤਾਈਆ । ਬ੍ਰਹਮਾ ਅੰਤਰ ਹੋਵੇ ਹਰਾਸ, ਹੈਰਾਨੀ ਵਿਚ ਦੁਹਾਈਆ । ਵਿਸ਼ਨੂੰ ਤਕੇ ਖ਼ਾਸ, ਬਿਨ ਅੱਖਾਂ ਅੱਖ ਉਠਾਈਆ । ਕੀ ਖੇਲ ਪ੍ਰਭੂ ਤਮਾਸ਼, ਕਲਜੁਗ ਆਪਣੀ ਕਾਰ ਕਮਾਈਆ । ਮੈਂ ਜੋੜਨੇ ਦੋਵੇਂ ਹਾਥ, ਦਰ ਠਾਂਡੇ ਸੀਸ ਨਿਵਾਈਆ । ਸਭ ਦਾ ਪੂਰਾ ਕਰ ਦੇ ਵਾਕ, ਜੋ ਭਵਿਖਤਾਂ ਵਿਚ ਸੁਣਾਈਆ । ਹੋਣਾ ਪਏ ਨਾ ਕਿਸੇ ਨਿਰਾਸ, ਆਸਾ ਸਭ ਦੀ ਪੂਰ ਕਰਾਈਆ । ਕਲਜੁਗ ਕਹੇ ਮਿਹਰਵਾਨ ਮਿਹਰਵਾਨ ਮਿਹਰਵਾਨ ਮੈਨੂੰ ਬਖ਼ਸ਼ ਦੇ ਮੇਰੀ ਦਾਤ, ਦਾਤੇ ਦਾਨੀ ਝੋਲੀ ਦੇਣੀ ਭਰਾਈਆ । ਅੰਤ ਕੰਤ ਭਗਵੰਤ ਦਈਂ ਸ਼ਾਬਾਸ਼, ਸਿਰ ਮੇਰੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕਹੇ ਸਤਿਜੁਗ ਦਾ ਚਿੱਟਾ ਹੋਵੇ ਲਬਾਸ, ਚਿੱਟੀ ਧਾਰ ਧਾਰ ਵਿਚੋਂ ਪਰਗਟਾਈਆ ।



## ✪ ੧੮ ਅੱਸੂ ਸ਼ਹਿਨਸ਼ਾਹੀ ਸੰਮਤ ੬ ਮਿਹਰ ਸਿੰਘ ਦੇ ਘਰ ਜਗਰਾਉਂ ਸ਼ਹਿਰ ✪

ਕਲਜੁਗ ਕਹੇ ਪ੍ਰਭ ਧਿਆਨ ਦੇ ਯਦੀ, ਸ਼ਾਹ ਪਾਤਸ਼ਾਹ ਦਇਆ ਕਮਾਈਆ । ਮੁਹੰਮਦ ਤਕਦਾ ਆਪਣੀ ਸਦੀ, ਚੌਧਵੀਂ ਚੌਦਸ ਅੱਖ ਖੁਲ੍ਹਾਈਆ । ਧਾਰ ਵਹਾ ਦੇ ਨੂਹ ਨਦੀ, ਨਰ ਨਰਾਇਣ ਬੇਪਰਵਾਹੀਆ । ਸ੍ਰਿਸ਼ਟੀ ਤੇਰੇ ਹੁਕਮ ਅੰਦਰ ਬੱਧੀ, ਬਦੀ ਦਾ ਝਗੜਾ ਖੋਜ ਖੁਜਾਈਆ । ਤੇਰੀ ਜੋਤ ਨਿਰਾਲਮ ਜਗੀ, ਜਗਤ ਦੇ ਮਾਲਕ ਹੋ ਸਹਾਈਆ । ਦੀਨ ਦੁਨੀਆ ਵੇਖ ਲੱਗੀ ਅੱਗੀ, ਅਗਨ ਰਹੀ ਜਲਾਈਆ । ਜਗਤ ਵਿਕਾਰੀ ਹੋਈ ਮਧੀ, ਮਦਿ ਮਾਸ ਅਹਾਰ ਬਣਾਈਆ । ਮੰਜ਼ਲ ਮਿਲੇ ਨਾ ਕਿਸੇ ਪਦੀ, ਪਤਿਪਰਮੇਸ਼ਵਰ ਪੜਦਾ ਦੇ ਉਠਾਈਆ । ਤੂੰ ਨੂਰ ਇਲਾਹੀ ਰੱਬੀ, ਰਹਿਮਤ ਸਚ ਕਮਾਈਆ । ਝਗੜਾ ਮੇਟ ਦੇ ਸੁਦੀ ਵਦੀ, ਇਕੋ ਪੱਖ ਦੇਣਾ ਦ੍ਰਿੜਾਈਆ । ਕੂੜੀ ਕਿਰਿਆ ਚੁਕਾ ਦੇ ਤਨ ਮਾਸ ਹੱਡੀ, ਕਲਪਣਾ ਕਾਇਆ ਰਹੇ ਨਾ ਰਾਈਆ । ਜੀਵ ਜਹਾਨ ਮੇਟ ਦੇ ਗੱਦੀ, ਗਦਾਗਰ ਕਰ ਲੋਕਾਈਆ । ਨਿਰਗੁਣ ਧਾਰ ਦੱਸਦੇ ਬੱਗੀ, ਬਗ ਬਪੜਿਆਂ ਡੇਰਾ ਢਾਹੀਆ । ਮੈਂ ਮੰਗ ਅਗੰਮੀ ਮੰਗੀ, ਮਾਂਗਤ ਹੋ ਕੇ ਝੋਲੀ ਡਾਹੀਆ । ਦੇਵਣਹਾਰ ਮੂਲ ਨਾ ਸੰਗੀਂ, ਸਗਲੇ ਸਾਥੀ ਤੇਰਾ ਦਰਸ ਕੋਇ ਨਾ ਪਾਈਆ ।

ਚੜ੍ਹਿਆ ਚੰਦ ਨਾ ਦਿਸੇ ਨਵਚੰਦੀ, ਨਵ ਸੱਤ ਰਹੀ ਕੁਰਲਾਈਆ । ਦੀਨ ਮਜ਼੍ਹਬ ਤੋੜ ਪਾਬੰਦੀ, ਪਾਬੰਦ ਆਪਣੇ ਲੈ ਕਰਾਈਆ । ਵਾਸਨਾ ਰਹੇ ਕਿਸੇ ਨਾ ਗੰਦੀ, ਅੰਤਰ ਦੁਰਮਤ ਮੈਲ ਧਵਾਈਆ । ਇਹ ਖੇਲ ਤੇਰੇ ਸੰਦੀ, ਸਨਦ ਪਿਛਲੀ ਦਏ ਗਵਾਹੀਆ । ਮੇਰੀ ਮੰਜ਼ਲ ਕਿਸੇ ਤੋਂ ਮੂਲ ਜਾਏ ਨਾ ਲੰਘੀ, ਕੋਟਨ ਸਾਧ ਸੰਤ ਬੈਠੇ ਧੂਣੀਆਂ ਤਾਈਆ । ਸਭ ਦੀ ਆਤਮਾ ਹੋਈ ਰੰਡੀ, ਪਰਮਾਤਮ ਕੰਤ ਨਾ ਕੋਇ ਹੰਢਾਈਆ । ਤੇਰੀ ਜਗਤ ਜਹਾਨ ਦੀ ਘੜੀ ਲੰਘੀ, ਵੇਲਾ ਵਕਤ ਰਿਹਾ ਸੁਣਾਈਆ । ਕਿਰਪਾ ਕਰ ਸੂਰੇ ਸਰਬੰਗੀ, ਸ਼ਹਿਨਸ਼ਾਹ ਤੇਰੀ ਵਡਿਆਈਆ । ਪਰਗਟ ਹੋ ਵਿਚ ਵਰਭੰਡੀ, ਬ੍ਰਹਿਮੰਡ ਦੇ ਸਮਝਾਈਆ । ਜਨ ਭਗਤਾਂ ਪਵਣ ਦੇ ਠੰਡੀ, ਤਤੀ ਵਾ ਨਾ ਲਾਗੇ ਰਾਈਆ । ਜੁਗ ਜਨਮ ਦੇ ਪਿਛਲੇ ਲਈਂ ਗੰਢੀ, ਗੰਢਣਹਾਰ ਦਇਆ ਕਮਾਈਆ । ਤੇਰੀ ਧਾਰ ਚੰਡ ਪਰਚੰਡੀ, ਪਰਚੰਡ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜਹਾਨ ਮੇਟ ਦੇ ਤੰਗੀ, ਤੰਗਦਸਤ ਨਜ਼ਰ ਕੋਇ ਨਾ ਆਈਆ ।

### ✪ ੧੮ ਅੱਸੂ ਸ਼ਹਿਨਸ਼ਾਹੀ ਸੰਮਤ ੬ ਮਹਿੰਦਰ ਸਿੰਘ ਦੇ ਘਰ ਪਿੰਡ ਦਾਖਾਂ ਜ਼ਿਲਾ ਲੁਧਿਆਣਾ ✪



ਕਲਜੁਗ ਕਹੇ ਪ੍ਰਭੂ ਮੈਂ ਤੇਰਾ ਧਰਮ ਧਾਰ ਦਾ ਜੋਗੀ, ਜੁਗੀਸ਼ਰ ਚੌਥਾ ਜੁਗ ਅਖਵਾਈਆ । ਨਿਰਗੁਣ ਧਾਰ ਨਿਰਗੁਣ ਬਣ ਸੰਜੋਗੀ, ਸਚ ਸਵਾਮੀ ਆਪਣਾ ਮੇਲ ਮਿਲਾਈਆ । ਵਿਛੋੜਾ ਹੋਏ ਨਾ ਕੋਇ ਵਿਜੋਗੀ, ਨਾਤਾ ਤੁਟ ਸਕੇ ਨਾ ਰਾਈਆ । ਮੇਰੇ ਠਾਕਰਾ ਮੈਨੂੰ ਬਣਾ ਦੇ ਮੌਜੀ, ਮਜਲਸ ਜਗਤ ਨਾਲ ਵਖਾਈਆ । ਮੈਂ ਸਾਰੀ ਸ੍ਰਿਸ਼ਟੀ ਦ੍ਰਿਸ਼ਟੀ ਕੀਤੀ ਰੋਗੀ, ਹਉਮੇ ਹੰਗਤਾ ਨਾਲ ਮਿਲਾਈਆ । ਜਗਤ ਵਾਸਨਾ ਬਣ ਕੇ ਭੋਗੀ, ਸ੍ਰਿਸ਼ਟੀ ਤ੍ਰਿਸ਼ਨਾ ਤ੍ਰਿਖਾ ਵਧਾਈਆ । ਕਿਸੇ ਦੀ ਕੀਮਤ ਰਹਿਣ ਨਹੀਂ ਦਿਤੀ ਕੌਡੀ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਮੇਰੀ ਆਯੂ ਬੀਤੇ ਨਾ ਬਹੁਤੀ, ਤੇਰੇ ਅੱਗੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਸਾਹਿਬ ਤੇਰੀ ਸਰਨਾਈਆ । ਕਲਜੁਗ ਕਹੇ ਪ੍ਰਭੂ ਮੈਂ ਮੰਗਾਂ ਇਕੋ ਇਕ, ਸਚ ਸਚ ਦਿਆਂ ਜਣਾਈਆ । ਮੇਰਾ ਲੇਖਾ ਦੇਵੀਂ ਲਿਖ, ਲੋਕਮਾਤ ਮਿਲੇ ਵਡਿਆਈਆ । ਤੇਰੀ ਕਿਰਪਾ ਨਾਲ ਮੈਂ ਧਰਮ ਦਾ ਰਹਿਣ ਦਿਤਾ ਨਹੀਂ ਕੋਈ ਸਿੱਖ, ਸਚ ਵਿਚ ਨਾ ਕੋਇ ਸਮਾਈਆ । ਮੈਂ ਸਭ ਦੀ ਬੁੱਧੀ ਲਈ ਜਿੱਤ, ਮਨ ਕਲਪਣਾ ਜਗਤ ਕੁਰਲਾਈਆ । ਤੇਰਾ ਕਰੇ ਕੋਇ ਨਾ ਹਿੱਤ, ਮਾਇਆ ਮਮਤਾ ਵਿਚ ਹਲਕਾਈਆ । ਪ੍ਰਭੂ ਵਸਿਆ ਕਿਸੇ ਨਾ ਚਿਤ, ਕੂੜ ਕਲਪਨਾ ਵੱਜੇ ਵਧਾਈਆ । ਤੂੰ ਪਰਗਟ ਹੋਇਆ ਮੇਰੇ ਨਵਿਤ, ਮਿਹਰਵਾਨ ਦਇਆ ਕਮਾਈਆ । ਸਚ ਸਵਾਮੀ ਬਣ ਕੇ ਪਿਤ, ਪਤਿਪਰਮੇਸ਼ਵਰ ਦਇਆ ਕਮਾਈਆ । ਸਭ ਦੇ ਅੰਦਰੋਂ ਸਤਿ ਧਰਮ ਦੀ ਧਾਰ ਲੈਣੀ ਖਿੱਚ, ਚਾਰ ਕੁੰਟ ਕੂੜ ਦਿਸੇ ਹਲਕਾਈਆ । ਸ਼ਬਦ ਸ਼ਕਤ ਰਹੇ ਕਿਸੇ ਨਾ ਵਿਚ, ਸਾਧ ਸੰਤ ਖ਼ਾਲੀ ਰੋਵਣ ਮਾਰਨ ਧਾਈਆ । ਵਡਿਆਈ ਰਹੇ ਨਾ ਕਿਸੇ ਮੁਨ ਰਿਖ, ਰਿਖੀ ਰਿਖੀਸ਼ਰ ਡੇਰਾ ਦੇਣਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸੋ ਪੁਰਖ ਨਿਰੰਜਣ ਤੇਰੀ ਆਸ ਰਖਾਈਆ । ਕਲਜੁਗ ਕਹੇ ਪ੍ਰਭੂ ਮੈਂ ਮੰਗਾਂ ਅੰਤਮ

੭੨੮ ੨੨

ਕੀ, ਕਰਨੀ ਕਰਤੇ ਦਇਆ ਕਮਾਈਆ । ਸਭ ਦਾ ਲੇਖਾ ਪੂਰਾ ਕਰ ਦੇ ਸਾਢੇ ਤਿੰਨ ਹੱਥ ਸੀਅ, ਰਵਦਾਸ ਚਮਾਰਾ ਦਏ ਗਵਾਹੀਆ । ਸਤਿ ਧਰਮ ਦੀ ਮਾਤ ਰੱਖਦੇ ਨੀਂਹ, ਨਰ ਨਿਰੰਕਾਰ ਹੋ ਸਹਾਈਆ । ਕੂੜੀ ਕਿਰਿਆ ਖਤਮ ਕਰਦੇ ਬੀ, ਬੀਸ ਬੀਸੇ ਬੇਪਰਵਾਹੀਆ । ਤੇਰਾ ਨਾਮ ਨਿਧਾਨ ਦੀਨ ਦੁਨੀ ਲਏ ਪੀ, ਅੰਮ੍ਰਿਤ ਰਸ ਦੇਣਾ ਚਖਾਈਆ । ਨਿਰਮਲ ਕਰ ਸਭ ਦਾ ਜੀ, ਜੀਵ ਈਸ਼ ਦੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਤੇਰਾ ਪੁੱਤਰ ਧੀ, ਆਤਮ ਪਰਮਾਤਮ ਦੂਜਾ ਨਜ਼ਰ ਕੋਇ ਨਾ ਆਈਆ ।

### ੧੮ ਅੱਸੂ ਸ਼ਹਿਨਸ਼ਾਹੀ ਸੰਮਤ ੬ ਪਾਖਰ ਸਿੰਘ ਦੇ ਗ੍ਰਿਹਿ ਪਿੰਡ ਮੋਹੀ ਜ਼ਿਲਾ ਲੁਧਿਆਣਾ

ਕਲਜੁਗ ਕਹੇ ਮੇਰੇ ਸਾਹਿਬ ਪਰਵਰਦਿਗਾਰਾ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਗਹਿਰ ਗੰਭੀਰ ਬੇਨਜ਼ੀਰ ਨਿਰਗੁਣ ਧਾਰ ਹੋ ਜ਼ਾਹਿਰਾ, ਜ਼ਾਹਿਰ ਜ਼ਹੂਰ ਹਰਿ ਹਜ਼ੂਰ ਤੇਰੀ ਓਟ ਤਕਾਈਆ । ਨਿਰਗੁਣ ਧਾਰ ਮੈਨੂੰ ਮੁਹੰਮਦ ਦਏ ਇਸ਼ਾਰਾ, ਸਦੀ ਚੌਧਵੀਂ ਅੱਖ ਖੁਲ੍ਹਾਈਆ । ਉਮਤ ਉਮਤੀ ਦਿਸਦਾ ਅੰਤ ਕਿਨਾਰਾ, ਅੰਤਸ਼ਕਰਨ ਬਦਲਿਆ ਖ਼ਲਕ ਖ਼ੁਦਾਈਆ । ਹੱਕ ਹਕੀਕਤ ਦਾ ਲਾਏ ਕੋਇ ਨਾ ਨਾਅਰਾ, ਕਲਮਾ ਕਾਇਨਾਤ ਨਾ ਕੋਇ ਵਡਿਆਈਆ । ਦੀਨ ਮਜ਼੍ਹਬ ਦਾ ਮੇਟ ਦੇ ਦਾਇਰਾ, ਹਦ ਹਦੂਦ ਰਹੇ ਨਾ ਰਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਚੌਦਾਂ ਲੋਕ ਚੋਦਾਂ ਤਬਕ ਤੇਰਾ ਹੋਏ ਜੈਕਾਰਾ, ਜੈ ਜੈਕਾਰ ਕਰੇ ਲੋਕਾਈਆ । ਸ਼ਬਦ ਗੋਬਿੰਦ ਖੇਲ ਖੇਲੇ ਦੁਬਾਰਾ, ਦੋਹਰੀ ਆਪਣੀ ਕਰਨੀ ਕਾਰ ਕਮਾਈਆ । ਤੂੰ ਨਿਰਵੈਰ ਪੁਰਖ ਨਿਰਾਕਾਰਾ, ਆਦਿ ਨਿਰੰਜਣ ਨੂਰ ਅਲਾਹੀਆ । ਸਤਿਜੁਗ ਸਾਚਾ ਕਰ ਉਜਿਆਰਾ, ਸਤਿ ਧਰਮ ਸਤਿ ਪਰਗਟਾਈਆ । ਕੂੜੀ ਕਿਰਿਆ ਕਰ ਖ਼ੁਆਰਾ, ਜਗਤ ਤ੍ਰਿਸ਼ਨਾ ਵਾਸਨਾ ਦੇ ਬੁਝਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਆਤਮ ਪਰਮਾਤਮ ਕਰ ਪਿਆਰਾ, ਸ਼ਬਦ ਨਾਦ ਧੁਨ ਸ਼ਨਵਾਈਆ । ਕਲ ਕਲਕੀ ਤੇਰਾ ਖੇਲ ਹੋਵੇ ਅਪਾਰਾ, ਅਪਰੰਪਰ ਤੇਰੇ ਹੱਥ ਸਰਬ ਵਡਿਆਈਆ । ਤੂੰ ਕਰਤਾ ਕਰੀਮ ਕਰਨੇਹਾਰਾ, ਕੁਦਰਤ ਦਾ ਮਾਲਕ ਨੂਰ ਅਲਾਹੀਆ । ਤੇਰੀ ਜਾਗਰਤ ਜੋਤ ਜਗੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਬੈਠਣ ਸੀਸ ਨਿਵਾਈਆ । ਤੈਨੂੰ ਡੰਡਾਵਤ ਕਰਨ ਤੇਈ ਅਵਤਾਰਾ, ਰਾਮਾ ਕ੍ਰਿਸ਼ਨਾ ਧੂੜੀ ਖ਼ਾਕ ਰਮਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਤੇਰਾ ਨੂਰ ਉਜਿਆਰਾ, ਜਲਵਾਗਰ ਤੇਰੀ ਰੁਸ਼ਨਾਈਆ । ਨਾਨਕ ਧਾਰ ਗੋਬਿੰਦ ਤੇਰਾ ਸੁਤ ਦੁਲਾਰਾ, ਦੋ ਜਹਾਨਾਂ ਮਰਦ ਮਰਦਾਨਾ ਸੋਭਾ ਪਾਈਆ । ਤੇਰਾ ਸ਼ਬਦੀ ਸ਼ਬਦ ਵਡ ਬਲਕਾਰਾ, ਬਲਧਾਰੀ ਇਕ ਅਖਵਾਈਆ । ਜਿਸ ਨੇ ਸਤਿਜੁਗ ਤ੍ਰੇਤਾ ਦੁਆਪਰ ਕੀਤਾ ਪਾਰ ਕਿਨਾਰਾ, ਮੇਰਾ ਅੰਤਮ ਲੇਖਾ ਦੇ ਮੁਕਾਈਆ । ਕਲਜੁਗ ਕਹੇ ਮੇਰੀ ਨਮੋ ਨਮੋ ਨਿਮਸਕਾਰਾ, ਡੰਡਾਵਤ ਬੰਦਨਾ ਸੱਜਦਾ ਜਗਤ ਸੀਸ ਨਿਵਾਈਆ । ਤੂੰ ਕਰਨੇਹਾਰ ਕਰਤਾ ਪੁਰਖ ਕਰਤਾਰਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਧਰਮ ਦੀ ਧਾਰ ਦੱਸ ਦਵਾਰਾ, ਜਿਥੇ ਦਵਾਰਕਾਵਾਸੀ ਸੀਸ ਨਿਵਾਈਆ । ਜਿਥੇ ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਦਾ ਨਹੀਂ ਕੋਈ ਅਖਾੜਾ, ਛੱਤਰੀ ਬ੍ਰਾਹਮਣ ਸ਼ੂਦਰ ਵੈਸ਼ ਹਿੰਦੂ ਮੁਸਲਿਮ ਸਿਖ ਈਸਾਈ ਵੰਡ ਨਾ ਕੋਇ ਵੰਡਾਈਆ । ਇਕੋ ਸ਼ਬਦ ਨਾਦ ਹੋਵੇ

ਧੁਨਕਾਰਾ, ਇਕੋ ਜੋਤ ਨੂਰ ਰੁਸ਼ਨਾਈਆ । ਕਿਰਪਾ ਕਰ ਪਰਮ ਪੁਰਖ ਮੈਂ ਢਹਿ ਪਿਆ ਤੇਰੇ ਦਵਾਰਾ, ਨਿਮਰਤਾ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਓਟ ਤਕਾਈਆ । ਕਲਜੁਗ ਕਹੇ ਪ੍ਰਭੂ ਮੇਰਾ ਅੰਤ ਅਖ਼ੀਰ ਪਕੜ ਲੈ ਦਾਮਨ, ਦਾਮਨਗੀਰ ਤੇਰੀ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਰਿਹਾ ਕੋਇ ਨਾ ਜਾਮਨ, ਨਾਤਾ ਬਿਧਾਤਾ ਅੰਤ ਨਾ ਕੋਇ ਜੁੜਾਈਆ । ਚਾਰੋਂ ਕੁੰਟ ਵੇਖ ਅੰਧੇਰੀ ਸ਼ਾਮਨ, ਸ਼ਮਾ ਨੂਰ ਜੋਤ ਨਾ ਕੋਇ ਰੁਸ਼ਨਾਈਆ । ਕਲਜੁਗ ਕਹੇ ਮੇਰਾ ਕੂੜ ਬਣਿਆ ਰਾਵਣ, ਬਲਧਾਰੀ ਬਲ ਪਰਗਟਾਈਆ । ਸਾਚਾ ਦਿਸੇ ਕੋਇ ਨਾ ਕਾਨੂਨ, ਬੰਸਰੀ ਧੁੰਨ ਨਾ ਕੋਇ ਸੁਣਾਈਆ । ਪੈਗ਼ੰਬਰ ਨੂਰ ਨਾ ਕੋਇ ਚਮਕਾਵਣ, ਜਲਵਾ ਸਕੇ ਨਾ ਕੋਇ ਦਰਸਾਈਆ । ਪੜਦਾ ਖੋਲ੍ਹੇ ਨਾ ਜ਼ਿਮੀ ਅਸਮਾਨਨ, ਚੌਦਾਂ ਤਬਕ ਰਹੇ ਕੁਰਲਾਈਆ । ਜਿਧਰ ਤਕੀਏ ਕਾਮਨੀ ਕਾਮਨ, ਕਮਸਨ ਦਿਸੇ ਲੋਕਾਈਆ । ਆਤਮ ਬ੍ਰਹਮ ਦਾ ਰਿਹਾ ਕੋਇ ਨਾ ਬ੍ਰਾਹਮਣ, ਪਾਰਬ੍ਰਹਮ ਤੇਰਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦੀ ਧਾਰ ਸ਼ਾਹ ਸੁਲਤਾਨਨ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਦਰ ਤੇਰੇ ਮੰਗ ਮੰਗਾਈਆ ।



## ✪ ੧੮ ਅੱਸੂ ਸ਼ਹਿਨਸ਼ਾਹੀ ਸੰਮਤ ੬ ਗੁਰਨਾਮ ਸਿੰਘ ਦੇ ਘਰ ਪਿੰਡ ਬੁਢੇਲ ਜ਼ਿਲਾ ਲੁਧਿਆਣਾ ✪

੭੩੦



ਕਲਜੁਗ ਕੋਲੋਂ ਸੋ ਗੁਰਮੁਖ ਜਾਏ ਬਚ, ਜੋ ਬਚਪਨ ਸਤਿਗੁਰ ਝੋਲੀ ਪਾਈਆ । ਸਤਿਗੁਰ ਲੂੰ ਲੂੰ ਅੰਦਰ ਜਾਏ ਰਚ, ਸਾਢੇ ਤਿੰਨ ਕਰੋੜ ਰੋਮ ਵਿਚ ਸਮਾਈਆ । ਮਨੂਆ ਦਹਿ ਦਿਸ਼ਾ ਨਾ ਪਵੇ ਨੱਚ, ਕਲਪਣਾ ਵਿਚ ਭੱਜੇ ਨਾ ਵਾਹੋ ਦਾਹੀਆ । ਭਾਗ ਲੱਗੇ ਕਾਇਆ ਮਾਟੀ ਕੱਚ, ਕੰਚਨ ਗੜ੍ਹ ਸੁਹਾਈਆ । ਰਸਨਾ ਜਿਹਵਾ ਬੋਲਣਾ ਸਚ, ਕੂੜੀ ਕਿਰਿਆ ਪੰਧ ਮੁਕਾਈਆ । ਨਾੜ ਬਹੱਤਰ ਨਾ ਉਬਲੇ ਰਤ, ਤਤਵ ਤਤ ਨਾ ਕੋਇ ਤਪਾਈਆ । ਚਰਨ ਪ੍ਰੀਤੀ ਜੋੜੇ ਨਤ, ਹਰਿ ਚਰਨ ਕਵਲ ਸਰਨਾਈਆ । ਧੀਰਜ ਸੰਤੋਖ ਰੱਖੇ ਜਤ, ਕਾਮ ਕਰੋਧ ਨਾ ਰੰਗ ਰੰਗਾਈਆ । ਹਿਰਦੇ ਧਾਰੇ ਸਤਿਗੁਰ ਮਤ, ਮਨਮਤ ਦੂਰ ਕਰਾਈਆ । ਦੀਨ ਦਿਆਲਾ ਅੰਦਰ ਜਾਏ ਵਸ, ਹਰਿ ਗੋਪਾਲਾ ਪੜਦਾ ਦਏ ਉਠਾਈਆ । ਤ੍ਰੈਗੁਣ ਅਗਨ ਵਿਚ ਨਾ ਜਾਏ ਮੱਚ, ਸਤਿਗੁਰ ਅੰਮ੍ਰਿਤ ਮੇਘ ਬਰਸਾਈਆ । ਸਤਿ ਧਰਮ ਦਾ ਸਾਚਾ ਇਕੋ ਤਪ, ਸਦ ਚਲਣਾ ਹੁਕਮ ਰਜ਼ਾਈਆ । ਗੁਰੂ ਸ਼ਬਦ ਗਾਉਣਾ ਹੱਸ ਹੱਸ, ਗੁਰ ਸਤਿਗੁਰ ਮੇਲ ਮਿਲਾਈਆ । ਨਿਜ ਨੇਤਰ ਖੁਲ੍ਹੇ ਅੱਖ, ਅਗਿਆਨ ਅੰਧੇਰ ਦਏ ਮਿਟਾਈਆ । ਨਿਝਰ ਅੰਮ੍ਰਿਤ ਲਏ ਚੱਖ, ਬੂੰਦ ਸਵਾਂਤੀ ਇਕ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਲਾ ਲਏ ਮਿਲਾਈਆ । ਕਲਜੁਗ ਆ ਨਾ ਸਕੇ ਨੇੜੇ, ਗੁਰਮੁਖ ਸੰਗ ਨਾ ਕੋਇ ਜਣਾਈਆ । ਜਿਹੜੇ ਸਤਿਗੁਰ ਚੜ੍ਹ ਗਏ ਬੇੜੇ, ਨਈਆ ਨੌਕਾ ਨਾਮ ਟਿਕਾਈਆ । ਕੂੜ ਕਲਪਨਾ ਮਿਟ ਗਏ ਝੇੜੇ, ਝਗੜਾ ਰਹੇ ਨਾ ਰਾਈਆ । ਚੁਰਾਸੀ ਵਿਚ ਪੈਣ ਨਾ ਗੇੜੇ, ਖਾਣੀ ਵਿਚ ਨਾ ਕੋਇ ਭਵਾਈਆ । ਦੂਰ ਦੁਰਾਡੇ ਪਹੁੰਚਣ ਨੇੜੇ, ਜੋ ਹਿਰਦੇ ਨਾਮ ਧਿਆਈਆ । ਪੁਰਖ ਅਕਾਲਾ ਕਰੇ ਮਿਹਰੇ, ਮਿਹਰ ਨਜ਼ਰ ਇਕ ਟਿਕਾਈਆ । ਇਕੋ ਰੰਗ ਗੁਰੂ

੨੨

ਗੁਰ ਚੇਰੇ, ਗੁਰ ਗੋਬਿੰਦ ਗੋਦ ਉਠਾਈਆ । ਭਰਮ ਰਹੇ ਨਾ ਸੰਝ ਸਵੇਰੇ, ਏਕਾ ਨੂਰ ਜੋਤ ਰੁਸ਼ਨਾਈਆ । ਜੋ ਲੇਖਾ ਹੱਕ ਨਬੇੜੇ, ਮਾਲਕ ਧੁਰਦਰਗਾਹੀਆ । ਕਲਜੁਗ ਦੇ ਕਟੇ ਝੇੜੇ, ਝਗੜਾ ਮਮਤਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਜਿਸ ਕਲਜੁਗ ਕੋਲੋਂ ਆਪਣਾ ਆਪ ਬਚਾਉਣਾ, ਨੇਤਰ ਨਜ਼ਰ ਕੋਇ ਨਾ ਆਈਆ । ਉਸ ਨੇ ਇਕੋ ਇਸ਼ਟ ਮਨਾਉਣਾ, ਇਸ਼ਟ ਗੁਰਦੇਵ ਸਵਾਮੀ ਮਿਲ ਕੇ ਵੱਜੇ ਵਧਾਈਆ । ਆਤਮ ਪਰਮਾਤਮ ਢੋਲਾ ਗਾਉਣਾ, ਗੀਤ ਨਾਦੀ ਨਾਦ ਸ਼ਨਵਾਈਆ । ਮਹਿਬੂਬ ਮੁਹੱਬਤ ਵਿਚ ਇਕੋ ਪਾਉਣਾ, ਪਵਣ ਪਾਣੀ ਨਾ ਕੋਇ ਚਤੁਰਾਈਆ । ਸਾਚੀ ਸੇਜਾ ਸੇਜ ਸੁਹਾਉਣਾ, ਪਰਦਾ ਆਤਮ ਦਰ ਖੁਲ੍ਹਾਈਆ । ਨਾਦੀ ਨਾਦ ਸ਼ਬਦ ਵਜਾਉਣਾ, ਧੁਨ ਆਤਮਕ ਰਾਗ ਅਲਾਈਆ । ਘਰ ਦੀਪਕ ਜੋਤ ਜਗਾਉਣਾ, ਜੋਤੀ ਜੋਤ ਜੋਤ ਰੁਸ਼ਨਾਈਆ । ਸਚ ਸਵਾਮੀ ਦਰਸ਼ਨ ਪਾਉਣਾ, ਜਿਸ ਨੂੰ ਮਿਲ ਕੇ ਵੱਜੇ ਵਧਾਈਆ । ਜਿਸ ਨੇ ਕਲਜੁਗ ਕੋਲੋਂ ਛੁਡਾਉਣਾ, ਛੁਟਕਾਰਾ ਚੁਰਾਸੀ ਕੋਲੋਂ ਕਰਾਈਆ । ਉਸ ਸਤਿਗੁਰ ਦੇ ਚਰਨੀ ਸੀਸ ਨਿਵਾਉਣਾ, ਜੋ ਆਦਿ ਅੰਤ ਦਾ ਪਿਤਾ ਮਾਈਆ । ਜਿਸ ਨੇ ਦਰਗਹ ਸਾਚੀ ਸਚਖੰਡ ਵਸਾਉਣਾ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਈਆ । ਅੰਤ ਜੋਤੀ ਮੇਲ ਕਰਾਉਣਾ, ਜੋਤੀ ਜੋਤ ਸਮਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਏਕੰਕਾਰਾ ਇਕ ਧਿਆਉਣਾ, ਧਰਮ ਦੀ ਧਾਰ ਧਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਕਰਾਈਆ । ਕਲਜੁਗ ਕਹੇ ਜਨ ਭਗਤੋ ਮੈਂ ਜਣਾਵਾਂਗਾ । ਭੇਵ ਅਭੇਦਾ ਖੋਲ੍ਹ ਵਖਾਵਾਂਗਾ । ਪੜਦਾ ਓਹਲਾ ਸਰਬ ਉਠਾਵਾਂਗਾ । ੭੩੧
ਧੁਰ ਦਾ ਢੋਲਾ ਇਕੋ ਗਾਵਾਂਗਾ । ਜਿਸ ਦਾ ਸ਼ਬਦ ਗੁਰੂ ਵਿਚੋਲਾ, ਤਿਸ ਦੇ ਨੇੜ ਕਦੇ ਨਾ ਆਵਾਂਗਾ । ਜੋ ਨਾਨਕ ਘਰ ਦਾ ਗੋਲਾ, ਤਿਸ ਨਿਉਂ ਨਿਉਂ ਸੀਸ ਝੁਕਾਵਾਂਗਾ । ਜਿਸ ਦਾ ਆਤਮ ਪਰਮਾਤਮ ਬੋਲਾ, ਉਥੇ ਧੂੜੀ ਖ਼ਾਕ ਖ਼ਾਕ ਰਮਾਵਾਂਗਾ । ਗੁਰਮੁਖ ਦਵਾਰੇ ਕਦੇ ਨਾ ਪਾਵਾਂ ਰੌਲਾ, ਦੂਰ ਦੁਰਾਡਾ ਪੰਧ ਮੁਕਾਵਾਂਗਾ । ਜਿਸ ਨੇ ਮੇਰੇ ਸਾਹਿਬ ਦਾ ਗਾਇਆ ਸੋਹਲਾ, ਸੁਣ ਕੇ ਉਸ ਨੂੰ ਸੀਸ ਝੁਕਾਵਾਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਡਿਆਵਾਂਗਾ । ਕਲਜੁਗ ਕਹੇ ਗੁਰਮੁਖੋ ਮੈਂ ਸਚ ਸੁਨੇਹੜਾ ਦੱਸਾਂ, ਸਚ ਦਿਆਂ ਜਣਾਈਆ । ਮੈਂ ਗੁਰਮੁਖਾਂ ਕੋਲੋਂ ਕੋਟਨ ਯੋਜਨ ਨੱਸਾਂ, ਨੇੜ ਰਹਿਣ ਕਦੇ ਨਾ ਪਾਈਆ । ਮੈਂ ਉਥੇ ਜਾਵਾਂ ਜਿਥੇ ਰੈਣ ਅੰਧੇਰੀ ਮੱਸਾ, ਸਤਿਗੁਰ ਰਿਦੇ ਨਾ ਕੋਇ ਵਸਾਈਆ । ਮੈਂ ਖ਼ੁਸ਼ੀਆਂ ਵਿਚ ਮਾਰਾਂ ਕੱਛਾਂ, ਜਿਥੇ ਪ੍ਰਭ ਨੂੰ ਗਏ ਭੁਲਾਈਆ । ਮੈਂ ਲੇਖਾ ਪੂਰ ਕਰਾਉਣਾ ਜਿਨ੍ਹਾਂ ਖਾਧਾ ਗਾਂ ਵੱਛਾ, ਵਲਛਲ ਆਪਣੀ ਖੇਲ ਕਰਾਈਆ । ਜਨ ਭਗਤੋ ਜਿਨ੍ਹਾਂ ਦੀ ਮੇਰਾ ਸਾਹਿਬ ਪ੍ਰਭ ਕਰੇ ਰੱਛਾ, ਉਨ੍ਹਾਂ ਦਰ ਕਦੇ ਨਾ ਆਈਆ । ਮੇਰਾ ਇਕੋ ਕੌਲ ਇਕਰਾਰ ਪੱਕਾ, ਨਾ ਕੋਇ ਤੋੜੇ ਤੋੜ ਤੁੜਾਈਆ । ਜਿਥੇ ਪੁਰਖ ਅਕਾਲ ਦੇ ਨਾਮ ਤੋਂ ਲੈਂਦੇ ਪੈਸਾ ਟਕਾ, ਧੁਰ ਦਾ ਨਾਮ ਹੱਟਾਂ ਵਿਚ ਵਿਕਾਈਆ । ਓਥੇ ਮੈਂ ਆਪਣੇ ਸਮੇਂ ਦਾ ਲਾਗ ਖੱਟਾਂ, ਸਭ ਦੀ ਸੁਰਤੀ ਦਿਆਂ ਬਦਲਾਈਆ । ਕੂੜ ਕੁਕਰਮ ਵਾੜਾਂ ਕਾਇਆ ਮੱਟਾ, ਕਾਮ ਕਰੋਧ ਲੋਭ ਮੋਹ ਹੰਕਾਰ ਕਰਾਂ ਹਲਕਾਈਆ । ਨਾਲੇ ਹੱਸ ਕੇ ਕਰਾਂ ਠੱਠਾ, ਮਖ਼ੌਲ ਵਿਚ ਜਣਾਈਆ । ਦੁਸ਼ਟੋ ਪ੍ਰਭ ਦੇ ਨਾਮ ਤੋਂ ਧਨ ਜੋ ਕਰੋ ਇਕੱਠਾ, ਇਹੋ ਤੁਹਾਡੀ ਕਰੇ ਸਫ਼ਾਈਆ । ਕਲਜੁਗ ਕਹੇ ਮੇਰੇ ਕੋਲ ਗੋਬਿੰਦ ਦਾ ਲਿਖਿਆ ਪਟਾ, ਪਟਨੇ ਵਾਲਾ ਗਿਆ ਸਮਝਾਈਆ । ਜੇ ਮੇਰੇ

ਗੁਰਸਿਖਾਂ ਵੱਲ ਤਕਾਂ, ਤੇਰੇ ਨੈਣ ਦੋਵੇਂ ਬਾਹਰ ਕਢਾਈਆ । ਕਲਜੁਗ ਕਹੇ ਜੋ ਗੋਬਿੰਦ ਦਾ ਸਿਖ ਮੈਂ ਉਸ ਦੇ ਚਰਨਾਂ ਉਤੇ ਆਪਣਾ ਸੀਸ ਸੁੱਟਾਂ, ਨਿਉਂ ਨਿਉਂ ਲਾਗਾਂ ਪਾਈਆ । ਜਿਹੜਾ ਸਾਹਿਬ ਸਤਿਗੁਰ ਨੂੰ ਭੁਲਿਆ ਉਸ ਦੀਆਂ ਜੜ੍ਹਾਂ ਪੁੱਟਾਂ, ਇਹ ਮੇਰੇ ਹੱਥ ਵਡਿਆਈਆ । ਸ਼ਾਹ ਸੁਲਤਾਨਾਂ ਦੀ ਡੋਰੀ ਅੰਤਮ ਕਟਾਂ, ਕਟਾਕਸ਼ ਆਪਣਾ ਇਕ ਲਗਾਈਆ । ਗੁਰਸਿਖੋ ਜਿਸ ਦੇ ਸਾਹਿਬ ਸਤਿਗੁਰ ਦੀ ਪੂਰੀ ਸੱਤਾ, ਸਤਿ ਵਿਚ ਮਿਲ ਕੇ ਸਤਿ ਵਿਚ ਸਮਾਈਆ । ਉਸ ਦੇ ਦਵਾਰੇ ਮੈਂ ਆ ਨਾ ਸਕਾਂ ਰਤਾ, ਸੋ ਰਤਨ ਅਮੋਲਕ ਗੁਰਮੁਖ ਹੀਰਾ ਰੂਪ ਗਏ ਬਣਾਈਆ । ਮੈਨੂੰ ਡਰ ਆ ਜਾਂਦਾ ਜਿਸ ਵੇਲੇ ਮੈਂ ਪੂਰੇ ਗੁਰਸਿਖ ਦੇ ਮੁਖੋਂ ਸੁਣਦਾ ਜੈਕਾਰਾ ਫ਼ਤਹ, ਫ਼ਤਹਿ ਦਾ ਮਾਲਕ ਗੋਬਿੰਦ ਨੇ ਪੁਰਖ ਅਕਾਲ ਦਿਤਾ ਬਣਾਈਆ । ਕਲਜੁਗ ਕਹੇ ਇਹੋ ਮੇਰੀ ਨਿਸ਼ਾਨੀ ਤੇ ਇਹੋ ਮੇਰਾ ਪਤਾ, ਪਤਿਪਰਮੇਸ਼ਵਰ ਨੂੰ ਭੁੱਲਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਭ ਦੀ ਜਾਣੇ ਮਿਤ ਗਤਾ, ਗਤ ਮਿਤ ਜਾਨਣਹਾਰ ਇਕ ਅਖਵਾਈਆ ।

### ✪ ੧੮ ਅੱਸੂ ਸ਼ਹਿਨਸ਼ਾਹੀ ਸੰਮਤ ੬ ਪਲਟੂ ਰਾਮ ਦੇ ਗ੍ਰਿਹ ਪਿੰਡ ਸੁਧਾਰ ਜ਼ਿਲਾ ਲੁਧਿਆਣਾ ✪



ਕਲਜੁਗ ਕਹੇ ਪ੍ਰਭੂ ਮੈਂ ਤੇਰਾ ਸ਼ੇਰ ਬੱਬਰ, ਬਾਬਰ ਧਾਰ ਦੇਣੀ ਮਿਟਾਈਆ । ਨਬੀ ਰਸੂਲ ਪੈਗ਼ੰਬਰ ਵਿਚ ਵੇਖਣੇ ਕਬਰ, ਮਕਬਰਿਆਂ ਖੋਜ ਖੁਜਾਈਆ । ਉਮਤ ਉਮਤੀ ਮੁਹੰਮਦ ਦਾ ਵੇਖਣਾ ਟੱਬਰ, ਰਸੂਲਾਂ ਨਾਲ ਮਿਲਾਈਆ । ਸਦੀ ਚੌਧਵੀਂ ਪਾਉਣਾ ਅੰਤਮ ਗ਼ਦਰ, ਗਦਾਗਰ ਕਰਾਂ ਲੋਕਾਈਆ । ਆਪਣੀ ਪੂਰੀ ਕਰਾਂ ਸਧਰ, ਸਦਮਾ ਘਰ ਘਰ ਵਿਚ ਪਹੁੰਚਾਈਆ । ਜਿਹੜੇ ਤੇਰੀ ਨਹੀਂ ਕਰਦੇ ਕਦਰ, ਕੁਦਰਤ ਦੇ ਮਾਲਕ ਕਾਇਨਾਤ ਦਿਆਂ ਉਲਟਾਈਆ । ਜਗਤ ਦੀ ਧਾਰ ਦੇਣੀ ਬਦਲ, ਜੂਠ ਝੂਠ ਨਾਲ ਵਡਿਆਈਆ । ਇਨਸਾਫ਼ ਕਰੇ ਕੋਇ ਨਾ ਅਦਲ, ਸ਼ਾਹ ਸੁਲਤਾਨ ਮੁਖ ਭਵਾਈਆ । ਸ਼ਰਅ ਨੇ ਸ਼ਰਅ ਨੂੰ ਕਰਨਾ ਕਤਲ, ਮਜ਼੍ਹਬ ਮਜ਼੍ਹਬ ਨਾਲ ਟਕਰਾਈਆ । ਧਾਮ ਦਿਸੇ ਨਾ ਕੋਇ ਮੁਕੱਦਸ ਬੈਤੁਲ, ਚਾਰੋਂ ਕੁੰਟ ਕੂੜ ਹਲਕਾਈਆ । ਪਿਛਲੀ ਕੀਤੀ ਸਭ ਦੀ ਕਰਨੀ ਮੁਅੱਤਲ, ਅੱਗੇ ਤੇਰਾ ਰਾਹ ਤਕਾਈਆ । ਧਰਮ ਦਾ ਰਹਿਣ ਦੇਣਾ ਨਹੀਂ ਪੱਤਨ, ਨੌਕਾ ਨਾਮ ਨਾ ਕੋਇ ਚੜ੍ਹਾਈਆ । ਭਗਤੀ ਦਾ ਚਲਣ ਦੇਣਾ ਨਹੀਂ ਯਤਨ, ਯਥਾਰਥ ਤੇਰੀ ਸੇਵ ਕਮਾਈਆ । ਦੀਨ ਦੁਨੀ ਕੀਤੀ ਬੇਵਤਨ, ਤੇਰੇ ਦਰ ਮਿਲਣ ਕੋਇ ਨਾ ਆਈਆ । ਮਨ ਵਾਸਨਾ ਲੱਗੀ ਨੱਚਣ, ਚਾਰੋਂ ਕੁੰਟ ਉਠ ਉਠ ਧਾਈਆ । ਗੜ੍ਹ ਰਿਹਾ ਨਾ ਕਿਸੇ ਸੋਨਾ ਕੰਚਨ, ਪੰਜ ਤਤ ਖ਼ਾਕੀ ਖ਼ਾਕ ਉਡਾਈਆ । ਕੋਟਾਂ ਵਿਚੋਂ ਤੇਰਾ ਭਗਤ ਸੁਹੇਲਾ ਦਿਸੇ ਅਮੋਲਕ ਰਤਨ, ਜਿਸ ਦੀ ਕੀਮਤ ਜਗਤ ਨਾ ਕੋਇ ਚੁਕਾਈਆ । ਜਿਸ ਝਗੜਾ ਮੇਟਿਆ ਮਨ ਮਤ ਬੁਧ ਬਦਨ, ਇਕੋ ਤੇਰੀ ਓਟ ਤਕਾਈਆ । ਨਿਜ ਦਰਸ ਪਾਏ ਅੱਖਣ, ਲੋਚਣ ਨੈਣ ਖੁਲ੍ਹਾਈਆ । ਚਰਨ ਕਵਲ ਸਰਨਾਈ ਸਾਚੀ ਵਸਣ, ਦਰ ਠਾਂਡੇ ਸੀਸ ਝੁਕਾਈਆ । ਮੈਂ ਪੂਰਾ ਕਰਾਂ ਕੌਲ ਇਕਰਾਰ ਬਚਨ, ਭਵਿਖਤ ਲਿਖਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਅਲਖ ਜਗਾਈਆ । ਕਲਜੁਗ ਕਹੇ ਪ੍ਰਭ ਤੇਰਾ ਹੁਕਮ ਸੰਦੇਸ਼ਾ

੭੩੨ ੨੨

ਯਕ, ਯਦੀ ਦਿਆਂ ਦ੍ਰਿੜਾਈਆ । ਮੈਂ ਪਰਗਟ ਹੋਵਾਂ ਜਗ, ਚਾਰੋਂ ਕੁੰਟ ਅੰਧੇਰਾ ਛਾਈਆ । ਤੇਰਾ ਦਰਸ ਕੋਇ ਪਾ ਸਕੇ ਨਾ ਉਪਰ ਸ਼ਾਹ ਰਗ, ਨੌਂ ਦਵਾਰੇ ਡੇਰਾ ਢਾਹੀਆ । ਮਾਇਆ ਮਮਤਾ ਘਰ ਘਰ ਲਾਵਾਂ ਅੱਗ, ਤਤ ਤਤ ਨਾਲ ਟਕਰਾਈਆ । ਨਾੜ ਬਹੱਤਰ ਉਬਾਲ ਕੇ ਰਤ, ਸਾਂਤਕ ਸਤਿ ਨਾ ਕੋਇ ਕਰਾਈਆ । ਮੇਰੇ ਮਾਲਕ ਮੇਰੀ ਰੱਖਣੀ ਪਤ, ਪਤਿਪਰਮੇਸ਼ਵਰ ਤੇਰੇ ਅੱਗੇ ਦੁਹਾਈਆ । ਸਦੀ ਚੌਧਵੀਂ ਮੇਰਾ ਪੂਰਾ ਕਰਨਾ ਹੱਕ, ਹਕੀਕਤ ਨਾਲ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰਾਂ ਦੇ ਦੀਨ ਮਜ਼੍ਹਬਾਂ ਦੇ ਪਟੇ ਕਰਨੇ ਫਕ, ਫੈਸਲਾ ਆਪਣਾ ਹੁਕਮ ਸੁਣਾਈਆ । ਅੱਗੇ ਰਹੇ ਕੋਇ ਨਾ ਸ਼ੱਕ, ਸ਼ਿਕਵਾ ਸਭ ਦਾ ਦੇਣਾ ਚੁਕਾਈਆ । ਆਦਿ ਅੰਤ ਜੁਗਾ ਜੁਗੰਤ ਤੇਰੇ ਹੱਥ, ਨਿਤ ਨਵਿਤ ਆਪਣਾ ਹੁਕਮ ਸੁਣਾਈਆ । ਕਿਰਪਾ ਕਰ ਮਹਿਬੂਬ ਸਮਰਥ, ਪੁਰਖ ਅਕਾਲ ਤੇਰੀ ਸਰਨਾਈਆ । ਕਲਜੁਗ ਕਹੇ ਮੈਂ ਚਰਨੀ ਤੇਰੇ ਰਿਹਾ ਢੱਠ, ਮਾਣ ਹੰਕਾਰ ਨਾ ਕੋਇ ਰਖਾਈਆ । ਤੇਰੀ ਕਿਰਪਾ ਨਾਲ ਦੀਨ ਦੁਨੀ ਦੇ ਅੰਦਰ ਲਾਵਾਂ ਸੱਟ, ਸੋਏ ਜਗਤ ਲਵਾਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਵਸਣਹਾਰਾ ਘਟ ਘਟ, ਘਾਟ ਅੰਤਰ ਨਿਰੰਤਰ ਵੇਖਣਹਾਰਾ ਥਾਉਂ ਥਾਈਆ ।

### ੧੮ ਅੱਸੂ ਸ਼ਹਿਨਸ਼ਾਹੀ ਸੰਮਤ ੬ ਸਰਵਣ ਸਿੰਘ ਦੇ ਘਰ ਪਿੰਡ ਪੱਖੋਵਾਲ ਜ਼ਿਲਾ ਲੁਧਿਆਣਾ

ਕਲਜੁਗ ਕਹੇ ਮੈਨੂੰ ਹੁਕਮ ਦਿਤਾ ਸੂਰੇ ਸਰਬਗੇ, ਸ਼ਾਹ ਪਾਤਸ਼ਾਹ ਆਪਣੀ ਦਇਆ ਕਮਾਈਆ । ਕਿਸੇ ਨੂੰ ਚੜ੍ਹਨ ਦੇਣਾ ਨਹੀਂ ਉਪਰ ਸ਼ਾਹ ਰਗੇ, ਰਘੁਪਤ ਰਘੁਬੰਸ ਹੁਕਮ ਸੁਣਾਈਆ । ਤਨ ਵਜੂਦ ਲਗਾਉਣੀ ਅੱਗੇ, ਸਾਂਤਕ ਸਤਿ ਨਾ ਕੋਇ ਕਰਾਈਆ । ਜੀਵ ਜਹਾਨ ਬਣਾਉਣੇ ਕੱਗੇ, ਹੰਸ ਰੂਪ ਨਾ ਕੋਇ ਦਰਸਾਈਆ । ਦੀਪਕ ਨੂਰ ਕੋਇ ਨਾ ਜਗੇ, ਅੰਧ ਅੰਧੇਰ ਦੇਣਾ ਪਰਗਟਾਈਆ । ਮੇਰੀ ਮੰਜ਼ਲ ਵੱਲ ਕੋਇ ਨਾ ਵਧੇ, ਸਚ ਕਦਮ ਨਾ ਕੋਇ ਉਠਾਈਆ । ਸਭ ਦੇ ਖ਼ਾਲੀ ਕਰਨੇ ਹੱਡੇ, ਨਾੜ ਬਹੱਤਰ ਨਾਲ ਮਿਲਾਈਆ । ਕੂੜ ਰਸਨਾ ਦੇ ਦੇਣੇ ਮਜ਼ੇ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਨੌਂ ਖੰਡ ਪ੍ਰਿਥਮੀ ਕਰਨੇ ਗਜੇ, ਸੱਤ ਦੀਪ ਤਕਣਾ ਚਾਈਂ ਚਾਈਂਆ । ਜਿਸ ਦੀ ਸਮਝ ਸਕੇ ਕੋਇ ਨਾ ਵਜ੍ਹੇ, ਤਿਸ ਦਾ ਹੁਕਮ ਦੇਣਾ ਸੁਣਾਈਆ । ਡੰਕ ਲਗਾਉਣਾ ਆਪਣਾ ਕੂੜ ਧਾਰ ਦੀ ਡੱਗੇ, ਹਾਹਾਕਾਰ ਸ੍ਰਿਸ਼ਟ ਦ੍ਰਿਸ਼ਟ ਦਰਸਾਈਆ । ਇਕ ਦੂਜੇ ਨਾਲੋਂ ਕਰਨੇ ਅੱਡੇ, ਪਿਤਾ ਪੂਤ ਨਾਲ ਲੜਾਈਆ । ਧਰਮ ਨਿਸ਼ਾਨਾ ਕੋਇ ਨਾ ਗੱਡੇ, ਸੱਤ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਜਣਾਈਆ । ਕਲਜੁਗ ਕਹੇ ਪ੍ਰਭੂ ਜੇ ਤੇਰੀ ਹੋਵੇ ਕਿਰਪਾ, ਕਿਰਪਾਨਿਧਾਨ ਦਇਆ ਕਮਾਈਆ । ਮੈਂ ਸਾਰੀ ਸ੍ਰਿਸ਼ਟੀ ਵਿਚ ਪਾਵਾਂ ਬਿਪਤਾ, ਵਿਪਰੀਤ ਦਿਆਂ ਦ੍ਰਿੜਾਈਆ । ਤੇਰਾ ਲੇਖਾ ਬਿਨ ਤੇਰੀ ਕਿਰਪਾ ਕੋਇ ਨਾ ਹੋਵੇ ਲਿਖਦਾ, ਅੱਖਰ ਅੱਖਰ ਨਾ ਕੋਇ ਜੋੜ ਜੁੜਾਈਆ । ਸਰੂਪ ਰਹਿਣ ਨਾ ਦੇਵਾਂ ਸਾਚੇ ਸਿੱਖ ਦਾ, ਸਿਖਿਆ ਕੂੜ ਕੂੜ ਸਮਝਾਈਆ । ਮੈਂ ਦੀਨ ਦੁਨੀ ਹੋਵਾਂ ਜਿੱਤਦਾ, ਹਾਰ ਵਿਚ ਸਰਬ ਕੁਰਲਾਈਆ । ਇਸ਼ਟ ਭੁੱਲ ਜਾਏ ਤੇਰੇ ਪਿਤ ਦਾ, ਪਤਿਪਰਮੇਸ਼ਵਰ ਤੈਨੂੰ ਸੀਸ ਨਾ ਕੋਇ ਨਿਵਾਈਆ । ਝਗੜਾ

ਵਖਾਵਾਂ ਪੱਥਰ ਇੱਟ ਦਾ, ਸਿਲ ਪਾਹਨ ਨਾਲ ਟਕਰਾਈਆ । ਮਨ ਕਿਸੇ ਨਾ ਹੋਵੇ ਟਿਕਦਾ, ਸੁਰਤੀ ਸ਼ਬਦ ਨਾ ਕੋਇ ਸਮਾਈਆ । ਤੇਰਾ ਖੇਲ ਦੱਸਾਂ ਨਿਤ ਦਾ, ਨਵਿਤ ਤੇਰੀ ਕਾਰ ਕਮਾਈਆ । ਝਗੜਾ ਵੇਖਾਂ ਚੇਤਨ ਚਿਤ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਕਹੇ ਪ੍ਰਭੂ ਮੈਨੂੰ ਬਖ਼ਸ਼ ਅਗੰਮ ਅਨੰਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਮੈਂ ਵੇਖਾਂ ਨਿਸ਼ਾਨ ਤਾਰਾ ਚੰਦਾ, ਚੰਨ ਸਿਤਾਰ ਨਾਲ ਮਿਲਾਈਆ । ਦੀਨ ਦੁਨੀ ਵਿਚ ਤਕਾਂ ਬੰਦਗੀ ਵਾਲਾ ਬੰਦਾ, ਬੰਦਨ ਵੇਖਾਂ ਥਾਉਂ ਥਾਈਆ । ਕਵਣ ਜਗਤ ਧਾਰ ਵਿਚ ਗੰਦਾ, ਗੰਦਗੀ ਵਿਚ ਆਪਣਾ ਆਪ ਫਸਾਈਆ । ਕਵਣ ਤੇਰੀ ਮੰਜ਼ਲ ਲੰਘਾ, ਦਰ ਤੇਰੇ ਅਲਖ ਜਗਾਈਆ । ਕਿਹੜਾ ਮਾਨਵ ਹੋਇਆ ਚੰਗਾ, ਮਾਨੁਖ ਆਪਣਾ ਰੂਪ ਬਦਲਾਈਆ । ਮੈਂ ਸਭ ਦਾ ਤਕਾਂ ਧੋਤੀ ਤਹਿਮਤ ਤੰਬਾ, ਜਗਤ ਲਬਾਸ ਫੋਲ ਫੁਲਾਈਆ । ਕਵਣ ਬਿਨ ਓਢਣ ਸੀਸ ਫਿਰਦਾ ਨੰਗਾ, ਚਾਰੋਂ ਕੁੰਟ ਹਾਲ ਦੁਹਾਈਆ । ਮੈਂ ਖੋਜਾਂ ਜੇਰਜ ਅੰਡਾ, ਉਤਭੁਜ ਸੇਤਜ ਫੋਲ ਫੁਲਾਈਆ । ਇਹੋ ਵਸਤ ਅਗੰਮੀ ਮੰਗਾਂ, ਚਰਨ ਕਵਲ ਢਹਿ ਢਹਿ ਸਰਨਾਈਆ । ਮੇਰਾ ਕੌਲ ਇਕਰਾਰ ਤੇਰੇ ਸੰਦਾ, ਸੰਨਦ ਪਿਛਲੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਰ ਦਾਤੇ ਦਇਆ ਕਮਾਈਆ । ਕਲਜੁਗ ਕਹੇ ਸਦੀ ਚੌਧਵੀਂ ਅੰਤਮ ਵੇਲਾ ਹੋਇਆ ਰਵਾਂ, ਰਵਾਨਗੀ ਸਭ ਨੂੰ ਦੇਣੀ ਕਰਾਈਆ । ਜੋ ਆਸਾ ਰੱਖੀ ਆਦਮ ਹੱਵਾ, ਮੁਹੰਮਦ ਸਹਿਜ ਨਾਲ ਸਮਝਾਈਆ । ਚਾਰੋਂ ਕੁੰਟ ਪੈਣੀ ਵਬਾ, ਅੱਗੇ ਹੋ ਨਾ ਕੋਇ ਅਟਕਾਈਆ । ਹਾਏ ਉਫ਼ ਤੋਬਾ ਸਭ ਨੇ ਕਰਨਾ ਰੱਬਾ, ਯਾਮਬੀਨ ਤੇਰੀ ਬੇਪਰਵਾਹੀਆ । ਕਿਸੇ ਹੱਥ ਨਾ ਆਉਣਾ ਧੁਰ ਦਾ ਮਾਲਕ ਅੱਬਾ, ਅੰਮੀ ਗੋਦ ਨਾ ਕੋਇ ਟਿਕਾਈਆ । ਤੇਰਾ ਸੂਰਬੀਰ ਦੁਲਾਰਾ ਕਲਜੁਗ ਕਹੇ ਮੈਂ ਉਠਣਾ ਹੋ ਕੇ ਸ਼ੇਰ ਬੱਗਾ, ਬਗਲਗੀਰ ਇਕ ਅਖਵਾਈਆ । ਸਭ ਦੀ ਬੁੱਧੀ ਕਰਨੀ ਵਾਂਗ ਕੱਗਾ, ਸ੍ਰਿਸ਼ਟ ਕਾਗ ਵਾਂਗ ਕੁਰਲਾਈਆ । ਚਾਰ ਕੁੰਟ ਦਹਿ ਦਿਸ਼ਾ ਨਵ ਸੱਤ ਆਪੇ ਲੰਘਾ, ਮੰਜ਼ਲ ਮੰਜ਼ਲ ਨਾਲ ਬਣਾਈਆ । ਜਗਤ ਸਿੰਘਾਸਣ ਵੇਖ ਪਲੰਘਾ, ਚਰਨ ਟਿਕਾਵਾਂ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪੁਰਖ ਅਕਾਲ ਕਿਹਾ ਕਲਜੁਗ ਅੱਗੇ ਆਜਾ ਮੇਰੇ ਕੋਲ, ਕੁਲ ਮਾਲਕ ਦਇਆ ਕਮਾਈਆ । ਆਪਣਾ ਅੰਤਮ ਕਰ ਲੈ ਤੋਲ, ਵਜਨ ਤੇਰਾ ਤੇਰੇ ਹੱਥ ਫੜਾਈਆ । ਕੂੜ ਕੁੜਿਆਰ ਵਜਾ ਲੈ ਢੋਲ, ਡੌਰੂ ਡੰਕ ਸੁਣਾਈਆ । ਆਪਣਾ ਦੱਸ ਲੈ ਬੋਲ, ਅਨਬੋਲਤ ਰਿਹਾ ਜਣਾਈਆ । ਲੱਖ ਚੁਰਾਸੀ ਨਾਲ ਕਰ ਲੈ ਚੋਹਲ, ਮੁਹੱਬਤ ਪਿਆਰ ਵਿਚ ਬਦਲਾਈਆ । ਆਪਣਾ ਭੰਡਾਰਾ ਲੈ ਖੋਲ੍ਹ, ਚਾਰੋਂ ਕੁੰਟ ਦੇਣਾ ਵਰਤਾਈਆ । ਅੰਤਮ ਤੇਰਾ ਲਹਿਣਾ ਦੇਣਾ ਬਿਸਤਰ ਹੋਣਾ ਗੋਲ, ਗੋਲਕ ਕੂੜ ਰਹੇ ਨਾ ਰਾਈਆ । ਪੁਰਖ ਅਕਾਲ ਸਭ ਘਟ ਅੰਤਰ ਜਾਵੇ ਮੌਲ, ਮੌਲਾ ਆਪਣੀ ਖੇਲ ਖਿਲਾਈਆ । ਜਿਸ ਵਿਚ ਫ਼ਰਕ ਰਹੇ ਨਾ ਰਤੀ ਚੌਲ, ਮਾਸਾ ਤੋਲਾ ਨਾ ਕੋਇ ਜਣਾਈਆ । ਭੇਵ ਪਾਏ ਨਾ ਕੋਇ ਪੰਡਤ ਪਾਂਧੇ ਰੌਲ, ਅਕਲ ਬੁੱਧੀ ਨਾ ਕੋਇ ਸਮਝਾਈਆ । ਅੰਤ ਅਖ਼ੀਰੀ ਆਪਣੀ ਪ੍ਰੀਤੀ ਚਰਨ ਘੋਲ, ਘੋਲੀ ਵਾਰੀ ਆਪਣਾ ਆਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕਲਜੁਗ ਪ੍ਰਭ ਲੇਖਾ ਵੇਖ ਵਖਾਏਗਾ । ਦੀਨ ਦਿਆਲ ਦਇਆ ਕਮਾਏਗਾ । ਵਿਸ਼ਨ ਬ੍ਰਹਮਾ ਸ਼ਿਵ ਉਠਾਏਗਾ । ਕਰੋੜ ਤੇਤੀਸਾ ਸੁਰਪਤ ਇੰਦ ਨਾਲ ਮਿਲਾਏਗਾ ।

ਤੇਈ ਅਵਤਾਰ ਪੜਦਾ ਲਾਹੇਗਾ । ਈਸਾ ਮੂਸਾ ਮੁਹੰਮਦ ਜੋੜ ਜੁੜਾਏਗਾ । ਨਾਨਕ ਗੋਬਿੰਦ ਡੰਕ ਵਜਾਏਗਾ । ਚਾਰ ਜੁਗ ਦੇ ਸ਼ਾਸਤਰ, ਅੱਖਰ ਅੱਖਰੀ ਫੋਲ ਫੁਲਾਏਗਾ । ਤੇਰਾ ਵੇਖ ਕੇ ਕਾਲਾ ਬਸਤਰ, ਬਸਨ ਬਨਵਾਰੀ ਹੁਕਮ ਚਲਾਏਗਾ । ਜਗਤ ਸ਼ਰਅ ਦਾ ਤਕ ਕੇ ਸ਼ਸਤਰ, ਸ਼ਰੀਅਤ ਕੂੜ ਦਾ ਪੰਧ ਮੁਕਾਏਗਾ । ਨਾਮ ਅਗੰਮੀ ਚੜ੍ਹ ਕੇ ਅਸਤਰ, ਦੋ ਜਹਾਨਾਂ ਆਪ ਦੁੜਾਏਗਾ । ਜੋ ਕਹਿ ਕੇ ਗਿਆ ਈਸਾ ਮੁਹੰਮਦ ਹਜ਼ਰਤ, ਹਜ਼ੂਰ ਹਰਿ ਜੂ ਪੜਦਾ ਲਾਹੇਗਾ । ਜਿਸ ਦੇ ਹੁਕਮ ਅੰਦਰ ਜੁਗ ਚੌਕੜੀ ਕੀਤੀ ਬਸਰਤ, ਸੋ ਬਿਸਰਤ ਵਿਛੜ ਕਦੇ ਨਾ ਜਾਏਗਾ । ਅੰਤਮ ਸਭ ਦੀ ਪੂਰੀ ਕਰੇ ਹਸਰਤ, ਖਾਹਿਸ਼ ਖਾਹਿਸ਼ ਵਿਚੋਂ ਮਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਹੁਕਮ ਇਕ ਸੁਣਾਏਗਾ । ਧੁਰ ਹੁਕਮ ਇਕ ਸੁਣਾਵਾਂਗਾ । ਨਾਮ ਨਿਧਾਨ ਇਕ ਪਰਗਟਾਵਾਂਗਾ । ਨੌਜਵਾਨ ਸ਼ਬਦ ਉਠਾਵਾਂਗਾ । ਸ੍ਰੀ ਭਗਵਾਨ ਡੰਕ ਵਜਾਵਾਂਗਾ । ਰਾਓ ਰੰਕ ਇਕ ਕਰਾਵਾਂਗਾ । ਦਵਾਰ ਬੰਕ ਇਕ ਸੁਹਾਵਾਂਗਾ । ਚਾਰ ਵਰਨ ਅਠਾਰਾਂ ਬਰਨ ਡੇਰਾ ਢਾਹਵਾਂਗਾ । ਆਤਮ ਬ੍ਰਹਮ ਬ੍ਰਹਮ ਦ੍ਰਿੜਾਵਾਂਗਾ । ਸਾਚੀ ਕਰਨੀ ਕਾਰ ਕਮਾਵਾਂਗਾ । ਸ਼ਾਹੋ ਭੂਪ ਇਕ ਅਖਵਾਵਾਂਗਾ । ਦੋ ਜਹਾਨਾਂ ਪੰਧ ਮੁਕਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਹੁਕਮ ਮਨਾਵਾਂਗਾ । ਅੰਤਰ ਭਗਤਾਂ ਲਾ ਕੇ ਲਿਵ, ਲਹਿਣਾ ਸਭ ਦਾ ਝੋਲੀ ਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਦੇਵੀ ਦੇਵ, ਦੇਵ ਆਤਮਾ ਪਰਮਾਤਮਾ ਇਕੋ ਰੰਗ ਰੰਗਾਵਾਂਗਾ ।

੭੩੫ ੭੩੫

੨੨ ੨੨

## ✪ ੧੯ ਅੱਸੂ ਸ਼ਹਿਨਸ਼ਾਹੀ ਸੰਮਤ ੬ ਸਾਧੂ ਸਿੰਘ ਦੇ ਗ੍ਰਿਹ ਪਿੰਡ ਪੱਖੋਵਾਲ ਜ਼ਿਲਾ ਲੁਧਿਆਣਾ ✪

ਕਲਜੁਗ ਕਹੇ ਮੈਂ ਮੋਟਾ ਤਾਜ਼ਾ ਕਾਲਾ, ਤਖ਼ਤ ਨਿਵਾਸੀ ਇਕ ਅਖਵਾਈਆ । ਮੈਂ ਜਗਤ ਜਹਾਨ ਦਾ ਭੂਪਨ ਰਾਜਾ, ਪਾਤਸ਼ਾਹ ਬੇਪਰਵਾਹੀਆ । ਮੇਰੇ ਕੋਲੋਂ ਪੁਛਣ ਆਇਆ ਪੀਰ ਖਵਾਜਾ, ਖਿਜ਼ਰ ਆਪਣਾ ਪੰਧ ਮੁਕਾਈਆ । ਸਚ ਦੱਸ ਕੀ ਕਹਿ ਕੇ ਗਿਆ ਵਾਲਾ ਬਾਜ਼ਾਂ, ਬਾਜ਼ੀ ਤੇਰੇ ਨਾਲ ਲਗਾਈਆ । ਮੈਂ ਝਟ ਉਚੀ ਕੂਕ ਕੇ ਮਾਰੀਆਂ ਵਾਜ਼ਾ, ਬਹੁੜੀ ਬਹੁੜੀ ਕਰ ਸੁਣਾਈਆ । ਮੇਰੇ ਕੋਲ ਅੱਗੇ ਆ ਜਾ, ਤੈਨੂੰ ਸਹਿਜ ਦਿਆਂ ਸੁਣਾਈਆ । ਜਿਸ ਨੂੰ ਕਹਿੰਦੇ ਗ਼ਰੀਬ ਨਿਵਾਜਾ, ਪਾਰਬ੍ਰਹਮ ਬੇਪਰਵਾਹੀਆ । ਉਸ ਨੇ ਆਪਣਾ ਸਾਜਣ ਸਾਜਾ, ਸੱਜਣ ਹੋ ਕੇ ਧੁਰਦਰਗਾਹੀਆ । ਭੇਵ ਖੁਲ੍ਹਾਵੇ ਬੋਧ ਅਗਾਧਾ, ਬੁਧੀ ਤੋਂ ਪਰੇ ਕਰੇ ਪੜ੍ਹਾਈਆ । ਝਗੜਾ ਮੇਟ ਕੇ ਸੰਤਨ ਸਾਧਾ, ਸਿੱਧ ਮਾਰਗ ਇਕ ਪਰਗਟਾਈਆ । ਜਿਸ ਦਾ ਹੁਕਮ ਆਦਿ ਜੁਗਾਦਾ, ਜੁਗ ਚੌਕੜੀ ਸੇਵ ਕਮਾਈਆ । ਉਹ ਸ਼ਾਹੋ ਭੂਪ ਬਣ ਨਵਾਬਾ, ਨੌਬਤ ਆਪਣਾ ਨਾਮ ਸੁਣਾਈਆ । ਉਸ ਦਾ ਗੋਬਿੰਦ ਲਿਆ ਖਵਾਬਾ, ਭਵਿਖਤਾਂ ਵਿਚ ਗਿਆ ਜਣਾਈਆ । ਜਿਸ ਦਾ ਖੇਲ ਦਿਸਦਾ ਮਾਝਾ, ਮਜਲਸ ਭਗਤਾਂ ਨਾਲ ਬਣਾਈਆ । ਚਰਨ ਛੁਹਾ ਵਿਚ ਦੁਆਬਾ, ਮਾਲਵਾ ਆਪਣੀ ਗੰਢ ਖੁਲ੍ਹਾਈਆ । ਹੁਣ ਫੇਰਾ ਪਾਉਣਾ ਵਿਚ ਕਾਅਬਾ, ਸ਼ਹਿਨਸ਼ਾਹ ਨੂਰ ਇਲਾਹੀਆ । ਜਿਸ ਵੇਖਣਾ ਪੈਗ਼ੰਬਰ ਪੁੰਨ ਸੁਆਬਾ, ਪੜਦਾ ਲਾਹਵੇ ਥਾਉਂ ਥਾਈਂਆ । ਕੌਲ ਇਕਰਾਰ ਪੂਰਾ ਕਰਨਾ ਵਿਚ ਬਗ਼ਦਾਦਾ, ਜੋ ਨਾਨਕ ਆਸ ਰਖਾਈਆ । ਫੇਰ ਹੁਕਮ ਦੇਣਾ ਡਾਹਢਾ, ਡੰਡਾਵਤ

ਸਭ ਦੀ ਦਏ ਬਦਲਾਈਆ । ਫੇਰ ਤਕਣਾ ਮਸੀਹ ਜਿਸ ਨੇ ਮੰਨਿਆ ਗਾਡਾ, ਗਾਈਡ ਹੋ ਕੇ ਵੇਖ ਵਖਾਈਆ । ਫੇਰ ਤਕਣਾ ਰਾਮ ਸੀਤਾ ਕ੍ਰਿਸ਼ਨ ਰਾਧਾ, ਰਹਿਬਰ ਹੋ ਕੇ ਪੜਦਾ ਲਾਹੀਆ । ਫੇਰ ਤਕਣਾ ਲੱਖ ਚੁਰਾਸੀ ਬਾਗ਼ਾ, ਨਵ ਸੱਤ ਕਿਆਰੀ ਫੋਲ ਫੁਲਾਈਆ । ਕਲਜੁਗ ਕਹੇ ਸਤਿਜੁਗ ਆਉਣਾ ਮੇਰੇ ਤੋਂ ਬਾਅਦਾ, ਆਪਣਾ ਬਲ ਪਰਗਟਾਈਆ । ਜਿਸ ਨੇ ਇਕ ਵਜਾਉਣੀ ਰਬਾਬਾ, ਰੱਬੀ ਨੂਰ ਨਾਲ ਮਿਲਾਈਆ । ਸਭ ਦੀ ਸੁਣਨੀ ਫ਼ਰਿਆਦਾ, ਦੁਖੀਆ ਰਹਿਣ ਕੋਇ ਨਾ ਪਾਈਆ । ਦੇਣਾ ਹਯਾਤੇ ਆਬਾ, ਅੰਮ੍ਰਿਤ ਰਸ ਪਿਆਈਆ । ਨਾਮ ਵਜਾਉਣਾ ਵਾਜਾ, ਧੁਨ ਨਾਦ ਸ਼ਨਵਾਈਆ । ਇਹੋ ਖੇਲ ਕਰਨਾ ਪੁਰਖ ਅਕਾਲ ਦੀਨ ਦਿਆਲ ਸ੍ਰਿਸ਼ਟਨ ਸ੍ਰਿਸ਼ਟ ਲੰਘਾਉਣੀ ਜਿਉਂ ਸੂਈ ਨੱਕੇ ਵਿਚ ਦੀ ਧਾਗਾ, ਤੰਦ ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਹੁਕਮ ਵਰਤਾਏ ਸਾਚਾ, ਸਚ ਸਚ ਨਾਲ ਪਰਗਟਾਈਆ ।

### ✪ ੧੯ ਅੱਸੂ ਸ਼ਹਿਨਸਾਹੀ ਸੰਮਤ ੬ ਸਰਦਾਰਾ ਸਿੰਘ ਦੇ ਗ੍ਰਿਹ ਪਿੰਡ ਪਖੋਵਾਲ ਜ਼ਿਲਾ ਲੁਧਿਆਣਾ ✪

ਕਲਜੁਗ ਕਹੇ ਸੁਣ ਪੀਰ ਖਵਾਜੇ ਖਿਜ਼ਰਾ, ਖ਼ੈਰਖਾਹੀ ਨਾਲ ਜਣਾਈਆ । ਮੁਹੰਮਦ ਲੇਖਾ ਵੇਖ ਸਦੀ ਹਿਜਰੀ ਹਿਜਰਾ, ਚੌਦਸ ਚੌਦਸ ਧਿਆਨ ਲਗਾਈਆ । ਪਰਵਰਦਿਗਾਰ ਨੇ ਫੋਲਿਆ ਸਭ ਦਾ ਸ਼ਜਰਾ, ਸ਼ਹਿਨਸ਼ਾਹ ਪੜਦਾ ਆਪ ਚੁਕਾਈਆ । ਜਿਸ ਗੋਬਿੰਦ ਨੇ ਵਾਰਿਆ ਲਖ਼ਤੇ ਜਿਗਰਾ, ਨੰਨੇ ਨੀਹਾਂ ਹੇਠ ਦਬਾਈਆ । ਉਹ ਲੇਖਾ ਜਾਣੇ ਆਦਿ ਦਾ ਸੁਰਪਤ ਇੰਦਰਾ, ਇੰਦਰਾਸਣ ਖੋਜ ਖੁਜਾਈਆ । ਵਿਸ਼ਨ ਬ੍ਰਹਮਾ ਸ਼ਿਵ ਲਾਹਵੇ ਨਿੰਦਰਾ, ਆਲਸ ਰਹਿਣ ਕੋਇ ਨਾ ਪਾਈਆ । ਸਵਾਧਾਨ ਕਰੇ ਜਿਸ ਰਾਸ ਰਚਾਈ ਬਨ ਬਿੰਦਰਾ, ਗੋਕਲ ਰੰਗ ਰੰਗਾਈਆ । ਲੇਖਾ ਜਾਣੇ ਜਿਸ ਰਾਮ ਫਿਰਾਇਆ ਸੀਤਾ ਨਾਲ ਜੰਗਲਾ, ਜੂਹਾਂ ਦੇਣ ਦੁਹਾਈਆ । ਸੋ ਮੂਸਾ ਈਸਾ ਵਾਅਦਾ ਪੂਰਾ ਕਰੇ ਜੋ ਕੀਤਾ ਉਤੇ ਉਂਗਲਾਂ, ਪੋਰਵਿਆਂ ਨਾਲ ਗਿਣਾਈਆ । ਆਪਣੇ ਵਿਚ ਕੋਟਨ ਕੋਟ ਰੱਖ ਕੇ ਗੁੰਝਲਾਂ, ਪਰਦਾ ਪਰਦੇ ਵਿਚ ਛੁਪਾਈਆ । ਉਸ ਨੇ ਲੇਖਾ ਕਰਨਾ ਸਤਿਜੁਗ ਮੁਢਲਾ, ਸਤਿ ਧਰਮ ਦਾ ਰਾਹ ਪਰਗਟਾਈਆ । ਜਿਸ ਦਾ ਸ਼ਬਦ ਸ਼ਬਦ ਸ਼ਬਦ ਗੁਰੂ ਉਠਣਾ, ਇਕੋ ਵਾਰ ਲਏ ਅੰਗੜਾਈਆ । ਦੀਨ ਦਿਆਲੇ ਧੁਰ ਦੇ ਤੁਠਣਾ, ਮਿਹਰਵਾਨ ਨਜ਼ਰ ਉਠਾਈਆ । ਚਾਰ ਵਰਨ ਕਰਨਾ ਇਕ ਮੁੱਠਣਾ, ਹਿੰਦੂ ਮੁਸਲਿਮ ਸਿਖ ਈਸਾਈ ਡੇਰਾ ਢਾਹੀਆ । ਬਹੁੜੀ ਦਰੋਹੀ ਮੇਰਾ ਪੈਂਡਾ ਮੁਕਣਾ, ਮੁਕੰਮਲ ਦਿਆਂ ਜਣਾਈਆ । ਮੇਰੇ ਸਾਹਿਬ ਦਾ ਭਾਣਾ ਕਦੇ ਨਾ ਰੁਕਣਾ, ਅੱਗੇ ਹੋ ਨਾ ਕੋਇ ਅਟਕਾਈਆ । ਇਕੋ ਸੀਸ ਜਗਦੀਸ ਝੁਕਣਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਜਨ ਭਗਤਾਂ ਉਜਲ ਹੋਣਾ ਮੁਖਣਾ, ਦੁਰਮਤ ਮੈਲ ਧਵਾਈਆ । ਕਿਸੇ ਦੀ ਰਹੇ ਨਾ ਪੂਜਾ ਸੁੱਖਣਾ, ਨਿਆਜ਼ਾਂ ਵਿਚ ਨਾ ਕੋਇ ਚਤੁਰਾਈਆ । ਅੰਤਮ ਤੈਨੂੰ ਪੈਣਾ ਲੁਕਣਾ, ਖਵਾਜੇ ਖ਼ਬਰ ਦਿਆਂ ਦ੍ਰਿੜਾਈਆ । ਮੇਰੇ ਮਾਲਕ ਖ਼ਾਲਕ ਤਾਈਂ ਪੁਛਣਾ, ਖ਼ਲਕ ਵੇਖ ਵਖਾਈਆ । ਜਿਸ ਦਾ ਨਿਸ਼ਾਨਾ ਕਦੇ ਨਾ ਉਕਣਾ, ਦੋ ਜਹਾਨਾਂ ਕਰੇ ਸਫ਼ਾਈਆ । ਇਕ ਗੋਬਿੰਦ ਕਹਿ ਕੇ ਗਿਆ ਪੁਤਨਾ, ਪ੍ਰੀਤਮ ਆਪਣੀ ਗੋਦ ਟਿਕਾਈਆ । ਕਲਜੁਗ ਕਹੇ ਇਕ ਸ਼ਬਦ ਅਨਮੋਲ ਸਾਹਿਬ ਸਵਾਮੀ ਕੋਲੋਂ ਪੁਛਣਾ, ਚਰਨ ਕਵਲ ਸੀਸ ਨਿਵਾਈਆ । ਕੀ ਅੰਤਮ ਉਮਤ

ਉਮਤੀ ਹੋਣਾ ਦੁੱਖਣਾ, ਕਵਣ ਦਰਦ ਵਿਚ ਕੁਰਲਾਈਆ । ਕਿਸ ਬਿਧ ਬੂਟਾ ਜਗਤ ਜਹਾਨ ਪੁੱਟਣਾ, ਪਾਰਬ੍ਰਹਮ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਦੀ ਸੁਫ਼ਲ ਕਰਾਏ ਕੁੱਖਣਾ, ਕੁੱਖੀਂ ਭਾਗ ਜਗਤ ਲਗਾਈਆ ।

## ✪ ੧੯ ਅੱਸੂ ਸ਼ਹਿਨਸ਼ਾਹੀ ਸੰਮਤ ੬ ਕਰਮ ਸਿੰਘ ਦੇ ਗ੍ਰਹਿ ਪਿੰਡ ਪਖੋਵਾਲ ਜ਼ਿਲਾ ਲੁਧਿਆਣਾ ✪

ਕਲਜੁਗ ਕਹੇ ਸੁਣ ਖਵਾਜੇ ਪੀਰਾ, ਪੀਰਨ ਪੀਰ ਰਿਹਾ ਜਣਾਈਆ । ਜਿਸ ਤੇਰਾ ਵੇਖਣਾ ਸਮੁੰਦ ਸਾਗਰ ਨੀਰਾ, ਜਲ ਧਾਰ ਫੋਲ ਫੁਲਾਈਆ । ਉਹ ਲੇਖਾ ਜਾਣੇ ਸ਼ਾਹ ਹਕੀਰਾ, ਕੋਝਿਆਂ ਕਮਲਿਆਂ ਪੜਦਾ ਲਾਹੀਆ । ਜਿਸ ਨੇ ਬਦਲਣੀਆਂ ਸਭ ਦੀਆਂ ਤਕਦੀਰਾਂ, ਤਕਦੀਰੀ ਆਪਣਾ ਹੁਕਮ ਵਰਤਾਈਆ । ਉਸ ਦੇ ਅੱਗੇ ਚਲਣੀਆਂ ਨਹੀਂ ਤਦਬੀਰਾਂ, ਤਰੀਕਾ ਸਕੇ ਨਾ ਕੋਇ ਅਪਨਾਈਆ । ਅੰਤ ਕਟਣੀਆਂ ਸ਼ਰਅ ਦੀਆਂ ਜ਼ੰਜੀਰਾਂ, ਬੰਦਨਾ ਕਲਮਾ ਨਾ ਕੋਇ ਵਡਿਆਈਆ । ਮਾਣ ਚੁਕਾਉਣਾ ਬਵੰਜਾ ਬੀਰਾਂ, ਬੈਤਾਲੇ ਦੇਣ ਦੁਹਾਈਆ । ਖੰਡੇ ਨਾਲ ਖੜਕਾਉਣੀਆਂ ਸ਼ਮਸ਼ੀਰਾਂ, ਜਗਤ ਸ਼ਮਾਂ ਗੁਲ ਕਰਾਈਆ । ਵੇਖਣੀਆਂ ਸਭ ਤਕਸੀਰਾਂ, ਤਰਾ ਤਰਾ ਭੇਵ ਖੁਲ੍ਹਾਈਆ । ਸਭ ਤੋਂ ਕਢਾਉਣੀਆਂ ਨੱਕ ਨਾਲ ਲਕੀਰਾਂ, ਹੰਗਤਾ ਰਹਿਣ ਕੋਇ ਨਾ ਪਾਈਆ । ਜੋ ਸੰਦੇਸ਼ਾ ਦੇ ਕੇ ਗਿਆ ਕਬੀਰਾ, ਗੰਗਾ ਧਾਰ ਵਿਚ ਦ੍ਰਿੜਾਈਆ । ਜਿਸ ਕਾਰਨ ਰਵਦਾਸ ਨੂੰ ਮਿਲਿਆ ਕਸੀਰਾ, ਕੌਡੀ ਕੀਮਤ ਦਿਤੀ ਬਣਾਈਆ । ਉਸ ਦਾ ਖੇਲ ਹੋਣਾ ਬੇਨਜ਼ੀਰਾ, ਨਜ਼ਰ ਵਿਚ ਨਾ ਕੋਇ ਟਿਕਾਈਆ । ਸਭ ਦੇ ਉਤੇ ਆਉਣੀਆਂ ਭੀੜਾਂ, ਭੀੜੀ ਗਲੀ ਪਾਰ ਨਾ ਕੋਇ ਲੰਘਾਈਆ । ਕਲਜੁਗ ਕਹੇ ਸਭ ਦੇ ਹੱਡ ਮਾਸ ਨਾੜੀ ਹੋਣੀਆਂ ਪੀੜਾਂ, ਦੁੱਖ ਦਰਦ ਨਾ ਕੋਇ ਮਿਟਾਈਆ । ਬੰਧੀਆਂ ਰਹਿਣ ਮੂਲ ਨਾ ਬੀੜਾਂ, ਬੇੜਾ ਰੋੜ੍ਹੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਕਰਮ ਕਾਂਡ ਵਿਚ ਦੇਵੇ ਤਲ, ਤਲਬ ਸਾਰੇ ਲਏ ਕਰਾਈਆ ।

## ✪ ੧੯ ਅੱਸੂ ਸ਼ਹਿਨਸ਼ਾਹੀ ਸੰਮਤ ੬ ਭਾਗ ਸਿੰਘ ਦੇ ਗ੍ਰਹਿ ਪਿੰਡ ਪੱਖੋਵਾਲ ਜ਼ਿਲਾ ਲੁਧਿਆਣਾ ✪

ਕਲਜੁਗ ਕਹੇ ਖਵਾਜੇ ਵੇਖ ਲੈ ਆਪਣਾ ਜਲ, ਜਲਦੀ ਜਲਦੀ ਧਿਆਨ ਲਗਾਈਆ । ਜਿਸ ਮਾਲਕ ਨੇ ਕਰਨਾ ਥਲ, ਅਸਗਾਹਾਂ ਰੰਗ ਰੰਗਾਈਆ । ਉਹਦਾ ਲੇਖਾ ਘੜੀ ਪਲ, ਪਲਕ ਵਿਚ ਆਪਣਾ ਹੁਕਮ ਵਰਤਾਈਆ । ਦੇਣਾ ਪੂਰਾ ਕਰੇ ਬਲ, ਬਾਵਨ ਨਾਲ ਸਲਾਹੀਆ । ਮੇਰਾ ਮੈਨੂੰ ਮਿਲਣਾ ਫਲ, ਫਲੀਭੂਤ ਦੇਣਾ ਬਣਾਈਆ । ਪਰਵਰਦਿਗਾਰ ਨੇ ਵਰਤਣੀ ਆਪਣੀ ਕਲ, ਕਲਧਾਰੀ ਖੇਲ ਖਿਲਾਈਆ । ਸਾਰੀ ਸ੍ਰਿਸ਼ਟੀ ਨਾਲ ਕਰ ਕੇ ਛਲ, ਛਲੀਏ ਆਪਣਾ ਹੁਕਮ ਦੇਣਾ ਵਰਤਾਈਆ । ਚੌਦਾਂ ਤਬਕ ਜਾਣੇ ਹਲ, ਚੌਧਵੀਂ ਸਦੀ ਸੰਗ ਮਿਲਾਈਆ । ਉਮਤੀ ਲੇਖਾ ਹੋਣਾ ਡੂੰਘੀ ਡਲ, ਬਾਹਰ ਸਕੇ ਨਾ ਕੋਇ ਕਢਾਈਆ । ਦਰੋਹੀ ਖ਼ੁਦਾ ਦੀ ਚੜ੍ਹਨਾ ਦਲ, ਅੱਗੇ ਹੋ ਨਾ ਕੋਇ ਅਟਕਾਈਆ । ਮੈਂ ਵੀ ਉਸ

ਦੇ ਨਾਲ ਜਾਣਾ ਰਲ, ਰਲ ਮਿਲ ਆਪਣਾ ਰੰਗ ਵਖਾਈਆ । ਜਿਨ੍ਹਾਂ ਢੋਰਾਂ ਲਾਹੀ ਖੱਲ, ਤਿਨ੍ਹਾਂ ਕਰਨੀ ਅੰਤ ਸਫ਼ਾਈਆ । ਪਰਵਰਦਿਗਾਰ ਵੇਖਣਾ ਖੇਲ ਬੈਠ ਨਿਹਚਲ ਧਾਮ ਅਟਲ, ਦਰਗਹ ਸਾਚੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੇ ਅਗੰਮ ਦੀਆਂ ਤਦਬੀਰਾਂ, ਦੂਸਰ ਸਮਝ ਨਾ ਕੋਇ ਸਮਝਾਈਆ ।

### ✪ ੧੯ ਅੱਸੂ ਸ਼ਹਿਨਸ਼ਾਹੀ ਸੰਮਤ ੬ ਬਾਊ ਭਗਵਾਨ ਸਿੰਘ ਦੇ ਗ੍ਰਿਹਿ ਪਿੰਡ ਪੱਖੋਵਾਲ ਜ਼ਿਲਾ ਲੁਧਿਆਣਾ ✪

ਕਲਜੁਗ ਕਹੇ ਖਵਾਜੇ ਉਸ ਨੂੰ ਕਰ ਅਰਦਾਸ, ਅਦਬ ਨਾਲ ਸੀਸ ਝੁਕਾਈਆ । ਜਿਸ ਨੇ ਪੈਗ਼ੰਬਰਾਂ ਵਖਾਈ ਹੱਕ ਮਹਿਰਾਬ, ਮਹਿਬੂਬ ਨੂਰ ਇਲਾਹੀਆ । ਉਸ ਦੀ ਸਿਫ਼ਤਾਂ ਨਾਲ ਅੱਖਰਾਂ ਭਰੀ ਕਿਤਾਬ, ਕਲਮੇ ਨਗ਼ਮਿਆਂ ਵਿਚ ਸੁਣਾਈਆ । ਜਿਸ ਦਾ ਪਿਆਰ ਹਕੀਕੀ ਨਾਲ ਮਜ਼ਾਜ, ਮਿਹਰਵਾਨ ਆਪਣੀ ਧਾਰ ਪਰਗਟਾਈਆ । ਉਸ ਦੇ ਸੀਸ ਤੇ ਸੋਹਣਾ ਤਾਜ, ਤਖ਼ਤ ਨਿਵਾਸੀ ਸੋਭਾ ਪਾਈਆ । ਮੇਰਾ ਕੂੜ ਦਾ ਬਦਲਣਾ ਰਾਜ, ਰਈਅਤ ਵਿਕਾਰ ਦੇਣੀ ਗਵਾਈਆ । ਸਤਿਜੁਗ ਨੂੰ ਬਖ਼ਸ਼ ਕੇ ਸਚ ਖ਼ਤਾਬ, ਸਿਰ ਆਪਣਾ ਹੱਥ ਟਿਕਾਈਆ । ਅੰਮ੍ਰਿਤ ਦੇ ਕੇ ਹਯਾਤੇ ਆਬ, ਆਬਰੂ ਸਭ ਦੀ ਲੈਣੀ ਬਣਾਈਆ । ਨਿਰਗੁਣ ਨੂਰ ਜੋਤ ਬਖ਼ਸ਼ ਮਹਿਤਾਬ, ਨਿਰਾਕਾਰ ਕਰੇ ਰੁਸ਼ਨਾਈਆ । ਦੀਨਾਂ ਮਜ਼੍ਹਬਾਂ ਵਿਚੋਂ ਸਭ ਨੂੰ ਕਰ ਆਜ਼ਾਦ, ਮਾਨਵ ਇਕੋ ਘਰ ਵਸਾਈਆ । ਹਉਮੇ ਹੰਗਤਾ ਕਰ ਬਰਬਾਦ, ਜੜ੍ਹ ਡੂੰਘੀ ਦਏ ਉਖੜਾਈਆ । ਜੋ ਝਗੜਾ ਕਾਗ਼ਜ਼ਾਤ, ਅੱਖਰ ਅੱਖਰਾਂ ਨਾਲ ਲੜਾਈਆ । ਸਭ ਦਾ ਲਹਿਣਾ ਕਰੇ ਸਾਫ਼, ਪੂਰਬ ਨਜ਼ਰ ਕੋਇ ਨਾ ਆਈਆ । ਮੇਰੀ ਕਰਨੀ ਕਰੇ ਮੁਆਫ਼, ਸਿਰ ਮੇਰੇ ਹੱਥ ਟਿਕਾਈਆ । ਕਿਸੇ ਨੂੰ ਰਹਿਣ ਨਾ ਦੇਵੇ ਗੁਸਤਾਖ਼, ਗਿਲੇ ਸਭ ਦੇ ਮੇਟ ਮਿਟਾਈਆ । ਜਿਸ ਦੀ ਅਵਤਾਰ ਪੈਗ਼ੰਬਰ ਗੁਰੂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਣੇ ਸ਼ਾਖ਼, ਸ਼ਨਾਖ਼ਤ ਸਭ ਦੀ ਆਪਣੇ ਹੱਥ ਰਖਾਈਆ । ਜਨ ਭਗਤਾਂ ਦੇ ਧਰਮ ਧਰਵਾਸ, ਧੁਰ ਦੀ ਧਾਰ ਇਕ ਦ੍ਰਿੜਾਈਆ । ਇਕੋ ਮੰਨਣਾ ਪੁਰਖ ਅਬਿਨਾਸ਼, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਖਵਾਜਾ ਕਹੇ ਵਾਹ ਮੇਰੇ ਸਾਹਿਬ ਸ਼ਾਬਾਸ਼, ਧੁਰ ਦੇ ਮਾਲਕ ਤੇਰੀ ਬੇਪਰਵਾਹੀਆ । ਮੈਂ ਚਾਹੁੰਦਾ ਮਾਲਵਾ ਸੰਗਤ ਮੇਰੇ ਲਈ ਲਿਆਵੇ ਸੋਹਣਾ ਇਕ ਗਿਲਾਸ, ਖਵਾਜਾ ਖਿਜ਼ਰ ਵਾਸਤਾ ਪਾ ਕੇ ਮੰਗ ਮੰਗਾਈਆ । ਨਾਲ ਪੰਜਾਂ ਦਰਬਾਰੀਆਂ ਕੋਲ ਦਹਿਲੇ ਤੋਂ ਲੈ ਕੇ ਕਿੰਗ ਤਕ ਪੱਤੇ ਹੋਣ ਤਾਸ਼, ਸੱਜੇ ਹੱਥ ਉਠਾਈਆ । ਫੇਰ ਦੱਸਾਂ ਮੇਰੀ ਕਿਸ ਬਿਧ ਬੁਝੇ ਪਿਆਸ, ਤ੍ਰਿਸ਼ਨਾ ਜਗਤ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਖਵਾਜਾ ਕਹੇ ਕਲ ਆਉਣੀ ਅੰਧੇਰ ਆਂਧੀ, ਅੰਧਲਾ ਰੂਪ ਦਰਸਾਈਆ । ਸ੍ਰਿਸ਼ਟੀ ਹੋਣੀ ਥੱਕੀ ਮਾਂਦੀ, ਬਲਹੀਣ ਲੋਕਾਈਆ । ਸਭ ਦੀ ਪਤ ਹੋਣੀ ਜਾਂਦੀ, ਬਿਨਾ ਸਾਹਿਬ ਨਾ ਕੋਇ ਸਹਾਈਆ । ਕਲਜੁਗ ਅੱਖ ਹੋਵੇ ਸ਼ਰਮਾਂਦੀ, ਨੇਤਰ ਨੈਣ ਨਾ ਕੋਇ ਵਡਿਆਈਆ । ਮੇਰਾ ਗਿਲਾਸ ਬਣਿਆ ਹੋਵੇ ਚਾਂਦੀ, ਪਿੱਤਲ ਰੂਪ ਨਾ ਕੋਇ ਬਦਲਾਈਆ । ਮੈਨੂੰ ਮੁਹੰਮਦ ਆਸ਼ਾ ਆਂਹਦੀ, ਕਹਿ ਕੇ ਰਹੀ ਸੁਣਾਈਆ । ਸਦੀ

ਚੌਧਵੀਂ ਗਾਂਦੀ, ਸੋਹਣਾ ਰਾਗ ਦ੍ਰਿੜਾਈਆ । ਕਾਲਾ ਲਬਾਸ ਹੋਵੇ ਜਿਹੜੀ ਸਦੀ ਚੌਧਵੀਂ ਦੀ ਬਾਂਦੀ, ਜੋਗਿੰਦਰ ਜੋਗ ਰੂਪ ਦ੍ਰਿੜਾਈਆ । ਨੌਂ ਰੰਗ ਦੀ ਹੋਵੇ ਪਰਾਂਦੀ, ਧਾਰ ਵੱਖ ਵੱਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੁਕਮ ਸੰਦੇਸ਼ਾ ਦੇਵੇ ਮਾਲਵੇ ਵਾਲਿਆਂ ਇਕ ਮੂਰਤ ਲਿਆਉਣੀ ਢਾਂਡੀ, ਜਿਸ ਦੀ ਖੱਲ ਨਾ ਕੋਇ ਲੁਹਾਈਆ ।

✪ ੧੯ ਅੱਸੂ ਸ਼ਹਿਨਸ਼ਾਹੀ ਸੰਮਤ ੬ ਬੀਬੀ ਭਗਵਾਨ ਕੌਰ ਦੇ ਘਰ ਪਿੰਡ ਪੱਖੋਵਾਲ ਜ਼ਿਲਾ ਲੁਧਿਆਣਾ ✪

ਕਲਜੁਗ ਕਹੇ ਖਵਾਜੇ ਮੇਰੀ ਧਾਰ ਵਿਚ ਮਾਰ ਚੁਭੀ, ਗੋਤਾ ਇਕ ਲਗਾਈਆ । ਜਾਂ ਤੱਕਿਆ ਉਮਤ ਸਾਰੀ ਵਿਚ ਖੁਭੀ, ਬਾਹਰ ਸਕੇ ਨਾ ਕੋਇ ਕਢਾਈਆ । ਖਵਾਜਾ ਰੋਇਆ ਭੁੱਬੀਂ ਭੁੱਬੀਂ, ਉਚੀ ਕੂਕ ਕੂਕ ਸੁਣਾਈਆ । ਬਹੁੜੀ ਮੁਹੰਮਦ ਸ਼ਰਅ ਜਾਂਦੀ ਡੁੱਬੀ, ਅੱਗੇ ਹੋ ਨਾ ਕੋਇ ਬਚਾਈਆ । ਕਲਜੁਗ ਕਹੇ ਮੈਂ ਖ਼ੁਸ਼ੀ ਵਿਚ ਪਾਈ ਲੁੱਡੀ, ਨੱਚ ਟੱਪ ਕੇ ਦਿਤਾ ਵਖਾਈਆ । ਉਹ ਵੇਖ ਮੇਰੀ ਅਸਮਾਨਾਂ ਚੜ੍ਹੀ ਗੁੱਡੀ, ਡੋਰੀ ਸਕੇ ਨਾ ਕੋਇ ਤੁੜਾਈਆ । ਮੈਂ ਸਭ ਦੀ ਭਰਿਸ਼ਟ ਕੀਤੀ ਬੁੱਧੀ, ਦਾਨਸ਼ਮੰਦ ਨਾ ਕੋਇ ਅਖਵਾਈਆ । ਸ਼ਰਅ ਦੀ ਵਸਣ ਨਹੀਂ ਦੇਣੀ ਝੁੱਗੀ, ਝੁੱਗੇ ਦੇਣੇ ਢਾਹੀਆ । ਮੇਰੇ ਮਾਲਕ ਦੀ ਧਾਰ ਹੋਈ ਉਘੀ, ਉਗਣ ਆਥਣ ਵੱਜੇ ਵਧਾਈਆ । ਰਸ ਰਹਿਣ ਨਹੀਂ ਦੇਣਾ ਦੁੱਧੀ, ਸੀਰ ਸ਼ੀਰ ਦੇਣਾ ਬਦਲਾਈਆ । ਮੇਰੀ ਆਸ਼ਾ ਪੁਰਾਣੀ ਬੁੱਢੀ, ਜੋਬਨ ਰੰਗ ਨਾ ਕੋਇ ਹੰਢਾਈਆ । ਅੱਗੇ ਧਾਰ ਰਹਿਣੀ ਨਹੀਂ ਦੂਜੀ, ਇਕੋ ਰੂਪ ਦਏ ਦਰਸਾਈਆ । ਪ੍ਰਭ ਦੀ ਧਾਰ ਖੇਲ ਰਹਿਣੀ ਨਹੀਂ ਗੁੱਝੀ, ਪੜਦਾ ਓਹਲਾ ਦਏ ਉਠਾਈਆ । ਮੈਂ ਕੂਕ ਪੁਕਾਰਾਂ ਉਚੀ, ਜ਼ੋਰ ਜ਼ੋਰ ਸੁਣਾਈਆ । ਆਪਣੀ ਕਲਪਨਾ ਸਾਰੇ ਕਰ ਲਓ ਸੁੱਚੀ, ਸੰਜਮ ਧੁਰ ਦਾ ਨਾਲ ਮਿਲਾਈਆ । ਮੇਰੀ ਅੰਤਮ ਪੂਰੀ ਹੋਣੀ ਬੁਤੀ, ਬੁਤਖ਼ਾਨੇ ਦੇਣ ਦੁਹਾਈਆ । ਕਲਜੁਗ ਕਹੇ ਸਭ ਦੀ ਜੜ੍ਹ ਜਾਣੀ ਪੁੱਟੀ, ਜਗਤ ਵਹਿਣ ਵਿਚ ਰੁੜ੍ਹਾਈਆ । ਖਵਾਜੇ ਤੇਰੀ ਤ੍ਰਿਸ਼ਨਾ ਜਾਣੀ ਲੁੱਟੀ, ਲੁਟੇਰਾ ਬਣਨਾ ਧੁਰ ਦਾ ਮਾਹੀਆ । ਅੰਤ ਪ੍ਰੀਤੀ ਉਹ ਵੇਖ ਟੁੱਟੀ, ਟੁੱਟਿਆਂ ਗੰਢ ਨਾ ਕੋਇ ਪਵਾਈਆ । ਕਲਜੁਗ ਕਹੇ ਮੇਰੀ ਆਸਾ ਜੋ ਮਾਲਵੇ ਵਾਲੇ ਸੱਤ ਰੰਗ ਦਾ ਗਾਨਾ ਬੰਨ੍ਹ ਕੇ ਆਵਣ ਗੁੱਟੀ, ਸੱਜੇ ਹੱਥ ਨਾਲ ਛੁਹਾਈਆ । ਚੌਦਾਂ ਗੁਰਮੁਖਾਂ ਇਕ ਰੂਪ ਦੀ ਪਹਿਨੀ ਹੋਵੇ ਜੁੱਤੀ, ਇਕੋ ਰੰਗ ਰੰਗਾਈਆ । ਚੌਦਾਂ ਬੀਬੀਆਂ ਲਾਲ ਰੰਗ ਚਾੜ੍ਹਿਆ ਹੋਵੇ ਬੁੱਟੀ, ਚੌਦਾਂ ਤਬਕ ਹਾਲ ਦੁਹਾਈਆ । ਇਕ ਗੁਰਮੁਖ ਕੂਕ ਪੁਕਾਰੇ ਬਹੁੜੀ ਸ੍ਰਿਸ਼ਟੀ ਗਈ ਲੁੱਟੀ, ਲੁਟੇਰਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕਹੇ ਮੇਰੀ ਪੂਰ ਕਰਾਵੇ ਖ਼ੁਸ਼ੀ, ਖ਼ੁਸ਼ਹਾਲੀ ਵਿਚ ਆਪਣੀ ਦਇਆ ਕਮਾਈਆ ।

✪ ੧੯ ਅੱਸੂ ਸ਼ਹਿਨਸ਼ਾਹੀ ਸੰਮਤ ੬ ਮੰਗਲ ਸਿੰਘ ਦੇ ਘਰ ਪਿੰਡ ਪੱਖੋਵਾਲ ਜ਼ਿਲਾ ਲੁਧਿਆਣਾ ✪

ਖਵਾਜਾ ਕਹੇ ਗੋਬਿੰਦ ਸੰਦੇਸ਼ਾ ਦਿਤਾ ਅੱਬਲ, ਅੱਵਲ ਇਕ ਜਣਾਈਆ । ਪੁਰਖ ਅਕਾਲ ਨੇ ਕਲਜੁਗ ਦੇਣਾ ਬਦਲ, ਬਦੀ ਦਾ ਡੇਰਾ ਢਾਹੀਆ ।

ਧੁਰ ਇਨਸਾਫ਼ ਕਰੇ ਅਦਲ, ਅਦਾਲਤ ਇਕ ਲਗਾਈਆ । ਸ਼ਰਅ ਮਕਤੂਲ ਰਹੇ ਨਾ ਕਤਲ, ਕਤਲਗਾਹ ਨਾ ਦਿਸੇ ਲੋਕਾਈਆ । ਨਿਰਗੁਣ ਧਾਰ ਪਰਗਟ ਹੋਵੇ ਵਿਚ ਸੰਬਲ, ਸੰਭਲ ਆਪਣਾ ਖੇਲ ਖਿਲਾਈਆ । ਉਸ ਵੇਲੇ ਅੰਬਾਲੇ ਵਾਲਿਆਂ ਲਿਆਉਣਾ ਇਕ ਕੰਬਲ, ਦੋ ਦੋ ਧਾਰ ਦਾ ਰੰਗ ਰੰਗਾਈਆ । ਨਾਲ ਹਿੱਸਾ ਪਾਵਣ ਜਿਹੜੇ ਗੁਰਮੁਖ ਰਹਿੰਦੇ ਵਿਚ ਚੰਬਲ, ਚਾਰ ਜੁਗ ਦਾ ਲੇਖ ਦ੍ਰਿੜਾਈਆ । ਖ਼ਵਾਜਾ ਕਹੇ ਮੈਂ ਭੈ ਵਿਚ ਲੱਗਾ ਕੰਬਣ, ਥਰਥਰਾਹਟ ਵਿਚ ਦੁਹਾਈਆ । ਬਹੁੜੀ ਜਿਹੜੇ ਚੌਦਾਂ ਗੁਰਮੁਖਾਂ ਲਿਆਉਣਾ ਸੰਮਣ, ਵਰੰਟ ਚੌਦਾਂ ਲੋਕ ਕਢਾਈਆ । ਜੇਹੜਾ ਰੂਪ ਬਣਾਉਣਾ ਦੁਸ਼ਟ ਦਮਨ, ਦਾਮਨਗੀਰ ਪੜਦਾ ਆਪ ਉਠਾਈਆ । ਮੁਹੰਮਦ ਦਾ ਗੁਲਸ਼ਨ ਬਗੀਚਾ ਉਜੜਨਾ ਚਮਨ, ਉਮਤ ਮਹਿਕ ਨਾ ਕੋਇ ਮਹਿਕਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡ ਖੰਡ ਧੁਰ ਦਾ ਹੁਕਮ ਮੰਨਣ, ਸਿਰ ਸਕੇ ਨਾ ਕੋਇ ਉਠਾਈਆ । ਖ਼ਵਾਜਾ ਕਹੇ ਮੈਂ ਸੰਦੇਸ਼ਾ ਸੁਣਿਆ ਕੰਨਨ, ਜੋ ਗੋਬਿੰਦ ਗੋਬਿੰਦ ਗਿਆ ਜਣਾਈਆ । ਬਿਨਾ ਪੁਰਖ ਅਕਾਲ ਤੋਂ ਅੰਤ ਹੋਣਾ ਨਹੀਂ ਅਮਨ, ਸਾਂਤਕ ਸਤਿ ਨਾ ਕੋਇ ਵਰਤਾਈਆ । ਸ਼ੰਕਰ ਜੋ ਘੜਿਆ ਆਵੇ ਭੰਨਣ, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜੀ ਤ੍ਰਿਸ਼ਨਾ ਮੇਟੇ ਤਮਨ, ਤਾਮਸ ਵਿਚ ਤ੍ਰਿਖਾ ਨਾ ਕੋਇ ਵਧਾਈਆ ।



### ✪ ੧੯ ਅੱਸੂ ਸ਼ਹਿਨਸ਼ਾਹੀ ਸੰਮਤ ੬ ਨਾਜ਼ਰ ਸਿੰਘ ਦੇ ਘਰ ਪਿੰਡ ਪਖੋਵਾਲ ਜ਼ਿਲਾ ਲੁਧਿਆਣਾ ✪

ਕਲਜੁਗ ਕਹੇ ਖ਼ਵਾਜੇ ਮੈਂ ਧੁਰ ਦਾ ਗ਼ੁਲਾਮ, ਗ਼ੁਲਾਮੀ ਵਿਚ ਸੇਵ ਕਮਾਈਆ । ਉਠ ਸੁਣ ਪੈਗ਼ੰਬਰਾਂ ਵਾਲੀ ਕਲਾਮ, ਜੋ ਕਲਮਾ ਕਾਇਨਾਤ ਗਏ ਦ੍ਰਿੜਾਈਆ । ਜੋ ਹਜ਼ਰਤ ਈਸਾ ਮੂਸਾ ਦਿਤਾ ਪੈਗ਼ਾਮ, ਸੰਦੇਸ਼ਾ ਧੁਰ ਅਲਾਹੀਆ । ਸਦੀ ਚੌਧਵੀਂ ਪਰਗਟ ਹੋਵੇ ਇਕ ਅਮਾਮ, ਮਹਿੰਦੀ ਮਹਿਬੂਬ ਧੁਰਦਰਗਾਹੀਆ । ਜਿਸ ਨੇ ਸ਼ਰਅ ਦਾ ਝਗੜਾ ਮੇਟਣਾ ਤਮਾਮ, ਤਮਾਂ ਦਾ ਰੋਗ ਗਵਾਈਆ । ਮਾਰਗ ਦੱਸਣਾ ਜਗਤ ਅਵਾਮ, ਆਮ ਪੜਦਾ ਦੇਣਾ ਉਠਾਈਆ । ਨੌਂ ਖੰਡ ਪ੍ਰਿਥਮੀ ਜਪਾਉਣਾ ਏਕੋ ਨਾਮ, ਸਿਖਿਆ ਇਕ ਸਮਝਾਈਆ । ਸਾਰੀ ਦੀਨ ਦੁਨੀ ਹੋਣੀ ਹੈਰਾਨ, ਹੈਰਤ ਵਿਚ ਜਗਤ ਲੋਕਾਈਆ । ਮੇਰਾ ਕੂੜ ਦਾ ਮੇਟਣਾ ਨਿਸ਼ਾਨ, ਨਿਸ਼ਾਨਾ ਧਰਮ ਵਾਲਾ ਝੁਲਾਈਆ । ਕਲ ਕਲਕੀ ਪਰਗਟ ਹੋ ਬਲਵਾਨ, ਬਲ ਆਪਣਾ ਆਪ ਸਮਝਾਈਆ । ਮੇਰਾ ਜਗਣ ਨਹੀਂ ਦੇਣਾ ਕੂੜ ਵਾਲਾ ਸ਼ਮਾਂਦਾਨ, ਦੀਵਾ ਗੁੱਲ ਦਏ ਕਰਾਈਆ । ਮੇਰਾ ਅੰਤਰ ਹੋਇਆ ਪਰੇਸ਼ਾਨ, ਪਰੇਸ਼ਾਨੀ ਵਿਚ ਕੁਰਲਾਈਆ । ਕੀ ਖੇਲ ਕਰੇ ਸ੍ਰੀ ਭਗਵਾਨ, ਭਗਵਨ ਆਪਣਾ ਹੁਕਮ ਵਰਤਾਈਆ । ਜੋ ਮੇਰੀ ਕਰਨੀ ਹੋਈ ਬਦਨਾਮ, ਕਿਸ ਬਿਧ ਬਦੀ ਦਾ ਡੇਰਾ ਢਾਹੀਆ । ਝਗੜਾ ਮੁਕਾਵੇ ਕਾਇਆ ਮਾਟੀ ਚਾਮ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਸਭ ਦਾ ਇਕੋ ਕਰ ਕੇ ਧਰਮ ਧਾਰ ਮੁਕਾਮ, ਮੁਕਾਮੇ ਹੱਕ ਦਏ ਸਮਝਾਈਆ । ਅੰਧ ਅੰਧੇਰੀ ਮੇਟ ਕੇ ਸ਼ਾਮ, ਸਤਿਜੁਗ ਸਚ ਕਰੇ ਰੁਸ਼ਨਾਈਆ । ਜਿਸ ਸੰਬਲ ਵਸਾਉਣਾ ਇਕ ਗਰਾਮ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਜੋਤੀ ਧਾਰ ਸ਼ਬਦ ਸੁਣਾਉਣਾ ਅਗੰਮਾ ਗਾਣ, ਧੁਰ ਦੀ ਆਵਾਜ਼ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ । ਕਲਜੁਗ ਕਹੇ ਖ਼ਵਾਜੇ ਖੇਲ ਹੋਣਾ ਅਗੰਮੀ ਨੂਰ,

ਅਵਤਾਰ ਪੈਗ਼ੰਬਰ ਗੁਰੂ ਗਏ ਜਣਾਈਆ । ਜਿਸ ਦਾ ਜਲਵਾ ਤਕਣਾ ਜ਼ਾਹਰ ਜ਼ਹੂਰ, ਜ਼ਾਹਿਰਾ ਆਪਣਾ ਆਪ ਪਰਗਟਾਈਆ । ਜਿਸ ਨੂੰ ਮੂਸਾ ਤੱਕਿਆ ਉਪਰ ਕੋਹਤੂਰ, ਉਹ ਤੁਰੀਆ ਤੋਂ ਬਾਹਰ ਦਏ ਸਮਝਾਈਆ । ਕਲਜੁਗ ਪਰਗਟ ਹੋਏ ਜ਼ਰੂਰ, ਜ਼ਰੂਰਤ ਸਭ ਦੀ ਪੂਰ ਕਰਾਈਆ । ਉਹ ਮਾਲਕ ਸਰਬ ਕਲਾ ਭਰਪੂਰ, ਪਤਿਪਰਮੇਸ਼ਵਰ ਇਕ ਅਖਵਾਈਆ । ਜਿਸ ਨੇ ਕੂੜੀ ਕਿਰਿਆ ਤੋੜਨਾ ਗੜ੍ਹ ਗ਼ਰੂਰ, ਹੰਕਾਰ ਰਹਿਣ ਕੋਇ ਨਾ ਪਾਈਆ । ਮਨੂਆ ਮਨ ਨਾ ਕਰੇ ਫ਼ਤੂਰ, ਫ਼ਤਵਾ ਲਾਵੇ ਖ਼ਲਕ ਖ਼ੁਦਾਈਆ । ਸਭ ਦਾ ਬਣ ਕੇ ਹਾਜ਼ਰ ਹਜ਼ੂਰ, ਹਜ਼ਰਤਾਂ ਦਾ ਲਹਿਣਾ ਦਏ ਚੁਕਾਈਆ । ਜਿਸ ਨੂੰ ਕਹਿੰਦੇ ਵਸਿਆ ਦੂਰ, ਘਰ ਘਰ ਅੰਦਰ ਪੜਦਾ ਦਏ ਉਠਾਈਆ । ਲੇਖਾ ਵੇਖੇ ਚਤੁਰ ਸਿਆਣੇ ਮੂਰਖ ਮੂੜ੍ਹ, ਅੰਤਰਜਾਮੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕਹੇ ਮੇਰਾ ਨਾਤਾ ਤੋੜੇ ਕੂੜੋ ਕੂੜ, ਸਤਿਜੁਗ ਸਤਿ ਸਚ ਸਚ ਵਰਤਾਈਆ ।

### ੧੯ ਅੱਸੂ ਸ਼ਹਿਨਸ਼ਾਹੀ ਸੰਮਤ ੬ ਅਮਰੀਕ ਸਿੰਘ ਦੇ ਘਰ ਪਿੰਡ ਭੈਣੀ ਜ਼ਿਲਾ ਲੁਧਿਆਣਾ

ਕਲਜੁਗ ਕਹੇ ਖਵਾਜੇ ਤਕ ਲੈ ਅਗਲਾ ਖ਼ੁਆਬ, ਸੁਫ਼ਨ ਵਿਚ ਦਰਸਾਈਆ । ਮੁਹੰਮਦ ਬੈਠਾ ਹੋਇਆ ਬੇਤਾਬ, ਤਾਬਿਆਦਾਰੀ ਵਿਚ ਨਾ ਕੋਇ ਲੋਕਾਈਆ । ਖ਼ਾਲੀ ਕਾਅਬਾ ਦਿਸੇ ਮਹਿਰਾਬ, ਮਹਿਬੂਬ ਨੂਰ ਨਾ ਕੋਇ ਚਮਕਾਈਆ । ਨਜ਼ਰ ਆਏ ਨਾ ਕੋਇ ਅਹਿਬਾਬ, ਚਾਰ ਯਾਰੀ ਨਾ ਸੰਗ ਰਖਾਈਆ । ਤੀਸ ਬਤੀਸਾ ਫੜ ਕਿਤਾਬ, ਹਦੀਸਾ ਰਿਹਾ ਦੁਹਰਾਈਆ । ਕੀ ਖੇਲ ਕਰੇ ਮੇਰਾ ਸ਼ਹਿਨਸ਼ਾਹ ਨਵਾਬ, ਨੌਬਤ ਕੀ ਵਜਾਈਆ । ਕਿਸ ਬਿਧ ਲੇਖਾ ਪੂਰਾ ਹੋਵੇ ਜੋ ਨਾਨਕ ਦੱਸ ਕੇ ਆਇਆ ਬਗਦਾਦ, ਬਗਲੀਆਂ ਗਲ ਵਿਚ ਲਟਕਾਈਆ । ਕਿਸ ਬਿਧ ਉਮਤ ਉਮਤੀ ਬਦਲ ਦੇਵੇ ਸਮਾਜ, ਸਮਗਰੀ ਇਕ ਵਰਤਾਈਆ । ਸੀਸ ਤੇ ਰਹਿਣਾ ਨਹੀਂ ਕੋਈ ਤਾਜ, ਤਖ਼ਤ ਨਿਵਾਸੀ ਆਪਣਾ ਹੁਕਮ ਵਰਤਾਈਆ । ਕੀ ਖੇਲ ਹੋਣਾ ਸਦੀ ਚੌਧਵੀਂ ਬਾਦ, ਬਦਲਾ ਕਿਵੇਂ ਚੁਕਾਈਆ । ਕਿਸੇ ਨੂੰ ਲੱਭਣਾ ਨਹੀਂ ਆਬ, ਚਾਰੋਂ ਕੁੰਟ ਕੁੰਟ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਧੁਰਦਰਗਾਹੀਆ । ਕਲਜੁਗ ਕਹੇ ਖਵਾਜੇ ਤਕ ਲੈ ਇਕ ਮੁਬੀਨ, ਅੱਲਾ ਅਲਾਹ ਨੂਰ ਇਲਾਹੀਆ । ਜਿਸ ਨੂੰ ਕਹਿੰਦੇ ਸਾਰੇ ਆਮੀਨ, ਅਮਲਾਂ ਤੋਂ ਬਾਹਰ ਨੂਰ ਖ਼ੁਦਾਈਆ । ਜਿਸ ਨੇ ਅਲਿਫ਼ ਯੇ ਦਿਤੀ ਤਾਲੀਮ, ਨਗਮਿਆਂ ਵਿਚ ਕੀਤੀ ਸ਼ਨਵਾਈਆ । ਉਹ ਮਾਲਕ ਇਕ ਕਦੀਮ, ਕੁਦਰਤ ਦਾ ਮਾਲਕ ਧੁਰਦਰਗਾਹੀਆ । ਜਿਸ ਨੇ ਦੀਨ ਮਜ਼੍ਹਬ ਕੀਤੀ ਤਕਸੀਮ, ਮਾਨਵ ਇਨਸਾਨ ਵੰਡ ਵੰਡਾਈਆ । ਉਹ ਸਭ ਨੂੰ ਕਰੇ ਯਤੀਮ, ਯਦੀ ਆਪਣਾ ਹੁਕਮ ਸੁਣਾਈਆ । ਕਰ ਕਿਰਪਾ ਕਰੇ ਜਗਤ ਤਰਮੀਮ, ਤਰਕੀਬ ਆਪਣੀ ਇਕ ਦ੍ਰਿੜਾਈਆ । ਜਿਸ ਦਾ ਲੇਖਾ ਸਮਝੇ ਨਾ ਕੋਇ ਤਬੀਬ, ਤਬੀਅਤ ਦੀਨ ਦੁਨੀ ਬਦਲਾਈਆ । ਇਹ ਹੁਕਮ ਵਰਤਣਾ ਅਜੀਬ, ਅਜਬ ਨਿਰਾਲਾ ਆਪ ਵਰਤਾਈਆ । ਲੇਖਾ ਰਹਿਣਾ ਨਹੀਂ ਈਦ ਬਕਰੀਦ, ਬਈਦ ਸਈਦ ਸੱਜਦਾ ਸੀਸ ਨਾ ਕੋਇ ਝੁਕਾਈਆ । ਪੈਗ਼ੰਬਰਾਂ ਬੱਧੇ ਨਹੀਂ ਰਹਿਣੇ ਤਾਵੀਜ਼, ਮਣਕੇ ਗਲ ਨਾ ਕੋਇ ਲਟਕਾਈਆ । ਹਜ਼ਰਤਾਂ ਰਹੇ ਨਾ ਕੋਇ ਤੌਫ਼ੀਕ, ਤੋਬਾ ਤੋਬਾ ਕਰੇ ਲੋਕਾਈਆ । ਮੇਰੀ ਆਸਾ

੭੪੧
੨੨

ਮਨਸਾ ਸਦੀ ਚੌਧਵੀਂ ਪੂਰੀ ਹੋਵੇ ਉਮੀਦ, ਖਾਹਿਸ਼ ਆਪਣੀ ਇਕ ਜਣਾਈਆ । ਇਕੋ ਨੂਰ ਇਕੋ ਪ੍ਰਕਾਸ਼ ਤੇ ਇਕੋ ਹੋਵੇ ਈਦ, ਇਬਾਦਤ ਇਕੋ ਇਕ ਜਣਾਈਆ । ਜੋ ਅੱਖਰਾਂ ਵਾਲੀ ਸੱਥਰਾਂ ਵਾਲੀ ਪੱਥਰਾਂ ਵਾਲੀ ਚਾਰ ਜੁਗ ਦੀ ਵਸੀਹਤ, ਸੋ ਵੇਖਣਹਾਰਾ ਵੇਖੇ ਚਾਈਂ ਚਾਈਆ । ਸਭ ਦੀ ਜਾਨਣਹਾਰਾ ਅਸਲੀਅਤ, ਅਸਲ ਅਸਲ ਵਿਚੋਂ ਪਰਗਟਾਈਆ । ਜਿਸ ਨੇ ਦੀਨ ਦੁਨੀ ਨੂੰ ਦੇਣੀ ਇਕ ਨਸੀਹਤ, ਹੁਕਮ ਹੁਕਮ ਅਗੰਮ ਜਣਾਈਆ । ਆਤਮ ਪਰਮਾਤਮ ਸਾਂਝੀ ਕਰ ਵਲਦੀਅਤ, ਵਲਦ ਵਾਲਦਾ ਰੂਪ ਪਰਗਟਾਈਆ । ਕੂੜੀ ਰਹਿਣ ਨਾ ਦੇਵੇ ਨੀਅਤ, ਨੇਸਤੋ ਨਾਬੂਦ ਕਰਕੇ ਜੜ੍ਹ ਦਏ ਉਖੜਾਈਆ । ਸਾਚੇ ਨਾਮ ਦੀ ਪਾਵੇ ਕੀਮਤ, ਕੁਦਰਤ ਦਾ ਮਾਲਕ ਆਪਣੀ ਦਇਆ ਕਮਾਈਆ । ਖਵਾਜੇ ਵਕਤ ਸਮਝਣਾ ਗ਼ਨੀਮਤ, ਗ਼ਮਖਾਰ ਕੀ ਆਪਣੀ ਕਾਰ ਕਮਾਈਆ । ਜਿਸ ਦੀ ਪੈਗ਼ੰਬਰ ਰੂਪ ਤ੍ਰੀਆ ਤਰੀਮਤ, ਤ੍ਰੈਗੁਣ ਤਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਕਲਜੁਗ ਕਹੇ ਖਵਾਜੇ ਵੇਖ ਲੈ ਅੱਖਰ ਅਲਿਫ਼, ਨਿਰਗੁਣ ਸਰਗੁਣ ਰੂਪ ਦਰਸਾਈਆ । ਜਿਸ ਦਾ ਮੁਹੰਮਦ ਚੁੱਕਿਆ ਹਲਫ਼, ਸੱਯਦਾ ਸੱਯਦੇ ਵਿਚੋਂ ਜਣਾਈਆ । ਉਹ ਸਭ ਨੂੰ ਕਰਨ ਲੱਗਾ ਬਰਤਰਫ਼, ਯਕ ਤਰਫ਼ ਹੁਕਮ ਸਮਝਾਈਆ । ਸਦੀ ਚੌਧਵੀਂ ਹੋਣੀ ਕਲਮੇ ਵਾਲੀ ਪਰਖ, ਪਾਰਖੂ ਬਣਿਆ ਧੁਰਦਰਗਾਹੀਆ । ਨਾ ਕੋਇ ਸੋਗ ਨਾ ਕੋਇ ਹਰਖ, ਚਿੰਤਾ ਗ਼ਮ ਨਾ ਕੋਇ ਜਣਾਈਆ । ਆਪਣੀ ਸ਼ਰਅ ਦੀ ਪੂਰੀ ਕਰਨੀ ਸ਼ਰਤ, ਸ਼ਰੀਅਤ ਦਾ ਲੇਖਾ ਦਏ ਮੁਕਾਈਆ । ਪਰਵਰਦਿਗਾਰ ਦਾ ਹੁਕਮ ਹੁੰਦਾ ਨਹੀਂ ਗ਼ਲਤ, ਗ਼ਲਤੀ ਵਿਚ ਕੂੜ ਲੋਕਾਈਆ । ਜੋ ਖੇਲੇ ਖੇਲ ਲੇਖਾ ਜਾਣੇ ਹਲਤ ਪਲਤ, ਨਿਰਗੁਣ ਸਰਗੁਣ ਬੇਪਰਵਾਹੀਆ । ਉਹ ਵੇਸ ਵਟਾਏ ਜੋਤ ਪਰਗਟਾਏ ਨੂਰ ਰੁਸ਼ਨਾਏ ਘੜੀ ਪਲਕ, ਪਲਕਾਂ ਦਾ ਮਾਲਕ ਅਗੰਮ ਅਥਾਹੀਆ । ਜਿਸ ਨੇ ਖੇਲ ਖੇਲਣਾ ਧਰਨੀ ਧਰਤ ਧਵਲ ਧੌਲ ਅਸਮਾਨਾਂ ਉਪਰ ਫ਼ਲਕ, ਜ਼ਿਮੀਂ ਜ਼ਮਾਂ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਇਕ ਸਮਝਾਈਆ । ਕਲਜੁਗ ਕਹੇ ਖਵਾਜੇ ਉਹ ਵੇਖ ਨੂਰ ਨੁਰਾਨਾ, ਅਗੰਮ ਅਗੰਮੜਾ ਬੇਪਰਵਾਹੀਆ । ਜਿਸ ਦਾ ਇਕੋ ਇਕ ਨਿਸ਼ਾਨਾ, ਨਿਸ਼ਾਨੇ ਸਾਰੇ ਦਏ ਬਦਲਾਈਆ । ਜਿਸ ਦੀ ਪੈਗ਼ੰਬਰ ਪੜ੍ਹਨ ਕਲਾਮਾ, ਕਾਇਨਾਤ ਸ਼ਨਵਾਈਆ । ਉਹ ਯੋਧਾ ਸੂਰਬੀਰ ਅਮਾਮਾ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜਿਸ ਦਾ ਗੋਬਿੰਦ ਸ਼ਬਦ ਇਕ ਦਮਾਮਾ, ਦੋ ਜਹਾਨਾਂ ਕਰੇ ਰੁਸ਼ਨਾਈਆ । ਜਿਸ ਨੂੰ ਝੁਕਦੇ ਕ੍ਰਿਸ਼ਨਾ ਕਾਹਨਾ, ਬੰਸਰੀਆਂ ਧੁੰਨ ਸ਼ਨਵਾਈਆ । ਜਿਸ ਦਾ ਖੇਲ ਨੌਜਵਾਨਾ, ਮਰਦ ਮਰਦਾਨਾ ਆਪਣਾ ਵੇਸ ਵਟਾਈਆ । ਜਿਸ ਨੇ ਸਦੀ ਚੌਧਵੀਂ ਵਰਤਣਾ ਆਪਣਾ ਭਾਣਾ, ਨਾ ਕੋਇ ਮੇਟੇ ਮੇਟ ਮਿਟਾਈਆ । ਤਖ਼ਤੋਂ ਲਾਹ ਕੇ ਰਾਜਾ ਰਾਣਾ, ਗ਼ਰੀਬ ਨਿਮਾਣਿਆਂ ਆਪਣਾ ਰੰਗ ਚੜ੍ਹਾਈਆ । ਇਹ ਖੇਲ ਸ੍ਰੀ ਭਗਵਾਨਾ, ਹਰਿ ਭਗਵਨ ਆਪਣੇ ਹੱਥ ਰਖਾਈਆ । ਜਿਸ ਦਾ ਸੰਬਲ ਇਕ ਟਿਕਾਣਾ, ਸੰਭਲ ਆਪਣਾ ਕਦਮ ਟਿਕਾਈਆ । ਜਿਸ ਨੂੰ ਬ੍ਰਾਹਮਣ ਗੌੜ ਕਹੇ ਜਹਾਨਾ, ਸ਼ਾਸਤਰਾਂ ਨਾਲ ਸਾਲਾਹੀਆ । ਉਹ ਮਰਦ ਮਰਦਾਨਾ ਨੌਜਵਾਨਾ, ਨੂਰ ਨੁਰਾਨਾ ਸੋਭਾ ਪਾਈਆ । ਜਿਸ ਦਾ ਮੰਦਰ ਹੱਕ ਹਕੀਕਤ ਸਚਖੰਡ ਟਿਕਾਣਾ, ਦਰਗਹ ਸਾਚੀ ਸੋਭਾ ਪਾਈਆ । ਕਲਜੁਗ ਕਹੇ ਮੈਂ ਉਸ ਦੇ ਦਰ ਨਿਮਾਣਾ, ਨਿਮਰਤਾ ਵਿਚ ਨਿਉਂ ਨਿਉਂ ਸੀਸ ਨਿਵਾਈਆ । ਜਿਸ ਨੇ ਸਤਿਜੁਗ ਸਚ ਮਾਤ ਪਰਗਟਾਣਾ, ਪਰਗਟ ਹੋ ਕੇ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਮਹਾਨਾ, ਮਹਿੰਮਾ ਅਕਥ ਕਥ ਆਪਣੀ ਆਪ ਸਮਝਾਈਆ ।

## ੧੯ ਅੱਸੂ ਸ਼ਹਿਨਸ਼ਾਹੀ ਸੰਮਤ ੬ ਧੰਨਾ ਸਿੰਘ ਦੇ ਘਰ ਪਿੰਡ ਢਹਿ ਪਈ ਜ਼ਿਲਾ ਲੁਧਿਆਣਾ

ਕਲਜੁਗ ਕਹੇ ਮੈਂ ਅੱਜ ਖੰਡ ਬ੍ਰਹਿਮੰਡ ਤੋਂ ਬਾਹਰ ਨੱਠਾ, ਪੁਰੀ ਲੋਆਂ ਪੰਧ ਮੁਕਾਈਆ । ਹਰਿ ਸਾਹਿਬ ਸਰਨਾਈ ਢੱਠਾ, ਸਤਿਗੁਰ ਸ਼ਬਦ ਸੀਸ ਝੁਕਾਈਆ । ਆਪਣਾ ਭਾਵ ਦੱਸਿਆ ਕੱਠਾ, ਭੇਵ ਦਿਤਾ ਜਣਾਈਆ । ਮੇਰੇ ਪਰਵਰਦਿਗਾਰ ਮੈਂ ਦੁਨੀਆ ਅੰਦਰ ਪਾਉਣਾ ਰੱਟਾ, ਜਿਸ ਨੂੰ ਸਕੇ ਨਾ ਕੋਇ ਮਿਟਾਈਆ । ਅਵਤਾਰ ਪੈਗ਼ੰਬਰ ਗੁਰੂਆਂ ਦਾ ਦੀਨ ਮਜ਼੍ਹਬ ਦਾ ਵੇਖ ਲੈ ਪੱਟਾ, ਪਾਟਲ ਆਪਣਾ ਪੜਦਾ ਲਾਹੀਆ । ਕਿਸੇ ਦੀ ਕੀਮਤ ਰਹੇ ਨਾ ਟਕਾ, ਕੌਡੀ ਜਗਤ ਹਟ ਵਿਕਾਈਆ । ਧਰਮ ਦੀ ਧਾਰ ਰਹੇ ਨਾ ਸਤਾ, ਸਤਿ ਵਿਚ ਨਾ ਕੋਇ ਸਮਾਈਆ । ਮੈਂ ਸਭ ਦੀ ਬਦਲਣੀ ਮਤਾ, ਮਨ ਮਤ ਨਾਲ ਰਲਾਈਆ । ਤੇਰੇ ਅੱਗੇ ਵਾਸਤਾ ਘੱਤਾਂ, ਨਿਉਂ ਨਿਉਂ ਲਾਗਾਂ ਪਾਈਆਂ । ਮੇਰੀ ਚਾਰੋਂ ਕੁੰਟ ਹੋਵੇ ਫ਼ੜ੍ਹਾ, ਡੰਕ ਤੇਰਾ ਨਾਮ ਸ਼ਨਵਾਈਆ । ਸ਼ਾਸਤਰਾਂ ਸੁਣਨ ਨਾ ਦੇਵਾਂ ਕਿਸੇ ਨੂੰ ਕਥਾ, ਕਥਨੀ ਚਲੇ ਨਾ ਕੋਇ ਚਤੁਰਾਈਆ । ਤੇਰਾ ਹੁਕਮ ਯਥਾਰਥ ਯਦਾ, ਯਦੀ ਸਭ ਨੂੰ ਦਿਆਂ ਸੁਣਾਈਆ । ਸਦੀ ਚੌਧਵੀਂ ਗੇੜਨੀ ਉਲਟੀ ਲੱਠਾ, ਗੇੜਾ ਜ਼ਿਮੀਂ ਅਸਮਾਨ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪਰਦਾ ਆਪ ਚੁਕਾਈਆ । ਕਲਜੁਗ ਕਹੇ ਪ੍ਰਭੂ ਮੈਂ ਅੰਤਮ ਖੇਲ ਖਿਲਾਉਣੀ, ਖ਼ਾਲਕ ਖ਼ਲਕ ਦਿਆਂ ਜਣਾਈਆ । ਗੁਰ ਅਵਤਾਰ ਪੈਗ਼ੰਬਰਾਂ ਨਾਲ ਆਸਾ ਮਿਲਾਉਣੀ, ਮਿਲਣੀ ਹਰਿ ਜਗਦੀਸ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਰਤੀ ਨਾਲ ਉਠਾਉਣੀ, ਸੋਇਆ ਰਹਿਣ ਕੋਇ ਨਾ ਪਾਈਆ । ਖ਼ਾਲਕ ਖ਼ਲਕ ਮਖ਼ਲੂਕ ਤੇਰੀ ਕਾਇਨਾਤ ਹਿਲਾਉਣੀ, ਹਲੂਣਾ ਇਕ ਜਣਾਈਆ । ਆਲਸ ਨਿੰਦਰਾ ਸਭ ਦੀ ਲਾਹੁਣੀ, ਸੋਇਆ ਰਹਿਣ ਕੋਇ ਨਾ ਪਾਈਆ । ਉਮਤ ਨਬੀ ਰਸੂਲ ਦੀ ਮੈਂ ਪਹਿਲ ਕਰਾਉਣੀ, ਬਹੁੜੀ ਤੇਰਾ ਨਾਮ ਦੁਹਾਈਆ । ਚਾਰੇ ਖਾਣੀ ਮੇਰੀ ਹਾੜ੍ਹੀ ਸਾਉਣੀ, ਸਾਹਿਬ ਸਤਿਗੁਰ ਦਿਆਂ ਸੁਣਾਈਆ । ਮੇਰੀ ਮਨਸਾ ਅੰਤਮ ਪੂਰ ਕਰਾਉਣੀ, ਪਰਮ ਪੁਰਖ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਕਲਜੁਗ ਕਹੇ ਮੈਂ ਦੀਨ ਦੁਨੀ ਦੇਣਾ ਝਟਕਾ, ਹਲੂਣਾ ਇਕ ਲਗਾਈਆ । ਖੇਲ ਵੇਖਣਾ ਲਹੂ ਮਿਝ ਰੱਤ ਕਾ, ਰਤੀ ਰਤ ਸਰਬ ਸੁਕਾਈਆ । ਲੇਖਾ ਪੂਰਾ ਕਰਨਾ ਹਕੀਕਤ ਵਾਲੇ ਹੱਕ ਦਾ, ਮੇਰੇ ਹਾਕਮ ਧੁਰ ਦੇ ਮਾਹੀਆ । ਉਹ ਵੇਖ ਚੌਦਾਂ ਤਬਕਾਂ ਅੰਦਰ ਮੁਹੰਮਦ ਬਿਨ ਨੈਣਾਂ ਤਕਦਾ, ਲੋਚਨ ਅੱਖ ਉਠਾਈਆ । ਬਿਨਾ ਮਣਕਿਆਂ ਤੇਰਾ ਨਾਮ ਰਟਦਾ, ਕਲਮਾ ਵੇਖੇ ਬਿਨਾ ਕਲਮ ਸ਼ਾਹੀਆ । ਮੇਰਾ ਕੌਲ ਇਕਰਾਰ ਪੂਰਾ ਕਰਨਾ ਪਕ ਦਾ, ਪਤਿਪਰਮੇਸ਼ਵਰ ਤੇਰੇ ਅੱਗੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਕਹੇ ਮੈਂ ਖੇਲ ਕਰਨਾ ਜਗਤ ਜਹਾਨ, ਜਹਾਲਤ ਦੀਨ ਦੁਨੀ ਵਖਾਈਆ । ਧਰਮ ਦਾ ਰਹਿਣ ਨਹੀਂ ਦੇਣਾ ਨਿਸ਼ਾਨ, ਨਿਸ਼ਾਨੇ ਸਰਬ ਦੇਣੇ

ਬਦਲਾਈਆ । ਲੋਚਾ ਰਹੇ ਕਿਸੇ ਨਾ ਰਾਮ, ਸੀਤਾ ਸੁਰਤ ਨਾ ਕੋਇ ਦਰਸਾਈਆ । ਛਤਰ ਝੁੱਲੇ ਨਾ ਕਿਸੇ ਕਾਹਨ, ਰਾਧਾ ਸੰਗ ਨਾ ਕੋਇ ਵਖਾਈਆ । ਮੰਤਰ ਫੁਰੇ ਨਾ ਕੋਇ ਸਤਿਨਾਮ, ਵਾਹਿਗੁਰੂ ਜਾਪ ਨਾ ਕੋਇ ਜਪਾਈਆ । ਕਿਰਪਾ ਕਰਨੀ ਮੇਰੇ ਭਗਵਾਨ, ਦਰ ਤੇਰੇ ਮੰਗ ਮੰਗਾਈਆ । ਤੂੰ ਦਾਤਾ ਸੂਰਾ ਨੌਜਵਾਨ, ਮਰਦ ਮਰਦਾਨ ਇਕ ਅਖਵਾਈਆ । ਮੈਂ ਨੌਂ ਖੰਡ ਪ੍ਰਿਥਮੀ ਸੱਤ ਦੀਪ ਦੇਣਾ ਪੈਗ਼ਾਮ, ਪੈਗ਼ੰਬਰਾਂ ਤੋਂ ਬਾਹਰ ਕਰਾਂ ਪੜ੍ਹਾਈਆ । ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਆਉਣਾ ਇਕ ਅਮਾਮ, ਅਮਲਾਂ ਤੋਂ ਬਾਹਰ ਖ਼ਲਕ ਖ਼ੁਦਾਈਆ । ਜਿਸ ਨੇ ਸ਼ਰਅ ਦਾ ਝਗੜਾ ਮੇਟਣਾ ਤਮਾਮ, ਤਮਾਂ ਦੀ ਤ੍ਰਿਖਾ ਖੋਜ ਖੁਜਾਈਆ । ਉਹ ਖੇਲ ਕਰੇ ਮਹਾਨ, ਮਿਹਰਵਾਨ ਆਪਣਾ ਹੁਕਮ ਵਰਤਾਈਆ । ਕਲਜੁਗ ਕਹੇ ਮੈਂ ਤੇਰੇ ਚਰਨ ਕਰਾਂ ਪਰਨਾਮ, ਨਿਉਂ ਨਿਉਂ ਸੀਸ ਝੁਕਾਈਆ । ਮੇਰੀ ਬੇਨੰਤੀ ਕਰੀਂ ਪਰਵਾਨ, ਪਰਮ ਪੁਰਖ ਤੇਰੀ ਵਡਿਆਈਆ । ਵੇਲਾ ਵਕਤ ਪਹੁੰਚਿਆ ਆਣ, ਸਮਾਂ ਸਮੇਂ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਦਵਾਰਾ ਏਕੰਕਾਰ ਗੁਣ ਨਿਧਾਨ, ਦੂਜਾ ਨਜ਼ਰ ਕੋਇ ਨਾ ਆਈਆ ।

**੨੦ ਅੱਸੂ ਸ਼ਹਿਨਸ਼ਾਹੀ ਸੰਮਤ ੬ ਨਿਰੰਜਣ ਸਿੰਘ ਦੇ ਘਰ ਨੇੜੇ ਐਗਰੀਕਲਚਰ ਵਿਦਿਆਲਾ ਲੁਧਿਆਣਾ ਸ਼ਹਿਰ**



ਕਲਜੁਗ ਕਹੇ ਖਵਾਜੇ ਆਹ ਵੇਖ ਤੇਰੇ ਵਾਸਤੇ ਆ ਗਈ ਪਗੜੀ, ਸ਼ਬਦੀ ਸਤਿਗੁਰ ਲਈ ਮੰਗਵਾਈਆ । ਜਿਸ ਦੀ ਧਾਰ ਚਿੱਟੀ ਬਗੜੀ, ਬਪੜਿਆਂ ਦਏ ਸਮਝਾਈਆ । ਜਿਸ ਦੀ ਧਾਰ ਨਾਨਕ ਤੋਲੀ ਤਕੜੀ, ਤਰਾਜ਼ੂ ਹੱਥ ਉਠਾਈਆ । ਉਹ ਲੇਖਾ ਜਾਣੇ ਸ਼ੂਦਰ ਵੈਸ਼ ਬ੍ਰਾਹਮਣ ਸ਼ੱਤਰੀ, ਛਤਰਧਾਰੀ ਬੇਪਰਵਾਹੀਆ । ਜਿਸ ਦੀ ਬ੍ਰਹਮੇ ਫੋਲੀ ਪੱਤਰੀ, ਚਾਰੇ ਵੇਦ ਸਿਫ਼ਤ ਸਾਲਾਹੀਆ । ਜਿਸ ਨੂੰ ਯਾਦ ਕੀਤਾ ਭਾਰਦਵਾਜ ਨਾਲ ਸਪਤ ਰਿਖੀ ਨਾਲ ਅਤਰੀ, ਨੇਤਰ ਨੈਣ ਉਠਾਈਆ । ਉਹ ਗੁਰ ਅਵਤਾਰ ਪੈਗ਼ੰਬਰਾਂ ਦੇ ਸਿਰ ਤੇ ਵੇਖਣਹਾਰਾ ਦੀਨ ਮਜ਼੍ਹਬ ਦੀ ਗਠੜੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਫੋਲ ਫੁਲਾਈਆ । ਕਲਜੁਗ ਕਹੇ ਮੇਰੀ ਉਮਰ ਹੋਣ ਲੱਗੀ ਸੱਤਰੀ ਬਹੱਤਰੀ, ਜਵਾਨੀ ਵਿਚੋਂ ਬੁਢਾਪਾ ਆਈਆ । ਮੈਂ ਹੋਣ ਲੱਗਾ ਬੇਵਤਨੀ, ਵਤਨ ਅੰਤ ਰਹੇ ਨਾ ਰਾਈਆ । ਖਵਾਜਿਆ ਜਿਸ ਨੇ ਸਾਡੀ ਜੜ੍ਹ ਪੁਟਣੀ, ਉਹ ਪਟਨੇ ਵਾਲਾ ਨਾਲ ਰਖਾਈਆ । ਉਹ ਵੇਖ ਚੌਦਾਂ ਤਬਕਾਂ ਲੱਗੀ ਅਗਨੀ, ਸ਼ੋਹਲੇ ਰਹੀ ਦਰਸਾਈਆ । ਜਿਸ ਦੇ ਹੁਕਮ ਅੰਦਰ ਦੀਨ ਦੁਨੀ ਛਡਨੀ, ਨਾਤਾ ਤੁਟਣਾ ਕੂੜ ਲੋਕਾਈਆ । ਉਸ ਦਾ ਖੇਲ ਹੋਣਾ ਵਿਚ ਅਦਨੀ, ਅਦਲ ਦਾ ਮਾਲਕ ਦਇਆ ਕਮਾਈਆ । ਜਿਸ ਝਗੜਾ ਮੇਟਣਾ ਬਦਨੀ, ਬਦਲਾ ਚੁਕਾਵੇ ਥਾਉਂ ਥਾਈਆ । ਜਿਸ ਨੇ ਜੋਤੀ ਨਾਰ ਬਣਾਈ ਪਤਨੀ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਨੇ ਕਾਹਨਾ ਖਵਾਈ ਮਖਣੀ, ਗੋਪੀਆਂ ਰਾਸ ਰਚਾਈਆ । ਉਸ ਦੀ ਧਾਰ ਇਕੋ ਪਰਗਟਣੀ, ਪਰਗਣੇ ਵੇਖੇ ਚਾਈਂ ਚਾਈਂਆ । ਉਸ ਦੀ ਖੇਲ ਅੰਤਰ ਤਕਣੀ, ਬਿਨ ਨੇਤਰ ਨੈਣ ਉਠਾਈਆ । ਬਹੁੜੀ ਦਰੋਹੀ ਨੌਂ ਖੰਡ ਪ੍ਰਿਥਮੀ ਫੇਰ ਵਸਣੀ, ਵਸਲ ਯਾਰ ਇਕ ਜਣਾਈਆ । ਤੇਰੀ ਮੇਰੀ ਰਹਿਣੀ ਨਹੀਂ ਹੱਡੀ ਪਸਲੀ, ਮੁਹੰਮਦ ਦਾ ਮਕਬਰਾ ਦਏ ਦੁਹਾਈਆ । ਸਾਡੀ ਲਾਸ਼ ਕਿਸੇ ਨਹੀਂ ਦਫ਼ਣੀ, ਖ਼ਾਕੀ ਖ਼ਾਕ ਨਾ ਕੋਇ ਟਿਕਾਈਆ । ਬਹੁੜੀ ਸਾਨੂੰ ਮਿਲਣੀ ਕਾਲੀ ਕਫ਼ਨੀ, ਸਾਢੇ ਤਿੰਨ ਹੱਥ ਲੰਬਾਈਆ ।

ਸਾਡੀ ਪਤ ਕਿਸੇ ਨਾ ਰੱਖਣੀ, ਅੰਤਮ ਹੋਏ ਨਾ ਕੋਇ ਸਹਾਈਆ । ਅਸਾਂ ਫਿਰਨਾ ਉੱਤਰ ਪੂਰਬ ਪੱਛਮ ਦੱਖਣੀ, ਭੱਜਣਾ ਵਾਹੋ ਦਾਹੀਆ । ਸਭ ਦੀ ਧਾਰ ਹੋਣੀ ਸੱਖਣੀ, ਖ਼ਾਲੀ ਹੱਥ ਕੁਰਲਾਈਆ । ਦਰੋਹੀ ਦਰੋਹੀ ਚੌਦਾਂ ਲੋਕ ਮਚਣੀ, ਉਮਤ ਨਬੀ ਰਸੂਲ ਕੁਰਲਾਈਆ । ਚੋਲੀ ਚੀਥੜ ਵਾਲੀ ਪੁਰਾਣੀ ਫਟਣੀ, ਓਢਣ ਰੰਗ ਨਾ ਕੋਇ ਰੰਗਾਈਆ । ਸਾਡੀ ਡੋਰ ਅਸਮਾਨੋਂ ਕਟਣੀ, ਕਟਾਕਸ਼ ਆਪਣਾ ਨਾਮ ਰਖਾਈਆ । ਸਾਡਾ ਮੁੱਲ ਰਹਿਣਾ ਨਹੀਂ ਹੀਰੇ ਰਤਨੀ, ਮਾਣਕ ਰੂਪ ਨਾ ਕੋਇ ਦਰਸਾਈਆ । ਅੰਤ ਵਾਰ ਇਕੋ ਭੱਠੀ ਤਪਣੀ, ਪ੍ਰਭੂ ਭਠਿਆਲੇ ਅਗਨੀ ਦੇਣੀ ਲਗਾਈਆ । ਕਿਸੇ ਨੂੰ ਕਲਮੇ ਦੀ ਅਲਿਫ਼ ਧੇ ਧਾਰ ਪਏ ਨਾ ਜਪਣੀ, ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹੀਆ । ਉਹ ਵੇਖ ਦੁਨੀਆ ਚਾਰ ਕੁੰਟ ਨਠਣੀ, ਬਿਨਾ ਭਜਨ ਤੋਂ ਭੱਜੇ ਵਾਹੋ ਦਾਹੀਆ । ਝਗੜਾ ਵੇਖਣਾ ਤਤ ਅੱਠਣੀ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਦਏ ਦੁਹਾਈਆ । ਮਾਣ ਰਹਿਣਾ ਨਹੀਂ ਤੀਰਥ ਅੱਠ ਸੱਠਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇਤਰ ਨੈਣਾਂ ਨੀਰ ਵਹਾਈਆ । ਸ਼ਾਹ ਰਹਿਣਾ ਨਹੀਂ ਕੋਇ ਲੱਖਣੀ, ਪਾਤਸ਼ਾਹ ਖ਼ਾਕ ਮਿਲਾਈਆ । ਰਸਨਾ ਜਿਹਵਾ ਬੈਖਰੀ ਕਿਸੇ ਨਹੀਂ ਬਕਣੀ, ਕੂਕ ਨਾ ਕੋਇ ਸੁਣਾਈਆ । ਜਬਾਨ ਜਿਹਵਾ ਅੱਖਰਾਂ ਵਾਲੀ ਲਾਏ ਕੋਇ ਨਾ ਰੱਟਣੀ, ਰੱਟਾ ਸਭ ਦਾ ਦਏ ਮੁਕਾਈਆ । ਕਲਜੁਗ ਕਹੇ ਖਵਾਜੇ ਲੂਣੀ ਸਿਲ ਸਭ ਨੂੰ ਪੈਣੀ ਚਟਣੀ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਖਵਾਜਾ ਕਹੇ ਕਲਜੁਗ ਆਹ

੭੪੫ ਤੇਰੇ ਵਾਸਤੇ ਆ ਗਈ ਦੂਜੀ ਪੱਗ, ਯਾਰ ਨਾਲ ਯਾਰ ਦਿਤਾ ਮਿਲਾਈਆ । ਕੂੜ ਯਰਾਨਾ ਤੂੰ ਵੀ ਦੇਣਾ ਛਡ, ਨਾਤਾ ਲੋਕਮਾਤ ਤੁੜਾਈਆ । ੭੪੫

੨੨ ਨਹੀਂ ਤੇ ਕਮਲਿਆ ਆਪਣੀ ਮੰਜ਼ਲ ਪੂਰੀ ਕਰ ਲੈ ਹੱਦ, ਵੇਲਾ ਵਕਤ ਦਏ ਗਵਾਹੀਆ । ਤੇਰੇ ਹੁੰਦਿਆਂ ਕੋਇ ਚੜ੍ਹ ਸਕੇ ਨਾ ਉਪਰ ਸ਼ਾਹ ਰਗ, ਨੌ ਦਵਾਰ ਨਾ ਪੰਧ ਮੁਕਾਈਆ । ਸਦੀ ਚੌਧਵੀਂ ਘਰ ਘਰ ਲਾ ਦੇ ਅੱਗ, ਚਾਰ ਕੁੰਟ ਦੇ ਤਪਾਈਆ । ਕਾਅਬੇ ਰਹੇ ਕੋਇ ਨਾ ਹੱਜ, ਹਕੀਕਤ ਦਾ ਪੜਦਾ ਨਾ ਕੋਇ ਖੁਲ੍ਹਾਈਆ । ਕਲਜੁਗ ਜੀਵ ਬਣਾ ਦੇ ਕੱਗ, ਹੰਸਮੁਖ ਸਿਫ਼ਤ ਨਾ ਕੋਇ ਸਾਲਾਹੀਆ । ਸਾਢੇ ਤਿੰਨ ਹੱਥ ਅੰਦਰ ਵੜ ਕੇ ਨੱਚ, ਘੁੰਮਰ ਆਪਣੀ ਇਕ ਜਣਾਈਆ । ਕਿਸੇ ਦੇ ਕੋਲ ਰਹੇ ਨਾ ਸਚ, ਝੂਠ ਵਿਚ ਕਰ ਲੋਕਾਈਆ । ਵੇਖ ਕਾਇਆ ਮਾਟੀ ਭਾਂਡਾ ਕੱਚ, ਕੰਚਨ ਗੜ੍ਹ ਦੇਣਾ ਤੁੜਾਈਆ । ਕੂੜੀ ਕਿਰਿਆ ਪਾ ਦੇ ਮਨ ਮਤ, ਗੁਰਮਤ ਸਭ ਦੀ ਦੇ ਭੁਲਾਈਆ । ਪੂਰਾ ਹੋਵੇ ਨਾ ਕਿਸੇ ਤਪ, ਤਪੀਸ਼ਰ ਰੋਵਣ ਮਾਰਨ ਧਾਈਆ । ਸਾਧਾਂ ਡੱਸਣ ਮਾਇਆ ਸੱਪ, ਡਸਣੀ ਆਪਣਾ ਡੰਗ ਚਲਾਈਆ । ਧੁਰ ਦਾ ਨਾਮ ਸਕੇ ਕੋਇ ਨਾ ਜਪ, ਅਜਪਾ ਜਾਪ ਨਾ ਕੋਇ ਰਖਾਈਆ । ਸਭ ਦੇ ਭਾਂਡੇ ਕਰ ਦੇ ਖ਼ਾਲੀ ਸਖ, ਅੰਦਰ ਵਸਤ ਰਹੇ ਨਾ ਰਾਈਆ । ਸ਼ਾਹ ਸੁਲਤਾਨਾਂ ਕਰ ਦੇ ਕੱਖ, ਰਾਜ ਰਾਜਾਨਾਂ ਖ਼ਾਕ ਮਿਲਾਈਆ । ਮੇਰਾ ਤੇਰਾ ਵਾਅਦਾ ਅੰਤ ਅਖ਼ੀਰ ਪੱਕ, ਪੱਕੀ ਗੰਢ ਪਵਾਈਆ । ਵੇਖੀਂ ਕਿਤੇ ਨਾ ਜਾਵੀਂ ਥੱਕ, ਭੱਜਣਾ ਵਾਹੋ ਦਾਹੀਆ । ਸਾਡਾ ਦੋਹਾਂ ਦਾ ਬਣਿਆ ਰਥ, ਮਿਲ ਕੇ ਲੈਣਾ ਚਲਾਈਆ । ਉਠ ਮਿਲਾ ਲੈ ਹੱਥ, ਦਸਤ ਦਸਤ ਨਾਲ ਛੁਹਾਈਆ । ਉੱਤਰ ਪੂਰਬ ਤੂੰ ਕਛ, ਦੱਖਣ ਪਹਾੜ ਮੈਂ ਜਾਵਾਂ ਚਾਈਂ ਚਾਈਂਆ । ਜਿਥੇ ਪ੍ਰਭ ਦਾ ਹੋਵੇ ਜਸ, ਉਥੇ ਆਪਣਾ ਖੇਲ ਦੇਣਾ ਵਰਤਾਈਆ । ਜਿਥੇ ਮਦਿਰਾ ਮਾਸ ਲੈਣ ਛਕ, ਉਨ੍ਹਾਂ ਦੀ ਪੁਸ਼ਤ ਤੇ ਥਾਪੀ ਦੇਣੀ ਲਗਾਈਆ । ਫੇਰ ਛੇਤੀ ਆਉਣਾ ਨੱਠ, ਮਿਲਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪਗੜੀਆਂ ਕਹਿਣ ਸੁਣੋ ਕਲਜੁਗ ਵੀਰ ਬਹਾਦਰ, ਸੂਰਬੀਰ ਸੁਣਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਦਾ ਲੰਘਣਾ ਬਾਡਰ, ਅੱਗੇ ਹੋ ਨਾ ਕੋਇ ਅਟਕਾਈਆ । ਧਰਮ ਦੀ ਧਾਰ ਦਿਸੇ ਕੋਇ ਨਾ ਚਾਦਰ, ਓਢਣ ਰਹਿਣ ਕੋਇ ਨਾ ਪਾਈਆ । ਹੁਕਮ ਮੰਨਣਾ ਕਰੀਮ ਕਾਦਰ, ਕੁਦਰਤ ਦਾ ਮਾਲਕ ਆਪ ਸੁਣਾਈਆ । ਕਿਸੇ ਦਵਾਰੇ ਕਿਸੇ ਦਾ ਰਹਿਣ ਦੇਣਾ ਨਹੀਂ ਆਦਰ, ਆਦਰਸ਼ ਵਿਚ ਨਾ ਕੋਇ ਚਤੁਰਾਈਆ । ਆਪਣੀ ਕਰਨੀ ਕਰਨੀ ਉਜਾਗਰ, ਚਾਰੋਂ ਕੁੰਟ ਕੂੜ ਡੰਕ ਵਜਾਈਆ । ਪ੍ਰਭ ਦੇ ਨਾਮ ਦਾ ਰਹੇ ਨਾ ਕੋਇ ਸੌਦਾਗਰ, ਵਣਜਾਰਾ ਵਣਜ ਨਾ ਕੋਇ ਵਖਾਈਆ । ਚਾਰੋਂ ਕੁੰਟ ਕਰਨਾ ਅੰਧੇਰਾ ਬਾਦਲ, ਜੋਤੀ ਨੂਰ ਨਾ ਕੋਇ ਚਮਕਾਈਆ । ਤੁਹਾਡੇ ਹੱਥ ਚੌਧਵੀਂ ਸਦੀ ਦਾ ਆਦਲ, ਇਨਸਾਫ਼ ਨਾਲ ਰਲਾਈਆ । ਖ਼ੁਸ਼ੀ ਨਾਲ ਬਣਨਾ ਕਾਤਲ, ਮਕਤੂਲ ਕਰਨੀ ਖ਼ਲਕ ਖ਼ੁਦਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਕਰਨੀ ਪਾਗਲ, ਪਗੜੀ ਆਪਣੇ ਸੀਸ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਕਲਜੁਗ ਕਹੇ ਮਿੱਤਰ ਸੁਹੇਲੇ ਸੱਜਣ, ਸੱਜਣਾਂ ਦਿਆਂ ਜਣਾਈਆ । ਹੁਣ ਕੂੜ ਨਗਾਰੇ ਵੱਜਣ, ਧਰਮ ਦੀ ਧਾਰ ਨਾ ਕੋਇ ਪਰਗਟਾਈਆ । ਨਾਮ ਕਲਮਾ ਵਸੇ ਕਿਸੇ ਨਾ ਬਦਨ, ਬਦਨੀਤ ਦੇਣੀ ਕਰਾਈਆ । ਨਵ ਸੱਤ ਲਾ ਕੇ ਅੱਗਣ, ਦੀਨ ਦੁਨੀ ਦੇਣੀ ਤਪਾਈਆ । ਏਸੇ ਕੰਮ ਵਿਚ ਹੋਣਾ ਮਗਨ, ਦਿਵਸ ਰੈਣ ਸੇਵ ਕਮਾਈਆ । ਜ਼ਰੂਰ ਝਗੜਾ ਪਾਉਣਾ ਏਸੇ ਸਾਲ ਦੇ ਮਹੀਨੇ ਫੱਗਣ, ਥਿਤ ਪਹਿਲੀ ਨਾਲ ਮਿਲਾਈਆ । ਡੌਰੂ ਡੰਕ ਚਾਰੋਂ ਕੁੰਟ ਵੱਜਣ, ਵਜਹ ਸਕੇ ਨਾ ਕੋਇ ਸਮਝਾਈਆ । ਜੋ ਘੜੇ ਭਾਂਡੇ ਭੱਜਣ, ਭੰਨਣਹਾਰ ਬੇਪਰਵਾਹੀਆ । ਇਕ ਦੂਜੇ ਨੂੰ ਕੋਇ ਨਾ ਆਵੇ ਸੱਦਣ, ਹੁਕਮ ਇਕੋ ਵਾਰ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਸੁਲਤਾਨ ਸੂਰਾ ਸਰਬਗਣ, ਸੂਰਬੀਰ ਬੇਨਜ਼ੀਰ ਲਾਸ਼ਰੀਕ ਇਕ ਅਖਵਾਈਆ ।



੭੪੬ ੨੨

## ✪ ੨੧ ਅੱਸੂ ਸ਼ਹਿਨਸ਼ਾਹੀ ਸੰਮਤ ੬ ਹਰਚਰਨ ਸਿੰਘ ਦੇ ਗ੍ਰਿਹਿ ਚੰਦਾ ਸਿੰਘ ਕਲੋਨੀ ਲੁਧਿਆਣਾ ਸ਼ਹਿਰ ✪

ਖਵਾਜਾ ਕਹੇ ਜਿਸ ਵੇਲੇ ਕਿਰਪਾ ਕੀਤੀ ਦੀਨ ਦਿਆਲ, ਪਰਵਰਦਿਗਾਰ ਮਿਹਰ ਨਜ਼ਰ ਉਠਾਈਆ । ਮੈਂ ਨਿਰਗੁਣ ਆਪਣੀ ਸੁਰਤ ਲਵਾਂ ਸੰਭਾਲ, ਸੰਬਲ ਤਕਾਂ ਨੂਰ ਅਲਾਹੀਆ । ਬੇਨੰਤੀ ਵਿਚ ਕਰਾਂ ਸਵਾਲ, ਦੋਏ ਜੋੜ ਸੀਸ ਨਿਵਾਈਆ । ਸਾਹਿਬ ਸਤਿਗੁਰ ਕਿਰਪਾਲ, ਕਿਰਪਾਨਿਧ ਤੇਰੀ ਸਰਨਾਈਆ । ਉਠ ਵੇਖ ਮੁਰੀਦਾਂ ਹਾਲ, ਮੁਰਸ਼ਦ ਧੁਰਦਰਗਾਹੀਆ । ਨਾਲ ਤਕਾਂ ਕਾਲ ਮਹਾਂਕਾਲ, ਨੇਤਰ ਅੱਖ ਖੁਲ੍ਹਾਈਆ । ਜੇ ਹੁਕਮ ਹੋਇਆ ਨੀਰ ਦਾ ਦੇਵਾਂ ਇਕ ਉਛਾਲ, ਸਾਗਰ ਸੱਤ ਸਤਿ ਹਿਲਾਈਆ । ਮੇਰੀ ਲੇਖੇ ਪਵੇ ਸੇਵਾ ਘਾਲ, ਹਉਂ ਘੋਲੀ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਹੁਕਮ ਵਰਤਾਈਆ । ਕਲਜੁਗ ਕਹੇ ਮੈਂ ਰੱਖੀ ਅੰਤ ਉਡੀਕਾ, ਤਕਾਂ ਕੋਹਨੂਰ ਖ਼ੁਦਾਈਆ । ਭਵਿਖਤ ਦੀਆਂ ਵੇਖ ਤਰੀਕਾਂ, ਤਵਾਰੀਖਾਂ ਖੋਜ ਖੁਜਾਈਆ । ਕਵਣ ਵੇਲਾ ਹੁਕਮ ਦੇਵੇ ਲਾਸ਼ਰੀਕਾ, ਸ਼ਹਿਨਸ਼ਾਹ ਅਗੰਮ ਅਥਾਹੀਆ । ਜਿਸ ਵਿਚ ਹੱਕ ਤੌਫ਼ੀਕਾ, ਜਲਵਾਗਰ ਨੂਰ ਅਲਾਹੀਆ । ਮੁਹੰਮਦ ਦੀਆਂ ਪੂਰੀਆਂ ਕਰੇ ਉਮੀਦਾਂ, ਸਦੀ ਚੌਧਵੀਂ ਖੋਜ

ਖੁਜਾਈਆ । ਚੌਦਾਂ ਤਬਕਾਂ ਲੇਖਾ ਚੁੱਕੇ ਈਦਾਂ, ਈਦਲਫ਼ਿਤਰ ਨਾ ਕੋਇ ਵਡਿਆਈਆ । ਧੁਰ ਦੇ ਹੁਕਮ ਦੀਆਂ ਵੇਖੇ ਰਸੀਦਾਂ, ਰਹਿਬਰ ਹੋ ਕੇ ਵੇਖ ਵਖਾਈਆ । ਫੇਰ ਮੈਨੂੰ ਕਰੇ ਤਾਕੀਦਾ, ਧੁਰ ਫ਼ਰਮਾਨਾ ਇਕ ਦ੍ਰਿੜ੍ਹਾਈਆ । ਦੀਨ ਦੁਨੀ ਦਾ ਖੇਲ ਹੋਵੇ ਪੇਚੀਦਾ, ਪੋਸ਼ੀਦਾ ਆਪ ਸੁਣਾਈਆ । ਕਿਸੇ ਨਜ਼ਰ ਨਾ ਆਏ ਲਾਈਆਂ ਨੀਝਾ, ਨੇਤਰ ਨੈਣ ਨਾ ਕੋਇ ਦਰਸਾਈਆ । ਮੈਂ ਸੇਵਾ ਕਰਾਂ ਬਣ ਅਜ਼ੀਜ਼ਾ, ਨਿਮਰਤਾ ਵਿਚ ਦੁਹਾਈਆ । ਕਿਸੇ ਵਿਚ ਰਹਿਣ ਨਾ ਦੇਵਾਂ ਤਮੀਜ਼ਾ, ਅਕਲ ਬੁੱਧੀ ਦਾ ਡੇਰਾ ਢਾਹੀਆ । ਸਭ ਦਾ ਬਦਲ ਦੇਵਾਂ ਦੀਦਾ, ਦੀਦਾ ਦਾਨਿਸਤਾ ਖੇਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ । ਖਵਾਜਾ ਕਹੇ ਮੈਂ ਤਕਾਂ ਰਹਿਬਰ ਰਾਹ, ਰਹਿਮਤ ਵਿਚ ਧਿਆਨ ਲਗਾਈਆ । ਕੀ ਹੁਕਮ ਦੇਵੇ ਖ਼ੁਦਾ, ਮਿਹਰਵਾਨ ਮਿਹਬਾਨ ਬੀਦੋ ਨੂਰ ਅਲਾਹੀਆ । ਜਿਸ ਦੇ ਉਤੋਂ ਹੋਵਾਂ ਫ਼ਿਦਾ, ਆਪਣਾ ਆਪ ਘੋਲ ਘੁਮਾਈਆ । ਮਾਰਗ ਦੱਸਣਾ ਜਿਸ ਨੇ ਸਿੱਧਾ, ਰਸਤਾ ਇਕ ਦ੍ਰਿੜ੍ਹਾਈਆ । ਮੈਂ ਖ਼ੁਸ਼ੀਆਂ ਵਿਚ ਤਾਲੀ ਵਜਾ ਕੇ ਪਾਵਾਂ ਗਿਧਾ, ਗਹਿਰ ਗੰਭੀਰ ਦਇਆ ਕਮਾਈਆ । ਜਿਸ ਨੇ ਸਭ ਦਾ ਬਣਨਾ ਪਿਤਾ, ਪਤਿਪਰਮੇਸ਼ਵਰ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਕਲਜੁਗ ਕਹੇ ਮੈਂ ਤਕਾਂ ਧੁਰ ਫ਼ਰਮਾਨਾ, ਕਵਣ ਵੇਲਾ ਵਕਤ ਸੁਣਾਈਆ । ਕਿਸ ਵੇਲੇ ਵਰਤੇ ਭਾਣਾ, ਭਾਵੀ ਆਪਣਾ ਰੰਗ ਰੰਗਾਈਆ । ਪਰਗਟ ਹੋਵੇ ਧੁਰ ਦਾ ਰਾਣਾ, ਰਹਿਮਤ ਵਿਚ ਗੁਸਾਈਆਂ । ਜਿਸ ਦਾ ਹੁਕਮ ਦੋ ਜਹਾਨਾਂ, ਤਬਕਾਂ ਸਬਕ ਆਪ ਪੜ੍ਹਾਈਆ । ਸੋ ਪਰਵਰਦਿਗਾਰ ਨੌਜਵਾਨਾ, ਪਾਰਬ੍ਰਹਮ ਹਰਿ ਅਗੰਮ ਅਥਾਹੀਆ । ਜਿਸ ਨੇ ਆਪਣਾ ਖੇਲ ਕਰਾਣਾ, ਕਰਨੀ ਦਾ ਕਰਤਾ ਇਕ ਹੋ ਆਈਆ । ਸਚ ਦਾ ਬਖ਼ਸ਼ ਕੇ ਤਰਾਨਾ, ਤੁਰੀਆ ਤੋਂ ਪਰੇ ਦਏ ਸਮਝਾਈਆ । ਜਿਥੇ ਇਕੋ ਸ਼ਬਦ ਨਿਧਾਨਾ, ਧੁਨ ਅਨਾਦੀ ਨਾਦ ਸ਼ਨਵਾਈਆ । ਇਕੋ ਜੋਤ ਨੂਰ ਜਹਾਨਾ, ਇਕੋ ਦੀਪਕ ਡਗਮਗਾਈਆ । ਇਕੋ ਘਰ ਸੁਹੰਜਣਾ ਸੁਹਾਨਾ, ਸਚ ਦਵਾਰਾ ਇਕ ਅਖਵਾਈਆ । ਜਿਥੇ ਵਸੇ ਸ੍ਰੀ ਭਗਵਾਨਾ, ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਕਹੇ ਮੈਂ ਉਸ ਦਾ ਰਾਹ ਤਕਾਨਾ, ਜੋ ਤਕੱਬਰ ਹੰਕਾਰ ਦੀਨ ਦੁਨੀ ਮਿਟਾਈਆ । ਜਿਸ ਨੇ ਨੂਰ ਜੋਤ ਪਹਿਨਿਆ ਜਾਮਾ, ਸ਼ਬਦੀ ਡੰਕ ਡੰਕ ਸ਼ਨਵਾਈਆ । ਸੋ ਸੂਰਬੀਰ ਸੁਲਤਾਨਾ, ਸਾਹਿਬ ਨੂਰ ਚਮਕਾਈਆ । ਕਲ ਕਲੇਸ਼ ਜਿਸ ਮਿਟਾਣਾ, ਉਹ ਕਲਮਾ ਕਲਮੇ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ । ਖਵਾਜਾ ਕਹੇ ਮੈਂ ਹੁਕਮ ਚਾਹੁੰਦਾ ਅਗੰਮਾ, ਅਗੰਮ ਦਏ ਜਣਾਈਆ । ਮੈਂ ਬੈਠਾ ਨਾ ਰਹਾਂ ਨਿਕੰਮਾ, ਪ੍ਰਭ ਸੇਵਾ ਦਏ ਲਗਾਈਆ । ਮੇਰੇ ਅੰਦਰੋਂ ਦੀਨ ਮਜ਼੍ਹਬ ਦੀ ਕਢ ਦੇਵੇ ਤਮਾਂ, ਲਾਲਚ ਵਿਚ ਨਾ ਕੋਇ ਰਖਾਈਆ । ਫੇਰ ਝਗੜਾ ਮੇਟੇ ਚੰਮਾ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਹਰਖ਼ ਸੋਗ ਰਹੇ ਨਾ ਗਮਾਂ, ਚਿੰਤਾ ਚਿਖਾ ਨਾ ਕੋਇ ਜਲਾਈਆ । ਮੈਂ ਵੀ ਚਾਹੁੰਦਾ ਪ੍ਰਭ ਦਾ ਜੁਗ ਹੋਵੇ ਨਵਾਂ, ਨੌਂ ਸੱਤ ਵੱਜੇ ਵਧਾਈਆ । ਕਲਜੁਗ ਪੈਂਡਾ ਮੂਲ ਰਹੇ ਨਾ ਲੰਮਾ, ਸਦੀ ਚੌਧਵੀਂ ਅੰਤ ਕਰਾਈਆ । ਕੂੜੀ ਕਿਰਿਆ ਬੁਝਾਵੇ ਸ਼ਮਾ, ਸਤਿ ਨੂਰ ਕਰੇ ਰੁਸ਼ਨਾਈਆ । ਪਵਣ ਸਵਾਸੀ ਵੇਖੇ ਦਮਾਂ, ਦਾਮਨਗੀਰ ਕਲਜੁਗ ਹੋ ਜਾਈਆ । ਨਾਮ ਕਲਮੇ ਦਾ ਮੇਟ ਕੇ ਬੰਨਾ, ਬੰਧਨ ਸ਼ਰਅ ਦੇ ਦਏ ਤੁੜਾਈਆ । ਝਗੜਾ ਰਹੇ ਨਾ ਧੋਤੀ ਤੰਬਾ, ਇਕੋ ਰੰਗ ਰੰਗ ਵਖਾਈਆ । ਸਤਿ ਧਰਮ ਦਾ ਸਤਿ ਸਤਿਵਾਦੀ ਹੋਵੇ ਸਮਾਂ,

ਸਾਹਿਬ ਸਤਿਗੁਰ ਦਇਆ ਕਮਾਈਆ । ਖਵਾਜਾ ਕਹੇ ਕਲਜੁਗ ਮੈਂ ਹਿਰਦਿਉਂ ਤੈਨੂੰ ਕਹਾਂ, ਕਹਿ ਕੇ ਰਿਹਾ ਸੁਣਾਈਆ । ਦੋਹਾਂ ਦਾ ਲਹਿਣਾ ਦੇਣਾ ਲੇਖਾ ਇਕੋ ਵਾਰ ਹੋਵੇ ਰਵਾਂ, ਰਵਾਨਗੀ ਪ੍ਰਭ ਦੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਸਭ ਦਾ ਜਾਣੇ ਦਾਮਨਗੀਰ ਹੋ ਕੇ ਦਮਾਂ, ਸਾਸ ਸਵਾਸ ਖੋਜ ਖੁਜਾਈਆ ।

## ✪ ੨੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਲਾਲ ਸਿੰਘ ਦੇ ਘਰ ਲੁਧਿਆਣਾ ਸ਼ਹਿਰ ✪

ਵਕਤ ਸੁਹੰਜਣਾ ਹੋਇਆ ਬਾਈ ਅੱਸੂ, ਆਸ ਪੈਗ਼ੰਬਰਾਂ ਵੇਖ ਵਖਾਈਆ । ਖ਼ੁਸ਼ੀ ਨਾਲ ਕਹੇ ਮਸੀਹ ਯਸੂ, ਜਸ ਪ੍ਰਭ ਦਾ ਇਕ ਜਣਾਈਆ । ਜੋ ਮਾਰਗ ਸਭ ਨੂੰ ਏਕਾ ਦੱਸੂ, ਦਹਿ ਦਿਸ਼ਾ ਆਪ ਸਮਝਾਈਆ । ਜਿਸ ਦਾ ਨਗਰ ਖੇੜਾ ਇਕੋ ਵਸੂ, ਮੰਦਰ ਖੇੜਾ ਇਕ ਸਮਝਾਈਆ । ਜਿਸ ਦੇ ਕੋਲੋਂ ਜਗਤ ਵਿਕਾਰਾ ਨੱਸੂ, ਕੂੜ ਨਾ ਕੋਇ ਹਲਕਾਈਆ । ਅਵਤਾਰ ਗੁਰੂਆਂ ਪੈਗ਼ੰਬਰਾਂ ਬਣਾ ਕੇ ਬੱਚੂ, ਬਚਪਨ ਆਪਣੇ ਲੇਖੇ ਲਾਈਆ । ਉਸ ਦਾ ਸ਼ਬਦ ਗੁਰੂ ਗੁਰਦੇਵ ਦੋ ਜਹਾਨਾਂ ਨੱਚੂ, ਬ੍ਰਹਿਮੰਡ ਖੰਡ ਆਪਣੀ ਰਾਸ ਰਚਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਵੇਖੇ ਪੁਰਾਤਨ ਖ਼ਤੂ, ਖਤੂਤ ਵੇਖ ਵਖਾਈਆ । ਜੋ ਭਗਤ ਸੁਹੇਲਾ ਭਗਤੀ ਵਿਚ ਰਚੂ, ਹਰਿਜਨ ਆਪਣੇ ਰੰਗ ਰੰਗਾਈਆ । ਦੀਨ ਮਜ਼੍ਹਬ ਰਹਿਣ ਨਾ ਦੇਵੇ ਬਹੁ ਮਤੂ, ਮਤ ਮਤਾਂਤਰ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ । ਧੁਰ ਫ਼ਰਮਾਨਾ ਕਹੇ ਧਰਮ ਧਾਰ ਮਸੀਹ, ਮਸਲਾ ਇਕ ਜਣਾਈਆ । ਮੇਰੇ ਸਾਹਿਬ ਦਾ ਦਾਇਰਾ ਹੋਣਾ ਵਸੀਹ, ਵਸੀਅਤ ਸਭ ਦੀ ਵੇਖ ਵਖਾਈਆ । ਜਗਤ ਜਹਾਨ ਦੇਵੇ ਤਰਜੀਹ, ਤਰਤੀਬ ਆਪਣੇ ਹੱਥ ਰਖਾਈਆ । ਲੇਖਾ ਪੂਰਾ ਕਰ ਨਬੀ, ਲਹਿਣਾ ਰਸੂਲਾਂ ਦਏ ਚੁਕਾਈਆ । ਜਗਤ ਜਹਾਨ ਦਾ ਬਣ ਤਬੀ, ਤਬੀਅਤ ਸਭ ਦੀ ਵੇਖ ਵਖਾਈਆ । ਪਰਗਟ ਹੋ ਨੂਰ ਰੱਬੀ, ਰਹਿਮਤ ਆਪਣੀ ਆਪ ਕਮਾਈਆ । ਵੀਹਵੀਂ ਸਦੀ ਮੇਟ ਕੇ ਬਦੀ, ਬਦਲਾ ਸਭ ਦਾ ਦਏ ਚੁਕਾਈਆ । ਅਗਲਾ ਹੁਕਮ ਦੱਸ ਕੇ ਯਦੀ, ਯਦਪ ਆਪਣੀ ਕਾਰ ਕਮਾਈਆ । ਵੇਖਣਹਾਰਾ ਵਹਿਣ ਨੂਹ ਨਦੀ, ਨਵ ਨੌਂ ਫੋਲ ਫੁਲਾਈਆ । ਦੀਨ ਮਜ਼੍ਹਬ ਦੀ ਰਹਿਣ ਨਾ ਦੇਵੇ ਗੱਦੀ, ਗਹਿਰ ਗੰਭੀਰ ਆਪਣਾ ਹੁਕਮ ਵਰਤਾਈਆ । ਸਭ ਦੀ ਕਰਨੀ ਕਰਕੇ ਰੱਦੀ, ਅੱਗੇ ਆਪਣਾ ਹੁਕਮ ਪਰਗਟਾਈਆ । ਧੁਰ ਦੇ ਨਾਮ ਦੀ ਲਏ ਕੋਇ ਨਾ ਵੱਢੀ, ਰਿਸ਼ਵਤ ਖੋਰੀ ਦਏ ਮਿਟਾਈਆ । ਝਗੜਾ ਮੁਕਾ ਕੇ ਕਾਇਆ ਮਾਟੀ ਹੱਡੀ, ਤਨ ਵਜੂਦ ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਆਦਿ ਅੰਤ ਮਧੀ, ਮਧ ਆਪਣੀ ਕਾਰ ਕਮਾਈਆ ।

## ✪ ੨੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਸੁਰਜਨ ਸਿੰਘ ਦੇ ਘਰ ਲੁਧਿਆਣਾ ਸ਼ਹਿਰ ✪

ਮਸੀਹ ਕਹੇ ਮੈਨੂੰ ਮਿਲਿਆ ਅਗੰਮ ਕਲਾਮ, ਕਲਮਿਆਂ ਤੋਂ ਬਾਹਰ ਦਿਤਾ ਜਣਾਈਆ । ਉਠ ਵੇਖ ਖੇਲ ਤਮਾਮ, ਮੂਸਾ ਮੁਹੰਮਦ ਨਾਲ ਉਠਾਈਆ ।

ਚਾਰੋਂ ਕੁੰਟ ਅੰਧੇਰਾ ਸ਼ਾਮ, ਬੀਸਵੀਂ ਸਦੀ ਰਹੀ ਕੁਰਲਾਈਆ । ਮਾਇਆ ਮਮਤਾ ਝੁੱਲੇ ਨਿਸ਼ਾਨ, ਧਰਮ ਦੀ ਧਾਰ ਨਾ ਕੋਇ ਪਰਗਟਾਈਆ । ਸੱਯਦਾ ਹੋਏ ਨਾ ਸਾਹਿਬ ਸੁਲਤਾਨ, ਮਕਬਰਿਆਂ ਸੀਸ ਸਰਬ ਨਿਵਾਈਆ । ਸਦੀ ਚੌਧਵੀਂ ਹੋਣਾ ਸਵਾਧਾਨ, ਆਲਸ ਨਿੰਦਰਾ ਰਹੇ ਨਾ ਰਾਈਆ । ਹੁਕਮ ਦੇਵੇ ਧੁਰ ਅਮਾਮ, ਅਮਾਮ ਅਮਾਮਾ ਬੇਪਰਵਾਹੀਆ । ਜਿਸ ਨੂੰ ਸਭ ਨੇ ਮੰਨਿਆ ਕਾਹਨ, ਕਾਹਨ ਕਾਹਨਾ ਵਡ ਵਡਿਆਈਆ । ਜੋ ਆਦਿ ਜੁਗਾਦੀ ਰਾਮ, ਰਮਿਆ ਹਰ ਘਟ ਨਜ਼ਰੀ ਆਈਆ । ਜਿਸ ਦਾ ਮੰਤਰ ਸਤਿਨਾਮ, ਸਤਿ ਸਤਿ ਵਿਚੋਂ ਪਰਗਟਾਈਆ । ਜਿਸ ਦਾ ਡੰਕਾ ਫ਼ਤਹਿ ਮਹਾਨ, ਵਾਹਵਾ ਗੁਰੂ ਗੁਰੂ ਸ਼ਨਵਾਈਆ । ਉਹ ਖੇਲ ਕਰੇ ਸ੍ਰੀ ਭਗਵਾਨ, ਹਰਿ ਕਰਤਾ ਧੁਰਦਰਗਾਹੀਆ । ਪਾਰਬ੍ਰਹਮ ਬ੍ਰਹਮ ਪੜਦਾ ਚੁਕਾਏ ਆਣ, ਓਹਲਾ ਰਹਿਣ ਕੋਇ ਨਾ ਪਾਈਆ । ਅਬਿਨਾਸ਼ੀ ਕਰਤਾ ਨੌਜਵਾਨ, ਜੋਬਨਵੰਤਾ ਆਪਣਾ ਹੁਕਮ ਵਰਤਾਈਆ । ਆਦਿ ਨਿਰੰਜਣ ਸ਼ਮਾ ਦੀਪ ਜਗਾਏ ਜਹਾਨ, ਨੂਰ ਜ਼ਹੂਰ ਇਕ ਵਖਾਈਆ । ਏਕੰਕਾਰਾ ਖੇਲੇ ਖੇਲ ਖ਼ਲਕ ਮਹਾਨ, ਖ਼ਾਲਕ ਆਪਣਾ ਰੰਗ ਰੰਗਾਈਆ । ਹਰਿ ਪੁਰਖ ਨਿਰੰਜਣ ਨੌਜਵਾਨ, ਸਤਿ ਸਰੂਪਾ ਵੇਸ ਵਟਾਈਆ । ਸੋ ਪੁਰਖ ਨਿਰੰਜਣ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਬਣ ਕੇ ਹੁਕਮਰਾਨ, ਹੁਕਮ ਹਾਕਮ ਇਕ ਉਪਜਾਈਆ । ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਣ, ਦੇਵਤ ਸੁਰ ਝੁਕ ਝੁਕ ਲਾਗਣ ਪਾਈਆ । ਅਵਤਾਰ ਪੈਗ਼ੰਬਰ ਗੁਰੂ ਮੰਗਣ ਦਾਨ, ਖ਼ਾਲੀ ਝੋਲੀਆਂ ਅੱਗੇ ਡਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧੂੜੀ ਖ਼ਾਕ ਰਮਾਣ, ਮਸਤਕ ਇਕ ਵਡਿਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਗੀਤਾ ਗਿਆਨ ਸਿਫ਼ਤੀ ਢੋਲੇ ਗਾਣ, ਗਾ ਗਾ ਸ਼ੁਕਰ ਮਨਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਨਿਰਗੁਣ ਦਾਤਾ ਹੋਏ ਪਰਧਾਨ, ਪਰਧਾਨਗੀ ਆਪਣੀ ਇਕ ਵਖਾਈਆ । ਸਭ ਦਾ ਲਹਿਣਾ ਦੇਣਾ ਅੰਤਰ ਆਤਮ ਪਰਮਾਤਮ ਮੰਗੇ ਆਣ, ਪਾਰਬ੍ਰਹਮ ਬ੍ਰਹਮ ਵੇਖੇ ਚਾਈਂ ਚਾਈਆ । ਪੈਗ਼ੰਬਰੋ ਹੋਣਾ ਸਵਾਧਾਨ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਆਪਣੀ ਖੇਲ ਖਿਲਾਈਆ । ਜਿਸ ਮੰਜ਼ਲ ਤੇ ਚੜ੍ਹੇ ਨਾ ਕੋਇ ਨੌਜਵਾਨ, ਕੋਟਨ ਕੋਟ ਸਾਧੂ ਸੰਤ ਫ਼ਕੀਰ ਸੂਫ਼ੀ ਬੈਠੇ ਧੂਣੀਆਂ ਤਾਈਆ । ਪੁਰਖ ਅਕਾਲਾ ਦੀਨ ਦਿਆਲਾ ਲੇਖਾ ਜਾਣੇ ਕੁਲ ਮਾਲਕ ਹੋ ਕੇ ਕੁਲ ਜਹਾਨ, ਕਲ ਕਲਕੀ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਪੜਦਾ ਆਪ ਉਠਾਈਆ । ਮਸੀਹ ਕਹੇ ਮੈਨੂੰ ਆਇਆ ਧੁਰ ਫ਼ਰਮਾਨਾ, ਪਰਵਰਦਿਗਾਰ ਦਿਤਾ ਜਣਾਈਆ । ਕਲਜੁਗ ਵਰਤੇ ਮੇਰਾ ਭਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਪੀਰ ਪੈਗ਼ੰਬਰਾਂ ਕਦਮਬੋਸੀ ਲੈ ਕੇ ਸੀਸ ਝੁਕਾਣਾ, ਕਦੀਮ ਦਾ ਮਾਲਕ ਸੰਦੇਸ਼ਾ ਇਕ ਸੁਣਾਈਆ । ਅੰਤ ਕੰਤ ਭਗਵੰਤ ਸਭ ਦਾ ਵਕਤ ਚੁਕਾਣਾ, ਚਾਰੋਂ ਕੁੰਟ ਦਏ ਸਮਝਾਈਆ । ਕਲਜੁਗ ਕੂੜੀ ਕਿਰਿਆ ਖੇਲ ਮਿਟਾਣਾ, ਮਿੱਟੀ ਖ਼ਾਕ ਵਿਚ ਰੁਲਾਈਆ । ਦੀਨਾਂ ਮਜ਼੍ਹਬਾਂ ਡੇਰਾ ਢਾਹੁਣਾ, ਉਮਤ ਉਮਤੀ ਕਰੇ ਸਫ਼ਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਏਕਾ ਨਾਮ ਜਪਾਉਣਾ, ਗੀਤ ਸੰਗੀਤ ਇਕ ਸੁਣਾਈਆ । ਮੰਦਰ ਮਸਜਿਦ ਸ਼ਿਵਦਵਾਲਾ ਮੱਠ ਇਕੋ ਰੰਗ ਵਖਾਣਾ, ਗੁਰੂਦਵਾਰ ਇਕ ਸੁਹਾਈਆ । ਅੰਤਰ ਆਤਮ ਨਿਰੰਤਰ ਤੀਰਥ ਇਕ ਨਹਾਉਣਾ, ਅਠ ਸਠ ਖਹਿੜਾ ਦਏ ਛੁਡਾਈਆ । ਤੂੰ ਮੇਰਾ ਮੈਂ ਤੇਰਾ ਲੱਖ ਚੁਰਾਸੀ ਆਤਮ ਪਰਮਾਤਮ ਦੱਸੇ ਗਾਣਾ, ਪਾਰਬ੍ਰਹਮ ਆਪਣਾ ਭੇਵ ਖੁਲ੍ਹਾਈਆ । ਤਖ਼ਤ ਨਿਵਾਸੀ ਸ਼ਾਹੋ ਭੂਪ ਦੋ ਜਹਾਨਾਂ ਬਣ ਕੇ ਰਾਣਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਪ੍ਰਭ ਵੇਖ ਵਖਾਈਆ । ਮਸੀਹ

ਕਹੇ ਮੈਂ ਵੇਖ ਕੇ ਹੋਇਆ ਹੈਰਾਨਾ, ਹਜ਼ਰਤ ਈਸਾ ਦਏ ਦੁਹਾਈਆ । ਜਿਸ ਨੇ ਸਾਡਾ ਅੰਤ ਕਰਾਣਾ, ਜੜ੍ਹ ਲੋਕਮਾਤ ਉਖੜਾਈਆ । ਸੋ ਪਹਿਰ ਕੇ ਆਪਣਾ ਬਾਣਾ, ਜੋਤੀ ਜਾਤਾ ਡਗਮਗਾਈਆ । ਸ਼ਬਦ ਸਤਿਗੁਰ ਨੌਜਵਾਨਾ, ਨਿਰਗੁਣ ਧਾਰ ਰਿਹਾ ਪਰਗਟਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖੇ ਜਗਤ ਜਹਾਨਾ, ਜ਼ਿਮੀਂ ਅਸਮਾਨਾਂ ਫੋਲ ਫੁਲਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਮਿਹਰਵਾਨ ਮਿਹਰਵਾਨ ਮਿਹਰਵਾਨ ਹੋਏ ਮਿਹਰਵਾਨਾ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨੌਜਵਾਨਾ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ ।

## ✪ ੨੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਮਦਨ ਲਾਲ ਦੇ ਘਰ ਲੁਧਿਆਣਾ ਸ਼ਹਿਰ ✪

ਹਜ਼ਰਤ ਈਸਾ ਕਹੇ ਮੈਨੂੰ ਸਦੀ ਬੀਸਵੀਂ ਕਹਿੰਦੀ, ਉਚੀ ਕੂਕ ਕੂਕ ਸੁਣਾਈਆ । ਸ੍ਰਿਸ਼ਟੀ ਇਕ ਦੂਜੇ ਨਾਲ ਖਹਿੰਦੀ, ਉਮਤ ਉਮਤ ਨਾਲ ਟਕਰਾਈਆ । ਨਿਗਹ ਮਾਰ ਦਿਸ਼ਾ ਲਹਿੰਦੀ, ਚੜ੍ਹਦਾ ਦੱਖਣ ਪਹਾੜ ਨਾ ਕੋਇ ਵਡਿਆਈਆ । ਸਭ ਦੀ ਕਲਾ ਹੋਈ ਢਹਿੰਦੀ, ਵੇਲਾ ਵਕਤ ਦਏ ਗਵਾਹੀਆ । ਲਾੜੀ ਮੌਤ ਹੱਥਾਂ ਲਾਵੇ ਮਹਿੰਦੀ, ਸੋਹਣਾ ਸਗਣ ਮਨਾਈਆ । ਦੀਨ ਮਜ਼੍ਹਬ ਦੀ ਧਾਰ ਦਿਸੇ ਖਹਿੰਦੀ, ਇਕ ਦੂਜੇ ਨਾਲ ਟਕਰਾਈਆ । ਬਿਨਾ ਪਰਵਰਦਿਗਾਰ ਤੋਂ ਪਤ ਕਿਸੇ ਨਾ ਰਹਿੰਦੀ, ਓਢਣ ਸੀਸ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ । ਈਸਾ ਕਹੇ ਸੰਦੇਸ਼ਾ ਆਏ ਅਖ਼ੀਰੀ, ਬਿਨ ਅੱਖਰਾਂ ਰਿਹਾ ਜਣਾਈਆ । ਧੁਰ ਦਾ ਹੁਕਮ ਵਰਤਣਾ ਤਕਦੀਰੀ, ਨਾ ਕੋਇ ਮੇਟੇ ਮੇਟ ਮਿਟਾਈਆ । ਕਿਸੇ ਦੀ ਰਹਿਣੀ ਨਹੀਂ ਮੀਰੀ ਪੀਰੀ, ਫ਼ਕੀਰੀ ਹੱਕ ਨਾ ਕੋਇ ਜਣਾਈਆ । ਸ਼ਰਅ ਦੀ ਕਟ ਦੇਣੀ ਜ਼ੰਜੀਰੀ, ਸ਼ਰੀਅਤ ਰੂਪ ਦੇਣਾ ਬਦਲਾਈਆ । ਝਗੜਾ ਮਿਟਾਉਣਾ ਸ਼ਾਹ ਹਕੀਰੀ, ਦੋਹਾਂ ਇਕੋ ਰੰਗ ਰੰਗਾਈਆ । ਲੇਖਾ ਰਹੇ ਨਾ ਜਗਤ ਅਮੀਰੀ, ਗ਼ਰੀਬ ਗ਼ਰੀਬਾਂ ਹੋਏ ਸਹਾਈਆ । ਖੇਲ ਵਰਤਣਾ ਬੇਨਜ਼ੀਰੀ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਨਾਮ ਖੰਡਾ ਖੜਕਣਾ ਸ਼ਮਸ਼ੀਰੀ, ਤਿੱਖੀ ਧਾਰ ਧਾਰ ਦੁਹਾਈਆ । ਮੰਜ਼ਲ ਹੱਦ ਮੁਕਣੀ ਲਕੀਰੀ, ਜੋ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅਵਤਾਰ ਪੈਗ਼ੰਬਰ ਗੁਰੂ ਗਏ ਬਣਾਈਆ । ਝਗੜਾ ਰਹੇ ਨਾ ਸ਼ਾਹ ਵਜ਼ੀਰੀ, ਅਹੁਦਿਆਂ ਲੇਖਾ ਦਏ ਮੁਕਾਈਆ । ਧੁਰ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਆਪਣੇ ਨਾਮ ਦੀ ਬਖ਼ਸ਼ੇ ਇਕ ਤਾਸੀਰੀ, ਤਾਸੀਰ ਪਿਛਲੀ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਈਸਾ ਕਹੇ ਮੈਨੂੰ ਸਦੀ ਚੌਧਵੀਂ ਆਇਆ ਸੰਦੇਸਾ, ਬੀਸਵੀਂ ਨਾਲ ਮਿਲਾਈਆ । ਮੁਹੰਮਦ ਦਾ ਤੇਰੇ ਨਾਲ ਲੇਖਾ, ਲਹਿਣਾ ਚੁਕਣਾ ਥਾਉਂ ਥਾਈਂਆ । ਖੇਲ ਵੇਖਣਾ ਦੇਸ ਪਰਦੇਸਾ, ਪੇਸ਼ੀਨਗੋਈਆਂ ਫੋਲ ਫੁਲਾਈਆ । ਜਿਸ ਨੂੰ ਯਾਦ ਕੀਤਾ ਹਮੇਸ਼ਾ, ਨਿਰਗੁਣ ਨੂਰ ਜੋਤ ਇਲਾਹੀਆ । ਉਹ ਕਰਕੇ ਆਪਣਾ ਵੇਸਾ, ਅਮਾਮ ਅਮਾਮਾ ਰੂਪ ਬਦਲਾਈਆ । ਦਰਗਹ ਸਾਚੀ ਬਣ ਨਰੇਸ਼ਾ, ਸਚਖੰਡ ਵਾਸੀ ਹੋਏ ਸਹਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਜਿਸ ਦੀ ਚੜ੍ਹਨਾ ਭੇਟਾ, ਅੱਗੇ ਹੋ ਨਾ ਕੋਇ ਅਟਕਾਈਆ । ਕੋਟਾਂ ਵਿਚੋਂ ਭਗਤ ਸੁਹੇਲਾ

ਏਕਾ ਬੇਟਾ, ਪਿਤਾ ਪੂਤ ਗੋਦ ਉਠਾਈਆ । ਪੁਰਖ ਅਕਾਲਾ ਹੋਵੇ ਖੇਵਟ ਖੇਟਾ, ਲੱਖ ਚੁਰਾਸੀ ਨੱਈਆ ਨੌਕਾ ਆਪਣੇ ਹੱਥ ਰਖਾਈਆ । ਭਵਿਖਤ ਲਿਖਤ ਅਨਦ੍ਰਿਸ਼ਟ ਕਰੇ ਚੇਤਾ, ਬੀਸਵੀਂ ਸਦੀ ਦਏ ਗਵਾਹੀਆ । ਰਾਖਾ ਦੀਨ ਮਜ਼੍ਹਬ ਦੇ ਰਹੇ ਕੋਇ ਨਾ ਖੇਤਾ, ਅਵਤਾਰ ਪੈਗ਼ੰਬਰ ਗੁਰ ਪਲੂ ਜਾਣ ਛੁਡਾਈਆ । ਇਕੋ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਦੋ ਜਹਾਨਾਂ ਹੋਣਾ ਨੇਤਾ, ਨਰ ਨਿਰੰਕਾਰ ਇਕੋ ਹੁਕਮ ਮਨਾਈਆ । ਤਿਸ ਸਾਹਿਬ ਕੋ ਸਦਾ ਸਦਾ ਆਦੇਸਾ, ਨਿਉਂ ਨਿਉਂ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਭੁੱਲੇ ਕਦੇ ਨਾ ਚੇਤਾ, ਅਭੁੱਲ ਆਪਣਾ ਹੁਕਮ ਵਰਤਾਈਆ ।

## ✪ ੨੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਮੱਘਰ ਸਿੰਘ ਦੇ ਘਰ ਲੁਧਿਆਣਾ ਸ਼ਹਿਰ ✪

ਈਸਾ ਕਹੇ ਸਾਥੋਂ ਹੋਣੀ ਅੰਤ ਵਸੂਲੀ, ਲੇਖਾ ਮੰਗੇ ਬੇਪਰਵਾਹੀਆ । ਉਮਤ ਤਕੇ ਬੇਅਸੂਲੀ, ਅਸਲ ਵਿਚੋਂ ਖੋਜ ਖੁਜਾਈਆ । ਮਿਹਰ ਨਜ਼ਰ ਹੋਈ ਮਾਮੂਲੀ, ਨਿਗਹ ਸਾਡੀ ਵਿਚ ਨਾ ਕੋਈ ਚਤੁਰਾਈਆ । ਸਾਡਾ ਵਕਤ ਚੁਕਾਉਣਾ ਹਰਿ ਕਾਨੂੰਨੀ, ਕਾਇਦਾ ਆਪਣਾ ਇਕ ਦ੍ਰਿੜਾਈਆ । ਜਲਵਾ ਰਹੇ ਨਾ ਕੋਇ ਜਨੂੰਨੀ, ਚਾਰ ਕੁੰਟ ਕੁੰਟ ਵੇਖ ਵਖਾਈਆ । ਝਗੜਾ ਮੇਟੇ ਤਨ ਬੈਰੂਨੀ, ਵਜੂਦੋਂ ਵਜੂਹਾਤ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਈਸਾ ਕਹੇ ਕਰਨੇਹਾਰ ਕਰੇ ਕੀ, ਕੀ ਦਿਆਂ ਸਮਝਾਈਆ । ਜਿਸ ਨੇ ਸਾਡੀ ਰੱਖੀ ਨੀਂਹ, ਅੰਤਮ ਜੜ੍ਹ ਦਏ ਉਖੜਾਈਆ । ਜਿਸ ਦੀ ਅਜ਼ਾਂ ਦਿਤੀ ਅਜ਼ੀਂ, ਅਰਸ਼ ਫ਼ਰਸ਼ ਧਿਆਨ ਲਗਾਈਆ । ਉਹ ਨਿਗਹ ਕਰੇ ਨਜ਼ੀਂ, ਨਜ਼ਰ ਆਪਣੀ ਬਦਲਾਈਆ । ਝਗੜਾ ਮੁਕਾਵੇ ਜਗਤ ਸੀਂਅ, ਧਰਨੀ ਧਰਤ ਧਵਲ ਦੁਹਾਈਆ । ਅੱਗੇ ਸਚ ਦਾ ਬੀਜ ਕੇ ਬੀ, ਫਲ ਫੁੱਲ ਇਕ ਵਖਾਈਆ । ਸਾਡੀ ਉਮਤ ਫ਼ਸਲ ਹੋਈ ਰਬੀ, ਰਬੀਉਲ ਸਾਨੀ ਵਿਚ ਦੁਹਾਈਆ । ਸਦੀ ਬੀਸਵੀਂ ਬਣਾ ਕੇ ਮੁੱਦਈ, ਮੁੱਦਾ ਅਲੈਹ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਹੋਵੇ ਕਦੀ, ਕਦੀਮ ਦਾ ਮਾਲਕ ਕੁਦਰਤ ਆਪਣਾ ਰੰਗ ਰੰਗਾਈਆ ।

## ✪ ੨੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਗੁਰਦੇਵ ਸਿੰਘ ਦੇ ਘਰ ਲੁਧਿਆਣਾ ✪

ਈਸਾ ਕਹੇ ਹੁਕਮ ਦੇਵੇ ਮੇਰਾ ਬਾਪ, ਖ਼ੁਦ ਖ਼ੁਦਾ ਨੂਰ ਅਲਾਹੀਆ । ਚਾਰੋਂ ਕੁੰਟ ਵੇਖ ਪਾਪ, ਪਤਿਤ ਹੋਈ ਲੋਕਾਈਆ । ਵਜੂਦ ਰਿਹਾ ਕਿਸੇ ਨਾ ਪਾਕ, ਬੁਤ ਕਰੇ ਨਾ ਕੋਈ ਸਫ਼ਾਈਆ । ਰਸ ਮਿਲੇ ਨਾ ਆਬੇਹਯਾਤ, ਜ਼ਿੰਦਗੀ ਜ਼ਿੰਦਗੀ ਨਾ ਕੋਇ ਬਦਲਾਈਆ । ਮੈਂ ਵੇਖੀ ਆਪਣੀ ਬਿਨਾ ਹਰਫ਼ ਹਰੂਫ਼ ਕਿਤਾਬ, ਬਿਨ ਸੱਤਰਾਂ ਲਾਈਨਾਂ ਨਜ਼ਰੀ ਆਈਆ । ਜਿਸ ਵਿਚ ਅੰਤ ਦੇਣਾ ਪਿਆ ਹਿਸਾਬ, ਲੇਖਾ ਅਵਰ ਰਿਹਾ ਨਾ ਰਾਈਆ । ਪਹਿਲਾ ਦੂਜਾ ਨਹੀਂ ਕੋਈ ਬਾਬ, ਹਿੱਸਿਆਂ ਵੰਡ ਨਾ ਕੋਇ ਵੰਡਾਈਆ । ਜਿਧਰ ਤਕਾਂ ਇਕੋ ਨੂਰ ਨਜ਼ਰ ਆਵੇ ਮੇਰੇ ਮਾਲਕ ਦਾ ਆਪਾ ਆਪ, ਦੂਜਾ

ਰੰਗ ਨਾ ਕੋਇ ਵਟਾਈਆ । ਮੇਰਾ ਅੰਤਰ ਗਿਆ ਕਾਂਪ, ਭੈ ਵਿਚ ਦੁਹਾਈਆ । ਸਾਬਤ ਰਿਹਾ ਕਿਸੇ ਨਾ ਜਾਪ, ਜਗਤ ਮਸਲਾ ਨਾ ਕੋਇ ਚਤੁਰਾਈਆ । ਜਿਧਰ ਤਕਾਂ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਕੂੜੀ ਕਿਰਿਆ ਉਡੇ ਖ਼ਾਕ, ਖ਼ਾਲਸ ਰੰਗ ਨਾ ਕੋਇ ਰੰਗਾਈਆ । ਮਜ਼ਬਾਂ ਵਿਚ ਦਿਸੇ ਨਾ ਕੋਇ ਇਤਫ਼ਾਕ, ਨਿਫ਼ਾਕ ਵਿਚ ਦੁਹਾਈਆ । ਸ਼ਰਅ ਦਾ ਕਰਨ ਫ਼ਸਾਦ, ਝਗੜੇ ਵਿਚ ਹਾਲ ਦੁਹਾਈਆ । ਕਿਸੇ ਦੀ ਰਹੀ ਨਾ ਅੰਤ ਇਮਦਾਦ, ਸਾਥੀ ਸੰਗ ਨਾ ਕੋਇ ਨਿਭਾਈਆ । ਮੇਰੀ ਸਾਹਿਬ ਅੱਗੇ ਫ਼ਰਿਆਦ, ਸੀਸ ਜਗਦੀਸ ਝੁਕਾਈਆ । ਤੇਰੀ ਸ੍ਰਿਸ਼ਟੀ ਤੇਰੀ ਦੁਨੀਆ ਤੇਰੀ ਕਾਇਨਾਤ ਤੇਰਾ ਸਮਾਜ, ਦੀਨ ਮਜ਼੍ਹਬ ਤੇਰੀ ਵੰਡ ਵੰਡਾਈਆ । ਤੂੰ ਮਾਲਕ ਆਦਿ ਜੁਗਾਦਿ, ਜੁਗ ਚੌਕੜੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਆਪਣੀ ਸਾਜਣ ਆਪੇ ਸਾਜ, ਸਾਜਣਹਾਰੇ ਤੇਰੇ ਹੱਥ ਵਡਿਆਈਆ ।

### ੨੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਨਿਰਵੈਰ ਸਿੰਘ ਦੇ ਘਰ ਲੋਕੋ ਸ਼ੈਡ ਲੁਧਿਆਣਾ

ਮੂਸਾ ਕਹੇ ਮੈਂ ਲੇਖ ਵੇਖਿਆ ਤਹਿਰੀਰੀ, ਤਾਰੀਖ ਕਹਿਣ ਕਿਛ ਨਾ ਪਾਈਆ । ਜਿਸ ਵਿਚ ਦੀਨ ਦੁਨੀ ਦੀ ਨਵੀਂ ਤਾਮੀਰੀ, ਨਵ ਸੱਤ ਰੰਗ ਵਖਾਈਆ । ਸ਼ਰਅ ਦੀ ਕਟੀ ਹੋਈ ਜ਼ੰਜੀਰੀ, ਸਾਫ਼ ਸੋਹਣੀ ਨਜ਼ਰੀ ਆਈਆ । ਲੇਖ ਦੱਸਿਆ ਖੇਲ ਹੋਣਾ ਤਕਦੀਰੀ, ਵੇਲਾ ਵਕਤ ਨਾ ਕੋਇ ਜਣਾਈਆ । ਸਭ ਨੂੰ ਗਲੀ ਦਿਸਣੀ ਭੀੜੀ, ਮਾਰਗ ਪੰਧ ਨਾ ਕੋਇ ਮੁਕਾਈਆ । ਕਿਸੇ ਦੇ ਮੁਖ ਰਹਿਣੀ ਨਹੀਂ ਸਿਗਰਟ ਬੀੜੀ, ਤਮਾਕੂ ਤਮਾਂ ਨਾ ਕੋਇ ਜਣਾਈਆ । ਅਵਤਾਰ ਪੈਗ਼ੰਬਰ ਗੁਰੂਆਂ ਦੀ ਬਦਲ ਜਾਣੀ ਪੀੜ੍ਹੀ, ਯਦ ਇਕੋ ਨਜ਼ਰੀ ਆਈਆ । ਕਿਸੇ ਦੀ ਰਹਿਣੀ ਨਹੀਂ ਮੀਰੀ ਪੀਰੀ, ਪੀਆ ਪ੍ਰੀਤਮ ਇਕੋ ਹੁਕਮ ਵਰਤਾਈਆ । ਸਭ ਦੇ ਅੰਦਰ ਆਏ ਦਿਲਗੀਰੀ, ਧੀਰਜ ਧੀਰ ਨਾ ਕੋਇ ਰਖਾਈਆ । ਮਾਣ ਹੋਵੇ ਹਸਤ ਕੀੜੀ, ਕੀਟ ਕੀਟਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਖਾਈ ਦਰਗਾਹ ਸਾਚੀ ਦੀ ਇਕੋ ਸੀੜ੍ਹੀ, ਪੌੜੀ ਡੰਡਾ ਅਵਰ ਨਾ ਕੋਇ ਲਗਾਈਆ ।

### ੨੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਹਰਨੇਕ ਸਿੰਘ ਦੇ ਘਰ ਲੁਧਿਆਣਾ ਸ਼ਹਿਰ

ਮੂਸਾ ਕਹੇ ਪ੍ਰਭ ਲੇਖਾ ਕਰਨ ਲੱਗਾ ਮੁਸਾਵੀ, ਮੁਸਲਸਲ ਆਪਣਾ ਰੰਗ ਰੰਗਾਈਆ । ਹੁਕਮੇ ਅੰਦਰ ਸਭ ਦੇ ਉਤੇ ਵਰਤਾਵੇ ਭਾਵੀ, ਭਾਣਾ ਆਪਣਾ ਇਕ ਸਮਝਾਈਆ । ਜੋ ਆਸਾ ਰੱਖ ਕੇ ਗਿਆ ਅਰਜਨ ਗੁਰ ਉਤੇ ਰਾਵੀ, ਰਵੀਦਾਸ ਪਾਹਣੇ ਗੰਢ ਧਿਆਨ ਲਗਾਈਆ । ਜੋ ਅੰਤਮ ਯਾਦ ਕੀਤਾ ਪਾਤਸ਼ਾਹੀ ਨਾਂਵੀ, ਤੇਗ਼ ਬਹਾਦਰ ਧਿਆਨ ਰਖਾਈਆ । ਜੋ ਬਲ ਸਮਝਾਇਆ ਗੋਬਿੰਦ ਗੋਬਿੰਦ ਬਾਹਵੀਂ, ਭੇਵ ਅਭੇਦਾ ਇਕ ਖੁਲ੍ਹਾਈਆ । ਤਿਸ ਦਾ ਲਹਿਣਾ ਦੇਣਾ ਪੂਰਾ ਕਰਨਾ ਚਾਵੀਂ, ਚਾਉ ਘਨੇਰਾ ਇਕ ਸਮਝਾਈਆ । ਦੀਨ ਮਜ਼੍ਹਬ ਦੀ ਅਲਾਮਤ ਰਹਿਣ ਦੇਣੀ ਨਹੀਂ ਕੋਈ ਲਾਵੀਂ,

ਮਾਨਵ ਜ਼ਾਤੀ ਇਕੋ ਰੰਗ ਦੇਣੀ ਰੰਗਾਈਆ । ਝਗੜਾ ਮੇਟਣਾ ਸਾਢੇ ਤਿੰਨ ਹੱਥ ਗਰਾਵੀਂ, ਤਨ ਵਜੂਦ ਮਾਟੀ ਖ਼ਾਕ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨ ਥਾਉਂ ਥਾਈਂ, ਥਨੰਤਰ ਅੰਤਰ ਸਭ ਦਾ ਭੇਵ ਖੁਲ੍ਹਾਈਆ ।

## ✪ ੨੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਸਮਿਤ੍ਰੀ ਦੇਵੀ ਦੇ ਘਰ ਲੁਧਿਆਣਾ ਸ਼ਹਿਰ ✪

ਮੂਸਾ ਕਹੇ ਖੇਲ ਤੱਕਿਆ ਹਰਿ ਮਹਿਬੂਬਾ, ਮਹਿਬੂਬ ਧਿਆਨ ਲਗਾਈਆ । ਦੀਨ ਦੁਨੀ ਨਜ਼ਾਰਾ ਤੱਕਿਆ ਅਜੂਬਾ, ਅਜਬ ਨਿਰਾਲਾ ਵੇਖ ਵਖਾਈਆ । ਬਹੁਮਤ ਹੋਈ ਬੇਹੂਦਾ, ਬੇਮਤ ਹੋਈ ਸਰਬ ਲੋਕਾਈਆ । ਮੰਜ਼ਲ ਚੜ੍ਹਿਆ ਨਾ ਕੋਇ ਮਕਸੂਦਾ, ਦਰਗਹ ਸਚ ਨਾ ਕੋਇ ਸਮਾਈਆ । ਸਭ ਦਾ ਕਾਇਆ ਕਾਸਾ ਹੋਇਆ ਮੂਧਾ, ਕਵਲੀ ਕਵਲ ਨਾ ਕੋਇ ਉਲਟਾਈਆ । ਅੰਮ੍ਰਿਤ ਰਸ ਮਿਲੇ ਨਾ ਦੂਧਾ, ਵਿਖ ਰੂਪ ਕੂੜ ਸੋਭਾ ਪਾਈਆ । ਹਰਿ ਕਾ ਭੇਵ ਕਿਸੇ ਨਾ ਬੂਝਾ, ਪਰਦਾ ਸਕਿਆ ਨਾ ਕੋਇ ਚੁਕਾਈਆ । ਝਗੜਾ ਹੋਇਆ ਏਕਾ ਦੂਜਾ, ਦੁਤੀਆ ਰੰਗ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰੇਮ ਪਿਆਰ ਮੁਹੱਬਤ ਵਿਚ ਅਲੂਦਾ, ਅਲਲ ਆਪਣੇ ਸੰਗ ਸਮਾਈਆ ।



੭੫੩ ੨੨

## ✪ ੨੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਸੁਖਵੰਤ ਕੌਰ ਦੇ ਗ੍ਰਿਹਿ ਲੁਧਿਆਣਾ ਸ਼ਹਿਰ ✪

ਨਾਨਕ ਕਹੇ ਮੈਂ ਸੁਣਿਆ ਸ਼ਬਦ ਅਪਾਰਾ, ਅਪਰੰਪਰ ਸਵਾਮੀ ਦਿਤਾ ਜਣਾਈਆ । ਉਠ ਮਾਤਲੋਕ ਵੇਖ ਧੂੰਆਂਧਾਰਾ, ਨੌਂ ਖੰਡ ਸੱਤ ਦੀਪ ਨਾ ਕੋਇ ਰੁਸ਼ਨਾਈਆ । ਮਨ ਕਲਪਨਾ ਸ੍ਰਿਸ਼ਟੀ ਦ੍ਰਿਸ਼ਟੀ ਪਾਈ ਹਾਹਾਕਾਰਾ, ਕੂੜੀ ਕਿਰਿਆ ਪੰਧ ਨਾ ਕੋਇ ਮੁਕਾਈਆ । ਸਤਿ ਦਾ ਰਿਹਾ ਨਾ ਕੋਇ ਜੈਕਾਰਾ, ਸਤਿ ਸਵਾਮੀ ਦਰਸ ਕੋਇ ਨਾ ਪਾਈਆ । ਪੜ੍ਹ ਪੜ੍ਹ ਥੱਕੇ ਰਸਨਾ ਜਿਹਵਾ ਜੀਵ ਗਵਾਰਾ, ਬੁਧ ਬਿਬੇਕ ਨਾ ਕੋਇ ਦਰਸਾਈਆ । ਧੁਨ ਆਤਮਕ ਸੁਣੇ ਨਾ ਕੋਇ ਧੁਨਕਾਰਾ, ਨਾਦੀ ਨਾਦ ਨਾ ਕੋਇ ਸ਼ਨਵਾਈਆ । ਅੰਮ੍ਰਿਤ ਆਤਮ ਰਸ ਮਿਲੇ ਨਾ ਠੰਡਾ ਠਾਰਾ, ਤ੍ਰੈਗੁਣ ਅਗਨੀ ਅੱਗ ਨਾ ਕੋਇ ਬੁਝਾਈਆ । ਨਿਰਗੁਣ ਜੋਤ ਨਾ ਕੋਇ ਉਜਿਆਰਾ, ਆਤਮ ਪਰਮਾਤਮ ਰੰਗ ਨਾ ਕੋਇ ਰੰਗਾਈਆ । ਚਾਰ ਵਰਨ ਅਠਾਰਾਂ ਬਰਨ ਨਿਰੰਤਰ ਹੋਇਆ ਧੂੰਆਂਧਾਰਾ, ਬਸੰਤਰ ਅਗਨੀ ਤਤ ਨਾ ਕੋਇ ਬੁਝਾਈਆ । ਸਦੀ ਚੌਧਵੀਂ ਲਹਿਣਾ ਦੇਣਾ ਮੁਹੰਮਦ ਪੂਰਾ ਹੋਣਾ ਇਕਰਾਰਾ, ਕੌਲ ਪਿਛਲਾ ਰਿਹਾ ਦ੍ਰਿੜਾਈਆ । ਈਸਾ ਜਿਸ ਦਾ ਕਰਕੇ ਗਿਆ ਇਸ਼ਾਰਾ, ਬੀਸ ਬੀਸਾ ਅੱਖ ਉਠਾਈਆ । ਮੂਸਾ ਤੱਕਿਆ ਜਿਸ ਦੀਦਾਰਾ, ਨੂਰ ਜ਼ਹੂਰ ਸੋਭਾ ਪਾਈਆ । ਸੋ ਖੇਲ ਕਰਾਏ ਕਰਨੇਹਾਰਾ, ਹਰਿ ਕਰਤਾ ਵਡ ਵਡਿਆਈਆ । ਜਿਸ ਨੂੰ ਕਹਿੰਦੇ ਗਏ ਕਲ ਕਲਕੀ ਅਵਤਾਰਾ, ਨਿਹਕਲੰਕਾ ਨੂਰ ਇਲਾਹੀਆ । ਸੋ ਜੋਤੀ ਜਾਤਾ ਪੁਰਖ ਬਿਧਾਤਾ ਹੋ ਉਜਿਆਰਾ, ਦੋ ਜਹਾਨਾ ਨੌਜਵਾਨਾ ਮਰਦ ਮਰਦਾਨਾ ਵੇਖ ਵਖਾਈਆ । ਭੇਵ ਖੁਲ੍ਹਾਏ ਦਇਆ

ਕਮਾਏ ਮੰਦਰ ਮਸਜਦ ਸ਼ਿਵਦਵਾਲੇ ਮਠ ਗੁਰੂਦਵਾਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਪੜਦਾ ਆਪ ਉਠਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਹੁਕਮ ਵਰਤੇ ਆਪਣੀ ਧਾਰਾ, ਧੁਰ ਸੰਦੇਸ਼ਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪੜਦਾ ਆਪ ਚੁਕਾਈਆ । ਨਾਨਕ ਕਹੇ ਪੁਰਖ ਅਕਾਲ ਕੀਤਾ ਇਸ਼ਾਰਾ, ਸ਼ਹਿਨਸ਼ਾਹ ਸੈਨਤ ਇਕ ਲਗਾਈਆ । ਕਲਜੁਗ ਵੇਖ ਅੰਤ ਕਿਨਾਰਾ, ਨਈਆ ਨੌਕਾ ਡੋਲੇ ਥਾਉਂ ਥਾਈਂਆ । ਸਾਜਣ ਰਿਹਾ ਨਾ ਕੋਇ ਮਿੱਤਰ ਪਿਆਰਾ, ਦੋਸਤ ਦਸਤ ਨਾ ਕੋਇ ਮਿਲਾਈਆ । ਪਿਤਾ ਪੂਤ ਨਾ ਕੋਇ ਅਧਾਰਾ, ਸਗਲਾ ਸੰਗ ਨਾ ਕੋਇ ਬਣਾਈਆ । ਅਠਸਠ ਤੀਰਥ ਰੋਵਣ ਜ਼ਾਰੋ ਜ਼ਾਰਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵਣ ਮਾਰਨ ਧਾਈਆ । ਸ਼ਾਸਤਰ ਸਿਮਰਤ ਕਰਨ ਗਿਰਿਆਜ਼ਾਰਾ, ਨੇਤਰ ਨੈਣ ਹੰਝੂਆਂ ਹਾਰ ਬਣਾਈਆ । ਤਨ ਵਜੂਦ ਮਾਟੀ ਖ਼ਾਕ ਸਾਢੇ ਤਿੰਨ ਹੱਥ ਦਿਸੇ ਨਾ ਕੋਇ ਮੁਨਾਰਾ, ਬ੍ਰਹਮ ਜੋਤ ਬਿਨ ਵਰਨ ਗੋਤ ਨਜ਼ਰ ਕੋਇ ਨਾ ਆਈਆ । ਲੇਖ ਭਵਿਖਤ ਪਾਰਬ੍ਰਹਮ ਪਤਿਪਰਮੇਸ਼ਵਰ ਸਭ ਦਾ ਵਿਚਾਰਾ, ਵਿਚਰਨ ਦੀ ਲੋੜ ਰਹੀ ਨਾ ਰਾਈਆ । ਨੌਂ ਸੱਤ ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਜਿਸ ਦਾ ਭੇਵ ਪਾ ਸਕੇ ਨਾ ਤੇਈ ਅਵਤਾਰਾ, ਪੈਗ਼ੰਬਰ ਬੈਠੇ ਸੀਸ ਨਿਵਾਈਆ । ਦਸ ਗੁਰ ਤਕਦੇ ਗਏ ਸਹਾਰਾ, ਓੜਕ ਓਟ ਇਕ ਅਕਾਲ ਰਖਾਈਆ । ਕਾਗਤ ਕਲਮ ਨਾ ਲਿਖਣਹਾਰਾ, ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਸੋ ਲੇਖਾ ਜਾਣੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਨਕ ਕਹੇ ਤਕ ਲੈ ਆਪਣੀ ਦੀਨ ਦੁਨੀ ਦੀ ਹਾਲਤ, ਦਹਿ ਦਿਸ਼ਾ ਧਿਆਨ ਲਗਾਈਆ । ਸਤਿਨਾਮ ਦੀ ਰਹੀ ਨਾ ਕੋਇ ਇਬਾਦਤ, ਅੱਵਲ ਅੱਲਾ ਨੂਰ ਨਾ ਕੋਇ ਚਮਕਾਈਆ । ਚਾਰ ਕੁੰਟ ਦੀਨ ਦੁਨੀ ਕਰੇ ਨਾ ਕੋਇ ਬਗ਼ਾਵਤ, ਸ਼ਰਅ ਸ਼ਰਅ ਨਾਲ ਟਕਰਾਈਆ । ਸਚ ਕਲਮੇ ਦੀ ਕਰੇ ਨਾ ਕੋਇ ਸਖ਼ਾਵਤ, ਸੁਖ਼ਨ ਪੂਰ ਨਾ ਕੋਇ ਨਿਭਾਈਆ । ਹਰ ਹਿਰਦੇ ਅੰਦਰ ਵੜੀ ਅਦਾਵਤ, ਅਦਲ ਇਨਸਾਫ਼ ਨਾ ਕੋਇ ਕਮਾਈਆ । ਸਚ ਦੱਸ ਤੂੰ ਕਿਸ ਦੀ ਦੇਣੀ ਜ਼ਮਾਨਤ, ਕਿਸ ਦਾ ਹੋਏਂ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਏਕੰਕਾਰ ਇਕ ਸਲਾਮਤ, ਦੂਸਰ ਦੂਜਾ ਨਜ਼ਰ ਕੋਇ ਨਾ ਆਈਆ ।

### ੨੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਹਰਬੰਸ ਕੌਰ ਦੇ ਘਰ ਆਰੀਆ ਮਹੱਲਾ ਲੁਧਿਆਣਾ

ਪੁਰਖ ਅਕਾਲ ਕਿਹਾ ਸੁਣ ਨਾਨਕ ਧਾਰ ਮਹਿੰਡੀ, ਅਨਡਿਠੜੇ ਹੁਕਮ ਦਰਸਾਈਆ । ਪਰਦਾ ਖੁਲ੍ਹਿਆ ਕਿਸੇ ਨਾ ਇੰਡੀ, ਇੰਦਰੀਆਂ ਵਸ ਨਾ ਕੋਇ ਕਰਾਈਆ । ਭਾਗ ਲੱਗਾ ਕਿਸੇ ਨਾ ਪਿੰਡੀ, ਪਰਦਾ ਸਕਿਆ ਨਾ ਕੋਇ ਚੁਕਾਈਆ । ਲੇਖੇ ਲੱਗੀ ਨਾ ਕੋਇ ਰਕਤ ਬਿੰਦੀ, ਤਨ ਵਜੂਦ ਨਾ ਕੋਇ ਸਫ਼ਾਈਆ । ਮਿਲਿਆ ਮੇਲ ਨਾ ਗੁਣੀ ਗਹਿੰਦੀ, ਗਹਿਰ ਗੰਭੀਰ ਨਾ ਕੋਇ ਅਪਨਾਈਆ । ਸ੍ਰਿਸ਼ਟੀ ਇਕ ਦੂਜੇ ਨੂੰ ਜਾਂਦੀ ਨਿੰਦੀ, ਨਿੰਦਿਆ

ਵਿਚ ਲੜਾਈਆ । ਮਨੋਂ ਮੇਟੇ ਕੋਇ ਨਾ ਚਿੰਦੀ, ਸਹਿਸਾ ਰੋਗ ਨਾ ਕੋਇ ਗਵਾਈਆ । ਮਸਤਕ ਨਾਮ ਲੱਗੀ ਕਿਸੇ ਨਾ ਬਿੰਦੀ, ਲਾਲ ਗੁਲਾਲਾ ਰੰਗ ਨਾ ਕੋਇ ਚੜ੍ਹਾਈਆ । ਕਲਜੁਗ ਪੈ ਗਏ ਡੰਡੀ ਵਿੰਗੀ, ਸਿੱਧਾ ਰਾਹ ਨਾ ਕੋਇ ਅਪਨਾਈਆ । ਰਸ ਮਾਣਿਆ ਜਗਤ ਜਹਾਨ ਲਿੰਗੀ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਧੁਰ ਨਾਮ ਸੁਣਿਆ ਨਾ ਸਿੰਗੀ, ਸਤਿਨਾਮ ਸਤਿਵਾਦ ਨਾ ਕੋਇ ਜਣਾਈਆ । ਮੈਂ ਦੀਨ ਦੁਨੀ ਲੱਖ ਚੁਰਾਸੀ ਸਾਰੀ ਮਿਣੀ, ਪੈਮਾਨਾ ਆਪ ਹੱਥ ਉਠਾਈਆ । ਲੇਖਾ ਵੇਖਿਆ ਲੋਕ ਤਿੰਨੀ, ਤ੍ਰੈਲੋਕ ਫੋਲ ਫੁਲਾਈਆ । ਭਰਮ ਮੇਟਿਆ ਕਿਸੇ ਨਾ ਚਿੰਨੀ, ਤਾਰਾ ਚੰਦ ਦਏ ਗਵਾਹੀਆ । ਰੋਸ਼ਨੀ ਮੇਰੀ ਰਹੀ ਨਾ ਨਿੰਮੀ, ਧੂੰਆਂਧਾਰ ਹੋਈ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਛਿੰਨ ਛਿੰਨੀ, ਛਿੰਨ ਮਾਤਰ ਪੜਦਾ ਆਪ ਉਠਾਈਆ ।

### ੨੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਗਿਆਨ ਚੰਦ ਦੇ ਘਰ ਲੁਧਿਆਣਾ ਸ਼ਹਿਰ

ਸ੍ਰਿਸ਼ਟੀ ਦ੍ਰਿਸ਼ਟੀ ਹੋਈ ਨਿਧਾਨੀ, ਗੁਣ ਨਿਧਾਨ ਦਰਸ ਕੋਇ ਨਾ ਪਾਈਆ । ਆਤਮ ਬ੍ਰਹਮ ਨਾ ਜਾਣੀ ਬਾਣੀ, ਨਿਰਅੱਖਰ ਧਾਰ ਨਾ ਕੋਇ ਸਮਾਈਆ । ਸਤਿ ਧਰਮ ਤਕੀ ਨਾ ਕੋਇ ਨਿਸ਼ਾਨੀ, ਨਿਸ਼ਾਨੇ ਜਗਤ ਕੂੜ ਝੁਲਾਈਆ । ਭੇਵ ਪਾਇਆ ਨਾ ਜਾਵੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਪੜਦਾ ਨਾ ਕੋਇ ਉਠਾਈਆ । ਸ਼ਬਦੀ ਸ਼ਬਦ ਬਣਿਆ ਨਾ ਕੋਇ ਗਿਆਨੀ, ਵਾਚਕ ਰੂਪ ਸਰਬ ਲੋਕਾਈਆ । ਨਾਨਕ ਅੰਤਰ ਆਈ ਹੈਰਾਨੀ, ਘਰ ਘਰ ਅੰਦਰ ਵੇਖ ਵਖਾਈਆ । ਜਗਤ ਜਹਾਨ ਭਰਿਆ ਨਾਲ ਬੇਈਮਾਨੀ, ਬੇਵਾ ਰੂਪ ਖ਼ਲਕ ਖ਼ੁਦਾਈਆ । ਮੰਜ਼ਲ ਚੜ੍ਹੇ ਨਾ ਕੋਇ ਰੁਹਾਨੀ, ਰੂਹ ਬੁਤ ਕਰੇ ਨਾ ਕੋਇ ਸਫ਼ਾਈਆ । ਕਾਇਆ ਕਾਅਬੇ ਦਿਸੇ ਨਾ ਜੋਤ ਨੁਰਾਨੀ, ਚਾਰ ਕੁੰਟ ਅੰਧੇਰਾ ਛਾਈਆ । ਆਤਮ ਪਰਮਾਤਮ ਪਰਮਾਤਮ ਆਤਮ ਲੇਖਾ ਮੁਕੇ ਨਾ ਜਗਤ ਜਹਾਨੀ, ਦੋ ਜਹਾਨਾਂ ਪੰਧ ਨਾ ਕੋਇ ਮੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਾਮ ਦੇਵੇ ਨਾ ਬਣ ਕੇ ਦਾਨੀ, ਦਾਤਾਰ ਦਇਆ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਨਵ ਨੌਂ ਸੱਤ ਸਰਬ ਘਟ ਜਾਣ ਜਾਣੀ, ਅੰਤਰਜਾਮੀ ਅੰਤਰ ਆਤਮ ਖੋਜ ਖੁਜਾਈਆ ।

### ੨੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਮਹਿੰਦਰ ਸਿੰਘ ਦੇ ਗ੍ਰਿਹ ਯੋਧਾ ਬਸਤੀ ਲੁਧਿਆਣਾ

ਨਾਨਕ ਨਿਰਗੁਣ ਧਾਰ ਤੱਕਿਆ ਅੱਖੇ, ਬਿਨ ਅੱਖੀਆਂ ਅੱਖ ਉਠਾਈਆ । ਤੇਰਾ ਖੇਲ ਪੁਰਖ ਸਮਰਥੇ, ਪ੍ਰਭ ਤੇਰੀ ਬੇਪਰਵਾਹੀਆ । ਕਲਜੁਗ ਜੀਵ ਕੂੜ ਕੁੜਿਆਰ ਸੱਥਰ ਲੱਥੇ, ਸੇਜ ਸੁਹੰਜਣੀ ਨਾ ਕੋਇ ਵਖਾਈਆ । ਮਾਇਆ ਮਮਤਾ ਸਭ ਨੂੰ ਮਥੇ, ਬਚਿਆ ਰਹਿਣ ਕੋਇ ਨਾ ਪਾਈਆ । ਮੋਹ ਵਿਕਾਰ ਵਿਚ ਸਾਰੇ ਢੱਠੇ, ਸਿਰ ਸਕੇ ਨਾ ਕੋਇ ਉਠਾਈਆ । ਹਿਰਦੇ ਹਰਿ ਕੋਇ ਨਾ ਰਟੇ, ਰਸਨਾ ਜਿਹਵਾ ਢੋਲੇ ਸਾਰੇ ਗਾਈਆ । ਭਾਗ

ਲੱਗੇ ਨਾ ਕਾਇਆ ਮੱਟੇ, ਸਾਢੇ ਤਿੰਨ ਹੱਥ ਮੰਦਰ ਨਾ ਕੋਇ ਰੁਸ਼ਨਾਈਆ । ਤੇਰਾ ਨਿਝਰ ਰਸ ਕੋਇ ਨਾ ਚੱਟੇ, ਅੱਠ ਸੱਠ ਭੱਜਣ ਵਾਹੋ ਦਾਹੀਆ । ਨਾਮ ਮੁਹੱਬਤ ਵਿਚ ਆਪਣਾ ਆਪ ਕੋਇ ਨਾ ਰਤੇ, ਰਤਨ ਅਮੋਲਕ ਨਜ਼ਰ ਕੋਇ ਨਾ ਆਈਆ । ਸਤਿ ਧਰਮ ਦੀ ਰਹੇ ਕੋਇ ਨਾ ਸਤੇ, ਲੋਭ ਵਿਕਾਰ ਬੈਠਾ ਡੇਰਾ ਲਾਈਆ । ਝਗੜਾ ਪਿਆ ਮਨਮਤੇ, ਗੁਰਮਤ ਸਾਰੇ ਗਏ ਭੁਲਾਈਆ । ਜੈਕਾਰਾ ਸੁਣੇ ਕੋਇ ਨਾ ਫ਼ਤਹਿ, ਹਾਰ ਵਿਚ ਸਰਬ ਕੁਰਲਾਈਆ । ਜੋ ਲੇਖਾ ਲਿਖਿਆ ਤ੍ਰੈ ਦੱਤੇ, ਦੱਤਾ ਤ੍ਰੈ ਗਿਆ ਦ੍ਰਿੜਾਈਆ । ਕਲਜੁਗ ਅੰਤ ਪੰਚ ਵਿਕਾਰਾ ਘਰ ਘਰ ਨੱਚੇ, ਭੱਜੇ ਵਾਹੋ ਦਾਹੀਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਤ੍ਰੈਗੁਣ ਅਗਨੀ ਮੱਚੇ, ਗੁਰ ਅਵਤਾਰ ਪੈਗ਼ੰਬਰ ਸਕੇ ਨਾ ਕੋਇ ਬੁਝਾਈਆ । ਰਸਨ ਬਚਨ ਕਢੇ ਕੋਇ ਨਾ ਸੱਚੇ, ਸਤਿ ਸਚ ਨਾ ਕੋਇ ਸਮਾਈਆ । ਕੌਲ ਇਕਰਾਰ ਸ਼ਾਹ ਸੁਲਤਾਨਾਂ ਹੋਣ ਕੱਚੇ, ਸੁਖ਼ਨ ਤੋੜ ਨਾ ਕੋਇ ਨਿਭਾਈਆ । ਮਾਂ ਪੁੱਤਰ ਪਿਆਰ ਰਹੇ ਕਿਸੇ ਨਾ ਬੱਚੇ, ਪਿਤਾ ਪੂਤ ਨਾ ਗੋਦ ਉਠਾਈਆ । ਸਦੀ ਚੌਧਵੀਂ ਸਾਰੇ ਰਹਿਣ ਹੱਕੇ, ਹਕੀਕਤ ਹੱਕ ਨਾ ਕੋਇ ਸਮਝਾਈਆ । ਉਸ ਵੇਲੇ ਬਿਨਾ ਪਤਿਪਰਮੇਸ਼ਵਰ ਪਤ ਕੋਇ ਨਾ ਰੱਖੇ, ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਖੰਡ ਪ੍ਰਿਥਮੀ ਸੱਤ ਦੀਪ ਮਾਨਵ ਜ਼ਾਤੀ ਇਕੋ ਮਾਰਗ ਦੱਸੇ, ਦਹਿ ਦਿਸ਼ਾ ਆਪ ਸਮਝਾਈਆ ।



੭੫੬ ੨੨

## ੨੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਭਜਨ ਸਿੰਘ ਦੇ ਗ੍ਰਿਹ ਯੋਧਾ ਬਸਤੀ ਲੁਧਿਆਣਾ ਸ਼ਹਿਰ

ਨਾਨਕ ਤਕੀ ਅਗੰਮੀ ਸਦੀ, ਸਦਮੇ ਵਿਚ ਲੋਕਾਈਆ । ਮਾਇਆ ਮਮਤਾ ਨਾਲ ਬੱਧੀ, ਬਦੀਆਂ ਵਿਚ ਕੁਰਲਾਈਆ । ਝਗੜਾ ਪਾ ਕੇ ਮਾਣ ਵਡਿਆਈ ਗੱਦੀ, ਗਦਾਗਰ ਹੋ ਕੇ ਭੱਜੇ ਵਾਹੋ ਦਾਹੀਆ । ਕੂੜ ਵਿਕਾਰ ਦੀ ਵਗੇ ਨਦੀ, ਲਹਿਰ ਲਹਿਰ ਨਾਲ ਟਕਰਾਈਆ । ਸਾਚੀ ਜੋਤ ਕਿਤੇ ਨਾ ਜਗੀ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਅੰਮ੍ਰਿਤ ਧਾਰ ਮਿਲੇ ਨਾ ਕਿਸੇ ਬੱਗੀ, ਬਗ ਬਪੜੇ ਬੈਠੇ ਰੰਗ ਬਦਲਾਈਆ । ਲੇਖਾ ਮੁੱਕਿਆ ਰਸੂਲ ਨਬੀ, ਪੈਗ਼ੰਬਰ ਰਹੇ ਕੁਰਲਾਈਆ । ਕਲਜੁਗ ਵਾਅ ਤਤੀ ਵਗੀ, ਤਨ ਵਜੂਦ ਸ਼ਰੀਰ ਰਹੀ ਜਲਾਈਆ । ਮੰਜ਼ਲ ਮਿਲੇ ਨਾ ਕਿਸੇ ਉਪਰ ਸ਼ਾਹ ਰਗੀ, ਸ਼ਹਿਨਸ਼ਾਹ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਮ ਨਿਸ਼ਾਨਾ ਦੋ ਜਹਾਨਾਂ ਏਕਾ ਰਿਹਾ ਗੱਡੀ, ਗਾਈਡ ਹੋ ਕੇ ਸਭ ਨੂੰ ਦਏ ਵਖਾਈਆ ।

## ੨੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਰਵੇਲ ਸਿੰਘ ਦੇ ਘਰ ਲੁਧਿਆਣਾ ਸ਼ਹਿਰ

ਨਾਨਕ ਕਹੇ ਮੈਂ ਤੱਕਿਆ ਜਗਤ ਜਹਾਨ ਦਾ ਮੰਤਰ, ਮੰਤਵ ਹਲ ਨਾ ਕੋਇ ਕਰਾਈਆ । ਅੰਦਰੋਂ ਬੁਝੇ ਨਾ ਕਿਸੇ ਬਸੰਤਰ ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਪੜਦਾ ਖੋਲ੍ਹੇ ਨਾ ਕੋਇ ਨਿਰੰਤਰ, ਨਿਜ ਨੈਣ ਨਾ ਹੋਏ ਰੁਸ਼ਨਾਈਆ । ਸਮਝ ਆਏ ਨਾ ਗਗਨ ਗਗਨੰਤਰ, ਮੰਡਲ ਰਾਸ

ਨਾ ਕੋਇ ਰਚਾਈਆ । ਜੋ ਲੇਖਾ ਲਿਖ ਕੇ ਗਿਆ ਧਨਵੰਤਰ, ਔਸ਼ਧ ਦਾਰੂ ਨਾਮ ਨਾ ਕੋਇ ਪਿਆਈਆ । ਮਨ ਕਲਪਨਾ ਸ੍ਰਿਸ਼ਟੀ ਭੌਂਦੀ ਬੰਦਰ, ਦਹਿ ਦਿਸ਼ਾ ਉਠ ਉਠ ਧਾਈਆ । ਬਜਰ ਕਪਾਟੀ ਖੋਲ੍ਹ ਕੇ ਜੰਦਰ, ਜਗਜੀਵਣ ਦਾਤਾ ਮਿਲਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਗੁਣੀ ਗਹਿੰਦਨ, ਗਹਿਰ ਗੰਭੀਰ ਇਕ ਅਖਵਾਈਆ ।

### ੨੨ ਅੱਸੂ ਸ਼ਹਿਨਸ਼ਾਹੀ ਸੰਮਤ ੬ ਨਛੱਤਰ ਸਿੰਘ ਦੇ ਘਰ ਦੁਰਾਹਾ ਸ਼ਹਿਰ ਜ਼ਿਲਾ ਲੁਧਿਆਣਾ

ਪੁਰਖ ਅਕਾਲ ਕਹੇ ਕਿਉਂ ਨਾਨਕ ਹੋਇਆ ਚੁਪ, ਸਤਿਗੁਰ ਸ਼ਬਦ ਦੇ ਜਣਾਈਆ । ਨਾਨਕ ਕਹੇ ਮੈਂ ਚਾਰੋਂ ਕੁੰਟ ਵੇਖਾ ਅੰਧੇਰਾ ਘੁਪ, ਨੂਰੀ ਚੰਦ ਨਾ ਕੋਇ ਚਮਕਾਈਆ । ਤੇਰੇ ਪਿਆਰ ਦੀ ਮੌਲੇ ਕੋਇ ਨਾ ਰੁਤ, ਰੁਤੜੀ ਨਾਮ ਨਾ ਕੋਇ ਮਹਿਕਾਈਆ । ਜਗਤ ਅਪਰਾਧੀ ਹੋਏ ਸੁਤ , ਦੁਲਾਰਾ ਨਜ਼ਰ ਕੋਇ ਨਾ ਆਈਆ । ਉਜਲ ਦਿਸੇ ਕਿਸੇ ਨਾ ਮੁਖ, ਦੁਰਮਤ ਮੈਲ ਨਾ ਕੋਇ ਧਵਾਈਆ । ਮੇਰੇ ਸਾਹਿਬ ਇਹੋ ਇਕੋ ਦੁੱਖ, ਦੁਖੜਾ ਰਿਹਾ ਸਤਾਈਆ । ਭਾਗ ਲੱਗੇ ਕਿਸੇ ਨਾ ਕੁੱਖ, ਭਗਤ ਜਨਮੇ ਕੋਇ ਨਾ ਮਾਈਆ । ਧਰਮ ਦਾ ਗਾਨਾ ਬੰਨ੍ਹੇ ਕੋਇ ਨਾ ਗੁਟ, ਬਾਹੂ ਬਲ ਨਾ ਕੋਇ ਪਰਗਟਾਈਆ । ਆਤਮ ਲਿਵ ਸਭ ਦੀ ਗਈ ਛੁਟ, ਪਰਮਾਤਮ ਸੰਗ ਨਾ ਕੋਇ ਨਿਭਾਈਆ । ਧੁਰ ਦੀ ਪ੍ਰੀਤੀ ਰਹੀ ਟੁਟ, ਟੁੱਟਿਆਂ ਜੋੜ ਨਾ ਕੋਇ ਜੁੜਾਈਆ । ਤੇਰਾ ਖੇਲ ਅਬਿਨਾਸ਼ੀ ਅਚੁਤ, ਬੇਪਰਵਾਹ ਤੇਰੀ ਬੇਪਰਵਾਹੀਆ । ਦੇਖ ਗੁਰੂ ਅਵਤਾਰ ਪੈਗ਼ੰਬਰਾਂ ਪੈਂਡਾ ਰਿਹਾ ਮੁਕ, ਲੋਕਮਾਤ ਵੱਜੇ ਨਾ ਕੋਇ ਵਧਾਈਆ । ਤੇਰੇ ਨਾਮ ਦੀ ਗਾਏ ਕੋਇ ਨਾ ਤੁਕ, ਤੁਖ਼ਮ ਤਾਸੀਰ ਨਾ ਕੋਇ ਬਦਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਨਿਸ਼ਾਨਿਉਂ ਗਈ ਉਕ, ਮੰਜ਼ਲ ਹੱਕ ਨਾ ਕੋਇ ਚੜ੍ਹਾਈਆ । ਮਿਹਰਵਾਨ ਮਹਿਬੂਬ ਆਪੇ ਉਠ, ਨਿਰਗੁਣ ਨਿਰਵੈਰ ਲੈ ਅੰਗੜਾਈਆ । ਨੌਂ ਖੰਡ ਪ੍ਰਿਥਮੀ ਵੇਖ ਚਾਰੇ ਗੁੱਠ, ਉੱਤਰ ਪੂਰਬ ਪੱਛਮ ਦੱਖਣ ਫੋਲ ਫੁਲਾਈਆ । ਕਲਜੁਗ ਜੀਵਾਂ ਭਾਰ ਸਕੇ ਕੋਈ ਨਾ ਚੁੱਕ, ਗਠੜੀ ਸੀਸ ਨਾ ਕੋਇ ਟਿਕਾਈਆ । ਦੀਨ ਦੁਨੀ ਪੇਟ ਭਰੇ ਮੂਲ ਨਾ ਟੁਕ, ਵਿਸ਼ਨੂੰ ਧਾਰ ਬੈਠੀ ਮੁਖ ਛੁਪਾਈਆ । ਬ੍ਰਹਮਾ ਬ੍ਰਹਮ ਸਰੂਪ ਸਕੇ ਨਾ ਪੁਜ, ਪੂਜਸ ਪਾਹਨ ਨਾ ਕੋਇ ਵਡਿਆਈਆ । ਸ਼ੰਕਰ ਅੰਤਮ ਜਾਏ ਮੂਲ ਨਾ ਤੁਠ, ਚੁਰਾਸੀ ਗੰਢ ਨਾ ਕੋਇ ਤੁੜਾਈਆ । ਜਿਧਰ ਤਕਾਂ ਕਲਜੁਗ ਪਾਈ ਲੁੱਟ, ਲੁਟੇਰਾ ਬਣਿਆ ਥਾਉਂ ਥਾਈਆ । ਦੀਨਾਂ ਮਜ਼੍ਹਬਾਂ ਪਾ ਕੇ ਫੁੱਟ, ਫੁਟਕਲ ਕੀਤੀ ਲੋਕਾਈਆ । ਤੈਨੂੰ ਸਾਰੇ ਗਾਉਂਦੇ ਬੁੱਲਾਂ ਨਾਲ ਬੁਟ, ਹਿਰਦੇ ਸਕਿਆ ਨਾ ਕੋਇ ਵਸਾਈਆ । ਮਾਤ ਗਰਭ ਦੇ ਸਾਰੇ ਉਲਟੇ ਦਿਸਦੇ ਰੁੱਖ, ਕੁੰਭੀ ਵਾਸ ਬਾਹਰ ਨਾ ਕੋਇ ਕਰਾਈਆ । ਧਰਮ ਧਾਰ ਦੀ ਗੋਦੀ ਸਕੇ ਕੋਇ ਨਾ ਚੁੱਕ, ਮਿਹਰ ਨਜ਼ਰ ਨਜ਼ਰ ਟਿਕਾਈਆ । ਤੇਰੀ ਦੁਨੀਆ ਤੇਰੀ ਸ੍ਰਿਸ਼ਟੀ ਤੇਰੇ ਮਾਰਗੋਂ ਗਈ ਘੁੱਥ, ਰਹਿਬਰ ਰਸਤਾ ਨਜ਼ਰ ਕੋਇ ਨਾ ਆਈਆ । ਮਿਹਰਵਾਨ ਮਹਿਬੂਬ ਕੀ ਮੈਥੋਂ ਰਿਹਾ ਪੁੱਛ, ਅੰਤਰਜਾਮੀ ਤੇਰੀ ਖੇਲ ਅਗੰਮ ਅਥਾਹੀਆ । ਕਿਸੇ ਦੇ ਕੋਲ ਰਿਹਾ ਨਾ ਕੁਛ, ਹੱਥ ਕਿਛ ਨਾ ਆਈਆ । ਤੇਰਾ ਖੇਲ ਅੰਤਮ ਹੋਣਾ ਤੁਛ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਨਕ

੭੫੭
੨੨

ਕਹੇ ਪ੍ਰਭੂ ਮੈਂ ਵੇਖਿਆ ਜਗਤ ਜਗ, ਅੰਤਰ ਅੰਤਰ ਧਿਆਨ ਲਗਾਈਆ । ਰੂਪ ਬਣਿਆ ਬਪੜਾ ਬਗ, ਅੰਤਰ ਕਰੇ ਨਾ ਕੋਇ ਸਫ਼ਾਈਆ । ਜਗਤ ਤ੍ਰਿਸ਼ਨਾ ਵਿਚ ਰਹੇ ਦਗ, ਸਾਂਤਕ ਸਤਿ ਨਾ ਕੋਇ ਕਰਾਈਆ । ਬਿਨ ਹਰਿ ਨਾਮੇ ਖ਼ਾਲੀ ਹੋਏ ਹੱਡ, ਤਤਵ ਤਤ ਰੰਗ ਨਾ ਕੋਇ ਰੰਗਾਈਆ । ਤੇਰੀ ਆਤਮਾ ਤੇਰੇ ਨਾਲੋਂ ਹੋਈ ਅੱਡ, ਪਰਮਾਤਮ ਮਿਲਣ ਕੋਇ ਨਾ ਪਾਈਆ । ਸਦੀ ਚੌਧਵੀਂ ਸਾਰੇ ਰਹੇ ਛਡ, ਚਾਰੋਂ ਕੁੰਟ ਵੇਖ ਵਖਾਈਆ । ਮੇਰੇ ਮਿਹਰਵਾਨ ਮਹਿਬੂਬ ਕਿਰਪਾ ਕਰ ਸੂਰੇ ਸਰਬਗ, ਦਇਆਵਾਨ ਦਇਆ ਕਮਾਈਆ । ਆਪਣੇ ਨਾਮ ਦਾ ਸ਼ਬਦੀ ਧਾਰ ਬੰਨ੍ਹ ਦੇ ਤਗ, ਤੰਦਵ ਇਕੋ ਇਕ ਰਖਾਈਆ । ਕੂੜੀ ਕਿਰਿਆ ਮੇਟ ਦੇ ਹੱਦ, ਹਦੂਦ ਆਪਣੀ ਇਕ ਸਮਝਾਈਆ । ਸਚ ਦਵਾਰ ਏਕੰਕਾਰ ਲਏ ਸੱਦ, ਸੱਦਾ ਦੇ ਅਗੰਮ ਅਥਾਹੀਆ । ਮੇਰੀ ਅਰਦਾਸ ਦੋਵੇਂ ਜੋੜ ਕੇ ਹੱਥ, ਸਮਰਥ ਤੇਰੀ ਸਰਨਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਨਿਰਗੁਣ ਨਿਰਵੈਰ ਹੋਣਾ ਸਹਾਈਆ । ਨਿਜ ਨੇਤਰ ਲੋਚਨ ਖੋਲ੍ਹ ਦੇ ਅੰਤਰ ਅੱਖ, ਨਿਰੰਤਰ ਪੜਦਾ ਆਪ ਚੁਕਾਈਆ । ਜੋਤ ਸਰੂਪ ਹੋ ਪ੍ਰਤਖ, ਸ਼ਬਦ ਨਾਦ ਦੇ ਸੁਣਾਈਆ । ਖੇਲ ਕਰ ਅਲਖਣਾ ਅਲਖ, ਅਗੋਚਰ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਸਿਫ਼ਤ ਸਾਲਾਹ ਬੇਪਰਵਾਹ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਅਕਥ, ਕਥਨੀ ਕਥ ਸਕੇ ਨਾ ਰਾਈਆ ।



## ੨੩ ਅੱਸੂ ਸ਼ਹਿਨਸ਼ਾਹੀ ਸੰਮਤ ੬ ਗੱਜਣ ਸਿੰਘ ਦੇ ਘਰ ਦੁਰਾਹਾ ਜ਼ਿਲਾ ਲੁਧਿਆਣਾ



ਪੁਰਖ ਅਕਾਲ ਕਹੇ ਨਾਨਕ ਮੇਲਾ ਰਿਹਾ ਨਾ ਚਾਰ ਵਰਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਰੰਗ ਨਾ ਕੋਇ ਰੰਗਾਈਆ । ਝਗੜਾ ਦਿਸੇ ਅਠਾਰਾਂ ਬਰਨ, ਮਨ ਮਤ ਕਰੇ ਲੜਾਈਆ । ਸਾਚਾ ਮੰਤਰ ਨਾਮ ਮੂਲ ਨਾ ਪੜ੍ਹਨ, ਜਗਤ ਵਿਦਿਆ ਵਿਚ ਹਲਕਾਈਆ । ਹਕੀਕੀ ਮੰਜ਼ਲ ਨਰ ਨਰਾਇਣ ਮੂਲ ਨਾ ਚੜ੍ਹਨ, ਘਰ ਸਚ ਨਾ ਕੋਇ ਸੁਹਾਈਆ । ਸਚ ਸਰਨਾਈ ਮਿਲੇ ਕਿਸੇ ਨਾ ਸਰਨ, ਸਰਨਗਤ ਨਾ ਕੋਇ ਰਖਾਈਆ । ਨੇਤਰ ਖੋਲ੍ਹੇ ਨਾ ਕੋਇ ਹਰਨ ਫਰਨ, ਨਿਜ ਨੈਣ ਦਰਸ ਕੋਇ ਨਾ ਪਾਈਆ । ਝਗੜਾ ਚੁੱਕੇ ਨਾ ਮਰਨ ਡਰਨ, ਚੁਰਾਸੀ ਗੇੜ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੰਦੇਸ਼ਾ ਇਕ ਸੁਣਾਈਆ । ਨਾਨਕ ਕਹੇ ਮੇਰੇ ਸਾਹਿਬ ਸੁਲਤਾਨ, ਪੁਰਖ ਅਕਾਲ ਤੇਰੀ ਸਰਨਾਈਆ । ਮੈਂ ਤਕਾਂ ਜਗਤ ਜਹਾਨ, ਲੱਖ ਚੁਰਾਸੀ ਧਿਆਨ ਲਗਾਈਆ । ਸਾਚਾ ਮੰਤਰ ਤੇਰਾ ਨਾਮ ਰਿਦੇ ਨਾ ਮੂਲ ਵਸਾਣ, ਰਸਨਾ ਜਿਹਵਾ ਸਰਬ ਹਲਕਾਈਆ । ਭਾਗ ਲੱਗੇ ਨਾ ਕਿਸੇ ਕਾਇਆ ਮਕਾਨ, ਸਾਢੇ ਤਿੰਨ ਹੱਥ ਨਾ ਕੋਇ ਵਡਿਆਈਆ । ਅਨਹਦ ਸ਼ਬਦ ਸੁਣੇ ਨਾ ਕੋਇ ਧੁੰਨਕਾਨ, ਤੇਰਾ ਅਗੰਮੀ ਰਾਗ ਅਗੰਮ ਅਥਾਹੀਆ । ਦੀਪਕ ਜੋਤ ਨਾ ਜਗੇ ਮਹਾਨ, ਅੰਧ ਅੰਧੇਰ ਨਾ ਕੋਇ ਮਿਟਾਈਆ । ਕੂੜੀ ਕਿਰਿਆ ਜਗਤ ਹੋਈ ਪਰਧਾਨ, ਸ੍ਰਿਸ਼ਟੀ ਦ੍ਰਿਸ਼ਟੀ ਵਿਚ ਦੁਹਾਈਆ । ਤੇਰੇ ਚਰਨਾਂ ਕਰੇ ਨਾ ਕੋਇ ਪਰਨਾਮ, ਸੀਸ ਜਗਦੀਸ ਨਾ ਕੋਇ ਝੁਕਾਈਆ । ਮੰਤਰ ਫੁਰੇ ਨਾ ਕਿਸੇ ਸਤਿ ਨਾਮ, ਸਤਿਰੰਗ ਨਾ ਕੋਇ ਰੰਗਾਈਆ । ਚਾਰੋਂ ਕੁੰਟ ਵਧਿਆ ਲੋਭ ਮੋਹ ਹੰਕਾਰ ਕਾਮ, ਤ੍ਰਿਸ਼ਨਾ ਤ੍ਰਿਖਾ

ਰਹੀ ਜਲਾਈਆ । ਜਿਧਰ ਤਕਾਂ ਅੰਧੇਰੀ ਸ਼ਾਮ, ਨੂਰੀ ਚੰਦ ਨਾ ਕੋਇ ਚਮਕਾਈਆ । ਮੇਰੇ ਮਿਹਰਵਾਨ ਮਹਿਬੂਬ ਸੱਯਦਾ ਹੱਕ ਰਿਹਾ ਨਾ ਕੋਇ ਸਲਾਮ, ਪੈਗੰਬਰ ਵੇਖਣ ਧਿਆਨ ਲਗਾਈਆ । ਸਾਰੀ ਦੁਨੀ ਹੋਈ ਬਦਨਾਮ, ਬਦੀ ਦਾ ਪੰਧ ਨਾ ਕੋਇ ਮੁਕਾਈਆ । ਮੇਰੀ ਤੇਰੇ ਚਰਨ ਕਵਲ ਪਰਨਾਮ, ਨਿਉਂ ਨਿਉਂ ਲਾਗਾਂ ਪਾਈਆ । ਕਲ ਕਲਕੀ ਹੋ ਪਰਧਾਨ, ਨਿਰਗੁਣ ਆਪਣਾ ਵੇਸ ਵਟਾਈਆ । ਖੇਲੇ ਖੇਲ ਵਡ ਅਮਾਮ, ਨੂਰ ਨੁਰਾਨੇ ਨੂਰ ਅਲਾਹੀਆ । ਸਦੀ ਚੌਧਵੀਂ ਕਰ ਧਿਆਨ, ਚਾਰੋਂ ਕੁੰਟ ਵੇਖ ਵਖਾਈਆ । ਆਤਮ ਬ੍ਰਹਮ ਰਿਹਾ ਨਾ ਕਿਸੇ ਗਿਆਨ, ਸ਼ਬਦੀ ਸ਼ਬਦ ਨਾ ਕੋਇ ਸਮਾਈਆ । ਮਨ ਕਲਪਣਾ ਸ਼ਰਅ ਹੋਈ ਸ਼ੈਤਾਨ, ਚਾਰੋਂ ਕੁੰਟ ਕੂੜ ਦੁਹਾਈਆ । ਕਿਰਪਾ ਕਰ ਮੇਰੇ ਭਗਵਾਨ, ਮਿਹਰਵਾਨ ਆਪਣਾ ਪੜਦਾ ਦੇ ਉਠਾਈਆ । ਕਲਜੁਗ ਕੂੜ ਮੇਟ ਨਿਸ਼ਾਨ, ਸਤਿਜੁਗ ਸਚ ਸਚ ਪਰਗਟਾਈਆ । ਤੇਰੇ ਧਰਮ ਦਾ ਇਕੋ ਹੋਏ ਵਿਧਾਨ, ਦੂਸਰ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਮੰਜ਼ਲ ਕਰ ਆਸਾਨ, ਅਸਲ ਵਿਚੋਂ ਆਪਣਾ ਅਸਲ ਦੇ ਸਮਝਾਈਆ ।

### ✪ ੨੩ ਅੱਸੂ ਸ਼ਹਿਨਸ਼ਾਹੀ ਸੰਮਤ ੬ ਜਸਵੰਤ ਕੌਰ ਦੇ ਗ੍ਰਹਿ ਦੁਰਾਹਾ ਜ਼ਿਲਾ ਲੁਧਿਆਣਾ ✪


੭੫੯ ੨੨

ਕਲਜੁਗ ਕਹੇ ਨਾਨਕ ਇਹ ਕਿਰਪਾ ਮੇਰੇ ਹਰਿ ਦੀ, ਹਰੀ ਹਰਿ ਆਪ ਕਮਾਈਆ । ਜਿਸ ਦੁਨੀਆ ਚਲਾਈ ਆਪਣੀ ਨਾਲ ਮਰਜ਼ੀ, ਮਰੀਜ਼ ਸ਼ਾਹ ਸੁਲਤਾਨ ਦਿਤੇ ਬਣਾਈਆ । ਮੈਂ ਕਿਸੇ ਖ਼ਬਰ ਨਹੀਂ ਆਉਣ ਦਿਤੀ ਧੁਰ ਦੇ ਘਰ ਦੀ, ਘਰ ਮਿਲੇ ਨਾ ਕਿਸੇ ਵਡਿਆਈਆ । ਸਾਰ ਪਾਉਣ ਨਹੀਂ ਦਿਤੀ ਨਰਾਇਣ ਨਰ ਦੀ, ਨਰ ਹਰਿ ਨਜ਼ਰ ਕਿਸੇ ਨਾ ਆਈਆ । ਮੈਂ ਖੇਲ ਵਖਾਈ ਆਪਣੇ ਵਲ ਛਲ ਦੀ, ਅਛਲ ਛਲ ਹੋ ਕੇ ਵੇਖ ਵਖਾਈਆ । ਵਡਿਆਈ ਰਹਿਣ ਨਹੀਂ ਦਿਤੀ ਅੱਠ ਸੱਠ ਜਲ ਦੀ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਖ਼ਬਰ ਨਹੀਂ ਘੜੀ ਪਲ ਦੀ, ਕੀ ਕਰਤਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਕਲਜੁਗ ਕਹੇ ਮੇਰੇ ਸਾਹਿਬ ਮੰਨੀ ਅਰਦਾਸ, ਸਿਰ ਮੇਰੇ ਹੱਥ ਟਿਕਾਈਆ । ਮੇਰੀ ਪੁਨੀ ਆਸ, ਨਿਰਾਸਾ ਰੂਪ ਨਾ ਕੋਇ ਵਖਾਈਆ । ਮੈਂ ਨਾਮ ਚੀਨਣ ਨਹੀਂ ਦਿਤਾ ਸਵਾਸ ਸਵਾਸ, ਸਾਹ ਸਾਹ ਨਾ ਕੋਇ ਧਿਆਈਆ । ਸੁਰਤ ਸ਼ਬਦ ਪੈਣ ਨਹੀਂ ਦਿਤੀ ਰਾਸ, ਆਤਮ ਪਰਮਾਤਮ ਗੋਪੀ ਕਾਹਨ ਮੇਲ ਨਾ ਕੋਇ ਕਰਾਈਆ । ਮਨ ਮਮਤਾ ਕਰ ਕੇ ਹਾਸ ਬਿਲਾਸ, ਵਿਸ਼ਿਆਂ ਵਿਚ ਕੀਤੀ ਲੋਕਾਈਆ । ਆਪ ਬਣ ਕੇ ਪ੍ਰਭੂ ਦਾ ਦਾਸ, ਸਾਚੀ ਸੇਵਾ ਰਿਹਾ ਕਮਾਈਆ । ਕਿਸੇ ਅੰਦਰ ਰਹਿਣ ਨਹੀਂ ਦਿਤਾ ਪ੍ਰਕਾਸ਼, ਅੰਧ ਅੰਧੇਰ ਦਿਤਾ ਕਰਾਈਆ । ਸਭ ਦੀ ਬੁੱਧੀ ਕਰ ਕੇ ਫ਼ਾਸ਼ ਫ਼ਾਸ਼, ਟੁਕੜੇ ਟੁਕੜੇ ਦਿਤੇ ਜਲਾਈਆ । ਝਗੜਾ ਪਵਾ ਕੇ ਨਾੜੀ ਹੱਡ ਮਾਸ, ਤਤ ਤਤ ਨਾਲ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਨੂੰ ਦੇਵਣਹਾਰ ਸ਼ਾਬਾਸ਼, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਮੇਰੀ ਕਰਨੀ ਆਪਣੇ ਲੇਖੇ ਲਾਈਆ ।

## ✪ ੨੩ ਅੱਸੂ ਸ਼ਹਿਨਸ਼ਾਹੀ ਸੰਮਤ ੬ ਗੁਰਨਾਮ ਕੌਰ ਦੇ ਗ੍ਰਿਹ ਦੁਰਾਹਾ ਜ਼ਿਲਾ ਲੁਧਿਆਣਾ ✪

ਕਲਜੁਗ ਕਹੇ ਮੇਰਾ ਵਕਤ ਹੋਇਆ ਸੁਹਾਵਾ, ਸੁਹੰਜਣੀ ਰੁਤ ਸੁਹਾਈਆ । ਮੇਰਾ ਧਰਮ ਦੇ ਨਾਲ ਦਾਅਵਾ, ਸਚ ਦੇਣਾ ਮਿਟਾਈਆ । ਕਲਜੁਗ ਜੀਵ ਹੰਸ ਬਣਾਵਾਂ ਕਾਵਾਂ, ਕਾਗ ਹੰਸ ਨਾ ਕੋਇ ਵਖਾਈਆ । ਝਗੜਾ ਪਾਵਾਂ ਸਾਢੇ ਤਿੰਨ ਹੱਥ ਗਰਾਵਾਂ, ਗ੍ਰਿਹ ਗ੍ਰਿਹ ਖੋਜ ਖੁਜਾਈਆ । ਨੌਂ ਖੰਡ ਪ੍ਰਿਥਮੀ ਭੱਜਾਂ ਨਾਲ ਚਾਵਾਂ, ਪ੍ਰਭ ਸਾਚੇ ਦੀ ਸਾਚੀ ਸੇਵ ਕਮਾਈਆ । ਚੌਥੇ ਘਰ ਦੀ ਚੌਥੀ ਲੈਣ ਦੇਵਾਂ ਕਿਸੇ ਨਾ ਲਾਵਾਂ, ਦੁਹਾਗਣ ਕਰਾਂ ਜਗਤ ਲੋਕਾਈਆ । ਗੁਰਮੁਖ ਗੋਦ ਟਿਕਾਵਣ ਜੰਮ ਕੇ ਮੂਲ ਨਾ ਮਾਵਾਂ, ਇਹ ਮੇਰੀ ਬੇਪਰਵਾਹੀਆ । ਸਾਧ ਸੰਤ ਫ਼ੱਕਰ ਕਰਾਂ ਨਿਥਾਵਾਂ, ਦਰ ਦਰ ਅਲਖ ਜਗਾਈਆ । ਦੀਨ ਮਜ਼੍ਹਬ ਰੁਵਾਵਾਂ ਵਿਚ ਹਾਵਾਂ, ਹਾਏ ਉਫ਼ ਕਰ ਦੁਹਾਈਆ । ਸਚ ਦਵਾਰੇ ਲੱਗੇ ਨਾ ਕਿਸੇ ਨਾਵਾਂ, ਪ੍ਰਭ ਅਬਿਨਾਸ਼ੀ ਮਿਲਣ ਕੋਇ ਨਾ ਪਾਈਆ । ਮਾਨਵ ਜ਼ਾਤੀ ਧਰਮ ਰਾਏ ਹੱਥ ਫੜਾਵਾਂ, ਸੋਹਣਾ ਆਪਣਾ ਬਲ ਪਰਗਟਾਈਆ । ਚੁਰਾਸੀ ਵਿਚ ਫਿਰਾਵਾਂ, ਫਿਰਤ ਫਿਰਤ ਗੇੜ ਨਾ ਕੋਇ ਕਟਾਈਆ । ਅੱਠੇ ਪਹਿਰ ਦਰ ਠਾਂਡੇ ਮੈਂ ਕੁਰਲਾਵਾਂ, ਪ੍ਰਭ ਅੱਗੇ ਮੰਗ ਮੰਗਾਈਆ । ਨੌਂ ਖੰਡ ਸੱਤ ਦੀਪ ਤੇਰੀ ਮਿਲੇ ਕਿਸੇ ਨਾ ਛਾਵਾਂ, ਸਿਰ ਹੱਥ ਨਾ ਕੋਇ ਰਖਾਈਆ । ਮੈਂ ਖ਼ੁਸ਼ੀ ਦੇ ਢੋਲੇ ਗੀਤ ਗਾਵਾਂ, ਗਾ ਗਾ ਸ਼ੁਕਰ ਮਨਾਈਆ । ਪਿਆਰ ਮੁਹੱਬਤ ਰਹਿਣ ਦਿਤੀ ਨਹੀਂ ਵਿਚ ਭਰਾਵਾਂ, ਪਿਤਾ ਪੂਤ ਨਾਲ ਲੜਾਈਆ । ਜੂਠ ਝੂਠ ਦੋਏ ਗਲਵਕੜੀ ਪਾਵਾਂ, ਖ਼ੁਸ਼ੀ ਖ਼ੁਸ਼ੀ ਵਿਚੋਂ ਬਣਾਈਆ । ਉਲਟੇ ਵਹਿਣ ਵਹਾਏ ਵਿਚ ਦਰਿਆਵਾਂ, ਤਟ ਕਿਨਾਰੇ ਦਿਆਂ ਵਖਾਈਆ । ਇਕੋ ਪੁਰਖ ਅਕਾਲ ਬੁਲਾਵਾਂ, ਗੁਰ ਅਵਤਾਰ ਪੈਗ਼ੰਬਰਾਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੇ ਕੋਲੋਂ ਆਪਣੀ ਖ਼ਾਲੀ ਝੋਲੀ ਭਰਾਵਾਂ, ਕਰਨੀ ਦੀ ਊਣਤਾ ਰਹਿਣ ਕੋਇ ਨਾ ਪਾਈਆ ।

## ✪ ੨੩ ਅੱਸੂ ਸ਼ਹਿਨਸ਼ਾਹੀ ਸੰਮਤ ੬ ਜਗਦੀਸ਼ ਸਿੰਘ ਦੇ ਘਰ ਪਿੰਡ ਅਜਨੋਧ ਜ਼ਿਲਾ ਲੁਧਿਆਣਾ ✪

ਨਾਨਕ ਕਹੇ ਪ੍ਰਭ ਤੇਰੀ ਸ੍ਰਿਸ਼ਟੀ ਗਈ ਭੁੱਲ, ਅਭੁਲ ਤੇਰਾ ਭੇਵ ਕੋਇ ਨਾ ਪਾਈਆ । ਮਾਇਆ ਮਮਤਾ ਵਿਚ ਗਈ ਰੁੱਲ, ਸਿਮਰਨ ਜੋਗ ਅਭਿਆਸ ਨਾ ਕੋਇ ਕਮਾਈਆ । ਭਾਗ ਲੱਗੇ ਨਾ ਕਿਸੇ ਕੁਲ, ਕੁਲਹੀਣ ਹੋਈ ਲੋਕਾਈਆ । ਤੈਨੂੰ ਗਾਉਂਦੇ ਰਸਨਾ ਨਾਲ ਬੁੱਲ, ਹਿਰਦੇ ਸਕੇ ਨਾ ਕੋਇ ਵਸਾਈਆ । ਅਗਨੀ ਲੱਗੀ ਕਾਇਆ ਮਾਟੀ ਚੁੱਲ੍ਹ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਫਲ ਫੁਲਵਾੜੀ ਮਹਿਕੇ ਕੋਇ ਨਾ ਫੁੱਲ, ਦੁਰਗੰਧੀ ਘਰ ਘਰ ਨਜ਼ਰੀ ਆਈਆ । ਤੇਰੇ ਨਾਮ ਕੰਡੇ ਜਾਏ ਕੋਇ ਨਾ ਤੁਲ, ਸਤਿ ਵਿਚ ਨਾ ਕੋਇ ਸਮਾਈਆ । ਚਰਨ ਪ੍ਰੀਤੀ ਪ੍ਰੀਤਮ ਰਿਹਾ ਕੋਇ ਨਾ ਘੁਲ, ਘੋਲੀ ਘੋਲ ਨਾ ਕੋਇ ਕਮਾਈਆ । ਸਭ ਦਾ ਅੰਤਰ ਆਤਮ ਗਿਆ ਡੁਲ, ਨਿਜ ਰਸ ਨਾ ਕੋਇ ਚਖਾਈਆ । ਮਾਨਵ ਬੂਟਾ ਗਿਆ ਹੁੱਲ, ਸਿੰਮਲ ਵਾਂਗ ਜਗਤ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਤੇਰੀ ਸਰਨਾਈਆ । ਨਾਨਕ ਕਹੇ ਪ੍ਰਭੂ ਦੀਨ ਦੁਨੀ ਭੁੱਲੀ ਰਾਹ, ਰਸਤਾ ਨਜ਼ਰ ਕਿਸੇ ਨਾ ਆਈਆ । ਧੁਰ ਦਾ ਬਣੇ ਨਾ ਕੋਇ ਮਲਾਹ, ਬੇੜਾ

ਕੰਧ ਨਾ ਕੋਇ ਟਿਕਾਈਆ । ਫਿਰੀ ਦਰੋਹੀ ਥਲ ਅਸਗਾਹ, ਜਲ ਥਲ ਮਹੀਅਲ ਸਾਰ ਕੋਇ ਨਾ ਪਾਈਆ । ਝਗੜਾ ਪਿਆ ਸੂਰ ਗਾਂ, ਧਰਮ ਦੀ ਧਾਰ ਨਾ ਕੋਇ ਵਖਾਈਆ । ਕਲਜੁਗ ਜੀਵ ਬੁੱਧੀ ਹੋਈ ਕਾਂ, ਦਿਵਸ ਰੈਣ ਕਾਗ ਵਾਂਗ ਕੁਰਲਾਈਆ । ਪਿਆਰ ਰਿਹਾ ਨਾ ਪੁੱਤਰ ਮਾਂ, ਪਿਤਾ ਪੂਤ ਹੋਈ ਜੁਦਾਈਆ । ਤੇਰਾ ਨਿਰੰਤਰ ਜਪੇ ਕੋਇ ਨਾ ਨਾਂ, ਮੰਤਰ ਸਚ ਨਾ ਕੋਇ ਸੁਣਾਈਆ । ਪੁਰਖ ਅਕਾਲੇ ਦੀਨ ਦਿਆਲੇ ਪਕੜੇ ਕੋਇ ਨਾ ਬਾਂਹ, ਸੱਜਣ ਮੀਤ ਨਜ਼ਰ ਕੋਇ ਨਾ ਆਈਆ । ਦੀਨ ਮਜ਼੍ਹਬ ਜ਼ਾਤ ਪਾਤ ਝਗੜਾ ਪਿਆ ਥਾਂ ਥਾਂ, ਚਾਰੋਂ ਕੁੰਟ ਕੁੰਟ ਹਲਕਾਈਆ । ਕਿਰਪਾ ਕਰ ਮੇਰੇ ਮਿਹਰਵਾਂ, ਮਿਹਰਵਾਨ ਤੇਰੀ ਓਟ ਰਖਾਈਆ । ਸਦੀ ਚੌਧਵੀਂ ਕਰ ਨਿਆਂ, ਅਦਲ ਇਨਸਾਫ਼ ਆਪ ਕਮਾਈਆ । ਲਹਿਣਾ ਚੁਕਾ ਦੇ ਸਾਢੇ ਤਿੰਨ ਹੱਥ ਗਰਾਂ, ਗਹਿਰ ਗੰਭੀਰ ਆਪਣਾ ਰੰਗ ਰੰਗਾਈਆ । ਸ਼ਬਦੀ ਧਾਰ ਧਾਰ ਦ੍ਰਿੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਦੋ ਜਹਾਨਾਂ ਨਿਰਗੁਣ ਸਰਗੁਣ ਤੇਰੇ ਹੱਥ ਨਿਆਂ, ਨਿਆਂਕਾਰੀ ਆਪਣਾ ਹੁਕਮ ਦੇਣਾ ਵਰਤਾਈਆ ।

### ੨੩ ਅੱਸੂ ਸ਼ਹਿਨਸ਼ਾਹੀ ਸੰਮਤ ੬ ਸ੍ਰੀ ਰਾਮ ਦੇ ਗ੍ਰਿਹ ਪਿੰਡ ਮਕਸੂਦੜਾ ਜ਼ਿਲਾ ਲੁਧਿਆਣਾ

ਕਲਜੁਗ ਕਹੇ ਮੇਰੇ ਸਾਹਿਬ ਸਤਿਗੁਰ ਨਾਨਕ, ਉਹ ਵੇਖ ਨਿਰੰਕਾਰ ਰਿਹਾ ਜਣਾਈਆ । ਮੇਰਾ ਖੇਲ ਕਰਨਾ ਅਚਾਨਕ, ਅਚਨਚੇਤ ਆਪਣੀ ਕਾਰ ਭੁਗਤਾਈਆ । ਨੌਂ ਸੱਤ ਰੂਪ ਧਰਨਾ ਭਿਆਨਕ, ਭੈ ਵਿਚ ਸਰਬ ਕੁਰਲਾਈਆ । ਧਰਮ ਦੀ ਰਹੇ ਨਾ ਕੋਇ ਅਮਾਨਤ, ਕੂੜ ਕਿਰਿਆ ਕੂੜ ਵਰਤਾਈਆ । ਸਚ ਦੀ ਕਰੇ ਨਾ ਕੋਇ ਸਖ਼ਾਵਤ, ਬਖ਼ਸ਼ਿਸ਼ ਨਾਮ ਨਾ ਕੋਇ ਜਣਾਈਆ । ਚਾਰ ਕੁੰਟ ਪਾਉਣੀ ਬਗ਼ਾਵਤ, ਦੀਨ ਦੁਨੀ ਦੇਣੀ ਟਕਰਾਈਆ । ਹਉਮੇ ਰੋਗ ਲੱਗਾ ਅਲਾਮਤ, ਆਲਮਾਂ ਇਲਮ ਦੇਣਾ ਭੁਲਾਈਆ । ਕੋਈ ਰਹੇ ਨਾ ਸਹੀ ਸਲਾਮਤ, ਸੁਲਹਕੁਲ ਰਿਹਾ ਜਣਾਈਆ । ਚੌਧਵੀਂ ਸਦੀ ਨਾ ਰਹਿਣਾ ਅਣਜਾਣਤ, ਪੜਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਮੈਨੂੰ ਆਉਂਦਾ ਧੁਰ ਦਾ ਸੱਦਾ, ਖ਼ਬਰ ਅਗੰਮ ਜਣਾਈਆ । ਚਾਰ ਵਰਨ ਅਠਾਰਾਂ ਬਰਨ ਰਹਿਣ ਨਹੀਂ ਦੇਣੀਆਂ ਹੱਦਾਂ, ਹਦੂਦ ਨਜ਼ਰ ਕੋਇ ਨਾ ਆਈਆ । ਇਕੋ ਹੁਕਮ ਅੰਦਰ ਜਗਤ ਜਹਾਨ ਹੋਵੇ ਬੱਧਾ, ਬੰਦਗੀ ਇਕੋ ਇਕ ਦਰਸਾਈਆ । ਝਗੜਾ ਮੇਟਣਾ ਕਾਇਆ ਮਾਟੀ ਹੱਡਾ, ਤਨ ਵਜੂਦ ਨਾ ਕੋਇ ਲੜਾਈਆ । ਧਰਮ ਨਿਸ਼ਾਨਾ ਇਕੋ ਗੱਡਾ, ਦੋ ਜਹਾਨ ਆਪ ਝੁਲਾਈਆ । ਦਰਸ਼ਨ ਦੇ ਉਪਰ ਸ਼ਾਹ ਰਗਾ, ਭਗਤ ਸੁਹੇਲੇ ਲਵਾਂ ਮਿਲਾਈਆ । ਅੰਮ੍ਰਿਤ ਰਸ ਦਾ ਨਿਝਰ ਦੇ ਕੇ ਮਜ਼ਾ, ਚਿੰਤਾ ਚਿਖਾ ਮਿਟਾਈਆ । ਹਰਿਜਨ ਚਲਾ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਹੋ ਕੇ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਉਪਜਾਈਆ । ਕਲਜੁਗ ਕਹੇ ਮੇਰੀ ਗੁਫ਼ਤ ਸ਼ਨੀਦ ਗੁਫ਼ਤਾਰ, ਗਹਿਰ ਗੰਭੀਰ ਜਣਾਈਆ । ਉਠ ਵੇਖ ਕਰ ਵਿਚਾਰ, ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਸ੍ਰਿਸ਼ਟੀ ਦ੍ਰਿਸ਼ਟੀ ਪਾ ਸਾਰ, ਇਸ਼ਟੀ ਆਪਣਾ ਪੜਦਾ ਲਾਹੀਆ । ਚਾਰੋਂ ਕੁੰਟ

ਕਰਦੇ ਧੂੰਆਂਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਮਾਇਆ ਮਮਤਾ ਕਰ ਗ੍ਰਿਫ਼ਤਾਰ, ਬੰਧਨ ਮੋਹ ਹੰਕਾਰ ਰਖਾਈਆ । ਮਿੱਤਰ ਦਿਸੇ ਕੋਇ ਨਾ ਯਾਰ, ਯਰਾਨੇ ਦੇਣੇ ਸਰਬ ਤੁੜਾਈਆ । ਮੰਜ਼ਲ ਸਭ ਦੀ ਕਰ ਦੁਸ਼ਵਾਰ, ਦਰਗਾਹ ਮਿਲਣ ਕੋਇ ਨਾ ਆਈਆ । ਨੌਂ ਸੱਤ ਨਾ ਕਰੇ ਵਿਚਾਰ, ਬੁਧ ਬਿਬੇਕ ਨਾ ਕੋਇ ਰਖਾਈਆ । ਮੇਰੇ ਸੁਤ ਦੁਲਾਰੇ ਹੋਣਾ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਈਆ । ਜਲਵਾਗਰ ਦਾ ਕਰੇ ਨਾ ਕੋਇ ਦੀਦਾਰ, ਦੀਦ ਈਦ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਕਲਜੁਗ ਕਹੇ ਹੁਕਮ ਆਉਂਦਾ ਨਾਲ ਸ਼ਤਾਬੀ, ਸ਼ਰਅ ਸ਼ਰਅ ਨਾਲ ਟਕਰਾਈਆ । ਮੰਜ਼ਲ ਵੇਖ ਜਗਤ ਮਹਿਰਾਬੀ, ਮਹਿਬੂਬ ਰਿਹਾ ਸੁਣਾਈਆ । ਨੂਰ ਰਹੇ ਨਾ ਆਫ਼ਤਾਬੀ, ਅੰਧ ਅੰਧੇਰ ਦੇਣਾ ਕਰਾਈਆ । ਝਗੜਾ ਮੁਕਾਵੇ ਹਕੀਕੀ ਮਜਾਜ਼ੀ, ਪਰਦਾ ਓਹਲਾ ਇਕ ਉਠਾਈਆ । ਮੇਰਾ ਖੇਲ ਤਕ ਲੈ ਆਦੀ, ਅੰਤ ਦਿਆਂ ਦ੍ਰਿੜਾਈਆ । ਸਾਧ ਸੰਤ ਰਹੇ ਨਾ ਕੋਇ ਵਿਚ ਸਮਾਧੀ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਜੀਵਾਂ ਜੰਤਾਂ ਨਾਦ ਸੁਣਨ ਨਹੀਂ ਦੇਣਾ ਅਨਾਦੀ, ਧੁਨ ਆਤਮਕ ਰਾਗ ਨਾ ਕੋਇ ਸ਼ਨਵਾਈਆ । ਸਭ ਦਾ ਮਨੂਆ ਕਰ ਦੇ ਬਾਗ਼ੀ, ਹਉਮੇ ਹੰਗਤਾ ਗੜ੍ਹ ਬਣਾਈਆ । ਚਾਰ ਯਾਰੀ ਸੰਗ ਮੁਹੰਮਦ ਰਹੇ ਨਾ ਕੋਇ ਅਬਾਦੀ, ਉਮਤ ਉਮਤੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਅੰਤ ਅਹਿਲਾਦੀ, ਆਮਦ ਵਿਚ ਤੇਰੇ ਉਤੇ ਦਇਆ ਕਮਾਈਆ ।



### ੨੩ ਅੱਸੂ ਸ਼ਹਿਨਸ਼ਾਹੀ ਸੰਮਤ ੬ ਹਰੀ ਸਿੰਘ ਦੇ ਘਰ ਪਿੰਡ ਮਹਿਮਾ ਸਿੰਘ ਵਾਲਾ ਜ਼ਿਲਾ ਲੁਧਿਆਣਾ

ਨਾਨਕ ਕਹੇ ਪ੍ਰਭੂ ਮੈਂ ਤੱਕਿਆ ਆਪਣੇ ਨੈਣਾਂ, ਸ੍ਰਿਸ਼ਟ ਦ੍ਰਿਸ਼ਟ ਧਿਆਨ ਲਗਾਈਆ । ਧਰਮ ਧਾਰ ਦਾ ਮੰਨੇ ਕੋਇ ਨਾ ਕਹਿਣਾ, ਸੁਰਤ ਸ਼ਬਦ ਨਾ ਕੋਇ ਮਿਲਾਈਆ । ਆਤਮ ਮੰਜ਼ਲ ਦਿਸੇ ਕਿਸੇ ਨਾ ਬਹਿਣਾ, ਨੌਂ ਦਵਾਰ ਕੂੜ ਹਲਕਾਈਆ । ਸਚ ਨਾਮ ਦਾ ਬਸਤਰ ਪਾਏ ਕੋਇ ਨਾ ਗਹਿਣਾ, ਕੂੜ ਸ਼ਿੰਗਾਰ ਵਡਿਆਈਆ । ਤੇਰੀ ਚਰਨ ਸਰਨ ਕਿਸੇ ਨਾ ਢਹਿਣਾ, ਪਾਹਨ ਪਾਥਰ ਬੈਠੇ ਸੀਸ ਝੁਕਾਈਆ । ਨੁਕਤਾ ਐਨ ਮੇਟੇ ਕੋਇ ਨਾ ਗ਼ੈਨਾ, ਗ਼ਮਖਾਰ ਤੈਨੂੰ ਮਿਲਣ ਕੋਇ ਨਾ ਆਈਆ । ਨਾਤਾ ਤੁਟਾ ਭਾਈ ਭੈਣਾ, ਸਾਕ ਸੱਜਣ ਨਾ ਕੋਇ ਅਖਵਾਈਆ । ਚਾਰ ਕੁੰਟ ਮਾਇਆ ਮਮਤਾ ਡੈਣਾ, ਉੱਤਰ ਪੂਰਬ ਪੱਛਮ ਦੱਖਣ ਭੱਜੇ ਵਾਹੋ ਦਾਹੀਆ । ਤੇਰੇ ਦਰ ਤੋਂ ਤੇਰਾ ਪਿਆਰ ਕਿਸੇ ਨਾ ਲੈਣਾ, ਲਹਿਣੇਦਾਰ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜੀ ਕਿਰਿਆ ਵਹਿਣ ਵਹਿਣਾ, ਅੱਗੇ ਹੋ ਨਾ ਕੋਇ ਅਟਕਾਈਆ । ਜੀਵ ਜਹਾਨ ਬਣੇ ਤਰਫ਼ੈਣਾ, ਤਾਮਸ ਤ੍ਰਿਸ਼ਨਾ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਵਾਂ ਮਿਹਰ ਨਜ਼ਰ ਉਠਾਈਆ । ਨਾਨਕ ਕਹੇ ਪ੍ਰਭੂ ਮੈਂ ਸ੍ਰਿਸ਼ਟ ਸਬਾਈ ਤਕੀ, ਅੰਤਰ ਨਿਰੰਤਰ ਧਿਆਨ ਲਗਾਈਆ । ਹਕੀਕਤ ਵਿਚ ਕੋਇ ਨਾ ਹੱਕੀ, ਸਤਿ ਸਚ ਨਾ ਕੋਇ ਸਮਾਈਆ । ਤੇਰੇ ਪ੍ਰੇਮ ਗੰਢ ਹੋਈ ਨਾ ਪੱਕੀ, ਪਰਮ ਪੁਰਖ ਰੰਗ ਨਾ ਕੋਇ ਰੰਗਾਈਆ । ਮੈਂ ਸਭ ਕੁਛ ਵੇਖਿਆ ਅੱਖੀਂ, ਜਗਤ

ਜਹਾਨ ਧਿਆਨ ਲਗਾਈਆ । ਧੁਰ ਦੇ ਕਾਹਨ ਤੇਰੀ ਮਿਲੀ ਕੋਇ ਨਾ ਸਖ਼ੀ, ਜੋ ਸੁਖ਼ਨ ਤੇਰਾ ਪੂਰ ਕਰਾਈਆ । ਚਾਰੋਂ ਕੁੰਟ ਜਗਤ ਵਾਸਨਾ ਹੱਟੀ, ਮਨ ਮਨੂਆ ਰਿਹਾ ਚਲਾਈਆ । ਤੇਰੀ ਬਾਵਨ ਧਾਰ ਪੜ੍ਹੀ ਕਿਸੇ ਨਾ ਪੱਟੀ, ਅਕਸ਼ਰ ਅੱਖਰਾਂ ਵਿਚੋਂ ਬਦਲਾਈਆ । ਮਨ ਮਮਤਾ ਦਹਿ ਦਿਸ਼ਾ ਭੱਜੀ, ਭੱਜੇ ਵਾਹੋ ਦਾਹੀਆ । ਉਠ ਲੇਖਾ ਤਕ ਲੈ ਲੱਖ ਚਾਰ ਅੱਸੀ, ਚੁਰਾਸੀ ਆਪਣਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪੁਰਖ ਅਕਾਲ ਕਹੇ ਮੈਂ ਨਿਰਗੁਣ ਧਾਰ ਆਵਾਂਗਾ । ਸੋ ਪੁਰਖ ਨਿਰੰਜਣ ਖੇਲ ਖਿਲਾਵਾਂਗਾ । ਹਰਿ ਪੁਰਖ ਨਿਰੰਜਣ ਰੂਪ ਬਦਲਾਵਾਂਗਾ । ਏਕੰਕਾਰ ਰੰਗ ਰੰਗਾਵਾਂਗਾ । ਆਦਿ ਨਿਰੰਜਣ ਡਗਮਗਾਵਾਂਗਾ । ਅਬਿਨਾਸ਼ੀ ਕਰਤਾ ਹੋ ਕੇ ਸੋਭਾ ਪਾਵਾਂਗਾ । ਸ੍ਰੀ ਭਗਵਾਨ ਡੰਕ ਖੜਕਾਵਾਂਗਾ । ਪਾਰਬ੍ਰਹਮ ਬ੍ਰਹਮ ਉਠਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਵਾਂਗਾ । ਕਰੋੜ ਤੇਤੀਸਾ ਸੁਰਪਤ ਇੰਦ, ਨੇਤਰ ਅੱਖ ਖੁਲ੍ਹਾਵਾਂਗਾ । ਆਪਣਾ ਹੁਕਮ ਵਹਿਣ ਵਹਾ ਕੇ ਸਾਗਰ ਸਿੰਧ, ਦੋ ਜਹਾਨਾਂ ਧਾਰ ਚਲਾਵਾਂਗਾ । ਕਲਜੁਗ ਕੂੜੀ ਕਿਰਿਆ ਮੇਟ ਕੇ ਬਿੰਦ, ਬੰਧਨ ਸਭ ਦੇ ਆਪ ਤੁੜਾਵਾਂਗਾ । ਪੂਜਾ ਰਹੇ ਕਿਸੇ ਨਾ ਲਿੰਗ, ਇਕੋ ਨੂਰ ਜੋਤ ਰੁਸ਼ਨਾਵਾਂਗਾ । ਖੇਲ ਖਿਲਾ ਕੇ ਸੂਰਬੀਰ ਸਿੰਘ, ਖੰਡਾ ਖੜਗ ਇਕ ਉਠਾਵਾਂਗਾ । ਮਰਦੰਗਾ ਵਜਾ ਕੇ ਅਗੰਮੀ ਕਿੰਗ, ਕਿੰਗਰੇ ਕਿੰਗਰੇ ਆਪ ਸੁਣਾਵਾਂਗਾ । ਜੋ ਪ੍ਰਭ ਦੀ ਕਰਦੇ ਨਿੰਦ, ਤਿਨ੍ਹਾਂ ਚੋਲੀ ਫਾਹ ਲਟਕਾਵਾਂਗਾ । ਨਾਨਕ ਕਰਨੀ ਮੂਲ ਨਾ ਚਿੰਦ, ਚਿੰਤਾ ਚਿਖਾ ਸਰਬ ਗਵਾਵਾਂਗਾ । ਪਰਗਟ ਹੋ ਕੇ ਵਿਚ ਹਿੰਦ, ਸੰਬਲ ਆਪਣਾ ਘਰ ਬਣਾਵਾਂਗਾ । ਹਜ਼ਰਤ ਈਸਾ ਮੂਸਾ ਮੁਹੰਮਦ ਵਹਾਏ ਹਿੰਝ, ਸਦੀ ਚੌਧਵੀਂ ਨੇਤਰ ਸਭ ਦੇ ਸਾਫ਼ ਕਰਾਵਾਂਗਾ । ਜੋ ਕੌਲ ਇਕਰਾਰ ਕੀਤਾ ਨਾਲ ਗੋਬਿੰਦ, ਗੋਬਿੰਦ ਸਤਿਗੁਰ ਆਪ ਪਰਗਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਹੁਕਮ ਇਕ ਸੁਣਾਵਾਂਗਾ । ਧੁਰ ਦਾ ਹੁਕਮ ਇਕ ਸੁਣਾਏਗਾ । ਪੁਰਖ ਅਬਿਨਾਸ਼ੀ ਦਇਆ ਕਮਾਏਗਾ । ਘਟ ਨਿਵਾਸੀ ਵੇਖ ਵਖਾਏਗਾ । ਕੂੜੀ ਕਿਰਿਆ ਸਰਬ ਮਿਟਾਏਗਾ । ਸਤਿਜੁਗ ਸਚ ਸਚ ਵਰਤਾਏਗਾ । ਕਾਇਆ ਮਾਟੀ ਕੱਚ, ਕੰਚਨ ਗੜ੍ਹ ਆਪ ਬਣਾਏਗਾ । ਲੂੰ ਲੂੰ ਅੰਦਰ ਰਚ, ਰਚਨਾ ਆਪਣੀ ਇਕ ਵਖਾਏਗਾ । ਸਭ ਦੀ ਬਦਲ ਕੇ ਬੁਧ ਮਤ, ਮਨ ਮਨੂਆਂ ਆਪ ਸਮਝਾਏਗਾ । ਦਹਿ ਦਿਸ਼ਾ ਨਾ ਉਠ ਉਠ ਜਾਏ ਨੱਸ, ਨਾਮ ਡੋਰੀ ਆਪ ਬੰਨ੍ਹਾਏਗਾ । ਨਿਜ ਧਾਰ ਦੇ ਕੇ ਰਸ, ਰਸਨਾ ਰਸ ਪੰਧ ਮੁਕਾਏਗਾ । ਨਿਜ ਨੇਤਰ ਖੋਲ੍ਹ ਕੇ ਅੱਖ, ਜਗਤ ਲੋਚਨ ਡੇਰਾ ਢਾਹੇਗਾ । ਸਰਬ ਕਲਾ ਹੋ ਸਮਰਥ, ਹਰ ਘਟ ਆਪਣੀ ਕਲ ਵਰਤਾਏਗਾ । ਸਭ ਦਾ ਲਹਿਣਾ ਦੇਣਾ ਕਰਕੇ ਆਪਣੇ ਹੱਥ, ਹੁਕਮ ਧੁਰ ਦਾ ਇਕ ਦ੍ਰਿੜਾਏਗਾ । ਝਗੜਾ ਮੁਕਾ ਕੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਗੁਰੂਦਵਾਰ ਇਕ ਪਰਗਟਾਏਗਾ । ਇਕੋ ਨਾਮ ਕਲਮਾ ਆਤਮ ਪਰਮਾਤਮ ਦੀਨ ਦੁਨੀ ਲਏ ਰਟ, ਰੱਟਾ ਅਵਰ ਨਾ ਕੋਇ ਕਰਾਏਗਾ । ਸਦੀ ਚੌਧਵੀਂ ਜਾਣ ਦੇ ਟੱਪ, ਟੱਪਾ ਆਪਣਾ ਇਕ ਸਮਝਾਏਗਾ । ਸਭ ਦਾ ਪੂਰਾ ਕਰਕੇ ਭਵਿਖਤ ਵਾਕ, ਵਾਕਿਆ ਆਪਣਾ ਇਕ ਵਖਾਏਗਾ । ਸਾਹਿਬ ਸਵਾਮੀ ਮਾਰਗ ਦੱਸ ਕੇ ਸਚ, ਸੁੱਚ ਸੰਜਮ ਵਿਚ ਮਿਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਭੇਵ ਖੁਲ੍ਹਾਏ ਆਪ ਅਕਥ, ਕਥਨੀ ਕਥ ਨਾ ਕੋਇ ਦ੍ਰਿੜਾਏਗਾ ।

੭੬੩
੨੨

## ੨੪ ਅੱਸੂ ਸ਼ਹਿਨਸ਼ਾਹੀ ਸੰਮਤ ੬ ਬਲਵੰਤ ਸਿੰਘ ਦੇ ਘਰ ਪਿੰਡ ਗੁਜਰਵਾਲ ਜ਼ਿਲਾ ਲੁਧਿਆਣਾ

ਕਲਜੁਗ ਕਹੇ ਪ੍ਰਭੂ ਮੇਰੀ ਇਕ ਅਰਜ਼, ਆਰਜ਼ੂ ਪਰਵਰਦਿਗਾਰ ਸਾਂਝੇ ਯਾਰ ਦਿਆਂ ਸੁਣਾਈਆ । ਮੇਰੀ ਆਸਾ ਮਨਸਾ ਪੂਰੀ ਹੋਣ ਦੇ ਗ਼ਰਜ਼, ਗਰਜ ਕੇ ਤੇਰੀ ਸੇਵ ਕਮਾਈਆ । ਖੇਲ ਖੇਲ ਲੈਣ ਦੇ ਜ਼ਨੋ ਮਰਦ, ਤਨ ਵਜੂਦ ਫੋਲ ਫੁਲਾਈਆ । ਸ਼ਰਅ ਛੁਰੀ ਤਿੱਖੀ ਕਰ ਲੈਣ ਦੇ ਕਰਦ, ਕਤਲਗਾਹ ਤਕਾਂ ਲੋਕਾਈਆ । ਬਹੁੜੀ ਅੰਤਮ ਮੇਰਾ ਵੰਡੀ ਦਰਦ, ਦੀਨ ਦਿਆਲ ਦਇਆ ਕਮਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਵਾਲੀ ਅਰਸ਼, ਪ੍ਰੀਤਮ ਨੂਰ ਅਲਾਹੀਆ । ਕਿਰਪਾ ਨਿਧਾਨ ਤੂੰ ਆਉਣਾ ਉਤੇ ਫ਼ਰਸ਼, ਫ਼ੈਸਲਾ ਹੱਕ ਸੁਣਾਈਆ । ਮੈਂ ਤੇਰਾ ਕਰਨਾ ਦਰਸ, ਛੱਬੀ ਪੋਹ ਰੁਤ ਵਡਿਆਈਆ । ਨਾ ਕੋਈ ਸੋਗ ਰਹੇ ਨਾ ਹਰਖ਼, ਚਿੰਤਾ ਗ਼ਮ ਚੁਕਾਈਆ । ਮੇਰੇ ਮਾਲਕ ਮੇਰੀ ਕਰ ਲਈਂ ਪਰਖ, ਪਾਰਖੂ ਹੋ ਕੇ ਧਿਆਨ ਲਗਾਈਆ । ਮੈਂ ਚੌਥੇ ਜੁਗ ਸਭ ਦੀ ਪੁੱਠੀ ਕੀਤੀ ਨਰਦ, ਸਿਧੀ ਸਕੇ ਨਾ ਕੋਇ ਕਰਾਈਆ । ਸਭ ਦਾ ਪੂਰਾ ਲਹਿਣਾ ਦੇਣਾ ਕਰਨਾ ਕਰਜ਼, ਮਕਰੂਜ਼ ਲੇਖਾ ਅੰਤ ਦੇਣਾ ਜਣਾਈਆ । ਮੈਂ ਦਰੋਹੀ ਫੇਰਨੀ ਮੰਦਰ ਮਸੀਤ ਚਰਚ, ਚਰਾਗਾਹਾਂ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਕਲਜੁਗ ਕਹੇ ਪ੍ਰਭੂ ਮੇਰੇ ਵੱਲ ਤਕੀਂ, ਨਿਗਹ ਹਕੀਕਤ ਵਾਲੀ ਉਠਾਈਆ । ਅੰਤਮ ਮੇਰੀ ਪਤ ਰੱਖੀਂ, ਹਰਿ ਸਾਹਿਬ ਤੇਰੀ ਸਰਨਾਈਆ । ਸਦੀ ਚੌਧਵੀਂ ਮੇਰਾ ਖੇਲ ਵੇਖੀਂ ਅੱਖੀਂ, ਆਖ਼ਰ ਧਿਆਨ ਲਗਾਈਆ । ਮੈਂ ਤੇਰੀ ਰਹਿਣ ਦੇਣੀ ਨਹੀਂ ਕੋਈ ਸਖ਼ੀ, ਸਤਿ ਸਰੂਪ ਨਾ ਕੋਇ ਸਮਾਈਆ । ਸਾਧ ਸੰਤ ਧੀਰਜ ਸੰਤੋਖ ਵਿਚ ਰਹੇ ਕੋਇ ਨਾ ਜਤੀ, ਯਥਾਰਥ ਤੇਰੀ ਸੇਵ ਨਾ ਕੋਇ ਕਮਾਈਆ । ਤੈਨੂੰ ਮਿਲੇ ਨਾ ਕੋਇ ਕਮਲਾਪਤੀ, ਪਤਿਪਰਮੇਸ਼ਵਰ ਤੇਰਾ ਦਰਸ ਕੋਇ ਨਾ ਪਾਈਆ । ਜੇ ਤੂੰ ਮੇਰਾ ਬੂਟਾ ਲਾਇਆ ਹੱਥੀਂ, ਅੰਤ ਪਾਲਣਾ ਚਾਈਂ ਚਾਈਂਆ । ਤੂੰ ਸਾਹਿਬ ਮੇਰਾ ਸਮਰਥੀ, ਵਡ ਦਾਤਾ ਨੂਰ ਅਲਾਹੀਆ । ਵਸੀਂ ਘਟ ਘਟੀ, ਹਰ ਘਟ ਰਿਹਾ ਸਮਾਈਆ । ਮੈਂ ਵੀ ਤੇਰੇ ਨਾਮ ਦੀ ਪੜ੍ਹੀ ਪੱਟੀ, ਪਟਨੇਵਾਲਾ ਨਾਲ ਮਿਲਾਈਆ । ਮੈਂ ਚਾਹੁੰਦਾ ਮੇਰੇ ਅੰਤ ਵਿਚ ਕਿਸੇ ਘਰ ਰਹੇ ਨਾ ਦੀਵਾ ਬੱਤੀ, ਬਾਤਨ ਪੜਦਾ ਨਾ ਕੋਇ ਖੁਲ੍ਹਾਈਆ । ਮੇਰੀ ਖ਼ਾਹਿਸ਼ ਵਿਚ ਫ਼ਰਕ ਰਹੇ ਨਾ ਰੱਤੀ, ਰਹਿਮਤ ਆਪਣੀ ਦੇਣੀ ਕਮਾਈਆ । ਮੇਰੀ ਬੇਨੰਤੀ ਸਚੀ, ਸਾਹਿਬ ਦਿਤੀ ਦ੍ਰਿੜਾਈਆ । ਵੇਖੀਂ ਗੰਢ ਰੱਖੀਂ ਨਾ ਕੱਚੀ, ਤੰਦਨ ਤੰਦ ਤੁੜਾਈਆ । ਮੇਰੀ ਵਾਸਨਾ ਘਰ ਘਰ ਹੋਵੇ ਨੱਚੀ, ਮਨ ਮਨੂਆਂ ਸਵਾਂਗ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਦਰ ਤੇਰੇ ਮੰਗ ਮੰਗਾਈਆ । ਕਲਜੁਗ ਕਹੇ ਪ੍ਰਭੂ ਮੇਰੀ ਮਨਸਾ ਕਰਨੀ ਪੂਰ, ਪਰਮ ਪੁਰਖ ਤੇਰੀ ਸਰਨਾਈਆ । ਮੇਰੀ ਬੇਨੰਤੀ ਤੇਰੇ ਹਜ਼ੂਰ, ਹਜ਼ਰਤਾਂ ਦੇ ਹਜ਼ਰਤ ਦਿਆਂ ਸੁਣਾਈਆ । ਮੈਂ ਚਾਹੁੰਦਾ ਸਭ ਨੂੰ ਕਰਾਂ ਮੂਰਖ ਮੂੜ੍ਹ, ਮੁਗਧ ਦਿਆਂ ਬਣਾਈਆ । ਤੇਰੇ ਲਾਏ ਕੋਇ ਨਾ ਮਸਤਕ ਚਰਨ ਧੂੜ, ਟਿੱਕੇ ਖ਼ਾਕ ਨਾ ਕੋਇ ਰਮਾਈਆ । ਜਲਵਾ ਦਿਸੇ ਨਾ ਕੋਇ ਨੂਰ, ਜੋਤੀ ਜੋਤ ਨਾ ਡਗਮਗਾਈਆ । ਮੇਰੀ ਮਨ ਮਨਸਾ ਕਰ ਭਰਪੂਰ, ਬੇਪਰਵਾਹ ਆਪਣੀ ਦਇਆ ਕਮਾਈਆ । ਮੈਂ ਚੌਥਾ ਜੁਗ ਤੇਰਾ ਮਜ਼ਦੂਰ, ਨਵ ਸੱਤ ਸੇਵ ਕਮਾਈਆ । ਘਰ ਘਰ ਅੰਦਰ ਵੜਿਆ ਕੂੜ, ਕਾਮ ਕਰੋਧ ਲੋਭ ਮੋਹ ਹੰਕਾਰ ਦਿਤਾ ਹਲਕਾਈਆ । ਮੇਰੀ ਅਰਦਾਸ ਸੁਣ ਜ਼ਰੂਰ, ਜ਼ਰੂਰਤ ਤੇਰੇ ਅੱਗੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ,

੭੬੪ ੨੨

ਦਰ ਤੇਰੇ ਅਲਖ ਜਗਾਈਆ । ਕਲਜੁਗ ਕਹੇ ਮੈਨੂੰ ਹੋਣ ਨਾ ਦੇਵੀਂ ਨਿਰਾਸਾ, ਨਿਰਵੈਰ ਬੇਪਰਵਾਹੀਆ । ਮੈਨੂੰ ਤੇਰੇ ਉਤੇ ਭਰਵਾਸਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਮੈਂ ਕੋਈ ਵੱਖ ਵੱਖ ਨਾਮ ਕਲਮੇ ਦਾ ਫੜਿਆ ਨਹੀਂ ਕਾਸਾ, ਕਸਮ ਖਾ ਕੇ ਦਿਆਂ ਜਣਾਈਆ । ਅਵਤਾਰ ਪੈਗੰਬਰ ਗੁਰੂ ਤੇਰੀਆਂ ਸ਼ਾਖ਼ਾਂ, ਸ਼ਨਾਖ਼ਤ ਤਨ ਵਜੂਦ ਰਖਾਈਆ । ਅੰਤਮ ਤੇਰੇ ਦਰ ਤੇ ਆਖਾਂ, ਨਿਉਂ ਨਿਉਂ ਲਾਗਾਂ ਪਾਈਆ । ਸਾਹਿਬ ਸੁਲਤਾਨ ਮਹਿਬੂਬ ਮੇਰਾ ਬਣਨਾ ਰਾਖਾ, ਰੱਖਕ ਹੋ ਕੇ ਵੇਖ ਵਖਾਈਆ । ਦੀਨ ਦੁਨੀ ਦਾ ਬਦਲ ਦੇਵਾਂ ਪਾਸਾ, ਪੇਸ਼ੀਨਗੋਈਆਂ ਪੂਰ ਕਰਾਈਆ । ਤੂੰ ਮੇਰਾ ਵੇਖੀਂ ਜਗਤ ਤਮਾਸ਼ਾ, ਆਪ ਆਪਣਾ ਪੜਦਾ ਲਾਹੀਆ । ਗੋਪੀ ਕਾਹਨ ਦੀਆਂ ਪੈਣ ਨਾ ਦੇਵਾਂ ਰਾਸਾ, ਸੀਤਾ ਸੁਰਤ ਰਾਮ ਨਾ ਕੋਇ ਸਮਾਈਆ । ਝਗੜਾ ਪਾ ਕੇ ਜ਼ਾਤਾਂ ਪਾਤਾਂ, ਦੀਨ ਦੁਨੀ ਦਿਆਂ ਲੜਾਈਆ । ਤੂੰ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਮੈਨੂੰ ਦੇਣੀ ਸ਼ਾਬਾਸ਼ਾ, ਪਰਵਰਦਿਗਾਰ ਹੱਥ ਪੁਸ਼ਤ ਪਨਾਹ ਟਿਕਾਈਆ । ਚਾਰ ਕੁੰਟ ਦਹਿ ਦਿਸ਼ਾ ਤੇਰੀ ਕਿਰਪਾ ਮੈਨੂੰ ਆਵੇ ਕੋਈ ਨਾ ਘਾਟਾ, ਚੜ੍ਹਦੀ ਕਲਾ ਦੇਣੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਪੂਰੀ ਕਰਨੀ ਆਸਾ, ਆਸਾ ਤੇਰੇ ਅੱਗੇ ਰਖਾਈਆ ।



## ੨੪ ਅੱਸੂ ਸ਼ਹਿਨਸ਼ਾਹੀ ਸੰਮਤ ੬ ਠਾਣੇਦਾਰ ਹਰਚਰਨ ਸਿੰਘ ਦੇ ਗ੍ਰਿਹ ਪਿੰਡ ਜਟਵਾਂ ਜ਼ਿਲਾ ਲੁਧਿਆਣਾ



ਕਲਜੁਗ ਕਹੇ ਮੇਰੇ ਸ਼ਹਿਨਸ਼ਾਹ ਨਵਾਬ, ਮਿਹਰਵਾਨ ਮਹਿਬੂਬ ਤੇਰੀ ਸਰਨਾਈਆ । ਤੇਰੇ ਕਦਮਾਂ ਕਦਮਬੋਸੀ ਵਾਲਾ ਅਦਾਬ, ਨਿਵ ਨਿਵ ਲਾਗਾਂ ਪਾਈਆ । ਪਰਵਰਦਿਗਾਰ ਸਾਂਝੇ ਯਾਰ ਦੇ ਖ਼ਤਾਬ, ਮੁਖ਼ਾਤਬ ਹੋ ਕੇ ਦਇਆ ਕਮਾਈਆ । ਤੇਰੇ ਹੁਕਮ ਦੀ ਕੂੜ ਵਜਾਈ ਰਬਾਬ, ਨੌਬਤ ਜਗਤ ਜਗ ਸੁਣਾਈਆ । ਮਿੱਤਰ ਪਿਆਰਾ ਰਹਿਣ ਦਿਤਾ ਨਹੀਂ ਕੋਈ ਅਹਿਬਾਬ, ਸੱਜਣ ਸੰਗ ਨਾ ਕੋਇ ਰਖਾਈਆ । ਗਊਆਂ ਭੁੰਨ ਖਵਾਇਆ ਕਬਾਬ, ਕਾਹਨ ਚਲੀ ਨਾ ਕੋਇ ਚਤੁਰਾਈਆ । ਪ੍ਰਕਾਸ਼ ਰਿਹਾ ਨਾ ਕਿਸੇ ਮਹਿਰਾਬ, ਕਾਅਬਾ ਹੱਕ ਨਾ ਕੋਇ ਵਡਿਆਈਆ । ਪਿਆਰ ਰਿਹਾ ਨਾ ਹਕੀਕੀ ਮਜਾਜ਼, ਸਭ ਦਾ ਮਜ਼ਾਕ ਦਿਤਾ ਉਡਾਈਆ । ਮੈਂ ਸਦੀ ਚੌਧਵੀਂ ਹੋਇਆ ਬੇਤਾਬ, ਆਪਣੀ ਲੈ ਅੰਗੜਾਈਆ । ਲੇਖਾ ਮੁਕਾਉਣਾ ਹਯਾਤੇ ਆਬ, ਆਬਰੂ ਸਭ ਦੀ ਦੇਣੀ ਗਵਾਈਆ । ਅੱਖਰਾਂ ਵਾਲੀ ਰਹੇ ਨਾ ਕੋਇ ਕਿਤਾਬ, ਸਿਫ਼ਤਾਂ ਵਾਲੀ ਸਿਫ਼ਤ ਨਾ ਕੋਇ ਸਾਲਾਹੀਆ । ਜਗਤ ਖੇੜਾ ਵਸੇ ਨਾ ਕੋਇ ਅਬਾਦ, ਮਹਿਫ਼ਲ ਹੱਕ ਨਾ ਕੋਇ ਵਖਾਈਆ । ਗੁਲਸ਼ਨ ਮਹਿਕੇ ਨਾ ਕੋਇ ਗੁਲਾਬ, ਕੰਡਾ ਖਾਰ ਕਰਾਂ ਲੋਕਾਈਆ । ਤੂੰ ਸਾਹਿਬ ਸੁਲਤਾਨ ਨੌਜਵਾਨ ਮੇਰਾ ਉਸਤਾਦ, ਪੈਗੰਬਰ ਅਗੰਮ ਅਥਾਹੀਆ । ਇਕੋ ਹੁਕਮ ਦੇ ਦੇ ਵਾਹਦ, ਵਾਹਵਾ ਤੇਰੀ ਓਟ ਤਕਾਈਆ । ਮੈਂ ਆਪਣਾ ਹੁਕਮ ਕਰਾਂ ਰਾਇਜ, ਰਈਅਤ ਦੀਨ ਦੁਨੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਾਹ ਸਾਚੀ ਮੰਗ ਮੰਗਾਈਆ । ਕਲਜੁਗ ਕਹੇ ਪ੍ਰਭੂ ਮੈਨੂੰ ਦੇ ਦੇ ਇਕ ਸਹਾਰਾ, ਸਤਿ ਤੇਰੀ ਸਰਨਾਈਆ । ਮੈਂ ਜੀਵ ਜੰਤ ਕਰਾਂ ਗਵਾਰਾ, ਮੂਰਖ ਮੂੜ੍ਹ ਸੰਗ ਬਣਾਈਆ । ਮੈਂ ਨਿਸ਼ਾਨ ਮੇਟਾਂ ਚੰਦ ਸਿਤਾਰਾ, ਸਦੀ ਚੌਧਵੀਂ ਸੰਗ ਮੁਹੰਮਦ ਤੇਰੀ ਝੋਲੀ ਪਾਈਆ । ਲੇਖਾ

ਰਹੇ ਨਾ ਚਾਰ ਯਾਰਾ, ਅਲਿਫ਼ ਯੇ ਨਾ ਕੋਇ ਵਡਿਆਈਆ । ਮੇਰਾ ਤੇਰੇ ਹੁਕਮ ਨਾਲ ਹੋਣਾ ਅੰਤ ਕਨਾਰਾ, ਮਿਹਰਵਾਨ ਮਹਿਬੂਬ ਨੇਤਰ ਨੈਣ ਲੈਣਾ ਉਠਾਈਆ । ਔਹ ਤਕ ਮੈਨੂੰ ਗੋਬਿੰਦ ਦਿੰਦਾ ਇਸ਼ਾਰਾ, ਕਲਗੀ ਤੋੜਾ ਸੀਸ ਟਿਕਾਈਆ । ਕਲਜੁਗ ਤੂੰ ਆਪਣੀ ਕਲ ਨੂੰ ਕਰ ਲੈ ਜ਼ਾਹਿਰਾ, ਬਲ ਬਲ ਵਿਚੋਂ ਵਖਾਈਆ । ਔਹ ਵੇਖ ਨਿਰਗੁਣ ਨਿਰਵੈਰ ਲਏ ਅਵਤਾਰਾ, ਕਲ ਕਲਕੀ ਵੇਸ ਵਟਾਈਆ । ਜਿਸ ਨੂੰ ਝੁਕਦੇ ਪੈਗ਼ੰਬਰ ਗੁਰ ਅਵਤਾਰਾ, ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਸੀਸ ਨਿਵਾਈਆ । ਉਹ ਸ਼ਬਦੀ ਸ਼ਬਦ ਦਏ ਇਸ਼ਾਰਾ, ਨਾਮ ਸੰਦੇਸਾ ਅਗੰਮ ਅਥਾਹੀਆ । ਜਿਸ ਨੇ ਮੇਰਾ ਖੇਲ ਕਰਨਾ ਦੁਬਾਰਾ, ਬਿਨ ਤਤਾਂ ਤਤ ਪ੍ਰਗਟਾਈਆ । ਜੋਤੀ ਜਾਤਾ ਹੋ ਉਜਿਆਰਾ, ਪੁਰਖ ਬਿਧਾਤਾ ਵੇਸ ਵਟਾਈਆ । ਜਿਸ ਦੀ ਮਹਿਮਾ ਕਾਗਤ ਕਲਮ ਨਾ ਲਿਖਣਹਾਰਾ, ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਸੋ ਕਲਜੁਗ ਤੈਨੂੰ ਦਏ ਉਧਾਰਾ, ਸਿਰ ਤੇਰੇ ਹੱਥ ਟਿਕਾਈਆ । ਤੂੰ ਨੌ ਖੰਡ ਪ੍ਰਿਥਮੀ ਸੱਤ ਦੀਪ ਭੱਜਣਾ ਵਾਰੋ ਵਾਰਾ, ਆਪਣਾ ਪੈਂਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਨੂਰ ਅਲਾਹੀਆ । ਕਲਜੁਗ ਕਹੇ ਪ੍ਰਭੂ ਮੈਨੂੰ ਇਕੋ ਓਟ ਤੇਰੀ, ਓੜਕ ਦਿਆਂ ਜਣਾਈਆ । ਤੂੰ ਲਾਜ ਰੱਖਣੀ ਮੇਰੀ, ਮਿਹਰਵਾਨ ਤੇਰੀ ਸਰਨਾਈਆ । ਮੈਂ ਚਾਰ ਕੁੰਟ ਚਲਾਉਣੀ ਅੰਧੇਰੀ, ਅੰਧ ਕੂਪ ਲੋਕਾਈਆ । ਸ਼ੌਹ ਦਰਿਆਏ ਠੇਹਲਣੀ ਬੇੜੀ, ਨਈਆ ਨੌਕਾ ਇਕ ਵਖਾਈਆ । ਚੁਰਾਸੀ ਕਟੇ ਕੋਇ ਨਾ ਗੇੜੀ, ਸ਼ਰਅ ਜ਼ੰਜੀਰ ਨਾ ਕੋਇ ਤੁੜਾਈਆ । ਸਾਰੀ ਸ੍ਰਿਸ਼ਟੀ ਖ਼ਾਕ ਕਰਨੀ ਢੇਰੀ, ਪੰਜ ਤਤ ਤਤ ਜਲਾਈਆ । ਮੈਂ ਆਸਾ ਰੱਖਦਾ ਤੇਰੀ ਇਕ ਬਥੇਰੀ, ਬਹੁ ਗੁਣਵੰਤੇ ਧਿਆਨ ਲਗਾਈਆ । ਮੈਂ ਖੇਲ ਰਹਿਣ ਨਹੀਂ ਦੇਣੀ ਗੁਰੂ ਗੁਰ ਚੇਰੀ, ਚੇਲਾ ਗੁਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਸਰਨਾਈਆ । ਪੁਰਖ ਅਕਾਲ ਕਹੇ ਕਲਜੁਗ ਮੈਂ ਵੇਖਾਂ ਤੇਰੀ ਮੰਗ, ਜੋ ਮਾਂਗਤ ਹੋ ਕੇ ਝੋਲੀ ਡਾਹੀਆ । ਵਸਤ ਦੇ ਕੇ ਭੁੱਖ ਨੰਗ, ਤੇਰਾ ਭੰਡਾਰਾ ਦਿਆਂ ਭਰਾਈਆ । ਤੂੰ ਨਵ ਸੱਤ ਜਾਈਂ ਲੰਘ, ਪੁਰੀ ਲੋਅ ਨਾ ਕੋਇ ਅਟਕਾਈਆ । ਗੁਰ ਅਵਤਾਰ ਪੈਗ਼ੰਬਰਾਂ ਲਾਵੀਂ ਸੰਗ, ਸਗਲਾ ਸੰਗ ਰਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਜਾ ਕੇ ਦੇਵੀਂ ਵੰਡ, ਕਾਇਨਾਤ ਬਚਿਆ ਰਹਿਣ ਕੋਇ ਨਾ ਪਾਈਆ । ਮੋਹ ਵਿਕਾਰ ਚਾੜ੍ਹਨਾ ਰੰਗ, ਕਰੋਧ ਕਾਮ ਨਾਲ ਹਲਕਾਈਆ । ਦੁਖੀ ਕਰਨਾ ਬੰਦ ਬੰਦ, ਬੰਦਨਾ ਧੁਰ ਦੀ ਦੇਣੀ ਬਤਲਾਈਆ । ਭੇਵ ਖੁਲ੍ਹੇ ਕਿਸੇ ਨਾ ਹੰ, ਪਾਰਬ੍ਰਹਮ ਮਿਲਣ ਕੋਇ ਨਾ ਪਾਈਆ । ਆਤਮ ਰਹੇ ਨਾ ਕੋਇ ਅਨੰਦ, ਨਿਜਾਨੰਦ ਰਸ ਨਾ ਕੋਇ ਚਖਾਈਆ । ਨੌ ਦਵਾਰੇ ਸਭ ਦੀ ਵਾਸਨਾ ਦੇਣੀ ਟੰਗ, ਅੱਗੇ ਹੋ ਨਾ ਕੋਇ ਅਟਕਾਈਆ । ਜਿੰਨਾ ਚਿਰ ਇਹ ਕਰਨੀ ਨਾ ਕਰੇਂ ਓਨਾਂ ਚਿਰ ਇਹ ਨਿਸ਼ਾਨ ਮਿਟਣਾ ਨਹੀਂ ਤਾਰਾ ਚੰਦ, ਸਦੀ ਚੌਧਵੀਂ ਅੰਤ ਨਾ ਕੋਇ ਕਰਾਈਆ । ਓਹ ਵੇਖ ਮੁਹੰਮਦ ਨੇਤਰ ਰੋ ਰੋ ਮੰਗੇ ਮੰਗ, ਸੱਯਦਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਦਇਆ ਕਮਾਈਆ । ਪੁਰਖ ਅਕਾਲ ਕਹੇ ਮੇਰੇ ਅਜ਼ੀਜ਼, ਨੰਨ੍ਹੇ ਬੱਚੇ ਦਿਆਂ ਵਡਿਆਈਆ । ਤੇਰਾ ਮੇਰੇ ਕਦਮ ਝੁਕਿਆ ਸੀਸ, ਧੂੜੀ ਖ਼ਾਕ ਰਮਾਈਆ । ਮੈਂ ਮਾਲਕ ਇਕ ਜਗਦੀਸ, ਜਗਦੀਸ਼ਰ ਧੁਰਦਰਗਾਹੀਆ । ਜੁਗ ਚੌਕੜੀ ਬਦਲਾਂ ਰੀਤ, ਰੀਤੀਵਾਨ ਇਕ ਹੋ ਜਾਈਆ । ਤੂੰ ਸਭ ਦੀ ਬਦਲ ਦੇ ਨੀਤ, ਨਿਜ ਅੰਦਰ ਡੇਰਾ ਲਾਈਆ । ਮਨ ਕਲਪਣਾ ਕਰ ਪੁਨੀਤ, ਪਤਿਤ ਰੂਪ ਸਾਰੇ ਦੇਣ ਦੁਹਾਈਆ । ਸਦੀ ਚੌਧਵੀਂ

੭੬੭
੨੨

ਰਹੀ ਬੀਤ, ਵੇਲਾ ਅੰਤ ਅੰਤ ਕੁਰਲਾਈਆ । ਕਾਇਆ ਰਹਿਣ ਨਹੀਂ ਦੇਣੀ ਠੰਡੀ ਸੀਤ, ਅਗਨੀ ਤਤ ਦੇਣੀ ਜਲਾਈਆ । ਝਗੜਾ ਮਿਟਾਉਣਾ ਮੰਦਰ ਮਸੀਤ, ਮੱਠ ਸ਼ਿਵਾਲੇ ਵੰਡ ਨਾ ਕੋਇ ਵੰਡਾਈਆ । ਲੇਖਾ ਮੁਕਾਉਣਾ ਊਚ ਨੀਚ, ਜ਼ਾਤ ਪਾਤੀ ਪੰਧ ਮੁਕਾਈਆ । ਤੈਨੂੰ ਬਖਸ਼ਾਂ ਇਕ ਤਮੀਜ਼, ਤਮਾ ਦੀ ਝੋਲੀ ਦਿਆਂ ਭਰਾਈਆ । ਮਾਤਲੋਕ ਆਪਣੀ ਪੂਰੀ ਕਰ ਲੈ ਰੀਝ, ਮਨਸਾ ਅਵਰ ਰਹੇ ਨਾ ਰਾਈਆ । ਤੂੰ ਮੇਰਾ ਗਾਉਣਾ ਗੀਤ, ਢੋਲਾ ਅਗੰਮ ਅਥਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਲੈਣੀ ਜੀਤ, ਜੀਵਤ ਜੀ ਮਿਲੇ ਵਡਿਆਈਆ । ਹੱਕ ਦੀ ਰਹਿਣ ਨਹੀਂ ਦੇਣੀ ਪ੍ਰੀਤ, ਪ੍ਰੀਤਮ ਮਿਲਣ ਕੋਇ ਨਾ ਪਾਈਆ । ਓਹ ਤਕ ਮੂਸਾ ਤਕਦਾ ਬੀਸ ਬੀਸ, ਬੀਸ ਬੀਸਾ ਨੈਣ ਉਠਾਈਆ । ਈਸਾ ਖੇਲ ਤਕੇ ਅਕੀਸ, ਏਕੰਕਾਰ ਕੀ ਕਰਨੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦੇਵੇ ਇਕ ਹਦੀਸ, ਹਜ਼ਰਤਾਂ ਤੋਂ ਪਰੇ ਹਰਿ ਹਜ਼ੂਰ ਆਪ ਸਮਝਾਈਆ ।

### ✪ ੨੫ ਅੱਸੂ ਸ਼ਹਿਨਸ਼ਾਹੀ ਸੰਮਤ ੬ ਹਰਬੰਸ ਸਿੰਘ ਦੇ ਗ੍ਰਿਹਿ ਸੰਗਰੂਰ ਸ਼ਹਿਰ ✪

ਮਨ ਮਤ ਬੁੱਧੀ ਦਾ ਜੋ ਬਿਆਨਾ, ਰਸਨਾ ਨਾਲ ਗਾਈਆ । ਇਸ ਤੋਂ ਪਰੇ ਖੇਲ ਸ੍ਰੀ ਭਗਵਾਨਾ, ਬਿਨ ਅਨਭਵ ਦ੍ਰਿਸ਼ਟੀ ਸਮਝ ਕਿਸੇ ਨਾ ਆਈਆ । ਜੋ ਲੇਖਾ ਜਾਣੇ ਦੋ ਜਹਾਨਾ, ਦਰਗਹ ਸਾਚੀ ਸੋਭਾ ਪਾਈਆ । ਜਿਸ ਦਾ ਰੂਪ ਰੰਗ ਰੇਖ ਸਕੇ ਨਾ ਕੋਇ ਪਹਿਚਾਨਾ, ਨਾਦਾਂ ਵਿਚ ਨਾ ਕੋਇ ਸ਼ਨਵਾਈਆ । ਉਹ ਮਾਲਕ ਖ਼ਾਲਕ ਪ੍ਰਿਤਪਾਲਕ ਧੁਰ ਦਾ ਕਾਹਨਾ, ਨਰ ਨਰਾਇਣ ਨੂਰ ਅਲਾਹੀਆ । ਜਿਸ ਨੂੰ ਚਾਰ ਜੁਗ ਦੇ ਸ਼ਾਸਤਰ ਗਾਣਾ, ਅਵਤਾਰ ਪੈਗ਼ੰਬਰ ਗਏ ਕਰ ਕੇ ਸਿਫਤ ਸਾਲਾਹੀਆ । ਪੁਰਖ ਅਕਾਲਾ ਦੀਨ ਦਿਆਲਾ ਨੌਜਵਾਨਾ ਮਰਦ ਮਰਦਾਨਾ ਨਿਹਕਲੰਕ ਬਲੀ ਬਲਵਾਨਾ, ਰੂਪ ਅਨੂਪ ਸ਼ਾਹੋ ਭੂਪ ਆਪਣੇ ਵਿਚ ਛੁਪਾਈਆ । ਜਿਸ ਨੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਦਲਣਾ ਹੁਕਮ ਦੇ ਨਾਲ ਜ਼ਮਾਨਾ, ਜ਼ਿਮੀਂ ਜ਼ਮਾਂ ਧੁਰ ਦਾ ਖੇਲ ਵੇਖ ਵਖਾਈਆ । ਉਹ ਵਿਅਕਤੀ ਰੂਪ ਹੋ ਕੇ ਕਦੀ ਨਾ ਬਣੇ ਪਰਧਾਨਾ, ਆਪਣੀ ਸਿਫ਼ਤ ਵਿਚ ਨਾ ਕੋਇ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਅਗੰਮ ਅਥਾਹੀਆ । ਨਿਹਕਲੰਕ ਹਰਿ ਨਿਰੰਕਾਰਾ, ਦੂਜਾ ਨਜ਼ਰ ਕੋਇ ਨਾ ਆਈਆ । ਜੋ ਜੋਤੀ ਜੋਤ ਉਜਿਆਰਾ, ਰੂਪ ਰੰਗ ਰੇਖ ਕਹਿਣ ਕੋਇ ਨਾ ਪਾਈਆ । ਜੋ ਵਸੇ ਸਚਖੰਡ ਸੱਚੇ ਦਵਾਰਾ, ਦਰ ਸਾਚੇ ਡੇਰਾ ਲਾਈਆ । ਜਿਸ ਨੂੰ ਕਹਿੰਦੇ ਸੋ ਹਰਿ ਪੁਰਖ ਨਿਰੰਜਣ ਮੀਤ ਮੁਰਾਰਾ, ਆਦਿ ਨਿਰੰਜਣ ਅਗੰਮ ਅਥਾਹੀਆ । ਅਬਿਨਾਸ਼ੀ ਕਰਤਾ ਸ੍ਰੀ ਭਗਵਾਨ ਪਾਰਬ੍ਰਹਮ ਪਤਿਪਰਮੇਸ਼ਵਰ ਕਰੇ ਕਰਾਏ ਕਰਨੇਹਾਰਾ, ਕਰਤਾ ਪੁਰਖ ਵਡ ਵਡਿਆਈਆ । ਉਸ ਦਾ ਬੁੱਧੀ ਵਿਚ ਕਰੇ ਕਿਆ ਕੋਈ ਵਿਸਥਾਰਾ, ਵਿਚਰ ਕੇ ਸਕੇ ਨਾ ਕੋਇ ਸੁਣਾਈਆ । ਉਹ ਮੰਜ਼ਲ ਚੜ੍ਹ ਕੇ ਨਿਰਅੱਖਰ ਪੜ੍ਹ ਕੇ ਪਾਓ ਓਸ ਪ੍ਰਭ ਦੀ ਸਾਰਾ, ਜੋ ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਜੋਤ ਨਿਰੰਕਾਰ ਆਦਿ ਜੁਗਾਦੀ ਨਿਹਕਲੰਕ, ਨਰ ਨਰਾਇਣ ਵਡੀ ਵਡਿਆਈਆ । ਜਿਸ ਦਾ ਸ਼ਬਦ ਅਗੰਮੀ ਵੱਜੇ ਡੰਕ,

ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਿਹਾ ਸੁਣਾਈਆ । ਜਿਸ ਦਾ ਲੱਖ ਚੁਰਾਸੀ ਜੀਵ ਜੰਤ, ਸਾਧ ਸੰਤ ਵਿਚ ਸਮਾਈਆ । ਜੋ ਆਤਮ ਪਰਮਾਤਮ ਧੁਰ ਦਾ ਕੰਤ, ਕੰਤੂਹਲ ਇਕ ਅਖਵਾਈਆ । ਉਸ ਦੀ ਪੰਜ ਤਤ ਬਣਾਏ ਕੋਇ ਨਾ ਬਣਤ, ਰਜੋ ਤਮੋਂ ਸਤੋ ਨਾ ਕੋਇ ਚਤੁਰਾਈਆ । ਉਸ ਦਾ ਗੜ੍ਹ ਨਹੀਂ ਕੋਈ ਹਉਮੇ ਹੰਗਤ, ਮਾਇਆ ਮਮਤਾ ਨਾ ਕੋਇ ਅਖਵਾਈਆ । ਉਹ ਜਗਤ ਵਾਸਨਾ ਮਨਸ਼ਾ ਦੀ ਬਣਾਉਂਦਾ ਨਹੀਂ ਕਦੇ ਸੰਗਤ, ਜਗਤ ਚਤੁਰਾਈਆਂ ਨਾ ਕੋਇ ਰਖਾਈਆ । ਉਹ ਲੇਖਾ ਜਾਣੇ ਆਦਿ ਅੰਤ, ਜੁਗਾ ਜੁਗੰਤ ਆਪਣਾ ਹੁਕਮ ਵਰਤਾਈਆ । ਜਿਸ ਦਾ ਨਾਮ ਅਗੰਮਾ ਬਿਨ ਅੱਖਰਾਂ ਵਾਲਾ ਮੰਤ, ਸ਼ਬਦ ਸ਼ਬਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਨਿਹਕਲੰਕ ਹਰਿ ਏਕ ਹੈ, ਏਕਾ ਏਕੰਕਾਰ । ਨਾ ਕੋਈ ਦੂਸਰ ਟੇਕ ਹੈ, ਨਾ ਕੋਈ ਮੀਤ ਮੁਰਾਰ । ਨਾ ਕੋਈ ਜਗਤ ਨੇਤਰ ਸਕੇ ਵੇਖ ਹੈ, ਨਾ ਕੋਇ ਪਾਵੇ ਸਾਰ । ਉਸ ਦਾ ਜੋਤ ਸਰੂਪੀ ਭੇਖ ਹੈ, ਜੋਤੀ ਜਾਮਾ ਅਗੰਮ ਅਪਾਰ । ਜੋ ਵਸੇ ਸਚਖੰਡ ਦੇਸ ਹੈ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਹੋਵੇ ਉਜਿਆਰ । ਉਹ ਸੰਬਲ ਬਹਿ ਕੇ ਦਏ ਸੰਦੇਸ਼ ਹੈ, ਸ਼ਬਦ ਸ਼ਬਦ ਦੀ ਧਾਰ । ਜਿਸ ਦਾ ਹੁਕਮ ਹੁਕਮ ਦਾ ਲੇਖ ਹੈ, ਗੁਰ ਅਵਤਾਰ ਕਾਤਬ ਬਣੇ ਲਿਖਾਰ । ਉਸ ਦਾ ਕੋਇ ਨਾ ਜਾਣੇ ਭੇਤ ਹੈ, ਬੇਅੰਤ ਸੱਚੀ ਸਰਕਾਰ । ਉਹ ਸਭ ਨੂੰ ਵੇਖੇ ਨੇਤਨ ਨੇਤ ਹੈ, ਨਵ ਸੱਤ ਪਾਏ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਸਣਹਾਰ ਸਚਖੰਡ ਸੱਚੇ ਦਵਾਰ । ਨਿਹਕਲੰਕ ਹਰਿ ਆਪ ਹੈ, ਦੂਸਰ ਅਵਰ ਨਾ ਕੋਇ । ਜਿਸ ਦਾ ਨਾ ਕੋਇ ਮਾਈ ਬਾਪ ਹੈ, ਮੰਦਰ ਮਕਾਨ ਨਾ ਕਿਸੇ ਸੋਹੇ । ਨਾ ਕੋਇ ਅੱਖਰਾਂ ਵਾਲਾ ਪੜ੍ਹੇ ਜਾਪ ਹੈ, ਨਾ ਕੋਇ ਸਿਫ਼ਤੀ ਸਿਫ਼ਤ ਸਾਲਾਹੇ । ਨਾ ਕਦੇ ਪਵਿਤ ਨਾ ਪਾਕ ਹੈ, ਦੁਰਮਤ ਰੂਪ ਨਾ ਕੋਇ ਵਟੋਏ । ਨਾ ਕੋਇ ਸੱਜਣ ਸਾਕ ਹੈ, ਮੀਤ ਮੁਰਾਰ ਨਾ ਕੋਇ ਅਖਵਾਏ । ਨਾ ਕੋਇ ਖੋਲ੍ਹੇ ਤਾਕ ਹੈ, ਨਾ ਕਰਤਾ ਪਾਏ ਸੋਏ । ਜਿਸ ਦਾ ਅਵਤਾਰ ਪੈਗ਼ੰਬਰ ਗੁਰੂਆਂ ਗਾਇਆ ਭਵਿਖਤ ਵਾਕ ਹੈ, ਸੋ ਇਕੋ ਪੁਰਖ ਅਕਾਲਾ ਆਦਿ ਅੰਤ ਹੋਏ । ਜਿਸ ਦਾ ਅੱਖਰਾਂ ਵਾਲਾ ਦਏ ਕੋਇ ਨਾ ਸਾਤ ਹੈ, ਪੜ੍ਹਨ ਵਾਲਾ ਨਾ ਉਸ ਨੂੰ ਟੋਹੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਏਕਾ ਏਕ ਜੋਤ ਬਲੋਏ । ਨਿਹਕਲੰਕ ਹਰਿ ਨਿਰੰਕਾਰਾ, ਨਿਰਗੁਣ ਰੂਪ ਸਮਾਈਆ । ਰੂਪ ਰੰਗ ਰੇਖ ਤੋਂ ਬਾਹਰਾ, ਜੋਤੀ ਜਾਤਾ ਡਗਮਗਾਈਆ । ਸ਼ਬਦੀ ਸ਼ਬਦ ਸ਼ਬਦ ਨਗਾਰਾ, ਦੋ ਜਹਾਨ ਕਰੇ ਸ਼ਨਵਾਈਆ । ਚੌਦਾਂ ਤਬਕਾਂ ਵਸੇ ਬਾਹਿਰਾ, ਚੌਦਾਂ ਲੋਕ ਸਾਰ ਨਾ ਆਈਆ । ਜਿਸ ਨੂੰ ਝੁਕਦੇ ਚੰਦ ਸੂਰੀਆ ਜ਼ਿਮੀਂ ਅਸਮਾਨ ਸਿਤਾਰਾ, ਦਰ ਦਰ ਬੈਠੇ ਸੀਸ ਨਿਵਾਈਆ । ਇਸ ਦਾ ਸੰਬਲ ਧਾਮ ਨਿਆਰਾ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਜਿਸ ਵਿਚ ਬਹਿ ਕੇ ਵੇਖੇ ਵਿਗਸੇ ਪਾਵੇ ਸਾਰਾ, ਵੇਖਣਹਾਰ ਆਪਣੇ ਹੱਥ ਰੱਖੇ ਵਡਿਆਈਆ । ਉਹਨੂੰ ਤਨ ਵਜੂਦ ਦਾ ਲਾਲਚ ਨਹੀਂ ਕੋਇ ਵਿਚ ਸੰਸਾਰਾ, ਪੰਜਾਂ ਤਤਾਂ ਨਾ ਕੋਇ ਚਤੁਰਾਈਆ । ਉਸ ਦਾ ਆਦਿ ਅੰਤ ਦਾ ਸਿਫ਼ਤੀ ਇਕ ਭੰਡਾਰਾ, ਜਿਸ ਨੂੰ ਕੋਟਨ ਕੋਟ ਗਾ ਗਾ ਆਪਣਾ ਸ਼ੁਕਰ ਮਨਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਰਵਰਦਿਗਾਰਾ ਸਾਂਝਾ ਯਾਰਾ, ਨੂਰੋ ਨੂਰ ਅਲਾਹੀਆ । ਜ਼ਰਾ ਗੁਰਮੁਖੋ ਇਸ ਤੋਂ ਉਤੇ ਕਰੋ ਵਿਚਾਰਾ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ


੭੬੮ ੨੨

ਦਾਤਾ ਬੇਪਰਵਾਹੀਆ । ਜਗਤ ਵੇਖਣਾ ਨਾ ਕੋਈ ਵਕਤ, ਤਨ ਵਜੂਦ ਨਾ ਕੋਇ ਵਡਿਆਈਆ । ਜਿਥੇ ਨਿਰਗੁਣ ਧਾਰ ਵਸੇ ਪ੍ਰਭੂ ਦੀ ਸ਼ਕਤ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਜਿਸ ਦਾ ਹੁਕਮ ਸੰਦੇਸ਼ਾ ਧਾਰ ਅਗੰਮੀ ਵਸਤ, ਅਮੋਲਕ ਆਪ ਟਿਕਾਈਆ । ਓਸ ਦੇ ਨਾਲ ਕਾਹਦੀ ਹਸਦ, ਵੈਰ ਭਾਵ ਵਿਚ ਹੱਥ ਕਿਛ ਨਾ ਆਈਆ । ਜਿਸ ਦੇ ਵਿਚ ਜੋਤ ਨਿਰੰਕਾਰਾ ਨਿਰਗੁਣ ਹੋ ਜਾਏ ਮਸਤ, ਮਿਹਰਵਾਨ ਆਪਣੀ ਖ਼ੁਸ਼ੀ ਮਨਾਈਆ । ਉਹ ਖੇਲ ਵਖਾਏ ਉਤੇ ਅਰਸ਼ ਫ਼ਰਸ਼, ਫ਼ਰਸ਼ ਦੇ ਉਪਰ ਆਪਣੀ ਧਾਰ ਪ੍ਰਗਟਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਸਭ ਦੇ ਉਤੇ ਤਰਸ, ਰਹਿਮਤ ਸਚ ਕਮਾਈਆ । ਜ਼ਰਾ ਉਸ ਨੂੰ ਤਕੋ ਆਪਣੀ ਨਜ਼ਰ ਪਰਤ, ਦੀਨ ਦੁਨੀ ਤੋਂ ਬਾਹਰ ਕਢਾਈਆ । ਜਿਸ ਗ੍ਰਹਿ ਵਿਚ ਘਰ ਵਿਚ ਮੁਕਾਮ ਵਿਚ ਪੁਰਖ ਅਕਾਲ ਨੇ ਅਵਤਾਰ ਪੈਗ਼ੰਬਰਾਂ ਗੁਰੂਆਂ ਖ਼ਾਲੀ ਆਪਣੀ ਲਾਈ ਸ਼ਰਤ, ਸ਼ਰਅ ਸ਼ਰਅ ਵਿਚ ਸਮਝਾਈਆ । ਉਸ ਦਾ ਖੇਲ ਸਦਾ ਅਸਚਰਜ, ਵਿਦਿਆ ਵਿਚ ਸਮਝ ਕਿਸੇ ਨਾ ਪਾਈਆ । ਉਹ ਧੁਰ ਦਾ ਮਰਦ ਮਰਦਾਨਾ ਮਰਦ, ਯੋਧਾ ਇਕ ਅਖਵਾਈਆ । ਜਿਸ ਨੂੰ ਪੋਹ ਸਕੇ ਨਾ ਜਗਤ ਸ਼ਰਅ ਵਾਲੀ ਕਰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਵਿਅਕਤੀ ਨੂੰ ਲੋੜ ਨਹੀਂ ਮੇਰੀ ਹੋਵੇ ਵਡਿਆਈ, ਵੱਡਾ ਤਨ ਨਾ ਕੋਇ ਅਖਵਾਈਆ । ਜਿਸ ਪੁਰਖ ਅਕਾਲ ਨੇ ਆਪਣੀ ਬਣਤ ਬਣਾਈ, ਸੋ ਰਚਨਾ ਵੇਖੇ ਚਾਈਂ ਚਾਈਂਆ । ਸੋ ਸੰਬਲ ਬੈਠਾ ਨੂਰ ਕਰ ਰੁਸ਼ਨਾਈ, ਨੂਰ ਨੁਰਾਨਾ ਡਗਮਗਾਈਆ । ਜਿਸ ਦਾ ਸ਼ਬਦ ਸ਼ਬਦ ਗੁਰਦੇਵ ਦੇਵੇ ਦੁਹਾਈ, ਦੋ ਜਹਾਨਾਂ ਕਰੇ ਸ਼ਨਵਾਈਆ । ਉਸ ਸਾਹਿਬ ਦੇ ਨਾਲ ਕਾਹਦੀ ਲੜਾਈ, ਜੋ ਸਭ ਦਾ ਮਾਲਕ ਇਕ ਅਖਵਾਈਆ । ਉਹ ਅੰਤ ਸ੍ਰੀ ਭਗਵੰਤ ਨਿਰਗੁਣ ਧਾਰ ਜੋਤ ਨਿਰੰਕਾਰ ਜੋਤੀ ਜਾਤਾ ਪੁਰਖ ਬਿਧਾਤਾ ਬਣਕੇ ਅਗੰਮਾ ਰਾਹੀ, ਰਹਿਬਰ ਹੋ ਕੇ ਵੇਖ ਵਖਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਨਿਹਕਲੰਕ ਅਵਤਾਰ ਜਿਸ ਦੀ ਮਹਿੰਮਾ ਜਗਤ ਜ਼ਬਾਨ ਲਿਖੀ ਨਾ ਜਾਈ, ਕਾਤਬ ਚਲੇ ਨਾ ਕੋਇ ਚਤੁਰਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਨੂਰ ਨੁਰਾਨਾ ਪਰਵਰਦਿਗਾਰ ਧੁਰਦਰਗਾਹੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ ।

ਕਲਜੁਗ ਕਹੇ ਪ੍ਰਭੂ ਮੈਂ ਤੇਰੇ ਦਰ ਭਿਖਾਰੀ, ਭਿਖਿਆ ਦੇ ਵਰਤਾਈਆ । ਮਿਹਰਵਾਨ ਮਹਿਬੂਬ ਮੇਰੀ ਤੋੜ ਨਿਭਾਵੀਂ ਯਾਰੀ, ਯਰਾਨਾ ਤੇਰੇ ਨਾਲ ਰਖਾਈਆ । ਮੈਂ ਸਦੀ ਚੌਧਵੀਂ ਵੇਖਣਾ ਉਮਤ ਨਬੀ ਰਸੂਲਾਂ ਸਾਰੀ, ਪੈਗ਼ੰਬਰਾਂ ਧਿਆਨ ਲਗਾਈਆ । ਕਲਮਿਆਂ ਨਾਲੋਂ ਸਭ ਦੀ ਕਰਾਉਣੀ ਗ਼ਦਾਰੀ, ਗਦਾਗਰ ਦੇਣੇ ਬਣਾਈਆ । ਚੌਦਾਂ ਤਬਕ ਕਰਾਉਣੀ ਹਾਹਾਕਾਰੀ, ਹਾਏ ਉਫ਼ ਵਿਚ ਦੁਹਾਈਆ । ਇਕ ਤੇਰੀ ਮੰਨਾਂ ਤਾਬਿਆਦਾਰੀ, ਦਰ ਕਦਮਾਂ ਸੀਸ ਨਿਵਾਈਆ । ਬਾਕੀ ਸਭ ਦੀ ਕਰਾਂ ਖਵਾਰੀ, ਖ਼ਾਲਸ ਰਹਿਣ ਕੋਇ ਨਾ ਪਾਈਆ । ਉਹ ਵੇਖ ਮੈਨੂੰ ਗੋਬਿੰਦ ਦੀ ਦਿਸੇ ਕਟਾਰੀ, ਖੰਡਾ ਖੜਗ ਉਠਾਈਆ । ਜੋ ਨੀਹਾਂ ਹੇਠ ਬੱਚੇ ਆਇਆ ਲਿਤਾੜੀ, ਉਹ ਮੇਰੀ ਜੜ੍ਹ ਰਿਹਾ ਉਖੜਾਈਆ । ਮੈਂ ਨਿਉਂ ਨਿਉਂ ਕਰਾਂ ਨਿਮਸਕਾਰੀ, ਦਰ ਠਾਂਡੇ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਸੀਸ ਨਿਵਾਈਆ ।

ਪੁਰਖ ਅਕਾਲ ਕਹੇ ਕਲਜੁਗ ਮੈਂ ਤੇਰੀ ਸੁਹਾਵਾਂ ਰੁਤ, ਰੁਤੜੀ ਨਾਲ ਮਹਿਕਾਈਆ । ਮੇਰਾ ਗੋਬਿੰਦ ਦੁਲਾਰਾ ਸੁਤ, ਪੂਤ ਸਪੂਤਾ ਇਕ ਅਖਵਾਈਆ । ਜਿਸ ਦਾ ਲਹਿਣਾ ਦੇਣਾ ਨਾਲ ਅਬਿਨਾਸ਼ੀ ਅਚੁਤ, ਪਾਰਬ੍ਰਹਮ ਪਤਿਪਰਮੇਸ਼ਵਰ ਸੰਗ ਨਿਭਾਈਆ । ਉਹ ਤੇਰੀ ਤ੍ਰਿਸ਼ਨਾ ਪੂਰੀ ਕਰੇ ਭੁੱਖ, ਮਨਸਾ ਮਨਸਾ ਵਿਚ ਛੁਪਾਈਆ । ਯਾਦ ਕਰ ਲੈ ਉਹ ਮੇਰਿਆਂ ਭਗਤਾਂ ਦਾ ਆਪਣਿਆਂ ਸਿੱਖਾਂ ਦਾ ਜ਼ਰੂਰ ਵੰਡੇ ਦੁੱਖ, ਜੋ ਉਸਦੀ ਯਾਦ ਵਿਚ ਬੈਠੇ ਧਿਆਨ ਲਗਾਈਆ । ਮੇਰਾ ਸ਼ਬਦ ਗੋਬਿੰਦ ਆਪਣੀ ਗੋਦੀ ਲਏ ਚੁੱਕ, ਫੜ ਬਾਹੋਂ ਗਲੇ ਲਗਾਈਆ । ਉਸੇ ਵੇਲੇ ਕਲਜੁਗ ਸੀਸ ਗਿਆ ਝੁਕ, ਨਿਉਂ ਨਿਉਂ ਲਾਗੇ ਪਾਈਆ । ਪ੍ਰਭੂ ਜਿਥੇ ਤੇਰੇ ਨਾਮ ਦੀ ਇਕੋ ਪੜ੍ਹੀਦੀ ਹੋਵੇ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਉਥੇ ਤੇਰੀ ਮੰਜ਼ਲ ਜਾਵੇ ਮੁਕ, ਅੱਗੇ ਕਦਮ ਨਾ ਕੋਇ ਰਖਾਈਆ । ਤੇਰਿਆਂ ਭਗਤਾਂ ਦਾ ਉਜਲ ਕਰਾਂ ਮੁਖ, ਦੁਰਮਤ ਮੈਲ ਰਹੇ ਨਾ ਰਾਈਆ । ਮੈਂ ਵਾਸਤਾ ਪਾਉਣਾ ਗੋਬਿੰਦ ਮੈਨੂੰ ਅੰਮ੍ਰਿਤ ਦੇ ਦੇ ਘੁਟ, ਅਗੰਮੀ ਜਾਮ ਪਿਲਾਈਆ । ਜਿਸ ਵੇਲੇ ਪੀ ਲਵਾਂ ਉਸ ਵੇਲੇ ਸਾਰੀ ਦੁਨੀਆ ਵਿਚ ਪਾ ਦੇਵਾਂ ਫੁੱਟ, ਲੁਟੇਰਾ ਹੋ ਕੇ ਆਪਣੀ ਸੇਵ ਲਗਾਈਆ । ਮੇਰਾ ਭਾਗ ਨਾ ਜਾਏ ਨਿਖੁਟ, ਸਿਰ ਮੇਰੇ ਹੱਥ ਟਿਕਾਈਆ । ਮੈਂ ਸੁਫ਼ਲ ਰਹਿਣ ਨਾ ਦੇਵਾਂ ਕੋਇ ਕੁੱਖ, ਸਦੀ ਚੌਧਵੀਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਕਹੇ ਪ੍ਰਭੂ ਮੈਂ ਵੇਖਾਂ ਤੇਰਾ ਗੋਬਿੰਦ ਸੁਤ ਦੁਲਾਰਾ, ਦੂਲ੍ਹਾ ਇਕੋ ਨਜ਼ਰੀ ਆਈਆ । ਜਿਸ ਦਾ ਸੰਬਲ ਹੋਏ ਧਾਮ ਨਿਆਰਾ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਤੇਰਾ ਨੂਰ ਹੋਏ ਉਜਿਆਰਾ, ਜੋਤੀ ਜਾਤੇ ਤੇਰੀ ਰੁਸ਼ਨਾਈਆ । ਤੇਰਾ ਹੁਕਮ ਹੋਏ ਇਕ ਜੈਕਾਰਾ, ਦੋ ਜਹਾਨ ਇਕ ਸ਼ਨਵਾਈਆ । ਜਿਸ ਦਾ ਡੰਕ ਵੱਜੇ ਨਗਾਰਾ, ਨੌਬਤ ਅਗੰਮ ਅਥਾਹੀਆ । ਮੈਂ ਉਸ ਦੇ ਚਰਨ ਕਰਾਂ ਨਿਮਸਕਾਰਾ, ਧੂੜੀ ਮਸਤਕ ਖ਼ਾਕ ਰਮਾਈਆ । ਨਾਲੇ ਹੱਸ ਕੇ ਕਹਾਂ ਗੋਬਿੰਦ ਮੇਰਾ ਅੰਤ ਕਰਦੇ ਕਨਾਰਾ, ਨਈਆ ਤੇਰੇ ਹੱਥ ਫੜਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਮੈਨੂੰ ਲਾ ਲੈਣ ਦੇ ਇਕ ਅਖਾੜਾ, ਚਾਰ ਕੁੰਟ ਦਹਿ ਦਿਸ਼ਾ ਨਾਲ ਮਿਲਾਈਆ । ਇਹ ਖੇਲ ਪ੍ਰਭੂ ਜਦ ਵਰਤੇ ਤੇ ਵਰਤੇ ਸਤਾਰਾਂ ਹਾੜ੍ਹਾ, ਇਹ ਮੇਰੀ ਆਸ ਰਖਾਈਆ । ਅਗਨੀ ਲੱਗੇ ਬਹੱਤਰ ਨਾੜਾ, ਸਾਧ ਸੰਤ ਕੋਇ ਬਚਿਆ ਰਹਿਣ ਨਾ ਪਾਈਆ । ਫਿਰੇ ਦਰੋਹੀ ਜੰਗਲ ਜੂਹ ਉਜਾੜ ਪਹਾੜਾ, ਜਿਸ ਕਾਰਨ ਗੋਬਿੰਦ ਤੇਰਾ ਸੱਥਰ ਆਇਆ ਹੰਢਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਨਿਰਗੁਣ ਧਾਰ ਹੋਣਾ ਜ਼ਾਹਿਰਾ, ਜ਼ਾਹਿਰ ਜ਼ਹੂਰ ਤੇਰੀ ਆਸ ਰਖਾਈਆ । ਮੈਂ ਉਚੀ ਕੂਕ ਪੁਕਾਰਾਂ ਹਾਲ ਪਾਹਿਰਾ, ਦਰੋਹੀ ਤੇਰਾ ਨਾਮ ਦੁਹਾਈਆ । ਮੁਹੰਮਦ ਰੋਵੇ ਨਾਲ ਸੰਗ ਯਾਰਾ, ਯਾਰੀ ਅੰਤ ਨਾ ਕੋਇ ਰਖਾਈਆ । ਈਸਾ ਨੇਤਰ ਨੀਰ ਵਹਾਵੇ ਵਹਿੰਦੀਆਂ ਧਾਰਾ, ਬੀਸਵੀਂ ਸਦੀ ਧਿਆਨ ਲਗਾਈਆ । ਮੂਸਾ ਕਹੇ ਵਾਹਿਦ ਮੇਰੇ ਪਰਵਰਦਿਗਾਰਾ, ਤੇਰਾ ਖੇਲ ਅਗੰਮ ਅਥਾਹੀਆ । ਤੇਈ ਅਵਤਾਰ ਕਹਿਣ ਸਾਡੀਆਂ ਚੁੱਕੀਆਂ ਬਹਾਰਾ, ਬਸੰਤ ਰੁਤ ਨਾ ਕੋਇ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰੇ ਕਦਮਾਂ ਝੁਕਾਂ, ਨਿਵ ਨਿਵ ਸੀਸ ਝੁਕਾਈਆ । ਇਕ ਭੇਵ ਅਗੰਮਾ ਪੁੱਛਾਂ, ਪੇਸ਼ਤਰ ਦਿਆਂ ਸੁਣਾਈਆ । ਤੇਰਿਆਂ ਪ੍ਰੇਮੀਆਂ ਅੰਦਰ ਕਿਉਂ ਆਉਂਦਾ ਗ਼ੁੱਸਾ, ਤਨ ਸਰੀਰ ਜਲਾਈਆ । ਜੇ ਤੂੰ ਵਸੇਂ ਉਨ੍ਹਾਂ ਦੇ ਵਿਚ ਜੁੱਸਾ, ਸਾਂਤਕ ਸਤਿ ਦੇ ਵਰਤਾਈਆ । ਮੈਨੂੰ ਇਉਂ ਜਾਪਦਾ ਉਨ੍ਹਾਂ ਦਾ ਤੇਰੀ ਮੰਜ਼ਲ ਵਾਲਾ ਅਜੇ ਪੈਂਡਾ

ਨਹੀਂ ਮੁਕਾ, ਪੜ੍ਹ ਪੜ੍ਹ ਆਪਣਾ ਝਟ ਲੰਘਾਈਆ । ਤੇਰੇ ਸਿਫ਼ਤ ਦੀ ਗਾ ਗਾ ਕੇ ਤੁਕਾ, ਤਾਅਨੇ ਦੇਣ ਵਿਚ ਲੋਕਾਈਆ । ਉਨ੍ਹਾਂ ਗ੍ਰਿਹ ਮਿਲਿਆ ਨਾ ਉਕਾ, ਘਰ ਮਿਲਣ ਕੋਇ ਨਾ ਆਈਆ । ਇਹੋ ਇਕ ਦੁੱਖਾ, ਜੋ ਗੁਰਮੁਖ ਨਾਨਕ ਸਿਖਿਆ ਗਏ ਭੁਲਾਈਆ । ਏਸੇ ਕਾਰਨ ਮੈਂ ਨਵ ਸੱਤ ਜੜ੍ਹ ਪੁੱਟਾਂ, ਬਚਿਆ ਨਜ਼ਰ ਕੋਇ ਨਾ ਆਈਆ । ਤੂੰ ਬਲ ਪਾਵੀਂ ਮੇਰਿਆਂ ਹੱਥਾਂ ਗੁੱਟਾਂ, ਪੁਸ਼ਤ ਪਨਾਹ ਦੇਣੀ ਵਡਿਆਈਆ । ਮੈਂ ਘਰ ਘਰ ਅੰਦਰ ਪਾ ਕੇ ਫੁੱਟਾ, ਮਾਨਵ ਮਾਨਵ ਦੇਣੇ ਟਕਰਾਈਆ । ਢਾਈਆਂ ਸਾਲਾਂ ਦੇ ਅੰਦਰ ਅੰਦਰ ਮੈਂ ਜਗਤ ਵਿਚ ਜ਼ੋਰ ਨਾਲ ਉਠਾਂ, ਰੋਕਣ ਵਾਲਾ ਰਹਿਣ ਨਾ ਪਾਈਆ । ਜੇਹੜਾ ਤੇਰਾ ਨਾਮ ਗਾਉਂਦੇ ਬੁੱਲ੍ਹਾਂ ਨਾਲ ਬੁੱਟਾਂ, ਹਿਰਦੇ ਸਕਣ ਨਾ ਮੂਲ ਵਸਾਈਆ । ਉਨ੍ਹਾਂ ਨੂੰ ਧਰਮ ਰਾਏ ਦੀ ਜੇਲੇ ਸੁੱਟਾਂ, ਗੇੜਾ ਚੁਰਾਸੀ ਵਾਲਾ ਸਮਝਾਈਆ । ਫਿਰ ਤੂੰ ਮੈਨੂੰ ਕਹੀਂ ਸ਼ਾਬਾਸ਼ ਮੇਰੇ ਕਲਜੁਗ ਛੋਟਿਆ ਪੁੱਤਾ, ਇਹ ਤੇਰੀ ਬੇਪਰਵਾਹੀਆ । ਤੇਰੇ ਹੁਕਮ ਨਾਲ ਆਪਣੇ ਨਿਸ਼ਾਨਿਉਂ ਕਦੇ ਨਾ ਉਕਾਂ, ਉਗਣ ਆਥਣ ਵੇਖ ਵਖਾਈਆ । ਮੈਂ ਕਿਸੇ ਦੀ ਝੁੱਗੀ ਵਿਚ ਰਹਿਣ ਨਹੀਂ ਦੇਣਾ ਹੁੱਕਾ, ਗੋਬਿੰਦ ਦਾ ਲੇਖਾ ਪੂਰ ਦੇਣਾ ਕਰਾਈਆ । ਸੋ ਵਕਤ ਸੁਹੰਜਣਾ ਢੁੱਕਾ, ਜਿਸ ਨੂੰ ਦੀਨ ਦੁਨੀ ਸਮਝੇ ਜ਼ਰਾ ਨਾ ਰਾਈਆ । ਤੇਰੀ ਨਾਮ ਮਹਿਮਾ ਦੀਆਂ ਪੜ੍ਹ ਕੇ ਦੋ ਚਾਰ ਤੁਕਾਂ, ਤੇਰੇ ਖੋਜਣ ਦੀ ਸਾਰ ਕਿਸੇ ਨਾ ਆਈਆ । ਹੁਣ ਮੈਂ ਉੱਤਰ ਪੂਰਬ ਪੱਛਮ ਦੱਖਣ ਕਿਸੇ ਪਾਸੇ ਨਾ ਛੁਪਾਂ, ਪਰਗਟ ਹੋ ਕੇ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੇ ਦਰ ਮੰਗ ਮੰਗਾਈਆ । ਕਲਜੁਗ ਕਹੇ ਮੈਨੂੰ ਬਖ਼ਸ਼ ਦੇ ਅਗੰਮ ਪ੍ਰੀਤ, ਪ੍ਰੀਤਮ ਦਇਆ ਕਮਾਈਆ । ਮੈਨੂੰ ਕਰਦੇ ਠਾਂਡਾ ਸੀਤ, ਅਗਨੀ ਤਤ ਬੁਝਾਈਆ । ਮੈਨੂੰ ਜਣਾ ਦੇ ਗੋਬਿੰਦ ਵਾਲੀ ਰੀਤ, ਮੈਂ ਰੀਤੀ ਲਵਾਂ ਅਪਣਾਈਆ । ਮੈਨੂੰ ਦੱਸਦੇ ਅਗੰਮਾ ਗੀਤ, ਗੁਣ ਗਾਵਾਂ ਚਾਈਂ ਚਾਈਆ । ਝਗੜਾ ਮਿਟਾ ਦੇਣਾ ਮੰਦਰ ਮਸੀਤ, ਮਠ ਸ਼ਿਵਦਵਾਲੇ ਰਹਿਣ ਕੋਇ ਨਾ ਪਾਈਆ । ਫੇਰ ਕਲਜੁਗ ਨੇ ਕੂਕ ਕੇ ਉਚੀ ਮਾਰੀ ਚੀਕ, ਚੀਕ ਚਿਹਾੜਾ ਦਿਤਾ ਪਾਈਆ । ਮੈਂ ਗੁਰ ਅਵਤਾਰ ਪੈਗ਼ੰਬਰਾਂ ਤੋਂ ਕਰਾਉਣੀ ਤਸਦੀਕ, ਸ਼ਹਾਦਤ ਇਕੋ ਵਾਰ ਭੁਗਤਾਈਆ । ਜਿਨ੍ਹਾਂ ਪੇਸ਼ੀਨਗੋਈਆਂ ਲਿਖੀਆਂ ਠੀਕ, ਭਵਿਖਤਾਂ ਵਿਚ ਗਏ ਸਮਝਾਈਆ । ਉਹ ਠਾਕਰ ਆਵੇ ਤ੍ਰੈਗੁਣ ਅਤੀਤ, ਤ੍ਰੈਭਵਨ ਧਨੀ ਧੁਰਦਰਗਾਹੀਆ । ਜੋ ਸਭ ਦਾ ਸਾਂਝਾ ਬਣੇ ਮੀਤ, ਮਿੱਤਰ ਪਿਆਰਾ ਇਕ ਅਖਵਾਈਆ । ਜੀਵਾਂ ਜੰਤਾਂ ਬਦਲੇ ਨੀਤ, ਕੂੜੀ ਕਿਰਿਆ ਬਾਹਰ ਕਢਾਈਆ । ਇਕੋ ਕਲਮਾ ਦੱਸੇ ਹਦੀਸ, ਹਜ਼ਰਤਾਂ ਤੋਂ ਬਾਹਰ ਦਏ ਸਮਝਾਈਆ । ਝਗੜਾ ਮੁਕਾ ਕੇ ਊਚ ਨੀਚ, ਜ਼ਾਤਾਂ ਪਾਤਾਂ ਡੇਰਾ ਢਾਹੀਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਗੀਤ, ਪਾਰਬ੍ਰਹਮ ਬ੍ਰਹਮ ਮੇਲਾ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਤੇਰੇ ਉਤੇ ਸਭ ਨੂੰ ਉਮੀਦ, ਆਸਾ ਵਿਚ ਸਾਰੇ ਬੈਠੇ ਧਿਆਨ ਲਗਾਈਆ ।

## ੨੯ ਅੱਸੂ ਸ਼ਹਿਨਸ਼ਾਹੀ ਸੰਮਤ ੬ ਤਰਲੋਕ ਸਿੰਘ ਦੇ ਘਰ ਸਨਾਮ ਸ਼ਹਿਰ

ਕਲਜੁਗ ਕਹੇ ਤਕੀ ਗੋਬਿੰਦ ਵਾਲੀ ਪਾਤੀ, ਜੋ ਬਿਨ ਅੱਖਰਾਂ ਪੱਤਰਕਾ ਮਾਛੂਵਾੜੇ ਪੁਰਖ ਅਕਾਲ ਜਣਾਈਆ । ਜਿਸ ਵਿਚ ਲੇਖ ਲਿਖਿਆ

ਸਾਖਿਆਤੀ, ਭੇਵ ਅਭੇਦ ਦਿਤਾ ਖੁਲ੍ਹਾਈਆ । ਗੋਬਿੰਦ ਜਗਤ ਜਹਾਨ ਜੀਵਣ ਜੁਗਤ ਬਦਲਣੀ ਹਯਾਤੀ, ਤਨ ਵਜੂਦ ਸਰਬ ਕੁਰਲਾਈਆ । ਚਾਰ ਕੁੰਟ ਹੋਏ ਅੰਧੇਰੀ ਰਾਤੀ, ਦੀਆ ਦੀਪਕ ਨਿਰਗੁਣ ਜੋਤ ਨਾ ਕੋਇ ਰੁਸ਼ਨਾਈਆ । ਕਥਾ ਕਹਾਣੀ ਰਹੇ ਕੋਇ ਨਾ ਸਾਚੀ, ਕਿਰਿਆ ਕੂੜ ਜਗਤ ਲੋਕਾਈਆ । ਨਾਮ ਭੰਡਾਰਾ ਬਖ਼ਸ਼ੇ ਕੋਇ ਨਾ ਦਾਤੀ, ਖ਼ਾਲੀ ਝੋਲੀ ਨਾ ਕੋਇ ਭਰਾਈਆ । ਝਗੜਾ ਪੈਣਾ ਜ਼ਾਤ ਪਾਤੀ, ਦੀਨ ਮਜ਼੍ਹਬ ਕਰੇ ਲੜਾਈਆ । ਸਤਿ ਸਚ ਦਾ ਦਿਸੇ ਕੋਇ ਨਾ ਸਾਥੀ, ਸਗਲਾ ਸੰਗ ਨਾ ਕੋਇ ਨਿਭਾਈਆ । ਆਤਮ ਪਰਮਾਤਮ ਬਣੇ ਕੋਇ ਨਾ ਪਾਠੀ, ਧੁਰ ਦਾ ਸ਼ਬਦ ਨਾ ਕੋਇ ਸ਼ਨਵਾਈਆ । ਧੁਰ ਦੀ ਮੰਜ਼ਲ ਚੜ੍ਹੇ ਕੋਇ ਨਾ ਘਾਟੀ, ਅਧਵਾਟੇ ਦਿਸੇ ਲੋਕਾਈਆ । ਧਰਮ ਦੀ ਚੋਲੀ ਹੋਣੀ ਪਾਟੀ, ਚੀਥੜ ਸਚ ਨਾ ਕੋਇ ਰੰਗਾਈਆ । ਹੱਕ ਦੀ ਰਹੇ ਕੋਇ ਨਾ ਹਾਟੀ, ਹਕੀਕਤ ਵਸਤ ਨਾ ਕੋਇ ਵਰਤਾਈਆ । ਸੁਖ ਮਿਲੇ ਨਾ ਕਿਸੇ ਸਾਚੀ ਖਾਟੀ, ਖਟਕੇ ਅੰਦਰ ਸਰਬ ਦੁਹਾਈਆ । ਚੁਰਾਸੀ ਮੇਟੇ ਕੋਇ ਨਾ ਵਾਟੀ, ਆਵਣ ਜਾਵਣ ਨਾ ਕੋਇ ਕਟਾਈਆ । ਉਸ ਵੇਲੇ ਖੇਲ ਕਰਨਾ ਪੁਰਖ ਅਬਿਨਾਸ਼ੀ, ਨਿਰਗੁਣ ਨਿਰਵੈਰ ਆਪਣੀ ਕਲ ਪਰਗਟਾਈਆ । ਸੰਬਲ ਦੇਸ ਕਰਕੇ ਵਾਸੀ, ਸਾਢੇ ਤਿੰਨ ਹੱਥ ਕਰੇ ਰੁਸ਼ਨਾਈਆ । ਤੂੰ ਸ਼ਬਦ ਗੁਰੂ ਗੁਰਦੇਵ ਮੰਨਣੀ ਆਖੀ, ਬਿਨ ਅੱਖਰਾਂ ਦਿਆਂ ਸਮਝਾਈਆ । ਦੋ ਜਹਾਨਾਂ ਕਰਨੀ ਰਾਖੀ, ਰੱਖਕ ਹੋ ਕੇ ਵੇਖ ਵਖਾਈਆ । ਧਰਨੀ ਉਤੇ ਮਨ ਦੀ ਰਹਿਣ ਨਹੀਂ ਦੇਣੀ ਗੁਸਤਾਖ਼ੀ, ਕੂੜੀ ਕਿਰਿਆ ਦੇਣੀ ਗਵਾਈਆ । ਸਭ ਦੀ ਇਕੋ ਕਰਕੇ ਭਾਸ਼ੀ, ਭਾਸ਼ਨ ਨਾਮ ਦਾ ਦੇਣਾ ਸੁਣਾਈਆ । ਮਾਨਵ ਅੰਦਰ ਦੇ ਕੇ ਆਪਣਾ ਵਿਸ਼ਵਾਸ਼ੀ, ਵਿਸ਼ਿਆਂ ਤੋਂ ਬਾਹਰ ਦੇਣਾ ਕਢਾਈਆ । ਤੀਰ ਅਣਿਆਲਾ ਮਾਰ ਅਗੰਮੀ ਕਾਤੀ, ਕਰਮ ਕਾਂਡ ਦਾ ਲੇਖਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਆਪ ਵਰਤਾਈਆ । ਕਲਜੁਗ ਕਹੇ ਮੈਂ ਗੋਬਿੰਦ ਦਾ ਪੜ੍ਹਿਆ ਲੇਖ, ਪ੍ਰਭ ਚਰਨ ਧਿਆਨ ਲਗਾਈਆ । ਮੇਰੇ ਯੋਧੇ ਸੂਰਬੀਰ ਦਸ ਦਸਮੇਸ਼, ਦਹਿ ਦਿਸ਼ਾ ਤੇਰੀ ਰੁਸ਼ਨਾਈਆ । ਤੂੰ ਮੇਰੇ ਨਾਲ ਰਹਿਣਾ ਹਮੇਸ਼, ਜਨਮ ਮਰਨ ਦਾ ਪੰਧ ਮੁਕਾਈਆ । ਤੇਰਾ ਰੂਪ ਰਖਾਵਾਂ ਬਿਨ ਰੰਗ ਰੇਖ, ਚੱਕਰ ਚਿਹਨ ਆਪਣੇ ਨਾਲ ਬਣਾਈਆ । ਅੰਤਮ ਦੋਹਾਂ ਨੇ ਕਲਜੁਗ ਕਰਨਾ ਖੇਤ, ਕੂੜ ਕੁਟੰਬ ਦੇਣਾ ਮਿਟਾਈਆ । ਤੂੰ ਮੇਰਾ ਖੋਲ੍ਹਣਾ ਭੇਤ, ਭੇਵ ਅਭੇਦਾ ਇਕ ਜਣਾਈਆ । ਜੋਤ ਸ਼ਬਦ ਦੋਹਾਂ ਦਾ ਹੋਵੇ ਵੇਸ, ਸੰਬਲ ਰੁਤ ਸੁਹਾਈਆ । ਦੀਨ ਦੁਨੀ ਦੀ ਬਦਲ ਦੇਣੀ ਰੇਖ, ਰੱਖਕ ਹੋ ਕੇ ਵੇਖ ਵਖਾਈਆ । ਜਿਸ ਕਾਰਨ ਅਰਜਨ ਸੀਸ ਪਵਾਈ ਤਤੀ ਰੇਤ, ਕਲਜੁਗ ਦੀ ਜੜ੍ਹ ਉਖੜਾਈਆ । ਜਿਸ ਵਾਸਤੇ ਬੱਚੇ ਕਰਕੇ ਆਇਉਂ ਭੇਟ, ਬਾਲੇ ਨੀਹਾਂ ਹੇਠ ਦਬਾਈਆ । ਤੇਰਾ ਸੁਹਾਉਣਾ ਸੁਹੰਜਣਾ ਇਕੋ ਦੇਸ, ਘਰ ਸਾਚੇ ਵੱਜੇ ਵਧਾਈਆ । ਅੰਤ ਝਗੜਾ ਮੁਕਾਉਣਾ ਪੀਰ ਪੈਗ਼ੰਬਰ ਮੁੱਲਾ ਸ਼ੇਖ਼, ਮੁਸਾਇਕ ਰਹਿਣ ਕੋਇ ਨਾ ਪਾਈਆ । ਦੋ ਜਹਾਨਾਂ ਬਖ਼ਸ਼ਣੀ ਇਕੋ ਟੇਕ, ਨਵ ਸੱਤ ਹੁਕਮ ਵਰਤਾਈਆ । ਸਭ ਦੀ ਬੁੱਧੀ ਕਰ ਬਿਬੇਕ, ਦੁਰਮਤ ਮੈਲ ਦੇਣੀ ਧਵਾਈਆ । ਕੂੜਾ ਰਹੇ ਕੋਇ ਨਾ ਰੇਠ, ਮਨ ਕਲਪਣਾ ਦੇਣੀ ਬਾਹਰ ਕਢਾਈਆ । ਝਗੜਾ ਮਿਟਾਉਣਾ ਗ਼ਰੀਬ ਸੇਠ, ਇਕੋ ਰੰਗ ਦੇਣਾ ਰੰਗਾਈਆ । ਲੇਖਾ ਵੇਖਣਾ ਵਿਸ਼ਨ ਬ੍ਰਹਮਾ ਸ਼ਿਵ ਗਣਪਤ ਗਣੇਸ਼, ਕਰੋੜ ਤੇਤੀਸਾ ਇੰਦ ਇੰਦਰਾਸਣ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚਖੰਡ ਨਿਵਾਸੀ ਆਪਣਾ ਭੇਵ ਖੁਲ੍ਹਾਈਆ । ਕਲਜੁਗ ਕਹੇ ਮੈਂ ਗੋਬਿੰਦ ਦਾ ਪੜ੍ਹਿਆ ਹੁਕਮਨਾਮਾ, ਜੋ ਪੁਰਖ ਅਕਾਲ

੭੭੩ ੨੨

ਦਿਤਾ ਜਣਾਈਆ । ਜਿਸ ਵਿਚ ਲਹਿਣਾ ਦੱਸਿਆ ਕ੍ਰਿਸ਼ਨਾ ਰਾਮਾ, ਧੁਰ ਦਾ ਰਾਮ ਰਾਮ ਸਮਝਾਈਆ । ਪੈਗ਼ੰਬਰਾਂ ਵਾਲਾ ਸੁਣਾਇਆ ਪੈਗ਼ਾਮਾ, ਸੰਦੇਸ਼ਾ ਧੁਰ ਇਲਾਹੀਆ । ਕਲਜੁਗ ਅੰਤਮ ਨਿਰਗੁਣ ਨੂਰ ਪਹਿਨਣਾ ਜਾਮਾ, ਸ਼ਬਦੀ ਸ਼ਬਦੀ ਸ਼ਬਦ ਗੁਰ ਅਖਵਾਈਆ । ਕਲਜੁਗ ਰੈਣ ਅੰਧੇਰੀ ਮੇਟਣੀ ਸ਼ਾਮਾ, ਸ਼ਮਾ ਘਰ ਘਰ ਦੇਣੀ ਜਗਾਈਆ । ਦੀਨ ਮਜ਼੍ਹਬ ਦਾ ਰਹਿਣ ਦੇਣਾ ਨਹੀਂ ਕੋਇ ਗ਼ੁਲਾਮਾ, ਸ਼ਰਅ ਜ਼ੰਜੀਰ ਅੰਤ ਕਟਾਈਆ । ਇਕੋ ਨਾਮ ਦਾ ਵੱਜਣਾ ਦਮਾਮਾ, ਦੋ ਜਹਾਨਾਂ ਆਪ ਸੁਣਾਈਆ । ਗੜ੍ਹ ਹੰਕਾਰ ਤੋੜ ਅਭਿਮਾਨਾ, ਹਉਮੇ ਰੋਗ ਦੇਣਾ ਗਵਾਈਆ । ਇਕੋ ਦੱਸ ਅਗੰਮੀ ਕਲਾਮਾ, ਕਾਇਨਾਤ ਦੇਣਾ ਸਮਝਾਈਆ । ਪੁਰਖ ਅਕਾਲ ਬਣ ਕੇ ਅੰਤਰਯਾਮਾ, ਅੰਤਰ ਨਿਰੰਤਰ ਪੜਦਾ ਦਏ ਉਠਾਈਆ । ਆਪਣੇ ਹੁਕਮੇ ਅੰਦਰ ਵਰਤਣਾ ਭਾਣਾ, ਨਾ ਕੋਇ ਮੇਟੇ ਮੇਟ ਮਿਟਾਈਆ । ਤਖ਼ਤੋਂ ਲਾਹ ਕੇ ਰਾਜਾ ਰਾਣਾ, ਰਈਅਤ ਇਕੋ ਰੰਗ ਵਖਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸਭ ਨੂੰ ਦੱਸਣਾ ਗਾਣਾ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਮੈਂ ਪੜ੍ਹ ਕੇ ਪਤਰਕਾ ਪਾਤੀ, ਗੋਬਿੰਦ ਸੀਸ ਝੁਕਾਈਆ । ਵੇਖਾਂ ਤੇਰਾ ਮੇਰਾ ਖੇਲ ਬਣਨਾ ਸਾਥੀ, ਸਗਲਾ ਸੰਗ ਬਣਾਈਆ । ਪਰ ਮੈਂ ਚਾਹੁੰਦਾ ਅਸਵ ਉਤੇ ਪਾਵੀਂ ਜ਼ੀਨ ਨਾ ਕਾਠੀ, ਸ਼ਾਹ ਸਵਾਰ ਆਪਣਾ ਰੂਪ ਲਈਂ ਬਦਲਾਈਆ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਮੇਟਣੀ ਜਗਤ ਜਹਾਨ ਵਾਟੀ, ਅੱਗੇ ਹੋ ਨਾ ਕੋਇ ਅਟਕਾਈਆ । ਖੰਡਾ ਖੜਗ ਘੜਿਆ ਹੋਵੇ ਲੋਹਾਰ ਤਰਖਾਣੇ ਕਿਸੇ ਜਗਤ ਨਾ ਸੀ, ਅਬਿਨਾਸ਼ੀ ਕੋਲੋਂ ਲੈਣੀ ਇਕੋ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕਲਜੁਗ ਕਹੇ ਮੈਂ ਤੱਕਿਆ ਲੇਖ ਅਨੋਖਾ, ਵੱਖਰੀ ਧਾਰ ਜਣਾਈਆ । ਜਿਸ ਨੂੰ ਚਾਰ ਜੁਗ ਦਾ ਸਮਝੇ ਕੋਇ ਨਾ ਪੋਥਾ, ਅੱਖਰ ਸਿਫ਼ਤ ਨਾ ਕੋਇ ਸਾਲਾਹੀਆ । ਨਜ਼ਰ ਆਵੇ ਕਿਸੇ ਨਾ ਕੋਠਾ, ਮੰਦਰ ਜਗਤ ਨਾ ਕੋਇ ਟਿਕਾਈਆ । ਲਿਖਿਆ ਜਾਏ ਨਾ ਕਲਮ ਸ਼ਾਹੀ ਨਾਲ ਪੋਟਾ, ਕਾਗ਼ਜ਼ ਨਾ ਕੋਇ ਰੰਗ ਰੰਗਾਈਆ । ਜਿਸ ਦਾ ਰੂਪ ਹੋਵੇ ਨਾ ਖੋਟਾ, ਕੂੜ ਕਿਰਿਆ ਨਾ ਕੋਇ ਸਮਝਾਈਆ । ਉਥੇ ਪ੍ਰਕਾਸ਼ ਮਿਲੇ ਇਕੋ ਨਿਰਮਲ ਜੋਤਾ, ਜੋਤੀ ਜਾਤਾ ਕਰੇ ਰੁਸ਼ਨਾਈਆ । ਜਗਤ ਪਾਣੀ ਸਰੋਵਰ ਨਾਲ ਜਾਵੇ ਨਾ ਧੋਤਾ, ਨਿਰਅੱਖਰ ਸਕੇ ਨਾ ਕੋਇ ਮਿਟਾਈਆ । ਉਹਦਾ ਇਕੋ ਹੁਕਮ ਬਹੁਤਾ, ਅਵਰ ਲੋੜ ਰਹੇ ਨਾ ਰਾਈਆ । ਜਿਸ ਦੀ ਕਰ ਸਕੇ ਕੋਇ ਨਾ ਸੋਚਾ, ਬੁੱਧੀ ਵਿਚ ਨਾ ਕੋਇ ਦ੍ਰਿੜਾਈਆ । ਮਨ ਵਿਚ ਸਮਝੇ ਕੋਇ ਨਾ ਲੋਚਾ, ਜਗਤ ਲੋਚਨ ਨਾ ਕੋਇ ਪੜ੍ਹਾਈਆ । ਉਹਦਾ ਮਜ਼ਮੂਨ ਬਿਨਾ ਗੋਬਿੰਦ ਤੋਂ ਪੜ੍ਹਨਾ ਔਖਾ, ਦੂਸਰ ਸਕੇ ਨਾ ਕੋਇ ਸਮਝਾਈਆ । ਉਹ ਕੋਈ ਵੇਖਣ ਚੁੱਕਣ ਵਾਲਾ ਨਹੀਂ ਪੋਥਾ, ਅੱਖਰਾਂ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦ ਆਪ ਦਰਸਾਈਆ । ਕਲਜੁਗ ਕਹੇ ਮੈਂ ਲੇਖਾ ਪੜ੍ਹਿਆ ਬੇਨਜ਼ੀਰ, ਚਰਨ ਕਵਲ ਧਿਆਨ ਲਗਾਈਆ । ਜਿਸ ਵਿਚ ਧੁਰ ਦੀ ਤਕੀ ਦੀਨ ਦੁਨੀ ਤਕਦੀਰ, ਸਦੀ ਚੌਧਵੀਂ ਅੰਕ ਬਣਾਈਆ । ਯੋਧੇ ਸੂਰਬੀਰ ਤਕੀ ਤਸਵੀਰ, ਜਿਸ ਨੂੰ ਮੁਸੱਵਰ ਤਸੱਵਰ ਸਕੇ ਨਾ ਕੋਇ ਕਰਾਈਆ । ਜਿਸ ਵਿਚ ਧੁਰ ਦੀ ਤਕੀ ਤਦਬੀਰ, ਤਰੀਕਾ ਅਗੰਮ ਅਥਾਹੀਆ । ਜਿਸ ਵਿਚ ਵੇਖਿਆ ਸ਼ਰਅ ਦੀ ਮਿਟਣੀ ਲਕੀਰ, ਲੈਨ ਐਨ ਦੇਣੀ ਇਕੋ ਬਣਾਈਆ । ਫੇਰ ਕੂਕਦਾ ਵੇਖਿਆ ਕਬੀਰ, ਕਬਰਾਂ ਤੋਂ ਬਾਹਰ ਰਿਹਾ

ਜਣਾਈਆ । ਓਹ ਕਲਜੁਗ ਤੇਰੇ ਅੰਤ ਪੁਰਖ ਅਕਾਲ ਪਾਤਸ਼ਾਹ ਤੇ ਸ਼ਬਦ ਗੁਰੂ ਹੋਣਾ ਉਸ ਦਾ ਵਜ਼ੀਰ, ਇਕੋ ਹੁਕਮ ਲੈਣਾ ਚਲਾਈਆ । ਅਵਤਾਰ ਪੈਗ਼ੰਬਰ ਗੁਰ ਦੀ ਰਹਿਣ ਨਹੀਂ ਦੇਣੀ ਜਗੀਰ, ਜਾਗਰਤ ਜੋਤ ਕਰ ਰੁਸ਼ਨਾਈਆ । ਸਦੀ ਚੌਧਵੀਂ ਸਭ ਤੇ ਪੈਣੀ ਭੀੜ, ਉਮਤ ਨਬੀ ਰਸੂਲ ਨਾਲ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਨਰ ਨਰਾਇਣ ਇਕ ਸੁਣਾਈਆ । ਕਲਜੁਗ ਕਹੇ ਫਿਰ ਮੈਂ ਬਿਨ ਕਦਮਾਂ ਕਦੀਮ ਦੇ ਮਾਲਕ ਝੁਕਿਆ, ਨਿਉਂ ਨਿਉਂ ਲਾਗਾਂ ਪਾਈਆ । ਹੱਸ ਕੇ ਤਾਲੀ ਮਾਰ ਕੇ ਕਿਹਾ ਸਭ ਦਾ ਪੈਂਡਾ ਮੁੱਕਿਆ, ਮੇਰੀ ਖ਼ੁਸ਼ੀ ਵਿਚ ਦੁਹਾਈਆ । ਫੇਰ ਮੈਂ ਚਾਰ ਕੁੰਟ ਅੰਗੜਾਈ ਲੈ ਕੇ ਉਠਿਆ, ਆਪਣਾ ਬਲ ਧਰਾਈਆ । ਫਿਰ ਪੁਰਖ ਅਕਾਲੇ ਕੋਲੋਂ ਪੁਛਿਆ, ਪ੍ਰਭ ਆਪਣਾ ਹੁਕਮ ਦੇ ਸਮਝਾਈਆ । ਮੇਰਾ ਦੀਨ ਦਿਆਲਾ ਤੁਠਿਆ, ਮਿਹਰ ਨਜ਼ਰ ਉਠਾਈਆ । ਸੁਣ ਮੇਰੇ ਲਾਡਲੇ ਸੁਤਿਆ, ਪੂਤ ਸਪੂਤੇ ਦਿਆਂ ਸਮਝਾਈਆ । ਚਾਰ ਕੁੰਟ ਦਹਿ ਦਿਸ਼ਾ ਤੇਰਾ ਨਿਸ਼ਾਨਾ ਕਦੇ ਨਾ ਹੋਵੇ ਉਕਿਆ, ਘਾਇਲ ਕਰਨੀ ਸਰਬ ਲੋਕਾਈਆ । ਮੈਥੋਂ ਸਾਰਾ ਜਹਾਨ ਹੋਵੇ ਰੁਸਿਆ, ਅੰਤਰ ਮਿਲਣ ਕੋਇ ਨਾ ਪਾਈਆ । ਉਹ ਵੇਖ ਗੋਬਿੰਦ ਦਾ ਵੇਲਾ ਢੁਕਿਆ, ਢਈਆ ਪਿਛਲਾ ਦਏ ਦੁਹਾਈਆ । ਕੂੜੀ ਕਿਰਿਆ ਦਾ ਬੂਟਾ ਜਾਣਾ ਪੁੱਟਿਆ, ਜਗਤ ਜੜ੍ਹ ਦਏ ਉਖੜਾਈਆ । ਸ਼ੌਹ ਦਰਿਆਏ ਦਏ ਸੁਟਿਆ, ਅੱਗੇ ਹੋ ਨਾ ਕੋਇ ਬਚਾਈਆ । ਇਹ ਖੇਲ ਕਰਨਾ ਅਬਿਨਾਸ਼ੀ ਅਚੁਤਿਆ, ਚੇਤਨ ਸਭ ਨੂੰ ਰਿਹਾ ਕਰਾਈਆ । ਰਾਹੋਂ ਰਹੇ ਨਾ ਕੋਇ ਘੁਥਿਆ, ਅੰਤਰ ਵੜ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੇ ਅੰਤ ਸੁਹਾਵੇ ਰੁੱਤਿਆ, ਰੁਤੜੀ ਆਪਣੇ ਹੁਕਮ ਨਾਲ ਮਹਿਕਾਈਆ ।



## ✪ ੨੭ ਅੱਸੂ ਸ਼ਹਿਨਸ਼ਾਹੀ ਸੰਮਤ ੬ ਬੀਬੀ ਦਲੀਪੀ ਦੇ ਗ੍ਰਿਹ ਸਨਾਮ ਸ਼ਹਿਰ ✪

ਜਨ ਭਗਤਾਂ ਦੇਵੇ ਪ੍ਰਭ ਮਾਣ, ਦੇਵਣਹਾਰ ਇਕ ਅਖਵਾਈਆ । ਜੁਗ ਜੁਗ ਵੇਖੇ ਮਾਰ ਧਿਆਨ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਧਰਮ ਦਾ ਦੇਵੇ ਸਚ ਨਿਸ਼ਾਨ, ਨਿਸ਼ਾਨਾ ਕੂੜ ਬਾਹਰ ਕਢਾਈਆ । ਅੰਮ੍ਰਿਤ ਰਸ ਬਖ਼ਸ਼ੇ ਪੀਣ ਖਾਣ, ਜਗਤ ਵਾਸ਼ਨਾ ਤ੍ਰਿਸ਼ਨਾ ਭੁੱਖ ਮਿਟਾਈਆ । ਚਰਨ ਪ੍ਰੀਤੀ ਬਖ਼ਸ਼ੇ ਦਾਨ, ਵਸਤ ਅਮੋਲਕ ਇਕ ਵਰਤਾਈਆ । ਹਉਮੇ ਹੰਗਤਾ ਗੜ੍ਹ ਤੋੜ ਅਭਿਮਾਨ, ਨਿਮਰਤਾ ਇਕੋ ਦਏ ਸਮਝਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਣ, ਪਾਰਬ੍ਰਹਮ ਬ੍ਰਹਮ ਮੇਲਾ ਲਏ ਮਿਲਾਈਆ । ਸ਼ਬਦ ਅਨਾਦੀ ਦੇ ਧੁੰਨਕਾਨ, ਅਨਹਦ ਨਾਦੀ ਨਾਦ ਵਜਾਈਆ । ਜੋਤੀ ਨੂਰ ਕਰ ਪਰਧਾਨ, ਅੰਧ ਅੰਧਕਾਰ ਦਏ ਮਿਟਾਈਆ । ਘਰ ਸਵਾਮੀ ਦਰਸ਼ਨ ਦੇਵੇ ਆਣ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਸਾਖਿਆਤ ਨਜ਼ਰੀ ਆਵੇ ਧੁਰ ਦਾ ਕਾਹਨ, ਜੋਤੀ ਜਾਤਾ ਪੁਰਖ ਬਿਧਾਤਾ ਬੇਪਰਵਾਹੀਆ । ਸਚ ਦਵਾਰ ਏਕੰਕਾਰ ਕਰ ਪਰਵਾਨ, ਜਨ ਭਗਤ ਸੁਹੇਲੇ ਆਪਣੀ ਗੋਦ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਜਨ ਭਗਤਾਂ ਪ੍ਰਭ ਸਦਾ ਦਿਆਲ, ਦੀਨਨ ਆਪਣੀ ਦਇਆ ਕਮਾਈਆ । ਏਥੇ ਓਥੇ ਦੋ ਜਹਾਨਾਂ ਕਰੇ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ ।

ਪ੍ਰੇਮ ਪ੍ਰੀਤੀ ਵਿਚੋਂ ਲੱਭ ਕੇ ਆਪਣੇ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਭਾਗ ਲਗਾ ਕੇ ਕਾਇਆ ਮਾਟੀ ਸਾਚੀ ਧਰਮਸਾਲ, ਧਰਮ ਦਵਾਰਾ ਇਕ ਦਰਸਾਈਆ । ਜੁਗ ਜਨਮ ਦਾ ਕਰ ਹੱਲ ਸਵਾਲ, ਆਵਣ ਜਾਵਣ ਗੇੜਾ ਦਏ ਕਟਾਈਆ । ਆਪ ਅੰਦਰ ਬਾਹਰ ਗੁਪਤ ਜ਼ਾਹਿਰ ਵਸੇ ਨਾਲ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਜਨਮ ਜਨਮ ਦੀ ਕਰਮ ਕਰਮ ਦੀ ਲੇਖੇ ਲਾ ਕੇ ਘਾਲ, ਮਿਹਰਵਾਨ ਮਹਿਬੂਬ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜਾਤਾ ਪੁਰਖ ਬਿਧਾਤਾ ਆਪੇ ਪੁਛਣਹਾਰਾ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਵੇਖੇ ਚਾਈਂ ਚਾਈਂਆ । ਏਥੇ ਉਥੇ ਦੋ ਜਹਾਨਾਂ ਕਰੇ ਸਦਾ ਸੰਭਾਲ, ਸੰਬਲ ਦਾ ਮਾਲਕ ਆਪਣਾ ਰੰਗ ਰੰਗਾਈਆ । ਨੇੜੇ ਆ ਨਾ ਸਕੇ ਕਾਲ ਮਹਾਂਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਚਿਤ੍ਰਗੁਪਤ ਲੇਖਾ ਨਾ ਸਕੇ ਵਖਾਲ, ਜਮ ਕਾ ਭੌ ਨਾ ਕੋਇ ਦ੍ਰਿੜਾਈਆ । ਕਿਰਪਾ ਕਰੇ ਆਪ ਸ੍ਰੀ ਭਗਵਾਨ, ਹਰਿ ਭਗਵਨ ਦਇਆ ਕਮਾਈਆ । ਭਗਤ ਸੁਹੇਲੇ ਮੇਲੇ ਆਣ, ਆਨਨ ਫ਼ਾਨਨ ਆਪਣਾ ਭੇਵ ਚੁਕਾਈਆ । ਦਰਗਹ ਸਾਚੀ ਸਚ ਦਵਾਰੇ ਦੇਵੇ ਮਾਣ, ਸਚਖੰਡ ਸਾਚਾ ਇਕ ਸੁਹਾਈਆ । ਦਰ ਠਾਂਡੇ ਕਰ ਪਰਵਾਨ, ਪਰਮ ਪੁਰਖ ਪਰਮਾਤਮ ਆਤਮ ਮੇਲਾ ਕਰੇ ਸਹਿਜ ਸੁਭਾਈਆ । ਬੁੱਧੀ ਤੋਂ ਪਰੇ ਦੇ ਗਿਆਨ, ਮਨਮਤ ਦਾ ਡੇਰਾ ਢਾਹੀਆ । ਸੱਚੀ ਬਖ਼ਸ਼ ਸ਼ਬਦ ਧੁੰਨਕਾਨ, ਧੁਰ ਸੰਦੇਸ਼ਾ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੋਹਾਂ ਦਾ ਸਾਂਝਾ ਇਕ ਵਿਧਾਨ, ਜਗਤ ਸ਼ਰੀਅਤ ਕੰਮ ਕਿਸੇ ਨਾ ਆਈਆ । ਤਨ ਵਜੂਦ ਮਾਟੀ ਖ਼ਾਕ ਜਾਵੇ ਕਬਰ ਮੜ੍ਹੀ ਸ਼ਮਸ਼ਾਨ, ਆਤਮ ਸ਼ਮਾ ਗੁਲ ਨਾ ਕੋਇ ਕਰਾਈਆ । ਭਗਤ ਸੁਹੇਲਾ ਇਕ ਅਕੇਲਾ ਸਚਖੰਡ ਦਵਾਰੇ ਕਰ ਪਰਵਾਨ, ਪਰਮ ਪੁਰਖ ਪ੍ਰਭ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਭ ਦਾ ਜਾਣੀ ਜਾਣ, ਜਾਨਣਹਾਰ ਸਾਹਿਬ ਸੁਲਤਾਨ ਇਕ ਅਖਵਾਈਆ ।



੭੭੫ ੨੨

## ✪ ੨੭ ਅੱਸੂ ਸ਼ਹਿਨਸ਼ਾਹੀ ਸੰਮਤ ੬ ਸ਼ਾਮ ਸਿੰਘ ਦੇ ਗ੍ਰਿਹ ਬਰਨਾਲਾ ਸ਼ਹਿਰ ✪

ਜੋ ਜਨ ਮੰਗੇ ਦਰਸ ਦੀ ਮੰਗ, ਆਤਮ ਅੰਤਰ ਧਿਆਨ ਲਗਾਈਆ । ਕਿਰਪਾ ਕਰੇ ਸੂਰਾ ਸਰਬੰਗ, ਹਰਿ ਕਰਤਾ ਧੁਰਦਰਗਾਹੀਆ । ਜੋ ਕੋਟਨ ਕੋਟ ਬ੍ਰਹਿਮੰਡ ਖੰਡ ਪੁਰੀ ਲੋਅ ਆਵੇ ਲੰਘ, ਮੰਡਲ ਮੰਡਪ ਚਰਨਾਂ ਹੇਠ ਦਬਾਈਆ । ਸੋ ਅੰਤਰ ਨਿਰੰਤਰ ਦੇਵੇ ਸਾਚਾ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਖ਼ੁਸ਼ੀ ਕਰਾਏ ਬੰਦ ਬੰਦ, ਬੰਦਗੀ ਆਪਣੀ ਇਕ ਵਰਤਾਈਆ । ਦੀਨ ਦਿਆਲ ਬਣ ਬਖ਼ਸ਼ੰਦ, ਸਿਰ ਆਪਣਾ ਹੱਥ ਟਿਕਾਈਆ । ਰਾਤੀ ਸੁਤਿਆਂ ਦਿਨੇ ਜਾਗਦਿਆਂ ਨੌਂ ਦਵਾਰਿਆਂ ਤੋਂ ਉਪਰ ਜਾਏ ਲੰਘ, ਪੈਂਡਾ ਅੰਤਰ ਨਿਰੰਤਰ ਆਪ ਮੁਕਾਈਆ । ਸੇਜ ਸੁਹੰਜਣੀ ਸੁਹਾ ਕੇ ਆਪ ਪਲੰਘ, ਦਰਸੀ ਆਪਣਾ ਦਰਸ ਦੇਵੇ ਕਰਾਈਆ । ਦੇਵੇ ਪ੍ਰਕਾਸ਼ ਬਿਨ ਸੂਰੀਆ ਚੰਦ, ਜੋਤੀ ਜੋਤ ਕਰ ਰੁਸ਼ਨਾਈਆ । ਏਥੇ ਓਥੇ ਦੋ ਜਹਾਨਾਂ ਲਾਵੇ ਅੰਗ, ਅੰਗੀਕਾਰ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਦਏ ਖੁਲ੍ਹਾਈਆ । ਜੋ ਜਨ ਦਰਸ ਦਾ ਹੋਵੇ ਮੰਗਤ, ਅੰਤਸ਼ਕਰਨ ਵੇਖ ਵਖਾਈਆ । ਗੜ੍ਹ ਹਉਮੇ ਤੋੜ ਕੇ ਹੰਗਤ, ਹੰ ਬ੍ਰਹਮ

ਦਏ ਸਮਝਾਈਆ । ਪੁਰਖ ਅਕਾਲਾ ਦੀਨ ਦਿਆਲਾ ਬੋਧ ਅਗਾਧਾ ਧੁਰ ਦਾ ਪੰਡਤ, ਜਗਤ ਵਿਦਿਆ ਤੋਂ ਬਾਹਰ ਦਏ ਸਮਝਾਈਆ । ਜੋ ਲੇਖਾ ਜਾਣੇ ਆਦਿ ਅੰਤ, ਜੁਗ ਚੌਕੜੀ ਲੱਖ ਚੁਰਾਸੀ ਵੇਖ ਵਖਾਈਆ । ਸੋ ਨਾਮ ਨਿਧਾਨਾ ਨੌਜਵਾਨਾ ਮਰਦ ਮਰਦਾਨਾ ਦੇਵੇ ਮਨੀਆ ਮੰਤ, ਮਨ ਕਲਪਣਾ ਦੂਰ ਕਰਾਈਆ । ਹਰਿਜਨ ਗੁਰਮੁਖ ਬਣਾ ਕੇ ਸਾਚੇ ਸੰਤ, ਸਤਿ ਸਤਿਵਾਦੀ ਆਪਣਾ ਘਰ ਵਖਾਈਆ । ਜਿਸ ਘਰ ਚਾਰ ਦੀਵਾਰੀ ਦੀ ਨਹੀਂ ਕੋਈ ਬਣਤ, ਛੱਪਰ ਛੰਨ ਨਾ ਕੋਇ ਛੁਹਾਈਆ । ਇਕੋ ਸਾਹਿਬ ਸਵਾਮੀ ਮਿਲੇ ਕੰਤ, ਕੰਤੂਹਲ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੂਰ ਦੁਰਾਡਾ ਪੰਧ ਮੁਕਾਈਆ । ਸਤਿਗੁਰ ਸ਼ਬਦ ਕਦੇ ਨਹੀਂ ਦੂਰ, ਮੰਜ਼ਲ ਨਜ਼ਰ ਕੋਇ ਨਾ ਆਈਆ । ਜੋ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਈਂਆ । ਜਿਸ ਵੇਲੇ ਯਾਦ ਕਰੋ ਉਹ ਸਦਾ ਹਾਜ਼ਰ ਹਜ਼ੂਰ, ਜੋ ਹਜ਼ਰਤਾਂ ਦੇਵੇ ਮਾਣ ਵਡਿਆਈਆ । ਕਰ ਕਿਰਪਾ ਕੋਟ ਜਨਮ ਦੇ ਬਖ਼ਸ਼ ਦਏ ਕਸੂਰ, ਮਿਹਰ ਨਜ਼ਰ ਨਾਲ ਤਰਾਈਆ । ਚੁਰਾਸੀ ਵਿਚੋਂ ਹੋਣ ਨਾ ਦੇਵੇ ਮਜਬੂਰ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਦਾ ਲੇਖਾ ਦਏ ਮੁਕਾਈਆ । ਇਕੋ ਬਖ਼ਸ਼ ਕੇ ਜੋਤੀ ਨੂਰ, ਅੰਧ ਅੰਧੇਰਾ ਦਏ ਮਿਟਾਈਆ । ਨਾਤਾ ਰਹਿਣ ਨਾ ਦੇਵੇ ਕੂੜ, ਕੁਕਰਮ ਵਿਚੋਂ ਬਾਹਰ ਰਖਾਈਆ । ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹ, ਦਰਗਹ ਦੇਵੇ ਮਾਣ ਵਡਿਆਈਆ । ਜਿਨ੍ਹਾਂ ਬਖ਼ਸ਼ੇ ਚਰਨ ਧੂੜ, ਧੂੜੀ ਟਿੱਕੇ ਖ਼ਾਕ ਰਮਾਈਆ । ਸੋ ਗੁਰਮੁਖ ਬਣਾ ਕੇ ਬੀਰਸੂਰ, ਬੀਰ ਰਸ ਬੀਰਤਾ ਆਪਣਾ ਦਿਤਾ ਭਰਾਈਆ । ਜਦ ਵੇਖੋ ਉਹ ਨੇਰਨ ਨੇਰਾ ਜੋਤ ਸਰੂਪੀ ਜੋ ਮੂਸੇ ਤੱਕਿਆ ਉਪਰ ਕੋਹਤੂਰ, ਤੁਰੀਆ ਤੋਂ ਬਾਹਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਦਾ ਪੜਦਾ ਆਪ ਚੁਕਾਈਆ । ਦੂਰ ਦੁਰਾਡਾ ਸਤਿਗੁਰ ਸ਼ਬਦ ਕਦੇ ਨਾ ਵਸੇ, ਬ੍ਰਹਿਮੰਡ ਖੰਡ ਪੰਧ ਨਾ ਕੋਇ ਮੁਕਾਈਆ । ਜੋ ਅੰਦਰ ਵੜ ਕੇ ਮੰਦਰ ਚੜ੍ਹ ਕੇ ਸਚ ਦਵਾਰੇ ਬਹਿ ਬਹਿ ਹੱਸੇ, ਘਰ ਘਰ ਵਿਚ ਸੋਭਾ ਪਾਈਆ । ਜੋ ਪ੍ਰਕਾਸ਼ ਦੇਵੇ ਕੋਟਨ ਕੋਟ ਰਵ ਸੱਸੇ, ਸੂਰੀਆ ਚੰਦ ਬੈਠਣ ਸੀਸ ਨਿਵਾਈਆ । ਸੋ ਮੇਟੇ ਰੈਣ ਅੰਧੇਰੀ ਮੱਸੇ, ਅੰਧ ਅੰਧੇਰਾ ਦਏ ਚੁਕਾਈਆ । ਲੇਖਾ ਚੁਕਾਏ ਲਹਿਣਾ ਦੇਣਾ ਹੱਕੇ, ਹਕੀਕਤ ਆਪਣਾ ਰੰਗ ਰੰਗਾਈਆ । ਜਿਸ ਪਾਰਬ੍ਰਹਮ ਪਤਿਪਰਮੇਸ਼ਵਰ ਨੂੰ ਲੱਭਦੇ ਫਿਰਦੇ ਨੱਠੇ, ਸੋ ਕਾਇਆ ਮੰਦਰ ਅੰਦਰ ਆਪਣਾ ਨੂਰ ਜੋਤ ਦਏ ਚਮਕਾਈਆ । ਹਰਿ ਸੰਤ ਸੁਹੇਲੇ ਭਗਤ ਬਣਾਏ ਸੱਚੇ, ਸਚ ਮੰਤਰ ਨਾਮ ਦ੍ਰਿੜਾਈਆ । ਭਾਗ ਲੱਗੇ ਕਾਇਆ ਮਾਟੀ ਤਨ ਕੱਚੇ, ਕੰਚਨ ਗੜ੍ਹ ਦਏ ਵਡਿਆਈਆ । ਗੁਰਮੁਖ ਪ੍ਰਭ ਪ੍ਰੇਮ ਨਾਲ ਜਾਣ ਰੱਤੇ, ਰਤਨ ਅਮੋਲਕ ਹੀਰੇ ਆਪ ਪਰਗਟਾਈਆ । ਏਥੇ ਓਥੇ ਦੋ ਜਹਾਨਾਂ ਨਿਰਗੁਣ ਸਰਗੁਣ ਆਪੇ ਪਤ ਰੱਖੇ, ਪਤਿਪਰਮੇਸ਼ਵਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਲਗਾਏ ਤਤ ਅੱਠੇ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਆਪਣੇ ਰੰਗ ਰੰਗਾਈਆ ।

## ੨੭ ਅੱਸੂ ਸ਼ਹਿਨਸ਼ਾਹੀ ਸੰਮਤ ੬ ਕਪੂਰ ਸਿੰਘ ਬਰਾੜ ਦੇ ਗ੍ਰਿਹ ਮੋਗਾ ਸ਼ਹਿਰ ਜ਼ਿਲਾ ਫ਼ਿਰੋਜ਼ਪੁਰ

ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਆਓ ਅੱਗੇ, ਧਾਰ ਵਿਚੋਂ ਧਾਰ ਪਰਗਟਾਈਆ । ਉਠੋ ਬਣ ਕੇ ਸੂਰਬੀਰ ਬਹਾਦਰ ਸਰਬਗੇ, ਸਰਬਗ ਰਿਹਾ ਜਣਾਈਆ । ਬਿਆਨ ਕਰੋ ਆਪਣੀ ਆਪਣੀ ਵਜ੍ਹੇ, ਵਜੂਹਾਤ ਦਿਓ ਸਮਝਾਈਆ । ਕਿਉਂ ਕਲਜੁਗ ਚਾਰੋਂ ਕੁੰਟ ਲੱਗੀ ਅੱਗੇ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜੀਵ ਜਹਾਨ ਹੋਏ ਕੱਗੇ, ਹੰਸ ਰੂਪ ਨਾ ਕੋਇ ਵਟਾਈਆ । ਮਾਨਵ ਹੋ ਕੇ ਖਾਧੇ ਢੋਰ ਪਸ਼ੂ ਵੱਛੇ ਢੱਗੇ, ਸੂਰਾਂ ਖੱਲ ਲੁਹਾਈਆ । ਰਸਨਾ ਵਾਸਨਾ ਚੱਖੇ ਮਜ਼ੇ, ਆਤਮ ਰਸ ਨਾ ਕੋਇ ਜਣਾਈਆ । ਕਿਉਂ ਕੂੜ ਕਿਰਿਆ ਵਿਚ ਬੱਧੇ, ਬੰਦਨ ਸਕੇ ਨਾ ਕੋਇ ਤੁੜਾਈਆ । ਜਗਤ ਵਾਸਨਾ ਪਾਰ ਨਾ ਹੋਵੇ ਹੱਦੇ, ਹਦੂਦ ਮੇਰੀ ਸਮਝ ਕੋਇ ਨਾ ਆਈਆ । ਚੁਰਾਸੀ ਵਿਚੋਂ ਕੋਇ ਨਾ ਕਢੇ, ਆਵਣ ਜਾਵਣ ਪੰਧ ਨਾ ਕੋਇ ਮੁਕਾਈਆ । ਕਿਉਂ ਸ਼ਰਅ ਸ਼ਰਅ ਨਾਲ ਕਰੇ ਦਗੇ, ਕਲਮਾ ਕਲਮੇ ਨਾਲ ਟਕਰਾਈਆ । ਕਿੱਥੇ ਤੁਹਾਡੇ ਧਰਮ ਨਿਸ਼ਾਨੇ ਗੱਡੇ, ਹਰ ਹਿਰਦੇ ਦਿਉ ਵਖਾਈਆ । ਕਿਉਂ ਜਗਤ ਖ਼ੁਮਾਰੀ ਹੋਈ ਮੱਧੇ, ਨਾਮ ਰਸ ਨਾ ਕੋਇ ਚਖਾਈਆ । ਜਿਹੜੀ ਕਰਨੀ ਕਲਜੁਗ ਜੀਵ ਲੱਗੇ, ਲੇਖਾ ਲਿਖ ਕੇ ਦਿਉ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੰਦੇਸ਼ ਇਕ ਸੁਣਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਆਉ ਨੇੜੇ, ਜੋਤ ਜੋਤ ਵਿਚੋਂ ਪਰਗਟਾਈਆ । ਦੱਸੋ ਕਵਣ ਚੜ੍ਹਿਆ ਤੁਹਾਡੇ ਬੇੜੇ, ਬੇੜੀ ਨਈਆ ਨੌਕਾ ਨਾਮ ਵਖਾਈਆ । ਕਿਸ ਕਿਸ ਦੇ ਤੁਸਾਂ ਕਟੇ ਚੁਰਾਸੀ ਗੇੜੇ, ਚਾਰੇ ਖਾਣੀ ਪੰਧ ਮੁਕਾਈਆ । ਭੇਵ ਮੇਟਿਆ ਸੰਝ ਸਵੇਰੇ, ਇਕੋ ਨੂਰ ਦਿਤਾ ਚਮਕਾਈਆ । ਕੀ ਰੰਗ ਰੰਗਿਆ ਗੁਰੂ ਗੁਰ ਚੇਰੇ, ਮੁਰੀਦ ਮੁਰਸ਼ਦ ਕੀ ਸੰਗ ਨਿਭਾਈਆ । ਕਵਣ ਵਾੜਿਆ ਮੇਰੇ ਸਚਖੰਡ ਦੇ ਵਿਹੜੇ, ਲੇਖਾ ਲਿਖ ਕੇ ਦਿਓ ਫੜਾਈਆ । ਕਿਉਂ ਝਗੜੇ ਹੁੰਦੇ ਤੁਹਾਡੇ ਧਰਮ ਅਸਥਾਨਾਂ ਵਿਚ ਡੇਰੇ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ ਰਹੇ ਕੁਰਲਾਈਆ । ਆਪਣੇ ਆਪਣੇ ਭਰੇ ਵਖਾਓ ਬੇੜੇ, ਭਰਪੂਰ ਅੰਤਮ ਮੰਗ ਮੰਗਾਈਆ । ਜਿਸ ਕਾਰਨ ਤੁਸਾਂ ਲੋਕਮਾਤ ਚਾਰ ਜੁਗ ਮਾਰੇ ਫੇਰੇ, ਪੰਜ ਤਤ ਵਜੂਦ ਹੰਢਾਈਆ । ਉਸ ਦੇ ਹੋਣੇ ਅੰਤ ਨਬੇੜੇ, ਪੁਰਖ ਅਕਾਲਾ ਰਿਹਾ ਜਣਾਈਆ । ਤੁਸਾਂ ਇਸ਼ਟ ਆਪਣੇ ਬਣਾ ਲਏ ਬਥੇਰੇ, ਬਹੁਰੰਗਤ ਰੰਗ ਰੰਗਾਈਆ । ਹੁਣ ਵਕਤ ਸੁਹੰਜਣੇ ਆਉਣੇ ਮੇਰੇ, ਮਿਹਰਵਾਨ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਾਮ ਨਿਧਾਨ ਇਕ ਜਣਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਆਵੋ ਕੋਲ, ਪਿਛਲਾ ਪੰਧ ਰਹੇ ਨਾ ਰਾਈਆ । ਜੋ ਮੇਰੇ ਨਾਮ ਕਲਮੇ ਦਾ ਵਜਾਇਆ ਢੋਲ, ਢੋਲਕ ਸਾਢੇ ਤਿੰਨ ਹੱਥ ਸਰੀਰ ਖੜਕਾਈਆ । ਉਸ ਵਿਚ ਕਵਣ ਗਿਆ ਮੌਲ, ਮੌਲਾ ਹੋ ਕੇ ਪੁਛੇ ਬੇਪਰਵਾਹੀਆ । ਕਵਣ ਤਰਾਜੂ ਕੰਡੇ ਉਤੇ ਤੁਸਾਂ ਤੋਲਿਆ ਤੋਲ, ਪੜਦਾ ਦਿਉ ਉਠਾਈਆ । ਕਵਣ ਸਚ ਪ੍ਰੀਤੀ ਆਪਣਾ ਆਪ ਗਿਆ ਘੋਲ, ਘੋਲੀ ਘੋਲ ਘੋਲ ਘੁਮਾਈਆ । ਕਿਸ ਬਿਧ ਤੁਸਾਂ ਆਪਣਾ ਪੂਰਾ ਕੀਤਾ ਰੋਲ, ਰੂਲ ਦੱਸਿਆ ਜਗਤ ਲੋਕਾਈਆ । ਕਿਉਂ ਸ੍ਰਿਸ਼ਟੀ ਹੋਈ ਦ੍ਰਿਸ਼ਟੀ ਵਿਚੋਂ ਅਨਭੋਲ, ਪਰਦਾ ਸਕੇ ਨਾ ਕੋਇ ਉਠਾਈਆ । ਬਿਨਾ ਰਸਨ ਜ਼ਬਾਨ ਤੋਂ ਦੱਸੇ ਬੋਲ, ਅਨਬੋਲਤ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਦਇਆ ਕਮਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਆਓ ਮੇਰੇ ਪਾਸ,

ਪਾਸਾ ਦੀਨ ਦੁਨੀ ਵਖਾਈਆ । ਪਹਿਲੋਂ ਤਕੋ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਅੱਖ ਉਠਾਈਆ । ਫੇਰ ਵੇਖੋ ਇਕ ਦੇ ਤੁਸੀਂ ਦਾਸੀ ਦਾਸ, ਸੇਵਕ ਸੇਵਾ ਸਚ ਕਮਾਈਆ । ਰਾਮ ਕ੍ਰਿਸ਼ਨ ਤਕੋ ਕਿਸ ਬਿਧ ਤੁਹਾਡੀ ਪੈਂਦੀ ਰਾਸ, ਸੁਰਤੀ ਸ਼ਬਦੀ ਸੀਤਾ ਕਾਹਨ ਰੂਪ ਦਰਸਾਈਆ । ਆਤਮ ਪਰਮਾਤਮ ਕੀ ਹੁੰਦਾ ਖੇਲ ਤਮਾਸ਼, ਰਾਧਾ ਕ੍ਰਿਸ਼ਨਾ ਰੰਗ ਰੰਗਾਈਆ । ਪੈਗ਼ੰਬਰ ਵੇਖੋ ਮਾਰ ਝਾਤ, ਝਾਤੀ ਦੀਨ ਦੁਨੀ ਟਿਕਾਈਆ । ਕਿਉਂ ਉਮਤ ਉਮਤੀ ਮਿਟਿਆ ਵਿਸ਼ਵਾਸ਼, ਵਿਸ਼ਿਆਂ ਵਿਚ ਸਰਬ ਹਲਕਾਈਆ । ਸਚ ਦਾ ਰਿਹਾ ਨਾ ਕੋਇ ਇਖ਼ਲਾਕ, ਇਖ਼ਤਿਲਾਫ਼ ਵਿਚ ਸਰਬ ਕੁਰਲਾਈਆ । ਤੁਹਾਡੇ ਮੁਰੀਦ ਮੁਰਸ਼ਦ ਤੁਹਾਡੇ ਹੋਏ ਬਰਖ਼ਿਲਾਫ, ਧੁਰ ਦਾ ਸੰਗ ਨਾ ਕੋਇ ਨਿਭਾਈਆ । ਨੂਰੀ ਚਮਕੇ ਨਾ ਕੋਇ ਆਫ਼ਤਾਬ, ਜ਼ਹੂਰ ਵਿਚ ਨਾ ਕੋਇ ਸਮਾਈਆ । ਹੱਥ ਆਵੇ ਨਾ ਕਿਸੇ ਹਯਾਤੇ ਆਬ, ਜ਼ਿੰਦਗੀ ਵਿਚੋਂ ਜ਼ਿੰਦਗੀ ਨਾ ਕੋਇ ਬਦਲਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਆਪਣਾ ਕਢ ਕੇ ਦਿਉ ਹਿਸਾਬ, ਅੰਕੜੇ ਦੱਸੋ ਥਾਉਂ ਥਾਈਂਆ । ਕੀ ਖੇਲ ਹੋਣਾ ਤੁਹਾਡੇ ਪਿਛੋਂ ਬਾਦ, ਕੀ ਕਰਤਾ ਕਲ ਵਰਤਾਈਆ । ਜਿਸ ਤੁਹਾਨੂੰ ਲੋਕਮਾਤ ਕੀਤਾ ਆਬਾਦ, ਸੋ ਤੁਹਾਡਾ ਲੇਖਾ ਪੂਰ ਕਰਾਈਆ । ਧੁਰ ਕਲਮੇ ਦੀ ਸੁਣੋ ਆਵਾਜ਼, ਰਾਜ਼ ਅੰਦਰੋਂ ਦਏ ਜਣਾਈਆ । ਅੱਗੇ ਹੁਕਮ ਚਲਣਾ ਇਕ ਵਾਹਿਦ, ਅਮਾਮ ਅਮਾਮਾ ਆਪਣੀ ਧਾਰ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਲੇਖਾ ਪੂਰ ਕਰਾਈਆ । ਪੁਰਖ ਅਕਾਲ ਕਹੇ ਅਵਤਾਰ ਪੈਗ਼ੰਬਰੋ ਹੋ ਜਾਓ ਅੱਗੇ ਪਿੱਛੇ, ਸੱਜੇ ਖੱਬੇ ਧਿਆਨ ਲਗਾਈਆ । ਆਪਣੇ ਦੀਨ ਮਜ਼੍ਹਬ ਦੇ ਵੇਖੋ ਹਿੱਸੇ, ਜੋ ਮਾਨਵ ਮਾਨੁਸ਼ ਵੰਡ ਵੰਡਾਈਆ । ਕਵਣ ਹਾਰੇ ਕਵਣ ਜਿੱਤੇ, ਕਵਣ ਸੰਗ ਨਿਭਾਈਆ । ਕਵਣ ਸਚ ਦਵਾਰੇ ਵਿਕੇ, ਕੀਮਤ ਇਕੋ ਵਾਰ ਪਵਾਈਆ । ਕਿਉਂ ਤੁਹਾਡੇ ਹੁੰਦਿਆਂ ਮੇਰੇ ਨਾਮ ਕਲਮੇ ਹੋ ਗਏ ਫਿੱਕੇ, ਰਸਨਾ ਰਸ ਨਾ ਕੋਇ ਚਖਾਈਆ । ਮਸਤਕ ਲੱਗਣ ਕਿਸੇ ਨਾ ਟਿੱਕੇ, ਧੂੜੀ ਖ਼ਾਕ ਨਾ ਕੋਇ ਰਮਾਈਆ । ਉਠ ਦੱਸ ਦੇ ਗੋਬਿੰਦ ਸਭ ਤੋਂ ਅਖ਼ੀਰੀ ਦੁਲਾਰੇ ਧੁਰ ਦੇ ਨਿੱਕੇ, ਨਿਰਗੁਣ ਆਖ ਸੁਣਾਈਆ । ਗੋਬਿੰਦ ਕਿਹਾ ਪ੍ਰਭੂ ਤੇਰੇ ਬਿਨਾ ਕਲਜੁਗ ਅੰਤਮ ਨਿਕਲੇ ਕੋਇ ਨਾ ਸਿੱਟੇ, ਸਿੱਟੇਬਾਜ਼ੀ ਜਗਤ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਆਪਣੀ ਧਾਰ ਵੇਖ ਲੋਕਮਾਤ ਪਿੱਟੇ, ਪਟਨੇ ਵਾਲਾ ਦਏ ਜਣਾਈਆ । ਹੁਣ ਝਗੜਾ ਮੇਟ ਦੇ ਪੱਥਰ ਇੱਟੇ, ਪਾਹਨ ਪੂਜ ਨਾ ਕੋਇ ਚਤੁਰਾਈਆ । ਇਕੋ ਤੇਰਾ ਨੂਰ ਨੁਰਾਨਾ ਨੂਰ ਅਗੰਮੀ ਦਿਸੇ, ਦਹਿ ਦਿਸ਼ਾ ਕਰ ਰੁਸ਼ਨਾਈਆ । ਆਤਮ ਪਰਮਾਤਮ ਭੋਗ ਭੋਗ ਲੈ ਧਰਮ ਧਾਰ ਦੇ ਵਿਸ਼ੇ, ਵਿਸ਼ਾ ਆਪਣਾ ਨਾਮ ਜਣਾਈਆ । ਵੇਖੀਂ ਸਦੀ ਚੌਧਵੀਂ ਲੰਘ ਨਾ ਜਾਏ ਕਿਤੇ, ਕੁਲ ਮਾਲਕ ਤੇਰੀ ਆਸ ਰਖਾਈਆ । ਤੇਰਾ ਖੇਲ ਨਿਤ ਨਵਿਤੇ, ਜੁਗ ਚੌਕੜੀ ਰੀਤੀ ਚਲੀ ਆਈਆ । ਤੂੰ ਪੁਰਖ ਅਕਾਲਾ ਧੁਰ ਦਾ ਪਿਤੇ, ਪਤਿਪਰਮੇਸ਼ਵਰ ਬੇਪਰਵਾਹੀਆ । ਅਵਤਾਰ ਪੈਗ਼ੰਬਰ ਗੁਰ ਕਹਿਣ ਤੁਧ ਬਿਨ ਅਵਰ ਨਾ ਕੋਇ ਨਜਿੱਠੇ, ਸਹਾਇਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਭ ਦੀ ਪੂਰੀ ਕਰ ਇੱਛੇ, ਨਿਰਇੱਛਤ ਆਪਣੀ ਦਇਆ ਕਮਾਈਆ ।

## ੨੮ ਅੱਸੂ ਸ਼ਹਿਨਸ਼ਾਹੀ ਸੰਮਤ ੬ ਗੁਰਬਚਨ ਸਿੰਘ ਦੇ ਗ੍ਰਿਹਿ ਪਿੰਡ ਸਦਾ ਸਿੰਘ ਵਾਲਾ ਜ਼ਿਲਾ ਫ਼ਿਰੋਜ਼ਪੁਰ

ਅਵਤਾਰ ਪੈਗ਼ੰਬਰ ਗੁਰ ਤਕੋ ਆਪਣੀ ਕਰਨੀ, ਹਰਿ ਕਰਤਾ ਪੁਰਖ ਆਪ ਦ੍ਰਿੜਾਈਆ । ਨਿਰਅੱਖਰ ਧਾਰ ਵੇਖੋ ਜੋ ਪੜ੍ਹਨੀ, ਸ਼ਬਦੀ ਸ਼ਬਦ ਅਗੰਮ ਅਥਾਹੀਆ । ਜਿਸ ਬਿਧ ਝਗੜਾ ਮਿਟਣਾ ਵਰਨੀ ਬਰਨੀ, ਜ਼ਾਤ ਅਜ਼ਾਤੀ ਪੰਧ ਮੁਕਾਈਆ । ਇਕ ਅਕਾਲ ਦੀ ਸਭ ਨੇ ਆਉਣਾ ਸਰਨੀ, ਸਰਨਗਤ ਇਕ ਹੋ ਜਾਈਆ । ਨਵ ਸੱਤ ਨੇ ਢਹਿਣਾ ਚਰਨੀ, ਚਰਨੋਦਕ ਅੰਮ੍ਰਿਤ ਜਾਮ ਮੁਖ ਲਗਾਈਆ । ਧਰਮ ਦੀ ਮੰਜ਼ਲ ਸਾਚੀ ਚੜ੍ਹਨੀ, ਜਗਤ ਵੰਡ ਨਾ ਕੋਇ ਵੰਡਾਈਆ । ਕੂੜ ਕਿਰਿਆ ਅੱਗੇ ਨਾ ਅੜਨੀ, ਮੁਸ਼ਕਲ ਅਵਰ ਰਹੇ ਨਾ ਰਾਈਆ । ਫਿਰਨਾ ਪਏ ਨਾ ਦਰ ਬਦਰਨੀ, ਚਾਰ ਕੁੰਟ ਨਾ ਕੋਇ ਹਲਕਾਈਆ । ਦੂਜੀ ਘਾੜਤ ਪਏ ਨਾ ਘੜਨੀ, ਮਨ ਮਨਸਾ ਨਾ ਕੋਇ ਵਧਾਈਆ । ਜਗਤ ਨਈਆ ਪਏ ਨਾ ਤਰਨੀ, ਤਾਰਨਹਾਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਵੇਖੋ ਆਪਣੀ ਘਾਲ ਘਾਲੀ, ਜੁਗ ਬੀਤੇ ਧਿਆਨ ਲਗਾਈਆ । ਜੋ ਸਿਖਿਆ ਜੀਵ ਇਨਸਾਨ ਪੰਜ ਤਤ ਸਖਾਲੀ, ਤਨ ਵਜੂਦ ਬੁੱਧੀ ਨਾਲ ਕੀਤੀ ਪੜ੍ਹਾਈਆ । ਜਿਸ ਬਿਧ ਨਾਮ ਕਲਮੇ ਨਾਲ ਚਾੜ੍ਹੀ ਲਾਲੀ, ਰੰਗ ਗੁਲਾਲਾ ਇਕ ਬਣਾਈਆ । ਉਹ ਮਾਰਗ ਤਕੋ ਹਾਲੀ, ਮਾਜ਼ੀ ਪੜਦਾ ਦਿਉ ਉਠਾਈਆ । ਕਿਸ ਕਾਰਨ ਕਲਜੁਗ ਕੀਤੀ ਕਾਹਲੀ, ਦੂਰ ਦੁਰਾਡਾ ਆਪਣਾ ਪੰਧ ਮੁਕਾਈਆ । ਆਪਣਾ ਆਪਣਾ ਲਹਿਣਾ ਦੇਣਾ ਦਿਉ ਵਖਾਲੀ, ਬਿਨ ਪੁਸਤਕ ਪੁਸਤਕ ਹੱਥ ਉਠਾਈਆ । ਜਿਸ ਬਿਧ ਤੁਹਾਡੀ ਸਭ ਦੀ ਹੋਣੀ ਚਾਲੀ, ਜਗਤ ਰਹਿਣ ਕੋਇ ਨਾ ਪਾਈਆ । ਸੋ ਲੇਖਾ ਦੱਸੋ ਸ਼ਾਲੀ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਕਿਉਂ ਨਾਮ ਭੰਡਾਰਾ ਧਨ ਰਿਹਾ ਸਾਚਾ ਨਾ ਮਾਲੀ, ਕੀਮਤ ਅੰਤ ਰਹੀ ਨਾ ਰਾਈਆ । ਕਿਧਰ ਗਈ ਅੱਖਰਾਂ ਵਾਲੀ ਦਲਾਲੀ, ਵਿਚੋਲਾ ਵਿਚਲਾ ਭੇਵ ਨਾ ਕੋਇ ਖੁਲ੍ਹਾਈਆ । ਤੁਹਾਡਿਆਂ ਸਿੱਖਾਂ ਮੁਰੀਦਾਂ ਕੋਲੋਂ ਤੁਹਾਡੀ ਵਸਤ ਨਹੀਂ ਗਈ ਸੰਭਾਲੀ, ਸੰਭਲ ਸੰਭਲ ਕੇ ਪੁਰਖ ਅਕਾਲ ਰਿਹਾ ਸੁਣਾਈਆ । ਫਲ ਦਿਸੇ ਕਿਸੇ ਨਾ ਡਾਲੀ, ਸਿੰਮਲ ਰੁੱਖ ਸਰਬ ਲਹਿਰਾਈਆ । ਝਗੜਾ ਵੇਖੋ ਜਗਤ ਜੰਜਾਲੀ, ਜੀਵਣ ਜੁਗਤ ਨਾ ਕੋਇ ਚਤੁਰਾਈਆ । ਕਿਉਂ ਘਰ ਘਰ ਅੰਦਰ ਕਲਜੁਗ ਮਾਰੇ ਤਾਲੀ, ਦਿਵਸ ਰੈਣ ਸ਼ੋਰ ਮਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪੜਦਾ ਆਪ ਚੁਕਾਈਆ । ਅਵਤਾਰ ਪੈਗ਼ੰਬਰ ਗੁਰ ਲੇਖਾ ਵੇਖੋ ਚੋਟੀ ਜੜ੍ਹ ਦਾ, ਚੇਤਨ ਹੋ ਕੇ ਫੋਲ ਫੁਲਾਈਆ । ਕਿਉਂ ਜਗਤ ਜਹਾਨ ਚਾਰ ਕੁੰਟੋਂ ਸੜਦਾ, ਦਹਿ ਦਿਸ਼ਾ ਰਿਹਾ ਕੁਰਲਾਈਆ । ਕਿਉਂ ਮਾਇਆ ਮਮਤਾ ਹੋਇਆ ਬਰਦਾ, ਚਾਕਰ ਹੋ ਕੇ ਸੇਵ ਕਮਾਈਆ । ਕਿਉਂ ਭੇਵ ਪਾਏ ਨਾ ਆਪਣੇ ਘਰ ਦਾ, ਆਤਮ ਪਰਮਾਤਮ ਮੇਲ ਨਾ ਕੋਇ ਕਰਾਈਆ । ਕੀ ਲੇਖਾ ਹੋਇਆ ਅੱਠ ਸੱਠ ਜਲ ਦਾ, ਜਲ ਥਲ ਮਹੀਅਲ ਭੇਵ ਦਿਉ ਖੁਲ੍ਹਾਈਆ । ਕਿਉਂ ਪਰਤਾਪ ਵਧਿਆ ਕਲਜੁਗ ਕਲ ਦਾ, ਕਲਕਾਤੀ ਨਾਲ ਰਲਾਈਆ । ਕਿਉਂ ਝਗੜਾ ਹੋਇਆ ਸੂਰ ਗਾਂ ਖੱਲ ਦਾ, ਖ਼ਾਲਕ ਖ਼ਲਕ ਪੁਛ ਪੁਛਾਈਆ । ਕਿਉਂ ਜ਼ੋਰ ਵਧਿਆ ਪੰਚ ਵਿਕਾਰੇ ਦਲ ਦਾ, ਪੰਚ ਸ਼ਬਦ ਨਾ ਕੋਇ ਸ਼ਨਵਾਈਆ । ਕਿਉਂ ਹੰਕਾਰ ਫਿਰੇ ਹਰ ਅੰਤਰ ਅੰਤਰ ਸਲਦਾ, ਸਲਲ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਭੇਵ ਅਭੇਦ ਇਕ ਸਮਝਾਈਆ । ਅਵਤਾਰ ਪੈਗ਼ੰਬਰ ਗੁਰ

ਵੇਖੇ ਜਗਤ ਜਹਾਨਾਂ, ਅੰਤਰ ਲੈ ਅੰਗੜਾਈਆ । ਕਿਉਂ ਝਗੜਾ ਪਿਆ ਅੰਜੀਲ ਕੁਰਾਨਾ, ਗੀਤਾ ਗਿਆਨ ਦਏ ਦੁਹਾਈਆ । ਕਿਉਂ ਕਲਮਾ ਨਾਮ ਹੋਇਆ ਬੇਗਾਨਾ, ਸਚ ਘਰ ਨਾ ਕੋਇ ਮਿਲਾਈਆ । ਕਿਉਂ ਕਲਜੁਗ ਜੀਵ ਹੋਇਆ ਦੀਵਾਨਾ, ਨਾਮ ਖ਼ੁਮਾਰੀ ਮਸਤ ਨਾ ਕੋਇ ਕਰਾਈਆ । ਕਿਉਂ ਮੇਰਾ ਹੁਕਮ ਹੋਇਆ ਅਫ਼ਸਾਨਾ, ਪੜ੍ਹ ਕੇ ਮਸਖ਼ਰਾ ਰੂਪ ਬਣੀ ਲੋਕਾਈਆ । ਕਿਉਂ ਤੁਹਾਡਾ ਪ੍ਰੇਮ ਹੋਇਆ ਬੇਗਾਨਾ, ਪ੍ਰੀਤੀ ਸਚ ਨਾ ਕੋਇ ਕਮਾਈਆ । ਕਿਉਂ ਸਚ ਦੀ ਧਾਰ ਨਾ ਦਿਸੇ ਤਰਾਨਾ, ਤੁਰੀਆ ਤੋਂ ਬਾਹਰ ਨਾ ਕੋਇ ਸੁਣਾਈਆ । ਕਿਉਂ ਸਦੀ ਚੌਧਵੀਂ ਬਦਲਦਾ ਜਾਏ ਜ਼ਮਾਨਾ, ਜ਼ਿਮੀ ਜ਼ਮਾਂ ਵੇਖ ਵਖਾਈਆ । ਉੱਤਰ ਦੇਦੇ ਦਸਰਥ ਬੇਟੇ ਰਾਮਾ, ਧੁਰ ਦਾ ਰਾਮ ਮੰਗ ਮੰਗਾਈਆ । ਭੇਤ ਖੋਲ੍ਹ ਦੇ ਗੋਪੀਆਂ ਵਾਲੇ ਕਾਹਨਾ, ਧੁਰ ਦਾ ਕਾਹਨ ਰਿਹਾ ਜਣਾਈਆ । ਪੈਗ਼ੰਬਰੋ ਕਿਉਂ ਇਸਮ ਵਿਗੜਿਆ ਵਿਚ ਇਸਲਾਮਾ, ਆਜ਼ਮ ਧੁਰ ਦਾ ਪੁਛ ਪੁਛਾਈਆ । ਕਿਧਰ ਸੰਦੇਸ਼ਾ ਗਿਆ ਪੈਗ਼ਾਮਾ, ਜੋ ਕਲਮਿਆਂ ਵਿਚ ਕੀਤਾ ਸ਼ਨਵਾਈਆ । ਦਸ ਗੁਰੂ ਆਪਣਾ ਦਿਉ ਬਿਆਨਾ, ਉਚੀ ਕੂਕ ਕੂਕ ਸੁਣਾਈਆ । ਕਿਉਂ ਨਾ ਰਿਹਾ ਧਰਮ ਨਿਸ਼ਾਨਾ, ਸਚ ਦੀ ਧਾਰ ਨਾ ਕੋਇ ਵਡਿਆਈਆ । ਕਿਉਂ ਨਾ ਰੱਛਿਆ ਕਰੇ ਖੰਡਾ ਖੜਗ ਕਿਰਪਾਨਾ, ਸਾਢੇ ਤਿੰਨ ਹੱਥ ਨਾ ਕੋਇ ਸਫ਼ਾਈਆ । ਕਿਉਂ ਮਦਿਰਾ ਮਾਸ ਪਿਆ ਪੀਣਾ ਖਾਣਾ, ਗੋਬਿੰਦ ਤੇਰਾ ਅੰਮ੍ਰਿਤ ਹੱਥ ਕਿਸੇ ਨਾ ਆਈਆ । ਸਾਰੇ ਨੇਤਰ ਰੋਏ ਕਹਿਣ ਤੇਰਾ ਖੇਲ ਸ੍ਰੀ ਭਗਵਾਨਾ, ਹਰਿ ਕਰਤੇ ਤੇਰੀ ਬੇਪਰਵਾਹੀਆ । ਤੂੰ ਜੋਧਾ ਸੂਰਬੀਰ ਮਰਦ ਮਰਦਾਨਾ, ਬਲਧਾਰੀ ਇਕ ਅਖਵਾਈਆ । ਸਾਡੀ ਤੇਰੇ ਚਰਨ ਕਵਲ ਪਰਨਾਮਾ, ਸੱਯਦਾ ਸੀਸ ਜਗਦੀਸ ਝੁਕਾਈਆ । ਤੂੰ ਮਿਹਰਵਾਨ ਮਹਿਬੂਬ ਸ਼ਹਿਨਸ਼ਾਹ ਸੁਲਤਾਨਾ, ਪਾਤਸ਼ਾਹ ਤੇਰੇ ਹੱਥ ਵਡਿਆਈਆ । ਹਉਂ ਸੇਵਕ ਤੇਰੇ ਚਾਰ ਜੁਗ ਦੇ ਗੁਲਾਮਾ, ਜੁਗ ਜੁਗ ਸੇਵ ਕਮਾਈਆ । ਅੰਤਮ ਸਾਡਾ ਲੇਖਾ ਮੁਕਾ ਦੇ ਤਮਾਮਾ, ਦੀਨ ਮਜ਼੍ਹਬ ਦੀ ਤਮਾਂ ਰਹੇ ਨਾ ਰਾਈਆ । ਤੇਰੇ ਸ਼ਬਦ ਦਾ ਵੱਜੇ ਦਾਮਾਮਾ, ਦੋ ਜਹਾਨਾਂ ਦੇ ਸੁਣਾਈਆ । ਅੰਤਮ ਤੇਰੇ ਵਿਚ ਅਵਤਾਰ ਪੈਗ਼ੰਬਰ ਗੁਰ ਸਰਬ ਸਮਾਣਾ, ਬਾਹਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਮਹਿਬੂਬ ਏਕਾ ਦੇਣਾ ਦਾਨਾ, ਜੀਆ ਦਾਨ ਸਭ ਦੀ ਝੋਲੀ ਪਾਈਆ ।

### ੨੮ ਅੱਸੂ ਸ਼ਹਿਨਸ਼ਾਹੀ ਸੰਮਤ ੬ ਗੁਰਦਿਆਲ ਸਿੰਘ ਦੇ ਗ੍ਰਿਹਿ ਪਿੰਡ ਸਦਾ ਸਿੰਘ ਵਾਲਾ ਜ਼ਿਲਾ ਫ਼ਿਰੋਜ਼ਪੁਰ

ਅਵਤਾਰ ਪੈਗ਼ੰਬਰ ਗੁਰ ਵੇਖੋ ਆਪਣੀ ਸਿਖਿਆ, ਅੱਖਰ ਅੱਖਰ ਫੋਲ ਫੁਲਾਈਆ । ਜੋ ਸਰਗੁਣ ਲੇਖ ਲਿਖਿਆ ਨਾਤਾ ਤਤ ਨਾਲ ਬੰਧਾਈਆ । ਜਿਸ ਨੂੰ ਕਹਿ ਕੇ ਆਏ ਮਿਥਿਆ, ਅੰਤ ਰਹਿਣ ਕੋਇ ਨਾ ਪਾਈਆ । ਕੀ ਉਸ ਦਾ ਕਢੋ ਸਿੱਟਿਆ, ਮੈਨੂੰ ਦਿਉ ਸਮਝਾਈਆ । ਕਿਉਂ ਨਹੀਂ ਆਪਣੇ ਦੀਨ ਮਜ਼੍ਹਬ ਦਾ ਕੰਮ ਨਜਿਠਿਆ, ਭਰਮੇ ਭੁੱਲੀ ਲੋਕਾਈਆ । ਕਿਉਂ ਪੂਜਾ ਕਰਾਈ ਪੱਥਰ ਇੱਟਿਆ, ਮੇਰਾ ਇਸ਼ਟ ਨਾ ਕੋਇ ਸ਼ਨਵਾਈਆ । ਕਿਉਂ ਨਹੀਂ ਮਾਣ ਰਖਾਇਆ ਧੁਰ ਦੀ ਚਿੱਠੀਆ, ਜੋਤੀ ਜੋਤ ਨਾ ਕੋਇ ਮਿਲਾਈਆ । ਕਿਉਂ ਨਹੀਂ ਮਨੂਆ ਮਨ ਟਿਕਿਆ, ਜਗਤ ਵਾਸਨਾ ਕੂੜ ਮਿਟਾਈਆ । ਕਿਉਂ ਨਾ ਮੇਲ ਮਿਲੇ ਧੁਰ ਦੇ ਪਿਤਿਆ, ਪਤਿਪਰਮੇਸ਼ਵਰ ਗੋਦ ਸੁਹਾਈਆ । ਕਿਉਂ ਤੁਹਾਡਾ ਸਿੱਖ ਮੁਰੀਦ

ਕਲਜੁਗ ਦਵਾਰੇ ਵਿਕਿਆ, ਧਰਮ ਦੀ ਕੀਮਤ ਨਾ ਕੋਇ ਰਖਾਈਆ । ਕਿਉਂ ਨਿਜ ਅੰਮ੍ਰਿਤ ਰਸ ਹੋਇਆ ਫਿਕਿਆ, ਆਬੇਹਯਾਤ ਮੁਖ ਨਾ ਕੋਇ ਲਗਾਈਆ । ਕਿਉਂ ਸੰਤ ਭਗਤ ਗੁਰਮੁਖ ਗੁਰਸਿਖ ਸੂਫ਼ੀ ਫ਼ਕੀਰ ਨਹੀਂ ਦਿਸਿਆ, ਸਦੀ ਚੌਧਵੀਂ ਰਹੀ ਕੁਰਲਾਈਆ । ਕਿਉਂ ਨਹੀਂ ਤੁਹਾਡੀ ਪੂਰੀ ਹੋਈ ਇੱਛਿਆ, ਨਿਰਇੱਛਤ ਧੁਰ ਦੀ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਦੀਨ ਮਜ਼੍ਹਬ ਦੇ ਖਿਤਿਆ, ਹਿੱਸੇ ਸਭ ਦੇ ਵੇਖ ਵਖਾਈਆ ।

## ੨੮ ਅੱਸੂ ਸ਼ਹਿਨਸ਼ਾਹੀ ਸੰਮਤ ੬ ਸੀਤਲ ਸਿੰਘ ਦੇ ਘਰ ਪਿੰਡ ਡਗਰੂ ਜ਼ਿਲਾ ਫ਼ਿਰੋਜ਼ਪੁਰ

ਅਵਤਾਰ ਪੈਗ਼ੰਬਰ ਗੁਰ ਤਕੋ ਚਾਰ ਜੁਗ ਦੇ ਗ੍ਰੰਥ, ਅੱਖਰ ਹਰਫ਼ ਫੋਲ ਫੁਲਾਈਆ । ਦੀਨ ਮਜ਼੍ਹਬ ਆਪਣਾ ਤਕੋ ਪੰਥ, ਮਾਨਵ ਧਿਆਨ ਰਖਾਈਆ । ਨਾਦ ਬਾਂਗ ਅਜ਼ਾਨ ਤਕੋ ਸੰਖ, ਜੋ ਜਗਤ ਆਏ ਸੁਣਾਈਆ । ਕੀ ਕਰਨੀ ਕੀਤੀ ਕਲਜੁਗ ਅੰਤ, ਅੰਤ ਦਿਤਾ ਦ੍ਰਿੜਾਈਆ । ਕੀ ਕਲਮਾ ਕਹੇ ਤੁਹਾਡਾ ਨਾਮ ਮੰਤ, ਮੰਤਰ ਕੀ ਸਮਝਾਈਆ । ਕਵਣ ਮੰਜ਼ਲ ਚੜ੍ਹੇ ਅਗੰਮੀ ਸੰਤ, ਸਚ ਦੇਣਾ ਸੁਣਾਈਆ । ਬੋਧ ਅਗਾਧਾ ਕਿਹੜਾ ਬਣਿਆ ਪੰਡਤ, ਬੁਧੀ ਤੋਂ ਪਰੇ ਪੜਦਾ ਆਪ ਉਠਾਈਆ । ਕਿਉਂ ਗੜ੍ਹ ਬਣਿਆ ਹਉਮੇ ਹੰਗਤ, ਹੰ ਬ੍ਰਹਮ ਸਾਰ ਕਿਸੇ ਨਾ ਆਈਆ । ਕਿਉਂ ਆਤਮ ਪਰਮਾਤਮ ਨਾਤਾ ਤੁਟਾ ਨਾਰ ਕੰਤ, ਪੁਰਖ ਅਕਾਲ ਸੰਗ ਨਾ ਕੋਇ ਰਖਾਈਆ । ਕਿਉਂ ਢੋਲਾ ਗੀਤ ਸ਼ਬਦ ਬਦਲਿਆ ਛੰਤ, ਸਿਫ਼ਤਾਂ ਵਿਚ ਸਾਲਾਹੀਆ । ਕਿਉਂ ਹਉਮੇ ਹੰਗਤਾ ਕੀਤਾ ਸ਼ੰਕ, ਸਹਿੰਸੇ ਵਿਚ ਸਰਬ ਕੁਰਲਾਈਆ । ਕਿਉਂ ਝਗੜਾ ਹੋਵੇ ਰਾਓ ਰੰਕ, ਜ਼ਾਤ ਪਾਤ ਕੁਰਲਾਈਆ । ਕਿਉਂ ਨਾ ਸੋਹੇ ਦਵਾਰਾ ਬੰਕ, ਸਾਢੇ ਤਿੰਨ ਹੱਥ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਤਕ ਲਓ ਆਪਣੀ ਪੂਜਾ, ਮਨੁਸ਼ਾਂ ਅੰਦਰ ਧਿਆਨ ਲਗਾਈਆ । ਕਿਉਂ ਭਾਓ ਹੋਇਆ ਦੂਜਾ, ਦੁਤੀਆ ਭੇਵ ਨਾ ਕੋਇ ਖੁਲ੍ਹਾਈਆ । ਅੰਤਰ ਰਾਹ ਮਿਲੇ ਨਾ ਗੂਝਾ, ਪਰਦਾ ਸਕੇ ਨਾ ਕੋਇ ਉਠਾਈਆ । ਕਿਉਂ ਨਹੀਂ ਨਾਭੀ ਕਵਲ ਹੋਇਆ ਮੂਧਾ, ਝਿਰਨਾ ਅਗੰਮ ਝਿਰਾਈਆ । ਕਿਉਂ ਨਹੀਂ ਮੇਰਾ ਸਚ ਦਵਾਰਾ ਸੂਝਾ, ਭਰਮੇ ਭੁੱਲੀ ਸਰਬ ਲੋਕਾਈਆ । ਕਿਉਂ ਨਹੀਂ ਘਰ ਵਿਚ ਘਰ ਜਗਤ ਜਗਿਆਸੂਆਂ ਢੂੰਡਾ, ਨੌਂ ਦਵਾਰੇ ਪੰਧ ਮੁਕਾਈਆ । ਕਿਉਂ ਨਹੀਂ ਅੰਮ੍ਰਿਤ ਰਸ ਦਾ ਬਣਿਆ ਕੋਇ ਚੂੰਘਾ, ਕੂੜੀ ਕਿਰਿਆ ਪਰੇ ਤਜਾਈਆ । ਕਿਉਂ ਨਹੀਂ ਖੇਲ ਤੱਕਿਆ ਕਾਇਆ ਬੁਤ ਪਰੇ ਰੂਹ ਦਾ, ਬੁਤਖ਼ਾਨਾ ਸੋਭਾ ਪਾਈਆ । ਕਿਉਂ ਨਹੀਂ ਆਤਮ ਲੇਖਾ ਮੇਰਾ ਨੂਰ ਹੂਬਹੂ ਦਾ, ਦੂਜਾ ਰੰਗ ਨਾ ਕੋਇ ਵਖਾਈਆ । ਕਿਉਂ ਨਹੀਂ ਅੰਧੇਰਾ ਮਿਟਿਆ ਲੂੰ ਲੂੰ ਦਾ, ਸਾਢੇ ਤਿੰਨ ਹੱਥ ਸ਼ਨਵਾਈਆ । ਕਿਉਂ ਨਹੀਂ ਭੇਵ ਖੋਲ੍ਹਿਆ ਸ਼ਬਦ ਸਤਿਗੁਰੂ ਦਾ, ਗੁਰਦੇਵ ਸਵਾਮੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਮੰਗੇ ਕਲਜੁਗ ਅੰਤ ਕੀ ਲਹਿਣਾ ਹੋਣਾ ਸਤਿਜੁਗ ਸ਼ੁਰੂ ਦਾ, ਸ਼ਰਅ ਤੋਂ ਬਾਹਰ ਕੀ ਖੇਲ ਕਰਾਈਆ ।

## ੨੮ ਅੱਸੂ ਸ਼ਹਿਨਸ਼ਾਹੀ ਸੰਮਤ ੬ ਚੰਦ ਸਿੰਘ ਦੇ ਗ੍ਰਿਹ ਪਿੰਡ ਡਗਰੂ ਜ਼ਿਲਾ ਫ਼ਿਰੋਜ਼ਪੁਰ

ਅਵਤਾਰ ਪੈਗ਼ੰਬਰ ਗੁਰ ਤਕੋ ਦਵਾਰੇ ਨੌ, ਨਵ ਨੌ ਧਿਆਨ ਲਗਾਈਆ । ਨੌ ਖੰਡ ਪ੍ਰਿਥਮੀ ਆਉਣਾ ਭੌਂ, ਚਾਰੇ ਕੁੰਟ ਪੰਧ ਮੁਕਾਈਆ । ਜਗਤ ਤਕਣਾ ਕਿਉਂ ਬੁੱਧੀ ਹੋਈ ਕਾਉਂ, ਮਨ ਕਾਗ ਵਾਂਗ ਕੁਰਲਾਈਆ । ਖੇੜਾ ਦਿਸੇ ਨਾ ਕੋਇ ਗਾਉਂ, ਗਹਿਰ ਗੰਭੀਰ ਨਜ਼ਰ ਕਿਸੇ ਨਾ ਆਈਆ । ਸਾਚੀ ਮਿਲੇ ਨਾ ਠੰਡੀ ਛਾਉਂ, ਸਿਰ ਹੱਥ ਨਾ ਕੋਇ ਟਿਕਾਈਆ । ਚੁਰਾਸੀ ਵਿਚੋਂ ਬਾਹਰ ਕਢੇ ਫੜ ਕੋਇ ਨਾ ਬਾਹੋਂ, ਆਵਣ ਜਾਵਣ ਨਾ ਗੇੜ ਕਟਾਈਆ । ਕਿਉਂ ਤੁਹਾਡੇ ਹੁੰਦਿਆਂ ਭੁੱਲਿਆ ਤੁਹਾਡਾ ਨਾਉਂ, ਜੋ ਚਾਰ ਜੁਗ ਆਏ ਸਮਝਾਈਆ । ਕਿਉਂ ਨਹੀਂ ਹੁੰਦੀ ਵਾਹੋ ਵਾਹੋ, ਵਾਹ ਵਾਹ ਸਤਿਗੁਰ ਤੇਰੀ ਬੇਪਰਵਾਹੀਆ । ਕਿਉਂ ਨਹੀਂ ਦਿਸਦਾ ਸਚ ਨਿਆਉਂ, ਅਦਲ ਇਨਸਾਫ਼ ਨਾ ਕੋਇ ਕਮਾਈਆ । ਝਗੜਾ ਪਿਆ ਥਾਈਂ ਥਾਉਂ, ਥਾਨ ਥਨੰਤਰ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਵੇਖੇ ਚਾਰ ਜੁਗ ਦਾ ਲੱਗੇ ਦਾਓ, ਦਾਇਰਾ ਦੀਨ ਦੁਨੀ ਖੋਜ ਖੁਜਾਈਆ ।

## ੨੮ ਅੱਸੂ ਸ਼ਹਿਨਸ਼ਾਹੀ ਸੰਮਤ ੬ ਧੰਨਾ ਸਿੰਘ ਦੇ ਗ੍ਰਿਹ ਪਿੰਡ ਡਗਰੂ ਜ਼ਿਲਾ ਫ਼ਿਰੋਜ਼ਪੁਰ



ਅਵਤਾਰ ਪੈਗ਼ੰਬਰ ਵੇਖੋ ਆਪਣੇ ਜਾਨਸ਼ੀਨ, ਜੋ ਸ਼ਾਸਤਰ ਗ੍ਰੰਥ ਆਏ ਬਣਾਈਆ । ਜਿਸ ਵਿਚ ਨਾਮ ਕਲਮੇ ਦੀ ਸਿਫ਼ਤ ਕੀਤੀ ਤਰਮੀਮ, ਤਰਾਂ ਤਰਾਂ ਸਮਝਾਈਆ । ਹੁਕਮ ਸੰਦੇਸ਼ਾ ਦਿਤਾ ਅਜ਼ੀਮ, ਜੋ ਆਲੀਜ਼ਾਹ ਦਿਤਾ ਦ੍ਰਿੜਾਈਆ । ਰੀਤੀ ਚਲਾਈ ਆਦਿ ਕਦੀਮ, ਜੁਗ ਜੁਗ ਸੇਵ ਕਮਾਈਆ । ਭੇਵ ਖੁਲ੍ਹਾਇਆ ਨਰ ਮਦੀਨ, ਮੁੱਦਾ ਇਕੋ ਇਕ ਵਖਾਈਆ । ਮਾਲਕ ਦੱਸ ਕਰੀਮ, ਨਰ ਨਰਾਇਣ ਇਕ ਦਰਸਾਈਆ । ਉਸ ਉਤੇ ਕਿਉਂ ਨਹੀਂ ਰਿਹਾ ਯਕੀਨ, ਇਕੱਠੇ ਬਹਿ ਝਗੜੇ ਸਾਰੇ ਦਿਓ ਸੁਣਾਈਆ । ਕਿਧਰ ਗਈ ਤਾਲੀਮ, ਸਿਖਿਆ ਅਗੰਮ ਅਥਾਹੀਆ । ਜਿਸ ਕਾਰਨ ਕੀਤੀ ਤਕਸੀਮ, ਮਜ਼੍ਹਬ ਹਿੱਸੇ ਵੰਡ ਵੰਡਾਈਆ । ਓਹ ਮਾਲਕ ਲੇਖਾ ਮੰਗੇ ਅਮੀਨ, ਅੰਤ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਲੇਖਾ ਵੇਖ ਵਖਾਈਆ ।

## ੨੮ ਅੱਸੂ ਸ਼ਹਿਨਸ਼ਾਹੀ ਸੰਮਤ ੬ ਮੇਲਾ ਸਿੰਘ ਦੇ ਗ੍ਰਿਹ ਪਿੰਡ ਡਗਰੂ ਜ਼ਿਲਾ ਫ਼ਿਰੋਜ਼ਪੁਰ

ਅਵਤਾਰ ਪੈਗ਼ੰਬਰ ਗੁਰ ਦੀਨ ਮਜ਼੍ਹਬ ਤਕੋ ਧਾਰ ਜਿਸਮਾਨੀ, ਜਿਸਮ ਜ਼ਮੀਰ ਸਭ ਦਾ ਵੇਖ ਵਖਾਈਆ । ਅੰਦਰ ਮੰਦਰ ਮੰਜ਼ਲ ਤਕੋ ਰੁਹਾਨੀ, ਰੂਹ ਬੁਤ ਖੋਜ ਖੁਜਾਈਆ । ਸਿਖਿਆ ਵੇਖੋ ਗੀਤਾ ਗਿਆਨ ਅੰਜੀਲ ਕੁਰਾਨੀ, ਬਾਈਬਲ ਕੀ ਰਹੀ ਦ੍ਰਿੜਾਈਆ । ਨਾਮ ਭੰਡਾਰਾ ਵੇਖੋ ਬਾਣੀ, ਕੀ ਅਣਿਆਲਾ ਤੀਰ ਚਲਾਈਆ । ਅੱਠ ਸੱਠ ਤੀਰਥ ਤਕੋ ਪਾਣੀ, ਕੀ ਅੰਮ੍ਰਿਤ ਰਸ ਚੁਆਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ

ਤਕੋ ਨਿਸ਼ਾਨੀ, ਕੀ ਨਿਸ਼ਾਨਾ ਰਹੇ ਵਖਾਈਆ । ਆਪਣੇ ਤਨ ਵਜੂਦ ਦੀ ਤਕੋ ਕੁਰਬਾਨੀ, ਜੋ ਲੋਕਮਾਤ ਆਏ ਕਰਾਈਆ । ਅੰਤਮ ਵੇਖੋ ਖੇਲ ਸ਼ਾਹ ਸੁਲਤਾਨੀ, ਕੀ ਸ਼ਹਿਨਸ਼ਾਹ ਰਿਹਾ ਦ੍ਰਿੜਾਈਆ । ਕਿਉਂ ਤੁਹਾਡੇ ਹੁੰਦਿਆਂ ਹੋਏ ਬੇਈਮਾਨੀ, ਮਨ ਕਲਪਣਾ ਜ਼ਿਬਾਹ ਨਾ ਕੋਇ ਕਰਾਈਆ । ਕਿਉਂ ਝਗੜਾ ਪਿਆ ਵੇਦ ਪੁਰਾਣੀ, ਪੁਰਾਣ ਅਧਾਰੀ ਰਿਹਾ ਸੁਣਾਈਆ । ਨਾ ਲੇਖਾ ਮੁਕਿਆ ਚਾਰੇ ਖਾਣੀ, ਚੌਥੇ ਜੁਗ ਪਈ ਦੁਹਾਈਆ । ਕਿਧਰ ਗਈ ਤੁਹਾਡੀ ਮੁਹੱਬਤ ਵਾਲੀ ਮਿਹਰਵਾਨੀ, ਮਿਹਰ ਨਜ਼ਰ ਨਾ ਕੋਇ ਉਠਾਈਆ । ਪ੍ਰਕਾਸ਼ ਹੋਵੇ ਨਾ ਕਿਸੇ ਪੇਸ਼ਾਨੀ, ਮਸਤਕ ਨੂਰ ਨਾ ਕੋਇ ਚਮਕਾਈਆ । ਸਭ ਦੀ ਜੂਹ ਹੋਈ ਬੇਗਾਨੀ, ਘਰ ਸਾਚੇ ਮਿਲਣ ਕੋਇ ਨਾ ਆਈਆ । ਕਿਉਂ ਕੂੜ ਕਿਰਿਆ ਚੜ੍ਹੀ ਤੁਗ਼ਿਆਨੀ, ਦੀਨ ਦੁਨੀ ਰਹੀ ਰੁੜ੍ਹਾਈਆ । ਆਪਣਾ ਆਪਣਾ ਹਲਫ਼ੀਆ ਦਿਓ ਬਿਆਨੀ, ਬਿਨ ਰਸਨਾ ਜਿਹਵਾ ਸ਼ਬਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਵੇਖਣਹਾਰਾ ਜਗਤ ਪਰਧਾਨੀ, ਪਰਧਾਨਗੀ ਕਵਣ ਹੱਕ ਵਖਾਈਆ ।

### ✪ ੨੮ ਅੱਸੂ ਸ਼ਹਿਨਸ਼ਾਹੀ ਸੰਮਤ ੬ ਮਲ ਸਿੰਘ ਦੇ ਘਰ ਪਿੰਡ ਰਜੀਆਣਾ ਜ਼ਿਲਾ ਫ਼ਿਰੋਜ਼ਪੁਰ ✪



ਇਕੱਠੇ ਹੋ ਕੇ ਕਹਿਣ ਅਵਤਾਰ ਤੇਈ, ਤ੍ਰੈਗੁਣ ਤੋਂ ਬਾਹਰ ਜਣਾਈਆ । ਸਾਡੀ ਰਹੀ ਕੋਇ ਨਾ ਦੇਹੀ, ਤਨ ਵਜੂਦ ਨਾ ਕੋਇ ਵਖਾਈਆ । ਕੀ ਸੰਦੇਸ਼ਾ ਦੇਵੇ ਹਰਿ ਸਨੇਹੀ, ਸੱਜਣ ਬੇਪਰਵਾਹੀਆ । ਆਪਣਾ ਆਪਣਾ ਲੇਖਾ ਕਢੋ ਉਤੇ ਵਹੀ, ਖਾਤਾ ਖੋਲ੍ਹੋ ਚਾਈਂ ਚਾਈਆ । ਆਪਣੇ ਪ੍ਰੇਮ ਦੀ ਪਾਵੋ ਸਹੀ, ਸਹੀ ਸਲਾਮਤ ਰਿਹਾ ਦ੍ਰਿੜਾਈਆ । ਕਿਉਂ ਦੀਨ ਦੁਨੀਆ ਪਤ ਗਈ, ਪਤਿਪਰਮੇਸ਼ਵਰ ਮਿਲਣ ਕੋਇ ਨਾ ਪਾਈਆ । ਕਵਣ ਸਮਝੇ ਅਗੰਮੀ ਧਾਰ ਨਈ, ਨਰ ਨਿਰੰਕਾਰਾ ਕੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਸੁਣਾਈਆ । ਪੈਗ਼ੰਬਰ ਕਹਿਣ ਵੇਖੀਏ ਖਾਤਾ, ਖ਼ਾਤਰ ਇਕ ਧਿਆਨ ਲਗਾਈਆ । ਆਪਣੀ ਉਮਤ ਤਕੀਏ ਹਾਤਾ, ਕੁੰਟ ਕੁੰਟ ਵੇਖ ਵਖਾਈਆ । ਸਚ ਰਹੀ ਕੋਇ ਨਾ ਗਾਥਾ, ਕਲਮਾ ਹੱਕ ਨਾ ਕੋਇ ਦ੍ਰਿੜਾਈਆ । ਕਿਉਂ ਅੰਧੇਰਾ ਮਾਰੇ ਚਾਰੇ ਕੁੰਟ ਠਾਠਾ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਕਿਉਂ ਮੰਜ਼ਲ ਮੁਕੀ ਵਾਟਾ, ਸਚ ਪੰਧ ਨਾ ਕੋਇ ਰਖਾਈਆ । ਕਿਸ ਕਾਰਨ ਪਿਆ ਘਾਟਾ, ਸਦੀ ਚੌਧਵੀਂ ਭੇਵ ਚੁਕਾਈਆ । ਕੀ ਲਹਿਣਾ ਦੇਣਾ ਪਰਵਰਦਿਗਾਰ ਪੁਰਖ ਸਮਰਾਥਾ, ਜਲਵਾਗਰ ਹੁਕਮ ਕੀ ਜਣਾਈਆ । ਕਿਉਂ ਮੇਟਣ ਲੱਗਾ ਸਾਡੀਆਂ ਸ਼ਾਖ਼ਾਂ, ਸ਼ਨਾਖ਼ਤ ਆਪਣੀ ਇਕ ਸਮਝਾਈਆ । ਝਟ ਵੇਖ ਕੇ ਕਹਿਣ ਪੇਸ਼ੀਨਗੋਈਆਂ ਪੂਰੇ ਕਰੇ ਭਵਿਖਤ ਵਾਕਾ, ਵਾਕਫ਼ਕਾਰ ਇਕ ਅਖਵਾਈਆ । ਆਪਣੇ ਦਰ ਦਾ ਖੋਲ੍ਹ ਕੇ ਤਾਕਾ, ਪਰਦਾ ਅੰਦਰੋਂ ਰਿਹਾ ਚੁਕਾਈਆ । ਅਸੀਂ ਕੀ ਤਕਣਾ ਖੇਲ ਤਮਾਸ਼ਾ, ਦੀਨ ਦੁਨੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੁਰ ਦਸ ਕਹਿਣ ਕੀ ਦੱਸੀਏ ਕਥਾ ਕਹਾਣੀ, ਕਹਿਣ ਕਿਛ ਨਾ ਪਾਈਆ । ਕਿਉਂ ਅੰਮ੍ਰਿਤ ਰਸ ਰਿਹਾ ਨਾ ਠੰਡਾ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਈਆ । ਕਿਉਂ ਸੁਰਤ ਸ਼ਬਦ

ਮਿਲਿਆ ਮੇਲ ਨਾ ਸਾਚੇ ਹਾਣੀ, ਗ੍ਰਿਹਿ ਮੰਦਰ ਨਾ ਵੱਜੀ ਵਧਾਈਆ । ਕਿਉਂ ਪ੍ਰਭ ਨੂੰ ਭੁੱਲੇ ਜੀਵ ਪ੍ਰਾਣੀ, ਆਤਮ ਪਰਮਾਤਮ ਸੰਗ ਨਾ ਕੋਇ ਰਖਾਈਆ । ਕਿਉਂ ਸੁਰਤੀ ਹੋਈ ਦੀਵਾਨੀ, ਮਸਤ ਅਲਮਸਤ ਰੂਪ ਨਾ ਕੋਇ ਬਣਾਈਆ । ਕਿਉਂ ਲੇਖਾ ਚੁੱਕਿਆ ਖੰਡਾ ਖੜਗ ਸ਼ਕਤ ਭਵਾਨੀ, ਆਪਣਾ ਬਲ ਨਾ ਕੋਇ ਧਰਾਈਆ । ਕਿਉਂ ਨਾ ਸ਼ਰਅ ਜ਼ੰਜੀਰ ਮੁਕੀ ਗ਼ੁਲਾਮੀ, ਬੰਧਨ ਬੰਧ ਨਾ ਕੋਇ ਤੁੜਾਈਆ । ਕਿਉਂ ਨਹੀਂ ਮੰਜ਼ਲ ਚੜ੍ਹੇ ਜਗਤ ਰੂਹਾਨੀ, ਰੂਹ ਬੁਤ ਨਾ ਕੋਇ ਸਫ਼ਾਈਆ । ਕਿਸ ਕਾਰਨ ਹਰ ਹਿਰਦੇ ਆਈ ਖ਼ਾਮੀ, ਪੂਰਨ ਪੂਰ ਨਾ ਕੋਇ ਜਣਾਈਆ । ਬਹੁੜੀ ਕਿਉਂ ਲੇਖਾ ਮੰਗਣ ਲੱਗਾ ਅੰਤਰਜਾਮੀ, ਹਰਿ ਕਰਤਾ ਧੁਰਦਰਗਾਹੀਆ । ਜਿਸ ਮੇਟਣੀ ਅੰਧੇਰੀ ਸ਼ਾਮੀ, ਸ਼ਮਾ ਨੂਰ ਕਰ ਰੁਸ਼ਨਾਈਆ । ਕਿਸ ਬਿਧ ਕਰੇ ਸਾਹਿਬ ਸਚ ਮਿਹਰਵਾਨੀ, ਮਿਹਰਵਾਨ ਮਹਿਬੂਬ ਆਪਣਾ ਰੰਗ ਰੰਗਾਈਆ । ਕੀ ਲੇਖਾ ਲਿਖੀਏ ਕਲਮ ਸ਼ਾਹੀ ਨਾਲ ਕਾਨੀ, ਕਾਇਨਾਤ ਕੀ ਵਡਿਆਈਆ । ਸਾਡਾ ਲਹਿਣਾ ਦੇਣਾ ਬਣ ਗਿਆ ਚਾਰ ਜੁਗ ਦਾ ਝਗੜਾ ਦੀਵਾਨੀ, ਦਿਵਾਲਾ ਸਭ ਦਾ ਵੇਖ ਵਖਾਈਆ । ਅੱਗੇ ਮੰਨਣਾ ਪੈਣਾ ਇਕੋ ਅਗੰਮ ਅਗੰਮੜਾ ਬਾਨੀ, ਜੋ ਬਾਣ ਅਣਿਆਲਾ ਤੀਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਲੱਖ ਚੁਰਾਸੀ ਨਿਰਗੁਣ ਸਰਗੁਣ ਜਾਣ ਜਾਣੀ, ਜਾਨਣਹਾਰ ਆਪਣਾ ਹੁਕਮ ਵਰਤਾਈਆ ।



## ✪ ੨੯ ਅੱਸੂ ਸ਼ਹਿਨਸ਼ਾਹੀ ਸੰਮਤ ੬ ਕੇਹਰ ਸਿੰਘ ਦੇ ਗ੍ਰਿਹਿ ਪਿੰਡ ਰਜੀਆਣਾ ਜ਼ਿਲਾ ਫ਼ਿਰੋਜ਼ਪੁਰ ✪

੭੮੪ ੨੨

ਅਵਤਾਰ ਪੈਗ਼ੰਬਰ ਗੁਰ ਕਹਿਣ ਅਸੀਂ ਰੈਣ ਸਬਾਈ ਰਹੇ ਫਿਰਦੇ, ਨੌਂ ਸੱਤ ਭੱਜੇ ਵਾਹੋ ਦਾਹੀਆ । ਜੀਵਾਂ ਜੰਤਾਂ ਸਾਧਾਂ ਸੰਤਾਂ ਵੇਖਦੇ ਰਹੇ ਹਿਰਦੇ, ਅੰਤਸ਼ਕਰਨ ਧਿਆਨ ਲਗਾਈਆ । ਖ਼ਿਆਲ ਕਰਦੇ ਰਹੇ ਪਿਛਲੇ ਚਿਰ ਦੇ, ਚਿਰੀ ਵਿਛੁੰਨੇ ਵੇਖ ਵਖਾਈਆ । ਸਾਨੂੰ ਪਿਆਰੇ ਲੱਭੇ ਨਾ ਆਪਣੇ ਪ੍ਰੀਤਮ ਪਿਰ ਦੇ, ਪ੍ਰੇਮ ਵਿਚ ਨਾ ਕੋਇ ਸਮਾਈਆ । ਫਿਰ ਸਾਡੇ ਹੰਝੂ ਰਹੇ ਕਿਰਦੇ, ਆਂਸੂ ਦਿਤੇ ਟਪਕਾਈਆ । ਕਿਉਂ ਇਹ ਉਲਟੇ ਗੇੜੇ ਗਿੜਦੇ, ਕਵਣ ਲੱਠ ਭਵਾਈਆ । ਕਿਤੇ ਨਜ਼ਰ ਨਾ ਆਏ ਸਾਡੇ ਭੰਡਾਰੇ ਮਿਹਰ ਦੇ, ਮਿਹਰਵਾਨ ਕਲਾ ਕੀ ਵਰਤਾਈਆ । ਨਾਤੇ ਰਹੇ ਨਾ ਗੁਰੂ ਗੁਰ ਚੇਰ ਦੇ, ਚੇਲੇ ਗੁਰ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅਸੀਂ ਰੈਣ ਸਬਾਈ ਨੱਠੇ, ਨਿਰਗੁਣ ਨਿਰਗੁਣ ਵਾਹੋ ਦਾਹੀਆ । ਦੇਖੇ ਖੇਲ ਮੰਦਰ ਮਸਜਿਦ ਸ਼ਿਵਦਵਾਲੇ ਮੱਠੇ, ਗੁਰੂਦਵਾਰ ਧਿਆਨ ਲਗਾਈਆ । ਪੰਧ ਮਾਰਿਆ ਉਪਰ ਅੱਠ ਸੱਠੇ, ਕਾਅਬਿਆਂ ਤੱਕਿਆ ਚਾਈਂ ਚਾਈਆ । ਮਾਨਵ ਵੇਖੇ ਨੌਂ ਖੰਡ ਪ੍ਰਿਥਮੀ ਦੀਪ ਸੱਤੇ, ਸਤਿ ਸਤਿਵਾਦੀ ਤੇਰੀ ਦਇਆ ਆਪਣਾ ਪੰਧ ਮੁਕਾਈਆ । ਤੇਰੇ ਨਾਮ ਪਿਆਰ ਵਿਚ ਦਿਸਣ ਮੂਲ ਨਾ ਰੱਤੇ, ਰਤਨ ਅਮੋਲਕ ਨਜ਼ਰ ਕੋਇ ਨਾ ਆਈਆ । ਸਚ ਪ੍ਰੀਤੀ ਪ੍ਰੇਮ ਵਾਲੀ ਕੋਇ ਨਾ ਦੱਸੇ, ਦਹਿ ਦਿਸ਼ਾ ਹੋਈ ਹਲਕਾਈਆ । ਅਸੀਂ ਤੇਰੇ ਗੋਸ਼ੇ ਬਹਿ ਕੇ ਹੱਸੇ, ਹੱਸ ਕੇ ਤਾਲੀ ਦਿਤੀ ਲਗਾਈਆ । ਇਕ ਦੂਜੇ ਨੂੰ ਕਿਹਾ ਓਹ ਵੇਖੋ ਸਾਡੇ ਹੁੰਦਿਆਂ ਹੋਈ ਅੰਧੇਰੀ ਮੱਸੇ, ਨੂਰੀ ਚੰਦ ਨਾ ਕੋਇ ਚਮਕਾਈਆ । ਫੇਰ ਝਟ ਅਸਾਂ ਦੀਨ ਮਜ਼੍ਹਬ ਦੇ ਕਢੇ ਪਟੇ, ਜੋ ਹੁਕਮਨਾਮੇ ਦਿਤੇ ਹੱਥ ਫੜਾਈਆ । ਫਿਰ ਬਿਨ ਅੱਖਰਾਂ ਤੋਂ ਨਿਰਅੱਖਰ

ਧਾਰ ਵਿਚ ਰੱਟੇ, ਸ਼ਬਦੀ ਸ਼ਬਦ ਕਰੀ ਸ਼ਨਵਾਈਆ । ਜਿਸ ਦੇ ਅੰਤ ਅਖ਼ੀਰ ਤੂੰ ਆਪਣੇ ਸੰਦੇਸ਼ੇ ਦੱਸੇ, ਹੁਕਮੀ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅਸੀਂ ਪੜ੍ਹਿਆ ਤੇਰਾ ਹੁਕਮਨਾਮਾ, ਨਰ ਨਰਾਇਣ ਤੇਰੀ ਸਰਨਾਈਆ । ਜਿਸ ਦਾ ਲੇਖ ਅਗੰਮੀ ਕਲਾਮਾ, ਕਲਮਾ ਕਾਇਨਾਤ ਨਾ ਕੋਇ ਸਮਝਾਈਆ । ਜਿਸ ਦਾ ਸੰਦੇਸ਼ ਧੁਰ ਪੈਗ਼ਾਮਾ, ਪੈਗ਼ੰਬਰਾਂ ਤੋਂ ਬਾਹਰ ਤੇਰੀ ਪੜ੍ਹਾਈਆ । ਫੇਰ ਅਸਾਂ ਝੁਕ ਝੁਕ ਕੀਤਾ ਸਲਾਮਾ, ਨਿਉਂ ਨਿਉਂ ਸੀਸ ਨਿਵਾਈਆ । ਚਰਨ ਕਵਲ ਕਰ ਪਰਨਾਮਾ, ਮਸਤਕ ਧੂੜੀ ਖ਼ਾਕ ਰਮਾਈਆ । ਫੇਰ ਬੇਨੰਤੀ ਕੀਤੀ ਸ੍ਰੀ ਭਗਵਾਨਾ, ਭਗਵਨ ਆਪਣੀ ਦਇਆ ਕਮਾਈਆ । ਤੇਰਾ ਸ਼ਬਦ ਸੰਦੇਸ਼ਾ ਸੁਣਿਆ ਉਠੇ ਹੋ ਕੇ ਨੌਜਵਾਨਾ, ਨਵ ਜੋਬਨ ਆਪ ਬਣਾਈਆ । ਜਿਸ ਵਿਚ ਕਿਹਾ ਆਹ ਵੇਖੋ ਕਲਜੁਗ ਰੈਣ ਅੰਧੇਰੀ ਸ਼ਾਮਾ, ਸ਼ਮਾਂ ਨੂਰ ਨਾ ਕੋਇ ਚਮਕਾਈਆ । ਫੜ ਹਲੂਣਿਆ ਰਾਮ ਨੇ ਰਾਮਾ, ਕ੍ਰਿਸ਼ਨ ਕ੍ਰਿਸ਼ਨ ਨਾਲ ਰਲਾਈਆ । ਪੈਗ਼ੰਬਰਾਂ ਫੜ ਕੇ ਦਾਮਨ ਦਾਮਾ, ਚਾਰੋਂ ਕੁੰਟ ਦਿਤਾ ਭਵਾਈਆ । ਗੁਰੂਆਂ ਦੱਸ ਕੇ ਖੇਲ ਤਮਾਮਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਸਭ ਨੇ ਤੱਕਿਆ ਪ੍ਰਭ ਦਾ ਲੇਖ ਕਲਜੁਗ ਅੰਤਮ ਜੋਤੀ ਧਾਰ ਪਹਿਨਣਾ ਜਾਮਾ, ਅੰਤਰਜਾਮੀ ਵੇਸ ਵਟਾਈਆ । ਕਿਸੇ ਦਾ ਰਹਿਣ ਦੇਣਾ ਨਹੀਂ ਮਾਣਾ, ਅਭਿਮਾਨ ਨਜ਼ਰ ਕੋਇ ਨਾ ਆਈਆ । ਸਭ ਨੇ ਇਕੋ ਗਾਣਾ ਗਾਣਾ, ਇਕੋ ਨਾਮ ਧਿਆਈਆ । ਇਕੋ ਇਸ਼ਟ ਮਨਾਣਾ, ਦੂਜਾ ਨਜ਼ਰ ਨਾ ਕੋਇ ਟਿਕਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅਸੀਂ ਹੋ ਗਏ ਹੈਰਾਨਾ, ਹੈਰਾਨੀ ਸਾਡੇ ਅੰਦਰ ਆਈਆ । ਕਿਉਂ ਫਿਰਦੇ ਜੰਗਲ ਜੂਹ ਉਜਾੜ ਪਹਾੜ ਬੀਆਬਾਨਾ, ਸਮੁੰਦ ਸਾਗਰ ਟਿੱਲੇ ਪਰਬਤ ਭੱਜੀਏ ਵਾਹੋ ਦਾਹੀਆ । ਜਿਸ ਨੇ ਖੇਲ ਕਰਨਾ ਸੋ ਖ਼ਾਲਕ ਖ਼ਲਕ ਵਾਲੀ ਦੋ ਜਹਾਨਾਂ, ਨਿਰਗੁਣ ਨਿਰਵੈਰ ਨਿਰੰਕਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦੀ ਧਾਰ ਇਕ ਜਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਫਿਰਿਆ ਚਾਰ ਚੁਫੇਰਾ, ਚੌਗਿਰਦ ਧਿਆਨ ਲਗਾਈਆ । ਝਗੜਾ ਚੁੱਕਿਆ ਨਾ ਮੇਰਾ ਤੇਰਾ, ਤੇਰਾ ਮੇਰਾ ਸਮਝ ਨਾ ਕੋਇ ਸਮਝਾਈਆ । ਸਾਡੇ ਨਾਮ ਕਲਮੇ ਦਾ ਪਿਆ ਝੇੜਾ, ਝਗੜਾ ਮਜ਼੍ਹਬ ਵਾਲਾ ਦਰਸਾਈਆ । ਕਾਇਆ ਵਸਿਆ ਨਾ ਕਿਸੇ ਖੇੜਾ, ਕਲਜੁਗ ਸੰਤ ਫ਼ਕੀਰ ਰਹੇ ਕੁਰਲਾਈਆ । ਭਰਿਆ ਪੂਰ ਨਾ ਕੋਈ ਬੇੜਾ, ਨਈਆ ਨੌਕਾ ਨਾਮ ਨਾ ਕੋਇ ਵਡਿਆਈਆ । ਜਿਧਰ ਤੱਕਿਆ ਉਲਟਾ ਗੇੜਾ, ਪ੍ਰਭ ਉਲਟੀ ਲੱਠ ਸਰਬ ਭਵਾਈਆ । ਬਿਨਾ ਅੱਖਾਂ ਤੋਂ ਹੋਇਆ ਅੰਧੇਰਾ, ਨੇਤਰ ਲੋਚਨ ਨੈਣ ਨਾ ਕੋਇ ਖੁਲ੍ਹਾਈਆ । ਅਸੀਂ ਢਹਿ ਕੇ ਹੋਏ ਢੇਰਾ, ਮਾਣ ਰਿਹਾ ਨਾ ਕੋਇ ਚਤੁਰਾਈਆ । ਸਭ ਬੇਨੰਤੀ ਕਰਦੇ ਕਿਰਪਾ ਕਰ ਦੇ ਇਕ ਵੇਰਾ, ਵੈਰੀ ਮੀਤ ਵੇਖ ਵਖਾਈਆ । ਤੂੰ ਸ਼ਬਦ ਸਵਾਮੀ ਸ਼ਬਦ ਗੁਰਦੇਵ ਪਰਗਟ ਹੋ ਕੇ ਸਿੰਘ ਸ਼ੇਰਾ, ਸ਼ਹਿਨਸ਼ਾਹ ਆਪਣੀ ਕਾਰ ਭੁਗਤਾਈਆ । ਸਦੀ ਚੌਧਵੀਂ ਲਾਈਂ ਮੂਲ ਨਾ ਦੇਰਾ, ਦੂਰ ਦੁਰਾਡੇ ਆਪਣਾ ਪੰਧ ਮੁਕਾਈਆ । ਤੁਧ ਬਿਨ ਲੇਖ ਮੁਕਾਏ ਕਿਹੜਾ, ਸਗਲਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਆਪਣੀਆਂ ਕਰ ਮਿਹਰਾਂ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ ।

✪ ੨੯ ਅੱਸੂ ਸ਼ਹਿਨਸ਼ਾਹੀ ਸੰਮਤ ੬ ਇੰਦਰ ਸਿੰਘ ਦੇ ਗ੍ਰਿਹ ਪਿੰਡ ਕਾਦਰ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਹੁਕਮ ਮੰਨਿਆ ਪ੍ਰੀਤਮ ਚੋਜੀ, ਸਚਖੰਡ ਦਵਾਰੇ ਦਰਗਾਹ ਸਾਚੀ ਆਪਣਾ ਸੀਸ ਜਗਦੀਸ ਝੁਕਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਤਕੇ ਦੋ ਜਹਾਨ ਰੋਗੀ, ਅੰਤਰ ਅੰਤਰੀਵ ਧਿਆਨ ਲਗਾਈਆ । ਦੀਨ ਮਜ਼੍ਹਬ ਜ਼ਾਤ ਪਾਤ ਵਰਨ ਬਰਨ ਵੇਖੇ ਜੰਞੂ ਬੋਦੀ, ਮਸਤਕ ਤਿਲਕ ਲਲਾਟੀ ਫੋਲ ਫੁਲਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਤਕੇ ਵੇਦੀ ਸੋਢੀ, ਘਟ ਘਟ ਅੰਤਰ ਆਪਣਾ ਧਿਆਨ ਲਗਾਈਆ । ਰਿਸ਼ੀ ਮੁਨੀ ਜੁਗੀਸ਼ਰ ਤਪੀਸ਼ਰ ਤਕੇ ਵਾਸ਼ਨਾ ਵਾਲੇ ਜੋਗੀ, ਜੁਗਤੀ ਜਗਤ ਖੋਜੀ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਚ ਤੇਰੀ ਸਰਨਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਵੇਖੀ ਦੀਨ ਦੁਨੀ ਦੀ ਧਾਰ, ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਇਕੱਠੇ ਹੋਵੇ ਤੇਈ ਅਵਤਾਰ, ਹਜ਼ਰਤ ਮੂਸਾ ਈਸਾ ਮੁਹੰਮਦ ਸੰਗ ਬਣਾਈਆ । ਦਸ ਗੁਰ ਜੋਤ ਕਰ ਅਕਾਰ, ਨਿਰਾਕਾਰ ਰੰਗ ਰੰਗਾਈਆ । ਨੌ ਖੰਡ ਪ੍ਰਿਥਮੀ ਤੱਕਿਆ ਆਰ ਪਾਰ, ਸਮੁੰਦ ਸਾਗਰ ਫੋਲ ਫੁਲਾਈਆ । ਮਾਨਵ ਮਾਨਸ ਮਨੁਖ ਤਕੇ ਕਾਇਆ ਮੰਦਰ ਮੁਨਾਰ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਚਾਰੋਂ ਕੁੰਟ ਦਿਸਿਆ ਧੂੰਆਂਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਕੂੜ ਕੁੜਿਆਰਾ ਕਰੇ ਖ਼ੁਆਰ, ਸਤਿ ਸਚ ਨਾ ਕੋਇ ਸਮਾਈਆ । ਝਗੜਾ ਦਿਸੇ ਜਗਤ ਸੰਸਾਰ, ਦੀਨ ਦੁਨੀ ਰੋਵੇ ਮਾਰੇ ਧਾਈਂਆ । ਸਾਚਾ ਮੰਤਰ ਸਕੇ ਨਾ ਕੋਇ ਉਚਾਰ, ਰਸਨਾ ਜਿਹਵਾ ਬੱਤੀ ਦੰਦ ਹਲਕਾਈਆ । ਖ਼ਾਦਮ ਬਣੇ ਨਾ ਕੋਇ ਖ਼ਿਦਮਤਗਾਰ, ਖ਼ੁਦੀ ਤਕੱਬਰ ਨਾ ਕੋਇ ਮਿਟਾਈਆ । ਜਿਧਰ ਤਕੀਏ ਆਈ ਹਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਦੀਨ ਮਜ਼੍ਹਬ ਕਰੇ ਤਕਰਾਰ, ਝਗੜਾ ਜ਼ਾਤ ਪਾਤ ਸਮਝਾਈਆ । ਸਾਚਾ ਵਸੇ ਨਾ ਕੋਇ ਘਰ ਬਾਹਰ, ਸਾਢੇ ਤਿੰਨ ਹੱਥ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸੁਲਤਾਨ ਮਰਦ ਮਰਦਾਨ ਤੇਰੀ ਓਟ ਤਕਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਵੇਖੇ ਆਪਣੇ ਸਿੱਖ ਮੁਰੀਦ, ਮੁਰਸ਼ਦ ਹੋ ਕੇ ਧਿਆਨ ਲਗਾਈਆ । ਆਲਸ ਨਿੰਦਰਾ ਖੁਲ੍ਹੀ ਕਿਸੇ ਨਾ ਨੀਂਦ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਹਕੀਕੀ ਪੜ੍ਹੇ ਕੋਇ ਨਾ ਈਦ, ਸੱਯਦਾ ਸੀਸ ਨਾ ਕੋਇ ਝੁਕਾਈਆ । ਜੋ ਨਾਮ ਕਲਮਾ ਕਰ ਕੇ ਆਏ ਤਾਕੀਦ, ਤਸਬੀਆਂ ਵਾਲੇ ਗਏ ਭੁਲਾਈਆ । ਸਪਾਰਾ ਹੱਕ ਨਾ ਕੁਰਾਨ ਮਜੀਦ, ਸ਼ਰਅ ਸ਼ਰਅ ਨਾਲ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੀਨ ਦੁਨੀ ਦੇ ਅੰਦਰ ਮਾਰੀ ਝਾਕੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਅੰਧੇਰਾ ਤੱਕਿਆ ਬੰਦਾ ਖ਼ਾਕੀ, ਖ਼ਾਲਕ ਰੰਗ ਨਾ ਕੋਇ ਰੰਗਾਈਆ । ਮਨੂਆ ਸਭ ਦਾ ਹੋਇਆ ਆਕੀ, ਨਾਮ ਭੈ ਨਾ ਕੋਇ ਜਣਾਈਆ । ਦਵਾਰ ਮਿਲੇ ਨਾ ਕੋਇ ਸਾਚੀ ਹਾਟੀ, ਵਸਤ ਅਗੰਮ ਨਾ ਕੋਇ ਵਰਤਾਈਆ । ਉਠ ਵੇਖ ਪੁਰਖ ਸਮਰਾਥੀ, ਸ਼ਹਿਨਸ਼ਾਹ ਦਰ ਤੇਰੇ ਸੀਸ ਨਿਵਾਈਆ । ਧੂੰਆਂਧਾਰ ਤਕ ਅੰਧੇਰੀ ਰਾਤੀ, ਨੂਰੀ ਚੰਦ ਨਾ ਕੋਇ ਚਮਕਾਈਆ । ਸਾਡਾ ਝਗੜਾ ਪਿਆ ਦੀਨ ਮਜ਼੍ਹਬ ਜ਼ਾਤੀ, ਕਲਮਾ ਨਾਮ ਨਾਲ ਲੜਾਈਆ । ਲੇਖਾ ਮੁਕਾ ਦੇ ਕਾਗ਼ਜ਼ਾਤੀ, ਕਦੀਮ ਦੇ ਮਾਲਕ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ ।

ਗੁਰ ਅਵਤਾਰ ਪੈਗ਼ੰਬਰ ਕਹਿਣ ਦੀਨ ਦੁਨੀ ਤਕੀ ਤੱਕਿਆ ਜਗਤ ਜਹਾਨ, ਜਹਾਲਤ ਭਰੀ ਲੋਕਾਈਆ । ਧਰਮ ਦਾ ਰਿਹਾ ਨਾ ਕੋਇ ਨਿਸ਼ਾਨ, ਨਿਸ਼ਾਨਾ ਕੂੜ ਗਿਆ ਬਦਲਾਈਆ । ਮਾਣ ਰਿਹਾ ਕਿਸੇ ਨਾ ਰਾਮ, ਕਾਹਨ ਬੰਸਰੀ ਨਾ ਕੋਇ ਸੁਣਾਈਆ । ਪੈਗ਼ੰਬਰ ਦਿਸੇ ਨਾ ਕੋਇ ਅਮਾਮ, ਰਸੂਲ ਰੰਗ ਨਾ ਕੋਇ ਰੰਗਾਈਆ । ਦਸ ਗੁਰੂ ਕਰੇ ਨਾ ਕੋਇ ਪਹਿਚਾਨ, ਬੇਪਹਿਚਾਨ ਹੋਈ ਲੋਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਰਸਨਾ ਜਿਹਵਾ ਗਾਣ, ਹਿਰਦੇ ਹਰਿ ਨਾ ਕੋਇ ਵਸਾਈਆ । ਅਸੀਂ ਵੇਖ ਹੋਏ ਹੈਰਾਨ, ਹੈਰਤ ਵਿਚ ਸਾਡੀ ਦੁਹਾਈਆ । ਕਿਰਪਾ ਕਰ ਸ੍ਰੀ ਭਗਵਾਨ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਲਹਿਣਾ ਦੇਣਾ ਪੂਰਾ ਕਰ ਕਰਨੀ ਦੇ ਕਰਤੇ ਵਿਚ ਜਹਾਨ, ਜੋ ਭਵਿਖਤਾਂ ਵਿਚ ਤੇਰੇ ਅੱਗੇ ਮੰਗ ਮੰਗਾਈਆ । ਸਭ ਦੀ ਪੇਸ਼ੀਨਗੋਈ ਕਰ ਪਰਵਾਨ, ਪਰਵਾਨੇ ਤੇਰੇ ਅੱਗੇ ਟਿਕਾਈਆ । ਸਾਡੀ ਨਮਸਤੇ ਡੰਡਾਵਤ ਬੰਦਨਾ ਸੱਯਦੇ ਵਿਚ ਸਲਾਮ, ਸੀਸ ਜਗਦੀਸ ਜਗਤ ਦੇ ਮਾਲਕ ਇਕ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਨਿਰਗੁਣ ਸਰਗੁਣ ਤੁਧ ਬਿਨ ਦੂਜਾ ਅਵਰ ਨਾ ਕੋਇ ਮਿਹਰਵਾਨ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਆਪਣੀ ਦਇਆ ਕਮਾਈਆ ।

## ੨੯ ਅੱਸੂ ਸ਼ਹਿਨਸ਼ਾਹੀ ਸੰਮਤ ੬ ਸੋਹਣ ਸਿੰਘ ਦੇ ਘਰ ਪਿੰਡ ਮੁੰਡੀ ਜੁਮਾਲ ਜ਼ਿਲਾ ਫ਼ਿਰੋਜ਼ਪੁਰ

ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਦਈਏ ਕੀ ਹਿਸਾਬ, ਲੇਖਾ ਅੰਕੜੇ ਗਣਤ ਨਾ ਕੋਇ ਗਣਾਈਆ । ਸਾਡਾ ਤੇਰੇ ਚਰਨਾਂ ਇਕ ਅਦਾਬ, ਸਚਖੰਡ ਨਿਵਾਸੀ ਨਿਉਂ ਨਿਉਂ ਸੀਸ ਝੁਕਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਮਹਾਰਾਜ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਏਥੇ ਓਥੇ ਦੋ ਜਹਾਨਾਂ ਤੇਰਾ ਰਾਜ, ਸਚਖੰਡ ਨਿਵਾਸੀ ਤੇਰੇ ਹੱਥ ਵਡਿਆਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਰਚਣਹਾਰਾ ਕਾਜ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਕਲ ਵਰਤਾਈਆ । ਕਲਜੁਗ ਅੰਤਮ ਵੇਖ ਆਪਣਾ ਸਮਾਜ, ਦੀਨ ਦੁਨੀ ਫੋਲ ਫੁਲਾਈਆ । ਲੱਖ ਚੁਰਾਸੀ ਅੰਤਰ ਨਿਰੰਤਰ ਸੁਣ ਆਵਾਜ਼, ਸਰੋਤੇ ਹੋ ਕੇ ਧੁਰਦਰਗਾਹੀਆ । ਧਰਨੀ ਧਰਤ ਧਵਲ ਧੌਲ ਕਵਣ ਤੇਰਾ ਮੁਹਤਾਜ, ਮੁਹੱਬਤ ਵਿਚ ਧਿਆਨ ਲਗਾਈਆ । ਕਵਣ ਸੋਇਆ ਕਵਣ ਗਿਆ ਜਾਗ, ਆਲਸ ਨਿੰਦਰਾ ਕਵਣ ਰਖਾਈਆ । ਕਵਣ ਦਵਾਰੇ ਲੱਗਾ ਭਾਗ, ਕਵਣ ਮੰਦਰ ਸੋਭਾ ਪਾਈਆ । ਤੇਰਾ ਖੇਲ ਪ੍ਰਭੂ ਜੁਗਾਦਿ ਆਦਿ, ਜੁਗ ਜੁਗ ਖੇਲ ਖਿਲਾਈਆ । ਸਦੀ ਚੌਧਵੀਂ ਧਰਮ ਦਾ ਰਿਹਾ ਕੋਇ ਨਾ ਸਾਧ, ਸਾਧਨਾ ਸਚ ਨਾ ਕੋਇ ਕਮਾਈਆ । ਭੇਵ ਅਭੇਦੇ ਅਛਲ ਅਛੇਦੇ ਆਪਣਾ ਦੱਸ ਬੋਧ ਅਗਾਧ, ਬੁੱਧੀ ਤੋਂ ਪਰੇ ਤੇਰੀ ਪੜ੍ਹਾਈਆ । ਜਿਸ ਨਾਲ ਤ੍ਰਿਸ਼ਨਾ ਬੁਝੇ ਆਗ, ਅਗਨੀ ਤਤ ਨਾ ਕੋਇ ਤਪਾਈਆ । ਹਰ ਹਿਰਦੇ ਉਪਜੇ ਤੇਰਾ ਵੈਰਾਗ, ਵੈਰੀ ਕਾਮ ਕਰੋਧ ਲੋਭ ਮੋਹ ਹੰਕਾਰ ਬਾਹਰ ਕਢਾਈਆ । ਮਾਇਆ ਮਮਤਾ ਕੂੜੀ ਤ੍ਰਿਸ਼ਨਾ ਹੋਵੇ ਤਿਆਗ, ਤ੍ਰੈਗੁਣ ਅਤੀਤੇ ਪੜਦਾ ਦੇਣਾ ਚੁਕਾਈਆ । ਸੋਈ ਸੁਰਤੀ ਅਕਾਲ ਮੂਰਤ ਸਭ ਦੀ ਜਾਏ ਜਾਗ, ਜੋਤੀ ਜਾਤੇ ਕਰ ਰੁਸ਼ਨਾਈਆ । ਦੁਰਮਤ ਮੈਲ ਰਹੇ ਨਾ ਦਾਗ਼, ਪਤਤ ਪੁਨੀਤ ਦੇਣੇ ਕਰਾਈਆ । ਝਗੜਾ ਮੁਕਾ ਕੇ ਡੰਡਾਵਤ ਬੰਦਨਾ ਰੋਜ਼ਾ ਨਮਾਜ਼, ਸ਼ਰਅ ਸ਼ਰਅ ਵਿਚੋਂ ਬਦਲਾਈਆ ।

ਸਚ ਸਵਾਮੀ ਆਪਣਾ ਆਪੇ ਕਰ ਲੈ ਕਾਜ, ਕਰਨੀ ਦੇ ਕਰਤੇ ਕੁਦਰਤ ਦੇ ਮਾਲਕ ਆਪਣੀ ਦਇਆ ਕਮਾਈਆ । ਸਾਹਿਬ ਸੁਲਤਾਨੇ ਨੌਜਵਾਨੇ ਜੋਤੀ ਧਾਰ ਬਣ ਅਹਿਬਾਬ, ਮਿੱਤਰ ਪਿਆਰਾ ਇਕ ਅਖਵਾਈਆ । ਹਰ ਹਿਰਦੇ ਵਜਾ ਆਪ ਰਬਾਬ, ਸਤਾਰ ਸਤਾ ਵਾਲੀ ਸਮਝਾਈਆ । ਕਲਜੁਗ ਜੀਵ ਹੰਸ ਬਣਾ ਕਾਗ, ਕਾਗੋਂ ਹੰਸ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਕਿਰਪਾ ਕਰਦੇ ਹਰਿ ਹਰਿ ਨਿਰੰਕਾਰ, ਹਰੀ ਹਰਿ ਤੇਰੀ ਸਰਨਾਈਆ । ਭਰਮੇ ਭੁੱਲਾ ਰਹੇ ਨਾ ਕੋਇ ਸੰਸਾਰ, ਸਹਿਸਾ ਹਉਮੇ ਰੋਗ ਦੇ ਚੁਕਾਈਆ । ਨਿਜ ਨੇਤਰ ਲੋਚਨ ਬਖ਼ਸ਼ ਦੀਦਾਰ, ਦੀਦ ਈਦ ਕਰ ਰੁਸ਼ਨਾਈਆ । ਤੇਰਾ ਖੇਲ ਅਪਰ ਅਪਾਰ, ਅਪਰੰਪਰ ਸਵਾਮੀ ਸਮਝ ਕਿਸੇ ਨਾ ਆਈਆ । ਸਦੀ ਚੌਧਵੀਂ ਸਾਰੇ ਗਏ ਹਾਰ, ਬਾਹੂ ਬਲ ਨਾ ਕੋਇ ਵਖਾਈਆ । ਕਲ ਕਲਕੀ ਤੇਰਾ ਹੋਵੇ ਇਕ ਅਵਤਾਰ, ਨਿਹਕਲੰਕ ਡੰਕ ਸ਼ਬਦ ਦੇਣਾ ਵਜਾਈਆ । ਧੁਰ ਦੇ ਅਮਾਮ ਪਾਉਣੀ ਸਾਰ, ਨਬੀ ਰਸੂਲ ਰਹੇ ਕੁਰਲਾਈਆ । ਲਹਿਣਾ ਦੇਣਾ ਪੂਰਾ ਕਰਨਾ ਇਕਰਾਰ, ਪੇਸ਼ੀਨਗੋਈ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ, ਕਰਨੀ ਕਰਤੇ ਕਰਨੇਹਾਰ ਇਕ ਅਖਵਾਈਆ ।



## ✪ ੩੦ ਅੱਸੂ ਸ਼ਹਿਨਸ਼ਾਹੀ ਸੰਮਤ ੬ ਬਗੀਚਾ ਸਿੰਘ ਦੇ ਗ੍ਰਿਹ ਪਿੰਡ ਮੁੰਡੀ ਜੁਮਾਲ ਜ਼ਿਲਾ ਫ਼ਿਰੋਜ਼ਪੁਰ ✪

ਅਵਤਾਰ ਪੈਗ਼ੰਬਰ ਕਹਿਣ ਸਾਡਾ ਪੈਂਡਾ ਮੁਕਾ, ਮੁਕੰਮਲ ਹੁਕਮ ਬੇਪਰਵਾਹੀਆ । ਸਦੀ ਚੌਧਵੀਂ ਸਭ ਨੂੰ ਲੱਗਾ ਦੁੱਖਾ, ਦਰਦ ਦਰਦ ਨਾਲ ਕੁਰਲਾਈਆ । ਪਵਿੱਤਰ ਹੋਇਆ ਕਿਸੇ ਨਾ ਮੁਖਾ, ਉਜਲ ਰੂਪ ਨਾ ਕੋਇ ਦਰਸਾਈਆ । ਜਗਤ ਜਹਾਨ ਹੋ ਗਿਆ ਭੁੱਖਾ, ਤ੍ਰਿਸ਼ਨਾ ਤ੍ਰਿਪਤ ਨਾ ਕੋਇ ਕਰਾਈਆ । ਉਲਟਾ ਮਾਤ ਗਰਭ ਦਾ ਰੁੱਖਾ, ਚੁਰਾਸੀ ਫੰਦ ਨਾ ਕੋਇ ਕਟਾਈਆ । ਸਭ ਦਾ ਭਾਗ ਦਿਸੇ ਨਿਖੁੱਟਾ, ਵਸਤ ਧੁਰ ਨਾ ਕੋਇ ਵਰਤਾਈਆ । ਆਤਮ ਪਰਮਾਤਮ ਨਾਤਾ ਸਭ ਦਾ ਤੁਟਾ, ਰੂਹ ਬੁਤ ਰੰਗ ਨਾ ਕੋਇ ਰੰਗਾਈਆ । ਪ੍ਰੇਮ ਹਕੀਕੀ ਵਾਲਾ ਛੁੱਟਾ, ਹਕੀਕਤ ਨਜ਼ਰ ਕੋਇ ਨਾ ਆਈਆ । ਫਿਰੀ ਦਰੋਹੀ ਚਾਰੇ ਗੁੱਠਾ, ਦਹਿ ਦਿਸ਼ਾ ਜਗਤ ਹਲਕਾਈਆ । ਮਾਨਵ ਮਾਨਸ ਮਾਨੁਖ ਫਿਰੇ ਰੁੱਠਾ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਕਰਾਈਆ । ਅੰਮ੍ਰਿਤ ਜਾਮ ਪੀਏ ਕੋਇ ਨਾ ਘੁਟਾ, ਰਸ ਨਿਝਰ ਨਾ ਕੋਇ ਝਿਰਾਈਆ । ਪੁਰਖ ਅਕਾਲਾ ਦੀਨ ਦਿਆਲਾ ਅੰਤਮ ਤੁੱਠਾ, ਮਿਹਰ ਨਜ਼ਰ ਇਕ ਉਠਾਈਆ । ਅੰਤ ਅਖ਼ੀਰ ਲਹਿਣਾ ਦੇਣਾ ਛੁੱਟਾ ਨਾੜੀ ਹੁੱਕਾ, ਹੁਕਮ ਧੁਰ ਦਾ ਇਕ ਸੁਣਾਈਆ । ਨੇਚੇ ਵਿਚ ਰਹੇ ਨਾ ਤੁੱਕਾ, ਤੁਖ਼ਮ ਤਾਸੀਰ ਦੇਣੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਆਪਣਾ ਹੱਥ ਟਿਕਾਈਆ । ਅਵਤਾਰ ਪੈਗ਼ੰਬਰ ਕਹਿਣ ਸਾਡਾ ਵਕਤ ਰਹੇ ਨਾ ਮੂਲ, ਸਤਿ ਸਚ ਦ੍ਰਿੜਾਈਆ । ਖੇਲ ਖੇਲੇ ਹਰਿ ਕੰਤ ਕੰਤੂਹਲ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਹੁਕਮ ਸਾਰੇ ਗਏ ਭੂਲ, ਭੁੱਲ ਵਿਚ ਲੋਕਾਈਆ । ਸਾਡਾ ਕਾਇਮ ਨਾ ਰਿਹਾ ਅਸੂਲ, ਅਸਲ ਵਸਲ

੭੮੮
੨੨

ਨਾ ਕੋਇ ਕਰਾਈਆ । ਕੂੜੀ ਕਿਰਿਆ ਦੁਨੀ ਹੋਈ ਮਸ਼ਗ਼ੂਲ, ਮਸ਼ਵਰਾ ਮਾਇਆ ਮਮਤਾ ਮੋਹ ਰਖਾਈਆ । ਪ੍ਰਭ ਚਰਨ ਲਾਏ ਕੋਇ ਨਾ ਧੂਲ, ਟਿੱਕੇ ਖ਼ਾਕ ਨਾ ਕੋਇ ਰਮਾਈਆ । ਕਲਮਾ ਸੁਣੇ ਨਾ ਕੋਇ ਮਾਕੂਲ, ਭੇਵ ਅਭੇਦਾ ਨਾ ਕੋਇ ਖੁਲ੍ਹਾਈਆ । ਸਾਚਾ ਨਾਮ ਹੋਏ ਨਾ ਕਿਸੇ ਵਸੂਲ, ਵਸਤ ਹੱਥ ਨਾ ਕੋਇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਹੁਕਮ ਇਕ ਵਰਤਾਈਆ । ਅਵਤਾਰ ਪੈਗ਼ੰਬਰ ਕਹਿਣ ਸਾਡਾ ਰਹੇ ਨਾ ਅੱਗਾ ਪਿਛਾ, ਪ੍ਰਭ ਜੋਤੀ ਜੋਤ ਸਮਾਈਆ । ਅੰਤਮ ਪੂਰੀ ਹੋਈ ਇੱਛਾ, ਨਿਰਇੱਛਤ ਦਏ ਵਡਿਆਈਆ । ਜੋ ਭਵਿਖਤਾਂ ਲੇਖ ਲਿਖਾ, ਸੋ ਪੂਰ ਰਹੇ ਕਰਾਈਆ । ਖੇਲ ਖਿਲਾ ਕੇ ਦਹਿ ਦਿਸ਼ਾ, ਨਵ ਦਰ ਦਾ ਡੇਰਾ ਢਾਹੀਆ । ਸਾਡਾ ਦੀਨ ਮਜ਼੍ਹਬ ਦਾ ਰਹੇ ਕੋਇ ਨਾ ਹਿੱਸਾ, ਅੱਗੇ ਵੰਡ ਨਾ ਕੋਇ ਵੰਡਾਈਆ । ਦੀਨ ਦੁਨੀ ਦਾ ਨਾਤਾ ਦਿਸਦਾ ਮਿਥਾ, ਮਥਣ ਕਰੇ ਧੁਰਦਰਗਾਹੀਆ । ਚਾਰ ਜੁਗ ਦਾ ਲੇਖ ਤੱਕਿਆ ਚਿੱਠਾ, ਸਿਫ਼ਤਾਂ ਵਾਲਾ ਸਿਫ਼ਤ ਸਾਲਾਹੀਆ । ਅੰਤਮ ਪ੍ਰਭ ਦਾ ਭਾਣਾ ਮੰਨਣਾ ਪੈਣਾ ਕਰ ਕੇ ਮਿੱਠਾ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਦਾ ਖੇਲ ਹੋਣਾ ਅਨਡਿੱਠਾ, ਪਰਦਾ ਅੰਦਰੋਂ ਨਾ ਕੋਇ ਚੁਕਾਈਆ । ਸੋ ਸਵਾਮੀ ਬਣ ਕੇ ਸਭ ਦਾ ਪਿਤਾ, ਮਿੱਤਰ ਪਿਆਰਾ ਵੇਖ ਵਖਾਈਆ । ਜਨ ਭਗਤਾਂ ਕਰ ਕੇ ਹਿਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਦਾ ਇਕੋ ਨਾਮ ਦੱਸ ਕੇ ਵਿਸ਼ਾ, ਵਿਸ਼ਵ ਦਾ ਮਾਲਕ ਦਇਆ ਕਮਾਈਆ ।



### ੩੦ ਅੱਸੂ ਸ਼ਹਿਨਸ਼ਾਹੀ ਸੰਮਤ ੬ ਬੀਬੀ ਛਿੰਦੋ ਦੇ ਗ੍ਰਹਿ ਪਿੰਡ ਮੁੰਡੀ ਜੁਮਾਲ ਜ਼ਿਲਾ ਫਿਰੋਜ਼ ਪੁਰ

ਭਗਤ ਸੁਹਾਉਂਦੇ ਸਚ ਦਰ, ਮਿਲੇ ਮਾਣ ਵਡਿਆਈਆ । ਮੈਲ ਗਵੰਦੇ ਸਚ ਸਰ, ਦੁਰਮਤ ਰਹੇ ਨਾ ਰਾਈਆ । ਦਰਸ ਪਵੰਦੇ ਸਚ ਘਰ, ਨੇਤਰ ਨੈਣ ਨੈਣ ਬਿਗਸਾਈਆ । ਚਰਨ ਢਹੰਦੇ ਲੜ ਫੜ, ਆਤਮ ਪਰਮਾਤਮ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਇਕ ਵਖਾਈਆ । ਜਨ ਭਗਤਾਂ ਦਰ ਸੁਹੰਜਣਾ, ਸੋਭਾਵੰਤ ਵਸਨੀਕ । ਕਿਰਪਾ ਕਰੇ ਦਰਦ ਦੁੱਖ ਭੈ ਭੰਜਣਾ, ਹਰਿ ਕਰਤਾ ਲਾਸ਼ਰੀਕ । ਨਾਮ ਨਿਧਾਨ ਪਾਵੇ ਅੰਜਣਾ, ਬਖ਼ਸ਼ਣਹਾਰਾ ਧੁਰ ਤੌਫ਼ੀਕ । ਚਰਨ ਧੂੜ ਕਰਾਏ ਮਜਣਾ, ਬਖ਼ਸ਼ੇ ਸਚ ਪ੍ਰੀਤ । ਹਰਿਜਨ ਦਰਸ ਕਰ ਕਰ ਰੱਜਣਾ, ਕਾਇਆ ਹੋਏ ਠਾਂਡੀ ਸੀਤ । ਗ੍ਰਹਿ ਸ਼ਬਦ ਦਮਾਮਾ ਵੱਜਣਾ, ਕੂੜ ਕਿਰਿਆ ਰਹੇ ਨਾ ਚੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੋਹੰ ਦੱਸੇ ਗੀਤ ।

### ੩੦ ਅੱਸੂ ਸ਼ਹਿਨਸ਼ਾਹੀ ਸੰਮਤ ੬ ਥਾਨੇਦਾਰ ਸਰੂਪ ਸਿੰਘ ਦੇ ਗ੍ਰਹਿ ਪਿੰਡ ਢੁੱਡੀ ਜ਼ਿਲਾ ਫ਼ਿਰੋਜ਼ਪੁਰ

ਪੁਰਖ ਅਕਾਲ ਕਹੇ ਅਵਤਾਰ ਪੈਗ਼ੰਬਰ ਗੁਰ ਵੇਖੋ ਕੁੰਟ ਚਾਰਾ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਨੂਰ ਨੁਰਾਨਾ ਦੀਆ

ਬਾਤੀ ਹੋਏ ਨਾ ਕੋਇ ਉਜਿਆਰਾ, ਅੰਧ ਅਗਿਆਨ ਨਾ ਕੋਇ ਮਿਟਾਈਆ । ਸ਼ਬਦ ਅਨਾਦ ਸੁਣੇ ਨਾ ਕੋਇ ਧੁਨਕਾਰਾ, ਅਨਹਦ ਨਾਦੀ ਨਦ ਨਾ ਕੋਇ ਸ਼ਨਵਾਈਆ । ਅੰਮ੍ਰਿਤ ਰਸ ਮਿਲੇ ਨਾ ਠੰਡਾ ਠਾਰਾ, ਬੂੰਦ ਸਵਾਂਤੀ ਨਿਝਰ ਝਿਰਨਾ ਨਾ ਕੋਇ ਝਿਰਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਧੁੰਆਂਧਾਰਾ, ਧਰਮ ਦੀ ਧਾਰ ਨਾ ਕੋਇ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਨਿਰਗੁਣ ਹੋ ਕੇ ਪਾਵਾਂ ਸਾਰਾ, ਸਰਗੁਣ ਭੇਵ ਅਭੇਦ ਖੁਲ੍ਹਾਈਆ । ਮਾਣ ਰਿਹਾ ਨਾ ਵੇਦ ਚਾਰਾ, ਸ਼ਾਸਤਰ ਸਿਮਰਤ ਕੁਰਾਨ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਵੇਖੇ ਚਾਰ ਚੁਫੇਰਾ, ਨਿਰਗੁਣ ਸਰਗੁਣ ਧਿਆਨ ਲਗਾਈਆ । ਤਤ ਵਜੂਦ ਮੇਟੇ ਨਾ ਕੋਇ ਅੰਧੇਰਾ, ਆਤਮ ਪੜਦਾ ਨਾ ਕੋਇ ਖੁਲ੍ਹਾਈਆ । ਜੀਵ ਜੰਤ ਸਾਧ ਸੰਤ ਬੰਨ੍ਹੇ ਨਾ ਕੋਇ ਬੇੜਾ, ਨਈਆ ਨੌਕਾ ਪਾਰ ਨਾ ਕੋਇ ਲੰਘਾਈਆ । ਚੁਰਾਸੀ ਫਾਸੀ ਚੁੱਕੇ ਕੋਇ ਨਾ ਝੇੜਾ, ਗਰਭ ਜੂਨ ਨਾ ਕੋਇ ਕਟਾਈਆ । ਲੇਖਾ ਮੁਕੇ ਨਾ ਮੇਰਾ ਤੇਰਾ, ਹਉਮੇ ਰੋਗ ਨਾ ਕੋਇ ਮੁਕਾਈਆ । ਸਾਚੀ ਮੰਜ਼ਲ ਲਾਏ ਕੋਈ ਨਾ ਡੇਰਾ, ਦਰਗਹ ਸਾਚੀ ਸਚਖੰਡ ਮਿਲਣ ਕੋਇ ਨਾ ਪਾਈਆ । ਆਪਣਾ ਆਪਣਾ ਸਿੱਖ ਮੁਰੀਦ ਦੱਸੋ ਕੇਹੜਾ, ਸ਼ਬਦ ਇਸ਼ਾਰੇ ਨਾਲ ਸਮਝਾਈਆ । ਜਿਸ ਦਾ ਤਨ ਮਨ ਵਾਸਨਾ ਚੁਕਿਆ ਹੋਵੇ ਝੇੜਾ, ਝਗੜਾ ਕੂੜ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੰਦੇਸ਼ ਇਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਤਕੋ ਦੋ ਜਹਾਂ, ਨਿਰਵੈਰ ਹੋ ਕੇ ਵੇਖ ਵਖਾਈਆ । ਸਤਿ ਧਰਮ ਦਾ ਵੇਖੋ ਨਿਸ਼ਾਂ, ਨਿਸ਼ਾਨਾ ਧੁਰ ਦਾ ਇਕ ਪਰਗਟਾਈਆ । ਕਿਉਂ ਕਲਜੁਗ ਜੀਵ ਹੰਸ ਹੋਏ ਕਾਂ, ਬੁੱਧੀ ਕਾਗ ਵਾਂਗ ਕੁਰਲਾਈਆ । ਧਰਮ ਦਾ ਕਰੇ ਨਾ ਕੋਇ ਨਿਆਂ, ਅਦਲ ਇਨਸਾਫ਼ ਨਾ ਕੋਇ ਵਖਾਈਆ । ਅੰਦਰ ਵੜ ਕੇ ਵੇਖੋ ਸਾਢੇ ਤਿੰਨ ਹੱਥ ਗਰਾਂ, ਮੰਦਰ ਵੱਜੇ ਨਾ ਕੋਇ ਵਧਾਈਆ । ਸਦੀ ਚੌਧਵੀਂ ਪਕੜੇ ਕੋਇ ਨਾ ਬਾਂਹ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਕਿਉਂ ਤੁਹਾਡੇ ਹੁੰਦਿਆਂ ਝਗੜਾ ਪਿਆ ਸੂਰ ਗਾਂ, ਜਗਤ ਢੋਰਾਂ ਖੱਲ ਲੁਹਾਈਆ । ਸਾਚਾ ਮਿਲੇ ਕਿਤੇ ਨਾ ਥਾਂ, ਥਨੰਤਰ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਨੇਤਰ ਖੋਲ੍ਹ ਲਓ ਜਗ, ਜਗਜੀਵਣ ਦਾਤਾ ਆਪ ਦ੍ਰਿੜਾਈਆ । ਦੀਨ ਦੁਨੀ ਵੇਖੋ ਉਪਰ ਸ਼ਾਹ ਰਗ, ਸ਼ਹਿਨਸ਼ਾਹ ਮਿਲਣ ਕੋਇ ਨਾ ਪਾਈਆ । ਕਿਉਂ ਤ੍ਰੈਗੁਣ ਮਾਇਆ ਲੱਗੀ ਅੱਗ, ਤੁਹਾਡਾ ਨਾਮ ਕਲਮਾ ਸਕੇ ਨਾ ਕੋਇ ਬਚਾਈਆ । ਨੌਂ ਦਵਾਰੇ ਮੁਕੇ ਕਿਸੇ ਨਾ ਹੱਦ, ਦਸਮ ਦਵਾਰੀ ਪੜਦਾ ਨਾ ਕੋਇ ਉਠਾਈਆ । ਨਾਮ ਖ਼ੁਮਾਰੀ ਪੀਏ ਕੋਇ ਨਾ ਮਦਿ, ਮਧੁਰ ਧੁਨ ਨਾ ਕੋਇ ਸੁਣਾਈਆ । ਕਿਉਂ ਆਤਮ ਪਰਮਾਤਮ ਹੋਈ ਅਲੱਗ, ਪਾਰਬ੍ਰਹਮ ਬ੍ਰਹਮ ਜੋੜ ਨਾ ਕੋਇ ਜੜਾਈਆ । ਕਿਉਂ ਖ਼ਾਲੀ ਹੋਏ ਸਭ ਦੇ ਹੱਡ, ਹਿਰਦੇ ਹਰਿ ਨਾ ਕੋਇ ਵਸਾਈਆ । ਕਿਉਂ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਇਸ਼ਟ ਗਈ ਛਡ, ਈਸ਼ ਜੀਵ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਫ਼ਰਮਾਨਾ ਇਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਵੇਖੋ ਆਪਣਾ ਆਪਣਾ ਜਗਤ ਲਾਲ, ਹਰਿ ਲਾਲਨ ਆਪ ਜਣਾਈਆ । ਕਿਉਂ ਨਾ ਪੂਰੀ ਹੋਈ ਕਿਸੇ ਦੀ ਘਾਲ, ਘੋਲੀ ਘੋਲ ਨਾ ਕੋਇ ਘੁਮਾਈਆ । ਤੁਸੀਂ ਕਿਸ ਦੇ ਬਣੇ ਦਲਾਲ, ਵਿਚੋਲਾ ਕਵਣ ਅਖਵਾਈਆ । ਸਦੀ ਚੌਧਵੀਂ ਆਪਣਿਆਂ

ਆਪਣਿਆਂ ਮੁਰੀਦਾਂ ਸਿੱਖਾਂ ਦੀ ਦਿਉ ਮਸਾਲ, ਮਿਸਲ ਮੇਰੇ ਅੱਗੇ ਟਿਕਾਈਆ । ਮੈਂ ਵੇਖਣਹਾਰਾ ਮੁਰੀਦਾਂ ਹਾਲ, ਮੁਰਸ਼ਦ ਦਾਤਾ ਬੇਪਰਵਾਹੀਆ । ਦੀਨ ਦੁਨੀ ਦਾ ਤਕਣਹਾਰ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਵੇਖੇ ਧਰਮਸਾਲ, ਗੁਰਦਵਾਰੇ ਫੋਲ ਫੁਲਾਈਆ । ਕਿਉਂ ਝਗੜਾ ਪਿਆ ਦੀਨ ਦੁਨੀ ਤੁਸੀਂ ਸਕੇ ਨਾ ਮੂਲ ਸੰਭਾਲ, ਸੰਬਲ ਲੇਖਾ ਦਿਓ ਜਣਾਈਆ । ਖੇਲ ਕਰੇ ਪ੍ਰਭ ਅੰਤਮ ਦੀਨ ਦਿਆਲ, ਦਇਆ ਨਿਧ ਆਪਣੀ ਕਾਰ ਕਮਾਈਆ । ਜਿਸ ਨੂੰ ਕਹਿ ਕੇ ਆਏ ਪੁਰਖ ਅਕਾਲ, ਸੋ ਅਕਲ ਕਲਧਾਰੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਭ ਦਾ ਵੇਖਣਹਾਰਾ ਹਾਲ, ਅਹਿਵਾਲ ਪਿਛਲੇ ਨਾਲ ਮਿਲਾਈਆ ।

## ੩੦ ਅੱਸੂ ਸ਼ਹਿਨਸ਼ਾਹੀ ਸੰਮਤ ੬ ਪਿੰਡ ਮੰਡ ਜ਼ਿਲਾ ਫ਼ਿਰੋਜ਼ਪੁਰ

ਰਾਵਣ ਆਸਾ ਸਵਾ ਲੱਖ ਨਾਤੀ, ਰਕਤ ਬੂੰਦ ਵੰਡ ਨਾ ਕੋਇ ਵੰਡਾਈਆ । ਜਿਸ ਦਾ ਲੇਖਾ ਲਿਖ ਸਕੇ ਨਾ ਕਲਮ ਦਵਾਤੀ, ਚਾਰ ਵੇਦ ਛੇ ਸ਼ਾਸਤਰ ਸਮਝ ਕੋਇ ਨਾ ਪਾਈਆ । ਜਿਸ ਦੇ ਕੋਲੋਂ ਖੇਲ ਕਰਾਇਆ ਕਮਲਾਪਾਤੀ, ਪਤਿਪਰਮੇਸ਼ਵਰ ਆਪਣਾ ਹੁਕਮ ਸੁਣਾਈਆ । ਉਹ ਰਾਵਣ ਜਗਤ ਵਿਦਿਆ ਸਮਰਾਥੀ, ਗੁਣਵਾਨ ਅਖਵਾਈਆ । ਜਿਸ ਦਾ ਲੇਖਾ ਬਣਿਆ ਨਾਲ ਰਾਮ ਰਘੁਨਾਥੀ, ਰਘੁਪਤ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਸਵਾ ਲੱਖ ਨਾਤੀ ਰਾਵਣ ਤ੍ਰਿਸ਼ਨਾ, ਤਮਾ ਤਨ ਰਖਾਈਆ । ਜਿਸ ਦੀ ਸ਼ਹਾਦਤ ਦੇਵੇ ਸ਼ਿਵ ਬ੍ਰਹਮਾ ਵਿਸ਼ਨਾ, ਤ੍ਰੈਗੁਣ ਅਤੀਤੇ ਆਪ ਦ੍ਰਿੜਾਈਆ । ਉਸ ਦਾ ਭੇਵ ਜਾਣੇ ਕਵਣਾ, ਬੁੱਧੀ ਵਿਚ ਨਾ ਕੋਇ ਚਤੁਰਾਈਆ । ਜਿਸ ਕਾਰਨ ਦਸਰਥ ਬੇਟਾ ਜੰਗਲਾਂ ਵਿਚ ਭਵਣਾ, ਦਹਿ ਦਿਸ਼ਾ ਭੱਜਿਆ ਵਾਹੋ ਦਾਹੀਆ । ਉਹ ਖੇਲ ਅਗੰਮਾ ਬਿਨ ਰਾਵਣ ਰਾਮ ਕਿਸੇ ਨਾ ਮੰਨਣਾ, ਦੂਸਰ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਸਵਾ ਲੱਖ ਨਾਤੀ ਰਾਵਣ ਆਸਾ, ਸਾਹ ਸਾਹ ਵਿਚ ਸਮਾਈਆ । ਜਿਸ ਨਾਲ ਤਕੇ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਭੇਵ ਖੁਲ੍ਹਾਈਆ । ਮਨ ਮੰਦਰ ਅੰਦਰ ਪਾਵੇ ਰਾਸਾ, ਸੁਰਤੀ ਖੇਲ ਖਿਲਾਈਆ । ਜਪੇ ਸਵਾਸ ਸਵਾਸਾ, ਬਿਨ ਰਸਨਾ ਜਿਹਵਾ ਹਿਲਾਈਆ । ਧੁਰ ਦਾ ਮੰਨੇ ਆਖਾ, ਕੀ ਰਾਮ ਦਾ ਰਾਮ ਸਮਝਾਈਆ । ਜਿਸ ਦੀ ਪੁੱਤਰ ਧੀਆਂ ਵਾਲੀ ਗਿਣਤੀ ਨਹੀਂ ਕੋਇ ਸ਼ਾਖ਼ਾ, ਸ਼ਨਾਖ਼ਤ ਸਕੇ ਨਾ ਕੋਇ ਕਰਾਈਆ । ਉਹ ਨਿਰਗੁਣ ਨਿਰਵੈਰ ਨਿਰੰਕਾਰ ਦਾ ਸਾਕਾ, ਬਿਨਾ ਰਾਮ ਦੇ ਪੜ੍ਹਨ ਕੋਇ ਨਾ ਪਾਈਆ । ਤ੍ਰੇਤਾ ਦੁਆਪਰ ਜਿਸ ਦੀਆਂ ਕਰਦੇ ਆਉਂਦੇ ਬਾਤਾਂ, ਸਿਫ਼ਤਾਂ ਵਿਚ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਆਪਣੀ ਖੇਲ ਵਰਤਾਈਆ । ਸਵਾ ਲੱਖ ਨਾਤੀ ਰਾਵਣ ਤਮੰਨਾ, ਤਾਮਸ ਤਮੰਨਾ ਨਾਲ ਮਿਲਾਈਆ । ਜਿਸ ਦਾ ਭੇਵ ਨਾ ਜਾਣੇ ਗੰਗਾ ਗੋਦਾਵਰੀ ਸੁਰਸਤੀ ਜਮਨਾ, ਅੱਠ ਸੱਠ ਸਮਝ ਕਿਸੇ ਨਾ ਆਈਆ । ਜਿਸ ਵਿਚ ਲਹਿਣਾ ਦੇਣਾ ਵਰਨਾਂ ਬਰਨਾਂ, ਚੁਰਾਸੀ ਤਾਂਘ ਰਖਾਈਆ । ਹਿਸਾਬ ਕਿਤਾਬ ਜੰਮਣਾ ਮਰਨਾ,

੭੯੨

ਕਾਲ ਪਾਵੇ ਨਾਲ ਬੰਧਾਈਆ । ਨਿਰਭੈ ਹੋ ਨਹੀਂ ਡਰਨਾ, ਆਪਣਾ ਬਲ ਵਖਾਈਆ । ਸੀਤਾ ਸਵਾਣੀ ਜੰਗਲ ਹਰਨਾ, ਆਪਣਾ ਰੂਪ ਬਦਲਾਈਆ । ਚਾਰ ਜੁਗ ਤੋਂ ਵੱਖਰਾ ਵੇਦ ਪੜ੍ਹਨਾ, ਇਹ ਤ੍ਰਿਸ਼ਨਾ ਰਾਵਣ ਅੱਗੇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਸਵਾ ਲੱਖ ਨਾਤੀ ਰਾਵਣ ਅੰਤਰ ਅੰਤਸ਼ ਖਾਹਿਸ਼, ਖ਼ਾਲਸ ਸਮਝ ਕਿਸੇ ਨਾ ਆਈਆ । ਬਿਨਾ ਰਾਮ ਦੇ ਰਾਮ ਤੋਂ ਕਰੀ ਨਾ ਕਿਸੇ ਤਲਾਸ਼, ਖੋਜਤ ਖੋਜਤ ਖੋਜ ਨਾ ਕੋਇ ਸਮਝਾਈਆ । ਜਿਸ ਸੁਹਾਵਣਾ ਬਨਵਾਸ, ਰਾਮ ਜੰਗਲਾਂ ਵਿਚ ਭਵਾਈਆ । ਉਹ ਲੇਖਾ ਜਾਣੇ ਸਾਹਿਬ ਗੁਣਤਾਸ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਮਨ ਕਾ ਗੜ੍ਹ ਸੁਹਾਇਆ ਆਪ, ਦਹਿ ਦਿਸ਼ਾ ਰੰਗ ਰੰਗਾਈਆ । ਅੰਦਰ ਵਧਾ ਕੇ ਰੋਗ ਸੰਤਾਪ, ਸਹਿੰਸਿਆਂ ਵਿਚ ਸਮਾਈਆ । ਸ਼ਾਸਤਰ ਦੇ ਕੇ ਜਾਪ, ਦਿਤੀ ਮਾਣ ਵਡਿਆਈਆ । ਉਸ ਵਿਸ਼ੇ ਨੂੰ ਸਮਝ ਸਕਿਆ ਨਾ ਕੋਇ ਸਾਖਿਆਤ, ਜਿਸ ਕਾਰਨ ਰਾਮ ਰਾਵਣ ਦੋਵੇਂ ਲੋਕਮਾਤ ਪਰਗਟਾਈਆ । ਜਗਤ ਕਹਾਣੀ ਜੋ ਵਿਦਿਆ ਵਿਚ ਕੋਈ ਗਿਆ ਆਖ, ਵਿਦਵਾਨਾਂ ਸਿਫ਼ਤ ਸਾਲਾਹੀਆ । ਬਾਕੀ ਸਾਰੇ ਕਰਦੇ ਪਸਚਾਤਾਪ, ਸਹਿਸਾ ਮਨ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਵਾ ਲੱਖ ਨਾਤੀ ਰਾਵਣ ਦੇ ਅੰਦਰ ਦੀ ਝਾਕੀ, ਜਿਸ ਦਾ ਲੇਖਾ ਜਾਣੇ ਕੁਛ ਵਿਸ਼ਿਸ਼ਟ ਜਿਸ ਨਿਰੰਤਰ ਖੁਲ੍ਹੀ ਤਾਕੀ, ਸੰਦੇਸ਼ਾ ਪਾਤੀ ਪਤਰਕਾ ਰਾਮ ਰਾਮ ਰਾਮ ਸਮਝਾਈਆ ।


੨੨

## ✪ ੩੦ ਅੱਸੂ ਸ਼ਹਿਨਸ਼ਾਹੀ ਸੰਮਤ ੬ ਸਰਦਾਰਾ ਸਿੰਘ ਦੇ ਗ੍ਰਹਿ ਪਿੰਡ ਮਨਾਵਾ ਜ਼ਿਲਾ ਫ਼ਿਰੋਜ਼ਪੁਰ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਤੇਰਾ ਰੂਪ ਖ਼ਾਲਸ, ਜੋਤ ਸ਼ਬਦ ਦੀ ਧਾਰ ਤੇਰੇ ਵਿਚ ਸਮਾਈਆ । ਦੀਨ ਦਿਆਲੇ ਹਰਿ ਗੋਪਾਲੇ ਬਣ ਸਾਲਸ, ਸਾਹਿਬ ਸੁਲਤਾਨ ਨੌਜਵਾਨ ਆਪਣੀ ਦਇਆ ਕਮਾਈਆ । ਅਸੀਂ ਚਾਰ ਜੁਗ ਦੇ ਤੇਰੇ ਨੰਨ੍ਹੇ ਬਾਲਕ, ਬਚਪਨ ਤੇਰੇ ਹੱਥ ਫੜਾਈਆ । ਤੂੰ ਅੰਤਰ ਨਿਰੰਤਰ ਸਭ ਦਾ ਪਾਲਕ, ਪਾਲਣਹਾਰ ਤੇਰੀ ਸਰਨਾਈਆ । ਮਿਹਰਵਾਨ ਖ਼ਲਕ ਦੇ ਖ਼ਾਲਕ, ਕਲ ਤੇਰੀ ਓਟ ਤਕਾਈਆ । ਦੀਨ ਦੁਨੀ ਦੇ ਅੰਦਰੋਂ ਕਢ ਜਹਾਲਤ, ਕੂੜੀ ਕਿਰਿਆ ਦੇ ਮਿਟਾਈਆ । ਸਚ ਦਵਾਰ ਕਰ ਅਦਾਲਤ, ਅਦਲ ਇਨਸਾਫ਼ ਇਕ ਕਮਾਈਆ । ਆਤਮ ਪਰਮਾਤਮ ਬਖ਼ਸ਼ ਇਕ ਅਬਾਦਤ, ਨਾਮ ਇਕ ਜਣਾਈਆ । ਤੇਰਾ ਧੁਰ ਦਾ ਕਲਮਾ ਹੋਵੇ ਸਖ਼ਾਵਤ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਦੀਨ ਮਜ਼੍ਹਬ ਦੀ ਰਹੇ ਨਾ ਕੋਇ ਅਲਾਮਤ, ਅਵਤਾਰ ਪੈਗ਼ੰਬਰ ਗੁਰ ਸਾਰੇ ਰਹੇ ਸੁਣਾਈਆ । ਮਨੂਆ ਮਨ ਕਰੇ ਨਾ ਕੋਇ ਬਗ਼ਾਵਤ, ਝਗੜਾ ਦੂਈ ਨਾ ਕੋਇ ਵਖਾਈਆ । ਮੋਹ ਹੰਕਾਰ ਮੇਟ ਅਲਾਮਤ, ਆਲੀਜ਼ਾਹ ਤੇਰੀ ਸਰਨਾਈਆ । ਕਲਜੁਗ ਕੂੜੀ ਕਿਰਿਆ ਸਭ ਨੂੰ ਲਾਈ ਕਾਲਖ, ਜਗਤ ਜਗਿਆਸੂਆਂ ਟਿੱਕੇ ਮਸਤਕ ਵਿਚ ਸ਼ਾਹੀਆ । ਮਿਹਰਵਾਨ ਮਹਿਬੂਬ ਕਾਇਆ ਮੰਦਰ ਅੰਦਰ ਬਦਲ ਦੇ ਹਾਲਾਤ, ਤੇਰੇ ਅੱਗੇ ਅਰਜ਼ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਬਖ਼ਸ਼ ਦੇ ਨਾਮ ਅਗੰਮਾ ਏਕ, ਏਕੰਕਾਰ ਤੇਰੀ ਸਰਨਾਈਆ । ਆਦਿ ਜੁਗਾਦੀ ਸਭ ਨੂੰ ਬਖ਼ਸ਼ ਦੇ ਧੁਰ ਦੀ ਟੇਕ, ਟਿੱਕੇ ਮਸਤਕ ਧੂੜੀ ਖ਼ਾਕ

ਰਮਾਈਆ । ਹਿੰਦੂ ਮੁਸਲਿਮ ਸਿਖ ਈਸਾਈ ਕਰ ਬੁੱਧ ਬਿਬੇਕ, ਦੁਰਮਤ ਮੈਲ ਰਹੇ ਨਾ ਰਾਈਆ । ਸੁਰਤੀ ਸ਼ਬਦ ਤੈਨੂੰ ਲੈਣ ਚੇਤ, ਚੇਤਨ ਤੈਨੂੰ ਆਪ ਸਮਝਾਈਆ । ਦਰਸ ਦਖਾ ਦੇ ਨੇਤਨ ਨੇਤ, ਨਿਜ ਨੈਣ ਕਰ ਰੁਸ਼ਨਾਈਆ । ਆਤਮ ਪਰਮਾਤਮ ਬਖ਼ਸ਼ ਦੇ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨ ਤਤ ਨਾ ਕੋਇ ਜਲਾਈਆ । ਧਰਮ ਦੀ ਧਾਰ ਸਮਝਾ ਦੇ ਆਪਣਾ ਦੇਸ, ਸਚਖੰਡ ਨਿਵਾਸੀ ਪੜਦਾ ਦੇ ਉਠਾਈਆ । ਤੇਰੀ ਮਹਿਮਾ ਸਦਾ ਹਮੇਸ਼, ਹਮਸਾਜਣ ਤੇਰੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲਹਿਣਾ ਦੇਣਾ ਕੌਲ ਇਕਰਾਰ ਪੂਰ ਕਰਨਾ ਕੀਤਾ ਨਾਲ ਦਸਮੇਸ਼, ਦਹਿ ਦਿਸ਼ਾ ਤੋਂ ਬਾਹਰ ਧਿਆਨ ਲਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਮੇਰੇ ਦੀਨ ਦਿਆਲੇ ਠਾਕਰ, ਗਹਿਰ ਗੰਭੀਰ ਤੇਰੀ ਸਰਨਾਈਆ । ਦੀਨ ਦੁਨੀ ਦੇ ਡੂੰਘੇ ਸਾਗਰ, ਬੇਅੰਤ ਬੇਅੰਤ ਬੇਅੰਤ ਤੇਰੀ ਸਰਨਾਈਆ । ਭਾਗ ਲਗਾ ਕੇ ਕਾਇਆ ਮਾਟੀ ਗਾਗਰ, ਸਾਢੇ ਤਿੰਨ ਹੱਥ ਪੜਦਾ ਦੇ ਚੁਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਬਣੇ ਤੇਰੀ ਸੌਦਾਗਰ, ਨਾਮ ਕਲਮਾ ਏਕੰਕਾਰ ਇਕ ਦੇਣਾ ਵਰਤਾਈਆ । ਧੁਰ ਸਵਾਮੀ ਜੋਧਾ ਸੂਰਬੀਰ ਨਿਰਗੁਣ ਧਾਰ ਇਕ ਬਹਾਦਰ, ਬਲਧਾਰੀ ਤੇਰੇ ਹੱਥ ਵਡਿਆਈਆ । ਤੈਨੂੰ ਕਿਹਾ ਕਰੀਮ ਕਾਦਰ, ਕੁਦਰਤ ਦੇ ਮਾਲਕ ਹੋ ਸਹਾਈਆ । ਹਉਂ ਤੇਰੇ ਸਾਰੇ ਆਜਿਜ਼, ਨਿਰਮਾਣਤਾ ਵਿਚ ਸੀਸ ਝੁਕਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਸਾਜ਼ਸ਼, ਸ਼ਰਅ ਦਾ ਝਗੜਾ ਰਹੇ ਨਾ ਰਾਈਆ । ਮਨ ਕਲਪਣਾ ਰਹੇ ਨਾ ਆਤਿਸ਼, ਅੰਮ੍ਰਿਤ ਮੇਘ ਦੇਣਾ ਬਰਸਾਈਆ । ਤੇਰਾ ਖੇਲ ਤਕਣਾ ਇਕੋ ਏਕ ਵਾਸਤਕ, ਵਾਸਤਾ ਤੇਰੇ ਅੱਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਪਾਰਬ੍ਰਹਮ ਦਰ ਠਾਂਡੇ ਆਸ ਰਖਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਮੇਰੇ ਸਾਹਿਬ ਸਾਹਿਬ ਸੁਲਤਾਨਾ, ਹਰਿ ਵਡੇ ਤੇਰੀ ਵਡਿਆਈਆ । ਓਹ ਤਕ ਆਪਣਾ ਜਹਾਨਾ, ਜਿਸਮਾਨਾਂ ਖੋਜ ਖੁਜਾਈਆ । ਸਦੀ ਚੌਧਵੀਂ ਸਭ ਦਾ ਇਕੋ ਇਕ ਬਿਆਨਾ, ਮਿਲ ਕੇ ਸਾਰੇ ਰਹੇ ਦ੍ਰਿੜਾਈਆ । ਪਰਗਟ ਹੋ ਸ੍ਰੀ ਭਗਵਾਨਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਤੇਰਾ ਸੰਬਲ ਵਸੇ ਸੋਹਣਾ ਮਕਾਨਾ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਲੱਖ ਚੁਰਾਸੀ ਆਤਮ ਪਰਮਾਤਮ ਗੋਪੀ ਬਣ ਕਾਹਨਾ, ਕਾਹਨ ਘਨਈਆ ਤੇਰੇ ਦਰ ਠਾਂਡੇ ਸੀਸ ਨਿਵਾਈਆ । ਸਚ ਬੇਨੰਤੀ ਸਚ ਸਵਾਮੀ ਕਰ ਪਰਵਾਨਾ, ਸਚ ਸਚ ਸੀਸ ਜਗਦੀਸ਼ ਝੁਕਾਈਆ । ਏਸੇ ਖ਼ੁਸ਼ੀ ਨਾਲ ਕਹੀਏ ਤੂੰ ਮਾਲਕ ਇਕ ਅਮਾਮਾ, ਅਮਲਾਂ ਤੋਂ ਰਹਿਤ ਨਜ਼ਰੀ ਆਈਆ । ਤੇਰਾ ਸ਼ਬਦ ਵੱਜੇ ਦਮਾਮਾ, ਦੋ ਜਹਾਨ ਹੋਵੇ ਸ਼ਨਵਾਈਆ । ਕਲ ਕਲਕੀ ਪਹਿਰ ਕੇ ਆਪਣਾ ਜਾਮਾ, ਜਾਣਣਹਾਰ ਆਪਣਾ ਵੇਸ ਵਟਾਈਆ । ਨਿਹਕਲੰਕ ਬਲੀ ਬਲਵਾਨਾ, ਬਲਧਾਰੀ ਪੜ੍ਹਦਾ ਦੇਣਾ ਉਠਾਈਆ । ਤੇਰਾ ਹੁਕਮ ਮੰਨਣ ਸਾਰੇ ਕਰਨ ਪਰਵਾਨਾ, ਮੰਨਣ ਚਾਈਂ ਚਾਈਂਆ । ਅਵਤਾਰ ਪੈਗ਼ੰਬਰ ਗੁਰ ਕਹਿਣ ਕਿਰਪਾ ਕਰ ਸ੍ਰੀ ਭਗਵਾਨਾ, ਭਗਵਨ ਦਰ ਤੇਰੇ ਮੰਗ ਮੰਗਾਈਆ । ਤੂੰ ਸਚਖੰਡ ਨਿਵਾਸੀ ਮਰਦ ਮਰਦਾਨਾ, ਸੂਰਬੀਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸੱਚੇ ਸੁਲਤਾਨਾ, ਸਾਹਿਬ ਸਵਾਮੀ ਅੰਤਰਜਾਮੀ ਅੰਤਰ ਤੇਰੀ ਆਸ ਰਖਾਈਆ ।

## ✪ ੩੧ ਅੱਸੂ ਸ਼ਹਿਨਸ਼ਾਹੀ ਸੰਮਤ ੬ ਬਲਵੰਤ ਸਿੰਘ ਦੇ ਗ੍ਰਿਹ ਪਿੰਡ ਤਲਵੰਡੀ ਜਲੇਖ਼ਾਂ ਜ਼ਿਲਾ ਫ਼ਿਰੋਜ਼ ਪੁਰ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਹਰਿ ਅੰਦਰ ਚੁੱਕ ਕੇ ਵੇਖਿਆ ਪਰਦਾ, ਪਰਦਾਨਸ਼ੀਂ ਤੇਰਾ ਨੂਰ ਨਜ਼ਰ ਨਾ ਆਈਆ । ਸਚ ਪਿਆਰ ਦਾ ਬਣਿਆ ਕੋਇ ਨਾ ਬਰਦਾ, ਬਦੀ ਵਿਚ ਸਰਬ ਕੁਰਲਾਈਆ । ਦੀਨਾਂ ਅਨਾਥਾਂ ਵੰਡੇ ਕੋਇ ਨਾ ਦਰਦਾ, ਦੁਖ ਭੰਜਣ ਭੈ ਨਾ ਕੋਇ ਰਖਾਈਆ । ਚਾਰ ਕੁੰਟ ਸ਼ਰਅ ਦੀਆਂ ਤਕੀਆਂ ਕਰਦਾਂ, ਛੁਰੀਆਂ ਮਾਨਸ ਹੱਥ ਉਠਾਈਆ । ਦਰੋਹੀ ਤੇਰੇ ਅੱਗੇ ਸਾਡੀਆਂ ਅਰਜ਼ਾਂ, ਆਰਜ਼ੂ ਵਿਚ ਦੁਹਾਈਆ । ਕੂੜ ਕਿਰਿਆ ਮੇਟ ਕੇ ਮਰਜਾਂ, ਮੁਰੀਦ ਵੇਖ ਖ਼ਲਕ ਖ਼ੁਦਾਈਆ । ਦੀਨ ਮਜ਼੍ਹਬ ਦੀਆਂ ਮੇਟ ਕੇ ਦਰਜਾਂ, ਹੱਦ ਹਦੂਦ ਦਾ ਡੇਰਾ ਢਾਹੀਆ । ਪੁੱਠੀਆਂ ਸਿੱਧੀਆਂ ਕਰ ਦੇ ਨਰਦਾਂ, ਨਰ ਨਰਾਇਣ ਤੇਰੀ ਸਰਨਾਈਆ । ਭੇਵ ਖੁਲ੍ਹਾ ਦੇ ਆਪਣੇ ਘਰ ਦਾ, ਗਹਿਰ ਗੰਭੀਰ ਪੜਦਾ ਆਪ ਉਠਾਈਆ । ਤੂੰ ਜੋਧਾ ਸੂਰਬੀਰ ਮਰਦਾਨਾ ਮਰਦਾ, ਮਦਦ ਦੇਣੀ ਚਾਈਂ ਚਾਈਂਆ । ਤੇਰਾ ਖੇਲ ਨਰਾਇਣ ਨਰ ਦਾ, ਨਰ ਹਰਿ ਤੇਰੀ ਓਟ ਤਕਾਈਆ । ਤੂੰ ਆਪੇ ਭੰਨੇ ਆਪੇ ਘੜਦਾ, ਘੜਨਹਾਰ ਤੇਰੀ ਬੇਪਰਵਾਹੀਆ । ਤੂੰ ਚਾਰ ਕੁੰਟ ਵੇਖ ਲਹਿੰਦਾ ਚੜ੍ਹਦਾ, ਦੱਖਣ ਪਹਾੜ ਅੱਖ ਖੁਲ੍ਹਾਈਆ । ਕਵਣ ਤੇਰਾ ਨਾਮ ਕਲਮਾ ਪੜ੍ਹਦਾ, ਕਵਣ ਬੈਠਾ ਮਾਤ ਭੁਲਾਈਆ । ਸਾਡਾ ਤੇਰੇ ਚਰਨ ਕਵਲਾਂ ਉਤੇ ਸੱਯਦਾ, ਸੀਸ ਜਗਦੀਸ ਨਿਵਾਈਆ । ਤੇਰੇ ਕੋਲ ਸਭ ਦੀਆਂ ਫ਼ਰਦਾਂ, ਪਰਦਾ ਓਹਲਾ ਦੇ ਚੁਕਾਈਆ । ਕੂੜੀ ਕਿਰਿਆ ਮੇਟ ਅੰਧੇਰ ਗਰਦਾ, ਸਚ ਚੰਦ ਕਰ ਰੁਸ਼ਨਾਈਆ । ਕਿਉਂ ਮਾਨਸ ਮਾਨਸ ਨਾਲ ਲੜਦਾ, ਸਾਂਤਕ ਸਤਿ ਦੇ ਕਰਾਈਆ । ਭਾਂਡਾ ਭੰਨ ਦੇ ਹਉਮੇ ਗੜ੍ਹ ਦਾ, ਹੰਕਾਰ ਵਿਕਾਰ ਦੇ ਗਵਾਈਆ । ਤ੍ਰੈਗੁਣ ਵਿਚ ਹੋਵੇ ਕੋਇ ਨਾ ਸੜਦਾ, ਅਗਨੀ ਤਤ ਦੇਣਾ ਬੁਝਾਈਆ । ਅੰਮ੍ਰਿਤ ਦੇ ਦੇ ਆਪਣੇ ਸਰੋਵਰ ਸਰ ਦਾ, ਮੇਘ ਅਗੰਮ ਬਰਸਾਈਆ । ਬਿਨ ਤੇਰੀ ਕਿਰਪਾ ਦੋ ਜਹਾਨ ਮਰਦਾ, ਮੁਰਦਾ ਮੁਰੀਦ ਵਿਚ ਨਾ ਕੋਇ ਸਮਾਈਆ । ਲੇਖਾ ਮੁਕਾ ਦੇ ਕਲਜੁਗ ਕਲ ਦਾ, ਕਲ ਕਲਕੀ ਤੇਰੇ ਅੱਗੇ ਦੁਹਾਈਆ । ਲਹਿਣਾ ਪੂਰਾ ਕਰ ਦੇ ਅਠਸਠ ਜਲ ਦਾ, ਤੀਰਥ ਤਟ ਕਿਨਾਰੇ ਨਾਲ ਮਿਲਾਈਆ । ਝਗੜਾ ਮੁਕਾ ਦੇ ਅੰਧੇਰੀ ਡੂੰਘੀ ਡਲ ਦਾ, ਅਡੋਲ ਅਡੁਲ ਆਪਣਾ ਹੁਕਮ ਵਰਤਾਈਆ । ਲੇਖਾ ਪੂਰਾ ਕਰ ਦੇ ਰਾਜੇ ਬਲ ਦਾ, ਜੋ ਬਾਵਨ ਅੱਗੇ ਗਿਆ ਵਾਸਤਾ ਪਾਈਆ । ਸਾਨੂੰ ਪਤਾ ਨਹੀਂ ਘੜੀ ਪਲ ਦਾ, ਪਾਰਬ੍ਰਹਮ ਕੀ ਤੇਰੀ ਬੇਪਰਵਾਹੀਆ । ਲੇਖਾ ਮੁਕਾ ਦੇ ਦੂਈ ਦਵੈਤੀ ਸੱਲ ਦਾ, ਸਚ ਆਪਣਾ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਤੇਰਾ ਹੁਕਮ ਸੰਦੇਸ਼ਾ ਅਗੰਮੀ, ਅਗੰਮ ਤੇਰੀ ਵਡਿਆਈਆ । ਸਾਡੀ ਅਰਜ਼ ਬੇਨੰਤੀ ਇਕ ਮੰਨੀ, ਮਨਸ਼ਾ ਤੇਰੇ ਵਿਚ ਸਮਾਈਆ । ਸਭ ਦੀ ਆਪਣੇ ਨਾਲ ਬੰਨ੍ਹੀ ਕੰਨੀ, ਕੰਨਾ ਗੋਬਿੰਦ ਵਾਲਾ ਲੇਖੇ ਲੈਣਾ ਪਾਈਆ । ਦੀਨ ਮਜ਼੍ਹਬ ਦੀ ਰਹਿਣ ਨਾ ਦੇਵੀਂ ਕੰਧੀ, ਹੱਦ ਹਦੂਦ ਦੇਣੀ ਚੁਕਾਈਆ । ਸਭ ਦਾ ਵਾਸ ਕਰਾਉਣਾ ਛੱਪਰ ਛੰਨੀ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਤੂੰ ਮਾਲਕ ਧੁਰ ਦਾ ਧਨੀ, ਧਨਾਢ ਇਕ ਅਖਵਾਈਆ । ਮਿੱਤਰ ਪਿਆਰਾ ਭਗਤਾਂ ਬਣਨਾ ਤਨੀ, ਤਨ ਵਜੂਦ ਮਿਲਣਾ ਚਾਈਂ ਚਾਈਂਆ । ਸ੍ਰਿਸ਼ਟੀ ਰਹਿਣ ਨਾ ਦੇਵੀਂ ਅੰਨ੍ਹੀ, ਨੇਤਰ ਨੈਣ ਦੇਣਾ ਖੁਲ੍ਹਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਤੇਰਾ ਨਾਮ ਸੰਦੇਸ਼ਾ ਸੁਣਨਾ ਕੰਨੀ, ਧੁਰ ਫ਼ਰਮਾਨ ਦੇਣਾ ਸਮਝਾਈਆ । ਆਪਣੇ ਨਾਮ ਦੀ ਵਸਤ ਦੇਵੀਂ ਨੂਰ ਇਲਾਹੀ ਚੰਨੀ, ਚੰਨ ਚੰਦ ਵਿਚੋਂ ਪਰਗਟਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਚ ਤੇਰੀ ਸਰਨਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਆਹ ਵੇਖ ਲੈ ਤੇਰੇ ਖ਼ਾਦਮ, ਖ਼ਿਦਮਤ ਵਿਚ ਸੀਸ ਨਿਵਾਈਆ । ਲੇਖਾ ਜਾਣ ਮਾਈ ਹੱਵਾ ਤੇ ਆਦਮ, ਨਿਰਗੁਣ ਨੂਰ ਬੇਪਰਵਾਹੀਆ । ਜੋ ਸੰਦੇਸ਼ਾ ਦੇ ਕੇ ਗਿਆ ਕਾਹਨਾ ਕ੍ਰਿਸ਼ਨਾ ਯਾਦਵ, ਯਦੀ ਸਭ ਦਾ ਧਿਆਨ ਰਖਾਈਆ । ਤੂੰ ਆਦਿ ਜੁਗਾਦੀ ਮੋਹਣ ਮਾਧਵ, ਪਾਰਬ੍ਰਹਮ ਤੇਰੀ ਵਡਿਆਈਆ । ਤੂੰ ਸ਼ਹਿਨਸ਼ਾਹ ਪਾਤਸ਼ਾਹ ਆਲੀਜਾਹ ਆਜ਼ਮ, ਅਜ਼ੀਮ ਇਕ ਅਖਵਾਈਆ । ਕਲਜੁਗ ਕੂੜੀ ਕਿਰਿਆ ਰਹਿਣ ਨਾ ਦੇਵੀਂ ਨਾਜ਼ਮ, ਨਾਮ ਆਪਣਾ ਇਕ ਸੁਣਾਈਆ । ਝਗੜਾ ਮੇਟ ਦੇ ਦੀਨ ਦੁਨੀ ਜਗ ਮਾਇਆ ਮਮਤਾ ਜ਼ਾਲਮ, ਜ਼ੁਲਮ ਦਾ ਡੇਰਾ ਢਾਹੀਆ । ਪ੍ਰਭੂ ਅਸੀਂ ਚਾਰ ਜੁਗ ਦੇ ਤੇਰੇ ਮੁਲਾਜ਼ਮ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਬਣ ਜ਼ਾਮਨ, ਜ਼ਾਮਨੀ ਆਪਣੀ ਵਿਚ ਰਖਾਈਆ ।

### ✪ ੩੧ ਅੱਸੂ ਸ਼ਹਿਨਸ਼ਾਹੀ ਸੰਮਤ ੬ ਕਰਤਾਰ ਸਿੰਘ ਦੇ ਗ੍ਰਿਹ ਪਿੰਡ ਸ਼ਾਹ ਵਾਲਾ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਸਭ ਦਾ ਹੋਣਾ ਅੰਤ ਕਿਨਾਰਾ, ਸਦ ਰਹਿਣ ਕੋਇ ਨਾ ਪਾਈਆ । ਕੱਠੇ ਰਹਿਣਾ ਸਚਖੰਡ ਸਚ ਦਵਾਰਾ, ਦੂਜਾ ਘਰ ਨਾ ਕੋਇ ਬਣਾਈਆ । ਇਕੋ ਮੰਨਣਾ ਹਰਿ ਨਿਰੰਕਾਰਾ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਜੋ ਸਾਂਝਾ ਹੋਵੇ ਪਰਵਰਦਿਗਾਰਾ, ਜਲਵਾਗਰ ਨੂਰ ਇਲਾਹੀਆ । ਉਸ ਦੇ ਦਰ ਹੋਣੀ ਨਿਮਸਕਾਰਾ, ਸੱਜਦਾ ਸੀਸ ਇਕ ਝੁਕਾਈਆ । ਜਿਸ ਦਾ ਸ਼ਬਦ ਹੁਕਮ ਇਸ਼ਾਰਾ, ਪੈਗ਼ੰਬਰਾਂ ਰਿਹਾ ਜਣਾਈਆ । ਉਸ ਦਾ ਸੰਦੇਸ਼ਾ ਇਕੋ ਨਾਅਰਾ, ਜੈਕਾਰਾ ਅਗੰਮ ਅਥਾਹੀਆ । ਜਿਸ ਦਾ ਖੇਲ ਹੋਣਾ ਦੁਬਾਰਾ, ਗੋਬਿੰਦ ਧਾਰ ਧਾਰ ਪਰਗਟਾਈਆ । ਨਵ ਸੱਤ ਪਾਵੇ ਸਾਰਾ, ਚਾਰੋਂ ਕੁੰਟ ਖੋਜ ਖੁਜਾਈਆ । ਹੁਕਮੀ ਹੁਕਮ ਦੇਵੇ ਅਪਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਕਲਜੁਗ ਰਹਿਣ ਨਾ ਦੇਵੇ ਧੁੰਆਂਧਾਰਾ, ਅੰਧ ਅਗਿਆਨ ਦਏ ਗਵਾਈਆ । ਲੱਖ ਚੁਰਾਸੀ ਪਾਵੇ ਸਾਰਾ, ਮਹਾਂਸਾਰਥੀ ਨੂਰ ਇਲਾਹੀਆ । ਦਰ ਉਸ ਦੇ ਬਣਨਾ ਸਰਬ ਭਿਖਾਰਾ, ਦਰਵੇਸ਼ ਹੋ ਕੇ ਅਲਖ ਜਗਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡਾ ਸਭ ਦਾ ਬਣਾ ਦੇ ਇਕੋ ਭਾਈਚਾਰਾ, ਦੀਨ ਮਜ਼੍ਹਬ ਦਾ ਝਗੜਾ ਰਹੇ ਨਾ ਰਾਈਆ । ਦੋ ਜਹਾਨਾਂ ਤੇਰਾ ਹੋਵੇ ਸਹਾਰਾ, ਨਿਰਗੁਣ ਸਰਗੁਣ ਵੇਖ ਵਖਾਈਆ । ਝਗੜਾ ਰਹੇ ਨਾ ਮੰਦਰ ਮਸਜਿਦ ਸ਼ਿਵਦਵਾਲਾ ਮਠ ਗੁਰੂਦਵਾਰਾ, ਘਰ ਇਕੋ ਲੈਣਾ ਪਰਗਟਾਈਆ । ਤੇਰੀ ਚਰਨ ਧੂੜ ਲਾਵੇ ਮਸਤਕ ਸਰਬ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਸੀਸ ਨਿਵਾਈਆ । ਤੇਰਾ ਰਾਹ ਸਾਰੇ ਤਕਦੇ ਚਵੀਆਂ ਅਵਤਾਰਾ, ਅਵਤਰ ਆਪਣਾ ਹੁਕਮ ਵਰਤਾਈਆ । ਕਲ ਕਲਕੀ ਸੂਰਬੀਰ ਬਲਕਾਰਾ, ਬਲਧਾਰੀ ਇਕ ਅਖਵਾਈਆ । ਅਮਾਮ ਅਮਾਮਾ ਬਣ ਸਿਕਦਾਰਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਤੇਰਾ ਖੇਲ ਸਦਾ ਜੁਗ ਚਾਰਾ, ਜੁਗ ਚੌਕੜੀ ਹੁਕਮ ਵਰਤਾਈਆ । ਕਲਜੁਗ ਅੰਤਮ ਦਰ ਭਿਖਾਰੀ ਪੈਗ਼ੰਬਰ ਗੁਰ ਅਵਤਾਰਾ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਇਕ ਰਖਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਕਿਸੇ ਰਹਿਣਾ ਨਹੀਂ ਅੰਤ, ਅੰਤ ਸਰਬ ਦੁਹਾਈਆ ।

ਇਕੋ ਮਾਲਕ ਸ੍ਰੀ ਭਗਵੰਤ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੇ ਲੱਖ ਚੁਰਾਸੀ ਜੀਵ ਜੰਤ, ਸਾਧ ਸੰਤ ਦਏ ਵਡਿਆਈਆ । ਜਿਸ ਦਾ ਨਾਮ ਕਲਮਾ ਮੰਤ, ਅੱਖਰਾਂ ਵਿਚ ਸਿਫ਼ਤ ਸਾਲਾਹੀਆ । ਜਿਸ ਨੂੰ ਧੁਰ ਦਾ ਮੰਨਿਆ ਕੰਤ, ਕੰਤੂਹਲ ਇਕ ਅਖਵਾਈਆ । ਦਰ ਓਸ ਦੇ ਕਰੀਏ ਮਿੰਨਤ, ਧੂੜੀ ਖ਼ਾਕ ਰਮਾਈਆ । ਸਾਡੀ ਰਹੀ ਕੋਈ ਨਾ ਹਿੰਮਤ, ਕਲਜੁਗ ਕੂੜ ਨਾ ਕੋਇ ਮਿਟਾਈਆ । ਮਨ ਮਨੂਆ ਕਰੇ ਇੱਲਤ, ਇਲਮ ਆਲਮਾ ਰਿਹਾ ਭੁਲਾਈਆ । ਸਭ ਦੀ ਖ਼ੁਆਰੀ ਹੋਈ ਜ਼ਿੱਲਤ, ਆਬਰੂ ਸਕੇ ਨਾ ਕੋਇ ਬਚਾਈਆ । ਪ੍ਰਭੂ ਅਸੀਂ ਤੇਰਾ ਖਾਧਾ ਨਾਮ ਦਾ ਨਿਮਕ, ਨਿਮਕ ਹਲਾਲ ਦੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਸਾ ਇਕ ਰਖਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅਸੀਂ ਬਣੀਏ ਨਿਮਕ ਹਲਾਲ, ਹਰਿ ਤੇਰੀ ਇਕ ਸਰਨਾਈਆ । ਦੀਨਾਂ ਬੰਧਪ ਦੀਨ ਦਿਆਲ, ਦਇਆਨਿਧ ਦਇਆ ਕਮਾਈਆ । ਜੀਵ ਜੰਤ ਤੇਰੇ ਲਾਲ, ਮਾਨਵ ਆਪਣੀ ਗੋਦ ਟਿਕਾਈਆ । ਸਭ ਦੀ ਸਾਂਝੀ ਕਰ ਦੇ ਧਰਮਸਾਲ, ਭਗਤ ਦਵਾਰਾ ਇਕ ਪਰਗਟਾਈਆ । ਜਿਥੇ ਤ੍ਰੈਗੁਣ ਮੂਲ ਰਹੇ ਨਾ ਜਾਲ, ਜਗਤ ਜੰਜਾਲ ਦੇਣਾ ਤੁੜਾਈਆ । ਸਾਡੀ ਏਹੋ ਬੇਨੰਤੀ ਏਹੋ ਸਵਾਲ, ਸਵਾਲੀ ਹੋ ਕੇ ਰਹੇ ਸੁਣਾਈਆ । ਸਦੀ ਚੌਧਵੀਂ ਆਪਣਾ ਜਗਤ ਜਹਾਨ ਸੰਭਾਲ, ਸੰਬਲ ਬਹਿ ਕੇ ਆਪਣਾ ਹੁਕਮ ਵਰਤਾਈਆ । ਸਾਡੀ ਲੇਖੇ ਲਾ ਲੈ ਘਾਲ, ਪਿਛਲੀ ਕੀਤੀ ਝੋਲੀ ਪਾਈਆ । ਚਾਰ ਜੁਗ ਦੇ ਤੇਰੇ ਨੰਨ੍ਹੇ ਬਾਲ, ਛੋਟੇ ਛੋਟੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਹੋਣੀ ਅੰਤ ਖ਼ਲਾਸੀ, ਬੰਧਨ ਨਜ਼ਰ ਕੋਇ ਨਾ ਆਈਆ । ਹੁਕਮ ਚਲਣਾ ਪੁਰਖ ਅਬਿਨਾਸ਼ੀ, ਨਾ ਕੋਈ ਮੇਟੇ ਮੇਟ ਮਿਟਾਈਆ । ਦੋ ਜਹਾਨ ਬਣਨਾ ਦਾਸੀ, ਸੇਵਕ ਹੋ ਕੇ ਸੇਵ ਕਮਾਈਆ । ਸਾਡੀ ਭਵਿਖਤਾਂ ਵਾਲੀ ਪੂਰੀ ਕਰਨੀ ਆਸੀ, ਆਹਿਸਤਾ ਆਹਿਸਤਾ ਝੋਲੀ ਦਏ ਭਰਾਈਆ । ਪਰਦਾ ਲਾਹੇ ਸਚਖੰਡ ਨਿਵਾਸੀ, ਭੇਵ ਅਭੇਦਾ ਆਪ ਖੁਲ੍ਹਾਈਆ । ਧਰਨੀ ਧਰਤ ਧਵਲ ਧੌਲ ਪਾ ਕੇ ਰਾਸੀ, ਰਸਮ ਆਪਣੀ ਦਏ ਸਮਝਾਈਆ । ਦੀਨ ਮਜ਼੍ਹਬ ਦੀ ਰਹਿਣ ਨਾ ਦੇਵੇ ਸ਼ਾਖ਼ੀ, ਸ਼ਨਾਖ਼ਤ ਆਪਣੀ ਇਕ ਦ੍ਰਿੜਾਈਆ । ਮੰਜ਼ਲ ਅਗੰਮੀ ਚੜ੍ਹਾ ਕੇ ਘਾਟੀ, ਘਾਟਾ ਸਭ ਦਾ ਪੂਰ ਕਰਾਈਆ । ਸਾਡੀ ਅੰਤਮ ਮੇਟ ਕੇ ਵਾਟੀ, ਲਹਿਣਾ ਸਭ ਦੀ ਝੋਲੀ ਟਿਕਾਈਆ । ਦੀਨ ਮਜ਼੍ਹਬ ਕੋਇ ਰਹੇ ਨਾ ਜ਼ਾਤ ਪਾਤੀ, ਝਗੜਾ ਮਾਨਵ ਨਾ ਕੋਇ ਜਣਾਈਆ । ਇਕੋ ਧਾਰ ਪਰਗਟਾ ਕੇ ਸਾਚੀ, ਸਚ ਦਾ ਸੰਜਮ ਇਕ ਸਮਝਾਈਆ । ਜਿਸ ਦੀ ਕਥਾ ਕਹਾਣੀ ਕਿਸੇ ਕੋਲੋਂ ਜਾਏ ਨਾ ਵਾਚੀ, ਵਾਚਕ ਬਣੇ ਨਾ ਕੋਇ ਵਿਚ ਲੋਕਾਈਆ । ਸੋ ਖੇਲ ਕਰੇ ਪ੍ਰਭ ਅੱਸੂ ਦਾ ਅੰਤ ਅੰਤ ਦੀ ਰਾਤੀ, ਰੁਤੜੀ ਆਪਣੇ ਹੁਕਮ ਵਿਚ ਮਹਿਕਾਈਆ ।

## ✪ ੩੧ ਅੱਸੂ ਸ਼ਹਿਨਸ਼ਾਹੀ ਸੰਮਤ ੬ ਜਰਨੈਲ ਸਿੰਘ ਦੇ ਗ੍ਰਹਿ ਪਿੰਡ ਸ਼ਾਹਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਮਹੀਨਾ ਅੱਸੂ ਲੰਘਿਆ, ਆਪਣਾ ਪੰਧ ਮੁਕਾਈਆ । ਜਿਸ ਵਿਚ ਹੁਕਮ ਸੰਦੇਸ਼ਾ ਦੇਂਦਾ ਰਿਹਾ ਸੂਰਾ ਸਰਬੰਗਿਆ, ਹਰਿ ਕਰਤਾ ਧੁਰਦਰਗਾਹੀਆ । ਚਾਰ ਕੁੰਟ ਦਹਿ ਦਿਸ਼ਾ ਦੀਨ ਮਜ਼੍ਹਬ ਵਖਾਉਂਦਾ ਰਿਹਾ ਦੰਗਿਆ, ਝਗੜੇ ਵਿਚ ਲੋਕਾਈਆ । ਜੀਵਾਂ ਜੰਤਾਂ ਸੀਸ

ਵਖਾਇਆ ਨੰਗਿਆ, ਓਢਣ ਉਪਰ ਨਾ ਕੋਇ ਟਿਕਾਈਆ । ਮਨ ਵਿਕਾਰ ਜਣਾਇਆ ਗੰਦਿਆ, ਬੁੱਧ ਬਿਬੇਕ ਨਾ ਕੋਇ ਰਖਾਈਆ । ਆਤਮ ਮਿਲੇ ਨਾ ਕਿਸੇ ਅਨੰਦਿਆ, ਅਨੰਦ ਅਨੰਦ ਵਿਚੋਂ ਜਣਾਈਆ । ਭਾਰ ਚੁੱਕੇ ਕੋਈ ਨਾ ਕੰਧਿਆ, ਖ਼ਾਲੀ ਹੱਥ ਸਰਬ ਦੁਹਾਈਆ । ਨੇਤਰ ਰੋਵੇ ਜਮਨਾ ਸੁਰਸਤੀ ਗੋਦਾਵਰੀ ਗੰਗਿਆ, ਗੰਗੋਤਰੀ ਨੀਰ ਵਹਾਈਆ । ਬਹੁੜੀ ਤੇਰੇ ਕੋਲੋਂ ਕਿਸੇ ਕੁਛ ਨਾ ਮੰਗਿਆ, ਭਿੱਖਕ ਹੋ ਕੇ ਝੋਲੀ ਡਾਹਿਆ । ਜਗਤ ਸਮਾਜ ਵੇਖ ਧੋਤੀ ਤਹਿਮਤ ਤੰਬਿਆਂ, ਨੇਤਰ ਨੈਣ ਉਠਾਈਆ । ਉਫ਼ ਕਲਜੁਗ ਆਇਆ ਅੰਤਮ ਕੰਢਿਆ, ਕੰਢੀ ਬੈਠੇ ਪਾਰ ਨਾ ਕੋਇ ਲੰਘਾਈਆ । ਭੇਵ ਤੇਰਾ ਆਇਆ ਨਾ ਤੇਰੇ ਬੰਦਿਆ, ਬੰਦਗੀ ਵਿਚ ਨਾ ਕੋਇ ਸਮਾਈਆ । ਸਾਚਾ ਸੁਣੇ ਕੋਈ ਨਾ ਛੰਦਿਆ, ਹਉਮੇ ਰੋਗ ਨਾ ਕੋਇ ਮਿਟਾਈਆ । ਝਗੜਾ ਮਿਟੇ ਨਾ ਜੇਰਜ ਅੰਡਿਆ, ਉਤਭੁਜ ਸੇਤਜ ਲੇਖਾ ਪੂਰ ਨਾ ਕੋਇ ਕਰਾਈਆ । ਸਾਨੂੰ ਯਾਦ ਆਈ ਅਸਾਂ ਪੂਰਬ ਲਹਿਣਾ ਤੇਰੇ ਸਚਖੰਡ ਦਵਾਰੇ ਟੰਗਿਆ, ਡੋਰੀ ਪ੍ਰੇਮ ਨਾਲ ਲਟਕਾਈਆ । ਜਿਸ ਵਿਚ ਲੇਖਾ ਸਭ ਨੇ ਅੰਤਮ ਜਾਣਾ ਡੰਨਿਆ, ਬਚਿਆ ਰਹਿਣ ਕੋਇ ਨਾ ਪਾਈਆ । ਗੋਬਿੰਦ ਨੇ ਛਾਤੀ ਨਾਲ ਲਾ ਕੇ ਰੱਖਿਆ ਜੋ ਇਕੋ ਲਾਇਆ ਕੰਨਿਆ, ਕੰਨਾ ਆਪਣੇ ਲੜ ਬੰਧਾਈਆ । ਜਿਸ ਵੇਲੇ ਪੁਰਖ ਅਕਾਲ ਦੀਨ ਮਜ਼੍ਹਬ ਦਾ ਮੇਟਿਆ ਬੰਨਿਆ, ਹੱਦ ਹਦੂਦ ਰਹੇ ਨਾ ਰਾਈਆ । ਸਭ ਨੇ ਇਕ ਪਰਮੇਸ਼ਵਰ ਮੰਨਿਆ, ਦੂਸਰ ਸੀਸ ਨਾ ਕੋਇ ਝੁਕਾਈਆ । ਜਨ ਭਗਤਾਂ ਆਪਣੀ ਸ਼ਬਦੀ ਧਾਰੋਂ ਜਣਿਆ, ਪੁਰਖ ਅਕਾਲਾ ਜੰਮਣ ਵਾਲੀ ਬਣੇ ਪਿਤਾ ਮਾਈਆ । ਨਾ ਹਰਖ਼ ਸੋਗ ਰਹੇ ਗ਼ਮਿਆ, ਚਿੰਤਾ ਚਿਖਾ ਨਾ ਕੋਇ ਜਲਾਈਆ । ਲੇਖੇ ਲਾ ਕੇ ਪਵਣ ਸਵਾਸ ਦਮਿਆ, ਦਾਮਨਗੀਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅੱਸੂ ਗਿਆ ਲੰਘ, ਆਪਣਾ ਪੰਧ ਮੁਕਾਈਆ । ਅਸੀਂ ਸੁੱਤੇ ਰਹੇ ਸਚਖੰਡ, ਸੇਜ ਪਲੰਘ ਆਸਣ ਇਕ ਵਖਾਈਆ । ਗ੍ਰਿਹ ਬੈਠੇ ਰਹੇ ਜਿਸ ਦਾ ਛੱਪਰ ਛੰਨ ਕੋਇ ਨਾ ਕੰਧ, ਹੱਦ ਹਦੂਦ ਨਾ ਕੋਇ ਜਣਾਈਆ । ਜੁਗ ਚੌਕੜੀ ਦਾ ਤਕਦੇ ਰਹੇ ਪੰਧ, ਜੋ ਮਾਤਲੋਕ ਫੇਰਾ ਆਏ ਪਾਈਆ । ਦੀਨ ਮਜ਼੍ਹਬ ਦੀ ਖੋਜਦੇ ਰਹੇ ਹੱਦ, ਚਾਰੋਂ ਕੁੰਟ ਧਿਆਨ ਲਗਾਈਆ । ਨਾਮ ਕਲਮਾ ਸੁਣਦੇ ਰਹੇ ਨਦ, ਰਾਗ ਅਨਰਾਗੀ ਧਿਆਨ ਲਗਾਈਆ । ਅੰਤ ਸਾਹਿਬ ਸੁਲਤਾਨ ਸਭ ਨੂੰ ਲਿਆ ਸੱਦ, ਸੱਦਾ ਹੁਕਮ ਵਾਲਾ ਜਣਾਈਆ । ਹੁਕਮੇ ਅੰਦਰ ਗਏ ਬੱਝ, ਪਲੂ ਸਕੇ ਨਾ ਕੋਇ ਛੁਡਾਈਆ । ਹੋ ਸਕੇ ਨਾ ਕੋਇ ਅਲੱਗ, ਵੱਖਰਾ ਰਾਹ ਨਾ ਕੋਇ ਦਰਸਾਈਆ । ਸਚ ਸਰਨਾਈ ਸਾਰੇ ਰਹੇ ਢੱਠ, ਨਿਉਂ ਨਿਉਂ ਸੀਸ ਝੁਕਾਈਆ । ਦੀਨ ਦਿਆਲੇ ਸਭ ਨੂੰ ਬਖ਼ਸ਼ ਇਕ ਇਕੱਠ, ਅਵਤਾਰ ਪੈਗ਼ੰਬਰ ਗੁਰ ਵੱਖਰਾ ਰਹਿਣ ਕੋਇ ਨਾ ਪਾਈਆ । ਤੇਰਾ ਨਾਮ ਕਲਮਾ ਲਈਏ ਰਟ, ਰੱਟਾ ਮੁਕੇ ਜਗਤ ਲੋਕਾਈਆ । ਇਕੋ ਤੀਰਥ ਸੋਹੇ ਤਟ, ਕਿਨਾਰਾ ਇਕੋ ਦੇਣਾ ਵਖਾਈਆ । ਇਕੋ ਦਵਾਰਾ ਵਸਣਾ ਹੱਟ, ਵਸਤ ਇਕ ਅਗੰਮ ਵਰਤਾਈਆ । ਤੂੰ ਸਰਬ ਕਲਾ ਸਮਰਥ, ਗਹਿਰ ਗੰਭੀਰ ਇਕ ਅਖਵਾਈਆ । ਸਿਰ ਸਭ ਦੇ ਰੱਖ ਹੱਥ, ਮਿਹਰ ਨਜ਼ਰ ਟਿਕਾਈਆ । ਤੇਰੇ ਨਾਮ ਦਾ ਗਾਈਏ ਜਸ, ਸਿਫ਼ਤਾਂ ਵਿਚ ਸਾਲਾਹੀਆ । ਸਾਡੀ ਪੂਰੀ ਕਰਨੀ ਅਸ, ਤ੍ਰਿਸ਼ਨਾ ਰਹੇ ਨਾ ਰਾਈਆ । ਤੇਰੇ ਹੋਈਏ ਵਸ, ਵਾਸਤਾ ਤੇਰੇ ਨਾਲ ਜੁੜਾਈਆ । ਤੂੰ ਇਕੋ ਕਰਨਾ ਪੱਖ, ਦੂਜੀ ਵੰਡ ਨਾ ਕੋਇ ਵੰਡਾਈਆ । ਜਿਧਰ ਵੇਖੀਏ ਨਜ਼ਰੀ ਆਏ ਪ੍ਰਤਖ, ਜੋਤੀ ਜਾਤੇ ਦਇਆ ਕਮਾਈਆ । ਸਭ ਦੀ ਸਾਂਝੀ ਕਰਦੇ ਅੱਖ, ਨੇਤਰ ਦਵੈਤ

ਰਹਿਣ ਨਾ ਪਾਈਆ । ਕੌਲ ਇਕਰਾਰ ਕਰ ਲੈ ਪੱਕ, ਅੱਗੇ ਸਕੇ ਨਾ ਕੋਇ ਤੁੜਾਈਆ । ਪੁਰਖ ਅਕਾਲ ਪਿਆ ਹੱਸ, ਹਸਤੀ ਆਪਣੀ ਇਕ ਸਮਝਾਈਆ । ਅਵਤਾਰ ਪੈਗ਼ੰਬਰ ਗੁਰੂ ਲਓ ਤਕ, ਤਕਵਾ ਇਕੋ ਉਤੇ ਰਖਾਈਆ । ਮੇਰਾ ਸੰਦੇਸ਼ਾ ਹੋਵੇ ਯਕ, ਵਾਹਿਦ ਕਰੇ ਪੜ੍ਹਾਈਆ । ਪਿਛਲਾ ਦੀਨ ਮਜ਼੍ਹਬ ਦਾ ਲੇਖਾ ਹੋਇਆ ਫਕ, ਮਾਲਕ ਰਹਿਣ ਕੋਇ ਨਾ ਪਾਈਆ । ਉਠੋ ਛੇਤੀ ਕਰੋ ਕੱਠ, ਆਪਣੀ ਲਓ ਅੰਗੜਾਈਆ । ਆਪਣੇ ਪਲੂ ਕੰਧੇ ਲਓ ਸੱਟ, ਗਠੜੀ ਹੱਥ ਨਾ ਕੋਇ ਉਠਾਈਆ । ਹੁਕਮ ਦੇਵੇ ਸਾਹਿਬ ਸਮਰਥ, ਹਰਿ ਕਰਤਾ ਬੇਪਰਵਾਹੀਆ । ਇਕੋ ਵਾਰ ਪੈਣਾ ਇਕੱਠ, ਭੱਜਣਾ ਵਾਹੋ ਦਾਹੀਆ । ਅੱਜ ਦੀ ਰੈਣ ਵਿਸ਼ਨ ਬ੍ਰਹਮਾ ਸ਼ਿਵ ਕੋਲ ਲੈਣੀ ਕਟ, ਸੋਹਣੀ ਖ਼ੁਸ਼ੀ ਬਣਾਈਆ । ਪਹਿਲੀ ਕੱਤਕ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜਾਣਾ ਟਪ, ਅਸਮਾਨਾਂ ਬਾਹਰ ਬਾਹਰ ਕਦਮ ਟਿਕਾਈਆ । ਸਾਢੇ ਨੌਂ ਰਾਤ ਨੂੰ ਭਗਤ ਦਵਾਰ ਕਰਨਾ ਇਕੱਠ, ਖ਼ੁਸ਼ੀਆਂ ਨਾਲ ਆਪਣਾ ਸੰਗ ਬਣਾਈਆ । ਪੰਜਾਂ ਪਿਆਰਿਆਂ ਪਾਣੀ ਗਲਾਸ ਭਰਨਾ ਝਟ, ਵੇਲਾ ਭੁੱਲ ਕੋਇ ਨਾ ਜਾਈਆ । ਪੰਜਾਂ ਦਰਬਾਰੀਆਂ ਸੰਗਤ ਦੇ ਚਾਰੋਂ ਕੁੰਟ ਪੈਣਾ ਨੱਠ, ਨੌ ਨੌ ਚੱਕਰ ਲੈਣੇ ਲਗਾਈਆ । ਪੰਜ ਲਿਖਾਰੀ ਰਜਿਸਟਰ ਰੱਖ ਕੇ ਸੱਜੇ ਪੱਟ, ਲਿਖਣ ਚਾਈਂ ਚਾਈਂਆ । ਨੌਂ ਗੁਰਮੁਖ ਬਣ ਕੇ ਭੋਲੇ ਜੱਟ, ਡਾਗਾਂ ਸੋਟੇ ਹੱਥਾਂ ਵਿਚ ਉਠਾਈਆ । ਹੱਥ ਵਿਚ ਬੋਤਲਾਂ ਫੜ ਕੇ ਪੀਂਦੇ ਹੋਣ ਗਟ ਗਟ, ਗੁਰ ਅਵਤਾਰ ਪੈਗ਼ੰਬਰਾਂ ਨੂੰ ਦੇਣ ਵਖਾਈਆ । ਅਗਲਾ ਲੇਖਾ ਫੇਰ ਦੇਣਾ ਦੱਸ, ਪਹਿਲੀ ਕੱਤਕ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਹਕੀਕਤ ਹੱਕ, ਹੱਕ ਦਾ ਮਾਲਕ ਇਕ ਅਖਵਾਈਆ ।


੭੯੮


੨੨

### ਪਹਿਲੀ ਕੱਤਕ ਸ਼ਹਿਨਸ਼ਾਹੀ ਸੰਮਤ ੬ ਗੁਰਦਾਸ ਸਿੰਘ ਦੇ ਘਰ ਪਿੰਡ ਸ਼ਾਹਵਾਲਾ ਜ਼ਿਲਾ ਫ਼ਿਰੋਜ਼ਪੁਰ

ਕੱਤਕ ਕਹੇ ਮੈਂ ਸੋਇਆ ਜਾਗਿਆ, ਯਾਰਾਂ ਮਾਸ ਨਾ ਅੱਖ ਖੁਲ੍ਹਾਈਆ । ਮੇਰੇ ਸਾਹਿਬ ਮੈਨੂੰ ਦਿਤੀ ਆਗਿਆ, ਹੁਕਮ ਅਗੰਮ ਦ੍ਰਿੜਾਈਆ । ਸ਼ਬਦੀ ਮਾਰੀ ਆਵਾਜ਼ਿਆ, ਆਵਾਜ਼ ਇਕ ਸੁਣਾਈਆ । ਮੈਂ ਤਕ ਕੇ ਰਾਜਨ ਰਾਜਿਆ, ਸ਼ਾਹੋ ਭੂਪ ਸੀਸ ਨਿਵਾਈਆ । ਹੱਸ ਕੇ ਕਿਹਾ ਕਿਰਪਾ ਕੀਤੀ ਗ਼ਰੀਬ ਨਿਵਾਜ਼ਿਆ, ਮਿਹਰ ਨਜ਼ਰ ਉਠਾਈਆ । ਜਿਸ ਆਦਿ ਤੋਂ ਮੇਰਾ ਸਾਜਣ ਸਾਜਿਆ, ਜੁਗ ਜੁਗ ਦਿਤੀ ਮਾਣ ਵਡਿਆਈਆ । ਮੈਂ ਖ਼ੁਸ਼ੀਆਂ ਵਿਚ ਉਠ ਉਠ ਭਾਗਿਆ, ਭੱਜਿਆ ਵਾਹੋ ਦਾਹੀਆ । ਮੈਂ ਪੁੱਜਿਆ ਹਰਿ ਭਗਤ ਦਵਾਰ ਦਰਵਾਜ਼ਿਆ, ਆਪਣੀ ਖ਼ੁਸ਼ੀ ਬਣਾਈਆ । ਫਿਰ ਆਪਣਾ ਆਪ ਸਾਧਿਆ, ਸਵਾਧਾਨ ਹੋ ਲਈ ਅੰਗੜਾਈਆ । ਫਿਰ ਇਕੋ ਪੁਰਖ ਅਕਾਲ ਅਰਾਧਿਆ, ਦੂਸਰ ਨਾਮ ਨਾ ਕੋਇ ਧਿਆਈਆ । ਫੇਰ ਸੁਣਿਆ ਧੁਰ ਦਾ ਨਾਦਿਆ, ਵੱਜੀ ਹੱਕ ਵਧਾਈਆ । ਫਿਰ ਢਹਿ ਕੇ ਸਰਨ ਸਰਨਾਈ ਲਾਗਿਆ, ਨਿਵ ਨਿਵ ਸੀਸ ਝੁਕਾਈਆ । ਫਿਰ ਜਾਂ ਤੱਕਿਆ ਖ਼ੁਸ਼ੀ ਦਿਹਾੜਾ ਆਜਿਆ, ਥਿਤ ਵਾਰ ਸੋਹਣੀ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੀ ਕਰਨੀ ਕਾਰ ਕਮਾਈਆ । ਕੱਤਕ ਕਹੇ ਸਾਲ ਪਿਛੋਂ ਹੋਇਆ ਆਉਣਾ, ਆ ਕੇ ਖ਼ੁਸ਼ੀ ਮਨਾਈਆ । ਮੈਂ ਧੁਰ ਦਾ ਗਾਇਆ ਗਾਉਣਾ, ਸੋਹੰ ਅਗੰਮ ਅਥਾਹੀਆ । ਫੇਰ ਖ਼ੁਸ਼ੀ ਆਈ ਅੱਜ ਅਵਤਾਰ ਪੈਗ਼ੰਬਰ ਗੁਰੂਆਂ ਦਰਸ਼ਨ ਪਾਉਣਾ, ਰੈਣ ਭਿੰਨੜੀ ਸੋਭਾ ਪਾਈਆ । ਮੈਂ ਵੀ ਬਣ ਕੇ ਜਾਣਾ ਭਗਤ

ਦਵਾਰ ਪਰਾਹੁਣਾ, ਖ਼ੁਸ਼ੀ ਖ਼ੁਸ਼ੀ ਆਪਣਾ ਪੰਧ ਮੁਕਾਈਆ । ਉਸ ਦੇ ਕਦਮਾਂ ਸੀਸ ਝੁਕਾਉਣਾ, ਜੋ ਮਾਲਕ ਧੁਰਦਰਗਾਹੀਆ । ਧੂੜੀ ਖ਼ਾਕ ਰਮਾਉਣਾ, ਟਿੱਕਾ ਇਕ ਵਖਾਈਆ । ਘਰ ਸਵਾਮੀ ਸਾਚਾ ਪਾਉਣਾ, ਗ੍ਰਿਹ ਮੰਦਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਸੁਣਾਈਆ । ਕੱਤਕ ਕਹੇ ਮੈਂ ਆਇਆ ਮਾਰ ਕੇ ਪੰਧ, ਬਣਿਆ ਪਾਂਧੀ ਰਾਹੀਆ । ਮੈਂ ਗਾਇਆ ਧੁਰ ਦਾ ਛੰਦ, ਆਤਮ ਪਰਮਾਤਮ ਰਾਗ ਅਲਾਈਆ । ਮੈਂ ਤਕ ਕੇ ਤਾਰਾ ਚੰਦ, ਸੂਰੀਆ ਅੱਖ ਨਾਲ ਮਟਕਾਈਆ । ਫੇਰ ਸਚ ਦਵਾਰਾ ਲੰਘ, ਨਿਉਂ ਨਿਉਂ ਸੀਸ ਝੁਕਾਈਆ । ਫੇਰ ਬੈਠ ਹੇਠ ਪਲੰਘ, ਆਪਣਾ ਡੇਰਾ ਲਿਆ ਜਮਾਈਆ । ਮੈਂ ਮੰਗੀ ਅਗੰਮੀ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਜਿਸ ਬਿਧ ਛੱਬੀ ਪੋਹ ਨੂੰ ਹੋਣਾ ਸੰਗ, ਸਗਲਾ ਸੰਗ ਬੰਧਾਈਆ । ਚੌਦਾਂ ਗੁਰਮੁਖਾਂ ਉਡਾਉਣੇ ਪਤੰਗ, ਡੋਰੀ ਲਾਲ ਰੰਗ ਬੰਨ੍ਹ ਵਖਾਈਆ । ਚੌਦਾਂ ਟੱਪਣਾ ਇਕ ਟੰਗ, ਸੋਹਣਾ ਆਪਣਾ ਤਾਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਸੂਰਾ ਸਰਬੰਗ, ਹਰਿ ਸੂਰਬੀਰ ਵਡੀ ਵਡਿਆਈਆ ।

✪ ਪਹਿਲੀ ਕੱਤਕ ਸ਼ਹਿਨਸ਼ਾਹੀ ਸੰਮਤ ੬ ਕਰਨੈਲ ਸਿੰਘ ਦੇ ਗ੍ਰਿਹ ਪਿੰਡ ਸ਼ਾਹਵਾਲਾ ਜ਼ਿਲਾ ਫਿਰੋਜ਼ ਪੁਰ ✪



ਕੱਤਕ ਕਹੇ ਮੈਂ ਸਚ ਦਵਾਰੇ ਗਿਆ ਪੁੱਜ, ਪੂਜਨ ਪੂਜਿਆ ਬੇਪਰਵਾਹੀਆ । ਮੇਰੀ ਤ੍ਰਿਸ਼ਨਾ ਗਈ ਬੁਝ, ਤ੍ਰਿਖਾ ਰਹੀ ਨਾ ਰਾਈਆ । ਮੈਂ ਤੱਕਿਆ ਚੌਥਾ ਜੁਗ, ਅੰਤਮ ਆਪਣਾ ਧਿਆਨ ਲਗਾਈਆ । ਮੈਨੂੰ ਰਹੀ ਕੋਈ ਨਾ ਸੁਧ, ਬੇਸੁਧ ਹੋ ਕੇ ਕੀਤੀ ਹਾਲ ਦੁਹਾਈਆ । ਕੂਕ ਕਿਹਾ ਉਠੋ ਵੇਖੋ ਜਿਸ ਰਾਮ ਕ੍ਰਿਸ਼ਨ ਕੋਲੋਂ ਕਰਾਇਆ ਯੁਧ, ਤ੍ਰੇਤਾ ਦੁਆਪਰ ਖੇਲ ਖਿਲਾਈਆ । ਉਹ ਸਭ ਦੀ ਬਦਲਣ ਲੱਗਾ ਬੁਧ, ਬੁਧ ਬਿਬੇਕ ਨਾ ਕੋਇ ਰਖਾਈਆ । ਸ਼ਾਹ ਸਵਾਰਾ ਰਿਹਾ ਕੁੱਦ, ਸ਼ਾਹ ਸੁਲਤਾਨਾ ਬਲ ਪਰਗਟਾਈਆ । ਜਿਸ ਨੇ ਦੀਨ ਮਜ਼੍ਹਬ ਦੇ ਬੰਨ੍ਹੇ ਮੁੱਢ, ਅੰਤਮ ਓਹੋ ਜੜ੍ਹ ਉਖੜਾਈਆ । ਮੈਂ ਸਭ ਨੂੰ ਹਲੂਣ ਕੇ ਮਾਰੀ ਹੁੱਜ, ਸਹਿਜ ਨਾਲ ਉਠਾਈਆ । ਵੇਖੋ ਕਿਸੇ ਦਾ ਵਸਿਆ ਨਹੀਂ ਰਹਿਣਾ ਝੁਗ, ਝੁੱਗੇ ਫੋਲੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਕੱਤਕ ਕਹੇ ਮੈਂ ਓਸ ਦਵਾਰੇ ਪਹੁੰਚਾ, ਆਪਣਾ ਪੰਧ ਮੁਕਾਈਆ । ਜਿਥੇ ਜਾਏ ਕੋਇ ਨਾ ਔਂਤਾ, ਸਿਰ ਆਪਣਾ ਹੱਥ ਟਿਕਾਈਆ । ਫੇਰ ਵੇਖਿਆ ਗੋਬਿੰਦ ਵਾਲਾ ਢੌਂਕਾ, ਢਈਆ ਬੈਠਾ ਮੁਖ ਭਵਾਈਆ । ਫੇਰ ਵੇਖਿਆ ਬ੍ਰਹਮੇ ਵਾਲਾ ਚੌਂਕਾ, ਸਾਫ਼ ਸੁਥਰਾ ਪੋਚ ਪੁਚਾਈਆ । ਫੇਰ ਵੇਖਿਆ ਧਰਮ ਦੀ ਧਾਰ ਵਾਲਾ ਔਂਟਾ, ਜੋ ਓੜਕ ਸਭ ਦਾ ਦਏ ਕਰਾਈਆ । ਲੇਖ ਪੜ੍ਹਿਆ ਜੋ ਗੋਬਿੰਦ ਪੁਰਖ ਅਕਾਲ ਦੱਸਿਆ ਪੌਂਟਾ, ਪਟਨੇ ਵਾਲਾ ਭੇਵ ਰਿਹਾ ਨਾ ਰਾਈਆ । ਫੇਰ ਵੇਖਿਆ ਨਾਲ ਸ਼ੌਂਕਾ, ਜ਼ਿਮੀਂ ਅਸਮਾਨਾਂ ਅੱਖ ਖੁਲ੍ਹਾਈਆ । ਫੇਰ ਵੇਖਿਆ ਝਾਕਿਆ ਤਬਕਾਂ ਤੌਂਕਾ, ਚੌਦਸ ਚੌਦਾਂ ਵੇਖ ਵਖਾਈਆ । ਫੇਰ ਵੇਖਿਆ ਕੀ ਹੁਣ ਪ੍ਰਭ ਨੇ ਆਪਣੇ ਹੱਥ ਰੱਖਿਆ ਮੌਕਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਕੀ ਖੇਲ ਹੋਣਾ ਹਰਿ ਸ਼ਾਹੋ ਕਾ, ਹਰਿ ਸ਼ਹਿਨਸ਼ਾਹ ਆਪਣੀ ਕਲ ਧਰਾਈਆ । ਕੀ ਲਹਿਣਾ ਬੇਪਰਵਾਹੋ ਕਾ, ਜੋ ਬੇਪਰਵਾਹੀ ਵਿਚ ਸਮਾਈਆ । ਫੇਰ ਜੈਕਾਰਾ ਸੁਣਿਆ ਵਾਹੋ ਵਾਹੋ ਕਾ,

ਅਵਤਾਰ ਪੈਗ਼ੰਬਰ ਗੁਰ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਆਪਣੇ ਦਾਓ ਕਾ, ਦਾਅਵੇਦਾਰ ਰਹਿਣ ਕੋਇ ਨਾ ਪਾਈਆ ।

## ✪ ਪਹਿਲੀ ਕੱਤਕ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ✪

ਅਵਤਾਰ ਪੈਗ਼ੰਬਰ ਗੁਰ ਹਾਜ਼ਰ ਗਏ ਹੋ, ਹੋਕਾ ਹੱਕ ਸੁਣਾਈਆ । ਪ੍ਰਭੂ ਤੁਧ ਬਿਨ ਲੇਖਾ ਜਾਣੇ ਨਾ ਕੋ, ਚਾਰ ਜੁਗ ਸਮਝ ਕਿਸੇ ਨਾ ਆਈਆ । ਜੋ ਦੀਨ ਮਜ਼੍ਹਬ ਦਾ ਬੀਜ ਆਏ ਬੋ, ਧਰਨੀ ਵੇਖ ਚਾਈਂ ਚਾਈਆ । ਨੌਂ ਖੰਡ ਪ੍ਰਿਥਮੀ ਰਹੀ ਕੋਈ ਨਾ ਲੋ, ਨੂਰ ਜੋਤ ਨਾ ਕੋਇ ਰੁਸ਼ਨਾਈਆ । ਭੇਵ ਜਾਣੇ ਨਾ ਕੋਈ ਸੋ, ਹੰ ਪੜਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਭੁਗਤਾਈਆ । ਨਾਨਕ ਕਹੇ ਮੇਰੇ ਸਾਹਿਬ ਅਹਿਬਾਬੀ, ਮਿੱਤਰਾ ਦਿਆਂ ਜਣਾਈਆ । ਗੋਬਿੰਦ ਦੇ ਸਿੱਖ ਬਣ ਗਏ ਸ਼ਰਾਬੀ, ਬੋਤਲਾਂ ਹੱਥਾਂ ਵਿਚ ਉਠਾਈਆ । ਸਤਿਨਾਮ ਜਪਣ ਵਾਲੇ ਬਣ ਗਏ ਕਬਾਬੀ, ਮਾਸ ਰਸਨਾ ਮੁਖ ਲਗਾਈਆ । ਪ੍ਰਭੂ ਆਪਣਾ ਖੇਲ ਤਕ ਲੈ ਆਦੀ, ਆਦਿ ਦੇ ਮਾਲਕ ਦਿਆਂ ਦ੍ਰਿੜ੍ਹਾਈਆ । ਆਤਮਾ ਗਈ ਕਿਸੇ ਨਾ ਸਾਧੀ, ਸਾਧਨਾ ਵਿਚ ਨਾ ਕੋਇ ਵਡਿਆਈਆ । ਧਰਮ ਦਾ ਦਿਸੇ ਕੋਈ ਨਾ ਗਾਡੀ, ਰਹਿਬਰ ਰੂਪ ਨਾ ਕੋਇ ਜਣਾਈਆ । ਬਹੁੜੀ ਸਾਡੇ ਹੁੰਦਿਆਂ ਮਨ ਦੀ ਕੂੜੀ ਪੈ ਗਈ ਵਾਦੀ, ਵਾਅਦਾ ਕੌਲ ਪੂਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਨਾਨਕ ਕਹੇ ਗੋਬਿੰਦ ਉਠ ਮਾਰ ਲੈ ਝਾਕੀ, ਬਿਨ ਅੱਖਾਂ ਅੱਖ ਉਠਾਈਆ । ਚਾਰੋਂ ਕੁੰਟ ਦਿਸੇ ਕੋਈ ਨਾ ਸਾਥੀ, ਸਗਲਾ ਸੰਗ ਨਾ ਕੋਇ ਨਿਭਾਈਆ । ਨਾਨਕ ਕਹੇ ਮੇਰੀ ਬਾਣੀ ਦਾ ਰਿਹਾ ਕੋਈ ਨਾ ਪਾਠੀ, ਰਸਨਾ ਗੁਣ ਨਾ ਕੋਇ ਚਤੁਰਾਈਆ । ਮੰਜ਼ਲ ਚੜ੍ਹੇ ਕੋਈ ਨਾ ਘਾਟੀ, ਪੰਜ ਦਰਬਾਰੀ ਦੇਣ ਗਵਾਹੀਆ । ਜਿਨ੍ਹਾਂ ਨੌਂ ਖੰਡ ਪ੍ਰਿਥਮੀ ਪ੍ਰਭ ਦੇ ਹੁਕਮ ਨਾਲ ਨਾਪੀ, ਨੌਂ ਨੌਂ ਚੱਕਰ ਆਏ ਲਗਾਈਆ । ਜਿਧਰ ਵੇਖਿਆ ਉਧਰ ਦਿਸਦੇ ਪਾਪੀ, ਪਤਤ ਪੁਨੀਤ ਨਾ ਕੋਇ ਜਣਾਈਆ । ਗੁਰ ਅਵਤਾਰ ਪੈਗ਼ੰਬਰੋ ਕਢ ਲਓ ਕਾਪੀ, ਕਾਪੀ ਦੀ ਨਕਲ ਮੈਨੂੰ ਦਿਉ ਵਖਾਈਆ । ਕਿਉਂ ਨਹੀਂ ਤੁਹਾਡੇ ਤੁਹਾਡੀ ਮੰਨਦੇ ਆਖੀ, ਕੀ ਅੱਖਰਾਂ ਦੀ ਕਰਨ ਪੜ੍ਹਾਈਆ । ਕਿਉਂ ਨਾ ਮੇਟ ਸਕੇ ਗੁਸਤਾਖੀ, ਗ਼ੁੱਸਾ ਗਿਲਾ ਜਗਤ ਤਜਾਈਆ । ਕਿਉਂ ਕੂੜ ਦੀ ਵਧ ਗਈ ਹਾਟੀ, ਹਟਵਾਣਿਓ ਤੁਹਾਡਾ ਨਾਮ ਨਾ ਕੋਇ ਵਿਕਾਈਆ । ਸਮੇਂ ਨਾਲ ਪਹਿਲੀ ਕੱਤਕ ਦੀ ਤੁਹਾਨੂੰ ਮਿਲ ਗਈ ਰਾਤੀ, ਕਾਰਤਕ ਆਪਣਾ ਭੇਵ ਦਿਉ ਖੁਲ੍ਹਾਈਆ । ਉਹ ਜਿਸ ਨੂੰ ਦੱਸ ਆਏ ਇਹ ਕਾਇਆ ਵੰਗ ਕਾਚੀ, ਕਿਉਂ ਨਹੀਂ ਕੱਚੀ ਭੰਨ ਵਖਾਈਆ । ਜੇਹੜੀ ਤੁਹਾਡੇ ਹੁੰਦਿਆਂ ਕਲਪਣਾ ਵਿਚ ਨਾਚੀ, ਮਾਇਆ ਮਮਤਾ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੈਗ਼ੰਬਰ ਕਹਿਣ ਸਾਡੇ ਅਮਾਮ, ਸੱਯਦਾ ਸੀਸ ਝੁਕਾਈਆ । ਅਸੀਂ ਤਕੀ ਸ਼ਰਅ ਤਮਾਮ, ਤਮਾ ਵਿਚ ਲੋਕਾਈਆ । ਸਾਡਾ ਕਾਇਮ ਨਾ ਰਿਹਾ ਨਿਜ਼ਾਮ, ਨੌਬਤ ਹੱਕ ਨਾ ਕੋਇ ਵਜਾਈਆ । ਸਾਡੇ ਕਲਮੇ ਹੋਏ ਬਦਨਾਮ, ਬਦੀ ਦਾ ਡੇਰਾ ਕੋਇ ਨਾ ਢਾਹੀਆ । ਜਿਧਰ ਤਕੀ ਅੰਧੇਰੀ ਸ਼ਾਮ,

ਚੌਦਸ ਚੰਦ ਨਾ ਕੋਇ ਚਮਕਾਈਆ । ਕਾਅਬਿਉਂ ਹੋਏ ਹਰਾਮ, ਧੀਰਜ ਧੀਰ ਨਾ ਕੋਇ ਰਖਾਈਆ । ਕਿਰਪਾ ਕਰ ਮੇਰੇ ਮਿਹਰਵਾਨ, ਮਹਿਬੂਬ ਤੇਰੀ ਸਰਨਾਈਆ । ਭੁੰਨ ਕਬਾਬ ਸਾਰੇ ਖਾਣ, ਗਊਆਂ ਖੱਲ ਲੁਹਾਈਆ । ਉਹ ਵੇਖ ਦੂਰੋਂ ਤਕੇ ਕਾਹਨ, ਬੰਸਰੀ ਬੁੱਲਾਂ ਨਾਲ ਛੁਹਾਈਆ । ਭੱਜਾ ਫਿਰਦਾ ਰਾਮ, ਬਨਾਂ ਵਿਚ ਕੁਰਲਾਈਆ । ਕੀ ਖੇਲ ਤੇਰਾ ਭਗਵਾਨ, ਸਭ ਦਾ ਲੇਖਾ ਰਿਹਾ ਮੁਕਾਈਆ । ਸੀਤਾ ਸੁਰਤੀ ਹੋਈ ਨਾ ਕੋਇ ਪਰਵਾਨ, ਰਾਧਾ ਰੰਗ ਨਾ ਕੋਇ ਰੰਗਾਈਆ । ਕਲਮਾ ਕਰੇ ਨਾ ਕੋਇ ਕਲਿਆਣ, ਕਾਇਨਾਤ ਰਹੀ ਕੁਰਲਾਈਆ । ਗੁਰੂ ਗੁਰਦੇਵ ਮੰਤਰ ਫੁਰੇ ਨਾ ਕੋਇ ਤੇਰਾ ਸਤਿਨਾਮ, ਸਤਿ ਸਤਿ ਵਿਚ ਨਾ ਕੋਇ ਸਮਾਈਆ । ਗੋਬਿੰਦ ਦਾ ਅੰਮ੍ਰਿਤ ਰਸ ਪੀਏ ਕੋਇ ਨਾ ਜਾਮ, ਮਦਿ ਪਿਆਲੇ ਬੋਤਲਾਂ ਵਾਲੇ ਸਾਰੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡੀ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਅੱਜ ਆਏ ਤੇਰੇ ਦਰਬਾਰ, ਪੰਜ ਦਰਬਾਰੀ ਦੇਣ ਗਵਾਹੀਆ । ਪੰਜ ਲਿਖਾਰੀ ਲੇਖਾ ਲਿਖਣ ਅਪਾਰ, ਅਪਰੰਪਰ ਤੇਰੀ ਬੇਪਰਵਾਹੀਆ । ਪੰਜ ਪਿਆਰੇ ਅੰਮ੍ਰਿਤ ਵਖਾਵਣ ਧਾਰ, ਜਲ ਗਿਲਾਸਾਂ ਵਿਚ ਟਿਕਾਈਆ । ਬਹੁੜੀ ਅਸੀਂ ਫਿਰ ਕੇ ਆਏ ਕੁੰਟ ਚਾਰ, ਚਾਰੋਂ ਕੁੰਟ ਧਿਆਨ ਲਗਾਈਆ । ਸਾਡਾ ਦਿਸਿਆ ਕੋਇ ਨਾ ਯਾਰ, ਯਰਾਨਾ ਹੱਕ ਨਾ ਕੋਇ ਜਣਾਈਆ । ਚਾਰੋਂ ਕੁੰਟ ਧੂੰਆਂਧਾਰ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਜਗਤ ਤੇਰਾ ਪੀਵੇ ਮਦਿ, ਮਧੁਰ ਧੁਨ ਸੁਣਨ ਕੋਇ ਨਾ ਪਾਈਆ । ਅਸੀਂ ਵੇਖੀ ਜਗਤ ਜਗ ਦੀ ਹੱਦ, ਚਾਰੋਂ ਕੁੰਟ ਧਿਆਨ ਲਗਾਈਆ । ਹੰਸ ਬੁਧੀ ਹੋਈ ਕੱਗ, ਕਾਗ ਹੰਸ ਨਾ ਰੂਪ ਵਟਾਈਆ । ਸਤਿ ਧਰਮ ਨੂੰ ਸਾਰੇ ਗਏ ਛਡ, ਸਚ ਵਿਚ ਨਾ ਕੋਇ ਸਮਾਈਆ । ਪ੍ਰਭੂ ਸਾਡੇ ਸਾਡੇ ਨਾਲੋਂ ਹੋ ਗਏ ਅੱਡ, ਨਾਤਾ ਤੋੜ ਨਾ ਕੋਇ ਨਿਭਾਈਆ । ਅਸੀਂ ਤੇਰੇ ਦਵਾਰੇ ਆਏ ਭੱਜ, ਭੱਜੇ ਚਾਈਂ ਚਾਈਂਆ । ਹੁਣ ਰਹਿਣਾ ਨਹੀਂ ਮਾਤਲੋਕ ਦੇ ਜਗ, ਜਗਜੀਵਣ ਦਾਤੇ ਤੇਰੇ ਅੱਗੇ ਵਾਸਤਾ ਪਾਈਆ । ਕਿਉਂ ਤੇਰੇ ਹੁਕਮ ਦੀ ਨਵ ਸੱਤ ਲੱਗਣੀ ਅੱਗ, ਜਿਸ ਨੂੰ ਸਕੇ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਤੇਰੇ ਆ ਗਏ ਕੋਲ ਸਿੰਘਾਸਣ, ਸਿੰਘ ਤੇਰੀ ਸਰਨਾਈਆ । ਤੂੰ ਸਾਹਿਬ ਇਕ ਅਬਿਨਾਸ਼ਣ, ਵਡ ਦਾਤਾ ਬੇਪਰਵਾਹੀਆ । ਇਕੋ ਬਚਨ ਆਏ ਆਖਣ, ਕਹਿ ਕੇ ਦਈਏ ਸੁਣਾਈਆ । ਸਾਡਾ ਲੇਖਾ ਮੁਕਾ ਦੇ ਅੱਜ ਦੀ ਰਾਤਨ, ਰੁਤੜੀ ਆਪਣੇ ਨਾਲ ਮਹਿਕਾਈਆ । ਪੜਦਾ ਓਹਲਾ ਰਹੇ ਨਾ ਬਾਤਨ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਸਾਨੂੰ ਤੇਰਾ ਮਜ਼ਮੂਨ ਫੇਰ ਪਏ ਨਾ ਵਾਚਣ, ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਤੂੰ ਆਦਿ ਜੁਗਾਦੀ ਧੁਰ ਦਾ ਬਾਪਣ, ਪਿਤਾ ਪੁਰਖ ਅਕਾਲ ਤੇਰੀ ਸਰਨਾਈਆ । ਸਭ ਦਾ ਪੂਰਾ ਕਰਕੇ ਭਵਿਖਤ ਵਾਕਣ, ਪੇਸ਼ੀਨਗੋਈਆਂ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਵਰ, ਦਰ ਠਾਂਡੇ ਮੰਗ ਮੰਗਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਆਏ ਧਰਨੀ ਧਰਤ, ਧਵਲ ਵੱਜੇ ਵਧਾਈਆ । ਆਪਣਾ ਘਰ ਵੇਖੋ ਪਰਤ, ਪਤਿਪਰਮੇਸ਼ਵਰ ਰਿਹਾ ਜਣਾਈਆ । ਕੌਲ ਇਕਰਾਰ ਤਕੋ ਸ਼ਰਤ, ਜੋ ਸ਼ਰਅ ਰੂਪ ਵਟਾਈਆ । ਨਿਗਹ ਮਾਰੋ ਉਪਰ

ਅਰਸ਼, ਅਰਸ਼ੀ ਪ੍ਰੀਤਮ ਕੀ ਸਮਝਾਈਆ । ਸਾਰੇ ਇਕ ਦਾ ਕਰੋ ਦਰਸ, ਦਰਸ ਦੀਦ ਵਡਿਆਈਆ । ਮਜ਼੍ਹਬ ਦੀ ਰੱਖੋ ਕੋਇ ਨਾ ਹਰਸ, ਹਵਸ ਦੇਣੀ ਗਵਾਈਆ । ਮਿਹਰਵਾਨ ਪ੍ਰਭ ਕਰੇ ਤਰਸ, ਰਹਿਮਤ ਸਚ ਕਮਾਈਆ । ਸੰਮਤ ਛੇ ਸ਼ਹਿਨਸ਼ਾਹੀ ਬਰਸ, ਪਹਿਲੀ ਕੱਤਕ ਥਿਤ ਵਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡਾ ਰਿਹਾ ਕੋਇ ਨਾ ਚਾਰਾ, ਚੌਥੇ ਜੁਗ ਜੁਗ ਦੁਹਾਈਆ । ਚਾਰੋਂ ਕੁੰਟ ਧੂੰਆਂਧਾਰਾ, ਅਗਨੀ ਤਤ ਨਾ ਕੋਇ ਬੁਝਾਈਆ । ਪ੍ਰੇਮ ਰਿਹਾ ਨਾ ਵਿਚ ਸੰਸਾਰਾ, ਮੁਹੱਬਤ ਵਿਚ ਨਾ ਕੋਇ ਸਮਾਈਆ । ਸ੍ਰਿਸ਼ਟੀ ਦ੍ਰਿਸ਼ਟੀ ਰੋਵੇ ਜ਼ਾਰੋ ਜ਼ਾਰਾ, ਬਿਨ ਨੇਤਰ ਨੈਣਾ ਨੀਰ ਵਹਾਈਆ । ਧਰਮ ਦਾ ਰਿਹਾ ਨਾ ਕੋਇ ਦਵਾਰਾ, ਦਵਾਰਕਾ ਵਾਸੀ ਰਿਹਾ ਸਮਝਾਈਆ । ਕਿਰਪਾ ਕਰ ਆਪ ਨਿਰੰਕਾਰਾ, ਨਿਰਵੈਰ ਤੇਰੀ ਵਡਿਆਈਆ । ਅਸੀਂ ਕਹਿੰਦੇ ਆਏ ਕਲਜੁਗ ਅੰਤਮ ਕਲ ਕਲਕੀ ਹੋਏ ਅਵਤਾਰਾ, ਨਿਹਕਲੰਕ ਬੇਪਰਵਾਹੀਆ । ਅਮਾਮ ਅਮਾਮਾ ਵਡ ਸਿਕਦਾਰਾ, ਸ਼ਾਹੋ ਭੂਪ ਨੂਰ ਅਲਾਹੀਆ । ਜਿਸ ਦਾ ਜਗਤ ਜਹਾਨ ਤੋਂ ਵੱਖਰਾ ਹੋਏ ਦਰਬਾਰਾ, ਦਰ ਦਵਾਰ ਸੋਭਾ ਪਾਈਆ । ਸੋ ਲਹਿਣਾ ਦੇਣਾ ਪੂਰਾ ਕਰੇ ਕੌਲ ਇਕਰਾਰਾ, ਵਾਅਦਾ ਪਿਛਲਾ ਨਾਲ ਮਿਲਾਈਆ । ਤੇਰੇ ਦਰ ਆ ਕੇ ਦਰਵੇਸ਼ ਹੋ ਕੇ ਕਰੀਏ ਨਿਮਸਕਾਰਾ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ । ਕੱਤਕ ਕਹੇ ਮੇਰਾ ਆ ਗਿਆ ਵਕਤ, ਵਾਸਤਕ ਦਿਆਂ ਜਣਾਈਆ । ਅਵਤਾਰ ਪੈਗ਼ੰਬਰ ਗੁਰੂ ਤੁਹਾਡਾ ਸਾਰਾ ਜਗਤ, ਦੀਨ ਦੁਨੀ ਵੇਖੇ ਚਾਈਂ ਚਾਈਆ । ਬਹੁੜੀ ਕੋਟਾਂ ਵਿਚੋਂ ਪ੍ਰਭ ਦੇ ਆਹ ਥੋੜ੍ਹੇ ਜਿਹੇ ਭਗਤ, ਜਿਨ੍ਹਾਂ ਨੂੰ ਮਿਲ ਕੇ ਮੈਨੂੰ ਵੱਜੇ ਵਧਾਈਆ । ਜਿਸ ਦਵਾਰੇ ਤੁਸੀਂ ਸਾਰੇ ਆਏ ਉਪਰ ਧਰਤ, ਧਰਨੀ ਧਰਤ ਧਵਲ ਧੌਲ ਆਪਣਾ ਡੇਰਾ ਲਾਈਆ । ਆਪਣਾ ਲਹਿਣਾ ਪੂਰਾ ਕਰੋ ਕਰਜ਼, ਮਕਰੂਜ਼ ਦਏ ਚੁਕਾਈਆ । ਵੇਖੋ ਖੇਲ ਸਾਹਿਬ ਅਸਚਰਜ, ਜੋ ਅਚਰਜ ਲੀਲਾ ਰਿਹਾ ਵਰਤਾਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦ, ਦੁਖੀਆਂ ਹੋਏ ਸਹਾਈਆ । ਤੁਹਾਡੇ ਕੋਲੋਂ ਖੋਹ ਕੇ ਸ਼ਰਅ ਵਾਲੀ ਕਰਦ, ਕਾਤਲ ਮਕਤੂਲ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕੱਤਕ ਕਹੇ ਅਵਤਾਰ ਪੈਗ਼ੰਬਰ ਗੁਰੂ ਜੋ ਸਚ ਦਵਾਰੇ ਰਹੈ, ਇਕੋ ਘਰ ਡੇਰਾ ਲਾਈਆ । ਅੱਜ ਭਗਤ ਦਵਾਰ ਤਕੋ ਜਿਥੇ ਪੰਜਾਂ ਲਿਖਾਰੀਆਂ ਮਸਤਕ ਉਤੇ ਲਿਖਿਆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ, ਤੁਹਾਨੂੰ ਸਭ ਨੂੰ ਰਹੇ ਵਖਾਈਆ । ਜਿਨ੍ਹਾਂ ਦੀ ਕਲਮ ਨੇ ਕਲਜੁਗ ਅੰਤਮ ਕਰਨਾ ਲੈ, ਲੋਕਮਾਤ ਰਹਿਣ ਨਾ ਪਾਈਆ । ਪੰਜਾਂ ਦਰਬਾਰੀਆਂ ਦਾ ਸਭ ਨੂੰ ਹੋਣਾ ਭੈ, ਜੋ ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਪੰਜਾਂ ਪਿਆਰਿਆਂ ਅੰਮ੍ਰਿਤ ਧਾਰ ਵਹਾਉਣੀ ਨੈ, ਜਲ ਧਾਰਾ ਨਾਲ ਰਲਾਈਆ । ਜਿਸ ਨੂੰ ਉਡੀਕਦਿਆਂ ਜੁਗ ਚੌਕੜੀ ਲੰਘ ਗਏ ਕੈ, ਗਿਣਤੀ ਗਣਤ ਨਾ ਕੋਇ ਗਣਾਈਆ । ਜੋ ਆਦਿ ਜੁਗਾਦੀ ਇਕੋ ਹੈ, ਹਰਿ ਕਰਤਾ ਨੂਰ ਅਲਾਹੀਆ । ਉਹ ਝਗੜਾ ਮੇਟੇ ਹਉਮੇ ਹੰਗਤਾ ਮੈਂ, ਹੰ ਬ੍ਰਹਮ ਇਕ ਸਮਝਾਈਆ । ਭਾਗ ਲਗਾ ਕੇ ਧਰਮ ਦਵਾਰ ਗ੍ਰਿਹਿ, ਮੰਦਰ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਹੁਕਮ ਇਕ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅਸੀਂ ਵੇਖੇ ਡਾਂਗਾਂ ਸੋਟੇ, ਗੁਰਮੁਖ ਹੱਥ ਉਠਾਈਆ । ਸਾਰਿਆਂ ਕਿਹਾ ਗੋਬਿੰਦਾ ਜਿਨ੍ਹਾਂ ਪਿਛੇ ਵਾਰ

ਕੇ ਆਇਉਂ ਜਿਗਰ ਦੇ ਟੋਟੇ, ਉਹ ਤੇਰਾ ਪ੍ਰੇਮ ਗਏ ਭੁਲਾਈਆ । ਔਹ ਵੇਖ ਬੋਤਲਾਂ ਲੈ ਕੇ ਖਲੋਤੇ, ਮਧ ਗਟ ਗਟ ਲੰਘਾਈਆ । ਜਿਸ ਤਰਾ ਪਿਛੇ ਗੁਜਰੀ ਨੇ ਵਾਰੇ ਪੋਤੇ, ਆਪਣਾ ਆਪ ਮਿਟਾਈਆ । ਉਹ ਕਲਜੁਗ ਲਹਿਰ ਵਿਚ ਮਾਰਦੇ ਗ਼ੋਤੇ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਪੈਗ਼ੰਬਰ ਕਹਿਣ ਬਹੁੜੀ ਸਾਡੇ ਨਾਲ ਵੀ ਹੋ ਗਏ ਧੋਖੇ, ਉਮਤ ਸੰਗ ਨਾ ਕੋਇ ਜਣਾਈਆ । ਅਵਤਾਰ ਕਹਿਣ ਮੰਜ਼ਲ ਚੜ੍ਹੇ ਨਾ ਕੋਇ ਅਗੰਮੇ ਕੋਠੇ, ਪਾਂਧੀ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਹੁਕਮ ਵਰਤਾਈਆ । ਪੁਰਖ ਅਕਾਲ ਕਹੇ ਅਵਤਾਰ ਪੈਗ਼ੰਬਰ ਗੁਰ ਤਕ ਲਓ ਆਪਣੇ ਪਿਆਰੇ, ਪ੍ਰੇਮੀ ਮੈਨੂੰ ਦਿਓ ਵਖਾਈਆ । ਓਨ੍ਹਾਂ ਵੱਲ ਕਰੋ ਇਸ਼ਾਰੇ, ਜੋ ਤੁਹਾਡੇ ਵਿਚ ਸਮਾਈਆ । ਜੇਹੜੇ ਮੇਰੇ ਪੁੱਜੇ ਕਿਨਾਰੇ, ਮੈਨੂੰ ਦਿਓ ਦ੍ਰਿੜਾਈਆ । ਜੇ ਤੁਹਾਡੇ ਹੁੰਦਿਆਂ ਸਾਰੇ ਹਾਰੇ, ਹਿਰਦੇ ਹਰਿ ਨਾ ਕੋਇ ਵਸਾਈਆ । ਫੇਰ ਤੁਹਾਡੇ ਕਾਹਦੇ ਦੁਲਾਰੇ, ਪਿਤਾ ਪੂਤ ਕੀ ਚਤੁਰਾਈਆ । ਜਿਨ੍ਹਾਂ ਪਿਛੇ ਆਪਣੇ ਵਸਦੇ ਘਰ ਉਜਾੜੇ, ਖੇੜਾ ਨਜ਼ਰ ਨਾ ਕੋਇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭੂ ਲੋਕਮਾਤ ਸਭ ਦੇ ਹੱਥ ਮਧ ਪਿਆਲਾ, ਜਗਤ ਪੀ ਪੀ ਖ਼ੁਸ਼ੀ ਬਣਾਈਆ । ਸਭ ਨੂੰ ਭੁੱਲ ਗਿਆ ਦੀਨ ਦਿਆਲਾ, ਦਇਆਨਿਧ ਤੇਰੀ ਸਾਰ ਕਿਸੇ ਨਾ ਆਈਆ । ਚਾਰ ਕੁੰਟ ਹੋਇਆ ਬੇਹਾਲਾ, ਹਾਲਤ ਵਿਗੜੀ ਜਗਤ ਲੋਕਾਈਆ । ਧਰਮ ਰਿਹਾ ਨਾ ਕਿਸੇ ਮੰਦਰ ਮਸਜਿਦ ਸ਼ਿਵਦਵਾਲਾ, ਮਠ ਸਾਰੇ ਰਹੇ ਕੁਰਲਾਈਆ । ਕਲਜੁਗ ਅੰਤਮ ਵਕਤ ਨਾ ਕਿਸੇ ਸੰਭਾਲਾ, ਸੰਬਲ ਬੈਠਾ ਨਜ਼ਰ ਕਿਸੇ ਨਾ ਆਈਆ । ਸਦੀ ਚੌਧਵੀਂ ਬਣੇ ਨਾ ਕੋਇ ਦਲਾਲਾ, ਦਿਲਬਰ ਯਾਰ ਨਾ ਕੋਇ ਮਿਲਾਈਆ । ਰਸਨਾ ਖਾਏ ਨਾ ਕੋਇ ਹੱਕ ਹਲਾਲਾ, ਬਦੀ ਵਿਚ ਭੱਜਣ ਵਾਹੋ ਦਾਹੀਆ । ਵਾਸਤਾ ਪਾਵੇ ਤੇਰਾ ਗੋਬਿੰਦ ਇਕ ਲਾਲਾ, ਲਾਲਨ ਤੇਰੇ ਹੱਥ ਵਡਿਆਈਆ । ਕਲਜੁਗ ਅੰਤਮ ਸਭ ਕੁਛ ਕੀਤਾ ਤੇਰੇ ਹਵਾਲਾ, ਆਪਣੇ ਖ਼ਾਲੀ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਹੁਕਮ ਇਕ ਵਰਤਾਈਆ । ਕੱਤਕ ਕਹੇ ਅਵਤਾਰ ਪੈਗ਼ੰਬਰ ਗੁਰੂ ਆਏ, ਆਏ ਭਗਤ ਦਵਾਰ । ਸਾਚਾ ਲੇਖਾ ਦਿਉ ਲਿਖਾਏ, ਲਿਖਣ ਗੁਰਮੁਖ ਪੰਜ ਲਿਖਾਰ । ਪ੍ਰਭੂ ਦੀਨ ਮਜ਼੍ਹਬ ਤੋਂ ਪਲੂ ਛੁਡਾਏ, ਨਾਤਾ ਰਿਹਾ ਨਾ ਵਿਚ ਸੰਸਾਰ । ਸਭ ਤੇਰੀ ਝੋਲੀ ਪਾਏ, ਵਾਅਦਾ ਕਰੀਏ ਕੌਲ ਇਕਰਾਰ । ਦਰ ਠਾਂਡੇ ਸੀਸ ਨਿਵਾਏ, ਨਿਵ ਨਿਵ ਕਰ ਨਿਮਸਕਾਰ । ਸਾਡਾ ਝਗੜਾ ਰਿਹਾ ਨਾ ਰਾਏ, ਹਉਮੇ ਵਿਚੋਂ ਮਾਰ । ਤੇਰਾ ਇਕੋ ਕਲਮਾ ਰਹੇ ਗਾਏ, ਦੂਜਾ ਅੱਖਰ ਨਾ ਪਾਵੇ ਸਾਰ । ਕਲਜੁਗ ਕੂੜੀ ਕਿਰਿਆ ਦੇ ਮਿਟਾਏ, ਮੇਟਣਹਾਰ ਏਕੰਕਾਰ । ਸਤਿਜੁਗ ਸਾਚਾ ਦੇ ਚਲਾਏ, ਚਾਰ ਕੁੰਟ ਹੋਏ ਜੈ ਜੈਕਾਰ । ਗੁਰ ਅਵਤਾਰ ਪੈਗ਼ੰਬਰਾਂ ਘਾਲ ਪਾ ਥਾਂਏ, ਪੂਰਬ ਲਹਿਣਾ ਲੇਖ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਹੁਕਮ ਇਕ ਸੁਣਾਏ, ਅੰਤਮ ਸਭ ਨੂੰ ਆਈ ਹਾਰ । ਅਵਤਾਰ ਪੈਗ਼ੰਬਰ ਗੁਰੂ ਕਹਿਣ ਸਾਡਾ ਕੌਲ ਇਕਰਾਰੀ, ਵਾਅਦਾ ਸਚ ਕਰਾਈਆ । ਉਚੀ ਬਾਂਹ ਕਢ ਕੇ ਲਿਖੇ ਪੰਜ ਲਿਖਾਰੀ, ਦੋ ਜਹਾਨ ਦਿਓ ਜਣਾਈਆ । ਪਿਛਲੀ ਰਹੀ ਨਾ ਕਿਸੇ ਸਿਕਦਾਰੀ, ਰਈਅਤ ਹੱਕ ਨਾ ਕੋਇ ਬਣਾਈਆ । ਅੱਗੇ ਹੁਕਮ ਵਰਤਣਾ ਇਕ ਨਿਰੰਕਾਰੀ, ਨਾ ਕੋਈ ਮੇਟੇ ਮੇਟ ਮਿਟਾਈਆ । ਸ਼ਰਅ ਦੀ ਚਲੇ ਨਾ ਕੋਇ ਕਟਾਰੀ, ਕਟਾਕਸ਼ ਕੂੜ ਨਾ ਕੋਇ ਲਗਾਈਆ । ਉਠ ਕੇ

ਵੇਖੋ ਪੰਜੇ ਦਰਬਾਰੀ, ਨੇਤਰ ਚਾਰ ਕੁੰਟ ਫਿਰਾਈਆ । ਪੰਜ ਪਿਆਰੇ ਅੰਮ੍ਰਿਤ ਇਕ ਇਕ ਬੂੰਦ ਛਿੜਕੋ ਧਾਰੀ, ਧਰਨੀ ਉਤੇ ਸੁਟਾਈਆ । ਕਾਗਦ ਕਲਮ ਸ਼ਾਹੀ ਲਿਖੇ ਆਪਣੀ ਵਾਰੀ, ਵਾਰਤਾ ਦਏ ਬਣਾਈਆ । ਗੁਰ ਅਵਤਾਰ ਪੈਗ਼ੰਬਰ ਇਕ ਨਾਮ ਦੇ ਹੋਏ ਵਪਾਰੀ, ਵਣਜ ਇਕੋ ਘਰ ਵਖਾਈਆ । ਇਕ ਦਰ ਦਵਾਰ ਲੱਗੀ ਯਾਰੀ, ਯਾਰਾਨਾ ਇਕ ਨਿਭਾਈਆ । ਇਕੋ ਨਾਮ ਹੋਏ ਜੈਕਾਰੀ, ਜੈ ਜੈਕਾਰ ਸਰਬ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਹੁਕਮ ਇਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡੇ ਹਲਫ਼ੀਆ ਹੱਕ ਬਿਆਨ, ਬਿਨ ਰਸਨਾ ਜਿਹਵਾ ਲਿਖਾਈਆ । ਛੱਡਿਆ ਜਗਤ ਜਹਾਨ, ਨਾਤਾ ਮਾਤਲੋਕ ਤੁੜਾਈਆ । ਹੁਕਮ ਮੰਨਿਆ ਸ੍ਰੀ ਭਗਵਾਨ, ਜੋ ਸਿਰ ਸਿਰ ਰਿਜ਼ਕ ਸਬਾਈਆ । ਇਕੋ ਵਾਰ ਚਰਨ ਕਵਲ ਕਰ ਪਰਨਾਮ, ਸੱਯਦਾ ਸੀਸ ਜਗਦੀਸ ਝੁਕਾਈਆ । ਤੂੰ ਧੁਰ ਦਾ ਅਗੰਮ ਅਮਾਮ, ਦਾਤਾ ਵਡ ਵਡਿਆਈਆ । ਕਲਕੀ ਨੌਜਵਾਨ, ਨੂਰ ਨੁਰਾਨਾ ਨੂਰ ਅਲਾਹੀਆ । ਨਿਹਕਲੰਕ ਬਲੀ ਬਲਵਾਨ, ਬਲਧਾਰੀ ਇਕ ਹੋ ਆਈਆ । ਸੰਬਲ ਵਸੇ ਧਾਮ, ਨਿਹਚਲ ਡੇਰਾ ਲਾਈਆ । ਝਗੜਾ ਮੁਕਾਉਣਾ ਕਾਇਆ ਮਾਟੀ ਚਾਮ, ਚੰਮ ਦ੍ਰਿਸ਼ਟੀ ਜਗਤ ਬਦਲਾਈਆ । ਸਭ ਦਾ ਸਾਂਝਾ ਬਣਨਾ ਰਾਮ, ਕਾਹਨ ਇਕੋ ਨਜ਼ਰੀ ਆਈਆ । ਨੂਰ ਨੁਰਾਨਾ ਹੋ ਅਮਾਮ, ਅਵਾਮ ਦਾ ਪੜਦਾ ਦੇਣਾ ਚੁਕਾਈਆ । ਤੇਰਾ ਖੇਲ ਦੋ ਜਹਾਨ, ਤੱਕੀਏ ਚਾਈਂ ਚਾਈਆ । ਪਹਿਲੀ ਕੱਤਕ ਸਭ ਨੂੰ ਕਰਨਾ ਪਰਵਾਨ, ਪਰਮ ਪੁਰਖ ਆਪਣੀ ਦਇਆ ਕਮਾਈਆ । ਤੂੰ ਆਦਿ ਜੁਗਾਦੀ ਮਿਹਰਵਾਨ, ਮਿਹਰਵਾਨ ਤੇਰੀ ਸਰਨਾਈਆ । ਸਾਂਝਾ ਬਣਾ ਦੇ ਇਕ ਵਿਧਾਨ, ਜਿਸ ਦੀ ਤਰਮੀਮ ਜਗਤ ਨਾ ਕੋਇ ਕਰਾਈਆ । ਪੜਦਾ ਲਾਹ ਦੇ ਲਾਮੁਕਾਮ, ਮੁਕਾਮੇ ਹੱਕ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਭ ਦਾ ਸਾਂਝਾ ਕਰ ਯਕੀਨ, ਯਕਸਾਂ ਦੇ ਵਖਾਈਆ । ਧੁਰ ਦੀ ਧਾਰ ਦੇ ਤਾਲੀਮ, ਤੁਲਬੇ ਸਾਰੇ ਆਪ ਪੜ੍ਹਾਈਆ । ਭੇਵ ਖੋਲ੍ਹ ਆਦਿ ਕਦੀਮ, ਕੁਦਰਤ ਦੇ ਮਾਲਕ ਧੁਰਦਰਗਾਹੀਆ । ਝੇੜਾ ਰਹੇ ਨਾ ਨਰ ਮਦੀਨ, ਮੁੱਦਾ ਆਤਮ ਦੇ ਸਮਝਾਈਆ । ਮਜ਼੍ਹਬ ਰਹੇ ਨਾ ਕੋਇ ਪ੍ਰਾਚੀਨ, ਪੁਰਾਤਨ ਲੇਖਾ ਦੇਣਾ ਮੁਕਾਈਆ । ਸਤਿਜੁਗ ਮਾਰਗ ਲੱਗੇ ਤੇਰਾ ਨਵੀਨ, ਨਵ ਸੱਤ ਵੇਖ ਵਖਾਈਆ । ਸ਼ਰਅ ਵਿਚ ਰਹੇ ਨਾ ਕੋਇ ਗ਼ਮਗੀਨ, ਗ਼ਮਖ਼ਾਰ ਦੇਣੀ ਵਡਿਆਈਆ । ਅਸੀਂ ਸਾਰੇ ਚਾਹੁੰਦੇ ਕਰ ਦੇ ਤਰਮੀਮ, ਆਪਣਾ ਹੁਕਮ ਵਰਤਾਈਆ । ਲੇਖਾ ਮੁਕਾ ਦੇ ਸਭ ਦਾ ਉਤੇ ਜ਼ਮੀਨ, ਮਾਟੀ ਖ਼ਾਕ ਰਹੀ ਕੁਰਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਤੈਨੂੰ ਲਏ ਚੀਨ, ਦੂਸਰ ਰਾਗ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਪੁਰਖ ਅਕਾਲ ਕਹੇ ਮੇਰੇ ਚਾਰ ਜੁਗ ਦੇ ਦੂਲ੍ਹੇ ਜਗਤ ਦੁਲਾਰੇ, ਅਵਤਾਰ ਪੈਗ਼ੰਬਰ ਗੁਰ ਦਿਆਂ ਦ੍ਰਿੜਾਈਆ । ਆਪਣੀ ਕਰਨੀ ਕਰਤਬ ਵੇਖੋ ਸਾਰੇ, ਸਾਰੀ ਸ੍ਰਿਸ਼ਟੀ ਖੋਜ ਖੁਜਾਈਆ । ਕਿਉਂ ਤੁਸਾਂ ਵੱਖਰੇ ਵੱਖਰੇ ਬਣਾਏ ਭਾਈ ਚਾਰੇ, ਤਤਾਂ ਵੰਡ ਵੰਡਾਈਆ । ਜਿਸ ਨੇ ਅਗਨੀ ਲਾਈ ਬਹੱਤਰ ਨਾੜੇ, ਸਾਂਤਕ ਸਤਿ ਨਾ ਕੋਇ ਕਰਾਈਆ । ਦੀਨ ਮਜ਼੍ਹਬ ਬਣਾ ਅਖਾੜੇ, ਮਾਨਵ ਮਾਨਵ ਦਿਤੇ ਟਕਰਾਈਆ । ਕੋਟਨ ਵਸਦੇ ਘਰ ਉਜਾੜੇ, ਤੁਹਾਡੀ ਸ਼ਰਅ ਦੀ ਪਈ ਦੁਹਾਈਆ । ਹੁਣ ਸਾਰੇ ਪਹੁੰਚੇ ਅੰਤ ਕਿਨਾਰੇ, ਮੰਜ਼ਲ ਪੰਧ ਮੁਕਾਈਆ । ਪਿਛਲੇ ਲਹਿਣੇ ਲੇਖੇ ਛਡੋ ਸਾਰੇ, ਪੂਰਬ ਯਾਦ ਨਾ ਕੋਇ ਕਰਾਈਆ । ਮਿਲ ਕੇ ਬੋਲੋ


੮੦੪ ੨੨

ਇਕ ਨਾਮ ਜੈਕਾਰੇ, ਜੈ ਜੈਕਾਰ ਸੁਣਾਈਆ । ਸਭ ਦੇ ਬੋਲ ਲਿਖੇ ਜਾਣ ਅਪਰ ਅਪਾਰੇ, ਅਪਰੰਪਰ ਸਵਾਮੀ ਰਿਹਾ ਸੁਣਾਈਆ । ਤੁਸੀਂ ਜੁਗ ਚੌਕੜੀ ਦੇ ਮੇਰੇ ਦੁਲਾਰੇ, ਦੂਲ੍ਹੇ ਧੁਰ ਦੇ ਸੋਭਾ ਪਾਈਆ । ਏਸੇ ਕਾਰਨ ਲੋਕਮਾਤ ਸੱਦੇ ਦਰਬਾਰੇ, ਦਰ ਦਰਬਾਰੀ ਲਿਆ ਮੰਗਾਈਆ । ਵਾਹਿਦੇ ਕਰੋ ਅਗੰਮ ਇਕਰਾਰੇ, ਕੌਲ ਸਕੇ ਨਾ ਕੋਇ ਤੁੜਾਈਆ । ਸਾਰੇ ਕਹੋ ਧੁਰ ਦੇ ਮਾਲਕ ਪੁਰਖ ਅਕਾਲ ਹੋ ਜ਼ਾਹਿਰੇ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਜੇਹੜੇ ਸਾਡੇ ਭਵਿਖਤਾਂ ਦੇ ਇਸ਼ਾਰੇ, ਸੋ ਪੂਰੇ ਦੇ ਵਖਾਈਆ । ਅਸੀਂ ਦੀਨ ਮਜ਼੍ਹਬ ਪ੍ਰਭ ਤੇਰੀ ਝੋਲੀ ਡਾਰੇ, ਤੇਰੇ ਕਦਮਾਂ ਵਿਚ ਸੁਟਾਈਆ । ਅੰਤਮ ਸਭ ਦੇ ਇਕੋ ਹਾੜੇ, ਹੌਕਾ ਲੈ ਕੇ ਦਈਏ ਜਣਾਈਆ । ਕਲਜੁਗ ਅੰਤਮ ਜੜ੍ਹ ਦੇ ਉਖਾੜੇ, ਰਹਿਣ ਕੋਇ ਨਾ ਪਾਈਆ । ਸਤਿਜੁਗ ਸਾਚਾ ਕਰ ਮਾਤ ਉਜਿਆਰੇ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੇਰੇ ਚਰਨ ਕਵਲਾਂ ਪਹਿਲੀ ਕੱਤਕ ਕਰੀਏ ਨਿਮਸਕਾਰੇ, ਨਿਉਂ ਨਿਉਂ ਸੀਸ ਝੁਕਾਈਆ । ਜਨ ਭਗਤਾਂ ਚਾੜ੍ਹ ਨਾਮ ਦੀ ਇਕ ਖ਼ੁਮਾਰੇ, ਮਦਿ ਪਿਆਲੇ ਹੱਥੋਂ ਦੇਣ ਸੁਟਾਈਆ । ਕਾਇਆ ਚੋਲੀ ਰੰਗ ਚਾੜ੍ਹ ਦੇ ਗਾੜ੍ਹੇ, ਉਤਰ ਕਦੇ ਨਾ ਜਾਈਆ । ਕਿਰਪਾ ਕਰ ਆਪ ਨਿਰੰਕਾਰੇ, ਨਿਰਵੈਰ ਤੇਰੀ ਸਰਨਾਈਆ । ਅਵਤਾਰ ਪੈਗ਼ੰਬਰ ਗੁਰੂ ਆਦਿ ਜੁਗਾਦਿ ਤੇਰੇ ਸਹਾਰੇ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਆਦਿ ਅੰਤ ਜੁਗ ਚਾਰੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਲ ਕਲਕੀ ਆਪਣਾ ਹੁਕਮ ਵਰਤਾਈਆ ।



੮੦੫ ੨੨

## ੨ ਕੱਤਕ ਸ਼ਹਿਨਸ਼ਾਹੀ ਸੰਮਤ ੬ ਗੁਰਦਿਆਲ ਸਿੰਘ ਦੇ ਘਰ ਪਿੰਡ ਮੂਧਲ ਜ਼ਿਲਾ ਅੰਮ੍ਰਿਤਸਰ

ਮਾਇਆ ਮਮਤਾ ਪੈਸਾ ਲੋੜੇ ਸਰਬ ਜਗ, ਮਨ ਮਮਤਾ ਚਾਰ ਕੁੰਟ ਦਹਿ ਦਿਸ਼ਾ ਹਲਕਾਈਆ । ਤ੍ਰਿਖਾ ਤ੍ਰਿਸ਼ਨਾ ਘਰ ਘਰ ਲੱਗੀ ਅੱਗ, ਸਾਢੇ ਤਿੰਨ ਹੱਥ ਅੰਦਰ ਨਾ ਕੋਇ ਬੁਝਾਈਆ । ਦਿਵਸ ਰੈਣ ਦੀਨ ਦੁਨੀ ਰਹੀ ਭੱਜ, ਭਜਨ ਬੰਦਗੀ ਗਈ ਤਜਾਈਆ । ਠੱਗ ਚੋਰ ਰੂਪ ਬਣ ਕੇ ਰਹੇ ਲੱਭ, ਨਕਬ ਘਰਾਂ ਵਿਚ ਲਗਾਈਆ । ਉਚੀ ਕੂਕ ਰਹੇ ਸੱਦ, ਲਛਮੀ ਮਿਲੇ ਚਾਈਂ ਚਾਈਂਆ । ਗੁਰ ਅਵਤਾਰ ਪੈਗ਼ੰਬਰਾਂ ਦੀ ਸਿਖਿਆ ਕੀਤੀ ਰੱਦ, ਹੁਕਮ ਸਚ ਨਾ ਕੋਇ ਮਨਾਈਆ । ਲੋਭ ਵਿਕਾਰਾ ਗਿਆ ਵਧ, ਰਸਨਾ ਜਿਹਵਾ ਨਾਲ ਮਿਲਾਈਆ । ਕਲਜੁਗ ਆਪਣਾ ਕੂੜ ਨਿਸ਼ਾਨਾ ਬੈਠਾ ਗੱਡ, ਗਾਈਡ ਹੋ ਕੇ ਸਭ ਨੂੰ ਰਿਹਾ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਮਾਇਆ ਹੋਈ ਪਰਧਾਨ, ਨਵ ਸੱਤ ਖ਼ੁਸ਼ੀ ਬਣਾਈਆ । ਜਿਸ ਨੂੰ ਲੱਭਦੇ ਸਰਬ ਇਨਸਾਨ, ਭੱਜਣ ਵਾਹੋ ਦਾਹੀਆ । ਅੰਤਰ ਅੰਤਰ ਸਾਰੇ ਗਾਣ, ਪ੍ਰੇਮ ਪ੍ਰੀਤੀ ਵਿਚ ਜਣਾਈਆ । ਜੇ ਕਿਰਪਾ ਕਰੇ ਸ੍ਰੀ ਭਗਵਾਨ, ਖ਼ਾਲੀ ਭਾਂਡੇ ਦਏ ਭਰਾਈਆ । ਅਸੀਂ ਬਣ ਜਾਈਏ ਰਾਜੇ ਸ਼ਾਹ ਸੁਲਤਾਨ, ਹੁਕਮ ਮਾਤਲੋਕ ਵਖਾਈਆ । ਅਸੀਂ ਬਣੀਏ ਸ਼ਾਹ ਧਨਾਢ ਵਿਚ ਜਹਾਨ, ਹਉਮੇ ਨਾਲ ਰਲਾਈਆ । ਆਤਮ ਅੰਤਰ ਤ੍ਰਿਸ਼ਨਾ ਤ੍ਰਿਖਾ ਸਰਬ ਵਧਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕ ਲਗਾਈਆ । ਰੁਪਿਆ ਪੈਸਾ ਕਹੇ ਇਹ ਕਲਜੁਗ ਚਾੜ੍ਹਿਆ ਰੰਗ, ਰੰਗਤ ਅਗੰਮ ਰੰਗਾਈਆ । ਅੰਦਰੋਂ ਸਾਰੇ ਕੀਤੇ ਨੰਗ, ਸ਼ਾਹ ਕੰਗਾਲ

ਰਹੇ ਕੁਰਲਾਈਆ । ਜਿਸ ਮਾਇਆ ਪਿਛੇ ਕਰਦੇ ਜੰਗ, ਪਿਤਾ ਪੂਤ ਸੀਸ ਕਟਾਈਆ । ਜਿਸ ਕਾਰਨ ਕੂੜੀ ਕਿਰਿਆ ਖਾਂਦੇ ਗੰਦ, ਮਮਤਾ ਮੋਹ ਵਿਚ ਫਸਾਈਆ । ਜੇ ਇਹ ਮਾਇਆ ਪਿਆਰੀ ਹੁੰਦੀ ਗੋਬਿੰਦ ਕਿਉਂ ਛਡਦਾ ਪੁਰੀ ਅਨੰਦ, ਸਰਸੇ ਵਿਚ ਡੁਬਾਈਆ । ਇਹ ਮਨਮੁਖਾਂ ਪਲੇ ਬੰਨ੍ਹਣੀ ਗੰਢ, ਗੁਰਮੁਖ ਮਾਇਆ ਲੋਭ ਨਾ ਕੋਇ ਹਲਕਾਈਆ । ਜਿਸ ਮਾਇਆ ਕਾਰਨ ਸ਼ਾਹ ਸੁਲਤਾਨ ਚਮਕਾਉਂਦੇ ਚੰਡ ਪਰਚੰਡ, ਅਗਨੀ ਤਤ ਜਲਾਈਆ । ਇਹ ਮਾਇਆ ਸਭ ਨੂੰ ਕਰੇ ਖੰਡ ਖੰਡ, ਜਿਸ ਲਾਲਚ ਵਿਚ ਭੱਜੀ ਫਿਰੇ ਲੋਕਾਈਆ । ਜਿਸ ਮਾਇਆ ਨਾਲ ਸੁਆਦ ਪੂਰਾ ਕਰ ਸਕੀ ਨਾ ਰਸਨਾ ਬੱਤੀ ਦੰਦ, ਜਿਹਵਾ ਗੁਣ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਮਾਇਆ ਕਾਰਨ ਸ੍ਰਿਸ਼ਟੀ ਭੱਜੀ ਦੌੜੀ, ਦਿਵਸ ਰੈਣ ਵਾਹੋ ਦਾਹੀਆ । ਇਹਦੀ ਮੰਜ਼ਲ ਅੰਤ ਮਿਲੀ ਕਿਸੇ ਨਾ ਪੌੜੀ, ਕਾਰੂ ਰੋ ਕੇ ਦਏ ਦੁਹਾਈਆ । ਇਹਦਾ ਬਿਸਥਾਰ ਨਾ ਕੋਇ ਦੱਸੇ ਕਿੰਨੀ ਲੰਮੀ ਚੌੜੀ, ਅੰਤ ਕਹਿਣ ਕੋਇ ਨਾ ਪਾਈਆ । ਜਿਸ ਮਾਇਆ ਕੀਤਾ ਪਿਆਰ ਉਹ ਅੰਤ ਕਰ ਕੇ ਗਿਆ ਬਹੁੜੀ ਬਹੁੜੀ, ਹਾਏ ਉਫ਼ ਕਰ ਕੁਰਲਾਈਆ । ਮਾਇਆ ਕਾਰਨ ਕੌਰਵਾਂ ਪਾਂਡਵਾਂ ਕਟੀ ਗਈ ਡੋਰੀ, ਦਰਯੋਧਨ ਸੰਗ ਨਾ ਕੋਇ ਰਖਾਈਆ । ਮਾਇਆ ਕਾਰਨ ਸੀਤਾ ਰਾਵਣ ਕੀਤੀ ਚੋਰੀ, ਠੱਗੀ ਜਗਤ ਵਿਚ ਕਮਾਈਆ । ਮਾਇਆ ਕਾਰਨ ਗੰਗੂ ਨੇ ਵਿਛੋੜ ਦਿਤੀ ਜੋੜੀ, ਨੰਨ੍ਹੇ ਨੀਹਾਂ ਹੇਠ ਦਬਾਈਆ । ਮਾਇਆ ਕਾਰਨ ਔਰੰਗਜ਼ੇਬ ਨੇ ਗੋਬਿੰਦ ਨਾਲ ਰੱਖੀ ਖੋਰੀ, ਖਾਰ ਵਿਚ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਜਣਾਈਆ । ਮਾਇਆ ਮਮਤਾ ਵਧਿਆ ਲਾਲਚ, ਤ੍ਰਿਸ਼ਨਾ ਜਗਤ ਹਲਕਾਈਆ । ਗੁਰਮੁਖ ਮਿਲੇ ਕੋਇ ਨਾ ਖ਼ਾਲਸ, ਜੋ ਖ਼ਾਲਸ ਖ਼ਾਲਸਾ ਗੋਬਿੰਦ ਗਿਆ ਸਮਝਾਈਆ । ਸਭ ਦੇ ਅੰਦਰ ਕੂੜ ਕਿਰਿਆ ਦੀ ਲਾਨਤ, ਤ੍ਰਿਸ਼ਨਾ ਪੂਰ ਨਾ ਕੋਇ ਕਰਾਈਆ । ਪੈਸਿਆਂ ਵਾਲੇ ਦੀ ਦਏ ਨਾ ਕੋਇ ਜ਼ਮਾਨਤ, ਨਾਨਕ ਲਾਲੋ ਦੇ ਘਰ ਭੋਗ ਲਗਾ ਕੇ ਗਿਆ ਸਮਝਾਈਆ । ਮਾਇਆ ਧਾਰੀਆਂ ਕੋਲ ਕ੍ਰਿਸ਼ਨ ਗਿਆ ਨਾ ਸ਼ਾਮਤ, ਬਿਦਰ ਅਲੂਣੇ ਸਾਗ ਰੰਗ ਨਾ ਕੋਇ ਰੰਗਾਈਆ । ਮਾਇਆ ਕਾਰਨ ਕੂੜ ਕਿਰਿਆ ਸਦਾ ਅਲਾਮਤ, ਲੋਭ ਲੋਭ ਨਾਲ ਟਕਰਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਕਦੇ ਨਾ ਹੋਣ ਅਣਜਾਣਤ, ਕਬੀਰ ਜੁਲਾਹਾ ਦਏ ਗਵਾਹੀਆ । ਸਦਨਾ ਸੈਣ ਰਵਦਾਸ ਕਹੇ ਜਿਸ ਰਹਿਣਾ ਸਹੀ ਸਲਾਮਤ, ਉਹ ਮਾਇਆ ਜਗਤ ਦਏ ਤਜਾਈਆ । ਬੇਸ਼ਕ ਸੰਸਾਰੀ ਦੁਨੀਆਂ ਵਾਸਤੇ ਮਾਇਆ ਬੜੀ ਨਿਆਮਤ, ਬਿਨਾ ਮਾਇਆ ਤੋਂ ਜਗਤ ਦਾ ਕਾਜ ਨਾ ਕੋਇ ਰਚਾਈਆ । ਸਾਚੀ ਮਾਇਆ ਪ੍ਰਭ ਦੀ ਇਕ ਇਬਾਦਤ, ਜੋ ਅਦਮ ਤਸ਼ੱਦਦ ਡੇਰਾ ਢਾਹੀਆ । ਜਿਸ ਮਾਇਆ ਦੀ ਬਣਾ ਸਕੇ ਨਾ ਕੋਇ ਬਨਾਵਟ, ਅੱਖਰਾਂ ਹਰਫ਼ਾਂ ਹਰੂਫ਼ਾਂ ਨਾ ਕੋਇ ਛਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਅਗੰਮ ਅਥਾਹੀਆ । ਮਾਇਆ ਵਿਚ ਸ੍ਰਿਸ਼ਟ ਸਬਾਈ ਮਰਦੀ, ਮਰ ਮਰ ਦਏ ਦੁਹਾਈਆ । ਇਹ ਖੇਲ ਕਲੂ ਕਲ ਕਲ ਦੀ, ਕਲ ਕਾਤੀ ਕਾਰ ਕਮਾਈਆ । ਮਾਇਆ ਸਾਥਣ ਪੰਜ ਵਿਕਾਰੇ ਦਲ ਦੀ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਰਖਾਈਆ । ਉਹਦੀ ਵਾਸਨਾ ਘੜੀ ਪਲ ਦੀ, ਸਥਿਰ ਰਹਿਣ ਕਦੇ ਨਾ ਪਾਈਆ । ਇਹ ਮਾਇਆ ਦੀ ਧਾਰ ਪਰਛਾਵੇਂ ਵਾਂਗੂ ਢਲਦੀ, ਸਾਇਆ ਸਦਾ ਨਾ ਕੋਇ ਰਖਾਈਆ । ਜਿਨ੍ਹਾਂ ਦੇ ਅੰਦਰ ਮਾਇਆ ਕੂੜੀ ਅਗਨੀ ਬਲਦੀ, ਅੰਤ ਉਨ੍ਹਾਂ ਨੂੰ ਦਏ ਜਲਾਈਆ । ਇਹ ਸਭ ਨੂੰ ਆਈ ਛਲਦੀ,

ਜੁਗ ਜੁਗ ਵੇਸ ਵਟਾਈਆ । ਕਿਸੇ ਨੂੰ ਖ਼ਬਰ ਨਹੀਂ ਘੜੀ ਪਲ ਦੀ, ਜੋ ਮਾਇਆ ਪਿਛੇ ਪ੍ਰਭ ਨੂੰ ਜਾਣ ਭੁਲਾਈਆ । ਇਹ ਕੂੜ ਕੁੜਿਆਰ ਸੂਮਾਂ ਦਾ ਦਰ ਮਲਦੀ, ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਖੇਲ ਕਰਾਏ ਸਦਾ ਅਛਲ ਅਛੱਲ ਦੀ, ਵਲ ਛਲ ਧਾਰੀ ਮਾਇਆ ਮਮਤਾ ਮਨ ਵਾਸਨਾ ਨਾਲ ਮਿਲਾਈਆ ।

## ✪ ੨ ਕੱਤਕ ਸ਼ਹਿਨਸ਼ਾਹੀ ਸੰਮਤ ੬ ਵਚਿਤਰ ਸਿੰਘ ਦੇ ਘਰ ਮੂਧਲ ਜ਼ਿਲਾ ਅੰਮ੍ਰਿਤਸਰ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਪੁਰਖ ਅਕਾਲ ਅਕਾਲ ਮੂਰਤੀ, ਅਕਲ ਕਲ ਧਾਰੀ ਤੇਰੇ ਹੱਥ ਵਡਿਆਈਆ । ਨਿਰਗੁਣ ਸਰਗੁਣ ਕਲਜੁਗ ਜੀਵਾਂ ਬਦਲ ਦੇ ਸੁਰਤੀ, ਸੁਰਤ ਸ਼ਬਦ ਆਪਣਾ ਰੰਗ ਰੰਗਾਈਆ । ਨਾਦ ਆਵਾਜ਼ ਸੁਣਾ ਅਗੰਮੀ ਧੁਰ ਦੀ, ਧੁਨ ਆਤਮਕ ਰਾਗ ਦ੍ਰਿੜਾਈਆ । ਕਿਰਪਾ ਕਰ ਦੇ ਪੂਰੇ ਪੂਰੇ ਸਤਿਗੁਰ ਦੀ, ਸਾਹਿਬ ਸੁਲਤਾਨ ਤੇਰੀ ਸਰਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਜਾਂਦੀ ਰੁੜ੍ਹਦੀ, ਸਦੀ ਚੌਧਵੀਂ ਸਕੇ ਨਾ ਕੋਇ ਬਚਾਈਆ । ਤੇਰੇ ਨਾਲ ਪ੍ਰੀਤੀ ਦਿਸੇ ਨਾ ਕਿਸੇ ਜੁੜਦੀ, ਆਤਮ ਪਰਮਾਤਮ ਸੰਗ ਨਾ ਕੋਇ ਨਿਭਾਈਆ । ਗੋਬਿੰਦ ਦੀ ਆਸਾ ਪੂਰੀ ਕਰ ਦੇ ਅਨੰਦ ਪੁਰ ਦੀ, ਅਨੰਦ ਅਨੰਦ ਵਿਚੋਂ ਪਰਗਟਾਈਆ । ਖੇਲ ਦੱਸਦੇ ਆਪਣੀ ਅਨਮੁੱਲ ਦੀ, ਕੀਮਤ ਕਰਤੇ ਨਾ ਕੋਇ ਲਗਾਈਆ । ਕੀ ਹੋਇਆ ਜੇ ਮਾਇਆ ਅੰਦਰ ਦੀਨ ਦੁਨੀ ਜਾਏ ਭੁੱਲਦੀ, ਅਭੁੱਲ ਮਾਰਗ ਇਕੋ ਦੇਣਾ ਵਖਾਈਆ । ਇਹ ਖੇਲ ਤੇਰੀ ਆਪਣੀ ਕੁਲ ਦੀ, ਕੁਲ ਮਾਲਕ ਹੋਣਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਦੀਨ ਦੁਨੀ ਹੋਈ ਮੁਰਦੀ, ਮੁਰਦਾ ਮੁਰੀਦ ਨਾ ਕੋਇ ਸਮਾਈਆ । ਮੁਰਸ਼ਦ ਖੇਲ ਦੱਸ ਦੇ ਅਗੰਮੀ ਧੁਰ ਦੀ, ਪਾਰਬ੍ਰਹਮ ਪ੍ਰਭ ਪਰਦਾ ਆਪਣਾ ਆਪ ਉਠਾਈਆ । ਕਿਰਨ ਬਖ਼ਸ਼ ਦੇ ਆਪਣੇ ਨੂਰ ਦੀ, ਨੂਰ ਨੁਰਾਨਾ ਕਰ ਰੁਸ਼ਨਾਈਆ । ਖੇਲ ਤਕੀਏ ਸਾਖਿਆਤ ਹਾਜ਼ਰ ਹਜ਼ੂਰ ਦੀ, ਹਜ਼ਰਤ ਨਿਉਂ ਨਿਉਂ ਲਾਗਣ ਪਾਈਆ । ਲੇਖੇ ਲਾ ਕੇ ਆਸਾ ਮਨਸੂਰ ਦੀ, ਮੰਜ਼ਲ ਅਹਿਨਲਹੱਕ ਜਣਾਈਆ । ਕੀ ਹੋਇਆ ਜੇ ਦੁਨੀਆ ਕਲਪਣਾ ਹੋ ਗਈ ਕੂੜ ਦੀ, ਮਾਇਆ ਮਮਤਾ ਵਿਚ ਹਲਕਾਈਆ । ਪੁਰਖ ਅਕਾਲੇ ਦੀਨ ਦਿਆਲੇ ਬਖ਼ਸ਼ਿਸ਼ ਕਰ ਦੇ ਆਪਣੀ ਚਰਨ ਧੂੜ ਦੀ, ਮਸਤਕ ਟਿੱਕੇ ਖ਼ਾਕ ਰਮਾਈਆ । ਤੇਰੀ ਖੇਲ ਤਕੀਏ ਸਰਬ ਕਲਾ ਭਰਪੂਰ ਦੀ, ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਕਲਜੁਗ ਮਜ਼ਦੂਰੀ ਕਰਦੇ ਜਗਤ ਮਜ਼ਦੂਰ ਦੀ, ਵਸਤ ਅਗੰਮ ਝੋਲੀ ਦੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਝੁਕੀਏ ਤੇਰੇ ਕਦਮਾਂ, ਕਦੀਮ ਦੇ ਮਾਲਕ ਸੀਸ ਨਿਵਾਈਆ । ਕੂੜੀ ਕਿਰਿਆ ਮੇਟ ਦੇ ਸਦਮਾ, ਹਉਮੇ ਰੋਗ ਰਹੇ ਨਾ ਰਾਈਆ । ਸੰਖਿਆ ਵੇਖ ਲੈ ਸੰਖਾਂ ਪਦਮਾਂ, ਕੋਟਨ ਕੋਟ ਮਾਨਸ ਸੋਭਾ ਪਾਈਆ । ਬਹੁੜੀ ਤੇਰਾ ਭਗਤ ਕੋਇ ਨਾ ਜਨਮਾ, ਜੰਮਣ ਵਾਲੀ ਦਿਸੇ ਕੋਇ ਨਾ ਮਾਈਆ । ਕਲਜੁਗ ਕੂੜੀ ਕਿਰਿਆ ਮਿਟਾ ਦੇ ਕਰਮਾ, ਨਿਹਕਲੰਕ ਆਪਣਾ ਰੰਗ

ਰੰਗਾਈਆ । ਸਭ ਦੇ ਅੰਦਰੋਂ ਭਾਂਡਾ ਭਰਮ ਭੰਨਾ ਦੇ ਭਰਮਾ, ਭਰਮ ਵਿਚ ਆਪਣੀ ਬੂਝ ਬੁਝਾਈਆ । ਇਕੋ ਸੀਸ ਝੁਕਾ ਪੁਰਖ ਅਕਾਲੇ ਤੇਰੇ ਕਦਮਾਂ, ਦੂਸਰ ਓਟ ਨਾ ਕੋਇ ਤਕਾਈਆ । ਝਗੜਾ ਮਿਟਾ ਦੇ ਪੰਜ ਤਤ ਬਦਨਾ, ਕਾਇਆ ਮਾਟੀ ਕਰੇ ਨਾ ਕੋਇ ਲੜਾਈਆ । ਤੂੰ ਆਦਿ ਜੁਗਾਦੀ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸਚ ਸੱਜਣਾ, ਸਗਲਾ ਸੰਗ ਆਪ ਨਿਭਾਈਆ । ਬੇਸ਼ਕ ਜੋ ਘੜਿਆ ਸੋ ਭੱਜਣਾ, ਘੜਨ ਭੰਨਣਹਾਰ ਆਪ ਅਖਵਾਈਆ । ਪੁਰਖ ਅਕਾਲੇ ਆਪਣਾ ਕਰਾ ਦੇ ਮਜਣਾ, ਜਗਤ ਸਰੋਵਰ ਅੱਠ ਸੱਠ ਤੀਰਥ ਗੰਗਾ ਗੋਦਾਵਰੀ ਜਮਨਾ ਸੁਰਸਤੀ ਲੋੜ ਰਹੇ ਨਾ ਰਾਈਆ । ਸਚ ਸਰਨਾਈ ਤੇਰੇ ਢੱਠਣਾ, ਢਹਿ ਢਹਿ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਇਕ ਦਵਾਰੇ ਸੱਦਣਾ, ਦੂਜਾ ਗ੍ਰਿਹਿ ਨਜ਼ਰ ਕੋਇ ਨਾ ਆਈਆ ।

### ✪ ੨ ਕੱਤਕ ਸ਼ਹਿਨਸ਼ਾਹੀ ਸੰਮਤ ੬ ਪਿਸ਼ੌਰਾ ਸਿੰਘ ਦੇ ਘਰ ਪਿੰਡ ਵੇਰਕਾ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਕਹੇ ਮੈਂ ਬਣਿਆ ਧੁਰ ਦਾ ਸ਼ਾਹ, ਸ਼ਹਿਨਸ਼ਾਹ ਦਿਤੀ ਵਡਿਆਈਆ । ਦੋ ਜਹਾਨਾਂ ਏਕਾ ਹੁਕਮ ਦੇਣਾ ਸੁਣਾ, ਅਨਸੁਣਤ ਰਹਿਣ ਕੋਇ ਨਾ ਪਾਈਆ । ਅਵਤਾਰ ਪੈਗ਼ੰਬਰ ਗੁਰੂ ਬਣਾਉਣੇ ਗਵਾਹ, ਸ਼ਹਾਦਤ ਕਲਮੇ ਨਾਮ ਵਾਲੀ ਭੁਗਤਾਈਆ । ਸਭ ਦਾ ਪੈਂਡਾ ਦੇਣਾ ਮੁਕਾ, ਮੁਕੰਮਲ ਆਪਣੀ ਕਾਰ ਭੁਗਤਾਈਆ । ਸਭ ਦੀ ਕਬੂਲ ਕਰਨੀ ਦੁਆ, ਜੋ ਸੱਯਦਿਆਂ ਵਿਚ ਸੀਸ ਨਿਵਾਈਆ । ਮੈਨੂੰ ਸਭ ਨੇ ਕਹਿਣਾ ਵਾਹ ਵਾਹ, ਵਾਹਵਾ ਤੇਰੀ ਬੇਪਰਵਾਹੀਆ । ਕਲਜੁਗ ਕੂੜਾ ਝਗੜਾ ਦੇਣਾ ਗਵਾ, ਲੋਕਮਾਤ ਰਹੇ ਨਾ ਰਾਈਆ । ਸਤਿਜੁਗ ਸਚ ਚਲਾਉਣਾ ਰਾਹ, ਰਹਿਬਰ ਹੋ ਕੇ ਦੇਣਾ ਵਖਾਈਆ । ਜਿਸ ਦਾ ਇਕੋ ਕਾਇਦਾ ਕਾਨੂੰਨ ਹੋਣਾ ਲਾਅ, ਦੂਸਰ ਸ਼ਰਅ ਨਾ ਕੋਇ ਬਣਾਈਆ । ਦੀਨ ਮਜ਼੍ਹਬ ਦੀ ਰਹੇ ਨਾ ਕੋਇ ਵਬਾ, ਕੂੜੀ ਕਿਰਿਆ ਦੇਣੀ ਗਵਾਈਆ । ਸਤਿ ਧਰਮ ਦੀ ਪੈਦਾ ਕਰ ਫ਼ਿਜ਼ਾ, ਫ਼ੈਸਲਾ ਇਕੋ ਦੇਣਾ ਜਣਾਈਆ । ਛੁੱਟੀ ਦੇਣੀ ਗੁਰ ਅਵਤਾਰ ਪੈਗ਼ੰਬਰਾਂ ਅਜ਼ੀਜ਼ਾ, ਇਜ਼ਾਜ਼ ਆਪਣੇ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸ਼ਬਦ ਗੁਰੂ ਕਹੇ ਮੇਰਾ ਹੋਣਾ ਇਕ ਹਕਾਮ, ਹੁਕਮ ਇਕ ਜਣਾਈਆ । ਮੰਨਣਾ ਸਰਬ ਤਮਾਮ, ਸਿਰ ਸਕੇ ਨਾ ਕੋਇ ਉਠਾਈਆ । ਪੈਗ਼ੰਬਰ ਗੁਰ ਅਵਤਾਰ ਸ਼ਰਅ ਦੇ ਜੋ ਗ਼ੁਲਾਮ, ਜ਼ੰਜੀਰ ਸਭ ਦੇ ਦਿਤੇ ਕਟਾਈਆ । ਏਕਾ ਦੱਸ ਕੇ ਧੁਰ ਦਾ ਨਾਮ, ਕਲਮਾ ਹੱਕ ਦੇਣਾ ਪੜ੍ਹਾਈਆ । ਭੇਵ ਖੁਲ੍ਹਾ ਕੇ ਅਗੰਮ ਅਮਾਮ, ਅਮਨ ਦਾ ਡੰਕਾ ਦੇਣਾ ਵਜਾਈਆ । ਹਜਾਮਤ ਵਾਲਾ ਰਹੇ ਨਾ ਹਜਾਮ, ਸੀਸ ਜਗਤ ਨਾ ਕੋਇ ਮੁਨਾਈਆ । ਗੋਪੀਆਂ ਵਾਲਾ ਦਿਸੇ ਕੋਇ ਨਾ ਕਾਹਨ, ਕਾਹਨ ਕਾਹਨਾ ਇਕੋ ਬੇਪਰਵਾਹੀਆ । ਬਨਬਾਸੀ ਦਿਸੇ ਨਾ ਕੋਇ ਰਾਮ, ਧੁਰ ਦਾ ਰਾਮ ਇਕੋ ਹੁਕਮ ਵਰਤਾਈਆ । ਜੋ ਦੇਵਣਹਾਰਾ ਸਤਿਨਾਮ, ਸੋ ਸਤਿ ਸਤਿ ਆਪਣਾ ਆਪ ਸਮਝਾਈਆ । ਜਿਸ ਨੂੰ ਸਾਰੇ ਕਰਦੇ ਪਰਨਾਮ, ਨਿਉਂ ਨਿਉਂ ਸੀਸ ਝੁਕਾਈਆ । ਸੋ ਖੇਲ ਖੇਲੇ ਵਿਚ ਜਹਾਨ, ਜੋਤੀ ਜਾਤਾ ਡਗਮਗਾਈਆ । ਕਲਜੁਗ ਕੂੜੀ ਕਿਰਿਆ

ਮੇਟ ਨਿਸ਼ਾਨ, ਸਤਿਜੁਗ ਸਾਚਾ ਰਾਹ ਪਰਗਟਾਈਆ । ਪਰਗਟ ਹੋ ਕੇ ਵਿਚ ਮੈਦਾਨ, ਯੋਧਾ ਸੂਰਬੀਰ ਅਖਵਾਈਆ । ਜਿਸ ਨੂੰ ਝੁਕ ਝੁਕ ਸਾਰੇ ਕਰਨ ਸਲਾਮ, ਸਜਦਿਆਂ ਵਿਚ ਸੱਯਦਾ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਰਗ ਦੱਸੇ ਇਕ ਅਵਾਮ, ਆਮ ਦਾ ਲੇਖਾ ਦਏ ਚੁਕਾਈਆ ।

## ✪ ੨ ਕੱਤਕ ਸ਼ਹਿਨਸ਼ਾਹੀ ਸੰਮਤ ੬ ਹਰਨਾਮ ਕੌਰ ਦੇ ਘਰ ਪਿੰਡ ਵੇਰਕਾ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਕਹੇ ਮੇਰਾ ਹੁਕਮ ਹੋਣਾ ਅਨਾਦੀ, ਨਾਦ ਧੁਰ ਦਾ ਦਿਆਂ ਸੁਣਾਈਆ । ਸੰਦੇਸ਼ਾ ਦੇਵਾਂ ਬ੍ਰਹਮ ਬ੍ਰਹਿਮਾਦੀ, ਬ੍ਰਹਿਮਾਂਡ ਆਪ ਜਣਾਈਆ । ਜੋ ਲੋਆਂ ਪੁਰੀਆਂ ਜਾਏ ਸਾਧੀ, ਖੰਡਾਂ ਧਿਆਨ ਲਗਾਈਆ । ਦੀਨ ਦੁਨੀ ਦੀ ਤਕੇ ਆਬਾਦੀ, ਚੁਰਾਸੀ ਪੜਦਾ ਆਪ ਚੁਕਾਈਆ । ਜਿਸ ਦੀ ਧਾਰ ਹੋਵੇ ਜਾਗੀ, ਆਲਸ ਨਿੰਦਰਾ ਨਾ ਕੋਇ ਰਖਾਈਆ । ਘਰ ਘਰ ਦਾ ਬਣ ਕੇ ਰਾਗੀ, ਰਾਗ ਅਗੰਮਾ ਦਏ ਦ੍ਰਿੜਾਈਆ । ਜਗਤ ਦਾ ਬਣ ਕੇ ਢਾਡੀ, ਢੰਡੋਰਾ ਦੇਵੇ ਥਾਉਂ ਥਾਈਂਆ । ਉਠੋ ਵੇਖੋ ਖੇਲ ਪੁਰਖ ਆਦੀ, ਆਦਿ ਪੁਰਖ ਕੀ ਖੇਲ ਖਿਲਾਈਆ । ਹੁਣ ਜਗਤ ਦਲੀਲ ਕਾਹਦੀ, ਕਾਗ਼ਜ਼ ਕਲਮ ਚਲੇ ਨਾ ਕੋਇ ਚਤੁਰਾਈਆ । ਨਿਰਗੁਣ ਧਾਰ ਆਇਆ ਰਬਾਬੀ, ਸਿਤਾਰ ਤਨ ਦਏ ਵਜਾਈਆ । ਆਪਣੀ ਨੀਤੀ ਰੀਤੀ ਦੱਸ ਕੇ ਸਾਦੀ, ਸਾਧਨਾ ਸਭ ਨੂੰ ਦਏ ਸਮਝਾਈਆ । ਕਲਜੁਗ ਕੂੜੀ ਕਿਰਿਆ ਸਾਰੇ ਛਡ ਦਿਓ ਵਾਦੀ, ਵਾਅਦਾ ਪ੍ਰਭ ਦੇ ਨਾਲ ਕਰਾਈਆ । ਪਿਛਲਾ ਰਾਹ ਰਹਿਣਾ ਨਹੀਂ ਗਾਡੀ, ਮਾਰਗ ਅੱਗੇ ਇਕ ਰਖਾਈਆ । ਦੀਨ ਮਜ਼੍ਹਬ ਦੀ ਉਬਲੇ ਕੋਇ ਨਾ ਹਾਂਡੀ, ਅਗਨੀ ਅੱਗ ਨਾ ਕੋਇ ਜਲਾਈਆ । ਝਗੜਾ ਮੇਟੇ ਕਰਮ ਕਾਂਡੀ, ਕਾਂਡ ਆਪਣਾ ਇਕ ਸਮਝਾਈਆ । ਚਾਰ ਵਰਨ ਅਠਾਰਾਂ ਬਰਨ ਬਣਾ ਕੇ ਗਵਾਂਢੀ, ਨਾਤਾ ਨਾਤੇ ਨਾਲ ਰਖਾਈਆ । ਸੂਰ ਗਾਂ ਮਾਨਸ ਜ਼ਾਤੀ ਕੋਇ ਨਾ ਹੋਵੇ ਖਾਂਦੀ, ਖ਼ਾਲਸ ਆਪਣਾ ਰੰਗ ਚੜ੍ਹਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਆਤਮ ਹੋਵੇ ਗਾਂਦੀ, ਪਰਮਾਤਮ ਰਾਹ ਤਕਾਈਆ । ਮਨਸਾ ਰਹੇ ਨਾ ਥੱਕੀ ਮਾਂਦੀ, ਹੌਸਲਾ ਹਿੰਮਤ ਨਾ ਕੋਇ ਢਾਹੀਆ । ਸਭ ਨੂੰ ਕਹਿਣਾ ਪਏ ਪੁਰਖ ਅਕਾਲ ਤੋਂ ਬਿਨਾ ਪਤ ਜਾਂਦੀ, ਪਤਿਪਰਮੇਸ਼ਵਰ ਸਭ ਦਾ ਪਿਤਾ ਮਾਈਆ । ਜਿਸ ਦੀ ਦੁਨੀਆ ਹੋਣੀ ਬਾਂਦੀ, ਬੰਧਨ ਸ਼ਰਅ ਦਏ ਤੁੜਾਈਆ । ਚਰਨ ਧੂੜ ਸ੍ਰਿਸ਼ਟੀ ਦ੍ਰਿਸ਼ਟੀ ਹੋਣੀ ਨਹਾਂਦੀ, ਸਰੋਵਰ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਬਣ ਕੇ ਪਾਂਧੀ, ਪੰਧ ਸਭ ਦਾ ਪੂਰ ਕਰਾਈਆ ।

## ✪ ੨ ਕੱਤਕ ਸ਼ਹਿਨਸ਼ਾਹੀ ਸੰਮਤ ੬ ਸੁਰਜੀਤ ਸਿੰਘ ਦੇ ਘਰ ਪਿੰਡ ਵੇਰਕਾ ਜ਼ਿਲਾ ਅੰਮ੍ਰਿਤਸਰ ✪

ਸਚ ਹੋਵੇ ਪੈਗ਼ਾਮ, ਧੁਰ ਸ਼ਬਦ ਸ਼ਬਦ ਜਣਾਈਆ । ਅਗੰਮ ਹੋਵੇ ਕਲਾਮ, ਕਲਮਾ ਕਾਇਨਾਤ ਸਮਝਾਈਆ । ਬੇਅੰਤ ਹੋਵੇ ਨਾਮ, ਨਿਧਾਨਾ ਇਕ ਪਰਗਟਾਈਆ । ਚੁਰਾਸੀ ਪੀਵੇ ਜਾਮ, ਅੰਮ੍ਰਿਤ ਇਕ ਚਖਾਈਆ । ਜਿਸ ਨਾਲ ਝਗੜਾ ਮਿਟੇ ਤਮਾਮ, ਸ਼ਰਅ ਰਹੇ ਨਾ ਰਾਈਆ । ਮਾਰਗ

ਮਿਲੇ ਆਸਾਨ, ਅਸਲ ਦਏ ਸਮਝਾਈਆ । ਆਤਮ ਪਰਮਾਤਮ ਪਰਮਾਤਮ ਆਤਮ ਇਕ ਰੂਪ ਸਮਾਨ, ਜੋਤੀ ਜੋਤ ਜੋਤ ਰੁਸ਼ਨਾਈਆ । ਆਦਿ ਜੁਗਾਦੀ ਖੇਲ ਮਹਾਨ, ਜੁਗ ਚੌਕੜੀ ਰੰਗ ਰੰਗਾਈਆ । ਭੇਵ ਅਭੇਦਾ ਖੋਲ੍ਹੇ ਆਪ ਭਗਵਾਨ, ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਸ਼ਬਦ ਕਹੇ ਸ਼ਬਦ ਹੋਣਾ ਗੁਰਦੇਵਾ, ਦੇਵ ਆਤਮਾ ਦਏ ਪੜ੍ਹਾਈਆ । ਸੋਹੰ ਹੋਣਾ ਮੇਵਾ, ਅਗੰਮ ਰਸ ਚਖਾਈਆ । ਮਸਤਕ ਲੱਗਣਾ ਥੇਵਾ, ਚਰਨ ਧੂੜ ਵਡਿਆਈਆ । ਸਭ ਦੀ ਰਸਨਾ ਜਪਣਾ ਜਿਹਵਾ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਕਿਰਪਾ ਕਰੇ ਅਲਖ ਅਭੇਵਾ, ਅਗੋਚਰ ਦਇਆ ਕਮਾਈਆ । ਧਾਮ ਵੱਖਰਾ ਇਕ ਨਿਹਕੇਵਾ, ਨਿਹਚਲ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪੜਦਾ ਲਾਹੀਆ । ਸਤਿਗੁਰ ਸ਼ਬਦ ਕਹੇ ਦੱਸਣਾ ਧੁਰ ਧਾਮ, ਧਰਮ ਦਵਾਰ ਜਣਾਈਆ । ਜਿਥੇ ਵਸੇ ਮਿਹਰਵਾਨ, ਮਹਿਬੂਬ ਨੂਰ ਅਲਾਹੀਆ । ਜਿਥੇ ਵਿਸ਼ਨ ਬ੍ਰਹਮਾ ਮਿਲਦਾ ਦਾਨ, ਝੋਲੀਆਂ ਖ਼ਾਲੀ ਸਰਬ ਭਰਾਈਆ । ਜਿਥੋਂ ਉਪਜਿਆ ਦਸਰਥ ਬੇਟਾ ਰਾਮ, ਰਾਮ ਰਾਮਾ ਵੇਸ ਵਟਾਈਆ । ਜਿਸ ਨੇ ਖੇਲ ਖਿਲਾਇਆ ਕਾਹਨ, ਬੰਸਰੀਆਂ ਧੁਨ ਸੁਣਾਈਆ । ਜਿਸ ਮੂਸਾ ਕੀਤਾ ਪਰਧਾਨ, ਕੋਹਤੂਰ ਨੂਰ ਰੁਸ਼ਨਾਈਆ । ਜਿਸ ਨੇ ਈਸਾ ਬਣਾਇਆ ਬਲਵਾਨ, ਡੰਕਾ ਇਕੋ ਹੱਥ ਫੜਾਈਆ । ਜਿਸ ਨੇ ਮੁਹੰਮਦ ਦੱਸਿਆ ਵਿਧਾਨ, ਚਾਰ ਯਾਰੀ ਸੰਗ ਜਣਾਈਆ । ਜਿਸ ਨੇ ਨਾਨਕ ਜਣਾਇਆ ਸਤਿਨਾਮ, ਸਤਿ ਸਤਿ ਸਮਝਾਈਆ । ਜਿਸ ਨੇ ਫ਼ਤਹਿ ਡੰਕਾ ਵਜਾਇਆ ਆਣ, ਗੋਬਿੰਦ ਰੰਗ ਰੰਗਾਈਆ । ਸੋ ਸਤਿਗੁਰ ਸ਼ਬਦ ਕਹੇ ਸ਼ਬਦ ਗੁਰੂ ਇਕ ਪਰਧਾਨ, ਦੂਜਾ ਨਜ਼ਰ ਕੋਇ ਨਾ ਆਈਆ । ਦੋ ਜਹਾਨਾਂ ਝੁਲਾਏ ਨਿਸ਼ਾਨ, ਧਰਮ ਦਵਾਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਜੀਵ ਜਹਾਨ, ਜੀਵ ਜੰਤ ਜੰਤ ਜੀਵ ਆਪਣੇ ਹੁਕਮ ਵਿਚ ਚਲਾਈਆ ।

### ✪ ੨ ਕੱਤਕ ਸ਼ਹਿਨਸ਼ਾਹੀ ਸੰਮਤ ੬ ਗੁਰਨਾਮ ਸਿੰਘ ਦੇ ਗ੍ਰਿਹ ਪਿੰਡ ਵੇਰਕਾ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਕਹੇ ਇਹ ਖੇਲ ਅਲਖ ਅਭੇਵਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪ ਜਣਾਈਆ । ਜੋ ਆਦਿ ਜੁਗਾਦੀ ਜੁਗ ਚੌਕੜੀ ਵਡ ਦੇਵੀ ਦੇਵਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਚਖੰਡ ਵਸੇ ਸਚ ਧਾਮ ਨਿਹਕੇਵਾ, ਨਿਹਚਲ ਆਪਣਾ ਘਰ ਜਣਾਈਆ । ਜਿਸ ਦੀ ਅਵਤਾਰ ਪੈਗ਼ੰਬਰ ਗੁਰ ਕਰਦੇ ਆਏ ਸੇਵਾ, ਜੁਗ ਜੁਗ ਆਪਣੀ ਕਾਰ ਕਮਾਈਆ । ਜੋ ਨਾਮ ਨਿਧਾਨਾ ਕੌਸਤਕ ਮਨੀਆਂ ਮਸਤਕ ਲਾਵੇ ਥੇਵਾ, ਤਿਲਕ ਲਲਾਟੀ ਇਕ ਜਣਾਈਆ । ਜਿਸ ਨੂੰ ਗਾਉਂਦੇ ਆਏ ਸਿਫ਼ਤਾਂ ਵਿਚ ਨਾਲ ਰਸਨਾ ਜਿਹਵਾ, ਜ਼ਬਾਂ ਅਜ਼ਾਨ ਵਿਚ ਦ੍ਰਿੜਾਈਆ । ਸੋ ਨਾਮ ਨਿਧਾਨਾ ਅੰਮ੍ਰਿਤ ਰਸ ਦੇਵੇ ਮੇਵਾ, ਅੰਮਿਉਂ ਰਸ ਆਪ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਰਗੁਣ ਨਿਰਵੈਰ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਹਰਿ ਹੁਕਮ ਹੁਕਮ ਸੁਲਤਾਨਾਂ, ਸ਼ਾਹੋ ਭੂਪ ਆਪ ਜਣਾਈਆ । ਜੋਧਾ ਸੂਰਬੀਰ ਮਰਦ

ਮਰਦਾਨਾ, ਨਿਰਵੈਰ ਪੁਰਖ ਅਗੰਮ ਅਥਾਹੀਆ । ਜੋ ਸਚਖੰਡ ਵਸੇ ਸਚ ਮਕਾਨਾ, ਛੱਪਰ ਛੰਨ ਨਾ ਕੋਇ ਛੁਹਾਈਆ । ਜੋਤ ਨੂਰ ਨੂਰ ਮਹਾਨਾ, ਬਿਨ ਦੀਆ ਤੇਲ ਬਾਤੀ ਰੁਸ਼ਨਾਈਆ । ਸੂਰੀਆ ਚੰਦ ਦਿਸੇ ਨਾ ਕੋਇ ਭਾਨਾ, ਮੰਡਲ ਮੰਡਪ ਨਾ ਕੋਇ ਵਖਾਈਆ । ਸੋ ਪੁਰਖ ਨਿਰੰਜਣ ਹੋ ਕੇ ਮਿਹਰਵਾਨਾ, ਮਿਹਰ ਨਜ਼ਰ ਇਕ ਉਠਾਈਆ । ਹਰਿ ਪੁਰਖ ਨਿਰੰਜਣ ਦੇਵਣਹਾਰਾ ਦਾਨਾ, ਵਸਤ ਅਮੋਲਕ ਅਗੰਮ ਵਰਤਾਈਆ । ਏਕੰਕਾਰਾ ਸਭ ਦਾ ਜਾਣੀ ਜਾਣਾ, ਜਾਨਣਹਾਰ ਇਕ ਹੋ ਜਾਈਆ । ਆਦਿ ਨਿਰੰਜਣ ਜਲਵਾਗਰ ਨੁਰਾਨਾ, ਨੂਰ ਨੂਰ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਮਰਦ ਮਰਦਾਨਾ, ਮਿਹਰਵਾਨ ਬੇਪਰਵਾਹੀਆ । ਸ੍ਰੀ ਭਗਵਾਨ ਸੂਰਬੀਰ ਵਡ ਬਲਵਾਨਾ, ਯੋਧਾ ਦੋ ਜਹਾਨ ਇਕੋ ਨਜ਼ਰੀ ਆਈਆ । ਪਾਰਬ੍ਰਹਮ ਪ੍ਰਭ ਖੇਲ ਮਹਾਨਾ, ਮਹਿੰਮਾ ਕਥ ਨਾ ਕੋਇ ਸੁਣਾਈਆ । ਸੋ ਖੇਲੇ ਖੇਲ ਦੋ ਜਹਾਨਾਂ, ਪੁਰੀ ਲੋਅ ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਈਆ । ਜਿਸ ਨੇ ਕਲਜੁਗ ਮਾਤਲੋਕ ਕੀਤਾ ਪਰਧਾਨਾ, ਹੱਥ ਪੁਸ਼ਤ ਪਨਾਹ ਟਿਕਾਈਆ । ਸੋ ਅੰਤਮ ਲੇਖਾ ਜਾਣੇ ਜੋਤੀ ਜਾਤਾ ਨੌਜਵਾਨਾ, ਬਿਰਧ ਬਾਲ ਰੂਪ ਨਾ ਕੋਇ ਦਰਸਾਈਆ । ਕਲਜੁਗ ਕੂੜੀ ਕਿਰਿਆ ਬਦਲ ਦੇਵੇ ਜ਼ਮਾਨਾ, ਜ਼ਿਮੀਂ ਅਸਮਾਨਾਂ ਫੋਲ ਫੁਲਾਈਆ । ਮਾਇਆ ਮਮਤਾ ਮੋਹ ਵਿਕਾਰ ਰਹਿਣ ਨਾ ਦੇਵੇ ਟਿਕਾਣਾ, ਹਰ ਹਿਰਦਿਉਂ ਜੜ੍ਹ ਦਏ ਉਖੜਾਈਆ । ਸ਼ਰਅ ਦਾ ਝਗੜਾ ਮੇਟੇ ਬੇਗਾਨਾ, ਦੂਈ ਦਵੈਤੀ ਡੇਰਾ ਢਾਹੀਆ । ਜੋ ਅਵਤਾਰ ਪੈਗ਼ੰਬਰ ਗੁਰੂ ਦੇ ਕੇ ਗਿਆ ਬਿਆਨਾ, ਆਸਾ ਸਭ ਦੀ ਪੂਰ ਵਖਾਈਆ । ਜੋਤੀ ਜਾਤਾ ਪੁਰਖ ਬਿਧਾਤਾ ਪਰਵਰਦਿਗਾਰ ਸਾਂਝਾ ਯਾਰ ਪਹਿਰ ਕੇ ਬਾਣਾ, ਬਾਣ ਅਣਿਆਲਾ ਤੀਰ ਨਾਮ ਚਲਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਤਖ਼ਤੋਂ ਲਾਹ ਕੇ ਰਾਜਾ ਰਾਣਾ, ਸ਼ਖ਼ਸੀਅਤ ਸਭ ਦੀ ਦਏ ਗਵਾਈਆ । ਇਕੋ ਹੁਕਮ ਸੰਦੇਸ਼ਾ ਸਭ ਨੂੰ ਕਰਨਾ ਪਏ ਪਰਵਾਨਾ, ਪਰਵਾਨਗੀ ਆਪਣੇ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚਖੰਡ ਨਿਵਾਸੀ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਦੱਸਾਂ ਹੁਕਮ ਨਿਰੰਕਾਰੀ, ਜੋ ਨਿਰਵੈਰ ਰਿਹਾ ਦ੍ਰਿੜਾਈਆ । ਕਲਜੁਗ ਧਾਰ ਮੇਟਣੀ ਕੂੜ ਕੁੜਿਆਰੀ, ਕੁਟੰਬ ਰਹਿਣ ਕੋਇ ਨਾ ਪਾਈਆ । ਲਹਿਣਾ ਚੁਕਾਣਾ ਸੰਗ ਮੁਹੰਮਦ ਚਾਰ ਯਾਰੀ, ਯਾਰਾਨਾ ਅੰਤਮ ਵੇਖ ਵਖਾਈਆ । ਨਵ ਸੱਤ ਪਾਉਣੀ ਸਾਰੀ, ਮਹਾਂਸਾਰਥੀ ਹੋ ਕੇ ਆਪਣਾ ਸ਼ਬਦੀ ਰਥ ਚਲਾਈਆ । ਹਰ ਹਿਰਦੇ ਅੰਦਰ ਤਕਣੀ ਗ਼ਦਾਰੀ, ਗ੍ਰਿਹਿ ਮੰਦਰ ਫੋਲ ਫੁਲਾਈਆ । ਪਰਦਾ ਲਾਹੁਣਾ ਬਹੱਤਰ ਨਾੜੀ, ਹਾਡੀ ਹਾਡੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਹੁਕਮ ਦੇਵੇ ਧੁਰ ਫ਼ਰਮਾਨਾ, ਫਰਮਾਂਬਰਦਾਰੀ ਰਿਹਾ ਜਣਾਈਆ । ਉਠੋ ਵੇਖੋ ਨੌਜਵਾਨਾ, ਹਰਿ ਕਰਤਾ ਕੀ ਖੇਲ ਖਿਲਾਈਆ । ਪੈਗ਼ੰਬਰ ਹੋਵੋ ਸਵਾਧਾਨਾ, ਆਲਸ ਨਿੰਦਰਾ ਦੇਣੀ ਮਿਟਾਈਆ । ਸਦੀ ਚੌਧਵੀਂ ਵਰਤੇ ਕੀ ਭਾਣਾ, ਭਾਵੀ ਸਭ ਦੇ ਸਿਰ ਤੇ ਛਾਈਆ । ਚੌਦਾਂ ਤਬਕ ਕਰੋ ਧਿਆਨਾ, ਬਿਨ ਅੱਖਾਂ ਅੱਖ ਉਠਾਈਆ । ਨੈਣ ਵੇਖੋ ਜ਼ਿਮੀ ਅਸਮਾਨਾ, ਜ਼ਾਮਨ ਨਜ਼ਰ ਕੋਇ ਨਾ ਆਈਆ । ਕਿਉਂ ਜਗਤ ਹੋਇਆ ਬੇਗਾਨਾ, ਬੇਵਾ ਰੂਪ ਖ਼ਲਕ ਖ਼ੁਦਾਈਆ । ਕੀ ਨਾਨਕ ਦੱਸਕੇ ਆਇਆ ਜਦੋਂ ਬਗਦਾਦ ਰਬਾਬ ਵਜਾਏ ਮਰਦਾਨਾ, ਮੁੱਦਾ ਅਗਲਾ ਆਪਣਾ ਸਮਝਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਪਹਿਨਣਾ ਬਾਣਾ, ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਵੇਸ ਵਟਾਈਆ । ਜਿਸ ਨੂੰ ਸਭ ਨੇ ਸਜਦਿਆਂ ਵਿਚ ਕਰਨੀਆਂ ਸਲਾਮਾਂ, ਬਿਨ

ਕਦਮਾਂ ਸੀਸ ਝੁਕਾਈਆ । ਉਸ ਪ੍ਰਭੂ ਨੇ ਬਦਲ ਦੇਣਾ ਜ਼ਮਾਨਾ, ਜ਼ਿਮੀਂ ਜ਼ਮਾਂ ਖੋਜ ਖੁਜਾਈਆ । ਧੁਰਦਰਗਾਹੀ ਬਣ ਕੇ ਕਾਹਨਾ, ਲੱਖ ਚੁਰਾਸੀ ਆਤਮ ਲੈਣੀ ਪਰਨਾਈਆ । ਨਿਰਗੁਣ ਧਾਰ ਹੋ ਕੇ ਰਾਮਾ, ਸੁਰਤੀ ਸੰਗ ਕਰੇ ਕੁੜਮਾਈਆ । ਪੈਗ਼ੰਬਰੋ ਬਿਨ ਅੱਖਾਂ ਕਰੋ ਧਿਆਨਾ, ਬਿਨ ਨੈਣਾਂ ਨੈਣ ਉਠਾਈਆ । ਉਮਤ ਉਮਤੀ ਦਿਸੇ ਨਾ ਕੋਇ ਨਿਸ਼ਾਨਾ, ਨਿਸ਼ਾਨੇ ਸਾਰੇ ਗਏ ਬਦਲਾਈਆ । ਖੇਲ ਕਰੇ ਸ੍ਰੀ ਭਗਵਾਨਾ, ਭਗਵਨ ਆਪਣੀ ਕਾਰ ਕਮਾਈਆ । ਜਿਸ ਦਾ ਇਕੋ ਹੋਣਾ ਵਿਧਾਨਾ, ਤਰਮੀਮ ਅੱਗੇ ਨਾ ਕੋਇ ਕਰਾਈਆ । ਸ਼ਾਹੋ ਭੂਪ ਬਣ ਰਾਜਾਨਾ, ਹੁਕਮ ਸੰਦੇਸਾ ਦਏ ਸੁਣਾਈਆ । ਸੋ ਵਕਤ ਸੁਹੰਜਣਾ ਹੋਏ ਸੁਹਾਉਣਾ, ਸੋਹਣੀ ਰੁਤੜੀ ਨਾਲ ਮਹਿਕਾਈਆ । ਸਤਿਗੁਰ ਸ਼ਬਦ ਕਹੇ ਸਭ ਨੂੰ ਮੰਨਣਾ ਪੈਣਾ ਭਾਣਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਅਪਰੰਪਰ ਸਵਾਮੀ ਯੋਧਾ ਸੂਰਬੀਰ ਬਲਵਾਨਾ, ਬਲਧਾਰੀ ਜੋਤ ਨਿਰੰਕਾਰੀ ਇਕ ਅਖਵਾਈਆ ।

### ✪ ੬ ਕੱਤਕ ਸ਼ਹਿਨਸ਼ਾਹੀ ਸੰਮਤ ੬ ਦਵਿੰਦਰ ਕੌਰ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ✪

ਕੱਤਕ ਕਹੇ ਮੇਰਾ ਕਰਮ ਹੋਇਆ ਚੰਗਾ, ਚੰਗੀ ਮਿਲੀ ਵਡਿਆਈਆ । ਮੈਂ ਫਿਰਿਆ ਜਮਨਾ ਸੁਰਸਤੀ ਗੋਦਾਵਰੀ ਗੰਗਾ, ਤੀਰਥ ਤੱਟਾਂ ਪੰਧ ਮੁਕਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਤੱਕਿਆ ਦੰਗਾ, ਗੁਰੂਦਵਾਰ ਜਗਤ ਲੜਾਈਆ । ਜਗਤ ਸਨਿਆਸੀ ਵੈਰਾਗੀ ਤਿਆਗੀ ਵੇਖਿਆ ਨੰਗਾ, ਓਢਣ ਸੀਸ ਨਾ ਕੋਇ ਟਿਕਾਈਆ । ਦੀਨ ਦੁਨੀ ਦਾ ਹਾਲ ਤੱਕਿਆ ਮੰਦਾ, ਮੰਦਭਾਗ ਦਿਸੇ ਲੋਕਾਈਆ । ਫੇਰ ਵੇਖਿਆ ਸਾਹਿਬ ਸਤਿਗੁਰ ਦਾ ਸੰਗਾ, ਜੋ ਗੁਰਮੁਖ ਆਪਣੇ ਰੰਗ ਰੰਗਾਈਆ । ਪਿਆਰ ਦੀ ਢੋਲਕ ਤੇ ਨਾਮ ਵੱਜੇ ਮਰਦੰਗਾ, ਸ਼ਬਦ ਰਾਗ ਸੁਣਾਈਆ । ਮੈਂ ਵੀ ਝਟ ਦਰ ਦਰਵਾਜ਼ੇ ਲੰਘਾ, ਆਪਣਾ ਸੀਸ ਝੁਕਾਈਆ । ਜਾਂ ਤੱਕਿਆ ਮੇਰਾ ਸਵਾਮੀ ਨਜ਼ਰ ਆਇਆ ਉਤੇ ਮੰਜਾ, ਜੋ ਮੰਝਧਾਰ ਦਾ ਲੇਖਾ ਰਿਹਾ ਮੁਕਾਈਆ । ਫੇਰ ਅਵਤਾਰ ਗੁਰ ਭਗਤ ਧਾਰ ਤਕੇ ਅਕਵੰਜਾ, ਬਵੰਜਾ ਸ਼ਬਦ ਡੰਕ ਸ਼ਨਵਾਈਆ । ਮੇਰੇ ਨੇਤਰ ਵਗ ਗਈ ਅੰਝਾ, ਨੀਰ ਨੈਣਾਂ ਦਿਤਾ ਵਹਾਈਆ । ਮੈਂ ਜ਼ੋਰ ਜ਼ੋਰ ਦੀ ਕੰਬਾ, ਕੰਬਣੀ ਵਿਚ ਕੁਰਲਾਈਆ । ਫੇਰ ਤੱਕਿਆ ਕਲਜੁਗ ਦਾ ਪੈਂਡਾ ਰਿਹਾ ਨਾ ਲੰਬਾ, ਪੰਧ ਰਿਹਾ ਮੁਕਾਈਆ । ਫੇਰ ਵੇਖਿਆ ਹਰਿ ਭਗਤ ਨਹੀਂ ਕਿਸੇ ਦਾ ਮੁਛੰਦਾ, ਮੁਛੰਦਗੀ ਸਭ ਦੀ ਦਿਤੀ ਮਿਟਾਈਆ । ਇਹ ਖੇਲ ਪ੍ਰਭੂ ਦਾ ਅਚੰਭਾ, ਅਚਰਜ ਲੀਲਾ ਰਿਹਾ ਕਰਾਈਆ । ਵੱਡਿਆਂ ਛੋਟਿਆਂ ਇਕੋ ਰੰਗ ਰੰਗਾ, ਰੰਗਤ ਨਾਮ ਵਾਲੀ ਚੜ੍ਹਾਈਆ । ਮੈਂ ਵੀ ਵਸਤ ਇਕੋ ਮੰਗਾਂ, ਖ਼ਾਲੀ ਝੋਲੀ ਅੱਗੇ ਡਾਹੀਆ । ਪ੍ਰਭੂ ਚੁਰਾਸੀ ਵਿਚੋਂ ਜੇ ਮਾਨਸ ਜਨਮ ਦੇ ਕੇ ਬਣਾਏਂ ਬੰਦਾ, ਬੰਦਗੀ ਆਪਣੀ ਵਿਚ ਲਗਾਈਆ । ਜੇਹੜਾ ਤੈਨੂੰ ਭੁੱਲਿਆ ਉਹ ਕਰਮ ਕਾਂਡ ਦਾ ਗੰਦਾ, ਗੰਦਗੀ ਵਿਚ ਆਪਣਾ ਰੂਪ ਬਦਲਾਈਆ । ਤੇਰੀ ਚਰਨ ਪ੍ਰੀਤੀ ਸਭ ਤੋਂ ਉਤਮ ਧੰਦਾ, ਧਰਮ ਦੀ ਧਾਰ ਇਕ ਦਰਸਾਈਆ । ਤੂੰ ਸਾਹਿਬ ਸੂਰਾ ਸਰਬੰਗਾ, ਮਿਹਰਵਾਨ ਤੇਰੇ ਹੱਥ ਵਡਿਆਈਆ । ਜਿਸ ਕਾਰਨ ਦਵਿੰਦਰ ਨੇ ਵਿੰਗੀਆਂ ਟੇਡੀਆਂ ਕੀਤੀਆਂ ਜੰਘਾ, ਇਹ ਲੇਖਾ ਇਸ ਦੀ ਮਾਤਾ ਦਾ ਬਲ ਵੇਲੇ ਦਾ ਦਿਤਾ ਮੁਕਾਈਆ । ਜਿਹੜਾ ਭੈਣ ਭਰਾਵਾਂ ਬਖ਼ਸ਼ਿਆਂ ਸੀ ਅਨੰਦਾ, ਉਸ ਦਾ ਫਲ ਲੇਖੇ ਵਿਚ

ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰ ਨਜ਼ਰ ਇਕ ਉਠਾਈਆ ।

## ੮ ਕੱਤਕ ਸ਼ਹਿਨਸ਼ਾਹੀ ਸੰਮਤ ੬ ਉਤਮ ਸਿੰਘ ਦੇ ਘਰ ਪਿੰਡ ਵੈਰੋਵਾਲ ਜ਼ਿਲਾ ਅੰਮ੍ਰਿਤਸਰ

ਕੱਤਕ ਕਹੇ ਮੈਂ ਸ੍ਰਿਸ਼ਟ ਸਬਾਈ ਤੱਕਿਆ ਜਗ, ਨਵ ਸੱਤ ਅੰਤਰ ਨਿਰੰਤਰ ਧਿਆਨ ਲਗਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਲੱਗੀ ਅੱਗ, ਦੀਨ ਦੁਨੀ ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸ਼ਬਦ ਅਨਾਦੀ ਸੁਣੇ ਕੋਇ ਨਾ ਸਦ, ਅਨਹਦ ਨਾਦੀ ਨਦ ਨਾ ਕੋਇ ਵਜਾਈਆ । ਪ੍ਰਭ ਦਾ ਦਰਸ ਕਰੇ ਨਾ ਉਪਰ ਸ਼ਾਹ ਰਗ, ਸ਼ਹਿਨਸ਼ਾਹ ਮਿਲਣ ਕੋਇ ਨਾ ਪਾਈਆ । ਜਿਧਰ ਤਕਾਂ ਕੂੜੀ ਕਿਰਿਆ ਜਗਤ ਖ਼ੁਮਾਰੀ ਮਦਿ, ਮਧੁਰ ਰਸ ਨਾ ਕੋਇ ਪਿਆਈਆ । ਆਤਮ ਪਰਮਾਤਮ ਹੋਈ ਅਲੱਗ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਮੈਂ ਬ੍ਰਹਿਮੰਡਾਂ ਖੰਡਾਂ ਬਾਹਰ ਗਿਆ ਭੱਜ, ਭਜਨ ਬੰਦਗੀ ਤੋਂ ਪਰੇ ਧਿਆਨ ਲਗਾਈਆ । ਧੁਰ ਦੇ ਕਾਅਬੇ ਕਰੇ ਕੋਇ ਨਾ ਹੱਜ, ਮੰਦਰ ਗ੍ਰਿਹਿ ਨਾ ਕੋਇ ਸੁਹਾਈਆ । ਜਗਤ ਜਗਿਆਸੂ ਮਾਰਗ ਗਏ ਛਡ, ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਮੈਂ ਸਚਖੰਡ ਦਵਾਰੇ ਕੂਕ ਪੁਕਾਰਿਆ ਗੱਜ, ਹੋਕਾ ਹੱਕ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਸਾਹਿਬ ਸਮਰਥ, ਕੀ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਕਲਜੁਗ ਕਹੇ ਮੈਂ ਦੀਨ ਦੁਨੀ ਨੂੰ ਤੱਕਿਆ, ਨਿਰਗੁਣ ਸਰਗੁਣ ਵੇਖੀ ਧਾਰ । ਫਿਰਿਆ ਮਦੀਨਾ ਮੱਕਿਆ, ਉਮਤ ਉਮਤੀ ਪਾਈ ਸਾਰ । ਸ਼ਰਅ ਵਿਚ ਦਿਸੇ ਕੋਇ ਨਾ ਰੱਤਿਆ, ਨਾਤਾ ਤੁਟਾ ਸੰਗ ਮੁਹੰਮਦ ਚਾਰ ਯਾਰ । ਪੰਜ ਵਿਕਾਰ ਸਭ ਦੇ ਅੰਦਰ ਤਪਿਆ, ਆਬੇ ਹਯਾਤ ਬਖ਼ਸ਼ੇ ਕੋਇ ਨਾ ਠੰਡਾ ਠਾਰ । ਮੈਂ ਹੋ ਕੇ ਹੱਕਿਆ ਬੱਕਿਆ, ਨੇਤਰ ਰੋਇਆ ਜ਼ਾਰੋ ਜ਼ਾਰ । ਕਲਮੇ ਰਹੀ ਕੋਇ ਨਾ ਸੱਤਿਆ, ਸਤਿ ਸਤਿਵਾਦ ਆਈ ਹਾਰ । ਫਿਰ ਚੌਦਾਂ ਤਬਕ ਨੱਸਿਆ, ਆਪਣਾ ਪੰਧ ਵਿਚਾਰ । ਜਿਧਰ ਜਾਵਾਂ ਕਲਜੁਗ ਖਿੜ ਖਿੜ ਕਰ ਕੇ ਹੱਸਿਆ, ਤਾਲੀ ਦੋ ਹੱਥਾਂ ਦੀ ਮਾਰ । ਔਹ ਵੇਖ ਮੇਰੀ ਰੈਣ ਅੰਧੇਰੀ ਮੱਸਿਆ, ਪ੍ਰਕਾਸ਼ ਦਿਸੇ ਨਾ ਕੋਇ ਪੈਗ਼ੰਬਰ ਗੁਰ ਅਵਤਾਰ । ਜਿਸ ਕਾਰਨ ਗੋਬਿੰਦ ਸੱਥਰ ਲੱਭਿਆ, ਮਾਛੂਵਾੜਾ ਸੇਜ ਸੰਭਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸ਼ਾਹ ਪਾਤਸ਼ਾਹ ਸੱਚੀ ਸਰਕਾਰ । ਕੱਤਕ ਕਹੇ ਮੈਂ ਫਿਰਿਆ ਚਾਰ ਚੁਫੇਰ, ਚੌਗਿਰਦ ਧਿਆਨ ਲਗਾਈਆ । ਨਵ ਨੌਂ ਚਾਰ ਹੋਇਆ ਅੰਧੇਰ, ਨੂਰ ਚੰਦ ਨਾ ਕੋਇ ਚਮਕਾਈਆ । ਚੁਰਾਸੀ ਮਿਟੇ ਨਾ ਕਿਸੇ ਗੇੜ, ਅਵਣ ਗਵਣ ਨਾ ਕੋਇ ਕਟਾਈਆ । ਪੁਰਖ ਅਕਾਲ ਕਰੇ ਨਾ ਕੋਇ ਮਿਹਰ, ਮਿਹਰ ਨਜ਼ਰ ਨਾ ਕੋਇ ਉਠਾਈਆ । ਸਤਿਗੁਰ ਸ਼ਬਦ ਮਿਲੇ ਕੋਇ ਨਾ ਸ਼ੇਰ, ਭਬਕ ਨਾਮ ਨਾ ਕੋਇ ਸੁਣਾਈਆ । ਮੈਂ ਢਹਿ ਕੇ ਹੋਇਆ ਢੇਰ, ਆਪਣਾ ਬਲ ਗਵਾਈਆ । ਝਗੜਾ ਮੁਕੇ ਨਾ ਅੰਡਜ ਜੇਰ, ਉਤਭੁਜ ਸੇਤਜ ਲੇਖਾ ਪੂਰ ਨਾ ਕੋਇ ਕਰਾਈਆ । ਸਾਬਤ ਰਿਹਾ ਨਾ ਗੁਰੂ ਗੁਰ ਚੇਲ, ਚੇਲਾ ਗੁਰ ਨਾ ਕੋਇ ਚਤੁਰਾਈਆ । ਜੋ ਅੰਤ ਸੰਦੇਸ਼ਾ ਦੇ ਕੇ ਗਿਆ ਸ਼ਬਦੀ ਧਾਰ ਗੋਬਿੰਦ ਧਾਰ ਨੰਦੇੜ, ਤਨ ਤਤ ਕਰ ਜੁਦਾਈਆ । ਸਦੀ ਚੌਧਵੀਂ ਬੇਨਜ਼ੀਰ ਲਾਸ਼ਰੀਕ ਧੁਰ ਦੇ ਛੇੜ

ਦੇਣੀ ਛੇੜ, ਛੇਕੜ ਆਪਣੀ ਕਾਰ ਭੁਗਤਾਈਆ । ਪੈਗ਼ੰਬਰਾਂ ਲਹਿਣਾ ਦੇਣਾ ਦਏ ਨਬੇੜ, ਰਸੂਲਾਂ ਲੇਖਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਕੱਤਕ ਕਹੇ ਮੈਂ ਵੇਖਿਆ ਦੀਨ ਮਜ਼੍ਹਬ ਦਾ ਰੰਗ, ਜ਼ਾਤ ਪਾਤੀ ਖੋਜ ਖੁਜਾਈਆ । ਮਾਨਵ ਜ਼ਾਤੀ ਹੋਈ ਨੰਗ, ਓਢਣ ਸੀਸ ਨਾ ਕੋਇ ਟਿਕਾਈਆ । ਧਰਮ ਦੀ ਮੰਜ਼ਲ ਸਕੇ ਕੋਇ ਨਾ ਲੰਘ, ਕੂੜੀ ਕਿਰਿਆ ਪੰਧ ਨਾ ਕੋਇ ਚੁਕਾਈਆ । ਨਿਜ ਨੇਤਰ ਮਿਲੇ ਕਿਸੇ ਨਾ ਅਨੰਦ, ਨਿਜ ਆਤਮ ਰਸ ਨਾ ਕੋਇ ਚਖਾਈਆ । ਆਤਮ ਸੇਜ ਸੋਏ ਨਾ ਕੋਇ ਪਲੰਘ, ਪਰਮਾਤਮ ਸੰਗ ਨਾ ਕੋਇ ਰਖਾਈਆ । ਸਭ ਦਾ ਮਾਨਸ ਜਨਮ ਦਿਸੇ ਭੰਗ, ਲੇਖਾ ਲੇਖੇ ਵਿਚੋਂ ਨਾ ਕੋਇ ਪਰਗਟਾਈਆ । ਮਾਇਆ ਡੱਸਣੀ ਮਾਰੇ ਡੰਗ, ਚਾਰ ਕੁੰਟ ਰਹੀ ਤੜਫਾਈਆ । ਲੇਖਾ ਕੋਇ ਨਾ ਜਾਣੇ ਜੋ ਕਹਿ ਕੇ ਗਿਆ ਗੁਜਰੀ ਚੰਦ, ਚੰਦ ਦੁਲਾਰਾ ਕੀ ਜਣਾਈਆ । ਸਦੀ ਚੌਧਵੀਂ ਕਲਜੁਗ ਅੰਤ ਨਾ ਜਾਏ ਲੰਘ, ਪਾਰ ਕਿਨਾਰ ਸਮਝ ਕਿਸੇ ਨਾ ਆਈਆ । ਪਰਗਟ ਹੋਵੇ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਲਹਿਣਾ ਦੇਣਾ ਪੂਰਾ ਕਰੇ ਸੱਤ ਦੀਪ ਨੌਂ ਖੰਡ, ਖੰਡਾ ਖੜਗ ਨਾਮ ਚਮਕਾਈਆ । ਜਿਸ ਦੀ ਜੋਤ ਧਾਰ ਤੇਜ ਪਰਚੰਡ, ਚੰਡਕਾ ਰੂਪ ਦਏ ਸਮਝਾਈਆ । ਜਿਸ ਨੇ ਇਕੋ ਆਤਮ ਪਰਮਾਤਮ ਦੱਸਣਾ ਛੰਦ, ਤੂੰ ਮੇਰਾ ਮੈਂ ਤੇਰਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਹੁਕਮ ਇਕ ਪਰਗਟਾਈਆ । ਕੱਤਕ ਕਹੇ ਮੈਂ ਆਸਾ ਰੱਖੀ, ਆਸ਼ਾ ਦਿਆਂ ਜਣਾਈਆ । ਸਤਿਜੁਗ ਕਥਾ ਕਹਾਣੀ ਦੱਸਾਂ ਸੱਚੀ, ਸਤਿ ਸਤਿਵਾਦੀ ਨਾਲ ਮਿਲਾਈਆ । ਜਿਸ ਵਿਚ ਫ਼ਰਕ ਨਾ ਹੋਵੇ ਰੱਤੀ, ਰੁਤ ਕੂੜੀ ਕਿਵੇਂ ਬਦਲਾਈਆ । ਧਰਮ ਦੀ ਧਾਰ ਰਹੀ ਕੋਇ ਨਾ ਸਤੀ, ਸਤਿ ਸਚ ਨਾ ਕੋਇ ਸਮਾਈਆ । ਚਾਰੋਂ ਕੁੰਟ ਵਾਅ ਤਤੀ, ਅਗਨੀ ਕਲਜੁਗ ਰਹੀ ਜਲਾਈਆ । ਕੀ ਕਰੇ ਖੇਲ ਪੁਰਖ ਸਮਰਥੀ, ਹਰਿ ਕਰਤਾ ਧੁਰਦਰਗਾਹੀਆ । ਜਿਸ ਨੇ ਕੂੜ ਕੁਟੰਬ ਮੁਕਾਉਣਾ ਹੱਥੀ, ਧੁਰ ਦਾ ਹੁਕਮ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਧੁਰ ਭੇਵ ਆਪ ਖੁਲ੍ਹਾਈਆ । ਪੁਰਖ ਅਕਾਲ ਕਹੇ ਧੁਰ ਭੇਵ ਆਪ ਖੁਲ੍ਹਾਵਾਂਗਾ । ਸੋ ਪੁਰਖ ਨਿਰੰਜਣ ਨੂਰ ਚਮਕਾਵਾਂਗਾ । ਹਰਿ ਪੁਰਖ ਨਿਰੰਜਣ ਖੇਲ ਖਿਲਾਵਾਂਗਾ । ਏਕੰਕਾਰ ਕਲ ਪਰਗਟਾਵਾਂਗਾ । ਆਦਿ ਨਿਰੰਜਣ ਡਗਮਗਾਵਾਂਗਾ । ਅਬਿਨਾਸ਼ੀ ਕਰਤਾ ਹੁਕਮ ਵਰਤਾਵਾਂਗਾ । ਸ੍ਰੀ ਭਗਵਾਨ ਖੇਲ ਖਿਲਾਵਾਂਗਾ । ਪਾਰਬ੍ਰਹਮ ਕਾਰ ਕਮਾਵਾਂਗਾ । ਸ਼ਬਦ ਸਤਿਗੁਰੂ ਇਕ ਅਖਵਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਵਾਂਗਾ । ਬ੍ਰਹਿਮੰਡਾਂ ਖੰਡਾਂ ਧਾਰ ਹਿਲਾਵਾਂਗਾ । ਜੇਰਜ ਅੰਡਾਂ ਪਰਦਾ ਆਪ ਚੁਕਾਵਾਂਗਾ । ਦੀਨ ਦਿਆਲ ਬਣ ਬਖ਼ਸ਼ੰਦਾ, ਬਖ਼ਸ਼ਿਸ਼ ਰਹਿਮਤ ਸਚ ਕਮਾਵਾਂਗਾ । ਦਾਤਾ ਹੋ ਕੇ ਗੁਣੀ ਗਹਿੰਦਾ, ਗਹਿਰ ਗੰਭੀਰ ਰੂਪ ਦਰਸਾਵਾਂਗਾ । ਪਰਵਰਦਿਗਾਰ ਨੂਰ ਰੁਸ਼ਨੰਦਾ, ਜ਼ਹੂਰ ਇਕੋ ਇਕ ਦਿਖਾਵਾਂਗਾ । ਜਨ ਭਗਤਾਂ ਮੇਟ ਕੇ ਚਿੰਦਾ, ਚਿੰਤਾ ਚਿਖਾ ਵਿਚੋਂ ਕਢਾਵਾਂਗਾ । ਅੰਮ੍ਰਿਤ ਧਾਰ ਬਖ਼ਸ਼ ਕੇ ਸਿੰਧਾ, ਅਗਨੀ ਤਤ ਤਤ ਬੁਝਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਹੁਕਮ ਇਕ ਵਰਤਾਵਾਂਗਾ । ਧੁਰ ਹੁਕਮ ਇਕ ਵਰਤਾਏਗਾ । ਦੀਨ ਦਿਆਲ ਦਇਆ ਕਮਾਏਗਾ । ਤੇਈ ਅਵਤਾਰਾਂ ਸੰਗ ਰਖਾਏਗਾ । ਪੈਗ਼ੰਬਰਾਂ ਪੜਦਾ ਆਪ ਚੁਕਾਏਗਾ । ਗੁਰ ਸਤਿਗੁਰ ਅੰਗ ਲਗਾਏਗਾ । ਸੂਰਾ ਸਰਬੰਗਾ ਵੇਸ ਵਟਾਏਗਾ । ਨਾਮ ਮਰਦੰਗ

ਇਕ ਖੜਕਾਏਗਾ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਲੰਘ, ਧਰਨੀ ਧਰਤ ਵਡਿਆਏਗਾ । ਲਹਿਣਾ ਵੇਖ ਕੇ ਸੂਰੀਆ ਚੰਦ, ਮੰਡਲ ਮੰਡਪ ਆਪ ਰੁਸ਼ਨਾਏਗਾ । ਕਲਜੁਗ ਕੂੜੀ ਕਿਰਿਆ ਢਾਹ ਕੇ ਕੰਧ, ਭਾਂਡਾ ਭਰਮ ਭੌ ਭੰਨਾਏਗਾ । ਆਤਮ ਪਰਮਾਤਮ ਬਖ਼ਸ਼ ਕੇ ਅਨੰਦ, ਸਤਿਜੁਗ ਸਚ ਸਚ ਪਰਗਟਾਏਗਾ । ਤੂੰ ਮੇਰਾ ਮੈਂ ਤੇਰਾ ਗਾਉਣਾ ਛੰਦ, ਨਿਰਗੁਣ ਨਿਰਗੁਣ ਜੋੜ ਜੁੜਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਆਪ ਖੁਲ੍ਹਾਏਗਾ । ਭੇਵ ਅਭੇਦਾ ਆਪ ਖੋਲ੍ਹੇਗਾ । ਜੋਤੀ ਧਾਰ ਸ਼ਬਦ ਸ਼ਬਦ ਗੁਰ ਬੋਲੇਗਾ । ਲੱਖ ਚੁਰਾਸੀ ਮਥ ਮੱਖਣ ਵਰੋਲੇਗਾ । ਨਾਮ ਤਰਾਜ਼ੂ ਕੰਡਾ ਸ੍ਰਿਸ਼ਟੀ ਦ੍ਰਿਸ਼ਟੀ ਆਪੇ ਤੋਲੇਗਾ । ਯੋਧਾ ਸੂਰਬੀਰ ਬਲਕਾਰ, ਜਗਤ ਜਹਾਨ ਆਪੇ ਟੋਲੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕੋ ਖੋਲ੍ਹੇਗਾ । ਕੱਤਕ ਕਹੇ ਮੈਂ ਕੀ ਦੱਸਾਂ ਹਾਲ, ਕਹਿਣ ਕਿਛ ਨਾ ਪਾਈਆ । ਅਵਤਾਰ ਪੈਗ਼ੰਬਰ ਗੁਰੂ ਜਿਸ ਦੇ ਬਾਲ । ਸੋ ਸਾਹਿਬ ਸੁਲਤਾਨ ਧੁਰਦਰਗਾਹੀਆ । ਜਿਸ ਦੇ ਵਸ ਕਾਲ ਮਹਾਂਕਾਲ, ਰਾਏ ਧਰਮ ਚਿਤ੍ਰਗੁਪਤ ਸੀਸ ਨਿਵਾਈਆ । ਉਹ ਜੁਗ ਜੁਗ ਖੇਲੇ ਖੇਲ ਕਮਾਲ, ਧੁਰ ਦਾ ਹੁਕਮ ਆਪ ਵਰਤਾਈਆ । ਜਿਸ ਸਤਿਜੁਗ ਤ੍ਰੇਤਾ ਦੁਆਪਰ ਮੇਟਿਆ ਵਿਚ ਜਹਾਨ, ਕਲਜੁਗ ਅੰਤਮ ਵੇਖ ਵਖਾਈਆ । ਜਿਸ ਅਵਤਾਰ ਪੈਗ਼ੰਬਰ ਗੁਰੂਆਂ ਦਿਤਾ ਦਾਨ, ਵਸਤ ਨਾਮ ਇਕ ਵਰਤਾਈਆ । ਉਹ ਅੰਤਮ ਸਭ ਦਾ ਲੇਖਾ ਕਰ ਪਰਵਾਨ, ਪਰਮ ਪੁਰਖ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਮੇਟ ਨਿਸ਼ਾਨ, ਨਿਸ਼ਾਨਾ ਧਰਮ ਦਏ ਝੁਲਾਈਆ । ਜਿਸ ਨੂੰ ਝੁਕਣ ਰਾਜ ਰਾਜਾਨ, ਨਿਉਂ ਨਿਉਂ ਲਾਗਣ ਪਾਈਆ । ਖੇਲੇ ਖੇਲ ਵਿਚ ਜਹਾਨ, ਬ੍ਰਹਿਮੰਡ ਖੰਡ ਆਪਣੀ ਕਾਰ ਭੁਗਤਾਈਆ । ਕੱਤਕ ਕਹੇ ਮੈਂ ਨਿਉਂ ਨਿਉਂ ਚਰਨ ਕਰਾਂ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਸਚ ਪ੍ਰੀਤੀ ਬਖ਼ਸ਼ ਕੇ ਮਾਣ, ਪ੍ਰੀਤਮ ਆਪਣਾ ਰੰਗ ਚੜ੍ਹਾਈਆ । ਤੂੰ ਦਾਤਾ ਦਾਨੀ ਗੁਣ ਨਿਧਾਨ, ਗਹਿਰ ਗੰਭੀਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਕੱਤਕ ਕਹੇ ਮੇਰੀ ਮੰਗ ਇਕ, ਭਿੱਖਕ ਹੋ ਕੇ ਝੋਲੀ ਡਾਹੀਆ । ਜਿਸ ਨੂੰ ਤੇਰੇ ਮਿਲਣ ਦੀ ਸਿਕ, ਸੋ ਸਾਹਿਬ ਲੈਣਾ ਮਿਲਾਈਆ । ਅੰਤਰ ਰਹੇ ਕੋਇ ਨਾ ਵਿਖ, ਦੁਰਮਤ ਮੈਲ ਧਵਾਈਆ । ਚਾਰ ਵਰਨ ਬਣਾਉਣਾ ਸਿੱਖ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਤੇਰੇ ਪਿਆਰ ਵਿਚ ਜਾਏ ਕੋਇ ਨਾ ਭਿੱਟ, ਤਨ ਵਜੂਦ ਕਰਨੀ ਸਫ਼ਾਈਆ । ਖਹਿੜਾ ਛੁੜਾ ਦੇਣਾ ਪੱਥਰ ਇੱਟ, ਪਾਹਨ ਸੀਸ ਨਾ ਕੋਇ ਨਿਵਾਈਆ । ਤੇਰੀ ਧਾਰ ਉਤੇ ਆਤਮ ਪਰਮਾਤਮ ਜਾਏ ਟਿਕ, ਨੇਤਰ ਨੈਣ ਦੇਣਾ ਖੁਲ੍ਹਾਈਆ । ਅੰਮ੍ਰਿਤ ਬੂੰਦ ਬਖ਼ਸ਼ੀਂ ਛਿੱਟ, ਨਾਭੀ ਕਵਲ ਵਿਚੋਂ ਚੁਆਈਆ । ਸਭ ਦਾ ਲੇਖਾ ਦੇਣਾ ਨਜਿੱਠ, ਲਹਿਣਾ ਦੇਣਾ ਆਪਣੇ ਹੱਥ ਰਖਾਈਆ । ਜਨ ਭਗਤਾਂ ਦੇਵੀਂ ਕਦੇ ਨਾ ਪਿੱਠ, ਪੁਸ਼ਤ ਪਨਾਹ ਹੱਥ ਟਿਕਾਈਆ । ਮੰਜ਼ਲ ਮੇਟ ਦੇਣੀ ਸਵਾ ਗਿੱਠ, ਮਾਰਗ ਮਾਰੂ ਡੰਡ ਦਾ ਪੰਧ ਰਹੇ ਨਾ ਰਾਈਆ । ਜਿਸ ਕੋਲ ਤੇਰੇ ਪਿਆਰ ਦੀ ਹੋਵੇ ਚਿੱਟ, ਨਾਮ ਦਾ ਢੋਲਾ ਦਏ ਸੁਣਾਈਆ । ਉਹ ਮਾਨਸ ਜਨਮ ਜਾਏ ਜਿੱਤ, ਲੱਖ ਚੁਰਾਸੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੱਤਕ ਕਹੇ ਮੇਰੀ ਇਹੋ ਇੱਛ, ਨਿਰਇੱਛਤ ਮੇਰੀ ਇੱਛਿਆ ਪੂਰ ਦੇਣੀ ਕਰਾਈਆ ।

੮੧੫
੨੨

## ੯ ਕੱਤਕ ਸ਼ਹਿਨਸ਼ਾਹੀ ਸੰਮਤ ੬ ਉਤਮ ਸਿੰਘ ਦੇ ਘਰ ਪਿੰਡ ਵੈਰੋਵਾਲ ਜ਼ਿਲਾ ਅੰਮ੍ਰਿਤਸਰ

ਕਲਜੁਗ ਕਹੇ ਮੈਨੂੰ ਮਿਲਿਆ ਮਾਣ ਅਗੰਮਾ, ਅਗੰਮ ਅਗੰਮੜੇ ਦਿਤੀ ਵਡਿਆਈਆ । ਮੈਂ ਖੇਲ ਖਿਲਾਉਣਾ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਦੇਣੀ ਬਣਾਈਆ । ਘਰ ਘਰ ਵਾੜ ਕੇ ਹਰਖ ਸੋਗ ਗ਼ਮਾ, ਚਿੰਤਾ ਚਿਖਾ ਦੇਣੀ ਅਪਣਾਈਆ । ਮਾਇਆ ਮਮਤਾ ਮੋਹ ਦਾ ਪਾ ਕੇ ਤਮਾਂ, ਤਾਮਸ ਤ੍ਰਿਸ਼ਨਾ ਕਰਨੀ ਹਲਕਾਈਆ । ਹਰਿ ਕਾ ਨਾਮ ਜਪਣ ਦੇਣਾ ਨਹੀਂ ਕਿਸੇ ਦਮਾ, ਸਵਾਸ ਸਵਾਸ ਨਾ ਕੋਇ ਰਖਾਈਆ । ਮਾਨਸ ਮਾਨਵ ਮਾਨੁਖ ਕਰ ਨਿਕੰਮਾ, ਕੂੜ ਕਿਰਿਆ ਕਰਨੀ ਹਲਕਾਈਆ । ਮੇਰਾ ਖੇਲ ਹੋਣਾ ਰਵਾਂ, ਚਾਰੋਂ ਕੁੰਟ ਭੱਜਾਂ ਚਾਈਂ ਚਾਈਂਆ । ਦੀਨ ਮਜ਼੍ਹਬ ਦਾ ਰੁਖ਼ ਬਦਲਣਾ ਨਵਾਂ, ਨੌਂ ਖੰਡ ਪ੍ਰਿਥਮੀ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੇ ਹੱਥ ਵਡਿਆਈਆ । ਕਲਜੁਗ ਕਹੇ ਮੈਨੂੰ ਮਿਲਿਆ ਧੁਰ ਫ਼ਰਮਾਨਾ, ਪੁਰਖ ਅਕਾਲ ਦਿਤਾ ਦ੍ਰਿੜਾਈਆ । ਉਠ ਮੇਰਿਆ ਨੌਜਵਾਨਾ, ਮਰਦ ਮਰਦਾਨਾ ਰੂਪ ਧਰਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖ ਜ਼ਮਾਨਾ, ਚਾਰੋਂ ਕੁੰਟ ਧਿਆਨ ਲਗਾਈਆ । ਇਸ਼ਟ ਰਿਹਾ ਕਿਸੇ ਨਾ ਰਾਮਾ, ਰਾਮ ਰੂਪ ਨਾ ਕੋਇ ਸਮਾਈਆ । ਮਾਣ ਦਿਸੇ ਨਾ ਕੋਇ ਕਾਹਨਾ, ਬੰਸਰੀ ਹੱਕ ਨਾ ਕੋਇ ਸੁਣਾਈਆ । ਪੈਗ਼ੰਬਰਾਂ ਭੁੱਲਿਆ ਧੁਰ ਕਲਾਮਾ, ਕਲਮਾ ਕਾਇਨਾਤ ਨਾ ਕੋਇ ਦ੍ਰਿੜਾਈਆ । ਮੰਤਰ ਰਿਹਾ ਨਾ ਕੋਇ ਸਤਿਨਾਮਾ, ਸਤਿ ਸਤਿ ਨਾ ਕੋਇ ਸ਼ਨਵਾਈਆ । ਫ਼ਤਿਹ ਡੰਕਾ ਵੱਜੇ ਨਾ ਕੋਇ ਦਮਾਮਾ, ਦਾਮਨਗੀਰ ਨਾ ਕੋਇ ਅਖਵਾਈਆ । ਚਾਰੋਂ ਕੁੰਟ ਅੰਧੇਰੀ ਸ਼ਾਮਾ, ਸ਼ਮਾਂ ਨੂਰ ਨਾ ਕੋਇ ਰੁਸ਼ਨਾਈਆ । ਮਾਇਆ ਮਮਤਾ ਕੂੜ ਹਰਾਮਾ, ਘਰ ਘਰ ਆਪਣਾ ਡੇਰਾ ਲਾਈਆ । ਕਲਜੁਗ ਸੂਰੇ ਸਦੀ ਚੌਧਵੀਂ ਆਜਾ ਵਿਚ ਮੈਦਾਨਾ, ਬਲ ਆਪਣਾ ਆਪ ਪ੍ਰਗਟਾਈਆ । ਤਖ਼ਤੋਂ ਲਾਹ ਕੇ ਰਾਜਾ ਰਾਣਾ, ਰਈਅਤ ਆਪਣਾ ਹੁਕਮ ਸਮਝਾਈਆ । ਹਰ ਹਿਰਦੇ ਭਰ ਅਭਿਮਾਨਾ, ਕੂੜੀ ਕਿਰਿਆ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸਾ ਰਿਹਾ ਜਣਾਈਆ । ਕਲਜੁਗ ਕਹੇ ਮੈਨੂੰ ਮਿਲਿਆ ਫ਼ਰਮਾਨਾ ਏਕ, ਹਰਿ ਕਰਤੇ ਦਿਤਾ ਸੁਣਾਈਆ । ਬੁੱਧੀ ਰਹਿਣ ਦੇਣੀ ਨਹੀਂ ਕੋਈ ਬਿਬੇਕ, ਪਵਿੱਤਰ ਧਾਰ ਨਾ ਕੋਇ ਰਖਾਈਆ । ਸਭ ਦੇ ਅੰਤਰ ਅਗਨੀ ਲਾਉਣਾ ਸੇਕ, ਮਮਤਾ ਮੋਹ ਨਾਲ ਜਲਾਈਆ । ਆਤਮ ਪਰਮਾਤਮ ਰੱਖੇ ਕੋਇ ਨਾ ਟੇਕ, ਟਿੱਕਾ ਧੂੜੀ ਖ਼ਾਕ ਨਾ ਕੋਇ ਰਮਾਈਆ । ਮੈਂ ਫਿਰਨਾ ਦੇਸ ਪ੍ਰਦੇਸ, ਨੌਂ ਖੰਡ ਸੱਤ ਦੀਪ ਆਪਣਾ ਫੇਰਾ ਪਾਈਆ । ਮੈਂ ਲਹਿਣਾ ਦੇਣਾ ਪੂਰਾ ਕਰਨਾ ਗੋਬਿੰਦ ਦਸ ਦਸਮੇਸ਼, ਜੋ ਦਰ ਦਰਬਾਰੇ ਆਖ ਸੁਣਾਈਆ । ਮੈਂ ਲੇਖਾ ਤਕਣਾ ਵਿਸ਼ਨੂੰ ਬਾਸ਼ਕ ਸ਼ੇਸ਼, ਸਹੰਸਰ ਮੁਖਾਂ ਧਿਆਨ ਲਗਾਈਆ । ਮੈਂ ਅੰਤ ਤਕਣਾ ਸ਼ੰਕਰ ਗਣੇਸ਼, ਗਣਪਤ ਅੱਖ ਖੁਲ੍ਹਾਈਆ । ਮੈਂ ਜਾਣਨਾ ਕੀ ਖੇਲ ਪ੍ਰਭੂ ਹਮੇਸ਼, ਨਿਤ ਨਵਿਤ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਹੁਕਮ ਇਕ ਉਪਜਾਈਆ । ਕਲਜੁਗ ਕਹੇ ਮੈਂ ਫਿਰਨਾ ਲੱਖ ਚੁਰਾਸੀ ਅੰਦਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਭੌਣਾ ਜਗਤ ਦਵਾਰੇ ਮੰਦਰ, ਕਾਅਬਿਆਂ ਫੋਲ ਫੁਲਾਈਆ । ਮਨੂਆ ਮਨ ਬਣਾਉਣਾ ਬੰਦਰ, ਦਹਿ ਦਿਸ਼ਾ ਹਲਕਾਈਆ । ਅੰਧੇਰਾ ਕਰਨਾ ਅੰਧੇਰੀ ਕੰਦਰ, ਨੂਰੀ ਜੋਤ ਨਾ ਕੋਇ ਰੁਸ਼ਨਾਈਆ । ਬਜਰ ਖੋਲ੍ਹੇ ਕੋਇ ਨਾ ਜੰਦਰ, ਪਰਦਾ ਸਕੇ ਨਾ ਕੋਇ ਉਠਾਈਆ । ਦੀਨ ਦੁਨੀ ਕਰਨੇ ਭਾਗਾਂ ਮੰਦਨ, ਮੰਦ

ਭਾਗਾ ਹੋਏ ਲੋਕਾਈਆ । ਲਹਿਣਾ ਦੇਣਾ ਤਕਣਾ ਤ੍ਰੈਲੋਕੀ ਨੰਦਨ, ਰਾਮ ਰਾਮਾ ਖੋਜ ਖੁਜਾਈਆ । ਪੀਰ ਪੈਗ਼ੰਬਰ ਕਰਨਾ ਬਖ਼ਸ਼ੰਦਨ, ਰਹਿਮਤ ਸਭ ਦੀ ਫੋਲ ਫੁਲਾਈਆ । ਧੂੜੀ ਮਸਤਕ ਤਕਣੇ ਚੰਦਨ, ਲਲਾਟੀ ਭੇਵ ਚੁਕਾਈਆ । ਜੀਵ ਜੰਤ ਆਪਣੇ ਚੁੱਕ ਕੇ ਅੰਗਣ, ਫ਼ਰਮਾਨਾ ਇਕੋ ਦੇਣਾ ਸੁਣਾਈਆ । ਕਿਸੇ ਵਾਰਸੀ ਰਹਿਣ ਨਹੀਂ ਦੇਣਾ ਨੰਦਣ, ਪਰਮਾਨੰਦ ਨਾ ਕੋਇ ਸਮਾਈਆ । ਕੂੜ ਕੁਕਰਮ ਦੇ ਪਾਉਣੇ ਬੰਧਨ, ਬੰਦੀ ਛੋੜ ਨਾ ਕੋਇ ਅਖਵਾਈਆ । ਕਿਰਪਾ ਕਰੇ ਮੇਰਾ ਸੂਰਾ ਸਰਬੰਗਣ, ਪੁਰਖ ਅਕਾਲਾ ਹੁਕਮ ਵਰਤਾਈਆ । ਮੈਂ ਜ਼ੋਰ ਰਖਾਉਣਾ ਨਾਲ ਪੰਚਣ, ਪੰਚਮ ਪੰਚਮ ਨਾਲ ਟਕਰਾਈਆ । ਮੇਰਾ ਮਿਹਰਵਾਨ ਹੋਣਾ ਦਰਦ ਦੁੱਖ ਭੈ ਭੰਜਣ, ਮਿਹਰ ਨਜ਼ਰ ਉਠਾਈਆ । ਕਾਮ ਕਰੋਧ ਦਾ ਸਭ ਨੂੰ ਪਾਉਣਾ ਅੰਜਣ, ਨੇਤਰ ਅੱਖ ਨਾ ਕੋਇ ਸ਼ਰਮਾਈਆ । ਸਤਿ ਧਰਮ ਦਾ ਰਹਿਣ ਨਹੀਂ ਦੇਣਾ ਸਗਣ, ਸਗਲਾ ਸੰਗ ਨਾ ਕੋਇ ਰਖਾਈਆ । ਸਦੀ ਚੌਧਵੀਂ ਲਾਉਣੀ ਅਗਨ, ਅੱਗੇ ਹੋ ਨਾ ਕੋਇ ਬੁਝਾਈਆ । ਆਪ ਬੈਠਣਾ ਹੋ ਕੇ ਮਗਨ, ਸਮਾਧੀ ਪ੍ਰਭ ਦੇ ਵਿਚ ਟਿਕਾਈਆ । ਖੇਲ ਖਿਲਾਉਣਾ ਕਾਇਆ ਮਾਟੀ ਬਦਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਮੈਨੂੰ ਹੁਕਮ ਦਿਤਾ ਸੱਚੀ ਸਰਕਾਰ, ਸ਼ਹਿਨਸ਼ਾਹ ਜਣਾਈਆ । ਦੀਨ ਦੁਨੀ ਕਰ ਦੇ ਧੂੰਆਂਧਾਰ, ਨੇਤਰਹੀਣ ਹੋਏ ਲੋਕਾਈਆ । ਸਚ ਦਾ ਰਹੇ ਨਾ ਕੋਇ ਪਿਆਰ, ਮੁਹੱਬਤ ਕੂੜ ਨਾਲ ਹਲਕਾਈਆ । ਚਾਰੋਂ ਕੁੰਟ ਫਿਰਨਾ ਵਾਰੋ ਵਾਰ, ਭੱਜਣਾ ਵਾਹੋ ਦਾਹੀਆ । ਮੇਰੇ ਮਿਲਣ ਦੀ ਮੰਜ਼ਲ ਕਰ ਦੁਸ਼ਵਾਰ, ਦੂਈ ਦੁਸ਼ਮਣ ਅੰਦਰੋਂ ਦੇ ਉਠਾਈਆ । ਬਲ ਬਖ਼ਸ਼ ਕਾਮ ਕਰੋਧ ਲੋਭ ਮੋਹ ਹੰਕਾਰ, ਰਹਿਮਤ ਤੇਰੀ ਝੋਲੀ ਪਾਈਆ । ਮਾਇਆ ਮਮਤਾ ਲਾ ਅਖਾੜ, ਹਉਮੇ ਹੰਗਤਾ ਨਾਲ ਨਚਾਈਆ । ਉਠ ਵੇਖ ਜੰਗਲ ਜੂਹ ਪਹਾੜ ਉਜਾੜ, ਸਮੁੰਦ ਸਾਗਰ ਫੋਲ ਫੁਲਾਈਆ । ਤੇਰੀ ਅੰਤ ਅਖ਼ੀਰੀ ਵਾਰ, ਸਦੀ ਚੌਧਵੀਂ ਦਏ ਸਮਝਾਈਆ । ਕਲ ਕਲਕੀ ਲਏ ਅਵਤਾਰ, ਤੇਰਾ ਪੂਰਾ ਲਹਿਣਾ ਤੇਰੀ ਝੋਲੀ ਦਏ ਟਿਕਾਈਆ । ਕਲਜੁਗ ਕਹੇ ਮੈਂ ਕਰਾਂ ਨਿਮਸਕਾਰ, ਨਿਉਂ ਨਿਉਂ ਸੀਸ ਨਿਵਾਈਆ । ਸੇਵਾ ਕਰਾਂ ਮੈਂ ਬਣ ਕੇ ਬਰਖੁਰਦਾਰ, ਅਜ਼ੀਜ਼ ਅਜ਼ੀਜ਼ਾਂ ਰੂਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਅਗੰਮ ਅਪਾਰ, ਅਲਖ ਅਗੋਚਰ ਅਗੰਮ ਅਥਾਹ, ਬੇਪਰਵਾਹ ਆਪਣਾ ਹੁਕਮ ਵਰਤਾਈਆ ।



## ✪ ੯ ਕੱਤਕ ਸ਼ਹਿਨਸ਼ਾਹੀ ਸੰਮਤ ੬ ਮਾਸਟਰ ਸੋਹਣ ਸਿੰਘ ਦੇ ਘਰ ਪਿੰਡ ਰਾਮਪੁਰ ਜ਼ਿਲਾ ਅੰਮ੍ਰਿਤਸਰ ✪

ਕਲਜੁਗ ਕਹੇ ਪ੍ਰਭੂ ਮੈਂ ਦੂਰ ਦੁਰਾਡਾ ਦੌੜਾ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ । ਤੇਰਾ ਖੇਲ ਕੋਇ ਨਾ ਜਾਣੇ ਲੰਮਾ ਚੌੜਾ, ਅੰਤਸ਼ਕਰਨ ਵਿਚ ਅੰਤ ਕਹਿਣ ਕੋਇ ਨਾ ਪਾਈਆ । ਚੌਦਾਂ ਤਬਕਾਂ ਵੇਖਾਂ ਲਾ ਕੇ ਪੌੜਾ, ਅਮਾਮ ਅਮਾਮਾ ਤੇਰਾ ਧਿਆਨ ਲਗਾਈਆ । ਨਿਗਹ ਮਾਰੀ ਵੇਖ ਬ੍ਰਾਹਮਣ ਗੌੜਾ, ਗੋਬਿੰਦ ਸ਼ਬਦ ਧਾਰ ਸ਼ਨਵਾਈਆ । ਫੇਰ ਵੇਖਿਆ ਸੱਸੇ ਉਪਰ ਹੋੜਾ, ਹਾਹਾ ਟਿੱਪੀ ਸੰਗ ਰਖਾਈਆ । ਤੇਰੀ ਕਿਰਪਾ ਨਾਲ ਦਰ ਦਵਾਰ ਤੇਰੇ ਬਹੁੜਾ, ਘਰ ਠਾਂਡੇ ਸੀਸ ਨਿਵਾਈਆ । ਉਠ ਵੇਖ ਤੇਰਾ ਜਗਤ ਜਹਾਨ ਕੀਤਾ ਕੌੜਾ, ਮਿੱਠਾ ਰਸ ਨਾ ਕੋਇ ਭਰਾਈਆ ।

ਮੈਂ ਨੌਜਵਾਨ ਤੇਰਾ ਬਾਂਕਾ ਛੋਹਰਾ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਸਭ ਦਾ ਜਨਮ ਕਰਮ ਦਾ ਲੇਖਾ ਕਰ ਕੇ ਕੋਰਾ, ਮਿਹਰਵਾਨ ਦਿਆਂ ਦਿਖਾਈਆ । ਤੇਰੇ ਪਿਆਰ ਦਾ ਪੜ੍ਹੇ ਕੋਇ ਨਾ ਦੋਹਰਾ, ਦੋਹਰੀ ਆਪਣੀ ਕਲ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਚਲੇ ਕੋਇ ਨਾ ਜ਼ੋਰਾ, ਜੋਰੂ ਜ਼ਰ ਨਾਲ ਟਕਰਾਈਆ । ਜਿਧਰ ਤਕੇ ਅੰਧੇਰ ਘੋਰਾ, ਤੇਰਾ ਨੂਰੀ ਚੰਦ ਨਾ ਕੋਇ ਚਮਕਾਈਆ । ਸਦੀ ਚੌਧਵੀਂ ਅੰਤ ਕੰਤ ਭਗਵੰਤ ਪਰਵਰਦਿਗਾਰ ਤੇਰੀ ਲੋੜਾ, ਲੋੜੀਂਦੇ ਸਾਜਣ ਵੇਖ ਵਖਾਈਆ । ਆਤਮ ਪਰਮਾਤਮ ਰਹੇ ਕੋਇ ਨਾ ਜੋੜਾ, ਪਾਰਬ੍ਰਹਮ ਬ੍ਰਹਮ ਸੰਗ ਨਾ ਕੋਇ ਰਖਾਈਆ । ਝਗੜਾ ਪਿਆ ਤੇਰਾ ਮੇਰਾ, ਹਉਮੇ ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਕਲਜੁਗ ਕਹੇ ਮੈਨੂੰ ਬਖ਼ਸ਼ ਦੇ ਮੇਰੇ ਸਾਹਿਬ ਸੁਲਤਾਨਾ, ਪਰਮ ਪੁਰਖ ਤੇਰੀ ਸਰਨਾਈਆ । ਦੀਨ ਦਿਆਲ ਆਪਣਾ ਦੇ ਦੇ ਦਾਨਾ, ਝੋਲੀ ਰਹਿਮਤ ਨਾਲ ਭਰਾਈਆ । ਸਦੀ ਚੌਧਵੀਂ ਸਭ ਨੂੰ ਬੰਨ੍ਹ ਦੇਵਾਂ ਕੂੜ ਦਾ ਗਾਨਾ, ਤਨ ਵਜੂਦ ਸਗਨ ਮਨਾਈਆ । ਤੇਰਾ ਪਿਆਰ ਰਹੇ ਨਾ ਵਿਚ ਜਹਾਨਾ, ਜਹਾਲਤ ਆਪਣੀ ਦਿਆਂ ਵਖਾਈਆ । ਹਿਰਦੇ ਅੰਦਰ ਭਰ ਅਭਿਮਾਨਾ, ਮਾਣ ਗ੍ਰਿਹ ਗ੍ਰਿਹ ਦਿਆਂ ਪਰਗਟਾਈਆ । ਧਰਮ ਦੀ ਧਾਰ ਰਹੇ ਨਾ ਕੋਇ ਨਿਸ਼ਾਨਾ, ਚਾਰੋਂ ਕੁੰਟ ਕੂੜ ਹਲਕਾਈਆ । ਚੌਵੀਵੇਂ ਅਵਤਾਰ ਫੇਰ ਪਹਿਨਣਾ ਜਾਮਾ, ਜ਼ਾਮਨ ਹੋਣਾ ਥਾਉਂ ਥਾਈਂਆ । ਤੇਰੀ ਆਸ਼ਾ ਰੱਖੇ ਰਾਮ ਦਾ ਰਾਮਾ, ਕਾਹਨਾ ਬੈਠਾ ਧਿਆਨ ਲਗਾਈਆ । ਪੈਗ਼ੰਬਰ ਤੱਕਣ ਰਾਹ ਧੁਰ ਅਮਾਮਾ, ਮਹਿਬੂਬ ਤੇਰਾ ਨੂਰ ਨੂਰ ਰੁਸ਼ਨਾਈਆ । ਨਾਨਕ ਗੋਬਿੰਦ ਦੱਸਿਆ ਇਕ ਨਿਸ਼ਾਨਾ, ਨਿਰਵੈਰ ਗਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਕਲਜੁਗ ਕਹੇ ਮੇਰੇ ਮਾਲਕ ਦੀਨਾਂ ਬੰਧਪ, ਮਿਹਰਵਾਨ ਸਰਨਾਈਆ । ਮੇਰੇ ਤਿਲਕ ਲਲਾਟੀ ਲਾ ਦੇ ਚੰਦਨ, ਸੂਰੀਆ ਚੰਦ ਵੇਖਣ ਚਾਈਂ ਚਾਈਂਆ । ਤੂੰ ਆਦਿ ਜੁਗਾਦੀ ਅਲਖ ਨਿਰੰਜਣ, ਨਰ ਨਰਾਇਣ ਬੇਪਰਵਾਹੀਆ । ਦਾਤਾ ਦਾਨੀ ਦਰਦ ਦੁਖ ਭੈ ਭੰਜਣ, ਪਾਰਬ੍ਰਹਮ ਬੇਅੰਤ ਬੇਅੰਤ ਅਖਵਾਈਆ । ਸਦੀ ਚੌਧਵੀਂ ਕਲ ਧਾਰ ਨਾ ਦੇਵੀਂ ਲੰਘਣ, ਮਨਸਾ ਮਨਸਾ ਵਿਚੋਂ ਬਦਲਾਈਆ । ਪਿਛਲੀ ਕੀਤੀ ਕਰਨੀ ਖੰਡਨ, ਖੰਡਾ ਖੜਗ ਨਾਮ ਚਮਕਾਈਆ । ਅਗਲਾ ਹੁਕਮ ਵਰਤਾਉਣਾ ਵਿਚ ਵਰਭੰਡਣ, ਬ੍ਰਹਿਮੰਡ ਦੇਣਾ ਸਮਝਾਈਆ । ਤੇਰਾ ਦਰ ਠਾਂਡਾ ਸਾਰੇ ਮੰਗਣ, ਮਾਂਗਤ ਹੋ ਕੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਵਡਿਆਈਆ । ਪੁਰਖ ਅਕਾਲ ਕਹੇ ਸੁਣ ਕਲਜੁਗ ਕਾਤੀ, ਕਲਮਿਆਂ ਤੋਂ ਬਾਹਰ ਦਿਆਂ ਦ੍ਰਿੜਾਈਆ । ਚਾਰੋਂ ਕੁੰਟ ਕਰਨਾ ਅੰਧੇਰਾ ਰਾਤੀ, ਧਰਮ ਦਾ ਚੰਦ ਨਾ ਕੋਇ ਚਮਕਾਈਆ । ਤੇਰੀ ਖ਼ਾਹਿਸ਼ਾਂ ਵਾਲੀ ਹੋਵੇ ਪਰਭਾਤੀ, ਵੇਲਾ ਵਕਤ ਨਾਲ ਵਖਾਈਆ । ਸਾਚੀ ਮੰਜ਼ਲ ਚੜ੍ਹੇ ਕੋਇ ਨਾ ਘਾਟੀ, ਪੜਦਾ ਸਕੇ ਨਾ ਕੋਇ ਉਠਾਈਆ । ਭਾਗ ਲੱਗੇ ਨਾ ਕਾਇਆ ਮਾਟੀ, ਪੰਜ ਤਤ ਨਾ ਕੋਇ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰਨੀ ਆਸੀ, ਖ਼ਾਹਿਸ਼ ਤਮੰਨਾ ਵਾਸਨਾ ਨਾਲ ਸਮਾਈਆ । ਫੇਰ ਮੇਰਾ ਖੇਲ ਤਕਣਾ ਪ੍ਰਿਥਮੀ ਆਕਾਸ਼ੀ, ਗਗਨ ਗਗਨੰਤਰ ਦਿਆਂ ਜਣਾਈਆ । ਪਰਗਟ ਕਰ ਜੋਤ ਪ੍ਰਕਾਸ਼ੀ, ਨਿਰਵੈਰ ਹੋ ਕੇ ਖੇਲ ਖਿਲਾਈਆ । ਕੂੜੀ ਕਿਰਿਆ ਮੇਟ ਕੇ ਸਤਿਜੁਗ ਸਤਿ ਧਰਮ ਬਣਾਵੇ ਉਤਮ ਜ਼ਾਤੀ, ਜ਼ਾਤ ਅਜ਼ਾਤੀ ਡੇਰਾ ਢਾਹੀਆ । ਤੂੰ ਹੁਕਮ ਮੰਨਣਾ ਆਖੀ, ਆਖ਼ਰ ਦਿਆਂ ਸਮਝਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਦਾ

ਲਹਿਣਾ ਦੇਣਾ ਮੇਟੇ ਬਾਕੀ, ਹਿਸਾਬ ਅੰਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖ ਜਾਣੇ ਜੁਗ ਚੌਕੜੀ ਜੁਗਾਦੀ, ਜੁਗ ਜੁਗ ਜਗ ਕਰਤਾ ਆਪਣਾ ਹੁਕਮ ਇਕ ਵਰਤਾਈਆ ।

### ✪ ੧੩ ਕੱਤਕ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਦੀਵਾਲੀ ਵਾਲੇ ਦਿਨ ✪

ਦੀਵਾਲੀ ਕਹੇ ਮੇਰਾ ਸਚ ਪ੍ਰਕਾਸ਼, ਪ੍ਰਭ ਜੋਤ ਨਾਲ ਵਡਿਆਈਆ । ਜੁਗ ਜੁਗ ਭਗਤਾਂ ਅੰਦਰ ਮੇਰਾ ਖੇਲ ਤਮਾਸ਼, ਨਿਤ ਨਵਿਤ ਸਾਚੀ ਸੇਵ ਕਮਾਈਆ । ਹੁਕਮ ਮੰਨ ਸਾਹਿਬ ਗੁਣਤਾਸ, ਸਚ ਸਵਾਮੀ ਸੀਸ ਨਿਵਾਈਆ । ਜਿਨ੍ਹਾਂ ਦੇ ਅੰਦਰੋਂ ਅੰਧ ਅੰਧੇਰ ਜਾਏ ਵਿਨਾਸ਼, ਅਬਿਨਾਸ਼ੀ ਕਰਤਾ ਕਰੇ ਰੁਸ਼ਨਾਈਆ । ਤਿਸ ਮੰਡਲ ਹੋਵੇ ਮੇਰੀ ਰਹਿਰਾਸ, ਸਚ ਸਮਿਗ੍ਰੀ ਇਕ ਪਰਗਟਾਈਆ । ਸਚ ਦਵਾਰੇ ਕਰ ਕੇ ਵਾਸ, ਆਪਣਾ ਨੂਰ ਦਿਆਂ ਚਮਕਾਈਆ । ਅਵਤਾਰ ਪੈਗੰਬਰ ਗੁਰੂ ਜਿਸ ਦੇ ਦਾਸ, ਤਿਸ ਦਾ ਰੂਪ ਅਨੂਪ ਪਰਗਟਾਈਆ । ਖੇਲ ਤਕ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਪੰਧ ਮੁਕਾਈਆ । ਲੱਖ ਚੁਰਾਸੀ ਅੰਦਰ ਕਰ ਕੇ ਵਾਸ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਫੋਲ ਫੁਲਾਈਆ । ਕਵਣ ਵਸਿਆ ਪ੍ਰਭ ਦੇ ਪਾਸ, ਭਗਤ ਸੁਹੇਲਾ ਕਵਣ ਅਖਵਾਈਆ । ਜਿਸ ਦਾ ਸਾਹਿਬ ਉਤੇ ਵਿਸ਼ਵਾਸ, ਵਿਸ਼ਿਆਂ ਤੋਂ ਬਾਹਰ ਰਾਹ ਤਕਾਈਆ । ਉਸ ਦੀ ਪੂਰੀ ਹੋਵੇ ਆਸ, ਸਿੱਧਾ ਰਸਤਾ ਦੇਵੇ ਧੁਰਦਰਗਾਹੀਆ । ਦੀਵਾਲੀ ਕਹੇ ਮੈਂ ਭਗਤਾਂ ਦੇਵਾਂ ਸ਼ਾਬਾਸ਼, ਗੁਰਮੁਖਾਂ ਨਾਲ ਵਡਿਆਈਆ । ਜਿਨ੍ਹਾਂ ਦਾ ਲੇਖਾ ਹੋਵੇ ਖ਼ਲਾਸ, ਚੁਰਾਸੀ ਵਿਚ ਨਾ ਕੋਇ ਭਵਾਈਆ । ਤਨ ਵਜੂਦ ਪਹਿਨਣਾ ਪਏ ਨਾ ਕੋਇ ਲਬਾਸ, ਓਢਣ ਤਨ ਨਾ ਕੋਇ ਹੰਢਾਈਆ । ਪਵਣ ਸਵਾਸੀ ਰਹੇ ਨਾ ਕੋਇ ਸਵਾਸ, ਰਜੋ ਤਮੋ ਸਤੋ ਨਾ ਕੋਇ ਰੰਗ ਰੰਗਾਈਆ । ਸ਼ੰਕਰ ਤਕਣਾ ਪਏ ਨਾ ਉਤੇ ਕੈਲਾਸ਼, ਬ੍ਰਹਮਾ ਬ੍ਰਹਮ ਨਾ ਧਿਆਨ ਲਗਾਈਆ । ਜਿਨ੍ਹਾਂ ਨਿਰੰਤਰ ਪ੍ਰਭ ਮੇਰਾ ਕੀਤਾ ਪ੍ਰਕਾਸ਼, ਦੀਪਕ ਦੀਆ ਆਤਮ ਪਰਮਾਤਮ ਦਿਤਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਦੀਵਾਲੀ ਕਹੇ ਮੈਂ ਕੋਈ ਧਾਰ ਨਹੀਂ ਅੱਗ ਦੀ, ਦੀਵਾ ਬੱਤੀ ਨਾ ਕੋਇ ਵਡਿਆਈਆ । ਮੈਂ ਧਾਰ ਸੂਰੇ ਸਰਬਗ ਦੀ, ਜੁਗ ਚੌਕੜੀ ਵੇਸ ਵਟਾਈਆ । ਪ੍ਰਕਾਸ਼ ਵਿਚੋਂ ਪ੍ਰਕਾਸ਼ ਹੋ ਕੇ ਜਗਦੀ, ਜਾਗਰਤ ਜੋਤ ਕਰ ਰੁਸ਼ਨਾਈਆ । ਮੇਰੀ ਖੇਲ ਉਪਰ ਸ਼ਾਹ ਰਗ ਦੀ, ਨੌਂ ਦਵਾਰੇ ਡੇਰਾ ਢਾਹੀਆ । ਮੈਂ ਸਾਥਣ ਨਹੀਂ ਜੀਵ ਅਲਪਗ ਦੀ, ਕੂੜ ਕਿਰਿਆ ਨਾ ਕੋਇ ਵਡਿਆਈਆ । ਮੇਰੀ ਆਸ਼ਾ ਭਗਤਾਂ ਪ੍ਰੇਮ ਵਿਚ ਸੱਦ ਦੀ, ਸੱਦਾ ਦੇਵੇ ਥਾਉਂ ਥਾਈਂਆ । ਉਨ੍ਹਾਂ ਘੜੀ ਸੁਲੱਖਣੀ ਹੋਵੇ ਅੱਜ ਦੀ, ਜਿਨ੍ਹਾਂ ਮਿਲਿਆ ਧੁਰਦਰਗਾਹੀਆ । ਜੋ ਸ੍ਰਿਸ਼ਟੀ ਜਗਤ ਮਾਇਆ ਪਿਆਰ ਵਿਚ ਬਲਦੀ, ਮਮਤਾ ਮੋਹ ਵਿਚ ਹਲਕਾਈਆ । ਸਾਹਿਬ ਸਤਿਗੁਰ ਦਾ ਸਾਥ ਛਡਦੀ, ਨਾਤਾ ਕੂੜ ਨਾਲ ਬੰਧਾਈਆ । ਕੂੜੀ ਆਸਾ ਹੋਵੇ ਕੱਗ ਦੀ, ਤ੍ਰਿਸ਼ਨਾ ਤ੍ਰਿਪਤ ਨਾ ਕੋਇ ਰਖਾਈਆ । ਦੀਵਾਲੀ ਕਹੇ ਮੈਂ ਪ੍ਰਕਾਸ਼ ਹੋ ਕੇ ਪ੍ਰਕਾਸ਼ ਧੁਰ ਦਾ ਲੱਭਦੀ, ਭਗਤ ਸੁਹੇਲੇ ਵੇਖ ਵਖਾਈਆ । ਮੇਰੀ ਆਸਾ ਨਹੀਂ ਕੋਈ ਮਦਿ ਦੀ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਦੀਵਾਲੀ ਕਹੇ ਮੈਨੂੰ ਬ੍ਰਹਮਾ ਕੀਤਾ ਪਿਆਰ, ਦੀਪਕ ਦੀਆ ਅਗੰਮ ਜਲਾਈਆ । ਵਿਸ਼ਨੂੰ ਮੇਰੀ ਬੱਧੀ ਧਾਰ, ਜੋਤੀ ਜੋਤ ਨਾਲ ਰੁਸ਼ਨਾਈਆ । ਸ਼ੰਕਰ ਮੇਰੀ ਕੀਤੀ ਵਿਚਾਰ, ਕੈਲਾਸ਼ ਉਪਰ ਕਰ ਰੁਸ਼ਨਾਈਆ । ਇੰਦਰ ਮੇਰਾ ਕੀਤਾ ਦੀਦਾਰ, ਜੋਤ ਵੇਖ ਅਗੰਮ ਅਥਾਹੀਆ । ਪੜਦਾ ਚੁਕਦੇ ਰਹੇ ਪੈਗ਼ੰਬਰ ਗੁਰ ਅਵਤਾਰ, ਅੰਧ ਅੰਧੇਰਾ ਦੂਰ ਕਰਾਈਆ । ਮੇਰੀ ਜਗ ਮਗ ਜੋਤ ਅਪਾਰ, ਅਪਰੰਪਰ ਸਵਾਮੀ ਦਿਤੀ ਪਰਗਟਾਈਆ । ਅਸ਼ਟਭੁਜ ਮੈਨੂੰ ਲਿਆਂਦਾ ਵਿਚ ਸੰਸਾਰ, ਦੀਪਕ ਨੌਂ ਨੌਂ ਜਗਾਈਆ । ਫੇਰ ਜਗੀ ਬਲ ਦਵਾਰ, ਬਾਵਨ ਰੰਗ ਵੇਖਿਆ ਚਾਈਂ ਚਾਈਂਆ । ਰਾਮ ਦਿਤਾ ਆਧਾਰ, ਮਿਲੀ ਮਾਣ ਵਡਿਆਈਆ । ਕ੍ਰਿਸ਼ਨ ਨੇ ਅਰਜਨ ਦਿਤਾ ਵਖਾਲ, ਪ੍ਰਭ ਜੋਤੀ ਜੋਤ ਰੁਸ਼ਨਾਈਆ । ਮੈਂ ਜੁਗ ਜੁਗ ਚਲਦੀ ਰਹੀ ਸਾਲ ਬਸਾਲ, ਸੰਮਤ ਸੰਮਤੀ ਪੰਧ ਮੁਕਾਈਆ । ਦੀਨ ਦੁਨੀ ਦਾ ਵੇਖਦੀ ਰਹੀ ਹਾਲ, ਜੁਗ ਚੌਕੜੀ ਧਿਆਨ ਲਗਾਈਆ । ਬਿਨਾ ਭਗਤਾਂ ਘਰ ਦੀਪਕ ਸਕਿਆ ਕੋਇ ਨਾ ਬਾਲ, ਅੰਧ ਅੰਧੇਰ ਨਾ ਕੋਇ ਮਿਟਾਈਆ । ਜਗਤ ਦੀਵਾਲੀ ਸਭ ਨੂੰ ਕੀਤਾ ਕੰਗਾਲ, ਜਗਤ ਵਾਸਨਾ ਵਿਚ ਸ੍ਰਿਸ਼ਟ ਹਲਕਾਈਆ । ਮੈਂ ਸਦਾ ਜਗਦੀ ਰਹੀ ਸਚ ਸੱਚੀ ਧਰਮਸਾਲ, ਕਾਇਆ ਮੰਦਰ ਅੰਦਰ ਆਪਣੀ ਆਪ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਅੰਦਰ ਆਪਣਾ ਦੀਪਕ ਦੇਵੇ ਬਾਲ, ਦੀਵਾਲੀ ਕਹੇ ਮੈਂ ਸਦਾ ਉਸ ਦੇ ਨਾਲ ਜਗਤ ਰੰਗ ਦਾ ਪੰਧ ਮੁਕਾਈਆ ।



੮੨੦



੨੨

## ✪ ੧੫ ਕੱਤਕ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ✪

ਪੰਦਰਾਂ ਕੱਤਕ ਕਹੇ ਮੇਰੀ ਨੱਕ ਨਾਲ ਲਕੀਰਾ, ਲਾਈਨ ਐਨ ਦਿਤੀ ਬਣਾਈਆ । ਮੈਨੂੰ ਯਾਦ ਆ ਗਿਆ ਰਵਦਾਸ ਦਾ ਕਸੀਰਾ, ਜੋ ਕੌਡੀ ਬ੍ਰਾਹਮਣ ਹੱਥ ਫੜਾਈਆ । ਗੰਗਾ ਧਾਰ ਤਕੀ ਨੀਰਾ, ਜੋ ਵਹਿੰਦੇ ਵਹਿਣ ਭੱਜੇ ਵਾਹੋ ਦਾਹੀਆ । ਖੇਲ ਜਾਣਿਆ ਬੇਨਜ਼ੀਰਾ, ਨਜ਼ਰ ਤੋਂ ਪਰੇ ਕੀ ਕਰੇ ਨੂਰ ਅਲਾਹੀਆ । ਜਿਸ ਵਿਚੋਂ ਨਜ਼ਰ ਆਈ ਤੇਰੀ ਧਾਰ ਸ਼ਮਸ਼ੀਰਾ, ਸ਼ੱਮਸ ਤਬਰੇਜ਼ ਦਏ ਦੁਹਾਈਆ । ਫੇਰ ਵੇਖਿਆ ਲੇਖਾ ਸ਼ਾਹ ਹਕੀਰਾ, ਸ਼ਹਿਨਸ਼ਾਹ ਦਿਤਾ ਦ੍ਰਿੜਾਈਆ । ਫੇਰ ਚੋਟੀ ਤਕੀ ਅਖ਼ੀਰਾ, ਜਿਥੇ ਮੰਜ਼ਲ ਬੇਪਰਵਾਹੀਆ । ਇਕੋ ਰੂਪ ਨਜ਼ਰ ਆਇਆ ਪੀਰਨ ਪੀਰਾ, ਪਾਰਬ੍ਰਹਮ ਧੁਰਦਰਗਾਹੀਆ । ਚਰਨੀ ਢੱਠਾ ਦਿਸੇ ਕਬੀਰਾ, ਨੇਤਰ ਨੈਣਾਂ ਨੀਰ ਵਹਾਈਆ । ਪ੍ਰਭੂ ਕਦੋਂ ਤੋੜੇਂ ਸ਼ਰਅ ਦੀਆਂ ਜ਼ੰਜੀਰਾਂ, ਜ਼ਰਾ ਜ਼ਰਾ ਦੇ ਸਮਝਾਈਆ । ਕੀ ਤੇਰੀਆਂ ਵਡ ਤਦਬੀਰਾਂ, ਪੜਦਾ ਓਹਲਾ ਦੇ ਉਠਾਈਆ । ਕਲਜੁਗ ਕੂੜੀਆਂ ਦਿਸਣ ਜ਼ਮੀਰਾਂ, ਸ਼ਰਅ ਸ਼ਰਅ ਨਾਲ ਟਕਰਾਈਆ । ਸਚ ਦਾ ਰਿਹਾ ਨਾ ਕੋਇ ਵਤੀਰਾ, ਵਿਤਕਰੇ ਵਿਚ ਜਗਤ ਲੋਕਾਈਆ । ਸੁਹਾਗਣ ਹੱਥੀ ਬੰਨ੍ਹੇ ਨਾ ਕੋਇ ਕਲੀਰਾ, ਕੌਡੀ ਕਸੀਰੇ ਮਿਲੇ ਨਾ ਕੋਇ ਵਡਿਆਈਆ । ਮੇਰਾ ਅੰਤਰ ਹੋਇਆ ਦਿਲਗੀਰਾ, ਦਿਲਦਾਰ ਦਿਆਂ ਜਣਾਈਆ । ਪੁਰਖ ਅਕਾਲ ਕਿਹਾ ਲੈ ਅੰਮ੍ਰਿਤ ਰਸ ਸੀਰਾ, ਤੇਰੇ ਮੁਖ ਪਵਾਈਆ । ਔਹ ਤਕ ਕਲਜੁਗ ਦਾ ਅੰਤ ਅਖ਼ੀਰਾ, ਤੈਨੂੰ ਦਿਆਂ ਵਖਾਈਆ । ਜਿਸ ਵਿਚ ਅਵਤਾਰ ਪੈਗ਼ੰਬਰ ਗੁਰੂਆਂ ਘੱਤਣੀਆਂ ਵਹੀਰਾਂ, ਮਾਤਲੋਕ ਥਿਰ ਰਹਿਣ

ਕੋਇ ਨਾ ਪਾਈਆ । ਦੀਨ ਦੁਨੀ ਦੀ ਬਦਲ ਜਾਣੀ ਤਕਦੀਰਾ, ਤਰੀਕਾ ਢੰਗ ਦਿਆਂ ਸਮਝਾਈਆ । ਉਸ ਵੇਲੇ ਰਵਦਾਸ ਹੋਣਾ ਮੇਰਾ ਹੀਰਾ, ਹਰਿ ਜੂ ਆਪਣੇ ਰੰਗ ਰੰਗਾਈਆ । ਜਿਸ ਦੇ ਸੀਸ ਤੇ ਨੀਲੇ ਰੰਗ ਦਾ ਹੋਵੇ ਚੀਰਾ, ਨੀਲੀ ਧਾਰ ਦਏ ਗਵਾਹੀਆ । ਉਤੇ ਬੱਧੀ ਹੋਵੇ ਸ਼ਰਅ ਦੀ ਜ਼ੰਜੀਰਾ, ਸ਼ਰੀਅਤ ਲਿਖ ਕੇ ਅਲਿਫ਼ ਯੇ ਨਾਲ ਸਮਝਾਈਆ । ਜੋ ਸੰਦੇਸ਼ਾ ਦੇ ਕੇ ਗਈ ਮੁਹੰਮਦ ਨੂੰ ਹਮਸ਼ੀਰਾ, ਸੁਲਹਕੁਲ ਵੱਲ ਧਿਆਨ ਲਗਾਈਆ । ਜਿਸ ਵਾਸਤੇ ਜੋਤੀ ਧਾਰ ਦਾ ਸਤਰੰਗ ਦਾ ਆਉਣਾ ਲੀੜਾ, ਉਹ ਓਢਣ ਗੁਰਮੁਖ ਸੀਸ ਟਿਕਾਈਆ । ਪੰਜਾਂ ਲਿਖਾਰੀਆਂ ਸਾਂਝਾ ਫੜਿਆ ਹੋਵੇ ਲੱਕੋਂ ਬੱਧਾ ਕੀੜਾ, ਡੋਰੀ ਸਾਢੇ ਤਿੰਨ ਹੱਥ ਵਡਿਆਈਆ । ਪੰਦਰਾਂ ਕੱਤਕ ਕਹੇ ਮੈਂ ਨਿਮਸਕਾਰ ਕੀਤੀ ਬਿਨਾ ਨੱਕ ਤੋਂ ਕਢੀਆਂ ਲਕੀਰਾ, ਜਗਤ ਲਾਈਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਟਣਹਾਰਾ ਭੀੜਾ, ਭੀੜੀ ਗਲੀ ਔਖੀ ਘਾਟੀ ਮੰਜ਼ਲ ਪਿਛਲੀ ਪਾਰ ਕਰਾਈਆ ।

੮੨੧

੨੨

## ✪ ੧੯ ਕੱਤਕ ਸ਼ਹਿਨਸ਼ਾਹੀ ਸੰਮਤ ੬ ਸਾਧੂ ਸਿੰਘ ਦੇ ਘਰ ਪਿੰਡ ਬਸਤੀ ਤੇਗ਼ਾ ਸਿੰਘ ਵਾਲੀ ਜ਼ਿਲਾ ਫ਼ਿਰੋਜ਼ਪੁਰ ✪

ਕੱਤਕ ਕਹੇ ਮੈਂ ਦੂਰ ਦੁਰਾਡਾ ਤੱਕਿਆ, ਬਿਨ ਅੱਖਾਂ ਅੱਖ ਉਠਾ । ਕੀ ਖੇਲ ਪੁਰਖ ਸਮਰੱਥਿਆ, ਕੀ ਹੁਕਮ ਰਿਹਾ ਵਰਤਾ । ਨੌਂ ਖੰਡ ਪ੍ਰਿਥਮੀ ਨੱਠਿਆ, ਸੱਤ ਦੀਪ ਭੱਜਿਆ ਵਾਹੋ ਦਾਹ । ਜਗਤ ਜੀਵ ਜਹਾਨ ਮੱਚਿਆ, ਕਲਜੁਗ ਅਗਨੀ ਅੱਗ ਰਹੀ ਤਪਾ । ਫਿਰੀ ਦਰੋਹੀ ਮਦੀਨਾ ਮੱਕਿਆ, ਕਾਅਬੇ ਨਜ਼ਰ ਨਾ ਆਏ ਖ਼ੁਦਾ । ਝਗੜਾ ਪਿਆ ਭਾਈ ਭੈਣ ਸਕਿਆ, ਪਿਤਾ ਪੂਤ ਸਕੇ ਨਾ ਕੋਇ ਗੋਦ ਉਠਾ । ਮੋਹ ਹੰਕਾਰੇ ਸੰਸਾਰ ਮੱਤਿਆ, ਗੁਰਮਤ ਸਾਰੇ ਗਏ ਭੁਲਾ । ਮੈਂ ਲੱਖ ਚੁਰਾਸੀ ਤਕੀ ਡਾਲੀ ਪੱਤਿਆ, ਚਾਰੇ ਖਾਣੀ ਪੜਦਾ ਲਾਹ । ਪ੍ਰਭ ਦੇ ਨਾਮ ਵਿਚ ਕੋਇ ਨਾ ਰੱਤਿਆ, ਹਉਮੇ ਖ਼ੁਦੀ ਸਕੇ ਨਾ ਕੋਇ ਗਵਾ । ਖੇਲ ਤਕ ਕੇ ਅਲਖ ਅਲੱਖਿਆ, ਨੇਤਰ ਨੈਣਾਂ ਨੀਰ ਦਿਤਾ ਵਹਾ । ਕੱਤਕ ਕਹੇ ਮੈਂ ਪ੍ਰਭ ਸਰਨਾਈ ਢੱਠਿਆ, ਗਲ ਪਲੂ ਵਾਸਤਾ ਪਾ । ਕਿਉਂ ਕੂੜ ਕੁੜਿਆਰਾ ਹਰ ਹਿਰਦੇ ਅੰਦਰ ਨੱਚਿਆ, ਪਰਦਾ ਅੰਤਰ ਨਿਰੰਤਰ ਦਿਤਾ ਉਠਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੁਰਖ ਅਕਾਲੇ ਬੇਪਰਵਾਹ । ਕੱਤਕ ਕਹੇ ਮੈਂ ਦੂਰ ਦੁਰਾਡਾ ਖੋਜਿਆ, ਖੋਜਤ ਖੋਜਤ ਧਿਆਨ ਲਗਾਈਆ । ਚਾਰੋਂ ਕੁੰਟ ਹਉਮੇ ਰੋਗਿਆ, ਮਾਇਆ ਮਮਤਾ ਸ੍ਰਿਸ਼ਟ ਹਲਕਾਈਆ । ਸਾਢੇ ਤਿੰਨ ਹੱਥ ਚਿੰਤਾ ਸੋਗਿਆ, ਹਉਮੇ ਰੋਗ ਨਾ ਕੋਇ ਮਿਟਾਈਆ । ਜਗਤ ਵਾਸਨਾ ਦੀਨ ਦੁਨੀ ਨੇ ਭੋਗ ਭੋਗਿਆ, ਭਸਮੜ ਰੂਪ ਨਾ ਕੋਇ ਬਣਾਈਆ । ਸਾਢੇ ਤਿੰਨ ਹੱਥ ਸਭ ਦਾ ਤੱਕਿਆ ਚੋਗਿਆ, ਦੁਰਮਤ ਮੈਲ ਨਾ ਕੋਇ ਧਵਾਈਆ । ਚੌਦਾਂ ਤਬਕ ਫਿਰਿਆ ਚੌਦਾਂ ਲੋਕਿਆ, ਚੌਦਸ ਵਿਦਿਆ ਰੰਗ ਨਾ ਕੋਇ ਰੰਗਾਈਆ । ਸਦੀ ਚੌਧਵੀਂ ਅੰਤਮ ਸੰਭਲੇ ਕੋਇ ਨਾ ਮੌਕਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ । ਕੱਤਕ ਕਹੇ ਮੈਂ ਤਕ ਕੇ ਹੋਇਆ ਹੈਰਾਨ, ਹੈਰਤ ਵਿਚ ਦੁਹਾਈਆ । ਕੀ ਖੇਲ ਜਗਤ ਜਹਾਨ, ਕੀ ਕਰਤਾ ਕਾਰ ਕਮਾਈਆ । ਚਾਰੋਂ ਕੁੰਟ ਸ਼ਰਅ ਸ਼ੈਤਾਨ, ਸ਼ਰੀਅਤ ਕਰੇ ਲੜਾਈਆ । ਸਾਚਾ ਦਿਸੇ ਨਾ ਧਰਮ ਨਿਸ਼ਾਨ, ਧੁਰ ਦੀ ਧਾਰ ਨਾ ਕੋਇ ਪਰਗਟਾਈਆ । ਸਚ

੮੨੧

੨੨

ਸੁਣੇ ਨਾ ਕੋਇ ਧੁੰਨਕਾਨ, ਸ਼ਬਦ ਨਾਦ ਨਾ ਕੋਇ ਸ਼ਨਵਾਈਆ । ਮਾਨਵ ਮਾਨਵ ਝਗੜਾ ਵਿਚ ਜਹਾਨ, ਜਹਾਲਤ ਦੂਰ ਨਾ ਕੋਇ ਕਰਾਈਆ । ਇਕ ਪ੍ਰਭੂ ਨੂੰ ਸਾਰੇ ਗਾਣ, ਅੱਖਰਾਂ ਵਾਲੀ ਸਿਫ਼ਤ ਸਾਲਾਹੀਆ । ਦੀਨਾਂ ਮਜ਼੍ਹਬਾਂ ਵੰਡ ਵੰਡਾਣ, ਨਾਮ ਕਲਮੇ ਨਾਲ ਟਕਰਾਈਆ । ਮਨ ਮਨਸਾ ਕਰ ਅਭਿਮਾਨ, ਹਉਮੇ ਗੜ੍ਹ ਪਰਗਟਾਈਆ । ਸਾਹਿਬ ਸਵਾਮੀ ਮਿਲੇ ਕੋਇ ਨਾ ਆਣ, ਨਿਜ ਨੇਤਰ ਪ੍ਰਭ ਦਰਸ ਕੋਇ ਨਾ ਪਾਈਆ । ਮੈਂ ਚਾਰ ਕੁੰਟ ਤਕ ਕੇ ਕਿਹਾ ਸ੍ਰੀ ਭਗਵਾਨ, ਪਾਰਬ੍ਰਹਮ ਪ੍ਰਭ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਕੱਤਕ ਕਹੇ ਮੈਂ ਦੂਰ ਦੁਰਾਡੇ ਜਨ ਭਗਤ ਸੁਹੇਲੇ ਤਕੇ ਥੋੜ੍ਹੇ, ਬਹੁ ਗਿਣਤ ਨਾ ਕੋਇ ਵਡਿਆਈਆ । ਜਿਨ੍ਹਾਂ ਦੇ ਅੰਤਰ ਪ੍ਰੇਮ ਦੀ ਲੋੜੇ, ਲੋੜੀਂਦਾ ਸੱਜਣ ਵੇਖ ਖ਼ੁਸ਼ੀ ਮਨਾਈਆ । ਆਤਮ ਪਰਮਾਤਮ ਬਣਾ ਕੇ ਜੋੜੇ, ਸੁਰਤੀ ਸ਼ਬਦ ਵਿਚ ਸਮਾਈਆ । ਦੀਨ ਦੁਨੀ ਦੇ ਰਸ ਸਮਝ ਕੇ ਕੌੜੇ, ਕੂੜੀ ਕਿਰਿਆ ਗਏ ਤਜਾਈਆ । ਇਕੋ ਤਕ ਕੇ ਸੱਸੇ ਉਪਰ ਹੋੜੇ, ਹੰ ਟਿੱਪੀ ਨਾਲ ਚਤੁਰਾਈਆ । ਤੂੰ ਮੇਰਾ ਮੈਂ ਤੇਰਾ ਗਾ ਕੇ ਦੋਹਰੇ, ਨਾਤਾ ਦੋਹਰਾ ਲਿਆ ਜੁੜਾਈਆ । ਜਨਮ ਕਰਮ ਦੇ ਲੇਖੇ ਕਰ ਕੇ ਕੋਰੇ, ਕੂੜ ਕੁਕਰਮ ਦਾ ਪੈਂਡਾ ਦਿਤਾ ਮੁਕਾਈਆ । ਨੌਜਵਾਨ ਬਾਂਕੇ ਬਣ ਕੇ ਛੋਹਰੇ, ਗੁਰਮੁਖ ਸਾਚੇ ਰੰਗ ਰੰਗਾਈਆ । ਜਿਸ ਦਾ ਲਹਿਣਾ ਦੇਣਾ ਲੇਖਾ ਨਾਲ ਅਜੀਤ ਜੁਝਾਰ ਸਿੰਘ ਫ਼ਤਹਿ ਨਾਲ ਜੋਰੇ, ਚੌਥੇ ਜੁਗ ਗੰਢ ਗੰਢਾਈਆ । ਸੋ ਸਾਹਿਬ ਸਤਿਗੁਰ ਸ਼ਬਦ ਅਗੰਮੇ ਚੜ੍ਹ ਕੇ ਘੋੜੇ, ਵਾਗਾਂ ਆਪਣੇ ਹੱਥ ਰਖਾਈਆ । ਮਾਲਕ ਖ਼ਾਲਕ ਹੋ ਕੇ ਬਹੁੜੇ, ਪੋਹ ਛੱਬੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕੱਤਕ ਕਹੇ ਛੱਬੀ ਪੋਹ ਸੁਹਾਉਣਾ, ਸੋਹਣੀ ਰੁਤ ਰਮਣੀਕ । ਜੋਤੀ ਸ਼ਬਦੀ ਖੇਲ ਖਿਲਾਉਣਾ, ਪੁਰਖ ਅਬਿਨਾਸ਼ੀ ਬਖ਼ਸ਼ ਹੱਕ ਤੌਫ਼ੀਕ । ਕਲਗੀ ਤਾਜ ਜੋੜ ਜੁੜਾਉਣਾ, ਤੋੜਾ ਜੋੜ ਜਗਤ ਜਗਦੀਸ । ਸਾਢੇ ਤਿੰਨ ਇੰਚ ਦਾ ਚੱਕਰ ਬਣਾਉਣਾ, ਜਿਸ ਵਿਚ ਹਿੰਦਸਾ ਹੋਵੇ ਬੀਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲੀ ਪਿਛੇ ਦੀ ਮੇਟੇ ਲੀਕ ।

### ੨੧ ਕੱਤਕ ਸ਼ਹਿਨਸ਼ਾਹੀ ਸੰਮਤ ੬ ਕਰਨੈਲ ਸਿੰਘ ਰਾਜੋਕੇ ਵਾਲੇ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ

ਸਤਿਗੁਰ ਸਾਹਿਬ ਸਦਾ ਅਤੁਲ, ਜਗਤ ਤਰਾਜ਼ੂ ਤੋਲ ਨਾ ਕੋਇ ਤੁਲਾਈਆ । ਜਨ ਭਗਤਾਂ ਦੇਵੇ ਨਾਮ ਅਨਮੁੱਲ, ਕੀਮਤ ਕਰਤਾ ਨਾ ਕੋਇ ਰਖਾਈਆ । ਆਦਿ ਜੁਗਾਦੀ ਬਣ ਕੇ ਸੁਲਹਕੁਲ, ਕੁਲ ਮਾਲਕ ਹੋਏ ਸਹਾਈਆ । ਪਿਛਲੀ ਕੀਤੀ ਬਖ਼ਸ਼ ਕੇ ਭੁੱਲ, ਮਾਰਗ ਆਪਣੇ ਆਪ ਰਖਾਈਆ । ਮਾਨਸ ਜਨਮ ਨਾ ਜਾਏ ਰੁਲ, ਮਿਹਰਵਾਨ ਹੋਏ ਸਹਾਈਆ । ਬਚਨ ਕੀਤਾ ਜਿਸ ਨਾਲ ਜ਼ਬਾਨ ਬੁੱਲ, ਬੱਤੀ ਦੰਦ ਨਾਲ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਆਪਣਾ ਹੱਥ ਰਖਾਈਆ । ਕਿਰਪਾ ਕਰ ਉਪਰ ਸਿੰਘ ਕਰਨੈਲ, ਪੂਰਬ ਲੇਖਾ ਦਿਤਾ ਚੁਕਾਈਆ । ਜਨਮ ਕਰਮ ਦੀ ਧੋ ਕੇ ਮੈਲ, ਪਤਿਤ ਪੁਨੀਤ ਆਪ ਬਣਾਈਆ । ਜੀਵਣ ਦਾ ਮਾਰਗ ਕਰ ਸਹਿਲ,

ਰਸਤਾ ਇਕੋ ਇਕ ਵਖਾਈਆ । ਸਦਾ ਰੱਛਿਆ ਹੁੰਦੀ ਰਹੇ ਉਪਰ ਗਾਂ ਮੱਝ ਬੈਲ, ਬੱਚਿਆਂ ਦੇਵੇ ਮਾਣ ਵਡਿਆਈਆ । ਘਰ ਵਿਚ ਹੋਵੇ ਚਹਿਲ ਪਹਿਲ, ਦੁੱਖਾਂ ਦਰਦਾਂ ਡੇਰਾ ਢਾਹੀਆ । ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਕਰੇ ਸਿੰਘ ਸੂਰਬੀਰ ਸ਼ੈਲ, ਜੋਬਨਵੰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣੇ ਰੰਗ ਰੰਗਾਈਆ । ਕਿਰਪਾ ਕਰੇ ਦੀਨ ਦਿਆਲਾ ਦੀਨ, ਦਇਆਨਿਧ ਦਇਆ ਕਮਾਈਆ । ਤੜਫਣ ਦੇਵੇ ਨਾ ਮੱਛੀ ਮੀਨ, ਅੰਮ੍ਰਿਤ ਬੂੰਦ ਸਵਾਂਤੀ ਜਾਮ ਪਿਆਈਆ । ਨਾਤਾ ਤੋੜ ਕੇ ਤ੍ਰੈਗੁਣ ਤੀਨ, ਤ੍ਰੈਭਵਣ ਧਨੀ ਹੋਏ ਸਹਾਈਆ । ਆਪਣਾ ਮਾਰਗ ਦੱਸ ਮਹੀਨ, ਰਾਹ ਇਕੋ ਦਿਤਾ ਵਖਾਈਆ । ਸਤਿਗੁਰ ਹੁਕਮ ਤੇ ਸਦਾ ਕਰੋ ਯਕੀਨ, ਭੁੱਲ ਵਿਚ ਭੁੱਲ ਕਦੇ ਨਾ ਜਾਈਆ । ਇਸ ਤੋਂ ਵੱਡੀ ਨਹੀਂ ਕੋਈ ਹੋਰ ਤਾਲੀਮ, ਜਗਤ ਸਿਖਿਆ ਕੰਮ ਕਿਸੇ ਨਾ ਆਈਆ । ਹਿਰਦੇ ਰੱਖੋ ਜ਼ਹਿਨ ਜ਼ਹੀਨ, ਜ਼ਾਹਰ ਜ਼ਹੂਰ ਦਏ ਸਮਝਾਈਆ । ਫੇਰ ਕਦੇ ਨਾ ਹੋਵੋ ਗ਼ਮਗੀਨ, ਚਿੰਤਾ ਚਿਖਾ ਨਾ ਕੋਇ ਤਪਾਈਆ । ਪਿਆਰ ਮੁਹੱਬਤ ਵਿਚ ਰਹਿਣਾ ਲੀਨ, ਲਿਵ ਅੰਤਰ ਅੰਤਰ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਪੂਰਾ ਕਰੇ ਸਭ ਨਰ ਮਦੀਨ, ਮੁੱਦਾ ਆਪਣੇ ਹੱਥ ਰਖਾਈਆ ।



## ੨੨ ਕੱਤਕ ਸ਼ਹਿਨਸ਼ਾਹੀ ਸੰਮਤ ੬ ਅਜੀਤ ਸਿੰਘ ਬਟਾਲੇ ਵਾਲੇ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ

੮੨੩



ਅਜੀਤ ਸਿੰਘ ਪਿਤਾ ਪੂਤ ਦਾ ਨਾਤਾ, ਨਾਤਾ ਧੁਰ ਦਾ ਆਪ ਰਖਾਈਆ । ਪੂਰਬ ਜਨਮ ਦੀ ਮੇਟ ਕੇ ਵਾਟਾ, ਅਗਲਾ ਜਨਮ ਜਨਮ ਬਦਲਾਈਆ । ਭਗਤੀ ਭਾਵ ਦਾ ਪੂਰਾ ਕਰਕੇ ਘਾਟਾ, ਤੋਲ ਕੰਡੇ ਨਾਮ ਤਰਾਜ਼ੂ ਆਪ ਤੁਲਾਈਆ । ਤੇਰੀ ਬਿਸਤਰੇ ਮਰਗ ਦੀ ਖਾਟਾ, ਸਤਿਗੁਰ ਆਪਣੇ ਸੰਗ ਹੰਢਾਈਆ । ਜੋ ਆਦਿ ਅੰਤ ਦਾ ਦਾਤਾ, ਦਇਆਵਾਨ ਇਕ ਅਖਵਾਈਆ । ਏਥੇ ਓਥੇ ਹੋਵੇ ਰਾਖਾ, ਦੋ ਜਹਾਨਾਂ ਸੰਗ ਮਿਲਾਈਆ । ਪੂਰਾ ਕਰੇ ਭਵਿਖਤ ਵਾਕਾ, ਮੁਹੰਮਦ ਸ਼ਹਾਦਤ ਦਏ ਭੁਗਤਾਈਆ । ਤਨ ਜਲੇ ਨਾ ਅਗਨੀ ਆਂਚਾ, ਅੰਮ੍ਰਿਤ ਮੇਘ ਮੇਘ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਆਪਣਾ ਹੱਥ ਰਖਾਈਆ । ਗੁਰਮੁਖ ਜਗਤ ਮਰੇ ਕਦੇ ਨਾ ਮਰਨੀ, ਮਰ ਜੀਵਤ ਰੂਪ ਵਟਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਬਖ਼ਸ਼ੇ ਆਪਣੀ ਸਰਨੀ, ਸਰਨਗਤ ਇਕ ਵਖਾਈਆ । ਮੰਜ਼ਲ ਧੁਰ ਦੀ ਇਕ ਚੜ੍ਹਨੀ, ਅਗੰਮ ਅਥਾਹ ਆਪ ਚੜ੍ਹਾਈਆ । ਨਾਤਾ ਰਹੇ ਨਾ ਭੈ ਡਰਨੀ, ਰਾਏ ਧਰਮ ਨਾ ਦਏ ਸਜ਼ਾਈਆ । ਜਿਸ ਨੇ ਨਵੀਂ ਘਾੜਤ ਘੜਨੀ, ਘੜਨ ਭੰਨਣਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਅਜੀਤ ਸਿੰਘ ਮੁਹੰਮਦ ਯਾਰ ਕਰੇ ਇਸ਼ਾਰਾ, ਸੈਨਤ ਨਾਲ ਰਿਹਾ ਸਮਝਾਈਆ । ਮੇਰੇ ਬੇਐਬ ਪਰਵਰਦਿਗਾਰਾ, ਤੇਰੀ ਬੇਪਰਵਾਹੀਆ । ਤੇਰਾ ਨੂਰ ਨੂਰ ਉਜਿਆਰਾ, ਜੋਤ ਜੋਤ ਰੁਸ਼ਨਾਈਆ । ਆਪਣੇ ਨਾਲ ਮੇਲ ਦੁਬਾਰਾ, ਦੋਹਰੀ ਮੇਰੀ ਬਣਤ ਬਣਾਈਆ । ਮੈਂ ਦਸਤ ਬਦਸਤ ਕਰਾਂ ਨਿਮਸਕਾਰਾ, ਸੱਯਦੇ ਵਿਚ ਸੀਸ ਝੁਕਾਈਆ । ਤੂੰ ਅਹਿਬਾਬ ਮੇਰਾ ਮਿੱਤਰ ਪਿਆਰਾ, ਮਹਿਬੂਬ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੨੨

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਹਰਿਜਨ ਹਰਿ ਸਾਹਿਬ ਸਦਾ ਸਹਾਇਕ, ਆਦਿ ਜੁਗਾਦਿ ਦਇਆ ਕਮਾਈਆ । ਏਥੇ ਉਥੇ ਦੋ ਜਹਾਨਾਂ ਨਾਇਕ, ਨਿਰਗੁਣ ਨਿਰਵੈਰ ਬੇਪਰਵਾਹੀਆ । ਤੇਰੀ ਲੇਖੇ ਲਾਵੇ ਅਲਿਫ਼ ਯੇ ਵਾਲੀ ਪੜ੍ਹੀ ਆਇਤ, ਹਜ਼ਰਤ ਸੰਗ ਨਿਭਾਈਆ । ਅੱਗੇ ਵਿਛੋੜਾ ਨਾ ਹੋਵੇ ਸ਼ਾਇਦ, ਵਿਛੜ ਕਦੇ ਨਾ ਜਾਈਆ । ਜਨਮ ਕਰਮ ਦਾ ਕੀਤਾ ਅਹਿਦ, ਵਾਅਦਾ ਆਪਣਾ ਵੇਖ ਵਖਾਈਆ । ਮਿਹਰਵਾਨ ਹੋਏ ਸਹਾਈ ਸਹਿਜ ਸਹਿਜ, ਸਹਿਜ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਰੰਗ ਰੰਗਾਈਆ । ਅਜੀਤ ਸਿੰਘ ਵੇਖ ਖੇਲ ਪਿਸਰ ਪਿਦਰ, ਬਰਾਦਰ ਰਿਹਾ ਮਿਲਾਈਆ । ਵਿਸ਼ਵਾਮਿੱਤਰ ਤੇਰਾ ਮਿੱਤਰ, ਨੂਰ ਅਲਾਹੀ ਦਏ ਗਵਾਹੀਆ । ਜਿਸ ਦੇ ਹਿਰਦੇ ਅੰਦਰ ਇਕ ਦਾ ਜ਼ਿਕਰ, ਜ਼ਕਰੀਏ ਤੋਂ ਪਰੇ ਧਿਆਨ ਲਗਾਈਆ । ਅੰਤ ਰੱਖਿਆ ਮਹਿਬੂਬ ਦਾ ਫ਼ਿਕਰ, ਫ਼ਿਕਰਾ ਇਕ ਸੁਣਾਈਆ । ਮੇਰਾ ਮੀਤ ਜਾਏ ਨਾ ਵਿਛੜ, ਵਿਛੋੜਾ ਨਜ਼ਰ ਨਾ ਕੋਇ ਵਖਾਈਆ । ਲਹਿਣਾ ਦੇਣਾ ਪਰਵਰਦਿਗਾਰ ਤੇਰੇ ਦਰਬਾਰ ਜਾਏ ਨਿਬੜ, ਬਾਕੀ ਅਵਰ ਰਹੇ ਨਾ ਰਾਈਆ । ਫ਼ਿਰਾਕ ਹੋਵੇ ਹਜ਼ਰਤੇ ਹਿਜ਼ਰ, ਹਜ਼ੂਰ ਤੇਰੀ ਓਟ ਤਕਾਈਆ । ਜਿਸ ਦਾ ਲੇਖਾ ਮੁਕਣਾ ਸੀ ਤੇਈ ਕੱਤਕ ਵੇਲੇ ਫ਼ਜ਼ਰ, ਫ਼ਜ਼ਲ ਆਪਣਾ ਆਪ ਕਮਾਈਆ । ਨੇੜ ਨਾ ਆਵੇ ਲਾੜੀ ਮੌਤ ਕਜ਼ਲ, ਅਜ਼ਲ ਤੋਂ ਲਏ ਬਚਾਈਆ । ਪ੍ਰੇਮੀ ਨਾਲ ਪ੍ਰੇਮੀ ਮੇਲ ਨਾਲ ਸੱਜਣ, ਪਿਛਲਾ ਲੇਖਾ ਪੂਰ ਕਰਾਈਆ । ਕਰੇ ਖੇਲ ਮੂਰਤ ਗੋਪਾਲ ਮਦਨ, ਕਾਹਨ ਕਾਹਨਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਅਜੀਤ ਸਿੰਘ ਇਹ ਤੇਰਾ ਪਿਛਲਾ ਚਚਾ ਜ਼ਾਤ ਭਾਈ, ਸਦੀ ਚੌਧਵੀਂ ਦਏ ਗਵਾਹੀਆ । ਵਿਛੋੜਾ ਸਹਿ ਨਾ ਸਕੇ ਜੁਦਾਈ, ਅੰਤਰ ਅੰਤਰ ਧਿਆਨ ਲਗਾਈਆ । ਭੱਜਾ ਆਇਆ ਚਾਈਂ ਚਾਈਂ, ਦੂਰ ਦੁਰਾਡਾ ਪੰਧ ਮੁਕਾਈਆ । ਬਿਸਤਰ ਸੇਜ ਲਿਆਇਆ ਉਠਾਈ, ਤੇਰਾ ਕੱਫ਼ਨ ਦਿਤਾ ਬਦਲਾਈਆ । ਸਚ ਪ੍ਰੀਤੀ ਦਰ ਸਾਚੇ ਸਚ ਕਮਾਈ, ਸਚ ਮਿਲੀ ਵਡਿਆਈਆ । ਤੇਰੇ ਜਨਮ ਦੀ ਜਨਮ ਵਿਚੋਂ ਜਨਮ ਲੈਣ ਦੀ ਚੁੱਕ ਕੇ ਲਿਆਇਆ ਮਿਠਾਈ, ਪ੍ਰਭ ਅੱਗੇ ਭੇਟ ਕਰਾਈਆ । ਹਰਿਜਨ ਹਰਿ ਸੰਗਤ ਗੁਰਮੁਖ ਗੁਰਸਿਖ ਖਾਣ ਚਾਈਂ ਚਾਈਂ, ਚਾਓ ਘਨੇਰਾ ਇਕ ਦਰਸਾਈਆ । ਤੇਰੀਆਂ ਭੁਜਾਂ ਬਾਹਵਾਂ ਵੇਖੇ ਥਾਉਂ ਥਾਈਂ, ਥਾਨ ਥਨੰਤਰ ਫੋਲ ਫੁਲਾਈਆ । ਮਿਹਰਵਾਨ ਮਹਿਬੂਬ ਕਿਰਪਾ ਕਰੇ ਧੁਰ ਦਾ ਮਾਲਕ ਸਭ ਥਾਈਂ, ਮਿਹਰਵਾਨ ਮਿਹਰਵਾਨ ਮਿਹਰਵਾਨ ਆਪਣਾ ਰੰਗ ਰੰਗਾਈਆ । ਧਰਮ ਰਾਏ ਦੀ ਮੰਜ਼ਲ ਦਾ ਗੁਰਮੁਖ ਬਣੇ ਕਦੇ ਨਾ ਰਾਹੀ, ਚਿਤ੍ਰਗੁਪਤ ਲੇਖ ਨਾ ਕੋਇ ਜਣਾਈਆ । ਸਤਿਗੁਰ ਸ਼ਬਦ ਸ਼ਬਦ ਸਤਿਗੁਰ ਨਿਰਗੁਣ ਨਿਰਗੁਣ ਹੋਏ ਸਹਾਈ, ਆਤਮ ਪਰਮਾਤਮ ਪਰਮਾਤਮ ਆਤਮ ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨੂਰ ਨੁਰਾਨਾ ਮਰਦ ਮਰਦਾਨਾ ਸ਼ਾਹੋ ਭੂਪ ਧੁਰ ਦਾ ਰਾਮ ਇਕ ਗੁਸਾਈਂ, ਕਾਹਨ ਕਾਹਨਾ ਲੱਖ ਚੁਰਾਸੀ ਨਜ਼ਰੀ ਆਈਆ ।

## ✪ ੨੩ ਕੱਤਕ ਸ਼ਹਿਨਸ਼ਾਹੀ ਸੰਮਤ ੬ ਮਿਲਖਾ ਸਿੰਘ ਦੀ ਦੇਹ ਛੁੱਟਣ ਦੇ ਨਵਿਤ ਛੱਤੀ ਬੀ ਬੀ ਗੰਗਾ ਨਗਰ ✪

ਮਿਲਖਾ ਸਿੰਘ ਲੋਕਮਾਤ ਪੂਰੇ ਹੋਏ ਸਵਾਸ, ਸਾਹ ਸਾਹ ਪ੍ਰਭ ਦਾ ਨਾਮ ਧਿਆਈਆ । ਚੁਰਾਸੀ ਵਿਚੋਂ ਮਾਨਸ ਜਨਮ ਦੀ ਪੂਰੀ ਹੋਈ ਆਸ, ਤ੍ਰਿਸਨਾ ਜਗਤ ਰਹੀ ਨਾ ਰਾਈਆ । ਮਾਤ ਪਿਤ ਭਾਈ ਭੈਣ ਸਾਕ ਸੱਜਣ ਸਾਰੇ ਧਰੇ ਧਰਵਾਸ, ਧੀਰਜ ਧੀਰ ਸਤਿ ਸੰਤੋਖ ਰਖਾਈਆ । ਇਹ ਖੇਲ ਪੁਰਖ ਅਬਿਨਾਸ਼, ਹਰਿ ਕਰਤਾ ਆਪ ਕਰਾਈਆ । ਰਾਏ ਧਰਮ ਦਏ ਨਾ ਫ਼ਾਸ, ਚਿਤ੍ਰਗੁਪਤ ਨਾ ਲੇਖ ਵਖਾਈਆ । ਜਮ ਕਾ ਡੰਡ ਕਰੇ ਨਾ ਨਾਸ, ਭੈ ਭੌ ਨਾ ਕੋਇ ਡਰਾਈਆ । ਜਨਮ ਜਨਮ ਚੋਂ ਹੋਏ ਬੰਦ ਖੁਲਾਸ, ਬੰਧਨ ਬੰਧ ਦਿਤਾ ਤੁੜਾਈਆ । ਜਿਸ ਦੀ ਵਸਤ ਉਸੇ ਦੇ ਪਾਸ, ਆਤਮ ਪਰਮਾਤਮ ਵਿਚ ਸਮਾਈਆ । ਜੋਤੀ ਜੋਤ ਹੋਇਆ ਪ੍ਰਕਾਸ਼, ਅੰਧ ਅੰਧੇਰਾ ਦਿਤਾ ਗਵਾਈਆ । ਗੁਰਮੁਖ ਸਚਖੰਡ ਦਵਾਰੇ ਸਚ ਨਿਵਾਸ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਦੇ ਵਿਸ਼ਨ ਬ੍ਰਹਮਾ ਸ਼ਿਵ ਦਾਸੀ ਦਾਸ, ਕਰੋੜ ਤੇਤੀਸਾ ਸੀਸ ਨਿਵਾਈਆ । ਅਵਤਾਰ ਪੈਗੰਬਰ ਗੁਰੂ ਜੋਤ ਦੀ ਧਾਰ ਵੇਖਣ ਖੇਲ ਤਮਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਗੁਰਸਿਖ ਲੋਕਮਾਤ ਕਦੇ ਨਾ ਮਰਿਆ, ਸ਼ਬਦ ਗੋਬਿੰਦ ਗੁਰੂ ਗੁਰਦੇਵ ਦਏ ਵਡਿਆਈਆ । ਜੋ ਪੁਰਖ ਅਕਾਲ ਦੀ ਸਰਨੀ ਪਰਿਆ, ਪਾਰਬ੍ਰਹਮ ਪਤਿਪਰਮਸ਼ੇਵਰ ਆਪਣੇ ਵਿਚ ਸਮਾਈਆ । ਮਿਲਖਾ ਸਿੰਘ ਮੰਜ਼ਲ ਅਗੰਮੀ ਚੜ੍ਹਿਆ, ਜਗਤ ਜਹਾਨ ਪੰਧ ਮੁਕਾਈਆ । ਸਚ ਦਵਾਰੇ ਜਾ ਕੇ ਖੜਿਆ, ਸਚਖੰਡ ਸਾਚੇ ਵੱਜੇ ਵਧਾਈਆ । ਜਨ ਭਗਤਾਂ ਵਿਚ ਜਾ ਕੇ ਰਲਿਆ, ਕਬੀਰ ਰਵਦਾਸ ਖ਼ੁਸ਼ੀ ਮਨਾਈਆ । ਲੱਖ ਚੁਰਾਸੀ ਵਿਚੋਂ ਹੋਇਆ ਬਰਿਆ, ਜਨਮ ਮਰਨ ਦਾ ਪੰਧ ਮੁਕਾਈਆ । ਕਿਰਪਾ ਕੀਤੀ ਨਰਾਇਣ ਨਰਿਆ, ਨਰ ਹਰਿ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਰ ਸਾਚੇ ਸੋਭਾ ਪਾਈਆ । ਮਿਲਖਾ ਸਿੰਘ ਛਡੀ ਜਗਤ ਜਗੀਰ, ਨਾਤਾ ਦੀਨ ਦੁਨੀ ਤੁੜਾਈਆ । ਵਰ ਪਾ ਕੇ ਗਹਿਰ ਗੰਭੀਰ, ਦਰ ਸਾਚਾ ਇਕ ਸੁਹਾਈਆ । ਜਿਥੇ ਲੇਖਾ ਨਹੀਂ ਕੋਈ ਤਕਦੀਰ, ਤਦਬੀਰ ਜਗਤ ਨਾ ਕੋਇ ਜਣਾਈਆ । ਝਗੜਾ ਮੁਕ ਜਾਏ ਸ਼ਾਹ ਫ਼ਕੀਰ, ਹਕੀਰ ਹਕੀਰਾਂ ਡੇਰਾ ਢਾਹੀਆ । ਮਿਲ ਕੇ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਮਾਲਕ ਧੁਰ ਦੇ ਪੀਰ, ਪਰਾ ਪਸੰਤੀ ਮਧਮ ਬੈਖਰੀ ਤੋਂ ਉਪਰ ਡੇਰਾ ਲਾਈਆ । ਜਗਤ ਜਹਾਨ ਦੀ ਕੂੜੀ ਕਿਰਿਆ ਮੇਟ ਲਕੀਰ, ਲੈਨ ਐਨ ਵਿਚ ਸਮਾਈਆ । ਲੇਖਾ ਚੁੱਕਿਆ ਭੂਸ਼ਨ ਤਨ ਬਸਤਰ ਸਰੀਰ, ਆਤਮ ਪਰਮਾਤਮ ਪਰਮਾਤਮ ਆਤਮ ਇਕੋ ਰੂਪ ਦਰਸਾਈਆ । ਪਾਰਬ੍ਰਹਮ ਪ੍ਰਭ ਮੇਲਾ ਕੀਤਾ ਅਖ਼ੀਰ, ਈਸ਼ ਜੀਵ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮਿਲਖਾ ਸਿੰਘ ਮਿਲਿਆ ਪਰਮ ਪੁਰਖ ਪ੍ਰਭ ਠਾਕਰ, ਹਰਿ ਕਰਤਾ ਰੰਗ ਰੰਗਾਈਆ । ਛਡ ਕੇ ਦੀਨ ਦੁਨੀ ਦਾ ਸਾਗਰ, ਗਹਿਰ ਗੰਭੀਰ ਵਿਚ ਸਮਾਈਆ । ਜਿਸ ਦਵਾਰੇ ਭਗਤਾਂ ਮਿਲਦਾ ਆਦਰ, ਨਾਮਾ ਜੈ ਦਿਓ ਸੋਭਾ ਪਾਈਆ । ਸੁਦਾਮਾ ਸਦਨਾ ਕਹੇ ਆਇਆ ਸੂਰਬੀਰ ਬਹਾਦਰ, ਯੋਧਾ ਇਕ ਅਖਵਾਈਆ । ਝਗੜਾ ਮੁੱਕਿਆ ਮਕਤੂਲ ਕਾਤਲ, ਸ਼ਰਅ ਜ਼ੰਜੀਰ ਜ਼ੰਜੀਰ ਤੁੜਾਈਆ । ਜਿਸਦਾ ਭੇਵ ਖੁਲ੍ਹਿਆ ਬਾਤਨ, ਬੇਪਰਵਾਹ ਵੇਖ ਵਖਾਈਆ । ਸਚਖੰਡ ਦਵਾਰ ਮੱਲ ਕੇ ਵਤਨ, ਬੇਵਤਨ ਆਪਣੇ ਘਰ ਸੋਭਾ ਪਾਈਆ । ਜਗਤ ਪਿਆਰ ਮੁਹੱਬਤ ਮੋਹ ਮਨ ਕਲਪਨਾ

ਯਤਨ, ਯਥਾਰਥ ਪ੍ਰਭ ਦੀ ਧਾਰ ਪ੍ਰਭ ਦੇ ਵਿਚ ਸਮਾਈਆ । ਜਿਸ ਦਾ ਸਚਖੰਡ ਦਵਾਰ ਇਕੋ ਪੱਤਨ, ਦਰਗਹ ਸਾਚੀ ਸੋਭਾ ਪਾਈਆ । ਗੁਰਸਿਖ ਸਤਿਗੁਰ ਦਾ ਪੂਰਾ ਰਤਨ, ਅਮੋਲਕ ਅਮੁੱਲ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣੇ ਘਰ ਵਸਾਈਆ । ਮਿਲਖਾ ਸਿੰਘ ਕਹੇ ਮੈਥੋਂ ਛੁੱਟਿਆ ਸਾਕ ਸੱਜਣ, ਨਾਤਾ ਕੂੜ ਰਿਹਾ ਨਾ ਰਾਈਆ । ਜੋ ਘੜਿਆ ਸੋ ਅੰਤ ਭਾਂਡੇ ਭੱਜਣ, ਥਿਰ ਰਹਿਣ ਕੋਇ ਨਾ ਪਾਈਆ । ਮੈਂ ਵਸਿਆ ਓਸ ਪ੍ਰਭੂ ਦੇ ਵਤਨ, ਜਿਥੇ ਭਗਤ ਸੁਹੇਲੇ ਸੂਫ਼ੀ ਫ਼ਕੀਰ ਅਵਤਾਰ ਪੈਗ਼ੰਬਰ ਗੁਰ ਜੋਤੀ ਜੋਤ ਵਿਚ ਸਮਾਈਆ । ਮੇਰੇ ਦੀਨ ਦਿਆਲੇ ਪੁਰਖ ਅਕਾਲੇ ਮੈਨੂੰ ਆਪਣੇ ਲਾਇਆ ਅੰਗਣ, ਅੰਗੀਕਾਰ ਆਪ ਕਰਾਈਆ । ਗੋਬਿੰਦ ਦੀ ਧਾਰ ਸ਼ਬਦ ਕੰਗਣ, ਤਨ ਵਜੂਦ ਦਿਤਾ ਪਹਿਨਾਈਆ । ਮੇਰਾ ਭਾਗ ਨਾ ਹੋਇਆ ਮੰਦਨ, ਜਗਤ ਵਿਚੋਂ ਚਲਿਆ ਚਾਈਂ ਚਾਈਆ । ਮੇਰੀ ਅੰਤ ਅਖ਼ੀਰ ਸਾਹਿਬ ਸੁਲਤਾਨ ਅੱਗੇ ਇਕੋ ਬੰਦਨ, ਡੰਡਾਵਤ ਕਰ ਕੇ ਸੀਸ ਝੁਕਾਈਆ । ਚਾਰ ਜੁਗ ਤੇਰੇ ਨਾਮ ਦੀ ਸਿਫ਼ਤੀ ਚੜ੍ਹੀ ਰਹੇ ਰੰਗਣ, ਕੁਸੰਭੜਾ ਰੰਗ ਨਾ ਕੋਇ ਵਖਾਈਆ । ਗੋਬਿੰਦ ਦੀ ਮਰਿਆਦਾ ਕਰੇ ਨਾ ਕੋਇ ਭੰਗਣ, ਭਾਣੇ ਵਿਚ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਮਾਲਕ ਇਕ ਅਖਵਾਈਆ । ਮਿਲਖਾ ਸਿੰਘ ਆਤਮ ਕਹੇ ਮੈਂ ਸਚ ਦਵਾਰ ਸੁੱਤੀ, ਸਚਖੰਡ ਵਿਚ ਮਿਲੀ ਮਾਣ ਵਡਿਆਈਆ । ਜਿਥੇ ਇਕੋ ਜੇਹੀ ਰੁਤੀ, ਰੁਤੜੀ ਸਚ ਦਿਤੀ ਮਹਿਕਾਈਆ । ਨਾਤਾ ਛੁੱਟਿਆ ਕਾਇਆ ਬੁਤੀ, ਬੁਤਖ਼ਾਨਿਆਂ ਡੇਰਾ ਢਾਹੀਆ । ਮਿਲਿਆ ਪਾਰਬ੍ਰਹਮ ਪਤਿਪਰਮੇਸ਼ਵਰ ਅਚੁਤੀ, ਚੇਤਨ ਆਪਣੇ ਵਿਚੋਂ ਆਪ ਕਰਾਈਆ । ਮੇਰੀ ਆਵਣ ਜਾਵਣ ਗੰਢ ਟੁੱਟੀ, ਅੱਗੇ ਪੰਧ ਰਿਹਾ ਨਾ ਰਾਈਆ । ਮੇਰੇ ਸਾਹਿਬ ਸਤਿਗੁਰ ਦੀਨ ਦਿਆਲ ਮੰਜ਼ਲ ਦਿਤੀ ਉਚੀ, ਉਚ ਅਗੰਮ ਅਥਾਹ ਦਰ ਠਾਂਡੇ ਇਕ ਟਿਕਾਈਆ । ਮਨ ਕਲਪਣਾ ਤੋਂ ਬਾਹਰ ਮੇਰੀ ਆਤਮਾ ਪਰਮਾਤਮਾ ਦੀ ਲੱਗੀ ਰਹੇ ਰੁਚੀ, ਅਵਰ ਵਾਸਨਾ ਨਾ ਕੋਇ ਰਖਾਈਆ । ਮੇਰਾ ਉਜਲ ਹੋਇਆ ਮੁਖੀ, ਦੁਰਮਤ ਮੈਲ ਰਹੇ ਨਾ ਰਾਈਆ । ਮੇਰੀ ਮਾਤਾ ਦੀ ਸੁਫ਼ਲ ਹੋਵੇ ਕੁੱਖੀ, ਜਿਸ ਭਗਤ ਜਨਮ ਕੇ ਪ੍ਰਭ ਦੀ ਝੋਲੀ ਦਿਤਾ ਪਾਈਆ । ਮੇਰੇ ਪਿਛੋਂ ਮੇਰਾ ਪਰਵਾਰ ਹੋਏ ਕੋਇ ਨਾ ਦੁਖੀ, ਭੈਣ ਭਾਈ ਕੀਰਨਾ ਵੈਣ ਕੋਇ ਨਾ ਪਾਈਆ । ਮੇਰੀ ਜਗਤ ਨਾਲੋਂ ਟੁੱਟੀ, ਕੂੜ ਸੰਸਾਰ ਨਾਲੋਂ ਹੋਈ ਛੁੱਟੀ, ਪੁਰਖ ਅਕਾਲ ਮੇਰੇ ਗਾਨਾ ਬੱਧਾ ਗੁਟੀ, ਆਦਿ ਨਿਰੰਜਣ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਇਕ ਵਖਾਈਆ । ਮਿਲਖਾ ਸਿੰਘ ਦਾ ਤਨ ਵਜੂਦ ਕਹੇ ਸਰੀਰ, ਸਤਿ ਸਤਿ ਸੁਣਾਈਆ । ਸੁਣੋ ਮੇਰੇ ਸਾਕ ਸੱਜਣ ਸੈਣ ਸਾਂਝੇ ਵੀਰ, ਸਭਨਾਂ ਦਿਆਂ ਸੁਣਾਈਆ । ਮੇਰੇ ਉਤੇ ਢਾਈ ਗਜ਼ ਦਾ ਲਾਲ ਕੱਪੜਾ ਦੇਣਾ ਚੀਰ, ਗੋਬਿੰਦ ਦੀ ਨਿਸ਼ਾਨੀ ਜੁਝਾਰ ਵਾਲੀ ਸੋਭਾ ਪਾਈਆ । ਕੋਇ ਨਾ ਹੋਇਓ ਦਿਲਗੀਰ, ਨੇਤਰ ਨੈਣਾਂ ਨੀਰ ਨਾ ਕੋਇ ਵਹਾਈਆ । ਮੈਂ ਪੀ ਕੇ ਅੰਮ੍ਰਿਤ ਰਸ ਸੀਰ, ਸਿਰ ਧੜ ਦਾ ਲੇਖਾ ਦਿਤਾ ਮੁਕਾਈਆ । ਮੈਨੂੰ ਸਚਖੰਡ ਦੀ ਸਚ ਦਵਾਰ ਦੀ ਸਚ ਧਰਮ ਦੀ ਮਿਲੀ ਉਹ ਜਾਗੀਰ, ਜੋ ਆਦਿ ਜੁਗਾਦਿ ਜੁਗ ਚੌਕੜੀ ਇਕੋ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਕਰਮ ਕਰਮ ਜਨਮ ਪੂਰਬ ਲੇਖੇ ਲਹਿਣੇ ਤੇ ਮਾਰ ਲਕੀਰ, ਅਗਲੀ ਅਕਸੀਰ, ਅਕਲ ਬੁੱਧੀ ਤੋਂ ਬਾਹਰ ਆਪਣੇ ਹੱਥ ਰਖਾਈਆ ।

੮੨੬
੨੨

## ✪ ੨੩ ਕੱਤਕ ਸ਼ਹਿਨਸ਼ਾਹੀ ਸੰਮਤ ੬ ਮਿਲਖਾ ਸਿੰਘ ਦੇ ਅਰਥੀ ਚੁੱਕਣ ਸਮੇਂ ਛੱਤੀ ਬੀ ਬੀ ਗੰਗਾ ਨਗਰ ✪

ਮਿਲਖਾ ਸਿੰਘ ਪੁਰਖ ਅਕਾਲ ਦੇ ਸੁਤ ਦੁਲਾਰੇ, ਦੂਲ੍ਹੇ ਧੁਰ ਦੇ ਤੇਰੀ ਵਡਿਆਈਆ । ਤੂੰ ਮੰਜ਼ਲ ਚੜ੍ਹਨਾ ਓਸ ਚੁਬਾਰੇ, ਜਿਥੇ ਗੋਬਿੰਦ ਬੈਠਾ ਤੇਰਾ ਮਾਹੀਆ । ਤੈਨੂੰ ਉਡੀਕਦੇ ਸਿੰਘ ਅਜੀਤ ਜੁਝਾਰੇ, ਬਾਲੇ ਨੀਹਾਂ ਵਾਲੇ ਰਾਹ ਤਕਾਈਆ । ਖ਼ੁਸ਼ੀ ਵਿਚ ਹੱਸਣ ਕਹਿਣ ਅਸੀਂ ਵੀ ਰਹੇ ਕਵਾਰੇ, ਕਵਾਰਾ ਗੁਰਮੁਖ ਸਾਡੇ ਵਿਚ ਮਿਲੇ ਚਾਈਂ ਚਾਈਂਆ । ਫਿਰ ਜਨਮ ਲੈਣਾ ਨਾ ਪਏ ਦੁਬਾਰੇ, ਮਾਤ ਗਰਭ ਨਾ ਅਗਨ ਤਪਾਈਆ । ਸੁਹਾਣਾ ਭਗਤਾਂ ਦੇ ਦਵਾਰੇ, ਭਗਤਾਂ ਮਿਲ ਕੇ ਵੱਜੇ ਵਧਾਈਆ । ਅਵਤਾਰ ਪੈਗ਼ੰਬਰ ਗੁਰ ਪ੍ਰੇਮ ਦੇ ਦੇਣ ਹੁਲਾਰੇ, ਹੁਲਾਰਾ ਧੁਰ ਦਾ ਨਾਮ ਜਣਾਈਆ । ਅਖ਼ੀਰੀ ਸਿਖਿਆ ਦੇ ਮਾਤ ਪਿਤ ਭਾਈ ਭੈਣ ਸਾਕ ਸੱਜਣ ਸਾਰੇ ਭਾਈਚਾਰੇ, ਵੱਡਿਆਂ ਛੋਟਿਆਂ ਦੇ ਸਮਝਾਈਆ । ਮੇਰੀ ਕਰੇ ਨਾ ਕੋਇ ਗਿਰਿਆਜ਼ਾਰੇ, ਨੇਤਰ ਨੈਣਾਂ ਨਾ ਨੀਰ ਵਹਾਈਆ । ਕੋਈ ਨਾ ਕਹੇ ਵਸਦਾ ਘਰ ਗਿਆ ਉਜਾੜੇ, ਉਜੜਿਆ ਖੇੜਾ ਜੁਗ ਚੌਕੜੀ ਵਸੇ ਚਾਈਂ ਚਾਈਂਆ । ਜਿਸ ਗੋਬਿੰਦ ਨੇ ਗੁਰਮੁਖ ਗੁਰਸਿਖ ਪ੍ਰੇਮ ਪ੍ਰੀਤੀ ਪਿਆਰ ਵਿਚ ਤਾਰੇ, ਤਾਰਨਹਾਰ ਦਇਆ ਕਮਾਈਆ । ਗੜ੍ਹੀ ਚਮਕੌਰ ਦੇ ਤੇਰੇ ਪੂਰੇ ਕਰੇ ਲਾਰੇ, ਪੂਰਬ ਲੇਖਾ ਝੋਲੀ ਪਾਈਆ । ਤੈਨੂੰ ਨਿਮਸਕਾਰ ਕਰਨ ਚੰਦ ਸਿਤਾਰੇ, ਸੂਰੀਆ ਨਿਉਂ ਨਿਉਂ ਲਾਗੇ ਪਾਈਆ । ਕਰੋੜ ਤੇਤੀਸਾ ਸੁਰਪਤ ਇੰਦ ਬਰਖਾ ਕਰੇ ਨਾਲ ਇਸ਼ਾਰੇ, ਵਿਸ਼ਨ ਬ੍ਰਹਮਾ ਸ਼ਿਵ ਤੇਰਾ ਜਸ ਗਾਈਆ । ਤੂੰ ਪੁਰਖ ਅਕਾਲ ਦੀਨ ਦਿਆਲ ਸਾਹਿਬ ਸਵਾਮੀ ਅੰਤਰਜਾਮੀ, ਘਟ ਨਿਵਾਸੀ ਦੇ ਵਸਣਾ ਓਸ ਮਹਿਲ ਚੁਬਾਰੇ, ਜਿਸ ਨੂੰ ਸਚਖੰਡ ਕਹਿ ਕੇ ਸਾਰੇ ਰਹੇ ਗਾਈਆ । ਆਪਣੀ ਅੰਤ ਦੀ ਸਭ ਨੂੰ ਕਰਦੇ ਨਿਮਸਕਾਰੇ, ਅੱਗੇ ਸੀਸ ਜਗਦੀਸ ਦੇਣਾ ਝੁਕਾਈਆ । ਜੋ ਤੇਰਾ ਏਥੇ ਉਥੇ ਬਣੇ ਸਹਾਰੇ, ਦੋ ਜਹਾਨਾਂ ਆਪਣਾ ਰੰਗ ਰੰਗਾਈਆ । ਭੈਣਾਂ ਤਕਣ ਸਾਡਾ ਵੀਰ ਚੜ੍ਹਿਆ ਖਾਰੇ, ਲਾੜੀ ਮੌਤ ਵਾਲੀ ਪਰਨਾਈਆ । ਫੇਰ ਉਸ ਨੂੰ ਚਰਨਾਂ ਵਿਚ ਲਤਾੜੇ, ਪਲੂ ਛੁਡਾ ਕੇ ਭੱਜਿਆ ਵਾਹੋ ਦਾਹੀਆ । ਮੇਰਾ ਸਾਹਿਬ ਸਤਿਗੁਰ ਇਕੋ ਮਿੱਤਰ ਯਾਰੇ, ਜੋ ਯਾਰੜਾ ਸੱਥਰ ਗਿਆ ਹੰਢਾਈਆ । ਮੈਂ ਉਸ ਦੇ ਗ੍ਰਿਹਿ ਵਸਣਾ ਤੇ ਰਹਿਣਾ ਸਦਾ ਨਾਲੇ, ਵਿਛੋੜਾ ਅੱਗੇ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਜਨ ਭਗਤਾਂ ਸ਼ਬਦ ਸਤਿਗੁਰ ਹੋ ਕੇ ਆਪ ਸੰਭਾਲੇ, ਸੰਬਲ ਦਾ ਮਾਲਕ ਕਲਜੁਗ ਅੰਤਮ ਦਇਆ ਕਮਾਈਆ ।

## ✪ ੨੩ ਕੱਤਕ ਸ਼ਹਿਨਸ਼ਾਹੀ ਸੰਮਤ ੬ ਰਤਨ ਸਿੰਘ ਦੇ ਗ੍ਰਿਹਿ ਪੱਚੀ ਬੀ੦ ਬੀ੦ ਗੰਗਾ ਨਗਰ ✪

ਕਲਜੁਗ ਕਹੇ ਸਦੀ ਚੌਧਵੀਂ ਲੱਗੀ ਹੱਸਣ, ਹੱਸ ਹੱਸ ਰਹੀ ਜਣਾਈਆ । ਆਪਣਾ ਭੇਵ ਲੱਗੀ ਦੱਸਣ, ਪਰਦਾ ਪਰਦਿਆਂ ਵਿਚੋਂ ਉਠਾਈਆ । ਦੀਨ ਦੁਨੀ ਹੋਈ ਦਿਸੇ ਬੇਵਤਨ, ਗ੍ਰਿਹਿ ਮੰਦਰ ਚਲੇ ਨਾ ਕੋਇ ਚਤੁਰਾਈਆ । ਮੇਰਾ ਅੰਤ ਕਿਨਾਰਾ ਪੱਤਨ, ਪਾਤੀ ਗੋਬਿੰਦ ਦਏ ਗਵਾਹੀਆ । ਕਰਨਾ ਖੇਲ ਅਲਖਣਾ ਅਲਖਣ, ਅਲਖ ਅਗੋਚਰ ਆਪਣਾ ਹੁਕਮ ਵਰਤਾਈਆ । ਜਿਸ ਮੇਰੀ ਗੋਦੀ ਕਰਨੀ ਸੱਖਣ, ਉਮਤ ਨਬੀਆਂ ਪੰਧ ਮੁਕਾਈਆ । ਜਿਸ ਦਾ ਪਰਦਾ ਪੁਰਖ ਅਕਾਲ ਆਵੇ ਢਕਣ, ਪਰਵਰਦਿਗਾਰ ਨੂਰ ਅਲਾਹੀਆ । ਸਾਂਝੀ ਪਤ ਆਵੇ ਰੱਖਣ, ਰੱਖਕ ਹੋ ਕੇ ਹੋਏ ਸਹਾਈਆ ।

ਮੈਂ ਸਭ ਕੁਝ ਤਕਾਂ ਅੱਖਣ, ਬਿਨ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਕੋਟਾਂ ਵਿਚੋਂ ਮੈਨੂੰ ਥੋੜੇ ਦਿਸਦੇ ਰਤਨ, ਗੁਰਮੁਖ ਸੰਤ ਸੁਹੇਲੇ ਸੋਭਾ ਪਾਈਆ । ਕਲਜੁਗ ਜੀਵਾਂ ਚਲੇ ਕੋਇ ਨਾ ਯਤਨ, ਯਥਾਰਥ ਪੜਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਵਡ ਵਡਿਆਈਆ । ਕਲਜੁਗ ਕਹੇ ਸਦੀ ਚੌਧਵੀਂ ਦੱਸੇ ਨਾਲ ਇਸ਼ਾਰੇ, ਸੈਨਤ ਅਗੰਮ ਰਹੀ ਲਗਾਈਆ । ਮੇਰੇ ਵੇਖ ਅੰਤ ਕਿਨਾਰੇ, ਨਈਆ ਨੌਕਾ ਡੋਲੇ ਥਾਉਂ ਥਾਈਂਆ । ਮੁਹੰਮਦ ਤਕੇ ਨਾਲ ਸੰਗ ਚਾਰ ਯਾਰੇ, ਯਰਾਨਾ ਪੂਰਬ ਫੋਲ ਫੁਲਾਈਆ । ਗੋਬਿੰਦ ਵੇਖੇ ਪੰਜ ਪਿਆਰੇ, ਪੰਚਮ ਧਾਰ ਧਾਰ ਸ਼ਨਵਾਈਆ । ਮੇਰਾ ਲਹਿਣਾ ਦੇਣਾ ਲੇਖਾ ਮੁਕਣਾ ਵਿਚ ਸੰਸਾਰੇ, ਸੰਸਾਰੀ ਭੰਡਾਰੀ ਸੰਘਾਰੀ ਰਹੇ ਜਣਾਈਆ । ਮੇਰਾ ਲਹਿਣਾ ਦੇਣਾ ਪੂਰਾ ਕਰੇ ਕਲ ਕਲਕੀ ਅਵਤਾਰੇ, ਅਮਾਮ ਅਮਾਮਾ ਸ਼ਹਿਨਸ਼ਾਹੀਆ । ਨੌ ਖੰਡ ਪ੍ਰਿਥਮੀ ਸੱਤ ਦੀਪ ਸਾਢੇ ਤਿੰਨ ਹੱਥ ਵਸਦੇ ਘਰ ਉਜਾੜੇ, ਰੁਤੜੀ ਰੁਤ ਨਾ ਕੋਇ ਮਹਿਕਾਈਆ । ਦੀਨ ਮਜ੍ਹਬ ਦੇ ਲਾ ਅਖਾੜੇ, ਕਲਮਾ ਕਲਮੇ ਨਾਲ ਟਕਰਾਈਆ । ਸ੍ਰਿਸ਼ਟ ਦ੍ਰਿਸ਼ਟ ਚਬਾ ਆਪਣੀ ਦਾੜ੍ਹੇ, ਲੱਖ ਚੁਰਾਸੀ ਲਹਿਣਾ ਦਏ ਮੁਕਾਈਆ । ਮੇਰੀ ਉਸ ਪ੍ਰਭੂ ਨਿਮਸਕਾਰੇ, ਨਿਉਂ ਨਿਉਂ ਸੀਸ ਝੁਕਾਈਆ । ਜਿਸ ਦੀ ਚਾਰ ਜੁਗ ਸਿਫ਼ਤਾਂ ਵਿਚ ਲਿਖਦੇ ਗਏ ਵਾਰੇ, ਵਾਰਤਾ ਅੱਖਰਾਂ ਨਾਲ ਸਮਝਾਈਆ । ਸਿਫ਼ਤਾਂ ਕਰਨ ਸ਼ਾਸਤਰ ਸਿਮਰਤ ਵੇਦ ਪੁਰਾਨ ਸਾਰੇ, ਅੰਜੀਲ ਕੁਰਾਨ ਢੋਲੇ ਰਾਗ ਅਲਾਈਆ । ਸੋ ਧਰਨੀ ਧਰਤ ਧਵਲ ਧੌਲ ਹੋ ਉਜਿਆਰੇ, ਲੋਕਮਾਤ ਆਪਣਾ ਹੁਕਮ ਵਰਤਾਈਆ । ਮੈਂ ਤਕਦੀ ਕਲ ਕਲਕੀ ਅਵਤਾਰੇ, ਨਿਹਕਲੰਕ ਅਗੰਮ ਅਥਾਹੀਆ । ਜਿਸ ਦਾ ਖੇਲ ਬੁੱਧੀ ਤੋਂ ਬਾਹਰੇ, ਅਕਲ ਵਿਦਿਆ ਚਲੇ ਨਾ ਕੋਇ ਚਤੁਰਾਈਆ । ਜੋ ਜਨ ਭਗਤਾਂ ਬਖ਼ਸ਼ੇ ਨਾਮ ਅਧਾਰੇ, ਉਦਰ ਵਿਚ ਹੋਏ ਸਹਾਈਆ । ਸੋ ਮੇਰਾ ਲੇਖਾ ਲਹਿਣਾ ਦੇਣਾ ਸਦੀ ਚੌਧਵੀਂ ਅੰਤ ਵਿਚਾਰੇ, ਬਚਿਆ ਰਹਿਣ ਕੋਇ ਨਾ ਪਾਈਆ । ਮੇਰਾ ਸਾਹਿਬ ਸੁਲਤਾਨ ਪਰਵਰਦਿਗਾਰੇ, ਮਹਿਬੂਬ ਜਲਵਾਗਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਿਰਗੁਣ ਧਾਰ ਨਰ ਅਵਤਾਰੇ, ਅਵਤਰੀ ਆਪਣਾ ਹੁਕਮ ਵਰਤਾਈਆ ।

### ੨੯ ਕੱਤਕ ਸ਼ਹਿਨਸ਼ਾਹੀ ਸੰਮਤ ੬ ਅਮੀਰ ਚੰਦ ਗੁਲਾਟੀ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ

ਸਤਿਗੁਰ ਸ਼ਬਦ ਕਹੇ ਮੇਰੀ ਜੁਗ ਜੁਗ ਨਵੀਂ ਤਾਸੀਰ, ਚੌਕੜੀ ਸਮਝ ਕਿਸੇ ਨਾ ਆਈਆ । ਮੈਂ ਨਿਤ ਨਵਿਤ ਕਰਾਂ ਤਾਮੀਰ, ਰੂਪ ਅਨੂਪ ਆਪਣਾ ਇਕ ਪਰਗਟਾਈਆ । ਓਟ ਲੈ ਕੇ ਗਹਿਰ ਗੰਭੀਰ, ਬੇਨਜ਼ੀਰ ਆਸ ਰਖਾਈਆ । ਲੱਖ ਚੁਰਾਸੀ ਬਣਾ ਆਪਣੀ ਜਾਗੀਰ, ਮਾਲਕ ਹੋ ਕੇ ਖੇਲ ਖਿਲਾਈਆ । ਜਿਸ ਧਾਰ ਵਿਚ ਯਾਦ ਕੀਤਾ ਕਬੀਰ, ਹਿਰਦੇ ਅੰਤਰ ਧਿਆਨ ਰਖਾਈਆ । ਖੰਡਾ ਧਾਰ ਸਮਝ ਸ਼ਮਸ਼ੀਰ, ਪਿਆਰ ਧੁਰ ਦਾ ਗਿਆ ਨਿਭਾਈਆ । ਏਸੇ ਕਾਰਨ ਪੋਹ ਨਾ ਸਕਿਆ ਨੀਰ, ਗੰਗਾ ਲਹਿਰ ਨਾ ਕੋਇ ਡੁਬਾਈਆ । ਸਾਚੀ ਸਿਖਿਆ ਸਿਖ ਲੈ ਚੰਦ ਅਮੀਰ, ਬਿਨਾ ਪ੍ਰਭ ਤੋਂ ਦੂਜਾ ਨਜ਼ਰ ਕੋਇ ਨਾ ਆਈਆ । ਜੋ ਆਏ ਸੋ ਘੱਤ ਕੇ ਜਾਏ ਵਹੀਰ, ਪਾਂਧੀ ਬਣਕੇ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਜੋ ਆ

ਗਿਆ ਪ੍ਰਭ ਦੀ ਸਰਨ, ਸਰਨ ਇਕ ਤਕਾਈਆ । ਮਿਲ ਗਿਆ ਨਾਲ ਧਰਨੀ ਧਰਨ, ਸਮਰਥ ਸੰਗ ਨਿਭਾਈਆ । ਉਸ ਦੇ ਲੇਖੇ ਲੱਗੇ ਜੀਵਣ ਮਰਨ, ਆਪਣੀ ਰੱਖੇ ਨਾ ਕੋਇ ਵਡਿਆਈਆ । ਸਾਹਿਬ ਸਤਿਗੁਰ ਸਦ ਆਏ ਭਗਤਾਂ ਪਲੂ ਫੜਨ, ਨੇਰਨ ਨੇਰਾ ਹੋ ਕੇ ਦਇਆ ਕਮਾਈਆ । ਅਗਨੀ ਤਤ ਨਾ ਦੇਵੇ ਸੜਨ, ਅੰਮ੍ਰਿਤ ਮੇਘ ਨਾਮ ਬਰਸਾਈਆ । ਤੂੰ ਮੇਰਾ ਮੈਂ ਤੇਰਾ ਜੋ ਧੁਰ ਦਾ ਢੋਲਾ ਪੜ੍ਹਨ, ਤਿਨ੍ਹਾਂ ਲੇਖਾ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਆਦਿ ਜੁਗਾਦੀ ਸਤਿਗੁਰ ਦੀਨ ਦਿਆਲਾ, ਦਇਆ ਧਾਰ ਦਇਆ ਕਮਾਈਆ । ਜਨ ਭਗਤ ਬਣਾ ਕੇ ਆਪਣਾ ਬਾਲਾ, ਬਚਪਨ ਆਪਣੇ ਨਾਲ ਰਖਾਈਆ । ਲਹਿਣਾ ਦੇਵੇ ਜਨਮ ਜਨਮ ਦੀ ਘਾਲਾ, ਕਰਮ ਕਰਮ ਦਾ ਪੰਧ ਮੁਕਾਈਆ । ਜੀਵਣ ਜ਼ਿੰਦਗੀ ਮਾਰਗ ਦੇ ਸੁਖਾਲਾ, ਦੁੱਖ ਦਲਿੱਦਰ ਡੇਰਾ ਢਾਹੀਆ । ਕਿਸੇ ਦਾ ਦੇਣਾ ਪਏ ਨਾ ਹਾਲਾ, ਜਗਤ ਜਹਾਨ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਚ ਆਪਣਾ ਰੰਗ ਰੰਗਾਈਆ । ਸਤਿਗੁਰ ਸ਼ਬਦ ਕਹੇ ਅਮੀਰ ਚੰਦ ਦੇ ਥਾਂ ਹੋ ਗਿਆ ਸਿੰਘ ਅਮੀਰ, ਅਮੀਰ ਸਿੰਘ ਨਾਮ ਬਦਲਾਈਆ । ਸਤਿਗੁਰ ਕਿਰਪਾ ਕਰਕੇ ਆਪਣੇ ਸੀਸ ਦਾ ਬਖ਼ਸ਼ ਕੇ ਬਸਤਰ ਚੀਰ, ਜਗਦੀਸ ਆਪਣੇ ਰੰਗ ਰੰਗਾਈਆ । ਜਨਮ ਜਨਮ ਦੀ ਕਟ ਕੇ ਪੀੜ, ਪੀੜ੍ਹੀ ਅਗਲੀ ਦਏ ਬਦਲਾਈਆ । ਰਾਏ ਧਰਮ ਦਵਾਰੇ ਨਾ ਹੋਵੇ ਭੀੜ, ਚਿਤ੍ਰਗੁਪਤ ਲੇਖਾ ਮੰਗ ਸਕੇ ਨਾ ਰਾਈਆ । ਮੰਜ਼ਲ ਅੰਤਮ ਚੜ੍ਹੇ ਅਖ਼ੀਰ, ਜਿਥੇ ਮਿਲੇ ਬੇਪਰਵਾਹੀਆ । ਪਿਛਲੀ ਬਦਲ ਦਿਤੀ ਤਕਦੀਰ, ਤਕਸੀਰ ਆਪਣੇ ਨਾਲ ਰਲਾਈਆ । ਸਾਢੇ ਤਿੰਨ ਹੱਥ ਦੀ ਬਖ਼ਸ਼ ਜਾਗੀਰ, ਵਸਤ ਅਨਮੁੱਲੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਣ ਨਾ ਦੇਵੇ ਕਿਸੇ ਦਿਲਗੀਰ, ਜਗਤ ਦਲਿੱਦਰ ਦੂਰ ਕਰਾਈਆ ।



## ✪ ਪਹਿਲੀ ਮੱਘਰ ਸ਼ਹਿਨਸ਼ਾਹੀ ਸੰਮਤ ੬ ਰਾਤ ਨੂੰ ਹਰਿ ਭਗਤ ਦਵਾਰ ਜੇਠੂਵਾਲ ✪

ਕੱਤਕ ਕਹੇ ਭਗਤੋ ਮੇਰੀ ਅੰਤ ਨਮਸਤੇ, ਨਮੋਂ ਨਮੋਂ ਨਮੋਂ ਸੀਸ ਝੁਕਾਈਆ । ਤੁਹਾਡੇ ਖੇੜੇ ਰਹਿਣ ਵਸਦੇ, ਗ੍ਰਿਹ ਗ੍ਰਿਹ ਵੱਜੇ ਵਧਾਈਆ । ਭੰਡਾਰੇ ਭਰੇ ਰਹਿਣ ਅੰਮ੍ਰਿਤ ਰਸ ਦੇ, ਜਗਤ ਤ੍ਰਿਸ਼ਨਾ ਰਹੇ ਨਾ ਰਾਈਆ । ਮੇਲ ਹੁੰਦੇ ਰਹਿਣ ਨਿਜ ਨੇਤਰ ਨੈਣ ਅੱਖ ਦੇ, ਲੋਚਨ ਨਾਲ ਮਿਲਾਈਆ । ਹੁਕਮ ਸੁਣਦੇ ਰਹਿਣਾ ਸਚ ਦੇ, ਸਚ ਨਾਲ ਵਡਿਆਈਆ । ਨਾਤੇ ਛਡਣੇ ਕੂੜੀ ਮਤ ਦੇ, ਗੁਰਮਤ ਲੈਣੀ ਅਪਨਾਈਆ । ਪਿਆਰ ਮੁਹੱਬਤ ਵਿਚ ਫਿਰਨਾ ਨੱਸਦੇ, ਭੱਜਣਾ ਵਾਹੋ ਦਾਹੀਆ । ਲੇਖ ਮੁਕਾਉਣੇ ਕਲਪਣਾ ਅੱਗ ਦੇ, ਅੰਮ੍ਰਿਤ ਮੇਘ ਬਰਸਾਈਆ । ਭਗਤ ਦਵਾਰੇ ਸੋਹਣੇ ਬੈਠੇ ਸਜਦੇ, ਦਰ ਸਾਚੇ ਸੋਭਾ ਪਾਈਆ । ਅੱਗੇ ਖੇਲ ਤਕੋ ਅੱਜ ਦੇ, ਕੱਤਕ ਕਹੇ ਮੇਰੀ ਜਗਹ ਮੱਘਰ ਗਿਆ ਆਈਆ । ਮੱਘਰ ਕਹੇ ਤੁਸੀਂ ਬੱਚੇ ਪ੍ਰਭੂ ਦੀ ਰਤ ਦੇ, ਰਤਨ ਅਮੋਲਕ ਹੀਰੇ ਨਾਮ ਸਮਝਾਈਆ । ਤੁਹਾਡੇ ਹਿਰਦੇ ਰਹਿਣੇ ਨਹੀਂ ਤਪਦੇ, ਅਗਨੀ ਕੂੜ ਦੇਣੀ ਗਵਾਈਆ । ਲੇਖੇ ਪੂਰੇ ਕਰਕੇ ਪਿਛਲੇ ਪਪ ਦੇ, ਪਤਿਤ ਪੁਨੀਤ ਦੇਵੇ ਕਰਾਈਆ । ਖੇਲ ਵਖਾ ਕੇ ਇਕ ਅਲਖ ਦੇ, ਅਲੱਖ ਅਗੋਚਰ ਦੇਣਾ ਮਿਲਾਈਆ । ਘਰਾਨੇ ਰਹਿਣ

ਨਹੀਂ ਦੇਣੇ ਵੱਖ ਦੇ, ਦਵਾਰ ਬੰਕ ਇਕ ਸੁਹਾਈਆ । ਮੇਲ ਮਿਲਾਉਣੇ ਪੁਰਖ ਸਮਰਥ ਦੇ, ਜੋ ਰਾਮ ਰਾਮਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਮੱਘਰ ਕਹੇ ਮੈਂ ਲੋਕਮਾਤ ਵਿਚ ਚੜ੍ਹਿਆ, ਪ੍ਰਭ ਸਾਹਿਬ ਦਿਤੀ ਵਡਿਆਈਆ । ਮੈਂ ਅੱਖਰ ਅਗੰਮੀ ਪੜ੍ਹਿਆ, ਜਿਸ ਨੂੰ ਜਗਤ ਵਿਦਿਆ ਨਾ ਕੋਇ ਸਮਝਾਈਆ । ਸਚ ਦਵਾਰੇ ਵੜਿਆ, ਮੰਦਰ ਇਕੋ ਇਕ ਵਡਿਆਈਆ । ਪ੍ਰਭ ਅਬਿਨਾਸ਼ੀ ਤਕੀ ਅਨੰਤ ਕਲਿਆ, ਕਲ ਕਲਕੀ ਕੀ ਕਾਰ ਕਮਾਈਆ । ਜਿਥੇ ਜੋਤ ਦਾ ਦੀਪਕ ਬਲਿਆ, ਅਵਰ ਨਾ ਕੋਇ ਰੁਸ਼ਨਾਈਆ । ਜਿਸ ਜੁਗ ਚੌਕੜੀ ਸਭ ਨੂੰ ਛਲਿਆ, ਸਚਖੰਡ ਤੱਕਿਆ ਧੁਰ ਦਾ ਮਾਹੀਆ । ਜਿਸ ਦਾ ਵਿਛੋੜਾ ਹੋਏ ਘੜੀ ਨਾ ਪਲਿਆ, ਪਲਕ ਦੇ ਪਿਛੇ ਸੋਭਾ ਪਾਈਆ । ਸੋ ਆਤਮ ਪਰਮਾਤਮ ਧਾਰ ਹੋ ਕੇ ਰਲਿਆ, ਨਿਰਗੁਣ ਨਿਰਗੁਣ ਵਿਚ ਸਮਾਈਆ । ਜਿਸ ਦਾ ਨਿਹਚਲ ਧਾਮ ਅਟਲਿਆ, ਦਰ ਠਾਂਡਾ ਇਕ ਵਖਾਈਆ । ਉਸ ਸ਼ਬਦ ਸੰਦੇਸ਼ਾ ਘੱਲਿਆ, ਧੁਰ ਫ਼ਰਮਾਨਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਹੁਕਮ ਇਕ ਸੁਣਾਈਆ । ਮੱਘਰ ਕਹੇ ਮੈਂ ਵੇਖੀ ਦੋ ਜਹਾਨਾਂ ਪੈਂਦੀ ਰਾਸ, ਬਿਨ ਗੋਪੀ ਕਾਹਨ ਵਡ ਵਡਿਆਈਆ । ਮੈਂ ਤੱਕਿਆ ਪੁਰਖ ਅਬਿਨਾਸ਼, ਨਿਰਗੁਣ ਦਾਤਾ ਨੂਰ ਅਲਾਹੀਆ । ਮੈਂ ਵੇਖਿਆ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਫੋਲ ਫੁਲਾਈਆ । ਮੈਂ ਚਾਰ ਜੁਗ ਦੀ ਤਕੀ ਆਸ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਝਟ ਪੁਰਖ ਅਕਾਲ ਨੇ ਦਿਤਾ ਆਖ, ਹੁਕਮ ਅਗੰਮਾ ਇਕ ਦ੍ਰਿੜਾਈਆ । ਦੀਨ ਦੁਨੀ ਦਾ ਵੇਖ ਵਾਕਿਆਤ, ਵਾਕਿਆ ਪੜਦਾ ਇਕ ਚੁਕਾਈਆ । ਕੀ ਖੇਲ ਕਾਇਨਾਤ, ਹਰਿ ਕਰਤਾ ਰਿਹਾ ਜਣਾਈਆ । ਨੂਰ ਨੁਰਾਨਾ ਤਕ ਸਾਖਿਆਤ, ਜਲਵਾਗਰ ਅਗੰਮ ਅਥਾਹੀਆ । ਜਿਸ ਦੇ ਕੋਲ ਸਭ ਦਾ ਭਵਿਖਤ ਵਾਕ, ਵਾਕਫ਼ਕਾਰ ਆਦਿ ਜੁਗਾਦਿ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੱਘਰ ਕਹੇ ਮੈਨੂੰ ਆਈ ਅਗੰਮੀ ਖ਼ਬਰ, ਬੇਖ਼ਬਰ ਦਿਤੀ ਸੁਣਾਈਆ । ਚਾਰ ਕੁੰਟ ਰਿਹਾ ਕੋਇ ਨਾ ਸਬਰ, ਬੇਸਬਰ ਹੋਈ ਲੋਕਾਈਆ । ਉਹ ਤਕ ਕੀ ਪੁਕਾਰੇ ਪੈਗ਼ੰਬਰਾਂ ਕਬਰ, ਮਕਬਰੇ ਦੇਣ ਦੁਹਾਈਆ । ਜਿਸ ਦਾ ਉਮਤ ਬਣਾਇਆ ਟੱਬਰ, ਵਸੀਲਾ ਜਗਤ ਨਾਮ ਸਮਝਾਈਆ । ਉਹ ਪਾਉਣ ਲੱਗਾ ਗ਼ਦਰ, ਗਦਾਗਰ ਕਰੇ ਲੋਕਾਈਆ । ਗੁਰ ਅਵਤਾਰ ਪੈਗ਼ੰਬਰਾਂ ਉਸ ਦਾ ਮਨਜ਼ੂਰ ਕੀਤਾ ਅਦਲ, ਇਨਸਾਫ਼ ਇਕ ਸਮਝਾਈਆ । ਦੀਨ ਦੁਨੀ ਦੀ ਧਾਰ ਦੇਵੇ ਬਦਲ, ਬਦਲਾ ਚੁੱਕੇ ਥਾਉਂ ਥਾਈਂਆ । ਸਭ ਦੇ ਸਿਰ ਤੇ ਕੂਕੇ ਅਜ਼ਲ, ਅੱਗੇ ਹੋ ਨਾ ਕੋਇ ਅਟਕਾਈਆ । ਸਦੀ ਚੌਧਵੀਂ ਸਭ ਦੀ ਪੂਰੀ ਹੋਈ ਮਜ਼ਲ, ਮੰਜ਼ਲ ਅੱਗੇ ਰਹੀ ਨਾ ਰਾਈਆ । ਦੀਨ ਦਿਆਲਾ ਕਰੇ ਵਜ਼ਨ, ਤਰਾਜ਼ੂ ਕੰਡਾ ਨਾਮ ਉਠਾਈਆ । ਜਿਸ ਝਗੜਾ ਮੇਟਣਾ ਕਾਇਆ ਮਾਟੀ ਬਦਨ, ਬਦੀ ਦਾ ਲੇਖਾ ਦਏ ਮੁਕਾਈਆ । ਛੇਤੀ ਹਲੂਣਾ ਦਏ ਵਿਚ ਅਦਨ, ਆਅਲਾ ਅਦਨਾ ਆਪ ਉਠਾਈਆ । ਖੇਲ ਕਰੇ ਸੂਰਾ ਸਰਬੰਗਣ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਤਕੇ ਭਜਨ, ਬੰਦਗੀ ਫੋਲੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਮੱਘਰ ਕਹੇ ਮੈਂ ਨੇਤਰ ਖੋਲ੍ਹਿਆ ਸੱਜਾ, ਬਿਨ ਅੱਖਾਂ ਅੱਖ ਉਠਾਈਆ । ਝਟ ਕਲਜੁਗ ਆ ਗਿਆ ਭੱਜਾ, ਪੈਂਡਾ ਪੰਧ ਮੁਕਾਈਆ । ਮੈਨੂੰ ਕਹੇ ਮੈਂ ਦੀਨ


੮੩੦ ੨੨

ਦੁਨੀ ਦੀ ਕਰਕੇ ਆਇਆ ਗਜਾ, ਘਰ ਘਰ ਅਲਖ ਜਗਾਈਆ । ਮੈਨੂੰ ਪ੍ਰਭੂ ਦੀ ਕਿਰਪਾ ਬਿਨਾ ਭਗਤ ਕੋਇ ਨਾ ਲੱਭਾ, ਸ੍ਰਿਸ਼ਟੀ ਵੇਖੀ ਥਾਉਂ ਥਾਈਂਆ । ਜੇਹੜਾ ਗੁਰ ਅਵਤਾਰ ਪੈਗ਼ੰਬਰਾਂ ਪਾਇਆ ਦੱਬਾ, ਦਬਦਬੇ ਸਾਰੇ ਦਿਤੇ ਹਟਾਈਆ । ਸਾਰੀ ਦੁਨੀਆ ਉਫ਼ ਹਾਏ ਕਹੇ ਰੱਬਾ, ਰੱਬੀ ਨੂਰ ਨਾ ਕੋਇ ਚਮਕਾਈਆ । ਤਨ ਬਣਾ ਕੇ ਬਗਲਾ ਬਪੜਾ ਬੱਗਾ, ਹੰਕਾਰ ਵਿਕਾਰ ਨਾਲ ਮਿਲਾਈਆ । ਕਬੁਧ ਰੂਪ ਬਣਾ ਕੇ ਕੱਗਾ, ਮੁਖ ਕੂੜ ਨਾਲ ਭਰਾਈਆ । ਸਚ ਸਰਨਾਈ ਕੋਇ ਨਾ ਲੱਗਾ, ਲਗ ਮਾਤਰ ਦਾ ਡੇਰਾ ਢਾਹੀਆ । ਕਲਜੁਗ ਕਹੇ ਮੈਂ ਪਵਿੱਤਰ ਰਹਿਣ ਨਹੀਂ ਦਿਤੀ ਕੋਈ ਜਗਹ, ਧਰਮ ਦੀ ਧਾਰ ਨਾ ਕੋਇ ਵਖਾਈਆ । ਜਿਸ ਕਾਰਨ ਗੋਬਿੰਦ ਦਾ ਮੇਟਿਆ ਅੱਗਾ, ਬੱਚਿਆਂ ਜੜ੍ਹ ਨਾ ਕੋਇ ਲਗਾਈਆ । ਗੁਰਮੁਖ ਬਣਾ ਕੇ ਹੀਰੇ ਨਗਾ, ਕੀਮਤ ਸ੍ਰਿਸ਼ਟ ਵਿਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਮੱਘਰ ਮੇਰੇ ਮੀਤ, ਮਿੱਤਰਾ ਦਿਆਂ ਜਣਾਈਆ । ਤੂੰ ਵੀ ਰੱਖਣਾ ਚੀਤ, ਦਾਤਾ ਧੁਰਦਰਗਾਹੀਆ । ਜਿਸ ਝਗੜਾ ਮੇਟਣਾ ਮੰਦਰ ਮਸੀਤ, ਕਾਅਬਿਆਂ ਪਰੇ ਕਰੇ ਪੜ੍ਹਾਈਆ । ਤ੍ਰੈਗੁਣ ਹੋ ਅਤੀਤ, ਤ੍ਰੈਭਵਣ ਧਨੀ ਪਰਦਾ ਦਏ ਉਠਾਈਆ । ਦੀਨ ਦੁਨੀ ਦੀ ਬਦਲ ਦੇਵੇ ਨੀਤ, ਨੀਤੀਵਾਨ ਹੋਏ ਸਹਾਈਆ । ਝਟ ਕਲਜੁਗ ਰੋ ਕੇ ਮਾਰੀ ਚੀਕ, ਕੂਕ ਕੂਕ ਸੁਣਾਈਆ । ਦਰੋਹੀ ਮੇਰੀ ਮਿਟਣੀ ਲੀਕ, ਪੈਗ਼ੰਬਰਾਂ ਸਕੇ ਨਾ ਕੋਇ ਬਚਾਈਆ । ਬਿਨਾ ਸ਼ਬਦ ਗੁਰੂ ਤੋਂ ਕਰੇ ਨਾ ਕੋਇ ਤਸਦੀਕ, ਸ਼ਹਾਦਤ ਅਵਰ ਨਾ ਕੋਇ ਰਖਾਈਆ । ਮੇਰਾ ਅੰਤਰ ਹੋਇਆ ਭੈ ਭੀਤ, ਸਿਰ ਅੱਗੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ । ਕਲਜੁਗ ਕਹੇ ਸੁਣ ਸੱਚੇ ਮੱਘਰ ਮਹੀਨਾ, ਮਹਿਵ ਦਿਆਂ ਜਣਾਈਆ । ਬਿਨਾ ਪ੍ਰਭੂ ਤੋਂ ਮੁਸ਼ਕਲ ਹੋਣਾ ਸਭ ਨੂੰ ਜੀਣਾ, ਜੀਵਣ ਹੱਥ ਕਿਸੇ ਨਾ ਆਈਆ । ਝਗੜਾ ਪੈਣਾ ਲੋਕ ਤੀਨਾ, ਤ੍ਰੈਗੁਣ ਆਪਣਾ ਰੰਗ ਬਦਲਾਈਆ । ਪਿਆਰ ਰਹਿਣਾ ਨਹੀਂ ਰੂਸਾ ਚੀਨਾ, ਚਿੰਤਾ ਗ਼ਮ ਨਾਲ ਸਤਾਈਆ । ਖੇਲ ਵੇਖਣਾ ਨਰ ਮਦੀਨਾ, ਕੀ ਨਰ ਨਰੈਣ ਹੁਕਮ ਵਰਤਾਈਆ । ਸਭ ਦਾ ਹੱਕ ਹਕੂਕ ਜਾਣਾ ਛੀਨਾ, ਹਕੂਮਤ ਅੱਗੇ ਨਾ ਕੋਇ ਚਲਾਈਆ । ਪੁਰਖ ਅਕਾਲ ਬਣ ਕੇ ਦਾਨਾ ਬੀਨਾ, ਗਹਿਰ ਗੰਭੀਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਸਮਝਾਈਆ । ਕਲਜੁਗ ਕਹੇ ਮੈਨੂੰ ਸ਼ਬਦ ਨੇ ਮਾਰੀ ਚਪੇੜ, ਆਲਸ ਰਿਹਾ ਗਵਾਈਆ । ਕੰਨੋਂ ਫੜ ਕੇ ਦਿਤਾ ਗੇੜ, ਚਾਰੋਂ ਕੁੰਟ ਭਵਾਈਆ । ਹੁਕਮ ਨਾਲ ਛੇੜ ਕੇ ਛੇੜ, ਹਲੂਣਾ ਦਿਤਾ ਵਖਾਈਆ । ਕਿਸ ਬਿਧ ਦੀਨ ਦੁਨੀ ਦਾ ਕਰਨਾ ਭੇੜ, ਆਪਣੀ ਬਿਧੀ ਦੇ ਸੁਣਾਈਆ । ਉਲਟਾ ਕਰਨਾ ਗੇੜ, ਗੇੜੇ ਵਿਚ ਦੁਹਾਈਆ । ਕਲਜੁਗ ਕਹੇ ਪ੍ਰਭੂ ਤੇਰਾ ਸ਼ਬਦ ਗੁਰੂ ਹੋਣਾ ਦਲੇਰ, ਸੂਰਬੀਰ ਇਕ ਅਖਵਾਈਆ । ਮੇਟੇ ਮਾਤ ਅੰਧੇਰ, ਨੂਰ ਕਰੇ ਰੁਸ਼ਨਾਈਆ । ਬੱਬਰ ਬਣ ਕੇ ਕੇਹਰ, ਧੁਰ ਦੀ ਭਬਕ ਸੁਣਾਈਆ । ਮਿਹਰਵਾਨ ਕਰਕੇ ਮਿਹਰ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਜਣਾਈਆ । ਕਲਜੁਗ ਕਹੇ ਮੇਰੀ ਅਰਦਾਸ, ਬੇਨੰਤੀ ਦਿਆਂ ਜਣਾਈਆ । ਜੋ ਹੁਕਮ ਪੁਰਖ ਅਬਿਨਾਸ਼, ਸੋ ਸਹਿਜੇ ਦਿਆਂ ਸੁਣਾਈਆ । ਕਿਸ ਬਿਧ ਮੇਰੀ ਪੂਰੀ ਹੋਵੇ ਆਸ, ਸਦੀ ਚੌਧਵੀਂ ਨਾਲ ਮਿਲਾਈਆ । ਹੁਕਮ ਮੰਨਣਾ ਪੁਰਖ ਅਬਿਨਾਸ਼, ਸਿਰ

ਸਕੇ ਨਾ ਕੋਇ ਉਠਾਈਆ । ਮੈਂ ਦੱਸਾਂ ਦੋਵੇਂ ਜੋੜ ਕੇ ਹਾਥ, ਹਥੇਲੀ ਹਥੇਲੀ ਨਾਲ ਮਿਲਾਈਆ । ਮੇਰਾ ਸਾਹਿਬ ਇਕ ਰਘੁਨਾਥ, ਰਘੁਪਤ ਵਡ ਵਡਿਆਈਆ । ਜਿਸ ਦੀ ਚਾਰ ਜੁਗ ਦੇ ਸ਼ਾਸਤਰ ਗਾਉਂਦੇ ਗਾਥ, ਅੱਖਰਾਂ ਵਿਚ ਸਿਫ਼ਤ ਸਾਲਾਹੀਆ । ਉਸ ਲਹਿਣਾ ਦੇਣਾ ਮੇਰਾ ਪੂਰਾ ਕਰਨਾ ਹਿਸਾਬ, ਲੇਖਾ ਅਵਰ ਰਹੇ ਨਾ ਰਾਈਆ । ਕਿਰਪਾ ਕਰੇ ਆਪ ਮਹਾਰਾਜ, ਮਹਿਬੂਬ ਧੁਰਦਰਗਾਹੀਆ । ਮੈਂ ਕਦਮਾਂ ਕਰਾਂ ਆਦਾਬ, ਨਿਉਂ ਨਿਉਂ ਲਾਗਾਂ ਪਾਈਆਂ । ਹੁਕਮ ਸੁਣਾਂ ਅਗੰਮ ਜਨਾਬ, ਜੋ ਅਗੰਮੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਹੁਕਮ ਇਕ ਵਰਤਾਈਆ । ਕਲਜੁਗ ਕਹੇ ਅਵਤਾਰ ਪੈਗ਼ੰਬਰ ਮੈਨੂੰ ਰਹੇ ਬੋਲ, ਧੁਰ ਸ਼ਬਦੀ ਸ਼ਬਦ ਜਣਾਈਆ । ਦੀਨ ਮਜ਼੍ਹਬ ਦਾ ਰਹੇ ਕੋਇ ਨਾ ਰੋਲ, ਰੌਲਾ ਦੀਨ ਦੁਨੀ ਮੁਕਾਈਆ । ਪੁਰਖ ਅਕਾਲ ਨਾਮ ਕੰਡੇ ਧਰਮ ਤਰਾਜ਼ੂ ਦੇਣਾ ਤੋਲ, ਦੂਸਰ ਵੰਡ ਨਾ ਕੋਇ ਵੰਡਾਈਆ । ਕਲਜੁਗ ਕਹੇ ਸਭ ਤੋਂ ਵੱਖਰਾ ਮੇਰੇ ਪ੍ਰਭ ਦੇ ਨਾਲ ਗੋਬਿੰਦ ਦਾ ਇਕ ਕੌਲ, ਜਿਸ ਦਾ ਪੜਦਾ ਨਾ ਕੋਇ ਉਠਾਈਆ । ਜਿਸ ਵੇਲੇ ਖੰਡੇ ਦੀ ਧਾਰ ਦੇਣ ਲੱਗਾ ਸੀ ਪਾਹੁਲ, ਅੰਮ੍ਰਿਤ ਰਸ ਚਖਾਈਆ । ਇਕ ਸੌ ਇਕ ਪੈਸਾ ਰੱਖਿਆ ਸੀ ਉਪਰ ਧਰਨੀ ਧੌਲ, ਫੇਰ ਚਰਨਾਂ ਹੇਠ ਦਬਾਈਆ । ਪ੍ਰਭੂ ਦੇ ਨਾਲ ਕੀਤਾ ਕੌਲ, ਇਕਰਾਰ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਭੇਵ ਆਪ ਖੁਲ੍ਹਾਈਆ । ਕਲਜੁਗ ਕਹੇ ਗੋਬਿੰਦ ਨੇ ਇਕ ਸੌ ਇਕ ਪੈਸਾ ਚਰਨ ਹੇਠ ਰੱਖਿਆ, ਸੱਜਾ ਚਰਨ ਦਿਤਾ ਟਿਕਾਈਆ । ਫਿਰ ਜ਼ਿਮੀਂ ਅਸਮਾਨਾਂ ਵੱਲ ਤੱਕਿਆ, ਅੱਖ ਅੱਖ ਵਿਚੋਂ ਉਠਾਈਆ । ਫਿਰ ਜੈਕਾਰਾ ਬੋਲ ਫੜ੍ਹਿਆ, ਪੁਰਖ ਅਕਾਲ ਸੀਸ ਨਿਵਾਈਆ । ਫਿਰ ਮਸਤੀ ਵਿਚ ਆਪਣਾ ਆਪ ਰੱਤਿਆ, ਰੰਗ ਅਗੰਮ ਚੜ੍ਹਾਈਆ । ਫਿਰ ਖ਼ੁਸ਼ੀਆਂ ਦੇ ਵਿਚ ਹੱਸਿਆ, ਪ੍ਰੇਮ ਦੀ ਤਾਲੀ ਦਿਤੀ ਵਜਾਈਆ । ਫਿਰ ਗੁਰਮੁਖਾਂ ਅੰਦਰ ਵਸਿਆ, ਪ੍ਰੇਮ ਪ੍ਰੀਤੀ ਗੰਢ ਪਵਾਈਆ । ਫਿਰ ਬਚਨ ਕੀਤਾ ਸੱਚਿਆ, ਸਚ ਦਿਤਾ ਦ੍ਰਿੜਾਈਆ । ਫਿਰ ਭਵਿਖਤ ਵੱਲ ਤੱਕਿਆ, ਬਿਨ ਨੈਣਾਂ ਨੈਣ ਉਠਾਈਆ । ਕੀ ਖੇਲ ਕਰੇ ਪੁਰਖ ਸਮਰੱਥਿਆ, ਹਰਿ ਕਰਤਾ ਧੁਰਦਰਗਾਹੀਆ । ਸਦੀ ਚੌਧਵੀਂ ਪਿਤਾ ਪੁਤ ਦੀ ਕਰੇ ਹੱਤਿਆ, ਪੂਤ ਪਿਤਾ ਬਣੇ ਕਸਾਈਆ । ਘਰ ਘਰ ਦਿਸੇ ਰੱਟਿਆ, ਰੱਟਾ ਸਕੇ ਨਾ ਕੋਇ ਗਵਾਈਆ । ਗੋਬਿੰਦ ਨੇ ਆਪਣਾ ਖੰਡਾ ਚੱਕਿਆ, ਹੱਥ ਨਾਲ ਭਵਾਈਆ । ਝਟ ਪੁਰਖ ਅਕਾਲ ਆਇਆ ਨੱਸਿਆ, ਜੋਤੀ ਨੂਰ ਦਿਤਾ ਚਮਕਾਈਆ । ਦੁਲਾਰੇ ਔਹ ਵੇਖ ਅੰਧੇਰੀ ਮੱਸਿਆ, ਤੇਰੇ ਢਈਏ ਪਿਛੋਂ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਿਹਾ ਔਹ ਵੇਖ ਲੈ ਜੋਤ ਸ਼ਬਦ ਧਾਰ ਦਾ ਢਈਆ, ਢੌਂਕਾ ਇਕੋ ਦੇ ਸਮਝਾਈਆ । ਕਲਜੁਗ ਕੂੜੀ ਕਿਰਿਆ ਹੋਵੇ ਨਈਆ, ਨੌਕਾ ਨਾਮ ਨਜ਼ਰ ਕੋਇ ਨਾ ਆਈਆ । ਵਿਭਚਾਰ ਹੋਣਾ ਭੈਣਾ ਭਈਆ, ਮਾਤ ਪੁਤ ਅੱਖ ਬਦਲਾਈਆ । ਸਾਕ ਸੱਜਣ ਨਹੀਂ ਰਹਿਣਾ ਸਈਆ, ਮੀਤ ਮਿੱਤਰ ਮੁਖ ਬਦਲਾਈਆ । ਸਾਚੇ ਨਾਮ ਦਾ ਦਿਸੇ ਨਾ ਕੋਇ ਗਵਈਆ, ਆਤਮ ਰਾਗ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਸੁਣਾਈਆ । ਕਲਜੁਗ ਕਹੇ ਇਕ ਸੌ ਇਕ ਪੈਸੇ ਤੇ ਗੋਬਿੰਦ ਪਾਇਆ ਭਾਰ, ਖ਼ੁਸ਼ੀ ਨਾਲ ਦਬਾਈਆ । ਹੇਠੋਂ ਧਰਤੀ ਕੀਤੀ ਪੁਕਾਰ, ਕੂਕ ਕੂਕ ਸੁਣਾਈਆ । ਮੈਨੂੰ ਮਾਇਆ ਨਾਲ ਨਾ ਮਾਰ, ਮਮਤਾ ਨਾਲ ਰਲਾਈਆ ।

ਮੇਰੀ ਤੇਰੇ ਚਰਨ ਨਿਮਸਕਾਰ, ਨਿਉਂ ਨਿਉਂ ਲਾਗਾਂ ਪਾਈਆ । ਤੂੰ ਪ੍ਰਭ ਦਾ ਸੁਤ ਦੁਲਾਰ, ਗੋਬਿੰਦ ਸੱਚਾ ਮਾਹੀਆ । ਜਾਹ ਕਲਜੁਗ ਦਾ ਬਣ ਯਾਰ, ਯਰਾਨਾ ਵੇਖ ਵਖਾਈਆ । ਝਟ ਕਲਜੁਗ ਤਾੜੀ ਦਿਤੀ ਮਾਰ, ਨੱਚਿਆ ਟੱਪਿਆ ਕੁੱਦਿਆ ਚਾਈਂ ਚਾਈਆ । ਔਹ ਵੇਖ ਸਦੀ ਚੌਧਵੀਂ ਦਾ ਅਖਾੜ, ਧਰਨੀ ਉਤੇ ਸੋਭਾ ਪਾਈਆ । ਅੱਗ ਲੱਗਣੀ ਬਹੱਤਰ ਨਾੜ, ਤਤਵ ਤਤ ਨਾ ਕੋਇ ਬੁਝਾਈਆ । ਮਾਣ ਰਹਿਣਾ ਨਹੀਂ ਪੈਗ਼ੰਬਰ ਗੁਰ ਅਵਤਾਰ, ਅਵਤਰੀ ਆਪਣੀ ਖੇਲ ਖਿਲਾਈਆ । ਗੋਬਿੰਦ ਨੇਤਰ ਲਿਆ ਉਠਾਲ, ਨਿਗਹ ਨਿਗਹ ਵਿਚੋਂ ਬਦਲਾਈਆ । ਫਿਰ ਹੱਸ ਕੇ ਕਿਹਾ ਕਲਜੁਗ ਔਹ ਤਕ ਲੈ ਮਿਹਰਵਾਨ, ਜੋ ਮਿਹਰ ਨਜ਼ਰ ਉਠਾਈਆ । ਯੋਧਾ ਸੂਰਬੀਰ ਬਲਵਾਨ, ਦੋ ਜਹਾਨਾਂ ਨਜ਼ਰੀ ਆਈਆ । ਉਸ ਪਰਗਟ ਹੋਣਾ ਵਿਚ ਜਹਾਨ, ਨਿਰਗੁਣ ਨੂਰ ਕਰ ਰੁਸ਼ਨਾਈਆ । ਕਲਜੁਗ ਕਿਹਾ ਮੈਨੂੰ ਉਸ ਦਾ ਮਾਣ, ਸਿਰ ਮੇਰੇ ਹੱਥ ਟਿਕਾਈਆ । ਧਰਨੀ ਕਿਹਾ ਗੋਬਿੰਦ ਜੋ ਮੇਰੀ ਝੋਲੀ ਬਖ਼ਸ਼ਿਆ ਦਾਨ, ਮੈਂ ਤੇਰੇ ਦਰ ਸੁਟਾਈਆ । ਤੂੰ ਸਾਹਿਬ ਕਰ ਪਰਵਾਨ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਗੋਬਿੰਦ ਕਿਹਾ ਕਲਜੁਗ ਇਕ ਸੌ ਇਕ ਲੈ ਚੁੱਕ, ਆਪਣੀ ਝੋਲੀ ਲੈ ਭਰਾਈਆ । ਕਲਜੁਗ ਵਿੰਗਾ ਕਰ ਕੇ ਮੁਖ, ਹੱਸ ਕੇ ਦਿਤਾ ਦ੍ਰਿੜਾਈਆ । ਗੋਬਿੰਦ ਮੈਨੂੰ ਨਹੀਂ ਭੁੱਖ, ਮੈਂ ਭੁੱਖੀ ਕਰਨੀ ਜਗਤ ਲੋਕਾਈਆ । ਅੰਤ ਮੇਰੀ ਸੁਫਲ ਕਰਨੀ ਕੁੱਖ, ਧਰਨੀ ਵਾਲੀ ਕੁੱਖ ਦਰ ਤੇਰੇ ਵਾਸਤਾ ਪਾਈਆ । ਜਿਸ ਵੇਲੇ ਮੇਰੀ ਔਧ ਗਈ ਪੁੱਜ, ਪੂਜਨ ਜਗ ਦਾ ਸਰਬ ਮਿਟਾਈਆ । ਧੁਰ ਦੀ ਖੇਲ ਸਕੇ ਕੋਇ ਨਾ ਬੁੱਝ, ਅਨਭਵ ਪਰਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਰੰਗ ਰੰਗਾਈਆ । ਕਲਜੁਗ ਕਹੇ ਗੋਬਿੰਦ ਮੈਂ ਧੁਰ ਦਾ ਹੁਕਮ ਸੁਣਾਉਂਦਾ ਹਾਂ । ਦਰ ਠਾਂਡੇ ਸੀਸ ਨਿਵਾਉਂਦਾ ਹਾਂ । ਆਪਣੀ ਕੀਤੀ ਕਰਨੀ ਪ੍ਰਭ ਦੇ ਅੱਗੇ ਟਿਕਾਉਂਦਾ ਹਾਂ । ਸਦੀ ਚੌਧਵੀਂ ਅੰਤ ਵੇਖ ਵਖਾਉਂਦਾ ਹਾਂ । ਕੀ ਪ੍ਰਭੂ ਬਣਾਏ ਬਣਤ, ਉਸ ਪ੍ਰਭੂ ਨੂੰ ਸੀਸ ਨਿਵਾਉਂਦਾ ਹਾਂ । ਜਿਸ ਵੇਲੇ ਧਰਮ ਦਾ ਰਹਿਣਾ ਨਹੀਂ ਕੋਈ ਸੰਤ, ਉਸ ਵੇਲੇ ਦਾ ਰਾਹ ਤਕਾਉਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰੇ ਮੰਗ ਮੰਗਾਉਂਦਾ ਹਾਂ । ਕਲਜੁਗ ਕਹੇ ਮੇਰੀ ਅਰਦਾਸ, ਬੇਨੰਤੀ ਇਕ ਜਣਾਈਆ । ਮੇਰਾ ਦੇਣਾ ਸਾਥ, ਗੋਬਿੰਦ ਸੰਗ ਨਿਭਾਈਆ । ਗੋਬਿੰਦ ਕਿਹਾ ਸ਼ਾਬਾਸ਼, ਤੇਰੇ ਹੱਥ ਵਡਿਆਈਆ । ਉਠ ਓਹ ਤਕ ਲੈ ਸੰਮਤ ਸ਼ਹਿਨਸ਼ਾਹੀ ਛੇ ਛੱਬੀ ਪੋਹ ਦੀ ਹੋਣੀ ਰਾਤ, ਭਿੰਨੜੀ ਨਾਲ ਮਿਲਾਈਆ । ਭਗਤਾਂ ਹੋਣੀ ਜਮਾਤ, ਪ੍ਰਭ ਜੋਤ ਜੋਤ ਰੁਸ਼ਨਾਈਆ । ਸਚ ਸੰਦੇਸ਼ਾ ਦੇਵਾਂ ਆਖ, ਬਿਨਾ ਅੱਖਰਾਂ ਆਪ ਦ੍ਰਿੜਾਈਆ । ਜਿਸ ਵੇਲੇ ਸਭ ਦਾ ਪੂਰਾ ਕੀਤਾ ਭਵਿਖਤ ਵਾਕ, ਪੇਸ਼ੀਨਗੋਈਆਂ ਵੇਖ ਵਖਾਈਆ । ਵਕਤ ਸੁਹੰਜਣਾ ਕਰੇ ਲੋਕਮਾਤ, ਧਰਨੀ ਧਰਤ ਧਵਲ ਰੰਗ ਰੰਗਾਈਆ । ਉਸ ਵੇਲੇ ਕਲਜੁਗ ਤੇਰਾ ਹੋਣਾ ਖੇਲ ਤਮਾਸ਼, ਹਰਿ ਕਰਤਾ ਆਪ ਕਰਾਈਆ । ਤਿੰਨ ਰੰਗ ਦਾ ਤ੍ਰੈਗੁਣ ਮਾਇਆ ਦਾ ਤੇਰਾ ਹੋਣਾ ਲਬਾਸ, ਧੁਰ ਦੇ ਹੁਕਮ ਨਾਲ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਹੋ ਆਈਆ । ਕਲਜੁਗ ਕਹੇ ਗੋਬਿੰਦ ਖੇਲ ਹੋਵੇ ਕੈਸਾ, ਕਿਸ ਬਿਧ ਵੇਖ ਵਖਾਈਆ । ਮੇਰਾ ਕਰਮ ਹੋਵੇ ਨਾ ਵਾਂਗ ਵੈਸ਼ਯਾ, ਹੁਕਮ ਧੁਰ ਦਾ ਮੰਨਾਂ ਚਾਈਂ ਚਾਈਆ । ਜਿਹੜਾ ਤੇਰੇ ਚਰਨਾਂ ਹੇਠ ਦੱਬਿਆ ਇਕ ਸੌ



੮੩੩
੨੨

ਇਕ ਪੈਸਾ, ਧਰਨੀ ਧਰਤ ਉਤੇ ਸੁਹਾਈਆ । ਇਸ ਦਾ ਲਹਿਣਾ ਕੀ ਲੇਖਾ, ਮੈਨੂੰ ਦੇ ਦ੍ਰਿੜਾਈਆ । ਗੋਬਿੰਦ ਨੇ ਕਿਹਾ ਕਲਜੁਗ ਜਿਸ ਵੇਲੇ ਮੇਰੇ ਸਿੱਖ ਬੇਅਦਬੀ ਕਰਨਗੇ ਕੇਸਾ, ਸਾਹ ਸਾਹ ਨਾ ਕੋਇ ਧਿਆਈਆ । ਕੂੜੀ ਕਿਰਿਆ ਆਪਣਾ ਸਮਝਣਗੇ ਪੇਸ਼ਾ, ਮਾਇਆ ਮਮਤਾ ਵਿਚ ਹਲਕਾਈਆ । ਉਸ ਵੇਲੇ ਮੈਂ ਤੇ ਮੇਰਾ ਮਾਲਕ ਪਰਗਟ ਹੋਵੇ ਸੰਬਲ ਦੇਸਾ, ਦੇਸ਼ ਆਪਣਾ ਇਕ ਵਸਾਈਆ । ਦੋ ਜਹਾਨਾਂ ਬਣੇ ਨੇਤਾ, ਹੁਕਮ ਦੇਵੇ ਥਾਉਂ ਥਾਈਂਆ । ਅਵਤਾਰ ਪੈਗ਼ੰਬਰ ਗੁਰੂਆਂ ਚਾਰ ਜੁਗ ਦਾ ਪੂਰਾ ਕਰੇ ਠੇਕਾ, ਠੇਕੇਦਾਰੀ ਸਭ ਦੀ ਦਏ ਮੁਕਾਈਆ । ਨਿਰਗੁਣ ਨੂਰ ਪ੍ਰਕਾਸ਼ ਕਰੇ ਉਚੇਚਾ, ਉਚ ਅਗੰਮ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪੜਦਾ ਆਪ ਉਠਾਈਆ । ਗੋਬਿੰਦ ਕਿਹਾ ਕਲਜੁਗ ਤੇਰਾ ਅੰਤ ਖੇਲ ਖਿਲਾਵਾਂਗਾ । ਸੰਤ ਸੁਹੇਲੇ ਪਰਗਟ ਕਰ ਕੇ ਭਗਤ, ਭਗਵੰਤ ਆਪਣਾ ਮੇਲ ਮਿਲਾਵਾਂਗਾ । ਨਵੀਂ ਧਾਰ ਦੱਸ ਕੇ ਜਗਤ, ਜੁਗਤੀ ਧੁਰ ਦੀ ਇਕ ਪਰਗਟਾਵਾਂਗਾ । ਸਭ ਦੀ ਪੂਰੀ ਕਰ ਕੇ ਸ਼ਰਤ, ਸ਼ਰਅ ਦਾ ਲੇਖਾ ਆਪ ਚੁਕਾਵਾਂਗਾ । ਨਿਰਗੁਣ ਨਿਰਵੈਰ ਹੋ ਕੇ ਆਵਾਂ ਪਰਤ, ਪਤਿਪਰਮੇਸ਼ਵਰ ਸੰਗ ਰਲਾਵਾਂਗਾ । ਤੇਰਾ ਲੇਖਾ ਪੂਰਾ ਕਰਾਂ ਉਪਰ ਧਰਤ, ਧਰਨੀ ਧਵਲ ਨਾਲ ਉਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਦਰ ਖੁਲ੍ਹਾਵਾਂਗਾ । ਗੋਬਿੰਦ ਕਿਹਾ ਜੋ ਇਕ ਸੌ ਇਕ ਪੈਸਾ ਚਰਨ ਹੇਠ ਲਿਆ ਦੱਬ, ਇਹ ਕਲਜੁਗ ਤੇਰਾ ਅੰਤ ਕਰਾਈਆ । ਤੇਰਾ ਸਮਾਂ ਲੰਮਾਂ ਨਹੀਂ ਰਹਿਣਾ ਵੱਧ, ਸ਼ਬਦੀ ਹੁਕਮ ਨਾਲ ਕਟਾਈਆ । ਜਿਸ ਵੇਲੇ ਨਿਰਗੁਣ ਪਰਤ ਕੇ ਆਵਾਂ ਜਗ, ਜਾਗਰਤ ਜੋਤ ਜੋਤ ਰੁਸ਼ਨਾਈਆ । ਨਿਰਗੁਣ ਧਾਰ ਬਣ ਸਰਬਗ, ਸੂਰਬੀਰ ਅਖਵਾਈਆ । ਸਭ ਦੀ ਪਿਛਲੀ ਮੇਟ ਕੇ ਹੱਦ, ਅਗਲਾ ਮਾਰਗ ਇਕ ਜਣਾਈਆ । ਭਗਤ ਭਗਵਾਨ ਦਾ ਮਾਰਗ ਦੱਸ, ਖੇਲ ਕਰਾਂ ਚਾਈਂ ਚਾਈਂਆ । ਪ੍ਰੇਮ ਪ੍ਰੀਤੀ ਅੰਤਰ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਲੇਖਾ ਪੂਰਾ ਕਰਾਂ ਹੱਕ, ਹਕੀਕਤ ਆਪਣੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਕਲਜੁਗ ਕਹੇ ਇਹ ਖੇਲ ਅਗੰਮ ਅਜੀਬ, ਨਿਰਾਲਾ ਦਿਤਾ ਜਣਾਈਆ । ਗੋਬਿੰਦ ਕਿਹਾ ਮੇਰੀ ਹੁਕਮ ਵਾਲੀ ਤਾਕੀਦ, ਤੈਨੂੰ ਦਿਆਂ ਦ੍ਰਿੜਾਈਆ । ਸ਼ਬਦ ਦੀ ਲੈ ਰਸੀਦ, ਬਿਨ ਹੱਥਾਂ ਹੱਥ ਫੜਾਈਆ । ਸੰਮਤ ਸ਼ਹਿਨਸ਼ਾਹੀ ਛੇ ਰੱਖੀਂ ਉਡੀਕ, ਅੰਤਰ ਅੰਤਰ ਧਿਆਨ ਰਖਾਈਆ । ਪਰਗਟ ਹੋਵੇ ਲਾਸ਼ਰੀਕ, ਪਰਵਰਦਿਗਾਰ ਧੁਰਦਰਗਾਹੀਆ । ਜਿਸ ਦੇ ਵਿਚ ਹੱਕ ਤੌਫ਼ੀਕ, ਤਾਕਤਵਰ ਨੂਰ ਇਲਾਹੀਆ । ਆਸਾ ਮਨਸਾ ਪੂਰੀ ਕਰੇ ਉਮੀਦ, ਤ੍ਰਿਸ਼ਨਾ ਦਏ ਗਵਾਈਆ । ਫੇਰ ਗੋਬਿੰਦ ਨੇ ਮਾਰੀ ਲੀਕ, ਲਾਈਨ ਦਿਤੀ ਲਗਾਈਆ । ਕਲਜੁਗ ਨੇ ਮਾਰੀ ਚੀਕ, ਚੀਕ ਚਿਹਾੜਾ ਦਿਤਾ ਪਾਈਆ । ਕੀ ਇਹ ਖੇਲ ਹੋਣਾ ਠੀਕ, ਠਾਕਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਭੇਵ ਇਕ ਚੁਕਾਈਆ । ਗੋਬਿੰਦ ਕਿਹਾ ਕਲਜੁਗ ਜਿਸ ਵੇਲੇ ਸੰਮਤ ਸ਼ਹਿਨਸ਼ਾਹੀ ਛੇ, ਛੱਬੀ ਪੋਹ ਆਵੇਗਾ । ਧਰਮ ਧਾਰ ਦਾ ਪੂਰਾ ਹੋਵੇ ਨੇਂਹ, ਨਿਹਕਲੰਕ ਕਲ ਪਰਗਟਾਵੇਗਾ । ਅੰਮ੍ਰਿਤ ਧਾਰ ਬਖ਼ਸ਼ ਕੇ ਮੇਂਹ, ਗੁਰਮੁਖਾਂ ਹਿਰਦੇ ਸਾਫ਼ ਕਰਾਵੇਗਾ । ਭਾਗ ਲਗਾ ਕੇ ਕਾਇਆ ਮਾਟੀ ਸਾਢੇ ਤਿੰਨ ਹੱਥ ਦੇਹ, ਦੇਹੁਰਾ ਮੰਦਰ ਮਸੀਤ ਗੁਰੂਦਵਾਰ ਇਕ ਜਣਾਵੇਗਾ । ਜਿਥੇ ਸਤਿਗੁਰ ਸ਼ਬਦ ਹੋ ਕੇ ਬਹਿ, ਸਿੰਘਾਸਣ ਆਸਣ ਇਕ ਵਡਿਆਵੇਗਾ । ਜੋ ਗੁਰ ਗੋਬਿੰਦ ਦਿਤਾ ਕਹਿ,

ਸੋ ਪੂਰਾ ਅੰਤ ਕਰਾਵੇਗਾ । ਓਹ ਵੇਖ ਜਨ ਭਗਤਾਂ ਦਾ ਭਗਤ ਦਵਾਰਾ ਹੋਣਾ ਇਕ ਗ੍ਰਿਹਿ, ਧਾਮ ਸੁਹੰਜਣਾ ਇਕ ਵਡਿਆਵੇਗਾ । ਕਲਜੁਗ ਤੇਰਾ ਪੁੱਠਾ ਪਲੰਘ ਜਾਣਾ ਡਹਿ, ਪੁੱਠੀ ਕਲ ਆਪ ਵਰਤਾਵੇਗਾ । ਕੋਟਾਂ ਵਿਚੋਂ ਕੋਈ ਗੁਰਮੁਖ ਵਿਰਲਾ ਭਾਣਾ ਸਹੇ, ਸ੍ਰਿਸ਼ਟ ਸਬਾਈ ਆਪ ਭੁਲਾਵੇਗਾ । ਜਨ ਭਗਤਾਂ ਅੰਦਰੋਂ ਮਾਰ ਕੇ ਮਮਤਾ ਮੈਂ, ਹਉਮੇ ਗੜ੍ਹ ਤੁੜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਅਗੰਮ ਅਥਾਹੀਆ । ਗੋਬਿੰਦ ਕਹੇ ਕਲਜੁਗ ਛੱਬੀ ਪੋਹ ਦੀ ਹੋਣੀ ਰਾਤ, ਰੁਤੜੀ ਸਚ ਮਹਿਕਾਈਆ । ਲੇਖਾ ਲਿਖਿਆ ਜਾਣਾ ਕਲਮ ਦਵਾਤ, ਅੱਖਰ ਅੱਖਰਾਂ ਜੋੜ ਜੁੜਾਈਆ । ਲਹਿਣਾ ਦੇਣਾ ਹੋਣਾ ਬੇਬਾਕ, ਲੇਖਾ ਅਵਰ ਰਹੇ ਨਾ ਰਾਈਆ । ਜੋ ਦਾਇਰੇ ਦਾ ਬਣਿਆ ਹੋਣਾ ਤਾਕ, ਸਚ ਸਿੰਘਾਸਣ ਸਾਹਮਣੇ ਸੋਭਾ ਪਾਈਆ । ਉਸ ਦੇ ਵਿਚੋਂ ਜਨ ਭਗਤਾਂ ਲੰਘਾਉਣਾ ਆਪਣਾ ਆਪ, ਦੂਜਾ ਮਦਦ ਨਾ ਕੋਇ ਕਰਾਈਆ । ਸੋਹੰ ਸੋ ਦਾ ਜਪਣਾ ਜਾਪ, ਹਿਰਦੇ ਹਿਰਦੇ ਵਿਚ ਸਮਾਈਆ । ਆਪਣਾ ਆਪ ਕਰ ਕੇ ਪਾਕ, ਚਰਨ ਦਵਾਰੇ ਆਉਣਾ ਚਾਈਂ ਚਾਈਂਆ । ਕਲਜੁਗ ਇਕ ਸੌ ਇਕ ਪੈਸਾ ਗੋਬਿੰਦ ਦੇ ਚਰਨਾਂ ਦੇਣਾ ਰਾਖ, ਬਚਿਆ ਰਹਿਣ ਖ਼ਾਲੀ ਕੋਇ ਨਾ ਪਾਈਆ । ਉਸ ਵੇਲੇ ਪੰਜਾਂ ਲਿਖਾਰੀਆਂ ਹਰਿ ਸ਼ਬਦ ਦਾ ਕਰਨਾ ਜਾਪ, ਜੋ ਹਾੜ੍ਹ ਸਤਾਰਾਂ ਦਿਤਾ ਲਿਖਾਈਆ । ਬਾਕੀ ਸਭ ਨੇ ਰਹਿਣਾ ਚੁੱਪ ਚਾਪ, ਨਿਮਸਕਾਰ ਕਰ ਕੇ ਬੈਠਣ ਥਾਉਂ ਥਾਈਂਆ । ਫਿਰ ਅਗਲਾ ਲੇਖਾ ਦੱਸਣਾ ਸਾਖਿਆਤ, ਕੀ ਕਰਤਾ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਮੱਘਰ ਕਹੇ ਮੈਂ ਸੁਣਿਆ ਧੁਰ ਫ਼ਰਮਾਨਾ, ਸਤਿਗੁਰ ਸ਼ਬਦ ਦਿਤਾ ਦ੍ਰਿੜਾਈਆ । ਜੋ ਚੌਦਾਂ ਗੁਰਮੁਖਾਂ ਰੂਪ ਧਰਿਆ ਹੋਣਾ ਰਾਣਾ, ਕਲਗੀ ਸੀਸ ਉਤੇ ਟਿਕਾਈਆ । ਉਨ੍ਹਾਂ ਦਾ ਇਕੋ ਜੇਹਾ ਹੋਵੇ ਬਾਣਾ, ਬਾਣ ਤੀਰ ਤਰਕਸ਼ ਕੰਧਿਆਂ ਉਤੇ ਟਿਕਾਈਆ । ਬਲਧਾਰੀ ਬਣ ਜਵਾਨਾ, ਚੱਲਣ ਚਾਈਂ ਚਾਈਂਆ । ਚੌਦਾਂ ਤਬਕਾਂ ਨੂੰ ਇਕੋ ਰੰਗ ਰੰਗਾਉਣਾ, ਅੰਦਰ ਆਸ਼ਾ ਇਕ ਵਧਾਈਆ । ਚੌਦਾਂ ਲੋਕ ਹੁਕਮ ਹੋਵੇ ਸੁਲਤਾਨਾ, ਨਾ ਕੋਇ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਮੱਘਰ ਕਹੇ ਮੇਰੀ ਅੰਤ ਅਖ਼ੀਰੀ ਆਸ, ਆਸ਼ਾ ਦਿਆਂ ਜਣਾਈਆ । ਛੱਬੀ ਪੋਹ ਨੂੰ ਪੰਜ ਕਵਾਰ ਕੰਨਿਆ ਪਾਇਆ ਹੋਵੇ ਕਾਲਾ ਲਬਾਸ, ਮੇਂਢੀ ਸੀਸ ਨਾ ਕੋਇ ਗੁੰਦਾਈਆ । ਮਸਤਕ ਵਿਚ ਲਿਖਿਆ ਹੋਵੇ ਆਕਾਸ਼, ਅਲਿਫ਼ ਯੇ ਨਾਲ ਵਡਿਆਈਆ । ਜੇਬ ਵਿਚ ਪਾਇਆ ਹੋਵੇ ਇਕ ਇਕ ਕਾਟ, ਜਿਸ ਨੂੰ ਕਾਰਡ ਕਹੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਧੁਰ ਦਾ ਬਾਪ, ਪਿਤਾ ਪੁਰਖ ਅਕਾਲ ਦੀਨ ਦਿਆਲ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਆਪਣਾ ਹੁਕਮ ਵਰਤਾਈਆ ।

ਸਤਿਗੁਰ ਸ਼ਬਦ ਕਹੇ ਸ਼ਬਦੀ ਆ ਗਿਆ ਸ਼ਬਦੀ ਸ਼ਬਦ ਫ਼ਰਿਸ਼ਤਾ, ਭੱਜਿਆ ਵਾਹੋ ਦਾਹੀਆ । ਨਿੱਕਾ ਜਿਹਾ ਬਚਨ ਸੁਣਾਇਆ ਆਹਿਸਤਾ ਆਹਿਸਤਾ ਆਹਿਸਤਾ, ਹੌਲੀ ਹੌਲੀ ਰਿਹਾ ਜਣਾਈਆ । ਪ੍ਰਭੂ ਜਿਨ੍ਹਾਂ ਦਾ ਤੇਰੇ ਉਤੇ ਨਿਸਚਾ, ਇਸ਼ਟ ਸਵਾਮੀ ਇਕੋ ਰਹੇ ਮਨਾਈਆ । ਪਿਛਲਾ

ਭੈਣ ਭੈਣਾਂ ਦਾ ਰਿਸ਼ਤਾ, ਸੁਦਾਮੇ ਦੇ ਗਵਾਂਢੀ ਸੋਭਾ ਪਾਈਆ । ਅੱਗੇ ਪੂਰਾ ਕਰ ਦੇ ਨਿਸਚਾ, ਭਰੋਸਾ ਆਪਣਾ ਨਾਮ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦੁਆਪਰ ਜੁਗ ਦਾ ਨਾਤਾ ਇਕ, ਏਕੰਕਾਰ ਦਇਆ ਕਮਾਈਆ । ਇਸਤਰੀ ਮਰਦ ਸਾਰੇ ਸਤਿਗੁਰੂ ਦੇ ਸਿੱਖ, ਜਨਮ ਵਿਚ ਫ਼ਰਕ ਰਹੇ ਨਾ ਰਾਈਆ । ਮਹਿੰਦਰੋ ਨੂੰ ਜੋ ਪਿਛਲਾ ਲੇਖਾ ਗਿਆ ਦਿਸ, ਉਸ ਦਾ ਲਹਿਣਾ ਦਏ ਸਮਝਾਈਆ । ਚਿੱਟੇ ਬਸਤਰ ਆਪਣੀਆਂ ਭੈਣਾਂ ਦਾ ਲਿਆਵੇ ਹਿਸ, ਹਿੱਸਾ ਸ਼ਬਦੀ ਸਤਿਗੁਰ ਪੂਰ ਕਰਾਈਆ । ਲਹਿਣਾ ਮਿਲਣਾ ਪ੍ਰਕਾਸ਼ ਕੌਰ ਚਰਨੀ ਨੂੰ ਬਿਧ ਕਿਸ, ਤਰੀਕਾ ਆਪਣਾ ਆਪਣੇ ਹੱਥ ਰਖਾਈਆ । ਜੋ ਆਦਿ ਜੁਗਾਦੀ ਦਾ ਮਾਲਕ ਸਭ ਦੇ ਵੜਿਆ ਵਿਚ, ਪੂਰਬ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕੰਕਾਰ ਏਕਾ ਇਕ, ਇਕ ਇਕੱਲਾ ਆਪਣੀ ਕਲ ਵਰਤਾਈਆ ।

ਨਿਰਗੁਣ ਸਰਗੁਣ ਦੇ ਬਟੂਏ ਦੋ, ਵੱਡਾ ਛੋਟਾ ਰੂਪ ਬਣਾਈਆ । ਸਰਗੁਣ ਨੂੰ ਵੱਡਾ ਬਖ਼ਸ਼ਿਆ ਤੇ ਰੱਖਿਆ ਮਾਇਆ ਦਾ ਮੋਹ, ਏਸੇ ਕਰ ਕੇ ਅਵਤਾਰ ਪੈਗ਼ੰਬਰ ਗੁਰੂ ਤਤਾਂ ਵਾਲੇ ਇਸ ਨੂੰ ਲੈ ਕੇ ਆਪਣਾ ਵਕਤ ਗਏ ਲੰਘਾਈਆ । ਪੁਰਖ ਅਕਾਲਾ ਦੀਨ ਦਿਆਲਾ ਆਪਣਿਆਂ ਭਗਤਾਂ ਨੂੰ ਕਰ ਕੇ ਨਿਰਮੋਹ, ਮਾਇਆ ਹੱਥੋ ਹੱਥ ਚਲਾਈਆ । ਪ੍ਰੀਤਮ ਸਿੰਘ ਪਾਲ ਸਿੰਘ ਨੇ ਲਈ ਛੋਹ, ਫੇਰ ਗੁਰਮੁਖ ਰਵਦਾਸ ਚਮਾਰੇ ਹੱਥ ਫੜਾਈਆ । ਉਨ੍ਹੇ ਗੌਹ ਨਾਲ ਲਈ ਟੋਹ, ਅੰਦਰ ਵੜ ਕੇ ਧਿਆਨ ਲਗਾਈਆ । ਫੇਰ ਹੱਸ ਕੇ ਕਿਹਾ ਪ੍ਰਭ ਦੇ ਦਰ ਤੇ ਰੱਖ ਦਈਏ ਬਣ ਕੇ ਗਰੋਹ, ਲਾਲਚ ਰਹਿਣ ਕੋਇ ਨਾ ਪਾਈਆ । ਜਿਨ੍ਹਾਂ ਦੇ ਅੰਤਰ ਬਖ਼ਸ਼ੀ ਲੋ, ਲੋਇਣ ਆਪਣਾ ਦਿਤਾ ਖੁਲ੍ਹਾਈਆ । ਉਹ ਉਸੇ ਦੇ ਗਏ ਹੋ, ਓਸੇ ਦੀ ਮਾਇਆ ਉਸੇ ਦੀ ਸਾਇਆ ਉਸੇ ਦੀ ਕਾਇਆ ਤੇ ਉਸੇ ਦੀ ਭੇਟੇ ਦਿਤੀ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸ਼ੇਰ ਸਿੰਘ ਦਾ ਝੁੰਬਲ ਬਾਟਾ, ਝੁੱਗੀ ਜਗਤ ਵਾਲੀ ਬਣਾਈਆ । ਪੂਰਨ ਸਿੰਘ ਪੂਰਨ ਜੋਤ ਪ੍ਰਕਾਸ਼ਾ, ਜੋਤ ਜੋਤ ਇਲਾਹੀਆ । ਜਿਸ ਦਾ ਖੇਲ ਅਜਬ ਤਮਾਸ਼ਾ, ਹਰਿ ਕਰਤਾ ਆਪ ਸਮਝਾਈਆ । ਸਚ ਦਵਾਰੇ ਪਾ ਕੇ ਸਚ ਆਪਣੀ ਰਾਸਾ, ਖ਼ੁਸ਼ੀ ਖ਼ੁਸ਼ੀ ਵਿਚੋਂ ਵਖਾਈਆ । ਚਰਨ ਜੋੜਾ ਜੇਹੜਾ ਪ੍ਰੀਤੀ ਵਿਚ ਦੇਵੇ ਸਾਥਾ, ਪ੍ਰੀਤਮ ਆਪਣਾ ਸੰਗ ਬਣਾਈਆ । ਉਹਦੇ ਵਿਚ ਉਹ ਤੇਲ ਦਾ ਨਿਸ਼ਾਨ ਜੇਹੜਾ ਰਵਦਾਸ ਅੱਠੀਂ ਦਿਨੀ ਪਾਉਂਦਾ ਸੀ ਵਿਚ ਚਰਾਗ਼ਾ, ਗ਼ਰੀਬੀ ਵਿਚ ਆਪਣਾ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸੋਹਣਾ ਜੋੜਾ ਦਿਸਿਆ ਛੋਟਾ, ਮੇਚ ਨਾ ਕੋਇ ਸਮਝਾਈਆ । ਕਿਉਂ ਪ੍ਰਭੂ ਦਾ ਪੈਰ ਨਾ ਲੰਮਾ ਨਾ ਚੌੜਾ ਨਾ ਮੋਟਾ, ਲੰਬਾਈ ਚੌੜਾਈ ਨਜ਼ਰ ਕਿਸੇ ਨਾ ਆਈਆ । ਨਾ ਉਹ ਕੋਈ ਕੱਢਿਆ ਹੋਵੇ ਤਿਲੇਧਾਰੀ ਨਾਲ ਗੋਟਾ, ਜਗਤ ਡੋਰ ਬੰਧ ਨਾ ਕੋਇ ਬੰਧਾਈਆ । ਜਿਸ ਵੇਲੇ ਪ੍ਰਕਾਸ਼ ਹੋਵੇ ਉਪਰ ਜੋਤਾ, ਜੋਤ ਦੀ ਚਮਕ ਵਿਚ ਚਮਕ ਚਮਕ ਰੁਸ਼ਨਾਈਆ । ਓਥੇ ਕਿਸੇ ਦੀ ਪੁਜ ਨਾ ਸਕੇ ਸੋਚਾ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਉਹ ਚਰਨ ਜੋੜਾ ਭੈ ਦੇਵੇ ਚੌਦਾਂ ਲੋਕਾ, ਚੌਦਾਂ ਤਬਕ ਦਏ ਹਿਲਾਈਆ । ਸਰਗੁਣ ਮਾਇਆ ਨੇ

ਸਭ ਨੂੰ ਕਰਨਾ ਬੋਥਾ, ਬਟੂਆ ਵਡਾ ਦਏ ਗਵਾਹੀਆ । ਤੇਲ ਦੇ ਦਾਗ਼ ਨੇ ਕਿਸੇ ਦੇ ਘਰ ਰਹਿਣ ਨਹੀਂ ਦੇਣਾ ਦੀਵਾ ਜਗਦਾ ਵਾਂਗ ਜੋਤਾ, ਚਾਰ ਕੁੰਟ ਅੰਧੇਰਾ ਦਏ ਕਰਾਈਆ । ਭਗਤਾਂ ਦੇ ਵਾਸਤੇ ਇਕ ਨਿੱਕਾ ਜੇਹਾ ਖੇਲ ਜਗਤ ਵਾਸਤੇ ਬਹੁਤਾ, ਬਹੁ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸੰਦੇਸ਼ਾ ਸੰਦੇਸ਼ਾ ਇਕ ਜਣਾਈਆ ।

✪ ੨ ਮੱਘਰ ਸ਼ਹਿਨਸ਼ਾਹੀ ਸੰਮਤ ੬ ਕਾਕਾ ਗੁਰਦੇਵ ਸਿੰਘ ਜੇਠੂਵਾਲ ਦੇ ਸਗਣ ਨਵਿਤ ਸਵੇਰੇ ਹਰਿ ਭਗਤ ਦਵਾਰ ਜੇਠੂਵਾਲ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭੂ ਸਾਡੀ ਨਿਮਸਕਾਰ, ਦਰਗਹ ਸਾਚੀ ਸਚਖੰਡ ਦਵਾਰੇ ਸੀਸ ਨਿਵਾਈਆ । ਜੁਗ ਚੌਕੜੀ ਨਿਤ ਨਵਿਤ ਤੇਰਾ ਖੇਲ ਅਪਾਰ, ਸੋ ਪੁਰਖ ਨਿਰੰਜਣ ਤੇਰੀ ਬੇਪਰਵਾਹੀਆ । ਹਰਿ ਪੁਰਖ ਨਿਰੰਜਣ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਏਕੰਕਾਰ ਬਣ ਸਹਾਰ, ਇਕ ਇਕੱਲੇ ਦਇਆ ਕਮਾਈਆ । ਆਦਿ ਨਿਰੰਜਣ ਨੂਰ ਜੋਤ ਕਰ ਆਕਾਰ, ਨਿਰਾਕਾਰ ਡਗਮਗਾਈਆ । ਅਬਿਨਾਸ਼ੀ ਕਰਤੇ ਦੇ ਆਧਾਰ, ਮਿਹਰਵਾਨ ਮਹਿਬੂਬ ਆਪਣਾ ਰੰਗ ਰੰਗਾਈਆ । ਸ੍ਰੀ ਭਗਵਾਨ ਪਾ ਸਾਰ, ਮਹਾਂਸਾਰਥੀ ਆਪਣੀ ਕਲ ਪਰਗਟਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਲਹਿਣਾ ਦੇਣਾ ਸਰਬ ਵਿਚਾਰ, ਵਿਚਰ ਕੇ ਦਈਏ ਜਣਾਈਆ । ਬ੍ਰਹਮ ਲੇਖਾ ਵੇਖਣਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਤੂੰ ਆਦਿ ਜੁਗਾਦੀ ਸ਼ਬਦ ਗੁਰੂ ਗੁਰ ਅਵਤਾਰ, ਪੈਗ਼ੰਬਰ ਅਗੰਮ ਅਥਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਖੇਲ ਵੇਖਿਆ ਨਿਰਗੁਣ ਸਰਗੁਣ ਧਾਰ, ਪੰਜ ਤਤ ਤਤ ਵਡਿਆਈਆ । ਨਿਰਅੱਖਰ ਸੰਦੇਸ਼ਾ ਦੇਂਦਾ ਰਿਹੋਂ ਅਕਸ਼ਰ ਜਗਤ ਉਚਾਰ, ਸਿਫ਼ਤ ਸਿਫ਼ਤੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਸਾਚੇ ਮੰਗ ਮੰਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਤੇਰਾ ਚਾਰ ਜੁਗ ਦਾ ਤੱਕਿਆ ਸਮਾਜ, ਚਾਰ ਵਰਨ ਦੇਣਾ ਗਵਾਈਆ । ਤੇਰੇ ਨਾਮ ਕਲਮੇ ਦੀ ਸੁਣੀ ਆਵਾਜ਼, ਹੁਕਮ ਅਗੰਮ ਅਥਾਹੀਆ । ਦ੍ਰਿਸ਼ਟੀ ਅੰਦਰ ਗਏ ਜਾਗ, ਸੁਰਤੀ ਸ਼ਬਦ ਨਾਲ ਮਿਲਾਈਆ । ਖੇਲ ਦੱਸ ਕੇ ਆਏ ਦੀਨ ਮਜ਼੍ਹਬ ਦੀ ਯਾਦ, ਮਾਨਵ ਮਾਨੁਖ ਮਾਨੁਸ਼ ਵੰਡ ਵੰਡਾਈਆ । ਧਰਨੀ ਧਰਤ ਧਵਲ ਧੌਲ ਖੇੜਾ ਕਰਕੇ ਆਏ ਆਬਾਦ, ਬੇਪਰਵਾਹ ਦਰ ਤੇਰੇ ਸੀਸ ਝੁਕਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਪਾਰਸੀ ਬੋਧੀ ਜੈਨੀ ਅਨਿਨ ਤੇਰੇ ਨਾਮ ਦਾ ਦੱਸਿਆ ਰਿਵਾਜ਼, ਰਹਿਬਰ ਰਾਹ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭੂ ਤੇਰੀ ਦੱਸੀ ਧਰਮ ਧਾਰ ਦੀ ਰੀਤੀ, ਜੁਗ ਜੁਗ ਰਾਹ ਚਲਾਈਆ । ਖੇਲ ਖਿਲਾ ਕੇ ਮੰਦਰ ਮਸੀਤੀ, ਸ਼ਿਵਦਵਾਲੇ ਮੱਠਾਂ ਰੰਗ ਰੰਗਾਈਆ । ਆਤਮ ਧਾਰ ਦੱਸ ਪ੍ਰੀਤੀ, ਪਰਮਾਤਮ ਆਏ ਸੁਣਾਈਆ । ਸਤਿ ਸਚ ਜਣਾ ਕੇ ਨੀਤੀ, ਨਿਰਗੁਣ ਨਿਰਵੈਰ ਦਿਤਾ ਦ੍ਰਿੜਾਈਆ । ਸਾਢੇ ਤਿੰਨ ਹੱਥ ਕਾਇਆ ਚਾੜ੍ਹ ਰੰਗ ਮਜੀਠੀ, ਦੁਰਮਤ ਮੈਲ ਧਵਾਈਆ । ਵਿਚ ਸ਼ਰਅ ਦੀ ਰੱਖ ਕੇ ਲੀਕੀ, ਰਸਤਾ ਵੱਖ ਵੱਖ ਬਦਲਾਈਆ । ਕਲਮਾ ਨਾਮ ਦੱਸ ਹਦੀਸੀ, ਹਜ਼ਰਤ ਹਜ਼ੂਰ ਕਰੀ ਪੜ੍ਹਾਈਆ ।

੮੩੮ ੨੨

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਸਾਚਾ ਵਰ, ਮਿਹਰਵਾਨ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੈਗੰਬਰ ਕਹਿਣ ਸਾਡੇ ਸੀਸ ਪ੍ਰਭੂ ਪ੍ਰਭ ਝੁਕਦੇ, ਕਦੀਮ ਦੇ ਮਾਲਕ ਕਦਮ ਧਿਆਨ ਲਗਾਈਆ । ਸਾਡੇ ਅੰਤਮ ਪੈਂਡੇ ਮੁਕਦੇ, ਕਲਜੁਗ ਸਦੀ ਚੌਧਵੀਂ ਦਏ ਗਵਾਹੀਆ । ਅਸੀਂ ਸਾਰੇ ਵਣਜਾਰੇ ਬਣੀਏ ਤੇਰੀ ਨਾਮ ਤੁਕ ਦੇ, ਇਕੋ ਸ਼ਬਦ ਹੋਏ ਸ਼ਨਵਾਈਆ । ਜ਼ਾਤ ਪਾਤ ਦੀਨ ਮਜ਼੍ਹਬ ਭੇਦ ਭਾਉ ਮਿਟਾ ਦੇ ਮਨੁਖ ਦੇ, ਮਾਨਵ ਆਪਣੇ ਰੰਗ ਰੰਗਾਈਆ । ਝਗੜੇ ਰਹਿਣ ਨਾ ਸ਼ਰਅ ਵਾਲੀ ਦੁੱਖ ਦੇ, ਛੁਰੀ ਹੱਥ ਨਾ ਕੋਇ ਉਠਾਈਆ । ਆਤਮ ਪਰਮਾਤਮ ਸਭ ਨੂੰ ਸਾਚਾ ਸੁਖ ਦੇ, ਗ੍ਰਿਹ ਮੰਦਰ ਕਰ ਰੁਸ਼ਨਾਈਆ । ਅੰਤ ਅਖ਼ੀਰ ਬੇਨਜ਼ੀਰ ਦਰ ਠਾਂਡੇ ਤੇਰੇ ਪੁਛਦੇ, ਗਲ ਪਲੂ ਵਾਸਤਾ ਪਾਈਆ । ਜੇ ਤੂੰ ਗੋਬਿੰਦ ਨਾਲ ਨਾਤੇ ਜੋੜੇ ਪਿਤਾ ਪੁਤ ਦੇ, ਪੂਤ ਸਪੂਤੇ ਗੁਰਮੁਖ ਗੋਦ ਉਠਾਈਆ । ਕਲਜੁਗ ਵਾਲੀ ਅੰਤਮ ਜੜ੍ਹ ਪੁੱਟ ਦੇ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਸਾਚਾ ਧਰਨੀ ਧਰਤ ਧਵਲ ਦੀ ਗੋਦੀ ਸੁੱਟ ਦੇ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਪੜਦੇ ਓਹਲੇ ਰਹਿਣ ਨਾ ਲੁਕ ਦੇ, ਅਨਭਵ ਲੇਖਾ ਦੇਣਾ ਜਣਾਈਆ । ਲਹਿਣੇ ਮੁਕ ਜਾਣ ਮਾਤ ਗਰਭ ਉਲਟੇ ਰੁੱਖ ਦੇ, ਦਸ ਦਸ ਮਾਸ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਦਰ ਤੇਰੇ ਸੱਯਦਾ ਸੀਸ ਝੁਕਾਈਆ । ਅਵਤਾਰ ਪੈਗੰਬਰ ਗੁਰ ਕਹਿਣ ਕਲਜੁਗ ਮੇਟ ਦੇ ਕੂੜ ਪਸਾਰਾ, ਕਿਰਿਆ ਰਹਿਣ ਕੋਇ ਨਾ ਪਾਈਆ । ਸਤਿਜੁਗ ਤੇਰਾ ਸਤਿ ਹੋਵੇ ਵਰਤਾਰਾ, ਸਤਿ ਪੁਰਖ ਨਿਰੰਜਣ ਹੋਣਾ ਸਹਾਈਆ । ਚਾਰ ਵਰਨ ਅਠਾਰਾਂ ਬਰਨ ਬਖ਼ਸ਼ ਇਕ ਦਵਾਰਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਨੌ ਖੰਡ ਪ੍ਰਿਥਮੀ ਤੇਰੀ ਸ਼ਰਅ ਤੋਂ ਹੋਏ ਕੋਇ ਨਾ ਬਾਹਰਾ, ਹਿੰਦੂ ਮੁਸਲਿਮ ਸਿੱਖ ਈਸਾਈ ਇਕੋ ਰੰਗ ਰੰਗਾਈਆ । ਤੂੰ ਪਾਰਬ੍ਰਹਮ ਪਤਿਪਰਮੇਸ਼ਵਰ ਏਕੰਕਾਰਾ ਇਕ ਇਕੱਲਾ ਨੂਰ ਅਲਾਹੀਆ । ਸਤਿ ਧਰਮ ਦੀ ਸਾਚੀ ਬੰਨ੍ਹ ਦੇ ਧਾਰਾ, ਸਤਿਜੁਗ ਸਚ ਦੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਵੇਖ ਵਖਾਈਆ । ਗੁਰ ਅਵਤਾਰ ਪੈਗੰਬਰ ਕਹਿਣ ਪ੍ਰਭੂ ਮਾਨਵ ਜ਼ਾਤੀ ਬਖ਼ਸ਼ ਆਪਣੀ ਲਗਨ, ਅੰਤਰ ਆਤਮ ਪ੍ਰੇਮ ਬਣਾਈਆ । ਸ਼ਬਦੀ ਧਾਰ ਕਰ ਮਗਨ, ਸੋਈ ਸੁਰਤੀ ਆਪ ਉਠਾਈਆ । ਤ੍ਰੈਗੁਣ ਮਾਇਆ ਵਿਚ ਮੂਲ ਨਾ ਦਗਣ, ਅਗਨੀ ਤਤ ਦੇਣਾ ਬੁਝਾਈਆ । ਸਚ ਪ੍ਰੇਮ ਦੀ ਚਾੜ੍ਹ ਕੇ ਰੰਗਣ, ਦੁਰਮਤ ਮੈਲ ਦੇਣੀ ਧਵਾਈਆ । ਇਕੋ ਤੇਰੇ ਦਰ ਤੇ ਹੋਵੇ ਬੰਦਨ, ਦੂਸਰ ਸੀਸ ਨਾ ਕੋਇ ਝੁਕਾਈਆ । ਲੋਕਮਾਤ ਤਨ ਵਜੂਦ ਜਗਤ ਵਿਵਹਾਰੀ ਜੋ ਹੋਵੇ ਸਗਣ, ਸਗਲੇ ਸਵਾਮੀ ਤੇਰੇ ਚਰਨ ਚਰਨ ਸਰਨਾਈਆ । ਨਾਤਾ ਹੋਵੇ ਮਾਟੀ ਬਦਨ, ਵਜੂਦ ਮਹਿਬੂਬ ਦੇਣਾ ਸਮਝਾਈਆ । ਤੂੰ ਮਾਲਕ ਖ਼ਾਲਕ ਕਰਨਾ ਅਦਲ, ਇਨਸਾਫ਼ ਇਕ ਦ੍ਰਿੜਾਈਆ । ਪਿਛਲੀ ਚਾਰ ਜੁਗ ਦੀ ਮਰਿਆਦਾ ਦੇ ਬਦਲ, ਤਬਦੀਲੀ ਸ਼ਬਦ ਗੁਰੂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਅਵਤਾਰ ਪੈਗੰਬਰ ਗੁਰ ਕਹਿਣ ਪ੍ਰਭੂ ਜਿਨ੍ਹਾਂ ਭਗਤਾਂ ਤੇਰੇ ਉਪਰ ਹੋਵੇ ਨਿਸਚਾ, ਨਿਹਚਲ ਧਾਮ ਦੇਣੀ ਵਡਿਆਈਆ । ਰੂਪ ਬਣਾਉਣਾ ਧਰਮ ਦੇ ਸਿੱਖ ਦਾ, ਸਿਖਿਆ ਸ਼ਬਦ ਨਾਮ ਦ੍ਰਿੜਾਈਆ । ਇਸ਼ਟ ਦ੍ਰਿੜਾਉਣਾ ਪੁਰਖ ਅਕਾਲ ਇਕ ਦਾ, ਏਕੰਕਾਰ ਪੜਦਾ ਆਪ ਚੁਕਾਈਆ । ਮਾਣ ਬਖ਼ਸ਼ਣਾ ਮਾਤ ਪਿਤ ਦਾ, ਪਿਤਾ ਪੂਤ ਗੋਦ ਉਠਾਈਆ । ਜੋ ਤੇਰੇ ਦਵਾਰੇ ਹੋਵੇ ਵਿਕਦਾ, ਕੀਮਤ

ਕਰਤੇ ਲੈਣੀ ਪਾਈਆ । ਉਨ੍ਹਾਂ ਦਾ ਮੇਲ ਹੋਵੇ ਨਿਤ ਦਾ, ਆਤਮ ਪਰਮਾਤਮ ਮੇਲਾ ਮੇਲਣਾ ਸਹਿਜ ਸੁਭਾਈਆ । ਅੰਤਰ ਵਿਕਾਰ ਰਹੇ ਨਾ ਵਿਖ ਦਾ, ਕੂੜ ਕੁੜਿਆਰ ਦੇਣਾ ਕਢਾਈਆ । ਜੀਵਣ ਸਮਝਾਉਣਾ ਆਪਣੇ ਭਵਿਖ ਦਾ, ਪੜਦਾ ਭਵਿਸ਼ ਵਿਚੋਂ ਉਠਾਈਆ । ਤੁਧ ਬਿਨ ਦੂਜਾ ਦੀਨ ਦੁਨੀ ਨਾ ਕੋਇ ਨਜਿੱਠਦਾ, ਮਾਰਗ ਇਕ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਸਰਨਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭੂ ਸਾਡੀ ਅਰਦਾਸ, ਬੇਨੰਤੀ ਇਕ ਦ੍ਰਿੜਾਈਆ । ਤੇਰੀ ਸਿਖਿਆ ਤੇਰੇ ਪਾਸ, ਜੁਗ ਜੁਗ ਭਗਤਾਂ ਆਪ ਵਰਤਾਈਆ । ਕਲਜੁਗ ਅੰਤਮ ਨਿਰਗੁਣ ਜੋਤ ਕਰ ਪ੍ਰਕਾਸ਼, ਸ਼ਬਦ ਦਮਾਮਾ ਡੰਕ ਵਜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦੀਨ ਦੁਨੀ ਕਰ ਖੁਲਾਸ, ਬੰਧਨ ਸ਼ਰਅ ਵਾਲੇ ਤੁੜਾਈਆ । ਸਚ ਪ੍ਰੀਤੀ ਦੱਸਦੇ ਆਪ, ਆਪ ਆਪਣਾ ਭੇਵ ਖੁਲ੍ਹਾਈਆ । ਬੰਦ ਕਿਵਾੜੀ ਖੋਲ੍ਹ ਤਾਕ, ਨਿਜ ਨੇਤਰ ਨੈਣ ਕਰ ਰੁਸ਼ਨਾਈਆ । ਜਿਨ੍ਹਾਂ ਗੁਰਮੁਖਾਂ ਨਾਲ ਬਾਹਰੋਂ ਤਨ ਨਾਲ ਤਨ ਦਾ ਬਣਾਵੇਂ ਸਾਕ, ਅੰਦਰੋਂ ਆਤਮ ਪਰਮਾਤਮ ਆਪਣੇ ਨਾਲ ਲੈਣੀ ਜੁੜਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭੂ ਸਾਨੂੰ ਤੇਰੇ ਉਤੇ ਵਿਸ਼ਵਾਸ਼, ਵਿਸ਼ਵ ਦਾ ਲੇਖਾ ਤੇਰੇ ਹੱਥ ਨਜ਼ਰੀ ਆਈਆ । ਤੇਰੀ ਮਰਿਆਦਾ ਚਾਰ ਜੁਗ ਦੇ ਸ਼ਾਸਤਰ ਸਮਝ ਸਕੇ ਨਾ ਕੋਇ ਕਿਤਾਬ, ਅੱਖਰ ਅੱਖਰਾਂ ਵਿਚੋਂ ਭੇਵ ਨਾ ਕੋਇ ਖੁਲ੍ਹਾਈਆ । ਤੂੰ ਆਦਿ ਅੰਤ ਦਾ ਜੁਗਾ ਜੁਗੰਤ ਦਾ ਮਾਲਕ ਇਕ ਮਹਾਰਾਜ, ਮਿਹਰਵਾਨ ਧੁਰਦਰਗਾਹੀਆ । ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਸਾਚਾ ਇਕ ਆਦਾਬ, ਅਦਬ ਨਾਲ ਸੱਯਦਾ ਸੀਸ ਝੁਕਾਈਆ । ਸਤਿ ਧਰਮ ਸਤਿਜੁਗ ਸਾਚੇ ਤੇਰਾ ਇਕੋ ਹੁਕਮ ਹੋਵੇ ਵਾਹਿਦ, ਵਾਹਿਦ ਤੇਰੇ ਹੱਥ ਵਡਿਆਈਆ । ਦੀਨ ਦੁਨੀ ਦਾ ਆਤਮ ਪਰਮਾਤਮ ਬਣਨਾ ਗਾਈਡ, ਗਾਡ ਗੁਡ ਦਰ ਤੇਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਸਰਨ ਸਰਨਾਈ ਪੁਰਖ ਅਕਾਲ ਤੇਰੀ ਜਾਏ ਲਾਗ, ਦੀਨ ਦਿਆਲ ਲਗ ਮਾਤਰ ਦਾ ਡੇਰਾ ਦੇਣਾ ਢਾਹੀਆ ।

### ✪ ੨ ਮੱਘਰ ਸ਼ਹਿਨਸ਼ਾਹੀ ਸੰਮਤ ੬ ਨੰਬਰਦਾਰ ਪ੍ਰੀਤਮ ਸਿੰਘ ਦੇ ਘਰ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਜਨ ਭਗਤ ਕਹਿਣ ਅਸੀਂ ਜੁਗ ਜੁਗ ਦੇ ਪਾਂਧੀ, ਮੁਸਾਫ਼ਰ ਦੀਨ ਦੁਨੀ ਜਗਤ ਲੋਕਾਈਆ । ਧਰਨੀ ਧਰਤ ਧਵਲ ਧੌਲ ਜਗਤ ਵਿਕਾਰ ਤਕਦੇ ਰਹੇ ਆਂਧੀ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਧਿਆਨ ਲਗਾਈਆ । ਸਾਢੇ ਤਿੰਨ ਹੱਥ ਤਪਦੀ ਤਕਦੇ ਰਹੇ ਹਾਂਡੀ, ਕਲਪਣਾ ਵਿਚ ਮਾਤ ਕੁਰਲਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਖੇਲ ਵੇਖਦੇ ਰਹੇ ਸਵਾਂਗੀ, ਅਕਲ ਕਲਧਾਰੀ ਕੀ ਆਪਣੀ ਕਲ ਵਰਤਾਈਆ । ਜੀਵਾਂ ਜੰਤਾਂ ਅੰਤਰ ਧਾਰ ਤਕਦੇ ਰਹੇ ਕੀ ਕੀ ਗੁਣ ਗਾਂਦੀ, ਸਿਫ਼ਤੀ ਸਿਫ਼ਤਾਂ ਵਿਚ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਰੰਗ ਰੰਗਾਈਆ । ਜਨ ਭਗਤ ਕਹਿਣ ਤਕਦੇ ਰਹੇ ਜਗਤ ਜਹਾਨਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਸ ਵਟਾਈਆ । ਸਾਹਿਬ ਸਤਿਗੁਰ ਦਾ ਗਾਉਂਦੇ ਰਹੇ ਤਰਾਨਾ, ਤੁਰੀਆ ਤੋਂ ਬਾਹਰ ਸਿਫ਼ਤ ਸਾਲਾਹੀਆ । ਨਾਦ ਵਜਾਉਂਦੇ ਰਹੇ ਅਗੰਮੀ ਧੁਨਕਾਨਾ,

ਅਨਰਾਗੀ ਰੂਪ ਪਰਗਟਾਈਆ । ਇਸ਼ਟ ਮੰਨਦੇ ਰਹੇ ਸ੍ਰੀ ਭਗਵਾਨਾ, ਦੂਸਰ ਸੀਸ ਨਾ ਕੋਇ ਨਿਵਾਈਆ । ਨਾਮ ਪ੍ਰੇਮ ਦਾ ਤਕਦੇ ਰਹੇ ਪੈਮਾਨਾ, ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਗੜ੍ਹ ਹੰਕਾਰ ਤੋੜਦੇ ਰਹੇ ਅਭਿਮਾਨਾ, ਮਨ ਮਤ ਦਾ ਡੇਰਾ ਢਾਹੀਆ । ਸਾਹਿਬ ਸਵਾਮੀ ਦਾ ਤਕਦੇ ਰਹੇ ਨਿਸ਼ਾਨਾ, ਨਿਸ਼ਾਵਰ ਆਪਣਾ ਆਪ ਕਰਾਈਆ । ਪ੍ਰਭ ਕਿਰਪਾ ਨਾਲ ਸਮਝਿਆ ਨਾ ਕੋਇ ਬੇਗਾਨਾ, ਬੇਗ਼ਮ ਹੋ ਕੇ ਇਕੋ ਧਿਆਨ ਲਗਾਈਆ । ਬਿਨਾ ਸ਼ਮਾਂ ਤੋਂ ਭਗਤੀ ਦਾ ਬਣ ਪਰਵਾਨਾ, ਆਪਾ ਭਗਵਨ ਉਤੋਂ ਵਾਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੱਜਣ ਮੀਤ ਇਕ ਅਖਵਾਈਆ । ਜਨ ਭਗਤ ਕਹਿਣ ਜੁਗ ਜੁਗ ਤੱਕਿਆ ਖੇਲ ਤਖ਼ਤ ਨਿਵਾਸੀ ਸ੍ਰੀ ਭਗਵਾਨਾ, ਨਿਵਾਸ ਅਸਥਾਨ ਭੋਗ ਲਗਾਈਆ । ਨੂਰ ਜ਼ਹੂਰ ਤਕ ਸ਼ਾਹ ਸੁਲਤਾਨਾ, ਹੁਕਮ ਸੰਦੇਸ਼ਾ ਮੰਨਿਆ ਚਾਈਂ ਚਾਈਂਆ । ਨਿਉਂ ਨਿਉਂ ਕਰਦੇ ਰਹੇ ਪਰਨਾਮਾ, ਪਰਮ ਪੁਰਖ ਧੂੜੀ ਖ਼ਾਕ ਰਮਾਈਆ । ਝਟ ਪਾਸਾ ਪਰਤ ਕੇ ਕਹੇ ਨਾਮਾ, ਨਾਮਦੇਵ ਦ੍ਰਿੜਾਈਆ । ਪ੍ਰਭੂ ਮੇਰੇ ਘਰ ਦਾ ਬਣਿਆ ਰਿਹਾ ਕਾਮਾ, ਧੰਨਾ ਤਾਲੀ ਰਿਹਾ ਵਜਾਈਆ । ਮੈਂ ਵੀ ਫੜ ਖਵਾਇਆ ਖਾਣਾ, ਉਲਟੀ ਧਾਰ ਬਣਾਈਆ । ਕਬੀਰ ਕਹੇ ਮੈਂ ਕਰਾ ਦਿਤਾ ਇਸ਼ਨਾਨਾ, ਗੰਗਾ ਨੀਰ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਜਨ ਭਗਤ ਕਹਿਣ ਅਸੀਂ ਦੱਸੀਏ ਜਨ ਭਗਤਾਂ, ਕਲਜੁਗ ਅੰਤ ਅੰਤ ਸੁਣਾਈਆ । ਸਭ ਦੀਆਂ ਪੂਰੀਆਂ ਹੁੰਦੀਆਂ ਵੇਖੋ ਸ਼ਰਤਾਂ, ਸ਼ਰਅ ਜ਼ੰਜੀਰ ਰਹੇ ਨਾ ਰਾਈਆ । ਨਿਗਹ ਮਾਰ ਲਉ ਜਗਤ ਚੁਤਰਫ਼ਾ, ਹਿੱਸਾ ਵੰਡ ਨਾ ਕੋਇ ਵੰਡਾਈਆ । ਰਹਿਣ ਦੇਣਾ ਨਹੀਂ ਕੋਈ ਤਫਰਕਾ, ਫਿਰਕਾਪ੍ਰਸਤੀ ਦੇਣੀ ਗਵਾਈਆ । ਹੁਕਮ ਵਰਤਣਾ ਨਰਾਇਣ ਨਰ ਦਾ, ਹਰਿ ਕਰਤਾ ਆਪ ਸੁਣਾਈਆ । ਜੋ ਮਾਲਕ ਘਰ ਘਰ ਦਾ, ਗ੍ਰਿਹ ਮੰਦਰ ਸੋਭਾ ਪਾਈਆ । ਗੁਰਮੁਖ ਸੰਤ ਸੁਹੇਲੇ ਫੜਦਾ, ਮਾਤਲੋਕ ਸੁੱਤਿਆਂ ਲਏ ਉਠਾਈਆ । ਸਚ ਪ੍ਰੀਤੀ ਆਪੇ ਕਰਦਾ, ਪ੍ਰੀਤਮ ਹੋ ਕੇ ਪ੍ਰੀਤਮ ਸਿੰਘ ਨਾਲ ਮਿਲਾਈਆ । ਤੰਦਲ ਸੁਦਾਮੇ ਵਾਲੇ ਚੱਬਦਾ, ਭਗਵਨ ਆਪਣੀ ਖ਼ੁਸ਼ੀ ਬਣਾਈਆ । ਪਿਛਲਾ ਸਮਾਂ ਗਿਆ ਲੰਘਦਾ, ਆਪਣਾ ਪੰਧ ਚੁਕਾਈਆ । ਅੱਗੇ ਖੇਲ ਵੇਖੋ ਅਨੰਦ ਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਿਸ ਦਾ ਖੇਲ ਅਗੰਮੀ ਨੂਰੀ ਚੰਦ ਦਾ, ਨੂਰ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਆਰ ਬਖ਼ਸ਼ੇ ਆਪਣੇ ਨਾਮ ਅਗੰਮੀ ਛੰਦ ਦਾ, ਛੰਦ ਆਪਣਾ ਆਪ ਦ੍ਰਿੜਾਈਆ ।

### ✪ ੫ ਮੱਘਰ ਸ਼ਹਿਨਸ਼ਾਹੀ ਸੰਮਤ ੬ ਅਜੀਤ ਦੇ ਘਰ ਬਟਾਲਾ ਸ਼ਹਿਰ ✪

ਕਲਜੁਗ ਕਹੇ ਮੈਂ ਤੱਕਿਆ ਸ਼ਾਹ ਸੁਲਤਾਨਾ, ਹਰਿ ਕਰਤਾ ਧੁਰਦਰਗਾਹੀਆ । ਜੋ ਆਦਿ ਜੁਗਾਦੀ ਰਾਮ ਰਾਮਾ, ਨਿਰਗੁਣ ਨਿਰਵੈਰ ਨਿਰਾਕਾਰ ਅਗੰਮ ਅਥਾਹੀਆ । ਖੇਲ ਜਾਣਿਆ ਅਗੰਮੜੇ ਕਾਹਨਾ, ਜੋ ਨਿਤ ਨਵਿਤ ਲੱਖ ਚੁਰਾਸੀ ਆਤਮ ਪਰਮਾਤਮ ਗੋਪੀ ਆਪ ਪਰਨਾਈਆ । ਨੂਰ ਨੁਰਾਨਾ ਨੌਜਵਾਨਾ ਤੱਕਿਆ ਵਡ ਅਮਾਮਾ, ਜੋ ਅਮਲਾਂ ਤੋਂ ਰਹਿਤ ਸੋਭਾ ਪਾਈਆ । ਸ਼ਬਦ ਅਗੰਮੀ ਨਾਦ ਸੁਣਿਆ ਧੁਰ ਕਲਾਮਾ, ਕਲਮਿਉਂ ਬਾਹਰ ਪੜ੍ਹਾਈਆ ।

੮੪੦
੨੨

ਪਾਰਬ੍ਰਹਮ ਪਤਿਪਰਮੇਸ਼ਵਰ ਖੇਲ ਕਰੇ ਦੋ ਜਹਾਨਾਂ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਹੁਕਮ ਵਰਤਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਵਰਤੇ ਆਪਣਾ ਭਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਸਤਿ ਸਤਿਵਾਦੀ ਬਣ ਕੇ ਰਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ । ਕਲਜੁਗ ਕਹੇ ਮੈਂ ਤੱਕਿਆ ਸਾਹਿਬ ਸ੍ਰੀ ਭਗਵੰਤ, ਹਰਿ ਭਗਵਨ ਧੁਰਦਰਗਾਹੀਆ । ਸਤਿ ਸਤਿਵਾਦੀ ਸੁਣਿਆ ਮੰਤ, ਮੰਤਰ ਅਗੰਮ ਅਥਾਹੀਆ । ਜੋ ਦੋ ਜਹਾਨਾਂ ਬਣਿਆ ਕੰਤ, ਕੰਤੂਹਲ ਇਕ ਅਖਵਾਈਆ । ਜਿਸ ਨੂੰ ਲੱਭਦੇ ਆਦਿ ਜੁਗਾਦੀ ਜੁਗ ਚੌਕੜੀ ਸੰਤ, ਸੂਫ਼ੀ ਸਫ਼ਿਆਂ ਵਿਚੋਂ ਫੋਲ ਫੁਲਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਬਣਾਏ ਆਪਣੀ ਬਣਤ, ਘੜਨ ਭੰਨਣਹਾਰ ਆਪਣੀ ਬਣਤ ਬਣਾਈਆ । ਲੱਖ ਚੁਰਾਸੀ ਵੇਖੇ ਜੀਵ ਜੰਤ, ਸਾਧ ਸੰਤ ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਸਹਿਜ ਸੁਖਦਾਈਆ । ਕਲਜੁਗ ਕਹੇ ਮੈਂ ਤੱਕਿਆ ਪੁਰਖ ਅਕਾਲੇ ਕੋਲ ਬਿਨ ਅੱਖਰਾਂ ਅਗੰਮੀ ਫ਼ਰਦ, ਬਿਨ ਸਤਰਾਂ ਸੋਭਾ ਪਾਈਆ । ਜਿਸ ਦਾ ਲੇਖਾ ਜਾਣੇ ਕੋਈ ਨਾ ਛੁਰੀ ਕਰਦ, ਖੜਗ ਧਾਰ ਨਾ ਕੋਇ ਜਣਾਈਆ । ਗ਼ਰੀਬ ਨਿਮਾਣਿਆਂ ਵੰਡੇ ਕੋਇ ਨਾ ਦਰਦ, ਦੁਖੀਆਂ ਦੁੱਖ ਨਾ ਕੋਇ ਗਵਾਈਆ । ਆਤਮ ਪਰਮਾਤਮ ਮਿਲਣ ਦੀ ਸਮਝੇ ਕੋਇ ਨਾ ਗ਼ਰਜ਼, ਮਮਤਾ ਕੂੜ ਭਰੀ ਲੋਕਾਈਆ । ਸੰਦੇਸ਼ਾ ਨਾਮ ਦੇਵੇ ਕੋਇ ਨਾ ਗਰਜ, ਜੈਕਾਰਾ ਅਲੱਖ ਨਾ ਕੋਇ ਸੁਣਾਈਆ । ਸਦੀ ਚੌਧਵੀਂ ਮੇਟੇ ਕੋਇ ਨਾ ਅੰਧੇਰਾ ਗਰਦ, ਧੂੰਆਂਧਾਰ ਹੋਈ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਗ੍ਰਿਹ ਸਚ ਤੇਰੀ ਵਡਿਆਈਆ । ਕਲਜੁਗ ਕਹੇ ਮੈਂ ਤੱਕਿਆ ਭਗਤ ਭਗਵਾਨ ਦਾ ਰਿਸ਼ਤਾ, ਬਿਨ ਅੱਖਾਂ ਅੱਖ ਉਠਾਈਆ । ਜਿਥੇ ਪੱਕਾ ਹੋਇਆ ਨਿਸਚਾ, ਨਿਹਚਲ ਧਾਮ ਧਿਆਨ ਲਗਾਈਆ । ਉਥੇ ਸੀਸ ਝੁਕਾਵੇ ਜ਼ਬਰਾਈਲ ਫ਼ਰਿਸ਼ਤਾ, ਨਿਉਂ ਨਿਉਂ ਲਾਗੇ ਪਾਈਆ । ਝਗੜਾ ਰਹੇ ਨਾ ਨਰਕ ਸਵਰਗ ਬਹਿਸ਼ਤਾ, ਦਰਗਹ ਸਚ ਸਚ ਸਮਾਈਆ । ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਲੇਖ ਆਪੇ ਲਿਖਦਾ, ਕਾਤਬ ਹੋ ਕੇ ਕਲਮ ਚਲਾਈਆ । ਪੂਰਬ ਲਹਿਣਾ ਜਾਣੇ ਕਿਸ ਕਿਸ ਦਾ, ਨਵ ਸੱਤ ਪੂਰਾ ਦਏ ਕਰਾਈਆ । ਨਾਤਾ ਸਮਝਾ ਕੇ ਸਤਿਗੁਰ ਸਿੱਖ ਦਾ, ਸਿੱਖ ਸਤਿਗੁਰ ਵਿਚ ਸਮਾਈਆ । ਇਸ਼ਟ ਦ੍ਰਿੜਾ ਕੇ ਏਕੰਕਾਰ ਇਕ ਦਾ, ਇਕ ਇਕ ਵਿਚ ਮਿਲਾਈਆ । ਝਗੜਾ ਰਹਿਣ ਨਾ ਦੇਵੇ ਮਨ ਠਗੌਰੀ ਚਿਤ ਦਾ, ਚਿਤਵਨ ਦੀ ਲੋੜ ਰਹੇ ਨਾ ਰਾਈਆ । ਭੇਵ ਖੁਲ੍ਹਾ ਕੇ ਅਬਿਨਾਸ਼ੀ ਅਚੁਤ ਦਾ, ਚੇਤਨ ਸੁਰਤੀ ਦਏ ਕਰਾਈਆ । ਝਗੜਾ ਮੁਕਾ ਕੇ ਕਾਇਆ ਮਾਟੀ ਬੁਤ ਦਾ, ਬੁਤਖ਼ਾਨਿਆਂ ਕਰੇ ਸਫ਼ਾਈਆ । ਜਨ ਭਗਤਾਂ ਵਕਤ ਸੁਹੰਜਣਾ ਕਰੇ ਆਪਣੀ ਰੁਤ ਦਾ, ਰੁਤੜੀ ਆਪਣੇ ਨਾਲ ਮਹਿਕਾਈਆ । ਪਿਆਰ ਬੰਨ੍ਹ ਕੇ ਪਿਤਾ ਪੁਤ ਦਾ, ਪਤਿਪਰਮੇਸ਼ਵਰ ਹੋਏ ਸਹਾਈਆ । ਝਗੜਾ ਮੇਟ ਦੂਈ ਦਵੈਤ ਦੁੱਖ ਦਾ, ਦਲਿੱਦਰ ਹਉਮੇ ਰੋਗ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਦੇਵਣਹਾਰ ਇਕ ਹੋ ਆਈਆ । ਕਲਜੁਗ ਕਹੇ ਮੈਂ ਵੇਖਿਆ ਦੀਨ ਦੁਨੀ ਦਾ ਸਾਗਰ, ਗਹਿਰ ਗੰਭੀਰ ਦਇਆ ਕਮਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਜਨ ਭਗਤਾਂ ਜਨਮ ਕਰਮ ਕਰੇ ਉਜਾਗਰ, ਦੁਰਮਤ ਮੈਲ ਦਰ ਲੁਹਾਈਆ । ਕੋੜ੍ਹਿਆਂ ਕਮਲਿਆਂ ਦਰ ਆਇਆ ਸਰਬ ਨੂੰ ਦੇਵੇ

ਆਦਰ, ਅਦਲ ਇਨਸਾਫ਼ ਆਪਣਾ ਇਕ ਸਮਝਾਈਆ । ਝਗੜਾ ਰਹਿਣ ਨਾ ਦੇਵੇ ਮਕਤੂਲ ਕਾਤਲ, ਕਤਲਗਾਹ ਦਾ ਲੇਖਾ ਦਏ ਮੁਕਾਈਆ । ਸਚ ਦਵਾਰੇ ਆਪਣਾ ਆਦਲ, ਇਨਸਾਫ਼ ਇਕੋ ਇਕ ਵਖਾਈਆ । ਕੋਟਾਂ ਵਿਚੋਂ ਜਨ ਭਗਤ ਆਪਣਾ ਆਪ ਸਾਧਣ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਜਿਹੜੇ ਇਕੋ ਪ੍ਰਭੂ ਨੂੰ ਅਰਾਧਣ, ਰਾਧਾ ਕ੍ਰਿਸ਼ਨ ਦਏ ਸਫ਼ਾਈਆ । ਮੇਲ ਮਿਲੇ ਮੋਹਣ ਮਾਧਵ, ਮਧੁਰ ਧੁਨ ਸ਼ਨਵਾਈਆ । ਕਲਜੁਗ ਕਹੇ ਮੈਨੂੰ ਯਾਦ ਆ ਗਿਆ ਕੀ ਸੰਦੇਸ਼ਾ ਦਿਤਾ ਕ੍ਰਿਸ਼ਨ ਕਾਹਨ ਤ੍ਰੈਲੋਕੀ ਨਾਥ ਯਾਦਵ, ਯਦ ਬੰਸ ਸਮਝਾਈਆ । ਕਲਜੁਗ ਅੰਤਮ ਝਗੜਾ ਪੈਣਾ ਮਨੁਸ਼ ਆਦਮੀ ਆਦਮ, ਆਦਮ ਹੱਵਾ ਨਾ ਕੋਇ ਸਹਾਈਆ । ਕੋਟਾਂ ਵਿਚੋਂ ਵਿਰਲਾ ਰਹੇ ਖ਼ਾਦਮ, ਖ਼ਿਦਮਤਗਾਰ ਹੋ ਕੇ ਸੇਵ ਕਮਾਈਆ । ਗੁਰਮੁਖਾਂ ਵਡੇ ਹੋਣੇ ਭਾਗਣ, ਭਾਗ ਹਿੱਸਾ ਆਪਣੀ ਝੋਲੀ ਪਾਈਆ । ਨਾਮ ਦੀ ਧਾਰ ਜਲਾ ਚਰਾਗ਼ਣ, ਚਰਾਗਾਹਾਂ ਕਰੇ ਰੁਸ਼ਨਾਈਆ । ਭਗਤਾਂ ਪ੍ਰੇਮ ਪ੍ਰੀਤੀ ਅੰਦਰ ਆਵੇ ਸਾਧਣ, ਸਿੱਧ ਮਾਰਗ ਇਕ ਜਣਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਰਾਗ ਅਰਾਧਣ, ਅਵਰ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸ਼ਬਦ ਸਰੂਪੀ ਮਾਰੇ ਅਵਾਜ਼ਣ, ਆਵਾਜ਼ ਰਾਜ਼ ਵਾਲੀ ਆਪ ਦ੍ਰਿੜਾਈਆ ।



### ੬ ਮੱਘਰ ਸ਼ਹਿਨਸ਼ਾਹੀ ਸੰਮਤ ੬ ਸੁਰਜੀਤ ਸਿੰਘ ਦੇ ਘਰ ਬਟਾਲਾ ਸ਼ਹਿਰ

੮੪੨ ੨੨

ਸਤਿਗੁਰ ਸ਼ਬਦ ਕਹੇ ਮੈਂ ਨਿਰਗੁਣ ਧਾਰ ਉਠਾ, ਜਗ ਨੇਤਰ ਜਗਤ ਜਹਾਨ ਨਜ਼ਰ ਨਾ ਆਈਆ । ਸ੍ਰਿਸ਼ਟ ਸਬਾਈ ਨੌਂ ਖੰਡ ਪ੍ਰਿਥਮੀ ਤੁੱਠਾ, ਜਨ ਭਗਤ ਸੁਹੇਲੇ ਲਵਾਂ ਜਗਾਈਆ । ਸੱਤਾਂ ਦੀਪਾਂ ਕੋਨੇ ਕਨਾਰੇ ਵੇਖਾਂ ਗੁੱਠਾਂ, ਸਤਿ ਸਤਿਵਾਦੀ ਹੋ ਕੇ ਧਿਆਨ ਲਗਾਈਆ । ਗੁਰਮੁਖ ਗੁਰਸਿਖ ਹਰਿਜਨ ਪਕੜ ਉਠਾਵੇ ਫੜ ਗੁੱਟਾਂ, ਹਰਿ ਗੋਬਿੰਦ ਗੋਬਿੰਦ ਮੇਲਾ ਸਹਿਜ ਸੁਭਾਈਆ । ਧੁਰ ਦੀ ਕਰਨੀ ਵਾਸਤੇ ਜੁਟਾਂ, ਜੋੜੀ ਜੋਤ ਸ਼ਬਦ ਬਣਾਈਆ । ਕੂੜ ਵਿਕਾਰ ਜਗਤ ਜਹਾਨ ਲੁੱਟਾਂ, ਲੁਟੇਰਾ ਬਣਾਂ ਥਾਉਂ ਥਾਈਂਆ । ਹਉਮੇਂ ਹੰਗਤਾ ਜੜ੍ਹ ਪੁੱਟਾਂ, ਪਿਆਰ ਮੁਹੱਬਤ ਇਕ ਦਰਸਾਈਆ । ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਪੁੱਜਾਂ, ਪੂਜਸ ਧਾਮ ਵੇਖਾਂ ਚਾਈਂ ਚਾਈਆ । ਪੁਰਖ ਅਕਾਲ ਦਾ ਭੇਵ ਖੁਲ੍ਹਾ ਕੇ ਗੁੱਝਾ, ਅੰਦਰੋਂ ਪੜਦਾ ਦਿਆਂ ਚੁਕਾਈਆ । ਧਰਮ ਨਿਸ਼ਾਨਿਉਂ ਮੂਲ ਨਾ ਉਕਾਂ, ਤੀਰਅੰਦਾਜ਼ ਇਕ ਅਖਵਾਈਆ । ਨਿਰਇੱਛਤ ਸਭ ਨੂੰ ਵਖਾਵਾਂ ਰੁੱਕਾ, ਜੋ ਬਿਨ ਅੱਖਰਾਂ ਅਵਤਾਰ ਪੈਗ਼ੰਬਰਾਂ ਗੁਰੂਆਂ ਦਿਤਾ ਦ੍ਰਿੜਾਈਆ । ਜੀਵ ਜੰਤ ਸਾਧ ਸੰਤ ਉਠਾਵਾਂ ਸੁੱਤਾ, ਸੋਇਆ ਰਹਿਣ ਕੋਇ ਨਾ ਪਾਈਆ । ਪਰਗਟ ਹੋ ਅਬਿਨਾਸ਼ੀ ਅਚੁਤਾ, ਚੇਤਨ ਸਭ ਨੂੰ ਦਿਆਂ ਕਰਾਈਆ । ਸਤਿਜੁਗ ਸਾਚੀ ਮੌਲੇ ਰੁਤਾ, ਰੁਤੜੀ ਆਪਣੇ ਨਾਲ ਮਹਿਕਾਈਆ । ਭਾਗ ਲਗਾ ਕੇ ਕਾਇਆ ਬੁਤਾ, ਬੁਤਖ਼ਾਨਿਆਂ ਕਰਾਂ ਸਫ਼ਾਈਆ । ਜਗਤ ਵਿਕਾਰ ਕਰਕੇ ਪੁੱਠਾ, ਉਲਟਾ ਗੇੜ ਦੇਵਾਂ ਭਵਾਈਆ । ਹਰਿਜਨ ਮੂਲ ਰਹੇ ਨਾ ਖੋਟਾ, ਖੋਟਿਉਂ ਖਰੇ ਦਿਆਂ ਬਣਾਈਆ । ਜਿਸ ਕਾਰਨ ਗੋਬਿੰਦ ਵਾਰੇ ਲਖਤੇ ਜਿਗਰ ਟੋਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ । ਕਲਜੁਗ ਕਹੇ ਮੈਨੂੰ ਪ੍ਰਭ ਨੇ ਦਿਤੀ ਥਪਕੀ, ਪ੍ਰੇਮ ਨਾਲ ਵਡਿਆਈਆ । ਤਾਕਤ ਵਖਾ ਆਪਣੇ ਤਪ ਕੀ, ਤਪਸਿਆ ਆਪਣੀ

ਦੇਣੀ ਪਰਗਟਾਈਆ । ਵਡਿਆਈ ਰਹੇ ਨਾ ਕਿਸੇ ਜਪ ਕੀ, ਰਸਨਾ ਜਿਹਵਾ ਹੋਏ ਹਲਕਾਈਆ । ਧਾਰ ਮਿਲੇ ਨਾ ਕਿਸੇ ਕਵਲ ਨਭ ਦੀ, ਅੰਮ੍ਰਿਤ ਰਸ ਨਾ ਕੋਇ ਚੁਆਈਆ । ਬੁੱਧੀ ਵਿਸ਼ੇਸ਼ ਰਹੇ ਨਾ ਸਭ ਦੀ, ਕੂੜ ਕਿਰਿਆ ਵਿਚ ਕੁਰਲਾਈਆ । ਆਤਮ ਪਰਮਾਤਮ ਫਿਰੇ ਲੱਭਦੀ, ਨੇਤਰ ਲੋਚਨ ਨੈਣ ਦਰਸ ਕੋਇ ਨਾ ਪਾਈਆ । ਸਭ ਨੂੰ ਖੇਲ ਦੱਸਦੇ ਅੱਜ ਦੀ, ਆਜਜ਼ ਹੋ ਕੇ ਸੇਵ ਕਮਾਈਆ । ਜਿਹੜੀ ਧਾਰ ਅਵਤਾਰ ਪੈਗ਼ੰਬਰਾਂ ਗੁਰੂਆਂ ਸਭ ਨੂੰ ਰਹੀ ਸੱਦਦੀ, ਸੱਦੇ ਸਭ ਦੇ ਪੂਰ ਕਰਾਈਆ । ਉਹ ਖੇਲ ਵੇਖਣ ਸੂਰੇ ਸਰਬਗ ਦੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪ ਵਖਾਈਆ । ਕਲਜੁਗ ਸਭ ਦੀ ਬੁੱਧੀ ਹੋਵੇ ਕੱਗ ਦੀ, ਬਿਨ ਹਰਿ ਕਿਰਪਾ ਹੰਸ ਬਣਨ ਕੋਇ ਨਾ ਪਾਈਆ । ਤੇਰੀ ਪ੍ਰੇਮ ਚੰਗਿਆਰੀ ਹੋਵੇ ਅੱਗ ਦੀ, ਅਗਨੀ ਤਤ ਦੇਣੀ ਤਪਾਈਆ । ਕਲਪਣਾ ਵੇਖਣੀ ਸਾਰੇ ਜਗ ਦੀ ਸਾਂਤਕ ਸਤਿ ਨਾ ਕੋਇ ਵਖਾਈਆ । ਆਪਣਾ ਨਿਸ਼ਾਨਾ ਇਕੋ ਵਾਰ ਗੱਡ ਲਈਂ, ਚਾਰ ਕੁੰਟ ਦੇਣਾ ਝੁਲਾਈਆ । ਪਰ ਯਾਦ ਰੱਖੀਂ ਪ੍ਰਭੂ ਭਗਤ ਸੁਹੇਲੇ ਛਡ ਲਈਂ, ਦੂਰੋਂ ਨਿਉਂ ਨਿਉਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਠਾਂਡੇ ਹੱਥ ਬੰਨ੍ਹ ਲਈਂ, ਬੰਦਨਾਂ ਵਿਚ ਬੰਧਨ ਬੰਦਗੀ ਬੰਦਿਆਂ ਰਹੇ ਨਾ ਰਾਈਆ ।



### ੬ ਮੱਘਰ ਸ਼ਹਿਨਸ਼ਾਹੀ ਸੰਮਤ ੬ ਬੰਤਾ ਸਿੰਘ ਦੇ ਗ੍ਰਿਹ ਪਿੰਡ ਪੰਜ ਗਰਾਈਆਂ

੮੪੩ ੨੨

ਸਤਿਗੁਰ ਸ਼ਬਦ ਕਹੇ ਖੇਲ ਦੱਸਾਂ ਆਦਿ ਨਿਰੰਜਣ, ਕੀ ਨਿਰਵੈਰ ਖੇਲ ਖਿਲਾਈਆ । ਦਾਤਾ ਬਣੇ ਦਰਦ ਦੁੱਖ ਭੈ ਭੰਜਣ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਜੋਤੀ ਦੀਪਕ ਭਗਤ ਸੁਹੇਲੇ ਜਿਸ ਦੇ ਜਗਣ, ਲੋਕਮਾਤ ਹੋਏ ਰੁਸ਼ਨਾਈਆ । ਉਨ੍ਹਾਂ ਨੇਤਰ ਪਾਵਾਂ ਨਾਮ ਦਾ ਅੰਜਨ, ਅੰਧ ਅਗਿਆਨ ਕੂੜ ਗਵਾਈਆ । ਸਚ ਸਵਾਮੀ ਮੇਲਾ ਸੱਜਣ, ਪੁਰਖ ਅਕਾਲਾ ਧੁਰਦਰਗਾਹੀਆ । ਜੋ ਅੰਦਰ ਬਾਹਰ ਗੁਪਤ ਜ਼ਾਹਰ ਚਾੜ੍ਹੇ ਰੰਗਣ, ਦੁਰਮਤ ਮੈਲ ਦਏ ਧਵਾਈਆ । ਸਭ ਦੀ ਸਾਂਝੀ ਕਰੇ ਬੰਦਨ, ਡੰਡਾਵਤ ਸੱਯਦਾ ਸੀਸ ਜਗਦੀਸ ਇਕ ਸਰਬ ਨਿਵਾਈਆ । ਆਤਮ ਪਰਮਾਤਮ ਰੱਖੇ ਅੰਗਣ, ਪਾਰਬ੍ਰਹਮ ਬ੍ਰਹਮ ਗੋਦੀ ਆਪ ਟਿਕਾਈਆ । ਤੂੰ ਮੇਰਾ ਮੈਂ ਤੇਰਾ ਨਿਰਗੁਣ ਧਾਰ ਸਾਰੇ ਮੰਨਣ, ਸਰਗੁਣ ਸਹਿਜ ਕਰਾਂ ਪੜ੍ਹਾਈਆ । ਕੂੜੀ ਕਿਰਿਆ ਕਰ ਕੇ ਦਮਨ, ਸਤਿ ਸਚ ਫੜਾਈਆ । ਨਵ ਸੱਤ ਕਰਾ ਕੇ ਅਮਨ, ਮਨ ਮਨਸਾ ਮੇਟ ਮਿਟਾਈਆ । ਜਨ ਭਗਤ ਸੁਹੇਲੇ ਬਣਾ ਕੇ ਸਾਚਾ ਚਮਨ, ਪੱਤ ਟਹਿਣੀ ਫੁੱਲ ਮਹਿਕਾਈਆ । ਅੰਮ੍ਰਿਤ ਮੇਘ ਬਰਸਾ ਕੇ ਸਵਣ, ਨਾਭੀ ਕਵਲ ਕਵਲ ਟਪਕਾਈਆ । ਨਾਮ ਅਹੂਤੀ ਪਵਾ ਕੇ ਵਿਚ ਹਵਨ, ਅਗਨੀ ਜੋਤ ਜੋਤ ਰੁਸ਼ਨਾਈਆ । ਲੇਖਾ ਪੂਰਾ ਕਰ ਕੇ ਬਾਵਨ ਬਵਨ, ਬਲਧਾਰੀ ਹੋ ਕੇ ਦਇਆ ਕਮਾਈਆ । ਪ੍ਰਭ ਦਾ ਭੇਵ ਪਾਏ ਕਵਣ, ਗੁਣ ਕੋਇ ਕਹਿ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਰ ਇਕ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਾਂ ਖੇਲ ਅਪਾਰਾ, ਅਪਰੰਪਰ ਸਵਾਮੀ ਨਾਲ ਮਿਲਾਈਆ । ਜੋਤੀ ਨੂਰ ਕਰ ਉਜਿਆਰਾ, ਅੰਧ ਅੰਧਿਆਰਾ ਦੂਰ ਕਰਾਈਆ । ਸ਼ਬਦੀ ਸ਼ਬਦ ਨਾਮ ਜੈਕਾਰਾ, ਲੋਆਂ ਪੁਰੀਆਂ ਬਾਹਰ ਸੁਣਾਈਆ । ਬ੍ਰਹਿਮੰਡਾਂ ਖੰਡਾਂ ਦੇ ਅਧਾਰਾ, ਸਾਂਤਕ ਸਤਿ

ਸਤਿ ਵਰਤਾਈਆ । ਖੇਲ ਖਿਲਾ ਕੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਸੰਬਲ ਦੱਸ ਕੇ ਧਾਮ ਨਿਆਰਾ, ਨਿਰਾਕਾਰ ਦਿਆਂ ਮਿਲਾਈਆ । ਜਿਸ ਦਾ ਸ਼ਬਦ ਰੂਪ ਗੋਬਿੰਦ ਗੋਬਿੰਦ ਦੋਬਾਰਾ, ਹਰਿ ਗੋਬਿੰਦ ਇਕ ਅਖਵਾਈਆ । ਸੋ ਖੇਲ ਖੇਲੇ ਕਲ ਕਲਕੀ ਨਰ ਨਰਾਇਣ ਸੱਚੀ ਸਰਕਾਰਾ, ਸ਼ਾਹ ਪਾਤਸ਼ਾਹ ਅਗੰਮ ਅਥਾਹੀਆ । ਜੋ ਚਾਰ ਵਰਨ ਅਠਾਰਾਂ ਬਰਨ ਮਾਨਵ ਮਾਨੁਖ ਮਾਨਸ ਦਏ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਇਕੋ ਦੱਸ ਨਾਮ ਜੈਕਾਰਾ, ਜੁਗ ਜੁਗ ਦੇ ਝਗੜੇ ਦਏ ਗਵਾਈਆ । ਨੂਰ ਅਲਾਹੀ ਅਲਾਹ ਕਰ ਚਮਤਕਾਰਾ, ਪਰਦਾ ਪਰਦਾਨਸ਼ੀਂ ਦਏ ਚੁਕਾਈਆ । ਸਚ ਸਵਾਮੀ ਹੋ ਕੇ ਜ਼ਾਹਿਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਦਾ ਹੁਕਮ ਵਰਤਣ ਵਾਲਾ ਵਿਚ ਕਾਹਿਰਾ, ਕਹਿਰ ਝੱਲੇ ਜਗਤ ਲੋਕਾਈਆ । ਨੌ ਸੌ ਨੜਿੰਨਵੇ ਮੀਲ ਦਾ ਹੋਏ ਦਾਇਰਾ, ਮਹੀਤ ਵਿਚ ਈਦ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਖਿਲਾਏ ਆਪਣਾ ਗਹਿਰਾ, ਗਹਿਰ ਗੰਭੀਰ ਬੇਨਜ਼ੀਰ ਜਗ ਨੇਤਰ ਨਜ਼ਰ ਕੋਇ ਨਾ ਪਾਈਆ ।

### ੬ ਮੱਘਰ ਸ਼ਹਿਨਸ਼ਾਹੀ ਸੰਮਤ ੬ ਦਰਸ਼ਨ ਸਿੰਘ ਦੇ ਘਰ ਪਿੰਡ ਨਯਾ ਸ਼ਾਲਾ ਜ਼ਿਲਾ ਗੁਰਦਾਸ ਪੁਰ



ਸਤਿਗੁਰ ਸ਼ਬਦ ਕਹੇ ਤੇਈ ਅਵਤਾਰ ਸੁਣੋ ਆਵਾਜ਼ੇ, ਬਿਨ ਰਸਨਾ ਜਿਹਵਾ ਬੱਤੀ ਦੰਦ ਸ਼ਨਵਾਈਆ । ਪੈਗ਼ੰਬਰੋ ਸੁਣੋ ਹੁਕਮ ਧੁਰ ਮਹਿਰਾਬੇ, ਮਹਿਬੂਬ ਮਾਲਕ ਖ਼ਾਲਕ ਰਿਹਾ ਦ੍ਰਿੜਾਈਆ । ਗੁਰੂ ਧਾਰ ਸਮਝ ਲਓ ਰਾਜੇ, ਰਾਜ਼ਕ ਰਿਜ਼ਕ ਰਹੀਮ ਰਿਹਾ ਜਣਾਈਆ । ਨਿਗਾਹ ਮਾਰ ਲਓ ਆਪਣੇ ਆਪਣੇ ਕਾਅਬੇ, ਬੁਤਖ਼ਾਨੇ ਵੇਖ ਵਖਾਈਆ । ਕੀ ਖੇਲ ਹੋਇਆ ਦੀਨ ਦੁਨੀ ਸਮਾਜੇ, ਸਮਝ ਬੁੱਧੀ ਤੋਂ ਪਰੇ ਦੇਣਾ ਦ੍ਰਿੜਾਈਆ । ਕੀ ਹੁਕਮ ਵਰਤਣਾ ਆਗੇ, ਭੇਵ ਅਭੇਦਾ ਦਿਓ ਸਮਝਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਕਿਸ ਬਿਧ ਨੂਰੀ ਜੋਤ ਜਗੇ ਚਰਾਗ਼ੇ, ਚਰਾਗਾਹਾਂ ਥਲ ਅਸਗਾਹ ਹੋਵੇ ਰੁਸ਼ਨਾਈਆ । ਕਿਸ ਬਿਧ ਗੁਰਮੁਖ ਹੰਸ ਬਣਨੇ ਕਾਗੇ, ਕੂੜੀ ਕਿਰਿਆ ਬਾਹਰ ਕਢਾਈਆ । ਕਿਸ ਬਿਧ ਤੰਦ ਸਿਤਾਰ ਵੱਜੇ ਰਬਾਬੇ, ਮਨ ਮਣਕਾ ਦਏ ਭਵਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਦੀ ਆਪਣੇ ਹੱਥ ਪਕੜੇ ਵਾਗੇ, ਦੀਨ ਦੁਨੀ ਇਕੋ ਡੋਰੀ ਤੰਦ ਲਏ ਬੰਧਾਈਆ । ਕੀ ਖੇਲ ਕਰਾਏ ਇਸ਼ਕ ਹਕੀਕੀ ਤੇ ਮਿਜਾਜ਼ੇ, ਮਜ਼ਾ ਕਵਣ ਰਸ ਚਖਾਈਆ । ਕਿਸ ਬਿਧ ਸੱਯਦਾ ਸਲਾਮ ਹੋਵੇ ਆਦਾਬੇ, ਨਮੋ ਨਮਸਤੇ ਕੀ ਵਖਾਈਆ । ਕਿਸ ਬਿਧ ਅੰਤ ਅਖ਼ੀਰ ਕਲਜੁਗ ਨਿਕਲੇ ਜਨਾਜ਼ੇ, ਅਰਥੀ ਜਗਤ ਵਾਲੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਉਪਜਾਈਆ । ਅਵਤਾਰ ਪੈਗ਼ੰਬਰ ਗੁਰ ਚੁਕੋ ਆਪਣਾ ਪੜਦਾ, ਨਕਾਬ ਰਹੇ ਨਾ ਰਾਈਆ । ਪੈਗ਼ੰਬਰ ਭੇਵ ਦੱਸੋ ਆਪਣੇ ਘਰ ਦਾ, ਓਹਲਾ ਅੰਤਰ ਰਹੇ ਨਾ ਰਾਈਆ । ਕਵਣ ਕਲਮਾ ਹਕੀਕੀ ਪੜ੍ਹਦਾ, ਮੰਜ਼ਲ ਚੜ੍ਹੇ ਨੂਰ ਅਲਾਹੀਆ । ਮੁਕਾਮੇ ਹੱਕ ਅਗੰਮੇ ਵੜਦਾ, ਤਨ ਵਜੂਦ ਦਾ ਡੇਰਾ ਢਾਹੀਆ । ਸਚ ਸੰਦੇਸ਼ਾ ਨਰ ਨਰੇਸ਼ਾ ਅਗੰਮੀ ਘੱਲਦਾ, ਸੁਣਾਵੇ ਥਾਈਂ ਥਾਈਆ । ਭੇਵ ਖੋਲ੍ਹੋ ਜਲ ਥਲ ਦਾ, ਮਹੀਅਲ ਰੰਗ ਕਵਣ ਰੰਗਾਈਆ । ਕਿਸ ਬਿਧ ਲਹਿਣਾ ਮੁਕੇ ਘੜੀ ਪਲ ਦਾ, ਕਲਜੁਗ ਅੰਤਮ ਡੇਰਾ

ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਹੇ ਗੁਰੂ ਗੁਰ ਧਾਰ, ਸਤਿਗੁਰੂ ਦਿਓ ਜਣਾਈਆ । ਕੀ ਖੇਲ ਕਰੇ ਕਲਕੀ ਅਵਤਾਰ, ਅਕਲ ਕਲਧਾਰੀ ਆਪਣੀ ਕਲ ਪਰਗਟਾਈਆ । ਲਹਿਣਾ ਦੇਣਾ ਸਭ ਦਾ ਲਓ ਵਿਚਾਰ, ਚਾਰੋਂ ਕੁੰਟ ਧਿਆਨ ਲਗਾਈਆ । ਕਿਸ ਗ੍ਰਹਿ ਮੇਰੀ ਸ਼ਬਦ ਨਾਮ ਧੁਨ ਹੋਵੇ ਧੁਨਕਾਰ, ਅਨਹਦ ਨਾਦੀ ਨਾਮ ਸ਼ਬਦ ਕਵਣ ਸ਼ਨਵਾਈਆ । ਕਿਸ ਮਹੱਲ ਅਟਲ ਚਮਕੇ ਨੂਰ ਜੋਤ ਉਜਿਆਰ, ਅੰਧ ਅੰਧੇਰ ਰਹੇ ਨਾ ਰਾਈਆ । ਕਿਸ ਘਰ ਅੰਦਰ ਰਸ ਮਿਲੇ ਠੰਡਾ ਠਾਰ, ਬੂੰਦ ਸਵਾਂਤੀ ਕਵਲ ਨਾਭ ਚੁਆਈਆ । ਅੰਦਰ ਬਾਹਰ ਗੁਪਤ ਜ਼ਾਹਰ ਸਾਰੇ ਪਾਵੇ ਸਾਰ, ਮਹਾਂਸਾਰਥੀ ਆਪ ਜਣਾਈਆ । ਕਿਸ ਬਿਧ ਸਤਿਗੁਰ ਸ਼ਬਦ ਹੋਵੇ ਜ਼ਾਹਰ, ਜ਼ਾਹਰ ਜ਼ਹੂਰ ਆਪਣਾ ਹੁਕਮ ਵਰਤਾਈਆ । ਜ਼ਾਤ ਪਾਤ ਦੀਨ ਮਜ਼੍ਹਬ ਦੀ ਮੇਟੇ ਖਾਰ, ਕੰਡਾ ਖ਼ਲਕ ਨਾ ਕੋਇ ਚੁਭਾਈਆ । ਮਾਇਆ ਮਮਤਾ ਨਾਤਾ ਕੂੜ ਤੋੜੇ ਵਿਭਚਾਰ, ਦੁਰਾਚਾਰ ਦਾ ਪੰਧ ਮੁਕਾਈਆ । ਸਾਚਾ ਮਾਰਗ ਦੱਸ ਸੱਚੀ ਸਰਕਾਰ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਇਕੋ ਰੰਗ ਰੰਗਾ ਕੇ ਪੁਰਖ ਨਾਰ, ਨਰ ਨਰਾਇਣ ਹੋਏ ਸਹਾਈਆ । ਸਤਿਜੁਗ ਸਾਚਾ ਸਤਿ ਸਤਿ ਵਰਤਾਵੇ ਕਾਰ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣੀ ਕਾਰ ਭੁਗਤਾਈਆ । ਕਿਸ ਬਿਧ ਸਭ ਦੀ ਸਾਂਝੀ ਹੋਵੇ ਨਿਮਸਕਾਰ, ਨਮੋ ਨਮੋ ਸੀਸ ਝੁਕਾਈਆ । ਕਿਸ ਬਿਧ ਆਤਮ ਪਰਮਾਤਮ ਹੋਵੇ ਜੈਕਾਰ, ਜੈ ਜੈਕਾਰ ਕਰੇ ਖ਼ਲਕ ਖ਼ੁਦਾਈਆ । ਖ਼ੁਦ ਮਾਲਕ ਖ਼ਾਲਕ ਪਰਗਟ ਹੋਵੇ ਆਪ ਨਿਰੰਕਾਰ, ਨਿਰਵੈਰ ਆਪਣੀ ਕਲ ਧਰਾਈਆ । ਗੁਰਮੁਖ ਜਨ ਭਗਤ ਸੁਹੇਲੇ ਚੁਰਾਸੀ ਵਿਚੋਂ ਲਏ ਉਠਾਲ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਸੁਤ ਦੁਲਾਰੇ ਬਣਾ ਆਪਣੇ ਲਾਲ, ਲਾਲਨ ਆਪਣੀ ਗੋਦ ਟਿਕਾਈਆ । ਸਾਚਾ ਮਾਰਗ ਦਏ ਸਿਖਾਲ, ਸੁਖਮਨ ਟੇਢੀ ਬੰਕ ਈੜਾ ਪਿੰਗਲ ਪਾਰ ਕਰਾਈਆ । ਅੰਮ੍ਰਿਤ ਰਸ ਅਗੰਮ ਪਿਆਲ, ਜਗਤ ਤ੍ਰਿਸ਼ਨਾ ਭੁੱਖ ਦਏ ਮਿਟਾਈਆ । ਅਨਹਦ ਨਾਦੀ ਵਜਾ ਕੇ ਤਾਲ, ਸੋਈ ਸੁਰਤ ਲਏ ਉਠਾਈਆ । ਕਾਇਆ ਮੰਦਰ ਅੰਦਰ ਦੀਪਕ ਦੀਆ ਜੋਤੀ ਦੇਵੇ ਬਾਲ, ਬਾਲ ਅੰਞਾਣਿਆਂ ਕਰੇ ਰੁਸ਼ਨਾਈਆ । ਸੰਬਲ ਬਹਿ ਕੇ ਕਰੇ ਸੰਭਾਲ, ਸਿਰ ਆਪਣਾ ਹੱਥ ਟਿਕਾਈਆ । ਝਗੜਾ ਮੁਕਾਵੇ ਸ਼ਾਹ ਕੰਗਾਲ, ਭਗਤ ਸੁਹੇਲੇ ਇਕੋ ਦਰ ਦਏ ਵਡਿਆਈਆ । ਚੁਰਾਸੀ ਫਾਸੀ ਵਿਚੋਂ ਕਰ ਬਹਾਲ, ਦਰ ਆਪਣੇ ਲਏ ਟਿਕਾਈਆ । ਮੁਰਸ਼ਦ ਹੋ ਕੇ ਪੁਛੇ ਮੁਰੀਦਾਂ ਹਾਲ, ਗੁਰ ਚੇਲਾ ਆਪਣਾ ਰੰਗ ਰੰਗਾਈਆ । ਝਗੜਾ ਮੇਟੇ ਕਾਲ ਮਹਾਂਕਾਲ, ਕਲ ਕਲਕੀ ਕਾਲਖ ਟਿੱਕੇ ਦਏ ਧਵਾਈਆ । ਸਾਢੇ ਤਿੰਨ ਹੱਥ ਸੁਹਾ ਕੇ ਸੱਚੀ ਧਰਮਸਾਲ, ਧਰਮ ਦਵਾਰਾ ਇਕ ਪਰਗਟਾਈਆ । ਨਾਮ ਭੰਡਾਰਾ ਦੇ ਸੱਚਾ ਧਨ ਮਾਲ, ਕੋਝੇ ਕਮਲੇ ਦਏ ਤਰਾਈਆ । ਜੀਵਣ ਜ਼ਿੰਦਗੀ ਦਾ ਹੱਲ ਕਰੇ ਸਵਾਲ, ਸਵਾਲੀ ਖ਼ਾਲੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੋੜਨਹਾਰਾ ਜੀਵਣ ਜਗਤ ਜੁਗਤ ਜੰਜਾਲ, ਨਿਰਗੁਣ ਹੋ ਕੇ ਆਪਣੀ ਦਇਆ ਕਮਾਈਆ ।

ਸਾਹਿਬ ਸਤਿਗੁਰ ਦਇਆ ਕਮਾਈ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਆਸਾ ਮਨਸਾ ਪੂਰੀ ਕਰੇ ਬਿਰਧ ਮਾਈ, ਜੋ ਬੇਨੰਤੀ ਰਹੀ

੯੪੫
੨੨

ਸੁਣਾਈਆ । ਦਾਤ ਪੁੱਤਰ ਦੀ ਝੋਲੀ ਪਾਈ, ਵਸਤ ਅਗੰਮ ਇਕ ਵਰਤਾਈਆ । ਸਾਢੇ ਛੱਤੀ ਸਾਲ ਖ਼ੁਸ਼ੀਆਂ ਨਾਲ ਲਏ ਲੰਘਾਈ, ਲਾੜੀ ਮੌਤ ਨੇੜ ਕੋਇ ਨਾ ਆਈਆ । ਅੱਗੇ ਸਾਹਿਬ ਦੇ ਹੱਥ ਵਡਿਆਈ, ਜਿਤਨੀ ਚਾਹੇ ਹੋਰ ਦਏ ਭੁਗਤਾਈਆ । ਰਾਏ ਧਰਮ ਨਾ ਦਏ ਸਜ਼ਾਈ, ਚਿਤ੍ਰਗੁਪਤ ਨਾ ਲੇਖ ਲਿਖਾਈਆ । ਜਿਸ ਦਾ ਮਾਲਕ ਹੋਵੇ ਬੇਪਰਵਾਹੀ, ਬੇਪਰਵਾਹ ਆਪੇ ਰੰਗ ਰੰਗਾਈਆ । ਭੈਣਾਂ ਦੀ ਝੋਲੀ ਪਾ ਕੇ ਭਾਈ, ਭਾਈ ਭਾਈਆਂ ਨਾਲ ਮਿਲਾਈਆ । ਏਸ ਜਨਮ ਦੀ ਪਿਤਾ ਨੂੰ ਹੋਵੇ ਵਧਾਈ, ਵਾਧਾ ਕੁਲ ਦੇ ਵਿਚ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਧੁਰਦਰਗਾਹੀਆ ।

### ✪ ੭ ਮੱਘਰ ਸ਼ਹਿਨਸ਼ਾਹੀ ਸੰਮਤ ੬ ਦਰਸ਼ਨ ਸਿੰਘ ਦੇ ਗ੍ਰਿਹ ਪਿੰਡ ਨਯਾ ਸ਼ਾਲਾ ਜ਼ਿਲਾ ਗੁਰਦਾਸ ਪੁਰ ✪

ਹੁਕਮ ਹਜ਼ਰਤੇ ਹਜ਼ੂਰੀ ਯਕ ਸ਼ੰਭਾ, ਸ਼ਬੇ ਰੋਜ਼ ਜਣਾਈਆ । ਮੁਸਾਫ਼ਰੇ ਸਫ਼ਰ ਹੋਏ ਨਾ ਲੰਬਾ, ਜ਼ਿਮੀਂ ਅਸਮਾਨ ਧਿਆਨ ਲਗਾਈਆ । ਉਮਤੀ ਧਾਰ ਵੇਖਣਾ ਤੰਬਾ, ਕਾਇਨਾਤ ਦੇ ਮਾਲਕ ਧਿਆਨ ਲਗਾਈਆ । ਦਰੇ ਦਰਬਾਰ ਮੁਹੰਮਦ ਕੰਬਾ, ਥਰਥਰਾਹਟ ਵਿਚ ਸੁਣਾਈਆ । ਤੇਰਾ ਖੇਲ ਦਿਸੇ ਅਚੰਭਾ, ਅਚਨਚੇਤ ਕੀ ਦੇਣਾ ਵਰਤਾਈਆ । ਸਭ ਦਾ ਹਾਲ ਹੋਣਾ ਮੰਦਾ, ਮੰਦਭਾਗ ਦਿਸੇ ਲੋਕਾਈਆ । ਦਰੋਹੀ ਫਿਰਨੀ ਜੇਰਜ ਅੰਡਾ, ਅੰਡਜ ਜੇਰਜ ਰਹੇ ਕੁਰਲਾਈਆ । ਮੇਰੇ ਕੌਲ ਇਕਰਾਰ ਦੀ ਖੋਲ੍ਹ ਦੇ ਗੰਢਾ, ਬੰਧਨ ਰਹਿਣ ਕੋਇ ਨਾ ਪਾਈਆ । ਤੇਰਾ ਦਵਾਰਾ ਮੰਜ਼ਲ ਮਹਿਬੂਬ ਠੰਡਾ, ਅਗਨੀ ਤਤ ਨਾ ਲਾਗੇ ਰਾਈਆ । ਮੇਰਾ ਨਿਸ਼ਾਨ ਬਣਾ ਦੇ ਗੁਰਮੁਖ ਦਵਾਰੇ ਤਾਰਾ ਚੰਦਾ, ਚੌਦਸ ਚੰਦ ਸ਼ੁਰੂ ਕਰਾਈਆ । ਜਗਤ ਜਹਾਨ ਨੇਤਰ ਦਿਸੇ ਅੰਧਾ, ਗਿਆਨ ਅੱਖ ਨਾ ਕੋਇ ਖੁਲ੍ਹਾਈਆ । ਤੇਰੀ ਧਾਰ ਵਿਚ ਰਹੇ ਕੋਇ ਨਾ ਗੰਦਾ, ਪਤਿਤ ਪੁਨੀਤ ਦੇਣਾ ਬਣਾਈਆ । ਪਿਛਲਾ ਜੁਗ ਪਿਛੇ ਲੰਘਾ, ਅੱਗੇ ਮਾਰਗ ਇਕ ਵਖਾਈਆ । ਧੁਰ ਕਲਮਾ ਚਾੜ੍ਹ ਦੇ ਰੰਗਾ, ਰੰਗਤ ਇਕੋ ਇਕ ਪਰਗਟਾਈਆ । ਤੇਰੀ ਕਦਮਬੋਸੀ ਕਰੇ ਪ੍ਰੇਮ ਧਾਰ ਦੀ ਗੰਗਾ, ਮੁਹੱਬਤ ਵਹਿਣ ਵਾਲੇ ਵਹਾਈਆ । ਸਚ ਸਤਿ ਦਾ ਦੇ ਦੇ ਅਨੰਦਾ, ਅਨੰਦ ਆਪਣਾ ਆਪ ਜਣਾਈਆ । ਇੱਕੀ ਦੰਦਾਂ ਵਾਲਾ ਕੰਘਾ, ਕਲਜੁਗ ਦਾ ਮਾਝੇ ਵਾਲੇ ਲੈਣ ਘੜਾਈਆ । ਜਿਸ ਨਾਲ ਜਗਤ ਵਿਚਾਰ ਹੋਣਾ ਰੰਡਾ, ਦਲੀਲ ਬੈਠੇ ਮੁਖ ਛੁਪਾਈਆ । ਤੂੰ ਸਾਹਿਬ ਸਤਿਗੁਰ ਬਖ਼ਸ਼ੰਦਾ, ਬਖ਼ਸ਼ਣਹਾਰ ਤੇਰੇ ਹੱਥ ਵਡਿਆਈਆ । ਸਚ ਸਿੰਘਾਸਣ ਤੇ ਦਿਸੇ ਇਕ ਪਲੰਘਾ, ਧਾਰ ਖੰਡੇ ਵਾਲੀ ਚਮਕਾਈਆ । ਸਾਹਿਬ ਸਤਿਗੁਰ ਮੇਰੇ ਸੂਰੇ ਸਰਬੰਗਾ, ਸਚ ਸੁਲਤਾਨ ਤੇਰੀ ਸਰਨਾਈਆ । ਧਰਨੀ ਧਰਤ ਧਵਲ ਦੀ ਮੰਗ ਲਿਆਉਣੀ ਪਿਆਰ ਦੀ ਵੰਗਾ, ਮਾਸਾ ਡੇਢ ਦੋ ਵਡਿਆਈਆ । ਇਹ ਹੁਕਮ ਮਾਝੇ ਸੰਦਾ, ਗੋਬਿੰਦ ਦਾ ਲੇਖਾ ਇਕ ਸੌ ਇਕ ਪੈਸਾ ਦਏ ਗਵਾਹੀਆ । ਦੋ ਜਹਾਨ ਜਗਤ ਨਿਸ਼ਾਨ ਦਿਸੇ ਕਰੰਗਾ, ਹੱਡ ਨਾੜੀ ਮਾਸ ਰੋ ਰੋ ਮਾਰੇ ਧਾਈਆ । ਜਿਨ੍ਹਾਂ ਗੁਰਮੁਖਾਂ ਉਡਾਉਣੇ ਪਤੰਗਾ, ਉਹ ਉਚੀ ਕੂਕ ਕੇ ਕਹਿਣ ਵਾਹਵਾ ਤੇਰੀ ਬੇਪਰਵਾਹੀਆ । ਚੌਦਾਂ ਗੁਰਮੁਖ ਡਾਂਗਾ ਸੋਟੇ ਨਾਲ ਕਰਦੇ ਆਵਣ ਦੰਗਾ, ਸ਼ੋਰ ਜ਼ੋਰ ਜ਼ੋਰ ਦਾ ਪਾਈਆ । ਇਕ ਗੁਰਮੁਖ ਬਣਿਆ ਹੋਵੇ ਪੰਡਾ, ਮਸਤਕ ਤਿਲਕ ਕਿਤਾਬ ਬਗ਼ਲ ਵਿਚ ਰਖਾਈਆ । ਇਕ ਬਣਿਆ ਹੋਵੇ ਭੰਡਾ, ਭੰਡੀ ਪਾਵੇ ਥਾਉਂ ਥਾਈਂਆ । ਇਕ ਰੋਂਦਾ ਆਵੇ ਰੰਡਾ, ਬਹੁੜੀ ਬਹੁੜੀ ਮੇਰਾ

ਨਾਤਾ ਦਿਉ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਨਾਮ ਦਾ ਨੌਬਤ ਧਾਰ ਵੱਜਦਾ ਰਹੇ ਮਰਦੰਗਾ, ਮਰਦ ਮਰਦਾਨ ਇਕ ਤੇਰੀ ਹੋਵੇ ਸ਼ਨਵਾਈਆ ।

✪ ੭ ਮੱਘਰ ਸ਼ਹਿਨਸ਼ਾਹੀ ਸੰਮਤ ੬ ਮਹਿੰਦਰ ਸਿੰਘ ਦੇ ਘਰ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਕਹੇ ਪ੍ਰਭ ਆਦਿ ਜੁਗਾਦੀ ਵੇਖ ਫ਼ਰਦ, ਜੁਗ ਜੁਗ ਪੜਦਾ ਆਪ ਚੁਕਾਈਆ । ਦੀਨ ਦਿਆਲੇ ਹਰਿ ਗੋਪਾਲੇ ਦੀਨ ਦੁਨੀ ਨਾਲ ਵੰਡ ਦਰਦ, ਮਿਹਰਵਾਨ ਮਹਿਬੂਬ ਹੋ ਸਹਾਈਆ । ਯੋਧੇ ਸੂਰਬੀਰ ਮਰਦਾਨੇ ਮਰਦ, ਮਦਦ ਤੇਰੇ ਕੋਲੋਂ ਮੰਗ ਮੰਗਾਈਆ । ਕਲਜੁਗ ਅੰਤਮ ਪੁੱਠੀ ਸਿੱਧੀ ਕਰ ਦੇ ਨਰਦ, ਨਰ ਨਰਾਇਣ ਤੇਰੀ ਸਰਨਾਈਆ । ਸ਼ਰਅ ਦੀ ਛੁਰੀ ਰਹਿਣ ਦੇਵੀਂ ਨਾ ਕੋਈ ਕਰਦ, ਦੀਨ ਮਜ਼੍ਹਬ ਕਾਤਲ ਰੂਪ ਨਾ ਕੋਇ ਵਖਾਈਆ । ਦਰ ਠਾਂਡੇ ਇਕੋ ਅਰਜ਼, ਆਰਜ਼ੂ ਤੇਰੇ ਅੱਗੇ ਰਖਾਈਆ । ਪਤਿਪਰਮੇਸ਼ਵਰ ਪੂਰਾ ਕਰਨਾ ਆਪਣਾ ਫ਼ਰਜ਼, ਫ਼ੈਸਲਾ ਹੱਕ ਹੱਕ ਸੁਣਾਈਆ । ਇਕੋ ਤੇਰਾ ਨਾਮ ਤਰਾਨਾ ਹੋਵੇ ਤਰਜ਼, ਤਰਾਜ਼ੂ ਕੰਡਾ ਇਕੋ ਹੱਥ ਉਠਾਈਆ । ਨਵ ਸੱਤ ਮੇਟ ਅੰਧੇਰਾ ਗਰਦ, ਗਰਦ ਗੁਬਾਰ ਨਾ ਰਹੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਚ ਆਸ ਰਖਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਆਸਾ ਕਰ ਦੇ ਪੂਰੀ, ਪੂਰਨ ਬ੍ਰਹਮ ਦ੍ਰਿੜਾਈਆ । ਸਚ ਪ੍ਰਕਾਸ਼ ਬਖ਼ਸ਼ ਦੇ ਨੂਰੀ, ਨੂਰ ਨੁਰਾਨੇ ਨੂਰ ਇਲਾਹੀਆ । ਮੰਜ਼ਲ ਮੁਕਾ ਦੇ ਨੇੜ ਦੂਰੀ, ਦੂਰ ਦੁਰਾਡਾ ਪੰਧ ਚੁਕਾਈਆ । ਕਲਪਣਾ ਮੇਟ ਦੇ ਕਲਜੁਗ ਕੂੜੀ, ਕਿਰਿਆ ਕੁਕਰਮ ਦੇਣੀ ਗਵਾਈਆ । ਸਤਿ ਸਚ ਬਖ਼ਸ਼ ਚਰਨ ਧੂੜੀ, ਧਰਮ ਦੇ ਟਿੱਕੇ ਖ਼ਾਕ ਰਮਾਈਆ । ਮੁਹੱਬਤ ਰੰਗਣ ਚਾੜ੍ਹ ਦੇ ਗੂੜ੍ਹੀ, ਦੋ ਜਹਾਨਾਂ ਉਤਰ ਨਾ ਜਾਈਆ । ਹਉਮੇ ਗੜ੍ਹ ਤੋੜ ਗ਼ਰੂਰੀ, ਨਿਵਣ ਸੁ ਅੱਖਰ ਇਕ ਸਮਝਾਈਆ । ਧੁਰ ਦੇ ਹੁਕਮ ਦੇ ਜ਼ਰੂਰੀ, ਜ਼ਰੂਰਤ ਮੇਰੀ ਨਾਲ ਮਿਲਾਈਆ । ਆਤਮ ਪਰਮਾਤਮ ਧਾਰ ਕਰ ਮਸ਼ਹੂਰੀ, ਮਸ਼ਵਰਾ ਸ਼ਬਦ ਜੋਤ ਪਕਾਈਆ । ਦਰ ਦਰਵੇਸ਼ ਮੰਗਾਂ ਮੰਗ ਹਜ਼ੂਰੀ, ਹਜ਼ਰਤਾਂ ਦੇ ਹਜ਼ਰਤ ਅਮਾਮਾ ਦੇ ਅਮਾਮ ਨੂਰ ਅਲਾਹੀਆ । ਸਚ ਨਾਮ ਦੀ ਦੇ ਮਖ਼ਮੂਰੀ, ਖ਼ੁਮਾਰ ਇਕੋ ਇਕ ਦ੍ਰਿੜਾਈਆ । ਮੈਨੂੰ ਸਚ ਬਖ਼ਸ਼ ਮਜ਼ਦੂਰੀ, ਹੁਕਮ ਸ਼ਬਦ ਨਾਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਵਰ, ਦਰ ਸਾਚੇ ਆਸ ਰਖਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਕਲਜੁਗ ਅੰਤਮ ਕਰ ਮਿਹਰਵਾਨੀ, ਨਜ਼ਰੇ ਕਰਮ ਮਿਹਰ ਉਠਾਈਆ । ਤੂੰ ਆਦਿ ਜੁਗਾਦੀ ਧੁਰ ਦਾ ਦਾਨੀ, ਦਇਆਵਾਨ ਤੇਰੀ ਸਰਨਾਈਆ । ਝਗੜਾ ਮੇਟ ਦੇ ਚਾਰੇ ਖਾਣੀ, ਖ਼ਾਲਸ ਆਪਣਾ ਰੰਗ ਰੰਗਾਈਆ ਭੇਵ ਚੁਕਾ ਦੇ ਪਰਾ ਪਸੰਤੀ ਮਧਮ ਬੈਖਰੀ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਤੂੰ ਆਦਿ ਜੁਗਾਦਿ ਜਾਣ ਜਾਣੀ, ਜਾਨਣਹਾਰ ਤੇਰੀ ਵਡਿਆਈਆ । ਆਤਮ ਬ੍ਰਹਮ ਆਪ ਪਹਿਚਾਨੀ, ਪਾਰਬ੍ਰਹਮ ਹੋਣਾ ਆਪ ਸਹਾਈਆ । ਅੰਮ੍ਰਿਤ ਰਸ ਬਖ਼ਸ਼ ਦੇ ਸਭ ਨੂੰ ਠੰਡਾ ਪਾਣੀ, ਅਗਨੀ ਤਤ ਦੇ ਬੁਝਾਈਆ । ਮੰਜ਼ਲ ਧੁਰ ਦੀ ਦੱਸ ਆਸਾਨੀ, ਅਸਲ ਵਿਚ ਵਸਲ ਯਾਰ ਸਮਝਾਈਆ । ਤੇਰੀ ਧਾਰ ਪਿਛੇ ਗੋਬਿੰਦ ਦੇ ਕੇ ਗਿਆ ਕੁਰਬਾਨੀ, ਬੱਚੇ ਧਰਨੀ ਗੋਦ ਸਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ

ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਤੂੰ ਆਦਿ ਜੁਗਾਦੀ ਨੇਤਾ, ਨਰ ਹਰਿ ਨਰਾਇਣ ਅਖਵਾਈਆ । ਮੈਂ ਆਦਿ ਅੰਤ ਦਾ ਤੇਰਾ ਬੇਟਾ, ਦੂਸਰ ਜੰਮਣ ਵਾਲੀ ਕੋਇ ਨਾ ਮਾਈਆ । ਚਾਰ ਜੁਗ ਦੇ ਸ਼ਾਸਤਰ ਕਰਾਇਆ ਹੇਤਾ, ਗ੍ਰੰਥਾਂ ਸਿਫ਼ਤ ਸਾਲਾਹੀਆ । ਪਿਆਰ ਰੱਖ ਕੇ ਤੇਰੇ ਦੇਸਾ, ਸਚਖੰਡ ਸਾਚੇ ਸੋਭਾ ਪਾਈਆ । ਨਾਤਾ ਜੋੜ ਕੇ ਆਦਿ ਅੰਤ ਹਮੇਸ਼ਾ, ਹਮਸਾਜਣ ਲਿਆ ਬਣਾਈਆ । ਧਰਨੀ ਧਰਤ ਧਵਲ ਧੌਲ ਖੇਲ ਤਕ ਉਪਰ ਪਰਦੇਸਾ, ਪਰਦੇਸੀ ਹੋ ਕੇ ਅੱਖ ਖੁਲ੍ਹਾਈਆ । ਕਿਸ ਬਿਧ ਝਗੜਾ ਮੇਟਣਾ ਪੰਡਤ ਪਾਂਧੇ ਮੁਲਾਂ ਸ਼ੇਖ਼ਾ, ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਸਭ ਦਾ ਸਾਂਝਾ ਕਰਨਾ ਲੇਖਾ, ਲਿਖਤ ਭਵਿਖਤ ਨਾਲ ਮਿਲਾਈਆ । ਦੀਨ ਦੁਨੀ ਦੀ ਬਦਲਣੀ ਰੇਖਾ, ਰਿਸ਼ੀਆਂ ਮੁਨੀਆਂ ਦਾ ਪੈਂਡਾ ਪੰਧ ਮੁਕਾਈਆ । ਨਿਰਗੁਣ ਧਾਰ ਧਾਰਕੇ ਵੇਸਾ, ਵਿਸ਼ਵ ਦਾ ਝਗੜਾ ਦੇਣਾ ਮੁਕਾਈਆ । ਧਰਮ ਦਵਾਰ ਦਾ ਖੋਲ੍ਹ ਕੇ ਭੇਤਾ, ਅਨਭਵ ਪੜਦਾ ਇਕ ਚੁਕਾਈਆ । ਪੂਰਬ ਲਹਿਣੇ ਦਾ ਕਰ ਲੈ ਚੇਤਾ, ਚੇਤਨ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਸਤਿਗੁਰ ਸ਼ਬਦ ਕਹੇ ਪ੍ਰਭ ਦੁਨੀ ਧਾਰ ਬਦਲ ਦੇ ਜਗਤ, ਜਗਜੀਵਣ ਦਾਤੇ ਦਇਆ ਕਮਾਈਆ । ਅਵਤਾਰ ਪੈਗ਼ੰਬਰ ਗੁਰੂਆਂ ਆਸਾ ਮਨਸਾ ਪੂਰੀ ਕਰਦੇ ਸ਼ਰਤ, ਸ਼ਰਤੀਆ ਆਪਣਾ ਹੁਕਮ ਵਰਤਾਈਆ । ਜਿਸ ਕਾਰਨ ਨਿਰਗੁਣ ਧਾਰ ਆਇਓਂ ਪਰਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਮੇਰੀ ਮਨਜ਼ੂਰ ਕਰ ਬੇਨੰਤੀ ਅਰਜ਼, ਦਰ ਠਾਂਡੇ ਸੀਸ ਝੁਕਾਈਆ । ਮਕਰੂਜ਼ ਹੋ ਕੇ ਲਾਹ ਦੇ ਕਰਜ਼, ਲੇਖਾ ਅਵਰ ਰਹੇ ਨਾ ਰਾਈਆ । ਤੇਰਾ ਕੁਝ ਨਾ ਹੋਵੇ ਹਰਜ, ਹਰਜਾਨੇ ਸਭ ਦੇ ਪੂਰ ਕਰਾਈਆ । ਆਹ ਭਰਨੀ ਪਏ ਕਿਸੇ ਨਾ ਸਰਦ, ਦੁੱਖਾਂ ਵਿਚ ਨਾ ਕੋਇ ਦੁਹਾਈਆ । ਮੇਰੀ ਆਸਾ ਮਨਸਾ ਅਗੰਮੀ ਗ਼ਰਜ਼, ਆਸਾ ਤੇਰੇ ਅੱਗੇ ਟਿਕਾਈਆ । ਜਨ ਭਗਤ ਸੁਹੇਲੇ ਬਣਾ ਜੋ ਤੇਰੀ ਗਾਵਣ ਇਕੋ ਤਰਜ਼, ਨਾਮ ਨਿਧਾਨਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਨੰਤੀ ਆਸਾ ਤਮੰਨਾ ਖ਼ਾਹਿਸ਼ ਪੂਰੀ ਕਰ ਸਭ ਦੀ ਗ਼ਰਜ਼, ਗ਼ਰਜ਼ ਆਪਣੀ ਨਾਲ ਮਿਲਾਈਆ ।

## ੯ ਮੱਘਰ ਸ਼ਹਿਨਸ਼ਾਹੀ ਸੰਮਤ ੬ ਸੁਰਜਨ ਸਿੰਘ ਦੇ ਘਰ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ

ਸਤਿਗੁਰ ਸ਼ਬਦ ਕਹੇ ਪ੍ਰਭ ਸਤਿ ਦੀ ਪੂਰੀ ਕਰਦੇ ਮਨਸਾ, ਮਮਤਾ ਮੋਹ ਦੇ ਗਵਾਈਆ । ਹਰਿਜਨ ਹਰਿਭਗਤ ਗੁਰਮੁਖ ਬਣਾ ਹੰਸਾ, ਮਾਣਕ ਮੋਤੀ ਨਾਮ ਚੋਗ ਚੁਗਾਈਆ । ਚਾਰ ਵਰਨ ਸੁਹਾ ਇਕ ਬੰਸਾ, ਮਾਨਵ ਵੰਡ ਨਾ ਕੋਇ ਵੰਡਾਈਆ । ਹਉਮੈਂ ਗੜ੍ਹ ਤੋੜ ਦੇ ਹੰਗਤਾ, ਹੰ ਬ੍ਰਹਮ ਇਕ ਸਮਝਾਈਆ । ਬੋਧ ਅਗਾਧਾ ਬਣ ਧੁਰ ਦਾ ਪੰਡਤਾ, ਵਿਦਿਆ ਅਗੰਮ ਦੇ ਸਮਝਾਈਆ । ਇਕੋ ਇਸ਼ਟ ਤੇਰੇ ਦੀ ਹੋਵੇ ਮੰਨਤਾ, ਦੂਸਰ ਸੀਸ ਨਾ ਕੋਇ ਨਿਵਾਈਆ । ਗੁਰਸਿਖ ਸਾਚੇ ਬਣਾ ਧਰਮ ਦੇ ਸੰਤਾ, ਸਚ ਸੱਜਣ ਮੀਤ ਮੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਤਿਗੁਰ ਸ਼ਬਦ ਕਹੇ ਸਤਿ



੯੪੯ ੨੨

ਦੀ ਪੂਰੀ ਕਰਦੇ ਖ਼ਾਹਿਸ਼, ਤ੍ਰਿਸ਼ਨਾ ਕੂੜ ਰਹੇ ਨਾ ਰਾਈਆ । ਧਰਮ ਦੀ ਧਾਰ ਕਰਨੀ ਨਾ ਪਏ ਤਲਾਸ਼, ਖੋਜਣ ਬਨ ਕੋਇ ਨਾ ਜਾਈਆ । ਨਿਰਗੁਣ ਜੋਤ ਕਰ ਪ੍ਰਕਾਸ਼, ਅੰਧ ਅੰਧੇਰਾ ਦੇ ਮਿਟਾਈਆ । ਲੇਖੇ ਲਾ ਕਾਇਆ ਮਾਟੀ ਆਪਣੀ ਲਾਸ਼, ਲਾਸਾਨੀ ਆਸਾਨੀ ਆਪਣਾ ਰੰਗ ਰੰਗਾਈਆ । ਵਿਸ਼ਨੂੰ ਧਾਰ ਸ਼ੰਕਰ ਪਿਆਰ ਤਕੇ ਉਪਰ ਕੈਲਾਸ਼, ਬਿਨ ਨੈਣਾਂ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਪੜਦਾ ਲਾਹੀਆ । ਸਤਿਗੁਰ ਸ਼ਬਦ ਕਹੇ ਸਤਿ ਦੀ ਆਸਾ ਤੇਰੇ ਵਸ, ਵਾਸਤਾ ਤੇਰੇ ਨਾਲ ਰਖਾਈਆ । ਸਚ ਮੁਹੱਬਤ ਦੇ ਰਸ, ਅੰਮ੍ਰਿਤ ਅੰਮਿਉਂ ਆਪ ਬਰਸਾਈਆ । ਚਾਰ ਕੁੰਟ ਦਹਿ ਦਿਸ਼ਾ ਰਹੇ ਨੱਸ, ਭੱਜੇ ਵਾਹੋ ਦਾਹੀਆ । ਤੇਰਾ ਸਿਫ਼ਤੀ ਢੋਲਾ ਗਾਵੇ ਜਸ, ਵੇਦ ਪੁਰਾਨਾਂ ਬਾਹਰ ਪੜ੍ਹਾਈਆ । ਕਲਜੁਗ ਮਿਟੇ ਰੈਣ ਅੰਧੇਰੀ ਮੱਸ, ਨੂਰੀ ਚੰਦ ਚੰਦ ਚਮਕਾਈਆ । ਕੂੜੀ ਕਿਰਿਆ ਵਿਚ ਰਹੇ ਨਾ ਕਸ, ਧੁਰ ਦਾ ਰੰਗ ਦੇਣਾ ਚਮਕਾਈਆ । ਆਦਿ ਅੰਤ ਜੁਗਾ ਜੁਗੰਤ ਪੁਰਖ ਅਕਾਲੇ ਤੇਰੇ ਵਸ, ਵਾਸਤਾ ਤੇਰੇ ਅੱਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਹਿਬ ਸੁਲਤਾਨ ਤੂੰ ਸਰਬ ਕਲਾ ਸਮਰਥ, ਕਲਧਾਰੀ ਇਕ ਅਖਵਾਈਆ ।



## ✪ ੮ ਮੱਘਰ ਸ਼ਹਿਨਸ਼ਾਹੀ ਸੰਮਤ ੬ ਦਰਸ਼ਨ ਸਿੰਘ ਦੇ ਘਰ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਕਹੇ ਪ੍ਰਭੂ ਪੂਰੀ ਕਰ ਦੇ ਤਾਂਘ, ਦਰ ਠਾਂਡੇ ਮੰਗ ਮੰਗਾਈਆ । ਝਗੜਾ ਮੇਟ ਦੇ ਰੋਜ਼ਾ ਨਮਾਜ਼ ਬਾਂਗ, ਅਜ਼ਾਂ ਆਪਣਾ ਨਾਮ ਸੁਣਾਈਆ । ਧੁਰ ਪ੍ਰੇਮ ਦੀ ਚਾੜ੍ਹ ਕਾਂਗ, ਕਲਜੁਗ ਕੂੜੀ ਕਿਰਿਆ ਦੇ ਰੁੜ੍ਹਾਈਆ । ਸਵਾਂਗੀ ਆਪਣਾ ਬਦਲ ਕੇ ਸਵਾਂਗ, ਸਗਲੇ ਸਾਥੀ ਹੋਣਾ ਸਹਾਈਆ । ਤੁਧ ਬਿਨ ਰਹੇ ਕੋਈ ਨਾ ਬਾਂਝ, ਮੇਲ ਮੇਲਣਾ ਸਹਿਜ ਸੁਭਾਈਆ । ਜੇਹੜੀ ਮੁਹੰਮਦ ਅੰਤਮ ਮਾਰੀ ਚਾਂਗ, ਕੂਕ ਚੌਦਾਂ ਤਬਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝਗੜਾ ਮੇਟ ਦੇ ਕਰਮ ਕਾਂਡ, ਕਰਨੀ ਦੇ ਕਰਤੇ ਆਪਣੀ ਦਇਆ ਕਮਾਈਆ ।

## ✪ ੮ ਮੱਘਰ ਸ਼ਹਿਨਸ਼ਾਹੀ ਸੰਮਤ ੬ ਬਚਨ ਸਿੰਘ ਦੇ ਘਰ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਕਹੇ ਪੂਰੀ ਕਰਦੇ ਤਮੰਨਾ, ਤਾਮਸ ਕੂੜ ਰਹੇ ਨਾ ਰਾਈਆ । ਪ੍ਰਕਾਸ਼ ਹੋਵੇ ਤੇਰਾ ਇਕੋ ਚੰਨਾ, ਚੰਦ ਸਿਤਾਰ ਸੀਸ ਝੁਕਾਈਆ । ਦੀਨ ਮਜ਼੍ਹਬ ਮੇਟ ਦੇ ਬੰਨਾ, ਹਦ ਹਦੂਦ ਦੇ ਗਵਾਈਆ । ਗੋਬਿੰਦ ਦਾ ਲੇਖੇ ਲਾ ਲੈ ਕੰਨਾ, ਪਾਰਬ੍ਰਹਮ ਪ੍ਰਭ ਆਪਣਾ ਰੰਗ ਵਖਾਈਆ । ਸਤਿਜੁਗ ਤੇਰਾ ਬੱਚਾ ਨੰਨ੍ਹਾ, ਨਰ ਨਰਾਇਣ ਲੈਣਾ ਉਠਾਈਆ । ਭਾਗ ਲਗਾਉਣਾ ਕਾਇਆ ਮਾਟੀ ਸਾਢੇ ਤਿੰਨ ਹੱਥ ਤੰਨਾ, ਸ਼ਰੀਰ ਬੇਨਜ਼ੀਰ ਆਪਣਾ ਪਰਦਾ ਆਪ ਚੁਕਾਈਆ । ਨੇਤਰਹੀਣ ਰਹੇ ਕੋਇ ਨਾ ਅੰਨ੍ਹਾ, ਲੋਚਨ ਨੈਣ ਦੇਣਾ ਖੁਲ੍ਹਾਈਆ । ਇਕੋ ਤੇਰਾ ਹੁਕਮ ਦਰ ਦਰਬਾਰ ਤੇਰੇ ਮੰਨਾ, ਦੂਸਰ

ਭੈ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਲਾ ਸਮਾਂ ਹੋਏ ਨਾ ਲੰਮਾ, ਲਮਹ ਲਮਹ ਤੇਰਾ ਧਿਆਨ ਗਾਈਆ ।

## ੮ ਮੱਘਰ ਸ਼ਹਿਨਸ਼ਾਹੀ ਸੰਮਤ ੬ ਪ੍ਰੀਤਮ ਸਿੰਘ ਦੇ ਘਰ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ

ਸਤਿਗੁਰ ਸ਼ਬਦ ਕਹੇ ਪ੍ਰਭ ਸਤਿ ਸਚ ਦੀ ਬਦਲ ਦੇ ਰੁਚੀ, ਪ੍ਰੇਮ ਪ੍ਰੀਤੀ ਇਕ ਬਣਾਈਆ । ਆਤਮ ਧਾਰ ਦੱਸ ਦੇ ਸੁੱਚੀ, ਸੰਜਮ ਨਾਮ ਵਾਲਾ ਦ੍ਰਿੜਾਈਆ । ਝਗੜਾ ਰਹੇ ਨਾ ਕੋਇ ਬੁਤੀ, ਤਨ ਵਜੂਦ ਕਰ ਸਫ਼ਾਈਆ । ਆਪਣੀ ਮੰਜ਼ਲ ਦੱਸ ਦੇ ਉਚੀ, ਉਚ ਅਗੰਮ ਪੜਦਾ ਉਠਾਈਆ । ਜਨ ਭਗਤ ਸੁਹੇਲਾ ਰਹੇ ਕੋਇ ਨਾ ਦੁਖੀ, ਦਰਦੀ ਹੋ ਕੇ ਦਰਦੀਆਂ ਦਰਦ ਵੰਡਾਈਆ । ਉਜਲ ਕਰ ਦੇ ਮਾਤ ਮੁਖੀ, ਦੁਰਮਤ ਮੈਲ ਆਪ ਧਵਾਈਆ । ਭਾਗ ਲਗਾ ਦੇ ਮਾਤਾ ਕੁੱਖੀ, ਸਿਰ ਆਪਣਾ ਹੱਥ ਟਿਕਾਈਆ । ਕੂੜ ਕਲਪਣਾ ਜੜ੍ਹ ਜਾਏ ਪੁੱਟੀ, ਨਿਗਹ ਨਿਗਹ ਵਿਚੋਂ ਬਦਲਾਈਆ । ਤੇਰੀ ਸ਼ਬਦੀ ਧਾਰ ਜਿਸ ਵੇਲੇ ਜੁਗ ਚੌਕੜੀ ਉਠੀ, ਜਗਤ ਜਹਾਨਾਂ ਕਰੇ ਸਫ਼ਾਈਆ । ਕਲਜੁਗ ਅੰਤ ਅੰਤਸ਼ਕਰਨ ਵੇਖ ਸ੍ਰਿਸ਼ਟੀ ਤੁੱਠੀ, ਅਤੋਟ ਅਤੁਟ ਆਪਣਾ ਭੰਡਾਰਾ ਹੱਥ ਉਠਾਈਆ । ਤੇਰੀ ਵਸਤ ਜਾਏ ਨਾ ਲੁੱਟੀ, ਲੁਟੇਰਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝਗੜਾ ਮੁਕਾ ਦੇ ਨਾਮ ਜਪਣਾ ਬੁੱਲਾਂ ਬੁੱਟੀਂ, ਹਿਰਦੇ ਅੰਦਰ ਆਪਣਾ ਆਪ ਦੇ ਸਮਾਈਆ ।



## ੮ ਮੱਘਰ ਸ਼ਹਿਨਸ਼ਾਹੀ ਸੰਮਤ ੬ ਅਜੀਤ ਸਿੰਘ ਦੇ ਗ੍ਰਿਹਿ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ

ਸਤਿਗੁਰ ਸ਼ਬਦ ਕਹੇ ਮੇਰੇ ਸਾਹਿਬ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹ ਧੁਰਦਰਗਾਹੀਆ । ਕਲਜੁਗ ਅੰਤਮ ਮੇਟ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਕਰ ਰੁਸ਼ਨਾਈਆ । ਇਕੋ ਤੇਰੇ ਪ੍ਰੇਮ ਪਿਆਰ ਦੀ ਹੋਏ ਪਰਭਾਤੀ, ਸੰਧਿਆ ਆਪਣਾ ਨਾਮ ਦੇਣਾ ਸਮਝਾਈਆ । ਪਿਛਲੇ ਚਾਰ ਜੁਗ ਦੀ ਲੇਖੇ ਲਾ ਲੈ ਗਾਥੀ, ਜੋ ਅਵਤਾਰ ਪੈਗ਼ੰਬਰ ਗੁਰ ਗਏ ਦ੍ਰਿੜਾਈਆ । ਅੱਖਰਾਂ ਵਾਲੀ ਤੇਰੀ ਸਿਫ਼ਤ ਸਾਲਾਹੀ ਪਾਤੀ, ਪਤਰਕਾ ਮਾਤਲੋਕ ਵਡਿਆਈਆ । ਬਿਰਹੋਂ ਤੀਰ ਅਣਿਆਲਾ ਨਾਮ ਮਾਰ ਦੇ ਕਾਤੀ, ਸ਼ਬਦੀ ਸ਼ਬਦ ਕਰ ਸ਼ਨਵਾਈਆ । ਝਗੜਾ ਰਹੇ ਨਾ ਮੂਲ ਜ਼ਾਤ ਪਾਤੀ, ਦੀਨ ਮਜ਼੍ਹਬ ਦਾ ਪੰਧ ਮੁਕਾਈਆ । ਅੰਮ੍ਰਿਤ ਬਖ਼ਸ਼ ਕੇ ਬੂੰਦ ਸਵਾਂਤੀ, ਨਿਝਰ ਝਿਰਨਾ ਕਵਲ ਨਾਭ ਝਿਰਾਈਆ । ਧੁਰ ਸ਼ਬਦ ਸੁਣਾ ਦੇ ਅਨਹਦ ਨਾਦੀ, ਅਨਹਦ ਆਪਣਾ ਨਾਦ ਵਜਾਈਆ । ਅਗਲਾ ਭੇਵ ਖੋਲ੍ਹ ਦੇ ਬੋਧ ਅਗਾਧੀ, ਬੁਧੀ ਤੋਂ ਪਰੇ ਕਰ ਪੜ੍ਹਾਈਆ । ਕਲਜੁਗ ਅੰਤਮ ਸਾਬਤ ਰਹੀ ਨਾ ਕਿਸੇ ਸਮਾਧੀ, ਸਾਧਨਾ ਵਿਚ ਸਾਧ ਸਤਿ ਵਿਚ ਨਾ ਕੋਇ ਸਮਾਈਆ । ਰਸਨਾ ਜੇਹਵਾ ਬੱਤੀ ਦੰਦ ਤੈਨੂੰ ਰਹੇ ਅਰਾਧੀ, ਹਿਰਦੇ ਹਰਿ ਨਾ ਕੋਇ ਵਸਾਈਆ । ਮੇਲ ਮਿਲੇ ਨਾ ਸੁਰਤ ਸ਼ਬਦ ਕ੍ਰਿਸ਼ਨਾ ਰਾਧੀ, ਸੀਤਾ ਸੁਰਤੀ ਧੁਰ ਰਾਮ ਨਾ ਕੋਇ ਪਰਨਾਈਆ । ਮਨੂਆ ਮਨ ਸਭ ਦਾ ਹੋਇਆ ਬਾਗ਼ੀ, ਭੈ ਭੌ

ਨਾ ਕੋਇ ਰਖਾਈਆ । ਤੂੰ ਮਾਲਕ ਖ਼ਾਲਕ ਆਦਿ ਜੁਗਾਦੀ ਗਾਡੀ, ਰਹਿਬਰ ਇਕੋ ਧੁਰਦਰਗਾਹੀਆ । ਤੇਰਾ ਸ਼ਬਦ ਗੁਰੂ ਗੁਰਦੇਵ ਸਵਾਮੀ ਅਗੰਮ ਅਗੰਮੜਾ ਢਾਡੀ, ਢੱਡ ਅਵਤਾਰ ਪੈਗ਼ੰਬਰ ਗੁਰੂਆਂ ਤਨ ਵਜੂਦ ਜਗਤ ਖੜਕਾਈਆ । ਸੁਰ ਤਾਲ ਬਣਾਉਂਦਾ ਰਿਹਾ ਤਨ ਵਜੂਦ ਹਾਡੀ, ਨਾੜੀ ਨਾੜੀ ਤਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਤੇਰੇ ਮੰਗ ਮੰਗਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਕਿਰਪਾ ਕਰ ਗੁਣ ਨਿਧਾਨ, ਗੁਣਵੰਤ ਤੇਰੀ ਵਡਿਆਈਆ । ਚਾਰ ਜੁਗ ਦਾ ਪਿਛਲਾ ਬਦਲ ਵਿਧਾਨ, ਹੁਕਮ ਹੁਕਮ ਵਿਚੋਂ ਸੁਣਾਈਆ । ਤੇਰੇ ਦਰ ਤੇ ਝੁਕਦੇ ਕੋਟਨ ਕੋਟ ਰਾਮ, ਕਾਹਨ ਬੈਠੇ ਸੀਸ ਨਿਵਾਈਆ । ਪੈਗ਼ੰਬਰ ਖ਼ਾਲੀ ਝੋਲੀ ਮੰਗਣ ਦਾਨ, ਗੁਰੂ ਗੁਰ ਬੈਠਣ ਦਰ ਠਾਂਡੇ ਸੀਸ ਨਿਵਾਈਆ । ਸਾਧ ਸੰਤ ਸੂਫ਼ੀ ਫ਼ਕੀਰ ਦਰ ਦਰਵੇਸ਼ ਹਮੇਸ਼ ਕਦਮੀਂ ਡਿੱਗਣ ਆਣ, ਕਦੀਮ ਦੇ ਮਾਲਕ ਤੇਰੀ ਓਟ ਤਕਾਈਆ । ਸਦੀ ਚੌਧਵੀਂ ਅੰਤ ਕੰਤ ਭਗਵੰਤ ਸਤਿ ਧਰਮ ਦਾ ਮਿਟਿਆ ਨਿਸ਼ਾਨ, ਨਿਸ਼ਾਨਾ ਕਾਇਮ ਨਾ ਕੋਇ ਕਰਾਈਆ । ਤੁਧ ਬਿਨ ਜਗਤ ਗੁਰੂ ਸਤਿਗੁਰ ਹੋਏ ਨਾ ਕੋਇ ਪਰਧਾਨ, ਜਗਤ ਜਗਿਆਸੂ ਸੰਤ ਸਾਧ ਅੱਖਰਾਂ ਵਾਲੀ ਕਰਨ ਪੜ੍ਹਾਈਆ । ਤੇਰੀ ਮਹਿਮਾ ਪੜ੍ਹ ਪੜ੍ਹ ਝਟ ਲੰਘਾਣ, ਗ੍ਰੰਥਾਂ ਉਤੇ ਓਟ ਤਕਾਈਆ । ਅੱਖੀਂ ਮੀਟ ਧਰਨ ਧਿਆਨ, ਇਸ਼ਨਾਨ ਕਿਰਿਆ ਕਰਮ ਕਾਂਡ ਬਣਾਈਆ । ਸਨਮੁਖ ਦਰਸ ਮੂਲ ਨਾ ਪਾਣ, ਪਾਹਨ ਪੂਜਣ ਥਾਉਂ ਥਾਈਆ । ਤੇਰਾ ਖੇਲ ਸਮਝੇ ਨਾ ਕੋਇ ਸ੍ਰੀ ਭਗਵਾਨ, ਸ਼ਾਸਤਰ ਸ਼ਾਸਤਰਾਂ ਨਾਲ ਕਰਨ ਲੜਾਈਆ । ਤੂੰ ਸਭ ਤੋਂ ਵੱਖਰਾ ਵਸੇ ਲਾਮੁਕਾਮ, ਮੁਕਾਮੇ ਹੱਕ ਤੇਰੀ ਰੁਸ਼ਨਾਈਆ । ਅਲਿਫ਼ ਯੇ ਵਿਚ ਤੇਰੀ ਸਮਝ ਨਾ ਆਈ ਕਿਸੇ ਕਲਾਮ, ਕਲਮਾ ਸਿਫ਼ਤਾਂ ਵਾਲਾ ਗਾਈਆ । ਤੁਧ ਬਿਨ ਤੇਰੀ ਸ੍ਰਿਸ਼ਟੀ ਹੋਈ ਨਿਧਾਨ, ਨਿਜ ਨੇਤਰ ਲੋਚਣ ਨੈਣ ਅੱਖ ਨਾ ਕੋਇ ਖੁਲ੍ਹਾਈਆ । ਕਿਰਪਾ ਕਰ ਨੌਜਵਾਨ, ਮਰਦ ਮਰਦਾਨੇ ਆਪਣਾ ਬਲ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਆਦਿ ਜੁਗਾਦੀ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਰਬ ਘਟਾਂ ਘਟ ਜਾਣੀ ਜਾਣ, ਜਾਣਨਹਾਰ ਤੇਰੇ ਹੱਥ ਸਰਬ ਵਡਿਆਈਆ ।

### ✪ ੮ ਮੱਘਰ ਸ਼ਹਿਨਸ਼ਾਹੀ ਸੰਮਤ ੬ ਜਾਗੀਰ ਸਿੰਘ ਦੇ ਘਰ ਪਿੰਡ ਮੈਣੀਆਂ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਕਹੇ ਪ੍ਰਭ ਜਨ ਭਗਤਾਂ ਪੈਜ ਸਵਾਰ, ਜੁਗ ਜੁਗ ਤੇਰੀ ਓਟ ਤਕਾਈਆ । ਜਨਮ ਕਰਮ ਵਿਚੋਂ ਕਢ ਬਾਹਰ, ਚੁਰਾਸੀ ਗੇੜ ਰਹੇ ਨਾ ਰਾਈਆ । ਸਚਖੰਡ ਬਖ਼ਸ਼ ਸੱਚਾ ਦਵਾਰ, ਦਰਗਾਹ ਸਾਚੀ ਇਕ ਵਖਾਈਆ । ਜਿਥੇ ਤੇਰੀ ਜੋਤ ਜਗੇ ਨਿਰੰਕਾਰ, ਨਿਰਵੈਰ ਸੋਭਾ ਪਾਈਆ । ਆਤਮ ਪਰਮਾਤਮ ਹੋਏ ਪਿਆਰ, ਦੂਸਰ ਮੰਗ ਨਾ ਕੋਇ ਮੰਗਾਈਆ । ਕੁਦਰਤ ਕਾਦਰ ਤੇਰੇ ਅਖਤਿਆਰ, ਖ਼ਾਲਕ ਖ਼ਲਕ ਮਖ਼ਲੂਕ ਤੇਰੀ ਸਰਨਾਈਆ । ਕਲਜੁਗ ਅੰਤਮ ਵੇਖ ਵਿਚਾਰ, ਸਦੀ ਚੌਧਵੀਂ ਧਿਆਨ ਲਗਾਈਆ । ਭਰਮੇ ਭੁੱਲਾ ਸਰਬ ਸੰਸਾਰ, ਨਰ ਨਰਾਇਣ ਤੇਰਾ ਦਰਸ ਕੋਇ ਨਾ ਪਾਈਆ । ਚਾਰ ਕੁੰਟ ਕੂੜ ਵਿਕਾਰ ਹੰਕਾਰ, ਵਿਭਚਾਰ ਰਹੇ ਲੜਾਈਆ । ਤੇਰਾ ਨਾਮ ਮੰਤਰ ਸਕੇ ਨਾ ਕੋਇ ਵਿਚਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਕਿਰਪਾ ਕਰ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਦਰ ਤੇਰੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਪੂਰਾ ਕਰ ਚੌਕੜੀ ਜੁਗ ਚਾਰ, ਚਾਰ ਕੁੰਟ ਦਾ ਲੇਖਾ ਦੇ ਮੁਕਾਈਆ ।

### ✪ ੮ ਮੱਘਰ ਸ਼ਹਿਨਸ਼ਾਹੀ ਸੰਮਤ ੬ ਪ੍ਰੀਤਮ ਸਿੰਘ ਦੇ ਘਰ ਪਿੰਡ ਨਿਜ਼ਾਮਪੁਰ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਕਹੇ ਪ੍ਰਭ ਆਸਾ ਇਕ ਅਗੰਮੀ, ਹਰਿ ਅਗੰਮੜੇ ਦਿਆਂ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਝਗੜਾ ਮੇਟ ਦੇ ਚੰਮੀ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਆਪਣੀ ਖੇਲ ਦੱਸਦੇ ਨਵੀਂ, ਨਵ ਨੌ ਚਾਰ ਦਾ ਪੰਧ ਮੁਕਾਈਆ । ਜੋ ਆਸਾ ਰੱਖ ਕੇ ਗਿਆ ਰਵਦਾਸ ਚਮਾਰਾ ਰਵੀ, ਅੰਤਰ ਅੰਤਰ ਰਾਹ ਤਕਾਈਆ । ਪਰਗਟ ਹੋ ਕੇ ਅਵਤਾਰ ਚਵੀ, ਚਾਰ ਜੁਗ ਦਾ ਲੇਖਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਮੇਰੀ ਆਦਿ ਆਦਿ ਦੀ ਆਸਾ, ਆਸ਼ਾ ਨਰ ਹਰਿ ਦਿਆਂ ਦ੍ਰਿੜਾਈਆ । ਨਿਰਗੁਣ ਨਿਰਵੈਰ ਨਿਰੰਕਾਰ ਤੇਰਾ ਭਰਵਾਸਾ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਤੇਰੀ ਸਰਨਾਈਆ । ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਪਾ ਰਾਸਾ, ਗੋਪੀ ਕਾਹਨ ਆਪਣਾ ਖੇਲ ਖਿਲਾਈਆ । ਦਰ ਠਾਂਡੇ ਤੇਰੇ ਬਣ ਕੇ ਦਾਸੀ ਦਾਸਾ, ਸੇਵਕ ਸੇਵਾ ਰੂਪ ਜਣਾਈਆ । ਝਗੜਾ ਮੇਟ ਦੇ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਡੇਰਾ ਢਾਹੀਆ । ਸਦੀ ਚੌਧਵੀਂ ਰਹੇ ਨਾ ਅੰਧੇਰੀ ਰਾਤਾ, ਨਿਰਗੁਣ ਨੂਰ ਚੰਦ ਕਰ ਰੁਸ਼ਨਾਈਆ । ਅਵਤਾਰ ਪੈਗ਼ੰਬਰ ਗੁਰੂਆਂ ਪੂਰਾ ਕਰ ਭਵਿਖਤ ਵਾਕਾ, ਵਾਕਫ਼ਕਾਰ ਇਕੋ ਨਜ਼ਰੀ ਆਈਆ । ਆਤਮ ਪਰਮਾਤਮ ਦੀਨ ਦੁਨੀ ਦਾ ਬਦਲ ਦੇ ਸਾਕਾ, ਸਾਖਿਆਤ ਆਪਣੀ ਕਲ ਪਰਗਟਾਈਆ । ਝਗੜਾ ਰਹੇ ਨਾ ਜ਼ਾਤਾ ਪਾਤਾ, ਆਤਮ ਬ੍ਰਹਮ ਪਾਰਬ੍ਰਹਮ ਦੇਣਾ ਜਣਾਈਆ । ਮਨੂਆ ਮਨ ਨਾ ਰਹੇ ਗੁਸਤਾਖ਼ਾ, ਬੁੱਧ ਬਿਬੇਕ ਦੇਣੀ ਸਮਝਾਈਆ । ਨਵ ਸੱਤ ਤੇਰਾ ਇਕੋ ਖੇਲ ਤਮਾਸ਼ਾ, ਖ਼ਾਲਕ ਖ਼ਲਕ ਤੇਰੀ ਬੇਪਰਵਾਹੀਆ । ਮਿਹਰਵਾਨ ਮਹਿਬੂਬ ਸਤਿ ਧਰਮ ਦਾ ਮਾਰਗ ਲਾ ਦੇ ਸਾਚਾ, ਸਤਿਜੁਗ ਸਚ ਸਚ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੇਰੇ ਮਹਿਬੂਬ, ਮਿਹਰਵਾਨ ਤੇਰੀ ਸਰਨਾਈਆ । ਤੂੰ ਮਾਲਕ ਦੋ ਜਹਾਨਾਂ ਅਰਸ਼ ਅਰੂਜ, ਆਲੀਸ਼ਾਨ ਹੱਕ ਤੇਰੀ ਸ਼ਹਿਨਸ਼ਾਹੀਆ । ਤੇਰੀ ਮੰਜ਼ਲ ਹੱਕ ਮਕਸੂਦ, ਪਿਛਲਾ ਪੰਧ ਮੁਕਾਈਆ । ਜਿਸ ਦੇ ਪਿਛੇ ਅਜੀਤ ਜੁਝਾਰ ਗਏ ਝੂਝ, ਆਪ ਆਪਾ ਭੇਟ ਕਰਾਈਆ । ਉਸ ਕਾਰਨ ਦੀਨ ਦੁਨੀ ਦੀ ਕਢਦੇ ਦੂਜ, ਦੁਤੀਆ ਭਾਓ ਨਾ ਕੋਇ ਰਖਾਈਆ । ਨਿਰਮਲ ਹੋਵੇ ਸਭ ਦੀ ਬੁਧ, ਦੁਰਮਤ ਮੈਲ ਕਰ ਸਫ਼ਾਈਆ । ਕਲਜੁਗ ਵਿਚ ਬਦਲਦੇ ਸਤਿਜੁਗ, ਸਤਿ ਸਤਿਵਾਦੀ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪੜਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਕਿਰਪਾ ਕਰ ਗੁਣ ਨਿਧਾਨ, ਦੀਨ ਦਿਆਲ ਤੇਰੀ ਸਰਨਾਈਆ । ਸਤਿ ਧਰਮ ਝੁਲਾ ਨਿਸ਼ਾਨ, ਨਿਸ਼ਾਨੇ ਕੂੜ ਦੇ ਮਿਟਾਈਆ । ਆਤਮ ਪਰਮਾਤਮ ਬਖ਼ਸ਼ ਇਕ ਗਿਆਨ, ਅਗਿਆਨ ਅੰਧੇਰਾ ਰਹੇ ਨਾ ਰਾਈਆ । ਧੁਰ ਸੰਦੇਸ਼ਾ ਬਖ਼ਸ਼ ਪੈਗ਼ਾਮ, ਪੈਗ਼ੰਬਰਾਂ ਤੋਂ ਪਰੇ ਕਰ ਪੜ੍ਹਾਈਆ ।

ਤੇਰਾ ਮੰਤਰ ਇਕੋ ਹੋਵੇ ਸਤਿ ਸਤਿਨਾਮ, ਨਾਉਂ ਨਿਰੰਕਾਰ ਆਪ ਦ੍ਰਿੜਾਈਆ । ਤੂੰ ਆਦਿ ਜੁਗਾਦੀ ਸਭ ਦਾ ਕਾਹਨ, ਰਾਮ ਰਾਮਾ ਸੋਭਾ ਪਾਈਆ । ਖੇਲ ਵੇਖ ਸ੍ਰਿਸ਼ਟ ਦ੍ਰਿਸ਼ਟ ਇਸ਼ਟ ਦੀਨ ਦੁਨੀ ਅਵਾਮ, ਨਵ ਸੱਤ ਧਿਆਨ ਰਖਾਈਆ । ਕਲਜੁਗ ਮੇਟ ਅੰਧੇਰਾ ਸ਼ਾਮ, ਸ਼ਮਾਂ ਨੂਰ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰ ਤੇਰੇ ਮੰਗ ਮੰਗਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਜਗਤ ਜਹਾਨ ਤੇਰਾ ਮੰਗਤਾ, ਮਾਂਗਤ ਹੋ ਕੇ ਝੋਲੀ ਡਾਹੀਆ । ਹਉਮੇ ਗੜ੍ਹ ਤੋੜ ਦੇ ਹੰਗਤਾ, ਹਰ ਹਿਰਦੇ ਕਰ ਸਫ਼ਾਈਆ । ਸਤਿਜੁਗ ਪ੍ਰਕਾਸ਼ ਕਰ ਆਪਣੇ ਚੰਨ ਦਾ, ਨੂਰ ਜੋਤ ਜੋਤ ਕਰ ਰੁਸ਼ਨਾਈਆ । ਭੰਡਾਰਾ ਬਖ਼ਸ਼ ਦੇ ਨਾਮ ਧਨ ਦਾ, ਅਤੋਟ ਅਤੁਟ ਆਪ ਵਰਤਾਈਆ । ਰੂਪ ਬਣਾ ਦੇ ਗੁਰਮੁਖ ਜਨ ਦਾ, ਜਨਮ ਜਣੇਂਦੀ ਬਣ ਮਾਈਆ । ਝਗੜਾ ਮੁਕਾ ਦੇ ਸਰੋਤੇ ਕੰਨ ਦਾ, ਅਨਹਦ ਨਾਦੀ ਕਰ ਸ਼ਨਵਾਈਆ । ਲੇਖਾ ਰਹੇ ਨਾ ਛੱਪਰ ਛੰਨ ਦਾ, ਚਰਨ ਕਵਲ ਬਖ਼ਸ਼ਣੀ ਇਕ ਸਰਨਾਈਆ । ਝਗੜਾ ਮੇਟ ਦੇ ਕਲਪਣਾ ਮਨ ਦਾ, ਮਮਤਾ ਮੋਹ ਹੰਕਾਰ ਵਿਕਾਰ ਗਵਾਈਆ । ਤੇਰਾ ਰੂਪ ਨਜ਼ਰ ਆਏ ਸੂਰੇ ਸਰਬੰਗ ਦਾ, ਸਤਿ ਸਰੂਪ ਸੋਭਾ ਪਾਈਆ । ਲੇਖਾ ਪੂਰਾ ਕਰਦੇ ਗੋਬਿੰਦ ਪੁਰੀ ਅਨੰਦ ਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਦਰ ਤੇਰੇ ਅਲਖ ਜਗਾਈਆ । ਸਤਿਗੁਰ ਸ਼ਬਦ ਕਹੇ ਤੂੰ ਮਾਲਕ ਖ਼ਾਲਕ ਆਦਿ, ਅੰਤ ਤੇਰੀ ਸਰਨਾਈਆ । ਤੇਰਾ ਖੇਲ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਤੇਰੀ ਚਤੁਰਾਈਆ । ਸ਼ਬਦ ਅਗੰਮ ਸੁਣਾ ਅਨਾਦ, ਨਿੰਦਰਾ ਦੇ ਮਿਟਾਈਆ । (ਸ਼ਬਦੀ) ਸ਼ਬਦ ਸੁਣਾ ਅਵਾਜ਼, ਗੀਤ ਸੰਗੀਤ ਇਕ ਸਮਝਾਈਆ । ਭੇਵ ਅਭੇਦਾ ਖੋਲ੍ਹ ਦੇ ਰਾਜ਼, ਬਜਰ ਕਪਾਟੀ ਕੁੰਡਾ ਦੇ ਲਾਹੀਆ । ਨਿਜ ਨੇਤਰ ਲੋਚਣ ਨੈਣ ਖੋਲ੍ਹ ਦੇ ਆਂਖ, ਆਖ਼ਰ ਆਪਣਾ ਮੇਲ ਮਿਲਾਈਆ । ਤੇਰਾ ਨੂਰ ਜੋਤ ਹੋਵੇ ਪ੍ਰਕਾਸ਼, ਜ਼ਹੂਰ ਇਕੋ ਇਕ ਵਖਾਈਆ । ਮਨ ਮਨੂਆ ਨਾ ਫਿਰੇ ਆਜ਼ਾਦ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਰਸਨਾ ਕੂੜ ਮੇਟ ਦੇ ਸਵਾਦ, ਨਿਜ ਅੰਮ੍ਰਿਤ ਰਸ ਚਖਾਈਆ । ਬੁੱਧੀ ਜਗਤ ਰਹੇ ਨਾ ਕਾਗ, ਹੰਸ ਗੁਰਮੁਖ ਲੈ ਪਰਨਾਈਆ । ਤੇਰੇ ਹੱਥ ਸਭ ਦੀ ਵਾਗ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਪ੍ਰੇਮ ਪ੍ਰੀਤੀ ਮੁਹੱਬਤ ਵਿਚ ਕਰ ਵਿਸਮਾਦ, ਬਿਸਮਿਲ ਸਭ ਦਾ ਰੂਪ ਦਰਸਾਈਆ । ਤੇਰੀ ਸਰਨ ਸਰਨਾਈ ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਜਾਏ ਲਾਗ, ਲਗ ਮਾਤਰ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰੁਗਣ ਸਰਗੁਣ ਨਿਰਗੁਣ ਤੇਰਾ ਸ਼ਬਦੀ ਸ਼ਬਦ ਸਮਾਜ, ਦੂਸਰ ਵੰਡ ਨਾ ਕੋਇ ਵਖਾਈਆ ।

### ✪ ੮ ਮੱਘਰ ਸ਼ਹਿਨਸ਼ਾਹੀ ਸੰਮਤ ੬ ਗੁਗ ਸਿੰਘ ਦੇ ਘਰ ਪਿੰਡ ਨਿਜ਼ਾਮ ਪੁਰ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਕਹੇ ਪ੍ਰਭ ਤੇਰੇ ਭਗਤ ਦੁਲਾਰੇ, ਦੂਲ੍ਹੇ ਧਰਮ ਧਾਰ ਅਖਵਾਈਆ । ਜੋ ਕਰਦੇ ਚਰਨ ਨਿਮਸਕਾਰੇ, ਨਿਉਂ ਨਿਉਂ ਸੀਸ ਝੁਕਾਈਆ । ਆਤਮ ਪਰਮਾਤਮ ਬਣਨ ਮੀਤ ਮੁਰਾਰੇ, ਮਿੱਤਰ ਧੁਰ ਦੇ ਸਦ ਅਖਵਾਈਆ । ਨੇਤਰ ਲੋਚਣ ਨੈਣ ਕਰਨ ਦਰਸ ਦੀਦਾਰੇ, ਨੈਣ ਨੈਣਾਂ ਨਾਲ ਮਿਲਾਈਆ ।

ਮੂਰਖ ਮੁਗਧ ਦੁਸ਼ਟ ਦੁਰਾਚਾਰੇ ਮਨ ਅੰਦਰ ਰੱਖਣ ਹੰਕਾਰੇ, ਹਉਮੇ ਰੋਗ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਜੋ ਭਗਤ ਸੁਹੇਲਾ ਸਾਹਿਬ ਸਤਿਗੁਰ ਨਹੀਂ ਝੁਕਦਾ, ਕੂੜ ਹਰਸ ਜਗਤ ਵਖਾਈਆ । ਉਸ ਦਾ ਪੈਂਡਾ ਸਤਿਗੁਰ ਦੇ ਦਰ ਤੋਂ ਚੁਕਦਾ, ਘਰ ਠਾਂਡੇ ਰਹਿਣ ਨਾ ਪਾਈਆ । ਨਾਤਾ ਰਹੇ ਨਾ ਪਿਓ ਪੁੱਤ ਦਾ, ਗੋਦੀ ਗੋਦ ਨਾ ਕੋਇ ਸੁਹਾਈਆ । ਜਗਤ ਜੀਵਣ ਹੋਏ ਦੁੱਖ ਦਾ, ਦਰਦੀ ਦਰਦ ਨਾ ਕੋਇ ਵੰਡਾਈਆ । ਖੇਲ ਰਹੇ ਨਾ ਆਤਮ ਸੁਚ ਦਾ, ਹੰਕਾਰ ਵਿਕਾਰ ਨਾਲ ਭਰਾਈਆ । ਝਗੜਾ ਮੁਕੇ ਕਾਇਆ ਬੁਤ ਦਾ, ਮਿਹਰਵਾਨ ਮਹਿਬੂਬ ਸਿਰ ਹੱਥ ਨਾ ਕੋਇ ਰਖਾਈਆ । ਜਗਤ ਨਾਤਾ ਨਹੀਂ ਕੋਈ ਚੋਟੀ ਗੁੱਤ ਦਾ, ਨਿਰਗੁਣ ਜੋਤ ਜੋਤੀ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਤੇਰਾ ਭਗਤ ਮੇਰਾ ਮੀਤ, ਸੱਜਣ ਸੋਹਣਾ ਸੋਭਾ ਪਾਈਆ । ਜਿਨ੍ਹਾਂ ਦੇ ਅੰਦਰ ਤੇਰਾ ਗੀਤ, ਗਾ ਗਾ ਸ਼ੁਕਰ ਮਨਾਈਆ । ਕਾਇਆ ਹੋਏ ਠਾਂਡੀ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਝਗੜਾ ਮੇਟ ਕੇ ਊਚ ਨੀਚ, ਨੀਚ ਨੀਚਾ ਰੂਪ ਦਰਸਾਈਆ । ਸਤਿ ਧਰਮ ਦੀ ਮੰਨੇ ਰੀਤ, ਕੂੜੀ ਕਿਰਿਆ ਜਗਤ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿਜਨ ਸਾਚੇ ਲੈਣੇ ਤਰਾਈਆ । ਸਤਿਗੁਰ ਸ਼ਬਦ ਕਹੇ ਤੇਰਿਆਂ ਭਗਤਾਂ ਤਕਾਂ ਰਾਹ, ਦਿਵਸ ਰੈਣ ਧਿਆਨ ਲਗਾਈਆ । ਜੋ ਤੈਨੂੰ ਰਹੇ ਗਾ, ਗਾ ਗਾ ਸ਼ੁਕਰ ਮਨਾਈਆ । ਸੀਸ ਰਹੇ ਝੁਕਾ, ਨਿਉਂ ਨਿਉਂ ਲਾਗਣ ਪਾਈਆ । ਜੋ ਮੁਖ ਗਏ ਭਵਾ, ਪਤਤ ਰੂਪ ਅਖਵਾਈਆ । ਮਨਮੁਖ ਜਗਤ ਰਹੇ ਅਖਵਾ, ਪੁਰਖ ਅਕਾਲੇ ਦੀਨ ਦਿਆਲੇ ਦਰ ਤੇਰੇ ਮਿਲੇ ਨਾ ਕੋਇ ਸਰਨਾਈਆ । ਅੰਦਰ ਆਸਾ ਹੋਈ ਵਾਂਗ ਕਾਂ, ਵਿਸ਼ਟਾ ਜਗਤ ਵਾਲਾ ਫੁਲਾਈਆ । ਜਿਨ੍ਹਾਂ ਦੇ ਅੰਦਰ ਵਸਿਆ ਤੇਰਾ ਨਾਂ, ਸੋ ਗੁਰਮੁਖ ਸਾਚੇ ਸੋਭਾ ਪਾਈਆ । ਉਨ੍ਹਾਂ ਬਣਨਾ ਪਿਤਾ ਮਾਂ, ਪੂਤ ਸਪੂਤੇ ਅੰਗ ਲਗਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਸਦ ਦੇਵੀਂ ਠੰਡੀ ਛਾਂ, ਸ਼ਹਿਨਸ਼ਾਹ ਸਿਰ ਆਪਣਾ ਹੱਥ ਟਿਕਾਈਆ । ਆਦਿ ਜੁਗਾਦਿ ਜੁਗ ਚੌਕੜੀ ਸਦ ਤੇਰੇ ਹੱਥ ਨਿਆਂ, ਨਿਆਂਕਾਰ ਦਰ ਤੇਰੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਸਰਨ ਸਰਨ ਚਰਨ ਤੇਰੀ ਬਲ ਬਲ ਜਾਂ, ਬਲਧਾਰੀ ਤੇਰੀ ਓਟ ਤਕਾਈਆ ।


੯੫੪
੨੨

### ੧੩ ਮੱਘਰ ਸ਼ਹਿਨਸ਼ਾਹੀ ਸੰਮਤ ੯ ਗੁਰਚਰਨ ਸਿੰਘ, ਸਵਰਨ ਸਿੰਘ ਦੇ ਘਰ ਪਿੰਡ ਜ਼ਹੂਰਾ ਜ਼ਿਲਾ ਹੁਸ਼ਿਆਰਪੁਰ

ਹਿੰਦੂ ਮੁਸਲਿਮ ਸਿੱਖ ਜਗਤ ਧਾਰ ਦਾ ਵੱਟਾ, ਵਟਾਂਦਰਾ ਪ੍ਰਭ ਨੇ ਦਿਤਾ ਕਰਾਈਆ । ਸ਼ਬਦੀ ਧਾਰ ਜੋ ਲਿਖਿਆ ਪੱਟਾ, ਪਟਨੇਵਾਲਾ ਹੁਕਮ ਸਮਝਾਈਆ । ਕਰੇ ਖੇਲ ਪੁਰਖ ਸਮਰਥਾ, ਨਾ ਕੋਈ ਮੇਟੇ ਮੇਟ ਮਿਟਾਈਆ । ਓਧਰੋਂ ਮੁਹੰਮਦ ਫਿਰੇ ਨੱਠਾ, ਚੌਦਾਂ ਤਬਕ ਭੱਜੇ ਵਾਹੋ ਦਾਹੀਆ । ਪਰਵਰਦਿਗਾਰ ਖੇਲ ਵਖਾਇਆ ਅੱਖਾਂ, ਲੋਚਨ ਨੈਣ ਖੁਲ੍ਹਾਈਆ । ਸਦੀ ਚੌਧਵੀਂ ਵੱਜੀਆਂ ਸੱਟਾਂ, ਦੋ ਧਾਰ ਕੀਤੀ ਲੋਕਾਈਆ । ਦੀਨ ਮਜ਼੍ਹਬ

ਦੀ ਪਾ ਕੇ ਵੱਟਾ, ਕੂੜ ਨਗਾਰਾ ਡੰਕ ਵਜਾਈਆ । ਕਿਸੇ ਨੇ ਸੂਰ ਖਾਧਾ ਕਿਸੇ ਨੇ ਖਾਧਾ ਵੱਛਾ ਕੱਟਾ, ਦੋਹਾਂ ਪਈ ਦੁਹਾਈਆ । ਅਕਲ ਬੁੱਧੀ ਸਮਝੇ ਕੋਇ ਨਾ ਪਤਾ, ਕੀ ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਗਿਆਨ ਧਿਆਨ ਸਾਰ ਆਈ ਨਾ ਰੱਤਾ, ਬੁੱਧੀ ਅਕਲ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ । ਮਾਨਵ ਜ਼ਾਤੀ ਜਗਤ ਵਟਾਂਦਰਾ ਹੋਇਆ ਤਨ ਸਰੀਰ ਝਗੜਾ ਪਿਆ ਮਨ ਕਲਪਣਾ ਵਾਂਗ ਬੰਦਰ, ਬੰਦਗੀ ਸਾਰੇ ਗਏ ਭੁਲਾਈਆ । ਢਾਹੇ ਗੁਰੂਦਵਾਰੇ ਮਸੀਤ ਮੰਦਰ, ਮੱਠਾਂ ਅੱਗ ਲਗਾਈਆ । ਲੁੱਟੇ ਸੰਤ ਸਾਧਨ, ਫ਼ਕੀਰ ਰਹੇ ਕੁਰਲਾਈਆ । ਜਗਤ ਅੰਧੇਰਾ ਹੋਇਆ ਆਂਧਨ, ਦੋ ਤਰਫ਼ ਪਈ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ । ਕਿਉਂ ਹਿੰਦੂ ਮੁਸਲਿਮ ਇਕ ਦੂਜੇ ਨਾਲ ਵਟਿਆ, ਜਗਤ ਸਮਝ ਕਿਸੇ ਨਾ ਆਈਆ । ਜੇਹੜਾ ਲੇਖਾ ਗੋਬਿੰਦ ਸਰਸੇ ਦੇ ਵਿਚ ਘੱਤਿਆ, ਉਸ ਵਿਚ ਪੂਰਾ ਭੇਤ ਗਿਆ ਲਿਖਾਈਆ । ਜਿਸ ਦੀ ਸਾਰ ਪਾਏ ਕੋਇ ਨਾ ਰਤਿਆ, ਪਰਦਾਨਸ਼ੀਂ ਪਰਦਾ ਨਾ ਕੋਇ ਉਠਾਈਆ । ਖੇਲ ਹੋਵੇ ਪੁਰਖ ਸਮਰਥਿਆ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਵੇਲੇ ਗੋਬਿੰਦ ਸੱਥਰ ਆਸਣ ਘੱਤਿਆ, ਲੇਟਿਆ ਚਾਈਂ ਚਾਈਂਆ । ਸ਼ਬਦ ਨਿਸ਼ਾਨਾ ਤੀਰ ਕੱਸਿਆ, ਦੋ ਜਹਾਨਾਂ ਪਾਰ ਕਰਾਈਆ । ਨਿਗਹ ਮਾਰੀ ਮਦੀਨਾ ਮੱਕਿਆ, ਕਾਅਬਿਆਂ ਖੋਜ ਖੁਜਾਈਆ । ਫੇਰ ਵੇਖਿਆ ਬੂਰਿਆਂ ਕੱਕਿਆਂ, ਕੀ ਅੰਤ ਕਾਰ ਭੁਗਤਾਈਆ । ਜਿਨ੍ਹਾਂ ਝਗੜਾਇਆ ਲੜਾਇਆ ਭਰਾਵਾਂ ਸਕਿਆ, ਹੱਦ ਹੱਦ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਅਗੰਮ ਅਥਾਈਆ । ਗੋਬਿੰਦ ਪ੍ਰਭ ਨਾਲ ਕੀਤਾ ਬਚਨ ਬਲਾਸ, ਤਾਲੀ ਹੱਥਾਂ ਵਾਲੀ ਵਜਾਈਆ । ਮੇਰੇ ਸਾਹਿਬ ਪੁਰਖ ਅਬਿਨਾਸ਼, ਪਾਰਬ੍ਰਹਮ ਪ੍ਰਭ ਤੇਰੀ ਬੇਪਰਵਾਹੀਆ । ਵੇਖ ਖੇਲ ਤਮਾਸ਼, ਕਲ ਕਲਕੀ ਰੂਪ ਦਰਸਾਈਆ । ਸ਼ੰਕਰ ਸਵਾਧਾਨ ਕਰ ਉਪਰ ਕੈਲਾਸ਼, ਬ੍ਰਹਮੇ ਬ੍ਰਹਮ ਨੇਤਰ ਖੁਲ੍ਹਾਈਆ । ਵਿਸ਼ਨੂੰ ਵੇਖ ਮੰਡਲ ਰਾਸ, ਬਿਨ ਗੋਪੀ ਕਾਹਨ ਸਮਝਾਈਆ । ਗੋਬਿੰਦ ਖ਼ੁਸ਼ੀ ਵਿਚ ਲਿਆ ਲੰਬਾ ਸਾਸ, ਸਾਹ ਸਾਹ ਵਿਚ ਸਮਾਈਆ । ਫੇਰ ਤਕੀ ਅੰਧੇਰੀ ਰਾਤ, ਨੈਣ ਨੈਣ ਵਿਚੋਂ ਪਰਗਟਾਈਆ । ਫੇਰ ਮਾਰੀ ਝਾਤ, ਆਪਣਾ ਬਲ ਵਖਾਈਆ । ਉਠ ਕੇ ਵੇਖਿਆ ਜਿਸ ਕਾਰਨ ਪਾਰ ਨਹੀਂ ਕੀਤਾ ਬਿਆਸ, ਆਪਣਾ ਚਰਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਗੋਬਿੰਦ ਕਿਹਾ ਮੈਂ ਪਾਰ ਬਿਆਸ ਨਾ ਕੀਤਾ, ਪੁਰਖ ਅਕਾਲ ਦਿਤੀ ਵਡਿਆਈਆ । ਜਿਸ ਕਾਰਨ ਕ੍ਰਿਸ਼ਨ ਅਠਾਰਾਂ ਧਿਆਏ ਲਿਖੀ ਗੀਤਾ, ਅਰਜਨ ਅਰਜ਼ ਪੂਰ ਕਰਾਈਆ । ਮੁਹੰਮਦ ਮਿਹਰ ਬਣਾਈ ਮਸੀਤਾ, ਮੁਸੱਲਾ ਹੱਕ ਜਣਾਈਆ । ਸਭ ਦੀ ਤਕ ਕੇ ਨੀਤਾ, ਨੀਤੀਵਾਨ ਖੋਜ ਖੁਜਾਈਆ । ਜਿਸ ਵੇਲੇ ਕਲਜੁਗ ਕਲ ਬੀਤਾ, ਆਪਣਾ ਪੰਧ ਮੁਕਾਈਆ । ਮਾਰਗ ਦਿਸੇ ਨਾ ਕੋਇ ਠਾਂਡਾ ਸੀਤਾ, ਅਗਨੀ ਤਤ ਤਤ ਜਲਾਈਆ । ਦੀਨ ਦੁਨੀ ਦੀ ਬਦਲੇ ਰੀਤਾ, ਮਨ ਮਨਸਾ ਵਿਚ ਹਲਕਾਈਆ । ਬਖ਼ਸ਼ਿਸ਼ ਕਰੇ ਨਾ ਕੋਇ ਬਖ਼ਸ਼ੀਸ਼ਾ, ਨਾਮ ਨਿਧਾਨ ਨਾ ਕੋਇ ਵਰਤਾਈਆ । ਜਿਥੇ ਬਲ ਨੇ ਮਾਰੀ ਲੀਕਾ, ਨਿਸ਼ਾਨ ਗਿਆ ਲਗਾਈਆ । ਸਪਤਸ ਰਿਖੀਆਂ ਰੱਖੀ ਉਡੀਕਾ, ਨੱਕ ਜ਼ਿਮੀਂ ਉਤੇ ਘਸਾਈਆ । ਜਿਥੇ ਚਰਨ ਛੁਹਾਇਆ ਰਾਮ ਵਾਲੀ ਸੀਤਾ, ਬਨਬਾਸੀ ਡੇਰਾ ਲਾਈਆ । ਪੰਜਾਂ ਪਾਂਡੋਂ ਤਪਾਇਆ ਅੰਗੀਠਾ, ਅਗਨੀ

ਹਵਨ ਪਰਗਟਾਈਆ । ਮੁਹੰਮਦ ਕਲਮੇ ਧਾਰ ਦੱਸੀ ਹਦੀਸਾ, ਹਜ਼ਰਤ ਹੱਕ ਪੜ੍ਹਾਈਆ । ਮੂਸਾ ਵੇਖ ਕੇ ਮਾਰੀ ਚੀਕਾ, ਦਰੋਹੀ ਤੇਰਾ ਨਾਮ ਖ਼ੁਦਾਈਆ । ਨੇਤਰ ਰੋ ਕੇ ਕਿਹਾ ਹਜ਼ਰਤ ਈਸਾ, ਅਸਲ ਦੇ ਮਾਲਕ ਧੁਰਦਰਗਾਹੀਆ । ਸਾਡੀ ਸਭ ਦੀ ਇਕ ਵਸੀਅਤਾ, ਬਿਨ ਅੱਖਰਾਂ ਲੇਖ ਬਣਾਈਆ । ਸਤਿਗੁਰ ਨਾਨਕ ਸ਼ਬਦੀ ਸ਼ਬਦ ਦਾ ਕੀਤਾ ਟੀਕਾ, ਨਿਰਗੁਣ ਨਿਰਗੁਣ ਕਰ ਪੜ੍ਹਾਈਆ । ਪੰਚਮ ਸਤਿਗੁਰ ਅਰਜਨ ਧੁਰ ਨੇਤਰ ਨਾਲ ਦੀਖਾ, ਨਿਜ ਲੋਇਣ ਇਕ ਖੁਲ੍ਹਾਈਆ । ਤੇਗ਼ ਬਹਾਦਰ ਸ਼ਬਦੀ ਧਾਰ ਨਾਪ ਕੇ ਫ਼ੀਤਾ, ਫ਼ਤਵਾ ਧੁਰ ਦਾ ਗਿਆ ਲਗਾਈਆ । ਜਿਸ ਵੇਲੇ ਕਲਜੁਗ ਅੰਤਮ ਗਿਆ ਬੀਤਾ, ਸਮਾਂ ਸਮੇਂ ਵਿਚੋਂ ਗਿਆ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਦਾਤਾ ਅਗੰਮ ਅਥਾਹੀਆ । ਗੁਰ ਗੋਬਿੰਦ ਸ਼ਬਦ ਗਾਇਆ ਅਨਰਾਗਾ, ਅਗੰਮੀ ਰਾਗ ਅਲਾਈਆ । ਨਾ ਸੋਇਆ ਨਾ ਜਾਗਾ, ਸੋਵਤ ਜਾਗਤ ਇਕੋ ਰੂਪ ਦਰਸਾਈਆ । ਨਾਮ ਨਿਧਾਨ ਆਵਾਜ਼ ਸੁਣਾਈ ਅਨਾਦਾ, ਅਨਹਦ ਆਪ ਪਰਗਟਾਈਆ । ਸਭ ਦਾ ਲੇਖਾ ਪੂਰਾ ਕਰਨਾ ਪੁਰਖ ਅਕਾਲ ਦੀਨ ਦਿਆਲ ਹੱਦ ਬਣਾਈ ਵਾਘਾ, ਵਟਾਂਦਰਾ ਧੁਰ ਦਾ ਹੁਕਮ ਦ੍ਰਿੜਾਈਆ । ਕੂੜੀ ਕਿਰਿਆ ਚਾੜ੍ਹ ਕੇ ਕਾਂਗਾ, ਭਰਮ ਦਾ ਵਹਿਣ ਦਿਤਾ ਵਹਾਈਆ । ਇਹ ਸਭ ਤੋਂ ਉਤਮ ਸ੍ਰੇਸ਼ਟ ਕਲਜੁਗ ਦੀ ਉਤਮ ਯਾਦਾ, ਸਤਿਜੁਗ ਵਿਚ ਕਰੇ ਅਗਵਾਈਆ । ਇਹਦਾ ਹਰਖ਼ ਸੋਗ ਕਾਹਦਾ, ਜੋ ਹੁਕਮੇ ਅੰਦਰ ਪ੍ਰਭ ਆਪਣਾ ਹੁਕਮ ਭੁਗਤਾਈਆ । ਏਸੇ ਕਾਰਨ ਜਨ ਭਗਤਾਂ ਹੋਣਾ ਵਾਧਾ, ਗੁਰਮੁਖਾਂ ਮਿਲੇ ਵਡਿਆਈਆ । ਗੁਰਸਿਖਾਂ ਹੋਵਣ ਵਡ ਵਡ ਭਾਗਾ, ਜਿਨ੍ਹਾਂ ਮਿਲੇ ਬੇਪਰਵਾਹੀਆ । ਜਿਸ ਨੇ ਆਪਣਾ ਸਾਜਣ ਸਾਜਾ, ਸਗਲ ਸ੍ਰਿਸ਼ਟੀ ਵੇਖ ਵਖਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਭਾਗ ਲਗਾਏ ਵਿਚ ਦੇਸ ਮਾਝਾ, ਕਲ ਆਪਣੀ ਕਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਵਾਘਾ ਕਹੇ ਮੇਰਾ ਵਟਾਂਦਰਾ ਹੋਇਆ ਜਗ, ਸ਼ਹਾਦਤ ਸ਼ਬਦ ਗੋਬਿੰਦ ਭੁਗਤਾਈਆ । ਫੇਰ ਲੱਗਣੀ ਨੌ ਖੰਡ ਪ੍ਰਿਥਮੀ ਅੱਗ, ਨਵ ਸੱਤ ਨਾ ਕੋਇ ਬੁਝਾਈਆ । ਝਗੜਾ ਪੈਣਾ ਦੀਨ ਮਜ਼੍ਹਬ ਦੀ ਹੱਦ, ਹਦੂਦ ਨਾ ਕੋਇ ਸਮਝਾਈਆ । ਦੀਨ ਦੁਨੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਣੀ ਕੱਗ, ਹੰਸ ਰੂਪ ਨਜ਼ਰ ਕੋਇ ਨਾ ਆਈਆ । ਘਰ ਬਾਹਰ ਗ੍ਰਿਹਿ ਮੰਦਰ ਸਭ ਨੇ ਜਾਣਾ ਛਡ, ਸਦੀ ਚੌਧਵੀਂ ਰਹੀ ਕੁਰਲਾਈਆ । ਨਾਰ ਕੰਤ ਹੋਣਾ ਅੱਡ, ਭੈਣ ਭਰਾਵਾਂ ਹੋਏ ਜੁਦਾਈਆ । ਤਤੀ ਵਾਅ ਜਾਣੀ ਵਗ, ਸਾਂਤਕ ਸਤਿ ਨਾ ਕੋਇ ਕਰਾਈਆ । ਕੀ ਹੋਇਆ ਜੋ ਵਟਾਂਦਰੇ ਵਿਚ ਆਪਣਾ ਹਿੱਸਾ ਆਏ ਛਡ, ਹਿੱਸਾ ਦੂਜਾ ਲਿਆ ਦਬਾਈਆ । ਅੱਗੇ ਵੇਖਣਾ ਖੇਲ ਸੂਰੇ ਸਰਬਗ, ਜੋ ਹਰਿ ਕਰਤਾ ਮਾਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਸਾਹਿਬ ਧੁਰਦਰਗਾਹੀਆ । ਵਟਾਂਦਰੇ ਵਿਚ ਕਾਹਦਾ ਦੁੱਖ, ਪ੍ਰਭ ਭਾਣਾ ਸੀਸ ਉਠਾਈਆ । ਚੁਰਾਸੀ ਲੱਖ ਜੂਨੀ ਵਟਾਂਦਰੇ ਵਿਚ ਬਦਲਦਾ ਰਹੇ ਮਨੁੱਖ, ਜਨਮ ਮਰਨ ਮਰਨ ਜਨਮ ਆਪਣਾ ਖੇਲ ਵਖਾਈਆ । ਸਚ ਵਟਾਂਦਰਾ ਜੇ ਇਕ ਵਾਰ ਹੋ ਜਾਵੇ ਸਤਿਗੁਰ ਸ਼ਬਦ ਦੇ ਬਣ ਜਾਉ ਸੁਤ , ਗੋਬਿੰਦ ਗੋਬਿੰਦ ਵਿਚ ਸਮਾਈਆ । ਫੇਰ ਏਸੇ ਧਰਤੀ ਉਤੇ ਤੁਹਾਡੀ ਮੌਲੇ ਰੁਤ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਭਾਗ ਲੱਗੇ ਕਾਇਆ ਮਾਟੀ ਬੁਤ, ਤਨ ਵਜੂਦ ਹੋਏ ਰੁਸ਼ਨਾਈਆ । ਪਰਦਾ ਓਹਲਾ ਰਹੇ ਨਾ ਲੁਕ, ਅੰਧ ਅੰਧੇਰ ਦਏ ਮਿਟਾਈਆ । ਵਟਾਂਦਰੇ ਵਿਚ ਜੇ ਪਿਛੋਂ ਨਹੀਂ



੯੫੬
੨੨

ਲਿਆਂਦਾ ਕੁਛ, ਫੇਰ ਸਭ ਕੁਝ ਏਥੇ ਲਿਆ ਬਣਾਈਆ । ਜੇ ਪ੍ਰਭੂ ਦੇ ਪਿਆਰ ਦੀ ਇਕੋ ਯਾਦ ਰੱਖੋ ਤੁਕ, ਨਾਮ ਨਾਮਾ ਰਸਨਾ ਗਾਈਆ । ਫੇਰ ਵਟਾਂਦਰੇ ਦਾ ਪੈਂਡਾ ਜਾਏ ਮੁਕ, ਚੁਰਾਸੀ ਗੇੜ ਰਹੇ ਨਾ ਰਾਈਆ । ਜਨਮ ਕਰਮ ਦਾ ਰਹੇ ਕੋਇ ਨਾ ਦੁੱਖ, ਹਿੰਦ ਪਾਕ ਨਾ ਕੋਇ ਵਖਾਈਆ । ਸਚਖੰਡ ਦਵਾਰੇ ਸਾਚੇ ਬਹੋ ਢੁਕ, ਜਿਥੇ ਮਿਲੇ ਮਾਣ ਵਡਿਆਈਆ । ਉਸ ਪ੍ਰਭੂ ਦੇ ਦੁਲਾਰੇ ਬਣ ਜਾਓ ਸੁਤ , ਜੋ ਅਪਰਾਧੀਆਂ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਮਾਨਸ ਜਨਮ ਵਟਾਂਦਰਾ ਜੇ ਹੋਵੇ ਇਕ ਵਾਰ, ਵਾਰਤਾ ਪਿਛਲੀ ਦਏ ਬਦਲਾਈਆ । ਹੁਕਮ ਮੰਨੋ ਅਗੰਮੇ ਯਾਰ, ਜੋ ਯਾਰੜਾ ਧੁਰਦਰਗਾਹੀਆ । ਵਟਾਂਦਰੇ ਵਿਚ ਬਦਲ ਕੇ ਲੈ ਜਾਏ ਵਿਚੋਂ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸਕੇ ਨਾ ਕੋਇ ਅਟਕਾਈਆ । ਮਿਰਤੂ ਲੋਕ ਵਿਚੋਂ ਪਹੁੰਚਾਏ ਹਰਿ ਕੇ ਦਵਾਰ, ਦਰਗਾਹ ਸਾਚੀ ਸਚ ਸੁਹਾਈਆ । ਅੰਮ੍ਰਿਤ ਬਖ਼ਸ਼ ਕੇ ਠੰਡਾ ਠਾਰ, ਅਗਨੀ ਤਤ ਦਏ ਗਵਾਈਆ । ਨਾਮ ਸੁਣਾ ਕੇ ਨਾਦੀ ਧੁਨਕਾਰ, ਅਨਹਦ ਨਾਦੀ ਨਾਦ ਵਜਾਈਆ । ਦੀਪਕ ਦੀਆ ਜੋਤ ਕਰ ਉਜਿਆਰ, ਅੰਧ ਅੰਧੇਰਾ ਦਏ ਮਿਟਾਈਆ । ਸਚਖੰਡ ਦਵਾਰੇ ਲੈ ਕੇ ਜਾਏ ਆਪ ਨਿਰੰਕਾਰ, ਨਿਰਾਕਾਰ ਦਇਆ ਕਮਾਈਆ । ਸਚ ਵਟਾਂਦਰੇ ਵਿਚ ਮਾਤਲੋਕ ਦਾ ਛਡ ਜਾਓ ਘਰ ਬਾਰ, ਵਸਤੂ ਸੰਗ ਨਾ ਕੋਇ ਉਠਾਈਆ । ਵੇਖੋ ਆਪਣਾ ਗ੍ਰਿਹ ਜਿਥੇ ਵਸੇ ਆਪ ਕਰਤਾਰ, ਕਰਨੀ ਦਾ ਕਰਤਾ ਸੋਭਾ ਪਾਈਆ । ਜਿਸ ਤਰਾਂ ਜਗਤ ਹੱਦ ਨੂੰ ਕੀਤਾ ਪਾਰ, ਪਿਛੋਂ ਚਲ ਕੇ ਏਥੇ ਗਏ ਆਈਆ । ਏਥੋਂ ਉਠ ਕੇ ਜਾਓ ਉਸ ਸੱਚੇ ਘਰ ਬਾਰ, ਜਿਥੋਂ ਬਦਲੀ ਫੇਰ ਸਕੇ ਨਾ ਕੋਇ ਕਰਾਈਆ । ਵਟਾਂਦਰੇ ਵਿਚੋਂ ਗੁਰਮੁਖੋ ਵਟਾਂਦਰੇ ਦੀ ਕਰੋ ਵਿਚਾਰ, ਪ੍ਰਭ ਮੇਲਾ ਹੋਵੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਖੇਲ ਕਰੇ ਅਗੰਮ ਅਪਾਰ, ਅਲਖ ਅਗੋਚਰ ਧੁਰ ਹੁਕਮ ਆਪ ਵਰਤਾਈਆ ।



## ✪ ੧੪ ਮੱਘਰ ਸ਼ਹਿਨਸ਼ਾਹੀ ਸੰਮਤ ੬ ਮਾਧਾ ਸਿੰਘ ਦੇ ਘਰ ਪਿੰਡ ਰਾਮੂਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਗੋਬਿੰਦ ਸ਼ਬਦ ਕਹੇ ਮੈਂ ਧੁਰ ਦਾ ਸਈਆ, ਸਾਹਿਬ ਸਤਿਗੁਰ ਇਕ ਅਖਵਾਈਆ । ਜੁਗ ਚੌਕੜੀ ਸਚ ਨਾਮ ਦੀ ਨਈਆ, ਅਵਤਾਰ ਪੈਗੰਬਰ ਗੁਰੂ ਗਏ ਚਲਾਈਆ । ਜਿਸ ਕਾਰਨ ਬੁਲ੍ਹੇ ਗਾਇਆ ਥਈਆ ਥਈਆ, ਤਾਲ ਆਤਮ ਪਰਮਾਤਮ ਬਣਾਈਆ । ਗੋਬਿੰਦ ਸ਼ਬਦ ਸੰਦੇਸ਼ਾ ਅਗੰਮ ਕਹੀਆ, ਕਹਿ ਕੇ ਗਿਆ ਸੁਣਾਈਆ । ਜਿਸ ਵੇਲੇ ਪੁਰਖ ਅਕਾਲ ਖੇਲ ਕਰੇ ਧੁਰ ਦਾ ਪਿਤਾ ਮਈਆ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਜਨ ਭਗਤਾਂ ਧਰਮ ਰਾਏ ਲੇਖਾ ਮੰਗੇ ਨਾ ਉਤੇ ਵਹੀਆ, ਹਿੱਸਾ ਚਿਤ੍ਰਗੁਪਤ ਨਾ ਕੋਇ ਜਣਾਈਆ । ਸੋ ਲਹਿਣਾ ਪੂਰਾ ਕਰਨ ਆਇਆ ਪਾਰਬ੍ਰਹਮ ਪਤਿਪਰਮੇਸ਼ਵਰ ਮਾਲਵੇ ਵਿਚ ਮਲਵਈਆ, ਹਰਿਜਨ ਆਪਣੇ ਗੋਦ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਗੋਬਿੰਦ ਸ਼ਬਦ ਕਹੇ ਮੇਰਾ ਸ਼ਬਦੀ ਦੇਸ਼ ਪੁਰਾਣਾ, ਜਲ ਥਲ ਦੇਣ ਗਵਾਹੀਆ । ਮੇਰਾ

ਨਿਰਗੁਣ ਧਾਰ ਬਾਣਾ, ਸਰਗੁਣ ਸੰਗ ਨਿਭਾਈਆ । ਮੇਰਾ ਸ਼ਾਹ ਪਾਤਸ਼ਾਹ ਸੱਚਾ ਸੁਲਤਾਨਾ, ਸ਼ਹਿਨਸ਼ਾਹ ਧੁਰਦਰਗਾਹੀਆ । ਨਿਰਵੈਰ ਹੋ ਕੇ ਮਿਹਰਵਾਨਾ, ਮਿਹਰ ਨਜ਼ਰ ਇਕ ਉਠਾਈਆ । ਲੇਖਾ ਵੇਖ ਦੋ ਜਹਾਨਾਂ, ਬ੍ਰਹਿਮੰਡ ਖੰਡ ਫੋਲ ਫੁਲਾਈਆ । ਕੋਟਾਂ ਵਿਚੋਂ ਜਨ ਭਗਤਾਂ ਕਰ ਪਰਵਾਨਾ, ਪਰਮ ਪੁਰਖ ਆਪਣਾ ਭੇਵ ਚੁਕਾਈਆ । ਸੁਰਤ ਸ਼ਬਦ ਦਾ ਦੇ ਤਰਾਨਾ, ਤੁਰੀਆ ਤੋਂ ਪਰੇ ਕਰ ਪੜ੍ਹਾਈਆ । ਹਉਮੇ ਰੋਗ ਮੇਟਾਂ ਬੇਗਾਨਾ, ਮੇਲ ਮਿਲਾਵਾਂ ਸਹਿਜ ਸੁਭਾਈਆ । ਰਹਿਣ ਦੇਵੇ ਨਾ ਕੋਇ ਨਿਥਾਵਾਂ, ਸਚਖੰਡ ਸਾਚੇ ਦਏ ਵਡਿਆਈਆ । ਜਿਸ ਵੇਲੇ ਗੋਬਿੰਦ ਡੱਲੇ ਦੇ ਗਲ ਵਿਚ ਪਾਈਆਂ ਬਾਹਵਾਂ, ਦੋਵੇਂ ਹੱਥ ਪਿੱਠ ਉਤੇ ਟਿਕਾਈਆ । ਹੱਸ ਕੇ ਕਿਹਾ ਸਤਿਗੁਰ ਸ਼ਬਦ ਹੋ ਕੇ ਹਰਿਜਨ ਆਪਣੇ ਆਪ ਰਾਵਾਂ, ਸੇਜ ਸੁਹੰਜਣੀ ਡੇਰਾ ਲਾਈਆ । ਆਤਮ ਪਰਮਾਤਮ ਦੀਆਂ ਪੂਰੀਆਂ ਕਰਾਂ ਲਾਵਾਂ, ਚੌਥੇ ਜੁਗ ਧੁਰ ਦਾ ਸੰਗ ਬਣਾਈਆ । ਚਰਨ ਛੁਹਾ ਕੇ ਗਰਾਂ ਗਰਾਵਾਂ, ਗਹਿਰ ਗੰਭੀਰ ਹੋ ਕੇ ਓਹਲਾ ਦਿਆਂ ਚੁਕਾਈਆ । ਸੰਤ ਸੁਹੇਲਾ ਵੇਖਾਂ ਨਾਲ ਚਾਵਾਂ, ਚਾਓ ਘਨੇਰਾ ਇਕ ਪਰਗਟਾਈਆ । ਸਭ ਦਾ ਲੇਖਾ ਕਰ ਕੇ ਸਾਵਾਂ, ਸਤਿ ਸਤਿ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਗੋਬਿੰਦ ਸਤਿਗੁਰ ਦੇਵਣਹਾਰਾ ਠੰਡੀਆਂ ਛਾਵਾਂ, ਅਗਨੀ ਤਤ ਨਾ ਕੋਇ ਤਪਾਈਆ ।



### ✪ ੧੪ ਮੱਘਰ ਸ਼ਹਿਨਸ਼ਾਹੀ ਸੰਮਤ ੬ ਗੁਰਦਿਆਲ ਸਿੰਘ ਦੇ ਘਰ ਪਿੰਡ ਰਾਮੂ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

੯੫੯ ੨੨

ਗੋਬਿੰਦ ਸ਼ਬਦ ਕਹੇ ਮੈਂ ਵੇਖਾਂ ਗੋਬਿੰਦ ਭਵਿਖ, ਸਿੰਘ ਸਿੰਘ ਧਿਆਨ ਲਗਾਈਆ । ਜੋ ਧੁਰਦਰਗਾਹੀ ਲੇਖਾ ਗਿਆ ਲਿਖ, ਚਾਰ ਜੁਗ ਦੇ ਸ਼ਾਸਤਰ ਸਮਝ ਕੋਇ ਨਾ ਪਾਈਆ । ਸਚ ਵਸਤ ਦੀ ਦੇ ਕੇ ਭਿਖ, ਭਿਛਿਆ ਨਾਮ ਗਿਆ ਵਰਤਾਈਆ । ਸਦੀ ਚੌਧਵੀਂ ਸਤਿ ਸਰੂਪ ਰਿਹਾ ਕੋਇ ਨਾ ਦਿਸ, ਦਹਿ ਦਿਸ਼ਾ ਅੱਖ ਉਠਾਈਆ । ਆਤਮ ਪਰਮਾਤਮ ਬਣੇ ਕੋਇ ਨਾ ਮਿਤ, ਮਿੱਤਰ ਪਿਆਰਾ ਯਾਰ ਸੰਗ ਨਾ ਕੋਇ ਰਖਾਈਆ । ਪੁਰਖ ਅਕਾਲ ਸਚ ਪ੍ਰੀਤ ਕਰੇ ਕੋਇ ਨਾ ਹਿਤ, ਪਾਰਬ੍ਰਹਮ ਬ੍ਰਹਮ ਰੰਗ ਨਾ ਕੋਇ ਵਖਾਈਆ । ਧਰਮ ਦੀ ਧਾਰ ਸਚ ਦਵਾਰ ਰਿਹਾ ਕੋਇ ਨਾ ਸਿੱਖ, ਸਿਖਿਆ ਗੋਬਿੰਦ ਅੰਦਰ ਨਾ ਕਿਸੇ ਟਿਕਾਈਆ । ਕੂੜ ਕਲਪਨਾ ਜਗਤ ਵਾਸਨਾ ਗਏ ਵਿਕ, ਕੀਮਤ ਟਕਿਆਂ ਵਾਲੀ ਪਾਈਆ । ਸੋ ਪੁਰਖ ਸਵਾਮੀ ਅੰਤਰਜਾਮੀ ਪੁਰਖ ਅਕਾਲ ਦੀਨ ਦਿਆਲ ਸਦੀ ਚੌਧਵੀਂ ਵੇਖ ਕੇ ਆਪਣੀ ਥਿਤ, ਪੈਗ਼ੰਬਰਾਂ ਰਿਹਾ ਹਿਲਾਈਆ । ਦੀਨ ਮਜ਼੍ਹਬ ਦਾ ਦਰ ਦਰਵਾਜ਼ਾ ਖੋਲ੍ਹ ਕੇ ਵੇਖੋ ਭਿੱਤ, ਪਰਦਾ ਓਹਲਾ ਮਾਤ ਉਠਾਈਆ । ਤੁਸੀਂ ਬੋਧ ਅਗਾਧਾ ਨਾਮ ਨਿਧਾਨਾ ਬਖ਼ਸ਼ਿਆ ਕਿਸ ਕਿਸ, ਕਲਮਾ ਕਾਇਨਾਤ ਦਿਉ ਜਣਾਈਆ । ਕਵਣ ਮਨ ਮਨਸਾ ਰਿਹਾ ਜਿੱਤ, ਹਰ ਹਿਰਦੇ ਵਿਚ ਵਸਾਈਆ । ਕਿਸ ਅੰਤਰ ਲੱਗੀ ਸਿੱਕ, ਸਿਖਰ ਚੋਟੀ ਚੜ੍ਹ ਕੇ ਪ੍ਰਭ ਦਾ ਦਰਸਨ ਪਾਈਆ । ਮੁਹੱਬਤ ਪਿਆਰ ਮਹਿਬੂਬ ਦੀ ਰੱਖੇ ਤ੍ਰਿਖ, ਤ੍ਰਿਸ਼ਨਾ ਜਗਤ ਕੂੜ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਤਿਗੁਰ ਸ਼ਬਦ ਸ਼ਬਦ ਸਤਿਗੁਰ ਦਰ ਠਾਂਡੇ ਮੰਗ ਮੰਗਾਈਆ । ਸਤਿਗੁਰ ਸ਼ਬਦ ਕਹੇ ਮੈਂ ਗੋਬਿੰਦ ਧਾਰ ਤਕੀ, ਬਿਨ ਨੈਣਾਂ ਨੈਣ ਉਠਾਈਆ । ਹਕੀਕਤ ਵੇਖੀ ਹੱਕੀ, ਹਕੂਕ ਹੱਕ ਦਾ ਪੜਦਾ ਲਾਹੀਆ । ਮਹਿਬੂਬ ਤੱਕਿਆ ਕਮਲਾਪਾਤੀ, ਪਤਿਪਰਮੇਸ਼ਵਰ

ਧੁਰਦਰਗਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਮਰਥੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕ ਅਖਵਾਈਆ । ਸਭ ਦੀ ਜਾਨਣਹਾਰਾ ਮਿਤ ਗਤੀ, ਲੱਖ ਚੁਰਾਸੀ ਫੋਲ ਫੁਲਾਈਆ । ਵੇਖਣਹਾਰਾ ਮਨ ਮਤੀ, ਨੌ ਖੰਡ ਪ੍ਰਿਥਵੀ ਖੋਜ ਖੁਜਾਈਆ । ਜਿਸ ਦਾ ਖੇਲ ਵੇਖਣਾ ਅੱਖੀਂ, ਨੇਤਰ ਲੋਚਨ ਨੈਣ ਅੱਖ ਉਠਾਈਆ । ਉਹ ਕਥਾ ਕਹਾਣੀ ਕਰੇ ਸੱਚੀ, ਸਚ ਸਚ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਕਹੇ ਮੈਂ ਗੋਬਿੰਦ ਧਾਰ ਤੱਕਿਆ ਦਾਅਵਾ, ਹੁਕਮ ਸੰਦੇਸ਼ਾ ਧੁਰਦਰਗਾਹੀਆ । ਸੂਰਬੀਰ ਬਹਾਦਰ ਯੋਧਾ ਤੱਕਿਆ ਬਲ ਬਾਹਵਾਂ, ਤਰਕਸ਼ ਤੀਰ ਕਮਾਨ ਖੇਲ ਖਿਲਾਈਆ । ਪੂਤ ਸਪੂਤਾ ਦੁਲਾਰਾ ਤੱਕਿਆ ਪੁਰਖ ਅਕਾਲ ਨਾਲ ਸਾਵਾਂ, ਇਕੋ ਗ੍ਰਿਹਿ ਵੱਜੇ ਵਧਾਈਆ । ਜਿਸ ਦਾ ਖੇਲ ਦੋ ਜਹਾਨ ਨਾਲ ਹੋਇਆ ਚਾਵਾਂ, ਚਾਉ ਘਨੇਰਾ ਇਕ ਪਰਗਟਾਈਆ । ਪੁਰਖ ਅਕਾਲ ਕਿਹਾ ਵਾਹਵਾ, ਤੇਰੇ ਹੱਥ ਵਡਿਆਈਆ । ਕਲਜੁਗ ਅੰਤਮ ਤੇਰੇ ਨਾਲ ਆਵਾਂ, ਨਿਰਗੁਣ ਹੋ ਕੇ ਨਿਰਗੁਣ ਖੇਲ ਖਿਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਨਿਰੰਤਰ ਬੁੱਧੀ ਵੇਖਾਂ ਕੂੜ ਕਿਰਿਆ ਵਾਲੀ ਕਾਵਾਂ, ਗੁਰਮੁਖ ਹੰਸ ਸਚ ਸਰਬੰਸ ਵਿਚੋਂ ਫੋਲ ਫੁਲਾਈਆ । ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਲੇਖਾ ਜਾਣਾ ਥਾਵ ਥਾਵਾਂ, ਨਵ ਸੱਤ ਆਪਣਾ ਪੰਧ ਮੁਕਾਈਆ । ਧੁਰ ਸੰਦੇਸ਼ਾ ਨਾਮ ਅਗੰਮੀ ਏਕੰਕਾਰ ਇਕੋ ਗਾਵਾਂ, ਵਾਹਿਦ ਕਲਮਾ ਧੁਰਦਰਗਾਹੀਆ । ਖੇਲ ਕਰਾਂ ਜਨ ਭਗਤ ਸੁਹੇਲੇ ਜਿਸ ਵਸਣ ਥਾਂ ਗਰਾਵਾਂ, ਨਗਰ ਖੇੜਾ ਫੇਰਾ ਪਾਈਆ । ਨਾਮ ਪਿਆਲਾ ਅੰਮ੍ਰਿਤ ਰਸ ਬੂੰਦ ਸਵਾਂਤੀ ਨਿਝਰ ਝਿਰਨੇ ਆਪ ਪਿਆਵਾਂ, ਬਾਹਰ ਮੰਗਣ ਦੀ ਲੋੜ ਰਹੇ ਨਾ ਰਾਈਆ । ਚਰਨ ਧੂੜ ਸਚ ਸਰੋਵਰ ਸਚ ਦਰ ਆਪ ਨੁਹਾਵਾਂ, ਗੰਗਾ ਗੋਦਾਵਰੀ ਜਮਨਾ ਸੁਰਸਤੀ ਅਠ ਸਠ ਤੀਰਥ ਪੈਂਡਾ ਪੰਧ ਮੁਕਾਈਆ । ਚਾਰ ਵਰਨ ਅਠਾਰਾਂ ਬਰਨ ਮਿਹਰਵਾਨ ਮਹਿਬੂਬ ਹੋ ਕੇ ਸਿਰ ਦੇਵਾਂ ਠੰਡੀਆਂ ਛਾਵਾਂ, ਕਲਜੁਗ ਕੂੜੀ ਕਿਰਿਆ ਅਗਨੀ ਤਤ ਨਾ ਕੋਇ ਤਪਾਈਆ । ਚੁਰਾਸੀ ਵਿਚੋਂ ਜਮ ਕੀ ਫਾਸੀ ਵਿਚੋਂ ਫੜ ਬਾਹੋਂ ਪਾਰ ਲੰਘਾਵਾਂ, ਅੱਗੇ ਹੋ ਨਾ ਕੋਇ ਅਟਕਾਈਆ । ਸਤਿਗੁਰ ਸ਼ਬਦ ਕਿਹਾ ਹਰਿਜਨ ਹਰਿਭਗਤ ਗੁਰਮੁਖ ਗੁਰਸਿਖ ਸੂਫ਼ੀ ਸੰਤ ਫ਼ਕੀਰ ਕੋਈ ਰਹਿਣ ਨਾ ਦੇਵਾਂ ਨਿਥਾਵਾਂ, ਜੋ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਚਰਨ ਕਵਲ ਕਵਲ ਚਰਨ ਧਿਆਨ ਧਿਆਨ ਵਿਚੋਂ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰ ਸਭ ਨੂੰ ਕਰਕੇ ਸਾਵਾਂ, ਸੰਬਲ ਦਾ ਮਾਲਕ ਹੋ ਕੇ ਲੇਖਾ ਸਭ ਦਾ ਪੂਰ ਕਰਾਈਆ ।

### ✪ ੧੪ ਮੱਘਰ ਸ਼ਹਿਨਸ਼ਾਹੀ ਸੰਮਤ ੬ ਕਰਤਾਰ ਸਿੰਘ ਦੇ ਘਰ ਪਿੰਡ ਚੜਿਕ ਤਹਿਸੀਲ ਮੋਗਾ ✪

ਗੋਬਿੰਦ ਸ਼ਬਦ ਕਹੇ ਮੇਰਾ ਸਤਿਗੁਰ ਰੂਪ ਮਹਾਨਾ, ਮਹਿੰਮਾ ਅਕਥ ਕਥੀ ਨਾ ਜਾਈਆ । ਮੈਂ ਵਸਾਂ ਸਚਖੰਡ ਸੱਚੇ ਮਕਾਨਾ, ਬਿਨ ਛੱਪਰ ਛੰਨ ਡੇਰਾ ਲਾਈਆ । ਮੇਰਾ ਮਾਲਕ ਸ਼ਾਹੋ ਭੂਪ ਸੁਲਤਾਨਾ, ਨਰ ਨਿਰੰਕਾਰ ਅਗੰਮ ਅਥਾਹੀਆ । ਜਿਸ ਦਾ ਆਦਿ ਅੰਤ ਪੈਗ਼ਾਮਾ, ਪੈਗ਼ੰਬਰਾਂ ਤੋਂ ਬਾਹਰ ਕਰੇ ਪੜ੍ਹਾਈਆ । ਜਿਸ ਦੇ ਦਰ ਇਕੋ ਸੱਜਦਾ ਇਕ ਸਲਾਮਾ, ਡੰਡਾਵਤ ਬੰਦਨਾ ਇਕ ਰਖਾਈਆ । ਇਕੋ ਕਲਮਾ ਨਾਮ ਕਲਾਮਾ,

ਇਕੋ ਇਕ ਕਰੇ ਸ਼ਨਵਾਈਆ । ਜਿਸ ਦਾ ਖੇਲ ਦੋ ਜਹਾਨਾਂ, ਨਿਰਗੁਣ ਸਰਗੁਣ ਹੁਕਮ ਵਰਤਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਹਿਰ ਕੇ ਬਾਣਾ, ਜੋਤੀ ਜਾਤਾ ਪੁਰਖ ਬਿਧਾਤਾ ਵੇਸ ਵਟਾਈਆ । ਨਾਮ ਨਿਧਾਨ ਮਾਰੇ ਤੀਰ ਅਣਿਆਲਾ, ਅਨਡਿਠੜੀ ਆਪਣੀ ਕਾਰ ਕਮਾਈਆ । ਭਗਤ ਵਛਲ ਬਣ ਦੀਨ ਦਿਆਲਾ, ਅਨਾਥਾਂ ਹੋਏ ਸਹਾਈਆ । ਸਦੀ ਚੌਧਵੀਂ ਕਰੇ ਖੇਲ ਕਮਾਲਾ, ਕਾਮਲ ਮੁਰਸ਼ਦ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਮਾਲਕ ਆਦਿ ਅੰਤ, ਅੰਤਸ਼ਕਰਨ ਵੇਖੇ ਜਗਤ ਲੋਕਾਈਆ । ਰਾਜ਼ਕ ਰਿਜ਼ਕ ਰਹੀਮ ਜੁਗਾ ਜੁਗੰਤ, ਜੁਗ ਜੁਗ ਆਪਣੀ ਖੇਲ ਖਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਵਣਹਾਰਾ ਮਣੀਆ ਮੰਤ, ਮੰਤਰ ਧੁਰ ਇਕ ਸਮਝਾਈਆ । ਮੇਲ ਮਿਲਾਵਾ ਹੋਏ ਅਗੰਮੇ ਕੰਤ, ਕੰਤੂਹਲ ਮਿਲੇ ਬੇਪਰਵਾਹੀਆ । ਦਇਆ ਕਮਾਏ ਗੁਰਮੁਖ ਵਿਰਲੇ ਸੰਤ, ਭਗਤ ਭਗਵਾਨ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਦੀ ਧਾਰ ਧਾਰ ਅਗੰਮੀ, ਅਗੰਮੜੀ ਕਾਰ ਕਮਾਈਆ । ਜਨਣੀ ਕੁੱਖ ਕਦੇ ਨਾ ਜੰਮੀ, ਜ਼ਿਮੀਂ ਅਸਮਾਨ ਨਾ ਚਰਨ ਟਿਕਾਈਆ । ਪਵਣ ਸਵਾਸ ਨਾ ਕੋਇ ਦਮੀ, ਸਾਹ ਸਾਹ ਨਾ ਕੋਇ ਸਮਾਈਆ । ਸੂਰੀਆ ਚੰਦ ਨੂਰ ਨਾ ਚੰਨੀ, ਹਿੱਸਾ ਵੰਡ ਨਾ ਕੋਇ ਵਖਾਈਆ । ਹੱਦ ਹਦੂਦ ਕੋਇ ਨਾ ਬੰਨ੍ਹੀ, ਖੇਲ ਖੇਲੇ ਬੇਪਰਵਾਹੀਆ । ਆਦਿ ਜੁਗਾਦਿ ਜੁਗ ਚੌਕੜੀ ਸਦ ਨਵੀਂ, ਨਵ ਜੋਬਨ ਰੂਪ ਸਦ ਇਕ ਦਰਸਾਈਆ । ਜਿਸ ਦਾ ਵਸੇਰਾ ਨਹੀਂ ਛੱਪਰ ਛੰਨੀ, ਹਰ ਘਟ ਆਪਣਾ ਖੇਲ ਵਖਾਈਆ । ਸਿਫ਼ਤ ਜਣਾਏ ਚੌਦਾਂ ਸੌ ਤੀਹ ਅੰਕ ਪੰਨੀਂ, ਅਕਸ਼ਰ ਅੱਖਰਾਂ ਗੰਢ ਪਵਾਈਆ । ਲੋਭ ਲਾਲਚ ਨਾ ਕੋਇ ਤਮੀ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਵਖਾਈਆ । ਘੜਿਆ ਜਾਏ ਨਾ ਕਿਤੇ ਭੰਨੀ, ਠਠਿਆਰ ਹੱਥ ਨਾ ਕੋਇ ਛੁਹਾਈਆ । ਨੇਤਰ ਨੈਣ ਹੋਵੇ ਨਾ ਅੰਨ੍ਹੀ, ਲੋਚਨ ਬੰਦ ਨਾ ਕੋਇ ਕਰਾਈਆ । ਸਰੋਤ ਸੁਣੇ ਕੋਇ ਨਾ ਕੰਨੀਂ, ਸਰਵਣ ਕੰਨ ਨਾ ਕੋਇ ਬਣਾਈਆ । ਧੁਰ ਦੀ ਧਾਰ ਧਰਮ ਦਵਾਰ ਦੀ ਧਨੀ, ਧਨਾਢ ਰੂਪ ਇਕ ਅਖਵਾਈਆ । ਜਿਸ ਦੀ ਆਯੂ ਆਦਿ ਜੁਗਾਦਿ ਜੁਗ ਚੌਕੜੀ ਲੰਮੀ, ਅੰਤ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਦਾਤੇ ਪੁਰਖ ਬਿਧਾਤੇ ਦੀਨ ਦਿਆਲ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਸ਼ਬਦੀ ਖੇਲ ਅਪਾਰੀ, ਅਪਰੰਪਰ ਆਪ ਕਰਾਈਆ । ਲੇਖਾ ਪੂਰਾ ਕਰ ਤੇਈ ਅਵਤਾਰੀ, ਅਵਤਰ ਆਪਣਾ ਹੁਕਮ ਚਲਾਈਆ । ਪੈਗ਼ੰਬਰਾਂ ਲੇਖੇ ਲਾਏ ਸਿਕਦਾਰੀ, ਸਿਲਸਲੇ ਵਾਰ ਖੋਜ ਖੁਜਾਈਆ । ਗੁਰੂ ਗੁਰਦੇਵ ਪਾਵੇ ਸਾਰੀ, ਸਾਹਿਬ ਸੁਲਤਾਨਾ ਧੁਰਦਰਗਾਹੀਆ । ਸਦੀ ਚੌਧਵੀਂ ਆਈ ਅੰਤਮ ਵਾਰੀ, ਵਾਰਸ ਹੋ ਕੇ ਖੋਜ ਖੁਜਾਈਆ । ਸ਼ਬਦ ਸੰਦੇਸ਼ਾ ਦੇਵੇ ਏਕੰਕਾਰੀ, ਇਕ ਇਕੱਲਾ ਵਾਹਿਦ ਨੂਰ ਅਲਾਹੀਆ । ਮੁਹੰਮਦ ਹਮਦ ਵਿਚ ਹੋਣਾ ਖ਼ਬਰਦਾਰੀ, ਬੇਖ਼ਬਰ ਖ਼ਬਰ ਸੁਣਾਈਆ । ਝਗੜਾ ਮੁਕਣਾ ਚਾਰ ਯਾਰੀ, ਅਲਿਫ਼ ਯੇ ਦਏ ਗਵਾਹੀਆ । ਕਾਤਲ ਮਕਤੂਲ ਸ਼ਰਅ ਦੀ ਕਰਨ ਖ਼ੁਆਰੀ, ਸ਼ਰੀਅਤ ਅਸਲੀਅਤ ਰੂਪ ਬਦਲਾਈਆ । ਅੰਤਮ ਇਕ ਦੀ ਝਲਣੀ ਪੈਣੀ ਤਾਬਿਆਦਾਰੀ, ਸਿਰ ਸਕੇ ਨਾ ਕੋਇ ਉਠਾਈਆ । ਹਜ਼ਰਤ ਈਸਾ ਤਕ ਲੈ ਵੀਹਵੀਂ ਸਦੀ ਨੇਤਰ ਰੋਵੇ ਜ਼ਾਰੋ ਜ਼ਾਰੀ, ਬਿਨ ਨੈਣਾਂ ਨੀਰ ਵਹਾਈਆ । ਫਿਰੇ ਦਰੋਹੀ ਜੰਗਲ ਜੂਹ ਉਜਾੜ ਪਹਾੜੀ, ਟਿੱਲੇ ਪਰਬਤ ਰਹੇ ਕੁਰਲਾਈਆ । ਨੌ


੯੬੦
੨੨

ਖੰਡ ਪ੍ਰਿਥਮੀ ਸੱਤ ਦੀਪ ਕਲਜੁਗ ਕਲਾ ਰਹੀ ਸਾੜੀ, ਕਲਪਣਾ ਅਗਨੀ ਅੱਗ ਜਲਾਈਆ । ਮਾਨਵ ਤੜਫੇ ਬਹੱਤਰ ਨਾੜੀ, ਅੰਮ੍ਰਿਤ ਮੇਘ ਸਕੇ ਨਾ ਕੋਇ ਬਰਸਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਦਾ ਭਾਣਾ ਜਦ ਵਰਤੇ ਵਰਤੇ ਸਤਾਰਾਂ ਹਾੜ੍ਹੀ, ਨੌ ਖੰਡ ਪ੍ਰਿਥਮੀ ਸੱਤ ਦੀਪ ਭੁੱਲ ਰਹੇ ਨਾ ਰਾਈਆ । ਛੱਬੀ ਪੋਹ ਦਰ ਠਾਂਡੇ ਮੰਗ ਮੰਗਣੀ ਮੌਤ ਲਾੜੀ, ਰਾਏ ਧਰਮ ਚਿਤ੍ਰਗੁਪਤ ਸੰਗ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਗੋਬਿੰਦ ਧਾਰ ਧਾਰ ਦਾ ਖੰਡਾ, ਖੜਗ ਜਗਤ ਲੋਕਾਈਆ । ਖੇਲ ਹੋਣਾ ਵਿਚ ਬ੍ਰਹਿਮੰਡਾਂ, ਬ੍ਰਹਿਮਾਂਡ ਦਏ ਦੁਹਾਈਆ । ਝਗੜਾ ਵੇਖਣਾ ਜੇਰਜ ਅੰਡਾ, ਉਤਭੁਜ ਸੇਤਜ ਅੰਤਰ ਨਿਰੰਤਰ ਦਏ ਦੁਹਾਈਆ । ਸਦੀ ਚੌਧਵੀਂ ਅੰਤ ਅਖ਼ੀਰੀ ਕੰਢਾ, ਕੰਢਾ ਪਾਰ ਨਾ ਕੋਇ ਕਰਾਈਆ । ਮਾਣ ਰਹਿਣਾ ਨਹੀਂ ਸੁਰਸਤੀ ਗੋਦਾਵਰੀ ਜਮਨਾ ਗੰਗਾ, ਰਵਦਾਸ ਚਮਾਰਾ ਰਿਹਾ ਦ੍ਰਿੜਾਈਆ । ਧਰਮ ਦੀ ਧਾਰ ਦਿਸੇ ਨਾ ਕੋਇ ਪੰਡਾ, ਆਤਮ ਬੋਧ ਕਰੇ ਨਾ ਕੋਇ ਪੜ੍ਹਾਈਆ । ਜੀਵ ਜਗਤ ਜਹਾਨ ਸਿਰ ਓਢਣ ਹੋਇਆ ਨੰਗਾ, ਸਿਰ ਹੱਥ ਨਾ ਕੋਇ ਟਿਕਾਈਆ । ਕਲਜੁਗ ਘਰ ਘਰ ਕਰਾਉਣਾ ਦੰਗਾ, ਦੂਤੀਆ ਭਾਉ ਬਣਾਈਆ । ਪਰਗਟ ਹੋਣਾ ਸੂਰਾ ਸਰਬੰਗਾ, ਹਰਿ ਕਰਤਾ ਸ਼ਹਿਨਸ਼ਾਹੀਆ । ਸ਼ਬਦੀ ਗੋਬਿੰਦ ਹੋਣਾ ਸੰਗਾ, ਸਗਲਾ ਸੰਗ ਰਖਾਈਆ । ਆਤਮ ਸੇਜ ਬੈਠ ਪਲੰਘਾ, ਸਾਢੇ ਤਿੰਨ ਹੱਥ ਸੰਬਲ ਦਏ ਵਡਿਆਈਆ । ਅੱਗੇ ਵਕਤ ਨਾ ਰਹਿਣ ਦੇਵੇ ਲੰਬਾ, ਜੁਗਾਂ ਦਾ ਮਾਲਕ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਦੀਨ ਦਿਆਲ ਬਣ ਬਖ਼ਸ਼ੰਦਾ, ਬਖ਼ਸ਼ਿਸ਼ ਰਹਿਮਤ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਕੂੜ ਕੁੜਿਆਰ ਮਨ ਕਲਪਣਾ ਕੋਈ ਰਹਿਣ ਨਹੀਂ ਦੇਣਾ ਗੰਦਾ, ਕੂੜ ਕਿਰਿਆ ਕਾਇਆ ਮਾਟੀ ਵਿਚੋਂ ਬਾਹਰ ਕਢਾਈਆ ।



### ੧੫ ਮੱਘਰ ਸ਼ਹਿਨਸ਼ਾਹੀ ਸੰਮਤ ੬ ਮਹਿੰਦਰ ਕੌਰ ਦੇ ਘਰ ਪਿੰਡ ਚੜਿਕ ਤਹਿਸੀਲ ਮੋਗਾ

ਸੁਣ ਅਜ਼ੀ ਖਾਂ ਕੁਰੇਸ਼ੀ, ਅਰਸ਼ ਕੁਰਸ਼ ਦਾ ਮਾਲਕ ਰਿਹਾ ਜਣਾਈਆ । ਹੱਕ ਦਵਾਰ ਤੇਰੀ ਪੇਸ਼ੀ, ਪੇਸ਼ਵਾ ਦਾ ਲੇਖਾ ਦੇ ਮੁਕਾਈਆ । ਤਿੰਨ ਸੌ ਤਰੇਠ ਸਾਲ ਧਾਰ ਤੇਰੀ ਦੇਖੀ, ਖ਼ਬੀਸ ਆਪਣਾ ਰੰਗ ਵਖਾਈਆ । ਅੰਤ ਰਹੇ ਨਾ ਕੋਇ ਸ਼ੇਖ਼ੀ, ਸ਼ਨਾਖ਼ਤ ਵਿਚ ਦਏ ਸਮਝਾਈਆ । ਇਸ ਗ੍ਰਿਹਿ ਚੋਂ ਹੋ ਜਾ ਪਰਦੇਸੀ, ਦਰ ਦਵਾਰਾ ਆਪਣਾ ਰਾਹ ਤਕਾਈਆ । ਜਨ ਭਗਤਾਂ ਨਾਲ ਸਦਾ ਕਰਨੀ ਨੇਕੀ, ਬਦੀ ਵਾਲਾ ਡੇਰਾ ਢਾਹੀਆ । ਮਿਹਰਵਾਨ ਮਿਹਰਵਾਨ ਮਿਹਰਵਾਨ ਬਖ਼ਸ਼ਿਸ਼ ਕਰੇ ਧਰਮ ਧਾਰ ਦੀ ਬੇਟੀ, ਪਿਤਾ ਪੂਤ ਗੋਦ ਉਠਾਈਆ । ਮਮਤਾ ਮੋਹ ਦਾ ਰਹਿਣਾ ਨਹੀਂ ਸੇਠੀ, ਜਗਤ ਜੁਗ ਨਾ ਕੋਇ ਚਤੁਰਾਈਆ । ਅੰਤਮ ਵਾਰ ਪ੍ਰਭ ਕਦਮ ਲੇਟੀ, ਸੱਯਦਾ ਸੱਯਦਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਕੁਰੇਸ਼ੀ ਕਹੇ ਮੇਰੀ ਕਸਮ, ਖ਼ੁਦ ਖ਼ੁਦਾ ਸੀਸ ਨਿਵਾਈਆ । ਮੇਰਾ ਰਹੇ ਨਾ ਮਾਟੀ ਜਿਸਮ, ਜ਼ਿਮੀਂ ਅਸਮਾਨ ਮੇਰੀ ਦੁਹਾਈਆ । ਤੇਰੀ ਚਰਨ ਧੂੜ ਮੇਰੀ ਖ਼ਾਕ ਭਸਮ, ਖ਼ਾਕ ਖ਼ਾਕ ਵਿਚੋਂ ਰਮਾਈਆ । ਇਕੋ

ਮੰਨ ਕੇ ਤੇਰਾ ਇਸਮ, ਆਜ਼ਮ ਤੇਰੇ ਕਦਮਾਂ ਸੱਜਦਾ ਕਰਕੇ ਖ਼ੁਸ਼ੀ ਮਨਾਈਆ । ਮੈਨੂੰ ਦੂਰ ਦੁਰਾਡੇ ਤੇਰੇ ਪ੍ਰੇਮੀ ਦਿਸਣ, ਬਿਨਾ ਅੱਖਾਂ ਅੱਖ ਉਠਾਈਆ । ਮੇਰੇ ਸਾਹਿਬ ਸਵਾਮੀ ਪਿਤਨ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਜਿੰਨਾਂ ਚਿਰ ਤੇਰੇ ਸ਼ਬਦੀ ਹੁਕਮ ਦੀ ਧਾਰ ਲਿਖਾਰੀ ਨਾ ਲਿਖਣ, ਓਨ੍ਹਾਂ ਚਿਰ ਮੇਰੀ ਜੂਨੀ ਜੂਨ ਨਾ ਕੋਇ ਕਟਾਈਆ । ਮੇਰੇ ਮਾਲਕ ਖ਼ਾਲਕ ਪ੍ਰਿਤਪਾਲਕ ਮੇਰਾ ਕਦੀਮ ਦੇ ਦੇ ਹਿੱਸਣ, ਕਦਮ ਕਦਮ ਕਦਮਬੋਸ਼ੀ ਕਰਕੇ ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਆਸਾ ਮਨਸਾ ਪੂਰੀ ਕਰੇ ਇੱਛਨ, ਨਿਰਇੱਛਤ ਨਿਰਵੈਰ ਨਿਰਾਕਾਰ ਹੋ ਕੇ ਜਨਮ ਮਰਨ ਮਰਨ ਜਨਮ ਦਾ ਲੇਖਾ ਦਏ ਮੁਕਾਈਆ ।

### ✪ ੧੫ ਮੱਘਰ ਸ਼ਹਿਨਸ਼ਾਹੀ ਸੰਮਤ ੬ ਕਪੂਰ ਸਿੰਘ ਬਰਾੜ ਦੇ ਘਰ ਮੋਗਾ ਸ਼ਹਿਰ ✪

ਸਤਿਗੁਰ ਸ਼ਬਦ ਕਹੇ ਗੋਬਿੰਦ ਧਾਰ ਤੱਕਿਆ ਪ੍ਰਭ ਪੂਰਨ, ਪੂਰਨ ਰੂਪ ਸਮਾਈਆ । ਜਿਸ ਦਾ ਖੇਲ ਦੋ ਜਹਾਨ ਨੇੜ ਦੂਰਨ, ਬ੍ਰਹਿਮੰਡ ਖੰਡ ਹੁਕਮ ਵਰਤਾਈਆ । ਹੁਕਮ ਮੰਨਣਾ ਪੈਣਾ ਸਭ ਨੂੰ ਮਜਬੂਰਨ, ਸਿਰ ਸਕੇ ਨਾ ਕੋਇ ਉਠਾਈਆ । ਮਸਤਕ ਖ਼ਾਕ ਰਮਾਉਣੀ ਪਏ ਧੂੜਨ, ਟਿੱਕੇ ਖ਼ਾਕ ਵਾਲੇ ਰਮਾਈਆ । ਚਤੁਰ ਸੁਘੜ ਹੋਣੇ ਮੂਰਖ ਮੂੜਨ, ਦੁਰਮਤ ਮੈਲ ਮੈਲ ਧਵਾਈਆ । ਜਨ ਭਗਤਾਂ ਦਿਸਣਾ ਹਾਜ਼ਰ ਹਜ਼ੂਰਨ, ਹਰ ਹਿਰਦੇ ਅੰਦਰ ਬੈਠਾ ਸੋਭਾ ਪਾਈਆ । ਨਾਤਾ ਤੋੜ ਕੇ ਕੂੜ ਕੂੜਨ, ਕੂੜ ਕੁਟੰਬ ਦਾ ਡੇਰਾ ਢਾਹੀਆ । ਜਗਤ ਜਹਾਨ ਕਰ ਮਸ਼ਹੂਰਨ, ਹਰਿਜਨ ਸਾਚੇ ਆਪ ਉਠਾਈਆ । ਜੋਤੀ ਜਲਵਾ ਦੇ ਕੇ ਨੂਰਨ, ਨੂਰ ਨੁਰਾਨਾ ਚੰਦ ਚਮਕਾਈਆ । ਸਰਬ ਕਲਾ ਬਣ ਭਰਪੂਰਨ, ਭਰਪੂਰ ਹੋਵੇ ਸਰਬ ਥਾਈਂਆ । ਸਤਿਗੁਰ ਸ਼ਬਦ ਕਹੇ ਜਲਵਾ ਤਕਾਂ ਨੂਰ ਨੁਰਾਨਾ ਨੂਰਨ, ਨਿਰਾਕਾਰ ਨਿਰੰਕਾਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਵਛਲ ਸਭ ਦੀ ਆਸਾ ਮਨਸਾ ਪੂਰਨ, ਪਾਰਬ੍ਰਹਮ ਪ੍ਰਭ ਆਪਣਾ ਖੇਲ ਖਿਲਾਈਆ ।

### ✪ ੧੫ ਮੱਘਰ ਸ਼ਹਿਨਸ਼ਾਹੀ ਸੰਮਤ ੬ ਰਛਪਾਲ ਕੌਰ ਦੇ ਨਵਿਤ ਪਿੰਡ ਨਾਥੇਵਾਲ ਜ਼ਿਲਾ ਫ਼ਿਰੋਜ਼ਪੁਰ ✪

ਸਤਿਗੁਰ ਸ਼ਬਦ ਕਹੇ ਪ੍ਰਭ ਆਦਿ ਜੁਗਾਦੀ ਮਾਲਕ, ਹਰਿ ਕਰਤਾ ਪੁਰਖ ਪੁਰਖ ਧੁਰਦਰਗਾਹੀਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹੋਵੇ ਸਾਲਸ, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਵੇਖ ਵਖਾਈਆ । ਸੰਤ ਸੁਹੇਲਾ ਗੁਰਮੁਖ ਸੱਜਣ ਸੰਤ ਵੇਖੇ ਬਾਲਕ, ਗੁਰਮੁਖ ਗੁਰ ਗੁਰ ਆਪਣੀ ਗੋਦ ਟਿਕਾਈਆ । ਜਨਮ ਜਨਮ ਦੀ ਕਰਮ ਕਰਮ ਦੀ ਮੇਟ ਕੇ ਕਾਲਖ, ਨੂਰ ਨੁਰਾਨਾ ਨੂਰ ਚੰਦ ਦਏ ਚਮਕਾਈਆ । ਸਚ ਸਵਾਮੀ ਅੰਤਰਜਾਮੀ ਆਤਮ ਪਰਮਾਤਮ ਸਮਝ ਆਪਣੀ ਅਮਾਨਤ, ਦਰਗਹ ਸਾਚੀ ਸਚਖੰਡ ਦਵਾਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਰੂਹ ਬੁਤ ਪ੍ਰਭ ਦੀ ਧਾਰ, ਧਰਨੀ ਧਰਤ ਧਵਲ ਵਡਿਆਈਆ । ਸ਼ਬਦੀ ਸ਼ਬਦ ਗੁਰੂ ਸਿਕਦਾਰ, ਆਦਿ ਜੁਗਾਦਿ ਹੁਕਮ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਸੰਸਾਰੀ ਭੰਡਾਰੀ ਸੰਘਾਰੀ ਆਪਣੀ ਕਾਰ ਕਮਾਈਆ । ਧੁਰ ਦਾ ਲੇਖਾ ਜਾਣੇ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਪਾਰਬ੍ਰਹਮ ਅਗੰਮ ਅਥਾਹੀਆ । ਜਨ ਭਗਤ ਸੁਹੇਲਾ ਭਗਤਾਂ ਪਾਵੇ ਸਾਰ, ਮਹਾਂਸਾਰਥੀ ਆਪਣੀ ਕਾਰ ਕਮਾਈਆ । ਸਚਖੰਡ ਦਵਾਰਾ ਖੋਲ੍ਹ ਕਵਾੜ, ਸਚਖੰਡ ਨਿਵਾਸੀ ਆਪਣਾ ਪੜਦਾ ਲਾਹੀਆ । ਆਤਮ ਪਾਰਮਾਤਮ ਕਰ ਪਿਆਰ, ਪ੍ਰੀਤਮ ਪ੍ਰੇਮ ਪ੍ਰੀਤੀ ਇਕ ਬਣਾਈਆ । ਕਲਜੁਗ ਵੇਖੇ ਵਿਗਸੇ ਪਾਵੇ ਸਾਰ, ਵੇਖਣਹਾਰ ਦਇਆ ਕਮਾਈਆ । ਗੁਰਮੁਖਾਂ ਲਹਿਣਾ ਦੇਣਾ ਪੂਰਾ ਕਰੇ ਆਪ ਕਰਤਾਰ, ਕਰਤਾ ਕਰੀਮ ਧੁਰਦਰਗਾਹੀਆ । ਵਕਤ ਸੁਹੰਜਣਾ ਪਾਵੇ ਸਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਪੰਦਰਾਂ ਮੱਘਰ ਕਰੇ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਪ੍ਰਭ ਚਰਨ ਕਵਲ ਬਲਿਹਾਰ, ਬਲ ਬਲ ਬਲਹਾਰੀ ਦਰ ਤੇਰੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤ ਪ੍ਰਭੂ ਦੇ ਬਾਲ, ਲਾਲ ਦੁਲਾਰੇ ਆਪ ਬਣਾਈਆ । ਲਹਿਣਾ ਦੇਣਾ ਲੇਖਾ ਪੂਰਾ ਕਰੇ ਕੌਰ ਰਛਪਾਲ, ਰੱਛਕ ਹੋ ਕੇ ਵੇਖ ਵਖਾਈਆ । ਜਨਮ ਜਨਮ ਦੀ ਕਰਮ ਕਰਮ ਦੀ ਸੇਵਾ ਲੇਖੇ ਲਾਏ ਘਾਲ, ਘਾਲਣਾ ਅਵਰ ਰਹੇ ਨਾ ਰਾਈਆ । ਚੁਰਾਸੀ ਵਿਚੋਂ ਕਰ ਬਹਾਲ, ਜਮ ਕੀ ਫਾਸੀ ਦਿਤੀ ਤੁੜਾਈਆ । ਸਚਖੰਡ ਦਵਾਰ ਬਿਠਾ ਸੱਚੀ ਧਰਮਸਾਲ, ਬੰਕ ਇਕੋ ਇਕ ਵਖਾਈਆ । ਜਿਥੇ ਪੋਹ ਨਾ ਸਕੇ ਕਾਲ, ਮਹਾਂਕਾਲ ਨਾ ਕੋਇ ਚੁਤਰਾਈਆ । ਜੋਤੀ ਜੋਤ ਦੀਪਕ ਬਾਲ, ਜੋਤੀ ਜੋਤ ਵਿਚ ਸਮਾਈਆ । ਕਿਰਪਾ ਕੀਤੀ ਪੁਰਖ ਅਕਾਲ, ਅਕਲ ਕਲਧਾਰੀ ਆਪਣੀ ਕਲ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਰਛਪਾਲ ਕੌਰ ਕਹੇ ਸੁਣ ਗੁਰਸਿਖ ਸਿੰਘ ਬੂੜ, ਬੁਢੇਪਾ ਜਗਤ ਰਿਹਾ ਨਾ ਰਾਈਆ । ਸਤਿਗੁਰ ਚਰਨ ਮਿਲੀ ਧੂੜ, ਧੂੜੀ ਟਿੱਕਾ ਖ਼ਾਕ ਰਮਾਈਆ । ਮੇਰਾ ਅੰਤਰ ਰਿਹਾ ਨਾ ਮੂੜ੍ਹ, ਸੁਰਤ ਸ਼ਬਦ ਵਿਚ ਸਮਾਈਆ । ਆਵਣ ਜਾਵਣ ਕੱਟਿਆ ਗਿਆ ਜੂੜ, ਚੁਰਾਸੀ ਬੰਧਨ ਕੋਇ ਨਾ ਪਾਈਆ । ਸੁਣੀ ਆਵਾਜ਼ ਅਗੰਮੀ ਤੂਰ, ਤੁਰੀਆ ਤੋਂ ਪਰੇ ਕੀਤੀ ਸ਼ਨਵਾਈਆ । ਅੰਤ ਮਿਲਿਆ ਅਗੰਮੀ ਨੂਰ, ਜਿਸ ਨੂਰ ਵਿਚ ਨੂਰ ਗਿਆ ਸਮਾਈਆ । ਜਨਮ ਦਾ ਰਿਹਾ ਨਾ ਕੋਇ ਕਸੂਰ, ਪਤਿਤ ਪੁਨੀਤ ਰੂਪ ਬਣਾਈਆ । ਮੇਰੇ ਵਿਛੋੜੇ ਵਿਚ ਨਾ ਹੋਣਾ ਮਜਬੂਰ, ਮਜਬੂਰੀ ਪ੍ਰਭ ਦੇ ਅੱਗੇ ਚਲੇ ਕੋਇ ਨਾ ਰਾਈਆ । ਦੀਨ ਦੁਨੀ ਦਾ ਨਾਤਾ ਵੇਖਿਆ ਕੂੜ, ਸਗਲਾ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਰੰਗ ਰੰਗਾਈਆ । ਰਛਪਾਲ ਕੌਰ ਕਹੇ ਤੇਰੀ ਮੇਰੀ ਤਤਾਂ ਵਾਲੀ ਜੋੜੀ, ਨਾਤਾ ਜਗਤ ਵਖਾਈਆ । ਮੈਂ ਅਰਦਾਸ ਕਰਾਂ ਵਿਸ਼ਵਾਸ਼ ਕਰਾਂ ਪ੍ਰਭ ਛੇਤੀ ਆਪਣੇ ਗੁਰਸਿਖ ਨੂੰ ਚਾੜ੍ਹ ਦੇ ਘੋੜੀ, ਵਾਗ ਆਪਣੇ ਹੱਥ ਉਠਾਈਆ । ਅੱਗੇ ਆਯੂ ਰਹਿ ਜਾਏ ਥੋੜ੍ਹੀ, ਬਹੁਤੀ ਲੋੜ ਰਹੇ ਨਾ ਰਾਈਆ । ਧੁਰ ਦਾ ਹੁਕਮ ਹੁਕਮ ਕਦੇ ਨਾ ਮੋੜੀਂ, ਮੰਨਣਾ ਚਾਈਂ ਚਾਈਆ । ਦਰਗਹ ਸਾਚੀ ਸਚਖੰਡ ਦਵਾਰ ਪੁਰਖ ਅਕਾਲਾ ਦੀਨ ਦਿਆਲਾ ਬੱਚਿਆਂ ਵਾਂਗ ਦੇਵੇ ਲੋਰੀ, ਦੁੱਖ ਦਰਦ ਨਾ ਲਾਗੇ ਰਾਈਆ । ਆਸਾ ਮਨਸਾ ਮੂਲ ਰਹੇ ਨਾ ਹੋਰੀ, ਤ੍ਰਿਸਨਾ ਤ੍ਰਿਖਾ

੮੬੩
੨੨

ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਆਪ ਤਰਾਈਆ । ਸਤਿਗੁਰ ਸ਼ਬਦ ਕਹੇ ਜੋ ਗੁਰਮੁਖ ਛਡੇ ਸਰੀਰ, ਤਨ ਮਾਟੀ ਖ਼ਾਕ ਤਜਾਈਆ । ਤਿਸ ਅੰਦਰ ਰਹੇ ਨਾ ਪੀੜ, ਪੀਰ ਪੀਰਾਂ ਹੋਏ ਸਹਾਈਆ । ਮੰਜ਼ਲ ਉਹ ਮਿਲੇ ਜਿਥੇ ਬੈਠਾ ਜੁਲਾਹਾ ਕਬੀਰ, ਕਬਰਾਂ ਤੋਂ ਬਾਹਰ ਸੋਭਾ ਪਾਈਆ । ਦਰ ਦਵਾਰਾ ਅੰਤ ਅਖ਼ੀਰ, ਆਖ਼ਰ ਸਤਿਗੁਰ ਦਏ ਵਖਾਈਆ । ਜਿਥੇ ਵਹਾਉਣਾ ਪਏ ਨਾ ਨੀਰ, ਹੰਝੂਆਂ ਹਾਰ ਨਾ ਕੋਇ ਬਣਾਈਆ । ਬਸਤਰ ਪਹਿਨਣਾ ਪਏ ਨਾ ਚੀਰ, ਓਢਣ ਸੀਸ ਨਾ ਕੋਇ ਟਿਕਾਈਆ । ਵਾਸਤਾ ਪਾ ਕੇ ਕਢਣੀ ਪਏ ਨਾ ਲਕੀਰ, ਗਲ ਪਲੂ ਨਾ ਕੋਇ ਵਖਾਈਆ । ਝਗੜਾ ਰਹੇ ਨਾ ਗ਼ਰੀਬ ਅਮੀਰ, ਅਮਰਾਪਦ ਇਕੋ ਦਏ ਜਣਾਈਆ । ਸਤਿਗੁਰ ਸ਼ਬਦ ਕਹੇ ਸਤਿਗੁਰ ਬਦਲ ਦੇਵੇ ਤਕਦੀਰ, ਤਦਬੀਰ ਆਪਣਾ ਨਾਮ ਸਮਝਾਈਆ । ਪ੍ਰਭੂ ਦਰ ਇਕੋ ਰੂਪ ਸਾਰੇ ਪਾਤਸ਼ਾਹ ਵਜ਼ੀਰ, ਇਸਤਰੀ ਪੁਰਸ਼ ਵੰਡ ਨਾ ਕੋਇ ਵੰਡਾਈਆ । ਜਗਤ ਮੁਹੱਬਤ ਦੀ ਰਹੇ ਨਾ ਕੋਇ ਜ਼ੰਜੀਰ, ਕੜੀ ਕੜੀ ਨਾਲੋਂ ਤੁੜਾਈਆ । ਭਗਤ ਸੁਹੇਲਾ ਗੁਰਮੁਖ ਹਰਿਜਨ ਕਦੇ ਨਾ ਹੋਵੇ ਦਿਲਗੀਰ, ਚਿੰਤਾ ਗ਼ਮ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਵਣ ਜਾਵਣ ਜਨਮ ਮਰਨ ਦੀ ਕਟ ਪੀੜ, ਭੀੜੀ ਗਲੀ ਤੋਂ ਬਾਹਰ ਜ਼ਾਹਰ ਆਪਣੇ ਘਰ ਵਸਾਈਆ ।





## ੧੯ ਮੱਘਰ ਸ਼ਹਿਨਸ਼ਾਹੀ ਸੰਮਤ ੬ ਸੁਦਾਗਰ ਸਿੰਘ ਦੇ ਘਰ ਪਿੰਡ ਨਾਥੇਵਾਲਾ ਜ਼ਿਲਾ ਫ਼ਿਰੋਜ਼ਪੁਰ

ਸਤਿਗੁਰ ਸ਼ਬਦ ਕਹੇ ਬ੍ਰਹਿੰਮਡ ਖੰਡ ਰਹੇ ਘੁੰਮਦੇ, ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਚੱਕਰਵਰਤੀ ਚੱਕਰ ਲਗਾਈਆ । ਨਿਰਗੁਣ ਧਾਰ ਜੋਤੀ ਨੂਰ ਚਰਨ ਰਹੇ ਚੁੰਮਦੇ, ਨਵ ਨੌਂ ਚਾਰ ਆਪਣਾ ਪੰਧ ਮੁਕਾਈਆ । ਨਾਦ ਸੁਣਦੇ ਰਹੇ ਅਗੰਮੀ ਧੁਨ ਦੇ, ਜੋ ਆਵਾਜ਼ ਰਾਜ਼ ਪੜਦਾ ਅਗੰਮ ਉਠਾਈਆ । ਭੇਵ ਚੁਕਾਉਂਦੇ ਰਹੇ ਮੁਨ ਸੁਨ ਦੇ, ਸੁਨ ਸਮਾਧੀ ਪਰੇ ਅੱਖ ਖੁਲ੍ਹਾਈਆ । ਖੇਲ ਵੇਖਦੇ ਰਹੇ ਅਬਿਨਾਸ਼ੀ ਗੁਣ ਦੇ, ਗੁਣਵੰਤਾ ਕੀ ਆਪਣਾ ਹੁਕਮ ਵਰਤਾਈਆ । ਕੀ ਲੇਖ ਲਿਖੇ ਅਵਤਾਰ ਪੈਗ਼ੰਬਰਾਂ ਸਦੀ ਚੌਧਵੀਂ ਹੁਣ ਦੇ, ਭਵਿਖਤ ਇਸ਼ਟ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਦੋ ਜਹਾਨ ਲਾਉਂਦੇ ਵੇਖੇ ਚੱਕਰ, ਚਾਕਰ ਹੋ ਕੇ ਭੱਜਣ ਵਾਹੋ ਦਾਹੀਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਧਰਮ ਦੀ ਧਾਰ ਦਿਸੇ ਕੋਇ ਨਾ ਫ਼ੱਕਰ, ਫ਼ਿਕਰਾ ਹੱਕ ਨਾ ਕੋਇ ਸੁਣਾਈਆ । ਅੱਖਰੀ ਨਾਮ ਦੀ ਲੱਗੀ ਵੇਖੀ ਟੱਕਰ, ਝਗੜਾ ਦੀਨ ਦੁਨੀ ਜਣਾਈਆ । ਮਨ ਕਲਪਣਾ ਹੰਕਾਰੀ ਵੇਖੀ ਮਕਰ, ਸਹਿਸੇ ਰੋਗ ਨਾਲ ਕੁਰਲਾਈਆ । ਨਿਰਗੁਣ ਧਾਰ ਦੀ ਨਿਰਅੱਖਰ ਧਾਰ ਵਾਲੀ ਸਮਝ ਆਈ ਕਿਸੇ ਨਾ ਸਤਰ, ਸਤ੍ਰਾ ਸਮੁੰਦ ਬੁਲੰਦ ਨਾ ਕੋਇ ਦ੍ਰਿੜਾਈਆ । ਚਾਰ ਜੁਗ ਦੇ ਸ਼ਾਸਤਰ ਗ੍ਰਹਿਣ ਕਰ ਸਕੇ ਨਾ ਇਕ ਪੱਤਰ, ਪਤ੍ਰਕਾ ਲਿਖ ਲਿਖ ਮਾਤਲੋਕ ਗਏ ਦ੍ਰਿੜਾਈਆ । ਕਿਸੇ ਸਾਰ ਨਾ ਪਾਈ ਕੀ ਖੇਲ ਹੋਣਾ ਭਗਤ ਬਹੱਤਰ, ਨਾੜ ਬਹੱਤਰ ਨਾਦ ਸ਼ਨਵਾਈਆ । ਅਵਤਾਰ ਪੈਗ਼ੰਬਰ ਗੁਰ ਮਾਨਵ ਜ਼ਾਤੀ ਕਰ ਨਾ ਸਕੇ ਇਕੱਤਰ,

ਏਕਾ ਏਕੇ ਨਾਲ ਜੁੜਾਈਆ । ਪੁਰਖ ਅਕਾਲ ਦਾ ਸਮਝਿਆ ਨਾ ਕਿਸੇ ਗ੍ਰਿਹ ਨਛੱਤਰ, ਬ੍ਰਹਮਵੇਤਾ ਬ੍ਰਹਮਾ ਸਮਝ ਕੋਇ ਨਾ ਪਾਈਆ । ਮਨੂ ਜਣਾ ਸਕਿਆ ਕੋਇ ਨਾ ਅੱਖਰ, ਅੱਖਰੀ ਪੜਦਾ ਕੋਇ ਨਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਅਗੰਮ ਅਥਾਹੀਆ । ਸਤਿਗੁਰ ਸ਼ਬਦ ਕਹੇ ਬ੍ਰਹਿਮੰਡ ਖੰਡ ਫਿਰੇ ਨੱਠੇ, ਭੱਜੇ ਵਾਹੋ ਦਾਹੀਆ । ਧਰਮ ਦਵਾਰ ਹੋਣੇ ਇਕੱਠੇ, ਛੱਬੀ ਪੋਹ ਰੁਤ ਸੁਹਾਈਆ । ਨਾਲ ਅਵਤਾਰ ਪੈਗ਼ੰਬਰਾਂ ਗੁਰੂਆਂ ਚਾਰ ਜੁਗ ਦੇ ਲਿਆਉਣੇ ਪਟੇ, ਪਟਨੇ ਵਾਲਾ ਨਾਲ ਮਿਲਾਈਆ । ਸਭ ਦੇ ਲੇਖੇ ਹੋਣੇ ਬਟੇ, ਜ਼ੀਰੋ ਜ਼ੀਰੋ ਨਾਲ ਬਦਲਾਈਆ । ਨੌ ਗੁਰਮੁਖਾਂ ਪ੍ਰਭ ਦੇ ਉਤੋਂ ਨੌਂ ਨੌਂ ਵਾਰ ਕੇ ਸੁੱਟਣੇ ਟਕੇ, ਸਾਢੇ ਨੌ ਦਾ ਵਕਤ ਜਣਾਈਆ । ਉਨ੍ਹਾਂ ਗੁੱਟੀਂ ਰੁਮਾਲ ਹੋਣੇ ਖੱਟੇ, ਸਵਾ ਗਿੱਠ ਲੰਬਾਈ ਚੁੜਾਈਆ । ਪਿਛਾਂਹ ਨੂੰ ਸੁੱਟੇ ਹੋਣ ਪਟੇ, ਕਾਹਨਾ ਕ੍ਰਿਸ਼ਨਾ ਪੂਰੀ ਆਸ ਜਣਾਈਆ । ਮਸਤਕ ਪਾਏ ਹੋਣ ਵੱਟੇ, ਤਿਊੜੀ ਜ਼ੋਰ ਨਾਲ ਵਖਾਈਆ । ਉਹ ਹੋਵਣ ਜ਼ਾਤ ਦੇ ਜੱਟ ਜੱਟੇ, ਦੂਸਰ ਸੰਗ ਨਾ ਕੋਇ ਬਣਾਈਆ । ਫੇਰ ਜੈਕਾਰਾ ਬੋਲਣ ਫ਼ਤਿਹ, ਉਚੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਪੁਰਖ ਸਮਰਥੇ, ਸਮਰਥ ਤੇਰੀ ਬੇਪਰਵਾਹੀਆ ।



### ✪ ੧੯ ਮੱਘਰ ਸ਼ਹਿਨਸ਼ਾਹੀ ਸੰਮਤ ੯ ਨਛੱਤਰ ਸਿੰਘ ਦੇ ਘਰ ਪਿੰਡ ਨਾਥੇ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

੮੬੫ ੨੨

ਸਤਿਗੁਰ ਸ਼ਬਦ ਕਹੇ ਬ੍ਰਹਿਮੰਡ ਖੰਡ ਰਹੇ ਨੱਸ, ਦਿਵਸ ਰੈਣ ਭੱਜਣ ਚਾਈਂ ਚਾਈਂਆ । ਪੁਰਖ ਅਕਾਲ ਦਾ ਗਾਉਂਦੇ ਜਸ, ਤੂੰ ਮੇਰਾ ਮੈਂ ਤੇਰਾ ਸਿਫ਼ਤ ਸਾਲਾਹੀਆ । ਇਸ਼ਾਰੇ ਕਰਦੇ ਫਿਰਨ ਰਵ ਸੱਸ, ਮੰਡਲ ਮੰਡਪ ਰਹੇ ਦ੍ਰਿੜਾਈਆ । ਉਠੋ ਵੇਖੋ ਖੇਲ ਪੁਰਖ ਸਮਰਥ, ਕੀ ਕਰਤਾ ਕਰਨੀ ਕਾਰ ਕਮਾਈਆ । ਆਦਿ ਜੁਗਾਦਿ ਜਿਸ ਦੇ ਵਸ, ਜੁਗ ਚੌਕੜੀ ਹੁਕਮ ਵਰਤਾਈਆ । ਲੱਖ ਚੁਰਾਸੀ ਦੀਨ ਦੁਨੀ ਇਕੋ ਵਾਰ ਵਿਛਾਵਣ ਵਾਲਾ ਸਥ, ਸੱਥਰ ਗੋਬਿੰਦ ਦਏ ਗਵਾਹੀਆ । ਕਾਇਨਾਤ ਸ੍ਰਿਸ਼ਟੀ ਰਿਹਾ ਮਥ, ਮਥਣਹਾਰਾ ਬੇਪਰਵਾਹੀਆ । ਲੇਖਾ ਚੁਕਾਵਣ ਲੱਗਾ ਤਤ ਅੱਠ, ਨੌ ਦਰ ਤੇਰਾ ਪੰਧ ਮੁਕਾਈਆ । ਲੱਖ ਚੁਰਾਸੀ ਲੇਖੇ ਲਾਵੇ ਰਤ, ਰਤੀ ਰਤ ਖੋਜ ਖੁਜਾਈਆ । ਜਿਹੜਾ ਸਾਹਿਬ ਸਵਾਮੀ ਪੁਰਖ ਅਕਾਲਾ ਦੀਨ ਦਿਆਲਾ ਆਇਆ ਵਤ, ਵਤਨ ਬੇਵਤਨ ਆਪਣਾ ਹੁਕਮ ਵਰਤਾਈਆ । ਮਾਨਵ ਮਾਨਸ ਮਾਨੁਖ ਬਦਲ ਦੇਵੇ ਮਤ, ਮਤ ਮਤਾਂਤਰ ਡੇਰਾ ਢਾਹੀਆ । ਧੀਰਜ ਸੰਤੋਖ ਦੇਵੇ ਜਤ, ਯਥਾਰਥ ਆਪਣਾ ਹੁਕਮ ਵਰਤਾਈਆ । ਦੀਨ ਮਜ਼੍ਹਬ ਦਾ ਮੇਟ ਕੇ ਫੱਟ, ਪੱਟੀ ਨਾਮ ਦਏ ਬੰਧਾਈਆ । ਜਨ ਭਗਤਾਂ ਸਤਿ ਧਰਮ ਦਾ ਖੋਲ੍ਹ ਕੇ ਹੱਟ, ਭਗਤ ਦਵਾਰਾ ਇਕ ਵਖਾਈਆ । ਜਿਥੇ ਮਿਲੇ ਅੰਮਿਉਂ ਰਸ, ਅੰਮ੍ਰਿਤ ਰਸ ਆਪ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਣਹਾਰਾ ਘਟ ਘਟ, ਘਟ ਨਿਵਾਸੀ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ ।

## ✪ ੧੯ ਮੱਘਰ ਸ਼ਹਿਨਸ਼ਾਹੀ ਸੰਮਤ ੬ ਪ੍ਰੀਤਮ ਸਿੰਘ ਦੇ ਘਰ ਪਿੰਡ ਨਾਥੇਵਾਲ ਜ਼ਿਲਾ ਫ਼ਿਰੋਜ਼ਪੁਰ ✪

ਸਤਿਗੁਰ ਸ਼ਬਦ ਕਹੇ ਬ੍ਰਹਿਮੰਡ ਖੰਡ ਬਣੇ ਰਹੇ ਪਾਂਧੀ, ਜੁਗ ਚੌਕੜੀ ਮੰਜ਼ਲ ਮੰਜ਼ਲ ਪੰਧ ਮੁਕਾਈਆ । ਚਾਰ ਜੁਗ ਜਲਧਾਰ ਮਨ ਕਲਪਣਾ ਵੇਖਦੇ ਰਹੇ ਆਂਧੀ, ਅੰਦਰ ਬਾਹਰ ਧਿਆਨ ਲਗਾਈਆ । ਸੁਰਤੀ ਤਕਦੇ ਰਹੇ ਜੋ ਸ਼ਬਦ ਸ਼ਬਦ ਗੁਰ ਗਾਂਦੀ, ਗਹਿਰ ਗੰਭੀਰ ਸਿਫ਼ਤ ਸਾਲਾਹੀਆ । ਮਾਟੀ ਖ਼ਾਕ ਵੇਖਦੇ ਰਹੇ ਜੋ ਸਚ ਸਰੋਵਰ ਨਹਾਂਦੀ, ਤੀਰਥ ਤੱਟਾਂ ਬਾਹਰ ਅੱਖ ਖੁਲ੍ਹਾਈਆ । ਮਨਸਾ ਜਾਣਦੇ ਰਹੇ ਜੋ ਥੱਕੀ ਮਾਂਦੀ, ਬਲਹੀਣ ਜਗਤ ਅਖਵਾਈਆ । ਬੁੱਧੀ ਤਕਦੇ ਰਹੇ ਜੋ ਹੰਸ ਹੋਈ ਕਾਗੀ, ਕਾਗ ਵਾਂਗ ਕੁਰਲਾਈਆ । ਅਵਤਾਰ ਪੈਗ਼ੰਬਰ ਗੁਰੂ ਵੇਖਦੇ ਰਹੇ ਜੋ ਧਰਦੇ ਰਹੇ ਸਵਾਂਗ ਸਵਾਂਗੀ, ਨਿਰਗੁਣ ਸਰਗੁਣ ਆਪਣਾ ਰੂਪ ਬਦਲਾਈਆ । ਜਗਤ ਕਲਪਣਾ ਵੇਖਿਆ ਰੁਪਾ ਚਾਂਦੀ, ਚੰਚਲ ਮਨ ਨਾਲ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ । ਬ੍ਰਹਿਮੰਡ ਖੰਡ ਕਹਿਣ ਅਸੀਂ ਜੁਗ ਚੌਕੜੀ ਭੱਜੇ ਦੌੜੇ, ਘੜੀ ਪਲ ਟਿਕਣ ਕੋਇ ਨਾ ਪਾਈਆ । ਜੀਵ ਜਗਤ ਜਹਾਨ ਵੇਖੇ ਮਿੱਠੇ ਕੌੜੇ, ਅੰਤਰ ਨਿਰੰਤਰ ਫੋਲ ਫੁਲਾਈਆ । ਸਦੀ ਚੌਧਵੀਂ ਸਾਚੀ ਮੰਜ਼ਲ ਚੜ੍ਹੇ ਕੋਇ ਨਾ ਪੌੜੇ, ਪੌੜੀ ਡੰਡਾ ਹੱਥ ਕਿਸੇ ਨਾ ਆਈਆ । ਸਭ ਦੀ ਆਸ਼ਾ ਲੇਖਾ ਪੂਰਾ ਕਰੇ ਬ੍ਰਾਹਮਣ ਗੌੜੇ, ਗੁਰ ਅਵਤਾਰ ਪੈਗ਼ੰਬਰ ਧਿਆਨ ਲਗਾਈਆ । ਜਿਸ ਦੇ ਮਾਰਗ ਕੋਟਨ ਕੋਟ ਜੁਗ ਚੌਕੜੀ ਲੰਮੇ ਚੌੜੇ, ਅੰਤ ਕਹਿਣ ਕੋਇ ਨਾ ਪਾਈਆ । ਸੋ ਸਵਾਮੀ ਅੰਤਰਜਾਮੀ ਸੱਸੇ ਉਪਰ ਲਾ ਕੇ ਹੋੜੇ, ਸੋ ਪੁਰਖ ਨਿਰਜੰਣ ਆਪਣਾ ਹੁਕਮ ਵਰਤਾਈਆ । ਹੰ ਬ੍ਰਹਮ ਆਤਮ ਧਾਰ ਆਪੇ ਬਹੁੜੇ, ਬਹੁੜੀ ਬਹੁੜੀ ਕਰਦੀ ਵੇਖੇ ਖ਼ਲਕ ਖ਼ੁਦਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਅੰਤਰ ਕਰੇ ਗ਼ੌਰੇ, ਗਹਿਰ ਗੰਭੀਰ ਹੋ ਕੇ ਵੇਖ ਵਖਾਈਆ । ਇਕ ਨਾਮ ਨਿਧਾਨਾ ਸ੍ਰੀ ਭਗਵਾਨਾ ਮੰਤਰ ਫੋਰੇ, ਫੁਰਨੇ ਸਭ ਦੇ ਬੰਦ ਕਰਾਈਆ । ਸਤਿਜੁਗ ਸਾਚਾ ਮਾਰਗ ਕਲਜੁਗ ਦੀ ਧਾਰ ਵਿਚੋਂ ਤੋਰੇ, ਤੁਰੀਆ ਤੋਂ ਪਰੇ ਤੁਰਤ ਆਪਣਾ ਪੜਦਾ ਲਾਹੀਆ । ਦੀਨ ਮਜ਼੍ਹਬ ਜ਼ਾਤ ਪਾਤ ਸਭ ਦੀ ਟੁੱਟੀ ਆਪਣੇ ਨਾਲ ਜੋੜੇ, ਜੋੜੀ ਆਤਮ ਪਰਮਾਤਮ ਸਚ ਬਣਾਈਆ । ਬ੍ਰਹਿਮੰਡ ਖੰਡ ਕਹਿਣ ਕਲਜੁਗ ਅੰਤਮ ਇਕ ਪ੍ਰਭੂ ਦੀ ਲੋੜੇ, ਜੋ ਲੋੜੀਂਦਾ ਸੱਜਣ ਸਭ ਦੀ ਆਸਾ ਮਨਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਦੀ ਧਾਰ ਤੂੰ ਮੇਰਾ ਮੈਂ ਤੇਰਾ ਦੱਸੇ ਦੋਹਰੇ, ਦੋਹਾਂ ਦੇ ਰਾਹਾਂ ਵਿਚੋਂ ਪਾਰ ਕਰਾਈਆ ।

## ✪ ੧੯ ਮੱਘਰ ਸ਼ਹਿਨਸ਼ਾਹੀ ਸੰਮਤ ੬ ਪ੍ਰੀਤਮ ਸਿੰਘ ਦੇ ਗ੍ਰਿਹਿ ਪਿੰਡ ਨਾਥੇ ਵਾਲ ਜ਼ਿਲਾ ਫ਼ਿਰੋਜ਼ਪੁਰ ✪

ਬ੍ਰਹਿਮੰਡ ਖੰਡ ਕਹਿਣ ਅਸੀਂ ਜੁਗ ਚੌਕੜੀ ਦੀਨ ਦੁਨੀ ਤਕੀ, ਜਗਤ ਤਕੀਆਂ ਉਤੇ ਧਿਆਨ ਲਗਾਈਆ । ਰਾਮ ਦੀ ਸੀਤਾ ਕ੍ਰਿਸ਼ਨ ਦੀ ਵੇਖੀ ਸਖ਼ੀ, ਸੁਖ਼ਨ ਸਭ ਦੇ ਨਾਲ ਕੀਤੇ ਚਾਈਂ ਚਾਈਆ । ਮੂਸਾ ਈਸਾ ਮੁਹੰਮਦ ਦੀ ਧਾਰ ਵੇਖੀ ਅੱਖੀ, ਪੈਗ਼ੰਬਰਾਂ ਖੋਜ ਖੁਜਾਈਆ । ਨਾਨਕ ਗੋਬਿੰਦ ਜੋ ਵੇਖੀ ਸਚੀ, ਸਚ ਸਚ ਨਾਲ ਵਡਿਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਵੇਖੀ ਰਚੀ, ਗ੍ਰੰਥ ਸਿਫ਼ਤਾਂ ਵਿਚ ਸਾਲਾਹੀਆ ।

ਦੀਨ ਮਜ਼੍ਹਬ ਦੀ ਅੱਗ ਵੇਖੀ ਮੱਚੀ, ਚਾਰ ਕੁੰਟ ਜਗਤ ਜਲਾਈਆ । ਮਨੁਸ਼ ਦੇਹੀ ਦੇਹੀ ਧਾਰ ਵੇਖੀ ਕੱਚੀ, ਅੰਤ ਰਹਿਣ ਕੋਇ ਨਾ ਪਾਈਆ । ਨਾਮ ਕਲਮਿਆਂ ਦੀ ਸੰਸਾਰੀ ਵੇਖੀ ਹੱਟੀ, ਜੋ ਹੁਕਮ ਧੁਰ ਦਾ ਰਹੀ ਸੁਣਾਈਆ । ਅੱਖਰਾਂ ਵਾਲੀ ਲਿਖੀ ਹੋਈ ਵੇਖੀ ਪੱਟੀ, ਸਿਫ਼ਤਾਂ ਵਾਲੀ ਸਿਫ਼ਤ ਸਾਲਾਹੀਆ । ਦਰੋਹੀ ਕਲਜੁਗ ਅੰਤਮ ਮਨ ਵਾਸਨਾ ਧਾਰ ਵੇਖੀ ਟੱਪੀ, ਹਦ ਹਦੂਦ ਪਿਛਲੀ ਗਈ ਭੁਲਾਈਆ । ਜਿਸ ਨਾਲ ਪੂਰਬ ਦੀ ਮੋਹਰ ਗਈ ਠੱਪੀ, ਠੱਪਾ ਨਾਮ ਨਾ ਕੋਇ ਲਗਾਈਆ । ਧਰਮ ਦਾ ਰਿਹਾ ਕੋਇ ਨਾ ਤਪੀ, ਤਪੀਸ਼ਰ ਬੈਠੇ ਮੁਖ ਭਵਾਈਆ । ਸਤਿ ਦਾ ਰਿਹਾ ਕੋਇ ਨਾ ਪਤੀ, ਪਤਿ ਪਤਨੀ ਵਿਭਚਾਰ ਵਿਚ ਕੁਰਲਾਈਆ । ਨਾਮ ਦੀ ਦਿਸੇ ਕੋਇ ਨਾ ਰਤੀ, ਰਤਨ ਅਮੋਲਕ ਹੀਰਾ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਰਹੀ ਪਿੱਟੀ, ਨੇਤਰ ਰੋਵੇ ਥਾਉਂ ਥਾਈਂਆ । ਬਹੁੜੀ ਬਿਨਾ ਪੁਰਖ ਅਕਾਲ ਤੋਂ ਕਿਸੇ ਸਮਝ ਨਾ ਆਈ ਕਿਉਂ ਹਾਹੇ ਉਤੇ ਲਾਈ ਟਿੱਪੀ, ਹੰ ਆਪਣੀ ਕਾਰ ਕਮਾਈਆ । ਚਾਰ ਜੁਗ ਤੋਂ ਵਖਰੀ ਖੇਲ ਕਰ ਅਨਡਿੱਠੀ, ਅਨਡਿਠੜਾ ਆਪਣਾ ਹੁਕਮ ਸਮਝਾਈਆ । ਜਨ ਭਗਤਾਂ ਹੱਥ ਰੱਖੇ ਪੁਸ਼ਤ ਪਨਾਹ ਪਿੱਠੀ, ਸੀਸ ਜਗਦੀਸ ਆਪ ਟਿਕਾਈਆ । ਚੁਰਾਸੀ ਵਿਚੋਂ ਸੰਤ ਸੁਹੇਲੇ ਬਣਾ ਕੇ ਸਿੱਖੀ, ਸਿਖਿਆ ਧੁਰ ਦੀ ਦਿਤੀ ਦ੍ਰਿੜ੍ਹਾਈਆ । ਪੂਰੀ ਕਰੇ ਥਿਤ ਵਾਰ ਰੁਤ ਸੁਹੰਜਣੀ ਮਿਤੀ ਮਿਥੀ, ਜੋ ਗੁਰ ਅਵਤਾਰ ਪੈਗ਼ੰਬਰ ਗੁਰੂ ਮਿਥ ਕੇ ਭਵਿਖਤਾਂ ਵਿਚ ਗਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝਗੜਾ ਮੁਕਾਵੇ ਪੱਥਰ ਇੱਟੀ, ਇੱਟ ਪੱਥਰ ਪੱਥਰ ਇੱਟ ਨਾਲ ਟਕਰਾਈਆ ।



✪ ੧੯ ਮੱਘਰ ਸ਼ਹਿਨਸ਼ਾਹੀ ਸੰਮਤ ੯ ਮਹਿੰਦਰ ਸਿੰਘ ਦੇ ਘਰ ਪਿੰਡ ਨਾਥੇਵਾਲ ਜ਼ਿਲਾ ਫ਼ਿਰੋਜ਼ਪੁਰ ✪

ਧਰਨੀ ਕਹੇ ਮੇਰੀ ਮਨਸਾ ਪੂਰੀ ਹੋਈ ਉਡੀਕ, ਸਾਲ ਬਸਾਲਾ ਵਕਤ ਲੰਘਾਈਆ । ਸਚ ਪਰਵਿਸ਼ਟੇ ਦੀ ਪੁੱਜੀ ਤਰੀਕ, ਤਵਾਰੀਖ ਸ਼ਬਦ ਦਏ ਗਵਾਹੀਆ । ਸਮਾਂ ਸਾਹਿਬ ਦਾ ਆਇਆ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਮੈਨੂੰ ਹੁਕਮ ਦੀ ਕੀਤੀ ਸੀ ਤਬਲੀਕ, ਸ਼ਰਅ ਤੋਂ ਬਾਹਰ ਸਮਝਾਈਆ । ਪਰਵਰਦਿਗਾਰ ਆਵੇ ਲਾਸ਼ਰੀਕ, ਮੁਰਸ਼ਦ ਧੁਰਦਰਗਾਹੀਆ । ਬਿਨਾ ਅੱਖਰਾਂ ਤੋਂ ਦੇ ਰਸੀਦ, ਧਰਮ ਦੀ ਧਾਰ ਦਿਤੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਿਆ ਮਿਲਾਈਆ । ਧਰਨੀ ਕਹੇ ਏਥੇ ਆਇਆ ਸੀ ਫ਼ਰੀਦ, ਫ਼ਾਇਦਾ ਮੈਨੂੰ ਗਿਆ ਪਹੁੰਚਾਈਆ । ਸਚ ਪ੍ਰੇਮ ਦੀ ਮਨਾ ਈਦ, ਇਬਾਦਤ ਵਿਚ ਧਿਆਨ ਲਗਾਈਆ । ਢਾਈ ਘੰਟੇ ਕੀਤੀ ਨੀਂਦ, ਸੁੱਤਾ ਚਾਈਂ ਚਾਈਂਆ । ਜਿਸ ਵਿਚ ਪ੍ਰਭ ਦੀ ਵੇਖੀ ਉਮੀਦ, ਆਂਮਦ ਵਿਚ ਵਡਿਆਈਆ । ਖ਼ੁਸ਼ੀ ਨਾਲ ਕੀਤੀ ਤਾਕੀਦ, ਮੈਨੂੰ ਗਿਆ ਸੁਣਾਈਆ । ਜਿਸ ਵੇਲੇ ਪੈਗ਼ੰਬਰ ਗੁਰੂ ਹੋ ਗਏ ਸ਼ਹੀਦ, ਸ਼ਹਾਦਤ ਵਾਲਾ ਰਹਿਣ ਕੋਇ ਨਾ ਪਾਈਆ । ਤੈਨੂੰ ਕਰੇ ਕੋਇ ਨਾ ਠਾਂਡੀ ਸੀਤ, ਅਗਨੀ ਤਤ ਨਾ ਕੋਇ ਬੁਝਾਈਆ । ਝਗੜਾ ਪੈਣਾ ਮੰਦਰ ਮਸੀਤ, ਕਾਅਬੇ ਰੋਵਣ ਮਾਰਨ ਧਾਈਆ । ਸਚ ਦੀ ਰਹੇ ਨਾ ਕੋਇ ਪ੍ਰੀਤ, ਪ੍ਰੀਤਮ ਮਿਲਣ ਕੋਇ ਨਾ ਪਾਈਆ । ਉਸ ਵੇਲੇ ਸਦੀ ਚੌਧਵੀਂ ਜਾਣੀ ਬੀਤ, ਕਲਜੁਗ ਆਪਣਾ ਪੰਧ ਮੁਕਾਈਆ । ਪੁਰਖ ਅਕਾਲਾ ਆਵੇ ਤ੍ਰੈਗੁਣ ਅਤੀਤ, ਤ੍ਰੈਭਵਨ ਧਨੀ ਆਪਣਾ ਖੇਲ

ਖਿਲਾਈਆ । ਮੇਰੇ ਪਿਆਰ ਦੀ ਕਰੇ ਤਸਦੀਕ, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ । ਨਾਲ ਖਿੱਚ ਕੇ ਮਾਰੀ ਲੀਕ, ਲਾਈਨ ਐਨ ਦਿਤੀ ਵਖਾਈਆ । ਉਸ ਦਾ ਢੋਲਾ ਹੋਣਾ ਤੂੰ ਮੇਰਾ ਮੈਂ ਤੇਰਾ ਗੀਤ, ਗਹਿਰ ਗੰਭੀਰ ਅਗੰਮ ਪੜ੍ਹਾਈਆ । ਝਗੜਾ ਮੇਟਣਾ ਹਸਤ ਕੀਟ, ਊਚਾਂ ਨੀਚਾਂ ਰੰਗ ਰੰਗਾਈਆ । ਫੇਰ ਜ਼ੋਰ ਦੀ ਮਾਰੀ ਚੀਕ, ਫ਼ਰੀਦ ਆਹ ਭਰ ਕੇ ਦਿਤੀ ਸੁਣਾਈਆ । ਉਸ ਨੂੰ ਕਹਿਣਾ ਕਲ ਕਲਕੀ ਅਵਤਾਰ ਚੌਬੀਸ, ਚੌਥੇ ਜੁਗ ਦਾ ਸੱਚਾ ਮਾਹੀਆ । ਝਗੜਾ ਮੇਟਣਾ ਕੂੜ ਕਿਰਿਆ ਅਬਲੀਸ, ਲਾਅਨਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਆਸਾ ਮਨਸਾ ਪੂਰੀ ਕੀਤੀ ਉਮੀਦ, ਤ੍ਰਿਸ਼ਨਾ ਤ੍ਰਿਖਾ ਧਰਨੀ ਧਰਤ ਧਵਲ ਧੌਲ ਦਏ ਮਿਟਾਈਆ ।

✪ ੧੯ ਮੱਘਰ ਸ਼ਹਿਨਸ਼ਾਹੀ ਸੰਮਤ ੬ ਜਸਵੰਤ ਸਿੰਘ ਦੇ ਘਰ ਪਿੰਡ ਰਾਜੇਆਣਾ ਤਹਿਸੀਲ ਮੋਗਾ ✪

ਸਤਿਗੁਰ ਸ਼ਬਦ ਕਹੇ ਅਵਤਾਰ ਪੈਗੰਬਰ ਗੁਰੂ ਰਹੇ ਫਿਰਦੇ, ਜੁਗ ਚੌਕੜੀ ਭੱਜੇ ਵਾਹੋ ਦਾਹੀਆ । ਸੇਵਕ ਸੇਵਾਦਾਰ ਬਣੇ ਰਹੇ ਚਿਰ ਦੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੇਵ ਕਮਾਈਆ । ਭੇਵ ਦੱਸਦੇ ਰਹੇ ਅਗੰਮੀ ਪਿਰ ਦੇ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਜਗਤ ਲਿਖਾਈਆ । ਪੜਦੇ ਖੋਲ੍ਹਦੇ ਰਹੇ ਘਰ ਥਿਰ ਦੇ, ਨਾਮ ਨਿਧਾਨਾ ਕਰ ਸ਼ਨਵਾਈਆ । ਦੀਨਾਂ ਮਜ਼੍ਹਬਾਂ ਦੇ ਗੇੜ ਰਹੇ ਗਿੜਦੇ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਵੰਡਾਈਆ । ਬਹੁੜੀ ਦਰੋਹੀ ਦੀਨ ਦੁਨੀ ਸਾਫ਼ ਕਰ ਨਾ ਸਕੇ ਹਿਰਦੇ, ਹਰਿਜੂ ਹਰ ਹਿਰਦੇ ਅੰਦਰ ਸਕੇ ਨਾ ਕੋਇ ਵਸਾਈਆ । ਨੇਤਰ ਨੈਣ ਹੰਝੂ ਸਭ ਦੇ ਰਹੇ ਕਿਰਦੇ, ਸ਼ਾਂਤਕ ਸਤਿ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗੰਬਰ ਗੁਰੂ ਆਉਂਦੇ ਰਹੇ ਜਗ, ਜੁਗ ਜੁਗ ਆਪਣਾ ਵੇਸ ਵਟਾਈਆ । ਪ੍ਰਭ ਦਾ ਭੇਵ ਖੋਲ੍ਹਦੇ ਰਹੇ ਉਪਰ ਸ਼ਾਹ ਰਗ, ਜਗਤ ਦੁਨੀ ਦਾ ਪੰਧ ਮੁਕਾਈਆ । ਨਾਮ ਨਿਧਾਨ ਸੁਣਾਉਂਦੇ ਰਹੇ ਛੰਦ, ਅਨਹਦ ਨਾਦੀ ਨਾਦ ਨਾਦ ਵਜਾਈਆ । ਹੰਸ ਬਣਾਉਂਦੇ ਰਹੇ ਮੂਰਖ ਮੁਗਧ ਕੱਗ, ਨਾਮ ਮਾਣਕ ਮੋਤੀ ਚੋਗ ਚੁਗਾਈਆ । ਦੀਨ ਮਜ਼੍ਹਬ ਦੀ ਵੰਡਾਉਂਦੇ ਰਹੇ ਹੱਦ, ਸ਼ਰਅ ਵਿਚ ਸ਼ਰਅ ਦਿਤੀ ਬਦਲਾਈਆ । ਪੁਰਖ ਅਕਾਲ ਦੀਨ ਦਿਆਲ ਦੀ ਬਣਾ ਸਕਿਆ ਕੋਇ ਨਾ ਇਕ ਯੱਦ, ਯਕੇ ਬਾਦ ਦੀਗਰੇ ਗਏ ਸਾਰੇ ਫੇਰੀਆਂ ਪਾਈਆ । ਤਨ ਵਜੂਦ ਮਾਟੀ ਖ਼ਾਕ ਦੀ ਵੰਡ ਕੀਤੀ ਅਲੱਗ, ਹਿੱਸੇ ਤਤਾਂ ਵਾਲੇ ਕਰਾਈਆ । ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਮੇਲ ਮਿਲਾਇਆ ਨਾ ਕਿਸੇ ਸਰਬੱਗ, ਸਾਹਿਬ ਸੁਲਤਾਨ ਰੰਗ ਨਾ ਕੋਇ ਰੰਗਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰ ਵਰਨ ਅਠਾਰਾਂ ਬਰਨ ਮੇਟ ਸਕਿਆ ਕੋਇ ਨਾ ਅੱਗ, ਅਗਨੀ ਤਤ ਨਾ ਕੋਇ ਬੁਝਾਈਆ । ਅੰਮ੍ਰਿਤ ਨਾਮ ਪਿਆਲਾ ਨੌਂ ਖੰਡ ਪ੍ਰਿਥਮੀ ਸੱਤ ਦੀਪ ਪਿਆਈ ਕਿਸੇ ਨਾ ਮਧ, ਅਨਰਸ ਰਸ ਨਾ ਕੋਇ ਚਖਾਈਆ । ਝਗੜਾ ਪਾ ਕੇ ਮਾਸ ਨਾੜੀ ਹੱਡ, ਦੂਈ ਦਵੈਤ ਵਿਚ ਦੀਨ ਦੁਨੀ ਗਏ ਫਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਦਵਾਰੇ ਦਰ ਤੇਰੇ ਆਸ

ਰਖਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰੂ ਪਾ ਪਾ ਗਏ ਫੇਰੀ, ਨਿਰਗੁਣ ਸਰਗੁਣ ਰੂਪ ਧਰਾਈਆ । ਖੇਲ ਖਿਲਾ ਕੇ ਗਏ ਗੁਰੂ ਗੁਰ ਚੇਰੀ, ਮੁਰੀਦ ਮੁਰਸ਼ਦ ਰੰਗ ਰੰਗਾਈਆ । ਝਗੜਾ ਮੇਟ ਸਕਿਆ ਕੋਇ ਨਾ ਮੇਰੀ ਤੇਰੀ, ਹਉਮੇ ਗੜ੍ਹ ਨਾ ਕੋਇ ਤੁੜਾਈਆ । ਚਾਰ ਕੁੰਟ ਰੈਣ ਕੂੜ ਨਾ ਗਈ ਅੰਧੇਰੀ, ਨੂਰੀ ਚੰਦ ਸਤਿ ਨਾ ਕੋਇ ਚਮਕਾਈਆ । ਸ਼ਰਅ ਦੀ ਕਟ ਸਕਿਆ ਕੋਇ ਨਾ ਬੇੜੀ, ਜ਼ੰਜੀਰ ਸ਼ਾਹ ਹਕੀਰ ਨਾ ਕੋਇ ਤੁੜਾਈਆ । ਨਾਮ ਨਿਧਾਨ ਦੀ ਸ੍ਰਿਸ਼ਟ ਸੁਬਾਈ ਚਾੜ੍ਹ ਸਕਿਆ ਕੋਇ ਨਾ ਬੇੜੀ, ਵੰਝ ਮੁਹਾਣਾ ਇਕ ਨਾ ਕੋਇ ਰਖਾਈਆ । ਦੂਰ ਦੁਰਾਡੀ ਮੰਜ਼ਲ ਦੱਸੀ ਕਿਸੇ ਨਾ ਨੇੜੀ, ਨੇਰਨ ਨੇਰਾ ਨਰ ਨਰਾਇਣ ਨਜ਼ਰ ਕਿਸੇ ਨਾ ਆਈਆ । ਚੁਰਾਸੀ ਫਾਸੀ ਵਾਲੀ ਕਟੀ ਕਿਸੇ ਨਾ ਜੇੜੀ, ਮਾਨਸ ਜਨਮ ਮਾਨੁਖ ਸੁਫਲ ਨਾ ਕੋਇ ਕਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਿਛੇ ਔਧ ਬੀਤ ਗਈ ਬਥੇਰੀ, ਅੱਗਾ ਸਮਝ ਕਿਸੇ ਨਾ ਆਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਹੋ ਕੇ ਨੌ ਖੰਡ ਪ੍ਰਿਥਮੀ ਸੱਤ ਦੀਪ ਕਰੇ ਕੋਇ ਨਾ ਮਿਹਰੀ, ਦੀਨਾਂ ਮਜ਼੍ਹਬਾਂ ਜ਼ਾਤਾਂ ਪਾਤਾਂ ਬਾਹਰ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਕਲਜੁਗ ਅੰਤ ਸ੍ਰੀ ਭਗਵੰਤ ਸਤਿ ਧਰਮ ਦੀ ਸਤਿ ਸਚ ਦੀ ਧਾਰ ਬੰਨ੍ਹ ਕੇ ਕਲਜੁਗ ਅੰਤਮ ਵੇਰੀ, ਵੈਰ ਵੈਰੀਆਂ ਵਿਚੋਂ ਬਾਹਰ ਕਢਾਈਆ ।



## ੧੬ ਮੱਘਰ ਸ਼ਹਿਨਸ਼ਾਹੀ ਸੰਮਤ ੬ ਕੁਲਵੰਤ ਸਿੰਘ ਦੇ ਘਰ ਪਿੰਡ ਮਾੜੀ ਜ਼ਿਲਾ ਫ਼ਿਰੋਜ਼ਪੁਰ

ਸਤਿਗੁਰ ਸ਼ਬਦ ਕਹੇ ਮੈਂ ਸਦੀ ਚੌਧਵੀਂ ਤਕੀ, ਚੌਦਾਂ ਤਬਕ ਵੇਖੇ ਧਿਆਨ ਲਗਾਈਆ । ਪੈਗ਼ੰਬਰਾਂ ਧਾਰ ਵੇਖੀ ਹੱਕੀ, ਹਕੀਕਤ ਪੜਦਾ ਆਪ ਉਠਾਈਆ । ਅੰਤਰ ਸ੍ਰਿਸ਼ਟੀ ਵੇਖੀ ਮਤੀ, ਮਨ ਮਨਸਾ ਖੋਜ ਖੁਜਾਈਆ । ਹਵਸ ਜਹਾਨ ਤਕੀ ਤੱਤੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਨਾਮ ਨਿਧਾਨ ਰਿਹਾ ਨਾ ਰੱਤੀ, ਕਲਮਾ ਕਾਇਨਾਤ ਨਾ ਕੋਇ ਜਣਾਈਆ । ਹਉਮੇ ਹੰਗਤਾ ਫਿਰੇ ਨੱਸੀ, ਨਵ ਨੌ ਚਾਰ ਭੱਜੇ ਵਾਹੋ ਦਾਹੀਆ । ਕਥਾ ਕਹਾਣੀ ਦੱਸੇ ਕੋਇ ਨਾ ਸਚੀ, ਪਰਦਾ ਸਚ ਨਾ ਕੋਇ ਉਠਾਈਆ । ਜਗਤ ਤ੍ਰਿਸ਼ਨਾ ਮਾਇਆ ਬਣ ਕੇ ਨੱਚੀ, ਘਰ ਘਰ ਘੁੰਗਟ ਦਿਤਾ ਉਠਾਈਆ । ਕਿਸੇ ਸਾਹਿਬ ਨਾ ਮਿਲਿਆ ਕਮਲਾਪਤੀ, ਪਤਿਪਰਮੇਸ਼ਵਰ ਦਰਸ ਕੋਇ ਨਾ ਪਾਈਆ । ਆਤਮ ਜੋਤ ਪ੍ਰਕਾਸ਼ ਹੋਈ ਨਾ ਬੱਤੀ, ਬਾਤਨ ਪੜਦਾ ਨਾ ਕੋਇ ਖੁਲ੍ਹਾਈਆ । ਅਨਹਦ ਸ਼ਬਦ ਵੱਜੀ ਨਾ ਸੱਟੀ, ਸੋਈ ਸੁਰਤੀ ਨਾ ਕੋਇ ਉਠਾਈਆ । ਅੰਮ੍ਰਿਤ ਰਸ ਰਿਹਾ ਕੋਇ ਨਾ ਚੱਟੀ, ਅੰਮਿਉਂ ਰਸ ਨਾ ਕੋਇ ਚੁਆਈਆ । ਪ੍ਰਭ ਮਿਲਿਆ ਨਾ ਅਲੱਖਣਾ ਅਲੱਖੀ, ਅਲਖ ਅਗੋਚਰ ਸੰਗ ਨਾ ਕੋਇ ਰਖਾਈਆ । ਨਿਜ ਨੇਤਰ ਦਰਸ ਪਾਏ ਕੋਇ ਨਾ ਅੱਖੀ, ਨੈਣ ਨੈਣ ਨਾ ਕੋਇ ਮਿਲਾਈਆ । ਕਾਹਨ ਦੀ ਦਿਸੇ ਕੋਇ ਨਾ ਸਖ਼ੀ, ਬੰਸਰੀ ਸਚ ਨਾ ਕੋਇ ਜਣਾਈਆ । ਸੀਤਾ ਫਿਰੇ ਕੋਇ ਨਾ ਨੱਠੀ, ਬਨਾਂ ਵਿਚ ਨਾ ਕੋਇ ਦੁਹਾਈਆ । ਆਤਮ ਪਰਮਾਤਮ ਪੜ੍ਹੇ ਕੋਇ ਨਾ ਪੱਟੀ, ਪਟਨੇ ਵਾਲਾ ਦਏ ਗਵਾਹੀਆ । ਸ਼ਰਅ ਜ਼ੰਜੀਰ ਕਟਾਏ ਕੋਇ ਨਾ ਰੱਸੀ, ਰਸਤਾ ਮਿਲੇ ਨਾ ਰਹਿਬਰ ਮਾਹੀਆ । ਸਤਿਗੁਰ ਸ਼ਬਦ ਕਹੇ ਸਚ ਖੱਟੀ ਕਿਸੇ ਨਾ ਖੱਟੀ, ਖਟਕੇ ਵਿਚ ਕੂੜ

ਲੋਕਾਈਆ । ਭਾਗ ਲੱਗਾ ਨਾ ਕਾਇਆ ਮੱਟੀ, ਸਾਢੇ ਤਿੰਨ ਹੱਥ ਮੰਦਰ ਨਾ ਕੋਇ ਸੁਹਾਈਆ । ਬਹੁੜੀ ਸਦੀ ਚੌਧਵੀਂ ਜਾਂਦੀ ਟੱਪੀ, ਪਿਛਲਾ ਪੈਂਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਿਆ ਚੌਦਾਂ ਤਬਕ, ਤਬਾ ਤਬੀਅਤ ਖੋਜ ਖੁਜਾਈਆ । ਸਾਚਾ ਮਿਲੇ ਕਿਸੇ ਨਾ ਸਬਕ, ਸਿਖਿਆ ਹੱਕ ਨਾ ਕੋਇ ਦ੍ਰਿੜਾਈਆ । ਜਿਧਰ ਵੇਖਾਂ ਕੂੜੀ ਕਿਰਿਆ ਕਟਕ, ਹਉਮੇ ਗੜ੍ਹ ਰੁੜ੍ਹਾਈਆ । ਮਨ ਕਲਪਣਾ ਸਾਰੇ ਰਹੇ ਭਟਕ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਬੁਝਾਈਆ । ਛੁਰੀ ਸ਼ਰਅ ਰਹੀ ਝਟਕ, ਜ਼ਿਬਹ ਹੋਏ ਖ਼ਲਕ ਖ਼ੁਦਾਈਆ । ਜੋ ਆਸਾ ਰੱਖ ਕੇ ਗਿਆ ਦਸਵਾਂ ਅਵਤਾਰ ਮੱਤਸ, ਮਛਲੀ ਰੂਪ ਬਣਾਈਆ । ਸਚ ਰਹੀ ਕੋਈ ਨਾ ਵਸਤ, ਸਤਿ ਧਰਮ ਨਾ ਕੋਇ ਜਣਾਈਆ । ਦੀਨਾਂ ਮਜ਼੍ਹਬਾਂ ਲੱਗੀ ਹਸਦ, ਅਗਨੀ ਅੱਗ ਰਹੀ ਤਪਾਈਆ । ਦਰੋਹੀ ਕਾਇਨਾਤ ਦਿਸੇ ਨਾ ਵਾਲਿਦ, ਪਰਵਰਦਿਗਾਰ ਵਾਹਦ ਨਜ਼ਰ ਆਏ ਨਾ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਹੋ ਸਹਾਈਆ । ਸਤਿਗੁਰ ਸ਼ਬਦ ਕਹੇ ਮੈਂ ਤਕੀ ਦੀਨ ਦੁਨੀ ਜ਼ਮੀਰ, ਨਿਰੰਤਰ ਵੇਖਿਆ ਚਾਈਂ ਚਾਈਂਆ । ਅੰਮ੍ਰਿਤ ਰਸ ਮਿਲੇ ਕਿਸੇ ਨਾ ਸੀਰ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਗਵਾਈਆ । ਉਚੀ ਕੂਕ ਕਹੇ ਕਬੀਰ, ਹੋਕਾ ਹੱਕ ਹੱਕ ਜਣਾਈਆ । ਪੁਰਖ ਅਕਾਲੇ ਦੀਨ ਦਿਆਲੇ ਤੁਧ ਬਿਨ ਬਦਲ ਸਕੇ ਨਾ ਕੋਇ ਤਕਦੀਰ, ਤਦਬੀਰ ਕੰਮ ਕਿਸੇ ਨਾ ਆਈਆ । ਤੂੰ ਸਾਹਿਬ ਸੁਲਤਾਨਾ ਬੇਨਜ਼ੀਰ, ਨਜ਼ਰੀਆ ਸਭ ਦਾ ਦੇ ਬਦਲਾਈਆ । ਤੇਰੇ ਕੋਲ ਨਾਮ ਖੰਡਾ ਹੱਕ ਸ਼ਮਸੀਰ, ਸ਼ਰਅ ਦਾ ਡੇਰਾ ਦੇਣਾ ਢਾਹੀਆ । ਸਤਿਜੁਗ ਸਾਚਾ ਚੌਦਾਂ ਤਬਕਾਂ ਤੋਂ ਬਾਹਰ ਕਰ ਤਾਮੀਰ, ਤਾਮੀਲ ਪੈਗ਼ੰਬਰ ਆਪਣੀ ਆਪ ਦੇਣ ਕਰਾਈਆ । ਅੰਤ ਕੰਤ ਭਗਵੰਤ ਸਭ ਦਾ ਲੇਖਾ ਕਰ ਅਖ਼ੀਰ, ਆਖ਼ਰ ਦੇ ਮਾਲਕ ਆਪਣਾ ਹੁਕਮ ਵਰਤਾਈਆ । ਇਕੋ ਰੰਗ ਰੰਗਾ ਦੇ ਸ਼ਾਹ ਹਕੀਰ, ਊਚ ਨੀਚ ਦਾ ਝਗੜਾ ਦੇਣਾ ਮੁਕਾਈਆ । ਤੂੰ ਸ਼ਾਹ ਪਾਤਸ਼ਾਹ ਪੀਰਨ ਪੀਰ, ਰਸੂਲ ਰਸੂਲਾਂ ਨਜ਼ਰੀ ਆਈਆ । ਤੇਰੇ ਦਰ ਠਾਂਡੇ ਇਕੋ ਮੰਗਦੇ ਵਾਦਅਸ਼ੀਰ, ਅਸ਼ੀਰਵਾਦ ਦੇਣੀ ਬੇਪਰਵਾਹੀਆ । ਪਿਛਲੀ ਰਹੇ ਨਾ ਕਿਸੇ ਉਮਤ ਜਾਗੀਰ, ਜਾਗਰਤ ਜੋਤ ਕਰ ਰੁਸ਼ਨਾਈਆ । ਮਾਨਵ ਮਾਣਸ ਮਾਨੁਖ ਹੱਦ ਮੇਟ ਲਕੀਰ, ਲਾਈਨ ਐਨ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਮ ਦੀ ਧਾਰ ਨਿਰਗੁਣ ਨਿਰਗੁਣ ਬਦਲ ਦੇਣੇ ਚੀਰ, ਸਤਿ ਧਰਮ ਦਾ ਭੂਸ਼ਨ ਇਕੋ ਇਕ ਦੇਣਾ ਪਹਿਨਾਈਆ ।


੮੭੦
੨੨

### ੧੭ ਮੱਘਰ ਸ਼ਹਿਨਸ਼ਾਹੀ ਸੰਮਤ ੬ ਨਾਜ਼ਰ ਸਿੰਘ, ਜਾਗੀਰ ਸਿੰਘ ਦੇ ਗ੍ਰਿਹ ਮਾੜੀ ਮੁਸਤਫ਼ਾ

ਸਤਿਗੁਰ ਸ਼ਬਦ ਸਾਨੂੰ ਵੱਜੇ ਤਾਅਨਾ, ਅਵਤਾਰ ਪੈਗ਼ੰਬਰ ਗੁਰ ਰਹੇ ਸੁਣਾਈਆ । ਕਿਉਂ ਵੱਖਰਾ ਵੱਖਰਾ ਜਣਾਇਆ ਨਾਮਾ, ਕਲਮਾ ਕਾਇਨਾਤ ਵੰਡ ਵੰਡਾਈਆ । ਕਿਉਂ ਸਿਫ਼ਤੀ ਗਾਇਆ ਧੁਰ ਦਾ ਗਾਣਾ, ਗਾ ਗਾ ਖ਼ੁਸ਼ੀ ਬਣਾਈਆ । ਕਿਉਂ ਤਨ ਵਜੂਦ ਬਦਲਿਆ ਬਾਣਾ, ਤਨ ਸ਼ਰੀਰ ਵੰਡ ਵੰਡਾਈਆ । ਕਿਉਂ ਕੰਧ ਉਠਾਈ ਤੀਰ ਕਮਾਨਾ, ਖੰਡਾ ਖੜਗ ਖੜਕਾਈਆ । ਕਿਉਂ ਦੀਨ ਮਜ਼੍ਹਬ ਖੇਲਿਆ ਖੇਲ ਜਹਾਨਾ, ਜਗਤ ਜੁਗਤ

ਬਦਲਾਈਆ । ਕਿਉਂ ਮਾਨਵ ਵੱਖ ਵੱਖ ਕੀਤਾ ਪੀਣਾ ਖਾਣਾ, ਆਹਾਰ ਪਵਿੱਤਰ ਨਾ ਕੋਇ ਰਖਾਈਆ । ਕਿਉਂ ਮਜ਼੍ਹਬ ਮੁਤੱਅਸਬ ਤਣਿਆ ਤਾਣਾ, ਸ਼ਰਅ ਵਾਲਾ ਤੰਦ ਬਣਾਈਆ । ਕਿਉਂ ਜੈਕਾਰ ਸੁਣਾਇਆ ਰਾਮਾ ਕਾਹਨਾ, ਸਿਫ਼ਤਾਂ ਵਿਚ ਸਾਲਾਹੀਆ । ਕਿਉਂ ਅੱਲਾ ਅਲਾਹ ਕੀਆ ਮਸਤਾਨਾ, ਜ਼ਬਾਂ ਰੰਗ ਰੰਗਾਈਆ । ਕਿਉਂ ਨਾਮ ਸਤਿ ਗਾ ਤਰਾਨਾ, ਤਰਜ਼ ਦੀਨ ਦੁਨੀ ਬਦਲਾਈਆ । ਕਿਉਂ ਵਾਹਿਗੁਰੂ ਦੱਸ ਨਿਸ਼ਾਨਾ, ਆਪਣਾ ਹੁਕਮ ਵਰਤਾਈਆ । ਕਲਜੁਗ ਅੰਤਮ ਸਾਰੇ ਮਾਰੇ ਧਿਆਨਾ, ਅਵਤਾਰ ਪੈਗ਼ੰਬਰ ਇਕ ਦੂਜੇ ਨੂੰ ਰਹੇ ਸੁਣਾਈਆ । ਪੂਰਾ ਹੋਇਆ ਨਾ ਕਿਸੇ ਨਿਸ਼ਾਨਾ, ਨਿਸ਼ਾਨੇ ਸਾਰੇ ਗਏ ਚੁਕਾਈਆ । ਸਿੱਖ ਮੁਰੀਦਾਂ ਹੋਏ ਨਾ ਕੋਇ ਕਲਿਆਣਾ, ਕਲਮਾ ਨਾਮ ਦਏ ਦੁਹਾਈਆ । ਅੱਲਾ ਵਾਹਿਗੁਰੂ ਰਾਮ ਕ੍ਰਿਸ਼ਨ ਸਤਿ ਜੋ ਲਿਆ ਬਿਆਨਾ, ਸੌਦੇਬਾਜ਼ੀ ਮਾਤ ਕਰਾਈਆ । ਮਲਕੀਅਤ ਵਾਲਾ ਦੱਸੋ ਕੇਹੜਾ ਖ਼ਾਨਾ, ਹਕੀਕਤ ਹੱਕ ਵਿਚੋਂ ਜਣਾਈਆ । ਕਿਉਂ ਸ਼ਰਅ ਦਾ ਭਰਿਆ ਤਲਬਾਨਾ, ਟਕਿਆਂ ਵੰਡ ਵੰਡਾਈਆ । ਸਦੀ ਚੌਧਵੀਂ ਕੇਹੜਾ ਕਰੋ ਬਹਾਨਾ, ਪਲੂ ਲਓ ਛੁਡਾਈਆ । ਅੰਤਮ ਦੀਨ ਮਜ਼੍ਹਬ ਦਾ ਸਭ ਨੂੰ ਦੇਣਾ ਪਏ ਆਬਿਆਨਾ, ਬਚਿਆ ਰਹਿਣ ਕੋਇ ਨਾ ਪਾਈਆ । ਚਾਰ ਜੁਗ ਦੇ ਸ਼ਾਸਤਰ ਬਣੇ ਅਫ਼ਸਾਨਾ, ਢੋਲੇ ਗਾਵਣ ਥਾਉਂ ਥਾਈਆ । ਕਿਸੇ ਭੇਵ ਖੋਲ੍ਹਿਆ ਨਾ ਅੰਤ ਮਿਹਰਵਾਨਾ, ਮਿਹਰ ਨਜ਼ਰ ਨਾ ਕੋਇ ਉਠਾਈਆ । ਜੋਧਾ ਸੂਰਬੀਰ ਬਣੇ ਕੌਣ ਜਵਾਨਾ, ਜੋ ਏਕਾ ਡੰਕ ਦਏ ਵਜਾਈਆ । ਉਠੋ ਵੇਖੋ ਪੁਰਖ ਅਕਾਲਾ ਦੀਨ ਦਿਆਲਾ ਸਭ ਤੋਂ ਭਰਨ ਵਾਲਾ ਜੁਰਮਾਨਾ, ਜਰਾਇਮ ਜੁਰਮ ਸਭ ਦਾ ਵੇਖ ਵਖਾਈਆ । ਨਵ ਸੱਤ ਜਗਤ ਹੋਇਆ ਸ਼ੈਤਾਨਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਬਚਿਆ ਰਹਿਣ ਕੋਇ ਨਾ ਪਾਈਆ । ਅਗੰਮੀ ਸੁਣੇ ਨਾ ਕੋਇ ਪੈਗ਼ਾਮਾ, ਪੈਗ਼ੰਬਰ ਪੜਦੇ ਲਓ ਉਠਾਈਆ । ਨਾਮ ਦਾ ਜਾਣੇ ਨਾ ਕੋਇ ਦਮਾਮਾ, ਦਮਾਂ ਵਾਲਿਓ ਲਓ ਅੰਗੜਾਈਆ । ਕਿਉਂ ਝਗੜਾ ਪਾਇਆ ਮਾਟੀ ਚਾਮਾ, ਚੰਮ ਦ੍ਰਿਸ਼ਟੀ ਸਕਿਆ ਨਾ ਕੋਇ ਬਦਲਾਈਆ । ਕਿਉਂ ਆਤਮ ਸਵਰਨ ਹੋਈ ਤਾਮਾ, ਜਗਤ ਤਮਾਂ ਵਿਚ ਲਲਚਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਚ ਘਰ ਦਾ ਰਿਹਾ ਕੋਈ ਨਾ ਕਾਮਾ, ਫ਼ਰਮਾਂਬਰਦਾਰੀ ਵਿਚ ਸੇਵ ਨਾ ਕੋਇ ਕਮਾਈਆ । ਸਾਰੇ ਸ਼ਰਅ ਦੇ ਹੋਏ ਗ਼ੁਲਾਮਾ, ਸਿਰ ਸਕੇ ਨਾ ਕੋਇ ਉਠਾਈਆ । ਕਲਜੁਗ ਮੇਟੇ ਨਾ ਕੋਇ ਅੰਧੇਰੀ ਸ਼ਾਮਾ, ਸ਼ਮਾਂ ਸੂਰੀਆ ਚੰਦ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸ਼ਬਦ ਤੇਰਾ ਖੇਲ ਜਾਣੇ ਦੋ ਜਹਾਨਾਂ, ਅਵਤਾਰ ਪੈਗ਼ੰਬਰ ਗੁਰ ਗੁਰੂ ਗੁਰ ਤੇਰੇ ਹੁਕਮ ਵਿਚ ਭਵਾਈਆ ।



## ✪ ਸਾਰੀ ਸੰਗਤ ਨਵਿਤ ✪

ਪੁਰਖ ਅਕਾਲ ਕਿਰਪਾ ਕਰੇ ਅਪਾਰ, ਜਨ ਭਗਤਾਂ ਦਏ ਵਡਿਆਈਆ । ਸੰਮਤ ਸ਼ਹਿਨਸ਼ਾਹੀ ਸੱਤ ਪਾਵੇ ਸਾਰ, ਸਤਿ ਸਰੂਪ ਹੋਏ ਸਹਾਈਆ । ਚਾਰ ਜੁਗ ਦਾ ਪਿਛਲਾ ਕਰਜ਼ਾ ਉਤਾਰ, ਅੱਗੇ ਝੋਲੀ ਦਏ ਭਰਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖ ਵਿਚਾਰ, ਗ੍ਰਿਹ ਗ੍ਰਿਹ ਖੋਜ ਖੁਜਾਈਆ । ਗੁਰਮੁਖਾਂ ਸੀਸ ਬੰਧੇ ਆਪ ਦਸਤਾਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਕੁਨਬੇ ਵਿਚੋਂ ਮਾਣ ਬਖ਼ਸ਼ ਇਕ ਸੱਚੀ ਸਰਕਾਰ, ਸਚ

ਦਾ ਮਾਰਗ ਦਏ ਵਖਾਈਆ । ਘਰ ਘਰ ਵਿਚ ਜ਼ਰੂਰ ਕਰੇ ਏਹ ਵਿਹਾਰ, ਆਵੇ ਜਾਵੇ ਚਾਈਂ ਚਾਈਆ । ਹੁਕਮ ਸੰਦੇਸ਼ਾ ਦੇ ਸੱਚੀ ਸਰਕਾਰ, ਸਤਿਜੁਗ ਮਰਯਾਦਾ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਦਰ ਆਪਣਾ ਇਕ ਖੁਲ੍ਹਾਈਆ । ਪੁਰਖ ਅਕਾਲ ਸਤਿ ਧਰਮ ਚਲਾਉਣੀ ਨਈਆ, ਬੇੜਾ ਜਗਤ ਵਖਾਈਆ । ਜਨ ਭਗਤਾਂ ਘਰ ਜਾ ਜਾ ਦਸਤਾਰ ਨਾਲ ਦੇਵੇ ਇਕ ਇਕ ਰੁਪੱਈਆ, ਸਿਰ ਆਪਣਾ ਹੱਥ ਟਿਕਾਈਆ । ਅੱਗੇ ਧਰਮ ਰਾਏ ਕਢੇ ਕਦੇ ਨਾ ਵਹੀਆ, ਲੇਖਾ ਮੰਗੇ ਕੋਇ ਨਾ ਰਾਈਆ । ਸਾਹਿਬ ਸਤਿਗੁਰ ਬਣ ਕੇ ਸਈਆ, ਸੱਜਣ ਹੋ ਕੇ ਵੇਖ ਵਖਾਈਆ । ਨੌ ਗੁਰਸਿਖ ਸਦਾ ਸੰਗ ਰਖੱਈਆ, ਸੰਮਤ ਸੱਤ ਚਲਣਾ ਚਾਈਂ ਚਾਈਂਆ । ਨਾਲੇ ਲੇਖਾ ਦੱਸਣਾ ਗੋਬਿੰਦ ਦਾ ਕੇਹੜਾ ਢੱਈਆ, ਕਿਸ ਬਿਧ ਲੇਖਾ ਪੂਰ ਕਰਾਈਆ । ਨਾਲ ਫੋਟੋ ਰੱਖਣੀ ਅਸ਼ਟਭੁਜ ਦੁਰਗਾ ਮਈਆ, ਸਦਾ ਪ੍ਰਭ ਸਿੰਘਾਸਣ ਹੇਠ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਘਰ ਭੱਟ ਬਣ ਕੇ ਬਣੇ ਗਵੱਈਆ, ਸਿਫ਼ਤ ਗੁਰਮੁਖਾਂ ਵਾਲੀ ਜਣਾਈਆ ।

### ✪ ੧੭ ਮੱਘਰ ਸ਼ਹਿਨਸ਼ਾਹੀ ਸੰਮਤ ੬ ਬਸੰਤ ਕੌਰ ਦੇ ਗ੍ਰਹਿ ਪਿੰਡ ਸਮਾਲਸਰ ਜ਼ਿਲਾ ਫ਼ਿਰੋਜ਼ਪੁਰ ✪



ਸਤਿਗੁਰ ਸ਼ਬਦ ਤੇਰਾ ਗਾਉਂਦੇ ਰਹੇ ਗੀਤ, ਅਵਤਾਰ ਪੈਗ਼ੰਬਰ ਗੁਰ ਕਹਿਣ ਤੇਰੀ ਸਿਫ਼ਤ ਸਾਲਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਾਉਂਦੇ ਰਹੇ ਰੀਤ, ਨਾਮ ਨਿਧਾਨ ਸ੍ਰੀ ਭਗਵਾਨ ਮਾਤ ਪਰਗਟਾਈਆ । ਜਗਤ ਜਗਿਆਸੂਆਂ ਕਾਇਆ ਕਰਦੇ ਰਹੇ ਠੰਡੀ ਸੀਤ, ਕੂੜ ਕਿਰਿਆ ਅਗਨ ਬੁਝਾਈਆ । ਸਚ ਨਾਮ ਵਸਾਉਂਦੇ ਰਹੇ ਚੀਤ, ਚਿਤਵਿਤ ਠਗੌਰੀ ਅੰਦਰੋਂ ਬਾਹਰ ਕਢਾਈਆ । ਮੇਲ ਕਰਾਉਂਦੇ ਰਹੇ ਹਸਤ ਕੀਟ, ਊਚਾਂ ਨੀਚਾਂ ਜੋੜ ਜੁੜਾਈਆ । ਭੇਵ ਦੱਸਦੇ ਰਹੇ ਅਨਡੀਠ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਅੱਖਰ ਅੱਖਰਾਂ ਨਾਲ ਜੁੜਾਈਆ । ਮਿੱਠੇ ਕਰਦੇ ਰਹੇ ਰੀਠ, ਪੰਜ ਤਤ ਕਾਇਆ ਅੰਮ੍ਰਿਤ ਰਸ ਚੁਆਈਆ । ਦੀਨ ਮਜ਼੍ਹਬ ਦੀ ਮਾਰਦੇ ਰਹੇ ਲੀਕ, ਹੱਦ ਸ਼ਰਅ ਵਾਲੀ ਬਣਾਈਆ । ਨਿਰਗੁਣ ਜੋਤ ਕਰਦੇ ਰਹੇ ਤਸਦੀਕ, ਸ਼ਹਾਦਤ ਤਤਾਂ ਵਾਲੀ ਭੁਗਤਾਈਆ । ਭਵਿਖਤਾਂ ਵਿਚ ਰੱਖ ਕੇ ਗਏ ਉਮੀਦ, ਕਲਜੁਗ ਅੰਤਮ ਆਵੇ ਧੁਰ ਦਾ ਮਾਹੀਆ । ਜੋ ਲੱਖ ਚੁਰਾਸੀ ਪਰਖੇ ਨੀਤ, ਸ੍ਰਿਸ਼ਟੀ ਦ੍ਰਿਸ਼ਟੀ ਖੋਜ ਖੁਜਾਈਆ । ਤ੍ਰੈਗੁਣ ਤੋਂ ਹੋ ਅਤੀਤ, ਤ੍ਰੈਭਵਣ ਧਨੀ ਆਪਣਾ ਹੁਕਮ ਵਰਤਾਈਆ । ਸਾਚਾ ਕਲਮਾ ਦੱਸ ਹਦੀਸ, ਸਭ ਤੋਂ ਪਰੇ ਕਰੇ ਪੜ੍ਹਾਈਆ । ਏਕਾ ਛਤਰ ਝੁਲਾ ਸੀਸ, ਦੋ ਜਹਾਨਾਂ ਹੁਕਮ ਮਨਾਈਆ । ਮਾਲਕ ਖ਼ਾਲਕ ਬਣ ਜਗਦੀਸ, ਜਗਦੀਸ਼ਰ ਆਪਣਾ ਪੜਦਾ ਆਪ ਉਠਾਈਆ । ਲਹਿਣਾ ਦੇਣਾ ਰਹੇ ਨਾ ਬੀਸ, ਬੀਸ ਇਕ ਇਕੀਸ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚ ਹੁਕਮ ਆਪ ਸੁਣਾਈਆ । ਸਤਿਗੁਰ ਸ਼ਬਦ ਅਸੀਂ ਸ਼ਬਦ ਰਹੇ ਜਣਾਉਂਦੇ, ਅਵਤਾਰ ਪੈਗ਼ੰਬਰ ਗੁਰੂ ਸੇਵ ਕਮਾਈਆ । ਵੱਖਰੇ ਵੱਖਰੇ ਢੋਲੇ ਰਹੇ ਗਾਉਂਦੇ, ਓਮ ਰਾਮ ਕ੍ਰਿਸ਼ਨ ਅੱਲਾ ਵਾਹਿਗੁਰੂ ਨਾਮ ਸਤਿ ਸਤਿ ਜਣਾਈਆ । ਅੱਖਰਾਂ ਵਾਲਾ ਲੇਖ ਰਹੇ ਲਿਖਾਉਂਦੇ, ਜੁਗ ਜੁਗ ਧੁਰ ਦੀ ਬਣਤ ਬਣਾਈਆ । ਪ੍ਰਭ ਮਿਲਣ ਦੇ ਮਾਰਗ ਰਹੇ ਦਸਾਉਂਦੇ,

ਰਹਿਬਰ ਹੋ ਕੇ ਰਾਹ ਵਖਾਈਆ । ਸਚ ਦਵਾਰ ਰਹੇ ਵਸਾਉਂਦੇ, ਦਰਗਹ ਸਾਚੀ ਇਕ ਸੁਹਾਈਆ । ਜਗਤ ਰੀਤੀ ਰਹੇ ਚਲਾਉਂਦੇ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ ਵਖਾਈਆ । ਉਚੀ ਕੂਕ ਕੂਕ ਕਲਮਾ ਨਾਮ ਰਹੇ ਦ੍ਰਿੜਾਉਂਦੇ, ਮੁਰੀਦ ਸਿੱਖ ਸੰਗ ਬਣਾਈਆ । ਵਾਅਜ਼ ਘਰ ਰਹੇ ਅਲਾਉਂਦੇ, ਅੱਲਾ ਤੇਰੀ ਬੇਪਰਵਾਹੀਆ । ਸਦੀ ਚੌਧਵੀਂ ਸਾਰੇ ਧਿਆਨ ਲਗਾਉਂਦੇ, ਬਿਨ ਅੱਖਾਂ ਅੱਖ ਉਠਾਈਆ । ਬਹੁੜੀ ਕਲਜੁਗ ਜੀਵ ਤੇਰੇ ਨਾਮ ਨਾ ਰਿਦੇ ਵਸਾਉਂਦੇ, ਵਸਲ ਯਾਰ ਨਾ ਕੋਇ ਕਰਾਈਆ । ਮਨ ਕਲਪਣਾ ਵਿਚ ਚਾਰ ਕੁੰਟ ਦਹਿ ਦਿਸ਼ਾ ਭਉਂਦੇ, ਮਨ ਕਾ ਮਣਕਾ ਨਾ ਕੋਇ ਭਵਾਈਆ । ਅੰਦਰ ਡਰ ਰਹੇ ਨਾ ਭੈ ਭਾਉ ਦੇ, ਭਾਂਡਾ ਭਰਮ ਨਾ ਕੋਇ ਤੁੜਾਈਆ । ਵਣਜਾਰੇ ਰਹੇ ਨਾ ਨੌਕਾ ਨਾਉਂ ਦੇ, ਨਈਆ ਨਾਮ ਨਾ ਕੋਇ ਰਖਾਈਆ । ਹੰਸ ਬੁੱਧੀ ਰੂਪ ਬਣੇ ਕਾਉਂ ਦੇ, ਕਾਗ ਵਾਂਗ ਸਰਬ ਕੁਰਲਾਈਆ । ਨਾਅਰੇ ਭੁੱਲੇ ਵਾਹੋ ਵਾਹੋ ਦੇ, ਵਾਹਵਾ ਤੇਰਾ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸੁਲਤਾਨ ਸ੍ਰੀ ਭਗਵਾਨ ਦਰ ਤੇਰੇ ਮੰਗ ਮੰਗਾਈਆ । ਸਤਿਗੁਰ ਸ਼ਬਦ ਤੇਰਾ ਦੇਂਦੇ ਰਹੇ ਸੰਦੇਸ਼ਾ, ਅਵਤਾਰ ਪੈਗ਼ੰਬਰ ਗੁਰੂ ਸੇਵ ਕਮਾਈਆ । ਲੋਕਮਾਤ ਆਉਂਦੇ ਰਹੇ ਹਮੇਸ਼ਾ, ਨਿਰਗੁਣ ਸਰਗੁਣ ਰੂਪ ਵਟਾਈਆ । ਜਗਤ ਜਹਾਨ ਲਿਖਦੇ ਰਹੇ ਲੇਖਾ, ਬਣ ਕਾਤਬ ਕਲਮ ਚਲਾਈਆ । ਪ੍ਰਭੂ ਮਿਲਣ ਦਾ ਦੱਸਦੇ ਰਹੇ ਪੇਸ਼ਾ, ਪੇਸ਼ਵਾ ਹੋ ਕੇ ਪੜਦਾ ਲਾਹੀਆ । ਸਚਖੰਡ ਸਮਝਾਉਂਦੇ ਰਹੇ ਦੇਸਾ, ਦਰਗਹ ਸਚ ਸਚ ਵਡਿਆਈਆ । ਭੇਵ ਖੁਲਾਉਂਦੇ ਰਹੇ ਨਰ ਨਰੇਸ਼ਾ, ਨਰ ਨਰਾਇਣ ਇਕ ਅਖਵਾਈਆ । ਵੰਡ ਵੰਡਾਉਂਦੇ ਰਹੇ ਮੁੱਛ ਦਾੜ੍ਹੀ ਕੇਸਾ, ਮੂੰਡ ਮੁੰਡਾਏ ਖੇਲ ਖਿਲਾਈਆ । ਆਤਮ ਪਰਮਾਤਮ ਕਰਾਉਂਦੇ ਰਹੇ ਹੇਤਾ, ਪਾਰਬ੍ਰਹਮ ਪ੍ਰਭ ਪੜਦਾ ਆਪ ਉਠਾਈਆ । ਦੋ ਜਹਾਨਾਂ ਤੈਨੂੰ ਦੱਸਦੇ ਰਹੇ ਨੇਤਾ, ਨਰ ਨਿਰੰਕਾਰ ਇਕ ਅਖਵਾਈਆ । ਤੇਰੇ ਕੋਲੋਂ ਦੀਨਾਂ ਮਜ਼੍ਹਬਾਂ ਦਾ ਲੈਂਦੇ ਰਹੇ ਠੇਕਾ, ਬੋਲੀ ਤੇਰੇ ਨਾਮ ਵਾਲੀ ਚੜ੍ਹਾਈਆ । ਬਣਦੇ ਰਹੇ ਪੂਤ ਸਪੂਤਾ ਬੇਟਾ, ਪਿਤਾ ਪੁਰਖ ਅਕਾਲ ਤੇਰੀ ਸਰਨਾਈਆ । ਸਭ ਦਾ ਅੰਤਮ ਕਰ ਲੈ ਚੇਤਾ, ਚੇਤਨ ਹੋ ਕੇ ਦਈਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜੀ ਕਿਰਿਆ ਮੇਟ ਕਲੇਸ਼ਾ, ਕਲਕਾਤੀ ਲੋਕਮਾਤ ਰਹਿਣ ਨਾ ਪਾਈਆ ।

## ੧੭ ਮੱਘਰ ਸ਼ਹਿਨਸ਼ਾਹੀ ਸੰਮਤ ੬ ਸੁਹਾਵਾ ਸਿੰਘ ਦੇ ਗ੍ਰਿਹ ਪਿੰਡ ਪੰਜ ਗਰਾਈਆਂ

ਸਤਿਗੁਰ ਸ਼ਬਦ ਅਸੀਂ ਤਨ ਪਹਿਨਿਆ ਖ਼ਾਕੀ, ਅਵਤਾਰ ਪੈਗ਼ੰਬਰ ਗੁਰੂ ਰਹੇ ਜਣਾਈਆ । ਸ਼ਬਦ ਘੋੜੇ ਚੜ੍ਹੇ ਰਾਕੀ, ਰਕਬਾ ਦੋ ਜਹਾਨ ਨਾਪਿਆ ਥਾਉਂ ਥਾਈਂਆ । ਪਾਖਰ ਜ਼ੀਨ ਪਾਈ ਨਾ ਕਾਠੀ, ਸ਼ਾਹ ਸਵਾਰਾ ਰੂਪ ਬਦਲਾਈਆ । ਤਨ ਸੰਭਾਲਿਆ ਤਤ ਆਠੀ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਸੰਗ ਰਲਾਈਆ । ਤੇਰੀ ਸਿਫ਼ਤ ਦੇ ਬਣ ਕੇ ਪਾਠੀ, ਮਹਿੰਮਾ ਜੁਗ ਚਾਰ ਚਾਰ ਗਾਈਆ । ਕਲਮਾ ਕਾਇਨਾਤ ਖੋਲ੍ਹ ਕੇ ਹਾਟੀ, ਅੱਖਰ ਵਸਤ ਆਏ ਵਰਤਾਈਆ । ਮੰਜ਼ਲ ਧੁਰ ਦੀ ਦੱਸ ਕੇ ਘਾਟੀ, ਪੜਦਾ ਸ਼ਬਦੀ ਸ਼ਬਦ ਉਠਾਈਆ । ਜੋਤ ਦੱਸ ਕੇ ਨੂਰ ਲਲਾਟੀ, ਭੇਵ ਅਭੇਦਾ ਆਏ ਸਮਝਾਈਆ । ਅਨਹਦ ਸ਼ਬਦ ਜਣਾ ਕੇ ਨਾਦੀ, ਨਾਦ ਧੁਨ ਧੁਨ ਪਰਗਟਾਈਆ । ਆਤਮ ਜੋਤ ਦੱਸ ਪ੍ਰਕਾਸ਼ੀ,

ਸਚ ਗ੍ਰਿਹ ਕੀਤੀ ਰੁਸ਼ਨਾਈਆ । ਸੀਸ ਨਿਵਾ ਕੇ ਪੁਰਖ ਅਬਿਨਾਸ਼ੀ, ਇਸ਼ਟ ਇਕੋ ਇਕ ਮਨਾਈਆ । ਨਿਰਗੁਣ ਨਿਰਗੁਣ ਪਾ ਕੇ ਰਾਸੀ, ਮੰਡਲ ਮੰਡਪ ਖੇਲ ਖਿਲਾਈਆ । ਤੇਰੇ ਨਾਮ ਦੀ ਵੰਡ ਕੇ ਦਾਤੀ, ਜਗਤ ਜਗਿਆਸੂਆਂ ਝੋਲੀ ਪਾਈਆ । ਸਿਮਰਨ ਕਰਕੇ ਸੰਧਿਆ ਪਰਭਾਤੀ, ਭਰਮ ਦਾ ਪੜਦਾ ਆਏ ਚੁਕਾਈਆ । ਲਿਵ ਅੰਤਰ ਲਾ ਇਕਾਂਤੀ, ਇਕ ਇਕ ਦਾ ਰਾਹ ਵਖਾਈਆ । ਅੰਮ੍ਰਿਤ ਰਸ ਦੀ ਦੱਸ ਕੇ ਸਾਤੀ, ਸਤਿ ਸਤਿ ਸਮਝਾਈਆ । ਖੇਲ ਕੀਤਾ ਲੋਕਮਾਤੀ, ਮਤਾ ਤੇਰੇ ਨਾਲ ਪਕਾਈਆ । ਚਾਰ ਜੁਗ ਦੇ ਸ਼ਾਸਤਰ ਤੇਰੀ ਹੁਕਮ ਵਾਲੀ ਪਾਤੀ, ਪਤਰਕਾ ਦੇ ਕੇ ਆਏ ਥਾਉਂ ਥਾਈਂਆ । ਤੇਰਾ ਖੇਲ ਦੱਸਿਆ ਪ੍ਰਿਥਮੀ ਆਕਾਸ਼ੀ, ਆਕਾਸ਼ ਆਕਾਸ਼ਾਂ ਸੋਭਾ ਪਾਈਆ । ਤੂੰ ਸਚਖੰਡ ਨਿਵਾਸੀ, ਦਰਗਹ ਸਾਚੀ ਡੇਰਾ ਲਾਈਆ । ਸਾਡੀ ਸਭ ਦੀ ਪੂਰੀ ਕਰਦੇ ਆਸੀ, ਅਵਤਾਰ ਪੈਗ਼ੰਬਰ ਗੁਰੂ ਸੀਸ ਨਿਵਾਈਆ । ਝਗੜਾ ਮੇਟ ਕੇ ਵਰਨ ਬਰਨ ਜ਼ਾਤ ਪਾਤੀ, ਪੰਡਤ ਕਾਸ਼ੀ ਕਸ ਰਹਿਣ ਕੋਇ ਨਾ ਪਾਈਆ । ਮੁੱਲਾ ਸ਼ੇਖ਼ ਮੁਸਾਇਕ ਬਣਾ ਇਕ ਜਮਾਤੀ, ਜੁਮਲਾ ਅੱਖਰ ਇਕ ਬਣਾਈਆ । ਗੁਰਮੁਖ ਗੁਰਸਿਖ ਹਰਿਜਨ ਬਣਾ ਹਮਾਇਤੀ, ਹਮਸਾਜਣ ਦਇਆ ਕਮਾਈਆ । ਮਿਹਰ ਨਜ਼ਰ ਨਾਲ ਬਖ਼ਸ਼ਿਸ਼ ਕਰ ਅਨਾਇਤੀ, ਮਿਹਰ ਨਿਗਹ ਇਕ ਉਠਾਈਆ । ਤੇਰਾ ਖੇਲ ਨੂਰ ਨੂਰਾਨੇ ਵਾਹਿਦੀ, ਵਾਹਦ ਆਪਣੀ ਕਲ ਪਰਗਟਾਈਆ । ਸਾਡਾ ਪੂਰਾ ਹੋਇਆ ਅਹਿਦੀ, ਅਹਿਦਨਾਮੇ ਦਈਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਦਰ ਤੇਰੇ ਸੀਸ ਨਿਵਾਈਆ । ਸਤਿਗੁਰ ਸ਼ਬਦ ਅਸੀਂ ਤੇਰੀ ਪੜ੍ਹੀ ਅਗੰਮੀ ਪੱਟੀ, ਬਿਨ ਹਰਫ਼ ਹਰੂਫ਼ ਜਣਾਈਆ । ਜਿਸ ਦੀ ਧਾਰ ਜਗਤ ਸੰਸਾਰ ਅੰਤਮ ਟੱਪੀ, ਕਲ ਕਲੂਆ ਦਏ ਦੁਹਾਈਆ । ਬਹੁੜੀ ਸਾਡੀ ਆਸਾ ਕਿਉਂ ਪੈਂਦੀ ਜਾਂਦੀ ਨੱਟੀ, ਨਟੂਏ ਆਪਣਾ ਭੇਵ ਦੇ ਖੁਲ੍ਹਾਈਆ । ਦੀਨ ਮਜ਼੍ਹਬਾਂ ਦੀ ਸਾਨੂੰ ਭਰਨੀ ਪੈਣੀ ਚੱਟੀ, ਅੱਗੇ ਹੋ ਨਾ ਕੋਇ ਬਚਾਈਆ । ਸਾਡੀ ਡੋਰ ਲੋਕਮਾਤ ਜਾਣੀ ਕਟੀ, ਕਟਾਕਸ਼ ਹਰਿਜੂ ਰਿਹਾ ਲਗਾਈਆ । ਤੇਰੇ ਪਿਆਰ ਵਿਚ ਕਿਹੜੀ ਖੱਟੀ ਖੱਟੀ, ਬੇਖਟਕ ਦੇ ਸਮਝਾਈਆ । ਕਿਉਂ ਸ੍ਰਿਸ਼ਟੀ ਬਿਰਹੋਂ ਵਿਛੋੜੇ ਵਿਚ ਗਈ ਫੱਟੀ, ਫਾਟਕ ਪਿਆ ਜਗਤ ਲੋਕਾਈਆ । ਭਾਗ ਲੱਗੇ ਨਾ ਕਿਸੇ ਕਾਇਆ ਮੱਟੀ, ਸਾਢੇ ਤਿੰਨ ਹੱਥ ਨਾ ਕੋਇ ਰੁਸ਼ਨਾਈਆ । ਸਦੀ ਚੌਧਵੀਂ ਸਾਨੂੰ ਸਾਰੇ ਜਾਂਦੇ ਛਡੀ, ਸਗਲਾ ਸੰਗ ਨਾ ਕੋਇ ਨਿਭਾਈਆ । ਰਸਨਾ ਜਿਹਵਾ ਸਿੱਖ ਮੁਰੀਦ ਖਾ ਕੇ ਮਾਸ ਹੱਡੀ, ਚੰਮ ਦ੍ਰਿਸ਼ਟੀ ਰੂਪ ਬਦਲਾਈਆ । ਪੁਰਖ ਅਕਾਲ ਦੀ ਦਿਸੇ ਕੋਇ ਨਾ ਗੱਦੀ, ਗਦਾਗਰ ਹੋ ਕੇ ਦਈਏ ਦੁਹਾਈਆ । ਸਾਡੀ ਕਰਨੀ ਹੁੰਦੀ ਜਾਂਦੀ ਰੱਦੀ, ਸਹੀ ਸਚ ਨਾ ਕੋਇ ਪਵਾਈਆ । ਸਤਿਗੁਰ ਸ਼ਬਦ ਦੀਨ ਮਜ਼੍ਹਬ ਸਾਡੀ ਵਿਰਾਸਤ ਨਹੀਂ ਹੋਈ ਯੱਦੀ, ਯਦਪ ਤੇਰੇ ਅੱਗੇ ਸੀਸ ਝੁਕਾਈਆ । ਸਾਡਾ ਲਹਿਣਾ ਦੇਣਾ ਪੂਰਾ ਕਰ ਦੇ ਪਰਮ ਪੁਰਖ ਦੀ ਸਾਚੀ ਸਦੀ, ਸਦਮਾ ਜਗਤ ਰਹੇ ਨਾ ਰਾਈਆ । ਸਾਡੀ ਪ੍ਰੀਤ ਅੰਤ ਇਕ ਨਾਲ ਲੱਗੀ, ਲੱਗੀ ਪ੍ਰੀਤ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਝਗੜਾ ਮੇਟ ਦੇ ਕੂੜ ਕੁੜਿਆਰ ਬਦੀ, ਬਦਲਾ ਦੇਣਾ ਥਾਉਂ ਥਾਈਂਆ ।

## ੧੭ ਮੱਘਰ ਸ਼ਹਿਨਸ਼ਾਹੀ ਸੰਮਤ ੬ ਖੇਮ ਸਿੰਘ ਦੇ ਘਰ ਕੋਟਕਪੂਰਾ ਸ਼ਹਿਰ ਜ਼ਿਲਾ ਬਠਿੰਡਾ

ਸਤਿਗੁਰ ਸ਼ਬਦ ਅਸੀਂ ਤੈਨੂੰ ਰਹੇ ਝੁਕਦੇ, ਅਵਤਾਰ ਪੈਗੰਬਰ ਗੁਰੂ ਜੁਗ ਜੁਗ ਤੈਨੂੰ ਸੀਸ ਨਿਵਾਈਆ । ਪਰਦੇ ਓਹਲੇ ਰਹੇ ਲੁਕਦੇ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਨਾਮ ਨਿਧਾਨ ਰਹੇ ਪੁਛਦੇ, ਖ਼ਾਲੀ ਝੋਲੀਆਂ ਰਹੇ ਡਾਹੀਆ । ਸਮੇਂ ਸੁਹਾਉਂਦੇ ਰਹੇ ਤੇਰੀ ਰੁਤ ਦੇ, ਰੁਤੜੀ ਤੇਰੇ ਨਾਲ ਮਹਿਕਾਈਆ । ਜੀਵਾਂ ਜੰਤਾਂ ਲੇਖਾ ਮੁਕਾਉਂਦੇ ਰਹੇ ਜਨਣੀ ਕੁੱਖ ਦੇ, ਕਲਜੁਗ ਨਾਮ ਨਾਮ ਸਮਝਾਈਆ । ਦੀਨ ਮਜ਼੍ਹਬਾਂ ਦਾ ਭਾਰ ਰਹੇ ਚੁੱਕਦੇ, ਚਾਰ ਜੁਗ ਆਪਣੇ ਕੰਧੇ ਡਾਹੀਆ । ਰੂਪ ਧਰਦੇ ਰਹੇ ਅਬਿਨਾਸ਼ੀ ਸੁਤ ਦੇ, ਨਿਰਗੁਣ ਨੂਰ ਕਰ ਰੁਸ਼ਨਾਈਆ । ਅੰਤਮ ਖੇਲ ਦੇਖੀਏ ਕਲਜੁਗ ਦੁੱਖ ਦੇ, ਸਦੀ ਚੌਧਵੀਂ ਦਏ ਗਵਾਹੀਆ । ਰੂਪ ਦਿਸੇ ਨਾ ਕੋਇ ਸੱਚੇ ਗੁਰਸਿਖ ਗੁਰਮੁਖ ਦੇ, ਮੁਰੀਦ ਮੁਰਸ਼ਦ ਵਿਚ ਨਾ ਕੋਇ ਸਮਾਈਆ । ਪੰਚ ਵਿਕਾਰੇ ਘਰ ਘਰ ਕੁੱਟ ਦੇ, ਗ੍ਰਿਹ ਗ੍ਰਿਹ ਆਪਣਾ ਡੇਰਾ ਲਾਈਆ । ਅਸੀਂ ਜਾਪ ਤਕਦੇ ਬੁਲ੍ਹਾਂ ਬੁੱਟ ਦੇ, ਹਿਰਦੇ ਹਰਿ ਨਾ ਕੋਇ ਵਸਾਈਆ । ਬਹੁੜੀ ਭੇਵ ਖੁਲ੍ਹੇ ਨਾ ਤੇਰੀ ਇਕ ਤੁਕ ਦੇ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਪਰਦੇ ਓਹਲੇ ਮਿਟੇ ਨਾ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਉਚ ਦੇ, ਅਗੰਮ ਅਥਾਹ ਸੰਗ ਨਾ ਕੋਇ ਨਿਭਾਈਆ । ਉਠ ਵੇਖ ਨਿਸ਼ਾਨੇ ਚਾਰ ਕੁੰਟ ਦੇ, ਦਹਿ ਦਿਸ਼ਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਸਾਹਿਬ ਸਤਿਗੁਰ ਸ਼ਬਦੀ ਸ਼ਬਦ ਗੁਰਦੇਵ ਤੇਰੀ ਸਰਨਾਈਆ । ਸਤਿਗੁਰ ਸ਼ਬਦ ਤੇਰਾ ਵਕਤ ਦੱਸਦੇ ਰਹੇ ਸੁਹੰਜਣਾ, ਅਵਤਾਰ ਪੈਗੰਬਰ ਗੁਰੂ ਰਹੇ ਦ੍ਰਿੜਾਈਆ । ਪੁਰਖ ਅਕਾਲ ਜਣਾਇਆ ਦਰਦ ਦੁੱਖ ਭੈ ਭੰਜਣਾ, ਪਾਰਬ੍ਰਹਮ ਪਤਿਪਰਮੇਸ਼ਵਰ ਨੂਰ ਅਲਾਹੀਆ । ਸੋ ਪੁਰਖ ਨਿਰੰਜਣ ਦੱਸਿਆ ਧੁਰ ਦਾ ਸੱਜਣਾ, ਹਰਿ ਪੁਰਖ ਨਿਰੰਜਣ ਮੇਲਾ ਅਗੰਮ ਅਥਾਹੀਆ । ਜਗਤ ਨੇਤਰ ਵੇਖਿਆ ਖੇਲ ਅਲੱਖਣਾ, ਲੋਚਨ ਨੈਣ ਨੈਣ ਬਦਲਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਤੇਰੀ ਕਰਦੇ ਰਹੇ ਪਰਦੱਖਣਾ, ਚਾਰ ਕੁੰਟ ਭੱਜਦੇ ਰਹੇ ਵਾਹੋ ਦਾਹੀਆ । ਤੇਰਾ ਹੁਕਮ ਸੰਦੇਸ਼ਾ ਸੁਣਾਉਂਦੇ ਰਹੇ ਬਚਨਾ, ਕਲਮਾ ਕਾਇਨਾਤ ਦ੍ਰਿੜਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਤੇਰੀ ਵੇਖਦੇ ਰਹੇ ਰਚਨਾ, ਲੱਖ ਚੁਰਾਸੀ ਖੋਜ ਖੁਜਾਈਆ । ਏਥੇ ਉਥੇ ਦੋ ਜਹਾਨਾਂ ਤੇਰਾ ਤੱਕਿਆ ਪੱਤਨਾ, ਪਾਂਧੀ ਬਣਕੇ ਜੁਗ ਜੁਗ ਪੰਧ ਮੁਕਾਈਆ । ਬਹੁੜੀ ਕਲਜੁਗ ਅੰਤਮ ਕੀ ਲੋਕਮਾਤ ਹੋਣੀ ਘਟਨਾ, ਘਟ ਨਿਵਾਸੀ ਪੁਰਖ ਅਬਿਨਾਸ਼ੀ ਭੇਵ ਅਭੇਦਾ ਦੇ ਖੁਲ੍ਹਾਈਆ । ਕੋਟਾਂ ਵਿਚੋਂ ਕੇਹੜਾ ਪ੍ਰਭ ਦਾ ਭਗਤ ਅਮੋਲਕ ਹੀਰਾ ਹੋਣਾ ਰਤਨਾ, ਗੁਰਮੁਖ ਗੁਰ ਗੁਰ ਸੰਗ ਨਿਭਾਈਆ । ਦਰੋਹੀ ਕਿਉਂ ਜਗਤ ਜਹਾਨ ਹੋਇਆ ਸੱਖਣਾ, ਵਸਤ ਅਗੰਮ ਨਾ ਕੋਇ ਵਰਤਾਈਆ । ਸਤਿਗੁਰ ਸ਼ਬਦ ਧੁਰ ਸੰਦੇਸ਼ਾ ਇਕੋ ਦੱਸਣਾ, ਕੀ ਕਲ ਕਲਕੀ ਕਾਰ ਕਮਾਈਆ । ਕਿਸ ਬਿਧ ਦੀਨ ਮਜ਼੍ਹਬ ਦੀ ਮੇਟੇ ਵੱਟਣਾ, ਧਰਮ ਦੀ ਧਾਰ ਇਕ ਪਰਗਟਾਈਆ । ਸਾਚੇ ਨਾਮ ਦਾ ਖੋਲ੍ਹ ਕੇ ਹੱਟਣਾ, ਇਕੋ ਵਸਤ ਦਏ ਵਰਤਾਈਆ । ਕੀ ਬਾਲ ਅਵਸਥਾ ਗੋਬਿੰਦ ਸੰਦੇਸ਼ਾ ਦੇ ਕੇ ਗਿਆ ਪਟਣਾ, ਕੀ ਪੌਂਟੇ ਧਰਨੀ ਧਰਤ ਧਵਲ ਉਤੇ ਗਿਆ ਲਿਖਾਈਆ । ਕੀ ਤੀਰ ਅਣਿਆਲਾ ਕਸਣਾ, ਬੇਪਰਵਾਹ ਆਪਣੇ ਹੱਥ ਉਠਾਈਆ । ਕਿਸ ਬਿਧ ਅਵਤਾਰ ਪੈਗੰਬਰ ਗੁਰੂ ਨਿਰਗੁਣ ਧਾਰ ਨਿਰਗੁਣ ਨੱਠਣਾ, ਸਚ ਦਵਾਰੇ ਵਾਹੋ ਦਾਹੀਆ । ਕੀ ਲਹਿਣਾ ਦੇਣਾ ਹੋਣਾ ਉੱਤਰ ਪੂਰਬ ਪੱਛਮ ਦੱਖਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ

ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕੀ ਹੋਣਾ ਖੇਲ ਅਨੋਖਾ, ਅਵਤਾਰ ਪੈਗ਼ੰਬਰ ਗੁਰੂ ਪੁਛਣ ਚਾਈਂ ਚਾਈਆ । ਕੀ ਖੇਲ ਹੋਣਾ ਕਲਜੁਗ ਅੰਤਮ ਮੌਕਾ, ਮੁਕੰਮਲ ਦੇ ਦ੍ਰਿੜਾਈਆ । ਕਿਸ ਬਿਧ ਸਭ ਦੇ ਨਾਲ ਹੋਣਾ ਧੋਖਾ, ਗਹਿਰ ਗੰਭੀਰ ਬੇਨਜ਼ੀਰ ਆਪਣੀ ਕਾਰ ਭੁਗਤਾਈਆ । ਕੀ ਝਗੜਾ ਹੋਣਾ ਚੌਦਾਂ ਲੋਕਾ, ਚੌਦਾਂ ਤਬਕ ਰੋਵਣ ਮਾਰਨ ਧਾਈਆ । ਕਿਸ ਬਿਧ ਲੱਖ ਚੁਰਾਸੀ ਜੀਵ ਪਰਖਣਾ ਖਰਾ ਖੋਟਾ, ਚਾਰੇ ਖਾਣੀ ਧਿਆਨ ਲਗਾਈਆ । ਕਵਣ ਦਵਾਰੇ ਪ੍ਰਕਾਸ਼ ਹੋਵੇ ਜੋਤਾ, ਨੂਰ ਨੁਰਾਨਾ ਡਗਮਗਾਈਆ । ਸੰਬਲ ਸਚ ਦਵਾਰੇ ਕਿਸ ਬਿਧ ਬ੍ਰਹਿਮਣ ਗੌੜਾ ਹੋਵੇ ਸੋਤਾ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਡੇਰਾ ਲਾਈਆ । ਕਿਸ ਬਿਧ ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਇਕੋ ਨਾਮ ਦੇਵੇ ਹੋਕਾ, ਹੁਕਮ ਹੱਕ ਹੱਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਤਿਗੁਰ ਸ਼ਬਦ ਸਭ ਦੀਆਂ ਦੂਰ ਕਰ ਦੇ ਸੋਚਾਂ, ਚਾਰ ਜੁਗ ਦੀ ਸੋਚ ਰਹੇ ਨਾ ਰਾਈਆ । ਅੰਤਮ ਅੰਤਰ ਸਭ ਦੀ ਇਕੋ ਲੋਚਾ, ਆਸ਼ਾ ਸਰਬ ਇਕ ਵਖਾਈਆ । ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਅੰਤਮ ਇਕੋ ਬਹੁਤਾ, ਦੂਸਰ ਲੋੜ ਰਹੇ ਨਾ ਰਾਈਆ । ਸਤਿਜੁਗ ਲਾਵੇ ਨਾਲ ਸ਼ੌਕਾ, ਕਲਜੁਗ ਕੂੜੀ ਕਿਰਿਆ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਕਰੇ ਨਾਲ ਸ਼ੌਕਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਾਹਿਬ ਸਤਿਗੁਰ ਆਪਣਾ ਹੁਕਮ ਵਰਤਾਈਆ ।



੮੭੬



੨੨

### ✪ ੧੮ ਮੱਘਰ ਸ਼ਹਿਨਸ਼ਾਹੀ ਸੰਮਤ ੬ ਭਾਈ ਬੁਘਰ ਸਿੰਘ ਦੇ ਘਰ ਪਿੰਡ ਬਰਗਾੜੀ ਜ਼ਿਲਾ ਬਠਿੰਡਾ ✪

ਸਤਿਗੁਰ ਸ਼ਬਦ ਜੁਗ ਚੌਕੜੀ ਕੀਤੀ ਤੇਰੀ ਸੇਵਾ, ਅਵਤਾਰ ਪੈਗ਼ੰਬਰ ਗੁਰੂ ਰਹੇ ਜਣਾਈਆ । ਤੂੰ ਆਦਿ ਜੁਗਾਦਿ ਸਚ ਸਵਾਮੀ ਦੇਵੀ ਦੇਵਾ, ਦੇਵ ਆਤਮਾ ਤੇਰਾ ਰੰਗ ਰੰਗਾਈਆ । ਤੇਰਾ ਖੇਲ ਸਦਾ ਸਚਖੰਡ ਨਿਹਚਲ ਧਾਮ ਨਿਹਕੇਵਾ, ਅਟਲ ਤੇਰੀ ਬੇਪਰਵਾਹੀਆ । ਤੇਰਾ ਨਾਮ ਨਿਧਾਨਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਜਪਾਇਆ ਨਾਲ ਰਸਨਾ ਜਿਹਵਾ, ਬੱਤੀ ਦੰਦ ਸਿਫ਼ਤ ਸਾਲਾਹੀਆ । ਤੇਰਾ ਖੇਲ ਅਲਖ ਅਭੇਵਾ, ਅਗੋਚਰ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਦਰ ਦਰਵੇਸ਼ ਸੀਸ ਨਿਵਾਈਆ । ਸਤਿਗੁਰ ਸ਼ਬਦ ਜੁਗ ਚੌਕੜੀ ਤੇਰੇ ਬਣੇ ਰਹੇ ਖ਼ਾਦਮ, ਅਵਤਾਰ ਪੈਗ਼ੰਬਰ ਗੁਰੂ ਖ਼ਿਦਮਤਗਾਰ ਹੋ ਕੇ ਸੇਵ ਕਮਾਈਆ । ਬੋਧ ਅਗਾਧਾ ਦੱਸਦੇ ਰਹੇ ਆਤਮ, ਪਰਮਾਤਮ ਬ੍ਰਹਮ ਨੂਰ ਅਲਾਹੀਆ । ਆਦਮ, ਜੋਤੀ ਜਾਤਾ ਭੇਵ ਚੁਕਾਈਆ । ਸ਼ਬਦੀ ਧਾਰ ਭੇਵ ਖੋਲ੍ਹਿਆ ਬਾਤਨ, ਕਲਮਾ ਕਾਇਆ ਵਿਚ ਪਰਗਟਾਈਆ । ਗੀਤ ਗਾਇਆ ਸਾਹਿਬ ਪੁਰਖ ਅਬਿਨਾਸ਼ਣ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨਾਂ ਰਾਹ ਤਕਾਈਆ । ਬੇਅੰਤ ਬੇਪਰਵਾਹ ਤੈਨੂੰ ਸਾਰੇ ਆਖਣ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਜੋ ਮਾਰਗ ਦੱਸ ਕੇ ਆਏ ਲੋਕ ਮਾਤਣ, ਹਿੰਦੂ ਮੁਸਲਿਮ ਸਿੱਖ ਈਸਾਈ ਦੀਨ ਮਜ਼੍ਹਬ ਵੰਡ ਵੰਡਾਈਆ । ਦਰੋਹੀ ਕਲਜੁਗ ਹੋਈ ਅੰਤ ਅੰਧੇਰੀ ਰਾਤਣ, ਤੇਰਾ ਨਾਮ ਸਾਚਾ ਚੰਦ ਨਾ ਕੋਇ ਚਮਕਾਈਆ । ਧੁਨ ਆਤਮਕ ਸੁਣੇ ਕੋਇ ਨਾ ਰਾਗਣ, ਰਸਨਾ ਸ੍ਰਿਸ਼ਟ ਹੋਈ ਹਲਕਾਈਆ । ਤੇਰਾ ਨਾਮ ਸ਼ਬਦ ਨਾ ਵਾਚਣ, ਪਰਦਾ ਸਕੇ ਨਾ ਕੋਇ ਚੁਕਾਈਆ । ਸਤਿਜੁਗ ਤ੍ਰੇਤਾ ਦੁਆਪਰ

ਕਲਜੁਗ ਤੇਰੇ ਬਣੇ ਰਹੇ ਦਾਸੀ ਦਾਸਣ, ਹੁਕਮੇ ਵਿਚ ਭੱਜੇ ਵਾਹੋ ਦਾਹੀਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਸਾਹਿਬ ਅਬਿਨਾਸ਼ਣ, ਪਰਵਰਦਿਗਾਰ ਸਾਂਝਾ ਯਾਰ ਇਕ ਅਖਵਾਈਆ । ਸਾਡੀ ਮਨਸਾ ਪੂਰੀ ਹੋਈ ਨਾ ਘਾਟਣ, ਪੈਂਡਾ ਪੰਧ ਨਾ ਕੋਇ ਚੁਕਾਈਆ । ਸਾਡੇ ਸਿੱਖ ਮੁਰੀਦ ਸਾਨੂੰ ਕਰਨ ਨਾ ਯਾਦਨ, ਯਾਦ ਤੇਰੀ ਗਏ ਭੁਲਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਆਦਿ ਆਦਨ, ਅੰਤ ਕੰਤ ਭਗਵੰਤ ਇਕ ਅਖਵਾਈਆ । ਕਿਰਪਾ ਕਰ ਮੋਹਨ ਮਾਧਵ ਮਾਧਨ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਲਜੁਗ ਜੀਵ ਆਪਣਾ ਆਪ ਮੂਲ ਨਾ ਸਾਧਣ, ਹਿਰਦੇ ਹਰਿ ਨਾ ਕੋਇ ਵਸਾਈਆ । ਅੱਖਰਾਂ ਵਾਲੇ ਨਾਮ ਸਾਰੇ ਅਰਾਧਨ, ਉਚੀ ਕੂਕ ਕੂਕ ਜਣਾਈਆ । ਸੁਰਤੀ ਵਿਚੋਂ ਨਾ ਅੰਦਰੋਂ ਜਾਗਣ, ਸ਼ਬਦੀ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੇਰੇ ਹੱਥ ਹੱਥ ਵਡਿਆਈਆ । ਸਤਿਗੁਰ ਸ਼ਬਦ ਤੇਰਾ ਮੰਨਦੇ ਰਹੇ ਕਹਿਣਾ, ਅਵਤਾਰ ਪੈਗ਼ੰਬਰ ਗੁਰ ਬੋਲਣ ਥਾਉਂ ਥਾਈਆ । ਜੋਤੀ ਧਾਰ ਦਰਸ ਕਰਦੇ ਰਹੇ ਨੈਣਾਂ, ਨਿਜ ਨੇਤਰ ਲੋਚਨ ਨੈਣ ਨੈਣ ਖੁਲ੍ਹਾਈਆ । ਤਨ ਵਜੂਦ ਮਾਟੀ ਖ਼ਾਕ ਪੰਜ ਤਤ ਪਾਇਆ ਗਹਿਣਾ, ਬਸਤਰ ਭੂਸ਼ਨ ਇਕੋ ਰੰਗ ਰੰਗਾਈਆ । ਤੇਰੀ ਸਚ ਸਰਨਾਈ ਸਿਖਿਆ ਢਹਿਣਾ, ਦੂਸਰ ਅਵਰ ਨਾ ਕੋਇ ਸੀਸ ਨਿਵਾਈਆ । ਸਚਖੰਡ ਸਚ ਦਵਾਰੇ ਬਹਿਣਾ, ਦਰਗਹ ਸਾਚੀ ਸੋਭਾ ਪਾਈਆ । ਨਾਤਾ ਛਡ ਕੇ ਮਾਤ ਪਿਤ ਭਾਈ ਭੈਣਾਂ, ਤੇਰਾ ਪਿਆਰ ਲਿਆ ਪਰਨਾਈਆ । ਸਭ ਨੇ ਮੰਨਿਆ ਤੇਰਾ ਭਾਣਾ ਸਹਿਣਾ, ਸਿਰ ਸਕੇ ਨਾ ਕੋਇ ਉਠਾਈਆ । ਬਹੁੜੀ ਕਲਜੁਗ ਵੇਖ ਸ੍ਰਿਸ਼ਟ ਸਬਾਈ ਕੂੜ ਵਹਿਣ ਵਹਿਣਾ, ਅੱਗੇ ਹੋ ਨਾ ਕੋਇ ਅਟਕਾਈਆ । ਮਾਇਆ ਮਮਤਾ ਲਾੜੀ ਮੌਤ ਖਾਏ ਡਾਇਣਾ, ਸਾਹ ਸੁਲਤਾਨਾਂ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਸੀਸ ਨਿਵਾਈਆ । ਸਤਿਗੁਰ ਸ਼ਬਦ ਤੇਰੇ ਨਾਮ ਦਾ ਚਲਾਇਆ ਜਹਾਜ਼, ਨਈਆ ਨੌਕਾ ਨਾ ਕੋਇ ਵਡਿਆਈਆ । ਤੇਰੀ ਸਿਫ਼ਤ ਦਾ ਕਰਕੇ ਆਏ ਆਗ਼ਾਜ਼, ਪਰਦਾ ਪਰਦਿਆਂ ਵਿਚੋਂ ਉਠਾਈਆ । ਤੇਰੇ ਮਿਲਣ ਦਾ ਖੋਲ੍ਹ ਕੇ ਆਏ ਰਾਜ਼, ਪਰਦਾਨਸ਼ੀਂ ਪਰਦਾ ਜਗਤ ਚੁਕਾਈਆ । ਤੇਰੇ ਨਾਮ ਕਲਮੇ ਦੀ ਦੱਸ ਆਵਾਜ਼, ਗੀਤ ਢੋਲੇ ਸਿਫ਼ਤਾਂ ਵਾਲੇ ਗਾਈਆ । ਸੁਰਤੀ ਸ਼ਬਦ ਖੋਲ੍ਹ ਕੇ ਆਏ ਜਾਗ, ਆਲਸ ਨਿੰਦਰਾ ਕੂੜ ਮਿਟਾਈਆ । ਤ੍ਰੈਗੁਣ ਬੁਝਾ ਕੇ ਆਏ ਆਗ, ਅੰਮ੍ਰਿਤ ਮੇਘ ਇਕ ਬਰਸਾਈਆ । ਹੰਸ ਬੁੱਧੀ ਬਣਾ ਕੇ ਆਏ ਕਾਗ, ਕਾਗ ਹੰਸ ਉਡਾਈਆ । ਸਾਢੇ ਤਿੰਨ ਹੱਥ ਘਰ ਘਰ ਅੰਦਰ ਤੇਰਾ ਦੀਪਕ ਜੋਤ ਜਗਾ ਕੇ ਆਏ ਚਰਾਗ਼, ਅੰਧ ਅਗਿਆਨ ਦਾ ਡੇਰਾ ਢਾਹੀਆ । ਆਤਮ ਬ੍ਰਹਮ ਸੁਣਾ ਕੇ ਆਏ ਰਾਗ, ਅਨਰਾਗੀ ਆਪ ਦ੍ਰਿੜਾਈਆ । ਦੀਨ ਮਜ਼੍ਹਬ ਦਾ ਲਾ ਕੇ ਆਏ ਬਾਗ਼, ਬਾਗਬਾਂ ਹੋ ਕੇ ਸੇਵ ਕਮਾਈਆ । ਬਹੁੜੀ ਸਦੀ ਚੌਧਵੀਂ ਕਲਜੁਗ ਅੰਤਮ ਸਭ ਨੂੰ ਲੱਗਾ ਦਾਗ਼, ਦੁਰਮਤ ਮੈਲ ਨਾ ਕੋਇ ਧਵਾਈਆ । ਉਤਮ ਸ੍ਰੇਸ਼ਟ ਹੋਵੇ ਕਿਸੇ ਨਾ ਭਾਗ, ਭਾਗਹੀਣ ਹੋਏ ਜਗਤ ਲੋਕਾਈਆ । ਝਗੜਾ ਪਿਆ ਤਤਾਂ ਵਾਲੇ ਸਮਾਜ, ਸਮਗ੍ਰੀ ਸਤਿ ਨਾ ਕੋਇ ਵਰਤਾਈਆ । ਸਚ ਪ੍ਰੇਮ ਵਿਚ ਹੋਏ ਨਾ ਕੋਇ ਵਿਸਮਾਦ, ਬਿਸਮਿਲ ਰੂਪ ਨਾ ਕੋਇ ਦਰਸਾਈਆ । ਪੁਰਖ ਅਕਾਲੇ ਦੀਨ ਦਿਆਲੇ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਤੇਰੇ ਅੱਗੇ ਇਕ ਫ਼ਰਿਆਦ, ਅਵਤਾਰ ਪੈਗ਼ੰਬਰ ਗੁਰੂ ਨਿਉਂ ਨਿਉਂ ਸੀਸ ਝੁਕਾਈਆ । ਸਾਨੂੰ ਦੀਨਾਂ ਮਜ਼੍ਹਬਾਂ ਵਿਚੋਂ ਕਰ ਆਜ਼ਾਦ, ਜ਼ਾਤ ਪਾਤ ਦਾ ਲੇਖਾ ਦੇ ਮੁਕਾਈਆ । ਸਾਡੀ ਬੇਨੰਤੀ ਤੇਰੇ ਅੱਗੇ ਨਾਲ ਅਰਸ਼ਾਦ, ਅਰਸ਼ ਫ਼ਰਸ਼ ਦੇ ਮਾਲਕ ਕੂਕ ਸੁਣਾਈਆ । ਨੌ ਖੰਡ ਪ੍ਰਿਥਮੀ ਸੱਤ

੯੭੭
੨੨

ਦੀਪ ਮਾਨਵ ਜ਼ਾਤੀ ਇਕੋ ਦੱਸ ਆਵਾਜ਼, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਰਮਾਤਮ ਆਤਮ ਧੁਰ ਦੀ ਇਕ ਪੜ੍ਹਾਈਆ । ਸਤਿ ਧਰਮ ਦੀ ਸਤਿਜੁਗ ਸਚ ਹੱਥ ਫੜ ਆਪਣੇ ਵਾਗ, ਡੋਰੀ ਅਵਰ ਨਾ ਕਿਸੇ ਫੜਾਈਆ । ਸਵਾਮੀ ਅੰਤਰਜਾਮੀ ਤੂੰ ਰਚਨਾ ਰਚੀ ਆਦਿ, ਅੰਤ ਲੇਖਾ ਸਭ ਦਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨੇਹਕੰਲਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤ ਸ੍ਰੀ ਭਗਵੰਤ ਧੁਰ ਨਾਮ ਦਾ ਸੁਣਾ ਇਕ ਨਾਦ, ਅਨਾਦ ਅਨਾਦੀ ਧੁਨ ਆਪ ਉਪਜਾਈਆ ।

### ✪ ੧੮ ਮੱਘਰ ਸ਼ਹਿਨਸ਼ਾਹੀ ਸੰਮਤ ੬ ਹਰਿਚੰਦ ਸਿੰਘ ਦੇ ਗ੍ਰਿਹ ਹਰਿਰਾਏ ਪੁਰ ✪

ਸਤਿ ਪ੍ਰੀਤੀ ਸਤਿਗੁਰ ਚਰਨਾ, ਗੁਰਸਿਖ ਗੁਰੂ ਗੁਰਦੇਵ ਜਣਾਈਆ । ਕੂੜੀ ਕਿਰਿਆ ਕਾਮ ਕਰੋਧ ਲੋਭ ਮੋਹ ਹੰਕਾਰ ਹਰਨਾ, ਆਸਾ ਤ੍ਰਿਸਨਾ ਸੰਗ ਨਾ ਕੋਇ ਰਖਾਈਆ । ਦਿਵਸ ਰੈਣ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸ਼ਬਦ ਪੜ੍ਹਨਾ, ਧੁਰ ਦਾ ਢੋਲਾ ਸਹਿਜ ਸੁਭਾਈਆ । ਸਚ ਦਵਾਰ ਏਕੰਕਾਰ ਮੱਲਣਾ ਦਰਨਾ, ਦਰ ਦਰਵੇਸ਼ ਹੋ ਕੇ ਅਲਖ ਜਗਾਈਆ । ਮਨ ਮਮਤਾ ਵਿਚੋਂ ਮਨ ਮਨਸਾ ਵਸ ਕਰਨਾ, ਕਲਪਣਾ ਮਾਤ ਰਹੇ ਨਾ ਰਾਈਆ । ਸਤਿਗੁਰ ਪਿਆਰ ਵਿਚ ਧਰਮ ਦੀ ਧਾਰ ਹੋਵੇ ਮਰਨਾ, ਮਰ ਜੀਵਤ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਜਗਤ ਵਾਸਨਾ ਮਰਨਾ ਜੀਵ ਜਗ, ਧੁਰ ਦੀ ਧਾਰ ਦ੍ਰਿੜਾਈਆ । ਤ੍ਰੈਗੁਣ ਮਾਇਆ ਪੋਹ ਨਾ ਸਕੇ ਅੱਗ, ਅਗਨੀ ਅੱਗ ਨਾ ਕੋਇ ਜਲਾਈਆ । ਨਿਜ ਨੇਤਰ ਦਰਸ ਕਰਨਾ ਸੂਰੇ ਸਰਬੱਗ, ਸਚ ਸਵਾਮੀ ਵੇਖ ਵਖਾਈਆ । ਖੇਲ ਖੇਲਣਾ ਉਪਰ ਸ਼ਾਹ ਰਗ, ਨੌਂ ਦਵਾਰੇ ਪੰਧ ਮੁਕਾਈਆ । ਜਗਤ ਵਾਸ਼ਨਾ ਰਹੇ ਨਾ ਕੱਗ, ਹੰਸ ਗੁਰਮੁਖ ਰੂਪ ਬਣਾਈਆ । ਘਰ ਘਰ ਵਿਚੋਂ ਲੈਣਾ ਲੱਭ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਸਿਰ ਸਤਿਗੁਰ ਕਦਮਾਂ ਉਤੇ ਦੇਣਾ ਰੱਖ, ਆਪਣੀ ਕੀਮਤ ਨਾ ਕੋਇ ਜਣਾਈਆ । ਜੀਵਤ ਜੀ ਦੀਨ ਦੁਨੀ ਨਾਲੋਂ ਹੋਣਾ ਵੱਖ, ਮਮਤਾ ਮੋਹ ਵਿਕਾਰ ਗਵਾਈਆ । ਨਾੜ ਬਹੱਤਰ ਨਾ ਉਬਲੇ ਰਤ, ਅਗਨੀ ਤਤ ਨਾ ਕੋਇ ਤਪਾਈਆ । ਬੰਸ ਸਰਬੰਸ ਸਾਰਾ ਦੇਣਾ ਛਡ, ਹੱਡ ਮਾਸ ਨਾੜੀ ਵੱਜੇ ਵਧਾਈਆ । ਤਿਸ ਦਾ ਸਫਲ ਹੋਵੇ ਮਰਨਾ ਜਗ, ਜੋ ਜਗਜੀਵਣ ਦਾਤੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਰ ਜੀਵਤ ਰੂਪ ਜਣਾਈਆ । ਜਗ ਮਰਨਾ ਸਤਿਗੁਰ ਸਰਨਾਈ, ਸਚ ਮਿਲੇ ਵਡਿਆਈਆ । ਰਾਏ ਧਰਮ ਨਾ ਦਏ ਸਜ਼ਾਈ, ਚਿੱਤਰਗੁਪਤ ਨਾ ਲੇਖ ਵਖਾਈਆ । ਕਿਰਪਾ ਕਰੇ ਸਹਿਜ ਸੁਖਦਾਈ, ਹਰਿ ਕਰਤਾ ਧੁਰਦਰਗਾਹੀਆ । ਜੋ ਆਦਿ ਅੰਤ ਦਾ ਮਾਹੀ, ਜੁਗ ਜੁਗ ਭਗਤਾਂ ਹੋਏ ਸਹਾਈਆ । ਕੂੜ ਕਿਰਿਆ ਦਏ ਤਜਾਈ, ਮਾਨ ਅਭਿਮਾਨ ਰਹੇ ਨਾ ਰਾਈਆ । ਇਕੋ ਓਟ ਲਏ ਤਕਾਈ, ਪ੍ਰਭ ਮਿਲਣਾ ਚਾਈਂ ਚਾਈਆ । ਆਤਮ ਦਰ ਸਚ ਗ੍ਰਿਹ ਮੰਦਰ ਨਿਜ ਵੱਜੇ ਵਧਾਈ, ਖ਼ੁਸ਼ੀਆਂ ਰਾਗ ਜਣਾਈਆ । ਸੋ ਗੁਰਮੁਖ ਬਹੁੜ ਮਰੇ ਨਾ ਮਿਲਿਆ ਹਰਿ ਗੋਸਾਈਂ, ਮਰਜੀਵਤ ਰੂਪ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਜੀਵਤ ਜੀਵਤ ਜਗਤ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਦੇਣ

ਗਵਾਹੀਆ । ਆਵੇ ਜਾਵੇ ਮਰੇ ਵਾਰੋ ਵਾਰਾ, ਚੁਰਾਸੀ ਗੇੜ ਨਾ ਕੋਇ ਮੁਕਾਈਆ । ਕਬੀਰ ਜੁਲਾਹਾ ਕਰੇ ਪੁਕਾਰਾ, ਸਚਖੰਡ ਗੜ੍ਹ ਉਪਰ ਚੜ੍ਹ ਕੇ ਦਏ ਦੁਹਾਈਆ । ਜਨ ਭਗਤੋ ਵੇਖੋ ਵਿਗਸੋ ਪਾਵੋ ਸਾਰਾ, ਨਿਜ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਜਦ ਮਰੋ ਮਰੋ ਹਰਿ ਕੇ ਦਵਾਰਾ, ਸਤਿਗੁਰ ਚਰਨ ਸਰਨ ਸਰਨਾਈਆ । ਫਿਰ ਮਰਨਾ ਹੋਏ ਨਾ ਦੂਜੀ ਵਾਰਾ, ਜਨਮ ਜਨਮ ਨਾ ਕੋਇ ਭਵਾਈਆ । ਮਰ ਜੀਵਤ ਜੀਵਤ ਮਰ ਵੇਖੇ ਖੇਲ ਧੁਰ ਦਰਬਾਰਾ, ਦਰਗਹ ਸਾਚੀ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦਵਾਰ ਦਏ ਵਡਿਆਈਆ । ਗੁਰਮੁਖ ਸੱਜਣ ਸੰਤ ਸੁਹੇਲਾ ਕਦੇ ਨਾ ਮਰਦਾ, ਮਰਜੀਵਤ ਰੂਪ ਵਟਾਈਆ । ਜਗਤ ਜਹਾਨ ਚੋਂ ਤਰਦਾ, ਦੂਤਰ ਦਾ ਲਹਿਣਾ ਦਏ ਗਵਾਈਆ । ਗ੍ਰਿਹ ਵੇਖੇ ਇਕੋ ਹਰਿ ਦਾ, ਹਰਿ ਮੰਦਰ ਬਹਿ ਕੇ ਖ਼ੁਸ਼ੀ ਮਨਾਈਆ । ਤੂੰ ਮੇਰਾ ਮੈਂ ਤੇਰਾ ਇਕੋ ਰਾਗ ਪੜ੍ਹਦਾ, ਨਿਰਅੱਖਰ ਅੱਖਰ ਧਾਰ ਵਿਚੋਂ ਸਮਝਾਈਆ । ਖੇਲ ਵੇਖ ਕੇ ਆਪਣੇ ਘਰ ਦਾ, ਘਰ ਜਾਵੇ ਚਾਈਂ ਚਾਈਂਆ । ਝਗੜਾ ਮੁਕ ਜਾਏ ਚੇਤਨ ਜੜ੍ਹ ਦਾ, ਮੇਲਾ ਮਿਲੇ ਸਹਿਜ ਸੁਭਾਈਆ । ਸਤਿਗੁਰ ਕਿਰਪਾ ਨਾਲ ਗੁਰਮੁਖ ਸਚ ਦੀ ਮਰਨੀ ਮਰਦਾ, ਜੋ ਬਹੁੜ ਜਨਮ ਨਾ ਪਾਈਆ । ਕਬੀਰ ਕੂਕ ਕੂਕ ਪੁਕਾਰ ਕਰਦਾ, ਜੁਲਾਹਾ ਦਏ ਦੁਹਾਈਆ । ਜਿਸ ਦਰਸ਼ਨ ਕੀਤਾ ਨਰਾਇਣ ਨਰ ਦਾ, ਤਿਸ ਨਰ ਹਰਿ ਆਪਣੇ ਵਿਚ ਛੁਪਾਈਆ । ਸੋ ਸੰਤ ਸੁਹੇਲਾ ਭਵਜਲ ਪਾਰ ਕਰਦਾ, ਮੰਝਧਾਰ ਨਾ ਕੋਇ ਰੁੜ੍ਹਾਈਆ । ਪੈਂਡਾ ਮੁਕੇ ਡੂੰਘੀ ਡੱਲ ਦਾ, ਅੰਧ ਅੰਧੇਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਰਨੀ ਆਪ ਜਣਾਈਆ । ਸਾਚੀ ਮਰਨੀ ਸਤਿਗੁਰ ਹੱਥ, ਗੁਰਮੁਖਾਂ ਦਏ ਦ੍ਰਿੜਾਈਆ । ਜਿਸ ਦੀ ਮਹਿਮਾ ਸਦਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਜਿਸ ਦੇਵੇ ਨਾਮ ਨਿਧਾਨ ਦੀ ਵਥ, ਵਸਤ ਅਮੋਲਕ ਝੋਲੀ ਪਾਈਆ । ਸੋ ਸਚ ਸਰਨਾਈ ਜਾਏ ਢੱਠ, ਹਉਮੇ ਹੰਗਤਾ ਗੜ੍ਹ ਤੁੜਾਈਆ । ਕੂੜ ਕੁੜਿਆਰਾ ਨਾਤਾ ਜਾਵੇ ਛਡ, ਪ੍ਰਭ ਮੇਲਾ ਮੇਲੇ ਸਹਿਜ ਸੁਭਾਈਆ । ਉਸ ਦਾ ਜਨਮ ਨਾ ਹੋਵੇ ਵਤ, ਬੇਵਤਨ ਵਤਨ ਆਪਣੇ ਵਿਚ ਜਾਵੇ ਚਾਈਂ ਚਾਈਂਆ । ਬਿਨਾ ਸਤਿਗੁਰ ਸ਼ਬਦ ਤੋਂ ਰੱਖੇ ਕੋਈ ਨਾ ਪਤ, ਪਤਿਪਰਮੇਸ਼ਵਰ ਸੰਗ ਨਾ ਕੋਇ ਬਠਾਈਆ । ਕਬੀਰ ਜੁਲਾਹੇ ਕਿਹਾ ਸਚ, ਸੰਦੇਸਾ ਜਗਤ ਵਿਚ ਸੁਣਾਈਆ । ਏਹ ਖੇਲ ਅਕਲ ਬੁਧੀ ਦੇ ਨਹੀਂ ਵਸ, ਮਨਸਾ ਮਨ ਨਾ ਕੋਇ ਵਡਿਆਈਆ । ਜਿਸ ਹਿਰਦੇ ਹਰਿਜੂ ਜਾਏ ਵਸ, ਮਿਹਰ ਨਜ਼ਰ ਉਠਾਈਆ । ਉਹ ਮਰ ਜੀਵਤ ਜਗਤ ਬਣਾਏ ਜਸ, ਸਿਫ਼ਤਾਂ ਵਿਚ ਸਾਲਾਹੀਆ । ਜਿਨ੍ਹਾਂ ਉਪਰ ਕਿਰਪਾ ਕਰੇ ਪੁਰਖ ਸਮਰਥ, ਸੋ ਬਹੁੜ ਜਨਮ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰਾ ਧੁਰ ਦਾ ਵਰ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਘਟ ਨਿਵਾਸੀ ਪੁਰਖ ਅਬਿਨਾਸ਼ੀ ਜਿਸ ਸਿਰ ਆਪਣਾ ਹੱਥ ਟਿਕਾਈਆ ।



### ✪ ੧੯ ਮੱਘਰ ਸ਼ਹਿਨਸ਼ਾਹੀ ਸੰਮਤ ੬ ਮਿਤ ਸਿੰਘ ਦੇ ਗ੍ਰਿਹ ਬਹਿਮਣ ਦੀਵਾਨਾ ✪

ਸਤਿਗੁਰ ਸ਼ਬਦ ਧੁਰ ਨਾਮ ਵਜਾਇਆ ਡੰਕਾ, ਅਵਤਾਰ ਪੈਗ਼ੰਬਰ ਗੁਰੂ ਰਹੇ ਜਣਾਈਆ । ਸਚ ਦਵਾਰ ਸੁਹਾਇਆ ਬੰਕਾ, ਬੰਕ ਦਵਾਰੀ

ਹੋ ਕੇ ਖ਼ੁਸ਼ੀ ਮਨਾਈਆ । ਭੇਵ ਖੁਲ੍ਹਾਇਆ ਪੰਜ ਤਤ ਸਰੀਰ ਤਨ ਕਾ, ਤਨ ਮੰਦਰ ਪੜਦਾ ਲਾਹੀਆ । ਮਾਣ ਗਵਾਇਆ ਹਉਮੇ ਮਨ ਕਾ, ਮਣਕਾ ਮਨ ਦਾ ਮਨ ਭਵਾਈਆ । ਮਾਨਸ ਜੀਵਾਂ ਰੂਪ ਸਮਝਾਇਆ ਸਾਚੇ ਜਨ ਕਾ, ਧਰਮ ਦੀ ਧਾਰ ਇਕ ਦ੍ਰਿੜਾਈਆ । ਭੇਵ ਖੁਲ੍ਹਾਇਆ ਹੰ ਦਾ, ਹੰ ਬ੍ਰਹਮ ਇਕ ਵਖਾਈਆ । ਬਹੁੜੀ ਕਿਉਂ ਝਗੜਾ ਪਿਆ ਮਾਟੀ ਚੰਮ ਦਾ, ਚੰਮ ਦ੍ਰਿਸ਼ਟੀ ਜਗਤ ਵਿਚ ਹਲਕਾਈਆ । ਸਦੀ ਚੌਧਵੀਂ ਸਮਾਂ ਆਇਆ ਗ਼ਮ ਦਾ, ਗ਼ਮੀ ਗ਼ਮਖ਼ਾਰ ਯਾਰ ਨਾ ਕੋਇ ਮਿਟਾਈਆ । ਜਗਤ ਵਣਜਾਰਾ ਹੋਇਆ ਆਸਾ ਤ੍ਰਿਸ਼ਨਾ ਤਮ ਦਾ, ਧੀਰਜ ਧੀਰ ਨਾ ਕੋਇ ਧਰਾਈਆ । ਮਾਣ ਰਿਹਾ ਨਾ ਪਵਣ ਸਵਾਮੀ ਦਮ ਦਾ, ਸਵਾਸ ਸਵਾਸ ਕੋਇ ਨਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਘਰ ਤੇਰੇ ਮੰਗ ਮੰਗਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰੂ ਸੁਣੋ ਅਗੰਮੀ ਬਾਤ, ਬਾਤਨ ਪੜਦਾ ਦਿਆਂ ਉਠਾਈਆ । ਨਿਰਗੁਣ ਧਾਰ ਵੇਖੋ ਮਾਰ ਝਾਤ, ਝਾਕੀ ਲੋਕਮਾਤ ਕਰਾਈਆ । ਕੂੜੀ ਕਿਰਿਆ ਤਕੋ ਸਾਖਿਆਤ, ਸਨਮੁਖ ਸਭ ਦੇ ਸੋਭਾ ਪਾਈਆ । ਗੁਰਮੁਖ ਰਿਹਾ ਨਾ ਕੋਇ ਪਾਰਜਾਤ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਚਾਰੋਂ ਕੁੰਟ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਚਮਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾਂ ਸਾਰੇ ਪੜ੍ਹਦੇ ਗਾਥ, ਅੰਜੀਲ ਕੁਰਾਨਾਂ ਕਲਮਿਆਂ ਵਿਚ ਸੁਣਾਈਆ । ਖੇਲ ਵੇਖੋ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਫੋਲ ਫੁਲਾਈਆ । ਸਤਿ ਜੋਤ ਦਾ ਰਿਹਾ ਨਾ ਕੋਇ ਪ੍ਰਕਾਸ਼, ਧੂੰਆਂਧਾਰ ਹੋਈ ਲੋਕਾਈਆ । ਮਨ ਕਲਪਣਾ ਕਰੇ ਨਾ ਕੋਇ ਘਾਤ, ਹਉਮੇ ਰੋਗ ਨਾ ਕੋਇ ਮਿਟਾਈਆ । ਆਤਮ ਪਰਮਾਤਮ ਜੋੜੇ ਕੋਇ ਨਾ ਨਾਤ, ਸੁਰਤ ਸ਼ਬਦ ਨਾ ਕੋਇ ਸਮਾਈਆ । ਕਿਉਂ ਝਗੜਾ ਪਿਆ ਜ਼ਾਤ ਪਾਤ, ਦੀਨ ਮਜ਼੍ਹਬ ਰਹੇ ਕੁਰਲਾਈਆ । ਉਠੋ ਵੇਖੋ ਖੇਲ ਤਮਾਸ਼, ਖ਼ਲਕ ਖ਼ਾਲਕ ਮਖ਼ਲੂਕ ਕੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰੂ ਵੇਖੋ ਮਾਰ ਧਿਆਨ, ਨਿਗਹ ਨਿਗਹ ਵਿਚੋਂ ਬਦਲਾਈਆ । ਕੀ ਲੇਖਾ ਵਿਚ ਜਹਾਨ, ਨਵ ਸੱਤ ਫੋਲ ਫੁਲਾਈਆ । ਦ੍ਰਿਸ਼ਟੀ ਰਿਹਾ ਨਾ ਬ੍ਰਹਮ ਗਿਆਨ, ਗ੍ਰਿਹਿ ਮੰਦਰ ਨਾ ਕੋਇ ਰੁਸ਼ਨਾਈਆ । ਸਚ ਝੁਲੇ ਨਾ ਕੋਇ ਨਿਸ਼ਾਨ, ਨੌਬਤ ਹੱਕ ਨਾ ਕੋਇ ਵਜਾਈਆ । ਹਿਰਦੇ ਰਮਿਆ ਨਾ ਕਿਸੇ ਰਾਮ, ਰਾਮ ਰਾਮਾ ਦੇ ਸਮਝਾਈਆ । ਰੂਪ ਨਜ਼ਰ ਨਾ ਆਏ ਕਾਹਨ, ਬੰਸਰੀ ਧੁਨ ਨਾ ਕੋਇ ਸ਼ਨਵਾਈਆ । ਪੈਗ਼ੰਬਰੋ ਭੁੱਲੀ ਤੁਹਾਡੀ ਕਲਾਮ, ਕਲਮਾ ਕਾਇਨਾਤ ਨਾ ਕੋਇ ਦ੍ਰਿੜਾਈਆ । ਅੰਮ੍ਰਿਤ ਰਸ ਪੀਏ ਨਾ ਕੋਇ ਸਤਿਨਾਮ, ਸਤਿ ਵਿਚ ਨਾ ਕੋਇ ਸਮਾਈਆ । ਫ਼ਤਿਹ ਜੈਕਾਰਾ ਬੋਲੇ ਨਾ ਕੋਇ ਜਹਾਨ, ਜਹਾਲਤ ਭਰੀ ਕੂੜ ਲੋਕਾਈਆ । ਯੋਧੇ ਸੂਰਬੀਰ ਉਠੋ ਨੌਜਵਾਨ, ਸਤਿਗੁਰ ਸ਼ਬਦ ਰਿਹਾ ਸੁਣਾਈਆ । ਖੇਲ ਵੇਖੋ ਸ੍ਰੀ ਭਗਵਾਨ, ਕੀ ਕਰਤਾ ਕਾਰ ਕਮਾਈਆ । ਸੰਦੇਸਾ ਸੁਣੋ ਬਿਨਾ ਕਾਨ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਸਦੀ ਚੌਧਵੀਂ ਵਕਤ ਪਹੁੰਚਿਆ ਆਣ, ਮੁਹੰਮਦ ਚਾਰ ਯਾਰੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਹੁਕਮ ਸੁਣਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰੂ ਵੇਖੋ ਧਰਨੀ ਧਰਤ ਧਵਲ, ਧੌਲ ਧਿਆਨ ਲਗਾਈਆ । ਜਿਸ ਨੂੰ ਕਹਿ ਕੇ ਆਏ ਨੂਰ ਇਲਾਹੀ ਅਵਲ, ਆਲਮੀਨ ਬੇਪਰਵਾਹੀਆ । ਜਿਸ ਦੀ ਸਿਫ਼ਤ ਸੁਣਾਈ ਸਾਂਵਲ ਸਵਲ, ਮੁਕੰਦ ਮਨੋਹਰ ਇਕ ਰਘੁਰਾਈਆ । ਜਿਸ

ਦਾ ਅੰਮ੍ਰਿਤ ਰਸ ਭਰਿਆ ਨਾਭੀ ਕਵਲ, ਘਟ ਘਟ ਮੇਘ ਬਰਸਾਈਆ । ਜਿਸ ਦਾ ਸਵਾਸ ਪਵਣੀ ਪਵਣ, ਦਮ ਦਮਾਂ ਨਾਲ ਚਤੁਰਾਈਆ । ਉਸ ਦਾ ਭੇਵ ਤੁਹਾਡੇ ਵਿਚੋਂ ਜਾਣੇ ਕਵਣ, ਜਗਤ ਦੇ ਕਾਹਨ ਦਿਓ ਸੁਣਾਈਆ । ਜੋ ਲੇਖਾ ਜਾਣੇ ਲੱਖ ਚੁਰਾਸੀ ਅਵਣ ਗਵਣ, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਇਹ ਖੇਲ ਅਗੰਮੀ ਹਰਿ ਦਾ, ਸਤਿਗੁਰ ਸ਼ਬਦ ਤੇਰੇ ਹੱਥ ਵਡਿਆਈਆ । ਜਿਹੜਾ ਨਾ ਜੰਮੇ ਨਾ ਮਰਦਾ, ਮਰਜੀਵਤ ਰੂਪ ਨਾ ਕੋਇ ਬਦਲਾਈਆ । ਜੋ ਚਾਹੇ ਸੋ ਜੁਗ ਚੌਕੜੀ ਕਰਦਾ, ਕਰਨੀ ਦਾ ਕਰਤਾ ਇਕ ਅਖਵਾਈਆ । ਸਰਗੁਣ ਧਾਰ ਸਭ ਤੋਂ ਡਰਦਾ, ਭੈ ਵਿਚ ਬੈਠਾ ਸੀਸ ਨਿਵਾਈਆ । ਨਿਰਗੁਣ ਨਿਰਗੁਣ ਅੱਖਰ ਓਸੇ ਦਾ ਪੜ੍ਹਦਾ, ਨਾਮ ਕਲਮਾ ਸਿਫ਼ਤ ਸਾਲਾਹੀਆ । ਅਵਤਾਰ ਪੈਗ਼ੰਬਰ ਗੁਰੂ ਓਸੇ ਦੀ ਧਾਰ ਓਸੇ ਦਾ ਬਰਦਾ, ਦਰ ਦਰਵੇਸ਼ ਦਰ ਸਾਚੇ ਅਲਖ ਜਗਾਈਆ । ਕਲਜੁਗ ਖੇਲ ਅੰਤਮ ਉਸੇ ਦੀ ਕਲ ਦਾ, ਕਲ ਕਲਕੀ ਬੇਪਰਵਾਹੀਆ । ਜੋ ਸਚਖੰਡ ਸਚ ਸਿੰਘਾਸਣ ਮੱਲਦਾ, ਅਟਲ ਮਹੱਲ ਡੇਰਾ ਲਾਈਆ । ਜਿਸ ਦਾ ਦੀਪਕ ਜੋਤ ਅਗੰਮੀ ਬਲਦਾ, ਨਿਰਗੁਣ ਨੂਰ ਕਰ ਰੁਸ਼ਨਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਅਵਤਾਰ ਪੈਗ਼ੰਬਰ ਗੁਰੂ ਰਿਹਾ ਘਲਦਾ, ਨਾਮ ਨਿਧਾਨਾ ਸ੍ਰੀ ਭਗਵਾਨਾ ਝੋਲੀ ਲੋਕਮਾਤ ਭਰਾਈਆ । ਲੱਖ ਚੁਰਾਸੀ ਰਿਹਾ ਛਲਦਾ, ਅਛਲ ਛਲਧਾਰੀ ਆਪਣੀ ਕਾਰ ਕਮਾਈਆ । ਦਰੋਹੀ ਉਸ ਦਾ ਭਾਣਾ ਕਦੇ ਨਾ ਟਲਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਉਹ ਮਾਲਕ ਦੋ ਜਹਾਨ ਜਲ ਥਲ ਦਾ, ਮਹੀਅਲ ਆਪਣੀ ਕਾਰ ਭੁਗਤਾਈਆ । ਕਲਜੁਗ ਅੰਤਮ ਜੋ ਸ਼ਬਦ ਧਾਰ ਰਲਦਾ, ਰੂਪ ਰੰਗ ਰੇਖ ਸਮਝ ਕੋਇ ਨਾ ਪਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਾਰਬ੍ਰਹਮ ਪਤਿਪਰਮੇਸ਼ਵਰ ਸਾਂਝਾ ਯਾਰ ਪਰਵਰਦਿਗਾਰ ਖੇਲ ਕਰੇ ਜਨ ਭਗਤਾਂ ਵੱਲ ਦਾ, ਵਲਵਲੇ ਸਭ ਦੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਮਾਲਕ ਖ਼ਾਲਕ ਪ੍ਰਿਤਪਾਲਕ ਸਚਖੰਡ ਦਵਾਰੇ ਨਿਹਚਲ ਧਾਮ ਅਟਲ ਦਾ, ਅਟਲ ਪਦਵੀ ਪਦਾਂ ਤੋਂ ਬਾਹਰ ਆਪਣੀ ਇਕ ਰਖਾਈਆ ।



੯੯੧ ੨੨

## ✪ ੧੯ ਮੱਘਰ ਸ਼ਹਿਨਸ਼ਾਹੀ ਸੰਮਤ ੬ ਬੀਬੀ ਹਰਿਜਿੰਦਰ ਕੌਰ ਦੇ ਗ੍ਰਹਿ ਪਿੰਡ ਸ਼ੇਖ ਜ਼ਿਲਾ ਬਠਿੰਡਾ ✪

ਅਵਤਾਰ ਪੈਗ਼ੰਬਰ ਗੁਰੂ ਨਿਗਾਹ ਮਾਰੋ ਕਾਇਆ ਅੰਦਰ, ਸ਼ਬਦ ਗੁਰੂ ਗੁਰਦੇਵ ਰਿਹਾ ਜਣਾਈਆ । ਕਿਉਂ ਮਨ ਮਨੂਆ ਭੱਜੇ ਬੰਦਰ, ਦਹਿ ਦਿਸ਼ਾ ਉਠ ਉਠ ਧਾਈਆ । ਕਿਉਂ ਨਹੀਂ ਬਜਰ ਕਪਾਟੀ ਖ਼ੁਲ੍ਹਿਆ ਜੰਦਰ, ਪਰਦਾ ਪਰਦੇ ਵਿਚੋਂ ਚੁਕਾਈਆ । ਸਤਿ ਸਚ ਚੜ੍ਹੀ ਕਿਉਂ ਨਹੀਂ ਰੰਗਣ, ਦੁਰਮਤ ਮੈਲ ਨਾ ਕੋਇ ਧਵਾਈਆ । ਸ਼ਬਦ ਅਨਾਦੀ ਧੁਨ ਦੇਵੇ ਕਿਸੇ ਨਾ ਅਨੰਦਨ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਤਿਲਕ ਲਲਾਟੀ ਮਸਤਕ ਟਿੱਕਾ ਸਤਿ ਲੱਗੇ ਕੋਇ ਨਾ ਚੰਦਨ, ਪ੍ਰੇਮ ਪਿਆਰ ਨਾ ਕੋਇ ਰਖਾਈਆ । ਈੜਾ ਪਿੰਗਲ ਸੁਖਮਨ ਟੇਡੀ ਬੰਕ ਮੂਲ ਨਾ ਲੰਘਣ, ਪਾਂਧੀ ਆਪਣਾ ਪੰਧ ਮੁਕਾਈਆ । ਕੋਈ ਖੇਲ ਵੇਖ ਸਕੇ ਨਾ ਬ੍ਰਹਮ ਬ੍ਰਹਿਮੰਡਣ, ਬ੍ਰਹਿਮਾਂਡ ਪਰਦਾ ਨਾ ਕੋਇ ਵਖਾਈਆ । ਤੂੰ ਮੇਰਾ ਮੈਂ ਤੇਰਾ ਸੁਣੇ ਕੋਇ ਨਾ

ਛੰਦਨ, ਸਹਿੰਸਾ ਰੋਗ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅਸਾਂ ਮਾਰਗ ਦੱਸਿਆ ਸੱਚਾ, ਸਚ ਸਚ ਦ੍ਰਿੜਾਈਆ । ਸ਼ਬਦੀ ਭੇਵ ਰੱਖਿਆ ਨਾ ਰਤਾ, ਰਤਨ ਅਮੋਲਕ ਗੁਰਮੁਖ ਹੀਰੇ ਆਏ ਬਣਾਈਆ । ਪੰਚ ਵਿਕਾਰ ਕੂੜ ਕੁੜਿਆਰ ਦੱਸ ਕੇ ਤਤ ਤਤਾਂ, ਤਤਵ ਤਤ ਤਤ ਸਮਝਾਈਆ । ਮਨ ਕਲਪਣਾ ਦੱਸ ਕੇ ਆਏ ਪਤਾ, ਸ਼ਬਦੀ ਖੰਡਾ ਖੜਗ ਨਾਮ ਚਮਕਾਈਆ । ਚੇਤਨ ਕਰ ਕੇ ਆਏ ਸੁਰਤ ਧਾਰ ਦੀ ਚੇਤਨ ਸਤਾ, ਸਤਿ ਸਤਿ ਵਿਚੋਂ ਉਪਜਾਈਆ । ਮਸਤਕ ਜੋਤ ਲਲਾਟ ਜਗਾ ਕੇ ਆਏ ਖੇਲ ਦਰਸਾਇਆ ਪੁਰਖ ਸਮਰਥਾ, ਮਹਿਮਾ ਅਕਥ ਕਥ ਦ੍ਰਿੜਾਈਆ । ਅਗੰਮੀ ਦੇ ਕੇ ਆਏ ਅਮੋਲਕ ਵਥਾ, ਨਿਰਗੁਣ ਨਿਰਗੁਣ ਵਿਚ ਟਿਕਾਈਆ । ਤੇਰਾ ਗ੍ਰਿਹਿ ਵਖਾਇਆ ਯਥਾਰਥ ਯਥਾ, ਘਰ ਘਰ ਵਿਚ ਪਰਦਾ ਦਿਤਾ ਉਠਾਈਆ । ਜਿਸ ਨੂੰ ਟੇਕਣਾ ਪਏ ਕਿਸੇ ਨਾ ਮੱਥਾ, ਤਨ ਵਜੂਦ ਨਾ ਕੋਇ ਰਖਾਈਆ । ਜੈਕਾਰਾ ਬੋਲਾਣਾ ਪਏ ਨਾ ਕੋਇ ਰਸਨਾ ਜਿਹਵਾ ਬੱਤੀ ਦੰਦਾ, ਢੋਲਾ ਗੀਤ ਨਾ ਕੋਇ ਸੁਣਾਈਆ । ਦਰਸ ਕਰਨਾ ਪਏ ਨਾ ਜਗਤ ਅੱਖਾਂ, ਲੋਚਨ ਕੰਮ ਕੋਇ ਨਾ ਆਈਆ । ਰਸਨਾ ਜਿਹਵਾ ਨੌਂ ਦਵਾਰੇ ਰਸ ਰਸਨਾ ਕੋਇ ਨਾ ਚਖਾ, ਅਨਰਸ ਤੇਰਾ ਖੇਲ ਵਖਾਈਆ । ਅਗੰਮੀ ਅਗੰਮ ਸੁਣਾ ਕਥਾ, ਬਿਨਾ ਕਥਨੀ ਤੋਂ ਕਥਾ ਦਿਤੀ ਪੜ੍ਹਾਈਆ । ਤੇਰਾ ਗ੍ਰਿਹਿ ਪੁਰਖ ਸਮਰਥਾ, ਘਰ ਸੁਹੰਜਣਾ ਆਏ ਜਣਾਈਆ । ਜਿਥੇ ਆਤਮ ਧਾਰ ਰੂਪ ਪਰਮਾਤਮਾ ਤੇਰਾ ਵਸਾ, ਸੂਰੀਆ ਚੰਦ ਨਾ ਕੋਇ ਰੁਸ਼ਨਾਈਆ । ਜਿਸ ਨੂੰ ਜਗਤ ਪੈਮਾਨਿਆਂ ਵਿਚ ਕਿਸੇ ਨਾ ਕਛਾ, ਸਵਾ ਗਿੱਠ ਦੀ ਧਾਰ ਸਾਰੇ ਗਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਪ੍ਰਭ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੇਰਾ ਦੱਸ ਕੇ ਆਏ ਘਰਾਨਾ, ਗਹਿਰ ਗੰਭੀਰ ਬੇਨਜ਼ੀਰ ਪੜਦਾ ਤਨ ਵਜੂਦ ਚੁਕਾਈਆ । ਸੁਣਾ ਕੇ ਆਏ ਨਾਮ ਨਿਧਾਨਾ, ਮਿਹਰਵਾਨ ਸਿਫ਼ਤ ਸਾਲਾਹੀਆ । ਜਣਾ ਕੇ ਆਏ ਧੁਨ ਆਤਮਕ ਰਾਗ ਅਗੰਮੀ ਗਾਣਾ, ਅਨਾਦ ਅਨਾਦੀ ਬੇਪਰਵਾਹੀਆ । ਪਿਆ ਕੇ ਆਏ ਅੰਮ੍ਰਿਤ ਰਸ ਜਾਮ ਮਹਾਨਾ, ਨਵ ਰਸ ਦਾ ਡੇਰਾ ਢਾਹੀਆ । ਨਿਰਗੁਣ ਨੂਰ ਜੋਤ ਪ੍ਰਕਾਸ਼ ਦੱਸਿਆ ਖੇਲ ਸ੍ਰੀ ਭਗਵਾਨਾ, ਭਗਵਨ ਤੇਰੀ ਕਲ ਧਰਾਈਆ । ਆਤਮ ਧਾਰ ਦੱਸਿਆ ਸਤਿ ਸਰੂਪ ਬਲਵਾਨਾ, ਬਲਧਾਰੀ ਵਡ ਵਡਿਆਈਆ । ਜਿਸ ਦਾ ਨਿਰਗੁਣ ਵਿਚ ਨਾ ਬਣਿਆ ਘਰਾਨਾ, ਗ੍ਰਿਹਿ ਗ੍ਰਿਹਿ ਵਿਚ ਵਡਿਆਈਆ । ਜਿਸ ਨੂੰ ਨਾਪੇ ਸ਼ਬਦ ਸ਼ਬਦ ਪੈਮਾਨਾ, ਜਗਤ ਨਾਪ ਨਾ ਕੋਇ ਚਤੁਰਾਈਆ । ਨੀਕਨ ਨੀਕਾ ਤੇਰਾ ਨੂਰ ਨੁਰਾਨਾ, ਕਿਰਨ ਕਿਰਨ ਦੀ ਧਾਰ ਕਿਰਪਾ ਤੇਰੀ ਵਿਚੋਂ ਨਜ਼ਰੀ ਆਈਆ । ਜਿਸ ਦਾ ਸਾਰੇ ਦੇ ਕੇ ਗਏ ਬਿਆਨਾ, ਸਿਫ਼ਤਾਂ ਵਾਲੇ ਢੋਲੇ ਗੀਤ ਦ੍ਰਿੜਾਈਆ । ਉਹ ਤੇਰਾ ਖੇਲ ਕਾਇਆ ਮਾਟੀ ਚਾਮਾ, ਸਾਢੇ ਤਿੰਨ ਹੱਥ ਵੰਡ ਵੰਡਾਈਆ । ਜਿਥੇ ਵੱਜੇ ਅਗੰਮੀ ਦਮਾਮਾ, ਉਂਗਲਾਂ ਢਾਈ ਢਾਈ ਦਰਸਾਈਆ । ਸਹਿਸ ਦਲ ਕਵਲ ਦਾ ਨਹੀਂ ਨਿਸ਼ਾਨਾ, ਦਸਮ ਦਵਾਰੀ ਮੂੰਹ ਦੇ ਭਾਰ ਸੁਟਾਈਆ । ਇਸ ਤੋਂ ਅਗਲਾ ਖੇਲ ਮਹਾਨਾ, ਤੁਰੀਆ ਸਾਰ ਕੋਇ ਨਾ ਪਾਈਆ । ਜਿਥੇ ਸ਼ਬਦ ਨਹੀਂ ਕੋਈ ਗਾਣਾ, ਰਾਗੀ ਰਾਗ ਨਾ ਕੋਇ ਸ਼ਨਵਾਈਆ । ਵਿਸ਼ਨ ਬ੍ਰਹਮਾ ਸ਼ਿਵ ਨਾ ਕੋਇ ਨਿਸ਼ਾਨਾ, ਰੂਪ ਅਨੂਪ ਨਾ ਕੋਇ ਦ੍ਰਿੜਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਤੇਰੇ ਨੂਰ ਦਾ ਸਚ ਟਿਕਾਣਾ, ਆਤਮ ਗ੍ਰਿਹਿ ਗ੍ਰਿਹਿ ਗ੍ਰਿਹਿ ਵਿਚ ਵਖਾਈਆ । ਜਿਸ ਦਾ

੮੮੨
੨੨

ਲੇਖਾ ਸ਼ਾਸਤਰ ਸਿਮਰਤ ਵੇਦ ਪੁਰਾਨ ਕਹਿ ਸਕੇ ਨਾ ਕੋਇ ਜ਼ਬਾਨਾ, ਸਿਫ਼ਤਾਂ ਵਿਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਮੇਰੇ ਸਾਹਿਬ ਸਵਾਮੀ ਪਰਵਰਦਿਗਾਰ ਯਾਰ ਤੂੰ, ਤੇਰੀ ਬੇਪਰਵਾਹੀਆ । ਤੇਰਾ ਖੇਲ ਅੱਲਾ ਹੂ, ਹੱਕ ਹੱਕ ਦ੍ਰਿੜਾਈਆ । ਭੇਵ ਖੁਲ੍ਹਾ ਦੇ ਅੱਨਾ ਹੂ, ਮਿਹਰ ਨਜ਼ਰ ਇਕ ਉਠਾਈਆ । ਲੇਖਾ ਚੁਕਾ ਦੇ ਆਪਣੀ ਰੂਹ, ਰੂਹੇ ਰਵਾਂ ਤੇਰੀ ਸਰਨਾਈਆ । ਤੂੰ ਮਾਲਕ ਸਚਖੰਡ ਨਿਵਾਸੀ ਸਾਢੇ ਹੱਥ ਜੂਹ, ਜੰਗਲ ਪਹਾੜ ਟਿੱਲੇ ਪਰਬਤ ਸਮੁੰਦ ਸਾਗਰ ਬ੍ਰਹਿਮੰਡ ਖੰਡ ਵੇਖ ਚਾਈਂ ਚਾਈਂਆ । ਆਦਿ ਜੁਗਾਦੀ ਨਿਰਗੁਣ ਧਾਰ ਸ਼ਬਦ ਗੁਰੂ, ਪੜਦਾ ਗੁਰ ਦੇ ਚੁਕਾਈਆ । ਜਿਥੇ ਤੇਰਾ ਗ੍ਰਹਿ ਤੇਰੇ ਦਰ ਦਾ ਮਾਰਗ ਹੁੰਦਾ ਸ਼ੁਰੂ, ਉਥੇ ਆਤਮ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਪਰਦਾ ਆਪ ਚੁਕਾਈਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਅਸੀਂ ਦੱਸਿਆ ਖੇਲ ਜਗਤ, ਜਗਜੀਵਣ ਦਾਤੇ ਸਿਫ਼ਤ ਸਾਲਾਹੀਆ । ਤੇਰੀ ਆਤਮ ਧਾਰ ਦੱਸੀ ਸ਼ਕਤ, ਸ਼ਖ਼ਸੀਅਤ ਤੇਰੇ ਨਾਲ ਵਡਿਆਈਆ । ਨਿਰਗੁਣ ਧਾਰ ਨਿਰਗੁਣ ਨਾਲ ਕਰ ਕੇ ਅਰਥ, ਅਰਸ਼ ਫ਼ਰਸ਼ ਦਾ ਨਾਤਾ ਲਿਆ ਜੁੜਾਈਆ । ਗ੍ਰਹਿ ਮੰਦਰ ਕਰ ਕੇ ਸਰਚ, ਖੋਜ ਖੋਜਾਂ ਚਾਈਂ ਚਾਈਂਆ । ਯਸੂ ਕਹੇ ਮੇਰੇ ਕਰਾਸ ਦਾ ਜੋ ਨਿਸ਼ਾਨਾ ਉਤੇ ਚਰਚ, ਇਹ ਨਿਸ਼ਾਨਾ ਤੇਰਾ ਨੂਰ ਇਲਾਹੀਆ । ਮੇਰੀ ਦਰ ਠਾਂਡੇ ਖ਼ੁਦਾ ਖ਼ੁਦ ਅਰਜ਼, ਨੂਰ ਨੁਰਾਨੇ ਦਿਆਂ ਸੁਣਾਈਆ । ਤੇਰੀ ਰੂਹ ਤੇਰੀ ਧਾਰ ਤੇਰੀ ਤਰਜ਼, ਯਕਤਰਫ਼ ਵੇਖ ਵਖਾਈਆ । ਜਿਸ ਦੀ ਸਿਫ਼ਤ ਕਰ ਨਾ ਸਕੇ ਹਰਫ਼, ਹਰੂਫ਼ਾਂ ਵਿਚ ਨਾ ਕੋਇ ਵਡਿਆਈਆ । ਮੇਰਾ ਮਾਣ ਤਾਣ ਤੇਰੇ ਉਤੇ ਮੁਸ਼ੱਰਫ਼, ਮੁਸ਼ਤਰੀ ਸਭ ਤੋਂ ਦਿਆਂ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਦਰਵੇਸ਼ ਬੈਠੇ ਆਸ ਰਖਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪੁਰਖ ਅਕਾਲੇ ਦੀਨ ਦਿਆਲੇ ਤੇਰਾ ਦੱਸਿਆ ਰਸਤਾ, ਰਹਿਬਰ ਹੋ ਕੇ ਆਏ ਜਣਾਈਆ । ਨਾਮ ਕਲਮਾ ਵੇਖਿਆ ਸਸਤਾ, ਕੀਮਤ ਮਾਤ ਨਾ ਕੋਇ ਰਖਾਈਆ । ਚਾਰ ਜੁਗ ਦੇ ਸ਼ਾਸ਼ਤਰ ਬੰਨ੍ਹਾਇਆ ਬਸਤਾ, ਜਗਤ ਡੋਰੀ ਗੰਢ ਪਵਾਈਆ । ਤੈਨੂੰ ਮਾਲਕ ਦੱਸ ਅਰਸ਼ਾ, ਅਰਸ਼ੀ ਪ੍ਰੀਤਮ ਤੇਰੀ ਸਿਫ਼ਤ ਸਾਲਾਹੀਆ । ਤੇਰਾ ਭੇਵ ਖੁਲ੍ਹਾ ਕੇ ਉਤੇ ਫ਼ਰਸ਼ਾ, ਜ਼ਿਮੀਂ ਜ਼ਮਾਂ ਆਏ ਦ੍ਰਿੜਾਈਆ । ਦੀਨ ਦੁਨੀ ਤੋਂ ਮਾਰਗ ਲਾਇਆ ਮਸੀਤਾਂ ਚਰਚਾਂ, ਸ਼ਿਵਦਵਾਲੇ ਮੱਠਾਂ ਵਿਚ ਭਵਾਈਆ । ਖੇਲ ਦੱਸ ਕੇ ਨਰਾਇਣ ਨਰ ਦਾ, ਨਰ ਹਰਿ ਆਏ ਸਮਝਾਈਆ । ਬਿਨਾ ਭਗਤਾਂ ਤੋਂ ਤੇਰਾ ਭੇਵ ਪਾਇਆ ਨਾ ਕਿਸੇ ਆਤਮ ਘਰ ਦਾ, ਗ੍ਰਹਿ ਮੰਦਰ ਨਾ ਖੋਜ ਖੁਜਾਈਆ । ਜਿਸ ਗ੍ਰਹਿ ਜੋਤੀ ਧਾਰ ਹੋ ਕੇ ਵੜਦਾ, ਨਿਰਗੁਣ ਆਪਣਾ ਡੇਰਾ ਲਾਈਆ । ਨਾ ਜੀਵਤ ਨਾ ਮਰਦਾ, ਸਤਿ ਸਰੂਪ ਵਿਚ ਸਮਾਈਆ । ਜਿਥੇ ਦਵੈਤ ਦਾ ਮਿਟੇ ਪੜਦਾ, ਉਥੇ ਮਿਲੇ ਬੇਪਰਵਾਹੀਆ । ਦੀਪਕ ਇਕੋ ਨੂਰੀ ਜਗਦਾ, ਜਾਗਰਤ ਜੋਤ ਹੋਏ ਰੁਸ਼ਨਾਈਆ । ਜਿਥੇ ਸੂਰੀਆ ਚੰਦ ਕੋਇ ਨਾ ਚੜ੍ਹਦਾ, ਮੰਡਲ ਮੰਡਪ ਨਾ ਕੋਇ ਵਡਿਆਈਆ । ਅਵਤਾਰ ਪੈਗ਼ੰਬਰ ਗੁਰੂ ਸ਼ਾਸਤਰ ਵੇਦ ਪੁਰਾਨ ਕੋਇ ਨਾ ਪੜ੍ਹਦਾ, ਵਿਦਿਆ ਚਲੇ ਨਾ ਕੋਇ ਚਤੁਰਾਈਆ । ਸੋ ਖੇਲ ਤੇਰਾ ਅਗੰਮੇ ਘਰ ਦਾ, ਢਾਈ ਦੀ ਢਾਈ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਏਕੰਕਾਰ ਪਰਵਰਦਿਗਾਰ ਸਾਂਝੇ ਯਾਰ ਭੇਵ ਅਭੇਦਾ ਦੇਣਾ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ



੮੮੩ ੨੨

ਤੇਰਾ ਚਾਰ ਜੁਗ ਦੱਸਦੇ ਆਏ ਗੀਤ, ਗੋਬਿੰਦ ਤੇਰਾ ਨਾਮ ਦ੍ਰਿੜਾਈਆ । ਤੈਨੂੰ ਦੱਸਿਆ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਤੇਰੀ ਬੇਪਰਵਾਹੀਆ । ਜੀਵਾਂ ਜੰਤਾਂ ਕਰਦੇ ਆਏ ਕਾਇਆ ਠੰਡੀ ਸੀਤ, ਕੂੜੀ ਕਿਰਿਆ ਅਗਨੀ ਤਤ ਬੁਝਾਈਆ । ਆਤਮ ਪਰਮਾਤਮ ਦੱਸਦੇ ਆਏ ਪ੍ਰੀਤ, ਪ੍ਰੀਤਮ ਤੇਰੇ ਨਾਲ ਮਿਲਾਈਆ । ਸਤਿਗੁਰ ਸ਼ਬਦ ਵਿਚੋਲਾ ਬਣਿਆ ਬੀਚ, ਦੂਜਾ ਸੰਗ ਨਾ ਕੋਇ ਰਖਾਈਆ । ਜਿਥੇ ਝਗੜਾ ਮੁਕੇ ਊਚ ਨੀਚ, ਜ਼ਾਤ ਪਾਤ ਰਹੇ ਨਾ ਰਾਈਆ । ਲੇਖਾ ਰਹੇ ਨਾ ਮੰਦਰ ਮਸੀਤ, ਕਾਅਬਿਆਂ ਰਾਹ ਨਾ ਕੋਇ ਤਕਾਈਆ । ਸੋ ਗ੍ਰਿਹ ਤੇਰਾ ਅਨਡੀਠ, ਬਿਨ ਨਿਜ ਨੇਤਰ ਬਿਨ ਗਿਆਨ ਅੱਖ ਨਾ ਕੋਇ ਵਖਾਈਆ । ਜਿਸ ਮੰਬਰ ਚੜ੍ਹ ਕੇ ਕਬੀਰ ਜੁਲਾਹੇ ਮਾਰੀ ਚੀਕ, ਉਚੀ ਕੂਕ ਕੂਕ ਸੁਣਾਈਆ । ਓਥੇ ਸ਼ਬਦ ਗੁਰੂ ਕਰੇ ਤਸਦੀਕ, ਸ਼ਹਾਦਤ ਆਪਣੀ ਆਪ ਭੁਗਤਾਈਆ । ਉਸ ਗ੍ਰਿਹ ਵਿਚ ਤੇਰੇ ਪ੍ਰੇਮ ਪਿਆਰ ਦੀ ਲੀਕ, ਲਾਈਨ ਐਨ ਇਕੋ ਨਜ਼ਰੀ ਆਈਆ । ਜਿਥੇ ਠਾਕਰ ਵਸੇ ਠਾਕਰ ਹੋ ਕੇ ਠੀਕ, ਹਰਿ ਠਾਕਰ ਨੂਰ ਅਲਾਹੀਆ । ਸਦਾ ਬੈਠਾ ਰਹੇ ਅਤੀਤ, ਤ੍ਰੈਭਵਣ ਧਨੀ ਤੇਰਾ ਰਾਹ ਤਕਾਈਆ । ਸੋ ਪੁਰਖ ਸਵਾਮੀ ਅੰਤਰਜਾਮੀ ਹਰਿ ਪੁਰਖ ਨਿਰੰਜਣ ਠਾਂਡੇ ਮੀਤ, ਮਿੱਤਰ ਪਿਆਰੇ ਵੇਖਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਗ੍ਰਿਹ ਨਿਜ ਮੰਦਰ ਨਿਜ ਆਤਮ ਪਰਮਾਤਮ ਆਪਣਾ ਪੜਦਾ ਲਾਹੀਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਸੋ ਪੁਰਖ ਨਿਰੰਜਣ ਤੇਰੀ ਧਾਰ, ਧਰਨੀ ਧਰਤ ਧਵਲ ਧੌਲ ਆਏ ਦ੍ਰਿੜਾਈਆ । ਹਰਿ ਪੁਰਖ ਨਿਰੰਜਣ ਤੇਰਾ ਖੇਲ ਅਪਾਰ, ਅਪਰੰਪਰ ਸਵਾਮੀ ਆਏ ਸਮਝਾਈਆ । ਏਕੰਕਾਰ ਦੱਸ ਕੇ ਮੀਤ ਮੁਰਾਰ, ਮਿੱਤਰ ਪਿਆਰਾ ਇਕ ਜਣਾਈਆ । ਆਦਿ ਨਿਰੰਜਣ ਤੇਰਾ ਨੂਰ ਨੂਰ ਉਜਿਆਰ, ਜੋਤੀ ਜਾਤੇ ਤੇਰੇ ਹੱਥ ਵਡਿਆਈਆ । ਅਬਿਨਾਸ਼ੀ ਕਰਤੇ ਪਾਉਣੀ ਸਾਰ, ਮਹਾਂਸਾਰਥੀ ਆਪਣਾ ਬਲ ਪਰਗਟਾਈਆ । ਸ੍ਰੀ ਭਗਵਾਨ ਹੋ ਕੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਦੇਣੀ ਜਣਾਈਆ । ਪਾਰਬ੍ਰਹਮ ਤੇਰਾ ਖੇਲ ਅਪਰ ਅਪਾਰ, ਅਪਰੰਪਰ ਸਵਾਮੀ ਪੜਦਾ ਦੇਣਾ ਉਠਾਈਆ । ਕਾਇਆ ਮੰਦਰ ਖੋਲ੍ਹ ਕਿਵਾੜ, ਘਰ ਇਕੋ ਦੇਣਾ ਬਣਾਈਆ । ਜਿਥੇ ਜਗੇ ਜੋਤ ਅਪਾਰ, ਗ੍ਰਿਹ ਮੰਦਰ ਵੱਜੇ ਵਧਾਈਆ । ਅਤੀਤ ਬੈਠਾ ਤ੍ਰੈਭਵਣ ਧਨੀ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਆਪਣਾ ਖੇਲ ਖਿਲਾਈਆ । ਤਿਸ ਚਰਨ ਕਵਲ ਆਤਮ ਆਪਣੀ ਧਾਰ ਕਰੇ ਨਿਮਸਕਾਰ, ਨਿਉਂ ਨਿਉਂ ਲਾਗੇ ਪਾਈਆ । ਸਚ ਮੰਦਰ ਸਚ ਦਵਾਰ, ਸਚ ਸਚ ਵਿਚ ਪਰਗਟਾਈਆ । ਸਚ ਘਾੜਤ ਘੜੇ ਆਪ ਠਠਿਆਰ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਕਰੇ ਆਪ ਕਰਤਾਰ, ਕੁਦਰਤ ਦਾ ਕਰਤਾ ਕਰਨੀ ਦਾ ਮਾਲਕ ਖ਼ਲਕ ਦਾ ਖ਼ਾਲਕ ਸ਼ਬਦੀ ਹੁਕਮੀ ਹੁਕਮ ਆਪ ਵਰਤਾਈਆ ।



### ✪ ੨੦ ਮੱਘਰ ਸ਼ਹਿਨਸ਼ਾਹੀ ਸੰਮਤ ੬ ਧਰਮਜੀਤ ਕੌਰ ਦੇ ਗ੍ਰਿਹ ਪਿੰਡ ਸ਼ੇਖ਼ ਜ਼ਿਲਾ ਬਠਿੰਡਾ ✪

ਸਤਿਗੁਰ ਸ਼ਬਦ ਕਹੇ ਮੈਂ ਮਾਲਕ ਆਦਿ ਘਰ ਬਿਰਨਾ, ਅਵਤਾਰ ਪੈਗ਼ੰਬਰ ਗੁਰੂ ਗੁਰੂ ਸਮਝਾਈਆ । ਮੇਰਾ ਖੇਲ ਜੁਗ ਚੌਕੜੀ ਪੂਰਬ ਚਿਰਨਾ,

ਚਿਰੀ ਵਿਛੁੰਨੀ ਵੇਖ ਵਖਾਈਆ । ਮੈਂ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਕੋਟਨ ਕੋਟ ਗਗਨ ਗਗਨੰਤਰ ਫਿਰਨਾ, ਜ਼ਿਮੀਂ ਅਸਮਾਨਾਂ ਧਰਨੀ ਧਰਤ ਧਵਲ ਧੌਲ ਆਪਣੀ ਖੇਲ ਖਿਲਾਈਆ । ਸਭ ਦੀ ਜੋਤੀ ਧਾਰ ਵੇਖਾਂ ਆਪਣੀ ਕਿਰਨਾ, ਕਿਰਨ ਕਿਰਨ ਖੋਜ ਖੁਜਾਈਆ । ਸਦੀ ਚੌਧਵੀਂ ਕਲਜੁਗ ਅੰਤਮ ਆਤਮ ਪਰਮਾਤਮ ਕਰਨਾ ਨਿਰਨਾ, ਨਿਰਵੈਰ ਹੋ ਕੇ ਇਕ ਸਮਝਾਈਆ । ਤਤਾਂ ਵਾਲਾ ਝਗੜਾ ਛਿੜਨਾ, ਅੱਗੇ ਹੋ ਨਾ ਕੋਇ ਮਿਟਾਈਆ । ਦੀਨਾਂ ਮਜ਼੍ਹਬਾਂ ਧੁਰ ਦੇ ਹੁਕਮ ਨਾਲ ਘਿਰਨਾ, ਨਾਮ ਡੋਰੀ ਤੰਦ ਬੰਧਾਈਆ । ਅੰਮ੍ਰਿਤ ਮਿਲੇ ਕਿਸੇ ਨਾ ਝਿਰਨਾ, ਆਬੇਹਯਾਤ ਨਾ ਖੇਲ ਵਖਾਈਆ । ਉਲਟਾ ਗੇੜ ਅਗੰਮੀ ਗਿੜਨਾ, ਧੁਰ ਹੁਕਮ ਨਾਲ ਗਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਖੇਲ ਦੱਸਣਾ ਨਿਰਵੈਰ, ਅਵਤਾਰ ਪੈਗ਼ੰਬਰ ਗੁਰੂ ਧਿਆਨ ਲਗਾਈਆ । ਮਾਨਵ ਕੋਈ ਰਹਿਣ ਦੇਣਾ ਨਹੀਂ ਗ਼ੈਰ, ਆਤਮ ਪਰਮਾਤਮ ਰੰਗ ਰੰਗਾਈਆ । ਸ਼ਰਅ ਦੀ ਧਾਰ ਮੇਟਣੀ ਜ਼ਹਿਰ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਲੇਖਾ ਦੱਸਣਾ ਗੰਭੀਰ ਗਹਿਰ, ਗਵਰ ਪੜਦਾ ਇਕ ਚੁਕਾਈਆ । ਸਤਿ ਧਰਮ ਚਲਾਉਣੀ ਲਹਿਰ, ਮਾਇਆ ਮਮਤਾ ਮੋਹ ਰੁੜ੍ਹਾਈਆ । ਧਰਮ ਦਾ ਇਕੋ ਵਸਣਾ ਸ਼ਹਿਰ, ਕਸਬਿਆਂ ਵਾਲਾ ਪੰਧ ਮੁਕਾਈਆ । ਸਦੀ ਚੌਧਵੀਂ ਮੇਟ ਕੇ ਕਹਿਰ, ਕਲਾ ਪ੍ਰਭ ਦੀ ਦੇਣੀ ਵਰਤਾਈਆ । ਜਿਸ ਵਿਚ ਅੱਗੇ ਲੱਗੇ ਨਾ ਦੇਰ, ਦੂਰ ਦੁਰਾਡਾ ਪੰਧ ਮੁਕਾਈਆ । ਸਤਿਗੁਰ ਸ਼ਬਦ ਅਗੰਮੀ ਸ਼ੇਰ, ਭਬਕ ਇਕੋ ਨਾਮ ਲਗਾਈਆ । ਸਭ ਦਾ ਲੇਖਾ ਲਹਿਣਾ ਦੇਣਾ ਦਏ ਨਬੇੜ, ਪੂਰਬ ਭਵਿਖਤ ਪੂਰ ਕਰਾਈਆ । ਹਿੱਸਾ ਰਹੇ ਨਾ ਜ਼ਬਰ ਜ਼ੇਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਆਸ਼ਾ ਪੂਰੀ ਕਰੇ ਜੋ ਗੋਬਿੰਦ ਰੱਖ ਕੇ ਗਿਆ ਨਦੇੜ, ਅੰਤ ਅੰਤ ਧਿਆਨ ਲਗਾਈਆ । ਪੁਰਖ ਅਕਾਲ ਦੋ ਜਹਾਨਾਂ ਕੰਧ ਚੁਕੇ ਬੇੜ, ਨਈਆ ਨੌਕਾ ਆਪਣਾ ਨਾਮ ਵਖਾਈਆ । ਸਭ ਦੀ ਕਲਪਣਾ ਦਏ ਨਖੇੜ, ਪਿਛਲੀ ਆਸ ਰਹੇ ਨਾ ਰਾਈਆ । ਅੱਗੇ ਕਰ ਕੇ ਖੁਲ੍ਹਾ ਵਿਹੜ, ਧਰਨੀ ਧਰਤ ਸੁਹਾਈਆ । ਸਤਿਗੁਰ ਸ਼ਬਦ ਕਹੇ ਮੈਂ ਅਗੰਮੀ ਕਿਹਰ, ਪ੍ਰਭ ਹੁਕਮ ਹੁਕਮ ਵਰਤਾਈਆ । ਕਲਜੁਗ ਮੇਟਾਂ ਅੰਤਮ ਫੇਰ, ਫਿਰਤ ਫਿਰਤ ਵੇਖਾਂ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਹੁਕਮੇ ਅੰਦਰ ਕਰੇ ਨਾ ਦੇਰ, ਦੂਰ ਦੁਰਾਡਾ ਨੇਰਨ ਨੇਰਾ ਹੋ ਕੇ ਖੇਲ ਖਿਲਾਈਆ ।

## ✪ ੨੦ ਮੱਘਰ ਸ਼ਹਿਨਸ਼ਾਹੀ ਸੰਮਤ ੬ ਪਰਸਿੰਨ ਕੌਰ ਦੇ ਗ੍ਰਹਿ ਪਿੰਡ ਸ਼ੇਖ਼ ਜ਼ਿਲਾ ਬਠਿੰਡਾ ✪

ਸਤਿਗੁਰ ਸ਼ਬਦ ਕਹੇ ਹੁਕਮ ਸੰਦੇਸ਼ਾ ਦੇਵਾਂ ਸਤਿ, ਗੁਰ ਅਵਤਾਰ ਪੈਗ਼ੰਬਰ ਸਤਿ ਸਤਿ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਬਦਲਣਾ ਤਤ, ਤਮਾਂ ਲੋਭ ਹੰਕਾਰ ਵਿਕਾਰ ਦੇਣਾ ਗਵਾਈਆ । ਨਾੜ ਬਹੱਤਰ ਨਾ ਉਬਲੇ ਰਤ, ਰਤਨ ਅਮੋਲਕ ਹੀਰੇ ਗੁਰਮੁਖ ਲੈਣੇ ਜਣਾਈਆ । ਆਤਮ ਪਰਮਾਤਮ ਮੇਲ ਮਿਲਾਉਣਾ ਸਾਚਾ ਨੱਤ, ਰਿਸ਼ਤਾ ਇਕੋ ਇਕ ਵਖਾਈਆ । ਸਵਾਮੀ ਮੇਲਣਾ ਕਮਲਾਪਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਹੜਾ

੯੯੫
੨੨

ਸਰਬ ਕਲਾ ਸਮਰਥ, ਸਾਹਿਬ ਸੁਲਤਾਨ ਇਕ ਅਖਵਾਈਆ । ਜਨ ਭਗਤਾਂ ਦੇਵੇ ਅਗੰਮੀ ਵਥ, ਵਸਤ ਅਮੋਲਕ ਨਾਮ ਵਰਤਾਈਆ । ਲਹਿਣਾ ਦੇਣਾ ਚੁਕਾਵੇ ਹੱਥੋ ਹੱਥ, ਮੇਲਾ ਮੇਲੇ ਸਹਿਜ ਸੁਭਾਈਆ । ਝਗੜਾ ਮੇਟੇ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਦਾ ਪੰਧ ਮੁਕਾਈਆ । ਨਿਝਰ ਝਿਰਨਾ ਅੰਮ੍ਰਿਤ ਬਖ਼ਸ਼ੇ ਰਸ, ਬੂੰਦ ਸਵਾਂਤੀ ਆਪ ਟਪਕਾਈਆ । ਨਾਮ ਨਿਧਾਨ ਸੁਣਾਏ ਨਦ, ਅਨਹਦ ਨਾਦੀ ਨਾਦ ਜਣਾਈਆ । ਦੀਨ ਮਜ਼੍ਹਬ ਦੀ ਜਿਥੇ ਟੁੱਟੇ ਹੱਦ, ਸੋ ਗ੍ਰਿਹ ਮੰਦਰ ਸਭ ਨੂੰ ਦਏ ਵਖਾਈਆ । ਤੂੰ ਮੇਰਾ ਮੈਂ ਤੇਰਾ ਸੁਣਾ ਕੇ ਛੰਦ, ਸਹਿਸਾ ਅੰਦਰੋਂ ਦਏ ਚੁਕਾਈਆ । ਧਰਮ ਨਗਾਰਾ ਜਾਏ ਵੱਜ, ਜਗਤ ਜਹਾਨ ਕਰੇ ਸ਼ਨਵਾਈਆ । ਲੇਖਾ ਮੁਕਾਏ ਕਾਅਬਿਆਂ ਵਾਲੇ ਹੱਜ, ਹੁਜਰਾ ਹੱਕ ਹੱਕ ਸੁਹਾਈਆ । ਸਚ ਦਵਾਰ ਵਖਾਏ ਮੰਦਰ ਮੱਠ, ਸ਼ਿਵਦਵਾਲਾ ਇਕੋ ਇਕ ਪਰਗਟਾਈਆ । ਜਿਥੇ ਜੋਤ ਜਗੇ ਲਟ ਲਟ, ਅੰਧ ਅੰਧੇਰ ਰਹੇ ਨਾ ਰਾਈਆ । ਕਲਮੇ ਦਾ ਵੱਖਰਾ ਨਹੀਂ ਕੋਈ ਫੱਟ, ਸ਼ਰਅ ਜ਼ੰਜੀਰ ਨਾ ਕੋਇ ਬੰਧਾਈਆ । ਇਕੋ ਰੂਪ ਨਜ਼ਰ ਆਵੇ ਸਚ, ਸਚ ਸਚ ਵਿਚੋਂ ਸਮਝਾਈਆ । ਭਾਗ ਲਗਾ ਕੇ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦਏ ਵਖਾਈਆ । ਨਜ਼ਰ ਆਵੇ ਜੋ ਲੂੰ ਲੂੰ ਗਿਆ ਰਚ, ਸਾਢੇ ਤਿੰਨ ਕਰੋੜ ਖ਼ੁਸ਼ੀ ਮਨਾਈਆ । ਅਗਨੀ ਤਤ ਨਾ ਜਾਏ ਮੱਚ, ਹਉਮੇ ਰੋਗ ਨਾ ਕੋਇ ਸਤਾਈਆ । ਲੇਖਾ ਦੱਸ ਅਕਥਨਾ ਅਕਥ, ਅਨਭਵ ਦ੍ਰਿਸ਼ਟੀ ਦਏ ਸਮਝਾਈਆ । ਜਿਥੇ ਆਤਮ ਪਰਮਾਤਮ ਦੋਵੇਂ ਰਹੇ ਵਸ, ਲਾਮੁਕਾਮ ਮਿਹਰਵਾਨ ਮਹਿਬੂਬ ਇਕ ਦਰਸਾਈਆ । ਇਹ ਖੇਲ ਯਥਾਰਥ ਯਥ, ਯਦੀ ਆਪਣਾ ਦੇਣਾ ਵਰਤਾਈਆ । ਕਲਜੁਗ ਕੂੜੀ ਕਿਰਿਆ ਲੱਭੇ ਸੱਥਰ ਸਥ, ਗੋਬਿੰਦ ਯਾਰੜਾ ਸੱਥਰ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਣਹਾਰਾ ਘਟ ਘਟ, ਘਟ ਨਿਵਾਸੀ ਪੁਰਖ ਅਬਿਨਾਸ਼ੀ ਦੀਨ ਦਿਆਲ ਦਇਆਨਿਧ ਠਾਕਰ ਸਵਾਮੀ ਅੰਤਰਜਾਮੀ ਆਪਣਾ ਪੜਦਾ ਲਾਹੀਆ ।



## ੨੦ ਮੱਘਰ ਸ਼ਹਿਨਸ਼ਾਹੀ ਸੰਮਤ ੬ ਮਾਇਆ ਦੇਵੀ ਦੇ ਗ੍ਰਿਹ ਪਿੰਡ ਸ਼ੇਖ਼ ਜ਼ਿਲਾ ਬਠਿੰਡਾ

ਸਤਿਗੁਰ ਸ਼ਬਦ ਕਹੇ ਧੁਰ ਹੁਕਮ ਦਾ ਦੇਣਾ ਜ਼ੋਰ, ਅਵਤਾਰ ਪੈਗ਼ੰਬਰ ਗੁਰ ਵੇਖਣਾ ਧਿਆਨ ਲਗਾਈਆ । ਕਲਜੁਗ ਕੂੜੀ ਕਿਰਿਆ ਮੇਟਣਾ ਅੰਧੇਰਾ ਘੋਰ, ਅੰਧ ਅਗਿਆਨ ਦੇਣਾ ਗਵਾਈਆ । ਝਗੜਾ ਮੇਟਣਾ ਪੰਜ ਚੋਰ, ਪੰਚ ਸ਼ਬਦ ਨਾਦ ਧੁਨ ਕਰ ਸ਼ਨਵਾਈਆ । ਆਤਮ ਧਾਰ ਪਕੜਨੀ ਡੋਰ, ਪਰਮਾਤਮ ਆਪਣੀ ਗੰਢ ਪਵਾਈਆ । ਸੁਰਤ ਸ਼ਬਦ ਵਸੇਰਾ ਕਰਨਾ ਕੋਲ, ਦੂਰ ਦੁਰਾਡਾ ਪੰਧ ਮੁਕਾਈਆ । ਨਾਮ ਦਾ ਡੰਕ ਵਜਾ ਕੇ ਢੋਲ, ਕਲਮਾ ਇਕੋ ਕਾਇਨਾਤ ਦੇਣਾ ਸੁਣਾਈਆ । ਹਰ ਹਿਰਦੇ ਅੰਦਰ ਮੌਲ, ਮੌਲਾ ਮੇਲਣਾ ਸਹਿਜ ਸੁਭਾਈਆ । ਲੱਖ ਚੁਰਾਸੀ ਨਾਮ ਕੰਡੇ ਤਰਾਜ਼ੂ ਤੋਲ, ਵਜ਼ਨ ਕਰਨਾ ਥਾਉਂ ਥਾਈਆ । ਸਦੀ ਚੌਧਵੀਂ ਰਹੇ ਨਾ ਕੋਇ ਅਨਭੋਲ, ਬੇਖ਼ਬਰਾਂ ਖ਼ਬਰ ਦੇਣੀ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਸਭ ਦੇ ਨਾਲ ਅੰਤ ਮਾਰਨਾ ਰੋਲ, ਅਗੰਮ ਅਗੰਮੜਾ ਆਪਣਾ ਹੁਕਮ ਵਰਤਾਈਆ । ਦੀਨ ਦੁਨੀ ਦਾ ਸ਼ਬਦੀ ਧਾਰ ਸਾਂਝਾ ਕਰਨਾ ਬੋਲ, ਅਨਬੋਲਤ ਆਪਣਾ ਰਾਗ ਸੁਣਾਈਆ । ਕਲਮਾ ਨਗ਼ਮਾ ਨਾਮ ਗੀਤ ਸੁਹਾਵਾਂ ਹੋਵੇ ਸੋਹਲ, ਸੋਹਲਾ ਇਕੋ ਇਕ ਸਮਝਾਈਆ । ਨਿਰਗੁਣ ਸਰਗੁਣ

ਸਰਗੁਣ ਨਿਰਗੁਣ ਮਿਲ ਕੇ ਕਰੇ ਚੋਹਲ, ਮੁਹੱਬਤ ਪਿਆਰ ਨਾਤਾ ਇਕ ਬੰਧਾਈਆ । ਲੇਖਾ ਵੇਖੇ ਧਰਨੀ ਧਰਤ ਧਵਲ ਧੌਲ, ਧਰਮ ਦੀ ਧਾਰ ਪੜਦਾ ਲਾਹੀਆ । ਚਾਰ ਵਰਨਾਂ ਅਠਾਰਾਂ ਬਰਨਾਂ ਨਿਜ ਆਤਮ ਰਸ ਦੀ ਦੇਵੇ ਆਪਣੀ ਪਾਹੁਲ, ਬੂੰਦ ਸਵਾਂਤੀ ਸਤਿ ਸਚ ਟਪਕਾਈਆ । ਸਚ ਪ੍ਰੇਮ ਧੁਰ ਦਾ ਰੰਗ ਲਾਲ ਗੁਲਾਲਾ ਖੇਲੇ ਹੋਲ, ਹੌਲੀ ਹੌਲੀ ਆਪਣਾ ਸੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਵਤਾਰ ਪੈਗ਼ੰਬਰ ਗੁਰੂ ਸ਼ਬਦੀ ਧਾਰ ਸਤਿਗੁਰ ਸ਼ਬਦ ਰਹਿਣ ਨਾ ਦੇਵੇ ਅਣਤੋਲ, ਅਣਭੁਲ ਆਪਣਾ ਹੁਕਮ ਵਰਤਾਈਆ ।

## ✪ ੨੦ ਮੱਘਰ ਸ਼ਹਿਨਸ਼ਾਹੀ ਸੰਮਤ ੬ ਮਹਿੰਦਰ ਕੌਰ ਦੇ ਗ੍ਰਿਹ ਪਿੰਡ ਸ਼ੇਖ਼ ਰਖਾਲਾ ਜ਼ਿਲਾ ਬਠਿੰਡਾ ✪

ਸਤਿਗੁਰ ਸ਼ਬਦ ਕਹੇ ਧੁਰ ਦਾ ਹੁਕਮ ਮਿਲਣਾ ਛੇਤੀ, ਅਵਤਾਰ ਪੈਗ਼ੰਬਰ ਗੁਰੂ ਛਤਰਧਾਰੀ ਰਿਹਾ ਜਣਾਈਆ । ਜਿਸ ਨੇ ਸਭ ਦੇ ਅੰਦਰ ਦਾ ਬਣਨਾ ਭੇਤੀ, ਭੇਵ ਅਭੇਦਾ ਅਛਲ ਅਛੇਦਾ ਪੜਦਾ ਦਏ ਉਠਾਈਆ । ਚਾਰ ਜੁਗ ਦੀ ਕਰਨੀ ਵੇਖੇ ਲੇਖੀ, ਲਿਖਤ ਭਵਿਖਤ ਨਾਲ ਮਿਲਾਈਆ । ਧੁਰ ਹੁਕਮ ਜਾਣੇ ਸੰਦੇਸ਼ੀ, ਫ਼ਰਮਾਨਾ ਅਗੰਮ ਅਥਾਹੀਆ । ਕੀ ਆਸਾ ਰੱਖ ਕੇ ਗਿਆ ਗੁਰ ਦਸ ਦਸਮੇਸੀ, ਦਹਿ ਦਿਸ਼ਾ ਅੱਖ ਉਠਾਈਆ । ਜਿਸ ਵੇਲੇ ਆਵੇ ਨਰ ਨਰੇਸ਼ੀ, ਹਰਿ ਕਰਤਾ ਧੁਰਦਰਗਾਹੀਆ । ਸੰਤ ਸੁਹੇਲੇ ਭਗਤ ਜਨ ਵੇਖੇ ਲੋਕਮਾਤ ਪਰਦੇਸੀ, ਜਨਮ ਦੇ ਵਿਛੜਿਆਂ ਖੋਜ ਖੁਜਾਈਆ । ਲਹਿਣਾ ਦੇਣਾ ਪੂਰਾ ਕਰੇ ਮੁੱਲਾ ਸ਼ੇਖ਼ੀ, ਮੁਸਾਇਕਾਂ ਲੇਖਾ ਦਏ ਚੁਕਾਈਆ । ਆਪਣੀ ਧਾਰ ਦੱਸ ਕੇ ਨੇਤ ਨੇਤੀ, ਨੇਤੀ ਨੇਤੀ ਆਪਣਾ ਖੇਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਅੰਤ ਕੰਤ ਕਰੇ ਹਮੇਸ਼ੀ, ਹਮਸਾਜਣ ਗ਼ਰੀਬ ਨਿਵਾਜਣ ਆਪਣੀ ਦਇਆ ਕਮਾਈਆ ।

## ✪ ੨੦ ਮੱਘਰ ਸ਼ਹਿਨਸ਼ਾਹੀ ਸੰਮਤ ੬ ਆਤਮਾ ਸਿੰਘ ਦੇ ਗ੍ਰਿਹ ਪਿੰਡ ਗਦਾ ਡੋਬ ਜ਼ਿਲਾ ਬਠਿੰਡਾ ✪

ਸਤਿਗੁਰ ਸ਼ਬਦ ਕਹੇ ਕੀ ਖੇਲ ਹੋਣਾ ਅੰਤ ਕਲਜੁਗ, ਅਵਤਾਰ ਪੈਗ਼ੰਬਰ ਗੁਰ ਨਿਜ ਨੇਤਰ ਲਉ ਉਠਾਈਆ । ਜਗਤ ਵਾਸਨਾ ਸਭ ਦੀ ਔਧ ਰਹੀ ਪੁਗ, ਅੱਗੇ ਪੈਂਡਾ ਪੰਧ ਦੇਣਾ ਮੁਕਾਈਆ । ਪੁਰਖ ਅਕਾਲਾ ਦੀਨ ਦਿਆਲਾ ਭੇਵ ਖੁਲ੍ਹਾਏ ਗੁੱਝ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਸਦੀ ਚੌਧਵੀਂ ਅੰਤ ਮਾਨਵ ਜ਼ਾਤੀ ਜਾਣਾ ਸੁਝ, ਭੁਲਿਆ ਰਹਿਣ ਕੋਇ ਨਾ ਪਾਈਆ । ਜਗਤ ਮਲੇਛ ਹੋਣੀ ਬੁਧ, ਮਨ ਕਲਪਣਾ ਕੂੜ ਹਲਕਾਈਆ । ਹਿਰਦਾ ਰਿਹਾ ਕਿਸੇ ਨਾ ਸੁਧ, ਸੁਦੀ ਵਦੀ ਦਏ ਗਵਾਹੀਆ । ਹਉਮੇ ਹੰਗਤਾ ਪੈਣਾ ਕੁੱਦ, ਭੱਜੇ ਚਾਈਂ ਚਾਈਂਆ । ਨਵ ਖੰਡ ਪ੍ਰਿਥਮੀ ਹੋਣਾ ਯੁਧ, ਜੋ ਲੇਖਾ ਯੁਧਿਸ਼ਟਰ ਕ੍ਰਿਸ਼ਨ ਗਿਆ ਦ੍ਰਿੜਾਈਆ । ਪਰਦਾ ਓਹਲਾ ਰਹੇ ਨਾ ਲੁਕ, ਚੌਦਾਂ ਲੋਕ ਚੌਦਾਂ ਤਬਕ ਦੇਣ ਦੁਹਾਈਆ । ਦੀਨ ਦੁਨੀ ਦਾ ਬਦਲ ਜਾਣਾ ਰੁਖ਼, ਦਰੋਹੀ ਫਿਰੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ,

ਹਰਿ ਕਰਤਾ ਧੁਰਦਰਗਾਹੀਆ । ਸਤਿਗੁਰ ਸ਼ਬਦ ਕਹੇ ਕਲਜੁਗ ਔਧ ਗਈ ਬੀਤ, ਅਵਤਾਰ ਪੈਗ਼ੰਬਰ ਗੁਰ ਵੇਖੇ ਬਾਤਨ ਧਿਆਨ ਲਗਾਈਆ । ਕਾਇਆ ਹੋਏ ਨਾ ਕਿਸੇ ਠਾਂਡੀ ਸੀਤ, ਅਗਨੀ ਤਤ ਨਾ ਕੋਇ ਬੁਝਾਈਆ । ਤ੍ਰੈਗੁਣ ਹੋਏ ਨਾ ਕੋਇ ਅਤੀਤ, ਤ੍ਰੈਵਣ ਧਨੀ ਨਾ ਕੋਇ ਮਿਲਾਈਆ । ਸਾਚਾ ਕਲਮਾ ਸੁਣੇ ਨਾ ਕੋਇ ਹਦੀਸ, ਹਜ਼ਰਤ ਰੋਵਣ ਮਾਰਨ ਧਾਈਆ । ਆਤਮ ਰਹੀ ਨਾ ਕੋਇ ਪ੍ਰੀਤ, ਪਾਰਬ੍ਰਹਮ ਗਏ ਭੁਲਾਈਆ । ਝਗੜਾ ਪਿਆ ਹਸਤ ਕੀਟ, ਊਚ ਨੀਚ ਕਰੇ ਲੜਾਈਆ । ਮਨ ਕਲਪਣਾ ਸਕੇ ਕੋਇ ਨਾ ਜੀਤ, ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਚਖੰਡ ਨਿਵਾਸੀ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਕਲਜੁਗ ਖੇਲ ਅੰਤਮ ਹੋਣਾ, ਅਵਤਾਰ ਪੈਗ਼ੰਬਰ ਗੁਰ ਪੜਦਾ ਲਉ ਉਠਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਰੋਣਾ, ਧੀਰਜ ਧੀਰ ਨਾ ਕੋਇ ਰਖਾਈਆ । ਝਗੜਾ ਪੈਣਾ ਕੋਨਾ ਕੋਨਾ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਬਿਸਤਰ ਸੇਜ ਸਿੰਘਾਸਣ ਮਿਲੇ ਕਿਸੇ ਨਾ ਸੌਣਾ, ਜੰਗਲ ਜੂਹ ਉਜਾੜ ਪਹਾੜ ਭੱਜਣ ਵਾਹੋ ਦਾਹੀਆ । ਨਾਮ ਗੀਤ ਮਿਲੇ ਕਿਸੇ ਨਾ ਗਾਉਣਾ, ਗਹਿਰ ਗੰਭੀਰ ਸੰਗ ਨਾ ਕੋਇ ਰਖਾਈਆ । ਠੰਡੀ ਮਿਲੇ ਕੋਇ ਨਾ ਪੌਣਾ, ਅਗਨੀ ਅੱਗ ਅੱਗ ਤਪਾਈਆ । ਮੇਘ ਬਰਸੇ ਕੋਇ ਨਾ ਸਾਵਣਾ, ਸਾਂਤਕ ਸਤਿ ਨਾ ਕੋਇ ਜਣਾਈਆ । ਕਲਜੁਗ ਕੂੜ ਹੋਣਾ ਹੰਕਾਰੀ ਰਾਵਣਾ, ਰਾਮ ਰਾਮ ਆਖ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਲੇਖਾ ਪੂਰਾ ਕਰਨਾ ਬਲ ਬਾਵਨਾ, ਜੋ ਬਾਵਨ ਅਨਭਵ ਦ੍ਰਿਸ਼ਟੀ ਵਿਚ ਗਿਆ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਕਲਜੁਗ ਮਿਟਣਾ ਅੰਧੇਰ ਅੰਧ, ਅੰਧ ਅਗਿਆਨ ਰਹਿਣ ਨਾ ਪਾਈਆ । ਸਭ ਦਾ ਪਿਛਲਾ ਮੁਕੇ ਪੰਧ, ਪਾਂਧੀ ਨਜ਼ਰ ਕੋਇ ਨਾ ਆਈਆ । ਸਤਿਗੁਰ ਸ਼ਬਦ ਖੰਡਾ ਫੜ ਤੀਰ ਕਮੰਦ, ਦੋ ਜਹਾਨਾਂ ਦਏ ਚਲਾਈਆ । ਦੂਈ ਦਵੈਤੀ ਢਾਹ ਕੇ ਕੰਧ, ਹਉਮੇ ਹੰਗਤਾ ਗੜ੍ਹ ਤੁੜਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਦ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਅੰਤ ਅਖ਼ੀਰ ਸਦੀ ਚੌਧਵੀਂ ਹੋਏ ਜੰਗ, ਰੂਸਾ ਚੀਨਾ ਵੰਡ ਵੰਡਾਈਆ । ਯੂਰਪ ਪਾਏ ਕੋਇ ਨਾ ਠੰਡ, ਦਰੋਹੀ ਫਿਰੇ ਥਾਉਂ ਥਾਈਆ । ਈਸਾ ਮੂਸਾ ਮੁਹੰਮਦ ਤਿੰਨੇ ਵੰਡਾਂ ਰਹੇ ਵੰਡ, ਦਰਗਹ ਸਚ ਧਿਆਨ ਲਗਾਈਆ । ਬਹੁੜੀ ਸਾਡਾ ਸਮਾਂ ਰਿਹਾ ਲੰਘ, ਵਕਤ ਬੇਵਕਤ ਨਾ ਕੋਇ ਕਰਾਈਆ । ਉਮਤ ਹੋਣੀ ਨੰਗ, ਨਬੀ ਰਸੂਲ ਮਾਰਨ ਧਾਈਆ । ਸਦੀ ਚੌਧਵੀਂ ਚੌਦਸ ਰਹੇ ਮੂਲ ਨਾ ਚੰਦ, ਅੰਧ ਅੰਧੇਰਾ ਜਾਣਾ ਛਾਈਆ । ਜਗਤ ਸੁਹਾਗੀ ਹੋਣਾ ਰੰਡ, ਬੇਵਫ਼ਾ ਦਿਸੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦੀ ਸੂਰਾ ਸਰਬੰਗ, ਸਾਹਿਬ ਸਤਿਗੁਰ ਆਪਣਾ ਹੁਕਮ ਸੁਣਾਈਆ । ਸਤਿਗੁਰ ਸ਼ਬਦ ਕਹੇ ਕਲਜੁਗ ਅੰਤਮ ਵੇਖਣੀ ਹਾਲਤ, ਜਗਤ ਜਹਾਨ ਖੋਜ ਖੁਜਾਈਆ । ਪੁਰਖ ਅਕਾਲਾ ਕਰੇ ਅਦਾਲਤ, ਸਚ ਇਨਸਾਫ਼ ਇਕ ਕਮਾਈਆ । ਬਦੀ ਕੂੜ ਦਾ ਲੇਖਾ ਵੇਖੇ ਜਹਾਲਤ, ਪੜਦਾ ਲਾਹੇ ਥਾਉਂ ਥਾਈਆ । ਸਤਿ ਸਚ ਦੀ ਵੇਖੇ ਅਮਾਨਤ, ਹਰ ਹਿਰਦਾ ਫੋਲ ਫੁਲਾਈਆ । ਕਲਜੁਗ ਦੀ ਤ੍ਰਿਸ਼ਨਾ ਮੇਟੇ ਤਾਮਸ, ਅਗਨੀ ਤਤ ਗਵਾਈਆ । ਜੋ ਸੰਦੇਸ਼ਾ ਦੇ ਕੇ ਗਿਆ ਤਬਰੇਜ਼ ਸ਼ਮਸ, ਸ਼ਮਾਂ ਨੂਰ ਨਾ ਕੋਇ ਰੁਸ਼ਨਾਈਆ । ਸਦੀ ਚੌਧਵੀਂ ਅੰਤਮ ਹੋਣਾ ਗਜ਼ਬ, ਗਹਿਰ ਗੰਭੀਰ ਬੇਨਜ਼ੀਰ ਆਪਣਾ ਹੁਕਮ ਵਰਤਾਈਆ । ਪੈਗ਼ੰਬਰ ਹੋਣੇ ਤੁਅੱਜਬ, ਹੈਰਾਨੀ

ਵਿਚ ਦੁਹਾਈਆ । ਲੇਖਾ ਮੁਕਣਾ ਜ਼ਾਤ ਮਜ਼੍ਹਬ, ਮਾਨਵ ਮਾਨਵ ਨਾਲ ਟਕਰਾਈਆ । ਪਰਵਰਦਿਗਾਰ ਸਾਂਝੇ ਯਾਰ ਪੁਰਖ ਅਕਾਲ ਦੀਨ ਦਿਆਲ ਸ਼ਬਦੀ ਸ਼ਬਦ ਧਾਰ ਸ਼ਬਦ ਸਤਿਗੁਰ ਚੁਕਣਾ ਆਪਣਾ ਕਦਮ, ਕਦੀਮ ਦੇ ਮਾਲਕ ਕੁਦਰਤ ਦੇ ਕਾਦਰ ਕਰਨੀ ਦੇ ਕਰਤੇ ਕਲਜੁਗ ਦੀ ਕਲ ਕਲ ਕਲਕੀ ਹੋ ਕੇ ਪੂਰ ਕਰਾਈਆ ।

### ੨੦ ਮੱਘਰ ਸ਼ਹਿਨਸ਼ਾਹੀ ਸੰਮਤ ੬ ਤੇਜਾ ਸਿੰਘ ਦੇ ਘਰ ਪਿੰਡ ਸਾਦਕ ਜ਼ਿਲਾ ਫ਼ਿਰੋਜ਼ਪੁਰ

ਸਤਿਗੁਰ ਸ਼ਬਦ ਕਹੇ ਖੇਲ ਕਰਨਾ ਸੂਰੇ ਸਰਬਗ, ਅਵਤਾਰ ਪੈਗ਼ੰਬਰ ਗੁਰ ਵੇਖਣਾ ਅੱਖ ਉਠਾਈਆ । ਕਲਜੁਗ ਕੂੜੀ ਕਿਰਿਆ ਮੇਟਣੀ ਜਗ, ਜਾਗਰਤ ਜੋਤ ਕਰ ਰੁਸ਼ਨਾਈਆ । ਤ੍ਰੈਗੁਣ ਮਾਇਆ ਬੁਝਾਉਣੀ ਅੱਗ, ਤਤਵ ਤਤ ਅੰਮ੍ਰਿਤ ਮੇਘ ਬਰਸਾਈਆ । ਦੀਨ ਮਜ਼੍ਹਬ ਮੇਟਣੀ ਹੱਦ, ਜ਼ਾਤ ਪਾਤੀ ਪੰਧ ਮੁਕਾਈਆ । ਧੁਰ ਦਾ ਨਾਮ ਸੁਣਾਉਣਾ ਛੰਦ, ਕਲਮਾ ਅਗੰਮ ਅਥਾਹੀਆ । ਨਿਜ ਆਤਮ ਪਰਮਾਤਮ ਬਖ਼ਸ਼ਣਾ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਜੋਤ ਪ੍ਰਕਾਸ਼ ਕਰ ਅਗੰਮੀ ਚੰਦ, ਦੋ ਜਹਾਨ ਕਰੇ ਰੁਸ਼ਨਾਈਆ । ਆਤਮ ਪਰਮਾਤਮ ਬਣਾ ਕੇ ਸੰਗ, ਸਗਲਾ ਸੰਗੀ ਹੋਏ ਸਹਾਈਆ । ਸੇਜ ਸੁਹਾਏ ਆਤਮ ਪਲੰਘ, ਸੁਖਆਸਣ ਡੇਰਾ ਲਾਈਆ । ਨਾਮ ਨਿਧਾਨ ਵਜਾਏ ਮਰਦੰਗ, ਧੁਨ ਆਤਮਕ ਰਾਗ ਸੁਣਾਈਆ । ਸਦੀ ਚੌਧਵੀਂ ਰਹੀ ਲੰਘ, ਮੁਹੰਮਦ ਵੇਖੇ ਨੈਣ ਉਠਾਈਆ । ਉਮਤ ਉਮਤੀ ਹੋਣੀ ਨੰਗ, ਓਢਣ ਸੀਸ ਨਾ ਕੋਇ ਟਿਕਾਈਆ । ਈਸਾ ਅੰਦਰ ਆਵੇ ਰੰਜ, ਬੀਸਵੀਂ ਸਦੀ ਅੱਖ ਖੁਲ੍ਹਾਈਆ । ਪਰਵਰਦਿਗਾਰ ਸਾਂਝੇ ਯਾਰ ਸਭ ਦਾ ਲੇਖਾ ਕਰਨਾ ਭੰਗ, ਦੂਤੀਆ ਭਾਉ ਦਏ ਮਿਟਾਈਆ । ਸਤਿਜੁਗ ਸਾਚੇ ਹੋ ਆਪ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪ ਦੇਣੀ ਕਮਾਈਆ । ਕਲਜੁਗ ਕੂੜੀ ਕਿਰਿਆ ਮਾਇਆ ਮਮਤਾ ਮੇਟ ਕੇ ਗੰਦ, ਪਤਿਤ ਪੁਨੀਤ ਦੇਣੇ ਕਰਾਈਆ । ਸਭ ਦੀ ਆਸਾ ਮਨਸਾ ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰਨੀ ਮੰਗ, ਜੋ ਭਵਿਖਤਾਂ ਵਿਚ ਲਿਖਤਾਂ ਵਿਚ ਇਸ਼ਟਾਂ ਵਿਚ ਗਏ ਦ੍ਰਿੜਾਈਆ । ਅੰਮ੍ਰਿਤ ਧਾਰ ਵਹਾਉਣੀ ਗੰਗ, ਸਰ ਸਰੋਵਰ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਮਾਰਗ ਲਾਉਣਾ ਸਤਿ, ਅਵਤਾਰ ਪੈਗ਼ੰਬਰ ਗੁਰ ਵੇਖੇ ਚਾਈਂ ਚਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੇਣੀ ਬ੍ਰਹਮ ਮਤ, ਪਾਰਬ੍ਰਹਮ ਪ੍ਰਭ ਪੜਦਾ ਆਪ ਉਠਾਈਆ । ਨਿਰਗੁਣ ਨਿਰਗੁਣ ਜੋੜਨਾ ਨਤ, ਸਰਗੁਣ ਸਾਚਾ ਸੰਗ ਵਖਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਅਗਨੀ ਤਤ ਦੇਣਾ ਗਵਾਈਆ । ਸਤਿਗੁਰ ਸਾਚਾ ਮਾਰਗ ਦੱਸ, ਰਸਤਾ ਰਹਿਬਰ ਦੇਣਾ ਸਮਝਾਈਆ । ਦੀਨ ਦੁਨੀ ਨੂੰ ਕਰਕੇ ਵਸ, ਵਾਸਤਾ ਆਪਣੇ ਨਾਲ ਰਖਾਈਆ । ਹਰ ਹਿਰਦੇ ਅੰਦਰ ਵਸ, ਪਰਦਾ ਨਿਰੰਤਰ ਦੇਣਾ ਚੁਕਾਈਆ । ਸ਼ਬਦ ਅਗੰਮੀ ਮਾਰਨੀ ਸੱਟ, ਮਨ ਕਾ ਮਣਕਾ ਦੇਣਾ ਭਵਾਈਆ । ਧਰਮ ਦਵਾਰ ਦਾ ਖੋਲ੍ਹ ਕੇ ਹੱਟ, ਵਸਤ ਨਾਮ ਇਕ ਵਰਤਾਈਆ । ਝਗੜਾ ਮੇਟ ਕੇ ਤੀਰਥ ਅਠਸਠ, ਆਤਮ ਸਰੋਵਰ ਦਏ ਨੁਹਾਈਆ । ਹਉਮੇ ਹੰਗਤਾ ਮੇਟ ਕੇ ਫੱਟ, ਪੱਟੀ ਇਕੋ ਨਾਮ ਬੰਧਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਨੇ ਗਾਉਣਾ ਜਸ, ਸਿਫ਼ਤ ਸਾਲਾਹ ਕਰੇ ਪੜ੍ਹਾਈਆ । ਮਾਨਵ ਮਾਨੁਖ ਮਾਣਸ ਰਹਿਣ ਦੇਵੇ ਕੋਈ ਨਾ

ਵੱਖ, ਮਾਨਵ ਆਪਣੇ ਰੰਗ ਰੰਗਾਈਆ । ਲਹਿਣਾ ਦੇਣਾ ਮੇਟ ਚੁਰਾਸੀ ਲੱਖ, ਹਰਿਜਨ ਸਾਚੇ ਗੋਦ ਟਿਕਾਈਆ । ਦੁਰਮਤ ਮੈਲ ਵਿਕਾਰਾ ਕਟ, ਅੰਤਰ ਨਿਰੰਤਰ ਕਰੇ ਸਫ਼ਾਈਆ । ਸਤਿਜੁਗ ਸਤਿ ਸਤਿਵਾਦੀ ਧਰਨੀ ਧਰਤ ਧਵਲ ਉਪਰ ਰੱਖ, ਦੇਵੇ ਜਗਤ ਮਾਣ ਵਡਿਆਈਆ । ਗੁਰਮੁਖਾਂ ਖੋਲ੍ਹ ਕੇ ਨੇਤਰ ਲੋਚਣ ਨੈਣ ਅੱਖ, ਨਿਜ ਘਰ ਕਰੇ ਰੁਸ਼ਨਾਈਆ । ਪੁਰਖ ਅਕਾਲਾ ਦੀਨ ਦਿਆਲਾ ਬਣ ਕੇ ਕਮਲਾਪਤਿ, ਪਤਿਪਰਮੇਸ਼ਵਰ ਆਪਣਾ ਪੜਦਾ ਦਏ ਚੁਕਾਈਆ । ਜਿਸ ਪੁਰਖ ਅਕਾਲ ਦੀਨ ਦਿਆਲ ਨੂੰ ਗੁਰ ਅਵਤਾਰ ਪੈਗ਼ੰਬਰ ਗਏ ਸੱਦ, ਪੇਸ਼ੀਨਗੋਈਆਂ ਵਿਚ ਦੇ ਦੁਹਾਈਆ । ਉਹ ਅੰਤ ਕੰਤ ਭਗਵੰਤ ਹੋ ਪਰਗਟ, ਪਾਰਬ੍ਰਹਮ ਪ੍ਰਭ ਆਪਣੀ ਕਲ ਵਰਤਾਈਆ । ਸ਼ਬਦ ਗੁਰੂ ਗੁਰਦੇਵ ਸਵਾਮੀ ਆਦਿ ਜੁਗਾਦਿ ਜੁਗ ਚੌਕੜੀ ਸਭ ਦੀ ਰੱਖਣਹਾਰਾ ਪਤ, ਮਿਹਰਵਾਨ ਮਹਿਬੂਬ ਹੋ ਕੇ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਅਲੱਖਣਾ ਅਲਖ, ਅਗੰਮ ਅਗੋਚਰ ਗਹਿਰ ਗੰਭੀਰ ਬੇਨਜ਼ੀਰ ਲਾਸ਼ਰੀਕ ਆਪਣਾ ਹੁਕਮ ਵਰਤਾਈਆ ।

### ੨੦ ਮੱਘਰ ਸ਼ਹਿਨਸ਼ਾਹੀ ਸੰਮਤ ੬ ਸੁਲੱਖਣ ਸਿੰਘ ਦੇ ਗ੍ਰਿਹਿ ਮੂੰਗਲਾ ਜ਼ਿਲਾ ਫ਼ਿਰੋਜ਼ਪੁਰ

ਸਤਿਗੁਰ ਸ਼ਬਦ ਕਹੇ ਵੇਖਣੀ ਖੇਲ ਹਰਿ ਦੀ, ਅਵਤਾਰ ਪੈਗ਼ੰਬਰ ਗੁਰ ਅੱਖ ਖੁਲ੍ਹਾਈਆ । ਜਿਸ ਦੀ ਕਲਾ ਹੋਣੀ ਚੜ੍ਹਦੀ, ਚਾਰੋਂ ਕੁੰਟ ਡੰਕ ਵਜਾਈਆ । ਸ਼ਬਦੀ ਧਾਰ ਸ਼ਬਦ ਹੋਣੀ ਪੜ੍ਹਦੀ, ਆਤਮ ਪਰਮਾਤਮ ਰਾਗ ਅਲਾਈਆ । ਖੇਲ ਕਰਨੀ ਨਰਾਇਣ ਨਰ ਦੀ, ਨਰ ਹਰਿ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪ ਕਰਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਨੇ ਖੇਲ ਕਰਨਾ ਅਪਾਰ, ਅਵਤਾਰ ਪੈਗ਼ੰਬਰ ਵੇਖ ਵਖਾਈਆ । ਕਲ ਕਲਕੀ ਹੋ ਉਜਿਆਰ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਸ਼ਬਦੀ ਸ਼ਬਦ ਹੋ ਤਿਆਰ, ਤ੍ਰੈਭਵਨ ਫੋਲ ਫੁਲਾਈਆ । ਲੱਖ ਚੁਰਾਸੀ ਪਾਵੇ ਸਾਰ, ਮਹਾਂਸਾਰਥੀ ਵਡ ਵਡਿਆਈਆ । ਕਲਜੁਗ ਕੂੜੀ ਕਿਰਿਆ ਕਰੇ ਖ਼ੁਆਰ, ਮਾਇਆ ਮਮਤਾ ਮੋਹ ਮਿਟਾਈਆ । ਜਨ ਭਗਤਾਂ ਪੈਜ ਦਏ ਸੁਆਰ, ਸਿਰ ਆਪਣਾ ਹੱਥ ਟਿਕਾਈਆ । ਲੇਖਾ ਪੂਰਾ ਕਰ ਪੈਗ਼ੰਬਰ ਗੁਰ ਅਵਤਾਰ, ਅਵਤਰੀ ਆਪਣਾ ਰੰਗ ਰੰਗਾਈਆ । ਸੰਦੇਸ਼ਾ ਦੇ ਸੱਚੀ ਸਰਕਾਰ, ਸਤਿ ਸਚ ਸਚ ਦ੍ਰਿੜਾਈਆ । ਸਭ ਨੇ ਰਹਿਣਾ ਅਵਤਾਰ ਪੈਗ਼ੰਬਰ ਗੁਰ ਹੁਸ਼ਿਆਰ, ਹੋਸ਼ ਮਦਹੋਸ਼ ਇਕ ਰੰਗ ਬਣਾਈਆ । ਜਗਤ ਤ੍ਰਿਸ਼ਨਾ ਪਾਵੇ ਸਾਰ, ਆਸਾ ਮਨਸਾ ਨਾਲ ਰਖਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਲਹਿਣਾ ਦੇਣਾ ਦਏ ਨਿਵਾਰ, ਪੂਰਬ ਪੂਰਬ ਝੋਲੀ ਪਾਈਆ । ਅੱਗੇ ਹੁਕਮ ਸੱਚੀ ਸਰਕਾਰ, ਸਤਿਜੁਗ ਸਾਚੇ ਆਪ ਜਣਾਈਆ । ਸਤਿ ਸਤਿ ਦਾ ਬੋਲ ਜੈਕਾਰ, ਨਾਅਰਾ ਇਕੋ ਇਕ ਪਰਗਟਾਈਆ । ਜਿਸ ਦਾ ਲੇਖਾ ਅਪਰ ਅਪਾਰ, ਅਪਰੰਪਰ ਸਵਾਮੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਇਕ ਰੰਗਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਖੇਲ ਆਇਆ ਕਰਨ, ਅਵਤਾਰ ਪੈਗ਼ੰਬਰ ਗੁਰ ਵੇਖ ਵਖਾਈਆ । ਜਿਸ ਦੀ ਦੋ ਜਹਾਨ ਲੱਗਣ ਸਰਨ, ਸਰਨਗਤ ਇਕ ਦ੍ਰਿੜਾਈਆ । ਸਾਰੇ

ਢੋਲਾ ਇਕੋ ਪੜ੍ਹਨ, ਸੋਹੰ ਸ਼ਬਦ ਬੇਪਰਵਾਹੀਆ । ਮੰਜ਼ਲ ਅਗੰਮੀ ਏਕੰਕਾਰ ਚੜ੍ਹਨ, ਪਦਵੀ ਪਦ ਇਕ ਸਮਝਾਈਆ । ਸ਼ਰਅ ਵਿਚ ਮੂਲ ਨਾ ਲੜਨ, ਛੁਰੀ ਕਰਦ ਦਏ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਵਤਾਰ ਪੈਗ਼ੰਬਰ ਗੁਰੂ ਚਾਰ ਜੁਗ ਦਾ ਵਾਅਦਾ ਕੌਲ ਇਕਰਾਰ ਪੂਰਾ ਕਰੇ ਪਰਨ, ਪਰਮਾਤਮ ਹੋ ਕੇ ਪਰਮ ਪੁਰਖ ਪ੍ਰਭ ਆਪਣਾ ਹੁਕਮ ਵਰਤਾਈਆ ।

✪ ੨੧ ਮੱਘਰ ਸ਼ਹਿਨਸ਼ਾਹੀ ਸੰਮਤ ੬ ਰਾਮ ਸਿੰਘ ਦੇ ਗ੍ਰਹਿ ਫ਼ਿਰੋਜ਼ਪੁਰ ✪

ਸਤਿਗੁਰ ਸ਼ਬਦ ਕਹੇ ਵੇਖੋ ਪ੍ਰਭ ਦੀ ਕਰਨੀ, ਅਵਤਾਰ ਪੈਗ਼ੰਬਰ ਗੁਰ ਧਿਆਨ ਲਗਾਈਆ । ਜਿਸ ਨੇ ਸੰਤ ਸੁਹੇਲੇ ਲਗਾਏ ਸਰਨੀ, ਭਗਵਨ ਆਪਣਾ ਰੰਗ ਰੰਗਾਈਆ । ਭਗਤੀ ਧਾਰ ਤੁਕ ਪੜ੍ਹਨੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਮੰਜ਼ਲ ਪ੍ਰਭੂ ਸਾਹਿਬ ਦੀ ਚੜ੍ਹਨੀ, ਕਦਮ ਕਦਮ ਨਾਲ ਬਦਲਾਈਆ । ਦਰਸ਼ਨ ਕਰਨਾ ਨੇਤਰ ਹਰਨੀ ਫਰਨੀ, ਲੋਚਨ ਅੱਖ ਉਠਾਈਆ । ਜਗਤ ਮੌਤ ਪਏ ਨਾ ਮਰਨੀ, ਮਰ ਜੀਵਤ ਰੂਪ ਬਦਲਾਈਆ । ਫੁੱਲ ਫੁਲਵਾੜੀ ਸਾਚੀ ਫਲਣੀ, ਫਲੀਭੂਤ ਦਏ ਕਰਾਈਆ । ਵੇਖੇ ਲੱਖ ਚੁਰਾਸੀ ਅਗਨੀ ਬਲਣੀ, ਤਤਵ ਤਤ ਤਤ ਤਪਾਈਆ । ਸ੍ਰਿਸ਼ਟੀ ਕਲਜੁਗ ਅੰਤਮ ਦਲਣੀ, ਦਲਿੱਦਰੀ ਰੋਵਣ ਮਾਰਨ ਧਾਈਆਂ । ਜਨ ਭਗਤਾਂ ਦਰਗਹ ਸਾਚੀ ਮੱਲਣੀ, ਮਲਕੁਲ ਮੌਤ ਨੇੜ ਨਾ ਆਈਆ । ਪ੍ਰੇਮ ਪ੍ਰੀਤੀ ਸਤਿਗੁਰ ਧਾਰ ਹੋਵੇ ਸੱਲਨੀ, ਆਰ ਪਾਰ ਵੇਖ ਵਖਾਈਆ । ਦੀਨ ਦੁਨੀ ਹੋਵੇ ਚਲਨੀ, ਥਿਰ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਵੇਖੋ ਪ੍ਰਭ ਦਾ ਖੇਲ ਅਸਚਰਜ, ਅਵਤਾਰ ਪੈਗ਼ੰਬਰ ਗੁਰ ਧਿਆਨ ਲਗਾਈਆ । ਜਿਸ ਨੇ ਛੁਰੀ ਸ਼ਰਅ ਖੋਹਣੀ ਤੁਹਾਥੋਂ ਕਰਦ, ਕਤਲਗਾਹ ਦਾ ਡੇਰਾ ਢਾਹੀਆ । ਮਾਨਵ ਜ਼ਾਤੀ ਵੰਡਣਾ ਦਰਦ, ਮਾਨੁਖ ਇਕੋ ਰੰਗ ਰੰਗਾਈਆ । ਚਾਰ ਜੁਗ ਦੀ ਵੇਖ ਕੇ ਫ਼ਰਦ, ਫ਼ੈਸਲਾ ਹੱਕ ਦਏ ਸੁਣਾਈਆ । ਉਠੋ ਸਾਰੇ ਕਰੋ ਅਰਜ਼, ਨਿਉਂ ਨਿਉਂ ਸੀਸ ਝੁਕਾਈਆ । ਜਿਸ ਤੁਹਾਡੀ ਪੂਰੀ ਕਰਨੀ ਗ਼ਰਜ਼, ਵਾਕ ਭਵਿਖਤ ਦੇਣ ਗਵਾਹੀਆ । ਹਉਮੇ ਰਹਿਣ ਨਾ ਦੇਵੇ ਮਰਜ਼, ਮਰੀਜ਼ ਵੇਖੇ ਥਾਉਂ ਥਾਈਂਆ । ਪੁੱਠੀ ਸਿੱਧੀ ਕਰਕੇ ਨਰਦ, ਕਲਜੁਗ ਵਿਚ ਸਤਿਜੁਗ ਦਏ ਬਦਲਾਈਆ । ਸ਼ਬਦੀ ਧਾਰ ਲੇਖੇ ਲਾਵੇ ਕਰਨੀ ਵਾਲੀ ਸ਼ਰਤ, ਸ਼ਰੀਅਤ ਲਹਿਣਾ ਵੇਖ ਵਖਾਈਆ । ਜੋ ਨਿਰਗੁਣ ਧਾਰ ਆਇਆ ਪਰਤ, ਪਤਿਪਰਮੇਸ਼ਵਰ ਬੇਪਰਵਾਹੀਆ । ਲੇਖਾ ਜਾਣੇ ਫ਼ਰਸ਼ ਅਰਸ਼, ਅਰਸ਼ੀ ਪ੍ਰੀਤਮ ਆਪਣਾ ਹੁਕਮ ਵਰਤਾਈਆ । ਸਭ ਦੀ ਤਮੰਨਾ ਵਾਸਨਾ ਖ਼ਾਹਿਸ਼ ਪੂਰੀ ਕਰੇ ਹਰਸ, ਹਵਸ ਵੇਖੇ ਥਾਉਂ ਥਾਈਂਆ । ਜਨ ਭਗਤ ਸੁਹੇਲੇ ਜੋਧੇ ਸੂਰਬੀਰ ਬਣਾ ਮਰਦ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਖੰਡਾ ਵਖਾਏ ਖੜਗ, ਬ੍ਰਹਿਮੰਡਾਂ ਆਪ ਜਣਾਈਆ ।

✪ ੨੧ ਮੱਘਰ ਸ਼ਹਿਨਸ਼ਾਹੀ ਸੰਮਤ ੬ ਕੁਲਵੰਤ ਕੌਰ ਮਹਿੰਦਰ ਸਿੰਘ ਦੇ ਗ੍ਰਹਿ ਖ਼ਲੀਲ ਬਸਤੀ ✪

ਸਤਿਗੁਰ ਸ਼ਬਦ ਕਹੇ ਵੇਖੇ ਖੇਲ ਪ੍ਰਭੂ ਖ਼ਸਮਾਨਾ, ਅਵਤਾਰ ਪੈਗ਼ੰਬਰ ਗੁਰ ਨੈਣ ਉਠਾਈਆ । ਜਿਸ ਨੇ ਜਗਤ ਜਹਾਨ ਨਾਪਿਆ ਨਾਮ ਸ਼ਬਦ ਪੈਮਾਨਾ, ਪੈਮਾਇਸ਼ ਕੀਤੀ ਥਾਉਂ ਥਾਈਂਆ । ਸੋ ਸਵਾਮੀ ਬਣ ਕੇ ਅੰਤਰਯਾਮਾ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਸਾਰੇ ਵੇਖੇ ਆਪਣਾ ਅਹਿਦਨਾਮਾ, ਵੇਲਾ ਵਕਤ ਥਿਤ ਵਾਰ ਨਾਲ ਮਿਲਾਈਆ । ਜਗਤ ਜਹਾਨ ਸਚ ਨਾਮ ਦਾ ਤਕੇ ਮੈਖ਼ਾਨਾ, ਜਾਮ ਪਿਆਲਾ ਦਿਓ ਵਖਾਈਆ । ਧੁਰ ਸੰਦੇਸ਼ਾ ਤਕੇ ਪੈਗ਼ਾਮਾ, ਪਰਾ ਪਸੰਤੀ ਮਧਮ ਬੈਖਰੀ ਬਾਹਰ ਜਣਾਈਆ । ਕਿਉਂ ਕਲਜੁਗ ਹੋਈ ਅੰਧੇਰੀ ਸ਼ਾਮਾ, ਸ਼ਮਾਦਾਨ ਨੂਰ ਜੋਤ ਨਾ ਕੋਇ ਰੁਸ਼ਨਾਈਆ । ਸਾਰੇ ਨਿਉਂ ਨਿਉਂ ਕਰਨ ਸਲਾਮਾ, ਦਰ ਠਾਂਡੇ ਸੀਸ ਝੁਕਾਈਆ । ਪ੍ਰਭੂ ਅਸੀਂ ਬਿਆਨ ਦਿਆਂਗੇ ਉਤੇ ਜਗਤ ਸਵਾ ਰੁਪਈਏ ਵਾਲੇ ਅਸ਼ਟਾਮਾ, ਚੌਥਾ ਜੁਗ ਧਿਆਨ ਰਖਾਈਆ । ਨਾਲ ਸ਼ਰਅ ਰੱਖਾਂਗੇ ਕਲਾਮਾ, ਕਲਮਾ ਤੇਰਾ ਨਾਲ ਰਲਾਈਆ । ਪੰਜਾਂ ਲਿਖਾਰੀਆਂ ਹੱਕ ਫੱਕ ਦਾ ਲਿਖਣਾ ਲੇਖ ਤਮਾਮਾ, ਤਮਾ ਦਾ ਲਾਲਚ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨਾਂ, ਦੋਏ ਦੋਏ ਧਾਰ ਧਰਨੀ ਧਰਤ ਧਵਲ ਧਰਮ ਆਪਣਾ ਆਪ ਸਮਝਾਈਆ ।

## ✪ ੨੧ ਮੱਘਰ ਸ਼ਹਿਨਸ਼ਾਹੀ ਸੰਮਤ ੬ ਗੁਰਦੀਪ ਸਿੰਘ ਦੇ ਗ੍ਰਹਿ ਪਿੰਡ ਤੂਤ ਜ਼ਿਲਾ ਫ਼ਿਰੋਜ਼ਪੁਰ ✪



ਸਤਿਗੁਰ ਸ਼ਬਦ ਕਹੇ ਪੁਰਖ ਅਕਾਲ ਦੀਨ ਦਿਆਲ ਸਾਹਿਬ ਬਖ਼ਸ਼ੰਦ, ਅਵਤਾਰ ਪੈਗ਼ੰਬਰ ਗੁਰ ਤਕੇ ਖੇਲ ਬੇਪਰਵਾਹੀਆ । ਜਿਸ ਕਲਜੁਗ ਕੂੜੀ ਕਿਰਿਆ ਮੇਟਣਾ ਅੰਧੇਰ ਅੰਧ, ਨੌ ਖੰਡ ਪ੍ਰਿਥਮੀ ਸੱਤ ਦੀਪ ਧਿਆਨ ਲਗਾਈਆ । ਸਤਿਜੁਗ ਸਾਚਾ ਸਚ ਚੜ੍ਹਾਉਣਾ ਚੰਦ, ਧਰਮ ਦੀ ਜ਼ਾਤ ਮਾਨਵ ਜ਼ਾਤੀ ਇਕ ਸਮਝਾਈਆ । ਮੋਹ ਵਿਕਾਰ ਹੰਕਾਰ ਵਿਭਚਾਰ ਮੇਟਣਾ ਗੰਦ, ਰਸਨਾ ਜਿਹਵਾ ਕੂੜ ਨਾ ਕੋਇ ਹਲਕਾਈਆ । ਦੀਨ ਮਜ਼੍ਹਬ ਜ਼ਾਤ ਪਾਤ ਦੀ ਢਾਹੁਣੀ ਕੰਧ, ਦੂਈ ਦਵੈਤ ਦਾ ਝਗੜਾ ਦੇਣਾ ਚੁਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸਣਾ ਛੰਦ, ਸੋਹੰ ਢੋਲਾ ਅਗੰਮ ਅਥਾਹੀਆ । ਨਾਮ ਜਪਾਉਣਾ ਬਿਨ ਰਸਨਾ ਜਿਹਵਾ ਬੱਤੀ ਦੰਦ, ਅਜਪਾ ਜਾਪ ਇਕ ਪਰਗਟਾਈਆ । ਨਿਜ ਆਤਮ ਬਖ਼ਸ਼ਣਾ ਸਚ ਅਨੰਦ, ਪਰਮਾਨੰਦ ਰਸ ਚਖਾਈਆ । ਕਾਇਆ ਬੰਕ ਦਵਾਰ ਆਪਣੇ ਲੰਘ, ਸਤਿਗੁਰ ਸ਼ਬਦ ਕਰੇ ਸ਼ਨਵਾਈਆ । ਅਨਹਦ ਨਾਦੀ ਨਾਦ ਵਜਾ ਮਰਦੰਗ, ਸੋਈ ਸੁਰਤੀ ਆਪ ਉਠਾਈਆ । ਮਨ ਕਲਪਣਾ ਪੰਚ ਵਿਕਾਰ ਮੇਟ ਕੇ ਜੰਗ, ਸ਼ਰਅ ਸ਼ਰੀਅਤ ਲੇਖਾ ਦੇ ਮੁਕਾਈਆ । ਪਰਦਾ ਲਾਹ ਕੇ ਬ੍ਰਹਮ ਹੰ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਅੰਮ੍ਰਿਤ ਰਸ ਨਿਝਰ ਧਾਰ ਵਹਾਏ ਗੰਗ, ਗੰਗਾ ਗੋਦਾਵਰੀ ਜਮਨਾ ਸੁਰਸਤੀ ਲੇਖਾ ਦਏ ਮੁਕਾਈਆ । ਸੰਤ ਸੁਹੇਲੇ ਭਗਤ ਜਨ ਲਗਾਏ ਅੰਗ, ਗੁਰਮੁਖ ਗੁਰਸਿਖ ਗੁਰ ਗੁਰ ਗੋਦ ਟਿਕਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਸਭ ਨੂੰ ਦੇਵੇ ਕੰਡ, ਪਰਵਰਦਿਗਾਰ ਪਰਦਾ ਸਕੇ ਨਾ ਕੋਇ ਚੁਕਾਈਆ । ਕਰੇ ਖੇਲ ਸੂਰਾ ਸਰਬੰਗ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਵਾਰੇ ਅਵਤਾਰ ਪੈਗ਼ੰਬਰ ਗੁਰੂ ਰਹੇ ਮੰਗ, ਨਿਉਂ ਨਿਉਂ ਲਾਗਣ ਪਾਈਆ । ਸੋ ਖੇਲ ਕਰੇ ਵਿਚ ਵਰਭੰਡ, ਬ੍ਰਹਿਮੰਡ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਤਿ ਸਤਿ ਸਤਿ ਪਰਗਟਾਈਆ । ਸਤਿਗੁਰ ਸ਼ਬਦ ਕਹੇ

ਪ੍ਰਭ ਮਾਰਗ ਲਾਉਣਾ ਇਕ, ਅਵਤਾਰ ਪੈਗ਼ੰਬਰ ਗੁਰ ਵੇਖੇ ਚਾਈਂ ਚਾਈਂਆ । ਸ੍ਰਿਸ਼ਟ ਸਬਾਈ ਬਖ਼ਸ਼ਣੀ ਟੇਕ, ਇਕੋ ਇਸ਼ਟ ਦੇਣਾ ਵਖਾਈਆ । ਮਨ ਕਲਪਣਾ ਬੁੱਧੀ ਕਰਨੀ ਬਿਬੇਕ, ਹੰਕਾਰ ਵਿਕਾਰ ਵਿਭਚਾਰ ਰਹਿਣ ਨਾ ਪਾਈਆ । ਤ੍ਰੈਗੁਣ ਮਾਇਆ ਮੇਟਣਾ ਸੇਕ, ਅਗਨੀ ਤਤ ਨਾ ਕੋਇ ਤਪਾਈਆ । ਕਲਜੁਗ ਅੰਤ ਬਦਲਣੀ ਰੇਖ, ਰਿਖੀ ਮੁਨੀ ਸਕੇ ਨਾ ਕੋਇ ਸਮਝਾਈਆ । ਸਤਿਜੁਗ ਵਸਾਉਣਾ ਸਾਚੇ ਦੇਸ, ਧਰਨੀ ਧਰਤ ਸੋਭਾ ਪਾਈਆ । ਲੇਖਾ ਮੁਕਣਾ ਗਣਪਤ ਗਣੇਸ਼, ਵਿਸ਼ਨ ਬ੍ਰਹਮਾ ਸ਼ਿਵ ਨੇਤਰ ਨੈਣਾਂ ਨੀਰ ਵਹਾਈਆ । ਪੈਗ਼ੰਬਰ ਝੁਕ ਝੁਕ ਕਰਨ ਆਦੇਸ, ਸੱਯਦਾ ਧੁਰਦਰਗਾਹੀਆ । ਅਵਤਾਰ ਤਕਣ ਆਪਣਾ ਲੇਖ, ਭਵਿਖਤਾਂ ਖੋਜ ਖੁਜਾਈਆ । ਪ੍ਰਭ ਪੂਰਾ ਕਰਨਾ ਲਹਿਣਾ ਦੇਣਾ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਤੋਂ ਬਾਹਰ ਆਪਣਾ ਹੁਕਮ ਵਰਤਾਈਆ । ਦੋ ਜਹਾਨਾਂ ਆਪਣੀ ਪਾਵੇ ਸਾਰ ਨਰ ਨਰੇਸ਼, ਨਰ ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਉਮਤ ਨਬੀ ਰਸੂਲ ਮੇਟਣਾ ਕਲੇਸ਼, ਕਲਕਾਤੀ ਦਏ ਮਿਟਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸਣਾ ਸਚ ਸੰਦੇਸ਼, ਪੈਗ਼ੰਬਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਹੁਕਮ ਆਪ ਵਰਤਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਕਿਰਪਾ ਕਰਨੀ ਕਲਜੁਗ ਅੰਤ, ਅਵਤਾਰ ਪੈਗ਼ੰਬਰ ਗੁਰ ਵੇਖਣਾ ਚਾਈਂ ਚਾਈਂਆ । ਪਰਗਟ ਹੋ ਸ੍ਰੀ ਭਗਵੰਤ, ਭਗਵਨ ਆਪਣਾ ਨੂਰ ਜੋਤ ਕਰੇ ਰੁਸ਼ਨਾਈਆ । ਹਰਿਜਨ ਵੇਖੇ ਗੁਰਮੁਖ ਸਾਚੇ ਸੰਤ, ਭਗਤ ਸੁਹੇਲੇ ਜੋੜ ਜੁੜਾਈਆ । ਗੜ੍ਹ ਤੋੜੇ ਕੂੜੀ ਕਿਰਿਆ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਈਆ । ਚਾਰ ਵਰਨ ਅਠਾਰਾਂ ਬਰਨ ਬਣਾਏ ਧਰਮ ਦੀ ਸੰਗਤ, ਦੀਨ ਮਜ਼੍ਹਬ ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਨਾਉਂ ਨਿਰੰਕਾਰਾ ਚਾੜ੍ਹੇ ਰੰਗਤ, ਦੁਰਮਤ ਮੈਲ ਦਏ ਧਵਾਈਆ । ਦੂਸਰ ਦਰ ਹੋਏ ਕੋਇ ਨਾ ਮੰਗਤ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਭਿਛਿਆ ਆਪ ਵਰਤਾਈਆ । ਆਤਮ ਪਰਮਾਤਮ ਦਾ ਬਣ ਕੇ ਕੰਤ, ਕੰਤੂਹਲ ਹੋ ਕੇ ਸਾਚੀ ਸੇਜ ਸੁਹਾਈਆ । ਹਰਖ਼ ਸੋਗ ਮੇਟ ਕੇ ਚਿੰਤ, ਚਿੰਤਾ ਚਿਖਾ ਦਏ ਗਵਾਈਆ । ਲੋਕਮਾਤ ਰਹਿਣ ਦਏ ਕੋਇ ਨਾ ਨਿੰਦਕ, ਗੁਰਮੁਖ ਹੰਸ ਕਾਗ ਲਏ ਬਣਾਈਆ । ਮਨ ਕਲਪਣਾ ਰਹੇ ਕੋਇ ਨਾ ਇੱਲਤ, ਇਲਮ ਆਲਮਾਂ ਦਏ ਮਿਟਾਈਆ । ਕੂੜ ਖਵਾਰੀ ਮੇਟੇ ਜ਼ਿੱਲਤ, ਸ਼ਰਅ ਸ਼ਰਅ ਵਿਚੋਂ ਬਦਲਾਈਆ । ਲੇਖਾ ਜਾਣ ਉੱਤਰ ਪੂਰਬ ਪੱਛਮ ਦੱਖਣ ਚਾਰੇ ਸਿੰਮਤ, ਸਤਿ ਫ਼ਰਮਾਨਾ ਇਕ ਸਮਝਾਈਆ । ਸਦੀ ਚੌਧਵੀਂ ਅਵਤਾਰ ਪੈਗ਼ੰਬਰ ਗੁਰੂ ਸਾਰੇ ਕਰੋ ਹਿੰਮਤ, ਹੌਸਲਾ ਮਾਤਲੋਕ ਪਰਗਟਾਈਆ । ਆਤਮ ਧਾਰ ਪਰਮਾਤਮ ਹੋਵੇ ਮਿਲਤ, ਨੂਰ ਨੁਰਾਨਾ ਨੂਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਪੂਰੀ ਕਰੇ ਭਵਿਖਤ ਲਿਖਤ, ਲੇਖਾ ਲੇਖ ਅਗਲਾ ਆਪ ਦ੍ਰਿੜਾਈਆ ।

### ੨੧ ਮੱਘਰ ਸ਼ਹਿਨਸ਼ਾਹੀ ਸੰਮਤ ੬ ਕਰਨੈਲ ਸਿੰਘ, ਅਜੈਬ ਸਿੰਘ ਦੇ ਘਰ ਫ਼ਰੀਦਕੋਟ ਸ਼ਹਿਰ

ਸਤਿਗੁਰ ਸ਼ਬਦ ਕਹੇ ਸੁਣੋ ਨਾਮ ਕਲਮਾ ਹਦੀਸਾ, ਅਵਤਾਰ ਪੈਗ਼ੰਬਰ ਗੁਰੂ ਧਿਆਨ ਲਗਾਈਆ । ਪੁਰਖ ਅਕਾਲਾ ਦੀਨ ਦਿਆਲਾ ਕਰੇ ਖੇਲ ਹਰਿ ਜਗਦੀਸਾ, ਜਗਦੀਸ਼ਰ ਆਪਣਾ ਹੁਕਮ ਵਰਤਾਈਆ । ਏਕਾ ਛਤਰ ਝੁਲਾਏ ਧੁਰ ਦੇ ਸੀਸਾ, ਛਤਰਧਾਰੀ ਰਹਿਣ ਕੋਇ ਨਾ ਪਾਈਆ ।

੮੯੪

੨੨

ਲਹਿਣਾ ਦੇਣਾ ਪੂਰਾ ਕਰੇ ਬੀਸ ਬੀਸਾ, ਸਰਗੁਣ ਜ਼ੀਰੋ ਰੂਪ ਦਰਸਾਈਆ । ਪਰਗਟ ਹੋ ਕੇ ਏਕੰਕਾਰ ਇਕੀਸਾ, ਦੂਆ ਏਕਾ ਖੇਲ ਖਿਲਾਈਆ । ਕਲਜੁਗ ਕੂੜੀ ਬਦਲ ਦੇਵੇ ਰੀਤਾ, ਰੁਤੜੀ ਆਪਣੇ ਨਾਲ ਮਹਿਕਾਈਆ । ਸਤਿਜੁਗ ਮਾਰਗ ਲਾਵੇ ਠਾਂਡਾ ਸੀਤਾ, ਅਗਨੀ ਅੱਗ ਬੁਝਾਈਆ । ਹਰ ਹਿਰਦੇ ਵਸੇ ਚੀਤਾ, ਚਿਤਵਿਤ ਠਗੌਰੀ ਰਹੇ ਨਾ ਰਾਈਆ । ਆਤਮ ਪਰਮਾਤਮ ਦੱਸੇ ਧੁਰ ਦਾ ਮੀਤਾ, ਮਿੱਤਰ ਪਿਆਰਾ ਇਕ ਅਖਵਾਈਆ । ਲਹਿਣਾ ਦੇਣਾ ਚੁਕਾਏ ਜਿਸ ਬਿਧ ਗੋਬਿੰਦ ਨਹੀਂ ਫੋਲਾਇਆ ਅੰਗੀਠਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਪਰਮ ਪੁਰਖ ਦਾ ਖੇਲ ਸਦਾ ਅਨਡੀਠਾ, ਅਨਡਿਠੜੀ ਕਾਰ ਕਮਾਈਆ । ਕਲਜੁਗ ਕੂੜੀ ਕਿਰਿਆ ਭੰਨੇ ਰੀਠਾ, ਹਉਮੇ ਹੰਗਤਾ ਗੜ੍ਹ ਤੁੜਾਈਆ । ਲਹਿਣਾ ਦੇਣਾ ਵੇਖੇ ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਅਤੀਤਾ, ਤ੍ਰੈਭਵਣ ਧਨੀ ਧਿਆਨ ਲਗਾਈਆ । ਮਨਸਾ ਪੂਰੀ ਕਰੇ ਰਾਮ ਸੀਤਾ, ਸੁਰਤ ਸ਼ਬਦ ਨਾਲ ਮਿਲਾਈਆ । ਲੇਖਾ ਜਾਣੇ ਰਾਧਾ ਕ੍ਰਿਸ਼ਨ ਜੋ ਬੀਤਾ, ਬੀਤੀ ਕਹਾਣੀ ਆਪ ਪਰਗਟਾਈਆ । ਸੰਦੇਸ਼ਾ ਦੇ ਕੇ ਗਿਆ ਹਜ਼ਰਤ ਮੂਸਾ ਈਸਾ, ਕਲਮਾ ਕਾਇਨਾਤ ਸੁਣਾਈਆ । ਮੁਹੰਮਦ ਹਮਦ ਵਿਚ ਲਾਸ਼ਰੀਕ ਦੀ ਦੱਸੀ ਹਦੀਸਾ, ਹਜ਼ਰਤ ਹੱਕ ਸੁਣਾਈਆ । ਨਾਨਕ ਖੇਲ ਜਣਾਇਆ ਤ੍ਰੈਗੁਣ ਅਤੀਤਾ, ਭੇਵ ਅਭੇਦਾ ਇਕ ਵਖਾਈਆ । ਗੋਬਿੰਦ ਗੋਬਿੰਦ ਗੋਬਿੰਦ ਧਾਰ ਖੇਲ ਨੀਕਨ ਨੀਕਾ, ਨਿਰਗੁਣ ਨਿਰਵੈਰ ਨਿਰਾਕਾਰ ਆਪ ਕਰਾਈਆ । ਜਿਸ ਲਹਿਣਾ ਦੇਣਾ ਲੇਖਾ ਪੂਰਾ ਕਰਨਾ ਲੱਖ ਚੁਰਾਸੀ ਈਸ਼ ਜੀਵ ਜੀ ਕਾ, ਜਗਦੀਸ਼ਰ ਆਪਣਾ ਹੁਕਮ ਵਰਤਾਈਆ । ਝਗੜਾ ਮੇਟਣਾ ਸਾਢੇ ਤਿੰਨ ਹੱਥ ਸੀਂ ਕਾ, ਰਵਦਾਸ ਚਮਾਰਾ ਦਏ ਗਵਾਹੀਆ । ਮਾਰਗ ਲਾਉਣਾ ਸਤਿਜੁਗ ਨੀਂਹ ਦਾ, ਬੁਨਿਆਦ ਆਪਣਾ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਸਤਿਗੁਰ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਖੇਲ ਖਿਲਾਉਣੀ ਅਨੋਖੀ, ਅਵਤਾਰ ਪੈਗ਼ੰਬਰ ਗੁਰ ਅਨਭਵ ਦ੍ਰਿਸ਼ਟੀ ਧਿਆਨ ਲਗਾਈਆ । ਅੱਖਰਾਂ ਵਾਲੀ ਵਾਚਣੀ ਸਭ ਦੀ ਪੋਥੀ, ਪੁਸਤਕ ਵੇਖੇ ਚਾਈਂ ਚਾਈਆ । ਧਾਰ ਪਰਗਟਾਉਣੀ ਨਿਰਮਲ ਜੋਤੀ, ਜੋਤੀ ਜਾਤਾ ਕਰੇ ਰੁਸ਼ਨਾਈਆ । ਜਨ ਭਗਤ ਸੁਹੇਲੇ ਬਣਾ ਕੇ ਗੋਤੀ, ਗੌਤਮ ਦਾ ਲਹਿਣਾ ਪੂਰ ਕਰਾਈਆ । ਝਗੜਾ ਮੇਟਣਾ ਜੰਞੂ ਬੋਦੀ ਟੋਪੀ, ਸੇਲੀਆਂ ਗਲ ਨਾ ਕੋਇ ਲਟਕਾਈਆ । ਆਤਮ ਪਰਮਾਤਮ ਬਣਾਉਣੀ ਸਰਬ ਗੋਪੀ, ਕਾਹਨ ਧੁਰ ਦਾ ਦਇਆ ਕਮਾਈਆ । ਕਲਜੁਗ ਕੂੜੀ ਕਿਰਿਆ ਮੇਟ ਕਰੋਧੀ, ਕਾਮ ਕਰੋਧ ਲੋਭ ਮੋਹ ਹੰਕਾਰ ਦਏ ਮਿਟਾਈਆ । ਸ਼ਬਦ ਡੰਡਾ ਧੁਰਦਰਗਾਹੀ ਫੜ ਕੇ ਸੋਟੀ, ਸਤਿ ਸਤਿਵਾਦੀ ਦਏ ਜਣਾਈਆ । ਜੀਵ ਜੰਤ ਸਾਧ ਸੰਤ ਸਭ ਦੀ ਸਾਬਤ ਵੇਖੇ ਲੰਗੋਟੀ, ਅੰਤਰ ਨਿਰੰਤਰ ਖੋਜ ਖੁਜਾਈਆ । ਜਿਸ ਪੁਰਖ ਅਕਾਲ ਦੀਨ ਦਿਆਲ ਨੂੰ ਲੱਭਦੇ ਕੋਟਨ ਕੋਟੀ, ਜੁਗ ਚੌਕੜੀ ਭੱਜਣ ਵਾਹੋ ਦਾਹੀਆ । ਸੋ ਭਗਤ ਸੁਹੇਲਾ ਇਕ ਅਕੇਲਾ ਜਨ ਭਗਤਾਂ ਅੰਦਰ ਚੜ੍ਹ ਕੇ ਚੋਟੀ, ਚੋਟ ਨਾਮ ਸ਼ਬਦ ਤਨ ਨਗਾਰੇ ਰਿਹਾ ਲਗਾਈਆ । ਸੁਰਤੀ ਰਹਿਣ ਨਾ ਦੇਵੇ ਸੋਤੀ, ਆਲਸ ਨਿੰਦਰਾ ਵਿਚੋਂ ਬਾਹਰ ਕਢਾਈਆ । ਬੁੱਧੀ ਰਹਿਣ ਨਾ ਦੇਵੇ ਕਮਲੀ ਕੋਝੀ, ਬਿਬੇਕੀ ਆਪਣਾ ਰੰਗ ਚੜ੍ਹਾਈਆ । ਸਤਿਜੁਗ ਸਾਚੇ ਸਾਚੇ ਸੰਤਾਂ ਦੇਵੇ ਸੋਝੀ, ਗੁਰਮੁਖ ਮੇਲਾ ਮੇਲੇ ਸਹਿਜ ਸੁਭਾਈਆ । ਨਾਮ ਨਿਧਾਨ ਸੁਣਾ ਕੇ ਇਕ ਸਲੋਕੀ, ਸੋਹਲਾ ਇਕੋ ਇਕ ਸਮਝਾਈਆ । ਝਗੜਾ ਮੇਟ ਕੇ ਚੌਦਾਂ ਲੋਕੀ, ਚੌਦਾਂ ਤਬਕ ਕਰੇ ਰੁਸ਼ਨਾਈਆ । ਲੇਖੇ ਲਾਵੇ ਅਵਤਾਰ ਪੈਗ਼ੰਬਰ ਗੁਰੂਆਂ ਸੋਚੀ, ਸੋਚ ਸੋਚ ਵਿਚ ਸਮਾਈਆ । ਆਸਾ ਮਨਸਾ ਪੂਰੀ ਕਰੇ ਲੋਚੀ, ਲੋਚਨ ਨੇਤਰ ਨੈਣਾਂ ਨਾਲ ਦਿਖਾਈਆ ।

ਕਰਮ ਕਾਂਡ ਦਾ ਰਹਿਣ ਦੇਵੇ ਕੋਇ ਨਾ ਜੋਗੀ, ਜੁਗੀਸ਼ਰਾਂ ਵੇਖ ਵਖਾਈਆ । ਮਨ ਵਾਸਨਾ ਦਿਸੇ ਕੋਇ ਨਾ ਭੋਗੀ, ਕਲਪਣਾ ਕੂੜ ਨਾ ਕੋਇ ਹਲਕਾਈਆ । ਸਤਿਜੁਗ ਸਾਚਾ ਸਚ ਧਰਮ ਦਾ ਹੋਏ ਸੰਜੋਗੀ, ਗੁਰ ਸਤਿਗੁਰ ਮੇਲਾ ਸਹਿਜ ਸੁਭਾਈਆ । ਆਤਮ ਪਰਮਾਤਮ ਹੋਵੇ ਮੌਜੀ, ਮੌਜੀ ਠਾਕਰ ਇਕ ਅਖਵਾਈਆ । ਧਰਨੀ ਧਰਤ ਧਵਲ ਧੌਲ ਦੀ ਪਵਿਤਰ ਹੋਵੇ ਗੋਦੀ, ਜੋ ਗੋਦਾਵਰੀ ਕੰਢੇ ਬਹਿ ਕੇ ਗੋਬਿੰਦ ਗਿਆ ਸਮਝਾਈਆ । ਸਦੀ ਚੌਧਵੀਂ ਅੰਤਮ ਖੇਲ ਕਰੇ ਪ੍ਰੀਤਮ ਚੋਜੀ, ਚੋਲਾ ਲੋਕਮਾਤ ਬਦਲਾਈਆ । ਜਨ ਭਗਤਾਂ ਮੇਟ ਕੇ ਹਰਖ਼ ਸੋਗੀ, ਚਿੰਤਾ ਚਿਖਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਦ੍ਰਿਸ਼ਟੀ ਹੋਵੇ ਸੋਧੀ, ਸ੍ਰਿਸ਼ਟ ਇਸ਼ਟ ਇਕ ਜਣਾਈਆ ।

### ✪ ੨੨ ਮੱਘਰ ਸ਼ਹਿਨਸ਼ਾਹੀ ਸੰਮਤ ੬ ਗੁਰਦੇਵ ਸਿੰਘ ਦੇ ਗ੍ਰਿਹ ਫ਼ਰੀਦਕੋਟ ਸ਼ਹਿਰ ✪

ਸਤਿਗੁਰ ਸ਼ਬਦ ਕਹੇ ਪ੍ਰਭ ਖੇਲ ਕਰਨਾ ਉਤੇ ਬਸੁਧਾ, ਅਵਤਾਰ ਪੈਗ਼ੰਬਰ ਗੁਰ ਆਪਣੀ ਧਾਰ ਪਰਗਟਾਈਆ । ਝੂਠ ਕਰਾਉਣਾ ਯੁਧਾ, ਯੁਧਿਸ਼ਟਰ ਆਸਾ ਪੂਰ ਕਰਾਈਆ । ਜੋ ਮਨਸਾ ਰੱਖ ਕੇ ਗਿਆ ਬੁੱਧਾ, ਤਿਸ ਦਾ ਲਹਿਣਾ ਝੋਲੀ ਪਾਈਆ । ਮਾਰਗ ਦਰਸਾਉਣਾ ਸਤਿਜੁਗਾ, ਸਤਿ ਸਤਿ ਦਾ ਸੰਗ ਬਣਾਈਆ । ਆਤਮ ਬ੍ਰਹਮ ਭੇਵ ਖੋਲ੍ਹਣਾ ਗੁੱਝਾ, ਬਜਰ ਕਪਾਟੀ ਪੜਦਾ ਤੁੜਾਈਆ । ਇਕੋ ਨਾਮ ਕਲਮਾ ਕਰਨਾ ਉਘਾ, ਉਗਣ ਆਥਣ ਵੱਜੇ ਵਧਾਈਆ । ਜੋ ਸੰਦੇਸ਼ਾ ਦੇ ਕੇ ਗਿਆ ਗੁਰ ਅਰਜਨ ਬਾਬਾ ਬੁੱਢਾ, ਸੋ ਲਹਿਣਾ ਲਹਿਣੇਦਾਰ ਝੋਲੀ ਪਾਈਆ । ਜੋ ਗੋਬਿੰਦ ਧਾਰ ਸ਼ਬਦੀ ਮਿਲਿਆ ਰੁੱਕਾ, ਪੁਰਖ ਅਕਾਲ ਅਕਾਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਖੇਲ ਕਰਨੀ ਉਪਰ ਧਰਤ, ਅਵਤਾਰ ਪੈਗ਼ੰਬਰ ਗੁਰੂ ਵੇਖਣਾ ਚਾਈਂ ਚਾਈਆ । ਨਿਰਗੁਣ ਧਾਰ ਆਵੇ ਪਰਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਭੇਵ ਖੁਲ੍ਹਾਏ ਅਗੰਮੀ ਅਰਸ਼, ਓਹਲਾ ਅੰਤਰ ਰਹੇ ਨਾ ਰਾਈਆ । ਸਭ ਦੀ ਪੂਰੀ ਕਰੇ ਸ਼ਰਤ, ਸ਼ਰਅ ਦਾ ਲੇਖਾ ਦਏ ਮੁਕਾਈਆ । ਜੋ ਸੰਦੇਸ਼ਾ ਦੇ ਕੇ ਗਿਆ ਤ੍ਰੇਤਾ ਰਾਮ ਭਰਤ, ਸੀਤਾ ਸਤਿ ਨਾਲ ਮਿਲਾਈਆ । ਸੋ ਪੂਰਾ ਕਰੇ ਮਕਰੂਜ਼ ਹੋ ਕੇ ਕਰਜ਼, ਦੇਵਣਹਾਰ ਧੁਰਦਰਗਾਹੀਆ । ਲੇਖੇ ਲਾਏ ਅਰਜਨ ਵਾਲੀ ਅਰਜ਼, ਜੋ ਘਨਈਏ ਅੱਗੇ ਸੁਣਾਈਆ । ਈਸਾ ਪੂਰੀ ਹੋਵੇ ਗ਼ਰਜ਼, ਤ੍ਰਿਸ਼ਨਾ ਜਗਤ ਮੇਟ ਮਿਟਾਈਆ । ਮੁਹੰਮਦ ਦਾ ਲੇਖਾ ਵੇਖੇ ਉਤੇ ਫ਼ਰਦ, ਚੌਦਾਂ ਤਬਕਾਂ ਬਾਹਰ ਖੋਜ ਖੁਜਾਈਆ । ਕਲਜੁਗ ਕੂੜੀ ਕਿਰਿਆ ਮੇਟੇ ਅੰਧੇਰ ਗਰਦ, ਗਦਾਗਰ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਖੇਲ ਕਰਨਾ ਜਲ ਥਲ, ਅਵਤਾਰ ਪੈਗ਼ੰਬਰ ਗੁਰ ਮਹੀਅਲ ਵੇਖਣ ਧਿਆਨ ਲਗਾਈਆ । ਦੀਨ ਦੁਨੀ ਜਾਏ ਹੱਲ, ਜਗਤ ਜਹਾਨ ਜਾਏ ਕੁਰਲਾਈਆ । ਜਿਨ੍ਹਾਂ ਢੋਰਾਂ ਲਾਹੀ ਖੱਲ, ਤਿਨ੍ਹਾਂ ਦੇਵੇ ਅੰਤ ਸਜ਼ਾਈਆ । ਜਿਨ੍ਹਾਂ ਕੀਤਾ ਕਪਟ ਛਲ, ਤਿਨ੍ਹਾਂ ਰਾਏ ਧਰਮ ਹੱਥ ਫੜਾਈਆ । ਜਿਹੜੇ ਕਲ ਕਾਤੀ ਬਣੇ ਕਲ, ਕਲਮਾ ਗਏ ਭੁਲਾਈਆ । ਦੂਈ ਦਵੈਤੀ ਲੱਗਾ

ਸਲ, ਹਉਮੇ ਰੋਗ ਲਗਾਈਆ । ਤਿਨ੍ਹਾਂ ਚੈਨ ਮਿਲੇ ਨਾ ਪਲ, ਪਲਕ ਦੇ ਪਿਛੇ ਮਿਲੇ ਮੇਲ ਨਾ ਮਾਹੀਆ । ਉਹ ਕਲਜੁਗ ਕੂੜੀ ਕਿਰਿਆ ਵਿਚ ਫਸੇ ਦਲਦਲ, ਦਲ ਦਲਿਦ੍ਰਾਂ ਬਾਹਰ ਨਾ ਕੋਇ ਕਢਾਈਆ । ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ ਧਾਰ ਅੰਤਮ ਆਵੇ ਚਲ, ਜੋਤੀ ਜਾਤਾ ਆਪਣਾ ਵੇਸ ਵਟਾਈਆ । ਜਿਹੜੀ ਧਾਰ ਵਖਾਈ ਬਲ, ਬਲਹੀਣ ਕਰੇ ਲੋਕਾਈਆ । ਕਰਨੀ ਦਾ ਸਭ ਨੂੰ ਦੇਵੇ ਫਲ, ਚੁਰਾਸੀ ਅੰਤਰ ਖੋਜ ਖੁਜਾਈਆ । ਜੋ ਆਤਮ ਪਰਮਾਤਮ ਧਾਰ ਗਏ ਰਲ, ਤਿਨ੍ਹਾਂ ਮੇਲਾ ਮੇਲੇ ਸਹਿਜ ਸੁਭਾਈਆ । ਬਾਹਰ ਕਢੇ ਕਾਇਆ ਅੰਧੇਰੀ ਡੱਲ, ਡੂੰਘੀ ਭਵਰੀ ਨਾ ਕੋਇ ਭਵਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰ ਦੇਵਤ ਸ਼ਬਦ ਦੀ ਧਾਰ ਇਕ ਰੂਪ ਸਾਰੇ ਜਾਣ ਰਲ, ਵੱਖਰਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਣਹਾਰਾ ਧਾਮ ਅਟਲ, ਨਿਹਚਲ ਆਪਣਾ ਘਰ ਸੁਹਾਈਆ ।

### ✪ ੨੨ ਮੱਘਰ ਸ਼ਹਿਨਸ਼ਾਹੀ ਸੰਮਤ ੬ ਨਛੱਤਰ ਸਿੰਘ ਦੇ ਗ੍ਰਿਹਿ ਫ਼ਰੀਦਕੋਟ ਸ਼ਹਿਰ ✪

ਸਤਿਗੁਰ ਸ਼ਬਦ ਕਹੇ ਖੇਲ ਕਰੇ ਸੂਰਾ ਸਰਬੰਗਾ, ਅਵਤਾਰ ਪੈਗ਼ੰਬਰ ਗੁਰ ਲੈਣੀ ਅੰਗੜਾਈਆ । ਕਲਜੁਗ ਕੂੜੀ ਕਿਰਿਆ ਮੇਟੇ ਦੰਗਾ, ਦੀਨ ਮਜ਼੍ਹਬ ਦਾ ਝਗੜਾ ਦਏ ਮੁਕਾਈਆ । ਆਤਮ ਪਰਮਾਤਮ ਬਖ਼ਸ਼ੇ ਸਚ ਅਨੰਦਾ, ਪਾਰਬ੍ਰਹਮ ਬ੍ਰਹਮ ਪੜਦਾ ਆਪ ਉਠਾਈਆ । ਧੁਨ ਸ਼ਬਦ ਨਾਦ ਸੁਣਾਏ ਸਚ ਮਰਦੰਗਾ, ਅਨਹਦ ਨਾਦੀ ਆਪ ਵਜਾਈਆ । ਅੰਮ੍ਰਿਤ ਰਸ ਧਾਰ ਨਿਝਰ ਦੇਵੇ ਲੇਖਾ ਰਹੇ ਨਾ ਜਲਧਾਰ ਗੰਗਾ, ਗੋਦਾਵਰੀ ਜਮਨਾ ਸੁਰਸਤੀ ਪੈਂਡਾ ਦਏ ਮੁਕਾਈਆ । ਜਗਤ ਜਹਾਨ ਜੀਵ ਮਨ ਵਿਕਾਰ ਰਹੇ ਨਾ ਮੰਦਾ, ਦੁਰਮਤ ਮੈਲ ਅੰਤਰ ਨਿਰੰਤਰ ਕਰੇ ਸਫ਼ਾਈਆ । ਸਦੀ ਚੌਧਵੀਂ ਅੰਤਮ ਵੇਖੇ ਕੰਢਾ, ਮੁਹੰਮਦ ਆਸਾ ਨਾਲ ਮਿਲਾਈਆ । ਭੇਵ ਖੁਲ੍ਹਾਏ ਬ੍ਰਹਿਮੰਡਾਂ ਖੰਡਾਂ, ਪੁਰੀਆਂ ਲੋਆਂ ਪੜਦਾ ਲਾਹੀਆ । ਹੱਥ ਫੜ ਸਤਿ ਸਤਿਵਾਦੀ ਸੱਤ ਰੰਗ ਦਾ ਡੰਡਾ, ਡੰਡਾਵਤ ਬੰਦਨਾ ਸਭ ਦੀ ਦਏ ਬਦਲਾਈਆ । ਮਾਨਵ ਰਹਿਣ ਦੇਵੇ ਕੋਇ ਨਾ ਗੰਦਾ, ਬੰਦਗੀ ਇਕੋ ਇਕ ਦਏ ਜਣਾਈਆ । ਨਿਸ਼ਾਨ ਮੇਟ ਕੇ ਤਾਰਾ ਚੰਦਾ, ਸੂਰੀਆ ਸਤਿ ਪ੍ਰਕਾਸ਼ ਦਏ ਵਖਾਈਆ । ਭੁੱਲਿਆ ਰਹੇ ਕੋਇ ਨਾ ਬੰਦਾ, ਬੰਧਨ ਸ਼ਰਅ ਦਏ ਤੁੜਾਈਆ । ਸੁਰਤ ਸ਼ਬਦ ਕਰਕੇ ਸੰਗਾ, ਸਗਲਾ ਸਾਥੀ ਹੋਏ ਸਹਾਈਆ । ਭਗਤ ਸੁਹੇਲੇ ਲਾਏ ਅੰਗਾ, ਅੰਗੀਕਾਰ ਇਕ ਹੋ ਜਾਈਆ । ਗੁਰਮੁਖਾਂ ਸੀਸ ਰਹੇ ਨਾ ਨੰਗਾ, ਓਢਣ ਆਪਣਾ ਨਾਮ ਟਿਕਾਈਆ । ਦੀਨ ਦਿਆਲ ਬਣ ਬਖ਼ਸ਼ੰਦਾ, ਪਤਿਤ ਪਾਪੀ ਲਏ ਤਰਾਈਆ । ਕਲਜੁਗ ਪੰਧ ਰਹਿਣ ਨਾ ਦੇਵੇ ਲੰਬਾ, ਸ਼ਬਦ ਗੁਰੂ ਗੁਰਦੇਵ ਸਵਾਮੀ ਸ਼ਹਾਦਤ ਇਕ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਅਗੰਮ ਅਥਾਹੀਆ । ਸਤਿਗੁਰ ਸ਼ਬਦ ਕਹੇ ਪ੍ਰਭੂ ਨਾਮ ਕਲਮਾ ਏਕਾ ਦੱਸਣਾ ਕਾਇਨਾਤ, ਅਵਤਾਰ ਪੈਗ਼ੰਬਰ ਗੁਰੂ ਵੇਖਣਾ ਧਿਆਨ ਲਗਾਈਆ । ਝਗੜਾ ਮੇਟਣਾ ਜ਼ਾਤ ਪਾਤ, ਦੀਨ ਮਜ਼੍ਹਬ ਨਾ ਕੋਇ ਵਡਿਆਈਆ । ਮਾਰਗ ਇਕੋ ਦੱਸਣਾ ਪਰਮ ਪੁਰਖ ਅਬਿਨਾਸ਼, ਪਰਵਰਦਿਗਾਰ ਸਾਂਝਾ ਯਾਰ ਦਇਆ ਕਮਾਈਆ । ਛੁਰੀ ਸ਼ਰਅ ਕਰੇ ਕਿਸੇ ਨਾ ਘਾਤ, ਕਾਤਲ ਮਕਤੂਲ ਦਾ ਝਗੜਾ ਦਏ ਚੁਕਾਈਆ ।

ਸਦੀ ਚੌਧਵੀਂ ਮੇਟ ਅੰਧੇਰੀ ਰਾਤ, ਕਲਜੁਗ ਕੂੜੀ ਕਿਰਿਆ ਦਏ ਗਵਾਈਆ । ਸਤਿਜੁਗ ਸਚ ਬਖ਼ਸ਼ ਕੇ ਦਾਤ, ਵਸਤ ਅਮੋਲਕ ਝੋਲੀ ਪਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥ, ਪਰਮਾਤਮ ਆਤਮ ਕਰੇ ਪੜ੍ਹਾਈਆ । ਚਾਰ ਜੁਗ ਦਾ ਪੂਰਾ ਕਰੇ ਭਵਿਖਤ ਵਾਕ, ਜੋ ਅਵਤਾਰ ਪੈਗ਼ੰਬਰ ਗੁਰ ਸੰਦੇਸ਼ਿਆਂ ਵਿਚ ਗਏ ਜਣਾਈਆ । ਸਭ ਦਾ ਬੰਦ ਕਿਵਾੜੀ ਖੋਲ੍ਹ ਕੇ ਤਾਕ, ਪਰਦਾ ਅੰਦਰੋਂ ਦਏ ਚੁਕਾਈਆ । ਮਾਨਵ ਮਾਨਵ ਮਾਨਸ ਸਭ ਦਾ ਕਰ ਇਤਫ਼ਾਕ, ਨਿਫ਼ਾਕ ਦਾ ਦੇਵੇ ਡੇਰਾ ਢਾਹੀਆ । ਈਸਾ ਕਹੇ ਮੇਰੀ ਦਰੋਹੀ ਮੇਰਾ ਉਮਤ ਨਾਲ ਹੋਵੇ ਤਲਾਕ, ਮੁਹੰਮਦ ਵਾਸਤਾ ਰਿਹਾ ਪਾਈਆ । ਮੇਰਾ ਕੂਕ ਪੁਕਾਰੇ ਕਲਾਕ, ਟਕ ਟਕ ਆਵਾਜ਼ ਸੁਣਾਈਆ । ਚਾਰ ਜੁਗ ਦੀ ਸ਼ਰਅ ਰਹਿਣੀ ਨਹੀਂ ਵਿਚ ਕਿਤਾਬ, ਕੁਤਬਖ਼ਾਨੇ ਰੋਵਣ ਮਾਰਨ ਧਾਈਆ । ਪਰਵਰਦਿਗਾਰ ਸਾਂਝੇ ਯਾਰ ਮਹਿਬੂਬ ਤੇਰੇ ਅੱਗੇ ਇਕ ਅਦਾਬ, ਕਦਮਾਂ ਵਿਚ ਸੀਸ ਝੁਕਾਈਆ । ਜਗਤ ਹੁਜਰਾ ਰਹੇ ਨਾ ਕੋਇ ਮਹਿਰਾਬ, ਕਾਅਬਿਆਂ ਪਏ ਦੁਹਾਈਆ । ਝਗੜਾ ਛਿੜਨਾ ਵਿਚ ਬਗ਼ਦਾਦ, ਬਗ਼ਲਗੀਰ ਸੱਜਣ ਸੰਗ ਰਖਾਈਆ । ਧੁਰ ਕਲਮੇ ਦੀ ਸੁਣੇ ਨਾ ਕੋਇ ਆਵਾਜ਼, ਪੈਗ਼ਾਮ ਜਾਣੇ ਨਾ ਕੋਇ ਹੱਕ ਇਲਾਹੀਆ । ਸਦੀ ਚੌਧਵੀਂ ਚੌਦਾਂ ਤਬਕਾਂ ਖੋਲ੍ਹਣਾ ਰਾਜ਼, ਰਾਜ਼ਕ ਰਹੀਮ ਬੇਪਰਵਾਹੀਆ । ਅਵਤਾਰ ਪੈਗ਼ੰਬਰ ਗੁਰੂ ਜਾਣਾ ਜਾਗ, ਸਚਖੰਡ ਜੋਤ ਜੋਤ ਵਿਚੋਂ ਪਰਗਟਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਹੁਕਮੇ ਅੰਦਰ ਲੱਗਣੀ ਆਗ, ਪ੍ਰਭ ਕਾ ਭਾਣਾ ਮੇਟ ਸਕੇ ਕੋਇ ਨਾ ਰਾਈਆ । ਦੀਨ ਦੁਨੀ ਦਾ ਬੁਝਣਾ ਚਰਾਗ਼, ਦੀਵਾ ਗੁਲ ਹੋਏ ਲੋਕਾਈਆ । ਪੇਸ਼ੀਨਗੋਈਆਂ ਦਾ ਪੂਰਾ ਕਰੇ ਖ਼ੁਆਬ, ਖ਼ੁਆਜਾ ਖਿਜਰ ਵੇਖੇ ਨੈਣ ਉਠਾਈਆ । ਨੇਤਰ ਖੋਲ੍ਹੇ ਆਫ਼ਤਾਬ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਪ੍ਰਭ ਕਰਨਾ ਖੇਲ ਅਗੰਮ, ਅਵਤਾਰ ਪੈਗ਼ੰਬਰ ਅਗੰਮੜੀ ਕਾਰ ਕਮਾਈਆ । ਹਰਖ਼ ਸੋਗ ਰਹੇ ਨਾ ਗ਼ਮ, ਚਿੰਤਾ ਜਗਤ ਨਾ ਕੋਇ ਜਣਾਈਆ । ਝਗੜਾ ਮੇਟਣਾ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਪਵਣ ਸਵਾਮੀ ਤਕਣਾ ਦਮ, ਕਵਣ ਸਾਹ ਸਾਹ ਧਿਆਈਆ । ਵੈਰਾਗੀ ਹੋ ਕੇ ਕਵਣ ਰੋਵੇ ਛੰਮ ਛੰਮ, ਨੀਰ ਸੀਰ ਵਹਾਈਆ । ਕਵਣ ਬੇੜਾ ਰਿਹਾ ਬੰਨ੍ਹ, ਇਸ਼ਟ ਦੇਵ ਇਕ ਮਨਾਈਆ । ਕਵਣ ਕਹੇ ਧੰਨ ਧੰਨ, ਧੰਨ ਤੇਰੀ ਬੇਪਰਵਾਹੀਆ । ਕਵਣ ਲੇਖਾ ਜਾਣੇ ਧੁਰ ਦਾ ਕੰਨ, ਸਰਵਣ ਸੰਗ ਰਲਾਈਆ । ਕਵਣ ਭਟਕੇ ਵਿਚ ਮਨ, ਦਹਿ ਦਿਸ਼ਾ ਉਠ ਉਠ ਧਾਈਆ । ਕਵਣ ਤੜਫੇ ਆਸਾ ਤ੍ਰਿਸ਼ਨਾ ਤਮ, ਹਉਮੇ ਹੰਗਤਾ ਨਾਲ ਹਲਕਾਈਆ । ਲੇਖਾ ਮੰਗੇ ਸ੍ਰੀ ਭਗਵਨ, ਚੁਰਾਸੀ ਫੋਲੇ ਚਾਈਂ ਚਾਈਂਆ । ਅਵਤਾਰ ਪੈਗ਼ੰਬਰ ਗੁਰੂ ਅਗਲੀ ਸਮਝੋ ਗੱਲ, ਭੇਵ ਅਭੇਦਾ ਦਏ ਖੁਲ੍ਹਾਈਆ । ਜਿਸ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੁਹਾਡੇ ਨਾਲ ਕੀਤਾ ਛਲ, ਵਲ ਛਲਧਾਰੀ ਹੋ ਕੇ ਆਪਣਾ ਹੁਕਮ ਮਨਾਈਆ । ਕੀ ਸੰਦੇਸ਼ਾ ਦੇ ਕੇ ਗਿਆ ਬਾਵਨ ਬਲ, ਕਲਜੁਗ ਅੰਤਮ ਪੜਦਾ ਲਾਹੀਆ । ਪਰਗਟ ਹੋਵੇ ਸ਼ਾਹ ਸੁਲਤਾਨ (ਬਖ਼ਸ਼ੰਦ), ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਨੂਰ ਅਲਾਹੀਆ । ਜਿਸ ਨੇ ਸਤਿਜੁਗ ਸਚ ਚੜ੍ਹਾਉਣਾ ਚੰਦ, ਨੂਰ ਨੂਰ ਕਰੇ ਰੁਸ਼ਨਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਕਰੇ ਖੇਲ ਵਿਚ (ਬ੍ਰਹਿਮੰਡ, ਜਗਤ ਜਹਾਨ) ਜਹਾਲਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਤ ਭਗੌਤੀ ਭਗਤ ਭਾਗ ਆਪਣਾ ਇਕ ਸਮਝਾਈਆ ।



੮੯੭
੨੨

## ੨੨ ਮੱਘਰ ਸ਼ਹਿਨਸ਼ਾਹੀ ਸੰਮਤ ੬ ਰਣਜੀਤ ਸਿੰਘ ਦੇ ਘਰ ਫ਼ਰੀਦਕੋਟ ਸ਼ਹਿਰ

ਸਤਿਗੁਰ ਸ਼ਬਦ ਕਹੇ ਪ੍ਰਭ ਉਠਾਇਆ ਨਾਮ ਖੰਡਾ, ਗੁਰ ਅਵਤਾਰ ਪੈਗ਼ੰਬਰ ਤੀਰ ਤਰਕਸ਼ ਕੰਧ ਨਾ ਕੋਇ ਉਠਾਈਆ । ਪਾਵੇ ਸਾਰ ਵਿਚ ਬ੍ਰਹਿਮੰਡਾ, ਲੋਕ ਪਰਲੋਕ ਵੇਖੇ ਥਾਉਂ ਥਾਈਂਆ । ਲਹਿਣਾ ਦੇਣਾ ਪੂਰਾ ਕਰੇ ਜੇਰਜ ਅੰਡਾ, ਉਤਭੁਜ ਸੇਤਜ ਲੇਖਾ ਦਏ ਮੁਕਾਈਆ । ਸਤਿਜੁਗ ਸਾਚਾ ਸਤਿ ਧਰਮ ਦਏ ਅਨੰਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਕਲਜੁਗ ਕੂੜ ਕੁਕਰਮ ਰਹਿਣ ਨਾ ਦੇਵੇ ਗੰਦਾ, ਤ੍ਰਿਸ਼ਨਾ ਮੋਹ ਵਿਕਾਰ ਹੰਕਾਰ ਲੇਖਾ ਦਏ ਚੁਕਾਈਆ । ਅੰਮ੍ਰਿਤ ਰਸ ਨਿਝਰ ਧਾਰ ਪਿਆਏ ਅਗੰਮੀ ਗੰਗਾ, ਗਹਿਰ ਗੰਭੀਰ ਇਕ ਜਾਮ ਪਿਆਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਦਾ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਪਿਛਲਾ ਲੇਖਾ ਪਿਛੇ ਸਭ ਦਾ ਲੰਘਾ, ਅਵਤਾਰ ਪੈਗ਼ੰਬਰ ਗੁਰ ਅੱਗੇ ਪ੍ਰਭ ਆਪਣਾ ਹੁਕਮ ਵਰਤਾਈਆ । ਦੀਨ ਮਜ਼੍ਹਬ ਦਾ ਝਗੜਾ ਕਰੇ ਕੋਇ ਨਾ ਬੰਦਾ, ਜ਼ਾਤ ਪਾਤ ਨਾ ਦਏ ਦੁਹਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਦੇ ਹੋਵੇ ਸੰਗਾ, ਸਗਲਾ ਸੰਗ ਬਣਾਈਆ । ਪਰਦਾ ਲਾਹ ਕੇ ਬ੍ਰਹਮ ਹੰਗਾ, ਗ੍ਰਹਿ ਮੰਦਰ ਇਕ ਸੁਹਾਈਆ । ਪ੍ਰਕਾਸ਼ ਦੇਵੇ ਬਿਨਾ ਸੂਰੀਆ ਚੰਦਾ, ਜੋਤ ਨੂਰ ਡਗਮਗਾਈਆ । ਸਚ ਦਵਾਰ ਦੱਸ ਕੇ ਠੰਡਾ, ਅਗਨੀ ਤਤ ਦਏ ਬੁਝਾਈਆ । ਜਿਸ ਦਾ ਭੇਵ ਪਾਏ ਕੋਇ ਨਾ ਪੰਡਾ, ਸ਼ਾਸਤਰ ਸਿਫ਼ਤ ਨਾ ਕੋਇ ਸਾਲਾਹੀਆ । ਉਹ ਖੇਲ ਕਰੇ ਸੂਰਾ ਸਰਬੰਗਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਨਾਮ ਜਗਤ ਜਹਾਨ ਵਜਾਏ ਮਰਦੰਗਾ, ਨਵ ਸੱਤ ਹਰ ਘਟ ਕਰੇ ਨਾਦ ਸ਼ਨਵਾਈਆ ।



## ੨੨ ਮੱਘਰ ਸ਼ਹਿਨਸ਼ਾਹੀ ਸੰਮਤ ੬ ਕਿਰਪਾਲ ਸਿੰਘ ਦੇ ਘਰ ਪਿੰਡ ਗੋਲੇਵਾਲ ਜ਼ਿਲਾ ਬਠਿੰਡਾ

ਸਤਿਗੁਰ ਸ਼ਬਦ ਕਹੇ ਧੁਰ ਖੇਲ ਇਲਲਿੱਲਾ ਬਿਸਮਿੱਲਾ, ਬਿਸਮਿਲ ਰੂਪ ਸੁਣਾਈਆ । ਨਸੀਰ ਫ਼ਕੀਰ ਰਹਿੰਦਾ ਸੀ ਨੇਤਰ ਬਿੱਲਾ, ਅੱਖੀਆਂ ਅੱਖੀਆਂ ਨਾਲ ਵਟਾਈਆ । ਚਾਲੀਸਾ ਕਢਦਾ ਸੀ ਸਦਾ ਚਿਲ੍ਹਾ, ਸ਼ਿਲਾ ਜਗਤ ਵਾਲਾ ਵਖਾਈਆ । ਨੌ ਹੱਥ ਉਚਾ ਹੁੰਦਾ ਸੀ ਟਿੱਲਾ, ਬਾਲੂ ਰੇਤ ਨਾਲ ਤਪਾਈਆ । ਥੱਲਿਉਂ ਆਸਣ ਰੱਖਦਾ ਸੀ ਸਿਲ੍ਹਾ, ਜਲ ਇੱਕੀ ਸੇਰ ਸੁਟਾਈਆ । ਸਾਢੇ ਤਿੰਨ ਹੱਥ ਦੀ ਉਠਾਈ ਫਿਰਦਾ ਸੀ ਸਿਲਾ, ਬਿਸਤਰ ਬਿਸਤਰ ਨਾਲ ਵਡਿਆਈਆ । ਜਿਸ ਵੇਲੇ ਗੋਬਿੰਦ ਆਇਆ ਸ਼ਬਦੀ ਧਾਰ ਉਸ ਨੂੰ ਮਿਲਾ, ਨਿਉਂ ਨਿਉਂ ਸੀਸ ਨਿਵਾਈਆ । ਹੱਥ ਲਾ ਕੇ ਗੋਬਿੰਦ ਚਿੱਲਾ, ਨਿਗਹ ਅਸਮਾਨ ਵੱਲ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਧੁਰਦਰਗਾਹੀਆ । ਸਤਿਗੁਰ ਸ਼ਬਦ ਕਹੇ ਖੇਲ ਅਗੰਮ ਨਿਆਰਾ, ਫ਼ੱਕਰ ਹੱਕ ਆਵਾਜ਼ ਉਠਾਈਆ । ਗੋਬਿੰਦ ਜ਼ਿਮੀਂ ਵੱਲ ਕੀਤਾ ਇਸ਼ਾਰਾ, ਤੀਰ ਮੁਖੀ ਨਾਲ ਦਬਾਈਆ । ਫੇਰ ਨੇਤਰ ਨੈਣ ਉਘਾੜਾ, ਅਰਸ਼ਾਂ ਤੱਕਿਆ ਚਾਈਂ ਚਾਈਂਆ । ਫੇਰ ਕੂਕ ਕੇ ਮਾਰਿਆ ਨਾਅਰਾ, ਤੂੰ ਹੀ ਤੂੰ ਹੀ ਰਾਗ ਅਲਾਈਆ । ਤੇਰਾ ਖੇਲ ਸੱਚੀ ਸਰਕਾਰਾ, ਅਲਖ ਅਗੋਚਰ ਬੇਪਰਵਾਹੀਆ । ਫ਼ਕੀਰ ਨਿਉਂ ਕੇ ਕਰੀ ਨਿਮਸਕਾਰਾ, ਚਰਨ

ਢਹਿ ਕੇ ਆਪਣਾ ਆਪ ਮਿਟਾਈਆ । ਦੁਹੱਥੜ ਮਾਰ ਕੇ ਪਿਟਿਆ ਬਹੁੜੀ ਤੇਰਾ ਹਾੜਾ, ਹੌਕੇ ਵਿਚ ਸੁਣਾਈਆ । ਗੋਬਿੰਦ ਰੂਪ ਦਰਸਾਇਆ ਉਹ ਵੇਖ ਅਗੰਮੀ ਲਾੜਾ, ਜਿਸ ਦਾ ਨੂਰ ਨਜ਼ਰ ਕਿਸੇ ਨਾ ਆਈਆ । ਜਿਸ ਦਾ ਹੁਕਮ ਜੰਗਲ ਜੂਹ ਉਜਾੜ ਪਹਾੜਾ, ਟਿੱਲੇ ਪਰਬਤ ਫਿਰੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਫ਼ਕੀਰ ਕਿਹਾ ਮੇਰਾ ਸੱਯਦਾ, ਸਦ ਸਦ ਨਿਮਸਕਾਰਿਆ । ਮੈਂ ਪਰਵਰਦਿਗਾਰ ਦਾ ਬਰਦਾ, ਬੰਦਾ ਬਾਹਰੋਂ ਨਜ਼ਰੀ ਆਈਆ । ਤੂੰ ਖੇਲ ਵਖਾਇਆ ਗੋਬਿੰਦ ਮੇਰੇ ਘਰ ਦਾ, ਟਿੱਲੇ ਪਰਬਤ ਉਪਰ ਸੋਭਾ ਪਾਈਆ । ਗੋਬਿੰਦ ਝਟ ਕੰਨੋਂ ਉਸ ਨੂੰ ਫੜਦਾ, ਚਾਰੋਂ ਕੁੰਟ ਦਿਤਾ ਭਵਾਈਆ । ਉਠ ਵੇਖ ਲਹਿੰਦਾ ਚੜ੍ਹਦਾ, ਕਾਅਬੇ ਪਰੇ ਅੱਖ ਖੁਲ੍ਹਾਈਆ । ਪਰਦਾ ਲਾਹਿਆ ਪਰਵਰਦਿਗਾਰ ਦਾ, ਸਾਂਝਾ ਯਾਰ ਦਿਤਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਗੋਬਿੰਦ ਕਿਹਾ ਵੇਖ ਫ਼ੱਕਰ, ਫ਼ਾਕਿਆਂ ਤੋਂ ਬਿਨਾ ਦਿਆਂ ਜਣਾਈਆ । ਚੌਦਾਂ ਤਬਕ ਤੋਂ ਪਰੇ ਮੇਰਾ ਚੱਕਰ, ਮੁਹੰਮਦ ਬੈਠਾ ਧਿਆਨ ਲਗਾਈਆ । ਜਿਸ ਦੀ ਧਾਰ ਹੋਣੀ ਟੱਕਰ, ਝਗੜਾ ਖ਼ਲਕ ਖ਼ੁਦਾਈਆ । ਫ਼ਕੀਰ ਨੇ ਕਿਹਾ ਗੋਬਿੰਦ ਮੈਨੂੰ ਖਵਾ ਦੇ ਗੁੜ ਸ਼ੱਕਰ, ਸਗਨ ਮੁਖ ਲਗਾਈਆ । ਗੋਬਿੰਦ ਨੇ ਉਤੇ ਪ੍ਰੇਮ ਦਾ ਛਿੜਕਿਆ ਅਤਰ, ਮਹਿਕ ਦਿਤੀ ਮਹਿਕਾਈਆ । ਉਹਦੀ ਚੋਲੀ ਦੀ ਕਟ ਕੇ ਕਤਰ, ਖੰਡੇ ਨਾਲ ਆਪਣੇ ਚਰਨਾਂ ਹੇਠ ਦਬਾਈਆ । ਫੇਰ ਲਿਖ ਕੇ ਦਿੱਤਾ ਪੱਤਰ, ਫ਼ਰਮਾਨਾ ਧੁਰਦਰਗਾਹੀਆ । ਉਹ ਲਹਿਣਾ ਢਾਈ ਸਤਰ, ਵੱਧ ਘਟ ਨਾ ਕੋਇ ਜਣਾਈਆ । ਫੇਰ ਵਿੰਗੀ ਟੇਡੀ ਫੜ ਕੇ ਲੱਕੜ, ਜ਼ਿਮੀਂ ਵਿਚ ਦਿਤੀ ਦਬਾਈਆ । ਜਿਥੇ ਹੁੰਦੇ ਸੀ ਕਾਨੇ ਰੱਕੜ, ਫਲੀਭੂਤ ਦਿਤਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਗੋਬਿੰਦ ਕਿਹਾ ਓ ਵੇਖ ਫ਼ਕੀਰ ਅੱਲਾ, ਆਲਮੀਨ ਜਣਾਈਆ । ਗੋਬਿੰਦ ਫੜ ਕੇ ਪੱਲਾ, ਪੱਲੂ ਗਲ ਵਿਚ ਲਿਆ ਪਾਈਆ । ਗੋਬਿੰਦ ਨੇ ਸੱਜੇ ਚਰਨ ਦਾ ਵਖਾਇਆ ਤਲਾ, ਚਰਨ ਚਰਨ ਲਿਆ ਉਠਾਈਆ । ਜਿਥੇ ਪਰਵਰਦਿਗਾਰ ਵੇਖਿਆ ਇਕੱਲਾ, ਚਾਰੋਂ ਕੁੰਟ ਨਜ਼ਰੀ ਆਈਆ । ਫੇਰ ਕੂੜੀ ਕਿਰਿਆ ਵੇਖਿਆ ਹੱਲਾ, ਰੌਲਾ ਦਿਸਿਆ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਫ਼ਕੀਰ ਕਹੇ ਮੇਰੇ ਹੱਕ ਨਬੀ, ਗੋਬਿੰਦ ਤੇਰੀ ਸਰਨਾਈਆ । ਤੂੰ ਆਤਮ ਧਾਰ ਤਬੀ, ਤਬੀਅਤ ਮੇਰੀ ਦੇ ਬਦਲਾਈਆ । ਤੇਰੇ ਹੱਥ ਵਸ ਸਭੀ, ਖ਼ਾਲਕ ਮਖ਼ਲੂਕ ਤੇਰੀ ਚਤੁਰਾਈਆ । ਇਹ ਵੇਲਾ ਮਿਲਦਾ ਕਦੀ, ਜੁਗ ਚੌਕੜੀ ਹੱਥ ਕਿਸੇ ਨਾ ਆਈਆ । ਮੈਂ ਝੋਲੀ ਤੇਰੇ ਅੱਗੇ ਅੱਡੀ, ਖ਼ਾਲੀ ਰਿਹਾ ਡਾਹੀਆ । ਮੇਰਾ ਨਿਸ਼ਾਨਾ ਜਾਵੀਂ ਗੱਡੀ, ਮਿਹਰ ਨਜ਼ਰ ਉਠਾਈਆ । ਖਲੋਤਾ ਹੱਥ ਬੱਧੀ, ਸੱਯਦਾ ਸੀਸ ਝੁਕਾਈਆ । ਗੋਬਿੰਦ ਹੱਸ ਕੇ ਕਿਹਾ ਉਹ ਤਕ ਚੌਧਵੀਂ ਸਦੀ, ਤੇਰਾ ਸਦਮਾ ਰਿਹਾ ਨਾ ਰਾਈਆ । ਪਰਵਰਦਿਗਾਰ ਆਵੇ ਨੂਰ ਰੱਬੀ, ਨੂਰ ਨੁਰਾਨਾ ਵੇਸ ਵਟਾਈਆ । ਜਿਸ ਵੇਲੇ ਦੀਨ ਦੁਨੀ ਅੱਗ ਹੋਵੇ ਲੱਗੀ, ਆਬੇਹਯਾਤ ਨਾ ਕੋਇ ਪਿਆਈਆ । ਜਗਤ ਧਾਰ ਵਧੀ ਹੋਵੇ ਬਦੀ, ਧਰਮ ਦੀ ਧਾਰ ਨਾ ਕੋਇ ਵਖਾਈਆ । ਨਬੀਆਂ ਤੋਂ ਬਾਹਰ ਜਿਸ ਵੇਲੇ ਚੜ੍ਹਨੀ ਨੂਹ ਨਦੀ, ਲਹਿਰ ਲਹਿਰ ਨਾਲ ਟਕਰਾਈਆ । ਅਵਤਾਰ ਪੈਗੰਬਰ ਗੁਰੂਆਂ ਰਹਿਣੀ ਨਹੀਂ ਗੱਦੀ, ਗਦਾਗਰ ਹੋਵੇ ਲੋਕਾਈਆ । ਉਸ ਵੇਲੇ ਆਵੇ

੮੯੯ ੨੨

ਸਾਹਿਬ ਸੂਰਾ ਸਰਬੱਗੀ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਈਆ । ਫ਼ੱਕਰ ਕੋਲ ਚੜ੍ਹਦਿਉਂ ਆ ਗਿਆ ਬੈਰਾਗੀ, ਆਪਣਾ ਰੂਪ ਵਟਾਈਆ । ਗੋਬਿੰਦ ਵੇਖ ਕੇ ਸੋਈ ਸੁਰਤੀ ਜਾਗੀ, ਨੈਣ ਅੱਖ ਖੁਲ੍ਹਾਈਆ । ਮਨ ਰਿਹਾ ਮੂਲ ਨਾ ਗ਼ਾਜ਼ੀ, ਹਉਮੇ ਦਿਤੀ ਮਿਟਾਈਆ । ਅੰਤਰ ਅੰਤਰ ਰਿਹਾ ਅਰਾਧੀ, ਹਿਰਦੇ ਵਿਚ ਵਸਾਈਆ । ਸਾਹਿਬ ਗੋਬਿੰਦ ਮਾਰੀ ਆਵਾਜ਼ੀ, ਪਿਆਰ ਨਾਲ ਕੋਲ ਬਹਾਈਆ । ਕਿਧਰ ਚਲਿਆ ਪਾਂਧੀ, ਭੱਜਿਆ ਵਾਹੋ ਦਾਹੀਆ । ਓਧਰੋਂ ਚੜ੍ਹ ਕੇ ਲਹਿੰਦਿਉਂ ਆ ਗਈ ਆਂਧੀ, ਅੰਧੇਰਾ ਦਿਤਾ ਬਣਾਈਆ । ਫ਼ੱਕਰ ਨੇ ਤੁਕ ਗਾਈ ਵਾਹ ਵਾਹ ਦੀ, ਵਾਹਵਾ ਤੇਰੀ ਬੇਪਰਵਾਹੀਆ । ਖੇਲ ਖੇਲੀ ਸਚ ਮਲਾਹ ਦੀ, ਬੇੜੀ ਬੇੜੇ ਨਾਲ ਮਿਲਾਈਆ । ਉਥੇ ਲੋੜ ਰਹੀ ਨਾ ਕਿਸੇ ਗਵਾਹ ਦੀ, ਸ਼ਹਾਦਤ ਇਕ ਦੂਜੇ ਦੀ ਆਪ ਭੁਗਤਾਈਆ । ਓਧਰੋਂ ਬਛੜੀ ਆ ਗਈ ਗਾਂ ਦੀ, ਢਾਈ ਸਾਲ ਦੀ ਉਮਰ ਜਣਾਈਆ । ਓਧਰੋਂ ਡਾਰ ਆ ਗਈ ਕਾਂ ਦੀ, ਨੌਂ ਉਡ ਕੇ ਚਾਈਂ ਚਾਈਆ । ਓਧਰੋਂ ਆਵਾਜ਼ ਆ ਗਈ ਦੁਖੀ ਮਾਂ ਦੀ, ਹਾਵੇ ਪੁਤ ਵਿਚ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਪਰਗਟਾਈਆ । ਗੋਬਿੰਦ ਕਿਹਾ ਸੁਣ ਬੈਰਾਗੀ, ਵੈਰਾਗ ਦੇ ਸਮਝਾਈਆ । ਉਸ ਨੇ ਕਿਹਾ ਮੈਂ ਬੰਦਾ ਦਾਗ਼ੀ, ਅੰਦਰ ਹੋਈ ਨਾ ਕੋਇ ਸਫ਼ਾਈਆ । ਵਾਸਨਾ ਭਟਕੇ ਵਾਂਗ ਕਾਗੀ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਬੁਝਾਈਆ । ਨਾਦ ਸੁਣਿਆ ਨਾ ਕੋਇ ਅਨਾਦੀ, ਆਤਮਕ ਰਾਗ ਨਾ ਕੋਇ ਜਣਾਈਆ । ਮਨੂਆ ਹੋਇਆ ਬਾਗ਼ੀ, ਭੱਜੇ ਵਾਹੋ ਦਾਹੀਆ । ਤ੍ਰਿਸ਼ਨਾ ਗਈ ਨਾ ਸਾਧੀ, ਆਸਾ ਪੂਰ ਨਾ ਕੋਇ ਵਖਾਈਆ ।

੯੦੦
੨੨
ਤੇਰੇ ਅੱਗੇ ਵਡਿਆਈ ਕਾਹਦੀ, ਨਿਉਂ ਨਿਉਂ ਸੀਸ ਨਿਵਾਈਆ । ਫ਼ੱਕਰ ਨੇ ਕਿਹਾ ਇਹਦੇ ਕੋਲ ਦੌਲਤ ਸ਼ਹਿਨਸ਼ਾਹ ਦੀ, ਸ਼ਾਹ ਹੋ ਕੇ ਆਪ ਵਰਤਾਈਆ । ਇਹਦੀ ਧਾਰ ਅਗੰਮੇ ਮਲਾਹ ਦੀ, ਖੇਵਟ ਧੁਰ ਦਾ ਸੋਭਾ ਪਾਈਆ । ਸਾਡੀ ਘੜੀ ਦੋਹਾਂ ਦੇ ਦਾਅ ਦੀ, ਮਿਲ ਕੇ ਲਈਏ ਲਗਾਈਆ । ਦੋਹਾਂ ਦੀ ਆਵਾਜ਼ ਸਾਂਝੀ ਹੋਈ ਹਾਂ ਹਾਂ ਦੀ, ਹਾਂ ਹਾਂ ਵਿਚ ਮਿਲਾਈਆ । ਘੜੀ ਸੁਹੰਜਣੀ ਹੋਈ ਚਾਅ ਦੀ, ਗੋਬਿੰਦ ਮਿਲ ਕੇ ਖ਼ੁਸ਼ੀ ਬਣਾਈਆ । ਜਿਸ ਕਾਰਨ ਵਡਿਆਈ ਇਸ ਥਾਂ ਦੀ, ਪਰਦਾ ਦਈਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਗੋਬਿੰਦ ਕਿਹਾ ਵੈਰਾਗੀ ਤੇਰਾ ਮਰਨਾ ਹੋਣਾ ਜਗ, ਤਨ ਰਹਿਣ ਨਾ ਪਾਈਆ । ਫੇਰ ਲਵਾਂ ਸੱਦ, ਜਨਮ ਜਨਮ ਵਿਚੋਂ ਵਟਾਈਆ । ਮੇਲਾਂ ਮੇਲ ਨਾਲ ਸਮਰਥ, ਲਹਿਣਾ ਝੋਲੀ ਪਾਈਆ । ਫ਼ੱਕਰ ਏਥੇ ਰਹਿਣਾ ਵਸ, ਜਗਹ ਸਕੇ ਨਾ ਕੋਇ ਬਦਲਾਈਆ । ਜਿਸ ਵੇਲੇ ਆਏ ਸਾਹਿਬ ਅਕਥ, ਹਰਿ ਕਰਤਾ ਧੁਰਦਰਗਾਹੀਆ । ਦੋਹਾਂ ਦਾ ਸਾਂਝਾ ਬਣੇ ਸੱਥ, ਸੱਥਰ ਇਕ ਵਖਾਈਆ । ਜੇ ਮਨਜ਼ੂਰ ਉਠਾ ਲਉ ਹੱਥ, ਦੋਹਾਂ ਲਏ ਉਠਾਈਆ । ਚਰਨੀ ਡਿੱਗੇ ਢੱਠ, ਗੋਬਿੰਦ ਸੀਸ ਨਿਵਾਈਆ । ਸਾਹਿਬ ਕਿਹਾ ਹੱਸ, ਖ਼ੁਸ਼ੀ ਨਾਲ ਸਮਝਾਈਆ । ਬੈਰਾਗੀਆ ਤੂੰ ਫੇਰ ਏਥੇ ਜਾਣਾ ਵਸ, ਜਿਥੇ ਆਵੇ ਧੁਰਦਰਗਾਹੀਆ । ਮੇਰੇ ਤੀਰ ਦੀ ਮੁਖੀ ਤੇਰਾ ਧਰਮ ਨਿਸ਼ਾਨਾ ਜਾਵੇ ਗੱਡ, ਜਿਸ ਦੀ ਜੜ੍ਹ ਨਾ ਕੋਇ ਉਖੜਾਈਆ । ਭਾਗ ਲੱਗੇ ਕਾਇਆ ਮਾਟੀ ਹੱਡ, ਨਾੜੀ ਨਾੜੀ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਦਵਾਰ ਇਕ ਵਸਾਈਆ । ਗੋਬਿੰਦ ਕਿਹਾ ਪੁਰਖ ਅਕਾਲ ਦਇਆ ਕਮਾਵੇਗਾ । ਦੋਹਾਂ ਬੇਘਰਿਆਂ ਦਾ ਘਰ ਵਸਾਵੇਗਾ । ਵੈਰਾਗੀ

ਜਨਮ ਜਨਮ ਦਵਾਵੇਗਾ । ਕਿਰਪਾ ਕਰ ਕਿਰਪਾਲ ਪਰਗਟਾਵੇਗਾ । ਸਿਰ ਆਪਣਾ ਹੱਥ ਰਖਾਵੇਗਾ । ਸਮੇਂ ਅਨੁਸਾਰ ਪਿਛਲਾ ਲਹਿਣਾ ਝੋਲੀ ਪਾਵੇਗਾ । ਜਗਤ ਧਾਰ ਤੋਂ ਬਾਹਰ ਵੰਡ ਵੰਡਾਵੇਗਾ । ਪਰਗਟ ਹੋ ਸੂਰਾ ਸਰਬੰਗ, ਗੰਢ ਜਗਤ ਵਿਚ ਰਖਾਵੇਗਾ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਦ, ਆਤਮ ਪਰਮਾਤਮ ਰਾਗ ਦ੍ਰਿੜਾਵੇਗਾ । ਤੂੰ ਮੇਰੇ ਦਵਾਰ ਸੇਵਾ ਕਰਨੀ ਨਿਸ਼ੰਗ, ਸਚ ਸੋਹਣੀ ਬਣਤ ਬਣਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਵਰਤਾਵੇਗਾ । ਸਤਿਗੁਰ ਸ਼ਬਦ ਕਹੇ ਇਹ ਕਿੱਲਾ ਗੋਬਿੰਦ ਦੀ ਨਿਸ਼ਾਨੀ, ਜੋ ਸ਼ਬਦ ਧਾਰ ਜਣਾਈਆ । ਜਿਥੇ ਫ਼ੱਕਰ ਮਸੱਲਾ ਰੱਖਦਾ ਸੀ ਮੁਸਲਮਾਨੀ, ਸੱਯਦੇ ਵਿਚ ਸੀਸ ਝੁਕਾਈਆ । ਜਿਥੇ ਬੈਰਾਗੀ ਗੋਬਿੰਦ ਕਰਿਆ ਸੀ ਧਿਆਨੀ, ਚਰਨ ਕਵਲ ਸਰਨਾਈਆ । ਉਹ ਟਿੱਲੇ ਵਾਲੀ ਖੇਲ ਮਹਾਨੀ, ਜਗਤ ਸੋਭਾ ਪਾਈਆ । ਜਿਸ ਨੂੰ ਜਾਣੇ ਜਾਣ ਜਾਣੀ, ਜਾਨਣਹਾਰ ਧੁਰਦਰਗਾਹੀਆ । ਬਖ਼ਸ਼ੇ ਮਾਣ ਮਾਣ ਪ੍ਰਾਨੀ, ਪਾਰਬ੍ਰਹਮ ਪ੍ਰਭ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਕਿੱਲਾ ਕਹੇ ਮੈਨੂੰ ਏਥੇ ਦੇਣਾ ਗੱਡ, ਨਿਸ਼ਾਨੀ ਲਓ ਲਗਾਈਆ । ਗੋਬਿੰਦ ਵਸੇ ਸਦਾ ਸੰਗ, ਸਤਿਗੁਰ ਬੇਪਰਵਾਹੀਆ । ਅੱਗੇ ਚਾੜ੍ਹੇ ਸਾਚਾ ਰੰਗ, ਰੰਗਤ ਦਏ ਵਖਾਈਆ । ਮਾਣਸ ਜਨਮ ਨਾ ਹੋਵੇ ਭੰਗ, ਤਨ ਵਜੂਦ ਮਿਲੇ ਵਡਿਆਈਆ । ਮਨਸਾ ਪੂਰੀ ਕਰ ਕੇ ਮੰਗ, ਤ੍ਰਿਸਨਾ ਦਏ ਬੁਝਾਈਆ । ਚਾੜ੍ਹ ਕੇ ਨੂਰੀ ਚੰਦ, ਨੂਰ ਕਰੇ ਰੁਸ਼ਨਾਈਆ । ਫ਼ੱਕਰ ਕਹੇ ਮੈਂ ਬਣ ਜਾਣਾ ਹੁਣ ਮਲੰਗ, ਭੂਮਿਕਾ ਦੇਣੀ ਤਜਾਈਆ । ਮੈਂ ਏਥੋਂ ਭੱਜਣਾ ਗੁਰਮੁਖ ਦਵਾਰੇ ਜਾਣਾ ਜਿਥੇ ਚੌਦਸ ਨੂੰ ਬਣਨਾ ਨੂਰੀ ਚੰਦ, ਸਿਤਾਰ ਨਾਲ ਮਿਲਾਈਆ । ਫਿਰ ਮੈਨੂੰ ਪਵੇ ਠੰਡ, ਗੋਬਿੰਦ ਦਰਸ ਕਰਾਂ ਚਾਈਂ ਚਾਈਂਆ । ਉਸ ਤੋਂ ਬਾਦ ਦੀਨ ਦੁਨੀ ਦਾ ਵੇਖਾਂ ਜੰਗ, ਚੜ੍ਹਦਾ ਲਹਿੰਦਾ ਆਪਣਾ ਪੰਧ ਮੁਕਾਈਆ । ਮੇਰਾ ਸ਼ੁਕਰਾਨਾ ਗੋਬਿੰਦ ਦਾ ਵੇਖਿਆ ਚਿੱਲਾ ਤੀਰ ਕਮੰਦ, ਕਮਾਨ ਧਿਆਨ ਲਗਾਈਆ । ਇਹ ਪੁਰਾਣੀ ਵੰਡ, ਪਿਛਲੀ ਚਲੀ ਆਈਆ । ਅੱਗੇ ਸੋਹਣਾ ਬਣਿਆ ਸੰਗ, ਸਗਲਾ ਸੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੁਲਵੰਤ ਕੌਰ ਕੋਲੋਂ ਪਿਛਲੀ ਪਵਾਈ ਗੰਢ, ਜੋ ਕਿੱਲਾ ਲੈ ਕੇ ਆਈ ਕਿੱਲੇ ਤੋਂ ਕਿਲਾ ਗੁਰਮੁਖ ਦਏ ਬਣਾਈਆ ।

### ੨੨ ਮੱਘਰ ਸ਼ਹਿਨਸ਼ਾਹੀ ਸੰਮਤ ੬ ਭਾਨ ਸਿੰਘ ਦੇ ਘਰ ਪਿੰਡ ਗੋਲੇਵਾਲ ਜ਼ਿਲਾ ਬਠਿੰਡਾ

ਸਤਿਗੁਰ ਸ਼ਬਦ ਕਹੇ ਪ੍ਰਭ ਮੇਟਣਾ ਕੂੜ ਕੁਕਰਮ, ਕਲਕਾਤੀ ਕਲ ਰਹਿਣ ਨਾ ਪਾਈਆ । ਝਗੜਾ ਰਹਿਣ ਨਹੀਂ ਦੇਣਾ ਵਰਨ ਬਰਨ, ਇਕੋ ਰੰਗ ਦੇਣਾ ਰੰਗਾਈਆ । ਏਕੰਕਾਰ ਬਖਸ਼ਣੀ ਇਕੋ ਸਰਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੁਕ ਅਗੰਮੀ ਸਾਰੇ ਪੜ੍ਹਨ, ਆਤਮ ਪਰਮਾਤਮ ਰਾਗ ਅਲਾਈਆ । ਮੰਜ਼ਲ ਹੱਕ ਦੀ ਭਗਤ ਸੁਹੇਲੇ ਚੜ੍ਹਨ, ਪਾਂਧੀ ਆਪਣਾ ਪੰਧ ਰਖਾਈਆ । ਕੂੜ ਕੁਕਰਮ ਸਾਰੇ ਡਰਨ, ਸਿਰ ਸਕੇ ਨਾ ਕੋਇ ਉਠਾਈਆ । ਪੁਰਖ ਅਕਾਲਾ ਖੇਲ੍ਹੇ ਹਰਨ ਫਰਨ, ਹਰਿਜਨ ਨਿਜ ਨੇਤਰ ਅੱਖ ਖੁਲ੍ਹਾਈਆ । ਮਾਰਗ ਦੇਵੇ ਤਰਨੀ ਤਰਨ, ਤਾਰਨਹਾਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਕਰਨਹਾਰ ਪ੍ਰਭ ਰਘੁਰਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਆਪਣੀ

ਪਰਗਟਾਉਣੀ ਕਲਾ, ਅਕਲ ਕਲਧਾਰੀ ਖੇਲ ਖਿਲਾਈਆ । ਦੂਈ ਦਵੈਤ ਮੇਟਣਾ ਸੱਲਾ, ਨਾਤਾ ਮੁਹੱਬਤ ਵਿਚ ਜੁੜਾਈਆ । ਧਾਮ ਦੱਸਣਾ ਨਿਹਚਲ ਅਟੱਲਾ, ਇਕੋ ਇਸ਼ਟ ਦੇਣਾ ਵਖਾਈਆ । ਭਾਗ ਲਗਾ ਕੇ ਕਾਇਆ ਮਾਟੀ ਖੱਲਾ, ਖ਼ਾਲਕ ਖ਼ਲਕ ਦੇਣਾ ਉਠਾਈਆ । ਅੰਧੇਰਾ ਰਹਿਣ ਨਹੀਂ ਦੇਣਾ ਡੂੰਘੀ ਡੱਲਾ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਵਰਤਣਾ ਆਪਣਾ ਭਾਣਾ, ਅਵਤਾਰ ਪੈਗ਼ੰਬਰ ਗੁਰ ਸੰਗ ਵਖਾਈਆ । ਤਖ਼ਤੋਂ ਲਾਹ ਕੇ ਰਾਜਾ ਰਾਣਾ, ਤਖ਼ਤ ਨਿਵਾਸੀ ਵੇਖ ਵਖਾਈਆ । ਕਿਰਪਾ ਕਰੇ ਮਾਣ ਨਿਮਾਣਾ, ਨਿਮਾਣਿਆਂ ਹੋਏ ਸਹਾਈਆ । ਹਰ ਘਟ ਬਣ ਕੇ ਜਾਣੀ ਜਾਣਾ, ਪਰਦਾ ਓਹਲਾ ਦਏ ਉਠਾਈਆ । ਸੋਹੰ ਸੋ ਦਾ ਦੱਸ ਕੇ ਗਾਣਾ, ਗਹਿਰ ਗੰਭੀਰ ਮੇਲਾ ਮੇਲੇ ਸਹਿਜ ਸੁਭਾਈਆ । ਸੁਰਤ ਸ਼ਬਦ ਮਿਲਾ ਕੇ ਹਾਣੀ ਹਾਣਾ, ਸੇਜ ਸੁਹੰਜਣੀ ਇਕ ਸੁਹਾਈਆ । ਜੋਤੀ ਜੋਤ ਪਹਿਨ ਕੇ ਬਾਣਾ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਭਗਤ ਸੁਹੇਲੇ ਜਨ ਵੇਖੇ ਵਿਚ ਜਹਾਨਾ, ਜਹਾਲਤ ਵਿਚੋਂ ਬਾਹਰ ਕਢਾਈਆ । ਅੰਮ੍ਰਿਤ ਰਸ ਨਿਝਰ ਦੇਵੇ ਪੀਣਾ ਖਾਣਾ, ਤ੍ਰਿਸਨਾ ਤ੍ਰਿਖਾ ਕੂੜ ਬੁਝਾਈਆ । ਸਦੀ ਚੌਧਵੀਂ ਰਹਿਣ ਦੇਵੇ ਨਾ ਅੰਧੇਰੀ ਸ਼ਾਮਾ, ਸ਼ਮਾਂ ਨੂਰ ਜੋਤ ਕਰੇ ਰੁਸ਼ਨਾਈਆ । ਨਿਹਕਲੰਕ ਬਣ ਮਹਿਦੀ ਅਮਾਮਾ, ਕਲ ਆਪਣੀ ਕਲ ਵਖਾਈਆ । ਮਜ਼੍ਹਬ ਦਾ ਰਹੇ ਨਾ ਕੋਇ ਗ਼ੁਲਾਮਾ, ਸ਼ਰਅ ਜ਼ੰਜੀਰ ਦਏ ਤੁੜਾਈਆ । ਹੱਕ ਹੱਕ ਵਜਾ ਦਮਾਮਾ, ਦਾਮਨਗੀਰ ਹੋਏ ਸਹਾਈਆ । ਅੱਲਾ ਹੂ ਅੱਨਾ ਹੂ ਆਤਮ ਪਰਮਾਤਮ
੯੦੨ ਪਾਰਬ੍ਰਹਮ ਬ੍ਰਹਮ ਧਾਰ ਦੱਸ ਕੇ ਗਾਣਾ, ਕਲਾਮ ਕਲਮਾ ਇਕੋ ਇਕ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ੯੦੨
ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਹੋ ਕੇ ਭਾਗ ਹਿੱਸਾ ਸਭ ਦਾ ਵੇਖ ਵਖਾਈਆ ।
੨੨ ੨੨

### ੨੨ ਮੱਘਰ ਸ਼ਹਿਨਸ਼ਾਹੀ ਸੰਮਤ ੬ ਹਜ਼ੂਰਾ ਸਿੰਘ ਦੇ ਘਰ ਪਿੰਡ ਗੋਲੇਵਾਲ ਜ਼ਿਲਾ ਬਠਿੰਡਾ

ਸਤਿਗੁਰ ਸ਼ਬਦ ਕਹੇ ਪ੍ਰਭ ਮਾਲਕ ਇਕ ਸਵਾਮੀ, ਸਤਿ ਸਤਿਵਾਦੀ ਸੋਭਾ ਪਾਈਆ । ਆਦਿ ਜੁਗਾਦਿ ਦਾ ਬਾਨੀ, ਜੁਗ ਜੁਗ ਹੁਕਮ ਵਰਤਾਈਆ । ਪਾਤਸ਼ਾਹ ਲਾਸਾਨੀ, ਬੇਅੰਤ ਇਕ ਅਖਵਾਈਆ । ਕਲਮਾ ਦਏ ਪੈਗ਼ਾਮੀ, ਸੰਦੇਸਾ ਧੁਰਦਰਗਾਹੀਆ । ਮਿਟੇ ਅੰਧੇਰ ਸ਼ਾਮੀ, ਸ਼ਮਾਂ ਨੂਰ ਕਰ ਰੁਸ਼ਨਾਈਆ । ਵਿਰੋਲੇ ਅੱਠ ਸੱਠ ਪਾਣੀ, ਤੀਰਥ ਧਿਆਨ ਲਗਾਈਆ । ਝਗੜਾ ਮਿਟੇ ਖਾਣੀ, ਚਾਰੇ ਰੰਗ ਰੰਗਾਈਆ । ਮੰਜ਼ਲ ਦਏ ਰੁਹਾਨੀ, ਰੂਹ ਬੁਤ ਕਰੇ ਸਫ਼ਾਈਆ । ਬਖ਼ਸ਼ੇ ਪਦ ਨਿਰਬਾਣੀ, ਨਿਰਵੈਰ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਭੁਗਤਾਈਆ । ਸਤਿਗੁਰ ਸ਼ਬਦ ਕਹੇ ਗੰਭੀਰ ਗਹਿਰਾ, ਗਵਰ ਇਕ ਅਖਵਾਈਆ । ਜਗਤ ਜਹਾਨ ਵੇਖੇ ਬਹਿਰਾ, ਸੋਇਆ ਸਰਬ ਉਠਾਈਆ । ਪ੍ਰੇਮ ਦੀ ਬਖ਼ਸ਼ੇ ਲਹਿਰਾ, ਧਾਰ ਇਕ ਵਖਾਈਆ । ਕਲਜੁਗ ਮੇਟੇ ਕਹਿਰਾ, ਸਚ ਸੁਚ ਪ੍ਰਗਟਾਈਆ । ਨਗਰ ਵਸਾਏ ਸ਼ਹਿਰਾ, ਜਗਤ ਦਵਾਰ ਵੱਜੇ ਵਧਾਈਆ । ਮਾਇਆ ਮਮਤਾ ਗਵਾਏ ਜ਼ਹਿਰਾ, ਅੰਮ੍ਰਿਤ ਰਸ ਇਕ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਡੂੰਘਾ ਸਾਗਰ, ਸਿੰਧ ਧਾਰ ਵਹਾਈਆ । ਖੇਲ ਵੇਖੇ ਕਾਇਆ

ਗਾਗਰ, ਪਰਦਾ ਓਹਲਾ ਆਪ ਉਠਾਈਆ । ਚੁਰਾਸੀ ਬਣੇ ਸੌਦਾਗਰ, ਵਣਜ ਕਰੇ ਥਾਉਂ ਥਾਈਂਆ । ਪ੍ਰੇਮੀਆਂ ਦੇਵੇ ਆਦਰ, ਅਦਰਸ਼ ਇਕ ਪ੍ਰਗਟਾਈਆ । ਕਰਮ ਕਰੇ ਉਜਾਗਰ, ਦੁਰਮਤ ਮੈਲ ਧਵਾਈਆ । ਦੀਨ ਦੁਨੀ ਦੀ ਬਦਲੇ ਆਦਤ, ਮਮਤਾ ਮੋਹ ਚੁਕਾਈਆ । ਦੱਸੇ ਨਾਮ ਇਬਾਦਤ, ਕਲਮਾ ਇਕ ਪੜ੍ਹਾਈਆ । ਸਚ ਦੇਵੇ ਲਿਆਕਤ, ਮਨ ਕਾ ਮਣਕਾ ਆਪ ਭਵਾਈਆ । ਮੇਟ ਅੰਧੇਰੀ ਸ਼ਾਮਤ, ਚੰਦ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦੀ ਸਚ ਦੇਵੇ ਨਿਆਮਤ, ਨਿੰਮ ਵਿਖ ਰਹਿਣ ਕੋਇ ਨਾ ਪਾਈਆ ।

✪ ੨੨ ਮੱਘਰ ਸ਼ਹਿਨਸ਼ਾਹੀ ਸੰਮਤ ੬ ਨਿਹਾਲ ਕੌਰ ਦੇ ਗ੍ਰਹਿ ਪਿੰਡ ਗੋਲੇਵਾਲ ਜ਼ਿਲਾ ਬਠਿੰਡਾ ✪

ਜਨ ਭਗਤਾਂ ਹਰਿ ਆਪ ਮਾਈ ਬਾਪ, ਆਪ ਆਪਣੀ ਦਇਆ ਕਮਾਇੰਦਾ । ਅੰਤਰ ਮੇਟ ਅੰਧੇਰੀ ਰਾਤ, ਸਾਚਾ ਨੂਰੀ ਚੰਦ ਚਮਕਾਇੰਦਾ । ਭੇਵ ਖੁਲ੍ਹਾ ਕੇ ਆਪਣਾ ਆਪ, ਪੜਦਾ ਓਹਲਾ ਆਪ ਉਠਾਇੰਦਾ । ਮੇਟ ਮਿਟਾ ਕੇ ਤੀਨੋ ਤਾਪ, ਤ੍ਰੈਗੁਣ ਆਪਣਾ ਰੰਗ ਰੰਗਾਇੰਦਾ । ਆਤਮ ਪਰਮਾਤਮ ਬਣ ਕੇ ਸੱਜਣ ਸਾਕ, ਸਗਲਾ ਸੰਗ ਰਖਾਇੰਦਾ । ਬਜਰ ਕਪਾਟੀ ਖੋਲ੍ਹ ਕੇ ਤਾਕ, ਅੰਧ ਅੰਧੇਰਾ ਦੂਰ ਕਰਾਇੰਦਾ । ਜੁਗ ਜਨਮ ਦਾ ਪੂਰਾ ਕਰ ਭਵਿਖਤ ਵਾਕ, ਲੱਖ ਚੁਰਾਸੀ ਵਿਚੋਂ ਆਪ ਉਠਾਇੰਦਾ । ਪੁਰਖ ਅਕਾਲਾ ਬਣ ਕੇ ਸਾਥ, ਸੰਗੀ ਹੋ ਕੇ ਆਪਣਾ ਸੰਗ ਬਣਾਇੰਦਾ । ਜੋ ਲਹਿਣਾ ਦੇਣਾ ਦੱਸ ਕੇ ਗਿਆ ਤ੍ਰੈਲੋਕੀ ਨਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਦਾ ਪਰਦਾ ਆਪ ਉਠਾਇੰਦਾ । ਜਨ ਭਗਤਾਂ ਪ੍ਰਭ ਸਾਚਾ ਸੰਗੀ, ਸਗਲਾ ਸੰਗ ਨਿਭਾਈਆ । ਆਤਮ ਧਾਰ ਦੇਵੇ ਰੰਗੀ, ਰੰਗਤ ਇਕੋ ਇਕ ਚੜ੍ਹਾਈਆ । ਲੇਖਾ ਰਹਿਣ ਨਾ ਦੇਵੇ ਮੰਦੀ, ਵਡਭਾਗੀ ਭਾਗ ਬਣਾਈਆ । ਨੇਤਰ ਅੱਖ ਖੋਲ੍ਹ ਕੇ ਅੰਧੀ, ਲੋਚਨ ਇਕ ਕਰੇ ਰੁਸ਼ਨਾਈਆ । ਜੋਤ ਨੂਰ ਚਾੜ੍ਹ ਕੇ ਚੰਦ ਨੌ ਚੰਦੀ, ਸਤਿ ਸਰੂਪ ਦਏ ਵਖਾਈਆ । ਕਰਮ ਕਾਂਡ ਦੀ ਤੋੜ ਪਾਬੰਦੀ, ਪਰਾ ਪਸੰਤੀ ਮਧਮ ਬੈਖਰੀ ਆਪਣਾ ਘਰ ਦਰਸਾਈਆ । ਜੁਗ ਜੁਗ ਦੀ ਆਯੂ ਕਰ ਕੇ ਲੰਬੀ, ਜਨ ਭਗਤਾਂ ਦੇਵੇ ਮਾਣ ਵਡਿਆਈਆ । ਆਤਮ ਸੇਜ ਸੁਹਾ ਪਲੰਘੀ, ਸਿੰਘਾਸਣ ਆਸਣ ਇਕ ਰਖਾਈਆ । ਧਾਰ ਰਹਿਣ ਨਾ ਦੇਵੇ ਦੋਰੰਗੀ, ਦੁਤੀਆ ਭਾਉ ਮਿਟਾਈਆ । ਪੜਦਾ ਲਾਹ ਕੇ ਵਿਚ ਵਰਭੰਡੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਵਡਿਆਈਆ । ਜਨ ਭਗਤਾਂ ਪ੍ਰਭ ਬਖ਼ਸ਼ੇ ਜੋਤ, ਬਖ਼ਸ਼ਣਹਾਰਾ ਵੱਡੀ ਵਡਿਆਈਆ । ਮਨ ਬੁੱਧੀ ਦੀ ਮੇਟੇ ਸੋਚ, ਸਮਝ ਸਮਝ ਵਿਚੋਂ ਬਦਲਾਈਆ । ਪੂਰੀ ਕਰੇ ਮਨਸਾ ਲੋਚ, ਤ੍ਰਿਸ਼ਨਾ ਦਏ ਗਵਾਈਆ । ਲੇਖਾ ਜਾਣ ਦੀਪ ਪੁਸ਼ਕਰ ਕਰੌਚ, ਜੰਬੂ ਆਪਣਾ ਰੰਗ ਰੰਗਾਈਆ । ਜਿਥੇ ਸੁਰਤੀ ਸੁਰਤ ਸਕੇ ਨਾ ਪਹੁੰਚ, ਸ਼ਬਦੀ ਸ਼ਬਦ ਨਾਲ ਕੁੜਮਾਈਆ । ਭਾਗ ਲਗਾ ਕੇ ਕਾਇਆ ਕੋਟ, ਕੂੜ ਕੁਟੰਬ ਦਾ ਡੇਰਾ ਢਾਹੀਆ । ਸਤਿ ਦੀ ਸਚ ਲਗਾਏ ਚੋਟ, ਚੋਟੀ ਚੜ੍ਹ ਕੇ ਵੇਖ ਵਖਾਈਆ । ਜਨ ਭਗਤਾਂ ਕਰਨੀ ਪਏ ਨਾ ਖੋਜ, ਖੋਜਤ ਖੋਜਤ ਆਪਣਾ ਮੇਲ ਮਿਲਾਈਆ । ਸਤਿ ਸਚ ਦਾ ਦੇ ਕੇ ਬੋਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਜਨ ਭਗਤਾਂ

੯੦੪ ੨੨

ਪ੍ਰਭ ਪੂਰੀ ਕਰੇ ਮਨਸਾ, ਮਨਸਾ ਮਨ ਹੀ ਮਾਹਿ ਸਮਾਈਆ । ਦੇ ਵਡਿਆਈ ਕਾਗ ਹੰਸਾ, ਹੰਸ ਕਾਗ ਲਏ ਬਣਾਈਆ । ਸਤਿਜੁਗ ਬਣਾ ਕੇ ਸਾਚਾ ਬੰਸਾ, ਬੰਸਾਵਲੀ ਆਪਣੀ ਦਏ ਵਖਾਈਆ । ਮਨ ਹੰਕਾਰੀ ਮਾਰ ਕੇ ਕੰਸਾ, ਹਉਮੇ ਗੜ੍ਹ ਤੁੜਾਈਆ । ਝਗੜਾ ਮੁਕਾ ਕੇ ਜੀਵ ਜੰਤਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਬੋਧ ਅਗਾਧਾ ਬਣ ਕੇ ਪੰਡਤਾ, ਸਿਖਿਆ ਦੇਵੇ ਥਾਉਂ ਥਾਈਂਆ । ਲੇਖਾ ਰਹਿਣ ਨਾ ਦੇਵੇ ਮਨ ਕਾ, ਮਨ ਕਾ ਮਣਕਾ ਦਏ ਭਵਾਈਆ । ਪ੍ਰਕਾਸ਼ ਦੇ ਕੇ ਜੋਤੀ ਚੰਨ ਦਾ, ਜੋਤੀ ਜੋਤ ਡਗਮਗਾਈਆ । ਝਗੜਾ ਰਹੇ ਨਾ ਆਤਮ ਪਰਮਾਤਮ ਸੰਨ੍ਹ ਦਾ, ਵਿਚਲਾ ਪੈਂਡਾ ਪੰਧ ਮੁਕਾਈਆ । ਸਹਾਰਾ ਰਹੇ ਨਾ ਸਰਵਣ ਕੰਨ ਦਾ, ਸਰੋਤ ਤੋਂ ਪਰੇ ਕਰੇ ਸ਼ਨਵਾਈਆ । ਮੇਲ ਮਿਲਾ ਅਗੰਮੇ ਰਾਮ ਦਾ, ਸੀਤਾ ਸਤਿ ਨਾਲ ਪਰਨਾਈਆ । ਦਰਸ ਕਰਾ ਕੇ ਸਾਚੇ ਕਾਹਨ ਦਾ, ਰਾਧਾ ਰੰਗ ਦਏ ਵਖਾਈਆ । ਭੰਡਾਰਾ ਬਖ਼ਸ਼ ਸਤਿਗੁਰ ਚਰਨ ਧਿਆਨ ਦਾ, ਚਰਨੋਦਕ ਇਕੋ ਜਾਮ ਪਿਆਈਆ । ਨਿਸ਼ਾਨਾ ਮਾਰ ਅਣਿਆਲੇ ਬਾਣ ਦਾ, ਆਰ ਪਾਰ ਖੇਲ ਖਿਲਾਈਆ । ਖੇਲ ਕਰ ਗੁਣ ਨਿਧਾਨ ਦਾ, ਗੁਣਵੰਤਾ ਹੋਏ ਸਹਾਈਆ । ਲੱਖ ਚੁਰਾਸੀ ਵਿਚੋਂ ਮਾਤ ਪਹਿਚਾਨਦਾ, ਬੇਪਹਿਚਾਨ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਦੇਵੇ ਮਾਣ ਵਡਿਆਈਆ । ਜਨ ਭਗਤਾਂ ਬਖ਼ਸ਼ਿਸ਼ ਕਰੇ ਆਪ, ਹਰਿ ਆਪਣੀ ਦਇਆ ਕਮਾਈਆ । ਕੋਟ ਜਨਮ ਦੇ ਮੇਟ ਕੇ ਪਾਪ, ਦੁਰਮਤ ਮੈਲ ਧਵਾਈਆ । ਸੱਜਣ ਬਣ ਕੇ ਸਾਥ, ਸਗਲਾ ਸਾਥ ਬਣਾਈਆ । ਲਹਿਣਾ ਦੇਣਾ ਦੇਵੇ ਹਾਥ, ਹੱਥੋ ਹੱਥ ਮੁਕਾਈਆ । ਪੰਧ ਮੁਕਾ ਪ੍ਰਿਥਮੀ ਆਕਾਸ਼, ਪਾਤਾਲਾਂ ਡੇਰਾ ਢਾਹੀਆ । ਮੇਟ ਅੰਧੇਰੀ ਰਾਤ, ਸਚ ਚੰਦ ਚਮਕਾਈਆ । ਪੁਛਣਹਾਰਾ ਬਾਤਨ ਬਾਤ, ਬਿਨ ਰਸਨਾ ਜਿਹਵਾ ਬੋਲ ਬੁਲਾਈਆ । ਸਚ ਦਵਾਰ ਕਰ ਪਰਭਾਤ, ਸੰਧਿਆ ਲੇਖਾ ਰਹੇ ਨਾ ਰਾਈਆ । ਚਰਨ ਪ੍ਰੀਤੀ ਦੇ ਵਿਸ਼ਵਾਸ, ਵਿਸ਼ਿਆਂ ਤੋਂ ਬਾਹਰ ਕਢਾਈਆ । ਏਥੇ ਉਥੇ ਦੋ ਜਹਾਨਾਂ ਰੱਖੇ ਪਾਸ, ਪੁਸ਼ਤ ਪਨਾਹ ਹੱਥ ਰਖਾਈਆ । ਕਲਜੁਗ ਅੰਤਮ ਗੁਰਮੁਖਾਂ ਦੇ ਸ਼ਾਬਾਸ਼, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬਣ ਕੇ ਪਿਤ ਮਾਤ, ਪਿਤਾ ਪੂਤ ਏਕਾ ਧਾਗਾ ਏਕਾ ਸੂਤ, ਏਕਾ ਓਢਣ ਜਗਦੀਸ ਆਪਣਾ ਆਪ ਜਣਾਈਆ ।

ਨਿਹਾਲ ਕੌਰ ਲਾਲੋ ਦੀ ਭੈਣ ਸੀ ਵਲੋਂ ਫੁੱਫੀ, ਨਾਨਕ ਧਾਰ ਮਿਲੀ ਵਡਿਆਈਆ । ਜਿਸ ਰੋਟੀ ਪਕਾਈ ਸੀ ਸੁੱਕੀ, ਖੁਸ਼ੀਆਂ ਵਿਚ ਖੁਸ਼ੀ ਬਣਾਈਆ । ਆਟਾ ਗੁਨ੍ਹਿਆ ਸੀ ਨਾਲ ਮੁਕੀ, ਦੋ ਹੱਥਾਂ ਨਾਲ ਦਬਾਈਆ । ਪ੍ਰੇਮ ਵਿਚ ਅੰਦਰੇ ਅੰਦਰ ਇਕ ਗੱਲ ਪੁਛੀ, ਸੁਰਤ ਵਿਚੋਂ ਸੁਰਤ ਪਰਗਟਾਈਆ । ਨਾਨਕ ਕਦੀ ਸਾਡੀ ਵਾਤ ਪੁਛੀਂ, ਮਿਹਰ ਨਜ਼ਰ ਨਾਲ ਤਰਾਈਆ । ਫੇਰ ਰੋ ਪਈ ਉਚੀ ਭੁੱਬੀਂ ਭੁੱਬੀਂ, ਹਾਏ ਉਫ਼ ਕਰ ਦੁਹਾਈਆ । ਬਿਰਧ ਅਵਸਥਾ ਲੱਕੋਂ ਸੀ ਕੁੱਬੀ, ਹੱਥ ਪਿੱਠ ਉਤੇ ਟਿਕਾਈਆ । ਪਿਆਰ ਵਿਚ ਕਿਹਾ ਸਤਿਗੁਰ ਤੇਰਾ ਦਰਸ ਹੁੰਦਾ ਜੁਗ ਜੁਗੀਂ, ਮਾਣਸ ਜਨਮ ਮਿਲੇ ਵਡਿਆਈਆ । ਝਟ ਨਾਨਕ ਦੀ ਸ਼ਬਦ ਧਾਰ ਓਥੇ ਪੁੱਜੀ, ਸੰਦੇਸ਼ਾ ਦਿਤਾ ਸੁਣਾਈਆ । ਔਹ ਵੇਖ ਖੇਲ ਨਹੀਂ ਲੁਕੀ, ਹਰਿ ਕਰਤਾ ਆਪ ਕਰਾਈਆ । ਜਿਸ ਵੇਲੇ ਕਲਜੁਗ ਔਧ ਪੁੱਜੀ, ਪੂਜਾ ਮੁਕੇ ਜਗਤ ਲੋਕਾਈਆ । ਸ੍ਰਿਸ਼ਟੀ ਦੀ ਭ੍ਰਿਸ਼ਟ ਹੋਵੇ ਬੁੱਧੀ, ਅਕਲ ਚਲੇ ਨਾ ਕੋਇ ਚਤੁਰਾਈਆ ।

ਮਾਣ ਰਹੇ ਨਾ ਵਦੀ ਸੁਦੀ, ਅਮਾਵਸ ਪੁਨਿਆਂ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਨਕ ਧਾਰ ਕਿਹਾ ਅੱਖਾਂ ਛੇਤੀ ਮੀਟ, ਉਤੋਂ ਮੁੱਠੀਆਂ ਨਾਲ ਦਬਾਈਆ । ਜ਼ੋਰ ਦੀ ਮਾਰ ਚੀਕ, ਰੋ ਕੇ ਦੇ ਵਖਾਈਆ । ਫੇਰ ਪ੍ਰਭੂ ਦੀ ਰੱਖ ਉਡੀਕ, ਜੋ ਦਾਤਾ ਧੁਰਦਰਗਾਹੀਆ । ਜਿਸ ਦੇ ਵਿਚ ਹੱਕ ਤੌਫ਼ੀਕ, ਪਰਵਰਦਿਗਾਰ ਨੂਰ ਅਲਾਹੀਆ । ਤੇਰੀ ਆਸ਼ਾ ਮਨਸਾ ਪੂਰੀ ਕਰੇ ਉਮੀਦ, ਤ੍ਰਿਸ਼ਨਾ ਵੇਖ ਵਖਾਈਆ । ਨਾਲ ਖ਼ੁਸ਼ੀ ਨਾਲ ਮਾਰੀ ਲੀਕ, ਲਾਈਨ ਪਿਛਲੀ ਦਿਤੀ ਬਦਲਾਈਆ । ਪਰਗਟ ਹੋ ਕੇ ਲਾਸ਼ਰੀਕ, ਸ਼ਰਕਤ ਵੇਖੇ ਥਾਉਂ ਥਾਈਂਆ । ਹੱਕ ਸਤਿ ਦੀ ਜਾਣੇ ਤਬਲੀਕ, ਸੰਦੇਸ਼ਾ ਦੇਵੇ ਅਗੰਮ ਅਥਾਹੀਆ । ਤੇਰੇ ਪਿਆਰ ਦੀ ਬੰਨ੍ਹੇ ਪ੍ਰੀਤ, ਪ੍ਰੀਤਮ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਪੂਰ ਕਰਾਈਆ । ਚੁਲ੍ਹੇ ਹੇਠ ਅੱਗ ਸੀ ਬਲਦੀ, ਜ਼ਿਮੀਂ ਅਸਮਾਨ ਕਰੇ ਰੁਸ਼ਨਾਈਆ । ਸਰਗੁਣ ਨਾਨਕ ਆ ਗਿਆ ਜਲਦੀ, ਆਪਣਾ ਪੰਧ ਮੁਕਾਈਆ । ਖ਼ਬਰ ਨਹੀਂ ਕਿਸੇ ਘੜੀ ਪਲ ਦੀ, ਪਲਕਾਂ ਦੇ ਪਿਛੇ ਰਿਹਾ ਸਮਝਾਈਆ । ਖ਼ਬਰ ਸੁਣਾਈ ਜੀਵਣ ਹੱਲ ਦੀ, ਮਸਲਾ ਦਿਤਾ ਦ੍ਰਿੜਾਈਆ । ਜੇਹੜੀ ਕੱਲ ਖ਼ਬਰ ਸੰਦੇਸ਼ਾ ਮੈਨੂੰ ਘੱਲਦੀ, ਪੈਗ਼ਾਮ ਰਹੀ ਸੁਣਾਈਆ । ਉਸ ਦੀ ਖੇਲ ਕਲਜੁਗ ਕਲ ਦੀ, ਕਲ ਕਲਕੀ ਵੇਸ ਵਟਾਈਆ । ਓਨੇ ਚਿਰ ਨੂੰ ਲਾਲੋ ਦੀ ਭੈਣ ਫੁਲਕਾ ਥੱਲਦੀ, ਪੱਕਾ ਕੱਚੇ ਨਾਲ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਲਾਲੋ ਦੀ ਹੱਸ ਕੇ ਕਿਹਾ ਹਮਸ਼ੀਰਾ, ਨਿਉਂ ਕੇ ਸੀਸ ਨਿਵਾਈਆ । ਸਤਿਗੁਰ ਨਾਨਕ ਘਰ ਨਹੀਂ ਕੋਈ ਹਲਵਾ ਸੀਰਾ, ਸੁੱਕੀ ਰੋਟੀ ਦਿਤੀ ਵਖਾਈਆ । ਤੂੰ ਸਾਹਿਬ ਪੀਰਨ ਪੀਰਾ, ਮਾਲਕ ਧੁਰਦਰਗਾਹੀਆ । ਵਸਣਹਾਰਾ ਹਸਤ ਕੀੜਾ, ਕੀਟਾਂ ਵਿਚ ਸਮਾਈਆ । ਸਿਰ ਤੋਂ ਲਾਹ ਕੇ ਆਪਣਾ ਲੀੜਾ, ਚਰਨਾਂ ਵਿਚ ਦਿਤਾ ਸੁਟਾਈਆ । ਗੋਬਿੰਦ ਸ਼ਬਦ ਸ਼ਬਦ ਗੋਬਿੰਦ ਪ੍ਰੀਤੀ ਤਕੀ ਅਖ਼ੀਰਾ, ਆਖ਼ਰ ਵੇਖ ਵਖਾਈਆ । ਨਾਨਕ ਕਹੇ ਮੈਂ ਬਦਲ ਦੇਵਾਂ ਤਕਦੀਰਾ, ਤਦਬੀਰ ਆਪਣੀ ਇਕ ਜਣਾਈਆ । ਫੇਰ ਵਖਾਈ ਜੋ ਧਾਰ ਤਸਵੀਰਾ, ਤਸੱਵਰ ਦਿਤਾ ਕਰਾਈਆ । ਜਿਸ ਵੇਲੇ ਮਾਤਲੋਕ ਪਰਗਟ ਹੋਵੇ ਤੇਰਾ ਲਾਲੋ ਵੀਰਾ, ਜਨਮ ਤੇਰੇ ਨਾਲ ਜਨਮ ਵਿਚੋਂ ਮਿਲਾਈਆ । ਕਰਮ ਕਰਮ ਦੀ ਕਟ ਕੇ ਭੀੜਾ, ਦੁੱਖ ਦਰਦ ਦਾ ਡੇਰਾ ਢਾਹੀਆ । ਸਤਿਗੁਰ ਹੋ ਕੇ ਸ਼ਬਦ ਦੀ ਧਾਰ ਤੇਰੇ ਕੋਲ ਡਾਹਵੇਗਾ ਪੀੜ੍ਹਾ, ਸਨਮੁਖ ਹੋ ਕੇ ਸੋਭਾ ਪਾਈਆ । ਪ੍ਰੇਮ ਦੀ ਧਾਰ ਦੱਸ ਵਤੀਰਾ, ਪਿਛਲਾ ਲਹਿਣਾ ਦਏ ਚੁਕਾਈਆ । ਉਸ ਦੇ ਨੈਣਾਂ ਵਗ ਗਿਆ ਨੀਰਾ, ਹੰਝੂਆਂ ਹਾਰ ਬਣਾਈਆ । ਝਟ ਪਰਗਟ ਹੋ ਕੇ ਕਿਹਾ ਕਬੀਰਾ, ਕਬਰਾਂ ਤੋਂ ਬਾਹਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਦਇਆ ਕਮਾਈਆ । ਕਬੀਰ ਕਿਹਾ ਨਾਨਕ ਹੋ ਕਿਰਪਾਲ, ਆਪਣੀ ਦਇਆ ਕਮਾਈਆ । ਇਹ ਬੁੱਢੇ ਨੱਢੇ ਸਾਰੇ ਤੇਰੇ ਬਾਲ, ਬੱਚੇ ਲੋਕਮਾਤ ਅਖਵਾਈਆ । ਲਹਿਣਾ ਵੇਖ ਸ਼ਹਿਨਸ਼ਾਹ ਕੰਗਾਲ, ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਚੁਰਾਸੀ ਵਿਚੋਂ ਸੁਰਤ ਸੰਭਾਲ, ਦੀਨਾਂ ਅਨਾਥਾਂ ਦਇਆ ਕਮਾਈਆ । ਨਾਨਕ ਹੱਸ ਕੇ ਕਿਹਾ ਤੇਰਾ ਪੂਰਾ ਹੋਏ ਸਵਾਲ, ਲੇਖਾ ਅਵਰ ਰਹੇ ਨਾ ਰਾਈਆ । ਜਿਸ ਵੇਲੇ ਕਲਜੁਗ ਪਰਗਟ ਹੋਏ ਪੁਰਖ ਅਕਾਲ, ਮੇਰਾ ਮਾਲਕ ਧੁਰ ਦਾ ਮਾਹੀਆ । ਏਸ ਦੀ ਸੁਰਤ ਲਏ ਸੰਭਾਲ, ਸੰਬਲ ਬਹਿ ਕੇ ਆਪਣਾ

ਹੁਕਮ ਦਏ ਵਰਤਾਈਆ । ਏਸੇ ਫੁਲਕੇ ਨੂੰ ਪਰੋਸ ਕੇ ਖਾਏ ਵਿਚ ਥਾਲ, ਹੱਥਾਂ ਤੇਰਿਆਂ ਨਾਲ ਪਕਵਾਈਆ । ਜਗਤ ਜੁਗ ਤੋਂ ਵੱਖਰੀ ਕਰਕੇ ਚਾਲ, ਭੇਵ ਅਭੇਦਾ ਆਪਣੇ ਅੰਦਰ ਛੁਪਾਈਆ । ਮਿਹਰਵਾਨ ਹੋ ਕੇ ਦੀਨ ਦਿਆਲ, ਦਇਆਨਿਧ ਆਪਣੀ ਦਇਆ ਕਮਾਈਆ । ਸੋ ਵੇਲਾ ਵਕਤ ਨਿਹਾਲ ਕੌਰ ਲਿਆ ਸੰਭਾਲ, ਸੋਹਣਾ ਆਪਣਾ ਵਕਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਕਰਨਹਾਰਾ ਸੰਭਾਲ, ਸਾਹਿਬ ਸਤਿਗੁਰ ਆਪਣਾ ਹੁਕਮ ਵਰਤਾਈਆ ।

## ✪ ੨੭ ਮੱਘਰ ਸ਼ਹਿਨਸ਼ਾਹੀ ਸੰਮਤ ੬ ਗੁਰਮੀਤ ਸਿੰਘ ਦੇ ਗ੍ਰਹਿ ਪਿੰਡ ਫਰਾਲਾ ਜ਼ਿਲਾ ਜਲੰਧਰ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਹੋਈ ਪਰੇਸ਼ਾਨੀ, ਪਰੇਸ਼ਾਨੀ ਵਿਚ ਜਣਾਈਆ । ਚਾਰ ਜੁਗ ਦੀ ਕੂਕ ਪੁਕਾਰੇ ਕਾਨੀ, ਕਾਇਨਾਤ ਵਿਚ ਦ੍ਰਿੜਾਈਆ । ਅੱਖਰ ਤਕਣ ਨਾਲ ਧਿਆਨੀ, ਨਿਗਹ ਨੈਣ ਉਠਾਈਆ । ਪੁਰਖ ਅਕਾਲੇ ਦੀਨ ਦਿਆਲੇ ਕਰ ਮਿਹਰਵਾਨੀ, ਮਿਹਰਵਾਨ ਮਹਿਬੂਬ ਤੇਰੀ ਸਰਨਾਈਆ । ਤੂੰ ਆਦਿ ਜੁਗਾਦਿ ਜਾਣ ਜਾਣੀ, ਜੁਗ ਚੌਕੜੀ ਵੇਖ ਵਖਾਈਆ । ਬਿਨਾ ਸ਼ਬਦ ਗੁਰੂ ਤੋਂ ਰਿਹਾ ਕੋਇ ਨਾ ਬਾਨੀ, ਬਾਣ ਅਣਿਆਲਾ ਤੀਰ ਨਾ ਕੋਇ ਲਗਾਈਆ । ਨਵ ਨੌਂ ਚਾਰ ਆਈ ਹਾਨੀ, ਹਾਲਤ ਵਿਗੜੀ ਜਗਤ ਲੋਕਾਈਆ । ਦੀਨ ਦੁਨੀ ਅੰਤਰ ਨਿਰੰਤਰ ਹੋਈ ਬੇਈਮਾਨੀ, ਬੇਵਾ ਰੂਪ ਸਰਬ ਦਰਸਾਈਆ । ਮਸਤਕ ਨੂਰ ਰਿਹਾ ਨਾ ਕਿਸੇ ਪੇਸ਼ਾਨੀ, ਪੇਸ਼ਤਰ ਤੇਰਾ ਪੜਦਾ ਨਾ ਕੋਇ ਉਠਾਈਆ । ਦਰੋਹੀ ਦਰੋਹੀ ਸਾਰੇ ਮਨ ਦੀ ਕਰਨ ਗ਼ੁਲਾਮੀ, ਸ਼ਰਅ ਜ਼ੰਜੀਰ ਨਾ ਕੋਇ ਤੁੜਾਈਆ । ਸਦੀ ਚੌਧਵੀਂ ਸਭ ਦੀ ਹੋਈ ਬਦਨਾਮੀ, ਬਦੀ ਦਾ ਲੇਖਾ ਦੇ ਮੁਕਾਈਆ । ਧੁਰ ਸੰਦੇਸ਼ਾ ਦੇ ਪੈਗ਼ਾਮੀ, ਪੈਗ਼ੰਬਰਾਂ ਤੋਂ ਪਰੇ ਕਰ ਪੜ੍ਹਾਈਆ । ਤੇਰਾ ਇਕੋ ਕਲਮਾ ਹੋਏ ਕਲਾਮੀ, ਇਕੋ ਸ਼ਬਦ ਨਾਮ ਸ਼ਨਵਾਈਆ । ਕੂੜ ਕੁਕਰਮ ਦੀ ਮੇਟ ਨਿਸ਼ਾਨੀ, ਨਿਸ਼ਾਨਾ ਆਪਣਾ ਇਕ ਦਰਸਾਈਆ । ਸਾਡੀ ਅਰਜ਼ ਬੇਨੰਤੀ ਮਾਨੀਂ, ਮਾਨਵ ਮਾਨੁਸ਼ ਮਾਨੁਖ ਦੇ ਸਮਝਾਈਆ । ਹੁਣ ਪਿਛਲੀ ਕਥਾ ਕਹਾਣੀ ਕਾਹਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤਕ ਲੈ ਆਪਣਾ ਲੇਖ, ਲੇਖਕ ਰਹੇ ਦ੍ਰਿੜਾਈਆ । ਸਨਮੁਖ ਹੋ ਕੇ ਕਹੇ ਦਸ ਦਸਮੇਸ਼, ਦਹਿ ਦਿਸ਼ਾ ਧਿਆਨ ਲਗਾਈਆ । ਸਵਾਧਾਨ ਕਰ ਕੇ ਸੇਜ ਸੁਹੰਜਣੀ ਸ਼ੇਸ਼, ਬਾਸ਼ਕ ਬਲ ਨਾ ਕੋਇ ਵਡਿਆਈਆ । ਸਾਡੀ ਸਭ ਦੀ ਇਕ ਆਦੇਸ, ਨਿਉਂ ਨਿਉਂ ਸੀਸ ਝੁਕਾਈਆ । ਪੁਰਖ ਅਕਾਲੇ ਦੀਨ ਦਿਆਲੇ ਸਚ ਧਰਮ ਦਾ ਦੇ ਸੰਦੇਸ਼, ਸੰਧਿਆ ਸਰਘੀ ਵੰਡ ਨਾ ਕੋਇ ਵੰਡਾਈਆ । ਕਲਜੁਗ ਕੂੜੀ ਕਿਰਿਆ ਮੇਟ ਕਲੇਸ਼, ਕਰਮ ਕਾਂਡ ਦਾ ਪੰਧ ਮੁਕਾਈਆ । ਲੇਖਾ ਰਹੇ ਨਾ ਮੁਸਾਇਕ ਮੁੱਲਾ ਸ਼ੇਖ਼, ਪੰਡਤ ਪਾਂਧੇ ਨਾ ਕੋਇ ਚਤੁਰਾਈਆ । ਘਟ ਘਟ ਅੰਦਰ ਨਜ਼ਰੀ ਆ ਨੇਤ ਨੇਤ, ਨਿਜ ਨੇਤਰ ਕਰ ਰੁਸ਼ਨਾਈਆ । ਕੂੜ ਕਲਪਨਾ ਕਰਦੇ ਖੇਤ, ਖੰਡਾ ਖੜਗ ਨਾਮ ਚਮਕਾਈਆ । ਲਹਿਣਾ ਦੇਣਾ ਪੂਰਾ ਕਰ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਗਣਪਤ ਅੱਖ ਖੁਲ੍ਹਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਇਕ ਨਰੇਸ਼, ਨਰ ਨਰੈਣ ਤੇਰੀ

ਸਰਨਾਈਆ । ਜਿਸ ਕਾਰਨ ਗੋਬਿੰਦ ਰਖਾਏ ਮੁੰਡ ਉਤੇ ਕੇਸ, ਤਨ ਵਜੂਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਵੇਖ ਆ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਸਭ ਦਾ ਲੇਖਾ ਕਰ ਤਸਦੀਕ, ਸ਼ਹਾਦਤ ਸ਼ਬਦ ਧਾਰ ਭੁਗਤਾਈਆ । ਤੇਰੀ ਚਾਰ ਜੁਗ ਰੱਖੀ ਉਡੀਕ, ਬਿਨ ਨੇਤਰ ਨੈਣ ਅੱਖ ਉਠਾਈਆ । ਕਲਜੁਗ ਅੰਤਮ ਸਾਂਝੀ ਕਰ ਪ੍ਰੀਤ, ਪ੍ਰੀਤਮ ਆਪਣਾ ਰੰਗ ਰੰਗਾਈਆ । ਦੀਨ ਮਜ਼੍ਹਬ ਦਾ ਰਹੇ ਨਾ ਕੋਇ ਸ਼ਰੀਕ, ਲਾਸ਼ਰੀਕ ਤੇਰੀ ਸਰਨਾਈਆ । ਇਕੋ ਕਲਮਾ ਦੱਸ ਹਦੀਸ, ਇਕੋ ਨਾਮ ਸਚ ਪੜ੍ਹਾਈਆ । ਤ੍ਰੈਗੁਣ ਤੋਂ ਕਰ ਅਤੀਤ, ਤ੍ਰੈਭਵਣ ਧਨੀ ਆਪਣਾ ਪੜਦਾ ਆਪ ਚੁਕਾਈਆ । ਝਗੜਾ ਰਹੇ ਨਾ ਮੰਦਰ ਮਸੀਤ, ਗੁਰੂਦਵਾਰ ਇਕ ਵਖਾਈਆ । ਜਿਥੇ ਵਸੇ ਸਾਹਿਬ ਅਤੀਤ, ਗ੍ਰਿਹ ਮੰਦਰ ਕਰ ਰੁਸ਼ਨਾਈਆ । ਝਗੜਾ ਰਹੇ ਨਾ ਊਚ ਨੀਚ, ਜ਼ਾਤ ਪਾਤ ਨਾ ਕੋਇ ਲੜਾਈਆ । ਠਾਕਰ ਸਵਾਮੀ ਹੋਣਾ ਮੀਤ, ਮਿੱਤਰ ਪਿਆਰਾ ਇਕ ਅਖਵਾਈਆ । ਤੂੰ ਮੇਰਾ ਮੈਂ ਤੇਰਾ ਦੱਸਣਾ ਗੀਤ, ਸੋਹੰ ਢੋਲਾ ਅਗੰਮ ਅਥਾਹੀਆ । ਰੰਗ ਰੰਗਾਉਣਾ ਹਸਤ ਕੀਟ, ਕੀਟ ਕੀਟਾਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਬੇਪਰਵਾਹੀਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪੁਰਖ ਅਕਾਲ ਵੇਖ ਲੈ ਨੇੜੇ, ਨੇਰਨ ਨੇਰਾ ਧਿਆਨ ਲਗਾਈਆ । ਦੀਨ ਮਜ਼੍ਹਬ ਮੇਟ ਦੇ ਝੇੜੇ, ਝਗੜਾ ਦੇ ਗਵਾਈਆ । ਭਾਗ ਲਗਾ ਕੇ ਕਾਇਆ ਖੇੜੇ, ਖਿੜਕੀ ਅੰਦਰੋਂ ਦੇਣੀ ਖੁਲ੍ਹਾਈਆ । ਮੇਲ ਮਿਲਾਉਣਾ ਗੁਰੂ ਗੁਰ ਚੇਰੇ, ਸੁਰਤੀ ਸ਼ਬਦ ਸੰਗ ਮਿਲਾਈਆ । ਭਗਤਾਂ ਅੰਦਰ ਬਖ਼ਸ਼ਣੇ ਚਾਓ ਘਨੇਰੇ, ਹਉਮੇ ਰੋਗ ਦੇਣੇ ਗਵਾਈਆ । ਪਰਦਾ ਲਾਹ ਕੇ ਤੇਰੇ ਮੇਰੇ, ਪਰਮਾਤਮ ਆਤਮ ਆਤਮ ਪਰਮਾਤਮ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦਕੇ ਵਾਰੀ ਘੋਲ ਘੁਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲੇ ਆ ਜਾ ਕੋਲ, ਘਰ ਘਰ ਵਿਚ ਡੇਰਾ ਲਾਈਆ । ਨਾਮ ਸ਼ਬਦ ਸੁਣਾ ਢੋਲ, ਅਨਹਦ ਨਾਦ ਮਰਦੰਗ ਵਜਾਈਆ । ਅੰਮ੍ਰਿਤ ਰਸ ਚਖਾ ਦੇ ਪਾਹੁਲ, ਨਿਝਰ ਝਿਰਨਾ ਇਕ ਝਿਰਾਈਆ । ਉਲਟਾ ਕਰ ਕੇ ਨਾਭ ਕਉਲ, ਕਵਲਾ ਇਕ ਖੁਲ੍ਹਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਂਝਾ ਦੱਸ ਕੇ ਬੋਲ, ਅਨਬੋਲਤ ਆਪਣਾ ਰਾਗ ਦ੍ਰਿੜਾਈਆ । ਜਨ ਭਗਤਾਂ ਅੰਦਰ ਜਾਣਾ ਮੌਲ, ਮੌਲਾ ਹੋ ਕੇ ਸੋਭਾ ਪਾਈਆ । ਦੇ ਵਡਿਆਈ ਉਪਰ ਧੌਲ, ਧਰਨੀ ਧਰਤ ਧਵਲ ਨਿਉਂ ਨਿਉਂ ਲਾਗੇ ਪਾਈਆ । ਲੇਖਾ ਪੂਰਾ ਕਰਕੇ ਇਕਰਾਰ ਕੌਲ, ਵਕਤ ਸੁਹੰਜਣਾ ਦੇ ਵਡਿਆਈਆ । ਵੇਖੀਂ ਸਦੀ ਚੌਧਵੀਂ ਨਾ ਮਾਰੀ ਸਤਿਗੁਰ ਰੋਲ, ਅਛਲ ਛਲਧਾਰੀ ਆਪਣੀ ਕਾਰ ਭੁਗਤਾਈਆ । ਸਚ ਦਵਾਰਾ ਏਕੰਕਾਰਾ ਇਕੋ ਦੇਣਾ ਖੋਲ੍ਹ, ਖ਼ਾਲਕ ਖ਼ਲਕ ਪੜਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਾਹਿਬ ਸਵਾਮੀ ਅੰਤਰਜਾਮੀ ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤੋ ਪ੍ਰਭ ਨੂੰ ਦੇਵੋ ਸੱਦਾ, ਅੰਤਰ ਆਵਾਜ਼ ਲਗਾਈਆ । ਤੁਹਾਡੇ ਪ੍ਰੇਮ ਅੰਦਰ ਬੱਧਾ, ਜੁਗ ਜੁਗ ਆਵੇ ਚਾਈਂ ਚਾਈਂਆ । ਸੰਬਲ ਸੁਹਾਵੇ ਆਪਣੀ ਜਗਹ, ਸਾਢੇ ਤਿੰਨ ਹੱਥ ਵਡਿਆਈਆ । ਦਰਸ਼ਨ ਦੇਵੇ ਉਪਰ ਸ਼ਾਹ ਰਗਾ, ਨੌਂ ਦਵਾਰੇ ਡੇਰਾ ਢਾਹੀਆ । ਤ੍ਰੈਗੁਣ ਬੁਝਾਏ ਅਗਨੀ ਅੱਗਾ, ਅੰਮ੍ਰਿਤ ਮੇਘ ਬਰਸਾਈਆ । ਗੁਰਮੁਖ ਹੰਸ ਬਣਾਏ ਕੱਗਾ, ਕਾਗੋਂ ਹੰਸ


੯੦੭
੨੨

ਆਪ ਉਡਾਈਆ । ਸਚ ਦਵਾਰ ਜਨ ਭਗਤਾਂ ਆਏ ਭੱਜਾ, ਪੂਰਬ ਪੰਧ ਮੁਕਾਈਆ । ਬਿਨਾ ਭਗਤਾਂ ਤੋਂ ਹੋਰ ਕਿਸੇ ਨਾ ਲੱਭਾ, ਖੋਜਿਆਂ ਹੱਥ ਨਾ ਕੋਇ ਲਗਾਈਆ । ਪ੍ਰੇਮ ਪ੍ਰੀਤੀ ਪਿਆਰ ਦਾ ਦੱਸੇ ਮਜ਼ਾ, ਮਜ਼ਾਕ ਛੁੱਟੇ ਖ਼ਲਕ ਖ਼ੁਦਾਈਆ । ਕਿਉਂ ਤੁਸੀਂ ਚਲਦੇ ਵਿਚ ਉਸ ਦੀ ਰਜ਼ਾ, ਜੋ ਰਾਜ਼ਕ ਰਿਜ਼ਕ ਰਹੀਮ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਕਾਰ ਕਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਭਗਤ ਸੁਹੇਲੇ ਕਰੋ ਜਲਦੀ, ਅੰਤਰ ਅੰਤਰ ਅੰਤਸ਼ਕਰਨ ਧਿਆਨ ਲਗਾਈਆ । ਚਾਰ ਕੁੰਟ ਅਗਨੀ ਵੇਖੋ ਬਲਦੀ, ਬਲ ਬਾਵਨ ਧਾਰ ਦਏ ਗਵਾਹੀਆ । ਹਉਮੇ ਹੰਗਤਾ ਸ੍ਰਿਸ਼ਟੀ ਦ੍ਰਿਸ਼ਟੀ ਜਾਏ ਸਲ ਦੀ, ਤਨ ਵਜੂਦ ਪਾਰ ਕਰਾਈਆ । ਕਿਸੇ ਨੂੰ ਸਮਝ ਨਹੀਂ ਘੜੀ ਪਲ ਦੀ, ਕੀ ਕਰਤਾ ਹੁਕਮ ਵਰਤਾਈਆ । ਜਿਸ ਖੇਲ ਖਿਲਾਉਣੀ ਤੀਰਥ ਅੱਠ ਸੱਠ ਜਲ ਦੀ, ਸਮੁੰਦ ਸਾਗਰ ਦਏ ਉਲਟਾਈਆ । ਉਸ ਦੀ ਖੇਲ ਅਛਲ ਅਛੱਲ ਦੀ, ਵਲਛਲਧਾਰੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਜਨ ਭਗਤ ਕਹਿਣ ਸਾਡਾ ਸਾਹਿਬ ਸਾਚਾ ਮੀਤ, ਮਿੱਤਰ ਪਿਆਰਾ ਇਕ ਅਖਵਾਈਆ । ਜਿਸ ਨੇ ਕਲਜੁਗ ਵਿਚ ਸਤਿਜੁਗ ਬਦਲ ਦਿਤੀ ਰੀਤ, ਰੀਤੀਵਾਨ ਹੋਇਆ ਸਹਾਈਆ । ਜਗਤ ਵਾਸਨਾ ਵਿਚੋਂ ਕਰ ਅਤੀਤ, ਤ੍ਰੈਗੁਣ ਦਾ ਡੇਰਾ ਢਾਹੀਆ । ਆਤਮ ਪਰਮਾਤਮ ਲਾ ਪ੍ਰੀਤ, ਘਰ ਘਰ ਬੈਠਾ ਸੋਭਾ ਪਾਈਆ । ਸ਼ਬਦ ਸ਼ਹਾਦਤ ਕਰ ਤਸਦੀਕ, ਮੋਹਰ ਆਪਣਾ ਨਾਮ ਵਖਾਈਆ । ਇਕੋ ਰੰਗ ਰੰਗਾ ਕੇ ਹਸਤ ਕੀਟ, ਊਚਾਂ ਨੀਚਾਂ ਪੰਧ ਚੁਕਾਈਆ । ਕਾਇਆ ਕਰ ਕੇ ਠਾਂਡੀ ਸੀਤ, ਅਗਨੀ ਤਤ ਗਵਾਈਆ । ਮਨ ਕਲਪਣਾ ਕਰ ਕੇ ਭੈ ਭੀਤ, ਭਾਂਡਾ ਭਰਮ ਦਿਤਾ ਭੰਨਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਸਚ ਪਿਆਰ ਦੀ ਬਖ਼ਸ਼ਿਸ਼ ਕਰ ਬਖ਼ਸ਼ੀਸ਼, ਰਹਿਮਤ ਹੱਕ ਹੱਕ ਵਰਤਾਈਆ । ਧੁਰ ਦਾ ਕਲਮਾ ਦੱਸ ਹਦੀਸ, ਹਾਜ਼ਰ ਹਜ਼ੂਰ ਕਰੀ ਪੜ੍ਹਾਈਆ । ਸਾਡਾ ਸਾਹਿਬ ਮਾਲਕ ਜਗਦੀਸ, ਜਗਦੀਸਰ ਘਰ ਘਰ ਸਾਚੇ ਡੇਰਾ ਲਾਈਆ । ਜਿਸ ਦਾ ਲੇਖ ਬੀਸ ਇਕੀਸ, ਇਕੀਸ ਇਕੀਸਾ ਇਕ ਅਖਵਾਈਆ । ਏਕਾ ਛਤਰ ਝੁਲਾਏ ਸੀਸ, ਛਤਰਧਾਰੀ ਨੂਰ ਅਲਾਹੀਆ । ਦੋ ਜਹਾਨਾਂ ਲਏ ਜੀਤ, ਹਾਰ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਜਨ ਭਗਤ ਕਹਿਣ ਪ੍ਰਭ ਆਇਆ ਭਗਤ ਦਵਾਰ, ਗੁਰਮੁਖ ਗ੍ਰਿਹਿ ਸੋਭਾ ਪਾਈਆ । ਮੇਲ ਮਿਲਾਇਆ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸੀਸ ਨਿਵਾਈਆ । ਤਕਣ ਪੈਗ਼ੰਬਰ ਗੁਰ ਅਵਤਾਰ, ਬਿਨ ਨੈਣਾਂ ਨੈਣ ਉਠਾਈਆ । ਭਗਤਾਂ ਮਿਲ ਗਿਆ ਸਾਂਝਾ ਯਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦੇ ਬਣੇ ਰਹੇ ਖ਼ਿਦਮਤਗਾਰ, ਖ਼ਾਦਮ ਹੋ ਕੇ ਸੀਸ ਨਿਵਾਈਆ । ਸੋ ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਕਲ ਕਲਕੀ ਲਏ ਅਵਤਾਰ, ਜੋਤੀ ਜਾਤਾ ਪੁਰਖ ਬਿਧਾਤਾ ਆਪਣੀ ਕਲ ਪਰਗਟਾਈਆ । ਸੰਬਲ ਬੈਠਾ ਧਾਮ ਨਿਆਰ, ਸਚਖੰਡ ਬੈਠਾ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਸੋ ਸਾਹਿਬ ਸੁਹੇਲਾ ਇਕ ਅਕੇਲਾ ਪਾਵੇ ਸਾਰ, ਮਹਾਂਸਾਰਥੀ ਆਪਣੀ ਕਾਰ ਕਮਾਈਆ । ਮਿੱਤਰ ਪਿਆਰਾ ਬਣ ਕੇ ਯਾਰ, ਯਾਰ ਯਾਰਾਨਾ ਵੇਖ ਵਖਾਈਆ । ਗੁਰਮੁਖ ਗੁਰਸਿਖ ਦੇ ਦੀਦਾਰ, ਗੁਰਮੀਤ ਗੁਰਦੇਵ ਦਇਆ ਕਮਾਈਆ । ਅਵਤਾਰ ਪੈਗ਼ੰਬਰ ਗੁਰੂ ਵੇਖ ਲਓ ਖ਼ੁਸ਼ੀਆਂ ਨਾਲ ਝਾਤੀ ਮਾਰ, ਝਾਕੀ ਇਕੋ ਵਾਰ ਜਣਾਈਆ । ਜਿਸ ਨੂੰ ਬੇਅੰਤ ਬੇਅੰਤ

ਬੇਅੰਤ ਕਹਿ ਕੇ ਆਏ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਸੋ ਕਲ ਕਲਕੀ ਲਏ ਅਵਤਾਰ, ਅਨਕ ਕਲਧਾਰੀ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ, ਸਚ ਸਚ ਸਚ ਆਪਣਾ ਹੁਕਮ ਵਰਤਾਈਆ ।

## ੨੮ ਮੱਘਰ ਸ਼ਹਿਨਸ਼ਾਹੀ ਸੰਮਤ ੬ ਚਰਨ ਕੌਰ ਦੇ ਗ੍ਰਿਹਿ ਪਿੰਡ ਫਰਾਲਾ ਜ਼ਿਲਾ ਜਲੰਧਰ

ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਅਬਿਨਾਸ਼ੀ ਅਚੁਤੇ, ਅਲਖ ਅਗੰਮ ਅਗੋਚਰ ਤੇਰੀ ਬੇਪਰਵਾਹੀਆ । ਸਚ ਦਵਾਰ ਤੇਰਾ ਪ੍ਰਕਾਸ਼ ਵੇਖਿਆ ਅਸੁਤੇ, ਆਦਿ ਅੰਤ ਕਹਿਣ ਕੋਇ ਨਾ ਪਾਈਆ । ਨਾੜੀ ਤਤ ਕਾਇਆ ਦਿਸੇ ਨਾ ਬੁਤੇ, ਖ਼ਾਕੀ ਖ਼ਾਕ ਨਾ ਵੰਡ ਵੰਡਾਈਆ । ਦਿਵਸ ਰੈਣ ਮਾਸ ਬਦਲੇ ਕੋਇ ਨਾ ਰੁਤੇ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਜਾਗਰਤ ਰੂਪ ਦਿਸੇ ਕੋਇ ਨਾ ਸੁੱਤੇ, ਆਲਸ ਨਿੰਦਰਾ ਨਾ ਕੋਇ ਵਡਿਆਈਆ । ਜਨਣੀ ਜਣੇ ਕੋਇ ਨਾ ਕੁੱਖੇ, ਜਣੇਂਦੀ ਬਣੇ ਕੋਇ ਨਾ ਮਾਈਆ । ਅਸੀਂ ਸਾਰੇ ਦੁਲਾਰੇ ਤੇਰੇ ਸੁਤੇ, ਪਿਤਾ ਪੂਤ ਤੇਰੀ ਵਡਿਆਈਆ । ਕਰ ਬੇਨੰਤੀ ਰਹੇ ਪੁਛੇ, ਬਿਨਾ ਸੀਸ ਸੀਸ ਜਗਦੀਸ ਝੁਕਾਈਆ । ਜੁਗ ਚੌਕੜੀ ਤੇਰੇ ਭੇਵ ਰਹੇ ਕਿਉਂ ਲੁਕੇ, ਪਰਦਾ ਸਕਿਆ ਨਾ ਕੋਇ ਉਠਾਈਆ । ਦੀਨ ਦੁਨੀ ਇਕ ਧਾਰ ਹੋਈ ਨਾ ਮੁੱਠੇ, ਸਗਲਾ ਸੰਗ ਨਾ ਕੋਇ ਬਣਾਈਆ । ਕਿਉਂ ਲੋਕਮਾਤ ਅਸੀਂ ਜਾਂਦੇ ਰਹੇ ਲੁੱਟੇ, ਧੀਰਜ ਧੀਰ ਨਾ ਕੋਇ ਰਖਾਈਆ । ਕਿਉਂ ਦੀਨ ਮਜ਼੍ਹਬ ਦੇ ਗਾਨੇ ਬੱਧੇ ਗੁਟੇ, ਜੁਗ ਚੌਕੜੀ ਸਾਚਾ ਸਗਨ ਮਨਾਈਆ । ਕਿਉਂ ਮਨੁੱਸਾਂ ਅੰਦਰ ਪਾਈ ਫੁੱਟੇ, ਤੇਰਾ ਨਾਮ ਕਲਮਾ ਕਰੇ ਜੁਦਾਈਆ । ਕਿਉਂ ਨਾ ਨਿਰਗੁਣ ਧਾਰ ਰੂਪ ਜੁਟੇ, ਜੋੜੀ ਤੇਰੇ ਨਾਲ ਵਖਾਈਆ । ਕਿਉਂ ਧਰਨੀ ਧਰਤ ਧਵਲ ਪਾਂਧੀ ਹੋ ਕੇ ਪੰਧ ਨਾ ਮੁਕੇ, ਮੁਕੰਮਲ ਕਾਰ ਨਾ ਕੋਇ ਕਮਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਮਿਹਰਵਾਨ ਮਹਿਬੂਬ ਕਿਉਂ ਨਾ ਤੁੱਠੇ, ਮਿਹਰ ਨਜ਼ਰ ਇਕ ਉਠਾਈਆ । ਕਿਉਂ ਨਿਰਗੁਣ ਸਰਗੁਣ ਆਪਣਾ ਨਾਮ ਜਪਾਇਆ ਬੁੱਲਾਂ ਬੁੱਟੇ, ਰਸਨਾ ਜਿਹਵਾ ਨਾਲ ਸਮਝਾਈਆ । ਕਿਉਂ ਭੇਵ ਖੁਲ੍ਹਿਆ ਨਾ ਤੇਰਾ ਕੂਟੇ, ਕੁਟੀਆ ਮੰਦਰ ਨਾ ਕੋਇ ਰੁਸ਼ਨਾਈਆ । ਉਠ ਵੇਖ ਕਲਜੁਗ ਅੰਤਮ ਮਾਨਵ ਹੁੱਲੇ ਬੂਟੇ, ਪੱਤ ਟਹਿਣੀ ਰਹਿਣ ਕੋਇ ਨਾ ਪਾਈਆ । ਸਚ ਪ੍ਰੇਮ ਲਏ ਕੋਇ ਨਾ ਝੂਟੇ, ਸ਼ਬਦ ਹੁਲਾਰਾ ਨਾ ਕੋਇ ਰਖਾਈਆ । ਸਭ ਦੇ ਕਾਇਆ ਮੂਧੇ ਹੋਏ ਠੂਠੇ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਕਲਪਣਾ ਵਿਚ ਹੋਏ ਝੂਠੇ, ਹੰਗਤਾ ਨਾਲ ਰਖਾਈਆ । ਰਸ ਪਾਏ ਨਾ ਕੋਇ ਅਨੂਠੇ, ਵਿਖ ਅੰਦਰੋਂ ਨਾ ਬਾਹਰ ਕਢਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੇ ਧਰਮ ਦਵਾਰ ਲੱਗੇ ਸਾਡੇ ਅੰਗੂਠੇ, ਅਗੁੰਸ਼ਤ ਰਹੇ ਵਖਾਈਆ । ਝਗੜਾ ਮੇਟ ਕਾਇਆ ਪੰਜ ਭੂਤੇ, ਅਨਭਵ ਆਪਣਾ ਪੜਦਾ ਲਾਹੀਆ । ਲੇਖਾ ਰਹੇ ਨਾ ਇਸ਼ਕ ਮਾਸ਼ੂਕੇ, ਆਸ਼ਕ ਇਕੋ ਰੰਗ ਰੰਗਾਈਆ । ਸਾਡੀ ਅੰਤਰ ਅੰਤਰ ਕੂਕੇ, ਦਰੋਹੀ ਦਰੋਹੀ ਤੇਰਾ ਨਾਮ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੇ ਅੱਗੇ ਮੰਗ ਮੰਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਤੇਰਾ ਵੇਖਿਆ ਅਜਬ ਟਿਕਾਣਾ, ਮਹਿਮਾ ਅਕਥ ਕਥੀ ਨਾ ਜਾਈਆ । ਛੱਪਰ ਛੰਨ ਨਾ ਕੋਇ ਮਕਾਨਾ, ਦੀਆ ਬਾਤੀ ਨਾ ਕੋਇ ਰੁਸ਼ਨਾਈਆ । ਪਵਣ ਪਾਣੀ ਨਾ ਕੋਇ ਨਿਸ਼ਾਨਾ, ਅਪ ਤੇਜ ਵਾਏ ਵੰਡ ਨਾ ਕੋਇ ਵੰਡਾਈਆ । ਨਾ ਕੋਈ ਸੂਰੀਆ ਚੰਦ ਦਿਸੇ ਨਿਸ਼ਾਨਾ, ਮੰਡਲ ਮੰਡਪ ਨਾ ਕੋਇ ਰਖਾਈਆ ।

ਨਾ ਕੋਈ ਸੀਆ ਨਾ ਕੋਈ ਰਾਮਾ, ਕਾਹਨਾ ਬੰਸਰੀ ਧੁਨ ਨਾ ਕੋਇ ਸ਼ਨਵਾਈਆ । ਨਾ ਪੈਗ਼ੰਬਰ ਪੜ੍ਹੇ ਕਲਾਮਾ, ਸੱਯਦਾ ਸੀਸ ਨਾ ਕੋਇ ਨਿਵਾਈਆ । ਨਾ ਕੋਇ ਮੰਤਰ ਸਤਿਨਾਮਾ, ਸਤਿਗੁਰ ਸ਼ਬਦ ਨਾ ਕੋਇ ਸ਼ਨਵਾਈਆ । ਨਾ ਕੋਇ ਫ਼ਤਹਿ ਡੰਕ ਵੱਜੇ ਮਹਾਨਾ, ਜੈ ਜੈਕਾਰ ਨਾ ਕੋਇ ਵਖਾਈਆ । ਨਾ ਕੋਇ ਤਨ ਵਜੂਦ ਦਿਸੇ ਮਹਿਮਾਨਾ, ਸਰਗੁਣ ਮੇਲ ਨਾ ਕੋਇ ਮਿਲਾਈਆ । ਨਾ ਕੋਇ ਰਾਗ ਨਾਦ ਤਰਾਨਾ, ਡੌਰੂ ਡੰਕ ਨਾ ਕੋਇ ਵਜਾਈਆ । ਨਾ ਕੋਈ ਤੀਰਥ ਤਟ ਇਸ਼ਨਾਨਾ, ਜਲਧਾਰ ਨਾ ਕੋਇ ਵਹਾਈਆ । ਨਾ ਕੋਈ ਜ਼ਿਮੀਂ ਨਾ ਕੋਇ ਅਸਮਾਨਾ, ਤਬਕ ਸਬਕ ਨਾ ਕੋਇ ਪੜ੍ਹਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰਾ ਇਕੋ ਨੂਰ ਜੋਤ ਜੋਤ ਪਰਧਾਨਾ, ਏਕੰਕਾਰ ਇਕੋ ਸੋਭਾ ਪਾਈਆ । ਮਿਹਰਵਾਨ ਮਹਿਬੂਬ ਕਲਜੁਗ ਅੰਤਮ ਵੇਖ ਮਾਰ ਧਿਆਨਾ, ਨਿਗਹ ਨਿਗਹ ਵਿਚੋਂ ਬਦਲਾਈਆ । ਸਚ ਪਿਆਰ ਦਾ ਰਹੇ ਨਾ ਕੋਇ ਪੈਮਾਨਾ, ਪੈਮਾਇਸ਼ ਕਰ ਖ਼ਲਕ ਖ਼ੁਦਾਈਆ । ਹਾਹਾਕਾਰ ਮਨ ਕਲਪਣਾ ਕਰੇ ਤਮਾਮਾ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਬੁਝਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਨਿਰਗੁਣ ਧਾਰ ਪਹਿਨਣਾ ਬਾਣਾ, ਬਨਵਾਸੀ ਹੋ ਕੇ ਆਪਣਾ ਹੁਕਮ ਵਰਤਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਜਾਣੀ ਜਾਣਾ, ਜਾਨਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਰੂਪ ਸਚਖੰਡ ਨਿਵਾਸੀ ਸਾਹਿਬ ਸਤਿਗੁਰ ਸੱਚੇ ਸੁਲਤਾਨਾ, ਸੁਤ ਦੁਲਾਰੇ ਪਰਵਰਦਿਗਾਰੇ ਸਾਂਝੇ ਯਾਰੇ ਦਰ ਇਕੋ ਮੰਗ ਮੰਗਾਈਆ ।



## ੨੮ ਮੱਘਰ ਸ਼ਹਿਨਸ਼ਾਹੀ ਸੰਮਤ ੬ ਮੁਣਸ਼ਾ ਸਿੰਘ ਦੇ ਗ੍ਰਿਹਿ ਪਿੰਡ ਫਰਾਲਾ ਜ਼ਿਲਾ ਜਲੰਧਰ

ਅਵਤਾਰ ਪੈਗ਼ੰਬਰ ਗੁਰ ਵੇਖੋ ਆਪਣਾ ਅਬਿਨਾਸ਼ੀ ਅਚੁਤਾ, ਸਤਿਗੁਰ ਸ਼ਬਦ ਰਿਹਾ ਸੁਣਾਈਆ । ਜਿਸ ਨੇ ਲੋਕਮਾਤ ਤੁਹਾਨੂੰ ਬਣਾਇਆ ਲਾਡਲੇ ਪੁੱਤਾ, ਸੁਤ ਦੁਲਾਰੇ ਕਹਿ ਕੇ ਦਿਤੀ ਵਡਿਆਈਆ । ਆਪਣੀ ਸਿਫ਼ਤ ਦੀਆਂ ਦੇ ਕੇ ਦੋ ਦੋ ਤੁਕਾਂ, ਨਾਮ ਕਲਮਿਆਂ ਵਿਚ ਫਸਾਈਆ । ਚਾਰ ਜੁਗ ਦੇ ਸ਼ਾਸਤਰਾਂ ਦਾ ਦੇ ਕੇ ਰੁੱਕਾ, ਗ੍ਰੰਥਾਂ ਰੂਪ ਵਟਾਈਆ । ਸਿਫ਼ਤ ਕਰਵਾ ਕੇ ਨਾਲ ਮੁਖਾਂ, ਢੋਲੇ ਲਏ ਪੜ੍ਹਾਈਆ । ਤੁਹਾਨੂੰ ਜਨਮ ਦਵਾ ਕੇ ਮਾਤ ਦੀ ਕੁੱਖਾ, ਤਨ ਵਜੂਦ ਨਾਲ ਸੁਹਾਈਆ । ਆਪ ਬਣ ਕੇ ਸਭ ਤੋਂ ਉਚਾ, ਉਚ ਅਗੰਮ ਆਪਣਾ ਨਾਮ ਸਮਝਾਈਆ । ਦੀਨ ਦੁਨੀ ਦੀ ਫੇਰ ਕੇ ਗਲੀ ਕੂਚਾ, ਗ੍ਰਿਹਿ ਗ੍ਰਿਹਿ ਦਿਤਾ ਭਵਾਈਆ । ਇਸ਼ਾਰਾ ਦੇ ਕੇ ਚਾਰ ਕੂਟ ਦੀ ਕੂਟਾ, ਉੱਤਰ ਪੂਰਬ ਪੱਛਮ ਦੱਖਣ ਵੰਡ ਵੰਡਾਈਆ । ਅੰਤਮ ਵੇਖੋ ਸਾਰੇ ਸਭ ਦਾ ਪੈਂਡਾ ਮੁਕਾ, ਬਾਕੀ ਨਜ਼ਰ ਕੋਇ ਨਾ ਆਈਆ । ਦੀਨ ਦੁਨੀ ਦੀ ਧਾਰ ਤੁਹਾਡਾ ਸੰਸਾਰ ਹੋਇਆ ਰੁੱਖਾ, ਪ੍ਰੇਮ ਪ੍ਰੀਤ ਨਾ ਕੋਇ ਨਿਭਾਈਆ । ਸਭ ਦਾ ਵਕਤ ਅੰਤ ਦਾ ਪੁੱਜਾ, ਪੂਜਣਯੋਗ ਨਾ ਕੋਇ ਵਖਾਈਆ । ਅੰਤਮ ਮੇਟੇ ਕਲ ਕਲੇਸ਼ ਕਲਜੁਗਾ, ਕਲ ਕਲਕੀ ਖੇਲ ਖਿਲਾਈਆ । ਨਾਮ ਕਲਮੇ ਦਾ ਅੱਗੇ ਲੈਣ ਨਾ ਦੇਵੇ ਭੁੱਗਾ, ਭੋਗ ਸਭ ਦਾ ਦੇਵੇ ਪਾਈਆ । ਇਕੋ ਸਤਿਗੁਰ ਸ਼ਬਦ ਕਰ ਕੇ ਉਘਾ, ਉਗਣ ਆਥਣ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਵੇਖੇ ਉਪਰ ਬਸੁਧਾ, ਧਰਨੀ ਧਰਤ ਧਵਲ ਧਿਆਨ ਲਗਾਈਆ ।

✪ ੨੮ ਮੱਘਰ ਸ਼ਹਿਨਸ਼ਾਹੀ ਸੰਮਤ ੬ ਚਰਨੋ ਦੇ ਗ੍ਰਿਹ ਪਿੰਡ ਫਰਾਲਾ ਜ਼ਿਲਾ ਜਲੰਧਰ ✪

ਅਵਤਾਰ ਪੈਗ਼ੰਬਰ ਗੁਰ ਵੇਖੇ ਆਪਣਾ ਪਾਰਬ੍ਰਹਮ, ਸਤਿਗੁਰ ਸ਼ਬਦ ਸ਼ਬਦ ਸ਼ਨਵਾਈਆ । ਜਿਸ ਨੇ ਜੁਗ ਚੌਕੜੀ ਤੁਹਾਡਾ ਵੰਡਿਆ ਕਰਮ, ਕਰਨੀ ਦੀਨਾਂ ਮਜ਼੍ਹਬਾਂ ਵਾਲੀ ਜਣਾਈਆ । ਝਗੜਾ ਪਾ ਕੇ ਮਾਟੀ ਚਰਮ, ਚੰਮ ਦ੍ਰਿਸ਼ਟੀ ਵਿਚ ਹਲਕਾਈਆ । ਸ਼ਰਅ ਦਾ ਪਾ ਕੇ ਭਰਮ, ਸ਼ਰੀਅਤ ਵਿਚ ਭਰਮਾਈਆ । ਮਜ਼੍ਹਬ ਦਾ ਦੇ ਕੇ ਜਰਮ, ਜਨਮ ਦਿਤਾ ਬਦਲਾਈਆ । ਹਿੱਸਾ ਵੰਡਾ ਕੇ ਵਰਨ, ਬਰਨਾਂ ਗੰਢ ਪਵਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲੇ ਭਗਤ ਸੁਹੇਲੇ ਬਖ਼ਸ਼ ਆਪਣੇ ਚਰਨ, ਚਰਨੋਦਕ ਮੁਖ ਚੁਆਈਆ । ਸਚ ਦਵਾਰ ਬਖ਼ਸ਼ ਕੇ ਸਰਨ, ਸਰਨਗਤ ਇਕ ਵਖਾਈਆ । ਤੁਹਾਨੂੰ ਲੋਕਮਾਤ ਸਭ ਨੂੰ ਪਾਇਆ ਪੜ੍ਹਨ, ਮਕਤਬ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਹੁਕਮ ਇਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਵੇਖੇ ਪੁਰਖ ਅਕਾਲ ਆਪਣਾ ਬਾਪੂ, ਸਤਿਗੁਰ ਸ਼ਬਦ ਡੰਕ ਵਜਾਈਆ । ਜਿਸ ਦੇ ਜੁਗ ਚੌਕੜੀ ਜਪੇ ਜਾਪੂ, ਸਿਫ਼ਤਾਂ ਵਾਲੇ ਢੋਲੇ ਗਾਈਆ । ਧਿਆਨ ਲਗਾਇਆ ਦਿਵਸ ਰਾਤੂ, ਰੈਣ ਸਬਾਈ ਖੋਜ ਖੁਜਾਈਆ । ਕਿਸੇ ਨੂੰ ਮਦਿ ਪਿਆਈ ਕਿਸੇ ਦੇ ਮੁਖ ਲਗਾਇਆ ਤੰਬਾਕੂ, ਤਮਾਂ ਦੀ ਧਾਰ ਵਿਚ ਵਖਾਈਆ । ਕਿਸੇ ਨੂੰ ਛੁਰੀ ਫੜਾਈ ਕਿਸੇ ਫੜਾਇਆ ਚਾਕੂ, ਚੱਕਰ ਵਿਚ ਸਰਬ ਰਖਾਈਆ । ਕਿਸੇ ਨੂੰ ਸਾਂਤ ਬਖ਼ਸ਼ਿਆ ਕਿਸੇ ਨੂੰ ਬਣਾਇਆ ਡਾਕੂ, ਧਾੜੇ ਮਜ਼੍ਹਬਾਂ ਵਾਲੇ ਲਗਾਈਆ । ਓਹ ਵੇਖ ਅੰਤਮ ਸਭ ਦੀ ਡੋਰੀ ਕਾਟੂ, ਕਟਾਕਸ਼ ਆਪਣਾ ਨਾਮ ਰਖਾਈਆ । ਓਸ ਦੇ ਸਾਹਮਣੇ ਸਨਮੁਖ ਹੋ ਕੇ ਕਿਹੜਾ ਬੋਲੂ ਕਿਹੜਾ ਕਰੂ ਟਾਕੂ, ਟਾਕ ਕਰਨ ਵਾਲਾ ਨਜ਼ਰ ਕੋਇ ਨਾ ਆਈਆ । ਜਿਸ ਨੇ ਜ਼ਿਮੀਂ ਅਸਮਾਨ ਭਵਾਏ ਵਾਂਗ ਲਾਟੂ, ਦਿਵਸ ਰੈਣ ਨਜ਼ਰ ਕੋਇ ਨਾ ਆਈਆ । ਉਸ ਦਾ ਜੁਗ ਚਾਰ ਕੋਈ ਸਮਝ ਨਾ ਸਕਿਆ ਜਾਦੂ, ਭੇਵ ਸਕਿਆ ਨਾ ਕੋਇ ਖੁਲ੍ਹਾਈਆ । ਕੋਟਨ ਕੋਟ ਤੜਫਾ ਕੇ ਮਾਰੇ ਸਾਧੂ, ਸੂਫ਼ੀਆਂ ਖੱਲ ਲੁਹਾਈਆ । ਫਿਰ ਵੀ ਤੁਸੀਂ ਉਸ ਨੂੰ ਕਹਿੰਦੇ ਮਾਧਵ ਮਾਧੂ, ਮਧੁਰ ਧੁਨ ਸ਼ਨਵਾਈਆ । ਜਿਸ ਨੇ ਤੁਹਾਨੂੰ ਬਣਾ ਕੇ ਆਗੂ, ਪੰਜਾਂ ਤਤਾਂ ਨਾਲ ਦਿਤਾ ਲੜਾਈਆ । ਹੁਣ ਸਾਰੇ ਦੱਸੋ ਕੀ ਆਪਣੀ ਕਾਢ ਕਾਢੂ, ਨਵੀਂ ਧਾਰ ਸਮਝਾਈਆ । ਕਿਸ ਬਿਧ ਸਤਿਗੁਰ ਸਾਜਣਾ ਸਾਜੂ, ਸਹਿਜ ਦਿਓ ਪਰਗਟਾਈਆ । ਜਿਸ ਪ੍ਰਭੂ ਦਾ ਹੱਥ ਪੈਰ ਨੱਕ ਕੰਨ ਨਹੀਂ ਕੋਈ ਬਾਜ਼ੂ, ਬਾਜਾਂ ਵਾਲਿਆ ਕੀ ਆਪਣਾ ਖੇਲ ਖਿਲਾਈਆ । ਗੋਬਿੰਦ ਕਹੇ ਮੇਰਾ ਪਿਤਾ ਪੁਰਖ ਅਕਾਲ ਇਕੋ ਆਪਣਾ ਹੁਕਮ ਕਰੇਗਾ ਲਾਗੂ, ਦੂਜਾ ਸ਼ਸਤਰ ਨਾ ਕੋਇ ਉਠਾਈਆ । ਹੁਕਮੇ ਅੰਦਰ ਸ੍ਰਿਸ਼ਟ ਸਬਾਈ ਦਾਗੂ, ਦਗ਼ਾ ਫ਼ਰੇਬ ਦਾ ਡੇਰਾ ਢਾਹੀਆ । ਭਗਤ ਸੁਹੇਲਾ ਭਗਵਨ ਹੋ ਕੇ ਆ ਜਾਊ ਆਵਣ ਜਾਵਣ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਅੰਤ ਕੰਤ ਭਗਵੰਤ ਸਭ ਨੂੰ ਤੋਲੇ ਨਾਮ ਕੰਢੇ ਤਰਾਜੂ, ਤੱਕੜ ਇਕੋ ਹੱਥ ਉਠਾਈਆ । ਤੂੰ ਮੇਰਾ ਮੈਂ ਤੇਰਾ ਦਰ ਰਿਵਾਜੂ, ਰਾਹ ਇਕੋ ਇਕ ਵਖਾਈਆ । ਦੀਨ ਮਜ਼੍ਹਬ ਦਾ ਬਦਲ ਸਮਾਜੂ, ਸਚ ਦਵਾਰ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਨਾਮ ਧਾਰ ਵਜਾਏ ਰਬਾਬੂ, ਸਿਤਾਰ ਅਸੁਤੇ ਸਭ ਦੀ ਦਏ ਹਿਲਾਈਆ ।

## ੨੮ ਮੱਘਰ ਸ਼ਹਿਨਸ਼ਾਹੀ ਸੰਮਤ ੬ ਸਾਧੂ ਸਿੰਘ ਦੇ ਘਰ ਫਗਵਾੜਾ ਜ਼ਿਲਾ ਕਪੂਰਥਲਾ

ਅਵਤਾਰ ਪੈਗ਼ੰਬਰ ਗੁਰ ਵੇਖੋ ਆਪਣਾ ਪੁਰਖ ਅਕਾਲ ਅਲਾਹੀ ਨੂਰ, ਸਤਿਗੁਰ ਸ਼ਬਦ ਹੁਕਮ ਸ਼ਨਵਾਈਆ । ਜਿਸ ਦੇ ਹੁਕਮ ਅੰਦਰ ਪੰਜ ਤਤ ਪਹਿਨਿਆ ਜ਼ਰੂਰ, ਲੋਕਮਾਤ ਵੇਸ ਵਟਾਈਆ । ਸ਼ਬਦ ਨਾਦ ਵਜਾਈ ਤੂਰ, ਤੁਰੀਆ ਤੋਂ ਪਰੇ ਕੀਤੀ ਪੜ੍ਹਾਈਆ । ਸਚ ਸਵਾਮੀ ਦੱਸਿਆ ਹਜ਼ੂਰ, ਹਜ਼ਰਤਾਂ ਦਾ ਮਾਲਕ ਧੁਰਦਰਗਾਹੀਆ । ਕਲਮਿਆਂ ਵਿਚ ਕੀਤਾ ਮਸ਼ਹੂਰ, ਸਿਫ਼ਤਾਂ ਵਿਚ ਨਾਮ ਸਾਲਾਹੀਆ । ਚਾਰ ਜੁਗ ਬਣ ਕੇ ਉਹਦੇ ਮਜ਼ਦੂਰ, ਚਾਕਰ ਰੂਪ ਸੇਵ ਕਮਾਈਆ । ਸਭ ਨੂੰ ਦੱਸਿਆ ਸਰਬ ਕਲਾ ਭਰਪੂਰ, ਬੇਅੰਤ ਇਕ ਅਖਵਾਈਆ । ਓਸ ਤੁਹਾਡੇ ਕੋਲੋਂ ਦੀਨਾਂ ਮਜ਼੍ਹਬਾਂ ਦਾ ਪਵਾਇਆ ਫ਼ਤੂਰ, ਫ਼ਤਵਾ ਸ਼ਰਅ ਵਾਲਾ ਰਖਾਈਆ । ਝਗੜਾ ਵੇਖਿਆ ਜ਼ਰੂਰ, ਤਨ ਮਾਟੀ ਖ਼ਾਕ ਲੜਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਹਿਣ ਨਹੀਂ ਦਿਤਾ ਕਿਸੇ ਦਾ ਗ਼ਰੂਰ, ਅਵਤਾਰ ਪੈਗ਼ੰਬਰ ਗੁਰ ਵੇਖੋ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਨੂੰ ਕਹਿ ਕੇ ਆਏ ਪਾਰਬ੍ਰਹਮ ਬੇਅੰਤ, ਬੇਪਰਵਾਹ ਇਕ ਅਖਵਾਈਆ । ਜਪਦੇ ਆਏ ਮਣੀਆਂ ਮੰਤ, ਨਾਮ ਸੋਹਲਾ ਜਗਤ ਦ੍ਰਿੜਾਈਆ । ਆਤਮ ਧਾਰ ਮੰਨਿਆ ਕੰਤ, ਪਰਮਾਤਮ ਅਗੰਮ ਅਥਾਹੀਆ । ਮਾਲਕ ਲੱਖ ਚੁਰਾਸੀ ਜੀਵ ਜੰਤ, ਚਾਰੇ ਖਾਣੀ ਰੰਗ ਰੰਗਾਈਆ । ਸੋ ਲੇਖਾ ਜਾਣੇ ਆਦਿ ਅੰਤ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਭੇਵ ਨਾ ਜਣਾਇਆ ਬੋਧ ਅਗਾਧ ਬੁੱਧੀ ਪੰਡਤ, ਅਨਭਵ ਅੰਤ ਕਹਿਣ ਕੋਇ ਨਾ ਪਾਈਆ । ਜੋ ਸੰਦੇਸ਼ਾ ਦੇ ਕੇ ਆਏ ਜੰਤ, ਫ਼ਰਮਾਨਾ ਇਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਜਿਸ ਨੂੰ ਕਹਿੰਦੇ ਆਏ ਅੱਲਾ, ਆਲਮੀਨ ਬੇਪਰਵਾਹੀਆ । ਵਸਣਹਾਰਾ ਸਚਖੰਡ ਸਚ ਮਹੱਲਾ, ਦਰਗਹ ਸਾਚੀ ਸੋਭਾ ਪਾਈਆ । ਨਿਰਗੁਣ ਧਾਰ ਇਕ ਇਕੱਲਾ, ਏਕੰਕਾਰ ਇਕ ਅਖਵਾਈਆ । ਜੋ ਵਸੇ ਮਹੀਅਲ ਜਲ ਥਲਾ, ਬ੍ਰਹਿਮੰਡ ਖੰਡ ਸਮਾਈਆ । ਜਿਸ ਦਾ ਨਿਹਚਲ ਧਾਮ ਅਟੱਲਾ, ਅਲਖ ਅਗੋਚਰ ਵਡ ਵਡਿਆਈਆ । ਜਿਸ ਨੇ ਤੁਹਾਡੇ ਹੁਕਮੇ ਅੰਦਰ ਲੋਕਮਾਤ ਘੱਲਾ, ਸੰਦੇਸ਼ਾ ਦੇ ਕੇ ਧੁਰਦਰਗਾਹੀਆ । ਦੀਨ ਮਜ਼੍ਹਬ ਦਾ ਲਾਹਿਆ ਸੱਲਾ, ਜ਼ਾਤ ਪਾਤ ਵੰਡ ਵੰਡਾਈਆ । ਤੁਸਾਂ ਮਨੁਸ਼ਾਂ ਉਤੇ ਮਨੁੱਸ਼ਾਂ ਕੋਲੋਂ ਕਰਾਇਆ ਹੱਲਾ, ਵੈਰੀ ਸ਼ਰਅ ਰੂਪ ਜਣਾਈਆ । ਪੁਰਖ ਅਕਾਲ ਤੁਹਾਡਾ ਅਛਲ ਅਛੱਲਾ, ਵਲ ਛਲਧਾਰੀ ਆਪਣੀ ਕਾਰ ਕਮਾਈਆ । ਆਪਣੇ ਨਾਮ ਦਾ ਤੁਹਾਨੂੰ ਫੜਾ ਕੇ ਪੱਲਾ, ਨਿਰਗੁਣ ਨਿਰਗੁਣ ਗੰਢ ਵਖਾਈਆ । ਕਲਜੁਗ ਅੰਤ ਸਾਰੇ ਤਕੋ ਕਵਣ ਸਿੰਘਾਸਣ ਹਰਿ ਜੂ ਮੱਲਾ, ਕਵਣ ਗ੍ਰਿਹਿ ਸੋਭਾ ਪਾਈਆ । ਕਵਣ ਕਰਨੀ ਕਰ ਕੇ ਮਾਤ ਫਲਾ, ਫਲੀਭੂਤ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਨੂੰ ਕਹਿ ਕੇ ਆਏ ਮਹਿਬੂਬ, ਮਿਹਰਵਾਨ ਨੂਰ ਅਲਾਹੀਆ । ਵਸੇ ਅਰਸ਼ ਅਰੂਜ, ਆਲੀਸ਼ਾਨ ਸੋਭਾ ਪਾਈਆ । ਜਿਸ ਦੀ ਮੰਜ਼ਲ ਹੱਕ ਮਕਸੂਦ, ਦਰਗਹ ਸਾਚੀ ਵਡ ਵਡਿਆਈਆ । ਮਹੱਲ ਅਟੱਲ ਊਚੋ ਊਚ, ਸਚ ਸਿੰਘਾਸਣ ਸੋਭਾ ਪਾਈਆ । ਜਿਸ ਦਾ ਖੇਲ ਚਾਰੇ ਕੂਟ, ਦਹਿ ਦਿਸ਼ਾ ਹੁਕਮ ਵਰਤਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਤੁਹਾਡੇ ਕੋਲੋਂ ਝਗੜਾ ਪਵਾਇਆ ਕਾਇਆ ਕਲਬੂਤ, ਹਿੰਦੂ

ਮੁਸਲਿਮ ਸਿੱਖ ਈਸਾਈ ਵੰਡ ਵੰਡਾਈਆ । ਪਿਆਰ ਰਹਿਣ ਨਹੀਂ ਦਿਤਾ ਪੰਜ ਭੂਤ, ਹਉਮੇਂ ਹੰਗਤਾ ਨਾਲ ਟਕਰਾਈਆ । ਤੁਹਾਡੇ ਨਾਮ ਕਲਮੇ ਜਗਤ ਵਿਚ ਦੇਣ ਸਬੂਤ, ਜੋ ਅੱਲਾ ਵਾਹਿਗੁਰੂ ਰਾਮ ਓਮ ਹਰੀ ਓਮ ਤਤ ਸਤਿ ਕਹਿ ਕੇ ਆਏ ਸੁਣਾਈਆ । ਨਿਗਹ ਮਾਰੋ ਸਭ ਦਾ ਇਕੋ ਜਿਹਾ ਵਜੂਦ, ਪੁਰਖ ਅਕਾਲਾ ਸਭ ਦਾ ਇਕੋ ਮਾਹੀਆ । ਜਿਧਰ ਵੇਖੋ ਓਧਰ ਮੌਜੂਦ, ਖ਼ਾਲੀ ਨਜ਼ਰ ਕੋਇ ਨਾ ਆਈਆ । ਕਿਉਂ ਤੁਸਾਂ ਦੀਨ ਦੁਨੀ ਦੀ ਪਾਈ ਦੂਜ, ਦੁਤੀਆ ਭਾਉ ਜਗਤ ਬਣਾਈਆ । ਆਪਣੀ ਮੰਜ਼ਲ ਦੱਸੋ ਹੱਕ ਮਕਸੂਦ, ਜਿਥੇ ਮਿਲੇ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲੀ ਚਾਰ ਜੁਗ ਦੀ ਕਰਨੀ ਕਰਨੀ ਦਾ ਕਰਤਾ ਕਰੇ ਨੇਸਤੋਨਾਬੂਦ, ਸਤਿਗੁਰ ਸ਼ਬਦ ਸ਼ਬਦ ਦੀ ਧਾਰ ਧਾਰ ਧਾਰ ਪਰਗਟਾਈਆ ।

### ✪ ੨੮ ਮੱਘਰ ਸ਼ਹਿਨਸ਼ਾਹੀ ਸੰਮਤ ੬ ਪ੍ਰੀਤਮ ਸਿੰਘ ਦੇ ਗ੍ਰਹਿ ਪਿੰਡ ਫਗਵਾੜਾ ਜ਼ਿਲਾ ਕਪੂਰਥਲਾ ✪

ਜਨ ਭਗਤ ਕਹਿਣ ਵੇਖੋ ਪੁਰਖ ਅਕਾਲ ਤੁੱਠਾ, ਅਵਤਾਰ ਪੈਗ਼ੰਬਰ ਗੁਰ ਅੱਖ ਖੁਲ੍ਹਾਈਆ । ਜਿਸ ਦੇ ਨਾਮ ਦੀ ਚਾਰ ਜੁਗ ਲੁਟਾਈ ਲੁੱਟਾ, ਵਣਜ ਜਗਤ ਨਾਲ ਕਰਾਈਆ । ਓਹ ਖੇਲ ਕਰੇ ਅਬਿਨਾਸ਼ੀ ਅਚੁਤਾ, ਚੇਤਨ ਸਭ ਨੂੰ ਰਿਹਾ ਕਰਾਈਆ । ਤੁਹਾਡਾ ਝਗੜਾ ਮੇਟੇ ਜੋ ਪਾਇਆ ਕਾਇਆ ਬੁਤਾ, ਬੁਤਖ਼ਾਨਿਆਂ ਕਰੇ ਸਫ਼ਾਈਆ । ਸਤਿਜੁਗ ਸਚ ਸੁਹਾਏ ਰੁਤਾ, ਰੁਤੜੀ ਆਪਣੇ ਨਾਲ ਮਹਿਕਾਈਆ । ਗੁਰਮੁਖ ਗੁਰਸਿਖ ਗੋਦ ਉਠਾਏ ਪੁੱਤਾ, ਆਪਣੇ ਅੰਗ ਲਗਾਈਆ । ਤੁਹਾਡਾ ਸਭ ਦਾ ਪੈਂਡਾ ਅੰਤਮ ਮੁਕਾ, ਮੁਕੰਮਲ ਦਿਆਂ ਦ੍ਰਿੜ੍ਹਾਈਆ । ਤਨ ਵਜੂਦ ਰਹੇ ਕੋਇ ਨਾ ਜੁੱਸਾ, ਜਿਸਮ ਜ਼ਮੀਰ ਬਦਲਾਈਆ । ਅੰਤਮ ਕਰਿਓ ਕੋਇ ਨਾ ਗ਼ੁੱਸਾ, ਦੀਨ ਮਜ਼੍ਹਬ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਰ ਸਾਚਾ ਖੇਲ ਆਪ ਵਰਤਾਈਆ । ਸਤਿਗੁਰ ਸ਼ਬਦ ਕਹੇ ਵੇਖੋ ਭਗਤ ਦਵਾਰ ਸੁਹੰਜਣਾ, ਅਵਤਾਰ ਪੈਗ਼ੰਬਰ ਗੁਰ ਅੱਖ ਖੁਲ੍ਹਾਈਆ । ਜਿਥੇ ਆਏ ਆਦਿ ਨਿਰੰਜਣਾ, ਨਰ ਨਰਾਇਣ ਵਡੀ ਵਡਿਆਈਆ । ਦਾਤਾ ਬਣ ਕੇ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਨੇਤਰ ਨਾਮ ਦਾ ਪਾ ਕੇ ਅੰਜਣਾ, ਕਲਜੁਗ ਅੰਧ ਅਗਿਆਨ ਗਵਾਈਆ । ਸੁਰਤੀ ਸ਼ਬਦ ਦਾ ਬਣ ਕੇ ਸੱਜਣਾ, ਆਤਮ ਪਰਮਾਤਮ ਜੋੜ ਜੁੜਾਈਆ । ਸਚ ਸਰੋਵਰ ਕਰਾਏ ਮਜਣਾ, ਦੁਰਮਤ ਮੈਲ ਧਵਾਈਆ । ਝਗੜਾ ਮੇਟੇ ਕਾਇਆ ਮਾਟੀ ਬਦਨਾ, ਦੀਨ ਮਜ਼੍ਹਬ ਦਾ ਡੇਰਾ ਢਾਹੀਆ । ਰੰਗ ਰੰਗਾਏ ਆਅਲਾ ਅਦਨਾ, ਊਚ ਨੀਚ ਨਾ ਕੋਇ ਵਖਾਈਆ । ਜਿਸ ਨੇ ਭਗਤਾਂ ਪੜਦਾ ਕੱਜਣਾ, ਸਿਰ ਆਪਣਾ ਹੱਥ ਟਿਕਾਈਆ । ਜਿਸ ਨੂੰ ਤੁਸਾਂ ਕਿਹਾ ਗੋਪਾਲ ਮੂਰਤ ਮਧਨਾ, ਸੂਦਨ ਬੇਪਰਵਾਹੀਆ । ਸੋ ਇਕੋ ਜਣਾਏ ਪਦਨਾ, ਦਵਾਰ ਸਚ ਦ੍ਰਿੜ੍ਹਾਈਆ । ਜਿਸ ਦਾ ਪ੍ਰਕਾਸ਼ ਨੂਰ ਅਗੰਮੀ ਦੀਪਕ ਜਗਣਾ, ਦੋ ਜਹਾਨ ਕਰੇ ਰੁਸ਼ਨਾਈਆ । ਜਿਸ ਦੇ ਹੁਕਮ ਅੰਦਰ ਜੋ ਘੜਿਆ ਸੋ ਭੱਜਣਾ, ਥਿਰ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਰਹਿਣ ਦੇਵੇ ਨਾ ਕੋਇ ਅਲੱਗਣਾ, ਵੱਖਰੀ ਵੰਡ ਨਾ ਕੋਇ ਵੰਡਾਈਆ । ਸਦੀ ਚੌਧਵੀਂ ਸ਼ਬਦ ਦਮਾਮਾ ਵੱਜਣਾ, ਨੌਬਤ ਹੱਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਆਪਣੇ

ਹੱਥ ਰਖਾਈਆ । ਸਤਿਗੁਰ ਸ਼ਬਦ ਕਹੇ ਵੇਖੋ ਭਗਤ ਦਵਾਰ ਮੰਗਲਾ, ਅਵਤਾਰ ਪੈਗ਼ੰਬਰ ਗੁਰੂ ਵੇਖ ਵਖਾਈਆ । ਸ਼ਰਅ ਦਾ ਦਿਸੇ ਕੋਇ ਨਾ ਸੰਗਲਾ, ਕੜੀ ਕੜੀ ਨਾ ਕੋਇ ਬੰਧਾਈਆ । ਇਕੋ ਪ੍ਰੇਮ ਪ੍ਰੀਤੀ ਰੰਗਣਾ, ਦੂਜਾ ਰੰਗ ਨਾ ਕੋਇ ਚੜ੍ਹਾਈਆ । ਤੂੰ ਮੇਰਾ ਮੈਂ ਤੇਰਾ ਇਕੋ ਦਾਤ ਮੰਗਣਾ, ਦੂਸਰ ਵੰਡ ਨਾ ਕੋਇ ਵੰਡਾਈਆ । ਕਿਰਪਾ ਕਰ ਸੂਰੇ ਸਰਬੰਗਣਾ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਹਰਿਜਨ ਤੇਰੇ ਲੱਖ ਚੁਰਾਸੀ ਪਾਰ ਲੰਘਣਾ, ਅੱਗੇ ਹੋ ਨਾ ਕੋਇ ਅਟਕਾਈਆ । ਕਰਮ ਕਾਂਡ ਰਾਏ ਧਰਮ ਕਰੇ ਕੋਇ ਨਾ ਵਜ਼ਨਾ, ਲੇਖਾ ਚਿਤ੍ਰਗੁਪਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਦਾ ਮਾਲਕ ਦਇਆ ਕਮਾਈਆ । ਜਨ ਭਗਤ ਕਹਿਣ ਸਾਡਾ ਸਾਹਿਬ ਸੁਹੇਲਾ ਇਕ, ਏਕੰਕਾਰ ਬੇਪਰਵਾਹੀਆ । ਜਿਸ ਦੀ ਧਾਰ ਆਤਮ ਸਿੱਖ, ਸ੍ਰਿਸ਼ਟੀ ਵੰਡ ਨਾ ਕੋਇ ਵੰਡਾਈਆ । ਜਿਸ ਦਾ ਸੰਦੇਸ਼ਾ ਸਾਰੇ ਗਏ ਲਿਖ, ਅੱਖਰਾਂ ਵਿਚ ਸਾਰੇ ਕਰ ਸ਼ਨਵਾਈਆ । ਸੋ ਭਗਤ ਸੁਹੇਲਾ ਭਗਤਾਂ ਕਰੇ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਘਰ ਸਵਾਮੀ ਬਣ ਕੇ ਮਿਤ, ਮਿੱਤਰ ਪਿਆਰਾ ਪੜਦਾ ਲਾਹੀਆ । ਸਦਾ ਸਾਹਿਬ ਵਸੇ ਚਿੱਤ, ਮਨ ਚਿਤ ਠਗੋਰੀ ਰਹੇ ਨਾ ਰਾਈਆ । ਜਨ ਭਗਤਾਂ ਪੂਰੀ ਕਰੇ ਇੱਛ, ਇੱਛਿਆ ਅੰਤਰ ਭਿੱਛਿਆ ਝੋਲੀ ਪਾਈਆ । ਵਸੇਰਾ ਕਰਕੇ ਕਾਇਆ ਵਿਚ, ਵਿਚਲਾ ਪੜਦਾ ਦਏ ਚੁਕਾਈਆ । ਸਭ ਦਾ ਪੂਰਾ ਕਰੇ ਭਵਿਖ, ਜੋ ਅਵਤਾਰ ਪੈਗ਼ੰਬਰ ਗੁਰੂ ਗਏ ਲਿਖਾਈਆ । ਲਹਿਣਾ ਦੇਣਾ ਦੇਵੇ ਜਿਸ ਜਿਸ, ਜਿਸਤ ਟਾਂਕ ਵੰਡ ਨਾ ਕੋਇ ਵੰਡਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤ ਸੁਹੇਲੇ ਸ਼ਬਦੀ ਧਾਰ ਲਏ ਖਿੱਚ, ਮਿਹਰਵਾਨ ਮਿਹਰਵਾਨ ਮਿਹਰਵਾਨ ਆਪਣੀ ਗੰਢ ਪਵਾਈਆ । ਏਥੇ ਓਥੇ ਦੋ ਜਹਾਨਾਂ ਬਣਕੇ ਪਿਤ, ਪਤਿਪਰਮੇਸ਼ਵਰ ਗੋਦ ਟਿਕਾਈਆ । ਗੁਰ ਅਵਤਾਰ ਪੈਗ਼ੰਬਰ ਸਦੀ ਚੌਧਵੀਂ ਸਭ ਦਾ ਲੇਖਾ ਕਰੇ ਚਿਕ, ਓਹਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਰਵਟ ਬਦਲ ਕੇ ਸ਼ਬਦੀ ਧਾਰ ਜਨ ਭਗਤਾਂ ਹੱਥ ਰਖਾਏ ਪਿੱਠ, ਪੁਸ਼ਤ ਪਨਾਹ ਆਪਣੀ ਆਪ ਜਣਾਈਆ ।

### ✪ ਪਹਿਲੀ ਪੋਹ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਦਰਬਾਰ ਵਿਚ ✪

ਨਾਰਦ ਕਹੇ ਭਗਤੋ ਵੇਖੋ ਮੈਂ ਆ ਗਿਆ ਗਾਉਂਦਾ, ਧੁਰ ਦਾ ਰਾਗ ਅਲਾਈਆ । ਮੇਰੇ ਅੰਦਰ ਵੜ ਕੇ ਪੁਰਖ ਅਕਾਲ ਅਲਾਉਂਦਾ, ਨਾਦੀ ਧੁਨ ਉਪਜਾਈਆ । ਖ਼ੁਸ਼ੀਆਂ ਨਾਲ ਮੇਰੀ ਬੋਦੀ ਹਿਲਾਉਂਦਾ, ਦੋ ਜਹਾਨ ਵਖਾਈਆ । ਸਿਤਾਰ ਮੇਰੇ ਹੱਥ ਫੜਾਉਂਦਾ, ਜੋ ਤੂੰ ਹੀ ਤੂੰ ਹੀ ਰਹੀ ਜਣਾਈਆ । ਮੈਂ ਨਿਊਂ ਨਿਊਂ ਸੀਸ ਝੁਕਾਉਂਦਾ, ਨਿਵ ਨਿਵ ਲਾਗਾ ਪਾਈਆ । ਦਰ ਠਾਂਡੇ ਵਾਸਤਾ ਪਾਉਂਦਾ, ਧੂੜੀ ਖ਼ਾਕ ਰਮਾਈਆ । ਚਾਰੋਂ ਕੁੰਟ ਵੇਖ ਵਖਾਉਂਦਾ, ਉੱਤਰ ਪੂਰਬ ਪੱਛਮ ਦੱਖਣ ਅੱਖ ਖੁਲ੍ਹਾਈਆ । ਆਪਣੇ ਆਪ ਨੂੰ ਨਾਲੇ ਹੱਸਦਾ ਨਾਲੇ ਰੁਵਾਉਂਦਾ, ਦੋਵੇਂ ਤਾਲ ਬਣਾਈਆ । ਫੇਰ ਪ੍ਰਭ ਦੇ ਵੱਲ ਤਕਾਉਂਦਾ, ਚੋਰੀ ਚੋਰੀ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਭਗਤੋ ਵੇਖੋ ਮੇਰੀ ਸਿਤਾਰ, ਸਤਿ ਸਤਿ ਜਣਾਈਆ । ਅਗੰਮੀ ਵਾਜਾਂ ਰਹੀ ਮਾਰ, ਸੋਇਆਂ ਰਹੀ

ਉਠਾਈਆ । ਕੂਕ ਕਰੇ ਪੁਕਾਰ, ਪ੍ਰਭ ਤੇਰੀ ਬੇਪਰਵਾਹੀਆ । ਲੋਆਂ ਪੁਰੀਆਂ ਪਾਵੇ ਸਾਰ, ਬ੍ਰਹਿਮੰਡ ਖੰਡ ਧਿਆਨ ਲਗਾਈਆ । ਕਰੋੜ ਤੇਤੀਸਾ ਵੇਖੀ ਧਾਰ, ਵਿਸ਼ਨ ਬ੍ਰਹਮਾ ਸ਼ਿਵ ਫੋਲ ਫੁਲਾਈਆ । ਫਿਰ ਮੈਂ ਨਿਗਹ ਮਾਰੀ ਸਚਖੰਡ ਦਰਬਾਰ, ਨੈਣ ਨੈਣ ਵਿਚੋਂ ਬਦਲਾਈਆ । ਮੇਰੀ ਬੋਦੀ ਹਿੱਲੀ ਪੰਜ ਵਾਰ, ਪੰਜਾ ਦਿਤਾ ਲਗਾਈਆ । ਮੈਂ ਝਟ ਕੀਤੀ ਨਿਮਸਕਾਰ, ਨਿਉਂ ਨਿਉਂ ਸੀਸ ਨਿਵਾਈਆ । ਫੇਰ ਬਿਨਾ ਹੱਥਾਂ ਤੋਂ ਮਾਰੀ ਲਕਾਰ, ਲਾਈਨ ਦਿਤੀ ਬਣਾਈਆ । ਤੂੰਬੀ ਨੂੰ ਮਾਰੀ ਮਾਰ, ਕਿੰਗ ਉਲਟੀ ਦਿਤੀ ਕਰਾਈਆ । ਨੀ ਕਮਲੀਏ ਤਕ ਲੈ ਅਮਾਮਾ ਦਾ ਅਮਾਮ ਧੁਰ ਦਾ ਪਰਵਰਦਿਗਾਰ, ਸਾਂਝਾ ਯਾਰ ਨੂਰ ਅਲਾਹੀਆ । ਜਿਸ ਦਾ ਖੇਲ ਸਦਾ ਜੁਗ ਚਾਰ, ਜੁਗ ਚੌਕੜੀ ਵੇਸ ਵਟਾਈਆ । ਕਿੰਗ ਬੋਲੀ ਨਾਲ ਪਿਆਰ, ਪ੍ਰੇਮ ਵਿਚ ਜਣਾਈਆ । ਨਾਰਦ ਤਕ ਲੈ ਕਲ ਕਲਕੀ ਅਵਤਾਰ, ਕਲ ਆਪਣੀ ਰਿਹਾ ਦਰਸਾਈਆ । ਜਿਸ ਨੇ ਲੱਖ ਚੁਰਾਸੀ ਪਾਉਣੀ ਸਾਰ, ਦੋ ਜਹਾਨਾਂ ਵੇਖ ਵਖਾਈਆ । ਸ਼ਬਦ ਨਾਦ ਸੁਣਾਏ ਸੱਚੀ ਧੁਨਕਾਰ, ਅਨਹਦ ਰਾਗੀ ਰਾਗ ਅਲਾਈਆ । ਨਾਰਦ ਕਹੇ ਮੈਂ ਤੱਕਿਆ ਟੇਡੀ ਅੱਖ ਨਾਲ, ਵੇਖਿਆ ਕੀ ਖੇਲ ਸੱਚੀ ਸਰਕਾਰ, ਹਰਿ ਕਰਤਾ ਕੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਧਰਮ ਦਵਾਰ ਦਾ ਬਣ ਗਵਈਆ, ਛੱਤੀ ਰਾਗਾਂ ਤੋਂ ਬਾਹਰ ਦਿਤਾ ਜਣਾਈਆ । ਸੰਦੇਸ਼ਾ ਦਿਤਾ ਗੁਰ ਅਵਤਾਰ ਪੈਗ਼ੰਬਰ ਵੇਖੋ ਆਪਣਾ ਸਈਆ, ਜੋ ਸਾਹਿਬ ਸੁਲਤਾਨ ਧੁਰਦਰਗਾਹੀਆ । ਨਾਲੇ ਤਕ ਲਉ ਆਪਣੇ ਨਾਮ ਦੀ ਨਈਆ, ਜੋ ਨੌਕਾ ਆਏ ਚਲਾਈਆ । ਆਪਣਾ ਲੇਖਾ ਕਢ ਲਉ ਵਹੀਆ, ਹਿਸਾਬ ਮੰਗੇ ਧੁਰਦਰਗਾਹੀਆ । ਗੋਬਿੰਦ ਦਾ ਪੂਰਾ

੯੧੫ ਹੋ ਗਿਆ ਢਈਆ, ਢੌਂਕਾ ਲਾ ਕੇ ਲਏ ਅੰਗੜਾਈਆ । ਜਿਸ ਨੇ ਲੇਖਾ ਪੂਰਾ ਕਰਨਾ ਆਦਿ ਸ਼ਕਤ ਜਗਤ ਭਵਾਨੀ ਮਈਆ, ਮਿਹਰਵਾਨ ਮਹਿਬੂਬ ੯੧੫

੨੨ ਆਪਣਾ ਹੁਕਮ ਵਰਤਾਈਆ । ਕਲਜੁਗ ਅੰਦਰ ਸਤਿਜੁਗ ਬਦਲ ਦੇਣਾ ਰਵਈਆ, ਰਹਿਮਤ ਆਪਣਾ ਨਾਮ ਕਮਾਈਆ । ਜੋਤੀ ਜੋਤ ਸਰੂਪ ਹਰਿ, ੨੨

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਨਾਰਦ ਕਹੇ ਮੈਂ ਗਾਉਣ ਲੱਗਾ ਪਰਮ ਪੁਰਖ ਦੀ ਤੁਕ, ਅੰਤਰ ਅੰਤਰ ਆਵਾਜ਼ ਸੁਣਾਈਆ । ਨਾਲੇ ਪੁੱਠੀ ਗਰਦਨ ਕਰ ਕੇ ਗਿਆ ਝੁਕ, ਅਬਿਨਾਸ਼ੀ ਕਰਤੇ ਸੀਸ ਨਿਵਾਈਆ । ਫੇਰ ਟੇਢਾ ਕਰ ਕੇ ਮੁਖ, ਅਵਤਾਰ ਪੈਗ਼ੰਬਰ ਗੁਰੂ ਤਕੇ ਚਾਈਂ ਚਾਈਂਆ । ਮੈਂ ਤਾੜੀ ਮਾਰ ਕੇ ਕਿਹਾ ਓ ਤੁਸੀਂ ਜੰਮੇ ਮਾਤਾ ਦੀ ਵਿਚੋਂ ਕੁੱਖ, ਪੰਜ ਤਤਾਂ ਵਾਲਾ ਰੂਪ ਬਣਾਈਆ । ਸ਼ਰੀਰ ਉਤੇ ਝਲਦੇ ਰਹੇ ਦੁੱਖ, ਕਸ਼ਟ ਨਾਲ ਮਿਲਾਈਆ । ਆਪਣੀ ਸੁਹਾਉਂਦੇ ਰਹੇ ਰੁਤ, ਜਗਤ ਨਾਲ ਵਡਿਆਈਆ । ਹੁਣ ਤੁਹਾਡੇ ਕੋਲ ਕੀ ਕੁਛ, ਮੈਨੂੰ ਦਿਓ ਸਮਝਾਈਆ । ਕਿਸੇ ਦਾੜ੍ਹੀ ਮੁਨਾ ਲਈ ਕਿਸੇ ਕਟਾ ਲਈ ਮੁੱਛ, ਕੀ ਪ੍ਰਭ ਨੇ ਤੁਹਾਡੇ ਉਤੇ ਕਲਾ ਦਿਤੀ ਵਰਤਾਈਆ । ਕੀ ਕਲਮਾ ਨਾਮ ਪੜ੍ਹਿਆ ਜਿਸ ਨਾਲ ਆਤਮ ਮਿਲਿਆ ਸੁਖ, ਮਾਨਵ ਜ਼ਾਤੀ ਰੰਗ ਰੰਗਾਈਆ । ਕਿਉਂ ਸਾਰੇ ਹੋ ਗਏ ਚੁਪ, ਸੰਦੇਸ਼ਾ ਦਿਓ ਸੁਣਾਈਆ । ਨਾਰਦ ਕਹੇ ਮੈਂ ਵੇਖਿਆ ਤੁਹਾਡੀ ਸ੍ਰਿਸ਼ਟੀ ਅੰਤਰ ਅੰਧੇਰਾ ਘੁਪ, ਨੂਰੀ ਚੰਦ ਨਾ ਕੋਇ ਚਮਕਾਈਆ । ਤੁਸੀਂ ਜਾਣਦੇ ਨਹੀਂ ਪ੍ਰਭ ਨੇ ਜੋ ਤੁਹਾਨੂੰ ਕੋਟਾਂ ਵਿਚੋਂ ਅਣਗਿਣਤਾਂ ਵਿਚੋਂ ਇਕ ਨੂੰ ਬਣਾ ਲਿਆ ਪੁੱਤ, ਤੁਸੀਂ ਕਿਉਂ ਅਣਗਿਣਤਾਂ ਦੀ ਜ਼ਿਮੇਵਾਰੀ ਆਪਣੇ ਉਤੇ ਉਠਾਈਆ । ਸਚ ਦੱਸੋ ਕਿਸ ਨੇ ਕਿਸ ਦਾ ਭਾਰ ਲਿਆ ਚੁੱਕ, ਗੋਦੀ ਲੈ ਕੇ ਪ੍ਰਭ ਦੇ ਦਰ ਪਹੁੰਚਾਈਆ । ਮੈਨੂੰ ਵਖਾਵੋ ਫੜ ਲਓ ਮੇਰਾ ਗੁੱਟ, ਮੈਂ ਨਾਲ ਜਾਵਾਂ

ਚਾਈਂ ਚਾਈਆ । ਜੇ ਸਿੱਖ ਦੀ ਪ੍ਰੀਤੀ ਸਤਿਗੁਰ ਨਾਲੋਂ ਜਾਵੇ ਟੁੱਟ, ਸਿੱਖ ਗੁਰੂ ਦਾ ਨਾਤਾ ਲੋਕਮਾਤ ਰਹੇ ਨਾ ਰਾਈਆ । ਸਚ ਦੱਸੋ ਕਿਸ ਨੇ ਅੰਮ੍ਰਿਤ ਜਾਮ ਪੀਤਾ ਘੁਟ, ਨਿਝਰ ਰਸ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਵੇਲਾ ਆਪ ਜਣਾਈਆ । ਨਾਰਦ ਕਹੇ ਪੈਗੰਬਰੋ ਮੇਰੀ ਸਲਾਮ, ਸੱਯਦਾ ਪੁੱਠੇ ਹੱਥ ਕਰਾਈਆ । ਕੇਹੜੀ ਤੁਹਾਡੀ ਕਲਾਮ, ਅਲਿਫ਼ ਯੇ ਦਿਓ ਵਖਾਈਆ । ਕੀ ਤੁਹਾਡਾ ਪੈਗ਼ਾਮ, ਜੋ ਕਾਇਨਾਤ ਆਏ ਸੁਣਾਈਆ । ਕਿਸ ਦੇ ਹੋਏ ਗ਼ੁਲਾਮ, ਚਾਕਰ ਰੂਪ ਬਦਲਾਈਆ । ਕਿਸ ਦਾ ਰੱਖਿਆ ਈਮਾਨ, ਸੀਸ ਕਵਣ ਝੁਕਾਈਆ । ਕਵਣ ਮਾਲਕ ਖ਼ਾਲਕ ਤੁਹਾਡਾ ਅਮਾਮ, ਅਮਲਾਂ ਤੋਂ ਰਹਿਤ ਦਿਓ ਵਖਾਈਆ । ਕਿਉਂ ਤੁਸਾਂ ਖ਼ੁਦ ਖ਼ੁਦਾ ਦਾ ਨਾਮ ਕੀਤਾ ਬਦਨਾਮ, ਬਦੀਆਂ ਦਾ ਡੇਰਾ ਸਕੇ ਕੋਇ ਨਾ ਢਾਹੀਆ । ਉਹ ਵੇਖੇ ਸ਼ਬਦ ਗੁਰੂ ਸਭ ਤੇ ਲਾਉਣ ਲੱਗਾ ਇਲਜ਼ਾਮ, ਬਚਿਆ ਰਹਿਣ ਕੋਇ ਨਾ ਪਾਈਆ । ਸਦੀ ਚੌਧਵੀਂ ਹੋਣੀ ਅੰਧੇਰੀ ਸ਼ਾਮ, ਸ਼ਮਾ ਜੋਤ ਨੂਰ ਨਾ ਕੋਇ ਰੁਸ਼ਨਾਈਆ । ਝਗੜਾ ਮੇਟ ਨਾ ਸਕਿਆ ਕੋਇ ਤਮਾਮ, ਤਮਾਂ ਵਿਚ ਸਾਰੇ ਰਹੇ ਕੁਰਲਾਈਆ । ਆਪਣਾ ਆਪਣਾ ਸਾਰੇ ਦਿਓ ਬਿਆਨ, ਮੇਰੀ ਬੋਦੀ ਰਹੀ ਜਣਾਈਆ । ਮੈਂ ਚਾਰ ਜੁਗ ਪ੍ਰਭ ਦਾ ਭਗਤ ਨਿੱਕਾ ਜੇਹਾ ਅਣਜਾਣ, ਫਿਰ ਤੁਰ ਕੇ ਆਪਣਾ ਝਟ ਲੰਘਾਈਆ । ਨਾ ਕੋਇ ਨਗਰ ਖੇੜਾ ਨਾ ਕੋਇ ਮੇਰਾ ਗਰਾਮ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ ਵੰਡ ਨਾ ਕੋਇ ਵੰਡਾਈਆ । ਯਾਦ ਰਖਿਓ ਨਹੀਂ ਤੇ ਛੱਬੀ ਪੋਹ ਨੂੰ ਪੰਜਾਂ ਲਿਖਾਰੀਆਂ ਨੇ ਲਿਆਉਣਾ ਅਸ਼ਟਾਂਮ, ਪੁੱਠੇ ਪਾਸੇ ਤੁਹਾਡੇ ਲਿਖ ਕੇ ਬਿਆਨ, ਮੋਹਰ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਦੇਣੀ ਲਗਾਈਆ । ਇਹ ਫੇਰ ਹੁਕਮਨਾਮਾ ਭੇਜਣਾ ਸਾਰੇ ਵਿਚ ਜਹਾਨ, ਕੋਈ ਦੁਨੀਆ ਦਾ ਰਾਸ਼ਟਰਪਤੀ ਬਚਿਆ ਰਹਿਣ ਨਾ ਪਾਈਆ । ਜਿਸ ਪ੍ਰਭੂ ਨੂੰ ਸਾਰਿਆਂ ਕੀਤਾ ਬਦਨਾਮ, ਉਹ ਬਦੀ ਦਾ ਲੇਖਾ ਮੰਗੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਈਆ । ਨਾਰਦ ਕਹੇ ਮੇਰੇ ਸਤਿਗੁਰੂ ਗੁਰਦੇਵਾ, ਦੇਵ ਦੇਵਾ ਸਰਨਾਈਆ । ਵੇਖੋ ਖੇਲ ਪ੍ਰਭੂ ਨਿਹਕੇਵਾ, ਨਿਹਚਲ ਧਾਮ ਰਿਹਾ ਕਰਾਈਆ । ਜਿਸ ਦੀ ਸਿਫ਼ਤ ਕੋਈ ਕਰ ਸਕੇ ਨਾ ਜਿਹਵਾ, ਰਸਨਾ ਨਾ ਕੋਇ ਵਡਿਆਈਆ । ਉਹ ਸਾਹਿਬ ਅਲਖ ਅਭੇਵਾ, ਅਗੰਮ ਅਗੋਚਰ ਆਪਣਾ ਹੁਕਮ ਵਰਤਾਈਆ । ਜਿਸ ਦੀ ਕਰਦੇ ਰਹੇ ਮਾਤਲੋਕ ਵਿਚ ਸੇਵਾ, ਸਿਫ਼ਤੀ ਸਿਫ਼ਤ ਨਾਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੇਰੀ ਬੋਦੀ ਵੇਖੋ ਹਿਲਦੀ, ਹਿਲ ਹਿਲ ਰਹੀ ਵਖਾਈਆ । ਇਹ ਖੇਲ ਅਲਾਹੀ ਇੱਲਲ ਦੀ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਇਹ ਕਹਿੰਦੀ ਜਿਥੇ ਆਤਮਾ ਪਰਮਾਤਮਾ ਮਿਲਦੀ, ਉਸ ਦਾ ਭੇਵ ਆਇਆ ਨਾ ਕੋਇ ਖੁਲ੍ਹਾਈਆ । ਹੁਣ ਖੇਲ ਨਹੀਂ ਕੋਈ ਢਿਲ ਦੀ, ਧੁਰ ਦਾ ਹੁਕਮ ਵਰਤੇ ਥਾਉਂ ਥਾਈਂਆ । ਮਰਜ਼ੀ ਚਲਣੀ ਨਹੀਂ ਕਿਸੇ ਦੇ ਮਨ ਦੀ, ਦਿਲ ਦੀ ਦਲੀਲ ਨਾ ਕੋਇ ਬਣਾਈਆ । ਖੇਲ ਵਰਤਣੀ ਸ੍ਰੀ ਭਗਵਨ ਦੀ, ਨਾ ਕੋਇ ਮੇਟੇ ਮੇਟ ਮਿਟਾਈਆ । ਜੋਤ ਪ੍ਰਕਾਸ਼ ਹੋਣੀ ਉਸ ਗੋਬਿੰਦ ਚੰਨ ਦੀ, ਜਿਸ ਨੂੰ ਸੂਰੀਆ ਚੰਦ ਸੀਸ ਨਿਵਾਈਆ । ਆਵਾਜ਼ ਚਾਰ ਕੁੰਟ ਆਉਣੀ ਧੰਨ ਧੰਨ ਦੀ, ਧੰਨ ਧੰਨ ਪ੍ਰਭੂ ਤੇਰੀ ਵਡਿਆਈਆ । ਜਿਸ ਨੇ ਚੁਗਲੀ ਰਹਿਣ ਨਹੀਂ ਦੇਣੀ ਕੰਨ ਦੀ, ਅੰਤਰ ਨਿਰੰਤਰ ਕਰਨੀ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ

ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਪਰਗਟਾਈਆ । ਨਾਰਦ ਕਹੇ ਜਨ ਭਗਤੋ ਮੈਂ ਆਇਆ ਭੱਜਾ, ਭਜਨ ਬੰਦਗੀ ਪ੍ਰਭ ਦੇ ਕੋਲ ਰਖਾਈਆ । ਮੈਂ ਅੱਗੇ ਕਰਾਂ ਹੱਥ ਸੱਜਾ, ਸੱਜਣੋ ਦਿਆਂ ਵਖਾਈਆ । ਸਭ ਦੇ ਸਿਰ ਤੇ ਕੂਕਦੀ ਕਜ਼ਾ, ਅੱਗੇ ਹੋ ਨਾ ਕੋਇ ਬਚਾਈਆ । ਸਦੀ ਚੌਧਵੀਂ ਸਭ ਨੇ ਚੱਖਣਾ ਮਜ਼ਾ, ਜੋ ਮਜ਼ਾਕ ਕਰੇ ਖ਼ਲਕ ਖ਼ੁਦਾਈਆ । ਤੁਸਾਂ ਰਹਿਣਾ ਇਕ ਪ੍ਰਭੂ ਦੀ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਜੋ ਅਖਵਾਈਆ । ਜਿਸ ਦੇ ਨਾਮ ਦੀ ਵੱਜਣੀ ਗਦਾ, ਗਦਾਗਰ ਕਰੇ ਲੋਕਾਈਆ । ਕਬੀਰ ਕਹੇ ਮੈਂ ਤੇ ਦੇਵਣ ਆਇਆ ਸੱਦਾ, ਉਚੀ ਕੂਕ ਕੂਕ ਸੁਣਾਈਆ । ਜਿਹੜਾ ਭਗਤ ਪ੍ਰਭ ਦੇ ਪਿਆਰ ਵਿਚ ਬੱਧਾ, ਉਹਦਾ ਲੇਖਾ ਬੱਧਕ ਵਾਂਗ ਦਏ ਮੁਕਾਈਆ । ਨਾਰਦ ਕਹੇ ਬੱਧਕ ਨੇ ਛੱਬੀ ਪੋਹ ਨੂੰ ਸਿਰ ਨੰਗਾ ਕਰ ਕੇ ਆਉਣਾ ਅੱਧਾ, ਉਪਰ ਪੜਦਾ ਨਾ ਕੋਇ ਰਖਾਈਆ । ਨਾਰਦ ਕਹੇ ਜੰਮੂ ਵਾਲਿਓ ਮੇਰਾ ਉਸ ਦੇ ਹੱਥ ਵਿਚ ਫੜਾ ਦੇਣਾ ਖ਼ਾਲੀ ਡੱਬਾ, ਰਾਤ ਦਾ ਸਾਢੇ ਨੌਂ ਦਾ ਵਕਤ ਸਮਝਾਈਆ । ਗਲ ਪਾਟਾ ਹੋਵੇ ਝੱਗਾ, ਤਨ ਪੋਸ਼ਾਕ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਦੇਵਣ ਆਇਆ ਹੋਕਾ, ਹੁਕਮ ਪ੍ਰਭ ਦਾ ਇਕ ਸੁਣਾਈਆ । ਜਿਸ ਦਾ ਭਾਣਾ ਵਰਤਣਾ ਚੌਦਾਂ ਲੋਕਾ, ਚੌਦਾਂ ਤਬਕ ਨਾ ਕੋਇ ਟਿਕਾਈਆ । ਪੁਰੀਆਂ ਲੋਆਂ ਸੁਣਨਾ ਉਸ ਦਾ ਨਾਮ ਸਲੋਕਾ, ਵਿਸ਼ਨ ਬ੍ਰਹਮਾ ਸ਼ਿਵ ਗਾਈਆ । ਅਵਤਾਰ ਪੈਗ਼ੰਬਰ ਗੁਰੂਆਂ ਸਮਝਣਾ ਗ਼ਨੀਮਤ ਮੌਕਾ, ਵੇਲਾ ਵਕਤ ਨਾਲ ਸਮਝਾਈਆ । ਜਨ ਭਗਤੋ ਤੁਸਾਂ ਆਉਣਾ ਨਾਲ ਸ਼ੌਂਕਾ, ਸੋਹਣਾ ਰੰਗ ਵਖਾਈਆ । ਜਿਸ ਨੇ ਛੱਡਿਆ ਪਟਨਾ ਪੌਂਟਾ, ਉਹ ਤੁਹਾਨੂੰ ਮਿਲੇ ਤੁਹਾਡਾ ਮਾਹੀਆ । ਉਸ ਦਾ ਪੂਰਾ ਹੋ ਗਿਆ ਢਈਏ ਵਾਲਾ ਢੌਂਕਾ, ਆਲਸ ਨਿੰਦਰਾ ਨਾ ਕੋਇ ਰਖਾਈਆ । ਜਨ ਭਗਤੋਂ ਤੁਹਾਡਾ ਫੜ ਕੇ ਸੱਜੇ ਹੱਥ ਨਾਲ ਪੌਂਚਾ, ਦਸਤ ਦਸਤ ਲਏ ਉਠਾਈਆ । ਜ਼ਿੰਦਗੀ ਵਿਚ ਜੀਵਣ ਵਿਚ ਕਿਸੇ ਨੂੰ ਭਰਨ ਨਾ ਦੇਵੇ ਹੌਕਾ, ਹਉਮੇ ਰੋਗ ਗਵਾਈਆ । ਵਕਤ ਸੁਹੰਜਣਾ ਹੋਣਾ ਛੱਬੀ ਪੋਹ ਦਾ, ਸੰਮਤ ਛੇ ਨਾਲ ਵਡਿਆਈਆ । ਜਨ ਭਗਤੋ ਅੱਗੇ ਪ੍ਰਭ ਦਾ ਪਿਆਰ ਹੋਣਾ ਦੋ ਦੋ ਦਾ, ਆਤਮ ਪਰਮਾਤਮ ਪਰਮਾਤਮ ਆਤਮ ਇਕੋ ਰੰਗ ਦਏ ਬਣਾਈਆ । ਪ੍ਰਕਾਸ਼ ਕਰਨਾ ਜੋਤੀ ਧਾਰ ਅਗੰਮੀ ਲੋ ਦਾ, ਲੋਇਣ ਦਏ ਖੁਲ੍ਹਾਈਆ । ਨਾਤਾ ਤੋੜਨਾ ਝੂਠੇ ਮੋਹ ਦਾ, ਮੁਹੱਬਤ ਆਪਣੇ ਨਾਲ ਬਣਾਈਆ । ਤੁਸਾਂ ਖੇਲ ਕਰਨਾ ਰਾਤ ਦੇ ਬਾਰਾਂ ਵਜੇ ਇਕ ਦੂਜੇ ਕੋਲੋਂ ਖੋਹ ਖੋਹ ਦਾ, ਰੌਲਾ ਦੇਣਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਨਾਰਦ ਕਹੇ ਮੇਰੀ ਕਿੰਗ ਪਾਵੇ ਰੌਲਾ, ਕੂਕ ਕੂਕ ਸੁਣਾਈਆ । ਪੈਗ਼ੰਬਰੋ ਤਕੋ ਮੌਲਾ, ਮਿਹਰਵਾਨ ਅਲਾਹੀਆ । ਪੜਦਾ ਰਹੇ ਨਾ ਓਹਲਾ, ਭੇਵ ਅਭੇਦ ਖੁਲ੍ਹਾਈਆ । ਪੂਰਾ ਕਰੋ ਕੌਲਾ, ਇਕਰਾਰ ਰਿਹਾ ਜਣਾਈਆ । ਅਰਸ਼ਾਂ ਦਾ ਮਾਲਕ ਆ ਗਿਆ ਫ਼ਰਸ਼ਾਂ ਉਤੇ ਧੌਲਾ, ਧਰਨੀ ਬੈਠੀ ਸੀਸ ਨਿਵਾਈਆ । ਸਭ ਨੂੰ ਗਾਉਣਾ ਪੈਣਾ ਇਕੋ ਢੋਲਾ, ਢੋਲ ਮਾਹੀ ਰਿਹਾ ਦ੍ਰਿੜਾਈਆ । ਸਾਂਝਾ ਕਰਨਾ ਬੋਲਾ, ਅਨਬੋਲਤ ਹੁਕਮ ਵਰਤਾਈਆ । ਵੇਖਿਓ ਪਰਵਰਦਿਗਾਰ ਸਾਂਝਾ ਯਾਰ ਦੋ ਜਹਾਨਾ ਬਣ ਕੇ ਤੋਲਾ, ਸਚ ਤਰਾਜ਼ੂ ਹੱਥ ਉਠਾਈਆ । ਨਾਰਦ ਕਹਿੰਦਾ ਮੈਂ ਹੈਰਾਨ ਹੋ ਗਿਆ ਬਹੁੜੀ ਦਰੋਹੀ ਉਸ ਨੇ ਇਕ ਸਤਿਗੁਰ ਸ਼ਬਦ ਗੁਰੂ ਸਭ ਦਾ ਬਣਾ ਦੇਣਾ ਵਿਚੋਲਾ, ਵਿਚਲਾ ਲੇਖਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ

੯੧੮
੨੨

ਦਾਤਾ ਧੁਰਦਰਗਾਹੀਆ । ਨਾਰਦ ਕਹੇ ਉਹ ਦੋ ਜਹਾਨੋ ਮੇਰੀ ਅਲੱਖ, ਅਲਖ ਅਗੋਚਰ ਦਾ ਨਾਅਰਾ ਦਿਆਂ ਲਗਾਈਆ । ਉਠੋ ਵੇਖੋ ਸਵਾਧਾਨ ਹੋ ਜਾਓ ਪਰਮ ਪੁਰਖ ਤਕੋ ਪ੍ਰਤਖ, ਪਾਰਬ੍ਰਹਮ ਪਤਿਪਰਮੇਸ਼ਵਰ ਜਲਵਾਗਰ ਨੂਰ ਅਲਾਹੀਆ । ਜੋ ਆਦਿ ਅੰਤ ਦਾ ਸਚ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਜਿਸ ਨੇ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਸਭ ਦੀ ਰੱਖਣੀ ਪਤ, ਪਤਿਪਰਮੇਸ਼ਵਰ ਇਕ ਅਖਵਾਈਆ । ਉਹ ਸਭ ਦੀ ਜਾਣੇ ਮਿਤ ਗਤ, ਗਹਿਰ ਗੰਭੀਰ ਆਪਣਾ ਹੁਕਮ ਵਰਤਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਜਿਸ ਦੇ ਹੁਕਮ ਨਾਲ ਉਬਲਣੀ ਰੱਤ, ਅਗਨੀ ਤਤ ਨਾ ਕੋਇ ਬੁਝਾਈਆ । ਉਹ ਲੇਖਾ ਸਭ ਤੋਂ ਮੰਗੇ ਝਟ, ਸ਼ਬਦ ਸੰਦੇਸਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਪ੍ਰਭੂ ਮੈਂ ਆ ਗਿਆ ਮਾਤਲੋਕ ਵਿਚੋਂ, ਫਿਰ ਕੇ ਚਾਈਂ ਚਾਈਆ । ਵੇਖ ਲੈ ਕੀ ਹਾਲਤ ਹੋਣੀ ਅਵਤਾਰ ਪੈਗ਼ੰਬਰਾਂ ਗੁਰੂਆਂ ਪਿਛੋਂ, ਦੀਨ ਦੁਨੀ ਸਤਿ ਨਾ ਕੋਇ ਸਮਾਈਆ । ਕਿਸੇ ਨੂੰ ਲੱਭਿਆ ਨਹੀਂ ਪੱਥਰਾਂ ਤੇ ਵਿਚੋਂ ਇੱਟੋਂ, ਜਲ ਵਰੋਲਿਆਂ ਹੱਥ ਕਿਛ ਨਾ ਆਈਆ । ਪੁਰਖ ਅਕਾਲੇ ਦੀਨ ਦਿਆਲੇ ਤੂੰ ਕਿਹੜੀ ਦਿਸ਼ਾ ਟਿਕੋਂ, ਆਪਣਾ ਪੜਦਾ ਦੇ ਚੁਕਾਈਆ । ਤੇਰੇ ਉਤੋਂ ਕੁਰਬਾਨ ਹੋਇਆ ਕੋਇ ਨਾ ਵਿਟੋਂ, ਖ਼ਾਦਮ ਹੋ ਕੇ ਸੀਸ ਨਾ ਕੋਇ ਨਿਵਾਈਆ । ਨਾਰਦ ਕਹੇ ਤੇਰਾ ਸੁਤ ਦੁਲਾਰਾ ਦਿਸਿਆ ਨਹੀਂ ਜਿਹੜਾ ਉਪਜਿਆ ਤੇਰੇ ਖਿੱਟੋਂ, ਮਾਤ ਗਰਭ ਨਾ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਨਾਰਦ ਕਹੇ ਪ੍ਰਭੂ ਮੈਂ ਦਿਵਸ ਰੈਣ ਰਿਹਾ ਫਿਰਦਾ, ਘਰ ਘਰ ਅਲਖ ਜਗਾਈਆ । ਮੈਂ ਆਸਾ ਰਖਦਾ ਰਿਹਾ ਚਿਰਦਾ, ਖ਼ਾਹਿਸ਼ ਤੇਰੇ ਅੱਗੇ ਟਿਕਾਈਆ । ਬਹੁੜੀ ਮੈਨੂੰ ਸਾਫ਼ ਦਿਸਿਆ ਨਹੀਂ ਕੋਈ ਹਿਰਦਾ, ਜਿਸ ਹਿਰਦੇ ਵਿਚ ਤੇਰਾ ਨੂਰ ਨਜ਼ਰੀ ਆਈਆ । ਕੋਈ ਪਿਆਰਾ ਨਹੀਂ ਵੇਖਿਆ ਸੱਚੇ ਪਿਰ ਦਾ, ਜੋ ਪ੍ਰੀਤਮ ਆਪਣੇ ਰੰਗ ਰੰਗਾਈਆ । ਮੈਂ ਕਿਸੇ ਦੇ ਨੇਤਰ ਵਿਚੋਂ ਹੰਝੂ ਨਹੀਂ ਵੇਖਿਆ ਕਿਰਦਾ, ਜੋ ਬਿਰਹੋਂ ਵਿਚ ਆਪਣਾ ਆਪ ਤੇਰੀ ਭੇਟ ਚੜ੍ਹਾਈਆ । ਪਿਛੇ ਬਥੇਰਾ ਜੁਗਾਂ ਦਾ ਗੇੜ ਵੇਖਿਆ ਗਿੜਦਾ, ਸਤਿਜੁਗ ਤ੍ਰੇਤਾ ਦਵਾਪਰ ਗਏ ਫੇਰੀਆਂ ਪਾਈਆ । ਮੈਂ ਚਾਹੁੰਦਾ ਲੇਖਾ ਵੇਖਾਂ ਕਿਵੇਂ ਕਲਜੁਗ ਹਿਸਾਬ ਨਿਬੜਦਾ, ਸਦੀ ਚੌਧਵੀਂ ਨਾਲ ਮਿਲਾਈਆ । ਕਿਸ ਤਰਾਂ ਅਵਤਾਰ ਪੈਗ਼ੰਬਰ ਗੁਰੂ ਆਪਣਿਆਂ ਦੀਨਾਂ ਮਜ਼੍ਹਬਾਂ ਤੋਂ ਵਿਛੜਦਾ, ਵਿਛੋੜੇ ਵਿਚ ਸਾਰੇ ਦੇਣ ਦੁਹਾਈਆ । ਫੇਰ ਪਤਾ ਲਗਣਾ ਗੋਬਿੰਦ ਪਿਆਰੇ ਮਿੱਤਰ ਦਾ, ਜਿਸ ਪਿਛੇ ਸੱਥਰ ਯਾਰ ਗਿਆ ਹੰਢਾਈਆ । ਉਹ ਯਾਰ ਯਾਰਾਨੇ ਵਿਚੋਂ ਨਿਤਰ ਦਾ, ਲੱਭਿਆਂ ਹੱਥ ਕਿਸੇ ਨਾ ਆਈਆ । ਨਾਰਦ ਕਹੇ ਜਨ ਭਗਤੋ ਹੁਣ ਖੇਲ ਹੋਣਾ ਚੋਟੀ ਸ਼ਿਖ਼ਰ ਦਾ, ਮੰਜ਼ਲ ਆਖ਼ਰ ਦੇਣੀ ਵਖਾਈਆ । ਯਾਦ ਰੱਖਿਓ ਛੱਬੀ ਪੋਹ ਨੂੰ ਤਿਆਰ ਰੱਖਣਾ ਉਹੋ ਸੋਟਾ ਕਿੱਕਰ ਦਾ, ਸੱਤ ਰੰਗੇ ਨਾਲ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਪ੍ਰਭੂ ਮੈਂ ਤਕੀ ਤੇਰੀ ਖੇਲ ਅਪਾਰੀ, ਅਪਰੰਪਰ ਦਿਆਂ ਜਣਾਈਆ । ਸ੍ਰਿਸ਼ਟੀ ਵੇਖੀ ਸਾਰੀ, ਤੇਰੀ ਸਾਰ ਕਿਸੇ ਨਾ ਪਾਈਆ । ਤਕੇ ਪੈਗ਼ੰਬਰ ਗੁਰ ਅਵਤਾਰੀ, ਨਿਰੰਕਾਰ ਨਿਰਾਕਾਰ ਤੇਰਾ ਖੇਲ ਅਗੰਮ ਅਥਾਹੀਆ । ਚਾਰ ਜੁਗ ਦੀ ਤਕੀ ਸਿਕਦਾਰੀ, ਹੁਕਮ ਤੇਰਾ ਧੁਰਦਰਗਾਹੀਆ । ਕਲਜੁਗ ਅੰਤਮ ਤੇਰੀ ਆਈ ਵਾਰੀ ਸਚ ਦੱਸ ਕੀ ਆਪਣੀ ਕਾਰ ਕਮਾਈਆ । ਕੀ ਤੂੰ ਵੀ ਕਿਸੇ ਦੀਨ ਮਜ਼੍ਹਬ ਨਾਲ ਲਾਉਣੀ ਯਾਰੀ, ਹਿੱਸਿਆ ਵੰਡ ਵੰਡਾਈਆ ।

੯੧੯

੨੨

ਸਚ ਦੱਸ ਤੂੰ ਤਰਕਸ਼ ਤੀਰ ਕਮਾਨ ਫੜਨਾ ਕਿ ਖੰਡਾ ਖੜਗ ਕਟਾਰੀ, ਮਾਨਵ ਬਣ ਕੇ ਮਾਨਵਾਂ ਨਾਲ ਆਪਣੀ ਕਰੇਂ ਲੜਾਈਆ । ਜੇ ਤੂੰ ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਸਾਂਝਾ ਪਰਵਰਦਿਗਾਰ ਯਾਰੀ, ਯਾਰਾਨਾ ਇਕੋ ਇਕ ਬਣਾਈਆ । ਮੇਰੀ ਤੇਰੇ ਚਰਨ ਕਵਲ ਕਵਲ ਚਰਨ ਨਿਮਸਕਾਰੀ, ਨਿਉਂ ਨਿਉਂ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਾਹਵਾ ਤੇਰੀ ਵੱਜਦੀ ਰਹੇ ਵਧਾਈਆ । ਨਾਰਦ ਕਹੇ ਪ੍ਰਭੂ ਨਾ ਕੋਈ ਮੇਰਾ ਪਿਤਾ ਤੇ ਨਾ ਕੋਈ ਮੇਰੀ ਅੰਮੀ, ਅੰਮੜੀ ਨਜ਼ਰ ਕੋਇ ਨਾ ਆਈਆ । ਨਾ ਕੋਈ ਤੂੰ ਮੇਰੇ ਵਾਸਤੇ ਸ੍ਰਿਸ਼ਟੀ ਵਿਚ ਕੰਨਿਆ ਕੋਈ ਜੰਮੀ, ਜਿਹੜੀ ਮੈਨੂੰ ਲਏ ਪ੍ਰਨਾਈਆ । ਨਾ ਕੋਈ ਮੇਰਾ ਸੱਜਣ ਮੀਤ ਬਣਾਇਆ ਤਨੀ, ਜੋ ਸਗਲਾ ਸੰਗ ਰਖਾਈਆ । ਨਾ ਕਿਸੇ ਦੀ ਆਵਾਜ਼ ਸੁਣੀ ਕੰਨੀ, ਰਸਨਾ ਜਿਹਵਾ ਨਾ ਕੋਇ ਚਤੁਰਾਈਆ । ਚਾਰ ਜੁਗ ਕਿਸੇ ਦਾ ਕੁਝ ਵਧਿਆ ਕਿਸੇ ਦਾ ਕੁਝ ਵਧਿਆ ਤੇ ਮੇਰੀ ਬੋਦੀ ਹੋ ਗਈ ਲੰਮੀ, ਲੰਮੀ ਪੈ ਕੇ ਰਹੀ ਜਣਾਈਆ । ਪ੍ਰਭੂ ਜੇ ਕਿਰਪਾ ਕਰੇਂ ਤੇ ਭਗਤਾਂ ਦਾ ਬੇੜਾ ਬੰਨ੍ਹੀਂ, ਸਿਰ ਆਪਣਾ ਹੱਥ ਟਿਕਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰ ਦਾ ਧਨੀ, ਧਨਾਢ ਇਕ ਅਖਵਾਈਆ । ਵੇਖੀਂ ਆਪਣਿਆਂ ਨੂੰ ਗੁਰ ਅਵਤਾਰ ਪੈਗ਼ੰਬਰਾਂ ਦੇ ਆਖੇ ਵੀ ਕਦੇ ਨਾ ਡੰਨੀ, ਮਿਹਰ ਨਿਗਹ ਕਰ ਕੇ ਸਾਰੇ ਪਾਰ ਕਰਾਈਆ । ਮੈਂ ਕੁਝ ਨਹੀਂ ਮੰਗਦਾ ਮੈਨੂੰ ਜੁਗ ਬੀਤ ਗਏ ਮੈਂ ਰੋਟੀ ਬੰਨ੍ਹੀ ਕਦੇ ਨਹੀਂ ਕੰਨੀ, ਭੁੱਖਾ ਰਹਿ ਕੇ ਝਟ ਲੰਘਾਈਆ । ਮੈਂ ਚਾਹੁੰਦਾ ਜਿਹੜੀ ਤੂੰ ਧਾਰ ਚਲਾਉਣੀ ਨਵੀਂ, ਨੌ ਖੰਡ ਪ੍ਰਿਥਮੀ ਦੇਣੀ ਵਰਤਾਈਆ । ਜੇ ਤੂੰ ਪੁਰਖ ਅਕਾਲ ਹੈਂ ਦੀਨ ਦਿਆਲ ਹੈਂ ਪਰਵਰਦਿਗਾਰ ਹੈਂ ਸਾਂਝਾ ਯਾਰ ਹੈਂ ਤੇ ਭਗਤਾਂ ਦੇ ਅੰਦਰ ਸਵੀਂ, ਸੁਖ ਆਸਣ ਤੇਰੇ ਕੰਮ ਕਿਸੇ ਨਾ ਆਈਆ । ਸਦਾ ਇਹਨਾਂ ਦੇ ਵਿਚ ਰਹਿਵੀਂ, ਜੋ ਤੇਰੇ ਦਰ ਤੇ ਬੈਠੇ ਸੀਸ ਨਿਵਾਈਆ । ਇਹਨਾਂ ਦੇ ਮੰਦਰ ਵਿਚ ਬਹਿਵੀਂ, ਸਾਢੇ ਤਿੰਨ ਹੱਥ ਡੇਰਾ ਲਾਈਆ । ਜਿਹੜੀ ਚਾਰ ਜੁਗ ਤੈਨੂੰ ਪ੍ਰੀਤ ਨਹੀਂ ਲੱਭੀ ਇਨ੍ਹਾਂ ਕੋਲੋਂ ਲਵੀਂ, ਜਿਹੜੇ ਮਾਤ ਪਿਤਾ ਭੈਣ ਭਰਾ ਛਡ ਕੇ ਤੇਰੀ ਓਟ ਤਕਾਈਆ । ਫੇਰ ਖ਼ੁਸ਼ੀਆਂ ਨਾਲ ਇਹਨਾਂ ਨੂੰ ਆਪਣਾ ਨਾਮ ਭੰਡਾਰਾ ਦੇਵੀਂ, ਰਾਤੀਂ ਸੁੱਤਿਆਂ ਦੀ ਝੋਲੀ ਦੇਣੀ ਭਰਾਈਆ । ਨਾਰਦ ਕਹੇ ਪ੍ਰਭੂ ਮੈਂ ਕਿੰਗ ਵਜਾਵਾਂ ਤੇ ਮੇਰੇ ਮਾਲਕ ਤੂੰ ਆਪਣਿਆਂ ਭਗਤਾਂ ਦਾ ਢੋਲਾ ਗਵੀਂ, ਤੂੰ ਮੇਰਾ ਮੈਂ ਤੇਰਾ ਇਹੋ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਵਾਸਤਾ ਪਾਈਆ । ਨਾਰਦ ਕਹੇ ਪ੍ਰਭੂ ਮੇਰੀ ਬੋਦੀ ਬੜੀ ਵਡੀ, ਵੱਡਿਆ ਤੇਰੀ ਕੀ ਵਡਿਆਈਆ । ਵੇਖ ਮੈਂ ਚਾਰ ਜੁਗ ਓ ਪ੍ਰਭੂ ਤੇਰੇ ਪਿਛੇ ਸਾਰੀ ਦੁਨੀਆ ਛਡੀ, ਨੰਗੀਂ ਪੈਰੀਂ ਫਿਰਾਂ ਚਾਈਂ ਚਾਈਂਆ । ਕਦੇ ਚੜ੍ਹਿਆ ਨਹੀਂ ਕਿਸੇ ਰੇਲ ਗੱਡੀ, ਪਾਂਧੀ ਹੋ ਕੇ ਭੱਜਾਂ ਵਾਹੋ ਦਾਹੀਆ । ਮੈਂ ਸਾਰੀ ਸ੍ਰਿਸ਼ਟੀ ਵੇਖੀ ਤੇਰੇ ਨਾਲ ਪ੍ਰੀਤ ਨਹੀਂ ਕਿਸੇ ਦੀ ਲੱਗੀ, ਸਾਰੇ ਅਵਤਾਰ ਪੈਗ਼ੰਬਰ ਗੁਰੂਆਂ ਨੂੰ ਬੈਠੇ ਸੀਸ ਨਿਵਾਈਆ । ਜਾਂ ਮੈਂ ਭਗਤ ਦਵਾਰੇ ਗਿਆ ਉਥੇ ਵੇਖਿਆ ਭਗਤਾਂ ਦੀ ਤੇਰੇ ਨਾਲ ਲੱਗੀ, ਲਗ ਮਾਤਰ ਦਾ ਡੇਰਾ ਗਏ ਢਾਹੀਆ । ਉਹ ਹੰਸ ਤੇਰੇ ਬਣ ਗਏ ਕੱਗੀ, ਕਾਗ ਹੰਸ ਰੂਪ ਬਦਲਾਈਆ । ਮੈਂ ਖਲੋਤਾ ਦੋਵੇਂ ਹੱਥ ਬੱਧੀ, ਤੇਰੇ ਅੱਗੇ ਵਾਸਤਾ ਪਾਈਆ । ਓ ਤੂੰ ਨੂਰ ਅਲਾਹੀ ਰੱਬੀ, ਮਿਹਰਵਾਨ ਇਕ ਅਖਵਾਈਆ । ਓ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੂੰ ਸਾਰਿਆਂ ਦਾ ਤਬੀ, ਗੁਰਮੁਖਾਂ ਦੀ ਤਬੀਅਤ ਅੰਦਰੋਂ ਦੇ ਬਦਲਾਈਆ । ਕਿਸੇ ਦੇ ਅੰਤਰ ਅੱਗ ਰਹੇ ਨਾ ਲੱਗੀ, ਅੰਮ੍ਰਿਤ ਮੇਘ ਨਾਲ ਬੁਝਾਈਆ । ਜਨ ਭਗਤੋ ਵੇਖਿਓ ਕਦੇ ਕੋਇ ਖਾਇਓ ਨਾ ਮੱਛੀ ਡੱਡੀ, ਅੱਗੇ ਮਿਲੇ ਸਜ਼ਾਈਆ । ਤੁਹਾਡੇ

ਮਾਂ ਪਿਓ ਨੇ ਕਿਸੇ ਸੰਭਾਲਣਾ ਨਹੀਂ ਪਾ ਕੇ ਵਿਚ ਡੱਬੀ, ਰਾਏ ਧਰਮ ਬੈਠਾ ਮੁੱਛਾਂ ਨੂੰ ਵੱਟ ਚੜ੍ਹਾਈਆ । ਵੇਖੇ ਚਿਤ੍ਰਗੁਪਤ ਬੈਠਾ ਲੇਖਾ ਕਢੀ, ਕਾਲ ਉਠ ਉਠ ਵੇਖੇ ਥਾਉਂ ਥਾਈਆ । ਯਾਦ ਕਰ ਲਓ ਕਿਸੇ ਅਵਤਾਰ ਪੈਗੰਬਰ ਗੁਰ ਦੀ ਕਦੇ ਨਹੀਂ ਰਹੀ ਗੱਦੀ, ਬਿਨਾ ਪੁਰਖ ਅਕਾਲ ਤੋਂ ਦੂਜਾ ਰਹਿਣ ਕੋਇ ਨਾ ਪਾਈਆ । ਗੁਰਸਿਖੋ ਜਨ ਭਗਤੋ ਇਕ ਦੂਜੇ ਨਾਲ ਕਰਿਓ ਕਦੇ ਨਾ ਬਦੀ, ਬਦਲਾ ਲੈਣ ਦੀ ਇੱਛਿਆ ਦੇਣੀ ਗਵਾਈਆ । ਹੁਣ ਅਖ਼ੀਰ ਆ ਗਿਆ ਚੌਧਵੀਂ ਸਦੀ, ਸਦਮੇ ਵਿਚ ਸਾਰੇ ਮਾਰਨ ਧਾਈਆ । ਪੁਰਖ ਅਕਾਲ ਦਾ ਮੇਲਾ ਹੁੰਦਾ ਕਦੀ ਕਦੀ, ਕਦੀਮ ਦੇ ਵਿਛੜਿਆਂ ਨਾਤਾ ਲਿਆ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਨਰਾਇਣ, ਤੇਰੀ ਬੇਪਰਵਾਹੀਆ । ਮੈਂ ਬੇਨੰਤੀ ਆਇਆ ਕਹਿਣ, ਕਹਿ ਕੇ ਦਿਆਂ ਸੁਣਾਈਆ । ਮੈਂ ਚਾਰ ਜੁਗ ਤੱਕਿਆ ਨਾ ਕੋਈ ਭਾਈ ਨਾ ਕੋਈ ਭੈਣ, ਧਰਮ ਸਾਰੇ ਗਏ ਗਵਾਈਆ । ਨਾ ਕੋਈ ਸਾਕ ਤੇ ਨਾ ਕੋਈ ਸੱਜਣ ਸੈਣ, ਸਗਲਾ ਸੰਗ ਨਾ ਕੋਇ ਬਣਾਈਆ । ਮੇਰੇ ਪੁਰਖ ਅਕਾਲ ਸਾਧਾਂ ਸੰਤਾਂ ਨੂੰ ਖਾ ਗਈ ਮਾਇਆ ਡੈਣ, ਬਚਿਆ ਰਹਿਣ ਕੋਇ ਨਾ ਪਾਈਆ । ਸਾਰੇ ਵਹਿ ਗਏ ਕੂੜ ਦੇ ਵਹਿਣ, ਅੱਗੇ ਹੋ ਨਾ ਕੋਇ ਅਟਕਾਈਆ । ਜਿਧਰ ਤੱਕਿਆ ਇਸਤਰੀ ਪੁਰਸ਼ ਦੀ ਨਿਗਹ ਬਦਲ ਗਈ ਨੈਣ, ਸ਼ਰਮ ਹਯਾ ਦਿਤੀ ਗਵਾਈਆ । ਮਜ਼੍ਹਬ ਤੱਕਿਆ ਛੁਰੀ ਬਣ ਗਈ ਕਸੈਣ, ਇਨਸਾਨਾਂ ਉਤੇ ਆਪਣਾ ਵਾਰ ਚਲਾਈਆ । ਪ੍ਰਭੂ ਫੇਰ ਮੈਂ ਤੱਕਿਆ ਬਟਵਾਰੇ ਨੇ ਜਿਹੜੀ ਬਾਲਮੀਕ ਵਾਲੀ ਲਿਖੀ ਰਮਾਇਣ, ਰਾਮਾ ਰੰਗ ਬਦਲਾਈਆ । ਉਹਦੇ ਵਿਚੋਂ ਢਾਈ ਸਤਰਾਂ ਛਡ ਗਿਆ ਜਿਸ ਵੇਲੇ ਦਰਸ਼ਨ ਕੀਤਾ ਸਾਖਿਆਤ ਨੈਣ, ਅੱਖ ਗਈ ਸ਼ਰਮਾਈਆ । ਕਲਮ ਲਿਖ ਨਾ ਸਕੀ ਤੇ ਜ਼ਬਾਨ ਸਕੀ ਨਾ ਕੁਛ ਕਹਿਣ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਨਾਰਦ ਕਹੇ ਮੈਂ ਬਾਲਮੀਕ ਦੇ ਹੋ ਗਿਆ ਓਹਲੇ, ਆਪਣਾ ਖੇਲ ਖਿਲਾਈਆ । ਪਿਛੋਂ ਹੌਲੀ ਜਿਹੀ ਬੋਲ ਬੋਲੇ, ਸਹਿਜ ਨਾਲ ਸੁਣਾਈਆ । ਰਿਸ਼ੀ ਜੀ ਰਾਮ ਦਾ ਰਾਮ ਕੀ ਸੁਣਾਵੇ ਢੋਲੇ, ਮੈਨੂੰ ਦਿਓ ਸੁਣਾਈਆ । ਉਸ ਮਾਰਿਆ ਹੱਥ ਉਸ ਦੇ ਸੱਜੇ ਡੌਲੇ, ਬਾਹੋਂ ਫੜ ਕੇ ਦਿਤਾ ਹਿਲਾਈਆ । ਬਾਲਮੀਕ ਕਿਹਾ ਓਏ ਨਾਰਦਾ, ਜਿਸ ਵੇਲੇ ਓਹ ਆਪ ਆਇਆ ਉਪਰ ਧੌਲੇ, ਧਰਮ ਦੀ ਧਾਰ ਵੇਖ ਵਖਾਈਆ । ਉਸ ਨੇ ਚਾਰ ਜੁਗ ਦੇ ਸਾਰੇ ਮੇਟ ਦੇਣੇ ਰੌਲੇ, ਰੌਣਕ ਆਤਮਾ ਪਰਮਾਤਮਾ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਬਲਮੀਕ ਹੱਥ ਧਰ ਲਿਆ ਉਤੇ ਠੋਡੀ, ਸੋਚਾਂ ਵਿਚ ਧਿਆਨ ਲਗਾਈਆ । ਮੈਂ ਹੋ ਗਿਆ ਭਾਰ ਗੋਡੀ, ਘੁਟਨੇ ਦਿਤੇ ਟਿਕਾਈਆ । ਫੇਰ ਹੱਥ ਰੱਖ ਕੇ ਉਤੇ ਮੋਢੀਂ, ਰਿਸ਼ੀ ਦਿਤਾ ਹਿਲਾਈਆ । ਫੇਰ ਬਣ ਕੇ ਜੋਗੀ, ਨਾਅਰਾ ਦਿਤਾ ਲਗਾਈਆ । ਉਹ ਮੇਰਾ ਮਾਲਕ ਰਸੀਆ ਭੋਗੀ, ਜੋ ਧੁਰ ਦਾ ਪਿਤਾ ਮਾਈਆ । ਬਾਲਮੀਕ ਨੇ ਮੇਰੇ ਤੋਂ ਅੱਗੇ ਕੀਤੀ ਸੋਝੀ, ਦੋ ਹੱਥਾਂ ਤਾੜੀ ਦਿਤੀ ਵਜਾਈਆ । ਨਾਰਦਾ ਉਹ ਤਕ ਲੈ ਮੇਰਾ ਰਾਮ ਮੌਜੀ, ਜੋ ਮਜਲਸ ਭਗਤਾਂ ਨਾਲ ਬਣਾਈਆ । ਜਿਸ ਨੇ ਕਲਜੁਗ ਅੰਤਮ ਸਭ ਦਾ ਬਣਨਾ ਖੋਜੀ, ਜੁਗ ਜਨਮ ਦੇ ਵਿਛੜੇ ਲੈਣੇ ਮਿਲਾਈਆ । ਨਾਰਦ ਕਹੇ ਮੇਰੀ ਹੋਰ ਵਧ ਗਈ ਬੋਦੀ, ਲੰਮੀ ਹੋ ਕੇ ਹਿੱਲੀ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ


੬੨੦ ੨੨

ਕਰਨੀ ਕਾਰ ਕਮਾਈਆ । ਨਾਰਦ ਕਹੇ ਬਾਲਮੀਕ ਜੋ ਛਡੀਆਂ ਢਾਈ ਸਤਰਾਂ, ਅੱਜ ਤਕ ਨਾ ਕੋਈ ਸਮਝਾਈਆ । ਰਮਾਇਣ ਦਾ ਸਭ ਨੇ ਫੋਲਿਆ ਪੱਤਰਾ ਪੱਤਰਾ, ਪਤਰਕਾ ਪ੍ਰਭ ਦੀ ਨਾ ਕਿਸੇ ਪਰਗਟਾਈਆ । ਕਿਉਂ ਉਸ ਦੇ ਵਿਚੋਂ ਅਵਤਾਰ ਪੈਗ਼ੰਬਰ ਗੁਰੂਆਂ ਨੂੰ ਖ਼ਤਰਾ, ਜਿਸ ਖ਼ਾਤਰ ਸਾਰੇ ਦਿਤੇ ਛੁਡਾਈਆ । ਉਸ ਦਾ ਲੇਖਾ ਲਿਖਣਾ ਧਾਰ ਸੱਤਰਾਂ ਬਹੱਤਰਾਂ, ਨਾੜੀ ਨਾੜੀ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਜਿਸ ਵੇਲੇ ਢਾਈ ਸਤਰਾਂ ਗੁਰਮੁਖ ਲਿਖਣ, ਛੱਬੀ ਪੋਹ ਖ਼ੁਸ਼ੀ ਮਨਾਈਆ । ਸਤਿਜੁਗ ਸਾਚੀ ਸਿਖਿਆ ਆਵੇ ਸਿਖਣ, ਆਪਣਾ ਪੰਧ ਮੁਕਾਈਆ । ਕਲਜੁਗ ਕੁਕਰਮ ਆਵੇ ਪਿਟਣ, ਰੋ ਰੋ ਮਾਰੇ ਧਾਈਆ । ਸਤਿਗੁਰ ਸ਼ਬਦ ਸਭ ਨੂੰ ਆਵੇ ਜਿੱਤਣ, ਅੱਗੇ ਹੋ ਨਾ ਕੋਇ ਅਟਕਾਈਆ । ਜਨ ਭਗਤ ਪ੍ਰਭੂ ਦੇ ਪਿਆਰ ਵਿਚ ਆਵਣ ਵਿਕਣ, ਦੂਸਰ ਹੱਟ ਨਾ ਕੋਇ ਵਖਾਈਆ । ਸਭ ਦੀ ਪੂਰੀ ਹੋਵੇ ਇੱਛਨ, ਨਿਰਇੱਛਤ ਹੋਵੇ ਆਪ ਸਹਾਈਆ । ਜੋ ਗੋਬਿੰਦ ਦਾ ਬਣਿਆ ਸਿੱਖਣ, ਸੋ ਪ੍ਰਭ ਦਾ ਭਗਤ ਲੋਕਮਾਤ ਅਖਵਾਈਆ । ਸਤਿਗੁਰ ਮੇਲਾ ਨਿਤ ਨਵਿਤਨ, ਹੋਵੇ ਨਾ ਕਦੇ ਜੁਦਾਈਆ । ਭਗਤ ਭਗਵਾਨ ਦੀ ਆਸਾ ਉਤੇ ਟਿਕਣ, ਭਰਵਾਸਾ ਆਪਣਾ ਦੇਵੇ ਬੰਧਾਈਆ । ਇਸ ਸ੍ਰਿਸ਼ਟੀ ਨੂੰ ਸਮਝਣ ਮਿਥਣ, ਕੂੜੀ ਦੁਨੀਆ ਕੰਮ ਕਿਸੇ ਨਾ ਆਈਆ । ਇਕੋ ਸਿਮਰਨਾ ਪ੍ਰਭੂ ਚਿਤਣ, ਚਿਤ ਵਿਤ ਠਗੌਰੀ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਜਨ ਭਗਤੋ ਮੈਂ ਪੁਰਾਣਾ ਬੁੱਢਾ ਬਾਬਾ, ਚਾਰ ਜੁਗ ਕਿਸੇ ਦੀ ਬੇਬੇ ਹੱਥ ਕੋਇ ਨਾ ਆਈਆ । ਮੈਂ ਫਿਰਿਆ ਮੱਕਾ ਕਾਅਬਾ, ਹੁਜਰਿਆਂ ਖੋਜ ਖੁਜਾਈਆ । ਤੱਕਿਆ ਪੁੰਨ ਸਵਾਬਾ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਵੜ ਗਿਆ ਕਾਇਆ ਵਿਚ ਮਹਿਰਾਬਾ, ਆਪਣਾ ਬਲ ਧਰਾਈਆ । ਜਿਧਰ ਵੇਖਿਆ ਤ੍ਰੈਗੁਣ ਲੱਗੀ ਆਗਾ, ਸਾਂਤਕ ਸਤਿ ਨਾ ਕੋਇ ਕਰਾਈਆ । ਜੀਵ ਹੋਏ ਕਾਗਾ, ਕਾਗ ਵਾਂਗ ਕੁਰਲਾਈਆ । ਮੈਂ ਸੁਣਿਆ ਦੀਨ ਦੁਨੀ ਦਾ ਰਾਗਾ, ਮਾਇਆ ਮਮਤਾ ਢੋਲੇ ਗਾਈਆ । ਹੁਣ ਮੈਂ ਆ ਗਿਆ ਵਿਚ ਪੰਜਾਬਾ, ਪੰਜਾਬੀਓ ਤੁਹਾਨੂੰ ਦਿਆਂ ਜਣਾਈਆ । ਜਿਸ ਵੇਲੇ ਗੋਬਿੰਦ ਨੇ ਨੌ ਵਾਰ ਉਡਾਇਆ ਸੀ ਬਾਜ਼ਾ, ਦਸਵੀਂ ਵਾਰੀ ਉਡਾ ਕੇ ਬਾਜ਼ਾਂ ਵਾਲਾ ਆਪਣਾ ਨਾਮ ਰਖਾਈਆ । ਫੇਰ ਤੱਕਿਆ ਸੀ ਵੱਲ ਮਾਝਾ, ਹੱਥ ਦੋਵੇਂ ਉਪਰ ਉਠਾਈਆ । ਸ਼ਬਦ ਸੁਣਿਆ ਪੁਰਖ ਸਮਰਾਥਾ, ਬਿਨ ਕੰਨਾਂ ਆਵਾਜ਼ ਅਲਾਹੀਆ । ਤੇਰਾ ਮੇਰਾ ਹੋਵੇ ਸਾਥਾ, ਜੋਤ ਸ਼ਬਦ ਰੰਗ ਵਖਾਈਆ । ਸੰਬਲ ਦੋਹਾਂ ਦਾ ਹੋਣਾ ਵਾਸਾ, ਵਾਸਤਕ ਦਿਤਾ ਦ੍ਰਿੜਾਈਆ । ਗੋਬਿੰਦ ਕਿਸੇ ਨੂੰ ਹੱਥ ਨਹੀਂ ਆਉਣਾ ਪ੍ਰਿਥਮੀ ਤੇ ਆਕਾਸ਼ਾ, ਸਾਰੀ ਸ੍ਰਿਸ਼ਟੀ ਭੱਜੇ ਵਾਹੋ ਦਾਹੀਆ । ਤੇਰੀਆਂ ਮੇਰੇ ਹੱਥ ਹੋਣੀਆਂ ਰਾਸਾਂ, ਤੂੰ ਸਾਰੀ ਸ੍ਰਿਸ਼ਟੀ ਮੇਰੇ ਹੁਕਮ ਨਾਲ ਲੈਣੀ ਭਵਾਈਆ । ਮੈਂ ਤੇਰਾ ਸ਼ਾਹੋ ਸ਼ਾਬਾਸ਼ਾ, ਤੂੰ ਸ਼ਹਿਨਸ਼ਾਹ ਦੋ ਜਹਾਨ ਅਖਵਾਈਆ । ਗੋਬਿੰਦ ਖ਼ੁਸ਼ੀ ਵਿਚ ਕੀਤਾ ਹਾਸਾ, ਅੱਖ ਮਾਝੇ ਵੱਲ ਉਠਾਈਆ । ਜਾਂ ਵੇਖਿਆ ਚਾਰ ਕੁੰਟ ਇਕ ਜੋਤ ਪ੍ਰਕਾਸ਼ਾ, ਦੋ ਜਹਾਨ ਕਰੇ ਰੁਸ਼ਨਾਈਆ । ਗੋਬਿੰਦ ਕਿਹਾ ਪ੍ਰਭੂ ਮੇਰਾ ਮੰਨ ਲੈ ਇਕ ਆਖਾ, ਬੇਨੰਤੀ ਵਿਚ ਆਪਣਾ ਸੀਸ ਝੁਕਾਈਆ । ਜੇਹੜੀ ਸਿੱਖੀ ਬਣਾਈ ਵਿਚ ਵਿਸਾਖਾ, ਵਸਾਹ ਕੇ ਤੇਰੀ ਝੋਲੀ ਦੇਣੀ ਪਾਈਆ । ਫੇਰ ਤੂੰ ਬਣਨਾ ਕਮਲਾਪਾਤਾ, ਪਤਿਪਰਮੇਸ਼ਵਰ ਧੁਰਦਰਗਾਹੀਆ । ਮੇਰਾ ਇਕੋ ਤੂੰ ਹੀ ਪਿਤਾ ਤੇ ਤੂੰ ਹੀ ਮਾਤਾ, ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਤੇਰਾ ਅੰਮ੍ਰਿਤ ਬਾਟਾ, ਚਾਰ ਜੁਗ ਨਿਖੁਟ ਕਦੇ ਨਾ ਜਾਈਆ ।

ਜਿਸ ਵੇਲੇ ਕਲਜੁਗ ਅੰਤ ਮੇਟਣੀ ਵਾਟਾ, ਤੂੰ ਮੇਰਾ ਸੰਗ ਨਿਭਾਈਆ । ਇਹ ਦੋਹਾਂ ਦੀਆਂ ਅੰਦਰ ਅੰਦਰ ਦੀਆਂ ਬਾਤਾਂ, ਲਿਖਣ ਵਾਲਾ ਲਿਖਾਰੀ ਲਿਖ ਕੋਈ ਨਾ ਪਾਈਆ । ਜਨ ਭਗਤੋ ਉਹ ਦਿਵਸ ਇਹੋ ਸੀ ਪਹਿਲੀ ਪੋਹ ਤੇ ਪਹਿਲੀ ਰਾਤਾ, ਲਿਖਾਰੀਉ ਲਿਖਣਾ ਚਾਈਂ ਚਾਈਆ । ਪ੍ਰਭੂ ਦੇ ਦਰ ਉਤੇ ਨਾ ਕੋਈ ਜ਼ਾਤ ਨਾ ਕੋਈ ਪਾਤਾ, ਊਚ ਨੀਚ ਨਾ ਕੋਇ ਵਖਾਈਆ । ਜਿਥੇ ਆਤਮਾ ਪਰਮਾਤਮਾ ਦੀ ਹੋਵੇ ਗਾਥਾ, ਉਥੇ ਅਵਰ ਨਾ ਕੋਇ ਪੜ੍ਹਾਈਆ । ਛੱਬੀ ਪੋਹ ਨੂੰ ਪੁਰਖ ਅਕਾਲ ਨੇ ਸਭ ਦੇ ਮਸਤਕ ਤਿਲਕ ਲਗਾਉਣਾ ਮਾਥਾ, ਆਪਣੀ ਹੱਥੀਂ ਸੇਵ ਕਮਾਈਆ । ਇਕ ਸੂਰਬੀਰ ਵੇਖਣਾ ਜੇਹੜਾ ਜੋਧਾ ਹੋਵੇ ਰਾਠਾ, ਆਪਣਾ ਆਪ ਸਤਿਗੁਰ ਭੇਟ ਕਰਾਈਆ । ਅੱਗੇ ਫੇਰ ਚਲਾਉਣਾ ਸਾਕਾ, ਹੁਕਮ ਵਰਤੇ ਧੁਰਦਰਗਾਹੀਆ । ਹੁਣ ਗੋਬਿੰਦ ਪ੍ਰਭੂ ਦਾ ਉਹ ਰਿਹਾ ਨਹੀਂ ਕਾਕਾ, ਬਲਧਾਰੀ ਸਤਿਗੁਰ ਸ਼ਬਦ ਅਖਵਾਈਆ । ਜਿਸ ਨੇ ਸਦੀ ਚੌਧਵੀਂ ਦਾ ਸਾਰਾ ਵੇਖਣਾ ਵਾਕਾ, ਵਾਕਫਕਾਰ ਹੋਣਾ ਖ਼ਲਕ ਖ਼ੁਦਾਈਆ । ਜਨ ਭਗਤੋ ਸਹਿਜ ਨਾਲ ਤੁਹਾਡੇ ਅੰਦਰੋਂ ਖੋਲ੍ਹ ਕੇ ਤਾਕਾ, ਬਜਰ ਕਪਾਟੀ ਦਾ ਪੜਦਾ ਦੇਣਾ ਲਾਹੀਆ । ਜਿਥੇ ਅੰਮ੍ਰਿਤ ਸਰੋਵਰ ਮਾਰੇ ਠਾਠਾਂ, ਲਹਿਰ ਲਹਿਰ ਵਿਚੋਂ ਦੇਣੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹਿੰਦਾ ਪ੍ਰਭੂ ਮੇਰਾ ਸੱਜਾ ਹੱਥ ਬੱਧਾ, ਖੱਬਾ ਕੰਨ ਉਤੇ ਰਖਾਈਆ । ਮੈਂ ਚਾਹੁੰਦਾ ਤੇਰਿਆਂ ਭਗਤਾਂ ਦਾ ਕੋਈ ਨਾਂ ਕਦੇ ਸੱਦੇ ਨਾ ਅਧਾ, ਪੂਰਾ ਖ਼ੁਸ਼ੀਆਂ ਨਾਲ ਗਾਈਆ । ਧਰਮ ਦਾ ਨਿਸ਼ਾਨਾ ਹਰ ਹਿਰਦੇ ਹੋਵੇ ਗੱਡਾ, ਗਾਈਡ ਗਾਡ ਇਕ ਤੂੰ ਹੀ ਨਜ਼ਰੀ ਆਈਆ । ਬਿਨਾ ਤੇਰੀ ਕਿਰਪਾ ਤੋਂ ਕੋਈ ਸਮਝ ਨਾ ਸਕੇ ਵਜ੍ਹਾ, ਵਜੂਹਾਤ ਆਪਣਾ ਦੇਣਾ ਦ੍ਰਿੜਾਈਆ । ਦੀਨ ਮਜ਼੍ਹਬ ਦੀ ਜਨ ਭਗਤ ਰੱਖੇ ਕੋਇ ਨਾ ਹੱਦਾ, ਹਦੂਦ ਇਕੋ ਵੇਖਣੀ ਜਿਥੇ ਵਸੇ ਬੇਪਰਵਾਹੀਆ । ਨਾਰਦ ਕਹੇ ਪੰਜਾਂ ਲਿਖਾਰੀਆਂ ਛੱਬੀ ਪੋਹ ਨੂੰ ਕੋਲ ਰੱਖਣੀ ਗਦਾ, ਸੱਜੇ ਪੱਟ ਨਾਲ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਨਾਰਦ ਕਹੇ ਪ੍ਰਭੂ ਮੇਰਾ ਇਕ ਹਾੜਾ, ਹਾਏ ਹਾਏ ਹਾਏ ਕਰ ਸੁਣਾਈਆ । ਮੈਂ ਚਾਹੁੰਦਾ ਜਾਵਾਂ ਵਿਚ ਪਹਾੜਾ, ਪਹਾੜੀਆਂ ਵਿਚ ਰਹਿ ਕੇ ਆਪਣਾ ਝਟ ਲੰਘਾਈਆ । ਮੈਂ ਚਾਹੁੰਦਾ ਮੈਂ ਦੀਨ ਦੁਨੀ ਵੇਖਾਂ ਅਖਾੜਾ, ਮਜ਼੍ਹਬ ਮਜ਼੍ਹਬ ਨਾਲ ਟਕਰਾਈਆ । ਪ੍ਰਭੂ ਮੇਰਾ ਜੀ ਕਰਦਾ ਤੂੰ ਘਰ ਘਰ ਅੱਗ ਲਾ ਦੇ ਬਹੱਤਰ ਨਾੜਾ, ਸਾਂਤਕ ਸਤਿ ਨਾ ਕੋਇ ਕਰਾਈਆ । ਮੇਰੇ ਸਹਿਬ ਜੇ ਕਰੇਂ ਕਿਰਪਾ ਭਗਤਾਂ ਨੂੰ ਰੰਗ ਚਾੜ੍ਹ ਦੇ ਗਾੜ੍ਹਾ, ਰੰਗਣ ਇਕ ਰੰਗਾਈਆ । ਮੇਰਾ ਮੈਨੂੰ ਕਹਿੰਦਾ ਭਗਤਾਂ ਦੇ ਘਰ ਦਾ ਮੰਗ ਵਾੜਾ, ਗ੍ਰਿਹਿ ਗ੍ਰਿਹਿ ਆਪਣਾ ਫੇਰਾ ਪਾਈਆ । ਨਾਲੇ ਦੱਸਾਂ ਨਾਲੇ ਹੱਸਾਂ ਪੁਰਖ ਅਕਾਲ ਇਕੋ ਅਗੰਮੀ ਲਾੜਾ, ਜੋ ਆਦਿ ਜੁਗਾਦਿ ਜੁਗ ਚੌਕੜੀ ਲੱਖ ਚੁਰਾਸੀ ਲਏ ਪ੍ਰਨਾਈਆ । ਮੇਰਾ ਜੀ ਕਰਦਾ ਕਿਤੇ ਇਕ ਵਾਰ ਮੈਨੂੰ ਚਾੜ੍ਹ ਦੇ ਖਾਰਾ, ਮੌਲੀ ਤੰਦ ਬੰਧਾਈਆ । ਸੂਹੇ ਦੁਪੱਟੇ ਨਾਲ ਮੇਰਾ ਹੋਵੇ ਵਿਹਾਰਾ, ਜੋੜੀ ਵੇਖਾਂ ਚਾਈਂ ਚਾਈਆ । ਪਰ ਮੈਨੂੰ ਕੁਲੱਖਣੀ ਦੇਈਂ ਨਾ ਕੁਪੱਤੀ ਨਾਰਾ, ਜੇਹੜੀ ਦਿਵਸ ਰੈਣ ਕਰੇ ਲੜਾਈਆ । ਪਰ ਉਸ ਵੇਲੇ ਵਿਆਹ ਕਰਾਉਣਾ ਜਦੋਂ ਚੌਧਵੀਂ ਸਦੀ ਦਾ ਹੋਵੇ ਅੰਤ ਕਨਾਰਾ, ਮੁਹੰਮਦ ਬੈਠੇ ਮੁਖ ਛੁਪਾਈਆ । ਈਸਾ ਦੇਵੇ ਨਾ ਕੋਇ ਇਸ਼ਾਰਾ, ਮੂਸਾ ਨੈਣ ਨਾ ਕੋਇ ਉਠਾਈਆ । ਫੇਰ ਮੈਂ ਬਣਾਂ ਕੰਤ ਭਤਾਰਾ, ਸੋਹਣਾ ਰੂਪ ਵਖਾਈਆ । ਪੁਰਖ ਅਕਾਲ ਕਿਹਾ ਨਾਰਦਾ ਇਹ ਕਿਹੜੀਆਂ ਵਿਚਾਰਾਂ, ਵਿਚਰ ਕੇ ਫੇਰ ਦੇ ਸੁਣਾਈਆ । ਨਾਰਦ ਝਟ ਬਦਲ ਗਿਆ ਕਹਿੰਦਾ ਨਹੀਂ ਪ੍ਰਭੂ ਨਾਰ

ਨਾਲੋਂ ਤੇਰੇ ਨਾਲ ਬਹਾਰਾਂ, ਸੇਜ ਸੁਹੰਜਣੀ ਸੋਭਾ ਪਾਈਆ । ਜੇ ਵਿਛੜੇਂ ਰੋਵਾਂ ਜ਼ਾਰੋ ਜ਼ਾਰਾ, ਵਿਛੋੜਾ ਝਲ ਨਾ ਸਕਾਂ ਰਾਈਆ । ਮੈਂ ਕਲਜੁਗ ਵਿਚੋਂ ਹੋ ਕੇ ਆਇਆ ਮੈਂ ਧਰਮ ਰਾਏ ਦੇ ਦਵਾਰੇ ਵੇਖੀਆਂ ਵਿਆਹਿਆਂ ਹੋਇਆਂ ਦੀਆਂ ਕਤਾਰਾਂ, ਨਰਕਾਂ ਵੱਲ ਭੱਜਣ ਚਾਈਂ ਚਾਈਆ । ਬੜੀਆਂ ਬੜੀਆਂ ਜੋਬਨਵੰਤੀਆਂ ਵੇਖੀਆਂ ਮੁਟਿਆਰਾਂ, ਸੂਰਬੀਰ ਮੁੱਛਾਂ ਨੂੰ ਜੋ ਵਟ ਚੜ੍ਹਾਈਆ । ਹਾਏ ਮੇਰੇ ਰੱਬਾ ਖਾਂਦੇ ਵੇਖੇ ਮਾਰਾਂ, ਜਮਦੂਤ ਦੇਣ ਸਜ਼ਾਈਆ । ਚੁਰਾਸੀ ਭੋਗਦੇ ਵਾਰੋ ਵਾਰਾ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਆਪਣਾ ਡੇਰਾ ਲਾਈਆ । ਮੇਰੇ ਦੀਨ ਦਿਆਲ ਜਿਨ੍ਹਾਂ ਦੀਆਂ ਅੰਦਰੋਂ ਤੇਰੇ ਨਾਲ ਵੱਜ ਗਈਆਂ ਸਿਤਾਰਾਂ, ਓ ਸਤਿ ਦੇ ਮਾਲਕ ਸਤਿ ਤੇਰੇ ਵਿਚ ਰਖਾਈਆ । ਤੂੰ ਉਨ੍ਹਾਂ ਦਾ ਇਕੋ ਸਾਹਿਬ ਤੇ ਇਕੋ ਸਤਿਗੁਰ ਇਕੋ ਪਤਿਪਰਮੇਸ਼ਵਰ ਤੇ ਇਕੋ ਕੰਤ ਭਤਾਰਾ, ਸਾਹਿਬ ਸਵਾਮੀ ਇਕ ਅਖਵਾਈਆ । ਨਾਰਦ ਕਹੇ ਪ੍ਰਭੂ ਮੈਂ ਮੁੜ ਕੇ ਬੇਨੰਤੀ ਨਹੀਂ ਕਰਦਾ ਦੁਬਾਰਾ, ਚਾਰ ਜੁਗ ਕਦੇ ਆਸ ਨਾ ਕੋਇ ਰਖਾਈਆ । ਕਿਉਂ ਹੁਣ ਵੀ ਮੈਨੂੰ ਥੋੜਾ ਜਿਹਾ ਇਸ਼ਾਰਾ ਦਿਤਾ ਸੀ ਗੰਗਾ ਜਮਨਾ ਸੁਰਸਤੀ ਟੇਢੀ ਅੱਖ ਨਾਲ ਕਰ ਕੇ ਇਸ਼ਾਰਾ, ਸੈਨਤ ਮਾਤਲੋਕ ਵਾਲੀ ਲਗਾਈਆ । ਫੇਰ ਮੈਨੂੰ ਰਾਵੀ ਨੇ ਜ਼ੋਰ ਨਾਲ ਕਿਹਾ ਉਹ ਨਾਰਦਾ, ਆਹ ਵੇਖ ਉਹ ਅਰਜਨ ਜਿਸ ਸਤਿਗੁਰ ਨੂੰ ਤਤੀ ਲੋਹ ਦਾ ਸਹਾਰਾ, ਮੇਰੇ ਵਿਚ ਬੈਠਾ ਡੇਰਾ ਲਾਈਆ । ਭੱਜਾ ਜਾ ਉਸ ਪ੍ਰਭੂ ਦੇ ਦਵਾਰਾ, ਜਿਥੇ ਦਵਾਰਕਾ ਵਾਸੀ ਬੈਠੇ ਸੀਸ ਝੁਕਾਈਆ । ਨਾ ਸਖ਼ੀਆਂ ਰਹੀਆਂ ਨਾ ਰਿਹਾ ਮੰਗਲਾਚਾਰਾ, ਗੋਪੀਆਂ ਰਾਸ ਨਾ ਕੋਇ ਰਚਾਈਆ । ਜਦੋਂ ਤਕੋ ਭਗਤ ਭਗਵਾਨ ਦਾ ਵਸਦਾ ਰਹੇ ਦਵਾਰਾ, ਆਦਿ ਜੁਗਾਦਿ ਜੁਗ ਚੌਕੜੀ ਪ੍ਰਭ ਨੇ ਆਪਣੀ ਰੀਤ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਨਾਰਦ ਕਹੇ ਜਨ ਭਗਤੋ ਸਾਰੇ ਵੇਖੋ ਆਪਣਾ ਆਪਣਾ ਜੁੱਸਾ, ਜਿਸਮ ਜ਼ਮੀਰ ਧਿਆਨ ਲਗਾਈਆ । ਸਿੱਖ ਦਾ ਤੇ ਸਤਿਗੁਰੂ ਦਾ ਕਾਹਦਾ ਗ਼ੁੱਸਾ, ਜਿਸ ਦੇ ਗ਼ੁੱਸੇ ਵਿਚੋਂ ਪ੍ਰੇਮ ਨਜ਼ਰੀ ਆਈਆ । ਜਿਸ ਵੇਲੇ ਇਕ ਵਾਰ ਕਹਿ ਦੇਵੇ ਆ ਮੇਰੇ ਲਾਡਲੇ ਪੁੱਤਾ, ਪਿਤਾ ਹੋ ਕੇ ਗੋਦ ਟਿਕਾਈਆ । ਓ ਗੁਰਸਿਖੋ ਸਮਝ ਲਓ ਮੈਂ ਸਚਖੰਡ ਦਵਾਰ ਪੁੱਜਾ, ਜਿਥੇ ਬੈਠਾ ਧੁਰਦਰਗਾਹੀਆ । ਲਿਖਾਰੀਓ ਲਿਖ ਦਿਓ ਗੁਰਸਿਖ ਮਾਤ ਗਰਭ ਵਿਚ ਕਦੇ ਨਾ ਹੋਵੇ ਉਲਟਾ ਰੁੱਖਾ, ਨੌਂ ਮਹੀਨੇ ਅਠਾਰਾਂ ਦਿਨ ਅਗਨੀ ਨਾ ਕੋਇ ਤਪਾਈਆ । ਯਾਦ ਕਰਿਓ ਕਦੇ ਕੋਇ ਨਾ ਖਾਇਓ ਕੁੱਠਾ, ਸ਼ਬਦ ਸਤਿਗੁਰ ਦੀ ਰੀਤ ਚਲੀ ਆਈਆ । ਨਾਰਦ ਕਹੇ ਪ੍ਰੇਮੀਓ ਪਿਆਰਿਓ ਗੁਰਸਿਖੋ ਵੇਖੋ ਮੁਫ਼ਤ ਦੀ ਹੱਥ ਆਈ ਲੁੱਟਾ, ਲੁਟੇਰਿਓ ਲੁੱਟ ਲਓ ਚਾਈਂ ਚਾਈਆ । ਤੁਹਾਨੂੰ ਕੋਈ ਲੋੜ ਨਹੀਂ ਨਾਮ ਜਪਣ ਦੀ ਬੁੱਲ੍ਹਾਂ ਬੁੱਟਾਂ, ਤੁਹਾਡੇ ਅੰਦਰ ਵੜ ਕੇ ਤੁਹਾਡਾ ਮਿਲੇ ਧੁਰ ਦਾ ਮਾਹੀਆ । ਆਤਮ ਪਰਮਾਤਮ ਦਾ ਕਰੇ ਜੁੱਟਾ, ਜੋੜੀ ਆਪਣੇ ਨਾਲ ਬਣਾਈਆ । ਲੁਕਿਆ ਰਹਿਣ ਨਹੀਂ ਦੇਣਾ ਕਿਸੇ ਗੁੱਠਾ, ਰਾਤੀ ਸੁਤਿਆਂ ਲੈਣਾ ਜਗਾਈਆ । ਸਾਰਿਆਂ ਨੂੰ ਕਰ ਦੇਣਾ ਇਕ ਮੁੱਠਾ, ਜ਼ਾਤ ਪਾਤ ਦਾ ਡੇਰਾ ਢਾਹੀਆ । ਕਿਉਂ ਪੁਰਖ ਅਕਾਲਾ ਦੀਨ ਦਿਆਲਾ ਮਿਹਰਵਾਨ ਹੋ ਕੇ ਤੁੱਠਾ, ਬਖ਼ਸ਼ਿਸ਼ ਆਪਣਾ ਨਾਮ ਵਰਤਾਈਆ । ਹੁਣ ਰਹਿਣਾ ਨਹੀਂ ਕੋਇ ਲੁਕਾ, ਓਹਲੇ ਸਾਰੇ ਦੇਣੇ ਚੁਕਾਈਆ । ਨਾਰਦ ਕਹੇ ਮੈਂ ਬੜਾ ਖ਼ੁਸ਼ ਹੋਇਆ ਤੇ ਪੜ੍ਹ ਲਿਆ ਕਰਾਂਗਾ ਦੋ ਤੁਕਾ, ਤੇ ਬਹਿ ਕੇ ਆਪਣਾ ਝਟ ਲੰਘਾਈਆ । ਨਾ ਧੋਣਾ ਪਏ ਮੁਖਾ, ਨਾ ਪਾਣੀਆਂ ਵਿਚ ਆਪਣਾ ਤਨ ਠਰਾਈਆ । ਪ੍ਰਭੂ ਦਾ ਪਿਆਰ ਸਦਾ ਸੁੱਕਾ, ਸੁਖ ਸਾਗਰ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ


੯੨੩
੨੨

ਦਾ ਮੇਲਾ ਮੇਲੇ ਸਹਿਜ ਸੁਭਾਈਆ । ਨਾਰਦ ਕਹੇ ਮੇਰੀ ਬੋਦੀ ਮੇਰੇ ਨਾਲ ਲੜਦੀ, ਤਾਅਨੇ ਰਹੀ ਸੁਣਾਈਆ । ਕਹਿੰਦੀ ਵੇ ਨਾਰਦਾ ਤੂੰ ਕੋਈ ਗੱਲ ਦੱਸ ਚੋਟੀ ਜੜ੍ਹ ਦੀ, ਚੇਤਨ ਨਾਲ ਮਿਲਾਈਆ । ਜਾ ਮੈਂ ਨਹੀਂ ਅੱਖਰਾਂ ਵਾਲੇ ਅੱਖਰ ਪੜ੍ਹਦੀ, ਜੋ ਅੱਖਰ ਅੱਖਰਾਂ ਨਾਲ ਮਿਲਾਈਆ । ਮੈਂ ਨਹੀਂ ਭਿਖਾਰਨ ਬਣਨਾ ਦਰ ਦਰ ਦੀ, ਮੰਦਰ ਮਸਜਦ ਸ਼ਿਵਦਵਾਲੇ ਮੱਠਾਂ ਵਿਚ ਭੱਜਾਂ ਚਾਈ ਚਾਈਆ । ਮੈਂ ਹੋਵਾਂ ਵਣਜਾਰਨ ਇਕੋ ਹਰਿ ਦੀ, ਜੋ ਹਰ ਹਿਰਦੇ ਰਿਹਾ ਸਮਾਈਆ । ਮੈਂ ਨਹੀਂ ਕਿਸੇ ਕੋਲੋਂ ਡਰਦੀ, ਭੈ ਸੀਸ ਨਾ ਕੋਇ ਰਖਾਈਆ । ਮੈਂ ਉਸ ਪ੍ਰਭੂ ਦੇ ਚਰਨੀ ਪੜਦੀ, ਜੋ ਪਾਰਬ੍ਰਹਮ ਪਤਿਪਰਮੇਸ਼ਵਰ ਜਲਵਾਗਰ ਨੂਰ ਅਲਾਹੀਆ । ਮੈਂ ਖੇਲ ਵੇਖਣੀ ਭਗਤਾਂ ਦੇ ਘਰ ਘਰ ਦੀ, ਗ੍ਰਿਹਿ ਗ੍ਰਿਹਿ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਪ੍ਰੇਮ ਵਖਾਈਆ । ਪੁਰਖ ਅਕਾਲ ਕਹੇ ਇਧਰ ਆ ਬ੍ਰਾਹਮਣਾ, ਕੀ ਬ੍ਰਹਮਾ ਰਿਹਾ ਸੁਣਾਈਆ । ਸ਼ੰਕਰ ਨੂੰ ਹੋ ਸਾਹਮਣਾ, ਅੱਖ ਅੱਖ ਨਾਲ ਮਿਲਾਈਆ । ਵਿਸ਼ਨੂੰ ਦੀ ਤਕ ਕਾਮਨਾ, ਕੀ ਆਪਣੀ ਰਿਹਾ ਪਰਗਟਾਈਆ । ਨਾਰਦ ਕਹੇ ਪ੍ਰਭੂ ਮੈਂ ਤੇ ਇਕੋ ਸ਼ਬਦ ਗੁਰੂ ਨੂੰ ਸਮਝਦਾ ਜਾਮਨਾ, ਬਾਕੀ ਓਸੇ ਦੇ ਸੇਵਾਦਾਰ ਚਾਕਰੀ ਰਹੇ ਕਮਾਈਆ । ਮੈਂ ਤੇ ਇਕੋ ਤੇਰਾ ਦਰ ਪਾਵਣਾ, ਜਿਥੇ ਪਵਣ ਪਾਣੀ ਦੀ ਲੋੜ ਰਹੇ ਨਾ ਰਾਈਆ । ਮੇਰੀ ਮਨਸਾ ਇਹੋ ਕਾਮਨਾ, ਇੱਛਿਆ ਤੇਰੇ ਵਿਚ ਟਿਕਾਈਆ । ਮੈਂ ਕੀ ਦੱਸਾਂ ਮੇਰੇ ਭਗਵਾਨਨਾ, ਭਗਵਨ ਤੇਰਾ ਖੇਲ ਬੇਪਰਵਾਹੀਆ । ਮੈਂ ਚਾਹੁੰਦਾ ਤੂੰ ਮਾਤਲੋਕ ਭਗਤਾਂ ਗ੍ਰਿਹਿ ਵਸਾ ਆਪਣੇ ਗਾਮਨਾ, ਮੰਦਰ ਇਕ ਜਣਾਈਆ । ਝੂਠੀ ਕਿਸੇ ਦੀ ਰਹੇ ਨਾ ਤਾਮਨਾ, ਤ੍ਰਿਖਾ ਦੇਣੀ ਗਵਾਈਆ । ਤੇਰੀ ਚਰਨ ਧੂੜ ਸਭ ਨੂੰ ਮਿਲੇ ਨਹਾਵਣਾ, ਅਠਸਠ ਦਾ ਪੰਧ ਮੁਕਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਮਿਲੇ ਗਾਵਣਾ, ਆਤਮ ਪਰਮਾਤਮ ਵੱਜੇ ਵਧਾਈਆ । ਮੈਂ ਤੇਰੇ ਦਰ ਤੇ ਸੀਸ ਨਿਵਾਵਣਾ, ਨਿਉਂ ਨਿਉਂ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸਹਾਰਾ ਇਕ ਤਕਾਵਣਾ, ਓਟ ਅਕਾਲ ਇਕ ਰਖਾਈਆ ।



## ✪ ੪ ਪੋਹ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ✪

ਸਤਿਗੁਰ ਸ਼ਬਦ ਸਦਾ ਮਿਹਰਵਾਨ, ਮਿਹਰਵਾਨ ਅਖਵਾਇੰਦਾ । ਜਨ ਭਗਤਾਂ ਦੇਵੇ ਦਾਨ, ਜੁਗ ਜੁਗ ਝੋਲੀ ਮਾਤ ਭਰਾਇੰਦਾ । ਸਦਾ ਸੁਹੇਲਾ ਹੋਏ ਮਿਹਰਵਾਨ, ਮਿਹਰਵਾਨ ਆਪ ਮਿਲਾਇੰਦਾ । ਜਗਤ ਜਹਾਨ ਵੇਖੇ ਮਾਰ ਧਿਆਨ, ਗੁਪਤ ਜ਼ਾਹਰ ਫੋਲ ਫੁਲਾਇੰਦਾ । ਮਹਿੰਦਰ ਸਿੰਘ ਦੇ ਸੱਟ ਲੱਗਣੀ ਸੀ ਉਤੇ ਕਾਨ, ਤੇਰਾਂ ਮੀਲ ਦਾ ਪੱਥਰ ਰਾਹ ਤਕਾਇੰਦਾ । ਹੋਣਾ ਸੀ ਪਰੇਸ਼ਾਨ, ਪਰੇਸ਼ਾਨੀ ਵਿਚ ਕੁਰਲਾਇੰਦਾ । ਬਾਲ ਮਰਨਾ ਸੀ ਇਕ ਅੰਜਾਣ, ਉਮਰ ਪੰਜ ਸਾਲ ਸੱਤ ਮਹੀਨੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਇੰਦਾ । ਸਤਿਗੁਰ ਸ਼ਬਦ ਕੀਤੀ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਬਣ ਧੁਰ ਦਾ ਬਾਨੀ, ਮਾਰਗ ਆਪਣਾ ਇਕ ਜਣਾਈਆ । ਹੱਥ ਰਥ ਪੇਸ਼ਾਨੀ, ਮਸਤਕ ਰੇਖ ਉਲਟਾਈਆ । ਬਖ਼ਸ਼ ਦਿਤੀ ਜਵਾਨੀ, ਜੋਬਨ ਰੰਗ ਚੜ੍ਹਾਈਆ । ਬਣ ਕੇ

ਜਾਣ ਜਾਣੀ, ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਹੋ ਆਈਆ । ਸਤਿਗੁਰ ਸ਼ਬਦ ਕਹੇ ਬਖ਼ਸ਼ਿਆ ਸਚ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਬਖ਼ਸ਼ ਚਰਨ ਪਿਆਰਾ, ਪ੍ਰੀਤੀ ਇਕ ਵਡਿਆਈਆ । ਪਿਛਲੇ ਕਰਮ ਦਾ ਲੇਖਾ ਪਾੜਾ, ਝਗੜਾ ਰਿਹਾ ਨਾ ਰਾਈਆ । ਗੁਰਸਿਖਾਂ ਨਾਲ ਮਿਲ ਕੇ ਸਫ਼ਲ ਹੋਇਆ ਅੱਜ ਦਾ ਦਿਹਾੜਾ, ਕਰਮ ਕਾਂਡ ਦਾ ਡੇਰਾ ਢਾਹੀਆ । ਪ੍ਰੇਮ ਪ੍ਰੀਤੀ ਚਾੜ੍ਹ ਕੇ ਰੰਗ ਗਾੜ੍ਹਾ, ਹਰਿਜਨ ਸਾਚੇ ਲਏ ਮਿਲਾਈਆ । ਜੇਹੜਾ ਪੁਲਸ ਵਾਲਿਆਂ ਪੁੱਟਣਾ ਸੀ ਅੱਜ ਦਾੜ੍ਹਾ, ਉਹ ਚਰਨਾਂ ਉਤੇ ਛੁਹਾਈਆ । ਜਨ ਭਗਤੋ ਪ੍ਰਭ ਦਾ ਹੁਕਮ ਹੋਵੇ ਸਦਾ ਕਿਸੇ ਦਾਇਰਾ, ਬਿਨਾ ਕਾਰ ਤੋਂ ਕੰਮ ਨਾ ਕੋਇ ਕਰਾਈਆ । ਤੁਹਾਡੇ ਜਨਮ ਦਾ ਕਰਮ ਦਾ ਜਿਸ ਨੇ ਲੇਖ ਵਿਚਾਰਾ, ਬਣ ਕੇ ਦਾਤਾ ਧੁਰਦਰਗਾਹੀਆ । ਸਾਰੀ ਸੰਗਤ ਕਰ ਦਿਓ ਇਕੋ ਵਾਰ ਨਿਮਸਕਾਰਾ, ਸੀਸ ਜਗਦੀਸ ਝੁਕਾਈਆ । ਮਹਿੰਦਰ ਸਿੰਘ ਨੂੰ ਕਹੋ ਵਾਹ ਓਏ ਸਾਡਿਆ ਯਾਰਾ, ਯਾਰੀ ਸਾਡੇ ਨਾਲ ਨਿਭਾਈਆ । ਅੱਗੇ ਜੀਵਣ ਬਣਿਆ ਰਹੇ ਵਿਚ ਸੰਸਾਰਾ, ਸੁਖ ਸਾਗਰ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਭਗਤਾਂ ਦਾ ਮਿੱਤਰ ਪਿਆਰਾ, ਮੀਤ ਮੁਰਾਰਾ ਇਕ ਅਖਵਾਈਆ ।

### ੫ ਪੋਹ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਸਵੇਰ ਵੇਲੇ

ਪੰਜ ਪੋਹ ਕਰੇ ਵੀਹ ਸੌ ਯਾਰਾਂ ਬਿਕ੍ਰਮੀ ਮੇਰਾ ਲੇਖ ਬਣਿਆ ਸੀ ਵਿਚ ਮਸੀਤੇ, ਮੁਹੰਮਦ ਪ੍ਰਭ ਦਰ ਅੱਗੇ ਸੀਸ ਨਿਵਾਈਆ । ਜਿਸ ਨੂੰ ਸੋਲਾਂ ਸਾਲ ਅੱਜ ਬੀਤੇ, ਸੋਲਾਂ ਕਲਧਾਰੀ ਕ੍ਰਿਸ਼ਨ ਸੀਸ ਨਿਵਾਈਆ । ਹੁਕਮ ਮੰਨਿਆ ਸਰਬ ਤ੍ਰੈਗੁਣ ਅਤੀਤੇ, ਸਿਰ ਸਕਿਆ ਨਾ ਕੋਇ ਉਠਾਈਆ । ਜਿਸ ਕਾਰਨ ਜਗਦੀਸ ਬਹਾਇਆ ਵਿਚ ਅੰਗੀਠੇ, ਖ਼ਾਕ ਨੀਹਾਂ ਹੇਠ ਦਬਾਈਆ । ਲੇਖੇ ਲਾ ਕੇ ਸਿੰਘ ਮਨਜੀਤੇ, ਮਨਸਾ ਭਗਤਾਂ ਪੂਰ ਕਰਾਈਆ । ਇਕੋ ਰੰਗ ਰੰਗਾ ਕੇ ਹਸਤ ਕੀਟੇ, ਦੁਤੀਆ ਭਉ ਦਿਤਾ ਚੁਕਾਈਆ । ਖੇਲ ਕਰ ਊਚੋ ਨੀਚੇ, ਨੀਚ ਊਚ ਆਪ ਅਖਵਾਈਆ । ਸਾਚਾ ਨਾਮ ਦੱਸ ਹਦੀਸੇ, ਕਰੀ ਹੱਕ ਪੜ੍ਹਾਈਆ । ਨੀਂਹ ਰੱਖੀ ਜਿਥੇ ਭਗਤਾਂ ਦੀ ਫੁੱਲ ਫੁਲਵਾੜੀ ਮਹਿਕੀ ਬਗ਼ੀਚੇ, ਗੁਲਸ਼ਨ ਅਗੰਮ ਅਥਾਹੀਆ । ਇਕ ਸੁਣਿਆ ਗੀਤੇ, ਢੋਲਾ ਅਗੰਮ ਅਥਾਹੀਆ । ਪੰਜ ਪੋਹ ਕਹੇ ਅਗਲੇ ਸਾਲ ਵਾਰੀ ਆਉਣੀ ਸੀ ਸਿੰਘ ਸੁਰਜੀਤੇ, ਭਾਈਆ ਨਾਲ ਮਿਲਣਾ ਸੀ ਭਾਈਆ । ਅੱਜ ਇਕ ਵਜੇ ਪਾਲ ਸਿੰਘ ਸ਼ੇਰ ਸਿੰਘ ਇਕ ਰੂਪ ਬਣ ਕੇ ਆਏ ਆਕਾਸ਼ੋਂ ਨੀਚੇ, ਮਤਾ ਗੋਬਿੰਦ ਧਾਰ ਸ਼ਬਦ ਸਿੰਘ ਪੂਰਨ ਨਾਲ ਬਣਾਈਆ । ਦੱਸ ਜੇ ਤੇਰੇ ਬੱਚਿਆਂ ਦੇ ਤਪਣ ਅੰਗੀਠੇ, ਇਕ ਸਾਨੂੰ ਭੇਟ ਚੜ੍ਹਾਈਆ । ਗੋਬਿੰਦ ਧਾਰ ਹੱਸ ਕੇ ਕਿਹਾ ਫੇਰ ਹੱਥ ਮਾਰਿਆ ਵਿਚ ਖੀਸੇ, ਖ਼ਾਲੀ ਹੱਥ ਵਖਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਖੇਲ ਜਗਤ ਜਗਦੀਸੇ, ਜੁਗ ਜੁਗ ਦੀ ਰੀਤੀ ਚਲੀ ਆਈਆ । ਤੇਰੇ ਤੇਰੇ ਜੋਗੇ ਕੀਤੇ, ਆਪਣੇ ਹੱਥ ਰੱਖੀ ਨਾ ਕੋਇ ਵਡਿਆਈਆ । ਪੁਰਖ ਅਕਾਲ ਜੋਤੀ ਨੂਰ ਖ਼ੁਸ਼ੀ ਵਿਚ ਕਿਹਾ ਵਾਹ ਮੇਰੇ ਪਰਮ ਪਿਆਰੇ ਮੀਤੇ, ਮਿੱਤਰਾ ਤੇਰਾ ਸੱਥਰ ਯਾਰ ਹੰਢਾਈਆ । ਫੇਰ ਮਾਰੀ ਧੌਲ ਉਤੇ ਇਕ ਲੀਕੇ, ਸਾਢੇ ਤਿੰਨ ਹੱਥ ਲੰਬਾਈਆ । ਫੇਰ ਲੇਖਾ ਵੇਖਿਆ ਜੋ ਗੋਬਿੰਦ ਮਸਤਕ ਹਿੰਦਸਾ ਲਾਉਣਾ

ਵੀਹ ਕੇ, ਸਰਗੁਣ ਤੋਂ ਜ਼ੀਰੋ ਰੂਪ ਸਮਝਾਈਆ । ਜਿਸ ਵਿਚ ਲਹਿਣੇ ਹੋਣੇ ਸਾਰੇ ਜੀਵ ਜੀਅ ਕੇ, ਪੜਦਾ ਓਹਲਾ ਰਹੇ ਨਾ ਰਾਈਆ । ਦੀਨ ਦਿਆਲ ਕਿਹਾ ਪੋਹ ਪੰਚਮ ਤੂੰ ਕਿਸ ਨੂੰ ਉਡੀਕੇ, ਸਚ ਦੇ ਸੁਣਾਈਆ । ਪੋਹ ਕਹੇ ਮੈਂ ਵੇਖਾਂ ਪਿਛਲੇ ਜੁਗ ਬੀਤੇ, ਅਗਲਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਿਹਾ ਗੋਬਿੰਦ ਤੇਰਾ ਲੇਖਾ ਪੂਰਾ, ਪੂਰਨ ਰੂਪ ਦਰਸਾਈਆ । ਮੈਂ ਸਦਾ ਹਾਜ਼ਰ ਹਜ਼ੂਰਾ, ਹਜ਼ਰਤ ਬੇਪਰਵਾਹੀਆ । ਬਖ਼ਸ਼ੀ ਚਰਨ ਧੂੜਾ, ਟਿੱਕਾ ਧੁਰ ਦਾ ਦਿਤਾ ਲਗਾਈਆ । ਅੱਗੇ ਰੰਗ ਚਾੜ੍ਹਾਂ ਗੂੜ੍ਹਾਂ, ਉਤਰ ਕਦੇ ਨਾ ਜਾਈਆ । ਜਿਹੜਾ ਪੰਜਾਂ ਲਿਖਾਰੀਆਂ ਦੇ ਸਿਰ ਤੇ ਕਰਾਇਆ ਜੂੜਾ, ਇਸ ਦਾ ਭੇਵ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੋਹ ਪੰਜ ਕਹੇ ਮੇਰੇ ਪਰਮ ਪੁਰਖ ਪ੍ਰਭ ਮੀਤ, ਮਿੱਤਰਾ ਦਿਆਂ ਜਣਾਈਆ । ਕਿਉਂ ਸਾਢੇ ਤਿੰਨ ਹੱਥ ਦੀ ਮਾਰੀ ਲੀਕ, ਪਰਦਾ ਦੇ ਉਠਾਈਆ । ਪੁਰਖ ਅਕਾਲ ਕਿਹਾ ਇਹ ਲੇਖਾ ਸਚ ਠੀਕ, ਠਾਕਰ ਆਪ ਸੁਣਾਈਆ । ਧਰਮ ਦੀ ਧਾਰ ਵਿਚ ਸ਼ਬਦ ਦੇ ਪਿਆਰ ਵਿਚ ਆਯੂ ਬਖ਼ਸ਼ੀ ਫੇਰ ਸਿੰਘ ਸੁਰਜੀਤ, ਜਨਮ ਜਨਮ ਵਿਚੋਂ ਬਦਲਾਈਆ । ਇਸ ਦਾ ਲੇਖਾ ਪੂਰਾ ਲਿਖਣਾ ਚੌਦਾਂ ਪੋਹ ਨੂੰ ਠੀਕ, ਪੰਜ ਲਿਖਾਰੀ ਪਗੜੀਆਂ ਸੀਸ ਉਤੇ ਟਿਕਾਈਆ । ਜੰਮੂ ਵਾਲੇ ਇੱਕੀ ਸਿੱਖ ਕਰਨ ਤਸਦੀਕ, ਸ਼ਹਾਦਤ ਮੁਹੱਬਤ ਵਾਲੀ ਭੁਗਤਾਈਆ । ਮਾਝਾ ਮਾਲਵਾ ਦੁਆਬਾ ਪੰਜ ਪੰਜ ਗੁਰਸਿਖ ਹੋਵਣ ਵਿਚ ਸ਼ਰੀਕ, ਹੁਕਮ ਪ੍ਰਭ ਦਾ ਮੰਨਣ ਚਾਈਂ ਚਾਈਂਆ । ਬੱਧਕ ਨੌ ਵਾਰ ਉਚੀ ਰੋ ਕੇ ਮਾਰੇ ਚੀਕ, ਚੀਕ ਚਿਹਾੜਾ ਦੇਵੇ ਪਾਈਆ । ਜਿਸ ਦਾ ਸਤਾਈ ਮਾਘ ਨੂੰ ਵਿਛੜਨਾ ਸੀ ਪੁਤ ਰਣਜੀਤ, ਦੁੱਖ ਜਗਤ ਵਾਲਾ ਬਣਾਈਆ । ਜੰਮੂ ਵਾਲਿਆਂ ਦਾ ਖ਼ਾਲੀ ਡੱਬਾ ਇਹੋ ਗਾਉਂਦਾ ਸੀ ਗੀਤ, ਰਾਮ ਸਿੰਹਾਂ ਤੇਰੇ ਸਿਰ ਤੇ ਪੱਗ ਰਹਿਣ ਨਾ ਪਾਈਆ । ਓਏ ਤੇਰਾ ਅੱਧਾ ਸਿਰ ਤੇ ਸਤਿਗੁਰ ਵਾਲੀ ਝੂਠੀ ਪ੍ਰੀਤ, ਬਿਨਾ ਸਤਿਗੁਰ ਤੋਂ ਹੋਏ ਨਾ ਕੋਇ ਸਹਾਈਆ । ਪੰਜ ਪੋਹ ਕਹੇ ਮੇਰੇ ਸਾਹਿਬ ਸਤਿਗੁਰ ਤੂੰ ਸਦਾ ਕਰਨੀ ਬਖ਼ਸ਼ੀਸ਼, ਕਿਉਂ ਮੈਨੂੰ ਭਗਤ ਦਵਾਰੇ ਦੀ ਦਿਤੀ ਮਾਣ ਵਡਿਆਈਆ । ਜਿਸ ਵਿਚ ਕਲਜੁਗ ਸਾਧ ਸੰਤ ਰਾਜਿਆਂ ਰਾਣਿਆਂ ਦੀ ਰਹਿਣ ਨਹੀਂ ਦਿਤੀ ਕੋਈ ਤੌਫ਼ੀਕ, ਤੋਫ਼ਾ ਭਗਤਾਂ ਝੋਲੀ ਪਾਈਆ । ਜਿਸ ਕਾਰਨ ਬੱਧਕ ਦਾ ਪਾਟਾ ਰੱਖਿਆ ਕਮੀਜ਼, ਉਹ ਚੀਥੜ ਬੱਚੇ ਦੀ ਦਾਤ ਦੇ ਕੇ ਨਵਾਂ ਦੇਣਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਛੱਬੀ ਪੋਹ ਕਹੇ ਮੇਰੀ ਖੁਲ੍ਹ ਗਈ ਅੱਖ, ਪਿਛਲਾ ਧਿਆਨ ਲਗਾਈਆ । ਮੇਰੇ ਸਾਹਮਣੇ ਵੇਲਾ ਆਇਆ ਪ੍ਰਤਖ, ਗੜ੍ਹੀ ਚਮਕੌਰ ਦਏ ਗਵਾਹੀਆ । ਜਿਸ ਵੇਲੇ ਜੁਝਾਰ ਲੱਗੀ ਸੱਟ, ਧਰਨੀ ਧਰਤ ਉਤੇ ਲੇਟਿਆ ਚਾਈਂ ਚਾਈਂਆ । ਰਣਜੀਤ ਸਿੰਘ ਗੋਬਿੰਦ ਦਾ ਸਿੱਖ ਪੁਜਿਆ ਝਟ, ਸੀਸ ਗੋਡੇ ਉਤੇ ਟਿਕਾਈਆ । ਫੇਰ ਲੱਗਾ ਤੀਰ ਦਾ ਫੱਟ, ਘਾਇਲ ਕਰ ਕੇ ਵਿੰਨ੍ਹ ਗਿਆ ਪਵਣ ਸਵਾਸੀ ਦਿਤੀ ਉਡਾਈਆ । ਦੋਹਾਂ ਦਾ ਇਕ ਦੂਜੇ ਉਤੇ ਹੋ ਗਿਆ ਇਕੱਠ, ਛਾਤੀ ਛਾਤੀ ਨਾਲ ਟਿਕਾਈਆ । ਗੋਬਿੰਦ ਨੇ ਗੜ੍ਹੀ ਚਮਕੌਰ ਵਿਚੋਂ ਇਕ ਉਤੇ ਇਕ ਥੱਲੇ ਰੱਖ ਕੇ ਹੱਥ, ਜ਼ੋਰ ਨਾਲ ਦਬਾਈਆ । ਫੇਰ ਪਿਆ ਹੱਸ, ਖ਼ੁਸ਼ੀਆਂ ਵਿਚ ਵਡਿਆਈਆ । ਫੇਰ ਤੱਕਿਆ ਨਾਲ ਅੱਖ, ਨੈਣ ਲਿਆ ਉਠਾਈਆ । ਤੁਸੀਂ ਚਲੋ ਕੋਲ ਪੁਰਖ ਸਮਰਥ, ਸਚਖੰਡ ਸਾਚੇ ਡੇਰਾ ਲਾਈਆ । ਮੈਂ ਫੇਰ ਆਵਾਂਗਾ ਵਤ, ਬੇਵਤਨਾਂ ਲਵਾਂ

ਤਰਾਈਆ । ਤੁਸੀਂ ਮੇਰੇ ਪਿਆਰ ਦੀ ਰਤ, ਰਤਨ ਅਮੋਲਕ ਹੀਰੇ ਰੂਪ ਦਰਸਾਈਆ । ਮਾਤਲੋਕ ਕਰ ਪਰਗਟ, ਦੇਵਾਂ ਮਾਣ ਵਡਿਆਈਆ । ਤੁਸੀਂ ਮੇਰੇ ਪਿਛੇ ਸੱਥਰ ਗਏ ਲੱਥ, ਤੇ ਮੈਂ ਯਾਰੜਾ ਸੱਥਰ ਹੰਢਾਈਆ । ਏਸ ਪਿਆਰ ਦੀ ਫੇਰ ਜ਼ਿੰਦਗੀ ਵਿਚੋਂ ਜ਼ਿੰਦਗੀ ਦੇਵਾਂ ਵੱਥ, ਵੱਖਰੀ ਕਾਰ ਕਮਾਈਆ । ਫੇਰ ਮੀਟ ਕੇ ਸੱਜੀ ਅੱਖ, ਉਂਗਲ ਨਾਲ ਦਬਾਈਆ । ਫੇਰ ਜ਼ਮੀਨ ਤੋਂ ਫੜ ਕੇ ਕੱਖ, ਫੂਕ ਮਾਰ ਕੇ ਅੱਗ ਦਿਤੀ ਲਗਾਈਆ । ਜੋੜ ਕੇ ਪ੍ਰਭੂ ਨੂੰ ਹੱਥ, ਸੀਸ ਦਿਤਾ ਝੁਕਾਈਆ । ਸ਼ਬਦ ਅਗੰਮੀ ਆਵਾਜ਼ ਸੁਣੀ ਸਚ, ਸੁਨੇਹੜਾ ਧੁਰਦਰਗਾਹੀਆ । ਗੋਬਿੰਦ ਤੇਰਾ ਲਹਿਣਾ ਦੇਣਾ ਲੇਖਾ ਪੂਰਾ ਕਰਾਂ ਹੱਕ, ਹੱਕ ਦਾ ਮਾਲਕ ਇਕ ਹੋ ਆਈਆ । ਪੋਹ ਕਹੇ ਉਸ ਲੇਖੇ ਦੀ ਧਾਰ ਵਿਚ ਦੋਹਾਂ ਨੇ ਜਾਣਾ ਬਚ, ਅੱਗੇ ਆਯੂ ਬਹੁਤੀ ਦਏ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਪੰਜ ਪੋਹ ਕਹੇ ਨਵਾਂ ਉਤਾਰ ਹੋਣਾ ਪਹਿਲੇ ਗ੍ਰੰਥ, ਸਤਾਰਾਂ ਹਾੜ ਦੀ ਲਿਖਤ ਦਏ ਗਵਾਹੀਆ । ਜੇਹੜਾ ਪੁਰਖ ਅਕਾਲ ਨੇ ਕਿਹਾ ਅੱਗੇ ਚਲਾਉਣਾ ਨਵਾਂ ਪੰਥ, ਸਿੱਖ ਬਣਨ ਦੀ ਰੀਤੀ ਦੇਣੀ ਦ੍ਰਿੜਾਈਆ । ਜਿਸ ਨੂੰ ਕੋਈ ਬੁਧੀਵਾਨ ਸਮਝ ਨਾ ਸਕੇ ਅਸੰਖਾ ਅਸੰਖ, ਕੋਟਨ ਕੋਟ ਧਿਆਨ ਲਗਾਈਆ । ਕਿਉਂ ਜਿਸ ਵੇਲੇ ਪ੍ਰਭੂ ਦਾ ਇਕ ਦਵਾਰ ਤੇ ਇਕ ਹੋਇਆ ਬੰਕ, ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਰਾਓ ਹੋਇਆ ਤੇ ਇਕੋ ਰੰਕ, ਊਚ ਨੀਚ ਨਜ਼ਰ ਨਾ ਕੋਇ ਵਖਾਈਆ । ਉਸ ਵੇਲੇ ਭਗਤਾਂ ਦੇ ਦਵਾਰ ਵਿਚ ਜ਼ਰੂਰ ਆਵੇ ਰਾਜਾ ਜਨਕ, ਜਿਸ ਸੀਤਾ ਸਪੁੱਤਰੀ ਰਾਮ ਭੇਟ ਚੜ੍ਹਾਈਆ । ਪੁਰਖ ਅਕਾਲ ਸ਼ਬਦ ਦੀ ਧਾਰ ਲਾਵੇ ਤਣਕ, ਖਿੱਚੇ ਵਾਹੋ ਦਾਹੀਆ । ਜਿਸ ਨੂੰ ਗਾਇਆ ਕਿ ਵਸੇ ਪੁਰੀ ਘਨਕ, ਉਹ ਸੰਬਲ ਦਾ ਮਾਲਕ ਬੇਪਰਵਾਹੀਆ । ਜਿਸ ਪੂਰਨ ਦੀ ਪੂਰਨ ਬਣਾ ਕੇ ਬਣਤ, ਪੂਰਨ ਪੂਰਨ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਪੰਜ ਪੋਹ ਕਹੇ ਜਨ ਭਗਤੋ ਮੈਨੂੰ ਦਿਓ ਕੁਛ ਦਾਨ, ਮੈਂ ਤੁਹਾਨੂੰ ਤੁਹਾਡਾ ਪ੍ਰਭ ਦਿਤਾ ਮਿਲਾਈਆ । ਜੇ ਮੈਨੂੰ ਨਹੀਂ ਕੁਛ ਦੇਣਾ ਤੇ ਪ੍ਰਭੂ ਦੇ ਚਰਨਾਂ ਦਾ ਕਰੋ ਧਿਆਨ, ਆਪਣੀਆਂ ਝੋਲੀਆਂ ਲਓ ਭਰਾਈਆ । ਤੁਹਾਨੂੰ ਪਤਾ ਨਹੀਂ ਦੁਆਪਰ ਵਿਚ ਕੀ ਖੇਲ ਕੀਤਾ ਸੀ ਕਾਹਨ, ਕ੍ਰਿਸ਼ਨ ਕ੍ਰਿਸ਼ਨ ਨਾਲ ਵਡਿਆਈਆ । ਰਾਧਾ ਨੂੰ ਚਰਨ ਦਾਸੀ ਦਾ ਦਿਤਾ ਸੀ ਮਾਣ, ਇਹੋ ਮੇਰੀ ਥਿਤ ਇਹੋ ਮੇਰਾ ਵਕਤ ਸੁਹਾਈਆ । ਨਾਲੇ ਮੁਖੋਂ ਕਿਹਾ ਸੀ ਪਿਆਰ ਨਾਲ ਰਾਧੇ ਸ਼ਾਮ, ਸ਼ਾਮ ਰਾਧੇ ਇਕੋ ਰੂਪ ਨਜ਼ਰੀ ਆਈਆ । ਰਾਧਾ ਕਿਹਾ ਮੇਰੀ ਚਰਨ ਕਵਲ ਪਰਨਾਮ, ਨਿਉਂ ਨਿਉਂ ਸੀਸ ਝੁਕਾਈਆ । ਸਾਹਿਬ ਤ੍ਰੈਲੋਕੀ ਨਾਥ ਭਗਵਾਨ, ਭਗਵਨ ਤੇਰੀ ਬੇਪਰਵਾਹੀਆ । ਜਿਸ ਕੋਝੀ ਕਮਲੀ ਕੀਤੀ ਪਰਵਾਨ, ਪਰਵਾਨਾ ਆਪਣਾ ਲਿਆ ਬਣਾਈਆ । ਪ੍ਰਣ ਕੀਤਾ ਮੈਂ ਕਦੀ ਬਚਨ ਬੋਲਾਂਗੀ ਨਾਲ ਨਾ ਜ਼ਬਾਨ, ਨਿੰਦਿਆ ਪ੍ਰਭੂ ਨਾ ਕਦੇ ਅਲਾਈਆ । ਕ੍ਰਿਸ਼ਨ ਨੇ ਹੱਸ ਕੇ ਵਖਾਇਆ ਇਕ ਨਿਸ਼ਾਨ, ਇਸ਼ਾਰਾ ਦਿਤਾ ਕਰਾਈਆ । ਕਮਲੀਏ ਔਹ ਤਕ ਲੈ ਕਲਜੁਗ ਵਿਚ ਜਹਾਨ, ਚਾਰੋਂ ਕੁੰਟ ਅੰਧੇਰਾ ਛਾਈਆ । ਉਸ ਵੇਲੇ ਮੇਰਾ ਸਾਹਿਬ ਆਵੇ ਹੋ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਪੈਗੰਬਰਾਂ ਦਾ ਲੇਖਾ ਕਰੇ ਪਰਵਾਨ, ਮੁਹੰਮਦ ਸੰਗ ਨਿਭਾਈਆ । ਪੋਸ ਮਹੀਨਾ ਦੇਵੇ ਦਾਨ, ਵਸਤ ਅਗੰਮ ਵਰਤਾਈਆ । ਸੰਮਤ ਸ਼ਹਿਨਸ਼ਾਹੀ ਛੇ ਹੋਵੇ ਮਹਾਨ, ਮਹਿੰਮਾਂ ਅਕਥ ਕਥੀ ਨਾ ਜਾਈਆ । ਸਦੀ ਚੌਧਵੀਂ ਦੀ ਗੋਲੀ ਜਿਸ ਦਾ ਸਮਝੇ ਨਾ ਕੋਇ ਈਮਾਨ, ਹਿੰਦੂ ਮੁਸਲਿਮ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਰਾਧਾ ਕਿਹਾ ਕੌਣ ਸਦੀ ਚੌਧਵੀਂ ਦੀ ਬਾਂਦੀ, ਮੈਨੂੰ ਦੇ ਵਖਾਈਆ । ਕਾਹਨ ਕਿਹਾ ਜਿਸ ਦਾ ਕਾਲਾ ਲਬਾਸ ਹੋਣਾ ਤੇ ਨੌ ਰੰਗ ਦੀ ਪਰਾਂਦੀ, ਨੌ ਖੰਡ ਦੀ ਖੇਲ ਖਿਲਾਈਆ । ਜੇਹੜੀ ਮਾਲਵੇ ਵਾਲਿਆਂ ਮੂਰਤੀ ਲਿਆਉਣੀ ਗਾਂ ਦੀ, ਉਹ ਰਾਤ ਦੇ ਬਾਰਾਂ ਵਜੇ ਉਸ ਦੇ ਹੱਥ ਦੇਣੀ ਫੜਾਈਆ । ਫੇਰ ਕਸਮ ਲੈਣੀ ਸੁਗੰਦ ਲੈਣੀ ਤੂੰ ਰਹੀਂ ਨਾ ਪਿਉ ਨਾ ਮਾਂ ਦੀ, ਸਤਿਗੁਰ ਦੀ ਸੇਵਾ ਸਚ ਕਮਾਈਆ । ਸਤਿਗੁਰ ਸ਼ਬਦ ਖੇਲ ਕਰਨੀ ਧਰਮ ਦੇ ਥਾਂ ਦੀ, ਦਵਾਰਕਾ ਵਾਸੀ ਕਹਿ ਕੇ ਗਿਆ ਸੁਣਾਈਆ । ਰਵਦਾਸ ਚਮਾਰੇ ਖੇਲ ਕਰਨੀ ਸੱਤ ਰੰਗ ਲੀੜੇ ਵਾਲੀ ਛਾਂ ਦੀ, ਜੋ ਸਤਿ ਵਿਚ ਸਮਾਈਆ । ਗੁਰਮੁਖ ਸਿੰਘ ਆਵਾਜ਼ ਲਗਾਉਣੀ ਕਹਿਣਾ ਵਡਿਆਈ ਪੁਰਖ ਅਕਾਲ ਤੇਰੇ ਨਾਂ ਦੀ, ਦੂਜਾ ਮਾਣ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਪੰਜ ਪੋਹ ਕਹੇ ਜਨ ਭਗਤੋ ਮੇਰਾ ਸੋਲਾਂ ਸਾਲ ਲੰਘਿਆਂ, ਆਯੂ ਗਈ ਬੀਤ । ਮੈਂ ਤੁਹਾਥੋਂ ਕੁਛ ਨਹੀਂ ਮੰਗਿਆ, ਸਿਰਫ਼ ਕਰਦਾ ਰਿਹਾ ਪ੍ਰੀਤ । ਅੱਜ ਸਾਰੀ ਰਾਤ ਖਲੋਤਾ ਰਿਹਾ ਇਕ ਟੰਗਿਆ, ਗਾਉਂਦਾ ਰਿਹਾ ਪ੍ਰਭੂ ਦੇ ਗੀਤ । ਇੱਕੀ ਵਾਰ ਪੈਂਦ ਤੇ ਇੱਕੀ ਵਾਰ ਸਰਹਾਣੇ ਹੋਇਆ ਮੰਜਿਆ, ਮੈਂ ਦੱਸਾਂ ਸਚ ਠੀਕ । ਬੇਨੰਤੀ ਕੀਤੀ ਜੇ ਪ੍ਰਭੂ ਤੂੰ ਮੇਰਾ ਭਗਤਾਂ ਨਾਲ ਪਿਆਰ ਗੰਢਿਆ, ਲੋਕਮਾਤ ਭਗਤ ਦਵਾਰ ਕੀਤਾ ਵਸਨੀਕ । ਫੇਰ ਮੇਰੀ ਬੇਨੰਤੀ ਸੁਣ ਸਭ ਦਾ ਹਿਰਦਾ ਰੱਖੀਂ ਠੰਡਿਆ, ਅਗਨੀ ਤਤ ਨਾ ਲਾਵੀਂ ਚੀਤ । ਕੀ ਹੋਇਆ ਜੇ ਕਲਜੁਗ ਅੰਤਮ ਕੰਢਿਆ, ਤੂੰ ਕਰ ਦੇ ਬਖ਼ਸ਼ੀਸ਼ । ਪੰਜ ਪੋਹ ਕਹਿੰਦਾ ਤੇਰਾ ਭਗਤ ਹੋਵੇ ਨਾ ਭਾਗ ਮੰਦਿਆ, ਨੀਤੀ ਵਿਚ ਨਾ ਹੋਵੇ ਨੀਚ । ਜਿਨ੍ਹਾਂ ਕਾਰਨ ਤੂੰ ਮਾਰਿਆ ਪੰਧਿਆ, ਤੇ ਪਿਛਲੀ ਬਦਲ ਦਿਤੀ ਲੀਕ । ਸੁਣਾ ਕੇ ਆਪਣਾ ਛੰਦਿਆ, ਝਗੜਾ ਮੁਕਾਇਆ ਮੰਦਰ ਮਸੀਤ । ਤੂੰ ਸ਼ਹਿਨਸ਼ਾਹ ਸੂਰਾ ਸਰਬੰਗਿਆ, ਸਦਾ ਤ੍ਰੈਗੁਣ ਅਤੀਤ । ਪ੍ਰਭੂ ਆਪਣਿਆਂ ਭਗਤਾਂ ਦਾ ਭਾਰ ਚੁੱਕ ਲੈ ਕੰਧਿਆ, ਐਵੇਂ ਜਗਤ ਵਿਚ ਨਾ ਘਸੀਟ । ਇਨ੍ਹਾਂ ਦਾ ਲੇਖਾ ਦੱਸਣਾ ਨਹੀਂ ਕਿਸੇ ਪਾਂਧੇ ਪੰਡਿਆ, ਗ੍ਰਹਿ ਨਛੱਤਰ ਜਾਣੇ ਨਾ ਕੋਇ ਤਰੀਕ । ਪੁਰਖ ਅਕਾਲ ਕਹੇ ਪੰਜ ਪੋਹ ਮੈਂ ਏਸੇ ਕਰਕੇ ਤੇ ਦਰਦ ਵੰਡਿਆ, ਸਤਿਗੁਰ ਸ਼ਬਦ ਕਰੇ ਤਸਦੀਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਸਾਹਿਬ ਅਨਡੀਠ । ਪੋਹ ਕਹੇ ਪ੍ਰਭੂ ਮੇਰਾ ਸੁਫਲ ਹੋਇਆ ਜਨਮ, ਬਖ਼ਸ਼ੀ ਮਾਣ ਵਡਿਆਈਆ । ਭਗਤਾਂ ਦੇ ਅੰਦਰੋਂ ਮੇਟ ਦੇ ਭਰਮ, ਭਾਂਡਾ ਭਰਮ ਦੇ ਭੰਨਾਈਆ । ਆਪਣੇ ਪਿਆਰ ਦਾ ਬਖ਼ਸ਼ ਦੇ ਕਰਮ, ਕਰਨੀ ਦੇ ਸਮਝਾਈਆ । ਜਨ ਭਗਤ ਜਦੋਂ ਪਰਸੇ ਤੇ ਪਰਸੇ ਤੇਰਾ ਚਰਨ, ਦੂਸਰ ਸੀਸ ਨਾ ਕੋਇ ਨਿਵਾਈਆ । ਤੇਰਾ ਨਾਮ ਸਦਾ ਪੜ੍ਹਨ, ਹਿਰਦੇ ਵਿਚ ਹਰਿ ਜੂ ਜਾਣਾ ਸਮਾਈਆ । ਮੈਂ ਪਿਆਰ ਵਿਚ ਆਇਆ ਲੜਨ, ਲੜਾਕਾ ਹੋ ਕੇ ਦਿਆਂ ਸੁਣਾਈਆ । ਤੇਰੇ ਹੋ ਕੇ ਕਿਉਂ ਨਾ ਤੇਰੀ ਮੰਜ਼ਲ ਚੜ੍ਹਨ, ਦਰ ਪੁੱਜਣ ਚਾਈਂ ਚਾਈਆ । ਮੇਰਾ ਇਕ ਇਕ ਪਰਣ, ਪਰਨਾਮ ਕਰ ਕੇ ਸੀਸ ਨਿਵਾਈਆ । ਸਭ ਨੂੰ ਸਾਂਝੀ ਬਖ਼ਸ਼ ਪ੍ਰੀਤੀ ਚਰਨ, ਪ੍ਰੀਤਮ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਪਲੂ ਫੜਾਉਣਾ ਲੜਨ, ਗੰਢ ਆਪਣੇ ਨਾਲ ਪਵਾਈਆ ।

ਪੰਜ ਪੋਹ ਤੇਰਾ ਪਰਸ਼ਾਦ, ਪੰਚਮ ਵਿਚ ਵਡਿਆਈਆ । ਤੂੰ ਬੱਚੂ ਬੜਾ ਚੰਗਾ ਜਿਨ੍ਹ ਸਿੰਘ ਸੁਰਜੀਤ ਰਣਜੀਤ ਨੂੰ ਰੱਖਿਆ ਯਾਦ, ਗੜ੍ਹੀ

ਚਮਕੌਰ ਦਾ ਵੇਲਾ ਨਾ ਅਜੇ ਭੁਲਾਈਆ । ਤੇਰੇ ਪਿਛੇ ਉਨ੍ਹਾਂ ਨੂੰ ਜ਼ਿੰਦਗੀ ਦਾ ਦੇਵਾਂ ਦਾਜ, ਮਿਹਰ ਨਜ਼ਰ ਉਠਾਈਆ । ਨੰਗੇ ਸਿਰ ਤੇ ਬਖ਼ਸ਼ ਕੇ ਤਾਜ, ਜੀਵਣ ਜੀਵਣ ਦਿਆਂ ਵਖਾਈਆ । ਕਿਉਂ ਮੇਰੇ ਸ਼ਬਦ ਗੁਰੂ ਦਾ ਬ੍ਰਹਿਮੰਡ ਖੰਡ ਵਿਚ ਰਾਜ, ਜੋ ਚਾਹਾਂ ਸੋ ਲਵਾਂ ਭੁਗਤਾਈਆ । ਪੰਜ ਪੋਹ ਖ਼ੁਸ਼ੀ ਵਿਚ ਕੀਤਾ ਨਾਚ, ਨੱਚਿਆ ਚਾਈਂ ਚਾਈਂਆ । ਪ੍ਰਭੂ ਇਕ ਬੇਨੰਤੀ ਮੰਨ ਲੈ ਆਜ, ਸੀਸ ਦਿਆਂ ਝੁਕਾਈਆ । ਪਿਆਰ ਵਿਚ ਗੁਰਮੁਖ ਸਿੰਘ ਨੂੰ ਇਕ ਸੌ ਇਕ ਰੁਪਿਆ ਦੇਵੀਂ ਦਾਤ, ਆਪਣੇ ਕੋਲੋਂ ਝੋਲੀ ਦੇਵੀਂ ਪਾਈਆ । ਪੰਜਾਂ ਲਿਖਾਰੀਆਂ ਨੂੰ ਇਕ ਇਕ ਬਖ਼ਸ਼ੀਂ ਕਲਮ ਦਵਾਤ, ਆਪਣੀ ਹੱਥੀਂ ਦੇਣੀ ਫੜਾਈਆ । ਇਹ ਲੇਖਾ ਨਵੇਂ ਜੁਗ ਦਾ ਨਵਾਂ ਹੋਊ ਰਿਵਾਜ, ਰੀਤੀ ਪਿਛਲੀ ਦੇਣੀ ਬਦਲਾਈਆ । ਇਹੋ ਮੇਰੀ ਬੇਨੰਤੀ ਤੇ ਇਹੋ ਮੇਰੀ ਅਰਦਾਸ, ਪ੍ਰਭੂ ਭਗਤਾਂ ਨੂੰ ਅਰਦਾਸੇ ਸੋਧਣ ਵਾਲਿਆਂ ਤੋਂ ਲੈਣਾ ਬਚਾਈਆ । ਜੇਹੜੇ ਤੇਰੇ ਹੋ ਗਏ ਉਹ ਤੇਰੇ ਵਸਣ ਪਾਸ, ਤੇਰੇ ਵਿਚ ਸਮਾਈਆ । ਪੰਜ ਪੋਹ ਕਹਿੰਦਾ ਪ੍ਰਭੂ ਕਰ ਲੈ ਯਾਦ ਬਚਨ ਖ਼ਾਸ, ਰਾਮ ਬਨ ਵਿਚ ਲੇਟਿਆ ਤੇ ਤੂੰ ਆਪਣਾ ਹੁਕਮ ਦਿਤਾ ਦ੍ਰਿੜਾਈਆ । ਸੀਤਾ ਨੇ ਇਕ ਬਸਤਰ ਸੀ ਤਨ ਲਪੇਟਿਆ, ਤੇ ਨੈਣ ਪ੍ਰਭ ਦੇ ਵੱਲ ਰਖਾਈਆ । ਤੂੰ ਖ਼ੁਸ਼ੀਆਂ ਵਿਚ ਆਣ ਕੇ ਵੇਖਿਆ, ਫੜ ਕੇ ਦਿਤਾ ਉਠਾਈਆ । ਹੁਕਮ ਦਿਤਾ ਔਹ ਵੇਖ ਪੈਗ਼ੰਬਰ ਮੁੱਲਾ ਸ਼ੇਖਿਆ, ਕਲਜੁਗ ਗੁਰੂਆਂ ਨਾਲ ਵਡਿਆਈਆ । ਓਏ ਰਾਮਾ ਤੇ ਰਾਮ ਫੇਰ ਨਹੀਂ ਕਿਸੇ ਨੂੰ ਆਉਣਾ ਚੇਤਿਆ, ਚੇਤਨ ਸੁਰਤੀ ਨਾ ਕੋਇ ਕਰਾਈਆ । ਔਹ ਵੇਖ ਵਾੜ ਖਾਂਦੀ ਖੇਤਿਆ, ਗੁਰ ਚੇਲੇ ਲੁੱਟਣ ਥਾਉਂ ਥਾਈਂਆ । ਫੇਰ ਮੈਂ ਆਵਾਂ ਤੇ ਮੇਰਾ ਗੋਬਿੰਦ ਬੇਟਿਆ, ਮਾਲਕ ਬਣ ਕੇ ਧੁਰਦਰਗਾਹੀਆ । ਪੰਜ ਪੋਹ ਕਹੇ ਇਹੋ ਦਿਨ ਸੀ ਜਿਸ ਵੇਲੇ ਰਾਮ ਨੂੰ ਰਾਮ ਨੇ ਮੱਥਾ ਟੇਕਿਆ, ਸੀਸ ਦਿਤਾ ਨਿਵਾਈਆ । ਸੀਤਾ ਨੇ ਤੱਕਿਆ ਨੇਤਰ ਨੇਤਿਆ, ਨੈਣ ਨਿਜ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੰਜ ਪੋਹ ਕਹੇ ਜਿਸ ਵੇਲੇ ਮੇਰੇ ਵਿਚ ਭਗਤਾਂ ਦੀ ਰੱਖੀ ਬੁਨਿਆਦ, ਭਗਤ ਦਵਾਰਾ ਨੀਂਹ ਧਰਾਈਆ । ਮੈਂ ਹੱਸਿਆ ਕਿ ਮੈਂ ਹੁਣ ਹੋਇਆ ਆਬਾਦ, ਪ੍ਰਭ ਨੇ ਦਿਤੀ ਮਾਣ ਵਡਿਆਈਆ । ਚਾਰ ਜੁਗ ਦੇ ਵਿਛੜਿਆਂ ਨਾਲ ਮੇਰਾ ਹੋਇਆ ਸਾਥ, ਸਗਲਾ ਸੰਗ ਬਣਾਈਆ । ਜਿਸ ਵੇਲੇ ਮੈਂ ਸੋਹੰ ਸੁਣੀ ਗਾਥ, ਮੇਰੇ ਅੰਤਰ ਅੰਤਰ ਅੰਤਰ ਹੋਈ ਰੁਸ਼ਨਾਈਆ । ਫੇਰ ਪ੍ਰਭੂ ਨੂੰ ਤੱਕਿਆ ਸਾਖਿਆਤ, ਸਨਮੁਖ ਬੈਠਾ ਸੋਭਾ ਪਾਈਆ । ਫੇਰ ਮੈਂ ਵੇਖਿਆ ਉਹ ਲੇਖਾ ਲਿਖਾਵੇ ਉਤੇ ਕਾਗ਼ਜ਼ਾਤ, ਅੱਖਰ ਅੱਖਰਾਂ ਨਾਲ ਜੁੜਾਈਆ । ਫੇਰ ਮੈਂ ਇਧਰ ਉਧਰ ਝਾਕਿਆ ਮੈਨੂੰ ਭਗਤਾਂ ਦੀ ਦਿਸੀ ਜਮਾਤ, ਬਹੁਤਿਉਂ ਥੋੜ੍ਹੇ ਤੇ ਥੋੜ੍ਹਿਉਂ ਬਹੁਤੇ ਨਜ਼ਰੀ ਆਈਆ । ਫੇਰ ਮੈਂ ਸੋਚਿਆ ਲਾਲੋ ਦਾ ਮੇਰੇ ਪਹਿਲੇ ਦਿਨ ਦਾ ਹਿਸਾਬ, ਜੋ ਹਿੱਸਾ ਦਿਤਾ ਪਾਈਆ । ਮੈਂ ਏਸੇ ਕਰ ਕੇ ਤਿੰਨ ਦਿਨ ਬੜਾ ਕੀਤਾ ਯਾਦ, ਪ੍ਰਭੂ ਅੱਗੇ ਅੰਦਰੇ ਅੰਦਰ ਵਾਸਤਾ ਪਾਈਆ । ਵੇਖੀਂ ਕਿਤੇ ਕਿਸ਼ਨ ਸਿੰਘ ਪੰਜ ਪੋਹ ਤੋਂ ਪਹਿਲਾਂ ਨਾ ਜਾਵੇ ਭਾਜ, ਆਪਣਾ ਪਲੂ ਛੁਡਾਈਆ । ਸੋ ਮੈਨੂੰ ਖ਼ੁਸ਼ੀ ਹੋਈ ਆਜ, ਪੰਜ ਪੋਹ ਕਹੇ ਮੇਰੀ ਭਗਤਾਂ ਨਾਲ ਵੱਜੀ ਵਧਾਈਆ । ਹੁਣ ਪ੍ਰਭੂ ਮੇਰੇ ਪੰਚਮ ਦਾ ਪੰਚ ਰੂਪ ਵਰਤਾ ਦੇ ਪਰਸਾਦ, ਗੁਰਮੁਖਾਂ ਮੁਖ ਲਗਾਈਆ । ਜਿਸ ਨੂੰ ਖਾ ਕੇ ਜਨ ਭਗਤਾਂ ਦਾ ਠੀਕ ਹੋ ਜਾਵੇ ਦਿਮਾਗ, ਬਦੀ ਅੰਦਰ ਰਹੇ ਨਾ ਰਾਈਆ । ਪੰਜ ਪੋਹ ਕਹਿੰਦਾ ਪ੍ਰਭੂ ਮੈਂ ਹੈਰਾਨ ਹਾਂ ਕਿ ਸਤਿਗੁਰ ਸ਼ਬਦ ਤੇ ਸਤਿਗੁਰ ਪੂਰਨ ਵਰਗਾ ਲੱਭਣਾ ਨਹੀਂ ਕੋਈ ਉਸਤਾਦ, ਜਿਹੜਾ ਮਾਰ ਕੁੱਟ ਕੇ ਝਿੜਕ ਝੰਬ ਕੇ ਬਿਨਾ ਭਗਤੀ ਤੋਂ ਸਿੱਧੇ ਰਸਤੇ ਲਾਈਆ । ਜਿਸ ਦੇ ਅੱਗੇ ਅਵਤਾਰ ਪੈਗ਼ੰਬਰਾਂ

ਗੁਰੂਆਂ ਦਾ ਨਹੀਂ ਕੋਈ ਜੁਆਬ, ਸਾਰੇ ਬੈਠੇ ਸੀਸ ਨਿਵਾਈਆ । ਬਖ਼ਸ਼ਿਸ਼ ਨਾਲ ਤੇ ਰਹਿਮਤ ਨਾਲ ਦਈ ਜਾਏ ਸਭ ਨੂੰ ਖਿਤਾਬ, ਖਤਾ ਪਿਛਲੀ ਮਾਫ਼ ਕਰਾਈਆ । ਸਭ ਦਾ ਪਿਆਰ ਵਿਚ ਪ੍ਰੇਮ ਵਿਚ ਮੁਹੱਬਤ ਵਿਚ ਠੰਡਾ ਤੇ ਤਤਾ ਵੇਖੇ ਮਜ਼ਾਜ, ਮਜ਼ਾਕ ਵਿਚ ਆਪਣਾ ਹੁਕਮ ਵਰਤਾਈਆ । ਜਿਸ ਨੂੰ ਸਮਝ ਸਕੇ ਨਾ ਕੋਇ ਜਗਤ ਸੰਤ ਸਾਧ, ਜਗਿਆਸੂ ਸਾਰ ਕੋਇ ਨਾ ਪਾਈਆ । ਜਿਸ ਵੇਲੇ ਨਾਨਕ ਨੇ ਪਹਿਲੇ ਦਿਨ ਵਜਾਈ ਸੀ ਰਬਾਬ, ਉਂਗਲ ਸਿਤਾਰ ਨਾਲ ਛੁਹਾਈਆ । ਅੱਖਾਂ ਮੀਟਦਿਆਂ ਆ ਗਿਆ ਅਗੰਮੀ ਖ਼ਵਾਬ, ਸ਼ਬਦ ਸ਼ਬਦ ਨਾਲ ਮਿਲਾਈਆ । ਸੰਦੇਸ਼ਾ ਸੁਣਿਆ ਉਸ ਮਹਾਰਾਜ, ਜੋ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰਦਰਗਾਹੀਆ । ਓ ਵੇਖ ਨਾਨਕ ਮੇਰਾ ਮੇਰੇ ਦੇ ਸਿਰ ਤੇ ਹੋਣਾ ਤਾਜ, ਤਾਜਾਂ ਵਾਲੇ ਜਿਸ ਨੂੰ ਸੀਸ ਨਿਵਾਈਆ । ਜਿਸ ਨੇ ਭਗਤਾਂ ਦਾ ਰਚਣਾ ਕਾਜ, ਜਨਮ ਮਰਨ ਦੋਵੇਂ ਆਪਣੇ ਹੱਥ ਰਖਾਈਆ । ਧਰਮ ਦਾ ਲਗਾਉਣਾ ਬਾਗ਼, ਫੁਲਵਾੜੀ ਇਕ ਮਹਿਕਾਈਆ । ਨੌ ਰੰਗ ਦਾ ਗੁੰਚਾ ਲਿਆਉਣਾ ਖ਼ੁਸ਼ੀ ਵਾਲੀ ਵਿਚ ਮਜ਼ਾਜ, ਸਿੰਘਾਸਣ ਦੇ ਅੱਗੇ ਦੇਣਾ ਟਿਕਾਈਆ । ਇਹੋ ਧਰਮ ਦੀ ਧਾਰ ਤਰਿਪਤ ਦਾ ਦਾਜ, ਜਿਸ ਨਾਲ ਜਗਤ ਦੀ ਹਿਰਸ ਦਏ ਚੁਕਾਈਆ । ਪੰਜ ਪੋਹ ਕਹੇ ਜਨ ਭਗਤੋ ਤੁਹਾਨੂੰ ਪੜ੍ਹਨੀ ਨਾ ਪਏ ਕੋਇ ਨਿਮਾਜ, ਰੋਜ਼ਿਆਂ ਤੋਂ ਦਿਤਾ ਛੁਡਾਈਆ । ਤੁਹਾਡੇ ਸਾਹਿਬ ਕੋਲ ਤੁਹਾਡਾ ਲੇਖਾ ਸਦਾ ਰਿਹਾ ਵਾਚ, ਵਾਚਕ ਹੋ ਕੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜ ਪੋਹ ਤੇਰਾ ਪ੍ਰੇਮ ਵਿਚ ਦੇਵੇ ਪ੍ਰਸਾਦ, ਮੋਹ ਭਗਤਾਂ ਨਾਲ ਰਖਾਈਆ ।





## ✪ ੬ ਪੋਹ ਸ਼ਹਿਨਸ਼ਾਹੀ ਸੰਮਤ ੬ ਗੁਰਚਰਨ ਸਿੰਘ ਦੇ ਗ੍ਰਿਹ ਜੰਮੂ ਸ਼ਹਿਰ ✪

ਪੋਹ ਕਹੇ ਪ੍ਰਭ ਬਖ਼ਸ਼ ਦੇ ਪਦ, ਪਤਿਪਰਮੇਸ਼ਵਰ ਦਇਆ ਕਮਾਈਆ । ਦੀਨ ਮਜ਼੍ਹਬ ਦੀ ਮੇਟ ਦੇ ਹੱਦ, ਹਦੂਦ ਆਪਣੀ ਦੇ ਵਖਾਈਆ । ਭਗਤ ਸੁਹੇਲੇ ਬਣਾਕੇ ਆਪਣੀ ਯਦ, ਯਦਪਿ ਆਪਣਾ ਰੰਗ ਰੰਗਾਈਆ । ਝਗੜਾ ਮੇਟ ਦੇ ਕਾਇਆ ਮਾਟੀ ਹੱਡ, ਤਨ ਵਜੂਦ ਨਾ ਕੋਇ ਲੜਾਈਆ । ਜਿਹੜੇ ਆਤਮ ਧਾਰ ਤੈਨੂੰ ਗਏ ਛਡ, ਸੋ ਪੁਰਖ ਨਿਰੰਜਣ ਲੈਣੇ ਮਿਲਾਈਆ । ਮੇਰੀ ਬੇਨੰਤੀ ਚਰਨ ਕਵਲ ਅੱਜ, ਆਜਜ਼ ਹੋ ਕੇ ਸੀਸ ਝੁਕਾਈਆ । ਸਭ ਦੇ ਪੜਦੇ ਲੈਣੇ ਕੱਜ, ਮਿਹਰ ਨਜ਼ਰ ਆਪ ਉਠਾਈਆ । ਸਚ ਦਵਾਰੇ ਜਾਣਾ ਸਜ, ਸਾਜਣ ਹੋ ਕੇ ਹੋਣਾ ਸਹਾਈਆ । ਅੰਮ੍ਰਿਤ ਜਾਮ ਪਿਆਉਣਾ ਰੱਜ, ਜਗਤ ਤ੍ਰਿਸ਼ਨਾ ਤ੍ਰਿਖਾ ਮਿਟਾਈਆ । ਘਰ ਸਵਾਮੀ ਕਰਾਉਣਾ ਹੱਜ, ਕਾਅਬਾ ਇਕੋ ਇਕ ਵਖਾਈਆ । ਜਿਥੇ ਧੁਰ ਦਾ ਕਲਮਾ ਵੱਜੇ ਨਦ, ਅਨਾਦੀ ਰਾਗ ਅਲਾਈਆ । ਤ੍ਰੈਗੁਣ ਮੂਲ ਰਹੇ ਨਾ ਅੱਗ, ਅਗਨੀ ਤਤ ਗਵਾਈਆ । ਭਗਤਾਂ ਦਰਸ ਦੇਣਾ ਉਪਰ ਸ਼ਾਹ ਰਗ, ਨੌ ਦਵਾਰੇ ਡੇਰਾ ਢਾਹੀਆ । ਨਾੜ ਬਹੱਤਰ ਨਾ ਉਬਲੇ ਰਤ, ਅੰਮ੍ਰਿਤ ਮੇਘ ਦੇਣਾ ਬਰਸਾਈਆ । ਸਚ ਸਵਾਮੀ ਬਖ਼ਸ਼ ਇਕੋ ਮਤ, ਤੂੰ ਮੇਰਾ ਮੈਂ ਤੇਰਾ ਢੋਲਾ ਦੇਣਾ ਦ੍ਰਿੜਾਈਆ । ਮੇਰੀ ਬੇਨੰਤੀ ਦੋਵੇਂ ਜੋੜ ਕੇ ਹੱਥ, ਨਮਸਤੇ ਡੰਡਾਵਤ ਸੱਜਦੇ ਵਿਚ ਸੀਸ ਝੁਕਾਈਆ । ਕਿਰਪਾ ਕਰ ਪੁਰਖ ਸਮਰਥ, ਸਾਹਿਬ ਸਤਿਗੁਰ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ ।

ਪੋਹ ਕਹੇ ਪ੍ਰਭ ਮੇਰੀ ਅੰਤ ਡੰਡਾਵਤ, ਸੀਸ ਜਗਦੀਸ ਨਿਵਾਈਆ । ਤੂੰ ਮਾਲਕ ਸਹੀ ਸਲਾਮਤ, ਸਤਿਗੁਰ ਦਾਤਾ ਇਕ ਅਖਵਾਈਆ । ਸਚ ਪ੍ਰੇਮ ਦੀ ਬਖ਼ਸ਼ ਨਿਆਮਤ, ਵਸਤ ਅਮੋਲਕ ਇਕ ਵਰਤਾਈਆ । ਕਲਜੁਗ ਮੇਟ ਅੰਧੇਰੀ ਸ਼ਾਮਤ, ਸ਼ਮਾ ਨੂਰ ਜੋਤ ਕਰ ਰੁਸ਼ਨਾਈਆ । ਮਨ ਸ਼ਬਦ ਨਾ ਕਰੇ ਮਜ਼ਾਹਮਤ, ਦੂਈ ਦਾ ਲੇਖਾ ਦੇਣਾ ਮੁਕਾਈਆ । ਹਰਿਜਨ ਰਹੇ ਨਾ ਕੋਇ ਅਣਜਾਣਤ, ਮੂਰਖ ਮੂੜ੍ਹ ਨਾ ਕੋਇ ਵਖਾਈਆ । ਅਬਲੀਸ ਪਾਏ ਕੋਇ ਨਾ ਲਾਅਨਤ, ਤਮਾ ਦਾ ਲੇਖਾ ਦੇਣਾ ਚੁਕਾਈਆ । ਹਉ ਸੇਵਕ ਇਕ ਅਣਜਾਣਤ, ਦਰ ਠਾਂਡੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਨਾਰਦ ਕਹੇ ਪੋਹ ਤੂੰ ਕਿਹੜੀ ਕਰਦਾ ਮਿੰਨਤ, ਪ੍ਰਭ ਅੱਗੇ ਸੀਸ ਨਿਵਾਈਆ । ਕੁਛ ਧਰਮ ਦੀ ਸਿਖ ਲੈ ਇੱਜ਼ਤ, ਤੈਨੂੰ ਦਿਆਂ ਜਣਾਈਆ । ਕੂੜੀ ਕਿਰਿਆ ਦਾ ਬਣ ਨਿੰਦਕ, ਸਤਿ ਸਚ ਦੀ ਕਰ ਵਡਿਆਈਆ । ਫਿਰ ਵੇਖ ਲੈ ਲੇਖਾ ਲਹਿੰਦੀ ਦਿਸ਼ਾ ਸਿੰਮਤ, ਸੀਮਾ ਮੁਹੰਮਦ ਵਾਲੀ ਹੱਦ ਵਖਾਈਆ । ਸਭ ਨੇ ਹੋਣਾ ਹਰਾਮ ਨਿਮਕ, ਨਿਮਖ ਨਿਮਖ ਆਪਣਾ ਆਪ ਨਾ ਕੋਇ ਕਟਾਈਆ । ਸਦੀ ਚੌਧਵੀਂ ਹੋਣੀ ਚਿੰਤ, ਚਿੰਤਾ ਚਿਖਾ ਰੂਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਦਾਤਾ ਵਡ ਵਡਿਆਈਆ । ਨਾਰਦ ਕਹੇ ਪੋਹ ਵੇਖ ਲੈ ਆਪਣੀ ਵਦੀ ਸੁਦੀ, ਸੁਦੀ ਵਦੀ ਬਿਨ ਅੱਖਾਂ ਅੱਖ ਉਠਾਈਆ । ਪਿਛਲੀ ਚਾਰ ਜੁਗ ਦੀ ਖੇਲ ਧੁਰ ਮਾਲਕ ਕਰਨੀ ਰੱਦੀ, ਰਹਿਮਤ ਆਪਣੀ ਆਪ ਕਮਾਈਆ । ਸਾਬਤ ਰਹਿਣ ਨਹੀਂ ਦੇਣੀ ਕੋਈ ਗੱਦੀ, ਗਦਾਗਰ ਰੋਵਣ ਮਾਰਨ ਧਾਈਆ । ਜਗਤ ਖ਼ੁਮਾਰੀ ਮੇਟਣੀ ਮਧੀ, ਮਧੁਰ ਧੁਨ ਰਾਗ ਸੁਣਾਈਆ । ਜਨ ਭਗਤਾਂ ਹੋਣਾ ਨਹੀਂ ਕਿਸੇ ਅਜੀ, ਭੈ ਵਿਚ ਨਾ ਕੋਇ ਡਰਾਈਆ । ਸਾਹਿਬ ਸੁਲਤਾਨਾ ਰੱਖੇ ਲੱਜੀ, ਸਿਰ ਆਪਣਾ ਹੱਥ ਟਿਕਾਈਆ । ਸਦੀ ਚੌਧਵੀਂ ਜਾਂਦੀ ਲੰਘੀ, ਆਪਣਾ ਪੰਧ ਮੁਕਾਈਆ । ਕਲਜੁਗ ਅੰਤਮ ਲੇਖਾ ਆਇਆ ਕੰਢੀ, ਕਿਨਾਰੇ ਰਹੇ ਕੁਰਲਾਈਆ । ਪ੍ਰਭ ਨੇ ਖੇਲ ਕਰਨਾ ਵਿਚ ਵਰਭੰਡੀ, ਬ੍ਰਹਿਮੰਡ ਦੇਣ ਦੁਹਾਈਆ । ਸ਼ਬਦ ਸਤਿਗੁਰੂ ਗੁਰਦੇਵ ਉਠਾਉਣਾ ਜੰਗੀ, ਜੋਧਾ ਬੇਪਰਵਾਹੀਆ । ਜਿਸ ਭਗਤਾਂ ਕਟਣੀ ਤੰਗੀ, ਸੋਹਨ ਖੁੱਲ੍ਹਾ ਦਏ ਬਣਾਈਆ । ਆਤਮ ਧਾਰ ਬਖ਼ਸ਼ ਅਨੰਦੀ, ਨਿਜਾਨੰਦ ਕਰੇ ਰਸਾਈਆ । ਲੇਖਾ ਜਾਣੇ ਸੂਰਾ ਸਰਬੰਗੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਜਿਹੜੀ ਸ੍ਰਿਸ਼ਟੀ ਪਿਛੇ ਦੀਨਾਂ ਮਜ਼੍ਹਬਾਂ ਵਿਚ ਵੰਡੀ, ਇਕੋ ਰੰਗ ਰੰਗਾਈਆ । ਸਭ ਦੀ ਆਤਮਾ ਕਰ ਕੇ ਠੰਡੀ, ਅਗਨੀ ਤਤ ਦਏ ਬੁਝਾਈਆ । ਮਜ਼੍ਹਬ ਦੀ ਰਹਿਣ ਦੇਵੇ ਨਾ ਕੋਇ ਪਾਬੰਦੀ, ਸ਼ਰਅ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਜਗਤ ਧਾਰ ਵਰਭੰਡੀ, ਵਰਭੰਡ ਆਪਣਾ ਹੁਕਮ ਵਰਤਾਈਆ ।


੯੩੧
੨੨

## ✪ ੭ ਪੋਹ ਸ਼ਹਿਨਸ਼ਾਹੀ ਸੰਮਤ ੬ ਜੀਤ ਸਿੰਘ ਦੇ ਗ੍ਰਿਹ ਜੰਮੂ ਸ਼ਹਿਰ ✪

ਪੋਹ ਕਹੇ ਮੇਰੀ ਪਵਣ ਸਵਾਸੀ ਠੰਡੀ, ਸਾਹਿਬ ਸਤਿਗੁਰ ਦਿਤੀ ਵਡਿਆਈਆ । ਮੈਂ ਖਾ ਕੇ ਇਕ ਸੁਗੰਦੀ, ਕਹਾਂ ਕਸਮ ਪ੍ਰਭ ਦੀ ਇਕ ਜਣਾਈਆ । ਜਨ ਭਗਤੋ ਤੂੰ ਮੇਰਾ ਮੈਂ ਤੇਰਾ ਗਾਉਣਾ ਛੰਦੀ, ਸ਼ਹਿਨਸ਼ਾਹ ਸਤਿਗੁਰ ਹੋਏ ਸਹਾਈਆ । ਆਤਮ ਪਰਮਾਤਮ ਪ੍ਰੀਤੀ ਜਾਏ ਗੰਢੀ, ਅੱਗੇ ਅਵਰ ਨਾ ਕੋਇ ਤੁੜਾਈਆ । ਜੋ ਚਾਰ ਜੁਗ ਦੀ ਪਿਛਲੀ ਕੀਤੀ ਸੰਧੀ, ਸਨਦ ਗੁਰ ਅਵਤਾਰ ਪੈਗ਼ੰਬਰਾਂ ਹੱਥ ਫੜਾਈਆ । ਉਸ ਦੀ ਰਹੇ ਨਾ ਕੋਇ ਪਾਬੰਦੀ, ਜਗਤ ਸ਼ਰਅ ਦਏ ਤੁੜਾਈਆ । ਸਦੀ ਚੌਧਵੀਂ ਜਾਂਦੀ ਲੰਘੀ, ਆਪਣਾ ਪੰਧ ਮੁਕਾਈਆ । ਪੁਰਖ ਅਕਾਲ ਖੇਲ ਕਰਨੀ ਚੰਗੀ, ਚਾਰ ਕੁੰਟ ਵੱਜੀ ਵਧਾਈਆ । ਸਤਿ ਸਚ ਦੀ ਦੇਵੇ ਅਨੰਦੀ, ਅਨੰਦ ਅਨੰਦ ਵਿਚੋਂ ਵਖਾਈਆ । ਜਿਹੜੀ ਵਸਤ ਗੋਬਿੰਦ ਗੋਬਿੰਦ ਮੰਗੀ, ਗੋਬਿੰਦ ਝੋਲੀ ਦਏ ਭਰਾਈਆ । ਆਯੂ ਕਲ ਰਹੇ ਨਾ ਲੰਬੀ, ਅੱਗੇ ਅਵਰ ਨਾ ਕੋਇ ਰਖਾਈਆ । ਥੱਲਿਉਂ ਧਰਨੀ ਰਹੀ ਕੰਬੀ, ਰੋ ਰੋ ਰਹੀ ਜਣਾਈਆ । ਸਤਿਗੁਰ ਸ਼ਬਦ ਤੇਰੇ ਨਾਮ ਦੀ ਚਮਕੇ ਇਕੋ ਚੰਡੀ, ਚੰਡਕਾ ਰੂਪ ਦਖਾਈਆ । ਗੁਰਮੁਖਾਂ ਆਤਮ ਸੇਜ ਸੋਹੇ ਪਲੰਘੀ, ਸੁਹੰਜਣੀ ਇਕ ਵਖਾਈਆ । ਦੂਈ ਦਵੈਤੀ ਮੇਟਣੀ ਕੰਧੀ, ਹਉਮੇ ਰੋਗ ਗਵਾਈਆ । ਪ੍ਰੇਮ ਸਿਤਾਰ ਹਿਲਾਉਣੀ ਤੰਦੀ, ਧੁਰ ਆਪਣਾ ਰਾਗ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਹਿਬ ਸੁਲਤਾਨ ਸੂਰਾ ਸਰਬੰਗੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ ।



## ✪ ੭ ਪੋਹ ਸ਼ਹਿਨਸ਼ਾਹੀ ਸੰਮਤ ੬ ਰਾਮ ਕੌਰ ਦੇ ਗ੍ਰਿਹ ਜੰਮੂ ਸ਼ਹਿਰ ✪

ਪੋਹ ਕਹੇ ਹੁਕਮ ਸੰਦੇਸ਼ਾ ਦੇਵੇ ਪੌਣ ਉਨੰਜਾ, ਧੁਰ ਦੀ ਧਾਰ ਇਕ ਸਮਝਾਈਆ । ਜਿਸ ਕਾਰਨ ਨਾਨਕ ਲਾਇਆ ਪੰਜਾ, ਸੰਜੇ ਦੁਆਪਰ ਅੱਖ ਉਠਾਈਆ । ਹਰਿ ਗੋਬਿੰਦ ਕਲੀ ਚੋਲਾ ਪਹਿਨਿਆ ਬਵੰਜਾ, ਬਾਵਨ ਧਾਰ ਇਕ ਅਖਵਾਈਆ । ਗੋਬਿੰਦ ਖੜਗ ਖੜਕਾਇਆ ਖੰਡਾ, ਸ਼ਸਤਰਧਾਰੀ ਰੂਪ ਬਦਲਾਈਆ । ਨਿਗਹ ਮਾਰੀ ਵਿਚ ਵਰਭੰਡਾ, ਵਰਭੰਡੀ ਨੈਣ ਉਠਾਈਆ । ਪੁਰਖ ਅਕਾਲ ਦੀਨ ਦਿਆਲ ਦਾ ਧਰਮ ਧਾਰ ਦਾ ਵੇਖਿਆ ਡੰਡਾ, ਜੋ ਡੰਡਾਵਤ ਸਭ ਦੀ ਰਿਹਾ ਬਦਲਾਈਆ । ਸਦੀ ਚੌਧਵੀਂ ਤੱਕਿਆ ਕੰਢਾ, ਅੰਤ ਅਖ਼ੀਰ ਮੁਹੰਮਦ ਨੀਰ ਵਹਾਈਆ । ਝਗੜਾ ਮੁਕਦਾ ਵੇਖਿਆ ਤਹਿਮਤ ਤੰਬਾ, ਟੋਪੀ ਸੀਸ ਨਾ ਕੋਇ ਸੁਹਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖਿਆ ਕੰਬਾ, ਧੀਰਜ ਧੀਰ ਨਾ ਕੋਇ ਬੰਧਾਈਆ । ਦਿਵਸ ਰੈਣ ਵੇਖਿਆ ਵੇਖੀ ਵੰਡ ਸ਼ੰਬਾ, ਏਕੰਕਾਰ ਦਿਤੀ ਵਡਿਆਈਆ । ਮਾਨਵ ਧਾਰ ਵੇਖਿਆ ਸੰਸਾਰ ਸੀਸ ਨੰਗਾ, ਓਢਣ ਨਜ਼ਰ ਕੋਇ ਨਾ ਆਈਆ । ਪਰਵਰਦਿਗਾਰ ਸਾਂਝੇ ਯਾਰ ਦਾ ਮੁੱਕਿਆ ਢੰਗਾ, ਤਰੀਕਾ ਤਰੀਕ ਵਿਚੋਂ ਵਖਾਈਆ । ਉਤਭੁਜ ਸੇਤਜ ਖਾਣੀ ਤਕੀ ਜੇਰਜ ਅੰਡਾ, ਚਾਰੇ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੋਹ ਕਹੇ ਮੈਂ ਵੇਖੀ ਪਾਰਬ੍ਰਹਮ ਦੀ ਸ਼ਕਤੀ, ਆਦਿ ਸ਼ਕਤ ਦਏ ਗਵਾਹੀਆ । ਝਗੜਾ ਤੱਕਿਆ ਬੂੰਦ ਰਕਤੀ, ਤਤਵ ਤਤ ਖੋਜ ਖੁਜਾਈਆ । ਜੁਗ ਚੌਕੜੀ ਤਕੀ ਭਗਤੀ, ਭਗਵਨ

ਦਿਤਾ ਦਰਸਾਈਆ । ਕਲਜੁਗ ਅੰਤਮ ਦਿਸੇ ਨਾ ਕੋਇ ਵਿਅਕਤੀ, ਜੋ ਆਪਣਾ ਪੜਦਾ ਆਪ ਚੁਕਾਈਆ । ਜਿਧਰ ਵੇਖਾਂ ਧਾਰ ਹੋਈ ਸ਼ੱਕ ਦੀ, ਸਹਿਸਾ ਸਕੇ ਨਾ ਕੋਇ ਮਿਟਾਈਆ । ਲੱਜਿਆ ਮਿਟੇ ਨਾ ਕਿਸੇ ਨੱਕ ਦੀ, ਪ੍ਰਭ ਮਿਲਣ ਦਾ ਮਾਰਗ ਗਏ ਭੁਲਾਈਆ । ਆਵਾਜ਼ ਸੁਣੀ ਨਾ ਕੋਇ ਹੱਕ ਦੀ, ਹਕੀਕਤ ਪੜਦਾ ਨਾ ਕੋਇ ਉਠਾਈਆ । ਸਦੀ ਚੌਧਵੀਂ ਵੇਖੀ ਨਠਦੀ, ਭੱਜੇ ਵਾਹੋ ਦਾਹੀਆ । ਕਲਜੁਗ ਖੇਲ ਤਕੀ ਭਠਿਆਲੇ ਭੱਠ ਦੀ, ਕੂੜ ਅਗਨੀ ਰਿਹਾ ਡਾਹੀਆ । ਮਨ ਕਲਪਣਾ ਵੇਖੀ ਯਕ ਦੀ, ਧੀਰਜ ਧੀਰ ਨਾ ਕੋਇ ਰਖਾਈਆ । ਮਾਇਆ ਨਾਗਣੀ ਤਕੀ ਖੇਲ ਸੱਪ ਦੀ, ਡੱਸੇ ਥਾਉਂ ਥਾਈਂਆ । ਲੜੀ ਵੇਖੀ ਵਿਕਾਰ ਪਪ ਦੀ, ਪਤਿਤ ਪੁਨੀਤ ਨਾ ਕੋਇ ਕਰਾਈਆ । ਵਡਿਆਈ ਰਹੀ ਨਾ ਕਿਸੇ ਜਪ ਦੀ, ਸ਼ਾਸਤਰ ਸਾਰੇ ਦੇਣ ਗਵਾਹੀਆ । ਚਤੁਰਾਈ ਚਲੇ ਕਿਸੇ ਨਾ ਮਤ ਦੀ, ਗੁਰਮਤ ਸਾਰੇ ਗਏ ਭੁਲਾਈਆ । ਹੁਣ ਖੇਲ ਤਕਣੀ ਕਲਜੁਗ ਕਿਰਿਆ ਅਤ ਦੀ, ਅੰਤ ਅਖ਼ੀਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰੇ ਆਪਣੇ ਆਪ ਪਰਗਟ ਦੀ, ਪਰਗਟ ਹੋ ਕੇ ਆਪਣਾ ਹੁਕਮ ਵਰਤਾਈਆ ।

## ੭ ਪੋਹ ਸ਼ਹਿਨਸ਼ਾਹੀ ਸੰਮਤ ੬ ਸਧਰੋ ਦੇਵੀ ਦੇ ਗ੍ਰਿਹ ਪਿੰਡ ਦੀਵਾਨਾ ਜ਼ਿਲਾ ਜੰਮੂ

ਪੋਹ ਕਹੇ ਕਿਰਪਾ ਕਰੇ ਪ੍ਰਭ ਸੂਰਾ ਸਰਬਗ, ਹਰਿ ਕਰਤਾ ਪੁਰਦਰਗਾਹੀਆ । ਕਲਜੁਗ ਕੂੜੀ ਕਿਰਿਆ ਬੁਝਾਏ ਅੱਗ, ਤ੍ਰਿਸ਼ਨਾ ਤਾਮਸ ਦਏ ਮਿਟਾਈਆ । ਜਨ ਭਗਤ ਸੁਹੇਲੇ ਲੱਭ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਦੇਵੇ ਦਰਸ ਉਪਰ ਸ਼ਾਹ ਰਗ, ਨੌ ਦਵਾਰੇ ਡੇਰਾ ਢਾਹੀਆ । ਮਨ ਕਲਪਣਾ ਮੇਟ ਕੇ ਹੱਦ, ਸੁਰਤ ਸ਼ਬਦ ਨਾਲ ਮਿਲਾਈਆ । ਆਤਮ ਪਰਮਾਤਮ ਬਣਾ ਕੇ ਆਪਣੀ ਯਦ, ਏਕਾ ਨੂਰ ਦਏ ਚਮਕਾਈਆ । ਭਾਗ ਲਗਾਏ ਕਾਇਆ ਅੰਧੇਰੀ ਖੱਡ, ਸਾਢੇ ਤਿੰਨ ਹੱਥ ਕਰੇ ਰੁਸ਼ਨਾਈਆ । ਮੋਹ ਵਿਕਾਰ ਹੰਕਾਰ ਵਿਭਚਾਰ ਦੇਵੇ ਕਢ, ਧੁਰ ਦਾ ਹੁਕਮ ਇਕ ਸੁਣਾਈਆ । ਨਿਰਗੁਣ ਜੋਤ ਪ੍ਰਕਾਸ਼ ਹੋਵੇ ਲਟ ਲਟ, ਨੂਰ ਨੁਰਾਨਾ ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਰੰਗ ਆਪ ਰੰਗਾਈਆ । ਪੋਹ ਕਹੇ ਜਨ ਭਗਤੋ ਗਾਓ ਪ੍ਰਭ ਦੇ ਗੀਤ, ਗਹਿਰ ਗੰਭੀਰ ਵੇਖ ਵਖਾਈਆ । ਕਾਇਆ ਕਾਅਬਾ ਤਕੋ ਹੱਕ ਮਸੀਤ, ਮੁਸੱਲਾ ਹੱਕ ਨਾਮ ਵਿਛਾਈਆ । ਦੇਹੁਰਾ ਸੁਹਾਵੇ ਸਾਹਿਬ ਅਨਡੀਠ, ਮੰਦਰ ਵੱਜੇ ਰਾਮ ਵਧਾਈਆ । ਠਗੌਰੀ ਰਹੇ ਨਾ ਮਨੂਆ ਚੀਤ, ਚੇਤਨ ਸੁਰਤੀ ਦਏ ਕਰਾਈਆ । ਝਗੜਾ ਮੁਕਾਏ ਊਚ ਨੀਚ, ਜ਼ਾਤ ਪਾਤ ਦਾ ਪੰਧ ਮੁਕਾਈਆ । ਸਾਚਾ ਕਲਮਾ ਦੱਸ ਹਦੀਸ, ਹਜ਼ਰਤਾਂ ਤੋਂ ਪਰੇ ਕਰੇ ਪੜ੍ਹਾਈਆ । ਜਿਸ ਗ੍ਰਿਹ ਵਸੇ ਸਾਹਿਬ ਵਸਨੀਕ, ਏਕੰਕਾਰਾ ਡੇਰਾ ਲਾਈਆ । ਸੋ ਦਵਾਰ ਹੋਏ ਤਸਦੀਕ, ਸ਼ਹਾਦਤ ਆਪਣੀ ਦਏ ਭੁਗਤਾਈਆ । ਮਾਨਵ ਮਾਨਵ ਦਿਸੇ ਨਾ ਕੋਇ ਸ਼ਰੀਕ, ਸ਼ਰਕਤ ਕੂੜੀ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਪੋਹ ਕਹੇ ਜਨ ਭਗਤੋ ਗਾਓ ਗਹਿਰ ਗੰਭੀਰ, ਹਰਿ ਵੱਡਾ ਵਡ ਵਡਿਆਈਆ । ਸ਼ਾਂਤ ਹੋਵੇ ਸ਼ਰੀਰ, ਅਗਨੀ ਤਤ ਬੁਝਾਈਆ । ਅੰਮ੍ਰਿਤ ਬਖ਼ਸ਼ੇ ਸੀਰ, ਨਿਝਰ ਝਿਰਨਾ ਆਪ ਝਿਰਾਈਆ । ਬਦਲ ਦੇਵੇ ਤਕਦੀਰ,

ਤਦਬੀਰ ਆਪਣੀ ਇਕ ਵਖਾਈਆ । ਲੇਖੇ ਲਾਵੇ ਸ਼ਾਹ ਹਕੀਰ, ਗ਼ਰੀਬ ਨਿਮਾਣੇ ਗੋਦ ਉਠਾਈਆ । ਸ਼ਰਅ ਦਾ ਤੋੜ ਜ਼ੰਜੀਰ, ਸਾਚੀ ਮੰਜ਼ਲ ਦਏ ਪਹੁੰਚਾਈਆ । ਜਿਸ ਗ੍ਰਿਹਿ ਵਸੇ ਕਬੀਰ, ਕਬਰਾਂ ਤੋਂ ਬਾਹਰ ਡੇਰਾ ਲਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਝਗੜਾ ਮੁਕਾਏ ਗ਼ਰੀਬ ਅਮੀਰ, ਅਮਰਾਪਦ ਇਕ ਜਣਾਈਆ । ਸਤਿ ਦਾ ਸਾਂਝਾ ਬਖ਼ਸ਼ ਕੇ ਚੀਰ, ਬਸਤਰ ਕੂੜ ਕੁੜਿਆਰਾ ਦਏ ਗਵਾਈਆ । ਮੰਦਰ ਚੋਟੀ ਚੜ੍ਹ ਅਖ਼ੀਰ, ਸਚਖੰਡ ਦਵਾਰਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜਨ ਭਗਤਾਂ ਸਦਾ ਕਟਣਹਾਰਾ ਭੀੜ, ਚੁਰਾਸੀ ਫਾਸੀ ਜਮ ਕੀ ਦਏ ਤੁੜਾਈਆ ।

## ✪ ੭ ਪੋਹ ਸ਼ਹਿਨਸ਼ਾਹੀ ਸੰਮਤ ੬ ਗੁਰਦਿਤ ਸਿੰਘ ਦੇ ਗ੍ਰਿਹਿ ਛੰਬ ਖ਼ਾਸ ✪

ਪੋਹ ਕਹੇ ਮੇਰਾ ਪਰਵਿਸ਼ਟਾ ਸੱਤ, ਪ੍ਰਭ ਸਤਿ ਦਏ ਵਡਿਆਈਆ । ਤਕ ਪ੍ਰੇਮੀ ਤਤ, ਤਤਵ ਪੜਦਾ ਆਪ ਉਠਾਈਆ । ਨਾੜ ਬਹੱਤਰ ਨਾ ਉਬਲੇ ਰਤ, ਅੰਮ੍ਰਿਤ ਮੇਘ ਦੇਣਾ ਬਰਸਾਈਆ । ਧੀਰਜ ਸੰਤੋਖ ਦੇਣਾ ਜਤ, ਧਰਮ ਦੀ ਧਾਰ ਇਕ ਵਖਾਈਆ । ਮਿਹਰਵਾਨ ਮਹਿਬੂਬ ਸਿਰ ਰੱਖਣਾ ਹੱਥ, ਪੁਸ਼ਤ ਪਨਾਹ ਆਪ ਟਿਕਾਈਆ । ਨਾਮ ਭੰਡਾਰਾ ਬਖ਼ਸ਼ਣੀ ਵੱਥ, ਅਮੋਲਕ ਇਕ ਵਰਤਾਈਆ । ਗਾਉਣਾ ਸਰਬ ਕਲਾ ਸਮਰਥ, ਹਰਿ ਵਡਾ ਵਡ ਵਡਿਆਈਆ । ਤੇਰੀ ਮਹਿੰਮਾ ਜਗਤ ਅਕਥ, ਜੁਗ ਚੌਕੜੀ ਕਥ ਸਕੇ ਕੋਇ ਨਾ ਰਾਈਆ । ਮੇਰੇ ਦੋਵੇਂ ਖ਼ਾਲੀ ਹੱਥ, ਦਾਤਾ ਤੇਰੇ ਅੱਗੇ ਵਾਸਤਾ ਪਾਈਆ । ਹਰ ਹਿਰਦੇ ਜਾਣਾ ਵਸ, ਵਾਸਤਕ ਆਪਣਾ ਰੰਗ ਰੰਗਾਈਆ । ਅੰਮ੍ਰਿਤ ਨਿਝਰ ਦੇਣਾ ਰਸ, ਬੂੰਦ ਸਵਾਂਤੀ ਨਾਭੀ ਕਵਲ ਟਪਕਾਈਆ । ਨਿਜ ਨੇਤਰ ਖੋਲ੍ਹਣੀ ਅੱਖ, ਮਿਲਣਾ ਪ੍ਰਤਖ ਗੁਸਾਈਆ । ਤੇਰੇ ਤੇਰੇ ਨਾਲੋਂ ਹੋਵਣ ਨਾ ਵੱਖ, ਗ੍ਰਿਹਿ ਇਕੋ ਦੇਣਾ ਵਸਾਈਆ । ਮੇਰਾ ਨਾਮ ਜੈਕਾਰਾ ਹੋਵੇ ਅਲੱਖ, ਅਗੋਚਰ ਤੇਰੀ ਬੇਪਰਵਾਹੀਆ । ਦਰਸ਼ਨ ਦੇਣਾ ਹੋ ਪਰਗਟ, ਸਨਮੁਖ ਹੋ ਕੇ ਸੋਭਾ ਪਾਈਆ । ਜਨਮ ਕਰਮ ਦਾ ਲੇਖਾ ਦੇਣਾ ਕਟ, ਕਟਾਕਸ਼ ਇਕੋ ਨਾਮ ਲਗਾਈਆ । ਸਤਿ ਦਵਾਰਾ ਵਖਾਉਣਾ ਹੱਟ, ਪੜਦਾ ਅੰਤਰ ਨਿਰੰਤਰ ਉਠਾਈਆ । ਤੀਰਥ ਸੁਹਾਉਣਾ ਤਟ, ਮੁਨਾਰਾ ਇਕੋ ਵੇਖ ਵਖਾਈਆ । ਨਾਦ ਸੁਣਾਉਣਾ ਸ਼ਬਦ ਅਨਹਦ, ਨਾਦੀ ਧੁਨ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪੋਹ ਕਹੇ ਪ੍ਰਭ ਮੇਰਾ ਦਿਵਸ ਹੋਵੇ ਸੁਹੰਜਣਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਨ ਭਗਤਾਂ ਬਣਨਾ ਦਰਦ ਦੁਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਨੇਤਰ ਨਾਮ ਨਿਧਾਨ ਪਾਉਣਾ ਅੰਜਣਾ, ਦੁਰਮਤ ਮੈਲ ਦੇਣੀ ਗਵਾਈਆ । ਆਤਮ ਪਰਮਾਤਮ ਬਣਨਾ ਸੱਜਣਾ, ਸਾਕ ਸੈਣ ਇਕ ਹੋ ਆਈਆ । ਨਾਮ ਵਖਾਉਣਾ ਸਾਚਾ ਵੰਞਣਾ, ਮੁਹਾਣਾ ਧੁਰਦਰਗਾਹੀਆ । ਪ੍ਰੇਮ ਪ੍ਰੀਤੀ ਚਾੜ੍ਹਨੀ ਰੰਗਣਾ, ਰੰਗਤ ਅਗੰਮ ਅਥਾਹੀਆ । ਜਨ ਭਗਤਾਂ ਦਵਾਰਾ ਪਏ ਕੋਇ ਨਾ ਮੰਗਣਾ, ਭਿੱਖਕ ਰੂਪ ਨਾ ਕੋਇ ਦਰਸਾਈਆ । ਇਕੋ ਘਰ ਵਸਾਵੇ ਆਅਲਾ ਅਦਨਾ, ਊਚ ਨੀਚ ਦਾ ਡੇਰਾ ਢਾਹੀਆ । ਤੂੰ ਗੋਪਾਲ ਮੂਰਤ ਮਦਨਾ, ਸਵਾਮੀ ਇਕ ਅਖਵਾਈਆ । ਜਿਸ ਤਾਰੇ ਛੀਂਬੇ ਨਾਈ ਕਬੀਰ ਜੁਲਾਹੇ ਸਦਨਾ, ਸੈਣ ਵੇਖ ਵਖਾਈਆ । ਅੰਤਮ ਸਭ ਦਾ ਪੜਦਾ ਕੱਜਣਾ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ


੬੩੪
੨੨

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਪੋਹ ਕਹੇ ਮੇਰੇ ਸਾਹਿਬ ਸੁਲਤਾਨਾ, ਸਤਿ ਸਚ ਦੇਣੀ ਸਰਨਾਈਆ । ਜੋਧੇ ਸੂਰਬੀਰ ਮਰਦ ਮਰਦਾਨਾ, ਕਲ ਤੇਰੀ ਓਟ ਤਕਾਈਆ । ਹੁਕਮ ਵਰਤਾਉਣਾ ਇਕ ਜਹਾਨਾ, ਨਿਰਗੁਣ ਸਰਗੁਣ ਆਪ ਸਮਝਾਈਆ । ਸ਼ਬਦੀ ਰਾਗ ਬਖ਼ਸ਼ ਤਰਾਨਾ, ਤੁਰੀਆ ਤੋਂ ਪਰੇ ਕਰ ਪੜ੍ਹਾਈਆ । ਤੇਰਾ ਆਤਮ ਨੂਰ ਮਿਲੇ ਮਹਾਨਾ, ਪਰਮਾਤਮ ਤੇਰੇ ਵਿਚ ਸਮਾਈਆ । ਸਚ ਦਵਾਰਾ ਇਕ ਵਖਾਣਾ, ਸਚਖੰਡ ਸਾਚਾ ਆਪ ਸੁਹਾਈਆ । ਜੋਤੀ ਨੂਰ ਹੋਵੇ ਨੁਰਾਨਾ, ਅੰਧ ਅੰਧੇਰ ਨਾ ਕੋਇ ਪਰਗਟਾਈਆ । ਮਿਹਰਵਾਨ ਮਹਿਬੂਬ ਦਰ ਤੇਰੇ ਵਾਸਤਾ ਪਾਣਾ, ਨਿਉਂ ਨਿਉਂ ਲਾਗਾਂ ਪਾਈਆ । ਸਦੀ ਚੌਧਵੀਂ ਕਰ ਧਿਆਨਾ, ਨਿਜ ਨੇਤਰ ਅੱਖ ਖੁਲ੍ਹਾਈਆ । ਉਮਤ ਉਮਤੀ ਬੰਨ੍ਹ ਗਾਨਾ, ਸਗਣ ਮਨਾਉਣਾ ਚਾਈਂ ਚਾਈਂਆ । ਕਲ ਕਲਕੀ ਪਹਿਰਿਆ ਜਾਮਾ, ਜਾਮਨ ਹੋਣਾ ਬੇਪਰਵਾਹੀਆ । ਤੇਰਾ ਭਗਤ ਸੁਹੇਲਾ ਰਹੇ ਨਾ ਕੋਇ ਨਿਥਾਵਾਂ, ਨਿਜ ਘਰ ਆਪਣੇ ਲੈਣਾ ਟਿਕਾਈਆ । ਪਿਆਰ ਮੁਹੱਬਤ ਕਰੀਂ ਜਿਉਂ ਲਾਡ ਲਡਾਵਣ ਮਾਵਾਂ, ਗੋਦੀ ਗੋਦ ਗੋਦ ਵਖਾਈਆ । ਆਪਣਾ ਕੰਡਾ ਤੋਲ ਤਰਾਜ਼ੂ ਨਿਰਗੁਣ ਕਰੀਂ ਸਾਵਾਂ, ਵੱਧ ਘੱਟ ਨਾ ਕੋਇ ਬਣਾਈਆ । ਮੈਂ ਖੇਲ ਵੇਖਾਂ ਨਾਲ ਚਾਵਾਂ, ਚਾਉ ਘਨੇਰਾ ਇਕ ਪਰਗਟਾਈਆ । ਪਤਿਪਰਮੇਸ਼ਵਰ ਪਾਰਬ੍ਰਹਮ ਪੁਰਖ ਅਕਾਲੇ ਇਕੋ ਤੇਰਾ ਪ੍ਰੇਮ ਹੰਢਾਵਾਂ, ਦੂਜੀ ਸੇਜ ਨਾ ਕੋਇ ਸੁਹਾਈਆ । ਗਲ ਪਲੂ ਵਾਸਤਾ ਪਾਵਾਂ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗ੍ਰਿਹ ਮੰਦਰ ਵੇਖਣਾ ਸਾਢੇ ਤਿੰਨ ਹੱਥ ਗਰਾਵਾਂ, ਘਰ ਘਰ ਅੰਤਰ ਆਪਣਾ ਨੂਰ ਨੂਰ ਕਰ ਰੁਸ਼ਨਾਈਆ ।

## ੮ ਪੋਹ ਸ਼ਹਿਨਸ਼ਾਹੀ ਸੰਮਤ ੬ ਸੰਸਾਰ ਸਿੰਘ ਦੇ ਗ੍ਰਿਹ ਛੰਬ ਖ਼ਾਸ

ਨਾਰਦ ਕਹੇ ਮੈਨੂੰ ਕਲਜੁਗ ਦਿਤਾ ਇਸ਼ਾਰਾ, ਬਿਨ ਨੈਣਾਂ ਨੈਣ ਉਠਾਈਆ । ਵੇਖ ਮੇਰਾ ਕਿਨਾਰਾ, ਅੰਤ ਅੰਤਸ਼ਕਰਨ ਤਕ ਖ਼ਲਕ ਖ਼ੁਦਾਈਆ । ਧਰਮ ਦਾ ਵੱਜੇ ਨਾ ਕੋਇ ਨਗਾਰਾ, ਨੌਬਤ ਨਾਮ ਨਾ ਕੋਇ ਸੁਣਾਈਆ । ਨਵ ਸੱਤ ਧੂੰਆਂਧਾਰਾ, ਪ੍ਰਭ ਦਾ ਨੂਰ ਨਾ ਕੋਇ ਚਮਕਾਈਆ । ਮੋਹ ਵਿਕਾਰ ਹੰਕਾਰ ਲੱਗਾ ਅਖਾੜਾ, ਵਿਭਚਾਰ ਕਰੇ ਜਗਤ ਲੋਕਾਈਆ । ਝਗੜਾ ਪਿਆ ਪੁਰਖ ਨਾਰਾ, ਪਿਤਾ ਪੂਤ ਰਿਹਾ ਲੜਾਈਆ । ਸਚ ਦਾ ਰਿਹਾ ਨਾ ਕੋਇ ਦਵਾਰਾ, ਮੰਦਰ ਮਸਜਿਦ ਸ਼ਿਵਦਵਾਲੇ ਸਾਰੇ ਰਹੇ ਕੁਰਲਾਈਆ । ਅਠਸਠ ਤੀਰਥ ਰੋਵੇ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਮੇਰਾ ਖੇਲ ਅਪਰ ਅਪਾਰਾ, ਅਪਰੰਪਰ ਸਵਾਮੀ ਦਿਤਾ ਕਰਾਈਆ । ਮੈਂ ਜੋਧਾ ਸੂਰਬੀਰ ਬਣ ਬਲਕਾਰਾ, ਬਲ ਆਪਣਾ ਦਿਤਾ ਵਖਾਈਆ । ਹੁਕਮ ਚਲਣ ਦਿਤਾ ਨਹੀਂ ਪੈਗ਼ੰਬਰ ਗੁਰ ਅਵਤਾਰਾ, ਉਮਤ ਲੇਖਾ ਨਾ ਕੋਇ ਪਰਗਟਾਈਆ । ਫਿਰੀ ਦਰੋਹੀ ਜੰਗਲ ਜੂਹ ਉਜਾੜ ਪਹਾੜਾ, ਟਿੱਲੇ ਪਰਬਤ ਦਿਤੇ ਹਿਲਾਈਆ । ਪ੍ਰਭ ਮਿਲਿਆ ਨਾ ਕਿਸੇ ਧੁਰ ਦਾ ਲਾੜਾ, ਲਾੜੀ ਮੌਤ ਸਭ ਨੂੰ ਰਹੀ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਵੇਖਿਆ ਜਗਤ ਜਗ, ਸਤਿ ਸਚ ਦੀ



੯੩੫
੨੨

ਅੱਖ ਉਠਾਈਆ । ਚਾਰੋਂ ਕੁੰਟ ਤਤੀ ਵਾਅ ਰਹੀ ਵਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮੱਕੇ ਕਰੇ ਕੋਇ ਨਾ ਹੱਜ, ਹੁਜਰਾ ਹੱਕ ਨਾ ਕੋਇ ਸੁਹਾਈਆ । ਨਾਮ ਸੁਣੇ ਕੋਇ ਨਾ ਸਦ, ਛੰਦੀ ਰਾਗ ਨਾ ਕੋਇ ਅਲਾਈਆ । ਝਗੜਾ ਵੇਖਿਆ ਦੀਨ ਮਜ਼੍ਹਬ ਦੀ ਹੱਦ, ਹਦੂਦ ਪਾਰ ਨਾ ਕੋਇ ਕਰਾਈਆ । ਪ੍ਰਭ ਦੀ ਬਣੇ ਕੋਈ ਨਾ ਯਦ, ਬੰਸ ਸਰਬੰਸ ਨਾ ਕੋਇ ਸੁਹਾਈਆ । ਸਤਿ ਧਰਮ ਨੂੰ ਸਾਰੇ ਗਏ ਛਡ, ਕੂੜ ਕਲਪਨਾ ਵਿਚ ਕੁਰਲਾਈਆ । ਬਿਨ ਹਰਿਨਾਮੇ ਖ਼ਾਲੀ ਦਿਸਣ ਹੱਡ, ਰੰਗਤ ਰੰਗ ਨਾ ਕੋਇ ਰੰਗਾਈਆ । ਜਗਤ ਪਿਆਲੇ ਹਉਮੇ ਮਦਿ, ਨਾਮ ਖ਼ੁਮਾਰੀ ਨਾ ਕੋਇ ਰਖਾਈਆ । ਸਚ ਦਵਾਰ ਕਿਸੇ ਪਏ ਨਾ ਲੱਭ, ਦਰ ਠਾਂਡੇ ਸੀਸ ਨਾ ਕੋਇ ਨਿਵਾਈਆ । ਅਚਰਜ ਖੇਲ ਕੀਤੀ ਆਪ ਪ੍ਰਭ, ਕਲਜੁਗ ਕਲਕਾਤੀ ਰਿਹਾ ਜਣਾਈਆ । ਹੰਕਾਰ ਅਗਨੀ ਰਹੀ ਵਗ, ਸ਼ੋਹਲੇ ਜਗਤ ਵਿਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਅਗੰਮ ਅਥਾਹੀਆ । ਨਾਰਦ ਕਹੇ ਮੈਨੂੰ ਕਲਜੁਗ ਰਿਹਾ ਅਵਾਜ਼ੀ ਮਾਰ, ਕੂਕ ਕੂਕ ਸੁਣਾਈਆ । ਆਹ ਵੇਖ ਮੁਹੰਮਦੀ ਯਾਰ, ਸਦੀ ਚੌਧਵੀਂ ਪੰਧ ਮੁਕਾਈਆ । ਲਹਿਣਾ ਤਕ ਮੁਹੰਮਦੀ ਯਾਰ, ਨਿਸ਼ਾਨ ਜਗਤ ਵਿਚ ਵਡਿਆਈਆ । ਈਸਾ ਸੁਣ ਪੁਕਾਰ, ਮੂਸਾ ਮੋਹ ਤੁੜਾਈਆ । ਕਲਮਾ ਕਰੇ ਨਾ ਕੋਇ ਪਿਆਰ, ਕਾਇਨਾਤ ਨਾ ਕੋਇ ਚਤੁਰਾਈਆ । ਚਾਰੋਂ ਕੁੰਟ ਆਈ ਹਾਰ, ਜਤ ਸਤਿ ਨਾ ਕੋਇ ਚਤੁਰਾਈਆ । ਅੰਤਮ ਸਭ ਨੂੰ ਪੈਣੀ ਮਾਰ, ਅੱਗੇ ਹੋ ਨਾ ਕੋਇ ਬਚਾਈਆ । ਪੈਗ਼ੰਬਰ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਕੀ ਖੇਲ ਕਰਨਾ ਪਰਵਰਦਿਗਾਰ, ਸਾਂਝੇ ਯਾਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰੇ ਅਗੰਮ ਅਪਾਰ, ਜਗਤ ਬੁੱਧੀ ਸਮਝ ਕੋਇ ਨਾ ਪਾਈਆ ।


੯੩੬
੨੨

### ੮ ਪੋਹ ਸ਼ਹਿਨਸ਼ਾਹੀ ਸੰਮਤ ੬ ਗਿਆਨ ਚੰਦ ਦੇ ਗ੍ਰਿਹਿ ਪਿੰਡ ਖ਼ੈਰੋਆਲੀ ਜ਼ਿਲਾ ਜੰਮੂ

ਪੋਹ ਕਹੇ ਮੈਂ ਹੁਕਮ ਸੰਦੇਸ਼ਾ ਦੇਵਾਂ ਸ੍ਰੀ ਭਗਵਾਨ, ਹਰਿ ਕਰਤਾ ਰਿਹਾ ਦ੍ਰਿੜਾਈਆ । ਕੀ ਖੇਲ ਹੋਣਾ ਜਗਤ ਜਹਾਨ, ਜਗਜੀਵਣ ਦਾਤਾ ਪਰਦਾ ਰਿਹਾ ਚੁਕਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਮਾਰ ਧਿਆਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਭੇਵ ਰਿਹਾ ਚੁਕਾਈਆ । ਅਵਤਾਰ ਪੈਗ਼ੰਬਰ ਗੁਰੂ ਕਰ ਕੇ ਸਵਾਧਾਨ, ਆਲਸ ਨਿੰਦਰਾ ਸਭ ਦੀ ਦੂਰ ਕਰਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਦੇਵੇ ਫ਼ਰਮਾਨ, ਫਰਮਾਂਬਰਦਾਰਾਂ ਆਪ ਸੁਣਾਈਆ । ਕਾਇਨਾਤ ਕਲਮਾ ਤਕੋ ਹੱਕ ਇਸਲਾਮ, ਇਸਮ ਆਜ਼ਮ ਪੜਦਾ ਦਿਓ ਉਠਾਈਆ । ਕਿਉਂ ਸ਼ਰਅ ਸ਼ਰੀਅਤ ਬਣੀ ਹਰਾਮ, ਸਿਦਕ ਸਬੂਰੀ ਹੱਕ ਨਾ ਕੋਇ ਕਮਾਈਆ । ਕਿਉਂ ਝਗੜਾ ਦਿਸੇ ਅਵਾਮ, ਆਲਮਾਂ ਇਲਮ ਨਾ ਕੋਇ ਚਤੁਰਾਈਆ । ਭੇਦ ਖੁਲ੍ਹਿਆ ਨਹੀਂ ਸਾਢੇ ਤਿੰਨ ਹੱਥ ਗਰਾਮ, ਨਗਰ ਖੇੜਾ ਨਾ ਕੋਇ ਵਸਾਈਆ । ਮਮਤਾ ਮਿਟੀ ਨਾ ਪੰਜ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਹਲਕਾਈਆ । ਸਤਿ ਧਰਮ ਦਾ ਰਿਹਾ ਨਾ ਕੋਇ ਈਮਾਨ, ਇਸਮ ਆਜ਼ਮ ਨਾ ਕੋਇ ਜਣਾਈਆ । ਮੰਜ਼ਲ ਚੜ੍ਹੇ ਨਾ ਕੋਇ ਇਨਸਾਨ, ਦਰਗਾਹ ਸਚ ਨਾ ਕੋਇ ਸੁਹਾਈਆ । ਕੀ ਹੁਕਮ ਸੰਦੇਸ਼ਾ ਦੇਵੇ ਦੇਵਣਹਾਰ ਨੌਜਵਾਨ, ਨਰ ਨਰਾਇਣ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੋਹ ਕਹੇ ਮੇਰਾ ਮਹੀਨਾ ਆਇਆ ਮਾਤ, ਮਾਤਰ ਭੂਮੀ ਦਿਆਂ ਜਣਾਈਆ । ਵੇਖਣਾ ਖੇਲ ਪੁਰਖ ਅਬਿਨਾਸ਼, ਹਰਿ ਕਰਤਾ ਆਪਣੀ ਕਲ ਵਰਤਾਈਆ । ਅਵਤਾਰ ਪੈਗ਼ੰਬਰ ਗੁਰੂ ਤਕਣਾ ਸਾਥ, ਸਗਲਾ ਸੰਗ ਬਣਾਈਆ । ਚਾਰ ਜੁਗ ਦੀ ਸਿਫ਼ਤੀ ਤਕਣੀ ਗਾਥ, ਅੱਖਰਾਂ ਵਾਲੀ ਮਾਤ ਪੜ੍ਹਾਈਆ । ਕਿਸ ਬਿਧ ਮੇਟਣੀ ਅੰਧੇਰੀ ਰਾਤ, ਸਤਿਜੁਗ ਸਤਿ ਕਰੇ ਰੁਸ਼ਨਾਈਆ । ਝਗੜਾ ਰਹੇ ਨਾ ਜ਼ਾਤ ਪਾਤ, ਦੀਨ ਦੁਨੀ ਦਾ ਪੰਧ ਮੁਕਾਈਆ । ਇਕੋ ਲੇਖਾ ਦਿਸੇ ਕਾਗ਼ਜ਼ਾਤ, ਕਾਗ਼ਜ਼ ਕਲਮ ਸ਼ਾਹੀ ਸਿਫ਼ਤ ਸਾਲਾਹੀਆ । ਆਤਮ ਪਰਮਾਤਮ ਕਰ ਆਜ਼ਾਦ, ਸ਼ਰਅ ਦਾ ਲੇਖਾ ਦਏ ਚੁਕਾਈਆ । ਧੁਨ ਸੁਣਾਏ ਅਗੰਮੀ ਰਾਗ, ਤੁਰੀਆ ਤੋਂ ਬਾਹਰ ਕਰੇ ਪੜ੍ਹਾਈਆ । ਮਨ ਕਲਪਣਾ ਮੇਟ ਵਾਦ ਵਿਵਾਦ, ਕੂੜ ਕੁਕਰਮ ਦਾ ਲੇਖਾ ਦਏ ਮੁਕਾਈਆ । ਸਚ ਸਵਾਮੀ ਅੰਤਰਜਾਮੀ ਭੇਵ ਖੁਲ੍ਹਾਏ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਆਪਣਾ ਰੰਗ ਰੰਗਾਈਆ । ਝਗੜਾ ਰਹੇ ਨਾ ਰੋਜ਼ਾ ਬਾਂਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਹੁਕਮ ਇਕ ਸੁਣਾਈਆ । ਪੋਹ ਕਹੇ ਮੈਂ ਸੁਣਿਆ ਹੁਕਮ ਅਪਾਰਾ, ਅਪਰੰਪਰ ਸਵਾਮੀ ਰਿਹਾ ਜਣਾਈਆ । ਖੇਲ ਹੋਣਾ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਕਲਜੁਗ ਕੂਕ ਕੂਕ ਪੁਕਾਰਾ, ਨਾਅਰਾ ਇਕੋ ਇਕ ਸੁਣਾਈਆ । ਸਦੀ ਚੌਧਵੀਂ ਆਈ ਤੇਰੇ ਦਵਾਰਾ, ਵਾਰਸ ਸਾਰੇ ਪਲੂ ਰਹੇ ਛੁਡਾਈਆ । ਤੇਰਾ ਹੁਕਮ ਵਰਤੇ ਨੌਂ ਖੰਡ ਪ੍ਰਿਥਮੀ ਸੱਤ ਦੀਪ ਨਾ ਕੋਇ ਮੇਟਣਹਾਰਾ, ਅੱਗੇ ਹੋ ਨਾ ਕੋਇ ਅਟਕਾਈਆ । ਦਰ ਦਰਵੇਸ਼ ਨਰ ਨਰੇਸ਼ ਠਾਂਡੇ ਕਰਾਂ ਨਿਮਸਕਾਰਾ, ਨਿਉਂ ਨਿਉਂ ਸੀਸ ਝੁਕਾਈਆ । ਤੇਰਾ ਖੇਲ ਕਲ ਕਲਕੀ ਅਵਤਾਰਾ, ਨਿਹਕਲੰਕ ਆਪਣਾ ਹੁਕਮ ਵਰਤਾਈਆ । ਅਮਾਮ ਅਮਾਮੇ ਵਡ ਸਿਕਦਾਰਾ, ਸ਼ਾਹੋ ਭੂਪ ਤੇਰੀ ਰੁਸ਼ਨਾਈਆ । ਅਲਾਹੀ ਨੂਰ ਤੇਰਾ ਉਜਿਆਰਾ, ਅਲਖ ਅਗੋਚਰ ਇਕ ਅਖਵਾਈਆ । ਅੰਤਮ ਸਭ ਦੀ ਪਾਵਾਂ ਸਾਰਾ, ਮਹਾਂਸਾਰਥੀ ਭੱਜਣ ਵਾਹੋ ਦਾਹੀਆ । ਨਿਸ਼ਾਨ ਮੇਟਣਾ ਚੰਦ ਸਿਤਾਰਾ, ਸਤਹ ਬੁਲੰਦੀ ਡੇਰਾ ਢਾਹੀਆ । ਜਨ ਭਗਤਾਂ ਬਣਨਾ ਮੀਤ ਮੁਰਾਰਾ, ਸੰਤ ਸੁਹੇਲੇ ਲੈਣੇ ਤਰਾਈਆ । ਗੁਰਮੁਖ ਨੂਰ ਨੂਰ ਪਾਵੇ ਸਾਰਾ, ਦਰ ਠਾਂਡਾ ਇਕ ਦਰਸਾਈਆ । ਪੋਹ ਕਹੇ ਮੇਰੀ ਡੰਡਾਵਤ ਬੰਦਨਾ ਅਨਕ ਬਾਰਾ, ਅਨਕ ਕਲ ਧਾਰੀ ਤੇਰੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਤੇਰਾ ਖੇਲ ਨਿਆਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਮਝ ਕਿਸੇ ਨਾ ਆਈਆ ।

### ✪ ੮ ਪੋਹ ਸ਼ਹਿਨਸ਼ਾਹੀ ਸੰਮਤ ੬ ਗਿਆਨ ਸਿੰਘ ਦੇ ਗ੍ਰਿਹਿ ਪਿੰਡ ਨਵਾਂ ਚੱਕ ✪

ਪੋਹ ਕਹੇ ਹਰਿ ਗੋਬਿੰਦ ਅੱਠ ਵਾਰ ਭਵਾਇਆ ਰੱਸਾ, ਅੱਠ ਪੋਹ ਦਏ ਗਵਾਹੀਆ । ਫੇਰ ਜ਼ੋਰ ਨਾਲ ਨੱਸਾ, ਢਾਈ ਸੌ ਕਦਮ ਪੰਧ ਮੁਕਾਈਆ । ਫਿਰ ਖਿੜ ਖਿੜਾ ਕੇ ਹੱਸਾ, ਤਾਲੀ ਦੋ ਹੱਥਾਂ ਦਿਤੀ ਵਜਾਈਆ । ਫਿਰ ਪੁਰਖ ਅਕਾਲ ਟੇਕਿਆ ਮੱਥਾ, ਸੀਸ ਜਗਦੀਸ ਨਿਵਾਈਆ । ਫਿਰ ਹੁਕਮ ਸੁਣਿਆ ਅਲੱਖਣਾ ਅਲਖਾ, ਅਲਖ ਅਗੋਚਰ ਦਿਤਾ ਜਣਾਈਆ । ਹਰਿ ਗੋਬਿੰਦ ਤੂੰ ਬੰਨ੍ਹਣਾ ਕਮਰਕਸਾ, ਕਮਰ ਧਾਰ ਇਕ ਜਣਾਈਆ ।

ਫੇਰ ਆਵੇ ਮੇਰਾ ਗੋਬਿੰਦ ਬੱਚਾ, ਸੋਹਣਾ ਰੂਪ ਬਦਲਾਈਆ । ਜਿਸ ਪਹਿਨਾਉਣਾ ਜਤ ਸਤਿ ਦਾ ਕੱਛਾ, ਪੰਚ ਕਕਾਰ ਨਾਲ ਰਲਾਈਆ । ਮਾਣ ਵਡਿਆਈ ਦੇ ਕੇ ਕੱਖਾਂ, ਕਰਮ ਕਾਂਡ ਦਾ ਡੇਰਾ ਢਾਹੀਆ । ਜ਼ਾਤ ਪਾਤ ਦਾ ਮੇਟ ਕੇ ਰੱਟਾ, ਰਟਨ ਇਕੋ ਦੇਣੀ ਲਗਾਈਆ । ਸਤਿ ਸਰੂਪ ਦੱਸ ਕੇ ਯਥਾ, ਯਥਾਰਥ ਮੇਰਾ ਰੰਗ ਰੰਗਾਈਆ । ਫਿਰ ਆਤਮ ਪਰਮਾਤਮ ਹੋਣੀ ਕਥਾ, ਕਥਾ ਕਹਾਣੀ ਦੇਣੀ ਸੁਣਾਈਆ । ਸ਼ਬਦ ਸਤਿਗੁਰ ਦੇਣੀ ਅਗੰਮੀ ਵਥਾ, ਵਸਤ ਅਮੋਲਕ ਇਕ ਵਰਤਾਈਆ । ਪਾਰਬ੍ਰਹਮ ਫਿਰੇ ਨੱਠਾ, ਪਤਿਪਰਮੇਸ਼ਵਰ ਧੁਰਦਰਗਾਹੀਆ । ਸੰਤ ਭਗਤ ਕਰੇ ਇਕੱਠਾ, ਜੁਗ ਜੁਗ ਵਿਛੜੇ ਜੋੜ ਜੁੜਾਈਆ । ਝਗੜਾ ਮੁਕਾ ਕੇ ਪੱਥਰ ਵੱਟਾ, ਪਾਹਨ ਪੂਜਣ ਕੋਇ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਦੱਸੇ ਟੱਪਾ, ਆਤਮ ਪਰਮਾਤਮ ਰੰਗ ਰੰਗਾਈਆ । ਕੋਈ ਨਾ ਖਾਏ ਵੱਛਾ ਕੱਟਾ, ਪੰਖੇਰੂ ਖੱਲ ਨਾ ਕੋਇ ਲੁਹਾਈਆ । ਮਦਿ ਪੀਏ ਨਾ ਗਟ ਗਟਾ, ਨਾਮ ਰਸ ਆਪਣਾ ਚਖਾਈਆ । ਉਸ ਦਾ ਖੇਲ ਹੋਣਾ ਵਿਚ ਜੱਟਾ, ਜਟਾ ਜੂਟ ਧਾਰੀ ਦਏ ਮਿਟਾਈਆ । ਸੂਰਬੀਰ ਬਹਾਦਰ ਬਣ ਕੇ ਹੱਟਾ ਕੱਟਾ, ਹੁਕਮ ਆਪਣਾ ਇਕ ਵਰਤਾਈਆ । ਭਾਗ ਲਗਾ ਕੇ ਕਾਇਆ ਮੱਟਾ, ਸੰਬਲ ਸਾਢੇ ਤਿੰਨ ਹੱਥ ਸੁਹਾਈਆ । ਧਰਨੀ ਧਰਤ ਧਵਲ ਸੁਫਲ ਕਰਾਏ ਘੱਟਾ, ਜਿਸ ਉਪਰ ਚਰਨ ਛੁਹਾਈਆ । ਕਲਜੁਗ ਉਲਟੀ ਗੇੜੇ ਲੱਠਾ, ਜਗਤ ਜਹਾਨ ਆਪ ਭਵਾਈਆ । ਝਗੜਾ ਮੁਕਾ ਕੇ ਅੱਠ ਸੱਠਾ, ਚਰਨ ਸਰੋਵਰ ਦਏ ਨੁਹਾਈਆ । ਮਾਨਵ ਮਾਨਸ ਬਦਲ ਕੇ ਮਤਾ, ਗੁਰਮਤ ਇਕੋ ਦਏ ਸਮਝਾਈਆ । ਸਚਖੰਡ ਦਵਾਰ ਦਾ ਦੱਸ ਕੇ ਪਤਾ, ਪਤਿਪਰਮੇਸ਼ਵਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਨਿਵਾਸੀ ਸਚਖੰਡ ਦਵਾਰ ਆਪ ਵਸਾ, ਸਚ ਗ੍ਰਿਹ ਆਪਣਾ ਆਸਣ ਲਾਈਆ ।



### ✪ ੮ ਪੋਹ ਸ਼ਹਿਨਸ਼ਾਹੀ ਸੰਮਤ ੬ ਭਾਗ ਸਿੰਘ ਦੇ ਗ੍ਰਿਹ ਪਿੰਡ ਮਲਕ ਕੈਂਪ ✪

ਅੱਠ ਪੋਹ ਕਹੇ ਮੈਂ ਪ੍ਰਭੂ ਦੇ ਪਰਸਾਂ ਪਗ, ਬਿਨ ਸੀਸ ਸੀਸ ਜਗਦੀਸ ਝੁਕਾਈਆ । ਜੋ ਸਾਹਿਬ ਸੁਲਤਾਨ ਸੂਰਾ ਸਰਬਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਬੇਪਰਵਾਹੀਆ । ਜਿਸ ਖੇਲ ਖੇਲਣਾ ਸ੍ਰਿਸ਼ਟੀ ਵਿਚ ਜਗ, ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ । ਤ੍ਰੈਗੁਣ ਕਲਪਣਾ ਵੇਖਣੀ ਅੱਗ, ਨੌ ਖੰਡ ਸੱਤ ਦੀਪ ਫੋਲ ਫੁਲਾਈਆ । ਮੱਕੇ ਕਾਅਬਿਆ ਮੁਕਣਾ ਹੱਜ, ਹੁਜਰਿਆਂ ਪੜਦਾ ਲਾਹੀਆ । ਮੰਦਰ ਮਸੀਤ ਸ਼ਿਵਦਵਾਲੇ ਵੇਖਣੇ ਮੱਠ, ਗੁਰੂਦਵਾਰ ਆਪਣਾ ਪੰਧ ਮੁਕਾਈਆ । ਲੇਖਾ ਜਾਨਣਾ ਤੀਰਥ ਅੱਠ ਸੱਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਓਹਲਾ ਰਹੇ ਨਾ ਰਾਈਆ । ਕਰਮ ਕਾਂਡ ਦਾ ਲੇਖਾ ਤਕਣਾ ਘਟ ਘਟ, ਗ੍ਰਿਹ ਗ੍ਰਿਹ ਅੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੋਹ ਕਹੇ ਪ੍ਰਭ ਦਾ ਖੇਲ ਵੇਖਣਾ ਮਹੀਨ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਦਾ ਚਾਰ ਜੁਗ ਕਰੇ ਨਾ ਕੋਇ ਯਕੀਨ, ਯਕੇ ਬਾਦ ਦੀਗਰੇ ਗੁਰ ਅਵਤਾਰ ਪੈਗ਼ੰਬਰ ਗਏ ਸਮਝਾਈਆ । ਜੋ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਅਜ਼ੀਮ, ਆਲੀਜਾਹ ਨੂਰ ਅਲਾਹੀਆ । ਜਿਸ ਦਾ ਹੁਕਮ ਸ਼ਬਦ ਨਾਮ ਕਲਮਾ ਚਲੇ ਕਦੀਮ, ਕੁਦਰਤ ਦਾ ਮਾਲਕ ਧੁਰਦਰਗਾਹੀਆ । ਜਿਸ

ਨੂੰ ਕਹਿੰਦੇ ਖ਼ਾਲਕ ਖ਼ਲਕ ਰਹੀਮ, ਰਹਿਮਤ ਇਕ ਕਮਾਈਆ । ਜਿਸ ਨੇ ਦੀਨ ਮਜ਼੍ਹਬ ਕੀਤੀ ਤਕਸੀਮ, ਜੁਜ਼ਾਂ ਵਿਚ ਮਨੁਸ਼ਾਂ ਵੰਡ ਵੰਡਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਸਾਂਝੀ ਦੇ ਤਾਲੀਮ, ਧੁਰ ਦੀ ਸਿਖਿਆ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਅਗੰਮ ਅਥਾਹੀਆ । ਪੋਹ ਕਹੇ ਮੇਰਾ ਮਿਹਰਵਾਨ ਦਏ ਸੰਦੇਸ਼ਾ, ਅਗੰਮੀ ਰਾਗ ਜਣਾਈਆ । ਮਾਲਕ ਇਕ ਨਰੇਸ਼ਾ, ਨਰ ਨਰਾਇਣ ਬੇਪਰਵਾਹੀਆ । ਜਿਸ ਦਾ ਸੰਬਲ ਸੁਹੰਜਣਾ ਦੇਸਾ, ਸਚ ਗ੍ਰਿਹਿ ਵੱਜੇ ਵਧਾਈਆ । ਕਲਜੁਗ ਅੰਤਮ ਵੇਖੇ ਲੇਖਾ, ਸਦੀ ਚੌਧਵੀਂ ਖੋਜ ਖੁਜਾਈਆ । ਅਵਤਾਰ ਪੈਗ਼ੰਬਰ ਨਾ ਰਹੇ ਕੋਇ ਭੁਲੇਖਾ, ਭਾਂਡਾ ਭਰਮ ਭੌ ਭੰਨਾਈਆ । ਝਗੜਾ ਮੇਟੇ ਮੁੱਲਾ ਸ਼ੇਖ਼ਾ, ਮੁਸਾਇਕਾਂ ਡੇਰਾ ਢਾਹੀਆ । ਜਿਸ ਕਾਰਨ ਅਰਜਨ ਸੀਸ ਪਵਾਈ ਰੇਤਾ, ਰਾਵੀ ਭਾਵੀ ਨਾਲ ਰਲਾਈਆ । ਸੋ ਪਰਮਾਤਮ ਜਨ ਭਗਤਾਂ ਕਰੇ ਹੇਤਾ, ਆਤਮ ਮੇਲੇ ਸਹਿਜ ਸੁਭਾਈਆ । ਸਚਖੰਡ ਨਿਵਾਸੀ ਬਣ ਕੇ ਨੇਤਾ, ਨੌਜਵਾਨਾ ਮਰਦ ਮਰਦਾਨਾ ਆਪਣਾ ਹੁਕਮ ਵਰਤਾਈਆ । ਦੀਨ ਮਜ਼੍ਹਬ ਦਾ ਜ਼ਾਤ ਪਾਤ ਦਾ ਕੂੜ ਕੁਕਰਮ ਦਾ ਪੂਰਾ ਕਰ ਕੇ ਠੇਕਾ, ਠਾਕਰ ਅੱਗੇ ਆਪਣਾ ਹੁਕਮ ਵਰਤਾਈਆ । ਸਤਿਜੁਗ ਸਾਚਾ ਸਤਿ ਦਾ ਕਰ ਕੇ ਏਕਾ, ਏਕੰਕਾਰ ਆਪਣਾ ਰੰਗ ਰੰਗਾਈਆ । ਜਨ ਭਗਤਾਂ ਬੁਧ ਕਰ ਕੇ ਬਿਬੇਕਾ, ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੋਹ ਕਹੇ ਮੈਨੂੰ ਆਇਆ ਹੁਕਮ ਫ਼ਰਮਾਨਾ, ਹਰਿ ਸਚ ਸਚ ਜਣਾਈਆ । ਖੇਲ ਵੇਖ ਦੋ ਜਹਾਨਾਂ, ਨਿਰਗੁਣ ਸਰਗੁਣ ਆਪ ਕਰਾਈਆ । ਜਿਸ ਦਾ ਹੁਕਮ ਨਾ ਕੋਇ ਮੇਟੇ ਰਾਜਾ ਰਾਣਾ, ਰਈਅਤ ਸੀਸ ਨਾ ਕੋਇ ਉਠਾਈਆ । ਉਸ ਕਲਜੁਗ ਕੂੜੀ ਕਿਰਿਆ ਅੰਤ ਮਿਟਾਣਾ, ਅੰਧ ਅੰਧੇਰਾ ਦਏ ਗਵਾਈਆ । ਸਤਿਜੁਗ ਸਾਚਾ ਸਚ ਪਰਗਟਾਣਾ, ਸਤਿ ਧਰਮ ਕਰੇ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸਣਾ ਗਾਣਾ, ਧੁਰ ਸੰਦੇਸ਼ਾ ਇਕ ਸੁਣਾਈਆ । ਇਕੋ ਬੇੜਾ ਚਲਾਉਣਾ ਵੰਝ ਮੁਹਾਣਾ, ਦੂਸਰ ਨਈਆ ਨੌਕਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਹੋਵੇ ਜਾਨ ਜਾਣਾ, ਜਾਣੀ ਜਾਣ ਇਕ ਅਖਵਾਈਆ ।

### ✪ ੯ ਪੋਹ ਸ਼ਹਿਨਸ਼ਾਹੀ ਸੰਮਤ ੬ ਪੂਰਨ ਸਿੰਘ ਦੇ ਗ੍ਰਿਹਿ ਪਿੰਡ ਮਲਕ ਕੈਂਪ ✪

ਪੋਹ ਕਹੇ ਮੈਂ ਦੱਸਾਂ ਨਾਲ ਪਿਆਰ, ਭੇਵ ਅਗੰਮ ਖੁਲ੍ਹਾਈਆ । ਨੌ ਪਰਵਿਸ਼ਟੇ ਦਿਵਸ ਵਿਚਾਰ, ਤ੍ਰੇਤਾ ਜੁਗ ਧਿਆਨ ਰਖਾਈਆ । ਰਾਜਾ ਜਨਕ ਮਿਥਲਪੁਰੀ ਸਿਕਦਾਰ, ਧਰਮ ਦੀ ਧਾਰ ਵਡਿਆਈਆ । ਪਹਾੜ ਲਹਿੰਦੇ ਦੀ ਦਿਸ਼ਾ ਗਿਆ ਨਾਲ ਵਿਚਾਰ, ਆਪਣਾ ਪੰਧ ਮੁਕਾਈਆ । ਤੱਕਿਆ ਖੇਲ ਸੱਚੀ ਸਰਕਾਰ, ਹਰਿ ਕਰਤਾ ਰੰਗ ਵਖਾਈਆ । ਜੋਬਨਵੰਤੀ ਦਿਸੀ ਇਕ ਨਾਰ, ਜੋ ਨਰ ਨਰਾਇਣ ਲਿਖ ਕੇ ਗਲ ਵਿਚ ਲਟਕਾਈਆ । ਰਸਨਾ ਤੂੰ ਹੀ ਤੂੰ ਹੀ ਰਹੀ ਉਚਾਰ, ਹਿਰਦੇ ਅੰਦਰ ਹਰਿ ਲਿਵ ਲਾਈਆ । ਕਦੇ ਕਦੇ ਨੈਣ ਲਏ ਉਘਾੜ, ਅੱਖੀ ਫੇਰ ਬੰਦ ਕਰਾਈਆ । ਫਿਰੇ ਵਿਚ ਉਜਾੜ, ਜੰਗਲ ਚਾਈਂ ਚਾਈਆ । ਰੋਵੇ ਜ਼ਾਰੋ ਜ਼ਾਰ, ਨੈਣਾਂ ਨੀਰ ਵਹਾਈਆ । ਮਿਲੇ ਮਾਹੀ ਮੇਰਾ ਨਿਰੰਕਾਰ, ਨਿਰਵੈਰ ਅੰਗ ਲਗਾਈਆ ।

ਜਿਸ ਦੀ ਸਿਕ ਵਿਚ ਬੀਤੇ ਇਕ ਸੌ ਵੀਹ ਸਾਲ, ਜਗਤ ਤ੍ਰਿਸ਼ਨਾ ਨਾ ਕੋਇ ਰਖਾਈਆ । ਫਿਰਦੀ ਵਾਂਗ ਕੰਗਾਲ, ਤਨ ਬਸਤਰ ਨਾ ਕੋਇ ਸੁਹਾਈਆ । ਖੁਲ੍ਹੇ ਰੱਖੇ ਵਾਲ, ਵੈਰਾਗਣ ਰੂਪ ਵਟਾਈਆ । ਜਨਕ ਦੇ ਕੋਲ ਕੀਤਾ ਆ ਸਵਾਲ, ਪ੍ਰੇਮ ਨਾਲ ਸੁਣਾਈਆ । ਦੱਸ ਕਿੱਥੇ ਮੇਰਾ ਭਗਵਾਨ, ਮੈਨੂੰ ਦੇ ਮਿਲਾਈਆ । ਜਨਕ ਅੰਤਰ ਆਇਆ ਗਿਆਨ, ਦ੍ਰਿਸ਼ਟੀ ਦ੍ਰਿਸ਼ਟੀ ਵਿਚੋਂ ਬਦਲਾਈਆ । ਇਹ ਭਗਤੀ ਵਿਚ ਮਹਾਨ, ਪੂਰਬ ਜਨਮ ਦੀ ਸੋਭਾ ਪਾਈਆ । ਜੇਕਰ ਇਹਦੇ ਘਰ ਹੋ ਜਾਵੇ ਸੰਤਾਨ, ਉਸ ਲੋਕਮਾਤ ਮਿਲੇ ਵਡਿਆਈਆ । ਮੇਰੀ ਇੱਛਿਆ ਇੱਛਿਆ ਬਲਵਾਨ, ਪ੍ਰਭ ਦੀ ਆਸ ਰਖਾਈਆ । ਹਰ ਘਟ ਇਸ਼ਾਰਾ ਕੀਤਾ ਨੌਜਵਾਨ, ਉਂਗਲ ਅਸਮਾਨ ਵੱਲ ਉਠਾਈਆ । ਉਹ ਤਕ ਮੇਰਾ ਮਿਹਰਵਾਨ, ਜੋ ਹਰ ਘਟ ਰਿਹਾ ਸਮਾਈਆ । ਜਿਸ ਦੇ ਕੋਲੋਂ ਤੈਨੂੰ ਦੇ ਕੇ ਚਲਿਆ ਦਾਨ, ਵਸਤ ਅਮੋਲਕ ਤੇਰੀ ਕੁੱਖ ਟਿਕਾਈਆ । ਜੋ ਮੇਰੇ ਘਰ ਹੋਵੇ ਪਰਵਾਨ, ਗ੍ਰਿਹਿ ਮੰਦਰ ਸੋਭਾ ਪਾਈਆ । ਉਸ ਦਾ ਝੁੱਲੇ ਫਿਰ ਨਿਸ਼ਾਨ, ਨਿਸ਼ਾਨਾ ਜਗਤ ਜਣਾਈਆ । ਜਿਸ ਨੂੰ ਪਰਗਟ ਹੋ ਕੇ ਮਿਲੇ ਰਾਮ, ਰਾਮ ਰਾਮਾ ਰੂਪ ਬਦਲਾਈਆ । ਤੇਰਾ ਲੇਖਾ ਰੱਖੇ ਵਿਚ ਜਹਾਨ, ਜਾਗਰਤ ਜੋਤ ਕਰ ਰੁਸ਼ਨਾਈਆ । ਫਿਰ ਜਨਕ ਨੇ ਹੱਥ ਲਾਇਆ ਉਤੇ ਧਨੁਖ ਬਾਣ, ਚਿੱਲਾ ਤੀਰ ਤਰਕਸ਼ ਦਿਤਾ ਹਿਲਾਈਆ । ਫੇਰ ਹੁਕਮ ਦਿਤਾ ਜਾਹ ਆਪਣੇ ਮੰਦਰ ਮਕਾਨ, ਸੁਖ ਆਸਣ ਸੋਭਾ ਪਾਈਆ । ਜਿਸ ਵੇਲੇ ਸਮਾਂ ਬੀਤਿਆ ਖੇਲ ਹੋਏ ਮਹਾਨ, ਮਹਿੰਮਾ ਅਕਥ ਕਥੀ ਨਾ ਜਾਈਆ । ਤੇਰੇ ਗ੍ਰਿਹਿ ਜਨਮੇ ਬਾਲ ਅੰਞਾਣ, ਬਾਲੀ ਬੁੱਧ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੋਹ ਕਹੇ ਨੌ ਪੋਹ ਦਿਵਸ ਸੀ ਚੰਗਾ, ਸੋਹਣੀ ਰੁਤ ਸੁਹਾਈਆ । ਪ੍ਰੇਮ ਧਾਰ ਵਹੇ ਗੰਗਾ, ਗੰਗੋਤਰੀ ਰੰਗ ਵਖਾਈਆ । ਸਚ ਦਾ ਆਇਆ ਅਨੰਦਾ, ਠੰਡੀ ਪਵਣ ਸੁਹਾਈਆ । ਜਿਸ ਦਾ ਭੇਵ ਜਾਣੇ ਨਾ ਕੋਇ ਪੰਡਾ, ਸ਼ਾਸਤਰ ਕਹਿਣ ਕੋਇ ਨਾ ਆਈਆ । ਇਹ ਖੇਲ ਸਾਹਿਬ ਬਖ਼ਸ਼ੰਦਾ, ਹਰਿ ਕਰਤਾ ਰਿਹਾ ਕਰਾਈਆ । ਲੇਖਾ ਜਗਤ ਜਹਾਨ ਜੀਵ ਸੰਦਾ, ਸੰਧਿਆ ਦਾ ਵਕਤ ਸੁਹਾਈਆ । ਜਿਸ ਤਪਸਣੀ ਦੇ ਕੋਲ ਨਹੀਂ ਕੋਈ ਬੰਦਾ, ਉਹ ਕਿਵਲਾ ਬਣੀ ਜਣੇਂਦੀ ਮਾਈਆ । ਮਿਹਰ ਕਰੇ ਗੁਣੀ ਗਹਿੰਦਾ, ਹਰਿ ਦਾਤਾ ਵਡ ਵਡਿਆਈਆ । ਕੰਨਿਆ ਰੂਪ ਪੰਜ ਤਤ ਸੋਹੰਦਾ, ਸੋਹਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਰੰਗ ਚੜ੍ਹਾਈਆ । ਨੌ ਪੋਹ ਕੰਨਿਆ ਲਿਆ ਜਨਮ, ਸੀਤਾ ਸਤਿ ਸਤਿ ਵਡਿਆਈਆ । ਮਈਆ ਰਿਹਾ ਭਰਮ, ਭਰਮ ਵਿਚ ਭਵਾਈਆ । ਇਹੋ ਮੇਰਾ ਧਰਮ, ਜਨਕ ਦੀ ਝੋਲੀ ਦਿਆਂ ਟਿਕਾਈਆ । ਜਿਸ ਦਾ ਨਾ ਕੋਇ ਜ਼ਾਤ ਨਾ ਕੋਈ ਧਰਮ, ਬ੍ਰਹਮ ਬ੍ਰਹਮ ਵਿਚ ਸਮਾਈਆ । ਸ਼ਬਦੀ ਧਾਰ ਪੂਰਾ ਹੋਇਆ ਪਰਨ, ਪਰਮ ਪੁਰਖ ਦਿਤੀ ਵਡਿਆਈਆ । ਉਧਰੋਂ ਆ ਗਿਆ ਇਕ ਹਰਨ, ਛਲਾਂਗਾਂ ਮਾਰੇ ਚਾਈਂ ਚਾਈਆ । ਕਿਵਲਾ ਦੇ ਆ ਕੇ ਲੱਗਾ ਚਰਨ, ਨੀਵਾਂ ਮੁਖ ਵਖਾਈਆ । ਤਪਸਣੀ ਲੱਗੀ ਫੜਨ, ਉਸ ਨੇ ਸੀਸ ਦਿਤਾ ਝੁਕਾਈਆ । ਓਨ ਝਟ ਸੀਤਾ ਬੰਨ੍ਹ ਕੇ ਲੜਨ, ਉਹਦੇ ਗਲ ਦਿਤੀ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਲੇਖਾ ਆਪ ਪਰਗਟਾਈਆ । ਹਿਰਨ ਗਲ ਬੱਧੀ ਸੀਤਾ, ਸਤਿ ਸਤਿ ਵਡਿਆਈਆ । ਉਧਰੋਂ ਜਨਕ ਦੀ ਵੇਖੋ ਰੀਤਾ, ਇਕ ਸੌ ਇਕ ਸਾਥੀ ਨਾਲ ਚਲਿਆ ਚਾਈਂ ਚਾਈਆ । ਜਿਥੇ ਕੌਲ ਇਕਰਾਰ ਸੀ ਕੀਤਾ, ਓਸ ਧਾਮ ਪੁਜਿਆ ਆਪਣਾ ਪੰਧ ਮੁਕਾਈਆ । ਓਧਰੋਂ ਮਿਰਗ ਆਇਆ ਠੀਕਾ,

੯੪੦
੨੨

ਆਪਣਾ ਬਲ ਧਰਾਈਆ । ਕੋਲੋਂ ਰੋਇਆ ਬਾਲ ਨੀਕਾ, ਕੂਕ ਕੂਕ ਸੁਣਾਈਆ । ਜਿਸ ਵੇਲੇ ਮਾਣਸ ਸੁਣੀਆਂ ਚੀਕਾਂ, ਹੁਕਮ ਸੁਣਿਆ ਸ਼ਹਿਨਸ਼ਾਹੀਆ । ਜਨਕ ਨੇ ਮਾਰੀਆਂ ਤਿੰਨ ਲੀਕਾਂ, ਲਾਈਨਾਂ ਤਿੰਨ ਬਣਾਈਆ । ਇਸ ਨੂੰ ਫੜੋ ਨਾਲ ਤੌਫ਼ੀਕਾ, ਆਪਣਾ ਬਲ ਧਰਾਈਆ । ਮਿਰਗ ਆ ਗਿਆ ਨਜ਼ਦੀਕਾ, ਨੇੜੇ ਆ ਕੇ ਸੀਸ ਝੁਕਾਈਆ । ਆਹ ਲੇਖਾ ਲੈ ਲੈ ਜੀ ਜੀ ਕਾ, ਜੀਵਣ ਤੇਰੇ ਹੱਥ ਫੜਾਈਆ । ਜਨਕ ਨੇ ਧਿਆਨ ਧਰਿਆ ਉਹਨੂੰ ਵਕਤ ਯਾਦ ਆਇਆ ਠੀਕਾ, ਜੋ ਰਸਨਾ ਬਚਨ ਦਿਤਾ ਸੁਣਾਈਆ । ਉਸ ਕਰ ਕੇ ਸਚ ਪ੍ਰੀਤਾ, ਆਪਣੀ ਗੋਦੀ ਲਈ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰੇਮ ਪਿਆਰ ਦੀ ਧਾਰ ਦੱਸੇ ਰੀਤਾ, ਤ੍ਰੈਗੁਣ ਤੋਂ ਬਾਹਰ ਆਪਣਾ ਖੇਲ ਖਿਲਾਈਆ ।

## ✪ ੯ ਪੋਹ ਸ਼ਹਿਨਸ਼ਾਹੀ ਸੰਮਤ ੬ ਰਸਾਲ ਸਿੰਘ ਦੇ ਗ੍ਰਿਹਿ ਪਿੰਡ ਮਨਾਵਰ ✪

ਜਨਕ ਨੇ ਕੰਨਿਆ ਵੱਲ ਕੀਤੀ ਅੱਖ, ਉਂਗਲ ਮਸਤਕ ਉਤੇ ਟਿਕਾਈਆ । ਪ੍ਰਭ ਦਾ ਨੂਰ ਦਿਸਿਆ ਪ੍ਰਤਖ, ਸਾਖਿਆਤ ਸੋਭਾ ਪਾਈਆ । ਫੇਰ ਜੈਕਾਰਾ ਸੁਣਿਆ ਅਲੱਖ, ਅਗੰਮ ਅਗੋਚਰ ਦਿਤਾ ਦ੍ਰਿੜਾਈਆ । ਤੇਰਾ ਜਗਤ ਜਹਾਨ ਵਾਲਾ ਨਤ, ਰਿਸ਼ਤਾ ਤਨ ਵਜੂਦ ਵਖਾਈਆ । ਓਧਰੋਂ ਹਿਰਨ ਨੇੜੇ ਆ ਗਿਆ ਝੱਟ, ਮੁਖ ਉਪਰ ਲਿਆ ਉਠਾਈਆ । ਧੁਰ ਦਾ ਹੁਕਮ ਸੁਣਿਆ ਸਚ, ਸੁਨੇਹੜਾ ਬੇਪਰਵਾਹੀਆ । ਖ਼ੁਸ਼ੀਆਂ ਨਾਲ ਪਿਆ ਹੱਸ, ਕਰਵਟ ਲਈ ਬਦਲਾਈਆ । ਤੇਰਾ ਖੇਲ ਪ੍ਰਭੂ ਸਮਰਥ, ਆਦਿ ਅੰਤ ਸਮਝ ਕਿਸੇ ਨਾ ਪਾਈਆ । ਹੁਣ ਇਸ ਕੰਨਿਆ ਹੋਣਾ ਧਰਮ ਦਵਾਰ ਦੇ ਵਸ, ਜਨਕ ਸਪੁਤਰੀ ਜਗਤ ਵਡਿਆਈਆ । ਚੌਦਾਂ ਸਾਲ ਧੋਣਾ ਨਹੀਂ ਮੂੰਹ ਹੱਥ, ਬਾਲ ਅਵਸਥਾ ਇਸ ਦੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਹਿਰਨ ਨੇ ਜਨਕ ਕੀਤੀ ਪਰਨਾਮ, ਨਿਉਂ ਨਿਉਂ ਸੀਸ ਝੁਕਾਈਆ । ਫਿਰ ਨਿਗਹ ਮਾਰੀ ਤਮਾਮ, ਨੈਣ ਅੱਖ ਉਠਾਈਆ । ਫੇਰ ਤੱਕਿਆ ਰਾਮ ਦਾ ਰਾਮ, ਪੰਜ ਤਤ ਵਜੂਦ ਸੁਹਾਈਆ । ਫੇਰ ਵੇਖਿਆ ਅੰਧੇਰਾ ਸ਼ਾਮ, ਨੂਰ ਨਾ ਕੋਇ ਚਮਕਾਈਆ । ਫੇਰ ਜਾਣਿਆ ਖੇਲ ਮਹਾਨ, ਜੂਹਾਂ ਜੰਗਲ ਖੋਜ ਖੁਜਾਈਆ । ਫੇਰ ਬਨਬਾਸੀ ਰੂਪ ਤੱਕਿਆ ਭਗਵਾਨ, ਭਗਵਨ ਆਪਣੀ ਕਲ ਵਖਾਈਆ । ਫਿਰ ਰਾਵਣ ਦਾ ਤੱਕਿਆ ਨਿਸ਼ਾਨ, ਲੰਕਾਪਤੀ ਕੀ ਰਾਹ ਤਕਾਈਆ । ਫਿਰ ਹਿਰਨ ਨੇ ਵੇਖਿਆ ਬੀਆਬਾਨ, ਨਿਜ ਨੇਤਰ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਹਿਰਨ ਨੇ ਕਿਹਾ ਜਨਕ ਆਹ ਲੈ ਆਪਣੀ ਵਸਤ, ਤੇਰੀ ਝੋਲੀ ਪਾਈਆ । ਫੇਰ ਖੇਲ ਹੋਣਾ ਉਤੇ ਧਰਤ, ਧਰਨੀ ਧਵਲ ਵੇਖ ਵਖਾਈਆ । ਮੈਂ ਫਿਰ ਆਵਾਂ ਪਰਤ, ਪਤਿਪਰਮੇਸ਼ਵਰ ਮੈਨੂੰ ਰਿਹਾ ਜਣਾਈਆ । ਜਿਸ ਰਾਮ ਪਿਛੇ ਰਾਮ ਦੀ ਧਾਰ ਆਈ ਉਤੋਂ ਅਰਸ਼, ਅਰਸ਼ੀ ਪ੍ਰੀਤਮ ਦਿਤੀ ਵਡਿਆਈਆ । ਪੂਰਬ ਦਾ ਲਹਿਣਾ ਮੁੱਕਿਆ ਕਰਜ਼, ਲੇਖਾ ਰਿਹਾ ਨਾ ਰਾਈਆ । ਅੱਗੇ ਖੇਲ ਕਰਨਾ ਅਸਚਰਜ, ਅਚਰਜ ਲੀਲਾ ਦੇਣੀ ਵਰਤਾਈਆ । ਯੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ,



੯੪੧
੨੨

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਮਿਰਗ ਨੇ ਕਿਹਾ ਵੇਖ ਮੇਰਾ ਨੈਣ, ਨੈਣ ਨੈਣ ਨਾਲ ਮਿਲਾਈਆ । ਮੈਂ ਸੰਦੇਸ਼ਾ ਆਇਆ ਕਹਿਣ, ਕਹਿ ਕੇ ਦਿਆਂ ਸੁਣਾਈਆ । ਜਿਸ ਨੇ ਤੇਰੀ ਸਿਫ਼ਤਾਂ ਭਰੀ ਲਿਖੀ ਰਮਾਇਣ, ਰਾਮ ਰਾਮਾ ਵਡ ਵਡਿਆਈਆ । ਉਸ ਦਾ ਅੰਤ ਰਹਿਣਾ ਨਹੀਂ ਕੋਈ ਸੈਣ, ਸੱਜਣ ਆਪੇ ਅਖਵਾਈਆ । ਦਿਵਸ ਰੈਣ ਮਿਲੇ ਨਾ ਚੈਨ, ਬਨ ਖੋਜੇ ਥਾਉਂ ਥਾਈਆ । ਜਿਸ ਵੇਲੇ ਸਮਾਂ ਪਹੁੰਚਿਆ ਐਨ, ਵਕਤ ਵਕਤ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਹਿਰਨ ਕਿਹਾ ਜਨਕ, ਜਨਕ ਸਪੁਤਰੀ ਖੇਲ ਖਿਲਾਵਾਂਗਾ । ਧੁਰ ਦਾ ਹੁਕਮ ਵੇਖ ਵਖਾਵਾਂਗਾ । ਲੰਕਾਪਤੀ ਨਾਲ ਮਿਲਾਵਾਂਗਾ । ਰਾਵਣ ਰੂਪ ਅਨੂਪ ਦਰਸਾਵਾਂਗਾ । ਬੰਕ ਦਵਾਰੇ ਸੋਭਾ ਪਾਵਾਂਗਾ । ਰਾਮ ਰਾਮ ਦੀ ਵੰਡ ਵੰਡਾਵਾਂਗਾ । ਬ੍ਰਹਿਮੰਡਾਂ ਪੜਦਾ ਲਾਹਵਾਂਗਾ । ਚੰਡ ਪ੍ਰਚੰਡ ਦਾ ਰੂਪ ਧਰਾਵਾਂਗਾ । ਜਗਤ ਧਾਰ ਧਾਰ ਲੰਘ, ਆਪਣੀ ਕਲ ਵਰਤਾਵਾਂਗਾ । ਜਿਸ ਦਾ ਰਾਮ ਨਾਲ ਸੰਗ, ਸੋ ਸੰਗ ਵਿਛੋੜਾ ਵਿਚ ਰਖਾਵਾਂਗਾ । ਇਹ ਖੇਲ ਸੂਰਾ ਸਰਬੰਗ, ਦੂਸਰ ਅਵਰ ਨਾ ਕੋਇ ਜਣਾਵਾਗਾ । ਜਿਸ ਨੇ ਤ੍ਰੇਤਾ ਕਰਨਾ ਭੰਗ, ਦੁਸ਼ਟ ਹੰਕਾਰੀਆਂ ਗੜ੍ਹ ਤੁੜਾਵਾਂਗਾ । ਮੈਂ ਤੇਰੇ ਦਰ ਤੋਂ ਇਕੋ ਵਾਰ ਮੰਗੀ ਮੰਗ, ਮਾਂਗਤ ਹੋ ਕੇ ਝੋਲੀ ਡਾਹਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਸਭ ਦਾ ਲਹਿਣਾ ਦੇਣਾ ਲੇਖਾ ਜਾਣੇ ਬ੍ਰਹਿਮੰਡ ਖੰਡ ਵਿਚ ਵਰਭੰਡ, ਬ੍ਰਹਿਮਾਦੀ ਅਨਾਦੀ ਆਪਣਾ ਪੜਦਾ ਲਾਹੀਆ ।



## ੯ ਪੋਹ ਸ਼ਹਿਨਸ਼ਾਹੀ ਸੰਮਤ ੬ ਸਾਹਿਬ ਸਿੰਘ ਦੇ ਗ੍ਰਹਿ ਪਿੰਡ ਮਨਾਵਰ

ਮਿਰਗ ਕਿਹਾ ਤੇਰੀ ਧਰਮ ਧਾਰ ਦੀ ਅੰਸ, ਪਾਰਬ੍ਰਹਮ ਬ੍ਰਹਮ ਦਿਤੀ ਵਡਿਆਈਆ । ਤੇਰਾ ਸਤਿ ਸਤਿ ਦਾ ਬੰਸ, ਸਰਬੰਸ ਵੱਜੇ ਵਧਾਈਆ । ਇਸ ਦਾ ਅਨੰਦ ਕਾਰਜ ਹੋਣਾ ਨਾਲ ਧਨੁਸ਼, ਜਗਤ ਰੀਤੀ ਨਾ ਕੋਇ ਵਡਿਆਈਆ । ਜਗਤ ਮਨਸਾ ਰਹੇ ਨਾ ਸ਼ੰਕ, ਸਹਿਸਾ ਦੇਣਾ ਚੁਕਾਈਆ । ਜਿਸ ਖੇਲ ਕਰਨਾ ਤ੍ਰੇਤਾ ਅੰਤ, ਅੰਤ ਆਪਣਾ ਰੂਪ ਧਰਾਈਆ । ਸਚ ਵਿਹਾਰ ਬਣਾਏ ਬਣਤ, ਗੁਰਦੇਵ ਸਵਾਮੀ ਸੰਗ ਰਖਾਈਆ । ਜਿਥੇ ਲੇਖਾ ਨਹੀਂ ਕਿਸੇ ਜੱਨਤ, ਸਵਰਗ ਨਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਜਨਕ ਨੇ ਵੇਖਿਆ ਧਿਆਨ ਕਰ ਅੰਤਰ, ਅੰਤਸ਼ਕਰਨ ਤੋਂ ਬਾਹਰ ਖੋਜ ਖੁਜਾਈਆ । ਪ੍ਰਭ ਦਾ ਖੇਲ ਦਿਸਿਆ ਨਿਰੰਤਰ, ਨਿਰਾਕਾਰ ਰਿਹਾ ਵਖਾਈਆ । ਜਿਸ ਦੇ ਵਿਵਾਹ ਦਾ ਪੜ੍ਹਨਾ ਨਹੀਂ ਕਿਸੇ ਵੇਦ ਮੰਤਰ, ਵੇਦੀ ਵਿਦਿਆ ਨਾਲ ਨਾ ਕੋਇ ਵਡਿਆਈਆ । ਖ਼ੁਸ਼ੀ ਹੋਣੀ ਗਗਨ ਗਗਨੰਤਰ, ਜ਼ਿਮੀਂ ਅਸਮਾਨਾਂ ਵੱਜੇ ਵਧਾਈਆ । ਜਿਸ ਬ੍ਰਹਮੇ ਦੇ ਬੀਤੇ ਅਨੇਕ ਮਨਵੰਤਰ, ਬੈਠਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਜਨਕ ਨੇ ਨਿਗਹ ਮਾਰੀ ਵੇਖਿਆ ਅਗੰਮ ਵਿਚਾਰ, ਪਰਮ ਪੁਰਖ ਦ੍ਰਿੜਾਈਆ । ਜਿਸ ਵਿਚ ਝਗੜਾ ਨਹੀਂ ਕੋਈ ਸਮਾਜ, ਜਗਤ ਰੀਤੀ ਨਾ ਕੋਇ ਵਖਾਈਆ । ਧਰਮ ਦੇ ਪਤੀ

ਦਾ ਧਰਮ ਦਾ ਤਾਜ, ਧਰਮ ਦੀ ਰੱਖਿਆ ਕਰੇ ਚਾਈਂ ਚਾਈਆ । ਰਾਮ ਰਾਮ ਦਾ ਮੁਹਤਾਜ, ਦੂਜੀ ਲੋੜ ਨਾ ਕੋਇ ਰਖਾਈਆ । ਸੀਤਾ ਸਤਿ ਦਾ ਲੈ ਕੇ ਦਾਜ, ਧੁਰ ਦਰਬਾਰ ਦੀ ਤ੍ਰਿਸ਼ਨਾ ਇਕ ਰਖਾਈਆ । ਕੂੜੀ ਕਿਰਿਆ ਛਡ ਕੇ ਰਾਜ, ਰਈਅਤ ਲੇਖਾ ਦਏ ਮੁਕਾਈਆ । ਜਿਨ੍ਹ ਚੌਦਾਂ ਸਾਲ ਮੁਖ ਧੋਤਾ ਨਹੀਂ ਘਰ ਪਿਤ ਮਾਤ, ਚੌਦਾਂ ਸਾਲ ਬਨਬਾਸੀ ਰੂਪ ਪਰਗਟਾਈਆ । ਰਘੁਪਤ ਦਾ ਦੇਣਾ ਸਾਥ, ਪਤੀ ਪਤਵੰਤ ਸੇਵ ਕਮਾਈਆ । ਇਹ ਖੇਲ ਸ਼ੰਕਰ ਵੇਖੇ ਉਪਰ ਕੈਲਾਸ਼, ਕਲਧਾਰੀ ਆਪਣਾ ਪੜਦਾ ਲਾਹੀਆ । ਜਿਸ ਰਾਮ ਨੇ ਰਾਵਣ ਦਾ ਕਰਨਾ ਨਾਸ, ਤ੍ਰੇਤਾ ਤ੍ਰੀਆ ਰੂਪ ਬਦਲਾਈਆ । ਸਤੀ ਦੀ ਸਤਿ ਦਾ ਹੋਣਾ ਦਾਸ, ਸੀਤਾ ਸਤਿ ਵਿਚ ਸਮਾਈਆ । ਜਿਸ ਨੂੰ ਵੇਖਣ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਜਾਣੇ ਖੇਲ ਤਮਾਸ਼, ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਵਰਤਾਈਆ ।

## ✪ ੯ ਪੋਹ ਸ਼ਹਿਨਸ਼ਾਹੀ ਸੰਮਤ ੬ ਤੋਤੀ ਦੇਵੀ ਦੇ ਗ੍ਰਿਹਿ ਪਿੰਡ ਨਿਗਿਆਲ ✪

ਜਨਕ ਸਪੁੱਤਰੀ ਅਵਸਥਾ ਬਾਲ, ਬਾਲੀ ਬੁਧ ਧਿਆਨ ਲਗਾਈਆ । ਪ੍ਰਭ ਮਿਲੇ ਦੀਨ ਦਿਆਲ, ਦਇਆਨਿਧ ਦਇਆ ਕਮਾਈਆ । ਮੇਰੀ ਸੁਰਤੀ ਸੁਰਤ ਲਏ ਸੰਭਾਲ, ਸਿਰ ਆਪਣਾ ਹੱਥ ਟਿਕਾਈਆ । ਝਗੜਾ ਮੇਟ ਕੇ ਸ਼ਾਹ ਕੰਗਾਲ, ਇਕੋ ਰੰਗ ਦਏ ਰੰਗਾਈਆ । ਜਿਸ ਤ੍ਰੇਤੇ ਅਵੱਲੜੀ ਚਲਣੀ ਚਾਲ, ਚਾਲ ਨਿਰਾਲੀ ਇਕ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਦਾਤਾ ਬੇਪਰਵਾਹੀਆ । ਦੁਲਾਰੀ ਆਇਆ ਧੁਰ ਸੰਦੇਸ਼ਾ, ਧੁਰ ਦੇ ਰਾਮ ਦਿਤਾ ਦ੍ਰਿੜਾਈਆ । ਤੇਰਾ ਰਾਮ ਦੇ ਰਾਮ ਨਾਲ ਲੇਖਾ, ਲਿਖਤ ਧੁਰ ਦੀ ਦਏ ਗਵਾਹੀਆ । ਛਡਣਾ ਪੈਣਾ ਬਾਬਲ ਦੇਸਾ, ਮਿਥਲਪੁਰੀ ਪੰਧ ਮੁਕਾਈਆ । ਅਯੁਧਿਆ ਹੋਣਾ ਵੇਸਾ, ਦਸਰਥ ਸੁਤ ਰੁਤ ਸੁਹਾਈਆ । ਫੇਰ ਸੌਹਰਾ ਰਹਿਣਾ ਨਹੀਂ ਪੇਕਾ, ਦੋਵੇਂ ਦੇਣਾ ਤਜਾਈਆ । ਰਾਮ ਦੇ ਰਾਮ ਨੇ ਬਦਲਣਾ ਭੇਖਾ, ਬਨਬਾਸੀ ਰੂਪ ਪਰਗਟਾਈਆ । ਝਟ ਸੀਤਾ ਨੇ ਆਪਣਾ ਮਸਤਕ ਵੇਖਾ, ਨੈਣ ਨੈਣ ਵਖਾਈਆ । ਫੇਰ ਪ੍ਰਭ ਨੂੰ ਮੱਥਾ ਟੇਕਾ, ਸੀਸ ਦਿਤਾ ਝੁਕਾਈਆ । ਤੇਰਾ ਖੇਲ ਵਾਰ ਅਨੇਕਾ, ਅਕਲ ਕਲਧਾਰੀ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਜਨਕ ਦੁਲਾਰੀ ਤੱਕਿਆ ਉਪਰ ਅਸਮਾਂ, ਅਸਮਾਨੀ ਧਾਰ ਪਾਰ ਕਰਾਈਆ । ਨਾ ਕੋਈ ਪਿਤਾ ਦਿਸਿਆ ਨਾ ਕੋਈ ਮਾਂ, ਸੰਗੀ ਸੰਗ ਨਾ ਕੋਇ ਨਿਭਾਈਆ । ਨਾ ਕੋਈ ਰਾਗ ਤਰਾਨਾ ਸ਼ਬਦ ਦਿਸਿਆ ਨਾਂ, ਸਿਫ਼ਤੀ ਵਾਲੀ ਨਾ ਕੋਇ ਪੜ੍ਹਾਈਆ । ਨਾ ਕੋਈ ਸੰਗੀ ਸਾਥੀ ਪਕੜੇ ਬਾਂਹ, ਸਗਲਾ ਸੰਗ ਨਾ ਕੋਇ ਨਿਭਾਈਆ । ਸਤਿਜੁਗ ਤ੍ਰੇਤਾ ਲੋਕਮਾਤ ਕਰੇ ਵਾਹ ਵਾ, ਵਾਹਵਾ ਤੇਰੀ ਵਡ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਜਗਤ ਸਮਾਜ ਦਾ ਚਲਿਆ ਰਾਹ, ਦੀਨ ਦੁਨੀ ਵੰਡ ਵੰਡਾਈਆ । ਫੇਰ ਵੇਖੇ ਥਲ ਅਸਗਾਹ, ਜਲਾਂ ਤੋਂ ਪਾਰ ਅੱਖ ਉਠਾਈਆ । ਉਫ਼ ਹਾਏ ਮੇਰੇ ਰਾਮ ਨੇ ਹੋ ਜਾਣਾ ਮੈਥੋਂ ਜੁਦਾ, ਕੀ ਕਰਤਾ ਕਲ ਵਰਤਾਈਆ । ਬਾਲੀ ਬੁਧ ਕਰ ਸਕੀ ਨਾ ਕੋਇ ਨਿਆਂ, ਪ੍ਰਭ ਦੇ ਅੱਗੇ ਸੀਸ ਨਿਵਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਲਹਿਣਾ ਦੇਣਾ ਜਾਣੇ ਥਾਉਂ ਥਾਂ, ਥਾਨ ਥਨੰਤਰ ਵੇਖ ਵਖਾਈਆ ।

## ੯ ਪੋਹ ਸ਼ਹਿਨਸ਼ਾਹੀ ਸੰਮਤ ੬ ਸ਼ਾਹਣੀ ਦੇਵੀ ਦੇ ਗ੍ਰਹਿ ਪਿੰਡ ਛੰਬ

ਜਨਕ ਤਕੀ ਆਪਣੀ ਕਰਨੀ, ਪ੍ਰਭ ਭਗਤੀ ਵੇਖ ਵਖਾਈਆ । ਜਿਸ ਵਿਚ ਇਕ ਦੀ ਮਿਲੀ ਸਰਨੀ, ਸਰਨਗਤ ਇਕ ਅਖਵਾਈਆ । ਜਿਸ ਦੀ ਇਕੋ ਤੁਕ ਸਭ ਨੇ ਪੜ੍ਹਨੀ, ਆਤਮ ਪਰਮਾਤਮ ਰਾਗ ਗਾਈਆ । ਓਹ ਲੇਖਾ ਜਾਣੇ ਚੋਟੀ ਜੜ੍ਹਨੀ, ਜੜ੍ਹ ਚੇਤਨ ਫੇਲ ਫੁਲਾਈਆ । ਜਿਸ ਦੇ ਹੁਕਮ ਨਾਲ ਸੀਤਾ ਖਾਰੇ ਚੜ੍ਹਨੀ, ਖ਼ਾਲਸ ਆਪਣੀ ਕਾਰ ਭੁਗਤਾਈਆ । ਉਸ ਦਾ ਲੇਖਾ ਕੋਈ ਨਾ ਜਾਣੇ ਹਰਨੀ ਫਰਨੀ, ਰਾਮ ਦਾ ਰਾਮ ਬੇਪਰਵਾਹੀਆ । ਜਿਸ ਦੀ ਧਾਰ ਧਾਰ ਨਾਲ ਲੜਨੀ, ਸਤਿ ਅਸਤਿ ਨਾਲ ਦਏ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਨਕ ਵੇਖੀ ਧਾਰ ਅਨੋਖੀ, ਬਿਨ ਅੱਖਾਂ ਅੱਖ ਉਠਾਈਆ । ਜਿਸ ਨੂੰ ਸਮਝੇ ਕੋਇ ਨਾ ਮਾਤਲੋਕੀ, ਲੋਕ ਲੋਕਾਂਤ ਪੜਦਾ ਨਾ ਕੋਇ ਉਠਾਈਆ । ਜਿਸ ਦੀ ਭੇਟਾ ਹੋ ਨਾ ਸਕਣ ਮਾਣਕ ਮੋਤੀ, ਹੀਰੇ ਲਾਲ ਜਵਾਹਰ ਨਾ ਕੋਇ ਚਤੁਰਾਈਆ । ਜਿਸ ਦੀ ਆਦਿ ਤੋਂ ਜਗਦੀ ਜੋਤੀ, ਅੰਤਮ ਜੋਤ ਰੁਸ਼ਨਾਈਆ । ਜਿਸ ਦੀ ਸਿਫ਼ਤਾਂ ਵਾਲੀ ਸਾਰੇ ਪੜ੍ਹਨ ਪੋਥੀ, ਪੁਸਤਕ ਹੱਥਾਂ ਵਿਚ ਉਠਾਈਆ । ਮੰਜ਼ਲ ਮਿਲੇ ਨਾ ਔਖੀ, ਦਰ ਠਾਂਡਾ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਜਨਕ ਦੇ ਅੰਦਰ ਹੋਇਆ ਇਕ ਇਸ਼ਾਰਾ, ਸਹਿਜ ਸਹਿਜ ਦਰਸਾਈਆ । ਔਹ ਵੇਖ ਖੇਲ ਅਪਾਰਾ, ਅਪਰੰਪਰ ਰਿਹਾ ਦ੍ਰਿੜਾਈਆ । ਜਿਸ ਸੀਤਾ ਦਾ ਰਾਮ ਨਾਲ ਪਿਆਰਾ, ਪਿਆਰ ਮੁਹੱਬਤ ਵਿਚ ਸਮਾਈਆ । ਉਸ ਦਾ ਹੋਣਾ ਅੰਤ ਕਿਨਾਰਾ, ਵਿਛੋੜੇ ਵਿਚ ਕੁਰਲਾਈਆ । ਜੁਗ ਬੀਤਿਆ ਸਾਰਾ, ਮਹਾਂਸਾਰਥੀ ਆਪਣਾ ਰੰਗ ਰੰਗਾਈਆ । ਜਿਸ ਲੇਖਾ ਲਿਖਿਆ ਬਣ ਕੇ ਬਾਲਮੀਕ ਬਟਵਾਰਾ, ਭੇਵ ਅਭੇਦਾ ਦਏ ਜਣਾਈਆ । ਫੇਰ ਛਡਣਾ ਪਏ ਜਗਤ ਸੰਸਾਰਾ, ਨਾਤਾ ਮਾਤ ਤੁੜਾਈਆ । ਉਠ ਵੇਖ ਕਲਜੁਗ ਅੰਧ ਅੰਧਿਆਰਾ, ਚਾਰੋਂ ਕੁੰਟ ਅੰਧੇਰਾ ਛਾਈਆ । ਰਾਮ ਦਾ ਰਾਮ ਕਲ ਕਲਕੀ ਲਏ ਅਵਤਾਰਾ, ਕਲ ਆਪਣੀ ਕਲ ਪਰਗਟਾਈਆ । ਜਿਸ ਨੂੰ ਝੁਕਣੇ ਪੈਗ਼ੰਬਰ ਗੁਰ ਅਵਤਾਰਾ, ਬੈਠਣ ਸੀਸ ਨਿਵਾਈਆ । ਉਸ ਦਾ ਖੇਲ ਹੋਣਾ ਧਰਨੀ ਧਰਤ ਉਤੇ ਅਪਰ ਅਪਾਰਾ, ਅਪਰੰਪਰ ਸਵਾਮੀ ਆਪਣੀ ਕਾਰ ਕਮਾਈਆ । ਸੀਤਾ ਦਾ ਸਤਿ ਦਾ ਬਣਨਾ ਸਹਾਰਾ, ਸੁਰਤ ਸ਼ਬਦ ਨਾਲ ਕੁੜਮਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਕਰੇ ਆਪ ਨਿਰੰਕਾਰਾ, ਭਗਤ ਭਗਤੀ ਵਿਚ ਭਗਵਨ ਮਿਲਣ ਕੋਇ ਨਾ ਪਾਈਆ । ਫੇਰ ਜੋਤ ਦਾ ਦੇ ਚਮਤਕਾਰਾ, ਨੂਰ ਨੁਰਾਨਾ ਦਏ ਦਰਸਾਈਆ । ਜਨਕ ਝਟ ਕੀਤੀ ਨਿਮਸਕਾਰਾ, ਨਿਉਂ ਨਿਉਂ ਲਾਗਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰਾ ਆਦਿ ਅੰਤ ਦਾ ਇਕ ਸਹਾਰਾ, ਦੂਜਾ ਨਜ਼ਰ ਕੋਇ ਨਾ ਆਈਆ ।

## ✪ ੯ ਪੋਹ ਸ਼ਹਿਨਸ਼ਾਹੀ ਸੰਮਤ ੬ ਫੁਮਣ ਸਿੰਘ ਦੇ ਗ੍ਰਿਹ ਪਿੰਡ ਛੰਬ ✪

ਬਾਲਮੀਕ ਨੇ ਮੁਖ ਵਿਚ ਪਾ ਲਈ ਕਾਨੀ, ਕਲਮ ਕਾਲਮ ਲਿਖਣ ਤੋਂ ਲਈ ਬਚਾਈਆ । ਅੰਤਰ ਆਈ ਹੈਰਾਨੀ, ਹੈਰਤ ਵਿਚ ਧਿਆਨ ਲਗਾਈਆ । ਨਿਗਾਹ ਕਰ ਉਪਰ ਅਸਮਾਨੀ, ਨਿਜ ਨੈਣ ਕਰੀ ਰੁਸ਼ਨਾਈਆ । ਤਕੀ ਪਰਮ ਪੁਰਖ ਜੋਤ ਨੁਰਾਨੀ, ਨੂਰ ਨੁਰਾਨਾ ਸੋਭਾ ਪਾਈਆ । ਜਿਸ ਦਾ ਖੇਲ ਅਵਤਾਰ ਜਿਸਮ ਜਿਸਮਾਨੀ, ਤਤਾਂ ਰੰਗ ਰੰਗਾਈਆ । ਸ਼ਬਦ ਦੇ ਧੁਨਕਾਨੀ, ਨਾਦੀ ਨਾਦ ਸੁਣਾਈਆ । ਰਾਮ ਦਾ ਰਾਮ ਦਿਸੇ ਬਾਨੀ, ਬਨਬਾਸੀ ਵੇਖੇ ਚਾਈਂ ਚਾਈਂਆ । ਜਿਸ ਦੀ ਖੇਲ ਦੋ ਜਹਾਨੀ, ਜਨਕ ਸਪੁੱਤਰੀ ਸਮਝ ਕੋਇ ਨਾ ਆਈਆ । ਫੇਰ ਕਰਿਆ ਚਰਨ ਧਿਆਨੀ, ਪ੍ਰਭ ਚਰਨ ਸੀਸ ਝੁਕਾਈਆ । ਮੇਰੀ ਵਿਦਿਆ ਦੀ ਨਹੀਂ ਕੋਈ ਵਿਦਵਾਨੀ, ਵਿਦਤ ਮਾਣ ਨਾ ਕੋਇ ਰਖਾਈਆ । ਪਰਮ ਪੁਰਖ ਕਰ ਮਿਹਰਵਾਨੀ, ਮੇਰਾ ਅੰਤਰ ਮੰਗ ਮੰਗਾਈਆ । ਅਬਿਨਾਸ਼ੀ ਕਰਤੇ ਸੰਦੇਸ਼ਾ ਦਿਤਾ ਬਿਨਾ ਜ਼ਬਾਨੀ, ਫ਼ਰਮਾਨਾ ਧੁਰ ਦਾ ਇਕ ਦ੍ਰਿੜਾਈਆ । ਉਠ ਵੇਖ ਤ੍ਰੇਤਾ ਨਾ ਰਹੇ ਨਿਸ਼ਾਨੀ, ਰਾਮ ਰਾਵਣ ਸੰਗ ਰਲਾਈਆ । ਦੁਆਪਰ ਖੇਲ ਹੋਣਾ ਹੈਰਾਨੀ, ਹੈਰਤ ਵਿਚ ਸਰਬ ਕੁਰਲਾਈਆ । ਕਲਜੁਗ ਅੰਤਮ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਲੇਖਾ ਜਾਣੇ ਜਾਣ ਜਾਣੀ, ਜਾਨਣਹਾਰ ਆਪਣੇ ਹੱਥ ਰੱਖੇ ਵਡਿਆਈਆ । ਜਿਸ ਵੇਲੇ ਦੀਨ ਦੁਨੀ ਵਿਚ ਹੋਈ ਬੇਈਮਾਨੀ, ਬੇਵਾ ਰੂਪ ਹੋਏ ਲੋਕਾਈਆ । ਪਰਗਟ ਹੋਵੇ ਯੋਧਾ ਸੂਰਬੀਰ ਬਲਵਾਨੀ, ਬਲਧਾਰੀ ਇਕ ਅਖਵਾਈਆ । ਜਿਸ ਦਾ ਲੇਖਾ ਜਾਣੇ ਨਾ ਕੋਇ ਗਿਆਨੀ, ਜਗਤ ਵਿਦਿਆ ਸਾਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਰਿਹਾ ਦ੍ਰਿੜਾਈਆ । ਬਾਲਮੀਕ ਕਲਮ ਫੜ ਕੇ ਹੱਥ, ਹੱਥ ਪੇਸ਼ਾਨੀ ਉਤੇ ਟਿਕਾਈਆ । ਬੇਨੰਤੀ ਕਰ ਅੱਗੇ ਪੁਰਖ ਸਮਰਥ, ਸੀਸ ਜਗਦੀਸ ਦਿਤਾ ਝੁਕਾਈਆ । ਤੇਰਾ ਲੇਖਾ ਅਕਥਨਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਮੈਨੂੰ ਅਗਲਾ ਮਾਰਗ ਦੱਸ, ਪੜਦਾ ਦੇ ਚੁਕਾਈਆ । ਅਬਿਨਾਸ਼ੀ ਕਰਤਾ ਪਿਆ ਹੱਸ, ਜੋਤੀ ਧਾਰ ਸ਼ਬਦ ਸ਼ਨਵਾਈਆ । ਉਠ ਬਟਵਾਰੇ ਖੋਲ੍ਹ ਅੱਖ, ਧਾੜਵੀ ਤੈਨੂੰ ਧਾੜਾ ਦਿਆਂ ਵਖਾਈਆ । ਕਲਜੁਗ ਕੂੜ ਕੁੜਿਆਰ ਦਾ ਵੇਖ ਹੱਟ, ਸਤਿ ਧਰਮ ਨਾ ਕੋਇ ਵਿਕਾਈਆ । ਝਗੜਾ ਪਏ ਤੀਰਥ ਤਟ, ਮਾਨਵ ਮਾਨਵ ਨਾਲ ਟਕਰਾਈਆ । ਉਸ ਵੇਲੇ ਹੋਣਾ ਸਾਹਿਬ ਪਰਗਟ, ਪਾਰਬ੍ਰਹਮ ਪ੍ਰਭ ਧੁਰਦਰਗਾਹੀਆ । ਜਿਸ ਰਾਮ ਨੇ ਰਾਮ ਸੀਤਾ ਜਾਣੀ ਛਡ, ਲੋਕਮਾਤ ਨਜ਼ਰ ਕੋਇ ਨਾ ਆਈਆ । ਉਸ ਦਾ ਖੇਲ ਹੋਣਾ ਵਿਚ ਜਗ, ਜਗਜੀਵਣ ਦਾਤਾ ਆਪਣੀ ਕਾਰ ਭੁਗਤਾਈਆ । ਭੇਵ ਖੁਲ੍ਹਾਏ ਉਪਰ ਸ਼ਾਹ ਰਗ, ਹਰਿਜਨ ਸਾਚੇ ਲਏ ਮਿਲਾਈਆ । ਸੀਤਾ ਧਾਰ ਬੰਨ੍ਹਣਾ ਤਗ, ਨਾਮ ਨਿਧਾਨਾ ਗੰਢ ਪਵਾਈਆ । ਖੇਲ ਵੇਖਣਾ ਸੂਰੇ ਸਰਬਗ, ਸਾਹਿਬ ਸਤਿਗੁਰ ਆਪਣਾ ਭੇਵ ਚੁਕਾਈਆ । ਜਿਸ ਵੇਲੇ ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਚ ਜਗਤ ਵਾਸਨਾ ਕੂੜ ਕਾਮਨਾ ਲੱਗਣੀ ਅੱਗ, ਤਮਾਂ ਤ੍ਰਿਸ਼ਨਾ ਨਾ ਕੋਇ ਮਿਟਾਈਆ । ਪ੍ਰਭੂ ਦਾ ਪਿਆਰ ਸਾਰੇ ਜਾਣ ਛਡ, ਸੰਗੀ ਸੰਗ ਨਾ ਕੋਇ ਵਖਾਈਆ । ਗੁਰ ਚੇਲੇ ਹੋਵਣ ਅੱਡ, ਮੁਰੀਦ ਮੁਰਸ਼ਦ ਨਾ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਬਾਲਮੀਕ ਕਲਮ ਨੂੰ ਕੀਤਾ ਪੁੱਠੀ, ਨੇਤਰ ਵੇਖ ਵਖਾਈਆ । ਨਿਗਹ ਮਾਰੀ ਚਾਰੇ ਗੁੱਠੀਂ, ਉੱਤਰ ਪੂਰਬ ਪੱਛਮ ਦੱਖਣ ਖੋਜ ਖੁਜਾਈਆ । ਸ੍ਰਿਸ਼ਟੀ ਸਾਰੀ ਦਿਸਦੀ ਰੁੱਸੀ, ਪ੍ਰਭ ਦਾ ਪਿਆਰ ਨਾ ਕੋਇ ਨਿਭਾਈਆ ।

ਦਿਸ ਦੇ ਪੰਜ ਤਤ ਜੁਸੀ, ਜ਼ਮੀਰ ਸਕੇ ਨਾ ਕੋਇ ਬਦਲਾਈਆ । ਮਨ ਕਲਪਣਾ ਸਭ ਨੂੰ ਰਹੀ ਕੁੱਸੀ, ਜਗਤ ਲਾਲਚ ਨਾ ਕੋਇ ਚੁਕਾਈਆ । ਮੁਹੱਬਤ ਹੱਕ ਰਹੀ ਨਾ ਉਕੀ, ਨਿਸ਼ਾਨਾ ਉਕਿਆ ਥਾਉਂ ਥਾਈਆ । ਪ੍ਰਭ ਨੂੰ ਗਾਉਣਾ ਮੁਸ਼ਕਲ ਹੋ ਜਾਏ ਦੋ ਤੁਕੀ, ਆਤਮ ਪਰਮਾਤਮ ਰਾਗ ਨਾ ਕੋਇ ਅਲਾਈਆ । ਸ੍ਰਿਸ਼ਟੀ ਜਗਤ ਪਿਆਰ ਦੀ ਹੋਵੇ ਭੁੱਖੀ, ਪ੍ਰਭੂ ਪ੍ਰੇਮ ਨਾ ਕੋਇ ਵਖਾਈਆ । ਆਸਾ ਰੱਖੇ ਜਨਮ ਮਰਨ ਦੀ ਕੁੱਖੀ, ਚੁਰਾਸੀ ਪੰਧ ਨਾ ਕੋਇ ਮੁਕਾਈਆ । ਇਹ ਖੇਲ ਰਹੇ ਨਾ ਲੁਕੀ, ਪੁਰਖ ਅਕਾਲਾ ਦਏ ਵਡਿਆਈਆ । ਜਿਸ ਵੇਲੇ ਸਦੀ ਚੌਧਵੀਂ ਅੰਤਮ ਢੁੱਕੀ, ਆਪਣਾ ਪੰਧ ਮੁਕਾਈਆ । ਸੀਤਾ ਰਾਮ ਰਾਮ ਸੀਤਾ ਇਕ ਦੂਜੇ ਦੀ ਕਰਨ ਬੁੱਤੀ, ਬੁਤਖ਼ਾਨਿਆਂ ਵਿਚ ਧਿਆਨ ਲਗਾਈਆ । ਅਬਿਨਾਸ਼ੀ ਕਰਤਾ ਆਪਣੀ ਮਿਹਰ ਨਾਲ ਬੇਸ਼ਕ ਭਗਤਾਂ ਨੂੰ ਆਪਣੀ ਗੋਦ ਲਏ ਚੁੱਕੀ, ਭਗਤੀ ਵਾਂਗ ਭਗਤ ਭਗਵਨ ਮਿਲਣ ਕੋਇ ਨਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਦੁਖੀ, ਦੁਖੀਆਂ ਦਰਦ ਨਾ ਕੋਇ ਗਵਾਈਆ । ਉਸ ਵੇਲੇ ਬਾਲਮੀਕ ਨੇ ਇਕ ਕੂਕ ਮਾਰੀ ਉਚੀ, ਕੂਕ ਕੇ ਦਿਤਾ ਸੁਣਾਈਆ । ਨਿਰਮਾਣਤਾ ਵਿਚ ਇਕ ਗੱਲ ਪੁਛੀ, ਨਿਉਂ ਕੇ ਸੀਸ ਝੁਕਾਈਆ । ਪੁਰਖ ਅਕਾਲ ਦੀਨ ਦਿਆਲ ਮੇਰੇ ਸਾਹਿਬ ਤੁਠੀਂ, ਮਿਹਰ ਨਜ਼ਰ ਉਠਾਈਆ । ਜਿਸ ਵੇਲੇ ਸਚ ਦੀ ਧਾਰ ਜਾਏ ਲੁੱਟੀ, ਕਲਜੁਗ ਲੁਟੇਰਾ ਆਪਣਾ ਬਲ ਵਖਾਈਆ । ਉਸ ਵੇਲੇ ਜਨ ਭਗਤਾਂ ਉਜਲ ਕਰੀਂ ਮੁਖੀ, ਦੁਰਮਤ ਮੈਲ ਆਪ ਧਵਾਈਆ । ਲੋਕਮਾਤ ਮਾਰ ਝਾਤ ਆਪ ਪੁਛੀਂ, ਦੋ ਜਹਾਨਾਂ ਪੰਧ ਮੁਕਾਈਆ । ਸਤਿ ਧਰਮ ਦੀ ਸਾਚੀ ਦੇਵੀਂ ਬੁੱਧੀ, ਸੋਝੀ ਆਪਣੀ ਇਕ ਵਖਾਈਆ । ਤੇਰੀ ਰਮਜ਼ ਰਹੇ ਨਾ ਗੁੱਝੀ, ਪੜਦਾ ਅੰਦਰੋਂ ਦੇਣਾ ਉਠਾਈਆ । ਪ੍ਰੇਮ ਦੀ ਧਾਰ ਰਹੇ ਨਾ ਦੂਜੀ, ਏਕਾ ਰੰਗ ਦੇਣਾ ਰੰਗਾਈਆ । ਪਤਿਤ ਪੁਨੀਤ ਕਰਨੀ ਬੁੱਧੀ, ਕੂੜ ਕੁੜਿਆਰ ਦਾ ਡੇਰਾ ਢਾਹੀਆ । ਲੇਖਾ ਮੁਕਾਉਣਾ ਵਦੀ ਸੁਦੀ, ਮੱਸਿਆ ਅਮਾਵਸ ਵੰਡ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਵੇਲੇ ਕਲਜੁਗ ਦੀ ਔਧ ਪੁੱਗੀ, ਔਧ ਦੇ ਮਾਲਕ ਅੰਤ ਹੋਣਾ ਆਪ ਸਹਾਈਆ ।



### ✪ ੯ ਪੋਹ ਸ਼ਹਿਨਸ਼ਾਹੀ ਸੰਮਤ ੬ ਪਰਤਾਪ ਸਿੰਘ ਦੇ ਘਰ ਪਿੰਡ ਦੜ ਜ਼ਿਲਾ ਜੰਮੂ ✪

ਬਣ ਵਿਚ ਸੀਤਾ ਰਾਮ ਦਾ ਚਰਨ ਝੱਸਿਆ, ਸਹਿਜ ਸਹਿਜ ਨਾਲ ਦਬਾਈਆ । ਰਾਮ ਕਰਵਟ ਵਿਚ ਬਦਲ ਕੇ ਅੱਖਿਆ, ਅੱਖ ਲਈ ਉਠਾਈਆ । ਫੇਰ ਖ਼ੁਸ਼ੀਆਂ ਦੇ ਵਿਚ ਹੱਸਿਆ, ਹੱਸ ਕੇ ਦਿਤਾ ਸੁਣਾਈਆ । ਕਮਲੀਏ ਔਹ ਤਕ ਕਲਜੁਗ ਅੰਧੇਰੀ ਮੱਸਿਆ, ਸਤਿਜੁਗ ਸਾਚਾ ਚੰਦ ਨਾ ਕੋਇ ਚਮਕਾਈਆ । ਹਿਰਦੇ ਹਰਿ ਕਿਸੇ ਨਹੀਂ ਹੋਣਾ ਵਸਿਆ, ਸਗਲਾ ਸੰਗ ਨਾ ਕੋਇ ਬਣਾਈਆ । ਜਗਤ ਦਵਾਰਾ ਹੋਣਾ ਢੱਠਿਆ, ਗੜ੍ਹ ਬੰਕ ਨਾ ਕੋਇ ਸੁਹਾਈਆ । ਅੱਗ ਲੱਗੇ ਤਤ ਅੱਠਿਆ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਕੁਰਲਾਈਆ । ਪਿਤਾ ਪੁਤ ਦੀ ਕਰੇ ਹੱਤਿਆ, ਨਾਰ ਕੰਤ ਵਿਛੋੜਾ ਦਿਸੇ ਥਾਈਂ ਥਾਈਆ । ਧਰਮ ਚਲਾਵੇ ਕੋਈ ਨਾ ਹੱਟਿਆ, ਵਣਜਾਰਾ ਵਣਜ ਨਾ ਕੋਇ ਬਣਾਈਆ । ਭਾਗ ਲੱਗੇ ਨਾ ਕਿਸੇ ਕਾਇਆ ਮੱਟਿਆ, ਤ੍ਰੈਗੁਣ ਅਗਨੀ ਸਰਬ ਜਲਾਈਆ । ਫਿਰ ਹੱਥ ਮਾਰ ਉਪਰ ਪੱਟਿਆ, ਪਟਨੇ ਵਾਲਾ ਵੇਖ ਵਖਾਈਆ । ਜਿਸ

ਦਾ ਲੇਖਾ ਹੋਣਾ ਨਾਲ ਪੁਰਖ ਸਮਰਥਿਆ, ਪਾਰਬ੍ਰਹਮ ਬ੍ਰਹਮ ਮਿਲ ਕੇ ਵੱਜੇ ਵਧਾਈਆ । ਫੇਰ ਰਾਮ ਨੇ ਆਪਣਾ ਪਾਸਾ ਵੱਟਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਵਖਾਈਆ । ਰਾਮ ਕਿਹਾ ਸੀਤਾ ਆਪਣਾ ਨੇਤਰ ਖੋਲ੍ਹ, ਸੁਰਤੀ ਰਾਮ ਵਿਚ ਸਮਾਈਆ । ਪ੍ਰੇਮ ਕੰਡੇ ਤਰਾਜ਼ੂ ਤੋਲ, ਜਗਤ ਲੇਖਾ ਸਹਿਜ ਸੁਭਾਈਆ । ਉਠ ਵੇਖ ਕਲਜੁਗ ਵੱਜਦਾ ਢੋਲ, ਡੌਰੂ ਡੰਕਾ ਰਿਹਾ ਸੁਣਾਈਆ । ਸਚ ਵਸਤ ਰਹੇ ਕਿਸੇ ਨਾ ਕੋਲ, ਖ਼ਾਲੀ ਬੰਕ ਦਵਾਰੇ ਦਿਸਣ ਥਾਈਂ ਥਾਈਆ । ਆਤਮ ਪਰਮਾਤਮ ਪਰਮਾਤਮ ਆਤਮ ਕਰੇ ਕੋਇ ਨਾ ਚੋਹਲ, ਸੀਤਾ ਸੁਰਤ ਧੁਰ ਦੇ ਰਾਮ ਨਾ ਕੋਇ ਮਿਲਾਈਆ । ਅਨਬੋਲਤ ਸੁਣੇ ਕੋਇ ਨਾ ਬੋਲ, ਅਨਰਾਗੀ ਰਾਗ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸੀਤਾ ਕਹੇ ਮੇਰੇ ਧੁਰ ਦੇ ਰਾਮ, ਰਾਮ ਰਾਮ ਦੇ ਜਣਾਈਆ । ਕੀ ਇਹ ਖੇਲ ਹੋਣਾ ਤਮਾਮ, ਤਮਾਂ ਵਿਚ ਹੋਵੇ ਜਗਤ ਲੋਕਾਈਆ । ਰਾਮ ਨੇ ਕਿਹਾ ਇਹ ਖੇਲ ਸ੍ਰੀ ਭਗਵਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਕੂੜ ਕਲਪਨਾ ਵਿਚ ਜਹਾਨ, ਜਹਾਲਤ ਭਰੀ ਹੋਵੇ ਲੋਕਾਈਆ । ਉਸ ਵੇਲੇ ਪੈਗ਼ੰਬਰਾਂ ਦਾ ਹੋਣਾ ਇਸਲਾਮ, ਸਮਾਂ ਸਮੇਂ ਵਿਚੋਂ ਬਦਲਾਈਆ । ਸ਼ਰਅ ਦੀ ਚਲੇ ਕਲਾਮ, ਰਾਮ ਨਾਮ ਨਾ ਕੋਇ ਵਡਿਆਈਆ । ਮੰਤਰ ਹੋਰ ਹੋਣਾ ਸਤਿਨਾਮ, ਫ਼ਤਹਿ ਡੰਕਾ ਇਕ ਸ਼ਨਵਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਣੀ ਹੈਰਾਨ, ਹੈਰਤ ਵਿਚ ਸਰਬ ਕੁਰਲਾਈਆ । ਮਜ਼੍ਹਬਾਂ ਦਾ ਬਣਨਾ ਸਰਬ ਗ਼ੁਲਾਮ, ਸ਼ਰਅ ਜ਼ੰਜੀਰ ਨਾ ਕੋਇ ਤੁੜਾਈਆ । ਪਤਿਪਰਮੇਸ਼ਵਰ ਹੋਣਾ ਬਦਨਾਮ, ਬਦੀ ਦਾ ਪੰਧ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਸੀਤਾ ਹੱਥ ਰੱਖਿਆ ਉਪਰ ਠੋਡੀ, ਉਂਗਲੀ ਨਾਲ ਦਬਾਈਆ । ਰਾਮ ਦੇ ਚਰਨ ਛੋਹੇ ਮਸਤਕ ਲਾਇਆ ਨਾਲ ਗੋਡੀ, ਨੇਤਰ ਨੀਰ ਵਹਾਈਆ । ਮੈਨੂੰ ਨਜ਼ਰ ਆਉਂਦਾ ਕਲਜੁਗ ਅੰਤ ਖੇਲ ਹੋਣਾ ਵੇਦੀ ਸੋਢੀ, ਸੋਢ ਬੰਸ ਮਿਲੇ ਵਡਿਆਈਆ । ਝਗੜਾ ਮੇਟਣਾ ਜੰਞੂ ਬੋਦੀ, ਰੂਪ ਅਨੂਪ ਲਏ ਬਦਲਾਈਆ । ਜਿਸ ਨੇ ਸ੍ਰਿਸ਼ਟੀ ਦ੍ਰਿਸ਼ਟੀ ਦੇਣੀ ਸੋਧੀ, ਸ਼ੁਧ ਆਪਣਾ ਆਪ ਵਖਾਈਆ । ਉਹ ਪਰਮ ਪੁਰਖ ਦਾ ਹੋਣਾ ਜੋਗੀ, ਜੁਗੀਸ਼ਰ ਧੁਰਦਰਗਾਹੀਆ । ਜਿਸ ਹਉਮੇ ਮੇਟਣਾ ਰੋਗੀ, ਮਮਤਾ ਮੋਹ ਦਏ ਮੁਕਾਈਆ । ਉਹਦਾ ਇਕੋ ਸ਼ਬਦ ਹੋਣਾ ਸਲੋਕੀ, ਤੂੰ ਮੇਰਾ ਮੈਂ ਤੇਰਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਆਪ ਬਦਲਾਈਆ । ਸੀਤਾ ਕਹੇ ਮੇਰਾ ਅੰਦਰੋਂ ਖੁਲ੍ਹਿਆ ਪੜਦਾ, ਰਾਮ ਰਾਮ ਦਿਆਂ ਜਣਾਈਆ । ਖੇਲ ਵੇਖਿਆ ਲਹਿੰਦਾ ਚੜ੍ਹਦਾ, ਪਹਾੜ ਦੱਖਣ ਫੇਲ ਫੁਲਾਈਆ । ਮੈਂ ਇਕੋ ਨੂਰ ਤੱਕਿਆ ਨਰਾਇਣ ਨਰ ਦਾ, ਦੂਜਾ ਨਜ਼ਰ ਕੋਇ ਨਾ ਆਈਆ । ਜੋ ਮਾਲਕ ਨਿਹਚਲ ਧਾਮ ਅਟੱਲ ਦਾ, ਸਚਖੰਡ ਸਾਚੇ ਸੋਭਾ ਪਾਈਆ । ਜਿਸ ਦਾ ਦੀਪਕ ਜੋਤੀ ਬਲਦਾ, ਦੋ ਜਹਾਨਾਂ ਕਰੇ ਰੁਸ਼ਨਾਈਆ । ਉਸ ਝਗੜਾ ਮੁਕਾਉਣਾ ਕਲਜੁਗ ਕਲ ਦਾ, ਕਲ ਕਲਕੀ ਵੇਸ ਵਟਾਈਆ । ਉਹ ਮਾਲਕ ਜਲ ਥਲ ਦਾ, ਮਹੀਅਲ ਰਿਹਾ ਸਮਾਈਆ । ਜੋ ਲੇਖਾ ਜਾਣੇ ਘੜੀ ਪਲ ਦਾ, ਜੁਗ ਚੌਕੜੀ ਆਪਣੇ ਵਿਚ ਟਿਕਾਈਆ । ਆਤਮ ਪਰਮਾਤਮ ਧਾਰ ਹੋ ਕੇ ਰਲਦਾ, ਨੂਰ ਨੁਰਾਨਾ ਡਗਮਗਾਈਆ । ਉਸ ਦਾ ਵੇਸ ਅਵੱਲੜਾ ਦਿਸੇ ਅਛਲ ਅਛੱਲ ਦਾ, ਵਲਛਲ ਧਾਰੀ ਆਪਣਾ ਹੁਕਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਸੀਤਾ ਕਹੇ ਮੈਨੂੰ ਹੁੰਦਾ ਜਾਏ ਇਸ਼ਾਰਾ, ਰਾਮ ਰਾਮ ਮੇਰੀ ਦੁਹਾਈਆ । ਕਲਜੁਗ ਅੰਤਮ ਦਿਸੇ ਕਿਨਾਰਾ, ਸਤਿਜੁਗ ਸਚ ਚੰਦ ਰੁਸ਼ਨਾਈਆ । ਇਕੋ ਨੂਰ ਨੂਰ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਸੰਬਲ ਬੈਠਾ ਧਾਮ ਨਿਆਰਾ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਜਿਸ ਦਾ ਸ਼ਬਦ ਸ਼ਬਦ ਦੁਲਾਰਾ, ਸੂਰਬੀਰ ਇਕ ਅਖਵਾਈਆ । ਉਹ ਮੇਟੇ ਧੂੰਆਂਧਾਰਾ, ਨੂਰੀ ਚੰਦ ਇਕ ਚਮਕਾਈਆ । ਜਿਸ ਦਾ ਲੇਖਾ ਕਾਗਤ ਕਲਮ ਨਾ ਲਿਖਣਹਾਰਾ, ਸ਼ਾਸਤਰ ਦੇਵੇ ਨਾ ਕੋਇ ਗਵਾਹੀਆ । ਉਹ ਸਭ ਦਾ ਸਾਂਝਾ ਮੀਤ ਮੁਰਾਰਾ, ਪਰਵਰਦਿਗਾਰ ਨੂਰ ਖ਼ੁਦਾਈਆ । ਜਿਸ ਨੇ ਲੇਖਾ ਚੁਕਾਉਣਾ ਕਾਇਆ ਸਾਢੇ ਤਿੰਨ ਹੱਥ ਮੁਨਾਰਾ, ਗ੍ਰਿਹ ਮੰਦਰ ਆਪ ਸੁਹਾਈਆ । ਦੀਨ ਮਜ਼੍ਹਬ ਦਾ ਝਗੜਾ ਮੇਟਣਾ ਵਿਚ ਸੰਸਾਰਾ, ਸਿਰ ਸਕੇ ਨਾ ਕੋਇ ਉਠਾਈਆ । ਮੇਰੀ ਚਰਨ ਕਵਲ ਨਿਮਸਕਾਰਾ, ਰਾਮ ਰਾਮਾ ਸੀਸ ਝੁਕਾਈਆ । ਚਰਨ ਧੂੜ ਲਾਵਾਂ ਛਾਰਾ, ਟਿੱਕਾ ਖ਼ਾਕ ਰਮਾਈਆ । ਜਿਸ ਦਾ ਆਤਮ ਪਰਮਾਤਮ ਪਰਮਾਤਮ ਆਤਮ ਧਰਮ ਦੀ ਧਾਰ ਹੋਣਾ ਨਾਅਰਾ, ਨਰ ਨਰਾਇਣ ਆਪਣਾ ਡੰਕ ਵਜਾਈਆ । ਸੋ ਪਾਰਬ੍ਰਹਮ ਪਤਿਪਰਮੇਸ਼ਵਰ ਵੇਖੇ ਵਿਗਸੇ ਵੇਖਣਹਾਰਾ, ਹਰਿ ਕਰਤਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਨਿਤ ਨਵਿਤ ਲਏ ਅਵਤਾਰਾ, ਅਵਤਰੀ ਆਪਣਾ ਹੁਕਮ ਹੁਕਮ ਵਿਚ ਵਰਤਾਈਆ ।



## ੧੦ ਪੋਹ ਸ਼ਹਿਨਸ਼ਾਹੀ ਸੰਮਤ ੬ ਈਸ਼ਰ ਸਿੰਘ ਦੇ ਘਰ ਪਿੰਡ ਦੜ ਜ਼ਿਲਾ ਜੰਮੂ

ਰਾਮ ਕਿਹਾ ਸੀਤਾ ਆਹ ਤਕ ਲੈ ਕਲਜੁਗ ਕਲ, ਕਲਕਾਤੀ ਨਜ਼ਰੀ ਆਈਆ । ਚਾਰ ਕੁੰਟ ਦਹਿ ਦਿਸ਼ਾ ਮਨ ਕਲਪਣਾ ਵਧਣਾ ਛਲ, ਅਛਲ ਛਲਧਾਰੀ ਆਪਣਾ ਹੁਕਮ ਵਰਤਾਈਆ । ਪਵਿੱਤਰ ਰਹੇ ਨਾ ਤੀਰਥ ਅਠਸਠ ਜਲ, ਅੰਮ੍ਰਿਤ ਸਰੋਵਰ ਰਸ ਨਾ ਕੋਇ ਵਖਾਈਆ । ਫਿਰੇ ਦੁਹਾਈ ਜੰਗਲ ਜੂਹ ਉਜਾੜ ਪਹਾੜ ਮਹੀਅਲ ਥਲ, ਅਸਗਾਹ ਦੇਣ ਦੁਹਾਈਆ । ਦੂਈ ਦਵੈਤੀ ਸ਼ਰਅ ਸ਼ਰੀਅਤ ਸਭ ਨੂੰ ਲੱਗਣਾ ਸੱਲ, ਹਉਮੇ ਰੋਗ ਨਾ ਕੋਇ ਮਿਟਾਈਆ । ਆਤਮ ਪਰਮਾਤਮ ਪਰਮਾਤਮ ਆਤਮ ਨਿਰਗੁਣ ਨਿਰਗੁਣ ਸਕੇ ਕੋਈ ਨਾ ਰਲ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਸਤਿ ਧਰਮ ਦਾ ਰਹੇ ਕੋਈ ਨਾ ਬਲ, ਬਲਹੀਣ ਹੋਈ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਅਗੰਮ ਅਥਾਹੀਆ । ਰਾਮ ਕਿਹਾ ਉਠ ਵੇਖ ਮਾਰ ਧਿਆਨ, ਬਿਨ ਅੱਖਾਂ ਅੱਖ ਉਠਾਈਆ । ਵੇਖ ਖੇਲ ਸ੍ਰੀ ਭਗਵਾਨ, ਨਰ ਹਰਿ ਨਰਾਇਣ ਆਪ ਜਣਾਈਆ । ਜਿਸ ਦਾ ਜੋਧਾ ਸੂਰਬੀਰ ਸੁਤ ਦੁਲਾਰਾ ਨੌਜਵਾਨ, ਗੋਬਿੰਦ ਸੂਰਾ ਸੋਭਾ ਪਾਈਆ । ਜਿਸ ਨੇ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦੇਣਾ ਇਕ ਗਿਆਨ, ਜ਼ਾਤ ਪਾਤ ਦੀਨ ਮਜ਼੍ਹਬ ਦਾ ਡੇਰਾ ਢਾਹੀਆ । ਅੰਮ੍ਰਿਤ ਰਸ ਦੱਸਣਾ ਪੀਣ ਖਾਣ, ਦੁਰਮਤ ਮੈਲ ਕਰੇ ਸਫ਼ਾਈਆ । ਤਰਕਸ਼ ਤੀਰ ਖੜਗ ਖੰਡਾ ਕਿਰਪਾਨ, ਸ਼ਸਤਰਧਾਰੀ ਨਜ਼ਰੀ ਆਈਆ । ਜਿਸ ਦਾ ਲੇਖਾ ਲਹਿਣਾ ਵਿਚ ਜਹਾਨ, ਜਹਾਲਤ ਕੂੜੀ ਦਏ ਮਿਟਾਈਆ । ਨੌ ਖੰਡ ਪ੍ਰਿਥਮੀ ਮਾਰੇ ਧਿਆਨ, ਸੱਤਾਂ ਦੀਪਾਂ ਅੱਖ ਖੁਲ੍ਹਾਈਆ । ਕਲਜੁਗ ਮੇਟੇ ਕੂੜ ਨਿਸ਼ਾਨ, ਧਰਨੀ ਧਰਤ ਧਵਲ

ਧੌਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਸੀਤਾ ਕਿਹਾ ਰਾਮ ਕਵਣ ਹੋਵੇ ਗੋਬਿੰਦ ਸੂਰਾ, ਸੂਰਬੀਰ ਦੇ ਦ੍ਰਿੜਾਈਆ । ਰਾਮ ਕਿਹਾ ਪੁਰਖ ਅਕਾਲ ਦਾ ਜੋਤੀ ਨੂਰਾ, ਨੂਰ ਨੁਰਾਨਾ ਡਗਮਗਾਈਆ । ਸਤਿ ਧਰਮ ਵਿਚ ਹੋਵੇ ਪੂਰਾ, ਪੂਰਨ ਬ੍ਰਹਮ ਦਏ ਸਮਝਾਈਆ । ਕਲਜੁਗ ਕੂੜੀ ਕਿਰਿਆ ਹੂੰਝੇ ਕੂੜਾ, ਸਤਿ ਸਚ ਦਾ ਮਾਰਗ ਇਕ ਪਰਗਟਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹਾ, ਅੰਮ੍ਰਿਤ ਜਾਮ ਪਿਆਲਾ ਹੱਥ ਉਠਾਈਆ । ਕੋੜਿਆਂ ਕਮਲਿਆਂ ਰੰਗ ਚਾੜ੍ਹੇ ਗੂੜ੍ਹਾ, ਦੋ ਜਹਾਨਾਂ ਨਜ਼ਰ ਕਦੇ ਨਾ ਆਈਆ । ਚਰਨ ਕਵਲ ਬਖ਼ਸ਼ੇ ਧੂੜਾ, ਮਸਤਕ ਟਿੱਕੇ ਖ਼ਾਕ ਰਮਾਈਆ । ਪੰਧ ਮੁਕਾ ਕੇ ਨੇੜ ਦੂਰਾ, ਘਰ ਇਕੋ ਇਕ ਸੁਹਾਈਆ । ਸ਼ਬਦ ਅਨਾਦੀ ਦੇ ਕੇ ਤੂਰਾ, ਤੁਰੀਆ ਤੋਂ ਪਰੇ ਪਰਦਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਖੇਲ ਖਿਲਾਈਆ । ਸੀਤਾ ਕਿਹਾ ਰਾਮ ਗੋਬਿੰਦ ਹੋਵੇ ਕੌਣ, ਪ੍ਰਭੂ ਭੇਵ ਦੇ ਜਣਾਈਆ । ਰਾਮ ਕਿਹਾ ਜਿਸ ਦੀ ਸੇਵਾ ਕਰੇ ਪਾਣੀ ਪੌਣ, ਧਰਨੀ ਧਰਤ ਸੀਸ ਨਿਵਾਈਆ । ਜਿਸ ਨੇ ਕਲਜੁਗ ਹੰਕਾਰੀ ਮਾਰਨਾ ਰੌਣ, ਰਾਹ ਧੁਰ ਦਾ ਇਕ ਵਖਾਈਆ । ਮਾਇਆ ਧਾਰੀਆਂ ਭੰਨੇ ਧੌਣ, ਕੂੜੀ ਮੇਟੇ ਸ਼ਹਿਨਸ਼ਾਹੀਆ । ਗੁਰਮੁਖਾਂ ਅੰਮ੍ਰਿਤ ਬਰਸੇ ਮੇਘ ਸਾਉਣ, ਅਗਨੀ ਅੰਦਰੋਂ ਤਤ ਗਵਾਈਆ । ਚਾਰ ਵਰਨ ਏਕਾ ਘਰ ਆਏ ਵਸਾਉਣ, ਅਠਾਰਾਂ ਬਰਨ ਦਾ ਡੇਰਾ ਢਾਹੀਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਦੱਸੇ ਗਾਉਣ, ਵਾਹਵਾ ਸਤਿਗੁਰ ਤੇਰੀ ਬੇਪਰਵਾਹੀਆ । ਸਦੀ ਚੌਧਵੀਂ ਅੰਤ ਆਏ ਮੁਕਾਉਣ, ਮੁਕੰਮਲ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਸੀਤਾ ਅੰਤਰ ਆਈ ਹੈਰਾਨੀ, ਨੈਣ ਮੀਟ ਧਿਆਨ ਲਗਾਈਆ । ਹੱਥ ਰੱਖਿਆ ਉਤੇ ਪੇਸ਼ਾਨੀ, ਮਸਤਕ ਲਿਆ ਦਬਾਈਆ । ਰਾਮ ਕਿਹਾ ਔਹ ਵੇਖ ਖੇਲ ਮਹਾਨੀ, ਹਰਿ ਕਰਤਾ ਆਪ ਕਰਾਈਆ । ਗੋਬਿੰਦ ਸੂਰਾ ਮਰਦ ਮਰਦਾਨੀ, ਜੋਧਾ ਇਕ ਅਖਵਾਈਆ । ਜਿਸ ਦੀ ਸੱਧਰਾਂ ਭਰੀ ਜਵਾਨੀ, ਬੁਢੇਪਾ ਰੰਗ ਨਾ ਕੋਇ ਰੰਗਾਈਆ । ਜਿਸ ਦਾ ਸ਼ਬਦ ਤੀਰ ਕਾਨੀ, ਕਲਮਿਆਂ ਦਾ ਲਹਿਣਾ ਦਏ ਮੁਕਾਈਆ । ਕੂੜ ਕਿਰਿਆ ਮੇਟੇ ਬੇਈਮਾਨੀ, ਮਾਇਆ ਮਮਤਾ ਮੋਹ ਦਏ ਗਵਾਈਆ । ਪ੍ਰਭ ਮਿਲਣ ਦੀ ਮੰਜ਼ਲ ਦੱਸੇ ਆਸਾਨੀ, ਭੇਵ ਅਭੇਦਾ ਆਪ ਖੁਲ੍ਹਾਈਆ । ਸਤਿ ਸਰੂਪ ਰਖਾਏ ਜਗਤ ਜਿਸਮਾਨੀ, ਰੋਮ ਰੋਮ ਨਾ ਕੋਇ ਕਟਾਈਆ । ਰਹਿਬਰ ਹੋ ਕੇ ਮੰਜ਼ਲ ਦੱਸੇ ਇਕ ਰੁਹਾਨੀ, ਰੂਹ ਬੁਤ ਕਰੇ ਸਫ਼ਾਈਆ । ਇਕੋ ਕਲਮਾ ਨਾਮ ਕਲਾਮੀ, ਕਾਇਨਾਤ ਕਰੇ ਪੜ੍ਹਾਈਆ । ਮੇਲ ਮਿਲਾਏ ਪੁਰਖ ਅਨਾਮੀ, ਮੇਲਾ ਹੋਵੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਨੂਰ ਅਲਾਹੀਆ । ਸੀਤਾ ਨੇਤਰ ਨੈਣ ਖੋਲ੍ਹਿਆ, ਜ਼ਿਮੀਂ ਅਸਮਾਨ ਧਿਆਨ ਲਗਾਈਆ । ਰਾਮ ਖ਼ੁਸ਼ੀਆਂ ਦੇ ਵਿਚ ਬੋਲਿਆ, ਸਹਿਜ ਨਾਲ ਦ੍ਰਿੜਾਈਆ । ਉਹ ਵੇਖ ਗੋਬਿੰਦ ਦੋ ਜਹਾਨ ਵਿਚੋਲਿਆ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਪੜਦਾ ਰਿਹਾ ਉਠਾਈਆ । ਜਿਸ ਨੇ ਪੁਰਖ ਅਕਾਲ ਦਾ ਕੰਡਾ ਤੋਲਿਆ, ਤਰਾਜ਼ੂ ਧਰਮ ਦਾ ਹੱਥ ਉਠਾਈਆ । ਉਹਦਾ ਫ਼ਰਕੇ ਖੱਬਾ ਸੱਜਾ ਡੌਲਿਆ, ਬਾਹੂ ਬਲ ਇਕ ਜਣਾਈਆ । ਜਿਸ ਨੇ ਕਲਜੁਗ ਕੂੜੀ ਕਿਰਿਆ ਮੇਟਣਾ ਰੌਲਿਆ, ਹਉਮੇ ਹੰਗਤਾ ਦਏ ਮਿਟਾਈਆ । ਸਚ ਦਵਾਰ ਏਕੰਕਾਰ ਸਾਚਾ ਦੇਣਾ ਖੋਲ੍ਹਿਆ, ਖ਼ਾਲਕ

ਖ਼ਲਕ ਦਏ ਸਮਝਾਈਆ । ਉਸ ਨੇ ਲਹਿਣਾ ਦੇਣਾ ਪੂਰਾ ਕਰਨਾ ਕਾਹਨਾ ਕ੍ਰਿਸ਼ਨ ਕਲਾ ਸੋਲਿਆ, ਅਨਕ ਕਲਧਾਰੀ ਪ੍ਰਭ ਆਪਣੇ ਨਾਲ ਮਿਲਾਈਆ । ਜਿਸ ਦਾ ਬਸਤਰ ਸੋਹਵੇ ਚੋਲਿਆ, ਚੋਲੀ ਤਨ ਮਿਲੇ ਵਡਿਆਈਆ । ਉਸ ਨੇ ਅੰਮ੍ਰਿਤ ਉਠ ਤਕ ਲੈ ਸੀਤਾ ਜਨ ਗੁਰਮੁਖਾਂ ਅੰਦਰ ਡੋਲ੍ਹਿਆ, ਨਿਝਰ ਝਿਰਨਾ ਦਿਤਾ ਝਿਰਾਈਆ । ਸਦ ਵਸੇ ਅੰਤਰ ਆਤਮ ਕੋਲਿਆ, ਹਰਿ ਮੰਦਰ ਸਾਢੇ ਤਿੰਨ ਹੱਥ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਲੱਖ ਚੁਰਾਸੀ ਘਟ ਘਟ ਅੰਤਰ ਨਿਰੰਤਰ ਹੋ ਕੇ ਮੌਲਿਆ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਰੰਗ ਰੰਗਾਈਆ ।

✪ ੧੦ ਪੋਹ ਸ਼ਹਿਨਸ਼ਾਹੀ ਸੰਮਤ ੬ ਪ੍ਰਕਾਸ਼ ਸਿੰਘ ਦੇ ਗ੍ਰਿਹਿ ਪਿੰਡ ਦੜ ਜ਼ਿਲਾ ਜੰਮੂ ✪

ਰਾਮ ਕਿਹਾ ਸੀਤਾ ਔਹ ਵੇਖ ਮੈਨੂੰ ਸ਼ਬਦ ਗੋਬਿੰਦ ਰਿਹਾ ਦਿਖ, ਦੀਖਿਆ ਵਿਚ ਜਣਾਈਆ । ਜੋ ਸਭ ਦਾ ਲੇਖਾ ਰਿਹਾ ਲਿਖ, ਚਾਰ ਜੁਗ ਦਾ ਪੰਧ ਮੁਕਾਈਆ । ਚਾਰ ਵਰਨ ਜਿਸ ਦਾ ਹੋਣਾ ਸਿੱਖ, ਸਿੱਖੀ ਸਿਖਿਆ ਇਕ ਸਮਝਾਈਆ । ਸਭ ਦਾ ਪੂਰਾ ਕਰੇ ਭਵਿਖ, ਭਵਿਖਤ ਆਪਣੇ ਨਾਲ ਮਿਲਾਈਆ । ਉਸ ਨੇ ਇਸ਼ਟ ਬਣਾਉਣਾ ਇਕ, ਏਕੰਕਾਰ ਦੇਣਾ ਦ੍ਰਿੜਾਈਆ । ਜਨ ਭਗਤਾਂ ਅੰਦਰ ਜਾਣਾ ਟਿਕ, ਗ੍ਰਿਹਿ ਮੰਦਰ ਸੋਭਾ ਪਾਈਆ । ਗੁਰਮੁਖਾਂ ਰਹਿਣਾ ਵਿਚ, ਵਿਚਲਾ ਭੇਵ ਖੁਲ੍ਹਾਈਆ । ਜਿਧਰ ਵੇਖਣ ਉਧਰ ਪਏ ਦਿਸ, ਚਾਰੋਂ ਕੁੰਟ ਨਜ਼ਰੀ ਆਈਆ । ਮਨ ਕਲਪਣਾ ਮੇਟਣੀ ਵਿਸ, ਵਿਸ਼ੇ ਵਿਕਾਰਾਂ ਪੰਧ ਚੁਕਾਈਆ । ਸਤਿਜੁਗ ਦਾ ਸਾਚਾ ਝੋਲੀ ਪਾਉਣਾ ਹਿਸ, ਹਿੱਸਾ ਆਪਣਾ ਨਾਮ ਸਮਝਾਈਆ । ਮੈਂ ਹੈਰਾਨ ਹੋਇਆ ਪਤਾ ਨਹੀਂ ਲਹਿਣਾ ਕਿਸ ਕਿਸ, ਅਵਤਾਰ ਪੈਗ਼ੰਬਰ ਗੁਰ ਸਾਰੇ ਯਾਚਕ ਨਜ਼ਰੀ ਆਈਆ । ਉਸ ਝਗੜਾ ਮਿਟਾਉਣਾ ਪੱਥਰ ਇੱਟ, ਪਾਹਨ ਸੀਸ ਨਾ ਕੋਇ ਨਿਵਾਈਆ । ਅੰਮ੍ਰਿਤ ਬੂੰਦ ਬਖ਼ਸ਼ਣੀ ਨਿਝਰ ਧਾਰਾ ਛਿੱਟ, ਸਵਾਂਤੀ ਆਪਣਾ ਨਾਮ ਟਪਕਾਈਆ । ਵਿਖ ਰਹਿਣ ਨਾ ਦੇਵੇ ਵਿਚ, ਖਿਟ ਪਤਿਤ ਪੁਨੀਤ ਦਏ ਬਣਾਈਆ । ਜਿਸ ਨੂੰ ਲੱਭਦੇ ਕੋਟਨ ਕੋਟੀ ਕੇਤੇ ਕਿਤ, ਭੱਜਣ ਵਾਹੋ ਦਾਹੀਆ । ਉਹ ਜਨ ਭਗਤਾਂ ਦਰਸਨ ਦੇਵੇ ਨਿਤ, ਨਿਜ ਨੇਤਰ ਆਪਣਾ ਪੜਦਾ ਲਾਹੀਆ । ਅਬਿਨਾਸ਼ੀ ਹੋ ਕੇ ਵਸੇ ਚਿਤ, ਠਗੌਰੀ ਚਿਤ ਰਹੇ ਨਾ ਰਾਈਆ । ਆਤਮ ਪਰਮਾਤਮ ਬਣੇ ਮਿਤ, ਮਿੱਤਰ ਪਿਆਰਾ ਇਕ ਅਖਵਾਈਆ । ਅਗਲਾ ਹੁਕਮ ਖੇਲ ਉਹਦਾ ਅਨਡਿਠ, ਅੰਤ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਆਪਣੇ ਹੱਥ ਰਖਾਈਆ । ਸੀਤਾ ਕਿਹਾ ਰਾਮ ਉਹ ਸਮਾਂ ਕਿਸ ਬਿਧ ਵੇਖਾਂ, ਬਿਧੀ ਦੇ ਦ੍ਰਿੜਾਈਆ । ਜਗਤ ਨਾ ਰਹੇ ਭੁਲੇਖਾ, ਭਾਂਡਾ ਭਰਮ ਭੰਨਾਈਆ । ਰਾਮ ਨੇ ਹੱਥ ਰੱਖਿਆ ਆਪਣੇ ਉਪਰ ਕੇਸਾ, ਕੇਸ ਖੋਲ੍ਹ ਕੇ ਦਿਤੇ ਵਖਾਈਆ । ਪਹਿਲੋਂ ਰੂਪ ਧਰਨਾ ਦਸ ਦਸਮੇਸਾ, ਫੇਰ ਸ਼ਬਦੀ ਡੰਕ ਵਜਾਈਆ । ਜੋ ਆਦਿ ਜੁਗਾਦਿ ਰਹੇ ਹਮੇਸ਼ਾ, ਸੋ ਗੋਬਿੰਦ ਆਪਣੀ ਕਾਰ ਭੁਗਤਾਈਆ । ਸਰਗੁਣ ਧਾਰ ਬੱਚੇ ਕਰਨੇ ਭੇਟਾ, ਨਿਰਗੁਣ ਆਪਣਾ ਰੰਗ ਰੰਗਾਈਆ । ਦੀਨ ਮਜ਼੍ਹਬ ਦਾ ਅੰਤ ਪੂਰਾ ਕਰਨਾ ਠੇਕਾ, ਸਦੀ ਚੌਧਵੀਂ ਦਏ ਗਵਾਹੀਆ । ਤੂੰ ਯਾਦ ਰੱਖੀਂ ਕਰ ਲੈ ਚੇਤਾ, ਚੇਤਨ ਹੋ ਕੇ ਰਿਹਾ ਸੁਣਾਈਆ । ਪੁਰਖ ਅਕਾਲ ਹੋਣਾ ਇਕੋ ਨੇਤਾ,


੬੫੦ ੨੨

ਨਿਜ ਨੇਤਰ ਭਗਤਾਂ ਦਏ ਖੁਲ੍ਹਾਈਆ । ਝਗੜਾ ਮੁਕਾਏ ਮੁੱਲਾ ਸ਼ੇਖ਼ਾਂ, ਸ਼ਰਅ ਸ਼ਰੀਅਤ ਅੰਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਲਹਿਣਾ ਦਏ ਦ੍ਰਿੜਾਈਆ । ਰਾਮ ਕਿਹਾ ਸੀਤਾ ਸਵਾਧਾਨ ਕਰ ਲੈ ਸੁਰਤੀ, ਧੁਰ ਦਾ ਸ਼ਬਦ ਦਿਆਂ ਜਣਾਈਆ । ਤੂੰ ਵੀ ਹੋਣਾ ਉਸ ਵੇਲੇ ਫਿਰਦੀ ਤੁਰਦੀ, ਤਤਾਂ ਵਾਲਾ ਸਰੀਰ ਹੰਢਾਈਆ । ਤੇਰੀ ਸਾਰ ਪਾਵੇ ਜੋ ਧਾਰ ਵਾਸੀ ਅਨੰਦ ਪੁਰ ਦੀ, ਪੁਰੀਆਂ ਲੋਆਂ ਤੋਂ ਬਾਹਰ ਆਪਣਾ ਖੇਲ ਖਿਲਾਈਆ । ਤੇਰੀ ਆਸਾ ਪੂਰਨ ਹੋਵੇ ਸਤਿਗੁਰ ਦੀ, ਸਤਿਗੁਰ ਆਪਣੇ ਰੰਗ ਰੰਗਾਈਆ । ਜਗਤ ਕਲਪਣਾ ਵਿਚ ਨਾ ਹੋਵੇਂ ਮੁੜਦੀ, ਜਗਤ ਤ੍ਰਿਸ਼ਨਾ ਨਾ ਕੋਇ ਵਧਾਈਆ । ਝਟ ਸੀਤਾ ਦੋਵੇਂ ਹੱਥ ਜੋੜਦੀ, ਨਮਸਤੇ ਕਹਿ ਕੇ ਸੀਸ ਝੁਕਾਈਆ । ਹਾਏ ਰਾਮ ਰਾਮ ਹੋ ਕੇ ਨਾ ਕਦੇ ਛੋੜ ਦਈਂ, ਵਿਛੋੜੇ ਵਿਚ ਦੁਹਾਈਆ । ਮੇਰਾ ਜਗਤ ਜਹਾਨ ਨਾ ਬੇੜਾ ਰੋੜ੍ਹ ਦਈਂ, ਰੁੜ੍ਹਦਿਆਂ ਦਈਂ ਤਰਾਈਆ । ਰਾਮ ਕਿਹਾ ਤੂੰ ਆਪਣਾ ਆਪ ਆਪੇ ਉਸ ਪ੍ਰਭੂ ਦੇ ਚਰਨਾਂ ਤੋਂ ਘੋਲ ਦਈਂ, ਘੋਲੀ ਘੋਲ ਘੁਮਾਈਆ । ਨਿਜ ਅੰਤਰ ਨਿਰੰਤਰ ਅਡੋਲ ਰਹੀਂ, ਅਡੁਲ ਹੋਏ ਸਹਾਈਆ । ਆਤਮ ਪਰਮਾਤਮ ਹੋ ਕੇ ਕੋਲ ਰਹੀਂ, ਤਨ ਵਜੂਦ ਦਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਆਤਮ ਪਰਮਾਤਮ ਸੱਚਾ ਬੋਲ ਕਹੀਂ, ਦੂਜੀ ਅਵਰ ਨਾ ਕੋਇ ਪੜ੍ਹਾਈਆ ।



੯੫੧



੨੨

## ੧੦ ਪੋਹ ਸ਼ਹਿਨਸ਼ਾਹੀ ਸੰਮਤ ੬ ਸੇਵਾ ਰਾਮ ਦੇ ਗ੍ਰਿਹ ਪਿੰਡ ਜਿਉੜੀਆਂ ਜ਼ਿਲਾ ਜੰਮੂ

ਸੀਤਾ ਕਹੇ ਮੇਰੇ ਰਾਮ ਨੇ ਖੋਲ੍ਹੀ ਦ੍ਰਿਸ਼ਟ, ਦ੍ਰਿਸ਼ ਅਗੰਮ ਦਿਤਾ ਵਖਾਈਆ । ਮੇਰਾ ਇਕੋ ਹੋਵੇ ਇਸ਼ਟ, ਇਸ਼ਟ ਦੇਵ ਸਵਾਮੀ ਬੇਪਰਵਾਹੀਆ । ਜਨਮ ਜਨਮ ਦੀ ਮੇਟੇ ਹਿਰਸ, ਹਰਸ ਦਏ ਗਵਾਈਆ । ਮਿਹਰਵਾਨ ਹੋ ਕੇ ਕਰੇ ਤਰਸ, ਤ੍ਰਿਖਾ ਦਏ ਬੁਝਾਈਆ । ਜੋਤੀ ਜਾਤਾ ਹੋ ਕੇ ਆਵੇ ਪਰਤ, ਪਤਿਪਰਮੇਸ਼ਵਰ ਵੇਸ ਵਟਾਈਆ । ਭਾਗ ਲਗਾਵੇ ਉਪਰ ਧਰਨੀ ਧਰਤ, ਧਵਲ ਰੰਗ ਰੰਗਾਈਆ । ਚਾਰ ਜੁਗ ਦੀ ਪੂਰੀ ਕਰੇ ਸ਼ਰਤ, ਸ਼ਰੀਅਤ ਵੇਖੇ ਚਾਈਂ ਚਾਈਂਆ । ਮਾਲਕ ਬਣ ਕੇ ਫ਼ਰਸ਼ ਅਰਸ਼, ਦੋ ਜਹਾਨਾਂ ਖੋਜ ਖੁਜਾਈਆ । ਸਭ ਦਾ ਲਹਿਣਾ ਦੇਣਾ ਪੂਰਾ ਕਰੇ ਕਰਜ਼, ਗੁਰ ਅਵਤਾਰ ਪੈਗ਼ੰਬਰ ਲੇਖੇ ਲੇਖੇ ਵਿਚੋਂ ਚੁਕਾਈਆ । ਉਸ ਸਾਹਿਬ ਦਾ ਖੇਲ ਹੋਵੇ ਅਸਚਰਜ, ਅਚਰਜ ਲੀਲਾ ਦਏ ਵਰਤਾਈਆ । ਜੋਧਾ ਸੂਰਬੀਰ ਮਰਦਾਨਾ ਬਣੇ ਮਰਦ, ਬੇਅੰਤ ਆਪਣਾ ਹੁਕਮ ਵਰਤਾਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦ, ਕੋੜ੍ਹਿਆਂ ਕਮਲਿਆਂ ਗਲੇ ਲਗਾਈਆ । ਮੇਰੀ ਆਸ਼ਾ ਦੀ ਪੂਰੀ ਕਰੇ ਗ਼ਰਜ਼, ਨਿਰਾਸਾ ਰੂਪ ਨਾ ਕੋਇ ਦਰਸਾਈਆ । ਮੇਰੀ ਮਨਸਾ ਹੋਵੇ ਤ੍ਰਿਪਤ, ਤ੍ਰਿਪਤ ਦੀ ਧਾਰ ਨੂਰ ਜੋਤ ਰੁਸ਼ਨਾਈਆ । ਸੰਕਟ ਰਹੇ ਕੋਈ ਵਿਕਤ, ਕਲ ਕਲੇਸ਼ ਦਏ ਗਵਾਈਆ । ਸਤਿ ਧਰਮ ਕਰਾਏ ਲਿਖਤ, ਸਤਿਜੁਗ ਸੱਚਾ ਰਾਹ ਪ੍ਰਗਟਾਈਆ । ਪ੍ਰੇਮ ਪ੍ਰੀਤੀ ਆਤਮ ਪਰਮਾਤਮ ਦੱਸ ਕੇ ਇਸ਼ਕ, ਆਸ਼ਕ ਮਾਸ਼ੂਕ ਦਾ ਝਗੜਾ ਦਏ ਗਵਾਈਆ । ਲਹਿਣਾ ਦੇਣਾ ਪੂਰਾ ਕਰੇ ਕਲਜੁਗ ਅੰਤ ਸੁਹੇਲੇ ਦਿਵਸ, ਪੋਹ ਦੋ ਛੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਵਖਾਈਆ । ਸੀਤਾ

ਕਹੇ ਮੈਨੂੰ ਦਿਸਿਆ ਦੂਰ ਦੁਰਾਡਾ, ਮੇਰਾ ਮਾਹੀ ਰਾਮ ਰਹੀਮਾ । ਜਿਸ ਦਾ ਹੁਕਮ ਫ਼ਰਮਾਨਾ ਡਾਹਢਾ, ਖੇਲ ਕਰੇ ਆਦਿ ਜੁਗਾਦਿ ਜੁਗ ਚੌਕੜੀ ਕਦੀਮਾ । ਜਿਸ ਦਾ ਭਾਣਾ ਵਰਤਣਾ ਸ਼ਬਦੀ ਧਾਰ ਸਾਦਾ, ਦੋ ਜਹਾਨ ਨੌਜਵਾਨ ਦੇਵੇ ਅਗੰਮ ਫ਼ਰਮਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਦ ਅਨਾਦੀ ਧਾਰ ਜੁਗਾਦੀ ਸ਼ਬਦ ਬ੍ਰਹਿਮਾਦੀ ਜੋਤ ਵਿਸਮਾਦੀ ਨਿਰਗੁਣ ਨਿਰਗੁਣ ਨਿਰਗੁਣ ਰੂਪ ਮਹਾਨਾ ।

### ✪ ੧੦ ਪੋਹ ਸ਼ਹਿਨਸ਼ਾਹੀ ਸੰਮਤ ੯ ਝੰਡੂ ਰਾਮ ਸਿੰਘ ਦੇ ਗ੍ਰਹਿ ਜਿਉੜੀਆਂ ਜ਼ਿਲਾ ਜੰਮੂ ✪

ਰਾਮ ਨੇ ਬਿਨ ਅੱਖਰਾਂ ਲਿਖੀ ਪਾਤੀ, ਪਤਰਕਾ ਲਈ ਬਣਾਈਆ । ਸੀਤਾ ਦੀ ਰੱਖੀ ਉਤੇ ਛਾਤੀ, ਸਹਿਜ ਨਾਲ ਟਿਕਾਈਆ । ਓਹ ਵੇਖ ਆਪਣਾ ਕਮਲਾਪਾਤੀ, ਰਾਮ ਦਾ ਰਾਮ ਬੇਪਰਵਾਹੀਆ । ਜਿਹੜਾ ਜੁਗ ਚੌਕੜੀ ਦੇਵੇ ਦਾਤੀ, ਨਿਤ ਨਵਿਤ ਆਪ ਵਰਤਾਈਆ । ਜਿਸ ਵੇਲੇ ਕਲਜੁਗ ਹੋਵੇ ਅੰਧੇਰੀ ਰਾਤੀ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਆਤਮ ਪਰਮਾਤਮ ਦਾ ਬਣੇ ਸਾਥੀ, ਸਗਲਾ ਸੰਗ ਵਖਾਈਆ । ਤੂੰ ਤਕਣਾ ਖੇਲ ਪੁਰਖ ਅਬਿਨਾਸ਼ੀ, ਨੈਣ ਨੈਣ ਨੈਣ ਉਠਾਈਆ । ਮੰਜ਼ਲ ਚੜ੍ਹਨੀ ਘਾਟੀ, ਜਗਤ ਪੰਧ ਰਹੇ ਨਾ ਰਾਈਆ । ਆਤਮ ਸੁਹਾਉਣੀ ਖਾਟੀ, ਸੁਹੰਜਣੀ ਧੁਰ ਦੇ ਰੰਗ ਰੰਗਾਈਆ । ਧੁਰ ਦਾ ਬੰਨ੍ਹਣਾ ਸਾਚਾ ਨਾਤੀ, ਜੋ ਨਾਤਵਾਂ ਆਦਿ ਜੁਗਾਦਿ ਦਾ ਨੂਰ ਨੂਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਸਦਾ ਸਦ ਸਭ ਦਾ ਲਹਿਣਾ ਦੇਣਾ ਲੇਖਾ ਰਿਹਾ ਵਾਚੀ, ਵਾਚਕ ਹੋ ਕੇ ਆਪਣੇ ਵਿਚ ਛੁਪਾਈਆ ।

### ✪ ੧੦ ਪੋਹ ਸ਼ਹਿਨਸ਼ਾਹੀ ਸੰਮਤ ੯ ਸਰਦਾਰਾ ਸਿੰਘ ਦੇ ਗ੍ਰਹਿ ਪਿੰਡ ਸੀੜ ਜ਼ਿਲਾ ਜੰਮੂ ✪

ਸੀਤਾ ਕਹੇ ਮੈਂ ਖੇਲ ਵੇਖੀ ਅਦੁਤੀ, ਜੀ ਰਾਮ ਰਾਮ ਨੇ ਦਿਤੀ ਵਖਾਈਆ । ਮੈਂ ਮੰਦਰਾਂ ਵਿਚ ਰਹੀ ਨਾ ਸੁੱਤੀ, ਸੋਵਤ ਜਾਗਤ ਰੂਪ ਬਦਲਾਈਆ । ਨਜ਼ਰ ਆਈ ਕਲਜੁਗ ਅੰਤ ਸੁਹੰਜਣੀ ਰੁਤੀ, ਰੁਤੜੀ ਹਰਿਜੂ ਇਕ ਮਹਿਕਾਈਆ । ਅਵਤਾਰ ਪੈਗ਼ੰਬਰ ਗੁਰੂਆਂ ਦੀ ਔਧ ਵੇਖੀ ਮੁਕੀ, ਅੱਗੇ ਹੋਰ ਨਾ ਕੋਇ ਵਧਾਈਆ । ਮੈਂ ਸ਼ਬਦ ਆਵਾਜ਼ ਸੁਣੀ ਦੋ ਤੁਕੀ, ਸੋਹੰ ਢੋਲਾ ਧੁਰਦਰਗਾਹੀਆ । ਜਿਸ ਨਾਲ ਭਗਤਾਂ ਨੂੰ ਮੰਜ਼ਲ ਮਿਲਣੀ ਉਚੀ, ਉਚ ਅਗੰਮ ਅਥਾਹ ਆਪਣੇ ਘਰ ਵਸਾਈਆ । ਆਤਮਾ ਹੋਣੀ ਸੁੱਚੀ, ਸੁੱਚ ਸੰਜਮ ਇਕ ਦ੍ਰਿੜਾਈਆ । ਜਿਸ ਨੇ ਝਗੜਾ ਮੁਕਾ ਦੇਣਾ ਦਸਮ ਦਵਾਰ ਤ੍ਰੈਕੁਟੀ, ਮੰਜ਼ਲ ਆਪਣੀ ਇਕ ਵਖਾਈਆ । ਜਿਥੇ ਹੋਵੇ ਕੋਇ ਨਾ ਦੁਖੀ, ਸਤਿ ਸਤਿ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਝਟ ਰਾਮ ਬਦਲਿਆ ਆਪਣਾ ਪਾਸਾ, ਹੱਥ ਮਸਤਕ ਉਤੇ ਟਿਕਾਈਆ । ਨੈਣ ਮੀਟ ਕੇ ਕੀਤਾ ਹਾਸਾ, ਬੁੱਲ ਬੁੱਲਾਂ ਨਾਲ ਟਕਰਾਈਆ । ਓਹ ਵੇਖ ਮੇਰੇ ਰਾਮ ਦਾ ਤਮਾਸ਼ਾ, ਤਮਾਸ਼ਬੀਨ ਬਣਿਆ ਨੂਰ ਅਲਾਹੀਆ । ਜਿਸ

ਦਾ ਚਾਰ ਜੁਗ ਦੱਸਣਾ ਸਭ ਨੇ ਖੁਲਾਸਾ, ਭੇਵ ਅਭੇਦ ਜਗਤ ਸਮਝਾਈਆ । ਅੰਤਮ ਉਸ ਦਾ ਨੂਰ ਹੋਣਾ ਪ੍ਰਕਾਸ਼ਾ, ਨੂਰ ਨੁਰਾਨਾ ਡਗਮਗਾਈਆ । ਜਿਸ ਨੂੰ ਕਹਿੰਦੇ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤਾ ਆਪਣਾ ਪੜਦਾ ਆਪ ਚੁਕਾਈਆ । ਸੰਬਲ ਕਰੇ ਵਾਸਾ, ਸਤਿ ਸਤਿਵਾਦੀ ਆਸਣ ਸਿੰਘਾਸਣ ਇਕ ਸੁਹਾਈਆ । ਜਿਸ ਨੂੰ ਝੁਕਣ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਨਿਉਂ ਨਿਉਂ ਲਾਗਣ ਪਾਈਆਂ । ਅਵਤਾਰ ਪੈਗ਼ੰਬਰ ਗੁਰੂ ਹੋਣੇ ਦਾਸੀ ਦਾਸਾ, ਸੇਵਕ ਸੇਵਾ ਸਚ ਕਮਾਈਆ । ਜਿਸ ਦਾ ਹਰ ਘਟ ਨਿਰਗੁਣ ਧਾਰ ਹੋਣਾ ਵਾਸਾ, ਵਸਤ ਅਮੋਲਕ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਪੜਦਾ ਆਪ ਉਠਾਈਆ । ਸੀਤਾ ਕਹੇ ਮੇਰੀ ਨਿਗਾਹ ਬਦਲੀ, ਬਦਲ ਕੇ ਰਹੀ ਜਣਾਈਆ । ਧੁਰ ਰਾਮ ਹੋਣਾ ਅਦਲੀ, ਇਨਸਾਫ਼ ਇਕ ਕਮਾਈਆ । ਮਕਤੂਲ ਰਹਿਣਾ ਨਹੀਂ ਕੋਈ ਕਤਲੀ, ਕਾਤਲ ਦਾ ਡੇਰਾ ਢਾਹੀਆ । ਜਨ ਭਗਤਾਂ ਮੰਜ਼ਲ ਬਖ਼ਸ਼ੀ ਅੰਦਰਲੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਵਕਤ ਆਪ ਸੁਹਾਈਆ । ਰਾਮ ਨੇ ਕਿਹਾ ਸੀਤਾ ਔਹ ਤਕ, ਬਿਨਾ ਅੱਖਾਂ ਅੱਖ ਉਠਾਈਆ । ਜਿਸ ਦਾ ਲੇਖਾ ਹਕੀਕਤ ਹੱਕ, ਹਾਕਮ ਧੁਰਦਰਗਾਹੀਆ । ਓਸ ਆਉਣਾ ਵਤ, ਵਤਨ ਮਾਤਲੋਕ ਵੇਖੇ ਚਾਈਂ ਚਾਈਂਆ । ਜਿਸ ਵੇਲੇ ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਉਬਲੇ ਰੱਤ, ਅਗਨੀ ਸਕੇ ਨਾ ਕੋਇ ਬੁਝਾਈਆ । ਅਵਤਾਰ ਪੈਗ਼ੰਬਰ ਗੁਰੂਆਂ ਉਸ ਨੂੰ ਲੈਣਾ ਸੱਦ, ਸੱਦਾ ਦੇਵਣ ਥਾਉਂ ਥਾਈਂਆ । ਦੀਨ ਮਜ਼੍ਹਬ ਦੀ ਮੇਟ ਹੱਦ, ਹਦੂਦ ਆਪਣੀ ਦਏ ਵਖਾਈਆ । ਕਿਰਪਾ ਕਰੇ ਪੁਰਖ ਅਕਾਲ ਯਦ, ਯਦੀ ਆਪਣਾ ਵੇਸ ਵਟਾਈਆ । ਸ਼ਬਦ ਸੁਣਾ ਕੇ ਅਗੰਮੀ ਨਦ, ਧੁੰਨ ਅਨਾਦੀ ਇਕ ਸੁਣਾਈਆ । ਭਗਤ ਸੁਹੇਲੇ ਲੱਖ ਚੁਰਾਸੀ ਵਿਚੋਂ ਲੱਭ, ਨਿਰਗੁਣ ਸਰਗੁਣ ਜੋੜ ਜੁੜਾਈਆ । ਆਪਣੀ ਖੇਲ ਆਪੇ ਕਰ ਸਬਬ, ਸਾਹਿਬ ਸੁਲਤਾਨ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਚਾਰ ਜੁਗ ਦਾ ਲਹਿਣਾ ਦੇਣਾ ਮੇਟੇ ਹੱਬ, ਲੇਖਾ ਅਵਰ ਰਹੇ ਨਾ ਰਾਈਆ । ਜਿਸ ਦੀ ਸਰਨ ਸਰਨਾਈ ਸਾਰੇ ਜਾਣੇ ਢੱਠ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਈਆ । ਜਿਸ ਝਗੜਾ ਮੁਕਾਉਣਾ ਅੱਠ ਸੱਠ, ਗੰਗਾ ਗੋਦਾਵਰੀ ਵੇਖੇ ਚਾਈਂ ਚਾਈਂਆ । ਨਾਤਾ ਰਹਿਣ ਨਹੀਂ ਦੇਣਾ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਕਾਅਬਿਆਂ ਪਰੇ ਕਰੇ ਪੜ੍ਹਾਈਆ । ਸੋ ਸਵਾਮੀ ਅੰਤਰਜਾਮੀ ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਧਾਰ ਹੋਵੇ ਪਰਗਟ, ਪਰਵਰਦਿਗਾਰ ਸਾਂਝਾ ਯਾਰ ਨਿਰਗੁਣ ਧਾਰ ਨੂਰ ਅਲਾਹੀਆ । ਜਿਸ ਨੇ ਸਤਿਜੁਗ ਸਤਿ ਧਰਮ ਦਾ ਖੋਲ੍ਹਣਾ ਹੱਟ, ਵਸਤ ਅਮੋਲਕ ਇਕ ਵਰਤਾਈਆ । ਸੀਤਾ ਖਿੜ ਖਿੜਾ ਕੇ ਪਈ ਹੱਸ, ਵਾਹ ਰਾਮ ਤੇਰੇ ਰਾਮ ਰਾਮ ਦੁਹਾਈਆ । ਕੀ ਓਹ ਵਸੇ ਘਟ ਘਟ, ਗ੍ਰਿਹ ਗ੍ਰਿਹ ਆਪਣਾ ਡੇਰਾ ਲਾਈਆ । ਰਾਮ ਝਟ ਉਠ ਕੇ ਪਿਆ ਨੱਸ, ਨੌ ਨੌਂ ਕਦਮ ਉੱਤਰ ਪੂਰਬ ਵੱਲ ਵਧਾਈਆ । ਫੇਰ ਬੈਠ ਗਿਆ ਝਟ, ਹੱਥ ਛਾਤੀ ਉਤੇ ਟਿਕਾਈਆ । ਫੇਰ ਫੜ ਕੇ ਸੱਜਾ ਪੱਟ, ਜ਼ੋਰ ਨਾਲ ਦਬਾਈਆ । ਸੀਤਾ ਓਹ ਵੇਖ ਮੇਰਾ ਰਾਮ ਸਮਰਥ, ਜੋ ਸਭ ਦਾ ਪਿਤਾ ਮਾਈਆ । ਜਿਸ ਕਲਜੁਗ ਅੰਤਮ ਆਪਣੇ ਪਿਆਰ ਭਗਤੀ ਦੀ ਦੇਣੀ ਭਗਤਾਂ ਨੂੰ ਵਥ, ਬਿਨਾ ਭਗਤੀ ਤੋਂ ਭਗਤ ਦਏ ਬਣਾਈਆ । ਮਿਹਰਵਾਨ ਹੋ ਕੇ ਅੰਦਰ ਜਾਵੇ ਵਸ, ਵਾਸਤਾ ਆਪਣੇ ਨਾਲ ਰਖਾਈਆ । ਤੀਰ ਅਣਿਆਲਾ ਨਿਰੰਤਰ ਮਾਰੇ ਕਸ, ਦੁਤੀਆ ਭੌ ਦਏ ਗਵਾਈਆ । ਸੀਤਾ ਕਿਹਾ ਕੀ ਰਾਮ ਇਹ ਸਚ, ਰਾਮ ਕਿਹਾ ਹਾਂ, ਸਚ ਸਚ ਰਾਮ ਗੁਸਾਈਆਂ । ਆਦਿ ਅੰਤ ਜੁਗਾ ਜੁਗੰਤ ਸਭ ਕੁਛ ਉਸ ਦੇ ਹੱਥ, ਦੇਵਣਹਾਰ

੯੫੩
੨੨

ਇਕ ਅਖਵਾਈਆ । ਜਿਸ ਦੀ ਮਹਿਮਾ ਸਦਾ ਅਕਥ ਕਥਨੀ ਕਥ ਨਾ ਸਕੇ ਰਾਈਆ । ਜਿਸ ਨੇ ਉਲਟੀ ਗੇੜਨੀ ਲੱਠ, ਸ੍ਰਿਸ਼ਟੀ ਦ੍ਰਿਸ਼ਟੀ ਦਏ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਲੇਖਾ ਜਾਣੇ ਜਗਤ ਜੀਵ ਜਹਾਨ ਤਤਵ ਤਤ, ਤਤ ਆਪਣਾ ਨਾ ਕੋਇ ਜਣਾਈਆ ।

## ✪ ੧੧ ਪੋਹ ਸ਼ਹਿਨਸ਼ਾਹੀ ਸੰਮਤ ੬ ਗੁਰਨਾਮ ਸਿੰਘ ਦੇ ਗ੍ਰਿਹ ਪਿੰਡ ਸੀੜ ਜ਼ਿਲਾ ਜੰਮੂ ✪



ਸੀਤਾ ਕਹੇ ਰਾਮ ਮੈਂ ਨਿਗਹ ਮਾਰੀ ਵੱਲ ਲਹਿੰਦੇ, ਕਲਜੁਗ ਅੰਤ ਅੱਖ ਖੁਲ੍ਹਾਈਆ । ਤੇਰਾਂ ਸੌ ਸਤਾਸੀ ਰਿਸ਼ੀ ਸ਼ਬਦੀ ਧਾਰ ਕੁਛ ਕਹਿੰਦੇ, ਬਾਵਨ ਦਾ ਲੇਖਾ ਰਹੇ ਸੁਣਾਈਆ । ਇਕੱਠੇ ਹੋ ਕੇ ਧਰਨੀ ਉਤੇ ਬਹਿੰਦੇ, ਬਹਿ ਬਹਿ ਬਲ ਪਰਗਟਾਈਆ । ਸਦੀ ਚੌਧਵੀਂ ਮਹੱਲ ਮੁਨਾਰੇ ਢਹਿੰਦੇ, ਪੱਥਰ ਇੱਟ ਰਹੇ ਕੁਰਲਾਈਆ । ਭਗਤ ਭਗਵਾਨ ਦਾ ਭਾਣਾ ਸਹਿੰਦੇ, ਸਿਰ ਸਕੇ ਨਾ ਕੋਇ ਉਠਾਈਆ । ਜੀਵ ਕਲ ਵੇਖੇ ਵਹਿਣ ਵਹਿੰਦੇ, ਅੱਗੇ ਹੋ ਨਾ ਕੋਇ ਅਟਕਾਈਆ । ਖੇਲ ਤੱਕਿਆ ਸਰਹਾਣਾ ਪੈਂਦੇ, ਦੋਵੇਂ ਧਾਰਾਂ ਖੋਜ ਖੁਜਾਈਆ । ਗੰਗਾ ਗੁਦਾਵਰੀ ਜਮਨਾ ਸੁਰਸਤੀ ਦੇ ਤਕੇ ਲਹਿੰਗੇ, ਅੰਗੀ ਅੱਖਾਂ ਨਾਲ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰਾਂ ਸਿਰ ਲੇਖੇ ਵੇਖੇ ਪੈਂਦੇ, ਹਿਸਾਬ ਮੰਗੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਧਰਮ ਦੀ ਧਾਰ ਵੇਖੀ ਜਗਤ ਸਿਸਕ, ਸਿਸਕੀਆਂ ਵਿਚ ਦੁਹਾਈਆ । ਅੰਮ੍ਰਿਤ ਰਸ ਝਿਰਨਾ ਨਾ ਰਿਹਾ ਰਿਸਕ, ਬੂੰਦ ਸਵਾਂਤ ਨਾ ਕੋਇ ਟਪਕਾਈਆ । ਮਨਮਤ ਦਾ ਹੋਣਾ ਇਸ਼ਕ, ਆਤਮ ਪਰਮਾਤਮ ਪਿਆਰ ਨਾ ਕੋਇ ਬਣਾਈਆ । ਝਗੜਾ ਪੈਣਾ ਟਾਂਕ ਜਿਸਤ, ਨਿਰਗੁਣ ਸਰਗੁਣ ਦਏ ਦੁਹਾਈਆ । ਧਰਮ ਦੀ ਧਾਰ ਤੋਂ ਸਾਰੇ ਜਾਣੇ ਖ਼ਿਸਕ, ਸਚ ਕਦਮ ਨਾ ਕੋਇ ਟਿਕਾਈਆ । ਜਗਤ ਨੇਤਰਾਂ ਦਾ ਹੋਣਾ ਗ੍ਰਿਹਸਤ, ਵਡਾ ਛੋਟਾ ਬਚਿਆ ਰਹਿਣ ਕੋਇ ਨਾ ਪਾਈਆ । ਸਚ ਰਾਮ ਦਾ ਮੰਨੇ ਕੋਇ ਨਾ ਇਸ਼ਟ, ਇੱਟਾਂ ਪੱਥਰਾਂ ਸੀਸ ਸਰਬ ਨਿਵਾਈਆ । ਓਹ ਆਸ਼ਾ ਦੇਂਦੀ ਸੰਦੇਸ਼ਾ ਵਸ਼ਿਸ਼ਟ, ਵਿਸ਼ੇਸ਼ ਰਹੀ ਸਮਝਾਈਆ । ਪੀਰਾਂ ਦਾ ਲੇਖਾ ਮੁਕਣਾ ਬਹਿਸ਼ਤ, ਅਵਤਾਰ ਸਵਰਗਾਂ ਦਾ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਦਾਤਾ ਬੇਪਰਵਾਹੀਆ । ਸੀਤਾ ਕਹੇ ਰਿਖੀ ਕਰਨ ਇਸ਼ਾਰੇ, ਸਤਿਜੁਗ ਧਿਆਨ ਲਗਾਈਆ । ਪ੍ਰਭੂ ਪ੍ਰਭ ਨਿਮਸਕਾਰੇ, ਪਰਮ ਪੁਰਖ ਸਰਨਾਈਆ । ਜਿਸ ਵੇਲੇ ਕਲ ਆਏ ਕਿਨਾਰੇ, ਕਲਜੁਗ ਪੰਧ ਮੁਕਾਈਆ । ਲੇਖਾ ਮੁਕੇ ਪੈਗ਼ੰਬਰ ਗੁਰ ਅਵਤਾਰੇ, ਅਵਤਰੀ ਆਪਣਾ ਵੇਸ ਵਟਾਈਆ । ਨਿਰਗੁਣ ਨੂਰ ਕਰੇ ਜ਼ਾਹਰੇ, ਜ਼ਾਹਰ ਜਹੂਰ ਡਗਮਗਾਈਆ । ਅਮਲ ਕਰਾਏ ਚੌਥੇ ਜੁਗ ਪਾਏ ਸਾਰੇ, ਮਹਾਂਸਾਰਥੀ ਆਪਣਾ ਰੂਪ ਬਦਲਾਈਆ । ਲੇਖੇ ਲਾਏ ਜੋ ਕੌਲ ਕੀਤੇ ਬਲ ਦਵਾਰੇ, ਬਾਵਨ ਸ਼ਹਾਦਤ ਇਕ ਭੁਗਤਾਈਆ । ਭਗਤ ਸੁਹੇਲਾ ਬਣ ਆਪ ਨਿਰੰਕਾਰੇ, ਨਿਰਵੈਰ ਆਪਣਾ ਰੰਗ ਰੰਗਾਈਆ । ਜਿਸ ਨੂੰ ਸਰਬ ਕਰਨ ਨਿਮਸਕਾਰੇ, ਨਮੋਂ ਨਮੋਂ ਸੀਸ ਝੁਕਾਈਆ । ਸੋ ਸਾਹਿਬ ਸੁਲਤਾਨਾ ਮਿਹਰਵਾਨਾ ਆਪਣੀ ਕਿਰਪਾ ਧਾਰੇ, ਧਰਨੀ

ਧਰਤ ਧਵਲ ਉਤੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਏ ਭਗਤਾਂ ਦੇ ਵਿਚ ਅਖਾੜੇ, ਆਪਣਾ ਬਲ ਪਰਗਟਾਈਆ ।

### ੧੧ ਪੋਹ ਸ਼ਹਿਨਸ਼ਾਹੀ ਸੰਮਤ ੬ ਲਛਮੀ ਦੇਵੀ ਦੇ ਗ੍ਰਿਹ ਪਿੰਡ ਸੀੜ ਜ਼ਿਲਾ ਜੰਮੂ

ਰਿਸ਼ੀ ਕਹਿਣ ਸਾਡੀ ਨਿਗਹ ਤਮਜ਼ਿਮ, ਤਨਜ਼ੀਮ ਜਗਤ ਨਾ ਕੋਇ ਸਮਝਾਈਆ । ਪ੍ਰਭ ਖੇਲ ਕਹਿ ਜ਼ੀਨੀਅਨ, ਕੋਹਜ਼ੇ ਕੁੰਨ ਨਾ ਕੋਇ ਚਤੁਰਾਈਆ । ਸੰਦੇਸ਼ਾ ਦੇਹੀਜ਼ੇ ਤਨ ਤਨ, ਖਬਜ਼ੂ ਖਿਜ਼ਾ ਨਾ ਕੋਇ ਜਣਾਈਆ । ਜਲਵਾ ਗੁਫ਼ਾਰੇ ਜਨਗਾ ਬੰਨ, ਬੋਸੀਦਾ ਬਰਿਜ਼ ਜ਼ਬੇ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਾਸੀਦਾ ਦਾਓ ਕਿਲਜ਼ਾ ਮਿਸਤ ਮੁਅੱਜ਼ਜ਼ੇ ਮਿਹਰਵਾਂ, ਮਿਹਰਵਾਨ ਮਿਹਰਵਾਨ ਮਿਹਰਵਾਨ ਮਹਿਬੂਬ ਨੂਰ ਅਲਾਹੀਆ ।

### ੧੧ ਪੋਹ ਸ਼ਹਿਨਸ਼ਾਹੀ ਸੰਮਤ ੬ ਪ੍ਰਕਾਸ਼ ਚੰਦ ਦੇ ਗ੍ਰਿਹ ਪਿੰਡ ਮਘੋਵਾਲੀ ਜ਼ਿਲਾ ਜੰਮੂ



ਰਾਮ ਨੇ ਰਾਮ ਦਾ ਤੀਰ ਚੁੱਕਿਆ, ਰਾਮ ਰਾਮ ਰਾਮ ਸਮਾਈਆ । ਓਹ ਵੇਖ ਮੇਰਾ ਲਹਿਣਾ ਦੇਣਾ ਢੁਕਿਆ, ਖਾਤਾ ਅਗੰਮ ਅਥਾਹੀਆ । ਜਿਸ ਦਾ ਲੇਖਾ ਨਹੀਂ ਉਤੇ ਵਰਕੇ ਪੱਤਿਆ, ਕਲਮ ਸ਼ਾਹੀ ਨਾ ਰੰਗ ਰੰਗਾਈਆ । ਜਿਸ ਦੀ ਬਦਲੇ ਕਦੇ ਨਾ ਸੱਤਿਆ, ਸਤਿ ਸਰੂਪ ਸਮਾਈਆ । ਜੁਗ ਚੌਕੜੀ ਹੋਏ ਨਾ ਹੱਤਿਆ, ਸਿਰ ਸਕੇ ਨਾ ਕੋਇ ਉਠਾਈਆ । ਉਠ ਵੇਖ ਦੁਆਪਰ ਫਿਰੇ ਨੱਠਿਆ, ਭੱਜੇ ਵਾਹੋ ਦਾਹੀਆ । ਫਿਰ ਉਲਟੀ ਗਿੜੇ ਲੱਠਿਆ, ਕਲਜੁਗ ਲਏ ਅੰਗੜਾਈਆ । ਨਿਗਹ ਮਾਰ ਮਦੀਨਾ ਮੱਕਿਆ, ਕਾਅਬਿਆਂ ਰਾਹ ਤਕਾਈਆ । ਲਹਿਣਾ ਦੇਵੇ ਬੂਰੇ ਕੱਕਿਆਂ, ਪੁਰਖ ਅਕਾਲਾ ਰਿਹਾ ਸੁਣਾਈਆ । ਸਚ ਰੰਗ ਵਿਚ ਰਹੇ ਕੋਈ ਨਾ ਰੱਤਿਆ, ਰਾਮ ਰਾਮ ਨਾ ਕੋਇ ਸਮਾਈਆ । ਫੇਰ ਵੇਖ ਲੈ ਡੰਕਾ ਵੱਜਣਾ ਫ਼ਤਹਿਆ, ਫ਼ਤਹਿ ਨਗਾਰਾ ਹੱਥ ਨਾ ਕੋਇ ਉਠਾਈਆ । ਫੇਰ ਤਕ ਲੈ ਗੋਬਿੰਦ ਸੱਥਰ ਲੱਥਿਆ, ਆਸਣ ਸੇਜ ਸੁਹਾਈਆ । ਫੇਰ ਤਕ ਲੈ ਕਲਜੁਗ ਦਾ ਮੇਟਣਾ ਘੱਟਿਆ, ਕਟਾਕਸ਼ ਧੁਰ ਦਾ ਇਕ ਲਗਾਈਆ । ਜਿਸ ਸਾਹਿਬ ਨੇ ਸਭ ਦਾ ਮੇਟਣਾ ਰੱਟਿਆ, ਝਗੜਾ ਵੇਖੇ ਥਾਉਂ ਥਾਈਆ । ਉਹ ਨਿਰਗੁਣ ਧਾਰ ਹੋਵੇ ਪਰਗਟਿਆ, ਜੋਤੀ ਜਾਤਾ ਨੂਰ ਅਲਾਹੀਆ । ਉਸ ਦਾ ਦੋ ਜਹਾਨ ਹੋਵੇ ਇਕੋ ਹੱਟਿਆ, ਵਸਤ ਨਾਮ ਨਾਮ ਵਿਕਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੇ ਮਨਸੂਖ਼ ਕਰੇ ਪੱਟਿਆ, ਹੁਕਮ ਆਪਣਾ ਇਕ ਵਰਤਾਈਆ । ਜਿਸ ਵੇਲੇ ਕਲਜੁਗ ਅੰਤ ਟੱਪਿਆ, ਸਦੀ ਚੌਧਵੀਂ ਸੰਗ ਰਖਾਈਆ । ਐ ਰਾਮ ਉਸ ਵੇਲੇ ਬਿਨਾ ਭਗਤਾਂ ਤੋਂ ਲਾਹਾ ਕਿਸੇ ਨਾ ਖੱਟਿਆ, ਸ੍ਰਿਸ਼ਟੀ ਦ੍ਰਿਸ਼ਟੀ ਰੋਵੇ ਮਾਰੇ ਧਾਈਆ । ਰਾਮ ਨੇ ਆਪਣਾ ਪਾਸਾ ਵੱਟਿਆ, ਪਿੱਠ ਜ਼ਿਮੀਂ ਉਤੇ ਟਿਕਾਈਆ । ਫਿਰ ਆਪਣਾ ਸੱਜਾ ਅੰਗੂਠਾ ਚੱਟਿਆ, ਮੁਖ ਵਿਚ ਟਿਕਾਈਆ । ਫੇਰ ਵੇਖਿਆ ਅੱਖਰ ਸੱਸਿਆ, ਨਿਰਗੁਣ ਸਰਗੁਣ ਹੋੜਾ ਸੋਭਾ ਪਾਈਆ । ਫਿਰ ਹਾਹੇ ਵੱਲ ਤੱਕਿਆ, ਟਿੱਪੀ ਟਾਪੂਆਂ ਤੋਂ ਬਾਹਰ ਨਜ਼ਰੀ ਆਈਆ । ਆਤਮ ਪਰਮਾਤਮ ਪਰਮਾਤਮ

ਆਤਮ ਇਕ ਦੂਜੇ ਦੇ ਹਿੱਸੇ ਹੋਇਆ ਵਟਿਆ, ਬਟਾ ਜ਼ੀਰੋ ਕੀਤੀ ਲੋਕਾਈਆ । ਇਹ ਖੇਲ ਤਕ ਪੁਰਖ ਸਮਰਥਿਆ, ਰਾਮ ਰਾਮ ਨੂੰ ਸੀਸ ਝੁਕਾਈਆ । ਤੇਰਾ ਖੇਲ ਯਥਾਰਥ ਯੱਥਿਆ, ਯਦੀ ਸਮਝ ਕਿਸੇ ਨਾ ਆਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਅੰਗੀਠਾ ਵੇਖਿਆ ਤਪਿਆ, ਅਗਨੀ ਮਾਇਆ ਮੋਹ ਵਖਾਈਆ । ਮਨ ਮਨੂਆਂ ਹੋਇਆ ਪਪਿਆ, ਪਤਤ ਪੁਨੀਤ ਨਾ ਕੋਇ ਜਣਾਈਆ । ਸਤਿ ਦਿਸੇ ਕੋਇ ਨਾ ਜਤਿਆ, ਇਸਤਰੀ ਪੁਰਸ਼ ਦੇਣ ਦੁਹਾਈਆ । ਇਹ ਖੇਲ ਵੇਖਿਆ ਬਿਨਾ ਅੱਖੀਆਂ, ਲੋਇਣ ਧੁਰ ਦਾ ਇਕ ਉਠਾਈਆ । ਨਾ ਕਾਹਨ ਰਿਹਾ ਨਾ ਰਹੀਆਂ ਸਖ਼ੀਆਂ, ਦੁਆਪਰ ਮੁਖ ਭਵਾਈਆ । ਕਲਜੁਗ ਪ੍ਰਭ ਦੀਆਂ ਖੇਲਾਂ ਵੇਖੀਆਂ ਰਚੀਆਂ, ਰਚਨਾ ਅਗੰਮ ਦਿਤੀ ਜਣਾਈਆ । ਰਾਮ ਬਿਨਾ ਭਗਤਾਂ ਤੋਂ ਸਭ ਦੀਆਂ ਪ੍ਰੀਤਾਂ ਹੋਣੀਆਂ ਕੱਚੀਆਂ, ਪੱਕੀ ਗੰਢ ਨਾ ਕੋਇ ਬੰਧਾਈਆ । ਜਗਤ ਵਾਸਨਾ ਵਿਚ ਸੰਸਾਰੀ ਰੂਹਾਂ ਹੋਵਣ ਨੱਚੀਆਂ, ਬਿਨ ਸਤਿਗੁਰ ਸ਼ਬਦ ਸ਼ਾਂਤ ਨਾ ਕੋਇ ਕਰਾਈਆ । ਗੁਰੂਆਂ ਅਵਤਾਰਾਂ ਪੈਗ਼ੰਬਰਾਂ ਦੀਆਂ ਦੀਨਾਂ ਮਜ਼੍ਹਬਾਂ ਵਾਲੀਆਂ ਹੋਣੀਆਂ ਹਿੱਸੇ ਪੱਤੀਆਂ, ਪਤਿਪਰਮੇਸ਼ਵਰ ਸਾਂਝਾ ਯਾਰ ਸੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਲੇਖਾ ਜਾਣੇ ਜੋ ਜਗਤ ਜਹਾਨ ਲਿਖੀਆਂ ਜਾਣੀਆਂ ਪੱਟੀਆਂ, ਅੱਖਰਾਂ ਤੋਂ ਬਾਹਰ ਨਿਰਅੱਖਰ ਧਾਰ ਇਕ ਦਰਸਾਈਆ ।

### ✪ ੧੧ ਪੋਹ ਸ਼ਹਿਨਸ਼ਾਹੀ ਸੰਮਤ ੬ ਦੇਵੀ ਸਿੰਘ ਦੇ ਗ੍ਰਿਹ ਪਿੰਡ ਮੱਘੋਵਾਲੀ ਜ਼ਿਲਾ ਜੰਮੂ ✪

ਧਰਨੀ ਕਹੇ ਏਥੇ ਰਾਮ ਦੇ ਅਸਵ ਨੇ ਮਾਰਿਆ ਸੀ ਪੌੜ, ਭੁੱਖੇ ਹਿਣਕ ਕੇ ਦਿਤਾ ਵਖਾਈਆ । ਚੱਕਰਵਰਤੀ ਹੋ ਕੇ ਜੋ ਕਰਦਾ ਸੀ ਦੌੜ, ਭੱਜਿਆ ਵਾਹੋ ਦਾਹੀਆ । ਕੂਕ ਪੁਕਾਰ ਕੇ ਕਿਹਾ ਜਿਸ ਵੇਲੇ ਆਇਆ ਬ੍ਰਹਮਣ ਗੌੜ, ਗੁਰ ਅਵਤਾਰ ਪੈਗ਼ੰਬਰਾਂ ਤੋਂ ਬਾਹਰ ਖੇਲ ਖਿਲਾਈਆ । ਦੋ ਜਹਾਨਾਂ ਉਸ ਦੇ ਹੱਥ ਵਿਚ ਹੋਣੀ ਡੋਰ, ਡੋਰੀ ਸ਼ਬਦ ਨਾਮ ਬੰਧਾਈਆ । ਉਸ ਵੇਲੇ ਕਲਜੁਗ ਹੋਣਾ ਅੰਧੇਰਾ ਘੋਰ, ਚਾਂਦਨੀ ਚੰਦ ਨਾ ਕੋਇ ਚਮਕਾਈਆ । ਸਾਧ ਸੰਤ ਬਣਨੇ ਠੱਗ ਚੋਰ, ਯਾਰੀ ਜਗਤ ਵਾਲੀ ਕਮਾਈਆ । ਪੰਛੀ ਪੰਖੀ ਰੋਣੇ ਮੋਰ, ਪਪੀਹੇ ਦੇਣ ਦੁਹਾਈਆ । ਪੁਰਖ ਅਕਾਲ ਦੀਨ ਦਿਆਲ ਤੇਰੀ ਸਭ ਨੂੰ ਲੋੜ, ਦਰਿੰਦੇ ਪਰਿੰਦੇ ਅੱਖ ਉਠਾਈਆ । ਕਲਜੁਗ ਜੀਵਾਂ ਅੰਤਰ ਰਸ ਮਿੱਠੇ ਹੋਣੇ ਕੌੜ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਅਠਸਠ ਤੀਰਥ ਤਾਲਾਬ ਬਣਨੇ ਜੌਹੜ, ਅੰਮ੍ਰਿਤ ਰੂਪ ਨਾ ਕੋਇ ਬਦਲਾਈਆ । ਕਾਇਆ ਭਾਂਡੇ ਖ਼ਾਲੀ ਹੋਣੇ ਤੋੜ, ਕੁੰਭ ਰੂਪ ਨਾ ਕੋਇ ਦਰਸਾਈਆ । ਮਨ ਵਾਸਨਾ ਲੱਗਣੀ ਦੌੜ, ਭਟਕਣਾ ਭੱਜਣੀ ਵਾਹੋ ਦਾਹੀਆ । ਧੁਰ ਦਾ ਲੇਖਾ ਸਕੇ ਕੋਇ ਨਾ ਹੋੜ, ਹੋੜਾ ਸੱਸੇ ਵਾਲਾ ਦਏ ਗਵਾਹੀਆ । ਕਿਸੇ ਦੀ ਪ੍ਰੀਤੀ ਆਤਮ ਪਰਮਾਤਮ ਨਿਭੇ ਨਾ ਤੋੜ, ਟੁੱਟੀ ਗੰਢ ਨਾ ਕੋਇ ਪਵਾਈਆ । ਬਿਨਾ ਪ੍ਰਭੂ ਦੀ ਕਿਰਪਾ ਤੋਂ ਭਗਤ ਭਗਵਾਨ ਹੋਣਾ ਨਹੀਂ ਜੋੜ, ਅਜੋੜ ਹੋਏ ਕੂੜ ਲੋਕਾਈਆ । ਚਾਰ ਕੁੰਟ ਦਹਿ ਦਿਸ਼ਾ ਸਤਿ ਸਚ ਦੀ ਰਹਿਣੀ ਥੋੜ, ਥੁੜੇ ਥਿੜਕਿਆਂ ਵਸਤ ਨਾਮ ਨਾ ਕੋਇ ਵਰਤਾਈਆ । ਦਰੋਹੀ ਫਿਰਨੀ ਮੜ੍ਹੀ ਗੋਰ, ਮਕਬਰੇ ਰੋਵਣ ਮਾਰਨ ਧਾਈਆ । ਨਾਮ ਕਲਮੇ ਦਾ ਹੋਣਾ ਖੋਰ, ਸ਼ਰਅ ਸ਼ਰਅ ਨਾਲ ਟਕਰਾਈਆ । ਕਿਸੇ ਦਾ ਰਹਿਣਾ ਨਹੀਂ ਕੋਈ ਜ਼ੋਰ, ਜ਼ੋਰੂ ਜ਼ਰ ਰੋਵੇ ਮਾਰੇ ਧਾਈਆ । ਉਸ ਵੇਲੇ ਕਲਜੁਗ ਕਲਪਣਾ ਹੋਣਾ ਸ਼ੋਰ,

ਸ਼ੋਰਸ਼ ਸਕੇ ਨਾ ਕੋਇ ਮਿਟਾਈਆ । ਸਦੀ ਚੌਧਵੀਂ ਵਖਾਉਣਾ ਜੌਹਰ, ਜਲਵਾਗਰ ਹੁਕਮ ਸੁਣਾਈਆ । ਦੀਨ ਦੁਨੀ ਦਾ ਬਦਲ ਜਾਣਾ ਤੌਰ, ਤਬੀਅਤ ਤਬੀਬ ਠੀਕ ਨਾ ਕੋਇ ਜਣਾਈਆ । ਕੂੜ ਮਦਿ ਦਾ ਚਲਣਾ ਦੌਰ, ਚਾਰੋਂ ਕੁੰਟ ਕੁੰਟ ਹਲਕਾਈਆ । ਸਚ ਪਿਆਰ ਦੀ ਲੱਗਣੀ ਔੜ, ਲੱਭਿਆ ਹੱਥ ਕਿਛ ਨਾ ਆਈਆ । ਗੁਰੂ ਚੇਲੇ ਇਕ ਦੂਜੇ ਨੂੰ ਜਾਵਣ ਛੋੜ, ਮੁਰਸ਼ਦ ਮੁਰੀਦ ਅੰਗ ਨਾ ਕੋਇ ਲਗਾਈਆ । ਸਤਿ ਸਚ ਵਸੇ ਕਿਸੇ ਨਾ ਕੋਲ, ਗ੍ਰਿਹ ਮੰਦਰ ਨਾ ਕੋਇ ਸੁਹਾਈਆ । ਉਸ ਵੇਲੇ ਪਰਮ ਪੁਰਖ ਨੇ ਤੋਲਣਾ ਤੋਲ, ਤਰਾਜ਼ੂ ਧੁਰ ਦਾ ਹੱਥ ਉਠਾਈਆ । ਸਤਿਗੁਰ ਸ਼ਬਦ ਬਣ ਅਡੋਲ, ਅਡੂਲ ਹੋ ਕੇ ਵੇਖੇ ਚਾਈਂ ਚਾਈਂਆ । ਨਾਮ ਮਰਦੰਗਾ ਵਜਾਏ ਢੋਲ, ਢੋਲਕੀ ਛੈਣਾ ਨਾ ਕੋਇ ਖੜਕਾਈਆ । ਜੋ ਚਰਨ ਪ੍ਰੀਤੀ ਆਪਾ ਆਪ ਗਏ ਘੋਲ, ਘੋਲ ਘੁਮਾਈ ਵੇਖੇ ਚਾਈਂ ਚਾਈਂਆ । ਉਸ ਵੇਲੇ ਚਤੁਰਾਈ ਚਲਣੀ ਨਹੀਂ ਕਲਾ ਚੌਦਾਂ ਸੋਲ, ਸੋਲਾਂ ਕਲਾ ਨਾ ਕੋਇ ਵਡਿਆਈਆ । ਜਿਸ ਦਾ ਅੰਤ ਅੰਤਸ਼ਕਰਨ ਤੋਂ ਬਾਹਰ ਦਾ ਹੋਣਾ ਬੋਲ, ਅਨਬੋਲਤ ਆਪਣਾ ਰਾਗ ਦਏ ਸੁਣਾਈਆ । ਜਨ ਭਗਤਾਂ ਭਗਤ ਸੁਹੇਲਾ ਬਣੇ ਵਿਚੋਲ, ਵਿਚਲਾ ਪੜਦਾ ਆਪ ਖੁਲ੍ਹਾਈਆ । ਸ੍ਰਿਸ਼ਟੀ ਨਾਲ ਮਾਰ ਕੇ ਰੋਲ, ਰੂਲ ਆਪਣਾ ਦਏ ਬਦਲਾਈਆ । ਨਿਰਗੁਣ ਧਾਰ ਆਉਣਾ ਉਪਰ ਧੌਲ, ਧਰਨੀ ਦਾ ਧਰਮ ਦਏ ਸਮਝਾਈਆ । ਸਚ ਦਵਾਰਾ ਦੇਵੇ ਖੋਲ੍ਹ, ਸਤਿਜੁਗ ਸੱਚਾ ਰਾਹ ਪ੍ਰਗਟਾਈਆ । ਉਹ ਸ਼ਾਹ ਸਵਾਰਾ ਜੋਤ ਨਿਰੰਕਾਰਾ ਹਰ ਘਟ ਜਾਏ ਮੌਲ, ਮੌਲਾ ਹੋ ਕੇ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਦਿਆਂ ਵਿਚੋਂ ਚੁਕਾਏ ਪਰਦਾ ਓਹਲ, ਓਹਲੇ ਵਿਚੋਂ ਅਨਮੋਲਾ ਆਪਣਾ ਰੂਪ ਦਰਸਾਈਆ ।

### ✪ ੧੨ ਪੋਹ ਸ਼ਹਿਨਸ਼ਾਹੀ ਸੰਮਤ ੬ ਮਾਇਆ ਦੇਵੀ ਦੇ ਗ੍ਰਿਹ ਪਿੰਡ ਮੱਘੋਵਾਲੀ ਜ਼ਿਲਾ ਜੰਮੂ ✪

ਸਚਖੰਡ ਕਹੇ ਮੇਰੇ ਪ੍ਰਭ ਸਚੇ, ਸਾਹਿਬ ਸਚ ਤੇਰੀ ਵਡਿਆਈਆ । ਮੇਰੇ ਦੋਵੇਂ ਹੱਥ ਬੱਧੇ, ਬੰਦਨਾ ਕਰਕੇ ਸੀਸ ਨਿਵਾਈਆ । ਤੇਰਾ ਲੋਕਮਾਤ ਖੇਲ ਹੁੰਦਾ ਕਦੇ ਕਦੇ, ਜੁਗ ਚੌਕੜੀ ਰੀਤੀ ਚਲੀ ਆਈਆ । ਬਿਨਾ ਭਗਤਾਂ ਤੋਂ ਤੈਨੂੰ ਮਾਤਲੋਕ ਕੋਈ ਨਾ ਸੱਦੇ, ਧੁਰ ਆਵਾਜ਼ ਨਾ ਕੋਇ ਅਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੈਗੰਬਰਾਂ ਦੀਨ ਮਜ਼੍ਹਬ ਬਣਾਏ ਅੱਡੇ, ਜਗਤ ਹਿੱਸਿਆਂ ਵੰਡ ਵੰਡਾਈਆ । ਵੱਖਰੇ ਵੱਖਰੇ ਜਗਤ ਨਿਸ਼ਾਨੇ ਗੱਡੇ, ਤੇਰਾ ਨਾਮ ਸਿਫ਼ਤ ਸਾਲਾਹੀਆ । ਸ਼ਰਅ ਸ਼ਰਅ ਨਾਲ ਕੀਤੇ ਦਗੇ, ਛੁਰੀ ਬਣੀ ਜਗਤ ਕਸਾਈਆ । ਤ੍ਰਿਸਨਾ ਮੋਹ ਦੀ ਲਾਈ ਅੱਗੇ, ਲਾਲਚ ਵਿਚ ਲੜਾਈਆ । ਤੇਰਾ ਖੇਲ ਸੂਰੇ ਸਰਬੱਗੇ, ਬੇਪਰਵਾਹ ਸਮਝ ਕੋਇ ਨਾ ਪਾਈਆ । ਸਚ ਦਵਾਰ ਮੇਰੇ ਗ੍ਰਿਹ ਕੋਇ ਨਾ ਹੱਦੇ, ਕਿਉਂ ਦੀਨ ਦੁਨੀ ਦਿਤੀ ਲੜਾਈਆ । ਮੈਂ ਤੇਰੇ ਅੱਗੇ ਝੋਲੀ ਰਿਹਾ ਅੱਡੇ, ਨੇਤਰ ਨੈਣਾਂ ਨੀਰ ਵਹਾਈਆ । ਪਰਮ ਪੁਰਖ ਪਰਮਾਤਮ ਸਚ ਦੱਸ ਤੇਰੇ ਖੇਲ ਕਿਸ ਬਿਧ ਵਧੇ ਅੱਗੇ, ਦੋ ਜਹਾਨਾਂ ਹੋਏ ਰੁਸ਼ਨਾਈਆ । ਪੁਰਖ ਅਕਾਲ ਕਿਹਾ ਸਚਖੰਡ ਉਹ ਤਕ ਜਨ ਭਗਤ ਸੁਹੇਲੇ ਮੇਰੇ ਬੱਚੇ, ਜੁਗ ਚੌਕੜੀ ਧੁਰ ਦੀ ਪੀੜ੍ਹੀ ਚਲੀ ਆਈਆ । ਜੇਹੜੇ ਨਾਮ ਵਿਚ ਨਹੀਂ ਕੱਚੇ, ਕਾਇਆ ਕੰਚਨ ਗੜ੍ਹ ਰਹੇ ਬਣਾਈਆ । ਮੇਰੇ ਪਿਆਰ ਵਿਚ ਰੱਤੇ,

ਰਤਨ ਅਮੋਲਕ ਹੀਰੇ ਸੋਭਾ ਪਾਈਆ । ਮੈਂ ਸਿਰਫ਼ ਉਨ੍ਹਾਂ ਨੂੰ ਦੱਸਦਾ ਆਪਣੇ ਪਤੇ, ਪਤਿਪਰਮੇਸ਼ਵਰ ਹੋ ਕੇ ਰਾਹ ਦਰਸਾਈਆ । ਏਥੇ ਉਥੇ ਸਾਂਝੇ ਰੱਖਦਾ ਖੱਤੇ, ਖਿੱਤਾ ਆਪਣਾ ਇਕ ਦ੍ਰਿੜਾਈਆ । ਸਚਖੰਡ ਕਿਹਾ ਪ੍ਰਭੂ ਤੈਥੋਂ ਵਿਛੜ ਨਾ ਜਾਣ ਕਿਤੇ, ਕਦੀਮ ਦੇ ਮਾਲਕ ਦੇ ਜਣਾਈਆ । ਪੁਰਖ ਅਕਾਲ ਕਿਹਾ ਮੇਰੇ ਆਦਿ ਦੇ ਬੱਚੇ ਨਿੱਕੇ, ਨਿਰਗੁਣ ਨਿਰਗੁਣ ਧਾਰ ਵਿਚ ਸਮਾਈਆ । ਜਿਨ੍ਹਾਂ ਜ਼ਹੂਰ ਇਕੋ ਦਿਸੇ, ਦਹਿ ਦਿਸ਼ਾ ਸੋਭਾ ਪਾਈਆ । ਉਨ੍ਹਾਂ ਬਣਾਂ ਧੁਰ ਦੇ ਪਿਤੇ, ਪਤਿਪਰਮੇਸ਼ਵਰ ਹੋ ਕੇ ਗੋਦ ਉਠਾਈਆ । ਸਚ ਸੰਦੇਸੇ ਨਾਮ ਦੇ ਦੇਵਾਂ ਚਿੱਠੇ, ਧੁਰ ਅਗੰਮ ਕਰਾਂ ਪੜ੍ਹਾਈਆ । ਅੰਮ੍ਰਿਤ ਰਸਨਾ ਬੋਲ ਦੱਸਾਂ ਮਿੱਠੇ, ਕੂੜੀ ਕਿਰਿਆ ਬਾਹਰ ਕਢਾਈਆ । ਮੇਰੇ ਸਚ ਸਿੰਘਾਸਣ ਸਰਨ ਸਰਨਾਈ ਢੱਠੇ, ਸੁਖ ਆਸਣ ਸੋਭਾ ਪਾਈਆ । ਉਨ੍ਹਾਂ ਝਗੜੇ ਮੁਕ ਗਏ ਪੱਥਰ ਇੱਟੇ, ਇਕੋ ਇਸ਼ਟ ਦੇਵ ਪੁਰਖ ਅਕਾਲਾ ਰਹੇ ਮਨਾਈਆ । ਅੰਤ ਕਲਜੁਗ ਵੇਖੀਂ ਨਿਕਲਦੇ ਸਿੱਟੇ, ਨਤੀਜਾ ਧਰਮ ਦਾ ਦਿਆਂ ਦ੍ਰਿੜਾਈਆ । ਜਿਨ੍ਹਾਂ ਦੇ ਕਰਮ ਕਾਂਡ ਦੇ ਲੇਖੇ ਹੋਣੇ ਚਿੱਟੇ, ਦੁਰਮਤ ਮੈਲ ਰਹੇ ਨਾ ਰਾਈਆ । ਸਚਖੰਡ ਉਹ ਸਚ ਦਵਾਰ ਆ ਕੇ ਜਾਣ ਟਿਕੇ, ਦੂਸਰ ਧਾਮ ਨਾ ਕੋਇ ਵਡਿਆਈਆ । ਜੇਹੜੇ ਸਾਚੀ ਸਿਖਿਆ ਨਾਮ ਦੀ ਸਿਖੇ, ਸੋ ਸਿੱਖ ਸਤਿਗੁਰ ਵਿਚ ਸਮਾਈਆ । ਉਠ ਤਕ ਜਿਨ੍ਹਾਂ ਦੇ ਲੇਖੇ ਮੈਂ ਸ਼ਬਦੀ ਧਾਰ ਲਿਖੇ, ਨਾ ਕੋਇ ਮੇਟੇ ਮੇਟ ਮਿਟਾਈਆ । ਜਿਸ ਨੂੰ ਸਮਝੇ ਨਾ ਕੋਇ ਮੁਨ ਰਿਖੇ, ਜਗਤ ਤਪਸਿਆ ਨਾ ਕੋਇ ਚਤੁਰਾਈਆ । ਤੂੰ ਆਇਉਂ ਅੰਤ ਉਨ੍ਹਾਂ ਦੇ ਹਿੱਸੇ, ਸਚਖੰਡ ਤੇਰਾ ਦਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕੰਕਾਰਾ ਇਕੋ ਦਿਸੇ, ਇਕ ਇਕੱਲਾ ਨੂਰ ਇਲਾਹੀਆ ।



## ✪ ੧੨ ਪੋਹ ਸ਼ਹਿਨਸ਼ਾਹੀ ਸੰਮਤ ੬ ਦੌਲਤ ਰਾਮ ਦੇ ਗ੍ਰਿਹ ਪਿੰਡ ਕੋਟਲੀ ਜ਼ਿਲਾ ਜੰਮੂ ✪

ਸਚਖੰਡ ਕਹੇ ਜਨ ਭਗਤੋ ਮੇਰੇ ਗ੍ਰਿਹ ਪੈਣਾ ਆਉਣਾ, ਅਬਿਨਾਸ਼ੀ ਕਰਤੇ ਦਿਤੀ ਵਡਿਆਈਆ । ਏਥੇ ਆਲਸ ਨਿੰਦਰਾ ਨਹੀਂ ਕੋਈ ਸੌਣਾ, ਸੋਵਤ ਜਾਗਤ ਰੂਪ ਨਾ ਕੋਇ ਦਰਸਾਈਆ । ਨਾਦ ਸ਼ਬਦ ਰਾਗ ਨਹੀਂ ਕੋਈ ਗਾਉਣਾ, ਸਿਫ਼ਤੀ ਸਿਫ਼ਤ ਨਾ ਕੋਇ ਵਡਿਆਈਆ । ਜਲ ਧਾਰ ਪਾਣੀ ਨਹੀਂ ਕੋਈ ਨਹਾਉਣਾ, ਦੁਰਮਤ ਮੈਲ ਨਾ ਕੋਇ ਵਖਾਈਆ । ਇਕੋ ਪਤਿਪਰਮੇਸ਼ਵਰ ਪਾਉਣਾ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਜਿਸ ਨੇ ਜੋਤੀ ਜੋਤ ਮਿਲਾਉਣਾ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਫੇਰ ਠਾਂਡਾ ਦਰ ਸੁਹਾਉਣਾ, ਸੁਹੰਜਣੀ ਰੁਤੜੀ ਇਕ ਮਹਿਕਾਈਆ । ਨਿਰਗੁਣ ਨਿਰਗੁਣ ਰੰਗ ਇਕ ਰੰਗਾਉਣਾ, ਸਰਗੁਣ ਦਾ ਲੇਖਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਇਕ ਬਣਾਈਆ । ਸਚਖੰਡ ਕਹੇ ਜਨ ਭਗਤੋ ਤੁਹਾਡਾ ਸਚ ਧਰਮ ਅਸਥਾਨ, ਗ੍ਰਿਹ ਮੇਰਾ ਸੋਭਾ ਪਾਈਆ । ਜਿਥੇ ਸਤਿ ਸਰੂਪ ਵਸੇ ਭਗਵਾਨ, ਸਤਿ ਸਤਿਵਾਦੀ ਡੇਰਾ ਲਾਈਆ । ਦੀਪਕ ਜੋਤ ਜਗੇ ਮਹਾਨ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਲੱਖ ਚੁਰਾਸੀ ਧੁਰ ਦਾ ਕਾਹਨ, ਰਾਮ ਰਾਮਾ ਰੂਪ ਪਰਗਟਾਈਆ । ਜਿਥੇ ਪੜ੍ਹਨੀ ਨਾ ਪਏ ਕੋਇ ਕਲਾਮ, ਸਿਫ਼ਤਾਂ ਵਾਲੀ ਨਾ ਕੋਇ ਚਤੁਰਾਈਆ । ਮਿਲੇ ਸ਼ਹਿਨਸ਼ਾਹ ਅਵਾਮ, ਪਾਤਸ਼ਾਹ ਅਗੰਮ ਅਥਾਹੀਆ । ਜਿਸ ਦੇ ਜੁਗ ਚੌਕੜੀ ਗ਼ੁਲਾਮ, ਅਵਤਾਰ ਪੈਗੰਬਰ ਗੁਰ ਸੇਵ ਕਮਾਈਆ । ਜਿਸ

੯੫੯
੨੨

ਦਾ ਸ਼ਾਸਤਰ ਗਾਉਂਦੇ ਨਾਮ, ਅੱਖਰ ਅੱਖਰਾਂ ਨਾਲ ਮਿਲਾਈਆ । ਸੋ ਮੇਰਾ ਗ੍ਰਿਹਿ ਵਸਾਈਂ ਗਰਾਮ, ਨਗਰ ਇਕੋ ਇਕ ਵਡਿਆਈਆ । ਜਿਥੇ ਕਦੇ ਨਾ ਹੋਵੇ ਸ਼ਾਮ, ਅੰਧ ਅੰਧੇਰ ਨਾ ਕੋਇ ਰਖਾਈਆ । ਪਿਆਰ ਮੁਹੱਬਤ ਦਾ ਪ੍ਰੇਮ ਵਿਚੋਂ ਮਿਲੇ ਪੈਗ਼ਾਮ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਸੱਜਦਾ ਕਰਨਾ ਨਾ ਪਏ ਸਲਾਮ, ਡੰਡਾਵਤ ਬੰਦਨਾ ਨਾ ਕੋਇ ਰਖਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਇਕੋ ਹੋਵੇ ਮਿਹਰਵਾਨ, ਮਹਿਬੂਬ ਆਪਣੇ ਵਿਚ ਸਮਾਈਆ । ਸਤਿ ਸਚ ਦਾ ਦਏ ਜਾਮ, ਹਕੀਕੀ ਹੱਕ ਹੱਕ ਪਿਆਈਆ । ਲੇਖੇ ਮੁਕਾ ਦੇਵੇ ਏਥੇ ਉਥੇ ਸਰਬ ਤਮਾਮ, ਤਮਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਸਚਖੰਡ ਕਹੇ ਜਨ ਭਗਤੋ ਤੁਹਾਡੀ ਭੂਮਿਕਾ ਮੇਰਾ ਗ੍ਰਿਹਿ, ਲੋਕਮਾਤ ਨਾ ਕੋਇ ਚਤੁਰਾਈਆ । ਜਿਥੇ ਪੁਰਖ ਅਕਾਲਾ ਪਾਰਬ੍ਰਹਮ ਇਕੋ ਰਹੇ, ਦੀਨ ਦਿਆਲਾ ਦਇਆਨਿਧ ਪ੍ਰਭ ਆਪਣਾ ਆਸਣ ਲਾਈਆ । ਇਕੋ ਸਤਿ ਦੀ ਧਾਰ ਵਹੇ, ਦੂਜਾ ਵਹਿਣ ਨਾ ਕੋਇ ਵਹਾਈਆ । ਜਿਥੇ ਨਾ ਕੋਈ ਨਛੱਤਰ ਨਾ ਕੋਈ ਗ੍ਰਿਹਿ, ਸੂਰੀਆ ਚੰਦ ਨਾ ਕੋਇ ਵਡਿਆਈਆ । ਨਾ ਕੋਈ ਨਿਰਗੁਣ ਸਰਗੁਣ ਧਾਰ ਦਿਸੇ ਸ਼ੈ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਦੂਰ ਦੁਰਾਡੇ ਸੀਸ ਨਿਵਾਈਆ । ਜਿਹੜਾ ਗ੍ਰਿਹਿ ਕਦੇ ਨਹੀਂ ਹੋਇਆ ਲੈ, ਉਤਪਤ ਵਾਲੀ ਵੰਡ ਨਾ ਕੋਇ ਵੰਡਾਈਆ । ਤੁਹਾਨੂੰ ਰਹੇ ਨਾ ਕਿਸੇ ਦਾ ਭੈ, ਨਿਰਭੈ ਆਪਣੇ ਵਿਚ ਸਮਾਈਆ । ਉਥੇ ਆਦਿ ਤੋਂ ਅੰਤ ਅੰਤ ਤੋਂ ਆਦਿ ਇਕੋ ਇਕ ਤੁਕ ਦੀ ਜੈ, ਦੂਜਾ ਨਾਅਰਾ ਨਾ ਕੋਇ ਸੁਣਾਈਆ । ਸੋ ਸਾਹਿਬ ਸੁਲਤਾਨ ਸਚ ਪ੍ਰੀਤੀ ਤੁਹਾਨੂੰ ਦਏ, ਦਇਆਵਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਖੇਲ ਅਨਕ ਵਾਰੀ ਕੈ, ਕਹਿ ਕੇ ਸਕੇ ਨਾ ਕੋਇ ਸਮਝਾਈਆ ।

੯੫੯
੨੨

## ✪ ੧੨ ਪੋਹ ਸ਼ਹਿਨਸ਼ਾਹੀ ਸੰਮਤ ੬ ਸ਼ਿਵ ਸਿੰਘ ਦੇ ਗ੍ਰਿਹਿ ਪਿੰਡ ਸਈ ਖ਼ੁਰਦ ਜ਼ਿਲਾ ਜੰਮੂ ✪

ਸਚਖੰਡ ਕਹੇ ਪ੍ਰਭ ਮੇਰੀ ਅਗੰਮੀ ਮੰਗ, ਦਰ ਮਾਂਗਤ ਝੋਲੀ ਡਾਹੀਆ । ਮੈਨੂੰ ਅਨਡਿਠੜੀ ਜਗਹ ਤੂੰ ਦਿਤਾ ਟੰਗ, ਜਿਥੇ ਵੇਖਣ ਕੋਇ ਨਾ ਪਾਈਆ । ਚਾਰ ਜੁਗ ਮੇਰੀ ਸਿਫ਼ਤ ਦੇ ਗਵਾਏ ਛੰਦ, ਅੱਖਰਾਂ ਨਾਲ ਚਤੁਰਾਈਆ । ਨਾ ਕੋਇ ਛੱਪਰ ਦਿਸੇ ਚਾਰ ਦਵਾਰੀ ਕੰਧ, ਛੰਨ ਨਜ਼ਰ ਕੋਇ ਨਾ ਆਈਆ । ਨਾ ਕੋਈ ਸੂਰੀਆ ਨਾ ਕੋਈ ਚੰਦ, ਮੰਡਲ ਮੰਡਪ ਨਾ ਕੋਇ ਡਗਮਗਾਈਆ । ਮੈਨੂੰ ਆਪਣੇ ਹੁਕਮ ਅੰਦਰ ਕੀਤਾ ਬੰਦ, ਸ਼ਬਦ ਦਾ ਤਾਲਾ ਦਿਤਾ ਲਗਾਈਆ । ਮੈਨੂੰ ਯਾਦ ਆ ਗਿਆ ਜਿਸ ਵੇਲੇ ਤੂੰ ਬਿਨਾ ਪਾਵੇ ਚੂਲ ਤੋਂ ਡਾਹਿਆ ਸੀ ਪਲੰਘ, ਆਸਣ ਇਕ ਸੁਹਾਈਆ । ਨਿਰਗੁਣ ਧਾਰ ਨਿਰਗੁਣ ਮਾਣ ਅਨੰਦ, ਅਨੰਦ ਅਨੰਦ ਵਿਚੋਂ ਵਖਾਈਆ । ਮੈਂ ਹੋ ਗਿਆ ਸਾਂ ਦੰਗ, ਹੈਰਾਨੀ ਵਿਚ ਸੀਸ ਨਿਵਾਈਆ । ਤੇਰਾ ਕਿਹੜਾ ਅਨੋਖਾ ਢੰਗ, ਕੀ ਕਰਨੀ ਕਰ ਜਣਾਈਆ । ਮਿਹਰਵਾਨ ਮਹਿਬੂਬ ਕੁਛ ਵਸਤ ਮੈਨੂੰ ਵੰਡ, ਨਿਉਂ ਕੇ ਸੀਸ ਨਿਵਾਈਆ । ਤੂੰ ਇਸ਼ਾਰੇ ਨਾਲ ਮੈਨੂੰ ਪਾਈ ਠੰਡ, ਸਹਿਜ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਦਰ

ਤੇਰੇ ਆਸ ਰਖਾਈਆ । ਸਚਖੰਡ ਕਹੇ ਮੇਰਾ ਨਾ ਕੋਈ ਰੂਪ, ਅਨੂਪ ਸਤਿ ਨਾ ਕੋਇ ਵਖਾਈਆ । ਮੈਂ ਏਸੇ ਕਰ ਕੇ ਚੰਗਾ ਤੂੰ ਵਸੇਂ ਸਤਿ ਸਰੂਪ, ਸਚ ਸਵਾਮੀ ਡੇਰਾ ਲਾਈਆ । ਮੇਰੀ ਨਾ ਕੋਈ ਦਿਸ਼ਾ ਨਾ ਕੋਈ ਕੂਟ, ਹਿੱਸਾ ਵੰਡ ਨਾ ਕੋਇ ਵੰਡਾਈਆ । ਨਾ ਕੋਈ ਬੂਝ ਸਕੇ ਬੂਝ, ਸਮਝ ਵਿਚ ਸਮਝਾਈਆ । ਕੋਟਨ ਕੋਟ ਅਵਤਾਰ ਪੈਗ਼ੰਬਰ ਗੁਰੂ ਤੇਰੀ ਧਾਰ ਵਿਚੋਂ ਕਰ ਕੇ ਗਏ ਕੂਚ, ਕੂਚਾ ਗਲੀ ਮਾਤ ਫਿਰ ਕੇ ਫਿਰ ਧਾਰ ਤੇਰੀ ਵਿਚ ਸਮਾਈਆ । ਮੈਨੂੰ ਵਡਿਆਈ ਤੇਰੇ ਪਿਆਰ ਦੀ ਜਿਸ ਬਣਾਇਆ ਊਚੋ ਊਚ, ਅਗੰਮ ਅਥਾਹ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਚਖੰਡ ਕਹੇ ਪ੍ਰਭੂ ਮੈਂ ਨਾ ਮਰਾਂ ਨਾ ਜੰਮਾਂ, ਜੀਵਣ ਕੀ ਦਰਸਾਈਆ । ਨਾ ਆਸਾ ਨਾ ਤਮਾ, ਲਾਲਚ ਸੰਗ ਨਾ ਕੋਇ ਬਣਾਈਆ । ਨਾ ਨਾੜੀ ਨਾ ਚੰਮਾ, ਦ੍ਰਿਸ਼ਟੀ ਵੰਡ ਨਾ ਕੋਇ ਵੰਡਾਈਆ । ਨਾ ਸੋਗ ਨਾ ਗ਼ਮਾ, ਚਿੰਤਾ ਵਿਚ ਨਾ ਕੋਇ ਰਖਾਈਆ । ਮੈਂ ਨਿਤ ਨਵਿਤ ਤੇਰਾ ਵੇਖਦਾ ਸਮਾਂ, ਸਚ ਸਵਾਮੀ ਧਿਆਨ ਲਗਾਈਆ । ਆਦਿ ਜੁਗਾਦਿ ਜੁਗ ਚੌਕੜੀ ਬਿਨਾ ਤੇਰਿਆਂ ਭਗਤਾਂ ਤੋਂ ਰਹਾਂ ਨਿਕੰਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰਵਾਨ ਹੋ ਸਹਾਈਆ । ਪੁਰਖ ਅਕਾਲ ਕਹੇ ਸਚਖੰਡ ਨਾ ਕਰ ਗਿਰਿਆਜ਼ਾਰੀ, ਜ਼ਾਹਰ ਜ਼ਹੂਰ ਹੋ ਕੇ ਦਿਆਂ ਜਣਾਈਆ । ਮੇਰੀ ਖੇਲ ਅਪਾਰੀ, ਅਪਰੰਪਰ ਹੋ ਕੇ ਦਿਆਂ ਦ੍ਰਿੜਾਈਆ । ਹੁਣ ਆਈ ਲੋਕਮਾਤ ਮੇਰੀ ਵਾਰੀ, ਵਾਰਸ ਹੋ ਕੇ ਵੇਖ ਵਖਾਈਆ । ਤੇਰੀ ਨਾਲ ਰੱਖਾਂ ਸਿਕਦਾਰੀ, ਸਿਰ ਆਪਣਾ ਹੱਥ ਟਿਕਾਈਆ । ਜਿਥੇ ਭਗਤ ਭਗਵਾਨ ਦੀ ਹੋਵੇ ਯਾਰੀ, ਯਾਰਾਨਾ ਧੁਰਦਰਗਾਹੀਆ । ਓਹੋ ਤੇਰਾ ਮਹੱਲ ਓਹੋ ਤੇਰੀ ਅਟਾਰੀ, ਓਹ ਗ੍ਰਿਹਿ ਤੇਰਾ ਸੋਭਾ ਪਾਈਆ । ਤੇਰਾ ਰੂਪ ਨਾ ਪੁਰਖ ਨਾ ਨਾਰੀ, ਨਰ ਨਰਾਇਣ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪੜਦਾ ਆਪ ਖੁਲ੍ਹਾਈਆ । ਪੁਰਖ ਅਕਾਲ ਕਹੇ ਸਚਖੰਡ ਤੈਨੂੰ ਭਗਤਾਂ ਵੇਖਣਾ ਦਵਾਰ, ਦਰ ਦਵਾਰ ਇਕ ਦ੍ਰਿੜਾਈਆ । ਚੌਦਾਂ ਪੋਹ ਦਿਵਸ ਵਿਚਾਰ, ਨੇਤਰ ਨੈਣ ਖੁਲ੍ਹਾਈਆ । ਖੇਲ ਧੁਰ ਦਾ ਧੁਰ ਦਰਬਾਰ, ਗੋਬਿੰਦ ਧਾਰ ਧਾਰ ਦਰਸਾਈਆ । ਤੂੰ ਨਿਉਂ ਕੇ ਕਰੀਂ ਨਿਮਸਕਾਰ, ਮਾਣ ਤਾਣ ਗਵਾਈਆ । ਜਿਥੇ ਮੇਰਾ ਲੱਗਾ ਹੋਵੇ ਦਰਬਾਰ, ਤੂੰ ਸਿੰਘਾਸਣ ਹੇਠਾਂ ਵੜ ਕੇ ਵੇਖਣਾ ਚਾਈਂ ਚਾਈਂਆ । ਕੀ ਖੇਲ ਕਲ ਕਲਕੀ ਅਵਤਾਰ, ਨਿਹਕਲੰਕ ਕਲ ਵਰਤਾਈਆ । ਜਿਥੇ ਝੁਕਣੇ ਪੈਗ਼ੰਬਰ ਗੁਰ ਅਵਤਾਰ, ਬੈਠਣ ਸੀਸ ਨਿਵਾਈਆ । ਓਥੇ ਨੌ ਗੁਰਮੁਖ ਹੋਣੇ ਪਹਿਰੇਦਾਰ, ਕਮਰਕਸੇ ਕਮਰ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਸਤਿਜੁਗ ਸਚਖੰਡ ਤੇਰੀ ਧਾਰ ਵੇਖੇ ਇੱਕੇ, ਏਕੰਕਾਰ ਦਏ ਜਣਾਈਆ । ਇੱਕੀ ਗੁਰਮੁਖਾਂ ਬਸਤਰ ਪਾਉਣੇ ਚਿੱਟੇ, ਤਨ ਤਨ ਨਾਲ ਸੁਹਾਈਆ । ਮਸਤਕ ਸੰਧੂਰੀ ਲਾਉਣੇ ਟਿੱਕੇ, ਟਿੱਕਾ ਇਕੋ ਰੰਗ ਰੰਗਾਈਆ । ਮੌਲੀ ਤੰਦ ਬੱਧੇ ਹੋਣ ਸੱਜੇ ਗਿੱਟੇ, ਰੰਗ ਰੰਗ ਨਾਲ ਬਦਲਾਈਆ । ਖੜ੍ਹੇ ਹੋਣ ਇਕ ਦੂਜੇ ਦੇ ਪਿਛੇ, ਸੂਰਬੀਰ ਰੂਪ ਧਰਾਈਆ । ਸਭ ਦੀ ਪ੍ਰਭ ਮਿਲਣ ਦੀ ਹੋਵੇ ਇੱਛੇ, ਦੂਸਰ ਓਟ ਨਾ ਕੋਇ ਜਣਾਈਆ । ਦੋ ਬਾਲ ਵਿਚ ਹੋਣ ਨਿੱਕੇ, ਆਯੂ ਯਾਰਾਂ ਸਾਲ ਸਮਝਾਈਆ । ਸਾਹਿਬ ਸਤਿਗੁਰ ਵਸਿਆ ਹੋਵੇ ਚਿਤੇ, ਚੇਤਨ ਸੁਰਤੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ

ਲਏ ਮਿਲਾਈਆ । ਇੱਕੀ ਗੁਰਮੁਖ ਇਕੋ ਨਾਮ ਦੀ ਕਰਨ ਇਬਾਦਤ, ਢੋਲਾ ਇਕੋ ਗਾਈਆ । ਇਕੋ ਵਾਰ ਦੇਣ ਸ਼ਹਾਦਤ, ਗਵਾਹ ਗੋਬਿੰਦ ਲੈਣ ਭੁਗਤਾਈਆ । ਸਭ ਦੀ ਪ੍ਰੇਮ ਦੀ ਹੋਵੇ ਸਦਾਕਤ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਨਖ਼ਰੇ ਵਾਲੀ ਹੋਵੇ ਨਜ਼ਾਕਤ, ਨੇਤਰ ਕੱਜਲ ਆਪ ਪਵਾਈਆ । ਪੰਜਾਂ ਦੀ ਵਿਚੋਂ ਕੀਤੀ ਹੋਵੇ ਹਜਾਮਤ, ਸੋਹਣਾ ਰੂਪ ਦਰਸਾਈਆ । ਸੋਲਾਂ ਹੋਣ ਸਹੀ ਸਲਾਮਤ, ਸੋਲਾਂ ਕਲ ਕ੍ਰਿਸ਼ਨ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਬਣੇ ਅਣਜਾਣਤ, ਜਾਨਣਹਾਰ ਜੁਗ ਜੁਗ ਆਪਣਾ ਹੁਕਮ ਵਰਤਾਈਆ ।

### ✪ ੧੨ ਪੋਹ ਸ਼ਹਿਨਸ਼ਾਹੀ ਸੰਮਤ ੬ ਤੇਜ ਭਾਨ ਦੇ ਗ੍ਰਿਹਿ ਪਿੰਡ ਸਈ ਖ਼ੁਰਦ ਜ਼ਿਲਾ ਜੰਮੂ ✪



ਜਨ ਭਗਤੋ ਸਾਰੇ ਫੜ ਲਓ ਕੰਨ, ਦੋਵੇਂ ਹੱਥ ਹੱਥ ਲਗਾਈਆ । ਪ੍ਰਭ ਦਾ ਹੁਕਮ ਲੈਣਾ ਮੰਨ, ਨਾ ਕੋਈ ਮੇਟੇ ਮੇਟ ਮਿਟਾਈਆ । ਸਤਿਗੁਰੂ ਦੀ ਭੇਟਾ ਕਰਨਾ ਤਨ, ਆਪਣਾ ਵਜੂਦ ਨਾ ਕੋਇ ਰਖਾਈਆ । ਧਰਮ ਦੀ ਵਸਤ ਲੈਣੀ ਧਨ, ਆਪਣੀ ਝੋਲੀ ਲੈਣੀ ਭਰਾਈਆ । ਜਗਤ ਵਿਚ ਬੇੜਾ ਲੈਣਾ ਬੰਨ੍ਹ, ਮਲਾਹ ਸਤਿਗੁਰ ਇਕ ਅਖਵਾਈਆ । ਗੋਬਿੰਦ ਦੇ ਨੂਰੀ ਬਣਨਾ ਚੰਨ, ਚੰਨ ਜੋਤ ਨੂਰ ਰੁਸ਼ਨਾਈਆ । ਵੇਖਿਓ ਅੱਗੇ ਤੋਂ ਨੇਤਰ ਰਿਹੋਂ ਨਾ ਅੰਨ੍ਹ, ਨਿਜ ਨੈਣ ਲੈਣਾ ਖੁਲ੍ਹਾਈਆ । ਗੜ੍ਹ ਹੰਕਾਰੀ ਦੇਣਾ ਭੰਨ, ਭਾਂਡਾ ਭਰਮ ਭੌ ਭੰਨਾਈਆ । ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਸਤਿਗੁਰ ਨੂੰ ਮਿਲ ਕੇ ਸਤਿਗੁਰ ਵਿਚ ਸਮਾਈਆ । ਜਿਸ ਦੇ ਹੱਥ ਤੁਹਾਡਾ ਪਵਣ ਸਵਾਸੀ ਦਮ, ਸੋ ਦਾਮਨਗੀਰ ਤੁਹਾਡਾ ਹੋਏ ਸਹਾਈਆ । ਜਗਤ ਵੈਰਾਗ ਵਿਚ ਕਦੇ ਨਾ ਨੀਰ ਵਹਾਇਓ ਛਮ ਛਮ, ਜੇ ਸਤਿਗੁਰ ਵਿਛੜੇ ਦਿਵਸ ਰੈਣ ਚੈਨ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਜਨ ਭਗਤੋ ਕੰਨ ਦਿਓ ਛਡ, ਦੋਏ ਹੱਥ ਜੋੜ ਕੇ ਸੀਸ ਨਿਵਾਈਆ । ਪੁਰਖ ਅਕਾਲ ਨਾਲੋਂ ਕਦੇ ਨਹੀਂ ਹੋਣਾ ਅੱਡ, ਵੱਖਰਾ ਘਰ ਨਾ ਕੋਇ ਵਖਾਈਆ । ਤੁਸੀਂ ਓਸ ਪ੍ਰਭੂ ਦੀ ਯਦ, ਜੋ ਯਕੇ ਬਾਅਦ ਦੀਗਰੇ ਅਵਤਾਰ ਪੈਗ਼ੰਬਰ ਗੁਰੂਆਂ ਸੇਵ ਲਗਾਈਆ । ਉਹ ਤੁਹਾਡੀ ਏਥੇ ਓਥੇ ਰੱਖੇ ਲਜ, ਸਿਰ ਆਪਣਾ ਹੱਥ ਟਿਕਾਈਆ । ਸਤਿਜੁਗ ਦੇ ਰਿਸ਼ੀਓ ਕਿਥੇ ਜਾਓਗੇ ਭੱਜ, ਭੱਜਿਆਂ ਪੰਧ ਨਾ ਕੋਇ ਮੁਕਾਈਆ । ਜਿਸ ਨੇ ਤੁਹਾਨੂੰ ਮਾਤਾ ਪਿਤਾ ਤੋਂ ਬਾਹਰ ਲਿਆ ਲੱਭ, ਲੱਭਣ ਵਾਲਾ ਹੋ ਕੇ ਮਿਲਿਆ ਚਾਈਂ ਚਾਈਂਆ । ਪ੍ਰਨ ਕਰ ਲਓ ਅੱਜ, ਵਾਅਦਾ ਸਤਿਗੁਰ ਨਾਲ ਬਣਾਈਆ । ਭਾਵੇਂ ਸ੍ਰਿਸ਼ਟੀ ਛੁਟ ਜਾਏ ਤੇ ਛੁਟੇ ਸਾਰਾ ਜਗ, ਭਗਤ ਭਗਵਾਨ ਵਿਛੜ ਕਦੇ ਨਾ ਜਾਈਆ । ਏਹ ਖੇਲ ਸੂਰਾ ਸਰਬੱਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤੋ ਵੇਖੋ ਹਾਰ ਪਵਾਇਆ ਉਤੇ ਚਰਨਾਂ, ਚਰਨ ਪ੍ਰੀਤੀ ਦਏ ਬਣਾਈਆ । ਅੱਗੇ ਤੋਂ ਤੁਹਾਡਾ ਸਤਿਗੁਰ ਦੇ ਘਰ ਮਰਨਾ, ਜੀਵਣ ਸਤਿਗੁਰ ਝੋਲੀ ਪਾਈਆ । ਤੁਸਾਂ ਬਿਨਾ ਪੌੜੀ ਡੰਡੇ ਤੋਂ ਓਸ ਮੰਜ਼ਲ ਚੜ੍ਹਨਾ, ਜਿਥੇ ਮਿਲੇ ਬੇਪਰਵਾਹੀਆ । ਓਸ ਸਚਖੰਡ ਦਵਾਰੇ ਵਿਚ ਵੜਨਾ, ਜਿਥੇ ਇਕੋ ਜੋਤ ਨੂਰ ਰੁਸ਼ਨਾਈਆ । ਕਿਸੇ ਦਾ ਲੇਖਾ ਪਏ ਨਾ ਭਰਨਾ, ਰਾਏ

ਧਰਮ ਨਾ ਅੱਖ ਉਠਾਈਆ । ਸਚ ਦਵਾਰ ਏਕੰਕਾਰ ਦੇਵੇ ਸਰਨਾ, ਸਾਹਿਬ ਸਵਾਮੀ ਹੋਏ ਸਹਾਈਆ । ਪਰਮਾਤਮਾ ਆਤਮਾ ਤੁਹਾਡੀ ਵਰਨਾ, ਵਰ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਦਏ ਰੰਗਾਈਆ । ਹਾਰ ਕਹੇ ਮੈਂ ਚਰਨੀ ਗਿਆ ਛੂਹ, ਸਚ ਸੇਵ ਕਮਾਈਆ । ਜਨ ਭਗਤੋ ਤੁਹਾਡੀ ਪਵਿਤਰ ਹੋਣੀ ਰੂਹ, ਰੂਹ ਬੁਤ ਵੱਜੇ ਵਧਾਈਆ । ਤੁਸੀਂ ਪਰਮਾਤਮਾ ਦਾ ਸਰੂਪ ਹੂਬਹੂ, ਦੂਜਾ ਰੰਗ ਨਾ ਕੋਇ ਰੰਗਾਈਆ । ਤੁਹਾਡੇ ਅੰਦਰੋਂ ਆਵਾਜ਼ ਨਿਕਲੇ ਤੂੰਹੀ ਤੂੰ, ਦੂਜਾ ਰਾਗ ਨਾ ਕੋਇ ਅਲਾਈਆ । ਤੁਸਾਂ ਜਗਤ ਜਹਾਨ ਦੀ ਛਡਣੀ ਜੂਹ, ਜੰਗਲਾਂ ਵਿਚ ਨਾ ਕੋਇ ਭਵਾਈਆ । ਤੁਹਾਡਾ ਅੱਜ ਤੋਂ ਲੈ ਕੇ ਇਕੋ ਸ਼ਬਦ ਸਤਿਗੁਰੂ, ਸਤਿਗੁਰ ਸ਼ਬਦ ਇਕ ਅਖਵਾਈਆ । ਜਦੋਂ ਚਾਹੋਗੇ ਤੁਹਾਡੇ ਅੰਦਰ ਬਾਹਰ ਤੁਰੂ, ਸਨਮੁਖ ਹੋ ਕੇ ਨਜ਼ਰੀ ਆਈਆ । ਹੁਣ ਤੁਹਾਡੇ ਸਾਹਿਬ ਦਾ ਸਮਾਂ ਹੋਣਾ ਸ਼ੁਰੂ, ਜਿਸ ਸ਼ਰਅ ਦਾ ਲੇਖਾ ਦੇਣਾ ਮੁਕਾਈਆ । ਆਪਣੀ ਕਰਨੀ ਤੋਂ ਕਦੇ ਨਾ ਮੁੜੂ, ਦੋ ਜਹਾਨਾਂ ਡੰਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਹਾਰ ਕਹੇ ਮੈਂ ਸਤਿਗੁਰ ਚਰਨੀ ਲੱਗਾ, ਜਨ ਭਗਤ ਦਿਆਂ ਵਡਿਆਈਆ । ਜਨ ਭਗਤੋ ਹੁਣ ਤੁਹਾਡਾ ਵਧਣਾ ਅੱਗਾ, ਪਿਛਲਾ ਲੇਖਾ ਰਹੇ ਨਾ ਰਾਈਆ । ਵੇਖਿਓ ਕੋਈ ਰੂਪ ਨਾ ਬਣਿਓ ਕੱਗਾ, ਹੰਸ ਸੋਹਣੇ ਸੋਭਾ ਪਾਈਆ । ਸਤਿਗੁਰੂ ਕਦੇ ਨਾ ਕਰੇ ਦਗ਼ਾ, ਫ਼ਰੇਬਾਂ ਤੋਂ ਬਾਹਰ ਜਨ ਭਗਤਾਂ ਲਏ ਮਿਲਾਈਆ । ਤੁਹਾਨੂੰ ਉਹ ਪਤਿਪਰਮੇਸ਼ਵਰ ਲੱਭਾ, ਜਿਸ ਦੀ ਚਾਰ ਜੁਗ ਸਿਫ਼ਤ ਰਹੇ ਸੁਣਾਈਆ । ਤੁਹਾਡੇ ਨਾਲ ਰਹੇ ਸਦਾ, ਵਿਛੋੜੇ ਵਿਚ ਕਦੇ ਨਾ ਆਈਆ । ਤੁਹਾਡੇ ਪ੍ਰੇਮ ਵਿਚ ਰਹੇ ਬੱਧਾ, ਰਾਤੀਂ ਸੁਤਿਆਂ ਅੰਦਰ ਵੜ ਕੇ ਲਏ ਜਗਾਈਆ । ਫੇਰ ਤੁਹਾਨੂੰ ਦੱਸ ਜਾਏ ਗੁਰਮੁਖੋ ਕਿਹੜੀ ਮੇਰੀ ਜਗ੍ਹਾ, ਕਿਸ ਥਾਨ ਵਿਚ ਆਪਣਾ ਨੂਰ ਕਰਾਂ ਰੁਸ਼ਨਾਈਆ । ਤੁਸਾਂ ਘਰ ਬੈਠਿਆਂ ਸਤਿਗੁਰ ਸ਼ਬਦ ਦਾ ਲੈਂਦੇ ਰਹਿਣਾ ਮਜ਼ਾ, ਰਸ ਰਸ ਵਿਚੋਂ ਪਰਗਟਾਈਆ । ਤੁਹਾਡੇ ਨੇੜ ਨਾ ਆਵੇ ਕਜ਼ਾ, ਕਾਲ ਦਾ ਝਗੜਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਹਾਰ ਕਹੇ ਮੇਰੀ ਪੁਰਾਣੀ ਹਿਰਸ, ਹਵਸ ਦਿਆਂ ਜਣਾਈਆ । ਬੜਾ ਸੋਹਣਾ ਸੁਹੰਜਣਾ ਦਿਵਸ, ਰੈਣ ਮਿਲੀ ਵਡਿਆਈਆ । ਮੇਰੀ ਜੁਗ ਜੁਗ ਦੀ ਕਿਰਸ, ਪ੍ਰਭ ਝੋਲੀ ਦਿਤੀ ਪਾਈਆ । ਤੁਹਾਡੀ ਸਦਾ ਖੁਲ੍ਹੀ ਰਹੇ ਸੁਰਤ ਨਿਰਤ, ਨਿਰਵੈਰ ਮਿਲੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਦਾਤਾ ਧੁਰਦਰਗਾਹੀਆ । ਸਤਿਗੁਰ ਸ਼ਬਦ ਕਹੇ ਸੁਣ ਸ਼ਬਦੀ ਮੀਤ, ਗੁਰਮੁਖ ਸ਼ਬਦੀ ਦਿਆਂ ਜਣਾਈਆ । ਸ਼ਬਦ ਗੁਰਸਿਖ ਹੋਵੇ ਚੀਤ, ਸਿਖ ਸ਼ਬਦ ਸਤਿਗੁਰ ਵਿਚ ਸਮਾਈਆ । ਪੁਰਖ ਅਕਾਲ ਦੋਹਾਂ ਦੇ ਹੋਵੇ ਬੀਚ, ਵਿਚੋਲਾ ਬੇਪਰਵਾਹੀਆ । ਸਤਿਜੁਗ ਦੀ ਸਚ ਚਲਾਉਣੀ ਰੀਤ, ਰੀਤੀ ਇਕ ਸਮਝਾਈਆ । ਜਿਸ ਦੀ ਕਰਦੇ ਰਹੇ ਉਡੀਕ, ਸੋ ਆਇਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਦਾ ਦੂਰ ਜਨ ਭਗਤਾਂ ਸਦਾ ਨਜ਼ਦੀਕ, ਨੇਰਨ ਤੋਂ ਨੇਰਾ ਨਜ਼ਰੀ ਆਈਆ ।

## ੧੩ ਪੋਹ ਸ਼ਹਿਨਸ਼ਾਹੀ ਸੰਮਤ ੬ ਬੇਲੂ ਰਾਮ ਦੇ ਗ੍ਰਿਹ ਪਿੰਡ ਸਈ ਖ਼ੁਰਦ ਜ਼ਿਲਾ ਜੰਮੂ

ਸਚਖੰਡ ਕਹੇ ਪ੍ਰਭ ਮੇਰਾ ਇਕੋ ਬਚਨ ਸੱਚਾ, ਸਤਿ ਸਚ ਦਿਆਂ ਸੁਣਾਈਆ । ਮੈਨੂੰ ਜੰਮਣ ਵਾਲੀ ਮਾਤਾ ਨਹੀਂ ਕੋਈ ਜੱਚਾ, ਯਾਚਕ ਹੋ ਕੇ ਸੀਸ ਨਿਵਾਈਆ । ਮੇਰਾ ਤਨ ਵਜੂਦ ਮਾਟੀ ਖ਼ਾਕ ਨਹੀਂ ਕੋਈ ਕੱਚਾ, ਘੜਨ ਭੰਨਣਹਾਰ ਰੂਪ ਨਾ ਕੋਇ ਬਦਲਾਈਆ । ਮੈਂ ਜਗਤ ਜਹਾਨ ਕਦੇ ਨਹੀਂ ਵਸਾ, ਬ੍ਰਹਿਮੰਡ ਖੰਡ ਨਜ਼ਰ ਕੋਇ ਨਾ ਆਈਆ । ਮੈਂ ਦੋ ਜਹਾਨ ਕਦੇ ਨਹੀਂ ਨੱਸਾ, ਭੱਜਿਆ ਵਾਹੋ ਦਾਹੀਆ । ਇਕੋ ਤੇਰੀ ਆਸ ਰੱਖਾਂ, ਨਿਤ ਨਵਿਤ ਰਾਹ ਤਕਾਈਆ । ਮੈਨੂੰ ਸਮਾਂ ਮਿਲ ਗਿਆ ਹੁਣ ਮਸਾਂ, ਜਿਸ ਦੀ ਮਿਸਾਲ ਪਿਛੇ ਨਾ ਕੋਇ ਰਖਾਈਆ । ਮੈਂ ਚਾਹੁੰਦਾ ਤੇਰੇ ਨਾਲ ਸਦਾ ਵਸਾਂ, ਚਰਨ ਕਵਲ ਤੇਰੀ ਰਹਾਂ ਸਰਨਾਈਆ । ਕੂੜ ਦੀਆਂ ਮੇਟਾਂ ਸਫਾਂ, ਮਲੇਛਾਂ ਡੇਰਾ ਢਾਹੀਆ । ਜਿਥੇ ਤੇਰਿਆਂ ਭਗਤਾਂ ਨੂੰ ਮਿਲੇ ਤੇਰੇ ਨਾਮ ਦਾ ਗੱਫਾ, ਓਥੇ ਆਪਣੀ ਖ਼ੁਸ਼ੀ ਬਣਾਈਆ । ਬਿਨਾ ਤੇਰੇ ਤੋਂ ਹੋਰ ਹੋਵੇ ਕਿਤੇ ਨਹੀਂ ਨਫ਼ਾ, ਨੁਕਸਾਨ ਵਿਚ ਜੁਗ ਚੌਕੜੀ ਨਜ਼ਰੀ ਆਈਆ । ਮੈਨੂੰ ਖ਼ੁਸ਼ੀ ਤੂੰ ਕਦੀ ਨਹੀਂ ਹੁੰਦਾ ਖਫ਼ਾ, ਗ਼ੁੱਸਾ ਗਿਲਾ ਨਾ ਕੋਇ ਰਖਾਈਆ । ਹੁਣ ਪਿਛਲਾ ਲਹਿਣਾ ਕਰਨਾ ਰਫ਼ਾ, ਅੱਗੇ ਆਪਣਾ ਰਾਹ ਦ੍ਰਿੜਾਈਆ । ਮੈਂ ਸਦਾ ਤੇਰਾ ਦਾਰ ਵਫ਼ਾ, ਬੇਵਫ਼ਾਈ ਨਾ ਕੋਇ ਰਖਾਈਆ । ਪੁਰਖ ਅਕਾਲ ਦੀਨ ਦਿਆਲ ਆਪਣੇ ਪਿਆਰ ਦਾ ਬਦਲ ਦੇ ਸਫ਼ਾ, ਜਿਸ ਦੀ ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਜਿਸ ਦੇ ਵਿਚ ਤੇਰੇ ਪ੍ਰੇਮੀਆਂ ਨੂੰ ਸਦਾ ਮਿਲਦੀ ਸ਼ਫਾ, ਚੁਰਾਸੀ ਦਾ ਰੋਗ ਰਹੇ ਨਾ ਰਾਈਆ । ਤੇਰੇ ਪਿਆਰ ਦਾ ਹੋਵੇ ਜਸਾ, ਸਿਫ਼ਤਾਂ ਵਿਚ ਸਾਲਾਹੀਆ । ਜਿਥੇ ਅਵਤਾਰ ਪੈਗ਼ੰਬਰ ਗੁਰੂ ਕਹਿੰਦੇ ਅੱਛਾ, ਨਿਰਗੁਣ ਧਾਰ ਭਗਵਨ ਸੀਸ ਨਿਵਾਈਆ । ਉਥੇ ਤਤਾਂ ਵਾਲਾ ਲਬਾਸ ਨਹੀਂ ਕੋਈ ਜੰਞੂ ਬੋਦੀ ਤਹਿਮਤ ਕੱਛਾ, ਸਰੀਰਕ ਵੰਡ ਨਾ ਕੋਇ ਵੰਡਾਈਆ । ਜਿਥੇ ਨਿਰਗੁਣ ਧਾਰ ਤੂੰ ਸਭ ਦੀ ਕਰੇਂ ਰੱਛਾ, ਰੱਛਕ ਹੋ ਕੇ ਵੇਖ ਵਖਾਈਆ । ਕੋਟਨ ਕੋਟ ਫਿਰਦੇ ਮਛ ਕਛਾ, ਭੱਜਣ ਵਾਹੋ ਦਾਹੀਆ । ਮੈਂ ਸਚ ਦੱਸਾਂ ਆਦਿ ਤੋਂ ਲੈ ਕੇ ਅੰਤ (ਤਕ) ਸ਼ਬਦੀ ਸਤਿਗੁਰ ਬਚਿਆ ਬੱਚਾ, ਦੂਜਾ ਬਚਿਆ ਬੱਚਾ ਰਹਿਣ ਕੋਇ ਨਾ ਪਾਈਆ । ਮੈਂ ਦੋ ਜਹਾਨਾਂ ਨਿਗਾਹ ਮਾਰੀ ਚੱਪਾ ਚੱਪਾ, ਚਾਰੋਂ ਕੁੰਟ ਖੋਜ ਖੁਜਾਈਆ । ਤੇਰਾ ਸਭ ਦੇ ਉਪਰ ਛੱਪਾ, ਸਿਰ ਸਕਿਆ ਨਾ ਕੋਇ ਉਠਾਈਆ । ਮੈਂ ਹੈਰਾਨ ਹੋ ਗਿਆ ਤੂੰ ਕਿਸ ਬਿਧ ਮਾਣ ਬਖ਼ਸ਼ਿਆ ਇਕ ਪੱਪਾ, ਪੂਰਨ ਆਪਣਾ ਰੰਗ ਰੰਗਾਈਆ । ਓਹ ਵੇਖ ਦੁਹਾਈ ਦੇਂਦਾ ਨਾਨਕ ਤਪਾ, ਉਚੀ ਕੂਕ ਕੂਕ ਸੁਣਾਈਆ । ਜਿਸ ਗੋਬਿੰਦ ਨੇ ਗਾਇਆ ਸੋਹੰ ਟੱਪਾ, ਅੰਤਮ ਆਪਣਾ ਰੰਗ ਜਣਾਈਆ । ਉਸ ਦਾ ਤੇਰੇ ਨਾਲ ਹੋਇਆ ਮਤਾ, ਮਤਾਂਤਰ ਹੋਰ ਨਾ ਕੋਇ ਵਖਾਈਆ । ਜਿਸ ਨੂੰ ਤੂੰ ਆਪਣਾ ਸੰਬਲ ਦੱਸਿਆ ਪਤਾ, ਸਚ ਸਿੰਘਾਸਣ ਇਕ ਸੁਹਾਈਆ । ਮੇਰੇ ਮਿਹਰਵਾਨ ਉਸ ਵਿਚ ਫ਼ਰਕ ਰਿਹਾ ਨਾ ਰਤਾ, ਕਿਣਕਾ ਸਕਿਆ ਨਾ ਕੋਇ ਬਦਲਾਈਆ । ਮੈਂ ਤੇਰਾ ਖੇਲ ਵੇਖਦਾ ਯਥਾਰਥ ਯਥਾ, ਯਦੀ ਆਪਣੀ ਕਾਰ ਕਮਾਈਆ । ਜਿਥੇ ਤੇਰੇ ਚਰਨ ਕਵਲ ਜਨ ਭਗਤ ਛੁਹਾਉਂਦੇ ਮੱਥਾ, ਮਸਤਕ ਧੂੜੀ ਖ਼ਾਕ ਰਮਾਈਆ । ਉਥੇ ਇਕੋ ਨਿਰਗੁਣ ਨਿਰਗੁਣ ਧਾਰ ਕਥਾ, ਸਰਗੁਣ ਜਗਤ ਨਾ ਕੋਇ ਪੜ੍ਹਾਈਆ । ਜਿਹੜਾ ਤੇਰੇ ਸੱਥਰ ਲੱਥਾ, ਉਸ ਦੇ ਅੰਦਰ ਤੇਰਾ ਨੂਰ ਵੇਖਿਆ ਚਾਈਂ ਚਾਈਂਆ । ਸਚਖੰਡ ਕਹੇ ਪ੍ਰਭੂ ਭਾਵੇਂ ਮੇਰੀਆਂ ਨਹੀਂ ਅੱਖਾਂ, ਬਿਨ ਅੱਖਾਂ ਤੋਂ ਅੱਖਾਂ ਰਿਹਾ ਖੁਲ੍ਹਾਈਆ । ਮੈਂ ਨਿਵ ਨਿਵ ਤੇਰੀ ਸਰਨਾਈ ਢੱਠਾਂ, ਢਹਿ ਢਹਿ ਸੀਸ ਨਿਵਾਈਆ । ਮੇਰਾ ਭੇਦ ਪਾਇਆ ਨਹੀਂ ਮੰਦਰ ਮਸਜਿਦ

ਸ਼ਿਵਦੁਆਲੇ ਮੱਠਾਂ, ਗੁਰਦਵਾਰ ਮੇਰੀ ਵੰਡ ਨਾ ਕੋਈ ਵੰਡਾਈਆ । ਇਹ ਤੇਰੀਆਂ ਜੁਗ ਜੁਗ ਦੀਆਂ ਗੇੜੀਆਂ ਲੱਠਾਂ, ਚੱਕਰ ਵਿਚ ਚੱਕਰਵਰਤੀ ਸਾਰੇ ਦਿਤੇ ਭਵਾਈਆ । ਖੇਲਾਂ ਖਿਲਾ ਕੇ ਵਿਚ ਤਤ ਅੱਠਾਂ, ਅੱਠ ਨੌਂ ਦਸ ਦਾ ਭੇਵ ਚੁਕਾਈਆ । ਮੇਰੇ ਸਚਖੰਡ ਦਵਾਰ ਤੂੰ ਦੇ ਕੇ ਆਪਣੀਆਂ ਗੱਠਾਂ, ਗੰਢ ਪੀਚ ਕੇ ਦਿਤੀ ਬੰਧਾਈਆ । ਜਿਹੜੀਆਂ ਖੁਲ੍ਹੀਆ ਨਹੀਂ ਬਿਨਾ ਤੇਰੇ ਨਾਮ ਦੀ ਸੱਟਾਂ, ਕੋਟਨ ਕੋਟ ਸਾਧ ਸੰਤ ਜਗਤ ਲੁਹਾਰ ਮਨ ਦੇ ਹਥੌੜੇ ਗਏ ਉਠਾਈਆ । ਮੇਰੇ ਅੰਦਰ ਤੇਰੀਆਂ ਗੁਝੀਆਂ ਉਹ ਢੱਕਾਂ, ਜਿਸ ਨੂੰ ਜਗ ਨੇਤਰ ਵੇਖਣ ਕੋਇ ਨਾ ਪਾਈਆ । ਮੇਰੇ ਅੰਦਰ ਤੇਰੀ ਬੇਪਰਵਾਹੀ ਦੀਆਂ ਹੱਟਾਂ, ਜਿਥੇ ਵਣਜਾਰੇ ਗੁਰ ਅਵਤਾਰ ਪੈਗ਼ੰਬਰ ਬੈਠੇ ਝੋਲੀਆਂ ਡਾਹੀਆ । ਮੇਰੇ ਅੰਦਰ ਤੇਰੇ ਧਰਮ ਧਾਰ ਦੀਆਂ ਮਤਾਂ, ਸਿਖਿਆ ਭੰਡਾਰੇ ਭਰੇ ਚਾਈਂ ਚਾਈਆ । ਬਹੁੜੀ ਇਕੋ ਦੁੱਖ, ਬਿਨਾ ਤੇਰੀ ਕਿਰਪਾ ਤੋਂ ਮੇਰਾ ਕਿਸੇ ਨੂੰ ਨਹੀਂ ਪਤਾ, ਸਾਰੀ ਸ੍ਰਿਸ਼ਟੀ ਬੈਠੀ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਂ ਸਦਾ ਸਦਾ ਸਦ ਤੇਰੇ ਸੰਗ ਵਸਾਂ, ਵਸਲ ਯਾਰ ਇਕੋ ਇਕ ਦੇਣਾ ਵਖਾਈਆ ।

## ੧੩ ਪੋਹ ਸ਼ਹਿਨਸ਼ਾਹੀ ਸੰਮਤ ੬ ਗੁਰਾ ਰਾਮ ਦੇ ਗ੍ਰਿਹ ਪਿੰਡ ਸਈ ਖ਼ੁਰਦ ਜ਼ਿਲਾ ਜੰਮੂ



ਸਚਖੰਡ ਕਹੇ ਪ੍ਰਭੂ ਮੇਰੀ ਦੱਸੀ ਨਹੀਂ ਕਿਸੇ ਬੁਲੰਦੀ, ਸਤਹ ਪੜਦਾ ਨਾ ਕੋਇ ਉਠਾਈਆ । ਮੇਰੀ ਨਜ਼ਰ ਆਈ ਨਹੀਂ ਕਿਸੇ ਹੱਦਬੰਦੀ, ਲੰਬਾਈ ਚੁੜਾਈ ਨਾ ਕੋਇ ਜਣਾਈਆ । ਮੇਰੀ ਕਿਸੇ ਖਾਤੇ ਵਿਚ ਨਹੀਂ ਜਮ੍ਹਾਂਬੰਦੀ, ਲੇਖਾ ਸਕੇ ਨਾ ਕੋਇ ਬਣਾਈਆ । ਮੈਨੂੰ ਇਕ ਤੇਰੇ ਹੁਕਮ ਦੀ ਪਾਬੰਦੀ, ਪਾਬੰਦ ਹੋ ਕੇ ਤੇਰੇ ਚਰਨਾਂ ਸੀਸ ਨਿਵਾਈਆ । ਤੇਰੀ ਬੇਅੰਤ ਜੁਗ ਚੌਕੜੀ ਲੰਘੀ, ਕੋਟਨ ਕੋਟ ਕਾਲ ਗਏ ਵਿਹਾਈਆ । ਕਿਸੇ ਦੇ ਕੋਲ ਆਦਿ ਦੀ ਮੈਨੂੰ ਲੱਭੀ ਨਹੀਂ ਸੰਦੀ, ਸੰਨਦ ਸਕਿਆ ਨਾ ਕੋਇ ਵਖਾਈਆ । ਮਾਤਲੋਕ ਤੇਰੇ ਢੋਲੇ ਸੁਣੇ ਛੰਦੀ, ਰਸਨਾ ਵਾਲੇ ਰਾਗ ਅਲਾਈਆ । ਪਰ ਸਚ ਦੱਸ ਕਿਹੜੀ ਖੇਲ ਤੇਰੀ ਚੰਗੀ, ਜਿਹੜੀ ਤੇਰੇ ਵਿਚ ਸਮਾਈਆ । ਮੇਰੀ ਅੰਤਰਗਤ ਹੋਈ ਅਚੰਭੀ, ਹੈਰਾਨੀ ਵਿਚ ਸੁਣਾਈਆ । ਪਤਾ ਨਹੀਂ ਤੇਰੀ ਕਿਤਨੀ ਆਯੂ ਲੰਬੀ, ਅੱਗੇ ਅੰਤ ਕਹਿਣ ਕੋਇ ਨਾ ਪਾਈਆ । ਮੇਰੀ ਅਰਦਾਸ ਤੂੰ ਸਦਾ ਮੇਰੇ ਵਿਚ ਸਵੀਂ, ਸਚ ਸਿੰਘਾਸਣ ਆਸਣ ਲਾਈਆ । ਪਰ ਮੈਨੂੰ ਐਂ ਦਿਸਦਾ ਤੂੰ ਖੇਲ ਖਿਲਾਉਣੀ ਨਵੀਂ, ਨਵਾਂ ਜੁਗ ਦੇਣਾ ਲਗਾਈਆ । ਜਿਸ ਵਿਚ ਤੇਰਾ ਨਾਉਂ ਹੋਣਾ ਅਵਤਾਰ ਚਵ੍ਹੀ, ਚਾਰ ਜੁਗ ਦਾ ਝਗੜਾ ਦੇਣਾ ਮੁਕਾਈਆ । ਮੇਰੀ ਬੰਦਨਾ ਮੈਨੂੰ ਵੀ ਮਾਣ ਉਥੇ ਦਵੀਂ, ਦੇਵਣਹਾਰ ਤੇਰੀ ਸਰਨਾਈਆ । ਮੇਰਾ ਦਿਲ ਕਰਦਾ ਮੈਂ ਵੀ ਵੇਖਾਂ ਕੰਢਾ ਤਵੀ, ਤਰਾਂ ਤਰਾਂ ਪੰਧ ਮੁਕਾਈਆ । ਜਿਥੇ ਤੇਰਾ ਸ਼ਬਦ ਗੁਰੂ ਤੇਰੇ ਸ਼ਬਦ ਦਾ ਹੋਣਾ ਕਵੀ, ਤੇਰੇ ਸ਼ਬਦ ਦੀ ਸ਼ਬਦ ਸਾਲਾਹੀਆ । ਤੂੰ ਭਗਤਾਂ ਦਾ ਢੋਲਾ ਗਵੀਂ, ਗਾ ਕੇ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦ ਮੇਰੇ ਸੰਗ ਰਵ੍ਹੀਂ, ਰਹਿ ਕੇ ਆਪਣੀ ਖ਼ੁਸ਼ੀ ਬਣਾਈਆ ।

੯੬੪
੨੨

## ✪ ੧੩ ਪੋਹ ਸ਼ਹਿਨਸ਼ਾਹੀ ਸੰਮਤ ੬ ਕ੍ਰਿਸ਼ਨ ਲਾਲ ਦੇ ਗ੍ਰਿਹ ਪਿੰਡ ਸਈ ਖ਼ੁਰਦ ਜ਼ਿਲਾ ਜੰਮੂ ✪

ਸਚਖੰਡ ਕਹੇ ਪ੍ਰਭ ਨਾ ਕੋਈ ਤੇਰਾ ਚੱਕਰ ਚਿਹਨ, ਰੂਪ ਰੰਗ ਰੇਖ ਸਕਿਆ ਨਾ ਕੋਇ ਸਮਝਾਈਆ । ਨਾ ਕੋਈ ਮੇਰਾ ਘਰ ਗ੍ਰਿਹਿ ਸਿਹਨ, ਮਹੱਲ ਅਟੱਲ ਨਾ ਕੋਇ ਵਡਿਆਈਆ । ਸਾਰੇ ਮੈਨੂੰ ਸਿਫ਼ਤਾਂ ਵਿਚ ਕਹਿਣ, ਗੁਰ ਅਵਤਾਰ ਪੈਗ਼ੰਬਰ ਰਾਗ ਸੁਣਾਈਆ । ਮੇਰੇ ਦਵਾਰੇ ਵਿਚ ਆ ਕੇ ਮਿਲਦਾ ਚੈਨ, ਸਚ ਸਚ ਵਿਚ ਸਮਾਈਆ । ਮੈਨੂੰ ਦੱਸ ਮੈਨੂੰ ਕਿਸ ਨੇ ਵੇਖਿਆ ਨਾਲ ਨੈਣ, ਅੱਖ ਅੱਖ ਵਿਚੋਂ ਖੁਲ੍ਹਾਈਆ । ਕਵਣ ਬਣਿਆ ਸੱਚਾ ਸੈਣ, ਮੇਰਾ ਸੰਗ ਬਣਾਈਆ । ਕਿਸ ਨੇ ਲੇਖਾ ਤੱਕਿਆ ਲਹਿਣ ਦੇਣ, ਹਿਸਾਬ ਕਿਤਾਬ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਸਚਖੰਡ ਕਹੇ ਪ੍ਰਭ ਮੇਰਾ ਨਾ ਕੋਈ ਮੁਹੀਤ ਦੱਸਿਆ ਨਾ ਕੁਤਰ, ਦਾਇਰਾ ਵੰਡ ਨਾ ਕੋਇ ਵੰਡਾਈਆ । ਮੇਰੀ ਦਿਸ਼ਾ ਨਾ ਕੋਈ ਪੂਰਬ ਦੱਸੀ ਉੱਤਰ, ਪਹਾੜ ਦੱਖਣ ਨਾ ਕੋਇ ਸਮਝਾਈਆ । ਮੈਨੂੰ ਸਚ ਦੱਸ ਮੈਂ ਕਿਸ ਦਾ ਆਦਿ ਤੋਂ ਪੁੱਤਰ, ਕਵਣ ਮੇਰੀ ਜਣੇਂਦੀ ਮਾਈਆ । ਮੈਂ ਸਭ ਤੋਂ ਪਹਿਲਾਂ ਕਿਸ ਦਾ ਕੀਤਾ ਸ਼ੁਕਰ, ਸ਼ੁਕਰਾਨੇ ਵਿਚ ਸੀਸ ਨਿਵਾਈਆ । ਕਿਸ ਨੂੰ ਲੱਗਾ ਝੁਕਣ, ਨਿਉਂ ਨਿਉਂ ਲੱਗਿਆ ਪਾਈਂਆ । ਮੈਂ ਕੋਟਨ ਜੁਗਾਂ ਪਿਛੋਂ ਤੈਨੂੰ ਲੱਗਾ ਪੁਛਣ, ਗਲ ਪਲੂ ਵਾਸਤਾ ਪਾਈਆ । ਮੈਨੂੰ ਕਿਸ ਨੇ ਲਾਡ ਨਾਲ ਕਿਹਾ ਪੁੱਤਨ, ਫੜ ਬਾਹੋਂ ਗੋਦ ਬਹਾਈਆ । ਮੈਂ ਅੱਜ ਤਕ ਨਹੀਂ ਸਿਖਿਆ ਰੁੱਸਣ, ਰੋਸੇ ਵਾਲੀ ਗੱਲ ਨਾ ਕੋਇ ਸੁਣਾਈਆ । ਬਚਨ ਕਰਨਾ ਦੋ ਤੁਕਨ, ਬਹੁਤਾ ਤਕਰਾਰ ਨਾ ਕੋਇ ਵਖਾਈਆ । ਕਿਸ ਬਿਧ ਮੇਰਾ ਉਜਲ ਹੋਇਆ ਮੁਖਨ, ਮੈਨੂੰ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਪੜਦਾ ਦੇਣਾ ਉਠਾਈਆ । ਸਚਖੰਡ ਕਹੇ ਪ੍ਰਭੂ ਮੇਰਾ ਦੱਸ ਕੀ ਇਰਾਦਾ, ਕਿਸ ਬਿਧ ਧਿਆਨ ਲਗਾਈਆ । ਮੇਰਾ ਕਿਹੜਾ ਪਿਤਾ ਤੇ ਕਿਹੜਾ ਦਾਦਾ, ਕਿਹੜੀ ਪੀੜ੍ਹੀ ਵਿਚੋਂ ਲਿਆ ਪਰਗਟਾਈਆ । ਕਿਹੜਾ ਮਜ਼੍ਹਬ ਕਿਹੜਾ ਸਮਾਜਾ, ਕਿਹੜੀ ਜ਼ਾਤ ਰਖਾਈਆ । ਕਿਹੜਾ ਨਾਦ ਧੁਨ ਵਾਜਾ, ਕੀ ਕੀਤੀ ਸ਼ਨਵਾਈਆ । ਮੈਂ ਕਦੋਂ ਸੋਇਆ ਤੇ ਕਦੋਂ ਜਾਗਾ, ਮੇਰਾ ਪੜਦਾ ਲੈਣਾ ਉਠਾਈਆ । ਕਿਸ ਵੇਲੇ ਤੂੰ ਮੇਰੇ ਅੰਦਰ ਆਇਉਂ ਭਾਗਾ, ਵੜਿਆ ਚਾਈਂ ਚਾਈਂਆ । ਤੂੰ ਬਣ ਕੇ ਕੰਤ ਸੁਹਾਗਾ, ਸੋਹਣੀ ਖ਼ੁਸ਼ੀ ਲਈ ਪ੍ਰਗਟਾਈਆ । ਮੇਰੀ ਅੰਤ ਅਖ਼ੀਰ ਇਕ ਆਵਾਜ਼ਾ, ਸਚ ਸਵਾਮੀ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਦੱਸ ਕਵਣ ਰੂਪ ਆਦਿ ਆਦਾ, ਅੰਤ ਕਵਣ ਸੰਗ ਵਖਾਈਆ ।

## ✪ ੧੩ ਪੋਹ ਸ਼ਹਿਨਸ਼ਾਹੀ ਸੰਮਤ ੬ ਰਵੇਲਾ ਰਾਮ ਦੇ ਗ੍ਰਿਹ ਪਿੰਡ ਸਈ ਖ਼ੁਰਦ ਜ਼ਿਲਾ ਜੰਮੂ ✪

ਸਚਖੰਡ ਕਹੇ ਪ੍ਰਭ ਮੇਰਾ ਅੰਦਰ ਖਿੜ ਖਿੜਾ ਕੇ ਹੱਸੇ, ਹੱਸ ਹੱਸ ਰਿਹਾ ਜਣਾਈਆ । ਸਚ ਦੱਸੀਂ, ਤੂੰ ਮੇਰੇ ਵਿਚ ਕਿ ਮੈਂ ਤੇਰੇ ਵਿਚ ਦੋਹਾਂ ਵਿਚੋਂ ਕੌਣ ਵਸੇ, ਘਰ ਕਵਣ ਰੂਪ ਦਰਸਾਈਆ । ਕਿ ਦੋਵੇਂ ਇਕ ਦੂਜੇ ਦੇ ਪਿਆਰ ਵਿੱਚ ਫਸੇ, ਹੱਦ ਨਜ਼ਰ ਕੋਇ ਨਾ ਆਈਆ । ਇਕ ਦੂਜੇ

ਦੇ ਪ੍ਰੇਮ ਦੇ ਲਈਏ ਰਸੇ, ਰਸ ਆਪਣਾ ਨਾ ਕੋਇ ਵਖਾਈਆ । ਕਿਸ ਸਹਾਰੇ ਮੈਨੂੰ ਬੱਧਾ ਕਿਹੜੀ ਡੋਰੀ ਕਿਹੜੇ ਰੱਸੇ, ਰਸਤਾ ਕਵਣ ਬਣਾਈਆ । ਕਿਸ ਬਿਧ ਤੇਰੇ ਮੇਰੇ ਪਿਆਰ ਨਾਤੇ ਇਕ ਦੂਜੇ ਨਾਲ ਫਸੇ, ਪਲੂ ਸਕੇ ਨਾ ਕੋਇ ਛੁਡਾਈਆ । ਮੈਨੂੰ ਐਂ ਜਾਪਦਾ ਮੇਰੇ ਨਾਲੋਂ ਤੇਰੇ ਘਰ ਹੋਰ ਅੱਛੇ, ਮੇਰੇ ਤੋਂ ਉਪਰ ਹੋਰ ਸੋਭਾ ਪਾਈਆ । ਜਿਨ੍ਹਾਂ ਦਾ ਰਾਹ ਗੁਰ ਅਵਤਾਰ ਪੈਗ਼ੰਬਰ ਰਹੇ ਤਕੇ, ਅੱਖੀਂ ਵੇਖਣ ਕੋਇ ਨਾ ਪਾਈਆ । ਮੇਰੇ ਵਿਚ ਆ ਕੇ ਤੇਰੇ ਵਿਚ ਜਾਣ ਛਪੇ, ਆਪਣਾ ਰੂਪ ਰੰਗ ਰੰਗ ਰੂਪ ਦੇਣ ਬਦਲਾਈਆ । ਅੱਗੇ ਕਿਸੇ ਦੀ ਖੁੱਲ੍ਹ ਨਾ ਸਕੇ ਅੱਖੇ, ਨਿਗਹ ਨੈਣ ਨਾ ਕੋਇ ਟਿਕਾਈਆ । ਤੈਨੂੰ ਅਗੰਮ ਅਗੋਚਰ ਕਿਹਾ ਅਲੱਖੇ, ਲਖ ਕੇ ਗਿਆ ਨਾ ਕੋਇ ਸਮਝਾਈਆ । ਜੁਗ ਚੌਕੜੀ ਤੇਰੇ ਕੋਲੋਂ ਸਾਰੇ ਝਕੇ, ਪੁੱਛਣ ਦੀ ਹਿੰਮਤ ਨਾ ਕਿਸੇ ਰਖਾਈਆ । ਜਿਹੜੀ ਤੂੰ ਵਸਤ ਦਿਤੀ ਓਸੇ ਨਾਮ ਦੇ ਮਾਰ ਕੇ ਫੱਕੇ, ਆਪਣਾ ਝਟ ਗਏ ਲੰਘਾਈਆ । ਸਿਫ਼ਤਾਂ ਵਾਲੇ ਵੱਖਰੇ ਵੱਖਰੇ ਦੱਸ ਕੇ ਟੱਪੇ, ਅੱਖਰਾਂ ਵਾਲੀ ਕਰੀ ਪੜ੍ਹਾਈਆ । ਤੇਰੇ ਭੈ ਵਿਚ ਡਰ ਵਿਚ ਰਹੇ ਪੱਕੇ, ਸਿਰ ਸਕਿਆ ਨਾ ਕੋਇ ਉਠਾਈਆ । ਮੈਂ ਵੇਖ ਕੇ ਹੁੰਦਾ ਰਿਹਾ ਹੱਕੇ ਬੱਕੇ, ਹੈਰਾਨੀ ਮੇਰੇ ਅੰਤਰ ਆਈਆ । ਖੇਲ ਤਕਦਾ ਰਿਹਾ ਦੀਗਰੇ ਬਾਅਦ ਯਕੇ, ਯਕ ਤੇਰਾ ਧਿਆਨ ਲਗਾਈਆ । ਕਿਰਪਾ ਕਰ ਮਿਹਰਵਾਨ ਕੁਛ ਮੈਨੂੰ ਦੇ ਦੱਸੇ, ਆਪ ਆਪਣਾ ਪੜਦਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਪਿਆਰ ਦੇ ਆਦਿ ਅੰਤ ਬੱਝੇ ਰੱਸੇ, ਤੰਦ ਸਕੇ ਨਾ ਕੋਇ ਤੁੜਾਈਆ ।



## ੧੩ ਪੋਹ ਸ਼ਹਿਨਸ਼ਾਹੀ ਸੰਮਤ ੬ ਨਾਨਕ ਚੰਦ ਦੇ ਗ੍ਰਿਹ ਪਿੰਡ ਸਈ ਖ਼ੁਰਦ ਜ਼ਿਲਾ ਜੰਮੂ

ਸਚਖੰਡ ਕਹੇ ਪ੍ਰਭ ਕਹਿੰਦੇ ਸੱਚੀ ਦਰਗਾਹ, ਦਰਗਾਹ ਪਵਣ ਰੂਪ ਸਮਝਾਈਆ । ਹੋਰ ਨਹੀਂ ਕੋਈ ਮੇਰੇ ਵਰਗਾ, ਰੂਪ ਰੰਗ ਨਾ ਕੋਇ ਸਮਝਾਈਆ । ਮੈਨੂੰ ਸਾਰੇ ਕਹਿੰਦੇ ਘਰ ਹਰਿ ਦਾ, ਜਿਥੇ ਵਸੇ ਨੂਰ ਇਲਾਹੀਆ । ਮੈ ਤੇਰੇ ਕਦਮਾਂ ਸੀਸ ਧਰਦਾ, ਨਿਉਂ ਨਿਉਂ ਲਾਗਾਂ ਪਾਈਆ । ਮੈਨੂੰ ਅੱਜੇ ਪਤਾ ਨਹੀਂ ਲੱਗਾ ਕਿਸ ਬਿਧ ਮੇਰੇ ਅੰਦਰ ਅਵਤਾਰ ਪੈਗ਼ੰਬਰ ਗੁਰੂ ਪੜ੍ਹਦਾ, ਸਿਖਿਆ ਤੇਰੀ ਝੋਲੀ ਪਾਈਆ । ਮੈ ਮਾਲਕ ਕਦੀਮ ਚਿਰ ਦਾ, ਮੇਰੀ ਆਯੂ ਨਾ ਕੋਇ ਸਮਝਾਈਆ । ਇਕ ਹੋਰ ਦਵਾਰ ਮੇਰੇ ਵਿਚ ਰਖਾ ਘਰ ਥਿਰ ਦਾ, ਜਿਸ ਨੂੰ ਥਿਰ ਘਰ ਕਹਿ ਕੇ ਸਾਰੇ ਰਹੇ ਗਾਈਆ । ਸਾਰੇ ਕਹਿੰਦੇ ਓਥੇ ਪ੍ਰੀਤਮ ਮਿਲਦਾ, ਪ੍ਰਿਆ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਸਚਖੰਡ ਕਹੇ ਪ੍ਰਭੂ ਮੈਨੂੰ ਕਿਉਂ ਕਿਹਾ ਹੱਕ ਮੁਕਾਮ, ਮੁਕੰਮਲ ਮੈਨੂੰ ਦੇ ਦ੍ਰਿੜਾਈਆ । ਮੇਰੀ ਸਿਫ਼ਤ ਕਰਨ ਤਮਾਮ, ਮੇਰੀ ਤਾਮੀਰ ਦਾ ਲੇਖਾ ਨਾ ਕੋਇ ਜਣਾਈਆ । ਮੇਰੇ ਗ੍ਰਿਹ ਨਾ ਕੋਇ ਦਿਵਸ ਨਾ ਕੋਈ ਸ਼ਾਮ, ਪੱਖ ਵੰਡ ਨਾ ਕੋਇ ਵੰਡਾਈਆ । ਨਾ ਕੋਈ ਕਲਮਾ ਨਾ ਕਲਾਮ, ਨਗ਼ਮਾ ਨਾਮ ਨਾ ਕੋਇ ਦ੍ਰਿੜਾਈਆ । ਨਾ ਕੋਈ ਸੰਦੇਸ਼ਾ ਸੱਦਾ ਪੈਗ਼ਾਮ, ਨਾ ਕੋਈ ਅੱਖਰਾਂ ਵਾਲੀ ਸ਼ਨਵਾਈਆ । ਮੈਨੂੰ ਪਤਾ ਨਹੀਂ ਮੇਰਾ ਕਿਸ ਤਰਾ ਹੋਇਆ ਇੰਤਜ਼ਾਮ, ਬੰਦੋਬਸਤ ਕਵਣ ਕਰਾਈਆ । ਕਿਸ ਬਿਧ ਰਚਿਆ ਮੇਰਾ ਗਰਾਮ, ਖੇੜਾ ਦਿਤਾ ਸੁਹਾਈਆ ।

ਕਿਹੜੀ ਮੇਰੇ ਵਿੱਚ ਵਸੇ ਅਵਾਮ, ਕਵਣ ਬਹਿ ਬਹਿ ਝਟ ਲੰਘਾਈਆ । ਮੇਰੀ ਸਤਿ ਦੀ ਸਚ ਦੱਸ ਪਹਿਚਾਣ, ਬੇਪਹਿਚਾਨ ਆਪਣਾ ਹੁਕਮ ਵਰਤਾਈਆ । ਮੈ ਸਿਰਫ਼ ਅੱਖਰਾਂ ਵਿਚ ਸਿਫ਼ਤਾਂ ਵਿਚ ਕਾਗ਼ਜ਼ਾਤਾਂ ਦੇ ਉਤੇ ਸੁਣਿਆ ਬਿਆਨ, ਮੇਰਾ ਨਕਸ਼ਾ ਕੋਈ ਮੁਸੱਵਰ ਤਸੱਵਰ ਕਰ ਕੇ ਨਾ ਸਕਿਆ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾਦਿ ਆਦਿ ਤੇਰੇ ਸੰਗ ਮੇਰਾ ਖੇਲ ਮਹਾਨ, ਨੂਰੀ ਨੂਰ ਜੋਤ ਜੋਤ ਸ੍ਰੀ ਭਗਵਾਨ, ਭਾਵ ਭੇਵ ਮੇਰਾ ਦੇ ਖੁਲ੍ਹਾਈਆ ।

### ✪ ੧੩ ਪੋਹ ਸ਼ਹਿਨਸ਼ਾਹੀ ਸੰਮਤ ੬ ਨੰਦੂ ਦੇ ਗ੍ਰਹਿ ਪਿੰਡ ਸਈ ਖ਼ੁਰਦ ਜ਼ਿਲਾ ਜੰਮੂ ✪

ਸਚਖੰਡ ਕਹੇ ਪ੍ਰਭੂ ਕਿਸ ਸਹਾਰੇ ਦਿਤਾ ਟੰਗੀ, ਮੇਰੀਆਂ ਟੰਗਾਂ ਬਾਹਵਾਂ ਨਜ਼ਰ ਕੋਇ ਨਾ ਆਈਆ । ਮੇਰਾ ਕਿਹੜਾ ਮਾਰਗ ਰੱਖਿਆ ਤੇ ਕਿਹੜੀ ਰੱਖੀ ਡੰਡੀ, ਰਸਤਾ ਕਿਹੜਾ ਦਿਤਾ ਬਣਾਈਆ । ਮੈਨੂੰ ਐਂ ਦਿਸਦਾ ਤੇਰੀ ਸ੍ਰਿਸ਼ਟੀ ਹੋ ਗਈ ਅੰਧੀ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਮੇਰੀ ਮੰਜ਼ਲ ਕਿਸੇ ਨਾ ਲੰਘੀ, ਪੈਂਡਾ ਪੰਧ ਨਾ ਕੋਇ ਮੁਕਾਈਆ । ਮੈਂ ਸੀਸ ਪੱਟੀਆਂ ਵਿਚ ਫਿਰਦੀ ਵੇਖੀ ਕੰਘੀ, ਮੇਂਢੀ ਸੁਹਾਗ ਨਾ ਕੋਇ ਗੁੰਦਾਈਆ । ਧਰਮ ਹਥੇਲੀ ਸਚ ਰੰਗ ਕਿਸੇ ਨਾ ਰੰਗੀ, ਰੰਗ ਧੁਰ ਨਾ ਕੋਇ ਚੜ੍ਹਾਈਆ । ਤੈਨੂੰ ਕਿਹੜੀ ਖੇਲ ਲੱਗਦੀ ਚੰਗੀ, ਪਰਮ ਪੁਰਖ ਦੇਣੀ ਸਮਝਾਈਆ । ਸਚਖੰਡ ਦਵਾਰ ਕਹੇ ਮੈਂ ਆਪਣਾ ਆਪਣੇ ਵਿਚੋਂ ਵੇਖਾਂ ਅਨੰਦੀ, ਅਨੰਦ ਹੋਰ ਨਾ ਕੋਇ ਬਣਾਈਆ । ਕਿਉਂ ਮੇਰੇ ਵਾਸਤੇ ਸਭ ਦੇ ਉਤੇ ਲਾਈ ਪਾਬੰਦੀ, ਦਰਗਾਹ ਸਾਚੀ ਮਿਲਣ ਕੋਇ ਨਾ ਪਾਈਆ । ਇਕੋ ਤੇਰਾ ਸ਼ਬਦ ਸਤਿਗੁਰ ਯੋਧਾ ਸੂਰਬੀਰ ਜੰਗੀ, ਜਿਹੜਾ ਸਭ ਨੂੰ ਰਿਹਾ ਡਰਾਈਆ । ਜਿਸ ਦੀ ਕਟਾਰ ਆਦਿ ਅੰਤ ਤੋਂ ਨੰਗੀਂ, ਮਿਆਨ ਵਿਚ ਨਾ ਕੋਇ ਰਖਾਈਆ । ਸਾਹਿਬ ਸਤਿਗੁਰ ਦਰ ਇਕੋ ਮੰਗ ਮੰਗੀ, ਮਾਂਗਤ ਹੋ ਕੇ ਝੋਲੀ ਡਾਹੀਆ । ਮੈਂ ਲੋਕਮਾਤ ਤਕਾਂ ਤੇਰਾ ਖੇਲ ਸੂਰੇ ਸਰਬੰਗੀ, ਸਾਹਿਬ ਸੁਲਤਾਨ ਸੰਗ ਰਖਾਈਆ । ਮੇਰੀ ਧਾਰ ਰੱਖਣੀ ਠੰਡੀ, ਅਗਨੀ ਤਤ ਨਾ ਕੋਇ ਰਖਾਈਆ । ਮੈਂ ਵੀ ਚਾਹੁੰਦਾ ਧਰਤੀ ਉਤੇ ਤੇਰਿਆਂ ਭਗਤਾਂ ਨਾਲ ਪਾ ਕੇ ਆਵਾਂ ਗੰਢੀ, ਰਿਸ਼ਤਾ ਧਰਮ ਦਾ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਪ੍ਰਗਟਾਈਆ । ਸਚਖੰਡ ਕਹੇ ਪ੍ਰਭੂ ਮੈਂ ਭਗਤਾਂ ਨਾਲ ਪਾ ਕੇ ਆਵਾਂ ਪਿਆਰ, ਪ੍ਰੇਮ ਪ੍ਰੀਤੀ ਤੇਰੀ ਨਾਲ ਰਖਾਈਆ । ਜਿਸ ਵੇਲੇ ਆਪਣਾ ਛਡੋ ਘਰ ਬਾਹਰ, ਮੇਰੇ ਘਰ ਆਉਣਾ ਚਾਈਂ ਚਾਈਂਆ । ਪਰ ਯਾਦ ਰੱਖਿਓ ਮੇਰਾ ਸਭ ਤੋਂ ਵੱਖਰਾ ਵਿਹਾਰ, ਵਿਵਹਾਰੀ ਹੋ ਕੇ ਦਿਆਂ ਜਣਾਈਆ । ਮਾਤਲੋਕ ਵਿਚ ਤੁਹਾਡੇ ਸਾਕ ਸੱਜਣ ਮਾਤ ਪਿਤ ਪੁੱਤਰ ਧੀ ਹੋਰ ਬਥੇਰੇ ਯਾਰ, ਯਾਰਾਨੇ ਤਨ ਵਾਲੇ ਰਖਾਈਆ । ਪਰ ਗੁਰਮੁਖੋ ਮੇਰੇ ਕੋਲ ਉਸ ਆਉਣਾ ਜਿਸ ਦਾ ਲੇਖਾ ਕੋਲ ਮੇਰੀ ਸੱਚੀ ਸਰਕਾਰ, ਦੂਜਾ ਸਾਥੀ ਸੰਗ ਨਾ ਕੋਇ ਬਣਾਈਆ । ਤੁਸੀਂ ਮੇਰੇ ਉਤੇ ਮੈਂ ਤੁਹਾਡੇ ਉਤੇ ਸਾਂਝਾ ਕਰਾਂ ਇਤਬਾਰ, ਬੇਇਤਬਾਰੀ ਦਾ ਝਗੜਾ ਦੇਣਾ ਮੁਕਾਈਆ । ਕਿਉਂ ਸਾਡਾ ਦੋਹਾਂ ਦਾ ਇਕੋ ਪੁਰਖ ਅਕਾਲ ਯਾਰ, ਦੂਜੀ ਯਾਰੀ ਨਾ ਕੋਇ ਨਿਭਾਈਆ । ਸਮੇਂ ਨਾਲ ਛਡ ਜਾਣ ਪੈਗ਼ੰਬਰ ਗੁਰ ਅਵਤਾਰ, ਸੰਗ ਨਾ ਕੋਇ ਰਖਾਈਆ । ਓਹ ਕਾਹਦੇ ਮਿੱਤਰ ਮੁਰਾਰ, ਜਿਨ੍ਹਾਂ ਓਟ ਓੜਕ ਪ੍ਰਭ ਦੇ ਉਤੇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

੯੬੭ ੨੨

ਹਰਿ, ਸਚ ਦਾ ਰੰਗ ਇਕ ਰੰਗਾਈਆ । ਸਚਖੰਡ ਕਹੇ ਪ੍ਰਭੂ ਮੈਂ ਭਗਤਾਂ ਨੂੰ ਖਵਾ ਕੇ ਆਵਾਂ ਸੁਗੰਦ, ਸੌਂਹ ਧਰਮ ਵਾਲੀ ਚੁਕਾਈਆ । ਤੁਸਾਂ ਮੇਰਾ ਦਵਾਰਾ ਆਉਣਾ ਲੰਘ, ਪਿਛਲਾ ਪੰਧ ਚੁਕਾਈਆ । ਸਤਿਗੁਰ ਸ਼ਬਦ ਤੁਹਾਡੇ ਨਾਲ ਹੋਵੇ ਸੰਗ, ਵਿਛੋੜਾ ਵਿਚ ਨਾ ਕੋਇ ਰਖਾਈਆ । ਤੁਹਾਡਾ ਝਗੜਾ ਮੁਕਣਾ ਜੇਰਜ ਅੰਡ, ਉਤਭੁਜ ਸੇਤਜ ਰਹਿਣ ਨਾ ਪਾਈਆ । ਤੁਸਾਂ ਮੇਰੇ ਗ੍ਰਿਹ ਚੜ੍ਹਾਉਣਾ ਚੰਦ, ਜੋਤ ਨੂਰ ਕਰ ਰੁਸ਼ਨਾਈਆ । ਫੇਰ ਮੇਰਾ ਖ਼ੁਸ਼ੀ ਹੋਏ ਬੰਦ ਬੰਦ, ਤੁਹਾਡੀ ਬੰਦਗੀ ਪ੍ਰਭ ਦੇ ਲੇਖੇ ਪਾਈਆ । ਜਨ ਭਗਤੋ ਤੁਸਾਂ ਖ਼ੁਸ਼ੀਆਂ ਨਾਲ ਆਉਣਾ ਨਿਸ਼ੰਗ, ਰਾਹ ਵਿਚ ਨਾ ਕੋਇ ਅਟਕਾਈਆ । ਮੈਂ ਵੀ ਪੁਰਖ ਅਕਾਲ ਕੋਲੋਂ ਮੰਗੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸੂਰਾ ਸਰਬੰਗ, ਜੁਗ ਜੁਗ ਸਦਾ ਸਦ ਸਦ ਮੇਰਾ ਘਰ ਵਸਾਈਆ ।



## ✪ ੧੩ ਪੋਹ ਸ਼ਹਿਨਸ਼ਾਹੀ ਸੰਮਤ ੬ ਗੁਹੜਾ ਰਾਮ ਦੇ ਗ੍ਰਿਹ ਪਿੰਡ ਸਈ ਖ਼ੁਰਦ ਜ਼ਿਲਾ ਜੰਮੂ ✪

ਸਚਖੰਡ ਕਹੇ ਜਨ ਭਗਤੋ ਸੰਦੇਸ਼ਾ ਦੇਵਾਂ ਹੱਕਾ, ਹੱਕ ਹੱਕ ਜਣਾਈਆ । ਪ੍ਰਭੂ ਪ੍ਰੀਤੀ ਵਿਚ ਰਹੇ ਕੋਈ ਨਾ ਕੱਚਾ, ਕੱਚੀ ਗੰਢ ਨਾ ਕੋਇ ਪਵਾਈਆ । ਮੇਰੇ ਨਾਲ ਸਾਂਝਾ ਕਰ ਲਓ ਸਾਰੇ ਮਤਾ, ਮਨਮਤ ਦਾ ਡੇਰਾ ਢਾਹੀਆ । ਆਤਮ ਆਤਮ ਨਾਤਾ ਸਕਾ, ਦੂਜਾ ਸੰਗ ਨਾ ਕੋਇ ਨਿਭਾਈਆ । ਕਿਸੇ ਨੂੰ ਪਾਰ ਕਰੇ ਨਾ ਕੋਇ ਮਦੀਨਾ ਮੱਕਾ, ਕਾਅਬੇ ਰਹੇ ਕੁਰਲਾਈਆ । ਪ੍ਰਭ ਮਿਲਿਆ ਨਹੀਂ ਮੰਦਰ ਮੱਠਾ, ਸ਼ਿਵਦਵਾਲੇ ਦੇਣ ਦੁਹਾਈਆ । ਹੱਥ ਆਇਆ ਨਹੀਂ ਪੱਥਰ ਇੱਟਾਂ, ਪਾਹਨ ਰੋਵਨ ਮਾਰਨ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਦਾਤਾ ਇਕ ਅਖਵਾਈਆ । ਸਚਖੰਡ ਕਹੇ ਜਨ ਭਗਤੋ ਮੇਰੇ ਨਾਲ ਕਰੋ ਸਲਾਹ, ਮਸ਼ਵਰਾ ਲਓ ਬਣਾਈਆ । ਸਤਿਗੁਰ ਸ਼ਬਦ ਬਣਾਉਣਾ ਮਲਾਹ, ਦੂਜਾ ਖੇਵਟ ਖੇਟਾ ਨਜ਼ਰ ਕੋਇ ਨਾ ਆਈਆ । ਇਕੋ ਪੁਰਖ ਅਕਾਲ ਦਾ ਜਪਣਾ ਨਾਂ, ਨਰ ਨਿਰੰਕਾਰਾ ਆਪ ਸੁਣਾਈਆ । ਫਿਰ ਵੇਖਣਾ ਸਚ ਦਵਾਰਾ ਮੇਰਾ ਥਾਂ, ਜਿਥੇ ਨਿਰਮਲ ਨੂਰ ਜੋਤ ਰੁਸ਼ਨਾਈਆ । ਮੇਰੀ ਦੁਹਾਈ ਓਥੇ ਕੋਈ ਨਾ ਪੁੱਜੇ ਜਿਨ੍ਹਾਂ ਸੂਰ ਖਾਧੀ ਗਾਂ, ਉਚੀ ਕੂਕ ਕੂਕ ਸੁਣਾਈਆ । ਅਵਤਾਰ ਪੈਗੰਬਰ ਗੁਰੂ ਸਕੇ ਨਾ ਕੋਇ ਪੁਚਾ, ਜੋ ਪ੍ਰਭ ਦਾ ਹੁਕਮ ਗਏ ਭੁਲਾਈਆ । ਨਾ ਕੋਈ ਸਹਾਰਾ ਦੇਵੇ ਪਿਤਾ ਮਾਂ, ਨਾਰ ਕੰਤ ਸੰਗ ਨਾ ਕੋਇ ਵਖਾਈਆ । ਵੇਖਿਓ ਐਵੇਂ ਕਰਿਓ ਨਾ ਹਾਂ ਵਿਚ ਹਾਂ, ਅੰਤਰ ਨਿਰੰਤਰ ਪ੍ਰਭ ਆਪਣਾ ਲਓ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਦਾਤਾ ਧੁਰਦਰਗਾਹੀਆ । ਸਚਖੰਡ ਕਹੇ ਜਨ ਭਗਤੋ ਮੇਰੇ ਨਾਲ ਮਿਲਾਓ ਹੱਥ, ਦਸਤ ਦਸਤ ਨਾਲ ਜੁੜਾਈਆ । ਦੋਹਾਂ ਦਾ ਮਾਲਕ ਹੋਵੇ ਪੁਰਖ ਸਮਰਥ, ਦੂਜਾ ਨਜ਼ਰ ਕੋਇ ਨਾ ਪਾਈਆ । ਸਾਂਝਾ ਹੋਵੇ ਜਸ, ਸਿਫ਼ਤਾਂ ਸਿਫ਼ਤ ਸਾਲਾਹੀਆ । ਜਿਸ ਵੇਲੇ ਮਾਤਲੋਕ ਦੇਵੋ ਛਡ, ਦਰ ਮੇਰੇ ਆਉਣਾ ਚਾਈਂ ਚਾਈਂਆ । ਮੈਂ ਧਰਮ ਨਿਸ਼ਾਨਾ ਸਚ ਦਵਾਰੇ ਦੇਵਾਂ ਗੱਡ, ਗਾਡ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪੜਦਾ ਆਪ

੯੬੮
੨੨

ਚੁਕਾਈਆ । ਜਨ ਭਗਤ ਕਹਿਣ ਸਚਖੰਡ ਤੂੰ ਆ ਲੋਕਮਾਤ, ਸਾਨੂੰ ਮਿਲ ਕੇ ਦੇ ਵਖਾਈਆ । ਅਸੀਂ ਤਕੀਏ ਤੈਨੂੰ ਸਾਖਿਆਤ, ਪਰਦਾ ਓਹਲਾ ਰਹੇ ਨਾ ਰਾਈਆ । ਅੱਗੇ ਤੇਰਾ ਨਾਮ ਪੜ੍ਹਿਆ ਉਤੇ ਕਾਗ਼ਜ਼ਾਤ, ਅੱਖਰਾਂ ਨਾਲ ਚਤੁਰਾਈਆ । ਤੇਰਾ ਲੱਭਿਆ ਨਾ ਕਿਤੇ ਹਿਸਾਬ, ਅੰਕੜੇ ਸਕਿਆ ਨਾ ਕੋਇ ਗਿਣਾਈਆ । ਫੇਰ ਤਕੀਏ ਤੇਰਾ ਜਨਾਬ, ਹਾਜ਼ਰ ਹਜ਼ੂਰ ਨੂਰ ਇਲਾਹੀਆ । ਜ਼ਰਾ ਖੋਲ੍ਹ ਕੇ ਦੱਸ ਆਪਣੀ ਮਹਿਰਾਬ, ਜਿਥੇ ਮਹਿਬੂਬ ਵਸੇ ਨੂਰ ਇਲਾਹੀਆ । ਜਿਥੇ ਨੂਰ ਨਹੀਂ ਕੋਈ ਆਫ਼ਤਾਬ, ਸ਼ਮਾ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਜਨ ਭਗਤ ਕਹਿਣ ਸਚਖੰਡ ਤੂੰ ਆ ਜਾ ਉਪਰ ਧਰਤ, ਧਵਲ ਫੇਰਾ ਪਾਈਆ । ਕੁਛ ਆਪਣੀ ਦੱਸ ਸ਼ਰਤ, ਸ਼ਰਅ ਤੋਂ ਬਾਹਰ ਸਮਝਾਈਆ । ਕੀ ਖੇਲ ਤੇਰਾ ਉਪਰ ਅਰਸ਼, ਅਰਸ਼ੀ ਪ੍ਰੀਤਮ ਕੀ ਆਪਣਾ ਰੰਗ ਰੰਗਾਈਆ । ਕੀ ਤੇਰੀ ਖ਼ਾਹਿਸ਼ ਕਿਹੜੀ ਹਰਸ, ਹਵਸ ਦੇਣੀ ਸੁਣਾਈਆ । ਜੇ ਤੇਰੇ ਗ੍ਰਿਹ ਆਈਏ ਪਰਤ, ਕਿਸ ਬਿਧ ਪਤਿਪਰਮੇਸ਼ਵਰ ਮੇਲੇਂ ਚਾਈਂ ਚਾਈਆ । ਕਿਸ ਧਾਰ ਹੋਵੇ ਦਰਸ, ਦੀਦ ਕਵਣ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਚਖੰਡ ਕਹੇ ਜਨ ਭਗਤੋ ਮੈਂ ਸਾਚੀ ਮੰਗ ਮੰਗਾਵਾਂਗਾ । ਗੁਰਮੁਖ ਸਾਚੇ ਸੰਤੋ, ਸਤਿਗੁਰ ਸ਼ਬਦ ਇਕ ਮਨਾਵਾਂਗਾ । ਗੁਰਮੁਖੋ ਜੇ ਉਹ ਗਿਆ ਮੰਨ, ਉਹਦੇ ਨਾਲ ਚਲ ਕੇ ਆਵਾਂਗਾ । ਜਿਸ ਦਾ ਨਾ ਕੋਈ ਸਰੀਰ ਵਜੂਦ ਤਨ, ਨੂਰ ਨੂਰ ਵਿਚ ਸਮਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸੂਰਾ ਸਰਬੰਗ, ਸੂਰਬੀਰ ਅੱਗੇ ਆਪਣਾ ਵਾਸਤਾ ਪਾਵਾਂਗਾ ।


੯੬੯
੨੨

## ੧੩ ਪੋਹ ਸ਼ਹਿਨਸ਼ਾਹੀ ਸੰਮਤ ੬ ਸੇਵਾ ਸਿੰਘ ਦੇ ਗ੍ਰਿਹ ਕੀਰ ਪਿੰਡ ਜ਼ਿਲਾ ਜੰਮੂ

ਸਚਖੰਡ ਕਹੇ ਜਨ ਭਗਤੋ ਮੈਂ ਆਵਾਂਗਾ । ਚੌਦਸ ਪੋਹ ਪੰਧ ਮੁਕਾਵਾਂਗਾ । ਨਿਰਗੁਣ ਧਾਰ ਨਿਰਗੁਣ ਹੋ, ਨਿਰਗੁਣ ਸੰਗ ਰਖਾਵਾਂਗਾ । ਜਿਸ ਦਾ ਰੂਪ ਨਾ ਜਾਣੇ ਕੋ, ਸੋ ਕਲ ਕਲਕੀ ਮੇਲ ਮਿਲਾਵਾਂਗਾ । ਜਿਸ ਦੀ ਏਥੇ ਓਥੇ ਦੋ ਜਹਾਨਾਂ ਲੋਅ, ਲੋਆਂ ਪੁਰੀਆਂ ਤੋਂ ਬਾਹਰ ਸੋ ਸਾਹਿਬ ਸੰਗ ਰਖਾਵਾਂਗਾ । ਤੁਹਾਡਾ ਮੇਰਾ ਰਿਸ਼ਤਾ ਰਹੇ ਨਾ ਦੋ, ਦੋ ਤੋਂ ਇਕ ਸਰੂਪ ਸਮਾਵਾਂਗਾ । ਤੁਸਾਂ ਮੇਰਾ ਕੀਤਾ ਮੋਹ, ਮੈਂ ਮੁਹੱਬਤ ਤੁਹਾਡੇ ਵਿਚ ਰਲਾਵਾਂਗਾ । ਤੁਸੀਂ ਮੇਰੇ ਸਾਹਿਬ ਨਾਲ ਜਾਣਾ ਛੋਹ, ਮੈਂ ਤੁਹਾਡੇ ਨਾਲ ਮਿਲ ਕੇ ਤੁਹਾਡੇ ਅੰਦਰ ਡੇਰਾ ਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਕਾਰ ਕਮਾਵਾਂਗਾ । ਸਚਖੰਡ ਕਹੇ ਮੈਂ ਆਵਾਂ ਜ਼ਰੂਰ ਜਗ, ਜਾਗਰਤ ਜੋਤ ਨਾਲ ਰੁਸ਼ਨਾਈਆ । ਸਚ ਦਵਾਰੇ ਬਹਿਵਾਂ ਸਜ, ਜਿਥੇ ਹੋਵੇ ਮੇਰਾ ਸ਼ਹਿਨਸ਼ਾਹੀਆ । ਜਨ ਭਗਤੋ ਤੁਹਾਡੇ ਅੰਦਰ ਵਸਾਂ ਤੇ ਵਸਾਂ ਉਪਰ ਸ਼ਾਹ ਰਗ, ਨੌਂ ਦਵਾਰੇ ਪੰਧ ਮੁਕਾਈਆ । ਮੈਨੂੰ ਕੋਈ ਜਾਣ ਨਾ ਸਕੇ ਬੁੱਧੀ ਵਾਲਾ ਕਗ, ਹੰਸ ਗੁਰਮੁਖ ਵੇਖਣ ਚਾਈਂ ਚਾਈਆ । ਮੈਂ ਇਕ ਪ੍ਰਭੂ ਦਾ ਬੰਸ ਤੇ ਇਕ ਵੇਖਣੀ ਯਦ, ਯਦੀ ਆਪਣੀ ਅੱਖ ਖੁਲ੍ਹਾਈਆ । ਤੁਸੀਂ ਮੈਨੂੰ ਨਾ ਲੱਭਿਓ ਤੇ ਮੈਂ ਆਪੇ ਤੁਹਾਨੂੰ ਲਵਾਂ ਲੱਭ, ਇਹ ਮੇਰੀ ਬੇਪਰਵਾਹੀਆ ।

ਮੈਂ ਤੁਹਾਡੇ ਸੁਣਨੇ ਸਦ, ਤੁਸੀਂ ਸੋਹੰ ਢੋਲੇ ਗਾਉਣੇ ਚਾਈਂ ਚਾਈਆ । ਮੈਂ ਤੁਹਾਡਾ ਦਰਸ਼ਨ ਕਰਾਂ ਰੱਜ, ਬਿਨ ਨੇਤਰ ਨੈਣ ਆਪਣਾ ਆਪ ਤ੍ਰਿਪਤ ਲਵਾਂ ਕਰਾਈਆ । ਇਹ ਖੇਲ ਕਰਾਉਣਾ ਸੂਰੇ ਸਰਬੱਗ, ਜੋ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਬੇਪਰਵਾਹੀਆ । ਸਚਖੰਡ ਕਹੇ ਠੀਕ ਵਾਕਿਆ ਮੈਂ ਸਭ ਤੋਂ ਦੂਰ ਦੁਰਾਡਾ ਵਸਿਆ ਅਲੱਗ, ਮੇਰਾ ਗੁਆਂਢੀ ਨਜ਼ਰ ਕੋਇ ਨਾ ਆਈਆ । ਜੁਗਾਂ ਪਿਛੋਂ ਜੇ ਪ੍ਰਭੂ ਕਿਰਪਾ ਕਰ ਕੇ ਇਕ ਅੱਧਾ ਭਗਤ ਲਏ ਸੱਦ, ਉਹ ਵੀ ਮੇਰੇ ਵਿਚ ਵੜ ਕੇ ਪ੍ਰਭ ਦੀ ਜੋਤ ਵਿਚ ਸਮਾਈਆ । ਮੈਂ ਏਸੇ ਕਰ ਕੇ ਝੋਲੀ ਰਿਹਾ ਅੱਡ, ਸਨਮੁਖ ਦਿਆਂ ਦੁਹਾਈਆ । ਤੁਸੀਂ ਮੇਰੇ ਗ੍ਰਿਹ ਆਓ ਜਦ, ਯਾਦਦਾਸ਼ਤ ਨਾ ਦੇਣੀ ਭੁਲਾਈਆ । ਇਕ ਵੇਰਾਂ ਜ਼ਰੂਰ ਇਕੱਠੇ ਬਹਾਂਗੇ ਸਜ, ਸੱਜਣ ਸੱਜਣਾਂ ਵੱਲ ਤਕਾਈਆ । ਜਿਥੇ ਸ਼ਬਦ ਦਾ ਨਾਅਰਾ ਨਹੀਂ ਨਗ਼ਾਰਾ ਨਹੀਂ ਫੇਰ ਵੀ ਪ੍ਰਭੂ ਦੇ ਪਿਆਰ ਵਿਚ ਕਹਿਣਾ ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਮੁਕ ਗਈ ਹੱਦ, ਹਦੂਦ ਦੀ ਵੰਡ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਚਖੰਡ ਕਹੇ ਮੈਨੂੰ ਲਿਖ ਲਿਖ ਅੱਖਰਾਂ ਨੇ ਕੀਤਾ ਉਘਾ, ਮੇਰਾ ਰੂਪ ਨਾ ਕੋਇ ਦਰਸਾਈਆ । ਮੇਰੀ ਸਿਫ਼ਤ ਦਾ ਸਾਰੇ ਲੈਂਦੇ ਰਹੇ ਭੁੱਗਾ, ਜੁਗ ਜੁਗ ਹਿੱਸਿਆਂ ਵਿਚ ਵੰਡ ਵੰਡਾਈਆ । ਮੇਰੀ ਮੰਜ਼ਲ ਤੇ ਬਿਨਾ ਪ੍ਰਭੂ ਕਿਰਪਾ ਤੋਂ ਕੋਈ ਨਾ ਪੁੱਜਾ, ਜੋ ਪੁਜਿਆ ਪ੍ਰਭ ਦੇ ਚਰਨਾਂ ਵਿਚ ਬਹਿ ਕੇ ਸੀਸ ਨਿਵਾਈਆ । ਉਸ ਤੋਂ ਅੱਗੇ ਉਸ ਦਾ ਭੇਵ ਗੁੱਝਾ, ਜਿਸ ਨੂੰ ਚਾਰ ਯੁਗ ਦਾ ਸ਼ਾਸਤਰ ਸਕਿਆ ਨਾ ਕੋਇ ਸੁਣਾਈਆ । ਅਵਤਾਰ ਪੈਗ਼ੰਬਰ ਗੁਰੂ ਜੋ ਆਏ ਉਪਰ ਬਸੁਧਾ, ਧਰਨੀ ਧਰਤ ਧਵਲ ਉਪਰ ਆਪਣਾ ਡੇਰਾ ਲਾਈਆ । ਉਨ੍ਹਾਂ ਨੂੰ ਪੁਰਖ ਅਕਾਲ ਦੀਨ ਦਿਆਲ ਬਣਾ ਕੇ ਆਪਣੇ ਪੁੱਤਾ, ਨਾਮ ਖਿਲੌਣੇ ਵਿਚ ਦਿਤਾ ਪਰਚਾਈਆ । ਉਨ੍ਹਾਂ ਨੇ ਏਸੇ ਕਰ ਕੇ ਸਿਫ਼ਤਾਂ ਉਹਦੀਆਂ ਵਿਚ ਗਾਇਆ ਓਹ ਸਾਹਿਬ ਸਭ ਤੋਂ ਉਚਾ, ਊਚੋ ਊਚ ਨੂਰ ਇਲਾਹੀਆ । ਬੇਅੰਤ ਬੇਅੰਤ ਬੇਅੰਤ ਕਹਿ ਕੇ ਆਪਣਾ ਖਹਿੜਾ ਛੁਡਾਇਆ ਪੰਜ ਭੂਤਾ, ਤਨ ਵਜੂਦ ਦਾ ਲੇਖ ਮੁਕਾਈਆ । ਸਚਖੰਡ ਕਹੇ ਕੋਈ ਗ੍ਰੰਥ ਸ਼ਾਸਤਰ ਦੱਸ ਨਾ ਸਕੇ ਮੇਰੀ ਕਿਹੜੀ ਗਲੀ ਤੇ ਕਿਹੜਾ ਕੂਚਾ, ਕਿਸ ਗ੍ਰਿਹ ਅਵਤਾਰ ਪੈਗ਼ੰਬਰ ਗੁਰੂ ਦਿਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਦਾ ਅੰਤ ਅੰਤ ਦਾ ਆਦਿ ਆਪ ਆਪਣਾ ਦਏ ਸਬੂਤਾ, ਦੂਜਾ ਸਾਬਤ ਕਰਨ ਵਾਲਾ ਨਜ਼ਰ ਕੋਇ ਨਾ ਆਈਆ ।

### ੧੩ ਪੋਹ ਸ਼ਹਿਨਸ਼ਾਹੀ ਸੰਮਤ ੬ ਚਰਨ ਦਾਸ ਦੇ ਗ੍ਰਿਹ ਪਿੰਡ ਸਈ ਖ਼ੁਰਦ ਜ਼ਿਲਾ ਜੰਮੂ

ਸਚਖੰਡ ਕਹੇ ਜਨ ਭਗਤੋ ਤੁਸੀਂ ਮੇਰੇ ਆਦੀ ਸਾਕ, ਜੁਗ ਜੁਗ ਦੇ ਨਜ਼ਰੀ ਆਈਆ । ਤੁਹਾਡੇ ਵਾਸਤੇ ਸਦਾ ਖੁਲ੍ਹਾ ਰੱਖਣਾ ਤਾਕ, ਸ਼ਬਦ ਗੁਰੂ ਦੇ ਅੱਗੇ ਵਾਸਤਾ ਪਾਈਆ । ਤੁਸਾਂ ਪੂਰਾ ਕਰਨਾ ਓਸ ਪ੍ਰਭੂ ਦਾ ਵਾਕ, ਜੋ ਭਵਿਖਤ ਵਾਕ ਸਭ ਦੇ ਪੂਰ ਕਰਾਈਆ । ਤੁਹਾਡਾ ਨਾਮ ਅਸਵ ਇਕੋ ਹੋਵੇ ਰਾਕ, ਰਸਤਾ ਇਕੋ ਮੇਰਾ ਦੇਣਾ ਵਖਾਈਆ । ਮੇਰੇ ਸਾਹਿਬ ਦੇ ਬਣਨਾ ਚਾਕਰ ਚਾਕ, ਫ਼ਰਮਾਂਬਰਦਾਰ ਰੂਪ ਦਰਸਾਈਆ । ਦੀਨ ਦੁਨੀ ਤੋਂ ਦੇਣਾ ਤਲਾਕ, ਜਗਤ ਸਾਂਝ ਨਾ ਕੋਇ ਰਖਾਈਆ । ਮੇਰਾ ਤੁਹਾਡੇ ਨਾਲ ਬਣਿਆ ਰਹੇ ਅਖ਼ਲਾਕ, ਇਖ਼ਤਲਾਫ਼ ਨਾ ਕੋਇ ਵਖਾਈਆ ।

ਫੇਰ ਵੇਖਿਓ ਤੁਹਾਡਾ ਕਿਵੇਂ ਵਧਦਾ ਪਰਤਾਪ, ਹਰਿ ਪਰਤਾਪੀ ਦੇਵੇ ਮਾਣ ਵਡਿਆਈਆ । ਤੁਸੀਂ ਸਦਾ ਤੋਂ ਤੂੰ ਮੇਰਾ ਮੈਂ ਤੇਰਾ ਕਰਨਾ ਜਾਪ, ਇਕੋ ਇਕ ਦਾ ਰਾਗ ਅਲਾਈਆ । ਤੁਹਾਨੂੰ ਮਿਲੇ ਧੁਰਦਰਗਾਹੀ ਧੁਰ ਦਾ ਬਾਪ, ਪਿਤਾ ਪੁਰਖ ਅਕਾਲ ਗੋਦ ਉਠਾਈਆ । ਮੈਨੂੰ ਆਦਿ ਤੋਂ ਲੈ ਕੇ ਅੰਤ ਤਕ ਓਸੇ ਦਾ ਵਿਸ਼ਵਾਸ, ਜਿਸ ਨੇ ਇਕੋ ਵਿਸ਼ਾ ਦਿਤਾ ਸਮਝਾਈਆ । ਜੁਗ ਚੌਕੜੀ ਸਾਰੇ ਮੇਰੀ ਸ਼ਾਖ਼, ਹਿੱਸੇ ਲੋਕਮਾਤ ਵੰਡ ਵੰਡਾਈਆ । ਤੁਹਾਡੀ ਅੰਤ ਪੂਰੀ ਹੋਵੇ ਆਸ, ਤ੍ਰਿਸ਼ਨਾ ਰਹੇ ਨਾ ਰਾਈਆ । ਤੁਹਾਡਾ ਓਥੇ ਰੱਖਾਂ ਵਾਸ, ਜਿਥੇ ਨਿਰਗੁਣ ਨੂਰ ਜੋਤ ਪ੍ਰਕਾਸ਼, ਦੂਜਾ ਨਜ਼ਰ ਕੋਇ ਨਾ ਆਈਆ । ਜਿਥੇ ਨਾ ਪੁੰਨ ਨਾ ਕੋਈ ਪਾਪ, ਨਾ ਕੋਈ ਕਲਮਾ ਨਾ ਕੋਈ ਜਾਪ, ਨਾ ਕੋਈ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਮੇਰੇ ਗ੍ਰਿਹਿ ਲੇਖਾ ਮੁਕਾਏ ਦਿਵਸ ਰਾਤ, ਘੜੀ ਪਲ ਨਜ਼ਰ ਕੋਇ ਨਾ ਆਈਆ ।

### ✪ ੧੩ ਪੋਹ ਸ਼ਹਿਨਸ਼ਾਹੀ ਸੰਮਤ ੬ ਗਿਆਨ ਚੰਦ ਦੇ ਗ੍ਰਿਹਿ ਪਿੰਡ ਸਈ ਖ਼ੁਰਦ ਜ਼ਿਲਾ ਜੰਮੂ ✪

ਸਚਖੰਡ ਕਹੇ ਜਨ ਭਗਤੋ ਮੇਰਾ ਰੰਗ ਅਪਾਰਾ, ਆਪ ਆਪਣਾ ਦਿਆਂ ਜਣਾਈਆ । ਪ੍ਰਭ ਦੀ ਜੋਤ ਮੇਰਾ ਸਹਾਰਾ, ਸਹਾਇਕ ਇਕੋ ਨਜ਼ਰੀ ਆਈਆ । ਪ੍ਰਭ ਦੀ ਧਾਰ ਮੇਰਾ ਦਵਾਰਾ, ਦੂਜਾ ਘਰ ਨਾ ਕੋਇ ਦਰਸਾਈਆ । ਪ੍ਰਭ ਦਾ ਚਰਨ ਮੇਰਾ ਕਿਨਾਰਾ, ਅੱਗੇ ਦਰ ਨਾ ਕੋਇ ਰਖਾਈਆ । ਆਦਿ ਅੰਤ ਜੁਗਾ ਜੁਗੰਤ ਜਿਸ ਦਾ ਹੁਕਮ ਸੱਚੀ ਸਰਕਾਰਾ, ਸੋ ਸਾਹਿਬ ਮੇਰਾ ਸ਼ਹਿਨਸ਼ਾਹੀਆ । ਮੈਂ ਉਸ ਦਾ ਸੇਵਾਦਾਰਾ, ਨਿਤ ਨਿਤ ਸੇਵ ਕਮਾਈਆ । ਸਚ ਸਚ ਕਰਾਂ ਪਿਆਰਾ, ਮੁਹੱਬਤ ਵਿਚ ਸਮਾਈਆ । ਮੇਰਾ ਮਾਲਕ ਪਰਵਰਦਿਗਾਰਾ, ਸਾਂਝਾ ਨੂਰ ਖ਼ੁਦਾਈਆ । ਮੈਂ ਓਸੇ ਦੀ ਦਰਗਾਹ ਤੇ ਓਸੇ ਦਾ ਦਰਬਾਰਾ, ਜਿਥੇ ਜ਼ਹੂਰ ਲਏ ਪਰਗਟਾਈਆ । ਮੇਰਾ ਲੇਖਾ ਕਾਗਤ ਕਲਮ ਨਾ ਲਿਖਣਹਾਰਾ, ਸਿਫ਼ਤਾਂ ਵਿਚ ਨਾ ਕੋਇ ਜਣਾਈਆ । ਮੈਂ ਹੁਕਮ ਦਾ ਇਕ ਚੁਬਾਰਾ, ਹੁਕਮ ਹੁਕਮ ਵਿਚ ਰਖਾਈਆ । ਹੁਕਮ ਦਾ ਚਾਰ ਦਵਾਰਾ, ਹੁਕਮ ਦਾ ਛੱਪਰ ਛੰਨ ਵਖਾਈਆ । ਹੁਕਮ ਹੋਵੇ ਉਜਿਆਰਾ, ਹੁਕਮੀ ਹੁਕਮ ਰੁਸ਼ਨਾਈਆ । ਹੁਕਮ ਮੇਰਾ ਘਰ ਬਾਹਰਾ, ਹੁਕਮੀ ਸੋਭਾ ਪਾਈਆ । ਹੁਕਮੇ ਮੇਰਾ ਅਖਾੜਾ, ਹੁਕਮੇ ਰੰਗ ਰੰਗਾਈਆ । ਹੁਕਮੇ ਕਰਾਂ ਪਿਆਰਾ, ਹੁਕਮੇ ਮੇਲ ਮਿਲਾਈਆ । ਜਨ ਭਗਤੋ ਜਿਥੇ ਨੂਰ ਨੂਰ ਨਿਰੰਕਾਰਾ, ਨੂਰ ਨੁਰਾਨਾ ਨੂਰ ਡਗਮਗਾਈਆ । ਓਹ ਮੇਰਾ ਆਰ ਪਾਰ ਕਿਨਾਰਾ, ਮੰਝਧਾਰ ਉਸ ਦੇ ਵਿਚ ਰਖਾਈਆ । ਜਿਸ ਦਾ ਸਭ ਨੇ ਕੀਤਾ ਇਸ਼ਾਰਾ, ਸੈਨਤਾਂ ਨਾਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਗ੍ਰਿਹਿ ਜੋਤੀ ਜੋਤ ਕਰੇ ਉਜਿਆਰਾ, ਸੋ ਮੇਰਾ ਠਾਂਡਾ ਦਰਬਾਰਾ ਦਰ ਇਕੋ ਸੋਭਾ ਪਾਈਆ ।

## ੧੩ ਪੋਹ ਸ਼ਹਿਨਸ਼ਾਹੀ ਸੰਮਤ ੬ ਰਾਮ ਚੰਦ ਦੇ ਗ੍ਰਿਹ ਪਿੰਡ ਨਿਕੋਵਾਲ ਜ਼ਿਲਾ ਜੰਮੂ

ਸਚਖੰਡ ਕਹੇ ਮੈਂ ਆਦਿ ਤੋਂ ਇਕ ਕਲਾਪਾ, ਇਕੱਲਾ ਨਜ਼ਰੀ ਆਈਆ । ਨਾ ਕੋਈ ਅੰਮੀ ਨਾ ਕੋਈ ਪਾਪਾ, ਮਾਤ ਪਿਤ ਨਾ ਕੋਇ ਰਖਾਈਆ । ਮੇਰਾ ਨਾ ਕੋਈ ਸੱਜਣ ਨਾ ਕੋਈ ਸਾਕਾ, ਸਗਲਾ ਸੰਗ ਨਾ ਕੋਇ ਬਣਾਈਆ । ਨਾ ਕੋਈ ਨਕਸ਼ਾ ਨਾ ਕੋਈ ਖ਼ਾਕਾ, ਨਾ ਕੋਈ ਮੁਸੱਵਰ ਮੇਰਾ ਰੂਪ ਦਏ ਪਰਗਟਾਈਆ । ਨਾ ਕੋਈ ਦਰ ਨਾ ਕੋਈ ਤਾਕਾ, ਕੁੰਡਾ ਵੰਡ ਨਾ ਕੋਇ ਵੰਡਾਈਆ । ਨਾ ਕੋਈ ਭਵਿਖ ਨਾ ਕੋਈ ਰਾਗਾ, ਨਾ ਕੋਈ ਆਵਾਜ਼ ਸੁਣਾਈਆ । ਨਾ ਕੋਈ ਮਜ਼੍ਹਬ ਨਾ ਕੋਈ ਜਾਤਾ, ਨਾ ਕੋਈ ਦੀਨਨ ਦੀਨ ਬਣਾਈਆ । ਨਾ ਕੋਈ ਤ੍ਰਿਸ਼ਨਾ ਨਾ ਕੋਈ ਆਸ਼ਾ, ਨਾ ਕੋਈ ਤਮ੍ਹਾ ਲੋਭ ਵਖਾਈਆ । ਨਾ ਕੋਈ ਸਿੰਮਤ ਨਾ ਕੋਈ ਪਾਸਾ, ਹੱਦ ਹਦੂਦ ਨਾ ਕੋਇ ਵਖਾਈਆ । ਨਾ ਕੋਈ ਪ੍ਰਿਥਮੀ ਨਾ ਕੋਈ ਆਕਾਸ਼ਾ, ਗਗਨ ਗਗਨੰਤਰ ਨਾ ਕੋਇ ਮੰਡਲਾਈਆ । ਨਾ ਕੋਈ ਦਿਵਸ ਨਾ ਕੋਈ ਰਾਤਾ, ਸੂਰੀਆ ਚੰਦ ਨਾ ਕੋਇ ਰੁਸ਼ਨਾਈਆ । ਨਾ ਕੋਈ ਸਿੰਘਾਸਣ ਨਾ ਕੋਈ ਖਾਟਾ, ਤਕੀਆ ਲੇਫ ਨਾ ਕੋਇ ਵਖਾਈਆ । ਨਾ ਕੋਈ ਰਸ ਨਾ ਕੋਈ ਬਾਟਾ, ਨਾ ਕੋਈ ਵੰਡ ਵੰਡਾਈਆ । ਨਾ ਕੋਈ ਤਾਇਆ ਨਾ ਕੋਈ ਚਾਚਾ, ਨਾਰ ਕੰਤ ਨਾ ਰੰਗ ਰੰਗਾਈਆ । ਨਾ ਕੋਈ ਸੰਗ ਨਾ ਕੋਈ ਸਾਥਾ, ਪ੍ਰਭੂ ਸਚ ਦਿਆਂ ਸੁਣਾਈਆ । ਨਾ ਕੋਈ ਮਸਤਕ ਨਾ ਕੋਈ ਮਾਥਾ, ਨਾ ਕੋਈ ਧੂੜੀ ਖ਼ਾਕ ਰਮਾਈਆ । ਮੈਨੂੰ ਸਚ ਦੱਸ ਮੇਰਾ ਕਿਥੇ ਰੱਖਿਆ ਵਾਸਾ, ਕਵਣ ਧਾਮ ਚਤੁਰਾਈਆ । ਮੈਂ ਆਪਣੀ ਮਹਿੰਮਾ ਸੁਣੀ ਵਿਚ ਅਲਿਫ਼ਾਜ਼ਾਂ, ਸਿਫ਼ਤਾਂ ਵਾਲੇ ਢੋਲੇ ਸਾਰੇ ਗਾਈਆ । ਮੇਰੇ ਪਿਛੇ ਜਗਤ ਜਹਾਨ ਪੜ੍ਹੇ ਨਿਮਾਜ਼ਾਂ, ਭੁੱਖੇ ਰਹਿ ਕੇ ਝਟ ਲੰਘਾਈਆ । ਜੰਗਲ ਜੂਹਾਂ ਮਾਰਨ ਵਾਟਾਂ, ਟਿੱਲੇ ਪਰਬਤ ਖੋਜ ਖੁਜਾਈਆ । ਫਿਰਨ ਤੀਰਥ ਤਾਟਾਂ, ਭੱਜਣ ਵਾਹੋ ਦਾਹੀਆ । ਗਲ ਬਸਤਰ ਰੱਖਣ ਪਾਟਾ, ਸ਼ੰਗਾਰ ਸਤਿ ਨਾ ਕੋਇ ਬਣਾਈਆ । ਮੈਂ ਬਿਨਾ ਹੱਥਾਂ ਤੋਂ ਜੋੜਦਾ ਹਾਥਾ, ਸੀਸ ਜਗਦੀਸ ਨਿਵਾਈਆ । ਮੈਨੂੰ ਮੇਰੀ ਸਚ ਦੱਸ ਦੇ ਗਾਥਾ, ਕਿਸ ਬਿਧ ਮੇਰੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਸੀਸ ਨਿਵਾਈਆ । ਸਚਖੰਡ ਕਹੇ ਪ੍ਰਭੂ ਮੈਂ ਆਦਿ ਦਾ ਇਕ ਇਕੱਲਾ, ਅਕਲ ਕਲਧਾਰੀ ਤੇਰੀ ਬੇਪਰਵਾਹੀਆ । ਮੇਰਾ ਸਚ ਦੱਸ ਕਿੰਨਾ ਲੰਮਾਂ ਚੌੜਾ ਮਹੱਲਾ, ਮਹੱਲ ਅਟਲ ਕੀ ਵਡਿਆਈਆ । ਕਿਸ ਬਿਧ ਤੇਰਾ ਦੀਪਕ ਵਿਚ ਬਲਾ, ਨਿਰਗੁਣ ਨੂਰ ਕੀਤਾ ਰੁਸ਼ਨਾਈਆ । ਕਿਉਂ ਮੈਨੂੰ ਦੱਸਿਆ ਨਿਹਚਲ ਅਟਲਾ, ਨਰ ਨਰਾਇਣ ਸਿਫ਼ਤ ਸਾਲਾਹੀਆ । ਅੱਗੇ ਕਰੀਂ ਨਾ ਵਲਾ ਛਲਾ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਕਿਸ ਕਾਰਨ ਮੈਂ ਫੁਲਿਆ ਫਲਾ, ਫਲੀਭੂਤ ਦਿਤਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਚਖੰਡ ਕਹੇ ਪ੍ਰਭੂ ਕਿਉਂ ਮੇਰੀ ਧਾਰ ਨਿਆਰੀ, ਨਿਰੰਕਾਰ ਦਿਤੀ ਜਣਾਈਆ । ਕਿਸ ਬਿਧ ਰਚੀ ਉਚ ਅਟਾਰੀ, ਅਟਲ ਦੇ ਮਾਲਕ ਦੇਣਾ ਸਮਝਾਈਆ । ਤੂੰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸੱਚੀ ਸਰਕਾਰੀ, ਪੁਰਖ ਅਕਾਲਾ ਇਕ ਅਖਵਾਈਆ । ਮੈਂ ਤੇਰਾ ਸੇਵਾਦਾਰੀ, ਆਦਿ ਅੰਤ ਸੇਵ ਕਮਾਈਆ । ਕਿਸ ਬਿਧ ਮੇਰੀ ਕੀਤੀ ਉਸਾਰੀ, ਨੀਂਹ ਕਿਸ ਧਾਰ ਬੰਧਾਈਆ । ਮੇਰਾ ਰਾਹ ਤਕਦੇ ਪੈਗ਼ੰਬਰ ਗੁਰ ਅਵਤਾਰੀ, ਬਿਨ ਨੈਣਾਂ ਨੈਣ ਉਠਾਈਆ । ਕਿਸ ਤਰੀਕੇ ਨਾਲ ਮੇਰੇ ਅੰਤਰ ਕਰੇਂ ਸਿਕਦਾਰੀ, ਹੁਕਮ ਆਪਣਾ ਇਕ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ

ਦੇਣਾ ਧੁਰ ਦਾ ਵਰ, ਮਿਹਰਵਾਨ ਦਰ ਤੇਰੇ ਸੀਸ ਨਿਵਾਈਆ । ਸਚਖੰਡ ਕਹੇ ਪ੍ਰਭੂ ਕੀ ਮੇਰਾ ਦਰਬਾਰਾ, ਦਰਬਾਨ ਕਵਣ ਅਖਵਾਈਆ । ਕੀ ਮੇਰਾ ਘਰ ਬਾਹਰਾ, ਕਵਣ ਰੰਗ ਰੰਗਾਈਆ । ਕੀ ਮੇਰਾ ਕਿਨਾਰਾ, ਅੰਤ ਦੇ ਸਮਝਾਈਆ । ਕੀ ਮੇਰਾ ਸਹਾਰਾ, ਜਿਸ ਸਹਾਰੇ ਝਟ ਲੰਘਾਈਆ । ਕੀ ਮੇਰਾ ਵਰਤਾਰਾ, ਕੀ ਕਰਨੀ ਹੱਥ ਫੜਾਈਆ । ਕੀ ਮੇਰਾ ਅਧਾਰਾ, ਮਿਹਰਵਾਨ ਦੇਣਾ ਸੁਣਾਈਆ । ਕਿਉਂ ਸਾਰੇ ਤਕਦੇ ਮੇਰਾ ਰਾਹ ਸੱਚੀ ਸਰਕਾਰਾ, ਸਰਗੁਣ ਬੈਠੇ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਸਰਨਾਈਆ । ਸਚਖੰਡ ਕਹੇ ਕੀ ਪ੍ਰਭੂ ਮੈਂ ਸੱਚਾ, ਸਚ ਦੇ ਸੁਣਾਈਆ । ਕੀ ਮੇਰਾ ਰੂਪ ਰੰਗ ਕੱਚਾ, ਕਿ ਕੰਚਨ ਗੜ੍ਹ ਦਏਂ ਵਡਿਆਈਆ । ਕੀ ਤੂੰ ਮੇਰਾ ਪਸਾਰਾ ਆਪੇ ਰਚਾ, ਆਪਣੀ ਰਚਨਾ ਨਾਲ ਰਚਾਈਆ । ਮੈਨੂੰ ਸਾਰਾ ਦੱਸ ਦੇ ਪਤਾ, ਪਤਿਪਰਮੇਸ਼ਵਰ ਭੇਵ ਖੁਲ੍ਹਾਈਆ । ਕੀ ਮੇਰਾ ਵੀ ਜੁਗ ਚੌਕੜੀ ਵਾਂਗ ਲਿਖਿਆ ਪਟਾ, ਲੇਖਾ ਅੰਕੜਿਆਂ ਵਿਚ ਬਣਾਈਆ । ਕੀ ਮੇਰਾ ਵੀ ਜਗਤ ਦਵਾਰਿਆਂ ਮੁੱਲ ਰੱਖਿਆ ਕੁਝ ਟਕਾ, ਜਿਸ ਦੀ ਕੀਮਤ ਨਾ ਕੋਇ ਸਮਝਾਈਆ । ਕੀ ਮੇਰੀ ਬਦਲੀ ਵਾਸਤੇ ਤੂੰ ਵੀ ਕੋਈ ਪਰਗਟ ਕਰ ਦੇਂਣਾ ਟੱਪਾ, ਆਪਣਾ ਸ਼ਬਦ ਸ਼ਬਦ ਜਣਾਈਆ । ਕੀ ਮੇਰਾ ਵੀ ਬਦਲਣ ਵਾਲਾ ਹੱਟਾ, ਧੁਰ ਦੇ ਹਟਵਾਣੇ ਦੇਣਾ ਦ੍ਰਿੜਾਈਆ । ਸਚਖੰਡ ਕਹੇ ਪ੍ਰਭ ਮੈਂ ਕਿਹੜੀ ਖ਼ੁਸ਼ੀ ਵਿਚ ਹੱਸਾਂ, ਹੱਸ ਕੇ ਦਿਆਂ ਵਖਾਈਆ । ਕਿਹੜੀ ਧਾਰ ਵਿਚ ਨੱਸਾਂ, ਭੱਜਾਂ ਵਾਹੋ ਦਾਹੀਆ । ਪੁਰਖ ਅਕਾਲ ਕਿਹਾ ਉਹ ਵੇਖ ਲੋਕਮਾਤ ਸਮਾਂ ਆਇਆ ਮਸਾਂ, ਨੌ ਸੌ ਚੁਰਾਨਮੇ ਚੌਕੜੀ ਜੁਗ ਗਏ ਰਾਹ ਤਕਾਈਆ । ਮੈਂ ਜਨ ਭਗਤਾਂ ਦੇਣਾ ਰਸਾ, ਬਿਨ ਰਸਨਾ ਰਸ ਚਖਾਈਆ । ਸਚ ਸੁਨਾਉਣਾ ਜਸਾ, ਸਿਫ਼ਤਾਂ ਵਿਚ ਵਡਿਆਈਆ । ਮਾਰਗ ਅਗੰਮੀ ਦੱਸਾਂ, ਤੇਰਾ ਰਾਹ ਵਖਾਈਆ । ਜਿਨ੍ਹਾਂ ਦੀਆਂ ਅੰਦਰੋਂ ਖੋਲਣੀਆਂ ਅੱਖਾਂ, ਨਿਜ ਨੇਤਰ ਨਾਲ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਚਖੰਡ ਸੁਣ ਹੁਕਮ ਅਨੋਖਾ, ਅਵੱਲੜਾ ਦਿਆਂ ਜਣਾਈਆ । ਤੇਰਾ ਭੇਵ ਪਾਏ ਕੋਈ ਨਾ ਪੋਥਾ, ਪੁਸਤਕ ਸਕੇ ਨਾ ਕੋਇ ਦ੍ਰਿੜਾਈਆ । ਤੇਰਾ ਮੇਰੇ ਪਿਆਰ ਦਾ ਕੋਠਾ, ਮਹੱਲ ਇਕੋ ਇਕ ਵਡਿਆਈਆ । ਜੋ ਆਦਿ ਤੋਂ ਲੈ ਕੇ ਅੰਤ ਤਕ ਲੰਮਾ ਚੌੜਾ ਬਹੁਤਾ, ਜਗਤ ਨਾਪ ਨਾ ਕੋਇ ਰਖਾਈਆ । ਜਿਥੇ ਜੋਤ ਧਾਰ ਧਾਰ ਸੋਤਾ, ਸੋਵਤ ਜਾਗਤ ਰੂਪ ਨਾ ਕੋਇ ਬਣਾਈਆ । ਜਿਥੇ ਪੁੱਜੇ ਕੋਈ ਨਾ ਸੋਚਾ, ਸਮਝ ਵਿਚ ਨਾ ਕੋਇ ਸਮਝਾਈਆ । ਜਿਥੇ ਧਾਰ ਨਹੀਂ ਕੋਈ ਲੋਕਾ, ਪਰਲੋਕ ਨਾ ਵੰਡ ਵੰਡਾਈਆ । ਜਿਥੇ ਲੇਖਾ ਨਹੀਂ ਕੋਟਨ ਕੋਟਾ, ਅਸੰਖ ਅਸੰਖਾਂ ਗਣਤ ਗਿਣਾਈਆ । ਜਿਥੇ ਕੋਈ ਸਾਕ ਸੈਣ ਨਹੀਂ ਪੁਤ ਪੋਤਾ, ਸਰਗੁਣ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਸਚਖੰਡ ਤੇਰਾ ਪ੍ਰੇਮ ਪਿਆਰ ਮੇਰਾ ਘਰਾਨਾ, ਗ੍ਰਿਹਿ ਇਕੋ ਇਕ ਵਡਿਆਈਆ । ਜਿਥੇ ਧੁਰ ਦਾ ਨੂਰ ਨੁਰਾਨਾ, ਤੇਰਾ ਨੂਰ ਨੂਰ ਰੁਸ਼ਨਾਈਆ । ਬਿਨਾ ਮੇਰੇ ਪਿਆਰ ਤੋਂ ਤੈਨੂੰ ਨਾਪਣ ਵਾਲਾ ਨਹੀਂ ਕੋਈ ਪੈਮਾਨਾ, ਪੈਮਾਇਸ਼ ਵਿਚ ਕਦੇ ਨਾ ਆਈਆ । ਤੇਰਾ ਵਿਹਾਰ ਨਹੀਂ ਨਾਲ ਜਗਤ ਜ਼ਮਾਨਾ, ਜ਼ਿਮੀਂ ਅਸਮਾਨਾਂ ਤੋਂ ਬਾਹਰ ਤੇਰਾ ਗ੍ਰਿਹਿ ਵਸਾਈਆ । ਜਿਥੇ ਅਵਤਾਰ ਪੈਗ਼ੰਬਰ ਗੁਰੂ ਬਾਲ ਨਿਧਾਨਾ, ਆਪਣਾ ਬਲ ਨਾ ਕੋਇ ਧਰਾਈਆ । ਜਿਥੇ ਮੇਰਾ ਸਚ ਨਿਸ਼ਾਨਾ, ਆਦਿ ਜੁਗਾਦਿ ਜੁਗ ਜੁਗ ਝੁੱਲੇ ਵਾਹੋ ਦਾਹੀਆ । ਉਹ ਤੇਰਾ ਮਹੱਲ ਅਟਲ ਮਹਾਨਾ, ਸੋਹਣਾ


੯੭੩
੨੨

ਸੋਭਾ ਪਾਈਆ । ਜਿਥੇ ਨਿਰਵੈਰ ਵਸੇ ਸ੍ਰੀ ਭਗਵਾਨਾ, ਨਿਰਵੈਰ ਅਗੰਮ ਅਥਾਹੀਆ । ਉਠ ਵੇਖ ਲੋਕਮਾਤ ਹੋਇਆ ਮਿਹਰਵਾਨਾ, ਮਿਹਰ ਨਜ਼ਰ ਇਕ ਟਿਕਾਈਆ । ਜਨ ਭਗਤਾਂ ਦੇਵੇ ਬਿਨਾ ਭਗਤੀ ਤੋਂ ਧੁਰ ਦਾ ਦਾਨਾ, ਨਾਮ ਅਗੰਮਾ ਆਪ ਵਰਤਾਈਆ । ਖੇਲੇ ਖੇਲ ਮਰਦ ਮਰਦਾਨਾ, ਜੋਤੀ ਜਾਤਾ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਨ, ਆਦਿ ਅੰਤ ਜੁਗਾ ਜੁਗੰਤ ਸਚ ਦਾ ਮਾਲਕ ਇਕ ਅਖਵਾਨਾ, ਏਕੰਕਾਰ ਬੇਪਰਵਾਹੀਆ ।

## ੧੪ ਪੋਹ ਸ਼ਹਿਨਸ਼ਾਹੀ ਸੰਮਤ ੯ ਕੇਸਰੀ ਦੇਵੀ ਦੇ ਗ੍ਰਿਹ ਪਿੰਡ ਸਈ ਖ਼ੁਰਦ ਜ਼ਿਲਾ ਜੰਮੂ

ਸਚਖੰਡ ਭਗਤਾਂ ਦੇਵਾਂ ਸਚ ਅਨੰਦਾ, ਸਚ ਸਵਾਮੀ ਹੋ ਕੇ ਦਇਆ ਕਮਾਈਆ । ਜੁਗ ਜਨਮ ਦੇ ਵਿਛੜੇ ਆਪਣੇ ਨਾਲ ਗੰਢਾਂ, ਆਤਮ ਪਰਮਾਤਮ ਮੇਲ ਮੇਲਾਂ ਸਹਿਜ ਸੁਭਾਈਆ । ਤਨ ਵਜੂਦ ਮਾਟੀ ਖ਼ਾਕ ਪਾਵਾਂ ਠੰਡਾ, ਅੰਮ੍ਰਿਤ ਨਾਮ ਮੇਘ ਬਰਸਾਈਆ । ਚਰਨ ਪ੍ਰੀਤੀ ਧੁਰ ਦੀ ਨਾਲ ਰੰਗਾਂ, ਰੰਗ ਮਜੀਠ ਅਗੰਮ ਚੜ੍ਹਾਈਆ । ਦੀਨ ਦਿਆਲਾ ਹੋ ਕੇ ਉਨ੍ਹਾਂ ਅੰਦਰ ਲੰਘਾ, ਨੌ ਦਵਾਰ ਨਾ ਕੋਇ ਅਟਕਾਈਆ । ਤੂੰ ਮੇਰਾ ਮੈਂ ਤੇਰਾ ਗਾਵਾਂ ਛੰਦਾ, ਆਤਮ ਪਰਮਾਤਮ ਪੜਦਾ ਦਿਆਂ ਉਠਾਈਆ । ਮੇਰਾ ਖੇਲ ਨਹੀਂ ਕੋਈ ਪੰਜ ਤਤ ਤਤਾਂ ਵਾਲਾ ਬੰਦਾ, ਬੰਦਗੀ ਵਿਚ ਨਾ ਆਪਣਾ ਝਟ ਲੰਘਾਈਆ । ਬਣ ਕੇ ਸਾਹਿਬ ਸੱਚਾ ਬਖ਼ਸ਼ੰਦਾ, ਬਖ਼ਸ਼ਿਸ਼ ਰਹਿਮਤ ਇਕ ਕਮਾਈਆ । ਜਨਮ ਜਨਮ ਦਾ ਕਰਮ ਕਟ ਕੇ ਗੰਦਾ,
੯੭੪
੨੨
ਪਤਿਤ ਪੁਨੀਤ ਦਿਆਂ ਕਰਾਈਆ । ਸਤਿਗੁਰ ਹੋ ਕੇ ਵਸਾਂ ਸੰਗਾ, ਸਗਲਾ ਸੰਗ ਬਣਾਈਆ । ਨਿਝਰ ਧਾਰ ਬਖ਼ਸ਼ਾਂ ਗੰਗਾ, ਜਮਨਾ ਸੁਰਸਤੀ ਗੋਦਾਵਰੀ ਨਾਲ ਮਿਲਾਈਆ । ਆਵਣ ਜਾਵਣ ਮੇਟਾਂ ਪੰਧਾ, ਚੁਰਾਸੀ ਫਾਸੀ ਜਮ ਕਟਾਈਆ । ਨਿਰਵੈਰ ਹੋ ਕੇ ਲਾਵਾਂ ਅੰਗਾ, ਅੰਗੀਕਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਹੋਏ ਸਹਾਈਆ । ਸਚਖੰਡ ਜਨ ਭਗਤਾਂ ਦੇਵਾਂ ਰਸ, ਨਿਝਰ ਝਿਰਨਾ ਆਪ ਝਿਰਾਈਆ । ਮਨ ਕਲਪਣਾ ਕਰ ਕੇ ਵਸ, ਵਿਖ ਅੰਦਰੋਂ ਬਾਹਰ ਕਢਾਈਆ । ਕਰ ਪ੍ਰਕਾਸ਼ ਕੋਟ ਰਵ ਸਸ, ਅੰਧ ਅੰਧੇਰਾ ਦੇਣਾ ਮਿਟਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਲੋਇਣ ਆਪਣੇ ਨਾਲ ਰਲਾਈਆ । ਅੰਮ੍ਰਿਤ ਆਤਮ ਨਿਝਰ ਝੱਟ, ਬੂੰਦ ਸਵਾਤੀ ਇਕ ਟਪਕਾਈਆ । ਧਰਮ ਦਵਾਰ ਖੋਲ੍ਹ ਕੇ ਹੱਟ, ਵਸਤ ਨਾਮ ਦਿਆਂ ਵਰਤਾਈਆ । ਜਗਤ ਕਿਨਾਰਾ ਪੰਧ ਮੁਕਾ ਕੇ ਤਟ, ਗ੍ਰਿਹ ਇਕੋ ਇਕ ਵਖਾਈਆ । ਜਿਥੇ ਨੂਰ ਜੋਤ ਲਟ ਲਟ, ਦਿਵਸ ਰੈਣ ਡਗਮਗਾਈਆ । ਮੇਲਾ ਕਰ ਪੁਰਖ ਸਮਰਥ, ਸਗਲਾ ਸੰਗ ਆਪ ਹੋ ਜਾਈਆ । ਮਹਿਮਾ ਦੱਸ ਸ਼ਬਦ ਅਕਥ, ਜਗਤ ਵਿਦਿਆ ਡੇਰਾ ਢਾਹੀਆ । ਤੇਰਾ ਦਵਾਰਾ ਦੇਵਾਂ ਦੱਸ, ਦਹਿ ਦਿਸ਼ਾ ਪੰਧ ਮੁਕਾਈਆ । ਤੂੰ ਅੱਗੋਂ ਮਿਲਣਾ ਹੱਸ, ਹੱਸ ਹੱਸ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰ ਤੇਰਾ ਘਰ ਪਰਗਟ, ਪਰਗਟ ਆਪਣਾ ਹੁਕਮ ਵਰਤਾਈਆ ।

## ੧੪ ਪੋਹ ਸ਼ਹਿਨਸ਼ਾਹੀ ਸੰਮਤ ੬ ਅਮਰੋ ਦੇਵੀ ਦੇ ਗ੍ਰਿਹ ਪਿੰਡ ਸਈ ਖ਼ੁਰਦ ਜ਼ਿਲਾ ਜੰਮੂ

ਸਚਖੰਡ ਆ ਵਖਾਵਾਂ ਤੇਰੇ ਸਾਥੀ, ਪਰਮ ਪੁਰਖ ਚੋਹਲ ਜਣਾਈਆ । ਜਿਨ੍ਹਾਂ ਮੰਨੀ ਮੇਰੀ ਆਖੀ, ਆਖ਼ਰ ਬੈਠੇ ਸੀਸ ਨਿਵਾਈਆ । ਧੁਰ ਦੀ ਸੁਣੀ ਸਾਖੀ, ਢੋਲਾ ਗੀਤ ਅਗੰਮ ਅਥਾਹੀਆ । ਜਿਨ੍ਹਾਂ ਨੂੰ ਸੰਦੇਸ਼ਾ ਦਿਤਾ ਕਮਲਾਪਾਤੀ, ਪਤਿਪਰਮੇਸ਼ਵਰ ਹੋ ਕੇ ਆਪ ਦ੍ਰਿੜਾਈਆ । ਉਨ੍ਹਾਂ ਦੀ ਅੰਤਮ ਮੁਕਣੀ ਵਾਟੀ, ਚੁਰਾਸੀ ਗੇੜਾ ਰਹੇ ਨਾ ਰਾਈਆ । ਖੇਲੇ ਖੇਲ ਅਲਖਣਾ ਅਲਾਖੀ, ਹਰਿ ਕਰਤਾ ਧੁਰਦਰਗਾਹੀਆ । ਤੂੰ ਵੀ ਪੂਰੀ ਕਰਨੀ ਆਸੀ, ਆਸ਼ਾ ਆਪਣੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਚਖੰਡ ਆ ਵਖਾਵਾਂ ਤੇਰੇ ਸੱਜਣ, ਮੀਤ ਮੁਰਾਰੇ ਨਜ਼ਰੀ ਆਈਆ । ਜਿਨ੍ਹਾਂ ਚਰਨ ਧੂੜ ਕੀਤਾ ਮਜਣ, ਦੁਰਮਤ ਮੈਲ ਮਾਤ ਧਵਾਈਆ । ਨੇਤਰ ਦਰਸ਼ਨ ਕਰ ਕਰ ਰੱਜਣ, ਤ੍ਰਿਸ਼ਨਾ ਤ੍ਰਿਖਾ ਰਹੀ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਕਰ ਕੇ ਭਜਨ, ਬੰਦਗੀ ਇਕੋ ਝੋਲੀ ਪਾਈਆ । ਉਹ ਲਾਲ ਅਨਮੁਲੜੇ ਮੇਰੇ ਰਤਨ, ਹੀਰੇ ਦਿਆਂ ਵਖਾਈਆ । ਜਿਨ੍ਹਾਂ ਨੂੰ ਕਰਨਾ ਪੈਣਾ ਨਹੀਂ ਕੋਈ ਯਤਨ, ਯਥਾਰਥ ਤੇਰੇ ਨਾਲ ਮਿਲਾਈਆ । ਮੁੜ ਕੇ ਆਵਣ ਆਪਣੇ ਵਤਨ, ਬੇਵਤਨ ਪੰਧ ਮੁਕਾਈਆ । ਜਿਨ੍ਹਾਂ ਦਾ ਇਕੋ ਘਾਟ ਇਕੋ ਪੱਤਨ, ਇਕੋ ਤੇਰੇ ਦਰ ਚੜ੍ਹਨ ਚਾਈਂ ਚਾਈਂਆ । ਓਹ ਤੇਰੇ ਦਵਾਰ ਵਸਣ, ਸਚ ਦਵਾਰੇ ਸੋਭਾ ਪਾਈਆ । ਤੈਨੂੰ ਮਿਲ ਕੇ ਹੱਸਣ, ਖ਼ੁਸ਼ੀਆਂ ਰੰਗ ਰੰਗਾਈਆ । ਜੋਤੀ ਧਾਰ ਹੋ ਕੇ ਨੱਚਣ, ਟੱਪਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਸਚਖੰਡ ਆਹ ਵੇਖ ਮੇਰੇ ਮੀਤ, ਮਿਤਰਾ ਦਿਆਂ ਦ੍ਰਿੜਾਈਆ । ਜਿਨ੍ਹਾਂ ਸਤਿਜੁਗ ਬਦਲਣੀ ਰੀਤ, ਰੀਤੀ ਆਪਣੀ ਇਕ ਸਮਝਾਈਆ । ਜਿਹੜੇ ਗਾਉਂਦੇ ਧੁਰ ਦਾ ਗੀਤ, ਤੂੰ ਮੇਰਾ ਮੈਂ ਤੇਰਾ ਰਾਗ ਜਣਾਈਆ । ਨਾਤਾ ਛਡ ਕੇ ਮੰਦਰ ਮਸੀਤ, ਕਾਅਬਿਆਂ ਬਾਹਰ ਸੋਭਾ ਪਾਈਆ । ਤ੍ਰੈਗੁਣ ਤੋਂ ਹੋ ਅਤੀਤ, ਤ੍ਰੈਭਵਣ ਧਨੀ ਵਿਚ ਸਮਾਈਆ । ਉਨ੍ਹਾਂ ਦੀ ਕਰਨਹਾਰ ਸ਼ਬਦ ਗੁਰੂ ਤਸਦੀਕ, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ । ਤੇਰੇ ਦਵਾਰੇ ਹੋਣ ਵਸਨੀਕ, ਪਲੂ ਤੇਰੇ ਨਾਲ ਗੰਢਾਈਆ । ਮੈਂ ਦੋਹਾਂ ਨੂੰ ਕਰਾਂ ਤਾਕੀਦ, ਸਹਿਜ ਨਾਲ ਦ੍ਰਿੜਾਈਆ । ਇਕ ਦੂਜੇ ਦੀ ਆਸਾ ਮਨਸਾ ਪੂਰੀ ਕਰਨੀ ਉਮੀਦ, ਹਿਰਸ ਹਵਸ ਦੇਣੀ ਮਿਟਾਈਆ । ਸਾਂਝੀ ਰੱਖਣੀ ਪ੍ਰੀਤ, ਪ੍ਰੀਤਮ ਮਿਲ ਕੇ ਵੱਜੇ ਵਧਾਈਆ । ਕਲਜੁਗ ਕੂੜੀ ਕਿਰਿਆ ਪਾਰ ਕਰਨੀ ਲੀਕ, ਲਾਈਨ ਐਨ ਤੇਰੀ ਦਿਤੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕ ਸੁਣਾਈਆ । ਸਚਖੰਡ ਆ ਵੇਖ ਲੈ ਮੇਰੇ ਪਿਆਰੇ ਗੁਰਮੁਖ, ਸ਼ਬਦੀ ਗੁਰ ਗੁਰ ਧਾਰ ਵਡਿਆਈਆ । ਜਿਨ੍ਹਾਂ ਜਨਮ ਮਰਨ ਦਾ ਮੇਟਣਾ ਦੁੱਖ, ਆਵਣ ਜਾਵਣ ਰਹੇ ਨਾ ਰਾਈਆ । ਉਜਲ ਹੋਣੀ ਜਨਣੀ ਕੁੱਖ, ਮਿਲੇ ਮਾਣ ਜਣੇਂਦੀ ਮਾਈਆ । ਆਤਮ ਮਿਲਣਾ ਸੁਖ, ਦੁੱਖਾਂ ਦਾ ਡੇਰਾ ਢਾਹੀਆ । ਲੋਕਮਾਤ ਵਿਚੋਂ ਲੈਣੇ ਚੁੱਕ, ਘਰ ਤੇਰੇ ਦੇਣੇ ਪਹੁੰਚਾਈਆ । ਜਿਥੇ ਵਸੇ ਅਬਿਨਾਸ਼ੀ ਅਚੁਤ, ਚੇਤਨ ਬੈਠਾ ਸੋਭਾ ਪਾਈਆ । ਤੂੰ ਵੇਖ ਕੇ ਹੋਣਾ ਖ਼ੁਸ਼, ਖ਼ੁਸ਼ੀਆਂ ਢੋਲੇ ਗਾਈਆ । ਸਭ ਨੂੰ ਪਿਆਰ ਨਾਲ ਲਈਂ ਪੁਛ, ਨਿਮਰਤਾ ਵਿਚ ਮੇਲ ਮਿਲਾਈਆ । ਵੇਖੀਂ ਕਿਤੇ ਹੋ ਨਾ ਜਾਵੀਂ ਚੁੱਪ, ਆਪ ਆਪਣਾ ਨੈਣ ਸ਼ਰਮਾਈਆ । ਜਿਨ੍ਹਾਂ ਨਾਤਾ ਛਡਣਾ ਕਲਜੁਗ ਅੰਧੇਰਾ ਘੁਪ, ਕੂੜੀ ਕਿਰਿਆ ਪੰਧ ਮੁਕਾਈਆ ।

ਉਹ ਗਾਉਂਦੇ ਆਵਣ ਤੂੰ ਮੇਰਾ ਮੈਂ ਤੇਰਾ ਸਾਚੀ ਤੁਕ, ਦੂਜਾ ਰਾਗ ਨਾ ਕੋਇ ਅਲਾਈਆ । ਤੇਰੇ ਦਵਾਰ ਆ ਕੇ ਮੇਰੇ ਚਰਨ ਕਵਲ ਉਨ੍ਹਾਂ ਦਾ ਪੈਂਡਾ ਜਾਏ ਮੁਕ, ਅੱਗੇ ਪੰਧ ਨਾ ਕੋਇ ਭਵਾਈਆ । ਉਹ ਸੰਤ ਸੁਹੇਲੇ ਜਨ ਭਗਤ ਮੇਰੇ ਸ਼ਬਦ ਅਨਾਦੀ ਸੁੱਤ, ਅਪਰਾਧੀ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਸੁਹਾਏ ਸੁਹੰਜਣੀ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ ।

ੴ੧੪ ਪੋਹ ਸ਼ਹਿਨਸ਼ਾਹੀ ਸੰਮਤ ੬ ਪ੍ਰੇਮ ਚੰਦ ਦੇ ਗ੍ਰਿਹ ਸਈ ਖ਼ੁਰਦ ਜ਼ਿਲਾ ਜੰਮੂ

੯੭੬

੨੨

ਸਚਖੰਡ ਓਹ ਤਕ ਲੈ ਮੇਰੇ ਲਾਲ, ਸੋ ਪੁਰਖ ਨਿਰੰਜਣ ਰਿਹਾ ਸੁਣਾਈਆ । ਜਿਨ੍ਹਾਂ ਪੋਹ ਨਾ ਸਕੇ ਕਾਲ, ਮਹਾਂਕਾਲ ਨਾ ਕੋਇ ਚਤੁਰਾਈਆ । ਚਿਤ੍ਰਗੁਪਤ ਲੇਖ ਨਾ ਸਕੇ ਵਖਾਲ, ਰਾਏ ਧਰਮ ਨਾ ਦਏ ਸਜ਼ਾਈਆ । ਲਾੜੀ ਮੌਤ ਨਾ ਚਲੇ ਨਾਲ, ਆਪਣਾ ਸੰਗ ਬਣਾਈਆ । ਚੁਰਾਸੀ ਕਰਨੀ ਪਏ ਨਾ ਭਾਲ, ਚਾਰੇ ਖਾਣੀ ਅੱਖ ਉਠਾਈਆ । ਮੈਂ ਉਨ੍ਹਾਂ ਦੀ ਕਰਾਂ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਦੀਨਾਂ ਬੰਧਪ ਹੋ ਕੇ ਦੀਨ ਦਿਆਲ, ਦਇਆ ਆਪਣੀ ਇਕ ਕਮਾਈਆ । ਸਚਖੰਡ ਵਖਾਵਾਂ ਸੱਚੀ ਧਰਮਸਾਲ, ਧਰਮ ਦੀ ਧਾਰ ਇਕ ਦ੍ਰਿੜਾਈਆ । ਆਪੇ ਵੇਖਾਂ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਖੋਜ ਖੁਜਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਸਭ ਦੀ ਲੇਖੇ ਪਾਵਾਂ ਘਾਲ, ਜੋ ਜਨ ਆਇਣ ਸਰਨਾਈਆ । ਸਤਿਗੁਰ ਸ਼ਬਦ ਬਣਾਵਾਂ ਦਲਾਲ, ਵਿਚੋਲਾ ਅਗੰਮ ਅਥਾਹੀਆ । ਜ਼ਿੰਦਗੀ ਦਾ ਹੱਲ ਕਰਾਂ ਸਵਾਲ, ਜੀਵਣ ਅਵਰ ਰਹੇ ਨਾ ਰਾਈਆ । ਤੂੰ ਆਉਂਦਿਆਂ ਨੂੰ ਲੈਣਾ ਸੰਭਾਲ, ਸੰਬਲ ਦਾ ਮਾਲਕ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਈਆ । ਸਚਖੰਡ ਓਹ ਵੇਖ ਗੁਰਮੁਖ ਮੇਰੇ ਰੰਗ ਰੱਤੇ, ਰਤਨ ਅਮੋਲਕ ਨਜ਼ਰੀ ਆਈਆ । ਜਿਨ੍ਹਾਂ ਦੇ ਅੰਤਰ ਇਕੋ ਸੱਤੇ, ਸਤਿ ਸਵਾਮੀ ਵੇਖ ਵਖਾਈਆ । ਕੂੜੀ ਕਿਰਿਆ ਛਡੀ ਮਤੇ, ਸਤਿਗੁਰ ਮਤ ਲਈ ਅਪਣਾਈਆ । ਜਿਨ੍ਹਾਂ ਦੇ ਸਾਫ਼ ਹੋਏ ਖਤੇ, ਲੇਖਾ ਅਵਰ ਰਿਹਾ ਨਾ ਰਾਈਆ । ਅਗਨੀ ਤਤ ਕੋਇ ਨਾ ਤਪੇ, ਸਾਂਤਕ ਸਤਿ ਦਿਤਾ ਕਰਾਈਆ । ਜਿਨ੍ਹਾਂ ਤੂੰ ਮੇਰਾ ਮੈਂ ਤੇਰਾ ਢੋਲੇ ਜਪੇ, ਸੋਹੰ ਅਗੰਮ ਅਥਾਹੀਆ । ਉਹ ਆਦਿ ਅੰਤ ਦੇ ਮੇਰੇ ਬੱਚੇ, ਬਚਪਨ ਆਪਣੀ ਝੋਲੀ ਪਾਈਆ । ਉਹ ਛਡਣ ਮਕਾਨ ਕਾਇਆ ਕੱਚੇ, ਤਨ ਵਜੂਦ ਡੇਰਾ ਢਾਹੀਆ । ਤੇਰੇ ਦਵਾਰੇ ਆਵਣ ਭੱਜੇ, ਪਿਛਲਾ ਪੰਧ ਮੁਕਾਈਆ । ਸਚਖੰਡ ਬੈਠਣ ਸਜੇ, ਹਰਿ ਕਰਤਾ ਆਪ ਟਿਕਾਈਆ । ਪ੍ਰੇਮ ਪਿਆਰ ਦੇ ਲੈਣ ਮਜ਼ੇ, ਰਸ ਇਕੋ ਇਕ ਚਖਾਈਆ । ਜਿਥੇ ਧੁਰ ਦਾ ਦੀਪਕ ਜਗੇ, ਜੋਤੀ ਜੋਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਚਖੰਡ ਉਹ ਤਕ ਲੈ ਗੁਰਮੁਖ ਮੇਰੇ ਸੰਤ, ਸਤਿ ਦਿਆਂ ਜਣਾਈਆ । ਜਿਨ੍ਹਾਂ ਦਾ ਇਕੋ ਨਾਮ ਮਣੀਆ ਮੰਤ, ਮਨ ਦੀ ਮਨਸਾ ਦਏ ਗਵਾਈਆ । ਗੜ੍ਹ ਤੋੜ੍ਹ ਕੇ ਹਉਮੇਂ ਹੰਗਤ, ਹੰ ਬ੍ਰਹਮ ਦੇ ਵਿਚ ਸਮਾਈਆ । ਬਣ ਕੇ ਸਾਚੀ ਸੰਗਤ, ਊਚ ਨੀਚ ਦਾ ਡੇਰਾ ਢਾਹੀਆ । ਦਰ ਠਾਂਡੇ ਕਰਨ ਮਿੰਨਤ, ਨਿਊਂ ਨਿਊਂ

ਸੀਸ ਨਿਵਾਈਆ । ਉਨ੍ਹਾਂ ਗ਼ਮ ਰਹੇ ਨਾ ਚਿੰਤ, ਚਿੰਤਾ ਚਿਖਾ ਨਾ ਦਏ ਜਲਾਈਆ । ਪੁਰਖ ਅਕਾਲ ਬਖ਼ਸ਼ਣੀ ਮਿੰਨਤ, ਦੀਨ ਦਿਆਲ ਦਇਆ ਕਮਾਈਆ । ਉਨ੍ਹਾਂ ਤੇਰੀ ਆਉਣਾ ਸਿੰਮਤ, ਦੂਸਰ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਦਰ ਦਰਬਾਰ ਪੁੱਜਣ ਦੇਵੇ ਕੋਈ ਨਾ ਨਿੰਦਕ, ਹਰਿਜਨ ਸਾਚੇ ਆਵਣ ਚਾਈਂ ਚਾਈਂਆ ।



## ✪ ੧੪ ਪੋਹ ਸ਼ਹਿਨਸ਼ਾਹੀ ਸੰਮਤ ੬ ਚੇਲਾ ਸਿੰਘ ਦੇ ਗ੍ਰਿਹ ਪਿੰਡ ਸਈ ਖ਼ੁਰਦ ਜ਼ਿਲਾ ਜੰਮੂ ✪

ਸਚਖੰਡ ਕਹੇ ਪ੍ਰਭ ਜੁਗ ਜੁਗ ਖੇਲ ਵੇਖੇ ਤੇਰੇ ਹਰਿ ਦੇ, ਧੁਰ ਦਾ ਮਾਲਕ ਧਿਆਨ ਲਗਾਈਆ । ਭਗਤ ਸੁਹੇਲੇ ਤੇਰੇ ਦੁੱਖ ਰਹੇ ਭਰਦੇ, ਜਗਤ ਰਾਜ ਸਮਾਜ ਦੁਹਾਈਆ । ਦਿਵਸ ਰੈਣ ਤੇਰਾ ਨਾਮ ਰਹੇ ਜਪਦੇ, ਅੰਤਰ ਵੜ ਵੜ ਖੋਜ ਖੁਜਾਈਆ । ਜਗਤ ਜਹਾਨ ਰਹੇ ਛਡਦੇ, ਤ੍ਰਿਸ਼ਨਾ ਤ੍ਰਿਖਾ ਮਿਟਾਈਆ । ਵਾਸਤੇ ਪਾ ਪਾ ਰਹੇ ਲੱਭਦੇ, ਖੋਜਣ ਥਾਉਂ ਥਾਈਂਆ । ਕਦੀ ਮੇਲੇ ਹੋਣ ਨਾਲ ਸਬਬ ਦੇ, ਸਤਿਜੁਗ ਤ੍ਰੇਤਾ ਦੁਆਪਰ ਦਏ ਦੁਹਾਈਆ । ਇਸ਼ਾਰੇ ਮਿਲਦੇ ਰਹੇ ਅੱਖ ਦੇ, ਅੱਖਰਾਂ ਵਾਲੀ ਵਿਦਿਆ ਇਕ ਸੁਣਾਈਆ । ਛਿਨ ਮਾਤਰ ਦਰਸ਼ਨ ਹੁੰਦੇ ਰਹੇ ਪ੍ਰਤਖ ਦੇ, ਸਾਖਿਆਤ ਸਰਗੁਣ ਰੂਪ ਧਰਾਈਆ । ਸੁਨੇਹੜੇ ਸੁਣਦੇ ਰਹੇ ਕਚ ਦੇ, ਕੰਚਨ ਗੜ੍ਹ ਧਿਆਨ ਲਗਾਈਆ । ਤੇਰੀ ਸਰਨਾਈ ਰਹੇ ਢਠਦੇ, ਦੂਰ ਦੁਰਾਡੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਵਾਨ ਦਇਆ ਕਮਾਈਆ । ਸਚਖੰਡ ਕਹੇ ਪ੍ਰਭ ਬਿਨ ਭਗਤੀ ਕੋਈ ਨਾ ਤਰਿਆ, ਜਗਤ ਸ਼ਾਸਤਰ ਦੇਣ ਗਵਾਹੀਆ । ਬਿਨਾ ਨਾਮ ਤੋਂ ਮੰਜ਼ਲ ਕੋਇ ਨਾ ਚੜ੍ਹਿਆ, ਗ੍ਰਿਹ ਸਚ ਨਾ ਕੋਇ ਵਖਾਈਆ । ਬਿਨਾ ਪਿਆਰ ਤੋਂ ਮਿਲੇ ਕਿਸੇ ਨਾ ਦਰਿਆ, ਦਰ ਦਰਵਾਜ਼ਾ ਨਾ ਕੋਇ ਖੁਲ੍ਹਾਈਆ । ਕੀ ਖੇਲ ਨਰਾਇਣ ਨਰਿਆ, ਮਿਹਰਵਾਨ ਦੇਣਾ ਦ੍ਰਿੜਾਈਆ । ਪੁਰਖ ਅਕਾਲ ਕਿਹਾ ਸਚਖੰਡ ਮੇਰਾ ਨਿਰਅੱਖਰ ਕਿਸੇ ਨਾ ਪੜ੍ਹਿਆ, ਵਿਦਿਆ ਵਿਚ ਨਾ ਕੋਇ ਚਤੁਰਾਈਆ । ਜਿਸ ਦਾ ਸ਼ਬਦੀ ਧਾਰ ਮੈਂ ਪਲੂ ਫੜਿਆ, ਗੰਢ ਆਤਮ ਨਾਲ ਪਵਾਈਆ । ਓਹ ਨਿਰਭੈ ਹੋ ਕਦੇ ਨਾ ਡਰਿਆ, ਭੈ ਜਗਤ ਨਾ ਕੋਇ ਰਖਾਈਆ । ਸੰਸਾਰ ਸਾਗਰ ਵਿਚੋਂ ਤਰਿਆ, ਤਾਰੀ ਇਕੋ ਨਾਮ ਲਗਾਈਆ । ਦਰਗਹ ਸਾਚੀ ਸਚਖੰਡ ਦਵਾਰੇ ਵੜਿਆ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਆਪਣਾ ਘਰ ਵਸਾਈਆ । ਸਚਖੰਡ ਜਿਸ ਉਪਰ ਮੈਂ ਆਪਣੀ ਕਿਰਪਾ ਕਰਦਾ, ਕਿਰਪਨ ਲੇਖੇ ਲਵਾਂ ਲਗਾਈਆ । ਸੋ ਸੰਤ ਸੁਹੇਲਾ ਨਾ ਜਨਮੇ ਨਾ ਮਰਦਾ, ਮਰਜੀਵਤ ਰੂਪ ਵਟਾਈਆ । ਉਹ ਮਾਲਕ ਹੋਵੇ ਮੇਰੇ ਘਰ ਦਾ, ਗ੍ਰਿਹ ਸਾਚੇ ਡੇਰਾ ਲਾਈਆ । ਜਿਥੇ ਇਕੋ ਦੀਪਕ ਬਲਦਾ, ਦੂਜੀ ਅਵਰ ਨਾ ਕੋਇ ਰੁਸ਼ਨਾਈਆ । ਉਹ ਖੇਲ ਵੇਖੇ ਨਿਹਚਲ ਧਾਮ ਅਟਲ ਦਾ, ਸਚ ਸਿੰਘਾਸਣ ਧਿਆਨ ਲਗਾਈਆ । ਝਗੜਾ ਮੁਕ ਜਾਏ ਮਹੀਅਲ ਜਲ ਥਲ ਦਾ, ਅਸਗਾਹਾਂ ਦਾ ਲਹਿਣਾ ਜਾਏ ਮੁਕਾਈਆ । ਜੋਤ ਜੋਤ ਵਿਚ ਰਲਦਾ, ਜੋਤੀ ਜੋਤ ਵਿਚ ਸਮਾਈਆ । ਵਿਛੋੜਾ ਹੋਏ ਘੜੀ ਨਾ ਪਲ ਦਾ, ਪਾਰਬ੍ਰਹਮ ਆਪਣੇ ਰੰਗ ਰੰਗਾਈਆ । ਇਹੋ ਲਹਿਣਾ

ਮੇਰੀ ਕਿਰਪਾ ਦੇ ਫਲ ਦਾ, ਫਲੀਭੂਤ ਦਿਆਂ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਚਖੰਡ ਕਹੇ ਪ੍ਰਭ ਮੈਂ ਭਗਤ ਵੇਖੇ ਤੇਰੇ ਲੋਕਮਾਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਕਿਸੇ ਸੁਖ ਮਿਲਿਆ ਨਾ ਦਿਵਸ ਰਾਤ, ਭਿੰਨੜੀ ਰੈਣ ਰੰਗ ਨਾ ਕੋਇ ਰੰਗਾਈਆ । ਸਾਰੇ ਤੇਰਾ ਮਾਰਗ ਰਹੇ ਝਾਕ, ਬਿਨ ਅੱਖਾਂ ਅੱਖ ਉਠਾਈਆ । ਕਿਸੇ ਦਾ ਛਿਨ ਭੰਗਰ ਖੋਲ੍ਹਿਆ ਤਾਕ, ਪਰਦਾ ਪਰਦਿਆਂ ਵਿਚੋਂ ਲਾਹੀਆ । ਸ਼ਬਦ ਦੀ ਦੇ ਕੇ ਆਵਾਜ, ਸੁੰਨ ਸਮਾਧ ਦਿਤਾ ਦ੍ਰਿੜਾਈਆ । ਨਿਰਗੁਣ ਸਰਗੁਣ ਰਚ ਕੇ ਕਾਜ, ਕਰਨੀ ਕਰਤੇ ਕਾਰ ਕਮਾਈਆ । ਸਤਿ ਪ੍ਰੀਤੀ ਦੇ ਕੇ ਦਾਦ, ਦੌਲਤਮੰਦ ਦਿਤਾ ਬਣਾਈਆ । ਨਿੰਦਰਾ ਖੋਲ੍ਹ ਕੇ ਜਾਗ, ਜਾਗਰਤ ਜੋਤ ਕੀਤੀ ਰੁਸ਼ਨਾਈਆ । ਹਰਿ ਪਰਗਟ ਹੋ ਕੇ ਕਦੇ ਨਾਲ ਰਿਹਾ ਨਹੀਂ ਸਾਖਿਆਤ, ਸਗਲਾ ਸੰਗ ਨਾ ਕਦੇ ਰਖਾਈਆ । ਛਿਨ ਭੰਗਰ ਦਰਸ ਦਿਤਾ ਮਹਿਮਾ ਲਿਖਾਈ ਕਾਗ਼ਜ਼ਾਤ, ਅੱਖਰ ਅੱਖਰਾਂ ਨਾਲ ਜੁੜਾਈਆ । ਮਜਮੂਆ ਬਣਾ ਕੇ ਅਲਿਫ਼ ਯੇ ਅਲਿਫ਼ਾਜ਼, ਨਗ਼ਮਾ ਦਿਤਾ ਜਣਾਈਆ । ਕਲਜੁਗ ਅੰਤ ਤੇਰਾ ਮੁਕਿਆ ਅਗੰਮਾ ਰਾਜ, ਜਿਸ ਦੀ ਰਵਾਇਤ ਨਜ਼ਰ ਕੋਇ ਨਾ ਆਈਆ । ਮਿਹਰਵਾਨ ਮਹਿਬੂਬ ਕਿਰਪਾ ਕਰੀ ਆਪ ਮਹਾਰਾਜ, ਨਿਰਵੈਰ ਹੋ ਕੇ ਹੋਇਆ ਸਹਾਈਆ । ਸੀਸ ਜਗਦੀਸ ਰੱਖ ਕੇ ਤਾਜ, ਤਖ਼ਤ ਨਿਵਾਸੀ ਹੁਕਮ ਸੁਣਾਈਆ । ਸਤਿ ਸਚ ਦੀ ਸਾਜਣ ਸਾਜ, ਸੱਜਣ ਬਣ ਕੇ ਭੇਵ ਖੁਲ੍ਹਾਈਆ । ਜਨ ਭਗਤ ਸੁਹੇਲੇ ਮਾਰ ਆਵਾਜ਼, ਸੋਏ ਮਾਤ ਲਏ ਉਠਾਈਆ । ਪੂਰਬ ਲਹਿਣਾ ਸਚ ਦਾ ਵਾਚ, ਵਾਚਕ ਹੋ ਕੇ ਵੇਖ ਵਖਾਈਆ । ਚਰਨ ਪ੍ਰੀਤੀ ਜੋੜ ਕੇ ਨਾਤ, ਨਾਤਾ ਆਤਮ ਪਰਮਾਤਮ ਲਿਆ ਬੰਧਾਈਆ । ਸਚ ਨਾਮ ਦੀ ਦੇ ਸੌਗ਼ਾਤ, ਵਸਤ ਅਨਮੁਲੀ ਆਪ ਵਰਤਾਈਆ । ਸਚਖੰਡ ਕਹੇ ਮੈਂ ਵੇਖ ਕੇ ਖੇਲ ਤਮਾਸ਼, ਤਮਾ ਪਿਛਲੀ ਦਿਤੀ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਤੇਰੀ ਬੇਪਰਵਾਹੀਆ ।

### ✪ ੧੪ ਪੋਹ ਸ਼ਹਿਨਸ਼ਾਹੀ ਸੰਮਤ ੬ ਸਰਦਾਰਾ ਸਿੰਘ ਦੇ ਗ੍ਰਿਹ ਪਿੰਡ ਸਈ ਖ਼ੁਰਦ, ਸਰਦਾਰੀ ਕੈਂਪ ਜ਼ਿਲਾ ਜੰਮੂ ✪

ਸਚਖੰਡ ਕਹੇ ਮੈਂ ਤਕੀ ਜੋਤ ਨਿਰੰਕਾਰੀ, ਨਿਰਾਕਾਰ ਸੋਭਾ ਪਾਈਆ । ਜਿਸ ਨੇ ਆਵਾਜ਼ ਸ਼ਬਦ ਅਗੰਮੀ ਮਾਰੀ, ਸੰਦੇਸ਼ਾ ਦਿਤਾ ਦ੍ਰਿੜਾਈਆ । ਉਠ ਮਾਤਲੋਕ ਦੀ ਕਰ ਤਿਆਰੀ, ਤ੍ਰਿਲੋਕੀ ਪੰਧ ਮੁਕਾਈਆ । ਚਲਣਾ ਨਾਲ ਹੁਸ਼ਿਆਰੀ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਪੰਧ ਮੁਕਾਈਆ । ਅੱਗੇ ਤਕਣੀ ਪਰਮ ਪੁਰਖ ਦੀ ਯਾਰੀ, ਜੋ ਯਾਰਾਨੇ ਭਗਤਾਂ ਨਾਲ ਰਖਾਈਆ । ਜਿਸ ਦੀ ਨਵ ਨੌ ਚਾਰ ਪਿਛੋਂ ਆਈ ਵਾਰੀ, ਵਾਰਤਾ ਪਿਛਲੀ ਦਏ ਗਵਾਹੀਆ । ਓਸ ਕਰਨੀ ਖੇਲ ਨਿਆਰੀ, ਨਿਰਵੈਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਵਡ ਵਡਿਆਈਆ । ਸਚਖੰਡ ਕਹੇ ਜਿਸ ਵੇਲੇ ਆਵਾਜ਼ ਵੱਜੀ, ਮੈਂ ਸਵਾਧਾਨ ਹੋਇਆ ਚਾਈਂ ਚਾਈਂਆ । ਮੈਂ ਆਪਣੀ ਆਸਾ ਤਜੀ, ਤ੍ਰਿਸ਼ਨਾ ਨਾ ਕੋਇ ਰਖਾਈਆ । ਝਟ ਜੋਤ ਅਗੰਮੀ ਜਗੀ, ਨੂਰ ਦਿਤਾ ਚਮਕਾਈਆ । ਮੈਨੂੰ ਇਕੋ ਦਿਸੀ ਡੰਡੀ, ਰਹਿਬਰ ਰਸਤਾ ਇਕ ਵਖਾਈਆ । ਉਠ ਚਲ ਵਿਚ ਵਰਭੰਡੀ, ਬ੍ਰਹਿਮੰਡ ਦਾ ਪੰਧ ਮੁਕਾਈਆ । ਤੂੰ ਜਨ ਭਗਤਾਂ ਦਵਾਰ ਲੰਘੀਂ, ਪੁਜਣਾ ਚਾਈਂ ਚਾਈਆ ।

ਚੌਦਾਂ ਪੋਹ ਨੂੰ ਆਸਣ ਲਾਉਣਾ ਹੇਠਾਂ ਮੰਜੀ, ਸਿੰਘਾਸਣ ਸਾਚਾ ਸੋਭਾ ਪਾਈਆ । ਏਹੋ ਖੇਲ ਪ੍ਰਭੂ ਦੀ ਚੰਗੀ, ਜੋ ਕਰਨੀ ਦਾ ਕਰਤਾ ਰਿਹਾ ਕਰਾਈਆ । ਤੂੰ ਆਪਣਾ ਪ੍ਰੇਮ ਪਿਆਰ ਨਾਲ ਰੰਗੀ, ਮੁਹੱਬਤ ਵਿਚ ਵਖਾਈਆ । ਜਿਸ ਨੇ ਦੀਨਾਂ ਮਜ਼੍ਹਬਾਂ ਤੋੜਨੀ ਪਾਬੰਦੀ, ਸ਼ਰਅ ਦਾ ਡੇਰਾ ਢਾਹੀਆ । ਉਹ ਪੁਰਖ ਅਕਾਲਾ ਦੀਨ ਦਿਆਲਾ ਸਭ ਦੀ ਵਖਾਏ ਸੰਧੀ, ਸਨਦ ਆਪਣੇ ਹੱਥ ਉਠਾਈਆ । ਫੇਰ ਵੇਖੀਂ ਕਿਸ ਬਿਧ ਸਦੀ ਚੌਧਵੀਂ ਲੰਘੀ, ਦਰਗਹ ਸਾਚੀ ਅੱਖ ਖੁਲ੍ਹਾਈਆ । ਫੇਰ ਤਕੀਂ ਕਿਸ ਬਿਧ ਦੀਨ ਦੁਨੀ ਦੀ ਢੈਂਹਦੀ ਕੰਧੀ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਫ਼ਰਮਾਨਾ ਇਕ ਸੁਣਾਈਆ । ਸਚਖੰਡ ਕਹੇ ਪ੍ਰਭ ਮੇਰੇ ਠਾਕਰ ਸਵਾਮੀ, ਮਾਲਕ ਦਿਆਂ ਜਣਾਈਆ । ਤੂੰ ਆਦਿ ਦਾ ਅੰਤਰਯਾਮੀ, ਜੁਗ ਜੁਗ ਵੇਖ ਵਖਾਈਆ । ਤੈਨੂੰ ਸਭ ਨੇ ਕਿਹਾ ਵਸਿਆ ਦੇਸ ਅਨਾਮੀ, ਮੇਰੇ ਤੋਂ ਪਰੇ ਤੇਰੀ ਬੇਪਰਵਾਹੀਆ । ਮੈਂ ਤੇਰਾ ਨਗਰ ਗਰਾਮੀ, ਖੇੜਾ ਇਕ ਅਖਵਾਈਆ । ਜਿਸ ਨੂੰ ਯਾਦ ਕਰਨ ਤਮਾਮੀ, ਤਮਾਂ ਦਾ ਲਾਲਚ ਦਿਤਾ ਭਰਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਗਾਈਂ ਬਾਣੀ, ਸਿਫਤਾਂ ਵਿਚ ਸਾਲਾਹੀਆ । ਤੇਰਾ ਸਾਹਿਬ ਖੇਲ ਮਹਾਨੀ, ਸਤਿਗੁਰ ਤੇਰੀ ਬੇਪਰਵਾਹੀਆ । ਕਿਰਪਾ ਕਰ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਤੇਰੀ ਇਕ ਸ਼ਰਨਾਈਆ । ਮੈਂ ਸੁਣਨਾ ਚਾਹੁੰਦਾ ਤੇਰੀ ਜ਼ਬਾਨੀ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਕਿਸ ਬਿਧ ਕਲਜੁਗ ਅੰਤਮ ਜਨ ਭਗਤਾਂ ਉਤੇ ਕਰੇਂ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਕਿਸ ਬਿਧ ਲੇਖੇ ਲਾਵੇਂ ਗੋਬਿੰਦ ਬੱਚਿਆ ਵਾਲੀ ਕੁਰਬਾਨੀ, ਕਾਇਨਾਤ ਦਾ ਪੜਦਾ ਦੇਣਾ ਚੁਕਾਈਆ । ਕੁਛ ਅਗਲੀ ਦੱਸ ਨਿਸ਼ਾਨੀ, ਨਿਸ਼ਾਨਾ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਚਰਨ ਕਵਲ ਸਦਾ ਚਰਨ ਧਿਆਨੀ, ਧਿਆਨ ਤੇਰੇ ਵਿਚ ਰਖਾਈਆ ।



## ੧੪ ਪੋਹ ਸ਼ਹਿਨਸ਼ਾਹੀ ਸੰਮਤ ੬ ਸੋਭਾ ਦੇ ਗ੍ਰਹਿ ਸਈ ਕਲਾਂ ਜ਼ਿਲਾ ਜੰਮੂ

ਸਚਖੰਡ ਮੇਰੇ ਭਗਤ ਸੁਹੇਲੇ ਤਕ ਜਗ, ਪੁਰਖ ਅਕਾਲਾ ਦੀਨ ਦਿਆਲਾ ਰਿਹਾ ਦ੍ਰਿੜਾਈਆ । ਜਿਨ੍ਹਾਂ ਦੇ ਉਪਰ ਵਸਾਂ ਸ਼ਾਹ ਰਗ, ਜਗਤ ਵਾਸਨਾ ਪੰਧ ਮੁਕਾਈਆ । ਤ੍ਰੈਗੁਣ ਮਾਇਆ ਬੁਝਾ ਕੇ ਅੱਗ, ਅੰਮ੍ਰਿਤ ਮੇਘ ਅਗੰਮ ਬਰਸਾਈਆ । ਸ਼ਬਦ ਅਗੰਮੀ ਵਜਾ ਕੇ ਨਦ, ਧੁਨ ਆਤਮਕ ਰਾਗ ਸੁਣਾਈਆ । ਮੂਰਖ ਮੁਗਧ ਬਣਾ ਕੇ ਹੰਸ ਕਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਲੱਖ ਚੁਰਾਸੀ ਵਿਚੋਂ ਲੱਭ, ਹਰਿਜਨ ਆਪਣਾ ਮੇਲ ਮਿਲਾਈਆ । ਆਤਮ ਪਰਮਾਤਮ ਪਰਮਾਤਮ ਆਤਮ ਖੇਲ ਕਰਾਂ ਸੂਰਾ ਸਰਬਗ, ਅਲਪਗ ਜੀਵ ਤਰਾਈਆ । ਕੂੜੀ ਕਿਰਿਆ ਜਗਤ ਵਾਸਨਾ ਮੇਟ ਕੇ ਹੱਦ, ਹਦੂਦ ਆਪਣੀ ਇਕ ਵਖਾਈਆ । ਸਚ ਸਵਾਮੀ ਅੰਤਰਜਾਮੀ ਹੋ ਕੇ ਲਵਾਂ ਸੱਦ, ਸਚ ਸੰਦੇਸ਼ਾ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਤੇਰਾ ਇਕ ਵਖਾਈਆ । ਸਚਖੰਡ ਔਹ ਤਕ ਲੈ ਮੇਰੇ ਭਗਤ ਸੁਹੇਲੇ, ਹਰਿ ਸੱਜਣ ਇਕ ਅਖਵਾਈਆ । ਜਿਨ੍ਹਾਂ ਆਦਿ ਜੁਗਾਦਿ ਜੁਗ ਜੁਗ ਮੇਲੇ, ਨਿਤ ਨਵਿਤ ਹੋਵਾਂ ਸਹਾਈਆ । ਓਨ੍ਹਾਂ ਲੇਖੇ ਪੂਰੇ ਹੋ ਗਏ ਗੁਰੂ

ਗੁਰ ਚੇਲੇ, ਸੁਰਤ ਸ਼ਬਦ ਸ਼ਬਦ ਸੁਰਤ ਵਿਚ ਸਮਾਈਆ । ਦੀਨ ਦੁਨੀ ਨਾਲੋਂ ਹੋ ਕੇ ਵਿਹਲੇ, ਨਾਤਾ ਮੇਰੇ ਨਾਲ ਰਹੇ ਜੁੜਾਈਆ । ਓਨ੍ਹਾਂ ਲੇਖਾ ਰਿਹਾ ਨਾ ਧਰਮ ਰਾਏ ਦੀ ਜੇਲੇ, ਲੱਖ ਚੁਰਾਸੀ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਸਚਖੰਡ ਕਹੇ ਪ੍ਰਭ ਤੇਰਾ ਭਗਤ ਮਾਤ ਕੇਹੜਾ, ਹਰਿ ਕਰਤੇ ਦੇ ਦ੍ਰਿੜ੍ਹਾਈਆ । ਪੁਰਖ ਅਕਾਲ ਕਹੇ ਜਿਨ ਪੰਚਮ ਚੁਕਾਇਆ ਝੇੜਾ, ਝਗੜਾ ਅਵਰ ਰਿਹਾ ਨਾ ਰਾਈਆ । ਅੰਤਰ ਆਤਮ ਮੇਰਾ ਵਿਹੜਾ, ਸਿਹਨ ਸੋਹਣਾ ਸੋਭਾ ਪਾਈਆ । ਸਦ ਵਸਾਂ ਨੇੜਨ ਨੇੜਾ, ਦੂਰ ਦੁਰਾਡਾ ਪੰਧ ਰਹੇ ਨਾ ਰਾਈਆ । ਓਸ ਦਾ ਆਵਣ ਜਾਵਣ ਲੱਖ ਚੁਰਾਸੀ ਚੁੱਕਾਂ ਗੇੜਾ, ਚਾਰੇ ਖਾਣੀ ਪੰਧ ਮੁਕਾਈਆ । ਸਤਿਗੁਰ ਸ਼ਬਦ ਬੰਨ੍ਹੇ ਬੇੜਾ, ਭਾਰ ਆਪਣੇ ਕੰਧ ਉਠਾਈਆ । ਜੇਹੜੇ ਗਾਉਂਦੇ ਗੀਤ ਤੂੰ ਮੇਰਾ ਮੈਂ ਤੇਰਾ, ਢੋਲਾ ਅਗੰਮ ਅਥਾਹੀਆ । ਓਨ੍ਹਾਂ ਸੁਹੰਜਣਾ ਹੋਵੇ ਵੇਲਾ, ਰੁਤੜੀ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕੰਕਾਰਾ ਇਕ ਇਕੇਲਾ, ਅਕਲ ਕਲਧਾਰੀ ਆਪਣਾ ਹੁਕਮ ਵਰਤਾਈਆ ।

### ੧੪ ਪੋਹ ਸ਼ਹਿਨਸ਼ਾਹੀ ਸੰਮਤ ੬ ਅੰਗਰੇਜ਼ ਸਿੰਘ ਦੇ ਗ੍ਰਹਿ ਪਿੰਡ ਸੇਈ ਕਲਾਂ ਜ਼ਿਲਾ ਜੰਮੂ

ਹਰਿ ਗੋਬਿੰਦ ਦਿਤੀ ਅਗੰਮੀ ਪਾਤੀ, ਪਤ੍ਰਿਕਾ ਆਪਣੇ ਸੀਸ ਟਿਕਾਈਆ । ਆਪਣੇ ਅੰਦਰ ਮਾਰੀ ਝਾਤੀ, ਚੌਦਾਂ ਪੋਹ ਦਿਵਸ ਸੁਹਾਈਆ । ਖੇਲ ਕਰਨਾ ਕਮਲਾਪਾਤੀ, ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਬਣ ਕੇ ਆਵੇ ਭਗਤਾਂ ਸਾਥੀ, ਸਗਲਾ ਸੰਗ ਬਣਾਈਆ । ਜਨਮ ਕਰਮ ਦੇ ਵਿਛੜੇ ਤਾਰੇ ਪਾਪੀ, ਪਤਿਤ ਪਾਰ ਕਰਾਈਆ । ਅੱਗੇ ਕਥਾ ਕਹਾਣੀ ਦੱਸੇ ਸਾਚੀ, ਸਚ ਨਾਲ ਵਡਿਆਈਆ । ਜਿਸ ਚਰਨ ਛੁਹਾਉਣਾ ਉਪਰ ਧਰਤੀ ਖ਼ਾਕੀ, ਖ਼ਾਕਾ ਖਿੱਚ ਕੇ ਗਿਆ ਵਖਾਈਆ । ਢਾਈ ਢਾਈ ਹੱਥ ਦੀ ਵਾਟੀ, ਚਾਰੋਂ ਕੁੰਟ ਲੰਬਾਈ ਚੌੜਾਈਆ । ਜਿਥੇ ਸਚਖੰਡ ਨੇ ਆ ਕੇ ਕਟਣੀ ਰਾਤੀ, ਆਪਣਾ ਡੇਰਾ ਲਾਈਆ । ਸਿੰਘਾਸਣ ਬਹੇ ਪੁਰਖ ਅਬਿਨਾਸ਼ੀ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਦੇਵੇ ਦਾਤ ਧੁਰ ਦੀ ਦਾਤੀ, ਦਾਤਾ ਆਪ ਵਰਤਾਈਆ । ਸਭ ਦੀ ਪੂਰੀ ਕਰੇ ਆਸੀ, ਤ੍ਰਿਸ਼ਨਾ ਦਏ ਚੁਕਾਈਆ । ਜੋ ਸਪਤਸ ਰਿਖੀਆਂ ਆਪਣੀ ਦੱਸੀ ਭਵਿਖਤ ਵਾਕੀ, ਪੂਰੀ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਧਰਨੀ ਕਹੇ ਮੇਰਾ ਲੇਖ ਬਣਾਇਆ ਭਾਗ, ਹਰਿ ਗੋਬਿੰਦ ਦਿਤੀ ਵਡਿਆਈਆ । ਜਿਸ ਕਰ ਕੇ ਮੇਰੇ ਉਤੇ ਜਗਿਆ ਚਰਾਗ਼, ਦੀਪਕ ਨੂਰ ਹੋਇਆ ਰੁਸ਼ਨਾਈਆ । ਮੇਰੀ ਜੁਗ ਜੁਗ ਦੀ ਬੁਝੀ ਆਗ, ਤ੍ਰਿਸ਼ਨਾ ਦਿਤੀ ਗਵਾਈਆ । ਸਾਂਝਾ ਕਰ ਸਮਾਜ, ਭਗਤ ਰਿਹਾ ਤਰਾਈਆ । ਜਿਸ ਦੀ ਸਦਾ ਰਹੇ ਜੁਗ ਚੌਕੜੀ ਯਾਦ, ਅਭੁੱਲ ਭੁੱਲ ਕਦੇ ਨਾ ਜਾਈਆ । ਓਹ ਭਗਤਾਂ ਖੇੜਾ ਕਰਨ ਆਇਆ ਆਬਾਦ, ਉਜੜੇ ਦਏ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬਖ਼ਸ਼ ਕੇ ਸੀਸ ਧਰਮ ਦਾ ਤਾਜ, ਹੁਕਮ ਧੁਰ ਦਾ ਇਕ ਸਮਝਾਈਆ ।

੬੮੦
੨੨

✪ ੧੪ ਪੋਹ ਸ਼ਹਿਨਸ਼ਾਹੀ ਸੰਮਤ ੬ ਅੰਗਰੇਜ਼ ਸਿੰਘ ਦੇ ਗ੍ਰਿਹ ਪਿੰਡ ਸਈ ਕਲਾਂ ਜ਼ਿਲਾ ਜੰਮੂ ਰਾਤ ਨੂੰ ✪

ਇਕੀ ਗੁਰਮੁਖ ਲਾਓ ਪੰਜ ਜੈਕਾਰ, ਜੰਮੂ ਵਾਲੇ ਖ਼ੁਸ਼ੀ ਬਣਾਈਆ । ਪੰਜ ਲਿਖਾਰੀ ਕਰੋ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਪੰਜ ਮਾਲਵੇ ਵਾਲੇ ਲਾਓ ਧੂੜੀ ਛਾਰ, ਸੋਹਣਾ ਰੰਗ ਰੰਗਾਈਆ । ਪੰਜ ਮਾਝੇ ਵਾਲੇ ਦੋਵੇ ਹੱਥ ਲਓ ਉਠਾਲ, ਹਥੇਲੀ ਹਥੇਲੀ ਨਾਲ ਮਿਲਾਈਆ । ਪੰਜ ਦੁਆਬੇ ਵਾਲੇ ਹੋਣੇ ਖ਼ਬਰਦਾਰ, ਅੱਖੀਂ ਮੀਟ ਧਿਆਨ ਲਗਾਈਆ । ਬੱਧਕ ਉਚੀ ਕੂਕ ਪੁਕਾਰ, ਨਾਅਰਾ ਸਚ ਸੁਣਾਈਆ । ਸਾਰੇ ਬੈਠੋ ਨਾਲ ਪਿਆਰ, ਪ੍ਰਭ ਚਰਨ ਧਿਆਨ ਲਗਾਈਆ । ਹੁਕਮ ਸੁਣੋ ਸੱਚੀ ਸਰਕਾਰ, ਹਰਿ ਕਰਤਾ ਆਪ ਸੁਣਾਈਆ । ਵੇਖੋ ਖੇਲ ਅਗੰਮ ਅਪਾਰ, ਅਪਰੰਪਰ ਸਵਾਮੀ ਰਿਹਾ ਦ੍ਰਿੜਾਈਆ । ਹੁਕਮ ਦੇਵੇ ਅਗੰਮੀ ਧਾਰ, ਸੰਦੇਸ਼ਾ ਨੂਰ ਇਲਾਹੀਆ । ਦਰਗਹ ਸਾਚੀ ਕਰੇ ਖ਼ਬਰਦਾਰ, ਮੁਕਾਮੇ ਹੱਕ ਉਠਾਈਆ । ਸਚਖੰਡ ਨੈਣ ਉਘਾੜ, ਨੇਤਰ ਨਾਲ ਮਿਲਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਆਈ ਤੇਰੀ ਵਾਰ, ਵਾਰਸ ਹੋ ਕੇ ਪ੍ਰਭ ਰਿਹਾ ਸੁਣਾਈਆ । ਲੋਕਮਾਤ ਆਉਣਾ ਸਚ ਸੱਚੇ ਦਰਬਾਰ, ਸਚ ਸਿੰਘਾਸਣ ਵੇਖ ਵਖਾਈਆ । ਨਾਲ ਲਿਆਉਣੇ ਪੈਗ਼ੰਬਰ ਗੁਰ ਅਵਤਾਰ, ਵਿਸ਼ਨ ਬ੍ਰਹਮਾ ਸ਼ਿਵ ਸੰਗ ਬਣਾਈਆ । ਕਰੋੜ ਤੇਤੀਸਾ ਭੱਜੇ ਸੁਰਪਤ ਕਰੇ ਵਿਚਾਰ, ਆਪਣਾ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਸਚਖੰਡ ਤੂੰ ਮੇਟ ਆਪਣਾ ਪੰਧ, ਪਾਂਧੀ ਹੋ ਕੇ ਪੰਧ ਮੁਕਾਈਆ । ਸੰਦੇਸ਼ਾ ਦੇ ਕੇ ਆਉਣਾ ਸੂਰੀਆ ਚੰਦ, ਮੰਡਪ ਮੰਡਲ ਦੇਣਾ ਸਮਝਾਈਆ । ਸਾਰੇ ਵੇਖੋ ਖੇਲ ਸੂਰਾ ਸਰਬੰਗ, ਹਰਿ ਕਰਤਾ ਕੀ ਕਰਾਈਆ । ਜਿਸ ਦਾ ਜੁਗ ਚੌਕੜੀ ਸਿਫ਼ਤਾਂ ਵਾਲਾ ਗਾਇਆ ਛੰਦ, ਨਾਮ ਕਲਮੇ ਢੋਲੇ ਰਾਗ ਅਲਾਈਆ । ਓਹ ਖੇਲ ਕਰੇ ਵਿਚ ਵਰਭੰਡ, ਬ੍ਰਹਿਮੰਡ ਹੁਕਮ ਵਰਤਾਈਆ । ਜਿਸ ਨੇ ਝਗੜਾ ਮੇਟਣਾ ਜੇਰਜ, ਅੰਡ, ਉਤਭੁਜ ਸੇਤਜ ਖੋਜ ਖੁਜਾਈਆ । ਸੋ ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਕੀ ਲੇਖਾ ਜਾਣੇ ਅੱਜ, ਰੁਤ ਰੁਤੜੀ ਵਿਚੋਂ ਬਦਲਾਈਆ । ਪਰਗਟ ਹੋ ਕੇ ਉਤੇ ਜਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਖ਼ੁਸ਼ੀਆਂ ਵਿਚ ਸਾਨੂੰ ਲਿਆ ਸੱਦ, ਸੱਦਾ ਸ਼ਬਦ ਨਾਮ ਸਮਝਾਈਆ । ਅਸੀਂ ਸਾਰੀ ਛਡਣੀ ਹੱਦ, ਹਦੂਦ ਦਾ ਪੈਂਡਾ ਲੈਣਾ ਮੁਕਾਈਆ । ਲੋਕਮਾਤ ਜਾਣਾ ਭੱਜ, ਬਿਨ ਕਦਮਾਂ ਪੰਧ ਮੁਕਾਈਆ । ਜਨ ਭਗਤਾਂ ਕੋਲ ਬਹਿਣਾ ਸਜ, ਸੱਜਣ ਵੇਖਣਾ ਨੂਰ ਇਲਾਹੀਆ । ਜਿਸ ਦਾ ਡੰਕ ਨਗਾਰਾ ਨਿਰਗੁਣ ਧਾਰ ਜਾਣਾ ਵੱਜ, ਸਰਗੁਣ ਧਾਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਚਖੰਡ ਕਹੇ ਅਵਤਾਰ ਪੈਗ਼ੰਬਰ ਗੁਰੂ ਜੋਤੀ ਧਾਰ ਚਲੋ ਨਾਲ, ਨਿਰਗੁਣ ਜੋਤ ਜੋਤ ਸਮਾਈਆ । ਮੇਰੀ ਵੇਖੋ ਸੱਚੀ ਧਰਮਸਾਲ, ਧਰਮ ਦਵਾਰਾ ਇਕ ਵਖਾਈਆ । ਜਿਸ ਮੇਰੇ ਉਤੇ ਕਿਰਪਾ ਕਰਨੀ ਦੀਨ ਦਿਆਲ, ਦਇਆਨਿਧ ਆਪਣਾ ਰੰਗ ਰੰਗਾਈਆ । ਮੇਰਾ ਪੂਰਬ ਪੂਰਾ ਕਰੇ ਸਵਾਲ, ਆਸਾ ਆਪਣੇ ਨਾਲ ਰਖਾਈਆ । ਜਿਸ ਨੇ ਜੁਗ ਚੌਕੜੀ ਬਦਲੀ ਚਾਲ, ਸਤਿਜੁਗ ਤ੍ਰੇਤਾ ਦੁਆਪਰ ਪੰਧ ਮੁਕਾਈਆ । ਕਲਜੁਗ ਅੰਤ ਵੇਖੇ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਬੇਪਰਵਾਹੀਆ । ਸਾਰੇ ਖ਼ੁਸ਼ੀਆਂ ਵਿਚ ਮਾਰਨ ਛਾਲ, ਨਿਰਗੁਣ ਧਾਰ ਲੈ ਅੰਗੜਾਈਆ । ਚਲੋ ਤਕੀਏ ਜਲਵਾ ਨੂਰ ਜਲਾਲ, ਪੈਗ਼ੰਬਰ ਰਹੇ ਸੁਣਾਈਆ । ਜਿਸ ਦਾ ਸਿਫ਼ਤਾਂ ਵਿਚ ਅੱਖਰਾਂ ਵਿਚ ਦੇ ਕੇ ਆਏ ਅਹਿਵਾਲ, ਸੰਦੇਸ਼ੇ ਧੁਰ ਸੁਣਾਈਆ । ਜਿਸ ਦੇ ਹੁਕਮ ਅੰਦਰ ਆਦਿ

ਜੁਗਾਦਿ ਜੁਗ ਚੌਕੜੀ ਕਾਲ ਮਹਾਂਕਾਲ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਚਖੰਡ ਕਹੇ ਅਸੀਂ ਸਾਰੇ ਭੱਜੇ ਦੌੜੇ, ਖ਼ੁਸ਼ੀਆਂ ਰੰਗ ਰੰਗਾਈਆ । ਉਤਰੇ ਧਰਮ ਧਾਰ ਦੇ ਪੌੜੇ, ਡੰਡਾ ਹੱਥ ਨਾ ਕੋਇ ਰਖਾਈਆ । ਜਿਸ ਦੀ ਕਰਨੀ ਕੋਇ ਨਾ ਮੋੜੇ, ਅੱਗੇ ਹੋ ਨਾ ਕੋਇ ਅਟਕਾਈਆ । ਜਿਸ ਦਾ ਲੇਖਾ ਜਾਣੇ ਬ੍ਰਾਹਮਣ ਗੌੜੇ, ਜੋਤੀ ਜਾਤਾ ਨੂਰ ਅਲਾਹੀਆ । ਜਿਸ ਦੇ ਪੰਧ ਲੰਮੇ ਚੌੜੇ, ਗਿਣਤੀ ਗਣਤ ਨਾ ਕੋਇ ਦ੍ਰਿੜਾਈਆ । ਸਚ ਦਵਾਰ ਧਰਨੀ ਉਤੇ ਆ ਗਏ ਕੋਲੇ, ਨੇਰਨ ਨੇਰੇ ਨਜ਼ਰੀ ਆਈਆ । ਸਾਰੇ ਪੁਜ ਗਏ ਉਪਰ ਧੌਲੇ, ਧਰਮ ਧਾਰ ਦਰਸਾਈਆ । ਤੂੰ ਮੇਰਾ ਮੈਂ ਤੇਰਾ ਗਾਇਆ ਸੋਹਲੇ, ਸੋਹੰ ਢੋਲਾ ਅਗੰਮ ਅਥਾਹੀਆ । ਸਾਡੇ ਕਿਸੇ ਦੇ ਦਿਸਦੇ ਨਹੀਂ ਕਾਇਆ ਵਾਲੇ ਪੰਜ ਤਤ ਚੋਲੇ, ਚੋਲੀ ਜਗਤ ਨਾ ਕੋਇ ਵਖਾਈਆ । ਸਾਰੇ ਸ਼ਬਦੀ ਧਾਰ ਰਹੇ ਬੋਲੇ, ਜਨ ਭਗਤੋ ਜਗਤ ਸੁਣਾਈਆ । ਕੋਟਾਂ ਵਿਚੋਂ ਤੁਸੀਂ ਥੋੜ੍ਹੇ ਜੇਹੇ ਟੋਲੇ, ਪ੍ਰਭ ਕਿਰਪਾ ਨਾਲ ਮਿਲੀ ਵਡਿਆਈਆ । ਬਚਨ ਜ਼ਰੂਰ ਪੂਰੇ ਹੋਣ ਕੌਲੇ, ਜੋ ਪਰਮ ਪੁਰਖ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਅਗੰਮ ਅਥਾਹੀਆ । ਸਚਖੰਡ ਕਹੇ ਪ੍ਰਭੂ ਅਸੀਂ ਆ ਗਏ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਮੇਰੇ ਮਾਲਕ ਹੱਕ ਸ਼ਰੀਕ, ਲਾਸ਼ਰੀਕ ਤੇਰੀ ਸਰਨਾਈਆ । ਤੂੰ ਬਖ਼ਸ਼ੀ ਸਚ ਤੌਫ਼ੀਕ, ਹਿੰਮਤ ਇਕ ਬਣਾਈਆ ਅਸੀਂ ਪੁੱਜੇ ਠੀਕ ਚੌਦਾਂ ਪੋਹ ਤਾਰੀਖ਼, ਵੇਲਾ ਵਕਤ ਦਏ ਗਵਾਹੀਆ । ਤੇਰੇ ਚਰਨ ਕਵਲ ਸਾਡੀ ਰਹੇ ਪ੍ਰੀਤ, ਪ੍ਰੀਤਮ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਸੀਸ ਝੁਕਾਈਆ । ਪੁਰਖ ਅਕਾਲ ਕਹੇ ਸਚਖੰਡ ਪੂਰਬ ਕਰ ਧਿਆਨ, ਤੈਨੂੰ ਦਿਆਂ ਸੁਣਾਈਆ । ਗੋਬਿੰਦ ਵੇਖ ਨਿਸ਼ਾਨ, ਜੋ ਧਰਮ ਰਿਹਾ ਝੁਲਾਈਆ ਤੂੰ ਸਭ ਦੇ ਸੁਣੇ ਬਿਆਨ, ਭੁੱਲ ਰਹੇ ਨਾ ਰਾਈਆ । ਕੀ ਵਰਤਿਆ ਖੇਲ ਜਹਾਨ, ਗੜ੍ਹੀ ਚਮਕੌਰ ਦਏ ਗਵਾਹੀਆ । ਵੇਖੀਂ ਹੋਵੀਂ ਨਾ ਮੂਲ ਹੈਰਾਨ, ਹੈਰਾਨੀ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਚਖੰਡ ਕਹੇ ਪ੍ਰਭੂ ਮੈਨੂੰ ਆ ਗਿਆ ਚੇਤਾ, ਚੇਤਨ ਹੋ ਕੇ ਦਿਆਂ ਸੁਣਾਈਆ । ਜਿਸ ਵੇਲੇ ਤੇਰਾ ਗੋਬਿੰਦ ਬਣਿਆ ਨੇਤਾ, ਨਰ ਨਰਾਇਣ ਤੇਰਾ ਹੁਕਮ ਮਨਾਈਆ । ਮੈਂ ਉਸ ਦਾ ਖੇਲ ਵੇਖਾ, ਬਿਨਾ ਅੱਖਾਂ ਅੱਖ ਉਠਾਈਆ । ਤੇਰੇ ਹੁਕਮ ਨਾਲ ਬਦਲ ਕੇ ਆਇਆ ਸਾਂ ਭੇਸਾ, ਆਪਣਾ ਰੂਪ ਬਦਲਾਈਆ । ਕਿਉਂ ਗੋਬਿੰਦ ਦਿਤਾ ਸੰਦੇਸ਼ਾ, ਸੁਨੇਹੜਾ ਇਕ ਦ੍ਰਿੜਾਈਆ । ਮੈਂ ਤੇਰਾ ਦਸ ਦਸਮੇਸਾ, ਸੁਤ ਦੁਲਾਰਾ ਤੇਰਾ ਸੋਭਾ ਪਾਈਆ । ਪੁਰਖ ਅਕਾਲ ਦੀਨ ਦਿਆਲ ਮੇਰਿਆਂ ਗੁਰਮੁਖਾਂ ਦਾ ਪੂਰਾ ਕਰਦੇ ਲੇਖਾ, ਬਾਕੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਚਖੰਡ ਕਹੇ ਮੈਂ ਗੜ੍ਹੀ ਚਮਕੌਰ ਨੂੰ ਤੱਕਿਆ, ਤੱਕਿਆ ਬੇਪਰਵਾਹ । ਜਿਸ ਦਾ ਲੇਖਾ ਲਿਖ ਕੋਇ ਨਾ ਸਕਿਆ, ਨਾਲ ਕਾਗ਼ਜ਼ ਕਲਮ ਸ਼ਾਹੀ ਸ਼ਾਹ । ਮੈਂ ਖਿੜ ਖਿੜਾ ਕੇ ਹੱਸਿਆ, ਖ਼ੁਸ਼ੀ ਦਾ ਨਾਅਰਾ ਲਾ । ਵਾਹ ਵਾਹ ਤੇਰਾ ਖੇਲ ਪੁਰਖ ਸਮਰੱਥਿਆ, ਮੇਰੇ ਗਹਿਰ ਗੰਭੀਰੇ ਨੂਰੀ ਅਲਾਹ । ਗੋਬਿੰਦ ਖ਼ੁਸ਼ੀਆਂ ਦੇ ਵਿਚ ਰੱਤਿਆ, ਮਸਤਕ ਨੂਰ ਰਿਹਾ ਚਮਕਾ । ਮੈਂ ਚਾਰੋਂ ਕੁੰਟ ਨੱਠਿਆ, ਭੱਜਿਆ ਵਾਹੋ ਦਾਹ । ਫੇਰ ਗੋਬਿੰਦ ਤੀਰ ਨਿਸ਼ਾਨਾ ਕਸਿਆ, ਮੁਖੀ ਅਸਮਾਨ ਵੱਲ

ਉਠਾ । ਮੈਂ ਜ਼ਿਮੀ ਤੋਂ ਫੋਲਿਆ ਘੱਟਿਆ, ਖ਼ਾਕ ਦਿਤੀ ਉਡਾ । ਮੈਂ ਹੱਥ ਮਾਰਿਆ ਉਤੇ ਪੱਟਿਆ, ਪਟਨੇ ਵਾਲਿਆ ਤੇਰਾ ਲੇਖਾ ਰਹੇ ਨਾ ਰਾਅ । ਫੇਰ ਗੁਰਮੁਖਾਂ ਵੱਲ ਤੱਕਿਆ, ਸੋਹਣਾ ਨੈਣ ਉਠਾ । ਪੰਜ ਮਾਝੇ ਵਾਲੇ ਪੰਜ ਦੁਆਬੇ ਵਾਲੇ ਪੰਜ ਮਲਵਈਏ ਜੁਝਾਰ ਦੇ ਜੇਹੜੇ ਬਣੇ ਨਾਲ ਜੱਥਿਆ, ਸੂਰਬੀਰ ਨਾਮ ਧਰਾ । ਜਿਨ੍ਹਾਂ ਦਾ ਗੋਬਿੰਦ ਦੇ ਵੇਂਹਦਿਆਂ ਸੱਥਰ ਲੱਥਿਆ, ਸੀਸ ਧੜ ਹੋਇਆ ਜੁਦਾ । ਫੇਰ ਆਪਣਾ ਪਾਸਾ ਪਰਤਿਆ, ਨੈਣ ਨੈਣ ਵਿਚੋਂ ਉਲਟਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਰਿਹਾ ਸੁਣਾ । ਸਚਖੰਡ ਕਹੇ ਮੈਂ ਗੜ੍ਹੀ ਚਮਕੌਰ ਤਕੀ ਨਿੱਕੀ, ਪੁਰਖ ਅਕਾਲ ਦਿਤੀ ਵਖਾਈਆ । ਗੋਬਿੰਦ ਦੀ ਧਾਰ ਵੇਖੀ ਸਿੱਖੀ, ਸਿਖਿਆ ਬੇਪਰਵਾਹੀਆ । ਜਿਸ ਵੇਲੇ ਜੁਝਾਰ ਝੂਜਿਆ ਉਸ ਵੇਲੇ ਗੋਬਿੰਦ ਦੇ ਕੋਲ ਇਹ ਜੰਮੂ ਵਾਲੇ ਬਾਕੀ ਰਹਿ ਗਏ ਸੀ ਇੱਕੀ, ਦੂਜਾ ਨਜ਼ਰ ਕੋਇ ਨਾ ਆਈਆ । ਫੇਰ ਗੋਬਿੰਦ ਦੀ ਅੰਦਰੋਂ ਨਿਗਹ ਟਿਕੀ, ਧਿਆਨ ਧਿਆਨ ਵਿਚ ਰਖਾਈਆ । ਫੇਰ ਪੁਰਖ ਅਕਾਲ ਨੂੰ ਅਗੰਮੀ ਚਿੱਠੀ ਲਿਖੀ, ਸ਼ਬਦੀ ਸ਼ਬਦ ਸੁਣਾਈਆ । ਜੇ ਤੂੰ ਪ੍ਰੇਮ ਪਿਆਰ ਦੀ ਧਾਰ ਮੈਨੂੰ ਦਿਤੀ, ਦੇਵਣਹਾਰ ਤੇਰੀ ਵਡਿਆਈਆ । ਮੈਨੂੰ ਤੇਰੀ ਖੇਲ ਲੱਗੇ ਮਿੱਠੀ, ਮਿੱਠਾ ਰਸ ਦਿਤਾ ਚਖਾਈਆ । ਮੇਰਾ ਲਹਿਣਾ ਦੇਣਾ ਪੁਰਖ ਅਕਾਲ ਆਪ ਨਜਿੱਠੀਂ, ਦੂਸਰ ਲੋੜ ਰਹੇ ਨਾ ਰਾਈਆ । ਝਗੜਾ ਰਹੇ ਨਾ ਪੱਥਰ ਇੱਟੀਂ, ਪਾਹਨ ਰੰਗ ਨਾ ਕੋਇ ਰੰਗਾਈਆ । ਮੇਰੀ ਸੇਜਾ ਉਤੇ ਲਿਟੀਂ, ਆਸਣ ਆਪਣਾ ਇਕ ਬਣਾਈਆ । ਮੇਰੀ ਧਾਰ ਰੱਖੀਂ ਚਿੱਟੀ, ਨਿਰਵੈਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਚਖੰਡ ਕਹੇ ਮੈਂ ਗੜ੍ਹੀ ਚਮਕੌਰ ਵੇਖਿਆ ਖੇਲ ਤਮਾਸ਼, ਆਪਣਾ ਰੂਪ ਬਦਲਾਈਆ । ਜਿਸ ਜੁਝਾਰ ਨੂੰ ਦਿਤਾ ਨਹੀਂ ਸੀ ਪਾਣੀ ਗਿਲਾਸ, ਪੁੱਠਾ ਦਿਤਾ ਪਰਤਾਈਆ । ਉਸ ਅੰਤ ਡਿਗਦੇ ਰੱਖੀ ਆਸ, ਅੱਖ ਗੋਬਿੰਦ ਵੱਲ ਟਿਕਾਈਆ । ਜੇ ਤੂੰ ਪੁਰਖ ਅਕਾਲ ਦਾ ਸੁਤ ਮੈਂ ਵੀ ਤੇਰਾ ਦਾਸ, ਸਦਾ ਆਪਣਾ ਸੰਗ ਨਿਭਾਈਆ । ਜੇਹੜੇ ਮੇਰੇ ਨਾਲ ਝੂਜੇ ਖ਼ਾਸ, ਇਨ੍ਹਾਂ ਆਪਣੇ ਘਰ ਵਸਾਈਆ । ਮੇਰਾ ਇਕ ਦਾ ਇਕ ਨਾਲ ਹੋਏ ਨਾਤ, ਨਾਤਾ ਦੇਣਾ ਬੰਧਾਈਆ । ਸਾਹਿਬ ਸਤਿਗੁਰ ਦੇਵੀਂ ਦਾਤ, ਬਖ਼ਸ਼ਿਸ਼ ਰਹਿਮਤ ਇਕ ਕਮਾਈਆ । ਜਿਸ ਗੁਰਮੁਖ ਦਾ ਨਾਮ ਸੀ ਸਿੰਘ ਗੁਲਾਬ, ਉਹ ਜੁਝਾਰ ਦੇ ਕੋਲ ਆਇਆ ਚਾਈਂ ਚਾਈਆ । ਪਹਿਲੋਂ ਪ੍ਰੇਮ ਨਾਲ ਕੀਤਾ ਆਦਾਬ, ਸੀਸ ਦਿਤਾ ਝੁਕਾਈਆ । ਫੇਰ ਸਿਰ ਚੁਕ ਕੇ ਪੱਟ ਉਤੇ ਰੱਖਿਆ ਆਪ, ਆਪਣਾ ਪ੍ਰੇਮ ਬਣਾਈਆ । ਅੰਦਰ ਕੀਤਾ ਤੂੰ ਮੇਰਾ ਮੈਂ ਤੇਰਾ ਜਾਪ, ਵਾਹ ਸਤਿਗੁਰ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਚਖੰਡ ਕਹੇ ਮੈਂ ਵੇਖਿਆ ਖੇਲ ਅਪਾਰਾ, ਅਪਰੰਪਰ ਦਿਤਾ ਵਖਾਈਆ । ਜਿਸ ਨੇ ਚੁੱਕਿਆ ਸਿੰਘ ਜੁਝਾਰਾ, ਆਪਣੀ ਸੇਵ ਕਮਾਈਆ । ਉਸਨੂੰ ਲੱਗਾ ਤੀਰ ਕਰਾਰਾ, ਆਰ ਪਾਰ ਲੇਖਾ ਗਿਆ ਮੁਕਾਈਆ । ਉਹ ਡਿੱਗਾ ਮੂੰਹ ਦੇ ਭਾਰਾ, ਛਾਤੀ ਛਾਤੀ ਨਾਲ ਛੁਹਾਈਆ । ਫੇਰ ਗੋਬਿੰਦ ਨੇ ਖ਼ੁਸ਼ੀਆਂ ਵਿਚ ਬੋਲਿਆ ਪ੍ਰਭੂ ਦਾ ਇਕ ਜੈਕਾਰਾ, ਵਾਹ ਵਾਹ ਤੇਰੀ ਬੇਪਰਵਾਹੀਆ । ਤੇਰੇ ਕੋਲ ਆਵੇ ਗੁਰਮੁਖਾਂ ਨਾਲ ਮਿਲ ਕੇ ਮੇਰਾ ਦੁਲਾਰਾ, ਸੋਹਣਾ ਰੰਗ ਰੰਗਾਈਆ । ਸਚਖੰਡ ਕਹੇ ਮੈਂ ਉਸ ਵੇਲੇ ਖ਼ੁਸ਼ੀਆਂ ਵਿਚ ਵਾਹ ਵਾਹ ਕਰਕੇ ਊਚੀ ਕੂਕ ਪੁਕਾਰਾ, ਕੂਕ ਕੂਕ ਸੁਣਾਈਆ । ਪੁਰਖ ਅਕਾਲ ਤੇਰਾ ਖੇਲ ਨਿਆਰਾ, ਗੋਬਿੰਦ ਤੇਰੀ ਵਡ ਵਡਿਆਈਆ । ਓਨ੍ਹੇ ਚਿਰ ਨੂੰ ਇੱਕੀਆਂ ਦੀ

ਆ ਗਈ ਵਾਰਾ, ਗੋਬਿੰਦ ਸੰਦੇਸ਼ਾ ਦਿਤਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਸਚਖੰਡ ਕਹੇ ਗੋਬਿੰਦ ਖ਼ੁਸ਼ੀਆਂ ਦੇ ਵਿਚ ਹੱਸਿਆ, ਤਾਲੀ ਦਿਤੀ ਵਜਾਈਆ । ਫੇਰ ਗੁਰਮੁਖਾਂ ਦਾ ਕਰਾਇਆ ਕਮਰ ਕੱਸਿਆ, ਹੁਕਮ ਦਿਤਾ ਸੁਣਾਈਆ । ਸਿਰਫ਼ ਪੰਜਾਂ ਨੂੰ ਕੋਲ ਰੱਖਿਆ, ਬਾਕੀ ਗੜ੍ਹੀਉਂ ਬਾਹਰ ਕਢਾਈਆ । ਫੇਰ ਜੁਝਾਰ ਦੇ ਵੱਲ ਤੱਕਿਆ, ਜਿਸ ਦਾ ਮੇਲ ਮਿਲਿਆ ਗੁਰਮੁਖ ਪਿਆਰੇ ਭਾਈਆ । ਫੇਰ ਅਗਲੀ ਕੀਤੀ ਇਛਿਆ, ਪੜਦਾ ਦਿਤਾ ਖੁਲ੍ਹਾਈਆ । ਤੁਸਾਂ ਮੇਰੀ ਮੰਨਣੀ ਸਿਖਿਆ, ਸਿੱਖ ਹੋ ਕੇ ਸਤਿਗੁਰ ਵਿਚ ਸਮਾਈਆ । ਫੇਰ ਤੀਰ ਦੀ ਮੁਖੀ ਨਾਲ ਅਗੰਮੀ ਲੇਖ ਲਿਖਿਆ, ਕਲਮ ਸ਼ਾਹੀ ਨਾ ਹੱਥ ਉਠਾਈਆ । ਮੇਰੇ ਸੂਰਬੀਰ ਜਵਾਨੇ ਨਿੱਕਿਆ, ਤੈਨੂੰ ਦੇਵਾਂ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਸੁਣਾਈਆ । ਸਚਖੰਡ ਕਹੇ ਗੋਬਿੰਦ ਨੇ ਤੀਰ ਨਾਲ ਲਿਖਿਆ ਲੇਖ ਅਪਾਰਾ, ਧੁਰ ਦਾ ਹੁਕਮ ਹੁਕਮ ਸੁਣਾਈਆ । ਬੱਚਿਓ ਜਿਸ ਵੇਲੇ ਆਵਾਂ ਦੁਬਾਰਾ, ਸ਼ਬਦੀ ਧਾਰ ਜੋਤ ਸਮਾਈਆ । ਮੇਲਾ ਮੇਲਾਂ ਵਿਚ ਸੰਸਾਰਾ, ਸ਼ਹਾਦਤ ਧਰਮ ਵਾਲੀ ਭੁਗਤਾਈਆ । ਫੇਰ ਧੁਰ ਦਾ ਹੋਇਆ ਇਸ਼ਾਰਾ, ਪੁਰਖ ਅਕਾਲ ਦਿਤਾ ਦ੍ਰਿੜਾਈਆ । ਬਾਲ ਅਵਸਥਾ ਫੇਰ ਵਿਛੜ ਜਾਣਾ ਤੇਰਾ ਦੁਲਾਰਾ, ਆਯੂ ਜਗਤ ਨਾ ਕੋਇ ਵਖਾਈਆ । ਗੋਬਿੰਦ ਕਿਹਾ ਇਹ ਤੇਰਾ ਖੇਲ ਤੇਰਾ ਸਦਾ ਸਹਾਰਾ, ਦੂਜੀ ਓਟ ਨਾ ਕੋਇ ਤਕਾਈਆ । ਮੈਂ ਸੇਵਕ ਸੇਵਾਦਾਰ ਤੁਮਾਰਾ, ਨਿਤ ਨਵਿਤ ਸੇਵ ਕਮਾਈਆ । ਤੂੰ ਸਾਹਿਬ ਸੁਲਤਾਨ ਸਿਕਦਾਰਾ, ਹੁਕਮੀ ਹੁਕਮ ਚਲਾਈਆ । ਪੁਰਖ ਅਕਾਲ ਪੁਸ਼ਤ ਪਨਾਹ ਦੇ ਕੇ ਥਾਪੀ ਮਾਰਿਆ ਲਲਕਾਰਾ, ਜ਼ੋਰ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਿਹਾ ਗੋਬਿੰਦ ਤੇਰੀ ਧਾਰ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਮੈਂ ਤੇਰੇ ਨਾਲ ਬਦਲਣੀ ਰੀਤ, ਰੀਤੀਵਾਨ ਹੋ ਕੇ ਵੇਖ ਵਖਾਈਆ । ਤੇਰੇ ਜੁਝਾਰ ਨੂੰ ਬਖ਼ਸ਼ਾਂ ਫੇਰ ਬਣਾ ਕੇ ਸਿੰਘ ਸੁਰਜੀਤ, ਸਿਰ ਆਪਣਾ ਹੱਥ ਟਿਕਾਈਆ । ਗੁਲਾਬ ਦਾ ਨਾਂ ਹੋਵੇ ਸਿੰਘ ਰਣਜੀਤ, ਦੋਹਾਂ ਦਾ ਮੇਲਾ ਸਹਿਜ ਸੁਭਾਈਆ । ਅੰਤ ਸਮੇਂ ਮਿਹਰਵਾਨ ਹੋ ਕੇ ਜ਼ਿੰਦਗੀ ਦੀ ਕਰਾਂ ਬਖ਼ਸ਼ੀਸ਼, ਰਹਿਮਤ ਸਚ ਕਮਾਈਆ । ਪਰ ਯਾਦ ਰੱਖੀਂ ਇਨ੍ਹਾਂ ਗੁਰਮੁਖਾਂ ਨੂੰ ਇਕੱਠਿਆਂ ਕਰਨਾ ਠੀਕ, ਸਚ ਦੀ ਧਾਰ ਵਿਚੋਂ ਪਰਗਟਾਈਆ । ਤੇਰੀ ਆਸਾ ਮਨਸਾ ਪੂਰੀ ਹੋਵੇ ਉਮੀਦ, ਤ੍ਰਿਸ਼ਨਾ ਤ੍ਰਿਪਤ ਦਏ ਕਰਾਈਆ । ਜੇਹੜਾ ਸ਼ਬਦ ਸ਼ਹਾਦਤ ਵਿਚ ਹੋਇਆ ਸ਼ਹੀਦ, ਸਤਿਗੁਰ ਸੀਸ ਝੋਲੀ ਪਾਈਆ । ਉਹਦੀ ਧੁਰ ਦਵਾਰੇ ਸਦਾ ਰਸੀਦ, ਸਚਖੰਡ ਦਵਾਰ ਦਏ ਗਵਾਹੀਆ । ਗੁਰਮੁਖ ਤੇਰੇ ਕਰਨ ਤਸਦੀਕ, ਇੱਕੀ ਸ਼ਹਾਦਤ ਦੇਣ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੋਬਿੰਦ ਕਿਹਾ ਪ੍ਰਭ ਤੇਰੀ ਆਦਿ ਜੁਗਾਦਿ ਮਿਹਰਵਾਨੀ, ਮਿਹਰਵਾਨ ਤੇਰੀ ਵਡਿਆਈਆ । ਮੈਂ ਯੋਧਾ ਸੂਰਬੀਰ ਮਰਦ ਮਰਦਾਨੀ, ਜਗਤ ਹਵਸ ਨਾ ਕੋਇ ਰਖਾਈਆ । ਨਾ ਕੋਈ ਲੇਖਾ ਲਿਖਣਾ ਕਲਮ ਕਾਨੀ, ਸ਼ਾਹੀ ਸ਼ਹਾਦਤ ਨਾ ਕੋਇ ਭੁਗਤਾਈਆ । ਤੂੰ ਆਦਿ ਜੁਗਾਦਿ ਦਾ ਦਾਨੀ, ਦਾਤਾ ਬੇਪਰਵਾਹੀਆ । ਮੇਰੀ ਤੇ ਸਦਾ ਸਦਾ ਸਦ ਗੁਰਮੁਖ ਹੋਣੇ ਨਿਸ਼ਾਨੀ, ਨਿਸ਼ਾਨਾ ਜਗਤ ਵਿਚ ਝੁਲਾਈਆ । ਜਿਨ੍ਹਾਂ ਦੀ ਮੰਜ਼ਲ ਹੋਣੀ ਆਸਾਨੀ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ ।

੬੮੪ ੨੨

੯੮੫
੨੨

ਇੱਕੀ ਗੁਰਮੁਖ ਦਿਉ ਗਵਾਹੀ, ਗੜ੍ਹੀ ਚਮਕੌਰ ਨਾਲ ਮਿਲਾਈਆ । ਜੇ ਕਹੋ ਜ਼ਿੰਦਗੀ ਦੀ ਦਾਤ ਝੋਲੀ ਦੇਵਾਂ ਪਾਈ, ਮਿਹਰ ਨਿਗਹ ਇਕ ਉਠਾਈਆ । ਬਿਨਾ ਤੁਹਾਡੇ ਪ੍ਰੇਮ ਤੋਂ ਇਹ ਬਚ ਸਕਦੇ ਨਹੀਂ ਜਗਤ ਦੇ ਰਾਹੀ, ਲੋਕਮਾਤ ਰਹਿਣ ਨਾ ਪਾਈਆ । ਜੇ ਮਨਜ਼ੂਰ ਉਠਾ ਲਉ ਬਾਹੀਂ, ਇੱਕੀ ਦੋਵੇਂ ਹੱਥ ਉਠਾਈਆ । ਜੇ ਖ਼ੁਸ਼ੀ ਮਾਝੇ ਮਾਲਵੇ ਦੁਆਬੇ ਵਾਲੇ ਰਲ ਜਾਉ ਨਾਲ ਚਾਈਂ, ਉਠ ਕੇ ਸੀਸ ਝੁਕਾਈਆ । ਫਿਰ ਪੁਰਖ ਅਕਾਲਾ ਦੀਨ ਦਿਆਲਾ ਹੋਏ ਸਹਾਈ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤੋ ਤੁਹਾਡੀ ਪ੍ਰੀਤੀ ਨਹੀਂ ਕੋਈ ਪਰਾਈ, ਪਿਆਰ ਆਪਣਾ ਰੂਪ ਦਰਸਾਈਆ । ਗੁਰਸਿਖਾਂ ਅੱਗੇ ਗੋਬਿੰਦ ਦੀ ਆਦਿ ਆਦਿ ਦੁਹਾਈ, ਕੂਕ ਕੂਕ ਗਿਆ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਚਖੰਡ ਕਹੇ ਜਨ ਭਗਤੋ ਮੈਂ ਦੱਸਾਂ ਹੋਰ ਨਿਸ਼ਾਨਾ, ਆਪਣਾ ਧਿਆਨ ਲਗਾਈਆ । ਗੋਬਿੰਦ ਨੇ ਅੰਤ ਇੱਕੀਆਂ ਦੇ ਗਿੱਟਿਆਂ ਨੂੰ ਬੰਨ੍ਹਿਆ ਸੀ ਪ੍ਰੇਮ ਦਾ ਗਾਨਾ, ਮੌਲੀ ਤੰਦ ਬੰਧਾਈਆ । ਜਿਸ ਵੇਲੇ ਮੇਰੇ ਪੁਰਖ ਅਕਾਲ ਨੇ ਬਦਲ ਦੇਣਾ ਜ਼ਮਾਨਾ, ਮੁਹੰਮਦ ਦਾ ਲੇਖਾ ਤੁਹਾਡੇ ਹੱਥ ਫੜਾਈਆ । ਚਰਨ ਧੂੜ ਜੋ ਟਿੱਕਾ ਲਗਾਇਆ ਉਸ ਦਾ ਸਚ ਬਿਆਨਾ, ਸੰਧੂਰ ਰੋ ਕੇ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਦਾ ਮੇਲਾ ਲਏ ਮਿਲਾਈਆ । ਸਚਖੰਡ ਕਹੇ ਇੱਕੀਆਂ ਵਿਚੋਂ ਚੌਦਾਂ ਝੂਜੇ, ਆਪਣੀ ਸੇਵ ਕਮਾਈਆ । ਪੰਜਾਂ ਨੇ ਰੂਪ ਬਦਲਾਏ ਇਕ ਦੂਜੇ, ਗੋਬਿੰਦ ਸੰਗ ਨਿਭਾਈਆ । ਦੋ ਗੁਰਮੁਖ ਬਣ ਕੇ ਸੂੰਘੇ, ਰਾਹ ਖੋਜਣ ਚਾਈਂ ਚਾਈਂਆ । ਉਹ ਵੜ ਗਏ ਵਹਿਣ ਪ੍ਰੇਮ ਦੇ ਡੂੰਘੇ, ਜਿਥੋਂ ਬਾਹਰ ਨਾ ਕੋਇ ਕਢਾਈਆ । ਗੋਬਿੰਦ ਗੜ੍ਹੀ ਵਿਚੋਂ ਆਉਣ ਲੱਗਿਆਂ ਨੇਤਰ ਹੰਝੂ ਓਨ੍ਹਾਂ ਦੇ ਪੂੰਝੇ, ਪਿਆਰ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਸਚਖੰਡ ਕਹੇ ਪ੍ਰਭੂ ਤੇਰਾ ਖੇਲ ਅਪਾਰਾ, ਵਡ ਤੇਰੀ ਬੇਪਰਵਾਹੀਆ । ਮੇਰੇ ਨਾਲ ਪੈਗ਼ੰਬਰ ਗੁਰ ਅਵਤਾਰਾ, ਗੜ੍ਹੀ ਚਮਕੌਰ ਵੇਖਣ ਆਏ ਚਾਈਂ ਚਾਈਂਆ । ਚੌਦਾਂ ਪੋਹ ਨੂੰ ਓਹੋ ਤੇਰਾ ਨਜ਼ਾਰਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਾਰ ਕਮਾਈਆ । ਮੈਂ ਆਇਆ ਤੇਰੇ ਦਵਾਰਾ, ਦਰ ਠਾਂਡੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਸਚਖੰਡ ਕਹੇ ਮੈਂ ਤੇਰੇ ਸਿੰਘਾਸਣ ਹੇਠਾਂ ਰਿਹਾ ਵੜ, ਨੇਤਰ ਨਜ਼ਰ ਕਿਸੇ ਨਾ ਆਈਆ । ਮੈਂ ਫੇਰ ਵੇਖਿਆ ਸਭ ਨੂੰ ਖੜ੍ਹ, ਚਾਰੋਂ ਕੁੰਟ ਧਿਆਨ ਲਗਾਈਆ । ਪ੍ਰਭੂ ਕੇਹੜੇ ਤੇਰੀ ਮੰਜ਼ਲ ਗਏ ਚੜ੍ਹ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਚਖੰਡ ਕਹੇ ਜਿਸ ਵੇਲੇ ਮੈਂ ਤੇਰੇ ਹੁਕਮ ਨਾਲ ਗੜ੍ਹੀ ਚਮਕੌਰ ਪੁੱਜਾ, ਆਪਣਾ ਫੇਰਾ ਪਾਈਆ । ਤੂੰ ਮੈਨੂੰ ਹੁਕਮ ਦਿਤਾ ਗੁੱਝਾ, ਸਹਿਜ ਨਾਲ ਸੁਣਾਈਆ । ਸਚਖੰਡ ਗੋਬਿੰਦ ਦੇ ਗੁਰਸਿਖ ਆਪਣੇ ਦਵਾਰੇ ਲਿਆਉਣੇ ਆਵੇ ਕੋਈ ਨਾ ਦੂਜਾ, ਦਰ ਵੜਨ ਕੋਇ ਨਾ ਪਾਈਆ । ਜਿਨ੍ਹਾਂ ਦਾ ਪ੍ਰੇਮ ਕਰਨਾ ਉਘਾ, ਉਗਣ ਆਥਣ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਾਹਿਬ ਤੇਰੀ ਸਰਨਾਈਆ । ਸਚਖੰਡ ਕਹੇ ਮੈਂ ਆਇਆ ਪ੍ਰਭ ਤੇਰੇ ਦਰਬਾਰ, ਭਗਤਾਂ ਵੇਖ ਵਖਾਈਆ । ਤੂੰ ਬਖ਼ਸ਼ਿਸ਼ ਕੀਤੀ ਅਪਾਰ, ਰਹਿਮਤ ਹੱਕ ਕਮਾਈਆ । ਸ਼ਹਿਨਸ਼ਾਹ ਸੱਚੀ ਸਰਕਾਰ, ਸਚ ਤੇਰੀ ਸ਼ਹਿਨਸ਼ਾਹੀਆ । ਤੂੰ

ਡੁੱਬਦੇ ਦੇਵੇਂ ਤਾਰ, ਪਾਹਨ ਪਾਰ ਕਰਾਈਆ । ਗੁਰਮੁਖ ਲਏਂ ਉਭਾਰ, ਚੁਰਾਸੀ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਪ੍ਰਭੂ ਸਚ ਦੱਸ ਮੈਂ ਆਇਆ ਤੇਰੇ ਦਰ, ਪਿਛਲਾ ਪੰਧ ਮੁਕਾਈਆ । ਪੁਰਖ ਅਕਾਲ ਕਿਹਾ ਉਠ ਵੇਖ ਲੈ ਮੇਰਾ ਘਰ, ਘਰਾਨਾ ਦਿਆਂ ਦਰਸਾਈਆ । ਜਿਨ੍ਹਾਂ ਦਾ ਘਾੜਨ ਲਵਾਂ ਘੜ, ਆਪਣਾ ਰੰਗ ਰੰਗਾਈਆ । ਓਹ ਭਗਤ ਸੁਹੇਲੇ ਮੇਰੇ ਸਚਖੰਡ ਤੇਰੇ ਅੰਦਰ ਜਾਵਣ ਵੜ, ਅੱਗੇ ਹੋ ਨਾ ਕੋਇ ਅਟਕਾਈਆ । ਅੱਜ ਸਾਰਿਆਂ ਦਾ ਅੰਦਰੋਂ ਫੜ ਲੈ ਲੜ, ਜੋ ਪ੍ਰਭ ਨੂੰ ਬੈਠੇ ਸੀਸ ਨਿਵਾਈਆ । ਇਹ ਜਗਤ ਜਹਾਨ ਵਿਚ ਜ਼ਿੰਦਗੀ ਵਿਚ ਜਾਣ ਕਦੇ ਨਾ ਮਰ, ਮਰ ਜੀਵਤ ਰੂਪ ਵਟਾਈਆ । ਇਹ ਲੱਖ ਚੁਰਾਸੀ ਮੇਰੀ ਕਿਰਪਾ ਨਾਲ ਜਾਣ ਤਰ, ਡੂੰਘੇ ਵਹਿਣ ਨਾ ਕੋਇ ਵਹਾਈਆ । ਤੂੰ ਸਾਰਿਆਂ ਪਿਆਰਿਆਂ ਭਗਤਾਂ ਨੂੰ ਇਕੋ ਵਾਰ ਨਿਮਸਕਾਰ ਕਰ, ਨਿਉਂ ਨਿਉਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਤੇਰੇ ਹੱਥ ਟਿਕਾਈਆ । ਸਚਖੰਡ ਕਹੇ ਮੈਨੂੰ ਸੱਦਿਆ ਲੋਕਮਾਤ, ਆਪਣੀ ਦਇਆ ਕਮਾਈਆ । ਮੇਰਿਆਂ ਭਗਤਾਂ ਦੀ ਕਦੇ ਵੇਖੀਂ ਨਾ ਜ਼ਾਤ ਪਾਤ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਇਨ੍ਹਾਂ ਦਾ ਲੇਖਾ ਨਹੀਂ ਉਤੇ ਕਿਸੇ ਕਾਗ਼ਜ਼ਾਤ, ਅੱਖਰਾਂ ਵਾਲੀ ਨਾ ਸਿਫ਼ਤ ਸਾਲਾਹੀਆ । ਇਹ ਸਭ ਤੋਂ ਉਤਮ ਸ੍ਰੇਸ਼ਟ ਮੇਰੀ ਜਮਾਤ, ਜਿਨ੍ਹਾਂ ਨੂੰ ਜੁਮਲਾ ਅੱਖਰ ਇਕੋ ਦਿਤਾ ਪੜ੍ਹਾਈਆ । ਇਨ੍ਹਾਂ ਦੀ ਪੂਰੀ ਕਰਨੀ ਅੰਤ ਖਾਹਿਸ਼, ਤਮੰਨਾ ਪੂਰ ਦੇਣੀ ਕਰਾਈਆ । ਜਗਤ ਵਿਸ਼ਿਆਂ ਤੋਂ ਬਾਹਰ ਦਿਤਾ ਵਿਸ਼ਵਾਸ਼, ਵਿਸ਼ਵ ਦਾ ਪੜਦਾ ਦਿਤਾ ਉਠਾਈਆ । ਇਨ੍ਹਾਂ ਤੇਰੇ ਦਰ ਤੇ ਮੇਰੀ ਵੇਖਣੀ ਰਾਸ, ਸੋਹਣੀ ਖ਼ੁਸ਼ੀ ਬਣਾਈਆ । ਹੁਣ ਇਕੋ ਵਾਰ ਸਾਰਿਆਂ ਵੱਲ ਮਾਰ ਲੈ ਝਾਤ, ਜੋ ਨਿੱਕੇ ਵੱਡੇ ਬੈਠੇ ਡੇਰਾ ਲਾਈਆ । ਚੌਦਾਂ ਪੋਹ ਦੀ ਯਾਦ ਰੱਖੀ ਰਾਤ, ਰੁਤੜੀ ਪ੍ਰਭ ਨੇ ਦਿਤੀ ਮਹਿਕਾਈਆ । ਅੱਜ ਇਕੋ ਵਾਰ ਸਭ ਦਾ ਜਨਮ ਕਰਮ ਦਾ ਲੇਖਾ ਕੀਤਾ ਪਾਕ, ਪਤਿਤ ਪੁਨੀਤ ਦਿਤੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਚਖੰਡ ਕਹੇ ਪ੍ਰਭੂ ਮੈਂ ਮਾਰੀ ਅੰਤਰ ਝਾਤੀ, ਧਿਆਨ ਲਿਆ ਲਗਾਈਆ । ਮੇਰਾ ਵਾਹਿਦਾ ਹੋ ਗਿਆ ਕੌਲ ਇਕਰਾਰ ਹੋ ਗਿਆ ਤੇਰਿਆਂ ਭਗਤਾਂ ਵਾਸਤੇ ਸਦਾ ਖੁੱਲ੍ਹੀ ਰੱਖਾਂ ਤਾਕੀ, ਖਿੜਕੀ ਬੰਦ ਨਾ ਕੋਇ ਕਰਾਈਆ । ਮੈਂ ਬਣਿਆ ਰਹਾਂ ਸਾਥੀ, ਸਗਲਾ ਸੰਗ ਬਣਾਈਆ । ਤੇਰੇ ਪਿਆਰ ਦੀ ਦੱਸਦਾ ਰਹਾਂ ਗਾਥੀ, ਢੋਲਾ ਅਗੰਮ ਅਥਾਹੀਆ । ਪਰ ਤੂੰ ਵੀ ਪੂਰਾ ਕਰੀਂ ਮੇਰਾ ਵਾਕੀ, ਵਾਕਫਕਾਰ ਇਕ ਹੋ ਆਈਆ । ਸਦਾ ਪ੍ਰੇਮ ਪਿਆਰ ਦੀ ਇਨ੍ਹਾਂ ਨੂੰ ਬਖ਼ਸ਼ਦਾ ਰਵ੍ਹੀਂ ਦਾਤੀ, ਦਾਤਾ ਹੋ ਕੇ ਦਇਆ ਕਮਾਈਆ । ਅੱਗੇ ਰਹੇ ਕਿਸੇ ਨਾ ਵਾਟੀ, ਪੈਂਡਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੂੰ ਸਾਹਿਬ ਪੁਰਖ ਸਮਰਾਥੀ, ਸਮਰਥ ਤੇਰੇ ਹੱਥ ਵਡਿਆਈਆ । ਸਚਖੰਡ ਕਹੇ ਪ੍ਰਭੂ ਤੇਰੇ ਨਾਲ ਹੋ ਗਈ ਮੇਰੀ ਸ਼ਰਤ, ਸ਼ਰਅ ਅਵਰ ਨਾ ਕੋਇ ਰਖਾਈਆ । ਜਿਸ ਕਾਰਨ ਆਇਆ ਉਪਰ ਧਰਤ, ਧਵਲ ਉਤੇ ਪੰਧ ਮੁਕਾਈਆ । ਫਿਰ ਜਾਣਾ ਉਪਰ ਅਰਸ਼, ਗੁਰ ਅਵਤਾਰ ਪੈਗ਼ੰਬਰ ਸੰਗ ਰਖਾਈਆ । ਤੇਰਾ ਖੇਲ ਵਖਾਇਆ ਅਸਚਰਜ, ਅਚਰਜ ਲੀਲਾ ਤੇਰੀ ਬੇਪਰਵਾਹੀਆ । ਜਿਥੇ ਸ਼ਰਅ ਛੁਰੀ ਦਿਸੇ ਨਾ ਕਰਦ, ਕਾਤਲ ਮਕਤੂਲਾ ਰੂਪ ਨਾ ਕੋਇ ਵਟਾਈਆ । ਗ਼ਰੀਬ ਨਿਮਾਣਿਆਂ ਵੰਡੀਂ ਦਰਦ, ਦੁਖੀਆਂ ਆਪਣੀ ਗੋਦ ਉਠਾਈਆ । ਇਕ ਬੇਨੰਤੀ ਮੰਨੀਂ ਮੇਰੀ ਅਰਜ਼, ਆਰਜ਼ੂ

੯੮੬
੨੨

ਦਿਆਂ ਸੁਣਾਈਆ । ਆਪਣਿਆਂ ਭਗਤਾਂ ਦੀ ਕਿਸੇ ਹੱਥ ਫੜਾਵੀਂ ਨਾ ਫਰਦ, ਜ਼ੁਮੇਵਾਰ ਨਾ ਕੋਇ ਬਣਾਈਆ । ਉਨ੍ਹਾਂ ਦੀ ਲੱਜਿਆ ਰੱਖੀਂ ਹੋਣ ਨਾ ਦੇਵੀਂ ਨਪੜਦ, ਓਢਣ ਆਪਣਾ ਨਾਮ ਪਾਈਆ । ਮੇਰੇ ਦਵਾਰੇ ਦੀ ਸਿੱਧੀ ਕਰੀਂ ਸੜਕ, ਅੱਗੇ ਹੋ ਨਾ ਕੋਇ ਅਟਕਾਈਆ । ਘਰ ਆਪਣੇ ਆਉਣ ਨਿਧੜਕ, ਭੱਜਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਚਖੰਡ ਕਹੇ ਪ੍ਰਭੂ ਮੈਂ ਜਾਵਾਂ ਆਪਣੇ ਗ੍ਰਿਹਿ, ਦਰ ਤੇਰੇ ਤੇਰਾ ਸੋਭਾ ਪਾਈਆ । ਜਿਸ ਦਾ ਲੇਖਾ ਕੋਈ ਨਾ ਕਹੇ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਇਕੋ ਨੂਰ ਨੁਰਾਨਾ ਤੇਰਾ ਰਹੇ, ਦੂਜਾ ਨਜ਼ਰ ਕੋਇ ਨਾ ਆਈਆ । ਮੈਨੂੰ ਆਦਿ ਤੋਂ ਅੰਤ ਤਕ ਕਿਸੇ ਦਾ ਨਹੀਂ ਭੈ, ਨਿਰਭੈ ਤੇਰੀ ਸ਼ਰਨਾਈਆ । ਜੁਗ ਚੌਕੜੀ ਜਿਨ੍ਹਾਂ ਨੇ ਕੀਤੀ ਤੇਰੀ ਜੈ, ਉਹ ਘਰ ਮੇਰੇ ਆਏ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਚਖੰਡ ਉਠ ਜਾਹ ਆਪਣੇ ਵਤਨ, ਵਤਨ ਤੇਰਾ ਬੇਪਰਵਾਹੀਆ । ਜਿਸ ਦਾ ਆਦਿ ਅੰਤ ਦਾ ਇਕੋ ਪੱਤਨ, ਦੂਜਾ ਤਟ ਨਾ ਕੋਇ ਬਣਾਈਆ । ਜਿਥੇ ਭਗਤ ਸੁਹੇਲੇ ਵਸਣ, ਨਿਰਗੁਣ ਜੋਤੀ ਜੋਤ ਨੂਰ ਰੁਸ਼ਨਾਈਆ । ਇਕੋ ਪੁਰਖ ਅਕਾਲਾ ਦੀਨ ਦਿਆਲਾ ਤਕਣ, ਪਾਰਬ੍ਰਹਮ ਪਤਿਪਰਮੇਸ਼ਵਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਚਖੰਡ ਕਹੇ ਮੇਰੀ ਨਮੋ ਨਮੋ ਨਿਮਸਕਾਰ, ਨਮਸਤੇ ਸੀਸ ਝੁਕਾਈਆ । ਪ੍ਰਭੂ ਤੇਰਿਆਂ ਭਗਤਾਂ ਦਾ ਵਸਦਾ ਰਹੇ ਦਰਬਾਰ, ਦਵਾਰਕਾਵਾਸੀ ਜਿਥੇ ਧਿਆਨ ਲਗਾਈਆ । ਮੇਰੇ ਨਾਲ ਚਲੇ ਤੇਈ ਅਵਤਾਰ, ਪੈਗ਼ੰਬਰ ਸੰਗ ਬਣਾਈਆ । ਗੁਰੂ ਦਸ ਕਰਨ ਪਿਆਰ, ਪ੍ਰੇਮ ਪ੍ਰੀਤੀ ਤੇਰੀ ਬੇਪਰਵਾਹੀਆ । ਮੈਂ ਜੁਗ ਜੁਗ ਖ਼ਾਦਮ ਰਵ੍ਹਾਂ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਮੈਂ ਸਦਾ ਸਦਾ ਰਹਵਾਂ ਤੇਰੇ ਦਰ ਦਵਾਰ, ਸਚ ਸਚ ਮਿਲੇ ਸਰਨਾਈਆ । ਤੂੰ ਬਖ਼ਸ਼ਿਸ਼ ਕੀਤੀ ਅਪਾਰ, ਰਹਿਮਤ ਹੱਕ ਕਮਾਈਆ । ਸੁਰਜੀਤ ਸਿੰਘ ਰਣਜੀਤ ਸਿੰਘ ਦੀ ਆਯੂ ਬਖ਼ਸ਼ ਕੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਹੈਰਾਨ ਦਿਤੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਦੀ ਸੁਣਨੀ ਸੁਣਾਉਣੀ, ਤੇਜ ਭਾਨ ਦਿਆਂ ਦ੍ਰਿੜਾਈਆ । ਛੱਬੀ ਪੋਹ ਨੂੰ ਜਿਹੜੀ ਪੱਗ ਤੇਰੀ ਸਪੁਤਰੀ ਨੇ ਭੇਟ ਚੜ੍ਹਾਉਣੀ, ਉਹ ਰਾਮ ਸਿੰਘ ਦੇ ਸਿਰ ਦੇਣੀ ਬੰਨ੍ਹਾਈਆ । ਜਿਸ ਦੀ ਲਜਪਤ ਸਤਿਗੁਰ ਮਾਤ ਰਖਾਉਣੀ, ਇੱਕੀਆਂ ਦੀ ਸ਼ਹਾਦਤ ਨਾਲ ਭੁਗਤਾਈਆ । ਬੱਚੇ ਦਾ ਦਾਨ ਝੋਲੀ ਪਾਉਣ, ਬਿਨਾ ਸਤਿਗੁਰ ਸ਼ਬਦ ਤੋਂ ਇਹ ਬਖ਼ਸ਼ਿਸ਼ ਕਿਸੇ ਨਹੀਂ ਕਰਾਉਣੀ, ਕਰਨ ਵਾਲਾ ਨਜ਼ਰ ਕੋਇ ਨਾ ਆਈਆ । ਗੁਰਮੁਖੋ ਇਹ ਕੋਈ ਗੱਲਾਂ ਬਾਤਾਂ ਵਾਲੀ ਨਹੀਂ ਸੁਣਾਉਣੀ, ਜੋ ਪਿਛੇ ਵਰਤਿਆ ਅੱਗੇ ਲੇਖਾ ਪੂਰ ਕਰਾਈਆ । ਗੜ੍ਹੀ ਚਮਕੌਰ ਦੀ ਰੌਣਕ ਉਹੋ ਅੱਜ ਵਖਾਉਣੀ, ਜੋ ਗੋਬਿੰਦ ਆਪਣੇ ਸਿੱਖਾਂ ਨਾਲ ਖ਼ੁਸ਼ੀ ਵਿਚ ਵੇਖੀ ਚਾਈਂ ਚਾਈਂਆ । ਇਹ ਗੱਲ ਨਹੀਂ ਕਦੇ ਭੁਲਾਉਣੀ, ਭੁੱਲ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਵਖਾਈਆ । ਗੜ੍ਹੀ ਚਮਕੌਰ ਕਹੇ ਮੈਨੂੰ ਟੇਕ ਲੈਣ ਦੇ ਪ੍ਰਭੂ ਮੱਥਾ, ਨਿਉਂ ਨਿਉਂ ਸੀਸ ਨਿਵਾਈਆ । ਮੈਨੂੰ ਗੋਬਿੰਦ ਦੇ ਪਿਆਰਿਆਂ ਦਾ ਓਹੋ ਦਿਸਦਾ ਜੱਥਾ, ਜੋ ਕਮਰਕਸੇ ਕਸ ਕੇ ਬੈਠੇ ਚਾਈਂ ਚਾਈਂਆ । ਕਿੱਡਾ ਸੋਹਣਾ

ਸੰਗ ਬਣਿਆ ਇਕੱਠਾ, ਜੁਝਾਰ ਦੇ ਸਾਥੀ ਰੰਗ ਵਖਾਈਆ । ਇਹ ਖੇਲ ਤੇਰਾ ਅਨਡਿਠਾ, ਜਗਤ ਸ਼ਾਸਤਰ ਨਾ ਕੋਇ ਦ੍ਰਿੜਾਈਆ । ਤੇਰਾ ਭਾਣਾ ਸਦਾ ਸਦਾ ਸਦ ਸਭ ਨੂੰ ਲੱਗੇ ਮਿੱਠਾ, ਮਿਹਰਵਾਨ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਤੁਸੀਂ ਬੜੇ ਵੱਡੇ ਭਗਤ, ਪ੍ਰਭ ਭਗਵਨ ਦਿਤੀ ਮਾਣ ਵਡਿਆਈਆ । ਜਿਨ੍ਹਾਂ ਕੋਈ ਨਾਮ ਨਹੀਂ ਜਪਿਆ ਵਿਚ ਜਗਤ, ਜਗਜੀਵਣ ਦਾਤਾ ਆਪਣਾ ਰੰਗ ਰੰਗਾਈਆ । ਤੁਹਾਡੇ ਅੰਦਰ ਸਚ ਪ੍ਰੇਮ ਦੀ ਇਹੋ ਬਖ਼ਸ਼ੀ ਸ਼ਕਤ, ਤੁਹਾਡੀ ਸ਼ਖ਼ਸੀਅਤ ਗੁਰਮੁਖਾਂ ਵਾਲੀ ਦਿਤੀ ਬਣਾਈਆ । ਤੁਸੀਂ ਹੁਣ ਮਾਲਕ ਆਪਣੇ ਦਾ ਵੇਖਿਓ ਵਕਤ, ਵਕਤ ਨਾਲ ਕੀ ਆਪਣੀ ਕਾਰ ਕਮਾਈਆ । ਜਦੋਂ ਚਾਹੋਗੇ ਸੁਤਿਆਂ ਜਾਗਦਿਆਂ ਚਲਦਿਆਂ ਫਿਰਦਿਆਂ ਦੇਵੇਗਾ ਦਰਸ, ਦੀਦਾਰ ਆਪਣਾ ਆਪ ਕਰਾਈਆ । ਸਤਿਗੁਰ ਸ਼ਬਦ ਪਿਆਰ ਨੂੰ ਲੈਣਾ ਪਰਖ, ਪਾਰਖੂ ਹੋ ਕੇ ਆਪਣਾ ਧਿਆਨ ਲਗਾਈਆ । ਤੁਹਾਡੇ ਅੰਤਰ ਨਿਰੰਤਰ ਅੰਮ੍ਰਿਤ ਮੇਘ ਦੇਵੇ ਬਰਸ, ਅਗਨੀ ਤਤ ਤਤ ਗਵਾਈਆ । ਤੁਹਾਡੀ ਲੇਖੇ ਲਾਵੇ ਅੱਜ ਦੀ ਰੈਣ ਜੋ ਠੰਡੀ ਸਰਦ, ਸੀਤਲ ਤੁਹਾਨੂੰ ਦਏ ਕਰਾਈਆ । ਯਾਦ ਰੱਖਿਓ ਕਦੀ ਮਿੰਨਤ ਨਾ ਕਰਿਓ ਹੱਥ ਜੋੜ ਕੇ ਅਰਜ਼ ਨਾ ਕਰਿਓ ਪ੍ਰਭੂ ਸਾਡਾ ਵੰਡ ਦਰਦ, ਜੇ ਸਤਿਗੁਰੂ ਹੈਂ ਤੇ ਤੁਹਾਡਾ ਦੁੱਖ ਆਪਣੀ ਝੋਲੀ ਪਾਈਆ । ਇਹੋ ਖੇਲ ਕਰਨਾ ਅਸਚਰਜ, ਜਿਸ ਦੀ ਚਾਰ ਜੁਗ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਅੰਗਰੇਜ਼ ਸਿੰਘ ਜ਼ਰਾ ਅੱਗੇ ਆ, ਤੇਰਾ ਲੇਖਾ ਦਿਆਂ ਦ੍ਰਿੜਾਈਆ । ਜਿਸ ਵੇਲੇ ਜੁਝਾਰ ਸ਼ਹੀਦੀ ਗਿਆ ਸੀ ਪਾ, ਧੜ ਜ਼ਿਮੀਂ ਉਤੇ ਟਿਕਾਈਆ । ਤੇਰਾ ਨਾਂ ਸੀ ਆਜ਼ਮ ਖਾਂ, ਤੂੰ ਰੋ ਕੇ ਮਾਰੀ ਸੀ ਧਾਂ, ਖ਼ੁਦਾ ਤੇਰੀ ਬੇਪਰਵਾਹੀਆ । ਕਿੱਡਾ ਸੋਹਣਾ ਸੂਰਬੀਰ ਮੇਰੇ ਭਰਾ ਵਰਗਾ ਭਰਾ, ਜਿਸ ਦੀ ਹੋਈ ਜਗਤ ਜੁਦਾਈਆ । ਮੇਰਾ ਜੀ ਕਰਦਾ ਇਸ ਨੂੰ ਚੁੱਕ ਕੇ ਲੈ ਜਾਵਾਂ ਕੋਲ ਆਪਣੀ ਮਾਂ, ਗੋਦੀ ਉਸ ਦੀ ਦਿਆਂ ਟਿਕਾਈਆ । ਫਿਰ ਸਿਰ ਤੋਂ ਕੁੱਲਾ ਦਿਤਾ ਲਾਹ, ਜ਼ਿਮੀਂ ਉਤੇ ਪਟਕਾਈਆ । ਫੇਰ ਦੋਵੇਂ ਹੱਥ ਜੋੜ ਕੇ ਮੰਗੀ ਦੁਆ, ਨੇਤਰ ਨੈਣਾਂ ਨੀਰ ਵਹਾਈਆ । ਮੇਰੇ ਮਾਲਕ ਖ਼ਾਲਕ ਪ੍ਰਿਤਪਾਲਕ ਜੇ ਤੂੰ ਸੱਚਾ ਤੇ ਮੈਨੂੰ ਕਬਰਾਂ ਤੋਂ ਪਰ੍ਹਾਂ ਲਈਂ ਮਿਲਾ, ਮਕਬਰਿਆਂ ਵਿਚ ਆਸਣ ਕਦੇ ਨਾ ਲਾਈਆ । ਗੋਬਿੰਦ ਨੇ ਝਟ ਨਿਗਾਹ ਲਈ ਉਠਾ, ਸੈਨਤ ਹੱਥ ਨਾਲ ਕਰਾਈਆ । ਜਿਸ ਵੇਲੇ ਆਇਆ ਤੇ ਜ਼ਰੂਰ ਲਵਾਂਗਾ ਮਿਲਾ, ਮੁਹੰਮਦ ਦੀ ਸ਼ਰਅ ਵਿਚੋਂ ਬਾਹਰ ਆਪਣੇ ਨਾਲ ਰਖਾਈਆ । ਤੈਨੂੰ ਬੱਚਿਆਂ ਵਾਂਗ ਗੋਦੀ ਲਵਾਂਗਾ ਬਹਾ, ਸਿਰ ਆਪਣਾ ਹੱਥ ਟਿਕਾਈਆ । ਜ਼ਰੂਰ ਇਨ੍ਹਾਂ ਦੀ ਜ਼ਿੰਦਗੀ ਦਾ ਲੇਖਾ ਤੇਰੀ ਝੋਲੀ ਦੇਵਾਂਗਾ ਪਾ, ਤੇਰੇ ਗ੍ਰਿਹਿ ਵੱਜੇ ਵਧਾਈਆ । ਏਸੇ ਕਰ ਕੇ ਸਭ ਦਾ ਮੇਲਾ ਲਿਆ ਮਿਲਾ, ਸਤਿਗੁਰ ਸ਼ਬਦ ਅਭੁੱਲ ਭੁੱਲ ਕਦੇ ਨਾ ਜਾਈਆ । ਓਸ ਵੇਲੇ ਦੀ ਸ਼ਹਾਦਤ ਪਿਆਰ ਵਿਚ ਭੁਗਤਾਵੇ ਜਰਨੈਲ ਸਿੰਘ ਗਵਾਹ, ਜਿਸ ਗੋਬਿੰਦ ਨੂੰ ਉਚ ਦਾ ਪੀਰ ਬਣਾ ਕੇ ਆਪਣੇ ਕੰਧ ਲਿਆ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਚਾਹੇ ਸੋ ਕਰੇ ਵਿਚ ਜਹਾਂ, ਕਰਨਹਾਰ ਆਦਿ ਅੰਤ ਦਾ ਮਾਲਕ ਇਕ ਅਖਵਾਈਆ ।

## ੧੫ ਪੋਹ ਸ਼ਹਿਨਸ਼ਾਹੀ ਸੰਮਤ ੬ ਦੇਵਾ ਸਿੰਘ ਦੇ ਗ੍ਰਿਹਿ ਪਿੰਡ ਸਈ ਕਲਾਂ ਜ਼ਿਲਾ ਜੰਮੂ



ਸਚਖੰਡ ਕਹੇ ਮੇਰੀ ਸੁਹਾਉਣੀ ਰੁਤਾ, ਪ੍ਰਭ ਦੇਵੇ ਮਾਣ ਵਡਿਆਈਆ । ਕਿਰਪਾ ਕਰੇ ਪ੍ਰਭ ਅਬਿਨਾਸ਼ੀ ਅਚੁਤਾ, ਨਿਰਗੁਣ ਨਿਰਵੈਰ ਨਿਰਾਕਾਰ ਅਗੰਮ ਅਥਾਹੀਆ । ਤੇਰਾ ਮਾਰਗ ਦਿਸੇ ਉਚਾ, ਊਚ ਅਗੰਮ ਦਇਆ ਕਮਾਈਆ । ਜਗਤ ਜੀਵ ਜਹਾਨ ਰਹੇ ਕੋਇ ਨਾ ਸੁੱਤਾ, ਸੁਰਤੀ ਸ਼ਬਦ ਨਾਲ ਉਠਾਈਆ । ਆਪਣਾ ਭੇਵ ਰਖੇ ਨਾ ਲੁਕਾ, ਓਹਲਾ ਨਿਰੰਤਰ ਦੇ ਚੁਕਾਈਆ । ਹਉਮੇ ਰੋਗ ਮੇਟ ਦੇ ਦੁੱਖਾ, ਹੰਗਤਾ ਗੜ੍ਹ ਤੁੜਾਈਆ । ਆਤਮ ਪ੍ਰੇਮ ਜੋੜੇ ਟੁੱਟਾ, ਟੁੱਟਿਆਂ ਗੰਢ ਪਵਾਈਆ । ਨਿਜ ਗ੍ਰਿਹਿ ਦੇਵੇ ਸਚ ਦਾ ਸੁੱਖਾ, ਪ੍ਰੇਮ ਸਾਗਰ ਵਿਚ ਸਮਾਈਆ । ਸੁਫ਼ਲ ਕਰਾਏ ਜਨਣੀ ਕੁੱਖਾ, ਹਰਿਜਨ ਸਾਚੇ ਲਏ ਤਰਾਈਆ । ਉਜਲ ਕਰਾਏ ਮਾਤ ਮੁਖਾ, ਮੁਖ ਦੁਰਮਤ ਮੈਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਰੰਗ ਰੰਗਾਈਆ । ਸਤਿਜੁਗ ਕਹੇ ਪ੍ਰਭ ਮੇਰਾ ਵਕਤ ਸੁਹਾਉਣਾ, ਸੋਹਣੀ ਰੁਤ ਸੁਹਾਈਆ । ਧਰਨੀ ਧਰਤ ਧਵਲ ਧੌਲ ਟਿਕਾਉਣਾ, ਧਰਮ ਦੀ ਧਾਰ ਨਾਲ ਰਖਾਈਆ । ਸਚ ਦਾ ਮੰਤਰ ਇਕ ਦ੍ਰਿੜਾਉਣਾ, ਆਤਮ ਪਰਮਾਤਮ ਰਾਗ ਅਲਾਈਆ । ਕਿਰਿਆ ਕੂੜ ਦਾ ਪੰਧ ਚੁਕਾਉਣਾ, ਮਾਇਆ ਮਮਤਾ ਮੋਹ ਚੁਕਾਈਆ । ਸਚ ਦਰਬਾਰਾ ਇਕ ਸੁਹਾਉਣਾ, ਦਰ ਇਕੋ ਇਕ ਵਖਾਈਆ । ਜਿਥੇ ਚਾਰ ਵਰਨ ਅਠਾਰਾਂ ਬਰਨ ਸੀਸ ਨਿਵਾਉਣਾ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲਾ ਇਸ਼ਟ ਇਕ ਮਨਾਉਣਾ, ਦੇਵ ਆਤਮਾ ਸੱਚੀ ਕੁੜਮਾਈਆ । ਸੋ ਪੁਰਖ ਨਿਰੰਜਣ ਆਪਣਾ ਖੇਲ ਖਿਲਾਉਣਾ, ਹਰਿ ਪੁਰਖ ਨਿਰੰਜਣ ਰੰਗ ਰੰਗਾਈਆ । ਏਕੰਕਾਰ ਸੰਗ ਨਿਭਾਉਣਾ, ਆਦਿ ਨਿਰੰਜਣ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤੇ ਮਾਰਗ ਸਮਝਾਉਣਾ, ਸ੍ਰੀ ਭਗਵਾਨ ਰਹਿਬਰ ਇਕ ਅਖਵਾਈਆ । ਪਾਰਬ੍ਰਹਮ ਧੁਰ ਦਾ ਹੁਕਮ ਵਰਤਾਉਣਾ, ਬ੍ਰਹਮ ਪਰਦਾ ਦਏ ਉਠਾਈਆ । ਸ਼ਬਦੀ ਸ਼ਬਦ ਨਾਦ ਵਜਾਉਣਾ, ਸੋਈ ਸੁਰਤ ਜਗਤ ਉਠਾਈਆ । ਧਰਮ ਦੀ ਧਾਰ ਧਰਮ ਦ੍ਰਿੜਾਉਣਾ, ਮਾਨਵ ਜਾਤੀ ਇਕੋ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਗ੍ਰਿਹਿ ਇਕ ਵਖਾਈਆ । ਸਤਿਜੁਗ ਕਹੇ ਮੇਰਾ ਸਮਾਂ ਹੋਇਆ ਸੁਹਾਉਣਾ, ਸੋਹਣੀ ਮਿਲੇ ਵਡਿਆਈਆ । ਦੀਨ ਦਿਆਲਾ ਬਣੇ ਰਾਣਾ, ਰਈਅਤ ਦੋ ਜਹਾਨ ਵੇਖ ਵਖਾਈਆ । ਸਭ ਨੂੰ ਦੱਸੇ ਇਕੋ ਗਾਣਾ, ਸਤਿਗੁਰ ਸੇਵਾ ਸ਼ਬਦ ਲਗਾਈਆ । ਅੰਤਰ ਨਿਰੰਤਰ ਹੋਵੇ ਜਾਣੀ ਜਾਣਾ, ਪਰਦੇ ਪਰਦਿਆਂ ਵਿਚੋਂ ਖੁਲ੍ਹਾਈਆ । ਨਵ ਸੱਤ ਵੇਖੇ ਮਾਰ ਧਿਆਨਾ, ਬਿਨ ਅੱਖਾਂ ਅੱਖ ਉਠਾਈਆ । ਜਲਵਾਗਰ ਬਣ ਨੂਰ ਨੁਰਾਨਾ, ਨਿਰਵੈਰ ਆਪਣਾ ਹੁਕਮ ਵਰਤਾਈਆ । ਮੈਨੂੰ ਲੋਕਮਾਤ ਦੇਵੇ ਮਾਣਾ, ਸਿਰ ਮੇਰੇ ਹੱਥ ਟਿਕਾਈਆ । ਮੈਂ ਖ਼ੁਸ਼ੀਆਂ ਦੇ ਵਿਚ ਜਾਣਾ, ਦੂਰ ਦੁਰਾਡਾ ਪੰਧ ਮੁਕਾਈਆ । ਧਰਨੀ ਧਰਤ ਧਵਲ ਧੌਲ ਦੀ ਗੋਦ ਟਿਕਾਉਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਇਕ ਭਗਵਾਨਾ, ਸ੍ਰੀ ਭਗਵਾਨ ਧੁਰਦਰਗਾਹੀਆ ।

## ੧੫ ਪੋਹ ਸ਼ਹਿਸ਼ਾਹੀ ਸੰਮਤ ੬ ਬੀਬੀ ਰਾਜੋ ਦੇ ਘਰ ਪਿੰਡ ਸਈ ਕਲਾਂ ਜ਼ਿਲਾ ਜੰਮੂ

ਸਤਿਜੁਗ ਕਹੇ ਪ੍ਰਭ ਮੇਰੀ ਇਕ ਅਰਜੋਈ, ਬੇਨੰਤੀ ਦਿਆਂ ਜਣਾਈਆ । ਆਪਣੇ ਦਰ ਤੇ ਦੇਵੀਂ ਢੋਈ, ਸਿਰ ਮੇਰੇ ਹੱਥ ਰਖਾਈਆ । ਪਹਿਲੋਂ ਕਲਜੁਗ ਦੀ ਕਲਾ ਖੋਹੀਂ, ਲੋਕਮਾਤ ਰਹਿਣ ਨਾ ਪਾਈਆ । ਜਗਤ ਵਿਕਾਰੀ ਰਹੇ ਨਾ ਕੋਈ, ਕੂੜਾ ਨਾਤਾ ਦੇਣਾ ਤੁੜਾਈਆ । ਸਤਿ ਧਰਮ ਦਾ ਬੀਜ ਸਤਿ ਸਤਿਵਾਦੀ ਹੋ ਕੇ ਬੋਈਂ, ਹਰਿ ਹਿਰਦੇ ਰੰਗ ਰੰਗਾਈਆ । ਗ਼ਫ਼ਲਤ ਵਿਚ ਕਦੇ ਨਾ ਸੋਈਂ, ਜਾਗਰਤ ਜੋਤ ਕਰ ਰੁਸ਼ਨਾਈਆ । ਮੇਰੀ ਆਸ਼ਾ ਰਹੀ ਰੋਈ, ਬਿਨ ਨੈਣਾਂ ਨੀਰ ਵਹਾਈਆ । ਮੇਰੀ ਤਮੰਨਾ ਮੋਹ ਮਮਤਾ ਵਿਚ ਜਾਏ ਨਾ ਮੋਹੀ, ਮੁਹੱਬਤ ਆਪਣੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਸਤਿਜੁਗ ਕਹੇ ਪ੍ਰਭ ਮੈਨੂੰ ਬਣਾਈਂ ਆਪਣਾ ਸੁਤ ਦੁਲਾਰਾ, ਪੂਤ ਸਪੂਤਾ ਗੋਦ ਉਠਾਈਆ । ਦੇਵੀਂ ਨਾਮ ਅਧਾਰਾ, ਵਸਤ ਅਗੰਮ ਵਰਤਾਈਆ । ਸਚ ਦਾ ਸਚ ਇਕ ਜੈਕਾਰਾ, ਇਕੋ ਤੇਰਾ ਨਾਮ ਧਿਆਈਆ । ਜੋਤੀ ਜਾਤੇ ਹੋਈਂ ਉਜਿਆਰਾ, ਮੇਰਾ ਸਗਲਾ ਸੰਗ ਨਿਭਾਈਆ । ਦੀਨ ਦੁਨੀ ਦੀ ਪਾਵੀਂ ਸਾਰਾ, ਹਰ ਘਟ ਅੰਤਰ ਵੇਖ ਵਖਾਈਆ । ਕੋਈ ਜੀਵ ਮੂਰਖ ਮੂੜ੍ਹ ਨਾ ਰਹੇ ਗਵਾਰਾ, ਬੁਧ ਬਿਬੇਕ ਦੇਣੀ ਕਰਾਈਆ । ਇਕੋ ਦੱਸੀਂ ਧਰਮ ਦਵਾਰਾ, ਦੂਜਾ ਰਾਹ ਨਾ ਕੋਇ ਵਖਾਈਆ । ਮੈਂ ਸਭ ਦਾ ਬਣਾਂ ਮੀਤ ਮੁਰਾਰਾ, ਮਿੱਤਰ ਬਣ ਕੇ ਝਟ ਲੰਘਾਈਆ । ਧਰਨੀ ਉਤੇ ਦੇਂਦਾ ਰਹਾਂ ਇਸ਼ਾਰਾ, ਪੁਰਖ ਅਕਾਲੇ ਤੇਰਾ ਰਾਹ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਸਰਨਾਈਆ । ਸਤਿਜੁਗ ਕਹੇ ਪ੍ਰਭ ਮੇਰੀ ਪੁਸ਼ਤ ਪਨਾਹ ਦੇਵੀਂ ਥਾਪੀ, ਦੇਵਣਹਾਰ ਤੇਰੀ ਵਡਿਆਈਆ । ਮੇਰਾ ਲੇਖਾ ਰੱਖੀਂ ਲੋਕਮਾਤੀ, ਮਾਤ ਪਿਤ ਆਪ ਹੋ ਜਾਈਆ । ਪਹਿਲੋਂ ਕਲਜੁਗ ਦੇ ਮੇਟੀਂ ਕੂੜੇ ਪਾਪੀ, ਪਤਿਤ ਰਹਿਣ ਕੋਇ ਨਾ ਪਾਈਆ । ਭਗਤ ਬਣਾਈਂ ਸਾਥੀ, ਸੰਗੀ ਧੁਰ ਦੇ ਨਾਲ ਰਲਾਈਆ । ਆਪਣੇ ਨਾਮ ਦੀ ਖੋਲ੍ਹੀਂ ਹਾਟੀ, ਵਣਜ ਇਕੋ ਇਕ ਦਰਸਾਈਆ । ਝਗੜਾ ਮੇਟੀਂ ਜ਼ਾਤੀ ਪਾਤੀ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਚਾਰ ਵਰਨ ਕਰੀਂ ਇਕ ਜਮਾਤੀ, ਇਕੋ ਅੱਖਰ ਦੇਣਾ ਸਮਝਾਈਆ । ਨੌ ਖੰਡ ਰਹੇ ਨਾ ਅੰਧੇਰੀ ਰਾਤੀ, ਸਾਚਾ ਚੰਦ ਦੇਣਾ ਚਮਕਾਈਆ । ਤੇਰੇ ਪ੍ਰੇਮ ਦੀ ਹੋਵੇ ਪਰਭਾਤੀ, ਸੰਧਿਆ ਤੇਰਾ ਰੰਗ ਵਖਾਈਆ । ਤੂੰ ਸਾਹਿਬ ਪੁਰਖ ਸਮਰਾਥੀ, ਧੁਰ ਦੇ ਮਾਲਕ ਤੇਰੀ ਵਡ ਵਡਿਆਈਆ । ਮੇਰੀ ਮਿੰਨਤ ਮੇਰੇ ਸਾਹਿਬ ਮੰਨੀਂ ਆਖੀ, ਅੱਖਰਾਂ ਵਿਚ ਦਿਆਂ ਸੁਣਾਈਆ । ਚਾਰ ਕੁੰਟ ਦਹਿ ਦਿਸ਼ਾ ਕਰੀਂ ਰਾਖੀ, ਉੱਤਰ ਪੂਰਬ ਪੱਛਮ ਦੱਖਣ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਜੀਵਣ ਜ਼ਿੰਦਗੀ ਬਦਲ ਦੇਵੀਂ ਹਯਾਤੀ, ਹਰ ਹਿਰਦੇ ਹਰਿ ਜੂ ਆਪਣਾ ਡੇਰਾ ਲਾਈਆ ।

## ੧੫ ਪੋਹ ਸ਼ਹਿਨਸ਼ਾਹੀ ਸੰਮਤ ੬ ਅਜੀਤ ਸਿੰਘ ਦੇ ਗ੍ਰਹਿ ਪਿੰਡ ਸਈ ਕਲਾਂ ਜ਼ਿਲਾ ਜੰਮੂ

ਸਚਖੰਡ ਕਹੇ ਪ੍ਰਭ ਸਭ ਦਾ ਪੂਰਾ ਕਰ ਦੇ ਭਵਿਖਤ, ਪੂਰਬ ਲਹਿਣਾ ਦੇ ਚੁਕਾਈਆ । ਕਲਜੁਗ ਬਕਾਇਆ ਰਹੇ ਕੋਈ ਨਾ ਕਿਸ਼ਤ, ਹਿਸਾਬ

ਬੇਬਾਕ ਦੇਣਾ ਕਰਾਈਆ । ਫੇਰ ਸਭ ਦੀ ਖੋਲ੍ਹੀਂ ਦ੍ਰਿਸ਼ਟ, ਪਰਦਾ ਆਪ ਚੁਕਾਈਆ । ਇਕੋ ਤੇਰਾ ਮੰਨਣ ਇਸ਼ਟ, ਦੂਸਰ ਸੀਸ ਨਾ ਕੋਇ ਨਿਵਾਈਆ । ਸਚ ਪ੍ਰੀਤੀ ਹੋਵੇ ਇਸ਼ਕ, ਮਜਾਜ਼ੀ ਹਕੀਕੀ ਇਕੋ ਰੰਗ ਰੰਗਾਈਆ । ਨੀਤੀ ਅੰਦਰ ਦੇਣਾ ਸਿਦਕ, ਭਰੋਸਾ ਦੇਣਾ ਬੰਧਾਈਆ । ਮੇਰੀ ਸਦਾ ਓਨ੍ਹਾਂ ਨਾਲ ਹੋਵੇ ਮਿੱਲਤ, ਜੋ ਤੇਰਾ ਜਸ ਗਾਈਆ । ਮਨੂਆ ਕਰੇ ਕੋਈ ਨਾ ਇੱਲਤ, ਚਾਰ ਕੁੰਟ ਨਾ ਹੋਏ ਹਲਕਾਈਆ । ਤੇਰਾ ਰਹੇ ਕੋਇ ਨਾ ਨਿੰਦਕ, ਸਿਫ਼ਤੀ ਢੋਲੇ ਸਰਬ ਸੁਣਾਈਆ । ਫੇਰ ਮੈਨੂੰ ਬਖ਼ਸ਼ੀਂ ਹਿੰਮਤ, ਹਰ ਹਿਰਦੇ ਅੰਦਰ ਸੇਵ ਦਿਆਂ ਕਮਾਈਆ । ਪਿਆਰ ਨਾਲ ਜਾਵਾਂ ਚਿੰਮਟ, ਸੋਹਣਾ ਆਪਣਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਸਤਿਜੁਗ ਕਹੇ ਪ੍ਰਭ ਕਲਜੁਗ ਦੀ ਪਹਿਲੋਂ ਪੂਰੀ ਕਰ ਲੈ ਮਨਸਾ, ਮਾਨਸਾਂ ਲਹਿਣਾ ਦੇ ਚੁਕਾਈਆ । ਫੇਰ ਮੇਰਾ ਸੁਹਾਵੀਂ ਬੰਸਾ, ਸਿਰ ਮੇਰੇ ਹੱਥ ਟਿਕਾਈਆ । ਜਨ ਭਗਤ ਹੋਣ ਤੇਰੀ ਅੰਸਾ, ਸੁਤ ਧੁਰ ਦੇ ਦੇਣੇ ਪਰਗਟਾਈਆ । ਜਿਹੜੇ ਤੇਰੀ ਕਰਦੇ ਹੋਣ ਮੰਨਤਾ, ਮਨ ਮਨਸਾ ਤੇਰੇ ਵਿਚ ਰਖਾਈਆ । ਤੂੰ ਬੋਧ ਅਗਾਧੀ ਬਣ ਕੇ ਪੰਡਤਾ, ਧੁਰ ਦਾ ਲੇਖਾ ਦੇਣਾ ਦ੍ਰਿੜਾਈਆ । ਝਗੜਾ ਮੇਟਣਾ ਕਲਪਨਾ ਮਨ ਦਾ, ਗੁਰਮਤ ਧੁਰ ਦੀ ਦੇਣੀ ਸਮਝਾਈਆ । ਇਕੋ ਰੂਪ ਕਰਨਾ ਸਾਢੇ ਤਿੰਨ ਹੱਥ ਤਨ ਦਾ, ਵੱਖਰੀ ਵੰਡ ਨਾ ਕੋਇ ਵੰਡਾਈਆ । ਝਗੜਾ ਮੁਕਾਉਣਾ ਚੁਗ਼ਲੀ ਨਿੰਦਿਆ ਕੰਨ ਦਾ, ਸਚ ਦਾ ਸਚ ਦੇਣਾ ਪਰਗਟਾਈਆ । ਮੋਹ ਲਾਲਚ ਰਹੇ ਕਿਸੇ ਨਾ ਧੰਨ ਦਾ, ਧਰਮ ਦੀ ਧਾਰ ਸਰਬ ਵਖਾਈਆ । ਸੰਕਟ ਰਹੇ ਕੋਈ ਨਾ ਅੰਨ ਦਾ, ਭੁੱਖੀ ਮਰੇ ਨਾ ਕੋਇ ਲੋਕਾਈਆ । ਮੈਂ ਜਿਧਰ ਵੇਖਾਂ ਓਧਰੋਂ ਨਾਅਰਾ ਸੁਣਾਂ ਧੰਨ ਧੰਨ ਦਾ, ਧੰਨ ਪ੍ਰਭੂ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਆਦਿ ਜੁਗਾਦੀ ਖੇਲ ਅਗੰਮ ਦਾ, ਅਗੰਮ ਅਗੰਮੜੇ ਤੇਰੇ ਹੱਥ ਵਡਿਆਈਆ ।



### ✪ ੧੫ ਪੋਹ ਸ਼ਹਿਨਸ਼ਾਹੀ ਸੰਮਤ ੬ ਗੁਰਮੁਖ ਸਿੰਘ ਦੇ ਗ੍ਰਿਹ ਪਿੰਡ ਸਈ ਕਲਾਂ ਜ਼ਿਲਾ ਜੰਮੂ ✪

ਸਤਿਜੁਗ ਕਹੇ ਪ੍ਰਭ ਪਿਛਲੀ ਰਹੇ ਨਾ ਕੋਇ ਮੁਛੰਦਗੀ, ਮੁਸ਼ਕਲ ਹੱਲ ਦੇਣੀ ਕਰਾਈਆ । ਕਲਜੁਗ ਦੀ ਆਪਣੇ ਲੇਖੇ ਲਾ ਲੈ ਬੰਦਗੀ, ਡੰਡਾਵਤ ਬੰਦਨਾ ਆਪਣੀ ਝੋਲੀ ਪਾਈਆ । ਮੈਨੂੰ ਬਖ਼ਸ਼ਿਸ਼ ਕਰੀਂ ਆਪਣੇ ਅਨੰਦ ਦੀ, ਅਨੰਦ ਅਨੰਦ ਵਿਚੋਂ ਪਰਗਟਾਈਆ । ਮੈਂ ਖੇਲ ਤਕਾਂ ਸ਼ਬਦੀ ਤੇਰੇ ਚੰਨ ਦੀ, ਦੁਲਾਰਾ ਇਕੋ ਸੋਭਾ ਪਾਈਆ । ਖ਼ੁਸ਼ੀ ਵੇਖਾਂ ਬੰਦ ਬੰਦ ਦੀ, ਬੰਧਨ ਸ਼ਰਅ ਨਾ ਕੋਇ ਤੁੜਾਈਆ । ਮੇਰੀ ਧਾਰ ਹੋਵੇ ਭਗਤਾਂ ਸੰਗ ਦੀ, ਭਗਵਨ ਤੇਰਾ ਰਾਹ ਤਕਾਈਆ । ਮੇਰੀ ਆਸ਼ਾ ਇਹੋ ਮੰਗਦੀ, ਇਕੋ ਤੇਰਾ ਨਾਮ ਸਿਫ਼ਤ ਸਾਲਾਹੀਆ । ਖੇਡ ਰਹੇ ਨਾ ਦੀਨ ਮਜ਼੍ਹਬ ਜੰਗ ਦੀ, ਸ਼ਰਅ ਕਤਲਗਾਹ ਨਾ ਕੋਇ ਪਰਗਟਾਈਆ । ਹੱਦ ਰਹੇ ਨਾ ਦਵੈਤੀ ਕੰਧ ਦੀ, ਦਰ ਇਕੋ ਹੋਣਾਂ ਸਹਾਈਆ । ਵਡਿਆਈ ਰੱਖਣੀ ਆਪਣੇ ਛੰਦ ਦੀ, ਢੋਲਾ ਦੱਸਣਾ ਅਗੰਮ ਅਥਾਹੀਆ । ਮੰਜ਼ਲ ਰਹੇ ਨਾ ਕੂੜੇ ਪੰਧ ਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਤੇਰੇ ਹੱਥ ਵਡਿਆਈਆ । ਸਤਿਜੁਗ ਕਹੇ ਪ੍ਰਭ ਤੂੰ ਮੇਰਾ ਬਣਨਾ ਅਹਿਬਾਬ, ਮਿੱਤਰ ਇਕ ਅਖਵਾਈਆ । ਕਲਜੁਗ

ਦਾ ਲੇਖਾ ਪੂਰਾ ਕਰ ਹਿਸਾਬ, ਬਾਕੀ ਨਜ਼ਰ ਕੋਇ ਨਾ ਆਈਆ । ਪਿਛਲੀ ਲੇਖੇ ਲਾ ਜਗਤ ਕਿਤਾਬ, ਕੁਤਬਖ਼ਾਨੇ ਆਪਣੇ ਵਿਚ ਟਿਕਾਈਆ । ਮਾਨਵ ਜ਼ਾਤੀ ਕਰ ਆਜ਼ਾਦ, ਦੀਨ ਦੁਨੀ ਦਾ ਬੰਧਨ ਆਪ ਤੁੜਾਈਆ । ਸਚ ਨਾਮ ਸੁਣਾ ਆਪ ਆਵਾਜ਼, ਸੰਦੇਸ਼ਾ ਇਕ ਅਲਾਈਆ । ਝਗੜਾ ਰਹੇ ਨਾ ਰੋਜ਼ਾ ਨਿਮਾਜ਼, ਸੱਜਦਾ ਸੀਸ ਨਾ ਕੋਇ ਨਿਵਾਈਆ । ਪੁਰਖ ਅਬਿਨਾਸ਼ੀ ਇਕੋ ਸੀਸ ਸੋਹੇ ਤੇਰੇ ਤਾਜ, ਦੋ ਜਹਾਨਾਂ ਹੁਕਮ ਵਰਤਾਈਆ । ਫੇਰ ਮੇਰਾ ਚਲੇ ਸੱਚਾ ਰਾਜ, ਲੋਕਮਾਤ ਵਡ ਵਡਿਆਈਆ । ਸਭ ਦੀ ਆਲਸ ਨਿੰਦਰਾ ਖੁੱਲ੍ਹੇ ਜਾਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਮੇਰਾ ਵਡਾ ਹੋਵੇ ਭਾਗ, ਭਗਵਨ ਤੇਰੀ ਓਟ ਤਕਾਈਆ । ਤੂੰ ਆਦਿ ਅੰਤ ਦਾ ਮਹਾਰਾਜ, ਮਿਹਰਵਾਨ ਹੋਵੇਂ ਸਹਾਈਆ । ਮੇਰਾ ਸਤਿ ਦਾ ਹੋਵੇ ਸਮਾਜ, ਸਮਿਗਰੀ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਚਲੇ ਵਾਹਿਦ, ਵਾਅਦੇ ਪਿਛਲੇ ਸਭ ਦੇ ਪੂਰ ਕਰਾਈਆ ।

### ✪ ੧੫ ਪੋਹ ਸ਼ਹਿਨਸ਼ਾਹੀ ਸੰਮਤ ੬ ਪੂਰਨ ਸਿੰਘ ਦੇ ਗ੍ਰਿਹ ਪਿੰਡ ਸਈ ਜ਼ਿਲਾ ਜੰਮੂ ✪

ਸਤਿਜੁਗ ਕਹੇ ਪ੍ਰਭ ਮੇਰੀ ਨਿਮਸਕਾਰੀ, ਨਮੋ ਨਮੋ ਸੀਸ ਨਿਵਾਈਆ । ਹੁਕਮ ਦੇ ਦੇ ਆਪਣੇ ਜੋ ਤੇਰੇ ਕਰਮਚਾਰੀ, ਜੁਗ ਜੁਗ ਲੋਕਮਾਤ ਸੇਵ ਕਮਾਈਆ । ਓਨ੍ਹਾਂ ਦੱਸਦੇ ਆਈ ਸਤਿਜੁਗ ਵਾਰੀ, ਵਾਰਤਾ ਪਿਛਲੀ ਦੇਣ ਭੁਲਾਈਆ । ਬੇਖ਼ਬਰ ਰਹੇ ਨਾ ਕੋਇ ਪੈਗ਼ੰਬਰ ਗੁਰ ਅਵਤਾਰੀ, ਅਵਤਰੇ ਪੜਦਾ ਦੇਣਾ ਚੁਕਾਈਆ । ਮੇਰੇ ਵਿਚ ਤੇਰੇ ਨਾਮ ਦੀ ਹੋਵੇ ਇਕ ਜੈਕਾਰੀ, ਜੈ ਜੈ ਕਾਰ ਕਰੇ ਲੋਕਾਈਆ । ਇਕੋ ਤੇਰਾ ਨੂਰ ਜੋਤ ਹੋਏ ਉਜਿਆਰੀ, ਦੂਸਰ ਰੂਪ ਨਾ ਕੋਇ ਦਰਸਾਈਆ । ਇਕੋ ਤੇਰਾ ਸ਼ਬਦ ਸਤਿਗੁਰੂ ਹੋਵੇ ਦਰ ਦਰਬਾਰੀ, ਦਰ ਦਰਬਾਨ ਸੋਭਾ ਪਾਈਆ । ਤੂੰ ਸਚ ਦਾ ਬਣੀਂ ਭੰਡਾਰੀ, ਸਤਿ ਸਚ ਦੇਣਾ ਵਰਤਾਈਆ । ਇਕੋ ਨਾਮ ਦੀ ਬਖ਼ਸ਼ ਖ਼ੁਮਾਰੀ, ਖ਼ਾਲਸ ਆਪਣਾ ਰੰਗ ਰੰਗਾਈਆ । ਕਿਸੇ ਤਨ ਵਜੂਦ ਰਹੇ ਨਾ ਕੋਇ ਬੀਮਾਰੀ, ਦੁਖੀ ਜੀਵ ਨਾ ਕੋਇ ਬਿਲਲਾਈਆ । ਚਾਰ ਕੁੰਟ ਦਹਿ ਦਿਸ਼ਾ ਤੇਰੀ ਮੁਹੱਬਤ ਦੀ ਹੋਵੇ ਯਾਰੀ, ਯਰਾਨਾ ਅਵਰ ਨਾ ਕੋਇ ਵਖਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਬਣਨਾ ਸਿਕਦਾਰੀ, ਸਿਰ ਸਿਰ ਆਪਣਾ ਹੁਕਮ ਵਰਤਾਈਆ । ਮੇਰੀ ਪੈਜ ਦੇਵੀਂ ਸਵਾਰੀ, ਅਪਹਾਜ ਲੂਲ੍ਹਾ ਲੰਗੜਾ ਨਜ਼ਰ ਕੋਇ ਨਾ ਆਈਆ । ਨਿਵ ਨਿਵ ਤੇਰਾ ਹੋਏ ਅਧਾਰੀ, ਉਦਰ ਵਿਚ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨੂਰ ਜੋਤ ਨਿਰੰਕਾਰੀ, ਨਿਰਵੈਰ ਤੇਰੇ ਹੱਥ ਵਡਿਆਈਆ ।

### ✪ ੧੫ ਪੋਹ ਸ਼ਹਿਨਸ਼ਾਹੀ ਸੰਮਤ ੬ ਇੰਦਰ ਰਾਮ ਦੇ ਗ੍ਰਿਹ ਪਿੰਡ ਸਈ ਜ਼ਿਲਾ ਜੰਮੂ ✪

ਸਤਿਜੁਗ ਕਹੇ ਪ੍ਰਭ ਆਪਣੀ ਪਵਿੱਤਰ ਕਰ ਬਸੁਧਾ, ਬਸਨ ਬਨਵਾਰੀ ਦਇਆ ਕਮਾਈਆ । ਕੂੜੀ ਕਿਰਿਆ ਰਹੇ ਕੋਇ ਨਾ ਯੁਧਾ, ਝਗੜਾ

ਲੋਭ ਨਾ ਕੋਇ ਵਖਾਈਆ । ਫੇਰ ਇਕੋ ਆਪਣਾ ਨਾਮ ਕਰ ਉਘਾ, ਉਗਣ ਆਥਣ ਵੱਜੇ ਵਧਾਈਆ । ਦੁਤੀਆ ਭਾਉ ਰਹੇ ਨਾ ਦੂਜਾ, ਦਵੈਤ ਦੇਣੀ ਬਾਹਰ ਕਢਾਈਆ । ਸਚ ਸੁਹੰਜਣਾ ਵੇਲਾ ਹੋਏ ਲੱਗਾ, ਸੋਹਣਾ ਰੰਗ ਰੰਗਾਈਆ । ਤੇਰੇ ਨਾਮ ਦਾ ਲਏ ਕੋਇ ਨਾ ਭੁੱਗਾ, ਹਿੱਸਿਆਂ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਬੇਪਰਵਾਹੀਆ । ਸਤਿਜੁਗ ਕਹੇ ਪ੍ਰਭ ਆਪਣੀ ਧੌਲ ਕਰ ਲੈ ਸਾਫ਼, ਸੁਥਰੀ ਮਾਤ ਬਣਾਈਆ । ਪਿਛਲਾ ਕਰਮ ਕਰ ਮੁਆਫ਼, ਮਿਹਰ ਨਜ਼ਰ ਉਠਾਈਆ । ਜੀਵ ਰਹੇ ਨਾ ਕੋਇ ਗੁਸਤਾਖ਼, ਗਿਲਾ ਅੰਦਰੋਂ ਦੇਣਾ ਕਢਾਈਆ । ਏਕਾ ਨੂਰ ਕਰ ਪ੍ਰਕਾਸ਼, ਜੋਤੀ ਜੋਤ ਡਗਮਗਾਈਆ । ਪਰਦਾ ਲਾਹ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਆਪਣਾ ਹੁਕਮ ਵਰਤਾਈਆ । ਸ਼ੰਕਰ ਹਲੂਣਾ ਦੇ ਉਪਰ ਕੈਲਾਸ਼, ਬ੍ਰਹਮਾ ਬ੍ਰਹਮ ਧਾਰ ਉਠਾਈਆ । ਵਿਸ਼ਨ ਵਿਸ਼ਵ ਦਾ ਦੇਵੇ ਸਾਥ, ਸਗਲਾ ਸੰਗ ਬਣਾਈਆ । ਆਤਮ ਪਰਮਾਤਮ ਪਰਸਿੱਧ ਕਰ ਗਾਥ, ਜੀਵ ਜਗਤ ਜਹਾਨ ਦ੍ਰਿੜਾਈਆ । ਪਿਛਲੀ ਰਹੇ ਕੋਈ ਨਾ ਵਾਟ, ਮੰਜ਼ਲ ਸਭ ਦੀ ਪੂਰ ਕਰਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਚ ਸਤਿ ਚੰਨ ਕਰ ਰੁਸ਼ਨਾਈਆ । ਇਹੋ ਮੇਰੀ ਬੇਨੰਤੀ ਇਹੋ ਮੇਰੀ ਆਸ, ਖ਼ਾਹਿਸ਼ ਤੇਰੇ ਅੱਗੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਮਹਿਬੂਬ ਕਿਰਪਾ ਕਰ ਆਪ, ਆਪ ਆਪਣੀ ਦਇਆ ਕਮਾਈਆ ।



## ੧੫ ਪੋਹ ਸ਼ਹਿਨਸ਼ਾਹੀ ਸੰਮਤ ੬ ਵਕੀਲ ਸਿੰਘ ਦੇ ਗ੍ਰਿਹ ਪਿੰਡ ਸਈ ਜ਼ਿਲਾ ਜੰਮੂ

੯੯੩ ੨੨

ਸਤਿਜੁਗ ਕਹੇ ਪ੍ਰਭ ਮੇਰੀ ਇਕ ਅਰਦਾਸ, ਆਰਜ਼ੂ ਅਰਜ਼ ਵਿਚ ਜਣਾਈਆ । ਕਲਜੁਗ ਕੂੜੀ ਕਿਰਿਆ ਸਾਰੀ ਕਰ ਨਾਸ, ਨਾਸਤਕ ਰਹਿਣ ਕੋਇ ਨਾ ਪਾਈਆ । ਹਰ ਹਿਰਦੇ ਅੰਦਰ ਦੇ ਆਪਣਾ ਵਿਸ਼ਵਾਸ, ਵਿਸ਼ਿਆਂ ਵਿਚੋਂ ਬਾਹਰ ਕਢ ਲੋਕਾਈਆ । ਚਾਰੋਂ ਕੁੰਟ ਮੇਟ ਅੰਧੇਰੀ ਰਾਤ, ਨੂਰੀ ਜੋਤ ਚੰਦ ਕਰ ਰੁਸ਼ਨਾਈਆ । ਦੀਨ ਮਜ਼੍ਹਬ ਕੋਈ ਕਰੇ ਨਾ ਕਿਸੇ ਦਾ ਘਾਤ, ਘਾਉ ਕਲਮਾ ਨਾਮ ਨਾ ਕੋਇ ਲਗਾਈਆ । ਸਚ ਧਰਮ ਦੀ ਬਖ਼ਸ਼ ਦਾਤ, ਦੌਲਤਮੰਦ ਆਪ ਵਰਤਾਈਆ । ਭਗਤ ਸੁਹੇਲੇ ਬਣਾ ਜਮਾਤ, ਸਾਰੇ ਇਕੋ ਘਰ ਸਮਝਾਈਆ । ਮਨੂਆ ਰਹੇ ਨਾ ਕੋਇ ਗੁਸਤਾਖ਼, ਹਉਮੇ ਰੋਗ ਦੇਣਾ ਮਿਟਾਈਆ । ਅਵਤਾਰ ਪੈਗ਼ੰਬਰ ਗੁਰੂਆਂ ਰਹੇ ਕੋਈ ਨਾ ਸ਼ਾਖ਼, ਸ਼ਨਾਖਤ ਆਪਣੀ ਦੇਣੀ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਸਤਿਜੁਗ ਕਹੇ ਪ੍ਰਭ ਕਲਜੁਗ ਕੂੜ ਤੋੜ ਦੇ ਨਾਤਾ, ਨਰ ਨਰਾਇਣ ਦਇਆ ਕਮਾਈਆ । ਪਿਛਲਾ ਰਹੇ ਕੋਈ ਨਾ ਸਾਕਾ, ਅਗਲੀ ਅਗੰਮ ਕਰ ਪੜ੍ਹਾਈਆ । ਧਰਮ ਦਵਾਰ ਦਾ ਖੋਲ੍ਹ ਤਾਕਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਲਹਿਣਾ ਰਹੇ ਨਾ ਜ਼ਾਤਾ ਪਾਤਾ, ਦੀਨ ਦੁਨੀ ਇਕੋ ਰੰਗ ਰੰਗਾਈਆ । ਆਪ ਬਣ ਸਭ ਦਾ ਪਿਤਾ ਮਾਤਾ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਤਿਜੁਗ ਕਹੇ ਪ੍ਰਭ ਕਲਜੁਗ ਕੂੜ ਰਹੇ ਨਾ ਕਾਤੀ, ਕਲਕਾਤੀ ਦੇ ਮੁਕਾਈਆ । ਸਭ ਦੀ ਜ਼ਿੰਦਗੀ ਬਦਲ ਹਯਾਤੀ, ਹਰਿ ਹਰਿ ਜੂ ਵੇਖ ਵਖਾਈਆ ।

ਤੇਰਾ ਇਸ਼ਟ ਹੋਵੇ ਨਾ ਬਹੁਭਾਤੀ, ਇਕੋ ਨਾਮ ਦੇਣਾ ਜਪਾਈਆ । ਆਤਮ ਬ੍ਰਹਮ ਦਾ ਬਣਨਾ ਸਾਥੀ, ਧੁਰ ਦਾ ਸੰਗ ਰਖਾਈਆ । ਮੇਰੇ ਸਾਹਿਬ ਸਤਿਗੁਰ ਫਿਰ ਮੈਂ ਤੇਰੀ ਮੰਨਾਂ ਆਖੀ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਧਾਰ ਅਲਖਣਾ ਅਲਾਖੀ, ਅਲਖ ਅਗੋਚਰ ਬੇਪਰਵਾਹ ਵਡ ਤੇਰੀ ਬੇਪਰਵਾਹੀਆ ।



✪ ੧੫ ਪੋਹ ਸ਼ਹਿਨਸ਼ਾਹੀ ਸੰਮਤ ੬ ਮੰਗਲ ਸਿੰਘ ਦੇ ਗ੍ਰਿਹ ਪਿੰਡ ਸਈ ਕਲਾਂ ਜ਼ਿਲਾ ਜੰਮੂ ✪

ਸਤਿਜੁਗ ਕਹੇ ਪ੍ਰਭ ਕਲਜੁਗ ਬੰਧਾ ਦੇ ਬਸਤਾ, ਅਲਿਫ਼ ਯੇ ਰਹੇ ਨਾ ਰਾਈਆ । ਧਰਮ ਦਾ ਸਾਫ਼ ਕਰ ਦੇ ਰਸਤਾ, ਮਾਰਗ ਇਕ ਸਮਝਾਈਆ । ਨਾਸਤਕ ਕੋਈ ਨਾ ਹੋਵੇ ਵਸਦਾ, ਮਨਮੁਖਾਂ ਡੇਰਾ ਢਾਹੀਆ । ਤੇਰਾ ਗੁਰਮੁਖ ਹੋਵੇ ਹੱਸਦਾ, ਤੇਰੀ ਹੱਸਤੀ ਤਕੇ ਚਾਈਂ ਚਾਈਆ । ਉਸ ਦੇ ਅੰਦਰ ਭੰਡਾਰਾ ਹੋਵੇ ਜਸ ਦਾ, ਸਿਫ਼ਤਾਂ ਸਿਫ਼ਤ ਸਾਲਾਹੀਆ । ਉਸ ਦਾ ਮੇਲਾ ਨਿਜ ਨੇਤਰ ਹੋਵੇ ਅੱਖ ਦਾ, ਗਿਆਨ ਦੇਣਾ ਦ੍ਰਿੜਾਈਆ । ਲਹਿਣਾ ਦੇਣਾ ਹੋਵੇ ਪੱਕ ਦਾ, ਪੱਕੀ ਗੰਢ ਨਾਮ ਪਵਾਈਆ । ਓਹ ਸੂਰ ਗਾਂ ਕੋਈ ਨਾ ਹੋਵੇ ਛਕਦਾ, ਪੰਛੀਆਂ ਖੱਲ ਨਾ ਕੋਇ ਲੁਹਾਈਆ । ਪਿਆਲਾ ਪੀਂਦਾ ਹੋਵੇ ਕੋਈ ਨਾ ਮਦਿ ਦਾ, ਰਸਨਾ ਰਸ ਨਾ ਕੋਇ ਹਲਕਾਈਆ । ਹਰਿਜਨ ਤੈਨੂੰ ਹੋਵੇ ਲੱਭਦਾ, ਚਾਰ ਕੁੰਟ ਦਹਿ ਦਿਸ਼ਾ ਅੱਖ ਉਠਾਈਆ । ਫਿਰ ਸਤਿਗੁਰ ਮੇਰਾ ਸਮਾਂ ਫਬਦਾ, ਵਕਤ ਸੁਹੰਜਣਾ ਨਜ਼ਰੀ ਆਈਆ । ਮੈਂ ਲੇਖਾ ਤਕਾਂ ਤੇਰੀ ਭਗਤਾਂ ਵਾਲੀ ਯਦ ਦਾ, ਯਦੀ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਲੇਖਾ ਹੋਵੇ ਲੋਕਮਾਤੀ ਫੇਰ ਜਗਦਾ, ਜਾਗਰਤ ਜੋਤ ਕਰਨੀ ਆਪ ਰੁਸ਼ਨਾਈਆ ।

✪ ੧੫ ਪੋਹ ਸ਼ਹਿਨਸ਼ਾਹੀ ਸੰਮਤ ੬ ਪ੍ਰੇਮੀ ਦੇਵੀ ਦੇ ਗ੍ਰਿਹ ਪਿੰਡ ਸਈ ਕਲਾਂ ਜ਼ਿਲਾ ਜੰਮੂ ✪

ਸਤਿਜੁਗ ਕਹੇ ਪ੍ਰਭ ਕਲਜੁਗ ਮੇਟ ਕਲਪਨਾ ਕੂੜ, ਕੁੜੱਤਨ ਅੰਦਰੋਂ ਬਾਹਰ ਕਢਾਈਆ । ਮਾਨਸ ਰਹੇ ਨਾ ਕੋਈ ਮੂਰਖ ਮੂੜ੍ਹ, ਜੋ ਤੈਨੂੰ ਰਿਹਾ ਭੁਲਾਈਆ । ਜਨ ਭਗਤਾਂ ਬਖ਼ਸ਼ ਆਪਣੀ ਧੂੜ, ਟਿੱਕੇ ਧਰਮ ਲਗਾਈਆ । ਯੋਧੇ ਬਣਾ ਬੀਰ ਸੂਰ, ਸੂਰਬੀਰ ਅਖਵਾਈਆ । ਨਾਮ ਦੀ ਦੇ ਦੇ ਤੂਰ, ਅਗੰਮ ਨਾਦ ਸ਼ਨਵਾਈਆ । ਜੋਤ ਦਾ ਬਖ਼ਸ਼ ਨੂਰ, ਅੰਧ ਅੰਧੇਰ ਗਵਾਈਆ । ਪ੍ਰੇਮ ਵਿਚ ਕਰ ਮਖਮੂਰ, ਮਗ਼ਰੂਰ ਰਹਿਣ ਕੋਇ ਨਾ ਪਾਈਆ । ਸਤਿ ਸਚ ਬਣਾ ਦਸਤੂਰ, ਹੁਕਮ ਇਕੋ ਇਕ ਵਰਤਾਈਆ । ਸਭ ਦਾ ਮਾਲਕ ਹੋ ਹਜ਼ੂਰ, ਹਜ਼ਰਤ ਨਜ਼ਰ ਕੋਇ ਨਾ ਆਈਆ । ਤੇਰਾ ਇਕੋ ਕਲਮਾ ਹੋਏ ਮਸ਼ਹੂਰ, ਮਸ਼ਵਰਾ ਤੇਰੇ ਨਾਲ ਰਖਾਈਆ । ਤੂੰ ਸਰਬ ਕਲਾ ਭਰਪੂਰ, ਪ੍ਰਭ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਸ਼ੁਕਰੀਏ ਵਿਚ ਰਹਾਂ ਮਸ਼ਕੂਰ, ਮੁਸ਼ਕਲ ਨਜ਼ਰ ਕੋਇ ਨਾ ਆਈਆ ।

## ੧੫ ਪੋਹ ਸ਼ਹਿਨਸ਼ਾਹੀ ਸੰਮਤ ੬ ਚੂਹੜ ਸਿੰਘ ਦੇ ਗ੍ਰਿਹ ਪਿੰਡ ਸਈ ਕਲਾਂ ਜ਼ਿਲਾ ਜੰਮੂ

ਸਤਿਜੁਗ ਕਹੇ ਪ੍ਰਭ ਮਿਟਾ ਕਲਜੁਗ ਅੰਧੇਰਾ ਘੋਰ, ਸਤਿ ਸਚ ਕਰ ਰੁਸ਼ਨਾਈਆ । ਚਾਰ ਕੁੰਟ ਦਹਿ ਦਿਸ਼ਾ ਰਹੇ ਕੋਈ ਨਾ ਚੋਰ, ਠੱਗੀ ਮਾਤ ਦੇ ਮੁਕਾਈਆ । ਮਨੂਆ ਮਮਤਾ ਵਿਚ ਪਾਏ ਨਾ ਸ਼ੋਰ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਤੜਫਾਈਆ । ਸਤਿ ਸਚ ਦਾ ਮਾਰਗ ਆਪਣਾ ਤੋਰ, ਤੁਰਤ ਆਪਣਾ ਹੁਕਮ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਦੀ ਰਹੇ ਕੋਇ ਨਾ ਲੋੜ, ਲੋੜੀਂਦੇ ਸਾਜਣ ਹੋਣਾ ਸਹਾਈਆ । ਭਗਤ ਭਗਵਾਨ ਆਪਣੇ ਨਾਲ ਜੋੜ, ਜੋੜੀ ਧਰਮ ਧਾਰ ਬਣਾਈਆ । ਨਾਮ ਸ਼ਬਦ ਦੀ ਰਹੇ ਕੋਈ ਨਾ ਥੋੜ, ਘਾਟਾ ਨਜ਼ਰ ਕੋਈ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਨਾਮ ਦੀ ਲਾ ਦੇ ਅਗੰਮੀ ਮੋਹਰ, ਮੋਹਰੇ ਸਭ ਦੇ ਦੇ ਬਦਲਾਈਆ ।

## ੧੫ ਪੋਹ ਸ਼ਹਿਨਸ਼ਾਹੀ ਸੰਮਤ ੬ ਲਛਮਣ ਸਿੰਘ ਦੇ ਗ੍ਰਿਹ ਪਿੰਡ ਸਈ ਕਲਾਂ ਜ਼ਿਲਾ ਜੰਮੂ

ਸਤਿਜੁਗ ਕਹੇ ਪ੍ਰਭ ਮੈਂ ਤੇਰੀ ਤਕਾਂ ਹਸਤੀ, ਹਸਤ ਚਰਨ ਕਵਲ ਛੁਹਾਈਆ । ਤੇਰਿਆਂ ਭਗਤਾਂ ਦੀ ਤਕਾਂ ਬਸਤੀ, ਨਗਰ ਖੇੜਾ ਸੋਭਾ ਪਾਈਆ । ਨਾਮ ਖ਼ੁਮਾਰੀ ਤਕਾਂ ਮਸਤੀ, ਜੋ ਤੇਰੇ ਰੰਗ ਵਿਚ ਸਮਾਈਆ । ਖੇਲ ਵੇਖਾਂ ਉਪਰ ਧਰਤੀ, ਧਵਲ ਨਾਲ ਚਤੁਰਾਈਆ । ਤੇਰਾ ਲੇਖਾ ਅੰਤਮ ਪੂਰਾ ਹੋਵੇ ਸ਼ਰਤੀ, ਸ਼ਰਅ ਦੀ ਸ਼ਰਅ ਦੇਣੀ ਬਦਲਾਈਆ । ਕੀ ਹੋਇਆ ਜੇ ਹੁੰਡੀ ਤਾਰੀ ਨਰਸੀ, ਨਰ ਨਰਾਇਣ ਦਇਆ ਕਮਾਈਆ । ਹੁਣ ਗ਼ਰੀਬ ਬਣ ਕੇ ਦਰਦੀ, ਦੀਨ ਦਿਆਲ ਗੋਦ ਟਿਕਾਈਆ । ਮੇਰੀ ਇਕੋ ਬੇਨੰਤੀ ਇਕੋ ਅਰਜ਼ੀ, ਅਰਦਾਸ ਦਿਆਂ ਸੁਣਾਈਆ । ਸਦਾ ਪੈਜ ਸਵਾਰੀਂ ਗੁਰਮੁਖਾਂ ਦੇ ਘਰ ਦੀ, ਘਰ ਘਰ ਆਪਣੇ ਚਰਨ ਟਿਕਾਈਆ । ਤੇਰੀ ਮੁਹੱਬਤ ਜਾਏ ਬੜ੍ਹਦੀ, ਅੱਗੇ ਹੋ ਨਾ ਕੋਇ ਅਟਕਾਈਆ । ਗੁਰਮੁਖਾਂ ਦੀ ਕਲਾ ਹੋਵੇ ਚੜ੍ਹਦੀ, ਚੜ੍ਹਦੇ ਲਹਿੰਦੇ ਵੱਜੇ ਵਧਾਈਆ । ਮੇਰੇ ਵਿਚ ਸਭ ਦੀ ਆਤਮਾ ਸੋਹੰ ਢੋਲਾ ਹੋਵੇ ਪੜ੍ਹਦੀ, ਸ਼ਬਦੀ ਰਾਗ ਸੁਣਾਈਆ । ਮੈਂ ਖੇਲ ਤਕਾਂ ਨਰਾਇਣ ਨਰ ਦੀ, ਨਰ ਹਰਿ ਆਪਣੀ ਅੱਖ ਖੁਲ੍ਹਾਈਆ । ਮੇਰੀ ਆਸ਼ਾ ਭਰੀ ਤੇਰੇ ਚਰਨ ਕਵਲ ਦੀ, ਕਵਲ ਨੈਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਜੋੜੀ ਹੋਵੇ ਨਾ ਘੜੀ ਪਲ ਦੀ, ਜਨ ਭਗਤ ਸਦ ਤੇਰੇ ਵਿਚ ਸਮਾਈਆ ।

ਸਤਿਜੁਗ ਕਹੇ ਪ੍ਰਭ ਆਪਣਾ ਖੇਲ ਕਰਦੇ ਅੱਛਾ, ਅੱਛੀ ਤਰਾਂ ਧਿਆਨ ਲਗਾਈਆ । ਮੈਂ ਇਕ ਬਚਨ ਕਰਾਂ ਸੱਚਾ, ਸਚ ਸਚ ਸੁਣਾਈਆ । ਪਹਿਲੋਂ ਮੈਨੂੰ ਆਪਣਾ ਬਣਾਵੀਂ ਬੱਚਾ, ਸਿਰ ਮੇਰੇ ਹੱਥ ਟਿਕਾਈਆ । ਫੇਰ ਧਰਮ ਦੀ ਭਰੀਂ ਸੱਤਾ, ਸਤਿਵਾਦੀ ਦਇਆ ਕਮਾਈਆ । ਫਿਰ ਨਾਮ ਭੰਡਾਰਾ ਰਤਨ ਅਮੋਲਕ ਦੇਵੀਂ ਰਤਾ, ਨਿਰਵੈਰ ਅੱਖ ਖੁਲ੍ਹਾਈਆ । ਫਿਰ ਧੀਰਜ ਬਖ਼ਸ਼ੀਂ ਜਤਾ, ਸਤਿ ਸੰਤੋਖ ਵਰਤਾਈਆ । ਮੇਰੀ ਦਰੋਹੀ ਮੇਰੇ

ਵਿਚ ਕੋਈ ਖਾਏ ਨਾ ਕਟਾ ਵੱਛਾ, ਪੰਖੇਰੂਆਂ ਖੱਲ ਨਾ ਕੋਇ ਲੁਹਾਈਆ । ਤੂੰ ਹਰ ਘਟ ਲੂੰ ਲੂੰ ਅੰਦਰ ਹੋਵੇਂ ਰਚਾ, ਰਚਨਾ ਆਪਣੀ ਦੇਣੀ ਬਣਾਈਆ । ਹਰ ਘੜੀ ਮੇਰੀ ਹੋਵੇ ਫ਼ਤਹਿ, ਡੰਕਾ ਆਪਣਾ ਨਾਮ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਸੀਸ ਨਿਵਾਈਆ । ਸਤਿਜੁਗ ਕਹੇ ਪ੍ਰਭ ਮੇਰਾ ਧਰਮ ਵਧਾਈਂ ਅੱਗਾ, ਤੇਰੇ ਆਗਮਨ ਵਿਚ ਸੀਸ ਨਿਵਾਈਆ । ਕੂੜ ਕਿਰਿਆ ਰਹੇ ਮੂਲ ਨਾ ਦਗਾ, ਝੂਠ ਦਾ ਝਗੜਾ ਦੇਣਾ ਚੁਕਾਈਆ । ਹਰਿਜਨ ਤੇਰੀ ਸਰਨਾਈ ਹੋਵੇ ਲੱਗਾ, ਇਸ਼ਟ ਅਵਰ ਨਾ ਕੋਇ ਮਨਾਈਆ । ਸਚ ਪ੍ਰੀਤੀ ਵਿਚ ਹੋਵੇ ਬੱਝਾ, ਮੁਹੱਬਤ ਸਕੇ ਨਾ ਕੋਇ ਤੁੜਾਈਆ । ਤੇਰੀ ਚਲਦਾ ਹੋਵੇ ਵਿਚ ਰਜ਼ਾ, ਭਾਣਾ ਮੰਨ ਕੇ ਸੀਸ ਨਿਵਾਈਆ । ਸਚ ਦਵਾਰੇ ਬੈਠਾ ਹੋਵੇ ਸਜਾ, ਦਰ ਸਾਚਾ ਇਕ ਵਖਾਈਆ । ਤੇਰੇ ਨਾਮ ਦਾ ਲਵੇ ਮਜ਼ਾ, ਰਸ ਆਪਣਾ ਦੇਣਾ ਚਖਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਸਭ ਦੀ ਸਾਂਝੀ ਭਗਤ ਦਵਾਰੇ ਹੋਵੇ ਜਗਹ, ਇਕੋ ਗ੍ਰਿਹ ਮੰਦਰ ਵੱਜੇ ਵਧਾਈਆ । ਕਿਸੇ ਅਵਤਾਰ ਪੈਗ਼ੰਬਰ ਗੁਰ ਦਾ ਰਹੇ ਕੋਇ ਨਾ ਦੱਬਾ, ਦਬਦਬੇ ਸਾਰੇ ਦੇਣੇ ਚੁਕਾਈਆ । ਸਤਿਗੁਰ ਸ਼ਬਦ ਦਾ ਸਾਰੇ ਸੁਣਨ ਸੱਦਾ, ਸੁਨੇਹੜਾ ਘਰ ਘਰ ਦੇਣਾ ਪਹੁੰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਵੱਡੇ ਤੇਰੀ ਵਡ ਵਡਿਆਈਆ । ਸਤਿਜੁਗ ਕਹੇ ਪ੍ਰਭ ਚਾੜ੍ਹੀਂ ਇਕੋ ਅਗੰਮਾ ਰੰਗ, ਰੰਗਤ ਅਵਰ ਨਾ ਕੋਇ ਰਖਾਈਆ । ਧੁਰ ਦਾ ਰੱਖੀਂ ਸੰਗ, ਸਗਲਾ ਸੰਗ ਬਣਾਈਆ । ਮੇਰੇ ਵਿਚ ਰਹੇ ਨਾ ਕੋਈ ਭੁੱਖ ਨੰਗ, ਦੀਨ ਦੁਨੀ ਦਾ ਦਰਦ ਦੇਣਾ ਮਿਟਾਈਆ । ਧਰਮ ਪ੍ਰੀਤੀ ਸਭ ਦੇ ਨਾਲ ਜਾਵੇ ਹੰਢ, ਲੱਗੀ ਮੁਹੱਬਤ ਨਾ ਕੋਇ ਤੁੜਾਈਆ । ਬਿਨਾ ਤੇਰੇ ਤੋਂ ਹੋਰ ਗਾਏ ਕੋਈ ਨਾ ਛੰਦ, ਆਤਮ ਪਰਮਾਤਮ ਰਾਗ ਦੇਣਾ ਸੁਣਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਊਚ ਨੀਚ ਦਾ ਕਰੇ ਕੋਈ ਨਾ ਜੰਗ, ਝਗੜਾ ਦਿਸੇ ਨਾ ਕੂੜ ਲੋਕਾਈਆ । ਤੇਰੇ ਨਾਮ ਦਾ ਰਸ ਆਵੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਕੋਈ ਪੂਜਾ ਰਹੇ ਨਾ ਸੂਰੀਆ ਚੰਦ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਸਚ ਤੇਰੀ ਸਰਨਾਈਆ । ਸਤਿਜੁਗ ਕਹੇ ਪ੍ਰਭੂ ਮੇਰਾ ਬਣੀਂ ਸਗਲਾ ਸਾਥੀ, ਸੋਹਣਾ ਰੰਗ ਬਣਾਈਆ । ਸ਼ਬਦ ਅਸਵ ਪਾਵੀਂ ਕਾਠੀ, ਦੋ ਜਹਾਨਾਂ ਵੇਖ ਵਖਾਈਆ । ਮੇਰਾ ਲੇਖ ਰਹੇ ਨਾ ਕੋਇ ਦੱਖਣ ਦਿਸ਼ਾ ਐਰਾਪਤ ਹਾਥੀ, ਹਰਿ ਜੂ ਦਿਆਂ ਸੁਣਾਈਆ । ਮੈਂ ਤੇਰਾ ਖੇਲ ਤਕਣਾ ਪੁਰਖ ਸਮਰਾਥੀ, ਧੁਰ ਦੇ ਦਾਤੇ ਦਇਆ ਦੇਣੀ ਕਮਾਈਆ । ਪਿਛਲਾ ਲਹਿਣਾ ਕਿਸੇ ਦਾ ਰਹੇ ਕੋਈ ਨਾ ਬਾਕੀ, ਕਲਜੁਗ ਕਲ ਨਾ ਕੋਇ ਵਰਤਾਈਆ । ਜਿੱਧਰ ਤਕਾਂ ਤੇਰਿਆਂ ਭਗਤਾਂ ਦਾ ਖੁਲ੍ਹਾ ਦਰ ਤੇ ਖੁਲ੍ਹੀ ਹੋਵੇ ਤਾਕੀ, ਕੁੰਡਾ ਬੰਦ ਨਾ ਕੋਇ ਕਰਾਈਆ । ਮੈਨੂੰ ਰੂਹ ਬੁਤ ਦਿਸੇ ਪਾਕ ਪਾਕੀ, ਮਿੱਟੀ ਖ਼ਾਕ ਵੱਜੇ ਵਧਾਈਆ । ਨੌ ਸੱਤ ਰਹੇ ਨਾ ਅੰਧੇਰੀ ਰਾਤੀ, ਤੇਰਾ ਨੂਰੀ ਚੰਦ ਕਰੇ ਰੁਸ਼ਨਾਈਆ । ਮੈਂ ਕਥਾ ਕਹਾਣੀ ਦੱਸਾਂ ਸ਼ਾਹ ਦੀ, ਵਲ ਛਲ ਨਾ ਕੋਇ ਰਖਾਈਆ । ਮੈਨੂੰ ਕੋਟਾਂ ਨਾਲੋਂ ਥੋੜ੍ਹੀ ਚੰਗੀ ਆਬਾਦੀ, ਜੋ ਗੁਰਮਖ ਤੇਰੇ ਸੋਭਾ ਪਾਈਆ । ਮੈਨੂੰ ਕਾਲ ਕੋਲੋਂ ਮਨੁੱਸ਼ਾਂ ਦੀ ਸ਼ਰੀਰਕ ਕਰਾਉਣੀ ਪਏ ਨਾ ਵਾਢੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰ ਤੇਰੀ ਸਰਨਾਈਆ । ਸਤਿਜੁਗ ਕਹੇ ਪ੍ਰਭੂ ਮੈਂ ਤੈਨੂੰ ਕੀ ਦੱਸਾਂ, ਅੰਤਰਜਾਮੀ ਤੇਰੀ ਬੇਪਰਵਾਹੀਆ । ਇਕੋ ਤੇਰੀ ਸਰਨ ਸਰਨਾਈ ਢੱਠਾਂ, ਦੂਜੀ ਓਟ ਨਾ ਕੋਇ ਤਕਾਈਆ । ਮੈਂ ਚਾਹੁੰਦਾ ਸਭ ਦਾ


੯੯੬
੨੨

ਪਿਛਲਾ ਮਨਸੁਖ਼ ਕਰ ਦੇ ਪਟਾ, ਪਟੇ ਦੀ ਵਲਦੀਅਤ ਤੋਂ ਬਾਹਰ ਪਟਨੇ ਵਾਲਾ ਆਪਣਾ ਸੰਗ ਰਖਾਈਆ । ਛੱਬੀ ਪੋਹ ਨੂੰ ਗੋਬਿੰਦ ਸ਼ਬਦ ਕੋਲੋਂ ਇੱਕੀ ਗੁਰਸਿਖਾਂ ਦੀ ਝੋਲੀ ਪਵਾਵੀਂ ਇਕ ਇਕ ਟਕਾ, ਟਕਿਆਂ ਦੀ ਲੋਚਾ ਰਹੇ ਨਾ ਰਾਈਆ । ਜਿਸ ਨੂੰ ਬਿਨਾ ਅੱਖਾਂ ਤੋਂ ਵਾਚੇ ਨਿਰਗੁਣ ਨਾਨਕ ਧਾਰ ਤਪਾ, ਬਿਨ ਅੱਖ ਅੱਖ ਉਠਾਈਆ । ਉਨ੍ਹਾਂ ਇੱਕੀਆਂ ਦੀ ਛਾਤੀ ਉਤੇ ਲਿਖਿਆ ਹੋਵੇ ਇਕੋ ਅੱਖਰ ਪੱਪਾ, ਪੱਪਾ ਪੁੱਠਾ ਲੈਣ ਲਟਕਾਈਆ । ਨਾਲੇ ਚੁੱਕਿਆ ਹੋਵੇ ਸਾਢੇ ਤਿੰਨ ਹੱਥ ਦਾ ਫੱਟਾ, ਮੜ੍ਹੀ ਮਸਾਣਾਂ ਵਿਚੋਂ ਲਿਆਉਣ ਉਠਾਈਆ । ਮੈਂ ਤੇਰਾ ਖੇਲ ਤਕਣਾ ਮੇਰੇ ਸਾਹਿਬ ਪੁਰਖ ਸਮਰਥਾ, ਦਰ ਤੇਰੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਵਾਰ ਬਚਨ ਕਰਾਂ ਸਚਾ, ਸਤਿਜੁਗ ਸਚ ਸਚ ਵਿਚ ਸੁਣਾਈਆ ।

### ✪ ੧੯ ਪੋਹ ਸ਼ਹਿਨਸ਼ਾਹੀ ਸੰਮਤ ੬ ਕੁਲਵੰਤ ਸਿੰਘ ਦੇ ਗ੍ਰਹਿ ਪਿੰਡ ਸਈ ਕਲਾਂ ਜ਼ਿਲਾ ਜੰਮੂ ✪

ਸਤਿਜੁਗ ਕਹੇ ਪ੍ਰਭ ਸਾਚੇ ਸਰਨੀ ਸੀਸ ਨਿਵਾਉਣਾ, ਪ੍ਰਭ ਨਿਉਂ ਨਿਉਂ ਲਾਗਾਂ ਪਾਈਆ । ਤੇਰੀ ਧੂੜੀ ਮਸਤਕ ਖ਼ਾਕ ਰਮਾਉਣਾ, ਟਿੱਕਾ ਧੁਰਦਰਗਾਹੀਆ । ਮੇਰੇ ਮਾਲਕ ਜੇ ਮੇਰਾ ਮਾਰਗ ਮਾਤ ਚਲਾਉਣਾ, ਨਵ ਸੱਤ ਹੁਕਮ ਮਨਾਈਆ । ਫੇਰ ਮਿਹਰਵਾਨ ਮਿਹਰ ਨੈਣ ਇਕ ਉਠਾਉਣਾ, ਨਿਗਹ ਮਿਹਰ ਨਾਲ ਤਰਾਈਆ । ਆਪਣਾ ਸ਼ਬਦ ਅਨਾਦੀ ਇਕ ਸੁਣਾਉਣਾ, ਦੂਜਾ ਰਾਗ ਨਾ ਕੋਇ ਸੁਣਾਈਆ । ਇਕੋ ਨੂਰ ਜੋਤ ਪਰਗਟਾਉਣਾ, ਦੂਸਰ ਇਸ਼ਟ ਨਾ ਕੋਇ ਮਨਾਈਆ । ਉਨੰਜਾ ਪਵਣਾਂ ਸਾਫ਼ ਕਰਾਉਣਾ, ਸੁਗੰਧੀ ਆਪਣਾ ਨਾਮ ਭਰਾਈਆ । ਸਭ ਦਾ ਉਤਮ ਕਰੀਂ ਧੋਣਾ ਨਹਾਉਣਾ, ਅੰਤਰ ਮੈਲ ਦੇਣੀ ਕਟਾਈਆ । ਸਾਚੀ ਸੇਜੇ ਦੱਸੀਂ ਸੌਣਾ, ਸਚ ਸਿੰਘਾਸਣ ਇਕ ਵਿਛਾਈਆ । ਆਤਮ ਪਰਮਾਤਮ ਮੇਲਾ ਦੱਸੀਂ ਮਿਲਾਉਣਾ, ਦੁਤੀਆ ਪੰਧ ਮੁਕਾਈਆ । ਅਨਰਾਗੀ ਰਾਗ ਦੱਸੀਂ ਗਾਉਣਾ, ਬਿਨ ਰਸਨ ਜਿਹਵ ਹਿਲਾਈਆ । ਸਚ ਦਵਾਰੇ ਦੱਸੀਂ ਸੀਸ ਨਿਵਾਉਣਾ, ਕਿਸ ਬਿਧ ਪੁਰਖ ਅਕਾਲ ਮਨਾਈ ਦਾ । ਇਕੋ ਡੰਕਾ ਡੰਕ ਵਜਾਉਣਾ, ਡੌਰੂ ਅਵਰ ਨਾ ਕੋਇ ਸੁਣਾਈ ਦਾ । ਰਾਓ ਰੰਕ ਇਕ ਰੰਗਾਉਣਾ, ਹੁਕਮ ਦੱਸਣਾ ਗੋਬਿੰਦ ਸੱਚੇ ਮਾਹੀ ਦਾ । ਮਹੱਲ ਅਟਲ ਇਕ ਵਸਾਉਣਾ, ਜਿਥੇ ਨੂਰ ਅਗੰਮੀ ਹੋਵੇ ਨੂਰ ਇਲਾਹੀ ਦਾ । ਦਰ ਦਰਵਾਜ਼ਾ ਇਕ ਖੁਲ੍ਹਾਉਣਾ, ਜਿਥੇ ਵਰਨ ਚਾਰ ਬਹਾਈ ਦਾ । ਦੀਨ ਮਜ਼੍ਹਬ ਦਾ ਪੰਧ ਮੁਕਾਉਣਾ, ਮੁਕੰਮਲ ਆਤਮ ਬ੍ਰਹਮ ਦ੍ਰਿੜਾਈ ਦਾ । ਅੰਮ੍ਰਿਤ ਮੇਘ ਇਕ ਬਰਸਾਉਣਾ, ਜਗਤ ਤ੍ਰਿਸ਼ਨਾ ਤ੍ਰਿਪਤ ਕਰਾਈ ਦਾ । ਮਨ ਕਾ ਮਣਕਾ ਆਪ ਭੁਆਉਣਾ, ਦਹਿ ਦਿਸ਼ ਨਾ ਉਠ ਉਠ ਧਾਈਆ । ਸਾਰੰਗਧਰ ਭਗਵਾਨ ਬੀਠਲਾ ਆਪ ਅਖਵਾਉਣਾ, ਆਖ਼ਰ ਇਕੋ ਰੰਗ ਦਰਸਾਈ ਦਾ । ਮੈਂ ਗਲ ਪਲੂ ਵਾਸਤਾ ਪਾਉਣਾ, ਸਤਿਜੁਗ ਕਹੇ ਮੇਰਾ ਵਾਸਤਾ ਤੇਰੇ ਰਾਹੀ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੇ ਮੇਰੀ ਅਰਜ਼ ਬੇਨੰਤੀ ਮੰਨੇ ਫੇਰ ਮੈਨੂੰ ਮਜ਼ਾ ਆਵੇ ਸਤਿਗੁਰ ਤੇਰੀ ਸ਼ਹਿਨਸ਼ਾਹੀ ਦਾ ।

## ✪ ੧੬ ਪੋਹ ਸ਼ਹਿਨਸ਼ਾਹੀ ਸੰਮਤ ੬ ਬਚਨ ਸਿੰਘ ਦੇ ਘਰ ਪਿੰਡ ਸਈ ਕਲਾਂ ਜ਼ਿਲਾ ਜੰਮੂ ✪

ਸਤਿਜੁਗ ਕਹੇ ਪ੍ਰਭ ਜੇ ਮੇਰੀ ਲਾਉਣੀ ਮਾਤ ਸੇਵਾ, ਸੇਵਕ ਸਚ ਬਣਾਈਆ । ਪੂਜਾ ਰਹੇ ਨਾ ਕਿਸੇ ਦੇਵੀ ਦੇਵਾ, ਦੇਵ ਆਤਮਾ ਦੇਣੀ ਵਡਿਆਈਆ । ਆਪ ਮਾਲਕ ਬਣਨਾ ਅਲਖ ਅਭੇਵਾ, ਅਗੰਮ ਅਗੋਚਰ ਹੁਕਮ ਵਰਤਾਈਆ । ਯਾਦ ਕਰੇ ਤੈਨੂੰ ਸਭ ਦੀ ਰਸਨਾ ਜਿਹਵਾ, ਸਿਫ਼ਤਾਂ ਵਿਚ ਸਾਲਾਹੀਆ । ਵੇਖੀਂ ਆਪਣੇ ਹੁੰਦਿਆਂ ਮੇਰੇ ਵਿਚ ਆਪਣੀ ਆਤਮਾ ਨੂੰ ਅਵਤਾਰ ਪੈਗ਼ੰਬਰ ਗੁਰੂ ਕਰਾਵੀਂ ਨਾ ਕਦੇ ਕਰੇਵਾ, ਦੂਸਰ ਹੱਥ ਨਾ ਕਦੇ ਫੜਾਈਆ । ਮੈਂ ਮੰਗਦਾ ਤੇਰਾ ਇਕੋ ਧਾਮ ਨਿਹਚਲ ਨਿਹਕੇਵਾ, ਅਟੱਲ ਦਵਾਰਾ ਵੇਖ ਵਖਾਈਆ । ਇਕੋ ਪ੍ਰੇਮ ਦਾ ਮਸਤਕ ਹੋਵੇ ਥੇਵਾ, ਕੌਸਤਕ ਮਣੀਆਂ ਕੰਮ ਕਿਸੇ ਨਾ ਆਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਇਕੋ ਹੋਵੇ ਪਹਿਰੇਵਾ, ਲਬਾਸ ਇਕੋ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨਾਮ ਅਗੰਮਾ ਇਕੋ ਰਸ ਹੋਵੇ ਮੇਵਾ, ਦੂਸਰ ਲੋੜ ਰਹੇ ਨਾ ਰਾਈਆ ।

## ✪ ੧੬ ਪੋਹ ਸ਼ਹਿਨਸ਼ਾਹੀ ਸੰਮਤ ੬ ਖੇਮੋ ਦੇਵੀ ਦੇ ਗ੍ਰਿਹਿ ਪਿੰਡ ਸਈ ਕਲਾਂ ਜ਼ਿਲਾ ਜੰਮੂ ✪

ਸਤਿਜੁਗ ਕਹੇ ਜੇ ਪ੍ਰਭੂ ਮਾਤਲੋਕ ਮੇਰਾ ਰੱਖਣਾ ਨਾਂ, ਸਤਿ ਨਾਮ ਵਡਿਆਈਆ । ਪਹਿਲੋਂ ਹੰਸ ਬੁੱਧੀ ਜੀਵ ਬਣਾ ਕਾਂ, ਗੁਰਮੁਖ ਰੰਗ ਰੰਗਾਈਆ । ਫੇਰ ਆਤਮ ਬ੍ਰਹਮ ਜਣਾ, ਪਰਦਾ ਦੇ ਉਠਾਈਆ । ਫੇਰ ਸ਼ਬਦ ਨਾਦ ਸੁਣਾ, ਅਨਰਾਗੀ ਰਾਗ ਅਲਾਈਆ । ਫੇਰ ਨਿਰਗੁਣ ਜੋਤ ਕਰ ਰੁਸ਼ਨਾ, ਅੰਧ ਅੰਧੇਰ ਦੇ ਮਿਟਾਈਆ । ਫੇਰ ਦੀਨ ਮਜ਼੍ਹਬ ਮਿਟਾ, ਜ਼ਾਤ ਪਾਤ ਰਹਿਣ ਨਾ ਪਾਈਆ । ਪਹਿਲੋਂ ਚਾਰ ਵਰਨ ਗਵਾ, ਸ਼ੱਤਰੀ ਬ੍ਰਹਮਣ ਸ਼ੂਦਰ ਵੈਸ਼ ਨਾ ਕੋਇ ਅਖਵਾਈਆ । ਪਹਿਲੋਂ ਵਿਸ਼ਨ ਬ੍ਰਹਮਾ ਸ਼ਿਵ ਉਠਾ, ਸੰਦੇਸ਼ਾ ਦੇ ਚਾਈਂ ਚਾਈਂਆ । ਫੇਰ ਹੁਕਮ ਫ਼ਰਮਾਨਾ ਧੁਰ ਦਾ ਅਗੰਮ ਲਿਖਾ, ਜਿਸ ਨੂੰ ਅੱਗੇ ਜਾਣੇ ਕੋਇ ਨਾ ਰਾਈਆ । ਫੇਰ ਸਭ ਦੇ ਅੰਦਰ ਆਪਣਾ ਫੇਰਾ ਪਾ, ਘਰ ਘਰ ਵੇਖ ਵਖਾਈਆ । ਫੇਰ ਦ੍ਰਿਸ਼ਟੀ ਵਿਚ ਦੱਸ ਦੇ ਰਾਹ, ਰਹਿਬਰ ਰਸਤਾ ਇਕ ਪਰਗਟਾਈਆ । ਪੁਰਖ ਅਕਾਲੇ ਦੀਨ ਦਿਆਲੇ ਪਹਿਲੋਂ ਆਪਣੀ ਕਲਾ ਇਕ ਵਰਤਾ, ਕਲਧਾਰੀ ਹੋ ਸਹਾਈਆ । ਨਿਰਵੈਰ ਪੁਰਖ ਇਕ ਅਖਵਾ, ਚਾਰੋਂ ਕੁੰਟ ਡੰਕ ਵਜਾਈਆ । ਜਿਸ ਵੇਲੇ ਸਾਰੇ ਤੈਨੂੰ ਕਹਿਣਗੇ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਹਰ ਹਿਰਦੇ ਅੰਦਰੋਂ ਨਿਕਲੇ ਇਹੋ ਸਾਡਾ ਅੱਲਾ ਇਹੋ ਸਾਡਾ ਵਾਹਿਗੁਰੂ ਇਹੋ ਸਾਡਾ ਖ਼ੁਦਾ, ਦੂਜਾ ਨਜ਼ਰ ਕੋਇ ਨਾ ਆਈਆ । ਫੇਰ ਮੈਂ ਤੇਰੇ ਚਰਨਾਂ ਵਿਚ ਸੀਸ ਜਗਦੀਸ ਲਵਾਂ ਝੁਕਾ, ਨਿਉਂ ਨਿਉਂ ਲਾਗਾਂ ਪਾਈਆ । ਜਿਸ ਤਰਾਂ ਕਹੇਂਗਾ ਓਸੇ ਤਰਾਂ ਸੇਵਾ ਲਵਾਂ ਕਮਾ, ਸੇਵਕ ਹੋ ਕੇ ਆਪ ਆਪਾ ਤੇਰੇ ਅੱਗੇ ਟਿਕਾਈਆ । ਮੇਰੇ ਸਾਹਿਬ ਸਤਿਗੁਰ ਆਦਿ ਅੰਤ ਦੇ ਮਾਲਕ ਕਦੇ ਕਰਾਂ ਨਾ ਨਾਂਹ, ਹਾਂ ਵਿਚ ਹਾਂ ਕਹਿ ਕੇ ਤੇਰਾ ਰੂਪ ਬਣਾਈਆ । ਤੂੰ ਕਿਰਪਾ ਕਰ ਮਾਤਲੋਕ ਧਰਨੀ ਉਤੇ ਮੈਨੂੰ ਸਤਿ ਧਰਮ ਦੀ ਦਵਾਈਂ ਥਾਂ, ਪਹਿਲੋਂ ਕਲਜੁਗ ਕੂੜੀ ਕਿਰਿਆ ਲੋਕਮਾਤ ਵਿਚੋਂ ਬਾਹਰ ਦੇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ



੯੯੮
੨੨

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਦਰਸ ਦਾ ਮੈਨੂੰ ਚਾਅ, ਚਾਓ ਵਿਚ ਘਰਾਓ ਵਿਚ ਬੇਪਰਵਾਹੋ ਵਿਚ ਬੇਪਰਵਾਹ ਜਿਸ ਤਰਾ ਲਛਮਣ ਸਿੰਘ ਨੱਚ ਨੱਚ ਕੇ ਆਪਣੀ ਖ਼ੁਸ਼ੀ ਮਨਾਈਆ ।

✪ ੧੬ ਪੋਹ ਸ਼ਹਿਨਸ਼ਾਹੀ ਸੰਮਤ ੬ ਪੁੰਨੂ ਰਾਮ ਦੇ ਗ੍ਰਿਹਿ ਪਿੰਡ ਸਈ ਕਲਾਂ ਜ਼ਿਲਾ ਜੰਮੂ ✪

ਸਤਿਜੁਗ ਕਹੇ ਪ੍ਰਭ ਪਹਿਲੋਂ ਆਸਾ ਪੂਰੀ ਕਰਦੇ ਮੁਹੰਮਦ ਯਾਰ ਉਮਰ, ਖ਼ੁਦ ਖ਼ੁਦਾ ਜੋ ਤੇਰੇ ਅੱਗੇ ਗਿਆ ਟਿਕਾਈਆ । ਜਗਤ ਸ਼ਰਅ ਦੀ ਰਹੇ ਕੋਇ ਨਾ ਘੁੰਮਰ, ਘੇਰਾ ਦੇਣਾ ਮੁਕਾਈਆ । ਸਾਰੇ ਤੇਰਾ ਚਰਨ ਚੁੰਮਣ, ਦੂਸਰ ਲਬ ਨਾ ਕੋਇ ਵਡਿਆਈਆ । ਲੇਖਾ ਮੁਕਾ ਦੇ ਮੁਹੰਮਦ ਸੀਸ ਮੁੰਨਣ, ਸੁੰਨਤ ਸ਼ਰਅ ਦੀ ਸ਼ਰਅ ਗਵਾਈਆ । ਤੇਰਾ ਨਾਮ ਸੰਦੇਸ਼ਾ ਸਾਰੇ ਸੁਣਨ, ਅੰਦੇਸਾ ਨਜ਼ਰ ਕੋਇ ਨਾ ਆਈਆ । ਆਪਣਾ ਜਗਤ ਜਹਾਨ ਬਣਾ ਦੇ ਕੁੰਦਨ, ਸਵਰਨ ਰੰਗ ਰੰਗਾਈਆ । ਤੇਰੇ ਕਲਮੇ ਦੀ ਆਵੇ ਇਕੋ ਧੁੰਨਣ, ਧੁੰਨ ਅਨਾਦੀ ਇਕ ਸ਼ਨਵਾਈਆ । ਕੜਵਾ ਰਹੇ ਕੋਇ ਨਾ ਤੁੰਮਣ, ਤਾਸੀਰ ਬੇਨਜ਼ੀਰ ਦੇਣੀ ਬਦਲਾਈਆ । ਤੇਰੇ ਧਰਮ ਨਿਸ਼ਾਨੇ ਚਾਰੋਂ ਕੁੰਟ ਝੁੱਲਣ, ਹੁਲਾਰਾ ਇਕੋ ਦੇਣਾ ਦਵਾਈਆ । ਗੁਰਮੁਖ ਤੇਰੇ ਭਗਤ ਸੁਹੇਲੇ ਪਹਿਲਵਾਨ ਸਾਰੇ ਘੁਲਣ, ਦੰਗਲ ਧਰਮ ਦਾ ਇਕ ਬਣਾਈਆ । ਕਲਜੁਗ ਮਾਇਆ ਵਿਚ ਨਾ ਰੁਲਣ, ਰੌਲਾ ਪਵੇ ਨਾ ਕੋਇ ਲੋਕਾਈਆ । ਤੇਰੇ ਸ਼ਬਦ ਭੰਡਾਰੇ ਖੁਲ੍ਹਣ, ਅਗੰਮ ਦੇਣੇ ਵਰਤਾਈਆ । ਜਿਨ੍ਹਾਂ ਦਾ ਲੱਗੇ ਕੋਇ ਨਾ ਮੁੱਲਣ, ਅਨਮੁਲੜੇ ਆਪ ਵਰਤਾਈਆ । ਤੂੰ ਮੇਰਾ ਮੈਂ ਤੇਰਾ ਜਾਪ ਹੋਵੇ ਮਾਨਵ ਜ਼ਾਤੀ ਬੁੱਲਣ, ਹਰ ਹਿਰਦੇ ਤੈਨੂੰ ਲੈਣ ਵਸਾਈਆ । ਪੁਰਖ ਅਕਾਲੇ ਤੇਰੇ ਤਰਾਜ਼ੂ ਸਾਰੇ ਤੁਲਣ, ਤੇਰੇ ਨੂਰ ਵਿਚੋਂ ਨੂਰ ਲੈਣ ਰੁਸ਼ਨਾਈਆ । ਕਾਇਆ ਅਗਨੀ ਤਪੇ ਕਿਸੇ ਨਾ ਚੁੱਲ੍ਹਣ, ਈਂਧਨ ਜਗਤ ਨਾ ਕੋਇ ਵਖਾਈਆ । ਤੇਰਾ ਦੀਦਾ ਦਾਨਿਸਤਾ ਦੀਦਾਰ ਕਰ ਕੇ ਫੁੱਲਣ, ਗ੍ਰਿਹਿ ਮੰਦਰ ਖ਼ੁਸ਼ੀ ਬਣਾਈਆ । ਭਾਗ ਲਗਾਉਣਾ ਕਾਇਆ ਕਾਅਬੇ ਕੁੱਲਣ, ਕਲਮਾ ਕਾਇਨਾਤ ਇਕ ਸੁਣਾਈਆ । ਤੇਰੇ ਮੁਰੀਦ ਤੇਰੇ ਉਤੋਂ ਘੋਲੀ ਘੋਲ ਘੁਲਣ, ਆਪਣਾ ਆਪ ਭੇਟ ਚੜ੍ਹਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਸਦਾ ਸੁਲ੍ਹਾ ਕੁਲਣ, ਸੁਲਹਕੁਲ ਤੇਰੀ ਇਕ ਸਰਨਾਈਆ । ਤੂੰ ਲਾਲ ਗੁਲਾਲਾ ਰੰਗ ਚੜ੍ਹਾ ਦੇ ਬੁੱਲ੍ਹਣ, ਭਗਵਨ ਆਪਣੀ ਦਇਆ ਕਮਾਈਆ । ਜਦ ਮੈਂ ਤਕਾਂ ਤੇਰੇ ਪ੍ਰੇਮੀ ਪਿਆਰੇ ਬਣੇ ਹੋਣ ਦੁਲਹਨ, ਦੂਲ੍ਹਾ ਇਕੋ ਨਜ਼ਰੀ ਆਈਆ । ਛੱਬੀ ਪੋਹ ਨੂੰ ਤੇਰੇ ਚਰਨ ਕਵਲਾਂ ਉਤੇ ਹੋਵੇ ਬਰਖਾ ਫੂਲਣ, ਨੌਂ ਸੌ ਨੜਿਨਵੇ ਫੁਲ ਤੇਰੀ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਕੰਤ ਕੰਤੂਹਲਨ, ਕੰਤ ਬੇਅੰਤ ਬਸੰਤ ਤੇਰੀ ਰੁਤ ਸੁਹਾਈਆ ।

✪ ੧੬ ਪੋਹ ਸ਼ਹਿਨਸ਼ਾਹੀ ਸੰਮਤ ੬ ਫ਼ਰੰਗੀ ਰਾਮ ਦੇ ਘਰ ਪਿੰਡ ਤਰੇਵਾ ਕੈਂਪ ਜ਼ਿਲਾ ਜੰਮੂ ✪

ਸਤਿਜੁਗ ਕਹੇ ਪ੍ਰਭੂ ਤੂੰ ਦਾਤਾ ਗੁਣੀ ਗਹਿੰਦਾ, ਸੋ ਪੁਰਖ ਨਿਰੰਜਣ ਤੇਰੀ ਸਰਨਾਈਆ । ਤੂੰ ਆਦਿ ਜੁਗਾਦਿ ਸਾਹਿਬ ਬਖ਼ਸ਼ਿੰਦਾ, ਹਰਿ

ਪੁਰਖ ਨਿਰੰਜਣ ਬੇਪਰਵਾਹੀਆ । ਨਿਤ ਨਵਿਤ ਤੇਰੇ ਅੰਦਰ ਕਦੀ ਨਾ ਆਏ ਚਿੰਦਾ, ਏਕੰਕਾਰ ਅਗੰਮ ਅਥਾਹੀਆ । ਲੱਖ ਚੁਰਾਸੀ ਤੇਰੀ ਸਾਹਿਬ ਬਿੰਦਾ, ਆਦਿ ਨਿਰੰਜਣ ਤੇਰੀ ਰੁਸ਼ਨਾਈਆ । ਤੂੰ ਮਾਲਕ ਖ਼ਾਲਕ ਜੀਉ ਪਿੰਡਾ, ਅਬਿਨਾਸ਼ੀ ਕਰਤੇ ਵਡ ਵਡਿਆਈਆ । ਤੂੰ ਦੇਵਣਹਾਰਾ ਅੰਮ੍ਰਿਤ ਧਾਰ ਸਿੰਧਾ, ਸ੍ਰੀ ਭਗਵਾਨ ਸਹਿਜ ਸੁਖਦਾਈਆ । ਤੇਰਾ ਪ੍ਰੇਮ ਸਾਗਰ ਵਹਿਣ ਵਹਿੰਦਾ, ਪਾਰਬ੍ਰਹਮ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਤਿਜੁਗ ਕਹੇ ਪ੍ਰਭ ਮੇਰੇ ਸਾਹਿਬ ਸੁਲਤਾਨਾ, ਹਰਿ ਕਰਤੇ ਤੇਰੀ ਸਰਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੇ ਬ੍ਰਹਮ ਗਿਆਨਾ, ਅਗਿਆਨ ਅੰਧੇਰ ਰਹੇ ਨਾ ਰਾਈਆ । ਸਤਿ ਧਰਮ ਝੁਲਾ ਇਕ ਨਿਸ਼ਾਨਾ, ਨਿਸ਼ਾਨਾ ਕੂੜ ਦੇ ਚੁਕਾਈਆ । ਪ੍ਰੇਮ ਪ੍ਰੀਤੀ ਸ਼ਬਦੀ ਬੰਨ੍ਹ ਗਾਨਾ, ਡੋਰੀ ਗੰਢ ਆਪਣੇ ਹੱਥ ਉਠਾਈਆ । ਲੱਖ ਚੁਰਾਸੀ ਆਤਮ ਦਾ ਨਿਰਗੁਣ ਧਾਰ ਬਣ ਕਾਹਨਾ, ਗੋਪੀ ਆਪਣਾ ਖੇਲ ਵਖਾਈਆ । ਮਿਹਰਵਾਨ ਹੋ ਧੁਰ ਦੇ ਰਾਮਾ, ਸੀਤਾ ਸੁਰਤ ਲੈ ਪਰਨਾਈਆ । ਪੀਰਨ ਪੀਰ ਪੈਗ਼ੰਬਰਾਂ ਦੇ ਪੈਗ਼ਾਮਾ, ਰਸੂਲਾਂ ਨਬੀਆਂ ਭੇਵ ਖੁਲ੍ਹਾਈਆ । ਤੇਰਾ ਸਭ ਤੋਂ ਵੱਖਰਾਂ ਹੋਏ ਕਲਾਮਾ, ਕਲਮਾ ਕਾਇਨਾਤ ਦ੍ਰਿੜਾਈਆ । ਗੁਰੂ ਗੁਰਦੇਵ ਸਵਾਮੀ ਬਣ ਅੰਤਰਜਾਮਾ, ਅੰਤਸ਼ਕਰਨ ਪੜਦਾ ਦੇਣਾ ਉਠਾਈਆ । ਪਹਿਲੋਂ ਕਲਜੁਗ ਮੇਟ ਅੰਧੇਰੀ ਸ਼ਾਮਾ, ਸ਼ਮਾਂ ਨੂਰ ਜੋਤ ਕਰ ਰੁਸ਼ਨਾਈਆ । ਫੇਰ ਤੇਰਾ ਦੋ ਜਹਾਨਾਂ ਵੱਜੇ ਇਕ ਦਮਾਮਾ, ਸ਼ਬਦ ਗੋਬਿੰਦ ਧਾਰ ਜਣਾਈਆ । ਸ਼ਰਅ ਦਾ ਲੇਖਾ ਮੇਟ ਤਮਾਮਾ, ਮਜ਼੍ਹਬ ਦੀ ਤਮਾਂ ਰਹੇ ਨਾ ਰਾਈਆ ।
੧੦੦੦ ਮਨ ਦਾ ਰਹੇ ਨਾ ਕੋਇ ਗ਼ੁਲਾਮਾ, ਗ਼ੁਰਬਤ ਅੰਦਰੋਂ ਦੇਣੀ ਕਢਾਈਆ । ਤੇਰੇ ਚਰਨ ਕਵਲ ਕਵਲ ਚਰਨ ਸੀਸ ਨਿਵਾਵਾਂ, ਨਿਉਂ ਨਿਉਂ ਲਾਗਾਂ ੧੦੦੦
੨੨ ਪਾਈਆ । ਜਨ ਭਗਤਾਂ ਪਕੜ ਲੈ ਬਾਹਵਾਂ, ਬਾਹੂ ਬਲ ਆਪ ਪਰਗਟਾਈਆ । ਗੁਰਮੁਖ ਰਹੇ ਨਾ ਕੋਇ ਨਿਥਾਵਾਂ, ਸੂਫ਼ੀਆਂ ਸਗਲਾ ਸੰਗ ਬਣਾਈਆ । ਮਨ ਕਲਪਣਾ ਰਹੇ ਨਾ ਵਾਂਗ ਕਾਵਾਂ, ਸ੍ਰਿਸ਼ਟੀ ਹੰਸ ਦੇਣੀ ਵਖਾਈਆ । ਫੇਰ ਮੈਂ ਤੇਰਾ ਹੁਕਮ ਮੰਨਾਵਾਂ ਨਾਲ ਚਾਵਾਂ, ਚਾਉ ਘਨੇਰਾ ਇਕ ਰਖਾਈਆ । ਦੁੱਖ ਵਿਚ ਮੈਨੂੰ ਭਰਨਾ ਪਏ ਕਦੇ ਨਾ ਹਾਵਾ, ਹਾਏ ਉਫ਼ ਨਾ ਕੋਇ ਸੁਣਾਈਆ । ਮੇਰੇ ਨਾਲ ਭਾਰ ਆਪਣਾ ਰੱਖੀਂ ਸਾਵਾਂ, ਸਤਿਗੁਰ ਸ਼ਬਦ ਸੰਗ ਬਣਾਈਆ । ਤੇਰੇ ਨਾਮ ਦੀ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਹੋਵੇ ਵਾਹਵਾ, ਵਾਹਵਾ ਤੇਰੀ ਬੇਪਰਵਾਹੀਆ । ਪੁਰਖ ਅਕਾਲੇ ਦੀਨ ਦਿਆਲੇ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਇਕੋ ਤੇਰੀ ਸੇਜ ਹੰਢਾਵਾਂ, ਦੂਜਾ ਸੱਥਰ ਨਾ ਕੋਇ ਵਿਛਾਈਆ । ਤੂੰ ਮਿਹਰਵਾਨ ਮਹਿਬੂਬ ਮੇਰੇ ਉਤੇ ਰੱਖੀਂ ਜਗਤ ਵਿਚ ਠੰਡੀ ਛਾਂਵਾਂ, ਸਿਰ ਆਪਣਾ ਹੱਥ ਟਿਕਾਈਆ । ਗਲ ਪਲੂ ਵਾਸਤਾ ਪਾਵਾਂ, ਨਿਉਂ ਨਿਉਂ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਧੂੜ ਅਗੰਮੀ ਬਿਨਾ ਧੂੜ ਤੋਂ ਬਿਨਾ ਮਸਤਕ ਤੋਂ ਮਸਤਕ ਲਾਵਾਂ, ਖ਼ੁਸ਼ੀ ਨਿਰਗੁਣ ਨਿਰਗੁਣ ਧਾਰ ਬਣਾਈਆ । ੨੨

## ੧੯ ਪੋਹ ਸ਼ਹਿਨਸ਼ਾਹੀ ਸੰਮਤ ੬ ਅਨੰਤ ਰਾਮ ਦੇ ਗ੍ਰਿਹ ਪਿੰਡ ਤਰੇਵਾ ਜ਼ਿਲਾ ਜੰਮੂ

ਸਤਿਜੁਗ ਕਹੇ ਪ੍ਰਭ ਮੇਰੇ ਪੁਰਖ ਬਿਧਾਤਾ, ਬਿਧ ਇਕੋ ਮੰਗ ਮੰਗਾਈਆ । ਤੂੰ ਸਭ ਦਾ ਨਜ਼ਰੀ ਆਵੇਂ ਪਿਤਾ ਮਾਤਾ, ਸਚ ਸਵਾਮੀ ਧੁਰਦਰਗਾਹੀਆ ।

ਇਕੋ ਦੇਵਣਹਾਰ ਹੋਵੇਂ ਦਾਤਾ, ਇਕੋ ਵਸਤ ਦੇਣੀ ਵਰਤਾਈਆ । ਇਕੋ ਤੇਰੇ ਨਾਮ ਦੀ ਹੋਵੇ ਗਾਥਾ, ਇਕੋ ਸਿਖਿਆ ਸਚ ਪੜ੍ਹਾਈਆ । ਇਕੋ ਚਲਾਉਣਾ ਧੁਰ ਦਾ ਰਾਥਾ, ਰਖਵਾਹੀ ਇਕ ਅਖਵਾਈਆ । ਇਕੋ ਪੂਜਾ ਹੋਵੇ ਪਾਠਾ, ਇਕੋ ਇਸ਼ਟ ਦੇਵ ਸਮਝਾਈਆ । ਇਕੋ ਤੀਰਥ ਹੋਵੇ ਤਾਟਾ, ਸਰੋਵਰ ਇਕ ਸੁਹਾਈਆ । ਇਕੋ ਕਥਾ ਕਹਾਣੀ ਹੋਵੇ ਸਾਕਾ, ਸਗਲਾ ਸੰਗ ਇਕ ਬਣਾਈਆ । ਇਕੋ ਤੇਰੀ ਮੁਹੱਬਤ ਦਾ ਹੋਵੇ ਖ਼ਾਕਾ, ਨਕਸ਼ਾ ਇਕੋ ਇਕ ਵਖਾਈਆ । ਇਕੋ ਰਹਿਬਰ ਬਣਨਾ ਆਕਾ, ਇਕੋ ਅਕਲ ਬੁੱਧੀ ਦੇਣੀ ਵਡਿਆਈਆ । ਇਕੋ ਗ੍ਰਿਹ ਖੋਲ੍ਹਣਾ ਤਾਕਾ, ਇਕੋ ਘਰ ਘਰ ਦੇਣਾ ਵਸਾਈਆ । ਇਕੋ ਸਤਿਗੁਰ ਹੋਵੇ ਸ਼ਬਦ ਸ਼ਬਦ ਤੇਰਾ ਕਾਕਾ, ਦੂਜਾ ਜਨਮ ਨਾ ਕੋਇ ਦੁਹਰਾਈਆ । ਸਤਿਜੁਗ ਕਹੇ ਪ੍ਰਭੂ ਪ੍ਰਭ ਮੇਰੀ ਇਹੋ ਆਸਾ, ਤ੍ਰਿਸ਼ਨਾ ਤੇਰੇ ਅੱਗੇ ਟਿਕਾਈਆ । ਚਰਨ ਕਵਲ ਦੇਣਾ ਭਰਵਾਸਾ, ਭਰਮਾਂ ਵਿਚ ਨਾ ਕੋਇ ਭੁਲਾਈਆ । ਤੇਰਾ ਨੂਰ ਨਜ਼ਰ ਆਏ ਪ੍ਰਕਾਸ਼ਾ, ਪ੍ਰਕਾਸ਼ ਕਰਨਾ ਥਾਉਂ ਥਾਈਆ । ਸਭ ਦਾ ਲੇਖੇ ਲੱਗੇ ਸਵਾਸਾ, ਜੋ ਸਾਹ ਸਾਹ ਧਿਆਈਆ । ਤੂੰ ਸਾਹਿਬ ਸਰਬਗੁਣ ਤਾਸਾ, ਹਰਿ ਵਡਾ ਵਡ ਵਡਿਆਈਆ । ਮੈਂ ਤੇਰਾ ਮੰਨਣਾ ਆਖਾ, ਨਿਉਂ ਨਿਉਂ ਸੀਸ ਝੁਕਾਈਆ । ਮੈਨੂੰ ਆਉਣ ਨਾ ਦੇਵੀਂ ਕੋਈ ਘਾਟਾ, ਵਾਧਾ ਆਪਣੇ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਆਦਿ ਜੁਗਾਦਿ ਅਲੱਖਣਾ ਅਲਾਖਾ, ਅਲਖ ਅਗੋਚਰ ਦਰ ਤੇਰੇ ਮੰਗ ਮੰਗਾਈਆ ।



## ੧੯ ਪੋਹ ਸ਼ਹਿਨਸ਼ਾਹੀ ਸੰਮਤ ੯ ਕਿਰਪਾਲ ਸਿੰਘ ਦੇ ਗ੍ਰਿਹਿ ਪਿੰਡ ਸਈ ਕਲਾਂ ਜ਼ਿਲਾ ਜੰਮੂ

ਸਤਿਜੁਗ ਕਹੇ ਪ੍ਰਭ ਜੇ ਮੈਨੂੰ ਮਾਤਲੋਕ ਰੱਖਣਾ, ਨਿਰਗੁਣ ਧਾਰ ਦਇਆ ਕਮਾਈਆ । ਪਹਿਲੋਂ ਧਰਨੀ ਦਾ ਵਿਹੜਾ ਕਰ ਦੇ ਸੱਖਣਾ, ਕੂੜ ਕੁੜਿਆਰ ਚੋਰ ਯਾਰ ਰਹਿਣ ਕੋਇ ਨਾ ਪਾਈਆ । ਪਵਿਤਰ ਹੋ ਜਾਊ ਤੇਰਾ ਲੋਕਮਾਤ ਦਾ ਵਤਨਾ, ਬੇਵਤਨਾਂ ਕਰ ਸਫ਼ਾਈਆ । ਫੇਰ ਪੁਰਖ ਅਕਾਲੇ ਮੈਨੂੰ ਦੱਸਣਾ, ਸ਼ਬਦ ਸੁਨੇਹੜਾ ਇਕ ਘਲਾਈਆ । ਮੈਂ ਦੂਰ ਦੁਰਾਡਾ ਵੇਖਾਂ ਬਿਨਾ ਅੱਖਨਾ, ਨਿਜ ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਤੇਰੇ ਹੱਥ ਵਡਿਆਈਆ । ਸਤਿਜੁਗ ਕਹੇ ਪ੍ਰਭ ਜੇ ਮੈਨੂੰ ਮਾਤਲੋਕ ਦੇਣਾ ਥਾਂ, ਧੁਰ ਦਾ ਹੁਕਮ ਜਣਾਈਆ । ਪਹਿਲੋਂ ਝਗੜਾ ਮੇਟ ਦੇ ਸੂਰ ਗਾਂ, ਧਰਮ ਦੀ ਧਾਰ ਇਕ ਪਰਗਟਾਈਆ । ਹੰਸ ਬੁਧੀ ਰਹੇ ਕੋਈ ਨਾ ਕਾਂ, ਮਾਨਵ ਕਾਗ ਵਾਂਗ ਨਾ ਕੋਇ ਕੁਰਲਾਈਆ । ਸਾਰੇ ਜਪਣ ਇਕੋ ਤੇਰਾ ਨਾਂ, ਦੂਜਾ ਨਾਉਂ ਨਾ ਕੋਇ ਧਿਆਈਆ । ਤੂੰ ਸਭ ਦਾ ਬਣਨਾ ਪਿਤਾ ਮਾਂ, ਪੁਰਖ ਅਕਾਲ ਤੇਰੀ ਇਕ ਸਰਨਾਈਆ । ਜਨ ਭਗਤਾਂ ਭਗਤ ਸੁਹੇਲਾ ਹੋ ਕੇ ਪਕੜੀਂ ਬਾਂਹ, ਬਾਜ਼ੂ ਆਪਣਾ ਬਲ ਧਰਾਈਆ । ਸਦਾ ਸੁਹੇਲਾ ਬਣ ਕੇ ਰੱਖੀਂ ਠੰਡੀ ਛਾਂ, ਅਗਨੀ ਤਤ ਨਾ ਲਾਗੇ ਰਾਈਆ । ਸਚ ਦਵਾਰੇ ਕਰੀਂ ਸਚ ਨਿਆਂ, ਅਦਲ ਇਨਸਾਫ਼ ਹੱਕ ਦ੍ਰਿੜਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਬਣਾਈਂ ਵਾਂਗ ਭੈਣ ਭਰਾ, ਬੁਰੀ ਅੱਖ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਸਤਿਜੁਗ ਕਹੇ ਪ੍ਰਭ ਜੇ ਮੈਨੂੰ ਸੇਵਾਦਾਰ ਬਣਾਉਣਾ, ਚਾਕਰ ਜਗਤ ਜਣਾਈਆ । ਪਹਿਲੋਂ

ਕਲਜੁਗ ਕੂੜ ਕੁਟੰਬ ਮਿਟਾਉਣਾ, ਮਾਇਆ ਬੰਸ ਰਹਿਣ ਨਾ ਪਾਈਆ । ਹਉਮੇ ਹੰਗਤਾ ਗੜ੍ਹ ਤੁੜਾਉਣਾ, ਵਿਕਾਰ ਵਿਭਚਾਰ ਦੇਣਾ ਮਿਟਾਈਆ । ਧੁਰ ਦਾ ਢੋਲਾ ਇਕ ਸੁਣਾਉਣਾ, ਆਤਮ ਪਰਮਾਤਮ ਪੜਦਾ ਦੇਣਾ ਖੁਲ੍ਹਾਈਆ । ਅਵਤਾਰ ਪੈਗ਼ੰਬਰਾਂ ਪੰਧ ਮੁਕਾਉਣਾ, ਅੱਗੇ ਹੱਕ ਨਾ ਕੋਇ ਰਖਾਈਆ । ਸਚ ਦਾ ਹੁਕਮ ਇਕ ਵਰਤਾਉਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਉਣਾ, ਧੁਰ ਫ਼ਰਮਾਨਾ ਆਪ ਸੁਣਾਈਆ । ਸਤਿ ਧਰਮ ਨਿਸ਼ਾਨਾ ਇਕ ਝੁਲਾਉਣਾ, ਦੂਸਰ ਨਜ਼ਰ ਕੋਇ ਨਾ ਆਈਆ । ਮਰਦ ਮਰਦਾਨਾ ਆਪ ਅਖਵਾਉਣਾ, ਸੂਰਬੀਰ ਬੇਪਰਵਾਹੀਆ । ਖੰਡਾ ਖੜਗ ਆਪ ਚਮਕਾਉਣਾ, ਸ਼ਸਤਰ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਦਇਆ ਕਮਾਈਆ । ਸਤਿਜੁਗ ਕਹੇ ਪ੍ਰਭੂ ਜੇ ਮੇਰਾ ਲੋਕਮਾਤ ਹੋਣਾ ਸਮਾਂ, ਸਮਾਪਤ ਪਿਛਲਾ ਲੇਖਾ ਦੇ ਕਰਾਈਆ । ਜੇ ਮਾਰਗ ਚਲਾਉਣਾ ਨਵਾਂ, ਕੂੜੀ ਕਿਰਿਆ ਦੇ ਮੁਕਾਈਆ । ਜੇ ਨਾਮ ਜਪਾਉਣਾ ਦਮਾਂ, ਸਾਹ ਸਾਹ ਆਪ ਟਿਕਾਈਆ । ਜੇ ਨੂਰ ਜਗਾਉਣਾ ਸ਼ਮਾ, ਸਚ ਜੋਤ ਕਰੀਂ ਰੁਸ਼ਨਾਈਆ । ਜੇ ਮੇਟਣਾ ਹਰਖ਼ ਸੋਗ ਗ਼ਮਾਂ, ਆਤਮ ਪਰਮਾਤਮ ਦੇਣਾ ਦ੍ਰਿੜਾਈਆ । ਜੇ ਖ਼ਤਮ ਕਰਨੀ ਜਗਤ ਤਮਾਂ, ਸਾਂਤਕ ਸਤਿ ਦੇਣਾ ਵਰਤਾਈਆ । ਲੇਖਾ ਰਹੇ ਨਾ ਬਾਬਾ ਆਦਮ ਹੱਵਾ, ਪਾਰਬ੍ਰਹਮ ਤੇਰੀ ਓਟ ਤਕਾਈਆ । ਫਿਰ ਮੈਂ ਤੇਰਾ ਇਕੋ ਢੋਲਾ ਇਕੋ ਗੀਤ ਗਾਵਾਂ, ਗਾ ਗਾ ਸ਼ੁਕਰ ਮਨਾਈਆ । ਫਿਰਾਂ ਨਾਲ ਚਵਾਂ, ਚਾਰੋਂ ਕੁੰਟ ਭੱਜਾਂ ਵਾਹੋ ਦਾਹੀਆ । ਸਚ ਸੰਦੇਸ਼ਾ ਸਭ ਨੂੰ ਕਹਵਾਂ, ਕਹਿ ਕਹਿ ਦੇਵਾਂ ਸੁਣਾਈਆ । ਉਠੋ ਵੇਖੋ ਜਨ ਭਗਤੋ ਤੁਹਾਡਾ ਧਰਮ ਦਾ ਜੁਗ ਹੋਇਆ ਰਵਾਂ, ਕਲਜੁਗ ਹੱਥ ਕਿਛ ਨਾ ਆਈਆ । ਮੈਂ ਭਗਤ ਦਵਾਰੇ ਖ਼ੁਸ਼ੀਆਂ ਨਾਲ ਭਵਾਂ, ਸਚ ਸਿੰਘਾਸਣ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਇਕ ਸਰਨਾਈਆ । ਸਤਿਜੁਗ ਕਹੇ ਜੇ ਮੇਰੀ ਲੋਕਮਾਤ ਲਾਉਣੀ ਨੀਂਹ, ਧਰਮ ਦੀ ਧਾਰ ਦ੍ਰਿੜਾਈਆ । ਪਹਿਲੋਂ ਕਲਜੁਗ ਕੂੜੀ ਕਿਰਿਆ ਰਹਿਣ ਨਾ ਦੇਵੀਂ ਲੀਹ, ਮਮਤਾ ਮੋਹ ਦੇਣਾ ਚੁਕਾਈਆ । ਸਭ ਦਾ ਲੇਖਾ ਪੂਰਾ ਕਰੀਂ ਸਾਢੇ ਤਿੰਨ ਹੱਥ ਸੀਂਅ, ਜੋ ਰਵਦਾਸ ਚਮਾਰਾ ਗਿਆ ਲਿਖਾਈਆ । ਫਿਰ ਪੈਗ਼ੰਬਰਾਂ ਲੇਖਾ ਪੂਰਾ ਕਰੀਂ ਵੀਹ, ਬੀਸ ਬੀਸੇ ਅੱਖ ਉਠਾਈਆ । ਪੈਗ਼ੰਬਰਾਂ ਸਦੀ ਚੌਧਵੀਂ ਵੇਖੀਂ ਲੀਹ, ਲੈਨ ਐਨ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਮੇਰੇ ਵਿਚ ਆਇਆਂ ਨੂੰ ਕਹੀਂ ਜੀ, ਜੀ ਆਇਆਂ ਕਹਿ ਕੇ ਮੇਰੀ ਖ਼ੁਸ਼ੀ ਦੇਣੀ ਬਣਾਈਆ ।



### ੧੭ ਪੋਹ ਸ਼ਹਿਨਸ਼ਾਹੀ ਸੰਮਤ ੬ ਵੀਰੋ ਦੇਵੀ ਦੇ ਗ੍ਰਹਿ ਪਿੰਡ ਸਈ ਕਲਾਂ ਜ਼ਿਲਾ ਜੰਮੂ

ਸਤਿਜੁਗ ਕਹੇ ਤੇਰੇ ਪਿਆਰ ਦਾ ਚੜ੍ਹੇ ਰੰਗ, ਮੁਹੱਬਤ ਨਾਮ ਵਾਲੀ ਵਖਾਈਆ । ਸਤਿ ਦਾ ਰਹੇ ਸੰਗ, ਸਗਲਾ ਸੰਗ ਵਖਾਈਆ । ਧਰਮ ਦਾ ਰਹੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਤੇਰੇ ਪ੍ਰਕਾਸ਼ ਦਾ ਚੜ੍ਹੇ ਚੰਦ, ਚੰਦ ਚੰਦ ਵਿਚੋਂ ਰੁਸ਼ਨਾਈਆ । ਕਲਜੁਗ ਮੰਜ਼ਲ ਜਾਏ ਲੰਘ, ਪਾਂਧੀ ਮਾਤ ਨਾ ਕਦਮ ਟਿਕਾਈਆ । ਘਰ ਘਰ ਤੇਰੀ ਆਤਮ ਸੇਜਾ ਹੋਏ ਪਲੰਘ, ਸੁਖ ਆਸਣ ਵੱਜੇ ਵਧਾਈਆ । ਮੇਰੇ ਸਾਹਿਬ ਸੂਰੇ

੧੦੦੨ ੨੨

ਸਰਬੰਗ, ਸਿਰ ਮੇਰੇ ਹੱਥ ਟਿਕਾਈਆ । ਆਦਿ ਤੋਂ ਅੰਤ ਮੇਰੀ ਇਹੋ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਆਤਮ ਪਰਮਾਤਮ ਸਦਾ ਸੁਣਦਾ ਰਹਵਾਂ ਛੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹੁਕਮ ਦੇ ਸਾਰੇ ਹੋਣ ਪਾਬੰਦ, ਪਾਬੰਦੀ ਅਵਰ ਰਹੇ ਨਾ ਰਾਈਆ ।

### ✪ ੧੭ ਪੋਹ ਸ਼ਹਿਨਸ਼ਾਹੀ ਸੰਮਤ ੬ ਦੇਵਾ ਸਿੰਘ ਦੇ ਗ੍ਰਿਹ ਸਈ ਕਲਾਂ ਜ਼ਿਲਾ ਜੰਮੂ ✪

ਸਤਿਜੁਗ ਕਹੇ ਪ੍ਰਭੂ ਮੇਰਾ ਸੱਚਾ ਹੋਏ ਸਮਾਜ, ਸਮਗਰੀ ਸਚ ਦੇਣੀ ਵਰਤਾਈਆ । ਸ਼ਹਿਨਸ਼ਾਹ ਇਕੋ ਦੇ ਸਿਰ ਤੇ ਹੋਵੇ ਤਾਜ, ਤਖ਼ਤ ਨਿਵਾਸੀ ਇਕੋ ਸੋਭਾ ਪਾਈਆ । ਇਕੋ ਸਤਿ ਦੀ ਹੋਏ ਆਵਾਜ਼, ਤੇਰਾ ਨਾਮ ਡੰਕ ਸ਼ਨਵਾਈਆ । ਇਕੋ ਪਿਆਰ ਦਾ ਹੋਵੇ ਰਾਗ, ਰਾਗ ਰਾਗਣੀਆਂ ਜਿਸ ਨੂੰ ਸੀਸ ਨਿਵਾਈਆ । ਸਭ ਦੇ ਅੰਦਰ ਕੂੜ ਦਾ ਹੋਵੇ ਤਿਆਗ, ਮਮਤਾ ਮੋਹ ਮਿਟਾਈਆ । ਤੇਰੇ ਵਿਛੋੜੇ ਦਾ ਹੋਵੇ ਵੈਰਾਗ, ਬਿਰਹੋਂ ਵਿਚ ਧਿਆਨ ਲਗਾਈਆ । ਦੀਪਕ ਜੋਤ ਜਗੇ ਚਰਾਗ਼, ਚਰਾਗਾਹਾਂ ਹੋਏ ਰੁਸ਼ਨਾਈਆ । ਮੇਰਾ ਵੱਡਾ ਹੋਏ ਸੁਭਾਗ, ਭਗਵਨ ਤੇਰੀ ਆਸ ਰਖਾਈਆ । ਭਗਤਾਂ ਦਾ ਮਹਿਕਿਆ ਹੋਵੇ ਬਾਗ਼, ਗੁਲਸ਼ਨ ਬਗ਼ੀਚਾ ਇਕੋ ਨਜ਼ਰੀ ਆਈਆ । ਤੈਨੂੰ ਲੱਭਣਾ ਪਏ ਨਾ ਕਾਸ਼ੀ ਅਯੁਧਿਆ ਪਰਾਗ, ਕਾਅਬਿਆਂ
੧੦੦੩ ਰਾਹ ਨਾ ਕੋਇ ਤਕਾਈਆ । ਤ੍ਰੈਗੁਣ ਲੱਗੇ ਕਿਤੇ ਨਾ ਆਗ, ਸਾਂਤਕ ਸਤਿ ਵਰਤਾਈਆ । ਇਕੋ ਸੀਸ ਝੁਕੇ ਮਹਾਰਾਜ, ਰਾਜ ਰਾਜਾਨ ਸੀਸ ੧੦੦੩
੨੨ ਝੁਕਾਈਆ । ਦੁਰਮਤ ਮੈਲ ਰਹੇ ਨਾ ਦਾਗ਼, ਪਤਿਤ ਪੁਨੀਤ ਸਰਬ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ੨੨
ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਖ਼ੁਸ਼ੀਆਂ ਵਿਚ ਇਰਸ਼ਾਦ, ਅਰਸ਼ ਦੇ ਮਾਲਕ ਦਿਆਂ ਸੁਣਾਈਆ ।

### ✪ ੧੭ ਪੋਹ ਸ਼ਹਿਨਸ਼ਾਹੀ ਸੰਮਤ ੬ ਭਾਈਆ ਦੇਵੀ ਦੇ ਗ੍ਰਿਹ ਪਿੰਡ ਸਈ ਕਲਾਂ ਜ਼ਿਲਾ ਜੰਮੂ ✪

ਸਤਿਜੁਗ ਕਹੇ ਮੇਰੇ ਸਾਹਿਬ ਸੱਚੀ ਸਰਕਾਰ, ਅਦਨਾ ਹੋ ਕੇ ਸੀਸ ਝੁਕਾਈਆ । ਦਇਆ ਸਿੰਘ ਦੀ ਤਕ ਲੈ ਧਾਰ, ਜੋ ਆਇਆ ਬਿਸ਼ਨ ਸਿੰਘ ਰੂਪ ਬਦਲਾਈਆ । ਗੋਬਿੰਦ ਦਾ ਗੋਬਿੰਦ ਧਾਰ ਯਾਰ, ਯਰਾਨਾ ਤੋੜ ਗਿਆ ਨਿਭਾਈਆ । ਤੇਰੀ ਖ਼ੁਸ਼ੀ ਵਿਚ ਛਡ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਤੋਂ ਅੱਗੇ ਕਦਮ ਟਿਕਾਈਆ । ਪੁਜਿਆ ਸਚ ਸੱਚੇ ਦਰਬਾਰ, ਸਚਖੰਡ ਸਾਚੇ ਸੋਭਾ ਪਾਈਆ । ਰੰਗ ਚੜ੍ਹਿਆ ਅਗੰਮ ਅਪਾਰ, ਅਲਖ ਅਲੱਖਣੇ ਤੇਰੀ ਮਿਲੀ ਸਰਨਾਈਆ । ਜੋਤ ਜੋਤ ਦੀ ਬਣ ਕੇ ਧਾਰ, ਜੋਤ ਜੋਤ ਵਿਚ ਰੁਸ਼ਨਾਈਆ । ਮੇਰੀ ਨਮੋ ਨਮੋ ਨਿਮਸਕਾਰ, ਝੁਕ ਝੁਕ ਸੀਸ ਨਿਵਾਈਆ । ਤੇਰੇ ਕਦਮਾਂ ਸਦਾ ਬਲਿਹਾਰ, ਬਲਿਹਾਰੀ ਆਪਣਾ ਆਪ ਕਰਾਈਆ । ਜਿਸ ਭਗਤ ਸੁਹੇਲੇ ਦਿਤੇ ਤਾਰ, ਜਨਮ ਜਨਮ ਦੇ ਲੇਖੇ ਪੂਰ ਕਰਾਈਆ । ਸਚ ਪ੍ਰੇਮ ਦੀ ਬਖ਼ਸ਼ ਕੇ ਧਾਰ, ਧਰਨੀ ਉਤੇ ਦਿਤੀ ਵਡਿਆਈਆ । ਇਕ ਬੇਨੰਤੀ ਸੁਣ ਮੇਰੇ ਦਾਤਾਰ, ਦੀਨ ਦਿਆਲ

ਦਇਆ ਕਮਾਈਆ । ਉਹ ਤੇਰੇ ਪੰਜਾਂ ਪਿਆਰਿਆਂ ਦੀ ਸੀ ਸਿਕਦਾਰ, ਪੰਚਮ ਦਾ ਪੰਚਮ ਰੂਪ ਦਰਸਾਈਆ । ਉਸੇ ਦੀ ਬਖ਼ਸ਼ਿਸ਼ ਸੇਵਾ ਸਿੰਘ ਨੂੰ ਫੇਰ ਬਖ਼ਸ਼ ਦੇ ਦਸਤਾਰ, ਪੰਜਾਂ ਪਿਆਰਿਆਂ ਵਿਚ ਰਲਾਈਆ । ਪਿਛਲਾ ਰਹੇ ਨਾ ਕੋਇ ਉਧਾਰ, ਲੇਖਾ ਸਭ ਦਾ ਪੂਰ ਕਰਾਈਆ । ਉਸ ਦੇ ਮਸਤਕ ਤਿਲਕ ਲਗਾਵੇਗਾ ਰਵਦਾਸ ਚਮਾਰ, ਗੁਰਮੁਖ ਸਿੰਘ ਗੁਰਮੁਖ ਸੰਗ ਰਲਾਈਆ । ਫੇਰ ਫੜਾਵੇ ਹੱਥ ਨੰਗੀ ਤਲਵਾਰ, ਸੋਹਣਾ ਸਗਨ ਮਨਾਈਆ । ਇਹ ਛੱਬੀ ਪੋਹ ਨੂੰ ਵਿਹਾਰ ਤੋਂ ਪਹਿਲੋਂ ਕਰ ਲੈਣਾ ਵਿਹਾਰ, ਵਿਵਹਾਰੀ ਸੰਦੇਸ਼ਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ ।

### ✪ ੧੭ ਪੋਹ ਸ਼ਹਿਨਸ਼ਾਹੀ ਸੰਮਤ ੬ ਸੇਵਾ ਸਿੰਘ ਦੇ ਗ੍ਰਿਹ ਪਿੰਡ ਸਈ ਕਲਾਂ ਜ਼ਿਲਾ ਜੰਮੂ ✪

ਸਤਿਜੁਗ ਕਹੇ ਪ੍ਰਭ ਕਿਰਪਾ ਕਰਨੀ ਅਪਾਰ, ਅਪਰੰਪਰ ਦਇਆ ਕਮਾਈਆ । ਤੇਰਾ ਖੇਲ ਸੱਚੀ ਸਰਕਾਰ, ਸ਼ਹਿਨਸ਼ਾਹ ਹੋਵੇ ਬੇਪਰਵਾਹੀਆ । ਜੰਮੂ ਵਾਲਿਆਂ ਲਿਆਉਣੇ ਪੰਜ ਹਾਰ, ਸੇਵਾ ਸਿੰਘ ਦੇ ਗਲ ਦੇਣੇ ਪਹਿਨਾਈਆ । ਇੱਕੀਆਂ ਟਕਿਆਂ ਦਾ ਵਾਰਨਾ ਕਰਨਾ ਵਾਰੋ ਵਾਰ, ਧਰਮ ਦੀ ਧਾਰ ਹੱਥ ਉਠਾਈਆ । ਅੱਗੇ ਵਾਸਤੇ ਸਿੱਖ ਦਾ ਸਿੱਖਾਂ ਨਾਲ ਬਣਿਆ ਰਹੇ ਪਿਆਰ, ਦੂਰ ਨੇੜਾ ਪੰਧ ਨਾ ਕੋਇ ਜਣਾਈਆ । ਜਿਸ ਦਾ ਲੇਖਾ ਸੋ ਸਾਹਿਬ ਕਰਨੇਹਾਰ, ਕਰਨੀ ਦਾ ਕਰਤਾ ਰੰਗ ਰੰਗਾਈਆ । ਪੰਜਾਂ ਪਿਆਰਿਆਂ ਪੰਜ ਲਾਉਣੇ ਫੇਰ ਜੈਕਾਰ, ਖ਼ੁਸ਼ੀਆਂ ਨਾਲ ਸੁਣਾਈਆ । ਪੰਜਾਂ ਲਿਖਾਰੀਆਂ ਸ਼ਬਦ ਲਿਖਣਾ ਮੂੰਹ ਉਘਾੜ, ਦੰਦਾਂ ਨਾਲ ਦੰਦ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਸ਼ਨ ਸਿੰਘ ਦਾ ਲੇਖਾ ਲੇਖੇ ਲਾਵੇ ਭਗਤ ਦਰ ਜਗਤ ਕਰੇ ਵਿਹਾਰ, ਰਿਸ਼ਤੇਦਾਰ ਕੋਈ ਗੁਰਸਿਖ ਸਿਰ ਪੱਗ ਨਾ ਕੋਇ ਬੰਧਾਈਆ ।

### ✪ ੧੭ ਪੋਹ ਸ਼ਹਿਨਸ਼ਾਹੀ ਸੰਮਤ ੬ ਬੰਤੀ ਦੇਵੀ ਦੇ ਗ੍ਰਿਹ ਪਿੰਡ ਸਈ ਕਲਾਂ ਜ਼ਿਲਾ ਜੰਮੂ ✪

ਸਤਿਜੁਗ ਕਹੇ ਪ੍ਰਭ ਮੇਰਾ ਬਣ ਜਾ ਧੁਰ ਦਾ ਸਾਕੀ, ਨਾਮ ਪਿਆਲਾ ਜਾਮ ਘਰ ਘਰ ਦੇ ਪਿਆਈਆ । ਅਗੰਮੇ ਸ਼ਬਦ ਘੋੜੇ ਚੜ੍ਹ ਰਾਕੀ, ਰਾਕਬ ਆਪਣਾ ਬਲ ਧਰਾਈਆ । ਦੋ ਜਹਾਨਾਂ ਰਹੇ ਕੋਈ ਨਾ ਆਕੀ, ਅਕਲ ਬੁੱਧੀ ਸਭ ਦੀ ਦੇਣੀ ਠੀਕ ਕਰਾਈਆ । ਸਤਿ ਧਰਮ ਦਾ ਚੰਦ ਚੜ੍ਹਿਆ ਰਹੇ ਦਿਵਸ ਰਾਤੀ, ਅੰਧ ਅੰਧੇਰ ਨਜ਼ਰ ਨਾ ਆਈਆ । ਸ੍ਰਿਸ਼ਟੀ ਤੇਰੇ ਚਰਨ ਕਵਲਾਂ ਹੋਵੇ ਨਹਾਤੀ, ਤੀਰਥ ਤਟ ਨਾ ਕੋਇ ਵਡਿਆਈਆ । ਸਾਚੀ ਮੁਹੱਬਤ ਹੋਵੇ ਵਿਚ ਲੋਕਮਾਤੀ, ਮਤ ਮਤਾਂਤਰ ਡੇਰਾ ਢਾਹੀਆ । ਆਹ ਤਕ ਮੇਰੇ ਕੋਲ ਗੋਬਿੰਦ ਦੀ ਪਾਤੀ, ਜੋ ਸਹਿਜ ਨਾਲ ਗਿਆ ਫੜਾਈਆ । ਜਿਸ ਹੱਥ ਰੱਖਿਆ ਉਪਰ ਆਪਣੀ ਛਾਤੀ, ਛਤਰਧਾਰੀ ਦਾ ਦਾਅਵਾ ਕਰ ਕੇ ਗਿਆ ਸੁਣਾਈਆ । ਕਿਹਾ ਸਤਿਜੁਗ ਮੈਂ ਆਵਾਂ ਤੇ ਨਾਲ ਹੋਵੇ ਮੇਰਾ ਕਮਲਾਪਾਤੀ, ਪਤਿਪਰਮੇਸ਼ਵਰ ਸਗਲਾ ਸੰਗ ਬਣਾਈਆ । ਧਰਮ ਦਵਾਰਾ ਤੇਰਾ ਹੋਵੇ ਹਾਟੀ, ਵਸਤ ਸਚ ਵਾਲੀ ਵਰਤਾਈਆ । ਮੁਸ਼ਕਲ ਰਹੇ

੧੦੦੪ ੨੨

ਕੋਈ ਨਾ ਘਾਟੀ, ਘਾਟੇ ਵਿਚ ਨਾ ਕੋਇ ਕੁਰਲਾਈਆ । ਕਲਜੁਗ ਅੰਤਮ ਮੇਟ ਕੇ ਵਾਟੀ, ਵਟਨਾ ਤੈਨੂੰ ਦਿਆਂ ਮਲਾਈਆ । ਮੈਂ ਬੜੀ ਅੱਛੀ ਤਰਾ ਵਾਚੀ, ਵਾਚਕ ਹੋ ਕੇ ਦਿਆਂ ਸੁਣਾਈਆ । ਮੇਰੀ ਇੱਛਿਆ ਆਸਾ ਮਨਸਾ ਸਾਚੀ, ਸਚ ਸਚ ਨਾਲ ਮਿਲਾਈਆ । ਇਕ ਹੋਰ ਗੱਲ ਆਖੀ, ਆਖ ਕੇ ਗਿਆ ਸੁਣਾਈਆ । ਸਤਿਜੁਗ ਜਿਸ ਵੇਲੇ ਸੰਮਤ ਸ਼ਹਿਨਸ਼ਾਹੀ ਦੇ ਛੇਵੇਂ ਬਰਸ ਵਿਚ ਛੱਬੀ ਪੋਹ ਦੀ ਹੋਣੀ ਰਾਤੀ, ਰੈਣ ਆਪਣਾ ਰੰਗ ਵਖਾਈਆ । ਓਸ ਵੇਲੇ ਮਾਲਵੇ ਵਾਲਿਆਂ ਪੰਜ ਦਾਣੇ ਲਿਆਉਣੇ ਇਲਾਚੀ, ਜੋ ਸਰਸੇ ਦੇ ਕੰਢੇ ਗੋਬਿੰਦ ਦੰਦਾਂ ਹੇਠ ਚੱਬ ਕੇ ਫੇਰ ਸਰਸੇ ਵਿਚ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਹਿਬ ਪੁਰਖ ਸਮਰਾਥੀ, ਸਮਰਥਿਆ ਆਪਣੀ ਇਕ ਦਰਸਾਈਆ ।

### ✪ ੧੭ ਪੋਹ ਸ਼ਹਿਨਸ਼ਾਹੀ ਸੰਮਤ ੬ ਬੇਲਾ ਸਿੰਘ ਦੇ ਗ੍ਰਿਹਿ ਪਿੰਡ ਸਈ ਕਲਾਂ ਜ਼ਿਲਾ ਜੰਮੂ ✪

ਸਤਿਜੁਗ ਕਹੇ ਪ੍ਰਭੂ ਮੈਂ ਦਰ ਤੇਰੇ ਸਵਾਲੀ, ਸਵਾਲ ਧਰਮ ਦਾ ਇਕ ਜਣਾਈਆ । ਮੈਂ ਗੋਬਿੰਦ ਦੇ ਮਸਤਕ ਦੀ ਤਕਾਂ ਲਾਲੀ, ਪਿਛਲਾ ਵੇਲਾ ਵਕਤ ਦਏ ਗਵਾਹੀਆ । ਜਿਸ ਨੂੰ ਮਾਲਵੇ ਵਾਲਿਆਂ ਸੱਤ ਰੰਗ ਫੁੱਲਾਂ ਦੀ ਦਿਤੀ ਸੀ ਡਾਲੀ, ਪ੍ਰੇਮ ਪ੍ਰੀਤੀ ਵਿਚ ਭੇਟ ਕਰਾਈਆ । ਉਹ ਟਿਕਾਈ ਸੀ ਵਿਚ ਚਾਂਦੀ ਦੀ ਥਾਲੀ, ਥਾਲੀ ਤੇਰਾਂ ਇੰਚ ਕੁਤਰ ਵੰਡ ਵੰਡਾਈਆ । ਜਿਹੜੀ ਹਥੇਲੀ ਉਤੇ ਉਠਾ ਲਈ, ਉਠਾ ਕੇ ਚਾਰੋਂ ਕੁੰਟ ਚੱਕਰ ਦਿਤਾ ਲਗਾਈਆ । ਫਿਰ ਖੱਬੇ ਹੱਥ ਦੀ ਸੱਜੇ ਪੱਟ ਤੇ ਮਾਰੀ ਥਾਪੀ, ਆਵਾਜ਼ ਦਿਤੀ ਸੁਣਾਈਆ । ਹੱਸ ਕੇ ਕਿਹਾ ਜਿਸ ਵੇਲੇ ਆਈ ਪਰਮ ਪੁਰਖ ਦੀ ਜੋਤ ਅਕਾਲੀ, ਅਕਲ ਕਲਧਾਰੀ ਵੇਸ ਵਟਾਈਆ । ਓਸ ਨੇ ਪੀਰਾਂ ਦੇ ਗ੍ਰਿਹਿ ਕਰਨੇ ਖ਼ਾਲੀ, ਖਵਾਜ਼ਾ ਖਿਜ਼ਰ ਦਏ ਗਵਾਹੀਆ । ਓਸ ਵੇਲੇ ਮਾਲਵੇ ਵਾਲਿਓ ਦਸਾਂ ਫਿਰ ਬਣ ਕੇ ਮਾਲੀ, ਇਹ ਭੇਟਾ ਪ੍ਰਭ ਦੀ ਦੇਣੀ ਕਰਾਈਆ । ਵੇਖਿਓ ਓਸ ਵਿਚ ਮੁਲੱਮਾ ਰੱਖਿਓ ਕੋਇ ਨਾ ਜਾਹਲੀ, ਖੋਟ ਨਾਲ ਨਾ ਕੋਇ ਵਡਿਆਈਆ । ਜ਼ਰੂਰ ਨਾਲ ਨੌਂ ਪੱਤੇ ਰੱਖਿਓ ਟਾਹਲੀ, ਜਿਸ ਨੂੰ ਸ਼ੀਸ਼ਮ ਕਹੇ ਲੋਕਾਈਆ । ਗੋਬਿੰਦ ਨੇ ਫੇਰ ਨਿਗਹ ਉਠਾ ਲਈ, ਨੇਤਰ ਲੋਚਣ ਅੱਖ ਖੁਲ੍ਹਾਈਆ । ਚਾਰੋਂ ਕੁੰਟ ਅੰਧੇਰ ਘਟਾ ਦਿਸੀ ਕਾਲੀ, ਕਾਲਖ ਟਿੱਕਾ ਨਾ ਕੋਇ ਧਵਾਈਆ । ਫਿਰ ਹੱਥ ਫੇਰਿਆ ਉਪਰ ਆਪਣੀ ਦਾੜ੍ਹੀ, ਸੂਰਬੀਰ ਲਈ ਅੰਗੜਾਈਆ । ਹੁਣ ਮੈਂ ਫਿਰਦਾ ਵਿਚ ਜੰਗਲਾਂ ਉਜਾੜੀ, ਬੀਆਬਾਨਾਂ ਵਾਹੋ ਦਾਹੀਆ । ਫਿਰ ਸ਼ਹਿਨਸ਼ਾਹ ਨਾਲ ਹੋਵੇ ਮੇਰੀ ਸਿਕਦਾਰੀ, ਸਚ ਸਿੰਘਾਸਣ ਸੋਭਾ ਪਾਈਆ । ਦੋ ਜਹਾਨਾਂ ਪਾਵਾਂ ਸਾਰੀ, ਮਹਾਂਸਾਰਥੀ ਹੋ ਕੇ ਭੱਜਾਂ ਵਾਹੋ ਦਾਹੀਆ । ਮੁਹੰਮਦ ਦੀ ਆਸ਼ਾ ਤਕਾਂ ਜਿਸ ਵੇਲੇ ਆਏ ਸਦੀ ਚੌਧਵੀਂ ਦੀ ਵਾਰੀ, ਵਾਰਸ ਹੋ ਕੇ ਖੋਜ ਖੁਜਾਈਆ । ਲਹਿਣਾ ਦੇਣਾ ਲੇਖਾ ਅਪਰ ਅਪਾਰੀ, ਅਪਰੰਪਰ ਆਪਣਾ ਹੁਕਮ ਵਰਤਾਈਆ । ਓਸ ਵੇਲੇ ਰਵਦਾਸ ਦੇ ਕੋਲ ਹੋਣੀ ਇਕ ਸ਼ਰਅ ਵਾਲੀ ਸ਼ਾਰੀ, ਚੌਦਾਂ ਹਿੱਸੇ ਵੰਡ ਵੰਡਾਈਆ । ਸਦੀ ਚੌਧਵੀਂ ਦੀ ਗੋਲੀ ਕੋਲ ਹੋਣੀ ਇਕ ਪਟਾਰੀ, ਜਿਸ ਉਤੇ ਲੇਖਾ ਲਿਖਿਆ ਹੋਵੇ ਪਟਨੇ ਵਾਲਾ ਧੁਰ ਦਾ ਮਾਹੀਆ । ਪੰਜਾਂ ਦਰਬਾਰੀਆਂ ਖੁਲ੍ਹੀ ਛੱਡੀ ਹੋਵੇ ਦਾੜ੍ਹੀ, ਸੋਹਣਾ ਸਾਫ਼ ਸੁਥਰਾ ਰੂਪ ਦਰਸਾਈਆ । ਇਹ ਖੇਲ ਹੋਣਾ ਰਾਤ ਦੇ ਬਾਰਾਂ ਵਜੇ ਤੇ ਖੇਲ ਲੱਗੇ ਸਭ ਨੂੰ ਪਿਆਰੀ, ਪ੍ਰੀਤਮ ਪਿਆਰਾ ਆਪ ਕਰਾਈਆ ।

ਮਾਲਵੇ ਵਾਲਿਓ ਤੁਹਾਡਾ ਪਿਛਲਾ ਲਹਿਣਾ ਦਏ ਪਿਛਲਾ ਉਧਾਰੀ, ਏਸੇ ਕਰਕੇ ਲਏ ਮੰਗਾਈਆ । ਪੰਜਾਂ ਦੇ ਨਾਂ ਲਿਖ ਦਿਓ ਵੱਡੇ ਤੋਂ ਛੋਟੇ ਤਕ ਵਾਰੋ ਵਾਰੀ, ਕੇਹਰ ਸਿੰਘ ਨਾਜ਼ਰ ਸਿੰਘ ਜਾਗੀਰ ਸਿੰਘ ਕਪੂਰ ਸਿੰਘ ਚਮਕੌਰ ਸਿੰਘ ਲਹਿਣਾ ਪਿਛਲਾ ਰਿਹਾ ਨਾ ਰਾਈਆ । ਸਤਿਜੁਗ ਕਹੇ ਪ੍ਰਭ ਮੈਂ ਸਦਾ ਤੇਰੇ ਚਰਨ ਕਵਲ ਨਿਮਸਕਾਰੀ, ਨਿਵ ਨਿਵ ਲਾਗਾਂ ਪਾਈਆ । ਤੇਰੇ ਭਗਤਾਂ ਤੋਂ ਜਾਵਾਂ ਬਲਿਹਾਰੀ, ਜਿਨ੍ਹਾਂ ਤੇਰੀ ਪ੍ਰੇਮ ਵਿਚ ਸੇਵ ਕਮਾਈਆ । ਅੱਜ ਖ਼ੁਸ਼ੀਆਂ ਦੀ ਦਿਹਾੜੀ, ਸਭ ਨੂੰ ਬਖ਼ਸ਼ ਮਾਣ ਵਡਿਆਈਆ । ਘਰਾਂ ਨੂੰ ਜਾਣਾ ਵਾਰੋ ਵਾਰੀ, ਪ੍ਰੇਮ ਵਿਚ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਸੱਚੀ ਸਿਕਦਾਰੀ, ਦੂਜਾ ਸਿਕਦਾਰ ਨਜ਼ਰ ਕੋਇ ਨਾ ਆਈਆ ।

## ✪ ੧੭ ਪੋਹ ਸ਼ਹਿਨਸ਼ਾਹੀ ਸੰਮਤ ੬ ਵਕੀਲ ਸਿੰਘ ਦੇ ਗ੍ਰਹਿ ਪਿੰਡ ਹੰਸਾ ਜ਼ਿਲਾ ਜੰਮੂ ✪

ਸਤਿਜੁਗ ਕਹੇ ਪ੍ਰਭ ਤੇਰਾ ਸ਼ਬਦ ਹੋਵੇ ਧੁਰ ਦਾ ਯੋਧਾ, ਸੂਰਬੀਰ ਹੁਕਮਰਾਨ ਇਕ ਅਖਵਾਈਆ । ਸਭ ਦਾ ਸਾਬਤ ਰੱਖੇ ਸੀਸ ਬੋਦਾ, ਬਹੁ ਬਿਧ ਰੂਪ ਨਾ ਕੋਇ ਜਣਾਈਆ । ਜਨ ਭਗਤਾਂ ਇਕੋ ਜੇਹਾ ਬਖ਼ਸ਼ੇ ਔਹਦਾ, ਵਡਾ ਛੋਟਾ ਨਾ ਕੋਇ ਅਖਵਾਈਆ । ਮੁਖੋਂ ਨਿਕਲੇ ਕਿਸੇ ਨਾ ਤੋਬਾ, ਤੇਰੇ ਨਾਮ ਦੀ ਵਡਿਆਈਆ । ਜਗਤ ਜਗਿਆਸੂਆਂ ਇਕੋ ਦੱਸਣਾ ਜੋਗਾ, ਜੁਗੀਸ਼ਰ ਇਕੋ ਰੰਗ ਰੰਗਾਈਆ । ਆਤਮ ਰਸ ਬਖ਼ਸ਼ਣਾ ਭੋਗਾ, ਨਿਝਰ ਧਾਰ ਪ੍ਰੇਮ ਵਹਾਈਆ । ਧੁਰ ਦਾ ਕਲਮਾ ਹੋਏ ਸਲੋਕਾ, ਨਾਮ ਨਿਧਾਨ ਵੱਜੇ ਵਧਾਈਆ । ਭੇਵ ਰਹੇ ਨਾ ਚੌਦਾਂ ਲੋਕਾ, ਚੌਦਾਂ ਵਿਦਿਆ ਇਕੋ ਗ੍ਰਹਿ ਸਮਝਾਈਆ । ਨੌਂ ਖੰਡ ਪ੍ਰਿਥਮੀ ਤੇਰਾ ਹੋਵੇ ਹੋਕਾ, ਸੱਤ ਦੀਪ ਇਕੋ ਹੁਕਮ ਵਰਤਾਈਆ । ਹਰਿਜਨ ਨਾਲ ਕਰੇ ਕੋਈ ਨਾ ਧੋਖਾ, ਬੇਵਾ ਬੇਈਮਾਨ ਨਾ ਕੋਇ ਬਣਾਈਆ । ਧੁਰ ਦੇ ਮਾਲਕ ਮਾਰਗ ਦੱਸਣਾ ਸੌਖਾ, ਮੰਜ਼ਲ ਘਾਟੀ ਇਕ ਜਣਾਈਆ । ਪੰਜ ਤਤ ਦਾ ਪਵਿੱਤਰ ਕਰੀਂ ਕੋਠਾ, ਸਤਿ ਸਰੂਪ ਆਪਣੀ ਦਇਆ ਕਮਾਈਆ । ਤੇਰਾ ਨਾਮ ਜਪਣਾ ਪਏ ਨਾ ਨਾਲ ਬੁੱਲ੍ਹਾਂ ਹੋਟਾਂ, ਨਿਜ ਆਤਮ ਵਸਣਾ ਚਾਈਂ ਚਾਈਂਆ । ਇਕੋ ਤੇਰੇ ਉਤੇ ਹੋਣ ਸਭ ਦੀਆਂ ਓਟਾਂ, ਦੂਜਾ ਇਸ਼ਟ ਨਾ ਕੋਇ ਜਣਾਈਆ । ਸ਼ਬਦੀ ਸ਼ਬਦ ਮਾਰੀਂ ਚੋਟਾਂ, ਸੋਈ ਸੁਰਤ ਸੁਰਤ ਜਗਾਈਆ । ਗੁਰਮੁਖ ਰਹੇ ਕੋਈ ਨਾ ਖੋਟਾ, ਖੋਟੇ ਖਰੇ ਲੈਣੇ ਬਣਾਈਆ । ਤੇਰੇ ਪਿਆਰ ਦਾ ਰਹੇ ਕਿਸੇ ਨਾ ਤੋਟਾ, ਅਤੁਟ ਭੰਡਾਰ ਦੇਣੇ ਭਰਾਈਆ । ਹੱਥ ਫੜਨਾ ਪਏ ਨਾ ਕਿਸੇ ਲੋਟਾ, ਵੁਜ਼ੂਆਂ ਵੰਡ ਨਾ ਕੋਇ ਵੰਡਾਈਆ । ਖੱਲ ਲਾਹੇ ਕੋਈ ਨਾ ਸੂਰ ਗਾਂ ਝੋਟਾ, ਢੋਰਾਂ ਮੁਖ ਨਾ ਕੋਇ ਲਗਾਈਆ । ਦੀਨ ਮਜ਼੍ਹਬ ਦੀ ਦਿਸੇ ਕੋਈ ਨਾ ਫੋਟਾ, ਫੁਟਕਲ ਰੂਪ ਨਾ ਕੋਇ ਬਣਾਈਆ । ਹਰਿਜਨ ਦਿਸੇ ਕੋਈ ਨਾ ਸੋਤਾ, ਆਲਸ ਨਿੰਦਰਾ ਦੇਣਾ ਮੁਕਾਈਆ । ਦੁੱਖ ਵਿਚ ਹੋਵੇ ਕੋਈ ਨਾ ਰੋਤਾ, ਹੰਝੂਆਂ ਹਾਰ ਨਾ ਕੋਇ ਬਣਾਈਆ । ਤੇਰਾ ਭਾਣਾ ਸਾਰੇ ਮੰਨਣ ਨਾਲ ਸ਼ੌਕਾ, ਸ਼ੱਕ ਸ਼ਿਕਵਾ ਸਾਰਾ ਦੇਣਾ ਗਵਾਈਆ । ਮਾਣਸ ਜਾਏ ਕੋਈ ਨਾ ਔਤਾ, ਖ਼ਾਲੀ ਕੁੱਖ ਨਾ ਕੋਇ ਰਖਾਈਆ । ਸਭ ਦਾ ਮਾਲਕ ਬਣਨਾ ਖੌਤਾ, ਖ਼ਾਵੰਦ ਇਕੋ ਇਕ ਅਖਵਾਈਆ । ਤੇਰੀ ਮੰਜ਼ਲ ਤੇਰਾ ਸੰਤ ਸੁਹੇਲਾ ਹੋਵੇ ਪਹੁੰਚਾ, ਅਧਵਿਚਕਾਰ ਨਾ ਕੋਇ ਅਟਕਾਈਆ । ਗੋਬਿੰਦ ਦਾ ਲੇਖੇ ਲਾਵੇ ਪਹਿਲਾ ਢੌਂਕਾ, ਢਈਆ ਅੱਗੇ ਨਾ ਕੋਇ ਵਖਾਈਆ । ਜਿਸ


੧੦੦੬ ੨੨

ਦਾ ਲੇਖਾ ਪਟਨਾ ਪੌਂਟਾ, ਪਾਰਬ੍ਰਹਮ ਪ੍ਰਭ ਪੂਰਾ ਦੇਣਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਸ਼ਬਦ ਨਾਮ ਦਾ ਵੱਜੇ ਇਕੋ ਧੌਂਸਾ, ਧਰਨੀ ਧਰਤ ਧਵਲ ਧੌਲ ਦੇਣਾ ਸੁਣਾਈਆ ।

### ✪ ੧੭ ਪੋਹ ਸ਼ਹਿਨਸ਼ਾਹੀ ਸੰਮਤ ੬ ਰਣੀਆ ਰਾਮ ਦੇ ਘਰ ਪਿੰਡ ਕਲੋਏ ਜ਼ਿਲਾ ਜੰਮੂ ✪

ਸਤਿਜੁਗ ਕਹੇ ਪ੍ਰਭ ਮੇਰਾ ਸੁਹਾਉਣਾ ਹੋਵੇ ਸਮਾਂ, ਸਮਾਪਤ ਕੂੜੀ ਕਿਰਿਆ ਦੇਣੀ ਕਰਾਈਆ । ਸਚ ਦੀ ਜਗਦੀ ਹੋਵੇ ਸ਼ਮਾਂ, ਅੰਧ ਅੰਧੇਰ ਦੇਣਾ ਗਵਾਈਆ । ਕੂੜੀ ਹੋਵੇ ਕਿਸੇ ਨਾ ਤਮਾਂ, ਅੰਤਰ ਲੋਭ ਦੇਣਾ ਮਿਟਾਈਆ । ਰੋਗ ਰਹੇ ਕਿਸੇ ਨਾ ਦਮਾਂ, ਸਾਹ ਸਾਹ ਤੇਰਾ ਨਾਮ ਧਿਆਈਆ । ਝਗੜਾ ਮੇਟ ਕੇ ਕਾਇਆ ਚੰਮਾਂ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਮਾਰਗ ਨਿਰਗੁਣ ਨਿਰਗੁਣ ਦੱਸ ਕੇ ਨਵਾਂ, ਨੌ ਖੰਡ ਪ੍ਰਿਥਮੀ ਦੇਣੀ ਸਮਝਾਈਆ । ਤੇਰਾ ਸਹਾਰਾ ਇਕੋ ਲਵਾਂ, ਲੰਮਾ ਪੈ ਕੇ ਸੀਸ ਨਿਵਾਈਆ । ਪਿਛਲਾ ਲੇਖਾ ਰਹੇ ਨਾ, ਪਿਛਲਿਆਂ ਚਹੁੰਆਂ ਜੁਗਾਂ ਦਾ ਪੰਧ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਦੇਣਾ ਵਰਤਾਈਆ । ਸਤਿਜੁਗ ਕਹੇ ਪ੍ਰਭ ਮੇਰੀ ਅੰਤ ਖਾਹਿਸ਼, ਖ਼ਾਲਸ ਦਿਆਂ ਜਣਾਈਆ । ਪਿਛਲੀ ਰਹੇ ਕੋਈ ਨਾ ਸ਼ਾਖ, ਸ਼ਨਾਖ਼ਤ ਆਪਣੀ ਦੇਣੀ ਵਖਾਈਆ । ਇਸ਼ਾਰਾ ਰਹੇ ਨਾ ਈਸਾ ਕੋਈ ਕਲਾਕ, ਘੜੀ ਘੜੀ ਵੰਡ ਵੰਡਾਈਆ । ਚੌਦਾਂ ਤਬਕਾਂ ਦਾ ਬੰਦ ਕਰਨਾ ਤਾਕ, ਮੁਹੰਮਦ ਦਏ ਦੁਹਾਈਆ । ਸਰਗੁਣ ਧਾਰ ਕਰ ਇਤਫ਼ਾਕ, ਨਿਫ਼ਾਕ ਸਭ ਦਾ ਦੇਣਾ ਕਢਾਈਆ । ਸ੍ਰਿਸ਼ਟੀ ਤੇਰੀ ਇਕੋ ਹੋਵੇ ਜ਼ਾਤ, ਆਤਮ ਬ੍ਰਹਮ ਦੇਣਾ ਸਮਝਾਈਆ । ਲੇਖਾ ਲਿਖ ਕੇ ਨਾਲ ਕਲਮ ਦਵਾਤ, ਦੋਹਾਂ ਮੇਲ ਮੇਲਣਾ ਸਹਿਜ ਸੁਭਾਈਆ । ਸਾਚੇ ਭਗਤਾਂ ਦੇਣੀ ਸ਼ਾਬਾਸ਼, ਸਿਰ ਆਪਣਾ ਹੱਥ ਟਿਕਾਈਆ । ਸ਼ਹਿਨਸ਼ਾਹ ਇਕ ਅਬਿਨਾਸ਼, ਅਬਿਨਾਸ਼ੀ ਕਰਤੇ ਸੀਸ ਨਿਵਾਈਆ । ਓਨ੍ਹਾਂ ਏਥੇ ਓਥੇ ਬਖ਼ਸ਼ਣੀ ਨਿਜਾਤ, ਦਰਗਾਹ ਸਾਚੀ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਤੇਰਾ ਨੂਰ ਹੋਵੇ ਪ੍ਰਕਾਸ਼, ਜੋਤੀ ਜਾਤੇ ਤੇਰਾ ਨੂਰ ਸੋਭਾ ਪਾਈਆ ।

### ✪ ੧੭ ਪੋਹ ਸ਼ਹਿਨਸ਼ਾਹੀ ਸੰਮਤ ੬ ਸੇਵਾ ਸਿੰਘ ਦੇ ਗ੍ਰਹਿ ਪਿੰਡ ਕਲੋਏ ਜ਼ਿਲਾ ਜੰਮੂ ✪

ਸਤਿਜੁਗ ਕਹੇ ਪ੍ਰਭ ਮੈਨੂੰ ਬਖ਼ਸ਼ ਪਿਆਰ ਅਨੋਖਾ, ਵੱਖਰੀ ਧਾਰ ਸਮਝਾਈਆ । ਮੇਰੇ ਵਿਚ ਕਰੇ ਕੋਈ ਨਾ ਧੋਖਾ, ਦਗ਼ੇਦਾਰ ਨਜ਼ਰ ਕੋਇ ਨਾ ਆਈਆ । ਕਲਪਨਾ ਵਾਲੀ ਰਹੇ ਨਾ ਸੋਚਾ, ਸਮਝ ਸਚ ਦੇਣੀ ਸਮਝਾਈਆ । ਮੇਰਾ ਸਮਾਂ ਬੜਾ ਲੰਮਾ ਚੋਖਾ, ਬਹੁਤਾ ਸਭ ਤੋਂ ਨਜ਼ਰੀ ਆਈਆ । ਓਨਾਂ ਚਿਰ ਪਿਤਾ ਨਾ ਮਰੇ ਜਿਨਾਂ ਚਿਰ ਘਰ ਅੱਗੇ ਨਾ ਹੋਵੇ ਪੋਤਾ, ਮਿਹਰਵਾਨ ਮਿਹਰ ਵਸਤ ਦੇਣੀ ਵਰਤਾਈਆ । ਦੁਖ ਕਲੇਸ਼ ਵਿਚ ਕੋਈ ਨਾ ਹੋਵੇ ਰੋਤਾ, ਨੇਤਰ ਨੀਰ ਨਾ ਕੋਇ ਵਹਾਈਆ । ਤੈਥੋਂ ਵਿਛੜ ਕੇ ਕੋਈ ਨਾ ਹੋਵੇ ਸੋਤਾ, ਸੁਰਤੀ ਸਭ ਦੀ ਲੈਣੀ ਉਠਾਈਆ । ਬਿਨਾ

ਤੇਰੇ ਤੋਂ ਜਗਾਉਣੀ ਪਏ ਕੋਈ ਨਾ ਜੋਤਾ, ਜੋਤੀ ਜਾਤੇ ਇਕੋ ਤੇਰਾ ਨੂਰ ਨਜ਼ਰੀ ਆਈਆ । ਵੇਖੀਂ ਕਦੀ ਆਪਣਿਆਂ ਭਗਤਾਂ ਨਾਲ ਕਰੀਂ ਨਾ ਰੋਸਾ, ਰੁਸਿਆਂ ਸਦਾ ਲਈਂ ਮਨਾਈਆ । ਨਾਮ ਖ਼ੁਮਾਰੀ ਦਈਂ ਮਦਹੋਸ਼ਾ, ਮਧੁਰ ਧੁਨ ਆਪ ਸੁਣਾਈਆ । ਓਨ੍ਹਾਂ ਨੂੰ ਪੜ੍ਹਨਾ ਪਏ ਕੋਇ ਨਾ ਕੋਸ਼ਾ, ਅੱਖਰ ਰੰਗ ਨਾ ਕੋਇ ਰੰਗਾਈਆ । ਸਦਾ ਤੇਰੇ ਮਿਲਣ ਦਾ ਉਪਜਿਆ ਰਹੇ ਸ਼ੌਕਾ, ਸ਼ੌਕੀਨ ਧੁਰ ਦੇ ਦੇਣੇ ਪਰਗਟਾਈਆ । ਚੜ੍ਹੇ ਰਹਿਣ ਤੇਰੇ ਨਾਮ ਦੀ ਨੌਕਾ, ਬੇੜਾ ਬੇੜੀ ਅਵਰ ਨਾ ਕੋਇ ਟਿਕਾਈਆ । ਭਾਗ ਕਰਨਾ ਅੰਦਰ ਚਾਉ ਕਾ, ਚਾਉ ਘਨੇਰਾ ਇਕ ਕਰਾਈਆ । ਪ੍ਰੇਮ ਦੱਸਣਾ ਵਾਹੋ ਵਾਹੋ ਕਾ, ਵਾਹਵਾ ਸਤਿਗੁਰ ਤੇਰੀ ਬੇਪਰਵਾਹੀਆ । ਨਗਰ ਖੇੜਾ ਵਸਾਉਣਾ ਸਚ ਗਰਾਉਂ ਕਾ, ਤਨ ਵਜੂਦ ਸੋਭਾ ਪਾਈਆ । ਖੇਲ ਵੇਖਣ ਤੇਰੇ ਪਸਾਉ ਕਾ, ਪਸਰ ਪਸਾਰੀ ਧਿਆਨ ਲਗਾਈਆ । ਉਨ੍ਹਾਂ ਉਤੇ ਹੁਕਮ ਹੋਵੇ ਨਾ ਕਿਸੇ ਦਬਾਉ ਕਾ, ਦੱਬਾ ਅਵਰ ਨਾ ਕੋਇ ਜਣਾਈਆ । ਤੇਰਾ ਦਰਸ਼ਨ ਤਕਣ ਸ਼ਹਿਨਸ਼ਾਹੋ ਕਾ, ਪਾਤਸ਼ਾਹ ਤੇਰੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਂ ਨਜ਼ਾਰਾ ਤਕਾਂ ਤੇਰਾ ਬੇਪਰਵਾਹੋ ਕਾ, ਬੇਪਰਵਾਹ ਤੇਰੀ ਬੇਪਰਵਾਹੀ ਵਿਚ ਸਮਾਈਆ ।

### ✪ ੧੭ ਪੋਹ ਸ਼ਹਿਨਸ਼ਾਹੀ ਸੰਮਤ ੬ ਪਿਆਰੇ ਲਾਲ ਦੇ ਗ੍ਰਿਹ ਪਿੰਡ ਕਲੋਏ ਜ਼ਿਲਾ ਜੰਮੂ ✪



ਸਤਿਜੁਗ ਕਹੇ ਪ੍ਰਭ ਮੈਂ ਤੇਰੀ ਮੰਗਾਂ ਰਹਿਮਤ, ਰਹੀਮ ਧਿਆਨ ਲਗਾਈਆ । ਕਾਇਨਾਤ ਤੇਰੇ ਨਾਲ ਹੋਵੇ ਸਹਿਮਤ, ਸਹਿਮ ਦੀਨ ਮਜ਼ਬ ਦਾ ਦੇਣਾ ਗਵਾਈਆ । ਝਗੜਾ ਮੁਕਾਉਣਾ ਧੋਤੀ ਤਹਿਮਤ, ਤਮਾਂ ਦਾ ਲਾਲਚ ਰਹੇ ਨਾ ਰਾਈਆ । ਮੂਰਖ ਮੁਗਧ ਰਹੇ ਕੋਈ ਨਾ ਅਹਿਮਕ, ਹਰਿਜਨ ਆਪਣੇ ਲੈਣੇ ਬਣਾਈਆ । ਤੇਰੇ ਧੁਰ ਕਲਮੇ ਦੀ ਵੱਜੇ ਅਗੰਮੀ ਸੈਨਤ, ਇਸ਼ਾਰਾ ਇਕੋ ਇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸਤਿਜੁਗ ਕਹੇ ਪ੍ਰਭ ਜੇ ਮੇਰੀ ਆਸਾ ਪੂਰੀ ਕਰੇਂ ਮਾਕੂਲ, ਮੁਕੰਮਲ ਦਿਆਂ ਜਣਾਈਆ । ਤੇਰੇ ਹੁਕਮ ਦਾ ਹੋਵੇ ਅਸੂਲ, ਅਸਲੀਅਤ ਇਕੋ ਨਜ਼ਰੀ ਆਈਆ । ਮੇਰੇ ਵਿਚ ਭੇਜੀਂ ਨਾ ਕੋਇ ਰਸੂਲ, ਨੰਨ੍ਹੇ ਦੀ ਲੋੜ ਰਹੇ ਨਾ ਰਾਈਆ । ਤੇਰਾ ਸਚ ਪੰਘੂੜਾ ਲਵਾਂ ਝੂਲ, ਹੁਲਾਰਾ ਦੋ ਜਹਾਨ ਵਖਾਈਆ । ਤੂੰ ਮਾਲਕ ਆਦਿ ਦਾ ਕੰਤ ਕੰਤੂਹਲ, ਹਰਿ ਸਾਹਿਬ ਤੇਰੀ ਸਰਨਾਈਆ । ਤੇਰੇ ਨਾਮ ਦਾ ਲੈਂਦਾ ਹੋਏ ਨਾ ਕੋਈ ਮਸੂਲ, ਕੀਮਤ ਸਕੇ ਨਾ ਕੋਇ ਪਾਈਆ । ਪ੍ਰੇਮ ਪਿਆਰ ਦੇ ਜਗਤ ਵਿਚ ਬਖ਼ਸ਼ੀਂ ਫੂਲ, ਬਰਖਾ ਧੁਰ ਦੀ ਇਕ ਰਖਾਈਆ । ਖੇਲ ਕਰਨੀ ਹਸਬੇ ਮਾਮੂਲ, ਜ਼ਾਹਰ ਜ਼ਹੂਰ ਤੇਰੀ ਵਡਿਆਈਆ । ਵੇਖੀਂ ਮੇਰਾ ਕੌਲ ਇਕਰਾਰ ਨਾ ਜਾਵੀਂ ਭੂਲ, ਅਭੁਲ ਤੇਰੇ ਅੱਗੇ ਸੀਸ ਨਿਵਾਈਆ । ਕਿਤੇ ਲੇਖਾ ਨਾ ਕਰੀਂ ਅਰਜ਼ ਤੂਲ, ਹਿੱਸਿਆਂ ਵਾਲੀ ਵੰਡ ਵੰਡਾਈਆ । ਮੈਂ ਤੇਰੇ ਪਿਆਰ ਵਿਚ ਸਦਾ ਰਹਵਾਂ ਮਸ਼ਗ਼ੂਲ, ਨਜ਼ਰ ਅਵਰ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਨੂੰ ਡਰ ਭੈ ਰਹੇ ਨਾ ਸ਼ੰਕਰ ਵਾਲੀ ਤ੍ਰਿਸੂਲ, ਇਕੋ ਤੇਰਾ ਸਹਾਰਾ ਰੱਖ ਕੇ ਸੀਸ ਨਿਵਾਈਆ ।

੧੦੦੮ ੨੨

## ✪ ੧੭ ਪੋਹ ਸ਼ਹਿਨਸ਼ਾਹੀ ਸੰਮਤ ੬ ਲੀਲਾ ਵੰਤੀ ਦੇ ਗ੍ਰਿਹ ਕਰਨ ਨਗਰ ਜੰਮੂ ਸ਼ਹਿਰ ✪

ਸਤਿਜੁਗ ਕਹੇ ਪ੍ਰਭ ਦੇਣਾ ਸਚ ਨਾਮ ਭੰਡਾਰਾ, ਪੁਰਖ ਅਕਾਲ ਦੀਨ ਦਿਆਲ ਦਇਆ ਕਮਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਨਿਰਗੁਣ ਧਾਰ ਹੋਵੇ ਵਰਤਾਰਾ, ਸਰਗੁਣ ਝੋਲੀ ਲੋਕਮਾਤ ਭਰਾਈਆ । ਆਤਮ ਪਰਮਾਤਮ ਪਰਮਾਤਮ ਆਤਮ ਪਾਰਬ੍ਰਹਮ ਬ੍ਰਹਮ ਬਣਨਾ ਸਚ ਸਹਾਰਾ, ਸਹਾਇਕ ਨਾਇਕ ਨਰ ਨਰਾਇਣ ਇਕੋ ਸੋਭਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਤੂੰ ਮੇਰਾ ਮੈਂ ਤੇਰਾ ਹੋਏ ਜੈਕਾਰਾ, ਅਗੰਮ ਅਗੋਚਰ ਅਥਾਹ ਤੇਰਾ ਨਾਮ ਵਡਿਆਈਆ । ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਤੇਰੇ ਚਰਨ ਕਵਲ ਹੋਵੇ ਨਿਮਸਕਾਰਾ, ਡੰਡਾਵਤ ਬੰਦਨਾ ਸੀਸ ਜਗਦੀਸ ਇਕੋ ਇਕ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਸਤਿ ਸਰੂਪੀ ਹੋਵਣ ਸੇਵਾਦਾਰਾ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਤੇਰਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਦਰਸਾਈਆ । ਸਤਿਜੁਗ ਕਹੇ ਪ੍ਰਭ ਧੁਰ ਦਾ ਦੇਵੀਂ ਨਾਮ ਖ਼ਜ਼ਾਨਾ, ਅਤੋਟ ਅਤੁਟ ਵਰਤਾਈਆ । ਮਾਲਕ ਬਣ ਕੇ ਦੇਣਾ ਵਿਚ ਜਹਾਨਾ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਤੇਰੇ ਧਰਮ ਦਾ ਧਰਮ ਝੁੱਲੇ ਨਿਸ਼ਾਨਾ, ਨਿਛਾਵਰ ਦੋ ਜਹਾਨ ਕਰਾਈਆ । ਸੱਤ ਦੀਪ ਕਰਨ ਪਰਵਾਨਾ, ਪਰਮ ਪੁਰਖ ਪ੍ਰਭ ਤੇਰੀ ਓਟ ਤਕਾਈਆ । ਚਾਰ ਜੁਗ ਤੋਂ ਵੱਖਰਾ ਤੇਰਾ ਹੋਏ ਵਿਧਾਨਾ, ਜਿਸ ਦੀ ਤਰਮੀਮ ਨਾ ਕੋਇ ਕਰਾਈਆ । ਸ਼ਾਹੋ ਭੂਪ ਨਜ਼ਰ ਆਏ ਇਕ ਸੁਲਤਾਨਾ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਸਤਿਜੁਗ ਕਹੇ ਪ੍ਰਭ ਦੇਣਾ ਨਾਮ ਅਪਾਰਾ, ਅਪਰੰਪਰ ਸਵਾਮੀ ਦਇਆ ਕਮਾਈਆ । ਸਤਿਗੁਰ ਸ਼ਬਦ ਹੋਏ ਵਰਤਾਰਾ, ਗ੍ਰਿਹ ਗ੍ਰਿਹ ਦੇਵੇ ਥਾਉਂ ਥਾਈਂਆ । ਤੇਰਾ ਹੁਕਮ ਵਰਤੇ ਸਚੀ ਸਰਕਾਰਾ, ਭੈ ਵਿਚ ਹੋਵੇ ਸਰਬ ਲੋਕਾਈਆ । ਕੂੜੀ ਕਿਰਿਆ ਹੋਏ ਨਾ ਧੁੰਦੂਕਾਰਾ, ਜਗਤ ਵਿਕਾਰਾ ਦੇਣਾ ਮਿਟਾਈਆ । ਸਚ ਧਰਮ ਦਾ ਹੋਵੇ ਇਕ ਦਵਾਰਾ, ਇਕੋ ਵਸਤ ਨਾਮ ਵਰਤਾਈਆ । ਜਿਸ ਨੂੰ ਦੂਰ ਦੁਰਾਡੇ ਨਿਰਗੁਣ ਨਿਰਗੁਣ ਵੇਖਣ ਪੈਗ਼ੰਬਰ ਗੁਰ ਅਵਤਾਰਾ, ਸਚਖੰਡ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸੁਲਤਾਨ ਤੇਰੀ ਵਡਿਆਈਆ । ਸਤਿਜੁਗ ਕਹੇ ਪ੍ਰਭ ਤੇਰੇ ਹੁਕਮ ਦਾ ਹੋਵੇ ਭੈ, ਭੈ ਭੰਜਣ ਤੇਰੀ ਵਡਿਆਈਆ । ਲੱਖ ਚੁਰਾਸੀ ਤੇਰਾ ਭਾਣਾ ਸਹਿ, ਸਿਰ ਸਕੇ ਨਾ ਕੋਇ ਉਠਾਈਆ । ਜੋ ਅਵਤਾਰ ਪੈਗ਼ੰਬਰ ਗੁਰੂ ਗਏ ਕਹਿ, ਭਵਿਖਤਾਂ ਵਿਚ ਸ਼ਨਵਾਈਆ । ਉਸ ਸਭ ਦੀ ਕਰਾਉਣੀ ਜੈ, ਵਿਜੈ ਤੇਰੇ ਹੱਥ ਫੜਾਈਆ । ਕੂੜ ਕਿਰਿਆ ਕਰਨੀ ਲੈ, ਸਤਿ ਧਰਮ ਦੇਣਾ ਪਰਗਟਾਈਆ । ਅੰਮ੍ਰਿਤ ਧਾਰ ਇਕੋ ਵਹੈ, ਕੂੜ ਕਿਰਿਆ ਦੇਣੀ ਰੁੜ੍ਹਾਈਆ । ਤੇਰੀ ਉਡੀਕ, ਵਿਚ ਜੁਗ ਚੌਕੜੀ ਬੀਤੇ ਕੈ, ਗਿਣਤੀ ਗਣਤ ਨਾ ਕੋਇ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਦਰ ਤੇਰੇ ਮੰਗ ਮੰਗਾਈਆ । ਸਤਿਜੁਗ ਕਹੇ ਪ੍ਰਭ ਦੇ ਦੇ ਹੁਕਮ ਅਗੰਮੀ, ਅਗੰਮ ਅਗੰਮੜੇ ਆਪ ਜਣਾਈਆ । ਸ੍ਰਿਸ਼ਟੀ ਧਾਰ ਹੋਵੇ ਨਵੀਂ, ਨਵ ਜੁਗ ਮਿਲੇ ਵਡਿਆਈਆ । ਤੈਨੂੰ ਸਾਰੇ ਉਡੀਕਦੇ ਅਵਤਾਰ ਚੌਵੀਂ, ਚੌਬੀਸਵੇਂ ਆਪਣਾ ਰੰਗ ਦੇ ਰੰਗਾਈਆ । ਲਹਿਣ ਦੇਣਾ ਲੇਖਾ ਸਭ ਤੋਂ ਲਵੀਂ, ਬਾਕੀ ਰਹਿਣ ਕੋਇ ਨਾ ਪਾਈਆ । ਵਸਤ ਅਮੋਲਕ ਸਤਿ ਧਰਮ ਦੀ ਧਰਨੀ ਧਰਤ ਧਵਲ ਧੌਲ ਦਵੀਂ, ਦੇਵਣਹਾਰ ਤੇਰੀ ਸਰਨਾਈਆ ।

ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਰਾਗ ਗਵੀਂ, ਗਹਿਰ ਗੰਭੀਰ ਬੇਨਜ਼ੀਰ ਢੋਲਾ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਾਮ ਨਿਧਾਨਾ ਇਕ ਵਰਤਾਈਆ । ਸਤਿਜੁਗ ਕਹੇ ਪ੍ਰਭ ਦੇਣਾ ਨਾਮ ਨਾਮ ਭਰਪੂਰ, ਸਮਰਥ ਦਇਆ ਕਮਾਈਆ । ਜੋਤੀ ਜਲਵਾ ਬਖ਼ਸ਼ਣਾ ਨੂਰ, ਅੰਧ ਅੰਧੇਰ ਗਵਾਈਆ । ਸ਼ਬਦ ਨਾਦ ਪਰਗਟਾਉਣੀ ਤੂਰ, ਤੁਰੀਆ ਤੋਂ ਬਾਹਰ ਸ਼ਨਵਾਈਆ । ਦਰਸ਼ਨ ਦੇਣਾ ਹਾਜ਼ਰ ਹਜ਼ੂਰ, ਹਜ਼ਰਤਾਂ ਦਾ ਲੇਖਾ ਰਹੇ ਨਾ ਰਾਈਆ । ਮੈਂ ਤੇਰੇ ਠਾਂਡੇ ਦਰ ਦਾ ਹੋਵਾਂ ਮਜ਼ਦੂਰ, ਚਾਕਰ ਬਣ ਕੇ ਸੇਵ ਕਮਾਈਆ । ਤੂੰ ਬਖ਼ਸ਼ਿਸ਼ ਬਖ਼ਸ਼ਣੀ ਵਾਲੀ ਧੂੜ, ਰਹਿਮਤ ਰਹਿਮ ਵਿਚੋਂ ਕਮਾਈਆ । ਮੇਰੇ ਵਿਚ ਹੋਵੇ ਕੋਈ ਨਾ ਮੂੜ੍ਹ, ਸੁਘੜ ਸੁਚੱਜੇ ਗੁਰਮੁਖ ਭਗਤ ਲੈਣੇ ਬਣਾਈਆ । ਮੈਂ ਤੇਰਾ ਸਹਾਰਾ ਤਕਾਂ ਜ਼ਰੂਰ, ਜ਼ਰੂਰਤ ਤੇਰੇ ਹੱਥ ਫੜਾਈਆ । ਤੇਰਾ ਨਾਮ ਕਰਾਂ ਮਸ਼ਹੂਰ, ਮਸ਼ਵਰੇ ਨਾਲ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜੀ ਕਿਰਿਆ ਮੇਟਣਾ ਕੂੜ, ਹਉਮੇ ਹੰਗਤਾ ਮਾਇਆ ਮਮਤਾ ਮੋਹ ਵਿਕਾਰ ਧਰਨੀ ਧਰਤ ਧਵਲ ਧੌਲ ਉਤੋਂ ਪਾਰ ਕਰਾਈਆ ।

✪ ੨੧ ਪੋਹ ਸ਼ਹਿਨਸ਼ਾਹੀ ਸੰਮਤ ੬ ਜਸਵੰਤ ਸਿੰਘ ਦੇ ਗ੍ਰਿਹਿ ਕਰਤਾਰ ਪੁਰ ਸ਼ਹਿਰ ✪

੧੦੭੦ ਸਤਿਜੁਗ ਕਹੇ ਪ੍ਰਭ ਏਕਾ ਬਖ਼ਸ਼ ਓਟ, ਓੜਕ ਤੇਰਾ ਧਿਆਨ ਲਗਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰੋਂ ਕਢ ਖੋਟ, ਕੂੜ ਕੁਕਰਮ ਦਾ ੧੦੭੦
੨੨ ਡੇਰਾ ਢਾਹੀਆ । ਆਲ੍ਹਣਿਉਂ ਡਿੱਗੇ ਉਠਾ ਬੋਟ, ਲੱਖ ਚੁਰਾਸੀ ਜੀਵ ਜੰਤ ਰਹੇ ਕੁਰਲਾਈਆ । ਝਗੜਾ ਮੇਟ ਦੇ ਵਰਨ ਗੋਤ, ਜ਼ਾਤ ਪਾਤ ਨਾ ਕੋਇ ਲੜਾਈਆ । ਸਚ ਪ੍ਰਕਾਸ਼ ਬਖ਼ਸ਼ ਦੇ ਜੋਤ, ਜੋਤੀ ਜਾਤੇ ਦਇਆ ਕਮਾਈਆ । ਮਨ ਕਲਪਣਾ ਰਹੇ ਨਾ ਸੋਚ, ਧੁਰ ਦੀ ਸਮਝ ਦੇਣੀ ਦ੍ਰਿੜਾਈਆ । ਨਿਜ ਨੇਤਰ ਖੋਲ੍ਹਣਾ ਲੋਚ, ਲੋਇਣ ਇਕ ਪਰਗਟਾਈਆ । ਤੇਰੇ ਨਾਮ ਦੀ ਨੌ ਖੰਡ ਪ੍ਰਿਥਮੀ ਹੋਵੇ ਸਰੋਤ, ਸਰਗੁਣ ਨਿਰਗੁਣ ਆਪਣਾ ਪੜਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਸਤਿਜੁਗ ਕਹੇ ਪ੍ਰਭ ਜੇ ਮੈਨੂੰ ਮਾਤ ਕਰਨਾ ਪਰਗਟ, ਪਰਗਟ ਆਪਣਾ ਸੰਗ ਨਿਭਾਈਆ । ਤੂੰ ਨਿਰਗੁਣ ਧਾਰ ਵਸਣਾ ਹਰ ਘਟ, ਘਟ ਨਿਵਾਸੀ ਦਇਆ ਕਮਾਈਆ । ਲੇਖਾ ਪੂਰਾ ਕਰਨਾ ਤੀਰਥ ਤਟ, ਅੱਠ ਸੱਠ ਰੋਵੇ ਮਾਰੇ ਧਾਹੀਆ । ਤੇਰੇ ਨਾਮ ਦਾ ਇਕੋ ਹੋਵੇ ਹੱਟ, ਦੂਸਰ ਵਸਤ ਨਾ ਕੋਇ ਵਰਤਾਈਆ । ਕਲਜੁਗ ਕੂੜੀ ਕਿਰਿਆ ਲੇਖਾ ਮੁਕਾ ਨਟੂਆ ਨਟ, ਸਵਾਂਗੀ ਸਵਾਂਗ ਨਾ ਕੋਇ ਵਰਤਾਈਆ । ਤੂੰ ਸਾਹਿਬ ਪੁਰਖ ਸਮਰਥ, ਹਰਿ ਦਾਤਾ ਅਗੰਮ ਅਥਾਹੀਆ । ਜੁਗ ਚੋਕੜੀ ਤੇਰਾ ਚਲਦਾ ਰਿਹਾ ਰਥ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਏ ਗਵਾਹੀਆ । ਮੈਂ ਵਾਸਤਾ ਪਾਵਾਂ ਦੋਵੇਂ ਜੋੜ ਕੇ ਹੱਥ, ਸੀਸ ਜਗਦੀਸ ਇਕ ਨਿਵਾਈਆ । ਮੇਰੇ ਵਿਚ ਤੇਰੇ ਨਾਮ ਦਾ ਇਕੋ ਹੋਵੇ ਜਸ, ਤੂੰ ਮੇਰਾ ਮੈਂ ਤੇਰਾ ਢੋਲਾ ਸਿਫ਼ਤ ਸਾਲਾਹੀਆ । ਸਭ ਦੀ ਨੇਤਰ ਖੋਲ੍ਹ ਅੱਖ, ਨਿਜ ਨੈਣ ਕਰ ਰੁਸ਼ਨਾਈਆ । ਤੇਰੇ ਤੇਰੀ ਧਾਰੋਂ ਹੋਣ ਕਦੇ ਨਾ ਵੱਖ, ਵੱਖਰਾ ਘਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਤੇਰੀ ਆਸ

ਰਖਾਈਆ । ਸਤਿਜੁਗ ਕਹੇ ਪ੍ਰਭ ਜੇ ਮੈਨੂੰ ਧਰਨੀ ਧਰਤ ਧਵਲ ਮਾਤਲੋਕ ਸੁਹਾਉਣਾ, ਸੁਹੰਜਣੀ ਰੁਤ ਤੇਰੇ ਨਾਲ ਮਹਿਕਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਬਣ ਕੇ ਆਉਣਾ, ਜੋਤੀ ਜਾਤਾ ਆਪਣਾ ਵੇਸ ਵਟਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਸਭ ਨੇ ਗਾਉਣਾ, ਰੀਤੀ ਕਲਜੁਗ ਅੰਤਮ ਦੇਣੀ ਚਲਾਈਆ । ਆਤਮ ਪਰਮਾਤਮ ਪਰਮਾਤਮ ਆਤਮ ਲੇਖਾ ਸਰਬ ਮੁਕਾਉਣਾ, ਮੁਕੰਮਲ ਆਪਣੀ ਕਾਰ ਭੁਗਤਾਈਆ । ਸ਼ਾਹੋ ਭੂਪ ਬਿਨ ਰੰਗ ਰੂਪ ਨਿਰਵੈਰ ਪੁਰਖ ਆਪਣਾ ਖੇਲ ਖਿਲਾਉਣਾ, ਖ਼ਾਲਕ ਖ਼ਲਕ ਮਖ਼ਲੂਕ ਤਕਣਾ ਚਾਈਂ ਚਾਈਂਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਡੰਕ ਵਜਾਉਣਾ, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਆਪ ਜਣਾਈਆ । ਹਉਂ ਸੇਵਕ ਬਾਲਕ ਨੰਨ੍ਹਾ ਦਰ ਤੇਰੇ ਸੀਸ ਨਿਵਾਉਣਾ, ਸਤਿਜੁਗ ਨਿਉਂ ਨਿਉਂ ਲਾਗੇ ਪਾਈਆ । ਮੇਰੇ ਮਾਲਕ ਖ਼ਾਲਕ ਪ੍ਰਿਤਪਾਲਕ ਪਾਰਬ੍ਰਹਮ ਪਤਿਪਰਮੇਸ਼ਵਰ ਠਾਂਡਾ ਦਰ ਇਕ ਸੁਹਾਉਣਾ, ਅਗਨੀ ਤਤ ਨਾ ਕੋਇ ਤਪਾਈਆ । ਮੇਰੇ ਅੰਦਰ ਚਾਰ ਵਰਨ ਅਠਾਰਾਂ ਬਰਨ ਇਕੋ ਰੰਗ ਰੰਗਾਉਣਾ, ਹਿੰਦੂ ਮੁਸਲਿਮ ਸਿੱਖ ਈਸਾਈ ਜਗਤ ਸ਼ਰਅ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਚ ਤੇਰੀ ਸਰਨਾਈਆ । ਸਤਿਜੁਗ ਕਹੇ ਪ੍ਰਭੂ ਜੇ ਮੈਨੂੰ ਘਲਣਾ ਉਪਰ ਧਰਨੀ, ਧਰਤ ਧਵਲ ਧੌਲ ਦੇਣੀ ਵਡਿਆਈਆ । ਸਭ ਨੂੰ ਇਕੋ ਤੁਕ ਪੈਣੀ ਪੜ੍ਹਨੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਇਕੋ ਪੁਰਖ ਅਕਾਲ ਦੀ ਰਹਿਣਾ ਸਰਨੀ, ਦੂਜਾ ਇਸ਼ਟ ਨਾ ਕੋਇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣੀ ਖੇਲ ਕਰਨੀ, ਖ਼ਾਲਕ ਖ਼ਲਕ ਮਖ਼ਲੂਕ ਵੇਖਣਾ ਚਾਰ ਕੁੰਟ ਦਹਿ ਦਿਸ਼ਾ ਚਾਈਂ ਚਾਈਂਆ ।



✪ ੨੨ ਪੋਹ ਸ਼ਹਿਨਸ਼ਾਹੀ ਸੰਮਤ ੬ ਹਰਬੰਸ ਸਿੰਘ ਦੇ ਗ੍ਰਿਹ ਕਰਤਾਰ ਪੁਰ ਸ਼ਹਿਰ ✪

ਸਤਿਜੁਗ ਕਹੇ ਪ੍ਰਭ ਮਾਣ ਦੇਣਾ ਸਾਚੇ ਸੁਤ ਦਾ, ਸੁਤ ਦੁਲਾਰਾ ਆਪਣਾ ਲੈਣਾ ਬਣਾਈਆ । ਵਕਤ ਸੁਹਾਉਣਾ ਆਪਣੀ ਰੁਤ ਦਾ, ਰੁਤੜੀ ਲੋਕਮਾਤ ਮਹਿਕਾਈਆ । ਕੋਈ ਗੁਰਮੁਖ ਹੋਏ ਨਾ ਹਿਰਦਿਉਂ ਦੁੱਖ ਦਾ, ਹਉਮੇ ਰੋਗ ਦੇਣਾ ਮਿਟਾਈਆ । ਆਤਮ ਪਰਮਾਤਮ ਮੇਲਾ ਕਰਨਾ ਸਾਚੇ ਸੁਖ ਦਾ, ਦੁਤੀਆ ਭੌ ਰਹੇ ਨਾ ਰਾਈਆ । ਸਤਿਗੁਰ ਸ਼ਬਦ ਹੋ ਕੇ ਸਭ ਨੂੰ ਪੁਛਦਾ, ਆਪਣਾ ਹੁਕਮ ਲੈਣਾ ਵਰਤਾਈਆ । ਅੰਮ੍ਰਿਤ ਰਸ ਪਿਆਲਾ ਦਿਆਂ ਘੁਟ ਦਾ, ਮਦਿ ਰਸਨਾ ਨਾ ਕੋਇ ਲਗਾਈਆ । ਕਿਸੇ ਦਾ ਭਾਗ ਨਾ ਹੋਵੇ ਨਿਖੁਟ ਦਾ, ਸਿਰ ਆਪਣਾ ਹੱਥ ਟਿਕਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਪੁਰਖ ਅਕਾਲ ਤੈਨੂੰ ਹੋਵੇ ਝੁਕਦਾ, ਦੂਸਰ ਸੀਸ ਨਾ ਕੋਇ ਨਿਵਾਈਆ । ਕਲਜੁਗ ਪੈਂਡਾ ਹੋਵੇ ਮੁਕਦਾ, ਅੱਗੇ ਹੋਰ ਨਾ ਕੋਇ ਵਧਾਈਆ । ਸਭ ਦਾ ਪਾਠ ਹੋਵੇ ਇਕੋ ਤੁਕ ਦਾ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਦੇਣਾ ਗਾਈਆ । ਜ਼ਾਤ ਪਾਤ ਝਗੜਾ ਰਹੇ ਨਾ ਮਾਨਸ ਮਨੁੱਖ ਦਾ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਖੇਲ ਕਰਨਾ ਅਬਿਨਾਸ਼ੀ ਅਚੁਤ ਦਾ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਮੈਨੂੰ ਸਹਾਰਾ ਤੇਰੀ ਇਕੋ ਓਟ ਦਾ, ਓੜਕ ਦਰ ਤੇਰੇ ਸੀਸ ਨਿਵਾਈਆ । ਨਾਮ ਭੰਡਾਰਾ ਬਖ਼ਸ਼ੀਂ ਅਤੋਟ ਦਾ, ਅਤੁਟ ਨਿਖੁੱਟ ਕਦੇ ਨਾ ਜਾਈਆ । ਇਕੋ ਪ੍ਰਕਾਸ਼

ਹੋਵੇ ਤੇਰੀ ਜੋਤ ਦਾ, ਨਿਰਗੁਣ ਨੂਰ ਦੇਣਾ ਚਮਕਾਈਆ । ਪ੍ਰਭੂ ਮੈਂ ਖੇਲ ਤਕਾਂ ਤੇਰੇ ਚੋਜ ਦਾ, ਚੋਜੀ ਪ੍ਰੀਤਮ ਆਪਣਾ ਪੜਦਾ ਦੇਣਾ ਉਠਾਈਆ । ਦੁੱਖ ਰਹੇ ਨਾ ਹਉਮੇ ਰੋਗ ਦਾ, ਹੰਕਾਰ ਵਿਕਾਰ ਦੇਣਾ ਮਿਟਾਈਆ । ਨਾਤਾ ਜੁੜ ਜਾਏ ਧੁਰ ਸੰਜੋਗ ਦਾ, ਪਾਰਬ੍ਰਹਮ ਪ੍ਰਭ ਮਿਲ ਕੇ ਵੱਜੇ ਵਧਾਈਆ । ਦੀਨ ਦੁਨੀ ਖੇਲ ਕਰਨਾ ਆਪਣੀ ਮੌਜ ਦਾ, ਮਜਲਸ ਭਗਤਾਂ ਨਾਲ ਰਖਾਈਆ । ਤੇਰਾ ਦਵਾਰ ਕਦੇ ਨਾ ਹੋਵੇ ਔਂਤ ਦਾ, ਦਰ ਦਰ ਘਰ ਘਰ ਵੱਜਦੀ ਰਹੇ ਵਧਾਈਆ । ਮੇਰੀ ਇਕ ਬੇਨੰਤੀ ਸਤਿਜੁਗ ਕਹੇ ਵਕਤ ਹੋਵੇ ਸੁਹੰਜਣਾ ਸ਼ੌਕ ਦਾ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਆਦਿ ਜੁਗਾਦਿ ਜੁਗ ਚੌਕੜੀ ਲੋਕ ਪਰਲੋਕ ਦਾ, ਦੋ ਜਹਾਨ ਨੌਜਵਾਨ ਦਰ ਤੇਰੇ ਸੀਸ ਝੁਕਾਈਆ ।

## ੨੨ ਪੋਹ ਸ਼ਹਿਨਸ਼ਾਹੀ ਸੰਮਤ ੬ ਬੰਨਾ ਸਿੰਘ ਦੇ ਘਰ ਕਰਤਾਰਪੁਰ ਸ਼ਹਿਰ

ਸਤਿਜੁਗ ਕਹੇ ਪ੍ਰਭ ਇਕੋ ਨਾਮ ਦੀ ਦੇਣੀ ਦਾਤ, ਦਾਤੇ ਦਾਨੀ ਦਇਆ ਕਮਾਈਆ । ਕਲਜੁਗ ਮੇਟ ਅੰਧੇਰੀ ਰਾਤ, ਧਰਨੀ ਧਰਤ ਧਵਲ ਧੌਲ ਉਤੇ ਰਹਿਣ ਨਾ ਪਾਈਆ । ਝਗੜਾ ਰਹੇ ਨਾ ਜ਼ਾਤ ਪਾਤ, ਦੀਨ ਮਜ਼੍ਹਬ ਕਰੇ ਨਾ ਕੋਇ ਲੜਾਈਆ । ਪਿਛਲਾ ਲੇਖਾ ਸਭ ਦਾ ਕਰ ਬੇਬਾਕ, ਅੱਗੇ ਮੰਗ ਨਾ ਕੋਇ ਮੰਗਾਈਆ । ਫੇਰ ਆਪਣੇ ਧਰਮ ਦਵਾਰ ਦਾ ਖੋਲ੍ਹ ਤਾਕ, ਪੜਦਾ ਲੋਕਮਾਤ ਚੁਕਾਈਆ । ਜਨ ਭਗਤ ਸੁਹੇਲੇ ਬਣਾ ਮੇਰੇ ਸੱਜਣ ਸਾਕ, ਨਾਤਾ ਕੂੜ ਕਿਰਿਆ ਨਾਲੋਂ ਤੁੜਾਈਆ । ਮੈਂ ਸਚ ਦਵਾਰੇ ਤੇਰੇ ਰਿਹਾ ਆਖ, ਬਿਨ ਅੱਖਰਾਂ ਕਹਿ ਸੁਣਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਤੇਰੇ ਹੱਥ ਵਡਿਆਈਆ । ਹਰ ਹਿਰਦੇ ਅੰਦਰ ਹੋਵੇ ਤੇਰਾ ਵਾਸ, ਵਾਸਨਾ ਮਾਇਆ ਮਮਤਾ ਮੋਹ ਹੰਕਾਰ ਦੇਣੀ ਕਢਾਈਆ । ਤੇਰੀ ਜੋਤ ਦਾ ਹੋਵੇ ਪ੍ਰਕਾਸ਼, ਅੰਧ ਅਗਿਆਨ ਰਹੇ ਨਾ ਰਾਈਆ । ਰੁਤ ਮੌਲੇ ਮੇਰੀ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਵੱਜੇ ਵਧਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਤੇਰਾ ਹੋਵੇ ਵਿਸ਼ਵਾਸ, ਵਿਸ਼ਿਆਂ ਤੋਂ ਬਾਹਰ ਦੇਣਾ ਕਢਾਈਆ । ਤੂੰ ਸਾਹਿਬ ਸਰਬਗੁਣ ਤਾਸ, ਗੁਣਵੰਤਾ ਇਕ ਅਖਵਾਈਆ । ਝਗੜਾ ਮੇਟ ਹੱਡ ਨਾੜੀ ਮਾਸ, ਆਤਮ ਬ੍ਰਹਮ ਸਰਬ ਦੇਣਾ ਦ੍ਰਿੜਾਈਆ । ਸ਼ੰਕਰ ਖੇਲ ਤਕੇ ਉਪਰ ਕੈਲਾਸ਼, ਬ੍ਰਹਮਾ ਬ੍ਰਹਮ ਲੋਕ ਧਿਆਨ ਲਗਾਈਆ । ਵਿਸ਼ਨੂੰ ਵੇਖੇ ਖੇਲ ਤਮਾਸ਼, ਵਿਸ਼ਵ ਤੇਰਾ ਰੰਗ ਸੋਭਾ ਪਾਈਆ । ਦੀਨ ਦਿਆਲ ਪੁਰਖ ਅਕਾਲ ਸਭ ਦਾ ਅੰਦਰ ਕਰਨਾ ਸਾਫ਼, ਦੁਰਮਤ ਮੈਲ ਦੇਣੀ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਗੁਰਮੁਖ ਹਰਿ ਭਗਤ ਹੋਵੇ ਨਾ ਕਦੇ ਗੁਸਤਾਖ਼, ਗ਼ੁੱਸਾ ਅੰਦਰ ਰਹੇ ਨਾ ਰਾਈਆ ।

## ੨੪ ਪੋਹ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਦਰਬਾਰ ਦੇ ਨਿਵਾਸੀਆਂ ਨਵਿਤ

ਸਤਿਗੁਰ ਸ਼ਬਦ ਨਾਮ ਦਾ ਦੇਵੇ ਫੱਕਾ, ਫਾਕਾ ਜਨਮ ਜਨਮ ਦਾ ਦਏ ਗਵਾਈਆ । ਅੰਤਰ ਆਤਮ ਕਰ ਦਏ ਪੱਕਾ, ਪੱਕਾ ਆਪਣਾ ਰੰਗ

ਰੰਗਾਈਆ । ਚੁਰਾਸੀ ਵਿਚ ਮਿਲੇ ਨਾ ਧੱਕਾ, ਜਨਮ ਜਨਮ ਨਾ ਕੋਇ ਭਵਾਈਆ । ਅਗਨੀ ਤਤ ਨਾ ਹੋਵੇ ਤੱਤਾ, ਤਪਸ਼ ਅੰਦਰੋਂ ਦਏ ਕਢਾਈਆ । ਕੂੜੀ ਕਿਰਿਆ ਕਰੇ ਹੱਤਾ, ਨਾਮ ਕਟਾਰ ਹੱਥ ਉਠਾਈਆ । ਸਤਿ ਸਚ ਦੀ ਬਖ਼ਸ਼ ਕੇ ਸੱਤਾ, ਸਤਿ ਸਤਿਵਾਦੀ ਆਪਣਾ ਰੰਗ ਰੰਗਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਪਤਾ, ਪਤਿਪਰਮੇਸ਼ਵਰ ਹੋਏ ਸਹਾਈਆ । ਲਹਿਣਾ ਦੇਣਾ ਦੇਵੇ ਹੱਥੋ ਹੱਥਾ, ਅੱਗੇ ਵੰਡ ਨਾ ਕੋਇ ਵੰਡਾਈਆ । ਮਿਹਰਵਾਨਾ ਪੁਰਖ ਸਮਰਥਾ, ਸਿਰ ਸਭ ਦੇ ਹੱਥ ਟਿਕਾਈਆ । ਪੈਜ ਸਵਾਰ ਕੇ ਯਥਾਰਥ ਯਥਾ, ਯਦੀ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪ੍ਰੀਤੀ ਜਨ ਭਗਤਾਂ ਭਿੱਛਿਆ ਪਾਵੇ ਧੁਰ ਦਾ ਫੱਕਾ, ਫ਼ਿਕਰ ਅਗਲਾ ਰਹੇ ਨਾ ਰਾਈਆ ।

### ੨੫ ਪੋਹ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ

ਚੌਦਾਂ ਤਬਕ ਸੁਣੇ ਹੁਕਮ ਅਲਾਹੀ, ਅਲਾਹ ਆਲਮੀਨ ਦ੍ਰਿੜਾਈਆ । ਧੁਰ ਸੰਦੇਸ਼ਾ ਦੇਵੇ ਬੇਪਰਵਾਹੀ, ਵਾਹਦ ਖ਼ੁਦਾ ਨੂਰ ਇਲਾਹੀਆ । ਜਿਸ ਦਾ ਖੇਲ ਹੋਣਾ ਅਗੰਮ ਅਥਾਹੀ, ਜੁਗ ਚੌਕੜੀ ਹੁਕਮ ਵਰਤਾਈਆ । ਜਿਸ ਨੂੰ ਮੁਹੰਮਦ ਬੈਠਾ ਸੀਸ ਝੁਕਾਈ, ਹਜ਼ਰਤ ਨਿਉਂ ਨਿਉਂ ਲਾਗੇ

ਪਾਈਆ । ਕਦਮ ਬੋਸੀ ਵਿਚ ਕਰੇ ਦੁਹਾਈ ਤੋਬਾ ਤੇਰਾ ਨਾਮ ਖ਼ੁਦਾਈਆ । ਨਿਗਹ ਜ਼ਿਮੀਂ ਅਸਮਾਨ ਉਠਾਈ, ਨਿਜ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਫੇਰ ਤੱਕਿਆ ਹਜ਼ਰਤ ਈਸਾ ਜਗਤ ਰਾਹੀ, ਰਹਿਬਰ ਇਕ ਅਖਵਾਈਆ । ਜਿਸ ਦੇ ਅੰਤਰ ਜਲਵਾ ਨੂਰ ਰੁਸ਼ਨਾਈ, ਜ਼ਹੂਰ ਇਕ ਪਰਗਟਾਈਆ । ਮੂਸਾ ਵੇਖੇ ਅੱਖ ਉਠਾਈ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਦਰੋਹੀ ਘੜੀ ਲੋਕਮਾਤ ਵਿਚ ਆਈ, ਵੇਲਾ ਵਕਤ ਦਏ ਗਵਾਹੀਆ । ਸਦੀ ਬੀਸਵੀਂ ਹੋਏ ਰੁਸ਼ਨਾਈ, ਨਿਰਗੁਣ ਨਿਰਵੈਰ ਨਿਰਾਕਾਰ ਆਪਣਾ ਰੂਪ ਦਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਚੌਦਾਂ ਤਬਕ ਲੈਣ ਅੰਗੜਾਈ, ਆਲਸ ਨਿੰਦਰਾ ਦੂਰ ਕਰਾਈਆ । ਛੱਬੀ ਪੋਹ ਨੂੰ ਚਲਣਾ ਵਾਹੋ ਦਾਹੀ, ਦੂਰ ਦੁਰਾਡੇ ਪੰਧ ਮੁਕਾਈਆ । ਮੁਹੰਮਦ ਨਾਅਰਾ ਸੁਣਨਾ ਹੱਕ ਜੋ ਲਾਸ਼ਰੀਕ ਜਣਾਈ, ਸ਼ਰਅ ਦੀ ਸ਼ਰਅ ਵਿਚੋਂ ਪੜ੍ਹਾਈਆ । ਸਦੀ ਚੌਧਵੀਂ ਲੇਖਾ ਮੁਕਣਾ ਪੁੰਨ ਸੁਆਬ ਗੁਨਾਹੀ, ਬਚਿਆ ਰਹਿਣ ਕੋਇ ਨਾ ਪਾਈਆ । ਨਬੀ ਰਸੂਲਾਂ ਹੋਣੀ ਜੁਦਾਈ, ਉਮਤ ਉਮਤੀ ਦਏ ਦੁਹਾਈਆ । ਕੀ ਸੰਦੇਸਾ ਰਿਹਾ ਜਣਾਈ, ਬਿਨ ਅੱਖਰਾਂ ਆਪ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਦਾਤਾ ਅਗੰਮ ਅਥਾਹੀਆ । ਚੌਦਾਂ ਤਬਕ ਕਹਿਣ ਮਾਨਵਲ ਜ਼ਲੂ ਜ਼ੇਬੇ ਜ਼ਨ ਜ਼ੋਤੀ ਜ਼ਵਾ, ਹਜ਼ਰਤੇ ਨੋਸ਼ ਗੋਜ਼ੇ ਕਮਿਨ ਹਮਦੇ ਖ਼ੁਦਾ ਤੋਜ਼ੇ ਤਜ਼ਿਕ ਯਕੀਤੇ ਆਲਮੀਨੋ ਖੁਜ਼ਾ ਜ਼ਾਹਰੇ ਜ਼ਬੂ ਅਲਾਹ ਵਜ਼ੂ ਜ਼ੋਰੇ ਜ਼ਗੀ ਚਾਸੇ ਮਜ਼ੂ ਮੁਹੱਬਤੇ ਨੂਰਾ ਵਾਹਦੇ ਅਮਾਮ ਵਜ਼ਕੇ ਜ਼ਲੋ ਕਾਮਿਸਤਾ ਹਬੂ ਜ਼ਖ਼ਤਾ ਵਲੂ ਆਲਿਸਤੇ ਵਜ਼ਾ, ਜ਼ਾਕੋਨੇ ਅਜ਼ਾ, ਬਾਹਿਸ਼ਤੇ ਵਜ਼ਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਇਕ ਅਖਵਾਈਆ । ਚੌਦਾਂ ਤਬਕ ਇਕ ਦੂਜੇ ਨੂੰ ਕਹਿੰਦੇ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਉਠੋ

ਤਕੋ ਵੇਖੋ ਚੜ੍ਹਦੇ ਲਹਿੰਦੇ, ਦੱਖਣ ਪਹਾੜ ਅੱਖ ਉਠਾਈਆ । ਕਿਸ ਬਿਧ ਅਵਤਾਰ ਪੈਗ਼ੰਬਰ ਗੁਰੂ ਧੁਰ ਦਾ ਭਾਣਾ ਸਹਿੰਦੇ, ਸਿਰ ਸਕੇ ਨਾ ਕੋਇ ਉਠਾਈਆ । ਬਿਨ ਕਲਮੇ ਕਲਾਮ ਧੁਰ ਅਮਾਮ ਦੇ ਕਦਮਾਂ ਢਹਿੰਦੇ, ਬਿਨ ਸੀਸ ਸੀਸ ਨਿਵਾਈਆ । ਨਿਰਅੱਖਰ ਧਾਰ ਬਿਨ ਅਲਿਫ਼ ਯੇ ਤੋਂ ਧੁਰ ਦਾ ਹੁਕਮ ਕਹਿੰਦੇ, ਕਹਿ ਕੇ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਚੌਦਾਂ ਤਬਕ ਕਹਿਣ ਐ ਮਾਲਕ ਧੁਰ ਅਮਾਮ, ਕਾਮਲ ਮੁਰਸ਼ਦ ਤੇਰੀ ਬੇਪਰਵਾਹੀਆ । ਅਸੀਂ ਚਲ ਕੇ ਆਈਏ ਤਮਾਮ, ਸ਼ਰਅ ਦੀ ਤਮਾਂ ਨਾ ਕੋਇ ਰਖਾਈਆ । ਕਲਮੇ ਦਾ ਹੋਏ ਨਾ ਕੋਇ ਗ਼ੁਲਾਮ, ਬੰਧਨ ਤੰਦ ਨਾ ਕੋਇ ਬੰਧਾਈਆ । ਤੇਰਾ ਸੰਦੇਸ਼ਾ ਹੱਕ ਪੈਗ਼ਾਮ, ਪੈਗ਼ੰਬਰਾਂ ਤੋਂ ਪਰੇ ਪੜ੍ਹਾਈਆ । ਤੂੰ ਸ਼ਹਿਨਸ਼ਾਹ ਪਾਤਸ਼ਾਹ ਸੁਲਤਾਨ, ਨੂਰ ਨੁਰਾਨਾ ਨੂਰ ਇਲਾਹੀਆ । ਤੇਰਾ ਸਦਾ ਸਦਾ ਅਗੰਮ ਨਿਜ਼ਾਮ, ਜਿਸ ਦੀ ਧਾਰਾ ਸਕੇ ਨਾ ਕੋਇ ਦ੍ਰਿੜਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਖੇਲ ਹੋਇਆ ਮਹਾਨ, ਮਹਿਮਾ ਅਕਥ ਕਥੀ ਨਾ ਜਾਈਆ । ਉਹ ਵੇਖ ਪੈਗ਼ੰਬਰ ਕਰਨ ਸਲਾਮ, ਹਜ਼ਰਤ ਈਸਾ ਮੂਸਾ ਮੁਹੰਮਦ ਬੈਠੇ ਸੀਸ ਝੁਕਾਈਆ । ਸਦੀ ਚੌਧਵੀਂ ਚਾਰੋਂ ਕੁੰਟ ਹੋਈ ਅੰਧੇਰੀ ਸ਼ਾਮ, ਸ਼ਮਾ ਨੂਰ ਨਾ ਕੋਇ ਰੁਸ਼ਨਾਈਆ । ਤੀਸ ਬਤੀਸ ਕਾਮਲ ਰਹੀ ਨਾ ਕੋਇ ਕਲਾਮ, ਕਲਮਾ ਕਾਇਨਾਤ ਨਾ ਕੋਇ ਦੁਹਾਈਆ । ਝਗੜਾ ਤਕ ਦੀਨ ਮਜ਼੍ਹਬ ਅਵਾਮ, ਅਮਲਾਂ ਤੋਂ ਬਾਹਰ ਖ਼ਲਕ ਖ਼ੁਦਾਈਆ । ਹਕੀਕੀ ਪਿਆਏ ਨਾ ਕੋਇ ਜਾਮ, ਆਬੇਹਯਾਤ ਮੁਖ ਨਾ ਕੋਇ ਚੁਆਈਆ । ਅਵਤਾਰ ਪੈਗ਼ੰਬਰ ਗੁਰੂ ਸਦੀ ਚੌਧਵੀਂ ਸੰਭਾਲ ਸਕੇ ਨਾ ਕੋਇ ਇੰਤਜਾਮ, ਨੌਂ ਖੰਡ ਪ੍ਰਿਥਮੀ ਸੱਤ ਦੀਪ ਮਾਨਵ ਜ਼ਾਤੀ ਰਹੀ ਕੁਰਲਾਈਆ । ਦੀਨ ਮਜ਼੍ਹਬ ਛੁਰੀ ਸ਼ਰਅ ਬਣ ਕੇ ਕਰੇ ਕਤਲੇਆਮ, ਕਾਤਲ ਮਕਤੂਲ ਦਾ ਰੂਪ ਬਣਾਈਆ । ਯੋਧਾ ਸੂਰਬੀਰ ਦਿਸੇ ਨਾ ਕੋਇ ਨੌਜਵਾਨ, ਨੌਬਤ ਹੱਕ ਨਾ ਕੋਇ ਵਜਾਈਆ । ਨਿਗਹ ਮਾਰ ਮਿਹਰਵਾਨ ਮਹਿਬੂਬ ਤਕ ਜ਼ਿਮੀਂ ਅਸਮਾਨ, ਚੌਦਾਂ ਤਬਕ ਸਬਕ ਇਕ ਨਾ ਕੋਇ ਪੜ੍ਹਾਈਆ । ਸਚ ਦਾ ਰਿਹਾ ਨਾ ਕੋਇ ਨਿਸ਼ਾਨ, ਨਿਸ਼ਾਨੇ ਕੂੜ ਰਹੇ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਚੌਦਾਂ ਤਬਕ ਕਹਿਣ ਅਸੀਂ ਆਉਣਾ ਲੋਕਮਾਤ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਛੱਬੀ ਪੋਹ ਸੁਹੰਜਣੀ ਹੋਣੀ ਰਾਤ, ਸਦੀ ਚੌਧਵੀਂ ਵੱਜੇ ਵਧਾਈਆ । ਅਸਾਂ ਲੇਖਾ ਤਕਣਾ ਕਾਗ਼ਜ਼ਾਤ, ਅਲਿਫ਼ ਯੇ ਜੋ ਵੰਡ ਵੰਡਾਈਆ । ਸ਼ਰਅ ਦੀ ਤਕਣੀ ਜਮਾਤ, ਪਰਦਾ ਪਰਦਿਆਂ ਵਿਚੋਂ ਉਠਾਈਆ । ਦੀਨ ਦੁਨੀ ਦੇ ਤਕਣੇ ਹਾਲਾਤ, ਮੱਕੇ ਕਾਅਬਿਆਂ ਖੋਜ ਖੁਜਾਈਆ । ਜੋ ਮੁਹੰਮਦ ਹਮਦ ਵਿਚ ਦੇ ਕੇ ਗਿਆ ਹਦਾਇਤ, ਕਲਮਾ ਹੱਕ ਹੱਕ ਸੁਣਾਈਆ । ਕੀ ਹੋਈ ਉਸ ਦੇ ਵਿਚ ਅਸ਼ਾਇਤ, ਅਸਲ ਵਸਲ ਯਾਰ ਕਵਣ ਕਰਾਈਆ । ਕਵਣ ਦੇਵਣਹਾਰਾ ਅੰਤ ਨਜ਼ਾਤ, ਮਿਹਰ ਨਿਗਹ ਇਕ ਉਠਾਈਆ । ਚੌਦਾਂ ਤਬਕ ਕਹਿਣ ਦਰੋਹੀ ਕਲਮੇ ਬਣਾਉਣ ਵਾਲੇ ਪਾ ਗਏ ਵਫ਼ਾਤ, ਅੰਤ ਨਜ਼ਰ ਕੋਇ ਨਾ ਆਈਆ । ਮਨ ਕਲਪਣਾ ਸਭ ਦੀ ਹੋਈ ਗੁਸਤਾਖ਼, ਨੂਰ ਚਸ਼ਮ ਨਾ ਕੋਇ ਰੁਸ਼ਨਾਈਆ । ਪਰਵਰਦਿਗਾਰ ਸਾਂਝੇ ਯਾਰ ਆਪਣੇ ਹੁਕਮ ਦਾ ਬਖ਼ਸ਼ ਜਜ਼ਬਾਤ, ਜਜ਼ਬਾ ਹੱਕ ਦਿਤਾ ਦ੍ਰਿੜਾਈਆ । ਚੌਦਾਂ ਤਬਕ ਉਠੋ ਵੇਖੋ ਮਾਰ ਝਾਤ, ਬਿਨ ਨੇਤਰ ਲੋਚਨ ਨੈਣ ਅੱਖ ਉਠਾਈਆ । ਜਿਸ ਦੀ ਸਿਫ਼ਤ ਕੀਤੀ ਵਜ਼ਾਹਤ, ਸੰਦੇਸ਼ਿਆਂ ਵਿਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਚੌਦਾਂ ਤਬਕ ਕਹਿਣ ਅਸੀਂ

੧੦੧੪ ੨੨

ਆਉਣਾ ਕਲਜੁਗ ਕੋਲ, ਕਲ ਕਾਤੀ ਵੇਖ ਵਖਾਈਆ । ਉਸ ਵੇਲੇ ਢੋਲੀ ਨੇ ਵਜਾਉਣਾ ਢੋਲ, ਡੰਕਾ ਧਰਮ ਦਵਾਰ ਲਗਾਈਆ । ਅਸਾਂ ਇਕੋ ਚੌਦਾਂ ਤਬਕਾਂ ਸਾਂਝਾ ਨਾਅਰਾ ਅਜ਼ਾਤੀ ਬੂ ਅਜ਼ਾਤੀ ਬੂ ਅਜ਼ਾਤੀ ਬੂ ਦੇਣਾ ਬੋਲ, ਕੂਕ ਕੂਕ ਸੁਣਾਈਆ । ਚੌਦਾਂ ਗੁਰਮੁਖ ਪ੍ਰੇਮ ਨਾਲ ਸਾਡਾ ਤੋਲਣ ਤੋਲ, ਆਯੂ ਇੱਕੀ ਸਾਲ ਸਮਝਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਸਾਰੇ ਜਾਣ ਮੌਲ, ਮੌਲਾ ਵੇਖੇ ਨੂਰ ਅਲਾਹੀਆ । ਜਿਸ ਦਾ ਲੇਖਾ ਜਾਣ ਸਕੇ ਨਾ ਕੋਇ ਭੂਗੋਲ, ਕਾਗ਼ਜ਼ ਕਲਮ ਸ਼ਾਹੀ ਨਾ ਕੋਇ ਚਤੁਰਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਆਪਣਾ ਕਰੇ ਰੋਲ, ਰੂਲ ਆਪਣਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਚੌਦਾਂ ਤਬਕ ਕਹਿਣ ਸਾਡਾ ਅੰਤ ਹੋਣਾ ਐਂਡ, ਇੰਨਡੈਕਸ ਨਜ਼ਰ ਕੋਇ ਨਾ ਆਈਆ । ਹਜ਼ਰਤ ਈਸਾ ਮੁਹੰਮਦ ਨਹੀਂ ਰਹਿਣੇ ਫਰੈਂਡ, ਖੇਲ ਵੇਖੇ ਬੇਪਰਵਾਹੀਆ । ਸਚ ਦੀ ਧਾਰ ਮਿਲੇ ਨਾ ਹੈਂਡ, ਹੈਂਡਜ਼ ਅਪ ਦਏ ਕਰਾਈਆ । ਧੁਰ ਸੰਦੇਸ਼ਾ ਨਾਮ ਕਲਮਾ ਕਰੇ ਸੇਂਡ, ਫ਼ਰਮਾਨਾ ਅਗੰਮ ਅਥਾਹੀਆ । ਲੇਖਾ ਜਾਣੇ ਯੋਰੋਸ਼ਲਮ ਲੈਂਡ, ਲੈਂਡ ਮਾਰਕ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵਡਾ ਵਡ ਵਡਿਆਈਆ । ਚੌਦਾਂ ਤਬਕ ਕਹਿਣ ਅਸੀਂ ਆਉਣਾ ਉਪਰ ਧਰਨੀ ਧਰਤ ਧੌਲ ਜਗ, ਜਗਤ ਆਪਣਾ ਪੰਧ ਮੁਕਾਈਆ । ਜਨ ਭਗਤਾਂ ਦਿਸਣਾ ਉਪਰ ਸ਼ਾਹ ਰਗ, ਨਵ ਦਵਾਰੇ ਪੰਧ ਮੁਕਾਈਆ । ਫੇਰ ਵੇਖਣੀ ਕਲਜੁਗ ਦੇ ਕੋਲ ਧੂਣੀ ਅੱਗ, ਜੋ ਅਗਨੀ ਰਹੀ ਤਪਾਈਆ । ਇਹ ਖੇਲ ਸੂਰਾ ਸਰਬੱਗ, ਹਰਿ ਕਰਤਾ ਰਿਹਾ ਕਰਾਈਆ । ਜਿਸ ਦਾ ਨਾਮ ਵੱਜਣਾ ਅਗੰਮਾ ਨਦ, ਦੋ ਜਹਾਨਾਂ ਆਪ ਜਣਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਹੋਣਾ ਇਕੋ ਛੰਦ, ਪਾਰਬ੍ਰਹਮ ਬ੍ਰਹਮ ਆਪਣਾ ਭੇਵ ਖੁਲ੍ਹਾਈਆ । ਮਾਨਵ ਮਾਨਸ ਮਾਨੁਖ ਇਕੋ ਸਮਝਾ ਕੇ ਯਦ, ਯਦੀ ਆਪਣਾ ਰੰਗ ਰੰਗਾਈਆ । ਦੀਨ ਮਜ਼੍ਹਬ ਦੀ ਮੇਟ ਕੇ ਹੱਦ, ਤਤਾਂ ਵਾਲਾ ਝਗੜਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਪੁਰਖ ਅਕਾਲਾ ਦੀਨ ਦਿਆਲਾ ਵਾਹਿਦ, ਗਾਡ ਇਕ ਅਖਵਾਈਆ । ਚੌਦਾਂ ਤਬਕ ਕਹਿਣ ਸਾਡੀ ਅੰਤ ਹੋਈ ਸਲਾਮ, ਕਦਮਬੋਸੀ ਵਿਚ ਸੀਸ ਨਿਵਾਈਆ । ਹੁਕਮ ਮੰਨਣਾ ਇਕ ਅਮਾਮ, ਜਿਸ ਦੀ ਆਮਦ ਵਿਚ ਬੈਠੇ ਧਿਆਨ ਲਗਾਈਆ । ਜਿਸ ਨੇ ਸ਼ਰਅ ਝਗੜੇ ਮੇਟਣੇ ਤਮਾਮ, ਹਿੰਦੂ ਮੁਸਲਿਮ ਸਿਖ ਈਸਾਈ ਪਾਰਸੀ ਬੋਧੀ ਜੈਨੀ ਇਕੋ ਰੰਗ ਰੰਗਾਈਆ । ਕਾਇਆ ਖੇੜਾ ਸਚ ਵੇਖਣਾ ਗਰਾਮ, ਸਾਢੇ ਤਿੰਨ ਹੱਥ ਪਰਦਾ ਆਪ ਉਠਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੇਣਾ ਹੱਕ ਪੈਗ਼ਾਮ, ਹਕੀਕਤ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਛੱਬੀ ਪੋਹ ਕਹੇ ਮੇਰਾ ਵਕਤ ਹੋਣਾ ਸੁਹੰਜਣਾ, ਧਰਨੀ ਧਰਤ ਧਵਲ ਧੌਲ ਮਿਲੇ ਵਡਿਆਈਆ । ਪ੍ਰਭ ਆਉਣਾ ਦੀਨ ਦਰਦ ਦੁਖ ਭੈ ਭੰਜਣਾ, ਜੋ ਭਵ ਸਾਗਰ ਪਾਰ ਕਰਾਈਆ । ਜੋ ਜਨ ਭਗਤਾਂ ਨੇਤਰ ਪਾਏ ਨਾਮ ਅੰਜਣਾ, ਦੁਰਮਤ ਮੈਲ ਧਵਾਈਆ । ਸਚ ਪ੍ਰੇਮ ਦੀ ਚਾੜ੍ਹੇ ਰੰਗਣਾ, ਕੂੜੀ ਕਿਰਿਆ ਦਏ ਗਵਾਈਆ । ਜਿਸ ਨੇ ਤੇਈ ਅਵਤਾਰ ਸੱਦਣਾ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਹਜ਼ਰਤ ਈਸਾ ਮੂਸਾ ਮੁਕਾਉਣਾ ਪੰਧਨਾ, ਪਾਂਧੀ ਬਣ ਕੇ ਭੱਜਣ ਵਾਹੋ ਦਾਹੀਆ । ਦਸ ਗੁਰੂ ਗੁਰਦੇਵ ਸਾਚੇ ਧਾਮ ਸਜਣਾ, ਸਾਜਣ ਹੋ ਕੇ ਵੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਨਾ ਅਲੱਗਣਾ,

੧੦੭੫ ੨੨

ਵੱਖਰੀ ਕਾਰ ਨਾ ਕੋਇ ਕਮਾਈਆ । ਚੌਦਾਂ ਲੋਕ ਉਠ ਉਠ ਭੱਜਣਾ, ਪੂਰਬ ਆਪਣਾ ਪੰਧ ਮੁਕਾਈਆ । ਸਭ ਦਾ ਇਕੋ ਇਕ ਜੈਕਾਰਾ ਲੱਗਣਾ, ਢੋਲਾ ਗਾਉਣ ਚਾਈਂ ਚਾਈਆ । ਜਿਸ ਪਰਵਰਦਿਗਾਰ ਸਾਂਝੇ ਯਾਰ ਦਾ ਇਕ ਨਗਾਰਾ ਵੱਜਣਾ, ਨਾਮ ਡੰਕਾ ਹੱਕ ਸ਼ਨਵਾਈਆ । ਉਸ ਦਾ ਖੇਲ ਵੇਖੇ ਜੋ ਗੋਪਾਲ ਮੂਰਤ ਮਦਨਾ, ਸਤਿ ਸਰੂਪ ਸੋਭਾ ਪਾਈਆ । ਜਿਸ ਦਾ ਕਰਦੇ ਰਹੇ ਹੱਜਣਾ, ਕਾਅਬਿਆਂ ਅੱਖ ਉਠਾਈਆ । ਜਿਸ ਨੂੰ ਚਰਚਾਂ ਵਿਚੋਂ ਲੱਭਣਾ, ਮਸੀਹ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਵਰਤਾਈਆ । ਛੱਬੀ ਪੋਹ ਕਹੇ ਮੇਰੇ ਸਾਹਿਬ ਦਾ ਪ੍ਰਕਾਸ਼ ਹੋਣਾ ਨੂਰ ਅਗੰਮਾ ਸ਼ਮਾਂ, ਸ਼ਾਮ ਕਲ ਰਹਿਣ ਨਾ ਪਾਈਆ । ਜਿਸ ਨੇ ਦੀਨ ਮਜ਼੍ਹਬ ਦੀ ਮੇਟਣੀ ਤਮਾਂ, ਜਗਤ ਤਾਮਸ ਦਏ ਗਵਾਈਆ । ਨਾਮ ਕਲਮੇ ਸ਼ਰਅ ਦਾ ਮੇਟਣਾ ਗ਼ਮਾ, ਚਿੰਤਾ ਚਿੰਤਾ ਵਿਚੋਂ ਚੁਕਾਈਆ । ਸਤਿ ਧਰਮ ਦਾ ਜੁਗ ਕਰਨਾ ਰਵਾਂ, ਰੌਣਕ ਆਤਮ ਪਰਮਾਤਮ ਦ੍ਰਿੜਾਈਆ । ਇਕੋ ਪੁਰਖ ਅਕਾਲ ਪਰਵਰਦਿਗਾਰ ਸਾਂਝਾ ਯਾਰ ਜਪਣਾ ਦਮਾ, ਗਾਡ ਗਾਈਡ ਇਕ ਬਣਾਈਆ । ਮਨ ਕਲਪਣਾ ਕਰਨੀ ਮਨ੍ਹਾਂ, ਮਨਸਾ ਵਿਚ ਨਾ ਕੋਇ ਭਟਕਾਈਆ । ਸਦੀ ਚੌਧਵੀਂ ਦਾ ਲੇਖਾ ਹੋਣ ਨਹੀਂ ਦੇਣਾ ਲੰਮਾ, ਦੂਰ ਦੁਰਾਡਾ ਪੰਧ ਮੁਕਾਈਆ । ਜਿਸ ਕਾਰਨ ਗੁਰੂ ਅਰਜਨ ਚੌਦਾਂ ਸੌ ਤੀਹ ਅੰਕ ਦਾ ਲਿਖਿਆ ਪੰਨਾ, ਤਿਸ ਕਾਰਨ ਪਨਿਸ਼ਮੈਂਟ ਦਏ ਸਰਬ ਲੋਕਾਈਆ । ਜਿਨ੍ਹਾਂ ਨੇ ਧੁਰ ਨਾਮ ਸੁਣ ਕੇ ਕੰਨਾਂ, ਅੰਦਰ ਨਾ ਲਿਆ ਵਸਾਈਆ । ਉਨ੍ਹਾਂ ਧਰਮ ਰਾਏ ਪੀੜਨਾ ਜਿਉਂ ਵੇਲਣੇ ਵਿਚ ਗੰਨਾ, ਨਾਨਕ ਗੋਬਿੰਦ ਦੋਵੇਂ ਦੇਣ ਗਵਾਹੀਆ । ਮੁਹੰਮਦ ਫਿਰਨਾ ਭੰਨਾ, ਚੌਦਾਂ ਤਬਕ ਬੈਠੇ ਅੱਖ ਉਠਾਈਆ । ਹਜ਼ਰਤ ਈਸਾ ਆਪਣਾ ਵੇਖੇ ਸਮਾਂ, ਸਦੀ ਬੀਸਵੀਂ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਮਜ਼੍ਹਬ ਜ਼ਾਤ ਪਾਤ ਨਾਮ ਕਲਮੇ ਦਾ ਰਹਿਣ ਨਾ ਦੇਵੇ ਬੰਨਾ, ਆਤਮ ਪਰਮਾਤਮ ਪਰਮਾਤਮ ਆਤਮ ਪਾਰਬ੍ਰਹਮ ਬ੍ਰਹਮ ਪੜਦਾ ਦਏ ਚੁਕਾਈਆ ।



## ✪ ੨੬ ਪੋਹ ਸ਼ਹਿਨਸ਼ਾਹੀ ਸੰਮਤ ੬ ਸੇਵਾ ਸਿੰਘ ਨੂੰ ਪੰਜ ਪਿਆਰਿਆਂ ਵਿਚ ਸ਼ਾਮਲ ਕਰਨ ਸਮੇਂ ਹਰਿ ਭਗਤ ਦਵਾਰ ਜੇਠੂਵਾਲ ✪

ਬਿਸ਼ਨ ਸਿੰਘ ਦਾ ਸੁਤ ਦੁਲਾਰਾ, ਦਰ ਦਰਬਾਰ ਮਿਲੀ ਵਡਿਆਈਆ । ਸੇਵਾ ਸਿੰਘ ਸੇਵਾ ਵਿਚ ਲੱਗਾ ਪਿਆਰਾ, ਪ੍ਰੇਮੀ ਪ੍ਰੀਤਮ ਦਇਆ ਕਮਾਈਆ । ਚੰਦ ਨਾਲ ਚਮਕ ਗਿਆ ਸਿਤਾਰਾ, ਸਤ੍ਰਾ ਜ਼ਿਮੀਂ ਅਸਮਾਨ ਵੱਜੀ ਵਧਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਕਰਨੇਹਾਰਾ, ਕਰਤਾ ਪੁਰਖ ਅਗੰਮ ਅਥਾਹੀਆ । ਜਿਸ ਨੂੰ ਝੁਕਦੇ ਅਵਤਾਰ ਪੈਗ਼ੰਬਰ ਗੁਰੂ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਸੀਸ ਨਿਵਾਈਆ । ਦੇਵਤ ਸੁਰ ਕਰਨ ਨਿਮਸਕਾਰਾ, ਜੁਗ ਚੌਕੜੀ ਧੂੜੀ ਖ਼ਾਕ ਰਮਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰਾ, ਸਾਂਝਾ ਯਾਰ ਹੋਏ ਸਹਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਦੇ ਕੇ ਨਾਮ ਅਧਾਰਾ, ਉਦਰ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਰੰਗ ਰੰਗਾਈਆ । ਬਿਸ਼ਨ ਸਿੰਘ ਕਹੇ ਮੈਂ ਸਚਖੰਡ ਦਾ ਵਾਸੀ, ਪ੍ਰਭ ਸਚ ਦਿਤੀ ਵਡਿਆਈਆ ।

ਮਾਤਲੋਕ ਦੀ ਤਕਾਂ ਰਾਸੀ, ਮੰਡਲ ਖੋਜਾਂ ਚਾਈਂ ਚਾਈਂਆ । ਜਿਸ ਸਾਹਿਬ ਦੀ ਬਣਿਆ ਦਾਸੀ, ਸੇਵਕ ਹੋ ਕੇ ਸੇਵ ਕਮਾਈਆ । ਉਹ ਕਿਰਪਾ ਕਰੇ ਪੁਰਖ ਅਬਿਨਾਸ਼ੀ, ਅਬਿਨਾਸ਼ ਆਪਣਾ ਰੰਗ ਰੰਗਾਈਆ । ਮੇਰੀ ਧਰਮ ਧਾਰ ਦੀ ਸ਼ਾਖੀ, ਸ਼ਨਾਖਤ ਪ੍ਰਭ ਆਪਣੇ ਘਰ ਰਖਾਈਆ । ਅਰਜ਼ ਬੇਨੰਤੀ ਮੰਨ ਕੇ ਆਖੀ, ਆਖ਼ਰ ਆਪਣੇ ਘਰ ਟਿਕਾਈਆ । ਮੇਰਾ ਲਹਿਣਾ ਰਿਹਾ ਨਾ ਬਾਕੀ, ਪੂਰਬ ਲੇਖਾ ਦਿਤਾ ਚੁਕਾਈਆ । ਆਤਮ ਪਰਮਾਤਮ ਬਣ ਕੇ ਸਾਥੀ, ਦਰਗਹ ਸਾਚੀ ਸਚ ਟਿਕਾਈਆ । ਜਿਥੇ ਇਕੋ ਨਿਰਗੁਣ ਨੂਰ ਜੋਤ ਪ੍ਰਕਾਸ਼ੀ, ਦੂਜਾ ਨਜ਼ਰ ਕੋਇ ਨਾ ਆਈਆ । ਮੈਂ ਖ਼ੁਸ਼ੀ ਮਨਾਉਣੀ ਚੌਦਾਂ ਪੋਹ ਦੀ ਰਾਤੀ, ਰੁਤੜੀ ਪ੍ਰਭ ਦੀ ਵੇਖ ਵਖਾਈਆ । ਸੇਵਾ ਸਿੰਘ ਮੇਰੀ ਯਾਦ ਰੱਖਣੀ ਬਾਤੀ, ਬਾਤਨ ਪੜਦਾ ਦਿਆਂ ਖੁਲ੍ਹਾਈਆ । ਇਕੋ ਪੁਰਖ ਅਕਾਲ ਮੰਨਣਾ ਕਮਲਾਪਾਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਤੇਰੀ ਲੇਖੇ ਲੱਗੇ ਜੀਵਣ ਜ਼ਿੰਦਗੀ ਹਯਾਤੀ, ਆਬੇ ਹਯਾਤ ਅੰਮ੍ਰਿਤ ਰਸ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਛੱਬੀ ਪੋਹ ਕਹੇ ਜਨ ਭਗਤਾਂ ਭਗਤ ਦਾ ਵੇਖਿਆ ਸਗਣ, ਸਗਲਾ ਸੰਗ ਵਖਾਈਆ । ਜਿਨ੍ਹਾਂ ਦੇ ਅੰਤਰ ਆਤਮ ਰੰਗਣ, ਰੰਗ ਅਨਡੀਠ ਇਕ ਚੜ੍ਹਾਈਆ । ਸਚ ਪ੍ਰੀਤੀ ਵਿਚ ਮਗਨ, ਆਲਸ ਨਿੰਦਰਾ ਨਾ ਕੋਇ ਰਖਾਈਆ । ਉਹ ਗੁਰਮੁਖ ਦੀਪਕ ਲੋਕਮਾਤ ਜਗਣ, ਜਾਗਰਤ ਜੋਤ ਬਿਨ ਵਰਨ ਗੋਤ ਰੁਸ਼ਨਾਈਆ । ਘਰ ਠਾਕਰ ਪਾਏ ਪ੍ਰਭ ਸੱਜਣ, ਦਾਤਾ ਧੁਰਦਰਗਾਹੀਆ । ਜੋ ਚਰਨ ਧੂੜ ਕਰਾਏ ਮੱਜਣ, ਦੁਰਮਤ ਮੈਲ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਲੇਖਾ ਜਾਣੇ ਸੂਰਾ ਸਰਬੰਗਣ, ਸਾਹਿਬ ਸੁਖਦਾਈ ਬੇਪਰਵਾਹੀ ਆਪਣੀ ਦਇਆ ਕਮਾਈਆ ।

## ਜਲੂਸ ਦੇ ਦਰਬਾਰ ਪੁੱਜਣ ਤੇ

ਸਚਖੰਡ ਕਹੇ ਮੈਂ ਆਵਾਂਗਾ । ਬਿਨ ਰੂਪ ਰੰਗ ਰੇਖ ਖੇਲ ਖਿਲਾਵਾਂਗਾ । ਨਿਰਗੁਣ ਧਾਰ ਸੂਰਾ ਸਰਬੰਗ ਵੇਖ ਵਖਾਵਾਂਗਾ । ਅਵਤਾਰ ਪੈਗ਼ੰਬਰ ਗੁਰੂ ਨਾਲ ਮਿਲਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਸਾਥ ਲਿਆਵਾਂਗਾ । ਕਰੋੜ ਤੇਤੀਸਾ ਸਚ ਇਸ਼ਾਰੇ ਨਾਲ ਉਠਾਵਾਂਗਾ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਆਪ ਸਮਝਾਵਾਂਗਾ । ਧਰਨੀ ਧਰਤ ਧਵਲ ਧੌਲ ਵੇਖ ਗ੍ਰਿਹਿ ਅੰਤਰ, ਨਿਰੰਤਰ ਆਪਣਾ ਰੰਗ ਰੰਗਾਵਾਂਗਾ । ਚਾਰ ਜੁਗ ਦਾ ਪਿਛਲਾ ਵਾਚ ਕੇ ਮੰਤਰ, ਗੁਰ ਮੰਤਰ ਖੋਜ ਖੁਜਾਵਾਂਗਾ । ਲੱਖ ਚੁਰਾਸੀ ਅੰਦਰ ਤਕਾਂ ਬਸੰਤਰ, ਹੱਡ ਮਾਸ ਨਾੜੀ ਫੋਲ ਫੁਲਾਵਾਂਗਾ । ਨਵ ਸੱਤ ਖੋਜ ਕੇ ਥਾਨ ਥਨੰਤਰ, ਪਰਦਾ ਓਹਲਾ ਆਪ ਚੁਕਾਵਾਂਗਾ । ਜਿਸ ਬ੍ਰਹਮੇ ਦੇ ਕੋਟਾਂ ਬੀਤੇ ਮਨਵੰਤਰ, ਧੁਰ ਸੰਦੇਸ਼ਾ ਇਕ ਸੁਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਵਾਂਗਾ । ਸਚਖੰਡ ਕਹੇ ਮੇਰਾ ਖੇਲ ਲੋਕਮਾਤ, ਮਤਾ ਪ੍ਰਭ ਦੇ ਨਾਲ ਪਕਾਈਆ । ਸ਼ਬਦ ਗੁਰੂ ਗੁਰਦੇਵ ਸੁਣਾਵੇ ਗਾਥ, ਬਿਨ ਅੱਖਰਾਂ ਅੱਖਰ ਦ੍ਰਿੜਾਈਆ । ਜਿਸ ਦਾ ਜੁਗ ਚੌਕੜੀ ਖੇਲ ਤਮਾਸ਼, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਲ ਵਰਤਾਈਆ । ਉਸ ਦਾ ਹੁਕਮ ਸੁਨੇਹੜਾ ਮਿਲਿਆ ਖ਼ਾਸ, ਸ਼ਬਦ

ਅਨਾਦੀ ਨਾਦ ਜਣਾਈਆ । ਜਿਸ ਨੇ ਨਿਰਗੁਣ ਨਿਰਗੁਣ ਆਤਮ ਪਰਮਾਤਮ ਪਾਉਣੀ ਰਾਸ, ਬਿਨ ਗੋਪੀਆਂ ਕਾਹਨ ਨਾਚ ਨਚਾਈਆ । ਜਿਸ ਕਲਜੁਗ ਅੰਤ ਮੇਟਣੀ ਅੰਧੇਰੀ ਰਾਤ, ਸਤਿਜੁਗ ਸਤਿ ਚੰਦ ਚਮਕਾਈਆ । ਅਵਤਾਰ ਪੈਗ਼ੰਬਰ ਗੁਰੂ ਜੋ ਦੱਸ ਕੇ ਗਏ ਭਵਿਖਤ ਵਾਕ, ਵਾਕਿਆ ਸਭ ਦਾ ਲਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਚਖੰਡ ਕਹੇ ਮੈਂ ਆਵਾਂਗਾ ਉਪਰ ਧਰਨੀ, ਧਰਤ ਧਵਲ ਧੌਲ ਸੁਹਾਈਆ । ਮੈਂ ਇਕੋ ਤੁਕ ਪੜ੍ਹਨੀ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਪੁਰਖ ਅਕਾਲ ਦੀ ਫਹਿਣਾ ਸਰਨੀ, ਦੂਜਾ ਇਸ਼ਟ ਨਾ ਕੋਇ ਮਨਾਈਆ । ਇਕੋ ਧਰਮ ਦੀ ਧਾਰ ਦੱਸਣੀ ਕਰਨੀ, ਦੀਨ ਮਜ਼੍ਹਬ ਜ਼ਾਤ ਪਾਤ ਦਾ ਪੰਧ ਮੁਕਾਈਆ । ਇਕੋ ਮੰਜ਼ਲ ਦੱਸਣੀ ਚੜ੍ਹਨੀ, ਜਿਥੇ ਵਿਸ਼ਨ ਬ੍ਰਹਮਾ ਸ਼ਿਵ ਰਾਹ ਵਿਚ ਨਾ ਕੋਇ ਅਟਕਾਈਆ । ਇਕੋ ਤਾਰੀ ਦੱਸਣੀ ਤਰਨੀ, ਦੋ ਜਹਾਨਾਂ ਪਾਰ ਲੰਘਾਈਆ । ਇਕੋ ਗ੍ਰਿਹਿ ਮੰਦਰ ਘਰ ਨੇਤਰ ਖੋਲ੍ਹਣਾ ਹਰਨੀ ਫਰਨੀ, ਬਰਨੀ ਵਰਨੀ ਊਚ ਨੀਚ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਚਖੰਡ ਕਹੇ ਮੈਂ ਆਉਣਾ ਸਵਾ ਦਸ, ਪੋਹ ਛੱਬੀ ਰੁਤ ਸੁਹਾਈਆ । ਜਨ ਭਗਤਾਂ ਹਿਰਦੇ ਅੰਦਰ ਜਾਣਾ ਵਸ, ਵਾਸਤਾ ਪ੍ਰਭ ਦੇ ਨਾਲ ਜੁੜਾਈਆ । ਧੁਰ ਦਾ ਅੰਮ੍ਰਿਤ ਦੇਣਾ ਰਸ, ਬਿਨ ਰਸਨਾ ਜਿਹਵਾ ਚਖਾਈਆ । ਉਸ ਵੇਲੇ ਅਵਤਾਰ ਪੈਗ਼ੰਬਰ ਗੁਰੂ ਆਪਣੇ ਖ਼ਾਲੀ ਦੱਸਣ ਹੱਥ, ਬਿਨ ਹੱਥਾਂ ਹੱਥ ਉਠਾਈਆ । ਬਿਨਾ ਸੀਸ ਤੋਂ ਚਰਨੀ ਜਾਵਣ ਢੱਠ, ਪੁਰਖ ਅਕਾਲ ਤੇਰੀ ਵਡ ਵਡਿਆਈਆ । ਸਾਡਾ ਦੀਨ ਮਜ਼੍ਹਬ ਦਾ ਚਲ ਸਕਿਆ ਮੂਲ ਨਾ ਹੱਟ, ਹਟਵਾਣੇ ਰੋਵਣ ਮਾਰਨ ਧਾਈਆ । ਕੂੜੀ ਕਿਰਿਆ ਲੱਗਾ ਫੱਟ, ਮਮਤਾ ਮੋਹ ਰਹੀ ਕੁਰਲਾਈਆ । ਸਿੱਖ ਮੁਰੀਦ ਸਾਨੂੰ ਗਏ ਛਡ, ਬਹੁੜੀ ਸਾਡੀ ਤੇਰੇ ਅੱਗੇ ਦੁਹਾਈਆ । ਜਿਸ ਤਰਾਂ ਸਚਖੰਡ ਵਿਚ ਨਹੀਂ ਕੋਈ ਅੱਡ, ਅਵਤਾਰ ਪੈਗ਼ੰਬਰ ਗੁਰੂ ਵੱਖਰਾ ਨਾਮ ਕਲਮਾ ਨਾ ਕੋਇ ਧਿਆਈਆ । ਮਜ਼੍ਹਬ ਦਾ ਨਿਸ਼ਾਨਾ ਸਕੇ ਕੋਈ ਨਾ ਗੱਡ, ਮਨੁੱਖ ਵੰਡ ਨਾ ਕੋਇ ਵੰਡਾਈਆ । ਅਸੀਂ ਆਦਿ ਤੋਂ ਤੇਰੀ ਜੋਤ ਦੀ ਯਦ, ਅੰਤ ਤੇਰੀ ਜੋਤ ਵਿਚ ਸਮਾਈਆ । ਪੁਰਖ ਅਕਾਲੇ ਦੀਨ ਦਿਆਲੇ ਔਹ ਵੇਖ ਸਾਡੀ ਚੌਧਵੀਂ ਬੀਸਵੀਂ ਸਦੀ ਦੀ ਆ ਗਈ ਹੱਦ, ਹਦੂਦ ਅੱਗੇ ਰਹੀ ਨਾ ਰਾਈਆ । ਗੋਬਿੰਦ ਹੋਵੇ ਗਦ ਗਦ, ਮੇਰਾ ਫਈਆ ਦਏ ਗਵਾਹੀਆ । ਚਾਰ ਕੁੰਟ ਸ੍ਰਿਸ਼ਟੀ ਪੀਵੇ ਪਿਆਲੇ ਮਦਿ, ਰਸਨਾ ਰਸ ਨਾ ਕੋਇ ਚਖਾਈਆ । ਕੂੜ ਕਲਪਨਾ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਉਹ ਵੇਖ ਮੁਹੰਮਦ ਰਿਹਾ ਭੱਜ, ਚੌਦਾਂ ਤਬਕ ਵਾਹੋ ਦਾਹੀਆ । ਈਸਾ ਨੇਤਰ ਰਿਹਾ ਅੱਡ, ਨੂਰੇ ਚਸ਼ਮ ਧਿਆਨ ਲਗਾਈਆ । ਮੂਸਾ ਖ਼ਾਲੀ ਵਖਾਵੇ ਹੱਥ, ਮਸਤਕ ਹੱਥ ਹੱਥ ਨਾਲ ਮਿਲਾਈਆ । ਅਵਤਾਰ ਨੇਤਰ ਬਦਲ ਗਏ ਜਗ, ਰਾਮਾ ਕ੍ਰਿਸ਼ਨਾ ਕ੍ਰਿਸ਼ਨਾ ਰਾਮਾ ਸੀਤਾ ਰਾਧਾ ਸੰਗ ਨਾ ਕੋਇ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਮਾਨਵ ਹੋਏ ਬਗਲੇ ਬਪ, ਅੰਤਰ ਰੰਗ ਨਾ ਕੋਇ ਰੰਗਾਈਆ । ਕਿਸੇ ਦਾ ਰਿਹਾ ਨਾ ਸੱਚਾ ਤਪ, ਤਪੀਸ਼ਰ ਵੇਖ ਲੈ ਥਾਉਂ ਥਾਈਂਆ । ਮਾਇਆ ਡੱਸਣੀ ਡੱਸ ਗਈ ਸੱਪ, ਸਾਧਾਂ ਸੰਤਾਂ ਡੰਗ ਲਗਾਈਆ । ਹਿਰਦਾ ਰਿਹਾ ਕਿਸੇ ਨਾ ਪੱਕ, ਯਕ ਯਾਰ ਵਾਹਿਦ ਨਾ ਕੋਇ ਮਨਾਈਆ । ਤੇਰਾ ਖੇਲ ਪੁਰਖ ਸਮਰਥ, ਤੇਰੀ ਬੇਪਰਵਾਹੀਆ । ਅਸੀਂ ਸਾਰੇ ਗਏ ਥੱਕ, ਦੋਏ ਜੋੜ ਸੀਸ ਨਿਵਾਈਆ । ਅਸੀਂ ਚਾਹੁੰਦੇ ਤੇਰੇ ਸਚਖੰਡ ਦਵਾਰੇ ਜਾਈਏ ਵਸ, ਵਾਸਤਾ ਤੇਰੇ ਨਾਲ

੧੦੧੯ ੨੨

ਰਖਾਈਆ । ਦੀਨ ਮਜ਼੍ਹਬ ਸਾਡਾ ਲੇਖਾ ਰਹੇ ਨਾ ਵਤ, ਵਤਨ ਬੈਠੀਏ ਚਾਈਂ ਚਾਈਆ । ਤੂੰ ਸਾਹਿਬ ਪਰਮੇਸ਼ਵਰ ਪਤਿ, ਪਾਰਬ੍ਰਹਮ ਇਕ ਅਖਵਾਈਆ । ਮੇਰੇ ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਅੰਤਰ ਖੁਲ੍ਹੇ ਕਿਸੇ ਨਾ ਅੱਖ, ਅੱਖੀਆਂ ਸਾਰੇ ਜਗਤ ਰਹੇ ਮਿਲਾਈਆ । ਨਿਰਗੁਣ ਧਾਰ ਸੱਚੀ ਸਰਕਾਰ ਹੋ ਪ੍ਰਤਖ, ਭੇਵ ਅਭੇਦਾ ਅਛਲ ਅਛੇਦਾ ਚਾਰ ਵੇਦਾਂ ਤੋਂ ਬਾਹਰ ਦੇ ਸਮਝਾਈਆ । ਅਸੀਂ ਸਾਰੇ ਚਾਹੁੰਦੇ ਤੂੰ ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਏਕੰਕਾਰ ਸਭ ਦਾ ਹੋਵੇਂ ਨੇਤਾ, ਦੂਜਾ ਨਜ਼ਰ ਕੋਇ ਨਾ ਆਈਆ । ਸਚਖੰਡ ਕਹੇ ਮੈਂ ਅੱਜ ਰਾਤ ਨੂੰ ਸਭ ਦਾ ਚਾਰ ਜੁਗ ਦਾ ਪਿਛਲਾ ਦੱਸ ਦੇਣਾ ਲੇਖਾ, ਬਕਾਇਆ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲ ਤੇਰਾ ਇਕੋ ਇਕ ਆਦਿ ਜੁਗਾਦਿ ਜੁਗ ਚੌਕੜੀ ਸ਼ਬਦ ਗੁਰੂ ਗੁਰ ਬੇਟਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਨਰ ਹਰਿ ਨਰਾਇਣ ਸਚ, ਸਾਚੀ ਸਚ ਕਾਰ ਕਮਾਈਆ ।

## ✪ ਰਾਤ ਨੂੰ ਸਾਢੇ ਨੌ ਵਜੇ ✪


੧੦੧੯
੨੨

ਸਚਖੰਡ ਕਹੇ ਸੋ ਪੁਰਖ ਨਿਰੰਜਣ ਖੇਲ ਮਹਾਨਾ, ਹਰਿ ਪੁਰਖ ਨਿਰੰਜਣ ਆਪ ਕਰਾਈਆ । ਏਕੰਕਾਰ ਨੂਰ ਨੁਰਾਨਾ, ਆਦਿ ਨਿਰੰਜਣ ਡਗਮਗਾਈਆ । ਅਬਿਨਾਸ਼ੀ ਕਰਤਾ ਸ਼ਾਹ ਸੁਲਤਾਨਾ, ਸ੍ਰੀ ਭਗਵਾਨ ਅਗੰਮ ਅਥਾਹੀਆ । ਪਾਰਬ੍ਰਹਮ ਵਡ ਬਲਵਾਨਾ, ਪਰਵਰਦਿਗਾਰ ਨੂਰ ਇਲਾਹੀਆ । ਸ਼ਬਦੀ ਸ਼ਬਦ ਖੇਲ ਮਹਾਨਾ, ਮਹਿੰਮਾ ਅਕਥ ਕਥੀ ਨਾ ਜਾਈਆ । ਬਿਨਾ ਛੱਪਰ ਛੰਨ ਤੋਂ ਮੇਰਾ ਹੱਕ ਮਕਾਨਾ, ਚਾਰ ਦੀਵਾਰੀ ਨਾ ਕੋਇ ਵਡਿਆਈਆ । ਸੂਰੀਆ ਚੰਦ ਨਾ ਕੋਇ ਨਿਸ਼ਾਨਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਅਵਤਾਰ ਪੈਗ਼ੰਬਰ ਗੁਰੂ ਕੋਈ ਨਾ ਨਾਮਾ, ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹੀਆ । ਸਰਗੁਣ ਤਤ ਨਾ ਕੋਇ ਪਹਿਚਾਨਾ, ਮਾਇਆ ਵੰਡ ਨਾ ਕੋਇ ਵੰਡਾਈਆ । ਬ੍ਰਹਮ ਹੋਏ ਨਾ ਕੋਇ ਪਰਧਾਨਾ, ਆਤਮ ਰੰਗ ਨਾ ਕੋਇ ਵਖਾਈਆ । ਰੂਪ ਦਿਸੇ ਨਾ ਸੀਤਾ ਰਾਮਾ, ਰਾਧਾ ਕ੍ਰਿਸ਼ਨਾ ਨਾ ਕੋਇ ਵਖਾਈਆ । ਪੈਗ਼ੰਬਰ ਕਰੇ ਨਾ ਕੋਇ ਸਲਾਮਾ, ਮੰਤਰ ਨਾਮ ਸਤਿ ਨਾ ਕੋਇ ਸੁਣਾਈਆ । ਡੰਕਾ ਫ਼ਤਿਹ ਵੱਜੇ ਨਾ ਕੋਇ ਦਮਾਮਾ, ਦਾਮਨਗੀਰ ਦਾਮਨ ਫੜਨ ਕੋਇ ਨਾ ਪਾਈਆ । ਨਾ ਕੋਇ ਨਾਮ ਨਾ ਕੋਇ ਕਲਾਮਾ, ਅੱਖਰ ਵੰਡ ਨਾ ਕੋਇ ਵੰਡਾਈਆ । ਨਾ ਕੋਈ ਜ਼ਿਮੀਂ ਨਾ ਕੋਇ ਅਸਮਾਨਾ, ਮੰਡਲ ਮੰਡਪ ਨਾ ਕੋਇ ਰੁਸ਼ਨਾਈਆ । ਨਾ ਕੋਈ ਸੁਬਹ ਨਾ ਕੋਈ ਸ਼ਾਮਾ, ਘੜੀ ਪਲ ਵਕਤ ਨਾ ਕੋਇ ਜਣਾਈਆ । ਇਕੋ ਮੇਰਾ ਮਿਹਰਵਾਨ ਮਿਹਰਵਾਨ ਮਿਹਰਵਾਨਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਚਖੰਡ ਕਹੇ ਮੇਰਾ ਦਵਾਰ ਸੁਹੰਜਣਾ, ਸੋਭਾਵੰਤ ਰਮਣੀਕ । ਜੋਤ ਜਗਾਏ ਆਦਿ ਨਿਰੰਜਣਾ, ਏਕਾ ਏਕੰਕਾਰਾ ਧੁਰ ਰਫ਼ੀਕ । ਜਿਸ ਨੂੰ ਕਹਿੰਦੇ ਗੋਪਾਲ ਮੂਰਤ ਮਦਨਾ, ਸੱਜਣਾ ਆਪਣੀ ਹੱਕ ਰੱਖੇ ਤੌਫ਼ੀਕ । ਨਾ ਘੜਿਆ ਨਾ ਭੱਜਣਾ, ਨਾ ਆਸਾ ਮਨਸਾ ਕੋਇ ਉਮੀਦ । ਜਿਸ ਦਾ ਪ੍ਰਕਾਸ਼ ਦੀਪਕ

੧੦੨੦
੨੨

ਇਕੋ ਜਗਣਾ, ਜਿਸ ਦੀ ਕਰ ਸਕੇ ਨਾ ਕੋਇ ਤਮਹੀਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ, ਜਿਸ ਦੀ ਆਦਿ ਅੰਤ ਦੀ ਸ਼ਨੀਦ । ਸਚਖੰਡ ਕਹੇ ਮੇਰਾ ਜਾਣੇ ਕੋਇ ਨਾ ਅੰਤ, ਅੰਤ ਕਹਿਣ ਕੋਇ ਨਾ ਪਾਈਆ । ਮੈਨੂੰ ਅੱਖਰਾਂ ਅੱਖਰਾਂ ਵਿਚ ਗਾ ਕੇ ਗਏ ਅਵਤਾਰ ਪੈਗ਼ੰਬਰ ਸੰਤ, ਫ਼ਕੀਰ ਕਲਮਿਆਂ ਵਿਚ ਦ੍ਰਿੜਾਈਆ । ਮੇਰੀ ਮਹਿੰਮਾ ਕਰਦੇ ਗਏ ਨਾਮ ਵਾਲੇ ਮੰਤ, ਲੇਖਾ ਲਿਖ ਕੇ ਕਲਮ ਸ਼ਾਹੀਆ । ਸੰਦੇਸ਼ਾ ਮਿਲਦਾ ਰਿਹਾ ਜੀਵ ਜੰਤ, ਧਰਨੀ ਧਰਤ ਧਵਲ ਵਡਿਆਈਆ । ਕਿਸੇ ਭੇਵ ਨਾ ਪਾਇਆ ਮੇਰਾ ਬੋਧ ਅਗਾਧਾ ਸਤਿਗੁਰ ਸ਼ਬਦ ਇਕੋ ਪੰਡਤ, ਦੂਜਾ ਨਜ਼ਰ ਕੋਇ ਨਾ ਆਈਆ । ਮੈਂ ਪੁਰਖ ਅਕਾਲ ਦੀਨ ਦਿਆਲ ਅੱਗੇ ਬਿਨਾ ਬੋਲ ਤੋਂ ਕਰਾਂ ਮਿੰਨਤ, ਬਿਨਾ ਸੀਸ ਸੀਸ ਨਿਵਾਈਆ । ਪੁਰਖ ਅਕਾਲੇ ਦੀਨ ਦਿਆਲੇ ਸਚ ਦੱਸ ਮੇਰੀ ਕਿਹੜੀ ਸੱਚੀ ਸਿੰਮਤ, ਕਵਣ ਵੰਡ ਵੰਡਾਈਆ । ਕਿੱਥੇ ਮੇਰੀ ਲਿਮਟ, ਹੱਦ ਹਦੂਦ ਦੇ ਦ੍ਰਿੜਾਈਆ । ਕਿਸ ਤਾਰ ਨਾਲ ਮੈਂ ਰਿਹਾ ਚਿਮਟ, ਸਹਾਰਾ ਕਵਣ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਚਖੰਡ ਕਹੇ ਮੈਂ ਕਿਹਾ ਪੁਰਖ ਅਕਾਲ, ਸਹਿਜ ਨਾਲ ਦ੍ਰਿੜਾਈਆ । ਮੇਰੇ ਅੰਦਰ ਆਪਣਾ ਦੀਪਕ ਬੈਠੋਂ ਬਾਲ, ਆਦਿ ਜੁਗਾਦਿ ਤੇਰੀ ਰੁਸ਼ਨਾਈਆ । ਮੇਰੇ ਸਾਹਿਬ ਤੇਰੀ ਧਰਮਸਾਲ, ਧਰਮ ਦਵਾਰਾ ਇਕੋ ਨਜਰੀ ਆਈਆ । ਜਿਥੇ ਵੱਜੇ ਕੋਇ ਨਾ ਤਾਲ, ਰਾਗ ਨਾਦ ਨਾ ਕੋਇ ਸੁਣਾਈਆ । ਨਾ ਕੋਈ ਪੁੱਛੇ ਮੁਰੀਦਾਂ ਹਾਲ, ਮੁਰਸ਼ਦ ਰੂਪ ਨਾ ਕੋਇ ਵਟਾਈਆ । ਨਾ ਕੋਈ ਸਿੱਖ ਮੁਰੀਦਾਂ ਕਦੇ ਪੁਛੇ ਕਿਹੜਾ ਤੁਹਾਡਾ ਸਵਾਲ, ਭੇਵ ਅਭੇਦ ਨਾ ਕੋਇ ਜਣਾਈਆ । ਨਾ ਕੋਈ ਦਿਸੇ ਕਾਲ ਮਹਾਂਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਚਿੱਤਰ ਗੁਪਤ ਲੇਖਾ ਨਾ ਸਕੇ ਵਖਾਲ, ਵਾਹਵਾ ਤੇਰੀ ਬੇਪਰਵਾਹੀਆ । ਮੈਂ ਵੇਖਾਂ ਖੇਲ ਕਮਾਲ, ਕਰਤੇ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਚਖੰਡ ਕਹੇ ਮੇਰੀ ਨਮੋਂ ਨਮੋਂ ਬੰਦਨਾ, ਸੱਜਦਾ ਸੀਸ ਝੁਕਾਈਆ । ਮੇਰੇ ਸਾਹਿਬ ਸਚ ਬਖ਼ਸ਼ੰਦਨਾ, ਰਹਿਮਤ ਮੰਗਾਂ ਚਾਈਂ ਚਾਈਂਆ । ਤੇਰਾ ਆਦਿ ਅੰਤ ਅਨੰਦਨਾ, ਅਨੰਦ ਅਨੰਦ ਵਿਚੋਂ ਦਰਸਾਈਆ । ਮੇਰੇ ਵੇਂਹਦਿਆਂ ਕੋਟਨ ਕੋਟ ਜੁਗ ਬੀਤੇ ਅਵਤਾਰ ਪੈਗ਼ੰਬਰ ਗੁਰੂ ਮੰਗਦੇ ਗਏ ਮੰਗਣਾ, ਤੇਰੇ ਅੱਗੇ ਵਾਸਤਾ ਪਾਈਆ । ਪਤਾ ਨਹੀਂ ਤੂੰ ਕਿਸ ਵੇਲੇ ਕਿਸ ਨੂੰ ਆਪਣੇ ਰੰਗ ਵਿਚ ਰੰਗਣਾ, ਕੀ ਆਪਣੀ ਦਇਆ ਕਮਾਈਆ । ਮਿਹਰਵਾਨ ਮਹਿਬੂਬ ਦੱਸਦੇ ਸਤਿਜੁਗ ਵਿਚ ਕਿਹੜਾ ਨਾਮ ਵੰਡਣਾ, ਪਿਛਲੀ ਵੰਡ ਅੱਗੇ ਰਹੇ ਨਾ ਰਾਈਆ । ਕਿਹੜਾ ਮਸਤਕ ਲਾਉਣਾ ਚੰਦਨਾ, ਦੁਰਮਤ ਮੈਲ ਧਵਾਈਆ । ਕਿਹੜਾ ਅਵਤਾਰ ਪੈਗ਼ੰਬਰ ਗੁਰੂ ਮਾਤਲੋਕ ਘੱਲਣਾ, ਤਨ ਵਜੂਦ ਨਾਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਸਚਖੰਡ ਕਹੇ ਪ੍ਰਭੂ ਮੇਰੀ ਅਰਦਾਸ, ਬੇਨੰਤੀ ਦਿਆਂ ਦ੍ਰਿੜਾਈਆ । ਕੀ ਕਰਨਾ ਖੇਲ ਤਮਾਸ਼, ਭੇਵ ਅਭੇਦਾ ਦੇ ਖੁਲ੍ਹਾਈਆ । ਕਿਸ ਬਿਧ ਧਰਨੀ ਉਤੇ ਪੈਣੀ ਰਾਸ, ਮੰਡਲ ਮੰਡਪ ਨਾਚ ਨਚਾਈਆ । ਕੀ ਲੇਖਾ ਜਾਣੇ ਸਰਬ ਗੁਣਤਾਸ, ਪੜਦਾ ਓਹਲਾ ਦੇ ਉਠਾਈਆ । ਕੀ ਅਵਤਾਰ ਪੈਗ਼ੰਬਰ ਗੁਰੂ ਆਏ ਆਖ, ਭਵਿਖਤਾਂ ਵਿਚ ਤੇਰਾ ਰਾਗ ਸੁਣਾਈਆ । ਕਿਸ ਬਿਧ ਪਰਗਟ ਹੋਵੇਂ ਸਾਖਿਆਤ, ਸਾਹਿਬ ਸਵਾਮੀ ਆਪਣੀ ਦਇਆ ਕਮਾਈਆ । ਉਠ ਆਪਣੀ ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਚ ਮਾਰ ਝਾਤ, ਅੰਤਰ ਨਿਰੰਤਰ ਵੇਖ ਵਖਾਈਆ । ਸਚਖੰਡ

ਕਹੇ ਪ੍ਰਭੂ ਬਹੁੜੀ ਕਿਸੇ ਦਾ ਖੁਲ੍ਹਿਆ ਨਹੀਂ ਤਾਕ, ਨਿਜ ਨੇਤਰ ਅੱਖ ਨਾ ਕੋਇ ਰੁਸ਼ਨਾਈਆ । ਜਿਹੜੇ ਤੇਰੇ ਮਾਨਵ ਪਿਆਰ ਮੁਹੱਬਤ ਵਿਚ ਹੰਸ ਬੁੱਧੀ ਹੋਏ ਕਾਗ, ਕਾਗ ਹੰਸ ਨਾ ਕੋਇ ਰੂਪ ਬਦਲਾਈਆ । ਦਰੋਹੀ ਤੇਰੇ ਨਾਮ ਕਲਮੇ ਦਾ ਜਗਿਆ ਨਾ ਕੋਇ ਚਰਾਗ਼, ਚਰਾਗਾਹਾਂ ਕਰੇ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਚਖੰਡ ਕਹੇ ਪ੍ਰਭੂ ਔਹ ਵੇਖ ਮੇਰਾ ਘਰਾਨਾ, ਤੈਨੂੰ ਦਿਆਂ ਜਣਾਈਆ । ਜਿਥੇ ਪਵਣ ਪਾਣੀ ਨਹੀਂ ਕੋਈ ਨਿਸ਼ਾਨਾ, ਅਗਨੀ ਹਵਨ ਨਾ ਕੋਇ ਤਪਾਈਆ । ਤੇਰਾ ਜੋਤੀ ਜੋਤ ਨੂਰ ਮਹਾਨਾ, ਨਿਰਗੁਣ ਨਿਰਵੈਰ ਤੇਰੀ ਰੁਸ਼ਨਾਈਆ । ਏਥੇ ਸਭ ਦਾ ਇਕ ਮਕਾਨਾ, ਪੈਗ਼ੰਬਰ ਗੁਰ ਅਵਤਾਰ ਵੰਡ ਨਾ ਕੋਇ ਵੰਡਾਈਆ । ਤੂੰ ਸਭ ਦਾ ਮਾਲਕ ਅੰਤਰਜਾਮਾ, ਅੰਤਰਜਾਮੀ ਬੇਪਰਵਾਹੀਆ । ਕਿਰਪਾ ਕਰ ਨਿਰਗੁਣ ਨਿਰਵੈਰ ਨਰ ਲੋਕਮਾਤ ਪਰਗਟ ਕਰ ਆਪਣਾ ਜਾਮਾ, ਜ਼ਿਮੀਂ ਅਸਮਾਨ ਖੋਜ ਖੁਜਾਈਆ । ਕੂੜੀ ਕਿਰਿਆ ਮੇਟ ਦੇ ਸ਼ਾਮਾ, ਸ਼ਮਾ ਨੂਰ ਜੋਤ ਹੋਏ ਰੁਸ਼ਨਾਈਆ । ਹੱਕ ਦਾ ਹੱਕ ਦਏਂ ਪੈਗ਼ਾਮਾਂ ਪੈਗ਼ੰਬਰਾਂ ਤੋਂ ਬਾਹਰ ਕਰ ਪੜ੍ਹਾਈਆ । ਸੂਰਬੀਰ ਆਇਆ ਵਿਚ ਮੈਦਾਨਾ, ਦੋ ਜਹਾਨਾਂ ਡੰਕ ਵਜਾਈਆ । ਤੇਰਾ ਖੇਲ ਆਦਿ ਜੁਗਾਦਿ ਵਿਸ਼ਨੂੰ ਭਗਵਾਨਾ, ਭਗਵਨ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਸਚਖੰਡ ਔਹ ਤਕ ਨਜ਼ਾਰਾ, ਸੋ ਪੁਰਖ ਨਿਰੰਜਣ ਰਿਹਾ ਦ੍ਰਿੜਾਈਆ । ਤੇਰਾ ਮੁਹੱਬਤ ਵਾਲਾ ਪਿਆਰਾ, ਪ੍ਰੇਮੀ ਪ੍ਰੀਤਮ ਤੋੜ ਨਿਭਾਈਆ । ਜਿਸ ਦਾ ਸਭ ਨੇ ਕੀਤਾ ਇਜ਼ਹਾਰਾ, ਸਿਫ਼ਤਾਂ ਵਿਚ ਸਾਲਾਹੀਆ । ਉਹ ਸਾਹਿਬ ਤੇਰਾ ਨਿਰੰਕਾਰਾ, ਨਿਰਵੈਰ ਇਕ ਅਖਵਾਈਆ । ਕਾਗਦ ਕਲਮ ਸਿਫ਼ਤ ਤੋਂ ਬਾਹਰਾ, ਕਲਮਿਆਂ ਵਿਚ ਕਦੀ ਨਾ ਆਈਆ । ਜਿਸ ਦਾ ਹੁਕਮ ਵਰਤੇ ਦੋ ਧਾਰਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਾਰ ਕਮਾਈਆ । ਅਲਾਹੀ ਨੂਰ ਪਰਵਰਦਿਗਾਰਾ, ਮਹਿਬੂਬ ਇਕ ਅਖਵਾਈਆ । ਤੇਰੇ ਲੇਖੇ ਦੀ ਪਾਵੇ ਸਾਰਾ, ਲਹਿਣਾ ਤੇਰੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਚਖੰਡ ਕਹੇ ਪ੍ਰਭੂ ਮੇਰੀ ਇਕ ਨਮਸਤੇ, ਨਮੋ ਨਮੋ ਸੀਸ ਝੁਕਾਈਆ । ਮੈਨੂੰ ਆਪਣਾ ਭੇਵ ਦੱਸ ਦੇ, ਪੜਦਾ ਓਹਲਾ ਰਹੇ ਨਾ ਰਾਈਆ । ਜਿਸ ਨਾਲ ਸਾਰੇ ਘਰਾਣੇ ਰਹਿਣ ਵਸਦੇ, ਵਸਲ ਆਪਣਾ ਯਾਰ ਦੇਣਾ ਕਰਾਈਆ । ਔਹ ਵੇਖ ਅਵਤਾਰ ਪੈਗ਼ੰਬਰ ਗੁਰੂ ਮੇਰੇ ਨਾਲ ਨੱਸਦੇ, ਭੱਜਣ ਚਾਈਂ ਚਾਹੀਂਆ । ਜਿਨ੍ਹਾਂ ਨੇ ਝਗੜੇ ਪਾਏ ਤਤ ਅੱਠ ਦੇ, ਨਵ ਸੱਤ ਦਰ ਦਰ ਬਣਾਈਆ । ਵਣਜਾਰੇ ਬਣ ਗਏ ਦੀਨ ਮਜ਼੍ਹਬ ਦੇ ਹੱਟ ਦੇ, ਕਾਇਨਾਤ ਖੋਜ ਖੁਜਾਈਆ । ਦੂਰ ਦੁਰਾਡੇ ਤੈਨੂੰ ਰਹੇ ਸੱਦ ਦੇ, ਹੋਕੇ ਨਾਮ ਕਲਮੇ ਵਾਲੇ ਲਗਾਈਆ । ਨੇਤਰ ਉਠਾ ਕੇ ਰਹੇ ਤਕਦੇ, ਦੂਰ ਦੁਰਾਡੇ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਵਰ, ਦਰ ਤੇਰੇ ਸੀਸ ਨਿਵਾਈਆ । ਸਚਖੰਡ ਕਹੇ ਪ੍ਰਭੂ ਮੈਂ ਤੈਨੂੰ ਝੁਕਾਂ, ਝੁਕ ਝੁਕ ਸੀਸ ਨਿਵਾਈਆ । ਇਕ ਅਗੰਮੀ ਖ਼ਬਰ ਪੁਛਾਂ, ਸਹਿਜ ਨਾਲ ਦ੍ਰਿੜਾਈਆ । ਤੂੰ ਸ਼ਬਦ ਗੁਰੂ ਨੂੰ ਕਿਉਂ ਕਿਹਾ ਉਠ ਮੇਰਿਆ ਪੁੱਤਾ, ਸੁਤ ਦੁਲਾਰੇ ਦਿਆਂ ਵਡਿਆਈਆ । ਕਿਉਂ ਅਵਤਾਰ ਪੈਗ਼ੰਬਰ ਗੁਰੂਆਂ ਦਾ ਵੇਲਾ ਚੁੱਕਾ, ਚੇਤਨ ਸਭ ਨੂੰ ਦਏ ਕਰਾਈਆ । ਮੈਨੂੰ ਇਕੋ ਇਕ ਦੁੱਖਾ, ਬਹੁੜੀ ਸਦੀ ਚੌਧਵੀਂ ਮੇਰੇ ਦਵਾਰੇ ਵੜਨ ਕੋਇ ਨਾ ਪਾਈਆ । ਕਿਸੇ ਨੇ ਮਦਿ ਪੀਤੀ ਕਿਸੇ ਨੇ ਖਾਧਾ ਪਾਨ ਕਿਸੇ ਨੇ ਮੁਖ ਲਗਾਇਆ ਹੁੱਕਾ, ਤੇਰਾ

ਹੁਕਮ ਮੰਨਣ ਵਾਲਾ ਨਜ਼ਰ ਕੋਇ ਨਾ ਆਈਆ । ਕਿਸੇ ਨੇ ਮੂੰਡ ਮੁੰਡਾਇਆ, ਕਿਸੇ ਨੇ ਲਬ ਕਟਾਇਆ, ਕਿਸੇ ਨੇ ਸੀਸ ਵਧਾਇਆ, ਕਿਸੇ ਨੇ ਵਧਾ ਲਈਆਂ ਮੁੱਛਾਂ, ਮੁਸ਼ਕਲ ਹੱਲ ਨਾ ਕੋਇ ਕਰਾਈਆ । ਮੈਂ ਵੇਖਿਆ ਜੋ ਝਗੜਾ ਸੋ ਝਗੜਾ ਕਾਇਆ ਬੁਤਾ, ਬੁਤਖ਼ਾਨਿਆਂ ਕਰੇ ਨਾ ਕੋਇ ਸਫ਼ਾਈਆ । ਮੈਂ ਹੋਰ ਤੱਕਿਆ ਸ੍ਰਿਸ਼ਟੀ ਤੇਰਾ ਨਾਮ ਜਪਦੀ ਨਾਲ ਬੁੱਲਾਂ ਬੁੱਟਾਂ, ਹਿਰਦੇ ਸਕਿਆ ਨਾ ਕੋਇ ਵਸਾਈਆ । ਸਚਖੰਡ ਕਹੇ ਮੇਰਾ ਜੀਅ ਕਰਦਾ ਹੁਣ ਮੈਂ ਆਪ ਉਠਾਂ, ਜੇ ਕੋਈ ਮੇਰੇ ਕੋਲ ਉਤੇ ਨਹੀਂ ਆਉਂਦਾ ਤੇ ਮੈਂ ਲੋਕਮਾਤ ਜਾ ਕੇ ਵੇਖਾਂ ਤੇਰੀ ਸ੍ਰਿਸ਼ਟੀ ਦੀ ਦ੍ਰਿਸ਼ਟੀ ਜਿਹੜੀ ਤੇਰਾ ਨਾਮ ਗਈ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਸਚਖੰਡ ਕਹੇ ਅਵਤਾਰ ਪੈਗ਼ੰਬਰ ਗੁਰ ਕਰੋ ਤਿਆਰੀ, ਤ੍ਰੈਗੁਣ ਅਤੀਤੇ ਲਓ ਅੰਗੜਾਈਆ । ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਓ ਇਕੱਠੀ ਹੋ ਜਾਏ ਯਾਰੀ, ਯਰਾਨਾ ਇਕ ਬਣਾਈਆ । ਇਕੱਠੇ ਕਰੋ ਇਕੋ ਵਾਰੀ, ਵਾਰਤਾ ਪਿਛਲੀ ਦੇਣੀ ਭੁਲਾਈਆ । ਧਰਨੀ ਉਤੇ ਧਵਲ ਉਤੇ ਧੌਲ ਉਤੇ ਬੋਲੋ ਇਕ ਜੈਕਾਰੀ, ਨਾਅਰਾ ਇਕ ਸੁਣਾਈਆ । ਤੂੰ ਮਾਲਕ ਸਾਡਾ ਬੇਐਬ ਪਰਵਰਦਿਗਾਰੀ, ਜਲਵਾਗਰ ਤੇਰੀ ਰੁਸ਼ਨਾਈਆ । ਸਾਡੀ ਦੀਨ ਮਜ਼੍ਹਬ ਨਾਲੋਂ ਟੁੱਟ ਗਈ ਯਾਰੀ, ਯਰਾਨਾ ਤੇਰੇ ਨਾਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਕਰਨ ਸਲਾਹ, ਸਚਖੰਡ ਵਿਚ ਆਪਣਾ ਮਤਾ ਬਣਾਈਆ । ਚਲੋ ਇਕ ਮੱਲੀਏ ਰਾਹ, ਰਹਿਬਰ ਤਕੀਏ ਬੇਪਰਵਾਹੀਆ । ਜਿਸ ਨੂੰ ਰਾਮ ਕ੍ਰਿਸ਼ਨ ਕਹਿ ਕੇ ਆਏ ਖ਼ੁਦਾ, ਵਾਹਿਗੁਰੂ ਸਤਿਨਾਮ ਦ੍ਰਿੜ੍ਹਾਈਆ । ਹੋਣਾ ਨਹੀਂ ਉਸ ਤੋਂ ਜੁਦਾ, ਵੱਖਰੀ ਵੰਡ ਨਾ ਕੋਇ ਵੰਡਾਈਆ । ਉਹਦੇ ਹੱਥ ਸਭ ਦੀ ਬਾਂਹ, ਪੁਸ਼ਤ ਪਨਾਹ ਸਭ ਦੇ ਹੱਥ ਟਿਕਾਈਆ । ਜਿਸ ਨੂੰ ਸਾਰੇ ਕਹਿੰਦੇ ਵਾਹਵਾ, ਸੋ ਮਾਲਕ ਅਗੰਮ ਅਥਾਹੀਆ । ਇਕ ਡਰ ਅੱਗੇ ਦੀਨ ਮਜ਼੍ਹਬ ਦਾ ਲੱਗਣਾ ਨਹੀਂ ਕੋਈ ਦਾਅ, ਦਾਅਵੇਦਾਰ ਨਾ ਕੋਇ ਅਖਵਾਈਆ । ਸਾਡਾ ਸ਼ਬਦੀ ਗੁਰੂ ਗੁਰ ਗਵਾਹ, ਸ਼ਹਾਦਤ ਅੰਤ ਦਏ ਭੁਗਤਾਈਆ । ਜਿਸ ਦਾ ਸਾਰਿਆਂ ਨੇ ਸਿਫ਼ਤਾਂ ਵਿਚ ਗਾਇਆ ਨਾਂ, ਅਸਲੀ ਨਾਮ ਹੱਥ ਨਾ ਕਿਸੇ ਫੜਾਈਆ । ਜਿਸ ਨੂੰ ਕਹਿੰਦੇ ਆਏ ਪਿਤਾ ਤੇ ਮਾਂ, ਮਾਲਕ ਨੂਰ ਖ਼ੁਦਾਈਆ । ਉਨ ਕੀ ਕੀਤਾ ਉਹ ਗੁਰ ਅਵਤਾਰ ਪੈਗ਼ੰਬਰਾਂ ਤੋਂ ਝਗੜਾ ਪਵਾ ਕੇ ਸੂਰ ਤੇ ਗਾਂ, ਮਾਨਵ ਮਾਨਵ ਨਾਲ ਦਿਤੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਚਖੰਡ ਕਹੇ ਮੈਂ ਕੀ ਕਹਿਣਾ, ਪ੍ਰਭ ਕਹਿ ਕੇ ਕੀ ਸੁਣਾਈਆ । ਮੈਨੂੰ ਐਂ ਜਾਪਦਾ ਅੱਗੇ ਵਾਸਤੇ ਮੇਰੇ ਅੰਦਰ ਕਿਸੇ ਨਹੀਂ ਬਹਿਣਾ, ਲੋਕਮਾਤ ਵਿਚੋਂ ਕੋਇ ਨਾ ਆਈਆ । ਤੇਰਾ ਉਸਰਿਆ ਹੋਇਆ ਪਿਆਰ ਦਾ ਮੰਦਰ ਬਿਨਾ ਢਾਹੇ ਤੋਂ ਢਹਿਣਾ, ਰੰਗ ਮਹੱਲ ਨਾ ਕੋਇ ਸੁਹਾਈਆ । ਤੇਈ ਅਵਤਾਰ ਪੈਗ਼ੰਬਰ ਗੁਰ ਇਨ੍ਹਾਂ ਇਕੋ ਦੱਸਿਆ ਤੇਰਾ ਭਾਣਾ ਸਹਿਣਾ, ਦੂਸਰ ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਚਖੰਡ ਕਹੇ ਔਹ ਤਕ ਮੇਰਾ ਨਾਮ ਮੁਕਾਮੇ ਹੱਕ, ਹੱਕ ਹੱਕ ਦਾ ਨਾਅਰਾ ਦਿਤਾ ਲਗਾਈਆ । ਦਰਗਹ ਸਾਚੀ ਤੇਰਾ ਦਵਾਰਾ ਪੱਕ, ਪੈਗ਼ੰਬਰ ਆਏ ਸੁਣਾਈਆ । ਕਿਉਂ ਹੋਇਆ ਸਭ ਨੂੰ ਸ਼ੱਕ, ਸ਼ਿਕਵੇ ਸਕੇ ਨਾ ਕੋਇ ਮਿਟਾਈਆ । ਪ੍ਰਭ ਇਹ ਤੇਰਾ ਦਵਾਰਾ ਦੀਨ ਮਜ਼੍ਹਬ ਦਾ ਬਣ ਗਿਆ ਹੱਟ, ਵਣਜਾਰੇ ਵੱਖਰਾ ਵੱਖਰਾ ਸੌਦਾ


੧੦੨੨ ੨੨

ਰਹੇ ਟਿਕਾਈਆ । ਉਹ ਵੇਖ ਹਜ਼ਰਤ ਈਸਾ ਦਾ ਕਲਾਕ ਕਰੇ ਟਕ ਟਕ, ਆਵਾਜ਼ ਆਪਣੀ ਰਿਹਾ ਜਣਾਈਆ । ਮੁਹੰਮਦ ਰਿਹਾ ਨੱਠ, ਭੱਜੇ ਵਾਹੋ ਦਾਹੀਆ । ਮੂਸਾ ਰਿਹਾ ਢੱਠ, ਨੈਣ ਮੂੰਦ ਅੱਖ ਵਖਾਈਆ । ਤੇਰਾ ਖੇਲ ਪੁਰਖ ਸਮਰਥ, ਵਡ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡਾ ਇਕ ਜਣਾਈਆ । ਸਚਖੰਡ ਕਹੇ ਪ੍ਰਭ ਤੇਰਾ ਖੇਲ ਅਪਾਰਾ, ਅਪਰੰਪਰ ਨਜ਼ਰੀ ਆਈਆ । ਦਰ ਖੜ੍ਹੇ ਗੁਰੂ ਅਵਤਾਰਾ, ਪੈਗ਼ੰਬਰ ਸੋਭਾ ਪਾਈਆ । ਦਰ ਦਰਵੇਸ਼ ਹੋਣ ਭਿਖਾਰਾ, ਮੰਗਣ ਚਾਈਂ ਚਾਈਂਆ । ਇਕੋ ਵਸਤ ਦੇ ਥਾਰਾ, ਥਿਰ ਆਪਣੀ ਦਇਆ ਕਮਾਈਆ । ਕੀ ਖੇਲ ਤਕੀਏ ਸੰਸਾਰਾ, ਸਹਿਸਾ ਰੋਗ ਨਾ ਕੋਇ ਮਿਟਾਈਆ । ਚਾਰੋਂ ਕੁੰਟ ਧੂੰਆਂਧਾਰਾ, ਅੰਧ ਅੰਧੇਰਾ ਗਿਆ ਛਾਈਆ । ਸਾਡਾ ਚਲੇ ਕੋਇ ਨਾ ਚਾਰਾ, ਚਾਰੋਂ ਕੁੰਟ ਦੁਹਾਈਆ । ਰਾਹ ਤਕਦੇ ਤੇਰਾ ਕਲ ਕਲਕੀ ਅਵਤਾਰਾ, ਅਮਾਮ ਅਮਾਮਾ ਹੋ ਸਹਾਈਆ । ਤੇਰਾ ਸੁਣੀਏ ਇਕ ਜੈਕਾਰਾ, ਇਕੋ ਸਿਫ਼ਤ ਸਾਲਾਹੀਆ । ਸਭ ਦਾ ਖ਼ਾਲੀ ਭਰੀਂ ਭੰਡਾਰਾ, ਭਰਪੂਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਬੇਪਰਵਾਹੀਆ । ਸਚਖੰਡ ਕਹੇ ਪ੍ਰਭੂ ਗੁਰ ਅਵਤਾਰ ਪੈਗ਼ੰਬਰ ਆਏ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਵਸੇ ਤੇਰੇ ਧਰਮ ਧਾਰ ਦੇ ਖੇੜੇ, ਨਗਰ ਨਰ ਨਰਾਇਣ ਮਿਲੇ ਵਡਿਆਈਆ । ਜਿਥੇ ਏਕਾ ਦੂਆ ਨਹੀਂ ਝੇੜੇ, ਦੁਤੀਆ ਭਾਉ ਨਾ ਕੋਇ ਵਖਾਈਆ । ਖੇਲ ਤਕਣ ਤੇਰੇ ਮੇਰੇ, ਰੂਪ ਅਨੂਪ ਇਕੋ ਸੋਭਾ ਪਾਈਆ । ਝਗੜੇ ਰਹੇ ਨਾ ਗੁਰੂ ਗੁਰ ਚੇਰੇ, ਮੁਰਸ਼ਦ ਮੁਰੀਦ ਵੰਡ ਨਾ ਕੋਇ ਵੰਡਾਈਆ । ਇਕੋ ਧਰਮ ਧਾਰ ਦੇ ਬੇੜੇ, ਨਈਆ ਨੌਕਾ ਨਾ ਕੋਇ ਰਖਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਏ ਦਵਾਰੇ ਤੇਰੇ, ਦਰ ਤੇਰਾ ਇਕੋ ਨਜ਼ਰੀ ਆਈਆ । ਸਾਹਿਬ ਸੁਲਤਾਨ ਕਰ ਦੇ ਮਿਹਰੇ, ਮਿਹਰਵਾਨ ਹੋਣਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ ਅਵਤਾਰ ਪੈਗ਼ੰਬਰ ਗੁਰੂ ਸਾਰੇ ਇਕੋ ਵਾਰ ਮਾਰੋ ਝਾਕੀ, ਨਿਗਹ ਚਾਰੋਂ ਕੁੰਟ ਉਠਾਈਆ । ਤੁਹਾਡੇ ਹੁੰਦਿਆਂ ਕਿਉਂ ਹੋਈ ਅੰਧੇਰੀ ਰਾਤੀ, ਕਲਜੁਗ ਆਪਣੀ ਕਲ ਵਰਤਾਈਆ । ਸੂਰਮੇ ਹੋ ਕੇ ਹੱਥ ਮਾਰੋ ਉਪਰ ਛਾਤੀ, ਛਤਰਧਾਰੀ ਰਿਹਾ ਦ੍ਰਿੜਾਈਆ । ਕਿਉਂ ਨਹੀਂ ਆਤਮਾ ਦੀ ਘਰ ਘਰ ਜਗੀ ਬਾਤੀ, ਅੰਧ ਅੰਧੇਰ ਮਿਟਾਈਆ । ਕਿਉਂ ਨਹੀਂ ਬਜਰ ਕਪਾਟੀ ਪਾਟੀ, ਪੜਦਾ ਸਕਿਆ ਨਾ ਕੋਇ ਖੁਲ੍ਹਾਈਆ । ਕਿਉਂ ਨਾ ਅੰਦਰ ਮੁਕੀ ਵਾਟੀ, ਨਵ ਦਰ ਦਾ ਡੇਰਾ ਢਾਹੀਆ । ਕਿਉਂ ਨਾ ਅੰਮ੍ਰਿਤ ਮਿਲਿਆ ਬੂੰਦ ਸਵਾਂਤੀ, ਆਬੇ ਹਯਾਤ ਨਾ ਕੋਇ ਪਿਲਾਈਆ । ਕਿਉਂ ਨਾ ਸੁਰਤੀ ਹੋਈ ਇਕਾਂਤੀ, ਯਕਸੂਈ ਰੰਗ ਰੰਗਾਈਆ । ਕਿਉਂ ਨਾ ਮੰਜ਼ਲ ਚੜ੍ਹੇ ਘਾਟੀ, ਪਿਛਲਾ ਪੰਧ ਮੁਕਾਈਆ । ਕੇਹੜਾ ਕਲਮਾ ਕੇਹੜਾ ਨਾਮ ਕੇਹੜੀ ਤੁਹਾਡੀ ਹਾਟੀ, ਹਟਵਾਣਿਓ ਦਿਓ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਵੇਖੋ ਨੌਜਵਾਨੋ, ਨੌ ਖੰਡ ਪ੍ਰਿਥਮੀ ਧਿਆਨ ਲਗਾਈਆ । ਦੀਨਾਂ ਮਜ਼੍ਹਬਾਂ ਦੇ ਮਿਹਰਵਾਨੋ, ਪੜਦਾ ਲਓ ਚੁਕਾਈਆ । ਧਰਮ ਦੇ ਗੱਡਣ ਵਾਲੇ ਨਿਸ਼ਾਨੋ, ਨਿਸ਼ਾਨੇ ਤਕੋ ਥਾਉਂ ਥਾਈਂਆ । ਕਥਣ ਵਾਲੇ ਕਰਨ ਕਲਾਮੋ, ਕਾਇਨਾਤ ਖੋਜੋ ਚਾਈਂ ਚਾਈਂਆ । ਫੇਰ ਤਕੋ ਮਕਬਰਿਆਂ ਤੇ ਮੜ੍ਹੀ ਮਸਾਣੋ, ਕਵਣ ਪਲੂ ਦਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ

ਕਰਤਾ ਆਪ ਜਣਾਈਆ । ਗੁਰ ਅਵਤਾਰ ਪੈਗ਼ੰਬਰ ਫਿਰੇ ਚਾਰ ਚੁਫੇਰੇ, ਭੱਜੇ ਵਾਹੋ ਦਾਹੀਆ । ਓ ਤੁਹਾਡੇ ਹੁੰਦਿਆਂ ਵੇਖੋ ਕਲਜੁਗ ਨੇ ਲਾ ਲਏ ਡੇਰੇ, ਬੈਠਾ ਡੇਰਾ ਲਾਈਆ । ਸ਼ਰਅ ਮੁਹੰਮਦ ਦੀ ਕਰੇ ਨਾ ਕੋਇ ਨਬੇੜੇ, ਰਾਮ ਰਾਮਾ ਰੂਪ ਨਾ ਕੋਇ ਬਣਾਈਆ । ਨਾਨਕ ਤਪੇ ਦਾ ਰੰਗ ਨਾ ਆਵੇ ਨੇੜੇ, ਦੂਰ ਦੁਰਾਡੇ ਭੱਜੇ ਵਾਹੋ ਦਾਹੀਆ । ਕਾਇਆ ਅਗਨੀ ਸਭ ਦੀ ਤਪੇ ਵਿਚ ਖੇੜੇ, ਸਾਢੇ ਤਿੰਨ ਹੱਥ ਰਹੀ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਭੱਜੇ ਨਾਲ ਜ਼ੋਰ, ਛੇਤੀ ਛੇਤੀ ਪੰਧ ਮੁਕਾਈਆ । ਵੇਖੋ ਤੁਹਾਡੇ ਦੀਨਾਂ ਮਜ਼੍ਹਬਾਂ ਦੇ ਘਰ ਵਿਚ ਲੱਗੇ ਚੋਰ, ਬੈਠੇ ਆਸਣ ਲਾਈਆ । ਪ੍ਰੇਮ ਦੀ ਕਟ ਦਿਤੀ ਡੋਰ, ਗੰਢ ਸਕੇ ਨਾ ਕੋਇ ਪਵਾਈਆ । ਮਨ ਸਕੇ ਕੋਇ ਨਾ ਹੋੜ, ਹੋੜਾ ਨਾਮ ਨਾ ਕੋਇ ਲਗਾਈਆ । ਸੁਰਤੀ ਸ਼ਬਦ ਨਾ ਸਕੇ ਜੋੜ, ਮਨ ਕਾ ਮਣਕਾ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਆਉ ਨੱਠੀਏ ਨਾਲ ਬਲ, ਬ੍ਰਹਿਮੰਡ ਖੰਡ ਚੱਕਰ ਲਗਾਈਆ । ਕਦਮਾਂ ਨਾਲ ਨਹੀਂ ਜਾਣਾ ਚਲ, ਤਨ ਵਜੂਦ ਨਾ ਕੋਇ ਰਖਾਈਆ । ਜਿਧਰ ਤੱਕਿਆ ਓਧਰ ਕਪਟ ਛਲ, ਹੰਕਾਰ ਵਿਕਾਰ ਵਿਚ ਸ੍ਰਿਸ਼ਟੀ ਦ੍ਰਿਸ਼ਟੀ ਦਏ ਦੁਹਾਈਆ । ਨੇਤਰ ਰੋਵੇ ਅਠਸਠ ਜਲ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਹੀਆ । ਫਲ ਦਿਸਿਆ ਨਾ ਕਿਸੇ ਕਾਇਆ ਡਲ, ਪੱਤ ਟਹਿਣੀ ਰਹੀ ਕੁਰਲਾਈਆ । ਆਤਮਾ ਪਰਮਾਤਮਾ ਗਈ ਕਿਸੇ ਨਾ ਰਲ, ਸੱਚਾ ਘਰ ਨਾ ਕੋਇ ਵਸਾਈਆ । ਜਿਧਰ ਵੇਖਿਆ ਓਧਰ ਲੋਭ ਮੋਹ ਹੰਕਾਰ ਦਾ ਫਿਰੇ ਦਲ, ਭੱਜੇ ਵਾਹੋ ਦਾਹੀਆ । ਦੀਨ ਮਜ਼੍ਹਬ ਵੇਖੀ ਡੂੰਘੀ ਡਲ, ਜਿਸ ਵਿਚੋਂ ਬਾਹਰ ਸਕੇ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸੁਣ ਸਾਚੇ ਸਾਡੇ ਮਾਲਕ, ਸਚ ਦਈਏ ਦ੍ਰਿੜਾਈਆ । ਅਸੀਂ ਸਭ ਨੇ ਕਿਹਾ ਤੂੰ ਸਾਡਾ ਪ੍ਰਿਤਪਾਲਕ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਹੁਣ ਕਿਉਂ ਕਰਦਾ ਏਂ ਨਿੰਦਰਾ ਆਲਸ, ਪੜਦਾ ਓਹਲਾ ਦੇ ਉਠਾਈਆ । ਅਸੀਂ ਚਾਹੁੰਦੇ ਸਾਰੇ ਮਾਨਵ ਹੋ ਜਾਣ ਰੂਪ ਖ਼ਾਲਸ, ਖ਼ਾਲਸਾ ਰੂਪ ਤੇਰਾ ਤੇਰੇ ਵਿਚ ਸਮਾਈਆ । ਸਾਨੂੰ ਮਜ਼੍ਹਬ ਦੀ ਅੱਜ ਤੋਂ ਰਹੀ ਕੋਇ ਨਾ ਲਾਲਸ, ਝਗੜਾ ਪਿਛਲਾ ਦਿਤਾ ਚੁਕਾਈਆ । ਸਚ ਦੀ ਹੱਕ ਦੀ ਤੇਰੇ ਨਾਮ ਦੀ ਨਾਮ ਅਦਾਲਤ, ਅਦਲ ਇਨਸਾਫ਼ ਇਕ ਕਰਾਈਆ । ਕੂੜੀ ਕਿਰਿਆ ਸਭ ਦੇ ਅੰਦਰੋਂ ਕਢ ਦੇ ਜਹਾਲਤ, ਜਹਾਂ ਤਹਾਂ ਹੋ ਸਹਾਈਆ । ਮਿਹਰ ਮੁਹੱਬਤ ਦੀ ਬਖ਼ਸ਼ ਦੇ ਨਿਆਮਤ, ਨਰ ਨਰੈਣ ਆਪਣਾ ਰੰਗ ਦੇ ਰੰਗਾਈਆ । ਪਰ ਸਾਡਾ ਇਕ ਵਾਸਤਾ ਜੇ ਕਿਤੇ ਸਦੀ ਚੌਧਵੀਂ ਦੀ ਟਾਲ ਦੇਵੇਂ ਕਿਆਮਤ, ਕਿਆਮਗਾਹ ਤੇਰਾ ਦਰ ਇਕੋ ਨਜ਼ਰੀ ਆਈਆ । ਤੂੰ ਆਦਿ ਅੰਤ ਦਾ ਸਹੀ ਸਲਾਮਤ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਵੇਖੋ ਖੇਲ ਸੂਰਾ ਸਰਬੰਗਾ, ਹਰਿ ਕਰਤਾ ਆਪ ਕਰਾਈਆ । ਜਿਹੜੀਆਂ ਤੁਸੀਂ ਚਾਰ ਜੁਗ ਮੰਗੀਆਂ ਮੰਗਾਂ, ਮਾਂਗਤ ਹੋ ਕੇ ਝੋਲੀ ਡਾਹੀਆ । ਜਿਸ ਨੂੰ ਸਮਝੇ ਕੋਇ ਨਾ ਪੰਡਾ, ਬੰਦਾ ਬੰਦਗੀ ਵਿਚ ਨਾ ਕੋਇ ਦ੍ਰਿੜਾਈਆ । ਜਿਸ ਦਾ ਖੇਲ ਪੁਰਖ ਅਕਾਲ ਸੰਦਾ, ਦੂਜੀ ਸਨਦ ਹੱਥ ਨਾ ਕਿਸੇ ਫੜਾਈਆ ।


੧੦੨੪ ੨੨

ਜਿਸ ਦੇ ਕੋਲ ਲੇਖਾ ਚੰਗਾ ਮੰਦਾ, ਚੁਰਾਸੀ ਵੇਖੇ ਥਾਉਂ ਥਾਈਂਆ । ਉਸ ਦੇ ਨਾਮ ਦਾ ਇਕੋ ਸਤਰੰਗ ਦਾ ਡੰਡਾ, ਡੰਡਾਵਤ ਸਭ ਦੀ ਦਏ ਬਦਲਾਈਆ । ਮਨੁਸ਼ ਅੰਦਰੋਂ ਰਹਿਣ ਨਾ ਦੇਵੇ ਕੋਇ ਗੰਦਾ, ਅੰਦਰੋਂ ਅੰਦਰ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਪੈਗ਼ੰਬਰ ਕਹਿਣ ਆਵਾਜ਼ੇ ਅਜ਼ੂ, ਆਜ਼ੀਨੋ ਅਜ਼ਮ ਜ਼ੌਕੇ ਜ਼ਨਿਸ਼ ਚਸ਼ਮੇ ਨਜ਼ੂ ਖ਼ੁਦਾਏ ਜ਼ਿਗਤ ਆਫ਼ਤਾਬੇ ਨਜ਼ੂਨਾ ਗੋਸ਼ੇ ਸ਼ਮੀ ਨੂਰੇ ਰਹੀਂ ਤੀਰੇ ਜ਼ਮੀਂ ਤੋਖ਼ੇ ਤਬਾ ਜ਼ਨੀਤੇ ਰੁਬਾ ਮੁਹੰਮਦੇ ਖ਼ੁਦਾ ਦਸਤੇ ਦੁਆ ਜ਼ਹੀਰੇ ਜ਼ਵਾ ਗੁਜ਼ਸ਼ਤੇ ਕਜ਼ੀ ਬਹਿਸ਼ਤੇ ਮਜ਼ੀ ਚਾਨੇ ਸਤੂ, ਜ਼ਾਨੇ ਮਹੂ ਰਸੂਲੇ ਜ਼ਬੂ ਨਬੀਏ ਦਹੂ ਕਾਲਿਸਤਾ ਕਨੁੰਦ ਸ਼ਬਦੇ ਮਰਦੰਗ ਨਵਿਸਤੇ ਨਕੀ ਜ਼ਹੂਰੇ ਮਬੂ ਤਬਰੇਜ਼ ਨੂਹ, ਸੀਨੇ ਸਰਮਦ ਦਸਤੇ ਜ਼ਵਦ ਅਵਵਵ ਵਵ ਤੇਰਾ ਮਜ਼ੂ, ਮੇਰੇ ਖ਼ੁਦਾ ਤੇਰਾ ਜ਼ਹੂਰ ਬੇਨਜ਼ੀਰ ਦੱਸ ਕਦੋਂ ਹੋਣਾ ਸ਼ੁਰੂ, ਸ਼ਰਅ ਦੇ ਮਾਲਕ ਸ਼ਰਅ ਸ਼ਰਅ ਵਿਚੋਂ ਬਦਲਾਈਆ । ਮੇਰੇ ਹੱਕ ਹੱਕ ਦੇ ਗਾਡ, ਗਾਈਡ ਤੇਰੀ ਇਕ ਦੁਹਾਈਆ । ਤੇਰੇ ਹੈਂਡ ਵਿਚ ਹੱਥ ਵਿਚ ਇਕੋ ਰਾਡ, ਰੈਡ ਰੰਗ ਦੇ ਵਖਾਈਆ । ਤੇਰਾ ਹੁਕਮ ਹੱਕ ਕਿ ਹਾਰਡ, ਜਿਸ ਨਾਲ ਹੈਂਡਜ਼ ਅਪ ਸਭ ਦੇ ਦਏਂ ਕਰਾਈਆ । ਮੁਹੰਮਦ ਕਹੇ ਉਹ ਮਾਲਕ ਇਕੋ ਵਾਹਦ, ਮਾਲਕ ਧੁਰਦਰਗਾਹੀਆ । ਜਿਸ ਨੂੰ ਲੱਭਦੇ ਕੋਟਨ ਕੋਟ ਸੰਤ ਸਾਧ, ਬੈਠੇ ਧੂਣੀਆਂ ਤਾਈਆ । ਸੁਰਤੀ ਵਿਚ ਸਾਰੇ ਰਹੇ ਜਾਗ, ਜਾਗਰਤ ਵੇਖਣ ਥਾਉਂ ਥਾਈਂਆ । ਜਿਸ ਦਾ ਬ੍ਰਹਿਮੰਡ ਖੰਡ ਦੋ ਜਹਾਨ ਸ਼ਬਦੀ ਸ਼ਬਦ ਨਾਲ ਆਬਾਦ, ਆਬਾਦਕਾਰੀ ਆਤਮਾ ਪਰਮਾਤਮਾ ਲਈ ਬਣਾਈਆ । ਓ ਜੁਗ ਬਦਲਣਾ ਉਸ ਦਾ ਰਿਵਾਜ, ਆਦਿ ਅੰਤ ਦੀ ਰੀਤੀ ਚਲੀ ਆਈਆ । ਜਿਸ ਨੇ ਸਭ ਨੂੰ ਅੰਤ ਦੇ ਕੇ ਜੁਆਬ, ਜੁਆਬ ਤਲਬੀ ਮੰਗਣੀ ਥਾਉਂ ਥਾਈਂਆ । ਕਿਸੇ ਦੀ ਜੁਰਤ ਪੈਣੀ ਨਹੀਂ ਸੀਸ ਤੇ ਰੱਖ ਸਕੇ ਕੋਇ ਤਾਜ, ਤਖ਼ਤ ਨਿਵਾਸੀ ਸਾਰੇ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਵਤਾਰ ਪੈਗ਼ੰਬਰ ਗੁਰੂ ਗੁਰਦੇਵਾ, ਦੇਵ ਦੇਵਾ ਰਿਹਾ ਸੁਣਾਈਆ । ਤੁਸਾਂ ਸਭ ਨੇ ਬੜੀ ਚੰਗੀ ਕੀਤੀ ਸੇਵਾ, ਚਾਰ ਜੁਗ ਮੇਰਾ ਸਿਫ਼ਤਾਂ ਵਾਲਾ ਢੋਲਾ ਗਾਈਆ । ਨਾਮ ਜਪਾਇਆ ਨਾਲ ਰਸਨਾ ਜਿਹਵਾ, ਬੁੱਲਾਂ ਨਾਲ ਬੁੱਲ ਦਿਤੇ ਟਕਰਾਈਆ । ਕਿਸੇ ਫੜ ਕੇ ਬਹਾਇਆ ਨਹੀਂ ਸਚਖੰਡ ਧਾਮ ਨਿਹਚਲ ਨਿਹਕੇਵਾ, ਨਿਜ ਗ੍ਰਿਹਿ ਡੇਰਾ ਕੋਇ ਨਾ ਲਾਈਆ । ਸਚ ਦੱਸੋ ਤੁਹਾਡੇ ਮੁਰੀਦਾਂ ਸਿਖਾਂ ਨੂੰ ਤੁਹਾਡੇ ਨਾਮ ਦਾ ਕੇਹੜਾ ਕੇਹੜਾ ਮਿਲ ਗਿਆ ਮੇਵਾ, ਜਿਸ ਦਾ ਰਸ ਚਖ ਕੇ ਸ਼ਾਂਤੀ ਵਿਚ ਤੁਹਾਡੇ ਵਿਚ ਗਏ ਸਮਾਈਆ । ਕੋਈ ਕੌਸਤਕ ਮਨੀਆਂ ਦਾ ਲਾਉਣਾ ਨਹੀਂ ਥੇਵਾ, ਤਿਲਕ ਲਲਾਟੀ ਜਗਤ ਨਾ ਕੋਇ ਵਖਾਈਆ । ਕੋਈ ਲਬਾਸ ਨਹੀਂ ਪਹਿਰੇਵਾ, ਤਨ ਭੂਸ਼ਣ ਨਾਲ ਬਦਲਾਈਆ । ਪਿਆਰ ਤੇ ਮੁਹੱਬਤ ਵਾਲੀ ਦੱਸੋ ਸੇਵਾ, ਸੇਵਕ ਸੇਵਾ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਦਏ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੇਰਾ ਹੁਕਮ ਬੜਾ ਜਬਰਦਸਤ, ਜਾਬਰ ਇਕੋ ਨਜ਼ਰੀ ਆਈਆ । ਅਸੀਂ ਤੇਰੀ ਮਹਿੰਮਾ ਲਿਖਦੇ ਰਹੇ ਤੇ ਸਾਡੇ ਕੰਬਦੇ ਰਹੇ ਹਸਤ, ਹਸਤ ਹਸਤ ਨਾਲ ਬਦਲਾਈਆ । ਤੇਰੀ ਮਧ ਖ਼ੁਮਾਰੀ ਵਿਚ ਰਹੇ ਮਸਤ, ਮਸਤੀ ਵਿਚ ਤੇਰਾ ਢੋਲਾ ਗਾਈਆ । ਕਦੀ ਦੱਸਿਆ ਉਤੇ ਅਰਸ਼ ਕਦੀ ਵੇਖਿਆ ਉਤੇ ਫ਼ਰਸ਼, ਅਰਸ਼ ਫ਼ਰਸ਼ ਤੇਰਾ ਰੂਪ ਨਜ਼ਰੀ ਆਈਆ । ਬਹੁੜੀ, ਦੁਹਾਈ, ਖ਼ੁਦਾ ਤੂੰ ਸਾਡੇ ਉਤੇ ਕੀਤਾ ਨਹੀਂ ਤਰਸ, ਰਹਿਮਤ ਵਾਲੀ ਨਿਗਹ ਨਾ ਕੋਇ ਉਠਾਈਆ । ਕਿਸੇ ਨੂੰ ਮੰਦਰ ਵਾੜਿਆ ਕਿਸੇ ਨੂੰ ਮਸੀਤ ਵਾੜਿਆ

ਕਿਸੇ ਨੂੰ ਵਾੜ ਦਿਤਾ ਚਰਚ, ਚੰਮ ਦੇ ਚੰਮ ਦ੍ਰਿਸ਼ਟੀ ਵਾਲੇ ਝਗੜੇ ਦਿਤੇ ਪਾਈਆ । ਆਪਣੇ ਨਾਮ ਦੇ ਥੋੜੇ ਥੋੜੇ ਪੱਲੇ ਦੇ ਕੇ ਖ਼ਰਚ, ਖ਼ਰਚਖਾਹ ਜਗਤ ਵਾਲੇ ਦਿਤੇ ਵਖਾਈਆ । ਸਾਡੇ ਸਿਰੋਂ ਅਜੇ ਤਕ ਲੱਥਾ ਨਹੀਂ ਕਰਜ਼, ਮਕਰੂਜ਼ ਹੋ ਕੇ ਦਈਏ ਦੁਹਾਈਆ । ਅਸੀਂ ਚਾਹੁੰਦੇ ਤੇਰਾ ਇਕੋ ਨਾਮ ਕਲਮਾ ਤੇਰੇ ਸਿਫ਼ਤ ਦੀ ਇਕੋ ਹੋਵੇ ਤਰਜ਼, ਦੂਜਾ ਤਰਾਨਾ ਨਾ ਕੋਇ ਸੁਣਾਈਆ । ਪੁਰਖ ਅਕਾਲ ਕਹੇ ਅਵਤਾਰ ਪੈਗ਼ੰਬਰ ਗੁਰੂਓ ਦੱਸੋ ਮੇਰੇ ਸਚਖੰਡ ਵਿਚ ਕੇਹੜੇ ਕਰਾਏ ਦਰਜ, ਦਰਜੇਵਾਰ ਦਿਓ ਦ੍ਰਿੜਾਈਆ । ਤੁਸਾਂ ਕਿਸ ਦੀ ਬੇਨੰਤੀ ਮਨਜ਼ੂਰ ਕੀਤੀ ਅਰਜ਼, ਆਰਜ਼ੂ ਆਪਣੇ ਵਿਚ ਟਿਕਾਈਆ । ਕਿਸ ਦੀ ਜਨਮ ਮਰਨ ਦੀ ਮਿਟਾਈ ਮਰਜ਼, ਚੁਰਾਸੀ ਦਾ ਪੰਧ ਮੁਕਾਈਆ । ਕਿਸ ਦੀ ਸ਼ਰਅ ਦੀ ਮਿਟੀ ਗ਼ਰਜ਼, ਗਰਜੇ ਕਿ ਮੇਰਾ ਇਕੋ ਨੂਰ ਦਿਤਾ ਚਮਕਾਈਆ । ਵੇਖੋ ਆਪਣੇ ਲੇਖੇ ਦੀ ਪੁੱਠੀ ਕਿ ਸਿੱਧੀ ਨਰਦ, ਨਰ ਨਰਾਇਣ ਧੁਰ ਦਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਮੇਲੇ ਸਹਿਜ ਸੁਭਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਅਸੀਂ ਆਦਿ ਤੋਂ ਦੱਸਿਆ ਔਹ ਵੇਖ ਤੇਰੀ ਇਕੋ ਜਗਦੀ ਜੋਤੀ, ਦੀਪਕ ਥਾਲੀਆਂ ਵਾਲੇ ਦੇਣ ਗਵਾਹੀਆ । ਤੇਰਾ ਨਾਮ ਅਗੰਮਾ ਮਾਣਕ ਮੋਤੀ, ਇਸ ਦੀ ਕੀਮਤ ਜਗਤ ਨਾ ਕੋਇ ਚੁਕਾਈਆ । ਤੇਰਾ ਤਨ ਵਜੂਦ ਸੋਹਣਾ ਸੁਹੰਜਣਾ ਸਤਿ ਸਰੂਪ ਦੀ ਕੋਠੀ, ਕਾਇਆ ਗੜ੍ਹ ਦਿਤੀ ਸੁਹਾਈਆ । ਪਰ ਤੂੰ ਬੜਾ ਚਾਲਾਕ ਆਪ ਚੜ੍ਹ ਗਿਓਂ ਉਪਰ ਚੋਟੀ, ਚੋਟਿਆ ਨਜ਼ਰ ਕਿਸੇ ਨਾ ਆਈਆ । ਨਾਲੇ ਨਾਮ ਦਿੱਤਾ ਪੈਗ਼ਾਮ ਦਿੱਤਾ ਕਲਮਾ ਦਿੱਤਾ ਈਮਾਨ ਦਿੱਤਾ ਨਾਲੇ ਵਿਚ ਮਨ ਦੀ ਮਨਸਾ ਪਾ ਦਿਤੀ ਖੋਟੀ, ਖਰੇ ਖੋਟੇ ਇਕੋ ਰੰਗ ਰੰਗਾਈਆ । ਸਾਡੀ ਦੁਹਾਈ ਹੁਣ ਕਲਜੁਗ ਦੀ ਉਮਰ ਲੰਘ ਗਈ ਚੋਖੀ, ਚਾਰ ਲੱਖ ਬੱਤੀ ਹਜ਼ਾਰ ਪੂਰ ਨਾ ਕਦੇ ਕਰਾਈਆ । ਅਜੇ ਤੇ ਥੋੜਾ ਸਮਾਂ ਬੀਤਿਆ ਤੇਰੀ ਪੜ੍ਹੇ ਕੋਇ ਨਾ ਪੋਥੀ, ਪੁਸਤਕਾਂ ਬਗ਼ਲਾਂ ਵਿਚ ਟਿਕਾਈਆ । ਜੇ ਕੋਈ ਪੜ੍ਹਦਾ ਤੇ ਪੜ੍ਹਦਾ ਕਾਰਨ ਰੋਜ਼ੀ, ਰੋਜ਼ੇ ਰੱਖ ਕੇ ਤੇਰਾ ਧਿਆਨ ਨਾ ਕੋਇ ਲਗਾਈਆ । ਜੇ ਕੋਈ ਜਗਤ ਜਗਿਆਸੂ ਬਣ ਗਿਆ ਜੋਗੀ, ਜੋਗੀਸ਼ਰ ਹੋ ਕੇ ਭੱਜੇ ਵਾਹੋ ਦਾਹੀਆ । ਪਰ ਤੇਰਾ ਖੇਲ ਤੂੰ ਠਾਕਰ ਧੁਰ ਦਾ ਮੌਜੀ, ਮਜਲਸ ਆਪਣੀ ਨਾ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਚਖੰਡ ਕਹੇ ਮੈਂ ਵੇਖਾਂ ਅਗਲੀ ਪਿਛਲੀ ਕੂਚ, ਕੂਚਾ ਗਲੀ ਵੇਖ ਵਖਾਈਆ । ਕਿੱਥੇ ਮੇਰੇ ਮਾਲਕ ਦਾ ਮਿਲੇ ਸਰੂਪ, ਰੂਪ ਅਨੂਪ ਸਬਰ ਸਬੂਰੀ ਨਜ਼ਰੀ ਆਈਆ । ਮੈਂ ਵੇਖਣੇ ਪੰਜ ਤਤ ਕਲਬੂਤ, ਕਾਇਆ ਕਾਅਬੇ ਖੋਜ ਖੁਜਾਈਆ । ... ... ... ... ... ... ... । ਮੈਂ ਛੇਤੀ ਕਦਮ ਲਵਾਂ ਪੁੱਟ, ਭੱਜਾਂ ਵਾਹੋ ਦਾਹੀਆ । ਉੱਤਰ ਪੂਰਬ ਪੱਛਮ ਦੱਖਣ ਵੇਖਾਂ ਗੁੱਠ, ਚਾਰੇ ਕੁੰਟਾਂ ਫੋਲ ਫੁਲਾਈਆ । ਜਾਂ ਵੇਖਾਂ ਪ੍ਰਭੂ ਦੇ ਪਿਆਰੇ ਦੁਲਾਰੇ ਪੰਜ ਤਤ ਦੇ ਪੁਤਲੇ ਇਨਸਾਨ ਸਾਚੇ ਬਣੇ ਮੂਲ ਨਾ ਸੁਤ , ਸੁੱਤਿਆਂ ਨੀਂਦ ਨਾ ਕੋਇ ਖੁਲ੍ਹਾਈਆ । ਕਿਸੇ ਦੀ ਚੋਟੀ ਕਿਸੇ ਦੀ ਗੁੱਤ, ਕਿਸੇ ਨੇ ਬੋਦੀ ਦਿਤੀ ਹਿਲਾਈਆ । ਸਚਖੰਡ ਕਹੇ ਅਵਤਾਰੋ ਪੈਗ਼ੰਬਰੋ ਗੁਰੂ ਸਹਿਬਾਨੋ ਮੈਂ ਕਿਸ ਨੂੰ ਲਵਾਂ ਪੁਛ, ਕਿਸ ਦੇ ਅੱਗੇ ਵਾਸਤਾ ਪਾਈਆ । ਓਏ ਕਿਉਂ ਤੁਹਾਡੇ ਸਭ ਦੇ ਹੁੰਦਿਆਂ ਕਲਜੁਗ ਕੂੜੇ ਨੇ ਪਾਈ ਲੁੱਟ, ਲੁਟੇਰਾ ਬਣ ਕੇ ਸਭ ਨੂੰ ਲੁੱਟ ਪੁੱਟ ਗਿਆ ਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸੋਹਣੀ ਸੁਹੰਜਣੀ ਆਈ ਰਾਤ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ ।

ਪੁਰਖ ਅਕਾਲੇ ਦੀਨ ਦਿਆਲੇ ਮਿਹਰਵਾਨ ਮਹਿਬੂਬ ਪੰਜਾਂ ਲਿਖਾਰੀਆਂ ਬਖ਼ਸ਼ ਦੇ ਇਕ ਇਕ ਕਲਮ ਦਵਾਤ, ਕਲਮਾ ਕਾਇਨਾਤ ਦੇ ਬਦਲਾਈਆ । ਸਾਡਾ ਪੂਰਾ ਹੋਵੇ ਭਵਿਖਤ ਵਾਕ, ਅੱਗੇ ਚਲੇ ਨਾ ਕੋਇ ਚਤੁਰਾਈਆ । ਨਾ ਕੋਇ ਸੱਜਣ ਰਹੇ ਨਾ ਸਾਕ, ਸਗਲਾ ਸਾਕ ਨਾ ਕੋਇ ਬਣਾਈਆ । ਨਾਤਾ ਤੁਟ ਜਾਏ ਲੋਕਮਾਤ, ਮਾਤਰ ਭੂਮੀ ਦਏ ਗਵਾਹੀਆ । ਤੇਰੇ ਅੱਗੇ ਬੇਨੰਤੀ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਦਈਏ ਦ੍ਰਿੜਾਈਆ । ਲੇਖੇ ਲਾ ਦੇ ਪਿਛਲਾ ਖਾਧਾ ਪੀਤਾ ਤੇ ਸਭ ਦਾ ਸਵਾਸ, ਅਗਲਾ ਸਮਾਂ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਈਆ । ਓਹ ਮੇਰੇ ਪਰਵਰਦਿਗਾਰ ਤੇਰੇ ਅੱਗੇ ਮੇਰਾ ਸੱਜਦਾ, ਸਲਾਮ ਹੱਕ ਹੱਕ ਸੁਣਾਈਆ । ਤੂੰ ਮਾਲਕ ਮੇਰੇ ਘਰ ਦਾ, ਗ੍ਰਹਿ ਮੰਦਰ ਤੇਰਾ ਨਜ਼ਰੀ ਆਈਆ । ਬਿਨਾ ਤੇਰੀ ਮਨਜ਼ੂਰੀ ਤੋਂ ਤੇਰੀ ਹਜ਼ੂਰੀ ਤੋਂ ਤੇਰੀ ਜ਼ਰੂਰੀ ਤੋਂ ਮੇਰੇ ਗ੍ਰਹਿ ਕੋਇ ਨਾ ਵੜਦਾ, ਸਚਖੰਡ ਪੁੱਜਣ ਕੋਇ ਨਾ ਪਾਈਆ । ਮੈਂ ਵੇਖਿਆ ਲਹਿੰਦਾ ਚੜ੍ਹਦਾ, ਦੱਖਣ ਪਹਾੜ ਅੱਖ ਉਠਾਈਆ । ਕੋਟਨ ਕੋਟ ਜਗਤ ਜੀਵ ਜਹਾਨ ਮਰਦਾ, ਮਰ ਜੰਮੇ ਜੰਮੇ ਮਰ ਜੂਨੀਆਂ ਵਿਚ ਆਪਣਾ ਚੱਕਰ ਲਗਾਈਆ । ਬਹੁੜੀ ਤੇਰੇ ਬਿਨਾ ਨਹੀਂ ਕੋਈ ਤਰਦਾ, ਤਾਰਨਹਾਰ ਸਿਰ ਹੱਥ ਨਾ ਕੋਇ ਰਖਾਈਆ । ਤੂੰ ਜੋ ਚਾਹੇਂ ਸੋ ਕਰਦਾ, ਕਰਤਾ ਪੁਰਖ ਬੇਪਰਵਾਹੀਆ । ਤੇਰਾ ਰੂਪ ਨਰਾਇਣ ਨਰ ਦਾ, ਨਰ ਹਰਿ ਤੇਰੇ ਹੱਥ ਵਡਿਆਈਆ । ਤੈਥੋਂ ਅਵਤਾਰ ਪੈਗ਼ੰਬਰ ਗੁਰੂ ਸਦਾ ਸਦਾ ਡਰਦਾ, ਅੱਗੇ ਸਿਰ ਨਾ ਕੋਇ ਉਠਾਈਆ । ਤੇਰੇ ਕਲਮੇ ਸਾਰੇ ਪੜ੍ਹਦਾ, ਪੜ੍ਹ ਪੜ੍ਹ ਰਹੇ ਸੁਣਾਈਆ । ਵੇਖਣਾ ਖੇਲ ਅੰਤ ਕਲਜੁਗ ਕਲ ਦਾ, ਕਲ ਕਾਤੀ ਦਏ ਖਪਾਈਆ । ਤੇਰਾ ਖੇਲ ਤਕਣਾ ਨਿਹਚਲ ਧਾਮ ਅਟਲ ਦਾ, ਅਟਲ ਪਦਵੀ ਤੇਰੀ ਬੇਪਰਵਾਹੀਆ । ਕੁਛ ਲੇਖਾ ਪੂਰਾ ਕਰ ਦੇ ਰਾਜੇ ਬਲ ਦਾ, ਜੋ ਬਾਵਨ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਆਪਣਾ ਰੰਗ ਰੰਗਾਈਆ । ਸਚਖੰਡ ਕਹੇ ਮੇਰੀ ਦੁਆ, ਦਸਤ ਦਸਤ ਸਰਨਾਈਆ । ਮੇਰੇ ਮਾਲਕ ਦਿਲਰੁਬਾ, ਰਹਿਮਤ ਹੱਕ ਕਮਾਈਆ । ਮੁਹੱਬਤ ਦਾ ਦੇ ਦੇ ਮਜ਼ਾ, ਮਜ਼ਾਹਮਾਤ ਅਵਰ ਰਹੇ ਨਾ ਰਾਈਆ । ਤੇਰੇ ਨੂਰ ਦੇ ਵਿਚ ਨੇੜ ਨਾ ਆਵੇ ਕਜ਼ਾ, ਕਾਜ਼ੀ ਮੁੱਲਾਂ ਸ਼ੇਖ਼ਾਂ ਦਾ ਝਗੜਾ ਦੇ ਚੁਕਾਈਆ । ਤੇਰੇ ਦਵਾਰ ਉਤੇ ਸਭ ਦੀ ਸਾਂਝੀ ਜਗਹ, ਇਕੋ ਘਰ ਦੇਣਾ ਬਣਾਈਆ । ਇਕੋ ਹੋਵੇ ਸਾਰਿਆਂ ਦਾ ਅੱਗਾ, ਆਗਮਣ ਵਿਚ ਸਭ ਨੂੰ ਮਿਲੇ ਵਡਿਆਈਆ । ਤੇਰਾ ਰੂਪ ਸੂਰਾ ਸਰਬਗਾ, ਸਤਿ ਸਰੂਪ ਤੇਰਾ ਖੇਲ ਇਕੋ ਸੋਭਾ ਪਾਈਆ । ਤੇਰੇ ਹੁਕਮ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਬੱਧਾ, ਗੁਰ ਅਵਤਾਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਅਸੀਂ ਸੁਣਨਾ ਚਾਹੁੰਦੇ ਤੇਰੇ ਨਾਮ ਦੀ ਇਕੋ ਸਦਾ, ਸਦਾ ਸਭ ਨੂੰ ਦੇਣੀ ਸੁਣਾਈਆ । ਤੂੰ ਮਾਲਕ ਇਕੋ ਵੱਡਾ, ਵੱਡੀ ਤੇਰੀ ਵਡਿਆਈਆ । ਕਿਉਂ ਨਾਰਦ ਨੇ ਖ਼ਾਲੀ ਵਖਾ ਦਿਤਾ ਡੱਬਾ, ਜੋ ਬੱਧਕ ਹੱਥ ਫੜਾਈਆ । ਜਿਸ ਦੇ ਪਿਛੇ ਅੱਖਰ ਲਿਖਿਆ 'ਬੱਬਾ', ਬਾਬਲ ਨੂੰ ਮਿਲਣ ਕੋਇ ਨਾ ਪਾਈਆ । ਨਾ ਮਾਲਕ ਕਿਸੇ ਨੂੰ ਲੱਭਾ, ਜਗਤ ਖੋਜੇ ਥਾਉਂ ਥਾਈਆ । ਸਾਰੇ ਵੇਖਦੇ ਕਿਥੇ ਕਲਜੁਗ ਕਿੱਥੇ ਉਸ ਦੀ ਹੱਦਾ, ਕਿਥੇ ਨਾਨਕ ਤਪਾ ਧੂਣੀਆਂ ਬੈਠਾ ਤਾਈਆ । ਕਿਥੇ ਅੱਖਰ ਪੱਪਾ, ਜਿਸ ਨੇ ਸਭ ਨੂੰ ਕਰਨਾ ਰਫ਼ਾ, ਦੁਨੀਆ ਦਾ ਬਦਲ ਦੇਣਾ ਸਫਾ, ਮਲੇਛਾਂ ਸਫ਼ਾ ਦੇਣੀ ਉਠਾਈਆ । ਇਕੋ ਨਾਮ ਦਾ ਦੇਣਾ ਨਫ਼ਾ, ਕਿਸੇ ਤੇ ਹੋਣਾ ਨਹੀਂ ਖ਼ਫ਼ਾ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਦੀ ਇਕੋ ਧਾਰਾ ਤੇ ਇਕੋ ਲੱਗਣੀ ਦਫ਼ਾ, ਜਿਸ ਦੀ ਤਰਮੀਮ ਅੱਗੇ ਨਾ ਕੋਇ ਕਰਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਹਦੀਸ, ਹਜ਼ਰਤਾਂ ਦੇ ਹਜ਼ਰਤ ਸੀਸ ਨਿਵਾਈਆ । ਅਸੀਂ ਚਾਹੁੰਦੇ ਵਰਲਡ ਵਿਚ ਹੋ ਜਾਏ ਪੀਸ, ਪੀਸ ਪੀਸ ਦੁਨੀਆ ਰਹਿਣ ਨਾ ਪਾਈਆ । ਨਮੋ ਨਮੋ ਜਗਤ ਜਗਦੀਸ, ਗਾਡ ਗੁਡ ਗਾਈਡ ਇਕੋ ਨਜ਼ਰੀ ਆਈਆ । ਝਗੜਾ ਮੁਕ ਜਾਏ ਤੀਸ ਬਤੀਸ, ਛਤੀਸ ਤੇਰਾ ਨਾਮ ਸਿਫ਼ਤ ਸਾਲਾਹੀਆ । ਤੂੰ ਆਦਿ ਦਾ ਬੀਸ ਅਕੀਸ, ਦੂਏ ਦਾ ਜ਼ੀਰੋ ਜ਼ੀਰੋ ਦਾ ਏਕਾ ਸੋਭਾ ਪਾਈਆ । ਤੇਰੀ ਇਕ ਦੀ ਇਕ ਨਾਲ ਹੋ ਜਾਏ ਪ੍ਰੀਤ, ਪ੍ਰੀਤਮ ਇਕੋ ਮਿਲ ਕੇ ਵੱਜੇ ਵਧਾਈਆ । ਫੇਰ ਕਲਜੁਗ ਨੇ ਮਾਰ ਦਿਤੀ ਚੀਕ, ਚੀਕ ਚਿਹਾੜਾ ਦਿਤਾ ਪਾਈਆ । ਓਧਰੋਂ ਗੋਬਿੰਦ ਨੇ ਕਿਹਾ ਮੈਨੂੰ ਤੇਰੀ ਉਡੀਕ, ਤੂੰ ਮਾਲਕ ਧੁਰਦਰਗਾਹੀਆ । ਰਾਮ ਨੇ ਕਿਹਾ ਮੈਥੋਂ ਸੀਤਾ ਨੇ ਪੁਛਿਆ ਠੀਕ, ਬਣ ਵਿਚ ਕੀਤੀ ਹਾਲ ਦੁਹਾਈਆ । ਕ੍ਰਿਸ਼ਨ ਨੇ ਰਾਧਾ ਨੂੰ ਕਿਹਾ ਵੇਖ ਲੈ ਲਾ ਕੇ ਨੀਝ, ਕਲਜੁਗ ਅੰਤਮ ਅੱਖ ਖੁਲ੍ਹਾਈਆ । ਹਜ਼ਰਤ ਮੂਸਾ ਨੇ ਕਿਹਾ ਉਸ ਦੀ ਹੱਕ ਤੌਫ਼ੀਕ, ਜੋ ਤੋਹਫਾ ਘਰ ਘਰ ਦਏ ਪਹੁੰਚਾਈਆ । ਈਸਾ ਨੇ ਜਿਸ ਵੇਲੇ ਗਲ ਵਿਚ ਪਾਈ ਸਲੀਬ, ਹੱਥ ਦੋਵੇਂ ਦਿਤੇ ਫੈਲਾਈਆ । ਮੁਹੰਮਦ ਨੇ ਨੱਕ ਨਾਲ ਕਢੀ ਲੀਕ, ਲਾਈਨ ਐਨ ਦਿਤੀ ਲਗਾਈਆ । ਨਾਨਕ ਨੇ ਸਤਿਨਾਮ ਦਾ ਗਾ ਕੇ ਗੀਤ, ਸੰਦੇਸ਼ਾ ਦਿਤਾ ਸੁਣਾਈਆ । ਗੋਬਿੰਦ ਨੇ ਫ਼ਤਹਿ ਡੰਕਾ ਵਜਾ ਕੇ ਕਿਹਾ ਉਹ ਮਾਲਕ ਤੇ ਤੁਸੀਂ ਸਾਰੇ ਉਸ ਦੇ ਘਰ ਦੇ ਵਸਨੀਕ, ਦੂਜਾ ਨਜ਼ਰ ਕੋਇ ਨਾ ਆਈਆ । ਅਸੀਂ ਸਾਰੇ ਮੰਗਣ ਵਾਲੇ ਭੀਖ, ਖ਼ਾਲੀ ਝੋਲੀਆਂ ਰਹੇ ਵਖਾਈਆ । ਫੇਰ ਪੁਛੇ ਕਲਜੁਗ

੧੦੨੮ ਦੇ ਅੰਤ ਇਕ ਸ਼ਬਦ ਗੁਰੂ ਨੇ ਸਭ ਦੀ ਕਰਨੀ ਤਸਦੀਕ, ਦੂਜੀ ਸ਼ਹਾਦਤ ਨਾ ਕੋਇ ਭੁਗਤਾਈਆ । ਜਿਸ ਨੇ ਸਾਰੀ ਦੁਨੀਆ ਦਾ ਸਾਂਝਾ ਕਰਨਾ ੧੦੨੮

ਗੀਤ, ਢੋਲਾ ਗੋਬਿੰਦ ਵਾਲਾ ਗਾਈਆ । ਉਹਦਾ ਸਦੀ ਚੌਧਵੀਂ ਦਾ ਵਕਤ ਠੀਕ, ਠਾਕਰ ਹੋ ਕੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ,

੨੨ ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਕਲਜੁਗ ਬੜਾ ਚੰਗਾ, ੨੨

ਸੂਰਬੀਰ ਮਾਤ ਅਖਵਾਈਆ । ਜਿਸ ਉਲਟਾ ਵਹਿਣ ਵਹਾਇਆ ਗੰਗਾ, ਗੰਗੋਤਰੀ ਦਏ ਦੁਹਾਈਆ । ਮਿਲਿਆ ਰਹਿਣ ਨਹੀਂ ਦਿਤਾ ਬੰਦੇ ਨਾਲ ਬੰਦਾ, ਬੰਦਗੀ ਵਾਲੇ ਬੰਦਗੀ ਵਾਲਿਆਂ ਨਾਲ ਦਿਤੇ ਲੜਾਈਆ । ਕਿਸੇ ਹੱਥ ਡਾਂਗ ਫੜਾਈ ਕਿਸੇ ਦੇ ਹੱਥ ਫੜਾਇਆ ਟੰਬਾ, ਦੋਵੇਂ ਰੂਪ ਬਦਲਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਦਾ ਚਲਾ ਕੇ ਮੰਬਾ, ਮੁਹੱਬਤ ਪ੍ਰਭ ਦੀ ਦਿਤੀ ਤੁੜਾਈਆ । ਕਿਉਂ ਉਸ ਨੇ ਕਿਹਾ ਮੇਰਾ ਪੈਂਡਾ ਬੜਾ ਲੰਬਾ, ਚਾਰ ਲੱਖ ਬੱਤੀ ਹਜ਼ਾਰ ਮੁਕਣ ਕਦੇ ਨਾ ਪਾਈਆ । ਜੇ ਮੇਰਾ ਕਿੱਕਰ ਦਾ ਡੰਡਾ ਆ ਜਾਏ ਚਲ ਕੇ ਵਿਚੋਂ ਛੰਬਾ, ਤੇ ਜੰਮੂ ਵਾਲੇ ਮੇਰੀ ਸ਼ਹਾਦਤ ਦੇਣ ਭੁਗਤਾਈਆ । ਕਿਉਂ ਬਲ ਨੇ ਸੰਦੇਸ਼ਾ ਦਿਤਾ ਸੀ ਤੇਰਾਂ ਸੌ ਸਤਾਸੀ ਰਿਸ਼ੀਆਂ ਬਾਵਨ ਨੇ ਹੱਥ ਮਾਰਿਆ ਉਤੇ ਕੰਧਾ, ਹਲੂਣਾ ਦਿਤਾ ਲਗਾਈਆ । ਓ ਕਲਜੁਗ ਅੰਤਮ ਕਿਸੇ ਨੇ ਧੋਤੀ ਪਹਿਨਣੀ ਕਿਸੇ ਨੇ ਤਹਿਮਤ ਪਹਿਨਣੀ ਕਿਸੇ ਨੇ ਪਹਿਨਣਾ ਤੰਬਾ, ਤਾਬਿਆਦਾਰ ਨਜ਼ਰ ਕੋਇ ਨਾ ਆਈਆ । ਉਸ ਵੇਲੇ ਕਿਸੇ ਨੇ ਕਿਸੇ ਨੂੰ ਲਾਉਣਾ ਨਹੀਂ ਅੰਗਾ, ਅੰਗੀਕਾਰ ਨਾ ਕੋਇ ਅਖਵਾਈਆ । ਸਦੀ ਚੌਧਵੀਂ ਦਾ ਹੋਣਾ ਕੰਢਾ, ਕੰਢੀ ਬੈਠੇ ਸਾਰੇ ਰੋਵਣ ਮਾਰਨ ਧਾਈਆ । ਮਨ ਮਨ ਹੋਣਾ ਦੰਗਾ, ਬੁੱਧੀ ਬੁੱਧੀ ਨਾਲ ਟਕਰਾਈਆ । ਖੰਡੇ ਨਾਲ ਖੜਕਣਾ ਖੰਡਾ, ਖੜਗ ਖੜਗ ਨਾਲ ਛੁਹਾਈਆ । ਝਗੜਾ ਪੈਣਾ ਜੇਰਜ ਅੰਡਾ, ਉਤਭੁਜ ਸੇਤਜ ਨੇਤਰ ਨੈਣਾਂ ਨੀਰ ਵਹਾਈਆ । ਕਲਜੁਗ ਕਹੇ ਮੈਂ ਸਭ ਨੂੰ ਕਰਨਾ ਰੰਡਾ, ਆਤਮਾ ਪਰਮਾਤਮਾ ਮਿਲਣ

ਵਾਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਸਚ ਕਹੇ ਮੈਂ ਵੇਖਿਆ ਸਚ ਦਾ ਮੁਨਾਰਾ ਸਚ, ਸਚ ਵਿਚ ਸਮਾਈਆ । ਸਚ ਵਿਚੋਂ ਸਚ ਪਰਗਟੇ ਸੰਸਾਰ ਵਿਚ ਸੰਸਾਰ ਦਾ ਸਚ, ਸੰਸਾਰ ਨਜ਼ਰ ਕਿਸੇ ਨਾ ਆਈਆ । ਫੇਰ ਤੱਕਿਆ ਕਾਇਆ ਮਾਟੀ ਕੱਚ, ਜਿਸ ਨੂੰ ਕੰਚਨ ਗੜ੍ਹ ਕਹਿ ਕੇ ਗਏ ਗਾਈਆ । ਜਾਂ ਚੰਗੀ ਤਰਾਂ ਵੇਖਿਆ ਮਨ ਮਨੂਆ ਰਿਹਾ ਨੱਚ, ਅੱਠੇ ਪਹਿਰ ਭੱਜੇ ਵਾਹੋ ਦਾਹੀਆ । ਜਿਸ ਨੇ ਭੁਲਾਇਆ ਪਰਮੇਸ਼ਵਰ ਪਤਿ, ਆਤਮਾ ਪਰਮਾਤਮਾ ਪਤਿ ਪਤਨੀ ਮੇਲ ਨਾ ਕੋਇ ਕਰਾਈਆ । ਜਿਸ ਤਰਾਂ ਸਵਾਮੀ ਦੇਵ ਮੂਰਤੀ ਨੇ ਦੱਸਿਆ ਇਕੋ ਉਤੇ ਰੱਖਣਾ ਹੱਥ, ਦੂਜੇ ਉਤੇ ਅੱਖ ਨਾ ਕਦੇ ਉਠਾਈਆ । ਓ ਦੁਨੀਆ ਵਾਲਿਓ ਵੇਖੋ ਪਤਿਪਰਮੇਸ਼ਵਰ ਪੁਰਖ ਅਕਾਲ ਦੀਨ ਦਿਆਲ ਧੁਰ ਦਾ ਖ਼ੁਦਾ ਮੰਨਣਾ ਪੱਕ, ਦੂਜਿਆਂ ਨੂੰ ਸੱਯਦੇ ਕਰ ਕਰ ਕੇ ਐਵੇਂ ਵਕਤ ਨਾ ਲੈਣਾ ਗਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿੰਦੇ ਚਲੀਏ ਭੱਜੀਏ ਤੇ ਜ਼ੋਰ ਨਾਲ ਪਈਏ ਨੱਠ, ਆਪਣਾ ਪੰਧ ਮੁਕਾਈਆ । ਵੇਖੀਏ ਕਲਜੁਗ ਕਿਹੜਾ ਜਿਸ ਨੇ ਸਾਡਿਆਂ ਮੁਰੀਦਾਂ ਸਿੱਖਾਂ ਨੂੰ ਮਾਰੀ ਸੱਟ, ਆਪਣਾ ਬਲ ਧਰਾਈਆ । ਟਾਪੂਆਂ ਨੂੰ ਜਾਈਏ ਟੱਪ, ਸਮੁੰਦ ਸਾਗਰ ਨਾ ਕੋਇ ਅਟਕਾਈਆ । ਪਹਾੜਾਂ ਨੂੰ ਜਾਈਏ ਛਡ, ਚੋਟੀ ਅੱਗੇ ਨਾ ਹੋਰ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਹੱਥ ਸਭ ਦੀ ਵਡਿਆਈਆ । ਤੂੰ ਸਾਡਿਆਂ ਸਿੱਖਾਂ ਮੁਰੀਦਾਂ ਨੂੰ ਸਾਡੇ ਨਾਮ ਦਾ ਲਾਲਚ ਪਾ ਦਿਤਾ ਲੈ ਲਓ ਪੈਸਿਆਂ ਵਾਲਾ ਭੁੱਗਾ, ਬਿਨਾ ਪੈਸਿਆਂ ਤੋਂ ਸਾਡਾ ਨਾਮ ਨਾ ਕੋਇ ਧਿਆਈਆ । ਤੂੰ ਬੜਾ ਸ਼ੈਤਾਨ ਤੂੰ ਖੇਲ ਕੀਤਾ ਗੁੱਝਾ, ਆਪਣੀ ਰਮਜ਼ ਅੰਦਰੇ ਅੰਦਰ ਲਗਾਈਆ । ਉਹ ਸਾਡਾ ਉਜੜਨ ਲੱਗਾ ਵਸਦਾ ਝੁੱਗਾ, ਸਾਢੇ ਤਿੰਨ ਹੱਥ ਜਗਤ ਕਾਇਆ ਡੇਰਾ ਲਾਈਆ । ਤੂੰ ਸਮਝ ਲਿਆ ਪੁਰਖ ਅਕਾਲ ਦਾ ਅੰਤਮ ਇਕੋ ਮੁੱਦਾ, ਜੋ ਮੁੱਦਤਾਂ ਤੋਂ ਆਪਣਾ ਭਵਿਖਤ ਰਿਹਾ ਸੁਣਾਈਆ । ਮੇਰੇ ਅੰਤ ਅਖ਼ੀਰ ਬੇਨਜ਼ੀਰ ਇਕੋ ਸ਼ਬਦ ਸਤਿਗੁਰੂ ਨੂੰ ਕਹਿਣਾ ਪੁੱਤਾ, ਦੂਸਰ ਗੋਦ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਕਲਜੁਗ ਕਹੇ ਅਵਤਾਰ ਪੈਗ਼ੰਬਰ ਗੁਰੂ ਸਹਿਬਾਨੋਂ ਮੈਂ ਸੀਸ ਨਿਵਾਉਂਦਾ, ਬੱਲੇ ਬੱਲੇ ਬੱਲੇ ਤੁਹਾਡੀ ਵਡਿਆਈਆ । ਇਕ ਵਾਸਤਾ ਤੁਹਾਡੇ ਅੱਗੇ ਪਾਉਂਦਾ, ਸਤਿਜੁਗ ਆਇਆ ਸੁਣਾਈਆ । ਮੇਰਾ ਖੇਲ ਮੇਰੇ ਪ੍ਰਭੂ ਨੂੰ ਭਾਉਂਦਾ, ਜਿਸ ਮੇਰੀ ਸੇਵਾ ਦਿਤੀ ਲਗਾਈਆ । ਮੈਂ ਚਾਹੁੰਦਾ ਤੁਹਾਨੂੰ ਸਭ ਨੂੰ ਇਕ ਦੂਜੇ ਨਾਲ ਲੜਾਉਂਦਾ, ਪੱਲਾ ਸਕੇ ਨਾ ਕੋਇ ਛੁਡਾਈਆ । ਓ ਵੇਖੋ ਮੈਨੂੰ ਧੁਰਦਰਗਾਹੋਂ ਹੁਕਮ ਆਉਂਦਾ, ਹੁਕਮੀ ਹੁਕਮ ਲਿਆ ਸੁਣਾਈਆ । ਹਜ਼ਰਤ ਮੁਹੰਮਦ ਈਸਾ ਨਾਲ ਅੱਖ ਮਿਲਾਉਂਦਾ, ਸੈਨਤ ਨਾਲ ਜਣਾਈਆ । ਮੇਰਾ ਸਦੀ ਚੌਧਵੀਂ ਦਾ ਵਕਤ ਮੁਕਾਉਂਦਾ, ਕੌਣ ਸੰਦੇਸ਼ਾ ਦਏ ਅਲਾਹੀਆ । ਦੋਹਾਂ ਦਾ ਇਕੋ ਰੰਗ ਇਕੋ ਸੰਗ ਇਕੋ ਜਿਹਾ ਕਦਮ ਉਠਾਉਂਦਾ, ਅੱਗਾ ਪਿਛਾ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਹੁਕਮ ਇਕ ਸੁਣਾਈਆ । ਈਸਾ ਕਹੇ ਮੁਹੰਮਦ ਵੇਖ ਲੈ ਖ਼ਾਕੀ ਬਦਨ, ਤਨ ਵਜੂਦ ਧਿਆਨ ਲਗਾਈਆ । ਮੇਰਾ ਜੀ ਕਰਦਾ ਹੁਣ ਝਗੜਾ ਛੇੜ ਦੇਵਾਂ ਵਿਚ ਅਦਨ, ਅਦਲ ਇਨਸਾਫ਼ ਇਕ ਵਖਾਈਆ । ਈਸਾਈ ਮੁਸਲਿਮ ਇਕ ਦੂਜੇ ਨੂੰ ਕਰਨ ਕਤਲ, ਸ਼ਰਅ ਸ਼ਰਅ ਨਾਲ ਦਿਆਂ ਟਕਰਾਈਆ । ਜਿਥੇ ਕਿਸੇ ਦਾ ਚਲੇ ਕੋਇ ਨਾ ਯਤਨ, ਯਥਾਰਥ ਆਪਣਾ ਹੁਕਮ ਵਰਤਾਈਆ । ਸਭ ਨੂੰ ਕਰ ਦੇਵਾਂ ਬੇਵਤਨ, ਬੇਵਤਨਾਂ

ਘਰ ਨਾ ਕੋਇ ਰਖਾਈਆ । ਮੁਹੰਮਦ ਕਿਹਾ ਮਸੀਹ ਮੁਜੀਹ ਤਜ਼ੀਹ ਰਜ਼ੀਹ ਅਜ਼ੀਹ ਕੁਜ਼ੀਹ ਮੇਰਾ ਪਰਵਰਦਿਗਾਰ ਆਪੇ ਕਾਤਲ ਮਕਤੂਲ ਆਪੇ ਕਰੇ
ਕਤਲ, ਕਤਲਗਾਹ ਆਪੇ ਦਏ ਬਣਾਈਆ । ਧਾਮ ਰਹੇ ਨਾ ਕੋਇ ਮੁਕੱਦਸ ਬੈਤੁਲ, ਮੱਕਾ ਕਾਅਬਾ ਰੋਵੇ ਮਾਰੇ ਧਾਈਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਖ਼ੁਦਾ ਕਹੇ ਮੇਰੇ ਨਬੀ ਨਜ਼ੂਲੇ, ਕਦਲ
ਗਮਜ਼ਾ ਰਸੂਲਾਂ ਸਦਾਏ ਚੀਨਾਜ਼ਗੀ, ਚਸ਼ਮੇ ਮਜ਼ਲ, ਤਖ਼ਤੇ ਖਬਹੂ, ਮੁਹੰਮਦੇ ਰਜ਼ੂਹ, ਚੌਦਾਂ ਤਬਕ ਦਹੂ, ਦਰੋਹੀ ਤੇਰਾ ਨਾਮ ਨਜ਼ਰੀ ਆਈਆ ।
ਝਟ ਨਾਨਕ ਆ ਗਿਆ ਕਹੇ ਕਿਹੜਾ ਤੇ ਕੌਣ ਕੋਈ, ਕਹਿ ਕੇ ਰਿਹਾ ਸੁਣਾਈਆ । ਜਿਸ ਨੇ ਸ੍ਰਿਸ਼ਟ ਸਗਲੀ ਮੋਹੀ, ਮੁਹੱਬਤ ਜਗਤ ਵਿਚ ਰਖਾਈਆ ।
ਮੁਹੰਮਦਾ ਜਿਸ ਦੇ ਨਾਮ ਦੀ ਪਵੇ ਦਰੋਹੀ, ਦੋਹਰੀ ਆਪਣੀ ਕਾਰ ਵਖਾਈਆ । ਉਸ ਦੇ ਬਿਨਾ ਮਿਲਣੀ ਕਿਸੇ ਨਹੀਂ ਢੋਈ, ਢੋਆ ਦੇਵਣ ਕੋਇ
ਨਾ ਆਈਆ । ਹੁਣ ਵੇਲਾ ਸਾਰੇ ਅਕੱਠੇ ਕਰ ਲਈਏ ਅਰਜ਼ੋਈ, ਬੇਨੰਤੀ ਇਕ ਸੁਣਾਈਆ । ਸਾਡੀ ਅੰਤਮ ਅੰਤ ਹੋਈ, ਹੋਕਾ ਦੇ ਕੇ ਦਈਏ
ਜਣਾਈਆ । ਅੰਮ੍ਰਿਤ ਧਾਰ ਜਾਏ ਨਾ ਚੋਈ, ਰਸਨਾ ਰਸ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ
ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਮੁਹੰਮਦ ਕਿਹਾ ਮੈਂ ਨਿਗਹ ਮਾਰਾਂ ਜ਼ਿਮੀਂ ਅਸਮਾਨਾਂ, ਚੌਦਾਂ ਤਬਕ ਬਾਹਰ ਧਿਆਨ ਲਗਾਈਆ ।
ਮੈਂ ਵੇਖਾਂ ਕ੍ਰਿਸ਼ਨਾ ਕਾਹਨਾ, ਗੋਪਾਲ ਗਊਆਂ ਫੇਰੇ ਚਾਈਂ ਚਾਈਂਆ । ਮੈਂ ਵੇਖਾਂ ਰਾਮ ਦਾ ਰਾਮਾ, ਰਾਮ ਰਾਮ ਦਾ ਪੜਦਾ ਲਾਹੀਆ । ਮੈਂ ਫੇਰ
 ਤੱਕਿਆ ਸਤਿਨਾਮਾ, ਪੜਦਾ ਪੜਦਿਆਂ ਵਿਚੋਂ ਉਠਾਈਆ । ਫੇਰ ਵੇਖਿਆ ਆਪਣਾ ਅਮਾਮਾ, ਜੋ ਜਲਵਾਗਰ ਨੂਰ ਇਲਾਹੀਆ । ਮੈਂ ਸੱਜਦੇ ਤੋਂ ੧੦੩੦
ਬਿਨਾ ਸੱਜਣ ਹੋ ਕੇ ਕੀਤੀ ਸਲਾਮਾ, ਸੀਸ ਦਿਤਾ ਝੁਕਾਈਆ । ਇਕ ਬੇਨੰਤੀ ਅਰਦਾਸ ਕੀਤੀ ਤੇਰੇ ਅੱਗੇ ਦਾ ਕੀ ਅਕਦਾਮਾ, ਮੁਕਾਮ ਕਿਥੇ ਲੈਣਾ
 ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਸਚਖੰਡ ੨੨
ਕਹੇ ਪ੍ਰਭੂ ਮੈਂ ਵੇਖੀ ਲੋਕਮਾਤ ਦੀ ਟੱਕਰ, ਸਤਿ ਅਸਤਿ ਨਾਲ ਦੇਣਾ ਟਕਰਾਈਆ । ਜਿਸ ਨੇ ਸਾਰੇ ਕੀਤੇ ਫੱਟੜ, ਘਾਓ ਘਾਇਲ ਦਿਤਾ ਲਗਾਈਆ ।
ਜਗਿਆਸੂ ਜੀਵ ਕੀਤੇ ਕਟੜ, ਕੱਟੇ ਵੱਛੇ ਖਾ ਕੇ ਆਪਣਾ ਝਟ ਰਹੇ ਲੰਘਾਈਆ । ਤੇਰੇ ਪਿਆਰ ਦਾ ਪੜ੍ਹੇ ਕੋਈ ਨਾ ਪੱਤਰ, ਪਤਰੇ ਗ੍ਰੰਥਾਂ ਵਾਲੇ
ਫੋਲ ਫੁਲਾਈਆ । ਤੇਰੀ ਨਿਰਅੱਖਰ ਧਾਰ ਵਾਲੀ ਲੱਭੀ ਕਿਸੇ ਨਾ ਸਤਰ, ਸਤਰਾਂ ਉਤੇ ਉਂਗਲਾਂ ਰਹੇ ਚਲਾਈਆ । ਉਹ ਬੁੱਧੀਵਾਨ ਬਣ ਗਏ
ਚਤੁਰ, ਚਤੁਰਥ ਤੈਨੂੰ ਗਏ ਭੁਲਾਈਆ । ਨਾਮ ਬੀਜਿਆ ਕਿਸੇ ਨਾ ਵੱਤਰ, ਰੁਤੜੀ ਰੁਤ ਨਾ ਕੋਇ ਮਹਿਕਾਈਆ । ਤੇਰੇ ਚੜ੍ਹੇ ਕੋਇ ਨਾ ਤੱਕੜ,
ਤਰਾਜ਼ੂ ਸਚ ਨਾ ਕੋਇ ਵਖਾਈਆ । ਮੈਂ ਵੇਖਿਆ ਸਾਚਾ ਦਿਸੇ ਕੋਇ ਨਾ ਫ਼ੱਕਰ, ਫ਼ਿਕਰੇ ਜਗਤ ਵਾਲੇ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਚਖੰਡ ਕਹੇ ਪ੍ਰਭੂ ਮੈਂ ਵੇਖਣੀ ਚਾਹੁੰਦਾ ਤੇਰੀ ਸਭਾ,
ਸੁਬਹ ਸ਼ਾਮ ਧਿਆਨ ਲਗਾਈਆ । ਤੂੰ ਕਿਸ ਦਾ ਪਿਤਾ ਬਣਿਉਂ ਤੇ ਕਿਸ ਦਾ ਬਣਿਉਂ ਅੱਬਾ, ਕਿਸ ਦੀ ਅੰਮੀਜਾਨ ਬਣ ਕੇ ਆਪਣੀ ਗੋਦ ਟਿਕਾਈਆ ।
ਕਿਸ ਨੂੰ ਦਿਤਾ ਰਸ ਅਗੰਮੀ ਮਜ਼ਾ, ਰਸਨਾ ਜਿਹਵਾ ਸਵਾਦ ਰਹੇ ਨਾ ਰਾਈਆ । ਕਿਸ ਨੂੰ ਚਲਾਇਆ ਆਪਣੀ ਵਿਚ ਰਜ਼ਾ, ਰਾਜ਼ਕ ਰਿਜ਼ਕ
ਰਹੀਮ ਹੋ ਕੇ ਦਇਆ ਕਮਾਈਆ । ਪਰ ਮੈਨੂੰ ਇਕ ਦੱਸ ਦੇ ਕਲਜੁਗ ਬਦਲਣਾ ਕਿਸ ਵਜ੍ਹਾ, ਵਜੂਹਾਤ ਦੇਣਾ ਦ੍ਰਿੜਾਈਆ । ਉਹ ਵੀ ਚਾਰੋਂ

ਕੁੰਟ ਫਿਰਦਾ ਭੱਜਾ, ਕਾਲੀ ਕਫ਼ਨੀ ਗਲ ਵਿਚ ਪਾਈਆ । ਸਭ ਦੇ ਉਤੇ ਪਾ ਲਿਆ ਦੱਬਾ, ਸਿਰ ਸਕੇ ਨਾ ਕੋਇ ਉਠਾਈਆ । ਰੂਪ ਧਾਰਨ ਕੀਤਾ ਵਾਂਗ ਠੱਗਾਂ, ਠਗੌਰੀ ਮਨ ਦੇ ਨਾਲ ਰਲਾਈਆ । ਜੇ ਕਲਜੁਗ ਨੇ ਗੋਬਿੰਦ ਦੇ ਬੱਚਿਆਂ ਦਾ ਵਧਣ ਨਹੀਂ ਦਿਤਾ ਅੱਗਾ, ਬਾਲੇ ਨੀਹਾਂ ਹੇਠ ਦਿਤੇ ਦਬਾਈਆ । ਉਸ ਨੇ ਕਿਸੇ ਦੇ ਸਿਰ ਤੇ ਰਹਿਣ ਨਹੀਂ ਦੇਣੀ ਪੱਗਾ, ਓਢਣ ਨਜ਼ਰ ਕੋਇ ਨਾ ਆਈਆ । ਮਾਨਵ ਜ਼ਾਤੀ ਲਗਾ ਦਿਤੀ ਖਾਣ ਵੱਛਾ ਢੱਗਾ, ਪੰਛੀਆਂ ਖੱਲ ਲੁਹਾਈਆ । ਧਰਮ ਦਵਾਰੇ ਬਣਾ ਕੇ ਅੱਡਾ, ਕੂੜ ਵਿਕਾਰ ਰੰਗ ਦਿਤਾ ਰੰਗਾਈਆ । ਧਰਮ ਦਾ ਖ਼ਾਲੀ ਕਰਕੇ ਡੱਬਾ, ਜਗਤ ਸਾਰੇ ਦਿਤਾ ਜਣਾਈਆ । ਨਾਲੇ ਪਿਆਰ ਨਾਲ ਕਿਹਾ ਸਾਰੇ ਪੀਉ ਰੱਜ ਕੇ ਮਧਾ, ਮਦਿ ਪਿਆਲੇ ਹੱਥ ਫੜਾਈਆ । ਫੇਰ ਭਵਾ ਕੇ ਆਪਣੀ ਗਦਾ, ਚਾਰੋਂ ਕੁੰਟ ਦਿਤਾ ਵਖਾਈਆ । ਬੱਚੂ ਮੈਂ ਅੰਤ ਸਭ ਨੂੰ ਭੁਗਤਾਉਣੀ ਸਜ਼ਾ, ਰਾਏ ਧਰਮ ਦੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਚਖੰਡ ਕਹੇ ਮੇਰੇ ਸਾਹਿਬ ਮੈਂ ਤੇਰੀ ਕੀ ਕਰਾਂ ਤਾਰੀਫ਼, ਸਿਫ਼ਤਾਂ ਵਿਚ ਸਾਲਾਹੀਆ । ਤੂੰ ਬੜਾ ਸ਼ਰੀਫ਼, ਸ਼ਰਾਫ਼ਤ ਵਿਚ ਬੈਠਾ ਆਸਣ ਲਾਈਆ । ਉਠ ਵੇਖ ਸ੍ਰਿਸ਼ਟੀ ਦੀ ਨੀਤ, ਨੀਤੀਵਾਨ ਵੇਖ ਵਖਾਈਆ । ਜ਼ਰਾ ਤਕ ਲੈ ਦੀਨ ਮਜ਼੍ਹਬ ਰੋਵਣ ਮਾਰ ਕੇ ਚੀਕ, ਚੀਕ ਚਿਹਾੜਾ ਰਹੇ ਪਾਈਆ । ਤੇਰੇ ਢੋਲੇ ਗਾ ਕੇ ਵੱਖਰੇ ਵੱਖਰੇ ਗੀਤ, ਦੀਨ ਦੁਨੀ ਰਹੇ ਸੁਣਾਈਆ । ਕਿਸੇ ਨੂੰ ਤੂੰ ਮੰਦਰ ਵਾੜ ਦਿਤਾ ਕਿਸੇ ਨੂੰ ਵਾੜਿਆ ਵਿਚ ਮਸੀਤ, ਮਸਲਾ ਹੱਲ ਨਾ ਕੋਇ
੧੦੩੧ ਕਰਾਈਆ । ਜ਼ਰਾ ਸਚ ਦੀ ਦੱਸ ਦੇ ਅੱਗੇ ਪ੍ਰੀਤ, ਪ੍ਰੀਤਮ ਹੋ ਕੇ ਪੜਦਾ ਦੇ ਉਠਾਈਆ । ਤੇਰਾ ਓਹਲਾ ਰਹੇ ਨਾ ਬੀਚ, ਦੋ ਇਕ ਰੰਗ ਨਾ ੧੦੩੧
੨੨ ਕੋਇ ਰੰਗਾਈਆ । ਨਾ ਕੋਈ ਸ਼ਾਹ ਸੁਲਤਾਨ ਨਾ ਕੋਈ ਊਚ ਨੀਚ, ਝਗੜਾ ਸਾਰਾ ਦੇਣਾ ਮੁਕਾਈਆ । ਤੇਰਾ ਖੇਲ ਸਦਾ ਅਨਡੀਠ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਰੰਗ ਚਾੜ੍ਹ ਦੇ ਇਕ ਮਜੀਠ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਵੇਖੀਂ ਕਿਤੇ ਪ੍ਰਭੂ ਕਲਜੁਗ ਵਿਚ ਆਪਣਿਆਂ ਭਗਤਾਂ ਦੇ ਨਾ ਜਾਵੀਂ ਪੀਠ, ਪਾਸਾ ਨਾ ਕਦੇ ਬਦਲਾਈਆ । ਮਿੱਠੇ ਕਰਨੇ ਕੌੜੇ ਰੀਠ, ਰਸ ਇਕੋ ਦੇਣਾ ਚਖਾਈਆ । ਕਦੇ ਨਾਮ ਨਾ ਜਪਾਵੀਂ ਨਾਲ ਜੀਭ, ਪ੍ਰਭੂ ਅਜਪੇ ਜਾਪ ਵਿਚ ਆਪਣੇ ਭਗਤ ਦੇਣੇ ਸਮਾਈਆ । ਝਗੜਾ ਮੇਟਣਾ ਹਸਤ ਕੀਟ, ਇਕੋ ਰੰਗ ਦੇਣਾ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਚਲੋ ਵੇਖੀਏ ਕਲਜੁਗ ਲੁਟੇਰਾ, ਜਿਸ ਲੁੱਟਿਆ ਜਗਤ ਜਹਾਨ । ਜਿਸ ਦਾ ਸਮਾਂ ਅੱਗੇ ਬਥੇਰਾ, ਉਹ ਬਣਿਆ ਨੌਜਵਾਨ । ਪਿਆਰ ਰਹਿਣ ਨਹੀਂ ਦਿਤਾ ਗੁਰੂ ਗੁਰ ਚੇਰਾ, ਝੂਠਾ ਕੀਤਾ ਜਗਤ ਜਹਾਨ । ਬੜਾ ਹੋਇਆ ਦਲੇਰਾ, ਉਸ ਨੂੰ ਭੁੱਲਿਆ ਸ੍ਰੀ ਭਗਵਾਨ । ਸਭ ਦਾ ਡੋਬਣ ਲੱਗਾ ਬੇੜਾ, ਵੇਖੇ ਮਾਰ ਧਿਆਨ । ਉਜਾੜਨ ਲੱਗਾ ਖੇੜਾ, ਕਰਨ ਲੱਗਾ ਵੈਰਾਨ । ਢਾਹ ਕੇ ਕਰਾਏ ਢੇਰਾ, ਵਖਾਏ ਸੁੰਞ ਮਸਾਣ । ਚਾਰੋਂ ਕੁੰਟ ਕੀਤਾ ਅੰਧੇਰਾ, ਸਾਚਾ ਚੰਦ ਦਿਸੇ ਨਾ ਕੋਇ ਭਾਨ । ਓਏ ਕਲਜੁਗਾ ਓਏ ਤੇਰਾ ਪਿਛੇ ਮਾਲਕ ਕੇਹੜਾ, ਆਪਣਾ ਦੇ ਬਿਆਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਡ ਦਾਤਾ ਗੁਣੀ ਨਿਧਾਨ । ਕਲਜੁਗ ਕਹੇ ਮੇਰਾ ਮਾਲਕ ਇਕ ਭਗਵੰਤ, ਸਭ ਨੂੰ ਦਿਆਂ ਸੁਣਾਈਆ । ਜਿਸ ਨੇ ਮੈਨੂੰ ਦਿਤਾ ਮੰਤ, ਮੰਤਰ ਦਿਤਾ ਸਮਝਾਈਆ । ਕੋਈ ਸਾਬਤ ਰਹਿਣ ਨਹੀਂ ਦਿਤਾ ਸਾਧ ਸੰਤ, ਸੁਰਤੀ ਸ਼ਬਦ ਨਾ ਕੋਇ ਮਿਲਾਈਆ ।

ਆਤਮ ਪਰਮਾਤਮ ਮੇਲਾ ਹੋਵੇ ਨਾਰ ਨਾ ਕੰਤ, ਸੇਜ ਸੁਹੰਜਣੀ ਨਾ ਕੋਇ ਸੁਹਾਈਆ । ਘਰ ਘਰ ਬਣਾਉਣਾ ਗੜ੍ਹ ਹਉਮੇ ਹੰਗਤ, ਹੰ ਬ੍ਰਹਮ ਨਜ਼ਰ ਕਿਸੇ ਨਾ ਆਈਆ । ਕੂੜ ਵਿਕਾਰ ਦਾ ਬਣਨਾ ਪੰਡਤ, ਮਾਇਆ ਮਮਤਾ ਬੁੱਧੀ ਦੇਣੀ ਫਸਾਈਆ । ਕਿਸੇ ਨੂੰ ਸਮਝ ਆਉਣ ਨਹੀਂ ਦੇਣੀ ਕਿਸ ਤੁਹਾਡੀ ਬਣਾਈ ਬਣਤ, ਉਹ ਮਾਲਕ ਧੁਰਦਰਗਾਹੀਆ । ਫੇਰ ਛੇਤੀ ਤੇਰਾ ਹੋਵੇ ਅੰਤ, ਅੰਤਸ਼ਕਰਨ ਬਦਲ ਦੇਣਾ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕਲਜੁਗ ਕਹੇ ਗੁਰ ਅਵਤਾਰ ਪੈਗ਼ੰਬਰ ਤਕ ਲਉ ਮੇਰਾ ਕਾਲਾ ਵੇਸ, ਕਫ਼ਨੀ ਗਲ ਵਿਚ ਪਾਈਆ । ਮੈਨੂੰ ਕਹਿ ਕੇ ਗਿਆ ਗੋਬਿੰਦ ਦਸ ਦਸਮੇਸ, ਖੰਡਾ ਸ਼ਬਦ ਵਾਲਾ ਭਵਾਈਆ । ਮੈਂ ਫੇਰ ਆਵਾਂਗਾ ਮਾਝੇ ਦੇਸ, ਭੁੱਲ ਰਹੇ ਨਾ ਰਾਈਆ । ਪੁਰਖ ਅਕਾਲ ਦਾ ਇਕੋ ਹੋਵੇਗਾ ਰੂਪ ਰੰਗ ਤੇ ਰੇਖ, ਰੇਖਾ ਸਭ ਦੀ ਦੇਣੀ ਬਦਲਾਈਆ । ਕਿਸੇ ਦੀ ਚਲੇ ਕੋਇ ਨਾ ਪੇਸ਼, ਪੇਸ਼ਤਰ ਆਪਣਾ ਹੁਕਮ ਦ੍ਰਿੜ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਗਣਪਤ ਗਣੇਸ਼ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰਦਰਗਾਹੀ ਇਕ ਅਖਵਾਈਆ । ਕਲਜੁਗ ਕਹੇ ਮੈਂ ਗਲ ਪਾਇਆ ਕਾਲਾ ਕੱਪੜ, ਕਾਇਆ ਰੂਪ ਬਦਲਾਈਆ । ਜੀਵ ਕਰਨੇ ਬਗਲੇ ਬੱਪੜ, ਹੰਸ ਰਹਿਣ ਕੋਇ ਨਾ ਪਾਈਆ । ਮੈਂ ਤੀਰਥ ਸਾਰੇ ਕਰਨੇ ਛੱਪੜ, ਸਰੋਵਰ ਰਹਿਣ ਕੋਇ ਨਾ ਪਾਈਆ । ਨਾਮ ਦਾ ਤੋਲੇ ਕੋਇ ਨਾ ਤੱਕੜ, ਹਟਵਾਣੇ ਸਾਰੇ ਦੇਣੇ ਭੁਲਾਈਆ । ਮੈਂ ਕੂੜ ਦਾ ਭਰਨਾ ਮੱਟੜ, ਘਰ ਘਰ ਦੇਣਾ ਵਰਤਾਈਆ । ਮੈਂ ਸਭ ਦੇ ਉਤੇ ਬਣਨਾ ਧਾਰੀ ਛਤਰ, ਛਤਰਧਾਰੀ ਸਾਰੇ ਦੇਣੇ ਖ਼ਾਕ ਮਿਲਾਈਆ । ਮੈਂ ਬਿਨਾ ਅੱਖਰਾਂ ਤੋਂ ਪੁਰਖ ਅਕਾਲ ਦਾ ਪੜ੍ਹਿਆ ਇਕੋ ਪੱਤਰ, ਜਿਸ ਪਤਰੀ ਵਿਚੋਂ ਪਤਰਕਾ ਗੁਰ ਅਵਤਾਰਾਂ ਪੈਗ਼ੰਬਰਾਂ ਦੇ ਕੇ ਚਾਰ ਜੁਗ ਦੇ ਸ਼ਾਸਤਰ ਦਿਤੇ ਬਣਾਈਆ । ਮੇਰੀ ਕਦੇ ਕੋਈ ਕਰ ਸਕਿਆ ਨਹੀਂ ਹੱਤਕ, ਹਤਿਆਰਾ ਨਜ਼ਰ ਕੋਇ ਨਾ ਆਈਆ । ਕਲਜੁਗ ਕਹੇ ਕੱਲੇ ਵਾਲਿਓ ਕਿਥੇ ਤੁਹਾਡੀ ਲਿਆਂਦੀ ਬੱਤਖ਼, ਉਹ ਲਾਲ ਰੰਗ ਇਕ ਪਾਸੇ ਵਾਲੀ ਦਿਓ ਵਖਾਈਆ । ਉਹ ਖੇਲ ਪ੍ਰਭੂ ਦਾ ਫ਼ਕਤ, ਕਿਸੇ ਨੂੰ ਸਮਝ ਨਹੀਂ ਵਿਚ ਜਗਤ, ਜਗਿਆਸੂ ਅੱਖ ਨਾ ਕੋਇ ਖੁਲ੍ਹਾਈਆ । ਸ੍ਰਿਸ਼ਟੀ ਫਸੀ ਵਿਚ ਬੂੰਦ ਰਕਤ, ਤਨ ਮਾਟੀ ਸੋਭਾ ਪਾਈਆ । ਇਕੋ ਸਾਹਿਬ ਦੀ ਸਾਚੀ ਸ਼ਕਤ, ਸਚ ਦਾ ਹੁਕਮ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਵੇਖੋ ਬੱਤਖ਼ ਦਾ ਪਾਸਾ ਲਾਲ, ਲਾਲ ਗੁਲਾਲਾ ਰਿਹਾ ਵਖਾਈਆ । ਕਲਜੁਗ ਜੀਵੋ ਤੁਹਾਡੇ ਸਿਰ ਤੇ ਕੂਕਦਾ ਕਾਲ, ਮਹਾਂਕਾਲ ਹੁਕਮ ਸੁਣਾਈਆ । ਬਿਨਾ ਸ਼ਬਦ ਗੁਰੂ ਤੋਂ ਤੁਹਾਡਾ ਰਹਿਣਾ ਨਈਂ ਜੇ ਕੋਈ ਦਲਾਲ, ਵਿਚੋਲੇ ਪਲੂ ਜਾਣ ਛੁਡਾਈਆ । ਪ੍ਰੇਮ ਮਿਲਣਾ ਨਹੀਂ ਹਕੀਕਤ ਵਾਲਾ ਹੱਕ ਹਲਾਲ, ਹਲਾਲ ਖਾਣ ਵਾਲਾ ਰਹਿਣ ਕੋਇ ਨਾ ਪਾਈਆ । ਮਾਵਾਂ ਦੀ ਗੋਦੀ ਵਿਚ ਨਹੀਂ, ਦਿਸਣੇ ਬਾਲ, ਬਾਲੀ ਬੁਧ ਗੁਰੂ ਹਰਿ ਕ੍ਰਿਸ਼ਨ ਗਿਆ ਦ੍ਰਿੜ੍ਹਾਈਆ । ਸੰਦੇਸ਼ਾ ਦੇਵੇ ਗੋਬਿੰਦ ਦੀ ਢਾਲ, ਖੰਡਾ ਖੜਗ ਰਿਹਾ ਜਣਾਈਆ । ਕੋਈ ਨਾ ਪੁਛੇ ਮੁਰੀਦਾਂ ਹਾਲ, ਮੁਰਸ਼ਦ ਨਜ਼ਰ ਕੋਇ ਨਾ ਆਈਆ । ਕਲਜੁਗ ਕਹੇ ਮੇਰੀ ਵੇਖਿਓ ਸਦੀ ਚੌਧਵੀਂ ਦੀ ਚਾਲ, ਚਾਲ ਨਿਰਾਲੀ ਇਕ ਦ੍ਰਿੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਕਲਜੁਗ ਕਹੇ ਵੇਖੋ ਬੱਤਖ਼ ਕੀ ਕਹਿੰਦੀ, ਕਹਿ ਕਹਿ ਰਹੀ ਸੁਣਾਈਆ । ਹੁਣ ਛੇੜ ਛਿੜਨੀ ਦਿਸ਼ਾ ਲਹਿੰਦੀ,

੧੦੩੨ ੨੨

ਲਹਿੰਦਿਉਂ ਚੜ੍ਹਦੇ ਨੂੰ ਆਪਣਾ ਪੰਧ ਮੁਕਾਈਆ । ਓ ਦੁਨੀਆਦਾਰੋ ਦੁਨੀਆ ਵੇਖਿਓ ਗਹਿੰਦੀ, ਤਿਨਕਾ ਤਿਨਕਾ ਦਏ ਤੁੜਾਈਆ । ਅੱਜ ਛੱਬੀ ਪੋਹ ਦੀ ਰਾਤ ਮੁਹੰਮਦ ਨੇ ਸਗਣਾਂ ਵਾਲੀ ਲਾਉਣੀ ਮਹਿੰਦੀ, ਚੌਦਾਂ ਤਬਕਾਂ ਦਏ ਵਖਾਈਆ । ਮੇਰੀ ਉਮਤ ਦੀ ਕਲਾ ਹੋਣੀ ਢਹਿੰਦੀ, ਬਾਹੋਂ ਫੜ ਨਾ ਕੋਇ ਉਠਾਈਆ । ਮੇਰੀ ਆਸਾ ਧੁਰ ਦਾ ਭਾਣਾ ਹੋਵੇ ਸਹਿੰਦੀ, ਨਿਉਂ ਨਿਉਂ ਸੱਜਦਿਆਂ ਵਿਚ ਸੀਸ ਝੁਕਾਈਆ । ਆਫ਼ਤ ਧੁਰ ਦੀ ਵੇਖਿਓ ਪੈਂਦੀ, ਪੈਂਡਾ ਸਭ ਦਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਨੂਰ ਅਲਾਹੀਆ । ਬੱਤਖ਼ ਕਹੇ ਮੇਰੀਆਂ ਸੁਣ ਲਓ ਕੂਕਾਂ, ਕੂਕ ਕੂਕ ਸੁਣਾਈਆ । ਈਸਾ ਮੁਹੰਮਦ ਦੀਆਂ ਉਮਤਾਂ ਉਠਾਵਣ ਬੰਦੂਕਾਂ, ਬਦਲੇ ਵਾਸਤੇ ਲੈਣ ਅੰਗੜਾਈਆ । ਸਭ ਦੀਆਂ ਚੁਕਣੀਆਂ ਚੂਕਾਂ, ਚੂਕ ਚੂਕ ਜਣਾਈਆ । ਮੇਰੀ ਆਹ ਕਹਿੰਦੀ ਮੈਂ ਸਭ ਨੂੰ ਫੂਕਾਂ, ਫੁੰਕਾਰੇ ਅਗਨ ਵਾਲੇ ਲਗਾਈਆ । ਝਗੜਾ ਮੇਟਾਂ ਪੰਜ ਭੂਤਾਂ, ਤਤ ਤਤਾਂ ਵਿਚ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਬੱਤਖ਼ ਕਹੇ ਮੈਂ ਬੜੀ ਬਖ਼ਤਾਵਰ, ਮੈਨੂੰ ਸਭ ਨੇ ਦਿਤੀ ਵਡਿਆਈਆ । ਮੈਂ ਨੌਂ ਵਾਰ ਆਈ ਰਾਮ ਦੇ ਦਰ, ਸੀਸ ਚਰਨਾਂ ਉਤੇ ਟਿਕਾਈਆ । ਯਾਰਾਂ ਵਾਰ ਕ੍ਰਿਸ਼ਨ ਦੀ ਸਰਨੀ ਗਈ ਪੜ, ਪ੍ਰੇਮ ਤੱਕਿਆ ਸ਼ਾਮ ਧੁਰ ਦੇ ਮਾਹੀਆ । ਮੂਸੇ ਦੇ ਮੋਢਿਆਂ ਉਤੇ ਇਕ ਦਿਨ ਗਈ ਚੜ੍ਹ, ਕੰਧੇ ਉਤੇ ਬਹਿ ਕੇ ਖ਼ੁਸ਼ੀ ਬਣਾਈਆ । ਹਜ਼ਰਤ ਈਸਾ ਦੇ ਛੋਹੀ ਨਾਲ ਧੜ, ਸੀਨਾ ਸੀਨੇ ਨਾਲ ਲਗਾਈਆ । ਮੁਹੰਮਦ ਦੇ ਕੋਲ ਡਿਗੀ ਦੜ, ਬੇਹੋਸ਼ ਹੋ ਕੇ ਆਪਣੀ ਸੁਰਤ ਭੁਲਾਈਆ । ਨਾਨਕ ਤੋਂ ਮੰਗਿਆ ਵਰ, ਚਰਨ ਚੁੰਮ ਕੇ ਖ਼ੁਸ਼ੀ ਮਨਾਈਆ । ਗੋਬਿੰਦ ਨੂੰ ਉਦੋਂ ਮਿਲੀ ਜਿਸ ਵੇਲੇ ਚਮਕੌਰ ਗੜ੍ਹੀ ਵਿਚ ਗਿਆ ਵੜ, ਵੜਦਿਆਂ ਉਸ ਦਾ ਦਰਸ਼ਨ ਪਾਈਆ । ਫੇਰ ਵੇਖਿਆ ਕਿਸ ਤਰਾਂ ਉਹਦੇ ਗੁਰਮੁਖ ਰਹੇ ਲੜ, ਸੂਰਬੀਰ ਸੋਭਾ ਪਾਈਆ । ਘਮਸਾਨ ਵੇਖ ਕੇ ਗਈ ਡਰ, ਮੈਂ ਪਾਸਾ ਲਿਆ ਬਦਲਾਈਆ । ਜਿਧਰ ਮੁਹੰਮਦ ਦੀ ਸ਼ਰਅ, ਉਸ ਸ਼ਰੀਅਤ ਨੂੰ ਵੇਖਿਆ ਨੈਣ ਉਠਾਈਆ । ਫੇਰ ਮੈਨੂੰ ਇਕੋ ਦਿਸਿਆ ਦਰਾ, ਜਿਥੋਂ ਪ੍ਰਭ ਦਾ ਨੂਰ ਨਜ਼ਰੀ ਆਈਆ । ਮੈਂ ਹਿਲਾਇਆ ਆਪਣਿਆਂ ਪਰਾਂ, ਫਰਫਰਾਹਟ ਵਿਚ ਦੁਹਾਈਆ । ਫੇਰ ਮੈਨੂੰ ਗੋਬਿੰਦ ਨੇ ਦਰਸ਼ਨ ਦਿਤਾ ਜ਼ਰਾ, ਅੰਤਰ ਨੂਰ ਦਿਤਾ ਚਮਕਾਈਆ । ਮੈਨੂੰ ਪਿਆਰ ਆਇਆ ਬੜਾ, ਮੈਂ ਬਿਨਾ ਬੋਲਿਉਂ ਮੰਗ ਲਈ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਮੇਲੇ ਸਹਿਜ ਸੁਭਾਈਆ । ਬੱਤਖ਼ ਕਹੇ ਮੈਂ ਵੇਖਿਆ ਪ੍ਰੀਤਮ ਚੋਜੀ, ਚੋਜ ਨਿਰਾਲਾ ਰਿਹਾ ਕਰਾਈਆ । ਉਹ ਅਕਾਲ ਪੁਰਖ ਦਾ ਖੋਜੀ, ਦੂਸਰ ਰਾਹ ਕਦੇ ਨਾ ਜਾਈਆ । ਉਹ ਸਚ ਪ੍ਰੇਮ ਦਾ ਜੋਗੀ, ਜੋਗੀਸ਼ਰਾਂ ਵਾਲਾ ਵੇਸ ਨਾ ਕੋਇ ਵਟਾਈਆ । ਉਹ ਭਸਮੜ ਰੂਪ ਦਾ ਭੋਗੀ, ਜਗਤ ਤ੍ਰਿਸ਼ਨਾ ਨਾ ਕੋਇ ਰਖਾਈਆ । ਬੱਤਖ਼ ਕਹੇ ਮੈਂ ਉਸ ਦੇ ਸੀਸ ਨਿਵਾਇਆ ਗੋਡੀਂ, ਨਿਉਂ ਕੇ ਦਿਤਾ ਵਖਾਈਆ । ਉਸ ਵੇਲੇ ਗੋਬਿੰਦ ਨੇ ਨੌ ਸੌ ਨੜਿਨਵੇ ਨਦੀ ਦੀ ਮੇਰੇ ਅੰਦਰ ਪਿਆਰ ਦੀ ਬੂੰਦ ਸੁੱਟੀ ਮੇਰਾ ਰਿਹਾ ਕੋਇ ਨਾ ਰੋਗੀ, ਰੋਗ ਜਨਮ ਜਨਮ ਦਾ ਦਿਤਾ ਗਵਾਈਆ । ਮੈਂ ਪਿਆਰ ਨਾਲ ਕਿਹਾ ਜੇ ਮੈਂ ਇਨਸਾਨ ਹੋਵਾਂ ਜਵਾਨ ਹੋਵਾਂ ਤੇ ਮੈਂ ਤੇਰਿਆਂ ਚਰਨਾਂ ਉਤੇ ਚੜ੍ਹਾਵਾਂ ਫੁੱਲ ਗੁਲਾਬ ਦਾ ਡੋਡੀ, ਵਰਖਾ ਫੂਲਨ ਵਾਲੀ ਲਗਾਈਆ । ਫੇਰ ਬੱਤਖ਼ ਕਹੇ ਮੈਂ ਰੋ ਪਈ ਹਾਏ ਤੂੰ ਕਦੇ ਵੇਦੀ ਕਦੇ ਸੋਢੀ, ਬੰਸ ਬੰਸ ਵਿਚੋਂ ਬਦਲਾਈਆ । ਕਦੀ ਰਾਮ ਕ੍ਰਿਸ਼ਨ ਈਸਾ ਮੁਹੰਮਦ

ਮੂਸਾ ਬਣ ਕੇ ਮੌਜੀ, ਮੌਜ ਆਪਣੀ ਦਿਤੀ ਵਖਾਈਆ । ਮੈਨੂੰ ਐਂ ਜਾਪਦਾ ਮੇਰਿਆ ਮਾਲਕਾ ਤੂੰ ਬੜਾ ਆਪਣੀ ਸਿਫ਼ਤ ਦਾ ਲੋਭੀ, ਜੁਗ ਜੁਗ ਨਾਮ ਕਲਮੇ ਦਏਂ ਬਦਲਾਈਆ । ਮੈਂ ਚਾਹੁੰਦੀ ਮੇਰਾ ਇਕ ਪਾਸਾ ਲਾਲ ਤੇ ਇਕ ਪਾਸਾ ਚਿੱਟਾ ਤੇ ਜੇ ਤੂੰ ਸਚ ਦਾ ਬਣ ਜਾਏਂ ਧੋਬੀ, ਇਕੋ ਰੰਗ ਦਏਂ ਰੰਗਾਈਆ । ਪੁਰਖ ਅਕਾਲ ਕਿਹਾ ਕਮਲੀਏ ਮੈਂ ਸਦੀ ਚੌਧਵੀਂ ਫੇਰ ਸਭ ਦਾ ਬਣਨਾ ਮੋਢੀ, ਮੁਢਲਾ ਭੇਵ ਦਿਆਂ ਖੁਲ੍ਹਾਈਆ । ਪਿਛਲੀ ਸ਼ਰਅ ਨੂੰ ਦੇਵਾਂ ਡੋਬੀ, ਡੁੱਬਦਿਆਂ ਪਾਰ ਨਾ ਕੋਇ ਕਰਾਈਆ । ਦੀਨ ਮਜ਼੍ਹਬ ਦੀ ਰਹਿਣ ਨਹੀਂ ਦੇਣੀ ਕੋਈ ਬੋਗੀ, ਬੋਗਸ ਝਗੜੇ ਦੇਣੇ ਚੁਕਾਈਆ । ਆਪਣੇ ਨਾਮ ਦੀ ਟਕਿਆ ਵਾਲੀ ਰਹਿਣ ਨਹੀਂ ਦੇਣੀ ਪਰੋਹਤੀ, ਪਰਮਾਨੰਦ ਇਕੋ ਦੇਣਾ ਵਖਾਈਆ । ਮੇਰੀ ਆਦਿ ਅੰਤ ਦੀ ਇਕੋ ਸਿਖਿਆ ਬਹੁਤੀ, ਜੋ ਆਤਮ ਪਰਮਾਤਮ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਬੱਤਖ਼ ਕਹੇ ਜਨ ਭਗਤੋ ਗੁਰਮੁਖੋ ਗੁਰਸਿਖੋ ਸੂਫ਼ੀਓ ਫ਼ਕੀਰੋ ਮੈਂ ਨਿਮਾਣੀ, ਬੱਧੀ ਦੇਵਾਂ ਦੁਹਾਈਆ । ਓ ਤੁਸੀਂ ਚਲਦੇ ਫਿਰਦੇ ਆਪਣੇ ਵਿਚੋਂ ਲੱਭ ਲਉ ਆਪਣਾ ਹਾਣੀ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਉਹ ਤੁਹਾਡਾ ਮਾਲਕ ਜੇ ਤੁਸੀਂ ਉਸ ਦੀ ਬਣ ਜਾਓ ਰਾਣੀ, ਦੋਹਾਂ ਦੀ ਰਈਅਤ ਇਕੋ ਨਜ਼ਰੀ ਆਈਆ । ਨਾ ਕੋਈ ਕਥਾ ਰਹਿ ਜਾਏ ਤੇ ਨਾ ਕੋਈ ਕਹਾਣੀ, ਨਾ ਕੋਈ ਪੜ੍ਹਨੀ ਪਏ ਵੇਦ ਪੁਰਾਣੀ, ਨਾ ਕੋਈ ਆਸਾ ਰੱਖੇ ਜੀਵ ਅੰਜੀਲ ਕੁਰਾਨੀ, ਕਾਇਆ ਦਾ ਕੁਰਹ ਇਕੋ ਵੇਖੇ ਬੇਪਰਵਾਹੀਆ । ਜਿਥੇ ਚਮਕੇ ਜੋਤ ਨੂਰ ਨੁਰਾਨੀ, ਝਗੜਾ ਮੁਕ ਜਾਏ ਜ਼ਿਮੀਂ ਅਸਮਾਨੀ, ਮਿਲ ਜਾਏ ਮੁਹੱਬਤ ਵਿਚ ਰੁਹਾਨੀ, ਰੂਹ ਬੁਤ ਵਿਚ ਮਹਿਬੂਬ ਨਜ਼ਰੀ ਆਈਆ । ਬੱਤਖ਼ ਕਹੇ ਕੋਈ ਝਗੜਾ ਨਾ ਕਰਿਉ ਜਿਸਮਾਨੀ, ਇਹ ਦੁਨੀਆ ਦਿਸੇ ਫ਼ਾਨੀ, ਝਗੜਿਆਂ ਵਾਲੀ ਕਲਾਮੀ, ਸਾਹਿਬ ਦੀ ਬਦਨਾਮੀ, ਜੇ ਮਿਲ ਜਾਏ ਪੁਰਖ ਅਨਾਮੀ, ਫੇਰ ਅੱਲਾ ਵਾਹਿਗੁਰੂ ਰਾਮ ਹਰੀਓਮ ਤਤ ਸਤਿ ਦੀ ਲੋੜ ਰਹੇ ਨਾ ਰਾਈਆ । ਕਿਉਂ ਉਹ ਸਭ ਦਾ ਅੰਤਰਜਾਮੀ, ਕਦੇ ਕਰੇ ਨਾ ਬੇਈਮਾਨੀ, ਇਕ ਗੱਲ ਉਹ ਕਦੇ ਕਦੇ ਜ਼ਰੂਰ ਆਪਣੇ ਨਾਮ ਦੀ ਕਰਦਾ ਨੀਲਾਮੀ, ਜਗਤ ਦੇ ਠੇਕੇਦਾਰ ਸਾਰੇ ਲਏ ਬੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਦਾਤਾ ਇਕ ਅਖਵਾਈਆ । ਕਲਜੁਗ ਕਹੇ ਓਹ ਬੱਤਖ਼ ਦੁਰੰਗੀ, ਮੇਰੀ ਸਦੀ ਚੌਧਵੀਂ ਧਿਆਨ ਲਗਾਈਆ । ਯਾਦ ਕਰ ਲੈ ਮੈਂ ਲੜਾਉਣੇ ਉਮਤੀ ਤੇ ਫ਼ਰੰਗੀ, ਫ਼ਾਰਸ ਵਿਚ ਝਗੜਾ ਦੇਣਾ ਪਾਈਆ । ਓ ਕਮਲੀਏ ਤੂੰ ਜਿਸ ਤਰਾਂ ਦੋ ਟੰਗੀ, ਓਸੇ ਤਰਾਂ ਦੋ ਧੜ ਸ੍ਰਿਸ਼ਟੀ ਦੇਣੀ ਵਖਾਈਆ । ਕਿਸੇ ਪਾਸਿਉਂ ਪੌਣ ਆਉਣ ਦੇਣੀ ਨਹੀਂ ਠੰਡੀ, ਸਮੁੰਦਰ ਸੱਤ ਦੇਣੇ ਤਪਾਈਆ । ਆਹ ਵੇਖ ਅਵਤਾਰ ਪੈਗ਼ੰਬਰ ਗੁਰੂ ਆਉਂਣੇ ਪਿਛਲੀ ਧਾਰ ਲੰਘੀ, ਆਪਣਾ ਪੰਧ ਮੁਕਾਈਆ । ਕਿੱਡੀ ਸੋਹਣੀ ਗੱਲ ਮੁਹੰਮਦ ਦੀ ਖ਼ਾਹਿਸ਼ ਅੱਲਾ ਰਾਣੀ ਵਾਹਵੇ ਕੰਘੀ, ਸੋਹਣਾ ਸੀਸ ਗੁੰਦਾਈਆ । ਓਧਰੋਂ ਧਰਮ ਦੀ ਧਾਰ ਹਿੰਦਵਾਇਣ ਪਾਵੇ ਗਲ ਅੰਗੀ, ਬਟਨ ਪਿਛੇ ਰਹੀ ਵਖਾਈਆ । ਪੁਰਖ ਅਕਾਲ ਬੜਾ ਢੰਗੀ, ਆਪਣਾ ਭੇਵ ਨਾ ਕਿਸੇ ਸਮਝਾਈਆ । ਅੱਜ ਰਾਤ ਨੂੰ ਉਸ ਨੇ ਬਿਨਾ ਅੱਖਰਾਂ ਤੋਂ ਸ਼ਬਦ ਸੰਦੇਸ਼ਾ ਦੇਣਾ ਉਹ ਡਾਕ ਘੱਲਣੀ ਬੇਰੰਗੀ, ਕਿਸੇ ਡਾਕਖ਼ਾਨੇ ਵਿਚੋਂ ਹੱਥ ਕਦੇ ਨਾ ਆਈਆ । ਉਹਦੇ ਨਾਲ ਲਮਕਦੀ ਹੋਣੀ ਸ਼ਰਅ ਦੀ ਚੰਡੀ, ਪਰਚੰਡ ਰੂਪ ਬਣਾਈਆ । ਮੈਨੂੰ ਐਂ ਦਿਸਦਾ ਉਸ ਨੇ ਲੱਖਣ ਦੀਪ ਵਿਚ ਪਾਉਣੀ ਆਪਣੀ ਵੰਡੀ, ਕਰੌਚ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ

ਦਾ ਸੰਦੇਸ਼ਾ ਸਚ ਵਿਚ ਜਣਾਈਆ । ਕਲਜੁਗ ਕਹੇ ਬੱਤਖ਼ੇ ਕਿਤੇ ਮੇਰਾ ਨਾ ਦੱਸੀਂ ਭੇਤ, ਓ ਕਮਲੀਏ ਤੈਨੂੰ ਦਿਆਂ ਜਣਾਈਆ । ਉਹ ਯਾਦ ਕਰ ਲੈ ਮੈਂ ਗੁਰ ਅਰਜਨ ਦੇ ਸੀਸ ਵਿਚ ਪਵਾਈ ਤਤੀ ਰੇਤ, ਲੋਹਾਂ ਉਤੇ ਬਹਾਈਆ । ਤੇਗ਼ ਬਹਾਦਰ ਦਾ ਸਿਰ ਧੜ ਕਰਾਇਆ ਖੇਤ, ਖੇਤੀ ਜਗਤ ਵਾਲੀ ਲਗਾਈਆ । ਗੋਬਿੰਦ ਦੇ ਬੱਚੇ ਨੀਹਾਂ ਹੇਠ ਕਰਕੇ ਭੇਟ, ਭੇਟਾ ਧਰਤੀ ਦੀ ਪੂਰ ਕਰਾਈਆ । ਹੁਣ ਮੈਂ ਵੇਖ ਸਿੰਘਾਸਣ ਡਾਹ ਕੇ ਗਿਆ ਲੇਟ, ਕਲਜੁਗ ਕਹੇ ਮੈਂ ਕਾਲਾ ਰੰਗ ਬਦਲਾਈਆ । ਜ਼ਰਾ ਮੈਨੂੰ ਤਕ ਲੈ ਨੇਤਨ ਨੇਤ, ਨੇਤੀ ਵਾਲੇ ਨਾਲ ਲੈਣੇ ਮਿਲਾਈਆ । ਮੇਰਾ ਅਗਲਾ ਜਲਵਾ ਲੈਣਾ ਵੇਖ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਮੈਂ ਹੁਣ ਬਦਲਣ ਵਾਲਾ ਭੇਖ, ਭੇਖਾਧਾਰੀ ਹੋ ਕੇ ਭੱਜਾਂ ਵਾਹੋ ਦਾਹੀਆ । ਉਠਾਉਣੇ ਸ਼ਰਅ ਵਾਲੇ ਮੁੱਲਾਂ ਸ਼ੇਖ਼, ਮੁਸਾਇਕ ਦੇਣੇ ਹਿਲਾਈਆ । ਸ਼ਰਅ ਦੇ ਉਤੇ ਦੇਣੇ ਵੇਚ, ਕੀਮਤ ਟਕਿਆਂ ਵਾਲੀ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਸਾਹਿਬ ਇਕ ਅਖਵਾਈਆ । ਬੱਤਖ਼ ਕਹੇ ਕਲਜੁਗ ਮੈਂ ਮੂਲ ਨਾ ਭੁੱਲੀ, ਓਏ ਭੁੱਲਿਆਂ ਦਿਆਂ ਦ੍ਰਿੜਾਈਆ । ਮੈਨੂੰ ਯਾਦ ਆਉਂਦੀ ਰਵਦਾਸ ਵਾਲੀ ਕੁੱਲੀ, ਕੱਖਾਂ ਸੋਭਾ ਪਾਈਆ । ਸੁਦਾਮੇ ਦੀ ਦਿਸਦੀ ਪਾਟੀ ਜੁੱਲੀ, ਬਿਦਰ ਦਾ ਅਲੂਣਾ ਸਾਗ ਦਏ ਦੁਹਾਈਆ । ਮੈਨੂੰ ਐਂ ਜਾਪਦਾ ਜਿੰਨਾਂ ਚਿਰ ਸਾਹਿਬ ਮਿਲਿਆ ਨਾ ਸੁਲਹਕੁਲੀ, ਕੁਲ ਮਾਲਕ ਨੂਰ ਇਲਾਹੀਆ । ਓਨਾਂ ਚਿਰ ਮੈਂ ਕਿਸੇ ਤੋਲ ਨਹੀਂ ਤੁਲੀ, ਜਗਤ ਤਰਾਜੂ ਕੰਮ ਕੋਇ ਨਾ ਆਈਆ । ਮੇਰੀ ਜਨਮ ਜਨਮ ਦੀ ਕੋਟਨ ਵਾਰ ਫੁਲਵਾੜੀ ਹੁੱਲੀ, ਸਾਚੀ ਰੁਤ ਨਾ ਕੋਇ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਬੱਤਖ਼ ਕਹੇ ਮੈਨੂੰ ਕਲਜੁਗ ਦਾ ਕਰ ਲੈਣ ਦੇ ਦੀਦਾਰ, ਦੀਦਾ ਦਾਨਿਸਤਾ ਧਿਆਨ ਲਗਾਈਆ । ਸਾਰੇ ਹੋ ਜਾਓ ਖ਼ਬਰਦਾਰ, ਸੋਇਆ ਰਹਿਣ ਕੋਇ ਨਾ ਪਾਈਆ । ਇਹ ਵੀ ਮੁਹੰਮਦ ਦਾ ਯਾਰ, ਚਹੁੰ ਯਾਰਾਂ ਤੋਂ ਬਾਹਰ ਵੰਡ ਵਖਾਈਆ । ਜਿਸ ਨੂੰ ਮਦਦ ਦੇਵੇ ਇਸਤਗ਼ਫ਼ਾਰ ਮਹਿਬੂਬੇ ਆਲਮ ਇਕ ਅਖਵਾਈਆ । ਉਸ ਨੂੰ ਕਰਾਂ ਜਾ ਕੇ ਨਿਮਸਕਾਰ, ਸੱਯਦੇ ਵਿਚ ਸੀਸ ਝੁਕਾਈਆ । ਓਏ ਕਲਜੁਗਾ ਵੇਖੀਂ ਕਿਤੇ ਜਾਨਵਰਾਂ ਦਾ ਫੇਰ ਨਾ ਕਰੀਂ ਸ਼ਿਕਾਰ, ਸ਼ਿਕਾਰੀ ਬਣ ਕੇ ਸਭ ਦੇ ਸੀਸ ਕਟਾਈਆ । ਬਣ ਨਾ ਬੁਰਿਆਰ, ਕੂੜੀ ਨੀਤੀ ਲੈਣੀ ਬਦਲਾਈਆ । ਔਹ ਵੇਖ ਸੱਚੀ ਸਰਕਾਰ, ਹਰਿ ਕਰਤਾ ਧੁਰਦਰਗਾਹੀਆ । ਪੈਗ਼ੰਬਰ ਗੁਰੂ ਅਵਤਾਰ, ਉੱਤਰ ਪੂਰਬ ਪੱਛਮ ਦੱਖਣ ਭੱਜਣ ਵਾਹੋ ਦਾਹੀਆ । ਉਨ੍ਹਾਂ ਫਿਰਨਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਮੇਰੀ ਇਕੋ ਵਾਰ ਪੁਕਾਰ, ਕੂਕ ਕੂਕ ਦਿਆਂ ਸੁਣਾਈਆ । ਤੁਸੀਂ ਪੰਛੀ ਪੰਖੀ ਜਾਨਵਰ ਉਡਣਹਾਰ, ਉਡ ਉਡ ਆਪਣਾ ਝਟ ਲੰਘਾਈਆ । ਵੇਖੋ ਕਲਜੁਗ ਦੀ ਕਰਨੀ ਨੇ ਮੈਨੂੰ ਕੀਤਾ ਗ੍ਰਿਫ਼ਤਾਰ, ਮੈਂ ਚਾਹੁੰਦੀ ਕਲਜੁਗ ਵਿਚ ਗਿਫ਼ਟ ਤੈਨੂੰ ਭੇਟ ਦੇਣ ਚੜ੍ਹਾਈਆ । ਤੂੰ ਫੇਰ ਮੇਰੇ ਸਾਹਿਬ ਨੂੰ ਮੇਰੇ ਵੱਲੋਂ ਕਰੀਂ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਜੇ ਉਹ ਮੰਨ ਜਾਏ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰਦਰਗਾਹੀਆ । ਫੇਰ ਮੈਨੂੰ ਜਨਮ ਲੈਣਾ ਪਏ ਨਾ ਦੂਜੀ ਵਾਰ, ਸਚਖੰਡ ਉਡ ਕੇ ਜਾਵਾਂ ਚਾਈਂ ਚਾਈਆ । ਉਥੇ ਮਿਲਾਂ ਉਸ ਅਗੰਮੀ ਯਾਰ, ਜੋ ਯਰਾਨਾ ਧੁਰ ਦਾ ਰਿਹਾ ਲਗਾਈਆ । ਹੁਣ ਭਗਤੋ ਬਾਰਾਂ ਵੱਜ ਗਏ ਕਰ ਲਓ ਆਪਣਾ ਵਿਹਾਰ, ਵਿਵਹਾਰੀ ਰਿਹਾ ਸੁਣਾਈਆ । ਇਕੋ ਇਕ ਤੇ ਇਕੋ ਪੁਰਖ ਅਕਾਲ ਦੀ ਧਾਰ, ਇਕੋ ਸ਼ਬਦ ਗੁਰੂ ਜੋ ਆਦਿ ਜੁਗਾਦਿ ਦਾ ਅਵਤਾਰ, ਅਵਤਰੀ ਆਪਣੀ

੧੦੩੫ ੨੨

ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਆਪਣੇ ਹੱਥ ਰਖਾਈਆ । ਸਦੀ ਚੌਧਵੀਂ ਦੀ ਗੋਲੀ ਗਾਂ ਦੀ ਉਠਾਏ ਮੂਰਤੀ, ਮੂਰਤ ਅਕਾਲ ਧਿਆਨ ਲਗਾਈਆ । ਅੱਗੇ ਆਵੇ ਮੰਜ਼ਲ ਮੁਕੇ ਦੂਰ ਦੀ, ਨੇਰਨ ਨੇਰਾ ਪੰਧ ਚੁਕਾਈਆ । ਖੇਲ ਵੇਖੇ ਹਾਜ਼ਰ ਹਜ਼ੂਰ ਦੀ, ਜੋ ਹਜ਼ਰਤਾਂ ਤੋਂ ਬਾਹਰ ਸਮਝਾਈਆ । ਜਿਸ ਨੇ ਸਦੀ ਚੌਧਵੀਂ ਦੀ ਸ਼ਰਅ ਮੇਟਣੀ ਗਾਂ ਸੂਰ ਦੀ, ਸੂਰ ਗਾਂ ਖਾਣ ਵਾਲਾ ਰਹਿਣ ਕੋਇ ਨਾ ਪਾਈਆ । ਆਵਾਜ਼ ਸੁਣਾਉਣੀ ਅਗੰਮੀ ਤੂਰ ਦੀ, ਤੁਰੀਆ ਤੋਂ ਬਾਹਰ ਜਣਾਈਆ । ਝਲਕ ਦ੍ਰਿੜਾਉਣੀ ਆਪਣੇ ਨੂਰ ਦੀ, ਨੂਰ ਨੁਰਾਨਾ ਦਏ ਵਖਾਈਆ । ਸਭ ਦੀ ਮੰਜ਼ਲ ਮੁਕਾਉਣੀ ਕੋਹਤੂਰ ਦੀ, ਗ੍ਰਿਹਿ ਇਕੋ ਇਕ ਜਣਾਈਆ । ਜਿਥੇ ਸ਼ਰਅ ਨਹੀਂ ਕੋਇ ਮਜ਼ਬੂਰ ਦੀ, ਮੰਜ਼ਲ ਪੰਧ ਨਾ ਕੋਇ ਵਧਾਈਆ । ਉਥੇ ਆਵਾਜ਼ ਨਹੀਂ ਕਿਸੇ ਤੰਬੂਰ ਦੀ, ਰਾਗਣੀ ਰਾਗ ਕੋਇ ਨਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਸਦੀ ਚੌਧਵੀਂ ਦੀ ਗੋਲੀ ਖਾ ਲੈ ਸੋਗੰਦ, ਸੁਗੰਧ ਅੰਤਰ ਆਤਮ ਵੇਖ ਵਖਾਈਆ । ਤੂੰ ਅੱਜ ਤੋਂ ਸ਼ਰਅ ਦੀ ਰਹੀ ਨਹੀਂ ਪਾਬੰਦ, ਮੁਹੰਮਦ ਨੂੰ ਸੰਦੇਸ਼ਾ ਦੇਣਾ ਚਾਈਂ ਚਾਈਂਆ । ਚੌਦਾਂ ਗੁਰਮੁਖ ਹੱਥਾਂ ਵਿਚ ਉਠਾ ਲਓ ਚੌਦਾਂ ਚੰਦ, ਚੰਦ ਸਤਾਰਾ ਲੇਖਾ ਦੇਣਾ ਮੁਕਾਈਆ । ਕਲਜੁਗ ਕੂੜਾ ਰਹੇ ਨਾ ਰੰਗ, ਰੰਗਤ ਇਕੋ ਦੇਣੀ ਚੜ੍ਹਾਈਆ । ਮਨੂਆ ਮਮਤਾ ਵਿਚ ਨੱਚੇ ਨਾ ਬਣ ਮਲੰਗ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਚਾਰ ਯਾਰੀ ਦਾ ਰਹਿਣਾ ਨਹੀਂ ਸੰਗ, ਸਗਲਾ ਸੰਗ ਨਾ ਕੋਇ ਬਣਾਈਆ । ਜਿਸ ਕਾਰਨ ਗੋਬਿੰਦ ਨੇ ਛੱਡਿਆ ਪੁਰੀ ਅਨੰਦ, ਅਨੰਦ ਪ੍ਰਭ ਦੇ ਵਿਚ ਸਮਾਈਆ । ਉਹ ਖੇਲ ਕਰੇ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਦੀ ਗੋਲੀ ਆਸਰਾ ਤਕਣਾ ਨਹੀਂ ਕਦੇ ਮਜ਼੍ਹਬ, ਹੁਕਮ ਧੁਰਦਰਗਾਹੀਆ । ਸਭ ਨੂੰ ਇਕੋ ਜਿਹਾ ਕਰਨਾ ਅਦਬ, ਵੱਡੇ ਛੋਟਿਆਂ ਸੀਸ ਨਿਵਾਈਆ । ਧਰਤੀ ਉਤੇ ਧਰਨੀ ਉਤੇ ਧੌਲ ਉਤੇ ਧਰਮ ਦਾ ਚੁੱਕਣਾ ਕਦਮ, ਕਦਮ ਕਦਮ ਨਾਲ ਬਦਲਾਈਆ । ਕਦੇ ਝਗੜਾ ਨਹੀਂ ਪਾਉਣਾ ਬਦਨ, ਮਾਟੀ ਖ਼ਾਕ ਖ਼ਾਕ ਵਿਚ ਰੁਲਾਈਆ । ਤੇਰੇ ਮਹਿਬੂਬ ਦਾ ਨੂਰੀ ਖ਼ੁਦਾ ਦਾ ਖ਼ੁਦ ਮਾਲਕ ਦਾ ਇਕੋ ਅਦਲ, ਇਨਸਾਫ਼ ਰਿਹਾ ਕਰਾਈਆ । ਸਭ ਦਾ ਸਾਂਝਾ ਪਿਆਰ ਵਾਲਾ ਹੁੱਬੇ ਵਤਨ, ਬੇਵਤਨ ਨਜ਼ਰ ਕੋਇ ਨਾ ਆਈਆ । ਜਿਸ ਦੇ ਅੱਗੇ ਕਿਸੇ ਦਾ ਚਲਣਾ ਨਹੀਂ ਕੋਈ ਯਤਨ, ਯਥਾਰਥ ਆਪਣਾ ਹੁਕਮ ਸੁਣਾਈਆ । ਜਿਸ ਨੇ ਚੌਦਾਂ ਲੋਕ ਚੌਦਾ ਤਬਕ ਲੇਖੇ ਲਾਉਣੇ ਚੌਦਾਂ ਰਤਨ, ਚੌਦਸ ਚੰਦ ਨਾਲ ਵਡਿਆਈਆ । ਉਸ ਮਾਹੀ ਦਾ ਇਕੋ ਦਵਾਰਾ ਤੇ ਇਕੋ ਪੱਤਨ, ਘਾਟ ਇਕੋ ਦਏ ਵਖਾਈਆ । ਜਿਸ ਨੂੰ ਜੁਗ ਚੌਕੜੀ ਕੋਈ ਲਖ ਨਾ ਸਕਿਆ ਬਣ ਕੇ ਲੱਖਣ, ਕੋਟਨ ਕੋਟ ਧਿਆਨ ਲਗਾਈਆ । ਉਹ ਸੁਭਾਵਕ ਹੀ ਕਲਜੁਗ ਦੀ ਕਿਰਿਆ ਨੂੰ ਆਇਆ ਮਥਣ, ਨਾਮ ਮਧਾਣਾ ਹੱਥ ਉਠਾਈਆ । ਹੁਕਮੇ ਅੰਦਰ ਉਲਟੀ ਗੇੜੇ ਲੱਠਣ, ਚਾਰ ਕੁੰਟ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਦੀ ਗੋਲੀ ਖਾ ਲੈ ਕਸਮ, ਕਸਮ ਨਾਲ ਸੁਣਾਈਆ । ਝਗੜਾ ਰਹਿਣ ਨਹੀਂ ਦੇਣਾ ਮਾਟੀ ਭਸਮ, ਜਿਸਮ ਜਿਸਮਾਨੀ ਝਗੜਾ ਦੇਣਾ ਚੁਕਾਈਆ । ਜੋ ਸਭ ਦੀ ਪਤ ਆਏ ਰੱਖਣ, ਰੱਖਕ ਹੋ ਕੇ ਵੇਖ ਵਖਾਈਆ । ਜਾ ਨਿਗਹ ਮਾਰਿਓ ਦਿਸ਼ਾ

ਦੱਖਣ, ਕੀ ਕਲ ਦਏ ਵਰਤਾਈਆ । ਕਿਉਂ ਜਿਹੜਾ ਕਲਜੁਗ ਦੀ ਜੜ੍ਹ ਆਇਆ ਪੱਟਣ, ਪਟਨੇ ਵਾਲਾ ਨਾਲ ਮਿਲਾਈਆ । ਅੱਗੇ ਵਾਸਤੇ ਪੁਰਖ ਅਕਾਲ ਦੀਨ ਦਿਆਲ ਸਤਿ ਧਰਮ ਦੀ ਚਲਾਉਣੀ ਰਸਮ, ਰਿਵਾਜ ਰਸਮ ਇਕੋ ਦੇਣਾ ਬਦਲਾਈਆ । ਉਹ ਇਕੋ ਨੂਰ ਨੂੰ ਸਾਰੇ ਵੇਖਣ ਇਕੋ ਨੂਰੇ ਚਸ਼ਮ, ਚਸ਼ਮ ਦੀਦ ਹੋ ਕੇ ਸੋਭਾ ਪਾਈਆ । ਉਹਦੇ ਕੋਲ ਚੁਰਾਸੀ ਲੱਖ ਦੀ ਜ਼ਿੰਦਗੀ ਦਾ ਬਟਨ, ਜਿਸ ਵੇਲੇ ਚਾਹੇ ਦਏ ਦਬਾਈਆ । ਉਸ ਦੇ ਹੁਕਮੇ ਅੰਦਰ ਸਾਰੇ ਜੀਵ ਜਗਤ ਜਹਾਨ ਵਿਚ ਦਿਨ ਕਟਣ, ਪਲੂ ਸਕੇ ਨਾ ਕੋਇ ਛੁਡਾਈਆ । ਜਿਸ ਦਾ ਨਾਮ ਕਲਮਾ ਕਰਦੇ ਆਏ ਰੱਟਣ, ਰੱਟੇ ਜਗਤ ਵਾਲੇ ਰਖਾਈਆ । ਉਹ ਸਭ ਦਾ ਲੇਖਾ ਹਿਸਾਬ ਕਿਤਾਬ ਆਇਆ ਠੱਪਣ, ਠੱਪਾ ਆਪਣਾ ਨਾਮ ਮੋਹਰ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਦੀ ਗੋਲੀ ਮਾਰ ਦੇ ਨਾਅਰਾ, ਨਾਅਰਾ ਹੱਕ ਇਕ ਜਣਾਈਆ । ਤੇਰਾ ਅਮਾਮ ਬਣਿਆ ਸਿਕਦਾਰਾ, ਜਿਨ੍ਹ ਸਿੱਕਮ ਤੋਂ ਅਗਲੇ ਬੰਨੇ ਛੇੜ ਦੇਣੀ ਛਿੜਾਈਆ । ਜਿਸ ਦਾ ਖੰਡਾ ਹੋਣਾ ਦੋ ਧਾਰਾ, ਖੜਗ ਖੜਗ ਨਾਲ ਟਕਰਾਈਆ । ਉਸ ਫਿਰਨਾ ਜੰਗਲ ਜੂਹ ਉਜਾੜ ਟਿੱਲੇ ਪਰਬਤ ਪਹਾੜਾ, ਚਰਨਾਂ ਹੇਠ ਦਬਾਈਆ । ਉਸ ਖੇਲ ਕਰਨਾ ਇਸਤਰੀ ਪੁਰਸ਼ ਪੁਰਸ਼ ਵਿਚ ਨਾਰੀ ਨਾਰਾ, ਨਰ ਨਰਾਇਣ ਆਪਣਾ ਹੁਕਮ ਵਰਤਾਈਆ । ਜਿਸ ਦਾ ਸਾਢੇ ਤਿੰਨ ਹੱਥ ਦਾ ਅੰਤਮ ਦਾਇਰਾ, ਦਾਹਵੇਦਾਰ ਰਹਿਣ ਕੋਇ ਨਾ ਪਾਈਆ । ਯਾਦ ਰੱਖਿਓ ਅੱਗ ਭੜਕਣੀ ਹੁਣ ਵਿਚ ਕਾਹਿਰਾ, ਕਾਇਮ ਮੁਕਾਮ
੧੦੩੭ ਦਾ ਮਾਲਕ ਦਏ ਸੁਣਾਈਆ । ਕੋਈ ਕੰਨਾਂ ਤੋਂ ਨਾ ਰਿਹੋ ਬਹਿਰਾ, ਬਹਰਹਾਲ ਦਾ ਭੇਵ ਦਏ ਜਣਾਈਆ । ਅੱਜ ਅਵਤਾਰਾਂ ਪੈਗ਼ੰਬਰਾਂ ਗੁਰੂਆਂ ੧੦੩੭
ਦਾ ਇਕੱਠਾ ਹੋਣਾ ਮੁਸ਼ਾਹਿਰਾ, ਸਾਰੇ ਆਪਣਾ ਆਪਣਾ ਲੇਖਾ ਦੇਣ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ
੨੨ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਦੀ ਗੋਲੀ ਕਹੇ ਐ ਮਾਲਕ, ਮੈਂ ਚਾਹੁੰਦੀ ਸਭ ਨੂੰ ਦੇ ਦੇ ਵਜੀਫਾ, ਦਰਗਹ ੨੨
ਦੀ ਬਖ਼ਸ਼ ਵਡਿਆਈਆ । ਕਿਉਂ ਇਨ੍ਹਾਂ ਤੇਰੇ ਨਾਮ ਦਾ ਅੱਲਾ ਹੂ ਅੰਨਾ ਹੂ ਦਾ ਗਾਇਆ ਲਤੀਫਾ, ਲੁਤਫ ਆਪਣਾ ਲੈ ਕੇ ਜਗਤ ਨੂੰ ਗਏ ਲੜਾਈਆ । ਬਣਾ ਕੇ ਮੁਨਾਰਿਆਂ ਵਾਲੀਆਂ ਮਸੀਤਾਂ, ਮੁਸਲਸਲ ਤੇਰਾ ਝਗੜਾ ਰਹੇ ਪਾਈਆ । ਨਾਲੇ ਤੀਸ ਬਤੀਸ ਗਾਉਂਦੇ ਤੇ ਤੇਰੇ ਘਰ ਦੀਆਂ ਕਰਦੇ ਤਾਰੀਫਾਂ, ਤਾਰੀਫ ਵਿਚ ਤਾਰੀਕ ਅੰਧੇਰਾ ਗਿਆ ਛਾਈਆ । ਮੈਂ ਚਾਹੁੰਦੀ ਨਾ ਕੋਈ ਕਲਮਾ ਰਹੇ ਨਾ ਕੋਇ ਰਹੇ ਵਸੀਅਤਾ, ਇਕੋ ਤੇਰਾ ਵਸਲ ਵਸਲੇ ਯਾਰ ਨਜ਼ਰੀ ਆਈਆ । ਤੇਰੇ ਨਾਲ ਹੋਵਣ ਹੱਕ ਦੀਆਂ ਪ੍ਰੀਤਾਂ, ਪ੍ਰੀਤਮ ਤੈਨੂੰ ਮਿਲ ਕੇ ਵੱਜੇ ਵਧਾਈਆ । ਮੈਂ ਚਾਹੁੰਦੀ ਪਿਛਲੀਆਂ ਸਾਰੀਆਂ ਬਦਲ ਦੇ ਰੀਤਾਂ, ਰੀਤਾ ਇਕੋ ਦੇ ਵਖਾਈਆ । ਜਿਥੇ ਮਿਲੇ ਵਡਿਆਈ ਹਸਤ ਕੀਟਾ, ਊਚ ਨੀਚ ਦਾ ਝਗੜਾ ਦੇਣਾ ਚੁਕਾਈਆ । ਕਿਉਂ ਤੂੰ ਮਾਲਕ ਲੱਖ ਚੁਰਾਸੀ ਜੀਵ ਜੀਅ ਕਾ, ਜੀਵਣ ਤੇਰੀ ਝੋਲੀ ਪਾਈਆ । ਮਹਿਬੂਬ ਤੇਰੀਆਂ ਹੱਕ ਤਾਰੀਫਾਂ, ਤੇਰੀ ਤਾਬਿਆਦਾਰੀ ਵਿਚ ਸੀਸ ਨਿਵਾਈਆ । ਮੇਰੀਆਂ ਆਸਾਂ ਪੂਰੀਆਂ ਕਰ ਦੇ ਉਮੀਦਾਂ, ਤੇਰੀ ਆਮਦ ਵਿਚ ਰਾਹ ਤਕਾਂ ਨੈਣ ਉਠਾਈਆ । ਤੇਰੀ ਸਿਫ਼ਤ ਕਰੇ ਕੁਰਾਨ ਮਜੀਦਾ, ਮਜਮੂਆ ਅੱਖਰਾਂ ਵਾਲਾ ਬਣਾਈਆ । ਅਲਿਫ਼ ਵਾਲੇ ਚੌਦਾਂ ਹਿੱਸੇ ਸ਼ਰਅ ਵਾਲੀ ਛਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਦੀ ਗੋਲੀ ਕਹੇ ਆ ਮੇਰੇ ਮੁਹੰਮਦ ਪੈਗ਼ੰਬਰ, ਪਰਾ ਪਸੰਤੀ ਮਧਮ ਬੈਖਰੀ ਤੋਂ

ਬਾਹਰ ਜਣਾਈਆ । ਉਠ ਵੇਖ ਪੁਰਾਣੀਆਂ ਰੀਤੀਆਂ ਵਾਲਾ ਅੱਜ ਰਚਣ ਲੱਗਾ ਸੁਅੰਬਰ, ਸੁਬਹ ਸ਼ਾਮ ਦਾ ਵਕਤ ਚੁਕਾਈਆ । ਜਿਸ ਨੇ ਦੀਨਾਂ ਮਜ਼੍ਹਬਾਂ ਦਾ ਬਣਾਇਆ ਅਡੰਬਰ, ਟੁਕੜੇ ਟੁਕੜੇ ਦਿਤੇ ਕਰਾਈਆ । ਉਹ ਸਭ ਦਾ ਸਾਂਝਾ ਵਖਾਉਣ ਲੱਗਾ ਮੰਦਰ, ਕਾਇਆ ਕਾਅਬਾ ਦਏ ਸਮਝਾਈਆ । ਜਿਸ ਦੀ ਇਕੋ ਕੁੰਜੀ ਤੇ ਨਾਮ ਤੇ ਇਕੋ ਵੱਜਾ ਜੰਦਰ, ਵੱਖ ਵੱਖ ਤਾਲੇ ਨਾ ਕੋਇ ਬਣਾਈਆ । ਉਸ ਸੱਤ ਰੰਗ ਡੰਡੇ ਨਾਲ ਮਨ ਰੋਕਣਾ ਭਵੇ ਨਾ ਦਹਿ ਦਿਸ਼ਾ ਉਠ ਕੇ ਬੰਦਰ, ਬੰਦਗੀ ਆਪਣੀ ਦੇਣੀ ਸਮਝਾਈਆ । ਘਰ ਵਿਚ ਘਰ ਵਖਾ ਦੇਵੇ ਤੇ ਵਖਾਵੇ ਸੂਰੀਆ ਚੰਦਰ, ਕੋਟਨ ਕੋਟ ਭਾਨ ਕਰੇ ਰੁਸ਼ਨਾਈਆ । ਜਿਹੜਾ ਉਸ ਦੇ ਹੁਕਮ ਦੀ ਕਰੇ ਉਲੰਘਣ, ਉਸ ਨੂੰ ਜਮ ਕੀ ਫਾਸੀ ਵਿਚ ਫਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਛੱਬੀ ਪੋਹ ਕਹੇ ਵੇਖੋ ਖੇਲ ਸੂਰਾ ਸਰਬੰਗ, ਹਰਿ ਸਾਹਿਬ ਆਪ ਕਰਾਈਆ । ਕਿਉਂ ਕੁਲਵੰਤ ਨੇ ਰਾਮ ਸਿੰਘ ਨੂੰ ਬਖ਼ਸ਼ੀ ਪੱਗ, ਪਿਛਲਾ ਲੇਖਾ ਦਏ ਦ੍ਰਿੜਾਈਆ । ਪ੍ਰਭ ਦੀ ਰੀਤੀ ਜੁਗ ਜੁਗ ਚਲੀ ਆਈ ਜਗ, ਜਗਜੀਵਣ ਦਾਤਾ ਆਪਣੀ ਬਣਤ ਬਣਾਈਆ । ਖੇਲ ਕਰਦਾ ਰਿਹਾ ਮਾਸ ਨਾੜੀ ਹੱਡ, ਤਤਵ ਤਤ ਤਤ ਨਾਲ ਮਿਲਾਈਆ । ਗੁਪਤ ਜ਼ਾਹਰ ਖੇਲ ਖੇਲੇ ਅੱਡ, ਵੱਖਰਾ ਆਪਣਾ ਰਾਹ ਚਲਾਈਆ । ਪਰ ਕਿਸੇ ਨੂੰ ਆਪਣੀ ਦੱਸੀ ਨਹੀਂ ਹੱਦ, ਹਦੂਦ ਸਮਝ ਕੋਇ ਨਾ ਪਾਈਆ । ਅਵਤਾਰ ਪੈਗ਼ੰਬਰ ਗੁਰੂ ਬੇਅੰਤ ਬੇਅੰਤ ਬੇਅੰਤ ਕਹਿ ਕੇ ਟੇਕਦੇ ਗਏ ਮਥ, ਧੂੜੀ ਖ਼ਾਕ ਰਮਾਈਆ । ਅਖ਼ੀਰ ਕਹਿੰਦੇ ਗਏ ਪੁਰਖ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੇ ਸਭ ਕੁਛ ਹੱਥ, ਕਰੇ ਕਰਾਵੇ ਕਰਨੇਹਾਰ ਕਰਤਾ ਅਗੰਮ ਅਥਾਹੀਆ । ਉਸ ਨੇ ਜਿਸ ਤਰਾਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਾਇਆ ਰਥ, ਏਸੇ ਤਰਾਂ ਜਗਤ ਦੀ ਜੁਗਤ ਦਏ ਬਦਲਾਈਆ । ਹੁਣ ਕਲਜੁਗ ਵੇਖਿਓ ਲੱਥਣਾ ਸਥ, ਗੋਬਿੰਦ ਯਾਰੜੇ ਦਾ ਸੱਥਰ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਔਹ ਵੇਖੋ ਹੱਸ ਪਿਆ ਨੌ ਰੰਗ ਦਾ ਗੁਲਦਸਤਾ, ਉਪਰ ਦਿਓ ਉਠਾਈਆ । ਜਿਸ ਨੇ ਸਾਰੀ ਸ਼ਰਅ ਦਾ ਬੰਨ੍ਹਣਾ ਬਸਤਾ, ਅੱਖਰ ਬਗ਼ਲਾਂ ਵਿਚ ਲਟਕਾਈਆ । ਇਕੋ ਨੂੰ ਅੱਗੇ ਦੱਸਣਾ ਰਸਤਾ, ਨੌ ਦਵਾਰੇ ਦਾ ਡੇਰਾ ਢਾਹੀਆ । ਨੌ ਖੰਡ ਪ੍ਰਿਥਮੀ ਨਾਮ ਮਿਲਣਾ ਸਸਤਾ, ਕਰਤਾ ਕੀਮਤ ਨਾ ਕੋਇ ਲਿਖਾਈਆ । ਜਿਸ ਪ੍ਰਭੂ ਦਾ ਸਦਾ ਸਚਖੰਡ ਖੇੜਾ ਵਸਦਾ, ਤੇ ਗੁਰ ਅਵਤਾਰ ਪੈਗ਼ੰਬਰ ਅਜੇ ਤਕ ਆਪਣਾ ਘਰ ਸਕੇ ਨਾ ਕੋਇ ਬਣਾਈਆ । ਜੋ ਆਇਆ ਸੋ ਫੇਰ ਗਿਆ ਨੱਸਦਾ, ਜੋਤ ਵਿਚੋਂ ਨਿਕਲ ਫੇਰ ਜੋਤੀ ਵਿਚ ਸਮਾਈਆ । ਤੇ ਨਾਮ ਉਸੇ ਪਿਓ ਦਾ ਗਿਆ ਰਟਦਾ, ਜਿਸ ਦੇ ਰੱਟੇ ਘਰ ਘਰ ਗਏ ਵਖਾਈਆ । ਉਹ ਖੇਲ ਕਰੇ ਬਾਜ਼ੀਗਰ ਨਟ ਦਾ, ਸਵਾਂਗੀ ਆਪਣਾ ਸਵਾਂਗ ਰਚਾਈਆ । ਕਦੇ ਰਾਮ ਕਦੇ ਰਹੀਮ ਕਦੇ ਆਲੀਸ਼ਾਨ ਅਜ਼ੀਮ, ਕਦੇ ਮਾਲਕ ਬਣ ਕਦੀਮ, ਕਦੇ ਮਜ਼੍ਹਬਾਂ ਦੀ ਕਰ ਤਕਸੀਮ, ਕਦੇ ਹੁਕਮ ਦੇ ਨਜ਼ੀਮ, ਕਦੀ ਬਦਲੀ ਕਰਨ ਆਇਆ ਤਰਮੀਮ, ਰੂਪ ਧਾਰ ਬੈਠਾ ਜੱਟ ਦਾ, ਸਾਫ਼ ਸੁਥਰਾ ਸੋਭਾ ਪਾਈਆ । ਜਿਸ ਝਗੜਾ ਰਹਿਣ ਨਹੀਂ ਦੇਣਾ ਬੰਨੇ ਬੰਨੇ ਵੱਟ ਦਾ, ਡਾਂਗਾਂ ਦੋ ਹੱਥਾਂ ਵਿਚ ਉਠਾਈਆ । ਇਧਰੋਂ ਡੋਰੀ ਸ਼ਰਅ ਦੀ ਇਧਰੋਂ ਡੋਰੀ ਮਜ਼੍ਹਬ ਦੀ ਵੇਖੋ ਕਟਦਾ, ਕੱਟੇ ਖਾਣ ਵਾਲਾ ਰਹਿਣ ਕੋਇ ਨਾ ਪਾਈਆ । ਸਭ ਦਾ ਪਿਆਲਾ ਸੁਟਾ ਦੇਣਾ ਹੱਥੋਂ ਗਟ ਗਟ ਦਾ, ਮਦਿ ਰਸ ਨਾ ਕੋਇ ਚਖਾਈਆ । ਮਾਨਸ ਭੁੱਖਾ ਨਾ ਰਹੇ ਮਾਨਸ ਦੀ ਰੱਤ

ਦਾ, ਰਤਨ ਅਮੋਲਕ ਹੀਰੇ ਦੇਣੇ ਪ੍ਰਗਟਾਈਆ । ਇਨਸਾਨ ਪੱਕਾ ਕਰਨਾ ਜਤ ਦਾ, ਧੀਰਜ ਧੀਰ ਦੇਣਾ ਰਖਾਈਆ । ਮਾਇਆ ਰੂਪ ਨਾ ਧਰੇ ਡੱਸਣੀ ਸੱਪ ਦਾ, ਵਿਖ ਅੰਦਰੋਂ ਦੇਣੀ ਕਢਾਈਆ । ਇਕੋ ਇਸ਼ਟ ਹੋਵੇ ਪੁਰਖ ਸਮਰਥ ਦਾ, ਇਕੋ ਉਸੇ ਨੂੰ ਸੀਸ ਝੁਕਾਈਆ । ਇਕੋ ਕਲਮਾ ਹੋਵੇ ਯਕ ਦਾ, ਵਾਹਿਦ ਨੂਰ ਰੁਸ਼ਨਾਈਆ । ਬਾਕੀ ਦਾ ਲੇਖਾ ਹੋਣਾ ਫਕ ਦਾ, ਫਿਰਕੇ ਪਿਛਲੇ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨੌ ਰੰਗ ਦਾ ਕਹੇ ਗ਼ੁੰਚਾ ਮੇਰਾ ਇਕ ਉਸਤਾਦ, ਉਸਤਤ ਉਸ ਦੀ ਦਿਆਂ ਸੁਣਾਈਆ । ਜਿਸ ਨੇ ਪਹਿਲੋਂ ਸ਼ਬਦ ਗੁਰੂ ਕੀਤਾ ਆਜ਼ਾਦ, ਆਪਣੇ ਵਿਚੋਂ ਪਰਗਟਾਈਆ । ਉਹਦੇ ਵਿਚੋਂ ਵਿਸ਼ਨ ਬ੍ਰਹਮਾ ਸ਼ਿਵ ਕੀਤੇ ਆਬਾਦ, ਸੋਹਣਾ ਰੰਗ ਰੰਗਾਈਆ । ਫੇਰ ਆਪਣੇ ਬਦਲ ਕੇ ਮਜ਼ਾਜ, ਆਪਣੇ ਨਾਮ ਲਏ ਪਰਗਟਾਈਆ । ਫਿਰ ਆਪਣੀ ਸੁਣਾ ਕੇ ਆਵਾਜ਼, ਆਪਣੀ ਖ਼ੁਸ਼ੀ ਵਖਾਈਆ । ਫਿਰ ਧੁਰ ਦਾ ਸਾਜਣ ਸਾਜ, ਦੇਵੇ ਮਾਣ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਨੂੰ ਦੇ ਕੇ ਦਾਤ, ਦੌਲਤਮੰਦ ਦਿਤੇ ਕਰਾਈਆ । ਚੁਰਾਸੀ ਦਾ ਚਲਾ ਕੇ ਜਹਾਜ, ਬੇੜੇ ਦਿਤੇ ਭਰਾਈਆ । ਵੱਖ ਵੱਖ ਬਣਾ ਕੇ ਸਮਾਜ, ਸਮਗਰੀ ਦਿਤੀ ਝੋਲੀ ਪਾਈਆ । ਰਸਨਾ ਨਾਲ ਲੈਣ ਅਰਾਧ, ਰਸਤੇ ਦਿਤੇ ਦ੍ਰਿੜਾਈਆ । ਸ਼ਰਅ ਦੇ ਬਣਾ ਕੇ ਕਾਜ, ਕੱਜਲ ਅੱਖਾਂ ਵਿਚ ਟਿਕਾਈਆ । ਮਮਤਾ ਦੇ ਨਚਾ ਕੇ ਨਾਚ, ਨਟੂਏ ਦਿਤੇ ਬਣਾਈਆ । ਸਤਿ ਵਸਤੂ ਨੂੰ ਆਪਣੀ ਵਸਤੂ ਨੂੰ ਰੱਖ ਕੇ ਕਾਇਆ ਮਾਟੀ ਵਿਚ ਕਾਚ, ਘੜਨ ਭੰਨਣਹਾਰ ਆਪਣੀ ਖੇਲ ਖਿਲਾਈਆ । ਬੜਾ ਦੁੱਖ ਅੱਜ ਤਕ ਉਸ ਨੂੰ ਸਕਿਆ ਕੋਇ ਨਾ ਵਾਚ, ਵਾਚਕ ਹੋ ਕੇ ਸਕਿਆ ਨਾ ਕੋਇ ਸਮਝਾਈਆ । ਜਿੰਨੀ ਕੁ ਕਿਸੇ ਮਿਲ ਗਈ ਓਨੀ ਕੁ ਕਹਾਣੀ ਗਿਆ ਆਖ, ਅੱਗੇ ਸਾਰੇ ਸੀਸ ਨਿਵਾਈਆ । ਓਹ ਪ੍ਰਭੂ ਕਦੇ ਨਿਮਾਣਾ ਕਦੇ ਗੁਸਤਾਖ਼, ਕਦੇ ਮਾਲਕ ਤੇ ਕਦੇ ਸ਼ਾਖ਼, ਕਦੇ ਅਗਨੀ ਹਵਨ ਤੇ ਕਦੇ ਰਾਖ, ਕਦੇ ਪਵਣ ਪਾਣੀ ਕਦੇ ਜਲਾਦ, ਜਲਵਾਗਰ ਆਪਣੀ ਖੇਲ ਖਿਲਾਈਆ । ਗੁੰਚਾ ਕਹੇ ਸਚ ਪੁਛੋ ਮੈਨੂੰ ਉਸ ਦੀ ਸਦਾ ਯਾਦ, ਬਿਨ ਯਾਦਦਾਸਤ ਸਭ ਦੇ ਵਿਚ ਟਿਕਾਈਆ । ਮੈਨੂੰ ਯਾਦ ਆ ਗਿਆ ਜਿਸ ਵੇਲੇ ਨਾਨਕ ਨੇ ਵਜਾਈ ਰਬਾਬ, ਰੱਬੀ ਨੂਰ ਨਜ਼ਰੀ ਆਈਆ । ਜਿਸ ਵੇਲੇ ਗਿਆ ਵਿਚ ਬਗ਼ਦਾਦ, ਬਗ਼ਲੀਆਂ ਕੰਧਿਆਂ ਉਤੇ ਟਿਕਾਈਆ । ਕੰਨਾਂ ਵਿਚ ਉਂਗਲਾਂ ਪਾ ਕੇ ਦਿਤੀ ਬਾਂਗ, ਉਚੀ ਉਚੀ ਦਿਤਾ ਸੁਣਾਈਆ । ਯਾਮਬੀਨ ਯਾ ਰਹੀਮ ਯਾ ਅਮੀਨ ਤੇਰਾ ਰੂਪ ਸਦਾ ਵਿਸਮਾਦ, ਬਿਸਮਲ ਆਪਣੀ ਕਾਰ ਕਮਾਈਆ । ਫੇਰ ਕਿਹਾ ਉਸ ਮਾਲਕ ਨੇ ਸਭ ਨੂੰ ਦੀਨਾਂ ਮਜ਼੍ਹਬਾਂ ਤੋਂ ਕਰ ਦੇਣਾ ਆਜ਼ਾਦ, ਸ਼ਰਅ ਦੀ ਡੋਰੀ ਨਾ ਕੋਇ ਬੰਧਾਈਆ । ਪੰਜਾਂ ਲਿਖਾਰੀਆਂ ਕੋਲ ਸਾਢੇ ਤਿੰਨ ਹੱਥ ਦੀ ਡੋਰੀ ਨਾਲ ਕੀੜਾ ਬੱਧਾ ਲੰਮੀਆਂ ਟੰਗਾਂ ਵਾਲਾ ਇਹ ਮੁਹੰਮਦ ਦੀ ਕਾਢ, ਕਾਢਿਆਂ ਵਿਚੋਂ ਡਾਹਢੇ ਨੂੰ ਗਿਆ ਪਾਈਆ । ਹਿਜਰ ਕਰਦਿਆਂ ਜਿਸ ਵੇਲੇ ਮਾਰੀ ਸੀ ਚਾਂਗ, ਉਚੀ ਕੂਕ ਕੂਕ ਸੁਣਾਈਆ । ਐ ਮੇਰੇ ਮਹਿਬੂਬ ਐ ਨੂਰੇ ਖ਼ੁਦਾ, ਖਜ਼ਲਾ ਮਜ਼ਲੂ ਸ਼ੀਨੇ ਜ਼ਬਾਹ ਵਸਤੇ ਜ਼ਹੀ ਤਲਜ਼ੂ ਖ਼ੁਦਾ, ਅਸੀਤੇ ਗਜ਼ੂਦ, ਜ਼ੁਜ਼ੇ ਦਜੀਹ, ਮੁਸੀਹੇ ਮੁਸਾਹ, ਸ਼ਹਿਨਸ਼ਾਹੇ ਆਲਮ ਤੇਰਾ ਇਲਮ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣੀ ਕਾਰ ਕਮਾਈਆ । ਵੇਖੋ ਬਈ ਆ ਗਿਆ ਖ਼ਵਾਜ਼ਾ ਖਿਜਰ, ਖਿਜਰ ਕਹਿ ਕੇ ਕੀ ਸੁਣਾਈਆ । ਓ ਮੇਰਿਆ ਮਾਲਕਾ, ਮੇਰਾ ਦੁਖੀ ਹੋਇਆ ਜਿਗਰ, ਜਗ੍ਹਾ ਨਜ਼ਰ ਕੋਇ ਨਾ ਆਈਆ । ਮੈਂ ਫਿਰਿਆ ਉਧਰ

੧੦੩੯ ੨੨

ਤੇ ਇਧਰ, ਭੱਜਿਆ ਥਾਉਂ ਥਾਈਆ । ਫੇਰ ਵੇਖਿਆ ਜਿਸ ਵੇਲੇ ਕ੍ਰਿਸ਼ਨ ਘਰ ਗਿਆ ਬਿਦਰ, ਆਪਣਾ ਪੰਧ ਮੁਕਾਈਆ । ਉਹਦੀ ਪੂਰੀ ਕੀਤੀ ਸਿਧਰ, ਸਧਰਾਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲ੍ਹਾਈਆ । ਪੰਜਾਂ ਪਿਆਰਿਆਂ ਲਿਖਾਰੀਆਂ ਦਾ ਬੱਧਾ ਹੋਇਆ ਬੋਲੇ ਕੀੜਾ, ਆਪਣਾ ਧਿਆਨ ਲਗਾਈਆ । ਜਿਹੜਾ ਨਛੱਤਰ ਸਿੰਘ ਨੇ ਲਿਆਂਦਾ ਪੀੜ੍ਹਾ, ਸਦੀ ਚੌਧਵੀਂ ਦੀ ਗੋਲੀ ਹੇਠਾਂ ਦੇਣਾ ਡਾਹੀਆ । ਚੌਦਾਂ ਰਾਜੇ ਮਹਾਰਾਜੇ ਆਪਣੇ ਉਪਰ ਉਠਾਓ ਕਮਾਨ ਤੀਰਾ, ਤਰਕਸ਼ ਦਿਓ ਹਿਲਾਈਆ । ਉਠ ਕੇ ਵਖਾ ਦਿਓ ਆਪਣਾ ਚੀਰਾ, ਤਾਜ ਧਰਮ ਦਾ ਨਜ਼ਰੀ ਆਈਆ । ਪੁਰਖ ਅਕਾਲ ਤਕੋ ਵਡ ਪੀਰਨ ਪੀਰਾ, ਪਾਰਬ੍ਰਹਮ ਇਕ ਅਖਵਾਈਆ । ਜਿਸ ਨੇ ਸਾਰੀ ਸ੍ਰਿਸ਼ਟੀ ਦੀ ਬਦਲ ਦੇਣੀ ਤਕਦੀਰਾ, ਤਦਬੀਰ ਆਪਣੀ ਆਪਣੇ ਵਿਚ ਛੁਪਾਈਆ । ਝਗੜਾ ਮੇਟਣਾ ਸ਼ਾਹ ਹਕੀਰਾ, ਹਜ਼ਰਤ ਹਜ਼ਰਤਾਂ ਹੁਕਮ ਸੁਣਾਈਆ । ਮਾਲਵੇ ਵਾਲਿਆਂ ਸੱਤ ਰੰਗ ਦਾ ਗਾਨਾ ਬੱਧਾ ਜਿਨ੍ਹਾਂ ਨੇ ਥਾਲੀ ਗਿਲਾਸ ਦਾ ਚੁੱਕਿਆ ਬੀੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਪ੍ਰਭੂ ਮੇਰੀ ਤੋਬਾ, ਤੋਬਾ ਤੋਬ ਸੁਣਾਈਆ । ਮੈਂ ਆਇਆ ਸੁਣ ਕੇ ਤੇਰੀ ਸੋਭਾ, ਸੋਭਾਵੰਤ ਤੇਰੀ ਸਰਨਾਈਆ । ਮੈਨੂੰ ਨਾ ਕੋਈ ਲਾਲਚ ਤੇ ਨਾ ਕੋਈ ਲੋਭਾ, ਮਮਤਾ ਮੋਹ ਨਾ ਕੋਇ ਰਖਾਈਆ । ਮੈਂ ਇਕ ਵੇਰਾਂ ਵੇਖਣਾ ਚਾਹੁੰਦਾ ਜਿਹੜਾ ਸ਼ਬਦ ਹੋਇਆ ਸੀ ਬੀਬੀ ਰਾਜ ਨੂੰ ਵਿਚ ਮੋਗਾ, ਉਹ ਉਠ ਕੇ ਤੇਰੀਆਂ ਧਰਮ ਦੀਆਂ ਜੋਤਾਂ ਦੇਣ ਵਖਾਈਆ । ਫੇਰ ਮੈਂ ਤੇਰੇ ਅੱਗੇ ਲਾਵਾਂ ਆਪਣਾ ਗੋਡਾ, ਨੀਵਾਂ ਹੋ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਕਰਾਈਆ । ਕਲਜੁਗ ਕਹੇ ਗੋਬਿੰਦ ਮੇਰਾ ਆ ਗਿਆ ਕੜਾ ਤੇਰੀ ਭੇਟਾ, ਭੇਟਾ ਅਵਰ ਰਹੇ ਨਾ ਰਾਈਆ । ਤੂੰ ਇਕੋ ਸਾਹਿਬ ਪੁਰਖ ਅਕਾਲ ਦਾ ਬੇਟਾ, ਦੂਜੀ ਜਨਮ ਦੇਣ ਵਾਲੀ ਕੋਇ ਨਾ ਮਾਈਆ । ਤੂੰ ਸਭ ਦਾ ਖੇਵਟ ਖੇਟਾ, ਖਟਕਾ ਕੂੜ ਦੇਣਾ ਚੁਕਾਈਆ । ਸੋਹਣਿਆ ਸੂਰਬੀਰਾ ਨੌਜਵਾਨਾ ਤੂੰ ਮਾਛੂਵਾੜੇ ਦੀ ਸੇਜਾ ਲੇਟਾ, ਆਪਣਾ ਆਸਣ ਲਾਈਆ । ਤੇਰੇ ਕੋਲ ਕੋਈ ਇਕੱਲੇ ਪੰਥ ਦਾ ਨਹੀਂ ਠੇਕਾ, ਸਾਰੀ ਸ੍ਰਿਸ਼ਟੀ ਪੁਰਖ ਅਕਾਲ ਨੇ ਤੇਰੀ ਦਿਤੀ ਬਣਾਈਆ । ਜ਼ਰਾ ਯਾਦ ਕਰ ਲੈ ਪਿਛਲਾ ਚੇਤਾ, ਭੁੱਲ ਰਹੇ ਨਾ ਰਾਈਆ । ਕੀ ਹੋਇਆ ਜੇ ਤੂੰ ਫਿਰਦਾ ਵਿਚ ਖੇਤਾਂ, ਖੇਤੀ ਬਾੜੀ ਲੱਖ ਚੁਰਾਸੀ ਤੇਰੀ ਦਿਆਂ ਵਖਾਈਆ । ਤੂੰ ਫਿਰਨਾ ਹੁਣ ਵਿਚ ਪਰਦੇਸਾਂ, ਭੱਜਣਾ ਵਾਹੋ ਦਾਹੀਆ । ਤੇਰਾ ਸਭ ਦੇ ਨਾਲ ਲੇਖਾ, ਇਕੋ ਵਾਰ ਦੇਣਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਗੁੰਚਾ ਕਹੇ ਮੈਨੂੰ ਬਣਾ ਦਿਤਾ ਤ੍ਰਿਪਤ ਦਾ ਧਰਮ ਦਾ ਦਾਜ, ਰਾਮ ਸਿੰਘ ਨੇ ਝੋਲੀ ਦਿਤਾ ਪਾਈਆ । ਮੈਂ ਹੁਣ ਸਾਰਿਆਂ ਦੀ ਖੁਲ੍ਹਾਉਣੀ ਜਾਗ, ਸੋਇਆ ਰਹਿਣ ਕੋਇ ਨਾ ਪਾਈਆ । ਇਕ ਵਾਰ ਸਾਰੇ ਪੰਜਾਂ ਜੈਕਾਰਿਆਂ ਦੀ ਉਚੀ ਦਿਉ ਆਵਾਜ਼, ਸਾਰੇ ਖ਼ੁਸ਼ ਕਰ ਲਉ ਮਿਜ਼ਾਜ, ਇਸ਼ਕ ਹਕੀਕੀ ਤੇ ਮਜਾਜ਼ੀ ਦੋਵੇਂ ਦੇਣੇ ਤਜਾਈਆ । ਇਸ ਤੋਂ ਅੱਗੇ ਤੁਹਾਡੇ ਪ੍ਰਭੂ ਦੀ ਆਵਾਜ਼, ਜਿਥੇ ਬਿਨਾ ਸ਼ਬਦ ਗੁਰੂ ਤੋਂ ਦੂਜਾ ਨਜ਼ਰ ਕੋਇ ਨਾ ਆਈਆ । ਤੁਸੀਂ ਉਸ ਦਾ ਬਾਗ਼ੀਚਾ ਓਸੇ ਦਾ ਬਾਗ਼, ਜਿਹੜਾ ਗੁਲਸ਼ਨ ਰਿਹਾ ਮਹਿਕਾਈਆ । ਤੁਹਾਡਾ ਸਾਰਿਆਂ ਦਾ ਇਕੋ ਸਮਾਜ, ਦੂਜੀ ਵੰਡ ਨਾ ਕੋਇ ਵੰਡਾਈਆ । ਨਾ ਕੋਈ ਲੰਗੜਾ ਲੂਲ੍ਹਾ ਅਪਾਹਜ, ਆਤਮਾ ਜੰਮਣ ਮਰਨ ਵਿਚ ਕਦੇ ਨਾ ਆਈਆ । ਤੁਹਾਡਾ ਸਭ ਦਾ


੧੦੪੦ ੨੨

ਧਰਮ ਦਾ ਧਰਮ ਹੋਵੇ ਰਾਜ, ਰਈਅਤ ਆਪਣਾ ਆਪ ਬਣਾਈਆ । ਇਹ ਅਵਤਾਰ ਪੈਗ਼ੰਬਰ ਗੁਰੂਆਂ ਦਾ ਖ਼ੁਆਬ, ਜੇਹੜੇ ਪੇਸ਼ੀਨਗੋਈਆਂ ਵਿਚ ਭਵਿਖਤਾਂ ਵਿਚ ਲਿਖਤਾਂ ਵਿਚ ਇਸ਼ਟਾਂ ਵਿਚ ਦ੍ਰਿਸ਼ਟਾਂ ਵਿਚ ਸ੍ਰਿਸ਼ਟੀ ਗਏ ਸਮਝਾਈਆ । ਦੇਖਿਓ ਕੋਇ ਨਾ ਬਣਿਓ ਕਾਗ, ਕਾਗ ਵਾਂਗ ਨਾ ਕੋਇ ਕੁਰਲਾਈਆ । ਤੁਹਾਡੇ ਅੰਦਰ ਤੁਹਾਡੇ ਸਾਹਿਬ ਦੀ ਨਾਮ ਦੀ ਸਦਾ ਵੱਜਦੀ ਰਹੇ ਰਬਾਬ, ਮੁਹੰਮਦ ਰਬੀਉਲ ਸਾਨੀ ਵਿਚ ਗਿਆ ਜਣਾਈਆ । ਨਾਨਕ ਨੇ ਭੇਵ ਦੱਸਿਆ ਉਸ ਦਾ ਆਦਿ, ਜੋ ਅੰਤ ਦਾ ਮਾਲਕ ਇਕ ਅਖਵਾਈਆ । ਬੇਸ਼ਕ ਉਹ ਚੁਰਾਸੀ ਲੱਖ ਕੱਪੜ ਦਾ ਬਜ਼ਾਜ਼, ਜਨਮ ਜਨਮ ਵਿਚ ਤਨ ਦੇ ਸੂਟ ਦਏ ਬਦਲਾਈਆ । ਜੇ ਉਸ ਦੀ ਧਾਰ ਵਿਚ ਪਿਆਰ ਵਿਚ ਗਾ ਲਉ ਤੂੰ ਮੇਰਾ ਮੈਂ ਤੇਰਾ ਇਕੋ ਰਾਗ, ਦੂਜਾ ਰੂਪ ਨਾ ਕੋਇ ਦਰਸਾਈਆ । ਫੇਰ ਤੁਹਾਨੂੰ ਲੋੜ ਨਹੀਂ ਰਹਿੰਦੀ ਵਿਚ ਜਾਣ ਦੀ ਸੁੰਨ ਸਮਾਧ, ਉਹ ਕਿਰਪਾ ਕਰਕੇ ਮਿਹਰ ਨਿਗਹ ਨਾਲ ਸਚਖੰਡ ਦਏ ਪਹੁੰਚਾਈਆ । ਸਚਖੰਡ ਕਹੇ ਪ੍ਰਭੂ ਮੈਂ ਵੀ ਆ ਗਿਆ ਮੈਨੂੰ ਕਿਸੇ ਨੇ ਨਹੀਂ ਕਰਨੀ ਇਮਦਾਦ, ਇਮਦਾਦੀ ਨਜ਼ਰ ਕੋਇ ਨਾ ਆਈਆ । ਕਲਜੁਗ ਕਹੇ ਸਚਖੰਡਾ ਓਏ ਮੈਨੂੰ ਅਜੇ ਕਰ ਲੈਣ ਦੇ ਇਤਫ਼ਾਕ, ਸਦੀ ਚੌਧਵੀਂ ਦੇ ਦਸ ਸਾਲ ਆਪਣਾ ਹੁਕਮ ਵਰਤਾਈਆ । ਤੈਨੂੰ ਪਤਾ ਨਹੀਂ ਨੌਂ ਸੌ ਨੜਿਨਵੇ ਗੁਰਮੁਖਾਂ ਨੇ ਮੁਖ ਨੂੰ ਲਾਇਆ ਲੁਆਬ, ਜ਼ਬਾਨ ਬੁੱਲ੍ਹਾਂ ਉਤੇ ਛੁਹਾਈਆ । ਵਕਤ ਆਉਣਾ ਤੇ ਕਿਸੇ ਨੂੰ ਲੱਭਣਾ ਨਹੀਂ ਆਬ, ਜਲ ਪਿਆਲੇ ਹੱਥ ਨਾ ਕੋਇ ਉਠਾਈਆ । ਕਿਸੇ ਨੇ ਭੁੰਨ ਨਹੀਂ ਖਾਣਾ ਕਬਾਬ, ਛੁਰੀਆਂ ਵਾਲੇ ਕਸਾਈ ਮੁਖ ਲੈਣ ਬਦਲਾਈਆ । ਜਿਸ ਦਾ ਇਕੋ ਮਿੱਤਰ ਪਿਆਰਾ ਅਹਿਬਾਬ, ਜਲਵਾਗਰ ਇਕ ਅਖਵਾਈਆ । ਜੇ ਉਸ ਦਾ ਰਸ ਮਾਣੋ ਇਕੋ ਲਓ ਸਵਾਦ, ਅਨਰਸ ਇਕੋ ਦਏ ਚਖਾਈਆ । ਫੇਰ ਖ਼ੁਸ਼ੀਆਂ ਨਾਲ ਕਹੋ ਉਹੋ ਸਾਡਾ ਮਿਹਰਵਾਨ ਤੇ ਉਹੋ ਸਾਡਾ ਗਾਡ, ਉਹੋ ਸਾਡਾ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਮੁਹੰਮਦ ਮੈਂ ਈਸਾ ਮੂਸਾ ਰਹਿਣ ਨਹੀਂ ਦੇਣੇ ਫਰੈਂਡ, ਫ਼ਰਾਡ ਆਪਣਾ ਦੇਣਾ ਵਖਾਈਆ । ਧੁਰ ਦਾ ਹੁਕਮ ਕਰਨਾ ਸੇਂਡ, ਸੈਂਡ ਸਟਾਰਮਾਂ ਵਿਚ ਦੀ ਦੂਰ ਦੁਰਾਡੇ ਦੇਣੇ ਪਹੁੰਚਾਈਆ । ਵੇਖਣੀ ਉਹ ਲੈਂਡ, ਜਿਥੇ ਨੌ ਚੱਕਰ ਕਟ ਕੇ ਹਜ਼ਰਤ ਈਸਾ ਨਿਸ਼ਾਨ ਗਿਆ ਲਗਾਈਆ । ਜਿਥੇ ਦੋਹਾਂ ਦੇ ਉਪਰ ਹੋਣੇ ਹੈਂਡ, ਹੈਂਡਸ ਅਪ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਦਏ ਖੁਲ੍ਹਾਈਆ । ਕਲਜੁਗ ਕਹੇ ਮੇਰਾ ਹੁੰਦਾ ਜਾਂਦਾ ਵਕਤ, ਵਿਅਕਤੀਆਂ ਦਿਆਂ ਜਣਾਈਆ । ਜਗਿਆਸੂਓ ਜੇ ਬਣਨਾ ਤੇ ਬਣਿਓ ਭਗਤ, ਬਿਨਾ ਭਗਤਾਂ ਤੋਂ ਪ੍ਰਭੂ ਨੂੰ ਮਿਲਣ ਕੋਇ ਨਾ ਪਾਈਆ । ਇਹ ਮੇਰੀ ਪੱਕੀ ਸ਼ਰਤ, ਮੈਂ ਸ਼ਰਅ ਵਾਲਿਆਂ ਨੂੰ ਦਿਆਂ ਠੁਕਰਾਈਆ । ਮੇਰਾ ਖੇਲ ਉਤੇ ਧਰਤ ਮੇਰਾ ਮਾਲਕ ਉਤੇ ਅਰਸ਼, ਅਰਸ਼ੀ ਪ੍ਰੀਤਮ ਇਕ ਅਖਵਾਈਆ । ਉਹ ਉਸ ਦੇ ਪਿਆਰ ਵਿਚ ਮੁਹੱਬਤ ਵਿਚ ਇੰਤਜ਼ਾਰ ਵਿਚ ਸਭ ਕੁਝ ਕਰ ਦਏਗਾ ਤਰਕ, ਦਸਤ ਬਰਦਾਰ ਹੋ ਜਾਊ ਕੁਲ ਲੋਕਾਈਆ । ਜੇ ਉਹ ਨਾ ਮਿਲੇ ਤੁਹਾਡੇ ਘਰ ਨਾ ਆਵੇ ਪਰਤ, ਫੇਰ ਉਸ ਨੂੰ ਪਤਿਪਰਮੇਸ਼ਵਰ ਕਹਿਣ ਦੀ ਲੋੜ ਰਹੇ ਨਾ ਰਾਈਆ । ਕਿਉਂ ਉਹ ਸਦਾ ਸੂਫ਼ੀਆਂ ਦੀ ਮੇਟਦਾ ਹਰਸ, ਹਵਸ ਆਪਣੀ ਇਕ ਲਗਾਈਆ । ਗ਼ਰੀਬ ਨਿਮਾਣਿਆਂ ਉਤੇ ਕਰੇ ਤਰਸ, ਰਹਿਮਤ ਰਹੀਮ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਮੁਹੰਮਦ ਕਹੇ ਮੈਨੂੰ ਲੱਗੀ ਪਿਆਸ, ਸਦੀ ਚੌਧਵੀਂ ਰਾਹ ਤਕਾਈਆ । ਖਵਾਜ਼ਾ

ਖਿਜ਼ਰ ਕਹੇ ਮੇਰੇ ਮਾਲਕ ਨੇ ਘੱਲਿਆ ਤੇਰੇ ਲਈ ਗਿਲਾਸ, ਗਲੇ ਵਿਚ ਆਬ ਲੈਣਾ ਟਿਕਾਈਆ । ਸੁਖਾਲਾ ਹੋ ਜਾਏ ਸਵਾਸ, ਸਾਸ ਸਾਸ ਨਾਲ ਟਕਾਈਆ । ਝਟ ਸ਼ੰਕਰ ਬੋਲਿਆ ਉਤੋਂ ਕੈਲਾਸ਼, ਤਰਸੂਲ ਹੱਥ ਉਠਾਈਆ । ਹੁਕਮ ਮੇਰੇ ਅਬਿਨਾਸ਼, ਅਬਿਨਾਸ਼ੀ ਕਰਤੇ ਰਿਹਾ ਸੁਣਾਈਆ । ਜ਼ਰੂਰ ਸਦੀ ਚੌਧਵੀਂ ਨੂੰ ਕਰਨਾ ਨਾਸ, ਨਾਸ਼ਤਾ ਬਣਾ ਕੇ ਲੈਣਾ ਖਾਈਆ । ਕਿਉਂ ਮੁਹੰਮਦ ਦਾ ਮੇਰੇ ਨਾਲ ਵਾਕ, ਪੇਸ਼ਤਰ ਗਿਆ ਸੁਣਾਈਆ । ਐ ਮੇਰੇ ਪੀਰਾਂ ਦੇ ਪੀਰ ਅਮਾਮਾਂ ਦੇ ਅਮਾਮ ਤੂੰ ਆਉਣਾ ਨਾਲ ਇਤਫ਼ਾਕ, ਇਤਫ਼ਾਕੀਆ ਆਪਣਾ ਫੇਰਾ ਪਾਈਆ । ਉਸ ਵੇਲੇ ਰੂਹ ਬੁਤ ਰਹਿਣਾ ਨਹੀਂ ਕੋਈ ਪਾਕ, ਪਾਕੀਜ਼ਾ ਨਜ਼ਰ ਕੋਇ ਨਾ ਆਈਆ । ਮੇਰਾ ਤੇਰੇ ਅੱਗੇ ਨਹੀਂ ਕੋਈ ਸਵਾਲ, ਤੇ ਨਹੀਂ ਕੋਈ ਜੁਆਬ, ਜੁਆਬਤਲਬੀ ਕਰਕੇ ਨਿਉਂ ਕੇ ਸੀਸ ਝੁਕਾਈਆ । ਤੂੰ ਮੇਰਾ ਨੂਰੇ ਨੂਰ ਮੈਂ ਤੇਰਾ ਛੋਟਾ ਜੇਹਾ ਆਫ਼ਤਾਬ, ਲੋਕਮਾਤ ਵਿਚ ਡਗਮਗਾਈਆ । ਤੇਰੀ ਸਿਫ਼ਤ ਦੀ ਲਿਖ ਕੇ ਨਿੱਕੀ ਜਿਹੀ ਕਿਤਾਬ, ਜਗਤ ਦੇ ਹੁਜਰੇ ਦਿਤੇ ਸੁਹਾਈਆ । ਤੇਰੀ ਵੇਖ ਕੇ ਮਹਿਰਾਬ, ਮਹਿਬੂਬ ਕੀਤੀ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸਦੀ ਚੌਧਵੀਂ ਕਹੇ ਮੈਨੂੰ ਲੱਭਦੇ ਕੋਟਨ ਕੋਟੀ, ਕੋਟਨ ਧਿਆਨ ਲਗਾਈਆ । ਚੜ੍ਹ ਕੇ ਪਰਬਤਾਂ ਉਪਰ ਚੋਟੀ, ਨੈਣ ਮੂੰਦ ਕਰਾਈਆ । ਬੰਨ੍ਹ ਕੇ ਤੇੜ ਧੋਤੀ, ਮਸਤਕ ਤਿਲਕ ਛੁਹਾਈਆ । ਤੱਕਣ ਨੂਰ ਅਗੰਮੀ ਜੋਤੀ, ਜੋਤ ਕਿਸ ਬਿਧ ਕਰੇ ਰੁਸ਼ਨਾਈਆ । ਇਹ ਗੱਲ ਕਦੀ ਕਿਸੇ ਨਹੀਂ ਸੋਚੀ, ਸਮਝ ਵਿਚ ਨਾ ਕੋਇ ਤਕਾਈਆ । ਜਿਸ ਗ਼ਰੀਬੀ ਵਿਚ ਮਾਣ ਪਾਇਆ ਰਵਦਾਸ ਚਮਾਰੇ ਮੋਚੀ, ਤਾਣਾ ਤਣ ਕੇ ਝਟ ਲੰਘਾਈਆ । ਉਸ ਦਾ ਲਹਿਣਾ ਦਿਤਾ ਸਹਿਣਾ ਦਿਤਾ ਗਹਿਣਾ ਦਿਤਾ ਇਕ ਸੌ ਇਕ ਧਾਰ ਉਸ ਲਈ ਚੋਖੀ, ਇਕ ਵਿਚੋਂ ਉਪਜਿਆ ਜ਼ੀਰੋ ਹੋ ਜਾਣਾ ਤੇ ਫੇਰ ਇਕ ਵਿਚ ਸਮਾਈਆ । ਧਰਮ ਦੀ ਧਾਰ ਨਿੱਕੀ ਜੇਹੀ ਛੋਟੀ, ਛੋਟਿਆਂ ਵੱਡਿਆਂ ਰਹੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਵਕਤ ਹਾਲੀ, ਕੀ ਹਾਲਤ ਦਿਸੇ ਲੋਕਾਈਆ । ਬਣੇ ਨਾ ਕੋਇ ਸੱਚਾ ਦਲਾਲੀ, ਵਿਚੋਲੇ ਬੈਠੇ ਮੁਖ ਭਵਾਈਆ । ਹਰਿਆ ਦਿਸੇ ਨਾ ਕੋਇ ਹਰਿਆਲੀ, ਸਿੰਮਲ ਰੁੱਖ ਰਹੇ ਲਹਿਰਾਈਆ । ਜਨ ਭਗਤੋ ਸਦੀ ਚੌਧਵੀਂ ਕਹੇ ਮੇਰੇ ਅੱਗੇ ਇਕ ਵੇਰ ਮਾਰ ਦਿਉ ਖ਼ੁਸ਼ੀ ਦੀ ਤਾਲੀ, ਤਾਲਾ ਦੋ ਜਹਾਨ ਬੰਦ ਕਰਾਈਆ । ਸਾਰੀ ਸ੍ਰਿਸ਼ਟੀ ਹੋਣੀ ਖ਼ਾਲੀ, ਬੇਵਾ ਰੂਪ ਨਜ਼ਰੀ ਆਈਆ । ਵੇਖਿਓ ਜਿੰਨਾਂ ਚਿਰ ਬਾਗ਼ ਦਾ ਨਾ ਹੋਵੇ ਮਾਲੀ, ਫੁੱਲ ਡਾਲੀ ਨਾ ਕੋਇ ਲਹਿਰਾਈਆ । ਤੁਸੀਂ ਇਕ ਦੇ ਬਣਿਉ ਸਵਾਲੀ, ਮੰਗਤੇ ਘਰ ਘਰ ਦੇ ਬਣ ਕੇ ਆਪਣਾ ਜਨਮ ਨਾ ਲੈਣਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਓਏ ਆ ਜਾਓ ਚੌਦਾਂ ਤਬਕ, ਤਬੀਅਤ ਦਿਉ ਸਮਝਾਈਆ । ਹੁਣ ਵੇਖੋ ਇਕ ਮਿਲਣ ਲੱਗਾ ਸਬਕ, ਸਿਖਿਆ ਬੇਪਰਵਾਹੀਆ । ਕੋਈ ਹੈ ਤੇ ਮਾਰੋ ਭਬਕ, ਸ਼ੇਰ ਅੱਗੇ ਸਿੰਘ ਸ਼ੇਰ ਰੂਪ ਬਦਲਾਈਆ । ਸਾਰੇ ਕਹਿਣ ਅਸੀਂ ਤੇ ਬੱਧੇ ਵਾਂਗ ਬੱਤਖ਼, ਬਲ ਅੱਗੇ ਨਾ ਕੋਇ ਵਖਾਈਆ । ਕਿਉਂ ਪੁਰਖ ਅਕਾਲ ਦਾ ਸ਼ਬਦ ਡੰਡਾ ਜਗਤ ਵਿਕਾਰ ਨਾਲ ਵਰਤਣ ਲੱਗਾ ਹੋ ਕੇ ਸਖ਼ਤ, ਚੋਟ ਚੋਟ ਉਤੇ ਲਗਾਈਆ । ਜਿਸ ਦੇ ਅੱਗੇ ਕੋਈ ਨਾ ਸਕੇ ਅਟਕ, ਅਟਕੋਂ ਪਾਰ ਪਏ ਦੁਹਾਈਆ । ਫੇਰ ਉਠਣੇ ਫ਼ਰੀਦੀ ਤੇ ਖਟਕ, ਸੋਹਣਾ ਖੇਲ ਖਿਲਾਈਆ । ਜ਼ਰਾ

ਹੁਣ ਖੇਲ ਵੇਖਿਓ ਸ੍ਰਿਸ਼ਟੀ ਉਤੇ ਜਗਤ, ਜਗਜੀਵਣ ਦਾਤਾ ਕੀ ਆਪਣਾ ਹੁਕਮ ਵਰਤਾਈਆ । ਜਿੰਨਾਂ ਚਿਰ ਬਣੋਗੇ ਨਾ ਭਗਤ, ਭਗਵਨ ਮਿਲਣ ਕਿਸੇ ਨਾ ਆਈਆ । ਇਕੋ ਨੂਰ ਤੇ ਇਕੋ ਦਾ ਕਰੋ ਦਰਸ, ਹਰਸ ਅਗਲੀ ਦਏ ਚੁਕਾਈਆ । ਕਦੇ ਅਸਮਾਨ ਤੇ ਕਦੇ ਫ਼ਰਸ਼, ਕਦੇ ਜ਼ਿਮੀਂ ਜਮਾਨ ਸੋਭਾ ਪਾਈਆ । ਜਿਸ ਦੇ ਕੋਲ ਨਾ ਕੋਇ ਸਵਰਗ ਨਾ ਕੋਇ ਨਰਕ, ਦੋਜ਼ਖ਼ ਬਹਿਸ਼ਤ ਵੰਡ ਨਾ ਕੋਇ ਵੰਡਾਈਆ । ਜਦੋਂ ਕਿਰਪਾ ਕਰੇ ਤੇ ਲੈ ਜਾਏ ਆਪਣੇ ਘਰ ਵਿਚ ਪਰਤ, ਜਿਥੇ ਪਤਿਪਰਮੇਸ਼ਵਰ ਇਕੋ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਸਦੀ ਚੌਧਵੀਂ ਕਹੇ ਪ੍ਰਭੂ ਰੰਗਣ ਚਾੜ੍ਹ ਦੇ ਗੂੜ੍ਹੀ, ਇਕੋ ਰੰਗ ਰੰਗਾਈਆ । ਧਰਨੀ ਤੇਰੇ ਚਰਨ ਦੀ ਲਾਵੇ ਧੂੜੀ, ਟਿੱਕੇ ਖ਼ਾਕ ਰਮਾਈਆ । ਉਹਦੀ ਆਦਿ ਦੀ ਦੇ ਦੇ ਮਜ਼ਦੂਰੀ, ਸੇਵਾ ਝੋਲੀ ਪਾਈਆ । ਮੇਰੀ ਬੇਨੰਤੀ ਇਕ ਜ਼ਰੂਰੀ, ਜ਼ਾਹਰ ਜ਼ਹੂਰ ਦਿਆਂ ਸੁਣਾਈਆ । ਜਿਸ ਨੇ ਮੰਗ ਮੰਗੀ ਗੋਬਿੰਦ ਕੋਲੋਂ ਕਿਤੇ ਸੋਹਣਿਆ ਕੰਗਣ ਮੇਰੇ ਹੱਥ ਨੂੰ ਪਹਿਨਾ ਦੇ ਚੂੜੀ, ਸੋਹਣਾ ਜੋਬਨ ਦੇਣਾ ਬਣਾਈਆ । ਮੇਰੀ ਆਸਾ ਰਹੇ ਨਾ ਅਧੂਰੀ, ਅਧ ਵਿਚਕਾਲੇ ਨਾ ਦੇਣਾ ਲਟਕਾਈਆ । ਗੋਬਿੰਦ ਕਿਹਾ ਮੇਰੀ ਏਸ ਵੇਲੇ ਮਜਬੂਰੀ, ਤੈਨੂੰ ਸਚ ਦਿਆਂ ਸੁਣਾਈਆ । ਜਿਸ ਵੇਲੇ ਮੇਰਾ ਸਾਹਿਬ ਆਇਆ ਬਣ ਕੇ ਜੋਤ ਨੂਰੀ, ਨੂਰ ਨੁਰਾਨਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਐ ਮੇਰੇ ਖ਼ੁਦਾ ਕਿਉਂ ਤੂੰ ਮੇਰੀ ਗੋਲੀ ਨੂੰ ਪਾ ਦਿਤਾ ਕਾਲਾ ਲਬਾਸ, ਉਹ ਉਠ ਕੇ ਤੈਨੂੰ ਦਏ ਵਖਾਈਆ । ਚੌਦਾਂ ਤਬਕਾਂ ਦਾ ਉਡ ਗਿਆ ਹਿਰਾਸ, ਹੈਰਤ ਵਿਚ ਦੇਣ ਦੁਹਾਈਆ । ਕਦੀ ਤਕਣ ਉਪਰ ਕੈਲਾਸ਼, ਕਦੀ ਅਸਮਾਨਾਂ ਪਰੇ ਧਿਆਨ ਲਗਾਈਆ । ਕਿਸੇ ਦਾ ਰਿਹਾ ਨਹੀਂ ਕੋਈ ਵਿਸ਼ਵਾਸ, ਵਿਸ਼ਾ ਤੇਰਾ ਸਮਝ ਕੋਇ ਨਾ ਪਾਈਆ । ਮੈਂ ਆਉਂਦੀ ਆਉਂਦੀ ਸਭ ਨੂੰ ਆਈ ਆਖ, ਸਹਿਜ ਨਾਲ ਸੁਣਾਈਆ । ਬਈ, ਸਾਰੇ ਉਠ ਖਲੋਵੋ ਚੌਦਾਂ ਤਬਕੋ ਛੱਬੀ ਪੋਹ ਦੀ ਆ ਗਈ ਰਾਤ, ਭਿੰਨੜੀ ਰੈਣ ਜਣਾਈਆ । ਬਹੁੜੀ ਦਰੋਹੀ ਦੁਹਾਈ ਸ਼ਰਅ ਨੇ ਹੋਣਾ ਵਫ਼ਾਤ, ਮਕਬਰੇ ਬੈਠੇ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਚੌਦਾਂ ਤਬਕ ਕਹਿਣ ਅਸੀਂ ਬਣ ਗਏ ਮਰੀਜ਼, ਮੁਰਸ਼ਦ ਨਜ਼ਰ ਕੋਇ ਨਾ ਆਈਆ । ਸਾਨੂੰ ਮਿਲੇ ਨਾ ਕੋਇ ਤਬੀਬ, ਤਬਾ ਸਕੇ ਨਾ ਕੋਇ ਬਦਲਾਈਆ । ਅਸੀਂ ਹੋ ਗਏ ਗ਼ਰੀਬ, ਧਨ ਮਾਲ ਨਾ ਕੋਇ ਰਖਾਈਆ । ਝਟ ਆਵਾਜ਼ ਆਈ ਇਕ ਦੇ ਬਣ ਜਾਉ ਅਜ਼ੀਜ਼, ਮੁਹੱਬਤ ਵਿਚ ਮੁਹੱਬਤ ਲੈਣੀ ਪਰਨਾਈਆ । ਸਚ ਦੀ ਕਰੋ ਤਮੀਜ਼, ਪਹਿਚਾਨ ਇਕ ਦ੍ਰਿੜ੍ਹਾਈਆ । ਸ਼ਰਅ ਦੀ ਮੇਟੋ ਲੀਕ, ਲਾਈਨ ਇਕੋ ਨਜ਼ਰੀ ਆਈਆ । ਜਿਸ ਦੇ ਵਿਚ ਆਦਿ ਤੋਂ ਅੰਤ ਤਕ ਤੌਫ਼ੀਕ, ਤੋਹਫ਼ੇ ਨਾਮ ਕਲਮੇ ਵਾਲੇ ਸਭ ਦੀ ਝੋਲੀ ਪਾਈਆ । ਉਸ ਦੀ ਹੁਣ ਸਾਰੇ ਕਰੋ ਉਮੀਦ, ਉਹ ਅਮਾਮਾਂ ਦਾ ਅਮਾਮ ਆਵੇ ਧੁਰ ਦਾ ਮਾਹੀਆ । ਜੋ ਮਾਲਕ ਆਦਿ ਦਾ ਕਦੀਮ, ਕੁਦਰਤ ਦਾ ਕਾਦਰ ਇਕ ਅਖਵਾਈਆ । ਜਿਸ ਨੇ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਤੋਂ ਕਰਾਈ ਤਕਸੀਮ, ਬਟਵਾਰੇ ਮਜ਼੍ਹਬਾਂ ਵਾਲੇ ਜਣਾਈਆ । ਉਸ ਨੇ ਇਕ ਨਵੀਂ ਦੇਣੀ ਤਾਲੀਮ, ਐਜੂਕੇਸ਼ਨ ਐਜੂਕੇਟਾਂ ਦੇ ਵਿਚ ਦੇਣੀ ਬਦਲਾਈਆ । ਫੇਰ ਵੇਖਿਓ ਉਸਦਾ ਸੀਨ, ਜੋ ਸੁਨੇਹਾ ਦੇਵੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ

੧੦੪੩ ੨੨

ਵੱਡਾ ਵਡ ਵਡਿਆਈਆ । ਚੌਦਾਂ ਤਬਕ ਕਹਿਣ ਨਾ ਜ਼ੋਖਲ, ਮੁੱਲਾਂ ਮੁਹੰਮਦੇ ਰਸੂਲ ਸਲਾਸਲਮ ਦਵਾਅ ਖ਼ੁਦਾ ਮਸਤਲੂ ਨੂਰੇ ਕਬੂਲ ਅਜ਼ਲੀ ਵੱਜੋ ਚਾਨੀ ਖੁਰੀ ਤਸਬੀ ਤਲੂ, ਨਾ ਰੋਜ਼ਾ ਨਾ ਵੂਜ਼ੂ, ਵਜ਼ਲੀ ਮਫ਼ਲਲੋ ਮੁਸਤਬਾਰਾ ਮਜ਼ਲੂਕੇ ਅਜ਼ਲ, ਗਲੇ ਖ਼ਾਨ ਗੁਲੋ ਗੁਲ ਗੁਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਕਵਾਰੀ ਕੰਨਿਆ ਪਹਿਨੇ ਬਸਤਰ, ਪੰਜ ਪੰਜਾਂ ਤਤਾਂ ਦੇਣ ਜਣਾਈਆ । ਸ਼ਬਦ ਗੁਰੂ ਦਾ ਵੇਖੋ ਸ਼ਬਦ ਸ਼ਸਤਰ, ਜੋ ਸ਼ਰਅ ਦੇ ਟੁਕੜੇ ਟੁਕੜੇ ਦਏ ਕਰਾਈਆ । ਉਹਦੇ ਕੋਲ ਨਾਮ ਦੀ ਨਸਤਰ, ਹਉਮੇ ਦੇ ਰੋਗ ਦਏ ਮਿਟਾਈਆ । ਸਾਰਿਆਂ ਦੇ ਭਾਂਡੇ ਸਾਫ਼ ਕਰਕੇ ਕਾਇਆ ਵਾਲੇ ਬਰਤਨ, ਬਰਤਾਂਤ ਅਵਰ ਨਾ ਕੋਇ ਜਣਾਈਆ । ਜਿਸ ਦੀ ਅੰਤ ਅਖ਼ੀਰ ਪੂਰੀ ਹੋਣੀ ਸ਼ਰਤਨ, ਸ਼ਰਅ ਜ਼ੰਜੀਰ ਦਏ ਕਟਾਈਆ । ਇਕੋ ਗੱਲ ਕ੍ਰਿਸ਼ਨ ਨੇ ਦੱਸੀ ਸੀ ਅਰਜਨ, ਅਰਜ਼ ਬੇਨੰਤੀ ਦਿਤੀ ਸੁਣਾਈਆ । ਕੀ ਹੋਇਆ ਜੇ ਮੈਂ ਉਂਗਲੀ ਤੇ ਉਠਾਇਆ ਗਵਰਧਨ, ਜਗਤ ਦਿਤਾ ਜਣਾਈਆ । ਮੇਰੇ ਕਾਹਨ ਦਾ ਖੇਲ ਹੁੰਦਾ ਰਹਿੰਦਾ ਫ਼ਰਦਨ ਫ਼ਰਦਨ, ਮਿਹਰਵਾਨ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਚੌਦਾਂ ਤਬਕ ਕਹਿਣ ਅਸੀਂ ਤਕਣਾ ਬੇਨਜ਼ੀਰ, ਨਜ਼ਰ ਨਜ਼ਰ ਵਿਚੋਂ ਬਦਲਾਈਆ । ਵੇਖਣੀ ਉਹ ਤਸਵੀਰ, ਜੇਹੜੀ ਗਊ ਦੀ ਮਾਲਵੇ ਵਾਲੇ ਲਿਆਏ ਚਾਈਂ ਚਾਈਂਆ । ਫੇਰ ਅਸਾਂ ਸਭ ਨੇ ਬਦਲ ਲੈਣੀ ਜ਼ਮੀਰ, ਅੰਤਰ ਅੰਤਰ ਕਰਨੀ ਸਫ਼ਾਈਆ । ਇਕੋ ਮੰਨਣਾ ਧੁਰ ਦਾ ਪੀਰ, ਪੈਗ਼ੰਬਰਾਂ ਦਾ ਝਗੜਾ ਦੇਣਾ ਗਵਾਈਆ । ਨਾਲੇ ਸਚ ਦੀ ਖਿੱਚਣੀ ਲਕੀਰ, ਲਾਈਨ ਇਕੋ ਇਕ ਬਣਾਈਆ । ਕੋਈ ਵੇਰਵਾ ਰਹੇ ਨਾ ਵਿਚ ਖੰਜੀਰ, ਖੰਜਰ ਸ਼ਰਅ ਨਾ ਕੋਇ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਕਾਰਨ ਗੁਰ ਅਰਜਨ ਨੇ ਚੌਦਾਂ ਸੌ ਤੀਹ ਅੰਕ ਦੀ ਬੰਨ੍ਹੀ ਬੀੜ, ਸਚ ਦਾ ਹੁਕਮ ਇਕ ਵਰਤਾਈਆ । ਸ਼ਰਅ ਕਹੇ ਮੈਂ ਸਭ ਤੋਂ ਵੱਡੀ ਕਰਾਂ ਸ਼ਰਾਰਤ, ਮੁਖ ਨਕਾਬ ਦਿਆਂ ਉਠਾਈਆ । ਜਿਸ ਮਹਿਬੂਬ ਨੇ ਆਪਣੀ ਲਿਖਾਈ ਇਬਾਰਤ, ਅਲਿਫ਼ ਯੇ ਨਾਲ ਸਿਫ਼ਤ ਕਰਾਈਆ । ਉਸ ਕੋਲ ਚਲਣੀ ਨਹੀਂ ਕੋਈ ਸ਼ਫ਼ਾਰਸ਼, ਹੁਕਮ ਵਰਤੇ ਧੁਰਦਰਗਾਹੀਆ । ਸਾਢੇ ਤਿੰਨ ਹੱਥ ਦੀ ਕੁੜੀ ਰਹਿਣ ਨਹੀਂ ਦੇਣੀ ਇਮਾਰਤ, ਸਭ ਦਾ ਝਗੜਾ ਦਏ ਚੁਕਾਈਆ । ਆਪਣੇ ਨਾਮ ਕਲਮੇ ਦੀ ਕਿਸੇ ਮੁੱਲਾਂ ਸ਼ੇਖ਼ ਪੰਡਤ ਪਾਂਧੇ ਗ੍ਰੰਥੀ ਨੂੰ ਲੈਣ ਨਹੀਂ ਦੇਣੀ ਆੜ੍ਹਤ, ਆੜ੍ਹਤ ਵਾਲਾ ਰਹਿਣ ਕੋਇ ਨਾ ਪਾਈਆ । ਯਾਦ ਰੱਖਿਓ ਇਹ ਜੋਤ ਜਗੀ ਕਲਜੁਗ ਦੇ ਅੰਤ ਵਿਚ ਭਾਰਤ, ਸੰਦੇਸ਼ੇ ਘਰ ਘਰ ਦਏ ਪਹੁੰਚਾਈਆ । ਕਿਉਂ ਸਾਰਿਆਂ ਦਾ ਜ਼ੁੰਮੇਵਾਰ ਪੁਰਖ ਅਕਾਲ ਇਕੋ ਵਾਰਸ, ਜੋ ਆਦਿ ਜੁਗਾਦਿ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਹੁਕਮ ਇਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਛੱਬੀ ਪੋਹ ਦੀ ਬੀਤਦੀ ਜਾਂਦੀ ਰਾਤੀ, ਘੜੀ ਪਲ ਪੰਧ ਮੁਕਾਈਆ । ਅਸੀਂ ਸਾਰੇ ਇਕੱਠੇ ਹੋ ਕੇ ਬਣੇ ਇਕ ਜਮਾਤੀ, ਇਕੋ ਢੋਲਾ ਰਹੇ ਗਾਈਆ । ਸਾਡੀ ਪਿਛਲੀ ਬਦਲ ਗਈ ਹਯਾਤੀ, ਜੀਵਣ ਜਗਤ ਨਾ ਕੋਇ ਰਖਾਈਆ । ਅਸੀਂ ਚਾਹੁੰਦੇ ਸਾਡੇ ਮਾਲਕਾ ਖ਼ਾਲਕਾ ਓਏ ਪ੍ਰਿਤਪਾਲਕਾ ਸਾਡਾ ਝਗੜਾ ਮੇਟ ਦੇ ਕਾਗ਼ਜ਼ਾਤੀ, ਜੋ ਅੰਜੀਲ ਕੁਰਾਨਾਂ ਵਿਚ ਤੇਰਾ ਲੇਖਾ ਆਏ ਸਮਝਾਈਆ । ਕੋਈ ਰਹੇ ਨਾ ਤੇਰੇ ਨਾਮ ਦਾ ਫ਼ਸਾਦੀ, ਫੈਸਲਾ ਹੱਕ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗੰਬਰੋ ਸੁਣੋ ਅਖ਼ੀਰੀ ਸ਼ਬਦ, ਸ਼ਬਦ ਸ਼ਬਦ ਸੁਣਾਈਆ । ਸਾਰੇ ਕਹੋ ਨਾ ਕੋਈ ਸਾਡਾ ਦੀਨ ਤੇ ਨਾ ਕੋਈ ਸਾਡਾ ਮਜ਼੍ਹਬ, ਮਜ਼੍ਹਬੀ ਵੰਡ ਨਾ ਕੋਇ ਵੰਡਾਈਆ । ਸਾਰੇ ਤੇਰੇ ਵਿਚ ਹੋ ਗਏ ਜਜ਼ਬ, ਆਪਣਾ ਜਜ਼ਬਾ ਨਾ ਕੋਇ ਰਖਾਈਆ । ਇਕੋ ਨੂੰ ਕਰੀਏ ਅਦਬ, ਡੰਡਾਵਤ ਬੰਦਨਾ ਨਮੋ ਨਮੋ ਸੱਜਦੇ ਵਿਚ ਸੀਸ ਝੁਕਾਈਆ । ਤੇਰੀ ਸਦਾ ਮੰਗੀਏ ਮਦਦ, ਬੇਪਰਵਾਹ ਤੇਰੀ ਇਕ ਸਰਨਾਈਆ । ਅਸੀਂ ਚਾਹੁੰਦੇ ਅੱਗੇ ਵਾਸਤੇ ਸ਼ਰਅ ਦਾ ਮੇਟ ਦੇ ਤਸ਼ੱਦਦ, ਤਸਬੀ ਮਾਲਾ ਮਣਕੇ ਸਾਰੇ ਰਹੇ ਸੁਟਾਈਆ । ਤੇਰੇ ਨਾਮ ਦੀ ਤੇਰੇ ਕਲਮੇ ਦੀ ਤੇਰੇ ਕਲਾਮ ਦਾ ਇਕੋ ਹੋਵੇ ਵਜਦ, (ਵਜਦ ਵਿਚ ਵਾਹਿਦ) ਆਪਣਾ ਰਾਜ਼ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ ।

ਪੰਜ ਲਿਖਾਰੀ ਕਢ ਲਓ ਅਸ਼ਟਾਮ, ਉਲਟੇ ਲਓ ਕਰਾਈਆ । ਤੇਈ ਅਵਤਾਰ ਲਿਖੋ ਬਨਾਮ, ਬੇਨੰਤੀ ਰਹੇ ਸੁਣਾਈਆ । ਤੂੰ ਇਕੋ ਸਭ ਦਾ ਰਾਮ, ਸੀਤਾ ਸੁਰਤ ਲੈ ਪਰਨਾਈਆ । ਇਕੋ ਸਭ ਦਾ ਸ਼ਾਮ, ਆਤਮ ਰਾਧਾ ਆਪਣੇ ਰੰਗ ਰੰਗਾਈਆ । ਸਭ ਕੁਝ ਤੇਰੇ ਕੋਲ ਸੌਂਪਿਆ ਆਪਣਾ ਇੰਤਜਾਮ, ਬੰਦੋਬਸਤ ਤੇਰੇ ਹੱਥ ਫੜਾਈਆ । ਤੂੰ ਸਾਹਿਬ ਸੁਲਤਾਨਾ ਆਦਿ ਜੁਗਾਦੀ ਮਿਹਰਵਾਨ, ਮਿਹਰਵਾਨ ਅਖਵਾਈਆ । ਅੱਗੇ ਵਾਸਤੇ ਸਾਂਝਾ ਬਣਾ ਦੇ ਵਿਧਾਨ, ਇਕੋ ਆਪਣਾ ਹੁਕਮ ਦਰਸਾਈਆ । ਸਾਡਾ ਲੇਖਾ ਮੁਕਾ ਦੇ ਤਮਾਮ, ਤਮ੍ਹਾਂ ਲਾਲਚ ਸਭ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਪੈਗੰਬਰ ਕਹਿਣ ਸਾਡਾ ਅੰਤ ਅਖ਼ੀਰੀ ਸਜਦਾ, ਕਦਮਬੋਸੀ ਵਿਚ ਖ਼ੁਸ਼ੀ ਮਨਾਈਆ । ਮਾਲਕ ਰਿਹਾ ਨਾ ਕੋਈ ਦੀਨ ਮਜ਼੍ਹਬ ਦੇ ਘਰ ਦਾ, ਘਰਾਨੇ ਤੇਰੀ ਝੋਲੀ ਪਾਈਆ । ਅਸੀਂ ਚਾਹੁੰਦੇ ਇਕੋ ਨਾਮ ਤੇਰਾ ਜੀਵ ਜਹਾਨ ਹੋਵੇ ਪੜ੍ਹਦਾ, ਵਖਰੀ ਵੰਡ ਨਾ ਕੋਇ ਵੰਡਾਈਆ । ਝਗੜਾ ਰਹੇ ਨਾ ਮਾਟੀ ਖ਼ਾਕੀ ਧੜ ਦਾ, ਤਨ ਵਜੂਦ ਇਕੋ ਰੰਗ ਰੰਗਾਈਆ । ਬਿਨ ਤੇਰੀ ਕਿਰਪਾ ਕੋਈ ਨਾ ਤਰਦਾ, ਤਾਰਨਹਾਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਦਇਆ ਕਮਾਈਆ । ਗੁਰ ਦਸ ਕਹਿਣ ਸਾਡੇ ਸਾਹਿਬ ਪੁਰਖ ਅਕਾਲ, ਅਕਲ ਕਲਧਾਰੀ ਤੇਰੀ ਵਡ ਵਡਿਆਈਆ । ਤੂੰ ਧੁਰ ਦਾ ਦੀਨ ਦਿਆਲ, ਦਇਆਨਿਧ ਇਕ ਅਖਵਾਈਆ । ਅਸੀਂ ਚਾਹੁੰਦੇ ਸਭ ਦੀ ਇਕੋ ਹੋਵੇ ਧਰਮਸਾਲ, ਦੂਜੀ ਵੰਡ ਨਾ ਕੋਇ ਵੰਡਾਈਆ । ਜਿਥੇ ਬੈਠਣ ਸ਼ਾਹ ਕੰਗਾਲ, ਇਕੋ ਤੇਰਾ ਨਾਮ ਧਿਆਈਆ । ਦੀਨ ਮਜ਼੍ਹਬ ਦਾ ਕਰੇ ਨਾ ਕੋਇ ਸਵਾਲ, ਸ਼ਰਅ ਰੰਗ ਨਾ ਕੋਇ ਰੰਗਾਈਆ । ਤੇਰੇ ਹੱਥ ਕਾਲ ਮਹਾਂਕਾਲ, ਦੋ ਜਹਾਨ ਤੇਰੀ ਸਰਨਾਈਆ । ਸਾਡੀ ਬੇਨੰਤੀ ਕਲਜੁਗ ਅੰਤਮ ਸਤਿਜੁਗ ਕਰ ਬਹਾਲ, ਸਤਿ ਧਰਮ ਦਾ ਰਾਹ ਵਖਾਈਆ । ਸਾਰੇ ਮਾਨਵ ਤੇਰੇ ਬਾਲ, ਆਤਮ ਤੇਰਾ ਨੂਰ ਨਜ਼ਰੀ ਆਈਆ । ਸਭ ਨੂੰ ਸਾਂਝੇ ਦੇ ਬਹਾਲ, ਵੱਖਰਾ ਰਹਿਣ ਕੋਇ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਜਪੇ ਜੀਵ ਜਗਤ ਜਹਾਨ, ਆਤਮ ਪਰਮਾਤਮ ਰਾਗ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਅਵਤਾਰ ਪੈਗੰਬਰ ਗੁਰ ਇਕੱਠੇ ਮੰਗਣ ਤੇਰੇ ਦਰ, ਸ੍ਰਿਸ਼ਟੀ ਦ੍ਰਿਸ਼ਟੀ ਸ਼ਬਦ ਸਤਿਗੁਰ ਲਾ ਦੇ ਲੜ, ਲੜ ਦੀਨਾਂ ਮਜ਼੍ਹਬਾਂ ਕੋਲੋਂ ਦੇ ਛੁਡਾਈਆ ।


੧੦੪੫ ੨੨

ਪੰਜ ਦਰਬਾਰੀ ਕਢੇ ਦਹਿਲਾ, ਪੁੱਠਾ ਜ਼ਿਮੀਂ ਉਤੇ ਦਿਉ ਟਿਕਾਈਆ । ਪ੍ਰਭ ਦਾ ਮਾਰਗ ਹੋਵੇ ਸਹਿਲਾ, ਸਹਿਜ ਨਾਲ ਵਡਿਆਈਆ । ਘਰ ਪੁਚਾਵੇ ਆਪਣੇ ਮਹਿਲਾ, ਮਹਿਫ਼ਲ ਆਪਣੇ ਨਾਲ ਰਖਾਈਆ । ਦਰਸ ਦਿਖਾਵੇ ਛਬੀਲ ਛੈਲਾ, ਸ਼ਾਹ ਸੁਲਤਾਨਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਹੁਕਮ ਵਰਤਾਈਆ । ਦਹਿਲਾ ਕਹੇ ਮੈਂ ਹੋ ਗਿਆ ਪੁੱਠਾ, ਪ੍ਰਭ ਪੁੱਠੀ ਰੀਤ ਚਲਾਈਆ । ਪੁਰਖ ਅਕਾਲ ਹੋ ਕੇ ਤੁੱਠਾ, ਮਿਹਰ ਨਜ਼ਰ ਉਠਾਈਆ । ਆਪਣੇ ਨਾਮ ਦੀਆਂ ਪਾ ਕੇ ਲੁੱਟਾਂ, ਭਗਤ ਭੰਡਾਰੇ ਰਿਹਾ ਭਰਾਈਆ । ਕਲਜੁਗ ਕਲਪਣਾ ਮੇਟ ਕੇ ਫੁੱਟਾਂ, ਫੁਟਕਲ ਡੇਰਾ ਰਹੇ ਢਾਹੀਆ । ਧਰਮ ਦੇ ਗਾਨੇ ਬੰਨ੍ਹ ਕੇ ਗੁਟਾ, ਗੁਰਮੁਖ ਸਾਚੇ ਜੋੜ ਜੁੜਾਈਆ । ਕਰੇ ਲਾਡ ਵਾਂਗ ਪੁੱਤਾ, ਪ੍ਰੀਤਮ ਆਪਣੀ ਗੋਦ ਟਿਕਾਈਆ । ਅੱਗੇ ਝਗੜਾ ਰਹਿਣ ਨਾ ਦੇਵੇ ਬੁਤਾਂ, ਬੁਤਪਰਸਤੀ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਦਹਿਲਾ ਕਹੇ ਮੇਰੇ ਉਤੇ ਆਉਣਾ ਗੋਲਾ, ਪਾਸਾ ਲਏ ਬਦਲਾਈਆ । ਉਸ ਨੇ ਮੇਰੇ ਮਾਹੀ ਦਾ ਗਾਉਣਾ ਢੋਲਾ, ਤੂੰ ਹੀ ਤੂੰ ਹੀ ਰਾਗ ਸੁਣਾਈਆ । ਨਜ਼ਰੀ ਆਉਣਾ ਮੌਲਾ, ਮਲਕੁਲਮੌਤ ਤੋਂ ਲਏ ਬਚਾਈਆ । ਨਿਮਾਣਿਆਂ ਦਾ ਜਿਸ ਨੇ ਬਣਨਾ ਵਿਚੋਲਾ, ਭੁੱਖਿਆਂ ਨੰਗਿਆਂ ਪਾਰ ਕਰਾਈਆ । ਧਰਮ ਦਾ ਦੱਸਣਾ ਸੋਹਲਾ, ਸੋਹਣਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਵੇਖ ਵਖਾਈਆ । ਗੋਲਾ ਕਹੇ ਮੈਂ ਨਹੀਂ ਰਹਿਣਾ ਗ਼ੁਲਾਮ, ਸ਼ਰਅ ਨਾ ਕੋਇ ਰਖਾਈਆ । ਮੈਂ ਤੱਕਿਆ ਇਕ ਅਮਾਮ, ਅਮਾਮ ਅਮਾਮਾਂ ਨਜ਼ਰੀ ਆਈਆ । ਜਿਸ ਮੇਟਣਾ ਅੰਧੇਰਾ ਸ਼ਾਮ, ਸ਼ਮਾ ਨੂਰ ਕਰੇ ਰੁਸ਼ਨਾਈਆ । ਦੀਨ ਦੁਨੀ ਦੀ ਬਦਲ ਕਲਾਮ, ਕਲਮਾ, ਕਲਮਿਆਂ ਵਿਚੋਂ ਸਮਝਾਈਆ । ਮੁਹੱਬਤ ਵਿਚ ਹੋਵੇ ਮਿਹਰਵਾਨ, ਮਹਿਬੂਬ ਆਪਣਾ ਰੰਗ ਰੰਗਾਈਆ । ਉਹਦਾ ਸੰਦੇਸ਼ਾ ਸੁਣਿਆ ਫ਼ਰਮਾਨ, ਫਰਮਾਂਬਰਦਾਰਾਂ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੋਲਾ ਕਹੇ ਮੇਰੇ ਪਿਛੋਂ ਆਈ ਬੇਗ਼ਮ, ਬੇਗਮਪੁਰੇ ਦਾ ਹਾਲ ਸੁਣਾਈਆ । ਜਿਹੜਾ ਉਥੇ ਗਿਆ ਮੁੜ ਕੇ ਫੇਰ ਪਏ ਨਾ ਜੰਮ, ਜਮ ਦੰਡ ਨਾ ਕੋਇ ਰਖਾਈਆ । ਦੁੱਖਾਂ ਵਿਚ ਭਰਨਾ ਪਏ ਕੋਇ ਨਾ ਦਮ, ਸਾਹ ਸਾਹ ਨਾ ਕੋਇ ਕੁਰਲਾਈਆ । ਝਗੜਾ ਰਹੇ ਨਾ ਮਾਟੀ ਚੰਮ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਇਕੋ ਭੇਵ ਖੁਲ੍ਹਾਏ ਆਤਮ ਬ੍ਰਹਮ, ਬ੍ਰਹਮਵੇਤਾ ਇਕੋ ਨਜ਼ਰੀ ਆਈਆ । ਦੂਸਰ ਰਹੇ ਨਾ ਕੋਇ ਭਰਮ, ਭਾਂਡਾ ਭਰਮ ਦਾ ਦਏ ਭੰਨਾਈਆ । ਲੇਖਾ ਮੁਕਾ ਕੇ ਕਾਂਡ ਕਰਮ, ਕਰਨੀ ਆਪਣੀ ਵਿਚ ਸਮਾਈਆ । ਜਿਸ ਨੇ ਸਾਰੀ ਮਾਨੁਸ਼ ਜ਼ਾਤੀ ਦਾ ਇਕੋ ਰੱਖਣਾ ਧਰਮ, ਧਰਮ ਦਵਾਰਾ ਇਕੋ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਬੇਗ਼ਮ ਕਹੇ ਮੇਰਾ ਆਉਣਾ ਪਾਤਸ਼ਾਹ, ਜਿਸ ਨੂੰ ਬਾਦਸ਼ਾਹ ਕਹੇ ਲੋਕਾਈਆ । ਧੁਰ ਦਾ ਮਾਲਕ ਸ਼ਹਿਨਸ਼ਾਹ, ਸ਼ਾਹੀ ਕੂੜੀ ਦਏ ਬਦਲਾਈਆ । ਧੁਰ ਦਾ ਇਕੋ ਦੱਸੇ ਰਾਹ, ਰਹਿਬਰ ਬਣ ਕੇ ਨੂਰ ਖ਼ੁਦਾਈਆ । ਪੰਜ ਦਰਬਾਰੀ ਇਕ ਦੂਜੇ ਦੇ ਉਤੇ ਦਿਉ ਟਿਕਾ, ਕਿੰਗ ਦਾ ਮੁਖ ਉਪਰ ਦੇਣਾ ਸਮਝਾਈਆ । ਲਿਖਾਰੀ ਲੇਖਾ ਦਿਓ ਲਿਖਾ, ਲਿਖਿਆ ਲੇਖ ਨਾ ਕੋਇ ਮਿਟਾਈਆ । ਪੁਰਖ ਅਕਾਲ ਦੀਨ ਦਿਆਲ ਨੇ ਸਭ ਦਾ ਵਾਅਦਾ ਪੂਰ ਦੇਣਾ ਕਰਾ, ਕੌਲ

੧੦੪੬
੨੨

ਇਕਰਾਰ ਸੰਗ ਰਖਾਈਆ । ਜਿਸ ਵਿਚ ਭੇਵ ਰਹੇ ਨਾ ਜ਼ਰਾ, ਜ਼ੱਰੇ ਜ਼ੱਰੇ ਵਿਚੋਂ ਇਕੋ ਨੂਰ ਦਏ ਚਮਕਾਈਆ । ਪਿਛਲੀ ਰਹੇ ਕੋਇ ਨਾ ਸ਼ਰਅ, ਸ਼ਰੀਅਤ ਦਾ ਡੇਰਾ ਢਾਹੀਆ । ਜਿਸ ਕਾਰਨ ਲਿਖ ਕੇ ਲਾਇਆ ਮਰਾ, ਮਹਿਰਮ ਹੋ ਕੇ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਬਾਦਸ਼ਾਹ ਕਹੇ ਮੈਂ ਨਹੀਂ ਪੱਤਾ ਤਾਸ਼, ਸਭ ਨੂੰ ਦਿਆਂ ਸੁਣਾਈਆ । ਮੈਂ ਤਾਂ ਸ਼ਰਅ ਦਾ ਬਦਮਾਸ਼, ਜਿਸ ਨੇ ਸਾਰੇ ਦਿਤੇ ਲੜਾਈਆ । ਮੈਨੂੰ ਕਲਜੁਗ ਦਿਤੀ ਸ਼ਾਬਾਸ਼, ਮੇਰਾ ਸੰਗ ਬਣਾਈਆ । ਮੈਂ ਹੋ ਕੇ ਦਾਸੀ ਦਾਸ, ਸਾਚੀ ਸੇਵ ਕਮਾਈਆ । ਅੰਤ ਪ੍ਰਭ ਦੇ ਚਰਨਾਂ ਮਿਲਿਆ ਨਿਵਾਸ, ਮੇਰਾ ਲੇਖਾ ਰਿਹਾ ਨਾ ਰਾਈਆ । ਨਾ ਕਲਮਾ ਪੜ੍ਹਾ ਨਾ ਨਿਮਾਜ਼, ਢੋਲਾ ਨਾਮ ਕੋਇ ਨਾ ਗਾਈਆ । ਮੇਰਾ ਪੂਰਾ ਹੋਇਆ ਕਾਜ, ਹਰਿ ਕਰਤੇ ਦਿਤੀ ਵਡਿਆਈਆ । ਮੇਰਾ ਛੁਟ ਗਿਆ ਬੰਧਨਾ ਵਾਲਾ ਸਮਾਜ, ਜਗਤ ਸਮਗਰੀ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਸਰਨ ਸਰਨਾਈ ਗਿਆ ਲਾਗ, ਲਗ ਮਾਤਰ ਦਾ ਅੱਗੇ ਲੇਖਾ ਨਾ ਰਿਹਾ ਰਾਈਆ ।

✪ ੨੭ ਪੋਹ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਸਵੇਰੇ ਪੰਜਾਬ ਮੰਤਰੀ ਸਤਿਨਾਮ ਸਿੰਘ ਬਾਜਵਾ ਦੇ ਆਉਣ ਤੇ ✪



ਸਤਿਗੁਰ ਸ਼ਬਦ ਸੂਰਾ ਗੋਬਿੰਦ, ਗੋਬਿੰਦ ਗੋਬਿੰਦ ਸਿੰਘ ਰੂਪ ਪਰਗਟਾਈਆ । ਜੋ ਪੁਰਖ ਅਕਾਲ ਦੀ ਨਾਦੀ ਬਿੰਦ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਉਸ ਦੀ ਅੰਮ੍ਰਿਤ ਧਾਰ ਸਾਗਰ ਸਿੰਧ, ਕਾਇਆ ਮੰਦਰ ਅੰਦਰ ਟਪਕਾਈਆ । ਉਹਦਾ ਸਾਥੀ ਪੁਰਖ ਅਕਾਲਾ ਗੁਣੀ ਗਹਿੰਦ, ਗਹਿਰ ਗੰਭੀਰ ਇਕ ਅਖਵਾਈਆ । ਜਿਸ ਨੇ ਸਾਜਣਾ ਕੀਤੀ ਜੀਉ ਪਿੰਡ, ਤਨ ਵਜੂਦ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੋਬਿੰਦ ਸੂਰਾ ਸ਼ਬਦ ਸ਼ਬਦ ਸ਼ਬਦ ਲਲਕਾਰਾ, ਦੋ ਜਹਾਨ ਸੁਣਾਈਆ । ਜਿਸ ਨੇ ਨੌ ਖੰਡ ਪ੍ਰਿਥਮੀ ਸੱਤ ਦੀਪ ਰੰਗ ਰੰਗਣਾ ਅਗੰਮ ਅਪਾਰਾ, ਅਲਖ ਅਗੋਚਰ ਨਾਲ ਮਿਲਾਈਆ । ਜਿਸ ਦਾ ਖੇਲ ਹੋਣਾ ਪ੍ਰਿਥਮੀ ਆਕਾਸ਼ ਸਰਬ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਬੈਠਣ ਸੀਸ ਨਿਵਾਈਆ । ਭਵਿਖਤ ਪੂਰਾ ਕਰਨਾ ਤੇਈ ਅਵਤਾਰਾ, ਰਾਮਾ ਕ੍ਰਿਸ਼ਨਾ ਅੱਖ ਖੁਲ੍ਹਾਈਆ । ਜੋ ਪੈਗ਼ੰਬਰ ਦੇ ਕੇ ਗਏ ਇਸ਼ਾਰਾ, ਈਸਾ ਮੂਸਾ ਮੁਹੰਮਦ ਨੈਣ ਉਠਾਈਆ । ਜੋ ਨਾਨਕ ਨਿਰਗੁਣ ਸਰਗੁਣ ਧਾਰ ਕਿਹਾ ਨਿਹਕਲੰਕ ਨਰ ਨਰਾਇਣ ਹੋਵੇ ਅਵਤਾਰਾ, ਅਵਤਰ ਆਪਣਾ ਵੇਸ ਵਟਾਈਆ । ਜਿਸ ਨੂੰ ਗੁਰ ਗੋਬਿੰਦ ਸਿੰਘ ਕਿਹਾ ਕਲ ਕਲਕੀ ਮੇਰਾ ਸਾਹਿਬ ਸਵਾਮੀ ਅੰਤਰਜਾਮੀ ਦੋ ਜਹਾਨਾਂ ਹੋਵੇ ਉਜਿਆਰਾ, ਨਿਰਗੁਣ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਉਸ ਵਰਨ ਬਰਨ ਜ਼ਾਤ ਪਾਤ ਦੀਨ ਮਜ਼੍ਹਬ ਦਾ ਕਰਨਾ ਅੰਤ ਕਿਨਾਰਾ, ਆਤਮ ਪਰਮਾਤਮ ਕਰੇ ਪੜ੍ਹਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਇਕੋ ਧਰਮ ਦੀ ਧਾਰ ਹੋਵੇ ਜੈਕਾਰਾ, ਡੰਕਾ ਫ਼ਤਹਿ ਦਏ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਗੋਬਿੰਦ ਰੂਪ ਅਪਾਰਾ, ਅਪਰੰਪਰ ਸਵਾਮੀ ਦਏ ਵਡਿਆਈਆ । ਮਾਨਵ ਜ਼ਾਤੀ ਸੱਚਾ ਸਿਖ ਬਣੇ ਤੇ ਮਿਲੇ ਸਾਹਿਬ ਸੱਚੀ ਸਰਕਾਰਾ, ਜੋ ਜੁਗ ਚੌਕੜੀ ਆਪਣੀ

੧੦੪੭ ੨੨

ਕਾਰ ਕਮਾਈਆ । ਮੁੱਛ ਦਾੜ੍ਹੀ ਕੇਸ ਇਹ ਪਰਮ ਪੁਰਖ ਦੀ ਧਾਰਾ, ਗੋਬਿੰਦ ਸਭ ਨੂੰ ਗਿਆ ਜਣਾਈਆ । ਜਿਸ ਵੇਲੇ ਕਲਜੁਗ ਵਿਚੋਂ ਸਤਿਜੁਗ ਹੋਇਆ ਉਜਿਆਰਾ, ਉਸ ਵੇਲੇ ਮੂੰਡ ਮੁੰਡਾਇਆ ਰਹਿਣ ਕੋਇ ਨਾ ਪਾਈਆ । ਜੋਤੀ ਜਾਤਾ ਪੁਰਖ ਬਿਧਾਤਾ ਕਲ ਕਲਕੀ ਲਏ ਅਵਤਾਰਾ, ਸੰਬਲ ਆਪਣਾ ਦੇਸ ਸੁਹਾਈਆ । ਨਾਮ ਸਤਿ ਸਤਿ ਨਾਮ ਇਹ ਆਤਮ ਪਰਮਾਤਮ ਪਰਮਾਤਮ ਆਤਮ ਦੋਹਾਂ ਦਾ ਇਕ ਦਵਾਰਾ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਕਾਰਨ ਬਾਜਵਾ ਸਾਹਿਬ ਚਲ ਕੇ ਆਇਆ ਓਸ ਦੀ ਬਖ਼ਸ਼ਿਸ਼ ਵਿਚ ਮਿਲੇ ਅੰਮ੍ਰਿਤ ਰਸ ਬੂੰਦ ਸਵਾਂਤੀ ਤੇ ਨਿਝਰ ਠੰਡੀ ਠਾਰਾ, ਬਾਹਰ ਦੀ ਅਗਨੀ ਤਤ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਤਾ ਪੁਰਖ ਬਿਧਾਤਾ, ਆਦਿ ਅਨਾਦੀ ਸ਼ਬਦ ਬ੍ਰਹਿਮਾਦੀ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਪਰਵਰਦਿਗਾਰ ਸਾਂਝਾ ਯਾਰ ਬੇਪਰਵਾਹ ਅਗੰਮ ਅਥਾਹ ਆਪਣੀ ਖੇਲ ਆਪ ਖਿਲਾਈਆ ।

### ੨੭ ਪੋਹ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ

ਲਿਖਾਰੀਓ ਕਲਮਾਂ ਕਰ ਲਓ ਪੁੱਠੀਆਂ, ਲਿਖਣ ਦੀ ਲੋੜ ਰਹੇ ਨਾ ਰਾਈਆ । ਪਿਆਰ ਵਿਚ ਕਹੋ ਪ੍ਰਭੂ ਪਹਿਲੋਂ ਭਗਤਾਂ ਦੀਆਂ ਰੂਹਾਂ ਮਨਾ ਲੈ ਰੁੱਠੀਆਂ, ਰੋਸਾ ਰਹਿਣ ਕੋਇ ਨਾ ਪਾਈਆ । ਜੇ ਸਤਿਗੁਰੂ ਏਂ ਇਨ੍ਹਾਂ ਦੀਆਂ ਕਰ ਬੁੱਤੀਆਂ, ਘਰ ਘਰ ਫੇਰਾ ਪਾਈਆ । ਜੇ ਮਿਹਰਵਾਨ 
ਹੈਂ ਓ ਸੁਹਾ ਦੇ ਇਨ੍ਹਾਂ ਦੀਆਂ ਰੁਤੀਆਂ, ਰੁਤੜੀਆਂ ਆਪਣੇ ਨਾਲ ਮਹਿਕਾਈਆ । ਤੇਰੇ ਪਿਛੇ ਪੰਧ ਮਾਰਿਆ ਤੋੜੀਆਂ ਜੁੱਤੀਆਂ, ਓਹ ਚਮਿਆਰਾ ਗੰਢ ਦੇ ਗੰਢ ਕੇ ਆਪਣੇ ਨਾਲ ਜੁੜਾਈਆ । ਜਿਹੜੀਆਂ ਜੁਗ ਚੌਕੜੀ ਨਿਸ਼ਾਨਿਊਂ ਉਕੀਆਂ, ਉਨ੍ਹਾਂ ਦਾ ਉਕਾ ਪੈਂਡਾ ਦੇ ਮੁਕਾਈਆ । ਕਿਉਂ ਪਿਛਲਿਆਂ ਦੀਆਂ ਮੁਨਿਆਦਾਂ ਮੁਕੀਆਂ, ਉਹ ਮੁਕੰਮਲ ਤੇਰਾ ਵੇਲਾ ਵਕਤ ਗਿਆ ਆਈਆ । ਤੇਰੇ ਹੁੰਦਿਆਂ ਜੇ ਤੇਰਿਆਂ ਭਗਤਾਂ ਦੀਆਂ ਆਸ਼ਾ ਰਹਿਣ ਦੁਖੀਆਂ, ਦੁੱਖਾਂ ਦਾ ਡੇਰਾ ਦੇਣਾ ਢਾਹੀਆ । ਇਨ੍ਹਾਂ ਕੋਲੋਂ ਤੇਰੇ ਵਿਛੋੜੇ ਦੀਆਂ ਪੰਡਾਂ ਨਹੀਂ ਜਾਣੀਆਂ ਚੁੱਕੀਆਂ, ਭਾਰ ਸਕੇ ਨਾ ਕੋਇ ਉਠਾਈਆ । ਤੇਰੇ ਕੋਲ ਕਿਹੜੀਆਂ ਕਥਾ ਕਹਾਣੀਆਂ ਲਿਖੀਆਂ, ਲੁਕਿਆ ਆਪਣਾ ਪਰਦਾ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਪਣਾ ਹੁਕਮ ਵਰਤਾਈਆ । ਲਿਖਾਰੀਓ ਆਪਣੀਆਂ ਕਲਮਾਂ ਕਰ ਲਓ ਸਿੱਧੀਆਂ, ਹੱਥ ਛਾਤੀ ਉਤੇ ਲਗਾਈਆ । ਨਾਲੇ ਲਿਖੋ ਨਾਲੇ ਅੰਦਰ ਕਹੋ ਪ੍ਰਭੂ ਤੇਰੇ ਪ੍ਰੇਮ ਵਿਚ ਗੁਰਮੁਖਾਂ ਦੀਆਂ ਆਸ਼ਾ ਜਾਣ ਵਿੰਨ੍ਹੀਆਂ, ਵਿੰਨ੍ਹ ਕੇ ਦੇ ਵਖਾਈਆ । ਜੇ ਤੇਰੇ ਹੁੰਦਿਆਂ ਤੇਰਿਆਂ ਭਗਤਾਂ ਨੂੰ ਹੋਰ ਲੱਭਣੀਆਂ ਪੈਣ ਬਿਧੀਆਂ, ਓ ਤੈਨੂੰ ਬਿਧਾਤਾ ਕੌਣ ਕਹੇ ਧੁਰ ਦਾ ਮਾਹੀਆ । ਵੇਖ ਭਗਤਾਂ ਦੀਆਂ ਆਸ਼ਾ ਕਿੱਡੀਆਂ, ਕਿੱਥੇ ਬੈਠੇ ਧਿਆਨ ਲਗਾਈਆ । ਓ ਜਿਥੇ ਤੇਰੇ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੀਆਂ ਜੋਤਾਂ ਛਿੰਦੀਆਂ, ਉਥੇ ਦੇਣਾ ਬਹਾਈਆ । ਹੁਣ ਤੂੰ ਕਾਹਨ ਨਹੀਂ ਭਗਵਾਨ ਹੈਂ ਤੂੰ ਕਿਹੜੀਆਂ ਲਾਉਣੀਆਂ ਉਂਗਲਾਂ ਨਾਲ ਬਿੰਦੀਆਂ, ਕਿਹੜੇ ਬਿੰਦਰਾਬਨ ਵਿਚ ਰਾਸ ਲੈਣੀ ਰਚਾਈਆ । ਕਿਹੜੀਆਂ ਪੱਟੀਆਂ ਵਾਹੁਣੀਆਂ ਵਿੰਗੀਆਂ, ਟੇਢਾ ਚੀਰ ਕਢਾਈਆ । ਕਿਹੜੀਆਂ ਲੱਕ ਨੂੰ ਮਾਰਨੀਆਂ ਲੁੰਗੀਆਂ, ਪੇਚਾਂ ਵੱਲ ਰਖਾਈਆ । ਕਿਹੜੀਆਂ ਹਲਾਉਣੀਆਂ ਕਿੰਗੀਆਂ, ਸੁਰ ਤਾਲ

ਬਣਾਈਆ । ਓ ਇਕੋ ਵਾਰ, ਜੇ ਸਤਿਗੁਰੂ ਏਂ ਤਾਂ ਸਭ ਦੀਆਂ ਮੇਟ ਦੇ ਚਿੰਦੀਆਂ, ਚਿੰਤਾ ਅੰਦਰ ਰਹੇ ਨਾ ਰਾਈਆ । ਕੋਈ ਡੰਡੀਆਂ ਰਹਿਣ ਨਹੀਂ ਦੇਣੀਆਂ ਵਿੰਗੀਆਂ, ਸਿੱਧਾ ਰਾਹ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਪਣਾ ਹੁਕਮ ਵਰਤਾਈਆ । ਓਹ ਵੇਖ ਕਲਮਾਂ ਕਹਿਣ ਫੜ ਲੈ ਆਪਣਾ ਨੱਕ, ਹਲੂਣਾ ਦੇ ਲਗਾਈਆ । ਸਭ ਦੀ ਝੋਲੀ ਪਾ ਦੇ ਹੱਕ, ਜੋ ਹੱਕ ਦੇ ਮਾਲਕ ਬੈਠੇ ਡੇਰਾ ਲਾਈਆ । ਸਾਹਿਬ ਹੋ ਕੇ ਕਿਸੇ ਦੇ ਅੰਦਰ ਰਹਿਣ ਨਾ ਦੇਵੀਂ ਸ਼ੱਕ, ਸਹਿੰਸਾ ਸਭ ਦਾ ਦੇਣਾ ਮਿਟਾਈਆ । ਇਨ੍ਹਾਂ ਦੀਦਿਆਂ ਨਾਲ ਨਾ ਲਵੀਂ ਤਕ, ਨੂਰ ਨੂਰ ਨਾਲ ਵੇਖਣਾ ਚਾਈਂ ਚਾਈਂਆ । ਪਹਿਲੋਂ ਇਨ੍ਹਾਂ ਦੀ ਚੁਰਾਸੀ ਕਟ, ਕਲਮ ਹੁਕਮ ਨਾਲ ਚਲਾਈਆ । ਫੇਰ ਕਿਰਪਾ ਕਰ ਝਟ, ਮਿਹਰ ਨਿਗਹ ਨਾਲ ਉਠਾਈਆ । ਸਦਾ ਆਪਣਿਆਂ ਚਰਨਾਂ ਦਾ ਖੋਲ੍ਹ ਕੇ ਰੱਖੀਂ ਹੱਟ, ਦਵਾਰਾ ਇਕੋ ਇਕ ਵਖਾਈਆ । ਜਿਥੇ ਤੇਰੇ ਭਗਤ ਹੋਣ ਇਕੱਲੇ ਤੇਰੇ ਸਾਥ, ਲੈ ਕੇ ਭੱਜਣ ਵਾਹੋ ਦਾਹੀਆ । ਕੋਈ ਐਧਰ ਕੋਈ ਓਧਰ ਸਾਰੇ ਜਾਣ ਢੱਠ, ਜੇ ਵੇਖੇਂ ਤੇ ਪੁਰਖ ਸਮਰਥ, ਸਭ ਦਾ ਪਿਤਾ ਮਾਈਆ । ਕੀ ਤੂੰ ਪੁਰਾਣਾ ਜੁਗਾਂ ਦਾ ਚਲਾਉਣ ਵਾਲਾ ਰਥ, ਰਥਵਾਹੀ ਇਕ ਅਖਵਾਈਆ । ਵੱਖ ਵੱਖ ਮਾਰਗ ਦਿਤੇ ਦੱਸ, ਪੱਟੀ ਜਗਤ ਵਾਲੀ ਪੜ੍ਹਾਈਆ । ਹੁਣ ਤੇ ਸਭ ਦੀ ਹੋ ਗਈ ਬਸ, ਤੇਰੇ ਬੱਚੂ ਬਣ ਕੇ ਤੇਰੇ ਅੱਗੇ ਵਾਸਤਾ ਪਾਈਆ । ਸਾਡੀ ਕਰਨੀ ਕਰ ਦੇ ਰਫ਼, ਲੇਖਾ ਦੇ ਮੁਕਾਈਆ । ਕਿਸੇ ਨੂੰ ਗਰਮੀ ਹੋ ਗਈ ਕਿਸੇ ਨੂੰ ਹੋ ਗਈ ਕਫ਼, ਤਬੀਬ ਨਜ਼ਰ ਕੋਇ ਨਾ ਆਈਆ । ਸੱਚੀ ਸ਼ਫ਼ਾ ਨਾ ਕੋਈ ਹੋਵੇ ਸ਼ਫ਼, ਸ਼ਫ਼ਕਤ ਨਜ਼ਰ ਕੋਇ ਨਾ ਆਈਆ । ਓ ਜਗਤ ਨੇਤਰਾਂ ਵਾਲਿਆ ਇਨ੍ਹਾਂ ਅੱਖਾਂ ਤੋਂ ਪਿਛਲੀ ਖੋਲ੍ਹ ਆਪਣੀ ਅੱਖ, ਪ੍ਰਤਖ ਆਪਣੀ ਦਇਆ ਕਮਾਈਆ । ਓ ਤੈਨੂੰ ਯਾਦ ਨਹੀਂ ਤੂੰ ਕੌਲ ਇਕਰਾਰ ਕੀਤਾ ਮੈਂ ਇਕ ਤੋਂ ਕਰਨਾ ਲੱਖ, ਲੱਖ ਪਾਤਾਲਾਂ ਆਕਾਸ਼ਾਂ ਵਿਚ ਫਿਰਾਈਆ । ਕੀ ਤੂੰ ਕੋਈ ਪੰਡਤ ਪਾਂਧਾ ਏਂ ਭਗਤਾਂ ਦੇ ਵੇਖੇਂਗਾ ਹੱਥ, ਹਥੇਲੀਆਂ ਆਪਣੇ ਅੱਗੇ ਟਿਕਾਈਆ । ਓਹ ਵੇਖ ਬਿਸ਼ਨ ਸਿੰਘ ਕਹਿੰਦਾ ਮੇਰੀ ਪਹਿਲੀ ਹੋਈ ਚੱਠ, ਪ੍ਰਭ ਨੇ ਮਾਰਗ ਦਿਤਾ ਬਣਾਈਆ । ਮੈਂ ਪੁਰੀਆਂ ਲੋਆਂ ਆਇਆ ਟੱਪ, ਭੱਜਿਆ ਵਾਹੋ ਦਾਹੀਆ । ਮੇਰੀ ਨਿੱਕੀ ਜਿਹੀ ਪਿਆਰ ਵਾਲੀ ਗੱਪ, ਗਪੌੜਾ ਧੁਰ ਦਾ ਦਿਆਂ ਸੁਣਾਈਆ । ਜਨ ਭਗਤੋਂ ਉਥੇ ਕੋਈ ਅੰਮ੍ਰਿਤ ਨਹੀਂ ਮਿਲਦਾ ਭਰ ਕੇ ਲੱਪ, ਪਿਆਲਾ ਹੱਥ ਨਾ ਕੋਇ ਫੜਾਈਆ । ਨਾ ਕੋਈ ਪੂਜਾ ਤੇ ਨਾ ਕੋਈ ਜਪ, ਨਾ ਰਾਗ ਰਿਹਾ ਸੁਣਾਈਆ । ਮੈਂ ਕੀ ਵੇਖਿਆ ਇਕੋ ਨੂਰ ਤੇ ਇਕੋ ਸਤਿ, ਜੋ ਸਤਿ ਸਤਿ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਕਲਮਾਂ ਕਹਿਣ ਤੂੰ ਸਾਨੂੰ ਬਖ਼ਸ਼ਿਸ਼ ਵਿਚ ਅੱਗੇ ਕਰ ਦਿਤਾ ਦਾਨ, ਪੰਜਿਆਂ ਨਾਲ ਦਬਾਈਆ । ਅਸੀਂ ਹੁਣ ਲੇਖਾ ਰਹਿਣ ਨਹੀਂ ਦੇਣਾ ਨਾ ਕਿਸੇ ਸੀਤਾ ਤੇ ਨਾ ਕਿਸੇ ਰਾਮ, ਨਾ ਕਿਸੇ ਗੋਪੀ ਤੇ ਨਾ ਕਿਸੇ ਕਾਹਨ, ਨਾ ਕਿਸੇ ਪੈਗ਼ੰਬਰ ਤੇ ਨਾ ਕਿਸੇ ਅਮਾਮ, ਤੇਰਾ ਹੁਕਮ ਸੰਦੇਸ਼ਾ ਲਿਖਣਾ ਤਮਾਮ, ਤਮਾਂ ਦਾ ਝਗੜਾ ਰਿਹਾ ਨਾ ਰਾਈਆ । ਪ੍ਰਭੂ ਤੈਨੂੰ ਇਹ ਕੇਹੜੀ ਬੀਮਾਰੀ ਤੂੰ ਜੁਗ ਚੌਕੜੀ ਸਾਰਿਆਂ ਨੂੰ ਆਪਣੇ ਨਾਮ ਕਲਮੇ ਨਾਲ ਖੁਰਕ ਖੁਰਕ ਕੇ ਮਜ਼੍ਹਬਾਂ ਦੇ ਪਾ ਦਿਤੇ ਨਿਸ਼ਾਨ, ਨਿਸ਼ਾਨੇ ਜਗਤ ਵਿਚ ਵਖਾਈਆ । ਸ਼ਰਅ ਦੀ ਦੱਸੀ ਆਪਣੀ ਧਰਮ ਸ਼ੈਤਾਨੀ ਵਾਲੀ ਕਲਾਮ, ਅਵਾਮੀ ਖੇਲ ਖਿਲਾਈਆ । ਆਪ ਬਣ ਕੇ ਭਗਵਾਨ ਵਡਾ ਭਲਵਾਨ ਨੌਜਵਾਨ ਕਿਸੇ ਨੂੰ ਇਕ ਨਾ ਮਿਲੇ ਤੇ ਆਪ ਲੱਖ ਚੁਰਾਸੀ ਗੋਪੀਆਂ ਦਾ ਕਾਹਨ, ਫਿਰ ਕਹੇਂ ਮੈਂ ਨਿਰਾਕਾਰ, ਮੈਂ ਵਸਿਆ

ਸਭ ਤੋਂ ਬਾਹਰ, ਜਾਂ ਤੱਕਿਆ ਸਭ ਦੇ ਅੰਦਰ ਵੜ ਕੇ ਯਾਰਾਂ ਦਾ ਯਾਰ, ਯਾਰੀ ਚੋਰੀ ਚੋਰੀ ਸਭ ਦੇ ਨਾਲ ਕਮਾਈਆ । ਫੇਰ ਉਸ ਵੇਲੇ ਕਹਿ ਦੇਵੇਂ ਮੈਂ ਸਭ ਦਾ ਮੁਖ਼ਤਿਆਰ, ਗੁਰ ਅਵਤਾਰ ਪੈਗ਼ੰਬਰ ਮੇਰੀ ਨਾਰ, ਮੈਂ ਸ਼ਹਿਨਸ਼ਾਹ ਸਿਕਦਾਰ, ਹੁਕਮ ਆਪਣਾ ਇਕ ਚਲਾਈਆ । ਪਰ ਯਾਦ ਕਰ ਲੈ ਹੁਣ ਬਦਲ ਗਿਆ ਸੰਸਾਰ, ਵਿਸ਼ਨ ਬ੍ਰਹਮਾ ਸ਼ਿਵ ਦੀ ਰਹਿਣੀ ਨਹੀਂ ਧਾਰ, ਨਾਤਾ ਤੁਟਣਾ ਚਾਰ ਯਾਰ, ਇਕ ਹੁਕਮ ਮਿਲਣਾ ਜਿਸ ਨੇ ਸਭ ਨੂੰ ਕਰਨਾ ਖ਼ਬਰਦਾਰ, ਓ ਬੇਖ਼ਬਰਾ ਓ ਬੇਖ਼ਬਰਾ ਓ ਬੇਖ਼ਬਰਾ ਖ਼ਬਰ ਸਭ ਨੂੰ ਦੇਣੀ ਸੁਣਾਈਆ । ਓ ਤੂੰ ਮੁਰਸ਼ਦ ਬਣਾ ਕੇ ਪੈਗ਼ੰਬਰ ਬਣਾ ਕੇ ਕਬਰਾਂ ਵਿਚ ਦਿਤੇ ਸੁਆਲ, ਉਥੇ ਕਰਦੇ ਹਾਲ ਹਾਲ, ਸਾਡੀ ਪੂਰੀ ਹੋਈ ਘਾਲ, ਤੇਰਾ ਬੈਠੇ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਕਲਮਾਂ ਕਹਿਣ ਓ ਪ੍ਰਭੂ ਤੇਰੀ ਬੜੀ ਵੱਡੀ ਸਮੱਸਿਆ, ਸਮੇਂ ਦੇ ਮਾਲਕ ਦਈਏ ਜਣਾਈਆ । ਤੂੰ ਘਟ ਘਟ ਦੇ ਵਿਚ ਵਸਿਆ, ਵਸਣਹਾਰ ਅਖਵਾਈਆ । ਕਿਸੇ ਨੂੰ ਆਹ ਤੇ ਕਿਸੇ ਨੂੰ ਔਹ ਰਾਹ ਦੱਸਿਆ, ਰਸਤੇ ਰਸਤਿਆਂ ਵਿਚੋਂ ਕਢਾਈਆ । ਸ਼ਰਅ ਤੋਂ ਬਾਹਰ ਅਵਤਾਰ ਪੈਗ਼ੰਬਰ ਗੁਰੂ ਕੋਈ ਨਾ ਛੱਡਿਆ, ਸਾਰਿਆਂ ਨੂੰ ਬੰਧਨ ਦਿਤੇ ਪਾਈਆ । ਆਪਣੇ ਨਾਮ ਦੇ ਬਣਾ ਕੇ ਅੱਡਿਆ, ਟਿਕਾਣੇ ਦਿਤੇ ਜਣਾਈਆ । ਸਭ ਨੂੰ ਕਿਹਾ ਮੈਂ ਤੁਹਾਨੂੰ ਆਪਣੀ ਕੁੱਖੋਂ ਕੱਢਿਆ, ਆਪੇ ਜੰਮਣ ਵਾਲੀ ਮਾਈਆ । ਤੇ ਜੇ ਕਿਸੇ ਨੂੰ ਦੁੱਖ ਪਿਆ ਤੇ ਮਾਤਲੋਕ ਕਿਸੇ ਨਾ ਲੱਭਿਆ, ਖੋਜਿਆਂ ਹੱਥ ਕਿਸੇ ਨਾ ਆਈਆ । ਦੀਪਕ ਹੋ ਕੇ ਜੋਤੀ ਜਗਿਆ, ਤਨ ਅੰਦਰ ਕੀਤੀ ਰੁਸ਼ਨਾਈਆ । ਸ਼ਬਦ ਨਗਾਰਾ ਹੋ ਕੇ ਵੱਜਿਆ, ਡੌਰੂ ਡੰਕ ਦਿਤਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਓ ਕਲਮਾਂ ਕਹਿੰਦੀਆਂ, ਇਕੱਠੀਆਂ ਬਹਿੰਦੀਆਂ, ਲੰਮੀਆਂ ਪੈਂਦੀਆਂ, ਚਰਨੀ ਢਹਿੰਦੀਆਂ, ਉਹ ਭਾਣਾ ਸਹਿੰਦੀਆਂ, ਇਕ ਦੂਜੇ ਦੇ ਨਾਲ ਨੋਕਾਂ ਮਿਲਾ ਦਿਉ ਕਹਿੰਦੀਆਂ, ਅੱਜ ਅਸੀਂ ਹੱਥ ਨੂੰ ਲਾਉਣੀਆਂ ਮਹਿੰਦੀਆਂ, ਅਮਾਮ ਮਹਿੰਦੀ ਆਪਣਾ ਰੰਗ ਰੰਗਾਈਆ । ਹੁਣ ਅਸੀਂ ਜਾਣਾ ਦਿਸ਼ਾ ਲਹਿੰਦੀਆਂ, ਨੱਚੀਏ ਟੱਪੀਏ ਜਾਈਏ ਚਾਈਂ ਚਾਈਂਆ । ਫ਼ਰਿਸ਼ਤਿਓ ਹੁਕਮ ਲਿਆਉਣ ਵਾਲਿਓ ਆਪਣੇ ਮੋਢਿਆਂ ਉਤੇ ਚੁਕ ਲਉ ਵਹਿੰਗੀਆਂ, ਹੱਥ ਅੱਗੇ ਪਿਛੇ ਰੱਖ ਕੇ ਭੱਜੋ ਵਾਹੋ ਦਾਹੀਆ । ਉਚੀ ਕੂਕ ਕੂਕ ਕੇ ਕਹਿੰਦੀਆਂ, ਕਹਿ ਕਹਿ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕਲਮਾਂ ਕਹਿਣ ਜਨ ਭਗਤੋ ਲਾਹ ਲਉ ਸੁਸਤੀ, ਹੱਥ ਅੱਖਾਂ ਉਤੇ ਫਿਰਾਈਆ । ਜੇਹੜਾ ਕੋਈ ਸੂਰਬੀਰ ਆਓ ਆਪਣੇ ਭਗਵਾਨ ਨਾਲ ਕਰੋ ਕੁਸ਼ਤੀ, ਜਿਸ ਨੇ ਕੁਸ਼ਤਿਆਂ ਦੇ ਕੁਸ਼ਤੇ ਦੇਣੇ ਲਗਾਈਆ । ਤਰਮੀਮ ਕਰਨ ਲੱਗਾ ਤੇ ਕਰਨ ਲੱਗਾ ਦਰੁਸਤੀ, ਦਰੁਸਤ ਆਪਣਾ ਹੁਕਮ ਜਣਾਈਆ । ਮੁੱਲਾਂ ਸ਼ੇਖ਼ ਰਹੇ ਕੋਇ ਨਾ ਮੁਫ਼ਤੀ, ਮੁਫ਼ਤ ਵਿਚ ਆਏ ਮੁਫ਼ਤ ਵਿਚ ਦਏ ਲੁਟਾਈਆ । ਆਹ ਵੇਖੋ ਅੱਲਾ ਰਾਣੀ ਖ਼ੁਸ਼ੀ ਨਾਲ ਪਲੂ ਚੁੱਕ ਕੇ ਪੁਛਦੀ, ਨੈਣ ਟੇਢੀ ਅੱਖ ਵਾਲਾ ਬਣਾਈਆ । ਪਰਵਰਦਿਗਾਰਾ ਸਾਂਝਾ ਯਾਰਾ ਮੈਨੂੰ ਪਤਾ ਲੱਗਾ ਤੂੰ ਰੁਤ ਸੁਹਾਉਣੀ ਆਪਣੇ ਗੋਬਿੰਦ ਪਿਆਰੇ ਸੁਤ ਦੀ, ਜੋ ਸੁੱਤਿਆਂ ਜਗਤ ਲਏ ਜਗਾਈਆ । ਤੂੰ ਸ਼ਰਅ ਮਿਟਾਉਣੀ ਕਾਇਆ ਬੁਤ ਦੀ, ਬੁਤਖ਼ਾਨਿਆਂ ਕਰਨੀ ਸਫ਼ਾਈਆ । ਤੂੰ ਖੇਲ ਰਚਾਉਣੀ ਲੁਟ ਦੀ, ਓ ਲੁਟੇਰਿਓ ਮੇਰੀ ਉਮਤ ਲੁਟਣੀ ਚਾਈਂ ਚਾਈਆ । ਦੇਖੀਂ ਮੇਰੀ ਲਾਜ ਰੱਖੀਂ ਗੁੱਤ ਦੀ, ਚੂੰਡੇ ਵਾਲਿਆਂ ਕੋਲੋਂ ਨਾ ਦੇਵੀਂ ਪੁਟਾਈਆ । ਮੈਂ ਵੀ ਜਨਮੀ ਤੇਰੀ ਕੁੱਖ ਦੀ, ਨੂਰ ਜੋਤ ਜੋਤ ਵਿਚੋਂ ਆਈਆ । ਮੈਂ


੧੦੫੦ ੨੨

ਡਰ ਗਈ ਜਦੋਂ ਸੋਹਣਿਆ ਆਵਾਜ਼ ਸੁਣੀ ਤੇਰੀ ਇਕ ਤੁਕ ਦੀ, ਜਿਸ ਨੇ ਤੁਖ਼ਮ ਤਾਸੀਰ ਸਾਰੀ ਦੇਣੀ ਬਦਲਾਈਆ । ਮੈਨੂੰ ਐਂ ਜਾਪਣਾ ਮੁਹੰਮਦ ਦੀ ਸਦੀ ਚੌਧਵੀਂ ਜਾਂਦੀ ਮੁਕਦੀ, ਜਿਸ ਦੀ ਗੋਲੀ ਵਿਚੋਲੀ ਬਣ ਕੇ ਕਲਮ ਰਹੀ ਚਲਾਈਆ । ਜਨ ਭਗਤੋ ਇਹ ਗੱਲ ਬੜੀ ਦੁੱਖ ਦੀ, ਮੁਹੰਮਦ ਦੀ ਆਸਾ ਦਏ ਦੁਹਾਈਆ । ਜਿਸ ਉਮਤ ਨੇ ਛਾਂ ਮਾਣੀ ਸੀ ਮੁਹੰਮਦ ਵਰਗੇ ਰੁੱਖ ਦੀ, ਬੈਠੀ ਡੇਰਾ ਲਾਈਆ । ਉਸ ਦੀ ਅੱਜ ਟਹਿਣੀ ਵੇਖੋ ਟੁੱਟ ਦੀ, ਪੱਤਾ ਪੱਤਾ ਦਏ ਦੁਹਾਈਆ । ਜਿਸ ਨੂੰ ਨਸੀਬ ਨਹੀਂ ਹੋਣੀ ਪਾਣੀ ਧਾਰ ਘੁੱਟ ਦੀ, ਤ੍ਰਿਸ਼ਨਾ ਜਗਤ ਨਾ ਕੋਇ ਬੁਝਾਈਆ । ਮੈਂ ਤੁਹਾਨੂੰ ਅੱਜ ਪੁਛਦੀ, ਪ੍ਰਭ ਦੇ ਪਿਆਰਿਓ ਗੋਬਿੰਦ ਦੇ ਦੁਲਾਰਿਓ ਮੈਨੂੰ ਦਿਉ ਸੁਣਾਈਆ । ਓ ਕਿਹੜੇ ਤਰੀਕੇ ਨਾਲ ਭੁੱਖਿਆਂ ਦੀ ਭੁੱਖ ਮਿਟਦੀ, ਦੁੱਖ ਰਹੇ ਨਾ ਰਾਈਆ । ਘੜੀ ਆਏ ਸੁਹੰਜਣੀ ਸੁਖ ਦੀ, ਸਤਿ ਰੰਗ ਰੰਗਾਈਆ । ਜਨ ਭਗਤ ਕਹਿਣ ਓ ਕਮਲੀਏ, ਜੇਹੜੀ ਮਾਟੀ ਖ਼ਾਕ ਸਾਡੇ ਸਾਹਿਬ ਦੇ ਅੱਗੇ ਝੁਕਦੀ, ਲੰਮੀ ਪੈ ਕੇ ਸੀਸ ਨਿਵਾਈਆ । ਉਹ ਤੁਹਾਡਾ ਪਿਆਰ ਉਹਦੇ ਪ੍ਰੇਮ ਵਿਚੋਂ ਲੁੱਟਦੀ, ਆਪਣੀ ਝੋਲੀ ਲਏ ਭਰਾਈਆ । ਉਹਦੀ ਹਯਾਤੀ ਕਦੇ ਨਹੀਂ ਨਿਖੁਟ ਦੀ, ਖੋਟਿਆਂ ਖਰੇ ਦਏ ਬਣਾਈਆ । ਉਹਦੀ ਖੇਲ ਨਹੀਂ ਕਿਸੇ ਮਨੁੱਖ ਦੀ, ਪੰਜਾਂ ਤਤਾਂ ਨਾ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਫੇਰਾ ਆਪੇ ਪਾਈਆ । ਕਲਮ ਕਹੇ ਤੂੰ ਬੜਾ ਸੂਰਬੀਰ ਬਹਾਦਰ, ਆਪਣਾ ਆਪ ਬਣਾਈਆ । ਬਣ ਕੇ ਕਰੀਮ ਕਾਦਰ, ਕਰਤਾ ਇਕ ਅਖਵਾਈਆ । ਸੰਸਾਰ ਨੂੰ ਦੱਸ ਕੇ ਜਗਤ ਸਾਗਰ, ਵਹਿਣ ਕੂੜ ਵਾਲੇ ਵਹਾਈਆ । ਆਪ ਵੜ ਕੇ ਕਾਇਆ ਵਾਲੇ ਗਾਗਰ, ਜੁਗ ਜੁਗ ਵੇਸ ਵਟਾਈਆ । ਕਲਮਿਆਂ ਦਾ ਬਣਦਾ ਰਿਹੋਂ ਸੌਦਾਗਰ, ਜਗਤ ਵਣਜ ਵਖਾਈਆ । ਖੇਲ ਦੱਸ ਕੇ ਪਿਦਰ ਮਾਦਰ, ਆਪਣਾ ਪੜਦਾ ਪੜਦਿਆਂ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਓ ਪ੍ਰਭੂ ਤੂੰ ਫੇਰ ਕਰਨ ਲੱਗਾ ਚਾਲਾਕੀ, ਆਪਣੀ ਕਲ ਵਖਾਈਆ । ਓਏ ਬਾਹਰੋਂ ਬੰਦਾ ਖ਼ਾਕੀ, ਤਨ ਦਿਸੇ ਪੋਸ਼ਾਕੀ, ਅੰਦਰ ਵਾੜ ਕੇ ਘੋੜਾ ਰਾਕੀ, ਓ ਸ਼ਾਹ ਸਵਾਰਾ ਸ਼ਬਦ ਤੇ ਮਾਰੇਂ ਪਲਾਕੀ, ਦੋ ਜਹਾਨਾਂ ਖੋਲ੍ਹ ਕੇ ਤਾਕੀ, ਫੱਫੇ ਕੁਟਣੀਆਂ ਵਾਂਗੂ ਮਾਤ ਭੁਲੇਖੇ ਪਾ ਕੇ ਲਾਉਣ ਆਇਆ ਟਾਕੀ, ਟਕਿਆਂ ਦੇ ਪਿਛੇ ਸਾਰੀ ਦੁਨੀਆ ਦਿਤੀ ਰੁਲਾਈਆ । ਮੈਂ ਚਾਰ ਚੁਫੇਰੇ ਵੇਖਿਆ ਕਿਹੜਾ ਸੂਰਬੀਰ ਰਾਠੀ, ਕਿਹੜਾ ਮੰਜ਼ਲ ਬਾ ਮੰਜ਼ਲ ਚੜ੍ਹੇ ਫਿਰੇ ਉਚੀ ਨੀਵੀਂ ਘਾਟੀ, ਲੱਭਦਾ ਫਿਰੇ ਅੰਧੇਰਿਆਂ ਵਿਚ ਰਾਤੀ, ਕੇਹੜਾ ਦੁਨੀਆ ਵਿਚ ਪ੍ਰਭੂ ਦਾ ਜਮਾਤੀ, ਜੇਹੜਾ ਇਕੋ ਨਾਮ ਪੜ੍ਹ ਕੇ ਦੂਜਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਕਲਮਾਂ ਕਹਿਣ ਖ਼ੁਦਾ ਤੇਰੀਆਂ ਖ਼ੁਦ ਦੀਆਂ ਦੱਸੀਆਂ ਹੋਈਆਂ ਕਲਾਮਾਂ, ਕਾਇਨਾਤ ਦੇਣ ਗਵਾਹੀਆ । ਜਿਸ ਵਿਚ ਪੈਗ਼ੰਬਰ ਬਣਾਏ ਗ਼ੁਲਾਮਾ, ਬੰਧਨ ਸ਼ਰਅ ਵਾਲੇ ਰਖਾਈਆ । ਹੱਕ ਦਾ ਵਜਾ ਕੇ ਦਮਾਮਾ, ਦਾਮਨਗੀਰ ਹੋ ਕੇ ਪਲੂ ਦਿਤੇ ਫੜਾਈਆ । ਆਪਣੇ ਥੋੜੇ ਥੋੜੇ ਵਖਾਏ ਗੁਦਾਮਾ, ਜਿਥੋਂ ਭੰਡਾਰੇ ਰਿਹਾ ਵਰਤਾਈਆ । ਮੁਹੰਮਦ ਜਦੋਂ ਰੋਂਦਾ ਸੀ ਪਹਿਲੋਂ ਉਚੀਆਂ ਕਰੇ ਬਾਹਵਾਂ, ਫੇਰ ਹੱਥ ਕੰਨਾਂ ਉਤੇ ਟਿਕਾਈਆ । ਚੌਂਦਾਂ ਵਾਰ ਕਿਹਾ ਆਪਣੀ ਜ਼ਿੰਦਗੀ ਵਿਚ ਐ ਮੇਰੇ ਮਹਿਬੂਬ ਮੈਂ ਕੋਈ ਬੱਚਾ ਤੇਰਾ ਨਹੀਂ ਲਾਵਾਂ, ਮੇਰਾ ਵਾਲਦ ਵਾਲਦਾ ਤੇਰੇ ਬਿਨਾ ਨਜ਼ਰ ਕੋਇ ਨਾ ਆਈਆ । ਖ਼ੁਦਾ ਨੇ ਕਿਹਾ ਉਠ ਤੈਨੂੰ ਖੇਲ ਵਖਾਵਾਂ, ਸਹਿਜ ਨਾਲ ਜਣਾਈਆ । ਹਜ਼ਰਤ

ਹੁਣ ਤੂੰ ਮਾਲਕ ਤੇ ਫੇਰ ਤੈਨੂੰ ਬਣਾ ਦੇਵਾਂ ਨਿਥਾਵਾਂ, ਲੋਕਮਾਤ ਘਰਾਣਾ ਰਹਿਣ ਕੋਇ ਨਾ ਪਾਈਆ । ਜੇ ਬਖ਼ਸ਼ਿਆ ਤੇ ਇਕ ਸੌ ਇਕ ਟਾਵਾਂ ਟਾਵਾਂ, ਜਿਹੜਾ ਗੋਬਿੰਦ ਇਕ ਸੌ ਇਕ ਧਰਨੀ ਦੀ ਭੇਟ ਕਰਾਈਆ । ਉਹ ਵੀ ਮਿਲ ਜਾਏ ਨਾਲ ਮੇਰਿਆਂ ਭਗਤਾਂ ਤੇ ਨਾਤਾ ਬਣਾ ਲਏ ਵਾਂਗ ਭਰਾਵਾਂ, ਸ਼ਰਅ ਦਾ ਲੇਖਾ ਨਾ ਕੋਇ ਰਖਾਈਆ । ਮੁਹੰਮਦ ਕਿਹਾ ਓ ਮਾਲਕ ਮੈਂ ਤਕਾਂ ਤੇਰੀਆਂ ਰਾਹਵਾਂ, ਮਹਿਬੂਬ ਧਿਆਨ ਲਗਾਈਆ । ਮੈਂ ਰੋਵਾਂ ਤੇ ਕੁਰਲਾਵਾਂ, ਹੰਝੂਆਂ ਹਾਰ ਬਣਾਈਆ । ਪਰਵਰਦਿਗਾਰ ਕਿਹਾ ਮੈਂ ਤੇਰਾ ਦਿਲ ਪਰਚਾਵਾਂ, ਪ੍ਰਾਚੀਨ ਦਾ ਲੇਖਾ ਦੇ ਵਖਾਈਆ । ਕਲ ਕਲਕੀ ਬਣ ਕੇ ਆਵਾਂ, ਜੋਤੀ ਜਾਮਾ ਰੂਪ ਧਰਾਈਆ । ਅਮਾਮ ਅਮਾਮਾ ਰੂਪ ਦਰਸਾਵਾਂ, ਨੂਰ ਨੁਰਾਨਾ ਡਗਮਗਾਈਆ । ਤੇਰੇ ਗਲੋਂ ਸ਼ਰਅ ਦਾ ਲਾਹਵਾਂ ਗਲਾਵਾਂ, ਜ਼ੰਜੀਰਾਂ ਚੌਦਾਂ ਦਿਆਂ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਹੁਕਮ ਵਰਤਾਈਆ । ਓ ਪੰਜ ਲਿਖਾਰੀਓ ਕਲਮਾਂ ਪਾ ਲਉ ਵਿਚ ਮੂੰਹ, ਮੂੰਹ ਜ਼ੋਰ ਨਾਲ ਖੁਲ੍ਹਾਈਆ । ਨਾਲੇ ਲਿਖੋ ਤੇ ਨਾਲੇ ਅੰਦਰੇ ਅੰਦਰ ਕਹੋ ਵੇਲਾ ਆ ਗਿਆ ਨਦੀ ਨੂਹ, ਨਬੀ ਨੂਹ ਦਏ ਦੁਹਾਈਆ । ਜਿਸ ਦੀ ਯਾਦ ਵਿਚ ਮੁਹੰਮਦ ਨੇ ਕਲਮਾ ਕੀਤਾ ਸੀ ਸ਼ੁਰੂ, ਸ਼ਰਅ ਦਾ ਰਾਹ ਤਕਾਈਆ । ਉਸ ਵੇਲੇ ਫ਼ਰਮਾਨ ਹੋਇਆ ਪੈਗ਼ਾਮ ਆਇਆ ਤੇਰੀ ਸਦੀ ਚੌਧਵੀਂ ਤੋਂ ਬਾਦ ਮੇਰਾ ਕਲਮਾ ਹੋਣਾ ਗੁਰੂ, ਦੂਜਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਕਰਨੀ ਕਾਰ ਕਮਾਈਆ । ਮੁਹੰਮਦ ਖਿੜ ਖਿੜਾ ਕੇ ਹੱਸਿਆ, ਆਹਾ ਆਹਾ ਆਹਾ ਕਰ ਕੇ ਦਿਤਾ ਸੁਣਾਈਆ । ਓ ਪ੍ਰਭੂ ਤੇਰੀ ਸ਼ਹਿਨਸ਼ਾਹੀ ਸੰਮਤ ਛੇ ਵਿਚ ਕੇਹੜੀ ਹੋਣੀ ਸਮੱਸਿਆ, ਕੇਹੜਾ ਰਾਗ ਸੁਣਾਈਆ । ਖ਼ੁਦਾ ਨੇ ਕਿਹਾ ਮੇਰੇ ਵਾਲੀ ਖੋਲ੍ਹ ਲੈ ਅੱਖੀਆ, ਅੱਖ ਮੇਰੇ ਨਾਲ ਮਿਲਾਈਆ । ਓ ਮੁਹੰਮਦ ਮੈਂ ਉਸ ਵੇਲੇ ਪੂਰਨ ਵਿਚ ਹੋਣਾ ਵਸਿਆ, ਵਸਲ ਯਾਰ ਵਾਲਾ ਕਰਾਈਆ । ਸਚ ਸੰਦੇਸ਼ਾ ਇਕੋ ਦੱਸਿਆ, ਪ੍ਰੇਮ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਰੰਗ ਰੰਗਾਈਆ । ਮੁਹੰਮਦ ਖ਼ੁਸ਼ੀਆਂ ਦੇ ਵਿਚ ਸੋਇਆ, ਆਸਣ ਇਕ ਲਗਾਈਆ । ਜਾਂ ਤੱਕਿਆ ਪੂਰਨ ਜੋਤ ਦਾ ਪੂਰਨ ਪ੍ਰਕਾਸ਼ ਹੋਇਆ, ਦੋ ਜਹਾਨਾਂ ਵੱਜੀ ਵਧਾਈਆ । ਫੇਰ ਵੇਖਿਆ ਮੈਥੋਂ ਸਭ ਕੁਛ ਜਾਣਾ ਖੋਹਿਆ, ਖ਼ਾਲੀ ਹੱਥ ਕੁਰਲਾਈਆ । ਉਸ ਨੇ ਭਗਤਾਂ ਨੂੰ ਦੇਣਾ ਢੋਇਆ, ਵਸਤ ਅਮੋਲਕ ਝੋਲੀ ਪਾਈਆ । ਸਚ ਦਾ ਬੀਜ ਦੇਣਾ ਬੋਇਆ, ਧਰਮ ਦੀ ਜੜ੍ਹ ਦੇਣੀ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੁਹੰਮਦ ਆਇਆ ਇਕ ਅਨੰਦਾ, ਅਨੰਦ ਵਿਚ ਸਮਾਈਆ । ਸਾਹਿਬ ਮੇਰਾ ਬਖ਼ਸ਼ੰਦਾ, ਮਿਹਰਵਾਨ ਨੂਰ ਇਲਾਹੀਆ । ਉਸ ਨੇ ਬਾਹਰੋਂ ਵੇਸ ਵਖਾਉਣਾ ਪੰਜਾਂ ਤਤਾਂ ਵਾਲਾ ਬੰਦਾ, ਹੱਥਾਂ ਪੈਰਾਂ ਵਾਲਾ ਨੱਠੇ ਭੱਜੇ ਵਾਹੋ ਦਾਹੀਆ । ਫੇਰ ਉਸ ਦੇ ਕੋਲ ਚੌਦਾਂ ਤਬਕਾਂ ਉਤੇ ਮਾਰਨ ਵਾਲਾ ਹੋਣਾ ਡੰਡਾ, ਡੰਡਾਵਤ ਸਭ ਦੀ ਦਏ ਬਦਲਾਈਆ । ਫੇਰ ਆਪੇ ਬਣ ਕੇ ਕੰਤ ਸੁਹਾਗੀ ਆਪੇ ਹੋ ਜਾਣਾ ਰੰਡਾ, ਇਕ ਇਕੱਲਾ ਫਿਰੇ ਵਾਹੋ ਦਾਹੀਆ । ਪਤਾ ਨਹੀਂ ਉਹਨੂੰ ਇਹ ਭਾਣਾ ਕਿਉਂ ਲਗਦਾ ਚੰਗਾ, ਜੁਗ ਜੁਗ ਆਪਣੀ ਕਾਰ ਕਮਾਈਆ । ਮੈਨੂੰ ਸਮਾਂ ਨਹੀਂ ਬਖ਼ਸ਼ਿਆ ਲੰਬਾ, ਚੌਦਾਂ ਸੌ ਸਾਲ ਮੇਰੀ ਝੋਲੀ ਪਾਈਆ । ਨਾਲੇ ਥਰਥਰਾਹਟ ਵਿਚ ਆ ਕੇ ਕੰਬਾ, ਗੋਡਿਆਂ ਭਾਰ ਹੋ ਕੇ ਦਿਤਾ ਸੀਸ ਝੁਕਾਈਆ । ਖ਼ੁਦਾ ਨੇ ਖੇਲ ਵਖਾਇਆ ਅਚੰਭਾ, ਹੈਰਾਨੀ ਹੈਰਾਨੀ ਵਿਚੋਂ ਪਰਗਟਾਈਆ । ਮੁਹੰਮਦਾ ਉਹ ਵੇਖ

ਮੇਰਾ ਕਿੱਕਰ ਵਾਲਾ ਟੰਬਾ, ਕਿੱਡਾ ਮੋਟਾ ਸੋਟਾ ਸੋਹਣਾ ਨਜ਼ਰੀ ਆਈਆ । ਜਿਸ ਨੇ ਚਹੁੰ ਜੁਗਾਂ ਦੀਨਾਂ ਮਜ਼੍ਹਬਾਂ ਦਾ ਕਰ ਦੇਣਾ ਧੰਦਾ, ਪੰਜਾਬੀ ਬੋਲੀ ਵਿਚ ਪਰਸਿੱਧ ਮੇਰਾ ਨਾਮ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਕਲਮਾਂ ਕਹਿਣ ਸਤਾਈ ਪੋਹ ਦੀ ਸਮੱਸਿਆ ਸੋਹਣੀ "ਪੂਰਨ ਜੋਤ ਦਾ ਪੂਰਨ ਪ੍ਰਕਾਸ਼ ਹੋਇਆ, ਅਰਸ਼ ਫ਼ਰਸ਼ ਤੇ ਕੀਤੀ ਰੁਸ਼ਨਾਈ ਹੋਈਏ ।" ਕਿਉਂ ਅਵਤਾਰਾਂ ਪੈਗ਼ੰਬਰਾਂ ਦਾ ਲੇਖਾ ਜਾਣਾ ਖੋਹਿਆ, ਖ਼ਾਲੀ ਹੱਥ ਦੇਵੇ ਕਰਾਈਆ । ਕੋਈ ਭੇਤ ਰਹਿਣ ਨਹੀਂ ਦੇਣਾ ਚੂੰਕਿ ਚੁਨਾਂਚੇ ਅਗਰਚੇ ਮਗਰਚੇ ਗੋਇਆ, ਗੋਬਿੰਦ ਨੇ ਆਪਣਾ ਖੇਲ ਦੇਣਾ ਵਖਾਈਆ । ਦੇਵਤ ਸੁਰ ਦੂਰ ਦੁਰਾਡਾ ਪ੍ਰਭ ਦਾ ਦਰਸ਼ਨ ਕਰ ਕੇ ਜਾਣਾ ਮੋਹਿਆ, ਮੁਹੱਬਤ ਪਿਆਰ ਵਾਲੀ ਬਣਾਈਆ । ਸਚਖੰਡ ਰਹਿਣਾ ਨਹੀਂ ਕੋਈ ਸੋਇਆ, ਆਲਸ ਨਿੰਦਰਾ ਸਭ ਦੀ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਪੰਜ ਲਿਖਾਰੀ ਸੰਬਲ ਦੇਸ ਦੀ ਮਾਰੋ ਲੀਕ, ਸਿੱਧੀ ਕਲਮ ਨੋਕ ਨਾਲ ਖਿਚਾਈਆ । ਸੰਭਲ ਮਾਰੋ ਲੀਕ, ਲਾਈਨ ਸੋਹਣੀ ਸੋਭਾ ਪਾਈਆ । ਸ਼ਬਦ ਗੋਬਿੰਦ ਕਰੇ ਤਸਦੀਕ, ਸ਼ਹਾਦਤ ਦਏ ਭੁਗਤਾਈਆ । ਵੇਖੋ ਨੂਰੀ ਲਾਸ਼ਰੀਕ, ਸ਼ਹਿਨਸ਼ਾਹ ਬੇਪਰਵਾਹੀਆ । ਜਿਸ ਦੇ ਵਿਚ ਅਗੰਮ ਤੌਫ਼ੀਕ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਜਿਸ ਨੇ ਸਾਨੂੰ ਬਣਾਇਆ ਅਜ਼ੀਜ਼, ਦਿਤੀ ਮਾਣ ਵਡਿਆਈਆ । ਉਹ ਭਗਤਾਂ ਦੀ ਪੂਰੀ ਕਰਨ ਆਇਆ ਰੀਝ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਸਤਿ ਧਰਮ ਦਾ ਬੀਜੇ ਬੀਜ, ਕਿਰਸਾਣਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਸੰਬਲ ਕਹੇ ਮੇਰੇ ਘਰ ਹੋਇਆ ਪੂਰਨ ਪ੍ਰਕਾਸ਼, ਜੋਤ ਜੋਤ ਨਾਲ ਰੁਸ਼ਨਾਈਆ । ਅਰਸ਼ ਫ਼ਰਸ਼ ਤੇ ਪੈਂਦੀ ਰਾਸ, ਸੋਹਣੀ ਵੱਜੀ ਵਧਾਈਆ । ਏਸ ਸਮੱਸਿਆ ਦਾ ਗੁਣ ਸੀ ਖ਼ਾਸ, ਜੋ ਲਿਖ ਕੇ ਦਿਤੀ ਦ੍ਰਿੜਾਈਆ । ਬਿਨਾ ਇਕ ਤੋਂ ਕਿਸੇ ਤੇ ਨਹੀਂ ਰੱਖਣਾ ਵਿਸ਼ਵਾਸ, ਧੁਰ ਫ਼ਰਮਾਨਾ ਇਕ ਸੁਣਾਈਆ । ਜੋ ਵਸੇ ਪ੍ਰਿਥਮੀ ਆਕਾਸ਼, ਦੋ ਜਹਾਨਾਂ ਸੋਭਾ ਪਾਈਆ । ਜਨ ਭਗਤੋ ਤੁਸੀਂ ਉਸ ਦੇ ਗੁਣ ਗਾਣੇ ਤੇ ਓਨ ਤੁਹਾਨੂੰ ਦੇਣੀ ਸ਼ਾਬਾਸ਼, ਸਿਰ ਤੁਹਾਡੇ ਹੱਥ ਟਿਕਾਈਆ । ਅੱਜ ਖ਼ੁਸ਼ੀ ਉਹ ਤੁਹਾਨੂੰ ਵੰਡੇ ਉਹ ਪ੍ਰੇਮ ਵਾਲੇ ਇਨਾਮਾਤ, ਜੋ ਅਨਾਮੀ ਦੇਸ਼ ਵਿਚ ਜੁਗ ਚੌਕੜੀ ਆਪਣੇ ਘਰ ਰੱਖੇ ਲੁਕਾਈਆ । ਬਾਕੀ ਦੁਨੀਆ ਸੁਣੇ ਸਿਫ਼ਤ ਕਾਗ਼ਜ਼ਾਤ, ਅੱਖਰਾਂ ਵਾਲੀ ਪੜ੍ਹਾਈਆ । ਤੁਹਾਡੇ ਸਾਹਮਣੇ ਪੂਰਨ ਪੂਰਨ ਜੋਤ ਪ੍ਰਕਾਸ਼, ਨੂਰ ਨੁਰਾਨਾ ਨਜ਼ਰੀ ਆਈਆ । ਅਰਸ਼ ਫ਼ਰਸ਼ ਜਿਸ ਦੇ ਦਾਸ, ਸੇਵਕ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਅਰਸ਼ ਫ਼ਰਸ਼ ਹੋਈ ਰੁਸ਼ਨਾਈ, ਕਿਰਪਾ ਕਰੀ ਮਿਹਰਵਾਨ । ਜਨ ਭਗਤੋ ਤੁਸੀਂ ਵੇਖੋ ਚਾਈਂ ਚਾਈਂ, ਤੁਹਾਡੇ ਘਰ ਆਇਆ ਭਗਵਾਨ । ਜੋਤ ਨੂਰ ਰਿਹਾ ਰੁਸ਼ਨਾਈ, ਜਿਸ ਨੂੰ ਕੋਟਨ ਝੁਕਦੇ ਰਵ ਸਸ ਤੇ ਭਾਨ । ਜਿਸ ਦੇ ਚਰਨਾਂ ਹੇਠਾਂ ਲੁਕਦੇ, ਅਣਗਿਣਤ ਤਤਾਂ ਵਾਲੇ ਰਾਮ । ਜਿਸ ਦੇ ਕੋਲੋਂ ਹੁਕਮ ਸੰਦੇਸ਼ੇ ਪੁਛਦੇ, ਕਰੋੜੀ ਗੋਪੀਆਂ ਵਾਲੇ ਕਾਹਨ । ਪੈਗ਼ੰਬਰ ਵਣਜਾਰੇ ਜਿਸ ਦੀ ਤੁਕ ਦੇ, ਪੈਗ਼ਾਮ ਸੁਣਨ ਬਿਨਾ ਕਾਨ । ਗੁਰੂਆਂ ਨਾਤੇ ਬਣਾਏ ਪਿਆਰੇ ਸੁਤ ਦੇ, ਗੋਬਿੰਦ ਸੂਰਾ ਦਿਸੇ ਬਲਵਾਨ । ਹੁਣ ਵੇਲੇ ਉਸ ਦੇ ਢੁਕਦੇ, ਜੋ ਲਾੜਾ ਬਣ ਕੇ ਢੁੱਕਿਆ ਵਿਚ ਜਹਾਨ । ਜਿਨ ਲੇਖੇ ਮੁਕਾਉਣੇ ਲੁੱਟ ਦੇ, ਕੂੜੀ ਕਿਰਿਆ

੧੦੫੩ ੨੨

ਮੇਟੇ ਨਿਸ਼ਾਨ । ਨਾਤੇ ਸਾਂਝੇ ਕਰਨੇ ਮਾਨਸ ਮਾਨੁਖ ਦੇ, ਸਚ ਪ੍ਰੀਤੀ ਦੇ ਕੇ ਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਤਿਗੁਰ ਮਿਹਰਵਾਨ । ਮਿਹਰਵਾਨ ਮਹਿਬੂਬ ਆਇਆ, ਅੜੀਓ ਤਕੋ ਨੈਣ ਉਠਾ । ਉਹ ਜਿਸ ਨੇ ਢੋਲਾ ਤੁਹਾਡਾ ਗਾਇਆ, ਪ੍ਰੇਮ ਪ੍ਰੀਤੀ ਨਾਲ ਚਾਅ । ਤੁਹਾਡੇ ਦਰ ਤੇ ਮੰਗਣ ਆਇਆ, ਓ ਵੱਡਿਓ ਨਿੱਕਿਓ ਬਣ ਜਾਉ ਭੈਣ ਭਰਾ । ਜੋ ਤੁਹਾਨੂੰ ਆਪਣੀ ਨਹੀਂ ਤੇ ਸਤਿਗੁਰੂ ਦੀ ਰੱਖੋ ਲੱਜਿਆ, ਤੇ ਆ ਜਾਉ ਸ਼ਰਮ ਵਾਲੇ ਵਿਚ ਹਯਾ । ਕਿਉਂ ਇਹ ਮਾਲਕ ਪੀਰ ਪੈਗ਼ੰਬਰਾਂ ਦਾ, ਤੇ ਹੱਕੀ ਨੂਰੀ ਖ਼ੁਦਾ । ਹਾਏ ਕਿਸ ਤੋਂ ਹੋਏ ਜੁਦਾ, ਜੁਜ਼ ਆਪਣਾ ਵੰਡ ਵੰਡਾਈਆ । ਓ ਇਸ ਕਾਰਨ ਗੋਬਿੰਦ ਅੰਮ੍ਰਿਤ ਗਿਆ ਪਿਆ, ਜਾਮ ਧੁਰ ਦਾ ਮਾਤ ਲਿਆਈਆ । ਕਿਉਂ ਉਸ ਨੂੰ ਗਏ ਭੁੱਲਾ, ਮਾਇਆ ਮਮਤਾ ਕਰ ਹਲਕਾਈਆ । ਉਹ ਆ ਗਿਆ ਉਹ ਆ ਗਿਆ ਉਹ ਆ ਗਿਆ ਤੁਹਾਡਾ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜਿਸ ਨੇ ਤੁਹਾਡੇ ਨਾਲ ਆਪਣਾ ਸਾਂਝਾ ਕਰ ਲਿਆ ਨਾਂ, ਤੂੰ ਮੇਰਾ ਮੈਂ ਤੇਰਾ ਢੋਲਾ ਦਿਤਾ ਗਾਈਆ । ਉਸ ਨੇ ਕਬੂਲ ਨਹੀਂ ਕਰਨਾ ਜਿਨ੍ਹਾਂ ਨੇ ਸੂਰ ਖਾਧਾ ਜਾ ਗਾਂ, ਪੈਗ਼ੰਬਰਾਂ ਗੁਰੂਆਂ ਨੂੰ ਸਾਹਮਣੇ ਦਏ ਵਖਾਈਆ । ਓ ਉਸ ਨੂੰ ਕੋਈ ਮਜ਼੍ਹਬ ਦੀ ਨਹੀਂ ਤਮ੍ਹਾਂ, ਲਾਲਚ ਵਿਚ ਕਦੇ ਨਾ ਆਈਆ । ਸ਼ਰਅ ਦਾ ਨਹੀਂ ਗ਼ਮਾਂ, ਗ਼ਮਖਾਰ ਧੁਰਦਰਗਾਹੀਆ । ਹੱਦ ਨਹੀਂ ਕੋਈ ਬੰਨਾ, ਵੰਡ ਨਾ ਕੋਇ ਵੰਡਾਈਆ । ਜਨ ਭਗਤੋ ਜਿਸ ਦਾ ਗੋਬਿੰਦ ਸੋਹਣਾ ਚੰਨਾ, ਸੰਬਲ ਬੈਠਾ ਡੇਰਾ ਲਾਈਆ । ਓਹ ਤੁਹਾਡੇ ਸਾਹਮਣੇ ਅੱਖਾਂ ਤੋਂ ਹੋ ਕੇ ਅੰਨ੍ਹਾ, ਨੂਰੀ ਨੂਰ ਕਰੇ ਰੁਸ਼ਨਾਈਆ । ਜਿਸ ਕਾਰਨ ਗੋਬਿੰਦ ਨੇ ਲਾਇਆ ਕੰਨਾ, ਹੱਦ ਪਿਛਲੀ ਦਿਤੀ ਮੁਕਾਈਆ । ਅੱਗੇ ਇਕੋ ਪੁਰਖ ਅਕਾਲ ਦਾ ਹੋਣਾ ਸਮਾਂ, ਦੂਜਾ ਬਲ ਨਾ ਕੋਇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਕਲਮਾਂ ਕਹਿਣ ਓ ਦੁਸ਼ਟ ਦਮਨਾ ਅੱਗੇ ਆ ਜਾ ਭੱਜ, ਆਪਣਾ ਪੰਧ ਮੁਕਾਈਆ । ਚਰਨ ਬੈਠਣਾ ਸਜ, ਦਰ ਠਾਂਡੇ ਸੀਸ ਨਿਵਾਈਆ । ਓ ਤਪਸਵੀਆ ਉਠ ਵੇਖ ਲੈ ਆਪਣਾ ਜਗ, ਚਾਰੋਂ ਕੁੰਟ ਅਗਨੀ ਰਹੀ ਤਪਾਈਆ । ਚਲ ਤੈਨੂੰ ਆਪਣੀ ਸਮੱਸਿਆ ਦੇਵਾਂ ਦੱਸ, ਸਹਿਜ ਨਾਲ ਸੁਣਾਈਆ । ਪੂਰਨ ਜੋਤ ਦਾ ਪੂਰਨ ਪ੍ਰਕਾਸ਼ ਹੋਇਆ ਤੇ ਲੁਕਦੇ ਰਵ ਸਸ, ਸਿਰ ਸਕਿਆ ਨਾ ਕੋਇ ਉਠਾਈਆ । ਭਗਤ ਭਗਵਾਨ ਦੋਵੇਂ ਰਹੇ ਹੱਸ, ਖ਼ੁਸ਼ੀਆਂ ਰੰਗ ਰੰਗਾਈਆ । ਪਹਿਲੇ ਲੰਗੋਟੀ ਬੱਧੀ ਤੇ ਫੇਰ ਤੇਰੇ ਸਾਥੀ ਨੇ ਬੰਨ੍ਹਾ ਲਈ ਕੱਛ, ਸੋਹਣਾ ਰੂਪ ਵਟਾਈਆ । ਹੁਣ ਫੇਰ ਤਕੇਂ ਤੇ ਹੋ ਗਿਆ ਸਰੂਪ ਸਵੱਛ, ਜਗਤ ਕੱਪੜ ਦਾ ਲੇਖ ਦਿਤਾ ਮੁਕਾਈਆ । ਓ ਬੱਚਿਓ ਤੁਹਾਡੀ ਜ਼ਰੂਰ ਖੋਲ੍ਹਾਂਗਾ ਅੱਖ, ਵੱਡਿਆਂ ਛੋਟਿਆਂ ਆਪਣਾ ਰੰਗ ਰੰਗਾਈਆ । ਪ੍ਰੇਮ ਦਾ ਦੇਵਾਂਗਾ ਰਸ, ਰਸਨਾ ਰਸ ਨਾ ਕੋਇ ਵਡਿਆਈਆ । ਤੁਸੀਂ ਬੈਠੇ ਰਿਹੋ ਤੇ ਮੈਂ ਤੁਹਾਡਾ ਗਾਵਾਂਗਾ ਜਸ, ਸਿਤਾਰ ਸ਼ਬਦ ਵਾਲੀ ਉਠਾਈਆ । ਜਿਹੜੇ ਮੇਰੇ ਪਿਆਰ ਵਿਚ ਗਏ ਫਸ, ਉਨ੍ਹਾਂ ਦਾ ਫੈਸਲਾ ਅੰਤ ਦੇਣਾ ਮੁਕਾਈਆ । ਅਜੇ ਵੀ ਨਹੀਂ ਕਰਨੀ ਬੱਸ, ਬਸਤੇ ਪਿਛਲਿਆਂ ਦੇ ਸਾਰੇ ਦੇਣੇ ਬੰਧਾਈਆ । ਸਾਹਿਬ ਨੇ ਗੰਢਾਂ ਦੇਣੀਆਂ ਕਸ ਕਸ, ਕਸਮ ਸੁਗੰਦਾਂ ਖਾ ਕੇ ਪ੍ਰਭ ਤੋਂ ਪਲੂ ਲੈਣਾ ਛੁਡਾਈਆ । ਕਿਸੇ ਨੇ ਅੱਗੇ ਕਿਸੇ ਨੇ ਪਿਛੇ ਸਚਖੰਡ ਦਰਗਹ ਸਾਚੀ ਨੂੰ ਜਾਣਾ ਨੱਠ, ਭੱਜਣ ਵਾਹੋ ਦਾਹੀਆ । ਫੇਰ ਹੋਣਾ ਇਕ ਧਾਮ ਤੇ ਇਕੱਠ, ਪ੍ਰਭ ਦੀ ਸਮੱਸਿਆ ਇਹੋ ਰਹੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਪੰਜ ਦਰਬਾਰੀ ਪ੍ਰਭ ਦੇ ਪੈਰ

ਚੁੰਮੇ, ਚੰਮਦ੍ਰਿਸ਼ਟੀ ਦਿਓ ਗਵਾਈਆ । ਪੰਜ ਪਿਆਰੇ ਇਧਰ ਓਧਰ ਘੁੰਮੇ, ਖ਼ੁਸ਼ੀਆਂ ਵਿਚ ਪੰਧ ਮੁਕਾਈਆ । ਪੰਜ ਲਿਖਾਰੀ ਨਿਮਸਕਾਰ ਕਰੋ ਵਾਰ ਤਿੰਨੋਂ, ਤ੍ਰੈਗੁਣ ਦਾ ਡੇਰਾ ਢਾਹੀਆ । ਜਨ ਭਗਤੋ ਤੁਹਾਡਾ ਪ੍ਰਕਾਸ਼ ਕਰਨਾ ਦਿਨ ਦਿਨੋ, ਪੂਰਨ ਪ੍ਰਕਾਸ਼ ਦੀ ਇਹੋ ਵਡਿਆਈਆ । ਕਿਉਂ ਤੁਸੀਂ ਗੋਬਿੰਦ ਦੇ ਦੁਲਾਰੇ ਤੇ ਗੋਬਿੰਦ ਦੇ ਚੰਨੋ, ਅੰਤ ਗੋਬਿੰਦ ਗੋਬਿੰਦ ਹੱਥ ਵਡਿਆਈਆ । ਹੁਣ ਲੰਮੇ ਨਹੀਂ ਸਫ਼ਰ ਦਿਨ ਪੋਟਿਆਂ ਉਤੇ ਗਿਣੋਂ, ਗਿਣਤੀ ਦਾ ਲੇਖਾ ਦਿਆਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਓ ਵੇਖੋ ਈਸਾ ਪੁਕਾਰੇ ਬਿਨਾ ਚਰਚ, ਚਰਚਾ ਆਪਣੀ ਰਿਹਾ ਸੁਣਾਈਆ । ਸਦੀ ਬੀਸਵੀਂ ਦੇ ਭਗਤੋ ਭਗਤ ਦਵਾਰੇ ਆਉਣ ਵਾਸਤੇ ਕਦੀ ਮਹਿਸੂਸ ਨਾ ਕਰਿਓ ਖਰਚ, ਪੈਸਾ ਧੇਲਾ ਕੰਮ ਕਿਸੇ ਨਾ ਆਈਆ । ਸਮਝਿਓ ਨਾ ਹੋਇਆ ਹਰਜ, ਹਰਜਾਨੇ ਸਭ ਦੇ ਪੂਰੇ ਦਏ ਕਰਾਈਆ । ਕਿਉਂ ਪਰਵਰਦਿਗਾਰ ਨੂੰ ਤੁਹਾਡੇ ਨਾਲ ਗ਼ਰਜ਼, ਗ਼ਰੀਬਾਂ ਦਾ ਗ਼ਰੀਬ ਹੋ ਕੇ ਤੁਹਾਡੀ ਸੇਵ ਕਮਾਈਆ । ਬੜਾ ਪੁਰਾਣਾ ਮੁਨੀਮ ਬੜਾ ਪੁਰਾਣਾ ਕਰੀਮ ਬੜਾ ਪੁਰਾਣਾ ਰਹੀਮ ਜਿਸ ਨੇ ਤੁਹਾਡੀ ਸਾਂਭ ਕੇ ਰੱਖੀ ਫ਼ਰਦ, ਪਿਓ ਦਾਦੇ ਵੱਲੋਂ ਤੁਹਾਡਾ ਰਿਕਾਰਡ ਹੱਥ ਕਿਸੇ ਨਾ ਆਈਆ । ਪੂਰਬ ਵਾਹਿਦਾ ਕੌਲ ਇਕਰਾਰ ਵਾਲਾ ਬਣ ਕੇ ਮਰਦਾਨਾ ਮਰਦ, ਪਾਜੀਆਂ ਵਾਲਾ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਸਾਹਿਬ ਬੇਪਰਵਾਹੀਆ । ਹਜ਼ਰਤ ਈਸਾ ਕਹੇ ਮੈਂ ਦੱਸਾਂ ਇਕ ਅਵਾਜ਼, ਮੁਹੱਬਤ ਵਿਚ ਜਣਾਈਆ । ਜਿਸ ਦਾ ਖੁਲ੍ਹੇ ਕਦੇ ਨਾ ਰਾਜ਼, ਪਰਦਾ ਸਕੇ ਨਾ ਕੋਇ ਉਠਾਈਆ । ਮੈਨੂੰ ਨੌ ਵਾਰ ਵਖਾਇਆ ਪੰਜ ਮੁਖੀ ਆਪਣੇ ਸੀਸ ਦਾ ਤਾਜ, ਪੰਚਮ ਧਾਰ ਪਰਗਟਾਈਆ । ਦੋ ਜਹਾਨਾਂ ਸੁਣਾਇਆ ਇਕ ਦਾ ਹੋਣਾ ਰਾਜ, ਦੂਜੀ ਰਈਅਤ ਰਹਿਣ ਕੋਇ ਨਾ ਪਾਈਆ । ਮੈਨੂੰ ਫੇਰ ਵਖਾਇਆ ਗੋਬਿੰਦ ਦੇ ਹੱਥ ਤੇ ਉਡਦਾ ਬਾਜ, ਬਾਜਾਂ ਵਾਲਾ ਨਾਉਂ ਧਰਾਈਆ । ਫੇਰ ਦਰਸਾਇਆ ਮੇਰੀ ਜੋਤ ਦਾ ਹੋਣਾ ਪ੍ਰਕਾਸ਼, ਪੂਰਨ ਪ੍ਰਕਾਸ਼ ਕਰੇ ਰੁਸ਼ਨਾਈਆ । ਹਜ਼ਰਤ ਈਸਾ ਕਹੇ ਮੈਨੂੰ ਆ ਗਿਆ ਵਿਸ਼ਵਾਸ, ਵਿਸ਼ਵ ਦੇ ਮਾਲਕ ਨੂੰ ਸੀਸ ਦਿਤਾ ਨਿਵਾਈਆ । ਓਸ ਵੇਲੇ ਮੈਂ ਦਹਿਲੇ ਤੋਂ ਲੈ ਕੇ ਕਿੰਗ ਤਕ ਪੱਤੇ ਸੁੱਟੇ ਸੀ ਤਾਸ਼, ਹੱਸ ਕੇ ਕਿਹਾ ਓਹ ਦਸਮ ਦਵਾਰੀ ਚੜ੍ਹਨ ਵਾਲਿਓ ਮੇਰੇ ਪਾਤਸ਼ਾਹ ਨੇ ਰਸਤੇ ਬੰਦ ਦੇਣੇ ਕਰਾਈਆ । ਫੇਰ ਮੇਰਾ ਵਕਤ ਦਾ ਵਖਾਇਆ ਕਲਾਕ, ਜੋ ਟਕ ਟਕ ਅਵਾਜ਼ ਸੁਣਾਈਆ । ਜਾਂ ਮੈਂ ਵੀਹਵੀਂ ਸਦੀ ਤਕੀ ਮੈਨੂੰ ਦਿਸਿਆ ਸਭ ਨਾਲ ਹੋ ਜਾਣੇ ਤਲਾਕ, ਨਾਤਾ ਰਹਿਣ ਕੋਇ ਨਾ ਪਾਈਆ । ਜਿਸ ਤਰ੍ਹਾ ਮੈਂ ਪਾਈ ਵਫ਼ਾਤ, ਫੇਰ ਹੁਕਮ ਲਿਖਣਾ ਨਾਲ ਕਲਮ ਦਵਾਤ, ਸਭ ਦਾ ਲੇਖਾ ਮੁਕਾਉਣਾ ਇਕੋ ਛੱਬੀ ਪੋਹ ਦੀ ਰਾਤ, ਸੰਦੇਸ਼ਾ ਧੁਰਦਰਗਾਹ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਈਸਾ ਕਹੇ ਭਗਤੋ ਤੁਸੀਂ ਬਹੁਤੇ ਤੇ ਨਹੀਂ ਥੱਕੇ, ਸਚ ਦਿਓ ਸੁਣਾਈਆ । ਵੇਖੋ ਮੇਰਾ ਖ਼ੁਦਾ ਫਿਰਦਾ ਮਦੀਨੇ ਮੱਕੇ, ਕਾਅਬਿਆਂ ਖੋਜ ਖੁਜਾਈਆ । ਜਿਨ੍ਹਾਂ ਖਾਧੇ ਖੱਲਾਂ ਲਾਹ ਕੇ ਕੱਟੇ, ਕਟੜ ਆਪਣਾ ਹੁਕਮ ਸੁਣਾਈਆ । ਓਹ ਧਰਮ ਦਵਾਰੇ ਤੋਂ ਅੱਗੇ ਕੋਇ ਨਾ ਟੱਪੇ, ਚੁਰਾਸੀ ਵਿਚ ਦਏ ਭਵਾਈਆ । ਕਿਉਂ ਪੁਰਖ ਅਕਾਲ ਦੀਨ ਦਿਆਲ ਨੇ ਹੁਕਮ ਨਾਲ ਪੁੱਠੇ ਕਰਾ ਦਿਤੇ ਪੱਪੇ, ਪੂਰਨ ਬ੍ਰਹਮ ਨਾ ਕੋਇ ਦ੍ਰਿੜਾਈਆ । ਜਿੰਨਾਂ ਚਿਰ ਭਗਤ ਬਣਨ ਨਾ ਪੱਕੇ, ਓਨਾਂ ਚਿਰ ਜਗਤ ਵਿਚ ਸੰਤ ਸਾਧ ਸੂਫ਼ੀ ਫ਼ਕੀਰ ਦਰਗਹ ਦੀ ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਹੁਣ ਕੋਈ ਸਤਿਗੁਰੂ ਉਹ ਨਹੀਂ


੧੦੫੫
੨੨

ਜਿਹਨੂੰ ਖ਼ਰੀਦ ਲਓਗੇ ਨਾਲ ਟਕੇ, ਮਾਇਆ ਵਾਲਾ ਲਾਲਚ ਜਗਤ ਵਖਾਈਆ । ਹੁਣ ਗ਼ਰੀਬਾਂ ਦੇ ਦਾਇਰੇ ਵਿਚ ਗਿਆ ਟੱਪੇ, ਮਾਇਆਧਾਰੀ ਸਕੇ ਨਾ ਕੋਇ ਬਾਹਰ ਕਢਾਈਆ । ਉਨ੍ਹਾਂ ਦੇ ਅੰਦਰ ਵਸੇ, ਜਿਨ੍ਹਾਂ ਦਾ ਗੋਬਿੰਦ ਇਕੋ ਮਾਹੀਆ । ਉਹ ਆਪਣੇ ਵੇਲੇ ਵਕਤ ਨੂੰ ਤਕੇ, ਕੰਢੀ ਬੈਠਾ ਧੁਰਦਰਗਾਹੀਆ । ਜੋ ਸ਼ਬਦ ਸੰਦੇਸ਼ਾ ਨਿਰਗੁਣ ਧਾਰ ਦਿਤਾ ਨਾਨਕ ਤਪੇ, ਸਚਖੰਡ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਈਸਾ ਕਹੇ ਮੈਂ ਤੱਕਿਆ ਅਗੰਮ ਨਜ਼ਾਰਾ, ਨਜ਼ਰੀਆ ਲਿਆ ਬਦਲਾਈਆ । ਜਿਸ ਵੇਲੇ ਮੇਰਾ ਹੋਣਾ ਕਨਾਰਾ, ਅੰਤਮ ਦਏ ਗਵਾਹੀਆ । ਉਸ ਵੇਲੇ ਪਰਗਟ ਹੋਵੇ ਏਕੰਕਾਰਾ, ਪਰਵਰਦਿਗਾਰਾ ਨੂਰ ਇਲਾਹੀਆ । ਜਿਸ ਦਾ ਹੁਕਮ ਵਰਤੇ ਵਿਚ ਸੰਸਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਸਭ ਨੇ ਬੰਦਨਾ ਡੰਡਾਵਤ ਕਰਨੀ ਨਿਮਸਕਾਰਾ, ਸਜਦਿਆਂ ਵਿਚ ਸੀਸ ਝੁਕਾਈਆ । ਉਸ ਦਾ ਆਤਮਾ ਪਰਮਾਤਮਾ ਦਾ ਹੋਣਾ ਇਕ ਜੈਕਾਰਾ, ਆਪਣਾ ਇਕੱਲਾ ਨਾਮ ਨਾ ਕਿਸੇ ਜਪਾਈਆ । ਮੇਰਾ ਨਿੱਕਾ ਜੇਹਾ ਇਸ਼ਾਰਾ, ਜੋ ਪ੍ਰਭ ਨੇ ਸੈਨਤ ਦਿਤੀ ਲਗਾਈਆ । ਜਿਸ ਵੇਲੇ ਗੋਬਿੰਦ ਆਇਆ ਦੁਬਾਰਾ, ਦੂਹਰਾ ਖੇਲ ਖਿਲਾਈਆ । ਉਹਦਾ ਸੰਬਲ ਹੋਣਾ ਸਾਢੇ ਤਿੰਨ ਹੱਥ ਦਾ ਮੁਨਾਰਾ, ਮੁਨੀ ਰਿਸ਼ੀ ਸਮਝ ਕੋਇ ਨਾ ਪਾਈਆ । ਉਹਦਾ ਸਮੱਸਿਆ ਵਾਲਾ ਛੱਬੀ ਪੋਹ ਦਾ ਹੋਣਾ ਦਿਹਾੜਾ, ਤਿਉਹਾਰ ਜਗਤ ਨਾਲ ਰਲਾਈਆ । ਸਤਾਈ ਪੋਹ ਨੂੰ ਆਪਣੀ ਖ਼ੁਸ਼ੀਆਂ ਵਾਲੀ ਸੁਣਨੀ ਵਾਰਾ, ਭਗਤਾਂ ਸਿਫ਼ਤ ਵਿਚ ਸਾਲਾਹੀਆ । ਪੂਰਨ ਜੋਤ ਦਾ ਪੂਰਨ ਪ੍ਰਕਾਸ਼ ਹੋਇਆ ਇਹ ਵੀ ਖੇਲ ਅਪਾਰਾ, ਅਪਰੰਪਰ ਰੰਗ ਰੰਗਾਈਆ । ਅਰਸ਼ ਫ਼ਰਸ਼ ਦਏ ਅਧਾਰਾ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤਾਂ ਬਖ਼ਸ਼ੇ ਪਿਆਰਾ, ਮੁਹੱਬਤ ਆਪਣੇ ਨਾਲ ਮਿਲਾਈਆ । ਸਭ ਦਾ ਲੇਖੇ ਲੱਗਾ ਆਇਆ ਦਿਹਾੜਾ, ਮਜ਼ਦੂਰੀ ਮੁਹੱਬਤ ਵਾਲੀ ਸਭ ਦੀ ਝੋਲੀ ਦਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪ੍ਰੇਮ ਦਾ ਬਣਿਆ ਰਹੇ ਵਰਤਾਰਾ, ਦੇਵਣਹਾਰ ਆਪਣੀ ਦਇਆ ਕਮਾਈਆ ।



## ✪ ੨੮ ਪੋਹ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਸ਼ਾਦੀਆਂ ਸਮੇਂ ✪

ਸਤਿਗੁਰ ਸ਼ਬਦ ਬਹੁਤ ਗੁਣਵੰਤਾ, ਗਹਿਰ ਗੰਭੀਰ ਅਖਵਾਈਆ । ਜਿਸ ਬਣਾਈ ਸਚ ਦੀ ਬਣਤਾ, ਮਾਰਗ ਸਚ ਲਗਾਈਆ । ਧਰਮ ਦੀ ਧਾਰ ਉਪਜਾਈ ਸੰਗਤਾ, ਧੁਰ ਦਾ ਸੰਗ ਰਖਾਈਆ । ਧੁਰ ਨਾਮ ਦਾ ਬਣੇ ਪੰਡਤਾ, ਬੁੱਧੀ ਤੋਂ ਪਰੇ ਬੋਧ ਦਏ ਕਰਾਈਆ । ਸਚ ਪ੍ਰੀਤੀ ਅੰਦਰ ਰੰਗਦਾ, ਰੰਗਣ ਅਗੰਮ ਚੜ੍ਹਾਈਆ । ਜਿਸ ਨਿਸ਼ਾਨ ਬਣਾਇਆ ਤਾਰੇ ਚੰਦ ਦਾ, ਅੰਤ ਲੇਖਾ ਪੂਰ ਕਰਾਈਆ । ਜਿਸ ਖੇਲ ਖਿਲਾਇਆ ਗੋਬਿੰਦ ਪੁਰ ਅਨੰਦ ਦਾ, ਅਨੰਦ ਅਨੰਦ ਨਾਲ ਜਣਾਈਆ । ਉਸ ਦੇ ਹੁਕਮ ਨਾਲ ਜੁਗ ਚੌਕੜੀ ਜਾਂਦਾ ਲੰਘਦਾ, ਪਾਂਧੀ ਬਣ ਕੇ ਪੰਧ ਮੁਕਾਈਆ । ਅੱਗੇ ਪੁਰਖ ਅਕਾਲ ਕੋਲੋਂ ਇਕ ਵਸਤ ਮੰਗਦਾ, ਖ਼ਾਲੀ ਝੋਲੀ ਰਿਹਾ ਵਖਾਈਆ । ਜਨ ਭਗਤਾਂ ਲੇਖਾ ਰਹੇ ਨਾ ਮੰਦ ਦਾ, ਦਰ ਠਾਂਡੇ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ

ਸ਼ਬਦ ਆਦਿ ਅੰਤ ਦਲੇਰ, ਦਇਆਵਾਨ ਅਖਵਾਈਆ । ਕਰਦਾ ਆਇਆ ਮਿਹਰ, ਮੁਹੱਬਤ ਵਿਚ ਵਡਿਆਈਆ । ਬਣ ਕੇ ਦੋ ਜਹਾਨਾਂ ਕਿਹਰ, ਭਬਕ ਸਿੰਘ ਵਾਲੀ ਲਗਾਈਆ । ਜਿਸ ਨੇ ਝਗੜਾ ਮੇਟਣਾ ਅੰਡਜ ਜੇਰ, ਜਗਤ ਖਾਣੀ ਪੰਧ ਮੁਕਾਈਆ । ਅੰਤਰ ਰਹਿਣ ਨਹੀਂ ਦੇਣੀ ਤੇਰ ਮੇਰ, ਤੇਰਾ ਮੇਰਾ ਇਕੋ ਘਰ ਵਸਾਈਆ । ਕੂੜੀ ਕਿਰਿਆ ਕਰਨੀ ਢੇਰ, ਖ਼ਾਕੀ ਖ਼ਾਕ ਵਿਚ ਮਿਲਾਈਆ । ਕਲਜੁਗ ਦਾ ਲੇਖਾ ਅੰਤ ਨਬੇੜ, ਸਤਿਜੁਗ ਦਾ ਸਾਚਾ ਰਾਹ ਚਲਾਈਆ । ਜਨ ਭਗਤਾਂ ਚਾੜ੍ਹ ਕੇ ਆਪਣੇ ਬੇੜ, ਬੇੜੀ ਨਈਆ ਨੌਕਾ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਰਦਾ ਅਦਲੀ ਬਦਲੀ, ਜੁਗ ਜੁਗ ਖੇਲ ਖਿਲਾਈਆ । ਸਚ ਦਵਾਰ ਦਾ ਬਣ ਕੇ ਅਦਲੀ, ਇਨਸਾਫ਼ ਆਪਣਾ ਦਏ ਪਰਗਟਾਈਆ । ਗੁਰਮੁਖ ਬਣਾ ਕੇ ਹੀਰੇ ਰਤਨੀ, ਅਮੋਲਕ ਵੰਡ ਵੰਡਾਈਆ । ਪਿਛਲੀ ਪਿਛੇ ਮੇਟ ਕੇ ਮਤਨੀ, ਮਤ ਅਗਲੀ ਦਏ ਸਮਝਾਈਆ । ਓਹ ਭਗਤ ਓਹ ਗੁਰਸਿਖ ਜਿਹੜੇ ਪ੍ਰਭੂ ਦੇ ਦਵਾਰੇ ਬਣਨ ਪਤ ਤੇ ਪਤਨੀ, ਦੂਜਾ ਪ੍ਰਭ ਦਾ ਮੀਤ ਨਾ ਕੋਇ ਅਖਵਾਈਆ । ਜਿਸ ਨੇ ਏਥੇ ਉਥੇ ਪਤ ਰੱਖਣੀ, ਸਿਰ ਆਪਣਾ ਹੱਥ ਟਿਕਾਈਆ । ਆਤਮਾ ਰਹਿਣ ਨਾ ਦੇਵੇ ਸੱਖਣੀ, ਪ੍ਰੇਮ ਪ੍ਰੀਤੀ ਝੋਲੀ ਪਾਈਆ । ਜਨ ਭਗਤੋ ਇਹ ਚਾਰ ਜੁਗ ਦੀ ਸ਼ਰਅ ਦੀ ਹੱਦ ਟੱਪਣੀ, ਇਸ ਤੋਂ ਵੱਡੀ ਭਗਤੀ ਹੋਰ ਨਜ਼ਰ ਕੋਇ ਨਾ ਆਈਆ । ਇਕੋ ਆਤਮ ਪਰਮਾਤਮ ਤੁਕ ਰਟਣੀ, ਰੱਟਾ ਸਮਾਜਾਂ ਦਏ ਮੁਕਾਈਆ । ਜਿਸ ਨੇ ਤੁਹਾਡੀ ਚੁਰਾਸੀ ਕਟਣੀ, ਉਹ ਕਰਤਾ ਹੋਏ ਸਹਾਈਆ । ਇਹ ਫੇਰ ਰੁਤ ਕਦੇ ਨਹੀਂ ਲੱਭਣੀ, ਖੋਜਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਨੇ ਸਤਿਜੁਗ ਦੀ ਸਾਚੀ ਰਚਨਾ ਰਚਨੀ, ਰਚ ਰਚ ਕੇ ਆਪਣੀ ਰਚਨਾ ਆਪ ਪਰਗਟਾਈਆ ।



੧੦੫੭ ੨੨

### ੩੦ ਪੋਹ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਲੋਹੜੀ ਸਮੇਂ

ਸਤਿਗੁਰ ਸ਼ਬਦ ਸ਼ਬਦ ਦੀ ਦੇ ਦਲੀਲਾ, ਜਗਤ ਬੁੱਧੀ ਨਾ ਸੰਗ ਰਖਾਈਆ । ਸਚ ਦੱਸ ਕਿਉਂ ਗੋਬਿੰਦ ਚੜ੍ਹਿਆ ਅਸਵ ਨੀਲਾ, ਨੀਲੀ ਧਾਰ ਕੀ ਚਤੁਰਾਈਆ । ਕਿਉਂ ਬਸਤਰ ਪਾਇਆ ਪੀਲਾ, ਗੁਰਸਿਖ ਸ਼ਿੰਗਾਰ ਸੁਹਾਈਆ । ਕਿਉਂ ਘਾਸ ਦਾ ਤੋੜਿਆ ਤੀਲਾ, ਤਿਨਕਾ ਹੱਥ ਉਠਾਈਆ । ਕਿਉਂ ਆਪ ਤੁੜਾਇਆ ਬਾਜ਼ ਕੋਲੋਂ ਚੀਲਾਂ, ਚਰਾਗਾਹਾਂ ਦੇਣ ਦੁਹਾਈਆ । ਕਿਉਂ ਪੁਰਖ ਅਕਾਲ ਬਣਾਇਆ ਵਸੀਲਾ, ਵਸਲ ਇਕੋ ਇਕ ਰਖਾਈਆ । ਕਿਉਂ ਬੰਸ ਸਰਬੰਸ ਵਾਰਿਆ ਕਬੀਲਾ, ਜਗਤ ਨਿਸ਼ਾਨ ਨਾ ਕੋਇ ਵਖਾਈਆ । ਕਿਉਂ ਬਣ ਕੇ ਛੈਲ ਛਬੀਲਾ, ਆਪ ਆਪਣਾ ਗਿਆ ਸਮਾਈਆ । ਕਿਉਂ ਆਪਣੇ ਆਉਣ ਦੀ ਪਾ ਕੇ ਗਿਆ ਤਾਹੀਲਾ, ਤਾਰੀਖ ਤਵਾਰੀਖ ਵਿਚ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਸਾਹਿਬ ਤੇਰੀ ਸ਼ਰਨਾਈਆ । ਸਤਿਗੁਰ ਸ਼ਬਦ ਕਿਹਾ ਇਹ ਖੇਲ ਆਕਾਸ਼ਾਂ ਉਤੇ, ਅਰਸ਼ ਵੱਜੇ ਵਧਾਈਆ । ਜਿਥੇ ਪੁਰਖ ਅਕਾਲ ਸੁਹਾਏ ਰੁੱਤੇ, ਰੁਤੜੀ ਆਪਣੇ ਨਾਲ ਬਣਾਈਆ । ਉਥੇ ਕੋਟਨ ਅਵਤਾਰ ਪੈਗ਼ੰਬਰ ਗੁਰੂ ਸੁੱਤੇ, ਬਿਨ

ਆਲਸ ਨਿੰਦਰਾ ਡੇਰਾ ਲਾਈਆ । ਜਿਨ੍ਹਾਂ ਨੂੰ ਸਚ ਦੀ ਧਾਰ ਗੋਦੀ ਚੁੱਕੇ, ਚੁੱਕ ਚੁੱਕ ਆਪਣੇ ਰੰਗ ਰੰਗਾਈਆ । ਜਿਸ ਵੇਲੇ ਅਵਤਾਰਾਂ ਪੈਗ਼ੰਬਰਾਂ ਪੈਂਡੇ ਮੁੱਕੇ, ਅੰਤ ਅਖ਼ੀਰ ਨਜ਼ਰੀ ਆਈਆ । ਉਸ ਵੇਲੇ ਭਾਗ ਲਗਾਇਆ ਗੋਬਿੰਦ ਦੇ ਜੁੱਸੇ, ਜਿਸਮ ਇਸਮ ਇਕ ਬਣਾਈਆ । ਜਿਸ ਦੇ ਕੋਲੋਂ ਜਗਤ ਸ਼ਰੀਅਤ ਰੁੱਸੇ, ਪਾਸਾ ਮੁਖ ਬਦਲਾਈਆ । ਉਹ ਸਭ ਦੇ ਲਹਿਣੇ ਪੁਛੇ, ਪੁਛਣਹਾਰ ਇਕ ਹੋ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਿਉਂ ਗੋਬਿੰਦ ਗਾਇਆ ਨਹੀਂ ਰਾਗ, ਸ਼ਬਦੀ ਸ਼ਬਦ ਸ਼ਬਦ ਨਾਦ ਸੁਣਾਈਆ । ਕਿਉਂ ਹੱਥ ਉਠਾਇਆ ਬਾਜ਼, ਅਗੰਮੀ ਬਣਤ ਬਣਾਈਆ । ਕਿਉਂ ਕਲਗੀ ਸੁਹਾਈ ਬਿਨਾ ਤਾਜ਼, ਤਖ਼ਤ ਨਿਵਾਸੀ ਰਾਹ ਤਕਾਈਆ । ਕਿਉਂ ਚਾਰ ਵਰਨ ਦਾ ਰਚਿਆ ਕਾਜ, ਸਿੱਖੀ ਸਿਖਿਆ ਵਿਚ ਵਡਿਆਈਆ । ਕਿਉਂ ਧਰਮ ਚਲਾਇਆ ਜਹਾਜ਼, ਚੱਪੂ ਮਲਾਹ ਵਾਹਿਗੁਰੂ ਸ਼ਬਦ ਜਣਾਈਆ । ਕਿਉਂ ਸ੍ਰਿਸ਼ਟੀ ਦਾ ਸਾਂਝਾ ਕੀਤਾ ਸਮਾਜ, ਸਮਿਗਰੀ ਇਕੋ ਇਕ ਵਰਤਾਈਆ । ਕਿਉਂ ਪੁਰਖ ਅਕਾਲ ਦੀ ਸੁਣਾਈ ਅਵਾਜ਼, ਆਪਣਾ ਨਾਮ ਨਾ ਕੋਇ ਵਡਿਆਈਆ । ਕਿਉਂ ਚਾਰੋਂ ਕੁੰਟ ਰੱਖੀ ਭਾਜ, ਬਿਨਾ ਸੰਬਲ ਤੋਂ ਸੰਭਲ ਕੇ ਪੈਰ ਨਾ ਕਿਤੇ ਟਿਕਾਈਆ । ਕਿਉਂ ਸੰਦੇਸ਼ਾ ਦਿਤਾ ਖੇਲ ਕਰਾਂ ਮਾਝ, ਅੰਤ ਆਪਣੀ ਕਲ ਪਰਗਟਾਈਆ । ਇਸ ਦਾ ਸਤਿ ਦੇ ਜਵਾਬ, ਸਚ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਿਰਪਾ ਆਪ ਕਮਾਈਆ । ਸਤਿਗੁਰ ਸ਼ਬਦ ਕਿਉਂ ਗੋਬਿੰਦ ਕੀਤਾ ਕਮਰਕੱਸਾ, ਬੰਧਨ ਬੰਧ ਬੰਧਾਈਆ । ਕਿਉਂ ਤੇੜ ਪਵਾਇਆ ਕੱਛਾ, ਤਨ ਮਾਟੀ ਜੋੜ ਜੁੜਾਈਆ । ਕਿਉਂ ਗ਼ਰੀਬਾਂ ਕੀਤੀ ਰੱਛਾ, ਦੁਖੀਆਂ ਦਰਦ ਵੰਡਾਈਆ । ਕਿਉਂ ਪੁਰੀ ਅਨੰਦ ਛਡ ਕੇ ਨੱਸਾ, ਭੱਜਿਆ ਵਾਹੋ ਦਾਹੀਆ । ਕਿਉਂ ਹੋੜਾ ਲਾਇਆ ਉਪਰ ਸੱਸਾ, ਹਾਹੇ ਟਿੱਪੀ ਤੀਰ ਕਮਾਨ ਜਣਾਈਆ । ਕਿਉਂ ਪੂਰਨਮਾਸ਼ੀ ਪਾਠ ਕੀਤਾ ਦਿਨ ਇਕ ਸੌ ਅੱਠਾ, ਚਾਰੇ ਕੁੰਟ ਵੰਡ ਵੰਡਾਈਆ । ਕਿਉਂ ਚਾਰ ਵਰਨ ਅਠਾਰਾਂ ਬਰਨਾਂ ਕੀਤਾ ਇਕੱਠਾ, ਸ਼ੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਜੋੜ ਜੁੜਾਈਆ । ਕਿਉਂ ਅੰਮ੍ਰਿਤ ਜਾਮ ਪਿਆਇਆ ਗਟ ਗਟਾ, ਧੁਰ ਦਾ ਰਸ ਚਖਾਈਆ । ਕਿਉਂ ਚੀਥੜ ਪੁਰਾਣਾ ਵਖਾਇਆ ਫਟਾ, ਮਾਛੂਵਾੜੇ ਡੇਰਾ ਲਾਈਆ । ਕਿਉਂ ਖੁੱਲ੍ਹੀਆਂ ਛਡ ਕੇ ਲਟਾਂ, ਪੀਰ ਉਚ ਨਾਮ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਤਿਗੁਰ ਸ਼ਬਦ ਤੂੰ ਆਦਿ ਆਦਿ ਦਾ ਦਾਨੀ, ਦਇਆਵਾਨ ਅਖਵਾਈਆ । ਇਕ ਧਰਮ ਦੀ ਕਰ ਮਿਹਰਵਾਨੀ, ਮਿਹਰ ਨਿਗਹ ਉਠਾਈਆ । ਕਿਉਂ ਗੋਬਿੰਦ ਦਿਤੀ ਕੁਰਬਾਨੀ, ਖੰਡੇ ਕਿਰਪਾਨਾਂ ਨਾਲ ਲੜਾਈਆ । ਕਿਉਂ ਮੇਟ ਕੇ ਆਪਣੀ ਨਿਸ਼ਾਨੀ, ਗੁਰਮੁਖਾਂ ਰੰਗ ਰੰਗਾਈਆ । ਕਿਉਂ ਖੇਲ ਖੇਲਿਆ ਚੰਡੀ ਆਦਿ ਸ਼ਕਤ ਭਵਾਨੀ, ਚੰਡ ਪ੍ਰਚੰਡ ਨਾਮ ਵਖਾਈਆ । ਕਿਉਂ ਸ਼ਰਅ ਦੀ ਤੋੜ ਗ਼ੁਲਾਮੀ, ਸ਼ਰੀਅਤ ਵਿਚ ਰਖਾਈਆ । ਕਿਉਂ ਬਵੰਜਾ ਕਵੀ ਬਣਾਏ ਇਨਾਮੀ, ਬੁੱਧੀ ਬਲ ਵਖਾਈਆ । ਕਿਉਂ ਜੀਉਂਦਾ ਚੜ੍ਹਿਆ ਕਾਹਨੀ, ਭਾਰ ਫੱਟਿਆਂ ਉਤੇ ਟਿਕਾਈਆ । ਕਿਉਂ ਹੁਕਮ ਲੇਖਾ ਦੱਸਿਆ ਸ਼ਾਹ ਸੁਲਤਾਨੀ, ਭੇਵ ਅਭੇਦ ਖੁਲ੍ਹਾਈਆ । ਕਿਉਂ ਸੰਮਤ ਸ਼ਹਿਨਸ਼ਾਹੀ ਛੇ ਲੇਖਾ ਦੱਸਿਆ ਰੂਹਾਨੀ, ਰੂਹ ਬੁਤ ਤੋਂ ਪਾਰ ਕਰਾਈਆ । ਕਿਉਂ ਹੁਕਮ ਦਿਤਾ ਜੰਮੂ ਵਾਲਿਆ ਫੱਟਾ ਲਿਆਉਣਾ ਮੁਰਦਿਆਂ ਵਾਲਾ ਵਿਚੋਂ ਮੜ੍ਹੀ ਮਸਾਣੀ, ਛੱਬੀ ਪੋਹ ਰੈਣ ਰੁੱਤ ਸੁਹਾਈਆ । ਕਿਉਂ ਖੇਲ ਨੂਰ ਨੁਰਾਨੀ, ਜੋਤੀ ਜਾਤਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕੀ ਖੇਲ ਸ੍ਰੀ ਭਗਵਾਨ, ਸਚ ਦੇ ਸੁਣਾਈਆ । ਕਿਉਂ ਨਹੀਂ ਇੱਕੀ ਟਕੇ ਜੰਮੂ ਵਾਲਿਆਂ ਨੂੰ ਕੀਤੇ ਦਾਨ, ਫੱਟੇ ਵਾਲਾ ਨਜ਼ਰ ਕੋਇ ਨਾ ਆਈਆ । ਸਤਿਗੁਰ ਸ਼ਬਦ ਕਹੇ ਇਹ ਹੁਕਮ ਧੁਰ ਫ਼ਰਮਾਨ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਸੁਣ ਹੁਕਮ ਲਾ ਕੇ ਕਾਨ, ਸੰਦੇਸ਼ਾ ਇਕ ਅਲਾਹੀਆ । ਕੀ ਹੋਇਆ ਜੇ ਭੁੱਲ ਗਏ ਗੁਰਮੁਖ ਰੂਪ ਇਨਸਾਨ, ਭੁੱਲਿਆਂ ਹੋ ਸਹਾਈਆ । ਸਭ ਤੇਰੇ ਬੱਚੇ ਅੰਞਾਣ, ਬਾਲੀ ਬੁਧ ਨਾ ਕੋਇ ਚਤੁਰਾਈਆ । ਸਤਾਰਾਂ ਹਾੜ੍ਹ ਨੂੰ ਇਹ ਜ਼ਰੂਰ ਭੁਗਤਾਉਣਾ ਭੁਗਤਾਨ, ਅਭੁੱਲ ਭੁੱਲ ਕਦੇ ਨਾ ਜਾਈਆ । ਇੱਕੀ ਗੁਰਸਿਖ ਗੋਬਿੰਦ ਨੂੰ ਫੱਟੇ ਉਤੇ ਟਿਕਾਣ, ਵਾਰੋ ਵਾਰੀ ਚੁੱਕ ਕੇ ਲਿਆਵਣ ਚਾਈਂ ਚਾਈਆ । ਸਾਰੀ ਸੰਗਤ ਖ਼ੁਸ਼ੀ ਕਰਨੀ ਅਸੀਂ ਜੀਉਂਦਿਆਂ ਸਤਿਗੁਰ ਜੀਉਂਦੇ ਦੀ ਲਾਹ ਲਈ ਮਕਾਣ, ਮਰਿਆਂ ਰੋਣ ਕੋਇ ਨਾ ਪਾਈਆ । ਇਹ ਸਮਾਂ ਵੇਖੇ ਜਗਤ ਜਹਾਨ, ਸੋਹਣਾ ਰੂਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋ ਕੇ ਹਰਿ (ਮਿਹਰਵਾਨ), ਆਪਣਾ ਖੇਲ ਖਿਲਾਈਆ ।

## ੧ ਮਾਘ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ



ਮਾਘ ਕਹੇ ਮੈਂ ਖੇਲ ਵੇਖਿਆ ਸਤਿ ਸਰੂਪਿਆ, ਸਤਿ ਸਤਿ ਵੱਜੀ ਵਧਾਈਆ । ਨਿਗਹ ਮਾਰੀ ਚਾਰੇ ਕੂਟਿਆ, ਦਹਿ ਦਿਸ਼ਾ ਧਿਆਨ ਲਗਾਈਆ । ਦੀਨ ਦੁਨੀ ਦੀ ਤਕੀ ਪੂਜਿਆ, ਸਮਗਰੀ ਹੱਥ ਉਠਾਈਆ । ਲੇਖਾ ਏਕਾ ਦੂਜਿਆ, ਧੁਰ ਰੰਗ ਨਾ ਕੋਇ ਵਖਾਈਆ । ਧੁਰ ਹੁਕਮ ਕਿਸੇ ਨਾ ਬੂਝਿਆ, ਬੁਝੀ ਨਾ ਹਵਸ ਹਰਸ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਸਹਿਜ ਸੁਖਦਾਈਆ । ਮਾਘ ਕਹੇ ਮੈਂ ਖ਼ੁਸ਼ੀਆਂ ਜਾਵਾਂ ਹੱਸ, ਹਸਤੀ ਤਕ ਅਗੰਮ ਅਥਾਹੀਆ । ਜਿਸ ਜਗਤ ਤ੍ਰਿਸਨਾ ਕੀਤੀ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਸਚ ਪ੍ਰੇਮ ਦਾ ਦੇਵੇ ਰਸ, ਰਸਤਾ ਆਪ ਖੁਲ੍ਹਾਈਆ । ਧੁਰ ਦਾ ਮਾਰਗ ਦੱਸ, ਧਰਮ ਧਾਰ ਸਮਝਾਈਆ । ਮੇਟੇ ਰੈਣ ਅੰਧੇਰੀ ਮਸ, ਨੂਰ ਚੰਦ ਚਮਕਾਈਆ । ਸਿਫ਼ਤ ਸਾਲਾਹੀ ਜਸ, ਧੁਰ ਦੇ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਮਾਘ ਕਹੇ ਮੈਂ ਤੱਕਿਆ ਗਹਿਰ ਗੰਭੀਰ, ਹਰਿ ਗਵਰ ਬੇਪਰਵਾਹੀਆ । ਜਿਸ ਦਾ ਲੇਖਾ ਪਾਤਸ਼ਾਹ ਫ਼ਕੀਰ, ਸ਼ਹਿਨਸ਼ਾਹ ਹਕੀਰ ਰੰਗ ਰੰਗਾਈਆ । ਜੁਗ ਚੌਕੜੀ ਬਦਲੇ ਤਕਦੀਰ, ਤਦਬੀਰ ਆਪਣੇ ਵਿਚ ਛੁਪਾਈਆ । ਜਿਸ ਦਾ ਹੋਕਾ ਦਿਤਾ ਕਬੀਰ, ਗੜ੍ਹ ਉਤੇ ਚੜ੍ਹ ਕੇ ਦਿਤੀ ਦੁਹਾਈਆ । ਉਹ ਕਲਜੁਗ ਲੇਖਾ ਪੂਰਾ ਕਰੇ ਅਖ਼ੀਰ, ਭਗਤਾਂ ਹੋਏ ਸਹਾਈਆ । ਲੇਖੇ ਲਾਵੇ ਜਨਮ ਕਰਮ ਸਿੰਘ ਜਸਬੀਰ, ਸੁਤ ਊਧਮ ਸਿੰਘ ਵਡਿਆਈਆ । ਜਿਸ ਦੀ ਸਿੰਘਾਸਣ ਥੱਲੇ ਸਾਂਭ ਕੇ ਰੱਖੀ ਤਸਵੀਰ, ਮਿਹਰ ਨਜ਼ਰ ਇਕ ਟਿਕਾਈਆ । ਉਸ ਦਾ ਪਿਤਾ ਬਣਾ ਕੇ ਫ਼ਕੀਰ, ਫ਼ਿਕਰਾ ਸ਼ਬਦ ਸੁਣਾਈਆ । ਗਲ ਵੈਰਾਗੀਆਂ ਵਾਲੇ ਚੀਰ, ਖੁਲ੍ਹੜੇ ਕੇਸ ਕੇਸ ਸਮਝਾਈਆ । ਮਿਹਰਵਾਨ ਬਖ਼ਸ਼ ਕੇ ਧੀਰ, ਧੀਰਜ ਆਪ ਧਰਾਈਆ । ਤੇਰਾ ਬੱਚਾ ਭੈਣਾਂ ਨਾਲੋਂ ਵਿਛੜਨ ਨਹੀਂ ਦਿਤਾ ਵੀਰ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ ।

੧੦੫੯ ੨੨

ਕਾਇਆ ਗੜ੍ਹ ਸ਼ਬਦ ਦੀ ਧਾਰ ਕਰ ਤਾਮੀਰ, ਮੰਦਰ ਇਕ ਸੁਹਾਈਆ । ਉਹਨੂੰ ਮਾਰੇ ਨਾ ਕੋਇ ਸ਼ਮਸ਼ੀਰ, ਜਿਸ ਸਿਰ ਆਪਣਾ ਹੱਥ ਟਿਕਾਈਆ । ਜਦੋਂ ਚਾਹੇ ਬਦਲ ਦੇਵੇ ਤਕਦੀਰ, ਤਦਬੀਰ ਆਪਣੇ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਮਾਘ ਕਹੇ ਮੈਂ ਤਕਾਂ ਨਾਲ ਅੱਖ, ਬਿਨ ਅੱਖੀਆਂ ਅੱਖ ਖੁਲ੍ਹਾਈਆ । ਸਾਹਿਬ ਵੇਖਾਂ ਪ੍ਰਤਖ, ਪ੍ਰਭ ਦਾਤਾ ਧੁਰਦਰਗਾਹੀਆ । ਜਿਸ ਨੇ ਕਿਰਪਾ ਕਰਕੇ ਲਿਆ ਰੱਖ, ਪੰਜ ਗੁਰਮੁਖ ਦੇਣ ਗਵਾਹੀਆ । ਨੌ ਦਵਾਰਿਆਂ ਦਾ ਜਗਤ ਪਿਆਰ ਰਸ, ਰਸਾਂ ਵਾਲੇ ਨੌ ਗੰਨੇ ਕੂਕ ਕੂਕ ਸੁਣਾਈਆ । ਬਿਨਾ ਪ੍ਰਭੂ ਦੀ ਕਿਰਪਾ ਤੋਂ ਸਕੇ ਕੋਇ ਨਾ ਬਚ, ਬਚਪਨ ਝੋਲੀ ਕੋਇ ਨਾ ਪਾਈਆ । ਇਕੋ ਹੁਕਮ ਸ਼ਬਦ ਗੁਰੂ ਦਾ ਸਚ, ਸਚ ਸਤਿਗੁਰ ਸ਼ਬਦ ਅਖਵਾਈਆ । ਜੋ ਭਾਗ ਲਗਾਵੇ ਕਾਇਆ ਕੱਚ, ਕੰਚਨ ਗੜ੍ਹ ਸੁਹਾਈਆ । ਲੂੰ ਲੂੰ ਅੰਦਰ ਜਾਵੇ ਰਚ, ਬੇਪਰਵਾਹ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮਾਘ ਕਹੇ ਮੈਨੂੰ ਗੰਨੇ ਕਰਨ ਇਸ਼ਾਰਾ, ਅੰਤਰ ਨਿਰੰਤਰ ਧਿਆਨ ਲਗਾਈਆ । ਸਾਡਾ ਰਸ ਪੀਵੇ ਸਰਬ ਸੰਸਾਰਾ, ਰਸਨਾ ਰਸ ਵਿਚ ਸਮਾਈਆ । ਸਾਡਾ ਭੋਗ ਜਗਤ ਦਵਾਰਾ, ਜੁਗਤੀ ਜੀਵਣ ਨਾਲ ਰਲਾਈਆ । ਪਰ ਜਨ ਭਗਤੋ ਗੰਨੇ ਕਹਿਣ ਅਸੀਂ ਰੋ ਕੇ ਮਾਰੀਏ ਲਲਕਾਰਾ, ਉਚੀ ਕੂਕ ਕੂਕ ਸੁਣਾਈਆ । ਬਿਨਾ ਪੁਰਖ ਅਕਾਲ ਤੋਂ ਮਿੱਠਾ ਰਸ ਨਹੀਂ ਕੋਈ ਸੰਸਾਰਾ, ਚਾਰੇ ਖਾਣੀ ਕੰਮ ਕਿਸੇ ਨਾ ਆਈਆ । ਜੇਹੜਾ ਤੁਹਾਡੀ ਖ਼ਾਤਰ ਜੋਤ ਸਰੂਪ ਹੋ ਕੇ ਆਇਆ ਦੁਬਾਰਾ, ਏਸੇ ਕਰਕੇ ਦੋਬਾਰੇ ਜੀਵਣ ਤੁਹਾਡੀ ਝੋਲੀ ਪਾਈਆ । ਜਿਸ ਦਾ ਅਵਤਾਰ ਪੈਗ਼ੰਬਰ ਗੁਰੂਆਂ ਨਾਮ ਵਿਚ ਕੀਤਾ ਮਜ਼ਾਹਿਰਾ, ਸਿਫ਼ਤਾਂ ਵਿਚ ਸਾਲਾਹੀਆ । ਉਹ ਸਤਿਗੁਰ ਸ਼ਬਦ ਬਣ ਕੇ ਸ਼ਾਇਰਾ, ਸ਼ਰਅ ਦੇ ਬੰਧਨ ਰਿਹਾ ਕਟਾਈਆ । ਲੇਖਾ ਪੂਰਾ ਕਰੇ ਹੋ ਕੇ ਜ਼ਹੂਰ ਜ਼ਾਹਿਰਾ, ਜ਼ਾਹਿਰ ਆਪਣੀ ਕਲ ਧਰਾਈਆ । ਇਸ ਦੇ ਬਦਲੇ ਝਗੜਾ ਪੈਣਾ ਵਿਚ ਕਾਹਿਰਾ, ਕਾਮਲ ਮੁਰਸ਼ਦ ਦਏ ਸੁਣਾਈਆ । ਹਰਿਜਨ ਰਹੇ ਕੋਇ ਨਾ ਬਾਹਿਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮਾਘ ਕਹੇ ਜਨ ਭਗਤੋ ਆਪਣੀ ਜਨਮ ਦੀ ਕਰ ਲਉ ਬਦਲੀ, ਬਦਲਾ ਰਾਏ ਧਰਮ ਦਾ ਦਿਉ ਚੁਕਾਈਆ । ਪੁਰਖ ਅਕਾਲਾ ਤੁਹਾਡਾ ਅਦਲੀ, ਇਨਸਾਫ਼ ਇਕੋ ਇਕ ਵਖਾਈਆ । ਜੋ ਆਇਆ ਭਗਤਾਂ ਦੀ ਯਦ ਲਈ, ਯਦੀ ਆਪਣਾ ਹੁਕਮ ਸੁਣਾਈਆ । ਜਿਸ ਨੇ ਤੁਹਾਡੀ ਆਤਮ ਧਾਰ ਸੱਦ ਲਈ, ਸੱਦਾ ਸ਼ਬਦ ਵਾਲਾ ਜਣਾਈਆ । ਚੁਰਾਸੀ ਵਿਚੋਂ ਕਢ ਲਈ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਮਾਘ ਕਹੇ ਪੰਜੇ ਗੁਰਮੁਖ ਨੌਆਂ ਗੰਨਿਆਂ ਦੇ ਕਰਨ ਟੋਟੇ, ਦੋ ਦੋ ਚਾਰ ਬਣਾਈਆ । ਜਿਸ ਕਾਰਨ ਖਰੇ ਹੋਣੇ ਖੋਟੇ, ਧੁਰ ਦੇ ਰੰਗ ਨਾਲ ਰੰਗਾਈਆ । ਬੱਚੇ ਪਾਰ ਕਰਾਏ ਛੋਟੇ, ਵੱਡਿਆਂ ਮਾਣ ਵਡਿਆਈਆ । ਜਿਸ ਰਲਣਾ ਸੀ ਪ੍ਰਭੂ ਦੀ ਜੋਤੇ, ਉਹ ਜੋਤੀ ਜੋਤ ਕਰੇ ਰੁਸ਼ਨਾਈਆ । ਭਵਜਲ ਮਾਰਨੇ ਪਏ ਨਾ ਗੋਤੇ, ਡੂੰਘਾ ਵਹਿਣ ਨਾ ਕੋਇ ਵਖਾਈਆ । ਮਾਤ ਪਿਤ ਕੋਈ ਕਰ ਸਕਿਆ ਨਾ ਸੋਚੇ, ਸੋਚ ਸਮਝ ਤੋਂ ਬਾਹਰ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਮਸਤਕ ਲੇਖ ਬਣਾਈਆ । ਮਾਘ ਕਹੇ ਜਨ ਭਗਤੋ ਸੁਣੋ ਮੇਰੀ ਧਰਮ ਦੀ ਕਥਾ, ਕਹਿ ਕੇ

ਦਿਆਂ ਜਣਾਈਆ । ਪਤਿਪਰਮੇਸ਼ਵਰ ਮੰਨੋ ਯਥਾਰਥ ਯਥਾ, ਯਦੀ ਆਪਣਾ ਧਿਆਨ ਲਗਾਈਆ । ਇਕੋ ਸਾਹਿਬ ਨੂੰ ਟੇਕੋ ਮੱਥਾ, ਦੂਸਰ ਸੀਸ ਨਾ ਕਦੇ ਨਿਵਾਈਆ । ਜਿਸ ਦਾ ਖੇਲ ਮੰਦਰ ਮਸਜਿਦ ਸ਼ਿਵਦਵਾਲੇ ਮੱਠਾਂ, ਗੁਰਦਵਾਰਿਆਂ ਵੰਡ ਵੰਡਾਈਆ । ਧਾਰ ਬਣਾ ਕੇ ਅਠ ਸਠਾ, ਜਲਧਾਰਾ ਵਹਿਣ ਵਹਾਈਆ । ਚਾਰ ਜੁਗ ਦੇ ਸ਼ਾਸਤਰ ਸੁਣਾ ਕੇ ਟੱਪਾ, ਸਿਫ਼ਤਾਂ ਵਾਲੇ ਢੋਲੇ ਰਾਗ ਜਣਾਈਆ । ਅੰਤਮ ਹੋ ਕੇ ਆਪ ਪਰਗਟਾ, ਪਰਗਣਾ ਸੰਬਲ ਇਕ ਸੁਹਾਈਆ । ਨਿਰਗੁਣ ਧਾਰ ਫਿਰੇ ਨੱਠਾ, ਭੱਜੇ ਵਾਹੋ ਦਾਹੀਆ । ਵੇਸ ਵਟਾ ਪੁਰਖ ਸਮਰਥਾ, ਹਰਿ ਕਰਨੀ ਕਾਰ ਕਮਾਈਆ । ਗੁਰਮੁਖ ਸੰਤ ਜਨ ਭਗਤ ਕਰ ਇਕੱਠਾ, ਇਕੋ ਰੰਗ ਰੰਗਾਈਆ । ਜੋਧਾ ਸੂਰਬੀਰ ਬਹਾਦਰ ਬਣ ਕੇ ਹੱਟਾ ਕਟਾ, ਬਲਧਾਰੀ ਆਪਣਾ ਬਲ ਪਰਗਟਾਈਆ । ਜੋ ਦਰ ਆਇਆਂ ਮਿਹਰਵਾਨ ਹੋ ਕੇ ਜ਼ਿੰਦਗੀ ਦਾ ਦੇਵੇ ਗੱਫਾ, ਬੰਦਗੀ ਧੁਰ ਦੀ ਝੋਲੀ ਪਾਈਆ । ਚੁਰਾਸੀ ਵਿਚ ਭਵਾਵਣ ਵਾਸਤੇ ਕਦੇ ਨਾ ਹੋਵੇ ਖ਼ਫ਼ਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਭ ਦੀ ਜ਼ਿੰਦਗੀ ਵਿਚੋਂ ਜੀਵਣ ਦਾ ਬਦਲਿਆ ਸਫ਼ਾ, ਵਰਕਾ ਦਿਤਾ ਉਲਟਾਈਆ । ਧੁਰ ਮੁਹੱਬਤ ਦਾ ਮਿਲੇ ਨਫ਼ਾ, ਨੁਕਸਾਨ ਨਜ਼ਰ ਕੋਇ ਨਾ ਆਈਆ । ਜੋ ਪ੍ਰਭੂ ਦਵਾਰੇ ਆਇਆ ਉਹ ਪੁਰਖ ਅਕਾਲ ਦਾ ਬੱਚਾ, ਬਚਪਨ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਮਾਘ ਕਹੇ ਮੇਰਾ ਇਕੋ ਇਕ ਸੰਦੇਸ਼, ਬਿਨਾ ਸੰਧਿਆ ਪਰਭਾਤੀ ਦਿਆਂ ਜਣਾਈਆ । ਜਨ ਭਗਤੋ ਕਰਨਾ ਪ੍ਰਭੂ ਦਾ ਹੇਤ, ਹਿਤਕਾਰੀ ਹੋ ਕੇ ਖ਼ੁਸ਼ੀ ਬਣਾਈਆ । ਵੇਖਣਾ
੧੦੬੧ ਨੇਤ ਨੇਤ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਜਿਸ ਮਾਣ ਬਖ਼ਸ਼ਣਾ ਸਭ ਨੂੰ ਪਹਿਲੀ ਚੇਤ, ਦੁਲਾਰੇ ਧਰਮ ਵਾਲੇ ਪ੍ਰਗਟਾਈਆ । ਨਾਮ ੧੦੬੧
ਸਦਾ ਰੱਖੇ ਹਮੇਸ਼, ਜ਼ਿੰਦਗੀ ਜ਼ਿੰਦਗੀ ਨਾਲ ਬਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਜਗਤ ਦਿਸੇ ਮਲੇਛ, ਪਤਿਤ ਪੁਨੀਤ ਨਾ ਕੋਇ ਕਰਾਈਆ । ਜਨ
੨੨ ਭਗਤਾਂ ਕਿਰਪਾ ਕਰਦਾ ਆਇਆ ਸਦਾ ਹਮੇਸ਼, ਹਮ ਸਾਜਣ ਦਇਆ ਕਮਾਈਆ । ਜੋ ਮਾਲਕ ਨਰ ਨਰੇਸ਼, ਨਰ ਹਰਿ ਵੱਡੀ ਵਡਿਆਈਆ । ੨੨
ਸੋ ਵਸ ਕੇ ਸੰਬਲ ਦੇਸ, ਸਭਾ ਭਗਤਾਂ ਨਾਲ ਲਗਾਈਆ । ਸ਼ਹਿਨਸ਼ਾਹ ਬਣ ਨਰੇਸ਼, ਨਰ ਨਰਾਇਣ ਹੁਕਮ ਸੁਣਾਈਆ । ਜੋ ਲਹਿਣਾ ਦੇਣਾ ਦਸ ਦਸਮੇਸ਼, ਸੋ ਅੰਤਮ ਪੂਰਾ ਦਏ ਕਰਾਈਆ । ਝਗੜਾ ਮੁਕਾ ਕੇ ਮੁੱਲਾ ਸ਼ੇਖ਼, ਸ਼ਰਅ ਦਾ ਡੇਰਾ ਢਾਹੀਆ । ਜੋ ਮਿੱਠਾ ਰਸ ਪਿਤਾ ਪੁੱਤ ਨੇ ਪ੍ਰਭੂ ਦੀ ਕੀਤਾ ਭੇਟ, ਗੰਨਾ ਜਗਤ ਨਾਮ ਸਮਝਾਈਆ । ਤਿਸ ਕਾਰਨ ਹਰਿ ਬਖ਼ਸ਼ੇ ਸੱਚੀ ਟੇਕ, ਟਿੱਕੇ ਮਸਤਕ ਨਾਮ ਲਗਾਈਆ । ਜਨਮ ਕਰਮ ਦੀ ਬਦਲ ਦਿਤੀ ਰੇਖ, ਰੇਖਾ ਆਪਣੇ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਹਾਈ ਹੋਵੇ ਸਦਾ ਹਮੇਸ਼, ਹਮਸੱਜਣ ਬਣ ਕੇ ਦਇਆ ਕਮਾਈਆ ।

## ੩ ਮਾਘ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ

ਨਾਮ ਸੁਰਮੇ ਬਖ਼ਸ਼ੇ ਸਤਿਗੁਰ ਸਲਾਈ, ਸਾਹਿਬ ਸੁਲਤਾਨ ਦਇਆ ਕਮਾਈਆ । ਕਿਰਪਾ ਕਰੇ ਆਪ ਰਘੁਰਾਈ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਨਿਜ ਨੇਤਰ ਨੈਣ ਹੋਏ ਰੁਸ਼ਨਾਈ, ਅੰਧ ਅਗਿਆਨ ਰਹੇ ਨਾ ਰਾਈਆ । ਅੰਤਰ ਵੱਜਦੀ ਰਹੇ ਵਧਾਈ, ਖ਼ੁਸ਼ੀਆਂ ਰੰਗ ਰੰਗਾਈਆ ।

ਮਿਲੇ ਪ੍ਰੇਮ ਮਾਣ ਵਡਿਆਈ, ਮਮਤਾ ਮੋਹ ਨਾ ਕੋਇ ਰਖਾਈਆ । ਬਖ਼ਸ਼ਿਸ਼ ਵਿਚ ਰਹਿਮਤ ਕਰੇ ਆਪ ਗੁਸਾਈਂ, ਗਹਿਰ ਗੰਭੀਰ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਦਇਆ ਕਮਾਈਆ । ਸਲਾਈ ਕਹੇ ਮੈਂ ਅੱਖੀਆਂ ਵੇਖਿਆ ਰੰਗ, ਰੰਗਤ ਬੇਪਰਵਾਹੀਆ । ਧਨੰਤਰ ਦੇ ਸਾਥੀ ਦੀ ਇਹ ਮੰਗ, ਸਤਿਜੁਗ ਦੀ ਕਲਜੁਗ ਪੂਰ ਕਰਾਈਆ । ਤ੍ਰੇਤਾ ਦੁਆਪਰ ਗਿਆ ਲੰਘ, ਆਪਣਾ ਪੰਧ ਮੁਕਾਈਆ । ਇਹ ਸਤਿਗੁਰ ਸ਼ਬਦ ਮੇਲਣ ਦਾ ਢੰਗ, ਮੇਲਾ ਮੇਲਿਆ ਸਹਿਜ ਸੁਭਾਈਆ । ਦਰਸ਼ਨ ਦੇਵੇ ਕਾਇਆ ਮੰਦਰ ਅੰਦਰ ਲੰਘ, ਜਗਤ ਦਵਾਰ ਦਾ ਡੇਰਾ ਢਾਹੀਆ । ਦਵੈਤੀ ਰਹਿਣ ਨਾ ਦੇਵੇ ਕੰਧ, ਕੂੜੀ ਕਿਰਿਆ ਬਾਹਰ ਕਢਾਈਆ । ਆਤਮ ਸੇਜ ਸੁਹਾਏ ਪਲੰਘ, ਸਚ ਸਿੰਘਾਸਣ ਡੇਰਾ ਲਾਈਆ । ਕਰੇ ਪ੍ਰਕਾਸ਼ ਬਿਨਾ ਸੂਰੀਆਂ ਚੰਦ, ਨੂਰੀ ਜੋਤ ਨੂਰ ਰੁਸ਼ਨਾਈਆ । ਲੇਖੇ ਲਾਏ ਹੰ ਬ੍ਰਹਮ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਸਚ ਪ੍ਰੀਤੀ ਧੁਰ ਦਾ ਧਰਮ, ਧਰਮ ਦੀ ਧਾਰ ਆਪ ਬਣਾਈਆ । ਲੇਖੇ ਲੱਗਾ ਮਾਨਸ ਜਨਮ, ਕਰਮ ਕਰਮ ਦਾ ਡੇਰਾ ਢਾਹੀਆ । ਏਥੇ ਉਥੇ ਦੋ ਜਹਾਨਾਂ ਪਰਮ ਪੁਰਖ ਦੀ ਮਿਲੇ ਸਰਨ, ਸਹਾਰਾ ਇਕੋ ਇਕ ਵਖਾਈਆ । ਝਗੜਾ ਰਹੇ ਨਾ ਮਰਨ ਡਰਨ, ਚੁਰਾਸੀ ਫਾਸੀ ਦਏ ਕਟਾਈਆ । ਹਰਿਜਨ ਹਰਿਭਗਤ ਸਾਚੇ ਪੌੜੇ ਚੜ੍ਹਨ, ਸਚਖੰਡ ਸਾਚੇ ਸੋਭਾ ਪਾਈਆ । ਸਤਿਗੁਰ ਸ਼ਬਦ ਸਦਾ ਤਰਨੀ ਤਰਨ, ਤਾਰਨਹਾਰ ਦਇਆ ਕਮਾਈਆ । ਜਿਸ ਦਾ ਕੌਲ ਇਕਰਾਰ ਪੂਰਾ ਹੋਇਆ ਪ੍ਰਨ, ਪ੍ਰਾਨਪਤਿ ਹੋ ਕੇ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰ ਗ੍ਰਿਹ ਇਕ ਵਖਾਏ ਘਰਨ, ਜੋ ਘਰਾਨਾ ਆਦਿ ਅੰਤ ਜਨ ਭਗਤਾਂ ਨਜ਼ਰੀ ਆਈਆ ।


੧੦੬੨ ੨੨

### ੪ ਮਾਘ ਸ਼ਹਿਨਸ਼ਾਹੀ ਸੰਮਤ ੬ ਊਧਮ ਸਿੰਘ ਦੇ ਗ੍ਰਿਹ ਪਿੰਡ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ

ਸੰਮਤ ਸ਼ਹਿਨਸ਼ਾਹੀ ਛੇ ਕਹੇ ਮੇਰੀ ਰੁਤ ਸੁਹੰਝਣੀ ਚਾਰ ਮਾਘ, ਮਗਨ ਪ੍ਰਭ ਨੇ ਦਿਤਾ ਕਰਾਈਆ । ਜਨ ਭਗਤ ਫੁਲਵਾੜੀ ਵੇਖੀ ਬਗ਼ੀਚਾ ਬਾਗ਼, ਬਾਗ਼ਬਾਨ ਧੁਰ ਦੇ ਦਿਤਾ ਮਹਿਕਾਈਆ । ਜਿਥੇ ਹਰਿਜਨ ਸੁਹੇਲੇ ਰਹੇ ਜਾਗ, ਜਾਗਰਤ ਜੋਤ ਬਿਨ ਵਰਨ ਗੋਤ ਰੁਸ਼ਨਾਈਆ । ਹੰਸ ਹੋਏ ਗੁਰਮੁਖ ਰਹੇ ਨਾ ਕਾਗ, ਮਾਣਕ ਮੋਤੀ ਚੋਗ ਚੁਗਾਈਆ । ਦੁਰਮਤ ਮੈਲ ਧੋ ਕੇ ਦਾਗ਼, ਪੁਨੀਤ ਆਪਣੇ ਰੰਗ ਰੰਗਾਈਆ । ਆਤਮ ਪਰਮਾਤਮ ਦੱਸ ਕੇ ਰਾਗ, ਅਨੁਰਾਗੀ ਪੜਦਾ ਦਿਤਾ ਉਠਾਈਆ । ਸ਼ਬਦ ਅਗੰਮੀ ਮਾਰ ਕੇ ਆਵਾਜ਼, ਸੋਈ ਸੁਰਤ ਅਕਾਲ ਮੂਰਤ ਉਠਾਈਆ । ਅਨਭਵ ਦ੍ਰਿਸ਼ਟੀ ਖੋਲ੍ਹ ਕੇ ਰਾਜ਼, ਪਰਦਾ ਓਹਲਾ ਦਿਤਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਚਾਰ ਮਾਘ ਕਹੇ ਮੇਰਾ ਦਿਵਸ ਸੁਹੰਜਣਾ, ਪ੍ਰਭ ਦਿਤੀ ਮਾਣ ਵਡਿਆਈਆ । ਮੇਰਾ ਮਾਲਕ ਆਦਿ ਨਿਰੰਜਣਾ, ਨਰ ਨਰਾਇਣ ਧੁਰਦਰਗਾਹੀਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਣਾ, ਹਰਿਜਨ ਭਵਸਾਗਰ ਪਾਰ ਕਰਾਈਆ । ਚਰਨ ਧੂੜ ਕਰਾ ਕੇ ਮਜਣਾ, ਦੁਰਮਤ ਮੈਲ ਦਏ ਧਵਾਈਆ । ਲੇਖੇ ਲਾ ਕੇ ਆਅਲਾ ਅਦਨਾ, ਰਾਓ ਰੰਕਾਂ ਏਕਾ ਰੰਗ ਰੰਗਾਈਆ । ਸੰਦੇਸ਼ਾ ਦੇ ਕੇ ਧੁਰ ਦਾ ਬਚਨਾ, ਸ਼ਬਦ

ਅਗੰਮੀ ਕਰੇ ਪੜ੍ਹਾਈਆ । ਕਲਜੁਗ ਵਿਚ ਸਤਿਜੁਗ ਵਖਾਵੇ ਰਚਨਾ, ਰਚਨਾ ਆਪਣੇ ਨਾਲ ਰਚਾਈਆ । ਮਨੂਆ ਮਨ ਨਾ ਦਹਿ ਦਿਸ਼ਾ ਨੱਚਣਾ, ਚਾਰ ਕੁੰਟ ਨਾ ਉਠ ਉਠ ਧਾਹੀਆ । ਮਿਹਰਵਾਨ ਮਹਿਬੂਬ ਸਿਰ ਆਪਣਾ ਹੱਥ ਰੱਖਣਾ, ਰੱਖਕ ਹੋ ਕੇ ਹੋਏ ਸਹਾਈਆ । ਜਿਸ ਦਾ ਲੇਖਾ ਪਿਛੇ ਪੌਂਟਾ ਪਟਨਾ, ਪਾਟਲ ਮੇਲਾ ਧੁਰਦਰਗਾਹੀਆ । ਉਸ ਰੂਪ ਅਨੂਪ ਅਗੰਮੀ ਧਾਰ ਵੱਟਣਾ, ਸ਼ਬਦੀ ਸ਼ਬਦ ਖੇਲ ਵਖਾਈਆ । ਖੋਜਿਆਂ ਕਿਸੇ ਆਏ ਹੱਥ ਨਾ, ਨੇਤਰ ਅੱਖ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਕਰਤਾ ਅਗੰਮ ਅਥਾਹੀਆ । ਮਾਘ ਕਹੇ ਮੇਰੀ ਰੁਤ ਸੁਹੰਜਣੀ ਆਈ, ਆਵਤ ਆਵਤ ਖ਼ੁਸ਼ੀ ਮਨਾਈਆ । ਪ੍ਰਭ ਮਿਲਿਆ ਬੇਪਰਵਾਹੀ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਜਿਸ ਭੇਦ ਖੋਲ੍ਹਿਆ ਮਾਲਕ ਬਣ ਕੇ ਧੁਰਦਰਗਾਹੀ, ਸਚਖੰਡ ਨਿਵਾਸੀ ਪੜਦਾ ਲਾਹੀਆ । ਓਹ ਲੇਖੇ ਲਾਵੇ ਜੋ ਗੋਬਿੰਦ ਬੂਟਾ ਪੁੱਟਿਆ ਕਾਹੀ, ਜਿਸ ਦਾ ਕਾਗ਼ਜ਼ ਕਲਮ ਭੇਵ ਕੋਇ ਨਾ ਪਾਈਆ । ਸਤਿਗੁਰ ਸ਼ਬਦ ਸ਼ਬਦੀ ਧਾਰ ਬਣਿਆ ਰਾਹੀ, ਰਹਿਬਰ ਨੂਰ ਨੁਰਾਨਾ ਨੂਰ ਇਲਾਹੀਆ । ਜਿਸ ਨੇ ਕਲਜੁਗ ਕੂੜੀ ਕਿਰਿਆ ਬਦਲ ਦੇਣੀ ਸ਼ਾਹੀ, ਸ਼ਾਹਿਨਸ਼ਾਹ ਆਪਣਾ ਹੁਕਮ ਵਰਤਾਈਆ । ਸਚ ਧਰਮ ਮਾਰਗ ਦਏ ਵਖਾਈ, ਵਾਹਵਾ ਆਪਣਾ ਰੰਗ ਰੰਗਾਈਆ । ਜਿਸ ਨਿਰਗੁਣ ਧਾਰ ਨਾਨਕ ਨੂੰ ਬਣਾਇਆ ਸੁਰਾਹੀ, ਸੋ ਸੁਰਾਹੀ ਨਾਮ ਪਿਆਲਾ ਦਏ ਪਿਆਈਆ । ਜਿਸ ਨੇ ਗੋਬਿੰਦ ਬਲ ਬਖ਼ਸ਼ਿਆ ਬਾਹੀ, ਬਲਧਾਰੀ ਵਡ ਵਡਿਆਈਆ । ਸੋ ਨਿਰਗੁਣ ਨੂਰ ਕਰੇ ਰੁਸ਼ਨਾਈ, ਜੋਤੀ ਜਾਤਾ ਡਗਮਗਾਈਆ । ਗੁਰਮੁਖ
੧੦੬੩ ਭਗਤ ਸੁਹੇਲੇ ਰਿਹਾ ਤਰਾਈ, ਤਾਰਨਹਾਰਾ ਇਕ ਅਖਵਾਈਆ । ਤਿਸ ਸਾਹਿਬ ਸਤਿਗੁਰ ਉਤੋਂ ਬਲ ਬਲ ਜਾਈ, ਬਲਿਹਾਰੇ ਬਲਿਹਾਰ ਘੋਲੀ ੧੦੬੩
ਘੋਲ ਘੁਮਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਬਣ ਕੇ ਧੁਰ ਦਾ ਮਾਹੀ, ਮੁਹੱਬਤ ਮਿਹਰਵਾਨ ਮਹਿਬੂਬ ਇਕ ਜਣਾਈਆ । ਮਾਘ ਕਹੇ
੨੨ ਜਿਸ ਮੇਰੀ ਰੁਤ ਸੁਹਾਈ, ਰੁਤੜੀ ਆਪਣੇ ਨਾਲ ਮਹਿਕਾਈਆ । ਮੈਂ ਪ੍ਰਭ ਭਗਤਾਂ ਦਿਆਂ ਵਧਾਈ, ਮੁਬਾਰਕ ਵਿਚ ਅਬਾਰਤ ਕਲਮਾ ਨਾਮ ਲਿਖਾਈਆ । ੨੨
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਭਗਤ ਭਗਵਾਨ ਹੋਵੇ ਨਾ ਕਦੇ ਜੁਦਾਈ, ਵੱਖਰਾ ਜੁਜ਼ ਨਾ ਕੋਇ ਵਖਾਈਆ ।

## ✪ ੫ ਮਾਘ ਸ਼ਹਿਨਸ਼ਾਹੀ ਸੰਮਤ ੬ ਲਛਮਣ ਸਿੰਘ ਦੇ ਗ੍ਰਿਹ ਪਿੰਡ ਰੁੜਕਾ ਕਲਾਂ ਜ਼ਿਲਾ ਜਲੰਧਰ ✪

ਪੰਜ ਮਾਘ ਕਹੇ ਸ਼ਬਦ ਦੀ ਧਾਰ ਸਾਚਾ ਮਜਣ, ਸਤਿਗੁਰ ਪੁਰਖ ਅਕਾਲ ਦਇਆ ਕਮਾਈਆ । ਪੁਰਖ ਅਕਾਲਾ ਦੀਨ ਦਿਆਲਾ ਮਿਲੇ ਧੁਰ ਦਾ ਸੱਜਣ, ਹਰਿ ਕਰਤਾ ਅਗੰਮ ਅਥਾਹੀਆ । ਮਨ ਵਿਕਾਰੀ ਕੂੜ ਕੁੜਿਆਰੇ ਭਾਂਡੇ ਭੱਜਣ, ਮਮਤਾ ਮੋਹ ਵਿਕਾਰ ਦਏ ਮਿਟਾਈਆ । ਭਾਗ ਲਗਾਏ ਕਾਇਆ ਮਾਟੀ ਸਾਢੇ ਤਿੰਨ ਹੱਥ ਬਦਨ, ਤਨ ਵਜੂਦ ਮਹਿਬੂਬ ਕਰੇ ਰੁਸ਼ਨਾਈਆ । ਜਿਸ ਨੂੰ ਜੁਗ ਚੌਕੜੀ ਨਿਰਗੁਣ ਸਰਗੁਣ ਧਾਰ ਸਾਰੇ ਲੱਭਣ, ਦਿਵਸ ਰੈਣ ਖੋਜਣ ਥਾਉਂ ਥਾਈਆ । ਸੋ ਸਵਾਮੀ ਅੰਤਰਜਾਮੀ ਨਿਰਗੁਣ ਧਾਰ ਧਾਰ ਮਗਨ, ਰੂਪ ਅਨੂਪ ਸੋਭਾ ਪਾਈਆ । ਜਿਸ ਦੇ ਲਖ ਚੁਰਾਸੀ ਜੀਵ ਜੰਤ ਦੀਪਕ ਜੋਤੀ ਜਗਣ, ਨਵ ਸੱਤ ਸਤਿ ਰੁਸ਼ਨਾਈਆ । ਓਹ ਸਾਹਿਬ ਸੁਲਤਾਨ ਸੂਰਾ ਸਰਬੰਗਣ, ਸ਼ਾਹ ਪਾਤਸ਼ਾਹ ਸੱਚਾ

ਸ਼ਹਿਨਸ਼ਾਹੀਆ । ਜਿਸ ਦੇ ਨਾਮ ਦਮਾਮੇ ਦੋ ਜਹਾਨਾਂ ਵੱਜਣ, ਨਿਰਗੁਣ ਸਰਗੁਣ ਕਰੇ ਸ਼ਨਵਾਈਆ । ਸੋ ਕਲਜੁਗ ਅੰਮਿਤ ਮੇਟੇ ਹੱਦਨ, ਹੱਦ ਹਦੂਦ ਦਏ ਗਵਾਈਆ । ਜਿਸ ਦੇ ਹੁਕਮ ਨਾਲ ਜੁਗ ਜੁਗ ਦੇ ਮਾਰਗ ਲੱਗਣ, ਸੋ ਸਤਿਜੁਗ ਸਚ ਦਏ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਅਗੰਮ ਅਥਾਹੀਆ । ਮਾਘ ਕਹੇ ਹਰਿ ਸਤਿਗੁਰ ਸ਼ਬਦ ਸੱਚਾ ਇਸ਼ਨਾਨ, ਇਸ਼ਟ ਦੇਵ ਸਵਾਮੀ ਇਕ ਦ੍ਰਿੜਾਈਆ । ਜੋ ਆਦਿ ਅੰਤ ਦਾ ਰਮਈਆ ਰਾਮ, ਹਰ ਘਟ ਸੋਭਾ ਪਾਈਆ । ਜੋ ਲੱਖ ਚੁਰਾਸੀ ਕਾਹਨ, ਆਤਮ ਪਰਮਾਤਮ ਗੋਪੀ ਸਰਬ ਪ੍ਰਨਾਈਆ । ਜੋ ਨੂਰ ਨੁਰਾਨਾ ਅਲਾਹੀ ਅਮਾਮ, ਅਮਲਾਂ ਤੋਂ ਰਹਿਤ ਜਲਵਾਗਰ ਅਖਵਾਈਆ । ਜਿਸ ਨੂੰ ਨਾਨਕ ਕੀਤਾ ਪਰਨਾਮ, ਪਰਮ ਪੁਰਖ ਪੁਰਖ ਜਣਾਈਆ । ਜਿਸ ਗੋਬਿੰਦ ਫਤਿਹ ਡੰਕ ਵਜਾਇਆ ਆਣ, ਆਣ ਇਕ ਸਭ ਨੂੰ ਸਮਝਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਦੋ ਜਹਾਨ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਅਖਵਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਲਏ ਪ੍ਰਗਟਾਈਆ । ਕਲਜੁਗ ਅੰਤ ਕੂੜੀ ਕਿਰਿਆ ਮੇਟੇ ਮਾਤ ਨਿਸ਼ਾਨ, ਸਤਿ ਧਰਮ ਇਕ ਵਖਾਈਆ । ਸ਼ਰਅ ਦਾ ਝਗੜਾ ਰਹੇ ਨਾ ਵਿਚ ਅਵਾਮ, ਅਮਲਾਂ ਤੋਂ ਰਹਿਤ ਦਏ ਸਮਝਾਈਆ । ਚਾਰੋਂ ਕੁੰਟ ਮੇਟ ਅੰਧੇਰੀ ਸ਼ਾਮ, ਸ਼ਮਾਂ ਨੂਰ ਜੋਤ ਕਰੇ ਰੁਸ਼ਨਾਈਆ । ਮਜ਼੍ਹਬ ਦਾ ਦਿਸੇ ਨਾ ਕੋਇ ਗੁਲਾਮ, ਸ਼ਰੀਅਤ ਜ਼ੰਜੀਰ ਦਏ ਕਟਾਈਆ । ਏਕੋ ਰੰਗ ਰੰਗਾਏ ਸਰਬ ਇਨਸਾਨ, ਤਤਾਂ ਵੰਡ ਨਾ ਕੋਇ ਵੰਡਾਈਆ । ਸਾਚਾ ਮੰਦਰ ਦਸਾਏ ਮਕਾਣ, ਗ੍ਰਹਿ ਇਕੋ ਇਕ ਦ੍ਰਿੜਾਈਆ । ਜਿਥੇ ਵਸੇ ਸ੍ਰੀ ਭਗਵਾਨ, ਸਚਖੰਡ ਸਾਚਾ ਸੋਭਾ ਪਾਈਆ । ਨਾ ਕੋਈ ਹਿੰਦੂ ਮੁਸਲਮਾਨ, ਜ਼ਾਤੀ ਬੰਧਨ ਨਾ ਕੋਇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਸਾਚਾ ਇਕ ਵਖਾਈਆ । ਮਾਘ ਕਹੇ ਮੇਰੀ ਨਮੋ ਨਮੋ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਮੇਰੇ ਸ਼ਹਿਨਸ਼ਾਹ ਸਿਕਦਾਰ, ਤੇਰੀ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਬੀਤੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵੇਖਣ ਅੱਖ ਉਠਾਈਆ । ਸੰਦੇਸ਼ਾ ਦੇਵਣ ਪੈਗ਼ੰਬਰ ਗੁਰ ਅਵਤਾਰ, ਗੁਰੂ ਗੁਰਦੇਵ ਦੇਵ ਜਣਾਈਆ । ਚਾਰੋਂ ਕੁੰਟ ਹੋਇਆ ਧੂੰਆਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਆਤਮ ਪਾਰਮਾਤਮ ਕਰੇ ਨਾ ਕੋਇ ਪਿਆਰ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਜਗਤ ਜਹਾਨ ਗ਼ਫ਼ਲਤ ਵਿਚ ਸੁੱਤਾ ਪੈਰ ਪਸਾਰ, ਨਿਜ ਨੇਤਰ ਲੋਚਣ ਨੈਣ ਅੱਖ ਨਾ ਕੋਇ ਖੁਲ੍ਹਾਈਆ । ਚਾਰੋਂ ਕੁੰਟ ਨਿਗਹ ਮਾਰ, ਨਵ ਸੱਤ ਆਪਣਾ ਪੜਦਾ ਲਾਹੀਆ । ਮੇਰੀ ਬੇਨੰਤੀ ਅਰਦਾਸ ਤੇਰੇ ਦਵਾਰ, ਦਰ ਠਾਂਡੇ ਮੰਗ ਮੰਗਾਈਆ । ਦੁਰਮਤ ਮੈਲ ਸਭ ਦੀ ਅੰਦਰੋਂ ਉਤਾਰ, ਉੱਤਰ ਪੂਰਬ ਪੱਛਮ ਦੱਖਣ ਬਚਿਆ ਰਹਿਣ ਕੋਇ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਨੂੰ ਦੱਸ ਜੈਕਾਰ, ਜੈ ਜੈ ਕਾਰ ਕਰੇ ਖ਼ਲਕ ਖ਼ੁਦਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ, ਸਾਂਝਾ ਯਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ, ਸਾਹਿਬ ਸਤਿਗੁਰ ਦਰ ਤੇਰੇ ਸੀਸ ਨਿਵਾਈਆ ।

## ✪ ੬ ਮਾਘ ਸ਼ਹਿਨਸ਼ਾਹੀ ਸੰਮਤ ੬ ਕੇਹਰ ਸਿੰਘ ਪਿੰਡ ਰੁੜਕਾ ਕਲਾਂ ਜ਼ਿਲਾ ਜੰਲਧਰ ✪

ਕਿਰਪਾ ਕਰੇ ਸ੍ਰੀ ਭਗਵਾਨਾ, ਹਰਿ ਕਰਤਾ ਦਇਆ ਕਮਾਈਆ । ਜੁਗ ਚੌਕੜੀ ਦੇਵੇ ਅਗੰਮਾ ਦਾਨਾ, ਨਿਰਗੁਣ ਨਿਰਵੈਰ ਅਗੰਮ ਅਥਾਹੀਆ । ਲੱਖ ਚੁਰਾਸੀ ਵੇਖ ਜੀਵ ਜਹਾਨਾ, ਚਾਰੇ ਖਾਣੀ ਫੋਲ ਫੁਲਾਈਆ । ਜਨ ਭਗਤ ਸੁਹੇਲੇ ਕਰ ਪਰਵਾਨਾ, ਪਰਮ ਪੁਰਖ ਪ੍ਰਭ ਦੇਵੇ ਮਾਣ ਵਡਿਆਈਆ । ਚਰਨ ਧੂੜ ਕਰਾ ਇਸ਼ਨਾਨਾ, ਮਜਨ ਸਚ ਦਏ ਸਮਝਾਈਆ । ਅੰਤਰ ਆਤਮ ਦੇ ਗਿਆਨਾ, ਅੰਧ ਅਗਿਆਨ ਦੇ ਗਵਾਈਆ । ਘਰ ਸਵਾਮੀ ਮਿਲ ਕੇ ਕਾਹਨਾ, ਨਾਮ ਧੁਨ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਹੋਏ ਸਹਾਈਆ । ਸਤਿਗੁਰ ਸ਼ਬਦ ਧਾਰ ਗੁਣਵੰਤਾ, ਗਹਿਰ ਗੰਭੀਰ ਅਖਵਾਈਆ । ਮੇਲ ਮਿਲਾਵੇ ਆਤਮ ਪਰਮਾਤਮ ਨਾਰੀ ਕੰਤਾ, ਕੰਤੂਹਲ ਇਕ ਅਖਵਾਈਆ । ਧਰਮ ਦੀ ਧਾਰ ਰੰਗ ਚੜ੍ਹਾਵੇ ਬਸੰਤਾ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਗੜ੍ਹ ਤੋੜ ਕੇ ਹਉਮੇ ਹੰਗਤਾ, ਨਿਵਣ ਸੁ ਅੱਖਰ ਇਕ ਜਣਾਈਆ । ਮਣਕਾ ਫੇਰ ਕੇ ਮਨ ਕਾ, ਮਨ ਦੀ ਮਮਤਾ ਮੋਹ ਦਏ ਚੁਕਾਈਆ । ਕਰ ਪ੍ਰਕਾਸ਼ ਜੋਤੀ ਚੰਨ ਦਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਭੰਡਾਰਾ ਦੇ ਕੇ ਨਾਮ ਧਨ ਦਾ, ਗ਼ਰੀਬ ਨਿਮਾਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਹਰਿ ਸਾਹਿਬ ਸਵਾਮੀ ਬਖ਼ਸ਼ਿੰਦਾ, ਬਖ਼ਸ਼ਣਹਾਰ ਇਕ ਅਖਵਾਈਆ । ਵਡ ਦਾਤਾ ਗੁਣੀ ਗਹਿੰਦਾ, ਗਹਿਰ ਗੰਭੀਰ ਵਡ ਵਡਿਆਈਆ । ਧੁਰ ਦੀ ਧਾਰ ਅੰਮ੍ਰਿਤ ਸਿੰਧਾ, ਸਾਗਰ ਸਚ ਸਮਾਈਆ । ਜੁਗ ਜੁਗ ਜਨ ਭਗਤਾਂ ਮੇਟੇ ਚਿੰਦਾ, ਜਨਮ ਜਨਮ ਦਾ ਰੋਗ ਮਿਟਾਈਆ । ਝਗੜਾ ਮੁਕਾ ਕੇ ਜਿਓ ਪਿੰਡਾ, ਬ੍ਰਹਿਮੰਡ ਖੰਡ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਹਰਿਜਨ ਸਾਚੇ ਆਤਮ ਧਾਰ ਬਣਾਏ ਆਪਣੀ ਬਿੰਦਾ, ਪਾਰਬ੍ਰਹਮ ਬ੍ਰਹਮ ਬ੍ਰਹਮ ਆਪਣਾ ਰੂਪ ਦਰਸਾਈਆ ।



## ✪ ੬ ਮਾਘ ਸ਼ਹਿਨਸ਼ਾਹੀ ਸੰਮਤ ੬ ਗਰਦਾਵਰ ਸਿੰਘ ਦੇ ਗ੍ਰਹਿ ਪਿੰਡ ਰੁੜਕਾ ਕਲਾਂ ਜ਼ਿਲਾ ਜਲੰਧਰ ✪

ਸਚ ਇਸ਼ਨਾਨ ਸਤਿਗੁਰ ਚਰਨ ਧੂੜੀ, ਜਿਥੇ ਪਵਣ ਪਾਣੀ ਸੀਸ ਨਿਵਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹੀ, ਪਤਿਤ ਪਾਪੀਆਂ ਦੁਰਮਤ ਮੈਲ ਧਵਾਈਆ । ਸਚ ਧਾਰ ਦੀ ਰੰਗਤ ਚਾੜ੍ਹੇ ਗੂੜ੍ਹੀ, ਜੋ ਏਥੇ ਓਥੇ ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਮਨ ਕਲਪਣਾ ਖ਼ਾਹਿਸ਼ ਰਹੇ ਨਾ ਕੂੜੀ, ਸਤਿ ਸਚ ਸਚ ਵਿਚ ਮਿਲਾਈਆ । ਸ਼ਬਦੀ ਨਾਦ ਵਜਾ ਕੇ ਤੂਰੀ, ਤੁਰੀਆ ਤੋਂ ਪਰੇ ਰਾਗ ਅਲਾਈਆ । ਨਿਰਗੁਣ ਨੂਰ ਬਖ਼ਸ਼ੇ ਜੋਤ ਨੂਰੀ, ਅੰਧ ਅਗਿਆਨ ਦਏ ਗਵਾਈਆ । ਜਨ ਭਗਤਾਂ ਆਸਾ ਮਨਸਾ ਕਰੇ ਪੂਰੀ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਦਰਸ ਵਖਾਏ ਹਾਜ਼ਰ ਹਜ਼ੂਰੀ, ਹਰਿ ਵੱਡਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਭਿੱਖਕ ਮੰਗ ਮੰਗਾਈਆ । ਸਚ ਇਸ਼ਨਾਨ ਸਤਿਗੁਰੂ ਚਰਨ, ਮਿਲੇ ਮਾਣ ਵਡਿਆਈਆ । ਭਰਮ ਮਿਟੇ ਵਰਨ ਬਰਨ, ਬ੍ਰਹਿਮਾਂਡ ਭੇਵ ਖੁਲ੍ਹਾਈਆ ।

ਨਿਜ ਨੇਤਰ ਖੋਲ੍ਹੇ ਹਰਨ ਫਰਨ, ਲੋਚਣ ਨੈਣ ਅੱਖ ਰੁਸ਼ਨਾਈਆ । ਸਾਚੀ ਮੰਜ਼ਲ ਬਖ਼ਸ਼ੇ ਚੜ੍ਹਨ, ਗ੍ਰਿਹ ਪੜਦਾ ਆਪ ਉਠਾਈਆ । ਜਿਥੇ ਆਤਮ ਪਰਮਾਤਮ ਦੋਵੇਂ ਇਕੋ ਢੋਲਾ ਪੜ੍ਹਨ, ਤੂੰ ਮੇਰਾ ਮੈਂ ਤੇਰਾ ਰਾਗ ਸੁਣਾਈਆ । ਝਗੜਾ ਰਹੇ ਨਾ ਜਨਮ ਮਰਨ, ਮਰਨ ਜਨਮ ਦਾ ਲੇਖਾ ਦਏ ਚੁਕਾਈਆ । ਕਿਰਪਾ ਕਰੇ ਪੁਰਖ ਅਕਾਲਾ ਤਰਨੀ ਤਰਨ, ਤਾਰਨਹਾਰ ਅਗੰਮ ਅਥਾਹੀਆ । ਜੋ ਆਦਿ ਜੁਗਾਦੀ ਹਾਰ ਭੰਨਣ ਘੜਨ, ਸਮਰਥ ਪੁਰਖ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਵਰ ਦਾਤਾ ਦਇਆ ਕਮਾਈਆ । ਸਚ ਇਸ਼ਨਾਨ ਪ੍ਰਭੂ ਦੀ ਪ੍ਰੀਤ, ਪ੍ਰੀਤਮ ਇਕ ਜਣਾਈਆ । ਕਾਇਆ ਹੋਵੇ ਠਾਂਡੀ ਸੀਤ, ਅਗਨੀ ਤਤ ਨਾ ਲਾਗੇ ਰਾਈਆ । ਝਗੜਾ ਮਿਟ ਜਾਏ ਊਚ ਨੀਚ, ਜ਼ਾਤ ਪਾਤ ਦਾ ਪੰਧ ਮੁਕਾਈਆ । ਸਾਚਾ ਸੁਣੇ ਨਾਮ ਹਦੀਸ, ਹਜ਼ਰਤਾਂ ਤੋਂ ਬਾਹਰ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਸਾਚਾ ਹੋਵੇ ਗੀਤ, ਆਤਮ ਪਰਮਾਤਮ ਸਿਫ਼ਤ ਸਾਲਾਹੀਆ । ਲੇਖਾ ਰਹੇ ਨਾ ਮੰਦਰ ਮਸੀਤ, ਕਾਇਆ ਕਾਅਬਾ ਇਕ ਰੁਸ਼ਨਾਈਆ । ਜਿਸ ਦੀ ਸਤਿਗੁਰ ਸ਼ਬਦ ਸ਼ਬਦੀ ਧਾਰ ਕਰੇ ਤਸਦੀਕ, ਸ਼ਹਿਨਸ਼ਾਹ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਹਿਜ ਸਹਿਜ ਸੁਖਦਾਈਆ । ਸਚ ਇਸ਼ਨਾਨ ਗੁਰਮੁਖ ਗੁਰ ਗੁਰ ਦੇਵੇ ਰੰਗ, ਰੰਗਤ ਇਕ ਰੰਗਾਈਆ । ਆਤਮ ਧਾਰ ਸੁਹਾਏ ਸਚ ਪਲੰਘ, ਸੁਖ ਆਸਣ ਸੋਭਾ ਪਾਈਆ । ਨਾਮ ਵਜਾਏ ਅਗੰਮਾ ਮਰਦੰਗ, ਜਗਤ ਸਾਜ ਨਾ ਕੋਇ ਸ਼ਨਵਾਈਆ । ਨਿਰਗੁਣ ਨਿਰਗੁਣ ਦੇਵੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਕਰ ਪ੍ਰਕਾਸ਼ ਬਿਨਾ ਸੂਰੀਆ ਚੰਦ, ਜੋਤੀ ਜੋਤ ਡਗਮਗਾਈਆ । ਝਗੜਾ ਮੇਟ ਬ੍ਰਹਿਮੰਡ ਖੰਡ, ਪੁਰੀ ਲੋਅ ਦਾ ਪੰਧ ਨਾ ਕੋਇ ਵਖਾਈਆ । ਕਿਰਪਾ ਕਰੇ ਸੂਰਾ ਸਰਬੰਗ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਬਖ਼ਸ਼ ਕੇ ਧੁਰ ਦਾ ਸੰਗ, ਸਗਲਾ ਸੰਗ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਏਕਾ ਏਕ ਸਾਹਿਬ ਬਖ਼ਸ਼ੰਦ, ਬਖ਼ਸ਼ਣਹਾਰ ਅਗੰਮ ਅਥਾਹ ਇਕ ਅਖਵਾਈਆ ।



### ੭ ਮਾਘ ਸ਼ਹਿਨਸ਼ਾਹੀ ਸੰਮਤ ੬ ਡੋਗਰ ਸਿੰਘ ਦੇ ਗ੍ਰਿਹ ਪਿੰਡ ਸੁੱਨੜ ਕਲਾਂ ਜ਼ਿਲਾ ਜਲੰਧਰ

ਮਾਘ ਕਹੇ ਦੁਨੀਆ ਵੇਖੀ ਰੋਜ਼ ਨਹਾਉਂਦੀ, ਤਨ ਮਾਟੀ ਖ਼ਾਕ ਕਰੇ ਸਫ਼ਾਈਆ । ਦੁਰਮਤ ਮੈਲ ਨਾ ਕੋਇ ਧੁਆਉਂਦੀ, ਅੰਤਰ ਨਿਰੰਤਰ ਵੱਜੇ ਨਾ ਸਚ ਵਧਾਈਆ । ਰਸਨਾ ਜਿਹਵਾ ਬੱਤੀ ਦੰਦ ਪ੍ਰਭ ਦਾ ਨਾਮ ਧਿਆਉਂਦੀ, ਹਿਰਦੇ ਹਰ ਨਾ ਕੋਇ ਵਸਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਰਾਗ ਗਾਉਂਦੀ, ਪੜ੍ਹ ਪੁਸਤਕ ਮਨ ਪ੍ਰਚਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮੇਲ ਨਾ ਕੋਇ ਮਿਲਾਉਂਦੀ, ਨਿਰਗੁਣ ਨੂਰ ਜੋਤ ਨਾ ਕੋਇ ਰੁਸ਼ਨਾਈਆ । ਸਚਖੰਡ ਦਵਾਰ ਏਕੰਕਾਰ ਤੇਰਾ ਦਰਸ ਮੂਲ ਨਾ ਪਾਉਂਦੀ, ਨਵ ਸੱਤ ਡੇਰਾ ਕੋਇ ਨਾ ਢਾਹੀਆ । ਕਲਜੁਗ ਕੂੜੀ ਕਿਰਿਆ ਘਰ ਘਰ ਅਗਨੀ ਲਾਉਂਦੀ, ਸਾਂਤਕ ਸਤਿ ਨਾ ਕੋਇ ਵਰਤਾਈਆ । ਮਾਨਸ ਜੀਵਾਂ ਬੁੱਧੀ ਹੋਈ ਕਾਉਂ ਦੀ, ਹੰਸ ਰੂਪ ਨਾ ਕੋਇ ਬਦਲਾਈਆ । ਵਡਿਆਈ ਰਹੀ ਨਾ ਪਿਤਾ ਮਾਉਂ ਦੀ, ਇਸ਼ਟ ਗੁਰਦੇਵ ਸੀਸ ਨਾ ਕੋਇ ਝੁਕਾਈਆ । ਖੇਲ ਹੋ ਗਈ ਕੂੜ ਪਸਾਉ ਦੀ, ਚਾਰ

ਕੁੰਟ ਦਹਿ ਦਿਸ਼ਾ ਸਤਿ ਧਰਮ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਵਾਨ ਆਪਣੀ ਦਇਆ ਕਮਾਈਆ । ਮਾਘ ਕਹੇ ਪ੍ਰਭ ਦੁਨੀਆ ਵੇਖੀ ਨਹਾਤੀ ਧੋਤੀ, ਧੋਤੀ ਟਿੱਕੇ ਮਸਤਕ ਖ਼ਾਕ ਰਮਾਈਆ । ਗ਼ਫ਼ਲਤ ਵਿਚੋਂ ਉਠੀ ਨਾ ਸੋਤੀ, ਨਿੰਦਰਾ ਜਗਤ ਨਾ ਕੋਇ ਖੁਲ੍ਹਾਈਆ । ਮਾਣਕ ਬਣੇ ਕੋਇ ਨਾ ਮੋਤੀ, ਗੁਰਮੁਖ ਰੂਪ ਨਾ ਕੋਇ ਦਰਸਾਈਆ । ਅੰਤਰ ਵਾਸਨਾ ਨਿਕਲੇ ਨਾ ਖੋਟੀ, ਕੂੜੀ ਕਿਰਿਆ ਬਾਹਰ ਨਾ ਕੋਇ ਕਢਾਈਆ । ਤੇਰੇ ਨਾਮ ਸ਼ਬਦ ਦੀ ਲੱਗੇ ਕੋਇ ਨਾ ਚੋਟੀ, ਸੋਈ ਸੁਰਤੀ ਨਾ ਕੋਇ ਹਿਲਾਈਆ । ਸਚ ਪ੍ਰਕਾਸ਼ ਜਗੇ ਨਾ ਜੋਤੀ, ਅੰਧ ਅੰਧੇਰ ਨਾ ਕੋਇ ਮਿਟਾਈਆ । ਤੇਰਾ ਨਾਮ ਜਪਦੇ ਪੂਜਾ ਕਰਦੇ ਰੋਟੀ, ਨਿਰਗੁਣ ਨਿਰਵੈਰ ਨਿਰਾਕਾਰ ਤੇਰਾ ਦਰਸ ਕੋਇ ਨਾ ਪਾਈਆ । ਮੈਂ ਤਕਾਂ ਨੌ ਖੰਡ ਪ੍ਰਿਥਮੀ ਸੱਤ ਦੀਪ ਕੀ ਤੇਰੀ ਧਾਰ ਧਾਰ ਸਲੋਕੀ, ਨਾਮ ਅੱਖਰ ਵੱਖਰੇ ਵੱਖਰੇ ਸਿਫ਼ਤਾਂ ਵਾਲੇ ਸਾਰੇ ਗਾਈਆ । ਬਹੁੜੀ ਤੇਰੀ ਮੰਜ਼ਲ ਆਤਮਾ ਕੋਈ ਨਾ ਪਹੁੰਚੀ, ਸਚਖੰਡ ਦਵਾਰੇ ਬੈਠਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਮਾਘ ਕਹੇ ਪ੍ਰਭ ਮੈਂ ਦੀਨ ਦੁਨੀ ਦਾ ਤੱਕਿਆ ਇਸ਼ਨਾਨ, ਅੰਮ੍ਰਿਤ ਵੇਲੇ ਉਠ ਉਠ ਨਹਾਈਆ । ਤੇਰਾ ਦਰਸ ਮਿਲੇ ਨਾ ਕਿਸੇ ਭਗਵਾਨ, ਅੰਤਰ ਰੰਗ ਨਾ ਕੋਇ ਰੰਗਾਈਆ । ਸੁਰਤੀ ਮਿਲੇ ਨਾ ਧੁਰ ਦੇ ਰਾਮ, ਸਤਿ ਵਿਚ ਨਾ ਕੋਇ ਸਮਾਈਆ । ਨਜ਼ਰ ਆਏ ਨਾ ਅਗੰਮੀ ਕਾਹਨ, ਬੰਸਰੀ ਨਾਮ ਨਾ ਕੋਇ ਸੁਣਾਈਆ । ਨੂਰੀ ਚਮਕੇ ਨਾ ਕੋਇ ਭਾਨ, ਪੈਗ਼ੰਬਰ ਧੁਰ ਮੇਲ ਨਾ ਕੋਇ ਮਿਲਾਈਆ । ਰਸਨਾ ਪੜ੍ਹਦੇ ਸਤਿਨਾਮ, ਸਤਿ ਸਤਿਵਾਦੀ ਤੇਰਾ ਦਰ ਨਾ ਕੋਇ ਰੁਨਸ਼ਾਈਆ । ਫ਼ਤਿਹ ਡੰਕਾ ਵੱਜੇ ਨਾ ਕੋਇ ਜਹਾਨ, ਪੰਚ ਵਿਕਾਰ ਸ੍ਰਿਸ਼ਟ ਹੋਈ ਹਲਕਾਈਆ । ਸ਼ਾਸ਼ਤਰ ਸਿਮਰਤ ਪੜ੍ਹਦੇ ਵੇਦ ਪੁਰਾਨ, ਅੰਜੀਲ ਕੁਰਾਨ ਅੱਖ ਉਠਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਮਸਤਕ ਸਰਬ ਰਗੜਾਣ, ਪਾਹਨ ਪੂਜਸ ਝਟ ਲੰਘਾਈਆ । ਦਰੋਹੀ ਪਰਵਰਦਿਗਾਰ ਪੁਰਖ ਅਕਾਲ ਤੇਰਾ ਦਰਸ ਮੂਲ ਨਾ ਪਾਉਣ, ਨਿਜ ਨੇਤਰ ਲੋਇਣ ਨੈਣ ਨਾ ਅੱਖ ਖੁਲ੍ਹਾਈਆ । ਮਾਘ ਕਹੇ ਮੈਂ ਹੋ ਗਿਆ ਹੈਰਾਨ, ਉੱਤਰ ਪੂਰਬ ਪੱਛਮ ਦੱਖਣ ਚਾਰੋਂ ਕੁੰਟ ਵੇਖ ਵਖਾਈਆ । ਮੁਹੱਬਤ ਰਹੀ ਨਾ ਵਿਚ ਇਨਸਾਨ, ਇਨਸਾਨੀਅਤ ਸਾਰੇ ਗਏ ਗਵਾਈਆ । ਦੀਨ ਮਜ਼੍ਹਬ ਦੀ ਸ਼ਰਅ ਹੋਈ ਸ਼ੈਤਾਨ, ਹਿੰਦੂ ਮੁਸਲਿਮ ਸਿਖ ਈਸਾਈ ਕਰਨ ਲੜਾਈਆ । ਤੇਰੇ ਨਾਮ ਨੂੰ ਕਰਨ ਬਦਨਾਮ, ਕਲਮਾ ਕਾਇਨਾਤ ਕੁਰਲਾਈਆ । ਕਿਰਪਾ ਕਰ ਸਾਹਿਬ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਅੰਤਰ ਸਭ ਨੂੰ ਦੇ ਗਿਆਨ, ਪਰਦਾ ਓਹਲਾ ਦੇ ਚੁਕਾਈਆ । ਪਾਰਬ੍ਰਹਮ ਬ੍ਰਹਮ ਦੀ ਦੇ ਪਹਿਚਾਨ, ਧੁਰ ਦਾ ਨੂਰ ਕਰ ਰੁਸ਼ਨਾਈਆ । ਚਰਨ ਧੂੜ ਇਕੋ ਵਾਰ ਬਖ਼ਸ਼ ਦੇ ਸਚ ਪ੍ਰੀਤੀ ਦਾ ਇਸ਼ਨਾਨ, ਜਿਸ ਵਿਚ ਜਨਮ ਕਰਮ ਦੀ ਦੁਰਮਤ ਮੈਲ ਰਹੇ ਨਾ ਰਾਈਆ । ਤੂੰ ਠਾਕਰ ਸਵਾਮੀ ਅੰਤਰਜਾਮੀ ਪਰਮ ਪੁਰਖ ਸੁਲਤਾਨ, ਪਾਰਬ੍ਰਹਮ ਬੇਅੰਤ ਬੇਪਰਵਾਹ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬਖ਼ਸ਼ ਦੇ ਇਕੋ ਵਾਰ ਸਤਿ ਸਚ ਦਾ ਦਾਨ, ਦੂਸਰ ਦਰ ਦਰਵੇਸ਼ ਹੋ ਕੇ ਮੰਗਣ ਕੋਇ ਨਾ ਜਾਈਆ ।

੧੦੬੭
੨੨

✪ ੭ ਮਾਘ ਸ਼ਹਿਨਸ਼ਾਹੀ ਸੰਮਤ ੬ ਪ੍ਰਕਾਸ਼ ਕੌਰ ਦੇ ਗ੍ਰਿਹ ਪਿੰਡ ਸੁੱਨੜ ਕਲਾਂ ਜ਼ਿਲਾ ਜਲੰਧਰ ✪

ਦੀਨ ਦੁਨੀ ਨਹਾਉਂਦੀ ਨਾਲ ਪਾਣੀ, ਜਲ ਆਬ ਨਾਲ ਵਡਿਆਈਆ । ਰਸਨਾ ਪੜ੍ਹਦੀ ਬਾਣੀ, ਢੋਲੇ ਸਿਫ਼ਤ ਸਾਲਾਹੀਆ । ਅੰਤਰ ਧਰੇ ਨਾ ਕੋਇ ਧਿਆਨੀ, ਨਿਰੰਤਰ ਪੜਦਾ ਨਾ ਕੋਇ ਉਠਾਈਆ । ਬੁੱਧੀ ਤੋਂ ਪਰੇ ਬਣੇ ਨਾ ਕੋਇ ਗਿਆਨੀ, ਬ੍ਰਹਮ ਭੇਵ ਨਾ ਕੋਇ ਖੁਲ੍ਹਾਈਆ । ਲੇਖਾ ਚੁੱਕੇ ਨਾ ਜਿਸਮ ਜਿਸਮਾਨੀ, ਜ਼ਮੀਰ ਸਕੇ ਨਾ ਕੋਇ ਬਦਲਾਈਆ । ਮੰਜ਼ਲ ਲੱਭੇ ਨਾ ਇਕ ਰੁਹਾਨੀ, ਰੂਹ ਬੁਤ ਨਾ ਵੱਜੇ ਵਧਾਈਆ । ਸੀਸ ਝੁਕੇ ਨਾ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਨਜ਼ਰ ਕਿਸੇ ਨਾ ਆਈਆ । ਲੱਖ ਚੁਰਾਸੀ ਦੀ ਮੁਕੇ ਨਾ ਕੋਇ ਗ਼ੁਲਾਮੀ, ਜਨਮ ਕਰਮ ਦਾ ਜ਼ੰਜੀਰ ਨਾ ਕੋਇ ਕਟਾਈਆ । ਐ ਪੁਰਖ ਅਕਾਲ ਦੀਨ ਦਿਆਲ ਤੁਧ ਬਿਨ ਕਰੇ ਨਾ ਕੋਇ ਮਿਹਰਵਾਨੀ, ਮਿਹਰਵਾਨ ਸਿਰ ਹੱਥ ਨਾ ਕੋਇ ਟਿਕਾਈਆ । ਜਗਤ ਜਹਾਨ ਅੰਤਸ਼ਕਰਨ ਹੋਇਆ ਨਾਦਾਨੀ, ਬੁੱਧ ਬਿਬੇਕ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕੰਲਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਧੂੜ ਧੂੜ ਚਰਨ ਧੁਰ ਤੇਰਾ ਹੋਵੇ ਇਕ ਇਸ਼ਨਾਨੀ, ਆਸਾ ਰੋਗ ਰਹੇ ਨਾ ਰਾਈਆ ।



✪ ੭ ਮਾਘ ਸ਼ਹਿਨਸ਼ਾਹੀ ਸੰਮਤ ੬ ਪ੍ਰੀਤਮ ਸਿੰਘ ਦੇ ਘਰ ਪਿੰਡ ਜੰਡਿਆਲਾ ਜ਼ਿਲਾ ਜਲੰਧਰ ✪

ਮਾਘ ਕਹੇ ਪ੍ਰਭ ਸ੍ਰਿਸ਼ਟੀ ਨਹਾ ਨਹਾ ਥੱਕੀ, ਜੁਗ ਚੌਕੜੀ ਖੇਲ ਖਿਲਾਈਆ । ਬਿਨ ਤੇਰੀ ਕਿਰਪਾ ਪ੍ਰੀਤੀ ਹੋਈ ਕਿਸੇ ਨਾ ਪੱਕੀ, ਸਗਲਾ ਸੰਗ ਨਾ ਕੋਇ ਨਿਭਾਈਆ । ਮੈਂ ਚਾਰ ਕੁੰਟ ਦ੍ਰਿਸ਼ਟੀ ਸਭ ਦੀ ਤਕੀ, ਬਿਨਾ ਅੱਖਾਂ ਅੱਖ ਉਠਾਈਆ । ਸੰਤ ਸੁਹੇਲਾ ਦਿਸੇ ਨਾ ਕੋਈ ਹੱਕੀ, ਹਕੀਕਤ ਰੰਗ ਨਾ ਕੋਇ ਰੰਗਾਈਆ । ਜ਼ਿੰਦਗੀ ਸਭ ਦੀ ਪੈ ਗਈ ਨੱਟੀ, ਨਟੂਆ ਕਲਜੁਗ ਸਵਾਂਗ ਵਰਤਾਈਆ । ਤੇਰੇ ਪ੍ਰੇਮ ਦੀ ਪੜ੍ਹੇ ਕੋਇ ਨਾ ਪੱਟੀ, ਪਟਨੇ ਵਾਲਾ ਰਿਹਾ ਸੁਣਾਈਆ । ਮਨ ਕਲਪਣਾ ਚਾਰ ਕੁੰਟ ਫਿਰਦੀ ਨੱਠੀ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫਿਰੀ ਦੁਹਾਈ ਤੀਰਥ ਅਠਸਠੀ, ਗੰਗਾ ਗੁਦਾਵਰੀ ਜਮਨਾ ਸੁਰਸਤੀ ਨੇਤਰ ਰੋ ਰੋ ਮਾਰੇ ਧਾਹੀਆ ।

✪ ੭ ਮਾਘ ਸ਼ਹਿਨਸ਼ਾਹੀ ਸੰਮਤ ੬ ਪਿੰਦਰ ਸਿੰਘ ਦੇ ਗ੍ਰਿਹ ਪਿੰਡ ਜੰਡਿਆਲਾ ਜ਼ਿਲਾ ਜਲੰਧਰ ✪

ਮਾਘ ਕਹੇ ਪ੍ਰਭ ਜਲ ਪਾਣੀ ਖੇਲ ਵੇਖਿਆ ਨੀਰ, ਨੇਰਨ ਨੇਰ ਧਿਆਨ ਲਗਾਈਆ । ਤੇਰਾ ਸਾਥ ਤੱਕਿਆ ਪੀਰਨ ਪੀਰ, ਪੀਰ ਪੈਗ਼ੰਬਰ ਧੁਰਦਰਗਾਹੀਆ । ਸ਼ਰਅ ਦੇ ਕਟ ਸਕਿਆ ਨਾ ਕੋਇ ਜ਼ੰਜੀਰ, ਫਾਸੀ ਗਲੋਂ ਨਾ ਕੋਇ ਲੁਹਾਈਆ । ਜਗਤ ਨਹਾਵਣ ਵਿਚ ਬਦਲੀ ਨਾ ਕਿਸੇ ਤਕਦੀਰ, ਤਦਬੀਰ ਹੱਥ ਕਿਸੇ ਨਾ ਆਈਆ । ਬਿਨ ਤੇਰੀ ਕਿਰਪਾ ਪਾਰ ਉਤਰ ਨਾ ਸਕਿਆ ਕਬੀਰ, ਕਬਰਾਂ ਤੋਂ ਬਾਹਰ ਰਿਹਾ ਜਣਾਈਆ ।

ਤੂੰ ਮਿਹਰਵਾਨ ਮਹਿਬੂਬ ਤੇਰਾ ਖੇਲ ਅਜੀਬ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਕਲਜੁਗ ਅੰਤ ਸਭ ਦੇ ਪਾਟੇ ਚੀਥੜ ਹੋਏ ਲੀਰ ਲੀਰ, ਰੰਗ ਮਜੀਠ ਨਾ ਕੋਇ ਰੰਗਾਈਆ । ਮੇਰੀ ਆਸਾ ਹੋਈ ਦਿਲਗੀਰ, ਨਿਰਾਸਾ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਸਤਿ ਸਤਿਵਾਦੀ ਦੇਣੀ ਧੀਰ ਧਰਾਈਆ । ਮਾਘ ਕਹੇ ਮੈਂ ਪ੍ਰਭੂ ਤੱਕਿਆ ਜਗਤ ਸਰੋਵਰ, ਡੂੰਘੇ ਸਾਗਰ ਫੋਲ ਫੁਲਾਈਆ । ਤੇਰੇ ਪਿਆਰ ਦਾ ਮਿਲੇ ਨਾ ਕੋਇ ਜ਼ਰ ਜ਼ੇਵਰ, ਜ਼ੇਰ ਜ਼ਜ਼ੀ ਨਾ ਕੋਇ ਵਖਾਈਆ । ਸਾਲੇਹਿਜ਼ ਸ਼ੋਜ਼ੇਨੇਵਰ, ਨੈਣ ਅੱਖ ਨਾ ਕੋਇ ਖੁਲ੍ਹਾਈਆ । ਮਾਨੇ ਜ਼ਖਤੂ ਤਜ਼ੂਨੇ ਕੋਵਰ, ਕਾਇਮ ਮੁਕਾਮ ਤੇਰਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਤੇਰੇ ਆਸ ਰਖਾਈਆ ।

### ✪ ੭ ਮਾਘ ਸ਼ਹਿਨਸ਼ਾਹੀ ਸੰਮਤ ੬ ਉਜਾਗਰ ਸਿੰਘ ਦੇ ਗ੍ਰਹਿ ਪਿੰਡ ਸਰੀਂਹ ਜ਼ਿਲਾ ਜਲੰਧਰ ✪

ਮਾਘ ਕਹੇ ਪ੍ਰਭ ਜਗਤ ਜਹਾਨ ਵੇਖਿਆ ਨ੍ਹਾਤਾ ਧੋਤਾ, ਸੋਹਣਾ ਰੂਪ ਬਣਾਈਆ । ਤੇਰੇ ਦਰ ਕੋਇ ਨਾ ਪਹੁੰਚਾ, ਮੰਜ਼ਲ ਹੱਕ ਨਜ਼ਰ ਕਿਸੇ ਨਾ ਆਈਆ । ਤੇਰਾ ਰੂਪ ਕਿਸੇ ਨਾ ਸੋਚਾ, ਸਤਿ ਸਰੂਪ ਨਾ ਕੋਇ ਸਮਾਈਆ । ਮਨਸਾ ਹੋਏ ਪੂਰੀ ਨਾ ਲੋਚਾ, ਲੋਇਣ ਅੱਖ ਨਾ ਕੋਇ ਖੁਲ੍ਹਾਈਆ । ਕਲਜੁਗ ਕੂੜੀ ਕਿਰਿਆ ਮਾਰਦੇ ਗੋਤਾ, ਮਮਤਾ ਵਹਿਣ ਵਿਚ ਡੁਬਾਈਆ । ਭਾਗ ਲੱਗੇ ਨਾ ਕਾਇਆ ਕੋਠਾ, ਸਾਢੇ ਤਿੰਨ ਹੱਥ ਨਾ ਕੋਇ ਵਡਿਆਈਆ । ਮਨ ਵਾਸਨਾ ਜੀਵ ਜੰਤ ਹੋਇਆ ਥੋਥਾ, ਬੁਧ ਬਿਬੇਕ ਨਾ ਕੋਇ ਬਣਾਈਆ । ਮੈਂ ਸੁਣਿਆ ਅਗੰਮ ਸਲੋਕਾ, ਸੋਹਲਾ ਤੇਰਾ ਵਡ ਵਡਿਆਈਆ । ਜਿਸ ਨੇ ਖ਼ਬਰਦਾਰ ਕੀਤਾ ਸੰਗ ਮੁਹੰਮਦ ਚੌਦਾਂ ਤਬਕਾਂ ਚੌਦਾਂ ਲੋਕਾ, ਤਬਾ ਸਭ ਦੀ ਦਿਤੀ ਬਦਲਾਈਆ । ਚਾਰ ਕੁੰਟ ਦਹਿ ਦਿਸ਼ਾ ਕਿਸੇ ਸੰਭਲਿਆ ਨਹੀਂ ਤੇਰਾ ਮੌਕਾ, ਮੁਕੰਮਲ ਭੇਵ ਕੋਇ ਨਾ ਪਾਈਆ । ਗੋਬਿੰਦ ਦਾ ਪੂਰਾ ਹੋ ਗਿਆ ਢਈਏ ਵਾਲਾ ਢੌਂਕਾ, ਸਦੀ ਚੌਧਵੀਂ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਆਸਾ ਮਨਸਾ ਤੇਰੇ ਅੰਤਰ ਦੂਸਰ ਖੇਲ ਨਹੀਂ ਕਿਸੇ ਭਾਉ ਕਾ, ਭੈ ਨਜ਼ਰ ਕੋਇ ਨਾ ਆਈਆ ।

### ✪ ੭ ਮਾਘ ਸ਼ਹਿਨਸ਼ਾਹੀ ਸੰਮਤ ੬ ਉਜਾਗਰ ਸਿੰਘ ਦੇ ਗ੍ਰਹਿ ਪਿੰਡ ਸਰੀਂਹ ਜ਼ਿਲਾ ਜਲੰਧਰ ✪

ਮਾਘ ਕਹੇ ਮੈਂ ਦਰ ਦਵਾਰੇ ਝੁਕਾ, ਗ੍ਰਹਿ ਠਾਂਡੇ ਸੀਸ ਨਿਵਾਈਆ । ਸ਼ਬਦੀ ਧਾਰ ਸ਼ਬਦ ਸੰਦੇਸਾ ਪੁਛਾ, ਜਗਤ ਵਿਦਿਆ ਨਾ ਕੋਇ ਵਡਿਆਈਆ । ਮੈਂ ਖੇਲ ਕਰਨਾ ਦੀਪ ਕੁਸ਼ਾ, ਕਛ ਮਛ ਦੇ ਮਾਲਕ ਦੇਣਾ ਜਣਾਈਆ । ਕੀ ਝਗੜਾ ਪਾਉਣਾ ਤਨ ਮਾਟੀ ਜੁੱਸਾ, ਜਿਸਮ ਜ਼ਮੀਰ ਦੇਣਾ ਬਦਲਾਈਆ । ਕਿਸ ਬਿਧ ਮੁਹੰਮਦ ਲੇਖਾ ਮੁਕਾ, ਮੁਕੰਮਲ ਦੇਣਾ ਦ੍ਰਿੜਾਈਆ । ਈਸਾ ਰਹੇ ਨਾ ਰੁੱਠਾ, ਮੂਸਾ ਜੋੜ ਜੁੜਾਈਆ । ਪਾਰਬ੍ਰਹਮ ਤੇਰਾ ਲੇਖਾ ਦੀਨ ਦੁਨੀ ਹੋਣਾ ਪੁੱਠਾ, ਕੀ ਪੁੱਠੀ ਕਲ ਵਰਤਾਈਆ । ਜਾਪ ਰਹਿਣਾ ਨਹੀਂ ਕਿਸੇ ਦਾ ਬੁਲ੍ਹਾਂ ਬੁੱਟਾਂ, ਰਸਨਾ ਜਿਹਵਾ ਨਾ ਕੋਇ ਚਤੁਰਾਈਆ । ਕਵਣ

ਕੂਟ ਕਵਣ ਦਿਸ਼ਾ ਤੇਰੇ ਹੁਕਮ ਦੀ ਪੈਣੀ ਲੁੱਟਾ, ਲੁਟੇਰਾ ਕੂੜ ਕੁਕਰਮ ਨਾਲ ਮਿਲਾਈਆ । ਸੀਸ ਤੇਰੇ ਕਦਮਾਂ ਸੁੱਟਾਂ, ਚਰਨ ਕਵਲ ਨਿਉਂ ਨਿਉਂ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਵਿੱਤਰ ਦਿਸੇ ਕੋਇ ਨਾ ਕਾਇਆ ਬੁਤਾ, ਬੁਤਖ਼ਾਨੇ ਨਵ ਸੱਤ ਦੇਣ ਦੁਹਾਈਆ ।

✪ ੭ ਮਾਘ ਸ਼ਹਿਨਸ਼ਾਹੀ ਸੰਮਤ ੬ ਪ੍ਰੀਤਮ ਸਿੰਘ ਦੇ ਗ੍ਰਹਿ ਪਿੰਡ ਖੇੜਾ ਜ਼ਿਲਾ ਜਲੰਧਰ ✪

ਮਾਘ ਕਹੇ ਪ੍ਰਭ ਮੈਂ ਵੇਖੀ ਸ੍ਰਿਸ਼ਟੀ ਥੱਕੀ ਮਾਂਦੀ, ਜਨਮ ਜਨਮ ਦਾ ਪੰਧ ਨਾ ਕੋਇ ਮੁਕਾਈਆ । ਸਚ ਸਰੋਵਰ ਮੂਲ ਕੋਇ ਨਾ ਨਹਾਂਦੀ, ਅਠਸਠ ਤੀਰਥ ਕੰਮ ਕਿਸੇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਦੀ ਬਣੀ ਪਾਂਧੀ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਲਾਲਚ ਪੈ ਗਿਆ ਰੁੱਪਾ ਚਾਂਦੀ, ਨਾਮ ਅਮੋਲਕ ਹੀਰਾ ਨਾਮ ਤੇਰਾ ਹੱਥ ਕਿਸੇ ਨਾ ਆਈਆ । ਦੀਨ ਮਜ਼੍ਹਬ ਦੋਹ ਧਿਰਾਂ ਦੀ, ਜ਼ਾਤ ਪਾਤੀ ਖੋਜ ਖੁਜਾਈਆ । ਸ਼ਰਅ ਸ਼ਰਅ ਨਾਲ ਟਕਰਾਂਦੀ, ਸਾਂਤਕ ਸਤਿ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਦੀਨ ਦੁਨੀ ਵੇਖੀ ਥੱਕੀ ਟੁੱਟੀ, ਆਤਮ ਪਰਮਾਤਮ ਟੁੱਟੀ ਗੰਢ ਨਾ ਕੋਇ ਪਵਾਈਆ । ਸ੍ਰੀ ਭਗਵਾਨ ਤੇਰੇ ਨਾਲੋਂ ਲਿਵ ਸਭ ਦੀ ਛੁੱਟੀ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਤੈਨੂੰ ਗਾਉਂਦੇ ਰਸਨਾ ਬੁੱਲਾਂ ਬੁੱਟੀਂ, ਹਿਰਦੇ ਸਕਿਆ ਨਾ ਕੋਇ ਵਸਾਈਆ । ਸਤਿ ਧਰਮ ਦਾ ਗਾਨਾ ਰਿਹਾ ਕਿਸੇ ਨਾ ਗੁਟੀਂ, ਗੋਬਿੰਦ ਖੰਡਾ ਖੜਗ ਨਾ ਕੋਇ ਉਠਾਈਆ । ਦਰੋਹੀ ਸ੍ਰਿਸ਼ਟੀ ਦੀ ਅੰਤਰ ਧਾਰ ਗਈ ਲੁੱਟੀ, ਕਲਜੁਗ ਲੁਟੇਰਾ ਸਭ ਨੂੰ ਗਿਆ ਖਾਈਆ । ਮੁਹੱਬਤ ਵਾਲੀ ਜੜ੍ਹ ਗਈ ਪੁੱਟੀ, ਪਿਤਾ ਪੂਤ ਕਰੇ ਲੜਾਈਆ । ਸਵਾਣੀ ਸੁਰਤ ਨਾ ਉਠੀ ਸੁੱਤੀ, ਸ਼ਬਦੀ ਕੰਤ ਨਾ ਅੰਗ ਲਗਾਈਆ । ਸਾਢੇ ਤਿੰਨ ਹੱਥ ਸੋਹੇ ਨਾ ਰੁਤੀ, ਰੰਗ ਮਜੀਠ ਨਾ ਕੋਇ ਚੜ੍ਹਾਈਆ । ਤੇਰੀ ਆਤਮ ਤੇਰੇ ਨਾਲੋਂ ਲੁਕੀ, ਪਰਮਾਤਮ ਤੇਰਾ ਨੂਰ ਦਰਸ ਕੋਇ ਨਾ ਪਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਸਦੀ ਚੌਧਵੀਂ ਅੰਤਮ ਪੁਛੀਂ, ਘਰ ਘਰ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਵਡੇ ਤੇਰੀ ਵਡਿਆਈਆ । ਦੀਨ ਦੁਨੀ ਦਾ ਰਿਹਾ ਧਰਮ ਨਾ ਨਾਤਾ, ਪ੍ਰਭ ਵੇਖੀ ਖ਼ਲਕ ਖ਼ੁਦਾਈਆ । ਤੇਰਾ ਨੂਰ ਨਜ਼ਰ ਨਾ ਆਏ ਧੁਰ ਦਾ ਦਾਤਾ, ਦਾਤਾਰ ਤੇਰਾ ਪੜਦਾ ਨਾ ਕੋਇ ਉਠਾਈਆ । ਜਿਧਰ ਤਕਾਂ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚਮਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਪੜ੍ਹਦੇ ਗਾਥਾ, ਅੱਖਰਾਂ ਵਾਲੀ ਸਿਫ਼ਤ ਸਾਲਾਹੀਆ । ਤੇਰੀ ਮੰਜ਼ਲ ਚੜ੍ਹੇ ਨਾ ਕੋਇ ਪੁਰਖ ਸਮਰਾਥਾ, ਦਰਗਹ ਸਾਚੀ ਸਚਖੰਡ ਦਵਾਰੇ ਮਿਲਣ ਕੋਇ ਨਾ ਆਈਆ । ਦੀਨ ਮਜ਼੍ਹਬ ਵਰਨ ਬਰਨ ਜ਼ਾਤ ਪਾਤ ਖੁਲ੍ਹਿਆ ਹਾਟਾ, ਤਨ ਵਜੂਦ ਮਾਟੀ ਖ਼ਾਕ ਰਹੇ ਵਿਕਾਈਆ । ਤੇਰਾ ਨਾਮ ਕਲਮਾ ਦਿਸੇ ਕੋਇ ਨਾ ਸਾਚਾ, ਸਚ ਵਿਚ ਸਚ ਨਾ ਕੋਇ ਸਮਾਈਆ । ਝਗੜਾ ਤੱਕਿਆ ਜੀਓ ਪਿੰਡ ਕਾਚਾ, ਪੰਜ ਤਤ ਸਾਂਤਕ ਸਤਿ ਨਾ ਕੋਇ ਕਰਾਈਆ । ਕਿਰਪਾ ਨਿਧਾਨ ਸਵਾਮੀ ਠਾਕਰ ਕਲਜੁਗ ਅੰਤ ਇਕ ਬੇਨੰਤੀ ਇਕੋ ਮੰਨ ਆਖਾ, ਆਖ਼ਰ ਨਿਉਂ ਨਿਉਂ ਸੀਸ ਝੁਕਾਈਆ । ਅਵਤਾਰ ਪੈਗੰਬਰ ਗੁਰੂਆਂ ਪੂਰਾ ਕਰਦੇ ਭਵਿਖਤ ਵਾਕਾ,

ਪੇਸ਼ੀਨਗੋਈਆਂ ਆਪਣੇ ਸੰਗ ਰਖਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡ ਖੰਡ ਦਾ ਬਦਲ ਦੇ ਖ਼ਾਕਾ, ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਆਪਣਾ ਹੁਕਮ ਵਰਤਾਈਆ । ਜਨ ਭਗਤ ਸੁਹੇਲੇ ਹਰਿਜਨ ਖੋਲ੍ਹੀਂ ਅੰਦਰੋਂ ਤਾਕਾ, ਪਰਦਾ ਨਿਰੰਤਰ ਰਹਿਣ ਨਾ ਪਾਈਆ । ਤੂੰ ਸਾਹਿਬ ਸਤਿਗੁਰ ਸਦਾ ਸਦਾ ਸਮਰਾਥਾ, ਸਮਰਥ ਤੇਰੀ ਇਕ ਸਰਨਾਈਆ । ਆਤਮ ਪਰਮਾਤਮ ਪਰਮਾਤਮ ਆਤਮ ਤੂੰ ਮੇਰਾ ਮੈਂ ਤੇਰਾ ਮਾਨਵ ਜ਼ਾਤੀ ਦੱਸ ਦੇ ਗਾਥਾ, ਗਹਿਰ ਗੰਭੀਰ ਬੇਨਜ਼ੀਰ ਆਪਣਾ ਨਾਮ ਸਮਝਾਈਆ । ਸਚ ਧਰਮ ਦਾ ਸਤਿਜੁਗ ਧਰਨੀ ਧਰਤ ਧਵਲ ਧੌਲ ਉਤੇ ਧਰਮ ਦਾ ਬਣ ਆਕਾ, ਕਲਜੁਗ ਕੂੜੀ ਕਿਰਿਆ ਦੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਦੋ ਜਹਾਨਾਂ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹਰਿਜਨ ਸਾਚੇ ਹੋਣਾ ਰਾਖਾ, ਰੱਖਕ ਹੋ ਕੇ ਸਿਰ ਆਪਣਾ ਹੱਥ ਟਿਕਾਈਆ ।

## ੭ ਮਾਘ ਸ਼ਹਿਨਸ਼ਾਹੀ ਸੰਮਤ ੬ ਲਾਲ ਸਿੰਘ ਦੇ ਗ੍ਰਿਹ ਪਿੰਡ ਹੇਰਾਂ ਜ਼ਿਲਾ ਜਲੰਧਰ

ਧਰਨੀ ਕਹੇ ਹਾਏ ਉਫ਼ ਮੇਰਿਆ ਅੱਬਾ, ਦਰੋਹੀ ਤੇਰਾ ਨਾਮ ਖ਼ੁਦਾਈਆ । ਨਵ ਸੱਤ ਤੇਰਾ ਨੂਰੀ ਨੂਰ ਕੋਇ ਨਾ ਲੱਭਾ, ਚੰਦ ਚਾਂਦਨਾ ਨਾ ਕੋਇ ਰੁਸ਼ਨਾਈਆ । ਦੀਪਕ ਸ਼ਮ੍ਹਾਂ ਸਤਿ ਸਰੂਪ ਕੋਇ ਨਾ ਜਗਾ, ਅੰਧ ਅੰਧੇਰ ਨਾ ਕੋਇ ਗਵਾਈਆ । ਮੰਜ਼ਲ ਮਿਲੇ ਨਾ ਕਿਸੇ ਉਪਰ ਸ਼ਾਹ ਰਗਾ, ਨੌ ਦਵਾਰੇ ਪੰਧ ਨਾ ਕੋਇ ਮੁਕਾਈਆ । ਸ਼ਬਦ ਅਨਾਦੀ ਨਾਦ ਕੋਇ ਨਾ ਵੱਜਾ, ਅਨੁਰਾਗੀ ਰਾਗ ਨਾ ਕੋਇ ਸੁਣਾਈਆ । ਕੂੜ ਕਿਰਿਆ ਪਾਰ ਹੋਏ ਕਿਸੇ ਨਾ ਹੱਦਾ, ਸਤਿ ਸਚ ਨਾ ਕੋਇ ਪਰਗਟਾਈਆ । ਆਤਮ ਰਸ ਅੰਮ੍ਰਿਤ ਪੀਵੇ ਕੋਇ ਨਾ ਮਧਾ, ਮਧੁਰ ਧੁਨ ਸੁਣਨ ਕੋਇ ਨਾ ਪਾਈਆ । ਸਚ ਦਵਾਰ ਏਕੰਕਾਰ ਤੇਰੇ ਮੰਦਰ ਕੋਇ ਨਾ ਸਜਾ, ਸਾਜਣ ਸੰਗ ਨਾ ਕੋਇ ਰਖਾਈਆ । ਮੇਰੇ ਉਤੇ ਕਰ ਕੇ ਵੇਖ ਲੈ ਗਜਾ, ਲੱਖ ਚੁਰਾਸੀ ਫੋਲ ਫੁਲਾਈਆ । ਆਤਮ ਪਰਮਾਤਮ ਪਰਮਾਤਮ ਆਤਮ ਲਏ ਕੋਈ ਨਾ ਮਜ਼ਾ, ਤੈਨੂੰ ਮਜ਼ਾਕ ਕਰੇ ਖ਼ਲਕ ਖ਼ੁਦਾਈਆ । ਬਿਨ ਤੇਰੀ ਕਿਰਪਾ ਚਲੇ ਕੋਈ ਨਾ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਵੇਖਣਾ ਧਿਆਨ ਲਗਾਈਆ । ਮੇਰਾ ਅੰਤ ਅਖ਼ੀਰ ਬੇਨਜ਼ੀਰ ਨਿਰਮਾਣਤਾ ਵਿਚ ਸੱਦਾ, ਹੋਕਾ ਹੱਕ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਮੇਰੇ ਪ੍ਰਭ ਸਾਹਿਬ ਸਵਾਮੀ ਮੀਤ, ਹਰਿ ਸੱਜਣ ਦਿਆਂ ਸੁਣਾਈਆ । ਤ੍ਰੈਗੁਣ ਦਿਸੇ ਨਾ ਕੋਇ ਅਤੀਤ, ਤ੍ਰੈਭਵਣ ਧਨੀ ਤੇਰਾ ਦਰਸ ਕੋਇ ਨਾ ਪਾਈਆ । ਸਤਿ ਸਚ ਦੀ ਰਹੀ ਕੋਈ ਨਾ ਰੀਤ, ਕੂੜ ਕਿਰਿਆ ਜਗਤ ਵਡਿਆਈਆ । ਸਿਰ ਝੁਕੇ ਨਾ ਕੋਇ ਜਗਦੀਸ, ਜਗਦੀਸ਼ਰ ਮਿਲਣ ਕੋਇ ਨਾ ਪਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਚ ਰਹੀ ਨਾ ਕੋਇ ਹਦੀਸ, ਹਜ਼ਰਤ ਬੈਠੇ ਮੁਖ ਭਵਾਈਆ । ਝਗੜਾ ਪਿਆ ਊਚ ਨੀਚ, ਜ਼ਾਤ ਪਾਤ ਰਹੀ ਕੁਰਲਾਈਆ । ਸਚ ਨਾਮ ਕਰੇ ਨਾ ਕੋਇ ਬਖ਼ਸ਼ੀਸ਼, ਰਹਿਮਤ ਹੱਕ ਨਾ ਕੋਇ ਕਮਾਈਆ । ਕਲਜੁਗ ਕੂੜ ਕੁੜਿਆਰ ਫਿਰੇ ਅਬਲੀਸ, ਮਨ ਮਮਤਾ ਨਾਲ ਮਿਲਾਈਆ । ਦਰੋਹੀ ਤੇਰੇ ਅੱਗੇ ਮੇਰੀ ਇਕੋ ਚੀਕ, ਚਰਨ ਕਵਲ ਰੋ ਕੇ ਦਿਆਂ ਦੁਹਾਈਆ । ਆਪਣਾ ਸਮਾਂ

ਤਕ ਲੈ ਵੇਖ ਲੈ ਤਾਰੀਖ, ਜੋ ਅਵਤਾਰ ਪੈਗ਼ੰਬਰ ਗੁਰ ਭਵਿਖਤਾਂ ਵਿਚ ਗਏ ਜਣਾਈਆ । ਮਿਹਰਵਾਨ ਮਹਿਬੂਬ ਲਾਸ਼ਰੀਕ, ਪਰਵਰਦਿਗਾਰ ਦਇਆ ਕਮਾਈਆ । ਤੇਰੇ ਵਿਚ ਹੱਕ ਤੌਫ਼ੀਕ, ਤਾਰੀਫ਼ ਤੇਰੀ ਵਿਚ ਸਿਫ਼ਤ ਸਾਲਾਹੀਆ । ਕਲਜੁਗ ਕੂੜੀ ਕਿਰਿਆ ਮੇਟ ਦੇ ਲੀਕ, ਸਤਿ ਧਰਮ ਦਾ ਸਚ ਰਾਹ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਵੇਖ ਲੈ ਆ ਕੇ ਮੇਰੀ ਉਪਰ ਛਾਤੀ, ਸੀਨਾ ਆਪਣਾ ਖੋਜ ਖੁਜਾਈਆ । ਮੇਲਾ ਮਿਲੇ ਨਾ ਕਿਸੇ ਕਮਲਾਪਾਤੀ, ਪਤਿਪਰਮੇਸ਼ਵਰ ਤੇਰਾ ਦਰਸ ਕੋਇ ਨਾ ਪਾਈਆ । ਨਵ ਸੱਤ ਅੰਧੇਰੀ ਰਾਤੀ, ਨੂਰ ਨੁਰਾਨਾ ਚੰਦ ਨਾ ਕੋਇ ਚਮਕਾਈਆ । ਮੰਜ਼ਲ ਚੜ੍ਹੇ ਕੋਇ ਨਾ ਘਾਟੀ, ਅਧਵਾਟੇ ਬੈਠੀ ਤੇਰੀ ਖ਼ਲਕ ਖ਼ੁਦਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮਿਲੇ ਕੋਈ ਨਾ ਸਾਥੀ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਕਰਾਈਆ । ਜੀਵਣ ਜ਼ਿੰਦਗੀ ਬਦਲੇ ਨਾ ਕਿਸੇ ਹਯਾਤੀ, ਆਬੇਹਯਾਤ ਨਾ ਕੋਇ ਪਿਆਈਆ । ਝਗੜਾ ਪਿਆ ਕਾਗ਼ਜ਼ਾਤੀ, ਦੀਨ ਮਜ਼੍ਹਬ ਸ਼ਰਅ ਦੀ ਕਰੇ ਲੜਾਈਆ । ਨੂਰ ਨਜ਼ਰ ਨਾ ਆਏ ਤੇਰਾ ਆਫ਼ਤਾਬੀ ਮਹਿਰਾਬੀ, ਮਿਹਰ ਮੁਹੱਬਤ ਤੇਰੀ ਨਾ ਕੋਇ ਦ੍ਰਿੜਾਈਆ । ਜੋ ਸੰਦੇਸ਼ਾ ਦੇ ਕੇ ਆਇਆ ਨਾਨਕ ਨਿਰਗੁਣ ਸਰਗੁਣ ਬਗ਼ਦਾਦੀ, ਬਗ਼ਲਗੀਰ ਹੋ ਕੇ ਲੇਖਾ ਪਿਛਲਾ ਪੂਰ ਕਰਾਈਆ । ਮੇਰੀ ਆਦਿ ਅੰਤ ਦੀ ਇਕ ਆਵਾਜ਼ੀ, ਆਰਜ਼ੂ ਵਿਚ ਸੀਸ ਨਿਵਾਈਆ । ਸਦੀ ਚੌਧਵੀਂ ਬਣਨਾ ਮੇਰਾ ਇਮਦਾਦੀ, ਸਿਰ ਆਪਣਾ ਹੱਥ ਟਿਕਾਈਆ । ਸ਼ਰਅ ਦਾ ਰਹੇ ਨਾ ਕੋਇ ਕਾਜ਼ੀ, ਕਜ਼ੀਆ ਸਭ ਦਾ ਦੇਣਾ ਚੁਕਾਈਆ । ਉਮਤ ਦੀ ਰਹੇ ਨਾ ਕੋਇ ਅਰਾਜ਼ੀ, ਹਿੱਸਾ ਵੰਡ ਨਾ ਕੋਇ ਵੰਡਾਈਆ । ਮੇਰਾ ਲੇਖਾ ਲਹਿਣਾ ਦੇਣਾ ਮਾਨਵ ਜ਼ਾਤੀ ਕਰਨਾ ਮਤਵਾਜ਼ੀ, ਮਿਹਰਵਾਨ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਮੇਰੀ ਆਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭ ਵੇਖ ਲੈ ਆਪਣਾ ਜਗਤ, ਦੀਨ ਦੁਨੀ ਖੋਜ ਖੁਜਾਈਆ । ਪਿਛਲੇ ਕੌਲ ਇਕਰਾਰਾਂ ਦੀ ਤਕ ਲੈ ਸ਼ਰਤ, ਪੇਸ਼ੀਨਗੋਈਆਂ ਵੇਖ ਵਖਾਈਆ । ਤੇਰਾ ਸਮਾਂ ਆ ਗਿਆ ਵਕਤ, ਘੜੀ ਪਲ ਦਏ ਗਵਾਹੀਆ । ਆਪਣੀ ਕਿਰਪਾ ਨਾਲ ਬਣਾ ਲੈ ਗੁਰਮੁਖ ਸੁਹੇਲੇ ਭਗਤ, ਹਰਿਜਨ ਆਪਣੇ ਰੰਗ ਰੰਗਾਈਆ । ਉਨ੍ਹਾਂ ਲੇਖੇ ਲਾ ਲੈ ਬੂੰਦ ਰਕਤ, ਜਿਹੜੇ ਆਤਮ ਪਰਮਾਤਮ ਤੇਰਾ ਰਾਗ ਅਲਾਈਆ । ਉਹ ਲੱਖ ਚੁਰਾਸੀ ਫੇਰ ਆਵਣ ਨਾ ਪਰਤ, ਪਤਿਪਰਮੇਸ਼ਵਰ ਤੇਰੇ ਵਿਚ ਸਮਾਈਆ । ਲੇਖਾ ਪੂਰਾ ਕਰ ਦੇ ਅਰਸ਼ ਫ਼ਰਸ਼, ਦੋ ਜਹਾਨਾਂ ਡੇਰਾ ਢਾਹੀਆ । ਮੇਰੀ ਬੇਨੰਤੀ ਮਨਜ਼ੂਰ ਕਰ ਦੇ ਅਰਜ਼, ਆਰਜ਼ੂ ਤੇਰੇ ਅੱਗੇ ਰਖਾਈਆ । ਗ਼ਰੀਬ ਨਿਮਾਣਿਆਂ ਵੰਡੀਂ ਦਰਦ, ਕੋਝੇ ਕਮਲਿਆਂ ਗਲੇ ਲਗਾਈਆ । ਸ਼ਰਅ ਦੀ ਛੁਰੀ ਮੇਟ ਦੇ ਕਰਦ, ਕਾਤਲ ਮਕਤੂਲ ਦਾ ਡੇਰਾ ਢਾਹੀਆ । ਆਪਣੀ ਖੇਲ ਦੱਸੀਂ ਅਸਚਰਜ, ਅਚਰਜ ਆਪਣਾ ਰੰਗ ਦੇਣਾ ਰੰਗਾਈਆ । ਜੋਧਾ ਸੂਰਬੀਰ ਮਰਦਾਨਾ ਮਰਦ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਕਲਜੁਗ ਕੂੜੀ ਕਿਰਿਆ ਮੇਟਣੀ ਅੰਧੇਰ ਗਰਦ, ਧੁੰਦ ਵਿਕਾਰ ਦੇਣਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਜੋਤੀ ਸ਼ਬਦੀ (ਧਾਰ) ਹੋ ਕੇ ਆਉਣਾ ਪਰਤ, ਪਤਿਪਰਮੇਸ਼ਵਰ ਉਪਰ ਧਰਨੀ ਧਰਤ ਧਵਲ ਧੌਲ ਆਪਣਾ ਰੰਗ ਦੇਣਾ ਰੰਗਾਈਆ ।

## ੮ ਮਾਘ ਸ਼ਹਿਨਸ਼ਾਹੀ ਸੰਮਤ ੬ ਸਰਵਣ ਸਿੰਘ ਦੇ ਗ੍ਰਹਿ ਪਿੰਡ ਹੇਰ ਜ਼ਿਲਾ ਜਲੰਧਰ

ਧਰਨੀ ਕਹੇ ਪ੍ਰਭ ਮੇਰਾ ਉਤਮ ਕਰਦੇ ਕਰਮ, ਸ਼੍ਰੇਸ਼ਟ ਆਪਣੀ ਦਇਆ ਕਮਾਈਆ । ਮੇਰੇ ਉਤੇ ਸਚ ਦਾ ਹੋਵੇ ਧਰਮ, ਅਧਰਮੀ ਨਜ਼ਰ ਕੋਇ ਨਾ ਆਈਆ । ਝਗੜਾ ਮੇਟ ਦੇ ਮਾਟੀ ਚਰਮ, ਚੰਮ ਦ੍ਰਿਸ਼ਟੀ ਸਭ ਦੀ ਦੇ ਬਦਲਾਈਆ । ਜ਼ਾਤ ਪਾਤ ਦਾ ਰਹੇ ਨਾ ਭਰਮ, ਆਤਮ ਬ੍ਰਹਮ ਦੇ ਸਮਝਾਈਆ । ਨੇਤਰ ਖੋਲ੍ਹ ਦੇ ਹਰਨ ਫਰਨ, ਹਰਿਜਨ ਸਾਚੇ ਲੈ ਉਪਜਾਈਆ । ਆਪਣੇ ਲੇਖੇ ਲਾ ਲੈ ਸਭ ਦਾ ਜਰਮ, ਜਨਮ ਆਪਣੀ ਝੋਲੀ ਪਾਈਆ । ਝਗੜਾ ਮੇਟ ਦੇ ਵਰਨ ਬਰਨ, ਇਕੋ ਰੰਗ ਦੇਣਾ ਚੜ੍ਹਾਈਆ । ਮੈਂ ਨਿਮਾਣੀ ਹੋ ਕੇ ਡਿੱਗਾਂ ਤੇਰੀ ਸਰਨ, ਚਰਨ ਧੂੜ ਖ਼ਾਕ ਰਮਾਈਆ । ਤੂੰ ਆਦਿ ਜੁਗਾਦਿ ਦਾ ਕਰਤਾ ਕਰਨੀ ਕਰਨ, ਕਰਤਾ ਪੁਰਖ ਇਕ ਅਖਵਾਈਆ । ਮੈਂ ਚਾਹੁੰਦੀ ਦੀਨ ਦੁਨੀ ਤੇਰਾ ਇਕੋ ਢੋਲਾ ਪੜ੍ਹਨ, ਇਕੋ ਧੁਰ ਦਾ ਨਾਮ ਵਡਿਆਈਆ । ਸਚਖੰਡ ਨਿਵਾਸੀ ਤੇਰੀ ਮੰਜ਼ਲ ਚੜ੍ਹਨ, ਜਗਤ ਵਿਕਾਰ ਅੱਗੇ ਹੋ ਨਾ ਕੋਇ ਅਟਕਾਈਆ । ਸਚਖੰਡ ਦੁਆਰੇ ਪੁੱਜਣ ਤੇਰੇ ਦਰਨ, ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਦੇਣਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਤੇਰੀ ਇਕ ਸਰਨਾਈਆ । ਧਰਨੀ ਕਹੇ ਪ੍ਰਭ ਮੇਰੀ ਨਮੋਂ ਨਮੋਂ ਨਿਮਸਕਾਰਾ, ਡੰਡਾਵਤ ਸੱਯਦਾ ਸੀਸ ਝੁਕਾਈਆ । ਤੂੰ ਆਦਿ ਅੰਤ ਦਾ ਪਰਵਰਦਿਗਾਰਾ, ਪੁਰਖ ਅਕਾਲਾ ਬੇਪਰਵਾਹੀਆ । ਲੱਖ ਚੁਰਾਸੀ ਮਿੱਤਰ ਪਿਆਰਾ, ਚਾਰੇ ਖਾਣੀ ਰੰਗ ਰੰਗਾਈਆ । ਸ਼ਾਹੋ ਭੂਪ ਵਡ ਸਿਕਦਾਰਾ, ਸ਼ਹਿਨਸ਼ਾਹ ਇਕ ਅਖਵਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੇ ਸੇਵਾਦਾਰਾ, ਅਵਤਾਰ ਪੈਗ਼ੰਬਰ ਗੁਰ ਤੇਰਾ ਨਾਮ ਸ਼ਬਦ ਕਰਨ ਸ਼ਨਵਾਈਆ । ਮੇਰੇ ਸਾਹਿਬ ਸਵਾਮੀ ਤੇਰੇ ਕੋਲ ਅਗੰਮ ਭੰਡਾਰਾ, ਨਿਰਗੁਣ ਸਰਗੁਣ ਦਏਂ ਵਰਤਾਈਆ । ਕਲਜੁਗ ਮੇਟ ਦੇ ਧੂੰਆਂਧਾਰਾ, ਸਤਿਜੁਗ ਸਚ ਚੰਦ ਕਰ ਰੁਸ਼ਨਾਈਆ । ਮਾਨਵ ਜ਼ਾਤੀ ਬਖ਼ਸ਼ ਪਿਆਰਾ, ਚਾਰ ਵਰਨ ਅਠਾਰਾਂ ਬਰਨ ਕਰੇ ਨਾ ਕੋਇ ਲੜਾਈਆ । ਤੇਰਾ ਧਰਮ ਦਾ ਸਾਂਝਾ ਹੋਵੇ ਇਕ ਦਵਾਰਾ, ਜਿਸ ਭਗਤ ਦਵਾਰ ਹਰਿਜਨ ਬੈਠਣ ਚਾਈਂ ਚਾਈਂਆ । ਇਕੋ ਨਾਮ ਸ਼ਬਦ ਹੋਵੇ ਜੈਕਾਰਾ, ਕਲਮਾ ਇਕੋ ਸਿਫ਼ਤ ਸਾਲਾਹੀਆ । ਤੂੰ ਆਤਮ ਪਰਮਾਤਮ ਪਰਮਾਤਮ ਆਤਮ ਮੀਤ ਮੁਰਾਰਾ, ਪਾਰਬ੍ਰਹਮ ਬ੍ਰਹਮ ਮੇਲਾ ਲੈਣਾ ਮਿਲਾਈਆ । ਅੰਮ੍ਰਿਤ ਰਸ ਬੂੰਦ ਬਖ਼ਸ਼ ਦੇ ਠੰਡੀ ਠਾਰਾ, ਅਗਨੀ ਤਤ ਦੇ ਗਵਾਈਆ । ਸਤਿ ਧਰਮ ਦਾ ਮੇਰੇ ਉਤੇ ਸਤਿ ਪਾ ਦੇ ਵਰਤਾਰਾ, ਸਤਿ ਸਤਿਵਾਦੀ ਪੜਦਾ ਦੇਣਾ ਉਠਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਤੇਰਾ ਨੂਰ ਹੋਵੇ ਚਮਤਕਾਰਾ, ਜੋਤੀ ਜਾਤੇ ਡਗਮਗਾਈਆ । ਅੰਤ ਕੰਤ ਭਗਵੰਤ ਧੂੜੀ ਮਸਤਕ ਲਾਵਾਂ ਛਾਰਾ, ਖ਼ਾਕ ਆਪਣਾ ਰੰਗ ਰੰਗਾਈਆ । ਦੀਨ ਦੁਨੀ ਦਾ ਸਾਂਝਾ ਕਰ ਵਿਵਹਾਰਾ, ਵਿਵਹਾਰੀ ਆਪਣੀ ਖੇਲ ਖਿਲਾਈਆ । ਗੁਰਮੁਖ ਗੁਰਸਿਖ ਹਰਿਜਨ ਨਿਤ ਨਵਿਤ ਬਖ਼ਸ਼ ਦੀਦਾਰਾ, ਸਨਮੁਖ ਹੋ ਕੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨਿਰਾਧਾਰ ਦੋ ਜਹਾਨ ਸੱਚੀ ਸਰਕਾਰਾ, ਦਰ ਤੇਰੇ ਧੁਰ ਦੀ ਆਸ ਰਖਾਈਆ ।

## ✪ ੮ ਮਾਘ ਸ਼ਹਿਨਸ਼ਾਹੀ ਸੰਮਤ ੬ ਮਨਜੀਤ ਕੌਰ ਦੇ ਗ੍ਰਹਿ ਪਿੰਡ ਨੂਰ ਪੁਰ ਜ਼ਿਲਾ ਜਲੰਧਰ ✪

ਧਰਨੀ ਕਹੇ ਪ੍ਰਭ ਤੇਰੀ ਚਰਨ ਧੂੜੀ ਲਾਵਾਂ ਖ਼ਾਕ, ਖ਼ਾਕੀ ਖ਼ਾਕ ਮਿਲੇ ਵਡਿਆਈਆ । ਮਿਹਰਵਾਨ ਮਹਿਬੂਬ ਦੀਨ ਦੁਨੀ ਕਰਦੇ ਪਾਕ, ਪਤਿਤ ਪੁਨੀਤ ਦੇ ਕਰਾਈਆ । ਕਲਜੁਗ ਅੰਤਮ ਮੇਟ ਅੰਧੇਰੀ ਰਾਤ, ਸਤਿ ਸਤਿਵਾਦੀ ਸਤਿ ਚੰਦ ਕਰ ਰੁਸ਼ਨਾਈਆ । ਮੇਰੀ ਬੇਨੰਤੀ ਇਕੋ ਅਰਦਾਸ, ਨਿਉਂ ਨਿਉਂ ਸੀਸ ਝੁਕਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਧਰਮ ਦੀ ਹੋਵੇ ਰਾਸ, ਰਸਤਾ ਇਕੋ ਦੇਣਾ ਪਰਗਟਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰੀ ਕਰਨੀ ਆਸ, ਜੋ ਭਵਿਖਤਾਂ ਵਿਚ ਗਏ ਸੁਣਾਈਆ । ਤੇਰਾ ਖੇਲ ਤਕਾਂ ਉਪਰ ਆਕਾਸ਼, ਗਗਨ ਗਗਨੰਤਰ ਵੱਜੇ ਵਧਾਈਆ । ਕਿਰਪਾ ਕਰ ਲੋਕਮਾਤ, ਮਿਹਰ ਨਜ਼ਰ ਨਜ਼ਰ ਉਠਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਮਾਰ ਝਾਤ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਸਤਿ ਪ੍ਰੇਮ ਦਾ ਜੋੜ ਨਾਤ, ਰਿਸ਼ਤਾ ਮੁਹੱਬਤ ਵਿਚ ਰਖਾਈਆ । ਚਾਰ ਜੁਗ ਦਾ ਝਗੜਾ ਰਹੇ ਨਾ ਕਾਗ਼ਜ਼ਾਤ, ਕਲਮਾ ਕਲਮੇ ਨਾਲ ਨਾ ਕੋਇ ਟਕਰਾਈਆ । ਸਦੀ ਚੌਧਵੀਂ ਲੇਖੇ ਲਾ ਆਪਣੀ ਖ਼ਿਦਮਾਤ, ਖ਼ਾਦਮ ਹੋ ਕੇ ਸੀਸ ਨਿਵਾਈਆ । ਧਰਮ ਦੀ ਧਾਰ ਮੇਰੇ ਉਤੇ ਦਿਸੇ ਨਾ ਕੋਇ ਜਮਾਤ, ਸਤਿ ਸਤਿ ਵਿਚ ਨਾ ਕੋਇ ਸਮਾਈਆ । ਜੋ ਨਿਰਗੁਣ ਸਰਗੁਣ ਧਾਰ ਨਾਨਕ ਗੋਬਿੰਦ ਗਿਆ ਆਖ, ਬਿਨ ਅੱਖਰਾਂ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਮੇਰੇ ਪ੍ਰਭ ਸਾਹਿਬ ਸਵਾਮੀ ਮੀਤੇ, ਧੁਰ ਸੱਜਣ ਦਿਆਂ ਦ੍ਰਿੜਾਈਆ । ਮੇਰੇ ਉਤੇ ਆ ਨਿਰਗੁਣ ਸਰਗੁਣ ਧਾਰ ਨੀਚੇ, ਨਿਰਗੁਣ ਆਪਣਾ ਫੇਰਾ ਪਾਈਆ । ਜੁਗ ਚੌਕੜੀ ਪਿਛਲੇ ਬੀਤੇ, ਕਲਜੁਗ ਵੇਖੇ ਨੈਣ ਉਠਾਈਆ । ਝਗੜਾ ਪਿਆ ਮੰਦਰ ਮਸੀਤੇ, ਕਾਅਬੇ ਰੋ ਰੋ ਦੇਣ ਦੁਹਾਈਆ । ਮਿਹਰਵਾਨ ਮਿਹਰ ਕਰ ਤ੍ਰੈਗੁਣ ਅਤੀਤੇ, ਤ੍ਰੈਭਵਨ ਧਨੀ ਤੇਰੀ ਸਰਨਾਈਆ । ਲਹਿਣਾ ਦੇਣਾ ਵੇਖ ਦਸ ਦਸਮੇਸ ਗੋਬਿੰਦ ਅੰਗੀਠੇ, ਸੰਦੇਸ਼ਾ ਕਵਣ ਧਾਰ ਜਣਾਈਆ । ਬਹੁੜੀ ਕਿਉਂ ਮੇਰੇ ਉਤੇ ਕਲਜੁਗ ਜੀਵ ਹੋਏ ਕੌੜੇ ਰੀਠੇ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਤੇਰੇ ਉਤੇ ਰਹੀ ਨਾ ਕਿਸੇ ਪਰਤੀਤੇ, ਪ੍ਰੀਤਮ ਮਿਲਣ ਕੋਇ ਨਾ ਪਾਈਆ । ਸਚਖੰਡ ਪੁੱਜੇ ਨਾ ਕੋਇ ਨਜ਼ਦੀਕੇ, ਜਨਮ ਜਨਮ ਦਾ ਪੰਧ ਮੁਕਾਈਆ । ਝਗੜਾ ਪਿਆ ਹਸਤ ਕੀਟੇ, ਊਚ ਨੀਚ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਮੇਰੇ ਸਤਿਗੁਰ ਪੁਰਖ ਏਕ, ਹਰਿ ਸਾਹਿਬ ਤੇਰੀ ਸਰਨਾਈਆ । ਸਾਚੀ ਰਹੀ ਕੋਇ ਨਾ ਟੇਕ, ਟਿੱਕਾ ਨਾਮ ਨਾ ਕੋਇ ਲਗਾਈਆ । ਚਾਰੋਂ ਕੁੰਟ ਵਧਿਆ ਭੇਖ, ਭੇਖਾਧਾਰੀ ਹੋਈ ਲੋਕਾਈਆ । ਨਿਜ ਨੇਤਰ ਤੈਨੂੰ ਸਕੇ ਕੋਇ ਨਾ ਵੇਖ, ਲੋਚਣ ਨੈਣ ਅੱਖ ਨਾ ਕੋਇ ਉਠਾਈਆ । ਬਹੁੜੀ ਕਲਜੁਗ ਕੂੜੀ ਕਿਰਿਆ ਬਦਲ ਦੇ ਰੇਖ, ਰਿਖੀ ਮੁਨੀ ਸਾਰੇ ਰਹੇ ਕੁਰਲਾਈਆ । ਧੁਰ ਦਾ ਨਜ਼ਰ ਆਏ ਕਿਸੇ ਨਾ ਦੇਸ, ਪਰਦੇਸ ਬੈਠੇ ਰਾਹ ਤਕਾਈਆ । ਸਦੀ ਚੌਧਵੀਂ ਚਲੇ ਕਿਸੇ ਨਾ ਪੇਸ਼, ਜੋ ਪੇਸ਼ਤਰ ਪੇਸ਼ੀਨਗੋਈ ਮੁਹੰਮਦ ਗਿਆ ਦ੍ਰਿੜਾਈਆ । ਯਾਦ ਕਰ ਲੈ ਗੋਬਿੰਦ ਵਾਲਾ ਸੰਦੇਸ਼, ਜੋ ਮਾਛੂਵਾੜੇ ਗਿਆ ਸੁਣਾਈਆ । ਸੋ ਮਾਲਕ ਹੋ ਕੇ ਅੰਤਮ ਵੇਖ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਮੇਰੇ ਠਾਕਰ ਸਵਾਮੀ ਅੱਬਾ, ਦਰ ਤੇਰੇ ਝੋਲੀ ਡਾਹੀਆ । ਕਲਜੁਗ

ਕੂੜੀ ਕਿਰਿਆ ਮੇਟ ਦੇ ਸਭਾ, ਸਫਾ ਮਲੇਛ ਰਹਿਣ ਨਾ ਪਾਈਆ । ਸ਼ਬਦੀ ਸਤਿਗੁਰ ਪਾ ਦੇ ਦੱਬਾ, ਸਿਰ ਸਕੇ ਨਾ ਕੋਇ ਉਠਾਈਆ । ਮਾਇਆ ਮੋਹ ਦਾ ਰਹੇ ਕੋਇ ਨਾ ਲੱਬਾ, ਕੂੜਾ ਲਾਲਚ ਅੰਦਰੋਂ ਦੇਣਾ ਕਢਾਈਆ । ਇਕੋ ਤੇਰੇ ਨਾਮ ਦੀ ਹੋਵੇ ਸਦਾ, ਤੂੰ ਹੀ ਤੂੰ ਹੀ ਰਾਗ ਦੇਣਾ ਦ੍ਰਿੜਾਈਆ । ਤੁਧ ਬਿਨ ਤੇਰੀ ਜਾਣ ਸਕੇ ਕੋਇ ਨਾ ਵਜ੍ਹਾ, ਵਜੂਹਾਤ ਸਮਝ ਕੋਇ ਨਾ ਆਈਆ । ਦੀਨ ਦੁਨੀ ਦੀ ਮੇਰੇ ਉਤੇ ਬਦਲ ਦੇ ਤਬਾ, ਤਬੀਅਤ ਤਬੀਬ ਹੋ ਕੇ ਦੇਣੀ ਬਦਲਾਈਆ । ਕਿਰਪਾ ਕਰ ਕੇ ਜਨ ਭਗਤਾਂ ਦਰਸ਼ਨ ਦੇ ਉਪਰ ਸ਼ਾਹ ਰਗਾ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਤ੍ਰੈਗੁਣ ਅਗਨੀ ਨਾ ਸਾੜੇ ਅੱਗਾ, ਤਤਵ ਤਤ ਨਾ ਕੋਇ ਜਲਾਈਆ । ਮੇਰੇ ਉਤੇ ਧਰਮ ਦਵਾਰਾ ਵਸਾ, ਸਚਖੰਡ ਵਾਸੀ ਬਣਾ ਜਗਹ, ਘਰਾਨਾ ਇਕੋ ਇਕ ਪਰਗਟਾਈਆ । ਜਿਥੇ ਤੇਰਾ ਨਾਮ ਨਗਾਰਾ ਹੋਵੇ ਵੱਜਾ, ਅਨਾਦੀ ਨਾਦ ਕਰ ਸ਼ਨਵਾਈਆ । ਹੰਸ ਬੁੱਧੀ ਹੋਵੇ ਨਾ ਕੱਗਾ, ਕਾਗ ਵਾਂਗ ਨਾ ਕੋਇ ਕੁਰਲਾਈਆ । ਅੰਮ੍ਰਿਤ ਰਸ ਬਖ਼ਸ਼ ਦੇ ਮਜ਼ਾ, ਮਜ਼ਾਕ ਕੂੜ ਦੇਣਾ ਚੁਕਾਈਆ । ਮੈਂ ਸਦਾ ਚਲਾਂ ਤੇਰੀ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤ ਅਖ਼ੀਰ ਬੇਨਜ਼ੀਰ ਕੂੜੀ ਕਿਰਿਆ ਮੇਟ ਦੇ ਹੱਦਾ, ਹਦੂਦ ਆਪਣੀ ਆਪ ਦੇ ਜਣਾਈਆ ।



✪ ੯ ਮਾਘ ਸ਼ਹਿਨਸ਼ਾਹੀ ਸੰਮਤ ੬ ਫ਼ਕੀਰ ਸਿੰਘ ਦੇ ਗ੍ਰਿਹ ਮਜੀਦ ਪੁਰ ਜ਼ਿਲਾ ਜਲੰਧਰ ✪

੧੦੭੫



ਧਰਨੀ ਕਹੇ ਪੁਰਖ ਅਕਾਲ ਮੇਰਾ ਸੁਣ ਲੈ ਦੁੱਖ, ਧਰਤ ਧਵਲ ਧੌਲ ਹੋ ਕੇ ਦਿਆਂ ਸੁਣਾਈਆ । ਮੇਰੇ ਅੰਤਰ ਨਿਰੰਤਰ ਮਿਲੇ ਕੋਈ ਨਾ ਸੁਖ, ਸਾਂਤਕ ਸਤਿ ਨਜ਼ਰ ਕੋਇ ਨਾ ਆਈਆ । ਸਚ ਪਿਆਰ ਵਿਚ ਰਿਹਾ ਨਾ ਕੋਇ ਮਨੁੱਖ, ਮਾਨਸ ਮਾਨਵ ਤੇਰੇ ਰੰਗ ਨਾ ਕੋਇ ਸਮਾਈਆ । ਭਾਗ ਲੱਗੇ ਨਾ ਕਿਸੇ ਜਨਣੀ ਕੁੱਖ, ਭਗਤ ਜਨਮੇ ਕੋਇ ਨਾ ਮਾਈਆ । ਆਤਮ ਪਰਮਾਤਮ ਲਿਵ ਸਭ ਦੀ ਗਈ ਛੁੱਟ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਜੀਵ ਜੰਤ ਜਗਤ ਜਹਾਨ ਭਾਗ ਗਏ ਨਿਖੁਟ, ਕਰਮ ਕਾਂਡ ਦਾ ਡੇਰਾ ਕੋਇ ਨਾ ਢਾਹੀਆ । ਸੰਤ ਸੁਹੇਲੇ ਮੌਲੇ ਕਿਸੇ ਨਾ ਰੁਤ, ਰੁਤੜੀ ਤੇਰਾ ਨਾਮ ਨਾ ਕੋਇ ਮਹਿਕਾਈਆ । ਮੇਰੇ ਮਿਹਰਵਾਨ ਅਬਿਨਾਸ਼ੀ ਅਚੁਤ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਪੁਰਖ ਅਕਾਲੇ ਦੀਨ ਦਿਆਲੇ ਸਦੀ ਚੌਧਵੀਂ ਅੰਤਮ ਉਠ, ਪਰਵਰਦਿਗਾਰ ਸਾਂਝੇ ਯਾਰ ਲੈ ਅੰਗੜਾਈਆ । ਤੇਰੇ ਕਦਮਾਂ ਉਤੇ ਜਾਵਾਂ ਝੁਕ, ਨਿਊਂ ਨਿਊਂ ਸੀਸ ਜਗਦੀਸ਼ ਮਸਤਕ ਧੂੜੀ ਖ਼ਾਕ ਰਮਾਈਆ । ਗੇੜਾ ਮਿਟੇ ਨਾ ਕਿਸੇ ਮਾਤ ਗਰਭ ਉਲਟਾ ਰੁਖ਼, ਨੌ ਅਠਾਰਾਂ ਡੇਰਾ ਕੋਇ ਨਾ ਢਾਹੀਆ । ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਵਿਚ ਤੇਰਾ ਨਿਸ਼ਾਨਾ ਗਈ ਉਕ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰ ਤੇਰੇ ਮਿਲਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਮੇਰੇ ਸਾਹਿਬ ਪੁਰਖ ਸਮਰਥ, ਸਤਿ ਸਚ ਤੇਰੀ ਸਰਨਾਈਆ । ਚਰਨ ਕਵਲ ਜਾਵਾਂ ਢੱਠ, ਨਿਊਂ ਨਿਊਂ ਲਾਗਾਂ ਪਾਈਆ । ਸਤਿ ਧਰਮ ਦਾ ਖੋਲ੍ਹ ਦੇ ਹੱਟ, ਕੂੜ ਕਿਰਿਆ ਬਾਹਰ ਕਢਾਈਆ । ਹਰ ਹਿਰਦੇ ਅੰਦਰ ਵਸਾ ਦੇ ਸਚ, ਨਾਮ ਸਤਿ ਸਤਿ ਸਮਝਾਈਆ । ਭਾਗ ਲਗਾ ਦੇ ਕਾਇਆ ਮਾਟੀ ਕੱਚ, ਸਾਢੇ ਤਿੰਨ

੨੨

ਹੱਥ ਕੰਚਨ ਗੜ੍ਹ ਦੇ ਸੁਹਾਈਆ । ਲੂੰ ਲੂੰ ਅੰਦਰ ਜਾ ਰਚ, ਰਚਨਾ ਆਪਣੀ ਦੇ ਵਖਾਈਆ । ਮਨੂਆ ਮਨ ਨਾ ਸਕੇ ਨੱਚ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਨਾੜ ਬਹੱਤਰ ਨਾ ਉਬਲੇ ਰਤ, ਰਤਨ ਅਮੋਲਕ ਹੀਰੇ ਗੁਰਮੁਖ ਲੈ ਪਰਗਟਾਈਆ । ਬੀਜ ਬੀਜ ਆਪਣੇ ਵਤ, ਧਰਮ ਦੀ ਧਾਰ ਮਾਰਗ ਇਕ ਸਮਝਾਈਆ । ਸਦੀ ਚੌਧਵੀਂ ਸਭ ਦੀ ਪਤ ਰੱਖ, ਰੱਖਕ ਹੋ ਕੇ ਦਇਆ ਕਮਾਈਆ । ਜਨ ਭਗਤਾਂ ਖੋਲ੍ਹ ਦੇ ਨੇਤਰ ਅੱਖ, ਲੋਚਨ ਨੈਣ ਕਰ ਰੁਸ਼ਨਾਈਆ । ਤੇਰੇ ਤੈਥੋਂ ਹੋਣ ਕਦੇ ਨਾ ਵੱਖ, ਵੱਖਰੀ ਵੰਡ ਨਾ ਕੋਇ ਵੰਡਾਈਆ । ਮੈਂ ਬਿਨਾ ਹੱਥਾਂ ਤੋਂ ਜੋੜਦੀ ਹੱਥ, ਧੂੜੀ ਮਸਤਕ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਸਚ ਤੇਰੀ ਸਰਨਾਈਆ । ਧਰਨੀ ਕਹੇ ਕਿਰਪਾ ਕਰ ਮੇਰੇ ਮਿਹਰਵਾਨਾ, ਮਿਹਰ ਨਜ਼ਰ ਉਠਾਈਆ । ਕਲਜੁਗ ਵਿਚ ਸਤਿਜੁਗ ਬਖ਼ਸ਼ ਦੇ ਦਾਨਾ, ਦਾਤੇ ਆਪਣੀ ਦਇਆ ਕਮਾਈਆ । ਸਤਿ ਜੋਤ ਪ੍ਰਕਾਸ਼ ਕਰ ਭਾਨਾ, ਕੋਟਨ ਕੋਟ ਰਵ ਸਸ ਜਿਸ ਨੂੰ ਸੀਸ ਝੁਕਾਈਆ । ਧਰਮ ਦੀ ਧਾਰ ਝੁਲਾ ਨਿਸ਼ਾਨਾ, ਨੌ ਖੰਡ ਪ੍ਰਿਥਮੀ ਸੱਤ ਦੀਪ ਤੇਰਾ ਨੂਰ ਨਜ਼ਰੀ ਆਈਆ । ਆਤਮ ਬ੍ਰਹਮ ਦਾ ਬਣ ਕਾਹਨਾ, ਸੀਤਾ ਸੁਰਤ ਸ਼ਬਦ ਪਰਨਾਈਆ । ਧੁਰ ਦਾ ਪੈਗ਼ੰਬਰ ਬਣ ਅਮਾਮਾ, ਨਬੀ ਰਸੂਲਾਂ ਪੰਧ ਮੁਕਾਈਆ । ਸਤਿਗੁਰ ਸ਼ਬਦ ਹੋ ਬਲਵਾਨਾ, ਬਲਧਾਰੀ ਆਪਣਾ ਬਲ ਪਰਗਟਾਈਆ । ਤੈਨੂੰ ਝੁਕਦੇ ਹੋਣ ਦੋ ਜਹਾਨਾਂ, ਵਿਸ਼ਨ ਬ੍ਰਹਮਾ ਸ਼ਿਵ ਬੈਠਣ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਮੇਰਾ ਸੱਜਦਾ ਇਕ ਸਲਾਮ, ਕਦਮਬੋਸੀ ਵਿਚ ਸੀਸ ਝੁਕਾਈਆ । ਮੇਰੇ ਮਾਲਕ ਅਗੰਮ ਅਮਾਮ, ਪਰਵਰਦਿਗਾਰ ਤੇਰੀ ਸਰਨਾਈਆ । ਸਾਚਾ ਕਲਮਾ ਦੇ ਕਲਾਮ, ਕਾਇਨਾਤ ਇਕ ਪੜ੍ਹਾਈਆ । ਧਰਮ ਦੀ ਧਾਰ ਚੁੱਕ ਇਕਦਾਮ, ਕਦੀਮ ਦੇ ਮਾਲਕ ਆਪਣਾ ਕਦਮ ਲੈ ਬਦਲਾਈਆ । ਸ਼ਰਅ ਦਾ ਝਗੜਾ ਮੇਟ ਵਿਚ ਅਵਾਮ, ਅਮਲਾਂ ਤੋਂ ਰਹਿਤ ਕਰ ਖ਼ਲਕ ਖ਼ੁਦਾਈਆ । ਵੇਖਣ ਤੇਰਾ ਨੂਰ ਸਾਰੇ ਜਲਵਾਗਰ ਤਮਾਮ, ਤਮਾ ਮਜ਼੍ਹਬ ਰੋਬ ਰਹੇ ਨਾ ਰਾਈਆ । ਮਾਨਵ ਜ਼ਾਤੀ ਉਤੇ ਕਰ ਅਹਿਸਾਨ, ਸਿਰ ਆਪਣਾ ਹੱਥ ਟਿਕਾਈਆ । ਇਕੋ ਰੰਗ ਰੰਗਾ ਦੇ ਨੌ ਖੰਡ ਪ੍ਰਿਥਮੀ ਸੱਤ ਦੀਪ ਇਨਸਾਨ, ਹਿੰਸਾ ਅਹਿੰਸਾ ਰਹਿਣ ਕੋਇ ਨਾ ਪਾਈਆ । ਤੂੰ ਪਰਮ ਪੁਰਖ ਪਰਮਾਤਮ ਆਤਮ ਤੇਰਾ ਨੂਰ ਜਹਾਨ, ਜੋਤੀ ਜਾਤੇ ਤੇਰੀ ਵਡ ਵਡਿਆਈਆ । ਧਰਨੀ ਕਹੇ ਮੈਂ ਨਿਮਾਣੀ ਕੋਝੀ ਕਮਲੀ ਦਰ ਤੇਰੇ ਮੰਗਾਂ ਦਾਨ, ਭਿਖਾਰੀ ਹੋ ਕੇ ਝੋਲੀ ਡਾਹੀਆ । ਪੁਰਖ ਅਕਾਲੇ ਦੀਨ ਦਿਆਲੇ ਕਿਰਪਨ ਕਿਰਪਾ ਵਿਚ ਮੇਰੀ ਰੱਖ ਲੈ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਨਿਤ ਨਵਿਤ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਪਰਵਰਦਿਗਾਰ ਸੱਚੀ ਸਰਕਾਰ ਸਾਹਿਬ ਸੁਲਤਾਨ, ਮਹਿਬੂਬ ਮਿਹਰਵਾਨ ਸਚ ਤੇਰੀ ਓਟ ਤਕਾਈਆ ।



✪ ੯ ਮਾਘ ਸ਼ਹਿਨਸ਼ਾਹੀ ਸੰਮਤ ੬ ਮਹਿੰਦਰ ਸਿੰਘ, ਮੁਖਤਿਆਰ ਸਿੰਘ ਪਿੰਡ ਹਰਨਾਮ ਪੁਰਾ ਜ਼ਿਲਾ ਜਲੰਧਰ ✪

ਧਰਨੀ ਕਹੇ ਪੁਰਖ ਅਕਾਲ ਵਡ ਪਰਬੀਨਾ, ਪਰਮ ਪੁਰਖ ਤੇਰੀ ਸਰਨਾਈਆ । ਮੇਰਾ ਠਾਂਡਾ ਕਰਦੇ ਸੀਨਾ, ਅੰਮ੍ਰਿਤ ਮੇਘ ਇਕ ਬਰਸਾਈਆ ।

ਝਗੜਾ ਮੇਟ ਦੇ ਦੀਨਾਂ, ਮਜ੍ਹਬਾਂ ਇਸਮ ਇਕੋ ਇਕ ਜਣਾਈਆ । ਲੇਖਾ ਰਹੇ ਨਾ ਮਾਇਆ ਤੀਨਾ, ਤ੍ਰੈਭਵਣ ਧਨੀ ਆਪਣੀ ਦਇਆ ਕਮਾਈਆ । ਮੈਂ ਤੜਫਦੀ ਵਾਂਗ ਮੀਨਾ, ਸਚ ਸਰੋਵਰ ਦੇਣਾ ਨੁਹਾਈਆ । ਮੇਰੇ ਉਤੇ ਦਰੋਹੀ ਤੇਰਾ ਨਾਮ ਕਿਸੇ ਨਾ ਚੀਨਾ, ਕਲਮੇ ਵਾਲੇ ਕਲਮੇ ਗਏ ਭੁਲਾਈਆ । ਸਚ ਦਾ ਰਿਹਾ ਕੋਈ ਨਾ ਅਧੀਨਾ, ਕੂੜ ਕਿਰਿਆ ਚਾਰ ਕੁੰਟ ਡੰਕ ਵਜਾਈਆ । ਤੇਰਾ ਪ੍ਰੇਮੀ ਪਿਆਰਾ ਹੀਰਾ ਦਿਸੇ ਨਾ ਕੋਇ ਨਗੀਨਾ, ਮਾਣਕ ਮੋਤੀ ਰੂਪ ਨਾ ਕੋਇ ਜਣਾਈਆ । ਮੇਰੀ ਨਮੋਂ ਨਮੋਂ ਨਿਮਸਕਾਰ ਮੇਰੇ ਮਾਲਕ ਖ਼ਾਲਕ ਇਕ ਆਮੀਨਾ, ਅਮਲ ਵੇਖ ਖ਼ਲਕ ਖ਼ੁਦਾਈਆ । ਅਰਸ਼ ਦੇ ਮਾਲਕ ਫ਼ਰਸ਼ ਉਤੇ ਆ ਜ਼ਮੀਨਾ, ਜ਼ਮੀਰ ਸਭ ਦੀ ਖੋਜ ਖੁਜਾਈਆ । ਰਹਿਮਤ ਕਰ ਮੇਰੇ ਰਹੀਮਾ, ਰਹਿਮਾਨ ਤੇਰੀ ਵਡਿਆਈਆ । ਕਲਜੁਗ ਕੂੜਾ ਬਾਹਰ ਕਢ ਦੇ ਕਮੀਨਾ, ਜੋ ਸਭ ਦੀ ਪਤ ਰਿਹਾ ਗਵਾਈਆ । ਫਿਰੇ ਦਰੋਹੀ ਵਿਚ ਮੱਕਾ ਮਦੀਨਾ, ਪੈਗ਼ੰਬਰ ਮਕਬਰਿਆਂ ਵਿਚ ਰਹੇ ਕੁਰਲਾਈਆ । ਮੇਰੇ ਉਤੇ ਮਾਨਵ ਦੀ ਰਹੇ ਨਾ ਕੋਇ ਤਕਸੀਮਾ, ਤਤਵ ਤਤ ਵੰਡ ਨਾ ਕੋਇ ਵੰਡਾਈਆ । ਸਦੀ ਚੌਧਵੀਂ ਮੇਰਾ ਵਕਤ ਹੋਏ ਗ਼ਨੀਮਾ, ਗ਼ਮਖ਼ਾਰ ਆਉਣਾ ਚਾਈਂ ਚਾਈਂਆ । ਸਤਿ ਸਚ ਦਾ ਸਭ ਨੂੰ ਦੱਸ ਦੇ ਜੀਣਾ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਪਣਾ ਨਾਮ ਵਰਤਾਈਆ । ਧਰਨੀ ਕਹੇ ਮੇਰੇ ਭਗਵੰਤ, ਪੁਰਖ ਅਕਾਲ ਤੇਰੀ ਵਡਿਆਈਆ । ਇਕੋ ਦੱਸ ਦੇ ਅਗੰਮਾ ਮੰਤ, ਮੰਤਵ ਸਭ ਦਾ ਹੱਲ ਕਰਾਈਆ । ਝਗੜਾ ਮੇਟ ਦੇ ਜੀਵ ਜੰਤ, ਜਾਗਰਤ ਜੋਤ ਕਰ ਰੁਸ਼ਨਾਈਆ । ਗੜ੍ਹ ਤੋੜ ਦੇ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਈਆ । ਸੋ ਪੁਰਖ ਨਿਰੰਜਣ ਸ਼ਬਦੀ ਧਾਰ ਬਣ ਕੇ ਪੰਡਤ, ਕਲਮਾ ਕਾਇਨਾਤ ਸੁਣਾਈਆ । ਮੇਰੀ ਦਰ ਠਾਂਡੇ ਇਕੋ ਮਿੰਨਤ, ਨੇਤਰ ਨੈਣਾਂ ਨੀਰ ਵਹਾਈਆ । ਸਦੀ ਚੌਧਵੀਂ ਮੇਰੇ ਵਿਚ ਰਹੀ ਕੋਇ ਨਾ ਹਿੰਮਤ, ਧਰਨੀ ਕਹੇ ਮੈਂ ਹੌਸਲਾ ਰਹੀ ਢਾਹੀਆ । ਚਾਰੋਂ ਕੁੰਟ ਕਲਜੁਗ ਕਰੇ ਇੱਲਤ, ਇਲਮ ਆਲਮਾਂ ਰਿਹਾ ਭੁਲਾਈਆ । ਧਰਮ ਦਿਸੇ ਕਿਸੇ ਨਾ ਸਿੰਮਤ, ਉੱਤਰ ਪੂਰਬ ਪੱਛਮ ਦੱਖਣ ਸਾਰੇ ਵੇਖਣ ਨੈਣ ਉਠਾਈਆ । ਤੇਰੀ ਸ੍ਰਿਸ਼ਟੀ ਤੇਰੀ ਹੋਈ ਨਿੰਦਕ, ਕੂੜੀ ਕਿਰਿਆ ਕਰਮ ਵਡਿਆਈਆ । ਦਿਵਸ ਰੈਣ ਮੈਨੂੰ ਇਹੋ ਚਿੰਤ, ਤੇਰੇ ਮਾਨਵ ਤੈਨੂੰ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਤੇਰੀ ਪੂਰੀ ਆਸ ਕਰਾਈਆ । ਧਰਨੀ ਕਹੇ ਮੇਰਾ ਕਦਮਾਂ ਸੀਸ ਰਿਹਾ ਝੁਕ, ਸੱਜਦੇ ਵਿਚ ਜਣਾਈਆ । ਮੇਰਾ ਅੰਤਮ ਮੇਟ ਦੇ ਦੁੱਖ, ਦੁਖੜਾ ਕੂੜ ਰਹੇ ਨਾ ਰਾਈਆ । ਮੇਰੀ ਸੁਫਲ ਕਰਾ ਦੇ ਕੁੱਖ, ਜਨਣੀ ਬਣਾ ਦੇ ਜਣੇਂਦੀ ਮਾਈਆ । ਤੈਨੂੰ ਭੁੱਲਿਆ ਰਹੇ ਨਾ ਕੋਇ ਮਨੁੱਖ, ਹਰ ਹਿਰਦੇ ਅੰਦਰ ਆਪਣਾ ਨਾਮ ਦੇਣਾ ਜਣਾਈਆ । ਕਲਜੁਗ ਅੰਤਮ ਵੇਲਾ ਰਿਹਾ ਢੁੱਕ, ਭਗਤ ਦਵਾਰ ਦਏ ਗਵਾਹੀਆ । ਮੇਰੇ ਸਾਹਿਬ ਸਵਾਮੀ ਮਾਲਕ ਖ਼ਾਲਕ ਉਠ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਬਲ ਪਰਗਟਾਈਆ । ਦੀਨ ਦੁਨੀ ਦਾ ਬਦਲ ਦੇ ਰੁਖ਼, ਮਾਰਗ ਪੰਥ ਇਕੋ ਇਕ ਵਖਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਰੇ ਗਾਵਣ ਤੁਕ, ਤੁਖ਼ਮ ਤਾਸੀਰ ਦੇਣਾ ਬਦਲਾਈਆ । ਮੋਹ ਵਿਕਾਰ ਹੰਕਾਰ ਮੇਰੇ ਅੰਦਰੋਂ ਕਢ ਕੁੱਟ, ਸ਼ਬਦ ਖੰਡਾ ਨਾਮ ਹੱਥ ਉਠਾਈਆ । ਮੇਰੇ ਉਤੇ ਤੇਰੇ ਭਗਤਾਂ ਦੀ ਮੌਲੇ ਰੁਤ, ਰੁਤੜੀ ਤੇਰੇ ਨਾਲ ਮਹਿਕਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਪਾਰਬ੍ਰਹਮ ਤੇਰੀ ਸਰਨਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਜਗਤ ਜਗਿਆਸੂਆਂ ਆ ਕੇ ਪੁਛ, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਲਹਿਣਾ ਦੇਣਾ ਲੇਖਾ ਪੂਰਾ

ਕਰਦੇ ਸ਼ਬਦੀ ਗੋਬਿੰਦ ਦੁਲਾਰੇ ਸੁਤ , ਸੁਤਿਆਂ ਲੈ ਜਗਾਈਆ । ਹਰਿ ਸੰਤ ਸੁਹੇਲੇ ਆਪਣੀ ਗੋਦੀ ਚੁੱਕ, ਦਰ ਠਾਂਡੇ ਦੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਆਸਾ ਸਚਖੰਡ ਸਚ ਦਵਾਰੇ ਜਾਏ ਪੁਜ, ਪੂਜਨੀਕ ਤੇਰੇ ਅੱਗੇ ਵਾਸਤਾ ਪਾਈਆ ।

## ✪ ੧੦ ਮਾਘ ਸ਼ਹਿਨਸ਼ਾਹੀ ਸੰਮਤ ੬ ਪਿਆਰਾ ਸਿੰਘ ਦੇ ਗ੍ਰਿਹਿ ਪਿੰਡ ਬਸਤੀ ਜਾਂਗਲਾ ✪

ਧਰਨੀ ਕਹੇ ਪੁਰਖ ਅਕਾਲ ਸੂਰੇ ਸਰਬਗ, ਹਰਿ ਕਰਤੇ ਦਇਆ ਕਮਾਈਆ । ਚਾਰ ਕੁੰਟ ਦਹਿ ਦਿਸ਼ਾ ਕੂੜ ਦੀ ਲੱਗੀ ਅੱਗ, ਸਤਿ ਸਚ ਦੀ ਧਾਰ ਨਜ਼ਰ ਨਾ ਆਈਆ । ਕਲਜੁਗ ਜੀਵ ਹੰਸ ਬੁਧੀ ਹੋਈ ਕੱਗ, ਗੁਰਮੁਖ ਰੰਗ ਨਾ ਕੋਇ ਰੰਗਾਈਆ । ਤੇਰਾ ਦਰਸ ਕਰੇ ਨਾ ਕੋਇ ਉਪਰ ਸ਼ਾਹ ਰਗ, ਨੌ ਦਵਾਰੇ ਪੰਧ ਨਾ ਕੋਇ ਮੁਕਾਈਆ । ਮਾਇਆ ਮਮਤਾ ਵਿਚ ਸਾਰੇ ਗਏ ਬੱਝ, ਬੰਧਨ ਸਕੇ ਨਾ ਕੋਇ ਤੁੜਾਈਆ । ਜਿਧਰ ਤਕਾਂ ਦੀਨ ਮਜ਼੍ਹਬ ਦੀ ਹੱਦ, ਜ਼ਾਤ ਪਾਤ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਪਾਰਬ੍ਰਹਮ ਤੇਰੀ ਸਰਨਾਈਆ । ਧਰਤੀ ਕਹੇ ਪ੍ਰਭੂ ਸਦੀ ਚੌਧਵੀਂ ਵੇਖ ਲੈ ਮੇਰੀ ਹਾਲਤ, ਚਾਰ ਕੁੰਟ ਧਿਆਨ ਲਗਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਜਹਾਲਤ, ਸਤਿ ਸਚ ਨਾ ਕੋਇ ਵਖਾਈਆ । ਧਰਮ ਦੀ ਦਿਸੇ ਨਾ ਕੋਇ ਅਦਾਲਤ, ਇਨਸਾਫ਼ ਹੱਕ ਨਾ ਕੋਇ ਕਮਾਈਆ । ਮਨੂਆ ਘਰ ਘਰ ਕਰੇ ਬਗ਼ਾਵਤ, ਬਗ਼ਲਗੀਰ ਸੰਗ ਨਾ ਕੋਇ ਨਿਭਾਈਆ । ਤੇਰੇ ਪਿਆਰ ਵਿਚ ਦੀਨ ਦੁਨੀ ਹੋਈ ਅਣਜਾਣਤ, ਅੰਤਮ ਆਤਮ ਜੋੜ ਨਾ ਕੋਇ ਜੁੜਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਸਚ ਪਿਆਰ ਦੀ ਬਖ਼ਸ਼ ਨਿਆਮਤ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣੀ ਦਇਆ ਕਮਾਈਆ । ਕਲਜੁਗ ਰੈਣ ਅੰਧੇਰੀ ਮੇਟ ਸ਼ਾਮਤ, ਸ਼ਮਾ ਨੂਰੀ ਚੰਦ ਕਰ ਰੁਸ਼ਨਾਈਆ । ਤੂੰ ਆਦਿ ਜੁਗਾਦਿ ਸਹੀ ਸਲਾਮਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਤੇਰਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭ ਮੇਰੇ ਉਤੇ ਵੇਖ ਅਧਰਮ, ਚਾਰ ਕੁੰਟ ਅੰਧੇਰਾ ਛਾਈਆ । ਮੇਰੀ ਰੇਖਾ ਬਦਲ ਦੇ ਕਰਮ, ਜੀਵਾਂ ਜੰਤਾਂ ਕਰਮ ਕਾਂਡ ਦਾ ਡੇਰਾ ਢਾਹੀਆ । ਹਉਮੇ ਹੰਗਤਾ ਰਹੇ ਕੋਇ ਨਾ ਭਰਮ, ਭਾਂਡਾ ਭਰਮ ਦੇਣਾ ਭੰਨਾਈਆ । ਝਗੜਾ ਮੇਟ ਦੇ ਵਰਨ ਬਰਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਇਕੋ ਤੇਰੀ ਓਟ ਸਭ ਨੂੰ ਹੋਵੇ ਸਰਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਸਾਰੇ ਪੜ੍ਹਨ, ਆਤਮ ਪਰਮਾਤਮ ਤੇਰਾ ਰਾਗ ਅਗੰਮ ਅਥਾਹੀਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੇਰੀ ਮੰਜ਼ਲ ਸਾਰੇ ਚੜ੍ਹਨ, ਅਧਵਾਟੇ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਪ੍ਰਭ ਕਲਜੁਗ ਕੂੜੀ ਕਿਰਿਆ ਮੇਟ ਦੇ ਧੱਬਾ, ਦਾਗ਼ ਰਹਿਣ ਕੋਇ ਨਾ ਪਾਈਆ । ਸਤਿ ਧਰਮ ਦੀ ਸਾਚੀ ਲਗਾ ਦੇ ਸਭਾ, ਸੁਬਹ ਸ਼ਾਮ ਤੇਰੇ ਨਾਮ ਦੀ ਵੱਜੇ ਵਧਾਈਆ । ਸ਼ਰਅ ਜ਼ੰਜੀਰ ਵਿਚ ਹੋਵੇ ਕੋਇ ਨਾ ਬੱਧਾ, ਦੀਨ ਮਜ਼੍ਹਬ ਦਾ ਲੇਖਾ ਦੇਣਾ ਗਵਾਈਆ ।

ਸੱਜਣ ਮੀਤ ਕਿਸੇ ਨਾਲ ਕੋਇ ਕਰੇ ਨਾ ਦਗ਼ਾ, ਪਤਿਤ ਪੁਨੀਤ ਕਰ ਲੋਕਾਈਆ । ਜਨਮ ਕਰਮ ਦਾ ਸਭ ਦਾ ਲੇਖਾ ਕਰਦੇ ਬੱਗਾ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਤਿਜੁਗ ਧਾਰ ਅੰਮ੍ਰਿਤ ਰਸ ਬੂੰਦ ਸਵਾਂਤੀ ਦੇ ਦੇ ਮਜ਼ਾ, ਰਸਨਾ ਰਸ ਦੇਣਾ ਚਖਾਈਆ । ਚਾਰ ਕੁੰਟ ਦਹਿ ਦਿਸ਼ਾ ਸਾਰੇ ਚਲਣ ਤੇਰੀ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਤੇਰੀ ਓਟ ਤਕਾਈਆ । ਮਾਇਆ ਮਮਤਾ ਮੋਹ ਵਿਕਾਰ ਰਹੇ ਨਾ ਲਬਾ, ਲੋਭ ਕੂੜ ਦੇਣਾ ਗਵਾਈਆ । ਸਚ ਧਰਮ ਦੀ ਸਭ ਦੀ ਸਾਂਝੀ ਇਕੋ ਹੋਵੇ ਜਗ੍ਹਾ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ ਇਕੋ ਗ੍ਰਹਿ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਝੋਲੀ ਡਾਹੀਆ । ਧਰਨੀ ਕਹੇ ਪੁਰਖ ਅਕਾਲ ਗੁਰ ਅਵਤਾਰ ਪੈਗ਼ੰਬਰ ਪਾ ਕੇ ਗਏ ਵੰਡਾਂ, ਦਰੋਹੀ ਤੇਰਾ ਨਾਮ ਦੁਹਾਈਆ । ਮੈਂ ਦਰਵੇਸ਼ ਹੋ ਕੇ ਜਗਤ ਭਿਖਾਰਨ ਮੰਗ ਮੰਗਾਂ, ਨਿਮਰਤਾ ਵਿਚ ਸੀਸ ਨਿਵਾਈਆ । ਇਕੋ ਰੰਗ ਰੰਗਾ ਦੇ ਮਾਨਵ ਜ਼ਾਤੀ ਮਾਨਸ ਬੰਦਾ, ਬੰਦਗੀ ਆਪਣੀ ਇਕ ਦ੍ਰਿੜਾਈਆ । ਭੇਵ ਖੁਲ੍ਹਾ ਦੇ ਬ੍ਰਹਮ ਹੰਗਾ, ਹੰ ਬ੍ਰਹਮ ਪੜਦਾ ਆਪ ਉਠਾਈਆ । ਆਤਮ ਪਰਮਾਤਮ ਬਣਾ ਦੇ ਸੰਗਾ, ਸਗਲਾ ਸੰਗ ਰਖਾਈਆ । ਨਿਝਰ ਝਿਰਨਾ ਝਿਰਾ ਦੇ ਧੁਰ ਦੀ ਧਾਰ ਗੰਗਾ, ਅੰਮ੍ਰਿਤ ਰਸ ਅਗੰਮ ਵਖਾਈਆ । ਬੋਧ ਅਗਾਧਾ ਬਣ ਜਾ ਪੰਡਾ, ਧੁਰ ਦਾ ਨਾਮ ਸ਼ਬਦ ਕਰ ਸ਼ਨਵਾਈਆ । ਝਗੜਾ ਮੇਟ ਦੇ ਜੇਰਜ ਅੰਡਾ, ਉਤਭੁਜ ਸੇਤਜ ਆਪਣਾ ਖੇਲ ਖਿਲਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਤੇਰੇ ਪਿਆਰ ਦਾ ਸਭ ਨੂੰ ਆਵੇ ਅਨੰਦਾ, ਅਨੰਦ ਅਨੰਦ ਵਿਚੋਂ ਦੇਣਾ ਪ੍ਰਗਟਾਈਆ । ਮੈਂ ਚਾਹੁੰਦੀ ਸਦੀ ਚੌਧਵੀਂ ਅੰਤਮ ਲੇਖਾ ਪੂਰਾ ਕਰ ਦੇ ਨਿਸ਼ਾਨ ਤਾਰਾ ਚੰਦਾ, ਮੁਹੰਮਦ ਲਹਿਣਾ ਹਮਦ ਵਿਚ ਆਪਣੀ ਝੋਲੀ ਪਾਈਆ । ਸਤਿ ਧਰਮ ਦੀ ਧਾਰ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਤੇਰਾ ਗਾਵੇ ਇਕੋ ਛੰਦਾ, ਸ਼ਹਿਨਸ਼ਾਹ ਇਕੋ ਤੇਰੇ ਨਾਮ ਦੀ ਵੱਜੇ ਵਧਾਈਆ । ਕਲਜੁਗ ਅੱਗੇ ਪੰਧ ਰਹੇ ਨਾ ਲੰਬਾ, ਸਤਿਜੁਗ ਸਚ ਦੇਣਾ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਾਹਿਬ ਬਖ਼ਸ਼ਿੰਦਾ, ਬਖ਼ਸ਼ਣਹਾਰ ਤੇਰੇ ਹੱਥ ਵਡਿਆਈਆ ।

### ੧੦ ਮਾਘ ਸ਼ਹਿਨਸ਼ਾਹੀ ਸੰਮਤ ੬ ਜਾਗੀਰ ਸਿੰਘ ਦੇ ਗ੍ਰਹਿ ਬਸਤੀ ਸ਼ਿਕਾਰ ਪੁਰ ਜ਼ਿਲਾ ਜਲੰਧਰ

ਧਰਨੀ ਕਹੇ ਪ੍ਰਭ ਮੇਰੇ ਉਤੇ ਹੋਵੇ ਧਰਮ ਦੀ ਬਸਤੀ, ਸਚ ਦਾ ਖੇੜਾ ਸੋਭਾ ਪਾਈਆ । ਸਭ ਦੇ ਅੰਦਰ ਤੇਰੇ ਨਾਮ ਦੀ ਹੋਵੇ ਮਸਤੀ, ਮਸਤ ਮਸਤਾਨੇ ਲੈਣੇ ਬਣਾਈਆ । ਇਕੋ ਤੇਰਾ ਨੂਰ ਨਜ਼ਰ ਆਏ ਧੁਰ ਦੀ ਹਸਤੀ, ਹਸਤ ਕੀਟਾਂ ਵੱਜੇ ਵਧਾਈਆ । ਅੰਮ੍ਰਿਤ ਧਾਰ ਵਹੇ ਤੇਰੇ ਰਸ ਦੀ, ਰਸਨਾ ਜਿਹਵਾ ਨਾ ਕੋਇ ਹਲਕਾਈਆ । ਕਥਾ ਕਹਾਣੀ ਹੋਵੇ ਤੇਰੇ ਜਸ ਦੀ, ਸਿਫ਼ਤ ਸਾਲਾਹੀ ਢੋਲੇ ਗਾਈਆ । ਕਲਜੁਗ ਰੈਣ ਅੰਧੇਰੀ ਮੇਟ ਮਸ ਦੀ, ਨੂਰ ਚੰਦ ਕਰ ਰੁਸ਼ਨਾਈਆ । ਮੈਂ ਰੋ ਰੋ ਤੈਨੂੰ ਦੱਸਦੀ, ਗਲ ਪਲੂ ਇਕ ਵਖਾਈਆ । ਚਾਰੋਂ ਕੁੰਟ ਨੱਸਦੀ, ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੁਰਖ ਅਕਾਲ ਤੇਰੇ ਹੱਥ ਵਡਿਆਈਆ । ਧਰਨੀ ਕਹੇ ਪ੍ਰਭ

ਮੇਰੇ ਉਤੇ ਹੋਵੇ ਤੇਰਾ ਧਰਮ ਦਵਾਰਾ, ਕੂੜਾ ਨਗਰ ਨਜ਼ਰ ਕੋਇ ਨਾ ਆਈਆ । ਤੇਰੇ ਨਾਮ ਦਾ ਹੋਵੇ ਜੈਕਾਰਾ, ਇਕੋ ਨਾਦ ਵੱਜੇ ਵਧਾਈਆ । ਤੇਰੇ ਨੂਰ ਦਾ ਹੋਵੇ ਚਮਤਕਾਰਾ, ਅੰਧ ਅੰਧੇਰਾ ਦੇਣਾ ਗਵਾਈਆ । ਸ਼ਾਹ ਪਾਤਸ਼ਾਹ ਤੂੰ ਹੋਵੇਂ ਸਿਕਦਾਰਾ, ਹੁਕਮ ਇਕੋ ਵਰਤੇ ਥਾਉਂ ਥਾਈਆ । ਸਭ ਦਾ ਤੇਰੇ ਚਰਨ ਕਵਲ ਹੋਵੇ ਨਿਮਸਕਾਰਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਗਰਦ ਗੁਬਾਰਾ, ਅੰਧ ਅਗਿਆਨ ਦੇ ਚੁਕਾਈਆ । ਤੂੰ ਸ਼ਹਿਨਸ਼ਾਹ ਪਾਤਸ਼ਾਹ ਸਾਜਣ ਬਣ ਪਿਆਰਾ, ਪ੍ਰੀਤਮ ਹੋ ਕੇ ਦਇਆ ਕਮਾਈਆ । ਮੇਰੀ ਨਮੋ ਨਮੋ ਡੰਡਾਵਤ ਬੰਦਨਾ ਨਿਮਸਕਾਰਾ, ਦਰ ਤੇਰੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਮੇਰੇ ਉਤੇ ਤੇਰਾ ਹੋਵੇ ਧਰਮ ਦਾ ਰਾਜ, ਰਈਅਤ ਹਰਿਜਨ ਲੈ ਬਣਾਈਆ । ਸਤਿ ਸਚ ਦਾ ਹੋਵੇ ਤਾਜ, ਤਖ਼ਤ ਨਿਵਾਸੀ ਇਕੋ ਸੋਭਾ ਪਾਈਆ । ਗ਼ਰੀਬ ਨਿਮਾਣਿਆਂ ਰੱਖੀਂ ਲਾਜ, ਕੋੜ੍ਹਿਆਂ ਕਮਲਿਆਂ ਗਲੇ ਲਗਾਈਆ । ਧੁਰ ਦੇ ਨਾਮ ਦਾ ਚਲਾਵੀਂ ਜਹਾਜ, ਬੇੜਾ ਇਕੋ ਇਕ ਪਰਗਟਾਈਆ । ਆਤਮ ਪਰਮਾਤਮ ਦੱਸੀਂ ਆਵਾਜ਼, ਰਾਗ ਇਕੋ ਇਕ ਸੁਣਾਈਆ । ਭੇਵ ਚੁਕਾਈਂ ਬੋਧ ਅਗਾਧ, ਬੁੱਧੀ ਤੋਂ ਪਰੇ ਪੜ੍ਹਾਈਆ । ਸਭ ਦੇ ਸਿਰ ਤੇ ਦੇਵੀਂ ਸਾਧ, ਸਾਧਨਾ ਇਕੋ ਇਕ ਵਖਾਈਆ । ਮਾਨਵ ਮਾਨਸ ਮਾਨੁੱਖ ਤੇਰੀ ਸਰਨ ਜਾਇਣ ਲਾਗ, ਲਗ ਮਾਤਰ ਦਾ ਡੇਰਾ ਢਾਹੀਆ । ਜਗਤ ਵਿਕਾਰਾ ਹੋਵੇ ਤਿਆਗ, ਤ੍ਰੈਗੁਣ ਅਤੀਤੇ ਹੋਣਾ ਸਹਾਈਆ । ਚਾਰ ਵਰਨ ਦਾ ਸਾਂਝਾ ਕਰ ਸਮਾਜ, ਸਮਗਰੀ ਆਪਣਾ ਨਾਮ ਵਰਤਾਈਆ । ਮੇਰੇ ਵਡੇ ਹੋਵਣ ਭਾਗ, ਸਿਰ ਮੇਰੇ ਹੱਥ ਟਿਕਾਈਆ । ਪੁਰਖ ਅਕਾਲ ਤੇਰੀ ਜੋਤ ਦਾ ਜਗੇ ਚਿਰਾਗ਼, ਚਾਰ ਕੁੰਟ ਕਰੇ ਰੁਸ਼ਨਾਈਆ । ਤੂੰ ਇਕੋ ਹੋਵੀਂ ਗੁਰੂ ਮਹਾਰਾਜ, ਮਿਹਰਵਾਨ ਬੇਪਰਵਾਹੀਆ । ਮੈਂ ਤੇਰੇ ਦਰ ਦੀ ਹੋਈ ਮੁਹਤਾਜ, ਭਿਖਾਰਨ ਹੋ ਕੇ ਮੰਗ ਮੰਗਾਈਆ । ਵੇਖੀਂ ਦੇ ਨਾ ਦੇਵੀਂ ਜਵਾਬ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਇਕ ਏਕੰਕਾਰ ਰਹੀ ਅਰਾਧ, ਦੂਸਰ ਨਾਮ ਨਾ ਕੋਇ ਧਿਆਈਆ ।



### ੧੦ ਮਾਘ ਸ਼ਹਿਨਸ਼ਾਹੀ ਸੰਮਤ ੬ ਗਿਆਨ ਸਿੰਘ ਦੇ ਗ੍ਰਹਿ ਪਿੰਡ ਸੁਰਖ ਪੁਰ ਜ਼ਿਲਾ ਕਪੂਰਥਲਾ

ਧਰਨੀ ਕਹੇ ਪ੍ਰਭ ਮੈਂ ਤੇਰੀ ਧਰਨੀ ਧਰਤ ਧਵਲ ਧੌਲ ਬਸੁਧਾ, ਬੇਸੁਧ ਹੋ ਕੇ ਦਿਆਂ ਸੁਣਾਈਆ । ਕੂੜੀ ਕਿਰਿਆ ਮੇਰੇ ਉਤੇ ਕਰੇ ਯੁਧਾ, ਜਗਤ ਵਿਕਾਰ ਹੰਕਾਰ ਵਿਭਚਾਰ ਨਾਲ ਲੜਾਈਆ । ਮਿਹਰਵਾਨ ਮਹਿਬੂਬ ਮੇਰਾ ਕਰਮ ਕਰ ਦੇ ਉਘਾ, ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਹਉਮੇ ਰੋਗ ਗਵਾ ਦੇ ਕਲਜੁਗਾ, ਕਲਕਾਤੀ ਰਹਿਣ ਕੋਇ ਨਾ ਪਾਈਆ । ਤੇਰੇ ਨਾਮ ਦਾ ਲਏ ਕੋਈ ਨਾ ਭੁੱਗਾ, ਵਢੀ ਖੋਰਾਂ ਸਫਾ ਦੇਣੀ ਉਠਾਈਆ । ਆਪਣੇ ਆਤਮ ਆਪੇ ਦੱਸ ਦੇ ਆਪਣਾ ਮੁੱਦਾ, ਮੁੱਦਤ ਦੇ ਮਾਲਕ ਦਇਆ ਕਮਾਈਆ । ਉਠ ਵੇਖ ਸਦੀ ਚੌਧਵੀਂ ਵਕਤ ਪੁੱਗਾ, ਮੁਹੰਮਦ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਪਰਵਰਦਿਗਾਰ ਤੇਰੀ ਸਰਨਾਈਆ । ਧਰਨੀ ਧਰਤ ਧਵਲ ਧੌਲ ਕਹੇ ਮੇਰਾ ਸਾਫ਼ ਕਰਦੇ ਅੰਤਰ, ਅੰਤਸ਼ਕਰਨ ਵੇਖ ਖ਼ਲਕ ਖ਼ੁਦਾਈਆ । ਸਤਿ ਧਰਮ ਦੀ ਬਣਾ ਬਣਤਰ, ਘੜਨ ਭੰਨਣਹਾਰ ਦਇਆ

ਕਮਾਈਆ । ਤ੍ਰੈਗੁਣ ਮਾਇਆ ਕੂੜ ਮੇਟ ਬਸੰਤਰ, ਅਗਨੀ ਤਤ ਨਾ ਕੋਇ ਜਲਾਈਆ । ਨੌ ਖੰਡ ਪ੍ਰਿਥਮੀ ਤੇਰਾ ਇਕੋ ਹੋਵੇ ਮੰਤਰ, ਇਕੋ ਵੱਜੇ ਨਾਮ ਵਧਾਈਆ । ਕਰ ਪ੍ਰਕਾਸ਼ ਗਗਨ ਗਗਨੰਤਰ, ਗਹਿਰ ਗੰਭੀਰ ਪਰਦਾ ਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਘਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰਾ ਲਹਿਣਾ ਦੇਣਾ ਕਰ ਦੇ ਪੂਰਾ, ਲੇਖਾ ਅੰਤ ਰਹੇ ਨਾ ਰਾਈਆ । ਤੂੰ ਸ਼ਹਿਨਸ਼ਾਹ ਪਾਤਸ਼ਾਹ ਸੂਰਾ, ਸਰਬਗ ਤੇਰੇ ਹੱਥ ਵਡਿਆਈਆ । ਕਲਜੁਗ ਕੂੜੀ ਕਿਰਿਆ ਹੂੰਝ ਦੇ ਕੂੜਾ, ਸਤਿ ਧਰਮ ਦਾ ਮਾਰਗ ਇਕ ਪਰਗਟਾਈਆ । ਮਾਨਸ ਰਹੇ ਕੋਈ ਨਾ ਮੂਰਖ ਮੂੜ੍ਹਾ, ਬੁੱਧ ਬਿਬੇਕ ਦੇਣੀ ਕਰਾਈਆ । ਚਾਰ ਵਰਨ ਅਠਾਰਾਂ ਬਰਨ ਤੇਰੀ ਮਸਤਕ ਲਾਵਣ ਚਰਨ ਧੂੜਾ, ਖ਼ਾਕੀ ਖ਼ਾਕ ਖ਼ਾਕ ਰਮਾਈਆ । ਸਭ ਨੂੰ ਚਾੜ੍ਹ ਦੇ ਇਕੋ ਰੰਗ ਗੂੜ੍ਹਾ, ਦੀਨ ਮਜ਼੍ਹਬ ਦਾ ਲੇਖਾ ਰਹੇ ਨਾ ਰਾਈਆ । ਜੋਤੀ ਜਾਤੇ ਪੁਰਖ ਬਿਧਾਤੇ ਕਾਇਆ ਮੰਦਰ ਦਿਸ ਹਾਜ਼ਰ ਹਜ਼ੂਰਾ, ਪਰਮਾਤਮ ਆਤਮ ਆਪਣਾ ਖੇਲ ਖਿਲਾਈਆ । ਤੇਰਾ ਨਜ਼ਰੀ ਆਏ ਇਕੋ ਜੋਤੀ ਨੂਰਾ, ਨੂਰ ਨੁਰਾਨੇ ਪੜਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭ ਮੇਰੇ ਉਤੇ ਕਰ ਕਿਰਪਾ, ਕਿਰਪਾਲ ਹੋ ਕੇ ਦਇਆ ਕਮਾਈਆ । ਮੇਰੀ ਦੀਨ ਦੀ ਕਟ ਦੇ ਬਿਪਤਾ, ਦੁਖੀ ਹੋ ਕੇ ਰਹੀ ਸੁਣਾਈਆ । ਸਾਰੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਰੂਪ ਬਣਾ ਦੇ ਸਿੱਖ ਦਾ, ਨਾਮ ਸਿਖਿਆ ਇਕ ਸਮਝਾਈਆ । ਜੋ ਸ਼ਾਸਤਰ ਸਿਮਰਤ ਵੇਦ ਪੁਰਾਨ ਤੇਰੀ ਮਹਿੰਮਾ ਰਿਹਾ ਲਿਖਦਾ, ਤਿਸ ਦਾ ਲਹਿਣਾ ਆਪਣੇ ਲੇਖੇ ਲਾਈਆ । ਮੈਂ ਚਾਹੁੰਦੀ ਮੇਰੇ ਉਤੇ ਮਾਰਗ ਹੋਵੇ ਏਕੰਕਾਰ ਇਕ ਦਾ, ਦੂਜਾ ਇਸ਼ਟ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਬਹੁੜੀ ਮਨੂਆ ਕਿਸੇ ਨਾ ਟਿਕਦਾ, ਸਾਧ ਸੰਤ ਸੂਫ਼ੀ ਫ਼ਕੀਰ ਰੋਵਣ ਮਾਰਨ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਵੇਖ ਵਖਾਈਆ । ਧਰਨੀ ਕਹੇ ਪ੍ਰਭ ਮੈਨੂੰ ਇਕੋ ਬਖ਼ਸ਼ ਦੇ ਆਪਣੀ ਟੇਕ, ਦੂਸਰ ਸੀਸ ਨਾ ਕਦੇ ਨਿਵਾਈਆ । ਕਲਜੁਗ ਵਿਚ ਸਤਿਜੁਗ ਬਦਲ ਦੇ ਰੇਖ, ਰਿਖੀਆਂ ਮੁਨੀਆਂ ਪੈਂਡਾ ਦੇ ਮੁਕਾਈਆ । ਕਾਇਆ ਮੰਦਰ ਅੰਦਰ ਵੜ ਕੇ ਖੋਲ੍ਹ ਭੇਤ, ਭੇਵ ਅਭੇਦਾ ਦੇ ਖੁਲ੍ਹਾਈਆ । ਹਰ ਘਟ ਨਜ਼ਰ ਆ ਨੇਤਨ ਨੇਤ, ਨਿਜ ਲੋਚਨ ਨੈਣ ਕਰ ਰੁਸ਼ਨਾਈਆ । ਘਰ ਸਵਾਮੀ ਠਾਕਰ ਮੈਨੂੰ ਲਏ ਵੇਖ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਮੈਂ ਆਪਾ ਕਰਾਂ ਤੇਰੀ ਚਰਨ ਭੇਟ, ਹਭ ਕੁਝ ਤੇਰੀ ਝੋਲੀ ਪਾਈਆ । ਤੂੰ ਜੁਗ ਚੌਕੜੀ ਖੇਵਟ ਖੇਟ, ਮਾਲਕ ਬੇਪਰਵਾਹ ਅਖਵਾਈਆ । ਸਚ ਸੁਹੰਜਣਾ ਕਰਦੇ ਮੇਰਾ ਦੇਸ, ਸੰਬਲ ਆਪਣਾ ਰੰਗ ਰੰਗਾਈਆ । ਤੇਰਾ ਜੋਤ ਸਰੂਪੀ ਨਜ਼ਰੀ ਆਵੇ ਵੇਸ, ਸ਼ਬਦੀ ਡੰਕ ਦੇਣਾ ਵਜਾਈਆ । ਅਵਤਾਰ ਪੈਗ਼ੰਬਰ ਗੁਰ ਵਿਸ਼ਨ ਸ਼ਿਵ ਬ੍ਰਹਮਾ ਦੇਵਤ ਸੁਰ ਤੈਨੂੰ ਕਰਨ ਆਦੇਸ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਤੇਰੇ ਨਿਉਂ ਨਿਉਂ ਲਾਗਣ ਪਾਈਆ । ਤੂੰ ਸਚ ਸਵਾਮੀ ਆਦਿ ਜੁਗਾਦਿ ਜੁਗ ਚੌਕੜੀ ਸਦਾ ਰਹਵੀਂ ਹਮੇਸ਼, ਹਮ ਸਾਜਣ ਇਕੋ ਨਜ਼ਰੀ ਆਈਆ । ਧਰਨੀ ਕਹੇ ਮੇਰੇ ਮਿਹਰਵਾਨ ਮਿਹਰਵਾਨ ਮਿਹਰਵਾਨ ਮੇਰਾ ਸਾਫ਼ ਸੁਥਰਾ ਕਰਦੇ ਪੇਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅਨਾਦੀ ਸ਼ਬਦ ਬ੍ਰਹਿਮਾਦੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਬਖ਼ਸ਼ਣਾ ਆਪਣਾ ਸ਼ਬਦੀ ਹੇਤ, ਸ਼ਬਦ ਸਤਿਗੁਰ ਸ਼ਬਦ ਗੁਰਦੇਵਾ ਦੇਵ ਆਤਮਾ ਆਪਣਾ ਰੰਗ ਰੰਗਾਈਆ ।

## ✪ ੧੦ ਮਾਘ ਸ਼ਹਿਨਸ਼ਾਹੀ ਸੰਮਤ ੬ ਦੌਲਤ ਸਿੰਘ ਦੇ ਗ੍ਰਿਹ ਕਪੂਰਥਲਾ ਸ਼ਹਿਰ ✪

ਧਰਨੀ ਕਹੇ ਮੇਰੇ ਸਾਹਿਬ ਸੂਰੇ ਸਰਬੰਗ, ਹਰਿ ਕਰਤੇ ਤੇਰੀ ਸਰਨਾਈਆ । ਸਚ ਪ੍ਰੀਤੀ ਚਾੜ੍ਹ ਦੇ ਰੰਗ, ਰੰਗਤ ਆਪਣਾ ਨਾਮ ਰੰਗਾਈਆ । ਕਲਜੁਗ ਕੂੜੀ ਕਿਰਿਆ ਕਰ ਦੇ ਭੰਗ, ਜਗਤ ਵਿਕਾਰ ਦੇ ਮਿਟਾਈਆ । ਆਪਣਾ ਭੇਵ ਖੁਲ੍ਹਾ ਦੇ ਸਤਿ ਸਰੂਪ ਬ੍ਰਹਮ, ਪਾਰਬ੍ਰਹਮ ਆਪਣੀ ਦਇਆ ਕਮਾਈਆ । ਝਗੜਾ ਰਹੇ ਨਾ ਕਾਇਆ ਮਾਟੀ ਚਰਮ, ਚੰਮ ਦ੍ਰਿਸ਼ਟੀ ਸਭ ਦੀ ਦੇ ਬਦਲਾਈਆ । ਲੇਖਾ ਮੁਕਾ ਦੇ ਜ਼ਾਤ ਪਾਤ ਵਰਨ ਬਰਨ, ਦੀਨ ਮਜ਼੍ਹਬ ਦਾ ਡੇਰਾ ਢਾਹੀਆ । ਮੇਰੇ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਤੇਰੀ ਇਕੋ ਸਰਨ, ਸਰਨਗਤ ਅਵਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਾਂਗਤ ਹੋ ਕੇ ਝੋਲੀ ਡਾਹੀਆ । ਧਰਨੀ ਕਹੇ ਪ੍ਰਭ ਮੇਰੀ ਪਵਿੱਤਰ ਕਰਦੇ ਗੋਦੀ, ਦੁਰਮਤ ਮੈਲ ਰਹਿਣ ਨਾ ਪਾਈਆ । ਸਭ ਦੀ ਆਤਮ ਦੇ ਸੋਧੀ, ਬੁਧ ਬਿਬੇਕ ਦੇਣੀ ਕਰਾਈਆ । ਸਚ ਨਾਮ ਬਣਾ ਜੋਗੀ, ਜੁਗੀਸ਼ਰ ਆਪਣਾ ਭੇਵ ਖੁਲ੍ਹਾਈਆ । ਹਉਮੇ ਦਾ ਰਹੇ ਕੋਇ ਨਾ ਰੋਗੀ, ਹੰਗਤਾ ਗੜ੍ਹ ਦੇਣਾ ਤੁੜਾਈਆ । ਆਤਮ ਪਰਮਾਤਮ ਮੇਲਾ ਕਰ ਧੁਰ ਸੰਜੋਗੀ, ਜੁਗ ਵਿਛੜੇ ਜੋੜ ਜੁੜਾਈਆ । ਤੂੰ ਸਾਹਿਬ ਸਵਾਮੀ ਠਾਕਰ ਮੌਜੀ, ਮਜਲਸ ਚਾਰ ਵਰਨ ਵਖਾਈਆ । ਤੇਰਾ ਇਕੋ ਹੋਵੇ ਨਾਮ ਸਲੋਕੀ, ਸੋਹਲਾ ਸਚ ਸਚ ਸੁਣਾਈਆ । ਝਗੜਾ ਰਹੇ ਨਾ ਚੌਦਾਂ ਤਬਕ ਚੌਦਾਂ ਲੋਕੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਬੇਪਰਵਾਹੀਆ । ਧਰਨੀ ਕਹੇ ਮੇਰਾ ਸੁਹਾ ਦੇ ਮੰਦਰ, ਇਕੋ ਨੂਰ ਕਰ ਰੁਸ਼ਨਾਈਆ । ਜਨ ਭਗਤਾਂ ਤੋੜ ਕੇ ਬਜਰ ਕਪਾਟੀ ਜੰਦਰ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਪ੍ਰਕਾਸ਼ ਕਰ ਦੇ ਅੰਧੇਰੀ ਕੰਦਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਮਨੂਆ ਦਹਿ ਦਿਸ਼ਾ ਨਾ ਭਵੇ ਬੰਦਰ, ਸਾਂਤਕ ਸਤਿ ਦੇਣਾ ਵਰਤਾਈਆ । ਲੋੜ ਰਹੇ ਨਾ ਪ੍ਰਕਾਸ਼ ਸੂਰੀਆ ਚੰਦਰ, ਤੇਰਾ ਨੂਰ ਨੁਰਾਨਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਆਪਣੀ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੈਂ ਦਰ ਤੇਰੇ ਦੀ ਮੰਗਤੀ, ਮਾਂਗਤ ਹੋ ਕੇ ਝੋਲੀ ਡਾਹੀਆ । ਗੜ੍ਹ ਤੋੜ ਦੇ ਹਉਮੇ ਹੰਗਤੀ, ਹੰ ਬ੍ਰਹਮ ਦੇ ਸਮਝਾਈਆ । ਆਪਣੇ ਨਾਮ ਦੀ ਦੱਸ ਦੇ ਪੰਗਤੀ, ਨਿਰਅੱਖਰ ਧਾਰ ਦੇ ਸਮਝਾਈਆ । ਕਲਪਣਾ ਰਹੇ ਨਾ ਮਨੂਏ ਮਨ ਦੀ, ਮਮਤਾ ਮੋਹ ਦੇਣਾ ਚੁਕਾਈਆ । ਲੜਾਈ ਰਹੇ ਨਾ ਕੂੜੇ ਤਨ ਦੀ, ਤਤਵ ਇਕੋ ਦੇਣਾ ਸਮਝਾਈਆ । ਲੋ ਦੇਣੀ ਅਗੰਮੇ ਚੰਨ ਦੀ, ਲੋਇਣ ਅੰਦਰੋਂ ਇਕ ਖੁਲ੍ਹਾਈਆ । ਸਫਾ ਮੇਟਣੀ ਕੂੜੇ ਗ਼ਮ ਦੀ, ਗ਼ਮਖਾਰ ਹੋਣਾ ਸਹਾਈਆ । ਮੁਹੱਬਤ ਬਖ਼ਸ਼ਣੀ ਆਪਣੇ ਬ੍ਰਹਮ ਦੀ, ਪਾਰਬ੍ਰਹਮ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਧਰਨੀ ਕਹੇ ਤੇਰੇ ਨਾਮ ਦੀ ਇਕੋ ਹੋਵੇ ਪੂਜਾ, ਪੂਰਨ ਬ੍ਰਹਮ ਸਰਬ ਸਮਝਾਈਆ । ਮਾਰਗ ਰਹੇ ਕੋਈ ਨਾ ਦੂਜਾ, ਦੁਤੀਆ ਭਾਉ ਦੇਣਾ ਗਵਾਈਆ । ਕੋਝਿਆਂ ਕਮਲਿਆਂ ਕਵਲ ਕਰ ਮੂਧਾ, ਨਾਭੀ ਝਿਰਨਾ ਇਕ ਝਿਰਾਈਆ । ਤੇਰਾ ਦਵਾਰਾ ਸਭ ਨੂੰ ਹੋਵੇ ਸੂਝਾ, ਦਰ ਪੜਦਾ ਦੇਣਾ ਉਠਾਈਆ । ਭੇਵ ਰਹੇ ਕੋਈ ਨਾ ਗੂਝਾ, ਘਰ ਘਰ ਵਿਚ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਡ ਦਾਤੇ ਤੇਰੀ ਵਡ ਵਡਿਆਈਆ । ਧਰਨੀ

੧੦੮੩
੨੨

ਕਹੇ ਮੇਰੇ ਸਾਹਿਬ ਸ੍ਰੀ ਭਗਵੰਤ, ਹਰਿ ਭਗਵਨ ਦਿਆਂ ਜਣਾਈਆ । ਤੇਰਾ ਇਕੋ ਹੋਵੇ ਮੰਤ, ਮੰਤਰ ਨਾਮ ਕਲਮਾ ਬੇਪਰਵਾਹੀਆ । ਰਸਨਾ ਜਿਹਵਾ ਗਾਏ ਜੀਵ ਜੰਤ, ਬੱਤੀ ਦੰਦ ਦੰਦ ਮਿਲਾਈਆ । ਸਤਿ ਧਰਮ ਦੀ ਸਚ ਬਣਾ ਬਣਤ, ਕਲਜੁਗ ਕੂੜੀ ਕਿਰਿਆ ਡੇਰਾ ਢਾਹੀਆ । ਚਾਰ ਵਰਨ ਧਰਮ ਦੀ ਧਾਰ ਤੇਰੇ ਹੋਣ ਸੰਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਰਖਾਈਆ । ਤੇਰੀ ਮਹਿੰਮਾ ਆਦਿ ਜੁਗਾਦਿ ਸਦਾ ਅਨੰਤ, ਕਥਨੀ ਕਥ ਸਕੇ ਨਾ ਰਾਈਆ । ਮੇਰੀ ਅੰਦਰੋਂ ਮੇਟ ਦੇ ਚਿੰਤ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਮੇਰੇ ਉਤੇ ਮੇਰੇ ਸਾਹਿਬ ਤੇਰਾ ਰਹੇ ਕੋਈ ਨਾ ਨਿੰਦਕ, ਨਿੰਦਿਆ ਚੁਗ਼ਲੀ ਦੇਣੀ ਗਵਾਈਆ । ਆਪਣੇ ਸਤਿਗੁਰ ਸ਼ਬਦ ਨੂੰ ਬਖ਼ਸ਼ ਹਿੰਮਤ, ਹੌਸਲਾ ਆਪਣਾ ਆਪ ਜਣਾਈਆ । ਉਹ ਫਿਰੇ ਉੱਤਰ ਪੂਰਬ ਪੱਛਮ ਦੱਖਣ ਚਾਰੋਂ ਸਿੰਮਤ, ਨੌ ਖੰਡ ਪ੍ਰਿਥਮੀ ਸੱਤ ਦੀਪ ਆਪਣਾ ਪੰਧ ਮੁਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸਚ ਪਿਆਰ ਦੀ ਹੋਵੇ ਮਿੱਲਤ, ਪਾਰਬ੍ਰਹਮ ਬ੍ਰਹਮ ਮੇਲਾ ਮੇਲਣਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਤੇਰੀ ਸਚ ਨਾਮ ਦੀ ਖਿੱਲਤ, ਸਤਿਜੁਗ ਸਾਚੇ ਦੇਣਾ ਪਹਿਨਾਈਆ ।

### ✪ ੧੧ ਮਾਘ ਸ਼ਹਿਨਸ਼ਾਹੀ ਸੰਮਤ ੬ ਗੁਰਦਿਆਲ ਸਿੰਘ ਦੇ ਗ੍ਰਿਹਿ ਕਪੂਰਥਲਾ ਸ਼ਹਿਰ ✪

ਧਰਨੀ ਕਹੇ ਪ੍ਰਭ ਕਲਜੁਗ ਜੀਵ ਹੋਏ ਨਾਸ਼ੁਕਰੇ, ਸ਼ੁਕਰ ਗੁਜ਼ਾਰ ਨਾ ਕੋਇ ਅਖਵਾਈਆ । ਜਿਹੜੇ ਆਤਮ ਰੂਪ ਤੇਰੀ ਧਾਰੋਂ ਉਤਰੇ, ਉੱਤਰ ਪੂਰਬ ਪੱਛਮ ਦੱਖਣ, ਬੈਠੇ ਡੇਰਾ ਲਾਈਆ । ਤੇਰੇ ਕੌਲ ਇਕਰਾਰ ਧੁਰ ਦਿਉਂ ਮੁਕਰੇ, ਮੰਨਣ ਵਾਲਾ ਨਜ਼ਰ ਕੋਇ ਨਾ ਆਈਆ । ਮੇਰੇ ਕੀਤੇ ਟੁਕੜੇ ਟੁਕੜੇ, ਹਿੱਸਿਆਂ ਵੰਡ ਵੰਡਾਈਆ । ਬਹੁੜੀ ਮੇਰੇ ਕੋਈ ਸੁਣੇ ਨਾ ਦੁੱਖੜੇ, ਦਰਦੀ ਹੋ ਨਾ ਦਰਦ ਵੰਡਾਈਆ । ਦੁਰਮਤ ਮੈਲ ਧੋਏ ਕੋਈ ਨਾ ਮੁਖੜੇ, ਪਤਿਤ ਪੁਨੀਤ ਨਾ ਕੋਇ ਕਰਾਈਆ । ਮੇਰੀ ਮੌਲੇ ਸਚ ਨਾ ਰੁਤੜੇ, ਰੁਤੜੀ ਰੁਤ ਨਾ ਕੋਇ ਮਹਿਕਾਈਆ । ਤੇਰੇ ਮਾਰਗੋਂ ਸਾਰੇ ਉਖੜੇ, ਔਝੜ ਭੱਜਣ ਵਾਹੋ ਦਾਹੀਆ । ਕਿਰਪਾ ਕਰ ਸਵਾਮੀ ਮੁੱਢਲੇ, ਹਰਿ ਕਰਤੇ ਦਇਆ ਕਮਾਈਆ । ਮੇਰੀ ਅੰਤਰ ਆਸ਼ਾ ਬੁੱਝ ਲੈ, ਕੀ ਅੰਤਸ਼ਕਰਨ ਕਰੇ ਦੁਹਾਈਆ । ਮੇਰੀ ਕਲਜੁਗ ਅੰਤਮ ਸੁਝ ਲੈ, ਸਮਝ ਆਪਣੇ ਨਾਲ ਮਿਲਾਈਆ । ਤੇਰਾ ਕਿਸੇ ਰਿਹਾ ਨਾ ਕੁਝ ਭੈ, ਭੈ ਸਿਰ ਨਾ ਕੋਇ ਰਖਾਈਆ । ਝਗੜਾ ਪਿਆ ਕਾਇਆ ਮਾਟੀ ਗ੍ਰਿਹਿ ਗ੍ਰਿਹਿ, ਤਨ ਮੰਦਰ ਨਾ ਕੋਇ ਸਫ਼ਾਈਆ । ਤੂੰ ਆਦਿ ਜੁਗਾਦੀ ਜੁਗ ਚੌਕੜੀ ਸਭ ਨੂੰ ਕਰਦਾ ਲੈ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਹਿਣ ਕੋਇ ਨਾ ਪਾਈਆ । ਹੁਣ ਕਿਰਪਾ ਕਰਕੇ ਮੇਰੇ ਉਤੇ ਆਪਣੇ ਨਾਮ ਦੀ ਕਰਦੇ ਜੈ, ਜੈ ਜੈਕਾਰਾ ਇਕ ਸੁਣਾਈਆ । ਸਚ ਦਵਾਰੇ ਆ ਕੇ ਬਹਿ, ਬੈਕੁੰਠ ਨਿਵਾਸੀ ਡੇਰਾ ਲਾਈਆ । ਝਗੜਾ ਰਹੇ ਤੂੰ ਨਾ ਮੈਂ, ਮੈਂ ਮਮਤਾ ਦੇ ਚੁਕਾਈਆ । ਆਦਿ ਅੰਤ ਇਕੋ ਤੂੰ ਹੈਂ, ਏਕੰਕਾਰਾ ਇਕ ਅਖਵਾਈਆ । ਸਚ ਵਸਤ ਭੰਡਾਰਾ ਦੇ ਦੇ ਨਾਮ ਸ਼ੈ, ਸ਼ਹਿਨਸ਼ਾਹ ਹੋ ਕੇ ਆਪ ਵਰਤਾਈਆ । ਬਿਨ ਤੇਰੀ ਕਿਰਪਾ ਪਵਿੱਤਰ ਨਾ ਹੋਵੇ ਥੈਂ, ਥਾਨ ਥਨੰਤਰ ਸੋਭਾ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ

ਦੇਣਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਧਰਨੀ ਕਹੇ ਮੇਰਾ ਗ੍ਰਿਹਿ ਕਰਦੇ ਉਚਾ, ਦਰ ਦੇ ਵਡਿਆਈਆ । ਤੇਰਾ ਨਾਮ ਵਰਤੇ ਸੁੱਚਾ,
ਸੰਜਮ ਇਕੋ ਦੇਣਾ ਸਮਝਾਈਆ । ਮਾਨਵ ਰਹੇ ਕੋਇ ਨਾ ਲੁੱਚਾ, ਕੂੜੀ ਕਿਰਿਆ ਦੇਣੀ ਗਵਾਈਆ । ਗਿਆਨ ਦੇ ਦੇ ਪੰਜ ਤਤ ਮਨੁੱਖਾ, ਮਾਨਵ
ਪੜਦਾ ਆਪਣਾ ਲਾਹੀਆ । ਸ਼ਰਅ ਦਾ ਰਹੇ ਕੋਈ ਨਾ ਦੁੱਖਾ, ਕੂੜ ਦਰਦ ਦੇਣਾ ਮਿਟਾਈਆ । ਨਾਮ ਭੰਡਾਰਾ ਦੇ ਦੇ ਕਰਕੇ ਉਘਾ, ਉਗਣ
ਆਥਣ ਵੱਜੇ ਵਧਾਈਆ । ਤੇਰਾ ਰਾਹ ਤਕਦੇ ਅਵਤਾਰ ਪੈਗ਼ੰਬਰ ਗੁਰੂ ਆਸਾ ਰੱਖ ਕੇ ਗਿਆ ਬੁੱਧਾ, ਬੁੱਧੀ ਤੋਂ ਪਰੇ ਧਿਆਨ ਲਗਾਈਆ । ਮੈਂ
ਚਾਹੁੰਦੀ ਮੇਰੇ ਉਤੇ ਇਕ ਵਾਰ ਕਰਾਈਂ ਯੁਧਾ, ਫੇਰ ਯੁਧ ਦੀ ਲੋੜ ਰਹੇ ਨਾ ਰਾਈਆ । ਸਾਫ਼ ਕਰਦੇ ਪਾਣੀ ਦੁੱਧਾ, ਹੁਕਮ ਧੁਰ ਦਾ ਇਕ ਵਰਤਾਈਆ ।
ਸਚ ਧਰਮ ਦਾ ਸਭ ਨੂੰ ਸਮਝਾ ਦੇ ਮੁੱਦਾ, ਮੁੱਦਤ ਦੇ ਮਾਲਕ ਦਇਆ ਕਮਾਈਆ । ਲੇਖਾ ਮੁਕਾ ਦੇ ਕਲਜੁਗਾ, ਸਤਿਜੁਗ ਕਰ ਰੁਸ਼ਨਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਮੈਨੂੰ ਮਾਣ ਦੇ ਮੈਂ ਤੇਰੀ ਚਰਨ ਧੂੜ ਲੈਣ ਵਾਲੀ ਬਸੁਧਾ, ਬੇਸੁਧ ਹੋ ਕੇ ਤੇਰੇ ਅੱਗੇ ਵਾਸਤਾ ਪਾਈਆ ।

## ✪ ੧੧ ਮਾਘ ਸ਼ਹਿਨਸ਼ਾਹੀ ਸੰਮਤ ੬ ਕਰਤਾਰ ਸਿੰਘ ਦੇ ਘਰ ਕਪੂਰਥਲਾ ਸ਼ਹਿਰ ✪

ਧਰਨੀ ਕਹੇ ਕਿਰਪਾ ਕਰ ਪ੍ਰਭੂ ਮੇਰੀ ਸੱਚੀ ਸਰਕਾਰ, ਨੇਤਰ ਰੋ ਰੋ ਦਿਆਂ ਦੁਹਾਈਆ । ਮੈਂ ਜੁਗ ਚੌਕੜੀ ਅਵਤਾਰ ਪੈਗ਼ੰਬਰਾਂ ਗੁਰੂਆਂ
ਚੁੱਕਿਆ ਭਾਰ, ਦੀਨ ਮਜ਼੍ਹਬ ਦਾ ਬੋਝ ਮੇਰੇ ਉਤੇ ਗਏ ਟਿਕਾਈਆ । ਖੇਲ ਕਰਦੇ ਗਏ ਖੜਗ ਖੰਡਾ ਤਲਵਾਰ, ਤਰਕਸ਼ ਤੀਰ ਕਮਾਨ ਕੰਧਿਆਂ
ਉਤੇ ਰਖਾਈਆ । ਮਾਨਵ ਜ਼ਾਤੀ ਤਨ ਵਜੂਦ ਮਾਟੀ ਧਾਰ ਵਹਾਉਂਦੇ ਗਏ ਧਾਰ, ਖ਼ੂਨ ਮੇਰੇ ਉਤੇ ਡੁਲ੍ਹਾਈਆ । ਹਿੱਸੇ ਵੰਡਾਂ ਵੰਡ ਕੇ ਮੇਰੇ ਟੁਕੜੇ
ਕਰਕੇ ਗਏ ਵਿਚ ਸੰਸਾਰ, ਹੱਦ ਨਾਮ ਕਲਮੇ ਵਾਲੀ ਬਣਾਈਆ । ਮੇਰੀ ਚਾਰ ਕੁੰਟ ਦਹਿ ਦਿਸ਼ਾ ਬਣਿਆ ਨਾ ਕੋਇ ਮੁਖ਼ਤਿਆਰ, ਮੁਖ਼ਤਿਆਰਨਾਮੇ
ਤੇਰੇ ਨਾਮ ਦੇ ਸਰਬ ਵਖਾਈਆ । ਲਿਖ ਕੇ ਗਏ ਸ਼ਾਸਤਰ ਸਿਮਰਤ ਵੇਦ ਪੁਰਾਣ ਅੰਜੀਲ ਕੁਰਾਨ ਗੁਰੂ ਗ੍ਰੰਥ ਕਰ ਪਿਆਰ, ਤ੍ਰੈਗੁਣ ਅਤੀਤੇ ਤੇਰੀ
ਸਿਫ਼ਤ ਸਾਲਾਹੀਆ । ਮੰਗਾਂ ਮੰਗਦੇ ਗਏ ਕਲਜੁਗ ਅੰਤਮ ਆਵੇ ਕਲ ਕਲਕੀ ਅਵਤਾਰ, ਨਿਹਕਲੰਕ ਆਪਣੀ ਕਲ ਪਰਗਟਾਈਆ । ਸੋ ਕਲਜੁਗ
ਕੂੜੀ ਕਿਰਿਆ ਤੇਰੇ ਉਤੋਂ ਹੌਲਾ ਕਰੇ ਭਾਰ, ਕੂੜ ਕੁਕਰਮ ਦਾ ਬੋਝ ਰਹੇ ਨਾ ਰਾਈਆ । ਮੈਂ ਸਦੀ ਚੌਧਵੀਂ ਚਾਰ ਕੁੰਟ ਫਿਰੀ ਵਾਰੋ ਵਾਰ, ਦਿਵਸ
ਰੈਣ ਭੱਜੀ ਵਾਹੋ ਦਾਹੀਆ । ਮੁਹੱਬਤ ਵਿਚ ਮਿਲਿਆ ਕੋਇ ਨਾ ਯਾਰ, ਪ੍ਰੇਮ ਪ੍ਰੀਤੀ ਸਚ ਨਾ ਕੋਇ ਕਮਾਈਆ । ਮੈਂ ਰੋ ਕੇ ਕਰਾਂ ਗਿਰਿਆਜ਼ਾਰ,
ਗਿਰਿਆ ਗਿਰਿਆ ਧਿਆਨ ਲਗਾਈਆ । ਤੁਧ ਬਿਨ ਦਿਸੇ ਨਾ ਕੋਇ ਸਹਾਰ, ਸਹਾਰਾ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਕਿਰਪਾ ਕਰ
ਮੇਰੇ ਨਿਰੰਕਾਰ, ਨਿਰਗੁਣ ਨਿਰਵੈਰ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ,
ਦਰ ਸਾਚੇ ਸੀਸ ਨਿਵਾਈਆ । ਧਰਨੀ ਕਹੇ ਮੈਨੂੰ ਕਰਦੇ ਪਤਿਤ ਪੁਨੀਤ, ਪਤਿਤ ਪਾਵਨ ਦਇਆ ਕਮਾਈਆ । ਮੇਰਾ ਲੇਖਾ ਵੇਖ ਲੈ ਮੈਂ ਭਾਰ ਉਠਾਇਆ
ਮੰਦਰ ਮਸੀਤ, ਸ਼ਿਵਦਵਾਲੇ ਮੱਠ ਗੁਰੂਦਵਾਰੇ ਸੀਨੇ ਉਤੇ ਰਖਾਈਆ । ਜੁਗ ਜੁਗ ਦੀ ਤੇਰੀ ਦੱਸੀ ਰੀਤ, ਜੋ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ

ਅਵਤਾਰ ਪੈਗ਼ੰਬਰ ਗੁਰੂ ਗਏ ਸਮਝਾਈਆ । ਅੰਤ ਵੇਖ ਝਗੜਾ ਪਿਆ ਹਸਤ ਕੀਟ, ਰਾਓ ਰੰਕ ਕਰੇ ਲੜਾਈਆ । ਤੇਰੇ ਪਿਆਰ ਦਾ ਗਾਏ ਕੋਈ ਨਾ ਗੀਤ, ਗਹਿਰ ਗੰਭੀਰ ਤੇਰੀ ਯਾਦ ਨਾ ਕੋਇ ਰਖਾਈਆ । ਮੈਂ ਰੋ ਕੇ ਮਾਰਾਂ ਚੀਕ, ਕੂਕ ਕੂਕ ਸੁਣਾਈਆ । ਕਲਜੁਗ ਜੀਵਾਂ ਸਾਫ਼ ਹੋਏ ਕਿਸੇ ਨਾ ਨੀਤ, ਨੀਤੀਵਾਨ ਨਜ਼ਰ ਕੋਇ ਨਾ ਆਈਆ । ਤੇਰੇ ਨਾਲ ਹਕੀਕੀ ਕਰੇ ਨਾ ਕੋਇ ਪ੍ਰੀਤ, ਪ੍ਰੀਤਮ ਤੇਰਾ ਪਿਆਰ ਨਾ ਕੋਇ ਵਖਾਈਆ । ਮੇਰੇ ਸਾਹਿਬ ਸੁਲਤਾਨਾ ਨੌਜਵਾਨਾ ਮੇਰੀ ਆਸਾ ਮਨਸਾ ਪੂਰੀ ਕਰ ਉਡੀਕ, ਦਰ ਠਾਂਡੇ ਸੀਸ ਨਿਵਾਈਆ । ਕਲਜੁਗ ਵਿਚ ਸਤਿਜੁਗ ਬਦਲ ਦੇ ਤਵਾਰੀਖ, ਤਾਰੀਖ ਪਿਛਲੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਸਦਾ ਅਨਡੀਠ, ਜਗ ਨੇਤਰ ਜਗਿਆਸੂਆਂ ਨਜ਼ਰ ਕੋਇ ਨਾ ਆਈਆ ।

### ✪ ੧੧ ਮਾਘ ਸ਼ਹਿਨਸ਼ਾਹੀ ਸੰਮਤ ੬ ਅਮਰ ਕੌਰ ਦੇ ਗ੍ਰਿਹ ਕਪੂਰਥਲਾ ਸ਼ਹਿਰ ✪

ਧਰਨੀ ਕਹੇ ਪ੍ਰਭ ਮੇਰੀ ਕਿੱਡੀ ਵੱਡੀ ਲੰਮੀ ਸੋਹਣੀ ਸੇਜ, ਆਦਿ ਦੀ ਆਦਿ ਨਜ਼ਰੀ ਆਈਆ । ਮੇਰੇ ਉਤੇ ਆਪਣਾ ਜੋਤੀ ਜਲਵਾ ਕਰ ਤੇਜ, ਤੇਜ਼ ਧਾਰ ਆਪਣੀ ਇਕ ਪਰਗਟਾਈਆ । ਵੇਖੀਂ ਅਵਤਾਰ ਪੈਗ਼ੰਬਰ ਗੁਰ ਹੁਣ ਨਾ ਦੇਵੀਂ ਭੇਜ, ਜੋ ਭਜਨ ਬੰਦਗੀ ਕਰਕੇ ਆਪਣਾ ਝਟ ਲੰਘਾਈਆ । ਤੇਰੇ ਨਾਮ ਕਲਮੇ ਨੂੰ ਦੀਨਾਂ ਮਜ਼੍ਹਬਾਂ ਵਿਚ ਦਏ ਨਾ ਵੇਚ, ਹਿੱਸਾ ਜਗਤ ਵਿਚ ਰਖਾਈਆ । ਮੇਰੇ ਸੁਹਾਵੇ ਸੁਹੰਜਣੇ ਦੇਸ, ਸਾਹਿਬ ਆਪਣਾ ਰੰਗ ਰੰਗਾਈਆ । ਮੈਂ ਚਾਹੁੰਦੀ ਇਕੋ ਤੇਰਾ ਹੋਵੇ ਅਗੰਮੜਾ ਵੇਸ, ਵੇਸ ਆਪਣਾ ਲੈਣਾ ਬਦਲਾਈਆ । ਨੂਰ ਨੁਰਾਨੇ ਕਰਨਾ ਭੇਸ, ਭੇਖ ਕੂੜਾ ਦੇਣਾ ਮੁਕਾਈਆ । ਨੌਂ ਸੌ ਚੁਰਾਨਮੇ ਜੁਗ ਚੌਕੜੀ ਪਿਛੋਂ ਮੇਰੀ ਬਦਲ ਦੇ ਰੇਖ, ਜੋ ਰਿਖਵ ਦੇਵ ਧਿਆਨ ਲਗਾਈਆ । ਉਹ ਵੇਖ ਵਾਸਤਾ ਪਾਉਂਦੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਨਿਉਂ ਨਿਉਂ ਸੀਸ ਝੁਕਾਈਆ । ਦੁਹਾਈ ਦੇਵੇ ਸਹੰਸਰ ਨਾਮਾ ਸ਼ੇਸ਼, ਨੇਤਰ ਨੀਰ ਵਹਾਈਆ । ਸ੍ਰਿਸ਼ਟੀ ਦਾ ਮਾਲਕ ਅੰਤਮ ਬਣ ਇਕੋ ਏਕ, ਏਕੰਕਾਰ ਦਇਆ ਕਮਾਈਆ । ਮੇਰੇ ਉਤੇ ਸਭ ਨੂੰ ਹੋਵੇ ਤੇਰੀ ਚਰਨ ਟੇਕ, ਟਿੱਕੇ ਧੂੜੀ ਖ਼ਾਕ ਦੇਣੇ ਲਗਾਈਆ । ਵੱਖਰਾ ਵੱਖਰਾ ਮਾਨਸ ਜ਼ਾਤੀ ਰਹੇ ਕੋਇ ਨਾ ਪੇਟ, ਆਹਾਰ ਵਿਵਹਾਰ ਇਕੋ ਦੇਣਾ ਬਣਾਈਆ । ਸਭ ਦਾ ਸਾਂਝਾ ਬਣਨਾ ਖੇਵਟ ਖੇਟ, ਖਿਟੇ ਵਿਚੋਂ ਹਉਮੇ ਰੋਗ ਗਵਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਇਕ ਵਾਰ ਮੇਰੀ ਸੇਜ ਸੁਹੰਜਣੀ ਉਤੇ ਲੇਟ, ਸੀਨਾ ਸ਼ਾਂਤ ਦੇ ਕਰਾਈਆ । ਮੈਂ ਅਵਤਾਰ ਪੈਗ਼ੰਬਰ ਗੁਰੂ ਸਾਰੇ ਕਰ ਦਿਤੇ ਤੇਰੀ ਭੇਟ, ਮੜ੍ਹੀਆਂ ਕਬਰਾਂ ਵਿਚ ਤਨ ਵਜੂਦ ਗਏ ਛੁਪਾਈਆ । ਤੂੰ ਮਾਲਕ ਇਕ ਨਰ ਨਰੇਸ਼, ਨਰ ਨਰਾਇਣ ਤੇਰੀ ਸਰਨਾਈਆ । ਮਨਸਾ ਪੂਰੀ ਕਰਦੇ ਦਸ ਦਸਮੇਸ, ਗੋਬਿੰਦ ਦੁਲਾਰਾ ਆਪਣੇ ਰੰਗ ਰੰਗਾਈਆ । ਦੂਸਰ ਚਲੇ ਕੋਈ ਨਾ ਪੇਸ਼, ਪੇਸ਼ਤਰ ਸਾਰੇ ਗਏ ਸੁਣਾਈਆ । ਝਗੜਾ ਮੁਕਾ ਦੇ ਮੁੱਲਾਂ ਸ਼ੇਖ, ਸ਼ਖ਼ਸੀਅਤ ਆਪਣੀ ਇਕ ਦ੍ਰਿੜਾਈਆ । ਨਜ਼ਰੀ ਆ ਨੇਤਰ ਨੇਤ, ਨਿਜ ਨੈਣ ਕਰ ਰੁਸ਼ਨਾਈਆ । ਭਾਗ ਲਗਾਉਣਾ ਗੁਰਮੁਖ ਦਵਾਰੇ ਤੀਜੀ ਚੇਤ, ਚੇਤਰ ਆਪਣਾ ਰੰਗ ਰੰਗਾਈਆ । ਫਿਰ ਕਲਜੁਗ ਦਾ ਲੇਖਾ ਕਰਨਾ ਪਛੇਤ, ਅਗੇਤ ਆਪਣਾ ਹੁਕਮ ਵਰਤਾਈਆ । ਖੋਲ੍ਹ ਕੇ ਦੱਸਣਾ ਧੁਰ ਦਾ ਭੇਤ, ਪੜਦਾ ਓਹਲਾ ਰਹੇ ਨਾ ਰਾਈਆ । ਧਰਨੀ ਕਹੇ ਜਨ ਭਗਤਾਂ ਨੂੰ ਦੱਸਣਾ


੧੦੮੫ ੨੨

ਇਕ ਇਕ ਮੁੱਠੀ ਸਾਰੇ ਲਿਆਵਣ ਰੇਤ, ਸੱਜੀ ਕੰਨੀ ਗੰਢ ਪਵਾਈਆ । ਧਰਮ ਦਾ ਵਿਵਹਾਰ ਹੋਣਾ ਮਾਝੇ ਦੇਸ, ਮਜਲਸ ਭਗਤਾਂ ਨਾਲ ਰਖਾਈਆ । ਇਕੋ ਛਤਰ ਵੇਖਾਂ ਸੀਸ ਨਰ ਨਰੇਸ਼, ਨਰ ਨਰਾਇਣ ਤੇਰੀ ਸਰਨਾਈਆ । ਲਿਖਾਰੀਆਂ ਖੁਲ੍ਹੜੇ ਰੱਖਣੇ ਕੇਸ, ਓਢਣ ਸੀਸ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਪਣੀ ਖੇਲ ਖਿਲਾਈਆ । ਧਰਨੀ ਕਹੇ ਮੇਰੀ ਕਿਸਮਤ ਜਾਗੇ ਸੋਤੀ, ਮੈਂ ਸੁੱਤੀ ਲਵਾਂ ਅੰਗੜਾਈਆ । ਲਿਖਾਰੀਆਂ ਤੇੜ ਬੰਨ੍ਹਣੀ ਸਾੜ੍ਹੀ ਨਾਲ ਧੋਤੀ, ਦੂਹਰਾ ਆਪਣਾ ਖੇਲ ਖਿਲਾਈਆ । ਸੱਤ ਰੰਗ ਦੀ ਸ਼ਬਦੀ ਧਾਰ ਸਤਿਗੁਰ ਕੋਲ ਹੋਵੇ ਸੋਟੀ, ਸੋਹਣਾ ਰੰਗ ਰੰਗਾਈਆ । ਪੰਜ ਗੁਰਮੁਖਾਂ ਤੇੜ ਬੰਨ੍ਹੀ ਹੋਵੇ ਲੰਗੋਟੀ, ਲੰਗੜਾ ਲੂਲ੍ਹਾ ਰੂਪ ਬਣਾਈਆ । ਪੰਜ ਗੁਰਮੁਖ ਲਾਲ ਕਰਨ ਹੋਠੀ, ਆਪਣਾ ਬਲ ਧਰਾਈਆ । ਪੰਜਾਂ ਖੁਲ੍ਹੀ ਰੱਖੀ ਹੋਵੇ ਚੋਟੀ, ਪਗੜੀਉਂ ਬਾਹਰ ਸੋਭਾ ਪਾਈਆ । ਪੰਜਾਂ ਮਨ ਭਰਿਆ ਹੋਵੇ ਨਾਲ ਕਰੋਪੀ, ਗ਼ੁੱਸੇ ਵਿਚ ਦੇਣ ਦੁਹਾਈਆ । ਪੰਜ ਬਣੇ ਹੋਣ ਲੋਭੀ, ਲਾਲਚ ਵਿਚ ਮੰਗਣ ਚਾਈਂ ਚਾਈਆ । ਪੰਜ ਬਣੇ ਹੋਣ ਧੋਬੀ, ਬਸਤਰ ਕੰਧਿਆਂ ਉਤੇ ਉਠਾਈਆ । ਪੰਜਾਂ ਦੇ ਹੱਥ ਵਿਚ ਹੋਵੇ ਸੋਟੀ, ਸਾਢੇ ਤਿੰਨ ਹੱਥ ਲੰਬਾਈਆ । ਇਹ ਖੇਲ ਪ੍ਰਭੂ ਪ੍ਰਭ ਚੋਜੀ, ਹਰਿ ਕਰਤੇ ਦੇਣਾ ਕਰਾਈਆ । ਮੇਰੀ ਆਸਾ ਇਹੋ ਚਿਰੋਕੀ, ਧਰਨੀ ਧਰਤ ਧਵਲ ਰਹੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਅੰਦਰ ਆਪਣੀ ਦੇਣੀ ਸੋਝੀ, ਸਮਝ ਰਮਜ਼ ਨਾਲ ਖੁਲ੍ਹਾਈਆ ।


੧੦੮੬ ੨੨

## ✪ ੧੧ ਮਾਘ ਸ਼ਹਿਨਸ਼ਾਹੀ ਸੰਮਤ ੬ ਗੁਰਬਚਨ ਸਿੰਘ ਦੇ ਗ੍ਰਿਹ ਪਿੰਡ ਅਹਿਮਦਪੁਰ ਜ਼ਿਲਾ ਕਪੂਰਥਲਾ ✪

ਧਰਨੀ ਕਹੇ ਮੇਰੇ ਮਾਲਕ ਪ੍ਰਿਤਪਾਲਕ ਖ਼ਾਲਕ ਵਾਲੀ ਅਰਸ਼, ਸਾਹਿਬ ਸੁਲਤਾਨ ਸ੍ਰੀ ਭਗਵਾਨ ਸੀਸ ਨਿਵਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਮੰਨ ਮੇਰੀ ਅਰਜ਼, ਆਰਜ਼ੂ ਪੁਰਖ ਅਕਾਲ ਦੀਨ ਦਿਆਲ ਤੇਰੇ ਅੱਗੇ ਰਖਾਈਆ । ਜੋਤ ਸਰੂਪੀ ਪਰਵਰਦਿਗਾਰ ਆ ਪਰਤ, ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਅਵਤਾਰ ਪੈਗ਼ੰਬਰ ਗੁਰੂਆਂ ਪੂਰੀ ਕਰਦੇ ਸ਼ਰਤ, ਸ਼ਰਅ ਦਾ ਲੇਖਾ ਆਪਣੀ ਝੋਲੀ ਪਾਈਆ । ਇਕੋ ਨਾਮ ਨਿਧਾਨ ਸੁਣਾ ਤਰਜ਼, ਤਰਹ ਤਰਹ ਦਾ ਲੇਖਾ ਦੇ ਮੁਕਾਈਆ । ਤੇਰਾ ਸ਼ਬਦ ਅਨਾਦੀ ਮਾਰੇ ਗਰਜ, ਗੂੰਜ ਇਕੋ ਇਕ ਪ੍ਰਗਟਾਈਆ । ਕਲਜੁਗ ਕੂੜੀ ਕਿਰਿਆ ਦੇ ਵਰਜ, ਮਾਇਆ ਮਮਤਾ ਮੋਹ ਮਿਟਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਵੰਡ ਦਰਦ, ਦੀਨਾਂ ਅਨਾਥਾਂ ਹੋ ਸਹਾਈਆ । ਆਪਣਾ ਖੇਲ ਦੱਸ ਅਸਚਰਜ, ਅਚਰਜ ਲੀਲਾ ਦੇ ਵਰਤਾਈਆ । ਤੂੰ ਆਦਿ ਦਾ ਯੋਧਾ ਸੂਰਬੀਰ ਮਰਦਾਨਾ ਮਰਦ, ਮਦਦ ਤੇਰੀ ਮੰਗ ਮੰਗਾਈਆ । ਛੁਰੀ ਸ਼ਰਅ ਕਤਲ ਕੋਇ ਕਰੇ ਨਾ ਕਰਦ, ਕਾਤਲ ਮਕਤੂਲ ਦਾ ਝਗੜਾ ਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਪੁਰਖ ਅਕਾਲ ਦੀਨ ਦਿਆਲ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭ ਮੈਂ ਰੱਖੀ ਤੇਰੀ ਆਸ, ਤ੍ਰਿਸਨਾ ਤ੍ਰਿਪਤ ਦੇ ਕਰਾਈਆ । ਨਿਰਗੁਣ ਨੂਰ ਜੋਤ ਕਰ ਪ੍ਰਕਾਸ਼, ਪ੍ਰਕਾਸ਼ਵਾਨ ਹੋਵੇ ਤੇਰੀ ਖ਼ਲਕ ਖ਼ੁਦਾਈਆ । ਸਤਿ ਧਰਮ ਦੀ ਸੱਤ ਦੀਪ ਪਾ ਰਾਸ, ਨੌ ਖੰਡ ਆਪਣਾ ਰੰਗ

ਰੰਗਾਈਆ । ਕਿਰਪਾ ਕਰ ਸਰਬ ਗੁਣਤਾਸ, ਗਹਿਰ ਗੰਭੀਰ ਹੋਣਾ ਸਹਾਈਆ । ਝਗੜਾ ਮੇਟ ਦੇ ਦੀਨ ਮਜ਼੍ਹਬ ਜ਼ਾਤ ਪਾਤ, ਊਚ ਨੀਚ ਰਾਓ ਰੰਕ ਵੰਡ ਨਾ ਕੋਇ ਵੰਡਾਈਆ । ਆਤਮ ਪਰਮਾਤਮ ਪਰਮਾਤਮ ਆਤਮ ਦੇ ਸਾਥ, ਪਾਰਬ੍ਰਹਮ ਬ੍ਰਹਮ ਸਗਲਾ ਸੰਗ ਬਣਾਈਆ । ਤੂੰ ਮਿਹਰਵਾਨ ਅਨਾਥਾਂ ਨਾਥ, ਦੀਨਨ ਦਇਆ ਆਪ ਕਮਾਈਆ । ਤੇਰਾ ਖੇਲ ਵੇਖੇ ਸ਼ੰਕਰ ਉਤੇ ਕੈਲਾਸ਼, ਬ੍ਰਹਮਾ ਬ੍ਰਹਮ ਧਾਰ ਨੈਣ ਉਠਾਈਆ । ਵਿਸ਼ਨੂੰ ਨੂੰ ਵਿਸ਼ਵ ਦੇ ਵਿਸ਼ਵਾਸ਼, ਵਿਸ਼ਾ ਆਪਣਾ ਦੇ ਦ੍ਰਿੜਾਈਆ । ਮੈਂ ਦਰ ਭਿਖਾਰਨ ਨੂੰ ਬਖ਼ਸ਼ ਅਗੰਮੀ ਦਾਤ, ਦਾਤਾ ਹੋ ਕੇ ਝੋਲੀ ਦੇ ਭਰਾਈਆ । ਮੇਰੇ ਉਤੇ ਕਲਜੁਗ ਕੂੜ ਕੁਕਰਮ ਦੀ ਰਹੇ ਨਾ ਅੰਧੇਰੀ ਰਾਤ, ਸਤਿਜੁਗ ਸਤਿ ਚੰਦ ਚਮਕਾਈਆ । ਮਾਨਸ ਜ਼ਾਤੀ ਦਿਸੇ ਭੈਣ ਭਰਾਤ, ਦੁਤੀਆ ਭਾਓ ਨਾ ਕੋਇ ਰਖਾਈਆ । ਪੂਰਬ ਪੂਰਾ ਕਰਦੇ ਭਵਿਖਤ ਵਾਕ, ਵਾਕਿਆ ਆਪਣਾ ਰੰਗ ਰੰਗਾਈਆ । ਸਭ ਦੇ ਅੰਦਰੋਂ ਖੋਲ੍ਹ ਦੇ ਤਾਕ, ਬਜਰ ਕਪਾਟੀ ਪੜਦਾ ਦੇ ਚੁਕਾਈਆ । ਸ਼ਬਦ ਅਨਾਦੀ ਸੁਣਾ ਦੇ ਆਵਾਜ਼, ਧੁਨ ਆਪਣੀ ਇਕ ਜਣਾਈਆ । ਗ੍ਰਿਹਿ ਗ੍ਰਿਹਿ ਤੇਰੀ ਜੋਤ ਹੋਵੇ ਪ੍ਰਕਾਸ਼, ਘਰ ਘਰ ਵਿਚ ਕਰ ਰੁਸ਼ਨਾਈਆ । ਤੂੰ ਸਾਹਿਬ ਸਤਿਗੁਰ ਪਰਮ ਪੁਰਖ ਮਹਾਰਾਜ, ਪਤਿਪਰਮੇਸ਼ਵਰ ਇਕ ਅਖਵਾਈਆ । ਵੇਖੀਂ ਮੈਨੂੰ ਕੋਝੀ ਕਮਲੀ ਨੂੰ ਦੇ ਨਾ ਦੇਵੀਂ ਜਵਾਬ, ਦਰ ਤੇਰੇ ਚਰਨ ਧੂੜ ਖ਼ਾਕ ਰਮਾਈਆ । ਮੇਰੇ ਪਰਵਰਦਿਗਾਰ ਕਰੀਂ ਇਮਦਾਦ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਅੰਤਮ ਸਭ ਦੀ ਖੋਲ੍ਹ ਦੇ ਜਾਗ, ਨਿਜ ਨੇਤਰ ਲੋਚਣ ਨੈਣ ਕਰ ਰੁਸ਼ਨਾਈਆ । ਹਰਿਜਨ ਹੰਸ ਬਣਾ ਦੇ ਕਾਗ, ਕਾਗ ਵਾਂਗ ਨਾ ਕੋਇ ਕੁਰਲਾਈਆ । ਸਾਢੇ ਤਿੰਨ ਹੱਥ ਮੰਦਰ ਜਗਾ ਦੇ ਚਰਾਗ਼, ਨਿਰਗੁਣ ਨੂਰ ਨੂਰ ਚਮਕਾਈਆ । ਮੇਰੇ ਉਤੇ ਸਤਿਜੁਗ ਖੇੜਾ ਕਰ ਆਬਾਦ, ਘਰਾਨਾ ਇਕ ਵਸਾਈਆ । ਸਾਰੇ ਤੈਨੂੰ ਲੈਣ ਅਰਾਧ, ਹਿਰਦੇ ਅੰਦਰ ਹਰਿ ਵਸਾਈਆ । ਤੇਰੇ ਨਾਮ ਦਾ ਅਨਰਸ ਲੈਣ ਸਵਾਦ, ਜਿਹਵਾ ਰਸ ਨਾ ਕੋਇ ਵਡਿਆਈਆ । ਤੇਰਾ ਧਰਮ ਦਾ ਹੋਵੇ ਸਮਾਜ, ਸਮਗਰੀ ਸਤਿ ਦੇਣੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਧਰਨੀ ਕਹੇ ਮੈਂ ਕੋਝੀ ਕਮਲੀ ਨਿਮਾਣੀ, ਗੁਣਵੰਤ ਤੇਰੀ ਸਰਨਾਈਆ । ਮੇਰੇ ਉਤੇ ਵਸਦੀ ਚਾਰੇ ਖਾਣੀ, ਚੁਰਾਸੀ ਤੇਰੀ ਸੋਭਾ ਪਾਈਆ । ਮੇਰੇ ਉਤੇ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਗਾਈ ਤੇਰੀ ਬਾਣੀ, ਢੋਲੇ ਸਿਫ਼ਤਾਂ ਵਾਲੇ ਸਾਲਾਹੀਆ । ਮੇਰੇ ਉਤੇ ਸਰ ਸਰੋਵਰ ਤੇਰਾ ਪਵਿੱਤਰ ਪਾਣੀ, ਜਲ ਥਲ ਮਹੀਅਲ ਸਾਰੇ ਸੋਭਾ ਪਾਈਆ । ਮੇਰੀ ਬੇਨੰਤੀ ਮੰਨ ਮੇਰੇ ਸਾਹਿਬ ਸੁਲਤਾਨੀ, ਸ਼ਹਿਨਸ਼ਾਹ ਦਿਆਂ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਮੇਟ ਨਿਸ਼ਾਨੀ, ਨਿਸ਼ਾਨਾ ਸਤਿਜੁਗ ਧਰਮ ਇਕ ਝੁਲਾਈਆ । ਝਗੜਾ ਮੇਟ ਦੇ ਕੂੜ ਅਵਾਮੀ, ਅਮਲਾਂ ਤੋਂ ਰਹਿਤ ਕਰ ਖ਼ਲਕ ਖ਼ੁਦਾਈਆ । ਧੁਰ ਸੰਦੇਸ਼ਾ ਨਾਮ ਕਲਮਾ ਦੇ ਪੈਗ਼ਾਮੀ, ਪੈਗ਼ੰਬਰਾਂ ਤੋਂ ਪਰੇ ਕਰ ਪੜ੍ਹਾਈਆ । ਤੂੰ ਪਰਗਟ ਹੋ ਵਾਹਿਦ ਇਕ ਨੂਰਾਨੀ, ਨੂਰ ਨੁਰਾਨਾ ਨੂਰ ਇਲਾਹੀਆ । ਮੇਰੇ ਉਤੇ ਰੈਣ ਰਹੇ ਨਾ ਅੰਧੇਰੀ ਸ਼ਾਮੀ, ਸ਼ਮ੍ਹਾਂ ਨੂਰ ਜੋਤ ਦੇਣਾ ਚਮਕਾਈਆ । ਜ਼ੰਜੀਰਾਂ ਦੀ ਕਟ ਗ਼ੁਲਾਮੀ, ਗੁਰਬਤ ਅੰਦਰੋਂ ਦੇਣੀ ਕਢਾਈਆ । ਤੂੰ ਮਾਲਕ ਹੱਕ ਪੈਗ਼ਾਮੀ, ਮਿਹਰਵਾਨ ਇਕ ਅਖਵਾਈਆ । ਧਰਨੀ ਕਹੇ ਤੂੰ ਘਟ ਘਟ ਦਾ ਜਾਣ ਜਾਣੀ, ਅੰਤਰਜਾਮੀ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਮੇਲ ਕਰਾ ਦੇ ਬਾਹਮੀ, ਤੇਰੇ ਵਿਛੋੜੇ ਵਿਚ ਵਿਛੜ ਕੋਇ ਨਾ ਜਾਈਆ ।

੧੦੮੭ ੨੨

## ੧੨ ਮਾਘ ਸ਼ਹਿਨਸ਼ਾਹੀ ਸੰਮਤ ੬ ਜੁਗਿੰਦਰ ਸਿੰਘ ਦੇ ਗ੍ਰਿਹ ਪਿੰਡ ਅਹਿਮਦਪੁਰ ਜ਼ਿਲਾ ਕਪੂਰਥਲਾ

ਧਰਨੀ ਕਹੇ ਪ੍ਰਭ ਤੂੰ ਮੇਰਾ ਆਦਿ ਆਦਿ ਦਾ ਮਾਲੀ, ਮਾਲਕ ਅੰਤ ਤਕ ਅਖਵਾਈਆ । ਮੈਂ ਤੇਰੀ ਲੱਖ ਚੁਰਾਸੀ ਸ੍ਰਿਸ਼ਟੀ ਸੰਭਾਲੀ, ਜੁਗ ਚੌਕੜੀ ਆਪਣੇ ਵਿਚ ਟਿਕਾਈਆ । ਅੱਗੇ ਕਦੀ ਨਾ ਹੋਈ ਸਵਾਲੀ, ਝੋਲੀ ਖ਼ਾਲੀ ਨਾ ਕੋਇ ਵਖਾਈਆ । ਬਹੁੜੀ ਹੁਣ ਮੇਰੀ ਧਰਮ ਦੀ ਕਰੇ ਨਾ ਕੋਇ ਦਲਾਲੀ, ਵਿਚੋਲਾ ਨਜ਼ਰ ਕੋਇ ਨਾ ਆਈਆ । ਮਾਨਵ ਸਾਰੇ ਖਾਂਦੇ ਝਟਕਾ ਤੇ ਹਲਾਲੀ, ਝਟ ਕਿਸ ਬਿਧ ਲਵਾਂ ਲੰਘਾਈਆ । ਫਲ ਰਿਹਾ ਕਿਸੇ ਨਾ ਡਾਲੀ, ਖ਼ਾਲੀ ਟਾਹਣੇ ਦੇਣ ਦੁਹਾਈਆ । ਤੇਰਾ ਪਿਆਰ ਮੁਹੱਬਤ ਹੋਇਆ ਜਾਹਲੀ, ਅੰਤਮ ਮੇਲ ਨਾ ਕੋਇ ਕਰਾਈਆ । ਤੂੰ ਕਿਰਪਾ ਕਰ ਦੇ ਸ਼ਹਿਨਸ਼ਾਹ ਸ਼ਾਲੀ, ਹਰਿ ਸਤਿਗੁਰੂ ਤੇਰੀ ਸਰਨਾਈਆ । ਮੈਂ ਕੀਤੀ ਕੋਈ ਨਹੀਂ ਕਾਹਲੀ, ਜੁਗ ਚੌਕੜੀ ਬੈਠੀ ਰਹੀ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਮਿਹਰਵਾਨ ਮਿਹਰਵਾਨ ਮੇਰਾ ਆਪੇ ਬਣੇ ਪਾਲੀ, ਪ੍ਰਿਤਪਾਲਕ ਹੋ ਕੇ ਮੇਰੀ ਆਸਾ ਪੂਰ ਕਰਾਈਆ ।



## ੧੨ ਮਾਘ ਸ਼ਹਿਨਸ਼ਾਹੀ ਸੰਮਤ ੬ ਫੁੱਮਣ ਸਿੰਘ ਦੇ ਗ੍ਰਿਹ ਪਿੰਡ ਅਹਿਮਦਪੁਰ ਜ਼ਿਲਾ ਕਪੂਰਥਲਾ

ਧਰਨੀ ਕਹੇ ਪ੍ਰਭ ਮੈਂ ਤੇਰੀ ਚਾਰੇ ਖਾਣੀ ਚੁੱਕੀ, ਜੁਗ ਚੌਕੜੀ ਸੇਵ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਹੋਈ ਮੂਲ ਨਾ ਦੁਖੀ, ਦੁੱਖ ਵਿਚ ਨਾ ਕਦੇ ਕੁਰਲਾਈਆ । ਮੇਰੀ ਆਸ਼ਾ ਮੇਰੇ ਅੰਦਰ ਰਹੀ ਲੁਕੀ, ਬਾਹਰ ਸਕੀ ਨਾ ਮੂਲ ਕਢਾਈਆ । ਕਲਜੁਗ ਅੰਤਮ ਤੇਰੀ ਸ੍ਰਿਸ਼ਟੀ ਤੇਰੇ ਨਿਸ਼ਾਨਿਉਂ ਉਕੀ, ਤੇਰਾ ਮਾਰਗ ਗਈ ਭੁਲਾਈਆ । ਤੇਰੀ ਧਾਰ ਸਮਝੇ ਨਾ ਕੋਇ ਦੋ ਤੁਕੀ, ਆਤਮ ਪਰਮਾਤਮ ਸੰਗ ਨਾ ਕੋਇ ਬਣਾਈਆ । ਕੂੜ ਵਿਕਾਰਾ ਰਿਹਾ ਮੈਨੂੰ ਕੁੱਠੀ, ਮਾਇਆ ਮਮਤਾ ਨਾਲ ਮਿਲਾਈਆ । ਤੇਰੀ ਧਾਰ ਤੇਰੇ ਨਾਲੋਂ ਟੁੱਟੀ, ਟੁੱਟਿਆਂ ਗੰਢ ਨਾ ਕੋਇ ਪਵਾਈਆ । ਬਹੁੜੀ ਕਲਜੁਗ ਲੁਟੇਰਾ ਮੈਨੂੰ ਜਾਂਦਾ ਲੁੱਟੀ, ਚਾਰ ਕੁੰਟ ਆਪਣਾ ਬਲ ਵਖਾਈਆ । ਅਵਤਾਰ ਪੈਗ਼ੰਬਰ ਗੁਰੂ ਲੁਕ ਗਏ ਗੁੱਠੀਂ, ਪਰਗਟ ਹੋ ਕੇ ਬਲ ਨਾ ਕੋਇ ਜਣਾਈਆ । ਮੇਰੀ ਪਵਿਤਰ ਖ਼ਾਕ ਰਹੀ ਨਾ ਮੁੱਠੀ, ਜ਼ੱਰਾ ਜ਼ੱਰਾ ਦਏ ਦੁਹਾਈਆ । ਮਿਹਰਵਾਨ ਮਹਿਬੂਬ ਹੋ ਕੇ ਆਪ ਉਠੀਂ, ਨਿਰਗੁਣ ਨਿਰਵੈਰ ਲੈ ਅੰਗੜਾਈਆ । ਆਪਣੇ ਨਾਲ ਸਭ ਦੀ ਕਰਨੀ ਰੁਚੀ, ਰਚਨਾ ਆਪਣੀ ਦੇ ਵਖਾਈਆ । ਮੇਰੀ ਸਫਾ ਕਰਦੇ ਸੁੱਚੀ, ਸੰਜਮ ਆਪਣਾ ਇਕ ਸਮਝਾਈਆ । ਮੈਂ ਕੂਕ ਪੁਕਾਰਾਂ ਉਚੀ, ਉਚ ਅਗੰਮ ਦਿਆਂ ਸੁਣਾਈਆ । ਮੈਂ ਨੇਤਰ ਰੋ ਰੋ ਵੈਰਾਗ ਵਿਚ ਫੁੱਟੀ, ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਹੀਂ ਤੇ ਮੈਨੂੰ ਦੇ ਦੇ ਖ਼ੁਸ਼ੀ, ਜਗਤ ਜਹਾਨ ਮਹਾਂਪਰਲੋ ਆਪਣੀ ਧਾਰ ਬਣਾਈਆ ।

### ੧੨ ਮਾਘ ਸ਼ਹਿਨਸ਼ਾਹੀ ਸੰਮਤ ੬ ਜੀਤ ਸਿੰਘ ਦੇ ਗ੍ਰਿਹ ਅਹਮਦਪੁਰ ਜ਼ਿਲਾ ਕਪੂਰਥਲਾ

ਧਰਨੀ ਕਹੇ ਪ੍ਰਭ ਬਖ਼ਸ਼ ਦੇ ਆਪਣਾ ਰੰਗ, ਰੰਗੀਨ ਰੰਗਤ ਦੇ ਚੜ੍ਹਾਈਆ । ਸਚ ਨਾਮ ਵਜਾ ਮਰਦੰਗ, ਨਾਦ ਅਗੰਮੀ ਇਕ ਸੁਣਾਈਆ । ਸੇਜ ਸੁਹੰਜਣੀ ਸੁਹਾ ਮੇਰਾ ਪਲੰਘ, ਸੁਖਆਸਣ ਆਪਣਾ ਡੇਰਾ ਲਾਈਆ । ਮੇਰੀ ਆਦਿ ਆਦਿ ਦੀ ਮੰਗ, ਪਾਰਬ੍ਰਹਮ ਪ੍ਰਭ ਪੂਰੀ ਦੇ ਕਰਾਈਆ । ਸਦੀ ਚੌਧਵੀਂ ਰਹੀ ਲੰਘ, ਸੱਦਾ ਦੇਵੇ ਥਾਉਂ ਥਾਈਂਆ । ਕੂੜੀ ਕਿਰਿਆ ਕਰ ਦੇ ਭੰਗ, ਮਮਤਾ ਮੋਹ ਰਹਿਣ ਨਾ ਪਾਈਆ । ਝੂਠ ਪਖੰਡ ਰਹੇ ਨਾ ਡੰਬ, ਸਤਿ ਸਚ ਦੇਣਾ ਵਰਤਾਈਆ । ਮੈਂ ਪਾਪ ਨਾਲ ਰਹੀ ਕੰਬ, ਥਰ ਥਰਾਹਟ ਵਿਚ ਕੁਰਲਾਈਆ । ਪ੍ਰਭ ਕਿਤੇ ਮਾਤਾ ਕੁੱਖੋਂ ਪਈ ਨਾ ਜੰਮ, ਨਿਰਗੁਣ ਨੂਰ ਜੋਤ ਜੋਤ ਕਰ ਰੁਸ਼ਨਾਈਆ । ਝਗੜਾ ਮੇਟ ਦੇ ਕਾਇਆ ਮਾਟੀ ਚੰਮ, ਆਤਮ ਬ੍ਰਹਮ ਦੇ ਸਮਝਾਈਆ । ਮੈਂ ਨੇਤਰ ਰੋਵਾਂ ਛੰਮ ਛੰਮ, ਹੰਝੂਆਂ ਹਾਰ ਬਣਾਈਆ । ਮੇਰਾ ਮੇਟ ਦੇ ਦੁੱਖਾਂ ਵਾਲਾ ਗ਼ਮ, ਗ਼ਮਖਾਰ ਹੋਣਾ ਸਹਾਈਆ । ਮੈਨੂੰ ਤ੍ਰਿਸ਼ਨਾ ਰਹੇ ਕੋਈ ਨਾ ਤਮ, ਤਮਾ ਤੇਰੀ ਝੋਲੀ ਪਾਈਆ । ਜਿਧਰ ਤਕਾਂ ਨਜ਼ਰੀ ਆਏ ਤੇਰਾ ਬ੍ਰਹਮ, ਪਰਮ ਪੁਰਖ ਤੇਰਾ ਨੂਰ ਰੁਸ਼ਨਾਈਆ । ਮੇਰਾ ਸਤਿ ਦਾ ਸਤਿ ਕਰਦੇ ਕਰਮ, ਕੂੜ ਕਰਮ ਦਾ ਡੇਰਾ ਢਾਹੀਆ । ਮੈਂ ਚਾਹੁੰਦੀ ਮੇਰੇ ਉਤੇ ਸਾਰੇ ਤੇਰਾ ਇਕੋ ਨਾਮ ਪੜ੍ਹਨ, ਸਿਖਿਆ ਇਕ ਦੇਣੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਰੇ ਮੰਜ਼ਲ ਤੇਰੀ ਚੜ੍ਹਨ, ਚੜ੍ਹਦੀ ਧਾਰ ਆਪ ਦਰਸਾਈਆ ।





### ੧੨ ਮਾਘ ਸ਼ਹਿਨਸ਼ਾਹੀ ਸੰਮਤ ੬ ਕਰਮ ਸਿੰਘ ਦੇ ਗ੍ਰਿਹ ਪਿੰਡ ਅਹਮਦਪੁਰ ਜ਼ਿਲਾ ਕਪੂਰਥਲਾ

ਧਰਨੀ ਕਹੇ ਪ੍ਰਭ ਕਿਉਂ ਮੈਨੂੰ ਕਹਿੰਦੇ ਧਰਤੀ ਮਾਂ, ਮਾਨਵ ਰਸਨਾ ਨਾਲ ਗਾਈਆ । ਮੇਰੇ ਖ਼ਸਮ ਦਾ ਕਿਹੜਾ ਨਾਂ, ਸਚ ਦੇਣਾ ਸਮਝਾਈਆ । ਵਸੇ ਕਿਹੜੇ ਥਾਂ, ਥਨੰਤਰ ਸੋਭਾ ਪਾਈਆ । ਜਿਸ ਦਵਾਰੇ ਮੈਂ ਜਾਂ, ਜਾ ਕੇ ਸੀਸ ਨਿਵਾਈਆ । ਪਕੜੇ ਮੇਰੀ ਬਾਂਹ, ਫੜ ਬਾਹੋਂ ਲਏ ਉਠਾਈਆ । ਮੈਂ ਨਿਮਾਣੀ ਹੋਈ ਗਾਂ, ਪਾਲੀ ਨਜ਼ਰ ਕੋਇ ਨਾ ਆਈਆ । ਕਿਸ ਬਿਧ ਆਪਣਾ ਝਟ ਲੰਘਾਂ, ਚਾਰੋਂ ਕੁੰਟ ਤੇਰੀ ਦੁਹਾਈਆ । ਸਿਰ ਦੇਵੇ ਕੋਈ ਨਾ ਠੰਡੀ ਛਾਂ, ਅਗਨੀ ਤਤ ਨਾ ਕੋਇ ਬੁਝਾਈਆ । ਮੇਰਾ ਕਵਣ ਕਰੇ ਨਿਆਂ, ਇਨਸਾਫ਼ ਅਦਲ ਕਵਣ ਕਮਾਈਆ । ਮੈਨੂੰ ਮਿਲੇ ਕੋਈ ਨਾ ਥਾਂ, ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਦੇਣਾ ਸੁਣਾਈਆ । ਧਰਨੀ ਕਹੇ ਪ੍ਰਭੂ ਮੇਰਾ ਕਿਹੜਾ ਖ਼ਸਮ, ਖ਼ਸਮਾਨੇ ਦੇ ਜਣਾਈਆ । ਜੋ ਮੇਰੇ ਉਤੇ ਆਇਆ ਮੈਂ ਕਰਕੇ ਛੱਡਿਆ ਭਸਮ, ਅਵਤਾਰ ਪੈਗ਼ੰਬਰ ਗੁਰੂ ਰਹਿਣ ਕੋਇ ਨਾ ਪਾਈਆ । ਮੇਰੀ ਨਜ਼ਰ ਨਾ ਆਵੇ ਕੋਈ ਚਸ਼ਮ, ਦੀਦ ਨਾਲ ਦੀਦ ਨਾ ਕੋਇ ਮਿਲਾਈਆ । ਕਿਸੇ ਦਾ ਨਜ਼ਰ ਨਹੀਂ ਆਉਂਦਾ ਮਾਟੀ ਜਿਸਮ, ਜਿਸਮ ਜ਼ਮੀਨ ਬਣ ਕੇ ਗਈ ਖਾਈਆ । ਹਾਏ ਮੈਂ ਕਿਸ ਦੀ ਖਾਵਾਂ ਕਸਮ, ਕਿਸ ਨੂੰ ਵੱਡਾ ਕਹਿ ਕੇ ਸੀਸ ਨਿਵਾਈਆ । ਮੇਰਾ ਕਿਹੜਾ ਹੋਵੇ ਇਸਮ, ਆਲੀਸ਼ਾਨ ਕਵਣ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ

ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੇਰਾ ਦਸ ਦੇ ਕਿਹੜਾ ਕੰਤ, ਕੰਤੂਹਲ ਕਵਣ ਅਖਵਾਈਆ । ਮੈਂ ਜੁਗ ਚੌਕੜੀ ਸਾਰੇ ਖਾ ਗਈ ਸਾਧ ਸੰਤ, ਭਗਤ ਸੂਫ਼ੀ ਬਚਿਆ ਰਹਿਣ ਕੋਇ ਨਾ ਪਾਈਆ । ਮੈਂ ਲੱਖ ਚੁਰਾਸੀ ਹਜ਼ਮ ਕਰ ਗਈ ਜੀਵ ਜੰਤ, ਮੇਰਾ ਪੇਟ ਨਾ ਕੋਇ ਭਰਾਈਆ । ਮੈਂ ਕੋਟਨ ਕੋਟ ਬਦਲਾ ਦਿਤੇ ਤੇਰੇ ਨਾਮ ਮੰਤ, ਮੰਤਰ ਜੀਵਣ ਵਾਲਾ ਰਹਿਣ ਕੋਇ ਨਾ ਪਾਈਆ । ਮੈਨੂੰ ਵਿਦਿਆ ਦੇਣ ਵਾਲਾ ਦਿਸੇ ਕੋਇ ਨਾ ਪੰਡਤ, ਜੋ ਆਇਆ ਸੋ ਮੈਂ ਖਾ ਕੇ ਦਿਤਾ ਮੁਕਾਈਆ । ਮੇਰੀ ਤੇਰੇ ਅੱਗੇ ਮਿੰਨਤ, ਨਿਉਂ ਨਿਉਂ ਸੀਸ ਝੁਕਾਈਆ । ਮੇਰਾ ਮਾਲਕ ਦੱਸ ਦਿਸੇ ਕਿਹੜੀ ਸਿੰਮਤ, ਮੈਂ ਖੋਜਾਂ ਚਾਈਂ ਚਾਈਆ । ਮੇਰੀ ਸਗਲੀ ਮਿਟ ਜਾਏ ਚਿੰਤ, ਚਿੰਤਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਪ੍ਰਭੂ ਮੇਰਾ ਕਿਹੜਾ ਹੱਕ ਮਹਿਬੂਬ, ਜੋ ਮੁਹੱਬਤ ਵਿਚ ਰਖਾਈਆ । ਹਰ ਦਮ ਰਹੇ ਮੇਰੇ ਕੋਲ ਮੌਜੂਦ, ਸਗਲਾ ਸੰਗ ਬਣਾਈਆ । ਜੁਗ ਚੌਕੜੀ ਮੈਨੂੰ ਰੱਖੇ ਮਹਿਫੂਜ਼, ਦੂਸਰ ਅੱਖ ਨਾ ਕੋਇ ਉਠਾਈਆ । ਮੇਰੇ ਵਿਚੋਂ ਝਗੜਾ ਮੇਟੇ ਦੂਜ, ਦੁਤੀਆ ਭਾਉ ਮੁਕਾਈਆ । ਆਪਣਾ ਘਰਾਨਾ ਦੱਸੇ ਗੂਝ, ਪੜਦਾ ਦੇਵੇ ਲਾਹੀਆ । ਮੈਨੂੰ ਬਖ਼ਸ਼ੇ ਸੂਝ, ਸੰਜਮ ਇਕ ਸਮਝਾਈਆ । ਓਹਦਾ ਇਕੋ ਹਲਕਾਰਾ ਇਕੋ ਚਾਕਰ ਹੋਵੇ ਦੂਤ, ਇਕੋ ਹੁਕਮ ਸੰਦੇਸ਼ਾ ਦਏ ਦ੍ਰਿੜਾਈਆ । ਮੈਂ ਨਹੀਂ ਚਾਹੁੰਦੀ ਮੇਰਾ ਮਾਲਕ ਹੋਵੇ ਕੋਈ ਕਾਇਆ ਵਾਲਾ ਪੰਜ ਭੂਤ, ਜੋ ਜੰਮੇ ਤੇ ਮਰ ਜਾਈਆ । ਜਿਸ ਦਾ ਆਦਿ ਅੰਤ ਦਾ ਆਵਾ ਜਾਏ ਊਤ, ਅੰਤ ਨਿਸ਼ਾਨ ਨਾ ਕੋਇ ਰਖਾਈਆ । ਤੇਰੇ ਹੁਕਮ ਅੰਦਰ ਕਰ ਜਾਏ ਕੂਚ, ਮੇਰਾ ਕੂਚਾ ਗਲੀ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਗ੍ਰਿਹ ਘਰਾਨਾ ਦੱਸ ਜਿਥੇ ਤੇਰੀ ਮੰਜ਼ਲੇ ਮਕਸੂਦ, ਅੱਗੇ ਮੰਜ਼ਲ ਰਹੇ ਨਾ ਰਾਈਆ ।



✪ ੧੨ ਮਾਘ ਸ਼ਹਿਨਸ਼ਾਹੀ ਸੰਮਤ ੬ ਪ੍ਰੀਤਮ ਸਿੰਘ ਦੇ ਗ੍ਰਿਹ ਪਿੰਡ ਕੋਟਲੀ ਇਬਰਾਹੀਮ ਖਾਂ ਜ਼ਿਲਾ ਜਲੰਧਰ ✪

ਧਰਨੀ ਕਹੇ ਮੇਰੇ ਸਾਹਿਬ ਸ੍ਰੀ ਭਗਵਾਨਾ, ਭਗਵਨ ਭਗਵੰਤ ਤੇਰੀ ਓਟ ਤਕਾਈਆ । ਮੇਰੇ ਆਦਿ ਅੰਤ ਦੇ ਰਾਮਾ, ਮਿਹਰਵਾਨ ਮਹਿਬੂਬ ਤੇਰੀ ਬੇਪਰਵਾਹੀਆ । ਮੇਰੇ ਸਤਿ ਸਚ ਦੇ ਕਾਹਨਾ, ਕਾਹਨ ਤੇਰੇ ਨਿਉਂ ਨਿਉਂ ਲਾਗਾਂ ਪਾਈਆ । ਮੇਰੇ ਪੈਗ਼ੰਬਰ ਧੁਰ ਅਮਾਮਾ, ਤੇਰੀ ਧੂੜੀ ਖ਼ਾਕ ਰਮਾਈਆ । ਮੇਰੇ ਸਤਿਗੁਰ ਸਤਿ ਸ਼ਬਦ ਦਮਾਮਾ, ਡੰਕਾ ਸੁਣਾਂ ਚਾਈਂ ਚਾਈਆ । ਉਠ ਵੇਖ ਕਲਜੁਗ ਅੰਧੇਰੀ ਸ਼ਾਮਾ, ਸ਼ਮ੍ਹਾ ਨੂਰ ਨਾ ਕੋਇ ਰੁਸ਼ਨਾਈਆ । ਝਗੜਾ ਪਿਆ ਜੀਵ ਜਹਾਨਾ, ਜਾਗਰਤ ਜੋਤ ਨਾ ਕੋਇ ਡਗਮਗਾਈਆ । ਤਨ ਵਜੂਦ ਵੇਖਿਆ ਤ੍ਰਿਸ਼ਨਾ ਤਾਮਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮਾਣ ਰਿਹਾ ਨਾ ਕਲਮੇ ਕਲਾਮਾ, ਕਾਇਨਾਤ ਰੋਵੇ ਮਾਰੇ ਧਾਈਆ । ਤੂੰ ਮੇਰਾ ਸਾਹਿਬ ਸਵਾਮੀ ਅੰਤਰਜਾਮਾ, ਅੰਤਰਜਾਮੀ ਹੋ ਕੇ ਖੋਜ ਖੁਜਾਈਆ । ਸਭ ਦਾ ਵੇਖ ਪੂਰਬ ਲਿਖਿਆ ਬਿਆਨਾ, ਭਵਿਖਤਾਂ ਖੋਜ ਖੁਜਾਈਆ । ਸਤਿ ਦਾ ਸਚ ਦਾ ਰਿਹਾ ਨਾ ਕੋਇ ਟਿਕਾਣਾ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਸਾਰੇ ਦੇਣ ਦੁਹਾਈਆ । ਤੀਰਥ ਤਟ ਨਾ ਕੋਇ ਇਸ਼ਨਾਨਾ, ਗੰਗਾ ਗੋਦਾਵਾਰੀ ਜਮਨਾ ਸੁਰਸਤੀ ਅੱਖ ਸ਼ਰਮਾਈਆ ।

ਝਗੜਾ ਪਿਆ ਅੰਜੀਲ ਕੁਰਾਨਾ, ਸ਼ਾਸਤਰ ਸਿਮਰਤ ਕਰਨ ਲੜਾਈਆ । ਤੇਰੇ ਪਿਆਰ ਮੁਹੱਬਤ ਦਾ ਮਿਲੇ ਕੋਇ ਨਾ ਜਾਮਾ, ਹਕੀਕੀ ਜਾਮ ਨਾ ਕੋਇ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਮੇਰੇ ਸਾਹਿਬ ਸੁਲਤਾਨੀ, ਸਵਾਮੀ ਹਰਿ ਸੱਜਣ ਤੇਰੀ ਵਡਿਆਈਆ । ਉਠ ਵੇਖ ਲੈ ਆਪਣੀ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਪੜਦਾ ਲਾਹੀਆ । ਚਾਰ ਜੁਗ ਦੀ ਪਿਛਲੀ ਤਕ ਲੈ ਬਾਣੀ, ਜੋ ਬਾਣ ਅਣਿਆਲਾ ਤੀਰ ਚਲਾਈਆ । ਤੀਰਥ ਸਰੋਵਰ ਤਕ ਲੈ ਪਾਣੀ, ਅੱਠ ਸੱਠ ਖੋਜ ਖੁਜਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮੇਲੇ ਮੇਲ ਕੋਇ ਨਾ ਹਾਣੀ, ਪਾਰਬ੍ਰਹਮ ਬ੍ਰਹਮ ਜੋੜ ਨਾ ਕੋਇ ਜੁੜਾਈਆ । ਚਾਰੋਂ ਕੁੰਟ ਸ਼ਰਅ ਸ਼ੈਤਾਨੀ, ਸ਼ਰੀਅਤ ਰਹੀ ਕੁਰਲਾਈਆ । ਤੇਰੀ ਮੰਜ਼ਲ ਮਿਲੇ ਨਾ ਕਿਸੇ ਆਸਾਨੀ, ਮਿਹਰਵਾਨ ਮਹਿਬੂਬ ਦਰ ਮਿਲਣ ਕੋਇ ਨਾ ਆਈਆ । ਪੰਚ ਵਿਕਾਰ ਚੜ੍ਹੀ ਤੁਗ਼ਿਆਨੀ, ਜੀਵ ਜਹਾਨਾ ਰਹੀ ਰੁੜ੍ਹਾਈਆ । ਸਚ ਧਰਮ ਦੀ ਦਿਸੇ ਨਾ ਕੋਇ ਨਿਸ਼ਾਨੀ, ਨਿਸ਼ਾਨੇ ਬੈਠੇ ਮੁਖ ਭਵਾਈਆ । ਬਿਨ ਤੇਰੀ ਕਿਰਪਾ ਹੋਏ ਨਾ ਕਿਸੇ ਕਲਿਆਨੀ, ਕਲਮਾ ਸੰਗ ਨਾ ਕੋਇ ਨਿਭਾਈਆ । ਸ਼ਾਹ ਸੁਲਤਾਨੇ ਆ ਵਿਚ ਮੈਦਾਨੀ, ਨਿਰਗੁਣ ਧਾਰ ਲੋਕਮਾਤ ਲੈ ਅੰਗੜਾਈਆ । ਕਲਜੁਗ ਕੂੜੀ ਕਿਰਿਆ ਮੇਟ ਕਹਾਣੀ, ਕਥਾ ਆਪਣੀ ਇਕ ਸਮਝਾਈਆ । ਸ੍ਰਿਸ਼ਟੀ ਦ੍ਰਿਸ਼ਟੀ ਪੁਣੀ ਛਾਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਮੇਰੇ ਮਾਲਕ ਗਹਿਰ ਗੰਭੀਰਾ, ਹਰਿ ਗਵਰ ਦਿਆਂ ਦ੍ਰਿੜਾਈਆ । ਲੇਖਾ ਵੇਖ ਪੰਜ ਤਤ ਸਰੀਰਾ, ਮਾਨਸ ਮਾਨਵ ਮਾਨੁਖ ਖੋਜ ਖੁਜਾਈਆ । ਸਚ ਦਾ ਰਿਹਾ ਕੋਇ ਨਾ ਧੀਰਾ, ਧੀਰਜ ਧਰਮ ਨਾ ਕੋਇ ਜਣਾਈਆ । ਹਉਮੇ ਸਭ ਨੂੰ ਲੱਗੀ ਪੀੜਾ, ਮਾਇਆ ਮਮਤਾ ਰਹੀ ਸਤਾਈਆ । ਤੇਰੇ ਪਿਆਰ ਦਾ ਚੁੱਕੇ ਕੋਇ ਨਾ ਬੀੜਾ, ਖੰਡੇ ਖੜਗ ਸਰਬ ਰਹੇ ਖੜਕਾਈਆ । ਤੇਰੇ ਨਾਮ ਦਾ ਮਸਤਕ ਦਿਸੇ ਕਿਸੇ ਨਾ ਚੀਰਾ, ਚਿਰੀ ਵਿਛੁੰਨੇ ਤੇਰਾ ਮੇਲ ਨਾ ਕੋਇ ਮਿਲਾਈਆ । ਤੂੰ ਕਿਰਪਾਲ ਹੋ ਕੇ ਦੀਨ ਦੁਨੀ ਦੀ ਅੰਦਰੋਂ ਬਦਲ ਦੇ ਜ਼ਮੀਰਾ, ਜ਼ਾਹਰ ਜ਼ਹੂਰ ਆਪਣਾ ਨੂਰ ਕਰ ਰੁਸ਼ਨਾਈਆ । ਤੇਰੇ ਹੱਥ ਸਭ ਦੀ ਤਕਦੀਰਾ, ਤਦਬੀਰ ਆਪਣੀ ਦੇ ਸਮਝਾਈਆ । ਝਗੜਾ ਮੇਟ ਦੇ ਹਸਟ ਕੀੜਾ, ਊਚ ਨੀਚ ਇਕੋ ਰੰਗ ਰੰਗਾਈਆ । ਲੇਖਾ ਰਹੇ ਨਾ ਗ਼ਰੀਬ ਅਮੀਰਾ, ਅਮਰਾਪਦ ਦੇ ਮਾਲਕ ਦਰ ਤੇਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰਖ ਅਕਾਲੇ ਦੀਨ ਦਿਆਲੇ ਤੂੰ ਆਦਿ ਜੁਗਾਦੀ ਪਰਵਰਦਿਗਾਰ ਸਾਂਝਾ ਯਾਰ ਪੀਰਨ ਪੀਰਾ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਆਪਣੀ ਆਸਾ ਤੇਰੇ ਅੱਗੇ ਰਹੀ ਰਖਾਈਆ ।

## ✪ ੧੨ ਮਾਘ ਸ਼ਹਿਨਸ਼ਾਹੀ ਸੰਮਤ ੬ ਬਲਜੀਤ ਸਿੰਘ ਦੇ ਗ੍ਰਿਹ ਪਿੰਡ ਜੈਤੋਵਾਲੀ ਜ਼ਿਲਾ ਜਲੰਧਰ ✪

ਧਰਨੀ ਕਹੇ ਪ੍ਰਭ ਕਿਰਪਾ ਕਰ, ਕਿਰਪਾਲ ਦਿਆਲ ਦਇਆ ਕਮਾਈਆ । ਨਿਰਗੁਣ ਨਿਰਵੈਰ ਨਰ ਨਰਾਇਣ ਜੋਤ ਧਰ, ਪੁਰਖ ਅਕਾਲੇ ਆਪਣਾ ਪੜਦਾ ਦੇ ਉਠਾਈਆ । ਚਰਨ ਸਰੋਵਰ ਬਣਾ ਅਗੰਮਾ ਸਰ, ਸਰਨਗਤ ਇਕੋ ਦੇ ਵਖਾਈਆ । ਮਾਨਵ ਜ਼ਾਤੀ ਧਰਮ ਦਾ ਇਕੋ ਖੋਲ੍ਹ

ਦਰ, ਗ਼ਰੀਬ ਨਿਮਾਣਿਆਂ ਦਰਦ ਵੰਡਾਈਆ । ਤੇਰਾ ਨਾਮ ਨਿਧਾਨਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਜਾਏ ਪੜ੍ਹ, ਧੁਰ ਦਾ ਰਾਗ ਨਾਦ ਕਰ ਸ਼ਨਵਾਈਆ । ਸਚ ਸਵਾਮੀ ਸਤਿ ਸਰੂਪੀ ਹੋ ਕੇ ਖੜ੍ਹ, ਸਨਮੁਖ ਹੋ ਕੇ ਨਜ਼ਰੀ ਆਈਆ । ਝਗੜਾ ਮੇਟ ਦੇ ਕਾਇਆ ਮਾਟੀ ਧੜ, ਦੀਨ ਮਜ਼੍ਹਬ ਨਾ ਕਰੇ ਲੜਾਈਆ । ਕਲਜੁਗ ਕੂੜੀ ਕਿਰਿਆ ਪੁੱਟ ਦੇ ਜੜ੍ਹ, ਸਤਿ ਧਰਮ ਦਾ ਮਾਰਗ ਇਕ ਵਖਾਈਆ । ਤੇਰਾ ਸਾਂਝਾ ਸਮਝੇ ਦੋ ਜਹਾਨਾਂ ਘਰ, ਗ੍ਰਿਹਿ ਮੰਦਰ ਇਕ ਸੁਹਾਈਆ । ਮੇਰੀ ਖ਼ਾਲੀ ਝੋਲੀ ਭਰ, ਭੰਡਾਰਾ ਧੁਰ ਦਾ ਨਾਮ ਵਰਤਾਈਆ । ਕੂੜਾ ਰਹੇ ਨਾ ਜੋਬਨ ਜ਼ਰ, ਜ਼ੱਰੇ ਜ਼ੱਰੇ ਆਪਣਾ ਨੂਰ ਦੇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ੍ਰੀ ਭਗਵਾਨ ਤੇਰੀ ਵਡ ਵਡਿਆਈਆ । ਧਰਨੀ ਕਹੇ ਪ੍ਰਭੂ ਕਿਰਪਾ ਕਰ ਦੇ ਧੁਰ ਦੇ ਮਿੱਤਰ, ਹਰਿ ਸਤਿ ਸਚ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਚੜ੍ਹੀ ਸ਼ਿਖ਼ਰ, ਚੋਟੀ ਸਭ ਦੀ ਬੈਠੀ ਡੇਰਾ ਲਾਈਆ । ਮਾਇਆ ਮਮਤਾ ਮੋਹ ਵਿਕਾਰ ਕਿਸੇ ਅੰਦਰੋਂ ਸਕੇ ਨਾ ਨਿਕਲ, ਹਉਮੇ ਗੜ੍ਹ ਨਾ ਕੋਇ ਤੁੜਾਈਆ । ਪੰਚ ਵਿਕਾਰ ਮੂਲ ਨਾ ਜਿੱਤਣ, ਜੀਵ ਜੰਤ ਰਹੇ ਕੁਰਲਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਕਲਜੁਗ ਕਰਮ ਕਰ ਦੇ ਮਿਥਣ, ਮਿਥਿਆ ਦੱਸ ਸਰਬ ਲੋਕਾਈਆ । ਅਵਤਾਰ ਪੈਗ਼ੰਬਰ ਗੁਰ ਤੇਰਾ ਸ਼ਬਦ ਸੰਦੇਸ਼ ਲਿਖਣ, ਤੂੰ ਮੇਰਾ ਮੈਂ ਤੇਰਾ ਦਿਤਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਪਲੂ ਵਾਸਤਾ ਪਾਈਆ । ਧਰਨੀ ਕਹੇ ਪ੍ਰਭ ਮੇਰਾ ਵੇਖ ਲੈ ਮਾਤ ਘਰਾਨਾ, ਨਵ ਸੱਤ ਧਿਆਨ ਲਗਾਈਆ । ਤੇਰਾ ਮਾਨੁਖ ਹੋਇਆ ਬੇਗਾਨਾ, ਸਚ ਪ੍ਰੇਮ ਨਾ ਕੋਇ ਬਣਾਈਆ । ਧਰਮ ਦਾ ਦਿਸੇ ਨਾ ਕੋਇ ਯਰਾਨਾ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਨਿਰਗੁਣ ਨਿਰਗੁਣ ਗਾਏ ਕੋਈ ਨਾ ਗਾਣਾ, ਸਰਗੁਣ ਵੱਜਦੀ ਵੇਖ ਵਧਾਈਆ । ਚਾਰੋਂ ਕੁੰਟ ਮਾਨ ਅਭਿਮਾਨਾ, ਹਉਮੇ ਗੜ੍ਹ ਨਾ ਕੋਇ ਤੁੜਾਈਆ । ਸ਼ਰਅ ਖੇਲ ਕਰੇ ਸ਼ੈਤਾਨਾ, ਸ਼ਰੀਅਤ ਵਿਚ ਨਾ ਕੋਇ ਵਡਿਆਈਆ । ਭਾਗ ਲੱਗੇ ਨਾ ਕਿਸੇ ਸਾਢੇ ਤਿੰਨ ਹੱਥ ਮਕਾਨਾ, ਪੰਜ ਤਤ ਸੋਭਾ ਕੋਇ ਨਾ ਪਾਈਆ । ਤੇਰਾ ਨਾਮ ਬਣਿਆ ਅਫ਼ਸਾਨਾ, ਸ੍ਰਿਸ਼ਟੀ ਰਸਨਾ ਨਾਲ ਗਾਈਆ । ਤੂੰ ਮਾਲਕ ਪਰਗਟ ਹੋ ਇਕੋ ਧੁਰ ਦਾ ਕਾਹਨਾ, ਤੂੰ ਆਦਿ ਜੁਗਾਦੀ ਏਕੰਕਾਰ ਰਾਮਾ, ਰਹਿਮ ਆਪਣਾ ਦੇ ਕਮਾਈਆ । ਜਿਸ ਨੂੰ ਝੁਕਦੇ ਅਵਤਾਰ ਪੈਗ਼ੰਬਰ ਗੁਰੂ ਵਿਚ ਜਹਾਨਾ, ਨਿਵ ਨਿਵ ਲਾਗਣ ਪਾਈਆ । ਸੱਯਦਿਆਂ ਵਿਚ ਕਰਨ ਸਲਾਮਾਂ, ਧੂੜੀ ਮਸਤਕ ਖ਼ਾਕ ਰਮਾਈਆ । ਭੇਤ ਖੋਲ੍ਹ ਆਪਣਾ ਕਲਜੁਗ ਅਮਾਮਾ, ਪੜਦਾ ਓਹਲਾ ਰਹੇ ਨਾ ਰਾਈਆ । ਕਲ ਕਲਕੀ ਵਡ ਬਲਵਾਨਾ, ਬਲਧਾਰੀ ਭੇਵ ਖੁਲ੍ਹਾਈਆ । ਨਿਹਕਲੰਕ ਸ਼ਾਹ ਸੁਲਤਾਨਾ, ਤੇਰੀ ਸਰਨ ਸਚ ਸਰਨਾਈਆ । ਕਲਜੁਗ ਅੰਤਮ ਮੇਟ ਨਿਸ਼ਾਨਾ, ਕੂੜ ਕੁਕਰਮ ਰਹਿਣ ਨਾ ਪਾਈਆ । ਸਤਿਜੁਗ ਮੇਰੇ ਉਤੇ ਕਰ ਪਰਧਾਨਾ, ਸਤਿ ਸਚ ਦਾ ਮਾਰਗ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਅਗੰਮ ਅਥਾਹ ਕੋਈ ਕਰ ਨਾ ਸਕੇ ਬਿਆਨਾ, ਕਥਨੀ ਜਗਤ ਨਾ ਕੋਇ ਵਡਿਆਈਆ ।

✪ ੧੨ ਮਾਘ ਸ਼ਹਿਨਸ਼ਾਹੀ ਸੰਮਤ ੬ ਹਰਭਜਨ ਕੌਰ ਦੇ ਗ੍ਰਿਹਿ ਪਿੰਡ ਕੋਟਲੀ ਥਾਨ ਸਿੰਘ ਜ਼ਿਲਾ ਜਲੰਧਰ ✪

ਧਰਨੀ ਕਹੇ ਪ੍ਰਭ ਮੇਰੀ ਪੂਰੀ ਕਰ ਦੇ ਸੱਧਰ, ਸਦਾ ਸਦਾ ਸਦ ਤੇਰਾ ਧਿਆਨ ਲਗਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਗ਼ਦਰ, ਗਦਾ ਆਪਣੀ ਨਾਮ ਇਕ ਉਠਾਈਆ । ਦੀਨ ਮਜ਼੍ਹਬ ਦੀ ਧਾਰਾ ਕਰ ਦੇ ਪੱਧਰ, ਰੋੜਾ ਅੱਗੇ ਨਾ ਕੋਇ ਅਟਕਾਈਆ । ਇਕੋ ਆਪਣੇ ਨਾਮ ਦੀ ਧੁਨ ਸੁਣਾ ਦੇ ਮਧੁਰ, ਸਤਿ ਸੁਰੀਲੀ ਆਪ ਜਣਾਈਆ । ਸਚ ਪਿਆਰਿਆਂ ਭਗਤਾਂ ਦਾ ਕਰ ਕਦਰ, ਸਿਰ ਆਪਣਾ ਹੱਥ ਟਿਕਾਈਆ । ਤੇਰੀ ਮਿਹਰ ਦੀ ਨਿਗਾਹ ਹੋਵੇ ਨਦਰ, ਨਜ਼ਰੀਆ ਸਭ ਦਾ ਦੇ ਬਦਲਾਈਆ । ਸ਼ਰਅ ਛੁਰੀ ਕਰੇ ਕਿਸੇ ਨਾ ਕਤਲ, ਮਕਤੂਲ ਰੂਪ ਨਾ ਕੋਇ ਦਰਸਾਈਆ । ਤੇਰਾ ਇਕੋ ਇਨਸਾਫ਼ ਹੋਵੇ ਅਦਲ, ਅਦਾਲਤ ਇਕੋ ਨਜ਼ਰੀ ਆਈਆ । ਕਲਜੁਗ ਵਿਚ ਸਤਿਜੁਗ ਜਾਵੇ ਬਦਲ, ਬਦਲੀ ਸ਼ਬਦ ਨਾਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭ ਮਿਹਰਵਾਨ ਕਰ ਦੇ ਮਿਹਰਵਾਨੀ, ਮੇਰੀ ਆਸਾ ਵੇਖ ਵਖਾਈਆ । ਮੇਰੀ ਖ਼ੁਸ਼ੀਆਂ ਭਰੀ ਜਵਾਨੀ, ਜੋਬਨ ਕਲਜੁਗ ਰਿਹਾ ਗਵਾਈਆ । ਚਾਰੋਂ ਕੁੰਟ ਵੇਖ ਬੇਈਮਾਨੀ, ਸਤਿ ਧਰਮ ਨਾ ਕੋਇ ਰਖਾਈਆ । ਸ਼ਰੀਅਤ ਸ਼ਰਅ ਹੋਈ ਸ਼ੈਤਾਨੀ, ਧੀਰਜ ਧਰਮ ਨਾ ਕੋਇ ਪਰਗਟਾਈਆ । ਕਿਰਪਾ ਕਰ ਮੇਰੇ ਦਾਤੇ ਧੁਰ ਦੇ ਦਾਨੀ, ਦਇਆਵਾਨ ਦਇਆ ਕਮਾਈਆ । ਇਕੋ ਰੰਗ ਰੰਗਾ ਦੇ ਚਾਰੇ ਖਾਣੀ, ਖ਼ਾਲਸ ਆਪਣਾ ਮੇਲ ਮਿਲਾਈਆ । ਤੂੰ ਸਰਬ ਘਟਾ ਘਟ ਜਾਣ ਜਾਣੀ, ਜਾਨਣਹਾਰ ਵਡ ਵਡਿਆਈਆ । ਅੰਮ੍ਰਿਤ ਰਸ ਬਖ਼ਸ਼ ਦੇ ਪਾਣੀ, ਅੰਮਿਉਂ ਰਸ ਆਪ ਚੁਆਈਆ । ਹੁਣ ਰੀਤੀ ਮੇਟ ਦੇ ਪੁਰਾਣੀ, ਨਿਵ ਨਿਵ ਦਰ ਤੇਰੇ ਸੀਸ ਨਿਵਾਈਆ । ਸਤਿਜੁਗ ਦੀ ਸਚ ਚਲੇ ਕਹਾਣੀ, ਕਹਾਵਤ ਗੁਰ ਅਵਤਾਰ ਪੈਗੰਬਰਾਂ ਪੂਰ ਦੇਣੀ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਚ ਆਪ ਵਰਤਾਈਆ । ਧਰਨੀ ਕਹੇ ਮੇਰੀ ਵੇਖ ਪੁਰਾਣੀ ਹਰਸ, ਹਉਮੇ ਦਿਆਂ ਜਣਾਈਆ । ਮਿਹਰਵਾਨ ਕਰ ਤਰਸ, ਰਹਿਮਤ ਹੱਕ ਕਮਾਈਆ । ਅੰਮ੍ਰਿਤ ਮੇਘ ਅਗੰਮਾ ਬਰਸ, ਕਲਜੁਗ ਅਗਨੀ ਦੇ ਬੁਝਾਈਆ । ਝਗੜਾ ਮੇਟ ਦੇ ਮੰਦਰ ਮਸੀਤ ਚਰਚ, ਚਰਚਾ ਆਪਣੀ ਦੇ ਜਣਾਈਆ । ਜਿਸ ਨਾਲ ਸਾਰੇ ਜੀਵ ਜੰਤ ਜਾਣ ਪਰਚ, ਪ੍ਰਾਚੀਨ ਦਾ ਝਗੜਾ ਰਹੇ ਨਾ ਰਾਈਆ । ਤੂੰ ਮਾਲਕ ਵਾਲੀ ਅਰਸ਼, ਅਰਸ਼ੀ ਪ੍ਰੀਤਮ ਇਕ ਅਖਵਾਈਆ । ਕਰ ਕਿਰਪਾ ਉਤੇ ਧਰਤ, ਧਰਨੀ ਰੋ ਰੋ ਮਾਰੇ ਧਾਈਆ । ਤੇਰਾ ਸਾਖਿਆਤ ਹੋਵੇ ਦਰਸ, ਦੀਦ ਈਦ ਕਰ ਰੁਸ਼ਨਾਈਆ । ਬੇਨੰਤੀ ਮਨਜ਼ੂਰ ਹੋਵੇ ਅਰਜ਼, ਆਰਜ਼ੂ ਤੇਰੇ ਅੱਗੇ ਰਖਾਈਆ । ਤੂੰ ਜੋਧਾ ਸੂਰਬੀਰ ਮਰਦਾਨਾ ਮਰਦ, ਮੁੱਦਤ ਦੇ ਮਾਲਕ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗ਼ਰੀਬ ਨਿਮਾਣਿਆਂ ਵੰਡ ਦਰਦ, ਦੀਨਾ ਨਾਥ ਅਨਾਥਾਂ ਹੋ ਸਹਾਈਆ ।

✪ ੧੩ ਮਾਘ ਸ਼ਹਿਨਸ਼ਾਹੀ ਸੰਮਤ ੬ ਗੁਰਦਿਆਲ ਸਿੰਘ ਦੇ ਗ੍ਰਿਹਿ ਪਿੰਡ ਚੀਮਾਂ ਕਲਾਂ ਜ਼ਿਲਾ ਜਲੰਧਰ ✪

ਧਰਨੀ ਕਹੇ ਪ੍ਰਭ ਕਿਸ ਨੂੰ ਮੇਰੀ ਲੱਜਿਆ ਦੀ ਹੋਵੇ ਅਣਖ, ਅਣਖੀਲਾ ਲਏ ਅੰਗੜਾਈਆ । ਧਰਮ ਦੇ ਬਲ ਦਾ ਉਠਾਏ ਧਨੁਖ, ਧਨੁਸ਼

ਕੰਧ ਲਟਕਾਈਆ । ਮੇਰੀ ਪੂਰੀ ਕਰੇ ਆਸਾ ਮਨਸ, ਮਨੁਸ਼ਾਂ ਭੇਵ ਖੁਲ੍ਹਾਈਆ । ਦੁਆਪਰ ਇਕ ਹੰਕਾਰੀ ਕੰਸ, ਕਲਜੁਗ ਅਨਗਿਣਤ ਨਜ਼ਰੀ ਆਈਆ । ਸਚ ਦੀ ਦਿਸੇ ਕੋਈ ਨਾ ਜਿਨਸ, ਜਨਮ ਸਾਰੇ ਗਏ ਬਦਲਾਈਆ । ਹਉਮੇ ਰੋਗ ਦਿਸੇ ਹਿੰਸ, ਅਹਿੰਸਾ ਵਿਚ ਦੁਹਾਈਆ । ਕਿਸ ਬਿਧ ਕੂੜੀ ਕਿਰਿਆ ਜਾਏ ਬਿਨਸ, ਬਿਸਮਿਲ ਸਭ ਨੂੰ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭ ਕੌਣ ਫੜੇ ਖੜਗ ਤੀਰ ਕਮਾਨ, ਖੰਡਾ ਕਵਣ ਖੜਕਾਈਆ । ਕਿਸ ਨੂੰ ਹੋਵੇ ਮੇਰੀ ਆਣ, ਆਨਨ ਫ਼ਾਨਨ ਤੇਰਾ ਰੂਪ ਦਏ ਦਰਸਾਈਆ । ਜੋਧਾ ਸੂਰਬੀਰ ਬਣੇ ਬਲਵਾਨ, ਬਲਧਾਰੀ ਲਏ ਅੰਗੜਾਈਆ । ਝਗੜਾ ਮੇਟੇ ਕੂੜ ਨਿਸ਼ਾਨ, ਨਿਸ਼ਾਨਾ ਧਰਮ ਦਏ ਝੁਲਾਈਆ । ਸਤਿ ਸਚ ਦਾ ਕਰੇ ਐਲਾਨ, ਸੰਦੇਸ਼ਾ ਦੇਵੇ ਧੁਰਦਰਗਾਹੀਆ । ਹੁਕਮ ਸੁਣਾਵੇ ਅਗੰਮ ਫ਼ਰਮਾਨ, ਫੁਰਨਿਆਂ ਬਾਹਰ ਦ੍ਰਿੜਾਈਆ । ਇਕੋ ਪੂਜਾ ਦੱਸੇ ਤੇਰੀ ਸ੍ਰੀ ਭਗਵਾਨ, ਦੂਸਰ ਸੀਸ ਨਾ ਕੋਇ ਨਿਵਾਈਆ । ਇਕੋ ਸਾਂਝਾ ਕਰੇ ਵਿਧਾਨ, ਪਿਛਲਾ ਲੇਖਾ ਦਏ ਮੁਕਾਈਆ । ਆਤਮ ਦਾ ਆਤਮ ਹੋਏ ਗਿਆਨ, ਬ੍ਰਹਮ ਦਾ ਬ੍ਰਹਮ ਜੋੜ ਜੁੜਾਈਆ । ਸ਼ਰਅ ਦੀ ਸ਼ਰਅ ਮੇਟੇ ਨਿਸ਼ਾਨ, ਸ਼ਰਅ ਦੀ ਸ਼ਰਅ ਇਕ ਸਮਝਾਈਆ । ਸਾਚਾ ਮੰਦਰ ਦੱਸੇ ਮਕਾਨ, ਦਵਾਰ ਇਕੋ ਇਕ ਸੁਹਾਈਆ । ਜਿਥੇ ਤੇਰਾ ਨੂਰ ਜੋਤ ਮਹਾਨ, ਪ੍ਰਕਾਸ਼ ਬੇਪਰਵਾਹੀਆ । ਮੇਰੀ ਭੂਮਿਕਾ ਪਵਿੱਤਰ ਹੋਵੇ ਅਸਥਾਨ, ਅਸਥਿਲ ਤੇਰਾ ਗ੍ਰਿਹ ਨਜ਼ਰੀ ਆਈਆ । ਮੇਰੇ ਸਾਹਿਬ ਸਵਾਮੀ ਮੇਰੀ ਬੇਨੰਤੀ ਕਰ ਪਰਵਾਨ, ਪਰਮ ਪੁਰਖ ਤੇਰੇ ਹੱਥ ਵਡਿਆਈਆ । ਮੈਂ ਬਾਲੀ ਬੁਧ ਅੰਞਾਣ, ਮਾਤ ਚਲੇ ਨਾ ਕੋਇ ਚਤੁਰਾਈਆ । ਤੂੰ ਮਾਲਕ ਮੇਰਾ ਸਵਾਧਾਨ, ਸਵੱਛ ਹੋ ਕੇ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਮੇਰੀ ਕਰੇ ਨਾ ਕੋਇ ਪਹਿਚਾਨ, ਬੇਪਹਿਚਾਨ ਤੇਰੀ ਆਸ ਰਖਾਈਆ ।



### ੧੩ ਮਾਘ ਸ਼ਹਿਨਸ਼ਾਹੀ ਸੰਮਤ ੬ ਗੁਰਦੇਵ ਸਿੰਘ ਦੇ ਗ੍ਰਿਹਿ ਪਿੰਡ ਦੁਸਾਂਝ ਖੁਰਦ ਜ਼ਿਲਾ ਜਲੰਧਰ

ਧਰਨੀ ਕਹੇ ਪੁਰਖ ਅਕਾਲ ਧੁਰ ਦੇ ਬਲੀ, ਬਲਧਾਰੀ ਸੀਸ ਨਿਵਾਈਆ । ਵੇਖੀਂ ਮੈਨੂੰ ਅੰਤ ਨਾ ਛਲੀਂ, ਅਛਲ ਛਲਧਾਰੀ ਆਪਣੀ ਖੇਲ ਖਿਲਾਈਆ । ਮੈਂ ਆਪਣਾ ਸੀਸ ਰੱਖਿਆ ਤੇਰੀ ਤਲੀ, ਦੂਸਰ ਓਟ ਨਾ ਕੋਇ ਤਕਾਈਆ । ਮੈਂ ਫਿਰਾਂ ਤੇਰੇ ਦਵਾਰੇ ਤੇਰੀ ਗਲੀ, ਦਰੋਹੀ ਦਰੋਹੀ ਆਵਾਜ਼ ਸੁਣਾਈਆ । ਮੇਰੀ ਆਸਾ ਮਨਸਾ ਇਕ ਇਕੱਲੀ, ਅਕਲ ਕਲਧਾਰੀ ਤੇਰਾ ਰਾਹ ਤਕਾਈਆ । ਦਰ ਠਾਂਡੇ ਦਵਾਰ ਤੇਰੇ ਖੜ੍ਹੀ, ਗਲ ਪਲੂ ਵਾਸਤਾ ਪਾਈਆ । ਲੇਖਾ ਪੂਰਾ ਕਰ ਦੇ ਜੋ ਆਸਾ ਰੱਖੀ ਹਜ਼ਰਤ ਅਲੀ, ਮੁਹੰਮਦ ਪੈਗ਼ੰਬਰ ਨਾਲ ਸਾਲਾਹੀਆ । ਸਦੀ ਚੌਧਵੀਂ ਵੇਖ ਫਲੀ, ਪਤ ਟਹਿਣੀ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਮੈਂ ਆਪਣਾ ਆਪ ਵਾਰਾਂ, ਵਾਰਤਾ ਪਿਛਲੀ ਦਿਆਂ ਦੁਹਰਾਈਆ । ਮੈਂ ਖੇਲ ਤੱਕਿਆ ਤੇਈ ਅਵਤਾਰਾਂ, ਬਿਨ ਅੱਖਾਂ ਅੱਖ ਉਠਾਈਆ । ਪੈਗ਼ੰਬਰਾਂ ਵੇਖਿਆ ਕਨਾਰਾ, ਲੋਕਮਾਤ ਧਿਆਨ ਲਗਾਈਆ । ਗੁਰੂਆਂ ਵੇਖਿਆ ਦਵਾਰਾ, ਦੋਹਰਾ ਪੜਦਾ ਆਪ ਚੁਕਾਈਆ । ਹੁਣ ਚਾਰ ਕੁੰਟ

ਹੋਇਆ ਅੰਧਿਆਰਾ, ਅੰਧ ਅਗਿਆਨ ਦੇ ਗਵਾਈਆ । ਸਚ ਦਾ ਦਿਸੇ ਨਾ ਕੋਇ ਦਰਬਾਰਾ, ਅਦਲ ਇਨਸਾਫ਼ ਨਾ ਕੋਇ ਰਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਪੁਰਖ ਅਕਾਲ ਦੀਨ ਦਿਆਲ ਤੇਰਾ ਰੂਪ ਦਿਸੇ ਨਾ ਜ਼ਾਹਰਾ, ਜ਼ਾਹਰ ਜ਼ਹੂਰ ਨਾ ਕੋਇ ਰੁਸ਼ਨਾਈਆ । ਮੈਨੂੰ ਐਂ ਦਿਸਦਾ ਮੇਰਾ ਝਗੜਾ ਮੇਰੇ ਉਤੇ ਹੋਣਾ ਪਹਿਲੋਂ ਕਾਹਿਰਾ, ਕਾਇਨਾਤ ਰੰਗ ਰੰਗਾਈਆ । ਜਿਸ ਦਾ ਛਿਆਨਵੇ ਯੋਜਨ ਹੋਣਾ ਦਾਇਰਾ, ਦਾਇਮ ਮੁਕਾਮ ਹੁਕਮ ਸੁਣਾਈਆ । ਸਦੀ ਚੌਧਵੀਂ ਦਾ ਖੇਲ ਅੰਤਮ ਸ਼ਾਇਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਬੇਪਰਵਾਹੀਆ । ਧਰਨੀ ਕਹੇ ਮੇਰਾ ਇਕੋ ਇਕ ਨਾਅਰਾ, ਨਰ ਨਰਾਇਣ ਦਿਆਂ ਸੁਣਾਈਆ । ਮੁਹੰਮਦ ਲੇਖਾ ਟੁੱਟਣਾ ਚਾਰ ਯਾਰਾ, ਯਾਰਾਨਾ ਤੋੜ ਨਾ ਕੋਇ ਨਿਭਾਈਆ । ਨੌ ਸੱਤ ਦਿਸੇ ਨਾ ਕੋਇ ਸਹਾਰਾ, ਸਹਾਇਕ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਅੰਧ ਅੰਧਿਆਰਾ, ਨੂਰ ਚੰਦ ਨਾ ਕੋਇ ਰੁਸ਼ਨਾਈਆ । ਮੇਰਾ ਤੇਰੇ ਅੱਗੇ ਹਾੜਾ, ਨਿਉਂ ਨਿਉਂ ਸੀਸ ਝੁਕਾਈਆ । ਹੋਣਾ ਸਹਾਈ ਜੰਗਲ ਜੂਹ ਉਜਾੜ ਪਹਾੜਾ, ਟਿੱਲੇ ਪਰਬਤ ਧਿਆਨ ਲਗਾਈਆ । ਮੇਰੇ ਉਤੇ ਕਲਜੁਗ ਕਲਕਾਤੀ ਲਾਉਣਾ ਅਖਾੜਾ, ਖੰਡਾ ਖੜਗ ਨਾਲ ਖੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਰ ਨਰਾਇਣ ਸਹਿਜ ਸੁਖਦਾਈਆ । ਧਰਨੀ ਕਹੇ ਪ੍ਰਭੂ ਮੇਰਾ ਵੇਖ ਲੈ ਅੰਤਸ਼ਕਰਨ, ਹਰਿ ਕਰਤੇ ਦਿਆਂ ਦ੍ਰਿੜਾਈਆ । ਇਕੋ ਤੇਰੀ ਰੱਖਾਂ ਸਰਨ, ਸਰਨ ਇਕ ਸਰਨਾਈਆ । ਈਸਾ ਮੂਸਾ ਮੁਹੰਮਦ ਲੱਗੇ ਲੜਨ, ਆਪਣੀ ਲੈਣ ਅੰਗੜਾਈਆ । ਕਲਜੁਗ ਵਹਿਣ ਲੱਗੇ ਹੜ੍ਹਨ, ਅੱਗੇ ਹੋ ਨਾ ਕੋਇ ਅਟਕਾਈਆ । ਕਲਜੁਗ ਜੀਵ ਤੇਰੀ ਮੰਜ਼ਲ ਮੂਲ ਨਾ ਚੜ੍ਹਨ, ਪਾਂਧੀ ਪੰਧ ਨਾ ਕੋਇ ਮੁਕਾਈਆ । ਮੇਰੇ ਉਤੇ ਲੇਖਾ ਹੋਣਾ ਸੀਸ ਧੜਨ, ਧੜ ਸੀਸ ਦੇਣ ਦੁਹਾਈਆ । ਤੂੰ ਦੀਨਾਂ ਮਜ਼੍ਹਬਾਂ ਉਖੇੜਨੀ ਜੜ੍ਹਨ, ਚੋਟੀ ਚੜ੍ਹ ਕੇ ਆਪਣਾ ਹੁਕਮ ਵਰਤਾਈਆ । ਲੇਖਾ ਰਹੇ ਨਾ ਵਰਨ ਬਰਨ, ਜ਼ਾਤ ਪਾਤ ਦਾ ਪੰਧ ਮੁਕਾਈਆ । ਪੁਰਖ ਅਕਾਲਾ ਕਰਨੀ ਕਰਨ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਆਦਿ ਜੁਗਾਦਿ ਜੁਗ ਚੌਕੜੀ ਤਰਨੀ ਤਰਨ, ਤਾਰਨਹਾਰ ਤੇਰੀ ਓਟ ਤਕਾਈਆ ।

### ✪ ੧੪ ਮਾਘ ਸ਼ਹਿਨਸ਼ਾਹੀ ਸੰਮਤ ੬ ਦਰਸ਼ਨ ਸਿੰਘ ਦੇ ਗ੍ਰਿਹ ਪਿੰਡ ਦੁਸਾਂਝ ਜ਼ਿਲਾ ਜਲੰਧਰ ✪

ਧਰਨੀ ਕਹੇ ਪ੍ਰਭ ਮੇਰੇ ਸੀਨੇ ਲੱਗੀ ਆਤਸ਼, ਅਗਨੀ ਅੱਗ ਰਹੀ ਜਲਾਈਆ । ਚਾਰ ਕੁੰਟ ਦਹਿ ਦਿਸ਼ਾ ਕੂੜੀ ਕਿਰਿਆ ਦਿਸੇ ਸਾਜ਼ਿਸ਼, ਸੱਜਣ ਤੇਰਾ ਪ੍ਰੇਮ ਨਾ ਕੋਇ ਵਖਾਈਆ । ਮਾਇਆ ਮੋਹ ਵੇਖੀ ਨਾਲਿਸ਼, ਨਰ ਨਰਾਇਣ ਤੇਰਾ ਰੰਗ ਨਾ ਕੋਇ ਰੰਗਾਈਆ । ਚਾਰ ਵਰਨ ਬਣਿਆ ਰੂਪ ਨਾ ਖ਼ਾਲਸ, ਖ਼ਾਲਸ ਖ਼ਾਲਸਾ ਦਿਸ ਕੋਇ ਨਾ ਆਈਆ । ਮੇਰੇ ਸਾਹਿਬ ਕਿਉਂ ਕੀਤੀ ਆਲਸ, ਸਵਾਧਾਨ ਹੋ ਕੇ ਲੈ ਅੰਗੜਾਈਆ । ਕੂੜੀ ਕਿਰਿਆ ਮੇਟ ਜਹਾਲਤ, ਚਾਰੋਂ ਕੁੰਟ ਧਿਆਨ ਲਗਾਈਆ । ਮੇਰੇ ਉਤੇ ਸਚ ਦਰ ਸਚ ਦੀ ਕਰ ਅਦਾਲਤ, ਇਨਸਾਫ਼ ਆਪਣਾ ਇਕ ਸਮਝਾਈਆ । ਸ਼ਰਅ ਦੀ ਰਹੇ ਨਾ ਕੋਇ ਬਗ਼ਾਵਤ, ਬਗ਼ਲਗੀਰ ਕਰ ਲੋਕਾਈਆ । ਧਰਮ ਦੀ ਬਖ਼ਸ਼ ਇਕ ਨਿਆਮਤ, ਮਿਹਰ ਨਜ਼ਰ ਇਕ ਉਠਾਈਆ ।

ਮੇਰੇ ਉਤੇ ਤੇਰੇ ਕਹਿਰ ਦੀ ਆਵੇ ਨਾ ਕੋਇ ਕਿਆਮਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਲੇਖਾ ਵੇਖ ਵਖਾਈਆ । ਧਰਨੀ ਕਹੇ ਮੈਂ ਕੀ ਦੱਸਾਂ, ਸਾਹਿਬ ਸਾਹਿਬ ਸੁਣਾਈਆ । ਮੇਰੀਆਂ ਰੋਂਦੀਆਂ ਬਿਨਾ ਅੱਖਾਂ ਤੋਂ ਅੱਖਾਂ, ਅੱਖਰਾਂ ਵਾਲੀ ਦਿਸੇ ਨਾ ਕੋਇ ਪੜ੍ਹਾਈਆ । ਵਾਸਤਾ ਤੇਰੇ ਅੱਗੇ ਘੱਤਾਂ, ਦਰੋਹੀ ਤੇਰਾ ਨਾਮ ਦੁਹਾਈਆ । ਉਫ਼ ਹਾਏ ਸ੍ਰਿਸ਼ਟੀ ਦੀਆਂ ਮਾਰੀਆਂ ਗਈਆਂ ਮਤਾਂ, ਮਨਮਤ ਨਾਲ ਰਲਾਈਆ । ਲੱਗੀ ਅੱਗ ਪੰਜਾਂ ਤੱਤਾਂ, ਸਾਂਤਕ ਸਤਿ ਨਾ ਕੋਇ ਕਰਾਈਆ । ਮਾਨਸ ਭੁੱਖੇ ਹੋ ਗਏ ਮਾਨਸ ਰੱਤਾਂ, ਰਤਨ ਅਮੋਲਕ ਤੇਰਾ ਨਾਮ ਹੱਥ ਕਿਸੇ ਨਾ ਆਈਆ । ਭੇਖਾਧਾਰੀ ਸੀਸ ਵਧਾਵਣ ਜਟਾਂ, ਜਟਾ ਜੂਟ ਕੂੜ ਕੁਕਰਮ ਵਿਚ ਲਿਵ ਲਾਈਆ । ਦੀਨ ਮਜ਼੍ਹਬ ਦੀਆਂ ਖ਼ਾਲੀ ਵੇਖ ਹੱਟਾਂ, ਨਾਮ ਭੰਡਾਰਾ ਵਸਤ ਨਾ ਕੋਇ ਟਿਕਾਈਆ । ਜਿਧਰ ਵੇਖਾਂ ਕਾਮ ਕਰੋਧ ਦੀਆਂ ਪੈਂਦੀਆਂ ਸੱਟਾਂ, ਸਿਰ ਸਕੇ ਨਾ ਕੋਇ ਉਠਾਈਆ । ਮੈਂ ਖੁਲ੍ਹੜੇ ਕੇਸ ਆਪਣੇ ਪਿਟਾਂ, ਪਟਨੇ ਵਾਲੇ ਦਿਆਂ ਜਣਾਈਆ । ਸੂਰਬੀਰ ਜੇ ਤੂੰ ਰੂਪ ਧਰਿਆ ਸਤਿ ਸਤਿਵਾਦੀ ਜੱਟਾਂ, ਜਾਗਰਤ ਜੋਤ ਤੇਰੀ ਰੁਸ਼ਨਾਈਆ । ਹੋਰ ਕਿਸ ਦਵਾਰੇ ਨੱਠਾਂ, ਭੱਜਾਂ ਵਾਹੋ ਦਾਹੀਆ । ਮੇਰੇ ਉਤੋਂ ਝਗੜਾ ਮੇਟ ਦੇ ਮੰਦਰ ਮਸੀਤ ਸ਼ਿਵਦਵਾਲੇ ਮੱਠਾਂ, ਗੁਰੂਦਵਾਰ ਝਗੜਾ ਰਹੇ ਨਾ ਰਾਈਆ । ਲਹਿਣਾ ਪੂਰਾ ਕਰ ਦੇ ਅੱਠ ਸੱਠਾਂ, ਤੀਰਥ ਤਟ ਦੇਣ ਦੁਹਾਈਆ । ਰਾਗ ਸੁਣਨਾ ਪਏ ਨਾ ਕੋਈ ਕੋਲੋਂ ਭੱਟਾਂ, ਤਾਲ ਤਲਵਾੜੇ ਨਾ ਕੋਇ ਸ਼ਨਵਾਈਆ । ਇਕੋ ਤੇਰਾ ਨਾਮ ਸਾਹਿਬ ਸੁਲਤਾਨ ਰੱਟਾਂ, ਰੱਟੇ ਪਿਛਲੇ ਦੇਣੇ ਚੁਕਾਈਆ । ਧੁਰ ਦਾ ਲਾਹਾ ਤੇਰੇ ਚਰਨ ਕਵਲ ਖੱਟਾਂ, ਖਟਕਾ ਅਗਲਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਸਰਨਾਈਆ । ਧਰਨੀ ਕਹੇ ਮੇਰੇ ਉਤੇ ਰਿਹਾ ਕੋਈ ਨਾ ਧਰਮ, ਧੁਰ ਧਾਮ ਦੇ ਮਾਲਕ ਦਿਆਂ ਜਣਾਈਆ । ਮੇਰਾ ਦੁਖੀ ਹੋਇਆ ਚਰਮ, ਬਿਨ ਨੈਣਾਂ ਨੀਰ ਵਹਾਈਆ । ਮੇਰੇ ਵਿਚ ਸਤਿਜੁਗ ਦਾ ਬਦਲ ਦੇ ਜਰਮ, ਜਨਮ ਆਪਣੇ ਵਿਚੋਂ ਦਵਾਈਆ । ਪਿਛਲਾ ਰਹੇ ਕੋਇ ਨਾ ਭਰਮ, ਭਾਂਡਾ ਭਰਮ ਦੇਣਾ ਭੰਨਾਈਆ । ਇਕੋ ਤੇਰੀ ਸਭ ਨੂੰ ਹੋਵੇ ਸਰਨ, ਦੂਜਾ ਇਸ਼ਟ ਨਜ਼ਰ ਕੋਇ ਨਾ ਆਈਆ । ਭਗਤਾਂ ਖੁਲ੍ਹਾ ਹੋਵੇ ਹਰਨ ਫਰਨ, ਨਿਜ ਨੇਤਰ ਲੋਚਨ ਨੈਣ ਤੇਰਾ ਦਰਸ਼ਨ ਪਾਈਆ । ਲੇਖਾ ਰਹੇ ਨਾ ਵਰਨ ਬਰਨ, ਜ਼ਾਤ ਪਾਤ ਨਾ ਵੰਡ ਵੰਡਾਈਆ । ਚਾਰ ਕੁੰਟ ਦਹਿ ਦਿਸ਼ਾ ਤੂੰ ਮੇਰਾ ਮੈਂ ਤੇਰਾ ਸਾਰੇ ਢੋਲਾ ਪੜ੍ਹਨ, ਆਤਮ ਪਰਮਾਤਮ ਤੇਰਾ ਨਾਮ ਧਿਆਈਆ । ਤੇਰੀ ਮੰਜ਼ਲ ਸਚਖੰਡ ਨਿਵਾਸੀ ਚੜ੍ਹਨ, ਅਧਵਿਚਕਾਰ ਨਾ ਕੋਇ ਅਟਕਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਤਰਨੀ ਤਰਨ, ਤਾਰਨਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤ ਸਭ ਦਾ ਪੂਰਾ ਕਰ ਦੇ ਪਰਨ, ਪਰਾ ਪਸੰਤੀ ਮਧਮ ਬੈਖਰੀ ਆਪਣੇ ਵਿਚ ਸਮਾਈਆ ।



## ੧੪ ਮਾਘ ਸ਼ਹਿਨਸ਼ਾਹੀ ਸੰਮਤ ੬ ਸੰਤੋਖ ਸਿੰਘ ਦੇ ਗ੍ਰਹਿ ਪਿੰਡ ਸੋਢੀਆਂ ਜ਼ਿਲਾ ਜਲੰਧਰ

ਧਰਨੀ ਕਹੇ ਦੋਵੇਂ ਜੋੜ ਕੇ ਹੱਥ, ਹਰਿ ਕਰਤੇ ਸੀਸ ਨਿਵਾਈਆ । ਕਿਰਪਾ ਕਰ ਪੁਰਖ ਸਮਰਥ, ਬੇਪਰਵਾਹ ਤੇਰੀ ਵਡਿਆਈਆ । ਮੈਂ

ਚਰਨ ਕਵਲ ਰਹੀ ਢੱਠ, ਸਰਨਗਤ ਇਕ ਟਿਕਾਈਆ । ਧਰਮ ਦਾ ਰਿਹਾ ਕੋਇ ਨਾ ਹੱਟ, ਕੂੜ ਕਿਰਿਆ ਹੋਏ ਹਲਕਾਈਆ । ਧੀਰਜ ਦਿਸੇ ਕੋਇ ਨਾ ਸਤਿ, ਸਤਿ ਸਤਿਵਾਦ ਨਾ ਕੋਇ ਦਰਸਾਈਆ । ਕਲਜੁਗ ਜੀਵਾਂ ਉਲਟੀ ਹੋ ਗਈ ਮਤ, ਗੁਰਮਤ ਗਏ ਭੁਲਾਈਆ । ਨਾੜ ਬਹੱਤਰ ਉਬਲੇ ਰੱਤ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮਨੂਆ ਰਿਹਾ ਕਿਸੇ ਨਾ ਵਸ, ਦਹਿ ਦਿਸ਼ਾ ਉਠ ਉਠ ਧਾਈਆ । ਬੂੰਦ ਸਵਾਂਤੀ ਮਿਲੇ ਕਿਸੇ ਨਾ ਰਸ, ਝਿਰਨਾ ਨਿਝਰ ਨਾ ਕੋਇ ਝਿਰਾਈਆ । ਅਣਿਆਲਾ ਤੀਰ ਮਾਰੇ ਕੋਈ ਨਾ ਕਸ, ਬਜਰ ਕਪਾਟ ਨਾ ਕੋਇ ਤੁੜਾਈਆ । ਸ਼ਬਦ ਅਨਾਦ ਸੁਣੇ ਨਾ ਨਦ, ਅਨਹਦ ਨਾਦੀ ਨਾਦ ਨਾ ਕੋਇ ਸੁਣਾਈਆ । ਜੋਤ ਜਗੇ ਨਾ ਲਟ ਲਟ, ਅੰਧ ਅਗਿਆਨ ਨਾ ਕੋਇ ਮਿਟਾਈਆ । ਕਲਜੁਗ ਕੂੜ ਕੁੜਿਆਰੇ ਮਾਰਿਆ ਫੱਟ, ਘਾਓ ਡੂੰਘਾ ਦਿਤਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਮੇਰਾ ਨੇਤਰ ਵਹਾਏ ਨੀਰ, ਬਿਨ ਨੈਣਾਂ ਛਹਿਬਰ ਲਾਈਆ । ਮੇਰੇ ਸ਼ਹਿਨਸ਼ਾਹ ਪੀਰਾਂ ਦੇ ਪੀਰ, ਹਜ਼ਰਤ ਧੁਰਦਰਗਾਹੀਆ । ਮੇਰੇ ਚੀਥੜ ਪਾਟੇ ਵੇਖ ਲੀਰ, ਓਢਣ ਸੀਸ ਨਾ ਕੋਇ ਟਿਕਾਈਆ । ਮੇਰੀ ਆਸਾ ਹੋਈ ਦਿਲਗੀਰ, ਧੀਰਜ ਧੀਰ ਨਾ ਕੋਇ ਧਰਾਈਆ । ਝਗੜਾ ਪਿਆ ਸ਼ਾਹ ਹਕੀਰ, ਸ਼ਾਹ ਸੁਲਤਾਨ ਰਹੇ ਕੁਰਲਾਈਆ । ਕਿਸੇ ਦੀ ਪਵਿੱਤਰ ਨਾ ਹੋਏ ਜ਼ਮੀਰ, ਸਚ ਵਿਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਮਿਹਰ



ਨਜ਼ਰ ਉਠਾਈਆ । ਧਰਨੀ ਕਹੇ ਮੈਂ ਰੋ ਰੋ ਦੱਸਾਂ ਹਾਲ, ਪ੍ਰਭ ਤੇਰੀ ਬੇਪਰਵਾਹੀਆ । ਚਾਰੋਂ ਕੁੰਟ ਮੇਰਾ ਜ਼ਵਾਲ, ਆਬਰੂ ਰਹਿਣ ਕੋਇ ਨਾ ਪਾਈਆ । ਕਲਜੁਗ ਕੂੜੀ ਕਿਰਿਆ ਵੱਜੇ ਤਾਲ, ਤਲਵਾੜਾ ਮਮਤਾ ਮੋਹ ਨਾਲ ਮਿਲਾਈਆ । ਧਰਮ ਦਾ ਰਿਹਾ ਨਾ ਕੋਇ ਦਲਾਲ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਸਚ ਦੀ ਦਿਸੇ ਨਾ ਕੋਇ ਧਰਮਸਾਲ, ਸਾਢੇ ਤਿੰਨ ਹੱਥ ਨਾ ਹੋਏ ਰੁਸ਼ਨਾਈਆ । ਜੋਤੀ ਜਲਵਾਗਰ ਨਾ ਹੋਏ ਜਲਾਲ, ਨੂਰੇ ਚਸ਼ਮ ਨਾ ਕੋਇ ਰੁਸ਼ਨਾਈਆ । ਮੇਰੀ ਬੇਨੰਤੀ ਇਕ ਸਵਾਲ, ਦਰ ਠਾਂਡੇ ਸੀਸ ਝੁਕਾਈਆ । ਆ ਕੇ ਵੇਖ ਮੁਰੀਦਾਂ ਹਾਲ, ਹਰਿ ਮੁਰਸ਼ਦ ਬੇਪਰਵਾਹੀਆ । ਤੇਰੀ ਚਾਰ ਕੁੰਟ ਕਰਦੀ ਭਾਲ, ਉੱਤਰ ਪੂਰਬ ਪੱਛਮ ਦੱਖਣ ਭੱਜਾਂ ਵਾਹੋ ਦਾਹੀਆ । ਤੁਧ ਬਿਨ ਕਰੇ ਨਾ ਕੋਇ ਪ੍ਰਿਤਪਾਲ, ਪ੍ਰਿਤਪਾਲਕ ਆਪਣਾ ਫੇਰਾ ਲੈਣਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਮੈਂ ਰੋ ਰੋ ਮਾਰਾਂ ਨਾਅਰਾ, ਹੋਕਾ ਹੱਕ ਸੁਣਾਈਆ । ਤੂੰ ਮੇਰਾ ਪਰਵਰਦਿਗਾਰਾ, ਪਾਰਬ੍ਰਹਮ ਪਤਿਪਰਮੇਸ਼ਵਰ ਜਲਵਾਗਰ ਨੂਰ ਇਲਾਹੀਆ । ਪਲੂ ਛੁਡਾ ਗਏ ਪੈਗ਼ੰਬਰ ਗੁਰ ਅਵਤਾਰਾ, ਸਗਲਾ ਸੰਗ ਨਾ ਕੋਇ ਨਿਭਾਈਆ । ਸਦੀ ਚੌਧਵੀਂ ਦਾ ਤਕ ਕਿਨਾਰਾ, ਚੌਦਾਂ ਤਬਕ ਨੇਤਰ ਨੈਣਾਂ ਨੀਰ ਵਹਾਈਆ । ਮੁਹੰਮਦ ਕੂਕ ਕਰੇ ਪੁਕਾਰਾ, ਤੋਬਾ ਤੇਰਾ ਨਾਮ ਦੁਹਾਈਆ । ਲੇਖਾ ਤਕਣਾ ਚਾਰ ਯਾਰਾ, ਸਗਲਾ ਸੰਗ ਨਾ ਕੋਇ ਰਖਾਈਆ । ਧਰਨੀ ਕਹੇ ਮੇਰੇ ਉਤੇ ਲੱਗਣਾ ਇਕ ਅਖਾੜਾ, ਖੜਗ ਖੜਗ ਨਾਲ ਖੜਕਾਈਆ । ਨਵ ਸੱਤ ਹੋਣਾ ਧੁੰਦੂਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਾਂਗਤ ਹੋ ਕੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੇ ਵੇਖ ਖੁਲ੍ਹੜੇ ਕੇਸ, ਮੇਢੀ ਸੀਸ ਨਾ ਕੋਇ ਗੁੰਦਾਈਆ । ਤੂੰ ਮਾਲਕ ਆਦਿ ਜੁਗਾਦਿ ਹਮੇਸ਼, ਹਮ ਸਾਜਣ ਨਜ਼ਰੀ ਆਈਆ । ਜਿਸ ਜੁਗ ਚੌਕੜੀ

ਸਤਿਜੁਗ ਤ੍ਰੇਤਾ ਦੁਆਪਰ ਕੀਤਾ ਭੇਸ, ਭੇਖਾ ਧਾਰੀ ਰੂਪ ਬਦਲਾਈਆ । ਹੁਣ ਲਹਿਣਾ ਦੇਣਾ ਲੇਖਾ ਪੂਰਾ ਕਰਦੇ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਅੱਖ ਉਠਾਈਆ । ਹਲੂਣਾ ਦੇ ਦੇ ਵਿਸ਼ਨੂੰ ਸੁੱਤਾ ਰਹੇ ਨਾ ਬਾਸ਼ਕ ਸੇਜ, ਸਹੰਸਰ ਮੁਖ ਸਿਫ਼ਤ ਨਾ ਕੋਇ ਵਡਿਆਈਆ । ਬ੍ਰਹਮਾ ਤੇਰਾ ਝਲ ਨਾ ਸਕੇ ਤੇਜ, ਜੋਤੀ ਜਾਤੇ ਪੁਰਖ ਬਿਧਾਤੇ ਕਰ ਰੁਸ਼ਨਾਈਆ । ਸ਼ੰਕਰ ਛਡ ਕੈਲਾਸ਼ ਨੂੰ ਲਏ ਵੇਖ, ਬਿਨ ਨੈਣਾ ਨੈਣ ਉਠਾਈਆ । ਮੈਂ ਮੰਗਤੀ ਦਰ ਤੇਰੇ ਦਰ ਦਰਵੇਸ਼, ਭਿਖਾਰੀ ਹੋ ਕੇ ਸੀਸ ਨਿਵਾਈਆ । ਕਲਜੁਗ ਕੂੜੀ ਕਿਰਿਆ ਨਾਲ ਮੇਰਾ ਭਰਿਆ ਪੇਟ, ਲੇਖਾ ਅਵਰ ਨਾ ਕੋਇ ਜਣਾਈਆ । ਮੈਂ ਸਭ ਕੁਛ ਕਰਦੀ ਤੇਰੇ ਭੇਟ, ਦਰ ਤੇਰੇ ਦਿਆਂ ਟਿਕਾਈਆ । ਤੂੰ ਆਦਿ ਜੁਗਾਦੀ ਖੇਵਟ ਖੇਟ, ਪਾਰਬ੍ਰਹਮ ਪਤਿਪਰਮੇਸ਼ਵਰ ਧੁਰ ਦਾ ਮਾਲਕ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਤੇਰੇ ਚਰਨ ਕਵਲ ਆਦੇਸ, ਦੇਸ ਦੇਸਾਂਤਰਾਂ ਦੇ ਮਾਲਕ ਮਿਹਰਵਾਨ ਮਿਹਰਵਾਨ ਮਿਹਰਵਾਨ ਹੋਣਾ ਆਪ ਸਹਾਈਆ ।

### ✪ ੧੫ ਮਾਘ ਸ਼ਹਿਨਸ਼ਾਹੀ ਸੰਮਤ ੬ ਲਛਮਣ ਸਿੰਘ ਦੇ ਗ੍ਰਿਹ ਪਿੰਡ ਧਨੌਰੀ ਜ਼ਿਲਾ ਰੋਪੜ ✪



ਧਰਨੀ ਕਹੇ ਪ੍ਰਭ ਮੇਰਾ ਸੁਹੰਜਣਾ ਹੋਵੇ ਮੌਕਾ, ਮੁਕੰਮਲ ਦਿਆਂ ਦ੍ਰਿੜਾਈਆ । ਤੇਰੇ ਨਾਮ ਦਾ ਇਕੋ ਹੋਵੇ ਹੋਕਾ, ਹੁਕਮ ਸਾਹਿਬ ਸੁਲਤਾਨ ਸਚ ਦੇਣਾ ਸੁਣਾਈਆ । ਸਿਫ਼ਤ ਸਲਾਹੀ ਇਕੋ ਹੋਵੇ ਸਲੋਕਾ, ਇਕੋ ਕਲਮਾ ਨਾਮ ਪੜ੍ਹਾਈਆ । ਇਕੋ ਅੱਖਰਾਂ ਵਾਲਾ ਹੋਵੇ ਪੋਥਾ, ਇਕੋ ਸ਼ਬਦ ਕਰੇ ਅਗਵਾਈਆ । ਇਕੋ ਪ੍ਰਕਾਸ਼ ਹੋਵੇ ਨਿਰਮਲ ਜੋਤਾ, ਇਕੋ ਨੂਰ ਦੇਣਾ ਚਮਕਾਈਆ । ਮਾਨਵ ਰਹੇ ਕੋਇ ਨਾ ਸੋਤਾ, ਸੋਇਆਂ ਸੁਰਤ ਦੇਣੀ ਖੁਲ੍ਹਾਈਆ । ਕੂੜੀ ਕਿਰਿਆ ਵਿਚ ਮਾਰੇ ਕੋਈ ਨਾ ਗੋਤਾ, ਫੜ ਬਾਹੋਂ ਲੈਣਾ ਤਰਾਈਆ । ਦੁਰਮਤ ਪਾਪ ਕਲੇਵਰ ਸਭ ਦਾ ਜਾਏ ਧੋਤਾ, ਪਤਿਤ ਪੁਨੀਤ ਦੇਣੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੈਂ ਨੇਤਰ ਰੋਵਾਂ ਛੰਮ ਛੰਮ, ਛਹਿਬਰ ਤੇਰਾ ਪ੍ਰੇਮ ਲਗਾਈਆ । ਮੇਰਾ ਸੁਖਾਲਾ ਕਰ ਦੇ ਦਮ, ਦਾਮਨਗੀਰ ਆਪ ਹੋ ਜਾਈਆ । ਝਗੜਾ ਮੇਟ ਦੇ ਜਗਤ ਦ੍ਰਿਸ਼ਟੀ ਚੰਮ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਹਰਖ਼ ਸੋਗ ਰਹੇ ਨਾ ਗ਼ਮ, ਚਿੰਤਾ ਚਿਖਾ ਨਾ ਕੋਇ ਜਲਾਈਆ । ਮੇਰਾ ਬੇੜਾ ਦੇਣਾ ਬੰਨ੍ਹ, ਬੰਨ੍ਹਣਹਾਰ ਤੇਰੀ ਵਡਿਆਈਆ । ਮਿਹਰਵਾਨ ਮੇਰੀ ਬੇਨੰਤੀ ਲੈਣੀ ਮੰਨ, ਮਨਸਾ ਮਨ ਦੀ ਪੂਰ ਕਰਾਈਆ । ਸਤਿ ਸਚ ਦੀ ਵਸਤੂ ਦੇਣੀ ਧਨ, ਨਾਮ ਭੰਡਾਰਾ ਇਕ ਵਰਤਾਈਆ । ਜੀਵ ਬਣਾਉਣੇ ਆਪਣੇ ਜਨ, ਬਣਨਾ ਜਣੇਂਦੀ ਆਪ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਝੋਲੀ ਡਾਹੀਆ । ਧਰਨੀ ਕਹੇ ਪ੍ਰਭੂ ਮੇਰਾ ਪੂਰਾ ਕਰਨਾ ਕਾਮ, ਕਾਮ ਕਰੋਧ ਲੋਭ ਮੋਹ ਹੰਕਾਰ ਦੇਣਾ ਗਵਾਈਆ । ਇਕੋ ਤੇਰਾ ਉਪਜੇ ਨਾਮ, ਨਾਉਂ ਨਿਰੰਕਾਰਾ ਦੇਣਾ ਦ੍ਰਿੜਾਈਆ । ਅੰਮ੍ਰਿਤ ਰਸ ਦਾ ਦੇਣਾ ਜਾਮ, ਹਕੀਕੀ ਇਕ ਪਿਆਈਆ । ਸ਼ਰਅ ਦਾ ਰਹੇ ਨਾ ਕੋਇ ਗ਼ੁਲਾਮ, ਜ਼ੰਜੀਰ ਬੇਨਜ਼ੀਰ ਦੇਣੇ ਤੁੜਾਈਆ । ਤੂੰ ਮਾਲਕ ਇਕ ਅਵਾਮ, ਮਿਹਰਵਾਨ ਇਕ ਅਖਵਾਈਆ ।

ਮੇਰੀ ਬੇਨੰਤੀ ਕਰੀਂ ਪਰਵਾਨ, ਪਰਮ ਪੁਰਖ ਤੇਰੀ ਸਰਨਾਈਆ । ਮੇਰੇ ਉਤੋਂ ਝਗੜਾ ਮੇਟਣਾ ਤਮਾਮ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਕੂੜੀ ਕਿਰਿਆ ਮੇਟਣੀ ਸ਼ਾਮ, ਸ਼ਮਾ ਨੂਰ ਦੇਣਾ ਚਮਕਾਈਆ । ਮੈਂ ਸੁਣਨਾ ਚਾਹੁੰਦੀ ਤੇਰਾ ਇਕ ਪੈਗ਼ਾਮ, ਪੈਗ਼ੰਬਰਾਂ ਤੋਂ ਬਾਹਰ ਦੇਣਾ ਸੁਣਾਈਆ । ਮੇਰਾ ਸੱਯਦਿਆਂ ਤੋਂ ਬਾਹਰ ਸਲਾਮ, ਨਿਉਂ ਨਿਉਂ ਲਾਗਾਂ ਪਾਈਆ । ਮੇਰੇ ਉਤੇ ਤੇਰੇ ਸ਼ਬਦ ਗੁਰੂ ਦਾ ਹੋਵੇ ਇਕੋ ਇੰਤਜ਼ਾਮ, ਬੰਦੋਬਸਤ ਇਕੋ ਹੱਥ ਫੜਾਈਆ । ਚਾਰ ਕੁੰਟ ਕਰੇ ਨਾ ਕੋਇ ਹਰਾਮ, ਧਰਮ ਦੀ ਧਾਰ ਦੇਣੀ ਪਰਗਟਾਈਆ । ਮੇਰਾ ਨਗਰ ਖੇੜਾ ਵਸਾਉਣਾ ਗਰਾਮ, ਗ੍ਰਿਹ ਇਕੋ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰਾ ਅੰਤਰ ਪਿਆਰ ਦਾ ਹੋਵੇ ਰੰਗ, ਰੰਗ ਅਗੰਮ ਦੇਣਾ ਚੜ੍ਹਾਈਆ । ਕੂੜੀ ਕਿਰਿਆ ਕਰੇ ਨਾ ਜੰਗ, ਜੰਗ ਜੂ ਆਪਣਾ ਭੈ ਦੇਣਾ ਰਖਾਈਆ । ਮੇਰੀ ਆਸਾ ਮਨਸਾ ਇਹੋ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਤੇਰੇ ਨਾਮ ਦਾ ਦੋ ਜਹਾਨਾਂ ਵੱਜੇ ਮਰਦੰਗ, ਨਾਦ ਅਨਾਦੀ ਦੇਣਾ ਸੁਣਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਆਵੀਂ ਲੰਘ, ਦੂਰ ਦੁਰਾਡਾ ਪੰਧ ਮੁਕਾਈਆ । ਮੇਰੇ ਉਤੇ ਆਪਣੀ ਸੇਜ ਸੁਹਾਉਣੀ ਪਲੰਘ, ਸੰਬਲ ਬਹਿ ਕੇ ਖ਼ੁਸ਼ੀ ਮਨਾਈਆ । ਦੂਈ ਦਵੈਤ ਦੀਨ ਦੁਨੀ ਦੀ ਢਾਹੁਣੀ ਕੰਧ, ਦੁਤੀਆ ਭਾਉ ਦੇਣਾ ਮੁਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਦਾ ਹੋਵੇ ਛੰਦ, ਦੂਸਰ ਓਟ ਨਾ ਕਦੇ ਤਕਾਈਆ । ਮੇਰੇ ਸੀਨੇ ਤੇਰੇ ਪਿਆਰ ਦੀ ਹੋਵੇ ਠੰਡ, ਅਗਨੀ ਤਤ ਦੇਣਾ ਬੁਝਾਈਆ । ਸਚ ਸਵਾਮੀ ਅੰਤਰਜਾਮੀ ਮੇਰਾ ਭਾਗ ਹੋਣ ਨਾ ਦੇਵੀਂ ਮੰਦ, ਮੰਦਭਾਗਣ ਹੋਣਾ ਆਪ ਸਹਾਈਆ । ਤੇਰਾ ਇਕ ਦੁਲਾਰਾ ਏਕੰਕਾਰਾ ਨੂਰ ਨੁਰਾਨਾ ਸ੍ਰੀ ਭਗਵਾਨਾ ਸ਼ਬਦੀ ਤਕਾਂ ਚੰਦ, ਚੰਦ ਚਾਂਦਨਾ ਇਕ ਰੁਸ਼ਨਾਈਆ । ਮੇਰਾ ਖ਼ੁਸ਼ੀ ਕਰ ਦੇ ਬੰਦ ਬੰਦ, ਬੰਦਗੀ ਵਿਚ ਦਰ ਤੇਰੇ ਸੀਸ ਨਿਵਾਈਆ । ਸਤਿ ਧਰਮ ਵਿਚੋਂ ਸਚ ਦੇਣਾ ਅਨੰਦ, ਅਨੰਦ ਆਪਣਾ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਨਿਰਗੁਣ ਨਿਰਵੈਰ ਮੈਨੂੰ ਲਗਾ ਲੈ ਆਪਣੇ ਅੰਗ, ਅੰਗੀਕਾਰ ਆਪ ਹੋ ਜਾਈਆ ।

## ੧੯ ਮਾਘ ਸ਼ਹਿਨਸ਼ਾਹੀ ਸੰਮਤ ੬ ਜਗੀਰ ਸਿੰਘ ਦੇ ਗ੍ਰਿਹ ਪਿੰਡ ਰੰਗੀਲਪੁਰ ਜ਼ਿਲਾ ਰੋਪੜ

ਧਰਨੀ ਕਹੇ ਪ੍ਰਭ ਲੱਖ ਚੁਰਾਸੀ ਸੁੱਤੀ ਮੇਰੇ ਉਤੇ ਛਾਤੀ, ਛਤਰਧਾਰੀ ਬੈਠੇ ਆਸਣ ਲਾਈਆ । ਸਚ ਵਸਤ ਨਾਮ ਭੰਡਾਰਾ ਦਿਸੇ ਕੋਲ ਕਿਸੇ ਨਾ ਦਾਤੀ, ਦਾਤੇ ਦਾਨੀ ਦਇਆ ਦੇਣੀ ਕਮਾਈਆ । ਸਦੀ ਚੌਧਵੀਂ ਮੇਟ ਅੰਧੇਰੀ ਰਾਤੀ, ਰੁਤੜੀ ਆਪਣੇ ਨਾਲ ਲੈਣੀ ਮਹਿਕਾਈਆ । ਇਕੋ ਅੰਮ੍ਰਿਤ ਬੂੰਦ ਬਖ਼ਸ਼ ਸਵਾਂਤੀ, ਅਗਨੀ ਤਤ ਦੇਣਾ ਬੁਝਾਈਆ । ਸਭ ਦੀ ਸਾਂਝੀ ਇਕੋ ਕਰਦੇ ਜ਼ਾਤੀ, ਦੀਨ ਮਜ਼੍ਹਬ ਦਾ ਝਗੜਾ ਰਹੇ ਨਾ ਰਾਈਆ । ਇਕੋ ਨਾਮ ਕਲਮਾ ਇਕੋ ਪੱਟੀ ਪੜ੍ਹਾ ਜਮਾਤੀ, ਦੂਸਰ ਵੰਡ ਨਾ ਕੋਇ ਵੰਡਾਈਆ । ਆਤਮ ਪਰਮਾਤਮ ਬਣ ਅਗੰਮਾ ਸਾਥੀ, ਸਗਲਾ ਸੰਗ ਨਿਭਾਈਆ । ਮੇਰੀ ਨਿਮਸਕਾਰ ਦੋਵੇਂ ਜੋੜ ਕੇ ਹਾਥੀ, ਖ਼ਾਦਮ ਹੋ ਕੇ ਸੀਸ ਨਿਵਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਸਰਬ ਕਲਾ ਸਮਰਾਥੀ, ਭਰਪੂਰ

ਇਕ ਅਖਵਾਈਆ । ਕਲਜੁਗ ਅੰਤਮ ਮੇਰੀ ਮੰਨ ਆਖੀ, ਆਖ਼ਰ ਦਿਆਂ ਸੁਣਾਈਆ । ਗ਼ੁੱਸਾ ਗਿਲਾ ਰਹੇ ਨਾ ਕੋਇ ਗੁਸਤਾਖ਼ੀ, ਗ਼ਮੀ ਦਾ ਡੇਰਾ ਦੇਣਾ ਢਾਹੀਆ । ਤੇਰੇ ਨਾਮ ਦੀ ਹੋਵੇ ਸਚ ਪਰਭਾਤੀ, ਪ੍ਰਭੂ ਜਿਸ ਵਿਚ ਸਾਰੇ ਤੇਰਾ ਨਾਮ ਧਿਆਈਆ । ਅਵਤਾਰ ਪੈਗ਼ੰਬਰ ਗੁਰੂਆਂ ਲੇਖਾ ਰਹੇ ਨਾ ਬਾਕੀ, ਬਾਕਾਇਦਾ ਸਭ ਦਾ ਦੇਣਾ ਮੁਕਾਈਆ । ਮਨੂਆ ਰਹੇ ਕੋਇ ਨਾ ਆਕੀ, ਹਉਮੇ ਗੜ੍ਹ ਦੇਣਾ ਤੁੜਾਈਆ । ਨਾਮ ਪਿਆਲਾ ਦੇਣਾ ਬਣ ਕੇ ਸਾਕੀ, ਜਾਮ ਧੁਰ ਦਾ ਹੱਥ ਉਠਾਈਆ । ਆਪਣੇ ਮਿਲਣ ਦੀ ਖੋਲ੍ਹੀਂ ਤਾਕੀ, ਪੜਦਾ ਅੰਦਰੋਂ ਦੇਣਾ ਚੁਕਾਈਆ । ਕੂੜੀ ਕਿਰਿਆ ਕਰੇ ਨਾ ਕੋਇ ਚਲਾਕੀ, ਸਤਿ ਸਚ ਸਭ ਨੂੰ ਦੇਣਾ ਸਮਝਾਈਆ । ਲੇਖਾ ਮੁਕਾ ਦੇ ਬੰਦਾ ਖ਼ਾਕੀ, ਖ਼ਾਲਸ ਆਪਣਾ ਜੋੜ ਜੁੜਾਈਆ । ਮੇਰੀ ਬੇਨੰਤੀ ਧਰਮ ਧਾਰ ਦੀ ਸਾਚੀ, ਸਾਚੇ ਸੱਜਣ ਦਿਆਂ ਸੁਣਾਈਆ । ਲੂੰ ਲੂੰ ਅੰਦਰ ਰਾਚੀਂ, ਰਚਨਾ ਆਪਣੀ ਦੇਣੀ ਪਰਗਟਾਈਆ । ਮੇਰੇ ਤਨ ਲੱਗੇ ਮੂਲ ਨਾ ਆਂਚੀ, ਅਗਨੀ ਤਤ ਨਾ ਮੂਲ ਜਲਾਈਆ । ਮੇਰੀ (ਨੌ ਸੌ ਚੁਰਾਨਵੇ) ਚੌਕੜੀ ਜੁਗ ਦੀ ਪੂਰੀ ਕਰਨੀ ਆਸੀ, ਆਹਿਸਤਾ ਆਹਿਸਤਾ ਮੰਗ ਮੰਗਾਈਆ । ਤੂੰ ਕਰਤਾ ਪੁਰਖ ਅਬਿਨਾਸ਼ੀ, ਪਾਰਬ੍ਰਹਮ ਤੇਰੀ ਬੇਪਰਵਾਹੀਆ । ਮੇਰੇ ਉਤੇ ਸਤਿ ਦੀ ਪਾ ਰਾਸੀ, ਨਿਰਗੁਣ ਨਿਰਗੁਣ ਗੋਪੀ ਕਾਹਨ ਕਾਹਨ ਗੋਪੀ ਆਪ ਨਚਾਈਆ । ਤੇਰੇ ਹੁਕਮ ਦਾ ਹੁਕਮ ਹੋਵੇ ਇਨਕਲਾਬੀ, ਬਦਲੀ ਕਰਦੇ ਖ਼ਲਕ ਖ਼ੁਦਾਈਆ । ਮਹਿਬੂਬ ਨਜ਼ਰ ਆਵੇ ਮਹਿਰਾਬੀ, ਦਰ ਇਕੋ ਇਕ ਸੁਹਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਕਰ ਸ਼ਤਾਬੀ, ਸ਼ਰਅ ਦਾ ਲੇਖਾ ਦੇਣਾ ਮੁਕਾਈਆ । ਮੈਂ ਜਿਧਰ ਤਕਾਂ ਮੇਰੇ ਉਤੇ ਸਭ ਮਾਨਵ ਨੂੰ ਹੋਵੇ ਆਜ਼ਾਦੀ, ਬੰਧਨ ਮਜ਼੍ਹਬ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਉਤੋਂ ਕੂੜ ਕਿਰਿਆ ਦੀ ਕਰ ਬਰਬਾਦੀ, ਨੇਸਤੋ ਨਾਬੂਦ ਕਰਕੇ ਜੜ੍ਹ ਦੇਣੀ ਉਖੜਾਈਆ ।

### ੧੯ ਮਾਘ ਸ਼ਹਿਨਸ਼ਾਹੀ ਸੰਮਤ ੬ ਪ੍ਰੀਤਮ ਸਿੰਘ ਦੇ ਗ੍ਰਿਹ ਪਿੰਡ ਰਾਜੋ ਮਾਜਰਾ ਜ਼ਿਲਾ ਰੋਪੜ

ਧਰਨੀ ਕਹੇ ਪ੍ਰਭ ਤੇਰੀ ਚਰਨ ਮਸਤਕ ਲਾਵਾਂ ਧੂੜਾ, ਧਰਮ ਦਾ ਟਿੱਕਾ ਖ਼ਾਕ ਰਮਾਈਆ । ਮੇਰੇ ਉਤੋਂ ਕਲਜੁਗ ਕੂੜੀ ਕਿਰਿਆ ਹੂੰਝ ਦੇ ਕੂੜਾ, ਕੁਕਰਮ ਦਾ ਲੇਖਾ ਰਹੇ ਨਾ ਰਾਈਆ । ਚਤੁਰ ਸੁਘੜ ਬਣਾ ਦੇ ਮੂਰਖ ਮੂੜ੍ਹਾ, ਨਾਮ ਨਿਧਾਨਾ ਇਕ ਸਮਝਾਈਆ । ਮਾਨਵ ਜ਼ਾਤੀ ਰੰਗ ਚਾੜ੍ਹ ਦੇ ਗੂੜ੍ਹਾ, ਨਿਰਗੁਣ ਨਿਰਵੈਰ ਤੇਰਾ ਰੰਗ ਉਤਰ ਕਦੇ ਨਾ ਜਾਈਆ । ਤੂੰ ਦਾਤਾ ਯੋਧਾ ਬਹਾਦਰ ਸੂਰਾ, ਸਾਹਿਬ ਸੁਲਤਾਨ ਅਖਵਾਈਆ । ਅਵਤਾਰ ਪੈਗ਼ੰਬਰ ਗੁਰੂਆਂ ਭਵਿਖਤ ਕਰਦੇ ਪੂਰਾ, ਪੂਰਨ ਬ੍ਰਹਮ ਦੇ ਸਮਝਾਈਆ । ਇਕੋ ਤੇਰੀ ਜੋਤ ਦਾ ਨਜ਼ਰ ਆਏ ਨੂਰਾ, ਅੰਧ ਅੰਧੇਰਾ ਦੇਣਾ ਮਿਟਾਈਆ । ਜਨ ਭਗਤਾਂ ਨਜ਼ਰ ਆਉਣਾ ਹਾਜ਼ਰ ਹਜ਼ੂਰਾ, ਸਚ ਸਵਾਮੀ ਹੋ ਕੇ ਸੋਭਾ ਪਾਈਆ । ਤੋੜਨਾ ਗੜ੍ਹ ਹਉਮੈਂ ਹੰਗਤਾ ਗ਼ਰੂਰਾ, ਨਿਵਣ ਸੁ ਅੱਖਰ ਇਕ ਜਣਾਈਆ । ਮੈਂ ਜੁਗ ਚੌਕੜੀ ਤੇਰੇ ਦਰ ਦੀ ਰਹੀ ਮਜ਼ਦੂਰਾ, ਸੇਵਕ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਪੁਰਖ ਅਕਾਲ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭ ਮੈਂ ਤੇਰੀ ਮਸਤਕ ਲਾਵਾਂ ਖ਼ਾਕ, ਧੂੜ

ਚਰਨ ਰਮਾਈਆ । ਸ੍ਰਿਸ਼ਟੀ ਦ੍ਰਿਸ਼ਟੀ ਕਰਦੇ ਪਾਕ, ਪਤਿਤ ਪੁਨੀਤ ਦੇ ਬਣਾਈਆ । ਸਭ ਦੇ ਅੰਦਰੋਂ ਖੋਲ੍ਹ ਦੇ ਤਾਕ, ਪੜਦਾ ਬਜਰ ਕਪਾਟ ਤੁੜਾਈਆ । ਸ਼ਬਦ ਅਗੰਮੀ ਸੁਣਾ ਦੇ ਨਾਦ, ਅਨਾਦੀ ਧੁਨ ਕਰ ਸ਼ਨਵਾਈਆ । ਭੇਵ ਖੁਲ੍ਹਾ ਦੇ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਰੰਗ ਰੰਗਾਈਆ । ਤੂੰ ਮਾਲਕ ਖ਼ਾਲਕ ਆਦਿ ਜੁਗਾਦਿ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਕਲਜੁਗ ਕੂੜੀ ਕਿਰਿਆ ਕਰ ਬਰਬਾਦ, ਮੇਰੇ ਉਤੇ ਰਹਿਣ ਨਾ ਪਾਈਆ । ਸਤਿਜੁਗ ਸਾਚਾ ਹੋਵੇ ਆਦਿ, ਧਰਮ ਦੀ ਜੜ੍ਹ ਦੇਣੀ ਲਗਾਈਆ । ਤੇਰੇ ਸ਼ਬਦ ਗੁਰੂ ਦਾ ਹੋਵੇ ਰਾਜ, ਰਈਅਤ ਆਤਮਾ ਲਏ ਬਣਾਈਆ । ਨਵੀਂ ਮੇਰੇ ਉਤੇ ਸਾਜਣਾ ਸਾਜ, ਪਿਛਲਾ ਲੇਖਾ ਦੇ ਮੁਕਾਈਆ । ਨਾਮ ਦੱਸ ਦੇ ਬੋਧ ਅਗਾਧ, ਬੁੱਧੀ ਤੋਂ ਪਰੇ ਤੇਰੀ ਪੜ੍ਹਾਈਆ । ਸਭ ਦਾ ਸਾਂਝਾ ਕਰ ਸਮਾਜ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਲੇਖੇ ਵਿਚ ਲੇਖਾ ਲਾ ਦੇ ਪੂਰਾ ਕਰ ਹਿਸਾਬ, ਨਿਸਬਤ ਆਪਣੇ ਨਾਲ ਮਿਲਾਈਆ । ਤੂੰ ਦੋ ਜਹਾਨਾਂ ਸ੍ਰੀ ਭਗਵਾਨਾ ਸ਼ਹਿਨਸ਼ਾਹ ਮਹਾਰਾਜ, ਤਖ਼ਤ ਨਿਵਾਸੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭ ਮੇਰੇ ਉਤੇ ਕਰਨੀ ਮਿਹਰ, ਨਿਗਹ ਮਿਹਰ ਉਠਾਈਆ । ਇਕੋ ਰੰਗ ਰੰਗਾਉਣੇ ਗੁਰੂ ਗੁਰ ਚੇਰ, ਚੇਲਾ ਗੁਰ ਭੇਵ ਰਹੇ ਨਾ ਰਾਈਆ । ਕੂੜੀ ਕਿਰਿਆ ਕਰਨੀ ਖ਼ਾਕ ਢੇਰ, ਸਤਿ ਸਚ ਦੇਣਾ ਪਰਗਟਾਈਆ । ਝਗੜਾ ਮੁਕਾਉਣਾ ਅੰਡਜ ਜੇਰ, ਉਤਭੁਜ ਸੇਤਜ ਆਪਣੇ ਰੰਗ ਰੰਗਾਈਆ । ਸਦੀ ਚੌਧਵੀਂ ਮੁਹੰਮਦ ਲੇਖਾ ਦੇਣਾ ਨਬੇੜ, ਬਾਕੀ ਅਵਰ ਨਾ ਕੋਇ ਰਖਾਈਆ । ਹੁਕਮੇ ਅੰਦਰ ਗੇੜਨਾ ਗੇੜ, ਲੱਖ ਚੁਰਾਸੀ ਦੇਣੀ ਭਵਾਈਆ । ਮੇਰਾ ਧਰਮ ਦਾ ਦਵਾਰਾ ਦਿਸੇ ਖੇੜ, ਨਗਰ ਨੌ ਖੰਡ ਦੇਣਾ ਸੁਹਾਈਆ । ਮਿਹਰਵਾਨ ਕਰੀਂ ਨਾ ਡੇਰ, ਮਹਿਬੂਬ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸਤਿਗੁਰ ਸ਼ਬਦ ਸ਼ਬਦ ਗੁਰ ਸਤਿ ਆਦਿ ਜੁਗਾਦੀ ਏਕੰਕਾਰਾ ਸ਼ੇਰ, ਭਬਕ ਵਿਚ ਸਬਕ ਆਪਣਾ ਦੇਣਾ ਜਣਾਈਆ ।

### ੧੯ ਮਾਘ ਸ਼ਹਿਨਸ਼ਾਹੀ ਸੰਮਤ ੬ ਹਜ਼ੂਰਾ ਸਿੰਘ ਦੇ ਗ੍ਰਿਹਿ ਪਿੰਡ ਗੁਰਾਇਆ ਜ਼ਿਲਾ ਜਲੰਧਰ

ਧਰਨੀ ਕਹੇ ਪ੍ਰਭ ਮੇਰੇ ਸੀਸ ਰਹੀ ਨਾ ਚੁੰਨੀ, ਓਢਣ ਨਜ਼ਰ ਕੋਇ ਨਾ ਆਈਆ । ਸਚ ਦਾ ਰਿਹਾ ਕੋਇ ਨਾ ਰਿਖੀ ਮੁਨੀ, ਮੋਨ ਧਾਰੀ ਬੈਠੇ ਮੁਖ ਭਵਾਈਆ । ਆਤਮਾ ਪਰਮਾਤਮਾ ਦਾ ਦਿਸੇ ਕੋਇ ਨਾ ਗੁਣੀ, ਗੁਣਵੰਤ ਨਾ ਕੋਇ ਅਖਵਾਈਆ । ਤੇਰੇ ਨਾਮ ਸ਼ਬਦ ਦੀ ਸੁਣੇ ਕੋਇ ਨਾ ਧੁਨੀ, ਧੁਨ ਆਤਮਕ ਰਾਗ ਨਾ ਕੋਇ ਸ਼ਨਵਾਈਆ । ਮੇਰੀ ਪੁਕਾਰ ਦਾਤਾਰ ਕਲਜੁਗ ਅੰਤਮ ਸੁਣੀਂ, ਅਣਸੁਣਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰਵਾਨ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭ ਮੇਰੇ ਉਤੇ ਰਿਹਾ ਕੋਇ ਨਾ ਪੜਦਾ, ਪਰਦਾਨਸ਼ੀ ਤੇਰੀ ਦੁਹਾਈਆ । ਮਾਲਕ ਦਿਸੇ ਕੋਇ ਨਾ ਘਰ ਦਾ, ਬੇਘਰ ਹੋਈ ਲੋਕਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਕੋਲੋਂ ਕੋਈ ਨਾ ਡਰਦਾ, ਭੈ ਸ੍ਰਿਸ਼ਟੀ ਦ੍ਰਿਸ਼ਟੀ ਵਿਚੋਂ ਗਈ ਚੁਕਾਈਆ । ਦੀਨ ਮਜ਼੍ਹਬ ਬਹੁੜੀ ਮੇਰੇ ਉਤੇ ਲੜਦਾ, ਤੇਰੇ ਨਾਮ ਕਲਮੇ ਧਰਿਆ ਰੂਪ

ਕਸਾਈਆ । ਕਿਸੇ ਭੇਤ ਨਾ ਆਇਆ ਚੋਟੀ ਜੜ੍ਹ ਦਾ, ਚੇਤਨ ਸੁਰਤ ਨਾ ਕੋਇ ਵਖਾਈਆ । ਭੈ ਰਿਹਾ ਨਾ ਨਰਾਇਣ ਨਰ ਦਾ, ਨਰ ਹਰਿ ਤੇਰੀ ਓਟ ਨਾ ਕੋਇ ਤਕਾਈਆ । ਉਠ ਵੇਖ ਖੇਲ ਕਲਜੁਗ ਕਲ ਦਾ, ਕੀ ਕਲਕਾਤੀ ਕਾਰ ਕਮਾਈਆ । ਜਿਸ ਸਾਥ ਬਣਾਇਆ ਪੰਜ ਵਿਕਾਰੇ ਦਲ ਦਾ, ਆਸਾ ਤ੍ਰਿਸ਼ਨਾ ਨਾਲ ਮਿਲਾਈਆ । ਗ੍ਰਿਹਿ ਭੁਲਾਇਆ ਤੇਰਾ ਨਿਹਚਲ ਧਾਮ ਅਟੱਲ ਦਾ, ਸਚਖੰਡ ਸਾਚਾ ਨਜ਼ਰ ਕਿਸੇ ਨਾ ਆਈਆ । ਨਜ਼ਾਰਾ ਤਕ ਲੈ ਕਪਟ ਛਲ ਦਾ, ਅਛਲ ਛਲਧਾਰੀ ਆਪਣਾ ਫੇਰਾ ਪਾਈਆ । ਜ਼ੋਰ ਰਿਹਾ ਨਹੀਂ ਕਿਸੇ ਸੂਰਬੀਰ ਦੇ ਬਲ ਦਾ, ਬਲਧਾਰੀ ਬੈਠੇ ਸੀਸ ਨਿਵਾਈਆ । ਤੇਰਾ ਹੁਕਮ ਸੰਦੇਸ਼ਾ ਨਿਹਚਲ ਧਾਮ ਕੋਇ ਨਾ ਘਲਦਾ, ਨਗਮਾ ਨਾਮ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਦਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਪ੍ਰਭ ਮੇਰੇ ਸੀਸ ਤੋਂ ਲੱਥਾ ਚੀਰ, ਚਿਰੀ ਵਿਛੁੰਨੇ ਦਇਆ ਦੇਣੀ ਕਮਾਈਆ । ਮੇਰਾ ਨੇਤਰ ਨੈਣ ਵਹਾਵੇ ਨੀਰ, ਅੱਖਾਂ ਛਹਿਬਰ ਲਾਈਆ । ਮੇਰੀ ਬਦਲ ਦੇ ਤਕਦੀਰ, ਤਦਬੀਰ ਆਪਣੀ ਨਾਲ ਮਿਲਾਈਆ । ਮੇਰੇ ਉਤੋਂ ਸ਼ਰਅ ਦੇ ਕਟ ਜ਼ੰਜੀਰ, ਸ਼ਰੀਅਤ ਦਾ ਲੇਖਾ ਦੇਣਾ ਮੁਕਾਈਆ । ਇਕੋ ਰੰਗ ਰੰਗਾਉਣਾ ਸ਼ਾਹ ਹਕੀਰ, ਸ਼ਹਿਨਸ਼ਾਹ ਮਿਹਰ ਨਜ਼ਰ ਉਠਾਈਆ । ਤੈਨੂੰ ਝੁਕਦੇ ਪੈਗ਼ੰਬਰ ਪੀਰ, ਅਵਤਾਰ ਗੁਰ ਸੀਸ ਨਿਵਾਈਆ । ਸਦੀ ਚੌਧਵੀਂ ਮੇਰਾ ਬਣਨਾ ਦਸਤਗੀਰ, ਦਸਤ ਦਸਤ ਨਾਲ ਮਿਲਾਈਆ । ਮੈਂ ਚਾਹੁੰਦੀ ਸਭ ਦੀ ਬਦਲ ਦੇ ਜ਼ਮੀਰ, ਜ਼ਾਹਰ ਜ਼ਹੂਰ ਆਪਣਾ ਨੂਰ ਕਰ ਰੁਸ਼ਨਾਈਆ । ਤੂੰ ਮਾਲਕ ਖ਼ਾਲਕ ਬੇਨਜ਼ੀਰ, ਜਗ ਨੇਤਰ ਨਜ਼ਰ ਕੋਇ ਨਾ ਆਈਆ । ਮੇਰੀ ਆਸਾ ਅੰਤ ਹੋਏ ਦਿਲਗੀਰ, ਧੀਰਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਰਿਹਾ ਕੋਇ ਨਾ ਓਢਣ, ਉਚੀ ਕੂਕ ਕੂਕ ਸੁਣਾਈਆ । ਕਲਜੁਗ ਜੀਵ ਵੇਖੇ ਕੋਟੀ ਕੋਟਨ, ਅਣਗਿਣਤ ਧਿਆਨ ਲਗਾਈਆ । ਸਾਚੀ ਮੰਜ਼ਲ ਚੜ੍ਹੇ ਕੋਇ ਨਾ ਚੋਟਨ, ਚੋਟੀ ਚੜ੍ਹ ਤੇਰਾ ਦਰਸ ਕੋਇ ਨਾ ਪਾਈਆ । ਦਰੋਹੀ ਇਹ ਆਲ੍ਹਣਿਉਂ ਡਿੱਗੇ ਬੋਟਨ, ਸਦੀ ਚੌਧਵੀਂ ਫੇਰ ਨਾ ਕੋਇ ਉਠਾਈਆ । ਉਠ ਵੇਖ ਫਿਰੀ ਦੁਹਾਈ ਚੌਦਾਂ ਲੋਕਨ, ਚੌਦਾਂ ਤਬਕ ਰਹੇ ਕੁਰਲਾਈਆ । ਤੇਰਾ ਨਾਮ ਗਾਏ ਨਾ ਕੋਇ ਸਲੋਕਨ, ਸੋਹਲਾ ਹੱਕ ਨਾ ਕੋਇ ਜਣਾਈਆ । ਸਾਰੀ ਸ੍ਰਿਸ਼ਟੀ ਦ੍ਰਿਸ਼ਟੀ ਵਿਚੋਂ ਹੋ ਗਈ ਮੇਰੀ ਦੋਖ਼ਨ, ਦੁਖੀਆਂ ਦੁੱਖ ਨਾ ਕੋਇ ਮਿਟਾਈਆ । ਧਰਮ ਦਾ ਰਿਹਾ ਕੋਇ ਨਾ ਜੋਬਨ, ਬਲਹੀਣ ਦਿਆਂ ਸੁਣਾਈਆ । ਤੁਧ ਬਿਨ ਮੇਰਾ ਕਾਰਜ ਕੋਈ ਨਾ ਆਵੇ ਸੋਧਣ, ਜੋ ਸੁਦੀ ਵਦੀ ਤੋਂ ਬਾਹਰ ਆਪਣਾ ਖੇਲ ਖਿਲਾਈਆ । ਮੇਰਾ ਮਾਰਗ ਪੰਧ ਲੰਬਾ ਨਹੀਂ ਕੋਈ ਜਗਤ ਵਾਲਾ ਯੋਜਨ, ਜੁਗਤੀ ਆਪਣੀ ਦੇਣੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਉਮੇ ਹੰਗਤਾ ਕੂੜੀ ਕਿਰਿਆ ਕਢ ਦੇ ਰੋਗਣ, ਚਿੰਤਾ ਸਭ ਦੇ ਅੰਦਰੋਂ ਦੇ ਮਿਟਾਈਆ । ਧਰਨੀ ਕਹੇ ਪ੍ਰਭ ਮੇਰੇ ਉਪਰ ਨਾ ਕਿਸੇ ਸਹਾਰਾ, ਪੁਰਖ ਅਕਾਲੇ ਦੀਨ ਦਿਆਲੇ ਧੁਰ ਦੇ ਸਾਹਿਬ ਦਿਆਂ ਜਣਾਈਆ । ਮੈਂ ਦੁਹਾਈ ਕੀਤੀ ਅੱਗੇ ਪੈਗ਼ੰਬਰ ਗੁਰ ਅਵਤਾਰਾ, ਕੂਕ ਕੂਕ ਸੁਣਾਈਆ । ਸੰਦੇਸ਼ਾ ਦਿਤਾ ਕਲਜੁਗ ਵੇਖੋ ਅੰਤ ਕਨਾਰਾ, ਨਈਆ ਡੋਲੇ ਥਾਉਂ ਥਾਈਂਆ । ਲਹਿਣਾ ਦੇਦਾ ਮੁਕਣਾ ਮੁਹੰਮਦ ਚਾਰ ਯਾਰਾ, ਸਦੀ ਚੌਧਵੀਂ ਸੰਗ ਮਿਲਾਈਆ । ਚਾਰੋਂ ਕੁੰਟ ਵੇਖ ਅੰਧ ਅੰਧਿਆਰਾ, ਧੁਰ ਦਾ ਚੰਦ ਨਾ ਕੋਇ ਚਮਕਾਈਆ । ਮੇਰੀ ਇਕੋ ਕੂਕ ਪੁਕਾਰ ਦੋ ਜਹਾਨਾਂ ਸੁਣਨਾ ਨਾਅਰਾ, ਨਰ ਨਰਾਇਣ

੧੧੦੨
੨੨

ਦਿਆਂ ਜਣਾਈਆ । ਤੁਧ ਬਿਨ ਦੂਸਰ ਅਵਰ ਨਾ ਕੋਇ ਕਲ ਕਲਕੀ ਅਵਤਾਰਾ, ਅਵਤਰੀ ਆਪਣਾ ਹੁਕਮ ਦੇਣਾ ਸੁਣਾਈਆ । ਮੈਂ ਨਿਉਂ ਨਿਉਂ ਸੱਯਦਿਆਂ ਵਿਚ ਕਰਾਂ ਨਿਮਸਕਾਰਾ, ਡੰਡਾਵਤ ਬੰਦਨਾ ਕਰਕੇ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰਾ, ਧੁਰ ਦੇ ਮਾਲਕ ਤੇਰੀ ਇਕੋ ਓਟ ਤਕਾਈਆ ।

✪ ੧੭ ਮਾਘ ਸ਼ਹਿਨਸ਼ਾਹੀ ਸੰਮਤ ੬ ਗੁਰਦੇਵ ਸਿੰਘ ਦੇ ਗ੍ਰਹਿ ਨਵਾਂ ਪਿੰਡ ਜ਼ਿਲਾ ਜਲੰਧਰ ✪

ਧਰਨੀ ਕਹੇ ਪ੍ਰਭ ਕਿਰਪਾ ਕਰ ਮੇਰੇ ਕਮਲਾਪਤੀ, ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਦਇਆ ਕਮਾਈਆ । ਚਾਰ ਕੁੰਟ ਦਹਿ ਦਿਸ਼ਾ ਵਾਅ ਵਗੇ ਤੱਤੀ, ਪੁਰਖ ਅਕਾਲੇ ਦੀਨ ਦਿਆਲੇ ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਨਾਮ ਨਿਧਾਨਾ ਤੇਰੀ ਧਾਰ ਦਿਸੇ ਨਾ ਰਤੀ, ਰਤਨ ਅਮੋਲਕ ਕਾਇਆ ਗੋਲਕ ਵਿਚ ਟਿਕਾਈਆ । ਸਚ ਧਰਮ ਮੁਹੱਬਤ ਵਿਚ ਆਤਮਾ ਹੋਵੇ ਕੋਈ ਨਾ ਸਤੀ, ਸਤਿ ਸਰੂਪ ਸ਼ਾਹੋ ਭੂਪ ਬਿਨ ਰੰਗ ਰੂਪ ਤੇਰੇ ਵਿਚ ਨਾ ਕੋਇ ਸਮਾਈਆ । ਜਿਧਰ ਤਕਾਂ ਕੂੜ ਕੁਕਰਮ ਦੀ ਦਿਸੇ ਹੱਟੀ, ਕਲਜੁਗ ਵਣਜਾਰਾ ਸੋਭਾ ਪਾਈਆ । ਮੈਂ ਚਾਰੋਂ ਕੁੰਟ ਭੱਜੀ ਨੱਠੀ, ਦਿਵਸ

੧੧੦੩ ਰੈਣ ਵਾਹੋ ਦਾਹੀਆ । ਸੰਤ ਮਹਾਤਮਾ ਦਿਸਿਆ ਮੂਲ ਨਾ ਭੱਟੀ, ਸੂਫ਼ੀ ਫ਼ਕੀਰ ਫ਼ਿਕਰਾ ਹੱਕ ਨਾ ਕੋਇ ਸੁਣਾਈਆ । ਸਭ ਦੀ ਡੋਰ ਪ੍ਰੇਮ ਵਾਲੀ ੧੧੦੩

੨੨ ਤੇਰੇ ਨਾਲੋਂ ਕਟੀ, ਕਟਾਕਸ਼ ਹੱਕ ਨਾ ਕੋਇ ਲਗਾਈਆ । ਧਰਮ ਦਾ ਰਿਹਾ ਕੋਇ ਨਾ ਜਤੀ, ਯਥਾਰਥ ਤੇਰਾ ਪਿਆਰ ਨਾ ਕੋਇ ਵਖਾਈਆ । ੨੨

ਅੰਮ੍ਰਿਤ ਰਸ ਰਿਹਾ ਕੋਇ ਨਾ ਛਕੀ, ਵਿਖ ਕੂੜ ਭਰੀ ਲੋਕਾਈਆ । ਬਹੁੜੀ ਮੈਂ ਸਭ ਕੁਛ ਵੇਖਾਂ ਅੱਖੀਂ, ਨੌ ਖੰਡ ਪ੍ਰਿਥਮੀ ਬਿਨ ਅੱਖਾਂ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਪ੍ਰਭ ਵੇਖ ਲੈ ਆਪਣੀ ਧਰਤ ਧਵਲ ਧੌਲ, ਧਰਮ ਦਵਾਰਾ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਗਈ ਡੋਲ, ਸਤਿ ਸੰਤੋਖ ਨਾ ਕੋਇ ਜਣਾਈਆ । ਆਤਮ ਪਰਮਾਤਮ ਪਾਰਬ੍ਰਹਮ ਜਾਏ ਕੋਈ ਨਾ ਮੌਲ, ਜੋਤੀ ਜਾਤੇ ਪੁਰਖ ਬਿਧਾਤੇ ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਮੁਹੰਮਦ ਦਾ ਪੂਰਾ ਕਰ ਦੇ ਕੌਲ, ਵਾਹਿਦਾ ਪਿਛਲਾ ਤੋੜ ਨਿਭਾਈਆ । ਗੋਬਿੰਦ ਦਾ ਲੇਖਾ ਤਕ ਲੈ ਜੋ ਚਾਰ ਵਰਨਾਂ ਦਿਤੀ ਪਾਹੁਲ, ਅੰਮ੍ਰਿਤ ਬਿਨ ਰਸਨਾ ਰਸ ਜਣਾਈਆ । ਰਾਮ ਦਾ ਲਹਿਣਾ ਵੇਖ ਲੈ ਜੋ ਦੱਸਿਆ ਬ੍ਰਾਹਮਣ ਰੌਲ, ਉਚੀ ਕੂਕ ਕੂਕ ਸੁਣਾਈਆ । ਸਦੀ ਬੀਸਵੀਂ ਤੋਲਣਾ ਪੂਰਾ ਤੋਲ, ਹਜ਼ਰਤ ਈਸਾ ਬੈਠਾ ਨੈਣ ਉਠਾਈਆ । ਆਦਿ ਅੰਤ ਜੁਗਾ ਜੁਗੰਤ ਜੁਗ ਚੌਕੜੀ ਦਾ ਲੇਖਾ ਤੇਰੇ ਕੋਲ, ਕੁਲ ਮਾਲਕ ਤੇਰੇ ਅੱਗੇ ਵਾਸਤਾ ਪਾਈਆ । ਮੈਂ ਆਪਣਾ ਆਪ ਦੇਵਾਂ ਘੋਲ, ਘੋਲੀ ਘੋਲ ਘੋਲ ਘੁਮਾਈਆ । ਤੇਰਾ ਨਾਮ ਸ਼ਬਦ ਇਕੋ ਹੋਵੇ ਬੋਲ, ਅਨਬੋਲਤ ਆਪਣਾ ਰਾਗ ਦੇਣਾ ਦ੍ਰਿੜਾਈਆ । ਸਤਿਜੁਗ ਸਚ ਦਵਾਰਾ ਏਕੰਕਾਰਾ ਇਕ ਇਕੱਲਾ ਮੇਰੇ ਉਤੇ ਖੋਲ੍ਹ, ਖ਼ਾਲਕ ਖ਼ਲਕ ਮਖ਼ਲੂਕ ਦੇਣਾ ਸਮਝਾਈਆ । ਮੈਂ ਨਿਮਾਣੀ ਮਿੱਟੀ ਖ਼ਾਕ ਜਿਸ ਨੂੰ ਸਾਰੇ ਕਹਿੰਦੇ ਧੌਲ, ਧਰਮ ਦਇਆ ਦਾ ਪੂਤ ਮੇਰੀ ਗੋਦੀ ਦੇਣਾ ਟਿਕਾਈਆ । ਤੇਰਾ ਇਕੋ ਹੋਵੇ ਅਸੂਲ, ਅਸਲ

ਦੇ ਮਾਲਕ ਵਸਲ ਆਪਣਾ ਦੇਣਾ ਜਣਾਈਆ । ਤੇਰਾ ਹੁਕਮ ਸੁਣਨਾ ਧੁਰ ਦਾ ਅਗੰਮ ਮਾਕੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਦੀਨ ਮਜ਼੍ਹਬ ਦਾ ਝਗੜਾ ਰਹੇ ਨਾ ਕਾਤਲ ਮਕਤੂਲ, ਕਤਲਗਾਹ ਦਾ ਡੇਰਾ ਦੇਣਾ ਢਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਤੇਰਾ ਨਾਮ ਪਿਆਰ ਪੰਘੂੜਾ ਲਈਏ ਝੂਲ, ਹੁਲਾਰਾ ਦੋ ਜਹਾਨ ਸ੍ਰੀ ਭਗਵਾਨ ਨੌਜਵਾਨ ਦੇਣਾ ਲਗਾਈਆ । ਔਹ ਵੇਖ ਮੇਰੇ ਉਤੇ ਸ਼ੰਕਰ ਸੁੱਟੀ ਬੈਠਾ ਤਰਸੂਲ, ਵਿਸ਼ਨੂੰ ਨੇਤਰ ਅੱਖ ਨਾ ਕੋਇ ਉਠਾਈਆ । ਬ੍ਰਹਮਾ ਤੇਰੇ ਚਰਨ ਦੀ ਲਾਵੇ ਧੂਲ, ਬਿਨ ਮਸਤਕ ਖ਼ਾਕ ਖ਼ਾਕ ਰਮਾਈਆ । ਤੂੰ ਮਾਲਕ ਇਕ ਕੰਤ ਕੰਤੂਹਲ, ਕਰਤਾਰ ਤੇਰੀ ਵਡਿਆਈਆ । ਜੋ ਤੇਰੇ ਹੋ ਕੇ ਤੈਨੂੰ ਗਏ ਭੂਲ, ਭੁਲਿਆਂ ਮਾਰਗ ਦੇ ਸਮਝਾਈਆ । ਸਚ ਮੁਹੱਬਤ ਵਿਚ ਕਰ ਮਸ਼ਗੂਲ, ਮੁਸ਼ਕਲ ਜਨਮ ਕਰਮ ਦੀ ਦੇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਦਾ ਲੇਖਾ ਰਹੇ ਨਾ ਅਰਜ਼ ਤੂਲ, ਚਾਰ ਕੁੰਟ ਦਹਿ ਦਿਸ਼ਾ ਇਕੋ ਰੂਪ ਦੇਣਾ ਦਰਸਾਈਆ ।

### ✪ ੧੭ ਮਾਘ ਸ਼ਹਿਨਸ਼ਾਹੀ ਸੰਮਤ ੬ ਪਿਆਰਾ ਸਿੰਘ ਦੇ ਗ੍ਰਿਹਿ ਮਾਡਲ ਟਾਊਨ ਜਲੰਧਰ ✪

ਧਰਨੀ ਕਹੇ ਪ੍ਰਭ ਕਲਜੁਗ ਜੀਵਾਂ ਖੋਲ੍ਹ ਦੇ ਜਾਗ, ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ । ਹੰਸ ਬੁੱਧੀ ਬਣਾ ਦੇ ਕਾਗ, ਕਾਗੋਂ ਹੰਸ ਰੂਪ ਦੇ ਵਖਾਈਆ । ਹਰ ਹਿਰਦੇ ਅੰਤਰ ਨਿਰੰਤਰ ਉਪਜੇ ਤੇਰਾ ਵੈਰਾਗ, ਵੈਰੀ ਅੰਦਰੋਂ ਬਾਹਰ ਦੇਣੇ ਕਢਾਈਆ । ਮਨ ਕਲਪਣਾ ਸ੍ਰਿਸ਼ਟੀ

੧੧੦੪
ਦ੍ਰਿਸ਼ਟੀ ਅੰਦਰ ਦੇ ਤਿਆਗ, ਤ੍ਰੈਗੁਣ ਅਤੀਤੇ ਆਪਣੀ ਦਇਆ ਕਮਾਈਆ । ਨਿਝਰ ਝਿਰਨਾ ਅੰਮ੍ਰਿਤ ਰਸ ਦੇ ਸਵਾਦ, ਬੂੰਦ ਸਵਾਂਤੀ ਅਗੰਮ

੨੨
ਟਪਕਾਈਆ । ਧੁਨ ਆਤਮਕ ਸੁਣਾ ਅਗੰਮੀ ਨਾਦ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਨਿਰਗੁਣ ਨੂਰ ਜੋਤ ਕਰ ਪ੍ਰਕਾਸ਼, ਗ੍ਰਿਹਿ ਮੰਦਰ ਹੋਵੇ ਰੁਸ਼ਨਾਈਆ । ਆਤਮ ਪਰਮਾਤਮ ਪਰਮਾਤਮ ਆਤਮ ਨਿਰਗੁਣ ਨਿਰਗੁਣ ਬਣ ਸਾਥ, ਸਰਗੁਣ ਮੇਲਾ ਮੇਲ ਸਹਿਜ ਸੁਭਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਪੁਰਖ ਸਮਰਾਥ, ਅਲਖ ਅਗੋਚਰ ਅਗੰਮ ਅਥਾਹ ਤੇਰੀ ਵਡ ਵਡਿਆਈਆ । ਮੈਂ ਨਿਮਾਣੀ ਜੋੜਾਂ ਦੋਵੇਂ ਹਾਥ, ਮੁਹੱਬਤ ਮੁਹੱਬਤ ਨਾਲ ਮਿਲਾਈਆ । ਕਲਜੁਗ ਵਿਚ ਸਤਿਜੁਗ ਸਚ ਧਰਮ ਚਲਾ ਦੇ ਰਾਥ, ਰਥਵਾਹੀ ਆਪਣਾ ਹੁਕਮ ਵਰਤਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰਾ ਕਰ ਦੇ ਭਵਿਖਤ ਵਾਕ, ਵਾਕਫ਼ਕਾਰ ਹੋਣਾ ਖ਼ਲਕ ਖ਼ੁਦਾਈਆ । ਚਾਰ ਵਰਨ ਅਠਾਰਾਂ ਬਰਨ ਧਰਮ ਦੀ ਧਾਰ ਕਰ ਇਤਫਾਕ, ਦੀਨ ਮਜ਼੍ਹਬ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰ ਤੇਰੇ ਝੋਲੀ ਡਾਹੀਆ । ਧਰਨੀ ਕਹੇ ਪ੍ਰਭ ਮੇਰੀ ਝੋਲੀ ਦੇਣੀ ਭਰ, ਨਾਮ ਭੰਡਾਰਾ ਅਤੁਟ ਵਰਤਾਈਆ । ਦਰਸ਼ਨ ਕਰਾਂ ਨਰਾਇਣ ਨਰ, ਨਰ ਹਰਿ ਇਕੋ ਨਜ਼ਰੀ ਆਈਆ । ਮੇਰਾ ਖੋਲ੍ਹਣਾ ਬੰਦ ਕਵਾੜੀ ਦਰ, ਬਜਰ ਕਪਾਟੀ ਪੜਦਾ ਦੇਣਾ ਉਠਾਈਆ । ਨਹਾਉਣਾ ਅਗੰਮੇ ਸਰ, ਸਰ ਸਰੋਵਰ ਇਕੋ ਦੇਣਾ ਜਣਾਈਆ । ਜਿਸ ਵਿਚੋਂ ਲੱਖ ਚੁਰਾਸੀ ਜਾਵਾਂ ਤਰ, ਆਵਣ ਜਾਵਣ ਗੇੜਾ ਰਹੇ ਨਾ ਰਾਈਆ । ਤੇਰੀ ਧਾਰ ਜਾਵਾਂ ਰਲ, ਜੋਤੀ ਜੋਤ ਜੋਤ ਸਮਾਈਆ । ਸਚਖੰਡ ਵਸਾਂ ਮਹੱਲ ਅਟਲ, ਦਰਗਹ ਸਾਚੀ ਸੋਭਾ ਪਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਕਲ, ਕਲ

ਕਾਤੀ ਰਹਿਣ ਕੋਇ ਨਾ ਪਾਈਆ । ਪੰਜ ਵਿਕਾਰਾ ਦੇਣਾ ਦਲ, ਸ਼ਬਦੀ ਧਾਰ ਇਕ ਪਰਗਟਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵਿਚੋਂ ਕਢ ਦੇ ਕਪਟ ਛਲ, ਹੰਕਾਰ ਵਿਕਾਰ ਲੇਖਾ ਦੇਣਾ ਮੁਕਾਈਆ । ਮੈਂ ਤੇਰੇ ਚਰਨ ਸਰਨ ਜਾਵਾਂ ਬਲ ਬਲ, ਬਲਕਾਰੀ ਆਪਣਾ ਆਪ ਤੇਰੀ ਭੇਟ ਚੜ੍ਹਾਈਆ । ਤੂੰ ਮਾਲਕ ਜਲ ਥਲ, ਮਹੀਅਲ ਤੇਰਾ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸੱਜਣ ਸਹਿਜ ਸੁਖਦਾਈਆ । ਧਰਨੀ ਕਹੇ ਪ੍ਰਭ ਦੇ ਦੇ ਸਚ ਭੰਡਾਰਾ, ਸਤਿ ਸਤਿਵਾਦੀ ਦਇਆ ਕਮਾਈਆ । ਤੇਰੀ ਵਸਤ ਮਿਲੇ ਸਤਿ ਥਾਰਾ, ਥਿਰ ਘਰ ਵਾਸੀ ਇਕੋ ਤੇਰਾ ਰੂਪ ਨਜ਼ਰੀ ਆਈਆ । ਭਗਤ ਸੁਹੇਲਾ ਬਣ ਮੀਤ ਮੁਰਾਰਾ, ਭਗਵਨ ਆਪਣਾ ਰੰਗ ਰੰਗਾਈਆ । ਭਾਗ ਲਗਾ ਦੇ ਕਾਇਆ ਮਾਟੀ ਸਾਢੇ ਤਿੰਨ ਹੱਥ ਮੁਨਾਰਾ, ਘਰ ਵਿਚ ਘਰ ਮੇਲਾ ਮੇਲ ਸਹਿਜ ਸੁਭਾਈਆ । ਤੇਰਾ ਜੋਤੀ ਜੋਤ ਹੋਵੇ ਚਮਤਕਾਰਾ, ਨੂਰ ਨੁਰਾਨਾ ਨਜ਼ਰੀ ਆਈਆ । ਜਿਥੇ ਨਜ਼ਰ ਨਾ ਆਏ ਸੂਰੀਆ ਚੰਦ ਸਿਤਾਰਾ, ਮੰਡਲ ਮੰਡਪ ਨਾ ਡੇਰਾ ਲਾਈਆ । ਮੇਰੀ ਅਰਜ਼ ਬੇਨੰਤੀ ਏਕਾ ਏਕ ਏਕੰਕਾਰਾ, ਅਕਲ ਕਲਧਾਰੀ ਦਿਆਂ ਜਣਾਈਆ । ਸਦੀ ਚੌਧਵੀਂ ਚਾਰ ਕੁੰਟ ਵੇਖ ਅੰਧ ਅੰਧਿਆਰਾ, ਚੌਦਾਂ ਤਬਕ ਰਹੇ ਕੁਰਲਾਈਆ । ਮੁਹੰਮਦ ਅੰਤ ਅਖ਼ੀਰ ਮਾਰੇ ਆਪਣਾ ਨਾਅਰਾ, ਹਕੀਕਤ ਹੱਕ ਰਿਹਾ ਸੁਣਾਈਆ । ਮੂਸਾ ਰੋਵੇ ਜ਼ਾਰੋ ਜ਼ਾਰਾ, ਈਸਾ ਨੇਤਰ ਨੈਣਾਂ ਨੀਰ ਵਹਾਈਆ । ਦਸ ਗੁਰ ਕਰੇ ਪੁਕਾਰਾ, ਜੋਤੀ ਸ਼ਬਦ ਧਾਰ ਦੁਹਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਨਿਰਾਕਾਰ ਨਿਰੰਕਾਰ ਹੋ ਜ਼ਾਹਿਰਾ, ਜ਼ਾਹਰ ਜ਼ਹੂਰ ਆਪਣਾ ਵੇਸ ਵਟਾਈਆ । ਕੂੜੀ ਕਿਰਿਆ ਚਾਰੋਂ ਕੁੰਟ ਕਰ ਪਾਰ ਕਿਨਾਰਾ, ਦੀਨ ਦੁਨੀ ਵਿਚ ਰਹਿਣ ਕੋਇ ਨਾ ਪਾਈਆ । ਤੇਰਾ ਰਾਹ ਤਕਦੇ ਸਾਰੇ ਕਲ ਕਲਕੀ ਅਵਤਾਰਾ, ਨਿਹਕਲੰਕ ਤੇਰੀ ਓਟ ਤਕਾਈਆ । ਧਰਨੀ ਕਹੇ ਮੈਂ ਤੇਰੀ ਚਰਨ ਧੂੜ ਮਸਤਕ ਲਾਵਾਂ ਛਾਰਾ, ਮਿੱਟੀ ਖ਼ਾਕ ਖ਼ਾਕ ਰਮਾਈਆ । ਤੂੰ ਅਮਾਮ ਅਮਾਮਾ ਮਿਹਰਵਾਨ ਬਣ ਸਿਕਦਾਰਾ, ਮਹਿਬੂਬ ਤੇਰਾ ਰਾਹ ਤਕਾਈਆ । ਮੇਰੀ ਨਮੋ ਨਮੋ ਡੰਡਾਵਤ ਬੰਦਨਾ ਨਿਮਸਕਾਰਾ, ਸੱਯਦਿਆਂ ਵਿਚ ਕਦਮਬੋਸੀ ਕਰ ਕੇ ਆਪਣੀ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਲਾ ਮੇਲਣਾ ਸਹਿਜ ਸੁਭਾਈਆ । ਧਰਨੀ ਕਹੇ ਪ੍ਰਭ ਉਹ ਵੇਖ ਤੇਰੇ ਆਉਂਦੇ ਭਗਤ, ਭਗਵਨ ਤੈਨੂੰ ਦਿਆਂ ਦ੍ਰਿੜਾਈਆ । ਤੂੰ ਬੈਠਾ ਉਤੇ ਅਰਸ਼, ਅਰਸ਼ੀ ਪ੍ਰੀਤਮ ਬੇਪਰਵਾਹੀਆ । ਨਿਗਹ ਮਾਰ ਉਤੇ ਫ਼ਰਸ਼, ਜ਼ਿਮੀਂ ਜ਼ਮਾਂ ਖੋਜ ਖੁਜਾਈਆ । ਗ਼ਰੀਬ ਨਿਮਾਣਿਆਂ ਉਤੇ ਕਰ ਤਰਸ, ਰਹਿਮਤ ਆਪਣੀ ਹੱਕ ਕਮਾਈਆ । ਅੰਮ੍ਰਿਤ ਮੇਘ ਅਗੰਮਾ ਬਰਸ, ਬੂੰਦ ਸਵਾਂਤੀ ਮੁਖ ਚੁਆਈਆ । ਨਿਜ ਨੇਤਰ ਗਿਆਨ ਨੇਤਰ ਦਿਬ ਨੇਤਰ ਦੇ ਦਰਸ, ਦੋਏ ਲੋਚਨ ਲੋੜ ਰਹੇ ਨਾ ਰਾਈਆ । ਤੂੰ ਜੋਧਾ ਸੂਰਬੀਰ ਮਰਦਾਨਾ ਮਰਦ, ਬੇਪਰਵਾਹ ਤੇਰੀ ਵਡਿਆਈਆ । ਮੇਰੀ ਮਨਜ਼ੂਰ ਕਰ ਅਰਜ਼, ਬੇਨੰਤੀ ਤੇਰੇ ਅੱਗੇ ਰਖਾਈਆ । ਸ਼ਰਅ ਛੁਰੀ ਮੇਟ ਦੇ ਕਰਦ, ਕਤਲਗਾਹ ਦਾ ਲੇਖਾ ਦੇ ਮੁਕਾਈਆ । ਪ੍ਰੇਮੀ ਪਿਆਰਿਆਂ ਸੂਫ਼ੀਆਂ ਸੰਤਾਂ ਵੰਡ ਦਰਦ, ਦਰਦੀ ਹੋ ਕੇ ਦਇਆ ਕਮਾਈਆ । ਤੇਰਾ ਖੇਲ ਤਕਾਂ ਅਸਚਰਜ, ਅਚਰਜ ਲੀਲਾ ਦੇਣੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਆਪ ਸਹਾਈਆ । ਧਰਨੀ ਕਹੇ ਮੇਰੇ ਉਤੇ ਰੋਵਣ ਤੇਰੇ ਸੰਤ, ਸੱਜਣ ਤੇਰਾ ਧਿਆਨ ਲਗਾਈਆ । ਰਾਹ ਤੱਕਣ ਧੁਰ ਦੇ ਮੰਤ, ਮੰਤਰ ਤੇਰੀ ਓਟ ਰਖਾਈਆ । ਗੜ੍ਹ ਤੋੜ ਕੇ ਹਉਮੇਂ ਹੰਗਤ, ਹੰ ਬ੍ਰਹਮ ਦੇ ਸਮਝਾਈਆ । ਤੂੰ

ਬੋਧ ਅਗਾਧਾ ਪੰਡਤ, ਚਾਰ ਜੁਗ ਦੇ ਸ਼ਾਸਤਰ ਤੇਰੀ ਸਿਫ਼ਤ ਸਾਲਾਹੀਆ । ਤੂੰ ਕਲ ਧਾਰੀ ਅਨੰਤ, ਅਨੰਤ ਕਲਧਾਰੀ ਤੇਰੀ ਸਮਝ ਕਿਸੇ ਨਾ ਆਈਆ । ਉਹ ਵੇਖ ਕਲਜੁਗ ਆਪਣਾ ਜੀਵ ਜੰਤ, ਚਾਰ ਕੁੰਟ ਸਰਬ ਕੁਰਲਾਈਆ । ਆਤਮ ਪਰਮਾਤਮ ਬਣੇ ਕਿਸੇ ਨਾ ਬਣਤ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਹੋਣਾ ਆਪ ਸਹਾਈਆ । ਧਰਨੀ ਕਹੇ ਪ੍ਰਭ ਤੇਰਾ ਰਾਹ ਤਕਦੇ ਗੁਰਮੁਖ, ਮੁਖੋਂ ਤੇਰਾ ਨਾਮ ਧਿਆਈਆ । ਆਪਣੇ ਵਿਛੋੜੇ ਦਾ ਮੇਟ ਦੇ ਦੁੱਖ, ਸਨਮੁਖ ਹੋ ਕੇ ਨਜ਼ਰੀ ਆਈਆ । ਲੇਖਾ ਮੁਕਾ ਦੇ ਜਨਣੀ ਕੁੱਖ, ਫੇਰ ਜਨਮ ਦੀ ਲੋੜ ਰਹੇ ਨਾ ਰਾਈਆ । ਕੂੜੀ ਕਿਰਿਆ ਅੰਦਰੋਂ ਜੜ੍ਹ ਦੇ ਪੁੱਟ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਤੇਰਾ ਪਿਆਰ ਅੰਤਮ ਨਾ ਜਾਏ ਟੁੱਟ, ਟੁੱਟਿਆਂ ਲੈਣਾ ਜੁੜਾਈਆ । ਜਿਹੜੀ ਲਿਵ ਗਈ ਛੁੱਟ, ਸੋ ਸੁਰਤ ਸ਼ਬਦ ਮੇਲਾ ਮੇਲਣਾ ਸਹਿਜ ਸੁਭਾਈਆ । ਕਿਰਪਾ ਕਰਨੀ ਅਬਿਨਾਸ਼ੀ ਅਚੁਤ, ਪਾਰਬ੍ਰਹਮ ਤੇਰੀ ਓਟ ਤਕਾਈਆ । ਉਨ੍ਹਾਂ ਉਜਲ ਕਰਨਾ ਮੁਖ, ਜਿਹੜੇ ਤੇਰਾ ਬੈਠੇ ਰਾਹ ਤਕਾਈਆ । ਭੇਵ ਰਹੇ ਨਾ ਓਹਲਾ ਲੁਕ, ਅੰਤਰ ਨਿਰੰਤਰ ਮੇਲਾ ਮੇਲਣਾ ਸਹਿਜ ਸੁਭਾਈਆ । ਤੂੰ ਆਤਮ ਪਰਮਾਤਮ ਪਰਮਾਤਮ ਆਤਮ ਦੱਸਣੀ ਤੁਕ, ਸ਼ਬਦ ਅਨਾਦ ਅਨਾਦੀ ਧੁਨ ਕਰ ਸ਼ਨਵਾਈਆ । ਲੇਖੇ ਲਾ ਦੇ ਮਾਨਸ ਦੇਹੀ ਮਨੁੱਖ, ਮਾਨਵ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਮੇਰੇ ਨਿਰੰਕਾਰ, ਨਿਰਵੈਰ ਦਿਆਂ ਸੁਣਾਈਆ । ਆਤਮ ਬ੍ਰਹਮ ਬਖ਼ਸ਼ ਪਿਆਰ, ਪ੍ਰੀਤਮ ਹੋ ਕੇ ਵੇਖ ਵਖਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ, ਅਵਤਾਰ ਪੈਗ਼ੰਬਰ ਗੁਰ ਵਿਸ਼ਨ ਬ੍ਰਹਮਾ ਦੇਵਤ ਸੁਰ ਸਭ ਤੈਨੂੰ ਸੀਸ ਨਿਵਾਈਆ । ਸੱਜਦੇ ਕਰਦੇ ਵਾਰੋ ਵਾਰ, ਖਾਦਮ ਹੋ ਕੇ ਧੂੜੀ ਖ਼ਾਕ ਰਮਾਈਆ । ਖ਼ਾਲੀ ਝੋਲੀਆਂ ਰਹੇ ਵਖਾਲ, ਮਾਂਗਤ ਹੋ ਕੇ ਮੰਗਣ ਥਾਉਂ ਥਾਈਂਆ । ਤੂੰ ਸਾਹਿਬ ਸੁਲਤਾਨਾ ਪੁਰਖ ਅਕਾਲ, ਪਰਮ ਪੁਰਖ ਬੇਪਰਵਾਹੀਆ । ਸਭ ਦੇ ਉਤੇ ਹੋ ਦਿਆਲ, ਦੀਨ ਦਿਆਲ ਆਪਣੀ ਦਇਆ ਕਮਾਈਆ । ਲੇਖੇ ਲਾ ਲੈ ਸ਼ਾਹ ਕੰਗਾਲ, ਗ਼ਰੀਬ ਨਿਮਾਣਿਆਂ ਪੜਦਾ ਦੇਣਾ ਚੁਕਾਈਆ । ਜਿਹੜੇ ਗੁਰਮੁਖ ਤੇਰੇ ਪਿਆਰ ਵਿਚ ਹੋਏ ਬੇਹਾਲ, ਬਿਹਬਲ ਹੋ ਕੇ ਰੋਵਣ ਮਾਰਨ ਧਾਈਆ । ਉਨ੍ਹਾਂ ਦੇ ਅੰਤਰ ਨਿਰੰਤਰ ਚਲਣਾ ਨਾਲ ਨਾਲ, ਕਾਇਆ ਮੰਦਰ ਅੰਦਰ ਮੇਲਾ ਮੇਲਣਾ ਸਹਿਜ ਸੁਭਾਈਆ । ਤੂੰ ਪੁਰਖ ਬਿਧਾਤਾ ਸਾਢੇ ਤਿੰਨ ਹੱਥ ਤੇਰੀ ਧਰਮਸਾਲ, ਦਵਾਰਾ ਇਕੋ ਦੇਣਾ ਸੁਹਾਈਆ । ਧਰਨੀ ਕਹੇ ਮੈਂ ਮੰਗਾਂ ਮੰਗ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸੰਗ ਨਾ ਕੋਇ ਰਖਾਈਆ । ਕਲਜੁਗ ਕੂੜੀ ਕਿਰਿਆ ਪ੍ਰਭੂ ਦੇ ਨਿਵਾਰ, ਨਿਰਵੈਰ ਹੋ ਕੇ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ, ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਸ੍ਰੀ ਭਗਵਾਨ ਤੇਰੀ ਆਸ ਰਖਾਈਆ ।


੧੧੦੬
੨੨

### ੧੭ ਮਾਘ ਸ਼ਹਿਨਸ਼ਾਹੀ ਸੰਮਤ ੬ ਨਗੀਨਾ ਸਿੰਘ ਦੇ ਗ੍ਰਹਿ ਮਾਡਲ ਹਾਊਸ ਜਲੰਧਰ

ਧਰਨੀ ਕਹੇ ਪ੍ਰਭ ਮੈਨੂੰ ਬਖ਼ਸ਼ ਦੇ ਦਾਤ, ਦਾਤੇ ਦਾਨੀ ਦਇਆ ਕਮਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਆਤਮ ਪਰਮਾਤਮ ਅਗੰਮੀ ਦੱਸ ਦੇ ਗਾਥ, ਗਹਿਰ ਗੰਭੀਰ ਬੇਨਜ਼ੀਰ ਪੜਦਾ ਦੇਣਾ ਉਠਾਈਆ । ਮੇਰੀ ਬੇਨੰਤੀ ਦੋਏ ਜੋੜ ਕੇ ਹਾਥ, ਹਸਤ ਦਸਤ ਨਾਲ ਮਿਲਾਈਆ । ਤੂੰ ਸਰਬ ਕਲਾ ਸਮਰਾਥ, ਸਮਰਥ ਇਕ ਅਖਵਾਈਆ । ਤੇਰੀ ਸਿਫ਼ਤ ਸਾਲਾਹ ਅਕਥ, ਕਥਨੀ ਕਥ ਨਾ ਸਕੇ ਰਾਈਆ । ਨਿਰਗੁਣ ਧਾਰ ਖੇਲ ਕਰ ਪਰਗਟ, ਪਰਗਣੇ ਦੀਨ ਮਜ਼੍ਹਬ ਵੇਖ ਚਾਈਂ ਚਾਈਂਆ । ਨੌ ਖੰਡ ਪ੍ਰਿਥਮੀ ਉਬਲੇ ਰੱਤ, ਸੱਤ ਦੀਪ ਰਹੇ ਕੁਰਲਾਈਆ । ਕਲਜੁਗ ਝਗੜਾ ਪਾਇਆ ਮਨ ਮਤ, ਗੁਰਮਤ ਸਾਰੇ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭ ਮੇਰੀ ਸੁਹੰਜਣੀ ਕਰ ਦੇ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਤੂੰ ਅਬਿਨਾਸ਼ੀ ਅਚੁਤ, ਪਾਰਬ੍ਰਹਮ ਨੂਰ ਅਲਾਹੀਆ । ਕਲਜੁਗ ਜੀਵ ਬਣਾ ਲੈ ਆਪਣੇ ਸੁਤ, ਦੁਲਾਰੇ ਰੰਗ ਰੰਗਾਈਆ । ਭਾਗ ਲਗਾ ਦੇ ਕਾਇਆ ਬੁਤ, ਬੁਤਖ਼ਾਨਿਆਂ ਕਰ ਰੁਸ਼ਨਾਈਆ । ਪੰਜ ਵਿਕਾਰਾ ਕਢ ਕੁੱਟ, ਹਉਮੇ ਰੋਗ ਦੇ ਗਵਾਈਆ । ਜਿਹੜੀ ਲਿਵ ਤੇਰੇ ਨਾਲੋਂ ਗਈ ਛੁਟ, ਛੁੱਟੀ ਲਿਵ ਤੇਰੇ ਨਾਲ ਜੁੜਾਈਆ । ਦੇ ਨਾਮ ਭੰਡਾਰਾ ਅਤੁਟ, ਅਤੋਟ ਦੇ ਵਰਤਾਈਆ । ਮੇਰਾ ਸਾਹਿਬ ਸਤਿਗੁਰ ਮੇਟ ਦੇ ਦੁੱਖ, ਦੁਖੀ ਹੋ ਕੇ ਦਿਆਂ ਸੁਣਾਈਆ । ਸੁਫਲ ਕਰ ਦੇ ਕੁੱਖ, ਦਰ ਤੇਰੇ ਨਿਉਂ ਨਿਉਂ ਲਾਗਾਂ ਪਾਈਆ । ਮੇਰਾ ਉਜਲ ਹੋਵੇ ਮੁਖ, ਦੁਰਮਤ ਮੈਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹੱਥ ਸਭ ਕੁਛ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।

### ੧੭ ਮਾਘ ਸ਼ਹਿਨਸ਼ਾਹੀ ਸੰਮਤ ੬ ਗੁਰਦਿਆਲ ਸਿੰਘ ਦੇ ਗ੍ਰਹਿ ਜਲੰਧਰ ਸ਼ਹਿਰ

ਧਰਨੀ ਕਹੇ ਪ੍ਰਭ ਮੇਰਾ ਘਰ ਬਣਾ ਦੇ ਸੁਹੰਜਣਾ, ਰੁਤੜੀ ਆਪਣੇ ਨਾਲ ਮਹਿਕਾਈਆ । ਤੂੰ ਦਾਤਾ ਦਾਨੀ ਦਰਦ ਦੁੱਖ ਭੈ ਭੰਜਣਾ, ਪਾਰਬ੍ਰਹਮ ਪਤਿਪਰਮੇਸ਼ਵਰ ਨੂਰ ਅਲਾਹੀਆ । ਸਚ ਪ੍ਰੀਤੀ ਧੂੜੀ ਇਸ਼ਨਾਨ ਕਰਾ ਦੇ ਮਜਨਾ, ਦੁਰਮਤ ਮੈਲ ਦੇਣੀ ਧਵਾਈਆ । ਆਦਿ ਜੁਗਾਦੀ ਬਣਨਾ ਸਾਚਾ ਸੱਜਣਾ, ਸਾਜਣ ਮੀਤ ਤੇਰੀ ਓਟ ਰਖਾਈਆ । ਕਲਜੁਗ ਕੂੜ ਕੁੜਿਆਰਾ ਮੇਰੇ ਉਤੋਂ ਕਢਣਾ, ਸ਼ਬਦੀ ਹੁਕਮ ਕਰ ਸ਼ਨਵਾਈਆ । ਸਤਿਜੁਗ ਸਾਚਾ ਚਾਹੀਏ ਲੱਗਣਾ, ਲਗ ਮਾਤਰ ਦਾ ਲੇਖਾ ਦੇਣਾ ਮੁਕਾਈਆ । ਤੇਰਾ ਨਾਮ ਦਮਾਮਾ ਇਕੋ ਇਕ ਵੱਜਣਾ, ਦੋ ਜਹਾਨਾਂ ਡੰਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਲੇਖ ਦੇਣਾ ਬਣਾਈਆ । ਧਰਨੀ ਕਹੇ ਪ੍ਰਭੂ ਮੇਰਾ ਗ੍ਰਹਿ ਬਣਾ ਦੇ ਚੰਗਾ, ਚਰਨ ਕਵਲ ਤੇਰੀ ਸਰਨਾਈਆ । ਤੇਰੇ ਸ਼ਬਦ ਦਾ ਵੱਜੇ ਅਗੰਮ ਮਰਦੰਗਾ, ਜਗਤ ਤਾਲ ਤਲਵਾੜਾ ਨਜ਼ਰ ਕੋਇ ਨਾ ਆਈਆ । ਆਤਮ ਬ੍ਰਹਮ ਬਖ਼ਸ਼ ਸਭ ਨੂੰ ਅਨੰਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਸਦੀ ਚੌਧਵੀਂ ਨਿਸ਼ਾਨ ਮੇਟ ਦੇ ਤਾਰਾ ਚੰਦਾ, ਚੰਦ

ਨੂਰ ਤੇਰਾ ਡਗਮਗਾਈਆ । ਬੰਦਗੀ ਤੋਂ ਖ਼ਾਲੀ ਰਹੇ ਕੋਇ ਨਾ ਬੰਦਾ, ਬੰਦਨਾ ਆਪਣੀ ਦੇਣੀ ਸਮਝਾਈਆ । ਨੇਤਰਹੀਣ ਰਹੇ ਕੋਇ ਨਾ ਅੰਧਾ, ਲੋਚਨ ਇਕੋ ਇਕ ਖੁਲ੍ਹਾਈਆ । ਅੰਮ੍ਰਿਤ ਧਾਰ ਵਹਾ ਦੇ ਗੰਗਾ, ਸਿੰਧ ਸਾਗਰ ਰੂਪ ਦਰਸਾਈਆ । ਦਰ ਤੇਰੇ ਸਵਾਲਣ ਹੋ ਕੇ ਮੰਗਾਂ, ਭਿਖਾਰਨ ਹੋ ਕੇ ਝੋਲੀ ਡਾਹੀਆ । ਤੂੰ ਸਾਹਿਬ ਸੂਰਾ ਸਰਬੰਗਾ, ਸ਼ਹਿਨਸ਼ਾਹ ਇਕ ਅਖਵਾਈਆ । ਕਲਜੁਗ ਵੇਖ ਲੈ ਅੰਤਮ ਕੰਢਾ, ਕੰਢੀ ਬੈਠੀ ਰੋਵਾਂ ਮਾਰਾਂ ਧਾਈਆ । ਅਗਲਾ ਸਫ਼ਰ ਕਰੀਂ ਨਾ ਲੰਬਾ, ਤੇਰੇ ਹੱਥ ਵਡਿਆਈਆ । ਲੇਖਾ ਵੇਖ ਗੋਬਿੰਦ ਸੰਧਾ, ਜੋ ਮਾਛੂਵਾੜੇ ਦਿਤਾ ਦ੍ਰਿੜਾਈਆ । ਸ਼ਬਦ ਦੀ ਸ਼ਬਦ ਧਾਰ ਹੋਣੀ ਪਾਬੰਦਾ, ਪਾਬੰਦੀ ਦੀਨ ਮਜ੍ਹਬ ਵਾਲੀ ਚੁਕਾਈਆ । ਮੈਂ ਤੇਰਾ ਖੇਲ ਤਕਣਾ ਚਾਹੁੰਦੀ ਅਚੰਭਾ, ਅਜਬ ਨਿਰਾਲੇ ਦੇਣਾ ਵਖਾਈਆ । ਤੇਰੀ ਧਾਰ ਮੇਰੇ ਉਤੇ ਖੜਕੇ ਖੜਗ ਨਾਲ ਨਾ ਖੰਡਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੇ ਲੇਖ ਬਣਾ ਦੇ ਆਪੇ, ਆਪਣੀ ਦਇਆ ਕਮਾਈਆ । ਤੁਧ ਬਿਨ ਦੂਜਾ ਕੋਈ ਨਾ ਜਾਪੇ, ਨੇਤਰ ਨੈਣ ਨਾ ਕੋਇ ਰੁਸ਼ਨਾਈਆ । ਤੇਰੇ ਹੁਕਮ ਸੰਦੇਸ਼ੇ ਸਾਚੇ, ਅਵਤਾਰ ਪੈਗ਼ੰਬਰ ਗੁਰੂ ਗਏ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਪਾਪੇ, ਪਤਿਤ ਪੁਨੀਤ ਸਾਰੇ ਦੇ ਵਖਾਈਆ । ਚਿੰਤਾ ਰੋਗ ਰਹੇ ਨਾ ਸੰਤਾਪੇ, ਮਮਤਾ ਮੋਹ ਦੇਣਾ ਮਿਟਾਈਆ । ਮੇਰਾ ਹਿਰਦਾ ਥਰ ਥਰ ਕਾਂਪੇ, ਬਹੁੜੀ ਤੇਰਾ ਨਾਮ ਦੁਹਾਈਆ । ਸਭ ਨੂੰ ਭੁੱਲਿਆ ਤੇਰਾ ਜਾਪੇ, ਜਗ ਜੀਵਣ ਦਾਤੇ ਤੈਨੂੰ ਹਿਰਦੇ ਸਕੇ ਨਾ ਕੋਇ ਵਸਾਈਆ । ਮੈਂ ਸਭ ਦੇ ਤਕੇ ਪੂਜਾ ਪਾਠੇ, ਸਿਮਰਨ ਜੋਗ ਅਭਿਆਸਾਂ ਵਿਚ ਧਿਆਨ ਰਖਾਈਆ । ਰੂਹ ਬੁਤ ਹੋਇਆ ਕਿਸੇ ਨਾ ਪਾਕੇ, ਸਤਿ ਸਰੂਪ ਨਾ ਕੋਇ ਸਮਾਈਆ । ਸਦੀ ਚੌਧਵੀਂ ਸਭ ਨੂੰ ਆਏ ਘਾਟੇ, ਘਾਟਾ ਪੂਰ ਨਾ ਕੋਇ ਕਰਾਈਆ । ਆਤਮ ਪਰਮਾਤਮ ਤੁਟੇ ਨਾਤੇ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਤੇਰੇ ਉਤੋਂ ਉਡਿਆ ਸਭ ਵਿਸ਼ਵਾਸ਼ੇ, ਵਿਸ਼ਿਆਂ ਭਰੀ ਕੂੜ ਲੋਕਾਈਆ । ਕਿਰਪਾ ਕਰ ਪੁਰਖ ਅਬਿਨਾਸ਼ੇ, ਮਿਹਰਵਾਨ ਦਰ ਤੇਰੇ ਅਲਖ ਜਗਾਈਆ । ਇਕੋ ਤੇਰਾ ਨੂਰ ਹੋਵੇ ਪ੍ਰਕਾਸ਼ੇ, ਨੌ ਖੰਡ ਅੰਧ ਅੰਧੇਰਾ ਦੇਣਾ ਗਵਾਈਆ । ਤੇਰਾ ਖੇਲ ਹੋਵੇ ਹਕੀਕੀ ਹੱਕ ਮਹਿਰਾਬੇ, ਮਹਿਬੂਬ ਤੇਰੀ ਵੱਜੇ ਵਧਾਈਆ । ਲਹਿਣਾ ਦੇਣਾ ਲੇਖਾ ਪੂਰਾ ਕਰ ਦੇ ਜੋ ਨਾਨਕ ਦੱਸ ਕੇ ਆਇਆ ਵਿਚ ਬਗ਼ਦਾਦੇ, ਬਗ਼ਲਗੀਰ ਆਪਣਾ ਖੇਲ ਦੇਣਾ ਖਿਲ੍ਹਾਈਆ । ਜੋ ਆਵਾਜ਼ ਦਿਤੀ ਸਤਿ ਦੀ ਧਾਰ ਸਿਤਾਰ ਰਬਾਬੇ, ਰਬੀਉਲ ਸਾਨੀ ਵਿਚ ਦ੍ਰਿੜਾਈਆ । ਜਿਥੇ ਇਸ਼ਕ ਰਹੇ ਨਾ ਹਕੀਕੀ ਮਜਾਜ਼ੇ, ਦੋਹਾਂ ਦੀ ਮੰਜ਼ਲ ਦੇਣੀ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਤੇਰੇ ਅੱਗੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭ ਮੇਰੇ ਅੰਤਰ ਪਾ ਦੇ ਠੰਡ, ਅਗਨੀ ਤਤ ਰਹੇ ਨਾ ਰਾਈਆ । ਸਭ ਦੀ ਸੁਰਤੀ ਸ਼ਬਦੀ ਸ਼ਬਦ ਨਾਲ ਗੰਢ, ਸੋਇਆ ਰਹਿਣ ਕੋਇ ਨਾ ਪਾਈਆ । ਅੰਤਰ ਆਤਮ ਦੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਗੁਰਮੁਖ ਸੰਤ ਸੁਹੇਲੇ ਵੇਖ ਆਪਣੇ ਚੰਦ, ਭਗਤ ਭਗਵੰਤ ਜੋੜ ਜੁੜਾਈਆ । ਸਭ ਦਾ ਖ਼ੁਸ਼ੀ ਕਰ ਦੇ ਬੰਦ ਬੰਦ, ਬੰਦਨਾ ਆਪਣੀ ਇਕ ਸਮਝਾਈਆ । ਤੂੰ ਦੀਨ ਦਿਆਲ ਸਾਹਿਬ ਬਖ਼ਸ਼ੰਦ, ਸਿਰ ਆਪਣਾ ਹੱਥ ਟਿਕਾਈਆ । ਨਾਮ ਨਿਧਾਨ ਸ੍ਰੀ ਭਗਵਾਨ ਹਰ ਹਿਰਦੇ ਅੰਦਰ ਦੇਣਾ ਵੰਡ, ਬਾਹਰ ਮੰਗਣ ਦੀ ਲੋੜ ਰਹੇ ਨਾ ਰਾਈਆ । ਕੂੜੀ ਕਿਰਿਆ ਕਰ ਦੇ ਖੰਡ ਖੰਡ, ਖੰਡਾ ਖੜਗ ਨਾਮ ਖੜਕਾਈਆ । ਮੇਰੀ ਆਸਾ ਮਨਸਾ ਪੂਰੀ ਕਰ ਦੇ ਮੰਗ, ਮਾਂਗਤ ਹੋ ਕੇ ਸੀਸ ਨਿਵਾਈਆ । ਸਚ



੧੧੦੮ ੨੨

ਸਵਾਮੀ ਅੰਤਰਜਾਮੀ ਤੇਰੇ ਸਚ ਦਾ ਵੱਜੇ ਮਰਦੰਗ, ਮਰਦ ਮਰਦਾਨੇ ਸ੍ਰੀ ਭਗਵਾਨੇ ਕਰਨੀ ਇਕ ਸ਼ਨਵਾਈਆ । ਜੁਗ ਚੌਕੜੀ ਨੌ ਸੌ ਚੁਰਾਨਵੇ ਪਿਛੇ ਗਏ ਲੰਘ, ਜੁਗ ਜੁਗ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਤਕਾਂ ਬ੍ਰਹਿਮੰਡ ਖੰਡ ਵਿਚ ਵਰਭੰਡ, ਆਪਣੀ ਦਇਆ ਦੇਣੀ ਕਮਾਈਆ ।

## ✪ ੧੮ ਮਾਘ ਸ਼ਹਿਨਸ਼ਾਹੀ ਸੰਮਤ ੬ ਪਿਆਰਾ ਸਿੰਘ ਦੇ ਗ੍ਰਿਹ ਜਲੰਧਰ ✪

ਧਰਨੀ ਕਹੇ ਪ੍ਰਭ ਸਾਚਾ ਰਿਹਾ ਕੋਈ ਨਾ ਹਾਟਾ, ਵਸਤ ਤੇਰਾ ਨਾਮ ਨਾ ਕੋਇ ਵਰਤਾਈਆ । ਅੰਮ੍ਰਿਤ ਰਿਹਾ ਕਿਸੇ ਨਾ ਬਾਟਾ, ਖ਼ਾਲੀ ਬਰਤਨ ਦੇਣ ਦੁਹਾਈਆ । ਉਠ ਵੇਖ ਚਾਰੋਂ ਕੁੰਟ ਅੰਧੇਰੀ ਰਾਤਾ, ਸਚ ਰਿਹਾ ਕਿਸੇ ਨਾ ਥਾਈਆ । ਮੇਰਾ ਕੋਝੀ ਕਮਲੀ ਦਾ ਖੁੱਲ੍ਹਾ ਝਾਟਾ, ਮੇਢੀ ਸੀਸ ਨਾ ਕੋਇ ਗੁੰਦਾਈਆ । ਮੇਰਾ ਚੀਥੜ ਪੁਰਾਣਾ ਪਾਟਾ, ਓਢਣ ਨਜ਼ਰ ਕੋਇ ਨਾ ਆਈਆ । ਤੇਰਿਆਂ ਦੀਨਾਂ ਮਜ਼੍ਹਬਾਂ ਪਾਇਆ ਮੈਨੂੰ ਘਾਟਾ, ਘਾਟੇ ਵਿਚ ਮੇਰੀ ਦੁਹਾਈਆ । ਮੈਂ ਦੁਖੀ ਹੋ ਗਈ ਵਿਚ ਜ਼ਾਤਾ ਪਾਤਾ, ਹਿੱਸਿਆਂ ਵਾਲੀ ਵੰਡ ਵੇਖ ਵਖਾਈਆ । ਮੈਂ ਬਚਨ ਦੱਸਾਂ ਇਕੋ ਸਾਚਾ, ਸਚ ਦਿਆਂ ਸੁਣਾਈਆ । ਤੇਰਾ ਜੀਉ ਪਿੰਡ ਪੰਜ ਤਤ ਕਾਇਆ ਕਾਚਾ, ਕੰਚਨ ਗੜ੍ਹ ਦੇ ਵਡਿਆਈਆ । ਆਤਮ ਪਰਮਾਤਮ ਆਪਣਾ ਦੱਸ ਨਾਤਾ,
੧੧੦੯ ਨਾਤਵਾਂ ਪੂਰਬ ਲੇਖਾ ਵੇਖ ਵਖਾਈਆ । ਮੇਰੇ ਉਤੇ ਬਖ਼ਸ਼ ਪ੍ਰੇਮ ਦੀਆਂ ਸਚ ਸੁਗਾਤਾਂ, ਵਸਤ ਅਗੰਮੜੀ ਆਪ ਵਰਤਾਈਆ । ਮੈਂ ਥੱਕ ਗਈ ਸੁਣ ੧੧੦੯
ਸੁਣ ਕੇ ਤੇਰੀਆਂ ਸਿਫ਼ਤਾਂ ਵਾਲੀਆਂ ਗਾਥਾਂ, ਜੁਗ ਚੌਕੜੀ ਅਵਤਾਰ ਪੈਗ਼ੰਬਰ ਗੁਰੂਆਂ ਦਿਤੀ ਦੁਹਾਈਆ । ਸਹਾਇਕ ਬਣਿਆ ਨਾ ਕੋਇ ਨਾਥ ਅਨਾਥਾਂ,
੨੨ ਦੀਨਾਂ ਗਲੇ ਨਾ ਕੋਇ ਲਗਾਈਆ । ਦੀਨ ਦੁਨੀ ਦਾ ਮਾਲਕ ਬਣਿਆ ਨਾ ਕੋਇ ਸੂਰਬੀਰ ਬਾਂਕਾ, ਬਲਧਾਰੀ ਨਜ਼ਰ ਕੋਇ ਨਾ ਆਈਆ । ਤਨ ੨੨
ਵਜੂਦ ਦਾ ਸਾਰੇ ਬਦਲਦੇ ਰਹੇ ਖ਼ਾਕਾ, ਜੋ ਮਿਟੀ ਖ਼ਾਕ ਵਿਚ ਸਮਾਈਆ । ਤੇਰਾ ਜਲਵਾ ਨੂਰ ਨੂਰ ਨਾ ਕਦੇ ਪ੍ਰਕਾਸ਼ਾ, ਦੋ ਜਹਾਨ ਨਾ ਕੋਇ ਰੁਸ਼ਨਾਈਆ । ਕੀ ਹੋਇਆ ਜੇ ਗੋਪੀ ਕਾਹਨਾਂ ਪਵਾਈਆਂ ਰਾਸਾਂ, ਰਾਮ ਸੀਤਾ ਬਨਾਂ ਵਿਚ ਭਵਾਈਆ । ਕੀ ਹੋਇਆ ਜੇ ਪੈਗ਼ੰਬਰਾਂ ਕਲਾਮਾਂ ਵਿਚ ਤੈਨੂੰ ਜਾਤਾ, ਸਿਫ਼ਤ ਸੰਦੇਸ਼ਾ ਢੋਲਾ ਗਾਈਆ । ਕੀ ਹੋਇਆ ਜੇ ਗੁਰੂਆਂ ਮੰਨਿਆ ਤੇਰਾ ਆਖਾ, ਭਾਣੇ ਵਿਚ ਬਹਿ ਕੇ ਸੀਸ ਨਿਵਾਈਆ । ਮੈਂ ਚਾਹੁੰਦੀ ਤੂੰ ਪਰਗਟ ਹੋ ਸਾਖ਼ਿਆਤਾ, ਸਵੱਛ ਸਰੂਪ ਇਕੋ ਨਜ਼ਰੀ ਆਈਆ । ਮੇਰਾ ਅੰਤਰ ਕਰ ਦੇ ਪਵਿੱਤਰ ਪਾਕਾ, ਪਤਿਤ ਪੁਨੀਤ ਦੇ ਬਣਾਈਆ । ਤੂੰ ਸਭ ਦਾ ਜੋਤੀ ਜਾਤਾ, ਪਤਿਪਰਮੇਸ਼ਵਰ ਤੇਰੀ ਵਡਿਆਈਆ । ਸਵੱਛ ਸੁਹੰਜਣੀ ਸੇਜ ਬਣਾ ਦੇ ਖਾਟਾ, ਖਟੀਆ ਆਪਣਾ ਆਪ ਤੇਰੇ ਅੱਗੇ ਟਿਕਾਈਆ । ਬਹੁੜੀ ਅੱਗੇ ਹੋਣ ਨਾ ਲੰਮੀਆਂ ਵਾਟਾਂ, ਲੇਖਾ ਤੇਰੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭ ਮੇਰਾ ਅੰਤਰ ਹੋਵੇ ਇਕ, ਏਕੰਕਾਰ ਦੇਣਾ ਕਰਾਈਆ । ਮੇਰਾ ਲੇਖਾ ਦੇਣਾ ਲਿਖ, ਲੇਖ ਲੇਖ ਵਿਚੋਂ ਬਦਲਾਈਆ । ਮੈਂ ਭਿਖਾਰਨ ਮੰਗਾਂ ਭਿੱਖ, ਖ਼ਾਲੀ ਝੋਲੀ ਦੇਣੀ ਭਰਾਈਆ । ਮੈਂ ਚਾਹੁੰਦੀ ਮੇਰੇ ਉਤੇ ਸਾਰੀ ਮਾਨਵ ਜ਼ਾਤੀ ਤੇਰਾ ਰੂਪ ਹੋਵੇ ਸਿਖ, ਸਿਖਿਆ ਸਾਹਿਬ ਸੁਲਤਾਨ ਦੇਣੀ ਦ੍ਰਿੜਾਈਆ । ਸ੍ਰਿਸ਼ਟੀ ਸਾਰੇ ਜਾਨਣ ਮਿਥ, ਮਿਥਿਆ ਦਿਸੇ ਸਰਬ ਲੋਕਾਈਆ । ਇਕੋ ਵਾਰ

ਆਪਣੀ ਸੁਹੰਜਣੀ ਕਰ ਦੇ ਥਿਤ, ਰੁਤੜੀ ਆਪਣੇ ਨਾਲ ਮਹਿਕਾਈਆ । ਪਰਮਾਤਮ ਹੋ ਕੇ ਵਸ ਚਿਤ, ਮਨ ਚਿਤ ਠਗੋਰੀ ਰਹੇ ਨਾ ਰਾਈਆ । ਕੂੜੀ ਕਿਰਿਆ ਲਵਾਂ ਜਿੱਤ, ਸਿਰ ਆਪਣਾ ਹੱਥ ਟਿਕਾਈਆ । ਮੈਂ ਤੇਰਾ ਦਰਸ਼ਨ ਚਾਹੁੰਦੀ ਨਿਤ, ਨਵਿਤ ਆਪਣਾ ਰੰਗ ਰੰਗਾਈਆ । ਵੇਖੀਂ ਕਦੇ ਬੰਦ ਨਾ ਕਰੀਂ ਭਿਤ, ਭੀਤਰ ਦਾ ਪੜਦਾ ਦੇਣਾ ਚੁਕਾਈਆ । ਚਾਰੋਂ ਕੁੰਟ ਆਵੀਂ ਦਿਸ, ਦਹਿ ਦਿਸ਼ਾ ਤੇਰੀ ਰੁਸ਼ਨਾਈਆ । ਮੇਰੀ ਪੂਰੀ ਕਰਨੀ ਇੱਛ, ਮਨਸਾ ਤੇਰੇ ਵਿਚ ਛੁਪਾਈਆ । ਮੈਂ ਹੋਰ ਨਾ ਮੰਗਾਂ ਕਿਛ, ਨਿਉਂ ਨਿਉਂ ਲਾਗਾਂ ਪਾਈਆ । ਤੂੰ ਸਭ ਦਾ ਪ੍ਰੀਤਮ ਪਿਆਰਾ ਏਕ ਏਕੰਕਾਰਾ ਹੋਵੇਂ ਇਕ, ਇਕ ਇਕੱਲੇ ਤੇਰੀ ਵੱਜੇ ਵਧਾਈਆ । ਕਲਜੁਗ ਅੰਤਮ ਸਭ ਦਾ ਲਹਿਣਾ ਦੇਣਾ ਲੈ ਨਜਿਠ, ਲੇਖਾ ਅਵਰ ਰਹੇ ਨਾ ਰਾਈਆ । ਵੇਖੀਂ ਮੈਨੂੰ ਦੇਵੀਂ ਨਾ ਪਿੱਠ, ਕਰਵਟ ਆਪਣੀ ਨਾ ਮੂਲ ਬਦਲਾਈਆ । ਬਹੁੜੀ ਮੇਰੇ ਉਤੋਂ ਪੂਜਾ ਹਟਾ ਦਈਂ ਪੱਥਰ ਇੱਟ, ਪਾਹਨ ਸੀਸ ਨਾ ਕੋਇ ਨਿਵਾਈਆ । ਸਭ ਦੀ ਸੁਰਤੀ ਤੇਰੇ ਉਤੇ ਜਾਏ ਟਿਕ, ਟਿੱਕਾ ਇਕੋ ਮਸਤਕ ਨਾਮ ਦੇਣਾ ਲਗਾਈਆ । ਤੂੰ ਸਭ ਦੇ ਵਸੀਂ ਵਿਚ, ਵਿਚਲਾ ਭੇਵ ਦੇਣਾ ਖੁਲ੍ਹਾਈਆ । ਮੈਂ ਚਾਹੁੰਦੀ ਤੇਰਾ ਦਰਸ਼ਨ ਹੋਵੇ ਨਿਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਉਤੇ ਦੀਨ ਮਜ਼੍ਹਬ ਦਾ ਹੋਵੇ ਕੋਈ ਨਾ ਹਿੱਸ, ਹਿੱਸੇਦਾਰੀ ਪਿਛਲੀ ਦੇਣੀ ਚੁਕਾਈਆ ।



### ੧੮ ਮਾਘ ਸ਼ਹਿਨਸ਼ਾਹੀ ਸੰਮਤ ੬ ਗੁਰਨਾਮ ਸਿੰਘ ਦੇ ਗ੍ਰਹਿ ਪਿੰਡ ਸੂਰਾ ਨੱਸੀ ਜ਼ਿਲਾ ਜਲੰਧਰ

੧੧੧੦



ਧਰਨੀ ਕਹੇ ਪ੍ਰਭ ਸਭ ਦਾ ਵਾਅਦਾ ਪੂਰਾ ਕਰੀਂ ਕੌਲ ਇਕਰਾਰ ਪੱਕਾ, ਮਿਹਰਵਾਨ ਦਇਆ ਕਮਾਈਆ । ਫਿਰੇ ਦਰੋਹੀ ਵਿਚ ਮਦੀਨਾ ਮੱਕਾ, ਕਾਅਬਿਆਂ ਪਏ ਦੁਹਾਈਆ । ਨੌਂ ਖੰਡ ਪ੍ਰਿਥਮੀ ਦੇਣਾ ਅੰਤਮ ਧੱਕਾ, ਧੁਰ ਦਾ ਹੁਕਮ ਨਾਲ ਮਿਲਾਈਆ । ਝਗੜਾ ਛਿੜਨਾ ਵਿਚ ਬੂਰਾ ਕੱਕਾ, ਮਸੀਹ ਬੈਠਾ ਵਸੀਹ ਧਿਆਨ ਲਗਾਈਆ । ਜਿਸ ਕਾਰਨ ਗੋਬਿੰਦ ਸੱਬਰ ਲੱਥਾ, ਮੇਰੇ ਉਤੇ ਸੇਜ ਗਿਆ ਹੰਢਾਈਆ । ਮੈਂ ਉਸ ਦਾ ਲਹਿਣਾ ਦੇਣਾ ਲੇਖਾ ਵੇਖਾਂ ਨਾਲ ਅੱਖਾਂ, ਲੋਚਨ ਧਰਮ ਦੇਣਾ ਖੁਲ੍ਹਾਈਆ । ਚਾਰੋਂ ਕੁੰਟ ਉਠ ਉਠ ਨੱਸਾਂ, ਭੱਜਾਂ ਵਾਹੋ ਦਾਹੀਆ । ਸਦੀ ਚੌਧਵੀਂ ਮੂਲ ਨਾ ਥੱਕਾਂ, ਥਕਾਵਟ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਧਰਨੀ ਕਹੇ ਮੇਰੇ ਸਾਹਿਬ ਸਵਾਮੀ ਯੱਕ, ਵਾਹਿਦ ਸੀਸ ਨਿਵਾਈਆ । ਮੇਰਾ ਮੈਨੂੰ ਦੇ ਦੇ ਹੱਕ, ਹਕੀਕਤ ਦੇ ਮਾਲਕ ਦਇਆ ਕਮਾਈਆ । ਪਿਛਲਾ ਲੇਖਾ ਸਭ ਕਰਦੇ ਫ਼ਕ, ਫ਼ਿਕਰਾ ਅੱਗੇ ਆਪਣਾ ਦੇ ਦ੍ਰਿੜਾਈਆ । ਤੂੰ ਸਰਬ ਕਲਾ ਸਮਰਥ, ਸੋ ਪੁਰਖ ਨਿਰੰਜਣ ਤੇਰੀ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਤੇਰੇ ਅੱਗੇ ਜੋੜਾਂ ਹੱਥ, ਏਕੰਕਾਰਾ ਨਿਉਂ ਨਿਉਂ ਲਾਗਾਂ ਪਾਈਆ । ਆਦਿ ਨਿਰੰਜਣ ਤੇਰਾ ਨੂਰ ਨੁਰਾਨਾ ਤਕਾਂ ਸਚ, ਅਬਿਨਾਸ਼ੀ ਕਰਤੇ ਦੇਣੀ ਮਾਣ ਵਡਿਆਈਆ । ਸ੍ਰੀ ਭਗਵਾਨ ਤੇਰੀ ਸਰਨ ਸਰਨਾਈ ਰਹੀ ਢੱਠ, ਪਾਰਬ੍ਰਹਮ ਤੇਰੇ ਨਿਉਂ ਨਿਉਂ ਲਾਗਾਂ ਪਾਈਆ । ਕਲਜੁਗ ਕੂੜੀ ਕਿਰਿਆ ਮੇਰੇ ਵਿਚੋਂ ਦੇਣੀ ਕਢ, ਕਾਮ ਕਰੋਧ ਲੋਭ ਮੋਹ ਹੰਕਾਰ ਤਨ ਵਜੂਦ ਰਹਿਣ ਨਾ ਪਾਈਆ । ਇਕੋ ਤੇਰਾ ਨਾਮ ਨਿਧਾਨਾ ਸ੍ਰੀ ਭਗਵਾਨਾ ਗਾਵਾਂ ਸਦ, ਛੰਦ ਧੁਰ ਦਾ ਦਿਆਂ ਜਣਾਈਆ । ਦੀਨ ਮਜ਼੍ਹਬ ਦੀ ਮੇਟਣੀ ਹੱਦ, ਹਦੂਦ ਆਪਣੀ ਦੇਣੀ ਵਖਾਈਆ ।

੨੨

ਜਿਥੇ ਦੀਪਕ ਜੋਤ ਰਿਹਾ ਜਗ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਮਿਲੇ ਮੇਲ ਸੂਰੇ ਸਰਬਗ, ਜੋ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਮਿਹਰਵਾਨ ਮਿਹਰਵਾਨ ਆਪਣੀ ਕਿਰਪਾ ਕਰ ਦੇ ਝਟ, ਦੂਰ ਦੁਰਾਡਾ ਪੰਧ ਰਹਿਣ ਨਾ ਪਾਈਆ ।

## ੧੮ ਮਾਘ ਸ਼ਹਿਨਸ਼ਾਹੀ ਸੰਮਤ ੬ ਜਰਨੈਲ ਸਿੰਘ ਦੇ ਗ੍ਰਿਹ ਪਿੰਡ ਸਗਵਾਲ ਜ਼ਿਲਾ ਜਲੰਧਰ

ਧਰਨੀ ਕਹੇ ਪ੍ਰਭੂ ਤੂੰ ਮੇਰਾ ਪਿਤ ਮਾਤ, ਪੁਰਖ ਅਕਾਲ ਦੀਨ ਦਿਆਲ ਤੇਰੀ ਸਰਨਾਈਆ । ਮਿਹਰਵਾਨ ਮਹਿਬੂਬ ਮੇਟ ਦੇ ਅੰਧੇਰੀ ਰਾਤ, ਨਿਰਗੁਣ ਨਿਰਵੈਰ ਨੂਰੀ ਚੰਦ ਕਰ ਰੁਸ਼ਨਾਈਆ । ਝਗੜਾ ਰਹੇ ਨਾ ਜ਼ਾਤ ਪਾਤ, ਦੀਨ ਦੁਨੀ ਇਕੋ ਰੰਗ ਦੇਣਾ ਰੰਗਾਈਆ । ਤੂੰ ਸਾਹਿਬ ਸੁਲਤਾਨਾ ਸ੍ਰੀ ਭਗਵਾਨਾ ਪੁਰਖ ਸਮਰਾਥ, ਬੇਅੰਤ ਬੇਪਰਵਾਹ ਅਖਵਾਈਆ । ਮਿੰਨਤਾਂ ਕਰਾਂ ਦੋਏ ਜੋੜ ਕੇ ਹਾਥ, ਝੁਕ ਝੁਕ ਲਾਗਾਂ ਪਾਈਆ । ਮੇਰੀ ਆਸਾ ਮਨਸਾ ਪੂਰੀ ਕਰ ਦੇ ਖ਼ਾਹਿਸ਼, ਖ਼ਾਲਸ ਆਪਣਾ ਭੇਵ ਖੁਲ੍ਹਾਈਆ । ਨਿਰਗੁਣ ਨਿਰਵੈਰ ਮੈਂ ਤੇਰੀ ਦਾਸੀ ਦਾਸ, ਸੇਵਕ ਹੋ ਕੇ ਸੇਵ ਕਮਾਈਆ । ਨਿਗਹ ਮਾਰ ਉਤੋਂ ਆਕਾਸ਼, ਪ੍ਰਿਥਵੀ ਰੋ ਰੋ ਦਏ ਦੁਹਾਈਆ । ਮੇਰੇ ਸਵਾਮੀ ਆ ਜਾ ਮੇਰੇ ਪਾਸ, ਕਲਜੁਗ ਆਪਣੀ ਕਰਵਟ ਲੈ ਬਦਲਾਈਆ । ਅਵਤਾਰ ਪੈਗ਼ੰਬਰ ਗੁਰੂ ਜੋ ਸ਼ਬਦ ਸੰਦੇਸ਼ੇ ਵਿਚ ਗਏ ਆਖ, ਕੌਲ ਸਭ ਦਾ ਪੂਰ ਕਰਾਈਆ । ਤੁਧ ਬਿਨ ਕਰੇ ਨਾ ਕੋਇ ਇਮਦਾਦ, ਮਾਲਕ ਨਜ਼ਰ ਕੋਇ ਨਾ ਆਈਆ । ਮੈਂ ਚਾਹੁੰਦੀ ਸਭ ਦੀ ਅੰਦਰੋਂ ਖੁਲ੍ਹੇ ਜਾਗ, ਸੋਇਆ ਰਹਿਣ ਕੋਇ ਨਾ ਪਾਈਆ । ਤ੍ਰੈਗੁਣ ਅਗਨ ਬੁਝਾ ਦੇ ਆਗ, ਅੰਮ੍ਰਿਤ ਮੇਘ ਇਕ ਬਰਸਾਈਆ । ਆਪਣਾ ਮਜਨ ਕਰਾ ਦੇ ਧਰਮ ਧਾਰ ਦੇ ਮਾਘ, ਅੰਮਿਉਂ ਰਸ ਇਕ ਚੁਆਈਆ । ਹਰ ਹਿਰਦੇ ਅੰਦਰੋਂ ਮੇਟ ਦੇ ਕੂੜਾ ਦਾਗ਼, ਦੁਰਮਤ ਮੈਲ ਦੇ ਧਵਾਈਆ । ਮੇਰੇ ਕਰਦੇ ਵਡ ਵਡ ਭਾਗ, ਭਾਗਹੀਣ ਨਾ ਰਹੇ ਲੋਕਾਈਆ । ਕਾਇਆ ਮੰਦਰ ਅੰਦਰ ਤੇਰਾ ਨੂਰੀ ਜਗੇ ਚਿਰਾਗ਼, ਜਲਵਾਗਰ ਤੇਰੀ ਹੋਵੇ ਰੁਸ਼ਨਾਈਆ । ਤੂੰ ਮਾਲਕ ਖ਼ਾਲਕ ਆਦਿ ਅੰਤ ਦਾ ਕੰਤ ਸੁਹਾਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੈਨੂੰ ਇਕੋ ਤੇਰੀ ਓਟ, ਓੜਕ ਦਿਆਂ ਜਣਾਈਆ । ਪ੍ਰਕਾਸ਼ ਕਰਦੇ ਆਪਣੀ ਜੋਤ, ਜੋਤੀ ਜਾਤੇ ਹੋਣਾ ਆਪ ਸਹਾਈਆ । ਕਿਸੇ ਦੀ ਚਲੇ ਕੋਇ ਨਾ ਸੋਚ, ਸਮਝ ਵਿਚ ਨਾ ਕੋਇ ਚਤੁਰਾਈਆ । ਆਪਣੀ ਨਾਮ ਖ਼ੁਮਾਰੀ ਨਾਲ ਕਰ ਮਦਹੋਸ਼, ਮਧੁਰ ਧੁਨ ਰਾਗ ਸੁਣਾਈਆ । ਮਨ ਕਲਪਣਾ ਤੇਰੇ ਪਿਆਰ ਵਿਚ ਹੋ ਜਾਏ ਖ਼ਾਮੋਸ਼, ਉਚੀ ਕੂਕ ਨਾ ਕੋਇ ਜਣਾਈਆ । ਭਾਗ ਲਗਾ ਦੇ ਕਾਇਆ ਮਾਟੀ ਪੋਸ਼, ਪੰਜ ਤਤ ਤਨ ਦੇ ਵਡਿਆਈਆ । ਮਾਨਵ ਜ਼ਾਤੀ ਕਾਇਆ ਮੰਦਰ ਅੰਦਰ ਤੈਨੂੰ ਸਾਰੇ ਲੈਣ ਖੋਜ, ਬਾਹਰ ਖੋਜਣ ਦਾ ਝਗੜਾ ਦੇ ਮੁਕਾਈਆ । ਬੁਧੀ ਤੋਂ ਪਰੇ ਆਪਣੇ ਸ਼ਬਦ ਦਾ ਦੇ ਬੋਧ, ਨਾਮ ਨਿਧਾਨਾ ਸ੍ਰੀ ਭਗਵਾਨਾ ਇਕ ਦ੍ਰਿੜਾਈਆ । ਤੇਰੀ ਚਰਨ ਪ੍ਰੀਤੀ ਹੋਵੇ ਸਭ ਦਾ ਜੋਗ, ਤਨ ਭੂਸ਼ਨ ਇਕੋ ਨਾਮ ਦੇਣੇ ਰੰਗਾਈਆ । ਧਰਨੀ ਕਹੇ ਮੇਰੇ ਉਤੇ ਕੂੜ ਕੁੜਿਆਰਾਂ ਦਾ ਰਹੇ ਕੋਇ ਨਾ ਬੋਝ, ਪਤਿਤ ਪੁਨੀਤ ਸਾਰੇ ਦੇਣੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ

ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੀ ਆਸਾ ਮਨਸਾ ਆਪੇ ਬੁੱਝ, ਅੰਤਰਜਾਮੀ ਦਇਆ ਕਮਾਈਆ । ਸਾਰੀ ਸ੍ਰਿਸ਼ਟੀ ਦੀ ਦ੍ਰਿਸ਼ਟੀ ਕਰ ਦੇ ਸ਼ੁੱਧ, ਕੂੜੀ ਕਿਰਿਆ ਬਾਹਰ ਕਢਾਈਆ । ਪੰਚ ਵਿਕਾਰ ਕਰੇ ਨਾ ਯੁਧ, ਧਰਮ ਦਾ ਖੰਡਾ ਦੇ ਚਮਕਾਈਆ । ਮੇਰੇ ਵਿਚੋਂ ਬਾਹਰ ਕਢ ਦੇ ਕਲਜੁਗ, ਸਤਿਜੁਗ ਸਚ ਦੇ ਪਰਗਟਾਈਆ । ਸਭ ਨੂੰ ਤੇਰੇ ਨਾਮ ਦੀ ਆਵੇ ਸੁਧ, ਸਮਝ ਸਮਝ ਵਿਚੋਂ ਦੇਣੀ ਬਦਲਾਈਆ । ਮਾਇਆ ਮਮਤਾ ਦੀ ਔਧ ਜਾਏ ਪੁਗ, ਹੰਕਾਰ ਵਿਕਾਰ ਨਾ ਕੋਇ ਹਲਕਾਈਆ । ਤੇਰਾ ਭਾਣਾ ਕਦੇ ਨਾ ਜਾਵੇ ਰੁਕ, ਨਾ ਕੋਈ ਮੇਟੇ ਮੇਟ ਮਿਟਾਈਆ । ਮੇਰੇ ਸਾਹਿਬ ਸੁਲਤਾਨ ਤੇਰੇ ਕਦਮਾਂ ਜਾਵਾਂ ਝੁਕ, ਡੰਡਾਵਤ ਬੰਦਨਾ ਸੱਯਦੇ ਵਿਚ ਸੀਸ ਝੁਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਰੇ ਤੇਰੀ ਗਾਵਣ ਇਕੋ ਤੁਕ, ਤੁਖ਼ਮ ਤਾਸੀਰ ਦੀਨ ਦੁਨੀ ਦੇਣਾ ਬਦਲਾਈਆ । ਤੇਰੇ ਕੋਲ ਸਭ ਕੁਛ, ਬੇਪਰਵਾਹ ਸਚ ਭੰਡਾਰਾ ਦੇਣਾ ਵਰਤਾਈਆ । ਪੜਦਾ ਓਹਲਾ ਰਹੇ ਨਾ ਲੁਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੇ ਚਰਨ ਢੱਠੀ, ਢਹਿ ਢਹਿ ਸੀਸ ਨਿਵਾਈਆ । ਸਾਰੀ ਸ੍ਰਿਸ਼ਟੀ ਆਪਣੇ ਨਾਮ ਨਾਲ ਕਰ ਲੈ ਇਕੱਠੀ, ਵਿਛੜਿਆ ਰਹਿਣ ਕੋਇ ਨਾ ਪਾਈਆ । ਕਲਜੁਗ ਕੂੜੀ ਕਿਰਿਆ ਕਰ ਦੇ ਮੱਠੀ, ਅੰਮ੍ਰਿਤ ਮੇਘ ਨਾਮ ਬਰਸਾਈਆ । ਸਚ ਨਾਮ ਦੀ ਸਚ ਪੜ੍ਹਾ ਦੇ ਪੱਟੀ, ਪਟਨੇ ਵਾਲਾ ਨਾਲ ਮਿਲਾਈਆ । ਜਿਸ ਨੇ ਤੇਰੇ ਪਿਛੇ ਮਾਛੂਵਾੜੇ ਦੀ ਸੇਜ ਕਟੀ, ਸੂਲਾਂ ਸੱਥਰ ਗਿਆ ਹੰਢਾਈਆ । ਉਸ ਦੀ ਧਾਰ ਪਰਗਟਾ ਦੇ ਨਾਮ ਬਖ਼ਸ਼ ਦੇ ਗੁਰਮੁਖਾਂ ਅੰਦਰ ਰਤੀ, ਰਤਨ ਅਮੋਲਕ ਹੀਰੇ ਦੇਣੇ ਬਣਾਈਆ । ਤੂੰ ਸਭ ਦਾ ਮਾਲਕ ਪਰਮ ਪੁਰਖ ਕਮਲਾਪਤੀ, ਪਤਿਪਰਮੇਸ਼ਵਰ ਹੋਣਾ ਆਪ ਸਹਾਈਆ । ਧਰਨੀ ਕਹੇ ਪ੍ਰਭੂ ਮੇਰੀ ਅੰਤਮ ਲੱਜਿਆ ਰੱਖੀਂ, ਰੱਖਣਹਾਰ ਤੇਰੀ ਸਰਨਾਈਆ । ਮੈਂ ਤੇਰਾ ਨਿਰਗੁਣ ਖੇਲ ਵੇਖਾਂ ਅੱਖੀਂ, ਆਖ਼ਰ ਆਪਣਾ ਪੜਦਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਤੇਰੀ ਸ਼ਬਦ ਕਹਾਣੀ ਸੱਚੀ, ਸਤਿਗੁਰ ਸ਼ਬਦ ਸ਼ਬਦ ਸਤਿਗੁਰ ਗੁਰੂ ਗੁਰਦੇਵ ਵਡ ਵਡਿਆਈਆ ।



### ✪ ੨੧ ਮਾਘ ਸ਼ਹਿਨਸ਼ਾਹੀ ਸੰਮਤ ੬ ਬੀਬੀ ਜੁਗਿੰਦਰ ਕੌਰ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ✪

ਧਰਨੀ ਕਹੇ ਪ੍ਰਭ ਮੈਨੂੰ ਵਿਸ਼ਨ ਬ੍ਰਹਮਾ ਸ਼ਿਵ ਕਰਨ ਇਸ਼ਾਰੇ, ਇਸ਼ਾਰਾ ਧੁਰ ਦਾ ਇਕ ਲਗਾਈਆ । ਅਵਤਾਰ ਪੈਗੰਬਰ ਗੁਰ ਰਹੇ ਲਲਕਾਰੇ, ਜ਼ੋਰ ਜ਼ੋਰ ਸੁਣਾਈਆ । ਉਠ ਵੇਖ ਕਲ ਕਲਕੀ ਅਵਤਾਰੇ, ਨਿਹਕਲੰਕ ਬੇਪਰਵਾਹੀਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ ਚੰਦ ਸਿਤਾਰੇ, ਸਤਹ ਬੁਲੰਦੀ ਉਪਰ ਧਿਆਨ ਲਗਾਈਆ । ਕੋਟਨ ਕੋਟ ਬ੍ਰਹਿਮੰਡ ਖੰਡ ਧੂੜੀ ਲਾਵਣ ਛਾਰੇ, ਮਸਤਕ ਟਿੱਕੇ ਧੁਰ ਰੰਗਾਈਆ । ਜਿਸ ਨੂੰ ਕਾਗਦ ਕਲਮ ਸ਼ਾਹੀ ਲਿਖ ਲਿਖ ਹਾਰੇ, ਅੰਤ ਕਹਿਣ ਕੋਇ ਨਾ ਪਾਈਆ । ਉਹ ਖੇਲ ਕਰੇ ਨਰ ਨਿਰੰਕਾਰੇ, ਨਰਾਇਣ ਅਗੰਮ ਅਥਾਹੀਆ । ਜਿਸ ਦੇ ਭਵਿਖਤ ਸਭ ਨੇ ਉਚਾਰੇ, ਸਿਫ਼ਤਾਂ ਵਾਲੇ ਢੋਲੇ ਗਾਈਆ । ਉਹ ਨਿਰਗੁਣ ਨੂਰ ਕਰੇ ਉਜਿਆਰੇ, ਜੋਤੀ ਜਾਤਾ ਡਗਮਗਾਈਆ । ਸ਼ਬਦ ਸੰਦੇਸ਼ਾ ਦੇਵੇ ਆਪਣੀ

ਧਾਰੇ, ਧਰਨੀ ਕਹੇ ਮੇਰੇ ਉਤੇ ਸੁਣਾਈਆ । ਲੇਖ ਲਿਖਾਏ ਅਗੰਮ ਅਪਾਰੇ, ਅਲਖ ਅਗੋਚਰ ਆਪਣੀ ਕਾਰ ਭੁਗਤਾਈਆ । ਜਿਸ ਦਾ ਹੁਕਮ ਸੱਚੀ ਸਰਕਾਰੇ, ਨਾ ਕੋਈ ਮੇਟੇ ਮੇਟ ਮਿਟਾਈਆ । ਮੈਂ ਨਿਉਂ ਨਿਉਂ ਕਰਾਂ ਨਿਮਸਕਾਰੇ, ਢਹਿ ਢਹਿ ਲਾਗਾਂ ਪਾਈਆ । ਜਿਸ ਨੇ ਆਪਣੀ ਲਿਖਤ ਲਿਖਾਉਣੀ ਸ਼ੁਰੂ ਕੀਤੀ ਦੁਬਾਰੇ, ਦੋਹਰੀ ਜਗਤ ਧਾਰ ਬਦਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਆਪ ਉਘਾੜੇ, ਨੋਕ ਕਲਮ ਨਾਲ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਜਿਸ ਦੀ ਲਿਖਤ ਸ਼ੁਰੂ ਹੋਈ ਦੁਬਾਰਾ, ਧੁਰ ਦੀ ਧਾਰ ਵਡਿਆਈਆ । ਬਾਲ ਅਵਸਥਾ ਬਾਲ ਕੰਨਿਆਂ ਨਾਨਕ ਦੇ ਕੇ ਗਿਆ ਇਸ਼ਾਰਾ, ਸੰਦੇਸ਼ਾ ਅਗੰਮ ਜਣਾਈਆ । ਤੇਰਾ ਲਹਿਣਾ ਦੇਣਾ ਨਾਲ ਕਲ ਕਲਕੀ ਅਵਤਾਰਾ, ਅਵਤਰੀ ਆਪਣਾ ਹੁਕਮ ਵਰਤਾਈਆ । ਸ਼ਬਦੀ ਧਾਰ ਦਾ ਦਏ ਇਸ਼ਾਰਾ, ਸ਼ਬਦ ਸ਼ਬਦ ਨਾਲ ਸ਼ਨਵਾਈਆ । ਸੇਵਾ ਵਿਚ ਸੇਵਾ ਦੇਵੇ ਬਲ ਅਪਾਰਾ, ਅਪਰੰਪਰ ਬੇਪਰਵਾਹੀਆ । ਜਿਸ ਦਾ ਲੇਖ ਸਦਾ ਰਹੇ ਜੁਗ ਚਾਰਾ, ਚੌਕੜੀ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰੇ ਅੰਤਰ ਆ ਗਈ ਹੈਰਾਨੀ, ਮੈਂ ਕੀ ਦਿਆਂ ਸੁਣਾਈਆ । ਤੇਰਾ ਭਗਤ ਬੜਾ ਬਲਵਾਨੀ ਸੂਰਬੀਰ ਧਿਆਨ ਲਗਾਈਆ । ਗੁਰਦਿਆਲ ਸਿੰਘ ਕਹੇ ਮੇਰੀ ਬਣਾਉਣੀ ਧਰਮ ਨਿਸ਼ਾਨੀ, ਨਿਸ਼ਾਨਾ ਜਗਤ ਵਿਚ ਪਰਗਟਾਈਆ । ਮੇਰੇ ਦਵਾਰ ਦਾ ਬਣਨਾ ਬਾਨੀ, ਬਾਣ ਅਣਿਆਲਾ ਤੀਰ ਚਲਾਈਆ । ਤੂੰ ਦਾਤਾ ਧੁਰ ਦਾ ਦਾਨੀ, ਦਇਆਵਾਨ ਅਖਵਾਈਆ । ਮੇਰੇ ਗ੍ਰਿਹਿ ਕਰੀਂ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਸੰਮਤ ਸ਼ਹਿਨਸ਼ਾਹੀ ਨੌਂ ਵਿਚ ਮੇਰੀ ਆਸ਼ਾ ਹੋਣ ਨਾ ਦੇਵੀਂ ਪੁਰਾਣੀ, ਪੁਨਹ ਪੁਨਹ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੰਦਰਾਂ ਅਠਾਰਾਂ ਦੀ ਮੇਰੀ ਮੰਗ ਸਹਿਜ ਨਾਲ ਦਿਆਂ ਸੁਣਾਈਆ । ਗੁਰਦਿਆਲ ਸਿੰਘ ਕਹੇ ਮੈਂ ਤੇਰਾ ਬਲ ਦੇਵਣਹਾਰਾ ਬਲੀਦਾਨ, ਬਾਵਨ ਧਿਆਨ ਲਗਾਈਆ । ਮੇਰੀ ਬੇਨੰਤੀ ਸ੍ਰੀ ਭਗਵਾਨ, ਦਰ ਠਾਂਡੇ ਦਿਆਂ ਜਣਾਈਆ । ਮੇਰੇ ਪਿਆਰ ਦਾ ਹੁੰਦਾ ਸੀ ਇਕ ਦਰਬਾਨ, ਜੋ ਮਨਜ਼ੂਨਾ ਨਾਮ ਬਣਾਈਆ । ਰੋਜ਼ ਮੈਨੂੰ ਕਰਾਉਂਦਾ ਹੁੰਦਾ ਸੀ ਇਸ਼ਨਾਨ, ਨੜਿੰਨਵੇ ਸਾਲ ਸੇਵ ਕਮਾਈਆ । ਜਿਸ ਵੇਲੇ ਬਾਵਨ ਆਇਆ ਮੰਗਣ ਦਾਨ, ਆਪਣਾ ਰੂਪ ਬਦਲਾਈਆ । ਮੇਰੇ ਨਾਲ ਉਸ ਨੇ ਕੀਤੀ ਪਰਨਾਮ, ਸੀਸ ਦਿਤਾ ਝੁਕਾਈਆ । ਬਾਵਨ ਨੇ ਥਾਪੀ ਦਿਤੀ ਆਣ, ਹੱਥ ਪੁਸ਼ਤ ਪਨਾਹ ਟਿਕਾਈਆ । ਰੋ ਕੇ ਕਿਹਾ ਮੈਨੂੰ ਮਿਲਾ ਦੇ ਮੇਰਾ ਭਗਵਾਨ, ਤੇਰੇ ਹੱਥ ਵਡਿਆਈਆ । ਬਲ ਕਹੇ ਮੈਂ ਆਖਿਆ ਤੂੰ ਮਿਹਰਵਾਨ, ਮਿਹਰ ਨਾਲ ਤਰਾਈਆ । ਬਾਵਨ ਕਿਹਾ ਔਹ ਕਲਜੁਗ ਤਕ ਮਾਰ ਧਿਆਨ, ਨੇਤਰ ਨੈਣ ਉਠਾਈਆ । ਏਸ ਦਾ ਜਨਮ ਫੇਰ ਹੋਵੇ ਵਿਚ ਜਹਾਨ, ਤੇਰੇ ਗ੍ਰਿਹਿ ਗ੍ਰਿਹਿ ਮਿਲੇ ਵਡਿਆਈਆ । ਤੇਰੇ ਸੁਤ ਦਾ ਸੁਤ ਹੋਵੇ ਨਿਧਾਨ, ਸਤਿ ਸਤਿਵਾਦੀ ਰੂਪ ਸਮਝਾਈਆ । ਦਰਗਹ ਸਚ ਹੋਵੇ ਪਰਵਾਨ, ਪਰਮ ਪੁਰਖ ਦੇਵੇ ਵਡਿਆਈਆ । ਦੋਹਾਂ ਨੇ ਸੀਸ ਝੁਕਾਇਆ ਖ਼ੁਸ਼ੀ ਵਿਚ ਗਾਇਆ ਗਾਣ, ਤੇਰੀ ਬੇਪਰਵਾਹੀਆ । ਬਾਵਨ ਦਾ ਲੇਖਾ ਹੋਇਆ ਪਰਵਾਨ, ਪਰਮ ਪੁਰਖ ਦਿਤੀ ਵਡਿਆਈਆ । ਜਿਸ ਦਰਬਾਨ ਦਾ ਰੂਪ ਜਗਜੀਤ ਸਿੰਘ ਜਨਮਿਆ ਵਿਚ ਜਹਾਨ, ਗ੍ਰਿਹਿ ਗ੍ਰਿਹਿ ਵਿਚੋਂ ਮਿਲੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਮਨਾਈਆ । ਗੁਰਦਿਆਲ ਸਿੰਘ ਕਹੇ ਮੇਰਾ ਗ੍ਰਿਹਿ

੧੧੧੩ ੨੨

ਹੋਵੇ ਅਠਾਰਾਂ ਪੰਦਰਾ, ਦੂਜੀ ਵੰਡ ਨਾ ਕੋਇ ਵੰਡਾਈਆ । ਚਾਰ ਦਰ ਹੋਏ ਧਰਮ ਦੇ ਮੰਦਰਾ, ਦਰ ਦਵਾਰ ਸੋਹਣਾ ਨਜ਼ਰੀ ਆਈਆ । ਮੇਰੀ ਪਿਆਰ ਦੀ ਹੋਏ ਬੰਦ ਬੰਦਨਾ, ਡੰਡਾਵਤ ਇਕ ਸਮਝਾਈਆ । ਜਿਥੇ ਤੇਰੀ ਧੂੜ ਦਾ ਮਿਲੇ ਚੰਦਨਾ, ਧੁਰ ਦਾ ਤਿਲਕ ਰਖਾਈਆ । ਇਸ ਤੋਂ ਪਰੇ ਹੋਰ ਕੁਛ ਨਹੀਂ ਮੰਗਣਾ, ਮੰਗਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਸੂਰੇ ਸਰਬੰਗਣਾ, ਸਤਿ ਸਚ ਤੇਰੀ ਸਰਨਾਈਆ ।

## ੨੭ ਮਾਘ ਸ਼ਹਿਨਸ਼ਾਹੀ ਸੰਮਤ ੬ ਰਣਜੀਤ ਸਿੰਘ ਦੇ ਗ੍ਰਿਹ ਗਵਾਲ ਟੋਲੀ ਜ਼ਿਲਾ ਫ਼ਿਰੋਜ਼ਪੁਰ ਛਾਉਣੀ

ਸ਼ੰਕਰ ਕਹੇ ਪ੍ਰਭੂ ਮੇਰੀ ਆਦਿ ਅੰਤ ਦੀ ਤੇਰੀ ਸ਼ਰਤੀ, ਸ਼ਰਅ ਸਕੇ ਨਾ ਕੋਇ ਬਦਲਾਈਆ । ਤੂੰ ਮਾਲਕ ਖ਼ਾਲਕ ਪ੍ਰੀਤਮ ਅਰਸ਼ੀ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਮੇਰੀ ਤੇਰੇ ਅੱਗੇ ਬੇਨੰਤੀ ਅਰਜ਼ੀ, ਆਰਜ਼ੂ ਦਿਆਂ ਸੁਣਾਈਆ । ਤੂੰ ਕਿਉਂ ਕੀਤੀ ਆਪਣੀ ਮਰਜ਼ੀ, ਮਿਹਰਵਾਨ ਦੇਣਾ ਸਮਝਾਈਆ । ਮੇਰੀ ਖੇਲ ਚੋਟੀ ਜੜ੍ਹ ਦੀ, ਅਸਬੂਲ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸ਼ੰਕਰ ਕਹੇ ਪ੍ਰਭੂ ਮੈਂ ਤੇਰੀ ਸ਼ਕਤੀ, ਸ਼ਖ਼ਸ਼ ਨਜ਼ਰ ਕੋਇ ਨਾ ਆਈਆ । ਤੇਰਾ ਪਿਆਰ ਮੇਰੀ ਭਗਤੀ, ਭਗਵਨ ਅਵਰ ਨਾ ਕੋਇ ਵਡਿਆਈਆ । ਤੇਰੀ ਖੇਲ ਨਰਾਇਣ ਨਰ ਦੀ, ਨਰ ਹਰਿ ਤੇਰੀ ਸਰਨਾਈਆ । ਕੀ ਧਾਰ ਤਕੀ ਮੈਂ ਕਲਜੁਗ ਕਲ ਦੀ, ਕਲ ਕਲਕੀ ਦਿਆਂ ਸੁਣਾਈਆ । ਤੂੰ ਖੇਲ ਖਿਲਾਈ ਅਛਲ ਅਛੱਲ ਦੀ, ਵਲਛਲ ਧਾਰੀ ਆਪਣਾ ਹੁਕਮ ਵਰਤਾਈਆ । ਤੇਰੀ ਕੀਤੀ ਆਦਿ ਅੰਤ ਕਦੇ ਨਾ ਟਲਦੀ, ਨਾ ਕੋਈ ਮੇਟੇ ਮੇਟ ਮਿਟਾਈਆ । ਧਾਰ ਰਹੀ ਨਾ ਜਲ ਥਲ ਦੀ, ਮਹੀਅਲ ਸਾਰੇ ਰਹੇ ਕੁਰਲਾਈਆ । ਤੇਰੀ ਕੀਤੀ ਕਰਨੀ ਕਦੇ ਨਾ ਟਲਦੀ, ਨਾ ਕੋਈ ਮੇਟੇ ਮੇਟੇ ਮਿਟਾਈਆ । ਕਥਾ ਕਹਾਣੀ ਰਹੀ ਕੋਇ ਨਾ ਮੇਰੇ ਹੱਲ ਦੀ, ਸਾਹਿਬ ਤੂੰ ਹਾਲਤ ਦਿਤੀ ਬਦਲਾਈਆ । ਤੇਰੀ ਖੇਲ ਤਕਾਂ ਨਿਹਚਲ ਧਾਮ ਅਟਲ ਦੀ, ਸਚਖੰਡ ਨਿਵਾਸੀ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਦਇਆ ਕਮਾਈਆ । ਸ਼ੰਕਰ ਕਹੇ ਮੇਰੇ ਸੂਰੇ ਸਰਬੰਗ, ਸਾਹਿਬ ਤੇਰੀ ਸਰਨਾਈਆ । ਮੈਨੂੰ ਤੇਰਾ ਇਕੋ ਰੰਗ, ਰੰਗਤ ਅਗੰਮ ਅਥਾਹੀਆ । ਮੈਂ ਮਾਂਗਤ ਹੋ ਕੇ ਮੰਗਾਂ ਮੰਗ, ਦਰ ਠਾਂਡੇ ਸੀਸ ਨਿਵਾਈਆ । ਕਿਉਂ ਆਪਣੀ ਮਰਿਆਦਾ ਕੀਤੀ ਭੰਗ, ਅਸੂਲ ਅਸਲ ਵਿਚੋਂ ਬਦਲਾਈਆ । ਮੇਰੇ ਤਨ ਓਢਣ ਕੋਈ ਨਾ ਦਿਸੇ ਵੇਖਾਂ ਵਜੂਦ ਨੰਗ, ਤਸ਼ਕਾ ਗਲ ਸੁਹਾਈਆ । ਮੈਂ ਵੇਖ ਕੇ ਹੋਇਆ ਦੰਗ, ਹੈਰਾਨੀ ਵਿਚ ਕੁਰਲਾਈਆ । ਕੀ ਖੇਲ ਕੀਤਾ ਵਿਚ ਵਰਭੰਡ, ਮੇਰੇ ਮਾਲਕ ਧੁਰਦਰਗਾਹੀਆ । ਮੈਂ ਭੋਲਾ ਨਾਥ ਹੋ ਕੇ ਪਾਵਾਂ ਡੰਡ, ਉਚੀ ਕੂਕ ਕੂਕ ਸੁਣਾਈਆ । ਮੇਰੀ ਨੰਗੀ ਹੋ ਗਈ ਕੰਡ, ਪੁਸ਼ਤ ਪਨਾਹ ਹੱਥ ਨਾ ਕੋਇ ਰਖਾਈਆ । ਕੋਟਨ ਕੋਟ ਤੇਰੇ ਜੁਗ ਚੌਕੜੀ ਗਏ ਲੰਘ, ਲੋਕਮਾਤ ਅਵਤਾਰ ਪੈਗੰਬਰ ਗੁਰੂ ਸੇਵ ਕਮਾਈਆ । ਜਨਮ ਵਿਚੋਂ ਜਨਮ ਦੀ ਕਿਸੇ ਨਾ ਦਿਤੀ ਦਾਤ ਵੰਡ, ਵੰਡਣਹਾਰਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮੇਰੇ ਸਾਹਿਬ ਤੇਰੀ ਸਰਨਾਈਆ । ਸ਼ੰਕਰ

੧੧੧੫
੨੨

ਕਹੇ ਪ੍ਰਭੂ ਮੈਂ ਪਾਉਣ ਲੱਗਾ ਸ਼ੋਰ, ਉਚੀ ਕੂਕ ਕੂਕ ਸੁਣਾਈਆ । ਕਿਉਂ ਤੂੰ ਵਰਤਿਆ ਆਪਣਾ ਜ਼ੋਰ, ਬਲ ਦਿਤਾ ਪਰਗਟਾਈਆ । ਉਹ ਵੇਖ ਅੰਧੇਰਾ ਘੋਰ, ਚਾਰੋਂ ਕੁੰਟ ਨਜ਼ਰੀ ਆਈਆ । ਤੇਰੇ ਸਾਧ ਸੰਤ ਬਣੇ ਠੱਗ ਚੋਰ, ਸ਼ਰਅ ਕੂੜ ਵਿਚ ਲੜਾਈਆ । ਸੁਰਤੀ ਸ਼ਬਦ ਸਕੇ ਕੋਇ ਨਾ ਜੋੜ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਮਨ ਵਾਸਨਾ ਸਾਰੇ ਰਹੇ ਦੌੜ, ਕਾਮ ਕਾਮਨੀ ਨਾਲ ਹਲਕਾਈਆ । ਤੇਰੀ ਮੰਜ਼ਲ ਚੜ੍ਹੇ ਕੋਇ ਨਾ ਪੌੜ, ਸਚਖੰਡ ਨਿਵਾਸੀ ਨਜ਼ਰ ਕੋਇ ਨਾ ਆਈਆ । ਬਹੁੜੀ ਸਾਡੀ ਰਹੀ ਕੋਇ ਨਾ ਲੋੜ, ਲੋੜੀਂਦੇ ਸੱਜਣ ਤੇਰੇ ਅੱਗੇ ਦੁਹਾਈਆ । ਤੈਨੂੰ ਅਵਤਾਰ ਪੈਗ਼ੰਬਰ ਗੁਰੂਆਂ ਕਿਹਾ ਬੰਦੀ ਛੋੜ, ਬੰਧਨ ਸਭ ਦੇ ਦੇ ਕਟਾਈਆ । ਬਹੁੜੀ ਤੇਰਾ ਹੁਕਮ ਮੈਂ ਮੂਲ ਨਾ ਸਕਾਂ ਮੋੜ, ਅੱਗੇ ਹੋ ਨਾ ਕਦੇ ਅਟਕਾਈਆ । ਜੋ ਉਪਜਿਆ ਅਵਤਾਰ ਪੈਗ਼ੰਬਰ ਗੁਰੂ ਮੈਂ ਸਾਰੇ ਛਡੇ ਤੋਰ, ਬੱਚਿਆ ਰਹਿਣ ਕੋਇ ਨਾ ਪਾਈਆ । ਕਿਸ ਬਿਧ ਤੂੰ ਭਗਤਾਂ ਭਾਗ ਕੀਤੇ ਮਥੋਰ, ਮਿਹਰਵਾਨ ਦੇਣਾ ਸੁਣਾਈਆ । ਕੀ ਮੈਂ ਤੇਰਾ ਹੋ ਗਿਆ ਕਮਜ਼ੋਰ, ਬਲਹੀਣ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਮੰਗ ਮੰਗਾਈਆ । ਸ਼ੰਕਰ ਕਹੇ ਪ੍ਰਭੂ ਮੈਂ ਵੇਖਾਂ ਕਿਹੜੀ ਤੇਰੀ ਹੱਦ, ਹਦੂਦ ਨਜ਼ਰ ਕੋਇ ਨਾ ਆਈਆ । ਕਿਉਂ ਮੇਰੀ ਕਰਨੀ ਕੀਤੀ ਰੱਦ, ਆਪਣਾ ਹੁਕਮ ਹੁਕਮ ਵਰਤਾਈਆ । ਕਿਉਂ ਨਾ ਮੈਨੂੰ ਦੱਸਿਆ ਸੱਦ, ਸੰਦੇਸ਼ਾ ਆਪ ਸੁਣਾਈਆ । ਇਹ ਭਗਤ ਮੇਰੀ ਯਦ, ਬੰਸ ਇਕੋ ਇਕ ਵਡਿਆਈਆ । ਬਿਨਾ ਮੇਰੇ ਹੁਕਮ ਤੋਂ ਸਰੀਰ ਕੋਇ ਨਾ ਸਕੇ ਛਡ, ਨਾਤਾ ਤਨ ਨਾ ਕੋਇ ਤੁੜਾਈਆ । ਮੈਂ ਛੇਤੀ ਆਉਂਦਾ ਭੱਜ, ਦਰ ਤੇਰੇ ਸੀਸ ਨਿਵਾਈਆ । ਤੂੰ ਸਾਹਿਬ ਪੁਰਖ ਸਮਰਥ, ਵਡ ਦਾਤਾ ਬੇਪਰਵਾਹੀਆ । ਮੇਰੀ ਦੁਹਾਈ ਮੈਂ ਚਾਹੁੰਦਾ ਘਰ ਘਰ ਜਗਾਵਾਂ ਅਲੱਖ, ਅਗੰਮ ਅਗੰਮੜੇ ਦਿਆਂ ਸੁਣਾਈਆ । ਮੈਂ ਅਵਤਾਰ ਪੈਗ਼ੰਬਰਾਂ ਗੁਰੂਆਂ ਵਿਸ਼ਨ ਸ਼ਿਵ ਨੇ ਕਰਨਾ ਇਕੱਠ, ਬ੍ਰਹਮਾ ਲੈਣਾ ਨਾਲ ਮਿਲਾਈਆ । ਉਹ ਵੇਖੋ ਖੇਲ ਝਟ, ਝਟਕਾ ਹੁਕਮ ਦਾ ਦੇਣਾ ਜਣਾਈਆ । ਵੇਖੋ ਰੂਪ ਪਾਰਬ੍ਰਹਮ ਪਤਿਪਰਮੇਸ਼ਵਰ ਜੋ ਸਾਖਿਆਤ ਨਜ਼ਰੀ ਆਵੇ ਜੱਟ, ਜ਼ਾਹਰ ਜ਼ਹੂਰ ਆਪਣੀ ਕਲ ਵਰਤਾਈਆ । ਜਿਸ ਨੂੰ ਚਾਹੇ ਮੇਰੇ ਤੋਂ ਬਿਨਾ ਲਏ ਰੱਖ, ਸਿਰ ਆਪਣਾ ਹੱਥ ਟਿਕਾਈਆ । ਜਨਮ ਵਿਚੋਂ ਜਨਮ ਦੇ ਕੇ ਧੁਰ ਦੀ ਅਗੰਮੀ ਵਥ, ਵਸਤ ਅਮੋਲਕ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਸ਼ੰਕਰ ਕਹੇ ਮੈਂ ਅਵਾਜ਼ ਮਾਰਾਂ ਆਪਣੇ ਸੱਜਣਾਂ, ਜ਼ੋਰ ਨਾਲ ਸੁਣਾਈਆ । ਵਿਸ਼ਨ ਬ੍ਰਹਮੇ ਉਠ ਕੇ ਭੱਜਣਾ, ਆਉਣਾ ਚਾਈਂ ਚਾਈਂਆ । ਤੇਈ ਅਵਤਾਰਾਂ ਅਸਥਾਨ ਤੱਜਣਾ, ਬਿਨਾ ਕਦਮ ਕਦਮ ਲੈਣਾ ਉਠਾਈਆ । ਪੈਗ਼ੰਬਰਾਂ ਆਪਣੀ ਮੰਜ਼ਲ ਲੰਘਣਾ, ਅੱਗੇ ਹੋ ਨਾ ਕੋਇ ਅਟਕਾਈਆ । ਗੁਰੂਆਂ ਖੇਲ ਤਕਣਾ ਸੂਰੇ ਸਰਬੰਗਣਾ, ਸਤਿ ਸਚ ਸਤਿ ਸਮਝਾਈਆ । ਆਓ ਜਿਸ ਨੂੰ ਸਾਰੇ ਕਰਦੇ ਰਹੇ ਬੰਦਨਾ, ਸੱਯਦਿਆਂ ਵਿਚ ਸੀਸ ਝੁਕਾਈਆ । ਉਹ ਆਪਣੀ ਕਰਨੀ ਦੀ ਕਰੇ ਆਪ ਉਲੰਘਣਾ, ਆਪਣਾ ਹੁਕਮ ਰਿਹਾ ਬਦਲਾਈਆ । ਜਿਸ ਨੇ ਸਾਡਾ ਭਾਂਡਾ ਅੰਤਮ ਭੰਨਣਾ, ਥਿਰ ਰਹਿਣ ਕੋਇ ਨਾ ਪਾਈਆ । ਜਿਸ ਦਾ ਇਕੋ ਸ਼ਬਦੀ ਧਾਰ ਗੋਬਿੰਦ ਚੰਦਨਾ, ਦੋ ਜਹਾਨ ਕਰੇ ਰੁਸ਼ਨਾਈਆ । ਉਸ ਖੇਲ ਕੀਤਾ ਵਿਚ ਵਰਭੰਡਣਾ, ਬ੍ਰਹਿਮੰਡ ਦਏ ਵਖਾਈਆ । ਸ਼ੰਕਰ ਕਹੇ ਜਨ ਭਗਤਾਂ ਦਾ ਬਣ ਕੇ ਸੱਜਣਾ, ਗੁਰਮੁਖ ਲਏ ਤਰਾਈਆ । ਜਿਸ ਨੂੰ ਮੜ੍ਹੀ ਗੋਰ ਸੀ ਦੱਬਣਾ, ਮਿੱਟੀ ਅਗਨੀ ਖ਼ਾਕ ਰਲਾਈਆ । ਉਨ੍ਹਾਂ ਨੂੰ ਨਾਮ ਦਾ ਦੇ ਕੇ ਸਗਣਾ, ਸੋਹਣਾ

ਰੰਗ ਚੜ੍ਹਾਈਆ । ਪ੍ਰਕਾਸ਼ ਹੋ ਕੇ ਦੀਪਕ ਜਗਣਾ, ਅੰਧ ਅੰਧੇਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਚ ਸਾਹਿਬ ਸੁਖਦਾਈਆ । ਸ਼ੰਕਰ ਕਹੇ ਬ੍ਰਹਮੇ ਹਾਏ ਮੇਰੀ ਬਹੁੜੀ, ਦਰੋਹੀ ਵਿਚ ਦੁਹਾਈਆ । ਵਿਸ਼ਨੂੰ ਉਠ ਕੇ ਵੇਖੀਂ ਦੌੜੀਂ, ਪਿਛਲਾ ਪੰਧ ਮੁਕਾਈਆ । ਅਵਤਾਰ ਦੋ ਜਹਾਨਾਂ ਲਾਓ ਪੌੜੀ, ਡੰਡਾ ਇਕੋ ਇਕ ਜਣਾਈਆ । ਪੈਗ਼ੰਬਰਾਂ ਮੰਜ਼ਲ ਨਾ ਰੱਖਣੀ ਸੌੜੀ, ਦੂਰ ਦੁਰਾਡਾ ਡੇਰਾ ਢਾਹੀਆ । ਗੁਰੂਆਂ ਤਕਣਾ ਧੁਰ ਦਾ ਜੌਹਰੀ, ਹਰਿ ਕਰਤਾ ਬੇਪਰਵਾਹੀਆ । ਜਿਸ ਕੀਤੀ ਖੇਲ ਅਵਰ ਕੀ ਔਰੀ, ਭੇਵ ਕੋਇ ਨਾ ਪਾਈਆ । ਧਾਰ ਬਦਲ ਦੇ ਏਕਾ ਦੂਆ ਦੋਹਰੀ, ਨਿਰਗੁਣ ਸਰਗੁਣ ਖੇਲ ਖਿਲਾਈਆ । ਭਗਤਾਂ ਆਪਣੇ ਨਾਲ ਬਣਾ ਕੇ ਜੋੜੀ, ਜੋੜਾ ਧੁਰ ਦਾ ਦਏ ਸਮਝਾਈਆ । ਸਾਰੇ ਤਕੋ ਜਿਨ੍ਹਾਂ ਦੀ ਆਯੂ ਰਹਿ ਗਈ ਸੀ ਥੋੜ੍ਹੀ, ਦਿਵਸ ਲੋਕਮਾਤ ਸਮਝਾਈਆ । ਉਨ੍ਹਾਂ ਨੂੰ ਬਖ਼ਸ਼ ਦਿਤਾ ਸ਼ੰਕਰ ਕਹੇ ਸਾਡੇ ਸਾਰਿਆਂ ਕੋਲੋਂ ਚੋਰੀ, ਬਹੁੜੀ ਸਾਨੂੰ ਸਮਝ ਕੋਇ ਨਾ ਆਈਆ । ਸਾਡੇ ਸ਼ਾਸਤਰ ਸਿਮਰਤ ਵੇਦ ਪੁਰਾਨ ਬਣ ਸਕੇ ਕੋਇ ਨਾ ਘੋਰੀ, ਪੜਦਾ ਅਗੰਮ ਨਾ ਕੋਇ ਖੁਲ੍ਹਾਈਆ । ਸਾਰੇ ਉਠੋ ਹੱਥ ਬਿਨਾ ਹੱਥਾਂ ਤੋਂ ਲਓ ਜੋੜੀ, ਨਮੋ ਨਮਸਤੇ ਵਿਚ ਸੀਸ ਝੁਕਾਈਆ । ਵੇਖੀਂ ਪ੍ਰਭੂ ਅੱਗੇ ਵਾਸਤੇ ਇਹ ਰਸਤਾ ਨਾ ਦੇਵੀਂ ਤੋਰੀ, ਤੁਰਤ ਆਪਣਾ ਹੁਕਮ ਮਨਾਈਆ । ਬੇਸ਼ਕ ਤੇਰੀ ਆਤਮਾ ਬੱਝੀ ਨਾਲ ਪ੍ਰੇਮ ਦੀ ਡੋਰੀ, ਦੂਸਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਬ੍ਰਹਮਾ ਕਹੇ ਪ੍ਰਭੂ ਮੇਰਾ ਬ੍ਰਹਮ ਵੇਖ ਸਤਿ, ਸਤਿ ਸਤਿਵਾਦੀ ਦਿਆਂ ਜਣਾਈਆ । ਵਿਸ਼ਨੂੰ ਕਹੇ ਤੇਰੀ ਮਿਤ ਗਤ, ਪ੍ਰਭ ਤੇਰੇ ਵਿਚ ਨਜ਼ਰੀ ਆਈਆ । ਤੇਈ ਅਵਤਾਰ ਮਾਰਨ ਹੱਥਾਂ ਉਤੇ ਹੱਥ, ਹਥੇਲੀ ਹਥੇਲੀ ਨਾਲ ਟਕਰਾਈਆ । ਪੈਗ਼ੰਬਰ ਚੌਦਾਂ ਤਬਕ ਰਹੇ ਨੱਠ, ਭੱਜਣ ਵਾਹੋ ਦਾਹੀਆ । ਨਾਨਕ ਗੋਬਿੰਦ ਸ਼ਬਦੀ ਧਾਰ ਰਹੇ ਦੱਸ, ਸੰਦੇਸ਼ਾ ਧੁਰਦਰਗਾਹੀਆ । ਓ ਸ਼ੰਕਰ ਇਹਦੇ ਕੋਲ ਨਹੀਂ ਕਿਸੇ ਦਾ ਵਸ, ਵਾਸਤੇ ਪਾ ਕੇ ਪੁਰਖ ਅਕਾਲ ਇਕੋ ਸੀਸ ਦਿਉ ਝੁਕਾਈਆ । ਅਸੀਂ ਚਾਰ ਜੁਗ ਦੇ ਗਾਵਣ ਵਾਲੇ ਜਸ, ਸਿਫ਼ਤਾਂ ਵਿਚ ਸਾਲਾਹੀਆ । ਜਿਥੇ ਜਿਥੇ ਸਾਨੂੰ ਦਿਤਾ ਰੱਖ, ਉਥੇ ਉਥੇ ਬਹਿ ਕੇ ਆਪਣਾ ਝਟ ਲਈਏ ਲੰਘਾਈਆ । ਇਹਦੀ ਮਰਜ਼ੀ ਜੇ ਭਾਵੇ ਤੇ ਭਗਤਾਂ ਨੂੰ ਕਦੇ ਹੋਣ ਨਾ ਦੇਵੇ ਅੱਡ, ਵੱਖਰੀ ਵੰਡ ਨਾ ਕੋਇ ਵੰਡਾਈਆ । ਜਿਸ ਵੇਲੇ ਚਾਹੇ ਉਸੇ ਵੇਲੇ ਲਏ ਰੱਖ, ਰੱਖਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸ਼ੰਕਰ ਕਹੇ ਉਹ ਵੇਖੋ ਚਿਤ੍ਰਗੁਪਤ ਟੇਕਦਾ ਮੱਥਾ, ਬਿਨ ਖ਼ਾਕ ਖ਼ਾਕ ਰਮਾਈਆ । ਨਾਲੇ ਕਰਦਾ ਆਵੇ ਕਥਾ, ਸੰਦੇਸ਼ਾ ਧੁਰਦਰਗਾਹੀਆ । ਮੈਂ ਖ਼ਬਰ ਦੇਵਾਂ ਯਥਾਰਥ ਯਥਾ, ਯਦੀ ਦਿਆਂ ਦ੍ਰਿੜਾਈਆ । ਦੂਰ ਦੁਰਾਡਾ ਆਇਆ ਨੱਸਾ, ਭੱਜਿਆ ਵਾਹੋ ਦਾਹੀਆ । ਤੇਰੇ ਦਵਾਰੇ ਪੁਜਿਆ ਮਸਾਂ, ਆਪਣਾ ਪੰਧ ਮੁਕਾਈਆ । ਨੇਤਰ ਨੀਰ ਵਹਾਇਆ ਅੱਖਾਂ, ਰੋ ਕੇ ਦਿਤਾ ਵਖਾਈਆ । ਸ਼ੰਕਰ ਮੈਂ ਕੀ ਦੱਸਾਂ, ਤੇਰਾ ਨਾਮ ਦੁਹਾਈਆ । ਫੇਰ ਦੋਹੱਥੜ ਮਾਰੀ ਉਤੇ ਪੱਟਾਂ, ਪਟਨੇ ਵਾਲਾ ਨਜ਼ਰੀ ਆਈਆ । ਇਸ਼ਾਰਾ ਕਰ ਕੇ ਕਿਹਾ ਰੂਪ ਧਾਰਿਆ ਵਾਂਗ ਜੱਟਾਂ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਜਿਸ ਦੇ ਨਾਲ ਪੁਰਖ ਸਮਰਥਾ, ਸਮਰਥ ਬੇਪਰਵਾਹੀਆ । ਮੈਂ ਸੁਨੇਹੜਾ ਦੱਸਾਂ ਸੱਚਾ, ਸਚ ਸਚ ਨਾਲ ਜਣਾਈਆ । ਮੇਰੇ ਲੇਖੇ ਵਿਚ ਚਿਤ੍ਰਗੁਪਤ ਕਹੇ ਰਣਜੀਤ ਸਿੰਘ ਦਾ ਮਕਾਨ ਰਹਿਣਾ ਨਹੀਂ ਸੀ ਸਾਢੇ ਤਿੰਨ ਹੱਥ ਦਾ ਕੱਚਾ, ਪੰਜ

ਤਤ ਨਾ ਕੋਇ ਚਤੁਰਾਈਆ । ਬਹੁੜੀ ਧੁਰ ਦੇ ਮਾਲਕ ਨੇ ਉਸ ਨੂੰ ਬਣਾ ਕੇ ਆਪਣਾ ਬੱਚਾ, ਬਚਪਨ ਵਿਚੋਂ ਬਚਪਨ ਦਿਤਾ ਬਦਲਾਈਆ । ਸਾਰਿਆਂ ਨੂੰ ਛਡ ਕੇ ਗੋਬਿੰਦ ਦਾ ਬਣ ਗਿਆ ਸਕਾ, ਪਿਛਲਾ ਲੇਖਾ ਲੇਖੇ ਵਿਚ ਰਖਾਈਆ । ਫੇਰ ਕਢ ਲਿਆ ਉਹ ਧੁਰ ਦਾ ਹੁਕਮ ਵੇਖ ਜਿਸ ਦੇ ਉਤੇ ਪਟਨੇ ਵਾਲੇ ਦਾ ਪੱਟਾ, ਬਿਨਾ ਪੱਟੀ ਤੋਂ ਦਿਤਾ ਲਿਖਾਈਆ । ਝਟ ਰਾਏ ਧਰਮ ਆ ਗਿਆ ਨੱਠਾ, ਉਚੀ ਕੂਕ ਕੂਕ ਸੁਣਾਈਆ । ਸ਼ੰਕਰ ਆਪਣੀਆਂ ਵੇਖ ਲੰਮੀਆਂ ਲਟਾਂ, ਕੀ ਬਾਸ਼ਕ ਗਲ ਲਟਕਾਈਆ । ਮੈਂ ਸਾਰਾ ਲੇਖਾ ਤੇਰੇ ਅੱਗੇ ਸੱਟਾਂ, ਆਪਣੇ ਖ਼ਾਲੀ ਹੱਥ ਵਖਾਈਆ । ਮੈਂ ਵੇਖੇ ਸਾਰੇ ਤੇਰੇ ਮੱਠਾ, ਸ਼ਿਵਦਵਾਲੇ ਖੋਜ ਖੁਜਾਈਆ । ਦੁਹਾਈ ਦਰੋਹੀ ਓ ਪੁਰਖ ਅਕਾਲ ਨੇ ਉਲਟੀ ਗੇੜ ਦਿਤੀ ਲੱਠਾ, ਮੈਨੂੰ ਸਮਝ ਕੋਇ ਨਾ ਆਈਆ । ਜਿਹੜਾ ਸਾਢੇ ਤਿੰਨ ਹੱਥ ਸ਼ਰੀਰ ਅੱਜ ਚੁਕਿਆ ਹੋਣਾ ਸੀ ਉਤੇ ਫੱਟਾ, ਖ਼ਾਕੀ ਖ਼ਾਕ ਵਿਚ ਮਿਲਾਈਆ । ਉਸ ਨੂੰ ਆਤਮਾ ਪਰਮਾਤਮਾ ਪਰਮਾਤਮਾ ਆਤਮਾ ਦਾ ਦੱਸ ਕੇ ਇਕੋ ਟੱਪਾ, ਚੁਰਾਸੀ ਦੇ ਟਾਪੂਆਂ ਵਿਚੋਂ ਬਾਹਰ ਕਢਾਈਆ । ਅੱਗੇ ਆਪਣੇ ਨਾਮ ਦਾ ਲਾ ਕੇ ਠੱਪਾ, ਮੋਹਰ ਸਚ ਦੀ ਦਿਤੀ ਵਖਾਈਆ । ਨਵੇਂ ਜੁਗ ਦਾ ਤੇ ਨਵੇਂ ਪਿਆਰ ਦਾ ਬਖ਼ਸ਼ ਕੇ ਗੱਫਾ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਰਾਏ ਧਰਮ ਕਹੇ ਮੇਰਾ ਅੱਖਰਾਂ ਵਾਲਾ ਰਹਿ ਨਹੀਂ ਗਿਆ ਕੋਈ ਸਫ਼ਾ, ਲਿਖਣ ਵਾਲੀ ਨਾ ਕੋਇ ਕਲਮ ਸ਼ਾਹੀਆ । ਮੇਰਾ ਹੁਕਮ ਹੋ ਗਿਆ ਰਫਾ, ਉਹ ਵੇਖ ਦੂਤ ਸਾਰੇ ਰੋਵਣ ਮਾਰਨ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਾਏ ਧਰਮ ਕਹੇ ਸ਼ੰਕਰ ਮੇਰੇ ਅੰਦਰ ਆ ਗਿਆ ਸ਼ੰਕਾ, ਸਹਿਜ ਨਾਲ ਜਣਾਈਆ । ਚੁਰਾਸੀ ਵਿਚੋਂ ਮੇਰਾ ਕੋਈ ਸਹਿ ਨਾ ਸਕੇ ਤਨਕਾ, ਭੱਜਾ ਆਵੇ ਵਾਹੋ ਦਾਹੀਆ । ਮੈਂ ਜ਼ੁੰਮੇਵਾਰ ਦੇਵਣਹਾਰ ਡੰਨ ਕਾ, ਲੱਖ ਚੁਰਾਸੀ ਖੇਲ ਖਿਲਾਈਆ । ਪਤਾ ਨਹੀਂ ਕਿਉਂ ਪ੍ਰਭੂ ਨੂੰ ਪਿਆਰ ਆ ਗਿਆ ਉਸ ਗੋਬਿੰਦ ਚੰਨ ਕਾ, ਜੋ ਚੰਦ ਚਾਂਦਨਾ ਜੋਤ ਨੂਰ ਰੁਸ਼ਨਾਈਆ । ਮਾਲਕ ਬਣ ਗਿਆ ਸਾਚੇ ਸੰਗ ਕਾ, ਸਗਲਾ ਸੰਗ ਵਖਾਈਆ । ਲਹਿਣਾ ਦੇਣਾ ਪੂਰਾ ਕਰ ਦੇ ਚਮਕੌਰ ਜੰਗ ਦਾ, ਜੰਗਜੂ ਆਪਣਾ ਲੇਖਾ ਦੇ ਮੁਕਾਈਆ । ਜਿਸ ਰਸ ਮਾਣਿਆ ਸੀ ਨੀਲੇ ਵਾਲੇ ਤੰਗ ਦਾ, ਤੰਗਦਸਤੀ ਵਿਚੋਂ ਆਪੇ ਬਾਹਰ ਕਢਾਈਆ । ਸਾਥੀ ਬਣ ਕੇ ਪੁਰਖ ਅਕਾਲ ਸੂਰੇ ਸਰਬੰਗ ਦਾ, ਸਾਹਿਬ ਆਪਣੀ ਕਲ ਵਰਤਾਈਆ । ਜਿਹੜਾ ਕਿਸੇ ਦਵਾਰੇ ਨਹੀਂ ਕਦੀ ਮੰਗਦਾ, ਮਾਂਗਤ ਹੋ ਕੇ ਝੋਲੀ ਕਦੇ ਨਾ ਡਾਹੀਆ । ਉਹ ਖੇਲ ਕਰੇ ਸੂਰੇ ਸਰਬੰਗ ਦਾ, ਸੂਰਬੀਰ ਵਡ ਵਡਿਆਈਆ । ਮੈਨੂੰ ਐਂ ਦਿਸਦਾ ਰਾਏ ਧਰਮ ਕਹੇ ਜਿਵੇਂ ਰਣਜੀਤ ਸਿੰਘ ਫਿਰ ਰਾਮ ਸਿੰਘ ਦੇ ਘਰ ਜੰਮਦਾ, ਜਨਮ ਜਨਮ ਵਿਚੋਂ ਬਦਲਾਈਆ । ਜਿਸ ਕਿਰਪਾਲ ਹੋ ਕੇ ਦਿਆਲ ਹੋ ਕੇ ਨਾਤਾ ਤੁਟਣ ਨਹੀਂ ਦਿਤਾ ਕਾਇਆ ਮਾਟੀ ਚੰਮ ਦਾ, ਚੰਮ ਦਾ ਦਮ ਆਪਣੇ ਰੰਗ ਰੰਗਾਈਆ । ਜਿਹੜਾ ਨੇਤਰ ਨੀਰ ਵਗਣਾ ਸੀ ਛੰਮ ਛੰਮ ਦਾ, ਉਹ ਸ਼ਮਾ ਦਾ ਦੀਪਕ ਗੁਰਮੁਖ ਦਿਤਾ ਜਗਾਈਆ । ਜਿਹੜਾ ਗ੍ਰਹਿ ਬਣਨਾ ਸੀ ਦੁਖੜਾ ਗ਼ਮ ਦਾ, ਗ਼ਮਖਾਰ ਹੋ ਕੇ ਦਿਲਦਾਰ ਹੋ ਕੇ ਧੁਰ ਦਾ ਯਾਰ ਹੋ ਕੇ ਨਿਰਾਕਾਰ ਹੋ ਕੇ ਨਿਰੰਕਾਰ ਹੋ ਕੇ ਸੱਚੀ ਸਰਕਾਰ ਹੋ ਕੇ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਚਿਤ੍ਰਗੁਪਤ ਕਹੇ ਰਾਏ ਧਰਮ ਆਹ ਵੇਖ ਲੈ ਮੇਰੀ ਪੁਸਤਕ, ਜੋ ਲੇਖੇ ਸਭ ਦੇ ਰਹੀ ਲਿਖਾਈਆ । ਜਾਂ ਤੱਕਿਆ ਕੁਕਰਮ ਦੇ ਥਾਂ ਤੇ ਭਗਤ ਦੀ ਉਸਤਤ, ਕੇਹੜੇ ਵੇਲੇ ਲਿਖ ਕੇ ਮੇਰਾ ਲੇਖਾ ਗਿਆ


੧੧੧੭
੨੨

ਬਦਲਾਈਆ । ਓ ਵੇਖ ਜਿਸ ਨੂੰ ਪੈਗੰਬਰ ਕਹਿੰਦੇ ਮੁਰਸ਼ਦ, ਉਹ ਮੁਰਸ਼ਦ ਬੇਪਰਵਾਹੀਆ । ਪਤਾ ਨਹੀਂ ਉਸ ਨੂੰ ਸਚਖੰਡ ਵਿਚੋਂ ਕੇਹੜੇ ਵੇਲੇ ਮਿਲ ਗਈ ਫੁਰਸਤ, ਵਿਹਲਾ ਹੋ ਕੇ ਗੁਰਮੁਖਾਂ ਜਨਮ ਗਿਆ ਬਦਲਾਈਆ । ਉਸ ਦੀ ਮਹਿੰਮਾ ਕੀ ਤੇ ਵਡਿਆਈ ਕੀ ਉਲਫ਼ਤ, ਸਿਫ਼ਤਾਂ ਵਿਚ ਕੀ ਸਾਲਾਹੀਆ । ਜਿਸ ਦਾ ਆਦਿ ਦਾ ਧਰਮ ਬਗੀਚਾ ਤੇ ਭਗਤ ਗੁਲਸ਼ਨ, ਗੁਲ ਪ੍ਰੇਮ ਵਾਲੇ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਦਏ ਮਿਲਾਈਆ । ਚਿਤ੍ਰਗੁਪਤ ਕਹੇ ਅਵਤਾਰ ਪੈਗੰਬਰ ਗੁਰੂ ਸਹਿਬਾਨੋ, ਬ੍ਰਹਮਾ ਵਿਸ਼ਨ ਜੀ ਸ਼ੰਕਰ ਦਿਆਂ ਸੁਣਾਈਆ । ਮੇਰੇ ਲੇਖੇ ਵਿਚੋਂ ਕੋਈ ਆਪਣੇ ਸਿੱਖ ਮੁਰੀਦ ਪਹਿਚਾਨੋ, ਜਿਸ ਨੂੰ ਫੜ ਕੇ ਬਾਹਰ ਲਓ ਕਢਾਈਆ । ਖੰਡੇ ਖੜਗ ਖਿੱਚਣ ਵਾਲੇ ਕਿਰਪਾਨੋ, ਤੀਰ ਤਰਕਸ਼ ਕੰਧਿਆਂ ਉਤੇ ਉਠਾਈਆ । ਤਤਾਂ ਵਾਲਿਓ ਜਵਾਨੋ, ਆਪਣੀ ਲਓ ਅੰਗੜਾਈਆ । ਓ ਧਰਤੀ ਦੇ ਮਹਿਮਾਨੋ, ਚਾਰ ਦਿਨ ਕਟ ਕੇ ਫਿਰ ਭੱਜੇ ਵਾਹੋ ਦਾਹੀਆ । ਵੇਖੋ ਖੇਲ ਸ੍ਰੀ ਭਗਵਾਨੋ, ਕੀ ਕਰਤਾ ਕਲ ਵਰਤਾਈਆ । ਸਾਰੇ ਇਕ ਦਾ ਕਰੋ ਧਿਆਨੋ, ਬਿਨ ਨੈਣ ਨੈਣ ਉਠਾਈਆ । ਮਸ਼ਹੂਰੀ ਵਿਚ ਦਿਉ ਬਿਆਨੋ, ਇਕੋ ਇਕ ਵਾਰ ਦ੍ਰਿੜਾਈਆ । ਆਪਣਾ ਆਪਣਾ ਨਾਮ ਦੱਸੋ ਪੈਗ਼ਾਮੋ, ਸਿਫ਼ਤਾਂ ਵਿਚ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਅਵਤਾਰ ਪੈਗੰਬਰ ਗੁਰ ਕਹਿਣ ਕਰੀਏ ਕੀ ਧਿਆਨ, ਚਿਤ੍ਰਗੁਪਤ ਵੇਖ ਕੀ ਵਖਾਈਆ । ਅਸੀਂ ਤੇ ਬਰਦੇ ਸ੍ਰੀ ਭਗਵਾਨ, ਜੁਗ ਜੁਗ ਸੇਵ ਕਮਾਈਆ । ਅਸੀਂ ਆਪ ਵੇਖ ਕੇ ਹੋਏ ਹੈਰਾਨ, ਹੈਰਾਨੀ ਵਿਚ ਦਈਏ ਜਣਾਈਆ । ਜਿਸ ਨੇ ਨੌਂ ਸੌ ਚੁਰਾਨਮੇ ਚੌਕੜੀ ਜੁਗ ਦੀ ਪਿਛਲੀ ਆਪਣੀ ਕੀਤੀ ਬਦਲੀ ਆਪ ਆਣ, ਆਪਣੀ ਦਇਆ ਕਮਾਈਆ । ਜਨ ਭਗਤਾਂ ਜ਼ਿੰਦਗੀ ਵਿਚੋਂ ਜ਼ਿੰਦਗੀ ਦਾ ਬਖ਼ਸ਼ ਦਾਨ, ਦਾਤਾ ਦਾਨੀ ਹੋਇਆ ਆਪ ਸਹਾਈਆ । ਕਾਹਨ ਕਹੇ ਮੈਂ ਅਰਜਨ ਕੋਲ ਕੀਤਾ ਸੀ ਇਕ ਬਿਆਨ, ਬਿਨਾ ਲਿਖਣ ਤੋਂ ਦਿਤਾ ਸੁਣਾਈਆ । ਜਿਸ ਵੇਲੇ ਮੇਰਾ ਮਾਲਕ ਆਇਆ ਸ੍ਰੀ ਭਗਵਾਨ ਬੇਪਹਿਚਾਨ ਨੂਰ ਇਲਾਹੀਆ । ਉਹ ਜਿਸ ਵੇਲੇ ਚਾਹੇ ਆਪਣਿਆਂ ਭਗਤਾਂ ਨੂੰ ਦੇਵੇ ਮਾਣ, ਵਡਿਆਈ ਆਪਣੇ ਹੱਥ ਵਖਾਈਆ । ਜੀਂਵਦਿਆਂ ਦੀ ਜੀਂਵਦਿਆਂ ਕਰ ਦੇਵੇ ਕਲਿਆਨ, ਜੀਵਣ ਵਿਚ ਮਰਨ ਦੀ ਲੋੜ ਰਹੇ ਨਾ ਰਾਈਆ । ਜਿਸ ਦਾ ਚਾਹੇ ਉਸ ਦਾ ਖੜਾ ਕਰ ਦੇਵੇ ਨਿਸ਼ਾਨ, ਨਿਸ਼ਾਨੇ ਪਿਛਲੇ ਦਏ ਮੁਕਾਈਆ । ਆਦਿ ਦਾ ਆਦਿ ਅੰਤ ਦਾ ਅੰਤ ਸਤਿਗੁਰ ਸ਼ਬਦ ਸ਼ਬਦ ਸਤਿਗੁਰ ਸਦਾ ਮਿਹਰਵਾਨ, ਮਿਹਰਵਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਲੇਖ ਆਪ ਬਦਲਾਈਆ । ਸਾਰੇ ਕਹਿਣ ਸ਼ੰਕਰ ਅੰਤ ਵੇਖ ਲੈ ਖੇਲ ਮੁਕੀ, ਮੁਕੰਮਲ ਸਾਰੇ ਦਈਏ ਦ੍ਰਿੜਾਈਆ । ਉਹ ਜਿਸ ਦੀ ਸ਼ਬਦ ਧਾਰ ਦੋ ਤੁਕੀ, ਦੋ ਜਹਾਨ ਬੇੜਾ ਪਾਰ ਕਰਾਈਆ । ਸਾਰੇ ਮਨਜ਼ੂਰ ਕਰ ਲਈਏ ਜਿਸ ਦੇ ਭਗਤ ਸਚਖੰਡ ਵਿਚ ਵਸਦੇ ਸੁਖੀ, ਮਾਤਲੋਕ ਉਨ੍ਹਾਂ ਦਾ ਹੋਏ ਸਹਾਈਆ । ਜਨਮ ਦੇ ਕੇ ਬਿਨਾ ਮਾਤ ਦੀ ਕੁੱਖੀ, ਜਨਮ ਜਨਮ ਵਿਚੋਂ ਬਦਲਾਈਆ । ਲਟਕਣ ਨਹੀਂ ਦਿਤਾ ਦਸ ਮਾਸ ਉਲਟਾ ਰੁੱਖੀ, ਮਾਤ ਗਰਭ ਅਗਨੀ ਤਤ ਨਾ ਕੋਇ ਤਪਾਈਆ । ਭਾਗ ਲਗਾਇਆ ਪਿਤਾ ਪੁੱਤੀਂ, ਪਿਤਾ ਪੂਤ ਆਪਣਾ ਰੰਗ ਰੰਗਾਈਆ । ਜਿਸ ਦੀ ਮਿੱਟੀ ਖ਼ਾਕ ਇਸ ਗ੍ਰਹਿ ਵਿਚੋਂ ਅੱਜ ਜਾਣੀ ਸੀ ਚੁੱਕੀ, ਚਾਰ ਕਾਹਨੀ ਕੰਧਿਆਂ ਉਤੇ ਉਠਾਈਆ । ਉਸ ਪਰਿਵਾਰ ਨੂੰ ਬੇਪਰਵਾਹ ਕਰਕੇ ਸੁਖੀ, ਸੁਖ ਸਤਿਗੁਰ ਸ਼ਬਦ ਵਿਚ ਰਖਾਈਆ । ਸ੍ਰਿਸ਼ਟੀ


੧੧੧੮
੨੨

ਜਗਤ ਵਿਹਾਰ ਦੀ ਭੁੱਖੀ, ਅਗਲਾ ਸੰਗ ਨਾ ਕੋਇ ਬਣਾਈਆ । ਜਿਸ ਮਾਤਾ ਦੀ ਅੱਜ ਕੁੱਖ ਜਾਣੀ ਸੀ ਲੁੱਟੀ, ਲੁਟੇਰਾ ਰਾਏ ਧਰਮ ਨਜ਼ਰ ਕਿਸੇ ਨਾ ਆਈਆ । ਉਸ ਦਾ ਮਾਲਕ ਉਸ ਦਾ ਉਜਲ ਕਰੇ ਮੁਖੀ, ਮੁਖ ਮੁਖੜੇ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਆਪਣੀ ਕਰਨੀ ਕਾਰ ਕਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਰੇ ਕਹਿ ਦਈਏ ਵਾਹ ਵਾ, ਸਤਿਗੁਰੂ ਤੇਰੀ ਬੇਪਰਵਾਹੀਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਸੀਸ ਦਈਏ ਨਿਵਾ, ਨਿਵ ਨਿਵ ਸੀਸ ਝੁਕਾਈਆ । ਚਿਤ੍ਰਗੁਪਤ ਕਹੇ ਰਾਏ ਧਰਮ ਇਹ ਦਾਤਾ ਬੇਪਰਵਾਹ, ਬੇਪਰਵਾਹ ਅੱਗੇ ਚਲੇ ਨਾ ਕੋਇ ਚਤੁਰਾਈਆ । ਸਾਰੇ ਰਲ ਕੇ ਸਤਾਈ ਮਾਘ ਨੂੰ ਬਣ ਜਾਈਏ ਗਵਾਹ, ਸ਼ਹਾਦਤ ਸਤਿਗੁਰ ਸ਼ਬਦ ਵਾਲੀ ਭੁਗਤਾਈਆ । ਰਾਮ ਸਿੰਘ ਤੇ ਰਾਮ ਹੋਇਆ ਸਹਾ, ਸਹਾਇਕ ਇਕੋ ਨਜ਼ਰੀ ਆਈਆ । ਤੇਰਾ ਬੱਚਾ ਬਚਾ ਕੇ ਤੇਰੀ ਝੋਲੀ ਦਿਤਾ ਪਾ, ਆਪਣੇ ਖ਼ਾਲੀ ਹੱਥ ਰਖਾਈਆ । ਤੇਰੇ ਪਰਿਵਾਰ ਤੋਂ ਤੇਰਾ ਲੇਖਾ ਦਿਤਾ ਲਿਖਾ, ਦੂਜਾ ਲਿਖਾਰੀ ਨਾ ਕੋਇ ਵਖਾਈਆ । ਇਨ੍ਹਾਂ ਦੀ ਕਲਮ ਦੇ ਲੇਖ ਨੇ ਤੇਰਾ ਘਰ ਦਿਤਾ ਵਸਾ, ਜੇ ਇਹ ਲਿਖਣ ਵਾਲੇ ਨਾ ਹੁੰਦੇ ਤੇਰਾ ਹੁੰਦਾ ਨਾ ਕੋਇ ਸਹਾਈਆ । ਇਹ ਚਾਰ ਜੁਗ ਦੇ ਬੱਚੇ ਪ੍ਰਭੂ ਦੇ ਭਗਤ ਬਲ ਦਾ ਲੇਖਾ ਤੇ ਬਾਵਨ ਬਣਿਆ ਗਵਾਹ, ਜਿਸ ਨੂੰ ਚਾਰ ਜੁਗ ਦੇ ਸ਼ਾਸਤਰ ਸਕਣ ਨਾ ਮੂਲ ਸਮਝਾਈਆ । ਜਨ ਭਗਤਾਂ ਦਾ ਭਗਤਾਂ ਵਾਲਾ ਰਾਹ, ਮਾਰਗ ਪੰਥ ਪੰਥ ਮਾਰਗ ਸਤਿਗੁਰ ਨਜ਼ਰੀ ਆਈਆ । ਜਿਹੜੀ ਸਿਖਿਆ ਗੋਬਿੰਦ ਗਿਆ ਸਮਝਾ, ਸੋ ਗੋਬਿੰਦ ਪੂਰ ਦਏ ਕਰਾਈਆ । ਜਿਸ ਨੂੰ ਮੁਹੰਮਦ ਕਿਹਾ ਖ਼ੁਦਾ, ਈਸਾ ਮੂਸਾ ਜਿਸ ਨੂੰ ਸੀਸ ਝੁਕਾਈਆ । ਜਿਸ ਨੂੰ ਰਾਧਾ ਕ੍ਰਿਸ਼ਨ ਲਿਆ ਅਪਣਾ, ਆਪ ਅਪਣਾ ਮੂਲ ਚੁਕਾਈਆ । ਉਹ ਦਾਤਾ ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਲਹਿਣਾ ਦੇਣਾ ਦੇਵੇ ਥਾਉਂ ਥਾਂ, ਥਾਨ ਥਨੰਤਰ ਖੋਜ ਖੁਜਾਈਆ । ਜਿਸ ਨੇ ਬਖ਼ਸ਼ਿਸ਼ ਕੀਤੀ ਰਣਜੀਤ ਸਿੰਘ ਦੇ ਉਤੇ ਪਿਤਾ ਤੇ ਮਾਂ, ਮਾਤ ਪਿਤਾ ਦਾ ਪਿਤਾ ਰੂਪ ਆਪ ਬਦਲਾਈਆ । ਸਦਾ ਸਦਾ ਸਦ ਹੋਵੇ ਸਹਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੱਧਕ ਦੀ ਫੜ ਕੇ ਬਾਂਹ, ਰਾਮ ਸਿੰਘ ਦਾ ਲੇਖੇ ਲਾ ਕੇ ਨਾਂ, ਨਾਉ ਨਿਰੰਕਾਰ ਆਪਣਾ ਇਕ ਦਰਸਾਈਆ ।



### ✪ ੨੮ ਮਾਘ ਸ਼ਹਿਨਸ਼ਾਹੀ ਸੰਮਤ ੬ ਰਾਮ ਸਿੰਘ ਦੇ ਗ੍ਰਿਹ ਫ਼ਿਰੋਜ਼ਪੁਰ ਛਾਉਣੀ ✪

ਜੋ ਗੁਰਮੁਖ ਸਤਿਗੁਰੂ ਦਵਾਰ ਖਲੋਤੇ, ਤਟ ਕਿਨਾਰਾ ਇਕ ਧਿਆਨ ਲਗਾਈਆ । ਉਹ ਜਗਤ ਜਹਾਨ ਸ਼ੌਹ ਦਰਿਆ ਖਾਵਣ ਨਾ ਗੋਤੇ, ਕੂੜੀ ਕਿਰਿਆ ਡੂੰਘੇ ਵਹਿਣ ਨਾ ਕੋਇ ਵਹਾਈਆ । ਸੁਰਤੀ ਅੰਦਰ ਰਹਿਣ ਮੂਲ ਨਾ ਸੋਤੇ, ਆਲਸ ਨਿੰਦਰਾ ਗ਼ਫ਼ਲਤ ਨਾ ਕੋਇ ਵਖਾਈਆ । ਸਤਿਗੁਰ ਪੂਰਾ ਉਠਾਵੇ ਨਾਲ ਸ਼ਬਦ ਸੋਟੇ, ਭੈ ਭੌ ਇਕ ਜਣਾਈਆ । ਤੂੰ ਮੇਰਾ ਮੈਂ ਤੇਰਾ ਦੱਸੇ ਸਚ ਸਲੋਕੇ, ਸੋਹਲਾ ਏਕੰਕਾਰ ਅਗੰਮ ਅਥਾਹੀਆ । ਮਾਇਆ ਮਮਤਾ ਕੂੜੀ ਕਿਰਿਆ ਕਢੇ ਵਿਚੋਂ ਧੋਖੇ, ਹਉਮੇ ਰੋਗ ਦਏ ਮਿਟਾਈਆ । ਭਾਗ ਲਗਾਵੇ ਕਾਇਆ ਮਾਟੀ ਕੋਠੇ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਪ੍ਰਕਾਸ਼ ਬਖ਼ਸ਼ ਕੇ ਨਿਰਮਲ ਜੋਤੇ, ਅੰਧ ਅੰਧੇਰ ਦਏ ਗਵਾਈਆ । ਅਨਾਦੀ ਧੁਨ ਲਗਾ ਕੇ ਚੋਟੇ, ਚੋਟੀ ਚੜ੍ਹ ਕੇ ਵੇਖ ਵਖਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਜੋ ਗੁਰਮੁਖ ਆਏ ਸਤਿਗੁਰੂ ਦਵਾਰ, ਸਤਿ ਸਚ ਸਰਨਾਈਆ । ਸਤਿਗੁਰ ਬਖ਼ਸ਼ੇ ਨਾਮ ਅਧਾਰ, ਉਦਰ ਦਾ ਲੇਖਾ ਦਏ ਮੁਕਾਈਆ । ਕਿਰਪਾ ਕਰੇ ਆਪ ਨਿਰੰਕਾਰ, ਨਿਰਵੈਰ ਦਇਆ ਕਮਾਈਆ । ਕਲਜੁਗ ਅੰਦਰ ਪਾਵੇ ਸਾਰ, ਮਹਾਂਸਾਰਥੀ ਹੋ ਕੇ ਵੇਖ ਵਖਾਈਆ । ਕੂੜ ਕਲਪਣਾ ਮੇਟੇ ਅੰਧ ਅੰਧਿਆਰ, ਹਉਮੇ ਹੰਗਤਾ ਗੜ੍ਹ ਤੁੜਾਈਆ । ਅੰਮ੍ਰਿਤ ਬਖ਼ਸ਼ ਕੇ ਠੰਡਾ ਠਾਰ, ਅਗਨੀ ਤਤ ਦਏ ਬੁਝਾਈਆ । ਸ਼ਬਦ ਅਨਾਦੀ ਦਏ ਧੁਨਕਾਰ, ਧੁਨ ਆਤਮਕ ਰਾਗ ਸੁਣਾਈਆ । ਨਿਰਮਲ ਦੀਪਕ ਜੋਤੀ ਦੀਆ ਦਏ ਬਾਲ, ਅਗੰਮ ਅਥਾਹ ਬੇਪਰਵਾਹ ਕਰੇ ਰੁਸ਼ਨਾਈਆ । ਸਾਢੇ ਤਿੰਨ ਹੱਥ ਬਣਾ ਕੇ ਸੱਚੀ ਧਰਮਸਾਲ, ਧਰਮ ਦਵਾਰਾ ਇਕ ਪਰਗਟਾਈਆ । ਦਰਸ਼ਨ ਦੇਵੇ ਦੀਨ ਦਿਆਲ, ਦਇਆਨਿਧ ਠਾਕਰ ਆਪਣਾ ਪੜਦਾ ਦਏ ਉਠਾਈਆ । ਸੁਰਤੀ ਸ਼ਬਦ ਮੁਰੀਦ ਮੁਰਸ਼ਦ ਹੋ ਕੇ ਪੁਛੇ ਮੁਰੀਦਾਂ ਹਾਲ, ਗ੍ਰਿਹਿ ਮੰਦਰ ਵੇਖ ਵਖਾਈਆ । ਝਗੜਾ ਮੁਕਾ ਕੇ ਕਾਲ ਮਹਾਂਕਾਲ, ਮਿਹਰਵਾਨ ਹੋਏ ਸਹਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਬਿਨ ਵਰਨ ਗੋਤ ਕਰੇ ਰੁਸ਼ਨਾਈਆ । ਸਤਿਗੁਰ ਸ਼ਬਦ ਹੋ ਕੇ ਕਰੇ ਆਪ ਸੰਭਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਜੋ ਗੁਰਮੁਖ ਸਤਿਗੁਰ ਦਵਾਰ ਪੁੱਜਾ, ਪੂਰਬ ਪਿਛਲਾ ਪੰਧ ਮੁਕਾਈਆ । ਸਤਿਗੁਰ ਕਿਰਪਾ ਕਰੇ ਉਪਰ ਬਸੁਧਾ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਅੰਤਰ ਨਿਰੰਤਰ ਭੇਵ ਖੁਲ੍ਹਾਵੇ ਗੁੱਝਾ, ਪਰਦਾ ਬਜਰ ਕਪਾਟ ਤੁੜਾਈਆ । ਘਰ ਪ੍ਰਕਾਸ਼ ਕਰੇ ਉਦਾ, ਜਿਸ ਨੂੰ ਸੂਰੀਆ ਚੰਦ ਸੀਸ ਨਿਵਾਈਆ । ਪਰਮਾਤਮ ਆਤਮ ਧਾਰ ਦੱਸ ਕੇ ਮੁੱਦਾ, ਮੁੱਦਤ ਦੇ ਵਿਛੜੇ ਲਏ ਮਿਲਾਈਆ । ਭਾਗ ਲਗਾ ਕੇ ਕਾਇਆ ਸਾਢੇ ਤਿੰਨ ਹੱਥ ਦਾ ਝੁੱਗਾ, ਝੁੱਗੀ ਵੇਖੇ ਚਾਈਂ ਚਾਈਂਆ । ਜਿਸ ਦਾ ਵੇਲਾ ਅੰਤ ਕਰਮ ਕਾਂਡ ਦਾ ਹੋਵੇ ਪੁੱਜਾ, ਪੂਜਾ ਆਪਣੀ ਦਏ ਦ੍ਰਿੜਾਈਆ । ਨਿਰਮਲ ਕਰਾ ਕੇ ਬੁੱਧਾ, ਬੁੱਧੀ ਬਿਬੇਕ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਵਰਤਾਈਆ । ਜੋ ਗੁਰਮੁਖ ਸਤਿਗੁਰੂ ਦਵਾਰੇ ਜਾਏ ਆ, ਦਰ ਠਾਂਡੇ ਸੀਸ ਨਿਵਾਈਆ । ਸਤਿਗੁਰ ਸ਼ਬਦ ਸ਼ਬਦੀ ਪਕੜੇ ਬਾਂਹ, ਬਾਜੂ ਆਪਣੇ ਨਾਲ ਬੰਧਾਈਆ । ਪਰਮਾਤਮ ਆਤਮ ਬਣੇ ਮਲਾਹ, ਖੇਵਟ ਖੇਟ ਅਗੰਮ ਅਥਾਹੀਆ । ਸਚ ਸਰੋਵਰ ਲਏ ਨੁਹਾ, ਦੁਰਮਤ ਮੈਲ ਆਪ ਧਵਾਈਆ । ਹੰਸ ਬੁਧੀ ਬਣਾਏ ਫੜ ਕੇ ਕਾਂ, ਕਾਗੋਂ ਹੰਸ ਉਡਾਈਆ । ਇਕ ਦ੍ਰਿੜਾ ਕੇ ਆਪਣਾ ਨਾਂ, ਨਾਉਂ ਨਿਰੰਕਾਰਾ ਦਏ ਸਮਝਾਈਆ । ਜਿਥੇ ਸ਼ਰਅ ਨਹੀਂ ਸੂਰ ਤੇ ਗਾਂ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਇਕੋ ਸਤਿ ਸਤਿਵਾਦੀ ਅਗੰਮਾ ਥਾਂ, ਥਾਨ ਥਨੰਤਰ ਸੋਭਾ ਪਾਈਆ । ਸੋ ਭਗਤਾਂ ਜਣਾਏ ਆਪਣਾ ਗਰਾਂ, ਗ੍ਰਿਹਿ ਮੰਦਰ ਇਕ ਵਡਿਆਈਆ । ਜਿਥੇ ਨਿਰਮਲ ਨੂਰ ਜੋਤ ਹੋਏ ਰੁਸ਼ਨਾ, ਅੰਧ ਅੰਧੇਰ ਨਜ਼ਰ ਨਾ ਆਈਆ । ਸਾਰੇ ਕਰਨ ਵਾਹ ਵਾਹ, ਵਾਹਵਾ ਤੇਰੀ ਬੇਪਰਵਾਹੀਆ । ਅਵਤਾਰ ਪੈਗ਼ੰਬਰ ਗੁਰੂ ਨੂਰ ਵਿਚ ਨੂਰ ਰਹੇ ਸਮਾ, ਵੱਖਰੀ ਵੰਡ ਨਾ ਕੋਇ ਵੰਡਾਈਆ । ਸੋ ਪੁਰਖ ਅਕਾਲ ਦੀਨ ਦਿਆਲ ਸਮਰਥ ਸਤਿਗੁਰ ਜਨ ਭਗਤਾਂ ਬਣ ਕੇ ਪਿਤਾ ਮਾਂ, ਗੁਰਮੁਖ ਆਪਣੀ ਗੋਦ ਉਠਾਈਆ । ਦਰਗਹ ਸਾਚੀ ਸਚਖੰਡ ਦਵਾਰ ਨਿਥਾਵਿਆਂ ਦੇਵੇ ਥਾਂ, ਧਰਮ ਦਵਾਰ ਇਕ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਨੂਰ ਇਲਾਹੀਆ ।

ਸਤਿਗੁਰੂ ਦਵਾਰੇ ਜੋ ਜਨ ਆਇਆ, ਹਉਮੇ ਹੰਗਤਾ ਰੋਗ ਗਵਾਈਆ । ਤ੍ਰੈਗੁਣ ਕੂੜੀ ਮੇਟੇ ਮਾਇਆ, ਮਮਤਾ ਮੋਹ ਦਏ ਚੁਕਾਈਆ । ਨਿਰਗੁਣ ਸਰਗੁਣ ਸਿਰ ਰੱਖੇ ਆਪਣਾ ਸਾਇਆ, ਅਗਨੀ ਤਤ ਨਾ ਲਾਗੇ ਰਾਈਆ । ਸਤਿਗੁਰ ਸ਼ਬਦ ਸ਼ਬਦ ਸਤਿਗੁਰ ਕੰਢੇ ਬੈਠੇ ਸਾਰੇ ਪਾਰ ਲੰਘਾਇਆ, ਫੜ ਬਾਹੋਂ ਆਪ ਤਰਾਈਆ । ਗੋਬਿੰਦ ਦਾ ਬੇੜਾ ਗੋਬਿੰਦ ਕੰਧ ਟਿਕਾਇਆ, ਗੋਬਿੰਦ ਗੋਬਿੰਦ ਹੋਇਆ ਸਹਾਈਆ । ਸਤਿਗੁਰ ਸ਼ਬਦ ਸ਼ਬਦ ਸ਼ਬਦ ਦਾ ਜਹਾਜ਼ ਚਲਾਇਆ, ਨਾਮ ਸ਼ਬਦ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਉਪਰ ਆਪਣੀ ਦਇਆ ਆਪ ਕਮਾਇਆ, ਸੋ ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਹਰਿ ਸਤਿਗੁਰ ਵਿਚ ਸਮਾਈਆ ।

## ਪਹਿਲੀ ਫੱਗਣ ਸ਼ਹਿਨਸ਼ਾਹੀ ਸੰਮਤ ੬ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ

ਚਾਰ ਜੁਗ ਦੇ ਭਗਤ ਸੂਫ਼ੀ ਸੰਤ ਫ਼ਕੀਰ, ਮਸ਼ਵਰਾ ਦਰਗਹ ਸਾਚੀ ਸਚਖੰਡ ਰਹੇ ਬਣਾਈਆ । ਬੇਨੰਤੀ ਕਰੀਏ ਅੱਗੇ ਬੇਨਜ਼ੀਰ, ਜੋ ਨਜ਼ਰੀਆ ਸਭ ਦਾ ਦਏ ਬਦਲਾਈਆ । ਸਾਰੇ ਕਹਿਣ ਉਠ ਸ਼ਰੋਮਣੀ ਭਗਤ ਕਬੀਰ, ਬੇਪਰਵਾਹ ਲੈ ਅੰਗੜਾਈਆ । ਪਰਵਰਦਿਗਾਰ ਨੂੰ ਕਹੋ ਸ਼ਰਅ ਦੀ ਬਦਲ ਦੇਵੇ ਲਕੀਰ, ਲਾਈਨ ਐਨ ਆਪਣੀ ਦਏ ਸਮਝਾਈਆ । ਝਗੜਾ ਮੇਟ ਦੇ ਸ਼ਾਹ ਹਕੀਰ, ਰਾਓ ਰੰਕ ਇਕੋ ਰੰਗ ਰੰਗਾਈਆ । ਆਪਣੀ ਨਵੀਂ ਦੱਸ ਤਦਬੀਰ, ਤਰੀਕਾ ਇਕ ਦ੍ਰਿੜਾਈਆ । ਦੀਨ ਮਜ਼੍ਹਬ ਸ਼ਰਅ ਦਾ ਤੁੱਟੇ ਜ਼ੰਜੀਰ, ਜ਼ੱਰੇ ਜ਼ੱਰੇ ਤੇਰਾ ਨੂਰ ਨਜ਼ਰੀ ਆਈਆ । ਦੀਨ ਦੁਨੀ ਦੀ ਬਦਲ ਦੇਣੀ ਜ਼ਮੀਰ, ਜ਼ਾਹਰ ਜ਼ਹੂਰ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਭਗਤ ਸੂਫ਼ੀ ਸੰਤ ਕਹਿਣ ਫ਼ਕੀਰ ਸਾਡੀ ਇਕ ਬੇਨੰਤੀ, ਆਰਜ਼ੂ ਅਰਜ਼ ਵਿਚ ਜਣਾਈਆ । ਤੂੰ ਬੋਧ ਅਗਾਧਾ ਸ਼ਬਦ ਅਨਾਦਾ ਪੰਡਤੀ, ਪਰਵਰਦਿਗਾਰ ਨੂਰ ਇਲਾਹੀਆ । ਤੂੰ ਕੂੜੀ ਖੇਲ ਮਿਟਾ ਦੇ ਪੰਜ ਤਤ ਤਨ ਦੀ, ਗ੍ਰਿਹ ਇਕੋ ਕਰ ਰੁਸ਼ਨਾਈਆ । ਕਲਪਣਾ ਮੇਟ ਦੇ ਮਨੂਏ ਮਨ ਦੀ, ਮਮਤਾ ਮੋਹ ਦੇ ਚੁਕਾਈਆ । ਆਸਾ ਪੂਰੀ ਕਰ ਦੇ ਗੋਬਿੰਦ ਚੰਨ ਦੀ, ਜਿਸ ਨੂੰ ਸੂਰੀਆ ਚੰਦ ਸੀਸ ਨਿਵਾਈਆ । ਅਵਾਜ਼ ਪਵਿੱਤਰ ਕਰ ਦੇ ਜਗਤ ਵਾਲੇ ਕੰਨ ਦੀ, ਕਰਮ ਕਾਂਡ ਦਾ ਡੇਰਾ ਢਾਹੀਆ । ਸੋਝੀ ਦੇ ਦੇ ਆਪਣੇ ਬ੍ਰਹਮ ਦੀ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਸ਼ਰਅ ਜਣਾ ਦੇ ਇਕੋ ਧਰਮ ਦੀ, ਧਰਮ ਦੀ ਧਾਰ ਇਕ ਪਰਗਟਾਈਆ । ਲੜਾਈ ਰਹੇ ਨਾ ਜ਼ਾਤ ਪਾਤ ਵਰਨ ਦੀ, ਬਰਨ ਦਾ ਲੇਖਾ ਦੇਣਾ ਚੁਕਾਈਆ । ਓਟ ਦੱਸ ਦੇ ਇਕੋ ਆਪਣੇ ਚਰਨ ਦੀ, ਚਰਨ ਚਰਨੋਦਕ ਦੇਣਾ ਪਿਆਈਆ । ਅੱਖ ਖੋਲ੍ਹ ਦੇ ਹਰਨ ਫਰਨ ਦੀ, ਨਿਜ ਨੇਤਰ ਕਰ ਰੁਸ਼ਨਾਈਆ । ਦੁਰਮਤ ਮੈਲ ਧੋ ਦੇ ਜਨਮ ਜਨਮ ਦੀ, ਹਰਿਜਨ ਆਪਣੇ ਘਰ ਵਸਾਈਆ । ਚਿੰਤਾ ਮੇਟ ਦੇ ਕਲਪਣਾ ਭਰਮ ਦੀ, ਭਾਂਡਾ ਭਰਮ ਭੌ ਭੰਨਾਈਆ । ਸਿਖਿਆ ਦੇ ਦੇ ਇਕੋ ਨਾਮ ਆਪਣਾ ਪੜ੍ਹਨ ਦੀ, ਦੂਜੀ ਲੋੜ ਰਹੇ ਨਾ ਰਾਈਆ । ਮੰਜ਼ਲ ਦੱਸ ਦੇ ਆਪਣੇ ਚੜ੍ਹਨ ਦੀ, ਚੌਥੇ ਪਦ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ

ਤੇਰੇ ਆਸ ਰਖਾਈਆ । ਭਗਤ ਫ਼ਕੀਰ ਸੂਫ਼ੀ ਕਹਿਣ ਸੰਤ, ਸਾਹਿਬ ਤੇਰੇ ਹੱਥ ਵਡਿਆਈਆ । ਕਲਜੁਗ ਕੂੜੀ ਕਿਰਿਆ ਕਰ ਦੇ ਅੰਤ, ਅੰਤਸ਼ਕਰਨ ਸਭ ਦਾ ਦੇ ਬਦਲਾਈਆ । ਤੇਰੇ ਨਾਮ ਦਾ ਇਕੋ ਹੋਵੇ ਮੰਤ, ਮੰਤਰ ਇਕੋ ਦੇਣਾ ਸਮਝਾਈਆ । ਆਤਮ ਪਰਮਾਤਮ ਨਜ਼ਰੀ ਆਵੇ ਕੰਤ, ਕੰਤ ਕੰਤੂਹਲ ਤੇਰੀ ਸਰਨਾਈਆ । ਹਉਮੇ ਗੜ੍ਹ ਤੋੜ ਦੇ ਹੰਗਤ, ਹੰ ਬ੍ਰਹਮ ਇਕ ਦ੍ਰਿੜਾਈਆ । ਝਗੜਾ ਰਹੇ ਨਾ ਜੇਰਜ ਅੰਡਜ, ਉਤਭੁਜ ਸੇਤਜ ਪੜਦਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਵੱਡੇ ਤੇਰੀ ਵਡ ਵਡਿਆਈਆ । ਸੰਤ ਭਗਤ ਸੂਫ਼ੀ ਕਹਿਣ ਸਾਡੀ ਅਰਜ਼ੋਈ, ਤਮੰਨਾ ਤੇਰੇ ਅੱਗੇ ਰਖਾਈਆ । ਤੇਰੇ ਨਾਮ ਦੀ ਇਕ ਦਰੋਹੀ, ਦਰੋਹੀ ਤੇਰਾ ਨਾਮ ਦੁਹਾਈਆ । ਤੇਰੀ ਕਿਰਪਾ ਬਿਨਾ ਤੈਨੂੰ ਮਿਲ ਨਾ ਸਕੇ ਕੋਈ, ਕੋਟਨ ਕੋਟ ਬੈਠੇ ਧਿਆਨ ਲਗਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਦੀ ਚੌਧਵੀਂ ਮਿਲੇ ਕੋਈ ਨਾ ਢੋਈ, ਦੂਰ ਦੁਰਾਡੇ ਸਾਰੇ ਰੋਵਣ ਮਾਰਨ ਧਾਈਆ । ਤੂੰ ਪਾਰਬ੍ਰਹਮ ਪਤਿਪਰਮੇਸ਼ਵਰ ਕਲਜੁਗ ਅੰਤਮ ਆਤਮ ਸਭ ਦੀ ਮੋਹੀ, ਮੋਹ ਮੁਹੱਬਤ ਆਪਣੇ ਨਾਲ ਰਖਾਈਆ । ਜੀਵਾਂ ਜੰਤਾਂ ਸੁਰਤੀ ਉਠਾ ਸੋਈ, ਸੋਈ ਸੁਰਤ ਸ਼ਬਦ ਹਲੂਣੇ ਨਾਲ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਭਗਤ ਸੰਤ ਸੂਫ਼ੀ ਕਹਿਣ ਤੇਰੀ ਚਰਨ ਧੂੜੀ ਲਾਈਏ ਖ਼ਾਕ, ਮਸਤਕ ਇਕ ਰਮਾਈਆ । ਕਲਜੁਗ ਮੇਟ ਅੰਧੇਰੀ ਰਾਤ, ਰੁਤੜੀ ਆਪਣੇ ਨਾਲ ਮਹਿਕਾਈਆ । ਅਵਤਾਰ ਪੈਗ਼ੰਬਰ ਗੁਰੂਆਂ ਪੂਰਾ ਕਰ ਭਵਿਖਤ ਵਾਕ, ਪੇਸ਼ੀਨਗੋਈਆਂ ਤੇਰੀ ਝੋਲੀ ਪਾਈਆ । ਨਿਰਗੁਣ ਨੂਰ ਜੋਤ ਤੇਰਾ ਹੋਵੇ ਪ੍ਰਕਾਸ਼, ਕਲ ਕਲਕੀ ਤੇਰੀ ਬੇਪਰਵਾਹੀਆ । ਨਿਹਕਲੰਕ ਤੇਰਾ





ਹੋਵੇ ਇਕ ਵਿਸ਼ਵਾਸ਼, ਵਿਸ਼ਿਆਂ ਤੋਂ ਬਾਹਰ ਆਪਣਾ ਹੁਕਮ ਵਰਤਾਈਆ । ਧੁਰ ਦੇ ਅਮਾਮ ਦੇਣਾ ਸਾਥ, ਸਗਲਾ ਸੰਗ ਬਣਾਈਆ । ਚਾਰ ਜੁਗ ਤੋਂ ਵੱਖਰੀ ਦੱਸਣੀ ਗਾਥ, ਗਹਿਰ ਗੰਭੀਰ ਕਰਨੀ ਅਗੰਮ ਪੜ੍ਹਾਈਆ । ਸਤਿ ਧਰਮ ਚਲਾਉਣਾ ਰਾਥ, ਰਥ ਰਥਵਾਹੀ ਆਪਣੀ ਦਇਆ ਕਮਾਈਆ । ਸਤਿ ਧਰਮ ਦਾ ਮਾਰਗ ਲਾਉਣਾ ਸਾਚ, ਸਚ ਦੀ ਕਰਨੀ ਕਾਰ ਕਮਾਈਆ । ਭੇਵ ਖੁਲ੍ਹਾਉਣਾ ਕਾਇਆ ਮਾਟੀ ਕਾਚ, ਕੰਚਨ ਗੜ੍ਹ ਵੱਜੇ ਵਧਾਈਆ । ਲੂੰ ਲੂੰ ਅੰਦਰ ਜਾਣਾ ਰਾਚ, ਸਾਢੇ ਤਿੰਨ ਕਰੋੜ ਤੇਰੀ ਰੁਸ਼ਨਾਈਆ । ਤੂੰ ਪੂਰਨ ਪੂਰਨ ਕਰਨੀ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਹਉ ਬਾਲਕ ਤੇਰੇ ਦਾਸ, ਸੇਵਕ ਸੇਵਾ ਵਿਚ ਸਮਾਈਆ । ਖੇਲ ਵਖਾ ਦੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਆਪਣਾ ਨੂਰ ਕਰ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਦੋਵੇਂ ਜੋੜ ਕੇ ਹਾਥ, ਬਿਨ ਹੱਥਾਂ ਹੱਥ ਉਠਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਸਰਬ ਕਲਾ ਸਮਰਾਥ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਭਗਤ ਸੰਤ ਸੂਫ਼ੀ ਫ਼ਕੀਰ ਤਕਣ ਤੇਰੀ ਅਗੰਮੀ ਅੱਖ, ਆਖ਼ਰ ਆਪਣੀ ਦਇਆ ਕਮਾਈਆ । ਨਿਰਗੁਣ ਨੂਰ ਜੋਤ ਨਜ਼ਰ ਆ ਪ੍ਰਤਖ, ਪਾਰਬ੍ਰਹਮ ਪ੍ਰਭ ਆਪਣਾ ਪੜਦਾ ਲਾਹੀਆ । ਤੇਰਾ ਸੁਣੀਏ ਜੈਕਾਰਾ ਨਾਮ ਅਲੱਖ, ਅਲਖ ਅਗੋਚਰ ਦੇਣਾ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਤਤ, ਤਤਵ ਆਤਮ ਬ੍ਰਹਮ ਦੇਣਾ ਸਮਝਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਰੱਤੀ ਰਤ ਆਪਣੇ ਰੰਗ ਰੰਗਾਈਆ । ਪਤਿਪਰਮੇਸ਼ਵਰ ਹੋ ਕੇ ਰੱਖਣੀ ਪਤ, ਸਿਰ ਆਪਣਾ ਹੱਥ ਟਿਕਾਈਆ । ਸਾਡੇ ਸਭ ਦੇ ਖ਼ਾਲੀ ਹੱਥ, ਵਸਤੂ ਹੱਥ ਨਾ ਕੋਇ ਉਠਾਈਆ ।

ਤੇਰੇ ਚਰਨ ਕਵਲ ਰਹੇ ਢੱਠ, ਡੰਡਾਵਤ ਬੰਦਨਾ ਨਮਸਤੇ ਸਜਦਿਆਂ ਵਿਚ ਸੀਸ ਝੁਕਾਈਆ । ਸਚਖੰਡ ਦਵਾਰੇ ਤੇਰੀ ਧਾਰ ਵਿਚੋਂ ਧਰਮ ਦੀ ਧਾਰ ਕੀਤਾ ਇਕੱਠ, ਤਨ ਵਜੂਦ ਨਾ ਕੋਇ ਜਣਾਈਆ । ਤੇਰਾ ਜਲਵਾ ਤਕੀਏ ਨੂਰ ਨੁਰਾਨੇ ਲਟ ਲਟ, ਚਾਰ ਕੁੰਟ ਅੰਧੇਰਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲੇ ਦੀਨ ਦਿਆਲੇ ਸਚ ਧਰਮ ਦਾ ਖੋਲ੍ਹ ਦੇ ਹੱਟ, ਵਸਤ ਇਕੋ ਨਾਮ ਦੇਣੀ ਵਰਤਾਈਆ । ਦੀਨ ਮਜ਼੍ਹਬ ਜ਼ਾਤ ਪਾਤ ਦੂਈ ਦਵੈਤ ਦਾ ਮੇਟ ਦੇ ਫੱਟ, ਪੱਟੀ ਨਾਮ ਵਾਲੀ ਬੰਧਾਈਆ । ਇਕੋ ਨਾਮ ਕਲਮਾ ਸਾਰੇ ਲੈਣ ਰਟ, ਰੱਟਾ ਜਗਤ ਨਾ ਕੋਇ ਵਖਾਈਆ । ਜਨ ਭਗਤਾਂ ਦਰਸ ਦੇਣਾ ਜੋਤ ਸਰੂਪੀ ਨੱਠ ਨੱਠ, ਜੋਤੀ ਧਾਰ ਭੱਜਣਾ ਵਾਹੋ ਦਾਹੀਆ । ਜਿਧਰ ਤਕੀਏ ਉਧਰ ਤੇਰਾ ਰੂਪ ਹੋਵੇ ਪ੍ਰਤਖ, ਪਾਰਬ੍ਰਹਮ ਅਗੰਮ ਅਥਾਹੀਆ । ਬੀਜ ਬੀਜ ਦੇ ਆਪਣੇ ਵਤ, ਤਨ ਵਜੂਦ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਦਇਆ ਕਮਾਈਆ । ਕਬੀਰ ਕਹੇ ਸੁਣੋ ਮੇਰੀ ਸਲਾਹ, ਸਰਬ ਸਹਿਜ ਨਾਲ ਸੁਣਾਈਆ । ਸਾਰੇ ਮੰਨੋ ਇਕ ਮਲਾਹ, ਬੇੜਾ ਇਕੋ ਹੱਥ ਫੜਾਈਆ । ਦੀਨ ਮਜ਼੍ਹਬ ਦਾ ਲਓ ਕੋਈ ਨਾ ਨਾਂ, ਨਾਉਂ ਨਿਰੰਕਾਰਾ ਇਕ ਜਣਾਈਆ । ਪਹਿਲੋਂ ਸਾਰੇ ਝਗੜਾ ਮੇਟੋ ਸੂਰ ਗਾਂ, ਢੋਰਾਂ ਪਸ਼ੂਆਂ ਖੱਲ ਨਾ ਕੋਇ ਲੁਹਾਈਆ । ਵੇਖੋ ਫੇਰ ਧਰਤੀ ਧਰਨੀ ਧਵਲ ਧੌਲ ਜਗਤ ਦੀ ਮਾਂ, ਜੰਮਣ ਵਾਲੀ ਜਗਤ ਦੀ ਮਾਈਆ । ਫੇਰ ਆਪਣੇ ਆਪਣੇ ਛਡੋ ਗਰਾਂ, ਗਹਿਰ ਗੰਭੀਰ ਧਿਆਨ ਰਖਾਈਆ । ਫੇਰ ਸਾਰੇ ਕਹੋ ਪ੍ਰਭੂ ਵਾਹ ਵਾਹ, ਵਾਹਵਾ ਤੇਰੀ ਬੇਪਰਵਾਹੀਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਵਾਹਿਦ ਇਕ ਖ਼ੁਦਾ, ਗਾਡ ਅਲਾਹ ਤੇਰੀ ਬੇਪਰਵਾਹੀਆ । ਰਾਮ ਕ੍ਰਿਸ਼ਨ ਤੇਰਾ ਨੂਰ ਅਲਾ, ਸਤਿਨਾਮ ਸਤਿ ਸਤਿ ਵਿਚ ਸਮਾਈਆ । ਫੇਰ ਸਾਰੇ ਖੜ੍ਹੀ ਕਰ ਦਿਓ ਬਾਂਹ, ਭਗਤ ਸੰਤ ਫ਼ਕੀਰ ਬਚਿਆ ਰਹਿਣ ਕੋਇ ਨਾ ਪਾਈਆ । ਉਚੀ ਕੂਕ ਕੇ ਕਹੋ ਪ੍ਰਭੂ ਤੇਰਾ ਇਕੋ ਜਪਾਂਗੇ ਨਾਂ, ਦੂਜਾ ਇਸ਼ਟ ਨਾ ਕੋਇ ਮਨਾਈਆ । ਇਕੋ ਤੇਰਾ ਪਵਿੱਤਰ ਹੋਵੇ ਥਾਂ, ਥਨੰਤਰ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਜੁਗ ਜੁਗ ਆਪਣਾ ਰੰਗ ਰੰਗਾਈਆ । ਕਬੀਰ ਕਹੇ ਸੁਣੋ ਭਗਤ ਸੂਫ਼ੀ ਸੰਤ, ਸਤਿ ਸਤਿ ਦਿਆਂ ਜਣਾਈਆ । ਇਕੋ ਸਭ ਦਾ ਹੋਵੇ ਭਗਵੰਤ, ਭਗਵਨ ਇਕੋ ਨਜ਼ਰੀ ਆਈਆ । ਮੁੱਲਾਂ ਸ਼ੇਖ਼ ਬਣਿਓ ਕੋਇ ਨਾ ਪੰਡਤ, ਵੱਖਰੀ ਵੰਡ ਨਾ ਕੋਇ ਵੰਡਾਈਆ । ਸਾਰੇ ਪਰਵਰਦਿਗਾਰ ਸਾਂਝੇ ਯਾਰ ਪੁਰਖ ਅਕਾਲ ਅੱਗੇ ਕਰੋ ਮਿੰਨਤ, ਨਿਉਂ ਨਿਉਂ ਸੀਸ ਝੁਕਾਈਆ । ਪ੍ਰਭੂ ਸ਼ਰਅ ਦਾ ਝਗੜਾ ਮੇਟ ਦੇ ਉੱਤਰ ਪੂਰਬ ਪੱਛਮ ਦੱਖਣ ਜਗਤ ਵਾਲੀ ਸਿੰਮਤ, ਸ਼ਰਅ ਦੀ ਰਹੇ ਨਾ ਕੋਇ ਲੜਾਈਆ । ਜਨ ਭਗਤਾਂ ਬਖ਼ਸ਼ ਆਪਣੀ ਹਿੰਮਤ, ਹੌਸਲੇ ਨਾਮ ਵਾਲੇ ਵਧਾਈਆ । ਹਉਮੇ ਕਢ ਦੇ ਵਿਚੋਂ ਚਿੰਤ, ਰੋਗ ਸੋਗ ਦੇਣਾ ਗਵਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸਾਚੀ ਦੱਸ ਮਿੱਲਤ, ਪਾਰਬ੍ਰਹਮ ਪ੍ਰਭ ਮੇਲਾ ਮੇਲਣਾ ਸਹਿਜ ਸੁਭਾਈਆ । ਚਾਰ ਕੁੰਟ ਦਿਸੇ ਕੋਇ ਨਾ ਨਿੰਦਕ, ਪੁਰਖ ਅਬਿਨਾਸ਼ੀ ਢੋਲੇ ਸਾਰੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰਾ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਕਬੀਰ ਕਹੇ ਸਾਰੇ ਵੇਖੋ ਕਲਜੁਗ ਘੋਰ, ਘੋਰੀ ਹੋ ਕੇ ਧਿਆਨ ਲਗਾਈਆ । ਸਭ ਦੇ ਅੰਦਰ ਵੜਿਆ ਕਲਜੁਗ ਚੋਰ, ਲੁਟੇਰਾ, ਬਣਿਆ ਥਾਉਂ ਥਾਈਆ । ਜਿਸ ਨੇ ਸਤਿ ਧਰਮ ਦੀ ਕਟੀ ਡੋਰ, ਅੰਤਰ ਨਿਰੰਤਰ ਗੰਢ ਨਾ ਕੋਇ ਪਵਾਈਆ । ਕੂੜ ਕੁੜਿਆਰਾ ਹੋ ਕੇ ਪਾਇਆ ਸ਼ੋਰ, ਸ਼ੌਹਰ ਦਾ ਮੇਲ

੧੧੨੩
੨੨

ਨਾ ਕੋਇ ਮਿਲਾਈਆ । ਬੁਧੀ ਕੀਤੀ ਅਵਰ ਕੀ ਔਰ, ਔਰਤ ਮਰਦ ਦਿਤੇ ਲੜਾਈਆ । ਆਪ ਫਿਰਦਾ ਚੜ੍ਹ ਕੇ ਘੋੜ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਅੱਗੇ ਹੋ ਕੇ ਕੋਈ ਨਾ ਸਕੇ ਮੋੜ, ਸਾਰੇ ਬੈਠੇ ਮੁਖ ਛੁਪਾਈਆ । ਐਸ ਵੇਲੇ ਪ੍ਰਭੂ ਦੀ ਸਭ ਨੂੰ ਲੋੜ, ਲੋੜੀਂਦਾ ਸਾਜਣ ਹੋਏ ਸਹਾਈਆ । ਸਾਰੇ ਬਿਨਾ ਹੱਥਾਂ ਤੋਂ ਹੱਥ ਲਓ ਜੋੜ, ਕਬੀਰ ਕਬਰਾਂ ਤੋਂ ਬਾਹਰ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਕਬੀਰ ਕਹੇ ਵੇਖੋ ਇਕੋ ਨੂਰ ਨੁਰਾਨਾ, ਨਰ ਨਰਾਇਣ ਧਿਆਨ ਲਗਾਈਆ । ਜਿਸ ਦਾ ਸ਼ਬਦ ਧੁਰ ਫ਼ਰਮਾਨਾ, ਪੈਗ਼ਾਮ ਕਲਮਾ ਅਗੰਮ ਅਥਾਹੀਆ । ਜਿਸ ਦਾ ਸਾਰੇ ਹੁਕਮ ਕਰਨ ਪਰਵਾਨਾ, ਅਵਤਾਰ ਪੈਗ਼ੰਬਰ ਗੁਰ ਸਿਰ ਸਕੇ ਨਾ ਕੋਇ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਸਿਰ ਝੁਕਾਉਣਾ, ਨਿਉਂ ਨਿਉਂ ਲਾਗਣ ਪਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਖੇਲ ਕਰੇ ਮਹਾਨਾ, ਮਹਿਮਾ ਅਕਥ ਕਥੀ ਨਾ ਜਾਈਆ । ਜਿਸ ਨੇ ਦੀਨ ਦੁਨੀ ਦਾ ਬਦਲ ਦੇਣਾ ਜ਼ਮਾਨਾ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਲੇਖਾ ਪੂਰਾ ਕਰੇ ਸੀਤਾ ਰਾਮਾ, ਰਾਧਾ ਕ੍ਰਿਸ਼ਨਾ ਆਪਣੇ ਵਿਚ ਸਮਾਈਆ । ਪੈਗ਼ੰਬਰਾਂ ਲੇਖਾ ਮੁਕਾਏ ਵਿਚ ਜਹਾਨਾ, ਪੈਗ਼ਾਮ ਆਪਣਾ ਇਕ ਦ੍ਰਿੜਾਈਆ । ਗੁਰੂਆਂ ਦੇ ਕੇ ਸ਼ਬਦ ਗੁਣ ਨਿਧਾਨਾ, ਗੁਣਵੰਤਾ ਆਪਣੀ ਕਾਰ ਕਮਾਈਆ । ਜੋਤੀ ਧਾਰ ਪਹਿਰ ਕੇ ਜਾਮਾ, ਸ਼ਬਦ ਸ਼ਬਦੀ ਡੰਕ ਵਜਾਈਆ । ਚਾਰ ਕੁੰਟ ਦਹਿ ਦਿਸ਼ਾ ਹੋ ਪਰਧਾਨਾ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਜਿਸ ਨੇ ਸੰਬਲ ਇਕ ਸੁਹਾਨਾ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਧਰਮ ਦੀ ਧਾਰ ਆਏ ਵਿਚ ਮੈਦਾਨਾ, ਮਦਦ ਸੰਗ ਨਾ ਕੋਇ ਵਖਾਈਆ । ਲੱਖ ਚੁਰਾਸੀ ਬਣ ਕੇ ਅੰਤਰਜਾਮਾ, ਚਾਰੇ ਖਾਣੀ ਖੋਜੇ ਥਾਉਂ ਥਾਈਆ । ਕਲਜੁਗ ਕੂੜੀ ਕਲਪਣਾ ਸ਼ਰਅ ਤੋੜੇ ਗ਼ੁਲਾਮਾ, ਗ਼ੁਰਬਤ ਅੰਦਰੋਂ ਦੇਵੇ ਕਢਾਈਆ । ਏਕਾ ਧਰਮ ਵਜਾ ਦਮਾਮਾ, ਦਾਮਨਗੀਰ ਹੋਏ ਸਹਾਈਆ । ਭੇਵ ਖੁਲ੍ਹਾਏ ਆਪ ਅਮਾਮਾ, ਆਪ ਆਪਣਾ ਪੜਦਾ ਲਾਹੀਆ । ਕਲਜੁਗ ਕੂੜੀ ਰੈਣ ਮੇਟ ਕੇ ਸ਼ਾਮਾ, ਸ਼ਮਾ ਨੂਰ ਜੋਤ ਕਰੇ ਰੁਸ਼ਨਾਈਆ । ਅੰਤਰ ਆਤਮ ਬਖ਼ਸ਼ ਗਿਆਨਾ, ਅਗਿਆਨ ਅੰਧੇਰ ਦਏ ਮਿਟਾਈਆ । ਜਿਸ ਦਾ ਦੋ ਜਹਾਨ ਝੁਲਣਾ ਨਿਸ਼ਾਨਾ, ਏਥੇ ਓਥੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦੇਵਣਹਾਰ ਇਕ ਅਖਵਾਈਆ । ਭਗਤ ਸੰਤ ਸੂਫ਼ੀ ਫ਼ਕੀਰ ਕਹਿਣ ਕਬੀਰਾ ਸਾਡੀ ਅੰਤ ਇਕੋ ਖ਼ਾਹਿਸ਼, ਖ਼ਾਲਸ ਦਈਏ ਦ੍ਰਿੜਾਈਆ । ਸਾਡਾ ਇਕ ਦੇ ਉਤੇ ਵਿਸ਼ਵਾਸ਼, ਵਿਸ਼ਿਆਂ ਵਾਲਾ ਗੁਰੂ ਮੰਨਣ ਕੋਇ ਨਾ ਪਾਈਆ । ਜਿਸ ਸਤਿਗੁਰ ਸ਼ਬਦ ਦੀ ਬ੍ਰਹਿਮੰਡ ਖੰਡ ਅਗੰਮੀ ਰਾਸ, ਬਿਨ ਗੋਪੀ ਕਾਹਨ ਆਪਣਾ ਨਾਚ ਨਚਾਈਆ । ਜਿਸ ਦੀ ਚਾਰ ਜੁਗ ਕੋਈ ਵਰਨਣ ਨਾ ਕਰ ਸਕਿਆ ਜ਼ਾਤ ਪਾਤ, ਮਜ਼੍ਹਬ ਸਕਿਆ ਨਾ ਕੋਇ ਸਮਝਾਈਆ । ਜਿਸ ਦੀ ਸਿਫ਼ਤਾਂ ਵਾਲੀ ਹੱਥ ਆਈ ਨਾ ਕੋਇ ਲੁਗ਼ਾਤ, ਅੱਖਰਾਂ ਵਿਚ ਨਾ ਕੋਇ ਵਡਿਆਈਆ । ਭੇਵ ਪਾ ਨਾ ਸਕੇ ਚਾਰ ਜੁਗ ਦੇ ਸ਼ਾਸਤਰ ਅਤੇ ਕਿਤਾਬ, ਕਲਮ ਸ਼ਾਹੀ ਨਾ ਕੋਇ ਚਤੁਰਾਈਆ । ਉਸ ਦੀ ਆਦਿ ਤੋਂ ਅੰਤ ਤਕ ਇਕੋ ਇਕ ਸ਼ਬਦ ਅਗੰਮੀ ਬਾਤ, ਜੋ ਬਾਤਨ ਪੜਦੇ ਸਭ ਦੇ ਦਏ ਖੁਲ੍ਹਾਈਆ । ਸਾਰੇ ਭਗਤ ਇਕੱਠੇ ਹੋ ਕੇ ਦਈਏ ਇਕ ਆਵਾਜ਼, ਹੋਕਾ ਹੱਕ ਸੁਣਾਈਆ । ਤੇਰਾ ਨਾਮ ਕਲਮਾ ਤੇਰੀ ਜਗਤ ਨਿਮਾਜ਼, ਰੋਜ਼ਾ ਤੇਰੀ ਰਜ਼ਾ ਵਿਚ ਵਡਿਆਈਆ । ਤੂੰ ਮਿਹਰਵਾਨ ਮਹਿਬੂਬ ਅੰਤਰ ਖੋਲ੍ਹ ਦੇ ਆਪਣਾ ਰਾਜ਼, ਪੜਦਾ ਰਹੇ ਨਾ ਰਾਈਆ । ਸਭ ਦਾ ਸਾਂਝਾ ਕਰ ਸਮਾਜ, ਸਮਿਗਰੀ ਨਾਮ ਵਾਲੀ ਵਰਤਾਈਆ । ਤੇਰੇ ਨਾਮ ਦੇ ਸਾਰੇ

ਹੋਣ ਮੁਹਤਾਜ, ਲੋੜਵੰਦ ਕਰ ਲੋਕਾਈਆ । ਤੇਰੇ ਸ਼ਬਦ ਦੀ ਧਾਰ ਸੁਰਤੀ ਜਾਵੇ ਜਾਗ, ਸੋਇਆ ਰਹਿਣ ਕੋਇ ਨਾ ਪਾਈਆ । ਸਾਰੇ ਕਹਿੰਦੇ ਗਏ ਅਵਤਾਰ ਪੈਗ਼ੰਬਰ ਗੁਰੂਆਂ ਪਿਛੋਂ ਤੂੰ ਆਉਣਾ ਬਾਦ, ਵਾਹਿਦ ਆਪਣਾ ਰੂਪ ਦਰਸਾਈਆ । ਅਸੀਂ ਚਾਹੁੰਦੇ ਇਕੋ ਤੇਰੇ ਹੁਕਮ ਨਾਲ ਦੋ ਜਹਾਨ ਹੋ ਜਾਏ ਇਨਕਲਾਬ, ਲੇਖਾ ਲਿਖਣ ਦੀ ਲੋੜ ਰਹੇ ਨਾ ਰਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ, ਉਹ ਲੇਖਾ ਪੂਰਾ ਕਰ ਦੇ ਜੋ ਨਿਰਗੁਣ ਸਰਗੁਣ ਦੇ ਕੇ ਆਇਆ ਵਿਚ ਬਗਦਾਦ, ਬਗਲੀਆਂ ਕੰਧੇ ਉਤੇ ਲਟਕਾਈਆ । ਜਿਸ ਦਾ ਕਿਸੇ ਕੋਲ ਨਹੀਂ ਜੁਆਬ, ਸਵਾਲ ਕਰਨ ਵਾਲਾ ਸਵਾਲੀ ਨਜ਼ਰ ਕੋਇ ਨਾ ਆਈਆ । ਭਗਤ ਸੰਤ ਸੂਫ਼ੀ ਫ਼ਕੀਰ ਸੰਗ ਕਬੀਰ ਦਰਗਹ ਸਾਚੀ ਸਚਖੰਡ ਮੁਕਾਮੇ ਹੱਕ ਹੱਕ ਦੇ ਮਾਲਕ ਤੈਨੂੰ ਸਾਰੇ ਕਰਨ ਅਦਾਬ, ਅਦਬ ਨਾਲ ਬਿਨਾ ਸੀਸ ਤੋਂ ਝੁਕ ਝੁਕ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਦੇ ਮਾਲਕ ਇਕੋ ਸੀਸ ਜਗਦੀਸ ਹੋਵੇ ਤਾਜ, ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਤੇਰਾ ਹੁਕਮ ਵਰਤਾਈਆ ।

### ੧੪ ਫੱਗਣ ਸ਼ਹਿਨਸ਼ਾਹੀ ਸੰਮਤ ੬ ਬਸੰਤ ਕੌਰ ਦੇ ਸਰੀਰ ਛਡਣ ਤੇ ਪਿੰਡ ਮਲੂਵਾਲ ਜ਼ਿਲਾ ਅੰਮ੍ਰਿਤਸਰ

ਬਸੰਤ ਕੌਰ ਤੇਰੀ ਮੌਲੀ ਰੁਤ ਪਰਿਵਾਰ ਬੰਸ, ਲੋਕਮਾਤ ਮਹਿਕ ਮਹਿਕ ਮਹਿਕਾਈਆ । ਪ੍ਰਭ ਦੀ ਧਾਰ ਵਿਚ ਤੇਰਾ ਅੰਤ, ਅੰਤਸ਼ਕਰਨ ਸਤਿਗੁਰ ਵਿਚ ਸਮਾਈਆ । ਨਾਤਾ ਤੁਟਾ ਜੀਵ ਜੰਤ, ਜਗਤ ਲੇਖਾ ਪੂਰ ਕਰਾਈਆ । ਗ੍ਰਹਿ ਸਵਾਮੀ ਪਾਇਆ ਧੁਰ ਦਾ ਕੰਤ, ਪਤਿਪਰਮੇਸ਼ਵਰ ਨੂਰ ਇਲਾਹੀਆ । ਜਿਥੇ ਚਾਰ ਜੁਗ ਦੇ ਬੈਠੇ ਭਗਤ ਸੰਤ, ਸਚਖੰਡ ਸਾਚੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਰੰਗ ਰੰਗਾਈਆ । ਬਸੰਤ ਕੌਰ ਤੇਰੀ ਮੌਲੀ ਰੁਤ, ਰੁਤੜੀ ਸਚ ਸਚ ਮਹਿਕਾਈਆ । ਪਿਆਰ ਮਿਲਿਆ ਧੀਆਂ ਪੁੱਤ, ਦੋਹਤ ਪੋਤ ਸੋਭਾ ਪਾਈਆ । ਅੰਤਮ ਲੇਖਾ ਨਾਲ ਅਬਿਨਾਸ਼ੀ ਅਚੁਤ, ਪਾਰਬ੍ਰਹਮ ਪ੍ਰਭ ਆਪਣੇ ਘਰ ਵਸਾਈਆ । ਭਗਤ ਭਗਵਾਨ ਦੋਵੇਂ ਇਕੇ ਦਵਾਰ ਬਹਿਣ ਉਠ, ਦੂਜੀ ਵੰਡ ਨਾ ਕੋਇ ਵੰਡਾਈਆ । ਆਤਮਾ ਜਗਤ ਜਹਾਨ ਵਿਚੋਂ ਗਈ ਛੁਟ, ਪਰਮਾਤਮ ਮਿਲ ਕੇ ਵੱਜੇ ਵਧਾਈਆ । ਦੀਨ ਦਿਆਲ ਆਪਣੀ ਗੋਦੀ ਚੁੱਕ, ਸਚਖੰਡ ਦਵਾਰੇ ਦਏ ਟਿਕਾਈਆ । ਜਿਥੇ ਉਜਲ ਹੋਵੇ ਮੁਖ, ਦੁਰਮਤ ਮੈਲ ਰਹੇ ਨਾ ਰਾਈਆ । ਏਥੇ ਓਥੇ ਸੱਚਾ ਸੁਖ, ਸੁਖਆਸਣ ਇਕ ਸੁਹਾਈਆ । ਮਾਤ ਗਰਭ ਫੇਰ ਉਲਟਾ ਹੋਣਾ ਪਏ ਨਾ ਰੁੱਖ, ਚੁਰਾਸੀ ਫਾਸੀ ਦਏ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣੇ ਘਰ ਵਸਾਈਆ । ਬਸੰਤ ਕੌਰ ਤੇਰਾ ਪਿਛਲਾ ਲਹਿਣਾ ਸੰਗ, ਸਗਲਾ ਸੰਗ ਵਖਾਈਆ । ਜਗਤ ਜਹਾਨ ਮੰਜ਼ਲ ਗਈ ਲੰਘ, ਅੱਗੇ ਹੋ ਨਾ ਕੋਇ ਅਟਕਾਈਆ । ਸ਼ਬਦ ਸਿੰਘਾਸਣ ਤੇਰਾ ਪਲੰਘ, ਮਹਾਰਾਜ ਸ਼ੇਰ ਸਿੰਘ ਆਪ ਵਿਛਾਈਆ । ਜਿਸ ਦਾ ਅੰਤਮ ਵੇਲਾ ਤੂੰ ਵੇਖਿਆ ਸੀ ਨਾਲ ਅਨੰਦ, ਪੁਰੀ ਘਨਕ ਸੋਭਾ ਪਾਈਆ । ਉਹ ਤੇਰੇ ਅੰਤ ਵਿਚ ਅੰਤ ਦਾ ਆਪ ਮੁਕਾ ਪੰਧ, ਮੁਸਾਫ਼ਰ ਸਫ਼ਰ ਨਾ ਕੋਇ ਕਰਾਈਆ । ਜਮ ਕੀ ਫਾਸੀ ਕਟ ਕੇ ਬੰਦ, ਬੰਦਗੀ ਆਪਣੇ ਲੇਖੇ ਲਾਈਆ । ਸਦਾ ਲਾ ਕੇ ਰੱਖੇ ਅੰਗ, ਅੰਗੀਕਾਰ ਇਕ ਹੋ ਜਾਈਆ । ਜਿਥੇ ਧਰਮ ਧਾਰ ਦਾ ਚੰਦ, ਗੁਰਮੁਖ ਸਿੰਘ ਪਾਲ ਬੈਠਾ ਸੋਭਾ ਪਾਈਆ । ਜਿਸ ਨੂੰ ਝੁਕਦੇ

ਖੰਡ ਬ੍ਰਹਿਮੰਡ, ਪੁਰੀ ਲੋਅ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਗ੍ਰਹਿ ਇਕ ਵਸਾਈਆ । ਬਸੰਤ ਕੌਰ ਨਾੜ ਬਹੱਤਰ ਨਾ ਉਬਲੇ ਰੱਤ, ਰਤੀ ਰੱਤ ਆਪ ਮਹਿਕਾਈਆ । ਲੇਖਾ ਪੂਰਾ ਹੋਇਆ ਪਤਨੀ ਪਤ, ਪਤਿਪਰਮੇਸ਼ਵਰ ਵੇਖ ਵਖਾਈਆ । ਸੰਸਾਰ ਧੀਰਜ ਰਿਹਾ ਜਤ, ਸੰਤੋਖ ਵਿਚ ਵਡ ਵਡਿਆਈਆ । ਅੰਤ ਵੇਖ ਖ਼ਾਲੀ ਹੱਥ, ਜਗਤ ਸਾਕ ਸੱਜਣ ਸੰਗ ਨਾ ਕੋਇ ਨਿਭਾਈਆ । ਬੰਸ ਸਰਬੰਸ ਸਾਰੇ ਜਾਣ ਛਡ, ਪਲੂ ਗੰਢ ਨਾ ਕੋਇ ਬੰਧਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਰੱਖੇ ਪਤ, ਓਢਣ ਸੀਸ ਨਾ ਕੋਇ ਟਿਕਾਈਆ । ਤੇਰਾ ਲੇਖੇ ਲਾਇਆ ਤੂੰ ਮੇਰਾ ਮੈਂ ਤੇਰਾ ਗਾਇਆ ਜਸ, ਸਿਫ਼ਤਾਂ ਵਾਲੀ ਸਿਫ਼ਤ ਤੇਰੇ ਨਾਲ ਰਖਾਈਆ । ਤੇਰੀ ਸੇਵਾ ਸਦਾ ਅਣਥੱਕ, ਦਿਵਸ ਰੈਣ ਰੰਗ ਰੰਗਾਈਆ । ਤੇਰਾ ਨਾਤਾ ਜੁੜ ਗਿਆ ਪੱਕ, ਅੱਗੇ ਹੋ ਨਾ ਕੋਇ ਅਟਕਾਈਆ । ਹੁਣ ਸਚਖੰਡ ਸਾਚੇ ਜਾਣਾ ਵਸ, ਜਿਥੇ ਮਿਲੇ ਮੇਲ ਇਕੋ ਬੇਪਰਵਾਹੀਆ । ਸ਼ਬਦ ਦੀ ਧਾਰ ਮਿਲੇ ਰਸ, ਅੰਮ੍ਰਿਤ ਅੰਮਿਉਂ ਰਸ ਚਖਾਈਆ । ਬੰਸ ਪਰਿਵਾਰ ਨੂੰ ਸਚ ਸੰਦੇਸ਼ੇ ਵਿਚ ਦੱਸ, ਕਹਿ ਕੇ ਦੇ ਦ੍ਰਿੜਾਈਆ । ਸਤਿਗੁਰ ਦੇ ਅੱਗੇ ਨਹੀਂ ਕੋਈ ਕਿਸੇ ਦਾ ਵਸ, ਹੁਕਮੇ ਅੰਦਰ ਝੱਲਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣੇ ਗ੍ਰਹਿ ਟਿਕਾਈਆ । ਬਸੰਤ ਕੌਰ ਕਹੇ ਸੁਣੋ ਮੇਰੇ ਪਰਿਵਾਰ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਦਿਆਂ ਦ੍ਰਿੜਾਈਆ । ਮੇਰਾ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ, ਪਰਮ ਪੁਰਖ ਪਾਰਬ੍ਰਹਮ ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਕਿਰਪਾ ਕੀਤੀ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਦਾ ਲੇਖ ਮੁਕਾਈਆ । ਧੁਰ ਦੀ ਦਾਤ ਦਿਤੀ ਦਾਤਾਰ, ਦਇਆਵਾਨ ਦਇਆ ਕਮਾਈਆ । ਆਤਮਾ ਸਿੰਘ ਦਾ ਛਡ ਘਰ ਬਾਹਰ, ਸਚਖੰਡ ਬੈਠੀ ਸੋਭਾ ਪਾਈਆ । ਜਿਥੇ ਗੁਰਦਿਆਲ ਸਿੰਘ ਰਿਹਾ ਲਲਕਾਰ, ਸਵਰਨ ਭੱਜੇ ਚਾਈਂ ਚਾਈਂਆ । ਬੁਧ ਸਿੰਘ ਪ੍ਰੇਮ ਵਹਾਵੇ ਧਾਰ, ਬਿਨ ਨੈਣਾਂ ਨੀਰ ਵਹਾਈਆ । ਮੈਂ ਖੇਲ ਤੱਕਿਆ ਅਪਰ ਅਪਾਰ, ਅਪਰੰਪਰ ਸਵਾਮੀ ਦਿਤਾ ਦ੍ਰਿੜਾਈਆ । ਮੈਂ ਸੁਣਾਵਾਂ ਉਚੀ ਕੂਕ ਪੁਕਾਰ, ਕੂਕ ਕੂਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਦਏ ਵਡਿਆਈਆ । ਬਸੰਤ ਕੌਰ ਕਹੇ ਮੇਰਾ ਘਰ ਬਾਰ ਸੁਹੰਜਣਾ, ਸੋਹਣਾ ਨਜ਼ਰੀ ਆਈਆ । ਜਿਥੇ ਵਸੇ ਆਦਿ ਨਿਰੰਜਣਾ, ਪੁਰਖ ਅਕਾਲ ਸ਼ਹਿਨਸ਼ਾਹੀਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਣਾ, ਭਵਸਾਗਰ ਪਾਰ ਕਰਾਈਆ । ਮੂਰਤ ਗੋਪਾਲ ਮਦਨਾ, ਮਧੁ ਸੂਦਨ ਨੂਰ ਇਲਾਹੀਆ । ਜਿਸ ਗ੍ਰਹਿ ਵਿਚ ਮੇਰਾ ਆਤਮ ਦੀਵਾ ਜਗਣਾ, ਜਾਗਰਤ ਜੋਤ ਜੋਤ ਰੁਸ਼ਨਾਈਆ । ਉਹ ਦਵਾਰਾ ਜਨ ਭਗਤੋ ਕਿਸੇ ਵਿਰਲੇ ਗੁਰਮੁਖ ਲੰਘਣਾ, ਬਿਨਾ ਪੁਰਖ ਅਕਾਲ ਦੇ ਪਾਰ ਨਾ ਕੋਇ ਕਰਾਈਆ । ਮੇਰੇ ਪਿਛੋਂ ਕੋਈ ਨੇਤਰ ਨੀਰ ਵਹਾਏ ਨਾ ਅੰਞਣਾ, ਆਂਸੂਆਂ ਹਾਰ ਨਾ ਕੋਇ ਬਣਾਈਆ । ਮੈਨੂੰ ਸਚ ਦੀ ਚੜ੍ਹ ਗਈ ਰੰਗਣਾ, ਸਚ ਸਚ ਵਿਚ ਸਮਾਈਆ । ਮੇਰੀ ਅੰਤ ਅਖ਼ੀਰ ਦੀ ਇਕੋ ਵਾਰ ਕੀਤੀ ਬੰਦਨਾ, ਜਿਸ ਵਿਚ ਬੰਦੀਖ਼ਾਨਾ ਗਈ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਰ ਦੇਵੇ ਵਡਿਆਈਆ । ਬਸੰਤ ਕੌਰ ਕਹੇ ਮੇਰਾ ਨਹੀਂ ਕੋਈ ਪਵਣ ਸਵਾਸ, ਸਾਹ ਸਾਹ ਨਾ ਕੋਇ ਵਡਿਆਈਆ । ਮੈਂ ਵੇਖੀ ਉਸ ਪ੍ਰਭੂ ਦੀ ਰਾਸ, ਜੋ ਬਿਨ ਗੋਪੀ ਕਾਹਨ ਖੇਲ ਖਿਲਾਈਆ । ਮੇਰੀ ਅੰਤਮ ਪੂਰੀ ਹੋਈ ਆਸ, ਭਗਤ ਦਵਾਰੇ ਜਾ ਕੇ ਦਰਸ਼ਨ ਪਾਈਆ ।

ਮੇਰਾ ਸ਼ੁਰੂ ਦਾ ਵਿਸ਼ਵਾਸ, ਵਾਸਨਾ ਸਤਿਗੁਰ ਚਰਨ ਰਖਾਈਆ । ਸੋ ਲੈ ਕੇ ਗਿਆ ਉਪਰ ਆਕਾਸ਼, ਪਾਤਾਲਾਂ ਵਿਚ ਨਾ ਕੋਇ ਭਵਾਈਆ । ਜਿਥੇ ਇਕੋ ਨਿਰਮਲ ਨੂਰ ਜੋਤ ਪ੍ਰਕਾਸ਼, ਪ੍ਰਕਾਸ਼ ਅਗੰਮ ਅਥਾਹੀਆ । ਮੇਰਾ ਸਚ ਘਰ ਸਚ ਗ੍ਰਿਹ ਸਚ ਮੰਦਰ ਸਚ ਦਵਾਰ ਸਚ ਬੰਕ ਹੋਇਆ ਵਾਸ, ਵਾਸਤਾ ਇਕੋ ਨਾਲ ਰਖਾਈਆ । ਬੰਸ ਪਰਿਵਾਰ ਨੂੰ ਸ਼ਬਦੀ ਧਾਰ ਦੇਵਾਂ ਆਖ, ਆਖ਼ਰ ਦਿਆਂ ਦ੍ਰਿੜਾਈਆ । ਵੇਖਿਓ ਕੋਈ ਪਿਆਰ ਨਾ ਕਰਿਉ ਮੇਰੀ ਲਾਸ਼, ਕਾਇਆ ਪੰਜ ਤਤ ਮਾਟੀ ਖ਼ਾਕ ਕੰਮ ਕਿਸੇ ਨਾ ਆਈਆ । ਮੇਰੇ ਸਤਿਗੁਰ ਦੇ ਦਰਬਾਰ ਪਹਿਲੀ ਚੇਤ ਨੂੰ ਇਕ ਮੇਰੇ ਪਿਆਰ ਦਾ ਚੜ੍ਹਾਉਣਾ ਗਿਲਾਸ, ਜਿਸ ਉਤੇ ਮੇਰਾ ਨਾਮ ਲਿਖ ਕੇ ਦੇਣਾ ਲਗਾਈਆ । ਫੇਰ ਦੱਸਾਂ ਜੋ ਸੰਮਤ ਸੱਤ ਘਰ ਘਰ ਦਾ ਚਲਣਾ ਰਿਵਾਜ, ਪਗੜੀ ਗੁਰਮੁਖਾਂ ਸੀਸ ਟਿਕਾਈਆ । ਜਿਸ ਕਾਰਨ ਪੁਰਖ ਅਕਾਲ ਦੀਨ ਦਿਆਲ ਮੈਨੂੰ ਸਚਖੰਡ ਮਾਰੀ ਆਵਾਜ਼, ਦਰ ਘਰ ਸਾਚੇ ਲਿਆ ਬੁਲਾਈਆ । ਮੇਰਾ ਲਹਿਣਾ ਦੇਣਾ ਦੀਨ ਦੁਨੀ ਬਾਹਰ ਜਗਤ ਸਮਾਜ, ਨੀਤੀ ਇਕੋ ਬੇਪਰਵਾਹੀਆ । ਜਗਤ ਜਹਾਨ ਦੇ ਦੁਖ ਸੁਖ ਦੇ ਚਲਦੇ ਰਹਿੰਦੇ ਕਾਜ, ਵਿਵਹਾਰੀ ਵਿਵਹਾਰ ਵਿਚ ਆਪਣਾ ਹੁਕਮ ਵਰਤਾਈਆ । ਮੇਰਾ ਸ਼ਰੀਰ ਸਭ ਨੂੰ ਦੇ ਗਿਆ ਜੁਆਬ, ਨਾਤੇ ਕੂੜੇ ਗਿਆ ਤੁੜਾਈਆ । ਮੇਰੀ ਅਰਦਾਸ ਬੇਨੰਤੀ ਮਨਜ਼ੂਰ ਹੋਈ ਘਰ ਉਸ ਸਤਿਗੁਰੂ ਮਹਾਰਾਜ, ਜੋ ਮਹਾਂਬਲੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਬਸੰਤ ਕੌਰ ਕਹੇ ਜਿਸ ਵੇਲੇ ਹੋਵੇ ਮੇਰਾ ਸਸਕਾਰ, ਸਿਸਕੀ ਭਰਨ ਕੋਇ ਨਾ ਪਾਈਆ । ਆਤਮਾ ਸਿੰਘ ਫ਼ੌਜਾ ਸਿੰਘ ਪਿਆਰਾ ਸਿੰਘ ਦਰਬਾਰਾ ਸਿੰਘ ਲੰਬੂ ਲਾਵਣ ਕੁੰਟ ਚਾਰ, ਚਾਰੋਂ ਕੁੰਟ ਆਂਚ ਲਗਾਈਆ । ਪ੍ਰੀਤਮ ਸਿੰਘ ਬੋਲੇ ਇੱਕੀ ਜੈਕਾਰ, ਹੱਥ ਛਾਤੀ ਉਤੇ ਟਿਕਾਈਆ । ਜਿਸ ਛਾਤੀ ਉਤੇ ਖਾਂਦਾ ਰਿਹਾ ਸੀ ਮਾਰ, ਛੱਬੀ ਸਾਲ ਦੇਣ ਗਵਾਹੀਆ । ਮੇਰੇ ਅੰਦਰ ਇਕ ਵੇਰਾਂ ਆਈ ਸੀ ਵਿਚਾਰ, ਪਾਤਸ਼ਾਹ ਦਇਆ ਦਏ ਕਮਾਈਆ । ਪ੍ਰੀਤਮ ਸਿੰਘ ਦਾ ਦੁੱਖ ਮੈਂ ਅੰਦਰ ਨਾ ਸਕੀ ਸਹਾਰ, ਅੰਦਰੇ ਅੰਦਰ ਦਿਤੀ ਦੁਹਾਈਆ । ਫੇਰ ਸਤਿਗੁਰ ਕਿਹਾ ਇਹ ਮਾਰ ਤੇਰੇ ਅੰਤ ਦਾ ਬਣੇ ਪਿਆਰ, ਪ੍ਰੀਤੀ ਤੇਰੇ ਨਾਲ ਨਿਭਾਈਆ । ਕਿਉਂ ਤੂੰ ਛੋਟੇ ਹੁੰਦੇ ਨੂੰ ਦਿਤਾ ਪਾਲ, ਪਾਲਣਾ ਕੀਤੀ ਚਾਈਂ ਚਾਈਂਆ । ਉਸ ਵੇਲੇ ਦੀ ਸਤਿਗੁਰ ਸਤਿਗੁਰ ਕਰੇ ਸੰਭਾਲ, ਸੰਬਲ ਬੈਠਾ ਦਇਆ ਕਮਾਈਆ । ਤੇਰੇ ਨੇੜੇ ਨਾ ਆਏ ਕਾਲ ਮਹਾਂਕਾਲ, ਰਾਏ ਧਰਮ ਚਿਤ੍ਰਗੁਪਤ ਲੇਖ ਨਾ ਕੋਇ ਵਖਾਈਆ । ਸਚਖੰਡ ਦਵਾਰ ਏਕੰਕਾਰ ਬਿਠਾ ਦਿਤੀ ਸੱਚੀ ਧਰਮਸਾਲ, ਧਰਮ ਦਵਾਰਾ ਇਕੋ ਨਜ਼ਰੀ ਆਈਆ । ਚੁਰਾਸੀ ਵਿਚੋਂ ਜਮ ਕੀ ਫਾਸੀ ਵਿਚੋਂ ਜਗਤ ਦੀ ਉਦਾਸੀ ਵਿਚੋਂ ਕਰ ਕੇ ਬਹਾਲ, ਸਾਂਤਕ ਸਤਿ ਸਤਿ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫਲ ਲਗਾਇਆ ਤੇਰੇ ਕਾਇਆ ਜਗਤ ਵਾਲੇ ਡਾਲ, ਬੰਸ ਸਰਬੰਸ ਮਾਤਲੋਕ ਸੋਭਾ ਪਾਈਆ ।

## ੧੫ ਫੱਗਣ ਸ਼ਹਿਨਸ਼ਾਹੀ ਸੰਮਤ ੬ ਬਖ਼ਸ਼ੀਸ਼ ਸਿੰਘ ਦੇ ਗ੍ਰਿਹ ਪਿੰਡ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ

ਪੁਰਖ ਅਕਾਲ ਕਹੇ ਸੰਤ ਭਗਤ ਸੂਫ਼ੀ ਫ਼ਕੀਰ ਲਿਖੋ ਆਪਣੇ ਰੁੱਕੇ, ਬਿਨਾ ਅੱਖਰਾਂ ਨਿਰਅੱਖਰ ਧਾਰ ਜਣਾਈਆ । ਕੌਲ ਇਕਰਾਰ ਵਾਅਦਾ

ਕਰੋ ਸਾਡੇ ਪਿਛਲੇ ਪੈਂਡੇ ਮੁਕੇ, ਪੂਰਬ ਨਜ਼ਰ ਕੋਇ ਨਾ ਆਈਆ । ਦੀਨ ਮਜ਼੍ਹਬ ਦਾ ਭਾਰ ਕੋਇ ਨਾ ਚੁੱਕੇ, ਜ਼ਾਤ ਪਾਤ ਸੰਗ ਨਾ ਕੋਇ ਰਖਾਈਆ । ਨਾਮ ਕਲਮੇ ਵੰਡ ਵਿਚ ਕੋਇ ਨਾ ਦੁੱਖੇ, ਹਉਮੇ ਰੋਗ ਨਾ ਕੋਇ ਸਤਾਈਆ । ਮੰਜ਼ਲ ਵਿਚ ਬਣੇ ਕੋਈ ਨਾ ਉਚੇ, ਵੱਡਾ ਵਡ ਨਾ ਕੋਇ ਵਡਿਆਈਆ । ਸ਼ਰਅ ਦੇ ਰਿਹੋ ਮੂਲ ਨਾ ਭੁੱਖੇ, ਤ੍ਰਿਸ਼ਨਾ ਜਗਤ ਵਾਲੀ ਗਵਾਈਆ । ਧਰਮ ਨਿਸ਼ਾਨਿਉਂ ਕੋਇ ਨਾ ਉਕੇ, ਉਗਣ ਆਥਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸੂਫ਼ੀ ਸੰਤ ਫ਼ਕੀਰ ਭਗਤ ਲਿਖ ਕੇ ਦਿਉ ਆਪਣੀ ਪਾਤੀ, ਪੱਤਰਕਾ ਹੋਵੇ ਅਗੰਮ ਅਥਾਹੀਆ । ਸਤਿ ਧਰਮ ਦੇ ਸਾਰੇ ਬਣੋ ਸਾਥੀ, ਸਗਲਾ ਸੰਗ ਬਣਾਈਆ । ਇਕੋ ਨਾਮ ਦੇ ਬਣਨਾ ਪਾਠੀ, ਪੂਜਾ ਮਜ਼੍ਹਬ ਦੇਣੀ ਤਜਾਈਆ । ਇਕੋ ਨੂਰ ਦੀ ਬਣਨਾ ਜ਼ਾਤੀ, ਦੂਸਰ ਵੰਡ ਨਾ ਕੋਇ ਵੰਡਾਈਆ । ਝਗੜਾ ਛਡਣਾ ਕਾਗ਼ਜ਼ਾਤੀ, ਹਉਮੇ ਹੰਗਤਾ ਦੇਣੀ ਮਿਟਾਈਆ । ਸਭ ਨੇ ਆਪਣੇ ਆਪ ਦੀ ਕਰਨੀ ਆਜ਼ਾਦੀ, ਬੰਧਨ ਸ਼ਰਅ ਨਾ ਕੋਇ ਰਖਾਈਆ । ਇਕੋ ਸਤਿਗੁਰ ਸ਼ਬਦ ਮੰਨਣਾ ਅਨਾਦੀ, ਨਾਮ ਧੁਨ ਇਕ ਸ਼ਨਵਾਈਆ । ਸੰਦੇਸ਼ਾ ਸੁਣਨਾ ਬੋਧ ਅਗਾਧੀ, ਬੁੱਧੀ ਤੋਂ ਪਰੇ ਨਾਮ ਪੜ੍ਹਾਈਆ । ਸਚਖੰਡ ਦਵਾਰੇ ਸਭ ਨੇ ਹੋਣਾ ਰਾਜ਼ੀ, ਰਾਜ਼ਕ ਰਿਜ਼ਕ ਰਹੀਮ ਦਇਆ ਕਮਾਈਆ । ਅੱਗੇ ਵਾਸਤੇ ਲੇਖਾ ਰੱਖਿਉ ਪੰਡਤ ਮੁੱਲਾਂ ਸ਼ੇਖ਼ ਕੋਇ ਨਾ ਕਾਜ਼ੀ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਇਕੋ ਇਕ ਸੁਣਨਾ ਸੰਦੇਸ਼ਾ ਅਗੰਮ ਆਵਾਜ਼ੀ, ਤੁਰੀਆ ਤੋਂ ਪਰੇ ਤੁਰਤ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸੂਫ਼ੀ ਸੰਤ ਫ਼ਕੀਰ ਬਿਨਾ ਕਲਮ ਸ਼ਾਹੀ ਤੋਂ ਲਿਖੋ ਚਿੱਠੀ, ਹਰਫ਼ ਹਰੂਫ਼ ਨਾ ਕੋਇ ਲਿਖਾਈਆ । ਝਗੜਾ ਛਡਣਾ ਪੱਥਰ ਇੱਟੀ, ਪਾਹਨ ਰੰਗ ਨਾ ਕੋਇ ਰੰਗਾਈਆ । ਵਡਿਆਈ ਦਿਸੇ ਨਾ ਪੰਜ ਤਤ ਖ਼ਾਕ ਮਿੱਟੀ, ਕਾਇਆ ਬੁਤ ਨਾ ਕੋਇ ਚਤੁਰਾਈਆ । ਸਾਰੇ ਮਿਲ ਕੇ ਸਰਗੁਣ ਨਿਰਗੁਣ ਦੂਆ ਏਕਾ ਬਣਾਓ ਇੱਕੀ, ਅੰਤਮ ਏਕੰਕਾਰ ਵਿਚ ਸਮਾਈਆ । ਮਾਨਵ ਜ਼ਾਤੀ ਹੋਏ ਧਰਮ ਦੀ ਸਿੱਖੀ, ਸਿੱਖ ਸਤਿ ਰੂਪ ਦਰਸਾਈਆ । ਸੁਰਤੀ ਸਭ ਦੀ ਹੋਵੇ ਟਿਕੀ, ਇਸ਼ਟ ਪੁਰਖ ਅਕਾਲ ਜਣਾਈਆ । ਸਾਰੇ ਲਿਖੋ ਮਨਜ਼ੂਰ ਹਾਹੇ ਉਤੇ ਟਿੱਪੀ, ਹੰ ਬ੍ਰਹਮ ਚਤੁਰਾਈਆ । ਸੋ ਧਾਰ ਲਿਖੋ ਅਨਡਿਠੀ, ਜਿਸ ਦੀ ਸਮਝ ਕੋਇ ਨਾ ਪਾਈਆ । ਪੰਦਰਾਂ ਫੱਗਣ ਯਾਦ ਰੱਖਣੀ ਮਿਤੀ, ਮਿੱਤਰ ਪਿਆਰਾ ਰਿਹਾ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਵਡਾ ਵਡ ਵਡਿਆਈਆ । ਪੁਰਖ ਅਕਾਲ ਕਹੇ ਸੰਤ ਸੂਫ਼ੀ ਫ਼ਕੀਰ ਲਿਖੋ ਆਪਣੀ ਆਸ਼ਾ, ਆਸ਼ਾ ਆਪਣੇ ਨਾਲ ਮਿਲਾਈਆ । ਜ਼ਿਮੀ ਅਸਮਾਨ ਤਕੋ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰਾਂ ਖੋਜ ਖੁਜਾਈਆ । ਫੇਰ ਕਰੋ ਇਕ ਭਰਵਾਸਾ, ਭਾਂਡਾ ਭਰਮ ਭੌ ਭੰਨਾਈਆ । ਦੀਨਾਂ ਮਜ਼੍ਹਬਾਂ ਵਾਲੇ ਸਾਰਾ ਛਡੋ ਇਲਾਕਾ, ਜ਼ਾਤਾਂ ਪਾਤਾਂ ਸੰਗ ਨਾ ਕੋਇ ਵਖਾਈਆ । ਪਿਆਰ ਮੁਹੱਬਤ ਵਿਚ ਕਰੋ ਇਤਫ਼ਾਕਾ, ਮੇਲ ਮੇਲਣਾ ਸਹਿਜ ਸੁਭਾਈਆ । ਲਿਖੋ ਸਭ ਦਾ ਇਕੋ ਪੁਰਖ ਅਕਾਲ ਪਿਤਾ ਮਾਤਾ, ਦੂਜੀ ਜੰਮਣ ਵਾਲੀ ਕੋਇ ਨਾ ਮਾਈਆ । ਜੋ ਏਥੇ ਓਥੇ ਦੋ ਜਹਾਨਾਂ ਰਾਖਾ, ਰੱਖਿਆ ਕਰੇ ਥਾਉਂ ਥਾਈਂਆ । ਉਹ ਪਰਗਟ ਹੋਵੇ ਪੁਰਖ ਸਮਰਾਥਾ, ਸਮਰਥ ਬੇਪਰਵਾਹੀਆ । ਜਿਸ ਦਾ ਸਿਫ਼ਤਾਂ ਵਿਚ ਅਵਤਾਰ ਪੈਗ਼ੰਬਰ ਗੁਰੂਆਂ ਗਾਇਆ ਭਵਿਖਤ ਵਾਕਾ, ਵਾਕਿਆ ਵੇਖੇ ਚਾਈਂ ਚਾਈਂਆ । ਮਾਣ ਰਹਿਣ ਦੇਵੇ ਨਾ ਕਿਸੇ ਅਵਤਾਰ ਪੈਗ਼ੰਬਰ ਗੁਰ ਜਗਤ ਦੇ ਚਾਚਾ, ਚਾਰੋਂ ਕੁੰਟ ਵੇਖ

੧੧੨੮ ੨੨

ਵਖਾਈਆ । ਜਨ ਭਗਤਾਂ ਬਣਕੇ ਦਾਸੀ ਦਾਸਾ, ਸੇਵਕ ਸੇਵਾ ਸਚ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲੇਖੇ ਲਾਵੇ ਸੂਫ਼ੀ ਸੰਤ ਫ਼ਕੀਰ ਭਗਤ ਅਰਦਾਸਾ, ਬੇਨੰਤੀ ਬੇਅੰਤ ਆਪਣੇ ਵਿਚ ਸਮਾਈਆ ।

✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੬ ਸਵਰਨ ਸਿੰਘ ਦੇ ਗ੍ਰਹਿ ਪਿੰਡ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ✪

ਭਗਤ ਸੰਤ ਸੂਫ਼ੀ ਫ਼ਕੀਰ ਦਿਉ ਬਿਆਨਾ, ਬਿਨ ਅੱਖਰਾਂ ਲੇਖ ਲਿਖਣਾ ਧੁਰਦਰਗਾਹੀਆ । ਸਭ ਦਾ ਇਸ਼ਟ ਹੋਵੇ ਇਕ ਵਿਸ਼ਨੂੰ ਭਗਵਾਨਾ, ਦੂਆ ਦੂਜਾ ਦੂਸਰ ਨਜ਼ਰ ਕੋਇ ਨਾ ਆਈਆ । ਆਦਿ ਪੁਰਖ ਅਪਰੰਪਰ ਸਵਾਮੀ ਹੋਵੇ ਇਕੋ ਕਾਹਨਾ, ਕਾਹਨ ਕ੍ਰਿਸ਼ਨ ਇਕੋ ਅਗੰਮ ਅਥਾਹੀਆ । ਧੁਰ ਦਾ ਰਾਮ ਰਾਮ ਹੋਵੇ ਮਹਾਨਾ, ਮਹਿਮਾ ਅਕਥ ਕਥੀ ਨਾ ਜਾਈਆ । ਜਿਸ ਦਾ ਰੂਪ ਅਨੂਪ ਹੋਏ ਬੇਪਹਿਚਾਨਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਉਸਦਾ ਇਕੋ ਸੋਹਲਾ ਗਾਣਾ, ਜੋ ਗਹਿਰ ਗੰਭੀਰ ਬੇਨਜ਼ੀਰ ਸ਼ਬਦ ਸ਼ਨਵਾਈਆ । ਖੇਲ ਕਰੇ ਏਥੇ ਓਥੇ ਦੋ ਜਹਾਨਾਂ, ਵਾਲੀ ਦੋ ਜਹਾਨ ਵਡ ਵਡਿਆਈਆ । ਸਤਿ ਸਤਿਵਾਦੀ ਜਿਸ ਦਾ ਹੋਵੇ ਤਰਾਨਾ, ਨਾਮ ਕਲਮੇ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸੂਫ਼ੀ ਸੰਤ ਫ਼ਕੀਰ ਭਗਤ ਲੇਖਾ ਲਿਖੇ ਧਰਮ ਇਬਾਰਤ, ਲਹਿਣਾ ਬਿਨ ਕਲਮ ਸ਼ਾਹੀਆ । ਮਜ਼੍ਹਬ ਦੀ ਰਹੇ ਨਾ ਕੋਇ ਸ਼ਰਾਰਤ, ਸ਼ਰਅ ਦਾ ਝਗੜਾ ਦੇਣਾ ਚੁਕਾਈਆ । ਨੂਰ ਨੁਰਾਨਾ ਸ਼ਾਹ ਸੁਲਤਾਨਾ ਅਗੰਮੀ ਚੰਦ ਵੇਖਣਾ ਵਿਚ ਭਾਰਤ, ਸਪਤਸ ਰਿਖ ਭਾਰਦਵਾਜ਼ ਦਏ ਗਵਾਹੀਆ । ਬ੍ਰਹਿਮੰਡਾਂ ਖੰਡਾਂ ਦਰੋਹੀ ਫੇਰੇ ਉਠ ਉਠ ਨਾਰਦ, ਨਿਰਗੁਣ ਧਾਰ ਲਏ ਅੰਗੜਾਈਆ । ਸਭ ਦਾ ਮਾਲਕ ਹੋਵੇ ਇਕੋ ਵਾਰਸ, ਵਸਲ ਇਕੋ ਦਏ ਵਖਾਈਆ । ਅਵਤਾਰ ਪੈਗ਼ੰਬਰ ਗੁਰੂਆਂ ਰਹੇ ਨਾ ਕੋਇ ਸਫ਼ਾਰਸ਼, ਸਫਾ ਸਭ ਦੀ ਦਏ ਚੁਕਾਈਆ । ਸਚ ਨਾਮ ਦੀ ਲਏ ਕੋਇ ਨਾ ਆੜ੍ਹਤ, ਜਗਤ ਧੜਤ ਨਾ ਕੋਇ ਧੜਵਾਈਆ । ਇਕੋ ਹੁਕਮ ਸੰਦੇਸ਼ਾ ਸ੍ਰੀ ਭਗਵਾਨ ਹੋਵੇ ਮਾਰਫ਼ਤ, ਮਹਿਬੂਬ ਇਕੋ ਰੰਗ ਰੰਗਾਈਆ । ਅੱਖਰਾਂ ਵਾਲਾ ਰਹੇ ਕੋਇ ਨਾ ਆਰਫ਼, ਉਲਫ਼ਤ ਜਗਤ ਨਾ ਕੋਇ ਵਡਿਆਈਆ । ਸੰਦੇਸ਼ਿਆਂ ਵਾਲਾ ਲਿਖਣਾ ਪਏ ਕੋਇ ਨਾ ਕਾਰਡ, ਹਰਫ਼ ਹਰੂਫ਼ ਨਾ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸ਼ਬਦ ਸ਼ਬਦ ਸਤਿਗੁਰ ਦੋ ਜਹਾਨਾਂ ਬਣੇ ਲਾਰਡ, ਲਾ ਇਕੋ ਇਕ ਰਖਾਈਆ ।

✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੬ ਸੰਪੂਰਨ ਕੌਰ ਦੇ ਗ੍ਰਹਿ ਪਿੰਡ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ✪

ਸੰਤ ਭਗਤ ਸੂਫ਼ੀ ਫ਼ਕੀਰ ਦਿਉ ਆਪਣਾ ਇਕਬਾਲ, ਕਿਬਲੇ ਅਜ਼ ਹੁਕਮ ਬੇਪਰਵਾਹੀਆ । ਪੁਰਖ ਅਕਾਲ ਸਭ ਦੀ ਸਾਂਝੀ ਕਰ ਧਰਮਸਾਲ,

ਦਵਾਰਾ ਇਕੋ ਇਕ ਵਡਿਆਈਆ । ਜਿਥੇ ਵਸਤ ਮਿਲੇ ਨਾਮ ਤੇਰਾ ਧਨ ਮਾਲ, ਖ਼ਜ਼ਾਨਾ ਅਗੰਮ ਅਥਾਹ ਵਰਤਾਈਆ । ਦੀਨ ਮਜ਼੍ਹਬ ਦਾ ਰਹੇ ਨਾ ਕੋਇ ਸਵਾਲ, ਜਵਾਬੀ ਮੰਗ ਨਾ ਕੋਇ ਮੰਗਾਈਆ । ਜ਼ਮਾਨਾ ਬਦਲ ਦੇ ਹਾਲ, ਹਾਲਤ ਵੇਖ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਸੰਤ ਭਗਤ ਸੂਫ਼ੀ ਲਿਖੇ ਆਪਣੀ ਅਗੰਮ ਤਮੰਨਾ, ਆਸ਼ਾ ਦਿਓ ਦ੍ਰਿੜਾਈਆ । ਸਾਰੇ ਕਹੋ ਪ੍ਰਭੂ ਪੂਰਾ ਕਰ ਦੇ ਗੋਬਿੰਦ ਵਾਲਾ ਕੰਨਾ, ਜਿਸ ਨੂੰ ਕਾਇਨਾਤ ਸਮਝ ਸਕਿਆ ਕੋਇ ਨਾ ਰਾਈਆ । ਦੀਨ ਮਜ਼੍ਹਬ ਦਾ ਮੇਟ ਦੇ ਬੰਨਾ, ਬਨਾਵਟ ਕੂੜ ਨਾ ਕੋਇ ਰਖਾਈਆ । ਇਕੋ ਰੰਗ ਰੰਗਾ ਦੇ ਕਾਇਆ ਮਾਟੀ ਤਨਾ, ਤਨ ਵਜੂਦ ਵੱਜੇ ਵਧਾਈਆ । ਤੇਰਾ ਤੇਰੇ ਹੱਥ ਸਮਾਂ, ਸਚ ਸਵਾਮੀ ਤੇਰੀ ਓਟ ਤਕਾਈਆ । ਅੱਗੇ ਵਕਤ ਰਹੇ ਨਾ ਲੰਮਾ, ਡੰਡਾਵਤ ਵਿਚ ਬੈਠੇ ਸੀਸ ਨਿਵਾਈਆ । ਝਗੜਾ ਪੈਣਾ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜ਼ਾਤ ਪਾਤ ਦੀ ਸਭ ਦੇ ਅੰਦਰੋਂ ਕਢ ਦੇ ਤਮ੍ਹਾ, ਲਾਲਚ ਜਗਤ ਜਹਾਨ ਰਹੇ ਨਾ ਰਾਈਆ ।

### ✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੬ ਕਰਨੈਲ ਸਿੰਘ ਦੇ ਗ੍ਰਹਿ ਪਿੰਡ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ✪



ਸੂਫ਼ੀ ਸੰਤ ਫ਼ਕੀਰ ਭਗਤ ਆਪਣੀ ਆਖ਼ਰ ਦਿਓ ਸਲਾਹ, ਮਸ਼ਵਰਾ ਮੁਸ਼ਤਰਕਾ ਇਕ ਬਣਾਈਆ । ਜਿਸ ਦਾ ਇਕੋ ਮੇਰਾ ਸ਼ਬਦ ਗੁਰੂ ਹੋਵੇ ਗਵਾਹ, ਦੂਜੀ ਸ਼ਹਾਦਤ ਨਾ ਕੋਇ ਭੁਗਤਾਈਆ । ਇਕੋ ਮੰਨਣਾ ਸਭ ਨੇ ਧਰਮ ਮਲਾਹ, ਬੇੜਾ ਇਕੋ ਹੱਥ ਫੜਾਈਆ । ਤੂੰ ਮੇਰਾ ਮੈਂ ਤੇਰਾ ਕਹਿ ਕੇ ਕਰਨਾ ਵਾਹ ਵਾਹ, ਵਾਹਵਾ ਤੇਰੀ ਬੇਪਰਵਾਹੀਆ । ਰਾਮ ਕ੍ਰਿਸ਼ਨ ਓਮ ਅੱਲਾ ਵਾਹਿਗੁਰੂ ਗਾਡ ਇਕੋ ਸਮਝਣਾ ਖ਼ੁਦਾ, ਖ਼ੁਦੀ ਖ਼ੁਦਗ਼ਰਜ਼ ਨਾ ਕੋਇ ਰਖਾਈਆ । ਅੱਗੇ ਵਾਸਤੇ ਬਣੇ ਨਾ ਕਦੇ ਕੋਇ ਜੁਜ਼ਾ, ਹਿੱਸਾ ਜੁਜ਼ ਵੰਡ ਨਾ ਕੋਇ ਵੰਡਾਈਆ । ਇਕ ਮਹਿਬੂਬ ਮੰਨਣਾ ਦਿਲਰੁਬਾ, ਮੁਹੱਬਤ ਮਿਹਰ ਨਾਲ ਮਿਲਾਈਆ । ਦੀਨ ਮਜ਼੍ਹਬ ਦੀ ਕਿਸੇ ਵਿਚ ਰਹੇ ਨਾ ਕੋਇ ਅਦਾ, ਅਦਾਲਤੀ ਹੁਕਮ ਸੁਣਨਾ ਚਾਈਂ ਚਾਈਂਆ । ਪਿਛਲੀ ਨੂੰ ਪਿਛੇ ਕਹਿ ਦਿਓ ਅਲਵਿਦਾ, ਅੰਤ ਆਪਣੀ ਅੱਖ ਉਠਾਈਆ । ਅਗਲਾ ਮਾਰਗ ਸਭ ਦਾ ਹੋਵੇ ਸਿੱਧਾ, ਸੁਧ ਆਪਣੀ ਇਕ ਜਣਾਈਆ । ਧੁਰ ਨਾਮ ਕਲਮੇ ਵਿਚ ਅੰਤਰ ਜਾਏ ਵਿਧਾ, ਵਿਦਿਆ ਇਕੋ ਦਏ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਸੂਫ਼ੀ ਸੰਤ ਫ਼ਕੀਰ ਭਗਤ ਲਿਖੇ ਇਕੋ ਅਗੰਮਾ ਭਾਗ, ਭਗਵਨ ਦਏ ਜਣਾਈਆ । ਇਕੋ ਨੂਰੀ ਜੋਤ ਤਕੋ ਚਰਾਗ਼, ਜੋ ਚਰਾਗਾਹਾਂ ਕਰੇ ਰੁਸ਼ਨਾਈਆ । ਜਿਸ ਕਲਜੁਗ ਕੂੜੀ ਕਿਰਿਆ ਧੋਣਾ ਦਾਗ਼, ਦੁਰਮਤ ਮੈਲ ਕਰੇ ਸਫ਼ਾਈਆ । ਸਭ ਦਾ ਸਾਂਝਾ ਕਰਨਾ ਸਮਾਜ, ਸਮਗਰੀ ਆਪਣਾ ਨਾਮ ਵਰਤਾਈਆ । ਕਾਇਆ ਗ੍ਰਹਿ ਮੰਦਰ ਘਰ ਸਭ ਨੂੰ ਕਰ ਕੇ ਆਬਾਦ, ਇਬਾਦਤ ਇਕੋ ਦਏ ਦ੍ਰਿੜਾਈਆ । ਹਾਜ਼ਰ ਹਜ਼ੂਰ ਹਜ਼ਰਤ ਬਣ ਜ਼ਨਾਬ, ਜਨਾਬੇਆਲੀ ਆਲੀਸ਼ਾਨ ਆਪਣਾ ਗ੍ਰਹਿ ਵਖਾਈਆ । ਜਿਥੇ ਪੜ੍ਹਨੀ ਨਾ ਪਏ ਕੋਇ ਕਿਤਾਬ, ਕੁਤਬਖ਼ਾਨਾ ਨਜ਼ਰ ਕੋਇ ਨਾ ਆਈਆ । ਇਕੋ ਸੱਯਦਾ ਦੱਸੇ ਆਦਾਬ, ਡੰਡਾਵਤ ਬੰਦਨਾ ਇਕ ਦ੍ਰਿੜਾਈਆ । ਇਕੋ ਮਹਿਬੂਬ ਮਿਲੇ ਅਹਿਬਾਬ,

੧੧੩੦ ੨੨

ਮੁਹੱਬਤ ਪੈ ਦਰ ਪੈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਰਗ ਰਸਤਾ ਦੱਸੇ ਇਕੋ ਵਾਹਿਦ, ਵਾਹਿਦੇ ਸਭ ਦੇ ਪੂਰ ਕਰਾਈਆ ।

## ✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੬ ਬੂੜ ਸਿੰਘ ਦੇ ਗ੍ਰਿਹ ਪਿੰਡ ਕਾਦਰਾਬਾਦ ਅੰਮ੍ਰਿਤਸਰ ✪

ਸੰਤ ਭਗਤ ਫ਼ਕੀਰ ਸੂਫ਼ੀ ਸੁਣੇ ਅਗੰਮ ਕਲਾਮ, ਫ਼ਰਮਾਨਾ ਧੁਰਦਰਗਾਹੀਆ । ਸਭ ਨੇ ਮੰਨਣਾ ਇਕ ਅਮਾਮ, ਨਿਰਗੁਣ ਨਿਰਵੈਰ ਨੂਰ ਇਲਾਹੀਆ । ਸ਼ਰਅ ਦਾ ਰਹੇ ਨਾ ਕੋਇ ਗ਼ੁਲਾਮ, ਬੰਧਨ ਜਗਤ ਦੇਣੇ ਤੁੜਾਈਆ । ਪਿਆਰ ਮੁਹੱਬਤ ਦਾ ਨਾਤਾ ਰੱਖਣਾ ਨਾਲ ਅਵਾਮ, ਅਮਲ ਦੱਸਣਾ ਸਹਿਜ ਸੁਖਦਾਈਆ । ਮਜ਼੍ਹਬ ਦਾ ਕਰੇ ਨਾ ਕੋਇ ਜਰਾਇਮ, ਮੁਜਰਮ ਰੂਪ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸੂਫ਼ੀ ਸੰਤ ਫ਼ਕੀਰ ਭਗਤ ਇਕੋ ਕਰਨੀ ਬੰਦਨਾ, ਬੰਦਗੀ ਇਕ ਜਣਾਈਆ । ਬਿਨਾ ਪੁਰਖ ਅਕਾਲ ਤੋਂ ਦਰ ਕੋਈ ਨਹੀਂ ਮੰਗਣਾ, ਭਿਖਾਰੀ ਰੂਪ ਨਾ ਕੋਇ ਵਖਾਈਆ । ਸਚ ਹੁਕਮ ਦੀ ਕਰੇ ਨਾ ਕੋਇ ਉਲੰਘਣਾ, ਭੈ ਭੌ ਨਾਲ ਦ੍ਰਿੜਾਈਆ । ਪਿਛਲਾ ਲੇਖਾ ਸਭ ਨੂੰ ਪੈਣਾ ਛਡਣਾ, ਕਲਜੁਗ ਅੰਤਮ ਪੰਧ ਮੁਕਾਈਆ । ਧਰਮ ਨਿਸ਼ਾਨਾ ਧਰਮ ਦਵਾਰੇ
੧੧੩੧ ਇਕੋ ਗੱਡਣਾ, ਸਚ ਧਰਮ ਦੀ ਧਾਰ ਇਕ ਝੁਲਾਈਆ । ਸਤਿਜੁਗ ਸਾਚਾ ਸਤਿ ਸਤਿਵਾਦੀ ਹੋ ਕੇ ਲੱਗਣਾ, ਲਾਗਤ ਕੀਮਤ ਨਾ ਕੋਇ ਰਖਾਈਆ । ੧੧੩੧
੨੨ ਜਿਨ੍ਹਾਂ ਭਗਤਾਂ ਭਗਵਾਨ ਦਾ ਪਰਿਵਾਰ ਹੋ ਕੇ ਵਧਣਾ, ਵਾਧਾ ਆਪਣੇ ਹੱਥ ਰਖਾਈਆ । ਪੂਰਬ ਲੇਖਾ ਜਗਤ ਜਗਿਆਸੂਆਂ ਮੂਲ ਨਾ ਲੱਭਣਾ, ਖੋਜਿਆਂ ੨੨
ਹੱਥ ਕੁਛ ਨਾ ਆਈਆ । ਇਕੋ ਨਾਮ ਦਮਾਮਾ ਵੱਜਣਾ, ਡੰਕਾ ਧੁਰਦਰਗਾਹੀਆ । ਇਕੋ ਦੀਪਕ ਜੋਤ ਜਗਣਾ, ਦੋ ਜਹਾਨਾਂ ਕਰੇ ਰੁਸ਼ਨਾਈਆ । ਇਕੋ ਤਖ਼ਤ ਨਿਵਾਸੀ ਸਜਣਾ, ਸਚਖੰਡ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੂਰਾ ਸਰਬੰਗਣਾ, ਯੋਧਾ ਯੁਧ ਤੋਂ ਬਾਹਰ ਇਕੋ ਨਜ਼ਰੀ ਆਈਆ ।

## ✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੬ ਅਮਰਾਓ ਸਿੰਘ ਦੇ ਗ੍ਰਿਹ ਪਿੰਡ ਬਲ ਜ਼ਿਲਾ ਗੁਰਦਾਸ ਪੁਰ ✪

ਸੰਤ ਭਗਤ ਸੂਫ਼ੀ ਫ਼ਕੀਰ, ਫ਼ਿਕਰਾ ਨਾਮ ਕਲਮਾ ਇਕੋ ਲੈਣਾ ਗਾਈਆ । ਸ਼ਰਅ ਸ਼ਰੀਅਤ ਤੋੜ ਜ਼ੰਜੀਰ, ਜ਼ਾਹਰ ਜ਼ਹੂਰ ਮੰਨਣਾ ਬੇਪਰਵਾਹੀਆ । ਜਿਸ ਵਿਚ ਬਦਲ ਜਾਏ ਸਰਬ ਤਕਦੀਰ, ਤਦਬੀਰ ਇਕੋ ਲੈਣੀ ਅਪਣਾਈਆ । ਉਠ ਕੇ ਹੋਕਾ ਦੇ ਕਬੀਰ, ਕਾਅਬਿਆਂ ਤੋਂ ਬਾਹਰ ਦੇ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਅਗੰਮੀ ਪੀਰ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਹੁਕਮ ਸੁਣਾਈਆ । ਜਿਥੇ ਮੇਲਾ ਹੋਵੇ ਸ਼ਾਹ ਹਕੀਰ, ਰਾਓ ਰੰਕ ਮਿਲੇ ਵਡਿਆਈਆ । ਅੰਮ੍ਰਿਤ ਬਖ਼ਸ਼ੇ ਠੰਡਾ ਸੀਰ, ਨੀਰ ਨਰ ਨਰਾਇਣ ਨਿਝਰ ਧਾਰ ਚੁਆਈਆ । ਦੀਨ ਦੁਨੀ ਦੀ ਬਦਲ ਜਾਏ ਜ਼ਮੀਰ, ਜ਼ੱਰਾ ਜ਼ੱਰਾ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ,

ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਚ ਸੰਦੇਸ਼ਾ ਇਕ ਸੁਣਾਈਆ । ਸੰਤ ਭਗਤ ਫ਼ਕੀਰ ਸੂਫ਼ੀ ਕਰੋ ਇਕ ਇਰਾਦਾ, ਵਿਸ਼ਵਾਸ਼ ਵਿਸ਼ਵ ਦਾ ਇਕ ਜਣਾਈਆ । ਸ਼ਬਦ ਨਾਮ ਧੁਨ ਸੁਣੋ ਅਨਾਦਾ, ਅਨੁਰਾਗੀ ਆਪ ਜਣਾਈਆ । ਭੇਵ ਅਭੇਦਾ ਖੋਲ੍ਹੋ ਬੋਧ ਅਗਾਧਾ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਸਤਿ ਧਰਮ ਵਿਚ ਕੋਇ ਨਾ ਹੋਵੇ ਅਲਾਹਿਦਾ, ਦੀਨ ਮਜ਼੍ਹਬ ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਸ਼ਾਹੋ ਭੂਪ ਪੁਰਖ ਅਕਾਲਾ ਇਕੋ ਮੰਨਣਾ ਰਾਜਨ ਰਾਜਾ, ਜੋ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸੂਫ਼ੀ ਫ਼ਕੀਰ ਰਈਅਤ ਰਿਹਾ ਬਣਾਈਆ । ਉਸ ਦਾ ਖੇਲ ਤਕਣਾ ਨਿਰਗੁਣ ਸਰਗੁਣ ਦੇਸ ਮਾਝਾ, ਮਜਲਸ ਭਗਤਾਂ ਨਾਲ ਲਗਾਈਆ । ਜਿਸ ਦਾ ਹੁਜਰਾ ਹੱਕ ਮਹਿਬੂਬ ਵਾਲਾ ਮੁਹੱਬਤ ਮਿਲੇ ਕਾਇਆ ਕਾਅਬਾ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਏਕਾ ਨਿਰਗੁਣ ਨੂਰ ਜੋਤ ਕਰੇ ਪ੍ਰਕਾਸ਼ਾ, ਅੰਧੇਰ ਅੰਧ ਅਗਿਆਨ ਦਏ ਮਿਟਾਈਆ । ਇਕੋ ਨਾਮ ਜਣਾਏ ਸਵਾਸ ਸਵਾਸਾ, ਚਾਰ ਵਰਨ ਅਠਾਰਾਂ ਬਰਨ ਇਕੋ ਰੰਗ ਰੰਗਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਸਭ ਦਾ ਇਕੋ ਪਿਤਾ ਇਕੋ ਮਾਤਾ, ਦੂਸਰ ਜਨਣੀ ਨਜ਼ਰ ਕੋਇ ਨਾ ਆਈਆ । ਜਿਸ ਦੀ ਚਾਰ ਜੁਗ ਦੇ ਸ਼ਾਸਤਰ ਗਾਉਂਦੇ ਗਾਥਾ, ਅਵਤਾਰ ਪੈਗ਼ੰਬਰ ਗੁਰੂ ਸਿਫ਼ਤਾਂ ਵਿਚ ਗਏ ਸਾਲਾਹੀਆ । ਸੋ ਪਰਵਰਦਿਗਾਰਾ ਹਰਿ ਨਿਰੰਕਾਰਾ ਸਰਬ ਕਲਾ ਸਮਰਾਥਾ, ਖ਼ਾਲਕ ਖ਼ਲਕ ਆਪਣੀ ਖੇਲ ਕਰਾਈਆ । ਸੂਫ਼ੀ ਸੰਤ ਫ਼ਕੀਰ ਭਗਤ ਜਨ ਇਕੋ ਚਰਨ ਕਵਲ ਇਸ਼ਟ ਦੇਵ ਪੁਰਖ ਅਕਾਲ ਟੇਕਿਓ ਮਾਥਾ, ਮਸਤਕ ਅਵਰ ਨਾ ਕਿਸੇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਲੱਖ ਚੁਰਾਸੀ ਆਤਮ ਪਰਮਾਤਮ ਪਰਮ ਪੁਰਖ ਹੋ ਕੇ ਰਾਜਾ, ਪਾਰਬ੍ਰਹਮ ਬ੍ਰਹਮ ਆਪਣਾ ਵੇਸ ਵਟਾਈਆ ।

### ੧੯ ਫੱਗਣ ਸ਼ਹਿਨਸ਼ਾਹੀ ਸੰਮਤ ੬ ਮੱਸਾ ਸਿੰਘ ਦੇ ਗ੍ਰਹਿ ਪਿੰਡ ਬਲ ਜ਼ਿਲਾ ਗੁਰਦਾਸ ਪੁਰ

ਸੂਫ਼ੀ ਸੰਤ ਫ਼ਕੀਰ ਭਗਤ ਪਿਛਲੀ ਤਕੋ ਆਪਣੀ ਕਰਨੀ, ਹਰਿ ਕਰਤਾ ਆਪ ਦ੍ਰਿੜਾਈਆ । ਕਲਮ ਸ਼ਾਹੀ ਲੇਖ ਲੇਖਣੀ ਤਕੋ ਪੜ੍ਹਨੀ, ਕੀ ਸਿਫ਼ਤਾਂ ਵਿਚ ਕੀਤੀ ਸਾਲਾਹੀਆ । ਕੀ ਵੰਡ ਵੰਡਾਈ ਵਰਨੀ ਬਰਨੀ, ਜ਼ਾਤਾਂ ਪਾਤਾਂ ਸੋਭਾ ਪਾਈਆ । ਅੰਤ ਇਕ ਦੇ ਲੱਗੇ ਚਰਨੀ, ਚਰਨੋਦਕ ਪੀ ਕੇ ਖ਼ੁਸ਼ੀ ਬਣਾਈਆ । ਸਭ ਦੀ ਇਕੋ ਅੱਖ ਨੇਤਰ ਹਰਨੀ ਫਰਨੀ, ਅੰਦਰ ਵੰਡ ਨਾ ਕੋਇ ਵੰਡਾਈਆ । ਧਾਰ ਜਾਣਨੀ ਚੋਟੀ ਜੜ੍ਹਨੀ, ਪੜਦਾ ਓਹਲਾ ਆਪ ਰਖਾਈਆ । ਪੁਰਖ ਅਕਾਲ ਦੀਨ ਦਿਆਲ ਅੱਗੇ ਆਪਣੀ ਕਰਨੀ ਕਰਨੀ, ਹਰਿ ਕਰਤਾ ਸਰਬ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਸੂਫ਼ੀ ਸੰਤ ਫ਼ਕੀਰ ਭਗਤ ਵੇਖੋ ਆਪਣੀ ਭਗਤ ਪੁਰਾਣੀ, ਵੇਦ ਪੁਰਾਣ ਦੇਣ ਗਵਾਹੀਆ । ਆਪਣੀ ਰਸਨਾ ਜਿਹਵਾ ਵਾਲੀ ਤਕੋ ਬਾਣੀ, ਜੋ ਰਾਗਾਂ ਨਾਦਾਂ ਵਿਚ ਕੀਤੀ ਸ਼ਨਵਾਈਆ । ਆਪਣੇ ਜਨਮ ਜਨਮ ਦੀ ਵੇਖੋ ਖਾਣੀ, ਗ੍ਰਹਿ ਗ੍ਰਹਿ ਪਰਦਾ ਫੋਲ ਫੁਲਾਈਆ । ਆਪਣੇ ਮਜ਼੍ਹਬ ਦੀ ਦੱਸੋ ਨਿਸ਼ਾਨੀ, ਨਿਸ਼ਾਨਾ ਦਿਓ ਪਰਗਟਾਈਆ । ਆਪਣੇ ਜੀਵਣ ਦੀ ਦੱਸੋ ਕਹਾਣੀ, ਕਿਸ ਬਿਧ ਆਪਣਾ ਝਟ ਲੰਘਾਈਆ । ਮਿਹਰਵਾਨ ਮਹਿਬੂਬ ਅੱਗੇ ਤੱਕਿਓ ਬਣਿਆ ਅਗੰਮਾ ਦਾਨੀ, ਵਸਤ

ਅਮੋਲਕ ਆਪ ਵਰਤਾਈਆ । ਝਗੜਾ ਮੇਟ ਜ਼ਿਮੀਂ ਅਸਮਾਨੀ, ਦੋ ਜਹਾਨਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਸੰਤ ਭਗਤ ਸੂਫ਼ੀ ਜਨ ਭਗਤ ਵੇਖੇ ਖੇਲ ਹਰਿ ਅਗੰਮਾ, ਜਿਸ ਦੀ ਆਗਮਨ ਵਿਚ ਬੈਠੇ ਧਿਆਨ ਲਗਾਈਆ । ਜਗਤ ਦੀ ਧਾਰ ਬਦਲ ਦਏ ਸਮਾਂ, ਸਮਾਪਤ ਕਰੇ ਕੂੜ ਲੋਕਾਈਆ । ਝਗੜਾ ਮੇਟੇ ਕਾਇਆ ਚੰਮਾ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਮਜ਼੍ਹਬ ਦੀ ਰਹਿਣ ਦੇਵੇ ਕੋਈ ਨਾ ਤਮਾਂ, ਤਾਮਸ ਤ੍ਰਿਖਾ ਦਏ ਗਵਾਈਆ । ਸਾਚਾ ਮਾਰਗ ਲਾ ਦੇ ਨਵਾਂ, ਨਵ ਨੌਂ ਚਾਰ ਦਾ ਰੂਪ ਬਦਲਾਈਆ । ਚਾਰ ਕੁੰਟ ਦਹਿ ਦਿਸ਼ਾ ਨਵ ਸੱਤ ਰਹਿਣ ਦੇਵੇ ਕੋਈ ਨਾ ਬੰਨਾ, ਬਾਣ ਅਣਿਆਲਾ ਤੀਰ ਚਲਾਈਆ । ਲੇਖਾ ਵੇਖੇ ਚੌਦਾਂ ਸੌ ਤੀਸ ਅੰਕ ਦਾ ਪੰਨਾ, ਜਿਸ ਦੀ ਪਨਿਸ਼ਮੇਂਟ ਵਿਚ ਦਿਸੇ ਸਰਬ ਲੋਕਾਈਆ । ਗੋਬਿੰਦ ਦੀ ਸ਼ਬਦ ਗੁਰੂ ਦੀ ਧਾਰ ਕੰਨਾ, ਕਾਇਨਾਤ ਦਾ ਪਰਦਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਅਗੰਮ ਭੰਡਾਰ ਸਚ ਵਸਤ ਨਾਮ ਧਨਾ, ਧਨਾਢ ਆਪਣੀ ਦਇਆ ਕਮਾਈਆ ।

### ੧੯ ਫੱਗਣ ਸ਼ਹਿਨਸ਼ਾਹੀ ਸੰਮਤ ੬ ਮੋਹਣ ਸਿੰਘ ਦੇ ਗ੍ਰਹਿ ਪਿੰਡ ਤਾਰਾ ਚੱਕ ਜ਼ਿਲਾ ਗੁਰਦਾਸ ਪੁਰ



ਭਗਤ ਸੰਤ ਸੂਫ਼ੀ ਫ਼ਕੀਰ ਲਿਖੇ ਇਕਰਾਰਨਾਮਾ, ਜਗਤ ਹਰਫ਼ ਨਾ ਕੋਇ ਲਿਖਾਈਆ । ਸਭ ਨੇ ਇਕੋ ਇਸ਼ਟ ਮੰਨਣਾ ਸ੍ਰੀ ਭਗਵਾਨਾ, ਆਦਿ ਅੰਤ ਦਾ ਮਾਲਕ ਜੋ ਧੁਰਦਰਗਾਹੀਆ । ਇਕੋ ਨਾਮ ਕਲਮਾ ਪੜ੍ਹਨਾ ਕਲਾਮਾ, ਇਕੋ ਸ਼ਬਦੀ ਸ਼ਬਦੀ ਢੋਲਾ ਗਾਈਆ । ਇਕੋ ਘਰ ਗ੍ਰਹਿ ਕਰਨਾ ਬਿਸਰਾਮਾ, ਵੱਖਰੀ ਵੰਡ ਨਾ ਕੋਇ ਵੰਡਾਈਆ । ਇਕੋ ਮੰਨਣਾ ਅੰਤਰਜਾਮਾ, ਨਿਰਗੁਣ ਨਿਰਾਕਾਰ ਨਿਰੰਕਾਰ ਧਿਆਨ ਲਗਾਈਆ । ਸ਼ਰਅ ਦਾ ਰਹੇ ਨਾ ਕੋਇ ਗ਼ੁਲਾਮਾ, ਮਜ਼੍ਹਬ ਦਾ ਬੰਧਨ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸੂਫ਼ੀ ਫ਼ਕੀਰ ਸੰਤ ਭਗਤ ਸਾਰੇ ਖੋਲ੍ਹੋ ਅੱਖ, ਬਿਨ ਅੱਖਾਂ ਵੇਖ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਨਿਰਗੁਣ ਨੂਰ ਤਕੋ ਪ੍ਰਤਖ, ਪਾਰਬ੍ਰਹਮ ਪ੍ਰਭ ਨਜ਼ਰੀ ਆਈਆ । ਕਿਉਂ ਦੀਨਾਂ ਮਜ਼੍ਹਬਾਂ ਕੀਤਾ ਵੱਖ, ਕਲਮੇ ਨਾਮ ਵੰਡ ਵੰਡਾਈਆ । ਮੇਰਾ ਆਦਿ ਦਾ ਇਕੋ ਜਸ, ਅੰਤ ਦੀ ਸਿਫ਼ਤ ਇਕ ਸਮਝਾਈਆ । ਸਾਰੇ ਮਾਣੋ ਇਕ ਰਸ, ਰਸਤਾ ਇਕੋ ਬੇਪਰਵਾਹੀਆ । ਪਿਛਲੀ ਕਰਨੀ ਦੀ ਹੋਵੇ ਬਸ, ਬਸਤਾ ਸਭ ਦਾ ਦਏ ਬੰਧਾਈਆ । ਅੱਗੇ ਖੇਲ ਪੁਰਖ ਸਮਰਥ, ਹਰਿ ਕਰਤਾ ਆਪ ਦ੍ਰਿੜਾਈਆ । ਨਾਮ ਨਿਧਾਨ ਨੌਜਵਾਨ ਨਿਰਗੁਣ ਧਾਰ ਡੋਰੀ ਪਾਵੇ ਨੱਥ, ਸਤਿ ਸਰੂਪੀ ਧੁਰ ਦੀ ਗੰਢ ਪਵਾਈਆ । ਸ਼ਬਦੀ ਸ਼ਬਦ ਜਣਾਏ ਮਹਿਮਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਕਲਜੁਗ ਵਿਚ ਸਤਿਜੁਗ ਚਲਾਉਣਾ ਰਥ, ਰਥ ਰਥਵਾਹੀ ਹੋ ਕੇ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਸੰਤ ਸੂਫ਼ੀ ਫ਼ਕੀਰ ਦੀਨ ਮਜ਼੍ਹਬ ਵਿਚ ਰਹਿਣ ਨਾ ਦੇਵੇ ਵੱਖ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਧੁਰ ਦਾ ਮੇਲ ਮਿਲਾਏ ਸਹਿਜ ਸੁਭਾਈਆ ।

## ✪ ੧੬ ਫੱਗਣ ਸ਼ਹਿਨਸ਼ਾਹੀ ਸੰਮਤ ੬ ਮਹਿੰਦਰ ਸਿੰਘ ਦੇ ਗ੍ਰਿਹਿ ਪਿੰਡ ਧੀਰਾ ਦਈਆ ਜ਼ਿਲਾ ਗੁਰਦਾਸ ਪੁਰ ✪

ਸੰਤ ਭਗਤ ਸੂਫ਼ੀ ਫ਼ਕੀਰ ਵੇਖੇ ਆਪਣੀ ਪਿਛਲੀ ਕਰਨੀ, ਕਰਨੀ ਦਾ ਕਰਤਾ ਆਪ ਜਣਾਈਆ । ਕਿਸ ਬਿਧ ਲੋਕਮਾਤ ਤਰੇ ਸਾਚੀ ਤਰਨੀ, ਜਗਤ ਜਗਿਆਸੂਆਂ ਵਿਚੋਂ ਆਪਣਾ ਪਲੂ ਛੁਡਾਈਆ । ਕਿਸ ਗ੍ਰਿਹਿ ਪ੍ਰਭ ਸਰਨਾਈ ਮਿਲੀ ਸਰਨੀ, ਸਹਾਰਾ ਇਕੋ ਨਜ਼ਰੀ ਆਈਆ । ਕਿਸ ਬਿਧ ਮੰਜ਼ਲ ਮਿਲੀ ਚੜ੍ਹਨੀ, ਪਾਂਧੀ ਬਣ ਕੇ ਬੈਠੇ ਪੰਧ ਮੁਕਾਈਆ । ਕਿਹੜੀ ਨਾਮ ਤੁਕ ਮਿਲੀ ਪੜ੍ਹਨੀ, ਕਲਮਾ ਨਾਮ ਸ਼ਬਦ ਕਵਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਸੂਫ਼ੀ ਸੰਤ ਫ਼ਕੀਰ ਵੇਖੇ ਭਗਤ, ਪੂਰਬ ਧਿਆਨ ਲਗਾਈਆ । ਕੀ ਕਰਨੀ ਕੀਤੀ ਵਿਚ ਜਗਤ, ਜਗਤ ਜਹਾਨ ਦਿਓ ਦ੍ਰਿੜਾਈਆ । ਕਿਸ ਬਿਧ ਤੁਹਾਡੇ ਉਤੇ ਹੋਇਆ ਤਰਸ, ਰਹਿਮਤ ਸਚ ਕਮਾਈਆ । ਅੰਮ੍ਰਿਤ ਮੇਘ ਦਿਤਾ ਬਰਸ, ਅੰਮਿਉਂ ਰਸ ਅਗੰਮ ਚੁਆਈਆ । ਤੁਹਾਡੀ ਪੂਰੀ ਕੀਤੀ ਸ਼ਰਤ, ਸ਼ਰਅ ਜ਼ੰਜੀਰ ਕਟਾਈਆ । ਆਸ਼ਾ ਜਗਤ ਰਹੀ ਨਾ ਗ਼ਰਜ਼, ਗ਼ਰੀਬ ਨਿਮਾਣੇ ਗੋਦ ਟਿਕਾਈਆ । ਅਗਲਾ ਖੇਲ ਵੇਖਣਾ ਅਸਚਰਜ, ਅਚਰਜ ਲੀਲਾ ਆਪ ਵਖਾਈਆ । ਜੋਧਾ ਸੂਰਬੀਰ ਬਣ ਕੇ ਮਰਦਾਨਾ ਮਰਦ, ਹੁਕਮ ਦੇਵੇ ਥਾਉਂ ਥਾਈਂਆ । ਗ਼ਰੀਬ ਨਿਮਾਣਿਆਂ ਵੰਡੇ ਦਰਦ, ਹਰਿਜਨ ਸਾਚੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਹੁਕਮ ਸੁਣਾਈਆ । ਸੰਤ ਭਗਤ ਸੂਫ਼ੀ ਸੁਣੋ ਫ਼ਕੀਰ ਫ਼ਿਕਰਾ, ਫ਼ਿਕਰ ਰਹੇ ਨਾ ਰਾਈਆ । ਚਾਰ ਜੁਗ ਦਾ ਬਿਨ ਹਰਫ਼ਾਂ ਵਾਲਾ ਵੇਖੋ ਸ਼ਿਜਰਾ, ਜਿਸ ਦੀ ਹਦੂਦ ਨਾ ਕੋਇ ਬਣਾਈਆ । ਜੋ ਸੰਦੇਸ਼ਾ ਦਿਤਾ ਕਾਹਨ ਕ੍ਰਿਸ਼ਨਾ ਬਿੰਦਰਾ, ਬਿਧੀ ਨਾਲ ਜਣਾਈਆ । ਮੇਰੀ ਰਾਸ ਨਹੀਂ ਰਹਿਣੀ ਬਨ ਬਿੰਦਰਾ, ਗੋਪੀ ਕਾਹਨ ਨਾ ਕੋਇ ਵਡਿਆਈਆ । ਕਲਜੁਗ ਜਗਤ ਜਹਾਨ ਪੰਜ ਤਤ ਖ਼ਾਲੀ ਹੋਣਾ ਪਿੰਜਰਾ, ਨਾਮ ਵਸਤ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ , ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਸੂਫ਼ੀ ਫ਼ਕੀਰ ਭਗਤ ਵੇਖੇ ਸੰਤ, ਸਤਿ ਧਿਆਨ ਲਗਾਈਆ । ਕਲ ਕਾਤੀ ਹੋਵੇ ਅੰਤ, ਅੰਤਸ਼ਕਰਨ ਦਏ ਬਦਲਾਈਆ । ਸਤਿਜੁਗ ਦਾ ਸਾਚਾ ਪਰਗਟੇ ਮੰਤ, ਮੰਤਵ ਸਭ ਦੇ ਹਲ ਕਰਾਈਆ । ਜਨ ਭਗਤਾਂ ਮੌਲੇ ਰੁਤ ਬਸੰਤ, ਫੁਲਵਾੜੀ ਆਪ ਮਹਿਕਾਈਆ । ਹਉਮੇਂ ਗੜ੍ਹ ਤੋੜ ਕੇ ਹੰਗਤ, ਹੰ ਬ੍ਰਹਮ ਵੇਖ ਵਖਾਈਆ । ਪਰਮਾਤਮ ਆਤਮ ਬਣ ਕੇ ਕੰਤ, ਕੰਤ ਕੰਤੂਹਲ ਹੋਏ ਸਹਾਈਆ । ਤੂੰ ਮੇਰਾ ਮੈਂ ਤੇਰਾ ਦੱਸੇ ਛੰਤ, ਨਾਮ ਢੋਲਾ ਧੁਰਦਰਗਾਹੀਆ । ਲੇਖਾ ਜਾਣ ਜੀਵ ਜੰਤ, ਚੁਰਾਸੀ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦੀ ਸਚ ਬਣਾਏ ਬਣਤ, ਸਤਿ ਸਤਿਵਾਦੀ ਸਤਿ ਸਚ ਦਾ ਮਾਰਗ ਇਕ ਦਰਸਾਈਆ ।

## ✪ ੧੭ ਫੱਗਣ ਸ਼ਹਿਨਸ਼ਾਹੀ ਸੰਮਤ ੬ ਅਵਤਾਰ ਸਿੰਘ ਦੇ ਗ੍ਰਿਹਿ ਪਿੰਡ ਮਾੜੀ ਪਨੂਆਂ ਜ਼ਿਲਾ ਗੁਰਦਾਸ ਪੁਰ ✪

ਸੰਤ ਭਗਤ ਸੂਫ਼ੀ ਫ਼ਕੀਰ ਕਰਨ ਨਿਮਸਕਾਰ, ਡੰਡਾਵਤ ਬੰਦਨਾ ਸੱਯਦਾ ਸੀਸ ਝੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਕਿਰਪਾ ਕਰ

ਅਪਰ ਅਪਾਰ, ਪਤਿਪਰਮੇਸ਼ਵਰ ਨਿਰਗੁਣ ਨਿਰਵੈਰ ਦਇਆ ਕਮਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਪਾ ਸਾਰ, ਜ਼ਿਮੀਂ ਅਸਮਾਨ ਦੋ ਜਹਾਨ ਖੋਜ ਖੁਜਾਈਆ । ਤੇਰਾ ਰਾਹ ਤਕਦੇ ਪੈਗ਼ਬੰਰ ਗੁਰ ਅਵਤਾਰ, ਬੇਅੰਤ ਪੜਦਾ ਦੇਣਾ ਉਠਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਹੋਇਆ ਧੂੰਆਂਧਾਰ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਤੇਰਾ ਨੂਰ ਨਾ ਕੋਇ ਰੁਸ਼ਨਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮਿਲੇ ਕਿਸੇ ਨਾ ਪ੍ਰੀਤਮ ਯਾਰ, ਪਰਵਰਦਿਗਾਰ ਸਾਂਝੇ ਯਾਰ ਕਲਮਾ ਹੱਕ ਨਾ ਕੋਇ ਦ੍ਰਿੜਾਈਆ । ਤਨ ਵਜੂਦ ਮਾਟੀ ਖ਼ਾਕ ਹੋਏ ਹਾਹਾਕਾਰ, ਪੰਜ ਤਤ ਬ੍ਰਹਮ ਮਤ ਸਤਿ ਸ਼ਬਦ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਘਰ ਠਾਂਡੇ ਮੰਗ ਮੰਗਾਈਆ । ਸੂਫ਼ੀ ਸੰਤ ਫ਼ਕੀਰ ਜਨ ਭਗਤ ਦਰ ਤੇਰੇ ਕਰਨ ਅਰਜ਼ੋਈ, ਆਜਿਜ਼ ਹੋ ਕੇ ਸੀਸ ਨਿਵਾਈਆ । ਜਗਤ ਜਹਾਨ ਸ੍ਰੀ ਭਗਵਾਨ ਮਿਲੇ ਕਿਸੇ ਨਾ ਢੋਈ, ਦਰ ਘਰ ਸਾਚੇ ਮਿਲਣ ਕੋਇ ਨਾ ਆਈਆ । ਅੰਤਰ ਨਿਰੰਤਰ ਨਿਰਗੁਣ ਧਾਰ ਆਤਮ ਤੇਰੀ ਰੋਈ, ਸਾਂਤਕ ਸਤਿ ਸਤਿਵਾਦੀ ਧੀਰ ਨਾ ਕੋਇ ਰਖਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਰਿਹਾ ਕੋਇ ਨਾ ਚੋਈ, ਬੂੰਦ ਸਵਾਤ ਮਿਹਰਵਾਨ ਮਹਿਬੂਬ ਨਾ ਕੋਇ ਟਪਕਾਈਆ । ਜਗਤ ਸੁਹੇਲਾ ਭਗਤ ਭਗਵਾਨ ਨਜ਼ਰ ਨਾ ਆਏ ਕੋਈ, ਕੋਟਨ ਕੋਟ ਬੈਠੇ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸੂਫ਼ੀ ਸੰਤ ਫ਼ਕੀਰ ਭਗਤ ਬਿਨ ਹੱਥਾਂ ਜੋੜਨ ਹੱਥ, ਦਰ ਠਾਂਡੇ ਸੀਸ ਨਿਵਾਈਆ । ਪੁਰਖ ਅਕਾਲ ਸਾਹਿਬ ਸਮਰਥ, ਪਾਰਬ੍ਰਹਮ ਤੇਰੀ ਵਡ ਵਡਿਆਈਆ । ਝਗੜਾ ਮੇਟ ਕੇ ਕਾਇਆ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਆਪਣੇ ਰੰਗ ਰੰਗਾਈਆ । ਦੁਰਮਤ ਮੈਲ ਹਰ ਹਿਰਦਿਉਂ ਅੰਦਰੋਂ ਕਟ, ਕਟਾਕਸ਼ ਆਪਣਾ ਨਾਮ ਲਗਾਈਆ । ਸਚ ਦਵਾਰ ਖੋਲ੍ਹ ਦੇ ਹੱਟ, ਵਸਤ ਇਕੋ ਇਕ ਵਰਤਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਰੇ ਨਾਮ ਲੈਣ ਰਟ, ਰੱਟਾ ਕੂੜੀ ਕਿਰਿਆ ਦੇਣਾ ਚੁਕਾਈਆ । ਅੰਮ੍ਰਿਤ ਅੰਮੀਉਂ ਦੇਣਾ ਰਸ, ਰਸਨਾ ਰਸ ਨਾ ਕੋਇ ਵਡਿਆਈਆ । ਨਿਜ ਨੇਤਰ ਲੋਚਣ ਨੈਣ ਖੋਲ੍ਹ ਦੇ ਅੱਖ, ਬਿਨ ਅੱਖਰਾਂ ਦੱਸ ਆਪਣੀ ਪੜ੍ਹਾਈਆ । ਜੋਤੀ ਜਾਤੇ ਪੁਰਖ ਬਿਧਾਤੇ ਨਿਰਗੁਣ ਨੂਰ ਕਰ ਪ੍ਰਕਾਸ਼, ਅੰਧ ਅਗਿਆਨ ਰਹਿਣ ਨਾ ਪਾਈਆ । ਸਾਚੇ ਮੰਡਲ ਬਿਨ ਗੋਪੀ ਕਾਹਨ ਪਾ ਰਾਸ, ਨਿਰਗੁਣ ਨਿਰਗੁਣ ਆਪਣੀ ਕਲ ਵਰਤਾਈਆ । ਹਉਂ ਸੇਵਕ ਤੇਰੇ ਦਾਸੀ ਦਾਸ, ਦਰ ਠਾਂਡੇ ਮੰਗ ਮੰਗਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਕਰ ਵਾਸ, ਵਾਸਤਾ ਆਪਣੇ ਨਾਲ ਜੁੜਾਈਆ । ਤੂੰ ਸਾਹਿਬ ਸਰਬ ਗੁਣਤਾਸ, ਗੁਣਵੰਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਦੂਜਾ ਦੇਵੇ ਕੋਇ ਨਾ ਸਾਥ, ਸਗਲਾ ਸੰਗੀ ਨਜ਼ਰ ਕੋਇ ਨਾ ਆਈਆ ।



## ੧੭ ਫੱਗਣ ਸ਼ਹਿਨਸ਼ਾਹੀ ਸੰਮਤ ੯ ਰਣਧੀਰ ਸਿੰਘ ਦੇ ਗ੍ਰਿਹਿ ਪਿੰਡ ਮਾੜੀ ਪਨੂਆਂ ਜ਼ਿਲਾ ਗੁਰਦਾਸ ਪੁਰ

ਭਗਤ ਸੰਤ ਸੂਫ਼ੀ ਫ਼ਕੀਰ ਕਹਿਣ ਪ੍ਰਭੂ ਸਾਡਾ ਸੱਯਦਾ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਸਦੀ ਚੌਧਵੀਂ ਵੇਖ ਖੇਲ ਘਰ ਘਰ ਦਾ,

ਕਾਇਆ ਗ੍ਰਿਹ ਗ੍ਰਿਹ ਧਿਆਨ ਲਗਾਈਆ। ਤੇਰਾ ਮਾਨਵ ਬਣਿਆ ਕੋਇ ਨਾ ਤੇਰਾ ਬਰਦਾ, ਬੰਦੀਖ਼ਾਨਾ ਸਕੇ ਨਾ ਕੋਇ ਤੁੜਾਈਆ। ਭੈ ਵਿਚ ਭਾਉ ਕੋਇ ਨਾ ਕਰਦਾ, ਨਿਮਰਤਾ ਵਿਚ ਸੀਸ ਨਾ ਕੋਇ ਝੁਕਾਈਆ। ਵਰਨ ਵਰਨ ਨਾਲ ਲੜਦਾ, ਮਜ਼੍ਹਬ ਮਜ਼੍ਹਬ ਨਾਲ ਟਕਰਾਈਆ। ਬਹੁੜੀ ਦਰੋਹੀ ਤੇਰੀ ਮੰਜ਼ਲ ਕੋਇ ਨਾ ਚੜ੍ਹਦਾ, ਸਚਖੰਡ ਦਵਾਰੇ ਮਿਲਣ ਕੋਇ ਨਾ ਜਾਈਆ। ਤੇਰਾ ਦਰਸ ਪਾਵੇ ਕੋਇ ਨਾ ਨਰਾਇਣ ਨਰ ਦਾ, ਨਰ ਹਰਿ ਤੇਰਾ ਰੰਗ ਨਾ ਕੋਇ ਰੰਗਾਈਆ। ਜ਼ੋਰ ਵਧ ਗਿਆ ਕਲਜੁਗ ਕਲ ਦਾ, ਕਲਕਾਤੀ ਆਪਣੀ ਕਲ ਰਹੇ ਵਰਤਾਈਆ। ਖੇਲ ਹੋ ਗਿਆ ਕਪਟ ਛਲ ਦਾ, ਅਛਲ ਛਲਧਾਰੀ ਤੇਰੀ ਸਾਰ ਕਿਸੇ ਨਾ ਆਈਆ। ਤੂੰ ਮਾਲਕ ਖ਼ਾਲਕ ਜਲ ਥਲ ਦਾ, ਮਹੀਅਲ ਤੇਰੀ ਵਡ ਵਡਿਆਈਆ। ਆਪਣਾ ਭੇਵ ਦੱਸ ਨਿਹਚਲ ਧਾਮ ਅਟਲ ਦਾ, ਅਟਲ ਪਦਵੀ ਇਕ ਦ੍ਰਿੜਾਈਆ। ਬਿਨ ਤੇਰੀ ਕਿਰਪਾ ਆਤਮ ਪਰਮਾਤਮ ਜੋਤ ਕੋਇ ਨਾ ਰਲਦਾ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ। ਮਿਹਰਵਾਨ ਮਹਿਬੂਬ ਝਗੜਾ ਮੇਟ ਦੇ ਪੰਚ ਵਿਕਾਰੇ ਦਲ ਦਾ, ਕੂੜ ਕੁੜਿਆਰ ਦਲਿੱਦਰ ਅੰਦਰੋਂ ਦੇ ਕਢਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਸਰਨਾਈਆ। ਸੂਫ਼ੀ ਸੰਤ ਫ਼ਕੀਰ ਭਗਤ ਕਹਿਣ ਸਾਡੀ ਨਮੋ ਨਮੋ ਨਿਮਸਕਾਰ, ਦਰ ਠਾਂਡੇ ਖ਼ਾਕ ਧੂੜ ਰਮਾਈਆ। ਪ੍ਰਭੂ ਉਠ ਵੇਖ ਆਪਣਾ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ। ਨਾਲ ਰਲਾ ਤੇਈ ਅਵਤਾਰ, ਹਜ਼ਰਤ ਈਸਾ ਮੂਸਾ ਮੁਹੰਮਦ ਅੱਖ ਖੁਲ੍ਹਾਈਆ। ਸਤਿਗੁਰ ਦਸ
੧੧੩੯ ਲੈ ਉਠਾਲ, ਨਾਨਕ ਗੋਬਿੰਦ ਭੇਵ ਚੁਕਾਈਆ। ਨੌਂ ਖੰਡ ਪ੍ਰਿਥਮੀ ਸੱਤ ਦੀਪ ਦੀਨ ਦੁਨੀ ਦੀ ਵੇਖ ਚਾਲ, ਚਾਰੋਂ ਕੁੰਟ ਧਿਆਨ ਲਗਾਈਆ। ੧੧੩੯
ਬਿਨ ਹਰਿਨਾਮੇ ਸਾਰੇ ਹੋਏ ਕੰਗਾਲ, ਨਾਮ ਧਨ ਦੌਲਤ ਨਜ਼ਰ ਕੋਇ ਨਾ ਆਈਆ। ਮੁਰੀਦਾਂ ਮੁਰਸ਼ਦ ਪੁੱਛੇ ਕੋਇ ਨਾ ਹਾਲ, ਹਾਲਤ ਬਿਗੜੀ ਜਗਤ ਲੋਕਾਈਆ। ਸਤਿ ਧਰਮ ਦਾ ਵੱਜੇ ਕੋਇ ਨਾ ਤਾਲ, ਤਲਵਾੜਾ ਰੰਗ ਨਾ ਕੋਇ ਰੰਗਾਈਆ। ਸਚਖੰਡ ਨਿਵਾਸੀ ਤੇਰੀ ਨਜ਼ਰ ਨਾ ਆਏ ਕਿਸੇ ਧਰਮਸਾਲ, ਦਰਗਹ ਸਾਚੀ ਸੋਭਾ ਕੋਇ ਨਾ ਪਾਈਆ। ਸਦੀ ਚੌਧਵੀਂ ਸਾਡੀ ਅੰਤ ਕੰਤ ਭਗਵੰਤ ਇਕ ਬੇਨੰਤੀ ਇਕ ਸਵਾਲ, ਸਵਾਲੀ ਹੋ ਕੇ ਮੰਗ ਮੰਗਾਈਆ। ਸ੍ਰੀ ਭਗਵਾਨ ਨੌਜਵਾਨ ਮਰਦ ਮਰਦਾਨ ਆਪਣੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਸੰਭਾਲ, ਸੰਬਲ ਬਹਿ ਕੇ ਆਪਣਾ ਹੁਕਮ ਵਰਤਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਆਦਿ ਜੁਗਾਦਿ ਜੁਗ ਚੌਕੜੀ ਕਰੇ ਨਾ ਕੋਇ ਪ੍ਰਿਤਪਾਲ, ਪ੍ਰਿਤਪਾਲਕ ਖ਼ਾਲਕ ਨਜ਼ਰ ਕੋਇ ਨਾ ਆਈਆ।

### ✪ ੧੭ ਫੱਗਣ ਸ਼ਹਿਨਸ਼ਾਹੀ ਸੰਮਤ ੬ ਬੀਬੀ ਸੁਰਿੰਦਰ ਕੌਰ ਦੇ ਗ੍ਰਿਹ ਪਿੰਡ ਮਾੜੀ ਪਨੂਆਂ ਜ਼ਿਲਾ ਗੁਰਦਾਸ ਪੁਰ ✪

ਸੰਤ ਭਗਤ ਸੂਫ਼ੀ ਕਹਿਣ ਪ੍ਰਭ ਸਾਡਾ ਤੇਰੇ ਅੱਗੇ ਹੋਕਾ, ਤੇਰੇ ਹੁਕਮ ਨਾਲ ਜਣਾਈਆ। ਸਤਿ ਰਿਹਾ ਨਾ ਕਿਸੇ ਲੋਕਾ, ਚੌਦਾਂ ਲੋਕ ਦੇਣ ਗਵਾਹੀਆ। ਮਾਣ ਰਿਹਾ ਨਾ ਕਿਸੇ ਸਲੋਕਾ, ਸੋਹਲੇ ਰੋਵਣ ਮਾਰਨ ਧਾਈਆ। ਵੇਖ ਆਪਣਾ ਜੁਗ ਚੌਥਾ, ਕੀ ਕਲਜੁਗ ਕਲ ਵਰਤਾਈਆ। ਧਰਮ ਦੀ ਧਾਰ ਸਮਝੇ ਕੋਇ ਨਾ ਪੋਥਾ, ਪੁਸਤਕ ਸਾਰੇ ਫੋਲ ਫੁਲਾਈਆ। ਮਿਹਰਵਾਨ ਮਹਿਬੂਬ ਸਦੀ ਚੌਧਵੀਂ ਤਕ ਮੌਕਾ, ਮੁਕੰਮਲ ਆਪਣੀ ਦਇਆ

ਕਮਾਈਆ । ਤੇਰਾ ਨਾਮ ਜਪਦੇ ਸਾਰੇ ਬੁੱਲ੍ਹਾਂ ਹੋਠਾਂ, ਹਿਰਦੇ ਸਕਿਆ ਨਾ ਕੋਇ ਵਸਾਈਆ । ਦੀਨ ਮਜ਼੍ਹਬ ਦੀਆਂ ਚਾਰ ਕੁੰਟ ਚੋਟਾਂ, ਚੋਟੀ ਚੜ੍ਹ ਕੇ ਤੇਰਾ ਦਰਸ ਕੋਇ ਨਾ ਪਾਈਆ । ਮਨੂਆਂ ਮਨ ਹੋਇਆ ਖੋਟਾ, ਦਿਵਸ ਰੈਣ ਮਾਇਆ ਮਮਤਾ ਵਿਚ ਲਲਚਾਈਆ । ਆਸਾ ਮਨਸਾ ਪੂਰੀ ਕਰਦੇ ਸਾਡੀ ਲੋਚਾ, ਦਰ ਤੇਰੇ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਅੰਤਰ ਨਿਰੰਤਰ ਅਵਰ ਰਹਿਣ ਨਹੀਂ ਦੇਣੀ ਸੋਚਾ, ਸੋਚ ਸਮਝ ਸ਼ਬਦ ਰਮਜ਼ ਨਾਲ ਆਪਣੇ ਨਾਲ ਰਖਾਈਆ ।

✪ ੧੭ ਫੱਗਣ ਸ਼ਹਿਨਸ਼ਾਹੀ ਸੰਮਤ ੬ ਵਿਰਸਾ ਸਿੰਘ ਦੇ ਗ੍ਰਿਹ ਸ੍ਰੀ ਹਰਿ ਗੋਬਿੰਦ ਪੁਰਾ ਸ਼ਹਿਰ ਜ਼ਿਲਾ ਗੁਰਦਾਸ ਪੁਰ ✪

ਸੰਤ ਭਗਤ ਸੂਫ਼ੀ ਕਹਿਣ ਪ੍ਰਭ ਮੇਟ ਦੇ ਕਿਰਿਆ ਕੁਕਰਮ ਹੂੰਝ ਦੇ ਕੂੜਾ, ਕਾਇਨਾਤ ਕਾਇਆ ਮੰਦਰ ਅੰਦਰ ਕਰ ਸਫ਼ਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਚਤੁਰ ਸੁਘੜ ਬਣਾ ਮੂਰਖ ਮੂੜ੍ਹਾ, ਅੰਧ ਅਗਿਆਨ ਵਿਚ ਜਹਾਨ ਲੋਕਮਾਤ ਰਹਿਣ ਨਾ ਪਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਸਚ ਧਿਆਨ ਬਖ਼ਸ਼ ਦੇ ਚਰਨ ਧੂੜਾ, ਸ੍ਰੀ ਭਗਵਾਨ ਨੌਜਵਾਨ ਮਰਦ ਮਰਦਾਨ ਟਿੱਕੇ ਖ਼ਾਕ ਨਾਮ ਰਮਾਈਆ । ਚਾਰ
੧੧੩੭ ਵਰਨ ਅਠਾਰਾਂ ਬਰਨ ਸਚ ਪ੍ਰੀਤੀ ਰੰਗ ਚਾੜ੍ਹ ਦੇ ਗੂੜ੍ਹਾ, ਏਥੇ ਓਥੇ ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਹਉਮੇ ਹੰਗਤਾ ਗੜ੍ਹ ਤੋੜ ਗ਼ਰੂਰਾ, ੧੧੩੭
ਪੁਰਖ ਅਬਿਨਾਸ਼ੀ ਘਟ ਨਿਵਾਸੀ ਆਪਣੀ ਦਇਆ ਕਮਾਈਆ । ਸਤਿ ਸਰੂਪ ਸ਼ਾਹੋ ਭੂਪ ਨਿਰਗੁਣ ਜੋਤ ਬਖ਼ਸ਼ ਦੇ ਨੂਰਾ, ਅਨਹਦ ਨਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਧੁਨ ਕਰ ਸ਼ਨਵਾਈਆ । ਸਤਿ ਸਰੂਪ ਦਰਸ ਦਿਖਾ ਹਾਜ਼ਰ ਹਜ਼ੂਰਾ, ਹਜ਼ਰਤਾਂ ਦੇ ਹਜ਼ਰਤ ਆਪਣਾ ਪਰਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸੂਫ਼ੀ ਫ਼ਕੀਰ ਜਨ ਭਗਤ ਕਰਨ ਅਰਦਾਸ, ਸਚਖੰਡ ਦਵਾਰੇ ਦਰਗਹ ਸਾਚੀ ਮੁਕਾਮੇ ਹੱਕ ਹੱਕ ਸੀਸ ਨਿਵਾਈਆ । ਪਰਵਰਦਿਗਾਰ ਸਾਂਝੇ ਯਾਰ ਪਰਮ ਪੁਰਖ ਆਤਮ ਪਰਮਾਤਮ ਪਾ ਰਾਸ, ਨਿਰਵੈਰ ਨਿਰਾਕਾਰ ਨਿਰੰਕਾਰ ਬਿਨ ਗੋਪੀ ਕਾਹਨ ਆਪਣੀ ਖੇਲ ਖਿਲਾਈਆ । ਦੀਨ ਦਿਆਲ ਦਇਆਨਿਧ ਠਾਕਰ ਸਭ ਦੀ ਪੂਰੀ ਕਰ ਆਸ, ਨਿਰਾਸਾ ਨਜ਼ਰ ਕੋਇ ਨਾ ਆਈਆ । ਕੂੜ ਕਿਰਿਆ ਕਰਮ ਕਾਂਡ ਝਗੜਾ ਮੇਟ ਜ਼ਾਤ ਪਾਤ, ਦੀਨ ਮਜ਼੍ਹਬ ਆਤਮ ਬ੍ਰਹਮ ਦੇ ਸਮਝਾਈਆ । ਚਾਰ ਕੁੰਟ ਦਹਿ ਦਿਸ਼ਾ ਕਲਜੁਗ ਰਹੇ ਨਾ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਨੂਰ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਹ ਸਾਚੀ ਸਚਖੰਡ ਦਵਾਰ ਇਕੋ ਆਸ ਰਖਾਈਆ । ਸੂਫ਼ੀ ਸੰਤ ਫ਼ਕੀਰ ਭਗਤ ਨੇਤਰ ਨੈਣ ਵਹਾਵਣ ਨੀਰ, ਦਰੋਹੀ ਤੇਰਾ ਨਾਮ ਖ਼ੁਦਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਗੁਣੀ ਗਹੀਰ, ਗਹਿਰ ਗਵਰ ਤੇਰੀ ਸਰਨਾਈਆ । ਆਪਣਾ ਖੇਲ ਦੱਸ ਬੇਨਜ਼ੀਰ, ਨਜ਼ਰੀਆ ਸਭ ਦਾ ਦੇ ਬਦਲਾਈਆ । ਸ਼ਰਅ ਤੋੜ ਜ਼ੰਜੀਰ, ਸ਼ਰੀਅਤ ਅਗੰਮੀ ਇਕ ਜਣਾਈਆ । ਚਾਰ ਜੁਗ ਦੀ ਪਿਛਲੀ ਮੇਟ ਲਕੀਰ, ਲਾਈਨ ਐਨ ਆਪਣੀ ਦੇ ਸਮਝਾਈਆ । ਜਿਸ ਨੂੰ ਕਟ ਸਕੇ ਨਾ ਕੋਇ ਸ਼ਮਸ਼ੀਰ, ਸ਼ਸਤਰ ਵੰਡ ਨਾ ਕੋਇ ਵੰਡਾਈਆ । ਸ੍ਰਿਸ਼ਟੀ

ਦ੍ਰਿਸ਼ਟੀ ਰਹੇ ਨਾ ਮਾਤ ਦਿਲਗੀਰ, ਦਿਲਬਰ ਹੋ ਕੇ ਹੋਣਾ ਸਹਾਈਆ । ਹਉਮੇ ਹੰਗਤਾ ਕਢ ਦੇ ਪੀੜ, ਪਰਾ ਪਸੰਤੀ ਮਧਮ ਬੈਖਰੀ ਤੋਂ ਅੱਗੇ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸ ਰਖਾਈਆ । ਸੂਫ਼ੀ ਸੰਤ ਫ਼ਕੀਰ ਜਨ ਭਗਤ ਰਹੇ ਝੁਕ, ਨਿਉਂ ਨਿਉਂ ਸੀਸ ਨਿਵਾਈਆ । ਪੁਰਖ ਅਕਾਲ ਕਲਜੁਗ ਕੂੜੀ ਕਿਰਿਆ ਪੈਂਡਾ ਜਾਏ ਮੁਕ, ਮੁਕੰਮਲ ਆਪਣਾ ਹੁਕਮ ਦੇ ਵਰਤਾਈਆ । ਤੇਰੇ ਨਾਮ ਦਾ ਗੀਤ ਸੁਹਾਗੀ ਇਕੋ ਹੋਵੇ ਤੁਕ, ਤੁਖ਼ਮ ਤਾਸੀਰ ਇਕੋ ਦੋ ਜਹਾਨ ਦੇ ਬਦਲਾਈਆ । ਹਰ ਹਿਰਦੇ ਅੰਦਰ ਕਰ ਸੁੱਚ, ਸੰਜਮ ਆਪ ਇਕ ਦ੍ਰਿੜਾਈਆ । ਪਵਿੱਤਰ ਕਰ ਦੇ ਮਾਤ ਗਰਭ ਦੇ ਉਲਟੇ ਰੁੱਖ, ਨਵ ਅਠਾਰਾਂ ਪੰਧ ਮੁਕਾਈਆ । ਧੁਰ ਦਾ ਮਾਲਕ ਹੋ ਕੇ ਤੁਠ, ਦਇਆਵਾਨ ਦਇਆ ਕਮਾਈਆ । ਕੂੜ ਕਿਰਿਆ ਦੀ ਰਹੇ ਕੋਇ ਨਾ ਲੁੱਟ, ਲੁਟੇਰਾ ਕਲਜੁਗ ਮਾਤਲੋਕ ਵਿਚੋਂ ਬਾਹਰ ਕਢਾਈਆ । ਸਤਿਗੁਰ ਸਚ ਦੁਲਾਰਾ ਤੇਰਾ ਜਾਏ ਉਠ, ਸਤਿ ਸਤਿਵਾਦੀ ਹੋ ਕੇ ਲਏ ਅੰਗੜਾਈਆ । ਅੰਮ੍ਰਿਤ ਜਾਮ ਪਿਆਏ ਹਰ ਹਿਰਦੇ ਅੰਦਰ ਘੁੱਟ, ਨਾਮ ਪਿਆਲਾ ਹੱਥ ਉਠਾਈਆ । ਨਿਰੰਤਰ ਲਿਵ ਕਿਸੇ ਨਾ ਜਾਏ ਛੁਟ, ਅੰਤਰ ਆਪਣਾ ਮੇਲ ਕਰਾਈਆ । ਤੂੰ ਪਾਰਬ੍ਰਹਮ ਪਤਿਪਰਮੇਸ਼ਵਰ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਸਭ ਦੀ ਦੇ ਕਰਾਈਆ । ਮਾਇਆ ਮਮਤਾ ਝਗੜਾ ਮੇਟ ਤ੍ਰਿਸ਼ਨਾ ਭੁੱਖ, ਸਾਂਤਕ ਸਤਿ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸਾਧੂ ਸੰਤ ਫ਼ਕੀਰ ਭਗਤ ਨੇਤਰ ਖੋਲ੍ਹਣ ਅੱਖ, ਬਿਨ ਅੱਖਾਂ ਅੱਖ ਉਠਾਈਆ । ਕਿਰਪਾ ਕਰ ਪੁਰਖ ਸਮਰਥ, ਹਰਿ ਸਤਿਗੁਰ ਤੇਰੀ ਵਡ ਵਡਿਆਈਆ । ਸ੍ਰਿਸ਼ਟੀ ਹੋਈ ਤੇਰੀ ਤੇਰੇ ਨਾਲੋਂ ਵੱਖ, ਗ੍ਰਿਹਿ ਮੰਦਰ ਮਿਲ ਕੇ ਵੱਜੇ ਨਾ ਕੋਇ ਵਧਾਈਆ । ਮਨ ਕਲਪਣਾ ਸਾਰੇ ਰਹੇ ਨੱਠ, ਦਿਵਸ ਰੈਣ ਭੱਜਣ ਵਾਹੋ ਦਾਹੀਆ । ਤੇਰਾ ਅੱਖਰਾਂ ਵਾਲਾ ਨਾਮ ਰਹੇ ਰਟ, ਸਿਫ਼ਤਾਂ ਵਾਲੀ ਜਗਤ ਵਡਿਆਈਆ । ਜਗਤ ਦਵਾਰ ਦੀ ਮੰਜ਼ਲ ਸਕੇ ਕੋਇ ਨਾ ਟੱਪ, ਬ੍ਰਹਿਮੰਡ ਖੰਡ ਟਾਪੂਆਂ ਪੰਧ ਮੁਕਾਈਆ । ਸਚ ਦਵਾਰ ਦਾ ਇਕੋ ਖੋਲ੍ਹ ਦੇ ਹੱਟ, ਨਾਮ ਨਿਧਾਨ ਸ੍ਰੀ ਭਗਵਾਨ ਆਪ ਵਰਤਾਈਆ । ਮਾਨਵ ਜ਼ਾਤੀ ਲਾਹਾ ਲਏ ਖੱਟ, ਖਟਕਾ ਅਵਰ ਰਹੇ ਨਾ ਰਾਈਆ । ਸ਼ਬਦ ਅਗੰਮੀ ਹਰਿ ਅਗੰਮੜੇ ਮਾਰ ਸੱਟ, ਸੋਈ ਸੁਰਤ ਅਕਾਲ ਮੂਰਤ ਲੈ ਜਗਾਈਆ । ਸ਼ਬਦ ਧੁਨ ਸੁਣਾ ਅਨਹਦ, ਨਾਦੀ ਨਾਦ ਆਪ ਜਣਾਈਆ । ਨਿਰਗੁਣ ਨੂਰ ਜੋਤ ਕਰ ਪ੍ਰਕਾਸ਼, ਅੰਧ ਅਗਿਆਨ ਦੇਣਾ ਮਿਟਾਈਆ । ਕਾਇਆ ਮੰਦਰ ਅੰਦਰ ਸਚ ਦਵਾਰ ਪਾ ਆਪਣੀ ਰਾਸ, ਸੁਰਤੀ ਸ਼ਬਦ ਮਿਲ ਕੇ ਵੱਜੇ ਵਧਾਈਆ । ਪੰਧ ਮੁਕਾ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਲੇਖਾ ਦੇ ਚੁਕਾਈਆ । ਸਾਹਿਬ ਸਵਾਮੀ ਅੰਤਰਜਾਮੀ ਪਤਿਪਰਮੇਸ਼ਵਰ ਤੇਰੇ ਅੱਗੇ ਇਕ ਅਰਦਾਸ, ਬੇਨੰਤੀ ਬਿਨੈ ਦਿਤੀ ਦ੍ਰਿੜਾਈਆ । ਅਵਤਾਰ ਪੈਗ਼ੰਬਰ ਗੁਰੂਆਂ ਪੂਰਾ ਕਰ ਭਵਿਖਤ ਵਾਕ, ਵਾਕਿਆ ਵੇਖ ਜਗਤ ਲੋਕਾਈਆ । ਬਿਨ ਤੇਰੀ ਕਿਰਪਾ ਖੁਲ੍ਹੇ ਕਿਸੇ ਨਾ ਤਾਕ, ਪਰਦਾ ਅੰਦਰੋਂ ਨਾ ਕੋਇ ਉਠਾਈਆ । ਦੀਨ ਦੁਨੀ ਕਰ ਥੱਕੀ ਪੂਜਾ ਪਾਠ, ਢੋਲੇ ਸਿਫ਼ਤਾਂ ਵਾਲੇ ਗਾਈਆ । ਭਾਗ ਲੱਗਾ ਕਿਸੇ ਨਾ ਕਾਇਆ ਮਾਟ, ਗ੍ਰਿਹਿ ਮੰਦਰ ਨਾ ਕੋਇ ਰੁਸ਼ਨਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਸੰਤ ਭਗਤ ਸੂਫ਼ੀ ਫ਼ਕੀਰ ਕਹਿਣ ਕਲਜੁਗ ਕਲ ਕਲਕੀ ਮੇਟ ਅੰਧੇਰੀ ਰਾਤ, ਨਵ ਸੱਤ ਬ੍ਰਹਮ ਮਤ ਸ੍ਰੀ ਭਗਵੰਤ ਭਗਵਨ ਆਪਣੀ ਦਇਆ ਦੇਣੀ ਕਮਾਈਆ ।

### ✪ ੧੭ ਫੱਗਣ ਸ਼ਹਿਨਸ਼ਾਹੀ ਸੰਮਤ ੬ ਕਰਤਾਰ ਸਿੰਘ ਦੇ ਗ੍ਰਿਹ ਪਿੰਡ ਭੂੰਬਲੀ ਜ਼ਿਲਾ ਗੁਰਦਾਸ ਪੁਰ ✪

ਸੰਤ ਭਗਤ ਸੂਫ਼ੀ ਕਹਿਣ ਪੁਰਖ ਅਕਾਲ ਸੱਚੇ ਸੁਲਤਾਨੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਦਰ ਤੇਰੇ ਮੰਗ ਮੰਗਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਧੁਰ ਦੇ ਯਾਰ ਆਦਿ ਅੰਤ ਦੇ ਦਾਨੀ, ਦਇਆਵਾਨ ਦੀਨ ਦਿਆਲ ਮਿਹਰ ਨਜ਼ਰ ਇਕ ਉਠਾਈਆ । ਸੱਤ ਦੀਪ ਨੌਂ ਖੰਡ ਚਾਰ ਕੁੰਟ ਦਹਿ ਦਿਸ਼ਾ ਕੂੜੀ ਕਿਰਿਆ ਮੇਟ ਬੇਈਮਾਨੀ, ਮਾਇਆ ਮਮਤਾ ਮੋਹ ਹੰਗਤਾ ਗੜ੍ਹ ਤੁੜਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਮਾਦੀ ਸ਼ਬਦ ਅਨਾਦੀ ਤੇਰੀ ਹੋਵੇ ਇਕ ਨਿਸ਼ਾਨੀ, ਅਲਖ ਅਗੋਚਰ ਅਗੰਮ ਅਥਾਹ ਪੜਦਾ ਦੇਣਾ ਚੁਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਨਿਰੰਤਰ ਜਲਵਾ ਬਖ਼ਸ਼ ਜੋਤ ਨੂਰਾਨੀ, ਅੰਧ ਅਗਿਆਨ ਸ੍ਰੀ ਭਗਵਾਨ ਨੌਜਵਾਨ ਮਰਦ ਮਰਦਾਨ ਦੇਣਾ ਗਵਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਮ ਪੁਰਖ ਹਰ ਹਿਰਦੇ ਬਣਨਾ ਜਾਣ ਜਾਣੀ, ਜਾਨਣਹਾਰ ਤੇਰੇ ਹੱਥ ਵਡਿਆਈਆ । ਤੇਰੀ ਮਹਿਮਾ ਸਿਫ਼ਤ ਸਾਲਾਹ ਬੇਪਰਵਾਹ ਲਿਖੀ ਜਾਏ ਨਾਲ ਕਲਮ ਨਾ ਕਾਨੀ, ਸਿਆਹੀ ਚਲੇ ਨਾ ਕੋਇ ਚਤੁਰਾਈਆ । ਭੇਵ ਅਭੇਵ ਖੋਲ੍ਹ ਦੇ ਮੰਜ਼ਲ ਮਹਿਬੂਬ ਦੱਸ ਰੂਹਾਨੀ, ਰੂਹ ਬੁਤ ਅਬਿਨਾਸ਼ੀ ਅਚੁਤ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਲੇਖਾ ਜਾਣ ਜਗਤ ਅਵਾਮੀ, ਕਾਮਲ ਮੁਰਸ਼ਦ ਤੇਰੇ ਅੱਗੇ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਦਵਾਰ ਏਕੰਕਾਰ ਤੇਰੇ ਅੱਗੇ ਝੋਲੀ ਡਾਹੀਆ । ਜਨ ਭਗਤ ਸੰਤ ਸੂਫ਼ੀ ਫ਼ਕੀਰ ਆਖਣ ਨਾਲ ਜ਼ੋਰ, ਬਹੁੜੀ ਦਰੋਹੀ ਤੇਰਾ ਨਾਮ ਖ਼ੁਦਾਈਆ । ਕਲਜੁਗ ਕੂੜ ਕੁੜਿਆਰਾ ਹਰ ਘਟ ਅੰਦਰ ਵੜਿਆ ਚੋਰ, ਸਤਿ ਵਸਤ ਅਮੋਲਕ ਲੁੱਟੇ ਥਾਉਂ ਥਾਈਆ । ਬਿਨਾ ਤੇਰੀ ਦੀਪ ਜੋਤ ਹੋਇਆ ਅੰਧੇਰਾ ਘੋਰ, ਸੂਰੀਆ ਚੰਨ ਕੰਮ ਕਿਸੇ ਨਾ ਆਈਆ । ਅਬਿਨਾਸ਼ੀ ਕਰਤੇ ਘਟ ਨਿਵਾਸੀ ਤੇਰੀ ਸਭ ਨੂੰ ਲੋੜ, ਲੋੜੀਂਦੇ ਸਾਜਣ ਆਪਣਾ ਪੜਦਾ ਦੇਣਾ ਚੁਕਾਈਆ । ਪੁਰੀ ਲੋਅ ਬ੍ਰਹਿਮੰਡ ਖੰਡ ਜ਼ਿਮੀਂ ਅਸਮਾਨ ਸ਼ਬਦੀ ਸਤਿਗੁਰ ਉਠ ਉਠ ਦੌੜ, ਦੋ ਜਹਾਨਾਂ ਆਪਣਾ ਪੰਧ ਮੁਕਾਈਆ । ਹਉਮੇ ਹੰਗਤਾ ਮਾਇਆ ਮਮਤਾ ਕੂੜੀ ਕਿਰਿਆ ਭੰਨ ਦੇ ਰੀਠਾ ਕੌੜ, ਅੰਮ੍ਰਿਤ ਅੰਮਿਉਂ ਰਸ ਬਿਨ ਰਸਨਾ ਜਿਹਵਾ ਬੱਤੀ ਦੰਦ ਦੇਣਾ ਚੁਆਈਆ । ਆਤਮ ਪਰਮਾਤਮ ਪਰਮਾਤਮ ਆਤਮ ਵਿਛੜੀ ਸਭ ਦੀ ਜੋੜ, ਪਾਰਬ੍ਰਹਮ ਬ੍ਰਹਮ ਮੇਲਾ ਮੇਲਣਾ ਸਹਿਜ ਸੁਭਾਈਆ । ਮਾਨਸ ਜਨਮ ਜਗਤ ਜਹਾਨ ਜਾਵੇ ਸੌਰ, ਸੂਰਬੀਰ ਸੁਲਤਾਨ ਸਿਰ ਆਪਣਾ ਹੱਥ ਟਿਕਾਈਆ । ਜਨ ਭਗਤ ਸੰਤ ਕਹਿਣ ਪ੍ਰਭੂ ਪੁਰਖ ਅਕਾਲ ਦੀਨ ਦਿਆਲ ਅੰਤਸ਼ਕਰਨ ਵਿਚ ਤੇਰੀ ਸਾਚੀ ਲੋੜ, ਨਿਰੰਤਰ ਮੇਲ ਮੇਲਣਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਨਿਤ ਨਵਿਤ ਜੁਗ ਚੌਕੜੀ ਤੇਰਾ ਖੇਲ ਅਗੰਮ ਲੇਖਾ ਮੁਕਾ ਦੇ ਤੋਰ ਮੋਰ, ਆਤਮ ਪਰਮਾਤਮ ਪਰਮਾਤਮ ਆਤਮ ਪਰਦਾ ਰਹੇ ਨਾ ਰਾਈਆ ।



### ✪ ੧੭ ਫੱਗਣ ਸ਼ਹਿਨਸ਼ਾਹੀ ਸੰਮਤ ੬ ਜੁਗਿੰਦਰ ਸਿੰਘ ਦੇ ਗ੍ਰਿਹ ਪਿੰਡ ਡਡਵਾਂ ਜ਼ਿਲਾ ਗੁਰਦਾਸ ਪੁਰ ✪

ਸੰਤ ਭਗਤ ਸੂਫ਼ੀ ਫ਼ਕੀਰ ਕਹਿਣ ਪ੍ਰਭ ਮੇਟ ਕਲਜੁਗ ਅੰਧੇਰੀ ਰਾਤੀ, ਨਵ ਨੌਂ ਚਾਰ ਕੂੜੀ ਕਿਰਿਆ ਦੇ ਮੁਕਾਈਆ । ਅੰਮ੍ਰਿਤ ਰਸ ਨਿਝਰ

ਝਿਰਨਾ ਬਖ਼ਸ਼ ਬੂੰਦ ਸਵਾਂਤੀ, ਅਗੰਮ ਅਥਾਹ ਅੰਮਿਉਂ ਰਸ ਆਪ ਚੁਆਈਆ । ਨਾਮ ਨਿਧਾਨ ਸ੍ਰੀ ਭਗਵਾਨ ਏਕਾ ਬਖ਼ਸ਼ ਅਗੰਮੀ ਦਾਤੀ, ਦਇਆਨਿਧ ਠਾਕਰ ਸਵਾਮੀ ਆਪਣੀ ਦਇਆ ਕਮਾਈਆ । ਕਾਇਆ ਮੰਦਰ ਅੰਦਰ ਬੋਧ ਅਗਾਧੇ ਮਾਰ ਝਾਤੀ, ਪਰਦਾ ਪਰਦਿਆਂ ਵਿਚੋਂ ਆਪ ਉਠਾਈਆ । ਤੇਰੇ ਨਾਮ ਰਸ ਦਾ ਦਿਸੇ ਕੋਇ ਨਾ ਸਾਕੀ, ਸਚ ਪਿਆਲਾ ਦੀਨ ਦਿਆਲਾ ਹੱਥ ਨਾ ਕੋਇ ਫੜਾਈਆ । ਗ੍ਰਿਹਿ ਮੰਦਰ ਅੰਦਰ ਮੰਜ਼ਲ ਚੜੇ ਕੋਇ ਨਾ ਘਾਟੀ, ਸਚਖੰਡ ਦਵਾਰ ਏਕੰਕਾਰ ਮਿਲਣ ਕੋਇ ਨਾ ਆਈਆ । ਆਵਣ ਜਾਵਣ ਲੱਖ ਚੁਰਾਸੀ ਮੁਕੇ ਕਿਸੇ ਨਾ ਵਾਟੀ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਦਰਸ ਕੋਇ ਨਾ ਪਾਈਆ । ਦੀਨ ਦੁਨੀ ਦਾ ਝਗੜਾ ਤਕ ਕਾਗ਼ਜ਼ਾਤੀ, ਤੇਰਾ ਨਾਮ ਕਲਮਾ ਕਰੇ ਲੜਾਈਆ । ਸਚ ਦਾ ਸਚ ਬਣੇ ਨਾ ਕੋਇ ਇਮਦਾਦੀ, ਸਗਲਾ ਸੰਗ ਨਾ ਕੋਇ ਨਿਭਾਈਆ । ਸਦੀ ਚੌਧਵੀਂ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਬਾਗ਼ੀ, ਮਨ ਹੰਕਾਰ ਵਿਕਾਰ ਨਾ ਕੋਇ ਮਿਟਾਈਆ । ਧੁਨ ਆਤਮਕ ਸ਼ਬਦ ਰਾਗ ਦਾ ਦਿਸੇ ਕੋਇ ਨਾ ਰਾਗੀ, ਅਨਹਦ ਨਾਦੀ ਨਾਦ ਨਾ ਕੋਇ ਸ਼ਨਵਾਈਆ । ਬਹੁੜੀ ਕਲਜੁਗ ਜੀਵਾਂ ਸੋਈ ਸੁਰਤ ਮੂਲ ਨਾ ਜਾਗੀ, ਅਕਾਲ ਮੂਰਤ ਤੇਰੇ ਵਿਚ ਨਾ ਕੋਇ ਸਮਾਈਆ । ਦਰਗਹ ਸਚ ਘਰ ਦਾ ਦਿਸੇ ਕੋਇ ਨਾ ਹਾਜੀ, ਹੁਜਰਾ ਹੱਕ ਤੇਰਾ ਨਜ਼ਰ ਕੋਇ ਨਾ ਆਈਆ । ਕਿਰਪਾ ਕਰ ਮਿਹਰਵਾਨ ਮਹਿਬੂਬ ਅਗੰਮੇ ਵਾਹਿਦੀ, ਵਾਹਵਾ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਦਵਾਰ ਏਕੰਕਾਰ ਦਰ ਠਾਂਡੇ ਮੰਗ ਮੰਗਾਈਆ । ਭਗਤ ਸੰਤ ਫ਼ਕੀਰ ਸੂਫ਼ੀ ਕਹਿਣ ਪ੍ਰਭ ਆਪਣੀ ਦੀਨ ਦੁਨੀ ਵੇਖ, ਬਿਨ ਨੇਤਰ ਨੈਣ ਅੱਖ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਵਧਿਆ ਭੇਖ, ਸਤਿ ਸਚ ਨਜ਼ਰ ਕੋਇ ਨਾ ਆਈਆ । ਤੇਰਾ ਨੂਰ ਨੁਰਾਨਾ ਨੂਰ ਸਕੇ ਕੋਇ ਨਾ ਵੇਖ, ਜੋਤੀ ਜਾਤੇ ਪੁਰਖ ਬਿਧਾਤੇ ਤੇਰਾ ਦਰਸ ਕੋਇ ਨਾ ਪਾਈਆ । ਝਗੜਾ ਪਿਆ ਜ਼ਾਤ ਪਾਤ ਮੁੱਲਾ ਸ਼ੇਖ਼, ਮੁਸਾਇਕ ਪੰਡਤ ਕਾਜ਼ੀ ਰਹੇ ਕੁਰਲਾਈਆ । ਧਰਮ ਧਾਰ ਦੀ ਰੁੱਤ ਬਸੰਤ ਮੌਲੇ ਕੋਇ ਨਾ ਚੇਤ, ਚੇਤਨ ਸੁਰਤ ਨਾ ਕੋਇ ਕਰਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਕਰੇ ਕੋਇ ਨਾ ਹੇਤ, ਨਿਰਗੁਣ ਨਿਰਗੁਣ ਮੇਲਾ ਮੇਲ ਨਾ ਕੋਇ ਮਿਲਾਈਆ । ਸਦੀ ਚੌਧਵੀਂ ਅੰਤ ਅਖ਼ੀਰ ਵੇਖ ਆਪਣੀ ਖੇਡ, ਅਵਤਾਰ ਪੈਗ਼ੰਬਰ ਗੁਰ ਬੈਠ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਹ ਸਾਚੀ ਸਚ ਦਵਾਰ ਦਰ ਤੇਰੇ ਮੰਗ ਮੰਗਾਈਆ । ਜਨ ਭਗਤ ਕਹਿਣ ਪ੍ਰਭ ਅਵਤਾਰ ਪੈਗ਼ੰਬਰ ਗੁਰੂ ਤਕ, ਨਿਰਗੁਣ ਧਾਰ ਧਿਆਨ ਲਗਾਈਆ । ਤੂੰ ਸਰਬ ਕਲਾ ਸਮਰਥ, ਸਮਰਥ ਬੇਪਰਵਾਹੀਆ । ਸਭ ਦੇ ਖ਼ਾਲੀ ਹੋਏ ਹੱਥ, ਚਾਰੋ ਕੁੰਟ ਰਹੇ ਵਖਾਈਆ । ਨਿਰਗੁਣ ਸਰਗੁਣ ਧਾਰ ਰਹੇ ਨੱਸ, ਦੋ ਜਹਾਨ ਭੱਜਣ ਵਾਹੋ ਦਾਹੀਆ । ਜਿਧਰ ਤਕਣ ਚਾਰ ਕੁੰਟ ਦਹਿ ਦਿਸ਼ਾ ਕਲਜੁਗ ਅੰਧੇਰੀ ਰੈਣ ਮੱਸ, ਮਸਤ ਖ਼ੁਮਾਰੀ ਨਾਮ ਨਾ ਕੋਇ ਰਖਾਈਆ । ਜੋ ਨਾਮ ਕਲਮਾ ਜਗਤ ਜਗਿਆਸੂ ਆਏ ਦੱਸ, ਅੱਖਰਾਂ ਵਿਚ ਸਿਫ਼ਤੀ ਢੋਲੇ ਗਾਈਆ । ਉਨ੍ਹਾਂ ਮਾਣੇ ਕੋਇ ਨਾ ਰਸ, ਰਸਤਾ ਕਾਇਆ ਮੰਦਰ ਅੰਦਰ ਨਜ਼ਰ ਕਿਸੇ ਨਾ ਆਈਆ । ਬਿਨ ਹਰਿਨਾਮੇ ਖ਼ਾਲੀ ਹੋਏ ਹੱਟ, ਵਸਤ ਅਮੋਲਕ ਕਾਇਆ ਗੋਲਕ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਖ਼ਾਲਕ ਪ੍ਰਿਤਪਾਲਕ ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਜਨ ਭਗਤ ਸੰਤ ਕਹਿਣ ਪ੍ਰਭ ਵੇਖ ਲੈ ਆਪਣੀ ਸ੍ਰਿਸ਼ਟੀ, ਸ੍ਰੇਸ਼ਟ ਆਪਣਾ ਧਿਆਨ

੧੧੪੦
੨੨

ਲਗਾਈਆ । ਅੰਤਰ ਖੁਲ੍ਹੀ ਕਿਸੇ ਨਾ ਦ੍ਰਿਸ਼ਟੀ, ਦੇਵ ਆਤਮਾ ਵੱਜੇ ਨਾ ਕੋਇ ਵਧਾਈਆ । ਤੇਰੇ ਨਾਮ ਨਿਧਾਨ ਬੇੜੇ ਚੜ੍ਹੇ ਕੋਇ ਨਾ ਕਿਸ਼ਤੀ, ਦਰਗਹ ਸਾਚੀ ਮਿਲਣ ਕੋਇ ਨਾ ਜਾਈਆ । ਸਿਦਕ ਭਰੋਸਾ ਰਿਹਾ ਨਾ ਕਿਸੇ ਗ੍ਰਿਹਸਤੀ, ਸਾਂਤਕ ਸਤਿ ਨਾ ਕੋਇ ਜਣਾਈਆ । ਲੇਖਾ ਮੁਕਾ ਦੇ ਟਾਂਕ ਜਿਸਤੀ, ਏਕਾ ਦੂਆ ਭਰਮ ਨਾ ਕੋਇ ਮਿਟਾਈਆ । ਸਾਡੀ ਬੇਨੰਤੀ ਅਸੀਂ ਪੂਜਾ ਚਾਹੁੰਦੇ ਏਕੰਕਾਰ ਇਕ ਦੀ, ਇਕ ਇਕੱਲੇ ਤੇਰੀ ਸੱਚ ਸਰਨਾਈਆ । ਖੇਲ ਖ਼ਤਮ ਕਰਦੇ ਪੱਥਰ ਇੱਟ ਦੀ, ਪਾਹਨ ਪੂਜਣ ਕੋਇ ਨਾ ਜਾਈਆ । ਦੁਹਾਈ ਸ਼ਾਸ਼ਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਪੜ੍ਹਦਿਆਂ ਸੁਰਤ ਕਿਸੇ ਨਾ ਟਿਕਦੀ, ਮਨ ਮਨਸਾ ਤੇਰੇ ਵਿਚ ਨਾ ਕੋਇ ਸਮਾਈਆ । ਵਡਿਆਈ ਰਹੀ ਨਾ ਮੁਨ ਰਿਖ ਦੀ, ਰਿਖੀਸ਼ਰ ਮੁਨੀਸ਼ਰ ਬੈਠੇ ਮੁਖ ਭਵਾਈਆ । ਸਾਚੀ ਧਾਰ ਸਮਝਾ ਦੇ ਪਰਮ ਪੁਰਖ ਪਰਮਾਤਮ ਆਤਮ ਗੋਬਿੰਦ ਧਾਰ ਧੁਰ ਦੇ ਸਿਖ ਦੀ, ਸਿਖਿਆ ਸਤਿ ਸਚ ਜਣਾਈਆ । ਆਸਾ ਮਨਸਾ ਪਿਆਰ ਮੁਹੱਬਤ ਦੱਸ ਦੇ ਆਪਣੇ ਹਿਤ ਦੀ, ਹਿਤਕਾਰੀ ਹੋ ਕੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਨੂਰ ਨੁਰਾਨੀ ਸ਼ਾਹ ਸੁਲਤਾਨੀ ਜੋਤ ਅਗੰਮੀ ਧਾਰ ਕਿਸੇ ਨਾ ਦਿਸਦੀ, ਜਗ ਨੇਤਰ ਜਗਿਆਸੂ ਪੇਖਣ ਕੋਇ ਨਾ ਪਾਈਆ ।



### ✪ ੧੭ ਫੱਗਣ ਸ਼ਹਿਨਸ਼ਾਹੀ ਸੰਮਤ ੬ ਜਾਗੀਰ ਸਿੰਘ ਦੇ ਗ੍ਰਿਹਿ ਪਿੰਡ ਸੋਹਲ ਜ਼ਿਲਾ ਗੁਰਦਾਸ ਪੁਰ ✪

੧੧੪੧ ੨੨

ਭਗਤ ਸੰਤ ਸੂਫ਼ੀ ਫ਼ਕੀਰ ਕਰੇ ਨਾ ਸੋਗ, ਚਿੰਤਾ ਗ਼ਮ ਨਾ ਕੋਇ ਰਖਾਈਆ । ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਮੇਟੇ ਹਉਮੇ ਰੋਗ, ਹੰਗਤਾ ਗੜ੍ਹ ਦਏ ਤੁੜਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸੇ ਸਾਚਾ ਜੋਗ, ਜੁਗਤੀ ਕਾਇਆ ਮੰਦਰ ਅੰਦਰ ਇਕ ਸਮਝਾਈਆ । ਅੰਮ੍ਰਿਤ ਰਸ ਨਿਝਰ ਬਖ਼ਸ਼ੇ ਚੋਗ, ਬੂੰਦ ਸਵਾਂਤੀ ਇਕ ਅਕਾਂਤੀ ਆਪ ਟਪਕਾਈਆ । ਸ਼ਬਦ ਅਨਾਦੀ ਅਨਹਦ ਸੁਣਾਏ ਸਲੋਕ, ਸੋਹਲਾ ਅਗੰਮ ਅਥਾਹ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਜਣਾਈਆ । ਸੂਫ਼ੀ ਸੰਤ ਫ਼ਕੀਰ ਨਾ ਕਰੋ ਕੋਈ ਵਿਚਾਰ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਸੋ ਪੁਰਖ ਨਿਰੰਜਣ ਕਿਰਪਾ ਕਰੇ ਵਿਚ ਸੰਸਾਰ, ਹਰਿ ਪੁਰਖ ਨਿਰੰਜਣ ਆਪਣੀ ਦਇਆ ਕਮਾਈਆ । ਏਕੰਕਾਰਾ ਖੇਲੇ ਖੇਲ ਸੱਚੀ ਸਰਕਾਰ, ਆਦਿ ਨਿਰੰਜਣ ਜੋਤੀ ਜਾਤਾ ਡਗਮਗਾਈਆ । ਅਬਿਨਾਸ਼ੀ ਕਰਤਾ ਪਾਵੇ ਸਾਰ, ਸ੍ਰੀ ਭਗਵਾਨ ਵੇਖੇ ਥਾਉਂ ਥਾਈਂਆ । ਪਾਰਬ੍ਰਹਮ ਪ੍ਰਭ ਪੜਦਾ ਦਏ ਉਤਾਰ, ਬ੍ਰਹਮ ਮੇਲਾ ਹੋਏ ਸਹਿਜ ਸੁਭਾਈਆ । ਸ਼ਬਦ ਅਨਾਦੀ ਨਾਦ ਜਣਾਏ ਧੁਨਕਾਰ, ਅਨਰਾਗੀ ਆਪਣਾ ਰਾਗ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਸੰਤ ਭਗਤ ਸੂਫ਼ੀ ਨਾ ਅੰਦਰ ਕਰੋ ਗ਼ਮ, ਚਿੰਤਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲਾ ਝਗੜਾ ਮੇਟੇ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਸ੍ਰਿਸ਼ਟੀ ਅੰਤਰ ਨਿਰੰਤਰ ਦਏ ਬਦਲਾਈਆ । ਪਵਣ ਸਵਾਸੀ ਲੇਖਾ ਜਾਣੇ ਦਮ, ਦਾਮਨਗੀਰ ਆਪਣੀ ਕਰਨੀ ਖੇਲ ਖਿਲਾਈਆ । ਪੜਦਾ ਲਾਹੇ ਆਤਮ ਬ੍ਰਹਮ, ਪਾਰਬ੍ਰਹਮ ਜਲਵਾਗਰ ਏਕਾ ਨੂਰ ਕਰੇ ਰੁਸ਼ਨਾਈਆ । ਸਤਿਜੁਗ ਸਾਚਾ ਸਚ ਚਲਾਏ ਧਰਮ,

ਧਰਨੀ ਧਰਤ ਧਵਲ ਧੌਲ ਵੱਜੇ ਵਧਾਈਆ । ਕਲਜੁਗ ਕੂੜੀ ਕਿਰਿਆ ਮੇਟੇ ਕੁਕਰਮ, ਕਰਮ ਕਾਂਡ ਦਾ ਲੇਖਾ ਦਏ ਚੁਕਾਈਆ । ਜਨ ਭਗਤਾਂ ਨੇਤਰ ਖੋਲ੍ਹੇ ਹਰਨ ਫਰਨ, ਨਿਜ ਲੋਚਣ ਨੈਣ ਕਰੇ ਰੁਸ਼ਨਾਈਆ । ਸਚ ਪ੍ਰੀਤੀ ਬਖ਼ਸ਼ ਆਪਣੇ ਚਰਨ, ਚਰਨੋਦਕ ਅੰਮ੍ਰਿਤ ਜਾਮ ਪਿਆਈਆ । ਆਤਮ ਪਰਮਾਤਮ ਢੋਲਾ ਦੱਸੇ ਪੜ੍ਹਨ, ਸਿਖਿਆ ਸਾਖਿਆਤ ਇਕ ਸਮਝਾਈਆ । ਗ੍ਰਹਿ ਮੰਦਰ ਅੰਦਰ ਮੰਜ਼ਲ ਦੱਸੇ ਚੜ੍ਹਨ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਸੂਫ਼ੀ ਸੰਤ ਫ਼ਕੀਰ ਅੰਤਰ ਅੰਤਰ ਵੇਖੇ ਮਾਰ ਕੇ ਝਾਤੀ, ਪਰਦਾ ਪਰਦਾਨਸ਼ੀਂ ਆਪ ਉਠਾਈਆ । ਸਭ ਦਾ ਲੇਖਾ ਲਹਿਣਾ ਦੇਣਾ ਪੂਰਾ ਕਰ ਬਾਕੀ, ਬਾਕਾਇਦਾ ਆਪਣਾ ਹੁਕਮ ਵਰਤਾਈਆ । ਸਤਿਜੁਗ ਕਥਾ ਕਹਾਣੀ ਦੱਸਾਂ ਸਾਚੀ, ਸਤਿ ਸਤਿਵਾਦੀ ਆਪਣਾ ਹੁਕਮ ਵਰਤਾਈਆ । ਬੋਧ ਅਗਾਧਾ ਸ਼ਬਦ ਜਣਾਵਾਂ ਅਨਾਦੀ, ਅਨਹਦ ਨਾਦ ਆਤਮ ਧੁਨ ਆਪ ਉਪਜਾਈਆ । ਸ਼ਰਅ ਰਹਿਣ ਨਾ ਦੇਵਾਂ ਮੁੱਲਾਂ ਕਾਜ਼ੀ, ਸਦੀ ਚੌਧਵੀਂ ਮੁਹੰਮਦ ਲੇਖਾ ਪੂਰ ਕਰਾਈਆ । ਹਜ਼ਰਤ ਈਸਾ ਰਹੇ ਨਾ ਕੋਇ ਇਮਦਾਦੀ, ਮੂਸਾ ਮੁਸਲਸਲ ਆਪਣਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਧਰਮ ਇਕ ਪਰਗਟਾਈਆ । ਸੰਤ ਭਗਤ ਸੂਫ਼ੀ ਸੁਣੋ ਅਗੰਮ ਫ਼ਰਮਾਨਾ, ਹਰਿ ਕਰਤਾ ਆਪ ਦ੍ਰਿੜਾਈਆ । ਕਲਜੁਗ ਅੰਤਮ ਵਰਤੇ ਪ੍ਰਭ ਦਾ ਭਾਣਾ, ਨਾ ਕੋਇ ਮੇਟੇ ਮੇਟ ਮਿਟਾਈਆ । ਤਖ਼ਤ ਨਿਵਾਸੀ ਰਹੇ ਕੋਇ ਨਾ ਰਾਜਾ ਰਾਣਾ, ਸੀਸ ਤਾਜ ਨਾ ਕੋਇ ਟਿਕਾਈਆ । ਚਾਰ ਕੁੰਟ ਦਹਿ ਦਿਸ਼ਾ ਹੋਏ ਹੈਰਾਨਾ, ਹੈਰਾਨੀ ਅੰਦਰ ਸਰਬ ਕੁਰਲਾਈਆ । ਨਵ ਸੱਤ ਰਹੇ ਕੋਇ ਨਾ ਮਾਣਾ, ਮਾਣ ਤਾਣ ਨਾ ਕੋਇ ਜਣਾਈਆ । ਇਕੋ ਹੁਕਮ ਵਰਤੇ ਸ੍ਰੀ ਭਗਵਾਨਾ, ਭਗਵਨ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਆਪਣੀ ਕਰਨੀ ਹਰਿ ਕਰਤਾ ਆਪਣੇ ਹੁਕਮ ਨਾਲ ਵਰਤਾਈਆ ।

## ✪ ੧੮ ਫੱਗਣ ਸ਼ਹਿਨਸ਼ਾਹੀ ਸੰਮਤ ੬ ਗੁਰਚਰਨ ਸਿੰਘ ਦੇ ਗ੍ਰਹਿ ਪਿੰਡ ਪੰਡੋਰੀ ਜ਼ਿਲਾ ਕਪੂਰਥਲਾ ✪

ਸੂਫ਼ੀ ਸੰਤ ਫ਼ਕੀਰ ਭਗਤ ਕਹਿਣ ਪ੍ਰਭ ਤਕੀ ਤੇਰੀ ਚਾਰ ਜੁਗ ਦੀ ਆਰਜਾ, ਆਜਜ਼ ਹੋ ਕੇ ਬੈਠੇ ਧਿਆਨ ਲਗਾਈਆ । ਭੇਵ ਆਇਆ ਨਾ ਕਿਸੇ ਅਗੰਮੀ ਸ਼ਬਦ ਸਾਰ ਦਾ, ਸਾਰ ਸ਼ਬਦ ਸਾਰ ਕਿਸੇ ਨਾ ਪਾਈਆ । ਕੰਢਾ ਤੱਕਿਆ ਨਹੀਂ ਆਰ ਪਾਰ ਦਾ, ਪਰਾ ਪਸੰਤੀ ਮਧਮ ਬੈਖਰੀ ਅੰਤ ਕਹਿਣ ਕੋਇ ਨਾ ਪਾਈਆ । ਲੇਖਾ ਜਾਣਿਆ ਨਹੀਂ ਅਗੰਮੀ ਯਾਰ ਦਾ, ਅਗੰਮ ਅਗੰਮੜੇ ਤੇਰੀ ਵਡ ਵਡਿਆਈਆ । ਖੇਲ ਤੱਕਿਆ ਜੀਵ ਜਗਤ ਜਹਾਨ ਸੰਸਾਰ ਦਾ, ਸੰਸਾਰੀ ਭੰਡਾਰੀ ਸੰਘਾਰੀ ਜੋ ਬੈਠੇ ਖੇਲ ਬਣਾਈਆ । ਤੇਰਾ ਰੂਪ ਅਨੂਪ ਵੇਖਿਆ ਪਰਵਰਦਿਗਾਰ ਦਾ, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਧਿਆਨ ਲਗਾਈਆ । ਦਰ ਤੇਰੇ ਬਿਨ ਤੇਰੀ ਕਿਰਪਾ ਨਾ ਕੋਇ ਪੁਕਾਰਦਾ, ਪੁਨਹ ਪੁਨਹ ਸੀਸ ਨਾ ਕੋਇ ਨਿਵਾਈਆ । ਕਲਜੁਗ ਅੰਤਮ ਵੇਖ ਤੇਰਾ ਦੀਨ ਮਜ਼੍ਹਬ ਬਣਿਆ ਗੜ੍ਹ ਹੰਕਾਰ ਦਾ, ਹਉਮੇ ਹੰਗਤਾ ਨਾ ਕੋਇ ਗਵਾਈਆ । ਸਤਿ ਸਰੂਪ ਕਿਸੇ ਨਜ਼ਰ ਨਾ ਆਏ ਤੇਰਾ ਸਤਿ ਕਰਤਾਰ

੧੧੪੨
੨੨

ਦਾ, ਕਰਤੇ ਪੁਰਖ ਤੇਰਾ ਦਰਸ ਕੋਇ ਨਾ ਪਾਈਆ । ਜਗਤ ਮਲੇਛਾਂ ਰੂਪ ਧਰਿਆ ਗ਼ਦਾਰ ਦਾ, ਬੇਮੁਖ ਹੋਈ ਕੂੜ ਲੋਕਾਈਆ । ਬੇਖ਼ਬਰ ਸੰਦੇਸ਼ਾ ਦੇ ਦੇ ਨਾਮ ਖ਼ਬਰਦਾਰ ਦਾ, ਆਲਸ ਨਿੰਦਰਾ ਗ਼ਫ਼ਲਤ ਸਭ ਦੀ ਦੇ ਮਿਟਾਈਆ । ਵਕਤ ਸੁਹੰਜਣਾ ਕਰ ਆਪਣੀ ਸਤਿਗੁਰ ਸ਼ਬਦ ਬਹਾਰ ਦਾ, ਰੁਤੜੀ ਇਕੋ ਇਕ ਮਹਿਕਾਈਆ । ਗੁਲਸ਼ਨ ਮਹਿਕਾ ਦੇ ਹਰਿਜਨ ਰੂਪ ਬਣਾ ਗੁਲਜ਼ਾਰ ਦਾ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਵਕਤ ਸੁਹੰਜਣਾ ਹੋਏ ਤੇਰੇ ਦਰਸ ਦੀਦਾਰ ਦਾ, ਨਿਜ ਨੇਤਰ ਲੋਚਨ ਨੈਣ ਕਰ ਰੁਸ਼ਨਾਈਆ । ਝਗੜਾ ਮੁਕਾ ਦੇ ਅਵਤਾਰ ਪੈਗ਼ੰਬਰ ਗੁਰੂ ਮੁਖ਼ਤਿਆਰ ਦਾ, ਮੁਖ਼ਤਿਆਰਨਾਮਾ ਰਹਿਣ ਕੋਇ ਨਾ ਪਾਈਆ । ਜੀਵ ਜਗਤ ਜਹਾਨ ਇਕੋ ਤੇਰਾ ਨਾਮ ਹੋਵੇ ਉਚਾਰਦਾ, ਇਕੋ ਢੋਲਾ ਸੋਹਲਾ ਸਿਫ਼ਤ ਸਾਲਾਹੀਆ । ਇਕੋ ਲੇਖਾ ਹੋਵੇ ਕਾਤਬ ਤੇਰੇ ਲਿਖਾਰ ਦਾ, ਦੂਸਰ ਵੰਡ ਨਾ ਕੋਇ ਵੰਡਾਈਆ । ਇਕੋ ਲਹਿਣਾ ਦੇਣਾ ਹੋਵੇ ਮਾਨਸ ਜ਼ਾਤੀ ਭਗਤ ਦਵਾਰ ਦਾ, ਭਗਵਨ ਆਪਣਾ ਸੰਗ ਰਖਾਈਆ । ਕਲਜੁਗ ਕੂੜਾ ਕਿਸੇ ਨਾ ਹੋਵੇ ਵੰਗਾਰਦਾ, ਕੂੜ ਕੁੜਿਆਰ ਦੇਣਾ ਮਿਟਾਈਆ । ਮੇਲ ਮਿਲਾਵੇ ਆਤਮ ਪਰਮਾਤਮ ਪੁਰਖ ਨਾਰ ਦਾ, ਨਰ ਨਰਾਇਣ ਇਕੋ ਗ੍ਰਿਹ ਸੁਹਾਈਆ । ਜਿਥੇ ਤੇਰਾ ਸ਼ਬਦ ਅਗੰਮੀ ਰਾਗ ਸੁਣਾਵੇ ਤੇਰੀ ਧੁਨਕਾਰ ਦਾ, ਅਨਰਾਗੀ ਅਗੰਮ ਦ੍ਰਿੜਾਈਆ । ਪ੍ਰਕਾਸ਼ ਹੋਵੇ ਤੇਰੇ ਜ਼ਹੂਰ ਜ਼ਾਹਰ ਦਾ, ਨਿਰਗੁਣ ਨਿਰਵੈਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤ ਸੁਹੇਲੇ ਕੋਈ ਨਾ ਤਾਰਦਾ, ਸੂਫ਼ੀ ਸੰਤ ਫ਼ਕੀਰਾਂ ਦਰਗਹ ਸਾਚੀ ਸਚਖੰਡ ਨਾ ਕੋਇ ਬਹਾਈਆ ।



## ੧੯ ਫੱਗਣ ਸ਼ਹਿਨਸ਼ਾਹੀ ਸੰਮਤ ੬ ਜੁਗਿੰਦਰ ਸਿੰਘ ਦੇ ਗ੍ਰਿਹ ਪਿੰਡ ਫਤਿਹ ਗੜ੍ਹ ਜ਼ਿਲਾ ਕਪੂਰਥਲਾ

ਸੰਤ ਭਗਤ ਸੂਫ਼ੀ ਕਹਿਣ ਪ੍ਰਭ ਕਲਜੁਗ ਮੇਟ ਅੰਧੇਰੀ ਰੈਣ, ਅੰਧ ਅਗਿਆਨ ਦੇ ਚੁਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਖੋਲ੍ਹ ਨਿਜ ਨੈਣ, ਲੋਚਨ ਨੈਣ ਅੱਖ ਪ੍ਰਤਖ ਇਕ ਗੁਸਾਈਂਆ । ਚਾਰ ਵਰਨ ਅਠਾਰਾਂ ਬਰਨ ਨਾਤਾ ਜੋੜ ਭਾਈ ਭੈਣ, ਦੀਨ ਮਜ਼੍ਹਬ ਸ਼ਰਅ ਕਰੇ ਨਾ ਕੋਇ ਲੜਾਈਆ । ਕੂੜੀ ਕਿਰਿਆ ਵਿਚ ਕਲਜੁਗ ਜੀਵ ਮੂਲ ਨਾ ਵਹਿਣ, ਨਾਮ ਧਾਰ ਏਕੰਕਾਰ ਇਕ ਦਰਸਾਈਆ । ਸਦੀ ਚੌਧਵੀਂ ਮੁਹੰਮਦ ਪੂਰਾ ਕਰ ਦੇ ਲੈਣ ਦੇਣ, ਬੀਸ ਬੀਸੇ ਹਜ਼ਰਤ ਈਸਾ ਨਾਲ ਮਿਲਾਈਆ । ਲੇਖਾ ਬਾਕੀ ਰਹੇ ਨਾ ਕੋਇ ਬਾਲਮੀਕ ਰਮਾਇਣ, ਰਾਮ ਰਾਮਾ ਸ੍ਰੀ ਭਗਵਾਨਾ ਆਪਣਾ ਪੜਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਓਟ ਤਕਾਈਆ । ਜਨ ਭਗਤ ਸੰਤ ਸੂਫ਼ੀ ਕਹਿਣ ਪ੍ਰਭ ਬਖ਼ਸ਼ ਅਗੰਮੀ ਵੱਥ, ਪ੍ਰੇਮ ਪ੍ਰੀਤੀ ਇਕ ਵਰਤਾਈਆ । ਸਤਿਜੁਗ ਸਚ ਚਲਾ ਰਥ, ਰਥ ਰਥਵਾਹੀ ਹੋ ਸਹਾਈਆ । ਤੂੰ ਸਰਬ ਕਲਾ ਸਮਰਥ, ਕਰਤਾ ਪੁਰਖ ਇਕ ਅਖਵਾਈਆ । ਕਲਜੁਗ ਕੂੜੀ ਕਿਰਿਆ ਕਰ ਦੇ ਭੱਠ, ਭਾਂਡਾ ਭਰਮ ਭਾਓ ਭੰਨਾਈਆ । ਪ੍ਰਕਾਸ਼ ਕਰ ਦੇ ਤਤ ਅੱਠ, ਨਿਰਗੁਣ ਨੂਰ ਕਰ ਰੁਸ਼ਨਾਈਆ । ਹਰ ਘਟ ਅੰਦਰ ਧੀਰਜ ਦੇ ਸਤਿ, ਸਤਿ ਸੰਤੋਖ ਆਪਣਾ ਨਾਮ ਦ੍ਰਿੜਾਈਆ । ਜਗਤ ਜੀਵਾਂ ਪਵਿੱਤਰ ਕਰ ਕੇ ਮਤ, ਮਨ ਮਤ ਦਾ ਡੇਰਾ ਢਾਹੀਆ । ਸਚਖੰਡ ਨਿਵਾਸੀ ਇਕੋ ਮਾਰਗ ਦੇ ਦੱਸ, ਦਹਿ ਦਿਸ਼ਾ ਤੇਰੀ ਹੋਵੇ ਸਚ ਪੜ੍ਹਾਈਆ ।

ਹਰ ਹਿਰਦੇ ਜਾਣਾ ਵਸ, ਘਟ ਘਟ ਆਪਣਾ ਆਸਣ ਲਾਈਆ । ਤੇਰੀ ਸਰਨ ਸਰਨਾਈ ਜਗਤ ਜਗਿਆਸੂ ਜਾਣ ਢੱਠ, ਡੰਡਾਵਤ ਬੰਦਨਾ ਸੱਯਦਾ ਸੀਸ ਇਕ ਜਗਦੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਧਰਤ ਧਵਲ ਧੌਲ ਉਤੇ ਧਰਮ ਦੀ ਧਾਰ ਚਲਾ ਦੇ ਸਚ, ਸਚ ਦੇ ਮਾਲਕ ਆਪਣਾ ਹੁਕਮ ਵਰਤਾਈਆ ।

### ੧੯ ਫੱਗਣ ਸ਼ਹਿਨਸ਼ਾਹੀ ਸੰਮਤ ੬ ਮੁਣਸ਼ੀ ਰਾਮ ਦੇ ਗ੍ਰਿਹ ਪਿੰਡ ਬੇਗੋਵਾਲ ਜ਼ਿਲਾ ਹੁਸ਼ਿਆਰਪੁਰ

ਸੂਫ਼ੀ ਸੰਤ ਭਗਤ ਰਹੇ ਆਖ, ਬਿਨ ਅੱਖਰਾਂ ਰਹੇ ਦ੍ਰਿੜਾਈਆ । ਧੁਰ ਦੇ ਮਾਲਕ ਸਾਹਿਬ ਅਬਿਨਾਸ਼, ਅਬਿਨਾਸ਼ੀ ਕਰਤੇ ਧਿਆਨ ਲਗਾਈਆ । ਤੇਰੀ ਸ੍ਰਿਸ਼ਟੀ ਹੋਈ ਗੁਸਤਾਖ਼, ਮਨ ਮਨਸਾ ਵਿਚ ਹਲਕਾਈਆ । ਆਤਮ ਪਰਮਾਤਮ ਨਾਤਾ ਤੁਟਾ ਸਾਕ, ਸੱਜਣ ਸਤਿਗੁਰ ਮੇਲ ਨਾ ਕੋਇ ਮਿਲਾਈਆ । ਰੂਹ ਬੁਤ ਦਿਸੇ ਕੋਇ ਨਾ ਪਾਕ, ਪਤਿਤ ਪੁਨੀਤ ਨਾ ਕੋਇ ਬਣਾਈਆ । ਜੋ ਅਵਤਾਰ ਪੈਗ਼ੰਬਰ ਗੁਰ ਗਏ ਆਖ, ਸੰਦੇਸ਼ਾ ਧੁਰ ਦਾ ਇਕ ਦ੍ਰਿੜਾਈਆ । ਸੋ ਸਭ ਦਾ ਲੇਖਾ ਵੇਖ ਮਾਰ ਝਾਤ, ਪਰਦਾ ਓਹਲਾ ਮਾਤ ਉਠਾਈਆ । ਸਤਿ ਸਚ ਦਾ ਰਿਹਾ ਕੋਇ ਨਾ ਸਾਥ, ਧਰਮ ਦਵਾਰ ਨਾ ਕੋਇ ਚਤੁਰਾਈਆ । ਰਸਨਾ ਜਿਹਵਾ ਸਾਰੀ ਸ੍ਰਿਸ਼ਟੀ ਕਰਦੀ ਪਾਠ, ਅੰਤਰ ਲਿਵ ਨਾ ਕੋਇ ਲਗਾਈਆ । ਸਾਚੀ ਮੰਜ਼ਲ ਚੜ੍ਹੇ ਕੋਇ ਨਾ ਘਾਟ, ਸਚਖੰਡ ਦਵਾਰੇ ਤੇਰਾ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨਿਰਵੈਰ ਇਕੋ ਤੇਰੇ ਉਤੇ ਵਿਸ਼ਵਾਸ, ਵਿਸ਼ਵ ਦੇ ਮਾਲਕ ਮਿਹਰ ਨਜ਼ਰ ਲੈਣੀ ਉਠਾਈਆ ।



੧੧੪੪ ੨੨

### ੧੯ ਫੱਗਣ ਸ਼ਹਿਨਸ਼ਾਹੀ ਸੰਮਤ ੬ ਅਰਜਨ ਸਿੰਘ ਦੇ ਗ੍ਰਿਹ ਪਿੰਡ ਸਲੀਮ ਪੁਰ ਜ਼ਿਲਾ ਹਸ਼ਿਆਰਪੁਰ

ਸੰਤ ਭਗਤ ਸੂਫ਼ੀ ਕਹਿਣ ਪ੍ਰਭੂ ਤੇਰੀਆਂ ਅੰਤ ਉਡੀਕਾਂ, ਬਿਨ ਨੈਣਾਂ ਸਰਬ ਧਿਆਨ ਲਗਾਈਆ । ਚਾਰ ਜੁਗ ਦੇ ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਤਸਦੀਕਾਂ, ਸ਼ਹਾਦਤ ਅਵਤਾਰ ਪੈਗ਼ੰਬਰ ਗੁਰੂ ਰਹੇ ਭੁਗਤਾਈਆ । ਕਲਜੁਗ ਕੂੜੀ ਕਿਰਿਆ ਉਤੇ ਅੰਤਮ ਮਾਰ ਆਣ ਕੇ ਲੀਕਾਂ, ਲਾਈਨ ਐਨ ਆਪਣੀ ਦੇ ਲਗਾਈਆ । ਲੇਖਾ ਵੇਖ ਲੱਖ ਚੁਰਾਸੀ ਜੀਵ ਜੀਅ ਕਾ, ਜਾਗਰਤ ਜੋਤ ਬਿਨ ਵਰਨ ਗੋਤ ਆਪ ਪਰਗਟਾਈਆ । ਤੂੰ ਸਾਹਿਬ ਸਵਾਮੀ ਵਡ ਰਾਜਨ ਰਾਜ , ਨਰ ਨਰਾਇਣ ਅਗੰਮ ਅਥਾਹੀਆ । ਤੁਧ ਬਿਨ ਸਦੀ ਚੌਧਵੀਂ ਦਿਸੇ ਕੋਇ ਨਾ ਮੀਤਾ, ਮਿੱਤਰ ਪਿਆਰਾ ਨਜ਼ਰ ਕੋਇ ਨਾ ਆਈਆ । ਬਹੁੜੀ ਕਲਜੁਗ ਅੰਦਰ ਸਤਿਜੁਗ ਬਦਲ ਦੇ ਰੀਤਾ, ਰੀਤੀਵਾਨ ਤੇਰੀ ਵਡਿਆਈਆ । ਕੂੜੀ ਕਿਰਿਆ ਰਸ ਮੇਟ ਦੇ ਫੀਕਾ, ਅੰਮ੍ਰਿਤ ਅੰਮਿਉਂ ਰਸ ਆਪ ਚੁਆਈਆ । ਤੂੰ ਮੇਰਾ ਮੈਂ ਤੇਰਾ ਸਭ ਨੂੰ ਦੱਸ ਦੇ ਗੀਤਾ, ਗਹਿਰ ਗੰਭੀਰ ਬੇਨਜ਼ੀਰ ਆਪਣਾ ਹੁਕਮ ਸੁਣਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਝਗੜਾ ਮੇਟ ਦੇ ਮੰਦਰ ਮਸੀਤਾ, ਕਾਅਬਿਆਂ ਕਰੇ ਨਾ ਕੋਇ ਲੜਾਈਆ । ਤੇਰਾ ਨਾਮ ਨਿਧਾਨਾ ਨੌਜਵਾਨਾ ਸਭ ਨੂੰ ਲੱਗੇ ਮੀਠਾ, ਅਨਰਸ ਆਪਣਾ ਦੇ ਚਖਾਈਆ । ਤਨ ਵਜੂਦ ਮਾਟੀ ਖ਼ਾਕ ਪੰਜ ਤਤ ਕੌੜਾ ਰਹੇ ਮੂਲ ਨਾ ਰੀਠਾ, ਵਿਖ ਰੂਪ

ਨਜ਼ਰ ਨਾ ਆਈਆ । ਸਾਂਤਕ ਸਤਿ ਕਰਾ ਦੇ ਸਾਢੇ ਤਿੰਨ ਹੱਥ ਅੰਗੀਠਾ, ਤ੍ਰੈਗੁਣ ਮਾਇਆ ਅਗਨ ਨਾ ਕੋਇ ਜਲਾਈਆ । ਜਨ ਭਗਤ ਕਹਿਣ ਪ੍ਰਭ ਰੰਗ ਚਾੜ੍ਹ ਅਗੰਮ ਮਜੀਠਾ, ਸੰਤ ਸਾਜਣ ਬੈਠੇ ਧਿਆਨ ਲਗਾਈਆ । ਆਤਮ ਬ੍ਰਹਮ ਦੱਸ ਆਪਣੀ ਪ੍ਰੀਤਾ, ਪ੍ਰੀਤਮ ਆਪਣਾ ਮੇਲ ਮਿਲਾਈਆ । ਝਗੜਾ ਰਹੇ ਨਾ ਊਚਾਂ ਨੀਚਾਂ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਇਕੋ ਨਾਮ ਕਲਮਾ ਤੇਰੀ ਹੋਵੇ ਹਦੀਸਾ, ਹਜ਼ਰਤਾਂ ਤੋਂ ਬਾਹਰ ਕਰ ਪੜ੍ਹਾਈਆ । ਸਚ ਦਵਾਰ ਏਕੰਕਾਰ ਦੱਸ ਆਪ ਜਗਦੀਸਾ, ਜਗਦੀਸ਼ਰ ਆਪਣੀ ਦਇਆ ਕਮਾਈਆ । ਸਦੀ ਚੌਧਵੀਂ ਲੇਖਾ ਪੂਰਾ ਕਰ ਦੇ ਬੀਸ ਬੀਸਾ, ਬੀਸ ਇਕੀਸੇ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨ ਤੇਰਾ ਅਗੰਮ ਬਾਗੀਚਾ, ਬਾਗ਼ਬਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ ।

### ੧੯ ਫੱਗਣ ਸ਼ਹਿਨਸ਼ਾਹੀ ਸੰਮਤ ੬ ਭਗਵਾਨ ਸਿੰਘ ਦੇ ਗ੍ਰਿਹ ਪਿੰਡ ਓੜ ਮੁੜ ਟਾਂਡਾ ਜ਼ਿਲਾ ਹੁਸ਼ਿਆਰ ਪੁਰ

ਸੰਤ ਭਗਤ ਸੂਫ਼ੀ ਕਹਿਣ ਪ੍ਰਭ ਭਗਤੀ ਦਾ ਰਿਹਾ ਕੋਇ ਨਾ ਮੁੱਲ, ਅਮੁੱਲ ਤੇਰੀ ਸਾਰ ਕਿਸੇ ਨਾ ਪਾਈਆ । ਅੰਤਰ ਆਤਮ ਦੀਪਕ ਸਭ ਦਾ ਹੋਇਆ ਗੁੱਲ, ਨਿਰਗੁਣ ਨੂਰ ਜੋਤ ਨਾ ਕੋਇ ਰੁਸ਼ਨਾਈਆ । ਨਾਭੀ ਖਿੜਿਆ ਕਿਸੇ ਨਾ ਫੁੱਲ, ਕਵਲ ਰੰਗ ਨਾ ਕੋਇ ਰੰਗਾਈਆ । ਅੰਮ੍ਰਿਤ ਸਭ ਦਾ ਗਿਆ ਡੁੱਲ੍ਹ, ਬੂੰਦ ਸਵਾਂਤੀ ਰਸ ਨਾ ਕੋਇ ਚਖਾਈਆ । ਰਸਨਾ ਗਾਉਂਦੇ ਨਾਲ ਬੁੱਲ, ਹਿਰਦੇ ਸਕਿਆ ਨਾ ਕੋਇ ਵਸਾਈਆ । ਤ੍ਰੈਗੁਣ ਅਗਨੀ ਬਲੇ ਕਾਇਆ ਚੁੱਲ੍ਹ, ਸਾਂਤਕ ਸਤਿ ਨਾ ਕੋਇ ਵਰਤਾਈਆ । ਮਾਇਆ ਮਮਤਾ ਵਿਚ ਗਏ ਰੁਲ, ਫੜ ਬਾਹੋਂ ਬਾਹਰ ਨਾ ਕੋਇ ਕਢਾਈਆ । ਸਾਚੇ ਤੋਲ ਮੂਲ ਨਾ ਗਏ ਤੁਲ, ਕੀਮਤ ਸਚ ਨਾ ਕੋਇ ਚੁਕਾਈਆ । ਭਾਗ ਲੱਗਾ ਨਾ ਕਿਸੇ ਕੁਲ, ਕੁਲ ਮਾਲਕ ਤੇਰੀ ਬੇਪਰਵਾਹੀਆ । ਸਦੀ ਚੌਧਵੀਂ ਮਾਨਵ ਬੂਟਾ ਰਿਹਾ ਹੁਲ, ਪੱਤ ਟਹਿਣੀ ਫਲ ਫੁੱਲ ਨਜ਼ਰ ਕੋਇ ਨਾ ਆਈਆ । ਤੂੰ ਮਾਲਕ ਕਿਰਪਾ ਕਰਦੇ ਸੁਲਹਕੁਲ, ਸ੍ਰਿਸ਼ਟ ਸਬਾਈ ਦਇਆ ਕਮਾਈਆ । ਚਰਨ ਚਰਨੋਦਕ ਦੇ ਦੇ ਧੂਲ, ਧੂਲ ਟਿੱਕੇ ਖ਼ਾਕ ਰਮਾਈਆ । ਆਤਮ ਪਰਮਾਤਮ ਦੱਸ ਅਸੂਲ, ਅਸਲ ਆਪਣਾ ਪੜਦਾ ਲਾਹੀਆ । ਮੇਲ ਮਿਲਾ ਕੰਤ ਕੰਤੂਹਲ, ਹਰਿ ਕਰਤੇ ਧੁਰਦਰਗਾਹੀਆ । ਤੈਨੂੰ ਸੱਯਦਾ ਕਰਦੇ ਪੈਗ਼ੰਬਰ ਰਸੂਲ, ਅਵਤਾਰ ਗੁਰੂ ਸੀਸ ਝੁਕਾਈਆ । ਸਚ ਬੇਨੰਤੀ ਕਰ ਕਬੂਲ, ਕਿਬਲੇਅਜ ਤੇਰੀ ਵਡਿਆਈਆ । ਤੇਰਾ ਸ਼ਬਦ ਹੁਕਮ ਸਦਾ ਮਾਕੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਤੇਰੇ ਨਾਮ ਦਾ ਸਚ ਪੰਘੂੜਾ ਲੈਣ ਝੂਲ, ਜੀਵ ਜਹਾਨ ਹੋ ਸਹਾਈਆ । ਕਿਸੇ ਕੰਮ ਨਾ ਆਵੇ ਸ਼ੰਕਰ ਵਾਲੀ ਤਰਸੂਲ, ਨਾਮ ਕਲਮੇ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਸਰਨਾਈਆ । ਜਨ ਭਗਤ ਸੰਤ ਸੂਫ਼ੀ ਦਰ ਤੇਰੇ ਅਗੰਮੀ ਢੱਠੇ, ਢਹਿ ਢਹਿ ਸੀਸ ਨਿਵਾਈਆ । ਝਗੜਾ ਮੇਟ ਦੇ ਮੰਦਰ ਮੱਠੇ, ਮਸੀਤਾਂ ਮਸਲਾ ਹੱਲ ਕਰਾਈਆ । ਵਰਨ ਬਰਨ ਕਰ ਇਕੱਠੇ, ਜ਼ਾਤ ਪਾਤ ਭਰਮ ਨਾ ਕੋਇ ਭੁਲਾਈਆ । ਭਾਗ ਲਗਾ ਕਾਇਆ ਮੱਟੇ, ਸਾਢੇ ਤਿੰਨ ਹੱਥ ਕਰ ਰੁਸ਼ਨਾਈਆ । ਨਜ਼ਰ ਆ ਤਤ ਅੱਠੇ, ਪਰਦਾ ਓਹਲਾ ਦੇ ਚੁਕਾਈਆ । ਕਲਜੁਗ ਜੀਵ ਤੇਰੇ ਨਾਮ ਜਾਣ ਰੱਤੇ, ਰਤਨ ਅਮੋਲਕ ਲੈ ਬਣਾਈਆ । ਕੂੜ ਵਿਕਾਰ ਉਤੇ ਵਿਜੈ ਪਾ ਫੜ੍ਹੇ, ਡੰਕਾ

੧੧੪੫ ੨੨

ਇਕੋ ਨਾਮ ਸੁਣਾਈਆ । ਤਨ ਵਜੂਦ ਕੋਈ ਨਾ ਤਪੇ, ਤ੍ਰਿਸ਼ਨਾ ਅਗਨ ਦੇਣੀ ਬੁਝਾਈਆ । ਤੂੰ ਮੇਰਾ ਮੈਂ ਤੇਰਾ ਸ੍ਰਿਸ਼ਟ ਸਬਾਈ ਇਕੋ ਨਾਮ ਜਪੇ, ਸੋਹੰ ਢੋਲਾ ਅਗੰਮ ਅਥਾਹੀਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਬਣਾ ਸੱਜਣ ਸਕੇ, ਹਿੰਦੂ ਮੁਸਲਿਮ ਸਿੱਖ ਈਸਾਈ ਇਕੋ ਗੰਢ ਪਵਾਈਆ । ਬਿਨਾ ਤੇਰੇ ਦਰਸ ਦੂਸਰ ਇਸ਼ਟ ਕੋਈ ਨਾ ਤਕੇ, ਇਕੋ ਜਲਵਾ ਨੂਰ ਕਰ ਰੁਸ਼ਨਾਈਆ । ਮਿਹਰਵਾਨ ਪੁਰਖ ਸਮਰਥੇ, ਤੇਰੇ ਹੱਥ ਵਡਿਆਈਆ । ਸਭ ਦੇ ਪਰਵਾਨ ਕਰ ਟੇਕੇ ਮੱਥੇ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜੀਵ ਜਹਾਨ ਨਿਰਗੁਣ ਧਾਰ ਸਰਗੁਣ ਤੇਰੇ ਬੱਚੇ, ਬਚਪਨ ਸਭ ਦਾ ਆਪਣੇ ਲੇਖੇ ਲਾਈਆ ।

### ✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੬ ਅਮਰੀਕ ਸਿੰਘ ਦੇ ਗ੍ਰਿਹ ਪਿੰਡ ਸਰਾਈ ਜ਼ਿਲਾ ਹੁਸ਼ਿਆਰ ਪੁਰ ✪

ਸੂਫ਼ੀ ਸੰਤ ਭਗਤ ਜਨ ਕਹਿਣ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਸੋ ਪੁਰਖ ਨਿਰੰਜਣ ਹੋਣਾ ਮਿਹਰਵਾਨ, ਹਰਿ ਪੁਰਖ ਨਿਰੰਜਣ ਪਰਦਾ ਅਗੰਮ ਉਠਾਈਆ । ਆਦਿ ਨਿਰੰਜਣ ਦੀਪਕ ਜੋਤ ਜਗਾਉਣਾ ਮਹਾਨ, ਅਬਿਨਾਸ਼ੀ ਕਰਤੇ ਅੰਧ ਅੰਧੇਰਾ ਦੇਣਾ ਮਿਟਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਹੋ ਸਵਾਧਾਨ, ਸਤਿ ਸਤਿਵਾਦੀ ਆਪਣੀ ਲੈ ਅੰਗੜਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਮਾਰ ਧਿਆਨ, ਦੋ ਜਹਾਨਾਂ ਪਰਦਾ ਦੇ ਚੁਕਾਈਆ । ਅਵਤਾਰ ਪੈਗੰਬਰ ਗੁਰੂ ਲੇਖਾ ਵੇਖ ਜ਼ਿਮੀ ਅਸਮਾਨ, ਜ਼ਾਹਰ ਜ਼ਹੂਰ ਆਪਣੀ ਕਲ ਪਰਗਟਾਈਆ । ਸਚ ਧਰਮ ਦਾ ਰਿਹਾ ਨਾ ਕੋਇ ਨਿਸ਼ਾਨ, ਕੂੜ ਨਿਸ਼ਾਨੇ ਜਗਤ ਝੁਲਾਈਆ । ਅੰਮ੍ਰਿਤ ਰਸ ਮਿਲੇ ਨਾ ਪੀਣ ਖਾਣ, ਰਸਨ ਵਿਕਾਰ ਕੂੜ ਹਲਕਾਈਆ । ਅਨਾਦੀ ਧੁਨ ਸੁਣੇ ਨਾ ਕੋਇ ਸਚ ਧੁਨਕਾਨ, ਸ਼ਬਦ ਅਨੁਰਾਗੀ ਰਾਗ ਨਾ ਕੋਇ ਜਣਾਈਆ । ਕਾਇਆ ਮੰਦਰ ਅੰਦਰ ਹੋਇਆ ਸੁੰਵ ਮਸਾਣ, ਸਚ ਸਮਗਰੀ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਜਨ ਭਗਤ ਸੰਤ ਸੂਫ਼ੀ ਕਹਿਣ ਕਿਰਪਾ ਕਰ ਸਤਿਗੁਰੂ ਮੀਤ, ਮਿੱਤਰ ਪਿਆਰੇ ਤੇਰੀ ਸਰਨਾਈਆ । ਆਤਮ ਬ੍ਰਹਮ ਪਾਰਬ੍ਰਹਮ ਦੱਸ ਦੇ ਰੀਤ, ਰੀਤੀਵਾਨ ਅੰਤਰ ਨਿਰੰਤਰ ਪੜਦਾ ਦੇਣਾ ਉਠਾਈਆ । ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਸੁਣਾ ਗੀਤ, ਅਗੰਮ ਅਗੰਮੜੇ ਆਪਣਾ ਰਾਗ ਅਲਾਹੀਆ । ਨਿਰਗੁਣ ਨਿਰਵੈਰ ਨਿਰੰਕਾਰ ਵਸ ਚੀਤ, ਚੇਤਨ ਸੁਰਤੀ ਦੇ ਵਖਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਬਣ ਜਗਦੀਸ਼, ਜਗਦੀਸ਼ਰ ਆਪਣਾ ਸੰਗ ਨਿਭਾਈਆ । ਕਲਜੁਗ ਕੂੜੀ ਕਿਰਿਆ ਮੇਟ ਵਿਪਰੀਤ, ਪ੍ਰੀਤਮ ਪ੍ਰੀਤ ਆਪਣੀ ਦੇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਸੰਤ ਭਗਤ ਸੂਫ਼ੀ ਕਹਿਣ ਵੇਖ ਕਲਜੁਗ ਅੰਤ ਅੰਧੇਰਾ, ਅੰਧ ਅਗਿਆਨ ਦੇ ਮਿਟਾਈਆ । ਕੂੜ ਕਿਰਿਆ ਚੁਕਾ ਦੇ ਡੇਰਾ, ਸਤਿ ਸਚ ਸ਼ਬਦ ਕਰ ਸ਼ਨਵਾਈਆ । ਭੇਵ ਖੁਲ੍ਹਾ ਦੇ ਤੇਰਾ ਮੇਰਾ, ਆਤਮ ਪਰਮਾਤਮ ਨੂਰ ਇਕ ਚਮਕਾਈਆ । ਮਨ ਕਲਪਣਾ ਰਹੇ ਕੋਇ ਨਾ ਝੇੜਾ, ਝਗੜਾ ਕੂੜ ਨਾ ਕੋਇ ਲੜਾਈਆ । ਸਾਢੇ ਤਿੰਨ ਹੱਥ ਵਸਾ ਦੇ ਖੇੜਾ, ਖਿੜਕੀ ਬੰਦ ਕਿਵਾੜੀ ਦੇ ਖੁਲ੍ਹਾਈਆ ।

ਸ਼ੌਹ ਦਰਿਆ ਨਾ ਰੁੜ੍ਹੇ ਬੇੜਾ, ਨਈਆ ਨੌਕਾ ਆਪਣੇ ਨਾਮ ਚੜ੍ਹਾਈਆ । ਆਵਣ ਜਾਵਣ ਰਹੇ ਨਾ ਅੰਡਜ ਜੇਰਾ, ਉਤਭੁਜ ਸੇਤਜ ਪੰਧ ਦੇਣਾ ਮੁਕਾਈਆ । ਮਿਹਰਵਾਨ ਮਿਹਰਵਾਨ ਮਹਿਬੂਬ ਕਰਦੇ ਮਿਹਰਾ, ਮਿਹਰ ਨਜ਼ਰ ਇਕ ਉਠਾਈਆ । ਸਾਬਤ ਰਿਹਾ ਕੋਇ ਨਾ ਚੇਰਾ, ਚੇਲਾ ਗੁਰ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਦਇਆ ਕਮਾਈਆ । ਸੰਤ ਭਗਤ ਸੂਫ਼ੀ ਕਹਿਣ ਕਿਰਪਾ ਕਰ ਪ੍ਰਭੂ ਗੁਣਵੰਤੇ, ਗਹਿਰ ਗੰਭੀਰ ਤੇਰੀ ਸਰਨਾਈਆ । ਗੜ੍ਹ ਤੋੜ ਦੇ ਹਉਮੇ ਹੰਗਤੇ, ਹੰ ਬ੍ਰਹਮ ਇਕ ਜਣਾਈਆ । ਜੀਵ ਜਹਾਨ ਤੇਰੇ ਮੰਗਤੇ, ਖ਼ਾਲੀ ਝੋਲੀ ਦੇ ਭਰਾਈਆ । ਨਾਮ ਅਗੰਮੇ ਰੰਗ ਦੇ, ਮਜੀਠੀ ਇਕੋ ਇਕ ਵਖਾਈਆ । ਝਗੜੇ ਮੁਕਾ ਦੇ ਭੁੱਖ ਨੰਗ ਦੇ, ਭੰਡਾਰਾ ਅਤੁਟ ਇਕ ਵਰਤਾਈਆ । ਜੁਗ ਚੌਕੜੀ ਗਏ ਲੰਘਦੇ, ਕਲਜੁਗ ਅੰਤਮ ਵੇਖ ਵਖਾਈਆ । ਬਚਨ ਪੂਰੇ ਕਰਦੇ ਗੋਬਿੰਦ ਚੰਨ ਦੇ, ਮਾਛੂਵਾੜਾ ਦਏ ਗਵਾਹੀਆ । ਤੇਰੇ ਜੈਕਾਰੇ ਹੋਵਣ ਧੰਨ ਧੰਨ ਦੇ, ਧੰਨ ਤੇਰੀ ਸਰਨਾਈਆ । ਲੇਖੇ ਮੁਕਾ ਦੇ ਸਰਵਨ ਕੰਨ ਦੇ, ਧੁਨ ਆਤਮਕ ਰਾਗ ਦ੍ਰਿੜ੍ਹਾਈਆ । ਮੋਹ ਮੁਕਾ ਦੇ ਮਮਤਾ ਮਨ ਦੇ, ਮਨਸਾ ਸਭ ਦੀ ਪੂਰ ਕਰਾਈਆ । ਦੁੱਖੜੇ ਮੇਟ ਦੇ ਅੰਦਰੋਂ ਗ਼ਮ ਦੇ, ਗ਼ਮਖਾਰ ਹੋ ਸਹਾਈਆ । ਝਗੜੇ ਚੁਕਾ ਦੇ ਕਾਇਆ ਮਾਟੀ ਚੰਮ ਦੇ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਹੁਕਮ ਸੰਦੇਸ਼ੇ ਦੇ ਇਕ ਬ੍ਰਹਮ ਦੇ, ਪਾਰਬ੍ਰਹਮ ਆਪਣਾ ਮੇਲ ਮਿਲਾਈਆ । ਚਾਰ ਵਰਨ ਮੀਤ ਬਣਾ ਦੇ ਸਾਚੇ ਧਰਮ ਦੇ, ਧਰਮ ਦੀ ਧਾਰ ਇਕ ਰਖਾਈਆ । ਲੇਖੇ ਰਹਿਣ ਨਾ ਕੂੜੇ ਕਰਮ ਦੇ, ਕਰਮ ਕਾਂਡ ਦਾ ਡੇਰਾ ਢਾਹੀਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਨਿਰਗੁਣ ਧਾਰ ਤੇਰੇ ਵਿਚੋਂ ਜਨਮ ਦੇ, ਦੂਸਰ ਜੰਮਣ ਵਾਲੀ ਕੋਇ ਨਾ ਮਾਈਆ । ਅੰਤਮ ਪੜਦੇ ਲਾਹ ਦੇ ਭਰਮ ਦੇ, ਭਾਂਡਾ ਭਰਮ ਭੌ ਭੰਨਾਈਆ । ਇਸ਼ਾਰੇ ਦੇ ਦੇ ਨੇਤਰ ਹਰਨ ਫਰਨ ਦੇ, ਨਿਜ ਨੈਣ ਕਰ ਰੁਸ਼ਨਾਈਆ । ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਸਾਂਝੇ ਯਾਰ ਅਸੀਂ ਵਣਜਾਰੇ ਤੇਰੇ ਚਰਨ ਦੇ, ਚਰਨੋਦਕ ਧੁਰ ਦਾ ਜਾਮ ਦੇਣਾ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਕਿਰਪਾ ਨਾਲ ਗੁਰਮੁਖ ਤੇਰੀ ਮੰਜ਼ਲ ਚੜ੍ਹਦੇ, ਚੜ੍ਹਦੇ ਲਹਿੰਦੇ ਦੱਖਣ ਪਹਾੜ ਅੰਦਰ ਬਾਹਰ ਗੁਪਤ ਜ਼ਾਹਰ ਜ਼ਾਹਰ ਜ਼ਹੂਰ ਨਿਰਗੁਣ ਨਿਰਵੈਰ ਤੇਰਾ ਦਰਸ਼ਨ ਪਾਈਆ ।

## ✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੬ ਮੇਲਾ ਸਿੰਘ ਦੇ ਗ੍ਰਿਹ ਪਿੰਡ ਸਰਾਈ ਜ਼ਿਲਾ ਹੁਸ਼ਿਆਰ ਪੁਰ ✪

ਸੰਤ ਭਗਤ ਸੂਫ਼ੀ ਕਹਿਣ ਪ੍ਰਭ ਕਿਰਪਾ ਕਰ ਅਦੁਤੀ, ਦੁਤੀਆ ਭਾਉ ਦੇ ਮਿਟਾਈਆ । ਪ੍ਰੇਮ ਪਿਆਰ ਬਖ਼ਸ਼ ਪੰਜ ਭੂਤੀ, ਪੰਚਮ ਆਪਣਾ ਰੰਗ ਰੰਗਾਈਆ । ਸੁਰਤੀ ਰਹੇ ਕਿਸੇ ਨਾ ਸੁੱਤੀ, ਸ਼ਬਦ ਇਸ਼ਾਰੇ ਨਾਲ ਉਠਾਈਆ । ਆਤਮ ਪਰਮਾਤਮ ਲਾ ਦੇ ਰੁਚੀ, ਰਚਨਾ ਆਪਣੀ ਦੇ ਵਖਾਈਆ । ਕਾਇਆ ਕਰਨੀ ਕਰ ਸੁੱਚੀ, ਸੰਜਮ ਧੁਰ ਦਾ ਦੇ ਸਮਝਾਈਆ । ਮੰਜ਼ਲ ਮਹਿਬੂਬ ਮਿਲੇ ਤੇਰੀ ਉਚੀ, ਉਚ ਅਗੰਮ ਅਥਾਹ ਪੜਦਾ ਦੇਣਾ ਉਠਾਈਆ । ਜੰਨਤ ਜ਼ਿੰਦਗੀ ਜਾਵੇ ਕਿਸੇ ਨਾ ਲੁੱਟੀ, ਕਲਜੁਗ ਲੁਟੇਰਾ ਨੇੜ ਕਿਸੇ ਨਾ ਆਈਆ । ਹੋਣਾ ਸਹਾਈ ਚਾਰੇ ਕੂਟੀ, ਦਹਿ

ਦਿਸ਼ਾ ਧਿਆਨ ਰਖਾਈਆ । ਅੰਮ੍ਰਿਤ ਰਸ ਦੇਣਾ ਘੁੱਟੀ, ਨਿਝਰ ਝਿਰਨਾ ਆਪ ਝਿਰਾਈਆ । ਤੇਰੀ ਪ੍ਰੀਤ ਜਾਵੇ ਨਾ ਟੁੱਟੀ, ਟੁੱਟਿਆਂ ਲੈਣਾ ਗੰਢਾਈਆ । ਆਪਣੀ ਧਾਰ ਦੱਸ ਦੋ ਤੁਕੀ, ਤੂੰ ਮੇਰਾ ਮੈਂ ਤੇਰਾ ਪੜਦਾ ਲਾਹੀਆ । ਮਨ ਮਨਸਾ ਰਹੇ ਨਾ ਭੁੱਖੀ, ਤ੍ਰਿਪਤ ਦੇਣੀ ਕਰਾਈਆ । ਭਾਗ ਲਗਾਉਣਾ ਸਾਚੀ ਕੁੱਖੀ, ਜਨਮ ਜਨਮ ਵਿਚੋਂ ਬਦਲਾਈਆ । ਤੇਰਾ ਮਾਨਵ ਤੇਰੇ ਦਵਾਰ ਹੋਵੇ ਸੁਖੀ, ਸੁਖ ਸਾਗਰ ਵਿਚ ਸਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਧਰਨੀ ਧਰਤ ਧਵਲ ਧੌਲ ਉਤੇ ਆ ਕੇ ਪੁਛੀਂ, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਤੇਰੀ ਮੰਜ਼ਲ ਰਹੇ ਨਾ ਲੁਕੀ, ਨਿਰੰਤਰ ਪੜਦਾ ਦੇਣਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਮਿਹਰਵਾਨ ਮਿਹਰਵਾਨ ਹੋ ਕੇ ਤੁੱਠੀਂ, ਬਖ਼ਸ਼ਿਸ਼ ਰਹਿਮਤ ਆਪਣੀ ਸਚ ਕਮਾਈਆ ।

### ੧੯ ਫੱਗਣ ਸ਼ਹਿਨਸ਼ਾਹੀ ਸੰਮਤ ੬ ਹਰਭਜਨ ਸਿੰਘ ਦੇ ਗ੍ਰਿਹਿ ਪਿੰਡ ਬੈਹਰਮ ਪੁਰ ਜ਼ਿਲਾ ਹੁਸ਼ਿਆਰ ਪੁਰ

ਸੰਤ ਭਗਤ ਸੂਫ਼ੀ ਫ਼ਕੀਰ ਕਹਿਣ ਪ੍ਰਭ ਕਿਰਪਾ ਕਰਦੇ ਕਲਜੁਗ ਜੀਵਾਂ ਕਾਇਆ ਮੰਦਰ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਭਾਗ ਲਗਾ ਦੇ ਡੂੰਘੀ ਕੰਦਰ, ਗ੍ਰਿਹਿ ਆਪਣਾ ਰੰਗ ਰੰਗਾਈਆ । ਤੇਰਾ ਪ੍ਰਕਾਸ਼ ਹੋਵੇ ਅੰਧੇਰੀ ਕੰਦਰ, ਜੋਤੀ ਜਾਤੇ ਡਗਮਗਾਈਆ । ਬਜਰ ਕਪਾਟੀ ਤੋੜ ਦੇ ਜੰਦਰ, ਅਨਭਵ ਪੜਦਾ ਆਪ ਖੁਲ੍ਹਾਈਆ । ਮਨੂਆ ਦਹਿ ਦਿਸ਼ਾ ਨਾ ਭਵੇ ਬੰਦਰ, ਡੋਰੀ ਸ਼ਬਦ ਤੰਦ ਰਖਾਈਆ । ਤੇਰੇ ਦਰ ਸਵਾਲੀ ਹੋ ੧੧੪੮
ਕੇ ਆਏ ਮੰਗਣ, ਮਾਂਗਤ ਹੋ ਕੇ ਝੋਲੀ ਡਾਹੀਆ । ਕਲਜੁਗ ਜੀਵਾਂ ਅੰਗ ਲਗਾ ਆਪਣੇ ਅੰਗਣ, ਅੰਗੀਕਾਰ ਇਕ ਅਖਵਾਈਆ । ਸ਼ਬਦ ਨਾਦ ਵਜਾ ਮਰਦੰਗਣ, ਅਨਹਦ ਨਾਦੀ ਧੁਨ ਪਰਗਟਾਈਆ । ਤੇਰਾ ਪਿਆਰ ਮੁਹੱਬਤ ਵਾਲਾ ਹੋਵੇ ਭਜਨ, ਬੰਦਗੀ ਬੰਦਨਾ ਸਚ ਦੇ ਸਮਝਾਈਆ । ਦੀਪਕ ਜੋਤੀ ਘਰ ਘਰ ਜਗਣ, ਸ਼ਮ੍ਹਾ ਨੂਰ ਕਰ ਰੁਸ਼ਨਾਈਆ । ਆਤਮ ਪਰਮਾਤਮ ਰਹੇ ਮੂਲ ਨਾ ਅਗਨ, ਨਾਤਾ ਬਿਧਾਤਾ ਲੈਣਾ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਦਰ ਤੇਰੇ ਆਸ ਰਖਾਈਆ । ਭਗਤ ਸੰਤ ਸੂਫ਼ੀ ਕਹਿਣ ਪ੍ਰਭੂ ਕਿਰਪਾ ਕਰ ਅਗੰਮ, ਅਗੰਮੜੀ ਕਾਰ ਕਮਾਈਆ । ਭਾਗ ਲਗਾ ਦੇ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਸ੍ਰਿਸ਼ਟੀ ਦੇ ਬਦਲਾਈਆ । ਹਰਖ਼ ਸੋਗ ਮੇਟ ਦੇ ਚਿੰਤਾ ਗ਼ਮ, ਗ਼ਮਖਾਰ ਆਪਣਾ ਰੰਗ ਰੰਗਾਈਆ । ਮਮਤਾ ਮੋਹ ਰਹੇ ਨਾ ਤ੍ਰਿਸ਼ਨਾ ਤਮ, ਸਾਂਤਕ ਸਤਿ ਆਪ ਕਰਾਈਆ । ਹਉਮੇ ਹੰਗਤਾ ਭਾਂਡਾ ਭਰਮ ਭੰਨ, ਭੈ ਭੌ ਇਕ ਜਣਾਈਆ । ਤੇਰੇ ਘਰ ਸਭ ਦਾ ਹੋਵੇ ਜਰਮ, ਜਨਮ ਆਪਣੇ ਲੇਖੇ ਲਾਈਆ । ਝਗੜਾ ਮੇਟ ਦੇ ਵਰਨ ਬਰਨ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰੀ ਇਕੋ ਹੋਵੇ ਸਰਨ, ਸਰਨਗਤ ਇਕ ਸਮਝਾਈਆ । ਸਾਰੀ ਸ੍ਰਿਸ਼ਟੀ ਪੂਜੇ ਤੇਰੇ ਕਵਲ ਚਰਨ, ਦੂਸਰ ਇਸ਼ਟ ਨਾ ਕੋਇ ਮਨਾਈਆ । ਨੇਤਰ ਖੋਲ੍ਹ ਦੇ ਹਰਨ ਫਰਨ, ਨਿਜ ਨੇਤਰ ਲੋਚਨ ਨੈਣ ਕਰ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲੇ ਸਾਰੇ ਪੜ੍ਹਨ, ਪਾਰਬ੍ਰਹਮ ਬ੍ਰਹਮ ਮੇਲਾ ਮੇਲਣਾ ਸਹਿਜ ਸੁਭਾਈਆ । ਸਚਖੰਡ ਦਵਾਰ ਏਕੰਕਾਰ ਸੰਤ ਭਗਤ ਸੁਹੇਲੇ ਤੇਰੇ ਚੜ੍ਹਨ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਧਾਰ ਜੋਤ ਵਿਚ ਰਲਣ, ਨੂਰ ਨੂਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਦੀਨ ਦਿਆਲ ਤੇਰੀ ਇਕ ਸਰਨਾਈਆ । ਸੰਤ ਭਗਤ ਸੂਫ਼ੀ ਕਹਿਣ ਪ੍ਰਭ ਦੇ ਦੇ ਨਾਮ ਅਨਡਿਠ, ਅਨਡਿਠੜੀ ਦਇਆ ਕਮਾਈਆ । ਗ਼ਰੀਬ ਨਿਮਾਣਿਆਂ ਬਣਨਾ ਮਿਤ, ਮਿੱਤਰ ਪਿਆਰਾ ਰੂਪ ਬਦਲਾਈਆ । ਆਤਮ ਪਰਮਾਤਮ ਕਰਨਾ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਹਰ ਘਟ ਅੰਦਰ ਆਉਣਾ ਦਿਸ, ਦਹਿ ਦਿਸ਼ਾ ਕਰ ਰੁਸ਼ਨਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਪਿਤ, ਪਤਿਪਰਮੇਸ਼ਵਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਅੰਤਰ ਨਿਰੰਤਰ ਮੇਲਾ ਮੇਲਣਾ ਸਹਿਜ ਸੁਭਾਈਆ । ਸੰਤ ਭਗਤ ਸੂਫ਼ੀ ਕਹਿਣ ਦੇ ਦੇ ਨਾਮ ਭਾਰੀ ਵਸਤ, ਅਮੋਲਕ ਇਕ ਵਰਤਾਈਆ । ਝਗੜਾ ਮੇਟ ਦੇ ਕੀਟ ਹਸਤ, ਕੀਟ ਕੀਟਾਂ ਕਰ ਰੁਸ਼ਨਾਈਆ । ਨਾਮ ਖ਼ੁਮਾਰੀ ਦੇ ਮਸਤ, ਮਸਤ ਦੀਵਾਨੇ ਦੇ ਬਣਾਈਆ । ਨਿਰਗੁਣ ਨੂਰ ਦੇ ਦਰਸ, ਆਦਰਸ਼ ਆਪਣਾ ਇਕ ਦ੍ਰਿੜਾਈਆ । ਅੰਮ੍ਰਿਤ ਮੇਘ ਅਗੰਮਾ ਬਰਸ, ਬੂੰਦ ਸਵਾਂਤੀ ਆਪ ਟਪਕਾਈਆ । ਜਨਮ ਕਰਮ ਦੀ ਮੇਟ ਹਰਸ, ਹਵਸ ਚੁਰਾਸੀ ਦੇ ਗਵਾਈਆ । ਤੇਰੇ ਬਿਰਹੋ ਵਿਛੋੜੇ ਵਿਚ ਰਹੇ ਤੜਪ, ਰਹਿਮਤ ਹੱਕ ਦੇਣੀ ਕਮਾਈਆ । ਪੁਰਖ ਅਕਾਲੇ ਦੀਨ ਦਿਆਲੇ ਨਿਗਹ ਕਰ ਉਪਰ ਧਰਤ, ਧਵਲ ਧੌਲ ਨੈਣਾਂ ਨੀਰ ਰਹੀ ਵਹਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰੀ ਕਰਦੇ ਸ਼ਰਤ, ਸ਼ਰਅ ਦਾ ਲੇਖਾ ਦੇ ਚੁਕਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਵਾਲੀ ਅਰਸ਼, ਅਰਸ਼ੀ ਪ੍ਰੀਤਮ ਤੇਰੇ ਹੱਥ ਵਡਿਆਈਆ ।
੧੧੪੯ ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਪਰਵਰਦਿਗਾਰ ਸਾਂਝੇ ਯਾਰ ਤੇਰੀ ਗ਼ਰਜ਼, ਗ਼ਰੀਬ ਨਿਮਾਣਿਆਂ ਹੋ ਸਹਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ੧੧੪੯
ਘਟ ਨਿਵਾਸੀ ਸਭ ਦੀ ਮਨਜ਼ੂਰ ਕਰ ਅਰਜ਼, ਆਰਜ਼ੂ ਤੇਰੇ ਅੱਗੇ ਟਿਕਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧੇਰਾ ਗਰਦ, ਸਤਿਜੁਗ ਸਾਚਾ ਚੰਦ ਕਰ ਰੁਸ਼ਨਾਈਆ । ਤੂੰ ਯੋਧਾ ਸੂਰਬੀਰ ਮਰਦਾਨਾ ਮਰਦ, ਸਮਰਥ ਪੁਰਖ ਇਕ ਅਖਵਾਈਆ । ਗ਼ਰੀਬ ਨਿਮਾਣਿਆਂ ਵੰਡ ਦਰਦ, ਦੁਖੀਆਂ ਦੁੱਖ ਦੇ ਗਵਾਈਆ । ਤੇਰਾ ਖੇਲ ਤਕੀਏ ਅਸਚਰਜ, ਅਚਰਜ ਲੀਲਾ ਦੇਣੀ ਜਣਾਈਆ । ਲਹਿਣਾ ਪੂਰਾ ਕਰ ਦੇ ਮਸੀਹ ਲੇਖਾ ਰਹੇ ਨਾ ਚਰਚ, ਚਰਾਗਾਹਾਂ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜੀ ਕਿਰਿਆ ਛੁਰੀ ਸ਼ਰਅ ਮੇਟ ਦੇ ਕਰਦ, ਕਾਤਲ ਮਕਤੂਲ ਮਕਤੂਲ ਕਾਤਲ ਕਤਲਗਾਹ ਬੇਪਰਵਾਹ ਲੇਖਾ ਦੇ ਮੁਕਾਈਆ ।



## ✪ ੨੦ ਫੱਗਣ ਸ਼ਹਿਨਸ਼ਾਹੀ ਸੰਮਤ ੬ ਤਰਸੇਮ ਸਿੰਘ ਦੇ ਗ੍ਰਹਿ ਪਿੰਡ ਖੁਰਦਨ ਜ਼ਿਲਾ ਹੁਸ਼ਿਆਰ ਪੁਰ ✪

ਜਨ ਭਗਤੋ ਕਲਜੁਗ ਅੰਤਰ ਸਤਿਜੁਗ ਜ਼ਰੂਰ ਲੱਗੇ, ਕੂੜ ਕਿਰਿਆ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਦਾ ਦੀਪਕ ਜੋਤ ਇਕੋ ਜਗੇ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਕਰੇ ਰੁਸ਼ਨਾਈਆ । ਸ਼ਬਦ ਅਗੰਮੀ ਨਾਦ ਦੋ ਜਹਾਨਾਂ ਵੱਜੇ, ਲੋਕਮਾਤ ਕਰੇ ਸ਼ਨਵਾਈਆ । ਜਨ ਭਗਤ ਸੁਹੇਲੇ ਲੱਖ ਚੁਰਾਸੀ ਵਿਚੋਂ ਲੱਭੇ, ਸੰਤ ਸਾਜਣ ਸੂਫ਼ੀ ਆਪਣੇ ਰੰਗ ਰੰਗਾਈਆ । ਕੂੜੀ ਕਿਰਿਆ

ਪਾਰ ਕਰਾਏ ਨੌ ਦਵਾਰ ਹੱਦੇ, ਮਨ ਕਲਪਣਾ ਦਏ ਗਵਾਈਆ । ਨਿਝਰ ਧਾਰ ਅੰਮ੍ਰਿਤ ਰਸ ਚੁਆਏ ਮਧੇ, ਤ੍ਰਿਸਨਾ ਭੁੱਖ ਕੂੜ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਦਾ ਸਚ ਇਕ ਸਮਝਾਈਆ । ਜਨ ਭਗਤੋ ਸਤਿਜੁਗ ਸਾਚਾ ਮਾਤਲੋਕ ਜਾਵੇ ਆ, ਆਪਣਾ ਪੰਧ ਮੁਕਾਈਆ । ਕਿਰਪਾ ਕਰੇ ਬੇਪਰਵਾਹ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਅੰਧ ਅੰਧੇਰਾ ਦਏ ਮਿਟਾ, ਸਤਿਜੁਗ ਸਾਚਾ ਚੰਦ ਰੁਸ਼ਨਾਈਆ । ਅਵਤਾਰ ਪੈਗ਼ੰਬਰ ਗੁਰੂ ਬਣਾਏ ਗਵਾਹ, ਸ਼ਹਾਦਤ ਸ਼ਬਦ ਨਾਮ ਭੁਗਤਾਈਆ । ਸਦੀ ਚੌਧਵੀਂ ਲੇਖਾ ਦਏ ਮੁਕਾ, ਮੁਹੰਮਦ ਲਹਿਣਾ ਪੂਰ ਕਰਾਈਆ । ਈਸਾ ਲੇਖਾ ਦਏ ਚੁਕਾ, ਬੀਸ ਬੀਸਾ ਹੋਏ ਸਹਾਈਆ । ਗੋਬਿੰਦ ਮਨਸਾ ਵੇਖ ਵਖਾ, ਕਲ ਕਲਕੀ ਆਪਣੀ ਕਲ ਵਰਤਾਈਆ । ਜ਼ਿਮੀ ਅਸਮਾਨਾਂ ਦਏ ਹਿਲਾ, ਧਰਨੀ ਧਰਤ ਧਵਲ ਖੋਜ ਖੁਜਾਈਆ । ਕਲਜੁਗ ਮਾਇਆ ਮਮਤਾ ਮੇਟੇ ਵਬਾ, ਚਾਰੋਂ ਕੁੰਟ ਵੇਖ ਵਖਾਈਆ । ਸਤਿ ਧਰਮ ਦਾ ਮਾਰਗ ਲਾ, ਲਾਅ ਨਵਾਂ ਨੌਂ ਖੰਡ ਪ੍ਰਿਥਮੀ ਸੱਤ ਦੀਪ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਵਰਤਾਈਆ । ਕਲਜੁਗ ਅੰਦਰ ਸਤਿਜੁਗ ਹੋਵੇ ਪਰਧਾਨ, ਪਰਮ ਪੁਰਖ ਦਏ ਵਡਿਆਈਆ । ਸ੍ਰਿਸ਼ਟੀ ਦ੍ਰਿਸ਼ਟੀ ਬਖ਼ਸ਼ੇ ਇਕ ਗਿਆਨ, ਅਗਿਆਨ ਅੰਧੇਰਾ ਦਏ ਚੁਕਾਈਆ । ਸਭ ਦਾ ਇਸ਼ਟ ਹੋਵੇ ਸ੍ਰੀ ਭਗਵਾਨ, ਸਿਲ ਪਾਹਨ ਪੂਜਣ ਕੋਇ ਨਾ ਜਾਈਆ । ਆਤਮ ਦੀਪ ਜੋਤ ਜਗਾਏ ਮਹਾਨ, ਮਹਿਮਾ ਆਪਣੀ ਅਕਥ ਦ੍ਰਿੜਾਈਆ ।
੧੧੫੦ ਸਤਿ ਧਰਮ ਦਾ ਸਚ ਹੋਏ ਵਿਧਾਨ, ਹੁਕਮ ਸਚ ਸਚ ਵਰਤਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਗੁਰੂ ਕਰਨ ਪਰਵਾਨ, ਭਗਤ ਸੰਤ ਸੂਫ਼ੀ ਸਾਰੇ ੧੧੫੦
ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਣਨ ਲਾ ਕੇ ਕਾਨ, ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਧਰਮ ਦਾ ਧਰਮ ਝੁਲਾਏ ਨਿਸ਼ਾਨ, ਨਿਸ਼ਾਨਾ ਦੋ ਜਹਾਨ ਵਖਾਈਆ । ਨਜ਼ਰੀ ਆਏ ਧੁਰ ਦਾ ਰਾਮ, ਰਮਈਆ ਆਪਣਾ ਰੂਪ ਬਦਲਾਈਆ । ਸੋਭਾ ਪਾਏ ਘਨਈਆ ਸ਼ਾਮ, ਕਾਹਨ ਕਾਹਨਾ ਵਡ ਵਡਿਆਈਆ । ਪ੍ਰਗਟ ਹੋਵੇ ਪੈਗ਼ੰਬਰਾਂ ਦਾ ਅਮਾਮ, ਅਮਲਾਂ ਤੋਂ ਰਹਿਤ ਨੂਰ ਇਲਾਹੀਆ । ਜੋਧਾ ਸੂਰ ਬਲੀ ਬਲਵਾਨ, ਕਲ ਕਲਕੀ ਇਕ ਅਖਵਾਈਆ । ਜਿਸ ਨੂੰ ਝੁਕੇ ਜ਼ਿਮੀਂ ਅਸਮਾਨ, ਦੋ ਜਹਾਨ ਨਿਵ ਨਿਵ ਲਾਗਣ ਪਾਈਂਆ । ਸੋ ਪੁਰਖ ਅਕਾਲਾ ਦੀਨ ਦਿਆਲਾ ਸਤਿ ਸਵਾਮੀ ਹੋਵੇ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤ ਸੁਹੇਲੇ ਕਰੇ ਪਰਵਾਨ, ਪਰਮ ਪੁਰਖ ਪ੍ਰਭ ਆਪਣਾ ਰੰਗ ਰੰਗਾਈਆ । ਜਨ ਭਗਤੋ ਸਤਿਜੁਗ ਸਾਚਾ ਹੋਵੇ ਪ੍ਰਸਿੱਧ, ਪਰਮ ਪੁਰਖ ਦਏ ਵਡਿਆਈਆ । ਧਰਮ ਦੀ ਧਾਰ ਜਣਾਏ ਬਿਧ, ਆਤਮ ਪਰਮਾਤਮ ਰੰਗ ਰੰਗਾਈਆ । ਲੇਖਾ ਪੂਰਾ ਕਰ ਨਵ ਨਿਧ, ਅਠਾਰਾਂ ਸਿਧ ਪੜਦਾ ਲਾਹੀਆ । ਜਨ ਭਗਤਾਂ ਗੁਰਮੁਖਾਂ ਅੰਤਰ ਨਿਰੰਤਰ ਜਾਏ ਵਿਧ, ਤੀਰ ਅਣਿਆਲਾ ਨਾਮ ਚਲਾਈਆ । ਭਾਗ ਲਗਾ ਕੇ ਜੀਉ ਪਿੰਡ, ਸਾਢੇ ਤਿੰਨ ਹੱਥ ਕਰੇ ਰੁਸ਼ਨਾਈਆ । ਅੰਮ੍ਰਿਤ ਵਹਾਏ ਸਾਗਰ ਸਿੰਧ, ਗਹਿਰ ਗੰਭੀਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਦਾ ਬਖਸ਼ਿੰਦ, ਬਖ਼ਸ਼ਿਸ਼ ਰਹਿਮਤ ਆਪਣੀ ਆਪ ਕਮਾਈਆ ।

੧੧੫੧
੨੨

### ੨੦ ਫੱਗਣ ਸ਼ਹਿਨਸ਼ਾਹੀ ਸੰਮਤ ੬ ਸਵਿੰਦਰ ਸਿੰਘ ਦੇ ਗ੍ਰਿਹਿ ਪਿੰਡ ਰੁਪੋਵਾਲ ਜ਼ਿਲਾ ਹੁਸ਼ਿਆਰ ਪੁਰ

ਸਤਿ ਧਰਮ ਜਨ ਭਗਤਾਂ ਦੇਵੇ ਸੰਗ, ਅੰਤਰ ਆਤਮ ਸੰਗ ਨਿਭਾਈਆ । ਸਚ ਪ੍ਰੀਤੀ ਚਾੜ੍ਹੇ ਰੰਗ, ਜਗਤ ਜਹਾਨ ਉਤਰ ਕਦੇ ਨਾ ਜਾਈਆ । ਸ਼ਬਦ ਨਾਮ ਵੱਜੇ ਮਰਦੰਗ, ਧੁਨ ਅਗੰਮੀ ਰਾਗ ਸੁਣਾਈਆ । ਨਿਜ ਗ੍ਰਿਹਿ ਮਿਲੇ ਅਨੰਦ, ਸੁਖ ਸਾਗਰ ਵਿਚ ਸਮਾਈਆ । ਪ੍ਰਕਾਸ਼ ਹੋਵੇ ਬਿਨ ਸੂਰੀਆ ਚੰਦ, ਜੋਤੀ ਜੋਤ ਡਗਮਗਾਈਆ । ਦੀਨ ਦਿਆਲ ਬਣੇ ਬਖ਼ਸ਼ੰਦ, ਸ੍ਰੀ ਭਗਵਾਨ ਹੋਏ ਸਹਾਈਆ । ਜਗਤ ਵਿਕਾਰ ਦੇਵੇ ਦੰਡ, ਡੰਡਾਵਤ ਬੰਦਨਾ ਆਪਣੀ ਇਕ ਸਮਝਾਈਆ । ਹਉਮੇ ਕਰ ਕੇ ਖੰਡ ਖੰਡ, ਹੰਗਤਾ ਗੜ੍ਹ ਦਏ ਤੁੜਾਈਆ । ਦੇਵੇ ਵਡਿਆਈ ਵਿਚ ਵਰਭੰਡ, ਬ੍ਰਹਿਮੰਡ ਵੱਜੇ ਵਧਾਈਆ । ਤੂੰ ਮੇਰਾ ਮੈਂ ਤੇਰਾ ਦੱਸਣਾ ਛੰਦ, ਸਾਚੀ ਸਿਖਿਆ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮੇਲਾ ਲਏ ਮਿਲਾਈਆ । ਜਨ ਭਗਤਾਂ ਦੇਵੇ ਵਸਤ ਨਾਮ ਅਨਮੁੱਲੀ, ਕਰਤਾ ਕੀਮਤ ਨਾ ਕੋਇ ਰਖਾਈਆ । ਭਾਗ ਲਗਾ ਕੇ ਕਾਇਆ ਕੁੱਲੀ, ਕੁੱਲ ਮਾਲਕ ਹੋਏ ਸਹਾਈਆ । ਲੇਖਾ ਚੁਕਾਵੇ ਰਸਨਾ ਬੁੱਲੀਂ, ਹਿਰਦੇ ਅੰਦਰ ਆਪਣਾ ਡੇਰਾ ਲਾਈਆ । ਚਰਨ ਕਵਲ ਦੇਵੇ ਧੂਲੀ, ਧੂੜੀ ਮਸਤਕ ਖ਼ਾਕ ਰਮਾਈਆ । ਸਾਚੀ ਸਿਖਿਆ ਦਏ ਅਸੂਲੀ, ਅਸਲ ਆਪਣਾ ਇਕ ਸਮਝਾਈਆ । ਸੰਦੇਸ਼ਾ ਨਾਮ ਹੋਵੇ ਮਾਕੂਲੀ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰਾ ਇਕ ਸੁਹਾਈਆ । ਜਨ ਭਗਤਾਂ ਬਖ਼ਸ਼ੇ ਸਚ ਪ੍ਰੀਤ, ਪ੍ਰੀਤਮ ਆਪਣੀ ਦਇਆ ਕਮਾਈਆ । ਸਾਚਾ ਕਲਮਾ ਦੇ ਹਦੀਸ, ਨਿਰ ਅੱਖਰ ਕਰੇ ਪੜ੍ਹਾਈਆ । ਛਤਰ ਝੁਲਾ ਅਗੰਮੇ ਸੀਸ, ਜਗਦੀਸ ਹੋਏ ਸਹਾਈਆ । ਕਲਜੁਗ ਕੂੜੀ ਕਿਰਿਆ ਮੇਟੇ ਰੀਤ, ਰੀਤੀਵਾਨ ਆਪਣਾ ਪੜਦਾ ਲਾਹੀਆ । ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਦਾ ਡੇਰਾ ਢਾਹੀਆ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠ, ਬਸਨ ਬਨਵਾਰੀ ਆਪ ਰੰਗਾਈਆ । ਜਨ ਭਗਤਾਂ ਕਦੇ ਨਾ ਦੇਵੇ ਪੀਠ, ਸਨਮੁਖ ਹੋ ਕੇ ਸੋਭਾ ਪਾਈਆ । ਕਲਜੁਗ ਕੂੜੀ ਕਿਰਿਆ ਮੇਟੇ ਲੀਕ, ਮਾਰਗ ਸਤਿਜੁਗ ਇਕ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਤਿਤ ਪਾਪੀਆਂ ਕਰੇ ਪੁਨੀਤ, ਪਤਿਤ ਪਾਵਨ ਆਪਣੀ ਦਇਆ ਕਮਾਈਆ ।

### ੨੦ ਫੱਗਣ ਸ਼ਹਿਨਸ਼ਾਹੀ ਸੰਮਤ ੬ ਧੰਨਾ ਸਿੰਘ ਦੇ ਗ੍ਰਿਹਿ ਪਿੰਡ ਕੁੱਲੀਆਂ ਜ਼ਿਲਾ ਹੁਸ਼ਿਆਰਪੁਰ

ਜਨ ਭਗਤ ਕਹਿਣ ਪ੍ਰਭ ਤੇਰੀ ਧਾਰ ਜਾਣੇ ਨਾ ਕੋਇ ਸੋਹੰ ਸੋ, ਪਰਮਾਤਮ ਆਤਮ ਆਤਮ ਪਰਮਾਤਮ ਤੇਰਾ ਮੇਲ ਨਾ ਕੋਇ ਮਿਲਾਈਆ । ਨਿਜ ਨੇਤਰ ਅੰਤਰ ਨਿਰੰਤਰ ਹੋਵੇ ਕਿਸੇ ਨਾ ਲੋ, ਲੋਚਣ ਲੋਇਣ ਦੀਪ ਅੱਖ ਨਾ ਕੋਇ ਖੁਲ੍ਹਾਈਆ । ਕਲਜੁਗ ਕੂੜੀ ਕਿਰਿਆ ਚਾਰ ਕੁੰਟ ਵਧਿਆ ਮੋਹ, ਮਾਇਆ ਮਮਤਾ ਵਿਚ ਸ੍ਰਿਸ਼ਟੀ ਦ੍ਰਿਸ਼ਟੀ ਹੋਈ ਹਲਕਾਈਆ । ਪੰਚ ਵਿਕਾਰ ਹੰਕਾਰ ਬਣਿਆ ਗ੍ਰੋਹ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਤੇਰੀ ਸਾਰ ਕਿਸੇ ਨਾ ਆਈਆ । ਅੰਮ੍ਰਿਤ ਰਸ ਨਿਝਰ ਝਿਰਨਾ ਸਕੇ ਕੋਇ ਨਾ ਚੋ, ਬੂੰਦ ਸਵਾਂਤੀ ਇਕ ਅਕਾਂਤੀ ਨਾਭੀ ਕਵਲ ਨਾ ਕੋਇ ਟਪਕਾਈਆ ।

ਦੀਨ ਮਜ਼੍ਹਬ ਜ਼ਾਤ ਪਾਤ ਇਕ ਦੂਜੇ ਨਾਲ ਕਰੇ ਧਰੋਹ, ਸਦੀ ਚੌਧਵੀਂ ਪਿਤਾ ਪੂਤ ਬਣਿਆ ਰੂਪ ਕਸਾਈਆ । ਪਾਰਬ੍ਰਹਮ ਬ੍ਰਹਮ ਸਕੇ ਕੋਇ ਨਾ ਛੋਹ, ਸੁਰਤ ਸ਼ਬਦ ਜੋੜ ਨਾ ਕੋਇ ਜੁੜਾਈਆ । ਪੜਦਾ ਲਾਹ ਸਕੇ ਨਾ ਕੋਈ ਏਕਾ ਦੋ, ਦੂਆ ਏਕਾ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਆਪਣੀ ਦਇਆ ਕਮਾਈਆ । ਜਨ ਭਗਤ ਕਹਿਣ ਪ੍ਰਭ ਕਾਇਆ ਰਿਹਾ ਕਿਸੇ ਨਾ ਸਤਿ, ਸਤਿ ਵਿਚ ਨਾ ਕੋਇ ਸਮਾਈਆ । ਆਤਮ ਬ੍ਰਹਮ ਜਾਣੇ ਨਾ ਕੋਇ ਤਤ, ਤਤਵ ਤੇਰਾ ਭੇਵ ਨਾ ਕੋਇ ਖੁਲ੍ਹਾਈਆ । ਨੌਂ ਖੰਡ ਪ੍ਰਿਥਮੀ ਬਹੱਤਰ ਨਾੜੀ ਉਬਲੇ ਰਤ, ਸਾਂਤਕ ਸਤਿ ਨਾ ਕੋਇ ਕਰਾਈਆ । ਧਰਮ ਦੀ ਧਾਰ ਰਿਹਾ ਨਾ ਜਤ, ਸੰਤੋਖ ਵਿਚ ਨਾ ਕੋਇ ਸਮਾਈਆ । ਨਿਜ ਨੇਤਰ ਖੁਲ੍ਹੇ ਕਿਸੇ ਨਾ ਅੱਖ, ਪ੍ਰਤੱਖ ਤੇਰਾ ਦਰਸ ਕੋਇ ਨਾ ਪਾਈਆ । ਤੂੰ ਵਸਣਹਾਰਾ ਘਟ ਘਟ, ਹਰ ਘਟ ਮਾਲਕ ਹੋਣਾ ਸਹਾਈਆ । ਨਿਰਗੁਣ ਨੂਰ ਜੋਤ ਕਰ ਪ੍ਰਗਟ, ਪਰਗਣੇ ਦੀਨ ਮਜ਼੍ਹਬ ਵੇਖ ਥਾਉਂ ਥਾਈਆ । ਚਾਰ ਵਰਨ ਅਠਾਰਾਂ ਬਰਨ ਸਾਂਝਾ ਖੋਲ੍ਹ ਹੱਟ, ਜ਼ਾਤ ਪਾਤ ਦਾ ਝਗੜਾ ਦੇ ਚੁਕਾਈਆ । ਵਸਤ ਅਗੰਮੀ ਨਾਮ ਦੇ ਵਥ, ਅਮੋਲਕ ਆਪ ਵਰਤਾਈਆ । ਤੂੰ ਸਾਹਿਬ ਸਰਬ ਕਲਾ ਸਮਰਥ, ਸਵਾਮੀ ਨੂਰ ਇਲਾਹੀਆ । ਅਵਤਾਰ ਪੈਗ਼ੰਬਰ ਗੁਰੂ ਤੇਰਾ ਗਾ ਕੇ ਗਏ ਜਸ, ਸਿਫ਼ਤਾਂ ਵਿਚ ਢੋਲੇ ਸੋਹਲੇ ਰਾਗ ਨਾਦ ਸ਼ਨਵਾਈਆ । ਅੰਤਮ ਤੇਰਾ ਰਾਹ ਸਾਰੇ ਰਹੇ ਤਕ, ਬੇਨਜ਼ੀਰ ਬਿਨ ਨੈਣਾਂ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰੇ ਆਸ ਰਖਾਈਆ । ਜਨ ਭਗਤ ਕਹਿਣ ਸਦੀ ਚੌਧਵੀਂ ਤੇਰੀ ਅੰਤਮ ਆਸਾ, ਮੁਹੰਮਦ ਮਹਿਬੂਬ ਤੇਰਾ ਧਿਆਨ ਲਗਾਈਆ । ਹਜ਼ਰਤ ਈਸਾ ਹੋਣ ਨਾ ਦੇਈਂ ਨਿਰਾਸਾ, ... ... ... ... ... ... ... ਆਪਣਾ ਪੜਦਾ ਲਾਹੀਆ । ਗੋਬਿੰਦ ਪੂਰਾ ਕਰ ਭਰਵਾਸਾ, ਭਾਂਡਾ ਭਰਮ ਜਗਤ ਭੰਨਾਈਆ । ਨਿਰਗੁਣ ਨੂਰ ਜੋਤ ਕਰ ਪ੍ਰਕਾਸ਼ਾ, ਦੋ ਜਹਾਨਾਂ ਨਜ਼ਰੀ ਆਈਆ । ਤੂੰ ਮਾਲਕ ਇਕ ਅਬਿਨਾਸ਼ਾ, ਕਰਤਾ ਧੁਰਦਰਗਾਹੀਆ । ਕਲਜੁਗ ਅੰਤਮ ਵੇਖ ਆਪਣੀ ਰਾਸਾ, ਬਿਨ ਗੋਪੀ ਕਾਹਨ ਖੇਲ ਖਿਲਾਈਆ । ਤੇਰਾ ਆਤਮ ਰਿਹਾ ਨਾ ਕਿਸੇ ਸਵਾਸਾ, ਹਿਰਦੇ ਸਕੇ ਨਾ ਕੋਇ ਵਸਾਈਆ । ਝਗੜਾ ਪਿਆ ਮੰਦਰ ਮਸਜਿਦ ਮਾਠਾ, ਸ਼ਿਵਦਵਾਲੇ ਰਹੇ ਕੁਰਲਾਈਆ । ਨੇਤਰ ਰੋਵੇ ਤੀਰਥ ਤਾਟਾ, ਗੰਗਾ ਗੁਦਾਵਰੀ ਜਮਨਾ ਸੁਰਸਤੀ ਮਾਰੇ ਧਾਈਆ । ਅੰਮ੍ਰਿਤ ਰਸ ਰਿਹਾ ਨਾ ਗੋਬਿੰਦ ਬਾਟਾ, ਬੂੰਦ ਸਵਾਂਤੀ ਨਾ ਕੋਇ ਚੁਆਈਆ । ਚਾਰ ਵਰਨ ਅਠਾਰਾਂ ਬਰਨ ਪਿਆ ਘਾਟਾ, ਦੀਨ ਮਜ਼੍ਹਬ ਦੇਣ ਦੁਹਾਈਆ । ਪਰਮ ਪੁਰਖ ਪਰਮਾਤਮ ਤੇਰੀ ਆਤਮ ਮਾਰੇ ਅਵਾਜ਼ਾ, ਸ਼ਬਦੀ ਸ਼ਬਦ ਧਾਰ ਸ਼ਨਵਾਈਆ । ਤੂੰ ਸ਼ਾਹੋ ਭੂਪ ਵਡ ਰਾਜਾ, ਰਈਅਤ ਦੋ ਜਹਾਨ ਵੇਖ ਵਖਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਕਲਧਾਰੀ ਮਾਤਲੋਕ ਵੇਖ ਜਗਤ ਸਮਾਜਾ, ਸਮਗਰੀ ਸਭ ਦੀ ਫੋਲ ਫੁਲਾਈਆ । ਮਾਨਵ ਜ਼ਾਤੀ ਅੰਤਰ ਸਭ ਨੂੰ ਲੱਗਾ ਦਾਗਾ, ਦੁਰਮਤ ਮੈਲ ਨਾ ਕੋਇ ਧਵਾਈਆ । ਹੰਸ ਬੁਧੀ ਹੋਈ ਕਾਗਾ, ਦਿਵਸ ਰੈਣ ਕੁਰਲਾਈਆ । ਬਿਨ ਤੇਰੀ ਕਿਰਪਾ ਸੋਇਆ ਜੀਵ ਕੋਇ ਨਾ ਜਾਗਾ, ਸੁਰਤ ਸ਼ਬਦ ਨਾ ਕੋਇ ਮਿਲਾਈਆ । ਮਿਹਰਵਾਨ ਮਹਿਬੂਬ ਕਲਜੁਗ ਅੰਤਮ ਬਦਲ ਦੇ ਰਿਵਾਜਾ, ਸਤਿਜੁਗ ਸਚ ਸਚ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਸ਼ਬਦ ਦੇ ਅਨੁਰਾਗਾ, ਅਨਹਦ ਨਾਦੀ ਆਪਣੀ ਧੁਨ ਉਪਜਾਈਆ ।

## ✪ ੨੦ ਫੱਗਣ ਸ਼ਹਿਨਸ਼ਾਹੀ ਸੰਮਤ ੬ ਖ਼ਿਆਲ ਸਿੰਘ ਦੇ ਗ੍ਰਿਹ ਪਿੰਡ ਦਸੂਹਾ ਜ਼ਿਲਾ ਹੁਸ਼ਿਆਰਪੁਰ ✪

ਜਨ ਭਗਤੋ ਤੁਹਾਡਾ ਜਨਮ ਸਤਿਗੁਰ ਲਾਏ ਮੁਜਰੇ, ਰਾਏ ਧਰਮ ਦਾ ਮੁਜ਼ਰਮ ਰਹਿਣ ਕੋਇ ਨਾ ਪਾਈਆ । ਤੁਹਾਡੀ ਸਿਫ਼ਤ ਸਾਲਾਹ ਵਡਿਆਈ ਆਪ ਉਚਰੇ, ਜਗਤ ਉਚਾਰਨ ਦੀ ਲੋੜ ਰਹੇ ਨਾ ਰਾਈਆ । ਰਾਤੀਂ ਸੁਤਿਆਂ ਦਰਸ ਵਖਾਏ ਕਾਇਆ ਹੁਜਰੇ, ਗ੍ਰਿਹ ਮੰਦਰ ਵੇਖ ਵਖਾਈਆ । ਤੁਹਾਡੇ ਮਾਨਸ ਜਨਮ ਸੁਧਰੇ, ਵਦੀ ਸੁਦੀ ਦਾ ਲੇਖਾ ਦਿਤਾ ਮੁਕਾਈਆ । ਤੁਹਾਡੀ ਖਾਤਰ ਨਿਰਗੁਣ ਧਾਰ ਹੋ ਕੇ ਉਤਰੇ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਪੂਤ ਸਪੂਤ ਬਣਾਏ ਸਪੁਤਰੇ, ਸੋ ਪੁਰਖ ਨਿਰੰਜਣ ਆਪਣੀ ਗੋਦ ਟਿਕਾਈਆ । ਲੇਖਾ ਰਹੇ ਨਾ ਕੋਇ ਮਾਤਲੋਕ ਦੀ ਨੁਕਰੇ, ਫੜ ਬਾਹੋਂ ਬਾਹਰ ਕਢਾਈਆ । ਤੁਹਾਡਾ ਜੀਵਨ ਮਹੱਲ ਸਚਖੰਡ ਦਵਾਰੇ ਉਸਰੇ, ਦਰਗਹ ਸਾਚੀ ਸੋਭਾ ਪਾਈਆ । ਕਿਸੇ ਸਮਝ ਨਾ ਦੇਵੇ ਦੂਸਰੇ, ਦੋ ਜਹਾਨਾਂ ਵੇਖਣ ਕੋਇ ਨਾ ਪਾਈਆ । ਤੁਹਾਡੇ ਜਨਮ ਕਰਮ ਹੋਏ ਸੁਰਖਰੇ, ਲੇਖਾ ਅਵਰ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤੋ ਤੁਹਾਡਾ ਜਨਮ ਸਤਿਗੁਰ ਭੇਟਾ, ਬੰਦਗੀ ਅਵਰ ਰਹੀ ਨਾ ਰਾਈਆ । ਸ਼ਬਦੀ ਧਾਰ ਬਣਾਏ ਬੇਟਾ, ਪਿਤਾ ਪੂਤ ਗੋਦ ਸੁਹਾਈਆ । ਧੁਰਦਰਗਾਹੀ ਬਣ ਕੇ ਖੇਵਟ ਖੇਟਾ, ਨਈਆ ਨੌਕਾ ਨਾਮ ਚੜ੍ਹਾਈਆ । ਆਤਮ ਪਰਮਾਤਮ ਕਰੇ ਹੇਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਚਾਰ ਜੁਗ ਨਾ ਭੁੱਲਿਆ ਚੇਤਾ, ਚੇਤਨ
੧੧੫੩ ਸਭ ਨੂੰ ਲਏ ਕਰਾਈਆ । ਪੁਰਖ ਅਕਾਲਾ ਬਣ ਕੇ ਨੇਤਾ, ਨਿਜ ਨੈਣ ਦਰਸ ਵਖਾਈਆ । ਜਨਮ ਕਰਮ ਦਾ ਪੂਰਾ ਕਰ ਕੇ ਲੇਖਾ, ਅਗਲਾ ੧੧੫੩
ਲਹਿਣਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ
੨੨ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰ ਵਖਾਏ ਇਕੋ ਸਚਖੰਡ ਦੇਸਾ, ਦਿਸ਼ਾ ਅਵਰ ਨਜ਼ਰ ਕੋਇ ਨਾ ਆਈਆ । ੨੨

## ✪ ੨੦ ਫੱਗਣ ਸ਼ਹਿਨਸ਼ਾਹੀ ਸੰਮਤ ੬ ਵਤਨ ਸਿੰਘ ਦੇ ਗ੍ਰਿਹ ਪਿੰਡ ਸ਼ਰੀਹ ਪੁਰ ਜ਼ਿਲਾ ਹੁਸ਼ਿਆਰਪੁਰ ✪

ਜਨ ਭਗਤੋ ਤੁਹਾਡਾ ਗ੍ਰਿਹ ਸੁਹਾਉਣਾ, ਸੁਹੰਜਣਾ ਇਕੋ ਨਜ਼ਰੀ ਆਈਆ । ਜਿਥੇ ਵਸੇ ਸ੍ਰੀ ਭਗਵਾਨਾ, ਭਗਵਨ ਮੀਤਾ ਧੁਰਦਰਗਾਹੀਆ । ਦੀਪਕ ਜੋਤ ਜਗੇ ਮਹਾਨਾ, ਨੂਰ ਨੁਰਾਨਾ ਸੋਭਾ ਪਾਈਆ । ਛੱਪਰ ਛੰਨ ਨਾ ਕੋਇ ਛੁਹਾਨਾ, ਚਾਰ ਦੀਵਾਰ ਨਾ ਵੰਡ ਵੰਡਾਈਆ । ਸੂਰੀਆ ਚੰਦ ਕੋਇ ਨਾ ਭਾਨਾ, ਮੰਡਲ ਮੰਡਪ ਨਾ ਕੋਇ ਵਖਾਈਆ । ਨਾ ਕੋਈ ਜ਼ਿਮੀਂ ਨਾ ਕੋਇ ਅਸਮਾਨਾ, ਧਰਨੀ ਧਵਲ ਨਾ ਕੋਇ ਵਖਾਈਆ । ਨਾ ਕੋਈ ਸੀਤਾ ਨਾ ਕੋਈ ਰਾਮਾ, ਇਸ਼ਟ ਦੇਵ ਨਾ ਕੋਇ ਮਨਾਈਆ । ਨਾ ਕੋਈ ਗੋਪੀ ਨਾ ਕੋਈ ਕਾਹਨਾ, ਬੰਸਰੀ ਧੁੰਨ ਨਾ ਕੋਇ ਸ਼ਨਵਾਈਆ । ਨਾ ਕੋਈ ਪੈਗੰਬਰ ਪੜ੍ਹੇ ਕਲਾਮਾ, ਸਿਫ਼ਤੀ ਸਿਫ਼ਤ ਨਾ ਕੋਇ ਵਡਿਆਈਆ । ਨਾ ਕੋਈ ਮੰਤਰ ਸਤਿਨਾਮਾ, ਨਾ ਕੋਈ ਫ਼ਤਿਹ ਡੰਕ ਵਜਾਈਆ । ਨਾ ਕੋਈ ਤੀਰਥ ਤਟ ਇਸ਼ਨਾਨਾ, ਜਲ ਧਾਰ ਨਾ ਕੋਇ ਵਖਾਈਆ । ਨਾ ਕੋਇ ਮੰਦਰ ਮਸਜਿਦ ਸ਼ਿਵਦਵਾਲਾ ਮੱਠ ਨਿਸ਼ਾਨਾ, ਗੁਰੂਦਵਾਰ ਨਾ ਵੰਡ ਵੰਡਾਈਆ । ਨਾ ਕੋਈ ਰਸਨਾ ਜਿਹਵਾ ਬੱਤੀ ਦੰਦ ਗਾਣਾ, ਅੱਖਰਾਂ ਵਾਲੀ ਕਰੇ ਨਾ ਕੋਇ ਪੜ੍ਹਾਈਆ । ਨਾ ਕੋਈ ਬ੍ਰਹਮ ਪਾਰਬ੍ਰਹਮ ਵੇਖੇ ਮਾਰ

ਧਿਆਨਾ, ਲੋਚਣ ਨੈਣ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਨਾ ਕੋਇ ਨਾਦ ਧੁਨ ਧੁਨਕਾਨਾ, ਧੁਨੀ ਨਾਦ ਨਾ ਕੋਇ ਸੁਣਾਈਆ । ਨਾ ਕੋਈ ਅੰਮ੍ਰਿਤ ਰਸ ਪੀਣਾ ਖਾਣਾ, ਰਸਨਾ ਜਿਹਵਾ ਨਾ ਕੋਇ ਹਲਕਾਈਆ । ਨਾ ਕੋਇ ਬਸਤਰ ਸੇਜ ਜਗਤ ਸਿੰਘਾਸਣ ਦਿਸੇ ਸਰ੍ਹਾਣਾ, ਤਕੀਆ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਦੇਵੇ ਚਰਨ ਪ੍ਰੀਤੀ ਸਾਚਾ ਦਾਨਾ, ਦਾਤਾ ਦਾਨੀ ਦਇਆਵਾਨ ਦੀਨ ਦਿਆਲ ਆਪ ਵਰਤਾਈਆ ।

### ✪ ੨੦ ਫੱਗਣ ਸ਼ਹਿਨਸ਼ਾਹੀ ਸੰਮਤ ੬ ਦਿਆਲ ਸਿੰਘ ਦੇ ਗ੍ਰਿਹ ਪਿੰਡ ਡੱਡਾਂ ਜ਼ਿਲਾ ਹੁਸ਼ਿਆਰਪੁਰ ✪

ਜਨ ਭਗਤ ਕਹਿਣ ਪ੍ਰਭ ਤੇਰੀ ਏਕਾ ਓਟ, ਕਲਜੁਗ ਅੰਤ ਸ੍ਰੀ ਭਗਵਾਨ ਬੈਠੇ ਧਿਆਨ ਲਗਾਈਆ । ਸ਼ਬਦ ਅਗੰਮੀ ਨਿਰਗੁਣ ਸਰਗੁਣ ਲਾ ਦੇ ਚੋਟ, ਸੋਈ ਸੁਰਤ ਅਕਾਲ ਮੂਰਤ ਦੇ ਜਗਾਈਆ । ਕੂੜੀ ਕਿਰਿਆ ਹਉਮੇ ਹੰਗਤਾ ਅੰਦਰੋਂ ਕਢ ਦੇ ਖੋਟ, ਮਾਇਆ ਮਮਤਾ ਮੋਹ ਵਿਕਾਰ ਰਹਿਣ ਨਾ ਪਾਈਆ । ਆਤਮ ਪਰਮਾਤਮ ਪਰਮਾਤਮ ਆਤਮ ਵੇਖ ਆਪਣਾ ਗੋਤ, ਦੂਈ ਦਵੈਤ ਪਰਦਾ ਦੇ ਚੁਕਾਈਆ । ਇਕੋ ਬਖ਼ਸ਼ ਨਿਰਮਲ ਧਾਰ ਆਪਣੀ ਜੋਤ, ਨੂਰ ਨੁਰਾਨੇ ਨੂਰ ਦੇ ਚਮਕਾਈਆ । ਅੰਮ੍ਰਿਤ ਰਸ ਨਾਮ ਖ਼ੁਮਾਰੀ ਕਰ ਮਦਹੋਸ਼, ਮਧੁਰ ਧੁਨ ਧੁਰ ਦੇ ਕਾਹਨ ਇਕ ਸੁਣਾਈਆ ।
੧੧੫੪ ਆਸਾ ਮਨਸਾ ਪੂਰੀ ਕਰਦੇ ਲੋਚ, ਨਿਜ ਨੇਤਰ ਅੰਤਰ ਦੇ ਖੁਲ੍ਹਾਈਆ । ਮਨ ਕਲਪਣਾ ਰਹੇ ਕੋਈ ਨਾ ਸੋਚ, ਬੁਧੀ ਤੋਂ ਪਰੇ ਕਰ ਪੜ੍ਹਾਈਆ । ੧੧੫੪
ਇਕੋ ਸੁਣੀਏਂ ਤੇਰਾ ਨਾਮ ਸਲੋਕ, ਸੋਹਲਾ ਢੋਲਾ ਦੇਣਾ ਦ੍ਰਿੜਾਈਆ । ਝਗੜਾ ਰਹੇ ਨਾ ਚੌਦਾਂ ਲੋਕ, ਚੌਦਾਂ ਤਬਕ ਪੰਧ ਮੁਕਾਈਆ । ਹਉਮੇ ਰਹੇ ਕਿਸੇ ਨਾ ਰੋਗ, ਨਿਵਣ ਸੁ ਅੱਖਰ ਦੇਣਾ ਜਣਾਈਆ । ਸਚ ਸਵਾਮੀ ਅੰਤਰਜਾਮੀ ਸਚ ਦਵਾਰੇ ਕਰ ਆਪਣਾ ਸੰਜੋਗ, ਸੰਜੋਗੀ ਹੋ ਕੇ ਮੇਲ ਮਿਲਾਈਆ । ਜਨ ਭਗਤ ਤੇਰਾ ਸਹਿ ਨਾ ਸਕਣ ਵਿਜੋਗ, ਵਿਛੋੜੇ ਵਿਚ ਦੇਣ ਦੁਹਾਈਆ । ਪਾਰਬ੍ਰਹਮ ਬ੍ਰਹਮ ਦੱਸ ਆਪਣੀ ਮੌਜ, ਮਜਲਸ ਆਪਣੇ ਨਾਲ ਰਖਾਈਆ । ਦੁਰਮਤ ਮੈਲ ਅੰਦਰੋਂ ਧੋਤ, ਪਤਿਤ ਪੁਨੀਤ ਦੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਵਖਾ ਆਪਣੇ ਚੋਜ, ਚੋਜੀ ਹੋ ਕੇ ਕਾਇਆ ਚੋਲੇ ਆਪਣੀ ਦਇਆ ਕਮਾਈਆ ।

### ✪ ੨੦ ਫੱਗਣ ਸ਼ਹਿਨਸ਼ਾਹੀ ਸੰਮਤ ੬ ਕਰਤਾਰ ਸਿੰਘ ਦੇ ਗ੍ਰਿਹ ਪਿੰਡ ਪੰਜ ਢੇਰਾ ਜ਼ਿਲਾ ਹੁਸ਼ਿਆਰਪੁਰ ✪

ਜਨ ਭਗਤ ਕਹਿਣ ਪ੍ਰਭ ਮੇਟ ਅੰਧੇਰਾ ਅੰਧ, ਅੰਧ ਅਗਿਆਨ ਦੇ ਗਵਾਈਆ । ਕਰ ਪ੍ਰਕਾਸ਼ ਅਗੰਮੀ ਚੰਦ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਹਉਮੇ ਹੰਗਤਾ ਢਾਹ ਦੇ ਕੰਧ, ਭਾਂਡਾ ਭਰਮ ਭੌ ਭੰਨਾਈਆ । ਅੰਤਰ ਆਤਮ ਦੇ ਅਨੰਦ, ਅਨੰਦ ਅਨੰਦ ਵਿਚੋਂ ਵਖਾਈਆ । ਸਤਿ ਸਰੂਪ ਪਾ ਠੰਡ, ਅਗਨੀ ਅੱਗ ਦੇ ਬੁਝਾਈਆ । ਤੂੰ ਮੇਰਾ ਮੈਂ ਤੇਰਾ ਗਾਈਏ ਛੰਦ, ਸਹਿਸਾ ਰੋਗ ਰਹੇ ਨਾ ਰਾਈਆ । ਜਨਮ ਜਨਮ ਦਾ ਮੇਟਣਾ ਪੰਧ,

ਪਾਂਧੀ ਸਫਰ ਨਾ ਕੋਇ ਭਵਾਈਆ । ਜੁਗ ਜਨਮ ਦੀ ਟੁੱਟੀ ਲੈਣੀ ਗੰਢ, ਗੰਢਣਹਾਰ ਗੋਪਾਲ ਸਵਾਮੀ ਆਪਣਾ ਜੋੜ ਜੁੜਾਈਆ । ਤੇਰੀ ਧਾਰ ਹੋਵੇ ਨਾ ਰੰਡ, ਸੁਹਾਗਣ ਕੰਤ ਕੰਤੂਹਲ ਲੈਣੀ ਅਪਣਾਈਆ । ਅੰਮ੍ਰਿਤ ਧਾਰ ਨੀਰ ਵਹਾਉਣਾ ਗੰਗ, ਸੀਰ ਸਾਗਰ ਇਕ ਪਰਗਟਾਈਆ । ਜਗਤ ਜਹਾਨ ਜਾਈਏ ਲੰਘ, ਅੱਗੇ ਹੋ ਨਾ ਕੋਇ ਅਟਕਾਈਆ । ਆਤਮ ਸੇਜ ਸੁਹਾਉਣੀ ਪਲੰਘ, ਸਚ ਸਿੰਘਾਸਣ ਡੇਰਾ ਲਾਈਆ । ਨਾਮ ਸ਼ਬਦ ਵਜਾਉਣਾ ਮਰਦੰਗ, ਨਾਦ ਅਨਾਦੀ ਆਪ ਪਰਗਟਾਈਆ । ਦਰ ਠਾਂਡੇ ਮੰਗੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਕਲਜੁਗ ਅੰਤਮ ਸਾਰੇ ਆਸਾਵੰਦ, ਖ਼ਾਹਿਸ਼ ਤਮੰਨਾ ਤੇਰੇ ਅੱਗੇ ਰਖਾਈਆ । ਤੇਰੇ ਹੁਕਮ ਦੇ ਹੁਕਮ ਪਾਬੰਦ, ਬੰਦਨਾ ਵਿਚ ਸੀਸ ਨਿਵਾਈਆ । ਮਾਨਸ ਜਨਮ ਨਾ ਹੋਵੇ ਭੰਗ, ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸ ਰਖਾਈਆ । ਜਨ ਭਗਤ ਕਹਿਣ ਪ੍ਰਭ ਕਿਰਪਾ ਕਰ ਆਪਣੀ ਆਪ, ਆਪਣੀ ਦਇਆ ਕਮਾਈਆ । ਤੂੰ ਤ੍ਰੈਗੁਣ ਮਾਇਆ ਤੋੜ ਦੇ ਤਾਪ, ਅਗਨੀ ਤਤ ਨਾ ਕੋਇ ਜਲਾਈਆ । ਹਉਮੇ ਰੋਗ ਨਾ ਰਹੇ ਸੰਤਾਪ, ਮਾਇਆ ਮਮਤਾ ਮੋਹ ਚੁਕਾਈਆ । ਪਤਿਤ ਪੁਨੀਤ ਕਰ ਪਾਕ, ਪਤਿਤ ਪਾਵਨ ਤੇਰੇ ਹੱਥ ਵਡਿਆਈਆ । ਨਾਮ ਅਗੰਮੀ ਚੜ੍ਹਾ ਰਾਥ, ਰਥ ਰਥਵਾਹੀ ਹੋ ਸਹਾਈਆ । ਆਤਮ ਬ੍ਰਹਮ ਦਸ ਗਾਥ, ਪਰਮਾਤਮ ਮੇਲਾ ਮੇਲਣਾ ਸਹਿਜ ਸੁਭਾਈਆ । ਸਾਡੇ ਖ਼ਾਲੀ ਵੇਖ ਹਾਥ, ਵਸਤ ਸੰਗ ਨਾ ਕੋਇ ਰਖਾਈਆ । ਤੇਰੇ ਚਰਨ ਛੁਹੀਏ ਮਸਤਕ ਮਾਥ, ਟਿੱਕਾ ਖ਼ਾਕ ਖ਼ਾਕ ਰਮਾਈਆ । ਸਭ ਦੀ ਦੁਰਮਤ ਮੈਲ ਕਾਟ, ਕਟਾਕਸ਼ ਆਪਣਾ ਨਾਮ ਲਗਾਈਆ । ਕਲਜੁਗ ਅੰਤਮ ਮੁਕੇ ਵਾਟ, ਅਗਲਾ ਪੰਧ ਰਹੇ ਨਾ ਰਾਈਆ । ਤੇਰੀ ਜੋਤ ਵਿਚ ਹੋਵੇ ਨਿਵਾਸ, ਅਸਥਾਨ ਭੂਮਿਕਾ ਇਕੋ ਸੋਭਾ ਪਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਮਿਹਰਵਾਨ ਹੋਣਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਪੂਰੀ ਕਰਨੀ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ ।



੧੧੫੫ ੨੨

## ✪ ੨੧ ਫੱਗਣ ਸ਼ਹਿਨਸ਼ਾਹੀ ਸੰਮਤ ੬ ਲਾਲ ਸਿੰਘ ਦੇ ਗ੍ਰਿਹ ਪਿੰਡ ਪੰਜ ਢੇਰਾ ਜ਼ਿਲਾ ਹੁਸ਼ਿਆਰ ਪੁਰ ✪

ਸੂਫ਼ੀ ਸੰਤ ਭਗਤ ਸਾਰੇ ਇਕੱਠੇ ਹੋ ਕੇ ਕਹਿਣ, ਦਰਗਹ ਸਾਚੀ ਸਚਖੰਡ ਪ੍ਰਭ ਚਰਨ ਧਿਆਨ ਲਗਾਈਆ । ਪੁਰਖ ਅਕਾਲੇ ਦੀਨ ਦਿਆਲੇ ਦੀਨ ਦੁਨੀ ਵੇਖ ਆਪਣੇ ਅਗੰਮੇ ਨੈਣ, ਜੋਤੀ ਜਾਤੇ ਪੁਰਖ ਬਿਧਾਤੇ ਅਗੰਮੀ ਅੱਖ ਖੁਲ੍ਹਾਈਆ । ਸਾਚਾ ਮਿੱਤਰ ਪਿਆਰਾ ਦਿਸੇ ਕੋਇ ਨਾ ਸੈਣ, ਸੱਜਣ ਸੰਗ ਨਾ ਕੋਇ ਨਿਭਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਨਾਲ ਰਮਾਇਣ, ਰਾਮ ਕ੍ਰਿਸ਼ਨ ਇਸ਼ਟ ਨਾ ਕੋਇ ਵਡਿਆਈਆ । ਸਾਚੇ ਕਲਮੇ ਕਰੇ ਕੋਇ ਨਾ ਗਾਇਣ, ਪੈਗੰਬਰਾਂ ਸੰਗ ਨਾ ਕੋਇ ਨਿਭਾਈਆ । ਨਾਮ ਸਤਿ ਲਏ ਕੋਇ ਨਾ ਲਹਿਣ, ਖ਼ਾਲੀ ਹੱਥ ਸਰਬ ਵਖਾਈਆ । ਡੰਕਾ ਵੱਜੇ ਫ਼ਤਹਿ ਨਾ ਐਨ, ਗ੍ਰਿਹ ਮੰਦਰ ਨਾ ਕੋਇ ਸ਼ਨਵਾਈਆ । ਸ੍ਰਿਸ਼ਟੀ ਦ੍ਰਿਸ਼ਟੀ ਆਵੇ ਕਿਸੇ ਨਾ ਚੈਨ, ਚਾਰ ਕੁੰਟ ਕੂੜ ਹਲਕਾਈਆ । ਜਗਤ ਜਗਿਆਸੂ ਪਾਵਣ ਵੈਣ, ਲੱਖ ਚੁਰਾਸੀ ਰੋਵੇ ਮਾਰੇ ਧਾਈਆ । ਗੁਰੂ ਚੇਲੇ ਹੋਏ ਤ੍ਰਫ਼ੈਣ, ਮੁਰੀਦ ਮੁਰਸ਼ਦ ਸੰਗ ਨਾ ਕੋਇ ਬਣਾਈਆ ।

ਕਲਜੁਗ ਮਾਇਆ ਮਮਤਾ ਵਹਿੰਦਾ ਵਹਿਣ, ਪਾਰ ਕਿਨਾਰਾ ਨਜ਼ਰ ਕਿਸੇ ਨਾ ਆਈਆ । ਨਾਤਾ ਤੁੱਟਾ ਭਾਈ ਭੈਣ, ਪਿਤਾ ਪੂਤ ਨਾ ਗੋਦ ਉਠਾਈਆ । ਝਗੜਾ ਪਿਆ ਹਿੰਦੂ ਮੁਸਲਿਮ ਇਸਾਈ ਸਿੱਖ ਪਾਰਸੀ ਬੋਧੀ ਜੈਨ, ਵਿਪਰੀਤ ਹੋਈ ਲੋਕਾਈਆ । ਉਠ ਵੇਖ ਖੇਲ ਵਿਚ ਹਿੰਦਵਾਇਣ, ਦੋ ਜਹਾਨਾਂ ਮਾਲਕ ਦਇਆ ਕਮਾਈਆ । ਸਭ ਦਾ ਲੇਖਾ ਪੂਰਾ ਕਰ ਨਰ ਨਰਾਇਣ, ਨਰ ਹਰਿ ਆਪਣਾ ਪਰਦਾ ਦੇ ਉਠਾਈਆ । ਕੂੜ ਕਲਪਨਾ ਮੇਟ ਜਗਤ ਗਲੈਣ, ਗਿਲਾ ਰਹਿਣ ਕੋਇ ਨਾ ਪਾਈਆ । ਨੇਤਰ ਰੋਂਦੇ ਵੇਖ ਹਸਨ ਹੁਸੈਨ, ਕਰਬਲਾ ਰੋਵੇ ਮਾਰੇ ਧਾਈਆ । ਲਾੜੀ ਮੌਤ ਚਾਰ ਕੁੰਟ ਉਠ ਉਠ ਵੇਖੇ ਡੈਣ, ਕਾਲ ਨਗ਼ਾਰਾ ਡੰਕ ਰਿਹਾ ਵਜਾਈਆ । ਝਗੜਾ ਤਕ ਸ਼ਰਅ ਸ਼ਰਾਇਣ, ਸ਼ਰੀਅਤ ਆਪਣਾ ਰੂਪ ਬਦਲਾਈਆ । ਤੇਰੇ ਤੇਰੇ ਨਾਲੋਂ ਹੋਏ ਪਰਾਇਣ, ਪਰਾ ਪਸੰਤੀ ਮਧਮ ਬੈਖਰੀ ਸਾਰ ਕਿਸੇ ਨਾ ਆਈਆ । ਜਗਤ ਮਨਸਾ ਬਣੀ ਕਸਾਇਣ, ਛੁਰੀ ਕੂੜ ਹੱਥ ਉਠਾਈਆ । ਅਮੀਰ ਗ਼ਰੀਬ ਇਕ ਦੂਜੇ ਨਾਲ ਖਹਿਣ, ਰਾਓ ਰੰਕ ਕਰੇ ਲੜਾਈਆ । ਸਾਚਾ ਨਾਮ ਬਸਤਰ ਮਿਲੇ ਕਿਸੇ ਨਾ ਗਹਿਣ, ਤਨ ਸ਼ਿੰਗਾਰ ਨਾ ਕੋਇ ਕਰਾਈਆ । ਰੌਲਾ ਪਾਇਆ ਪੰਚ ਪੰਚਾਇਣ, ਪੰਚਮ ਰੰਗ ਨਾ ਕੋਇ ਰੰਗਾਈਆ । ਸਤਿ ਧਰਮ ਦੀ ਦਿਸੇ ਕਿਸੇ ਨਾ ਲਾਈਨ, ਮਾਰਗ ਤੇਰਾ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦੀ ਚੌਧਵੀਂ ਚਾਰ ਕੁੰਟ ਦਹਿ ਦਿਸ਼ਾ ਨੇਤਰ ਨੈਣ ਸਰਬ ਸ਼ਰਮਾਇਣ, ਸਨਮੁਖ ਹੋ ਕੇ ਤੇਰਾ ਦਰਸ ਕੋਇ ਨਾ ਪਾਈਆ ।



## ✪ ੨੧ ਫੱਗਣ ਸ਼ਹਿਨਸ਼ਾਹੀ ਸੰਮਤ ੬ ਹਜ਼ਾਰਾ ਸਿੰਘ ਦੇ ਗ੍ਰਿਹ ਪਿੰਡ ਪੰਜ ਢੇਰਾ ਜ਼ਿਲਾ ਹੁਸ਼ਿਆਰ ਪੁਰ ✪



ਜਨ ਭਗਤ ਸੂਫ਼ੀ ਸੰਤ ਕਹਿਣ ਪ੍ਰਭ ਤੇਰਾ ਨਾਤਾ ਗਿਆ ਟੁੱਟ, ਟੁੱਟਿਆਂ ਗੰਢ ਨਾ ਕੋਇ ਪਵਾਈਆ । ਅੰਤਰ ਲਿਵ ਸਭ ਦੀ ਗਈ ਛੁਟ, ਛੁਟਕੀ ਲਿਵ ਨਾ ਕੋਇ ਜੁੜਾਈਆ । ਅੰਮ੍ਰਿਤ ਜਾਮ ਮਿਲੇ ਕੋਇ ਨਾ ਘੁਟ, ਅੰਮਿਉਂ ਰਸ ਨਾ ਕੋਇ ਚਖਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਕਲਜੁਗ ਕੂੜੀ ਕਿਰਿਆ ਬਦਲ ਦੇ ਰੁਤ, ਸਤਿਜੁਗ ਸਾਚੀ ਰੁਤ ਦੇ ਮਹਿਕਾਈਆ । ਉਜਲ ਕਰ ਜੀਵਾਂ ਮੁਖ, ਦੁਰਮਤ ਮੈਲ ਧਵਾਈਆ । ਆਪਣੇ ਨਾਮ ਦਾ ਬਖ਼ਸ਼ੀਂ ਸੁਖ, ਚਰਨ ਪ੍ਰੀਤੀ ਇਕ ਸਰਨਾਈਆ । ਉਲਟਾ ਰਹੇ ਗਰਭ ਨਾ ਰੁੱਖ, ਨਵ ਅਠਾਰਾਂ ਦਾ ਗੇੜਾ ਚੁਕਾਈਆ । ਤੇਰਾ ਮਾਨਵ ਬੂਟਾ ਰਿਹਾ ਸੁੱਕ, ਹਰਿਆ ਸਿੰਚ ਨਾ ਕੋਇ ਕਰਾਈਆ । ਨਿਰਗੁਣ ਧਾਰ ਆ ਕੇ ਪੁਛ, ਨਿਰਵੈਰ ਹੋ ਕੇ ਵੇਖ ਵਖਾਈਆ । ਗ਼ਰੀਬ ਨਿਮਾਣਿਆਂ ਗੋਦੀ ਚੁੱਕ, ਕੋੜ੍ਹਿਆਂ ਕਮਲਿਆਂ ਗਲੇ ਲਗਾਈਆ । ਅਪਰਾਧੀ ਰਹੇ ਕੋਇ ਨਾ ਸੁਤ , ਸੁਤ ਦੁਲਾਰੇ ਲੈ ਅਪਨਾਈਆ । ਭਾਗ ਲਗਾ ਦੇ ਕਾਇਆ ਬੁਤ, ਪੰਜ ਤਤ ਵੱਜੇ ਵਧਾਈਆ । ਮਿਹਰਵਾਨ ਮਿਹਰਵਾਨ ਹੋ ਕੇ ਉਠ, ਮਿਹਰ ਨਜ਼ਰ ਟਿਕਾਈਆ । ਭਗਤਾਂ ਸੰਤਾਂ ਉਤੇ ਤੁਠ, ਗੁਰਮੁਖ ਆਪਣੇ ਘਰ ਵਸਾਈਆ । ਅੰਤਮ ਤੇਰੀ ਸਭ ਨੂੰ ਓਟ, ਓੜਕ ਤੇਰੀ ਆਸ ਰਖਾਈਆ । ਸੁਰਤ ਸ਼ਬਦ ਲਗਾ ਦੇ ਚੋਟ, ਚੋਟੀ ਚੜ੍ਹ ਕੇ ਲੈ ਜਗਾਈਆ । ਹਉਮੇਂ ਅੰਦਰੋਂ ਕਢ ਦੇ ਖੋਟ, ਖੋਟੇ ਖਰੇ ਆਪ ਬਣਾਈਆ । ਤੈਨੂੰ ਲੱਭਦੇ ਕੋਟੀ ਕੋਟ, ਖੋਜਿਆਂ ਹੱਥ ਕਿਸੇ ਨਾ ਆਈਆ । ਕਰ ਪ੍ਰਕਾਸ਼ ਨਿਰਮਲ ਜੋਤ, ਜੋਤੀ ਜਾਤੇ ਪਰਦਾ ਦੇਣਾ ਉਠਾਈਆ । ਝਗੜਾ ਰਹੇ ਨਾ ਵਰਨ ਗੋਤ,

ਦੀਨ ਮਜ਼੍ਹਬ ਨਾ ਕੋਇ ਲੜਾਈਆ । ਕੂੜੀ ਕਿਰਿਆ ਕਢ ਦੇ ਸੋਚ, ਸਮਝ ਆਪਣੇ ਨਾਲ ਰਖਾਈਆ । ਸਚ ਪ੍ਰੀਤੀ ਬਖ਼ਸ਼ ਦੇ ਜੋਗ, ਜੋਗੀਸ਼ਰ ਹੋਣਾ ਸਹਾਈਆ । ਹਉਮੇ ਹੰਗਤਾ ਕਟ ਦੇ ਰੋਗ, ਸੁਖ ਸਾਗਰ ਵਿਚ ਸਮਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੇ ਦੇ ਚੋਗ, ਚੁਗ਼ਲੀ ਨਿੰਦਿਆ ਤੋਂ ਬਾਹਰ ਰਖਾਈਆ । ਆਤਮ ਰਸ ਬਖ਼ਸ਼ ਭੋਗ, ਭਸਮੜ ਆਪਣਾ ਮੇਲ ਮਿਲਾਈਆ । ਕਲਜੁਗ ਅੰਤਮ ਕਰ ਸੰਜੋਗ, ਵਿਜੋਗ ਦਾ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਲਗਾ ਕੇ ਕਾਇਆ ਬੰਕ ਕੋਟ, ਦਰ ਦਵਾਰਾ ਏਕੰਕਾਰਾ ਇਕੋ ਇਕ ਸੁਹਾਈਆ ।

✪ ੨੧ ਫੱਗਣ ਸ਼ਹਿਨਸ਼ਾਹੀ ਸੰਮਤ ੬ ਰਾਮ ਸਿੰਘ, ਦਰਬਾਰਾ ਸਿੰਘ, ਮੰਗਾ ਸਿੰਘ ਦੇ ਗ੍ਰਿਹਿ ਪਿੰਡ ਗਾਲੜੀਆਂ ਜ਼ਿਲਾ ਹੁਸ਼ਿਆਰਪੁਰ ✪

ਜਨ ਭਗਤ ਕਹਿਣ ਪ੍ਰਭ ਕਲਜੁਗ ਕਰ ਵਕਤ ਸੁਹੰਜਣਾ, ਅੰਤਸ਼ਕਰਨ ਬਦਲ ਖ਼ਲਕ ਖ਼ੁਦਾਈਆ । ਮਿਹਰ ਕਰ ਮਿਹਰਵਾਨਾ ਦਰਦ ਦੁੱਖ ਭੈ ਭੰਜਣਾ, ਜਗਤ ਸਾਗਰ ਪਾਰ ਦੇਣਾ ਕਰਾਈਆ । ਨਿਜ ਨੇਤਰ ਗਿਆਨ ਦੇ ਆਪਣਾ ਅੰਜਣਾ, ਨੈਣ ਅਗੰਮ ਕਰ ਰੁਸ਼ਨਾਈਆ । ਸਚ ਦਵਾਰ ਕਰਾ ਧੂੜੀ ਮਜਣਾ, ਦੁਰਮਤ ਮੈਲ ਦੇ ਧਵਾਈਆ । ਪਵਿੱਤਰ ਹੋਵੇ ਮਾਟੀ ਖ਼ਾਕ ਬਦਨਾ, ਬਦੀ ਦਾ ਲੇਖਾ ਰਹੇ ਨਾ ਰਾਈਆ । ਇਕੋ ਰੰਗ ਰੰਗਾ ਦੇ ਆਅਲਾ ਅਦਨਾ, ਜ਼ਾਤ ਪਾਤ ਦੇ ਗਵਾਈਆ । ਧੁਰਦਰਗਾਹੀ ਬਣ ਸੱਜਣਾ, ਸੈਣ ਇਕ ਅਖਵਾਈਆ । ਤੁਧ ਬਿਨ ਕਲਜੁਗ ਕੂੜਾ ਭਾਂਡਾ ਮੂਲ ਨਾ ਭੱਜਣਾ, ਭਜਨ ਬੰਦਗੀ ਵਾਲੇ ਸਾਰੇ ਦੇਣ ਦੁਹਾਈਆ । ਸਤਿ ਧਰਮ ਦਾ ਮਾਰਗ ਮੂਲ ਨਾ ਲੱਗਣਾ, ਲਗ ਮਾਤਰ ਦਾ ਡੇਰਾ ਕੋਇ ਨਾ ਢਾਹੀਆ । ਦਰ ਤੇਰੇ ਠਾਂਡੇ ਇਕੋ ਬੰਦਨਾ, ਬੰਦਗੀ ਸੱਜਦਿਆਂ ਵਿਚ ਸੀਸ ਝੁਕਾਈਆ । ਕਿਰਪਾ ਕਰ ਗੋਪਾਲ ਮੂਰਤ ਮਦਨਾ, ਮਦ ਸੂਦਨ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਜਨ ਭਗਤ ਕਹਿਣ ਪ੍ਰਭ ਕਰ ਅਗੰਮੀ ਮਿਹਰਵਾਨੀ, ਮਹਿਵ ਮਹਿਬੂਬ ਆਪਣੀ ਦਇਆ ਕਮਾਈਆ । ਪ੍ਰਕਾਸ਼ ਕਰ ਜੋਤ ਨੂਰ ਨੁਰਾਨੀ, ਨਿਰਗੁਣ ਨਿਰਵੈਰ ਨਿਰਾਕਾਰ ਨਜ਼ਰੀ ਆਈਆ । ਕਲਜੁਗ ਕੂੜੀ ਕਿਰਿਆ ਮੇਟ ਤੁਗਿਆਨੀ, ਹਉਮੇ ਹੰਗਤਾ ਦੇ ਚੁਕਾਈਆ । ਲੱਖ ਚੁਰਾਸੀ ਬਣ ਜਾਣ ਜਾਣੀ, ਜਾਣਨਹਾਰ ਤੇਰੀ ਸਰਨਾਈਆ । ਤੇਰੀ ਮਹਿਮਾ ਲਿਖੀ ਨਾ ਜਾਏ ਕਲਮ ਕਾਨੀ, ਕਾਇਨਾਤ ਨਾ ਕੋਇ ਚਤੁਰਾਈਆ । ਚਾਰ ਜੁਗ ਦਾ ਝਗੜਾ ਮੇਟ ਦੀਵਾਨੀ, ਸ਼ਾਸਤਰ ਸਿਮਰਤ ਰਹੇ ਕੁਰਲਾਈਆ । ਅੱਠ ਸੱਠ ਤੀਰਥ ਰੋਵੇ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੀਰ ਵਹਾਈਆ । ਤੇਰੀ ਸਮਝ ਸਕੇ ਕੋਇ ਨਾ ਬਾਣੀ, ਬਾਣ ਅਣਿਆਲਾ ਤੀਰ ਨਾ ਕੋਇ ਲਗਾਈਆ । ਸਦੀ ਚੌਧਵੀਂ ਮੰਜ਼ਲ ਚੜ੍ਹੇ ਨਾ ਕੋਇ ਰੂਹਾਨੀ, ਰੂਹ ਬੁਤ ਨਾ ਵੱਜੇ ਵਧਾਈਆ । ਚਾਰ ਵਰਨ ਅਠਾਰਾਂ ਬਰਨ ਹੋਈ ਬੇਈਮਾਨੀ, ਦੀਨ ਮਜ਼੍ਹਬ ਜ਼ਾਤ ਪਾਤ ਸਤਿ ਵਿਚ ਨਾ ਕੋਇ ਸਮਾਈਆ । ਕਲਪਣਾ ਕਰੇ ਨਾ ਕੋਇ ਕੁਰਬਾਨੀ, ਕਾਇਆ ਕਾਅਬੇ ਤੇਰਾ ਦਰਸ ਕੋਇ ਨਾ ਪਾਈਆ । ਚਾਰੋਂ ਕੁੰਟ ਕੂੜ ਨਿਸ਼ਾਨੀ, ਦਹਿ ਦਿਸ਼ਾ ਡੰਕ ਵਜਾਈਆ । ਜਲਵਾ ਰਿਹਾ ਨਾ ਕਿਸੇ ਪੇਸ਼ਾਨੀ, ਨੂਰ ਜ਼ਹੂਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ,

ਸਚਖੰਡ ਦਵਾਰ ਏਕੰਕਾਰ ਇਕ ਇਕੱਲੇ ਤੇਰੀ ਆਸ ਰਖਾਈਆ । ਜਨ ਭਗਤ ਕਹਿਣ ਪ੍ਰਭ ਦੇ ਦੇ ਅਗੰਮੀ ਧੂਲ, ਧੂੜੀ ਖ਼ਾਕ ਰਮਾਈਆ । ਸਤਿ ਸਚ ਤੇਰਾ ਅਸੂਲ, ਅਸਲੀਅਤ ਆਪਣੀ ਦੇ ਸਮਝਾਈਆ । ਕਲਜੁਗ ਅੰਤ ਮੁਕਾ ਦੇ ਮੂਲ, ਅਨਮੁੱਲ ਤੇਰੇ ਹੱਥ ਵਡਿਆਈਆ । ਜੇ ਤੇਰੀ ਸ੍ਰਿਸ਼ਟੀ ਗਈ ਭੂਲ, ਭੁਲਿਆਂ ਗਲੇ ਲਗਾਈਆ । ਤੂੰ ਮਾਲਕ ਕੰਤ ਕੰਤੂਹਲ, ਹਰਿ ਕਰਤਾ ਇਕ ਅਖਵਾਈਆ । ਦੁਹਾਈ ਦੇਂਦੇ ਤੇਰੇ ਪੈਗ਼ੰਬਰ ਰਸੂਲ, ਵੇਖਣ ਥਾਉਂ ਥਾਈਂਆ । ਸਭ ਦੀ ਬੇਨੰਤੀ ਕਰ ਕਬੂਲ, ਅਰਜ਼ ਆਰਜ਼ੂ ਤੇਰੇ ਅੱਗੇ ਟਿਕਾਈਆ । ਜਨ ਭਗਤ ਸੁਹੇਲੇ ਤੇਰਾ ਸ਼ਬਦ ਪੰਘੂੜਾ ਲੈਣ ਝੂਲ, ਹੁਲਾਰਾ ਦੋ ਜਹਾਨ ਝੁਲਾਈਆ । ਸ਼ਬਦੀ ਹੁਕਮ ਦੇ ਮਾਕੂਲ, ਨਾ ਕੋਇ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੇ ਅੱਗੇ ਝੋਲੀ ਡਾਹੀਆ । ਜਨ ਭਗਤ ਕਹਿਣ ਪ੍ਰਭ ਖ਼ਾਲੀ ਭਰ ਦੇ ਝੋਲੀ, ਵਸਤ ਅਗੰਮ ਵਰਤਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਬੋਲ ਦੇ ਬੋਲੀ, ਅਨਬੋਲਤ ਆਪਣਾ ਰੰਗ ਰੰਗਾਈਆ । ਭਾਗ ਲਗਾ ਦੇ ਕਾਇਆ ਚੋਲੀ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਬਜਰ ਕਪਾਟੀ ਪੜਦਾ ਖੋਲ੍ਹੀਂ, ਨਿਜ ਨੈਣ ਕਰ ਰੁਸ਼ਨਾਈਆ । ਮਨੂਆਂ ਮਨ ਨਾ ਪਾਵੇ ਰੌਲੀ, ਪੰਚ ਵਿਕਾਰ ਦਾ ਡੇਰਾ ਢਾਹੀਆ । ਮਿਲੇ ਵਡਿਆਈ ਉਪਰ ਧੌਲੀ, ਧਰਨੀ ਧਰਤ ਧਵਲ ਸੋਭਾ ਪਾਈਆ । ਅਵਤਾਰ ਪੈਗ਼ੰਬਰ ਗੁਰੂਆਂ ਪੂਰਾ ਕਰ ਕੌਲੀ, ਕੌਲ ਇਕਰਾਰ ਖੋਜ ਖੁਜਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਹਰ ਹਿਰਦੇ ਅੰਦਰ ਕਲਜੁਗ ਪਾਉਂਦਾ ਰੌਲੀ, ਅੱਠੇ ਪਹਿਰ ਸ਼ੋਰ ਮਚਾਈਆ । ਜੋਤੀ
੧੧੫੮ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਦਇਆ ਕਮਾਈਆ । ਜਨ ੧੧੫੮
੨੨ ਭਗਤ ਕਹਿਣ ਕਿਰਪਾ ਕਰਦੇ ਸਿੰਧ ਸਾਗਰ, ਗਹਿਰ ਗੰਭੀਰ ਤੇਰੀ ਸਰਨਾਈਆ । ਭਾਗ ਲਗਾ ਦੇ ਕਾਇਆ ਗਾਗਰ, ਸਾਢੇ ਤਿੰਨ ਹੱਥ ਵੱਜੇ ੨੨
ਵਧਾਈਆ । ਨਿਰਮਲ ਕਰਮ ਕਰ ਉਜਾਗਰ, ਦੁਰਮਤ ਮੈਲ ਰਹੇ ਨਾ ਰਾਈਆ । ਧਰਮ ਵਣਜਾਰਾ ਬਣ ਸੌਦਾਗਰ, ਸੌਦਾ ਇਕੋ ਇਕ ਵਖਾਈਆ । ਨਾਮ ਰਤਨ ਦੇ ਰਤਨਾਗਰ, ਰੱਤੀ ਰੱਤ ਰੰਗ ਰੰਗਾਈਆ । ਤੁਧ ਬਿਨ ਕਰੇ ਕੋਇ ਨਾ ਆਦਲ, ਇਨਸਾਫ਼ ਨਜ਼ਰ ਕੋਇ ਨਾ ਆਈਆ । ਦੁਨੀਆ ਦਾ ਝਗੜਾ ਮੇਟ ਮਕਤੂਲ ਕਾਤਲ, ਕਤਲਗਾਹ ਦਾ ਲੇਖਾ ਰਹੇ ਨਾ ਰਾਈਆ । ਆਪਣਾ ਦਰਸ਼ਨ ਦੇ ਬਾਤਨ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਸੰਤ ਸੂਫ਼ੀ ਸਾਰੇ ਤੈਨੂੰ ਆਖਣ, ਭਗਤ ਬੈਠੇ ਧਿਆਨ ਲਗਾਈਆ । ਅੰਤਰ ਨਿਰੰਤਰ ਤੇਰਾ ਨਾਮ ਵਾਚਣ, ਰਸਨਾ ਜਿਹਵਾ ਬੁੱਲ੍ਹ ਨਾ ਕੋਇ ਹਿਲਾਈਆ । ਤੂੰ ਸਾਹਿਬ ਪੁਰਖ ਅਬਿਨਾਸ਼ਣ, ਪਾਰਬ੍ਰਹਮ ਬੇਪਰਵਾਹੀਆ । ਸਚ ਸਵਾਮੀ ਪਾ ਰਾਸਨ, ਸੁਰਤੀ ਸ਼ਬਦ ਗੋਪੀ ਕਾਹਨ ਨਾਚ ਨਚਾਈਆ । ਲੇਖੇ ਵਿਚ ਪੂਰੀ ਕਰ ਆਸਨ, ਨਿਰਾਸਾ ਨਜ਼ਰ ਕੋਇ ਨਾ ਆਈਆ । ਤੇਰਾ ਹਰ ਘਟ ਅੰਦਰ ਵਾਸਨ, ਵਸਿਆ ਹਰ ਘਟ ਥਾਈਂਆ । ਆਦਿ ਅੰਤ ਨਾ ਹੋਏ ਵਿਨਾਸਨ, ਜਨਮ ਮਰਨ ਨਾ ਕੋਇ ਰਖਾਈਆ । ਉਚ ਅਗੰਮ ਪਾਕ ਪਾਕਨ, ਪਲੀਤ ਤੇਰੀ ਬੇਪਰਵਾਹੀਆ । ਸਾਚੀ ਮੰਜ਼ਲ ਚੜ੍ਹਾ ਘਾਟਣ, ਅਧ ਵਿਚਕਾਰ ਨਾ ਕੋਇ ਅਟਕਾਈਆ । ਜਨਮ ਜਨਮ ਦੀ ਮੁਕੇ ਵਾਟਣ, ਚੁਰਾਸੀ ਗੇੜ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਪ੍ਰਿਥਮੀ ਆਕਾਸ਼ਣ, ਗਗਨ ਗਗਨੰਤਰ ਨਿਰੰਤਰ ਅੰਤਰ ਪਰਦਾ ਓਹਲਾ ਬਣ ਸ਼ਬਦ ਵਿਚੋਲਾ ਦੇਣਾ ਚੁਕਾਈਆ ।

## ੨੧ ਫੱਗਣ ਸ਼ਹਿਨਸ਼ਾਹੀ ਸੰਮਤ ੬ ਜੀਆ ਲਾਲ ਦੇ ਗ੍ਰਿਹ ਤਲਵਾੜਾ ਸ਼ਹਿਰ

ਜਨ ਭਗਤ ਸੰਤ ਸੂਫ਼ੀ ਕਹਿਣ ਸ਼ਹਿਨਸ਼ਾਹ ਬੇਨਜ਼ੀਰ, ਨਜ਼ਰੀਆ ਸਭ ਦਾ ਦੇ ਬਦਲਾਈਆ । ਅੰਮ੍ਰਿਤ ਆਤਮ ਬਖ਼ਸ਼ ਅਗੰਮਾ ਸੀਰ, ਧੁਰ ਦੀ ਧਾਰ ਜਾਮ ਪਿਆਈਆ । ਸਤਿ ਸੰਤੋਖ ਬਖ਼ਸ਼ ਦੇ ਧੀਰ, ਧਰਮ ਧਾਰ ਦ੍ਰਿੜਾਈਆ । ਝਗੜਾ ਮੁਕਾ ਦੇ ਸ਼ਾਹ ਹਕੀਰ, ਊਚ ਨੀਚ ਦਾ ਡੇਰਾ ਢਾਹੀਆ । ਸਤਿ ਸਚ ਦੀ ਦੱਸ ਤਦਬੀਰ, ਤਰੀਕਾ ਧੁਰ ਦਾ ਇਕ ਸਮਝਾਈਆ । ਦੀਨ ਮਜ਼੍ਹਬ ਦੀ ਮੇਟ ਲਕੀਰ, ਲਾਈਨ ਐਨ ਇਕ ਵਖਾਈਆ । ਸ਼ਰਅ ਛੁਰੀ ਨਾ ਰਹੇ ਸ਼ਮਸ਼ੀਰ, ਕਤਲਗਾਹ ਨਾ ਦਿਸੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਜਨ ਭਗਤ ਸੰਤ ਸੂਫ਼ੀ ਕਹਿਣ ਪੁਰਖ ਅਕਾਲ ਕਰ ਸਖ਼ਾਵਤ, ਸੁਖ਼ਨ ਸਭ ਦਾ ਪੂਰ ਕਰਾਈਆ । ਧੁਰ ਦਾ ਨਾਮ ਦੇ ਨਿਆਮਤ, ਨਰ ਨਰਾਇਣ ਦਇਆ ਕਮਾਈਆ । ਮਨ ਮਨੂਆ ਮੇਟ ਬਗ਼ਾਵਤ, ਬਗਲਗੀਰ ਕਰ ਲੋਕਾਈਆ । ਝਗੜਾ ਰਹੇ ਨਾ ਕੋਇ ਅਦਾਵਤ, ਅਦਲ ਇਨਸਾਫ਼ ਇਕ ਸਮਝਾਈਆ । ਕੂੜੀ ਕਿਰਿਆ ਮੇਟ ਬਨਾਵਟ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰਗਹ ਸਾਚੀ ਤੇਰੀ ਓਟ ਤਕਾਈਆ । ਅਵਤਾਰ ਪੈਗ਼ੰਬਰ ਗੁਰੂ ਰਹੇ ਉਡੀਕ, ਜਨ ਭਗਤ ਸੁਹੇਲੇ ਧਿਆਨ ਲਗਾਈਆ । ਆਪਣੀ ਆਦਿ ਅੰਤ ਦੀ ਵੇਖ ਤਾਰੀਖ, ਤਵਾਰੀਖ ਧੁਰ ਦੀ ਫੋਲ ਫੁਲਾਈਆ । ਜਿਸ ਦੀ ਧਾਰ ਸਦਾ ਬਾਰੀਕ, ਜਗ ਨੇਤਰ ਨਜ਼ਰ ਕੋਇ ਨਾ ਆਈਆ । ਜਿਸ ਨੂੰ ਤਨ ਵਜੂਦ ਕਰੇ ਨਾ ਕੋਇ ਤਸਦੀਕ, ਸ਼ਹਾਦਤ ਮਾਤ ਨਾ ਕੋਇ ਭੁਗਤਾਈਆ । ਸੋ ਸਭ ਦੀ ਆਸਾ ਪੂਰੀ ਕਰਨੀ ਉਮੀਦ, ਆਮਦ ਵਿਚ ਬੈਠੇ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਦੀਨ ਦਿਆਲ ਦਇਆ ਕਮਾਈਆ । ਜਨ ਭਗਤ ਸੂਫ਼ੀ ਕਹਿਣ ਤੇਰੇ ਅੱਗੇ ਇਕੋ ਸੱਜਦਾ, ਸੀਸ ਜਗਦੀਸ਼ ਝੁਕਾਈਆ । ਵੇਖ ਖੇਲ ਆਪਣੇ ਘਰ ਦਾ, ਲੋਕਮਾਤ ਨੈਣ ਉਠਾਈਆ । ਸਾਚਾ ਬਣੇ ਕੋਇ ਨਾ ਬਰਦਾ, ਬੰਦੀਖ਼ਾਨਾ ਨਾ ਕੋਇ ਤੁੜਾਈਆ । ਤੇਰਾ ਨਾਮ ਕਲਮਾ ਰਸਨਾ ਜਿਹਵਾ ਜੀਵ ਜੰਤ ਪੜ੍ਹਦਾ, ਸਾਧ ਸੰਤ ਸਿਫ਼ਤਾਂ ਵਾਲੇ ਢੋਲੇ ਗਾਈਆ । ਬਹੁੜੀ ਤੇਰਾ ਮੰਤਰ ਕੋਇ ਨਾ ਪੜ੍ਹਦਾ, ਦਰਗਹ ਸਾਚੀ ਮਿਲਣ ਕੋਇ ਨਾ ਆਈਆ । ਇਸ਼ਨਾਨ ਕਰੇ ਨਾ ਕੋਇ ਸਾਚੇ ਸਰ ਦਾ, ਅੱਠ ਸੱਠ ਭੱਜਣ ਵਾਹੋ ਦਾਹੀਆ । ਪਿਆਰ ਮਿਲੇ ਨਾ ਨਰਾਇਣ ਨਰ ਦਾ, ਨਿਜ ਨੈਣ ਲੋਚਨ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਮਾਣ ਮਿਟੇ ਨਾ ਹੰਕਾਰੀ ਗੜ੍ਹ ਦਾ, ਵਿਕਾਰ ਹੰਕਾਰ ਨਾ ਕੋਇ ਤਜਾਈਆ । ਪੰਚ ਵਿਕਾਰਾ ਘਰ ਘਰ ਲੜਦਾ, ਦਿਵਸ ਰੈਣ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਸਤ ਅਮੋਲਕ ਅਗੰਮ ਵਰਤਾਈਆ । ਸੰਤ ਭਗਤ ਸੂਫ਼ੀ ਕਹਿਣ ਮਿਹਰਵਾਨ ਪਰਵਰਦਿਗਾਰ ਲਾਸ਼ਰੀਕ, ਸ਼ਰਅ ਸ਼ਰਕਤ ਦੇ ਗਵਾਈਆ । ਤੇਰੇ ਵਿਚ ਹੱਕ ਤੌਫ਼ੀਕ, ਤੋਬਾ ਤੇਰਾ ਨਾਮ ਦੁਹਾਈਆ । ਸਾਰੇ ਤੇਰੀ ਕਰਨ ਉਡੀਕ, ਜੁਗ ਚੌਕੜੀ ਬੈਠੇ ਅੱਖ ਉਠਾਈਆ । ਸਦੀ ਚੌਧਵੀਂ ਰਹੀ ਬੀਤ, ਮੁਹੰਮਦ ਵੇਖੇ ਚਾਈਂ ਚਾਈਂਆ । ਈਸਾ ਤਕੇ ਬੀਸ ਬੀਸ, ਬੀਸ ਬੀਸੇ ਹਰਿ ਜਗਦੀਸੇ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਅਤੋਟ ਅਤੁਟ ਵਰਤਾਈਆ ।

ਸੂਫ਼ੀ ਸੰਤ ਫ਼ਕੀਰ ਕਹਿਣ ਸਾਡੀ ਚਰਨ ਕਵਲ ਨਿਮਸਕਾਰ, ਨਮੋ ਨਮੋ ਨਮੋ ਸੀਸ ਝੁਕਾਈਆ । ਵੇਖ ਵਿਗਸ ਕਰ ਵਿਚਾਰ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਚਾਰੋਂ ਕੁੰਟ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਕੂੜ ਕੁਕਰਮ ਵਧਿਆ ਵਿਭਚਾਰ, ਮਾਇਆ ਮਮਤਾ ਮੋਹ ਹਲਕਾਈਆ । ਸੱਜਣ ਦਿਸੇ ਨਾ ਕੋਇ ਮੀਤ ਮੁਰਾਰ, ਸਚ ਪ੍ਰੀਤੀ ਸੰਗ ਨਾ ਕੋਇ ਰਖਾਈਆ । ਝਗੜਾ ਪਿਆ ਪੁਰਖ ਨਾਰ, ਨਰ ਨਰਾਇਣ ਹੋਣਾ ਸਹਾਈਆ । ਅਵਤਾਰ ਪੈਗ਼ੰਬਰ ਗੁਰੂ ਦਿਸੇ ਨਾ ਕੋਇ ਮੁਖਤਿਆਰ, ਚਾਰ ਕੁੰਟ ਦਹਿ ਦਿਸ਼ਾ ਸਿਰ ਹੱਥ ਨਾ ਕੋਇ ਟਿਕਾਈਆ । ਵਰਨ ਬਰਨ ਜ਼ਾਤ ਪਾਤ ਦੀਨ ਮਜ਼੍ਹਬ ਸ਼ਰਅ ਦੀ ਮਾਰੇ ਲਲਕਾਰ, ਸ਼ਰੀਅਤ ਵਿਚ ਕੁਰਲਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਉਠ ਵੇਖ ਸੱਚੀ ਸਰਕਾਰ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਆਪਣਾ ਧਿਆਨ ਲਗਾਈਆ । ਨਵ ਨੌਂ ਚਾਰ ਦਿਸੇ ਹਾਰ, ਨਵ ਸੱਤ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਦਵਾਰ ਏਕੰਕਾਰ ਖ਼ਾਲੀ ਝੋਲੀ ਅੱਗੇ ਡਾਹੀਆ । ਭਗਤ ਕਹਿਣ ਆਦਿ ਅੰਤ ਦੇ ਮਾਲਕ, ਮਿਹਰਵਾਨ ਤੇਰੀ ਸਰਨਾਈਆ । ਕਿਰਪਾ ਕਰ ਖ਼ਲਕ ਦੇ ਖ਼ਾਲਕ, ਮਖ਼ਲੂਕ ਰਹੀ ਕੁਰਲਾਈਆ । ਤੁਧ ਬਿਨ ਦਿਸੇ ਨਾ ਕੋਇ ਸਾਲਸ, ਸਤਿ ਸੁਖ਼ਨ ਨਾ ਕੋਇ ਦ੍ਰਿੜਾਈਆ । ਬਿਨ ਤੇਰੇ ਹੱਕ ਦਿਸੇ ਨਾ ਕੋਇ ਅਦਾਲਤ, ਇਨਸਾਫ਼ ਸਚ ਨਾ ਕੋਇ ਕਮਾਈਆ । ਕਲਜੁਗ ਜੀਵਾਂ ਸ਼ਬਦ ਧਾਰ ਇਕੋ ਦੇ ਜ਼ਮਾਨਤ, ਜ਼ਾਮਨ ਆਪਣਾ ਆਪ ਬਣਾਈਆ । ਆਤਮ ਵੇਖ ਆਪਣੀ ਅਮਾਨਤ, ਸਾਢੇ ਤਿੰਨ ਹੱਥ ਅੰਦਰ ਫੋਲ ਫੁਲਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰਾ ਆਉਣਾ ਹੋਵੇ ਅਚਾਨਕ, ਅਚਨਚੇਤ ਆਪਣੀ ਕਲ ਵਰਤਾਈਆ । ਕਲਜੁਗ ਸਮਾਂ ਤਕ ਭਿਆਨਕ, ਭੈ ਭਾਓ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਦੀਨ ਦਿਆਲ ਆਪਣਾ ਰੰਗ ਰੰਗਾਈਆ । ਸੂਫ਼ੀ ਸੰਤ ਕਹਿਣ ਤੇਰਾ ਨਾਮ ਦੁਹਾਈ, ਦਰੋਹੀ ਦਰੋਹੀ ਹਾਲ ਸੁਣਾਈਆ । ਕਿਰਪਾ ਕਰ ਜਗਤ ਗੁਸਾਈਂ, ਗਹਿਰ ਗੰਭੀਰ ਬੇਨਜ਼ੀਰ ਪੜਦਾ ਆਪ ਉਠਾਈਆ । ਤੁਧ ਬਿਨ ਪਕੜੇ ਨਾ ਕੋਇ ਬਾਹੀਂ, ਬਲਹੀਣ ਹੋਈ ਲੋਕਾਈਆ । ਪਰਮਾਤਮ ਆਤਮ ਹੋਈ ਜੁਦਾਈ, ਵਿਛੜਿਆਂ ਮੇਲ ਨਾ ਕੋਇ ਮਿਲਾਈਆ । ਅੰਮ੍ਰਿਤ ਜਾਮ ਦੇ ਪਿਆਈ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਸ਼ਬਦ ਨਾਦ ਸੁਣਾਈ, ਅਨਹਦ ਨਾਦੀ ਨਾਦ ਵਜਾਈਆ । ਨਿਰਗੁਣ ਜੋਤ ਕਰ ਰੁਸ਼ਨਾਈ, ਅੰਧ ਅੰਧੇਰ ਰਹੇ ਨਾ ਰਾਈਆ । ਆਤਮ ਬ੍ਰਹਮ ਦੇ ਸਮਝਾਈ, ਪਰਦਾ ਓਹਲਾ ਆਪ ਉਠਾਈਆ । ਸਚ ਦਵਾਰਾ ਦੇ ਦਰਸਾਈ, ਦਰਸ ਦੀਦ ਇਕ ਕਰਾਈਆ । ਸਚਖੰਡ ਖੰਡ ਦਵਾਰ ਬਹਾਈਂ, ਸੁਖ ਆਸਣ ਇਕ ਟਿਕਾਈਆ । ਜਿਥੇ ਜਨਮੇ ਫੇਰ ਕੋਇ ਨਾ ਮਾਈ, ਜਨਮ ਮਰਨ ਰਹੇ ਨਾ ਰਾਈਆ । ਲੱਖ ਚੁਰਾਸੀ ਕਟਣੀ ਫਾਹੀ, ਫਾਂਸੀ ਜਮ ਨਾ ਕੋਇ ਲਟਕਾਈਆ । ਰਾਏ ਧਰਮ ਨਾ ਦਏ ਸਜ਼ਾਈ, ਚਿਤ੍ਰਗੁਪਤ ਨਾ ਵੇਖ ਵਖਾਈਆ । ਕਿਰਪਾ ਕਰਨੀ ਬੇਪਰਵਾਹੀ, ਬੇਅੰਤ ਤੇਰੀ ਓਟ ਤਕਾਈਆ । ਤੂੰ ਆਦਿ ਅੰਤ ਦਾ ਸਾਚਾ ਮਾਹੀ, ਮਿਹਰਵਾਨ ਨੂਰ ਇਲਾਹੀਆ । ਜਿਸ ਕਾਰਨ ਗੋਬਿੰਦ ਬੂਟਾ ਪੁੱਟਿਆ ਕਾਹੀ, ਕਾਇਨਾਤ ਵੇਖਣਾ ਥਾਉਂ ਥਾਈਂਆ । ਰਹਿਬਰ ਬਣਨਾ ਦੋ ਜਹਾਨ ਰਾਹੀ, ਰਸਤਾ ਇਕੋ ਦੇਣਾ ਦ੍ਰਿੜਾਈਆ । ਦੀਨ ਮਜ਼੍ਹਬ ਦਾ ਝਗੜਾ ਦੇਣਾ ਮੁਕਾਈ, ਮੁਕੰਮਲ ਆਪਣਾ ਹੁਕਮ ਵਰਤਾਈਆ । ਧੁਰ ਦਾ ਢੋਲਾ ਸਚ ਸੰਦੇਸ਼ਾ ਨਾਮ ਸੁਣਾਈ, ਕਲਮਾ ਇਕੋ ਗਾਈਆ । ਵਾਹਿਦ


੧੧੬੦ ੨੨

ਆਪਣੀ ਰਮਜ਼ ਲਗਾਈ, ਵਾਹਵਾ ਆਪਣਾ ਪੜਦਾ ਲਾਹੀਆ । ਤੇਰਾ ਮੇਲਾ ਹੋਵੇ ਚਾਈਂ ਚਾਈਂ, ਚਾਓ ਘਨੇਰਾ ਇਕ ਪਰਗਟਾਈਆ । ਤੂੰ ਜਲਵਾਗਰ ਨੂਰ ਅਲਾਹੀ, ਆਲਮੀਨ ਇਕ ਅਖਵਾਈਆ । ਸ਼ਾਹ ਪਾਤਸ਼ਾਹ ਤੇਰੀ ਸੱਚੀ ਸ਼ਹਿਨਸ਼ਾਹੀ, ਸਚਖੰਡ ਦਵਾਰ ਨਜ਼ਰੀ ਆਈਆ । ਝਗੜਾ ਮੁਕਾਉਣਾ ਬਲ ਅਸਗਾਹੀ, ਗਹਿਰ ਗੰਭੀਰ ਇਕੋ ਗ੍ਰਿਹਿ ਦੇਣਾ ਦਰਸਾਈਆ । ਤੇਰੇ ਚਰਨ ਕਵਲ ਕਵਲ ਚਰਨ ਹੋਵੇ ਸਰਨਾਈ, ਸਰਨਗਤ ਇਕ ਅਖਵਾਈਆ । ਸੰਤ ਭਗਤ ਸੂਫ਼ੀ ਕਹਿਣ ਤੇਰਾ ਨਾਮ ਦੁਹਾਈ, ਦੂਜਾ ਰਾਗ ਨਾ ਕੋਇ ਸੁਣਾਈਆ । ਕਲਜੁਗ ਜੀਵਾਂ ਕੂੜੀ ਮੇਟਣੀ ਸ਼ਾਹੀ, ਦੁਰਮਤ ਮੈਲ ਦੇਣੀ ਧਵਾਈਆ । ਸਦੀ ਚੌਧਵੀਂ ਅੰਤ ਬਚਾਈ, ਬਚਪਨ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਤੇਰਾ ਢੋਲਾ ਗੀਤ ਨਾਉਂ ਨਿਰੰਕਾਰ ਸੁਣੀਏ ਥਾਉਂ ਥਾਈਂ, ਥਾਨ ਥਨੰਤਰ ਗਗਨ ਗਗਨੰਤਰ ਹਰ ਘਟ ਜੀਵ ਤੇਰੀ ਧਰਮ ਧਾਰ ਦੀ ਵੱਜੇ ਵਧਾਈਆ ।

## ੨੨ ਫੱਗਣ ਸ਼ਹਿਨਸ਼ਾਹੀ ਸੰਮਤ ੬ ਹਰਿ ਸੰਗਤ ਦੇ ਨਵਿਤ ਤਲਵਾੜਾ ਸ਼ਹਿਰ

ਪੁਰਖ ਅਬਿਨਾਸ਼ੀ ਕਿਰਪਾ ਧਾਰ, ਧਰਨੀ ਧਰਤ ਧਵਲ ਧੌਲ ਦਇਆ ਕਮਾਈਆ । ਨਿਰਗੁਣ ਸਰਗੁਣ ਵੇਖ ਆਪਣਾ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਲਹਿਣਾ ਤਕ ਤੇਈ ਅਵਤਾਰ, ਤ੍ਰੈਗੁਣ ਅਤੀਤੇ ਆਪਣਾ ਪੜਦਾ ਲਾਹੀਆ । ਪੈਗੰਬਰਾਂ ਪਾ ਸਾਰ, ਮਹਾਂਸਾਰਥੀ ਆਪਣਾ ਬਲ ਪਰਗਟਾਈਆ । ਗੁਰੂਆਂ ਕਰ ਵਿਚਾਰ, ਵਿਚਰ ਕੇ ਸਭ ਨੂੰ ਦੇ ਦ੍ਰਿੜਾਈਆ । ਚਾਰੋਂ ਕੁੰਟ ਧੂੰਆਂਧਾਰ, ਨੂਰ ਚੰਦ ਨਾ ਕੋਇ ਰੁਸ਼ਨਾਈਆ । ਸ਼ਾਸਤਰ ਸਿਮਰਤ ਪੜ੍ਹ ਪੜ੍ਹ ਥੱਕਾ ਸੰਸਾਰ, ਵੇਦ ਪੁਰਾਨ ਅੰਜੀਲ ਕੁਰਾਨ ਫੋਲ ਫੁਲਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਤਕ ਗੁਰੂਦਵਾਰ, ਨੌਂ ਖੰਡ ਸੱਤ ਦੀਪ ਆਪਣਾ ਪੜਦਾ ਲਾਹੀਆ । ਚਾਰ ਜੁਗ ਦੇ ਸਿਫ਼ਤਾਂ ਵਾਲੇ ਨਾਮ ਵੇਖ ਨਿਰੰਕਾਰ, ਨਰ ਨਰਾਇਣ ਧਿਆਨ ਲਗਾਈਆ । ਬਹੁੜੀ ਚਾਰੋਂ ਕੁੰਟ ਆਈ ਹਾਰ, ਦਰੋਹੀ ਤੇਰਾ ਦਰ ਨਾ ਕੋਇ ਖੁਲ੍ਹਾਈਆ । ਸਦੀ ਚੌਧਵੀਂ ਅੰਤਮ ਸਾਰੇ ਗਏ ਹਾਰ, ਬਲੀ ਬਲ ਨਾ ਕੋਇ ਵਖਾਈਆ । ਡੰਡਾਵਤ ਬੰਦਨਾ ਵਿਚ ਸਾਡੀ ਨਿਮਸਕਾਰ, ਸੱਜਦਿਆਂ ਵਿਚ ਸੀਸ ਝੁਕਾਈਆ । ਜੋਤੀ ਜਾਤੇ ਹੋ ਜ਼ਾਹਰ, ਪੁਰਖ ਬਿਧਾਤੇ ਆਪਣਾ ਜ਼ਹੂਰ ਦੇ ਪਰਗਟਾਈਆ । ਕਲਕਾਤੀ ਕਰ ਖ਼ੁਆਰ, ਕੂੜ ਵਿਕਾਰਾ ਦੇ ਮਿਟਾਈਆ । ਸ਼ਬਦ ਖੰਡਾ ਖਿੱਚ ਕਟਾਰ, ਕਟਾਕਸ਼ ਨਾਮ ਵਾਲਾ ਲਗਾਈਆ । ਦੋ ਜਹਾਨਾਂ ਹੋ ਉਜਿਆਰ, ਉਜਲ ਆਪਣਾ ਆਪ ਕਰਾਈਆ । ਦੀਨ ਦੁਨੀ ਵੇਖ ਦੁਖਿਆਰ, ਦੁਖੀਆਂ ਦਰਦ ਮਿਟਾਈਆ । ਤੂੰ ਮਾਲਕ ਸਾਂਝਾ ਯਾਰ, ਪਰਵਰਦਿਗਾਰ ਅਗੰਮ ਅਥਾਹੀਆ । ਦਰ ਠਾਂਡੇ ਇਕ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਝਗੜਾ ਮੇਟ ਦੇ ਨੌਂ ਦਵਾਰ, ਜਗਤ ਵਾਸਨਾ ਰਹੇ ਨਾ ਰਾਈਆ । ਸ਼ਾਹ ਰਗ ਦੇ ਉਪਰ ਚੜ੍ਹ ਸ਼ਾਹ ਸਵਾਰ, ਆਪਣਾ ਪੰਧ ਮੁਕਾਈਆ । ਤ੍ਰੈਕੁਟੀ ਦਾ ਲੇਖਾ ਦੇ ਨਿਵਾਰ, ਸੁਰਤ ਤੁਰਤ ਭੇਵ ਚੁਕਾਈਆ । ਸ਼ਬਦ ਅਨਾਦੀ ਦੇ ਧੁਨਕਾਰ, ਅਗੰਮੀ ਧੁਨ ਸੁਣਾਈਆ । ਅੰਮ੍ਰਿਤ ਬਖ਼ਸ਼ ਠੰਡਾ ਠਾਰ, ਠਾਕਰ ਹੋ ਕੇ ਦੇ ਵਰਤਾਈਆ । ਮੰਜ਼ਲ ਰਹੇ ਨਾ ਕੋਇ ਦੁਸ਼ਵਾਰ, ਅੱਗੇ ਹੋ ਨਾ ਕੋਇ ਅਟਕਾਈਆ । ਘਰ ਵਿਚ ਘਰ ਦਿਸੇ ਜ਼ਾਹਰ, ਨਿਰਗੁਣ ਤੇਰਾ ਨੂਰ ਰੁਸ਼ਨਾਈਆ । ਫੜ ਬਾਂਹੋਂ ਜਾਣਾ ਤਾਰ, ਤ੍ਰੈਗੁਣ ਅਤੀਤੇ

ਆਪਣੀ ਦਇਆ ਕਮਾਈਆ । ਸਚ ਦਵਾਰ ਖੋਲ੍ਹਣਾ ਕਵਾੜ, ਬੰਦੀਖ਼ਾਨਾ ਮੇਰਾ ਦੇਣਾ ਤੁੜਾਈਆ । ਸਾਚੀ ਮੰਜ਼ਲ ਦੇਣਾ ਚਾੜ੍ਹ, ਮਜ਼ਲ ਪਿਛਲੀ ਪੰਧ ਮੁਕਾਈਆ । ਤੇਰਾ ਧਰਮ ਦਾ ਦਿਸੇ ਅਖਾੜ, ਬਿਨ ਗੋਪੀ ਕਾਹਨ ਨਾਚ ਨਚਾਈਆ । ਮਾਲਕ ਬਣਨਾ ਇਕੋ ਲਾੜ, ਲਾੜਾ ਸ਼ਹਿਨਸ਼ਾਹੀਆ । ਤੇਰੀ ਧਾਰ ਸ਼ਬਦ ਸਾਰ ਵਿਚ ਸਾਰ ਮਿਲੇ ਨਿਰੰਕਾਰ, ਨਿਰਾਕਾਰ ਤੇਰੇ ਗ੍ਰਿਹ ਵੱਜੇ ਵਧਾਈਆ । ਸਚ ਸਿੰਘਾਸਣ ਕਰਨਾ ਪਿਆਰ, ਪ੍ਰੀਤਮ ਆਪਣਾ ਪ੍ਰੇਮ ਵਖਾਈਆ । ਆਤਮਾ ਪਰਮਾਤਮਾ ਮੇਲ ਮਿਲਾਉਣਾ ਕੰਤ ਸੁਹਾਗੀ ਨਾਰ, ਸੰਜੋਗ ਲੈਣਾ ਬਣਾਈਆ । ਬਿਨ ਹੱਥਾਂ ਤੋਂ ਕਰਾਂ ਨਿਮਸਕਾਰ, ਘਰ ਠਾਂਡੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਕੰਤ ਭਗਵੰਤ ਮਿਹਰ ਕਰਨੀ ਅਪਰ ਅਪਾਰ, ਅਪਰੰਪਰ ਸਵਾਮੀ ਅੰਤਰਜਾਮੀ ਪੜਦਾ ਦੇਣਾ ਉਠਾਈਆ ।

### ✪ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੬ ਜਾਗੀਰ ਸਿੰਘ ਦੇ ਗ੍ਰਿਹ ਤਲਵਾੜਾ ਸ਼ਹਿਰ ✪

ਜਨ ਭਗਤ ਕਹਿਣ ਪ੍ਰਭ ਇਕੋ ਆਸਾ, ਆਸਾ ਤੇਰੇ ਨਾਲ ਰਲਾਈਆ । ਚਰਨ ਪ੍ਰੀਤੀ ਦੇ ਭਰਵਾਸਾ, ਭਾਂਡਾ ਭਰਮ ਭੌ ਭੰਨਾਈਆ । ਨਾਮ ਬਖ਼ਸ਼ ਸਵਾਸ ਸਵਾਸਾ, ਸਾਹ ਸਾਹ ਤੇਰਾ ਨਾਮ ਧਿਆਈਆ । ਕਾਇਆ ਮੰਡਲ ਪਾ ਰਾਸਾ, ਸੁਰਤ ਸ਼ਬਦ ਗੋਪੀ ਕਾਹਨ ਨਾਚ ਨਚਾਈਆ । ਨਿਜ ਗ੍ਰਿਹ ਤੇਰਾ ਦਿਸੇ ਵਾਸਾ, ਵਾਸਤਾ ਆਪਣਾ ਪੜਦਾ ਦੇਣਾ ਉਠਾਈਆ । ਤੇਰਾ ਰੂਪ ਨਜ਼ਰੀ ਆਵੇ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਵੱਜੇ ਵਧਾਈਆ । ਚੁਰਾਸੀ ਵਿਚੋਂ ਹੋਵੇ ਬੰਦ ਖੁਲਾਸਾ, ਬੰਦੀ ਛੋੜ ਦਇਆ ਦੇਣੀ ਕਮਾਈਆ । ਤੇਰੇ ਦਰ ਤੋਂ ਜਾਏ ਨਾ ਕੋਇ ਨਿਰਾਸਾ, ਨਿਰਾਸਤਾ ਰਹਿਣ ਕੋਇ ਨਾ ਪਾਈਆ । ਕਲਜੁਗ ਕੂੜੀ ਕਿਰਿਆ ਬਦਲ ਦੇ ਪਾਸਾ, ਕਰਵਟ ਆਪਣੀ ਲੈ ਬਦਲਾਈਆ । ਤੂੰ ਆਦਿ ਜੁਗਾਦਿ ਸਾਹਿਬ ਪੁਰਖ ਅਬਿਨਾਸ਼ਾ, ਪਾਰਬ੍ਰਹਮ ਬੇਪਰਵਾਹੀਆ । ਸ਼ੰਕਰ ਵੇਖੇ ਉਪਰ ਕੈਲਾਸ਼ਾ, ਬ੍ਰਹਮਾ ਬ੍ਰਹਮ ਧਿਆਨ ਲਗਾਈਆ । ਵਿਸ਼ਨੂੰ ਤੇਰੇ ਨਾਮ ਦੀ ਬੋਲੇ ਭਾਸ਼ਾ, ਪੇਸ਼ੀਨਗੋਈ ਰਿਹਾ ਦ੍ਰਿੜਾਈਆ । ਕਲਜੁਗ ਅੰਤਮ ਖੇਲ ਕਰੇ ਸ਼ਾਹੋ ਭੂਪ ਸ਼ਾਬਾਸ਼ਾ, ਸ਼ਹਿਨਸ਼ਾਹ ਅਗੰਮ ਅਥਾਹੀਆ । ਕਲਜੁਗ ਕੂੜੀ ਕਿਰਿਆ ਤੋੜੇ ਨਾਤਾ, ਸਤਿਜੁਗ ਸਚ ਸਚ ਪਰਗਟਾਈਆ । ਚਾਰ ਜੁਗ ਦਾ ਪਿਛਲਾ ਕਢੇ ਖਾਤਾ, ਫ਼ਰਦਾਂ ਫੋਲੇ ਥਾਉਂ ਥਾਈਂਆ । ਸੋ ਪੁਰਖ ਅਕਾਲੇ ਦੀਨ ਦਿਆਲੇ ਤੂੰ ਸਰਬ ਕਲਾ ਸਮਰਾਥਾ, ਸਾਹਿਬ ਤੇਰੇ ਹੱਥ ਵਡਿਆਈਆ । ਗ਼ਰੀਬ ਨਿਮਾਣਿਆਂ ਮੰਨ ਆਖਾ, ਕੋੜ੍ਹਿਆਂ ਕਮਲਿਆਂ ਗਲੇ ਲਗਾਈਆ । ਤੂੰ ਧੁਰਦਰਗਾਹੀ ਦੇਵਣਹਾਰਾ ਦਾਤਾ, ਵਸਤ ਅਗੰਮ ਦੇ ਵਰਤਾਈਆ । ਆਤਮ ਪਰਮਾਤਮ ਪਰਮਾਤਮ ਆਤਮ ਤੂੰ ਮੇਰਾ ਮੈਂ ਤੇਰਾ ਸ੍ਰਿਸ਼ਟ ਸਬਾਈ ਹੋਵੇ ਜਾਪਾ, ਜਗਜੀਵਣ ਦਾਤੇ ਇਕੋ ਨਾਮ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਵਰਤੇ ਪ੍ਰਿਥਮੀ ਆਕਾਸ਼ਾ, ਗਗਨ ਮੰਡਲ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਮੰਨਣ ਚਾਈਂ ਚਾਈਆ ।

## ✪ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੬ ਜੁਗਿੰਦਰ ਸਿੰਘ ਦੇ ਗ੍ਰਿਹਿ ਤਲਵਾੜਾ ਸ਼ਹਿਰ ✪

ਜਨ ਭਗਤੋ ਮੈਂ ਸਭ ਦਾ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ । ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨੀ, ਹਰਿ ਪੁਰਖ ਨਿਰੰਜਣ ਬੇਪਰਵਾਹੀਆ । ਏਕੰਕਾਰਾ ਮਰਦ ਮਰਦਾਨੀ, ਆਦਿ ਨਿਰੰਜਣ ਨੂਰ ਇਲਾਹੀਆ । ਅਬਿਨਾਸ਼ੀ ਕਰਤਾ ਹੁਕਮਰਾਨੀ, ਸ੍ਰੀ ਭਗਵਾਨ ਵਡ ਵਡਿਆਈਆ । ਪਾਰਬ੍ਰਹਮ ਖੇਲ ਮਹਾਨੀ, ਪਤਿਪਰਮੇਸ਼ਵਰ ਹੋ ਕੇ ਆਪ ਕਰਾਈਆ । ਸ਼ਬਦੀ ਧਾਰ ਸੁਤ ਬਲਵਾਨੀ, ਯੋਧਾ ਸੂਰ ਇਕ ਪਰਗਟਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦੀ ਨਿਸ਼ਾਨੀ, ਨਿਸ਼ਾਨਾ ਨਿਰਗੁਣ ਧਾਰ ਇਕ ਪਰਗਟਾਈਆ । ਲੱਖ ਚੁਰਾਸੀ ਜਿਸ ਦੀ ਬਣੀ ਖਾਣੀ, ਚਾਰੇ ਖਾਣੀ ਵੰਡ ਵੰਡਾਈਆ । ਤ੍ਰੈਗੁਣ ਮਾਇਆ ਖੇਲ ਨਾਦਾਨੀ, ਨਿਰਵੈਰ ਆਪਣਾ ਹੁਕਮ ਵਰਤਾਈਆ । ਜੁਗ ਚੌਕੜੀ ਖੇਲ ਖੇਲਾਂ ਵਿਚ ਦੋ ਜਹਾਨੀ, ਨਿਰਗੁਣ ਸਰਗੁਣ ਆਪਣਾ ਵੇਸ ਵਟਾਈਆ । ਅਵਤਾਰ ਪੈਗ਼ੰਬਰ ਗੁਰੂਆਂ ਕਰ ਧੁਰ ਫ਼ਰਮਾਨੀ, ਨਾਮ ਨਿਧਾਨਾ ਇਕ ਦ੍ਰਿੜਾਈਆ । ਲੇਖਾ ਲੇਖ ਮਸਤਕ ਪੇਸ਼ਾਨੀ, ਆਪਣਾ ਭੇਵ ਖੁਲ੍ਹਾਈਆ । ਕਲਜੁਗ ਅੰਤਮ ਵੇਖਾਂ ਮਾਰ ਧਿਆਨੀ, ਨੌਂ ਖੰਡ ਸੱਤ ਦੀਪ ਧਿਆਨ ਲਗਾਈਆ । ਚਾਰੋਂ ਕੁੰਟ ਵਧੀ ਬੇਈਮਾਨੀ, ਬੇਵਾ ਰੂਪ ਹੋਈ ਲੋਕਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਚੜ੍ਹੀ ਤੁਗ਼ਿਆਨੀ, ਚਾਰ ਵਰਨ ਅਠਾਰਾਂ ਬਰਨ ਰਹੀ ਰੁੜ੍ਹਾਈਆ । ਸਤਿ ਧਰਮ ਰਿਹਾ ਨਾ ਜਿਸਮ ਜਿਸਮਾਨੀ, ਜ਼ਮੀਰ ਬਦਲੀ ਕੂੜ ਲੋਕਾਈਆ । ਮੰਜ਼ਲ ਚੜ੍ਹੇ ਨਾ ਕੋਇ ਰੂਹਾਨੀ, ਰੂਹ ਬੁਤ ਨਾ ਵੱਜੇ ਵਧਾਈਆ । ਮਨ ਮਨੂਆ ਹੋਇਆ ਅਭਿਮਾਨੀ,
੧੧੬੩ ਮਨ ਕਾ ਮਣਕਾ ਨਾ ਕੋਇ ਭਵਾਈਆ । ਅੰਮ੍ਰਿਤ ਰਸ ਮਿਲੇ ਕਿਸੇ ਨਾ ਠੰਡਾ ਪਾਣੀ, ਅੱਠ ਸੱਠ ਰੋਵਣ ਮਾਰਨ ਧਾਈਆ । ਗੁਰ ਦਰ ਮੰਦਰ ੧੧੬੩
ਮਸਜਿਦ ਮੱਠ ਦਿਸੇ ਕੂੜ ਨਿਸ਼ਾਨੀ, ਨਾਮ ਨਿਸ਼ਾਨਾ ਨਾ ਕੋਇ ਝੁਲਾਈਆ । ਹਰ ਹਿਰਦੇ ਅੰਦਰ ਮਾਇਆ ਮਮਤਾ ਕੀਤੀ ਵੈਰਾਨੀ, ਵੈਰੀ ਮੀਤ ਸਮਝ ਕੋਇ ਨਾ ਪਾਈਆ । ਕਿਸੇ ਦੀ ਲੇਖੇ ਲੱਗੇ ਨਾ ਤਰਲ ਜਵਾਨੀ, ਜੋਬਨ ਸਚ ਨਾ ਕੋਇ ਹੰਢਾਈਆ । ਸੁਰਤ ਸ਼ਬਦ ਸੁਣੇ ਨਾ ਕੋਇ ਧੁਨਕਾਨੀ, ਧੁਨ ਨਾਦ ਨਾ ਕੋਇ ਸ਼ਨਵਾਈਆ । ਜੋਤ ਜਗੇ ਨਾ ਦੀਪਕ ਨਿਰਗੁਣ ਨੂਰ ਨੁਰਾਨੀ, ਅੰਧ ਅਗਿਆਨ ਨਾ ਕੋਇ ਮਿਟਾਈਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀ ਮੇਰੀ ਪੜ੍ਹਦੇ ਜਗਤ ਅੱਖਰਾਂ ਨਾਲ ਬਾਣੀ, ਸੋਹਲੇ ਢੋਲੇ ਗਾਈਆ । ਮਿਹਰਵਾਨ ਮੁਹੱਬਤ ਕਰ ਕੇ ਮੰਗਣ ਨਾ ਸੱਚਾ ਦਾਨੀ, ਖ਼ਾਲੀ ਝੋਲੀ ਅੱਗੇ ਡਾਹੀਆ । ਬਿਨਾ ਗੋਬਿੰਦ ਦੀ ਧਾਰ ਸਚ ਕਰੇ ਨਾ ਕੋਇ ਕੁਰਬਾਨੀ, ਕਰਬਲੇ ਵਾਲੇ ਰੋਵਣ ਮਾਰਨ ਧਾਈਆ । ਸਦੀ ਚੌਧਵੀਂ ਚੌਦਾਂ ਤਬਕ ਹੋਈ ਹੈਰਾਨੀ, ਹੈਰਤ ਵਿਚ ਸਾਰੇ ਨੈਣ ਉਠਾਈਆ । ਸ਼ਰਅ ਦੀ ਕੋਈ ਕਟ ਨਾ ਸਕੇ ਗ਼ੁਲਾਮੀ, ਗ਼ੁਰਬਤ ਅੰਦਰੋਂ ਨਾ ਕੋਇ ਕਢਾਈਆ । ਪਰਵਰਦਿਗਾਰ ਸਾਂਝਾ ਯਾਰ ਨਾ ਮਿਲੇ ਅਮਾਮੀ, ਅਮਲਾਂ ਤੋਂ ਰਹਿਤ ਨਾ ਕੋਇ ਕਰਾਈਆ । ਜਨ ਭਗਤੋ ਜਿਧਰ ਤਕਾਂ ਮੇਰੇ ਨਾਮ ਦੀ ਹੋਵੇ ਬਦਨਾਮੀ, ਬਦੀ ਦਾ ਡੇਰਾ ਕੋਇ ਨਾ ਢਾਹੀਆ । ਸਚ ਸੁਣੇ ਨਾ ਕੋਇ ਪੈਗ਼ਾਮੀ, ਪੈਗ਼ੰਬਰ ਬੈਠੇ ਸੀਸ ਝੁਕਾਈਆ । ਅੰਤ ਲੇਖਾ ਮੁਕਣਾ ਵੇਖੋ ਇਸਲਾਮੀ, ਇਸਮ ਆਪਣਾ ਇਕ ਦ੍ਰਿੜਾਈਆ । ਪੁਰਖ ਅਕਾਲ ਕਹੇ ਮੈਂ ਮਾਲਕ ਖ਼ਾਲਕ ਪ੍ਰਿਤਪਾਲਕ ਵਾਲੀ ਦੋ ਜਹਾਨੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਦਵਾਰਾ ਏਕੰਕਾਰਾ ਜਨ ਭਗਤਾਂ ਇਕੋ ਮੰਜ਼ਲ ਦੱਸੇ ਆਸਾਨੀ, ਪ੍ਰੇਮ ਭਗਤੀ ਵਿਚ ਅਹਿਸਾਨ ਨਾ ਕੋਇ ਜਣਾਈਆ ।

## ੨੨ ਫੱਗਣ ਸ਼ਹਿਨਸ਼ਾਹੀ ਸੰਮਤ ੬ ਰੇਸ਼ਮ ਸਿੰਘ ਦੇ ਗ੍ਰਿਹ ਪਿੰਡ ਮਕੇਰੀਆਂ ਜ਼ਿਲਾ ਹੁਸ਼ਿਆਰ ਪੁਰ

ਜਨ ਭਗਤੋ ਮੈਂ ਹਰ ਘਟ ਅੰਦਰ ਵੇਖਾਂ, ਲੱਖ ਚੁਰਾਸੀ ਅੰਦਰ ਧਿਆਨ ਲਗਾਈਆ । ਕਰਮ ਕਾਂਡ ਰਹਿਣ ਨਾ ਦੇਵਾਂ ਭੁਲੇਖਾ, ਭਰਮ ਵਿਚ ਨਾ ਕੋਇ ਭਰਮਾਈਆ । ਮੇਰਾ ਆਦਿ ਅੰਤ ਅਨਡਿਠੜਾ ਦੇਸਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਦਲਾਂ ਵੇਸਾ, ਵੇਸ ਅਨੇਕਾ ਰੂਪ ਬਦਲਾਈਆ । ਦੋ ਜਹਾਨਾਂ ਬਣਾਂ ਨੇਤਾ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਸਭ ਦਾ ਪੜਦਾ ਜਾਣਾ ਭੇਤਾ, ਭੇਵ ਆਪਣੇ ਹੱਥ ਰਖਾਈਆ । ਕਲਜੁਗ ਅੰਤਮ ਸਭ ਦਾ ਪੂਰਾ ਕਰਾਂ ਠੇਕਾ, ਠਾਕਰ ਹੋ ਕੇ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਦਇਆ ਕਮਾਈਆ । ਜਨ ਭਗਤੋ ਮੇਰਾ ਲੇਖਾ ਆਦਿ ਅੰਤ, ਜੁਗ ਚੌਕੜੀ ਵੇਖ ਵਖਾਈਆ । ਵੇਖਾਂ ਸਾਧ ਸੰਤ, ਸੂਫ਼ੀਆਂ ਖੋਜ ਖੁਜਾਈਆ । ਤਕਾਂ ਜਿਹਵਾ ਮੰਤ, ਰਸਨਾ ਗੁਣ ਵਡਿਆਈਆ । ਜਾਣਾਂ ਹਉਮੇ ਹੰਗਤ, ਗੜ੍ਹਾਂ ਫੋਲ ਫੁਲਾਈਆ । ਵੇਖਾਂ ਧੁਰ ਦੀ ਸੰਗਤ, ਸੰਗੀ ਸਾਥੀ ਮੇਲ ਮਿਲਾਈਆ । ਸਤਿ ਦੀ ਸਚ ਬਣਾਵਾਂ ਬਣਤ, ਧੁਰਦਰਗਾਹੀ ਘਾੜਤ ਆਪ ਘੜਾਈਆ । ਕਲਜੁਗ ਕਰਾਵਾਂ ਅੰਤ, ਅੰਤਸ਼ਕਰਨ ਵੇਖ ਖ਼ਲਕ ਖ਼ੁਦਾਈਆ । ਸਤਿਜੁਗ ਬਣਾਵਾਂ ਬਣਤ, ਧੁਰ ਦਾ ਹੁਕਮ ਵਰਤਾਈਆ । ਲੱਖ ਚੁਰਾਸੀ ਬਣ ਕੇ ਕੰਤ, ਆਤਮ ਸੇਜਾ ਇਕ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਧਾਰ ਪੰਡਤ, ਬੋਧ ਅਗਾਧਾ ਅਗਾਧ ਇਕ ਅਖਵਾਈਆ ।



## ੨੨ ਫੱਗਣ ਸ਼ਹਿਨਸ਼ਾਹੀ ਸੰਮਤ ੬ ਬਲਵੰਤ ਸਿੰਘ ਦੇ ਗ੍ਰਿਹ ਮਕੇਰੀਆਂ ਜ਼ਿਲਾ ਹੁਸ਼ਿਆਰ ਪੁਰ

ਜਗਤ ਧਾਰ ਦੀ ਲੱਗੀ ਗਰਮੀ, ਗਰਮਾ ਗਰਮ ਰਹੀ ਕਰਾਈਆ । ਗਰਮੀ ਵਿਚੋਂ ਪਿਆਰ ਦੀ ਨਿਕਲੀ ਨਰਮੀ, ਨਿਰਮਾਣਤਾ ਆਪਣਾ ਰੂਪ ਬਦਲਾਈਆ । ਸਤਿਗੁਰ ਨਾਮ ਦੀ ਬੂਟੀ ਬ੍ਰਹਮੀ, ਬ੍ਰਹਮ ਲੇਖਾ ਦਏ ਚੁਕਾਈਆ । ਸਾਹਿਬ ਦੀ ਚਰਨੀ ਲੱਗ ਕੇ ਫਿਰ ਕਦੇ ਨਾ ਜਰਮੀ, ਚੁਰਾਸੀ ਵਿਚ ਕਦੇ ਨਾ ਆਈਆ । ਅਕਾਲ ਪੁਰਖ ਦੀ ਇਕੋ ਸਰਨੀ, ਦੂਜੀ ਸਰਨ ਨਾ ਕੋਇ ਵਡਿਆਈਆ । ਇਕੋ ਵਾਰ ਲੇਖਾ ਮੁਕ ਜਾਏ ਉਪਰ ਧਰਨੀ, ਧਰਨੀ ਤੋਂ ਪਰੇ ਆਕਾਸ਼ਾਂ ਤੋਂ ਪਰੇ ਸਚਖੰਡ ਸਾਚੇ ਸੋਭਾ ਪਾਈਆ । ਇਕੋ ਪ੍ਰੇਮ ਪਿਆਰ ਦੀ ਹੋਵੇ ਮਰਨੀ, ਮਰ ਜੀਵਤ ਰੂਪ ਵਟਾਈਆ । ਕਿਰਪਾ ਕਰੇ ਆਪ ਨਿਹਕਰਮੀ, ਕਰਮ ਕਾਂਡ ਦਾ ਲੇਖਾ ਦਏ ਮੁਕਾਈਆ । ਤੂੰ ਮੇਰਾ ਮੈਂ ਤੇਰਾ ਇਕੋ ਆਤਮ ਪਰਮਾਤਮ ਤੁਕ ਪੜ੍ਹਨੀ, ਜਗਤ ਵਿਦਿਆ ਤੋਂ ਬਾਹਰ ਦਏ ਸਮਝਾਈਆ । ਫਿਰ ਸਾਹਿਬ ਸੁਲਤਾਨ ਸਤਿਗੁਰ ਕਿਰਪਾ ਆਪ ਕਰਨੀ, ਕਰਤਾ ਪੁਰਖ ਹੋਏ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਨ ਵਜੂਦ ਅੰਦਰ ਵੇਖੇ ਬਦਲ ਕੇ ਪ੍ਰੇਮ ਪਿਆਰ ਧਾਰ ਦੀ ਗਰਮੀ, ਜੋ ਰੋਮ ਰੋਮ ਰੋਮ ਗਰਮ ਦਏ ਕਰਾਈਆ ।

## ੨੨ ਫੱਗਣ ਸ਼ਹਿਨਸ਼ਾਹੀ ਸੰਮਤ ੬ ਲਾਲ ਚੰਦ ਦੇ ਗ੍ਰਿਹਿ ਪਿੰਡ ਭੀਮ ਪੁਰ ਜ਼ਿਲਾ ਗੁਰਦਾਸ ਪੁਰ

ਜਨ ਭਗਤ ਕਹਿਣ ਪ੍ਰਭ ਸਭ ਦਾ ਇਕੋ ਲੇਖਾ, ਨਿਰੰਕਾਰ ਅਗੰਮ ਅਥਾਹੀਆ । ਲੱਖ ਚੁਰਾਸੀ ਆਤਮ ਪਰਮਾਤਮ ਕਰ ਸਾਚਾ ਹੇਤਾ, ਹਿਤਕਾਰੀ ਹੋ ਕੇ ਆਪਣੀ ਦਇਆ ਕਮਾਈਆ । ਸਦੀ ਚੌਧਵੀਂ ਕਲਜੁਗ ਅੰਤਮ ਸਭ ਦਾ ਪੂਰਾ ਕਰ ਲੇਖਾ, ਅਵਤਾਰ ਪੈਗੰਬਰ ਗੁਰ ਬਾਕੀ ਰਹਿਣ ਕੋਇ ਨਾ ਪਾਈਆ । ਸਚ ਸਵਾਮੀ ਅੰਤਰਜਾਮੀ ਧਰਮ ਦੀ ਧਾਰ ਖੋਲ੍ਹ ਭੇਤਾ, ਭੇਵ ਅਭੇਦ ਆਪਣਾ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਡ ਦਾਤੇ ਤੇਰੀ ਇਕ ਸਰਨਾਈਆ । ਜਨ ਭਗਤ ਕਹਿਣ ਪ੍ਰਭ ਧੁਰ ਦੇ ਠਾਕਰ, ਸਵਾਮੀ ਸਚ ਤੇਰੀ ਸਰਨਾਈਆ । ਭਾਗ ਲਗਾ ਦੇ ਡੂੰਘੀ ਗਾਗਰ, ਗਹਿਰ ਗੰਭੀਰ ਹੋ ਸਹਾਈਆ । ਸਤਿ ਸਚ ਕਰ ਆਦਲ, ਧਰਮ ਇਨਸਾਫ਼ ਇਕ ਬਣਾਈਆ । ਸ਼ਰਅ ਦਾ ਰਹੇ ਕੋਇ ਨਾ ਕਾਤਲ, ਮਜ਼੍ਹਬ ਦੀ ਕਰੇ ਨਾ ਕੋਇ ਲੜਾਈਆ । ਭੇਵ ਅਭੇਦਾ ਖੋਲ੍ਹ ਦੇ ਬਾਤਨ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਤੂੰ ਪੁਰਖ ਅਕਾਲ ਅਕਾਲ ਅਬਿਨਾਸ਼ਣ, ਹਰਿ ਕਰਤਾ ਨੂਰ ਇਲਾਹੀਆ । ਧਰਨੀ ਧਰਤ ਧਵਲ ਧੌਲ ਉਤੇ ਪਾ ਰਾਸਨ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਸਤਿ ਧਰਮ ਦਾ ਜੋੜ ਨਾਤਨ, ਕੂੜੀ ਕਿਰਿਆ ਡੇਰਾ ਢਾਹੀਆ । ਨਿਜ ਗ੍ਰਿਹਿ ਕਰ ਆਪਣਾ ਵਾਸਣ, ਵਾਸਤਾ ਆਪਣੇ ਨਾਲ ਰਖਾਈਆ । ਨਿਰਗੁਣ ਨੂਰ ਕਰ ਪ੍ਰਕਾਸ਼ਨ, ਅੰਧ ਅੰਧੇਰ ਰਹੇ ਨਾ ਰਾਈਆ । ਮੰਜ਼ਲ ਆਪਣੀ ਚੜ੍ਹਾ ਘਾਟਣ, ਅੱਗੇ ਹੋ ਨਾ ਕੋਇ ਅਟਕਾਈਆ । ਲੱਖ ਚੁਰਾਸੀ ਮਿਟੇ ਵਾਟਣ, ਪਾਂਧੀ ਪੰਧ ਦੇਣਾ ਮੁਕਾਈਆ । ਤੂੰ ਸਾਹਿਬ ਪੁਰਖ ਅਬਿਨਾਸ਼ਣ, ਹਰਿ ਕਰਤਾ ਅਗੰਮ ਅਥਾਹੀਆ । ੧੧੬੫
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਰਬ ਕਲਾ ਸਮਰਾਥਣ, ਸਮਰਥ ਸਵਾਮੀ ਅੰਤਰਜਾਮੀ ਅੰਤਸ਼ਕਰਨ ਵੇਖ ਦੀਨ ਦੁਨੀ ਜਗਤ ਲੋਕਾਈਆ ।

## ੨੩ ਫੱਗਣ ਸ਼ਹਿਨਸ਼ਾਹੀ ਸੰਮਤ ੬ ਕੁਸ਼ੱਲਿਆ ਦੇਵੀ ਦੇ ਗ੍ਰਿਹਿ ਪਿੰਡ ਭੀਮ ਪੁਰ ਜ਼ਿਲਾ ਗੁਰਦਾਸ ਪੁਰ

ਜਨ ਭਗਤੋ ਪ੍ਰਭ ਕਿਰਪਾ ਕਰੇ ਆਪ, ਆਪ ਆਪਣੀ ਦਇਆ ਕਮਾਈਆ । ਜਨਮ ਜਨਮ ਦੇ ਮੇਟੇ ਪਾਪ, ਪਤਿਤ ਪੁਨੀਤ ਆਪ ਬਣਾਈਆ । ਹਉਮੇ ਰੋਗ ਮੇਟੇ ਸੰਤਾਪ, ਸਹਿੰਸਾ ਅੰਦਰੋਂ ਦਏ ਕਢਾਈਆ । ਆਤਮ ਪਰਮਾਤਮ ਦੱਸੇ ਜਾਪ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਝਗੜਾ ਮੇਟੇ ਜ਼ਾਤ ਪਾਤ, ਦੀਨ ਮਜ਼੍ਹਬ ਦਾ ਡੇਰਾ ਢਾਹੀਆ । ਅੰਤਰ ਰਹੇ ਨਾ ਅੰਧੇਰੀ ਰਾਤ, ਨਿਰਗੁਣ ਨੂਰ ਚੰਦ ਕਰੇ ਰੁਸ਼ਨਾਈਆ । ਸਤਿਗੁਰ ਹੋ ਕੇ ਦੇਵੇ ਸਾਥ, ਸਗਲਾ ਸੰਗ ਬਣਾਈਆ । ਮੰਜ਼ਲ ਪੌੜੀ ਚੜ੍ਹਾਏ ਘਾਟ, ਅਗਲਾ ਪਿਛਲਾ ਪੰਧ ਮੁਕਾਈਆ । ਜਨਮ ਜਨਮ ਦੀ ਮੇਟੇ ਵਾਟ, ਚੁਰਾਸੀ ਦੇਵੇ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰ ਇਕ ਸੁਹਾਈਆ । ਜਨ ਭਗਤੋ ਕਿਰਪਾ ਕਰੇ ਦੀਨ ਦਿਆਲਾ, ਦਇਆਨਿਧ ਦਇਆ ਕਮਾਈਆ । ਕਾਇਆ ਮੰਦਰ ਵਖਾਏ ਸੱਚੀ ਧਰਮਸਾਲਾ, ਕਾਅਬਾ ਇਕੋ ਇਕ ਸੁਹਾਈਆ । ਜਿਥੇ ਨਿਰਗੁਣ ਦੀਪਕ ਕਰੇ ਉਜਾਲਾ, ਜੋਤੀ ਜੋਤ ਡਗਮਗਾਈਆ । ਦੁਰਮਤ ਮੈਲ ਦਾਗ਼ ਰਹੇ ਨਾ ਕਾਲਾ, ਕੂੜੀ ਕਿਰਿਆ ਦਏ

ਚੁਕਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਾਚਾ ਮਾਰਗ ਦੱਸ ਸੁਖਾਲਾ, ਈੜਾ ਪਿੰਗਲ ਸੁਖਮਨ ਤੋਂ ਬਾਹਰ ਆਪਣਾ ਪੜਦਾ ਲਾਹੀਆ । ਨਾਮ ਦੇ ਸੱਚਾ ਧੰਨ ਮਾਲਾ, ਭੰਡਾਰਾ ਅਤੋਟ ਅਤੁਟ ਵਰਤਾਈਆ । ਜੀਵਨ ਜੁਗਤੀ ਬਦਲ ਦੇਵੇ ਚਾਲਾ, ਚਾਲ ਆਪਣੇ ਨਾਲ ਰਖਾਈਆ । ਜਨਮ ਕਰਮ ਦਾ ਹੱਲ ਕਰੇ ਸਵਾਲਾ, ਅੱਗੇ ਲੇਖਾ ਰਹੇ ਨਾ ਰਾਈਆ । ਸ਼ਬਦ ਅਨਾਦ ਵਜਾ ਕੇ ਤਾਲਾ, ਧੁਨ ਅਗੰਮੀ ਆਵਾਜ਼ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਭੂਤ ਭਵਿਖਤ ਹਾਲਾ, ਹਾਲਤ ਤਕੇ ਜਗਤ ਲੋਕਾਈਆ ।

### ✪ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੬ ਦੇਵ ਰਾਜ ਦੇ ਗ੍ਰਿਹ ਪਿੰਡ ਭੀਮ ਪੁਰ ਜ਼ਿਲਾ ਗੁਰਦਾਸ ਪੁਰ ✪

ਜਨ ਭਗਤੋ ਇਕੋ ਜਪਣਾ ਸੋਹੰ ਮੰਤ, ਮੰਤਵ ਮਾਨਸ ਜਨਮ ਹੱਲ ਕਰਾਈਆ । ਧਰਮ ਦੀ ਧਾਰ ਬਣਨਾ ਸੰਤ, ਸਤਿਗੁਰ ਸ਼ਬਦ ਵਿਚ ਸਮਾਈਆ । ਗੜ੍ਹ ਤੋੜਨਾ ਹਉਮੇ ਹੰਗਤ, ਹੰ ਬ੍ਰਹਮ ਰੂਪ ਪਰਗਟਾਈਆ । ਸਚ ਦੀ ਧਾਰ ਬਣਨਾ ਪੰਡਤ, ਬੁੱਧੀ ਤੋਂ ਪਰੇ ਬੋਧ ਕਰਾਈਆ । ਪੁਰਖ ਅਬਿਨਾਸ਼ੀ ਪਾਉਣਾ ਕੰਤ, ਹਰਿ ਕਰਤਾ ਅਗੰਮ ਅਥਾਹੀਆ । ਮਾਨਸ ਜਨਮ ਬਣਾਉਣੀ ਬਣਤ, ਸਚ ਸਚ ਰੰਗ ਰੰਗਾਈਆ । ਪੰਧ ਮੁਕਾਉਣਾ ਸਵਰਗ ਬਹਿਸ਼ਤ ਜੱਨਤ, ਸਚਖੰਡ ਸਾਚੇ ਸੋਭਾ ਪਾਈਆ । ਜਿਥੇ ਮਿਲੇ ਸਾਹਿਬ ਭਗਵੰਤ, ਪਾਰਬ੍ਰਹਮ ਪਤਿਪਰਮੇਸ਼ਵਰ ਧੁਰਦਰਗਾਹੀਆ । ਜੋਤੀ ਜੋਤ ਸਮਾਉਣਾ

ਅੰਤ, ਅੰਤਸ਼ਕਰਨ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਜਨ ਭਗਤੋ ਪ੍ਰਭ ਦਾ ਜਪਣਾ ਨਾਮ ਅਗੰਮਾ, ਅਲਖ ਅਗੋਚਰ ਅਗੰਮ ਅਥਾਹ ਦਏ ਜਣਾਈਆ । ਭਾਗ ਲਗਾਉਣਾ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਲੈਣੀ ਬਦਲਾਈਆ । ਪਵਣ ਸਵਾਸ ਜਪਾਉਣਾ ਦਮਾ, ਸਾਹ ਸਾਹ ਵਿਚੋਂ ਪਰਗਟਾਈਆ । ਹਰਖ਼ ਸੋਗ ਮੇਟਣਾ ਗ਼ਮਾ, ਚਿੰਤਾ ਚਿਖਾ ਨਾ ਕੋਇ ਜਲਾਈਆ । ਵੈਰਾਗੀ ਹੋ ਕੇ ਨੀਰ ਵਹਾਉਣਾ ਛਮ ਛਮਾ, ਤਿਆਗ ਕੂੜ ਕਿਰਿਆ ਜਣਾਈਆ । ਦੀਨ ਮਜ਼੍ਹਬ ਦਾ ਮੇਟਣਾ ਬੰਨਾ, ਬੰਦਗੀ ਕਰਨੀ ਖ਼ਲਕ ਖ਼ੁਦਾਈਆ । ਸਤਿਜੁਗ ਸਚ ਤਕਣਾ ਸਮਾਂ, ਸਮਾਪਤ ਹੋਵੇ ਕੂੜ ਲੋਕਾਈਆ । ਸਤਿਜੁਗ ਸਾਚਾ ਕਰਨਾ ਰਵਾਂ, ਮਾਰਗ ਲੋਕਮਾਤ ਲਗਾਈਆ । ਨਿਰਗੁਣ ਧਾਰ ਸਰਗੁਣ ਅੰਦਰ ਚਮਕਣਾ ਹੋ ਕੇ ਨੂਰੀ ਚੰਨਾ, ਸੂਰੀਆ ਚੰਦ ਤੋਂ ਕਰਨੀ ਬਾਹਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਨਾਮ ਨਿਧਾਨਾ ਅਗੰਮੀ ਧਨਾ, ਧਨ ਦੌਲਤ ਦਰ ਇਕੋ ਇਕ ਵਰਤਾਈਆ ।

### ✪ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੬ ਅਜੀਤ ਸਿੰਘ ਦੇ ਗ੍ਰਿਹ ਪਿੰਡ ਕੱਤੋਵਾਲੀ ਜ਼ਿਲਾ ਗੁਰਦਾਸ ਪੁਰ ✪

ਸ੍ਰੀ ਭਗਵਾਨ ਸਦਾ ਕਰਦਾ ਚੋਰੀ, ਚੋਰੀ ਚੋਰੀ ਲੱਖ ਚੁਰਾਸੀ ਵਿਚੋਂ ਆਪਣੇ ਭਗਤ ਲਏ ਉਠਾਈਆ । ਆਤਮ ਪਰਮਾਤਮ ਪਰਮਾਤਮ ਆਤਮ

ਬਣਾਵੇ ਜੋੜੀ, ਨਿਰਗੁਣ ਨਿਰਗੁਣ ਨਾਤਾ ਜੋੜੇ ਸਹਿਜ ਸੁਭਾਈਆ । ਜੁਗ ਜੁਗ ਯਾਰੀ ਦੱਸੇ ਥੋੜ੍ਹੀ ਥੋੜ੍ਹੀ, ਜਿਉਂ ਭਾਵੇ ਤਿਵੇਂ ਆਪਣੇ ਰੰਗ ਰੰਗਾਈਆ । ਦੋ ਜਹਾਨ ਬ੍ਰਹਿਮੰਡ ਖੰਡ ਫਿਰੇ ਚੜ੍ਹ ਕੇ ਸ਼ਬਦ ਅਗੰਮੇ ਘੋੜੀ, ਜਗ ਨੇਤਰ ਜਗ ਜੀਵਾਂ ਨਜ਼ਰ ਕਿਸੇ ਨਾ ਆਈਆ । ਕੂੜੀ ਕਿਰਿਆ ਜਨ ਭਗਤਾਂ ਅੰਦਰੋਂ ਦੇਵੇ ਹੋੜੀ, ਹੋੜਾ ਸੱਸੇ ਉਤੇ ਲਗਾਈਆ । ਹਾਹੇ ਟਿੱਪੀ ਭਾਗ ਕਰ ਮਥੋਰੀ, ਮਿਥਿਆ ਦੱਸੇ ਸਰਬ ਲੋਕਾਈਆ । ਮਨੂਆ ਮਨ ਪਾ ਨਾ ਸਕੇ ਸ਼ੋਰੀ, ਸ਼ੌਹਰ ਹੋ ਕੇ ਵੇਖੇ ਚਾਈਂ ਚਾਈਆ । ਸਰਗੁਣ ਦੀ ਧਾਰ ਖੇਲ ਖੇਲੇ ਦੋਹਰੀ, ਦੂਆ ਏਕਾ ਆਪਣਾ ਰੂਪ ਪਰਗਟਾਈਆ । ਧਰਨੀ ਧਰਤ ਧਵਲ ਧੌਲ ਉਤੇ ਅਵਤਾਰ ਪੈਗ਼ੰਬਰ ਰੂਪ ਧਰ ਕੇ ਬਣੇ ਮੋਹਰੀ, ਮੋਹਰ ਆਪਣਾ ਨਾਮ ਲਗਾਈਆ । ਮਾਨਵ ਮਾਨਸ ਮਾਨੁਖ ਸਭ ਦਾ ਬਣ ਕੇ ਜੌਹਰੀ, ਹਰਿਜਨ ਪਰਖੇ ਚਾਈਂ ਚਾਈਆਂ । ਵਿਖ ਰਹਿਣ ਨਾ ਦੇਵੇ ਅੰਦਰ ਕੌੜੀ, ਕੂੜੀ ਕਿਰਿਆ ਬਾਹਰ ਕਢਾਈਆ । ਸਤਿ ਧਰਮ ਦੀ ਲਾ ਕੇ ਪੌੜੀ, ਪੌੜੇ ਡੰਡੇ ਦਏ ਚੜ੍ਹਾਈਆ । ਸੁਰਤੀ ਸ਼ਬਦ ਪਿਛੇ ਫਿਰੇ ਦੌੜੀ, ਸੁਰਤ ਸ਼ਬਦ ਪੰਧ ਮੁਕਾਈਆ । ਆਪ ਬਣਿਆ ਰਹੇ ਘੋਰੀ, ਘੋਰ ਅੰਧੇਰੇ ਵਿਚ ਵੜ ਕੇ ਆਪਣੀ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਵੇਖ ਵਖਾਈਆ । ਸ੍ਰੀ ਭਗਵੰਤ ਚੋਰੀ ਕਰੇ ਜਗਤ ਜਗ, ਜੁਗ ਜੁਗ ਆਪਣੀ ਖੇਲ ਖਿਲਾਈਆ । ਲੁਕ ਕੇ ਬਹਿ ਜਾਵੇ ਉਪਰ ਸ਼ਾਹ ਰਗ, ਲੱਭਿਆਂ ਹੱਥ ਕਿਸੇ ਨਾ ਆਈਆ । ਸ਼ਬਦ ਅਨਾਦੀ ਅੰਦਰ ਵਜਾਏ ਨਦ, ਧੁਨ ਅਨਾਦੀ ਨਾਦ ਕਰ ਸ਼ਨਵਾਈਆ । ਅੰਮ੍ਰਿਤ ਅਗੰਮਾ ਦੇਵੇ ਰਸ, ਕਟੋਰਾ ਸਕੇ ਨਾ ਕੋਇ ਸਮਝਾਈਆ । ਘਰ ਦਾ ਮਾਲਕ ਘਰ ਵਿਚ ਜਾਵੇ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਪੰਧ ਮੁਕਾ ਕੇ ਪ੍ਰਿਥਮੀ ਆਕਾਸ਼, ਆਕਾਸ਼ਾਂ ਤੋਂ ਬਾਹਰ ਆਪਣਾ ਖੇਲ ਖਿਲਾਈਆ । ਨਿਰਗੁਣ ਨਿਰਗੁਣ ਪਾ ਕੇ ਰਾਸ, ਬਿਨ ਗੋਪੀ ਕਾਹਨ ਆਪਣਾ ਮੇਲ ਮਿਲਾਈਆ । ਨਾਮ ਜਪਾ ਕੇ ਬਿਨਾ ਸਵਾਸ, ਬਿਨਾ ਰਸਨਾ ਤੋਂ ਰਸ ਦਏ ਚਖਾਈਆ । ਭਾਗ ਲਗਾ ਕੇ ਸਾਢੇ ਤਿੰਨ ਹੱਥ ਕਾਇਆ ਪਰਭਾਸ, ਚੋਰੀ ਚੋਰੀ ਨਾਮ ਅਣਿਆਲਾ ਤੀਰ ਦਏ ਚਲਾਈਆ । ਪਰਗਟ ਹੋਏ ਪੁਰਖ ਅਬਿਨਾਸ਼, ਘਟ ਨਿਵਾਸੀ ਆਪਣਾ ਦਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਦੀ ਚੋਰੀ ਆਪਣੇ ਹੱਥ ਰਖਾਈਆ । ਸ੍ਰੀ ਭਗਵੰਤ ਚੋਰ ਆਦਿ ਅੰਤਾ, ਜੁਗ ਜੁਗ ਵੇਸ ਵਟਾਈਆ । ਮੇਲ ਮੇਲੇ ਸਾਚੇ ਸੰਤਾ, ਸਤਿ ਦਵਾਰਾ ਇਕ ਖੁਲ੍ਹਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲੇ ਦਾ ਬਣ ਕੇ ਕੰਤਾ, ਕੰਤ ਸੁਹਾਗੀ ਆਪਣਾ ਜੋੜ ਜੁੜਾਈਆ । ਗੜ੍ਹ ਤੋੜ ਕੇ ਹਉਮੇ ਹੰਗਤਾ, ਹੰ ਬ੍ਰਹਮ ਦਏ ਸਮਝਾਈਆ । ਬੁੱਧੀ ਤੋਂ ਪਰੇ ਬਣ ਕੇ ਪੰਡਤਾ, ਨਾਮ ਧੁਨ ਕਰੇ ਸ਼ਨਵਾਈਆ । ਲੇਖਾ ਮੁਕਾ ਕੇ ਸਵਰਗ ਬਹਿਸ਼ਤ ਜੱਨਤਾ, ਸਚਖੰਡ ਦਵਾਰਾ ਇਕੋ ਦਏ ਦਰਸਾਈਆ । ਜਿਥੇ ਅਵਤਾਰ ਪੈਗ਼ੰਬਰ ਗੁਰ ਝੁਕਦੇ ਅਨਕਾ, ਅਨਕ ਕਲਧਾਰੀ ਇਕੋ ਸੋਭਾ ਪਾਈਆ । ਜਨ ਭਗਤਾਂ ਚੋਰੀ ਚੋਰੀ ਸਚਖੰਡ ਦਵਾਰ ਵਖਾਏ ਬੰਕਾ, ਜਗ ਨੇਤਰ ਨੈਣਾਂ ਨਜ਼ਰ ਕਿਸੇ ਨਾ ਆਈਆ । ਜਿਥੇ ਆਵਣ ਜਾਵਣ ਲੱਖ ਚੁਰਾਸੀ ਜਨਮ ਮਰਨ ਦਾ ਨਹੀਂ ਕੋਈ ਸ਼ੰਕਾ, ਸਹਿਸਾ ਰੋਗ ਨਾ ਕੋਇ ਵਖਾਈਆ । ਨਾ ਕੋਈ ਮੰਤਰ ਨਾ ਮੰਤਾ, ਸਿਫ਼ਤਾਂ ਵਾਲੀ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਚੋਰੀ ਜੁਗ ਜੁਗ ਆਪ ਕਮਾਈਆ । ਸ੍ਰੀ ਭਗਵੰਤ ਜੁਗ ਜੁਗ ਲਾਵੇ ਯਾਰੀ, ਯਰਾਨਾ ਸਮਝ ਕਿਸੇ ਨਾ ਆਈਆ । ਜਦੋਂ ਪਰਨਾਵੇ ਭਗਤਾਂ ਦੀ

ਆਤਮਾ ਕਵਾਰੀ, ਜਿਸ ਕਵਾਰ ਕੰਨਿਆ ਨੂੰ ਅੱਖ ਨਾਲ ਵੇਖਣ ਕੋਇ ਨਾ ਪਾਈਆ । ਸਤਿਨਾਮ ਦੀ ਸਤਿ ਕਰੇ ਸ਼ੰਗਾਰੀ, ਬਸਤਰ ਭੂਸ਼ਨ ਪ੍ਰੇਮ ਵਾਲੇ ਸਮਝਾਈਆ । ਕੱਜਲ ਪਾਵੇ ਅਗੰਮਾ ਧਾਰੀ, ਨੈਣ ਨੈਣ ਵਿਚੋਂ ਬਦਲਾਈਆ । ਸੋਹਣਾ ਦੇਵੇ ਰੂਪ ਅਪਾਰੀ, ਕੰਚਨ ਗੜ੍ਹ ਅੰਦਰ ਕੰਚਨ ਆਪਣਾ ਰੂਪ ਦਰਸਾਈਆ । ਜਿਸ ਨੂੰ ਸਮਝ ਸਕੇ ਨਾ ਕੋਇ ਸੰਸਾਰੀ, ਸੰਸਾਰੀ ਵਿਦਿਆ ਵਿਚ ਹੱਥ ਕਿਸੇ ਨਾ ਆਈਆ । ਇਹੋ ਖੇਲ ਪ੍ਰਭੂ ਦੀ ਨਿਆਰੀ, ਨਿਰਗੁਣ ਨਿਰਵੈਰ ਆਪਣੇ ਹੱਥ ਰਖਾਈਆ । ਪਿਆਰ ਮੁਹੱਬਤ ਮੋਹ ਦੀ ਮਹਿਬੂਬ ਲਾਵੇ ਯਾਰੀ, ਯਰਾਨਾ ਤੋੜੇ ਜਗਤ ਲੋਕਾਈਆ । ਧੁਰ ਦੀ ਯਾਰੀ ਵਿਚ ਕਰੇ ਨਾ ਕਦੇ ਗ਼ਦਾਰੀ, ਧੋਖਾ ਧਾਰ ਨਾ ਕਦੇ ਵਖਾਈਆ । ਸਚ ਵਿਚ ਸਚ ਦਾ ਬਣੇ ਵਪਾਰੀ, ਵਣਜ ਇਕੋ ਇਕ ਦਰਸਾਈਆ । ਬਹੱਤਰ ਬਹੱਤਰ ਖੇਲ ਕਰ ਬਹੱਤਰ ਨਾੜੀ, ਤਿੰਨ ਸੌ ਸੱਠ ਹਾਡੀ ਸਾਢੇ ਤਿੰਨ ਕਰੋੜ ਲੂੰ ਲੂੰ ਵਿਚ ਆਪਣਾ ਯਰਾਨਾ ਦਏ ਵਸਾਈਆ । ਏਥੇ ਓਥੇ ਦੋ ਜਹਾਨ ਨਿਰਗੁਣ ਹੋ ਕੇ ਫਿਰੇ ਪਿਛੇ ਅਗਾੜੀ, ਅੱਗਾ ਪਿੱਛਾ ਆਪਣੇ ਹੁਕਮ ਵਿਚ ਚਲਾਈਆ । ਸਤਿਗੁਰ ਦੀ ਯਾਰੀ ਨਾਲ ਫੇਰ ਕਿਸੇ ਨੂੰ ਵਿਆਹ ਨਾ ਸਕੇ ਮੌਤ ਲਾੜੀ, ਰਾਏ ਧਰਮ ਚਿਤ੍ਰਗੁਪਤ ਲੇਖਾ ਨਾ ਸਕੇ ਕੋਇ ਵਖਾਈਆ । ਫਿਰੇ ਨਾ ਚੁਰਾਸੀ ਵਾਲੇ ਜੰਗਲ ਜੂਹ ਉਜਾੜ ਪਹਾੜੀ, ਚਾਰੇ ਖਾਣੀ ਟਿੱਲੇ ਪਰਬਤ ਚੋਟੀ ਥਲ ਅਸਗਾਹਾਂ ਵਿਚੋਂ ਪਾਰ ਕਰਾਈਆ । ਮੜ੍ਹੀ ਗੋਰ ਸਾੜ ਫੂਕ ਦੱਬ ਸਕੇ ਕੋਇ ਨਾ ਸਾੜੀ, ਅਗਨੀ ਤਤ ਨਾ ਕੋਇ ਜਲਾਈਆ । ਜੋਤੀ ਜੋਤ ਮਿਲੇ ਮੇਲਾ ਹੋਏ ਪੁਰਖ ਨਾਰੀ, ਨਰ ਨਰਾਇਣ ਆਪਣੇ ਘਰ ਵਸਾਈਆ । ਬਿਨਾ ਸਤਿਗੁਰ ਤੋਂ ਸਦਾ ਸਭ ਦੀ ਕੱਚੀ
੧੧੬੮ ਯਾਰੀ, ਪੱਕੀ ਗੰਢ ਨਾ ਕੋਇ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ੧੧੬੮
੨੨ ਲਏ ਮਿਲਾਈਆ । ਪੁਰਖ ਅਕਾਲ ਦੀ ਯਾਰੀ ਗੋਬਿੰਦ ਹੰਢਾਇਆ ਸੱਥਰ, ਯਰਾਨਾ ਇਕੋ ਨਾਲ ਵਖਾਈਆ । ਮਾਤ ਪਿਤ ਪੂਤ ਭੇਟ ਚੜ੍ਹਾ ਕੇ ੨੨
ਫਿਰ ਵੀ ਨਾ ਵਹਾਇਆ ਅੱਥਰ, ਨੈਣਾਂ ਨੀਰ ਨਾ ਕੋਇ ਟਪਕਾਈਆ । ਵਿਛੋੜੇ ਵਿਚ ਯਾਦ ਨਹੀਂ ਕੀਤਾ ਇਕ ਅੱਖਰ, ਬੰਸ ਦੀ ਆਸ ਨਾ ਕੋਇ ਰਖਾਈਆ । ਬੱਚਿਆਂ ਦੀ ਸਿਫ਼ਤ ਵਿਚ ਲਿਖੀ ਨਹੀਂ ਇਕ ਸਤਰ, ਅੱਖਰਾਂ ਨਾਲ ਅੱਖਰ ਨਾ ਕੋਇ ਜਣਾਈਆ । ਮੇਰਾ ਹੋਵੇ ਯਰਾਨੇ ਵਿਚ ਚਾਰ ਵਰਨਾਂ ਦਾ ਕਰ ਇਕੱਤਰ, ਗੁਰਮੁਖ ਗਿਆ ਬਣਾਈਆ । ਗੁਰਸਿਖ ਸਤਿਗੁਰ ਸ਼ਬਦ ਦੇ ਕਨਾਰੇ ਖੜ੍ਹੇ ਕੀਤੇ ਪੱਤਨ, ਮਲਾਹ ਬਣਿਆ ਗੋਬਿੰਦ ਸੱਚਾ ਮਾਹੀਆ । ਗ਼ਰੀਬ ਨਿਮਾਣੇ ਬਣਾ ਕੇ ਹੀਰੇ ਰਤਨ, ਅਮੋਲਕ ਆਪਣਾ ਰੰਗ ਚੜ੍ਹਾਈਆ । ਬਿਨਾ ਪ੍ਰਭੂ ਦੀ ਯਾਰੀ ਤੋਂ ਸਚਖੰਡ ਦਵਾਰੇ ਟੋਲ ਕੋਈ ਨਾ ਸਕਣ, ਦਰਗਹ ਸਾਚੀ ਸਚ ਦਵਾਰ ਡੇਰਾ ਕੋਇ ਨਾ ਲਾਈਆ । ਕੋਟਨ ਕੋਟ ਮਨ ਵਾਸਨਾ ਦਿਵਸ ਰੈਣ ਨੱਸਣ, ਭੱਜਣ ਵਾਹੋ ਦਾਹੀਆ । ਸੱਚ ਦੀ ਪ੍ਰੀਤ ਸਚ ਦੀ ਰੀਤ ਸਚ ਦਾ ਸਚ ਯਤਨ, ਯਥਾਰਥ ਯਥਾ ਇਕੋ ਗ੍ਰਹਿ ਪ੍ਰਗਟਾਈਆ । ਬਿਨਾ ਸਤਿਗੁਰ ਸ਼ਬਦ ਤੋਂ ਯਾਰੀ ਲੱਗੇ ਕਿਸੇ ਨਾ ਹੱਟਣ, ਸੰਗੀ ਸੰਗ ਨਾ ਕੋਇ ਬਣਾਈਆ । ਸੱਚੀ ਸਾਹਿਬ ਸਤਿਗੁਰ ਦੀ ਯਾਰੀ ਜੋ ਚੁਰਾਸੀ ਦਾ ਲੇਖਾ ਆਵੇ ਕੱਟਣ, ਕਟਾਕਸ਼ ਆਪਣਾ ਨਾਮ ਲਗਾਈਆ । ਪ੍ਰਭੂ ਦੇ ਯਾਰ ਸੰਤ ਭਗਤ ਸੂਫ਼ੀ ਫ਼ਕੀਰ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੇ ਯਾਰ ਸਿੱਖ ਮੁਰੀਦ ਹਰਿਜਨ ਇਕੱਠੇ ਇਕੋ ਘਰ ਵਸਣ, ਯਰਾਨੇ ਵਾਲਾ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਅਗੰਮ ਅਗੰਮੜਾ ਦੇਵੇ ਰਸਨ, ਰਸ ਆਪਣਾ ਆਪ ਚੁਆਈਆ ।

੧੧੬੯ ੨੨

## ✪ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੬ ਗੁਰਚਰਨ ਸਿੰਘ ਦੇ ਗ੍ਰਿਹ ਪਿੰਡ ਕੱਤੋਵਾਲ ਜ਼ਿਲਾ ਗੁਰਦਾਸ ਪੁਰ ✪

ਜਨ ਭਗਤੋ ਵੇਖੋ ਜਗਤ ਜਹਾਨ, ਜਗ ਨੇਤਰ ਅੱਖ ਉਠਾਈਆ । ਮਨ ਕਲਪਣਾ ਹੋਈ ਸ਼ੈਤਾਨ, ਘਰ ਘਰ ਅੰਦਰ ਡੇਰਾ ਲਾਈਆ । ਭੁਲਾਇਆ ਸ੍ਰੀ ਭਗਵਾਨ, ਭਰਮ ਵਿਚ ਭੁਲਾਈਆ । ਮਿਲੇ ਮੇਲ ਨਾ ਧੁਰ ਦੇ ਕਾਹਨ, ਰਾਮ ਰਾਮ ਨਾ ਕੋਇ ਸਮਾਈਆ । ਕਲਮਾ ਗਾਏ ਨਾ ਕੋਇ ਕਲਾਮ, ਪੈਗ਼ੰਬਰ ਪੜਦਾ ਨਾ ਕੋਇ ਉਠਾਈਆ । ਪੁਰਖ ਅਕਾਲਾ ਖੇਲ ਕਰੇ ਮਹਾਨ, ਹੁਕਮ ਧੁਰ ਦਾ ਇਕ ਸੁਣਾਈਆ । ਲੇਖਾ ਜਾਣ ਦੋ ਜਹਾਨ, ਦੂਈ ਦਵੈਤੀ ਦਏ ਮਿਟਾਈਆ । ਏਕੰਕਾਰਾ ਇਕ ਦਾ ਦੇਵੇ ਗਿਆਨ, ਏਕਾ ਸ਼ਬਦ ਨਾਮ ਸ਼ਨਵਾਈਆ । ਏਕਾ ਦਰ ਹੋਵੇ ਪਰਵਾਨ, ਦੂਸਰ ਸੀਸ ਨਾ ਕੋਇ ਝੁਕਾਈਆ । ਏਕਾ ਦੀਨ ਮਜ਼੍ਹਬ ਹੋਵੇ ਸਲਾਮ, ਇਸਮ ਆਜ਼ਮ ਇਕ ਜਣਾਈਆ । ਇਕੋ ਮੰਦਰ ਹੋਏ ਮਕਾਨ, ਤੀਰਥ ਤਟ ਇਕੋ ਇਕ ਦਰਸਾਈਆ । ਏਕਾ ਸ਼ਬਦ ਧੁਨ ਹੋਵੇ ਗਾਨ, ਰਾਗ ਅਨਾਦੀ ਇਕ ਜਣਾਈਆ । ਇਕੋ ਸਾਹਿਬ ਹੋਵੇ ਮਿਹਰਵਾਨ, ਬਖ਼ਸ਼ਿਸ਼ ਰਹਿਮਤ ਸਚ ਕਮਾਈਆ । ਇਕੋ ਦੇਵਣ ਵਾਲਾ ਹੋਵੇ ਦਾਨ, ਦਾਤਾ ਦਾਨੀ ਧੁਰਦਗਾਹੀਆ । ਇਕੋ ਸਾਂਝਾ ਹੋਵੇ ਪੀਣ ਖਾਣ, ਜਗਤ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕ ਲਗਾਈਆ । ਜਨ ਭਗਤੋ ਇਕੋ ਹੋਵੇ ਸ਼ਬਦ ਸੰਦੇਸ਼, ਸਰਘੀ ਸੰਧਿਆ ਇਕ ਦ੍ਰਿੜਾਈਆ । ਇਕੋ ਮਾਲਕ ਹੋਵੇ ਨਰੇਸ਼, ਨਰ ਨਰਾਇਣ ਧੁਰਦਰਗਾਹੀਆ । ਇਕੋ ਸਭ ਦਾ ਹੋਵੇ ਵੇਸ, ਤਨ ਬਸਤਰ ਸੋਭਾ ਪਾਈਆ । ਇਕੋ ਮੁਹੱਬਤ ਦਾ ਹੋਵੇ ਦੇਸ, ਦੂਈ ਦਵੈਤ ਰਹੇ ਨਾ ਰਾਈਆ । ਇਕੋ ਰੰਗ ਰੰਗੇ ਪੰਡਤ ਮੁੱਲਾਂ ਸ਼ੇਖ਼, ਮੁਸਾਇਕਾਂ ਦਇਆ ਕਮਾਈਆ । ਇਕੋ ਪੂਜਾ ਹੋਵੇ ਜਿਸ ਦੀ ਸ਼ਹਾਦਤ ਦੇ ਕੇ ਗਿਆ ਦਸ ਦਸਮੇਸ, ਗੋਬਿੰਦ ਸੂਰਾ ਧੁਰਦਰਗਾਹੀਆ । ਇਕੋ ਸਾਹਿਬ ਸਵਾਮੀ ਰਹੇ ਹਮੇਸ਼, ਹਮ ਸਾਜਣ ਇਕ ਅਖਵਾਈਆ । ਲੇਖਾ ਜਾਣੇ ਸਭ ਦਾ ਲੇਖ, ਅੰਤਰਜਾਮੀ ਆਪਣੇ ਹੱਥ ਰੱਖੇ ਵਡਿਆਈਆ । ਇਕੋ ਮੇਟੇ ਭਰਮ ਭੁਲੇਖ, ਭਾਂਡਾ ਭਰਮ ਭੌ ਭੰਨਾਈਆ । ਇਕੋ ਬਣੇ ਖੇਵਟ ਖੇਟ, ਜਗਤ ਜਹਾਨ ਬੇੜਾ ਆਪਣੇ ਕੰਧ ਉਠਾਈਆ । ਇਕੋ ਮਾਤ ਪਿਤ ਲੇਖਾ ਜਾਣੇ ਬੇਟੀ ਬੇਟ, ਲੱਖ ਚੁਰਾਸੀ ਖੋਜ ਖੁਜਾਈਆ । ਇਕੋ ਨਜ਼ਰੀ ਆਵੇ ਨੇਤਨ ਨੇਤ, ਨਿਜ ਨੈਣ ਲੋਚਣ ਨੇਤਰ ਕਰੇ ਰੁਸ਼ਨਾਈਆ । ਇਕੋ ਕਲਜੁਗ ਕੂੜੀ ਕਿਰਿਆ ਕਰੇ ਖੇਤ, ਖੰਡਾ ਖੜਗ ਨਾਮ ਖੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਦੇਵਣਹਾਰਾ ਨਿਰਗੁਣ ਧਾਰਾ ਸਰਗੁਣ ਸੰਦੇਸ਼, ਧੁਰ ਫ਼ਰਮਾਨਾ ਧੁਰ ਦਾ ਰਾਣਾ ਬੇਪਰਵਾਹੀਆ ।

## ✪ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੬ ਸਰੂਪ ਸਿੰਘ ਦੇ ਗ੍ਰਿਹ ਗੁਰਦਾਸ ਪੁਰ ਸ਼ਹਿਰ ✪

ਜਨ ਭਗਤੋ ਧਰਨੀ ਸੁਫਲ ਕਰਾਵਾਂ ਕੁੱਖ, ਧਰਨੀ ਧਵਲ ਧੌਲ ਵੱਜੇ ਵਧਾਈਆ । ਆਤਮ ਪਰਮਾਤਮ ਭੇਵ ਖੁਲ੍ਹਾਵਾਂ ਮਾਨਸ ਮਾਨੁਖ, ਮਾਨਵ ਆਪਣਾ ਪੜਦਾ ਲਾਹੀਆ । ਹਉਮੇ ਰੋਗ ਦਾ ਰਹਿਣ ਨਾ ਦੇਵਾਂ ਦੁੱਖ, ਹੰਗਤਾ ਗੜ੍ਹ ਦੇਣਾ ਤੁੜਾਈਆ । ਚਰਨ ਪ੍ਰੀਤੀ ਬਖ਼ਸ਼ਾਂ ਸੁਖ, ਸੁਖ ਸਾਗਰ ਵਿਚ ਸਮਾਈਆ । ਸਤਿ ਧਰਮ ਦੀ ਇਕੋ ਮੌਲੇ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਖੇਲ ਕਰਾਂ ਹੋ ਕੇ ਅਬਿਨਾਸ਼ੀ ਅਚੁਤ, ਪਾਰਬ੍ਰਹਮ

ਬ੍ਰਹਮ ਪੜਦਾ ਆਪ ਉਠਾਈਆ । ਸਚ ਨਿਸ਼ਾਨਿਓਂ ਕਦੇ ਨਾ ਜਾਵਾਂ ਉਕ, ਤੀਰ ਅਣਿਆਲਾ ਨਾਮ ਚਲਾਈਆ । ਤੂੰ ਮੇਰਾ ਮੈਂ ਤੇਰਾ ਦੋ ਜਹਾਨਾਂ ਗਾਉਣੀ ਤੁਕ, ਤੁਖ਼ਮ ਤਾਸੀਰ ਦਿਆਂ ਬਦਲਾਈਆ । ਨਿਰਗੁਣ ਧਾਰ ਹੋ ਕੇ ਪਵਾਂ ਉਠ, ਸਰਗੁਣ ਮੇਲਾ ਮੇਲਾਂ ਸਹਿਜ ਸੁਭਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਜੋਤੀ ਜਾਤਾ ਹੋ ਕੇ ਜਾਵਾਂ ਤੁਠ, ਮਿਹਰ ਨਜ਼ਰ ਇਕ ਉਠਾਈਆ । ਅੰਮ੍ਰਿਤ ਰਸ ਨਿਜਰ ਝਿਰਨਾ ਨਾਮ ਪਿਆਵਾਂ ਘੁਟ, ਜਨਮ ਜਨਮ ਦੀ ਤ੍ਰਿਸ਼ਨਾ ਭੁੱਖ ਮਿਟਾਈਆ । ਪੰਚ ਵਿਕਾਰ ਰਹੇ ਕੋਇ ਨਾ ਲੁੱਟ, ਲੁਟੇਰਾ ਕਲਜੁਗ ਬਾਹਰ ਕਢਾਈਆ । ਹਰਿਜਨ ਆਪਣੇ ਬਣਾ ਕੇ ਸੁਤ , ਦੁਲਾਰੇ ਅਗੰਮੀ ਗੋਦ ਟਿਕਾਈਆ । ਲੋਕਮਾਤ ਵਿਚੋਂ ਚੁੱਕ, ਦਰਗਹ ਸਾਚੀ ਸਚ ਟਿਕਾਈਆ । ਜਿਥੇ ਇਕੋ ਨਿਰਮਲ ਜੋਤ, ਦੂਜਾ ਨਜ਼ਰ ਕੋਇ ਨਾ ਪਾਈਆ । ਝਗੜਾ ਰਹੇ ਨਾ ਵਰਨ ਗੋਤ, ਜ਼ਾਤ ਅਜ਼ਾਤੀ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਹੋਏ ਸਹਾਈਆ । ਜਨ ਭਗਤੋ ਕਲਜੁਗ ਮੇਟਾਂ ਅੰਧੇਰਾ ਅੰਧ, ਸਤਿਜੁਗ ਸਤਿ ਸਚ ਰੁਸ਼ਨਾਈਆ । ਨਿਰਗੁਣ ਧਾਰ ਚਮਕੇ ਚੰਦ, ਚੰਦ ਸਿਤਾਰ ਸੀਸ ਨਿਵਾਈਆ । ਆਤਮ ਪਰਮਾਤਮ ਨਾਤਾ ਲਵਾਂ ਗੰਢ, ਗੰਢਣਹਾਰ ਗੋਪਾਲ ਸਵਾਮੀ ਇਕ ਅਖਵਾਈਆ । ਹਰ ਹਿਰਦੇ ਅੰਦਰ ਪਾਵਾਂ ਠੰਡ, ਤ੍ਰੈਗੁਣ ਅਗਨੀ ਤਤ ਬੁਝਾਈਆ । ਗੁਰਮੁਖ ਰਹਿਣ ਦੇਵਾਂ ਨਾ ਕੋਇ ਭਾਗਮੰਦ, ਸੁਰਤੀ ਸ਼ਬਦ ਨਾਲ ਜਗਾਈਆ । ਸਤਿ ਸਚ ਦਾ ਦੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਆਤਮ ਪਰਮਾਤਮ ਢੋਲਾ ਗਾਉਣਾ ਸਭ ਨੇ ਛੰਦ, ਧੁਰ ਦਾ ਸੋਹਲਾ ਇਕ ਦ੍ਰਿੜਾਈਆ । ਮਾਲਕ ਹੋ ਕੇ ਸੂਰਾ ਸਰਬੰਗ, ਦੋ ਜਹਾਨ ਵੇਖਾਂ ਚਾਈਂ ਚਾਈਂਆ । ਝਗੜਾ ਰਹਿਣ ਨਾ ਦੇਵਾਂ ਤਤ ਪੰਜ, ਪੰਚ ਵਿਕਾਰਾਂ ਦਿਆਂ ਗਵਾਈਆ । ਗ਼ਮੀ ਰਹੇ ਨਾ ਚਿੰਤਾ ਰੰਜ, ਰੰਜਸ਼ ਕੂੜੀ ਬਾਹਰ ਕਢਾਈਆ । ਨੇਤਰ ਵਹਾਏ ਕੋਇ ਨਾ ਅੰਝ, ਨੈਣਾਂ ਛਹਿਬਰ ਨਾ ਕੋਇ ਵਖਾਈਆ । ਭਾਗ ਰਹੇ ਕਿਸੇ ਨਾ ਮੰਦ, ਮੰਦਭਾਗ ਮਿਲੇ ਵਡਿਆਈਆ । ਖ਼ੁਸ਼ੀ ਕਰਾ ਕੇ ਬੰਦ ਬੰਦ, ਬੰਦਗੀ ਇਕੋ ਦਿਆਂ ਜਣਾਈਆ । ਜਗਤ ਦਵਾਰ ਕਿਰਪਾ ਨਾਲ ਜਾਣ ਲੰਘ, ਅੱਗੇ ਹੋ ਨਾ ਕੋਇ ਅਟਕਾਈਆ । ਲੋੜ ਰਹੇ ਨਾ ਪ੍ਰਕਾਸ਼ ਸੂਰੀਆ ਚੰਦ, ਜੋਤੀ ਜੋਤ ਜੋਤ ਰੁਸ਼ਨਾਈਆ । ਝਗੜਾ ਮੁਕੇ ਖੰਡ ਬ੍ਰਹਿਮੰਡ, ਬ੍ਰਹਿਮਾਂਡ ਦਾ ਡੇਰਾ ਢਾਹੀਆ । ਦਰਗਹ ਸਾਚੀ ਸਚ ਘਰ ਵੇਖਾਂ ਸਚਖੰਡ, ਮੰਦਰ ਇਕੋ ਇਕ ਉਪਜਾਈਆ । ਜਿਥੇ ਵਸੇ ਦੀਨ ਦਿਆਲ ਬਖ਼ਸ਼ੰਦ, ਹਰਿ ਕਰਤਾ ਅਗੰਮ ਅਥਾਹੀਆ । ਸਚ ਸੁਹੰਜਣੀ ਸੇਜ ਹੋਵੇ ਪਲੰਘ, ਪਾਵਾ ਚੂਲ ਨਾ ਕੋਇ ਦਰਸਾਈਆ । ਅਵਤਾਰ ਪੈਗ਼ੰਬਰ ਗੁਰ ਚਰਨ ਨਿਵਾਸੀ ਜਿਥੇ ਰਹੇ ਲੰਘ, ਆਸ਼ਾ ਆਸ਼ਾ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਜਨ ਭਗਤੋ ਕਿਰਪਾ ਕਰੇ ਆਪ ਮਹਿਬੂਬ, ਮਿਹਰਵਾਨ ਦਇਆ ਕਮਾਈਆ । ਮੰਜ਼ਲ ਦੇਵੇ ਹੱਕ ਮਕਸੂਦ, ਦਰਗਹ ਸਾਚੀ ਸੋਭਾ ਪਾਈਆ । ਕਲਜੁਗ ਕੂੜੀ ਕਿਰਿਆ ਕਰੇ ਨੇਸਤੋ ਨਾਬੂਦ, ਸਦੀ ਚੌਧਵੀਂ ਵੇਖ ਵਖਾਈਆ । ਝਗੜਾ ਮੁਕਾਏ ਏਕ ਦੂਜ, ਦੁਤੀਆ ਭਾਓ ਦਏ ਮਿਟਾਈਆ । ਸਭ ਦਾ ਅੰਤਰ ਅੰਤਸ਼ਕਰਨ ਲਏ ਬੂਝ, ਘਟ ਨਿਵਾਸੀ ਹੋ ਕੇ ਵੇਖ ਵਖਾਈਆ । ਅੰਤ ਵਿਰੋਲੇ ਲੱਖ ਚੁਰਾਸੀ ਪਾਉਣੀ ਗੁਝ, ਬਚਿਆ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਸਾਚੀ ਦੇਵੇ ਸੂਝ, ਸੁਦੀ ਵਦੀ ਦਾ ਡੇਰਾ ਢਾਹੀਆ । ਨਿਰਮਲ ਕਰ ਕੇ ਅੰਤਰ ਬੁਧ, ਨਿਰੰਤਰ ਪਰਦਾ ਦਏ ਚੁਕਾਈਆ । ਕਲਜੁਗ ਅੰਦਰ ਜ਼ਰੂਰ ਲੱਗੇ ਧਰਮ ਦਾ ਜੁਗ,


੧੧੭੦ ੨੨

ਜੁਗ ਚੌਕੜੀ ਆਪਣੇ ਅੰਦਰ ਰਖਾਈਆ । ਕਰਮ ਕਾਂਡ ਦੀ ਔਧ ਜਾਏ ਪੁੱਗ, ਸਮਾਂ ਸਮੇਂ ਵਿਚੋਂ ਸਮਾਪਤ ਦਏ ਕਰਾਈਆ । ਅਵਤਾਰ ਪੈਗ਼ੰਬਰ ਗੁਰੂ ਆਪਣਾ ਵਕਤ ਤੱਕਣ ਸਮਾਂ ਰਿਹਾ ਪੁੱਜ, ਪੂਜਾ ਵੇਖੇ ਥਾਉਂ ਥਾਈਆ । ਜਿਸ ਭੇਵ ਖੋਲ੍ਹਣਾ ਗੁਝ, ਦੋ ਜਹਾਨਾਂ ਪਰਦਾ ਆਪ ਚੁਕਾਈਆ । ਸੋ ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਪਰਵਰਦਿਗਾਰ ਸਾਂਝਾ ਯਾਰ ਨੂਰ ਇਲਾਹੀ ਜੋਤੀ ਧਾਰ ਆਪੇ ਉਠ, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਕਲਜੁਗ ਅੰਤ ਸ੍ਰੀ ਭਗਵੰਤ ਨਵ ਸੱਤ ਚਾਰ ਕੁੰਟ ਦਹਿ ਦਿਸ਼ਾ ਵੇਖਣਹਾਰਾ ਥਾਉਂ ਥਾਈਆ ।

### ੨੩ ਫੱਗਣ ਸ਼ਹਿਨਸ਼ਾਹੀ ਸੰਮਤ ੬ ਬੀਬੀ ਬਾਵੀ ਦੇ ਗ੍ਰਹਿ ਪਿੰਡ ਮਰ੍ਹਾਜ ਜ਼ਿਲਾ ਗੁਰਦਾਸ ਪੁਰ

ਪੁਰਖ ਅਕਾਲ ਸਚ ਦਵਾਰਾ ਰਿਹਾ ਖੋਲ੍ਹੀ, ਖ਼ਾਲਕ ਖ਼ਲਕ ਮਖ਼ਲੂਕ ਦਇਆ ਕਮਾਈਆ । ਸ਼ਬਦ ਅਗੰਮ ਬਣ ਕੇ ਢੋਲੀ, ਦੋ ਜਹਾਨਾਂ ਮਰਦ ਮਰਦਾਨਾ ਨੌਜਵਾਨਾ ਆਪਣਾ ਹੁਕਮ ਸੁਣਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਬਦਲੇ ਬੋਲੀ, ਅਨਬੋਲਤ ਆਪਣਾ ਹੁਕਮ ਵਰਤਾਈਆ । ਲੱਖ ਚੁਰਾਸੀ ਜੀਵ ਜੰਤ ਆਤਮ ਪਰਮਾਤਮ ਬਣਾਏ ਆਪਣੀ ਗੋਲੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਏਕੰਕਾਰ ਹਰਿ ਨਿਰੰਕਾਰ ਨਾਮ ਕੰਡੇ ਰਿਹਾ ਤੋਲੀ, ਤੋਲਣਹਾਰਾ ਹਰਿ ਕਰਤਾਰਾ ਇਕੋ ਬੇਪਰਵਾਹੀਆ । ਮਿਹਰਵਾਨ ਮਹਿਬੂਬ ਕਿਰਪਾ ਕਰੇ ਉਪਰ ਧਰਨੀ ਧਰਤ ਧਵਲ ਧੌਲੀ, ਨੌਂ ਖੰਡ ਪ੍ਰਿਥਮੀ ਸੱਤ ਦੀਪ ਸਤਿ ਸਤਿਵਾਦੀ ਕਾਰ ਕਮਾਈਆ । ਸਤਿਜੁਗ ਸਚ ਸੁਹੰਜਣੀ ਰੁਤ ਜਾਵੇ ਮੌਲੀ, ਮੌਲਾ ਹੋ ਕੇ ਆਪਣਾ ਖੇਲ ਵਖਾਈਆ । ਮਨ ਕਲਪਣਾ ਕੂੜ ਕਿਰਿਆ ਨਾ ਪਾਵੇ ਰੌਲੀ, ਸਾਂਤਕ ਸਤਿ ਸਤਿ ਕਰਾਈਆ । ਵੇਖਣਾ ਖੇਲ ਅਗੰਮਾ ਹੌਲੀ ਹੌਲੀ, ਹਾਲਤ ਬਦਲੇ ਜਗਤ ਲੋਕਾਈਆ । ਜੋ ਅਵਤਾਰ ਪੈਗ਼ੰਬਰ ਗੁਰੂਆਂ ਕੀਤਾ ਇਕਰਾਰ ਕੌਲੀ, ਵਾਅਦਾ ਪੂਰਾ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕ ਲਗਾਈਆ । ਸਚ ਮਾਰਗ ਜਾਏ ਲੱਗ, ਲਗ ਮਾਤਰ ਡੇਰਾ ਢਾਹੀਆ । ਜੋਤ ਅਗੰਮੀ ਦੀਪਕ ਜਾਏ ਜਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਕਲਜੁਗ ਜੀਵ ਬਣਾਏ ਕੱਗ, ਕਾਗੋਂ ਹੰਸ ਆਪ ਉਡਾਈਆ । ਦਰਸ ਦੇਵੇ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਪੜਦਾ ਲਾਹੀਆ । ਕਾਇਆ ਕਾਅਬੇ ਕਰਾਏ ਹੱਜ, ਹੁਜਰਾ ਇਕੋ ਇਕ ਸੁਹਾਈਆ । ਜਿਥੇ ਨਾਦ ਅਗੰਮੀ ਜਾਏ ਵੱਜ, ਅਨਹਦ ਨਾਦ ਕਰੇ ਸ਼ਨਵਾਈਆ । ਸੇਜ ਸੁਹੰਜਣੀ ਚੜ੍ਹੇ ਭੱਜ, ਸਿੰਘਾਸਣ ਆਸਣ ਇਕ ਵਖਾਈਆ । ਜਿਥੇ ਦੀਪ ਨਿਰਾਲਾ ਰਿਹਾ ਜਗ, ਜੋਤੀ ਜਾਤਾ ਡਗਮਗਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੂਰਾ ਸਰਬਗ, ਸਚ ਸਵਾਮੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡਾ ਇਕ ਵਖਾਈਆ । ਜਨ ਭਗਤੋ ਪ੍ਰਭ ਦੋ ਜਹਾਨ ਵਰਤਾਵੇ ਠੰਡ, ਅੰਮ੍ਰਿਤ ਮੇਘ ਨਾਮ ਬਰਸਾਈਆ । ਜਗਤ ਵਿਛੋੜਾ ਮੇਟੇ ਰੰਡ, ਆਤਮ ਪਰਮਾਤਮ ਕੰਤ ਸੁਹਾਗੀ ਲਏ ਪਰਨਾਈਆ । ਜੁਗ ਜਨਮ ਦੀ ਟੁੱਟੀ ਦੇਵੇ ਗੰਢ, ਗੰਢਣਹਾਰ ਗੋਪਾਲ ਸਵਾਮੀ ਇਕ ਅਖਵਾਈਆ । ਨਿਜ ਗ੍ਰਹਿ ਨਿਜ ਆਤਮ ਦੇਵੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਨਿਰਗੁਣ ਨੂਰ ਜੋਤ ਚਾੜ੍ਹ ਕੇ ਚੰਦ, ਅੰਧ ਅੰਧੇਰਾ ਦਏ ਮਿਟਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਦ, ਸ਼ਬਦੀ ਸ਼ਬਦ

ਸ਼ਬਦ ਵਡਿਆਈਆ । ਆਤਮ ਸੇਜ ਸੁਹਾਏ ਪਲੰਘ, ਸੁਖ ਆਸਣ ਡੇਰਾ ਲਾਈਆ । ਧਰਮ ਦੀ ਧੁਨ ਵਜਾਏ ਮਰਦੰਗ, ਡੰਕਾ ਅਗੰਮ ਅਥਾਹੀਆ । ਲੋਆਂ ਪੁਰੀਆਂ ਬ੍ਰਹਿਮੰਡ ਖੰਡ ਵੇਖੇ ਲੰਘ, ਪਾਂਧੀ ਪੰਧ ਨਾ ਕੋਇ ਜਣਾਈਆ । ਜਿਸ ਦੇ ਅਵਤਾਰ ਪੈਗ਼ੰਬਰ ਗੁਰੂ ਆਸ਼ਾਵੰਦ, ਆਸ਼ਾ ਵਿਚ ਬੈਠੇ ਰਾਹ ਤਕਾਈਆ । ਸੋ ਖੇਲ ਕਰੇ ਸੂਰਾ ਸਰਬੰਗ, ਸਾਹਿਬ ਸੁਲਤਾਨ ਹੁਕਮ ਵਰਤਾਈਆ । ਸਭ ਦਾ ਖ਼ੁਸ਼ੀ ਕਰੇ ਬੰਦ ਬੰਦ, ਬੰਦਗੀ ਇਕੋ ਇਕ ਜਣਾਈਆ । ਸਦੀ ਚੌਧਵੀਂ ਅੰਤ ਨਿਸ਼ਾਨ ਮੇਟੇ ਤਾਰਾ ਚੰਦ, ਮੁਹੰਮਦ ਲਹਿਣਾ ਰਹੇ ਨਾ ਰਾਈਆ । ਬੀਸ ਬੀਸੇ ਪੂਰੀ ਹੋਵੇ ਮੰਗ, ਹਜ਼ਰਤ ਈਸਾ ਬੈਠੇ ਸੀਸ ਨਿਵਾਈਆ । ਗੋਬਿੰਦ ਤ੍ਰਿਸ਼ਨਾ ਰਹੇ ਨਾ ਜੰਗ, ਖੰਡਾ ਖੜਗ ਨਾ ਕੋਇ ਚਮਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਤੋੜੇ ਘਮੰਡ, ਹਉਮੇ ਹੰਗਤਾ ਦਏ ਮਿਟਾਈਆ । ਸਚ ਨਾਮ ਦੇ ਸਾਰੇ ਕਰ ਪਾਬੰਦ, ਪਾਬੰਦੀ ਸ਼ਬਦ ਵਾਲੀ ਵਖਾਈਆ । ਧੁਰ ਦਾ ਹੁਕਮ ਸਕੇ ਕੋਇ ਨਾ ਲੰਘ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਸਰਬ ਵਰਭੰਡ, ਬ੍ਰਹਿਮੰਡ ਖੰਡ ਨਿਰਗੁਣ ਸਰਗੁਣ ਆਪਣਾ ਹੁਕਮ ਵਰਤਾਈਆ ।

## ੨੪ ਫੱਗਣ ਸ਼ਹਿਨਸ਼ਾਹੀ ਸੰਮਤ ੬ ਰਾਜ ਸਿੰਘ ਦੇ ਗ੍ਰਿਹ ਪਿੰਡ ਮਰ੍ਹਾਜ ਪੁਰ ਜ਼ਿਲਾ ਗੁਰਦਾਸ ਪੁਰ



ਜਨ ਭਗਤੋ ਤੁਸੀਂ ਕੀ ਰੋਜ਼ ਮੰਗਦੇ ਮੰਗਾਂ, ਨੱਕ ਮਰੋੜ ਕੇ ਨਾਰਦ ਰਿਹਾ ਸੁਣਾਈਆ । ਮੈਂ ਵੀ ਆ ਗਿਆ ਚਲ ਕੇ ਉਤੋਂ ਗੰਗਾ, ਗੰਗੋਤਰੀ ਲੱਤਾਂ ਨਾਲ ਬੰਧਾਈਆ । ਵੇਖੋ ਤੁਸੀਂ ਤੇ ਹੱਥ ਜੋੜਦੇ ਮੇਰੀਆਂ ਅਸਮਾਨ ਵੱਲ ਟੰਗਾਂ, ਕੂਕ ਕੂਕ ਦਿਆਂ ਦੁਹਾਈਆ । ਪ੍ਰਭੂ ਤੇਰਾ ਦਵਾਰਾ ਕਿਵੇਂ ਲੰਘਾ, ਰਾਹ ਦੇਣਾ ਜਣਾਈਆ । ਮੈਂ ਭਗਤੋ ਤੁਹਾਡਾ ਹਲੂਣਾ ਕੰਧਾ, ਹਿਲਾ ਕੇ ਦਿਆਂ ਸਮਝਾਈਆ । ਨਾਲੇ ਧੁਰ ਦੇ ਪਿਓ ਨੂੰ ਸਮਝੇ ਪਰਮਾਤਮਾ ਤੇ ਨਾਲੇ ਸਮਝੇ ਬੰਦਾ, ਇਹ ਕੀ ਤੁਹਾਡੀ ਚਤੁਰਾਈਆ । ਜਿਸ ਦੇ ਕੋਲ ਸੱਤ ਰੰਗ ਦਾ ਟੰਬਾ, ਟੋਇਆ ਟੋਭਿਆਂ ਕਰੇ ਸਫ਼ਾਈਆ । ਜਿਸ ਨੇ ਘਰ ਘਰ ਦਾ ਖਾਣਾ ਮੰਡਾ, ਮੁੰਡੀਆਂ ਸਭ ਦੀਆਂ ਵੇਖੇ ਥਾਉਂ ਥਾਈਂਆ । ਜਿਸ ਦਾ ਚਰਨ ਹੋਣਾ ਨੰਗਾ, ਜੋੜਾ ਚਰਨ ਨਾ ਕੋਇ ਛੁਹਾਈਆ । ਨਾਲ ਮੈਂ ਹੋਣਾ ਰੰਡਾ, ਛੇਕੜ ਛੇੜ ਦੇਣੀ ਛਿੜਾਈਆ । ਘਰ ਘਰ ਵਿਚੋਂ ਜਾ ਕੇ ਇਕ ਇਕ ਖਾਣਾ ਗੰਢਾ, ਗੰਢ ਧੁਰ ਦੀ ਆਪ ਬੰਧਾਈਆ । ਨਾਲ ਰੱਖਣਾ ਅਗੰਮੀ ਧਾਰ ਖੰਡਾ, ਖੰਡਾ ਖੜਗ ਨਾਲ ਟਕਰਾਈਆ । ਜਿਸ ਘਰ ਜਾਵੇ ਉਹ ਪੁੱਠਾ ਢਾਹਵੇ ਮੰਜਾ, ਸਿੱਧੇ ਪਲੰਘ ਉਤੇ ਨਾ ਕੋਇ ਬਹਾਈਆ । ਇਹ ਕੋਈ ਸਫ਼ਰ ਪੈਂਡਾ ਨਹੀਂ ਲੰਬਾ, ਲੰਮਾ ਪੈ ਕੇ ਦਿਆਂ ਸੁਣਾਈਆ । ਨਾਲੇ ਹੱਸਾਂ ਨਾਲੇ ਕੰਬਾਂ, ਨਾਲੇ ਭੱਜਾਂ ਚਾਈਂ ਚਾਈਂਆ । ਜਨ ਭਗਤਾਂ ਹਾਲ ਹੋਣ ਦੇਣਾ ਨਹੀਂ ਮੰਦਾ, ਮੰਦਭਾਗੀ ਨਜ਼ਰ ਕੋਇ ਨਾ ਆਈਆ । ਨਾਰਦ ਕਹੇ ਸਭ ਨੇ ਉਡਣਾ ਬਿਨਾ ਖੰਭਾਂ, ਪਰਾ ਪਸੰਤੀ ਮਧਮ ਬੈਖਰੀ ਤੋਂ ਉਡਾਰੀ ਪਰੇ ਲਗਾਈਆ । ਖ਼ੁਸ਼ੀ ਵਿਚ ਕਦੇ ਨਾ ਆਵੇ ਗਮਾਂ, ਗ਼ਮੀ ਵਾਲਿਆਂ ਦਿਆਂ ਜਣਾਈਆ । ਭਗਤੋ ਪ੍ਰਭੂ ਦਾ ਸਾਲ ਚੜ੍ਹਨਾ ਨਵਾਂ, ਨਵੀਂ ਧਾਰ ਧਾਰ ਵਿਚੋਂ ਪਰਗਟਾਈਆ । ਮੈਂ ਸਦਾ ਸੰਗ ਅੱਗੇ ਪਿਛੇ ਹੋ ਕੇ ਬਹਵਾਂ, ਸਚ ਦੀ ਸੇਵਾ ਸੇਵ ਕਮਾਈਆ । ਦਵਾਰ ਨਿਰੰਕਾਰ ਅੱਗੇ ਰਹਵਾਂ, ਰਹਿ ਕੇ ਆਪਣਾ ਝਟ ਲੰਘਾਈਆ । ਫਿਰਾਂ ਨਾਲ ਚਵਾਂ, ਚਾਉ ਘਨੇਰਾ ਇਕ ਵਖਾਈਆ । ਇੱਕੀਆਂ ਘਰਾਂ ਤੋਂ ਬਾਦ

੧੧੭੨ ੨੨

ਰੋਟੀ ਜ਼ਰੂਰ ਖਾਵਾਂ ਜਵਾਂ, ਜਵਾਂ ਦਾ ਪਰਸ਼ਾਦਾ ਅੱਗੇ ਦੇਣਾ ਟਿਕਾਈਆ । ਸਭ ਦੀ ਸਰਨਾਈ ਸਰਨ ਵਿਚ ਢਹਵਾਂ, ਢਹਿ ਕੇ ਦੇਵਾਂ ਦ੍ਰਿੜ੍ਹਾਈਆ । ਇਸ ਖੇਲ ਨੂੰ ਸਮਝਣਾ ਨਹੀਂ ਤਮਾਂ ਹਮਾਂ, ਹਮਸਾਜਣ ਹੋ ਕੇ ਮਿਲੇ ਚਾਈਂ ਚਾਈਂਆ । ਇਹ ਧਾਰ ਪੁਰਾਣੀ ਜਿਸ ਵੇਲੇ ਸੀਤਾ ਰਾਮ ਦੇ ਗਲ ਵਿਚ ਪਾਈਆਂ ਬਾਹਵਾਂ, ਬਹੀਆਂ ਗਲ ਵਿਚ ਲਟਕਾਈਆ । ਰਾਧਾ ਯਾਦ ਕੀਤਾ ਨਾਲ ਦਮਾਂ, ਕ੍ਰਿਸ਼ਨ ਸਾਹ ਸਾਹ ਸਮਾਈਆ । ਮੂਸਾ ਰੋ ਕੇ ਛਮ ਛਮਾਂ, ਕੋਹਤੂਰ ਨੀਰ ਵਹਾਈਆ । ਹਜ਼ਰਤ ਈਸਾ ਆਸ਼ਾਂ ਨੂੰ ਕਰ ਕੇ ਮਨ੍ਹਾਂ, ਮਨਸਾ ਇਕ ਵਿਚ ਸਮਾਈਆ । ਮੁਹੰਮਦ ਨੇ ਮਹਿਬੂਬ ਜਾਣਿਆ ਧੁਰ ਦਾ ਧਨਾ, ਦਰ ਇਕੋ ਮੰਗ ਮੰਗਾਈਆ । ਨਾਨਕ ਨੇ ਤਨ ਸਰੀਰ ਆਤਮਾ ਪੁਰਖ ਅਕਾਲ ਦੀ ਬਣਾਈ ਨਾਲ ਜਨਾਂ, ਜਨ ਆਪਣਾ ਆਪ ਸਮਝਾਈਆ । ਅਰਜਨ ਲਿਖਣ ਲੱਗਿਆਂ ਚੌਦਾਂ ਸੌ ਤੀਹ ਅੰਕ ਪੰਨਾ, ਆਸਾ ਅੰਦਰੇ ਅੰਦਰ ਪਰਗਟਾਈਆ । ਗੋਬਿੰਦ ਨੇ ਜਿਸ ਵੇਲੇ ਲਾਇਆ ਕੰਨਾ, ਕਾਇਨਾਤ ਖੇਲ ਖਿਲਾਈਆ । ਨਾਲੇ ਹੱਸ ਕੇ ਕਿਹਾ ਜਿਸ ਵੇਲੇ ਸ੍ਰਿਸ਼ਟ ਸਬਾਈ ਦਾ ਜਗਤ ਨੇਤਰ ਹੋਇਆ ਅੰਨ੍ਹਾ, ਨਿਰਗੁਣ ਨੂਰ ਨਜ਼ਰ ਕਿਸੇ ਨਾ ਆਈਆ । ਉਸ ਵੇਲੇ ਪੁਰਖ ਅਕਾਲ ਆਵੇ ਭੰਨਾ, ਭੱਜੇ ਵਾਹੋ ਦਾਹੀਆ । ਲੇਖਾ ਪੂਰਾ ਕਰੇ ਜੱਟ ਧੰਨਾ, ਜਟਾ ਜੂਟ ਨਾ ਕੋਇ ਵਡਿਆਈਆ । ਨਾਰਦ ਕਹੇ ਮੈਂ ਸਭ ਕੁਛ ਚਾਰ ਜੁਗ ਸੁਣਦਾ ਰਿਹਾ ਕੰਨਾ, ਇਨਸਾਨ ਹੋ ਕੇ ਸ਼ੈਤਾਨ ਹੋ ਕੇ ਭਗਤ ਭਗਵਾਨ ਹੋ ਕੇ ਆਪਣਾ ਧਿਆਨ ਲਗਾਈਆ । ਜਨ ਭਗਤੋ ਪ੍ਰਭੂ ਦੀ ਧਾਰ ਜਗਤ ਨਹੀਂ ਤਮ੍ਹਾ, ਲਾਲਚ ਲੋਭ ਨਾ ਕੋਇ ਹਲਕਾਈਆ । ਵਿਹਾਰ ਦੇ ਸਮੇਂ ਸਿੰਘਾਸਣ ਕੋਲ ਜ਼ਰੂਰ ਪੰਜ ਪੰਜ ਜਗਦੇ ਹੋਣ ਦਾਨ ਸ਼ਮਾਂ, ਦਿਵਸ ਰੈਣ ਵੰਡ ਨਾ ਕੋਇ ਵੰਡਾਈਆ । ਗੁਰਮੁਖ ਮੰਨਣ ਵਾਲੇ ਘਰ ਵਿਚ ਪ੍ਰਭ ਦੇ ਕੋਲ ਸਾਰੇ ਹੋਣ ਜਮ੍ਹਾਂ, ਇਧਰ ਉਧਰ ਫਿਰਨ ਵਾਲਾ ਨਜ਼ਰ ਕੋਇ ਨਾ ਆਈਆ । ਅੰਤਰ ਅੰਤਰ ਗਾਉਣ ਬਿਨਾ ਰਸਨਾ ਦਮਾਂ, ਸਾਹ ਸਾਹ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰਖਾਏ ਆਦਿ ਅੰਤ ਦਾ ਸਮਾਂ, ਜੁਗ ਚੌਕੜੀ ਆਪਣੀ ਖੇਲ ਖਿਲਾਈਆ ।



### ✪ ੨੪ ਫੱਗਣ ਸ਼ਹਿਨਸ਼ਾਹੀ ਸੰਮਤ ੬ ਮਹਿੰਗਾ ਸਿੰਘ ਦੇ ਗ੍ਰਹਿ ਪਿੰਡ ਸਦਾ ਜ਼ਿਲਾ ਗੁਰਦਾਸ ਪੁਰ ✪

ਨਾਰਦ ਕਹੇ ਮੈਨੂੰ ਆ ਗਈ ਨਿੱਛਾ, ਆਂਛੀ ਆਂਛੀ ਆਂਛੀ ਕਰ ਕੇ ਰਿਹਾ ਵਖਾਈਆ । ਜਨ ਭਗਤੋ ਇਸ ਗੰਗੀ ਨੂੰ ਕਹਿ ਦਿਉ ਮੇਰਾ ਛਡ ਦੇਵੇ ਪਿਛਾ, ਵਿੰਗੀ ਟੇਡੀ ਮੇਰੇ ਪਿਛੇ ਭੱਜੇ ਵਾਹੋ ਦਾਹੀਆ । ਪਹਾੜਾਂ ਦੇ ਵਿਚੋਂ ਜੰਮਣ ਵਾਲੀ ਦੀ ਮੈਨੂੰ ਨਹੀਂ ਕੋਈ ਇੱਛਾ, ਜਗਤ ਪਹਾੜਨ ਮੇਰੇ ਕੰਮ ਕਿਸੇ ਨਾ ਆਈਆ । ਮੈਂ ਚਾਹੁੰਦਾ ਅੱਜ ਕੱਲ ਦੇ ਸਮੇਂ ਮੁਤਾਬਿਕ ਉਹ ਹੋਵੇ ਜਿਨ ਲਈ ਹੋਵੇ ਧੁਰ ਦੀ ਸਿਖਿਆ, ਸਚਖੰਡ ਦੇ ਵਿਦਿਆਲੇ ਵਿਚੋਂ ਪੜ੍ਹ ਕੇ ਆਪਣਾ ਬਲ ਧਰਾਈਆ । ਜਗਤ ਜਹਾਨ ਨਾਲ ਹੋਵੇ ਨਾ ਕਿਤੇ ਹਿੱਸਾ, ਹਿੱਸਿਆਂ ਵੰਡ ਨਾ ਕੋਇ ਵੰਡਾਈਆ । ਇਕੋ ਮੇਰੇ ਪਿਆਰ ਦਾ ਪੜ੍ਹਦੀ ਹੋਵੇ ਕਿੱਸਾ, ਕਿਸਮਤ ਮੇਰੇ ਨਾਲ ਜੁੜਾਈਆ । ਤਕਦੀ ਹੋਵੇ ਬਿਨਾ ਅੱਖਾਂ ਤੋਂ ਦਹਿ ਦਿਸ਼ਾ, ਦੋ ਜਹਾਨਾਂ ਵੇਖ ਵਖਾਈਆ । ਸਾਰੀ ਸ੍ਰਿਸ਼ਟੀ ਨੂੰ ਜਾਣਦੀ ਹੋਵੇ ਮਿਥਾ, ਮਿਥਿਆ ਵੇਖੇ ਕੂੜ ਲੋਕਾਈਆ । ਫੇਰ ਮੈਂ ਹੱਥ ਰੱਖਾਂ ਓਸ ਦੀ ਪਿੱਠਾ, ਪੁਸ਼ਤ ਪਨਾਹ ਦਿਆਂ ਟਿਕਾਈਆ ।

ਉਹਦਾ ਰੂਪ ਹੋਵੇ ਅਗੰਮਾ ਚਿੱਟਾ, ਬਸਤਰ ਤਨ ਨਾ ਕੋਇ ਛੁਹਾਈਆ । ਉਹਦਾ ਧਿਆਨ ਮੇਰੇ ਭਗਵਾਨ ਵੱਲ ਹੋਵੇ ਟਿਕਾ, ਟਿਕਟਿਕੀ ਇਕੋ ਇਕ ਵਖਾਈਆ । ਮੇਰੇ ਚਾਰ ਜੁਗ ਦੀ ਜਿੰਦਗੀ ਦਾ ਕਢੇ ਸਿੱਟਾ, ਸਿੱਟੇਬਾਜੀ ਅਵਰ ਨਾ ਕੋਇ ਰਖਾਈਆ । ਫਿਰ ਅਗੰਮੇ ਨਾਮ ਦੀ ਮੈਨੂੰ ਵਖਾ ਲਏ ਚਿਟਾ, ਜਿਹੜੀ ਧੁਰਦਰਗਾਹੋ ਮਿਲੀ ਹੋਵੇ ਚਾਈਂ ਚਾਈਆ । ਉਸ ਦੀਆਂ ਕੁੰਡਲਾਂ ਵਾਲੀਆਂ ਹੋਣ ਲਿਟਾਂ, ਦੁਰਗਾ ਤੋਂ ਪਰੇ ਆਪਣਾ ਰੂਪ ਬਦਲਾਈਆ । ਵਸਦੀ ਹੋਵੇ ਨਾ ਪੱਥਰ ਇੱਟਾਂ, ਜਗਤ ਮੰਦਰਾਂ ਨਾ ਡੇਰਾ ਲਾਈਆ । ਇਧਰੋਂ ਮੈਂ ਵੀ ਸੂਰਬੀਰ ਹੋਵਾਂ ਫਿੱਟਾ, ਜੋਧਾ ਰੂਪ ਬਣਾਈਆ । ਸੁਖ ਆਸਣ ਉਤੇ ਹੋਵਾਂ ਲਿਟਾ, ਸੇਜ ਸੁਹੰਜਣੀ ਇਕ ਸੁਹਾਈਆ । ਬ੍ਰਹਿਮੰਡ ਖੰਡ ਬੈਠਾ ਹੋਵਾਂ ਜਿੱਤਾ, ਹਾਰ ਨਜ਼ਰ ਕੋਇ ਨਾ ਆਈਆ । ਇਕੋ ਆਸ਼ਾ ਹੋਵੇ ਕਰਨ ਦੀ ਹਿਤਾ, ਹਿਤ ਆਪਣਾ ਦਿਆਂ ਸਮਝਾਈਆ । ਇਕੋ ਬਚਨ ਕਹਾਂ ਕਮਲੀਏ ਆ ਦੋਵੇਂ ਬਣਾ ਲਈਏ ਇਕੋ ਪਿਤਾ, ਜਿਹਨੂੰ ਪਤਿਪਰਮੇਸ਼ਵਰ ਪੂਰਨ ਕਹਿ ਕੇ ਸਾਰੇ ਗਾਈਆ । ਫਿਰ ਧਾਮ ਹੋਵੇ ਅਨਡਿੱਠਾ, ਜਿਥੇ ਬਹਿ ਕੇ ਝਟ ਲੰਘਾਈਆ । ਪ੍ਰੇਮ ਹੋਵੇ ਮਿੱਠਾ, ਰਸ ਅੰਦਰੇ ਅੰਦਰ ਚਖਾਈਆ । ਆਪਣਾ ਖੇਲ ਹੋਵੇ ਨਜਿੱਠਾ, ਦੂਸਰ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮੇਰੀ ਆਸਾ ਵੇਖ ਵਖਾਈਆ । ਨਾਰਦ ਕਹੇ ਮੈਨੂੰ ਨਹੀਂ ਲੋੜ, ਲੋੜਵੰਦ ਆਪਣੀ ਲੋੜ ਨਾ ਕੋਇ ਬਣਾਈਆ । ਮੈਂ ਬੇਨੰਤੀ ਕਰਾਂ ਹੱਥ ਜੋੜ, ਜੋੜੀ ਹੱਥਾਂ ਵਾਲੀ ਵਖਾਈਆ । ਮੈਂ ਪ੍ਰੀਤੀ ਲਾਈ ਜਿਸ ਨਾਲ ਨਿਭੇ ਤੋੜ, ਅਧਵਿਚਕਾਰ ਨਾ ਕੋਇ ਤੁੜਾਈਆ । ਗੰਗੀਏ ਜਾ ਮੇਰਾ ਪਿਛਾ ਛੋੜ, ਭੱਜ ਵਾਹੋ ਦਾਹੀਆ । ਉਹ ਵੇਖ ਕਲਜੁਗ ਅੰਧ ਘੋਰ, ਭੱਜਾ ਫਿਰੇ ਵਾਹੋ ਦਾਹੀਆ । ਮੈਨੂੰ ਜਗਤ ਨਾ ਬਣਾ ਚੋਰ, ਚੋਰੀ ਠੱਗੀ ਨਾ ਕਦੇ ਕਮਾਈਆ । ਮੇਰਾ ਆਦਿ ਜੁਗਾਦਿ ਜੁਗ ਵੱਖਰਾ ਵੱਖਰਾ ਤੌਰ, ਤਰਹ ਤਰਹ ਤਬੀਅਤ ਲਵਾਂ ਬਦਲਾਈਆ । ਮੇਰੇ ਪ੍ਰੇਮ ਦਾ ਦੌਰ, ਦੋ ਜਹਾਨਾਂ ਚਲੇ ਵਾਹੋ ਦਾਹੀਆ । ਮੈਂ ਪੁਰਖ ਅਕਾਲ ਦਾ ਕੌਰ, ਕੌਰਵ ਪਾਂਡਵ ਦਿਤੇ ਠੁਕਰਾਈਆ । ਜ਼ਰਾ ਤਕ ਲੈ ਨਾਲ ਗੌਰ, ਅਵਤਾਰ ਪੈਗੰਬਰ ਗੁਰੂ ਮੜ੍ਹੀਆਂ ਗੋਰਾਂ ਵਿਚ ਵਖਾਈਆ । ਅੱਗੇ ਨਾ ਪਾਵੀਂ ਸ਼ੋਰ, ਰੌਲਾ ਜਗਤ ਨਾ ਕੋਇ ਰਖਾਈਆ । ਜੇ ਮੇਰੇ ਬਿਨਾ ਤੇਰਾ ਕਾਰਜ ਜਾਵੇ ਸੌਰ, ਸੌਹਰੀਏ ਪਿਛੇ ਮੁੜ ਜਾ ਚਾਈਂ ਚਾਈਂਆ । ਤੈਨੂੰ ਪਤਾ ਨਹੀਂ ਮੇਰਾ ਕਿੱਡਾ ਹੋਣਾ ਜੌਹਰ, ਬਲਧਾਰੀ ਇਕ ਅਖਵਾਈਆ । ਮੈਂ ਰਹਿਣ ਨਹੀਂ ਦੇਣਾ ਕੋਈ ਕਾਅਬਿਆਂ ਵਿਚ ਮਜੌਰ, ਮਜਲਸ ਸਭ ਦੀ ਦੇਣੀ ਬਦਲਾਈਆ । ਮੇਰਾ ਕੋਈ ਗੱਲਾਂ ਵਾਲਾ ਨਹੀਂ ਫੌਹੜ, ਹੁਕਮ ਧੁਰ ਦਾ ਦਿਆਂ ਸੁਣਾਈਆ । ਅਠਸਠ ਤੀਰਥ ਵਖਾਉਣੇ ਕਰ ਕੇ ਤਲਾਬ ਜੌਹੜ, ਅੰਮ੍ਰਿਤ ਰਸ ਨਾ ਕੋਇ ਰਖਾਈਆ । ਤੇਰੇ ਕੰਢਿਆਂ ਉਤੇ ਜੇਹੜੇ ਲੱਗੇ ਪੌੜੀਆਂ ਪੌੜ, ਪੌੜੀ ਡੰਡੇ ਸਭ ਦੇ ਦੇਣੇ ਖਿਚਾਈਆ । ਅੱਗੇ ਹੋ ਕੇ ਕੋਈ ਨਾ ਸਕੇ ਹੋੜ, ਹੋੜਾ ਸੱਸੇ ਵਾਲਾ ਦਏ ਗਵਾਹੀਆ । ਔਹ ਵੇਖ ਰੋਂਦੇ ਕੋਟਨ ਕੋਟੀ ਲੱਖ ਕਰੋੜ, ਹਾਹਾ ਟਿੱਪੀ ਸਮਝ ਕਿਸੇ ਨਾ ਆਈਆ । ਮੈਨੂੰ ਅੱਖੀਂ ਦਿਸਦਾ ਮੇਰੇ ਸਾਹਿਬ ਨੇ ਸਭ ਨੂੰ ਦੇਣਾ ਮਰੋੜ, ਮਰੋੜਾ ਨਾਮ ਵਾਲਾ ਚੜ੍ਹਾਈਆ । ਸਿਰਫ਼ ਭਗਤਾਂ ਹੋਣਾਂ ਬੰਦੀ ਛੋੜ, ਬੰਧਨ ਸਾਰੇ ਦਏ ਕਟਾਈਆ । ਅੰਤ ਉਸੇ ਦੀ ਪੈਣੀ ਲੋੜ, ਜੋ ਲੋੜੀਂਦਾ ਸੱਜਣ ਇਕ ਅਖਵਾਈਆ । ਜਿਸ ਨੇ ਸਤਿ ਧਰਮ ਦੀ ਤੋਰਨੀ ਤੋਰ, ਤੁਰੀਆਂ ਤੋਂ ਪਰੇ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਭਾਗ ਕਰੇ ਮਥੋਰ, ਮਿਥਿਆ ਵੇਖੇ ਕੂੜ ਲੋਕਾਈਆ ।

੧੧੭੪ ੨੨

✪ ੨੪ ਫੱਗਣ ਸ਼ਹਿਨਸ਼ਾਹੀ ਸਮਤ ੬ ਜਰਨੈਲ ਸਿੰਘ ਦੇ ਗ੍ਰਹਿ ਪਿੰਡ ਸਦਾ ਜ਼ਿਲਾ ਗੁਰਦਾਸ ਪੁਰ ✪

ਨਾਰਦ ਕਹੇ ਮੈਂ ਆਇਆ ਇਕ ਕਲਾਪਾ, ਇਕੱਲਾ ਭੱਜਿਆ ਵਾਹੋ ਦਾਹੀਆ । ਮੇਰਾ ਚਾਰ ਜੁਗ ਦਾ ਪੁਰਾਣਾ ਚੀਥੜ ਪਾਟਾ, ਬਸਤਰ ਤਨ ਨਾ ਕੋਇ ਵਡਿਆਈਆ । ਮੈਨੂੰ ਦੱਸੋ ਸਾਚਾ ਹਾਟਾ, ਮੈਂ ਜਾਵਾਂ ਚਾਈਂ ਚਾਈਂਆ । ਪਿਛਲੀ ਮੰਜ਼ਲ ਮੁਕੇ ਵਾਟਾ, ਅਗਲਾ ਪੰਧ ਰਹੇ ਨਾ ਰਾਈਆ । ਪੂਰਾ ਹੋਵੇ ਘਾਟਾ, ਘਾਟੇ ਵਿਚ ਫੇਰ ਕਦੇ ਨਾ ਆਈਆ । ਹੁਕਮ ਸੰਦੇਸ਼ਾ ਮਿਲਿਆ ਓਹ ਤਕ ਖੇਲ ਤਮਾਸ਼ਾ, ਬਿਨਾ ਕਦਮ ਤੋਂ ਕਦਮ ਉਠਾਈਆ । ਜਾਂ ਤੱਕਿਆ ਅੱਗੇ ਗੰਗਾ ਦਾ ਖੁੱਲ੍ਹਾ ਝਾਟਾ, ਬੌਰੀਆਂ ਰਹੀ ਵਖਾਈਆ । ਝਟ ਜਮਨਾ ਸੁਰਸਤੀ ਗੋਦਾਵਰੀ ਰੋਂਦੀਆਂ ਕਰਦੀਆਂ ਆਉਣ ਸਿਆਪਾ, ਹਾਹਾਕਾਰ ਵਿਚ ਕੁਰਲਾਈਆ । ਬਹੁੜੀ ਕਲਜੁਗ ਚਾਰ ਕੁੰਟ ਵਧਿਆ ਪਾਪਾ, ਪਤਿਤ ਪੁਨੀਤ ਨਾ ਕੋਇ ਵਖਾਈਆ । ਕਿਸੇ ਨੂੰ ਸਮਝ ਨਾ ਆਏ ਆਪਣੀ ਆਪਾ, ਆਪਣਾ ਪੜਦਾ ਨਾ ਕੋਇ ਉਠਾਈਆ । ਜਿਧਰ ਤਕੀਏ ਚੜ੍ਹਿਆ ਤ੍ਰੈਗੁਣ ਤਾਪਾ, । ਝਟ ਨਾਰਦ ਦਾ ਨਿਕਲ ਗਿਆ ਹਾਸਾ, ਹੱਸ ਕੇ ਦਿਤਾ ਵਖਾਈਆ । ਮੈਨੂੰ ਪਹਿਲੋਂ ਆਪਣੇ ਜੀਵਣ ਦਾ ਦੱਸੋ ਖੁਲਾਸਾ, ਖੁਲ੍ਹੀ ਗੁੱਤ ਨਾ ਮੋਹੇ ਭਾਈਆ । ਤੁਹਾਨੂੰ ਕਿਸ ਦੇ ਉਤੇ ਵਿਸ਼ਵਾਸਾ, ਕਿਸ ਅੱਗੇ ਸੀਸ ਝੁਕਾਈਆ । ਤੁਹਾਡਾ ਕੇਹੜਾ ਮਾਲਕ ਗੁਣਤਾਸਾ, ਗੁਣਵੰਤ ਕਵਣ ਅਖਵਾਈਆ । ਕੀ ਤੁਹਾਡੇ ਕੋਲ ਕਿਸੇ ਦੇ ਹੈ ਕੋਈ ਕਾਕਾ, ਬਾਲ ਗੋਦੀ ਗੋਦ ਉਠਾਈਆ । ਮੈਨੂੰ ਪਿਛਲਿਆਂ ਜੁਗਾਂ ਦਾ ਦੱਸੋ ਸਾਕਾ, ਅਵਤਾਰ ਪੈਗ਼ੰਬਰ ਗੁਰੂਆਂ ਦਾ ਭੇਵ ਦਿਉ ਖੁਲ੍ਹਾਈਆ । ਝਟ ਗੋਦਾਵਰੀ ਰਗੜਿਆ ਨਾਕਾ, ਨੱਕ ਰਗੜ ਕੇ ਦਿਤੀ ਦੁਹਾਈਆ । ਮੇਰੇ ਕੰਢੇ ਆਇਆ ਗੋਬਿੰਦ ਸੂਰਾ ਜਿਸ ਦੱਸੀ ਅਗੰਮੀ ਬਾਤਾ, ਬਾਤਨ ਪੜਦਾ ਗਿਆ ਉਠਾਈਆ । ਜਿਸ ਵੇਲੇ ਕਲਜੁਗ ਹੋਵੇ ਅੰਧੇਰੀ ਰਾਤਾ, ਚਾਰੋਂ ਕੁੰਟ ਅੰਧੇਰਾ ਛਾਈਆ । ਉਸ ਵੇਲੇ ਪੁਰਖ ਅਕਾਲ ਆਵੇ ਸ਼ਾਹੋ ਭੂਪ ਸ਼ਾਬਾਸ਼ਾ, ਸ਼ਹਿਨਸ਼ਾਹ ਧੁਰਦਰਗਾਹੀਆ । ਆਤਮ ਪਰਮਾਤਮ ਜੋੜੇ ਨਾਤਾ, ਮੇਲਾ ਮੇਲੇ ਸਹਿਜ ਸੁਭਾਈਆ । ਧੁਰ ਦੀ ਦੱਸੇ ਗਾਥਾ, ਅਗੰਮ ਦੀ ਕਰੇ ਪੜ੍ਹਾਈਆ । ਗੋਦਾਵਰੀ ਕਹੇ ਮੈਂ ਗੋਬਿੰਦ ਨੂੰ ਟੇਕਿਆ ਮਾਥਾ, ਮਸਤਕ ਚਰਨਾਂ ਉਤੇ ਛੁਹਾਈਆ । ਉਸ ਨੇ ਫੇਰ ਦੱਸਿਆ ਭਵਿਖਤ ਵਾਕਾ, ਹੁਕਮ ਸੰਦੇਸ਼ਾ ਇਕ ਸੁਣਾਈਆ । ਉਹ ਤਕ ਜੋਤੀ ਦਾ ਜਾਤਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਝਟ ਜਮਨਾ ਜੋੜ ਕੇ ਦੋਵੇਂ ਹਾਥਾ, ਨੇਤਰ ਨੈਣਾਂ ਨੀਰ ਵਹਾਈਆ । ਸੁਰਸਤੀ ਆਪਣਾ ਆਪ ਕਰ ਕੇ ਪਾਕਾ, ਪੁਨੀਤ ਹੋ ਕੇ ਰਹੀ ਸੁਣਾਈਆ । ਅਸੀਂ ਵੇਖੀਆਂ ਗੋਪੀ ਕਾਹਨ ਦੀਆਂ ਰਾਸਾਂ, ਮੰਡਲ ਮੰਡਪਾਂ ਬਾਹਰ ਹੁਕਮ ਸੁਣਾਈਆ । ਖੇਲ ਤੱਕਿਆ ਜਿਸ ਦਾ ਹਰ ਘਟ ਵਾਸਾ, ਵਾਸਤਕ ਆਪਣਾ ਰੰਗ ਰੰਗਾਈਆ । ਉਸ ਦੇ ਹੁਕਮ ਦਾ ਮੰਨਿਆ ਆਖਾ, ਸ਼ਬਦ ਦੀ ਸ਼ਬਦ ਧਾਰ ਸੀਸ ਨਿਵਾਈਆ । ਝਟ ਨਾਰਦ ਨੇ ਬਦਲਿਆ ਪਾਸਾ, ਕਰਵਟ ਆਪਣੀ ਲਈ ਬਦਲਾਈਆ । ਤੁਸੀਂ ਮੇਰੀ ਸਮਝ ਲਉ ਭਾਸ਼ਾ, ਭਵਿਖਤ ਭੂਤ ਦਿਆਂ ਦ੍ਰਿੜਾਈਆ । ਉਹ ਵੇਖੋ ਸ਼ੰਕਰ ਰੋਵੇ ਉਤੇ ਕੈਲਾਸ਼ਾ, ਤਰਸੂਲ ਹੱਥ ਵਿਚੋਂ ਸੁਟਾਈਆ । ਬ੍ਰਹਮਾ ਬ੍ਰਹਮ ਰਿਹਾ ਵਾਚਾ, ਵਾਚਕ ਹੋ ਕੇ ਧਿਆਨ ਲਗਾਈਆ । ਵਿਸ਼ਨੂੰ ਫਿਰੇ ਨਾਸਾ, ਭੱਜੇ ਵਾਹੋ ਦਾਹੀਆ । ਅਜਬ ਦੀ ਧਾਰ ਅਗੰਮ ਤਮਾਸ਼ਾ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਗੰਗਾ ਕਿਹਾ ਨਾਰਦ ਇਕ ਵਾਰ ਮਾਰ ਝਾਕਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਪੁਰਖ ਅਕਾਲ ਦੀਨ ਦਿਆਲ ਖੋਲ੍ਹਿਆ ਤਾਕਾ, ਦਰ ਦਰਵਾਜ਼ਾ ਇਕ ਸੁਹਾਈਆ । ਜਿਥੇ ਸਤਿਗੁਰ ਸ਼ਬਦ ਸ਼ਬਦ ਗੁਰ ਰਾਖਾ, ਦੂਜਾ



੧੧੭੫ ੨੨

ਨਜ਼ਰ ਕੋਇ ਨਾ ਆਈਆ । ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਪੁਰਖ ਅਕਾਲ ਮਹਾਰਾਜਾ, ਰਾਜਨ ਰਾਜ ਸੋਭਾ ਪਾਈਆ । ਜਿਸ ਸੀਸ ਜਗਦੀਸ ਅਗੰਮਾ ਤਾਜਾ, ਤਖ਼ਤ ਨਿਵਾਸੀ ਇਕ ਅਖਵਾਈਆ । ਉਸ ਦਾ ਲੇਖਾ ਕਿਸੇ ਨਾ ਜਾਤਾ, ਕਾਤਬ ਸਕਿਆ ਨਾ ਕੋਇ ਲਿਖਾਈਆ । ਉਹ ਕਲਜੁਗ ਅੰਤਮ ਖੇਲ ਕਰੇ ਹੋ ਬੇਪਹਿਚਾਤਾ, ਪੇਸ਼ੀਨਗੋਈ ਸਭ ਦੀ ਵੇਖ ਵਖਾਈਆ । ਨਾਰਦ ਕਹੇ ਮੈਨੂੰ ਖਿਚ ਲੈਣ ਦਿਉ ਖ਼ਾਕਾ, ਬਿਨਾ ਨਕਸ਼ ਤੋਂ ਨਕਸ਼ਾ ਦਿਆਂ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਸਰਬ ਕਲਾ ਸਮਰਾਥਾ, ਸਮਰਥ ਪੁਰਖ ਏਕੰਕਾਰ ਇਕ ਇਕੱਲਾ ਬੇਪਰਵਾਹੀਆ ।

✪ ੨੫ ਫੱਗਣ ਸ਼ਹਿਨਸ਼ਾਹੀ ਸੰਮਤ ੬ ਚਤੁਰ ਸਿੰਘ ਦੇ ਗ੍ਰਿਹ ਪਿੰਡ ਓਗਰਾ ਜ਼ਿਲਾ ਗੁਰਦਾਸ ਪੁਰ ✪

ਜਨ ਭਗਤੋ ਮੇਰਾ ਸੁਣੋ ਦੁੱਖੜਾ, ਨਾਰਦ ਰੋ ਕੇ ਰਿਹਾ ਜਣਾਈਆ । ਮੈਂ ਚਾਰ ਜੁਗ ਦਾ ਭੁੱਖੜਾ, ਭੁੱਖੇ ਦੀ ਭੁੱਖ ਨਾ ਕੋਇ ਮਿਟਾਈਆ । ਪ੍ਰਭ ਚਰਨ ਧੂੜ ਨਾਲ ਮੇਰਾ ਅਜੇ ਨਾ ਰੰਗਿਆ ਮੁਖੜਾ, ਮੁਖਾਰਬਿੰਦ ਦੇ ਵਿਚੋਂ ਕਹਿ ਕੇ ਦਿਆਂ ਸੁਣਾਈਆ । ਸਚ ਸੁਹਾਵੀ ਹੋਵੇ ਨਾ ਰੁਤੜਾ, ਰੁਤੀ ਰੁਤ ਨਾ ਕੋਇ ਵਡਿਆਈਆ । ਸਚ ਪੁਛੋ ਮੈਂ ਪ੍ਰਭੂ ਦੀ ਧਾਰੋਂ ਉਤਰਾ, ਉੱਤਰ ਪੂਰਬ ਪੱਛਮ ਦੱਖਣ ਫਿਰ ਕੇ ਆਇਆ ਚਾਈਂ ਚਾਈਂਆ । ਮੇਰੇ ਸਾਹਿਬ ਨੇ ਹੁਣ ਮੈਨੂੰ ਕਿਹਾ ਆ ਮੇਰੇ ਪੁੱਤਰਾ, ਸਿਰ ਮੇਰੇ ਹੱਥ ਟਿਕਾਈਆ । ਵੇਖੀਂ ਮੇਰੇ ਭਗਤ ਰਹਿਣ ਦੇਵੀਂ ਨਾ ਕਿਸੇ ਨੁੱਕਰਾ, ਕੋਨੇ ਕੋਨੇ ਵਿਚੋਂ ਲੈਣੇ ਜਗਾਈਆ । ਮੈਂ ਰੂਪ ਧਾਰਨਾ ਵਾਂਗ ਸੁਥਰਾ, ਡੰਡੇ ਹੱਥਾਂ ਵਿਚ ਖੜਕਾਈਆ । ਗ੍ਰਿਹਿ ਗ੍ਰਿਹਿ ਲਗਾਉਣਾ ਮੁਜਰਾ, ਤਾਜ ਧੁਰ ਦਾ ਇਕ ਵਖਾਈਆ । ਮੇਰੇ ਪ੍ਰਭੂ ਦਾ ਤਕੋ ਹੁਜਰਾ, ਬਿਨ ਹਾਜੀਆਂ ਹੱਜ ਕਰਾਈਆ । ਜਿਸ ਦੇ ਲੇਖੇ ਵਿਚ ਭਗਤਾਂ ਦਾ ਜਨਮ ਸੁਧਰਾ, ਸੁਧ ਅਗਲੀ ਪਿਛਲੀ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੈਂ ਬਿਨਾ ਜਣੇਂਦੀ ਤੋਂ ਪਿਆ ਜੰਮ, ਆਪਣਾ ਰੂਪ ਬਦਲਾਈਆ । ਨਾਤਾ ਰੱਖਿਆ ਨਹੀਂ ਮਾਟੀ ਚੰਮ, ਚੰਮ ਦ੍ਰਿਸ਼ਟੀ ਦਿਤੀ ਬਦਲਾਈਆ । ਜਨ ਭਗਤੋ ਤੁਹਾਨੂੰ ਕਾਹਦਾ ਗ਼ਮ, ਚਿੰਤਾ ਨਜ਼ਰ ਕੋਇ ਨਾ ਆਈਆ । ਤੁਹਾਨੂੰ ਮਿਲਿਆ ਸਾਜਣ ਹਮ, ਹਮਸਾਜਣ ਮਿਲ ਕੇ ਵੱਜੇ ਵਧਾਈਆ । ਜਿਸ ਦਾ ਅਗੰਮਾ ਇਕ ਨਾਮ, ਨਰ ਨਿਰੰਕਾਰਾ ਇਕ ਦ੍ਰਿੜਾਈਆ । ਤ੍ਰਿਸ਼ਨਾ ਮੇਟੇ ਤਮ, ਮੋਹ ਦਏ ਚੁਕਾਈਆ । ਇਕੱਠੇ ਹੋ ਕੇ ਕਰੀਏ ਕੰਮ, ਕਾਜ ਤੁਹਾਨੂੰ ਦਿਆਂ ਦ੍ਰਿੜਾਈਆ । ਬਿਨਾ ਪ੍ਰਭੂ ਦੀ ਯਾਦ ਤੋਂ ਖ਼ਾਲੀ ਰਹੇ ਕੋਇ ਨਾ ਦਮ, ਸਾਹ ਸਾਹ ਵਿਚ ਰਖਾਈਆ । ਮਨਸਾ ਭੇਟ ਕਰ ਦਈਏ ਮਨ, ਮਮਤਾ ਮੋਹ ਚੁਕਾਈਆ । ਪ੍ਰੇਮ ਪ੍ਰੀਤ ਦਾ ਬਖ਼ਸ਼ੇ ਧਨ, ਦੌਲਤ ਨਾਮ ਵਾਲੀ ਆਪਣੀ ਝੋਲੀ ਪਾਈਆ । ਸਰੋਤੇ ਰਹੀਏ ਮੂਲ ਨਾ ਕੰਨ, ਹਰ ਹਿਰਦੇ ਲਈਏ ਵਸਾਈਆ । ਫਿਰ ਤੁਹਾਨੂੰ ਦੱਸਾਂਗਾ, ਕਿਹੜਾ ਸਾਹਿਬ ਸਤਿਗੁਰ ਦਾ ਚੰਨ, ਕਵਣ ਚੰਦ ਨੂਰ ਚਮਕਾਈਆ । ਸੱਜਣੋ ਸਭ ਨੇ ਛਡ ਜਾਣਾ ਤਨ, ਤਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਜਨ ਭਗਤੋ ਪ੍ਰਭ ਦਾ ਦਰਸ਼ਨ ਪਾ ਕੇ ਮੈਨੂੰ ਆਇਆ ਡਕਾਰ, ਮੈਂ ਰੱਜ ਕੇ ਦਿਤਾ ਵਖਾਈਆ ।

ਜਾਂ ਅੱਖ ਖੋਲ੍ਹੀ ਜੋਤੀ ਨਾਰ ਦਿਸੀ ਮੁਟਿਆਰ, ਜੋਬਨਵੰਤੀ ਸੋਭਾ ਪਾਈਆ । ਉਹਦਾ ਰੂਪ ਅਨੂਪ ਸ਼ਿੰਗਾਰ, ਜਗਤ ਸੁਨਿਆਰ ਨਾ ਕੋਇ ਘੜਾਈਆ । ਬਸਤਰ ਅਗੰਮ ਅਪਾਰ, ਤਾਣਾ ਪੇਟਾ ਨਾ ਕੋਇ ਰਖਾਈਆ । ਚਲਦੀ ਫਿਰਦੀ ਦੀ ਆਵੇ ਛਣਕਾਰ, ਕਦਮ ਕਦਮ ਨਾਲ ਬਦਲਾਈਆ । ਜਿਸ ਵੇਲੇ ਮੈਨੂੰ ਇਸ਼ਾਰਾ ਦੇਵੇ ਨਾਲ ਪਿਆਰ, ਮੇਰਾ ਅੰਦਰ ਦਏ ਹਿਲਾਈਆ । ਜਿਸ ਵੇਲੇ ਮੈਂ ਅੱਖਾਂ ਵੇਖਿਆ ਉਘਾੜ, ਅੱਗੋਂ ਨਜ਼ਰ ਕਿਛ ਨਾ ਆਈਆ । ਮੇਰਾ ਗ਼ੁੱਸਾ ਆਵੇ ਨਾੜ ਨਾੜ, ਅਗਨੀ ਤਤ ਤਤ ਜਲਾਈਆ । ਮੇਰਾ ਦਿਲ ਕਰਦਾ ਜੇ ਮੈਂ ਇਸ ਦਾ ਬਣ ਜਾਵਾਂ ਲਾੜ, ਲਾੜੀ ਬਣਾ ਕੇ ਲਵਾਂ ਪ੍ਰਨਾਈਆ । ਫੇਰ ਇਹਨੂੰ ਰਾਵੀ ਦੇ ਕੰਡੇ ਤਤੀ ਰੇਤ ਉਤੇ ਫੇਰਾਂ ਵਿਚ ਮਹੀਨੇ ਹਾੜ੍ਹ, ਪੈਰੀਂ ਜੋੜਾ ਨਾ ਕੋਇ ਰਖਾਈਆ । ਵਸਣ ਨੂੰ ਘਰ ਦੇਵਾਂ ਝਾੜ, ਝਾੜੀਆਂ ਵਿਚ ਟਿਕਾਈਆ । ਸੈਰ ਕਰਨ ਨੂੰ ਬੇਲਿਆਂ ਵਿਚ ਫੇਰਾਂ ਉਜਾੜ, ਕਾਨੇ ਕਾਹੀਆਂ ਵਿਚ ਭਵਾਈਆ । ਫੇਰ ਖੇਲ ਵਖਾਵਾਂ ਅਪਾਰ, ਪੜਦਾ ਇਕ ਉਠਾਈਆ । ਹੱਸ ਕੇ ਕਹਵਾਂ ਮੇਰੇ ਵਰਗਾ ਪਤੀ ਤੈਨੂੰ ਲੱਭਣਾ ਨਹੀਂ ਵਿਚ ਸੰਸਾਰ, ਪਤਨੀਏ ਬੇਵਤਨੀਏ ਅਗੰਮੀ ਰਤਨੀਏ ਬਿਨਾ ਰੱਤ ਤੋਂ ਜਿਸ ਤੈਨੂੰ ਲਿਆ ਪ੍ਰਨਾਈਆ । ਤੂੰ ਦੱਸ ਪਿਛੇ ਕਿੱਥੇ ਵਸਨੀਏ, ਕਵਣ ਦਵਾਰ ਡੇਰਾ ਲਾਈਆ । ਕਿਸ ਦੇ ਚਰਨ ਕਵਲ ਝੱਸਨੀਏ, ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੈਨੂੰ ਗ਼ੁੱਸੇ ਵਿਚ ਕਹਿੰਦੀ ਗੰਜਾ, ਮੇਰੀ ਬੋਦੀ ਦੀ ਸਾਰ ਕੋਇ ਨਾ ਪਾਈਆ । ਨੱਕ ਚੜ੍ਹਾ ਕੇ ਕਹੇ ਤੇਰੇ ਘਰ ਨਹੀਂ ਮੰਜਾ, ਬਿਸਤਰ ਨਜ਼ਰ
੧੧੭੭ ਕੋਇ ਨਾ ਆਈਆ । ਮੈਂ ਕੰਨੀ ਫੜ ਕੇ ਫੇਰ ਆਪਣਾ ਵਖਾਇਆ ਪੰਜਾ, ਪੰਜੇ ਉਂਗਲਾਂ ਉਪਰ ਉਠਾਈਆ । ਯਾਦ ਕਰ ਲੈ ਜੇ ਆਈਉਂ ਮੇਰੇ ੧੧੭੭
ਇਸ ਵਿਚ ਸ਼ਕੰਜਾ, ਤੇਰੇ ਛੱਕੇ ਦੇਵਾਂ ਛੁਡਾਈਆ । ਵੇਖ ਮੇਰੀ ਬੋਦੀ ਦੇ ਅੰਦਰ ਪਵਣ ਉਨੰਜਾ, ਬੰਨ੍ਹ ਕੇ ਦਿਤੀ ਟਿਕਾਈਆ । ਮੇਰੀ ਸਿਫ਼ਤ
੨੨ ਕਰ ਨਾ ਸਕੇ ਅੱਖਰ ਬਵੰਜਾ, ਬਾਵਨ ਧਾਰ ਨਾ ਕੋਇ ਸਮਝਾਈਆ । ਮੈਨੂੰ ਇਹੋ ਇਕ ਰੰਜ਼ਾ, ਗ਼ੁੱਸਾ ਗ਼ਮ ਰਿਹਾ ਸਤਾਈਆ । ਮਾਤਲੋਕ ਵਿਚ ੨੨
ਜੋ ਆਇਆ ਸੋ ਮੰਗਦਾ ਗਿਆ ਮੰਗਾਂ, ਮਾਂਗਤ ਹੋ ਕੇ ਝੋਲੀ ਡਾਹੀਆ । ਕਮਲੀਏ ਹੁਣ ਮੈਂ ਸਾਹਿਬ ਤੱਕਿਆ ਸੂਰਾ ਸਰਬੰਗਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਨੇ ਜਗਤ ਜਹਾਨ ਕੀਤਾ ਅੰਧਾ, ਅੱਖਾਂ ਵਾਲਿਆਂ ਨਜ਼ਰ ਕਿਸੇ ਨਾ ਆਈਆ । ਮੈਂ ਬੜਾ ਬੇਪਰਵਾਹ ਓ ਵੇਖ ਮੇਰੇ ਪਿਛੇ ਭੱਜੀ ਫਿਰੇ ਗੰਗਾ, ਨੰਗੀਂ ਪੈਰੀਂ ਵਾਹੋ ਦਾਹੀਆ । ਮੈਂ ਉਹਦੇ ਨਾਲ ਕਰਨ ਵਾਲਾ ਦੰਗਾ, ਫ਼ਸਾਦ ਫ਼ੈਸਲੇ ਵਾਲਾ ਵਖਾਈਆ । ਹੁਕਮ ਦੇਵਾਂ ਪਹਿਲੋਂ ਪਾਣੀ ਲਿਆ ਆਪਣਾ ਠੰਡਾ, ਮੇਰੇ ਚਰਨਾਂ ਉਤੇ ਟਿਕਾਈਆ । ਫੇਰ ਮੈਨੂੰ ਕਹਿ ਨਾਰਦਾ ਤੈਨੂੰ ਰਹਿਣ ਨਹੀਂ ਦੇਣਾ ਰੰਡਾ, ਤੇਰਾ ਰੰਡੇਪਾ ਦੇਣਾ ਕਟਾਈਆ । ਫੇਰ ਆਪਣਾ ਸਾਫ਼ ਕਰ ਕੰਢਾ, ਤੀਰਥ ਤੱਟਾਂ ਪੰਧ ਮੁਕਾਈਆ । ਜਾਂ ਨਿਗਹ ਬਦਲੀ ਦੁਰਗਾ ਖਿੱਚੀ ਫਿਰੇ ਖੰਡਾ, ਗੋਬਿੰਦ ਖੰਡਾ ਨਾਲ ਖੜਕਾਈਆ । ਫੇਰ ਵੇਖਿਆ ਲਾਲੋ ਦਾ ਨਜ਼ਰ ਆਇਆ ਮੰਡਾ, ਜੋ ਨਾਨਕ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਜੀਵ ਜਹਾਨ ਜਗਤ ਧੰਦਾ, ਧੁੰਦੂਕਾਰ ਮੇਟੇ ਥਾਉਂ ਥਾਈਆ ।

## ੨੫ ਫੱਗਣ ਸ਼ਹਿਨਸ਼ਾਹੀ ਸੰਮਤ ੬ ਓਗਰਾ ਸੰਗਤ ਨਵਿਤ ਪਿੰਡ ਓਗਰਾ ਜ਼ਿਲਾ ਗੁਰਦਾਸ ਪੁਰ

ਨਾਰਦ ਕਹੇ ਜਨ ਭਗਤੋ ਮੇਰੀ ਤਕੋ ਅਗੰਮੀ ਚਿੱਪੀ, ਜੋ ਚੁਪ ਚਾਪ ਬੈਠੀ ਧਿਆਨ ਲਗਾਈਆ । ਜਿਸ ਨੇ ਜਗਤ ਜਹਾਨ ਦੀ ਵਿਦਿਆ ਵਾਲੀ ਬਦਲ ਦੇਣੀ ਲਿਪੀ, ਧੁਰ ਦਾ ਨਾਮ ਸ਼ਬਦ ਕਰ ਸ਼ਨਵਾਈਆ । ਜਿਸ ਭੇਦ ਖੋਲ੍ਹਣਾ ਹਾਹੇ ਉਤੇ ਟਿੱਪੀ, ਹੰ ਬ੍ਰਹਮ ਦਏ ਦ੍ਰਿੜਾਈਆ । ਜਿਸ ਖਹਿੜਾ ਛੁਡਾਉਣਾ ਪੱਥਰ ਇੱਟੀ, ਏਕਾ ਏਕੰਕਾਰ ਮਿਲਾਈਆ । ਧੁਰ ਦੀ ਧਾਰ ਦੱਸਣੀ ਮਿੱਠੀ, ਰਸ ਅਗੰਮਾ ਇਕ ਚਖਾਈਆ । ਕੂੜੀ ਕਿਰਿਆ ਮਾਰ ਮਾਰਨੀ ਪਿੱਠੀ, ਆਪਣਾ ਬਲ ਪਰਗਟਾਈਆ । ਧੁਰ ਦੇ ਨਾਮ ਦੀ ਦੱਸਣੀ ਚਿੱਠੀ, ਸੰਦੇਸ਼ਾ ਇਕ ਸੁਣਾਈਆ । ਪ੍ਰਭੂ ਦਾ ਲੇਖਾ ਨਹੀਂ ਸਵਾ ਗਿੱਠੀ, ਮੇਰੂਡੰਡ ਨਾ ਕੋਇ ਚਤੁਰਾਈਆ । ਈੜਾ ਪਿੰਗਲ ਸੁਖਮਨ ਧਾਰ ਨਹੀਂ ਕੋਈ ਨਿੱਕੀ, ਨੀਕਨ ਨੀਕ ਦਏ ਜਣਾਈਆ । ਸਰਗੁਣ ਧਾਰ ਵਖਾਏ ਨਿਰਗੁਣ ਇੱਕੀ, ਪਰਦਾ ਲੋਕਮਾਤ ਚੁਕਾਈਆ । ਸ਼ਬਦੀ ਧਾਰ ਗੋਬਿੰਦ ਦੀ ਸਿੱਖੀ, ਸਿੱਖ ਸਤਿਗੁਰ ਵਿਚ ਸਮਾਈਆ । ਜਿਸ ਦੀ ਮਹਿੰਮਾ ਆਦਿ ਅੰਤ ਨਾ ਜਾਏ ਲਿਖੀ, ਉਸ ਦਾ ਭੇਵ ਦਏ ਸਮਝਾਈਆ । ਸ੍ਰਿਸ਼ਟੀ ਦੱਸੇ ਅੰਤਮ ਮਿਥੀ, ਮਥਨ ਕਰੇ ਲੋਕਾਈਆ । ਧਰਮ ਦੀ ਧਾਰ ਜਣਾਏ ਮਿੱਤੀ, ਮਿੱਤਰ ਪਿਆਰਾ ਇਕ ਮਿਲਾਈਆ । ਅਬਿਨਾਸ਼ੀ ਕਰਤਾ ਦਸਾਏ ਹਿਤੀ, ਹਿਤਕਾਰੀ ਜੋੜ ਜੁੜਾਈਆ । ਜਿਸ ਦਾ ਖੇਲ ਨਿਤ ਨਵਿਤੀ, ਨਰ ਨਰਾਇਣ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੇਰੀ ਚਿੱਪੀ ਦਾ ਤਕੋ ਮੂੰਹ, ਮੁਖ ਉਜਲ ਰਹੀ ਕਰਾਈਆ । ਜਿਸ ਹੁਕਮ ਦੱਸਣਾ ਸ਼ਬਦ ਗੁਰੂ, ਗੁਰਦੇਵ ਸਵਾਮੀ ਕੀ ਦ੍ਰਿੜਾਈਆ । ਜਿਸ ਨਾਲ ਪਵਿਤਰ ਹੋਣੇ ਬੁਤ ਰੂਹ, ਰੂਹ ਬੁਤ ਕਰੇ ਸਫ਼ਾਈਆ । ਖ਼ੁਸ਼ੀ ਜਣਾਏ ਲੂੰ ਲੂੰ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਭਗਤ ਭਗਵਾਨ ਮੇਲ ਮਿਲਾਏ ਹੂਬਹੂ, ਸਨਮੁਖ ਦੋਵੇਂ ਸੋਭਾ ਪਾਈਆ । ਝਗੜਾ ਮੁਕਾਏ ਨਮਾਜ਼ ਵੁਜ਼ੂ, ਵਜ਼ਾਹਤ ਨਾਲ ਸਮਝਾਈਆ । ਸਭ ਦੀ ਇਕ ਕਰਾਏ ਰਜੂਹ, ਰਜ਼ਾ ਇਕ ਵਿਚ ਚਲਾਈਆ । ਕੂੜੀ ਕਿਰਿਆ ਕਰੇ ਮਮਨੂ, ਅੱਗੇ ਕਦਮ ਨਾ ਕੋਇ ਟਿਕਾਈਆ । ਦੀਨ ਮਜ਼੍ਹਬ ਦੀ ਰਹਿਣ ਨਾ ਦੇਵੇ ਜੂਹ, ਜੰਗਲ ਪਹਾੜਾਂ ਵੇਖ ਵਖਾਈਆ । ਜ਼ਾਤ ਪਾਤ ਦੀ ਛੱਤ ਰਹਿਣ ਨਾ ਦੇਵੇ ਛੂਹ, ਇਕੋ ਨਾਮ ਰੰਗ ਰੰਗਾਈਆ । ਸਚਖੰਡ ਦਵਾਰ ਦੀ ਦੇਵੇ ਸੂਹ, ਸੋਈ ਸੁਰਤ ਆਪ ਉਠਾਈਆ । ਭੇਵ ਖੁਲ੍ਹਾਏ ਧਰਮ ਧਾਰ ਦੀ ਧਰੂ, ਧਰੋਹ ਕਿਸੇ ਨਾਲ ਨਾ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੇਰੀ ਚਿੱਪੀ ਉਤੇ ਲੱਗਾ ਚੱਪਾ, ਚਾਰੇ ਜੁਗ ਦੇਣ ਗਵਾਹੀਆ । ਜੋ ਸੰਦੇਸ਼ਾ ਦੇ ਕੇ ਗਿਆ ਨਾਨਕ ਤਪਾ, ਤਪੀਸ਼ਰਾਂ ਤੋਂ ਬਾਹਰ ਸਮਝਾਈਆ । ਮਾਣ ਮਿਲੇ ਇਕੋ ਪੱਪਾ, ਪਾਰਬ੍ਰਹਮ ਪ੍ਰਭ ਭੇਦ ਖੁਲ੍ਹਾਈਆ । ਆਤਮ ਪਰਮਾਤਮ ਧਾਰ ਸਭ ਦਾ ਹੋਵੇ ਟੱਪਾ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ । ਪਿਆਰ ਮੁਹੱਬਤ ਦੀ ਹੋਵੇ ਸਫ਼ਾ, ਸਫ਼ਾ ਕੂੜੀ ਦਏ ਗਵਾਈਆ । ਸਤਿਗੁਰ ਪਿਆਰ ਦਾ ਮਿਲੇ ਨਫ਼ਾ, ਵਣਜ ਇਕੋ ਇਕ ਕਰਾਈਆ । ਕਲਜੁਗ ਕੂੜੀ ਕਿਰਿਆ ਮੇਟੇ ਦਫ਼ਾ, ਸਤਿਜੁਗ ਸਤਿ ਸਚ ਪਰਗਟਾਈਆ । ਇਕੋ ਸਤਿਗੁਰ ਸ਼ਬਦ ਕਿਸੇ ਰਹਿਣ ਨਾ ਦੇਵੇ ਬੇਵਫ਼ਾ, ਵਫ਼ਾਦਾਰੀ ਦਏ ਦ੍ਰਿੜਾਈਆ । ਧਰਮ ਦੀ ਧਾਰ ਹੋਵੇ ਨਾ ਖ਼ਫ਼ਾ, ਗ਼ੁੱਸਾ ਗਿਲਾ ਨਾ ਕੋਇ ਪਰਗਟਾਈਆ । ਪਿਛਲੀ ਕਰਨੀ ਕਰੇ ਰਫ਼ਾ, ਰਫ਼ਾਕਾਤ ਆਪਣੇ ਨਾਲ ਬਣਾਈਆ । ਧੁਰ

ਦੇ ਨਾਮ ਦਾ ਬਖ਼ਸ਼ ਕੇ ਨਫ਼ਾ, ਭੰਡਾਰਾ ਅਗੰਮ ਦਏ ਭਰਾਈਆ । ਸਿਫ਼ਤ ਵਡਿਆਈ ਕਰ ਕੇ ਜਸਾ, ਮਹਿਮਾ ਅਕਥ ਕਥ ਸੁਣਾਈਆ । ਕਲਜੁਗ ਮੇਟੇ ਰੈਣ ਅੰਧੇਰੀ ਮੱਸਾ, ਨੂਰੀ ਚੰਦ ਚੰਦ ਚਮਕਾਈਆ । ਹੋੜਾ ਸੁਹਾਵੇ ਉਪਰ ਸੱਸਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਭਗਤਾਂ ਲੂੰ ਲੂੰ ਹੋਵੇ ਰਚਾ, ਰਚਨਾ ਆਪਣੀ ਦਏ ਜਣਾਈਆ । ਗੁਰਮੁਖ ਬਣਾ ਕੇ ਧਰਮ ਦਾ ਬੱਚਾ, ਬਚਪਨ ਆਪਣੇ ਵਿਚ ਟਿਕਾਈਆ । ਸ਼ਬਦ ਸੰਦੇਸ਼ਾ ਦੇ ਕੇ ਸੱਚਾ, ਸਚ ਸਮਗਰੀ ਇਕ ਵਰਤਾਈਆ । ਕੰਚਨ ਗੜ੍ਹ ਬਣਾਏ ਪੰਜ ਤਤ ਤਨ ਕੱਚਾ, ਆਪਣੀ ਦਇਆ ਕਮਾਈਆ । ਲੇਖਾ ਪੂਰਾ ਕਰੇ ਮਦੀਨਾ ਮੱਕਾ, ਕਾਅਬਾ ਆਪਣੀ ਝੋਲੀ ਪਾਈਆ । ਜਨ ਭਗਤਾਂ ਕੌਲ ਇਕਰਾਰ ਕਰੇ ਪੱਕਾ, ਵਾਅਦਾ ਆਪਣੇ ਨਾਲ ਰਖਾਈਆ । ਸਦੀ ਚੌਧਵੀਂ ਅੰਤ ਲੇਖਾ ਰਹੇ ਨਾ ਚੂੰਕਿ ਚੁਨਾਂਚੇ ਅਲਬੱਤਾ, ਅਲਿਫ਼ ਯੇ ਦਾ ਲੇਖਾ ਵੇਖੇ ਚਾਈਂ ਚਾਈਂਆ । ਦੋ ਜਹਾਨ ਇਕੋ ਡੰਕਾ ਵੱਜੇ ਫ਼ਤਿਹ, ਫ਼ਾਤਿਆ ਸਭ ਦਾ ਦਏ ਪੜ੍ਹਾਈਆ । ਭਗਤ ਭਗਵਾਨ ਦਾ ਇਕੋ ਆਤਮ ਪਰਮਾਤਮ ਹੋਵੇ ਮਤਾ, ਮਤ ਮਤਾਂਤਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦੀ ਸਚ ਜਣਾਏ ਸੱਤਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣਾ ਖੇਲ ਵਖਾਈਆ ।



## ✪ ੨੬ ਫੱਗਣ ਸ਼ਹਿਨਸ਼ਾਹੀ ਸੰਮਤ ੬ ਗੁਰਬਖ਼ਸ਼ ਸਿੰਘ ਦੇ ਗ੍ਰਹਿ ਪਿੰਡ ਨੌਸ਼ਹਿਰਾ ਜ਼ਿਲਾ ਹੁਸ਼ਿਆਰ ਪੁਰ ✪

੧੧੭੯ ੨੨

ਨਾਰਦ ਕਹੇ ਮੈਨੂੰ ਆ ਗਈ ਯਾਦ ਪੁਰਾਣੀ, ਪੁਨਹ ਪੁਨਹ ਸੀਸ ਨਿਵਾਈਆ । ਜਿਸ ਵੇਲੇ ਪ੍ਰਭ ਨੇ ਸਮੁੰਦ ਸਾਗਰ ਰਿੜਕਿਆ ਪਾਣੀ, ਰਤਨ ਚੌਦਾਂ ਬਾਹਰ ਕਢਾਈਆ । ਤੱਕੀ ਧਰਮ ਦੀ ਧਾਰ ਸਵਾਣੀ, ਸੋਹਣਾ ਰੂਪ ਦਰਸਾਈਆ । ਉਸ ਸਮੇਂ ਐਰਾਪਤ ਹਾਥੀ ਨੇ ਬੋਲੀ ਇਕ ਬਾਣੀ, ਅਗੰਮੀ ਦਿਤੀ ਸੁਣਾਈਆ । ਕਲਜੁਗ ਅੰਤਮ ਝਗੜਾ ਪੈਣਾ ਚਾਰੇ ਖਾਣੀ, ਖ਼ਾਲਸ ਰੂਪ ਨਾ ਕੋਇ ਵਖਾਈਆ । ਆਤਮ ਪਰਮਾਤਮ ਮੇਲ ਮਿਲਣਾ ਨਹੀਂ ਹਾਣੀ ਹਾਣੀ, ਬ੍ਰਹਮ ਪਾਰਬ੍ਰਹਮ ਨਾ ਕੋਇ ਮਿਲਾਈਆ । ਕਿਸੇ ਕੰਮ ਨਹੀਂ ਆਉਣੀ ਵਿਦਿਆ ਵਾਲੀ ਵਿਦਵਾਨੀ, ਵਿਦਤ ਰੂਪ ਨਾ ਕੋਇ ਦਰਸਾਈਆ । ਮੈਂ ਹੈਰਾਨ ਹੋ ਗਿਆ ਸੁਣ ਕੇ ਬੋਲਿਆ ਨੇਤਰ ਚੁੱਕ ਕੇ ਵੇਖਿਆ ਇਹ ਕੀ ਖੇਲ ਅਗੰਮ ਮਹਾਨੀ, ਹੁਕਮ ਕੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਐਰਾਪਤ ਹਾਥੀ ਫੇਰ ਮਾਰੀ ਚੀਕ, ਦੱਖਣ ਦਿਸ਼ਾ ਧਿਆਨ ਲਗਾਈਆ । ਕਲਜੁਗ ਵੇਲਾ ਵਕਤ ਫੇਰ ਆਵੇ ਠੀਕ, ਠਾਕਰ ਆਪਣਾ ਹੁਕਮ ਸੁਣਾਈਆ । ਮੇਰਾ ਸ਼ਬਦ ਕਰੇ ਤਸਦੀਕ, ਸ਼ਹਾਦਤ ਇਕ ਭੁਗਤਾਈਆ । ਉਹ ਸੰਬਲ ਦਾ ਹੋਵੇ ਵਸਨੀਕ, ਦਰ ਦਵਾਰਾ ਇਕ ਸੁਹਾਈਆ । ਉਸ ਦੀ ਧਾਰ ਹੋਵੇ ਬਾਰੀਕ, ਜਗਤ ਨੇਤਰ ਨਜ਼ਰ ਕੋਇ ਨਾ ਪਾਈਆ । ਉਹ ਭਗਤਾਂ ਨਾਲ ਕਰੇ ਪ੍ਰੀਤ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਚਾਰ ਜੁਗ ਦੀ ਪਿਛਲੀ ਮੇਟੇ ਲੀਕ, ਲਾਈਨ ਅਗਲੀ ਦਏ ਸਮਝਾਈਆ । ਸ੍ਰਿਸ਼ਟੀ ਦ੍ਰਿਸ਼ਟੀ ਲਏ ਜੀਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਬੈਠਾ ਰਹੇ ਆਪ ਅਤੀਤ, ਤ੍ਰੈਗੁਣ ਦਾ ਮਾਲਕ ਬੇਪਰਵਾਹੀਆ । ਸੋਹੰ ਢੋਲਾ ਦੱਸੇ ਗੀਤ, ਆਤਮ ਪਰਮਾਤਮ ਰਾਗ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ,

ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਮੈਂ ਹੱਸ ਕੇ ਕਿਹਾ ਓਏ ਬਿਨਾ ਮਾਂ ਤੋਂ ਜੰਮਣ ਵਾਲੇ ਹਾਥੀ, ਮੈਨੂੰ ਦੇ ਸਮਝਾਈਆ । ਇਹ ਤੈਨੂੰ ਖ਼ਬਰ ਸੰਦੇਸ਼ੇ ਵਾਲੀ ਕਿਸ ਦੱਸੀ ਪਾਤੀ, ਬਿਨ ਅੱਖਰਾਂ ਦਿਤੀ ਪੜ੍ਹਾਈਆ । ਸਤਿ ਸਚ ਜਣਾ ਸਾਖੀ, ਸੁਖ਼ਨ ਇਕੋ ਇਕ ਦ੍ਰਿੜਾਈਆ । ਉਸ ਵੇਲੇ ਕਿਹੜਾ ਨਛੱਤਰ ਕਿਹੜਾ ਗ੍ਰਿਹਿ ਕਿਹੜੀ ਹੋਵੇ ਰਾਸੀ, ਕਿਹੜੀ ਦਿਸ਼ਾ ਵੰਡ ਵੰਡਾਈਆ । ਉਸ ਹੱਸ ਕੇ ਕਿਹਾ ਓ ਬ੍ਰਾਹਮਣਾ ਉਹ ਆਪ ਪੁਰਖ ਅਬਿਨਾਸ਼ੀ, ਨਾਸ਼ਵਾਨ ਨਾ ਰੂਪ ਧਰਾਈਆ । ਕਲਜੁਗ ਅੰਤ ਸਦੀ ਚੌਧਵੀਂ ਇਕ ਆਸੀ, ਆਸਾ ਸਭ ਦੀ ਵੇਖ ਵਖਾਈਆ । ਸ਼ੰਕਰ ਬੈਠਾ ਨਾ ਰਹੇ ਉਤੇ ਕੈਲਾਸ਼ੀ, ਬ੍ਰਹਮਾ ਭੱਜੇ ਵਾਹੋ ਦਾਹੀਆ । ਵਿਸ਼ਨੂੰ ਬਣੇ ਦਾਸ ਦਾਸੀ, ਸੇਵਕ ਹੋ ਕੇ ਸੇਵ ਕਮਾਈਆ । ਉਸ ਵੇਲੇ ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਹੋਏ ਉਦਾਸੀ, ਸਾਂਤਕ ਸਤਿ ਨਾ ਕੋਇ ਕਰਾਈਆ । ਇਕ ਪੁਕਾਰ ਕਰਨੀ ਹਜ਼ਰਤ ਈਸਾ ਜਿਸ ਚੜ੍ਹਨਾ ਫਾਸੀ, ਮਸੀਹ ਮਸਲਾ ਇਕ ਵਖਾਈਆ । ਬੀਸ ਬੀਸੇ ਕਲਜੁਗ ਮੇਟਣੀ ਅੰਧੇਰੀ ਰਾਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਇਹ ਮੇਰੀ ਖ਼ਬਰ ਧੁਰ ਦੀ ਪਾਤੀ, ਬਿਨਾ ਅੱਖਰਾਂ ਤੋਂ ਪਤ੍ਰਿਕਾ ਦਿਤੀ ਜਣਾਈਆ । ਨਾਰਦ ਕਿਹਾ ਇਹ ਕਿਹੜੀ ਲੰਮੀ ਵਾਟੀ, ਇਕ ਦੋ ਤਿੰਨ ਚਾਰ ਚੌਥਾ ਜੁਗ ਆਉਂਦਿਆਂ ਦੇਰ ਲੱਗੇ ਨਾ ਰਾਈਆ । ਨਾਲੇ ਤਾਲੀ ਮਾਰੀ ਅੱਖਾਂ ਮੀਟੀਆਂ ਨਾਰਦ ਕਹੇ ਮੈਨੂੰ ਐਂ ਦਿਸਦਾ ਜਿਵੇਂ ਸਾਹਿਬ ਦੇ ਥੱਲੇ ਉਸ ਵੇਲੇ ਉਲਟੀ ਹੋਣੀ ਖਾਟੀ, ਉਲਟੀ ਮਤ ਦੀਨ ਦੁਨੀ ਕਰਾਈਆ । ਮੈਂ ਵੀ ਜ਼ਰੂਰ ਪੁੱਜਾਂ ਪੰਧ ਮੁਕਾ ਕੇ ਵਾਟੀ, ਵਟਣਾ ਮਲ ਕੇ ਜਾਵਾਂ ਚਾਈਂ ਚਾਈਆਂ । ਨੰਗੀ ਰੱਖਾਂ ਛਾਤੀ, ਛਾਤੀ ਠੋਕ ਕੇ ਕਹਾਂ
੧੧੬੦ ਛਤਰਧਾਰੀ ਦੇਣੇ ਰੁਲਾਈਆ । ਇਹ ਮੇਰੀ ਖ਼ੁਸ਼ੀ ਦੀ ਕਹਾਣੀ ਕੋਈ ਕੀਤੀ ਨਹੀਂ ਗੁਸਤਾਖ਼ੀ, ਸਚ ਦੀ ਸਚ ਦਿਤੀ ਸੁਣਾਈਆ । ਪਰ ਯਾਦ ਰੱਖੀਂ ੧੧੬੦
੨੨ ਸੰਮਤ ਸ਼ਹਿਨਸ਼ਾਹੀ ਸੱਤ ਦੀ ਸਧਰਾਂ ਭਰੀ ਆਉਣੀ ਵਿਸਾਖੀ, ਚੌਦਾਂ ਚੌਦਸ ਚੌਦਾਂ ਵੰਡ ਵੰਡਾਈਆ । ਪੰਜਾਂ ਪਿਆਰਿਆਂ ਇਸ਼ਨਾਨ ਕਰਨਾ ਸਾਢੇ ੨੨
ਦਸ ਵੱਜੇ ਰਾਤੀਂ, ਉਂਗਲਾਂ ਦਸ ਦਸ ਸਿਰ ਉਤੇ ਟਿਕਾਈਆ । ਪੰਜਾਂ ਲਿਖਾਰੀਆਂ ਲੇਖ ਲਿਖਣਾ ਬਹਿ ਕੇ ਉਤੇ ਖਾਟੀ, ਹਰਿ ਭਗਤ ਦਵਾਰ ਸੋਭਾ ਪਾਈਆ । ਪੰਜਾਂ ਦਰਬਾਰੀਆਂ ਸੀਸ ਉਤੇ ਪੰਜ ਪੰਜ ਸੇਰ ਦੀ ਸਿਰ ਤੇ ਚੁੱਕੀ ਹੋਵੇ ਜਲ ਵਾਲੀ ਚਾਟੀ, ਭਾਂਡਾ ਕੱਚਾ ਮਿੱਟੀ ਸੋਭਾ ਪਾਈਆ । ਉਹ ਅੰਮ੍ਰਿਤ ਜਲ ਪੁਰਖ ਅਕਾਲ ਦੀਨ ਦਿਆਲ ਸਭ ਨੂੰ ਬਖ਼ਸ਼ਣਾ ਨਾਲ ਪ੍ਰੇਮ ਵਾਲੀ ਗਲਾਸੀ, ਰਸ ਜਾਮ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰੇ ਅਨਪਛਾਤੀ, ਬੇਪਹਿਚਾਨ ਆਪਣਾ ਹੁਕਮ ਵਰਤਾਈਆ ।

✪ ੨੯ ਫੱਗਣ ਸ਼ਹਿਨਸ਼ਾਹੀ ਸੰਮਤ ੬ ਬੂੜ ਸਿੰਘ ਦੇ ਗ੍ਰਿਹਿ ਪਿੰਡ ਵਜੀਰ ਪੁਰ ਜ਼ਿਲਾ ਗੁਰਦਾਸ ਪੁਰ ✪

ਨਾਰਦ ਕਹੇ ਪ੍ਰਭੂ ਮੈਨੂੰ ਪੈਗ਼ੰਬਰ ਮਾਰਦੇ ਦਾਬੇ, ਮੁਕਾਮੇ ਹੱਕ ਹੱਕ ਅਖਵਾਈਆ । ਕੁਛ ਲੇਖਾ ਦੱਸ ਦੇ ਜੋ ਬਗ਼ਦਾਦ ਜਣਾਇਆ ਨਾਨਕ ਬਾਬੇ, ਬਾਬਲ ਤੇਰਾ ਭੇਵ ਰਹੇ ਦ੍ਰਿੜਾਈਆ । ਵਾਹਿਦ ਖ਼ੁਦਾ ਖ਼ੁਦ ਝਗੜਾ ਪਾਉਣਾ ਕਾਅਬੇ, ਮਹਿਰਾਬਾਂ ਰੋਵਣ ਮਾਰਨ ਧਾਈਆ । ਉਮਤ ਉਮਤੀ ਆਉਣਾ ਅਜ਼ਾਬੇ, ਰਸੂਲ ਨਬੀ ਵੇਖ ਵਖਾਈਆ । ਜੋ ਲੇਖਾ ਲਿਖਿਆ ਹਜ਼ਰਤ ਮੁਹੰਮਦ ਦੀ ਕਿਤਾਬੇ, ਕੁਤਬਖ਼ਾਨਿਆਂ ਤੋਂ ਬਾਹਰ ਰਿਹਾ ਸਮਝਾਈਆ । ਸਦੀ

ਚੌਧਵੀਂ ਅੰਤ ਸਭ ਨੇ ਹੋਣਾ ਲਾਜੁਆਬੇ, ਲਾਸ਼ਰੀਕ ਲੇਖਾ ਮੰਗੇ ਥਾਉਂ ਥਾਈਆ । ਦਰੋਹੀ ਪਰਵਰਦਿਗਾਰ ਨੇ ਬਦਲ ਲਏ ਇਰਾਦੇ, ਦਲੀਲ ਦਲੀਲ ਵਿਚੋਂ ਬਦਲਾਈਆ । ਲਹਿਣਾ ਵੇਖੇ ਪੁੰਨ ਸਵਾਬੇ, ਹਜ਼ਰਤਾਂ ਦਾ ਹਜ਼ਰਤ ਬੇਪਰਵਾਹੀਆ । ਚਾਰ ਕੁੰਟ ਦਹਿ ਦਿਸ਼ਾ ਸ਼ੋਰੋ ਗ਼ੁਲ ਦਾ ਡੰਕਾ ਵਾਜੇ, ਵਜ਼ਾਹਤ ਨਾਲ ਸਕੇ ਨਾ ਕੋਇ ਸਮਝਾਈਆ । ਲੇਖਾ ਵੇਖਣਾ ਜਿਹੜੇ ਪਸ਼ੂ ਢੋਰ ਖਾਂਦੇ, ਪੰਛੀਆਂ ਖੱਲ ਲੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਪੈਗ਼ੰਬਰ ਵੇਖਣ ਅਗੰਮਾ ਹਰਫ਼, ਜਿਸ ਨੂੰ ਅਲਿਫ਼ ਧੇ ਨਾ ਸਕੇ ਸਮਝਾਈਆ । ਜਿਸ ਨਾਲ ਸਭ ਨੂੰ ਦੇਂਦਾ ਰਿਹਾ ਸ਼ਰਫ਼, ਮੁਸ਼ੱਰਫ਼ ਨਾਲ ਵਡਿਆਈਆ । ਉਸ ਨਾਲ ਕਰਨ ਲੱਗਾ ਬੇਤਰਫ਼, ਤਰਫ਼ਦਾਰੀ ਨਾ ਕੋਇ ਜਣਾਈਆ । ਝਗੜਾ ਪਾਏ ਗਰਬਨ ਸ਼ਰਕ, ਸ਼ਰਤੀਆ ਆਪਣਾ ਹੁਕਮ ਵਰਤਾਈਆ । ਆਪਣਾ ਹੁਕਮ ਨਾ ਕਰੇ ਤਰਕ, ਤੁਰਕੀ ਵਾਲੇ ਤੁਰਤ ਲਏ ਉਠਾਈਆ । ਸਦੀ ਚੌਧਵੀਂ ਅੰਤ ਪੈਣ ਨਾ ਦੇਵੇ ਫ਼ਰਕ, ਫ਼ਿਰਕੇਦਾਰ ਕਰੇ ਖ਼ਲਕ ਖ਼ੁਦਾਈਆ । ਮੁਹੰਮਦ ਦਾ ਵਾਅਦਾ ਪੂਰਾ ਕਰੇ ਸ਼ਰਤ, ਸ਼ਰਅ ਦੀ ਸ਼ਰੀਅਤ ਦੇ ਬਦਲਾਈਆ । ਲੇਖਾ ਤਕੇ ਉਪਰ ਅਰਸ਼, ਅਰਸ਼ਾਂ ਦਾ ਮਾਲਕ ਨੂਰ ਇਲਾਹੀਆ । ਨਿਗਹ ਮਾਰ ਉਪਰ ਫ਼ਰਸ਼, ਜ਼ਿਮੀਂ ਜ਼ਮਾਂ ਖੋਜ ਖੁਜਾਈਆ । ਸੂਫ਼ੀਆਂ ਉਤੇ ਮੁਹੱਬਤ ਦਾ ਕਰੇ ਤਰਸ, ਰਹਿਮਤ ਹਕੀਕਤ ਹੱਕ ਰਖਾਈਆ । ਨੂਰ ਅਲਾਹੀ ਜੋਤੀ ਧਾਰ ਨਰ ਨਰਾਇਣ ਹੋ ਕੇ ਦੇਵੇ ਦਰਸ, ਪਰਦਾ ਪਰਦਾਨਸ਼ੀਂ ਆਪ ਉਠਾਈਆ । ਮੁਹੰਮਦ ਦੀ ਮਹਿਬੂਬ ਮੁਹੱਬਤ ਵਿਚ ਮੇਟੇ ਹਰਸ, ਹਵਸ
੧੧੮੧ ਅਗਲੀ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ੧੧੮੧
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਹੁਕਮ ਹਾਕਮ ਹੋ ਕੇ ਲਏ ਵਰਤ, ਵਰਤਮਾਨ ਆਪਣੀ ਖੇਲ ਖਿਲਾਈਆ ।

੨੨ ੨੨

**✪ ੨੯ ਫੱਗਣ ਸ਼ਹਿਨਸ਼ਾਹੀ ਸੰਮਤ ੬ ਦਲੀਪ ਸਿੰਘ ਦੇ ਗ੍ਰਿਹਿ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ ✪**

ਨਾਰਦ ਕਹੇ ਮੈਂ ਨਿਰਗੁਣ ਧਾਰ ਨੱਠਾ, ਦਿਵਸ ਦਿਹਾੜੇ ਭੱਜਾ ਵਾਹੋ ਦਾਹੀਆ । ਹਜ਼ਰਤ ਈਸਾ ਮੂਸਾ ਮੁਹੰਮਦ ਵੇਖਿਆ ਇਕੱਠਾ, ਬਹਿ ਕੇ ਮਤਾ ਪਕਾਈਆ । ਇਸ਼ਾਰਾ ਕਰਨ ਲਹਿੰਦੀ ਦਿਸ਼ਾ ਉਡਦਾ ਘੱਟਾ, ਖ਼ਾਕੀ ਖ਼ਾਕ ਦੁਹਾਈਆ । ਨਾਲੇ ਕਢ ਕੇ ਸਦੀ ਚੌਧਵੀਂ ਵੀਹਵੀਂ ਦਾ ਵੇਖਣ ਪਟਾ, ਜੋ ਧੁਰਦਰਗਾਹੀ ਦਿਤਾ ਫੜਾਈਆ । ਫੇਰ ਉਮਤ ਦਾ ਚੀਥੜ ਵੇਖਣ ਫਟਾ, ਅਗੰਮ ਲੋਇਣ ਅੱਖ ਖੁਲ੍ਹਾਈਆ । ਫੇਰ ਤੱਕਣ ਮਾਨਵ ਮਾਨਵ ਦਿਸਦਾ ਰੱਟਾ, ਅੱਲਾ ਰਾਮ ਨਾਲ ਦੁਹਾਈਆ । ਨਿਗਹ ਮਾਰੀ ਧੁਰ ਦੇ ਨਾਮ ਦਾ ਲੱਗਾ ਠੱਪਾ, ਨਾ ਕੋਈ ਮੇਟੇ ਮੇਟ ਮਿਟਾਈਆ । ਚੌਦਾਂ ਲੋਕ ਰਹਿਣਾ ਨਹੀਂ ਹੱਟਾ, ਚੌਦਾਂ ਤਬਕ ਤਬਕ ਦੁਹਾਈਆ । ਹਿੱਸਾ ਰਹੇ ਕੋਇ ਨਾ ਖੱਤਾ, ਸਾਂਝੀ ਗੰਢ ਨਾ ਕੋਇ ਰਖਾਈਆ । ਜੁੱਸਾ ਜਿਸਮ ਜ਼ਮੀਰ ਸਭ ਦਾ ਹੋਣਾ ਤਤਾ, ਤਤਵ ਤਤ ਨਾ ਕੋਇ ਬੁਝਾਈਆ । ਧੁਰ ਦੇ ਹੁਕਮ ਵਿਚ ਫ਼ਰਕ ਪੈਣਾ ਨਹੀਂ ਰਤਾ, ਖਾਲਕ ਮਾਲਕ ਰਿਹਾ ਜਣਾਈਆ । ਲੇਖਾ ਜਾਣੇ ਯਥਾਰਥ ਯਥਾ, ਯਦੀ ਆਪਣਾ ਹੁਕਮ ਵਰਤਾਈਆ । ਝਗੜਾ ਵੇਖਣ ਕਾਇਆ ਮੱਟਾ, ਸਾਢੇ ਤਿੰਨ ਹੱਥ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੈਂ ਵੇਖਿਆ ਪਿਛਾ ਪਰਤ,

ਪ੍ਰਭ ਪ੍ਰੀਤਮ ਵੱਲ ਧਿਆਨ ਲਗਾਈਆ । ਨਿਗਹ ਮਾਰੀ ਫੇਰ ਉਪਰ ਧਰਤ, ਧਵਲ ਧੌਲ ਵੇਖ ਵਖਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਆਪਣੀ ਸ਼ਰਅ ਦੀ ਵੇਖਣ ਸ਼ਰਤ, ਪਰਦਾ ਪਰਦਿਆਂ ਵਿਚੋਂ ਉਠਾਈਆ । ਸਾਡੀ ਮਨਜ਼ੂਰ ਹੋਈ ਅਰਜ਼, ਆਰਜ਼ੂ ਅਵਰ ਰਹੀ ਨਾ ਰਾਈਆ । ਪਰਵਰਦਿਗਾਰ ਸਾਂਝਾ ਯਾਰ ਖੇਲ ਕਰੇ ਅਸਚਰਜ, ਅਚਰਜ ਲੀਲਾ ਆਪ ਬਣਾਈਆ । ਜਿਸ ਦੇ ਕੋਲ ਚਾਰ ਜੁਗ ਦੀ ਪਿਛਲੀ ਫ਼ਰਦ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੁਕਿਆ ਰਹਿਣ ਕੋਇ ਨਾ ਪਾਈਆ । ਸੋ ਖੇਲ ਕਰੇ ਯੋਧਾ ਸੂਰਬੀਰ ਮਰਦਾਨਾ ਮਰਦ, ਮਦਦ ਮੰਗ ਨਾ ਕੋਇ ਮੰਗਾਈਆ । ਉਮਤ ਉਲਟੀ ਕਰੇ ਨਰਦ, ਪੁੱਠੀ ਸਿੱਧੀ ਸਕੇ ਨਾ ਕੋਇ ਬਣਾਈਆ । ਸ਼ਰਅ ਛੁਰੀ ਮਜ਼੍ਹਬ ਦੀ ਮੇਟੇ ਕਰਦ, ਕਾਤਲ ਮਕਤੂਲ ਕਤਲਗਾਹ ਦਾ ਲੇਖ ਮੁਕਾਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦ, ਦੁਖੀਆਂ ਦੀਨ ਦਿਆਲ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਮੈਂ ਵੀ ਕੋਲ ਜਾ ਕੇ ਗਿਆ ਝੁਕ, ਸੱਜਦਾ ਸੀਸ ਝੁਕਾਈਆ । ਸੁਭਾਵਕ ਲਿਆ ਪੁਛ, ਪੈਗ਼ੰਬਰੋ ਮੈਨੂੰ ਦਿਉ ਦ੍ਰਿੜਾਈਆ । ਤੁਹਾਡੀ ਉਮਤ ਦੇ ਕੋਲ ਕੀ ਕੁਛ, ਕੀ ਕਲਮਾ ਆਏ ਵਰਤਾਈਆ । ਹਜ਼ਰਤ ਮੁਹੰਮਦ ਕਿਉਂ ਕਟਾਈ ਮੁੱਛ, ਲਬਾਂ ਦੇਣ ਦੁਹਾਈਆ । ਸਦੀ ਚੌਧਵੀਂ ਕਿਉਂ ਨਹੀਂ ਹੁੰਦੇ ਖ਼ੁਸ਼, ਖ਼ੁਸ਼ਹਾਲੀ ਵਿਚ ਵੱਜੇ ਵਧਾਈਆ । ਤੁਸੀਂ ਕਿਉਂ ਡਰਦੇ ਪੁਰਖ ਅਕਾਲ ਦਾ ਇਕੋ ਸ਼ਬਦੀ ਉਠਿਆ ਸੁਤ, ਸੁਤ ਦੁਲਾਰਾ ਲਏ ਅੰਗੜਾਈਆ । ਜਿਸ ਨੇ ਦੀਨ ਦੁਨੀ ਜ਼ਾਤ ਪਾਤ ਮਜ਼੍ਹਬ ਸ਼ਰਅ ਦੀ ਬਦਲਣੀ ਰੁਤ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਜਿਸ ਨੇ ਤੁਹਾਡੇ ਖ਼ਾਲੀ ਕੀਤੇ ਕਾਇਆ ਵਾਲੇ ਬੁਤ, ਬੁਤਖ਼ਾਨੇ ਰੋਵਣ ਮਾਰਨ ਧਾਈਆ । ਉਸ ਨੇ ਸਭ ਦੀ ਬਦਲ ਦੇਣੀ ਰੁਤ, ਰੁਤੜੀ ਇਕੋ ਇਕ ਮਹਿਕਾਈਆ । ਮੂਸੇ ਕਿਹਾ ਨਾਰਦ ਔਹ ਵੇਖ ਪਈ ਲੁੱਟ, ਚਾਰੋਂ ਕੁੰਟ ਧਿਆਨ ਲਗਾਈਆ । ਹਜ਼ਰਤ ਈਸਾ ਕਹੇ ਸਾਥੋਂ ਸਭ ਕੁਛ ਜਾਣਾ ਛੁੱਟ, ਨਾਤਾ ਸਕੇ ਨਾ ਕੋਇ ਜੁੜਾਈਆ । ਨਾਰਦ ਫੜ ਕੇ ਆਪਣਾ ਆਪੇ ਗੁਟ, ਹਲੂਣਾ ਦਿਤਾ ਲਗਾਈਆ । ਬਹੁੜੀ ਤੁਹਾਡੇ ਕੋਲੋਂ ਸਭ ਕੁਛ ਜਾਣਾ ਖ਼ੁਸ, ਵਸਤ ਉਮਤ ਉਮਤੀ ਰਹਿਣ ਕੋਇ ਨਾ ਪਾਈਆ । ਮੈਨੂੰ ਐਂ ਜਾਪਦਾ ਸਭ ਨੇ ਇਕੋ ਅਗੰਮੀ ਗਾਉਣੀ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਧੁਰਦਰਗਾਹੀਆ । ਜਿਸ ਦਾ ਪ੍ਰਕਾਸ਼ ਹੋਣਾ ਅਗੰਮੀ ਜੋਤ, ਜੋਤੀ ਜਾਤਾ ਪੁਰਖ ਬਿਧਾਤਾ ਡਗਮਗਾਈਆ । ਨਾਰਦ ਕਹੇ ਪੈਗ਼ੰਬਰੋ ਰਸੂਲੋ ਨਬੀਉ ਅੱਜ ਦੀ ਇਹੋ ਤਕਰੀਰ ਬਹੁਤ, ਜੋ ਤਹਿਰੀਰ ਰੂਪ ਬਦਲਾਈਆ । ਸੁਬਹ ਫੇਰ ਮਿਲਾਂਗਾ ਨਾਲ ਸ਼ੌਕ, ਸ਼ਕ ਰਹਿਣ ਕੋਇ ਨਾ ਪਾਈਆ । ਹੁਣ ਮੈਨੂੰ ਪ੍ਰਭ ਦੇ ਚਰਨਾਂ ਵਿਚ ਜਾਣ ਦਿਉ ਪਹੁੰਚ, ਪੰਜੇ ਦੋਹਾਂ ਹੱਥਾਂ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦੀ ਸਚ ਚਲਾਏ ਰੌਂਸ, ਰਸਮ ਵਿਚ ਇਸਮ ਸਭ ਦਾ ਦਏ ਬਦਲਾਈਆ ।



੧੧੮੨
੨੨

✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ੬ ਪਿਆਰਾ ਸਿੰਘ ਦੇ ਗ੍ਰਿਹ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ ✪

ਨਾਰਦ ਕਹੇ ਪੈਗ਼ੰਬਰਾਂ ਮੈਨੂੰ ਵੱਟੀ ਘੂਰੀ, ਤਿਊੜੀ ਮੱਥੇ ਉਤੇ ਪਾਈਆ । ਪੰਡਤਾ ਗੱਲ ਸੁਣ ਜ਼ਰੂਰੀ, ਬ੍ਰਾਹਮਣਾ ਤੈਨੂੰ ਦਈਏ ਜਣਾਈਆ ।

ਸਾਡੇ ਕਲਮੇ ਦੀ ਕਰ ਮਸ਼ਹੂਰੀ, ਮਸ਼ਵਰਾ ਤੇਰੇ ਨਾਲ ਪਕਾਈਆ । ਸਾਡੀ ਰਹਿ ਵਿਚ ਹਜ਼ੂਰੀ, ਹਾਜ਼ਰ ਹੋ ਕੇ ਸੀਸ ਨਿਵਾਈਆ । ਨਾਰਦ ਕਹੇ ਮੈਂ ਪੁੱਠੇ ਹੱਥ ਜੋੜ ਕੇ ਕਿਹਾ ਕਲਜੁਗ ਦੇ ਜੰਮਿਉਂ ਮੈਥੋਂ ਹੁੰਦੀ ਨਹੀਂ । ਮੈਨੂੰ ਐਂ ਦਿਸਦਾ ਤੁਹਾਡੀ ਉਮਤ ਕੂੜੀ, ਅੰਤ ਕਹਿਣ ਕੋਇ ਨਾ ਪਾਈਆ । ਤੁਹਾਡੇ ਕੋਲ ਪੁਰਾਣੀ ਸਫ਼ਾ ਰਹਿਣੀ ਤੇ ਫੂਹੜੀ, ਦੂਜੀ ਵਸਤ ਨਜ਼ਰ ਕੋਇ ਨਾ ਆਈਆ । ਮੁਹੰਮਦ ਨੇ ਬੋਦੀ ਫੜ ਕੇ ਕਿਹਾ ਤੇਰੀ ਪੁੱਟ ਦੇਵਾਂ ਜੂੜੀ, ਫੜ ਕੇ ਦਿਤਾ ਹਿਲਾਈਆ । ਨਾਰਦ ਕਹੇ ਮੈਂ ਪਾ ਦੇਣੀ ਭਸੂੜੀ, ਪ੍ਰਭ ਨੂੰ ਕਹਿ ਕੇ ਕਲਾ ਉਲਟੀ ਦੇਣੀ ਭਵਾਈਆ । ਅੰਤ ਰਹਿਣ ਨਹੀਂ ਦੇਣੀ ਕਿਸੇ ਦੀ ਗ਼ਰੂਰੀ, ਗ਼ੁਰਬਤ ਸਭ ਦੀ ਬਾਹਰ ਕਢਾਈਆ । ਮੇਰਾ ਮਾਲਕ ਤੁਹਾਡਾ ਖ਼ੁਦਾ ਸਦਾ ਦਾ ਦਸਤੂਰੀ, ਦਸਤੂਰ ਆਪਣਾ ਨਾ ਕਦੇ ਬਦਲਾਈਆ । ਕਿਸੇ ਦੀ ਵੱਜਣ ਨਹੀਂ ਦੇਣੀ ਅੱਗੇ ਤੰਬੂਰੀ, ਤਾਰ ਸਿਤਾਰ ਸਭ ਦੀ ਦੇਣੀ ਹਿਲਾਈਆ । ਜੰਬੂ ਦੇਸ਼ ਖੇਲ ਵੇਖੋ ਜਮਹੂਰੀ, ਜ਼ਾਹਰ ਜ਼ਹੂਰ ਰਿਹਾ ਜਣਾਈਆ । ਮੂਸਾ ਹੱਸ ਪਿਆ ਨਾਰਦਾ ਤਕ ਪ੍ਰਕਾਸ਼ ਕੋਹਤੂਰੀ, ਤੁਰੀਆ ਤੋਂ ਬਾਹਰ ਦਰਸਾਈਆ । ਹਜ਼ਰਤ ਈਸਾ ਕਹੇ ਵਾਟ ਨਹੀਂ ਦੂਰੀ, ਦੂਰ ਦੁਰਾਡਾ ਪੰਧ ਨਾ ਕੋਇ ਰਖਾਈਆ । ਨਾਰਦ ਕਿਹਾ ਤੁਸੀਂ ਚੂਰਮਾ ਖਾਣਾ ਕਿ ਚੂਰੀ, ਮੈਨੂੰ ਦਿਉ ਸੁਣਾਈਆ । ਗਾਂ ਖਾਣੀ ਕਿ ਸੂਰੀ, ਸੂਰਮਿਓ ਛਾਤੀ ਤੇ ਹੱਥ ਮਾਰ ਕੇ ਦਿਉ ਦ੍ਰਿੜਾਈਆ । ਮੁਹੰਮਦ ਹੱਸ ਕੇ ਕਿਹਾ ਬ੍ਰਾਹਮਣਾ ਤੇਰੀ ਕਢ ਦਈਏ ਕੜਾਹ ਪੂੜੀ, ਦਬਦਬੇ ਨਾਲ ਜਣਾਈਆ । ਨਾਰਦ ਕਿਹਾ ਮੇਰਾ ਮੱਥਾ ਤਕੋ ਪੇਸ਼ਾਨੀ ਤਕੋ ਜਿਥੇ ਪ੍ਰਭ ਦੇ ਚਰਨਾਂ ਦੀ ਲੱਗੀ ਧੂੜੀ, ਧੂੜਾਂ ਤੁਹਾਡੀਆਂ ਦਿਆਂ ਉਡਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਨੂੰ ਇਕੱਠੇ ਕਰ ਕੇ ਰਿਹਾ ਨੂੜੀ, ਨਰੜ ਕੇ ਬੰਧਨ ਦੇਵੇ ਪਾਈਆ । ਸ਼ਰਅ ਦੀ ਜ਼ੰਜੀਰ ਹੱਥੋਂ ਚੂੜੀ, ਬੰਧਨ ਬੰਧ ਨਾ ਕੋਇ ਬੰਧਾਈਆ । ਜਿਸ ਨੇ ਦੀਨ ਦੁਨੀ ਕੀਤੀ ਮੂੜ੍ਹੀ, ਮੂਰਖ ਮੂਰਖਾਂ ਨਾਲ ਟਕਰਾਈਆ । ਉਹ ਤਕੋ ਜਿਹੜੀ ਨਾਨਕ ਖੇਲ ਕੀਤੀ ਸੀ ਖਡੂਰੀ, ਖ਼ੁਦ ਆਪਣਾ ਆਪ ਪੜਦਾ ਲਾਹੀਆ । ਆਪਣੀ ਕਾਇਆ ਵੇਖੋ ਕਾਅਬੇ ਵਾਲੀ ਖ਼ਾਲੀ ਦਿਸੇ ਚਟੂਰੀ, ਵਸਤ ਵਿਚ ਨਾ ਕੋਇ ਵਖਾਈਆ । ਰਬਾਬ ਸਿਤਾਰ ਤਕੋ ਤੰਬੂਰੀ, ਨਾੜੀ ਨਾੜੀ ਖੋਜ ਖੁਜਾਈਆ । ਤੁਹਾਡੀ ਉਮਤ ਤੁਹਾਡੇ ਅਮਾਮ ਅੱਗੇ ਭਰੇ ਨਾ ਕੋਇ ਹਜ਼ੂਰੀ, ਹਾਜ਼ਰ ਹਜ਼ੂਰ ਨਜ਼ਰ ਕੋਇ ਨਾ ਆਈਆ । ਤੁਸੀਂ ਸਾਰੇ ਪੈਗ਼ੰਬਰ ਮੇਰੇ ਹੋਵੋ ਮਸ਼ਕੂਰੀ, ਮੁਸ਼ਕਲ ਤੁਹਾਡੀ ਦਿਆਂ ਜਣਾਈਆ । ਕਿਸੇ ਦੀ ਰਹਿਣੀ ਨਹੀਂ ਸਬਰ ਸਬੂਰੀ, ਸਾਬਤ ਨਜ਼ਰ ਕੋਇ ਨਾ ਆਈਆ । ਸਾਰਿਆਂ ਦੀ ਮੰਜ਼ਲ ਕਰ ਦੇਣੀ , ਇੱਜ਼ਤ ਆਬਰੂ ਲੇਖਾ ਦਏ ਮੁਕਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸ਼ਾਹ ਸੁਲਤਾਨਾ ਅਲਾਹੀ ਰੂਪ ਨੂਰੀ, ਨੂਰ ਨੁਰਾਨਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੁਕਮ ਦੀ ਆਪਣੇ ਹੁਕਮ ਵਿਚੋਂ ਦਏ ਮਨਜ਼ੂਰੀ, ਮੋਹਰ ਧੁਰ ਦੇ ਨਾਮ ਵਾਲੀ ਲਗਾਈਆ ।

✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ੯ ਰਵੇਲ ਕੌਰ ਦੇ ਗ੍ਰਿਹ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ ✪

ਨਾਰਦ ਕਹੇ ਪੈਗ਼ੰਬਰੋ ਮੈਂ ਤੱਕਿਆ ਤੁਹਾਡਾ ਖ਼ੁਦਾ, ਖ਼ੁਦੀ ਤੁਹਾਡੇ ਨਾਲ ਰਖਾਈਆ । ਜਿਹੜਾ ਤੁਹਾਡੀ ਉਮਤ ਕਰਨ ਲੱਗਾ ਜੁਦਾ, ਨਾਤਾ

ਰਿਹਾ ਤੁੜਾਈਆ । ਤੁਸੀਂ ਕਿਉਂ ਕਹਿੰਦੇ ਉਸ ਨੂੰ ਖ਼ੁਦਾ, ਇਹੋ ਜੇਹੇ ਅਲਾਹ ਦਾ ਨਾਮ । ਤੁਸੀਂ ਸਾਰੇ ਕਹਿ ਦਿਓ ਅਲਵਿਦਾ, ਆਪਣਾ ਚੇਹਰਾ ਲਓ ਬਦਲਾਈਆ । ਤੁਹਾਡੇ ਉਤੇ ਕੀ ਉਹਦਾ ਦਬਦਬਾ, ਮੈਨੂੰ ਦਿਓ ਸੁਣਾਈਆ । ਉਸ ਦੇ ਨਾਲੋਂ ਮੈਂ ਚੰਗਾ ਰੱਬ ਰੱਬਾ, ਰੱਬੀ ਨੂਰ ਮੇਰਾ ਵੇਖੋ ਚਾਈਂ ਚਾਈਂਆ । ਮੇਰੇ ਕੋਲ ਪਿਆਰ ਮੁਹੱਬਤ ਲਬ ਲਬਾ, ਲਬਰੇਜ਼ ਪੈਮਾਨਾ ਦਿਆਂ ਵਖਾਈਆ । ਸਨਮੁਖ ਵੇਖੋ ਆਪਣਾ ਅੱਬਾ, ਆਬੇਹਯਾਤ ਦਿਆਂ ਪਿਆਈਆ । ਮੇਰੀ ਬੋਦੀ ਨੂੰ ਸਲਾਮ ਕਰੋ ਤੁਹਾਨੂੰ ਆਵੇ ਬੜਾ ਮਜ਼ਾ, ਰਸ ਅਨੋਖਾ ਦਿਆਂ ਵਖਾਈਆ । ਫੇਰ ਤੁਹਾਡੇ ਉਤੋਂ ਟਲ ਜਾਏ ਸਦੀ ਚੌਧਵੀਂ ਦੀ ਕਜ਼ਾ, ਕਾਜ਼ੀਆਂ ਮੁੱਲਾਂ ਦਿਉ ਸਮਝਾਈਆ । ਚਲਣਾ ਮੇਰੀ ਇਕ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਦਿਆਂ ਵਖਾਈਆ । ਨਹੀਂ ਤੇ ਤਕ ਲਉ ਸਭ ਨੂੰ ਮਿਲਣੀ ਜ਼ਰੂਰ ਸਜ਼ਾ, ਸਜ਼ਾ ਯਾਫ਼ਤ ਹੋਏ ਜਗਤ ਲੋਕਾਈਆ । ਮੈਂ ਫਿਰ ਕੇ ਆਇਆ ਸਭ ਦੇ ਅੰਦਰ ਕੀਤੀ ਗਜਾ, ਬੁਤਖ਼ਾਨੇ ਖੋਜ ਖੁਜਾਈਆ । ਪਰ ਯਾਦ ਕਰੋ ਇਧਰ ਵੇਖੋ ਮਖ਼ੌਲ ਨਾ ਮੰਨਿਉਂ ਸੰਬਲ ਵਿਚ ਤੁਹਾਡੇ ਸੰਭਾਲਣ ਵਾਲੇ ਦੀ ਜਗ੍ਹਾ, ਜੋ ਜਗਦੀਸ਼ ਮੇਰਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਸ਼ਰਅ ਧਾਰ ਮੇਟਣੀ ਹੱਦਾ, ਹਦੂਦ ਹਜ਼ਰਤਾਂ ਪਾਰ ਕਰਾਈਆ ।


੧੧੮੪
੨੨

## ✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ੬ ਦੀਦਾਰ ਸਿੰਘ ਗ੍ਰਿਹਿ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ✪

ਨਾਰਦ ਕਹੇ ਮਾਝੇ ਵਾਲਿਓ ਮੈਂ ਤੁਹਾਨੂੰ ਕਹਾਂ ਭਾਊ, ਭਾ ਮੇਰੇ ਨਾਲ ਲੈਣਾ ਕਰਾਈਆ । ਮੇਰੇ ਨਾਲ ਸੌਦਾ ਕਰੋ ਅਗਾਊ, ਧੁਰ ਦੇ ਹੁਕਮ ਨਾਲ ਜਣਾਈਆ । ਮੈਂ ਤੁਹਾਡੇ ਕੋਲ ਵੇਚਣੇ ਕੇਤੂ ਤੇ ਰਾਹੂ, ਬ੍ਰਾਹਮਣ ਹੋ ਕੇ ਨਛੱਤਰ ਤੁਹਾਡੇ ਹੱਥ ਫੜਾਈਆ । ਮੈਨੂੰ ਸ਼ਾਹੂਕਾਰ ਦੱਸਿਓ ਕੋਈ ਸਾਊ, ਜਿਹੜਾ ਠੱਗੀ ਨਾ ਕਦੇ ਕਮਾਈਆ । ਨਾਲ ਮੈਂ ਵੀ ਆਵਾਂ ਜਿਹੜਾ ਚਾਰ ਜੁਗ ਪ੍ਰਭ ਦਾ ਪੁਤ ਕਮਾਊ, ਦਿਵਸ ਰੈਣ ਭੱਜਾਂ ਵਾਹੋ ਦਾਹੀਆ । ਮੈਂ ਕਿਸੇ ਦਾ ਕੁਛ ਨਾ ਖਾਊਂ, ਸਾਰਿਆਂ ਦਾ ਖਾਧਾ ਪੀਤਾ ਕਢ ਕੇ ਆਪਣਾ ਝਟ ਲੰਘਾਈਆ । ਮੈਂ ਧਰਮ ਦਾ ਪਹਿਰੇਦਾਰ ਕਲਜੁਗ ਅੰਤ ਸੁਤਿਆਂ ਨੂੰ ਜਗਾਊਂ, ਹਲੂਣਾ ਦੇਵਾਂ ਥਾਉਂ ਥਾਈਂਆ । ਜਿਹੜੇ ਨਾ ਉਠਣ ਉਨ੍ਹਾਂ ਨੂੰ ਫੜੂੰ ਬਾਂਹੁ, ਬਾਹਾਂ ਨੂੰ ਫੜ ਕੇ ਦਿਆਂ ਉਠਾਈਆ । ਮੈਨੂੰ ਖੇਲ ਵੇਖਣ ਦਾ ਬੜਾ ਚਾਊ, ਚੁਕੰਨਾ ਹੋ ਕੇ ਭੱਜਾਂ ਵਾਹੋ ਦਾਹੀਆ । ਪੁਰਖ ਅਕਾਲ ਸਭ ਦਾ ਦੱਸਾਂ ਮਲਾਹੂ, ਖੇਵਟ ਖੇਟਾ ਇਕ ਵਖਾਈਆ । ਜੋ ਕਲਜੁਗ ਅੰਤ ਬਣੇ ਬੇਪਰਵਾਹੂ, ਬੇਪਰਵਾਹੀ ਵਿਚ ਸਮਾਈਆ । ਪੈਗ਼ੰਬਰਾਂ ਤੋਂ ਲੇਖਾ ਮੰਗੇ ਬਣ ਕੇ ਧੁਰ ਦਰਗਾਹੂ, ਸਚ ਦਾ ਮਾਲਕ ਇਕ ਅਖਵਾਈਆ । ਪਿਛਲੀ ਚਾਰ ਜੁਗ ਦੀ ਕੀਤੀ ਢਾਹੂ, ਢਾਹ ਕੇ ਖ਼ਾਕ ਦਏ ਮਿਲਾਈਆ । ਫਿਰ ਮੈਂ ਬਣਤ ਬਣਾਊਂ, ਘੜਨ ਭੰਨਣਹਾਰ ਦਇਆ ਕਮਾਈਆ । ਨਾਰਦ ਕਹੇ ਓਸ ਵੇਲੇ ਮੇਰੀ ਸੇਵਾ ਜ਼ਰੂਰ ਲਗਾਊ, ਲਗਨ ਇਕੋ ਇਕ ਬਣਾਈਆ । ਧਰਮ ਦੀ ਕੀਤੀ ਫੇਰ ਦੋਹਰਾਊਂ, ਦੋਹਰਾ ਆਪਣਾ ਖੇਲ ਖਿਲਾਈਆ । ਮੈਨੂੰ ਐਂ ਜਾਪਦਾ ਨਾਮ ਭੰਡਾਰਾ ਇਕ ਵਰਤਾਊ, ਵਾਰਸ ਹੋ ਕੇ ਆਪ ਵਖਾਈਆ । ਕਲਜੁਗ ਕੂੜੀ ਕਿਰਿਆ ਅੰਤ ਮੁਕਾਊ, ਮੁਕੰਮਲ ਆਪਣਾ ਹੁਕਮ ਸਮਝਾਈਆ । ਅਵਤਾਰਾਂ ਪੈਗ਼ੰਬਰਾਂ ਜ਼ਰੂਰ ਦਬਾਊ, ਸਿਰ ਸਕੇ ਨਾ ਕੋਇ ਉਠਾਈਆ । ਤ੍ਰੈਗੁਣ ਅਗਨੀ ਅੱਗ ਲਗਾਊ, ਦੋ

ਜਹਾਨ ਸਕੇ ਨਾ ਕੋਇ ਬੁਝਾਈਆ । ਭਗਤ ਭਗਵਾਨ ਦਾ ਸਿੱਕਾ ਜ਼ਰੂਰ ਚਲਾਊ, ਸੋਹੰ ਮੋਹਰ ਇਕ ਲਗਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਦੋ ਜਹਾਨ ਆਪ ਨਿਵਾਊ, ਸਿਰ ਸਕੇ ਨਾ ਕੋਇ ਉਠਾਈਆ । ਹਰਿਜਨ ਕੋਝੇ ਕਮਲੇ ਜ਼ਰੂਰ ਤਰਾਊ, ਭਗਤ ਸੁਹੇਲੇ ਪਾਰ ਲੰਘਾਈਆ । ਸਤਿਜੁਗ ਸਾਚਾ ਧਰਨੀ ਧਰਤ ਧਵਲ ਧੌਲ ਉਤੇ ਜ਼ਰੂਰ ਵਖਾਊ, ਘਰਾਨਾ ਇਕੋ ਇਕ ਵਖਾਈਆ । ਦੀਨ ਦੁਨੀ ਕੂੜ ਕੁੜਿਆਰ ਜ਼ਰੂਰ ਰਵਾਊ, ਧੀਰਜ ਧੀਰ ਨਾ ਕੋਇ ਰਖਾਈਆ । ਸਚ ਦਵਾਰਾ ਸਤਿ ਪੁਰਖ ਆਪ ਪਰਗਟਾਊ, ਪਰਗਣਾ ਇਕੋ ਇਕ ਵਖਾਈਆ । ਸਤਿ ਧਰਮ ਸਚ ਨਿਸ਼ਾਨ ਜ਼ਰੂਰ ਝੁਲਾਊ, ਜਗਤ ਜਹਾਨ ਨਜ਼ਰੀ ਆਈਆ । ਨਾਰਦ ਕਹੇ ਜਨ ਭਗਤਾਂ ਮਨਸਾ ਜ਼ਰੂਰ ਪੂਰ ਕਰਾਊ, ਕਰਵਟ ਬਦਲੇ ਧੁਰਦਰਗਾਹੀਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕ ਅਖਵਾਊ, ਆਖ਼ਰ ਆਪਣਾ ਹੁਕਮ ਵਰਤਾਈਆ । ਆਤਮ ਦਰਸੀ ਦਰਸ ਦਰਸਾਊ, ਦਹਿ ਦਿਸ਼ਾ ਨਜ਼ਰੀ ਆਈਆ । ਕਲਜੁਗ ਅੰਤਮ ਚਿਖਾ ਬੁਝਾਊ ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਰਦ ਕਹੇ ਗ੍ਰਹਿ ਨਛੱਤਰ ਹੁਕਮੇ ਅੰਦਰ ਹੁਕਮ ਵਿਚ ਬਦਲਾਊ, ਬਦਲੀ ਬ੍ਰਹਮਾ ਵਿਸ਼ਨ ਸ਼ਿਵ ਆਪ ਕਰਾਈਆ ।



## ✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ੯ ਹਜ਼ਾਰਾ ਸਿੰਘ ਦੇ ਗ੍ਰਹਿ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ✪

੧੧੮੫



੨੨

ਨਾਰਦ ਕਹੇ ਮੈਂ ਪੈਗ਼ੰਬਰਾਂ ਕਿਹਾ ਤੁਹਾਡਾ ਪੈਂਡਾ ਮੁਕਾ, ਸਦੀ ਚੌਧਵੀਂ ਮੁਕੰਮਲ ਰਿਹਾ ਦ੍ਰਿੜਾਈਆ । ਹਜ਼ਰਤ ਮੁਹੰਮਦ ਆਹ ਲੈ ਅਗੰਮੀ ਰੁੱਕਾ, ਜੋ ਬਿਨਾ ਹਰਫ਼ ਹਰੂਫ਼ ਲਿਖਾਈਆ । ਅੱਗੇ ਕਲਮਾ ਹੋਣਾ ਸ਼ਬਦ ਦੋ ਤੁਕਾ, ਤੁਖਮ ਤਾਸੀਰ ਸਭ ਦੀ ਦਏ ਬਦਲਾਈਆ । ਪਾਣੀ ਰਹਿਣਾ ਨਹੀਂ ਕਿਸੇ ਹੁੱਕਾ, ਚਿਲਮ ਸਭ ਦੀ ਦਏ ਬੁਝਾਈਆ । ਅਗਲਾ ਭੇਵ ਰਹੇ ਨਾ ਛੁਪਾ, ਪਰਦਾ ਦਿਆਂ ਉਠਾਈਆ । ਪੁਰਖ ਅਕਾਲ ਇਕੋ ਸ਼ਬਦ ਉਠਾਉਣਾ ਦੁਲਾਰਾ ਸੁਤਾ, ਪੂਤ ਸਪੂਤ ਆਪ ਪਰਗਟਾਈਆ । ਜਿਸ ਲਹਿਣਾ ਤਕਣਾ ਪੰਜ ਤਤ ਕਾਇਆ ਬੁਤਾ, ਬੁਤਖ਼ਾਨਿਆਂ ਵੇਖ ਵਖਾਈਆ । ਝਗੜਾ ਪਾਉਣਾ ਦੀਪ ਕੁਸ਼ਾ, ਕਰੌਂਚ ਪੁਸ਼ਕਰ ਨਾਲ ਰਲਾਈਆ । ਵੇਖੋ ਅਗੰਮੀ ਧਾਰ ਹੋ ਕੇ ਉਠਾ, ਨਿਰਗੁਣ ਨਿਰਵੈਰ ਲਏ ਅੰਗੜਾਈਆ । ਮੇਰੇ ਗ਼ਰੀਬ ਉਤੇ ਤੁੱਠਾ, ਸਿਰ ਮੇਰੇ ਹੱਥ ਟਿਕਾਈਆ । ਸ਼ਬਦੀ ਧਾਰ ਫੜ ਕੇ ਗੁੱਟਾ, ਹਲੂਣਾ ਦਿਤਾ ਲਗਾਈਆ । ਔਹ ਤਕ ਮੁਹੰਮਦ ਦਾ ਤਾਰਾ ਨਿਸ਼ਾਨ ਜਾਂਦਾ ਟੁੱਟਾ, ਚੰਦ ਸੰਗ ਨਾ ਕੋਇ ਵਖਾਈਆ । ਈਸਾ ਮੂਸਾ ਪਾਉਣੀ ਫੁੱਟਾ, ਫੁਟਕਲ ਕਰੇ ਲੋਕਾਈਆ । ਕੂੜ ਕੁੜਿਆਰ ਪਾਉਣੀ ਲੁੱਟਾ, ਲੁਟੇਰਾ ਕਲਜੁਗ ਨਾਲ ਮਿਲਾਈਆ । ਸਭ ਦਾ ਭਾਗ ਦਿਸੇ ਨਿਖੁਟਾ, ਸਿਰ ਹੱਥ ਨਾ ਕੋਇ ਟਿਕਾਈਆ । ਮਾਣ ਰਹਿਣਾ ਨਹੀਂ ਲਬਾਂ ਮੁੱਛਾਂ, ਮੁਸ਼ਕਲ ਹੱਲ ਕਰੇ ਲੋਕਾਈਆ । ਮੁਹੰਮਦ ਮੇਰੀ ਗੱਲ ਦਾ ਕਰੀਂ ਨਾ ਗ਼ੁੱਸਾ, ਗਿਲਾ ਨਾ ਕੋਇ ਰਖਾਈਆ । ਮਕਬਰੇ ਵਿਚ ਤੇਰਾ ਕੁਰਲਾਵੇ ਜੁੱਸਾ, ਤਨ ਵਜੂਦ ਦਏ ਦੁਹਾਈਆ । ਦਰੋਹੀ ਖ਼ੁਦਾ ਮਹਿਬੂਬ ਤੇਰਾ ਵੇਲਾ ਪੁੱਜਾ, ਪੂਜਾ ਅਵਰ ਰਹੇ ਨਾ ਰਾਹੀਆ । ਲੇਖਾ ਪੂਰਾ ਹੋਣਾ ਕਲਜੁਗਾ, ਕਲਕਾਤੀ ਦਏ ਖਪਾਈਆ । ਇਕੋ ਨੂਰ ਇਲਾਹੀ ਹੋਣਾ ਉਘਾ, ਉਗਣ ਆਥਣ ਕਰੇ ਰੁਸ਼ਨਾਈਆ । ਸ਼ਬਦੀ ਧਾਰ ਖੇਲ ਵਰਤੇ ਉਤੇ ਬਸੁਧਾ, ਲੇਖਾ ਪੂਰਾ

ਕਰੇ ਜੋ ਅਰਜਨ ਗੁਰ ਸੰਦੇਸ਼ਾ ਦਿਤਾ ਬਾਬਾ ਬੁੱਢਾ, ਸ਼ਬਦੀ ਸ਼ਬਦ ਸੁਰਤ ਨਾਲ ਜਣਾਈਆ । ਜੋ ਆਸਾ ਪੂਰੀ ਰੱਖੀ ਮਹਾਤਮਾ ਬੁੱਧਾ, ਬੁੱਧੀ ਤੋਂ ਪਰੇ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਮੁਹੰਮਦ ਕਿਹਾ ਤਕ ਨੂਰ ਅਸਮਾਨੀ, ਇਸਮ ਆਜਮ ਇਕ ਜਣਾਈਆ । ਜਿਸ ਦਾ ਜਲਵਾ ਬਾਹਰ ਜਿਸਮ ਜਿਸਮਾਨੀ, ਜਲਵਾਗਰ ਅਗੰਮ ਅਥਾਹੀਆ । ਜਿਸ ਦੀ ਮੰਜ਼ਲ ਰੂਹੇ ਰਵਾਂ ਰੁਹਾਨੀ, ਰਜ਼ੀ ਅਜ਼ੀ ਨਜ਼ੀ ਆਜ਼ਮ ਇਕ ਅਖਵਾਈਆ । ਉਹ ਵੇਖੇ ਤੇਰੀ ਤਕਬੀਰ ਵਾਲੀ ਤਹਿਰੀਰ ਵਾਲੀ ਤਕਰੀਰ ਵਾਲੀ ਕਲਾਮੀ, ਕਲਮਾ ਕਲਮਿਆ ਵਿਚੋਂ ਖੋਜ ਖੁਜਾਈਆ । ਜੋ ਮਹਿਵ ਮਾਲਕ ਮਿਹਰਵਾਨ ਮਹਿਬੂਬ ਦੋ ਜਹਾਨੀ, ਸਾਂਝਾ ਯਾਰ ਦੋ ਜਹਾਨ ਅਖਵਾਈਆ । ਅਮਾਮ ਅਮਾਮਾ ਸ਼ਹਿਨਸ਼ਾਹ ਸੁਲਤਾਨੀ, ਨੂਰ ਜ਼ਹੂਰ ਇਕ ਵਖਾਈਆ । ਤੁਹਾਡੀ ਸ਼ਰਅ ਦੀ ਕਟੇ ਗ਼ੁਲਾਮੀ, ਸ਼ਾਹ ਹਕੀਰ ਵੇਖੇ ਥਾਉਂ ਥਾਈਆ । ਧੁਰ ਦੇ ਹੁਕਮ ਦਾ ਹੁਕਮ ਹੋਵੇ ਇਕਦਾਮੀ, ਕਾਮਲ ਮੁਰਸ਼ਦ ਦਏ ਦ੍ਰਿੜਾਈਆ । ਸਭ ਦਾ ਨਾਤਾ ਜੋੜਨਾ ਬਾਹਮੀ, ਮਜ਼੍ਹਬੀ ਵੰਡ ਨਾ ਕੋਇ ਵੰਡਾਈਆ । ਸਭ ਦਾ ਲਹਿਣਾ ਤਕੇ ਪੇਸ਼ਾਨੀ, ਧੁਰ ਮਸਤਕ ਖੋਜ ਖੁਜਾਈਆ । ਝਗੜਾ ਮੇਟੇ ਅੰਜੀਲ ਕੁਰਾਨੀ, ਕਾਇਆ ਕੁਰਹ ਵੇਖ ਵਖਾਈਆ । ਦੀਨ ਦੁਨੀ ਤਕੇ ਜਗਤ ਬੇਈਮਾਨ, ਬੇਪਰਵਾਹ ਆਪਣਾ ਪੜਦਾ ਆਪ ਉਠਾਈਆ । ਤੇਰੀ ਅੰਤ ਅਖ਼ੀਰ ਬੇਨਜ਼ੀਰ ਮਨਜ਼ੂਰ ਕਰੇ ਸਲਾਮੀ, ਸਲਾਮਾਲੈਕਮ ਅਲੈਕਮ ਸਲਾਮ ਸੁਲਹਕੁਲ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
੧੧੮੬ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਆਦਿ ਜੁਗਾਦਿ ਜੁਗ ਚੌਕੜੀ ੧੧੮੬
ਨਿਰਗੁਣ ਸਰਗੁਣ ਏਥੇ ਓਥੇ ਦੋ ਜਹਾਨੀ, ਦੋ ਜਹਾਨ ਸ੍ਰੀ ਭਗਵਾਨ ਭਗਵਨ ਆਪਣਾ ਹੁਕਮ ਵਰਤਾਈਆ ।



### ੨੮ ਫੱਗਣ ਸ਼ਹਿਨਸ਼ਾਹੀ ਸੰਮਤ ੬ ਆਸਾ ਸਿੰਘ ਬਲਾਕਾ ਸਿੰਘ ਦੇ ਘਰ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ

ਨਾਰਦ ਕਹੇ ਮੁਹੰਮਦ ਨੇ ਖੋਲ੍ਹਿਆ ਅਗੰਮੀ ਬਸਤਾ, ਬਿਨਾ ਸ਼ਰਅ ਤੋਂ ਸ਼ਰੀਅਤ ਤੋਂ ਬਾਹਰ ਕਢਾਈਆ । ਤੱਕਿਆ ਉਸ ਦਾ ਲੇਖ ਅੰਤਮ ਸਭ ਦਾ ਇਕੋ ਹੋਣਾ ਰਸਤਾ, ਰਹਿਬਰ ਇਕ ਹੋ ਆਈਆ । ਪਰਵਰਦਿਗਾਰ ਸਾਚਾ ਮਾਰਗ ਹੋਵੇ ਦੱਸਦਾ, ਹਕੀਕਤ ਦਾ ਪੜਦਾ ਆਪ ਉਠਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚੌਦਾਂ ਤਬਕਾਂ ਤੋਂ ਬਾਹਰ ਹੋਵੇ ਨੱਸਦਾ, ਦਹਿ ਦਿਸ਼ਾ ਭੱਜੇ ਵਾਹੋ ਦਾਹੀਆ । ਮਾਰਗ ਲਾਉਂਦਾ ਜਾਏ ਸਚ ਦਾ, ਸਚ ਕਰਨੀ ਕਾਰ ਕਮਾਈਆ । ਭੇਵ ਖੋਲ੍ਹਦਾ ਜਾਏ ਕਾਇਆ ਮਾਟੀ ਕੱਚ ਦਾ, ਕੰਚਨ ਗੜ੍ਹ ਆਪ ਸੁਹਾਈਆ । ਲੇਖਾ ਰਹਿਣ ਨਾ ਦੇਵੇ ਮਨਮਤ ਦਾ, ਗੁਰਮਤ ਇਕ ਦ੍ਰਿੜਾਈਆ । ਅੰਤਮ ਇਕੋ ਪਿਆਰ ਪਾਉਣਾ ਪੰਜ ਤਤ ਦਾ, ਤਤਵ ਤਤ ਆਪਣੇ ਰੰਗ ਰੰਗਾਈਆ । ਹੋਰ ਲੇਖਾ ਲੇਖ ਹੋਣਾ ਬ੍ਰਹਮ ਮਤ ਦਾ, ਮਤ ਮਤਾਂਤਰ ਡੇਰਾ ਢਾਹੀਆ । ਜੇਹੜਾ ਪੁਰਖ ਅਕਾਲ ਹਰ ਹਿਰਦੇ ਵਿਚ ਵਸਦਾ, ਲੱਖ ਚੁਰਾਸੀ ਰਿਹਾ ਸਮਾਈਆ । ਉਸ ਸੰਦੇਸ਼ਾ ਦੇਣਾ ਆਪਣੇ ਜਸ ਦਾ, ਸਿਫ਼ਤਾਂ ਵਾਲੀ ਸਿਫ਼ਤ ਪੜ੍ਹਾਈਆ । ਉਸ ਵੇਲੇ ਮੁਹੰਮਦ ਅਸਮਾਨਾਂ ਵੱਲ ਤਕਦਾ, ਤਾਕਤ ਬਿਨ ਨੈਣਾਂ ਨੈਣ ਉਠਾਈਆ । ਚਾਰਾ ਰਹਿਣਾ ਨਹੀਂ ਕਿਸੇ ਦੇ ਵਸ ਦਾ, ਤਾਕਤ ਸਕੇ ਨਾ ਕੋਇ ਅਜ਼ਮਾਈਆ । ਫੇਰ ਹੁਕਮ ਸੁਣਿਆ ਅਗੰਮੀ ਅਲੱਖ ਦਾ, ਅਲਖ ਅਗੋਚਰ

ਰਿਹਾ ਦ੍ਰਿੜਾਈਆ । ਧੁਰ ਅਮਾਮ ਖੇਲ ਕਰਨਾ ਪ੍ਰਤੱਖ ਦਾ, ਅਮਲਾਂ ਤੋਂ ਰਹਿਤ ਦਿਸੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੁਹੰਮਦ ਤਕੀ ਗੌਰ ਨਾਲ ਕਿਤਾਬ, ਬਿਨਾ ਕੁਤਬਖਾਨਿਉਂ ਹੱਥ ਉਠਾਈਆ । ਜਿਸ ਵਿਚ ਮਜ਼ਮੂਨ ਖ਼ੁਦ ਖ਼ੁਦਾ ਹੋਵੇ ਧੁਰ ਦਾ ਅਹਿਬਾਬ, ਮਿੱਤਰ ਪਿਆਰਾ ਧੁਰਦਰਗਾਹੀਆ । ਕਲਮਾ ਕਲਮੇ ਦੀ ਮਾਰੇ ਆਵਾਜ਼, ਸੋਈ ਕਾਇਨਾਤ ਆਪ ਉਠਾਈਆ । ਮੁਹੱਬਤ ਮਿਹਰ ਦੀ ਵਜਾਏ ਰਬਾਬ, ਰੱਬੀ ਨੂਰ ਆਪਣੀ ਦਇਆ ਕਮਾਈਆ । ਅੰਤਰ ਨਿਰੰਤਰ ਖੋਲ੍ਹੇ ਰਾਜ਼, ਪਰਦਾ ਪਰਦਿਆਂ ਵਿਚੋਂ ਉਠਾਈਆ । ਸ਼ਰਅ ਛੁਰੀ ਵਿਚੋਂ ਸਭ ਨੂੰ ਕਰੇ ਆਜ਼ਾਦ, ਕਾਤਲ ਮਕਤੂਲ ਦਾ ਲੇਖਾ ਦਏ ਮੁਕਾਈਆ । ਇਕੋ ਨਾਦ ਸੁਣਾਏ ਅਨਾਦੀ ਨਾਦ, ਅਨੁਰਾਗੀ ਆਪਣਾ ਆਪ ਦ੍ਰਿੜਾਈਆ । ਜਿਥੇ ਪੈਗ਼ੰਬਰਾਂ ਦਾ ਖ਼ਤਮ ਹੋ ਜਾਏ ਜੁਆਬ, ਸੁਆਲ ਦੀ ਜੁਰਤ ਨਾ ਕੋਇ ਰਖਾਈਆ । ਬਿਨਾ ਸੀਸ ਤੋਂ ਹੋਏ ਆਦਾਬ, ਸੱਜਦਿਆਂ ਵਿਚ ਨਿਉਂ ਨਿਉਂ ਲਾਗਣ ਪਾਈਆ । ਜੇਹੜੇ ਚੌਦਾਂ ਮਸਲੇ ਜ਼ਮੀਨ ਉਤੇ ਨਾਨਕ ਲਿਖੇ ਬਗ਼ਦਾਦ, ਬਗ਼ਲੀ ਕੰਧਿਆਂ ਉਤੇ ਟਿਕਾਈਆ । ਉਹ ਨੂਰੇ ਚਸ਼ਮ ਚਸ਼ਮੇ ਸ਼ਬਾਬ, ਜ਼ਵੇ ਜ਼ਹੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਦ੍ਰਿੜਾਈਆ । ਨਾਰਦ ਕਹੇ ਮੁਹੰਮਦ ਨੇ ਬਦਲਿਆ ਇਕ ਵਰਕਾ, ਵਾਕਿਆ ਤੱਕਿਆ ਬੇਪਰਵਾਹੀਆ । ਜਿਸ ਵਿਚ ਲੇਖਾ ਪਰਵਰਦਿਗਾਰ ਘਰ ਕਾ, ਗ੍ਰਿਹਿ ਇਕੋ ਨਜ਼ਰੀ ਆਈਆ । ਉਥੇ ਝਗੜਾ ਨਹੀਂ ਦਰਵੇਸ਼ ਦਰ ਕਾ, ਦਰ ਭਿਖਾਰੀ ਵੰਡ ਨਾ ਕੋਇ ਵੰਡਾਈਆ । ਮਿਹਰਵਾਨ ਮਹਿਬੂਬ ਮਿਹਰ ਆਪੇ ਕਰਦਾ, ਕਰਦਾਰ ਦੂਜਾ ਨਜ਼ਰ ਕੋਇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਸ ਆਪੇ ਧਰਦਾ, ਨਿਰਗੁਣ ਸਰਗੁਣ ਰੂਪ ਬਦਲਾਈਆ । ਕਲਮਾ ਕਾਇਨਾਤ ਨਬੀ ਰਸੂਲ ਹੋ ਕੇ ਆਪੇ ਪੜ੍ਹਦਾ, ਸੱਜਦਿਆਂ ਵਿਚ ਨਿਉਂ ਨਿਉਂ ਸੀਸ ਝੁਕਾਈਆ । ਮੜ੍ਹੀ ਮਸਾਣੀ ਆਪੇ ਰਿਹਾ ਸੜਦਾ, ਗੋਰ ਵਿਚ ਆਪਣਾ ਡੇਰਾ ਲਾਈਆ । ਉਹ ਲੇਖਾ ਜਾਣੇ ਚੋਟੀ ਜੜ੍ਹ ਦਾ, ਦੋ ਜਹਾਨਾਂ ਖੋਜ ਖੁਜਾਈਆ । ਇਸ਼ਾਰਾ ਕਰਦਾ ਮੁਹੰਮਦਾ ਜੋ ਜੰਮਦਾ ਸੋ ਅੰਤ ਜ਼ਰੂਰ ਮਰਦਾ, ਏਸੇ ਤਰਾਂ ਦੀਨ ਮਜ਼ਬ ਅੰਤ ਰਹਿਣ ਨਾ ਪਾਈਆ । ਇਹ ਖੇਲ ਹੋਣਾ ਨਰਾਇਣ ਨਰ ਦਾ, ਨਰ ਹਰਿ ਆਪਣੀ ਕਾਰ ਭੁਗਤਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਜੋ ਚਾਹੇ ਸੋ ਕਰਦਾ, ਕਰਨੀ ਦਾ ਕਰਤਾ ਦਾਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਮੰਜ਼ਲ ਅਗੰਮੀ ਆਪੇ ਚੜ੍ਹਦਾ, ਦਰਗਹ ਸਾਚੀ ਮੁਕਾਮੇ ਹੱਕ ਹੱਕ ਵਿਚ ਦਰਸਾਈਆ ।

## ✪ ੨੮ ਫੱਗਣ ਸ਼ਹਿਨਸ਼ਾਹੀ ਸੰਮਤ ੬ ਭਾਗ ਸਿੰਘ ਦੇ ਗ੍ਰਿਹਿ ਪਿੰਡ ਬਾਬੂ ਪੁਰ ਜ਼ਿਲਾ ਗੁਰਦਾਸ ਪੁਰ ✪

ਨਾਰਦ ਕਹੇ ਮੈਂ ਨਾਅਰਾ ਲਾਇਆ ਹੱਕ ਮੇਰੇ ਮੌਲਾ, ਤੇਰੀ ਬੇਪਰਵਾਹੀਆ । ਓਸ ਸੰਦੇਸ਼ਾ ਦਿਤਾ ਜਾ ਚੌਦਾਂ ਤਬਕਾਂ ਪਾ ਰੌਲਾ, ਹੋਕਾ ਦੇ ਧੁਰਦਰਗਾਹੀਆ । ਖ਼ਬਰਦਾਰ ਹੋ ਜਾਓ ਮੁਹੰਮਦ ਦਾ ਪੂਰਾ ਹੋਣ ਲੱਗਾ ਕੌਲਾ, ਇਕਰਾਰਨਾਮਾ ਦਏ ਦ੍ਰਿੜਾਈਆ । ਨਾਲੇ ਨਿਗਹ ਮਾਰੀ ਉਪਰ ਧੌਲਾ, ਧਰਤੀ ਵੇਖ ਵਖਾਈਆ । ਫੇਰ ਆਪਣਾ ਸੱਜਾ ਖੱਬਾ ਫ਼ਰਕਾ ਕੇ ਡੌਲਾ, ਬਿਨ ਬਾਹਵਾਂ ਲਈ ਅੰਗੜਾਈਆ । ਪਰਵਰਦਿਗਾਰ ਸਭ ਦਾ

ਭਾਰ ਕਰਨਾ ਹੌਲਾ, ਬੋਝਲ ਨਜ਼ਰ ਕੋਇ ਨਾ ਆਈਆ । ਉਹ ਖੇਲ ਕਰੇ ਜਲਦੀ ਜਲਦੀ ਤੌਲਾ, ਤਾਲਬ ਤਲਬ ਸਭ ਦੀ ਵੇਖ ਵਖਾਈਆ । ਨਾਲ ਹੱਸ ਕੇ ਕਰੀ ਮਖੌਲਾ, ਦੋਵੇਂ ਹੱਥ ਕੰਨਾ ਉਤੇ ਲਗਾਈਆ । ਖ਼ੁਦਾ ਬਖ਼ਸ਼ਣ ਵਾਲਾ ਤੁਹਾਨੂੰ ਨਿਆਜ਼ਾਂ ਵਾਲੀਆਂ ਚੌਲਾਂ, ਚਾਅ ਇਕੋ ਵਾਰ ਕਰਾਈਆ । ਤੁਹਾਡਾ ਲੇਖੇ ਲੱਗਣਾ ਪੇਕਾ ਸੌਹਰਾ, ਦੋ ਜਹਾਨ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਦੋਹਰੀ ਹੋ ਕੇ ਵੇਖੇ ਦੋਹਰਾ, ਜ਼ਾਹਰ ਜ਼ਹੂਰ ਆਪਣੀ ਕਰਨੀ ਆਪ ਕਰਾਈਆ ।



### ੨੮ ਫੱਗਣ ਸ਼ਹਿਨਸ਼ਾਹੀ ਸੰਮਤ ੬ ਮੇਲਾ ਸਿੰਘ ਦੇ ਗ੍ਰਿਹ ਪਿੰਡ ਬਾਬੂ ਪੁਰ ਜ਼ਿਲਾ ਗੁਰਦਾਸਪੁਰ

ਨਾਰਦ ਕਹੇ ਮੁਹੰਮਦਾ ਮੈਨੂੰ ਨਿਰਗੁਣ ਧਾਰ ਦੀ ਪਈ ਲਿਸ਼ਕ, ਚਮਕ ਚਮਕ ਵਿਚੋਂ ਨਜ਼ਰੀ ਆਈਆ । ਓਸ ਨੂੰ ਤਕ ਕੇ ਮੇਰਾ ਅੰਦਰ ਰਿਹਾ ਸਿਸਕ, ਹੌਕਿਆਂ ਵਿਚ ਰਿਹਾ ਜਣਾਈਆ । ਪੈਗ਼ੰਬਰਾ ਜੇ ਆਪਣੀ ਅੱਲਾ ਰਾਣੀ ਨਾਲ ਮੇਰਾ ਲਗਾ ਦਏਂ ਇਸ਼ਕ, ਪ੍ਰੇਮ ਪ੍ਰੇਮ ਵਿਚ ਬੰਧਾਈਆ । ਮੈਂ ਫੇਰ ਲੱਤਾਂ ਮਾਰੂੰ ਸਵਰਗ ਬਹਿਸ਼ਤ, ਜੱਨਤ ਦੀ ਲੋੜ ਰਹੇ ਨਾ ਰਾਈਆ । ਮੈਂ ਕੇਹੜਾ ਭੋਗੀ ਗ੍ਰਿਹਸਤ, ਜਗਤ ਵਾਸ਼ਨਾ ਨਾ ਕੋਇ ਰਖਾਈਆ । ਇਹੋ ਆਸ਼ਾ ਮੈਂ ਕੀਤੀ ਰਾਮ ਦੇ ਗੁਰੂ ਕੋਲ ਵਸ਼ਿਸ਼ਟ, ਵਿਸ਼ਿਆਂ ਤੋਂ ਬਾਹਰ ਦਿਤਾ ਦ੍ਰਿੜਾਈਆ । ਉਹ ਵੀ ਗਿਆ ਸੀ ਕੋਲੋਂ ਖਿਸਕ, ਪਲੂ ਗਿਆ ਛੁਡਾਈਆ । ਮੇਰੇ ਹੱਥ ਨਾ ਟਾਂਕ ਰਹੀ ਨਾ ਜਿਸਤ, ਨਿਰਗੁਣ ਸਰਗੁਣ ਦੋਵੇਂ ਕੰਮ ਕਿਸੇ ਨਾ ਆਈਆ । ਮੇਰੀ ਬੜੀ ਪੁਰਾਣੀ ਹਿਰਸ, ਹਵਸ ਦਿਆਂ ਦ੍ਰਿੜਾਈਆ । ਮੇਰੇ ਅੰਤਰ ਪ੍ਰੇਮ ਦੀ ਧਾਰ ਰਹੀ ਰਿਸਕ, ਬੂੰਦਾ ਬਾਂਦੀ ਮੇਘ ਬਰਸਾਈਆ । ਮੈਂ ਤਕਣਾ ਚਾਹੁੰਦਾ ਆਪਣੀ ਵਿਚ ਦ੍ਰਿਸ਼ਟ, ਦ੍ਰਿਸ਼ਟੀਕੋਣ ਨਜ਼ਰ ਕੋਇ ਨਾ ਆਈਆ । ਓਹ ਤਕ ਲੈ ਮੇਰੇ ਮਹਿਬੂਬ ਵਾਲੀ ਲਿਖਤ, ਜੋ ਲੇਖਾ ਧੁਰ ਦਾ ਰਹੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੁਹੰਮਦ ਸੁਣ ਲੈ ਮੈਥੋਂ ਅਗੰਮੀ ਬਾਣੀ, ਧੁਰ ਕਲਮੇ ਨਾਲ ਜਣਾਈਆ । ਤੇਰੀ ਅੱਲਾ ਰਾਣੀ ਦਾ ਮੈਂ ਹਾਣੀ, ਜੋੜ ਸੋਹਣਾ ਸੋਭਾ ਪਾਈਆ । ਸਾਡੇ ਪ੍ਰੇਮ ਪਿਆਰ ਮੁਹੱਬਤ ਦਾ ਬਣੇ ਆਬੇਹਯਾਤ ਪਾਣੀ, ਜਗਤ ਆਬ ਦੀ ਲੋੜ ਰਹੇ ਨਾ ਰਾਈਆ । ਜਗਤ ਨਮਾਜ਼ਾਂ ਤੋਂ ਪਰੇ ਦੀ ਸੁਣ ਕਹਾਣੀ, ਕਥਾ ਅਕਥ ਦਿਆਂ ਜਣਾਈਆ । ਜੇ ਮੈਨੂੰ ਇਹੋ ਜੇਹੀ ਮਿਲ ਜਾਏ ਸਵਾਣੀ, ਸੋਹਣਾ ਘਰ ਦਿਆਂ ਸੁਹਾਈਆ । ਚੌਦਾਂ ਤਬਕਾਂ ਵਿਚ ਖੇਲ ਕਰਾਂ ਮਹਾਨੀ, ਖ਼ਾਲਕ ਖ਼ਲਕ ਰੂਪ ਬਦਲਾਈਆ । ਤੈਨੂੰ ਫਿਰ ਖ਼ੁਸ਼ੀ ਨਾਲ ਦੇਵਾਂ ਪੈਗ਼ਾਮੀ, ਸੰਦੇਸ਼ਾ ਧੁਰਦਰਗਾਹੀਆ । ਮੈਂ ਸਭ ਦਾ ਅੰਤਰਜਾਮੀ, ਅੰਤਰਯਾਮਤਾ ਦਿਆਂ ਦ੍ਰਿੜਾਈਆ । ਨਾਲੇ ਕਹਾਂ ਮੈਂ ਤੇ ਮੇਰੀ ਰਾਣੀ ਦੇ ਹੁਕਮ ਨਾਲ ਗਲੋਂ ਲਾਹ ਦੇ ਗ਼ੁਲਾਮੀ, ਸ਼ਰਅ ਜ਼ੰਜੀਰ ਦੇ ਤੁੜਾਈਆ । ਉਹ ਤੱਕ ਜਲਵਾ ਅਵਾਮੀ, ਅਵਾਮ ਵਿਚ ਮੇਰਾ ਨੂਰ ਇਲਾਹੀਆ । ਹੁਣ ਮੈਥੋਂ ਝੱਲੀ ਨਹੀਂ ਜਾਂਦੀ ਬਦਨਾਮੀ, ਬਦੀ ਦਾ ਲੇਖਾ ਦੇਣਾ ਮੁਕਾਈਆ । ਕਿਉਂ ਮੈਂ ਸ਼ਹਿਨਸ਼ਾਹ ਸੁਲਤਾਨੀ, ਪਾਤਸ਼ਾਹ ਇਕ ਅਖਵਾਈਆ । ਜਿਸ ਨੇ ਕਲਮੇ ਅੰਦਰ ਭੇਜੇ ਕ੍ਰਿਸ਼ਨਾ ਰਾਮੀ, ਰਾਧੇ ਸੀਤਾ ਮੇਰੇ ਢੋਲੇ ਗਾਈਆ । ਮੈਂ ਬੜਾ ਗੁਣ ਨਿਧਾਨੀ, ਗਹਿਰ ਗੰਭੀਰ

ਅਖਵਾਈਆ । ਮੈਂ ਸਭ ਦੀ ਮੇਟਣੀ ਬੇਈਮਾਨੀ, ਅੰਤਰ ਅੰਤਰ ਵੇਖਾਂ ਚਾਈਂ ਚਾਈਆ । ਤੂੰ ਮੇਰਾ ਹੁਕਮ ਮਾਨੀ, ਮੇਰੇ ਤੋਂ ਦੂਰ ਹੋਰ ਖ਼ੁਦਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਲਕ ਧੁਰ ਦਾ ਅਨਾਮੀ, ਇਨਾਮ ਵਿਚ ਪੈਗ਼ਾਮ ਅਗਲਾ ਦਿਆਂ ਸੁਣਾਈਆ ।

✪ ੨੮ ਫੱਗਣ ਸ਼ਹਿਨਸ਼ਾਹੀ ਸੰਮਤ ੬ ਸੰਤਾ ਸਿੰਘ ਦੇ ਗ੍ਰਿਹ ਪਿੰਡ ਬਾਬੂ ਪੁਰ ਜ਼ਿਲਾ ਗੁਰਦਾਸ ਪੁਰ ✪

ਨਾਰਦ ਕਹੇ ਅੰਤ ਹੋਣਾ ਪਏ ਖ਼ਾਨਾਬਦੋਸ਼, ਘਰਾਨਾ ਨਜ਼ਰ ਕੋਇ ਨਾ ਆਈਆ । ਮਾਣ ਰਹੇ ਨਾ ਕਾਇਆ ਮਾਟੀ ਪੋਸ਼, ਪੁਸ਼ਤ ਪਨਾਹ ਹੱਥ ਨਾ ਕੋਇ ਰਖਾਈਆ । ਸਭ ਨੇ ਹੋ ਜਾਣਾ ਖ਼ਾਮੋਸ਼, ਖ਼ਾਹਮਖਾਹ ਆਪਣਾ ਹੁਕਮ ਨਾ ਕੋਇ ਵਰਤਾਈਆ । ਕਿਸੇ ਦਾ ਅੰਦਰ ਕਵੱਤ ਰਹਿਣਾ ਨਹੀਂ ਜੋਸ਼, ਜਵਾਂ ਮਰਦ ਨਾ ਕੋਇ ਅਖਵਾਈਆ । ਸਭ ਦੀ ਟਿਕਾਣੇ ਲਾਉਣੀ ਹੋਸ਼, ਹੁਸ਼ਿਆਰੀਆਂ ਨਾਲ ਪ੍ਰਭ ਆਪਣਾ ਹੁਕਮ ਵਰਤਾਈਆ । ਅੰਦਰ ਪੈਗ਼ੰਬਰੇ ਹੋਣਾ ਪਏ ਕਲਮਾ ਫ਼ਰੋਸ਼, ਫ਼ਰੋਖ਼ਤ ਕਰੇ ਥਾਉਂ ਥਾਈਂਆ । ਨਜ਼ਰੀ ਆਏ ਰੂ ਪੋਸ਼, ਗਲਾਫ਼ ਇਨਸਾਫ਼ ਵਿਚ ਦਏ ਦੁਹਾਈਆ । ਪਿਛਲੀ ਰਹੇ ਕੋਈ ਨਾ ਸੋਚ, ਸਮਝ ਅੱਗੇ ਦਏ ਜਣਾਈਆ । ਮੇਰੀ ਆਸ਼ਾ ਕਹਿੰਦੀ ਲੋਚ, ਤ੍ਰਿਸ਼ਨਾ ਦਏ ਦੁਹਾਈਆ । ਖੇਲ ਵਰਤੇ ਧੁਰ ਦਾ ਖੌਂਤ, ਖਸਮ ਨੂਰ ਇਲਾਹੀਆ । ਜਿਥੇ ਕਿਸੇ ਦੀ ਨਹੀਂ ਕੋਈ ਪਹੁੰਚ, ਆਪਣਾ ਬਲ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਦੀ ਧਾਰ ਮੇਟੇ ਅਦੌਤ, ਅਦਾਲਤ ਅਦਲ ਵਿਚ ਰਹਿਣ ਮੂਲ ਨਾ ਪਾਈਆ ।

✪ ੨੮ ਫੱਗਣ ਸ਼ਹਿਨਸ਼ਾਹੀ ਸੰਮਤ ੬ ਕਰਤਾਰ ਕੌਰ ਦੇ ਗ੍ਰਿਹ ਪਿੰਡ ਬਾਬੂ ਪੁਰ ਜ਼ਿਲਾ ਗੁਰਦਾਸ ਪੁਰ ✪

ਨਾਰਦ ਕਹੇ ਮੈਂ ਚੌਦਾਂ ਤਬਕ ਵੇਖੀ ਅਗੰਮੀ ਪੌਣ, ਪੌਣ ਪਾਣੀ ਤੋਂ ਬਾਹਰ ਨਜ਼ਰੀ ਆਈਆ । ਮੈਂ ਖ਼ੁਸ਼ੀ ਨਾਲ ਲੱਗਾ ਸੌਣ, ਆਸਣ ਸਿੰਘਾਸਣ ਇਕ ਵਿਛਾਈਆ । ਮੈਨੂੰ ਝਟ ਮੁਹੰਮਦ ਲੱਗਾ ਹਿਲਾਉਣ, ਹਲੂਣਾ ਇਕ ਲਗਾਈਆ । ਤੂੰ ਆਇਆ ਏਥੇ ਕੌਣ, ਕਾਫ਼ਰ ਡੇਰਾ ਲਾਈਆ । ਉਚੀ ਉਚੀ ਲੱਗਾ ਸੁਨਾਉਣ, ਜ਼ੋਰ ਜ਼ੋਰ ਨਾਲ ਸੁਣਾਈਆ । ਮੈਂ ਨੀਵੀਂ ਕਰ ਲਈ ਧੌਣ, ਉਚੀ ਅੱਖ ਨਾ ਮੂਲ ਉਠਾਈਆ । ਹੱਥ ਮਰੋੜ ਕੇ ਲੱਗਾ ਪਛਤਾਉਣ, ਪਸ਼ਚਾਤਾਪ ਵਿਚ ਸੁਣਾਈਆ । ਫਿਰ ਸਹਿਜ ਨਾਲ ਕਿਹਾ ਮੁਹੰਮਦਾ ਜਿਹੜਾ ਦੀਨ ਦੁਨੀ ਲੱਗਾ ਬਦਲਾਉਣ, ਦੋ ਜਹਾਨ ਵੇਖ ਵਖਾਈਆ । ਮੈਂ ਓਸ ਦਾ ਗਾਉਣ ਵਾਲਾ ਗਾਉਣ, ਢੋਲੇ ਸਿਫ਼ਤਾਂ ਵਾਲੇ ਸੁਣਾਈਆ । ਜਿਸ ਨੇ ਰਾਮ ਰੂਪ ਹੋ ਕੇ ਮਾਰਿਆ ਰੌਣ, ਰਾਵਣ ਦਹਿਸਰ ਦਿਤਾ ਢਾਹੀਆ । ਕੰਸ ਸਿੰਘਾਸਣ ਦਿਤਾ ਨਾ ਸੌਣ, ਕਾਹਨ ਹੋ ਕੇ ਲੇਖਾ ਦਿਤਾ ਮੁਕਾਈਆ । ਉਹ ਮੇਰਾ ਮਾਲਕ ਕਲਜੁਗ ਵਿਚ ਸਤਿਜੁਗ ਆਇਆ ਲਗਾਉਣ, ਧਰਮ ਦਾ ਰਾਹ ਇਕ ਚਲਾਈਆ । ਕੂੜੀ ਕਿਰਿਆ ਆਇਆ ਹਟਾਉਣ, ਮਾਇਆ ਮਮਤਾ ਮੋਹ ਗਵਾਈਆ । ਚਾਰ ਵਰਨ ਅਠਾਰਾਂ

ਬਰਨ ਹਿੰਦੂ ਮੁਸਲਿਮ ਸਿੱਖ ਈਸਾਈ ਇਕੱਠੇ ਆਇਆ ਕਰਾਉਣ, ਵਡੇ ਛੋਟੇ ਅਮੀਰ ਗ਼ਰੀਬ ਆਅਲਾ ਅਦਨਾ ਇਕੋ ਘਰ ਬਹਾਈਆ । ਸਚ ਪਿਆਰ ਦੀ ਭਗਤੀ ਆਇਆ ਸਮਝਾਉਣ, ਭਗਵਨ ਆਪਣੀ ਦਇਆ ਕਮਾਈਆ । ਜੁਗ ਜਨਮ ਦੇ ਵਿਛੜਿਆਂ ਆਇਆ ਮਿਲਾਉਣ, ਮੇਲਾ ਹਰਿ ਜਗਦੀਸ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਜਨਮ ਦੇ ਉਜੜਿਆਂ ਸਚਖੰਡ ਦਵਾਰ ਆਇਆ ਵਸਾਉਣ, ਦਰਗਾਹ ਸਾਚੀ ਸਚ ਘਰ ਬਹਾਈਆ ।

## ✪ ੨੮ ਫੱਗਣ ਸ਼ਹਿਨਸ਼ਾਹੀ ਸੰਮਤ ੬ ਹਜ਼ਾਰਾ ਸਿੰਘ ਦਲੀਪ ਸਿੰਘ ਦੇ ਗ੍ਰਿਹਿ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ ✪

ਨਾਰਦ ਕਹੇ ਮੁਹੰਮਦ ਹੁਕਮ ਸੁਣ ਅਗੰਮ ਰਹੀਮਾ, ਰਹਿਮਾਨ ਰਿਹਾ ਦ੍ਰਿੜਾਈਆ । ਸੰਦੇਸ਼ਾ ਦੇਵੇ ਉਹ ਖ਼ੁਦਾਵੰਦ ਕਰੀਮਾ, ਪੈਗ਼ਾਮ ਨੂਰ ਅਲਾਹੀਆ । ਸਭ ਦਾ ਹੱਕ ਹਕੂਕ ਜਾਣਾ ਛੀਨਾ, ਸ਼ਹਿਨਸ਼ਾਹ ਨਜ਼ਰ ਕੋਇ ਨਾ ਆਈਆ । ਜਿਸ ਖੇਲ ਕਰਨਾ ਉਤੇ ਜ਼ਮੀਨਾ, ਜ਼ਾਮਨੀ ਸਭ ਦੀ ਦਏ ਮੁਕਾਈਆ । ਉਮਤ ਉਮਤੀ ਹੋਣੀ ਗ਼ਮਗੀਨਾ, ਗ਼ਮਖਾਰ ਗ਼ਮੀ ਨਾ ਕੋਇ ਗਵਾਈਆ । ਦੁਲਦੁਲਾਂ ਉਤੇ ਰਹੇ ਕੋਇ ਨਾ ਜ਼ੀਨਾ, ਜ਼ੇਬੋਜ਼ੀਨਤ ਨਜ਼ਰ ਕੋਇ ਨਾ ਆਈਆ । ਅੰਤ ਸਭ ਨੂੰ ਕਹਿਣਾ ਪਏ ਅਮੀਨਾ, ਬਿਨ ਸੱਯਦਿਆਂ ਤੋਂ ਸੀਸ ਝੁਕਾਈਆ । ਜਿਸ ਨੇ ਤੁਹਾਡੀ ਬਦਲ ਦੇਣੀ ਤਾਲੀਮਾ, ਤਾਬਿਆਦਾਰੀ ਵਿਚ ਨਜ਼ਰ ਕੋਇ ਨਾ ਆਈਆ । ਉਹ ਮਾਲਕ ਆਲੀਸ਼ਾਨ ਅਜ਼ੀਮਾ, ਆਲੀਜਾਹ ਬੇਪਰਵਾਹੀਆ । ਉਹ ਜਿਸ ਨੇ ਲੇਖਾ ਮੁਕਾਉਣਾ ਮੱਕਾ ਮਦੀਨਾ, ਕਾਅਬਿਆਂ ਤੋਂ ਬਾਹਰ ਆਪਣਾ ਹੁਕਮ ਵਰਤਾਈਆ । ਧਰਤੀ ਦਾ ਸਾਫ਼ ਕਰਨਾ ਸੀਨਾ, ਸੀਨਾ ਬਸੀਨਾ ਆਪਣਾ ਹੁਕਮ ਚਲਾਈਆ । ਚੌਦਾਂ ਤਬਕ ਹੋਣੇ ਅਧੀਨਾ, ਸਿਰ ਸਕੇ ਨਾ ਕੋਇ ਉਠਾਈਆ । ਉਹ ਤਕ ਸਦੀ ਚੌਧਵੀਂ ਦਾ ਅੰਤ ਸਮਾਂ ਹੋਏ ਗ਼ਨੀਮਾ, ਗ਼ਨੀਮਤ ਵਿਚ ਆਪਣਾ ਖੇਲ ਖਿਲਾਈਆ । ਜੋ ਮਾਲਕ ਆਦਿ ਦਾ ਆਦਿ ਕਦੀਮਾ, ਕੁਦਰਤ ਦਾ ਕਾਦਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਦਰਗਹ ਸਾਚੀ ਦਰਮਜੋਸ਼ੇ ਮੁਜ਼ੀਅਜ਼ ਅਜ਼ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਮੈਂ ਸੁਣਿਆ ਪੈਗ਼ਾਮ ਪੇਚੀਦਾ, ਬੇਜ਼ਬਾਂ ਦਿਤਾ ਦ੍ਰਿੜਾਈਆ । ਰਾਜ਼ ਵੇਖਿਆ ਪੋਸ਼ੀਦਾ, ਬਾਤਨ ਪੜਦਾ ਦਿਤਾ ਖੁਲ੍ਹਾਈਆ । ਇਸ਼ਾਰਾ ਕੀਤਾ ਆਹ ਵੇਖ ਮੁਹੰਮਦ ਦੀਆਂ ਉਮੀਦਾਂ, ਆਮਦ ਵਿਚ ਬੈਠਾ ਰਾਹ ਤਕਾਈਆ । ਰਾਹ ਤਕੇ ਨਾਲ ਅਗੰਮੀ ਦੀਦਾ, ਦੀਦਾ ਦਾਨਿਸਤਾ ਧਿਆਨ ਲਗਾਈਆ । ਜਿਸ ਹੁਕਮ ਦੇ ਨਾਲ ਕਲਮਾ ਜਣਾਇਆ ਮਜਲਸ ਹਰਫ਼ ਹਰੂਫ਼ ਵਾਲੀ ਬਣਾਈਆ । ਸ਼ਰਅ ਦੀ ਕੀਤੀ ਤਮਹੀਦਾ, ਬੇਖ਼ਬਰਾਂ ਖ਼ਬਰ ਦ੍ਰਿੜਾਈਆ । ਪਿਆਰ ਬਖ਼ਸ਼ਿਆ ਅਜ਼ੀਜਾ, ਰਹਿਮਤ ਵਿਚ ਸਮਾਈਆ । ਹੱਕ ਦੀ ਦੇ ਤਮੀਜਾ, ਤਮਾ ਦਿਤੀ ਮਿਟਾਈਆ । ਜ਼ਰਾ ਉਸ ਨੂੰ ਤਕ ਲਾ ਕੇ ਨੀਝਾ, ਮੁਹੰਮਦ ਬਿਨ ਅੱਖਾਂ ਤੋਂ ਅੱਖ ਉਠਾਈਆ । ਕਿਸੇ ਦੇ ਕੋਲ ਦਰਗਹ ਵਾਲਾ ਨਹੀਂ ਵੀਜ਼ਾ, ਵੁਜ਼ੂ ਕੀਤੇ ਕੰਮ ਕਿਸੇ ਨਾ ਆਈਆ । ਹਕੀਕਤ ਦੀ ਜਾਣੇ ਕੋਇ ਨਾ ਈਦਾ, ਈਦੁਲਫ਼ਿਤਰ ਦਏ ਗਵਾਹੀਆ । ਸਭ ਨੂੰ ਗ਼ਫ਼ਲਤ ਵਿਚ ਆਈ ਨੀਂਦਾ, ਬੇਦਾਰੀ ਵਿਚ ਲਏ ਨਾ ਕੋਇ ਅੰਗੜਾਈਆ । ਉਹ ਵੇਖ ਸ਼ਹਾਦਤ ਦੇਂਦੇ ਹਸਨ ਹੁਸੈਨ ਜੋ ਹੋਏ ਸ਼ਹੀਦਾ, ਕਰਬਲੇ ਵਾਲੇ ਰੋਵਣ ਮਾਰਨ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਮੈਨੂੰ ਆਉਂਦੀ ਧੁਰ ਦੀ ਹਦਾਇਤ, ਹਦੂਦਾਂ ਤੋਂ ਬਾਹਰ ਜਣਾਈਆ । ਹਜ਼ਰਤ ਵੇਖ ਸ਼ਰਅ ਵਾਲੀ ਸ਼ਰਾਇਤ, ਸ਼ਰੀਅਤ ਕੀ ਸਮਝਾਈਆ । ਉਹ ਤਕ ਜੋ ਕਲਮਾ ਹੋਇਆ ਅਨਾਇਤ, ਬਖ਼ਸ਼ਿਸ਼ ਰਹਿਮਤ ਤੇਰੀ ਝੋਲੀ ਪਾਈਆ । ਉਸ ਨੇ ਕਿਸ ਦੀ ਕੀਤੀ ਸਮਾਇਤ, ਸਮੇਂ ਨਾਲ ਦੇ ਦ੍ਰਿੜਾਈਆ । ਕਿਸ ਦੇ ਵਿਚ ਇਸ਼ਾਇਤ, ਇਸ਼ਾਰਾ ਕਰ ਧੁਰਦਰਗਾਹੀਆ । ਸਦੀ ਚੌਧਵੀਂ ਕਿਸ ਬਿਧ ਹੋਏ ਰਿਆਇਤ, ਰਹਿਮਤ ਤੇਰੇ ਉਤੇ ਕਮਾਈਆ । ਮੁਹੰਮਦ ਕਿਹਾ ਇਹ ਹੁਕਮ ਇਕੋ ਵਾਹਿਦ, ਖ਼ਾਲਕ ਖ਼ਲਕ ਰਿਹਾ ਦ੍ਰਿੜਾਈਆ । ਜਿਸ ਦਾ ਫ਼ਰਮਾਨਾ ਮੇਰੇ ਉਤੇ ਹੋਇਆ ਆਇਦ, ਆਦਿ ਦਾ ਮਾਲਕ ਇਕ ਅਖਵਾਈਆ । ਉਹ ਬਖ਼ਸ਼ਿਸ਼ ਕਰੇ ਸ਼ਾਇਦ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਦੀ ਧਾਰ ਖੇਲ ਮੁਸ਼ਾਹਿਦ, ਮਸ਼ਵਰਾ ਮੁਸ਼ਹਿਰਿਆਂ ਵਿਚ ਕਦੇ ਨਾ ਲਿਆਈਆ ।

## ✪ ੨੯ ਫੱਗਣ ਸ਼ਹਿਨਸ਼ਾਹੀ ਸੰਮਤ ੬ ਕਿਸ਼ਨ ਸਿੰਘ ਦੇ ਗ੍ਰਿਹਿ ਪਿੰਡ ਅੱਲੜ੍ਹਪਿੰਡੀ ਜ਼ਿਲਾ ਗੁਰਦਾਸ ਪੁਰ ✪

ਨਾਰਦ ਕਹੇ ਭਗਤੋ ਵੇਖੋ ਮੇਰਾ ਗੁਣ, ਗੁਣੀ ਨਿਧਾਨ ਬਣ ਕੇ ਗਿਆ ਆਈਆ । ਮੇਰਾ ਸ਼ਬਦ ਲਓ ਸੁਣ, ਅਣਸੁਣਤ ਦਿਆਂ ਜਣਾਈਆ । ਸੁਣੋ ਅਨਾਦੀ ਧੁਨ, ਅਨਰਾਗੀ ਰਾਗ ਉਪਜਾਈਆ । ਕੁਛ ਮੈਨੂੰ ਦਾਨ ਕਰੋ ਪੁੰਨ, ਪੂਰਨ ਬ੍ਰਹਮ ਦਿਆਂ ਸਮਝਾਈਆ । ਮੈਨੂੰ ਇਉਂ ਜਾਪਦਾ ਤੁਹਾਨੂੰ ਪ੍ਰਭ ਨੇ ਲਿਆ ਚੁਣ, ਚੋਣਵੇਂ ਗੁਰਮੁਖ ਡੇਰਾ ਲਾਈਆ । ਮੈਂ ਵੀ ਬੜਾ ਪੁਰਾਣਾ ਮੁਨ, ਮੁਨੀਸ਼ਰ ਬੇਪਰਵਾਹੀਆ । ਤੁਸੀਂ ਸਾਰੇ ਦੱਸੋ ਰੱਬ ਨੇੜੇ ਕਿ ਘਸੁੰਨ, ਵੇਰਵਾ ਸਭ ਨੇ ਦੇਣਾ ਸੁਣਾਈਆ । ਓ ਤੁਸੀਂ ਉਸ ਪਰਮਾਤਮਾ ਨੂੰ ਮੰਨਦੇ ਜੇਹੜਾ ਭਵਾਵੇ ਵਿਚ ਲੱਖ ਚੁਰਾਸੀ ਜੂਨ, ਚਾਰੇ ਖਾਣੀਆਂ ਵਿਚ ਭਵਾਈਆ । ਮੇਰੇ ਕੋਲ ਪ੍ਰੇਮ ਪਿਆਰ ਦੀ ਪੌਣ, ਹੁਲਾਰਾ ਸਭ ਨੂੰ ਦਿਆਂ ਵਖਾਈਆ । ਮੈਂ ਪਿਆਰ ਵਿਚ ਸਭ ਨੂੰ ਦੇਣਾ ਸੌਣ, ਸੁਖ ਆਸਣ ਉਤੇ ਟਿਕਾਈਆ । ਤੁਸੀਂ ਮੇਰੇ ਸਾਥੀ ਬਣੋ ਮੈਂ ਤੁਹਾਨੂੰ ਆਇਆ ਜਗਾਉਣ, ਹਮਸਾਜਣ ਆਪਣੇ ਨਾਲ ਰਲਾਈਆ । ਦੱਸੋ ਤੁਹਾਡੇ ਵਿਚੋਂ ਪ੍ਰਭੂ ਨੂੰ ਛਡੇਗਾ ਕੌਣ, ਜਿਸ ਛਡ ਦੇਣਾ ਉਹ ਬਾਹਵਾਂ ਦਿਉ ਉਠਾਈਆ । ਫੇਰ ਆਕੜ ਨਾਲ ਫਿਰੋ ਉਚੀ ਕਰਕੇ ਧੌਣ, ਤੁਹਾਨੂੰ ਵਿਕਾਰ ਵਿਚੋਂ ਰੋਕਣ ਵਾਲਾ ਨਜ਼ਰ ਕੋਇ ਨਾ ਆਈਆ । ਗਾਂ ਸੂਰ ਨੂੰ ਪ੍ਰੇਮ ਨਾਲ ਛਕੋ ਤੇ ਤਿਆਰ ਹੋਵੋ ਵਾਸਤੇ ਛਕਾਉਣ, ਸ਼ਕਵਾ ਅੰਦਰ ਰਹੇ ਨਾ ਰਾਈਆ । ਤੁਹਾਨੂੰ ਕੀ ਲੋੜ ਪਈ ਏ ਉਸ ਪ੍ਰਭੂ ਦੇ ਗਾਉ ਗਾਉਣ, ਜਿਹੜਾ ਜਗ ਨੇਤਰਾਂ ਨਾਲ ਵੇਖਣ ਕੋਇ ਨਾ ਪਾਈਆ । ਮੇਰੇ ਵੱਲ ਤਕੋ ਮੈਂ ਤੁਹਾਨੂੰ ਆਪਣੇ ਕੋਲੋਂ ਸਭ ਕੁਛ ਆਇਆ ਦਵਾਉਣ, ਦੇਵਣਹਾਰਾ ਬਣ ਕੇ ਚਾਈਂ ਚਾਈਆ । ਜਗਤ ਭੈ ਵਿਚੋਂ ਆਇਆ ਕਢਾਉਣ, ਅਵਤਾਰ ਪੈਗ਼ੰਬਰ ਗੁਰੂ ਦਾ ਡਰ ਰਹੇ ਨਾ ਰਾਈਆ । ਮੈਂ ਇਕੋ ਸਿਖਿਆ ਆਇਆ ਪੜ੍ਹਾਉਣ, ਪੁਸਤਕ ਹੱਥ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਉਹ ਤਕੋ ਜੁਲਾਹਾ ਆਵੇ ਨੱਸਿਆ, ਕਬੀਰ ਵਾਹੋ ਦਾਹੀਆ । ਮੈਂ ਉਹਨੂੰ ਵੇਖ ਕੇ ਖਿੜ ਖਿੜਾ ਕੇ ਹੱਸਿਆ, ਤਾਲੀ ਹੱਥਾਂ ਵਾਲੀ ਵਜਾਈਆ । ਇਸ਼ਾਰਾ ਕੀਤਾ ਜਾ ਵੇਖ ਆਪਣੀ ਅੰਧੇਰੀ ਮੱਸਿਆ,

ਤੇਰੇ ਰਾਮ ਦਾ ਚੰਨ ਨਜ਼ਰ ਕੋਇ ਨਾ ਆਈਆ । ਅੱਖਰਾਂ ਵਾਲੇ ਵੇਖ ਜਸਿਆ, ਸਿਫ਼ਤਾਂ ਵਾਲੀ ਸਿਫ਼ਤ ਵਡਿਆਈਆ । ਤੇਰਾ ਪ੍ਰਭੂ ਕਿਸੇ ਦੇ ਨਹੀਂ ਅੰਦਰ ਵਸਿਆ, ਜਿਸ ਦੇ ਅੱਗੇ ਵਾਸਤੇ ਪਾ ਪਾ ਕੇ ਆਪਣਾ ਜਨਮ ਗਿਆ ਗਵਾਈਆ । ਉਹ ਤਕ ਇਕ ਹੋਰ ਖੇਲ ਹੋੜਾ ਉਪਰ ਸੱਸਿਆ, ਸਮਝ ਤੋਂ ਪਰੇ ਸਮਝ ਜਣਾਈਆ । ਹਾਹੇ ਦੀ ਟਿੱਪੀ ਦਾ ਲੇਖ ਕਿਸੇ ਨਾ ਲਿਖਿਆ, ਲੇਖਕ ਕਾਤਬ ਚਲੇ ਨਾ ਕੋਇ ਚਤੁਰਾਈਆ । ਕਲਜੁਗ ਚਾਰ ਕੁੰਟ ਫਿਰੇ ਨੱਠਿਆ, ਭੱਜੇ ਵਾਹੋ ਦਾਹੀਆ । ਝਟ ਬੋਦੀ ਤੇ ਹੱਥ ਮਾਰ ਕਹੇ ਆਹ ਵੇਖ ਕਲਜੁਗ ਅੰਤ ਸਭ ਦਾ ਅੰਤ ਅਖ਼ੀਰੀ ਪਟਿਆ, ਜੋ ਪਟਨੇ ਵਾਲਾ ਆਪਣੇ ਹੱਥ ਰਖਾਈਆ । ਜਿਨ੍ਹਾਂ ਦੀਨ ਦੁਨੀ ਨੂੰ ਜ਼ੀਰੋ ਕਰਨਾ ਜ਼ੀਰੋ ਨਾਲ ਬਟਿਆ, ਜ਼ੀਰੋ ਦਾ ਜ਼ੀਰੋ ਰੂਪ ਸਮਾਈਆ । ਉਹ ਵੇਖ ਮਾਤਲੋਕ ਵਿਚੋਂ ਸਭ ਦਾ ਨਾਮ ਕਟਿਆ, ਅੱਗੇ ਦਾਖ਼ਲਾ ਹੱਥ ਨਾ ਕਿਸੇ ਫੜਾਈਆ । ਜੇਹੜਾ ਖਾਧਾ ਸੂਰ ਗਾਂ ਤੇ ਵੱਛਾ ਕੱਟਿਆ, ਕਟ ਕਟ ਕੇ ਸਭ ਦੇ ਹਿੱਸੇ ਧਰਮ ਰਾਏ ਹੱਥ ਫੜਾਈਆ । ਕਿਸੇ ਦੀ ਕੀਮਤ ਨਹੀਂ ਪੈਣੀ ਪੈਸਾ ਧੇਲਾ ਟਕਿਆ, ਅਮੁੱਲ ਮੁੱਲ ਨਾ ਕੋਇ ਰਖਾਈਆ । ਕਬੀਰਾ ਉਹ ਤਕ ਲੈ ਸਭ ਦਾ ਚੀਥੜ ਪੁਰਾਣਾ ਫਟਿਆ, ਫੱਟਿਆਂ ਉਤੇ ਲੇਟੀ ਦਿਸੇ ਲੋਕਾਈਆ । ਮੈਂ ਜਗਤ ਜਹਾਨ ਦੀ ਹੱਦ ਟੱਪਿਆ, ਟਾਪੂਆਂ ਤੋਂ ਬਾਹਰ ਡੇਰਾ ਲਾਈਆ । ਮੈਂ ਇਧਰ ਤੱਕਿਆ ਉਧਰ ਤੱਕਿਆ ਜਗਤ ਜਹਾਨ ਵਿਚੋਂ ਭਗਤਾਂ ਨੇ ਖਹਿੜਾ ਛਡ ਦਿਤਾ ਪੱਥਰ ਵੱਟਿਆ, ਜੇਹੜੇ ਪਿਛਲੇ ਭਗਤ ਆਸਾ ਰੱਖ ਕੇ ਗਏ ਉਹ ਆਸਾ ਦਿਤੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਜਨ ਭਗਤੋ ਮੇਰਾ ਨਾਮ ਜਪੋ ਸਾਹ ਸਾਹ, ਸਾਹਿਬ ਮੈਂ ਇਕੋ ਨਜ਼ਰੀ ਆਈਆ । ਜੇ ਚਾਹੋਗੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਨਾਲ ਦਿਆਂ ਪ੍ਰਨਾ, ਜੋ ਪ੍ਰਨਾਮ ਕਰਕੇ ਮੈਨੂੰ ਝਟ ਲੰਘਾਈਆ । ਮੈਂ ਸਮਰਥ ਪਿਛਲੇ ਬਖ਼ਸ਼ ਦਿਆਂਗਾ ਗੁਨਾਹ, ਗੁਨਾਹਗਾਰ ਨਾ ਕੋਇ ਅਖਵਾਈਆ । ਮੈਂ ਸ੍ਰਿਸ਼ਟੀ ਕਰ ਦਿਆਂ ਫ਼ਨਾਹ, ਫ਼ਨਾਹ ਫ਼ਿੱਲਾ ਹੋਏ ਲੋਕਾਈਆ । ਚੁਰਾਸੀ ਲੱਖ ਕਰਾਂ ਸੁਆਹ, ਧੂੜੀ ਸਭ ਦੀ ਦਿਆਂ ਉਡਾਈਆ । ਮੇਰਾ ਇਕੋ ਇਕ ਗਵਾਹ, ਜੋ ਸ਼ਹਾਦਤ ਦਏ ਭੁਗਤਾਈਆ । ਖੇਲ ਕਰੇ ਥਾਉਂ ਥਾਂ, ਥਾਨ ਥਨੰਤਰ ਆਪਣਾ ਹੁਕਮ ਵਰਤਾਈਆ । ਮੇਰੀ ਕਰਾਏ ਵਾਹ ਵਾਹ, ਵਾਹਵਾ ਹੋਵੇ ਵਡ ਵਡਿਆਈਆ । ਮੈਂ ਫਿਰਾਂ ਜਲ ਅਸਗਾਹ, ਥਲਾਂ ਵਿਚ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਕਬੀਰ ਕਹੇ ਸੁਣ ਮੁਨੀ ਨਾਰਦਾ, ਨਰਦ ਪੁੱਠੀ ਸਿੱਧੀ ਵੇਖ ਵਖਾਈਆ । ਔਹ ਤਕ ਖੇਲ ਸ਼ਬਦ ਸਾਰ ਦਾ, ਜਿਸ ਦੀ ਸਾਰ ਕਿਸੇ ਨਾ ਆਈਆ । ਜੋ ਮਾਲਕ ਆਰ ਪਾਰ ਦਾ, ਪਾਰਬ੍ਰਹਮ ਨੂਰ ਅਲਾਹੀਆ । ਜਨ ਭਗਤਾਂ ਫਿਰੇ ਤਾਰਦਾ, ਤਾਰਨਹਾਰ ਆਪਣੇ ਹੱਥ ਰੱਖੇ ਵਡਿਆਈਆ । ਜਿਸ ਭੈ ਚੁਕਾਇਆ ਪੈਗ਼ੰਬਰ ਗੁਰ ਅਵਤਾਰ ਦਾ, ਭੌ ਰਹਿਣ ਕੋਇ ਨਾ ਪਾਈਆ । ਉਹ ਭਗਤ ਜਨ ਤੈਨੂੰ ਕਲਜੁਗ ਅੰਤ ਕਦੇ ਨਹੀਂ ਨਿਮਸਕਾਰ ਦਾ, ਭਾਵੇਂ ਕਿਤਨੀ ਦੇ ਮਾਣ ਵਡਿਆਈਆ । ਉਨ੍ਹਾਂ ਸੱਬਰ ਹੰਢਾਇਆ ਇਕੋ ਅਗੰਮੀ ਯਾਰ ਦਾ, ਯਰਾਨਾ ਯਰਾਨੇ ਨਾਲ ਰਖਾਈਆ । ਇਹ ਖੇਲ ਅਗੰਮ ਅਥਾਹ ਉਸ ਸੱਚੀ ਸਰਕਾਰ ਦਾ, ਜੋ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਨਾਰਦ ਕਹੇ ਜਨ ਭਗਤੋ ਤੁਸੀਂ ਕਿਉਂ ਨਹੀਂ ਕੀਤੀ ਹਾਂ, ਮੇਰੀ ਹਾਂ ਵਿਚ ਹਾਂ ਮਿਲਾਈਆ । ਕਿਉਂ ਨਹੀਂ ਉਠਾਈ ਬਾਂਹ, ਨਾਤਾ

ਪ੍ਰਭ ਦੇ ਨਾਲੋਂ ਤੁੜਾਈਆ । ਮੈਂ ਤੁਹਾਡੇ ਗੁਣ ਗਾਂ, ਤੁਸੀਂ ਕਿਉਂ ਨਹੀਂ ਗਾ ਕੇ ਆਪਣੀ ਖ਼ੁਸ਼ੀ ਬਣਾਈਆ । ਮੇਰਾ ਜੀ ਕਰਦਾ ਮੈਂ ਪ੍ਰਭ ਨਾਲੋਂ ਸਭ ਨੂੰ ਦਿਆਂ ਭੁਲਾ, ਮਿਲਿਆ ਨਜ਼ਰ ਕੋਇ ਨਾ ਆਈਆ । ਜੇ ਤੁਸੀਂ ਮੈਨੂੰ ਹੱਸ ਕੇ ਇਕ ਵਾਰ ਲਓ ਬੁਲਾ, ਬੁਲ੍ਹੇ ਤੋਂ ਪਰੇ ਕੀ ਮੰਜ਼ਲ ਦਿਆਂ ਸਮਝਾਈਆ । ਵੇਖਿਓ ਆਪਣਾ ਜਨਮ ਐਵੇਂ ਨਾ ਲਿਉ ਰੁਲਾ, ਖਾਣਾ ਪੀਣਾ ਛਡ ਕੇ ਪੁਰਖ ਅਕਾਲ ਵਿਚ ਸਮਾਈਆ । ਤੁਸੀਂ ਮੇਰੇ ਨਾਲ ਕਰ ਲਓ ਸੁਲ੍ਹਾ, ਸੁਲਹਕੁਲ ਮੈਂ ਇਕੋ ਨੂਰ ਇਲਾਹੀਆ । ਤੁਸੀਂ ਯਾਦ ਰੱਖੋ ਮੈਂ ਫ਼ਤੂਰ ਪਾ ਦੇਣਾ ਵਿਚ ਕਾਜ਼ੀ ਮੁੱਲਾਂ, ਮੁਲਾਣੇ ਦੇਣੇ ਰੁਲਾਈਆ । ਮੈਂ ਭਵਰ ਨਹੀਂ ਰਹਿਣ ਦੇਣੇ ਉਤੇ ਫੁੱਲਾਂ, ਸੁਗੰਧੀ ਨਜ਼ਰ ਕੋਇ ਨਾ ਆਈਆ । ਮੈਂ ਕਿਸੇ ਘਰ ਅੱਗ ਨਹੀਂ ਬਲਣ ਦੇਣੀ ਚੁਲ੍ਹਾ, ਚਾਰੋਂ ਕੁੰਟ ਅਗਨੀ ਦੇਣੀ ਲਗਾਈਆ । ਨਾਮ ਦਾ ਕਿਸੇ ਕੋਲ ਰਹਿਣ ਨਹੀਂ ਦੇਣਾ ਤੁਲਾ, ਵੰਝ ਮੁਹਾਣਾ ਸਾਥ ਨਾ ਕੋਇ ਵਖਾਈਆ । ਇਕੋ ਦਵਾਰ ਵਖਾਉਣਾ ਖੁਲ੍ਹਾ, ਜਿਥੇ ਖ਼ਲਕ ਬੈਠੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਬੇਪਰਵਾਹੀਆ । ਕਬੀਰ ਕਹੇ ਨਾਰਦਾ ਨਾ ਦੇ ਝਾਂਸੇ, ਆਪਣਾ ਆਪ ਬਦਲਾਈਆ । ਇਹ ਉਸ ਪ੍ਰਭ ਦੇ ਪਿਆਰ ਵਿਚ ਫਾਂਸੇ, ਜਿਹੜਾ ਜਮ ਕੀ ਫਾਸੀ ਦਏ ਕਟਾਈਆ । ਇਹਨਾਂ ਦੇ ਅੰਦਰ ਨਿਰਗੁਣ ਧਾਰ ਰੱਖੇ ਵਾਸੇ, ਵਾਸਤਾ ਆਪਣੇ ਨਾਲ ਰਖਾਈਆ । ਤੂੰ ਨਹੀਂ ਜਾਣਦਾ ਇਨ੍ਹਾਂ ਦੇ ਜੀਵਣ ਦੇ ਖ਼ੁਲਾਸੇ, ਕਥਨੀ ਤੋਂ ਬਾਹਰ ਇਨ੍ਹਾਂ ਦੀ ਸਿਫ਼ਤ ਸਾਲਾਹੀਆ । ਇਹ ਬਿਨਾ ਪੁਰਖ ਅਕਾਲ ਤੋਂ ਤੇਰੇ ਵਰਗੇ ਪੰਡਤਾਂ ਨੂੰ ਕਦੇ ਨਹੀਂ ਟੇਕਦੇ ਮਾਥੇ, ਸੀਸ ਨਾ ਕਦੇ ਨਿਵਾਈਆ । ਵਿਕਦੇ ਨਹੀਂ ਲਾਲਚ ਲੋਭ ਵਾਲੇ ਹਾਟੇ, ਗੰਗਾ ਗੁਦਾਵਰੀ ਜਮਨਾ ਸੁਰਸਤੀ ਦੀ ਲੋੜ ਨਾ ਕੋਇ ਰਖਾਈਆ । ਇਨ੍ਹਾਂ ਬਣਾਇਆ ਨਾਲ ਪ੍ਰਭੂ ਦੇ ਸਾਥੇ, ਜੋ ਹਰ ਹਿਰਦੇ ਵਿਚ ਸਮਾਈਆ । ਤੇਰੇ ਮੱਕਾਰ ਵਿਚ ਕੋਇ ਨਾ ਫਾਂਸੇ, ਬੰਧਨ ਤੇਰਾ ਕੰਮ ਕਿਸੇ ਨਾ ਆਈਆ । ਨਾਰਦ ਬਿਨਾ ਤਾਲੀ ਤੋਂ ਕੀਤੇ ਹਾਸੇ, ਹੱਸ ਕੇ ਦਿਤਾ ਜਣਾਈਆ । ਮੈਂ ਵੀ ਦੇਵਾਂ ਇਹਨਾਂ ਨੂੰ ਸ਼ਾਬਾਸ਼ੇ, ਜਿਹੜੇ ਇਕੋ ਓਟ ਰੱਖ ਕੇ ਪ੍ਰਭ ਸਾਚੇ ਨੂੰ ਸੀਸ ਨਿਵਾਈਆ । ਕਬੀਰ ਨੇ ਮਸਤਕ ਰੱਖਿਆ ਆਪਣੇ ਹਾਥੇ, ਉਂਗਲਾਂ ਤਿੰਨ ਨਾਲ ਛੁਹਾਈਆ । ਨਿਮਸਕਾਰ ਕੀਤੀ ਪੁਰਖ ਅਬਿਨਾਸ਼ੇ, ਸੀਸ ਜਗਦੀਸ ਦਿਤਾ ਨਿਵਾਈਆ । ਫੇਰ ਖੇਲ ਦੱਸਿਆ ਆਕਾਸ਼ੇ, ਕੀ ਕਰਤਾ ਕਾਰ ਕਮਾਈਆ । ਨਾਰਦਾ ਜਿਨ੍ਹਾਂ ਦੇ ਅੰਦਰ ਅੰਤਰ ਦਿਤਾ ਵਿਸ਼ਵਾਸ਼ੇ, ਵਿਸ਼ਵ ਦਾ ਮੇਲਾ ਮੇਲਿਆ ਸਹਿਜ ਸੁਭਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ ਧਾਰ ਜੋਤੀ ਜਾਤਾ ਹੋ ਪ੍ਰਕਾਸ਼ੇ, ਪ੍ਰਕਾਸ਼ਵਾਨ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਖੇਲ ਤਮਾਸ਼ੇ, ਤਮਾਸ਼ਬੀਨ ਬੇਪਰਵਾਹੀਆ ।



### ੨੯ ਫੱਗਣ ਸ਼ਹਿਨਸ਼ਾਹੀ ਸੰਮਤ ੬ ਬੀਬੀ ਧਿਆਨੋ ਦੇ ਗ੍ਰਿਹ ਪਿੰਡ ਅੱਲੜ ਪਿੰਡੀ ਜ਼ਿਲਾ ਗੁਰਦਾਸ ਪੁਰ

ਨਾਰਦ ਕਹੇ ਮੈਨੂੰ ਪੈਗ਼ੰਬਰਾਂ ਕਿਹਾ ਖੋਦਾ, ਖ਼ੁਦ ਮੁਖ ਦਾੜ੍ਹੀ ਨਾ ਕੋਇ ਰਖਾਈਆ । ਮੈਂ ਹਿਲਾ ਕੇ ਆਪਣਾ ਬੋਦਾ, ਹਵਾ ਸਭ ਨੂੰ ਦਿਤੀ ਲਗਾਈਆ । ਨਾਲੇ ਕਹੇ ਵੇਖੋ ਮੈਂ ਕਿੱਡਾ ਯੋਧਾ, ਚਾਰ ਜੁਗ ਦਾ ਨਜ਼ਰੀ ਆਈਆ । ਜਿਸ ਨੇ ਆਪਣਾ ਆਪ ਸੋਧਾ, ਸੋਧ ਸਾਧ ਕੇ ਪ੍ਰਭ ਦੇ

ਨਾਲ ਰਖਾਈਆ । ਮੇਰੇ ਕੋਲ ਇਕ ਅਗੰਮੀ ਬੋਝਾ, ਜਿਸ ਨੂੰ ਜੇਬ ਕਹੇ ਲੋਕਾਈਆ । ਪੈਗ਼ੰਬਰੋ ਮੈਂ ਤੁਹਾਡਾ ਬੰਦ ਕੀਤਾ ਉਹਦੇ ਵਿਚ ਰੋਜ਼ਾ, ਨਮਾਜ਼ ਬਗ਼ਲ ਵਿਚ ਟਿਕਾਈਆ । ਮੇਰਾ ਵੇਖਿਓ ਹੋਰ ਅਗੰਮੀ ਮੋਜਜ਼ਾ, ਮੁਅਜ਼ਜ਼ ਹੋ ਕੇ ਦਿਆਂ ਵਖਾਈਆ । ਕਲਜੁਗ ਅੰਤ ਪੁਰਖ ਅਕਾਲ ਇਕੋ ਭਗਤਾਂ ਨੂੰ ਦੇਣੀ ਸੋਭਾ, ਸੁਹਬਤ ਆਪਣੇ ਨਾਲ ਰਖਾਈਆ । ਬਾਕੀ ਸਭ ਨੂੰ ਦੀਨ ਮਜ਼੍ਹਬ ਦਾ ਦੇ ਕੇ ਲੋਭਾ, ਲਾਲਚ ਵਿਚ ਦੇਣਾ ਫਸਾਈਆ । ਇਕੋ ਵਾਰ ਚੌਦਸ ਚੰਦ ਦਾ ਚੌਧਵੀਂ ਸਦੀ ਲਾਉਣਾ ਗੋਡਾ, ਘੁਟਣੇ ਸਭ ਦੇ ਦਏ ਨਿਵਾਈਆ । ਮੇਰਾ ਮੁਖ ਨਾ ਜਾਣਿਓ ਰੋਡਾ, ਮਜ਼੍ਹਬਾਂ ਦੀ ਰੋਡ ਤੇ ਚਲਣ ਵਾਲਿਓ ਤੁਹਾਨੂੰ ਦਿਆਂ ਜਣਾਈਆ । ਸ਼ਰਅ ਦੀ ਮੋਰੀ ਤਕੋ ਖੋਡਾ, ਖ਼ੁਦ ਆਪਣਾ ਧਿਆਨ ਉਠਾਈਆ । ਜਿਸ ਖੇਲ ਖਿਲਾਇਆ ਵੇਦੀ ਸੋਢਾ, ਸੋਢ ਬੰਸ ਰੰਗ ਰੰਗਾਈਆ । ਉਸ ਅਗੰਮੀ ਆਪਣਾ ਓਢਣ ਓਢਾ, ਜਿਸ ਦੀ ਸਮਝ ਕੋਇ ਨਾ ਪਾਈਆ । ਉਸ ਨੇ ਸਭ ਦਾ ਬਦਲ ਦੇਣਾ ਮੋਢਾ, ਮਜ਼੍ਹਬਾਂ ਭਾਰ ਨਾ ਕੋਇ ਉਠਾਈਆ । ਇਕੋ ਹੋਣਾ ਭਗਤਾਂ ਜੋਗਾ, ਜੁਗੀਸ਼ਰਾਂ ਪੰਧ ਮੁਕਾਈਆ । ਸਾਢੇ ਤਿੰਨ ਹੱਥ ਦਾ ਪਹਿਨ ਕੇ ਚੋਗਾ, ਸੰਬਲ ਆਪਣਾ ਦੇਸ ਵਡਿਆਈਆ । ਕਲਜੁਗ ਕੂੜੀ ਕਿਰਿਆ ਮੇਟੇ ਰੋਗਾ, ਰੋਗੀਆਂ ਰੋਗ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਪਾਰ ਕਰਾਏ ਕਮਲਾ ਕੋਝਾ, ਮਿਹਰ ਨਜ਼ਰ ਇਕ ਉਠਾਈਆ ।



੧੧੯੪ ੨੨

### ✪ ੨੯ ਫੱਗਣ ਸ਼ਹਿਨਸ਼ਾਹੀ ਸੰਮਤ ੬ ਬੀਬੀ ਚਰਨੋ ਦੇ ਗ੍ਰਿਹ ਪਿੰਡ ਅੱਲੜ ਪਿੰਡੀ ਜ਼ਿਲਾ ਗੁਰਦਾਸ ਪੁਰ ✪

ਨਾਰਦ ਕਹੇ ਮੈਨੂੰ ਪੈਗ਼ੰਬਰਾਂ ਮਾਰੀਆਂ ਹਾਕਾਂ, ਜ਼ੋਰ ਜ਼ੋਰ ਨਾਲ ਸੁਣਾਈਆ । ਮੈਂ ਹੱਸ ਕੇ ਕਿਹਾ ਕੀ ਕਹਿੰਦੇ ਹੋ ਕਾਕਾ, ਕਾਕਿਓ ਦਿਉ ਸੁਣਾਈਆ । ਮੈਨੂੰ ਸਚ ਦੱਸੋ ਕਿਉਂ ਤੁਹਾਡੀ ਉਮਤ ਮੁੰਨਾਇਆ ਝਾਟਾ, ਸੀਸ ਪਤ ਗਵਾਈਆ । ਕਿਉਂ ਮਿੱਟੀ ਦੀ ਕਨਾਲੀ ਵਿਚ ਗੁੰਨਿਆ ਆਟਾ, ਪੜਦਾ ਦਿਉ ਉਠਾਈਆ । ਕਿਉਂ ਕਲਮਾ ਗਾਇਆ ਨਾਲ ਸਫ਼ਾਤਾ, ਸਿਫ਼ਤਾਂ ਵਿਚ ਵਡਿਆਈਆ । ਕਿਉਂ ਅਲਿਫ਼ ਯੇ ਬਣਾਇਆ ਖ਼ੁਲਾਸਾ, ਖ਼ੁਦ ਦਿਉ ਸੁਣਾਈਆ । ਕਿਉਂ ਨਾ ਚੰਗੀਆਂ ਲੱਗੀਆਂ ਪੈਂਦੀਆਂ ਰਾਸਾਂ, ਗੋਪੀ ਕਾਹਨ ਵੇਖ ਵਖਾਈਆ । ਤੁਹਾਡੀਆਂ ਕਿਹੜੀਆਂ ਲੰਮੀਆਂ ਆਸਾਂ, ਮੈਨੂੰ ਦਿਉ ਸਮਝਾਈਆ । ਉਹ ਵੇਖੋ ਤੁਹਾਡੀਆਂ ਪੂਰੀਆਂ ਹੋ ਗਈਆਂ ਖ਼ਾਹਿਸ਼ਾਂ, ਤਮੰਨਾ ਰਹੀ ਨਾ ਰਾਈਆ । ਦੀਨਾਂ ਮਜ਼੍ਹਬਾਂ ਦੀਆਂ ਕਟੀਆਂ ਜਾਣੀਆਂ ਸ਼ਾਖ਼ਾਂ, ਸ਼ਨਾਖ਼ਤ ਕਰੇ ਧੁਰਦਰਗਾਹੀਆ । ਮੈਂ ਇਕੋ ਬਚਨ ਸੰਦੇਸ਼ਾ ਆਖਾਂ, ਆਖ ਕੇ ਦਿਆਂ ਦ੍ਰਿੜਾਈਆ । ਸਾਰੇ ਖੋਲ੍ਹ ਕੇ ਵੇਖੋ ਤਾਕਾ, ਪੜਦਾ ਓਹਲਾ ਰਹੇ ਨਾ ਰਾਈਆ । ਅੰਤਮ ਖੇਲ ਕਰੇ ਪੁਰਖ ਅਬਿਨਾਸ਼ਾ, ਅਬਿਨਾਸ਼ੀ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਸਭ ਦਾ ਹੋਵੇ ਬੰਦ ਖ਼ੁਲਾਸਾ, ਬੰਦੀਖ਼ਾਨੇ ਦਏ ਤੁੜਾਈਆ । ਮੈਨੂੰ ਮੇਰੇ ਸਾਹਿਬ ਉਤੇ ਭਰਵਾਸਾ, ਭਰਮ ਭੇਵ ਨਾ ਕੋਇ ਰਖਾਈਆ । ਜਿਸ ਦਾ ਬਣਿਆ ਦਾਸੀ ਦਾਸਾ, ਸੇਵਕ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਦਾ ਬਦਲ ਦੇਵੇ ਪਾਸ਼ਾ, ਪੇਸ਼ੀਨਗੋਈ ਚਿਹ ਮੇਗੋਈ ਸਭ ਦੀ ਵੇਖ ਵਖਾਈਆ ।

### ✪ ੨੯ ਫੱਗਣ ਸ਼ਹਿਨਸ਼ਾਹੀ ਸੰਮਤ ੬ ਬੀਬੀ ਜੀਤੋ ਦੇ ਗ੍ਰਿਹ ਪਿੰਡ ਅੱਲੜ ਪਿੰਡੀ ਜ਼ਿਲਾ ਗੁਰਦਾਸ ਪੁਰ ✪

ਨਾਰਦ ਕਹੇ ਚੌਦਾਂ ਤਬਕਾਂ ਤੋਂ ਬਾਹਰ ਮੈਨੂੰ ਮਿਲ ਗਈ ਅਲਿਫ਼ ਯੇ, ਦੋਵੇਂ ਭੱਜਣ ਵਾਹੋ ਦਾਹੀਆ । ਇਕ ਦੋ ਸਿੰਮਤਾਂ ਤਕੀਆਂ ਫੇਰ ਕਹਿਣ ਸੇ, ਤੀਜੀ ਅੱਖ ਖੁਲ੍ਹਾਈਆ । ਚੌਥਾ ਪਦ ਕਹਿਣ ਕਿਹੜਾ ਵਿਚ ਦੇਹ, ਤਨ ਵਜੂਦ ਸੋਭਾ ਪਾਈਆ । ਕਿਸ ਪੈਗ਼ੰਬਰ ਨਾਲ ਨੇਂਹ, ਮੁਹੱਬਤ ਕਵਣ ਰਖਾਈਆ । ਨਾਰਦ ਕਹੇ ਮੈਂ ਉਨ੍ਹਾਂ ਨੂੰ ਹੱਸ ਕੇ ਕਿਹਾ ਕਮਲਿਆ ਇਹ ਖੇਲ ਸਾਰੀ ਹੋਣ ਵਾਲੀ ਖੇਹ, ਖ਼ਾਕ ਪੰਜ ਤਤ ਨਜ਼ਰ ਕੋਇ ਨਾ ਆਈਆ । ਉਹ ਵੇਖੋ ਅੱਗੇ ਬੇ, ਬੇਬੇ ਤੁਹਾਡੀ ਧੁਰ ਦੀ ਮਾਈਆ । ਉਹ ਤਕੋ ਅੱਗੇ ਖੇਲ ਪੇ, ਪਿਤਾ ਪੁਰਖ ਅਕਾਲ ਧੁਰ ਦਾ ਮਾਹੀਆ । ਉਹ ਜਾਣੋ ਅੱਗੇ ਤੇ, ਤਖ਼ਤਾ ਜ਼ਿਮੀ ਅਸਮਾਨ ਉਲਟਾਈਆ । ਉਹ ਸਮਝੋ ਅੱਗੇ ਟੇ, ਟਾਲ ਮਟੋਲ ਕਰਨ ਵਾਲਾ ਅੱਗੇ ਰਹਿਣ ਕੋਇ ਨਾ ਪਾਈਆ । ਉਹ ਵੇਖੋ ਥੇ ਦੀ ਸੇ, ਸਾਬਤ ਸਬਰ ਸਬੂਰੀ ਵਾਲਾ ਦਿਸ ਕੋਇ ਨਾ ਆਈਆ । ਨਾਰਦ ਕਹੇ ਮੈਨੂੰ ਦੋਹਾਂ ਕਿਹਾ ਬ੍ਰਾਹਮਣਾ ਵੇ, ਇਹ ਕੀ ਰਿਹਾ ਸੁਣਾਈਆ । ਉਹ ਤਕ ਲੈ ਸਾਡੀ ਜੇ, ਜਗਤ ਬੰਧਨਾ ਵਿਚ ਬੰਧਾਈਆ । ਜੀਮ ਦੇ ਨਾਲ ਤਕ ਲੈ ਚੇ, ਚਾਰੋਂ ਕੁੰਟ ਪਏ ਦੁਹਾਈਆ । ਉਹ ਵੇਖ ਅਗੰਮੀ ਖੇ, ਖ਼ਾਲਕ ਖ਼ਲਕ ਰਿਹਾ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਮੈਂ ਕਿਹਾ ਨੀ ਤਕ ਲਓ ਆਪਣਾ ਦਾਲ, ਦਲਿੱਦਰ ਵੇਖੇ ਜਗਤ ਲੋਕਾਈਆ । ਵੇਖੋ ਆਪਣਾ ਡਾਲ, ਪੱਤ ਟਹਿਣੀ ਸੋਭਾ ਕੋਇ ਨਾ ਪਾਈਆ । ਵੇਖੋ ਆਪਣਾ ਜ਼ਾਲ, ਜ਼ੱਰਾ ਜ਼ੱਰਾ ਰਿਹਾ ਕੁਰਲਾਈਆ । ਰੇ ਤਕੋ ਕੀ ਕਹਿ ਰਹੀ ਕਮਾਲ, ਕੂਕ ਕੂਕ ਸੁਣਾਈਆ । ੜੇ ਕਹੇ ੜਾੜ ਮਿਟੇ ਨਾ ਜਗਤ ਜਹਾਨ, ਦੀਨ ਦੁਨੀ ਰੋਵੇ ਮਾਰੇ ਧਾਈਆ । ਜ਼ੇ ਕਹੇ ਸਭ ਦਾ ਆਉਣਾ ਜ਼ਵਾਲ, ਜ਼ਾਹਰ ਜ਼ਹੂਰ ਹੁਕਮ ਵਰਤਾਈਆ । ਜੇ ਕਹੇ ਜੋਰ ਜੁਲਮ ਦੇ ਜ਼ੀਜ਼ ਇਜ਼ਤੇ ਚੌਦਾਂ ਤਬਕਾਂ ਤੋਂ ਬਾਹਰ, ਸਬਕ ਇਲਮ ਆਲਮ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਅਗੰਮ ਅਥਾਹੀਆ । ਨਾਰਦ ਕਹੇ ਮੈਂ ਤੱਕਿਆ ਰੂਪ ਸੀਨ, ਤ੍ਰੈ ਤ੍ਰੈਲੋਕੀ ਮੁਖ ਉਠਾਈਆ । ਖੇਲ ਵੇਖਿਆ ਸ਼ੀਨ, ਸ਼ਮਾ ਨੂਰ ਚਸ਼ਮ ਰੁਸ਼ਨਾਈਆ । ਨਿਗਹ ਮਾਰੀ ਤੱਕਿਆ ਸੁਆਦ, ਸਬਰ ਰੂਪ ਨਾ ਕੋਇ ਦਰਸਾਈਆ । ਪੜਦਾ ਲਾਹਿਆ ਜ਼ਵਾਦ, ਜ਼ਾਬਤੇ ਵਿਚ ਨਾ ਕੋਇ ਲੋਕਾਈਆ । ਤੋਏ ਯਕਤਰਫ ਹੋਇਆ ਨਿਕਾਬ, ਪਰਦਾ ਦਿਤਾ ਉਠਾਈਆ । ਜ਼ੋਏ ਜ਼ਾਲਮ ਕੂੜ ਤੋਂ ਦਿਤਾ ਜ਼ੁਆਲ, ਆਜ਼ਮ ਆਲੀਸ਼ਾਨ ਦਿਤਾ ਦ੍ਰਿੜਾਈਆ । ਐਨ ਅੱਖ ਖੁਲ੍ਹੀ ਪੜ੍ਹੀ ਅਗੰਮੀ ਕਿਤਾਬ, ਜਿਸ ਦਾ ਹਰਫ਼ ਹਰੂਫ਼ ਨਜ਼ਰ ਕੋਇ ਨਾ ਆਈਆ । ਗ਼ੈਨ ਗ਼ਜ਼ਬ ਦਾ ਵੇਖਿਆ ਮਹਿਰਾਬ, ਜਿਥੇ ਖੇਲ ਬੇਪਰਵਾਹੀਆ । ਫੇ ਦਾ ਫ਼ਿਕਰ ਹੋਇਆ ਅੰਤ ਸਭ ਨੂੰ ਮਿਲਣਾ ਅਜ਼ਾਬ, ਬਚਿਆ ਰਹਿਣ ਕੋਇ ਨਾ ਪਾਈਆ । ਕਆਫ਼ ਕਾਤਲ ਮਕਤੂਲ ਦਾ ਪੂਰਾ ਹੋਣਾ ਹਿਸਾਬ, ਦੋ ਜਹਾਨ ਲੇਖਾ ਚੁੱਕੇ ਥਾਉਂ ਥਾਈਂਆ । ਕੀਫ ਕਰਮ ਦਾ ਵੇਖਣਾ ਭਾਗ, ਪਰਦਾ ਪਰਦਿਆਂ ਵਿਚੋਂ ਉਠਾਈਆ । ਗਾਫ਼ ਗਦਾਗਰ ਹੋਣੇ ਸਰਬ ਜੋ ਸ਼ਹਿਨਸ਼ਾਹ ਆਲੀਜਾਹ ਜਨਾਬ, ਆਬਰੂ ਮਾਣ ਜਗਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਅੱਗੇ ਹੋਇਆ ਮੈਨੂੰ ਮਿਲ ਗਈ ਲਾਮ, ਲੰਮਾ ਚੌੜਾ ਰੂਪ ਬਣਾਈਆ । ਮੈਂ ਹੱਸ ਕੇ ਕਿਹਾ ਮੀਮ ਦਾ ਮਜ਼ਮੂਨ ਨਹੀਂ ਰਹਿਣਾ ਕਲਾਮ,

੧੧੯੬
੨੨

ਕਾਇਨਾਤ ਨਾ ਕੋਇ ਚਤੁਰਾਈਆ । ਨੂਨ ਦਾ ਨੁਕਤਾ ਨਹੀਂ ਰਹਿਣਾ ਨਿਸ਼ਾਨ, ਨਿਸ਼ਾਨੇ ਸਭ ਦੇ ਦਏ ਬਦਲਾਈਆ । ਵਾ ਵਾਸਤੇ ਪਾਵੇ ਪੀਰ ਪੈਗ਼ੰਬਰ ਦਰਗਹ ਸਾਚੀ ਬਣ ਗ਼ੁਲਾਮ, ਸਜਦਿਆਂ ਵਿਚ ਸੀਸ ਝੁਕਾਈਆ । ਹੇ ਹੱਥ ਜੋੜ ਕਰਨ ਪਰਨਾਮ, ਨਿਉਂ ਨਿਉਂ ਸੀਸ ਝੁਕਾਈਆ । ਹਮਜ਼ੇ ਦਾ ਕਿਸੇ ਉਤੇ ਹੋਣਾ ਨਹੀਂ ਅਹਿਸਾਨ, ਆਸ਼ਾ ਸਭ ਦੀ ਵੇਖ ਵਖਾਈਆ । ਯੇ ਯਾਦ ਕਰ ਲੈ ਯਕ ਦਾ ਹੁਕਮ ਹੋਣਾ ਵਾਹਿਦ ਦਾ ਕਲਮਾ ਹੋਣਾ ਸੁਣਨਾ ਅਵਾਮ, ਆਮ ਦਾ ਝਗੜਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕ ਸਮਝਾਈਆ । ਨਾਰਦ ਕਹੇ ਚੌਦਾਂ ਤਬਕਾਂ ਤੋਂ ਬਾਹਰ ਵਿਦਿਆ ਪੜ੍ਹੀ ਅਨੋਖੀ, ਅਲਿਫ਼ ਯੇ ਨਾ ਕੋਇ ਸਮਝਾਈਆ । ਜਿਸ ਦਾ ਲੇਖ ਲਿਖਿਆ ਨਹੀਂ ਵਿਚ ਕਿਸੇ ਪੋਥੀ, ਪੁਸਤਕ ਗ੍ਰੰਥ ਨਾ ਕੋਇ ਦ੍ਰਿੜਾਈਆ । ਜਿਸ ਦੀ ਮੰਜ਼ਲ ਜਾਣੇ ਕੋਇ ਨਾ ਚੋਟੀ, ਜੜ੍ਹ ਵੇਖਣ ਕੋਇ ਨਾ ਪਾਈਆ । ਉਸ ਮੇਰੀ ਆਸਾ ਉਠਾਈ ਸੋਤੀ, ਹਲੂਣਾ ਦਿਤਾ ਲਗਾਈਆ । ਚਪੇੜ ਮਾਰ ਕੇ ਕਿਹਾ ਨਾਰਦਾ ਜਾ ਵੇਖ ਅਗੰਮੀ ਜੋਤੀ, ਜੋਤੀ ਜਾਤਾ ਧੁਰਦਰਗਾਹੀਆ । ਸੰਬਲ ਬੈਠਾ ਆਪਣੀ ਕੋਠੀ, ਸਚ ਦਵਾਰੇ ਨਜ਼ਰੀ ਆਈਆ । ਨਾਰਦ ਕਹੇ ਮੈਂ ਉਂਗਲ ਰੱਖ ਲਈ ਆਪਣੀ ਉਪਰ ਠੋਡੀ, ਸੋਚਾਂ ਵਿਚ ਆਪਣਾ ਆਪ ਡੁਬਾਈਆ । ਫੇਰ ਹੋ ਗਿਆ ਭਾਰ ਗੋਡੀਂ, ਚਾਰੋਂ ਕੁੰਟ ਵੇਖ ਵਖਾਈਆ । ਫੇਰ ਮੈਂ ਕੁਲ ਤਕਾਂ ਵੇਦੀ ਤੇ ਸੋਢੀ, ਜਿਥੇ ਨਾਨਕ ਗੋਬਿੰਦ ਰੂਪ ਗਿਆ ਬਦਲਾਈਆ । ਝਟ ਧੁਰ ਦੇ ਸ਼ਬਦ ਨੇ ਮੈਨੂੰ ਦਿਤੀ ਸੋਝੀ, ਸਮਝ ਦਿਤੀ ਦ੍ਰਿੜਾਈਆ । ਬ੍ਰਾਹਮਣਾ ਪਹਿਲੋਂ ਹੱਥ ਫੇਰ ਆਪਣੀ ਬੋਦੀ, ਉਂਗਲਾਂ ਅੱਖਾਂ ਨਾਲ ਛੁਹਾਈਆ । ਨਿਗਹ ਮਾਰ ਤਕ ਲੈ ਠਾਕਰ ਮੌਜੀ, ਜੋ ਮਜਲਸ ਭਗਤਾਂ ਨਾਲ ਰਖਾਈਆ । ਉਹ ਆਦਿ ਅੰਤ ਦਾ ਬੋਧੀ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਉਹ ਆਤਮ ਬ੍ਰਹਮ ਦਾ ਧੋਬੀ, ਦੁਰਮਤ ਮੈਲ ਦਏ ਧਵਾਈਆ । ਹਉਮੇ ਕਟੇ ਰੋਗੀ, ਮਮਤਾ ਮੋਹ ਚੁਕਾਈਆ । ਆਤਮਾ ਪਰਮਾਤਮਾ ਦਾ ਬਣੇ ਸੰਜੋਗੀ, ਸਚ ਦਾ ਮੇਲਾ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਸ੍ਰਿਸ਼ਟੀ ਦ੍ਰਿਸ਼ਟੀ ਵਿਚੋਂ ਆਪੇ ਜਾਏ ਸੋਧੀ, ਸੁਧ ਸ਼ੁਧ ਸ਼ੁਧੀ ਵਿਚ ਆਪ ਕਰਾਈਆ ।

### ✪ ੩੦ ਫੱਗੁਣ ਸ਼ਹਿਨਸ਼ਾਹੀ ਸੰਮਤ ੬ ਬੀਬੀ ਦੀਪੋ ਦੇ ਗ੍ਰਿਹ ਪਿੰਡ ਦੋਸਤਪੁਰ ਜ਼ਿਲਾ ਗੁਰਦਾਸਪੁਰ ✪

ਨਾਰਦ ਕਹੇ ਪੈਗ਼ੰਬਰ ਵੇਖੋ ਖ਼ੁਦਾ ਬੜਾ ਕਾਨੂੰਨੀ, ਕਾਇਦਾ ਬਕਾਇਦਾ ਆਪਣਾ ਹੁਕਮ ਵਰਤਾਈਆ । ਤੁਹਾਨੂੰ ਦੱਸ ਕੇ ਹਰਫ਼ਾਂ ਵਾਲੀ ਮਜ਼ਮੂਨੀ, ਮਜਮੂਆ ਆਪਣਾ ਦਿਤਾ ਜਣਾਈਆ । ਖੇਲ ਖਿਲਾ ਕੇ ਇਕ ਤੋਂ ਦੂਣੀ, ਏਕਾ ਦੂਆ ਵੰਡ ਵੰਡਾਈਆ । ਰਸਨਾ ਜ਼ਬਾਨ ਦੀ ਬਦਲ ਕੇ ਕੂਣੀ, ਹੱਦ ਹਦੂਦ ਦਿਤੀ ਵੰਡਾਈਆ । ਸੰਸਾਰ ਲਾਲਚ ਬਖ਼ਸ਼ਿਆ ਬੇਰੂਨੀ, ਬ੍ਰਹਮ ਦਾ ਪੜਦਾ ਰੱਖਿਆ ਛੁਪਾਈਆ । ਭੇਵ ਦੱਸੇ ਨਾ ਕਿਸੇ ਅੰਦਰੂਨੀ, ਅੰਤਸ਼ਕਰਨ ਨਾ ਕੋਇ ਚਤੁਰਾਈਆ । ਉਹ ਤਕੋ ਜਿਸ ਕੌਰੋ ਪਾਂਡੋ ਅਠਾਰਾਂ ਭਰਾਏ ਅਕਸ਼ੂਣੀ, ਇਕ ਕਸ਼ੂਣੀ ਅਠਾਈ ਲੱਖ ਜਣਾਈਆ । ਉਸ ਦੀ ਖੇਲ ਅਗੰਮੀ ਹੋਣੀ, ਹੋਣੀ ਆਪਣੇ ਹੁਕਮ ਅੰਦਰ ਭਵਾਈਆ । ਸੁਖ ਦੀ ਨੀਂਦ ਕਿਸੇ ਨਾ ਸੌਣੀ, ਸੁਖ ਆਸਣ ਜਗਤ ਦੇਵੇ ਤਜਾਈਆ ।

ਸ਼ਾਂਤ ਆਵੇ ਨਾ ਕਿਸੇ ਪੌਣੀ, ਪਵਣ ਪਾਣੀ ਅੱਗ ਨਾ ਕੋਇ ਬੁਝਾਈਆ । ਜਿਸ ਨੇ ਸਭ ਦੀ ਪਤ ਗਵਾਉਣੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਨ ਭਗਤਾਂ ਸੋਈ ਸੁਰਤ ਜਗਾਉਣੀ, ਸੁਤਿਆਂ ਲਏ ਉਠਾਈਆ । ਦੀਨ ਦੁਨੀ ਕੂੜ ਕਲਪਣਾ ਵਿਚ ਰੁਵਾਉਣੀ, ਰੂਹ ਬੁਤ ਕਰੇ ਨਾ ਕੋਇ ਸਫ਼ਾਈਆ । ਸਦੀ ਚੌਧਵੀਂ ਖੇਲ ਵਰਤਾਉਣੀ, ਚਾਰੋਂ ਕੁੰਟ ਪਏ ਦੁਹਾਈਆ । ਅਗੰਮੀ ਖੇਲ ਆਪ ਖਿਲਾਉਣੀ, ਖ਼ਾਲਕ ਖ਼ਲਕ ਦਇਆ ਕਮਾਈਆ । ਸਚ ਦੱਸਾਂ ਜੋਤੀ ਧਾਰ ਇਕ ਪਰਗਟਾਉਣੀ, ਪ੍ਰਗਟ ਹੋਵੇ ਧੁਰ ਦਾ ਮਾਹੀਆ । ਪਿਛਲੀ ਕੀਤੀ ਸਾਰੀ ਢਾਹੁਣੀ, ਅੱਗੇ ਆਪਣਾ ਹੁਕਮ ਵਰਤਾਈਆ । ਮਾਇਆ ਮਮਤਾ ਵਿਚ ਸ੍ਰਿਸ਼ਟੀ ਸਰਬ ਤਰਸਾਉਣੀ, ਧੀਰਜ ਧੀਰ ਨਾ ਕੋਇ ਧਰਾਈਆ । ਸ਼ਬਦ ਹਲੂਣੇ ਨਾਲ ਕਾਇਨਾਤ ਕਲਮਿਆਂ ਵਾਲੀ ਆਪ ਉਠਾਉਣੀ, ਕਾਅਬਿਆਂ ਦਏ ਹਿਲਾਈਆ । ਸ਼ਰਅ ਦੀ ਸ਼ਰਅ ਨਾਲ ਪਾਏ ਅੜੌਣੀ, ਅੱਗੇ ਕਰੇ ਨਾ ਕੋਇ ਸਫ਼ਾਈਆ । ਅੱਲਾ ਰਾਮ ਰਾਮ ਅੱਲਾ ਨਾਲ ਲੜਾਉਣੀ, ਲੜ ਸਕੇ ਨਾ ਕੋਇ ਬੰਧਾਈਆ । ਖ਼ੁਦਾ ਗਾਡ ਵੰਡ ਵੰਡਾਉਣੀ, ਗਾਈਡ ਨਜ਼ਰ ਕੋਇ ਨਾ ਆਈਆ । ਸ਼ਬਦ ਰਾਡ ਇਕ ਉਠਾਉਣੀ, ਚਾਰੋਂ ਕੁੰਟ ਦਏ ਵਖਾਈਆ । ਤੁਹਾਡੀ ਕੀਤੀ ਪੈਗ਼ੰਬਰੋ ਆਪਣੇ ਲੇਖੇ ਪਾਉਣੀ, ਪਰਵਰਦਿਗਾਰ ਆਪਣੇ ਵਿਚ ਸਮਾਈਆ । ਸਤਿਜੁਗ ਦੀ ਧਾਰ ਸਚ ਚਲਾਉਣੀ, ਚਾਲ ਨਿਰਾਲੀ ਇਕ ਜਣਾਈਆ । ਆਤਮ ਪਰਮਾਤਮ ਧਾਰ ਦਰਸਾਉਣੀ, ਦਰਸ ਦੀਦ ਦਏ ਕਰਾਈਆ । ਸਚ ਨੂਰ ਜੋਤ ਚਮਕਾਉਣੀ, ਚਮਕ ਅਹਿਮਕਾਂ ਵਿਚ ਚਮਕਾਈਆ । ਹੁਕਮ ਦੀ ਹੁਕਮ ਨਾਲ ਬਦਲੀ ਕਰਾਉਣੀ, ਬਦਲਾ ਚੁਕੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਸਿਖਿਆ ਇਕ ਸਮਝਾਉਣੀ, ਸਾਖਿਆਤ ਹੋ ਕੇ ਕਰੇ ਅਗੰਮ ਪੜ੍ਹਾਈਆ ।



## ✪ ੩੦ ਫੱਗਣ ਸ਼ਹਿਨਸ਼ਾਹੀ ਸੰਮਤ ੬ ਗੁਰਮੁਖ ਸਿੰਘ ਦੇ ਗ੍ਰਿਹ ਪਿੰਡ ਸੋਹਣ ਜ਼ਿਲਾ ਗੁਰਦਾਸ ਪੁਰ ✪

ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰੂ ਤਕੋ ਅਗੰਮੀ ਤਾਲੀਮ, ਤੁਲਬੇ ਹੋ ਕੇ ਬਿਨ ਅੱਖਰਾਂ ਧਿਆਨ ਲਗਾਈਆ । ਵਿਦਿਆਲਾ ਮਕਤਬ ਤਕੋ ਆਲੀਸ਼ਾਨ ਅਜ਼ੀਮ, ਜਿਥੇ ਆਅਲਾ ਅਦਨਾ ਨਜ਼ਰ ਕੋਇ ਨਾ ਆਈਆ । ਸਿਖਿਆ ਦੇਵੇ ਕੁਦਰਤ ਦਾ ਕਰੀਮ, ਬੇਐਬ ਪਰਵਰਦਿਗਾਰ ਨੂਰ ਇਲਾਹੀਆ । ਜਿਹੜਾ ਦੀਨ ਦੁਨੀ ਦੀ ਮੇਟ ਦੇਵੇ ਤਕਸੀਮ, ਫ਼ਿਰਕੇਦਾਰੀ ਦਾ ਫ਼ਰਕ ਦਏ ਗਵਾਈਆ । ਸਾਚੀ ਧਾਰ ਦੱਸੇ ਮਹੀਨ, ਨਿਜ ਨੇਤਰ ਨੈਣ ਅੱਖ ਖੁਲ੍ਹਾਈਆ । ਆਤਮ ਪਰਮਾਤਮ ਭਰੋਸਾ ਦਏ ਯਕੀਨ, ਵਾਹਿਦ ਪੜਦਾ ਆਪਣਾ ਆਪ ਦਏ ਉਠਾਈਆ । ਮਨ ਕਲਪਣਾ ਜਿਸ ਦੇ ਹੋਏ ਅਧੀਨ, ਤ੍ਰੈਗੁਣ ਅਗਨੀ ਤਤ ਨਾ ਕੋਇ ਤਪਾਈਆ । ਸਿਖਿਆ ਦੇਵੇ ਨਵੀਂ ਨਵੀਨ, ਨਵ ਦਵਾਰਿਆਂ ਬਾਹਰ ਕਰੇ ਪੜ੍ਹਾਈਆ । ਜਿਥੇ ਮਨਸਾ ਹੋਏ ਨਾ ਕਦੇ ਗ਼ਮਗੀਨ, ਚਿੰਤਾ ਚਿਖਾ ਨਾ ਕੋਇ ਜਲਾਈਆ । ਜਿਸ ਦੀ ਕੋਈ ਕਰ ਨਾ ਸਕੇ ਤਰਮੀਮ, ਅਦਲ ਵਿਚ ਬਦਲੀ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਪੈਗ਼ੰਬਰੋ ਪੜ੍ਹੋ ਅਗੰਮੀ ਸਿਖਿਆ,

ਅਲਫ਼ ਯੇ ਤੋਂ ਬਾਹਰ ਪੜ੍ਹਾਈਆ । ਜਿਸ ਦਾ ਅੱਖਰ ਲੇਖ ਵਿਚ ਨਹੀਂ ਕੋਈ ਲਿਖਿਆ, ਕਾਗ਼ਜ਼ ਕਲਮ ਸ਼ਾਹੀ ਨਾ ਕੋਇ ਸਮਝਾਈਆ । ਉਹ ਸੰਦੇਸ਼ਾ ਦੇਵੇ ਧੁਰ ਦਾ ਪਿਤਿਆ, ਪਿਤਾ ਪੁਰਖ ਅਕਾਲ ਨੂਰ ਇਲਾਹੀਆ । ਜਿਸ ਦਾ ਮਜ਼ਮੂਨ ਜਗਤ ਵਿਚ ਨਾ ਕਦੇ ਵਿਕਿਆ, ਹੱਟਾਂ ਵਿਚ ਨਾ ਕੋਇ ਟਿਕਾਈਆ । ਉਹ ਖੇਲ ਕਰੇ ਅਨਡਿਠਿਆ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਅੰਤ ਅਖ਼ੀਰ ਬੇਨਜ਼ੀਰ ਸਦੀ ਚੌਧਵੀਂ ਦਾ ਕਢੇ ਸਿਟਿਆ, ਲਾਸ਼ਰੀਕ ਆਪਣਾ ਹੁਕਮ ਵਰਤਾਈਆ । ਔਹ ਵੇਖੋ ਤੁਹਾਡਾ ਕਲਮਾ ਦੋਹੱਥੜ ਮਾਰ ਕੇ ਪਿੱਟਿਆ, ਉਚੀ ਕੂਕ ਕੂਕ ਸੁਣਾਈਆ । ਰੋਜ਼ੇ ਨਿਮਾਜ਼ਾਂ ਵਿਚ ਮਨ ਕਿਸੇ ਨਾ ਟਿਕਿਆ, ਆਬੇਹਯਾਤ ਮੁਖ ਨਾ ਕੋਇ ਚੁਆਈਆ । ਬੁਤ ਬੁਤਖ਼ਾਨਿਆਂ ਵਿਚੋਂ ਕਿਸੇ ਨਾ ਜਿੱਤਿਆ, ਰੂਹ ਰਵਾਂ ਨਾ ਕੋਇ ਕਰਾਈਆ । ਆਪਣੇ ਮਜ਼੍ਹਬਾਂ ਦਾ ਵੇਖੋ ਹਿੱਸਿਆ, ਜੋ ਵੰਡਾਂ ਆਏ ਵੰਡਾਈਆ । ਸਾਚਾ ਰਿਹਾ ਕੋਇ ਨਾ ਮਿੱਤਿਆ, ਦੋਸਤ ਸੰਗ ਨਾ ਕੋਇ ਬਣਾਈਆ । ਆਤਮ ਪਰਮਾਤਮ ਕਰੇ ਕੋਇ ਨਾ ਹਿਤਿਆ, ਹਿਤਕਾਰੀ ਸੰਗ ਨਾ ਕੋਇ ਵਖਾਈਆ । ਅੰਤ ਜਗਤ ਜਹਾਨ ਦਿਸੇ ਮਿਥਿਆ, ਮਿਥੀ ਦਿਸੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਸੋ ਪੁਰਖ ਨਿਰੰਜਣ ਸੁਣੋ ਸੰਦੇਸ਼, ਸੰਧਿਆ ਸਰਘੀ ਤੋਂ ਬਾਹਰ ਦ੍ਰਿੜਾਈਆ । ਹਰਿ ਪੁਰਖ ਨਿਰੰਜਣ ਦਾ ਸੁਣੋ ਉਪਦੇਸ਼, ਚਾਰ ਜੁਗ ਦੀ ਵਿਦਿਆ ਤੋਂ ਬਾਹਰ ਕਰੇ ਪੜ੍ਹਾਈਆ । ਏਕੰਕਾਰ ਦਾ ਤਕੋ ਲੇਖ, ਜਿਸ ਨੂੰ ਕਾਤਬ ਲਿਖ ਨਾ ਕੋਇ ਸਮਝਾਈਆ । ਆਦਿ ਨਿਰੰਜਣ ਦਾ ਖੇਲ ਵੇਖੋ ਵਿਸ਼ੇਸ਼, ਜੋ ਵਿਸ਼ਵ ਦਾ ਮਾਲਕ ਇਕ ਪ੍ਰਗਟਾਈਆ । ਅਬਿਨਾਸ਼ੀ ਕਰਤੇ ਦਾ ਤਕੋ ਦੇਸ, ਜੋ ਦੇਸ ਦੇਸਾਤਰਾਂ ਤੋਂ ਬਾਹਰ ਨਜ਼ਰੀ ਆਈਆ । ਸ੍ਰੀ ਭਗਵਾਨ ਦਾ ਖੇਲ ਤਕੋ ਜੋ ਰਹੇ ਹਮੇਸ਼, ਜੁਗ ਚੌਕੜੀ ਆਪਣੀ ਖੇਲ ਖਿਲਾਈਆ । ਪਾਰਬ੍ਰਹਮ ਦਾ ਵੇਖੋ ਭੇਤ, ਅਨਭਵ ਦ੍ਰਿਸ਼ਟੀ ਅੱਖ ਖੁਲ੍ਹਾਈਆ । ਜੋ ਸਭ ਦੇ ਵਸੇ ਨੇਤਨ ਨੇਤ, ਨਿਜ ਘਰ ਬੈਠਾ ਡੇਰਾ ਲਾਈਆ । ਉਸ ਸਭ ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਆਤਮ ਪਰਮਾਤਮ ਦੱਸਣਾ ਹੇਤ, ਹਿਤਕਾਰੀ ਹੋ ਕੇ ਦਇਆ ਕਮਾਈਆ । ਕਲਜੁਗ ਕੂੜੀ ਕਿਰਿਆ ਕਰਨੀ ਖੇਤ, ਖੰਡਾ ਖੜਗ ਨਾਮ ਚਮਕਾਈਆ । ਰੁਤ ਬਸੰਤ ਮਾਨਵ ਜ਼ਾਤੀ ਮੌਲੇ ਚੇਤ, ਚੇਤਨ ਸੁਰਤੀ ਸਭ ਦੀ ਦਏ ਕਰਾਈਆ । ਕਲਜੁਗ ਕੂੜੀ ਕਿਰਿਆ ਮੇਟੇ ਕਲੇਸ਼, ਕਲਕਾਤੀ ਰਹਿਣ ਕੋਇ ਨਾ ਪਾਈਆ । ਜੋ ਅੰਤਮ ਆਸ਼ਾ ਰੱਖ ਕੇ ਗਿਆ ਦਸ ਦਸਮੇਸ਼, ਦਹਿ ਦਿਸ਼ਾ ਤੋਂ ਬਾਹਰ ਧਿਆਨ ਲਗਾਈਆ । ਸੋ ਲੇਖਾ ਪੂਰਾ ਕਰੇ ਨਰ ਨਰੇਸ਼, ਸਚਖੰਡ ਵਾਸੀ ਆਪਣਾ ਹੁਕਮ ਵਰਤਾਈਆ । ਅੰਤ ਝਗੜਾ ਮੁਕਾਏ ਮੁੱਲਾਂ ਸ਼ੇਖ਼, ਮੁਸਾਇਕਾਂ ਮਸਲਾ ਹੱਲ ਕਰਾਈਆ । ਦੀਨ ਦੁਨੀ ਦੀ ਬਦਲ ਦੇਵੇ ਰੇਖ, ਜਿਸ ਦੀ ਰਿਖੀ ਮੁਨੀ ਖੇਲ ਸਮਝ ਸਕਣ ਨਾ ਰਾਈਆ । ਉਹ ਭਾਗ ਲਗਾਵੇ ਸੰਬਲ ਦੇਸ, ਸੁਹੰਜਣਾ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਤਰ ਨਿਰੰਤਰ ਬੁੱਧੀ ਕਰੇ ਵਿਸ਼ੇਸ਼, ਵਿਸ਼ਵ ਦਾ ਮਾਲਕ ਖ਼ਲਕ ਦਾ ਖ਼ਾਲਕ ਮਖ਼ਲੂਕ ਦਾ ਮਾਲਕ, ਤਲਬ ਸਭ ਦੀ ਪੂਰ ਕਰਾਈਆ ।


੧੧੯੮ ੨੨

## ੩੦ ਫੱਗਣ ਸ਼ਹਿਨਸ਼ਾਹੀ ਸੰਮਤ ੬ ਗੁਰਦੇਵ ਸਿੰਘ ਦੇ ਗ੍ਰਿਹ ਪਿੰਡ ਸ਼ੋਹਣ ਜ਼ਿਲਾ ਗੁਰਦਾਸ ਪੁਰ

ਨਾਰਦ ਕਹੇ ਵੇਖੋ ਬਦਲ ਰਹੀ ਰੁਤ, ਰੁਤੜੀ ਆਪਣਾ ਆਪ ਬਦਲਾਈਆ । ਪ੍ਰਭ ਦਾ ਨਾਮ ਹੋਣਾ ਦੋ ਤੁਕ, ਦੋਹਰਾ ਰੰਗ ਰੰਗਾਈਆ । ਭਾਗ ਲੱਗਣਾ ਕਾਇਆ ਬੁਤ, ਬੁਤਖ਼ਾਨੇ ਵੱਜੇ ਵਧਾਈਆ । ਪ੍ਰਭ ਦੇ ਦੁਲਾਰੇ ਹੋਣੇ ਸੁਤ , ਜਨ ਭਗਤ ਨਜ਼ਰੀ ਆਈਆ । ਜਿਨ੍ਹਾਂ ਗੋਦੀ ਲਏ ਚੁੱਕ, ਚੁਕੰਨਾ ਹੋ ਕੇ ਵੇਖੇ ਥਾਉਂ ਥਾਈਆਂ । ਆਤਮ ਬ੍ਰਹਮ ਦਾ ਦੇਵੇ ਸੁੱਖ, ਦੁੱਖ ਦਰਦ ਦਾ ਡੇਰਾ ਢਾਹੀਆ । ਜਾਮਾ ਲੇਖੇ ਲਾਏ ਮਨੁੱਖ, ਮਾਨਸ ਆਪਣੇ ਲੇਖੇ ਲਾਈਆ । ਉਲਟਾ ਹੋਣ ਨਾ ਦੇਵੇ ਰੁੱਖ, ਗਰਭ ਵਾਸ ਨਾ ਅਗਨ ਤਪਾਈਆ । ਜੇ ਕੋਈ ਮੈਨੂੰ ਲਵੇ ਪੁਛ, ਮੈਂ ਸਭ ਨੂੰ ਦੇਣਾ ਸੁਣਾਈਆ । ਚੁਰਾਸੀ ਵਿਚੋਂ ਨਿਕਲਣਾ ਕੰਮ ਤੁਛ, ਜੇ ਤੁਛ ਬੁੱਧੀ ਵਾਲੇ ਪ੍ਰਭ ਦੇ ਲਾਗਣ ਪਾਈਆ । ਜੋ ਏਥੇ ਉਥੇ ਰੱਖੇ ਖ਼ੁਸ਼, ਖ਼ੁਸ਼ੀਆਂ ਵਿਚ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਖ਼ਸ਼ਣਹਾਰਾ ਸਚ ਸੁਚ, ਸਤਿ ਆਪਣਾ ਆਪ ਦਰਸਾਈਆ ।



## ੩੦ ਫੱਗੁਣ ਸ਼ਹਿਨਸ਼ਾਹੀ ਸੰਮਤ ੬ ਹਰਿਭਜਨ ਸਿੰਘ ਦੇ ਗ੍ਰਿਹ ਪਿੰਡ ਜੀਉ ਜੁਲਾਈ ਜ਼ਿਲਾ ਗੁਰਦਾਸ ਪੁਰ

੧੧੯੯ ੨੨

ਸਤਿਗੁਰ ਪੂਰਾ ਨਦਰੀ ਨਦਰ ਨਿਹਾਲ, ਮਿਹਰ ਨਦਰ ਨਾਲ ਤਰਾਈਆ । ਤ੍ਰੈਗੁਣ ਮਾਇਆ ਤੋੜ ਜਗਤ ਜੰਜਾਲ, ਰਜੋ ਤਮੋ ਸਤੋ ਦਾ ਡੇਰਾ ਢਾਹੀਆ । ਸੋਈ ਸੁਰਤ ਲਏ ਉਠਾਲ, ਸ਼ਬਦ ਅਨਾਦੀ ਨਾਦ ਕਰੇ ਸ਼ਨਵਾਈਆ । ਆਪੇ ਪੁਛੇ ਮੁਰੀਦਾਂ ਹਾਲ, ਮੁਰਸ਼ਦ ਬਣ ਕੇ ਧੁਰਦਰਗਾਹੀਆ । ਨਾਤਾ ਤੋੜੇ ਕਾਲ ਮਹਾਂਕਾਲ, ਚੁਰਾਸੀ ਫਾਸੀ ਦਏ ਕਟਾਈਆ । ਸਚ ਦਵਾਰ ਬਠਾਏ ਸੱਚੀ ਧਰਮਸਾਲ, ਸਚਖੰਡ ਸਾਚਾ ਇਕ ਸੁਹਾਈਆ । ਜਿਥੇ ਝਗੜਾ ਨਹੀਂ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਅਖਵਾਈਆ । ਸਤਿਗੁਰ ਸ਼ਬਦ ਬਣ ਦਲਾਲ, ਜਗਤ ਜਹਾਨ ਪੰਧ ਮੁਕਾਈਆ । ਗੁਰਮੁਖ ਵੇਖੇ ਆਪਣੇ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਆਦਿ ਜੁਗਾਦਿ ਜੁਗ ਚੌਕੜੀ ਸਤਿਗੁਰ ਪੂਰਾ ਨਦਰ ਨਿਹਾਲ, ਨਜ਼ਰ ਨਜ਼ਰ ਵਿਚੋਂ ਬਦਲਾਈਆ । ਸਤਿਗੁਰ ਪੂਰਾ ਕਰੇ ਮਿਹਰ ਨਦਰ, ਨਜ਼ਰੀਆ ਅੰਦਰੋਂ ਦਏ ਬਦਲਾਈਆ । ਆਸਾ ਮਨਸਾ ਪੂਰੀ ਕਰੇ ਸੱਧਰ, ਸਦਮਾ ਕੂੜ ਰਹੇ ਨਾ ਰਾਈਆ । ਮਨੂਆ ਮਨ ਨਾ ਪਾਏ ਗ਼ਦਰ, ਪੰਜ ਵਿਕਾਰ ਨਾ ਕੋਇ ਲੜਾਈਆ । ਸੁਰਤੀ ਸ਼ਬਦ ਨਾਲ ਦੇਵੇ ਬਦਲ, ਬਦਲੀ ਪ੍ਰੇਮ ਵਿਚ ਰਖਾਈਆ । ਕਾਇਆ ਮੰਦਰ ਅੰਦਰ ਬਹਿ ਕੇ ਕਰੇ ਅਦਲ, ਇਨਸਾਫ਼ ਆਪਣੇ ਹੱਥ ਰਖਾਈਆ । ਕੂੜੀ ਕਿਰਿਆ ਨਾਮ ਖੰਡੇ ਨਾਲ ਕਰੇ ਕਤਲ, ਮਕਤੂਲ ਦਾ ਲੇਖਾ ਦਏ ਚੁਕਾਈਆ । ਗੁਰਸਿਖਾਂ ਕਰਨਾ ਪਏ ਕੋਇ ਨਾ ਯਤਨ, ਯਥਾਰਥ ਜਿਨ੍ਹਾਂ ਤੇ ਆਪਣੀ ਦਇਆ ਕਮਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣਾ ਵਖਾਏ ਅਗੰਮਾ ਵਤਨ, ਜਿਥੋਂ ਬੇਵਤਨ ਹੋਈ ਲੋਕਾਈਆ । ਜੋ ਸਾਹਿਬ ਸਤਿਗੁਰ ਦੇ ਘਾਟ ਆ ਗਿਆ ਪੱਤਨ, ਸੋ ਨਾਮ ਬੇੜੇ ਲਏ ਚੜ੍ਹਾਈਆ । ਏਥੇ ਓਥੇ ਮਾਲਕ ਹੋਵੇ ਲਾਜਾ ਰੱਖਣ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਨਾਮ ਅਮੋਲਕ ਦੇ ਕੇ ਧੁਰ ਦਾ ਰਤਨ, ਕੀਮਤ ਆਪਣੇ,

ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚਖੰਡ ਨਿਵਾਸੀ ਮਿਹਰ ਨਜ਼ਰ ਉਠਾਈਆ । ਭੇਵ ਖੋਲ੍ਹੇ ਸਤਿਗੁਰ ਪੂਰਾ ਜਿਸ ਉਪਰ ਨਦਰ ਕਰਦਾ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਭੇਵ ਖੁਲ੍ਹਾਵੇ ਆਪਣੇ ਘਰ ਦਾ, ਘਰ ਘਰ ਵਿਚ ਪੜਦਾ ਦਏ ਚੁਕਾਈਆ । ਜਿਥੇ ਅੰਮ੍ਰਿਤ ਬੂੰਦ ਸਵਾਂਤ ਨਿਜਰ ਝਿਰਨਾ ਝਿਰਦਾ, ਨਾਭੀ ਕਵਲ ਕਵਲ ਖੁਲ੍ਹਾਈਆ । ਮਨੂਆ ਦਹਿ ਦਿਸ਼ਾ ਨਾ ਉਠ ਉਠ ਫਿਰਦਾ, ਸਤਿਗੁਰ ਸ਼ਬਦ ਡੋਰੀ ਨਾਲ ਬੰਧਾਈਆ । ਆਤਮਾ ਮੇਲੇ ਜੁਗ ਜਨਮ ਵਿਛੜਿਆ ਚਿਰ ਦਾ, ਚਿਰੀ ਵਿਛੁੰਨੇ ਆਪਣੇ ਨਾਲ ਮਿਲਾਈਆ । ਰਾਗ ਸੁਣਾਵੇ ਆਪਣੀ ਧੁਨ ਦਾ, ਅਨਹਦ ਨਾਦੀ ਨਾਦ ਵਜਾਈਆ । ਭੇਵ ਰਹੇ ਨਾ ਅਗੰਮੀ ਸੁੰਨ ਦਾ, ਸੁੰਨ ਸਮਾਧੀ ਤੋਂ ਬਾਹਰ ਕਢਾਈਆ । ਜਿਥੇ ਜਾਮ ਰਹੇ ਨਾ ਬੁੱਲ ਦਾ, ਰਸਨਾ ਵਾਲੀ ਨਾ ਕੋਇ ਪੜ੍ਹਾਈਆ । ਉਥੇ ਖੇਲ ਹੋਵੇ ਇਕੋ ਗਹਿਰ ਗੰਭੀਰ ਬੇਨਜ਼ੀਰ ਸੁਲਹਕੁਲ ਦਾ, ਕੁਲ ਮਾਲਕ ਨਜ਼ਰੀ ਆਈਆ । ਗੁਰਮੁਖਾਂ ਬੂਟਾ ਕਦੇ ਨਾ ਹੁਲਦਾ, ਜਿਨ੍ਹਾਂ ਨੂੰ ਸਤਿਗੁਰ ਅੰਮ੍ਰਿਤ ਨਾਮ ਫਲ ਲਗਾਈਆ । ਉਹ ਮਾਤਲੋਕ ਕਦੇ ਨਾ ਭੁੱਲ ਦਾ, ਜਿਸ ਤੇ ਮਿਹਰ ਨਦਰ ਨਜ਼ਰਵਾਨ ਆਪ ਟਿਕਾਈਆ । ਚੁਰਾਸੀ ਵਿਚ ਕਦੇ ਨਾ ਰੁਲਦਾ, ਰਾਏ ਧਰਮ ਨਾ ਦਏ ਸਜ਼ਾਈਆ । ਸਚ ਤਰਾਜ਼ੂ ਕੰਡੇ ਤੁਲਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਬੇਪਰਵਾਹੀਆ । ਸਤਿਗੁਰ ਨਦਰ ਦੇਵੇ ਤਾਰ, ਤਾਰਨਹਾਰ ਦਇਆ ਕਮਾਈਆ । ਕਿਰਪਾ ਕਰੇ ਵਿਚ ਸੰਸਾਰ ਸਹਿਸਾ ਰੋਗ ਦਏ ਮਿਟਾਈਆ । ਅੰਦਰੋਂ ਕਢ ਕੂੜ ਵਿਕਾਰ, ਹੰਕਾਰ ਦਏ ਚੁਕਾਈਆ । ਸਚ ਪ੍ਰੇਮ ਦੀ ਵਜਾ ਸਿਤਾਰ, ਸੋਈ ਸੁਰਤ ਦਏ ਉਠਾਈਆ । ਲੇਖਾ ਮੁਕਾ ਕੇ ਨੌਂ ਦਵਾਰ, ਈੜਾ ਪਿੰਗਲ ਸੁਖਮਨ ਪੰਧ ਮੁਕਾਈਆ । ਅੰਮ੍ਰਿਤ ਬਖ਼ਸ਼ ਕੇ ਠੰਡਾ ਠਾਰ, ਝਿਰਨਾ ਨਿਜਰ ਆਪ ਝਿਰਾਈਆ । ਸ਼ਬਦ ਸੁਣਾ ਅਨਾਦੀ ਧੁਨਕਾਰ, ਅਗੰਮੀ ਰਾਗ ਅਲਾਈਆ । ਦੀਆ ਬਾਤੀ ਘਰ ਕਮਲਾਪਾਤੀ ਦੀਆ ਜੋਤੀ ਦੇਵੇ ਬਾਲ, ਸੂਰੀਆ ਚੰਨ ਦੀ ਲੋੜ ਰਹੇ ਨਾ ਰਾਈਆ । ਕਾਇਆ ਮੰਦਰ ਅੰਦਰ ਵਖਾਏ ਸੱਚੀ ਧਰਮਸਾਲ, ਘਰ ਘਰ ਵਿਚ ਪੜਦਾ ਲਾਹੀਆ । ਜੇਹੜੇ ਗੁਰਮੁਖ ਸਤਿਗੁਰ ਦੇ ਬਣ ਜਾਣ ਲਾਲ, ਲਾਲ ਗੁਲਾਲ ਰੰਗ ਦਏ ਚੜ੍ਹਾਈਆ । ਉਨ੍ਹਾਂ ਨੂੰ ਦਿਨੇ ਜਾਗਦਿਆਂ ਰਾਤੀ ਸੁਤਿਆਂ ਦਰਸਨ ਦੇ ਕੇ ਨਦਰੀ ਨਦਰ ਕਰੇ ਨਿਹਾਲ, ਨਜ਼ਰ ਨਿਜ ਨੇਤਰ ਨਜ਼ਰ ਨਾਲ ਮਿਲਾਈਆ । ਫਿਰ ਨਾ ਜੁਆਬ ਰਹਿ ਜਾਏ ਨਾ ਸੁਆਲ, ਸੁਆਲ ਜੁਆਬ ਵਿਚ ਜੁਆਬ ਸੁਆਲ ਮਿਲ ਕੇ ਦੋਵੇਂ ਆਪਣਾ ਆਪ ਜਾਣ ਮਿਟਾਈਆ । ਫੇਰ ਜਿਧਰ ਤਕੇ ਉਧਰ ਵੇਖੇ ਪਰਮ ਪੁਰਖ ਮਿਹਰਵਾਨ, ਮਿਹਰਵਾਨ ਮਿਹਰਵਾਨ ਜੋ ਮਿਹਰ ਨਜ਼ਰ ਉਠਾਈਆ । ਜੋ ਆਦਿ ਅੰਤ ਜੁਗਾ ਜੁਗੰਤ ਆਤਮ ਪਰਮਾਤਮ ਪਰਮਾਤਮ ਆਤਮ ਸਤਿ ਸਰੂਪ ਸ਼ਾਹੋ ਭੂਪ ਸ਼ਹਿਨਸ਼ਾਹ ਸ੍ਰੀ ਭਗਵਾਨ , ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦ ਮਿਹਰ ਦਾ ਜਨ ਭਗਤਾਂ ਦੇਂਦਾ ਰਹੇ ਦਾਨ, ਦਾਤਾ ਦਾਨੀ ਹੋ ਕੇ ਆਪਣੀ ਵਸਤ ਨਾਮ ਵਰਤਾਈਆ ।


੧੨੦੦ ੨੨

## ੩੦ ਫੱਗਣ ਸ਼ਹਿਨਸ਼ਾਹੀ ਸੰਮਤ ੬ ਧਿਰਤਾ ਸਿੰਘ ਦੇ ਗ੍ਰਿਹਿ ਪਿੰਡ ਕਲਾਨੌਰ ਜ਼ਿਲਾ ਗੁਰਦਾਸ ਪੁਰ

ਨਾਰਦ ਕਹੇ ਮੈਂ ਚਾਰ ਕੁੰਟ ਦੌੜਿਆ, ਦਹਿ ਦਿਸ਼ਾ ਪੰਧ ਮੁਕਾਈਆ । ਜਗਤ ਜਹਾਨ ਰੀਠਾ ਹੋਇਆ ਕੌੜਿਆ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਧਰਮ ਦੇ ਚੜ੍ਹੇ ਕੋਇ ਨਾ ਪੌੜਿਆ, ਮੰਜ਼ਲ ਹੱਕ ਨਾ ਕੋਇ ਮੁਕਾਈਆ । ਮਨੂਆ ਸਕੇ ਕੋਇ ਨਾ ਹੋੜਿਆ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਸੁਰਤ ਸ਼ਬਦ ਮੇਲ ਕਿਸੇ ਨਾ ਜੋੜਿਆ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਸਤਿਗੁਰ ਸ਼ਬਦ ਚੜ੍ਹੇ ਕੋਇ ਨਾ ਘੋੜਿਆ, ਕਰਨੀ ਪੰਧ ਨਾ ਕੋਇ ਮੁਕਾਈਆ । ਸਭ ਨੇ ਆਪਣਾ ਆਪਣਾ ਬੇੜਾ ਰੋੜ੍ਹਿਆ, ਨੱਈਆ ਨੌਕਾ ਨਾਮ ਹੱਥ ਕਿਸੇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਤੇਰਾ ਪੰਧ ਮੁਕੇ ਨਾ ਸੌੜਿਆ, ਭੀੜੀ ਗਲੀ ਪਾਰ ਨਾ ਕੋਇ ਕਰਾਈਆ । ਕਲਜੁਗ ਸਾਧਾਂ ਸੰਤਾਂ ਦੇ ਸੀਸ ਤੇ ਝੁਲਦੇ ਚੌਰਿਆ, ਧਰਮ ਦਾ ਛਤਰ ਨਾ ਕੋਇ ਝੁਲਾਈਆ । ਮਾਨਸ ਜਨਮ ਕਿਸੇ ਨਾ ਸੌਰਿਆ, ਸੌਹਰੇ ਪਈਏ ਮਿਲੇ ਨਾ ਕੋਇ ਵਡਿਆਈਆ । ਪ੍ਰਭੂ ਮੈਂ ਤੱਕਿਆ ਨਾਲ ਗ਼ੌਰਿਆ, ਗਹਿਰ ਗਵਰ ਧਿਆਨ ਲਗਾਈਆ । ਪੰਜ ਵਿਕਾਰ ਦਾ ਚਲੇ ਦੌਰਿਆ, ਦਰ ਦਰ ਪਈ ਦੁਹਾਈਆ । ਤੇਰੀ ਦੀਨ ਦੁਨੀ ਦਾ ਬਦਲਿਆ ਤੌਰਿਆ, ਤਾਰ ਸਿਤਾਰ ਨਾ ਕੋਇ ਹਿਲਾਈਆ । ਖਾਵੰਦ ਮਿਲੇ ਕਿਸੇ ਨਾ ਸ਼ੌਹਰਿਆ, ਕੰਤ ਭਗਵੰਤ ਤੇਰੀ ਸੇਜ ਨਾ ਕੋਇ ਹੰਢਾਈਆ । ਨੌ ਖੰਡ ਪ੍ਰਿਥਮੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਸ਼ੋਰਿਆ, ਧੀਰਜ ਧੀਰ ਨਾ ਕੋਇ ਧਰਾਈਆ । ਵਰ ਪਾਵੇ ਕੋਇ ਨਾ ਲੋੜਿਆ, ਦੁਹਾਗਣ ਰੂਪ ਦਿਸੇ ਲੋਕਾਈਆ ।

੧੨੦੧ ਬਹੁੜੀ ਤੇਰੇ ਨਾਲੋਂ ਸਭ ਦਾ ਹੋਇਆ ਵਿਛੋੜਿਆ, ਵਿਛੜਿਆਂ ਮੇਲ ਨਾ ਕੋਇ ਮਿਲਾਈਆ । ਕਿਸੇ ਦਾ ਭਾਗ ਨਾ ਦਿਸੇ ਮਥੋਰਿਆ, ਮਥਨ ਕੂੜ ਕਰਮ ਨਾ ਕੋਇ ਕਰਾਈਆ । ਘਰ ਘਰ ਅੰਦਰ ਕੂੜ ਕਰੋਧ ਹੰਕਾਰ ਕਰੇ ਖੋਰਿਆ, ਸ਼ਰਅ ਨਾਲ ਸ਼ਰਅ ਟਕਰਾਈਆ । ਏਸ ਵੇਲੇ ਪੁਰਖ ਅਕਾਲੇ ਦੀਨ ਦਿਆਲੇ ਤੇਰੀ ਲੋੜਿਆ, ਪਰਵਰਦਿਗਾਰ ਸਾਂਝੇ ਯਾਰ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਦਿਸੇ ਕੋਇ ਨਾ ਹੋਰਿਆ । ਨਾਰਦ ਕਹੇ ਮੈਂ ਸਭ ਦਾ ਤੱਕਿਆ ਅੰਤਰਸ਼ਕਰਨ, ਹਰਿ ਕਰਤੇ ਦਿਆਂ ਦ੍ਰਿੜਾਈਆ । ਪ੍ਰੀਤੀ ਲੱਗੀ ਕਿਸੇ ਨਾ ਤੇਰੇ ਚਰਨ, ਚਰਨ ਧੂੜੀ ਖ਼ਾਕ ਨਾ ਕੋਇ ਰਮਾਈਆ । ਝਗੜਾ ਕਿਸੇ ਨਾ ਮਿਟੇ ਮਰਨ, ਮਰ ਜੀਵਤ ਰੂਪ ਨਾ ਕੋਇ ਰਖਾਈਆ । ਬੇਸ਼ਕ ਸਾਰੇ ਤੇਰੇ ਢੋਲੇ ਪੜ੍ਹਨ, ਢੋਲ ਮਾਹੀ ਤੇਰਾ ਦਰਸ ਕੋਇ ਨਾ ਪਾਈਆ । ਜਗਤ ਵਾਸਨਾ ਵਿਚ ਸਾਰੇ ਅੜਨ, ਕਲਪਣਾ ਕਰੇ ਨਾ ਕੋਇ ਸਫ਼ਾਈਆ । ਭੈ ਵਿਚ ਮੂਲ ਨਾ ਡਰਨ, ਨਿਰਭੈ ਹੋਈ ਲੋਕਾਈਆ । ਮਾਣ ਟੁੱਟੇ ਨਾ ਹੰਕਾਰੀ ਗੜ੍ਹਨ, ਸਤਿ ਸਰੂਪ ਨਾ ਕੋਇ ਸਮਾਈਆ । ਦਰੋਹੀ ਤੇਰੀ ਮੰਜ਼ਲ ਮੂਲ ਨਾ ਚੜ੍ਹਨ, ਚੜ੍ਹਦਾ ਲਹਿੰਦਾ ਵੇਖ ਧਿਆਨ ਲਗਾਈਆ । ਸਦੀ ਚੌਧਵੀਂ ਮਾਨਸ ਜਨਮ ਸਰਬ ਹਰਨ, ਹਰਨ ਫਰਨ ਨਿਜ ਨੇਤਰ ਨਾ ਕੋਇ ਖੁਲ੍ਹਾਈਆ । ਝਗੜਾ ਮਿਟੇ ਨਾ ਵਰਨ ਬਰਨ, ਜ਼ਾਤ ਅਜ਼ਾਤੀ ਪੰਧ ਨਾ ਕੋਇ ਮੁਕਾਈਆ । ਪੁਰਖ ਅਕਾਲੇ ਦੀਨ ਦਿਆਲੇ ਬਿਨ ਤੇਰੀ ਕਿਰਪਾ ਕਲਜੁਗ ਜੀਵ ਮੂਲ ਨਾ ਤਰਨ, ਭਵਜਲ ਪਾਰ ਨਾ ਕੋਇ ਕਰਾਈਆ । ਸਤਿਗੁਰ ਸ਼ਬਦ ਫੜਾ ਲੜਨ, ਪਲੂ ਨਾਮ ਗੰਢ ਪਵਾਈਆ । ਤੂੰ ਮਾਲਕ ਭੰਨਣ ਘੜਨ, ਸਮਰਥ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਨਾਰਦ ਕਹੇ ਮੈਂ ਫਿਰਿਆ ਜਹਾਨ ਜਗਤ, ਹੁਕਮੇ ਹੁਕਮ ਸੇਵ ਕਮਾਈਆ । ਸਾਚਾ ਦਿਸੇ

ਕੋਇ ਨਾ ਭਗਤ, ਭਗਵਾਨ ਰੰਗ ਨਾ ਕੋਇ ਰੰਗਾਈਆ । ਸਤਿਗੁਰ ਦੀ ਲੱਭੇ ਕੋਇ ਨਾ ਸ਼ਕਤ, ਸ਼ਕਤੀ ਨੂਰ ਨੁਰਾਨੀ ਨੂਰ ਨਾ ਕੋਇ ਚਮਕਾਈਆ । ਮੈਂ ਨਿਗਹ ਮਾਰੀ ਉਤੇ ਫ਼ਰਸ਼, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਕਿਸੇ ਦੀ ਮਿਟੀ ਨਹੀਂ ਅੰਦਰੋਂ ਹਰਸ, ਹਵਸ ਵਿਚ ਸਰਬ ਲੋਕਾਈਆ । ਅੰਮ੍ਰਿਤ ਮੇਘ ਦੇਵੇ ਕੋਇ ਨਾ ਬਰਸ, ਬੂੰਦ ਸਵਾਂਤੀ ਜਾਮ ਨਾ ਕੋਇ ਪਿਆਈਆ । ਪ੍ਰਭ ਦਰਸ਼ਨ ਨੂੰ ਸਾਰੇ ਰਹੇ ਤਰਸ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਚੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਲਜੁਗ ਅੰਤਮ ਆਪ ਪਰਤ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਸਭ ਦੀ ਆਸਾ ਮਨਸਾ ਪੂਰੀ ਕਰ ਦੇ ਸ਼ਰਤ, ਸ਼ਰਅ ਦਾ ਲੇਖਾ ਰਹੇ ਨਾ ਰਾਈਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਉਤੇ ਕਰ ਤਰਸ, ਰਹੀਮ ਹੋ ਕੇ ਰਹਿਮ ਆਪ ਕਮਾਈਆ । ਦੁਖੀਆਂ ਦੁੱਖ ਵੰਡ ਦਰਦ, ਦਰਦੀਆਂ ਦਰਦ ਆਪ ਮਿਟਾਈਆ । ਤੇਰਾ ਖੇਲ ਸਦਾ ਅਸਚਰਜ, ਅਚਰਜ ਲੀਲਾ ਦੇ ਜਣਾਈਆ । ਤੂੰ ਯੋਧਾ ਸੂਰਬੀਰ ਮਰਦਾਨਾ ਮਰਦ, ਮਿਹਰਵਾਨ ਮਿਹਰਵਾਨ ਮਿਹਰਵਾਨ ਇਕ ਅਖਵਾਈਆ । ਸ਼ਰਅ ਛੁਰੀ ਮੇਟ ਦੇ ਕਰਦ, ਕਾਤਲ ਮਕਤੂਲ ਦਾ ਲੇਖਾ ਰਹੇ ਨਾ ਰਾਈਆ । ਮੇਰੀ ਬੇਨੰਤੀ ਮਨਜ਼ੂਰ ਕਰਨੀ ਅਰਜ਼, ਆਰਜ਼ੂ ਤੇਰੇ ਅੱਗੇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜੀ ਕਿਰਿਆ ਮੇਟ ਅੰਧੇਰਾ ਗਰਦ, ਗਰਦਸ਼ ਮੋਹ ਵਿਕਾਰ ਹੰਕਾਰ ਦੇ ਮੁਕਾਈਆ ।



## ✪ ੩੦ ਫੱਗਣ ਸ਼ਹਿਨਸ਼ਾਹੀ ਸੰਮਤ ੬ ਬੀਬੀ ਸੁਖਰਾਜ ਦੇ ਗ੍ਰਿਹ ਪਿੰਡ ਕਲਾਨੌਰ ਜ਼ਿਲਾ ਗੁਰਦਾਸ ਪੁਰ ✪

੧੨੦੨ ੨੨

ਨਾਰਦ ਕਹੇ ਸੁਣ ਫੱਗਣਾ, ਫਲਗੁਣ ਆਪਣਾ ਧਿਆਨ ਲਗਾਈਆ । ਸਚ ਦੱਸ ਅਗਲਾ ਸਾਲ ਕਿਹੋ ਜੇਹਾ ਲੱਗਣਾ, ਪਹਿਲੀ ਚੇਤ ਕੀ ਚਤੁਰਾਈਆ । ਕੀ ਸ਼ਬਦ ਦਮਾਮਾ ਵੱਜਣਾ, ਜਗਤ ਜਹਾਨਾਂ ਕਰੇ ਸ਼ਨਵਾਈਆ । ਕੀ ਹੁਕਮ ਹੋਣਾ ਸੂਰਾ ਸਰਬੰਗਣਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਕੀ ਆਪਣਾ ਹੁਕਮ ਵਰਤਾਈਆ । ਕੀ ਖੇਲ ਕਰਨਾ ਗੋਪਾਲ ਮੂਰਤ ਮਦਨਾ, ਮਧਸੂਦਨ ਆਪਣੀ ਕਾਰ ਕਮਾਈਆ । ਕੀ ਲੇਖਾ ਹੋਣਾ ਆਅਲਾ ਅਦਨਾ, ਪਰਦਾ ਪਰਦਿਆਂ ਵਿਚੋਂ ਦੇਣਾ ਚੁਕਾਈਆ । ਕਿਸ ਗ੍ਰਿਹਿ ਦਵਾਰ ਧਰਮ ਦੀ ਧਾਰ ਦੀਪਕ ਜਗਣਾ, ਅੰਧ ਅੰਧੇਰ ਰਹੇ ਨਾ ਰਾਈਆ । ਕਿਸ ਦਾ ਮੇਲ ਹੋਣਾ ਨਾਲ ਸਵਾਮੀ ਸੱਜਣਾ, ਸਤਿਗੁਰ ਸ਼ਬਦ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਫੱਗਣ ਕਹੇ ਸੁਣ ਹੁਕਮ ਸੂਰੇ ਸਰਬੰਗ, ਧੁਰ ਦਾ ਦਿਆਂ ਜਣਾਈਆ । ਜੋ ਸੰਦੇਸਾ ਦੇ ਕੇ ਗਿਆ ਗੋਬਿੰਦ ਪੁਰੀ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਜਿਸ ਦਾ ਲੇਖਾ ਨਹੀਂ ਨਾਲ ਜੇਰਜ ਅੰਡ, ਉਤਭੁਜ ਸੇਤਜ ਬੰਧਨ ਨਾ ਕੋਇ ਪਵਾਈਆ । ਯਾਦ ਰੱਖਣਾ ਪਹਿਲੀ ਚੇਤ ਜਗਤ ਸਿੰਘਾਸਣ ਸ਼ਬਦ ਦੀ ਧਾਰ ਉਲਟਾ ਕਰਨਾ ਪਲੰਘ, ਧਰਮ ਦੀ ਰੀਤੀ ਦਿਆਂ ਦ੍ਰਿੜਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋਣੀ ਅੰਧ, ਸਚ ਚੰਦ ਨਾ ਕੋਇ ਚਮਕਾਈਆ । ਝਗੜਾ ਵੇਖਣਾ ਨਵ ਖੰਡ, ਨਵ ਦਰ ਦਰ ਹਲਕਾਈਆ । ਪੁਰਖ ਅਕਾਲਾ ਦੀਨ ਦਿਆਲਾ ਖੇਲ ਕਰੇ ਸੂਰਾ ਸਰਬੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ

ਖੁਲ੍ਹਾਈਆ । ਫਲਗੁਣ ਕਹੇ ਪੁੱਠਾ ਸਿੰਘਾਸਣ ਦੇਣਾ ਡਾਹ, ਪਹਿਲੀ ਚੇਤ ਚੇਤਨ ਦਏ ਕਰਾਈਆ । ਫੇਰ ਸਭ ਨੇ ਕਹਿਣਾ ਵਾਹ ਵਾਹ, ਵਾਹਵਾ ਤੇਰੀ ਬੇਪਰਵਾਹੀਆ । ਇਹ ਖੇਲ ਕਰਾਉਣਾ ਖ਼ੁਦ ਖ਼ੁਦਾ, ਖ਼ੁਦੀ ਤਕਬਰੀ ਵੇਖੇ ਥਾਉਂ ਥਾਈਂਆ । ਰੂਹ ਬੁਤ ਤਕਣੇ ਜੁਦਾ, ਜੁਜ਼ ਵੇਖੇ ਥਾਉਂ ਥਾਈਆ । ਜਿਸ ਨੂੰ ਕਹਿੰਦੇ ਵਾਹਿਦ ਅੱਲਾ, ਆਲਮੀਨ ਆਪਣਾ ਪੜਦਾ ਦਏ ਉਠਾਈਆ । ਸਾਚਾ ਹੁਕਮ ਕਰੇ ਰਵਾਂ, ਧੁਰ ਫ਼ਰਮਾਨਾ ਇਕ ਸੁਣਾਈਆ । ਦੀਨ ਦੁਨੀ ਦਾ ਬਦਲਣਾ ਸਮਾਂ, ਸਮਝ ਸਮਝ ਵਿਚੋਂ ਬਦਲਾਈਆ । ਵਾਸਤਾ ਪਾਉਣਾ ਸੰਗ ਮੁਹੰਮਦ ਯਾਰ ਚਵ੍ਹਾਂ, ਚਾਰ ਯਾਰੀ ਸਾਥ ਬਣਾਈਆ । ਸਦੀ ਚੌਧਵੀਂ ਲੇਖਾ ਤਕਣਾ ਤਾਮਸ ਤਮ੍ਹਾਂ, ਤਮੰਨਾ ਵੇਖਣੀ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਖ ਸੋਗ ਜਣਾਏ ਕੋਇ ਨਾ ਗ਼ਮਾਂ, ਗ਼ਮਖਾਰ ਹੋ ਕੇ ਗ਼ਮੀ ਸਭ ਦੀ ਦਏ ਚੁਕਾਈਆ ।

ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੭ ਮੰਗਲ ਸਿੰਘ ਦੇ ਗ੍ਰਿਹ ਪਿੰਡ ਫਤੂਪੁਰ ਜ਼ਿਲਾ ਗੁਰਦਾਸ ਪੁਰ

ਸੰਮਤ ਛੇ ਕਹੇ ਮੇਰੀ ਅੰਤ ਅਖ਼ੀਰੀ ਰਾਤ ਗਈ ਬੀਤ, ਫਲਗੁਣ ਆਪਣਾ ਪੰਧ ਮੁਕਾਈਆ । ਮੈਂ ਪ੍ਰਭ ਦੀ ਤਕੀ ਅਗੰਮੀ ਰੀਤ, ਸਚਖੰਡ ਸਾਚੇ ਧਿਆਨ ਲਗਾਈਆ । ਜਿਥੇ ਬੈਠਾ ਇਕ ਅਤੀਤ, ਤ੍ਰੈਗੁਣ ਨਜ਼ਰ ਕੋਇ ਨਾ ਆਈਆ । ਰੂਪ ਦਿਸਿਆ ਨਾ ਕੋਇ ਮੰਦਰ ਮਸੀਤ, ਸ਼ਿਵਦਵਾਲਾ ਮੱਠ ਗੁਰੂਦਵਾਰ ਨਾ ਕੋਇ ਵਖਾਈਆ । ਇਉਂ ਜਾਪਦਾ ਉਸ ਨੇ ਦੀਨ ਦੁਨੀ ਦੀ ਬਦਲ ਦੇਣੀ ਰੀਤ, ਰੀਤੀਵਾਨ ਧੁਰਦਰਗਾਹੀਆ । ਜੋ ਹਰ ਘਟ ਵਸਿਆ ਚੀਤ, ਮਨ ਚਿਤ ਠਗੌਰੀ ਦਏ ਗਵਾਈਆ । ਆਤਮ ਪਰਮਾਤਮ ਦੀ ਦੱਸੇ ਪ੍ਰੀਤ, ਪ੍ਰੀਤਮ ਹੋ ਕੇ ਪੜਦਾ ਦਏ ਉਠਾਈਆ । ਝਗੜਾ ਮੇਟੇ ਹਸਤ ਕੀਟ, ਊਚ ਨੀਚ ਇਕੋ ਰੰਗ ਰੰਗਾਈਆ । ਧੁਰ ਦੇ ਨਾਮ ਦੀ ਦਏ ਹਦੀਸ, ਹਜ਼ਰਤਾਂ ਤੋਂ ਅੱਗੇ ਕਰੇ ਪੜ੍ਹਾਈਆ । ਭਗਤਾਂ ਆਸਾ ਮਨਸਾ ਪੂਰੀ ਕਰੇ ਉਮੀਦ, ਤ੍ਰਿਸ਼ਨਾ ਤ੍ਰਿਖਾ ਜਗਤ ਵਾਲੀ ਬੁਝਾਈਆ । ਕਾਇਆ ਮਾਟੀ ਕਰਕੇ ਠਾਂਡੀ ਸੀਤ, ਅਗਨੀ ਤਤ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸੰਮਤ ਛੇ ਕਹੇ ਮੇਰਾ ਸਮਾਂ ਗਿਆ ਲੰਘ, ਲੋਕਮਾਤ ਆਪਣਾ ਪੰਧ ਮੁਕਾਈਆ । ਮੈਂ ਸ਼ਬਦ ਦਾ ਸੁਣਿਆ ਅਗੰਮੀ ਛੰਦ, ਸੰਦੇਸ਼ਾ ਧੁਰਦਰਗਾਹੀਆ । ਨਿਰਗੁਣ ਜੋਤੀ ਧਾਰ ਦਾ ਤੱਕਿਆ ਚੰਦ, ਨੂਰ ਨੁਰਾਨਾ ਡਗਮਗਾਈਆ । ਸ਼ਬਦੀ ਧਾਰ ਵੇਖਿਆ ਪਲੰਘ, ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਜੋਤੀ ਜਾਤਾ ਤੱਕਿਆ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਜੋ ਇਕੋ ਨਾਮ ਵਜਾਏ ਮਰਦੰਗ, ਦੂਸਰ ਤਾਰ ਸਿਤਾਰ ਨਾ ਕੋਇ ਹਿਲਾਈਆ । ਜਿਸ ਦਾ ਆਦਿ ਅੰਤ ਦਾ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਿਸ ਦੇ ਦਵਾਰੇ ਉਤੇ ਸੰਮਤ ਸ਼ਹਿਨਸ਼ਾਹ ਛੇ ਮੰਗੇ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਪ੍ਰਭੂ ਮੇਰਾ ਸਾਥ ਬਣਾ ਦੇ ਜਿਸ ਛੱਡਿਆ ਪੁਰੀ ਅਨੰਦ, ਸਰਗੁਣ ਦਾ ਨਿਰਗੁਣ ਰੂਪ ਬਦਲਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਪੰਧ, ਪਾਂਧੀ ਸਫ਼ਰ ਵਿਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਧਾਰ ਦਾ ਧਰਮ ਵਿਚ ਹੋਵੇ ਰੰਗ, ਦੂਸਰ ਰੰਗਤ ਨਜ਼ਰ ਕੋਇ ਨਾ ਆਈਆ ।

## ✪ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੭ ਗੁਲਜ਼ਾਰ ਸਿੰਘ ਦੇ ਗ੍ਰਿਹ ਪਿੰਡ ਫਤੂ ਪੁਰ ਜ਼ਿਲਾ ਗੁਰਦਾਸ ਪੁਰ ✪

ਸੰਮਤ ਛੇ ਕਹੇ ਮੈਂ ਵੇਖੀ ਅਗੰਮੀ ਪਾਤੀ, ਪਤ੍ਰਿਕਾ ਧੁਰਦਰਗਾਹੀਆ । ਜਿਸ ਵਿਚ ਕਥਾ ਕਹਾਣੀ ਸਾਚੀ ਆਖੀ, ਸ਼ਾਸਤਰਾਂ ਤੋਂ ਬਾਹਰ ਦਿਤੀ ਦ੍ਰਿੜਾਈਆ । ਭਗਵਾਨ ਭਗਤਾਂ ਕਰੇ ਰਾਖੀ, ਰੱਖਕ ਹੋ ਕੇ ਰਿਹਾ ਜਣਾਈਆ । ਫੇਰ ਲੇਖ ਤੱਕਿਆ ਪਿਛਲੀ ਪਿਛੇ ਬਖ਼ਸ਼ ਦਿਤੀ ਗੁਸਤਾਖੀ, ਅੱਗੇ ਬਖ਼ਸ਼ਿਸ਼ ਨਾ ਕੋਇ ਕਰਾਈਆ । ਸਚ ਦੀ ਸਚ ਕਰੇ ਇਨਸਾਫ਼ੀ, ਇਨਸਾਫ਼ ਅਦਲ ਆਪਣੇ ਹੱਥ ਰਖਾਈਆ । ਜਿਹੜਾ ਮੰਨ ਕੇ ਭੁੱਲ ਜਾਵੇ ਅੱਗੇ ਮਿਲੇ ਮੂਲ ਨਾ ਮੁਆਫ਼ੀ, ਦੋਬਾਰਾ ਹਰਿ ਸੰਗਤ ਵਿਚ ਕਦੇ ਨਾ ਆਈਆ । ਮੇਰਾ ਲਹਿਣਾ ਦੇਣਾ ਸੰਮਤ ਛੇ ਕਹੇ ਇਹੋ ਅਖ਼ੀਰ ਬਾਕੀ, ਜੋ ਬਾਕਾਇਦਾ ਦਿਤਾ ਦ੍ਰਿੜਾਈਆ । ਅੱਗੇ ਧਰਮ ਦੀ ਚਲਣੀ ਹਾਟੀ, ਸਚ ਦਾ ਸਚ ਵਣਜ ਵਖਾਈਆ । ਪੁਰਖ ਅਕਾਲ ਦੀਨ ਦਿਆਲ ਖੇਲ ਕਰੇ ਬਹੁ ਭਾਂਤੀ, ਭੇਵ ਅਭੇਦ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਪੂਰੀ ਕਰੇ ਆਸੀ, ਆਸਾ ਆਸਾ ਵਿਚ ਮਿਲਾਈਆ ।

## ✪ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੭ ਜੁਗਿੰਦਰ ਸਿੰਘ ਦੇ ਗ੍ਰਿਹ ਪਿੰਡ ਫ਼ਤੂਪੁਰ ਜ਼ਿਲਾ ਗੁਰਦਾਸ ਪੁਰ ✪ ✪



ਸੰਮਤ ਛੇ ਕਹੇ ਮੇਰੀ ਨਿਮਸਕਾਰ, ਸ਼ਹਿਨਸ਼ਾਹ ਤੇਰੀ ਸਰਨਾਈਆ । ਸੱਤ ਦਾ ਸਤਿ ਹੋਵੇ ਵਿਚਾਰ, ਸਤਿ ਸਤਿ ਵਿਚ ਰਖਾਈਆ । ਜੋ ਆਸ਼ਾ ਰੱਖੀ ਪੈਗ਼ੰਬਰ ਗੁਰ ਅਵਤਾਰ, ਜੁਗਾ ਜੁਗੰਤਰ ਧਿਆਨ ਲਗਾਈਆ । ਮੰਗਦੇ ਰਹੇ ਤੇਰੇ ਕੋਲੋਂ ਦਾਤਾ ਦਾਤਾਰ, ਖ਼ਾਲੀ ਝੋਲੀਆਂ ਅੱਗੇ ਡਾਹੀਆ । ਤੇਰੀ ਸਚ ਦੀ ਕਰਨੀ ਧਰਮ ਦੀ ਹੋਵੇ ਕਾਰ, ਕਰਤੇ ਪੁਰਖ ਤੇਰੀ ਬੇਪਰਵਾਹੀਆ । ਜਿਹੜੀ ਖੇਲ ਅਸੀਂ ਕਰ ਨਹੀਂ ਸਕੇ ਵਿਚ ਸੰਸਾਰ, ਆਪਣਾ ਬਲ ਨਾ ਕੋਇ ਵਖਾਈਆ । ਸੋ ਕਿਰਪਾ ਕਰੀਂ ਆਪ ਨਿਰੰਕਾਰ, ਨਿਰਵੈਰ ਤੇਰੀ ਓਟ ਤਕਾਈਆ । ਵੇਲਾ ਵਕਤ ਲੈਣਾ ਵਿਚਾਰ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਸੋ ਵਕਤ ਸੁਹੰਜਣਾ ਹੋਇਆ ਅਪਰ ਅਪਾਰ, ਅਪਰੰਪਰ ਸਵਾਮੀ ਦੇਣੀ ਮਾਣ ਵਡਿਆਈਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਭਗਤੋ ਉਠੋ ਆਪਣੀ ਧਾਰ, ਸਾਰੇ ਲਓ ਅੰਗੜਾਈਆ । ਨਿਗਹ ਮਾਰੋ ਧਰਨੀ ਧਰਤ ਧਵਲ ਧੌਲ ਉਪਰ ਏਕਾ ਵਾਰ, ਏਕਾ ਨੈਣ ਉਠਾਈਆ । ਸਾਰੇ ਰਲ ਕੇ ਕਹੀਏ ਪਤਿਪਰਮੇਸ਼ਵਰ ਧੁਰ ਦੇ ਸਵਾਮੀ ਅਕਲ ਕਲਧਾਰੀ ਆਪਣਿਆਂ ਭਗਤਾਂ ਦੇ ਸਿਰ ਤੇ ਬੰਨ੍ਹ ਦੇ ਦਸਤਾਰ, ਜਿਸ ਦਸਤਾਰ ਦੀ ਆਸ ਸਾਰੇ ਬੈਠੇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸੰਮਤ ਛੇ ਕਹੇ ਮੇਰੀ ਨਮੋ ਨਮੋ ਬੰਦਨਾ, ਨਿਮਸਕਾਰ ਸਰਨਾਈਆ । ਸੰਮਤ ਸੱਤ ਸ਼ਹਿਨਸ਼ਾਹੀ ਲੱਗਣਾ, ਪਹਿਲੀ ਚੇਤ ਰੁਤ ਸੁਹਾਈਆ । ਭਗਤ ਦਵਾਰ ਹਰਿ ਭਗਤਾਂ ਦਾ ਦੀਪਕ ਜਗਣਾ, ਜਾਗਰਤ ਜੋਤ ਜੋਤ ਰੁਸ਼ਨਾਈਆ । ਕਰੇ ਖੇਲ ਪੁਰਖ ਸਮਰਥਣਾ, ਹਰਿ ਵੱਡਾ ਵਡ ਵਡਿਆਈਆ । ਪੰਜਾਂ ਪਿਆਰਿਆਂ ਸੀਸ ਬੰਨ੍ਹੇ ਪੱਗਨਾ, ਪਗੜੀ ਆਪਣਾ ਹੱਥ ਛੁਹਾਈਆ । ਲਿਖਾਰੀਆਂ ਨਾਲ ਸੱਦਣਾ, ਸੀਸ ਦਸਤਾਰ ਦਏ ਟਿਕਾਈਆ । ਜਿਨ੍ਹਾਂ ਇਕੋ ਰੂਪ ਵੇਖਣਾ ਆਅਲਾ ਅਦਨਾ, ਵੱਡਾ ਛੋਟਾ ਨਾ ਕੋਇ ਸਮਝਾਈਆ । ਪੰਜਾਂ ਦਰਬਾਰੀਆਂ ਕਰਨੀ ਬੰਦਨਾ, ਨਿਉਂ ਨਿਉਂ ਸੀਸ ਨਿਵਾਈਆ ।

ਸ਼ਬਦ ਵਿਹਾਰ ਦਾ ਸਤਿਗੁਰ ਧਾਰ ਦਾ ਸੰਗਤ ਪਿਆਰ ਦਾ ਸਭ ਤੋਂ ਪੂਰਾ ਕਰਨਾ ਸਗਣਾ, ਸਗਲੀ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਮਾਲਕ ਬਣੇ ਸੱਜਣਾ, ਸੱਜਣ ਹੋ ਕੇ ਪੰਜਾਂ ਪਿਆਰਿਆਂ ਪੰਜਾਂ ਲਿਖਾਰੀਆਂ ਪੰਜਾਂ ਦਰਬਾਰੀਆਂ ਨਾਲ ਸੱਜੇ ਨਾਲ ਖੱਬਾ ਖੱਬੇ ਨਾਲ ਸੱਜਾ ਆਪਣਾ ਹੱਥ ਲਏ ਮਿਲਾਈਆ ।

## ✪ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ✪

ਪੁਰਖ ਅਕਾਲ ਕਹੇ ਸੰਮਤ ਸ਼ਹਿਨਸ਼ਾਹੀ ਸੱਤ ਅਗੰਮੀ ਚੇਤਾ, ਚੇਤਨ ਤੈਨੂੰ ਦਿਆਂ ਕਰਾਈਆ । ਗੋਬਿੰਦ ਸ਼ਬਦ ਧਾਰ ਸੰਗ ਬਣਾਵਾਂ ਤੇਰਾ ਨੇਤਾ, ਨਿਰਗੁਣ ਨਿਰਵੈਰ ਨਿਰੰਕਾਰ ਆਪਣਾ ਹੁਕਮ ਸੁਣਾਈਆ । ਦੋ ਜਹਾਨਾਂ ਖੋਲ੍ਹਾਂ ਭੇਤਾ, ਪਰਦਾ ਓਹਲਾ ਰਹੇ ਨਾ ਰਾਈਆ । ਜਨ ਭਗਤਾਂ ਕਰਨਾ ਹੇਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਤਕ ਲੈ ਸਦੀ ਚੌਧਵੀਂ ਮੁਹੰਮਦ ਪੂਰਾ ਹੋਣਾ ਠੇਕਾ, ਠਾਕਰ ਲੇਖਾ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਚੇਤ ਕਹੇ ਮੇਰੇ ਭਗਵੰਤ, ਹਰਿ ਭਗਵਨ ਦਿਆਂ ਦ੍ਰਿੜਾਈਆ । ਸਤਿਗੁਰ ਸ਼ਬਦ ਅਗੰਮਾ ਬਖ਼ਸ਼ ਕੰਤ, ਕੰਤੂਹਲ ਬੇਪਰਵਾਹੀਆ । ਜਿਸ ਦਾ ਇਕੋ ਹੋਵੇ ਮੰਤ, ਮੰਤਵ ਹੱਲ ਕਰੇ ਲੋਕਾਈਆ । ਬੁੱਧੀ ਤੋਂ ਪਰੇ ਹੋਵੇ ਪੰਡਤ, ਸ਼ਾਸਤਰਾਂ ਤੋਂ ਬਾਹਰ ਕਰੇ ਪੜ੍ਹਾਈਆ । ਸਭ ਦਾ ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਇਕ ਜਣਾਈਆ । ਕਲਜੁਗ ਕੂੜੀ ਕਿਰਿਆ ਕਰੇ ਅੰਤ, ਅੰਤਸ਼ਕਰਨ ਵੇਖੇ ਖ਼ਲਕ ਖ਼ੁਦਾਈਆ । ਮੇਰੀ ਮੌਲੀ ਧਰਮ ਧਾਰ ਦੀ ਰੁਤ ਬਸੰਤ, ਰੁਤੜੀ ਤੇਰੇ ਨਾਲ ਮਹਿਕਾਈਆ । ਸੰਦੇਸ਼ਾ ਦੇਵੇ ਜੀਵ ਜੰਤ, ਚੁਰਾਸੀ ਲੱਖ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪੁਰਖ ਅਕਾਲ ਕਹੇ ਚੇਤ ਮੇਰਾ ਸ਼ਬਦ ਗੁਰੂ ਅਗੰਮਾ, ਜਨਮ ਮਰਨ ਵਿਚ ਕਦੇ ਨਾ ਆਈਆ । ਜਿਸ ਨੂੰ ਨਾ ਕੋਇ ਲਾਲਚ ਨਾ ਕੋਇ ਤਮਾ, ਤਾਮਸ ਤ੍ਰਿਸ਼ਨਾ ਨਾ ਕੋਇ ਰਖਾਈਆ । ਹਰਖ ਸੋਗ ਕੋਇ ਨਾ ਗ਼ਮਾ, ਚਿੰਤਾ ਚਿਖਾ ਨਾ ਕੋਇ ਜਲਾਈਆ । ਸਿਫ਼ਤ ਗਾਏ ਨਾ ਕਦੇ ਦਮ ਦਮਾ, ਸਾਹ ਸਾਹ ਨਾ ਕੋਇ ਚਤੁਰਾਈਆ । ਉਸ ਦੇ ਕੋਲੋਂ ਜੁਗ ਲਵਾਵਾਂ ਨਵਾਂ, ਨੌ ਸੌ ਚੁਰਾਨਮੇ ਚੌਕੜੀ ਦਾ ਪੰਧ ਮੁਕਾਈਆ । ਧੁਰ ਸੰਦੇਸ਼ਾ ਇਕੋ ਦਵਾਂ, ਦੋ ਜਹਾਨਾਂ ਆਪ ਜਣਾਈਆ । ਬ੍ਰਹਿਮੰਡ ਖੰਡ ਫਿਰਨਾ ਨਾਲ ਚਵਾਂ, ਪੁਰੀ ਲੋਅ ਭੱਜਣਾ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਚੇਤ ਕਹੇ ਪ੍ਰਭ ਮੇਰੀ ਇਕੋ ਇਕ ਮਨਸਾ, ਦਰ ਠਾਂਡੇ ਦਿਆਂ ਦ੍ਰਿੜਾਈਆ । ਜਨ ਭਗਤ ਰੂਪ ਬਣਾ ਦੇ ਹੰਸਾ, ਕਾਗ ਰੂਪ ਨਾ ਕੋਇ ਦਰਸਾਈਆ । ਤੇਰਾ ਸਤਿ ਦਾ ਹੋਵੇ ਬੰਸਾ, ਪਰਿਵਾਰ ਇਕੋ ਇਕ ਵਖਾਈਆ । ਆਤਮ ਪਰਮਾਤਮ ਮੇਲ ਮਿਲਾ ਨਾਰ ਕੰਤਾ, ਸੁਹਾਗੀ ਆਪਣਾ ਪੜਦਾ ਉਠਾਈਆ । ਨਵ ਸੱਤ ਸਭ ਤੈਨੂੰ ਹੋਵੇ ਮੰਨਦਾ, ਮਨ ਦੀ ਕਲਪਣਾ ਦੇ ਗਵਾਈਆ । ਝਗੜਾ ਮੁਕਾ ਦੇ ਤੇਰਾ ਨਾਮ ਸੁਣਨਾ ਸਰਵਣ ਕੰਨ ਦਾ, ਅੰਤਰ ਆਤਮ

ਧੁਨ ਅਨਾਦੀ ਕਰ ਸ਼ਨਵਾਈਆ । ਚੇਤ ਕਹੇ ਮੈਂ ਸਾਥ ਮੰਗਾਂ ਤੇ ਇਕੋ ਤੇਰੇ ਚੰਨ ਦਾ, ਦੂਸਰ ਲੋੜ ਨਾ ਕੋਇ ਰਖਾਈਆ । ਜਿਸ ਨੂੰ ਪਿਆਰ ਨਾ ਹੋਵੇ ਤਨ ਦਾ, ਜਗਤ ਲੋਭ ਲਾਲਚ ਨਾ ਕੋਇ ਹਲਕਾਈਆ । ਕੂੜ ਵਿਕਾਰ ਨੂੰ ਹੋਵੇ ਡੰਨਦਾ, ਤੇਰਾ ਨਾਮ ਖੰਡਾ ਚਮਕਾਈਆ । ਹਰਿਜਨ ਰੂਪ ਬਣਾ ਦੇ ਜਨ ਦਾ, ਆਪ ਬਣ ਜਣੇਂਦੀ ਮਾਈਆ । ਚਾਰ ਵਰਨ ਅਠਾਰਾਂ ਬਰਨ ਬੇੜਾ ਹੋਵੇ ਬੰਨ੍ਹਦਾ, ਸ਼ਬਦੀ ਸਤਿਗੁਰ ਆਪਣੇ ਕੰਧ ਉਠਾਈਆ । ਲੱਖ ਚੁਰਾਸੀ ਕੂੜੀ ਕਿਰਿਆ ਹੋਵੇ ਡੰਨਦਾ, ਅਦਲ ਇਨਸਾਫ਼ ਇਕ ਕਮਾਈਆ । ਉਹਦਾ ਨਾਤਾ ਇਕੋ ਪਿਆਰ ਹੋਵੇ ਬ੍ਰਹਮ ਦਾ, ਪਾਰਬ੍ਰਹਮ ਤੇਰੇ ਵਿਚ ਸਮਾਈਆ । ਚੇਤ ਕਹੇ ਵੇਖੀਂ ਕਿਤੇ ਮੈਨੂੰ ਸਾਥ ਨਾ ਦੇਵੀਂ ਸਤਿਗੁਰ ਚੰਮ ਦਾ, ਚੰਮ ਦ੍ਰਿਸ਼ਟੀ ਦੀ ਲੋੜ ਨਾ ਕੋਇ ਰਖਾਈਆ । ਮੈਂ ਉਹ ਸਤਿਗੁਰੂ ਕਦੇ ਨਹੀਂ ਮੰਨਦਾ, ਜਿਹੜਾ ਮਾਤਾ ਦੀ ਕੁਖੋਂ ਜੰਮਦਾ, ਦਸ ਦਸ ਮਾਸ ਅਗਨ ਵਿਚ ਰਖਾਈਆ । ਮੇਰਾ ਸਾਥੀ ਉਹ ਹੋਵੇ ਜਿਹੜਾ ਲੇਖਾ ਜਾਣੇ ਇਕ ਗੱਲ ਦਾ, ਜਿਹੜੀ ਗੱਲ ਨਾਨਕ ਆਪਣੇ ਵਿਚ ਗਿਆ ਛੁਪਾਈਆ । ਲੱਖ ਚੁਰਾਸੀ ਦਾ ਭਾਰ ਹੋਵੇ ਝਲਦਾ, ਦੀਨਾਂ ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਉਹ ਮਾਲਕ ਹੋਵੇ ਅਸਗਾਹ ਜਲ ਥਲ ਦਾ, ਟਿੱਲੇ ਪਰਬਤ ਖੋਜ ਖੁਜਾਈਆ । ਮੈਂ ਜਦੋਂ ਤਕਾਂ ਉਹ ਆਤਮ ਪਰਮਾਤਮ ਵਿਚ ਹੋਵੇ ਰਲਦਾ, ਤਨ ਵਜੂਦ ਦਾ ਖਹਿੜਾ ਦਏ ਚੁਕਾਈਆ । ਉਹ ਵਸਨੀਕ ਹੋਵੇ ਨਿਹਚਲ ਧਾਮ ਅਟਲ ਦਾ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰਿਆਂ ਵਿਚ ਆਪਣਾ ਆਪ ਨਾ ਬੰਦ ਕਰਾਈਆ । ਓਹਦਾ ਮਸਲਾ ਹੋਵੇ ਕਲਜੁਗ ਮਸਲਾ ਹੱਲ ਦਾ, ਹਾਲਤ ਸਭ ਦੀ ਦਏ ਬਦਲਾਈਆ । ਉਹ ਸਮਰਥ ਹੋਵੇ ਅਕਥ ਹੋਵੇ ਜਨ ਭਗਤਾਂ ਦੇ ਅੰਦਰ ਸ਼ਬਦ ਸੰਦੇਸ਼ਾ ਹੋਵੇ ਘੱਲਦਾ, ਅੱਖਰਾਂ ਤੋਂ ਬਾਹਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਪੁਰਖ ਅਕਾਲ ਕਹੇ ਚੇਤਾ ਮੇਰਾ ਸ਼ਬਦ ਗੁਰੂ ਗੁਰੂ ਗੋਬਿੰਦ, ਗੋਬਿੰਦ ਗੋਬਿੰਦ ਧਾਰ ਸਮਾਈਆ । ਜੋ ਆਦਿ ਤੋਂ ਅੰਤ ਤਕ ਅਨਾਦੀ ਬਿੰਦ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜਿਸ ਦਾ ਮਾਲਕ ਗਹਿਰ ਗੰਭੀਰ ਗੁਣੀ ਗਹਿੰਦ, ਗਵਰ ਇਕ ਅਖਵਾਈਆ । ਉਹ ਲੇਖਾ ਜਾਣੇ ਲੱਖ ਚੁਰਾਸੀ ਜੀਉ ਪਿੰਡ, ਇੰਡ ਬ੍ਰਹਿਮੰਡ ਖੋਜ ਖੁਜਾਈਆ । ਉਹ ਬਖ਼ਸ਼ਣਹਾਰਾ ਹੋਵੇ ਅੰਮ੍ਰਿਤ ਧਾਰਾ ਸਿੰਧ, ਬੂੰਦ ਸਵਾਂਤੀ ਇਕ ਟਪਕਾਈਆ । ਜਿਸ ਦੀ ਆਦਿ ਜੁਗਾਦਿ ਕੋਈ ਕਰ ਨਾ ਸਕੇ ਨਿੰਦ, ਨਿੰਦਿਆ ਵਿਚ ਕਦੇ ਨਾ ਆਈਆ । ਜਿਸ ਨੇ ਰਸ ਮਾਣਿਆ ਨਹੀਂ ਕਦੇ ਲਿੰਗ, ਜਗਤ ਸੇਜ ਨਾ ਕੋਇ ਵਡਿਆਈਆ । ਜਿਸ ਨੇ ਜਗਤ ਸਿਤਾਰ ਵਜਾਈ ਕਦੇ ਨਹੀਂ ਕਿੰਗ, ਹੱਦਾਂ ਵਿਚ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਚੇਤ ਕਹੇ ਪ੍ਰਭੂ ਇਕੋ ਮੰਗ, ਮਾਂਗਤ ਹੋ ਕੇ ਦਿਆਂ ਜਣਾਈਆ । ਸਤਿਗੁਰ ਸ਼ਬਦ ਦਾ ਹੋਵੇ ਸੰਗ, ਸਗਲਾ ਸੰਗ ਵਖਾਈਆ । ਮੈਂ ਇਕੋ ਚਾਹੁੰਦਾ ਜਿਹੜਾ ਪੁਰੀ ਅਨੰਦ ਨੂੰ ਗਿਆ ਛਡ ਅਨੰਦ, ਅਨੰਦ ਅਨੰਦ ਤੇਰੇ ਵਿਚ ਸਮਾਈਆ । ਹੁਣ ਉਹਨੂੰ ਮਜ਼੍ਹਬਾਂ ਵਿਚ ਕਦੇ ਨਾ ਕਰੀਂ ਬੰਦ, ਬੰਦੀਖ਼ਾਨੇ ਵਿਚੋਂ ਬਾਹਰ ਕਢਾਈਆ । ਉਹ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦੋ ਜਹਾਨਾਂ ਧਾਰਾ ਆਵੇ ਲੰਘ, ਪੰਧ ਮੁਕਾਏ ਚਾਈਂ ਚਾਈਆ । ਸੰਬਲ ਬਹਿ ਵਜਾਏ ਮਰਦੰਗ, ਨਾਮ ਨਿਧਾਨਾ ਅਗੰਮ ਅਥਾਹੀਆ । ਤੂੰ ਮੇਰਾ ਮੈਂ ਤੇਰਾ ਸਭ ਨੂੰ ਦੱਸੇ ਛੰਦ, ਸਹਿੰਸਾ ਅਵਰ ਰਹੇ ਨਾ ਰਾਈਆ । ਬੰਦੀ ਤੋੜ ਹੋਵੇ ਬਖ਼ਸ਼ੰਦ, ਰਹਿਮਤ ਹੱਕ ਕਮਾਈਆ । ਜਿਸ ਨੂੰ ਸ਼ਸਤਰਾਂ ਨਾਲ ਕਰਨਾ ਪਏ ਨਾ ਜੰਗ, ਭੱਥਾ ਤੀਰ ਕਮਾਨ ਨਾ ਕੰਧ ਉਠਾਈਆ ।


੧੨੦੬ ੨੨

ਛਿੰਨ ਵਿਚ ਦੋ ਜਹਾਨ ਆਰ ਪਾਰ ਜਾਏ ਲੰਘ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਤੇਰਾ ਪਿਆਰ ਜਾਏ ਵੰਡ, ਕਾਇਆ ਮੰਦਰ ਅੰਦਰ ਆਪ ਟਿਕਾਈਆ । ਪੰਚ ਵਿਕਾਰੇ ਦੇਵੇ ਦੰਡ, ਡੰਡਾਵਤ ਇਕੋ ਦਏ ਸਮਝਾਈਆ । ਧੁਨ ਅਨਾਦੀ ਸੁਣਾਏ ਨਾਦ ਅਨਹਦ, ਅਗੰਮ ਕਰੇ ਸ਼ਨਵਾਈਆ । ਕਲਜੁਗ ਅੰਤ ਮੇਟ ਅੰਧੇਰੀ ਰਾਤਨ, ਰੁਤੜੀ ਧਰਮ ਧਾਰ ਮਹਿਕਾਈਆ । ਤੇਰਾ ਭੇਵ ਖੁਲ੍ਹਾਏ ਬਾਤਨ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਗੁਰੂ ਸਾਰੇ ਵਾਹਵਾ ਆਖਣ, ਵਾਹਿਗੁਰੂ ਤੇਰੀ ਵਡ ਵਡਿਆਈਆ । ਉਸ ਦਾ ਇਕੋ ਤਟ ਕਿਨਾਰਾ ਹੋਵੇ ਪਾਤਨ, ਦੂਜਾ ਘਾਟ ਨਾ ਕੋਇ ਜਣਾਈਆ । ਹਿੰਦੂ ਮੁਸਲਿਮ ਸਿਖ ਈਸਾਈਆਂ ਦੇਵੇ ਸਾਥਨ, ਸਗਲਾ ਸੰਗੀ ਇਕ ਹੋ ਆਈਆ । ਗ਼ਰੀਬ ਨਿਮਾਣੇ ਵੇਖੇ ਅਨਾਥਣ, ਕੋਝੇ ਕਮਲੇ ਗਲੇ ਲਗਾਈਆ । ਆਤਮ ਪਰਮਾਤਮ ਦੱਸੇ ਜਾਪਣ, ਨਾਮ ਨਿਧਾਨਾ ਇਕ ਦ੍ਰਿੜਾਈਆ । ਜਿਸ ਉਤੇ ਕਿਰਪਾ ਕਰੇ ਕੋਟ ਜਨਮ ਦੇ ਮੇਟ ਦੇਵੇ ਪਾਪਨ, ਪਤਿਤ ਪੁਨੀਤ ਦਏ ਕਰਾਈਆ । ਹਰ ਘਟ ਰੱਖੇ ਆਪਣਾ ਵਾਸਣ, ਲੱਖ ਚੁਰਾਸੀ ਵਿਚ ਸਮਾਈਆ । ਝਗੜਾ ਮੇਟੇ ਜ਼ਾਤ ਪਾਤਨ, ਦੀਨ ਮਜ਼੍ਹਬ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਈਆ । ਪੁਰਖ ਅਕਾਲ ਕਹੇ ਸੁਣ ਸੰਮਤ ਸੱਤ ਦੁਲਾਰੇ, ਦੂਲ੍ਹਿਆ ਦਿਆਂ ਜਣਾਈਆ । ਵੇਖ ਖੇਲ ਅਗੰਮ ਅਪਾਰੇ, ਅਲਖ ਅਗੋਚਰ ਰਿਹਾ ਕਰਾਈਆ । ਜਿਸ ਨੇ ਭੇਜੇ ਪੈਗ਼ੰਬਰ ਗੁਰ ਅਵਤਾਰੇ, ਤਨ ਵਜੂਦ ਨਾਲ ਵਡਿਆਈਆ । ਧੁਰ ਦੇ ਸ਼ਬਦ ਦੇ ਦਿਤੇ ਨਜ਼ਾਰੇ, ਨੂਰ ਨਜ਼ਰ ਆਪ ਜਣਾਈਆ । ਸੋ ਖੇਲ ਕਰੇ ਕਰਤਾਰੇ, ਕੁਦਰਤ ਦਾ ਮਾਲਕ ਧੁਰਦਰਗਾਹੀਆ । ਕਲਜੁਗ ਲੇਖਾ ਵੇਖੇ ਅੰਤ ਕਿਨਾਰੇ, ਦੋ ਜਹਾਨਾਂ ਖੋਜ ਖੁਜਾਈਆ । ਸਤਿਗੁਰ ਸ਼ਬਦ ਭੇਜੇ ਯੋਧਾ ਸੂਰਬੀਰ ਬਲਕਾਰੇ, ਬਲਧਾਰੀ ਇਕ ਅਖਵਾਈਆ । ਜੋ ਕਲਜੁਗ ਕੂੜੀ ਕਿਰਿਆ ਕਢੇ ਬਾਹਰੇ, ਧਰਨੀ ਧਰਤ ਧਵਲ ਧੌਲ ਰਹਿਣ ਨਾ ਪਾਈਆ । ਇਕੋ ਡੰਕਾ ਫ਼ਤਹਿ ਕਰੇ ਜੈਕਾਰੇ, ਜੈ ਜੈ ਕਾਰ ਖ਼ਲਕ ਖ਼ੁਦਾਈਆ । ਸ੍ਰਿਸ਼ਟੀ ਦ੍ਰਿਸ਼ਟੀ ਬਣਾਏ ਸ਼ਬਦ ਅਧਾਰੇ, ਮਨ ਮਨਸਾ ਕੂੜ ਗਵਾਈਆ । ਲੇਖਾ ਮੁਕਾਏ ਨੌਂ ਦਵਾਰੇ, ਨਵ ਨੌਂ ਚਾਰ ਦਾ ਡੇਰਾ ਢਾਹੀਆ । ਜਿਸ ਦੇ ਮੁਹੰਮਦ ਦੇ ਕੇ ਗਿਆ ਇਸ਼ਾਰੇ, ਮੂਸਾ ਈਸਾ ਬੈਠੇ ਧਿਆਨ ਲਗਾਈਆ । ਵੇਦ ਵਿਆਸਾ ਬਣ ਲਿਖਾਰੇ, ਕਾਤਬ ਹੋ ਕੇ ਕਲਮ ਚਲਾਈਆ । ਜਿਸ ਦੇ ਰਾਮ ਕ੍ਰਿਸ਼ਨ ਬਣਨ ਪਨਿਹਾਰੇ, ਸੇਵਕ ਹੋ ਕੇ ਸੇਵ ਕਮਾਈਆ । ਉਹ ਖੇਲ ਕਰੇ ਵਿਚ ਸੰਸਾਰੇ, ਸੰਸਾਰੀ ਭੰਡਾਰੀ ਸੰਘਾਰੀ ਜਿਸ ਨੂੰ ਸੀਸ ਨਿਵਾਈਆ । ਉਸ ਦਾ ਸ਼ਬਦ ਗੁਰੂ ਗੁਰਦੇਵ ਆਦਿ ਜੁਗਾਦੀ ਸਭ ਦੀ ਪਾਵੇ ਸਾਰੇ, ਮਹਾਂਸਾਰਥੀ ਹੋ ਕੇ ਵੇਖੇ ਥਾਉਂ ਥਾਈਆ । ਜਿਸ ਨੂੰ ਕੋਈ ਮਾਰੇ ਨਾ ਖੰਡਾ ਖੜਗ ਤਲਵਾਰੇ, ਤੀਰ ਤਰਕਸ਼ ਨਾ ਕੋਇ ਚਤੁਰਾਈਆ । ਕਦੇ ਡੁੱਬੇ ਨਾ ਜਲ ਧਾਰੇ, ਅਗਨੀ ਅੱਗ ਨਾ ਕੋਇ ਜਲਾਈਆ । ਮੜ੍ਹੀਆਂ ਵਿਚ ਕੋਇ ਨਾ ਸਾੜੇ, ਮਕਬਰਿਆਂ ਵਿਚ ਨਾ ਕੋਇ ਦਬਾਈਆ । ਮਜ਼੍ਹਬਾਂ ਵਾਲੇ ਨਾ ਪਾਏ ਪੁਆੜੇ, ਪੁਸਤਕ ਪੜ੍ਹ ਨਾ ਝਟ ਲੰਘਾਈਆ । ਜਿਸ ਨੇ ਸਤਿਜੁਗ ਤ੍ਰੇਤਾ ਦੁਆਪਰ ਦੋ ਧੜ ਕਰਾਏ ਅਖਾੜੇ, ਮਾਨਵ ਮਾਨਵ ਨਾਲ ਟਕਰਾਈਆ । ਉਹ ਲੇਖਾ ਜਾਣੇ ਜੀਵ ਜਹਾਨ ਸਾਰੇ, ਚਾਰੇ ਕੁੰਟ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਚੇਤ ਕਹੇ ਪ੍ਰਭ ਸ਼ਬਦ ਸਤਿਗੁਰ ਕਰਾ ਦੇ ਮਿਲਾਪ, ਮਿਲਣੀ ਹਰ ਜਗਦੀਸ ਕਰਾਈਆ । ਆਤਮ ਪਰਮਾਤਮ ਸਭ ਨੂੰ ਜਪਾ ਦੇ ਜਾਪ, ਜਗਜੀਵਣ ਦਾਤੇ ਦੇ ਵਡਿਆਈਆ ।

ਸਤਿਗੁਰ ਮੇਟੇ ਤੀਨੋਂ ਤਾਪ, ਤ੍ਰੈਗੁਣ ਅਗਨ ਨਾ ਲਾਗੇ ਰਾਈਆ । ਅੰਤਰ ਨਿਰੰਤਰ ਹੋਵੇ ਸਾਫ਼, ਪਤਿਤ ਪੁਨੀਤ ਦਏ ਬਣਾਈਆ । ਜਨਮ ਕਰਮ ਦਾ ਲੇਖਾ ਕਰੇ ਮੁਆਫ਼, ਪੂਰਬ ਲਹਿਣਾ ਰਹੇ ਨਾ ਰਾਈਆ । ਪੰਧ ਮੁਕਾਏ ਗਰਭ ਮਾਤ, ਜੂਨੀ ਵਿਚ ਨਾ ਕੋਇ ਭਵਾਈਆ । ਮਨ ਕਲਪਣਾ ਕਰੇ ਘਾਤ, ਘਾਉ ਆਪਣਾ ਨਾਮ ਲਗਾਈਆ । ਕੂੜੀ ਕਿਰਿਆ ਮੇਟੇ ਅੰਧੇਰੀ ਰਾਤ, ਕਲਜੁਗ ਕਲਪਣਾ ਦਏ ਮੁਕਾਈਆ । ਸਹਿੰਸਾ ਰੋਗ ਨਾ ਰਹੇ ਸੰਤਾਪ, ਹਉਮੇ ਗੜ੍ਹ ਤੁੜ੍ਹਾਈਆ । ਜੇ ਸਤਿਗੁਰ ਦੇ ਹੁੰਦਿਆਂ ਗੁਰਸਿਖ ਕਰਨ ਪੂਜਾ ਪਾਠ, ਫਿਰ ਸਤਿਗੁਰ ਦੀ ਲੋੜ ਨਾ ਕੋਇ ਰਖਾਈਆ । ਸਤਿਗੁਰ ਸੋ ਜਿਹੜਾ ਨਿਗਹ ਨਾਲ ਕੋਟ ਜਨਮ ਦੇ ਪਾਪੀ ਕਰ ਦਏ ਪਾਕ, ਦੁਰਮਤ ਮੈਲ ਦਏ ਧਵਾਈਆ । ਰਾਤੀਂ ਸੁਤਿਆਂ ਦਿਨੇ ਜਾਗਦਿਆਂ ਪ੍ਰੇਮ ਵਿਚ ਅੰਦਰੋਂ ਖੋਲ੍ਹ ਦਏ ਤਾਕ, ਪਰਦਾ ਪਰਦਿਆਂ ਵਿਚੋਂ ਦਏ ਚੁਕਾਈਆ । ਪਰਗਟ ਹੋ ਕੇ ਦਰਸ਼ਨ ਦਏ ਸਾਖਿਆਤ, ਸਨਮੁਖ ਹੋ ਕੇ ਨਜ਼ਰੀ ਆਈਆ । ਆਪਣੀ ਮੰਜ਼ਲ ਪੌੜੀ ਚੜ੍ਹਾਏ ਆਪਣੇ ਘਾਟ, ਅੱਗੇ ਹੋ ਨਾ ਕੋਇ ਅਟਕਾਈਆ । ਰਾਏ ਧਰਮ ਚਿਤ੍ਰਗੁਪਤ ਕੋਇ ਅੱਖ ਨਾ ਸਕੇ ਝਾਕ, ਵਿਸ਼ਨ ਬ੍ਰਹਮਾ ਸ਼ਿਵ ਦੂਰੋਂ ਦੂਰੋਂ ਸੀਸ ਨਿਵਾਈਆ । ਸਾਰੇ ਸ਼ਬਦੀ ਧਾਰ ਦੇਣ ਆਖ, ਵਾਹਵਾ ਗੋਬਿੰਦ ਸ਼ਬਦ ਤੇਰੀ ਵਡਿਆਈਆ । ਤੂੰ ਗੁਰਮੁਖਾਂ ਭਗਤਾਂ ਸੰਤਾਂ ਬਣਾਈ ਆਪਣੀ ਜਮਾਤ, ਜੁਮਲਾ ਅੱਖਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਪੁਰਖ ਅਕਾਲ ਕਹੇ ਚੇਤ ਮੇਰਾ ਸਤਿਗੁਰ ਸ਼ਬਦ ਸੂਰਾ, ਸੂਰਬੀਰ ਅਖਵਾਈਆ । ਜਦ ਤਕੇ ਹਾਜ਼ਰ ਹਜ਼ੂਰਾ, ਹਜ਼ਰਤਾਂ ਦਾ ਹਜ਼ਰਤ ਧੁਰਦਰਗਾਹੀਆ । ਜਦ ਵੇਖੇ ਜੋਤ ਅਗੰਮੀ ਨੂਰਾ, ਨੂਰ ਨੁਰਾਨਾ ਡਗਮਗਾਈਆ । ਆਦਿ ਅੰਤ ਬਚਨ ਦਾ ਪੂਰਾ, ਪੂਰਨ ਬ੍ਰਹਮ ਦਏ ਸਮਝਾਈਆ । ਮਿਹਰ ਕਰਕੇ ਚਤੁਰ ਬਣਾ ਕੇ ਮੂਰਖ ਮੂੜ੍ਹਾ, ਕੋਝਿਆਂ ਕਮਲਿਆਂ ਦਏ ਵਡਿਆਈਆ । ਜਨ ਭਗਤਾਂ ਬਖ਼ਸ਼ ਕੇ ਅਗੰਮੀ ਧੂੜਾ, ਟਿੱਕੇ ਮਸਤਕ ਖ਼ਾਕ ਰਮਾਈਆ । ਰੰਗ ਚਾੜ੍ਹ ਦਏ ਗੂੜ੍ਹਾ, ਦੋ ਜਹਾਨ ਉਤਰ ਕਦੇ ਨਾ ਜਾਈਆ । ਦੁੱਖੜਾ ਰਹੇ ਨਾ ਕੋਇ ਵਸੂਰਾ, ਵਿਸਰਿਆਂ ਆਪਣਾ ਮੇਲ ਮਿਲਾਈਆ । ਪੰਧ ਮੁਕਾਏ ਨੇੜ ਦੂਰਾ, ਕਾਇਆ ਘਰ ਵਿਚ ਘਰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਵਸਤ ਇਕ ਵਰਤਾਈਆ । ਚੇਤ ਕਹੇ ਪ੍ਰਭੂ ਮੇਰੀ ਇਕੋ ਆਸਾ, ਆਸ਼ਾ ਦਿਆਂ ਜਣਾਈਆ । ਚਰਨ ਕਵਲ ਦੇ ਭਰਵਾਸਾ, ਭਾਂਡਾ ਭਰਮ ਭੌ ਭੰਨਾਈਆ । ਤੂੰ ਸਾਹਿਬ ਸਾਹਿਬ ਅਬਿਨਾਸ਼ਾ, ਕਰਤਾ ਅਗੰਮ ਅਥਾਹੀਆ । ਸਭ ਦਾ ਪੂਰਾ ਕਰ ਦੇ ਵਾਕਾ, ਵਾਕਫ਼ਕਾਰ ਹੋ ਸਹਾਈਆ । ਤੂੰ ਇਕੋ ਧੁਰ ਦਾ ਆਕਾ, ਅਕਲ ਬੁਧੀ ਤੋਂ ਬਾਹਰ ਤੇਰੀ ਪੜ੍ਹਾਈਆ । ਤੇਰਾ ਸਤਿਗੁਰ ਸ਼ਬਦ ਦੋ ਜਹਾਨਾਂ ਹੋਵੇ ਰਾਖਾ, ਦੂਜਾ ਰਹਿਣ ਕੋਇ ਨਾ ਪਾਈਆ । ਚਾਰ ਜੁਗ ਅਵਤਾਰ ਪੈਗ਼ੰਬਰ ਗੁਰੂ ਤੇਰੇ ਬਾਲਕ ਜਗਤ ਪਿਤ ਜਗ ਕਾਕਾ, ਨੰਨ੍ਹਿਆਂ ਲੋਕਮਾਤ ਖੇਲ ਖਿਲਾਈਆ । ਤੇਰਾ ਸਤਿਗੁਰ ਸ਼ਬਦ ਉਹਨ੍ਹਾਂ ਦੇ ਤਨ ਚੁੱਕੀ ਫਿਰਦਾ ਰਿਹਾ ਆਪਣੇ ਢਾਕਾ, ਲੋਰੀਆਂ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰ ਦਰ ਤੇਰੇ ਅਲਖ ਜਗਾਈਆ । ਪੁਰਖ ਅਕਾਲ ਕਹੇ ਸਤਿਗੁਰ ਸ਼ਬਦ ਤੇਰਾ ਹੋਵੇ ਮੀਤ, ਚੇਤ ਦਿਆਂ ਜਣਾਈਆ । ਜਿਸ ਦੀਨ ਦੁਨੀ ਦੀ ਬਦਲਣੀ ਰੀਤ, ਰੀਤੀਵਾਨ ਇਕ ਹੋ ਜਾਈਆ । ਸਭ ਦਾ ਸਾਂਝਾ ਕਰਨਾ ਗੀਤ, ਗੀਤ ਗੋਬਿੰਦ ਇਕ ਦ੍ਰਿੜ੍ਹਾਈਆ । ਪੰਧ ਮੁਕਾਉਣਾ ਹਸਤ ਕੀਟ, ਹਸਤ ਕੀਟ ਦਏ ਵਡਿਆਈਆ । ਮਾਰਗ ਦੱਸ ਇਕ


੧੨੦੮
੨੨

ਅਨਡੀਠ, ਅਗੰਮੜੀ ਕਾਰ ਕਮਾਈਆ । ਸਭ ਦੇ ਵਸੇ ਚੀਤ, ਚਿਤ ਵਿਤ ਠਗੌਰੀ ਰਹੇ ਨਾ ਰਾਈਆ । ਮਨ ਕਲਪਣਾ ਲਏ ਜੀਤ, ਹਾਰ ਰਹਿਣ ਕੋਇ ਨਾ ਪਾਈਆ । ਉਹ ਸਚਖੰਡ ਦਾ ਹੋਵੇ ਵਸਨੀਕ, ਥਿਰ ਘਰ ਭਗਤਾਂ ਮੇਲਾ ਮੇਲੇ ਸਹਿਜ ਸੁਭਾਈਆ । ਜ਼ਰੂਰ ਤੇਰੇ ਨਾਲ ਮਿਲ ਕੇ ਕਰਦਾ ਜਾਏ ਬਖ਼ਸ਼ੀਸ਼, ਰਹਿਮਤ ਰਹੀਮ ਵਾਲੀ ਵਰਤਾਈਆ । ਉਸ ਸਤਿਗੁਰ ਸ਼ਬਦ ਨੇ ਜਨ ਭਗਤਾਂ ਦਸਤਾਰ ਬੰਨ੍ਹਣੀ ਸੀਸ, ਸੀਸ ਸਤਿਗੁਰ ਆਪਣੇ ਲੇਖੇ ਲਾਈਆ । ਖ਼ੁਸ਼ੀਆਂ ਨਾਲ ਜਿਨ੍ਹਾਂ ਦਾ ਜੀਵਣ ਜਾਏ ਬੀਤ, ਬੀਤਿਆ ਜੀਵਣ ਆਪਣੇ ਲੇਖੇ ਪਾਈਆ । ਸਤਿਗੁਰ ਹੋ ਕੇ ਕਦੇ ਨਾ ਦੇਵੇ ਪੀਠ, ਕਰਵਟ ਨਾ ਕਦੇ ਬਦਲਾਈਆ । ਮਿੱਠੇ ਕੌੜੇ ਕਰੇ ਰੀਠ, ਕੌੜੇ ਮਿੱਠੇ ਆਪ ਬਣਾਈਆ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠ, ਮਿਹਰਵਾਨ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦ ਮੇਲਾ ਦਏ ਮਿਲਾਈਆ । ਪੁਰਖ ਅਕਾਲ ਕਹੇ ਚੇਤ ਸਤਿਗੁਰ ਸ਼ਬਦ ਨੂੰ ਕਰ ਨਿਮਸਕਾਰ, ਡੰਡਾਵਤ ਬੰਦਨਾ ਸੱਜਦਾ ਸੀਸ ਝੁਕਾਈਆ । ਫਿਰ ਜੋਤ ਤਕ ਪੈਗ਼ੰਬਰ ਗੁਰ ਅਵਤਾਰ, ਜੋ ਮੇਰੇ ਵਿਚ ਸਮਾਈਆ । ਫੇਰ ਬ੍ਰਹਮਾ ਸ਼ਿਵ ਵਿਸ਼ਨ ਦੀ ਵੇਖ ਧਾਰ, ਜੋ ਸੰਸਾਰੀ ਭੰਡਾਰੀ ਸੰਘਾਰੀ ਸੋਭਾ ਪਾਈਆ । ਫੇਰ ਚਾਰ ਜੁਗ ਦੀ ਤਕ ਗੁਫ਼ਤਾਰ, ਜੋ ਗੁਫ਼ਤ ਸ਼ਨੀਦ ਕਰੀ ਪੜ੍ਹਾਈਆ । ਫੇਰ ਖੇਲ ਤਕ ਸੱਚੀ ਸਰਕਾਰ, ਜੋ ਹਰਿ ਕਰਤਾ ਰਿਹਾ ਕਰਾਈਆ । ਜਿਸ ਭਗਤਾਂ ਪੈਜ ਦੇਣੀ ਸਵਾਰ, ਸਿਰ ਆਪਣਾ ਹੱਥ ਟਿਕਾਈਆ । ਸਤਿਜੁਗ ਦਾ ਸਚ ਕਰੇ ਵਿਹਾਰ, ਵਿਵਹਾਰੀ ਆਪਣੀ ਕਰਨੀ ਕਾਰ ਕਮਾਈਆ । ਅੱਗੇ ਰਹਿਣ ਦੇਵੇ ਨਾ ਕੋਇ ਉਧਾਰ, ਪਿਛਲਾ ਲੇਖਾ ਝੋਲੀ ਪਾਈਆ । ਆਤਮ ਪਰਮਾਤਮ ਬਣ ਕੇ ਯਾਰ, ਯਾਰੜਾ ਸੱਥਰ ਲਏ ਹੰਢਾਈਆ । ਸਤਿਗੁਰ ਸ਼ਬਦ ਹੋ ਕੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਆਲਸ ਨਿੰਦਰਾ ਵਿਚੋਂ ਕਢੇ ਬਾਹਰ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਮੰਜ਼ਲ ਰਹਿਣ ਨਾ ਦੇਵੇ ਦੁਸ਼ਵਾਰ, ਦੁਸ਼ਮਣ ਅੰਦਰੋਂ ਬਾਹਰ ਕਢਾਈਆ । ਅੰਮ੍ਰਿਤ ਰਸ ਬਖ਼ਸ਼ੇ ਠੰਡਾ ਠਾਰ, ਬੂੰਦ ਸਵਾਂਤੀ ਨਾਭੀ ਕਵਲ ਨਿਜਰ ਝਿਰਨਾ ਆਪ ਝਿਰਾਈਆ । ਆਤਮ ਦੀਪਕ ਦੇਵੇ ਬਾਲ, ਨੂਰ ਨੁਰਾਨਾ ਡਗਮਗਾਈਆ । ਸਚਖੰਡ ਵਖਾਏ ਸੱਚੀ ਧਰਮਸਾਲ, ਜਿਥੇ ਵਸੇ ਗੋਬਿੰਦ ਧੁਰ ਦਾ ਮਾਹੀਆ । ਪੋਹ ਸਕੇ ਨਾ ਕਾਲ ਮਹਾਂਕਾਲ, ਸਾਰੇ ਬੈਠਣ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਚੇਤ ਕਹੇ ਪ੍ਰਭੂ ਸਤਿਗੁਰ ਸ਼ਬਦ ਨੂੰ ਮੇਰੀ ਨਮਸਤੇ, ਨਮੋਂ ਨਮੋਂ ਨਮੋਂ ਸੀਸ ਨਿਵਾਈਆ । ਸਤਿਗੁਰ ਸ਼ਬਦ ਮੈਨੂੰ ਇਕੋ ਬਚਨ ਦੱਸ ਦੇ, ਦਹਿ ਦਿਸ਼ਾ ਤੋਂ ਬਾਹਰ ਜਣਾਈਆ । ਕਿਸ ਬਿਧ ਤੂੰ ਭੇਵ ਖੋਲ੍ਹਣੇ ਗਿਆਨ ਨੇਤਰ ਅੱਖ ਦੇ, ਪ੍ਰਤਖ ਰੂਪ ਪਰਗਟਾਈਆ । ਭਗਤਾਂ ਦੇ ਖੇੜੇ ਰਹਿਣ ਵਸਦੇ, ਜਗਤ ਜਹਾਨ ਉਜੜ ਕਦੇ ਨਾ ਜਾਈਆ । ਪੁਰਖ ਅਕਾਲ ਦਾ ਨਾਮ ਰਹਿਣ ਜਪਦੇ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਪੈਂਡੇ ਪਾਰ ਕਰ ਜਾਣ ਚੁਰਾਸੀ ਵਾਲੀ ਹੱਦ ਦੇ, ਖਾਣੀਆਂ ਵਿਚ ਨਾ ਕੋਇ ਭਵਾਈਆ । ਦਰਸ਼ਨ ਕਰਨ ਪੁਰਖ ਸਮਰਥ ਦੇ, ਜੋਤੀ ਜੋਤ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਰਗ ਇਕ ਵਖਾਈਆ । ਚੇਤ ਕਹੇ ਮੈਂ ਮਾਤਲੋਕ ਵਿਚ ਚੜ੍ਹਿਆ, ਚੜ੍ਹਦਾ ਲਹਿੰਦਾ ਦੱਖਣ ਪਹਾੜ ਵੇਖ ਵਖਾਈਆ । ਮੈਂ ਸਤਿਗੁਰ ਸ਼ਬਦ ਦਾ ਸ਼ਬਦ ਪੜ੍ਹਿਆ, ਜਿਸ ਦੀ ਅੱਖਰਾਂ ਵਾਲੀ ਨਹੀਂ ਲਿਖਾਈਆ । ਮੈਂ ਭੈ ਵਿਚ ਭੌ ਵਿਚ ਡਰਿਆ, ਨਿਉਂ ਕੇ ਸੀਸ ਨਿਵਾਈਆ । ਫੇਰ ਹੱਸ ਕੇ

ਕਿਹਾ ਓ ਮੇਰੇ ਮਿੱਤਰ ਅੜਿਆ, ਮੈਨੂੰ ਦੇ ਸਮਝਾਈਆ । ਕਿਸ ਬਿਧ ਤੇਰਾ ਘਾੜਨ ਘੜਿਆ, ਪ੍ਰਭ ਨੇ ਤੇਰੀ ਬਣਤ ਬਣਾਈਆ । ਜੇ ਤੂੰ ਅਗਨੀ ਅੱਗ ਕਦੇ ਨਹੀਂ ਸੜਿਆ, ਜਲਧਾਰਾ ਨਾ ਕੋਇ ਡੁਬਾਈਆ । ਸਚ ਦੱਸ ਤੂੰ ਕਿਸ ਦਵਾਰੇ ਖੜ੍ਹਿਆ, ਕਿਸ ਗ੍ਰਿਹ ਮੰਦਰ ਆਪਣੀ ਸੋਭਾ ਪਾਈਆ । ਸਤਿਗੁਰ ਸ਼ਬਦ ਕਹੇ ਚੇਤ ਆਹ ਤਕ ਜ਼ਰਿਆ, ਜ਼ੱਰਾ ਜ਼ੱਰਾ ਜ਼ੱਰਾ ਤੈਨੂੰ ਦਿਆਂ ਸਮਝਾਈਆ । ਮੇਰਾ ਖੇਲ ਉਸ ਪ੍ਰਭੂ ਨੇ ਕਰਿਆ, ਜੋ ਕਰਨਹਾਰ ਕਰਤਾ ਧੁਰਦਰਗਾਹੀਆ । ਮੈਂ ਓਸੇ ਗ੍ਰਿਹ ਮੰਦਰ ਦਵਾਰ ਵਿਚ ਪਲਿਆ, ਜਿਥੇ ਪਾਲਣ ਵਾਲੀ ਦਿਸੇ ਕੋਇ ਨਾ ਮਾਈਆ । ਹੁਣ ਵੇਖੀਂ ਮੇਰਾ ਬਲਿਆ, ਬਲਧਾਰੀ ਸਾਰੇ ਦੇਣੇ ਖਪਾਈਆ । ਕਿਉਂ ਓ ਮੇਰੇ ਸਾਹਿਬ ਦਾ ਹੁਕਮ ਕਦੇ ਨਾ ਟਲਿਆ, ਨਾ ਕੋਈ ਮੇਟੇ ਮੇਟ ਮਿਟਾਈਆ । ਸਤਿਗੁਰ ਸ਼ਬਦ ਕਿਸੇ ਕੋਲੋਂ ਨਾ ਜਾਵੇ ਛਲਿਆ, ਵਲ ਛਲ ਵਿਚ ਸਾਰੀ ਸ੍ਰਿਸ਼ਟੀ ਦਏ ਭੁਲਾਈਆ । ਹੁਣ ਮੈਂ ਮਾਤਲੋਕ ਦਾ ਡੇਰਾ ਮੱਲਿਆ, ਗ੍ਰਿਹ ਗ੍ਰਿਹ ਆਪਣਾ ਹੁਕਮ ਵਰਤਾਈਆ । ਸਚ ਪੁਛੇਂ ਸਤਿਗੁਰ ਸ਼ਬਦ ਹੋ ਕੇ ਜਨ ਭਗਤਾਂ ਦੇ ਕਾਇਆ ਮੰਦਰ ਅੰਦਰ ਅੱਜ ਦੀ ਰਾਤ ਤੋਂ ਜਾਣਾ ਚਲਿਆ, ਸੱਤ ਰੰਗ ਦਾ ਆਪਣਾ ਰੂਪ ਦੇਣਾ ਦਰਸਾਈਆ । ਨੰਨ੍ਹਿਆ ਬੱਚਿਆਂ ਨੂੰ ਕਹਿਣਾ ਆਉ ਮੇਰੇ ਬੱਲਿਆ, ਬੱਚੇ ਧੁਰ ਦੇ ਗੋਦ ਟਿਕਾਈਆ । ਜਿਥੇ ਪੁਰਖ ਅਕਾਲ ਦਾ ਦੀਪਕ ਜੋਤ ਬਲਿਆ, ਦੂਜੀ ਅਵਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਧਾਰ ਗਿਆ ਆ, ਦੋ ਜਹਾਨ ਨਜ਼ਰ ਕਿਸੇ ਨਾ ਆਈਆ । ਗੋਬਿੰਦ ਨੇ ਗੋਬਿੰਦ ਬਣਾਇਆ ਗਵਾਹ, ਬੇੜਾ ਧਰਮ ਦਾ ਕੰਧ ਉਠਾਈਆ । ਅਵਤਾਰ ਪੈਗ਼ੰਬਰ ਗੁਰੂ ਸਾਰੇ ਸ਼ਹਾਦਤ ਦਿਉ ਭੁਗਤਾ, ਭਗਵਨ ਆਪਣਾ ਹੁਕਮ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖੋ ਥਾਉਂ ਥਾਂ, ਬਿਨ ਅੱਖਾਂ ਅੱਖ ਉਠਾਈਆ । ਤੁਹਾਡੇ ਸਭ ਦੇ ਹੁੰਦਿਆਂ ਕਿਉਂ ਕਲਜੁਗ ਜੀਵਾਂ ਦੀ ਬੁਧੀ ਹੋ ਗਈ ਵਾਂਗ ਕਾਂ, ਚਾਰੋਂ ਕੁੰਟ ਕਾਗ ਵਾਂਗ ਕੁਰਲਾਈਆ । ਕਿਸੇ ਨੇ ਸੂਰ ਖਾਧਾ ਕਿਸੇ ਨੇ ਖਾਧੀ ਗਾਂ, ਨਾਮ ਕਲਮੇ ਵਾਲਾ ਨਜ਼ਰ ਕੋਇ ਨਾ ਆਈਆ । ਤੁਸੀਂ ਦੱਸੋ ਕਿਸ ਦੇ ਸਿਰ ਉਤੇ ਦਿਤੀ ਠੰਡੀ ਛਾਂ, ਕਲਜੁਗ ਅਗਨੀ ਤੋਂ ਲਿਆ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਮੈਂ ਸਭ ਦਾ ਵੇਖਣਾ ਮੂਲਾ, ਅੰਤਰ ਅੰਤਰ ਖੋਜ ਖੁਜਾਈਆ । ਮੈਂ ਕੋਈ ਲੰਗੜਾ ਨਹੀਂ ਲੂਲ੍ਹਾ, ਦੋ ਜਹਾਨ ਫਿਰਨ ਦੀ ਹਿੰਮਤ ਨਾ ਕੋਇ ਰਖਾਈਆ । ਮੈਂ ਕਿਸੇ ਨੂੰ ਨਹੀਂ ਭੂਲਾ, ਲੱਖ ਚੁਰਾਸੀ ਵੇਖਾਂ ਚਾਈਂ ਚਾਈਆ । ਯਾਦ ਕਰ ਲਉ ਜਦੋਂ ਬਦਲਿਆ ਸਤਿਗੁਰ ਸ਼ਬਦ ਨੇ ਬਦਲਿਆ ਅਸੂਲਾ, ਅਸਲ ਵਿਚੋਂ ਅਸਲ ਪਰਗਟਾਈਆ । ਜਿਸ ਦਾ ਫ਼ਰਮਾਨ ਹੁਕਮ ਸਦਾ ਮਾਕੂਲਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸਨੂੰ ਝੁਕਦੇ ਸੱਜਦੇ ਕਰਦੇ ਪੈਗ਼ੰਬਰ ਨਬੀ ਰਸੂਲਾ, ਰਸਮ ਵਿਚ ਕਸਮ ਖਾ ਕੇ ਆਪਣਾ ਝੱਟ ਲੰਘਾਈਆ । ਸਤਿਗੁਰ ਸ਼ਬਦ ਆਦਿ ਤੋਂ ਅੰਤ ਤਕ ਸਭ ਦਾ ਦੂਲ੍ਹਾ, ਦੁਲਹਨ ਲੱਖ ਚੁਰਾਸੀ ਲਏ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰਾਹ ਇਕ ਜਣਾਈਆ । ਚੇਤ ਕਹੇ ਸਤਿਗੁਰ ਸ਼ਬਦ ਤੈਥੋਂ ਬਲਿਹਾਰੀ, ਬਲ ਬਲ ਆਪਣਾ ਆਪ ਕਰਾਈਆ । ਮੇਰੇ ਨਾਲ ਮੇਰਾ ਪ੍ਰੀਤਮ ਹੋ ਕੇ ਲਾਵੀਂ ਯਾਰੀ, ਯਰਾਨਾ ਕੂੜ ਨਾ ਕੋਇ ਰਖਾਈਆ । ਯਾਦ ਕਰ ਲੈ ਗੋਬਿੰਦ ਹੋ ਕੇ ਮਾਛੂਵਾੜੇ ਦੀ ਸੇਜ ਮਾਣੀ ਸੀ ਸੱਥਰ ਸੂਲਾਂ ਕੀਤੀ ਪਿਆਰੀ, ਮੁਹੱਬਤ ਇਕ ਨਾਲ ਜਣਾਈਆ । ਜੇ ਸਤਿਗੁਰ ਸ਼ਬਦ ਤੇਰੇ ਹੁੰਦਿਆਂ ਭਗਤਾਂ ਦੀ ਆਤਮਾ ਰਹਿ ਜਾਏ ਕੁਆਰੀ,

੧੨੧੦ ੨੨

ਫੇਰ ਸਕੇ ਨਾ ਕੋਇ ਪ੍ਰਨਾਈਆ । ਧੰਨ ਭਾਗ ਤੇਰੀ ਲੋਕਮਾਤ ਆਈ ਵਾਰੀ, ਵਾਰਤਾ ਪਿਛਲੀ ਦੇ ਬਦਲਾਈਆ । ਤੇਰਾ ਜਸ ਹੋਵੇ ਆਤਮਾ ਰਸ ਹੋਵੇ ਮਨ ਵਸ ਹੋਵੇ ਬ੍ਰਹਮ ਤੇ ਪਾਰਬ੍ਰਹਮ ਰੂਪ ਬਣ ਜਾਏ ਨਰ ਤੇ ਨਾਰੀ, ਨਰ ਨਰਾਇਣ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਅਗੰਮ ਅਥਾਹੀਆ । ਸਤਿਗੁਰ ਸ਼ਬਦ ਕਹੇ ਚੇਤ ਤੇਰਾ ਕਰਾਂ ਵਕਤ ਸੁਹੰਜਣਾ, ਲੋਕਮਾਤ ਵਡਿਆਈਆ । ਜਨ ਭਗਤਾਂ ਮੇਲਾ ਮਿਲਾਵਾਂ ਨਾਲ ਦਰਦ ਦੁੱਖ ਭੈ ਭੰਜਨਾ, ਭਵਸਾਗਰ ਪਾਰ ਕਰਾਈਆ । ਨੇਤਰ ਪਾ ਕੇ ਅਗੰਮੀ ਅੰਜਣਾ, ਨਿਜ ਨੈਣ ਦਿਆਂ ਖੁਲ੍ਹਾਈਆ । ਸਾਚੇ ਨਾਮ ਦਾ ਹੱਥ ਪਹਿਨਾ ਕੇ ਕੰਗਣਾ, ਬੰਧਨ ਇਕੋ ਦਿਆਂ ਦਰਸਾਈਆ । ਜਨ ਭਗਤੋ ਬਿਨਾ ਪੁਰਖ ਅਕਾਲ ਤੋਂ ਦੂਜਾ ਘਰ ਕਦੇ ਨਹੀਂ ਮੰਗਣਾ, ਝੋਲੀ ਕਿਸੇ ਅੱਗੇ ਨਾ ਡਾਹੀਆ । ਜਦੋਂ ਕਰੋ ਤੇ ਕਰੋ ਸ੍ਰੀ ਭਗਵਾਨ ਨੂੰ ਬੰਦਨਾ, ਪੰਜਾਂ ਤਤਾਂ ਵਾਲੇ ਨੂੰ ਸੀਸ ਨਾ ਕਦੇ ਝੁਕਾਈਆ । ਸਤਿਗੁਰ ਉਹ ਜੋ ਸ਼ਬਦ ਦੀ ਧਾਰ ਤੁਹਾਡੀ ਆਤਮਾ ਨਾਲ ਹੰਢਣਾ, ਸਰੀਰ ਛਡਣ ਤੋਂ ਬਾਦ ਤੁਹਾਡਾ ਮਾਲਕ ਬਣ ਕੇ ਸਚਖੰਡ ਲੈ ਜਾਏ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਆਪਣਾ ਹੱਥ ਟਿਕਾਈਆ । ਚੇਤ ਕਹੇ ਸਤਿਗੁਰ ਸ਼ਬਦ ਮੇਰੀ ਅਰਦਾਸ, ਬੇਨੰਤੀ ਇਕ ਸੁਣਾਈਆ । ਮੈਨੂੰ ਯਾਦ ਆ ਗਿਆ ਜੇ ਬਸੰਤ ਕੌਰ ਦਾ ਲਿਆਂਦਾ ਹੋਵੇ ਗਲਾਸ, ਤੇ ਘਰ ਵਾਲੇ ਹਾਜ਼ਰ ਦੇਣ ਕਰਾਈਆ । ਫੇਰ ਜੇ ਦੁਆਬਿਉਂ ਆਈ ਹੋਵੇ ਖਾਟ, ਤੇ ਹੀਆਂ ਸੇਰੂ ਪਾਵੇ ਉਪਰ ਦੇਣ ਉਠਾਈਆ ।

ਜੇ ਤਿੰਨ ਰੰਗ ਦੀ ਚਾਦਰ ਦਾ ਨਾਲ ਹੋਵੇ ਲਬਾਸ, ਖੋਲ੍ਹ ਕੇ ਗੁਰਮੁਖਾਂ ਦੇਣ ਵਖਾਈਆ । ਜੇਹੜੀਆਂ ਛੋਟੀਆ ਮੋਟੀਆਂ ਵਸਤੂਆਂ ਰੱਖੀਆਂ ਵਿਚ ਪਰਾਤ, ਟਕਿਆਂ ਵਾਲੀ ਦਿਉ ਹਿਲਾਈਆ । ਜਨ ਭਗਤੋ ਅੱਜ ਤੋਂ ਸਮਝ ਲੈਣੀ ਇਕੋ ਬਾਤ, ਅੱਗੇ ਭੁੱਲ ਰਹੇ ਨਾ ਰਾਈਆ । ਕਿਸੇ ਭਗਤ ਦੇ ਸਰੀਰ ਛਡਣ ਤੋਂ ਪਿਛੋਂ ਕਿਸੇ ਨੂੰ ਕੋਈ ਕਿਸੇ ਬਖ਼ਸ਼ਣੀ ਨਹੀਂ ਦਾਤ, ਮੰਜਾ ਪੀੜ੍ਹਾ ਲੀੜਾ ਭਾਂਡਾ ਬਸਤਰ ਗਲਾਸ ਭੇਟਾ ਕਦੇ ਨਾ ਕਿਸੇ ਨੂੰ ਕਰਾਈਆ । ਅੱਜ ਤੋਂ ਤੁਹਾਡਾ ਧਰਮ ਦਾ ਬਦਲ ਗਿਆ ਰਾਜ, ਕਲਜੁਗ ਦੀ ਕੂੜੀ ਕਿਰਿਆ ਦੇਣੀ ਗਵਾਈਆ । ਹੁਣ ਤੁਹਾਡੇ ਸਤਿਗੁਰ ਸ਼ਬਦ ਨੇ ਨਵਾਂ ਸਾਜਣਾ ਸਾਜ, ਸਾਜਣ ਇਕੋ ਇਕ ਅਖਵਾਈਆ । ਜਨ ਭਗਤੋ ਆਪਣੇ ਸੀਸ ਤੋਂ ਲਾਹ ਕੇ ਤਾਜ, ਦਸਤਾਰਾਂ ਪੰਜਾਂ ਪਿਆਰਿਆਂ ਸਿਰ ਟਿਕਾਈਆ । ਜੇ ਪਿਛੇ ਸੁੱਤੇ ਰਹੇ ਤੇ ਹੁਣ ਜਾਣਾ ਜਾਗ, ਅੱਗੇ ਸੌਣ ਦਾ ਲੇਖਾ ਦੇਣਾ ਮੁਕਾਈਆ । ਹੁਣ ਭਗਤ ਤੇ ਭਗਵਾਨ ਦਾ ਬਣਨਾ ਸਮਾਜ, ਜਗਤ ਵੰਡ ਨਾ ਕੋਇ ਵਖਾਈਆ । ਅੱਜ ਤੋਂ ਸਮਝ ਲੈਣਾ ਤੁਹਾਡੇ ਤੋਂ ਵੱਡਾ ਨਾ ਕੋਇ ਸੰਤ ਤੇ ਨਾ ਕੋਇ ਸਾਧ, ਸੋ ਸੰਤ ਜੋ ਆਪਣੇ ਪ੍ਰਭ ਨੂੰ ਮਿਲ ਕੇ ਆਪਣਾ ਰੰਗ ਲਏ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਚੇਤ ਕਹੇ ਸਤਿਗੁਰ ਸ਼ਬਦ ਮੈਂ ਆਪਾ ਤੈਥੋਂ ਵਾਰਿਆ, ਘੋਲੀ ਘੋਲ ਘੁਮਾਈਆ । ਕਦੀ ਤੂੰ ਗੋਬਿੰਦ ਪੁਰਖ ਅਕਾਲ ਦਾ ਸੁਤ ਦੁਲਾਰਿਆ, ਲੋਕਮਾਤ ਆਪਣੀ ਖੇਲ ਖਿਲਾਈਆ । ਫੇਰ ਛਡ ਕੇ ਪੰਜ ਤਤ ਅਕਾਰਿਆ, ਜੋਤੀ ਜੋਤ ਵਿਚ ਸਮਾਈਆ । ਹੁਣ ਪੁਰਖ ਅਕਾਲ ਨੇ ਤੇਰਾ ਖੇਲ ਵਿਚਾਰਿਆ, ਆਪਣੀ ਦਇਆ ਕਮਾਈਆ । ਤੂੰ ਆਇਉਂ ਬਣ ਕੇ ਦੂਲ੍ਹਾ ਨਿਰਗੁਣ ਨਿਰਵੈਰ ਨਿਰਾਕਾਰਿਆ, ਨਿਰੰਕਾਰ ਹੋ ਕੇ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕ ਵਖਾਈਆ । ਸਤਿਗੁਰ ਸ਼ਬਦ ਕਹੇ ਚੇਤ ਸੰਮਤ

੧੨੧੧ ੨੨

ਸੱਤ ਦੀ ਸਤਿ ਵਾਲੀ ਤਿਆਰੀ, ਤ੍ਰੈਗੁਣ ਅਤੀਤਾ ਹੋ ਕੇ ਦਿਆਂ ਦ੍ਰਿੜਾਈਆ । ਮੇਰੀ ਧਾਰ ਦੀ ਧਾਰ ਪੰਚ ਦੇ ਪੰਚ ਲਿਖਾਰੀ, ਪੰਚਮ ਦਾ ਲੇਖਾ ਪੂਰ ਕਰਾਈਆ । ਜਿਨ੍ਹਾਂ ਦੀ ਪਰਮ ਪੁਰਖ ਨੇ ਪੈਜ ਸਵਾਰੀ, ਸਿਰ ਆਪਣਾ ਹੱਥ ਟਿਕਾਈਆ । ਉਨ੍ਹਾਂ ਦੇ ਸੀਸ ਤੇ ਰੱਖਣੀ ਆਪ ਦਸਤਾਰੀ, ਮਿਹਰਵਾਨ ਹੋ ਮਿਹਰ ਨਜ਼ਰ ਉਠਾਈਆ । ਸਤਿਗੁਰ ਸ਼ਬਦ ਦੇ ਘਰ ਨਾ ਕੋਇ ਪੁਰਖ ਤੇ ਨਾ ਕੋਇ ਨਾਰੀ, ਆਤਮ ਪਰਮਾਤਮ ਪਰਮਾਤਮ ਆਤਮ ਇਕੋ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਦੇਸ਼ਾ ਇਕੋ ਇਕ ਜਣਾਈਆ । ਸਤਿਗੁਰ ਸ਼ਬਦ ਕਹੇ ਚੇਤ ਤੈਨੂੰ ਹੋਏ ਚਾਉ ਘਨੇਰਾ, ਅੰਤਰ ਵੱਜੇ ਵਧਾਈਆ । ਭਗਤ ਭਗਵਾਨ ਦਾ ਬਨਿਆ ਬੇੜਾ, ਮਲਾਹ ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਘਰ ਦੋਹਾਂ ਦਾ ਡੇਰਾ, ਵੱਖਰਾ ਮੰਦਰ ਨਾ ਕੋਇ ਜਣਾਈਆ । ਇਕੋ ਗ੍ਰਿਹਿ ਸੁਹੰਜਣਾ ਵਿਹੜਾ, ਇਕੋ ਬੰਕ ਦਵਾਰਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੁਖ਼ਨ ਇਕ ਅਲਾਈਆ । ਪੰਜ ਪਿਆਰੇ ਹੱਥ ਨਾਲ ਮਿਲਾਉਣਾ ਹੱਥ, ਹੱਥ ਛੁਟ ਕਦੇ ਨਾ ਜਾਈਆ । ਇਥੇ ਓਥੇ ਕਦੇ ਨਹੀਂ ਹੋਣਾ ਵੱਖ, ਵੱਖਰਾ ਘਰ ਨਾ ਕੋਇ ਵਖਾਈਆ । ਜਨ ਭਗਤੋ ਲੋਕ ਲੱਜਿਆ ਵਿਚ ਕਦੀ ਸ਼ਰਮ ਨਹੀਂ ਕਰਨੀ ਅੱਖ, ਸਨਮੁਖ ਹੋ ਕੇ ਬੈਠਣਾ ਚਾਈਂ ਚਾਈਂਆ । ਵਿਛੋੜੇ ਵਿਚ ਇਕ ਦੂਜੇ ਤੋਂ ਕਦੇ ਨਹੀਂ ਜਾਣਾ ਨੱਸ, ਪਲੂ ਜਗਤ ਵਾਲਾ ਛੁਡਾਈਆ । ਯਾਦ ਕਰ ਲਉ ਤੁਸੀਂ ਸਤਿਗੁਰ ਸ਼ਬਦ ਦੇ ਜਾਲ ਵਿਚ ਗਏ ਫਸ, ਤੁਹਾਡਾ ਸੱਜਣ ਮਿਤਰ ਬਾਹਰ ਸਕੇ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਪੰਜ ਦਰਬਾਰੀ ਹੱਥ ਨਾਲ ਹੱਥ ਘੁੱਟੋ, ਘੁੱਟ ਕੇ ਦਿਉ ਵਖਾਈਆ । ਕੂੜੀ ਕਿਰਿਆ ਦੀ ਜੜ੍ਹ ਪੁੱਟੋ, ਪਟਣੇ ਵਾਲਾ ਆਪਣੇ ਹਿਰਦੇ ਵਿਚ ਰਖਾਈਆ । ਸ਼ੌਹ ਦਰਿਆ ਵਿਚ ਸੁੱਟੋ, ਜਿਥੋਂ ਫੇਰ ਬਾਹਰ ਨਾ ਕੋਇ ਕਢਾਈਆ । ਸਤਿਗੁਰ ਦੇ ਪਿਆਰ ਦਾ ਲਾਹਾ ਲੁੱਟੋ, ਹਿਰਦੇ ਹਿਰਦੇ ਵਿਚੋਂ ਪਰਗਟਾਈਆ । ਹੱਥ ਮਿਲਾਉਣ ਨਾਲ ਚੁਰਾਸੀ ਵਿਚੋਂ ਛੁੱਟੋ, ਰਾਏ ਧਰਮ ਦੇਵੇ ਨਾ ਕਿਸੇ ਸਜ਼ਾਈਆ । ਸਤਿਗੁਰ ਸ਼ਬਦ ਤੁਹਾਨੂੰ ਫੜ ਕੇ ਲੈ ਜਾਏ ਧਰਮ ਧਾਰ ਦੇ ਗੁਟੋਂ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਸਤਿਗੁਰ ਸ਼ਬਦ ਕਹੇ ਪੰਚ ਲਿਖਾਰੀ ਲਿਖ ਦਿਉ ਧੁਰ ਦਾ ਲੇਖ, ਹੱਥ ਹੱਥ ਨਾਲ ਮਿਲਾਈਆ । ਸਾਡਾ ਸਤਿਗੁਰ ਸ਼ਬਦ ਤੇ ਸ਼ਬਦ ਸਤਿਗੁਰ ਦਸਮੇਸ਼, ਬਿਨਾ ਸ਼ਬਦ ਤੋਂ ਸਤਿਗੁਰ ਨਜ਼ਰ ਕੋਇ ਨਾ ਆਈਆ । ਅਸੀਂ ਵਸਣਾ ਉਸ ਦੇ ਦੇਸ, ਜਿਸ ਦਾ ਦੇਸ ਸਚਖੰਡ ਸਾਚਾ ਸੋਭਾ ਪਾਈਆ । ਅਸੀਂ ਬਦਲ ਦੇਣੀ ਅੱਜ ਤੋਂ ਆਪਣੇ ਜਨਮ ਕਰਮ ਦੀ ਰੇਖ, ਰਿਖੀਆਂ ਮੁਨੀਆਂ ਦੀ ਲੋੜ ਰਹੇ ਨਾ ਰਾਈਆ । ਜਿਸ ਨੇ ਲੇਖਾ ਮੁਕਾ ਦੇਣਾ ਪੈਗ਼ੰਬਰ ਪੀਰ ਔਲੀਏ ਸ਼ੇਖ਼, ਮੁਸਾਇਕਾਂ ਡੇਰਾ ਢਾਹੀਆ । ਉਸ ਸਤਿਗੁਰ ਸ਼ਬਦ ਦੇ ਨਾਲ ਮਿਲ ਗਏ ਜਿਸ ਵਿਚ ਮਿਲ ਕੇ ਰਹਿਣਾ ਹਮੇਸ਼, ਵਿਛੋੜਾ ਨਜ਼ਰ ਕੋਇ ਨਾ ਆਈਆ । ਪਹਿਲੀ ਚੇਤ ਕਹੇ ਜਨ ਭਗਤੋ ਮੇਰਾ ਇਕ ਸੰਦੇਸ਼, ਸਹਿਜ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜੀ ਕਿਰਿਆ ਮੇਟੇ ਕਲੇਸ਼, ਕਲਕਾਤੀ ਰਹਿਣ ਕੋਇ ਨਾ ਪਾਈਆ ।

## ੩ ਚੇਤ ਸ਼ਹਿਨਸ਼ਾਹੀ ਸੰਮਤ ੭ ਗੁਰਮੁਖ ਸਿੰਘ ਦੇ ਗ੍ਰਿਹ ਪਿੰਡ ਭਲਾਈਪੁਰ ਜ਼ਿਲਾ ਅੰਮ੍ਰਿਤਸਰ

ਤਿੰਨ ਚੇਤ ਕਹੇ ਸੋਹਿਆ ਦਵਾਰਾ ਗੁਰਮੁਖ, ਸਤਿਗੁਰ ਸ਼ਬਦ ਸ਼ਬਦ ਸੁਹਾਈਆ । ਅਵਤਾਰ ਪੈਗ਼ੰਬਰ ਤਕੇ ਸਨਮੁਖ, ਵਿਸ਼ਨ ਬ੍ਰਹਮਾ ਸ਼ਿਵ ਅੱਖ ਖੁਲ੍ਹਾਈਆ । ਜਨ ਭਗਤੋ ਤੁਹਾਡਾ ਜਨਮ ਕਰਮ ਰਹੇ ਕੋਇ ਨਾ ਦੁੱਖ, ਦੁਖੜਾ ਦੂਰ ਕਰਾਈਆ । ਤੁਸੀਂ ਸਤਿਗੁਰ ਦੀ ਜਨਮੇ ਵਿਚੋਂ ਕੁੱਖ, ਨਾਤਾ ਤੁੱਟਿਆ ਜੰਮਣ ਵਾਲੀ ਮਾਈਆ । ਆਤਮ ਪਰਮਾਤਮ ਮਾਨਣਾ ਸਚ ਦਵਾਰੇ ਸੁਖ, ਸੂਖਮ ਆਪਣਾ ਰੰਗ ਰੰਗਾਈਆ । ਧੁਰ ਦੇ ਬੱਚਿਉ ਧਰਮ ਦੀ ਧਾਰ ਜਾਣਾ ਉਠ, ਸੋਇਆ ਰਹਿਣ ਕੋਇ ਨਾ ਪਾਈਆ । ਕਿਰਪਾ ਕਰੇ ਅਬਿਨਾਸ਼ੀ ਅਚੁਤ, ਚੇਤਨ ਸਭ ਨੂੰ ਰਿਹਾ ਕਰਾਈਆ । ਗੁਰਮੁਖੋ ਗੁਰਮੁਖ ਦਵਾਰੇ ਤੁਹਾਡੀ ਮੌਲੇ ਰੁੱਤ, ਰੁਤੜੀ ਤੁਹਾਡੀ ਆਪ ਮਹਿਕਾਈਆ । ਤੁਸੀਂ ਸਾਰੇ ਉਸ ਪ੍ਰਭੂ ਦੇ ਸੁਤ , ਜੋ ਆਦਿ ਜੁਗਾਦੀ ਪਿਤਾ ਮਾਈਆ । ਤੁਹਾਡਾ ਭਾਗ ਨਾ ਜਾਏ ਨਿਖੁੱਟ, ਜਨਮ ਕਰਮ ਦਾ ਡੇਰਾ ਢਾਹੀਆ । ਆਤਮ ਧਾਰ ਨਾ ਜਾਵੇ ਟੁੱਟ, ਟੁੱਟਿਆਂ ਲਏ ਜੁੜਾਈਆ । ਚੁਰਾਸੀ ਗੇੜਾ ਜਾਏ ਛੁਟ, ਅੱਗੇ ਦੇਵੇ ਨਾ ਕੋਇ ਸਜ਼ਾਈਆ । ਵੇਖੇ ਰਵਦਾਸ ਹੁੰਦਾ ਖੁਸ਼, ਖੁਸ਼ੀਆਂ ਹਾਲ ਸੁਣਾਈਆ । ਪੁਰਖ ਅਕਾਲ ਨੂੰ ਰਿਹਾ ਪੁਛ, ਸਹਿਜ ਸਹਿਜ ਮੰਗ ਮੰਗਾਈਆ । ਪ੍ਰਭੂ ਵੇਖ ਕਲਜੁਗ ਮਚਾਈ ਲੁੱਟ, ਲੁਟੇਰਾ ਬਣਿਆ ਥਾਉਂ ਥਾਈਂਆ । ਅੰਮ੍ਰਿਤ ਮਿਲੇ ਕਿਸੇ ਨਾ ਘੁੱਟ, ਅਠ ਸਠ ਤੀਰਥ ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਈਆ । ਮੇਰੇ ਦੀਨ ਦਿਆਲ ਮੈਂ ਜੇਹੜੇ ਤੇਰੀ ਯਾਦ ਵਿਚ ਪੁਰਾਣੇ ਟੁੱਟੇ ਗੰਢੇ ਜੁੱਤ, ਪੁਰਾਣਾ ਜੂਤਾ ਦਏ ਗਵਾਹੀਆ । ਚਮਿਆਰ ਦੀ ਆਰ ਰਹੀ ਨਾ ਛੁਪ, ਸਭ ਨੂੰ ਨਜ਼ਰੀ ਆਈਆ । ਇਹਨਾਂ ਵਿਚੋਂ ਬਹੁਤੇ ਜੇਹੜੇ ਗੰਗਾ ਜਾਂਦੇ ਮੇਰੇ ਕੋਲ ਗਏ ਰੁਕ, ਗੰਢ ਪੁਆ ਕੇ ਬਣੇ ਪਾਂਧੀ ਰਾਹੀਆ । ਮੈਂ ਸੰਦੇਸ਼ਾ ਦੇਂਦਾ ਰਿਹਾ ਓ ਗੁਰਮੁਖੋ ਗਾਉਣੀ ਇਕੋ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਫੇਰ ਤੁਹਾਡਾ ਪੈਂਡਾ ਜਾਏ ਮੁਕ, ਅੱਗੇ ਪੰਧ ਨਾ ਕੋਇ ਵਖਾਈਆ । ਤੁਸਾਂ ਤੱਟ ਕਿਨਾਰੇ ਜਾ ਕੇ ਪਾਉਣੀ ਨਹੀਂ ਲੁੱਟ, ਲੁਟੇਰਾ ਰੂਪ ਨਾ ਕੋਇ ਵਖਾਈਆ । ਨਾਲੇ ਹੱਸ ਕੇ ਕਹਿ ਦੇਂਦਾ ਉਹ ਵੇਖੋ ਭਗਵਾਨ ਮੇਰਾ ਖੁਸ਼, ਮੇਰੀ ਰੰਬੀ ਨਾਲ ਤੁਹਾਡੀ ਟੁੱਟਿਆਂ ਦੀ ਗੰਢ ਪਵਾਈਆ । ਆਰ ਕਦੇ ਨਾ ਜਾਵੇ ਰੁਕ, ਆਰ ਪਾਰ ਵਿੰਨ੍ਹ ਕੇ ਤੁਹਾਨੂੰ ਪ੍ਰਭ ਦਾ ਚਿੰਨ੍ਹ ਵਖਾਈਆ । ਇਹ ਟੁੱਟਾ ਜੂਤਾ ਕਹੇ ਮੈਂ ਚਮਾਰ ਦੇ ਸਾਥੀ ਸਾਰੇ ਲਿਆਂਦੇ ਖਿੱਚ, ਗੁਰਮੁਖ ਦੇ ਦਵਾਰੇ ਦਿਤੇ ਬਹਾਈਆ । ਜਿਹੋ ਜਿਹਾ ਚਮਿਆਰ ਗ਼ਰੀਬ ਉਸ ਨੇ ਪੁੱਠੀ ਮੰਜੀ ਉਤੇ ਭਗਵਾਨ ਬਹਾ ਲਿਆ ਆਪ ਹੋ ਗਿਆ ਚੁੱਪ, ਮੁਖੋਂ ਬਚਨ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਜੁੱਤੀ ਕਹੇ ਭਗਤੋ ਮੈਂ ਚਲਦੀ ਚਲਦੀ ਗਈ ਘਸ, ਪੁਰਾਣੀ ਹੋ ਕੇ ਆਪਣਾ ਆਪ ਤੁੜਾਈਆ । ਤੀਰਥ ਤੱਟਾਂ ਫਿਰੀ ਪੈਂਡਾ ਮੁਕਾਇਆ ਨੱਸ ਨੱਸ, ਭੱਜੀ ਵਾਹੋ ਦਾਹੀਆ । ਜੰਗਲਾਂ ਜੂਹਾਂ ਆਸਣ ਬੈਠੀ ਘੱਤ, ਟਿਲਿਆਂ ਡੇਰੇ ਲਾਈਆ । ਅਗਨੀ ਨਾਲ ਸੁਕਾਈ ਰੱਤ, ਜਲਧਾਰਾ ਨਾਲ ਠਰਾਈਆ । ਧੀਰਜ ਰੱਖਿਆ ਜਤ, ਸੰਤੋਖ ਵਿਚ ਸਮਾਈਆ । ਹੋਕਾ ਦਿਤਾ ਜਗਤ ਜਗਿਆਸੂਓ ਕੋਈ ਮਿਲਾ ਦਿਉ ਮੇਰਾ ਪਰਮੇਸ਼ਵਰ ਪਤਿ, ਜੋ ਵਿਛੜੀ ਆਪਣੇ ਨਾਲ ਜੁੜਾਈਆ । ਮੇਰਾ ਪੂਰਾ ਕਰ ਦੇ ਹੱਕ, ਹਕੀਕਤ ਰਹੇ ਨਾ ਰਾਈਆ । ਟੁੱਟੀ ਜੁੱਤੀ ਕਹੇ ਰਵਦਾਸ ਖ਼ੁਸ਼ੀ ਨਾਲ ਕਹਿੰਦਾ ਮੈਨੂੰ ਆਪਣੀ ਵੇਖੋ ਅੰਦਰ ਅੱਖ, ਬਿਨ ਅੱਖਾਂ ਅੱਖ ਉਠਾਈਆ । ਨਾਲੇ ਜ਼ੋਰ ਨਾਲ ਆਰ ਦੇਂਦਾ ਧੱਕ, ਤਲੀ ਨਾਲ ਦਬਾਈਆ । ਫੇਰ ਖ਼ੁਸ਼ੀ ਨਾਲ ਪਵੇ ਹੱਸ, ਆਓ ਜੁੱਤੇ

ਗੰਢਾਉਣ ਵਾਲਿਓ ਤੁਹਾਨੂੰ ਦੱਸਾਂ ਸਚ, ਸਚ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਟੁੱਟੀ ਜੁੱਤੀ ਕਹੇ ਇਕ ਦਿਨ ਰਵਦਾਸ ਨੇ ਆਰ ਦੱਬੀ, ਦੱਬ ਕੇ ਦਿਤੀ ਹਿਲਾਈਆ । ਉਸ ਨੂੰ ਨੂਰ ਨਜ਼ਰ ਆਇਆ ਰੱਬੀ, ਅਲਾਹੀ ਬੇਪਰਵਾਹੀਆ । ਓਸ ਆਪਣੀ ਆਸਾ ਸੱਦੀ, ਸੱਦ ਕੇ ਦਿਤਾ ਸੁਣਾਈਆ । ਨਾਲੇ ਵੇਖਿਆ ਪ੍ਰਭੂ ਦਾ ਖੇਲ ਅਵਤਾਰ ਪੈਗ਼ੰਬਰ ਗੁਰੂਆਂ ਦੀ ਚਲਾਉਂਦਾ ਗੱਦੀ, ਸ਼ਹਿਨਸ਼ਾਹ ਹੋ ਕੇ ਆਪਣਾ ਆਪ ਛੁਪਾਈਆ । ਭਗਤਾਂ ਦਾ ਵੇਲਾ ਆਉਂਦਾ ਕਦੀ, ਆਪਣਿਆਂ ਕਦਮਾਂ ਉਤੇ ਝੁਕ ਕੇ ਤਾਲੀ ਦਿਤੀ ਵਜਾਈਆ । ਜਾਂ ਤੱਕਿਆ ਤੇ ਵੇਖੀ ਚੌਧਵੀਂ ਸਦੀ, ਸਦਮੇ ਭਰੀ ਲੋਕਾਈਆ । ਫੇਰ ਤੱਕਿਆ ਅਗਿਆਨ ਦੀ ਅੰਧੇਰੀ ਵਗੀ, ਸਤਿ ਧਰਮ ਗਈ ਉਡਾਈਆ । ਪੰਚ ਸ਼ਬਦ ਦੀ ਧੁੰਨ ਕਿਸੇ ਅੰਦਰ ਨਾ ਦਿਸੇ ਵੱਜੀ, ਅਨਾਦੀ ਨਾਦ ਨਾ ਕੋਇ ਸੁਣਾਈਆ । ਫੇਰ ਧਿਆਨ ਮਾਰਿਆ ਪ੍ਰਭ ਦੀ ਕਿਰਪਾ ਨਾਲ ਜਨ ਭਗਤਾਂ ਦੀ ਜੋਤ ਹੋਣੀ ਜਗੀ, ਪੰਜਾਂ ਤਤਾਂ ਦਾ ਮਾਲਕ ਪੰਜ ਦਾਨ ਸ਼ਮਾਂ ਕਰੇ ਰੁਸ਼ਨਾਈਆ । ਉਸ ਵੇਲੇ ਇਕ ਸਭਾ ਲੱਗਣੀ ਵੱਡੀ, ਹਰਿ ਵੱਡਾ ਦਏ ਵਡਿਆਈਆ । ਰਵਦਾਸ ਨੇ ਕਿਹਾ ਭਗਤਾਂ ਦੀ ਮੈਲ ਪੰਜਾਂ ਧੋਬੀਆਂ ਗਠੜੀ ਹੋਣੀ ਬੱਧੀ, ਭਾਰ ਮੋਢਿਆਂ ਉਤੇ ਟਿਕਾਈਆ । ਜਗਤ ਦੀ ਧਾਰ ਹੋਣੀ ਬਦੀ, ਪੰਜ ਪੰਜਾਂ ਤਤਾਂ ਵਿਚ ਸਮਾਈਆ । ਪੰਜਾਂ ਬੋਦੀ ਖੁਲ੍ਹੀ ਹੋਣੀ ਛੱਡੀ, ਆਪਣਾ ਵੇਸ ਵਟਾਈਆ । ਪੰਜ ਬੁੱਲ ਬੈਠੇ ਹੋਣ ਰੰਗੀ, ਆਪਣਾ ਰੰਗ ਚੜ੍ਹਾਈਆ । ਪੰਜ ਵਿੰਗਿਆਂ ਟੇਡਿਆਂ ਡੰਡਿਆਂ ਵਾਲੇ ਸਭ ਨੂੰ ਦੇਣ ਦੰਡੀ, ਕਲਜੁਗ ਦਾ ਡਿੰਗਾ ਟੇਢਾ ਰਸਤਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਆਰ ਕਹੇ ਓ ਮੈਨੂੰ ਸਾਰੇ ਕਹਿੰਦੇ ਆਰ, ਜੁਗ ਜੁਗ ਸਿਫ਼ਤ ਸਾਲਾਹੀਆ । ਪਰ ਗੁਰਮੁਖੋ ਯਾਦ ਰਖ਼ਿਉ ਮੈਂ ਜਦੋਂ ਹੋਵਾਂ ਤੇ ਹੋਵਾਂ ਆਰ ਪਾਰ, ਤੇ ਨਵੇਂ ਪੁਰਾਣੇ ਵਿੰਨ੍ਹ ਕੇ ਦਿਆਂ ਵਖਾਈਆ । ਮੈਂ ਟੁੱਟੇ ਗੰਢਾਂ ਤੇ ਵਿਗੜੇ ਦਿਆਂ ਸਵਾਰ, ਆਪਣਾ ਸਵਾਰਥ ਨਾ ਕੋਇ ਰਖਾਈਆ । ਮੈਨੂੰ ਇਕ ਦਿਨ ਹੱਸ ਕੇ ਕਿਹਾ ਰਵਦਾਸ ਚਮਾਰ, ਮੁੱਠ ਵੱਲੋਂ ਚੁੰਮ ਕੇ ਖ਼ੁਸ਼ੀ ਨਾਲ ਹਸਾਈਆ । ਨਾਲੇ ਚਪੇੜ ਮਾਰੀ ਨਾਲੇ ਕਿਹਾ ਕਮਲੀਏ ਕਦੇ ਬਣ ਨਾ ਜਾਵੀਂ ਗ਼ੱਦਾਰ, ਆਪਣੀ ਮਨਸਾ ਨਾ ਲਈਂ ਬਦਲਾਈਆ । ਕਿਉਂ ਕਲਜੁਗ ਦਾ ਸਮਾਂ ਆਉਣਾ ਚਾਰੋਂ ਕੁੰਟ ਹੋਣਾ ਅੰਧਿਆਰ, ਸਚ ਦਾ ਚੰਦ ਨਾ ਕੋਇ ਚਮਕਾਈਆ । ਗੁਰੂ ਚੇਲਾ ਨਹੀਂ ਰਹਿਣੇ ਯਾਰ, ਮੁਰੀਦ ਮੁਰਸ਼ਦ ਨਾ ਸੰਗ ਨਿਭਾਈਆ । ਸਚ ਦੀ ਸਚ ਨਹੀਂ ਰਹਿਣੀ ਗੁਫ਼ਤਾਰ, ਸਤਿ ਨਾਲ ਸਤਿ ਨਾ ਕੋਇ ਰਖਾਈਆ । ਝਗੜਾ ਪੈ ਜਾਣਾ ਪੁਰਖ ਤੇ ਨਾਰ, ਘਰ ਘਰ ਹੋਵੇ ਲੜਾਈਆ । ਧਰਮ ਰਹਿਣਾ ਨਹੀਂ ਕਿਸੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ, ਅੱਠ ਸੱਠ ਅੰਮ੍ਰਿਤ ਰਸ ਨਾ ਕੋਇ ਭਰਾਈਆ । ਜਗਤ ਜਹਾਨ ਕਰੇ ਵਿਭਚਾਰ, ਭੈਣ ਭਾਈਆ ਅੱਖ ਬਦਲਾਈਆ । ਉਸ ਵੇਲੇ ਫੇਰ ਖੇਲ ਹੋਣਾ ਅਪਰ ਅਪਾਰ, ਅਪਰੰਪਰ ਸਵਾਮੀ ਆਪਣਾ ਹੁਕਮ ਵਰਤਾਈਆ । ਇਕ ਸਤਿਗੁਰ ਸ਼ਬਦ ਸ਼ਬਦ ਹੋਣਾ ਸਿਕਦਾਰ, ਸਿਰ ਸਿਰ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਰਵਦਾਸ ਕਿਹਾ ਮੋਹੇ ਬਚਨ ਨਾ ਭੂਲਾ, ਅਭੂਲੇ ਦਿਆਂ ਦ੍ਰਿੜਾਈਆ । ਤੀਨਾ ਜ਼ਮੇ ਜ਼ਖ਼ਤੇ ਜ਼ਬੀਂ ਕਾਜ਼ੀਨਾ ਕਮਾਲੋ ਕਾਸੇ ਨਾਜ਼ਾਈਆ । ਆਰੇ ਉਸ ਵੇਲੇ ਬਦਲਣਾ ਸਭ ਅਸੂਲੋ, ਅਸਲ ਅਸਲ ਵਿਚੋਂ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਰਵਦਾਸ ਕਿਹਾ ਆਰੇ ਰਹੀਂ ਨਾ ਸੋਤੀ, ਸੁਤਿਆਂ ਦੇਣਾ ਜਗਾਈਆ । ਜਗਤ ਜਹਾਨ ਹੋਣਾ ਲੰਗੜਾ ਲੂਲ੍ਹਾ ਕੂੜ ਦੀ ਬੰਨ੍ਹਣੀ ਤੇੜ ਲੰਗੋਟੀ, ਲੰਗੋਟਿਆਂ ਵਾਲੇ ਦੇਣ ਗਵਾਹੀਆ । ਉਸ ਵੇਲੇ ਆਵੇ ਰਵਦਾਸ ਚਮਿਆਰ ਦੇ ਗ੍ਰਿਹਿ ਦਵਾਰੇ, ਗੁਰਮੁਖ ਰੂਪ ਹੋਏ ਸੰਸਾਰੇ, ਪ੍ਰਭੂ ਦੇ ਭਗਤ ਇਕੱਠੇ ਹੋਣ ਦੁਲਾਰੇ, ਜਿਨ੍ਹਾ ਦਾ ਦੂਲ੍ਹਾ ਇਕੋ ਨਜ਼ਰੀ ਆਈਆ । ਪੁਰਾਣੇ ਜੁਤਿਆਂ ਵਾਂਗ ਪੁਰਾਣੇ ਜਨਮ ਕਰਮ ਸਾਰਿਆਂ ਦੀ ਪਾਵੇ ਸਾਰੇ, ਮਹਾਂਸਾਰਥੀ ਆਪ ਦਇਆ ਕਮਾਈਆ । ਨਿਰਗੁਣ ਜੋਤ ਨਿਰਵੈਰ ਕਰ ਅਕਾਰੇ, ਨਿਰਾਕਾਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਆਰ ਕਹੇ ਰਵਦਾਸਾ ਮੈਨੂੰ ਫੇਰ ਲਿਆਵੀਂ ਨਾ ਉਤੇ ਗੰਗਾ, ਗੰਗਾ ਦੀ ਲੋੜ ਰਹੇ ਨਾ ਰਾਈਆ । ਮੈਂ ਇਕੋ ਵਸਤ ਪ੍ਰੇਮ ਦੀ ਮੰਗਾਂ, ਮਾਂਗਤ ਹੋ ਕੇ ਝੋਲੀ ਡਾਹੀਆ । ਪ੍ਰਭੂ ਤੋਂ ਵਰ ਮੰਗ ਲੈ ਅੱਗੇ ਵਾਸਤੇ ਤੇਰਿਆਂ ਭਗਤਾਂ ਦਾ ਪੈਰ ਹੋਵੇ ਕਦੇ ਨਾ ਨੰਗਾ, ਪ੍ਰਭੂ ਤੂੰ ਭਗਵਾਨ ਹੋ ਕੇ ਮਿਹਰਵਾਨ ਹੋ ਕੇ ਜਨ ਭਗਤ ਦਵਾਰੇ ਨੰਗੀਂ ਪੈਰੀਂ ਭੱਜੀਂ ਚਾਈਂ ਚਾਈਂਆ । ਉਸ ਵੇਲੇ ਤੇਰੀ ਨਿਸ਼ਾਨੀ ਸਾਹਿਬ ਸੁਲਤਾਨੀ ਧਰਮ ਦੀ ਧਾਰ ਕਹੇ ਰਵਦਾਸ ਦੀ ਆਰ ਹੋਵੇ ਹੱਥ ਸਤਰੰਗਾ, ਰੰਗਤ ਸਭ ਦੀ ਦੇਣੀ ਬਦਲਾਈਆ । ਪ੍ਰੇਮੀ ਪ੍ਰੀਤਮ ਹੋ ਕੇ ਪੁਰਖ ਅਕਾਲ ਦੇਣਾ ਸੰਗਾ, ਸਗਲਾ ਸੰਗ ਰਖਾਈਆ । ਖਾ ਕੇ ਭਗਤਾਂ ਦੇ ਘਰ ਘਰ ਦਾ ਸੁੱਕਾ ਮੰਡਾ, ਰਵਦਾਸ ਦਾ ਪਿਛਲਾ ਲੇਖਾ ਪੂਰਾ ਦੇਣਾ ਕਰਾਈਆ । ਯਾਦ ਕਰ ਲੈ ਜਿਸ ਤਰਾਂ ਭਗਤਾਂ ਨੂੰ ਖਵਾਂਦਾ ਰਿਹੋਂ ਕੱਚਾ ਗੰਢਾ, ਉਸ ਤਰ੍ਹਾਂ ਤੈਨੂੰ ਵੀ ਖਾਣਾ ਪਏ ਥਾਉਂ ਥਾਈਂਆ । ਜਵਾਂ ਦੀ ਰੋਟੀ ਨਾਲ ਦੇਵੇ ਕੋਈ ਨਾ ਪਾਣੀ ਠੰਡਾ, ਕੋਸਾ ਕਰਕੇ ਅੱਗੇ ਦੇਣਾ ਟਿਕਾਈਆ । ਜਨ ਭਗਤੋ ਇਹ ਕੋਈ ਖੇਲ ਨਹੀਂ ਅਚੰਭਾ, ਹੈਰਾਨੀ ਵਿਚ ਹੈਰਾਨੀ ਨਾ ਕੋਇ ਪਰਗਟਾਈਆ । ਜੇ ਪ੍ਰਭੂ ਨਾਲ ਐਂ ਨਾ ਕਰੋਗੇ ਫੇਰ ਏਸ ਕਲਜੁਗ ਦਾ ਪੈਂਡਾ ਨਹੀਂ ਮੇਟਣਾ ਲੰਬਾ, ਛੇਤੀ ਛੇਤੀ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਰਵਦਾਸ ਕਹੇ ਇਕ ਦਿਨ ਅੰਤਰ ਅੰਤਰ ਆਈ ਵਿਚਾਰੀ, ਅੰਤਰ ਅੰਤਰ ਧਿਆਨ ਲਗਾਈਆ । ਮੈਂ ਪ੍ਰੇਮ ਵਿਚ ਪੁਛਿਆ ਪ੍ਰਭੂ ਤੂੰ ਪੁਰਖ ਕਿ ਨਾਰੀ, ਜਿਹੜਾ ਤੇਰਾ ਸੋਹਣਾ ਰੂਪ ਉਹੋ ਮੈਨੂੰ ਦੇ ਵਖਾਈਆ । ਤੂੰ ਸ਼ਬਦ ਸਤਿਗੁਰ ਕਿ ਸ਼ਬਦ ਦਾ ਲਿਖਾਰੀ, ਪੜਦਾ ਦੇਣਾ ਉਠਾਈਆ । ਪੁਰਖ ਅਕਾਲ ਹੱਸ ਕੇ ਕਿਹਾ ਰਵਦਾਸ ਵੇਖ ਨੈਣ ਉਘਾੜੀ, ਇਸ਼ਾਰੇ ਨਾਲ ਸਮਝਾਈਆ । ਮੇਰਾ ਸਤਿ ਸਰੂਪ ਆਪੇ ਪੁਰਖ ਆਪੇ ਨਾਰੀ, ਆਪੇ ਸਤਿਗੁਰ ਸ਼ਬਦ ਆਪੇ ਲਿਖਾਰੀ, ਪੰਜੇ ਲਿਖਾਰੀ ਉਠ ਕੇ ਦਿਓ ਵਖਾਈਆ । ਆਪੇ ਮੁੱਛ ਆਪੇ ਦਾੜ੍ਹੀ, ਆਪੇ ਨਰ ਨਰਾਇਣ ਵਿਸ਼ਨੂੰ ਧਾਰੀ, ਮੁੱਛ ਦਾੜ੍ਹੀ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਰਵਦਾਸ ਕਹੇ ਮੈਂ ਫੇਰ ਹੱਸ ਕੇ ਕਿਹਾ ਪ੍ਰਭੂ ਤੂੰ ਲਾੜਾ ਕਿ ਲਾੜੀ, ਮੈਨੂੰ ਦੇ ਸਮਝਾਈਆ । ਧੋਤੀ ਬੰਨ੍ਹੇਂ ਕਿ ਸਾੜ੍ਹੀ, ਪੜਦਾ ਦੇਣਾ ਉਠਾਈਆ । ਮੂੰਡ ਮੁੰਡਾਏਂ ਕਿ ਰੱਖੇਂ ਦਾੜ੍ਹੀ, ਕਵਣ ਰੰਗ ਰੰਗਾਈਆ । ਪੁਰਖ ਅਕਾਲ ਕਿਹਾ ਰਵਦਾਸਾ ਮੈਂ ਆਦਿ ਤੋਂ ਪ੍ਰਦੇਸਣ ਪ੍ਰੇਮੀਆਂ ਦੀ ਪਿਆਰੀ, ਖੁਲ੍ਹੜੇ ਕੇਸ ਖੇਲ ਨਿਆਰੀ, ਨਿਰਾਕਾਰ ਨਿਰੰਕਾਰ ਆਪਣਾ ਰੂਪ ਤੇਰੇ ਦਰ ਤੇ ਦਏ ਦਰਸਾਈਆ । ਰਵਦਾਸਾ ਉਹ ਵੇਖ ਸ਼ਬਦ ਸਤਿਗੁਰ ਤੇ ਸਤਿਗੁਰ ਸ਼ਬਦ ਲਿਖਾਰੀ, ਦੋਵੇਂ ਸੋਭਾ ਪਾਈਆ । ਜਿਨ੍ਹਾਂ ਦਾ ਇਕੋ ਮੰਦਰ ਇਕੋ ਗ੍ਰਿਹਿ ਇਕੋ ਘਰ ਇਕੋ ਅਟਾਰੀ,

੧੨੧੫ ੨੨

ਅਟਲ ਪਦਵੀ ਸਭ ਨੂੰ ਰਹੇ ਵਖਾਈਆ । ਲਿਖਾਰੀਓ ਲਿਖ ਦਿਓ ਜਨ ਭਗਤੋ ਤੁਹਾਡਾ ਸਤਿ ਦਾ ਰੂਪ ਨਿਰੰਕਾਰੀ, ਬ੍ਰਹਮ ਬ੍ਰਹਮ ਤਤ ਦਾ ਰੂਪ ਜੋਤ ਉਜਿਆਰੀ, ਤੁਹਾਡੀ ਆਤਮਾ ਤੁਹਾਡੀ ਆਸ਼ਾ ਸਤਿਗੁਰ ਦੇ ਘਰ ਨਾ ਰਹੀ ਕਵਾਰੀ, ਸੁਹਾਗਣ ਅੰਤ ਤਕ ਬਣਾਈਆ । ਜਨਮ ਦੀ ਕਰਮ ਦੀ ਭਰਮ ਦੀ ਸ਼ਰਮ ਦੀ ਪੈਜ ਸਵਾਰੀ, ਸ਼ਰਅ ਦਾ ਲੇਖਾ ਦਿਤਾ ਮੁਕਾਈਆ । ਸਤਿਗੁਰ ਦੇ ਸ਼ਰਨ ਲੱਗ ਕੇ ਨਾ ਰਹੇ ਗੁਨਾਂਹਗਾਰੀ, ਪਤਿਤਾਂ ਪੁਨੀਤ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਸਿੰਘਾਸਣ ਕਹੇ ਪ੍ਰਭੂ ਕਿਉਂ ਮੇਰੇ ਨਾਲ ਰੁੱਠਾ, ਸਾਹਿਬ ਦੇ ਸੁਣਾਈਆ । ਕਿਉਂ ਮੈਨੂੰ ਕੀਤਾ ਪੁੱਠਾ, ਚਾਰੇ ਪਾਵੇ ਰੋਵਣ ਮਾਰਨ ਧਾਈਂਆ । ਵੇਖ ਲਹਿੰਦੀ ਵਾਲੀ ਗੁੱਠਾ, ਜਿਥੇ ਤਾਰਾ ਚੰਨ ਰਹੇ ਆਪਣਾ ਆਸਣ ਲਾਈਆ । ਉਹ ਕੂਕ ਪੁਕਾਰਨ ਭਗਤੋ ਸਾਡਾ ਸ਼ਰਅ ਦਾ ਨਾਤਾ ਤੁੱਟਾ, ਸਦੀ ਚੌਧਵੀਂ ਮੁਹੰਮਦ ਅੰਤ ਲੇਖਾ ਰਹੇ ਨਾ ਰਾਈਆ । ਕਿਉਂ ਪ੍ਰਭੂ ਨੇ ਵੜਨਾ ਭਗਤਾਂ ਦੇ ਵਿਚ ਜੁੱਸਾ, ਜਿਸਮ ਜ਼ਮੀਰ ਦੇਣੀ ਬਦਲਾਈਆ । ਕੂੜ ਕਿਰਿਆ ਦੀ ਰਹਿਣ ਨਹੀਂ ਦੇਣੀ ਲੁੱਟਾ, ਧਰਮ ਦੀ ਧਾਰ ਦੇਣੀ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਖੁਲ੍ਹਾਈਆ । ਚੰਦ ਕਹੇ ਸੁਣ ਮੀਤ ਸਤਾਰਾ, ਸਤਹ ਬੁਲੰਦੀ ਧਿਆਨ ਲਗਾਈਆ । ਉਹ ਵੇਖ ਖੇਲ ਪਰਵਰਦਿਗਾਰਾ, ਜਲਵਾ ਰਿਹਾ ਵਖਾਈਆ । ਲੇਖਾ ਮੁਕਣਾ ਸੰਗ ਮੁਹੰਮਦ ਚਾਰ ਯਾਰਾ, ਚਾਰੇ ਪਾਵੇ ਦੇਣ ਗਵਾਹੀਆ । ਸੱਤ ਰੰਗ ਦਾ ਡੰਡਾ ਕਰੇ ਇਸ਼ਾਰਾ, ਜਿਸ ਨੇ ਡੰਡਾਵਤ ਸਭ ਦੀ ਦੇਣੀ ਬਦਲਾਈਆ । ਘਰ ਘਰ ਭਗਤਾਂ ਦੀਪਕ ਹੋਣਾ ਉਜਿਆਰਾ, ਪੰਚਮ ਤਤ ਹੋਏ ਰੁਸ਼ਨਾਈਆ । ਜਿਨ੍ਹਾਂ ਦਾ ਫੇਰ ਜਨਮ ਨਹੀਂ ਹੋਣਾ ਦੁਬਾਰਾ, ਚੁਰਾਸੀ ਵਿਚ ਨਾ ਕੋਇ ਭਵਾਈਆ । ਸੀਸ ਤੇ ਬੰਨ੍ਹਣੀ ਪੁਰਖ ਅਕਾਲ ਨੇ ਇਕ ਇਕ ਦਸਤਾਰਾ, ਇਕ ਰੁਪਈਆ ਧਰਮ ਦਾ ਰੂਪ ਸੀਸ ਟਿਕਾਈਆ । ਗੁਰਮੁਖ ਤੇਰਾ ਗੁਰਮੁਖ ਰੂਪ ਨਿਰੰਕਾਰਾ, ਦੂਜਾ ਨਜ਼ਰ ਕੋਇ ਨਾ ਆਈਆ । ਜਨ ਭਗਤੋ ਤਕ ਲਓ ਇਹ ਸੇਵਾ ਦਾ ਫਲ ਮਿਲਦਾ ਸਾਰਾ, ਜੋ ਮਾਤਾ ਪਿਤਾ ਸਾਕ ਸੱਜਣ ਭੈਣ ਭਾਈ ਕੋਈ ਦੇ ਨਾ ਸਕੇ ਰਾਈਆ । ਅਜ ਤੋਂ ਸਭ ਦਾ ਜਨਮ ਹੋਇਆ ਦੁਬਾਰਾ, ਉਹ ਤੁਹਾਡੇ ਗੁਰਮੁਖ ਦਵਾਰੇ ਸਾਰੇ ਦੇਣੇ ਵਸਾਈਆ । ਤੁਹਾਡਾ ਓਸ ਪ੍ਰਭੂ ਨਾਲ ਪਿਆਰਾ, ਜੋ ਪ੍ਰੀਤਮ ਧੁਰਦਰਗਾਹੀਆ । ਵੇਖੋ ਹੁਣ ਉਹ ਹੋ ਗਿਆ ਤੁਹਾਡੇ ਸਹਾਰਾ, ਸਹਾਰਾ ਤੁਹਾਡਾ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਵਦਾਸ ਕਹੇ ਉਹ ਮਖੀਆ ਮੇਰੀ ਖੇਲ ਪੁਰਾਣੀ, ਪੂਖਾ ਨਾ ਨਜ਼ਰੀ ਆਈਆ । ਜੁੱਤੀਆ ਗਾਂਢੋਂ ਨਾ ਪੀਉਂ ਨਾ ਖਾਣੀ, ਖਨਸੋ ਤੇਰੀ ਦੁਹਾਈਆ । ਮਨ ਵਸੇ ਨਾ ਬੇਈਮਾਨੀ, ਓ ਸੂਮੇ ਕਿਉਂ ਬੈਠਾ ਗੰਢ ਘੁਟਾਈਆ । ਟੁਟੀਆ ਖਾਟੀ ਜਲੋ ਨਾ ਮਾਟੀ ਈਂਗਣ ਪਾਟੀ, ਟਾਸੋ ਨਾ ਕੋ ਸਾਈਆ । ਹੀਨੋ ਜ਼ਾਤੀ ਤਖ਼ਨੇ ਬ੍ਰਹਮ ਪਹਿਚਾਤੀ, ਅਰੇ ਭੂਕਾ ਮਰੂੰ ਸੁਕੀਆ ਚਪਾਤੀ ਚੱਪੇ ਚੱਪੇ ਵਿਚ ਤੇਰਾ ਨੂਰ ਨਜ਼ਰੀ ਆਈਆ । ਇਹੋ ਤੀਨਾ ਚੇਤਾ ਦੀ ਰਾਤੀ, ਰਵਦਾਸ ਆਪਣੇ ਕੰਨ ਖਿੱਚ ਕੇ ਏਧਰ ਏਧਰ ਲੱਫੜ ਮਾਰੇ ਉਹ ਤੂੰ ਮੇਰਾ ਸਾਹਿਬ ਕਮਲਾ ਪਾਤੀ, ਪਤਿਪਰਮੇਸ਼ਵਰ ਤੇਰੀ ਬੇਪਰਵਾਹੀਆ । ਪਰ ਮੈਂ ਦਰਸ ਮੰਗਦਾ ਤਰਸ ਮੰਗਦਾ ਓ ਤੇਰਾ ਸਤਿ ਸਰੂਪੀ ਦਰਸ ਮੰਗਦਾ ਉਪਰ ਫ਼ਰਸ਼ ਖ਼ਾਕੀ, ਉਹ ਖ਼ਾਕ ਵਿਚ ਮਿਲਾਉਣ ਵਾਲਿਆ ਖ਼ਾਕ ਵਿਚੋਂ ਪਾਕ ਦੇ ਬਣਾਈਆ । ਤੇਰਾ ਜੀਵਣ ਤੇਰੀ ਹਯਾਤੀ, ਉਹ ਤੇਰੀ ਨਾਰ ਤੂੰਹੀ

੧੨੧੬
੨੨

ਕਮਲਾਪਾਤੀ, ਨਾ ਹੰਡੀਓ ਨਾ ਨਮਕੋ ਨਾ ਬੋਸਾਤੀ, ਅਬੂਸਲੇ ਬਸਨ ਬਨਵਾਰੀ ਤੇਰੀ ਖੇਲ ਮੋਹੇ ਚੰਗੀ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਵਦਾਸ ਤਿੰਨ ਚੇਤ ਦੀ ਤਕੀ ਰਾਤੀ, ਅੱਖਾਂ ਮੀਟ ਧਿਆਨ ਲਗਾਈਆ । ਸਹਿਜ ਨਾਲ ਉਠ ਕੇ ਕੰਧ ਨਾਲ ਲਾ ਲਈ ਆਪਣੀ ਛਾਤੀ, ਸ਼ਹਿਨਸ਼ਾਹ ਵਿਚ ਸਮਾਈਆ । ਬਿਨ ਬੋਲਣ ਤੋਂ ਬਿਨਾ ਜ਼ਬਾਨ ਤੋਂ ਆਪਣੀ ਗੱਲ ਆਖੀ, ਆਖ ਕੇ ਦਿਤਾ ਦ੍ਰਿੜਾਈਆ । ਭੁੱਖੇ ਗ਼ਰੀਬ ਨੂੰ ਬਖ਼ਸ਼ ਦੇ ਦਾਤੀ, ਸ਼ਹਿਨਸ਼ਾਹ ਤੇਰੇ ਅੱਗੇ ਝੋਲੀ ਡਾਹੀਆ । ਮੇਰੀ ਇਕ ਬੇਨੰਤੀ ਪ੍ਰਭੂ ਮੰਨਣੀ ਆਖੀ, ਨਿਮਾਣਾ ਹੋ ਕੇ ਸੀਸ ਝੁਕਾਈਆ । ਮਿਹਰ ਕਰੀਂ ਕਲਜੁਗ ਅੰਤਮ ਆਪਣਿਆਂ ਭਗਤਾਂ ਦੀ ਆਪ ਕਰੀਂ ਰਾਖੀ, ਜਿੰਨਾਂ ਚਿਰ ਤੂੰ ਕਿਰਪਾ ਨਾ ਕਰੀ ਭਗਤ ਬਣਨ ਵਾਲਾ ਨਜ਼ਰ ਕੋਇ ਨਾ ਆਈਆ । ਓ ਪਰਵਰਦਿਗਾਰ ਉਨਾਂ ਦੇ ਕਰਮ ਕੁਕਰਮ ਵੱਲ ਮੂਲ ਨਾ ਝਾਕੀਂ, ਜੇ ਝਾਕੀ ਮਾਰੇਂ ਕੋਟ ਜਨਮ ਦੇ ਪਾਪ ਦੇਣੇ ਮੁਕਾਈਆ । ਪਰ ਯਾਦ ਰੱਖ ਲੈ ਉਨ੍ਹਾਂ ਦੀ ਜ਼ਰੂਰ ਖੋਲ੍ਹੀਂ ਤਾਕੀ, ਉਹ ਸੁੱਤੇ ਹੋਣ ਤੂੰ ਘਰ ਘਰ ਜਾ ਕੇ ਦਰਸ ਦੇਣਾ ਦਿਖਾਈਆ । ਇਕ ਹੋਰ ਬਚਨ ਤੂੰ ਉਨ੍ਹਾਂ ਦਾ ਕਰੀਂ ਪਾਠੀ, ਪਾਠਸ਼ਾਲਾ ਉਹਨਾਂ ਦਾ ਕਾਇਆ ਮੰਦਰ ਦੇਣਾ ਵਸਾਈਆ । ਹੋਰ ਬੇਨੰਤੀ ਉਹਨਾਂ ਦੀ ਬਦਲ ਦੇਵੀਂ ਹਯਾਤੀ, ਹਯਾ ਕੂੜ ਕਿਰਿਆ ਰਹਿਣ ਕੋਇ ਨਾ ਪਾਈਆ । ਪ੍ਰਭੂ ਇਕ ਹੋਰ ਆਸ਼ਾ ਕਲਜੁਗ ਅੰਤਮ ਆਪਣਿਆਂ ਭਗਤਾਂ ਨੂੰ ਚੜ੍ਹਨ ਨਾ ਦੇਵੀਂ ਫਾਸੀ, ਫ਼ੈਸਲਾ ਇਕੋ ਵਾਰ ਦੇਣਾ ਸੁਣਾਈਆ । ਤੈਨੂੰ ਕਿਸੇ ਨੂੰ ਲੱਭਣ ਜਾਣਾ ਪਏ ਨਾ ਤੀਰਥ ਤੱਟਾਂ ਉਤੇ ਕਾਸ਼ੀ, ਪਰਾਗ ਅਯੁਧਿਆ ਬਿੰਦਰਾਬਨ ਫੇਰਾ ਕੋਇ ਨਾ ਪਾਈਆ । ਪਰ ਮਿਹਰ ਕਰੀਂ ਜਿਥੇ ਭਗਤ ਹੋਣ ਉਥੇ ਆਪ ਜਾਵੀਂ ਲੰਮੀ ਚੌੜੀ ਨਾ ਰੱਖੀਂ ਵਾਟੀ, ਪੈਂਡਾ ਸਹਿਜ ਸਹਿਜ ਮੁਕਾਈਆ । ਜੇ ਪਿਆਰ ਕਰੇਂ ਤੇ ਲਾ ਲਈਂ ਨਾਲ ਸੀਨੇ ਛਾਤੀ, ਸ਼ਹਿਨਸ਼ਾਹ ਆਪਣੇ ਰੰਗ ਰੰਗਾਈਆ । ਬੇਸ਼ਕ ਤੇਰੇ ਵਾਸਤੇ ਪੁੱਠੀ ਹੋਵੇ ਖਾਟੀ, ਤੂੰ ਪੁੱਠੇ ਲੱਟਕਣ ਵਾਲਿਆਂ ਨੂੰ ਸਿੱਧੇ ਸਚਖੰਡ ਦੇਣਾ ਪਹੁੰਚਾਈਆ । ਜਿਥੇ ਪੁਰਖ ਅਕਾਲ ਦੀ ਹਾਟੀ, ਦੂਜਾ ਦਰ ਨਾ ਕੋਇ ਖੁਲ੍ਹਾਈਆ । ਅਵਤਾਰ ਪੈਗ਼ੰਬਰ ਗੁਰੂ ਮੁਕਾਮੇ ਹੱਕ ਹੱਕ ਦੇ ਸਾਰੇ ਬਣਾ ਦਈਂ ਇਹਨਾਂ ਦੇ ਸਾਥੀ, ਜੋ ਤੇਰੇ ਚਰਨਾਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਰਵਦਾਸ ਕਹੇ ਮੈਂ ਗ਼ਰੀਬ ਨਿਮਾਣਾ ਮੰਗਤਾ, ਮਾਣ ਤਾਣ ਨਾ ਕੋਇ ਰਖਾਈਆ । ਭਾਵੇਂ ਮੇਰੇ ਘਰ ਆਟਾ ਨਹੀਂ ਇਕ ਡੰਗ ਦਾ, ਢੋਰਾਂ ਦੀ ਖੱਲ ਲਾਹ ਕੇ ਆਪਣਾ ਝਟ ਲੰਘਾਈਆ । ਮੈਂ ਟੁੱਟੇ ਜੁੱਤੇ ਗੰਢਦਾ, ਗੰਢ ਤੇਰੇ ਨਾਲ ਰਖਾਈਆ । ਪਰ ਇਕ ਬੇਨੰਤੀ ਪ੍ਰਭੂ ਜਿਹੜਾ ਤੇਰਾ ਭਗਤ ਹੋਵੇ ਉਹਨੂੰ ਧਰਮ ਰਾਏ ਨਾ ਹੋਵੇ ਡੰਡਦਾ, ਸਗੋਂ ਡੰਡਾਵਤ ਕਰ ਕੇ ਭਗਤਾਂ ਨੂੰ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਖ਼ੁਸ਼ੀਆਂ ਵਿਚੋਂ ਖ਼ੁਸ਼ੀ ਹੋਵੇ ਵੰਡਦਾ, ਖ਼ੁਸ਼ੀ ਖ਼ੁਸ਼ੀ ਨਾਲ ਵਰਤਾਈਆ । ਪੈਗ਼ੰਬਰ ਕਹਿਣ ਉਹ ਵੇਖੇ ਨੂਰ ਨੁਰਾਨੇ ਪੁਰਖ ਅਕਾਲ ਦੇ ਸ਼ਬਦ ਸਤਿਗੁਰ ਸ਼ਬਦ ਸਤਿਗੁਰ ਦੇ ਫਰਜ਼ੰਦ ਦਾ, ਫ਼ਰਜ਼ ਆਪਣਾ ਪੂਰ ਕਰਾਈਆ । ਉਸ ਵੇਲੇ ਸਮਾਂ ਤੇਰੀ ਯਾਦ ਵਿਚ ਤੇਰਿਆਂ ਭਗਤਾਂ ਹੋਵੇ ਲੰਘਦਾ, ਦੂਸਰ ਓਟ ਨਾ ਕੋਇ ਤਕਾਈਆ । ਵਿਛੋੜਾ ਰਹੇ ਨਾ ਨਾਰ ਦੁਹਾਗਣ ਰੰਡ ਦਾ, ਰੰਡੇਪਾ ਦੇਣਾ ਕਟਾਈਆ । ਝਗੜਾ ਮੁਕਾਉਣਾ ਵਰਭੰਡ ਦਾ, ਬ੍ਰਹਿਮੰਡ ਪਾਰ ਖੇਲ ਖਿਲਾਈਆ । ਜਿਥੇ ਪ੍ਰਕਾਸ਼ ਤੇਰਾ ਇਲਾਹੀ ਚੰਦ ਦਾ, ਨੂਰ ਨੁਰਾਨਾ ਨਜ਼ਰੀ ਆਈਆ । ਤੇਰਾ ਰੂਪ ਹੋਵੇ ਸਾਹਿਬ ਬਖ਼ਸ਼ੰਦ ਦਾ, ਬਖਸ਼ਿਸ਼ ਰਹਿਮਤ ਸਭ ਦੀ ਝੋਲੀ ਪਾਈਆ । ਤੈਨੂੰ ਕੋਈ ਚਾਅ ਨਾ

ਹੋਵੇ ਆਪਣੇ ਆਸਣ ਪਲੰਘ ਦਾ, ਭਗਤਾਂ ਦੀ ਖ਼ੁਸ਼ੀ ਵੇਖ ਕੇ ਆਪਣੀ ਖ਼ੁਸ਼ੀ ਲੈਣੀ ਬਣਾਈਆ । ਪ੍ਰਭੂ ਤੂੰ ਵੇਰਵਾ ਨਹੀਂ ਰੱਖਣਾ ਕਾਇਆ ਮਾਟੀ ਚੰਮ ਦਾ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਜਿਹੜਾ ਭਗਤ ਭਗਵਾਨ ਤੇਰੀ ਧਾਰੋਂ ਜੰਮਦਾ, ਉਹ ਅੰਤ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲੈ ਮਿਲਾਈਆ । ਸੱਤਰੰਗਾ ਕਹੇ ਸੁਣ ਰਵਦਾਸਾ, ਓ ਮੈਂ ਵੀ ਦਾਸ ਹੋ ਕੇ ਦਿਆਂ ਜਣਾਈਆ । ਹੁਣ ਦੀਨ ਦੁਨੀ ਦਾ ਬਦਲਣਾ ਪਾਸਾ, ਪਾਸ਼ਾ ਸਭ ਦਾ ਦੇਣਾ ਉਲਟਾਈਆ । ਵੇਖੀ ਖੇਲ ਤਮਾਸ਼ਾ, ਤਮਾਸ਼ਬੀਨ ਕਰਾਂ ਲੋਕਾਈਆ । ਹੌਲੀ ਹੌਲੀ ਜ਼ਰੂਰ ਖੋਲ੍ਹੀ ਜਾਵਾਂ ਖੁਲਾਸਾ, ਖੁਫ਼ੀਆ ਪਰਦਾ ਦਿਆਂ ਉਠਾਈਆ । ਭਗਤਾਂ ਦਿਆਂ ਵਿਸ਼ਵਾਸ਼ਾ, ਵਿਸ਼ਵ ਦਾ ਰਾਹ ਦ੍ਰਿੜਾਈਆ । ਸ਼ੰਕਰ ਜਰੂਰ ਪਹੁੰਚਾਵਾਂ ਉਪਰ ਕੈਲਾਸ਼ਾ, ਕਲਸ ਹੱਥ ਵਿਚ ਫੜ ਕੇ ਭੱਜੇ ਵਾਹੋ ਦਾਹੀਆ । ਬਾਸ਼ਕ ਸਹੰਸਰ ਮੁਖ ਗਾਏ ਸਵਾਸਾ, ਦੋ ਸਹੰਸਰ ਜਿਹਵਾ ਨਾਲ ਹਿਲਾਈਆ । ਬ੍ਰਹਮਾ ਨੂਰ ਨੂਰ ਦਾ ਤਕੇ ਪ੍ਰਕਾਸ਼ਾ, ਪ੍ਰਕਾਸ਼ ਪ੍ਰਕਾਸ਼ ਵਿਚੋਂ ਪ੍ਰਗਟਾਈਆ । ਵਿਸ਼ਨੂੰ ਵਿਸ਼ਵ ਦੀ ਵੇਖੇ ਰਾਸਾ, ਰਾਸ ਮੰਡਲ ਗੋਪੀ ਕਾਹਨ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਆਰ ਕਹੇ ਮੈਂ ਦੱਸਾਂ ਬਿਨਾ ਦੰਦੀਂ, ਦੰਦਾਂ ਵਾਲਿਓ ਦਿਆਂ ਜਣਾਈਆ । ਪ੍ਰਭ ਦਾ ਪਿਆਰ ਨਹੀਂ ਪਾਬੰਦੀ, ਸ਼ਬਦ ਸ਼ਬਦ ਨਾਲ ਸਮਝਾਈਆ । ਸਦੀ ਚੌਧਵੀਂ ਜਾਂਦੀ ਲੰਘੀ, ਪੈਂਡਾ ਆਪਣਾ ਪੰਧ ਚੁਕਾਈਆ । ਕਿਸੇ ਨੂੰ ਕਿਸੇ ਨੇ ਲਾਉਣਾ ਨਹੀਂ ਅੰਗੀ, ਅੰਗੀਕਾਰ ਨਾ ਕੋਇ ਅਖਵਾਈਆ । ਪ੍ਰਭੂ ਪਿਆਰ ਵਿਚ ਅੰਦਰੋਂ ਵਾਸਨਾ ਕਢੀਂ ਗੰਦੀ, ਕੂੜੀ ਕਿਰਿਆ ਦੇਣੀ ਤਜਾਈਆ । ਆਤਮਾ ਪਰਮਾਤਮਾ ਬਣਾਉਣਾ ਸੰਗੀ, ਸਗਲਾ ਸੰਗ ਬਣਾਈਆ । ਪੰਜ ਦੀਪਕ ਸ਼ਮਾਦਾਨ ਘਿਰਤ ਦੀ ਦੇਣਾ ਸੁਗੰਧੀ, ਅਗਨੀ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਭਗਤਾਂ ਦੇ ਬਣਾਏ ਸਨਬੰਧੀ, ਨਾਤਾ ਧਰਮ ਦਾ ਧਰਮ ਨਾਲ ਜੁੜਾਈਆ ।


੧੨੧੮ ੨੨

✪ ੪ ਚੇਤ ਸ਼ਹਿਨਸ਼ਾਹੀ ਸੰਮਤ ੭ ਪਾਲ ਸਿੰਘ, ਫੌਜਾ ਸਿੰਘ, ਸ਼ਿੰਗਾਰਾ ਸਿੰਘ, ਸੁੱਚਾ ਸਿੰਘ ਮਹਿੰਦਰ ਸਿੰਘ, ਤਰਸੇਮ ਸਿੰਘ, ਹਰਭਜਨ ਸਿੰਘ, ਮਹਿੰਦਰ ਸਿੰਘ, ਗੁਰਚਰਨ ਸਿੰਘ ਗਗੜੇਵਾਲ, ਪਿੰਡ ਭਲਾਈਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ ✪

ਚੇਤ ਕਹੇ ਪ੍ਰਭੂ ਮੈਂ ਬਲਿਹਾਰ, ਬਲਿਹਾਰੀ ਆਪਣਾ ਆਪ ਕਰਾਈਆ । ਸਤਿ ਦੀ ਸਚ ਚਲੀ ਚਾਲ, ਧਰਤੀ ਧਰਤ ਧਵਲ ਖ਼ੁਸ਼ੀ ਮਨਾਈਆ । ਮੇਰੀ ਨਮੋ ਨਮੋ ਨਿਮਸਕਾਰ, ਨਮਸਤੇ ਕਹਿ ਕੇ ਸੀਸ ਝੁਕਾਈਆ । ਦਸ ਗੁਰਮੁਖਾਂ ਪਹਿਲਾ ਮੇਰਾ ਕੀਤਾ ਵਿਹਾਰ, ਦਸ ਦਸਮੇਸ਼ ਦੀ ਆਸਾ ਪੂਰ ਕਰਾਈਆ । ਦਸਮ ਦਵਾਰ ਬਣੇ ਤੇਰਾ ਘਰ ਬਾਰ, ਗ੍ਰਿਹ ਗੁਰਮੁਖਾਂ ਡੇਰਾ ਲਾਈਆ । ਸੋਹਣਾ ਸੁਹੰਜਣਾ ਦਿਸੇ ਪਰਿਵਾਰ, ਬੰਸ ਇਕੋ ਨਜ਼ਰੀ ਆਈਆ । ਸੁਤ ਦੁਲਾਰੇ ਬਣਾ ਕੇ ਬੰਨ੍ਹੀ ਸਿਰ ਦਸਤਾਰ, ਸੀਸ ਆਪਣਾ ਹੱਥ ਰਖਾਈਆ । ਇਕ ਇਕ ਰੁਪਈਆ ਇਹਨਾਂ ਦੇ ਸਿਰ ਤੋਂ ਦੇਵੇ ਵਾਰ, ਵਾਰਸ ਹੋ ਕੇ ਆਪਣਾ ਮੇਲ ਮਿਲਾਈਆ । ਕੂੜ ਮਾਇਆ ਦਾ ਰਹੇ ਨਾ ਕਿਸੇ ਪਿਆਰ, ਸਤਿਗੁਰ ਪ੍ਰੇਮ ਵਿਚ ਸਮਾਈਆ । ਧਰਮ ਦਾ

ਗੰਢਾ ਅਸੀਂ ਖ਼ੁਸ਼ੀ ਵਿਚ ਤੇਰਾ ਕਰਾਉਣਾ ਆਹਾਰ, ਭੋਗ ਲਾਉਣਾ ਚਾਈਂ ਚਾਈਂਆ । ਤੇਰੀ ਮਿਹਰ ਦਾ ਸਦਕਾ ਇਹ ਲੇਖਾ ਰਹੇ ਸਦਾ ਜੁਗ ਚਾਰ, ਚੌਕੜੀ ਤੇਰੇ ਨਾਮ ਦੀ ਵੱਜੇ ਵਧਾਈਆ । ਤੇਰਾ ਦਰ ਠਾਂਡਾ ਦਰਬਾਰ, ਦਰ ਦਵਾਰ ਸੋਭਾ ਪਾਈਆ । ਮੈਂ ਸਦਾ ਸਦਾ ਸੇਵਾਦਾਰ, ਸਚ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਪਗੜੀ ਕਹੇ ਸੁਣੋ ਗੁਰਮੁਖ ਮੀਤ, ਮਿੱਤਰੋ ਦਿਆਂ ਜਣਾਈਆ । ਸਤਿਗੁਰ ਰੱਖਣਾ ਚੀਤ, ਹਿਰਦੇ ਵਿਚ ਵਸਾਈਆ । ਆਤਮ ਪਰਮਾਤਮ ਗਾਉਣਾ ਗੀਤ, ਢੋਲਾ ਅਗੰਮ ਅਥਾਹੀਆ । ਕਲਜੁਗ ਵਿਚ ਸਤਿਜੁਗ ਬਦਲਣੀ ਰੀਤ, ਰੀਤੀ ਧੁਰ ਦੀ ਇਕ ਅਪਣਾਈਆ । ਇਕ ਨੂੰ ਝੁਕੇ ਸੀਸ, ਪਗੜੀ ਕਹੇ ਇਹ ਸੀਸ ਫਿਰ ਝੁਕਣ ਕਿਸੇ ਨਾ ਪਾਈਆ । ਜੀਵਣ ਨਾਲੋਂ ਮਰਨਾ ਚੰਗਾ ਜੇਹੜਾ ਮੁਖ ਮੋੜੇ ਜਗਦੀਸ, ਜਗਦੀਸ਼ਰ ਪ੍ਰੇਮ ਤੁੜਾਈਆ । ਇਹੋ ਹੁਕਮ ਇਹੋ ਪਿਆਰ ਇਹੋ ਕਲਮਾ ਇਹੋ ਹਦੀਸ, ਜੇਹੜੀ ਹਜ਼ਰਤਾਂ ਤੋਂ ਪਰੇ ਦਿਤੀ ਸਮਝਾਈਆ । ਤੁਸੀਂ ਇਕ ਦੇ ਇਕ ਨਾਲ ਕਰਨੀ ਪ੍ਰੀਤ, ਜੋ ਪ੍ਰੀਤਮ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਦਇਆ ਆਪ ਕਮਾਈਆ । ਸੀਸ ਕਹੇ ਉਹ ਪਗੜੀਏ ਆ ਜਾ ਮੇਰੇ ਉਤੇ, ਲੱਜਿਆ ਰੱਖਣੀ ਚਾਈਂ ਚਾਈਂਆ । ਮੇਰੇ ਭਾਗ ਜਾਗ ਪਏ ਸੁੱਤੇ, ਸੁੱਤਿਆਂ ਲਿਆ ਉਠਾਈਆ । ਖ਼ੁਸ਼ੀ ਹੋਈ ਵਿਚ ਜੁੱਸੇ, ਜ਼ਮੀਰ ਵੱਜੀ ਵਧਾਈਆ । ਸੀਸ ਕਹੇ ਮੈਂ ਸੁਗੰਦ ਖਾਵਾਂ ਦੂਸਰ ਅੱਗੇ ਕਦੇ ਨਾ ਝੁੱਕੇ, ਜੇ ਲੱਥ ਜਾਵੇ ਸੀ ਨਾ ਕਦੇ ਸੁਣਾਈਆ । ਅੱਜ ਤੋਂ ਪਿਛਲੇ ਸਭ ਦੇ ਪੈਂਡੇ ਮੁਕੇ, ਅਵਤਾਰ ਪੈਗ਼ੰਬਰ ਗੁਰੂ ਦਾ ਨਾਤਾ ਦਿਤਾ ਤੁੜਾਈਆ । ਭਗਤ ਭਗਵਾਨ ਹੋ ਕੇ ਉਠੇ, ਲੋਕਮਾਤ ਲਈ ਅੰਗੜਾਈਆ । ਸਤਿਗੁਰ ਸ਼ਬਦ ਹੋ ਕੇ ਤੁਠੇ, ਮਿਹਰ ਨਜ਼ਰ ਉਠਾਈਆ । ਸੁਹੰਜਣੀ ਹੋਈ ਰੁਤੇ, ਪ੍ਰਭ ਬਖ਼ਸ਼ੀ ਮਾਣ ਵਡਿਆਈਆ । ਜਨਮ ਕਰਮ ਦੇ ਮਨਾਏ ਰੁੱਸੇ, ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਾਰ ਪੁਛੇ, ਦੂਸਰ ਹੱਥ ਨਾ ਕੁਛ ਫੜਾਈਆ ।

### ੪ ਚੇਤ ਸ਼ਹਿਨਸ਼ਾਹੀ ਸੰਮਤ ੭ ਊਧਮ ਸਿੰਘ, ਗੁਲਜ਼ਾਰ ਸਿੰਘ, ਬਲਵੰਤ ਸਿੰਘ, ਮੁਖਤਿਆਰ ਸਿੰਘ, ਧਰਮਬੀਰ, ਪਿੰਡ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ

ਸਤਿਗੁਰ ਸ਼ਬਦ ਕਹੇ ਵੇਖੋ ਪੁੱਠਾ ਡੱਠਾ ਮੰਜਾ, ਅਵਤਾਰ ਪੈਗ਼ੰਬਰ ਗੁਰ ਧਿਆਨ ਲਗਾਈਆ । ਪੁਰਖ ਅਕਾਲਾ ਤਾਰਨਹਾਰਾ ਪੰਜਾਂ, ਤਤਾਂ ਦਏ ਮਾਣ ਵਡਿਆਈਆ । ਇਕੋ ਰੂਪ ਬਖ਼ਸ਼ਿਆ ਕੇਸਾ ਧਾਰੀ ਗੰਜਾ, ਮੂੰਡ ਮੁੰਡਾਇਆ ਵੰਡ ਨਾ ਕੋਇ ਵੰਡਾਈਆ । ਹਰਖ਼ ਸੋਗ ਮਿਟਾ ਕੇ ਰੰਜਾ, ਚਿੰਤਾ ਪਿਛਲੀ ਰਿਹਾ ਗਵਾਈਆ । ਜੇਹੜਾ ਖੇਲ ਦੱਸਿਆ ਦੁਆਪਰ ਵਿਚ ਸੰਜਾ, ਅਨਭਵ ਦ੍ਰਿਸ਼ਟੀ ਵਿਚ ਰਖਾਈਆ । ਉਹ ਲੇਖਾ ਪੂਰਾ ਕਰੇ ਸੂਰਾ ਸਰਬੰਗਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਗੁਰਮੁਖ ਹਰਿਜਨ ਭਗਤ ਸੁਹੇਲੇ ਦੇਵੇ ਸੰਗਾ, ਸਗਲਾ ਸੰਗ ਨਿਭਾਈਆ । ਜਿਨ੍ਹਾਂ ਦੇ ਚਰਨ ਚੁੰਮੇ ਗੰਗਾ, ਗੰਗੋਤਰੀ ਸੀਸ ਨਿਵਾਈਆ । ਜਿਨ੍ਹਾਂ ਦੀ ਆਸ ਰੱਖ ਕੇ ਗਿਆ ਵਾਲੀ ਵਾਸੀ ਪੁਰੀ ਅਨੰਦਾ, ਅਨੰਦ ਅਨੰਦ ਵਿਚੋਂ ਪਰਗਟਾਈਆ ।

ਜਿਸ ਵਰ ਦਿਤਾ ਸੀ ਮਾਧੋ ਬੈਰਾਗੀ ਬੰਦਾ, ਬੰਦਗੀ ਆਪਣੀ ਇਕ ਜਣਾਈਆ । ਜਿਸ ਵੇਲੇ ਕਲਜੁਗ ਜੀਵ ਜਹਾਨ ਹੋਇਆ ਅੰਧਾ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਮੇਰਾ ਸਿੱਖ ਮੇਰੇ ਨਾ ਲਾਗੇ ਅੰਗਾ, ਅੰਗੀਕਾਰ ਨਾ ਕੋਇ ਅਖਵਾਈਆ । ਸਿੰਘ ਸਿੰਘ ਨਾਲ ਕਰੇ ਦੰਗਾ, ਗੁਰਮੁਖ ਰੂਪ ਨਾ ਕੋਇ ਵਖਾਈਆ । ਸਭ ਦਾ ਸੀਸ ਹੋਣਾ ਨੰਗਾ, ਓਢਣ ਉਪਰ ਨਾ ਕੋਇ ਟਿਕਾਈਆ । ਪਰਖ ਰਹਿਣੀ ਨਹੀਂ ਮਾੜਾ ਚੰਗਾ, ਜਗਤ ਬੁੱਧੀ ਦਏ ਗਵਾਈਆ । ਉਸ ਵੇਲੇ ਕਿਰਪਾ ਕਰੇ ਸੂਰਾ ਸਰਬੰਗਾ, ਹਰਿ ਕਰਤਾ ਧੁਰਦਰਗਾਹੀਆ । ਜਿਸ ਨੇ ਭਗਤਾਂ ਦਾ ਖਾ ਕੇ ਮੰਡਾ ਮੰਡਾ, ਮੰਡਲਾਂ ਤੋਂ ਬਾਹਰ ਦੇਣਾ ਵਸਾਈਆ । ਮੇਟ ਕੇ ਭੇਖ ਪਖੰਡਾ, ਮਾਰਗ ਇਕੋ ਦੇਣਾ ਦਰਸਾਈਆ । ਜਿਥੇ ਆਤਮ ਪਰਮਾਤਮ ਹੋਵੇ ਛੰਦਾ, ਦੂਜਾ ਰਾਗ ਨਾ ਕੋਇ ਦ੍ਰਿੜਾਈਆ । ਕੂੜੀ ਕਿਰਿਆ ਮੇਟਣੀ ਫੜ ਸਚ ਸਚ ਦਾ ਖੰਡਾ, ਖੜਗ ਪ੍ਰੇਮ ਵਾਲੀ ਖੜਕਾਈਆ । ਆਦਿ ਜੁਗਾਦੀ ਗ਼ਰੀਬਾਂ ਦੀ ਮਿੱਸੀ ਰੋਟੀ ਤੇ ਨਾਲ ਹੁੰਦਾ ਗੰਢਾ, ਜੁਗ ਚੌਕੜੀ ਚਲੀ ਆਈਆ । ਜਿਸ ਦੇ ਹੁਕਮ ਵਿਚ ਪਿਛਲਾ ਜੁਗ ਚੌਕੜੀ ਲੰਘਾ, ਉਹ ਅੱਗੇ ਅਗਲਾ ਅੱਗਾ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਉਹ ਵੇਖੋ ਜਗ, ਜਗਜੀਵਣ ਦਾਤਾ ਦਏ ਵਖਾਈਆ । ਜਿਨ੍ਹਾਂ ਦੀਨ ਮਜ਼੍ਹਬ ਕੀਤੇ ਅਲੱਗ, ਵੱਖਰੀ ਵੱਖਰੀ ਰੀਤੀ ਅਪਨਾਈਆ । ਸਤਿਜੁਗ ਦੀ ਧਾਰ ਵਿਚ ਸਭ ਦੇ ਸੀਸ ਤੇ ਰੱਖੇ ਪੱਗ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਗ਼ਰੀਬ ਨਿਮਾਣਿਆਂ ਬੁਝਾਵੇ ਅੰਦਰੋਂ ਅੱਗ, ਤ੍ਰਿਸਨਾ ਤ੍ਰਿਖਾ ਗਵਾਈਆ । ਬਗ਼ਲਾ ਬਪੜਾ ਰਹੇ ਕੋਇ ਨਾ ਬਗ, ਹੰਸ ਆਪਣੇ ਲਏ ਪਰਗਟਾਈਆ । ਸਚ ਦਵਾਰੇ ਸਾਚੇ ਸੱਦ, ਸਦਾ ਇਕ ਦ੍ਰਿੜਾਈਆ । ਜਨ ਭਗਤੇ ਜਗਤ ਦੀ ਲੰਘਣੀ ਹੱਦ, ਹੱਦ ਆਪਣੀ ਦਏ ਵਖਾਈਆ । ਭਗਤ ਭਗਵਾਨ ਦੀ ਬਣਾਇਓ ਯਦ, ਯਦੀ ਆਪਣਾ ਆਪ ਸਤਿਗੁਰ ਭੇਟ ਕਰਾਈਆ । ਹੁਣ ਅੱਗੇ ਜਾਣਾ ਵਧ, ਪਿਛਲਾ ਪੰਧ ਮੁਕਾਈਆ । ਪਿਛਲੀ ਕਰਨੀ ਹੋਵੇ ਰੱਦ, ਅੱਗੇ ਹੁਕਮ ਚਲੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਵੇਖੋ ਰੀਤ ਪੁਰਾਣੀ ਪੁਰਾਣੀ ਚਿਰ, ਪਿਛਲੀ ਪਿਛੇ ਧਿਆਨ ਲਗਾਈਆ । ਜਿਹੜੀ ਖੇਲ ਕੀਤੀ ਨਰਾਇਣ ਨਿਰ, ਨਿਰਵੈਰ ਹੁਕਮ ਵਰਤਾਈਆ । ਚਾਰ ਜੁਗ ਵਿਚ ਲੋਕਮਾਤ ਵਿਚ ਗਈ ਫਿਰ, ਰੂਪ ਵੱਖ ਵੱਖ ਬਦਲਾਈਆ । ਹੁਣ ਫਿਰ ਵੇਖੋ ਸਤਿਗੁਰ ਪਿਆਰ ਧਾਰ ਦੀ ਪਗੜੀ ਸਭ ਦੇ ਆਉਣੀ ਸਿਰ, ਜਿਸ ਦੀ ਆਸਾ ਸ੍ਰੀ ਰਾਮ ਗਿਆ ਰਖਾਈਆ । ਜਿਸ ਦਾ ਬਨਬਾਸ ਜਾਂਦਿਆਂ ਇਕ ਹੰਝੂ ਗਿਆ ਸੀ ਕਿਰ, ਕਿਰਨ ਕਿਰਨ ਵਿਚੋਂ ਬਦਲਾਈਆ । ਉਹ ਧਰਤੀ ਉਤੇ ਗਿਆ ਗਿਰ, ਮਿੱਟੀ ਘੱਟੇ ਸੋਭਾ ਪਾਈਆ । ਫਿਰ ਰਾਮ ਹੱਸਿਆ ਖਿੜ, ਖ਼ੁਸ਼ੀ ਲਈ ਪ੍ਰਗਟਾਈਆ । ਨਾਲੇ ਇਸ਼ਾਰਾ ਕੀਤਾ ਜਿਸ ਵੇਲੇ ਧਰਮ ਦਾ ਰਹਿਣਾ ਨਹੀਂ ਕੋਈ ਪਿੜ, ਪੀੜ੍ਹੀ ਧਰਮ ਨਾ ਕੋਇ ਚਲਾਈਆ । ਉਲਟਾ ਗੇੜਾ ਜਾਵੇ ਗਿੜ, ਅੱਗੇ ਹੋ ਨਾ ਕੋਇ ਅਟਕਾਈਆ । ਉਸ ਵੇਲੇ ਕਿਰਪਾ ਕਰੇ ਰਾਮ ਨਾ ਲਾਵੇ ਦਿਰ, ਰਾਮ ਰਾਮਾ ਦਇਆ ਕਮਾਈਆ । ਗੁਰਮੁਖਾਂ ਦੀ ਬੰਨ੍ਹੇ ਧਿਰ, ਧਰਨੀ ਧਰਤ ਧੌਲ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲੇਖਾ ਜਾਣੇ ਸਿਰ, ਸਿਰ ਦਾ ਮਾਲਕ ਸਤਿ ਪੁਰਖ ਪੁਰਖ ਅਕਾਲਾ ਇਕ ਅਖਵਾਈਆ ।

## ✪ ੪ ਚੇਤ ਸ਼ਹਿਨਸ਼ਾਹੀ ਸੰਮਤ ੭ ਸੋਹਣ ਸਿੰਘ ਦੇ ਗ੍ਰਿਹ ਪਿੰਡ ਰਾਮਪੁਰ ਜ਼ਿਲਾ ਅੰਮ੍ਰਿਤਸਰ ✪

ਪਗੜੀ ਕਹੇ ਮੈਨੂੰ ਕਹਿੰਦੇ ਟਰਬਨ, ਅੱਖਰਾਂ ਵਾਲੀ ਸਿਫ਼ਤ ਵਡਿਆਈਆ । ਮੈਂ ਵਕਤ ਸੁਹਾਉਣਾ ਸ਼ਰਕਨ ਗਰਬਨ, ਸ਼ਮਾਲ ਜਨੂਬ ਆਪਣੀ ਗੰਢ ਪਵਾਈਆ । ਲੇਖ ਵਖਾਉਣਾ ਅਰਬਾਨੀਆਂ ਅਰਬਨ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਭਗਤਾਂ ਕਰਨਾ ਮਰਦਨ, ਚੌਥੇ ਜੁਗ ਜੁਗ ਉਠਾਈਆ । ਸ਼ਰਅ ਛੁਰੀ ਮੇਟਣੀ ਕਰਦਨ, ਕਤਲਗਾਹ ਦਾ ਡੇਰਾ ਢਾਹੀਆ । ਸਭ ਦੀ ਪੂਰੀ ਕਰਨੀ ਅਰਜਨ, ਆਸ਼ਾ ਆਸਾ ਨਾਲ ਮਿਲਾਈਆ । ਜਗਤ ਜਹਾਨ ਦੀ ਪੁੱਠੀ ਹੋਵੇ ਨਰਦਨ, ਜਨ ਭਗਤ ਮਿਲੇ ਵਡਿਆਈਆ । ਪ੍ਰਭ ਦਾ ਖੇਲ ਦੱਸਣਾ ਅਸਚਰਜਨ, ਅਚਰਜ ਲੀਲਾ ਦੇਣੀ ਸਮਝਾਈਆ । ਜੋ ਆਸਾ ਰੱਖੀ ਪੰਚਮ ਗੁਰ ਅਰਜਨ, ਧਿਆਨ ਨਾਨਕ ਜੋਤ ਲਗਾਈਆ । ਉਸ ਦਾ ਲਹਿਣਾ ਪੂਰਾ ਹੋਣਾ ਜੋ ਤੇਗ਼ ਬਹਾਦਰ ਕਟੀ ਗਰਦਨ, ਗਰਦਸ਼ ਵਿਚ ਪਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸੀਸ ਓਢਣ ਦੇਵੇ ਪਰਦਨ, ਦੋ ਜਹਾਨਾਂ ਹੋਏ ਆਪ ਸਹਾਈਆ ।



## ✪ ੪ ਚੇਤ ਸ਼ਹਿਨਸ਼ਾਹੀ ਸੰਮਤ ੭ ਉਤਮ ਸਿੰਘ, ਚੰਨਣ ਸਿੰਘ ਦੇ ਗ੍ਰਿਹ ਪਿੰਡ ਵੈਰੋਵਾਲ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਕਹੇ ਜੁਗ ਚੌਕੜੀ ਬਦਲਦਾ ਆਇਆ ਸਮਾਂ, ਪੁਰਖ ਅਕਾਲਾ ਦੀਨ ਦਿਆਲਾ ਆਪ ਬਦਲਾਈਆ । ਜੁਗਾਂ ਵਿਚੋਂ ਜੁਗ ਹੁੰਦਾ ਰਿਹਾ ਨਵਾਂ, ਨਵ ਨੌ ਚਾਰ ਆਪਣਾ ਹੁਕਮ ਵਰਤਾਈਆ । ਰਸਨਾ ਜਿਹਵਾ ਜਾਪ ਬਦਲਦਾ ਰਿਹਾ ਦਮਾਂ, ਅੱਖਰ ਅੱਖਰਾਂ ਨਾਲ ਟਕਰਾਈਆ । ਧਰਮ ਦੀ ਧਾਰ ਧਰਮ ਦਾ ਮਾਰਗ ਹੁੰਦਾ ਰਿਹਾ ਰਵਾਂ, ਰਵਾਨਗੀ ਪਿਛਲੇ ਹੱਥ ਫੜਾਈਆ । ਕਲਜੁਗ ਅੰਤ ਅਵਤਾਰ ਪੈਗ਼ੰਬਰ ਗੁਰੂਆਂ ਦੀਨ ਮਜ਼੍ਹਬ ਦੀ ਮੇਟਣੀ ਤਮਾਂ, ਲਾਲਚ ਹਰਸ ਹਵਸ ਰਹਿਣ ਨਾ ਪਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਵਰਨ ਅਠਾਰਾਂ ਬਰਨ ਕਰਨੇ ਜਮਾਂ, ਆਤਮ ਪਰਮਾਤਮ ਨਾਤਾ ਦੇਣਾ ਬੰਧਾਈਆ । ਕੂੜ ਕਿਰਿਆ ਕਰਮ ਕਾਂਡ ਅੰਤਰ ਕਰਨਾ ਮਨ੍ਹਾ, ਮਨਸਾ ਮਨ ਦੀ ਦਏ ਬਦਲਾਈਆ । ਸਚ ਦਵਾਰ ਏਕੰਕਾਰ ਅਗੰਮ ਜਗਾਉਣੀ ਸ਼ਮਾਂ, ਅੰਧ ਅੰਧੇਰਾ ਦਏ ਮਿਟਾਈਆ । ਲੇਖੇ ਲਾਉਣਾ ਗੋਬਿੰਦ ਦੀ ਆਸਾ ਗੋਬਿੰਦ ਦਾ ਕੰਨਾ, ਕਾਇਨਾਤ ਦੁਤੀਆ ਭਾਉ ਗਵਾਈਆ । ਝਗੜਾ ਮੇਟਣਾ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਦੀਨ ਦੁਨੀ ਦੇਣੀ ਬਦਲਾਈਆ । ਹਰਿ ਭਗਤ ਭਗਵੰਤ ਵਿਛੋੜਾ ਰਹੇ ਨਾ ਲੰਮਾ, ਨੇੜਨ ਨੇੜਾ ਹੋ ਕੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਭਗਤ ਜਨਾਂ, ਜਨ ਆਪਣੇ ਰੰਗ ਰੰਗਾਈਆ ।

✪ ੪ ਚੇਤ ਸ਼ਹਿਨਸ਼ਾਹੀ ਸੰਮਤ ੭ ਸੁਰੈਣ ਸਿੰਘ, ਦਲੀਪ ਸਿੰਘ, ਸਵਰਨ ਸਿੰਘ, ਤੇਜਾ ਸਿੰਘ, ਗੁਲਜ਼ਾਰ ਸਿੰਘ, ਸੰਤੋਖ ਸਿੰਘ, ਸੁਰੈਣ ਸਿੰਘ, ਤਰਲੋਕ ਸਿੰਘ, ਗਗੜੇਆਲ ਸ਼ਿੰਗਾਰਾ ਸਿੰਘ, ਪੱਖੋ ਕੇ ਏਕਲ ਗੱਡਾ, ਬੂਟਾ ਸਿੰਘ, ਜਰਨੈਲ ਸਿੰਘ ਸਰਲੀ ਖ਼ੁਰਦ, ਸੰਤੋ ਬੰਡਾਲਾ ਜਿੰਦੋ ਬੰਡਾਲਾ, ਸਵਰਨੀ ਬੰਡਾਲਾ, ਅਮਰ ਕੌਰ ਬੰਡਾਲਾ, ਧੰਨਤੋ ਬੰਡਾਲਾ, ਬੰਸੋ ਠੱਠੀਆਂ ਕਸ਼ਮੀਰੋ ਤਖ਼ਤੂ ਚੱਕ ਪਿੰਡ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ✪

ਅਵਤਾਰ ਪੈਗ਼ੰਬਰ ਗੁਰ ਤੱਕਣ ਉਪਰ ਧਰਤੀ, ਸਚਖੰਡ ਦਵਾਰ ਬਿਨ ਅੱਖਾਂ ਅੱਖ ਉਠਾਈਆ । ਨਿਰਗੁਣ ਧਾਰ ਤਕੇ ਪ੍ਰਭ ਬਣਿਆ ਭਗਤਾਂ ਦਾ ਨਿਧਪਰਤੀ, ਪ੍ਰੀਤਮ ਹੋ ਕੇ ਦਇਆ ਕਮਾਈਆ । ਸਭ ਦਾ ਲਹਿਣਾ ਦੇਣਾ ਪੂਰਾ ਕਰੇ ਸ਼ਰਤੀ, ਸ਼ਰਅ ਦਾ ਮਾਲਕ ਧੁਰਦਰਗਾਹੀਆ । ਲੇਖਾ ਜਾਣੇ ਸ਼ਾਹੋ ਭੂਪ ਅਗੰਮਾ ਅਰਸ਼ੀ, ਆਲੀਸ਼ਾਨ ਨੂਰ ਇਲਾਹੀਆ । ਖੇਲ ਵਖਾਵੇ ਆਪਣੇ ਘਰ ਦੀ, ਗ੍ਰਹਿ ਮੰਦਰ ਪੜਦਾ ਆਪ ਚੁਕਾਈਆ । ਗ਼ਰੀਬ ਨਿਮਾਣਿਆਂ ਬਣੇ ਦਰਦੀ, ਦਰਦੀਆਂ ਦੁੱਖ ਮਿਟਾਈਆ । ਧਾਰ ਦੱਸੇ ਨਰਾਇਣ ਨਰ ਦੀ, ਨਰ ਹਰਿ ਆਪਣਾ ਹੁਕਮ ਵਰਤਾਈਆ । ਕਲਜੁਗ ਕੂੜੀ ਕਿਰਿਆ ਵੇਖੇ ਅਗਨੀ ਬਲਦੀ, ਬਾਵਨ ਧਾਰ ਨਾਲ ਮਿਲਾਈਆ । ਫਿਰੀ ਦਰੋਹੀ ਜਲ ਥਲ ਦੀ, ਮਹੀਅਲ ਨੈਣਾਂ ਨੀਰ ਵਹਾਈਆ । ਪਦਵੀ ਰਹੀ ਨਾ ਕਿਸੇ ਅਟਲ ਦੀ, ਨਿਹਚਲ ਧਾਮ ਨਾ ਕੋਇ ਸੁਹਾਈਆ । ਚਾਰੋਂ ਕੁੰਟ ਵਰਤੀ ਕਲਾ ਕਲਜੁਗ ਕਲ ਦੀ, ਕਲਕਾਤੀ ਹੋਈ ਲੋਕਾਈਆ ।
੧੨੨੨ ਆਤਮ ਪਰਮਾਤਮ ਧਾਰ ਮੂਲ ਨਾ ਰਲਦੀ, ਸਗਲਾ ਸੰਗ ਨਾ ਕੋਇ ਵਖਾਈਆ । ਕਿਸੇ ਨੂੰ ਖ਼ਬਰ ਨਹੀਂ ਘੜੀ ਪਲ ਦੀ, ਅਨਭਵ ਦ੍ਰਿਸ਼ਟੀ ਭੇਵ ੧੨੨੨
ਨਾ ਕੋਇ ਚੁਕਾਈਆ । ਸਾਰ ਸਮਝੀ ਨਾ ਕਿਸੇ ਗੋਬਿੰਦ ਚੰਦ ਦੀ, ਜਿਸ ਨੂੰ ਸੂਰੀਆ ਚੰਦ ਸੀਸ ਨਿਵਾਈਆ । ਪਵਿਤਰ ਧਾਰ ਰਹੀ ਨਾ ਕਿਸੇ ਤਨ ਦੀ, ਤਤਵ ਤਤ ਰਿਹਾ ਕੁਰਲਾਈਆ । ਮਨਸਾ ਮੇਟੇ ਨਾ ਕੋਇ ਮਨ ਦੀ, ਮਮਤਾ ਮੋਹ ਨਾ ਕੋਇ ਚੁਕਾਈਆ । ਸ੍ਰਿਸ਼ਟੀ ਵਣਜਾਰੀ ਹੋ ਗਈ ਚੁਗ਼ਲੀ ਕੰਨ ਦੀ, ਰਸਨਾ ਸਤਿ ਨਾ ਕੋਇ ਸੁਣਾਈਆ । ਸਾਧਾਂ ਸੰਤਾਂ ਆਸਾ ਹੋ ਗਈ ਮਾਇਆ ਧਨ ਦੀ, ਲੋਭ ਲਾਲਚ ਵਿਚ ਹਲਕਾਈਆ । ਬਹੁੜੀ ਜਨਣੀ ਭਗਤ ਕੋਇ ਨਾ ਜਣਦੀ, ਸੁਫਲੀ ਕੁਲ ਨਾ ਕੋਇ ਕਰਾਈਆ । ਚਾਰੋਂ ਕੁੰਟ ਘੜੀ ਹੋ ਗਈ ਗ਼ਮ ਦੀ, ਗ਼ਮੀ ਗ਼ਮਖਾਰ ਨਾ ਕੋਇ ਗਵਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਚੰਮ ਦੀ, ਅਨਦ੍ਰਿਸ਼ਟ ਪ੍ਰਭ ਦਾ ਦਰਸ ਕੋਇ ਨਾ ਪਾਈਆ । ਤ੍ਰਿਸਨਾ ਕੂੜੀ ਹੋਈ ਤਮ ਦੀ, ਸਾਂਤਕ ਸਤਿ ਨਾ ਕੋਇ ਕਰਾਈਆ । ਆਸ਼ਾ ਕਿਸੇ ਰਹੀ ਨਾ ਪਿਆਸੀ ਪ੍ਰਭੂ ਦੇ ਨਾਮ ਦੀ, ਸਾਹ ਸਾਹ ਨਾ ਕੋਇ ਸਮਾਈਆ । ਰਸਨਾ ਹਲਕਾਈ ਹੋ ਗਈ ਮਦਿ ਦੇ ਜਾਮ ਦੀ, ਜਮਾਂ ਤੋਂ ਸਕੇ ਨਾ ਕੋਇ ਬਚਾਈਆ । ਥਿਤ ਦਿਸਦੀ ਕਲਜੁਗ ਸ਼ਾਮ ਦੀ, ਸ਼ਮਾ ਕਰੇ ਨਾ ਕੋਇ ਰੁਸ਼ਨਾਈਆ । ਖ਼ਬਰ ਆ ਗਈ ਪੈਗ਼ੰਬਰਾਂ ਵਾਲੇ ਪੈਗ਼ਾਮ ਦੀ, ਹਜ਼ਰਤ ਈਸਾ ਮੂਸਾ ਰਹੇ ਦ੍ਰਿੜਾਈਆ । ਖੇਲ ਹੋਣੀ ਅਗੰਮੀ ਇਕ ਅਮਾਮ ਦੀ, ਜੋ ਅਮਲਾਂ ਤੋਂ ਰਹਿਤ ਬੇਪਰਵਾਹੀਆ । ਨਿਸ਼ਾਨੀ ਹੋਣੀ ਧਰਮ ਨਿਸ਼ਾਨ ਦੀ, ਨਿਸ਼ਾਨੇ ਕੂੜ ਦਏ ਗਵਾਈਆ । ਵਡਿਆਈ ਰਹਿਣੀ ਨਹੀਂ ਕਿਸੇ ਗ਼ੁਲਾਮ ਦੀ, ਗ਼ੁਲਾਮੀ ਸ਼ਰਅ ਦੀ ਸਭ ਦੀ ਦੇਣੀ ਕਟਾਈਆ । ਵਡਿਆਈ ਰਹਿਣੀ ਨਹੀਂ ਰਸਨਾ ਵਾਲੇ ਕਲਾਮ ਦੀ, ਅੱਖਰਾਂ ਨਾਲ ਨਾ ਕੋਇ ਚਤੁਰਾਈਆ । ਖੇਲ ਤਕਣੀ ਅਗੰਮੇ ਸੁਲਤਾਨ ਦੀ, ਜੋ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ

ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਸਤਿਗੁਰ ਸ਼ਬਦ ਕਹੇ ਹੋਇਆ ਵਕਤ ਸੁਹੰਜਣਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਕਿਰਪਾ ਕਰੇ ਦਰਦ ਦੁੱਖ ਭੈ ਭੰਜਣਾ, ਹਰਿ ਪੁਰਖ ਨਿਰੰਜਣ ਅਗੰਮ ਅਥਾਹੀਆ । ਜੋ ਆਦਿ ਜੁਗਾਦੀ ਸੱਜਣਾ, ਏਕੰਕਾਰਾ ਨੂਰ ਇਲਾਹੀਆ । ਜਿਸ ਦਾ ਇਕੋ ਦੀਪਕ ਜਗਣਾ, ਆਦਿ ਨਿਰੰਜਣ ਡਗਮਗਾਈਆ । ਜਿਸ ਦਾ ਮਾਰਗ ਸਤਿ ਦਾ ਲੱਗਣਾ, ਸ੍ਰੀ ਭਗਵਾਨ ਵਡ ਵਡਿਆਈਆ । ਜਿਸ ਦਾ ਇਕੋ ਹੋਣਾ ਹੱਜਣਾ, ਅਬਿਨਾਸ਼ੀ ਕਰਤਾ ਨੂਰ ਇਲਾਹੀਆ । ਜਿਸ ਦੀ ਸਾਰੀ ਦਿਸੇ ਰਚਨਾ, ਪਾਰਬ੍ਰਹਮ ਪਤਿਪਰਮੇਸ਼ਵਰ ਅਗੰਮ ਅਥਾਹੀਆ । ਉਸ ਨੇ ਸਭ ਦਾ ਪੂਰਾ ਕਰਨਾ ਬਚਨਾ, ਜੋ ਅਵਤਾਰ ਪੈਗ਼ੰਬਰ ਗੁਰ ਭਵਿਖਤ ਗਏ ਦ੍ਰਿੜਾਈਆ । ਕਲਜੁਗ ਅੰਤਮ ਕੂੜੀ ਕਿਰਿਆ ਲੱਗੀ ਅੱਗਣਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਬਿਨ ਭਗਤਾਂ ਸਤਿ ਦੀਪਕ ਕਿਸੇ ਨਾ ਜਗਣਾ, ਆਤਮ ਜੋਤ ਨਾ ਕੋਇ ਰੁਸ਼ਨਾਈਆ । ਅਨਾਦੀ ਸ਼ਬਦ ਨਾਦ ਕੋਇ ਨਾ ਵੱਜਣਾ, ਅਨਹਦ ਰਾਗ ਨਾ ਕੋਇ ਸੁਣਾਈਆ । ਸਾਚੇ ਚੜ੍ਹੇ ਕੋਇ ਨਾ ਗਗਨਾ, ਗਗਨ ਗਗਨੰਤਰ ਪੰਧ ਮੁਕਾਈਆ । ਕਿਰਪਾ ਕਰੇ ਪੁਰਖ ਸਮਰਥਣਾ, ਸਮਰਥ ਪੁਰਖ ਅਗੰਮ ਅਥਾਹੀਆ । ਜਿਸ ਨੇ ਸਭ ਦੀ ਬਦਲਣੀ ਬੰਦਨਾ, ਡੰਡਾਵਤ ਸੱਜਦਾ ਇਕ ਦ੍ਰਿੜਾਈਆ । ਡੰਕ ਦਮਾਮਾ ਜਿਸ ਦਾ ਵੱਜਣਾ, ਵਜਹ ਸਕੇ ਨਾ ਕੋਇ ਸਮਝਾਈਆ । ਜਨ ਭਗਤਾਂ ਹਾਲ ਹੋਣ ਦੇਵੇ ਨਾ ਮੰਦਨਾ, ਮੰਦਭਾਗੀ ਲਏ ਤਰਾਈਆ । ਸਚ ਦਵਾਰ ਦੀ ਚਾੜ੍ਹੇ ਰੰਗਣਾ, ਰੰਗਤ ਨਾਮ ਵਾਲੀ ਰੰਗਾਈਆ । ਕੂੜੀ ਕਿਰਿਆ ਲੰਘਾਏ ਹੱਦਨਾ, ਅਧ ਵਿਚਕਾਰ ਨਾ ਕੋਇ ਅਟਕਾਈਆ । ਕਿਰਪਾ ਕਰੇ ਸੂਰਾ ਸਰਬੰਗਣਾ, ਸ਼ਾਹ ਪਾਤਸ਼ਾਹ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਅਵਤਾਰ ਪੈਗ਼ੰਬਰ ਗੁਰ ਵੇਖੇ ਨਾਲ ਖ਼ਿਆਲ, ਬਿਨ ਅੱਖਾਂ ਅੱਖ ਉਠਾਈਆ । ਜਨ ਭਗਤ ਤਕੇ ਪ੍ਰਭੂ ਦੇ ਲਾਲ, ਜੋ ਲਾਲਨ ਆਪਣੇ ਰੰਗ ਰੰਗਾਈਆ । ਜਿਨ੍ਹਾਂ ਦਾ ਸਤਿਗੁਰ ਸ਼ਬਦ ਬਣਿਆ ਦਲਾਲ, ਵਿਚੋਲਾ ਇਕੋ ਇਕ ਅਖਵਾਈਆ । ਨਾਤਾ ਤੋੜੇ ਕਾਲ ਮਹਾਂਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਏਥੇ ਓਥੇ ਕਰੇ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਸਿਰ ਆਪਣਾ ਹੱਥ ਟਿਕਾਈਆ । ਸਚਖੰਡ ਦਵਾਰ ਬਹਾਏ ਸਚੀ ਧਰਮਸਾਲ, ਜਿਥੇ ਦੀਨ ਮਜ਼੍ਹਬ ਜ਼ਾਤ ਪਾਤ ਵੰਡ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਵੇਖੇ ਵਿਸ਼ਨ ਬ੍ਰਹਮਾ ਸ਼ਿਵ ਜਨ ਭਗਤ ਬੰਨ੍ਹੀ ਜਾਣ ਪੱਗਾਂ, ਸੀਸ ਦਸਤਾਰ ਸੁਹਾਈਆ । ਦਰਸ਼ਨ ਪਾਉਂਦੇ ਜਾਣ ਉਪਰ ਸ਼ਾਹ ਰਗਾ, ਨੌਂ ਦਵਾਰ ਦਾ ਡੇਰਾ ਢਾਹੀਆ । ਸਤਿ ਧਰਮ ਦੀ ਸਾਚੀ ਮਿਲੇ ਜਗ੍ਹਾ, ਗ੍ਰਹਿ ਮੰਦਰ ਇਕੋ ਇਕ ਸੁਹਾਈਆ । ਜਿਥੇ ਬੁੱਧੀ ਵਿਚਾਰ ਨਾ ਹੋਵੇ ਕੱਗਾ, ਹੰਸ ਗੁਰਮੁਖ ਸੋਭਾ ਪਾਈਆ । ਤ੍ਰੈਗੁਣ ਲੱਗੇ ਮੂਲ ਨਾ ਅੱਗਾ, ਹਉਮੇ ਅਗਨੀ ਨਾ ਕੋਇ ਜਲਾਈਆ । ਰਾਏ ਧਰਮ ਨਾ ਦੇਵੇ ਸਜ਼ਾ, ਚਿਤ੍ਰਗੁਪਤ ਨਾ ਲੇਖ ਵਖਾਈਆ । ਆਤਮ ਰਸ ਦਾ ਲੈਣ ਮਜ਼ਾ, ਪਰਮਾਤਮ ਵਿਚ ਮਿਲਾਈਆ । ਸਦਾ ਰਹਿਣ ਇਕ ਦੀ ਵਿਚ ਰਜ਼ਾ, ਜੋ ਰਾਜ਼ਕ ਰਿਜ਼ਕ ਰਹੀਮ ਨੂਰ ਅਲਾਹੀਆ । ਝਗੜਾ ਮੇਟੇ ਜਗਤ ਜਹਾਨ ਕਜ਼ਾ, ਕਾਜ਼ੀ ਮੁੱਲਾਂ ਤੋਂ ਖਹਿੜਾ ਦਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਅਵਤਾਰ ਪੈਗ਼ੰਬਰ ਗੁਰ ਵੇਖਣ ਨਾਲ ਪਿਆਰ, ਪ੍ਰੇਮ ਨਜ਼ਰ ਉਠਾਈਆ । ਤੇਰਾ ਖੇਲ ਸੱਚੀ ਸਰਕਾਰ, ਸ਼ਾਹ ਪਾਤਸ਼ਾਹ

ਤੇਰੀ ਬੇਪਰਵਾਹੀਆ । ਨਿਰਗੁਣ ਨਿਰਵੈਰ ਤੇਰਾ ਰੂਪ ਅਨੂਪ ਨਿਰੰਕਾਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸ਼ਬਦ ਅਗੰਮੀ ਤੇਰੀ ਧਾਰ, ਦੋ ਜਹਾਨਾਂ ਵੱਜੇ ਵਧਾਈਆ । ਜੁਗ ਜੁਗ ਲਏ ਅਵਤਾਰ, ਨਿਰਗੁਣ ਸਰਗੁਣ ਰੂਪ ਪ੍ਰਗਟਾਈਆ । ਕਲਜੁਗ ਅੰਤਮ ਖੇਲ ਅਪਾਰ, ਅਪਰੰਪਰ ਸਵਾਮੀ ਤੇਰੀ ਬੇਪਰਵਾਹੀਆ । ਅਮਾਮ ਅਮਾਮਾ ਬਣ ਸਿਕਦਾਰ, ਹੁਕਮ ਹਾਕਮ ਇਕ ਦ੍ਰਿੜ੍ਹਾਈਆ । ਕਲ ਕਲਕੀ ਹੋ ਉਜਿਆਰ, ਉਜਾਲਾ ਭਗਤਾਂ ਦੇ ਕਰਾਈਆ । ਨਿਹਕਲੰਕ ਤੇਰਾ ਅੰਤ ਨਾ ਪਾਰਾਵਾਰ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੇ ਹੱਥ ਵਡਿਆਈਆ । ਸਦੀ ਚੌਧਵੀਂ ਜਨ ਭਗਤਾਂ ਪੈਜ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਨਿਗਹ ਮਿਹਰ ਦੀ ਮਾਰ, ਮਰਜੀਵਤ ਆਪਣਾ ਪੜਦਾ ਦੇ ਚੁਕਾਈਆ । ਤੇਰੇ ਦਰ ਖੜੇ ਭਿਖਾਰ, ਭਿੱਖਕ ਝੋਲੀ ਦੇਣੀ ਭਰਾਈਆ । ਤੇਰਾ ਹੁਕਮ ਸ਼ਬਦ ਸਜਾ ਦਵਾਰ, ਨਾ ਕੋਇ ਮੇਟੇ ਮੇਟ ਮਿਟਾਈਆ । ਸੰਮਤ ਸ਼ਹਿਨਸ਼ਾਹੀ ਸੱਤ ਸਤਿ ਦੀ ਕਾਰ, ਕਰਨੀ ਕਰਤੇ ਕਾਰ ਕਮਾਈਆ । ਚੌਥੇ ਜੁਗ ਦੀ ਪਾਉਣੀ ਸਾਰ, ਚਾਰ ਚੇਤ ਆਸਾ ਰਿਹਾ ਰਖਾਈਆ । ਕਲਜੁਗ ਕੂੜੀ ਕਿਰਿਆ ਮੇਟਣਾ ਧੂੰਆਂਧਾਰ, ਅੰਧ ਅਗਿਆਨ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ, ਸਰੋਕਾਰ ਆਪਣਾ ਹੁਕਮ ਦੇਣਾ ਵਰਤਾਈਆ ।



✪ ੭ ਚੇਤ ਸ਼ਹਿਨਸ਼ਾਹੀ ਸੰਮਤ ੭ ਸੁਖਦੇਵ ਰਾਜ, ਪ੍ਰੀਤਮ ਸਿੰਘ, ਜਾਗੀਰ ਕੌਰ, ਕਰਮ ਸਿੰਘ, ਬੀਬੀ ਪਿਆਰੋ, ਗੁਰਬਖ਼ਸ਼ ਸਿੰਘ, ਸਰਦਾਰਾ ਸਿੰਘ, ਸਰਮੁਖ ਸਿੰਘ, ਪੂਰਨ ਸਿੰਘ, ਨਾਜ਼ਰ ਸਿੰਘ, ਤਾਰਾ ਸਿੰਘ, ਸਵਰਨ ਸਿੰਘ, ਪ੍ਰੀਤਮ ਸਿੰਘ, ਦਰਸ਼ਨ ਸਿੰਘ, ਸਾਧੂ ਸਿੰਘ, ਗੇਜਾ ਸਿੰਘ, ਮੰਗਲ ਸਿੰਘ, ਜਿੰਦਰ ਸਿੰਘ, ਪ੍ਰੀਤਮ ਸਿੰਘ, ਹਰੀ ਸਿੰਘ, ਹਰਦੀਪ ਸਿੰਘ, ਦਿਆਲ ਸਿੰਘ, ਕੁੰਦਨ ਸਿੰਘ, ਹਰਨਾਮ ਸਿੰਘ, ਦਰਬਾਰਾ ਸਿੰਘ ਵਰਿਆ, ਬੀਬੀ ਬੀਰੋ ਕੈਰੋ, ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਕਹੇ ਜਗ ਆਇਆ ਵਕਤ ਸੁਹੰਜਣਾ, ਹਰਿ ਸੋਭਾਵੰਤ ਸੁਹਾਈਆ । ਪ੍ਰਭ ਦਾਤਾ ਦੀਨ ਦਰਦ ਦੁੱਖ ਭੈ ਭੰਜਣਾ, ਮਿਹਰ ਨਜ਼ਰ ਨਜ਼ਰ ਉਠਾਈਆ । ਭਗਤ ਸੁਹੇਲਾ ਬਣ ਕੇ ਸੱਜਣਾ, ਸਾਜਣ ਹੋ ਕੇ ਵੇਖ ਵਖਾਈਆ । ਨਾਮ ਨਿਧਾਨ ਵਜਾ ਮਰਦੰਗਣਾ, ਸੋਈ ਸੁਰਤੀ ਆਪ ਉਠਾਈਆ । ਗੁਰਮੁਖ ਲਗਾ ਕੇ ਅੰਗਣਾ, ਅੰਗੀਕਾਰ ਆਪ ਹੋ ਜਾਈਆ । ਜਨ ਭਗਤੋ ਦੂਜਾ ਘਰ ਕਦੇ ਨਾ ਮੰਗਣਾ, ਭਿਖਾਰੀ ਹੋ ਨਾ ਝੋਲੀ ਡਾਹੀਆ । ਆਤਮ ਪਰਮਾਤਮ ਦਏ ਅਨੰਦਨਾ, ਅਨੰਦ ਅਨੰਦ ਵਿਚ ਸਮਾਈਆ । ਸ਼ਬਦੀ ਤਿਲਕ ਲਗਾਏ ਚੰਦਨਾ, ਸੂਰੀਆ ਚੰਦ ਦਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਸਪਤਸ ਰਿਖੀ ਵੇਖਣ ਜਗ, ਬੈਠੇ ਅੱਖ ਖੁਲ੍ਹਾਈਆ । ਨਿਰਗੁਣ ਧਾਰ ਰਹੇ ਭੱਜ, ਭੱਜਣ ਵਾਹੋ ਦਾਹੀਆ । ਜੈਕਾਰਾ ਅਲਖ ਬੋਲਣ ਗੱਜ, ਗਜ ਦਾ ਲੇਖਾ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਤੱਕਣ ਹੱਦ, ਹਦੂਦ ਫੋਲ ਫੁਲਾਈਆ । ਕਵਣ ਪ੍ਰਭ ਦੀ ਬਣਿਆ ਯਦ,

ਯਦੀ ਧੁਰ ਦਾ ਰੰਗ ਰੰਗਾਈਆ । ਕਵਣ ਅੰਤਰ ਦ੍ਰਿਸ਼ਟੀ ਨਾਲੋਂ ਹੋਇਆ ਅਲੱਗ, ਦ੍ਰਿਸ਼ਟੀ ਪ੍ਰਭ ਦੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਪਤਸ ਰਿਖ ਕਹਿਣ ਸਾਨੂੰ ਵਕਤ ਯਾਦ ਆਇਆ ਦੁਹੇਲਾ, ਪੂਰਬ ਦਈਏ ਜਣਾਈਆ । ਜਿਸ ਵੇਲੇ ਮਿਲਿਆ ਪ੍ਰਭੂ ਸੁਹੇਲਾ, ਕਰਮ ਦਿਤਾ ਬਦਲਾਈਆ । ਰੂਪ ਦਰਸਾਇਆ ਚੇਲਾ, ਗੁਰੂ ਗੁਰ ਨਾਮ ਵਡਿਆਈਆ । ਧਾਮ ਦੱਸ ਨਵੇਲਾ, ਪਰਦਾ ਦਿਤਾ ਉਠਾਈਆ । ਅਚਰਜ ਖੇਲ ਖੇਲਾ, ਅਗੰਮ ਅਥਾਹ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਪਤਸ ਰਿਖ ਕਹਿਣ ਸ਼ਬਦੀ ਧਾਰ ਕੀਤਾ ਪਿਆਰ, ਅਪਰੰਪਰ ਦਇਆ ਕਮਾਈਆ । ਸ਼ਬਦ ਸੰਦੇਸ਼ਾ ਦਿਤਾ ਅਗੰਮ ਅਪਾਰ, ਅਲੱਖ ਅਗੋਚਰ ਦਿਤਾ ਦ੍ਰਿੜਾਈਆ । ਵੇਖੋ ਖੇਲ ਸੱਚੀ ਸਰਕਾਰ, ਹਰਿ ਕਰਤਾ ਰਿਹਾ ਜਣਾਈਆ । ਸਾਰੇ ਆਪਣੀ ਪੈਜ ਲਓ ਸੁਆਰ, ਆਪ ਆਪਣੀ ਬਣਤ ਬਣਾਈਆ । ਇਕ ਦੂਜੇ ਦਾ ਰਹੇ ਨਾ ਕੋਇ ਸਹਾਰ, ਓਟ ਓਟ ਨਾ ਕੋਇ ਤਕਾਈਆ । ਧਰਮ ਦੀ ਧਾਰ ਬੰਨ੍ਹੋ ਦਸਤਾਰ, ਸੀਸ ਸੀਸ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਪਤਸ ਰਿਖ ਬੰਨ੍ਹੋ ਦਸਤਾਰਾ, ਦਹਿ ਦਿਸ਼ਾ ਅੱਖ ਉਠਾਈਆ । ਰਿਸ਼ੀਓ ਰੂਪ ਦੱਸੋ ਨਿਆਰਾ, ਨਿਰਗੁਣ ਨਿਰਵੈਰ ਰਿਹਾ ਜਣਾਈਆ । ਆਤਮ ਪਰਮਾਤਮ ਬੋਲੋ ਜੈਕਾਰਾ, ਧੁਰ ਦਾ ਰਾਗ ਅਲਾਈਆ । ਜਗਤ ਜਗਦੀਸ ਕਰੋ ਨਿਮਸਕਾਰਾ, ਨਿਉਂ ਨਿਉਂ ਸੀਸ ਝੁਕਾਈਆ । ਧੂੜੀ ਲਾਵੋ ਛਾਰਾ, ਮਸਤਕ ਖ਼ਾਕ ਰਮਾਈਆ । ਅੰਤਰ ਕਰੋ ਪਿਆਰਾ, ਪ੍ਰੀਤਮ ਇਕ ਮਨਾਈਆ । ਵੇਖੋ ਖੇਲ ਅਗੰਮ ਅਪਾਰਾ, ਅਲਖ ਅਗੋਚਰ ਰਿਹਾ ਦ੍ਰਿੜਾਈਆ । ਦੂਰ ਦੁਰਾਡਾ ਤਕੋ ਕਲਜੁਗ ਖੇਲ ਨਿਆਰਾ, ਕਲ ਕਲਕੀ ਕੀ ਦ੍ਰਿੜਾਈਆ । ਬਿਨਾ ਨੇਤਰ ਪਾਈ ਸਾਰਾ, ਬਿਨ ਲੋਚਣ ਵੇਖ ਵਖਾਈਆ । ਚਾਰੋਂ ਕੁੰਟ ਧੂੰਆਂਧਾਰਾ, ਸਾਚਾ ਚੰਦ ਨਾ ਕੋਇ ਚਮਕਾਈਆ । ਸੱਤੇ ਰੋਵਣ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਪੁਰਖ ਅਕਾਲ ਦੀਨ ਦਿਆਲ ਚਾਰ ਕੁੰਟ ਹਾਹਾਕਾਰਾ, ਸਾਂਤਕ ਸਤਿ ਨਾ ਕੋਇ ਵਰਤਾਈਆ । ਮੁਰੀਦ ਮੁਰਸ਼ਦ ਨਾ ਕੋਇ ਸਹਾਰਾ, ਗੁਰ ਚੇਲਾ ਮੁਖ ਭਵਾਈਆ । ਭਗਤ ਭਗਵਾਨ ਨਾ ਕੋਇ ਦਵਾਰਾ, ਦਰ ਦਰ ਰੋਵਣ ਮਾਰਨ ਧਾਈਆ । ਕਿਰਪਾ ਕਰ ਆਪ ਨਿਰੰਕਾਰਾ, ਨਿਰਵੈਰ ਤੇਰੀ ਸਰਨਾਈਆ । ਸਤਿ ਧਰਮ ਦੀ ਸਾਡੇ ਸੀਸ ਬੰਨ੍ਹ ਦਸਤਾਰਾ, ਸਿਰ ਆਪਣਾ ਹੱਥ ਟਿਕਾਈਆ । ਵਿਚੋਂ ਅੰਤਰੀ ਉਠ ਕੇ ਮਾਰਿਆ ਲਲਕਾਰਾ, ਭਾਰਦਵਾਜ ਦਿਤਾ ਸੁਣਾਈਆ । ਪੁਰਖ ਅਕਾਲ ਤੂੰ ਸਭ ਦਾ ਮੀਤ ਮੁਰਾਰਾ, ਮਿਹਰਵਾਨ ਅਖਵਾਈਆ । ਕਿਰਪਾ ਕਰ ਵਡ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਤੇਰੀ ਓਟ ਤਕਾਈਆ । ਅਸੀਂ ਚਾਹੁੰਦੇ ਤੂੰ ਕਲਜੁਗ ਅੰਤਮ ਹੋਵੀਂ ਜ਼ਾਹਿਰਾ, ਜ਼ਾਹਰ ਜ਼ਹੂਰ ਰੂਪ ਧਰਾਈਆ । ਤੇਰਾ ਅੰਤ ਨਾ ਹੋਵੇ ਪਾਰਾਵਾਰਾ, ਬੇਅੰਤ ਕਾਰ ਕਮਾਈਆ । ਜੋਤੀ ਜਾਤੇ ਪਾਵੀਂ ਸਾਰਾ, ਆਤਮ ਪਰਮਾਤਮ ਖੋਜ ਖੁਜਾਈਆ । ਜਨ ਭਗਤਾਂ ਬਖ਼ਸ਼ੀਂ ਇਕੋ ਦਰਸ ਦਵਾਰਾ, ਦੂਜੇ ਦਰ ਕੋਇ ਨਾ ਜਾਈਆ । ਕਿਰਪਾ ਨਿਧਾਨ ਉਹਨਾਂ ਦੇਈਂ ਅਧਾਰਾ, ਉਦਰ ਦਾ ਲੇਖਾ ਦਈਂ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਪਤਸ ਰਿਖ ਕਹਿਣ ਪ੍ਰਭ ਸਾਨੂੰ ਕਿਰਪਾ ਕਰ ਦੇ ਉਪਰ ਸ਼ਾਹ ਰਗ, ਸ਼ਹਿਨਸ਼ਾਹ ਦਇਆ ਕਮਾਈਆ । ਦੀਪਕ ਜੋਤੀ ਜਾਏ ਜਗ, ਜਾਗਰਤ ਜੋਤ ਜੋਤ ਰੁਸ਼ਨਾਈਆ ।

ਤੇਰਾ ਦਰਸ਼ਨ ਕੀਤਾ ਰੱਜ, ਨਿਉਂ ਨਿਉਂ ਸੀਸ ਨਿਵਾਈਆ । ਸਾਡੇ ਪੜਦੇ ਕੱਜ, ਓਢਣ ਇਕ ਸੁਹਾਈਆ । ਅਸੀਂ ਸਾਰੇ ਬੋਲੀਏ ਗੱਜ, ਕੂਕ ਕੂਕ ਸੁਣਾਈਆ । ਤੂੰ ਸਰਬ ਕਲਾ ਸਮਰਥ, ਅਕਥ ਬੇਪਰਵਾਹੀਆ । ਜਿਸ ਵੇਲੇ ਕਲਜੁਗ ਹੋਵੇ ਕੂੜ ਕੁੜਿਆਰ ਦਾ ਰਥ, ਧਰਮ ਦਾ ਰਥ ਨਾ ਕੋਇ ਚਲਾਈਆ । ਸ੍ਰਿਸ਼ਟ ਸਬਾਈ ਮਮਤਾ ਲੱਬੇ ਸਥ, ਸੱਥਰ ਯਾਰ ਨਾ ਕੋਇ ਹੰਢਾਈਆ । ਨੇਤਰ ਖੁਲ੍ਹੇ ਕਿਸੇ ਨਾ ਅੱਖ, ਨਿਜ ਦਰਸ ਕੋਇ ਨਾ ਪਾਈਆ । ਨਿਰਗੁਣ ਧਾਰ ਹੋਣਾ ਪ੍ਰਤੱਖ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਉਸ ਵੇਲੇ ਆਪਣੇ ਭਗਤ ਚੁਰਾਸੀ ਵਿਚੋਂ ਕਰਨੇ ਵੱਖ, ਵਾਸਤਾ ਤੇਰੇ ਅੱਗੇ ਪਾਈਆ । ਇਹਨਾਂ ਤ੍ਰੈਗੁਣ ਮਾਇਆ ਨਾ ਸਾੜੇ ਅੱਗ, ਅਗਨੀ ਤਤ ਦੇਣੀ ਬੁਝਾਈਆ । ਸਪਤਸ ਰਿਖ ਕਹਿਣ ਉਸ ਵੇਲੇ ਆਪਣਿਆਂ ਭਗਤਾਂ ਸੀਸ ਬੰਨ੍ਹਾਈਂ ਪੱਗ, ਜੋ ਚਰਨ ਪਰਸ ਤੇਰੇ ਆਪਣਾ ਝਟ ਲੰਘਾਈਆ । ਜਿਸ ਨਾਲ ਅੰਦਰ ਵਿਕਾਰ ਦੇਵੀਂ ਦੱਬ, ਕੂੜ ਵਿਕਾਰ ਦੇਣਾ ਗਵਾਈਆ । ਪਿਛਲਾ ਲੇਖਾ ਪੂਰਾ ਕਰਨਾ ਹੱਭ, ਹਮਸਾਜਣ ਹੋ ਕੇ ਮੇਲ ਮਿਲਾਈਆ । ਹਿੱਸੇਦਾਰ ਬਣਾਉਣੇ ਨਾਲ ਅਧ, ਅਧਵਾਟੇ ਰਹਿਣ ਕੋਇ ਨਾ ਪਾਈਆ । ਜਗਤ ਜਹਾਨ ਦੀ ਪਾਰ ਕਰਾਉਣੀ ਹੱਦ, ਹਦੂਦ ਆਪਣੀ ਦੇਣੀ ਵਖਾਈਆ । ਜਿਸ ਗ੍ਰਿਹ ਜੋਤ ਸਰੂਪੀ ਬਹੀਏ ਸਜ, ਸਚਖੰਡ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਪਗੜੀ ਕਹੇ ਮੈਂ ਭਗਤਾਂ ਸਿਰ ਚੜ੍ਹੀ, ਚੜ੍ਹਦਾ ਲਹਿੰਦਾ ਧਿਆਨ ਲਗਾਈਆ । ਭਗਤੋ ਸਚ ਪੁੱਛੋ ਇਹ ਮਾਣ ਬਖ਼ਸ਼ਿਆ ਸੀ ਮੈਨੂੰ ਗੋਬਿੰਦ ਵਿਚ ਗੜ੍ਹੀ, ਚਮਕੌਰ ਦੀ ਚਮਕ ਦਏ ਗਵਾਹੀਆ । ਜਿਸ ਵੇਲੇ ਕੋਈ ਸਿੱਖ ਗੋਬਿੰਦ ਸਾੜ ਸਕਿਆ ਨਹੀਂ ਸੀ ਵਿਚ ਮੜ੍ਹੀ, ਤਨ ਵਜੂਦ ਅੱਗ ਨਾ ਕੋਇ ਜਲਾਈਆ । ਉਸ ਵੇਲੇ ਮਿਹਰ ਦੀ ਨਿਗਹ ਪਿਆਰ ਦੀ ਕਿਰਪਾ ਕਰੀ, ਨੈਣ ਨੈਣ ਵਿਚੋਂ ਉਠਾਈਆ । ਫਿਰ ਹੱਸ ਕੇ ਕਿਹਾ ਦੁਲਾਰਿਆ ਜਿਸ ਵੇਲੇ ਜੋਤ ਸਰੂਪ ਮੇਰਾ ਆਵੇ ਹਰੀ, ਹਰ ਹਿਰਦੇ ਵੇਖ ਵਖਾਈਆ । ਸ਼ਬਦ ਦੀ ਧਾਰ ਨਾਲ ਤੁਹਾਨੂੰ ਸਭ ਨੂੰ ਕਰੇ ਬਰੀ, ਲੇਖਾ ਦੋ ਜਹਾਨ ਰਹੇ ਨਾ ਰਾਈਆ । ਤੁਸੀਂ ਮੇਰਾ ਇਕ ਢਈਆ ਵੇਖ ਲਓ ਜ਼ਰੀ, ਜ਼ਾਹਰ ਜ਼ਹੂਰ ਹੋ ਕੇ ਲੇਖਾ ਦਏ ਚੁਕਾਈਆ । ਜਿਸ ਦਾ ਲਹਿਣਾ ਨਹੀਂ ਕੋਈ ਸ਼ਰੀਅ, ਸ਼ਰਅ ਤੋਂ ਬਾਹਰ ਆਪਣਾ ਹੁਕਮ ਵਰਤਾਈਆ । ਤੁਸੀਂ ਜਿਥੇ ਹੋਏ ਓਥੇ ਲਏਗਾ ਫੜੀ, ਸੁਰਤ ਸ਼ਬਦ ਨਾਲ ਮਿਲਾਈਆ । ਵਿਹਾਰ ਕਰੇਗਾ ਭਗਤੋ ਤੁਹਾਡੀ ਭਗਤਾਂ ਦੀ ਬਣਾ ਕੇ ਗੜ੍ਹੀ, ਗੜ੍ਹ ਭਗਤਾਂ ਵਾਲਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਪਗੜੀ ਕਹੇ ਗੋਬਿੰਦ ਨੇ ਤੱਕਿਆ ਵਿਚ ਮੈਦਾਨ, ਹੱਥ ਮਸਤਕ ਉਤੇ ਟਿਕਾਈਆ । ਗੜ੍ਹੀ ਤੋਂ ਬਾਹਰ ਕੀਤਾ ਧਿਆਨ, ਧਿਆਨ ਗੁਰਮੁਖਾਂ ਵਿਚ ਰਖਾਈਆ । ਫੇਰ ਸੀਸ ਤੇ ਹੱਥ ਰੱਖ ਕੇ ਕਿਹਾ ਤੁਸੀਂ ਮੇਰੇ ਨਿਸ਼ਾਨ, ਨਿਸ਼ਾਨੇ ਧਰਮ ਦੇ ਨਜ਼ਰੀ ਆਈਆ । ਜਿਸ ਵੇਲੇ ਮੈਂ ਆਵਾਂ ਤੇ ਨਾਲ ਆਵੇ ਭਗਵਾਨ, ਭਾਗ ਤੁਹਾਡੇ ਦਿਆਂ ਬਦਲਾਈਆ । ਮੈਂ ਤੁਹਾਡਾ ਸਤਿਗੁਰੂ ਨੌਜਵਾਨ, ਜਨਮ ਮਰਨ ਵਿਚ ਕਦੇ ਨਾ ਆਈਆ । ਮੇਰਾ ਸ਼ਬਦ ਚਿੱਲਾ ਤੇ ਤੀਰ ਕਮਾਨ, ਭੱਥਾ ਪ੍ਰੇਮ ਵਾਲਾ ਬੰਧਾਈਆ । ਜਗਤ ਜਹਾਨ ਬਖ਼ਸ਼ ਕੇ ਮਾਣ, ਅਭਿਮਾਨੀਆਂ ਲੇਖਾ ਦਿਆਂ ਚੁਕਾਈਆ । ਕਿਰਪਾ ਹੋਵੇ ਵਿਚ ਜਹਾਨ, ਕਿਰਪਾਲ ਹੋ ਕੇ ਦਇਆ ਕਮਾਈਆ । ਅੱਗੇ ਪਗੜੀ ਨੇ ਕੀਤਾ ਬਿਆਨ, ਦੋਏ ਜੋੜ ਕੇ ਸੀਸ ਨਿਵਾਈਆ । ਐ ਮੇਰੇ ਸਤਿਗੁਰ ਗੋਬਿੰਦ ਸਿੰਘ ਗੋਬਿੰਦ ਜੇ ਕੋਈ ਤੇਰਾ ਸਿਖ, ਤੇਰੇ ਬਿਨਾ ਸੀਸ ਨਾ ਕਿਸੇ ਝੁਕਾਉਣ, ਬਿਨਾ

ਪੁਰਖ ਅਕਾਲ ਤੋਂ ਆਪਣਾ ਆਪ ਭੇਟ ਨਾ ਕਿਸੇ ਕਰਾਈਆ । ਜਿਨ੍ਹਾਂ ਪਿਛੇ ਤੂੰ ਆਪਣੇ ਦੁਲਾਰੇ ਕੀਤੇ ਕੁਰਬਾਨ, ਪਿਆਰੇ ਗੁਰਮੁਖ ਲਏ ਬਣਾਈਆ । ਤੇਰੇ ਕਲਗੀ ਤੋੜੇ ਦਾ ਨਿਸ਼ਾਨ, ਤਖ਼ਤ ਨਿਵਾਸੀ ਤੇਰਾ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਪਗੜੀ ਗੁਰਮੁਖ ਦੀ ਮੈਦਾਨ ਵਿਚੋਂ ਗਈ ਝੁਕ, ਗੋਬਿੰਦ ਗੋਬਿੰਦ ਗੋਬਿੰਦ ਸੀਸ ਝੁਕਾਈਆ । ਨਾਲੇ ਹੱਸ ਕੇ ਕਿਹਾ ਤੇਰਾ ਪਿਆਰ ਕਦੇ ਨਾ ਜਾਵੇ ਮੁਕ, ਮੁਕੰਮਲ ਪ੍ਰੇਮ ਲੈਣਾ ਬਣਾਈਆ । ਜਿਸ ਤਰਾ ਤੂੰ ਪੁਰਖ ਅਕਾਲ ਦਾ ਪੁੱਤ, ਉਸ ਤਰਾ ਗੁਰਮੁਖ ਸਪੂਤ ਲੈਣੇ ਬਣਾਈਆ । ਆਪਣੀ ਗੋਦੀ ਲੈਣੇ ਚੁੱਕ, ਫੜ ਬਾਹੋਂ ਗਲੇ ਲਗਾਈਆ । ਜਿਸ ਤਰਾ ਤੂੰ ਅੰਤਰ ਅੰਤਰ ਤੂੰ ਮੇਰਾ ਮੈਂ ਤੇਰਾ ਗਾਉਂਦਾ ਤੁਕ, ਇਹ ਤੁਕ ਦੋ ਤੁਕੀ ਗੁਰਮੁਖਾਂ ਦੇ ਅੰਦਰ ਦੇਣੀ ਟਿਕਾਈਆ । ਤੇਰੇ ਚਰਨ ਕਵਲ ਵਿਚ ਧਰਮ ਧਾਰ ਦਾ ਸੁੱਖ, ਜਗਤ ਸੁਖਆਸਣ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤੋ ਤੁਹਾਡੀ ਸਚ ਸੁਹੰਜਣੀ ਬਣਾਏ ਰੁਤ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ ।

### ✪ ੮ ਚੇਤ ਸ਼ਹਿਨਸ਼ਾਹੀ ਸੰਮਤ ੭ ਨਿਰੰਜਣ ਦਈ ਦੇ ਗ੍ਰਿਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪



ਕਿਰਪਾ ਕਰੇ ਸੋ ਪੁਰਖ ਨਿਰੰਜਣ, ਨਿਰੰਜਣ ਦਈ ਦਇਆ ਕਮਾਈਆ । ਸਤਿਗੁਰ ਸ਼ਬਦ ਸਦਾ ਦਰਦ ਦੁੱਖ ਭੈ ਭੰਜਣ, ਭਵ ਸਾਗਰ ਪਾਰ ਕਰਾਈਆ । ਨਾਮ ਨਿਧਾਨ ਪਾ ਕੇ ਨੇਤਰ ਅੰਜਣ, ਅੰਧ ਅਗਿਆਨ ਕੂੜ ਮਿਟਾਈਆ । ਆਤਮ ਪਰਮਾਤਮ ਬਣਾਏ ਸਾਚਾ ਸੱਜਣ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਸਚਖੰਡ ਨਿਵਾਸੀ ਲਾਏ ਆਪਣੇ ਅੰਗਣ, ਅੰਗੀਕਾਰ ਇਕ ਅਖਵਾਈਆ । ਮਾਨਸ ਜਨਮ ਦੀ ਚਾੜ੍ਹੀ ਰੰਗਣ, ਰੰਗਤ ਇਕੋ ਇਕ ਵਖਾਈਆ । ਮੇਲਾ ਮਿਲਿਆ ਨਾਲ ਗੋਪਾਲ ਮੂਰਤ ਮਦਨ, ਸਚ ਸਵਾਮੀ ਅਗੰਮ ਅਥਾਹੀਆ । ਧਰਮ ਦਵਾਰ ਪੁੱਜੀ ਆਪਣੇ ਵਤਨ, ਮਾਤਲੋਕ ਵਤਨ ਤਜਾਈਆ । ਖ਼ੁਸ਼ੀ ਨਾਲ ਕਹੇ ਧੰਨ ਭਾਗ ਮੈਂ ਬੱਚਾ ਜਨਮਿਆ ਆਪਣੇ ਸ਼ਿਕਮ ਵਤਨ, ਸੁਖਦੇਵ ਰਾਜ ਧਿਆਨ ਲਗਾਈਆ । ਜਿਹੜਾ ਮੇਰਾ ਮਾਤਲੋਕ ਦਾ ਬਣਿਆ ਕਿਨਾਰਾ ਪੱਤਨ, ਤਟ ਧੁਰ ਦਾ ਦਿਤਾ ਵਖਾਈਆ । ਜਿਸ ਦਾ ਪ੍ਰੀਤਮ ਸਤਿਗੁਰ ਸ਼ਬਦ ਆਇਆ ਰੱਖਣ, ਸੁਹੇਲਾ ਇਕ ਅਖਵਾਈਆ । ਮੇਰੀ ਧਾਰ ਬਣਾ ਕੇ ਅਮੋਲਕ ਰਤਨ, ਕੂੜੀ ਕਿਰਿਆ ਵਿਚੋਂ ਬਾਹਰ ਕਢਾਈਆ । ਚੁਰਾਸੀ ਦੀ ਫਾਸੀ ਟੁੱਟੀ ਬਿਨਾ ਯਤਨ, ਯਥਾਰਥ ਹਰਿ ਸੰਗਤ ਸੇਵ ਕਮਾਈਆ । ਸਚਖੰਡ ਦਵਾਰ ਮਿਲਣਾ ਵਸਣ, ਚਾਰੇ ਖਾਣੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸ਼ਬਦ ਧਾਰ ਹੋ ਕੇ ਆਵਣ ਜਾਵਣ ਲੱਖ ਚੁਰਾਸੀ ਜਨ ਭਗਤਾਂ ਗੇੜਾ ਆਇਆ ਕਟਣ, ਧਰਮ ਰਾਏ ਦੀ ਫਾਂਸੀ ਗਲ ਨਾ ਕੋਇ ਲਟਕਾਈਆ ।

१२२९ ਚੇਤ ਸ਼ਹਿਨਸ਼ਾਹੀ ਸੰਮਤ ੭ ਮੱਸਾ ਸਿੰਘ, ਮੱਖਣ ਸਿੰਘ, ਦਾਰਾ ਸਿੰਘ, ਕਰਨੈਲ ਸਿੰਘ, ਬੀਬੀ ਅਜੈਬ ਕੌਰ ਬਾਠ,
ਨਰਾਇਣ ਸਿੰਘ ਕੰਗ, ਗੁਰਨਾਮ ਸਿੰਘ ਕੰਗ, ਕੁੰਦਨ ਸਿੰਘ ਮਾਲ ਚਕ, ਸੋਹਣ ਸਿੰਘ ਮਾਲ ਚਕ,
ਹਰਨਾਮ ਸਿੰਘ ਪੰਡੋਰੀ, ਉਜਾਗਰ ਸਿੰਘ ਖਡੂਰ ਸਾਹਿਬ, ਸਵਰਨ ਸਿੰਘ ਫਤਿਆ ਬਾਦ
ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ

ਨਾਰਦ ਕਹੇ ਮੈਂ ਤੱਕਿਆ ਅੱਖਰ ਧਾਰ ਬਵੰਜਾ, ਬਾਵਨ ਬਾਵਨ ਬਾਵਨ ਧਿਆਨ ਲਗਾਈਆ । ਨਾਨਕ ਨਿਰਗੁਣ ਸਰਗੁਣ ਧਾਰ ਦਾ ਤੱਕਿਆ ਪੰਜਾ, ਪੰਜ ਪੰਜ ਪੰਜ ਖੋਜ ਖੁਜਾਈਆ । ਫੇਰ ਲੇਖਾ ਤੱਕਿਆ ਦੁਆਪਰ ਸੰਜਾ, ਕੀ ਭਵਿਖ ਗਿਆ ਸੁਣਾਈਆ । ਫਿਰ ਰਾਵਣ ਤੱਕਿਆ ਰੰਜਾ, ਰੰਜ਼ਸ ਵਿਚ ਦਿਤੀ ਦੁਹਾਈਆ । ਫੇਰ ਗੋਬਿੰਦ ਦਾ ਤੱਕਿਆ ਕੰਘਾ, ਇੱਕੀਆਂ ਦੰਦਿਆਂ ਵਾਲਾ ਦਏ ਗਵਾਹੀਆ । ਫੇਰ ਕਲਜੁਗ ਸਮਾਂ ਵੇਖਿਆ ਲੰਘਾ, ਸਦੀ ਚੌਧਵੀਂ ਅੱਖ ਖੁਲ੍ਹਾਈਆ । ਕੂੜੀ ਕਿਰਿਆ ਦਾ ਜਾਣਿਆ ਕੰਢਾ, ਤਟ ਫੋਲੇ ਥਾਉਂ ਥਾਈਂਆ । ਧਰਮ ਦੀ ਧਾਰ ਵੇਖਿਆ ਖੰਡਾ, ਬ੍ਰਹਿਮੰਡ ਖੰਡ ਫੋਲ ਫੁਲਾਈਆ । ਜਾਂ ਨਿਗਹ ਮਾਰੀ ਸਤਿਗੁਰ ਸ਼ਬਦ ਤੱਕਿਆ ਸਭ ਦਾ ਪੰਡਾ, ਵਿਦਿਆ ਅਗੰਮ ਰਿਹਾ ਪੜ੍ਹਾਈਆ । ਜਿਸ ਨੇ ਹੁਕਮੀ ਹੁਕਮ ਦਾ ਕਰਾਉਣਾ ਜੰਗਾ, ਨਵ ਸੱਤ ਸੱਤ ਨਵ ਨਾਲ ਟਕਰਾਈਆ । ਉਲਟਾ ਵਹਿਣ ਵਹਾਉਣਾ ਗੰਗਾ, ਗੰਗਾ ਗੋਦਾਵਰੀ ਜਮਨਾ ਸੁਰਸਤੀ
१२२९ ਰੋਵੇ ਮਾਰੇ ਧਾਹੀਆ । ਉਮਤ ਦਾ ਪਾਟਾ ਚੀਥੜ ਦਿਸੇ ਤੰਬਾ, ਓਢਣ ਸੀਸ ਨਾ ਕੋਇ ਟਿਕਾਈਆ । ਬਹੁੜੀ ਮੇਰਾ ਅੰਤਰ ਅੰਤਰ ਕੰਬਾ, ਭੈ ਵਿਚ ਦਿਤੀ ਦੁਹਾਈਆ । ਪ੍ਰਭੂ ਕਿਤੇ ਕਲਜੁਗ ਦਾ ਪੈਂਡਾ ਕਰੀਂ ਨਾ ਲੰਬਾ, ਅੱਗੇ ਆਯੂ ਨਾ ਕੋਇ ਵਧਾਈਆ । ਮੈਂ ਤਕਣਾ ਚਾਹੁੰਦਾ ਤੇਰਾ ਖੇਲ ਅਚੰਭਾ, ਅਚਰਜ ਲੀਲਾ ਦੇਣੀ ਵਖਾਈਆ । ਮਾਨਵ ਰਹੇ ਕੋਇ ਨਾ ਗੰਦਾ, ਦੁਰਮਤ ਮੈਲ ਦੇਣੀ ਧਵਾਈਆ । ਆਤਮ ਪਰਮਾਤਮ ਪਾਈਂ ਗੰਢਾ, ਜਨ ਭਗਤਾਂ ਮੇਲ ਮਿਲਾਈਆ । ਗੁਰਮੁਖਾਂ ਸੀਨਾ ਰੱਖਣਾ ਠੰਡਾ, ਅਗਨੀ ਤਤ ਬੁਝਾਈਆ । ਸੰਤ ਸੁਹੇਲਾ ਕੋਈ ਨਾ ਹੋਵੇ ਰੰਡਾ, ਕੰਤ ਸੁਹਾਗੀ ਇਕੋ ਨਜ਼ਰੀ ਆਈਆ । ਖਹਿੜਾ ਛੁਡਾਉਣਾ ਸਭ ਦਾ ਕਰੀਰ ਜੰਡਾ, ਪਾਹਨ ਪੂਜਨ ਨਾ ਕੋਇ ਵਡਿਆਈਆ । ਇਕੋ ਤੇਰੇ ਨਾਮ ਦਾ ਸਭ ਨੂੰ ਹੋਵੇ ਅਨੰਦਾ, ਅਨੰਦ ਪੁਰ ਵਾਲਾ ਦੇਣਾ ਨਾਲ ਮਿਲਾਈਆ । ਤੇਰੇ ਨਾਮ ਦਾ ਲਏ ਕੋਇ ਨਾ ਚੰਦਾ, ਚੰਦ ਸਿਤਾਰ ਦਾ ਲੇਖਾ ਦੇਣਾ ਚੁਕਾਈਆ । ਪਿਛਲਾ ਜੁਗ ਵੇਖ ਲੰਘਾ, ਪੰਧ ਮੁਕਿਆ ਥਾਉਂ ਥਾਈਂਆ । ਮੈਨੂੰ ਸਚ ਦੱਸ ਕਿਉਂ ਡਾਹਿਆ ਉਲਟਾ ਮੰਜਾ, ਮੰਝਧਾਰ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਨਾਰਦ ਕਹੇ ਮੈਂ ਵੇਖੇ ਦੀਪਕ ਜਲਦੇ, ਬਿਨ ਅੱਖਾਂ ਅੱਖ ਉਠਾਈਆ । ਸੋਹਣੇ ਬੈਠੇ ਲੱਗਦੇ, ਪੰਚਮ ਪੰਚਮ ਮਿਲ ਕੇ ਵੱਜੀ ਵਧਾਈਆ । ਵਣਜਾਰੇ ਬਣ ਗਏ ਅੱਗ ਦੇ, ਘਿਰਤ ਨਾਲ ਸੁਹਾਈਆ । ਸ਼ਬਦੀ ਸਤਿਗੁਰ ਸਾਰੇ ਸੱਦ ਦੇ, ਨਿਰਗੁਣ ਸਰਗੁਣ ਵੇਖ ਵਖਾਈਆ । ਬਹੁੜੀ ਅਸੀਂ ਵਣਜਾਰੇ ਨਹੀਂ ਰਹਿਣਾ ਕਾਅਬਿਆਂ ਵਾਲੇ ਹੱਜ ਦੇ, ਹੁਜਰਾ ਹੱਕ ਦੇ ਵਖਾਈਆ । ਸਭ ਦੇ ਲੇਖੇ ਪੂਰੇ ਕਰ ਦੇ ਸੀਸ ਧੜ ਵਾਲੇ ਪੱਗ ਦੇ, ਪਗੜੀ ਸੀਸ ਜਗਦੀਸ ਜਗਤ ਬੰਧਾਈਆ । ਤੇਰੇ ਭਗਤ ਸੁਹੇਲੇ ਤੈਨੂੰ ਮੂਲ ਰਹਿਣ ਨਾ ਲੱਭਦੇ, ਘਰ ਘਰ ਮਿਲਣਾ ਜਾ ਕੇ ਚਾਈਂ ਚਾਈਂਆ । ਝਗੜੇ ਮਿਟਾਉਣੇ ਕਾਇਆ ਮਾਸ ਨਾੜੀ ਹੱਡ

ਦੇ, ਖ਼ਾਕੀ ਖ਼ਾਕ ਨਾ ਵੇਖ ਵਖਾਈਆ । ਅੱਗੇ ਘਰਾਣੇ ਰਹਿਣ ਨਾ ਅਲੱਗ ਦੇ, ਆਤਮ ਪਰਮਾਤਮ ਸੰਗ ਨਿਭਾਉਣਾ ਥਾਉਂ ਥਾਈਂਆ । ਸਾਰੇ ਤੈਨੂੰ ਹੋਵਣ ਮੰਨਦੇ, ਸੀਸ ਜਗਦੀਸ ਇਕ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ , ਏਕਾ ਦੇਣਾ ਸਾਚਾ ਵਰ, ਮਿਹਰਵਾਨ ਮਿਹਰ ਨਿਗਹ ਉਠਾਈਆ । ਨਾਰਦ ਕਹੇ ਜਨ ਭਗਤੋ ਵੇਖੋ ਦੀਪਕ ਪ੍ਰਕਾਸ਼, ਪ੍ਰਕਾਸ਼ ਨੂਰ ਇਲਾਹੀਆ । ਵੇਖੋ ਆਪਣੀ ਰਾਸ, ਤਨ ਮੰਡਲ ਖੋਜ ਖੁਜਾਈਆ । ਖੋਲ੍ਹੋ ਆਪਣੀ ਆਂਖ, ਨਿਜ ਨੇਤਰ ਪੜਦਾ ਰਹੇ ਨਾ ਰਾਈਆ । ਪੰਜਾਂ ਤਤਾਂ ਵਿਚ ਮਾਰੋ ਝਾਕ, ਝਾਕੀ ਅਵਰ ਨਾ ਕੋਇ ਜਣਾਈਆ । ਖੋਲ੍ਹੋ ਆਪਣਾ ਤਾਕ, ਪੜਦਾ ਦਿਉ ਉਠਾਈਆ । ਮੇਟੋ ਅੰਧੇਰੀ ਰਾਤ, ਨੂਰੀ ਚੰਦ ਚੰਦ ਰੁਸ਼ਨਾਈਆ । ਪੁਤਲੇ ਨਾ ਬਣੇ ਰਿਹੋ ਮਿੱਟੀ ਖ਼ਾਕ, ਖ਼ਾਲਸ ਆਪਣਾ ਆਪ ਲੈਣਾ ਪ੍ਰਗਟਾਈਆ । ਦੁਨੀਆ ਅੰਦਰ ਕਲਜੁਗ ਅੰਧੇਰੀ ਰਾਤ, ਜਨ ਭਗਤਾਂ ਗ੍ਰਿਹਿ ਸਤਿਗੁਰ ਸ਼ਬਦ ਕਰੇ ਰੁਸ਼ਨਾਈਆ । ਨਾਮ ਸ਼ਬਦ ਦਰ ਠਾਂਡੇ ਲਓ ਦਾਤ, ਦਾਤਾ ਦਾਨੀ ਆਪ ਵਰਤਾਈਆ । ਝਗੜਾ ਮੇਟ ਦਿਓ ਕਾਗ਼ਜ਼ਾਤ, ਕਲਮਾ ਕਾਇਨਾਤ ਸੁਣਾਈਆ । ਹੁਜਰਾ ਹੱਕ ਤਕੋ ਮਹਿਰਾਬ, ਮਹਿਬੂਬ ਨੂਰ ਇਲਾਹੀਆ । ਜਿਸ ਦਾ ਅੰਮ੍ਰਿਤ ਹਯਾਤੇ ਆਬ, ਜੀਵਣ ਜ਼ਿੰਦਗੀ ਦਏ ਬਦਲਾਈਆ । ਉਹ ਸਭ ਨੂੰ ਦੇਵੇ ਖ਼ਿਤਾਬ, ਖ਼ਤਾ ਸਭ ਦੀ ਮਾਫ਼ ਕਰਾਈਆ । ਜਨ ਭਗਤੋ ਤੁਹਾਨੂੰ ਪੜ੍ਹਾਏ ਅਗੰਮੀ ਕਿਤਾਬ, ਜਿਹੜੀ ਕੁਤਬਖ਼ਾਨਿਆਂ ਵਿਚੋਂ ਹੱਥ ਕਿਸੇ ਨਾ ਆਈਆ । ਨਾ ਕੋਈ ਸਮਝ ਸਕੇ ਅਲਫ਼ਾਜ਼, ਲਫ਼ਜ਼ਾਂ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਦਇਆ ਕਮਾਈਆ । ਨਾਰਦ ਕਹੇ ਪ੍ਰਭੂ ਤੇਰਾ ਖੇਲ ਅਨੋਖਾ, ਹਰਿ ਕਰਤੇ ਦਿਆਂ ਦ੍ਰਿੜਾਈਆ । ਸ੍ਰਿਸ਼ਟੀ ਨਾਲ ਕਰੀਂ ਨਾ ਧੋਖਾ, ਵਲ ਛਲ ਆਪਣੀ ਕਾਰ ਕਮਾਈਆ । ਨਾਲੇ ਆਹ ਵਿਚ ਭਰਿਆ ਹੌਕਾ, ਹਾਏ ਉਫ਼ ਕੀਤੀ ਦੁਹਾਈਆ । ਕਿਸੇ ਅੰਦਰ ਪਿਆਰ ਰਿਹਾ ਨਾ ਤੇਰੇ ਚਾਓ ਕਾ, ਦੀਨ ਦਿਆਲ ਤੈਨੂੰ ਮਿਲਣ ਕੋਇ ਨਾ ਪਾਈਆ । ਕਲਜੁਗ ਕੂੜ ਕੁੜਿਆਰੇ ਵਾਰ ਚਲਾਇਆ ਤੇਰੇ ਘਾਓ ਕਾ, ਹਉਮੇ ਡੂੰਘਾ ਰੋਗ ਦਿਤਾ ਲਗਾਈਆ । ਪਿਆਰ ਭੁੱਲਿਆ ਬੇਪਰਵਾਹੋ ਕਾ, ਬੇਪਰਵਾਹ ਤੇਰੇ ਵਿਚ ਨਾ ਕੋਇ ਸਮਾਈਆ । ਹੁਣ ਲੇਖਾ ਮੁਕਾ ਦੇ ਦੀਨ ਮਜ਼੍ਹਬ ਅਵਤਾਰ ਪੈਗ਼ੰਬਰ ਗੁਰ ਦਾਓ ਕਾ, ਦਾਇਰਾ ਇਕੋ ਦੇ ਵਖਾਈਆ । ਆਤਮ ਪਰਮਾਤਮ ਸੰਦੇਸ਼ਾ ਦੇ ਸੁਝਾਉ ਕਾ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਮਾਨਸ ਰੂਪ ਰਹੇ ਕੋਇ ਨਾ ਕਾਉਂ ਕਾ, ਗੁਰਮੁਖ ਹੰਸ ਲੈ ਪ੍ਰਗਟਾਈਆ । ਤੇਰਾ ਸੰਦੇਸ਼ਾ ਹੋਵੇ ਵਾਹੋ ਵਾਹੋ ਕਾ, ਵਾਹਵਾ ਸਤਿਗੁਰ ਤੇਰੀ ਬੇਪਰਵਾਹੀਆ । ਰੂਪ ਧਰ ਅਗੰਮ ਮਲਾਹੋ ਕਾ, ਲੱਖ ਚੁਰਾਸੀ ਬੇੜਾ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਲੇਖਾ ਪੂਰ ਕਰਾਈਆ । ਨਾਰਦ ਕਹੇ ਪ੍ਰਭ ਮੈਂ ਖਾ ਕੇ ਕਹਾਂ ਕਸਮ, ਕਸਮ ਨਾਲ ਜਣਾਈਆ । ਸਭ ਦਾ ਝਗੜਾ ਮੇਟ ਦੇ ਜਿਸਮ, ਜਿਸਮ ਜ਼ਮੀਰ ਦੇ ਬਦਲਾਈਆ । ਭਗਤਾਂ ਭਗਤੀ ਦੀ ਇਕੋ ਦੱਸ ਰਸਮ, ਸਿਰ ਆਪਣਾ ਹੱਥ ਟਿਕਾਈਆ । ਸਭ ਦੀ ਲੇਖੇ ਲਾਉਣੀ ਭਸਮ, ਭਸਮੜ ਆਪਣਾ ਰੰਗ ਬਦਲਾਈਆ । ਹਰਿਜਨ ਤੇਰੇ ਦਵਾਰੇ ਵਸਣ, ਦੂਜਾ ਦਰ ਨਾ ਕੋਇ ਵਡਿਆਈਆ । ਖ਼ੁਸ਼ੀਆਂ ਵਿਚ ਸਾਰੇ ਹੱਸਣ, ਹਸਤੀ ਤਕਣ ਨੂਰ ਇਲਾਹੀਆ । ਤੇਰਾ ਦਰਸ਼ਣ ਪਾਵਣ ਨਿਜ ਅੱਖਣ, ਲੋਚਣ ਨੈਣ ਦੇਣਾ ਖੁਲ੍ਹਾਈਆ । ਅਮੋਲਕ ਹੀਰੇ ਬਣਾ ਲੈ ਰਤਨ, ਅਮੋਲਕ ਆਪ ਪ੍ਰਗਟਾਈਆ । ਅਮੋਲਕ ਘਾਟ ਬਹਾ ਦੇ ਪੱਤਨ, ਧੁਰ ਦੇ ਤਟ ਆਪ ਬਹਾਈਆ । ਆਤਮ ਪਰਮਾਤਮ ਪਰਮਾਤਮ

੧੨੨੯
੨੨

ਆਤਮ ਤੇਰਾ ਨਾਮ ਸਾਰੇ ਰਟਣ, ਦਿਵਸ ਰੈਣ ਧਿਆਨ ਲਗਾਈਆ । ਨਿਜ ਨੇਤਰ ਖੋਲ੍ਹਦੇ ਅੱਖਣ, ਲੋਚਣ ਨੂਰ ਨੂਰ ਰਖਾਈਆ । ਗੁਰਮੁਖ ਹਰਿਜਨ ਹਰਿਭਗਤ ਤੇਰੇ ਪਿਆਰ ਮੁਹੱਬਤ ਦੀ ਦਸਤਾਰ ਸੀਸ ਤੇ ਰੱਖਣ, ਸਿਰ ਸਿਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਤਿਗੁਰ ਧਾਰ ਸ਼ਬਦ ਸੱਜਣ, ਸਾਜਣ ਮੀਤ ਤ੍ਰੈਗੁਣ ਅਤੀਤ ਤ੍ਰੈਭਵਣ ਧਨੀ ਇਕੋ ਇਕ ਅਖਵਾਈਆ ।

✪ ੯ ਚੇਤ ਸ਼ਹਿਨਸ਼ਾਹੀ ਸੰਮਤ ੭ ਸੋਹਣ ਸਿੰਘ, ਸੰਤਾ ਸਿੰਘ, ਸਵਰਨ ਸਿੰਘ, ਕਰਤਾਰ ਕੌਰ, ਦਲੀਪ ਸਿੰਘ, ਬਸੰਤ ਕੌਰ,
ਬਲੀ ਸਿੰਘ ਕੈਰੋਂ, ਮਖਣ ਸਿੰਘ ਜੌੜਾ ਕੇਸੋ ਰਾਮ ਜੰਡੋ ਕੀ ਸਰਹਾਲੀ, ਪ੍ਰੀਤਮ ਕੌਰ ਸਾਹਬ ਪੁਰਾ,
ਮਹਿੰਦਰ ਸਿੰਘ ਬੁੱਗੇ, ਸੰਤਾ ਸਿੰਘ ਬੁਗੇ, ਜਗੀਰ ਸਿੰਘ ਮੁਗਲ ਚੱਕ, ਕਰਨੈਲ ਕੌਰ ਸ਼ਫ਼ੀਪੁਰ,
ਪਰਤਾਪ ਸਿੰਘ ਸੁਗਾ, ਪ੍ਰਤਾਪ ਕੌਰ ਭੋਜੀਆਂ, ਤਰਨਤਾਰਨ ਸ਼ਹਿਰ ਜ਼ਿਲਾ ਅੰਮ੍ਰਿਤਸਰ ✪

ਨੌ ਚੇਤ ਕਹੇ ਮੇਰਾ ਸਚ ਪਰਵਿਸ਼ਟਾ, ਸੰਮਤ ਸ਼ਹਿਨਸ਼ਾਹੀ ਸੱਤ ਨਾਲ ਵਡਿਆਈਆ । ਸ੍ਰੀ ਭਗਵਾਨ ਸਭ ਦਾ ਹੋਵੇ ਇਸ਼ਟਾ, ਇਸ਼ਟ ਦੇਵ ਸਵਾਮੀ ਇਕ ਅਖਵਾਈਆ । ਆਤਮ ਧਾਰੀ ਹੋਵੇ ਸ੍ਰਿਸ਼ਟਾ, ਸ੍ਰਿਸ਼ਟੀ ਦ੍ਰਿਸ਼ਟੀ ਦਏ ਬਦਲਾਈਆ । ਜਨ ਭਗਤਾਂ ਪੂਰਨ ਕਰੇ ਨਿਸਚਾ, ਨਿਹਚਲ ਦਏ ਵਡਿਆਈਆ । ਗ੍ਰਹਿ ਵਖਾਏ ਏਕੰਕਾਰ ਇਕ ਦਾ, ਅਕਲ ਕਲਧਾਰੀ ਆਪਣੀ ਕਾਰ ਕਮਾਈਆ । ਝਗੜਾ ਮੇਟੇ ਜਗਤ ਹਿਤ ਦਾ, ਹਿਤਕਾਰੀ ਇਕ ਅਖਵਾਈਆ । ਮੇਲ ਮਿਲਾਵਾ ਹੋਵੇ ਸਾਚੇ ਪਿਤ ਦਾ, ਪਤਿਪਰਮੇਸ਼ਵਰ ਆਪਣੇ ਰੰਗ ਰੰਗਾਈਆ । ਪਰਦਾ ਲਾਹਵੇ ਕਾਇਆ ਮੰਦਰ ਵਿਚ ਦਾ, ਭੇਵ ਅਭੇਦ ਆਪ ਖੁਲ੍ਹਾਈਆ । ਨਿਜ ਨੇਤਰ ਨੂਰ ਨੁਰਾਨਾ ਹੋਵੇ ਦਿਸਦਾ, ਲੋਚਣ ਅੱਖ ਅੱਖ ਰੁਸ਼ਨਾਈਆ । ਮਨੂਆ ਸ਼ਬਦ ਧਾਰ ਹੋਵੇ ਟਿਕਦਾ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਚਾਰ ਵਰਨ ਪ੍ਰਭ ਰੂਪ ਬਣਾਏ ਸਿਖ ਦਾ, ਸਾਚੀ ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਕਰਨੀ ਕਹੇ ਹਰਿ ਆਦਿ ਅੰਤ ਦਾ ਕਰਤਾ, ਗਹਿਰ ਗੰਭੀਰ ਅਖਵਾਈਆ । ਭੇਵ ਖੁਲ੍ਹਾਏ ਆਪਣੇ ਘਰ ਦਾ, ਗ੍ਰਹਿ ਮਦਰ ਆਪ ਜਣਾਈਆ । ਜਿਥੇ ਮੇਲਾ ਨਰਾਇਣ ਨਰ ਦਾ, ਦੂਜਾ ਸੰਗ ਨਾ ਕੋਇ ਨਿਭਾਈਆ । ਇਕੋ ਦੀਪ ਅਗੰਮੀ ਜਲਦਾ, ਜੋਤੀ ਜੋਤ ਡਗਮਗਾਈਆ । ਝਗੜਾ ਰਿਹਾ ਨਾ ਜਲ ਥਲ ਦਾ, ਮਹੀਅਲ ਰੂਪ ਨਾ ਕੋਇ ਦਰਸਾਈਆ । ਭਗਤ ਵਿਛੋੜਾ ਹੋਏ ਕੋਇ ਨਾ ਪਲ ਦਾ, ਪਲਕ ਦੀ ਵੰਡ ਨਾ ਕੋਇ ਵੰਡਾਈਆ । ਜੋ ਅਵਤਾਰ ਪੈਗ਼ੰਬਰ ਗੁਰੂ ਰਿਹਾ ਘੱਲਦਾ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਉਹ ਮਾਲਕ ਨਿਹਚਲ ਧਾਮ ਅਟਲ ਦਾ, ਅਟਲ ਪਦਵੀ ਇਕ ਦਰਸਾਈਆ । ਸੋ ਆਤਮ ਪਰਮਾਤਮ ਹੋ ਕੇ ਰਲਦਾ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਜੁਗ ਚੌਕੜੀ ਸ੍ਰਿਸ਼ਟੀ ਸਰਗੁਣ ਹੋ ਕੇ ਆਇਆ ਛਲ ਦਾ, ਅਛਲ ਛਲਧਾਰੀ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ

ਸੁਣਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰੂ ਮਾਰੋ ਝਾਕੀ, ਸਚਖੰਡ ਦਵਾਰ ਪੜਦਾ ਆਪ ਉਠਾਈਆ । ਮਾਤਲੋਕ ਦੀ ਨਿਰਗੁਣ ਧਾਰ ਦੀ ਖੋਲ੍ਹੋ ਤਾਕੀ, ਸਰਗੁਣ ਰੂਪ ਨਾ ਕੋਇ ਪਰਗਟਾਈਆ । ਕਿਉਂ ਨਹੀਂ ਤਤਾਂ ਦੀ ਕਰਦੇ ਰਾਖੀ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਤੁਹਾਡੇ ਹੁੰਦਿਆਂ ਮਨੂਆ ਹੋਇਆ ਆਕੀ, ਅਕਲ ਬੁੱਧੀ ਦੀ ਰਹੀ ਨਾ ਕੋਇ ਚਤੁਰਾਈਆ । ਕਿਉਂ ਨਹੀਂ ਜਾਮ ਪਿਆਉਂਦੇ ਬਣ ਕੇ ਸਾਕੀ, ਨਾਮ ਪਿਆਲਾ ਹੱਥ ਉਠਾਈਆ । ਚਾਰੋਂ ਕੁੰਟ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਆਬੇਹਯਾਤ ਬਦਲੇ ਨਾ ਕੋਇ ਹਯਾਤੀ, ਅੰਮ੍ਰਿਤ ਅੰਮ੍ਰਿਤ ਰਸ ਨਾ ਕੋਇ ਚਖਾਈਆ । ਵੇਖੋ ਝਗੜਾ ਪਿਆ ਤਨ ਖ਼ਾਕੀ, ਖ਼ਾਕੀ ਖ਼ਾਕ ਰਹੀ ਉਡਾਈਆ । ਸਤਿ ਧਰਮ ਦੀ ਰਹੀ ਨਾ ਕੋਇ ਇਨਸਾਫ਼ੀ, ਆਦਲ ਅਦਲ ਨਾ ਕੋਇ ਕਮਾਈਆ । ਆਪਣਾ ਤਕੋ ਭਵਿਖਤ ਵਾਕੀ, ਜੋ ਪੇਸ਼ੀਨਗੋਈਆਂ ਵਿਚ ਆਏ ਸੁਣਾਈਆ । ਅਵਤਾਰੋ ਸਾਚੇ ਮੰਡਲ ਪਏ ਕੋਇ ਨਾ ਰਾਸੀ, ਰਸਤਾ ਭੁੱਲੀ ਦੀਨ ਦੁਨੀ ਲੋਕਾਈਆ । ਵੇਖੋ ਸ਼ੰਕਰ ਰੋਵੇ ਉਤੇ ਕੈਲਾਸ਼ੀ, ਕਲਾਧਾਰੀ ਕੀ ਆਪਣੀ ਕਲ ਵਰਤਾਈਆ । ਬ੍ਰਹਮੇ ਬ੍ਰਹਮ ਧਾਰ ਧਰਮ ਧਾਰ ਨਾ ਪਛਾਤੀ, ਬੇਪਹਿਚਾਨ ਸਮਝ ਕਿਸੇ ਨਾ ਆਈਆ । ਵਿਸ਼ਨੂੰ ਵਿਸ਼ਵ ਦੀ ਕਰੇ ਕੋਇ ਨਾ ਰਾਖੀ, ਰੱਖਕ ਰੂਪ ਨਾ ਕੋਇ ਦਰਸਾਈਆ । ਕਿਉਂ ਕਲਜੁਗ ਕਲੂਆ ਹੋਇਆ ਕਲਕਾਤੀ, ਕਲਮਾ ਸਾਰੇ ਗਏ ਭੁਲਾਈਆ । ਵੇਖੋ ਝਗੜਾ ਪਿਆ ਕਾਗਜ਼ਾਤੀ, ਅੱਖਰਾਂ ਵਾਲੀ ਦੀਨ ਦੁਨੀ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ ।
੧੨੩੧ ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰੂ ਵੇਖੋ ਚੁੱਕੇ ਲੋਕਮਾਤ ਦਾ ਪੜਦਾ, ਪੜਦਾਨਸ਼ੀਂ ਰਿਹਾ ਦ੍ਰਿੜਾਈਆ । ਤੁਹਾਡਾ ਦੀਨ ਮਜ਼੍ਹਬ ਦੂਈ ਦੂਵੈਤ ੧੨੩੧
ਵਿਚ ਸੜਦਾ, ਸ਼ਰਅ ਦੀ ਅੱਗ ਨਾ ਕੋਇ ਬੁਝਾਈਆ । ਸ਼ਰੀਅਤ ਵਿਚ ਜਾਏ ਹੜ੍ਹਦਾ, ਅੱਗੇ ਹੋ ਨਾ ਕੋਇ ਅਟਕਾਈਆ । ਸਾਚੀ ਮੰਜ਼ਲ ਮਹਿਬੂਬ
੨੨ ਵਾਲੀ ਕੋਇ ਨਾ ਚੜ੍ਹਦਾ, ਸਚਖੰਡ ਦਵਾਰੇ ਪ੍ਰਭ ਦਾ ਦਰਸ ਕੋਇ ਨਾ ਪਾਈਆ । ਮਾਣ ਰਿਹਾ ਨਾ ਤੀਰਥ ਅੱਠ ਸੱਠ ਜਲ ਦਾ, ਗੰਗਾ ਗੋਦਾਵਰੀ ੨੨
ਜਮਨਾ ਸੁਰਸਤੀ ਰੋਵੇ ਮਾਰੇ ਧਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਦੀਪਕ ਜੋਤ ਕੋਈ ਨਾ ਬਲਦਾ, ਗੁਰੂਦਵਾਰ ਗੁਰਦੇਵ ਸਵਾਮੀ ਨਜ਼ਰ ਕਿਸੇ ਨਾ ਆਈਆ । ਪੰਚ ਵਿਕਾਰਾ ਕੂੜ ਕੁੜਿਆਰਾ ਚਾਰੋਂ ਕੁੰਟ ਹੜ੍ਹਦਾ ਵਗਦਾ, ਵਹਿਣ ਵਹਿਣ ਵਿਚੋਂ ਵਹਾਈਆ । ਸਾਚੇ ਤੱਟ ਕਿਨਾਰੇ ਜਗਤ ਜਗਿਆਸੂ ਕੋਇ ਨਾ ਲੱਗਦਾ, ਪੱਤਨ ਹੱਥ ਕਿਸੇ ਨਾ ਆਈਆ । ਘਰ ਸਵਾਮੀ ਠਾਕਰ ਪਰਵਰਦਿਗਾਰ ਸਾਂਝਾ ਯਾਰ ਕੋਈ ਨਾ ਸੱਦਦਾ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤਾਂ ਨਾਲ ਜੀਵ ਜਹਾਨ ਪੜ੍ਹ ਪੜ੍ਹ ਥੱਕਦਾ, ਥਕਾਵਟ ਵਿਚ ਸਰਬ ਲੋਕਾਈਆ । ਵੇਖੋ ਝਗੜਾ ਮਨ ਮਤ ਦਾ, ਮਨ ਕਲਪਣਾ ਆਪਣਾ ਰੰਗ ਰੰਗਾਈਆ । ਬਿਨਾ ਭਗਤਾਂ ਤੋਂ ਆਤਮ ਦੀਪ ਕੋਇ ਨਾ ਜਗਦਾ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਝਗੜਾ ਮੁਕਿਆ ਨਹੀਂ ਕਿਸੇ ਸ਼ਾਹਰਗ ਦਾ, ਨੌ ਦਵਾਰ ਡੇਰਾ ਕੋਇ ਨਾ ਢਾਹੀਆ । ਰਾਗ ਸੁਣੇ ਨਾ ਕੋਇ ਅਨਹਦ ਦਾ, ਨਾਦੀ ਧੁਨ ਨਾ ਕੋਇ ਸ਼ਨਵਾਈਆ । ਸਚ ਦਵਾਰ ਬਹਿ ਕੋਇ ਨਾ ਸਜਦਾ, ਸਾਜਣ ਮੀਤ ਨਜ਼ਰ ਕਿਸੇ ਨਾ ਆਈਆ । ਮਾਲਕ ਬਣੇ ਨਾ ਕੋਇ ਚੌਥੇ ਪਦ ਦਾ, ਮੰਜ਼ਲ ਹੱਕ ਨਾ ਕੋਇ ਰਖਾਈਆ । ਜਗਤ ਖੇਲ ਤਕੋ ਪੰਜ ਤਤ ਦਾ, ਮਨ ਮਤ ਬੁੱਧ ਨਾਲ ਮਿਲਾਈਆ । ਸਾਚੀ ਮੰਜ਼ਲ ਕੋਇ ਨਾ ਟੱਪਦਾ, ਬੰਧਨ ਬੰਧ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ

ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਵੇਖੇ ਦੀਨ ਦੁਨੀ ਦੀ ਧਾਰ, ਧਰਮ ਸਮਝ ਕਿਸੇ ਨਾ ਆਈਆ । ਚਾਰੋਂ ਕੁੰਟ ਧੂੰਆਂਧਾਰ, ਅੰਧ ਅੰਧੇਰ ਨਾ ਕੋਇ ਮਿਟਾਈਆ । ਨੇਤਰ ਖੋਲ੍ਹੇ ਤੇਈ ਅਵਤਾਰ, ਤ੍ਰੈਗੁਣ ਅਤੀਤੇ ਧਿਆਨ ਲਗਾਈਆ । ਪੈਗ਼ੰਬਰ ਆਪਣੀ ਕਰੇ ਵਿਚਾਰ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਵੇਖ ਵਖਾਈਆ । ਗੁਰੂ ਦਸ ਤਕੇ ਨਜ਼ਾਰ, ਨਜ਼ਰੀਆ ਨਾਮ ਵਾਲਾ ਬਦਲਾਈਆ । ਸਦੀ ਚੌਧਵੀਂ ਸਭ ਨੂੰ ਆਈ ਹਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਮੰਜ਼ਲ ਸਭ ਦੀ ਹੋਈ ਦੁਸ਼ਵਾਰ, ਦੁਸ਼ਮਣ ਅੰਦਰੋਂ ਬਾਹਰ ਨਾ ਕੋਇ ਕਢਾਈਆ । ਸਤਿਗੁਰ ਸ਼ਬਦ ਹੋਵੇ ਨਾ ਪਹਿਰੇਦਾਰ, ਦਿਵਸ ਰੈਣ ਆਪਣੀ ਸੇਵ ਕਮਾਈਆ । ਮਨ ਕਲਪਣਾ ਸ੍ਰਿਸ਼ਟੀ ਦ੍ਰਿਸ਼ਟੀ ਕਰੇ ਵਿਭਚਾਰ, ਕੁਕਰਮ ਕੂੜ ਨਾਲ ਮਿਲਾਈਆ । ਸਾਰੇ ਵੇਖੇ ਬਿਨ ਨੈਣਾਂ ਨੈਣ ਉਘਾੜ, ਬਿਨ ਲੋਚਨ ਅੱਖ ਖੁਲ੍ਹਾਈਆ । ਅੱਗ ਲੱਗੀ ਬਹੱਤਰ ਨਾੜ, ਅਗਨੀ ਤਤ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਤਿਗੁਰ ਸ਼ਬਦ ਸ਼ਬਦ ਬਲਕਾਰੀ, ਬਲਧਾਰੀ ਦਈਏ ਦ੍ਰਿੜਾਈਆ । ਕੀ ਕਰਨ ਵਿਸ਼ਨ ਬ੍ਰਹਮਾ ਸ਼ਿਵ ਸੰਸਾਰੀ ਸੰਘਾਰੀ ਭੰਡਾਰੀ, ਅੱਗੇ ਚਲੇ ਨਾ ਕੋਇ ਚਤੁਰਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਪ੍ਰਭ ਦੀ ਆਈ ਵਾਰੀ, ਵਾਰਸ ਹੋ ਕੇ ਵੇਖੇ ਚਾਈਂ ਚਾਈਂਆ । ਅਸੀਂ ਦਰ ਦਰਵੇਸ਼ ਸੱਯਦੇ ਕਰੀਏ ਨਿਮਸਕਾਰੀ, ਡੰਡਾਵਤ ਸੱਯਦੇ ਵਿਚ ਝੁਕ ਝੁਕ ਸੀਸ ਨਿਵਾਈਆ । ਤੂੰ ਮਿਹਰਵਾਨ ਮਹਿਬੂਬ ਸ਼ਹਿਨਸ਼ਾਹ ਸਿਕਦਾਰੀ, ਸ਼ਾਹ ਪਾਤਸ਼ਾਹ ਤੇਰੀ ਇਕ ਸਰਨਾਈਆ । ਅਮਾਮ ਅਮਾਮਾ ਜੋਤੀ ਜੋਤ ਜੋਤ ਨਿਰੰਕਾਰੀ, ਨਿਰਗੁਣ ਨਿਰਵੈਰ ਤੇਰੀ ਵਡ ਵਡਿਆਈਆ । ਕਲ ਕਲਕੀ ਤੇਰਾ ਰੂਪ ਅਪਰ ਅਪਾਰੀ, ਅਪਰੰਪਰ ਸਮਝ ਕੋਇ ਨਾ ਆਈਆ । ਨਿਹਕਲੰਕ ਨਿਰਗੁਣ ਜੋਤ ਜੋਤ ਉਜਿਆਰੀ, ਉਜਾਲਾ ਦੋ ਜਹਾਨ ਦੇ ਕਰਾਈਆ । ਕਲਜੁਗ ਕੂੜੀ ਕਿਰਿਆ ਮੇਟ ਰੈਣ ਅੰਧ ਅੰਧਿਆਰੀ, ਆਤਮ ਅੰਧੇਰਾ ਦੇ ਚੁਕਾਈਆ । ਏਕਾ ਸ਼ਬਦ ਤੇਰਾ ਨਾਮ ਹੋਵੇ ਜੈਕਾਰੀ, ਜੈ ਜੈਕਾਰ ਕਰੇ ਖ਼ਲਕ ਖ਼ੁਦਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅਨਦ੍ਰਿਸ਼ਟ ਹੋ ਕੇ ਪਾਵੇ ਸਾਰੀ, ਮਹਾਂਸਾਰਥੀ ਆਪਣੀ ਕਲ ਧਰਾਈਆ । ਸਤਿਜੁਗ ਤ੍ਰੇਤਾ ਦੁਆਪਰ ਬੀਤੇ ਆਪਣੀ ਵਾਰੀ, ਕਲਜੁਗ ਵੇਲਾ ਅੰਤਮ ਆਪਣੇ ਲੇਖੇ ਲਾਈਆ । ਤੇਰੀ ਸਿਫ਼ਤ ਸਾਲਾਹ ਬੇਪਰਵਾਹ ਕਾਗਤ ਕਲਮ ਨਾ ਲਿਖਣਹਾਰੀ, ਚਾਰ ਜੁਗ ਦੇ ਅੱਖਰ ਤੇਰੀ ਸਮਝ ਕਿਸੇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਬਾਈਬਲ ਤੁਰੈਤ ਗੁਰੂ ਗ੍ਰੰਥ ਸਾਹਿਬ ਤੇਰੀ ਸਿਫ਼ਤਾਂ ਦੀ ਭੰਡਾਰੀ, ਭੰਡਾਰਾ ਇਕੋ ਏਕ ਏਕੰਕਾਰ ਤੇਰਾ ਨਾਮ ਵਡ ਵਡਿਆਈਆ । ਜਿਸ ਦਾ ਰੂਪ ਰੰਗ ਰੇਖ ਸਰਗੁਣ ਧਾਰ ਕੋਈ ਤਕੇ ਨਾ ਵਿਚ ਸੰਸਾਰੀ, ਸੰਸਾਰੀ ਭੰਡਾਰੀ ਸੰਘਾਰੀ ਜਿਸ ਨੂੰ ਬੈਠੇ ਸੀਸ ਨਿਵਾਈਆ । ਉਹ ਸਚਖੰਡ ਤੋਂ ਸਚ ਸਵਾਮੀ ਵਸੇ ਬਾਹਰੀ, ਜਿਸ ਦਾ ਰੂਪ ਰੰਗ ਰੇਖ ਆਦਿ ਜੁਗਾਦਿ ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਤੇਰਾ ਆਦਿ ਦਾ ਅੰਤ ਦਾ ਕੰਤ ਦਾ ਭਗਵੰਤ ਦਾ ਇਕੋ ਸ਼ਬਦ ਬੋਧ ਲਿਖਾਰੀ, ਲੇਖ ਕਾਤਬ ਕਰਨੀ ਕਰਤੇ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਉਹ ਵੇਖੋ ਨਾਰਦ ਆਉਂਦਾ ਨੱਠਾ, ਭੱਜੇ ਵਾਹੋ ਦਾਹੀਆ । ਪੈਰਾਂ ਵੱਲ ਉਡਾਵੇ ਘੱਟਾ, ਬਿਨ ਪੈਰਾਂ ਪੈਰ ਹਿਲਾਈਆ । ਹੱਥ ਮਾਰਦਾ ਆਵੇ ਉਤੇ ਪੱਟਾਂ, ਪਟਨੇ ਵਾਲੇ ਵੱਲ ਅੱਖ ਉਠਾਈਆ । ਕਿਉਂ ਨਹੀਂ ਮੇਟਦਾ ਦੀਨ ਮਜ਼੍ਹਬ ਦਾ ਰੱਟਾ, ਝਗੜਾ ਕੂੜ ਮਿਟੇ ਲੋਕਾਈਆ ।


੧੨੩੨
੨੨

ਤੇਰੇ ਨਾਮ ਨੂੰ ਕਰਦੇ ਠੱਠਾ, ਸਤਿ ਵਿਚ ਨਾ ਕੋਇ ਸਮਾਈਆ । ਸਤਿਗੁਰ ਸ਼ਬਦ ਤੇਰੇ ਹੁੰਦਿਆਂ ਦੀਨ ਦੁਨੀ ਖਾਏ ਵੱਛਾ ਕੱਟਾ, ਢੋਰਾਂ ਖੱਲ ਲੁਹਾਈਆ । ਨਾਰਦ ਕਹੇ ਜੇ ਮੈਂ ਸਤਿਗੁਰ ਹੋਵਾਂ ਸਾਰੀ ਸ੍ਰਿਸ਼ਟੀ ਨੂੰ ਕਰ ਦੇਵਾਂ ਬਟਾ, ਜ਼ੀਰੋ ਦਾ ਜ਼ੀਰੋ ਰੂਪ ਵਖਾਈਆ । ਉਹ ਵੇਖ ਮੁਹੰਮਦ ਦਾ ਪੂਰਾ ਹੋਣ ਵਾਲਾ ਸਦੀ ਚੌਧਵੀਂ ਦਾ ਪਟਾ, ਪਾਟਲ ਆਪਣੀ ਲੈ ਅੰਗੜਾਈਆ । ਪ੍ਰਭ ਦਾ ਨਾਮ ਹੱਟਾਂ ਵਿਚ ਵਿਕਦਾ ਨਾਲ ਟਕਾ, ਟੱਕਿਆਂ ਵਾਲੀ ਕੀਮਤ ਗਏ ਪਾਈਆ । ਕਲਜੁਗ ਖੇਲ ਕੀਤਾ ਬਾਜ਼ੀਗਰ ਵਾਂਗ ਨਟਾ, ਨਟੂਆ ਆਪਣਾ ਸਾਂਗ ਵਰਤਾਈਆ । ਸਤਿ ਰਹਿਣਾ ਨਹੀਂ ਤੀਰਥ ਤਟਾ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਫਿਰੀ ਦਰੋਹੀ ਮੰਦਰ ਮੱਠਾ, ਸ਼ਿਵਦਵਾਲੇ ਦੇਣ ਦੁਹਾਈਆ । ਚਰਚਾਂ ਮਸੀਤਾਂ ਰੋਂਦੀਆਂ ਇੱਟਾਂ, ਪੱਥਰ ਨੈਣਾਂ ਨੀਰ ਵਹਾਈਆ । ਉਹ ਵੇਖ ਕੂੜੀ ਕਿਰਿਆ ਦੀਆਂ ਖੁਲ੍ਹੀਆਂ ਲਿਟਾਂ, ਮੇਂਢੀ ਸੀਸ ਨਾ ਕੋਇ ਗੁੰਦਾਈਆ । ਕਿਸੇ ਨੂੰ ਨਜ਼ਰ ਨਾ ਆਵੇ ਪੁਰਖ ਅਕਾਲ ਪਿਤਾ, ਜੋ ਗੋਬਿੰਦ ਤੇਰਾ ਬਣਿਆ ਪਿਤਾ ਮਾਈਆ । ਆਪਣੀਆਂ ਵੇਖ ਲੈ ਵਾਰ ਥਿਤਾਂ, ਘੜੀ ਪਲ ਗ੍ਰਿਹਿ ਨਛੱਤਰ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਨਾਰਦ ਆਵੇ ਰੋਂਦਾ ਹੱਸਦਾ, ਹੱਸ ਹੱਸ ਰਿਹਾ ਵਖਾਈਆ । ਦੂਰੋਂ ਕਹੇ ਮੈਂ ਜਾਣਿਆ ਅਵਤਾਰ ਪੈਗ਼ੰਬਰ ਗੁਰੂ ਭੁੱਖਾ ਨਾਮ ਦੇ ਜਸ ਦਾ, ਜਸ ਸਭ ਦਾ ਦਿਆਂ ਸੁਣਾਈਆ । ਪਿਆਰ ਮੰਗਦਾ ਰਿਹਾ ਅੱਖ ਦਾ, ਅੱਖ ਅੱਖ ਨਾਲ ਮਿਲਾਈਆ । ਆਪਣਿਆਂ ਆਪਣਿਆਂ ਦੀਨਾਂ ਮਜ਼੍ਹਬਾਂ ਦੀ ਪੈਜ ਰਿਹਾ
੧੨੩੩ ਰੱਖਦਾ, ਦੂਸਰਿਆਂ ਨਾਲ ਕਰੀ ਲੜਾਈਆ । ਮਨੁੱਸ਼ਾਂ ਵਾਂਗੂ ਮਨੁੱਸ਼ਾਂ ਦੇ ਸੀਸ ਰਿਹਾ ਕਟਦਾ, ਧੜ ਵੱਖੋ ਵੱਖ ਦਿਸਾਈਆ । ਝਗੜਾ ਪਾਉਂਦਾ ੧੨੩੩
੨੨ ਰਿਹਾ ਕਾਇਆ ਮੱਟ ਦਾ, ਤਨ ਵਜੂਦ ਵੰਡ ਵੰਡਾਈਆ । ਇਕ ਰੂਪ ਦਰਸਾਇਆ ਨਾ ਕਿਸੇ ਪੁਰਖ ਸਮਰਥ ਦਾ, ਸਮਰਥ ਵਿਚ ਨਾ ਕੋਇ ਟਿਕਾਈਆ । ੨੨
ਝਗੜਾ ਪਾਇਆ ਤਤ ਅੱਠ ਦਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਆਪਣਾ ਹੁਕਮ ਵਰਤਾਈਆ । ਪਿਆਸਾ ਬਣਿਆ ਰਿਹਾ ਖ਼ੂਨ ਤੇ ਰੱਤ ਦਾ, ਰਤਨ ਅਮੋਲਕ ਰੂਪ ਨਾ ਕੋਇ ਦ੍ਰਿੜਾਈਆ । ਰਾਹ ਚਲਾਉਂਦਾ ਰਿਹਾ ਵੱਖ ਵੱਖ ਦਾ, ਵਖਰੀ ਜਗਤ ਨਾ ਕਾਰ ਕਮਾਈਆ । ਨਾਮ ਕਲਮਾ ਰੂਪ ਧਰਦਾ ਰਿਹਾ ਸਚ ਦਾ, ਸਚ ਸਚ ਨਾਲ ਠੁਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਨਾਰਦ ਕਹੇ ਸਤਿਗੁਰ ਸ਼ਬਦ ਮੈਂ ਪੁੱਜਾ, ਪੂਜਾ ਕਰਕੇ ਸੀਸ ਨਿਵਾਈਆ । ਮੈਨੂੰ ਭੇਵ ਦੱਸਦੇ ਗੁੱਝਾ, ਪਰਦਾ ਦੇ ਉਠਾਈਆ । ਕਿਉਂ ਨਾਮ ਬਦਲਿਆ ਏਕਾ ਦੂਜਾ, ਦੁਤੀਆ ਆਪਣਾ ਰੂਪ ਦਰਸਾਈਆ । ਸਚ ਦੱਸ ਚਹੁੰ ਜੁਗਾਂ ਵਿਚ ਕੇਹੜਾ ਤੇਰਾ ਨਾਮ ਉਘਾ, ਜੋ ਉਗਣ ਆਥਣ ਤਾਈਂ ਜਪਾਈਆ । ਮੈਨੂੰ ਐਂ ਜਾਪਦਾ ਜੇਹੜਾ ਤੂੰ ਨਾਮ ਚਲਾਇਆ ਉਸੇ ਦਾ ਲੈਂਦੇ ਰਹੇ ਭੁੱਗਾ, ਹਿੱਸੇ ਵੰਡ ਜਗਤ ਵਾਲੀ ਪਾਈਆ । ਜੇ ਤੂੰ ਆਦਿ ਅੰਤ ਦਾ ਇਕ ਤੇ ਇਕੋ ਤੇਰਾ ਮੁੱਦਾ, ਕਿਉਂ ਮੁੱਦਤਾਂ ਵਿਚ ਆਪਣੇ ਕਲਮੇ ਲਏ ਬਦਲਾਈਆ । ਜਦੋਂ ਤੂੰ ਗਿਉਂ ਉਪਰ ਬਸੁੱਧਾ, ਪੰਜ ਤਤ ਤਤ ਰੂਪ ਵਖਾਈਆ । ਅਵਤਾਰ ਪੈਗ਼ੰਬਰ ਗੁਰੂ ਬਣ ਕੇ ਕਿਉਂ ਕਰਾਉਂਦਾ ਰਿਹੋਂ ਯੁਧਾ, ਖੰਡੇ ਖੰਡਿਆਂ ਨਾਲ ਟਕਰਾਈਆ । ਤੂੰ ਆਦਿ ਤੋਂ ਅੰਤ ਤਕ ਕਦੇ ਨਾ ਹੋਇਉਂ ਬੁੱਢਾ, ਓਏ ਜਗਤ ਦੇ ਭੇਖੀ ਭੇਖ ਧਾਰ ਕੇ ਆਪਣੀ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਸਤਿਗੁਰ ਸ਼ਬਦ ਖੋਲ੍ਹ ਦੇ ਆਪਣਾ ਭੇਤ, ਪਰਦਾ

ਪਰਦਿਆਂ ਵਿਚੋਂ ਉਠਾਈਆ । ਮੈਂ ਇਕ ਗੱਲ ਪੁਛਦਾ ਕਿਉਂ ਅਰਜਨ ਦੇ ਸਿਰ ਵਿਚ ਪਾਈ ਰੇਤ, ਤਤੀ ਲੋਹ ਉਤੇ ਬਹਾਈਆ । ਕਿਉਂ ਤੇਗ਼ ਬਹਾਦਰ ਦਾ ਸੀਸ ਕੀਤਾ ਖੇਤ, ਕੀ ਖ਼ਤਰਾ ਦਿਸੇ ਲੋਕਾਈਆ । ਕਿਉਂ ਗੋਬਿੰਦ ਨੇ ਬੱਚੇ ਕੀਤੇ ਭੇਟ, ਨੀਹਾਂ ਹੇਠ ਦਬਾਈਆ । ਓਏ ਕਿਉਂ ਤੇਰੇ ਨਾਮ ਕਲਮੇ ਨੂੰ ਜਗਤ ਜਗਿਆਸੂ ਰਹੇ ਵੇਚ, ਟਕਿਆਂ ਵਾਲੀ ਕੀਮਤ ਪਾਈਆ । ਕੀ ਤੂੰ ਆਦਿ ਅੰਤ ਦਾ ਮਾਲਕ ਨਹੀਂ ਹਮੇਸ਼, ਜੁਗ ਜੁਗ ਦਾ ਸ਼ਹਿਨਸ਼ਾਹ ਅਖਵਾਈਆ । ਕਿਉਂ ਝਗੜਾ ਪਿਆ ਲੋਕਮਾਤ ਦੇ ਦੇਸ, ਦੀਨ ਮਜ਼੍ਹਬ ਕਰਨ ਲੜਾਈਆ । ਜੇ ਤੇਰਾ ਸਚਖੰਡ ਦਵਾਰਾ ਇਕ, ਅਵਤਾਰ ਪੈਗ਼ੰਬਰ ਗੁਰੂ ਸਾਰੇ ਤੇਰੇ ਵਿਚ, ਕਿਉਂ ਧਰਤੀ ਉਤੇ ਇਨਸਾਨਾਂ ਵਿਚ ਪਾਈ ਖਿੱਚ, ਸ਼ਰਅ ਸ਼ਰਅ ਨਾਲ ਦਿਤੀ ਟਕਰਾਈਆ । ਕਿਉਂ ਵਖ ਵਖ ਕਲਮੇ ਦਿਤੇ ਲਿਖ, ਕਿਉਂ ਅਣਗਿਣਤ ਸਿਫ਼ਤਾਂ ਵਾਲੇ ਨਾਮ ਚਲਾਈਆ । ਜੇ ਤੂੰ ਸਭ ਦਾ ਸਾਂਝਾ ਇਕੋ ਪਿਤ, ਪਤਿਪਰਮੇਸ਼ਵਰ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਵਿਚੋਂ ਪਰਗਟਾਈਆ । ਨਾਰਦ ਕਹੇ ਸਤਿਗੁਰ ਸ਼ਬਦ ਓ ਮੈਂ ਤਕਾਂ ਇਕੋ ਜੋਤੀ, ਜੋਤੀ ਜਾਤਾ ਸੋਭਾ ਪਾਈਆ । ਕਿਉਂ ਨਹੀਂ ਸ੍ਰਿਸ਼ਟੀ ਬਣੀ ਇਕੋ ਗੋਤੀ, ਗੌਤਮ ਦੀ ਆਸਾ ਦਏ ਦੁਹਾਈਆ । ਕਿਉਂ ਨਹੀਂ ਸੁਰਤੀ ਉਠੀ ਸੋਤੀ, ਸੁਰਤ ਸ਼ਬਦ ਸ਼ਬਦ ਸੁਰਤ ਵਿਚ ਸਮਾਈਆ । ਕਿਉਂ ਸ੍ਰਿਸ਼ਟੀ ਦ੍ਰਿਸ਼ਟੀ ਰਹੀ ਰੋਤੀ, ਧੀਰਜ ਧੀਰ ਨਾ ਕੋਇ ਵਖਾਈਆ । ਕਿਉਂ ਮਾਣ ਦਿਤਾ ਰਵਦਾਸ ਚਮਾਰੇ ਮੋਚੀ, ਰੰਬੀ ਆਰ ਨਾਲ ਸੋਭਾ ਪਾਈਆ । ਕੀ ਤੇਰੀ ਖੇਲ ਪ੍ਰੀਤਮ ਚੋਜੀ, ਚੋਜੀ ਆਪਣਾ ਪੜਦਾ ਦੇਣਾ ਉਠਾਈਆ । ਉਠ ਵੇਖ ਸਾਰੀ ਦੁਨੀਆ ਹੋਈ ਰੋਗੀ, ਹਉਮੇ ਹੰਗਤਾ ਘਰ ਘਰ ਨਜ਼ਰੀ ਆਈਆ । ਸਦੀ ਚੌਧਵੀਂ ਐਸ ਵੇਲੇ ਕੋਈ ਨਾ ਦਿਸੇ ਜੋਗੀ, ਜੁਗੀਸ਼ਰਾਂ ਸਾਰ ਕੋਇ ਨਾ ਪਾਈਆ । ਸੰਤ ਮਹਾਤਮਾ ਸਾਧੂ ਫ਼ਕੀਰ ਜਗਿਆਸੂਆਂ ਵਰਗੇ ਬਣ ਗਏ ਭੋਗੀ, ਸੰਜੋਗੀ ਨਜ਼ਰ ਕੋਇ ਨਾ ਆਈਆ । ਜੇ ਤੂੰ ਮਾਣ ਦਿਤਾ ਵੇਦੀ ਸੋਢੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਨਾਰਦ ਕਹੇ ਮੈਂ ਤੈਨੂੰ ਹੱਥ ਲਗਾਵਾਂ ਬਿਨਾ ਗੋਡਿਆਂ ਤੋਂ ਗੋਡੀਂ, ਗੁਡ ਗਾਡ ਕਹਿ ਕੇ ਦਿਆਂ ਸੁਣਾਈਆ । ਉਠ ਸਵਾਧਾਨ ਹੋ ਮਿਹਰਵਾਨ ਹੋ ਭਗਤ ਭਗਵਾਨ ਹੋ ਜਗਤ ਜਹਾਨ ਸਭ ਨੂੰ ਦੇ ਸੋਝੀ, ਸੁਤਿਆਂ ਲੈ ਜਗਾਈਆ । ਨਾਮ ਦੀ ਤੇਰੇ ਪੈਗ਼ਾਮ ਦੀ ਸਭ ਨੂੰ ਮਿਲੇ ਰੋਜ਼ੀ, ਰਾਜ਼ਕ ਰਿਜ਼ਕ ਰਹੀਮ ਆਪਣੀ ਰਹਿਮਤ ਦੇ ਵਰਤਾਈਆ । ਤੇਰੇ ਪਿਆਰ ਮੁਹੱਬਤ ਦਾ ਸੋਹਲਾ ਹੋਵੇ ਦੋ ਜਹਾਨ ਸਲੋਕੀ, ਚੌਦਾਂ ਲੋਕ ਤੇਰਾ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਸਾਚੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਨਾਰਦਾ ਉਠ ਤਕ, ਆਪਣੀ ਬੋਦੀ ਲੈ ਹਿਲਾਈਆ । ਪਹਿਲੋਂ ਲਕੀਰ ਕਢ ਨਾਲ ਨੱਕ, ਲਾਈਨ ਸਿੱਧੀ ਦੇ ਲਗਾਈਆ । ਫੇਰ ਜੈਕਾਰਾ ਬੋਲ ਹੱਕ, ਹਕੀਕਤ ਵਿਚ ਸਮਾਈਆ । ਫੇਰ ਕੰਨਾਂ ਲਾ ਹੱਥ ਦੋਵੇਂ ਲੈ ਉਠਾਈਆ । ਫੇਰ ਚਰਨੀ ਜਾ ਢੱਠ, ਡੰਡਾਵਤ ਬੰਦਨਾ ਸੱਯਦਾ ਕਰਕੇ ਸੀਸ ਝੁਕਾਈਆ । ਫੇਰ ਅੰਗੜਾਈ ਲੈ ਝਟ, ਆਪਣਾ ਆਪ ਉਠਾਈਆ । ਫੇਰ ਕਰਵਟ ਲੈ ਵੱਟ, ਪਾਸਾ ਲੈ ਬਦਲਾਈਆ । ਫੇਰ ਵੇਖ ਖੇਲ ਪੁਰਖ ਸਮਰਥ, ਸ੍ਰੀ ਭਗਵਾਨ ਰਿਹਾ ਦਰਸਾਈਆ । ਕਲਜੁਗ ਵੇਖ ਅੰਧੇਰੀ ਰਾਤ, ਚਾਰੋਂ ਕੁੰਟ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਨਾਰਦਾ ਓਏ ਉਹ ਤਕ ਲੈ ਜਗਤ, ਜਾਗਰਤ ਜੋਤ ਜੋਤ ਰੁਸ਼ਨਾਈਆ । ਉਹ ਵੇਖ ਪ੍ਰਭੂ ਦੇ

ਭਗਤ, ਭਗਵਨ ਜਿਨ੍ਹਾਂ ਦੇਵੇ ਮਾਣ ਵਡਿਆਈਆ । ਜਿਸ ਨੂੰ ਕਹਿੰਦੇ ਵਾਲੀ ਅਰਸ਼, ਉਹ ਫ਼ਰਸ਼ ਉਤੇ ਉਹਨਾਂ ਦੇ ਅੰਦਰ ਡੇਰਾ ਲਾਈਆ । ਸਦੀ ਚੌਧਵੀਂ ਕਰਕੇ ਤਰਸ, ਰਹਿਮਤ ਆਪਣੀ ਆਪ ਕਮਾਈਆ । ਅੰਮ੍ਰਿਤ ਮੇਘ ਅਗੰਮਾ ਬਰਸ, ਅਗਨੀ ਤਤ ਰਿਹਾ ਬੁਝਾਈਆ । ਸੰਮਤ ਸ਼ਹਿਨਸ਼ਾਹੀ ਲੇਖੇ ਲਾਵੇ ਸੱਤਵਾਂ ਬਰਸ, ਬਰਸੀ ਸਭ ਦੀ ਰਿਹਾ ਮਨਾਈਆ । ਪੂਰਬ ਲਹਿਣਾ ਦੇਵੇ ਕਰਜ਼, ਮਕਰੂਜ਼ ਲੇਖਾ ਰਿਹਾ ਚੁਕਾਈਆ । ਕਰ ਖੇਲ ਆਪ ਅਸਚਰਜ, ਅਚਰਜ ਰਿਹਾ ਬਣਾਈਆ । ਇਕੱਠੇ ਕਰਕੇ ਨਾਰ ਮਰਦ, ਇਕੋ ਦੇਵੇ ਮਾਣ ਵਡਿਆਈਆ । ਸ਼ਾਹ ਹਕੀਰਾਂ ਵੰਡ ਕੇ ਦਰਦ, ਦੁਖੀਆਂ ਹੋਏ ਸਹਾਈਆ । ਆਪਣਾ ਪੂਰਾ ਕਰੇ ਫ਼ਰਜ਼, ਫ਼ੈਸਲਾ ਹੱਕ ਹੱਕ ਸੁਣਾਈਆ । ਯੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਮੁੱਦਤ ਦੇ ਵਿਛੜਿਆਂ ਰਿਹਾ ਮਿਲਾਈਆ । ਜਿਸ ਦੇ ਕੋਲ ਨੌ ਸੌ ਚੁਰਾਨਮੇ ਚੌਕੜੀ ਜੁਗ ਦੀ ਪਿਛਲੀ ਫ਼ਰਦ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੈਠੇ ਸੀਸ ਨਿਵਾਈਆ । ਜਿਸ ਨੇ ਸ਼ਰਅ ਦੀ ਛੁਰੀ ਸਭ ਦੀ ਖੋਹ ਲੈਣੀ ਕਰਦ, ਕਾਤਲ ਮਕਤੂਲ ਦਾ ਲੇਖਾ ਦੇਣਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਰਿਹਾ ਮਿਲਾਈਆ । ਸਤਿਗੁਰ ਸ਼ਬਦ ਕਹੇ ਨਾਰਦਾ ਤਕ ਲੈ ਸਤਿਗੁਰ ਸ਼ਬਦ ਦੀ ਧਾਰ, ਧਰਨੀ ਧਰਤ ਧਵਲ ਧੌਲ ਦਿਆਂ ਵਖਾਈਆ । ਜਿਹਨੂੰ ਵੇਖਣ ਪੈਗ਼ੰਬਰ ਗੁਰ ਅਵਤਾਰ, ਬਿਨ ਨੈਣਾਂ ਨੈਣ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਪਾਵਣ ਸਾਰ, ਸੰਸਾਰੀ ਭੰਡਾਰੀ ਸੰਘਾਰੀ ਆਪਣੀ ਕਰਨੀ ਕਾਰ ਕਮਾਈਆ । ਪੁਰਖ ਅਕਾਲਾ ਦੀਨ ਦਿਆਲਾ ਕੀ ਖੇਲ ਕਰੇ ਵਿਚ
੧੨੩੫ ਸੰਸਾਰ, ਵਡ ਸੰਸਾਰੀ ਦਇਆ ਕਮਾਈਆ । ਭਗਤ ਵਛਲ ਬਣ ਗਿਰਧਾਰ, ਗਿਰਵਰ ਆਪਣਾ ਪੜਦਾ ਦਏ ਉਠਾਈਆ । ਭਗਤ ਭਗਵੰਤ ੧੨੩੫
ਪਾਏ ਸਾਰ, ਮਹਾਂਸਾਰਥੀ ਹੋ ਕੇ ਆਪਣਾ ਰਥ ਚਲਾਈਆ । ਮਿਹਰਵਾਨ ਮਹਿਬੂਬ ਹੋ ਕੇ ਸਭ ਨੂੰ ਬਖ਼ਸ਼ੇ ਸੀਸ ਦਸਤਾਰ, ਸੀਸ ਜਗਦੀਸ਼ ਆਪਣੇ
੨੨ ਲੇਖੇ ਲਾਈਆ । ਜਿਨ੍ਹਾਂ ਨੂੰ ਕਾਲ ਮਹਾਂਕਾਲ ਨਾ ਸਕੇ ਮਾਰ, ਰਾਏ ਧਰਮ ਚਿਤ੍ਰਗੁਪਤ ਨਾ ਲੇਖ ਵਖਾਈਆ । ਮਾਨਸ ਜਨਮ ਪੈਜ ਦੇਵੇ ਸਵਾਰ, ੨੨
ਜਨਮ ਜਨਮ ਦਾ ਗੇੜ ਕਟਾਈਆ । ਚੁਰਾਸੀ ਵਿਚੋਂ ਕਢੇ ਬਾਹਰ, ਜਮ ਕੀ ਫਾਂਸੀ ਨਾ ਕੋਇ ਲਟਕਾਈਆ । ਸਤਿਗੁਰ ਸ਼ਬਦ ਸ਼ਬਦ ਸਤਿਗੁਰ ਤੋਂ ਹੋ ਕੇ ਪਹਿਰੇਦਾਰ, ਭਗਤਾਂ ਹੋਏ ਸਹਾਈਆ । ਆਤਮਾ ਦੀ ਧਾਰ ਨਾਲ ਪਿਆਰ ਲੈ ਕੇ ਜਾਏ ਸਚ ਸਚੇ ਦਰਬਾਰ, ਜਿਥੇ ਬੈਠਾ ਧੁਰਦਰਗਾਹੀਆ । ਆਵਣ ਜਾਵਣ ਲੇਖਾ ਰਹੇ ਨਾ ਕੋਇ ਵਾਰੋ ਵਾਰ, ਜੋਤ ਜੋਤ ਵਿਚ ਸਮਾਈਆ । ਸੋ ਦੀਨ ਦਿਆਲਾ ਹਰਿ ਕਿਰਪਾਲਾ ਸ਼ਬਦ ਰਖਵਾਲਾ ਪਰਮ ਪੁਰਖ ਪਰਮਾਤਮ ਆਤਮ ਪਾਵੇ ਸਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਨਾਰਦਾ ਸਾਚਿਆਂ ਭਗਤਾਂ ਕਰ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਜਿਹੜੇ ਏਸ ਕਲਜੁਗ ਵਿਚ ਇਕੋ ਪ੍ਰਭੂ ਨੂੰ ਰਹੇ ਚਿਤਾਰ, ਦੂਸਰੀ ਚਿਤ ਵਿਤ ਠਗੌਰੀ ਨਾ ਕੋਇ ਰਖਾਈਆ । ਉਨ੍ਹਾਂ ਦੀ ਮੰਜ਼ਲ ਰਹੀ ਨਾ ਕੋਇ ਦੁਸ਼ਵਾਰ, ਦੁਸ਼ਮਣ ਨਜ਼ਰ ਕੋਇ ਨਾ ਆਈਆ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕੰਕਾਰ ਇਕ ਇਕੱਲਾ ਜਨ ਭਗਤਾਂ ਵਸਾਏ ਵਖਾਏ ਇਕ ਮਹੱਲਾ, ਜਿਥੇ ਇਕੋ ਮਹਿਫ਼ਲ ਭਗਤ ਭਗਵਾਨ ਨਜ਼ਰੀ ਆਈਆ ।

✪ ੧੦ ਚੇਤ ਸ਼ਹਿਨਸ਼ਾਹੀ ਸੰਮਤ ੭ ਗੁਰਬਚਨ ਸਿੰਘ, ਅਰਜਨ ਸਿੰਘ, ਪੂਰਨ ਸਿੰਘ, ਦੀਦਾਰ ਸਿੰਘ ਜੱਟਾ, ਭਗਵੰਤ ਸਿੰਘ ਜੱਟਾ, ਜੁਗਿੰਦਰ ਸਿੰਘ ਜੱਟਾ, ਤੇਜਾ ਸਿੰਘ ਚੰਬਲ, ਪੂਰਨ ਸਿੰਘ ਚੰਬਲ, ਚੰਨਣ ਸਿੰਘ ਚੰਬਲ, ਨਿਰੰਜਣ ਸਿੰਘ ਚੰਬਲ, ਅਨੋਖ ਸਿੰਘ ਚੰਬਲ, ਮੋਹਣ ਸਿੰਘ ਚੰਬਲ, ਹੀਰਾ ਨੰਦ ਚੰਬਲ, ਦਲੀਧ ਸਿੰਘ ਚੰਬਲ, ਸੱਜਣ ਸਿੰਘ ਚੰਬਲ, ਰਤਨ ਸਿੰਘ ਚੰਬਲ, ਗੁਪਾਲ ਸਿੰਘ ਮੁੰਡਾ ਪਿੰਡ, ਅਜੀਤ ਸਿੰਘ ਚੋਲਾ ਸਾਹਿਬ ਫੌਜਾ ਸਿੰਘ ਸਰਹਾਲੀ, ਦਰਸ਼ਨ ਸਿੰਘ ਦੁਰਗਾਪੁਰ, ਪਿੰਡ ਊਸਮਾ ਜ਼ਿਲਾ ਅੰਮ੍ਰਿਤਸਰ ✪

ਨਾਰਦ ਕਹੇ ਮੈਂ ਜਗਦੇ ਵੇਖੇ ਦੀਵੇ, ਦੀਪਕ ਦੀਏ ਧਿਆਨ ਲਗਾਈਆ । ਜਨ ਭਗਤ ਸੁਹੇਲੇ ਵੇਖੇ ਖੀਵੇ, ਖ਼ਿਮਾਂ ਗ਼ਰੀਬੀ ਨਿਮਰਤਾ ਵਿਚ ਵਡਿਆਈਆ । ਪ੍ਰਭੂ ਪਿਆਰ ਮੁਹੱਬਤ ਵਿਚ ਜੀਵੇ, ਜ਼ਿੰਦਗੀ ਜ਼ਿੰਦਗਾਨੀ ਪ੍ਰਭ ਦੀ ਝੋਲੀ ਪਾਈਆ । ਸਚ ਦਵਾਰ ਹੋ ਕੇ ਨੀਵੇਂ, ਨਿਵ ਨਿਵ ਲਾਗਣ ਪਾਈਆ । ਝਗੜਾ ਮੁਕਾਉਣਾ ਸਾਢੇ ਤਿੰਨ ਹੱਥ ਸੀਵੇਂ, ਮੜ੍ਹੀ ਗੋਰ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਦਾਤਾ ਧੁਰਦਰਗਾਹੀਆ । ਦੀਵਾ ਕਹੇ ਨਾਰਦਾ ਮੈਨੂੰ ਕਹਿੰਦੇ ਦਾਨ ਸ਼ਮਾਂ, ਸ਼ਮਾਂ ਨੂਰ ਜੋਤ ਰੁਸ਼ਨਾਈਆ । ਮੇਰਾ ਖੇਲ ਵੱਖਰਾ ਜੁਗ ਚਵ੍ਹਾਂ, ਚੌਥੇ ਜੁਗ ਦਿਆਂ ਸੁਣਾਈਆ । ਦੋ ਜਹਾਨਾਂ ਕੂਕ ਕੇ ਕਵ੍ਹਾਂ, ਅਨਬੋਲਤ ਆਪਣੀ ਅਗੰਮ ਆਵਾਜ਼ ਉਠਾਈਆ । ਦਰੋਹੀ ਖ਼ੁਦਾ ਨੇ ਜੁਗ ਬਦਲਣਾ ਨਵਾਂ, ਨਵ ਨੌ ਚਾਰ ਦਾ ਪੰਧ ਮੁਕਾਈਆ । ਅਵਤਾਰ ਪੈਗ਼ੰਬਰ ਗੁਰ ਤਕੇ ਆਪਣਾ ਸਮਾਂ, ਸਮਾਪਤ ਵੇਖੇ ਜਗਤ ਲੋਕਾਈਆ । ਹਰਿ ਕਾ ਨਾਉਂ ਰਿਹਾ ਕਿਸੇ ਨਾ ਦਮਾਂ, ਸਵਾਸ ਸਵਾਸ ਨਾ ਕੋਇ ਸਮਾਈਆ । ਝਗੜਾ ਪਿਆ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਸਕੇ ਨਾ ਕੋਇ ਬਦਲਾਈਆ । ਕਲਪਣਾ ਕੂੜ ਹੋਈ ਮਨਾ, ਮਨਸਾ ਮੋਹ ਨਾ ਕੋਇ ਚੁਕਾਈਆ । ਅਗਨੀ ਲੱਗੀ ਪੰਜ ਤਤ ਤਨਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਦੀਨ ਮਜ਼੍ਹਬ ਦਾ ਤੋੜੇ ਕੋਇ ਨਾ ਬੰਨਾ, ਹੱਦ ਹਦੂਦ ਨਾ ਕੋਇ ਮਿਟਾਈਆ । ਜੋਤੀ ਨੂਰ ਨਜ਼ਰ ਆਏ ਨਾ ਚੰਨਾ, ਸੂਰੀਆ ਚੰਦ ਬੈਠੇ ਸੀਸ ਝੁਕਾਈਆ । ਵੇਖੋ ਧਰਨੀ ਧਰਤ ਧਵਲ ਧੌਲ ਰੋਂਦੀ ਛਮ ਛਮਾਂ, ਛਹਿਬਰ ਇਕ ਵਖਾਈਆ । ਪੁਰਖ ਅਕਾਲੇ ਦੀਨ ਦਿਆਲੇ ਕਲਜੁਗ ਅੰਤਮ ਵਕਤ ਕਰੀਂ ਨਾ ਲੰਮਾਂ, ਲਮਹ ਲਮਹ ਤੇਰਾ ਧਿਆਨ ਰਖਾਈਆ । ਸਭ ਦੀ ਚਿੰਤਾ ਮੇਟ ਦੇ ਗ਼ਮਾ, ਗ਼ਮਗੀਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਨਾਰਦ ਕਹੇ ਮੈਂ ਕੀ ਸੁਣਿਆ ਹੁਕਮ ਸੰਦੇਸ਼ਾ, ਬਿਨਾ ਸੰਧਿਆ ਦਿਤਾ ਸੁਣਾਈਆ । ਸਵਾਧਾਨ ਹੋਏ ਵਿਸ਼ਨ ਬ੍ਰਹਮਾ ਸ਼ਿਵ ਗਣਪਤ ਗਣੇਸ਼ਾ, ਸੁਰਪਤ ਇੰਦ ਇੰਦ ਨਾਲ ਮਿਲਾਈਆ । ਤੇਈ ਅਵਤਾਰ ਦੇਣ ਸੰਦੇਸ਼ਾ, ਹਜ਼ਰਤ ਈਸਾ ਮੂਸਾ ਮੁਹੰਮਦ ਕੂਕਣ ਚਾਈਂ ਚਾਈਂਆ । ਨਾਨਕ ਧਾਰ ਬੋਲੇ ਦਸ ਦਸਮੇਸਾ, ਦਹਿ ਦਿਸ਼ਾ ਇਕ ਸ਼ਨਵਾਈਆ । ਕਲਜੁਗ ਅੰਤਮ ਜਿਸ ਨੇ ਪੂਰਾ ਕਰਨਾ ਲੇਖਾ, ਉਹ ਲਿਖਣ ਇਕ ਵਿਚ ਕਦੇ ਨਾ ਆਈਆ । ਭਗਤ ਉਧਾਰਨਾ ਉਸਦਾ ਆਦਿ ਅੰਤ ਦਾ ਪੇਸ਼ਾ, ਪੇਸ਼ੀਨਗੋਈਆਂ ਸਭ ਦੀਆਂ ਵੇਖ ਵਖਾਈਆ । ਏਥੇ ਉਥੇ ਦੋ ਜਹਾਨਾਂ ਰਹੇ ਹਮੇਸ਼ਾ, ਹਮਸਾਜਣ ਨੂਰ ਇਲਾਹੀਆ । ਜਿਸ ਨੇ ਸਦੀ ਚੌਧਵੀਂ ਬਦਲ ਦੇਣੀ ਰੇਖਾ, ਰਖੀਸ਼ਰ ਮੁਨੀਸ਼ਰ ਤਪੀਸ਼ਰ ਸਮਝ ਕਿਸੇ ਨਾ ਆਈਆ । ਨੌ ਸੌ ਚੁਰਾਨਮੇ ਚੌਕੜੀ ਜੁਗ ਦਾ ਪੂਰਾ

ਕਰੇ ਲੇਖਾ, ਨਵ ਨੌ ਚਾਰ ਦਾ ਪੈਂਡਾ ਦਏ ਚੁਕਾਈਆ । ਦੀਨ ਮਜ਼੍ਹਬ ਦਾ ਰਹਿਣ ਨਾ ਦੇਵੇ ਠੇਕਾ, ਠਾਕਰ ਹੋ ਕੇ ਆਪਣਾ ਹੁਕਮ ਵਰਤਾਈਆ । ਇਕੋ ਪਰਗਟ ਕਰੇ ਸਤਿਗੁਰੂ ਸ਼ਬਦ ਸ਼ਬਦ ਸਤਿਗੁਰੂ ਬੇਟਾ, ਜਿਸ ਨੂੰ ਜੰਮਣ ਵਾਲੀ ਕੋਇ ਨਾ ਮਾਈਆ । ਦੋ ਜਹਾਨਾਂ ਮਰਦ ਮਰਦਾਨਾ ਹੋਵੇ ਖੇਵਟ ਖੇਟਾ, ਨਈਆ ਨੌਕਾ ਨਰ ਨਿਰੰਕਾਰ ਏਕੰਕਾਰ ਏਕੋ ਏਕ ਦਏ ਜਣਾਈਆ । ਜਿਸ ਦਾ ਜੋਤੀ ਧਾਰ ਹੋਵੇ ਵੇਸਾ, ਭੇਸ ਆਪਣਾ ਲਏ ਬਦਲਾਈਆ । ਮੁੱਛ ਦਾੜ੍ਹੀ ਨਾ ਕੋਇ ਕੇਸਾ, ਮੁੰਡ ਮੁੰਡਾਇਆ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਹੋਵੇ ਨੇਤਾ, ਨਿਜ ਨੇਤਰ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵਡਾ ਵਡ ਵਡਿਆਈਆ । ਦੀਪਕ ਕਹਿਣ ਸਾਡੀ ਵੇਖ ਜਗਦੀ ਜੋਤੀ, ਨਾਰਦ ਅੱਖ ਉਠਾਈਆ । ਸ੍ਰਿਸ਼ਟੀ ਰਹਿਣ ਨਹੀਂ ਦੇਣੀ ਸੋਤੀ, ਸੁੱਤਿਆ ਦੇਣਾ ਜਗਾਈਆ । ਜਨ ਭਗਤ ਬਣਾਉਣੇ ਪ੍ਰਭ ਦੇ ਗੋਤੀ, ਵਰਨ ਬਰਨ ਨਾ ਕੋਇ ਚਤੁਰਾਈਆ । ਕੋਟਾਂ ਵਿਚੋਂ ਹੋਣੇ ਮਾਣਕ ਮੋਤੀ, ਕੀਮਤ ਸਕੇ ਨਾ ਕੋਇ ਗਿਣਾਈਆ । ਜਿਨ੍ਹਾਂ ਦੀ ਮਤ ਹੋਣੀ ਨਹੀਂ ਹੋਛੀ, ਦੁਰਮਤ ਮੈਲ ਦੇਣੀ ਧਵਾਈਆ । ਉਨ੍ਹਾਂ ਪੜ੍ਹਨੀ ਪਏ ਨਾ ਪੁਸਤਕ ਪੋਥੀ, ਨਿਰਅੱਖਰ ਧਾਰ ਵਿਚ ਸਮਾਈਆ । ਸਚ ਦਵਾਰ ਦੀ ਬਖ਼ਸ਼ੇ ਸੋਝੀ, ਸਮਝ ਜਗਤ ਵਾਲੀ ਬਦਲਾਈਆ । ਮੇਲਾ ਮੇਲੇ ਬਣ ਕੇ ਠਾਕਰ ਮੌਜੀ, ਮਜਲਸ ਆਪਣੇ ਨਾਲ ਰਖਾਈਆ । ਜਗਤ ਪਿਆਰ ਚੋਂ ਕਰੇ ਵਿਯੋਗੀ, ਵਿਛੋੜਾ ਕੂੜ ਕਿਰਿਆ ਰਖਾਈਆ । ਆਤਮ ਪਰਮਾਤਮ ਮੇਲਾ ਮੇਲ ਕੇ ਧੁਰ ਸੰਜੋਗੀ, ਜਨਮ ਜਨਮ ਦਾ ਲੇਖਾ ਦਏ ਚੁਕਾਈਆ । ਜਿਸ ਧਾਰ ਨੂੰ ਦੱਸਿਆ ਜੋਤੀ ਸ਼ਬਦ ਵੇਦੀ ਸੋਢੀ, ਸੋ ਪੁਰਖ ਨਿਰੰਜਣ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਕਰਤਾ ਅਗੰਮ ਅਥਾਹੀਆ । ਦੀਪਕ ਕਹਿਣ ਜਨ ਭਗਤੋ ਰਹਿਣਾ ਜਾਗਦੇ, ਜਾਗਰਤ ਜੋਤ ਜੋਤ ਰੁਸ਼ਨਾਈਆ । ਪਿਆਰੇ ਰਹਿਣਾ ਸ਼ਬਦ ਵੈਰਾਗ ਦੇ, ਬਿਰਹੋਂ ਰੋਗ ਇਕ ਸਮਝਾਈਆ । ਕੂੜੀ ਕਿਰਿਆ ਰਹਿਣਾ ਤਿਆਗਦੇ, ਤ੍ਰੈਗੁਣ ਅਤੀਤਾ ਮਿਲਣਾ ਧੁਰ ਦਾ ਮਾਹੀਆ । ਨਾਦ ਸੁਣਦੇ ਰਹਿਣਾ ਅਗੰਮੀ ਅਵਾਜ਼ ਦੇ, ਧੁਨ ਆਤਮਕ ਰਾਗ ਜਣਾਈਆ । ਰੂਪ ਬਣਨਾ ਨਹੀਂ ਕਾਗ ਦੇ, ਹੰਸ ਗੁਰਮੁਖ ਸੋਭਾ ਪਾਈਆ । ਇਕੋ ਪਰਮ ਪੁਰਖ ਰਹਿਣਾ ਅਰਾਧਦੇ, ਜਿਸ ਵਿਚ ਸੀਤਾ ਰਾਮ ਰਾਧਾ ਕ੍ਰਿਸ਼ਨ ਗਏ ਸਮਾਈਆ । ਝਗੜੇ ਪਾਉਣੇ ਨਹੀਂ ਅਲਫ਼ਾਜ਼ ਦੇ, ਅੱਖਰਾਂ ਵਾਲੀ ਨਾ ਕੋਇ ਲੜਾਈਆ । ਤੁਸਾਂ ਦਰਸ਼ਨ ਕਰਨੇ ਇਕੋ ਵਾਹਿਦ ਦੇ, ਜਿਸ ਨੂੰ ਵਾਹਵਾ ਕਰ ਕੇ ਸਾਰੇ ਗਏ ਗਾਈਆ । ਮੇਲ ਮਿਲਣੇ ਹੱਕ ਜਨਾਬ ਦੇ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਜੋ ਅਖਵਾਈਆ । ਤੁਹਾਡੇ ਝਗੜੇ ਮੁਕ ਗਏ ਡੰਡਾਵਤ ਬੰਦਨਾ ਸੱਯਦਿਆਂ ਵਾਲੇ ਅਦਾਬ ਦੇ, ਅਦਲ ਇਕੋ ਦਿਤਾ ਦ੍ਰਿੜਾਈਆ । ਤੁਸਾਂ ਇਸ਼ਟ ਮੰਨਣਾ ਦਾਸ ਹੋਣਾ ਪੁਰਖ ਅਕਾਲ ਮਹਾਰਾਜ ਦੇ, ਜੋ ਰਾਜਨ ਰਾਜ ਵਡ ਵਡਿਆਈਆ । ਛਤਰ ਝੁਲਦੇ ਵੇਖਣੇ ਅਗੰਮੀ ਤਾਜ ਦੇ, ਤਖ਼ਤ ਨਿਵਾਸੀ ਇਕੋ ਸੋਭਾ ਪਾਈਆ । ਇਸ਼ਾਰੇ ਸੁਣਨੇ ਅਗੰਮੀ ਰਬਾਬ ਦੇ, ਜਿਸ ਦੀ ਤਾਰ ਸਿਤਾਰ ਨਜ਼ਰ ਕਿਸੇ ਨਾ ਆਈਆ । ਨਾਮ ਸੁਣਨੇ ਉਸ ਕਿਤਾਬ ਦੇ, ਜਿਹੜੀ ਕੁਤਬਖ਼ਾਨੇ ਵਿਚ ਨਾ ਕੋਇ ਛਪਵਾਈਆ । ਝਗੜੇ ਮੁਕਣੇ ਇਸ਼ਕ ਹਕੀਕੀ ਮਜਾਜ਼ ਦੇ, ਮੇਲਾ ਮਿਲਣਾ ਧੁਰ ਦੇ ਮਾਹੀਆ । ਤੁਸਾਂ ਆਸਰੇ ਨਹੀਂ ਤਕਣੇ ਕਿਸੇ ਇਮਦਾਦ ਦੇ, ਸਹਾਰਾ ਅਵਰ ਨਾ ਕੋਇ ਰਖਾਈਆ । ਤੁਸਾਂ ਮਾਲਕ ਬਣਨਾ ਸਚਖੰਡ ਦਵਾਰੇ ਸਾਚੇ ਰਾਜ ਦੇ, ਅਧਵਿਚਕਾਰ ਸਕੇ ਨਾ ਕੋਇ ਅਟਕਾਈਆ । ਤੁਸਾਂ ਨੂਰ ਚਮਕਣਾ ਅਗੰਮੀ ਪ੍ਰਕਾਸ਼ ਦੇ, ਪ੍ਰਕਾਸ਼ ਪ੍ਰਕਾਸ਼ ਵਿਚ ਸਮਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਦੀਪਕ ਕਹਿਣ ਜਨ ਭਗਤੋ ਆਦਿ ਅੰਤ ਦਾ ਇਕ ਪਿਆਰਾ, ਪਰਮ ਪੁਰਖ ਇਕ ਅਖਵਾਈਆ । ਜਿਸ ਨੇ ਭੇਜੇ ਪੈਗੰਬਰ ਗੁਰ ਅਵਤਾਰਾ, ਅਵਤਰੀ ਆਪਣੀ ਕਾਰ ਕਮਾਈਆ । ਨਿਰਗੁਣ ਜੋਤ ਜੋਤ ਕਰ ਚਮਤਕਾਰਾ, ਨੂਰ ਨੂਰ ਕੀਤਾ ਰੁਸ਼ਨਾਈਆ । ਸ਼ਬਦ ਨਾਦ ਨਾਦ ਧੁਨਕਾਰਾ, ਅਗੰਮੀ ਨਾਦ ਦਿਤਾ ਦ੍ਰਿੜਾਈਆ । ਜਨ ਭਗਤਾਂ ਬਣਦਾ ਰਿਹਾ ਸਿਕਦਾਰਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕੀਤਾ ਪਾਰ ਕਿਨਾਰਾ, ਕਲਜੁਗ ਅੰਤਮ ਵੇਖੇ ਚਾਈਂ ਚਾਈਂਆ । ਚੁਰਾਸੀ ਵਿਚੋਂ ਜਨ ਭਗਤਾਂ ਆਪ ਉਭਾਰਾ, ਫੜ ਬਾਹੋਂ ਪਾਰ ਕਰਾਈਆ । ਦੀਪਕ ਕਹਿਣ ਗੁਰਮੁਖੋ ਸਤਿਗੁਰ ਦੀ ਸ਼ਬਦ ਵਾਲੀ ਦਾਤ ਸੀਸ ਉਤੇ ਰੱਖੋ ਦਸਤਾਰਾ, ਦਸਤ ਦਸਤ ਨਾਲ ਮਿਲਾਈਆ । ਯਾਦ ਰੱਖਣਾ ਕਿਸੇ ਦਾ ਜਨਮ ਨਹੀਂ ਹੋਣਾ ਫੇਰ ਦੁਬਾਰਾ, ਚੁਰਾਸੀ ਵਿਚ ਨਾ ਕੋਇ ਭਵਾਈਆ । ਰਾਏ ਧਰਮ ਚਿਤ੍ਰਗੁਪਤ ਤੁਹਾਨੂੰ ਸਭ ਨੂੰ ਨਿਉਂ ਨਿਉਂ ਕਰੇ ਨਿਮਸਕਾਰਾ, ਦੂਰ ਦੁਰਾਡਾ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਸੰਸਾਰੀ ਭੰਡਾਰੀ ਸੰਘਾਰੀ ਤਕਣ ਵਾਰੋ ਵਾਰਾ, ਬਿਨ ਨੇਤਰ ਨੈਣ ਅੱਖ ਖੁਲ੍ਹਾਈਆ । ਅਵਤਾਰ ਪੈਗੰਬਰ ਗੁਰੂ ਤੁਹਾਡਾ ਕਰਨ ਸਤਿਕਾਰਾ, ਸਤਿ ਸਤਿ ਕਹਿ ਕੇ ਤਾਲੀ ਦੇਣ ਵਜਾਈਆ । ਧੰਨ ਭਾਗ ਜੋ ਮਾਤਲੋਕ ਵਿਚ ਆਏ ਸਚਖੰਡ ਸੱਚੇ ਦਰਬਾਰਾ, ਦਰਗਹ ਸਾਚੀ ਸੋਭਾ ਪਾਈਆ । ਜਿਨ੍ਹਾਂ ਦਾ ਮਲਾਹ ਬੇਪਰਵਾਹ ਸਤਿਗੁਰ ਸ਼ਬਦ ਸ਼ਬਦ ਸਤਿਗੁਰ ਸਹਾਰਾ, ਸਹਾਇਕ ਹੋ ਕੇ ਨਾਇਕ ਹੋ ਕੇ ਘਰ ਆਪਣੇ ਦਏ ਟਿਕਾਈਆ । ਸ਼ਮਾਦਾਨ
੧੨੩੮ ਕਹਿਣ ਨਾਰਦਾ ਉਠ ਵੇਖ ਭਗਤ ਭਗਵਾਨ ਦਾ ਵਿਵਹਾਰਾ, ਵਿਵਹਾਰੀ ਹੋ ਕੇ ਨਿਰੰਕਾਰੀ ਹੋ ਕੇ ਜੋਤ ਉਜਿਆਰੀ ਹੋ ਕੇ ਉਜਲ ਮੁਖ ਭਗਤਾਂ ਰਿਹਾ ੧੨੩੮
ਕਰਾਈਆ । ਅੱਗੇ ਮੰਜ਼ਲ ਨਾ ਰਹੇ ਦੁਸ਼ਵਾਰਾ, ਦੂਤੀ ਦੁਸ਼ਮਣਾਂ ਡੇਰਾ ਢਾਹੀਆ । ਮਿਹਰਵਾਨ ਹੋ ਕੇ ਜਨ ਭਗਤਾਂ ਜਨਮ ਮਰਨ ਸਵਾਰਾ, ਸਵਾਰਥ
੨੨ ਪ੍ਰੇਮ ਪ੍ਰੀਤੀ ਵਾਲਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਇਕ ਸਿਕਦਾਰਾ, ਜੁਗ ਜੁਗ ਆਪਣਾ ਹੁਕਮ ਵਰਤਾਈਆ । ੨੨

✪ ੧੧ ਚੇਤ ਸ਼ਹਿਨਸ਼ਾਹੀ ਸੰਮਤ ੭ ਮਹਿੰਦਰ ਕੌਰ, ਕਸ਼ਮੀਰ ਸਿੰਘ, ਦਰਸ਼ਨ ਸਿੰਘ ਲਾਖਨਾ, ਕਾਬਲ ਸਿੰਘ, ਬਾਸਰਕੇ, ਲਛਮਣ ਸਿੰਘ, ਗੋਪਾਲ ਕੌਰ ਭੂਰੇ, ਬੀਬੀ ਵੀਰੋ ਮਾੜੀ ਕੰਬਕੇ ਕੀ, ਜੀਤੋ ਬਾਸਰ ਕੇ, ਪਿੰਡ ਰਾਜੋਕੇ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਕਹੇ ਹੋਵੇ ਵਕਤ ਸੁਹੰਜਣਾ, ਹਰਿ ਸੋਭਨੀਕ ਸੁਹਾਈਆ । ਜਨ ਭਗਤਾਂ ਨੇਤਰ ਨਾਮ ਪਾਵੇ ਅੰਜਣਾ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਆਤਮ ਪਰਮਾਤਮ ਰਹਿਣ ਨਾ ਦੇਵੇ ਅਲੱਗਣਾ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਧੁਰਦਰਗਾਹੀ ਠਾਕਰ ਬਣ ਕੇ ਸੱਜਣਾ, ਸਚ ਦਾ ਮਾਲਕ ਦਇਆ ਕਮਾਈਆ । ਮਿਹਰ ਕਰੇ ਗੋਪਾਲ ਮੂਰਤ ਮਦਨਾ, ਮਧੁਸੂਦਨ ਆਪਣੀ ਖੇਲ ਖਿਲਾਈਆ । ਬਿਨ ਮੱਕੇ ਕਾਅਬਿਉਂ ਕਰਾਏ ਆਪਣਾ ਹੱਜਣਾ, ਹਜ਼ਰਤ ਮਾਲਕ ਖ਼ਾਲਕ ਧੁਰਦਰਗਾਹੀਆ । ਜਿਸ ਦਾ ਡੰਕਾ ਡੌਰੂ ਨਾਮ ਦਮਾਮਾ ਵੱਜਣਾ, ਦੋ ਜਹਾਨਾ ਕਰੇ ਸ਼ਨਵਾਈਆ । ਉਹ ਦੀਪਕ ਜੋਤੀ ਜਗਣਾ, ਜਾਗਰਤ ਜੋਤ ਡਗਮਗਾਈਆ । ਸਦੀ ਚੌਧਵੀਂ ਪੂਰੀ ਕਰੇ ਹੱਦਨਾ, ਹਦੂਦ ਸ਼ਰਅ ਰਹਿਣ

ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਉਠੋ ਵੇਖੋ ਨਬੀ ਰਸੂਲ, ਪੈਗ਼ੰਬਰਾਂ ਦਿਆਂ ਦ੍ਰਿੜਾਈਆ । ਹੱਕ ਹਕੀਕਤ ਕਰੋ ਕਬੂਲ, ਕਲਮਾ ਕਾਇਨਾਤ ਧੁਰਦਰਗਾਹੀਆ । ਸਭ ਦਾ ਬਦਲ ਜਾਣਾ ਅਸੂਲ, ਅਸੂਲੀ ਆਪਣਾ ਹੁਕਮ ਵਰਤਾਈਆ । ਪੈਗ਼ਾਮ ਦੇਵੇ ਹੱਕ ਮਾਕੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਖੇਲ ਵੇਖੇ ਹਰਿ ਭਗਵੰਤ ਕੰਤੂਲ, ਹਰਿ ਕਰਤਾ ਕੀ ਕਰਾਈਆ । ਜਿਸ ਦੀ ਜੁਗ ਚੌਕੜੀ ਮੰਗਦੇ ਰਹੇ ਧੂਲ, ਧੂੜੀ ਚਰਨਾਂ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਪੈਗ਼ੰਬਰ ਵੇਖੇ ਰਸੂਲ ਨਬੀ, ਬਿਨ ਨੈਣਾਂ ਨੈਣ ਉਠਾਈਆ । ਬਿਨ ਅੱਖਰਾਂ ਤਕੋ ਮੁਹੰਮਦ ਦੀ ਚੌਧਵੀਂ ਸਦੀ, ਸਦਮਾ ਘਰ ਘਰ ਨਜ਼ਰੀ ਆਈਆ । ਪੱਟੇਦਾਰੀ ਦੀ ਰਹਿਣੀ ਨਹੀਂ ਕੋਈ ਗੱਦੀ, ਗਦਾਗਰ ਹੋਏ ਲੋਕਾਈਆ । ਇਕੋ ਜੋਤ ਅਗੰਮੀ ਜਗੀ, ਜਾਗਰਤ ਜੋਤ ਬਿਨ ਵਰਨ ਗੋਤ ਕਰੇ ਰੁਸ਼ਨਾਈਆ । ਜਿਸ ਲੇਖਾ ਪੂਰਾ ਕਰਨਾ ਹੱਦੀ, ਕਿਸ਼ਨਾ ਸ਼ੁਕਲਾ ਪੱਖ ਖੋਜ ਖੁਜਾਈਆ । ਪ੍ਰਕਾਸ਼ ਹੋਵੇ ਨੂਰ ਰੱਬੀ, ਰਬੀਉਲਸਾਨੀ ਆਪਣਾ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਨਬੀ ਰਸੂਲ ਤੱਕਣ ਤਮਾਮ, ਪਰਦਾ ਪਰਦਿਆਂ ਵਿਚੋਂ ਉਠਾਈਆ । ਸਾਡੇ ਮਾਲਕ ਖ਼ਾਲਕ ਇਕ ਅਮਾਮ, ਆਲਮੀਨ ਤੇਰੀ ਸਰਨਾਈਆ । ਤੇਰਾ ਤੱਕਿਆ ਕਲਮਾ ਕਲਾਮ, ਕਾਇਨਾਤ ਖੋਜ ਖੁਜਾਈਆ ।
੧੨੩੯ ਸਾਡਾ ਰਿਹਾ ਨਾ ਇੰਤਜਾਮ, ਦਰੋਹੀ ਤੇਰਾ ਨਾਮ ਦੁਹਾਈਆ । ਚਾਰ ਕੁੰਟ ਅੰਧੇਰੀ ਸ਼ਾਮ, ਸ਼ਮਾ ਦੀਪ ਤੇਰਾ ਨੂਰ ਨਾ ਕੋਇ ਰੁਸ਼ਨਾਈਆ । ਮਜ਼੍ਹਬ ੧੨੩੯
ਦਾ ਰਿਹਾ ਨਾ ਕੋਇ ਗ਼ੁਲਾਮ, ਗ਼ੁਰਬਤ ਕੂੜ ਭਰੀ ਲੋਕਾਈਆ । ਜੀਵ ਜਗਤ ਹੋਏ ਨਾਦਾਨ, ਨਿਜ ਨੈਣ ਨਾ ਕੋਇ ਖੁਲ੍ਹਾਈਆ । ਤੂੰ ਸਾਹਿਬ
੨੨ ਸਵਾਮੀ ਮਿਹਰਵਾਨ, ਮਹਿਬੂਬ ਅਗੰਮ ਅਥਾਹੀਆ । ਤੇਰਾ ਸੰਦੇਸ਼ਾ ਵਾਹਿਦ ਦਾ ਫ਼ਰਮਾਨ, ਫ਼ਰਮਾਂਬਰਦਾਰ ਹੋ ਕੇ ਸੀਸ ਨਿਵਾਈਆ । ਸਾਡੀ ੨੨
ਬੋਲਣ ਵਾਲੀ ਨਹੀਂ ਜ਼ਬਾਨ, ਜ਼ਿਮੀਂ ਜ਼ਮਾਂ ਨਾ ਧਿਆਨ ਲਗਾਈਆ । ਅਲਿਫ਼ ਯੇ ਦਾ ਰਿਹਾ ਨਾ ਕੋਇ ਮੁਕਾਮ, ਮੁਕਾਮੇ ਹੱਕ ਤੇਰਾ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਪੈਗ਼ੰਬਰ ਨਬੀ ਰਸੂਲ ਰਹੇ ਝੁਕ, ਬਿਨ ਕਦਮਾਂ ਕਦਮ ਸੀਸ ਨਿਵਾਈਆ । ਪਰਵਰਦਿਗਾਰ ਸਾਂਝੇ ਯਾਰ ਸਾਡਾ ਪੈਂਡਾ ਰਿਹਾ ਮੁਕ, ਅੱਗੇ ਕਦਮ ਨਾ ਕੋਇ ਉਠਾਈਆ । ਵੇਲਾ ਵਕਤ ਅਖ਼ੀਰੀ ਰਿਹਾ ਢੁਕ, ਸਮਾਂ ਸਮੇਂ ਵਿਚੋਂ ਬਦਲਾਈਆ । ਤੇਰਾ ਨਿਸ਼ਾਨਾ ਕਦੇ ਨਾ ਜਾਵੇ ਉਕ, ਅਣਿਆਲਾ ਤੀਰ ਬੇਪਰਵਾਹੀਆ । ਅਸੀਂ ਤਕਦੇ ਤੇਰਾ ਸ਼ਬਦ ਦੁਲਾਰਾ ਇਕੋ ਗੋਬਿੰਦ ਸੁਤ , ਸੂਰਬੀਰ ਵਡ ਵਡਿਆਈਆ । ਜੋ ਤੇਰੀ ਧਾਰੋਂ ਪੈਣਾ ਉਠ, ਜੰਮਣ ਵਾਲੀ ਦਿਸੇ ਨਾ ਕੋਇ ਮਾਈਆ । ਉਸ ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਹੋ ਕੇ ਲੈਣਾ ਪੁਛ, ਲੱਖ ਚੁਰਾਸੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਸੀਸ ਨਿਵਾਈਆ । ਪੈਗ਼ੰਬਰ ਨਬੀ ਰਸੂਲ ਇਕੋ ਵਾਰ ਕਰਨ ਸੱਯਦਾ, ਸੀਸ ਸੀਸ ਝੁਕਾਈਆ । ਹਉਂ ਬਾਲਕ ਤੇਰੇ ਬਰਦਾ, ਬੰਦਗੀ ਵਿਚ ਤੇਰੀ ਧੂੜੀ ਖ਼ਾਕ ਰਮਾਈਆ । ਤੇਰਾ ਨੂਰ ਅਗੰਮੀ ਹਰਿ ਦਾ, ਹਰ ਹਿਰਦੇ ਰਿਹਾ ਸਮਾਈਆ । ਸਦੀ ਚੌਧਵੀਂ ਤੇਰੇ ਕੋਲੋਂ ਸਭ ਡਰਦਾ, ਸਿਰ ਸਕੇ ਨਾ ਕੋਇ ਉਠਾਈਆ । ਤੂੰ ਨਿਰਗੁਣ ਧਾਰ ਹੋ ਕੇ ਲੜਦਾ, ਸਤਿਗੁਰ ਸ਼ਬਦ ਸ਼ਬਦ ਪ੍ਰਗਟਾਈਆ ।

ਜੇਹੜਾ ਨਾ ਜਨਮੇ ਨਾ ਮਰਦਾ, ਮਰ ਜੀਵਤ ਰੂਪ ਦਰਸਾਈਆ । ਉਸ ਨੇ ਲੇਖਾ ਪੂਰਾ ਕਰਨਾ ਕਲਜੁਗ ਕਲ ਦਾ, ਕਲਕਾਤੀ ਦਏ ਖਪਾਈਆ । ਭੇਵ ਪਾਉਣਾ ਜਲ ਥਲ ਦਾ, ਮਹੀਅਲ ਵੇਖੇ ਚਾਈਂ ਚਾਈਂਆ । ਜੋ ਆਤਮ ਪਰਮਾਤਮ ਹੋ ਕੇ ਭਗਤਾਂ ਅੰਦਰ ਰਲਦਾ, ਗੁਰਮੁਖਾਂ ਵਿਚ ਸਮਾਈਆ । ਅਛਲ ਛਲ ਹੋ ਕੇ ਛਲਦਾ, ਵਲ ਛਲਧਾਰੀ ਆਪਣੀ ਕਾਰ ਕਮਾਈਆ । ਉਹ ਲੇਖਾ ਜਾਣੇ ਕਾਇਆ ਮਾਟੀ ਡੂੰਘੀ ਡਲ ਦਾ, ਤਨ ਸਰੀਰ ਬੇਨਜ਼ੀਰ ਆਪਣਾ ਪੜਦਾ ਆਪ ਚੁਕਾਈਆ । ਭੇਵ ਆਉਂਦਾ ਨਹੀਂ ਤੇਰੇ ਸੂਰਬੀਰ ਅਗੰਮੇ ਬਲ ਦਾ, ਬਲ ਬਾਵਨ ਦਏ ਗਵਾਹੀਆ । ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਸਾਂਝੇ ਯਾਰ ਤੇਰਾ ਭਾਣਾ ਕਦੇ ਨਾ ਟਲਦਾ, ਅਟਲ ਤੇਰਾ ਹੁਕਮ ਮੇਟ ਸਕੇ ਕੋਇ ਨਾ ਰਾਈਆ । ਤੇਰਾ ਮਸਲਾ ਮਹਿਬੂਬ ਇਕੋ ਹੋਵੇ ਹਲ ਦਾ, ਹਾਲਤ ਬਦਲੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਨਿਹਚਲ ਧਾਮ ਅਟਲ ਦਾ, ਜਿਥੇ ਇਕੋ ਦੀਪਕ ਜੋਤ ਬਲਦਾ, ਦੂਸਰ ਨਜ਼ਰ ਕੋਇ ਨਾ ਆਈਆ ।

੧੨ ਚੇਤ ਸ਼ਹਿਨਸ਼ਾਹੀ ਸੰਮਤ ੭ ਬਾਬਾ ਮੋਤਾ ਸਿੰਘ, ਦਲੀਪ ਸਿੰਘ, ਫੁੱਮਣ ਸਿੰਘ, ਪਰਤਾਪ ਸਿੰਘ, ਸੁਰਜੀਤ ਕੌਰ, ਸੇਵਾ ਸਿੰਘ,
ਬੀਬੀ ਬੀਰੋ, ਬੇਬੇ ਭਜਨੋ, ਸੱਜਣ ਸਿੰਘ, ਗੁਲਾਬ ਕੌਰ ਡਲ, ਦਿਆਲ ਸਿੰਘ ਡਲ, ਗੰਡਾ ਸਿੰਘ ਦੁਰਾਜਕੇ,
ਕਰਮੋ ਬਰਨਾਲਾ, ਸੁਰਜਨ ਸਿੰਘ ਨੂਰਪੁਰ, ਮਨੀ ਰਾਮ ਸਿੱਧਮ, ਮਿਲਖਾ ਸਿੰਘ ਮਾੜੀ ਮੇਘਾ,
ਸਮੁੰਦ ਸਿੰਘ ਮਾੜੀ ਮੇਘਾ, ਹਰਬੰਸ ਕੌਰ ਨਾਰਲਾ, ਸਾਧੂ ਸਿੰਘ ਝਾਮਕੇ,
ਦਲੀਪ ਸਿੰਘ ਨੂਰਪੁਰ, ਅਮਰੀਕ ਕੌਰ ਡਲੀਰੀ,
ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ

ਸ਼ਮਾਦਾਨ ਕਹਿਣ ਪੰਜੇ, ਪੰਚਮ ਪੰਚਮ ਪੰਚਮ ਧਿਆਨ ਲਗਾਈਆ । ਜਨ ਭਗਤੋ ਤੁਸੀਂ ਮੰਜ਼ਲ ਪ੍ਰਭ ਦੀ ਲੰਘੇ, ਅੱਗੇ ਹੋ ਨਾ ਕੋਇ ਅਟਕਾਈਆ । ਪੁਰਖ ਅਕਾਲ ਦੀਨ ਦਿਆਲ ਲਾਇਆ ਅੰਗੇ, ਅੰਗੀਕਾਰ ਇਕ ਹੋ ਆਈਆ । ਜੋ ਭਗਤ ਦਵਾਰ ਫਿਰੇ ਪੈਰ ਨੰਗੇ, ਖ਼ੁਸ਼ੀਆਂ ਵਿਚ ਚਲੇ ਚਾਈਂ ਚਾਈਂਆ । ਬੈਠ ਗ੍ਰਹਿ ਸਿੰਘਾਸਨ ਉਲਟੇ ਮੰਜੇ, ਉਲਟੀ ਸ੍ਰਿਸ਼ਟੀ ਦ੍ਰਿਸ਼ਟੀ ਦਏ ਕਰਾਈਆ । ਵਿਛੋੜੇ ਦੇ ਸਮੇਂ ਰਹਿਣ ਨਾ ਦੇਵੇ ਲੰਮੇ, ਅਗਲਾ ਪੰਧ ਮੁਕਾਈਆ । ਜਨ ਭਗਤੋ ਸੰਮਤ ਸ਼ਹਿਨਸ਼ਾਹੀ ਸੱਤ ਵਿਚ ਤੁਸੀਂ ਸਾਰੇ ਪ੍ਰਭ ਦੇ ਘਰ ਜੰਮੇ, ਜੰਮਣ ਵਾਲੀ ਅਵਰ ਕੋਇ ਨਾ ਮਾਈਆ । ਤੁਹਾਡਾ ਲੇਖੇ ਲੱਗੇ ਪਵਣ ਸਵਾਸ ਦਮੇਂ, ਦਾਮਨਗੀਰ ਇਕ ਅਖਵਾਈਆ । ਤੁਸੀਂ ਮਾਰਗ ਸਮਝਾਉਣੇ ਨਵੇਂ, ਨਵ ਨੌ ਚਾਰ ਦਾ ਪੰਧ ਮੁਕਾਈਆ । ਤੁਹਾਡੀ ਆਸਾ ਤੂੰ ਮੇਰਾ ਮੈਂ ਤੇਰਾ ਗਾਵੇ, ਆਤਮ ਪਰਮਾਤਮ ਰਾਗ ਅਲਾਈਆ । ਸਚ ਸਵਾਮੀ ਤੁਹਾਡੇ ਮੰਦਰ ਅੰਦਰ ਰਹਿਵੇ, ਸਾਢੇ ਤਿੰਨ ਹੱਥ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਦੀਪਕ ਕਹਿਣ

ਅਸੀਂ ਸੇਵਾਦਾਰ, ਦਰ ਠਾਂਡੇ ਸੇਵ ਕਮਾਈਆ । ਅਸੀਂ ਛਡ ਕੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ, ਤੱਟਾਂ ਕਿਨਾਰਿਆਂ ਪੰਧ ਮੁਕਾਈਆ । ਹੁਕਮ ਸੰਦੇਸ਼ਾ ਨਾ ਸੁਣਿਆ ਧੁਰ ਦਰਬਾਰ, ਹਰਿ ਕਰਤੇ ਦਿਤਾ ਦ੍ਰਿੜਾਈਆ । ਕਲਜੁਗ ਅੰਤਮ ਪੁਰਖ ਅਕਾਲੇ ਆਪਣੀ ਵਾਰ, ਵਾਰਤਾ ਪਿਛਲੀ ਦਏ ਦ੍ਰਿੜਾਈਆ । ਵੇਖੇ ਖੇਲ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਧਿਆਨ ਲਗਾਈਆ । ਸਵਾਧਾਨ ਹੋਏ ਤੇਈ ਅਵਤਾਰ, ਹਜ਼ਰਤ ਈਸਾ ਮੂਸਾ ਨੈਣ ਅੱਖ ਖੁਲ੍ਹਾਈਆ । ਨਾਨਕ ਗੋਬਿੰਦ ਪਾਵੇ ਸਾਰ, ਪਰਦਾ ਓਹਲਾ ਰਹੇ ਨਾ ਰਾਈਆ । ਜਗਤ ਜਗਿਆਸੂ ਹੋ ਹੁਸ਼ਿਆਰ, ਆਲਸ ਨਿੰਦਰਾ ਕੂੜ ਗਵਾਈਆ । ਚਾਰੋਂ ਕੁੰਟ ਧੂੰਆਂਧਾਰ, ਦਹਿ ਦਿਸ਼ਾ ਅੰਧੇਰਾ ਛਾਈਆ । ਸਤਿ ਸਚ ਦਾ ਰਿਹਾ ਨਾ ਕੋਇ ਪਿਆਰ, ਪ੍ਰੇਮੀ ਪ੍ਰੀਤਮ ਮੇਲ ਨਾ ਕੋਇ ਮਿਲਾਈਆ । ਦੀਪਕ ਕਹਿਣ ਅਸੀਂ ਰੋਈਏ ਜ਼ਾਰੋ ਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਬਹੁੜੀ ਦਰੋਹੀ ਆਤਮ ਪਰਮਾਤਮ ਕਿਸੇ ਮਿਲਿਆ ਨਾ ਸਾਂਝਾ ਯਾਰ, ਘਰ ਸਵਾਮੀ ਅੰਤਰਜਾਮੀ ਨਜ਼ਰ ਕਿਸੇ ਨਾ ਆਈਆ । ਜੋਤੀ ਦੀਪਕ ਦੇਵੇ ਕੋਈ ਨਾ ਬਾਲ, ਅੰਧ ਅਗਿਆਨ ਨਾ ਕੋਇ ਚੁਕਾਈਆ । ਭਾਗ ਲੱਗੇ ਨਾ ਕਿਸੇ ਸਾਢੇ ਤਿੰਨ ਹੱਥ ਧਰਮਸਾਲ, ਸਾਚੇ ਮੰਦਰ ਨਿਰਮਲ ਜੋਤ ਨਾ ਕੋਇ ਡਗਮਗਾਈਆ । ਨਾ ਕੋਈ ਪੁੱਛੇ ਮੁਰੀਦਾਂ ਹਾਲ, ਮੁਰਸ਼ਦ ਮੇਲ ਨਾ ਕੋਇ ਮਿਲਾਈਆ । ਤ੍ਰੈਗੁਣ ਮਾਇਆ ਪਾਇਆ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਮਹਾਂਕਾਲ ਭੈ ਰਿਹਾ ਵਖਾਈਆ । ਚਿਤ੍ਰਗੁਪਤ ਲੇਖਾ ਰਿਹਾ ਸੰਭਾਲ, ਰਾਏ ਧਰਮ ਨੈਣ ਉਠਾਈਆ । ਸ਼ੰਕਰ ਚਲਣ ਵਾਲਾ ਆਪਣੀ ਚਾਲ, ਸੰਘਾਰੀ ਆਪਣਾ ਹੁਕਮ ਵਰਤਾਈਆ । ਕੀ ਖੇਲ ਕਰਨਾ ਦੀਨ ਦਿਆਲ, ਦੀਨ ਦੁਨੀ ਤੋਂ ਬਾਹਰ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਦੀਪਕ ਕਹਿਣ ਸਾਡਾ ਰੂਪ ਅੱਗ ਬਲਦੀ, ਜਗਤ ਜਗਤ ਰੁਸ਼ਨਾਈਆ । ਜਨ ਭਗਤੋ ਵੇਖੋ ਖੇਲ ਨਿਹਚਲ ਧਾਮ ਅਟਲ ਦੀ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਖੇਲ ਖਿਲਾਈਆ । ਜਿਸ ਸਾਰ ਪਾਉਣੀ ਜਲ ਥਲ ਦੀ, ਮਹੀਅਲ ਪੜਦਾ ਦਏ ਉਠਾਈਆ । ਜੜ੍ਹ ਉਖੇੜਨੀ ਕਲਜੁਗ ਕਲ ਦੀ, ਕਲ ਕਾਤੀ ਦਏ ਮਿਟਾਈਆ । ਧਾਰ ਮੇਟਣੀ ਵਿਕਾਰੇ ਦਲ ਦੀ, ਦੀਨ ਦੁਨੀ ਦਾ ਡੇਰਾ ਢਾਹੀਆ । ਦਵੈਤ ਰਹਿਣ ਨਹੀਂ ਦੇਣੀ ਮਜ਼੍ਹਬੀ ਸੱਲ ਦੀ, ਸਲਲ ਆਪਣਾ ਰੰਗ ਰੰਗਾਈਆ । ਮਾਇਆ ਕਿਸੇ ਨਾ ਫਿਰੇ ਛਲਦੀ, ਅਛਲ ਛਲ ਆਪਣਾ ਹੁਕਮ ਦੇਣਾ ਵਰਤਾਈਆ । ਆਸ਼ਾ ਮਨਸ਼ਾ ਪੂਰੀ ਕਰਨੀ ਬਲ ਦੀ, ਜੋ ਬਾਵਨ ਅੱਗੇ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਦੀਪਕ ਕਹਿਣ ਜਨ ਭਗਤੋ ਸਾਡੀ ਬੇਨੰਤੀ ਮੰਨੋ, ਅਰਦਾਸ ਇਕ ਸੁਣਾਈਆ । ਸਤਿਗੁਰ ਸ਼ਬਦ ਦੇ ਬਣੋ ਚੰਨੋ, ਚੰਦ ਨੂਰ ਡਗਮਗਾਈਆ । ਕੂੜ ਕੁੜਿਆਰ ਕਢੋ ਤਨੋ, ਜੂਠ ਝੂਠ ਨਾ ਕੋਇ ਵਡਿਆਈਆ । ਮਾਨਸ ਜਨਮ ਆਪਣਾ ਬੇੜਾ ਬੰਨ੍ਹੋ, ਪ੍ਰਭ ਸਰਨ ਲਾਗ ਸਰਨਾਈਆ । ਸੁਣੋ ਸੰਦੇਸ਼ਾ ਅਗੰਮੀ ਕੰਨੋ, ਜੋਤੀ ਜਾਤਾ ਰਿਹਾ ਦ੍ਰਿੜਾਈਆ । ਗੜ੍ਹ ਹੰਕਾਰੀ ਹਉਮੇ ਭੰਨੋ, ਹੰਗਤਾ ਕੂੜ ਰਹੇ ਨਾ ਰਾਈਆ । ਪੁਰਖ ਅਕਾਲ ਦੇ ਘਰ ਜੰਮੋ, ਭਗਤ ਹੋ ਕੇ ਆਪਣਾ ਸੰਗ ਰਖਾਈਆ । ਹੰਕਾਰ ਵਿਕਾਰ ਜਗਤ ਡੰਨੋ, ਹੁਕਮ ਮੰਨਣਾ ਚਾਈਂ ਚਾਈਂਆ । ਧਰਮ ਦੀ ਧਾਰ ਸਚ ਦਸਤਾਰ ਸੀਸ ਬੰਨ੍ਹੋ, ਸਿਰ ਸਿਰ ਆਪਣਾ ਹੱਥ ਰਖਾਈਆ । ਬਾਹਰ ਨਿਕਲੋ ਵਿਚੋਂ ਖ਼ੁਸ਼ੀ ਗ਼ਮੋਂ, ਚਿੰਤਾ ਚਿਖਾ ਨਾ ਕੋਇ ਜਲਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਦਸਤਾਰ ਕਹੇ ਪ੍ਰਭੂ ਮੈਂ ਤੇਰੀ ਨਿਮਾਣੀ, ਦਸਤਾਰ ਸੀਸ ਝੁਕਾਈਆ । ਤੇਰੀ ਸ਼ਬਦ ਅਗੰਮੀ ਬਾਣੀ, ਬੋਧ ਅਗਾਧ ਪੜ੍ਹਾਈਆ । ਤੇਰਾ ਖੇਲ ਚਾਰੇ ਖਾਣੀ, ਚਾਰੇ ਜੁਗ ਦੇਣ ਗਵਾਹੀਆ । ਤੇਰਾ ਰੂਪ ਅਗੰਮ ਮਹਾਨੀ, ਅਲਖ ਅਗੋਚਰ ਤੇਰੀ ਬੇਪਰਵਾਹੀਆ । ਤੇਰਾ ਲੇਖਾ ਜ਼ਿਮੀਂ ਅਸਮਾਨੀ, ਦੋ ਜਹਾਨਾਂ ਸੋਭਾ ਪਾਈਆ । ਤੂੰ ਆਤਮ ਬ੍ਰਹਮ ਗਿਆਨੀ, ਪਾਰਬ੍ਰਹਮ ਤੇਰੀ ਬੇਪਰਵਾਹੀਆ । ਤੂੰ ਭਗਤਾਂ ਕਰੇ ਮਿਹਰਵਾਨੀ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਤੂੰ ਸਤਿਗੁਰ ਸ਼ਬਦ ਦਾਨੀ, ਦਾਤਾ ਇਕ ਅਖਵਾਈਆ । ਤੇਰੀ ਮਹਿਮਾ ਲਿਖੇ ਕਲਮ ਕਾਨੀ, ਅੱਖਰਾਂ ਵਿਚ ਸਿਫ਼ਤ ਸਾਲਾਹੀਆ । ਤੂੰ ਸਭ ਦਾ ਜਾਨ ਜਾਨੀ, ਜਾਨਣਹਾਰ ਤੇਰੀ ਵਡਿਆਈਆ । ਮੇਰੀ ਬੇਨੰਤੀ ਕਲਜੁਗ ਅੰਤਮ ਮਾਨੀ, ਮਨਸਾ ਪੂਰ ਦਿਤੀ ਕਰਾਈਆ । ਜਨ ਭਗਤ ਸੁਹੇਲੇ ਮੇਲ ਮੇਰੇ ਧੁਰ ਦੇ ਹਾਣੀ, ਧਰਮ ਦਵਾਰ ਦਾ ਨਾਤਾ ਦਿਤਾ ਜੁੜਾਈਆ । ਅੱਗੇ ਲੇਖਾ ਮੁਕਾ ਦੇ ਕਲਜੁਗ ਅੰਧੇਰੀ ਸ਼ਾਮੀ, ਸ਼ਮਾ ਦੀਪ ਤੇਰੇ ਅੱਗੇ ਵਾਸਤਾ ਪਾਈਆ । ਭਗਤਾਂ ਨਾਲ ਭਗਤ ਕਰੇ ਨਾ ਕੋਇ ਬੇਈਮਾਨੀ, ਗੁਰਮੁਖ ਗੁਰਸਿਖ ਠੱਗੀ ਚੋਰੀ ਨਾ ਕੋਇ ਕਮਾਈਆ । ਸਭ ਦੇ ਗਲੋਂ ਲਾਹ ਦੇ ਸ਼ਰਅ ਦੀ ਗ਼ੁਲਾਮੀ, ਜ਼ੰਜੀਰ ਕੂੜ ਦੇਣੇ ਤੁੜਾਈਆ । ਮੰਜ਼ਲ ਦੱਸ ਇਕ ਇਨਸਾਨੀ, ਆਤਮ ਪਰਮਾਤਮ ਗੰਢ ਪਵਾਈਆ । ਝਗੜਾ ਰਹੇ ਨਾ ਕੋਇ ਜਿਸਮਾਨੀ, ਜਿਸਮ ਜ਼ਮੀਰ ਦੇਣੇ ਬਦਲਾਈਆ । ਤੂੰ ਸ਼ਹਿਨਸ਼ਾਹ ਸ਼ਾਹ ਅਮਾਮੀ, ਪੈਗ਼ੰਬਰ ਬੈਠੇ ਸੀਸ ਨਿਵਾਈਆ । ਧੁਰ ਸੰਦੇਸ਼ਾ ਦੇ ਪੈਗ਼ਾਮੀ, ਪੈਗ਼ੰਬਰਾਂ ਤੋਂ ਪਰੇ ਕਰੇ ਪੜ੍ਹਾਈਆ । ਤੇਰਾ ਲੇਖਾ ਜਗਤ ਅਵਾਮੀ, ਅਲਾਹੀ ਜ਼ਾਹਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਪਗੜੀ ਕਹੇ ਮੈਂ ਭਗਤਾਂ ਸਿਰ ਬੱਝਦੀ, ਬਾਜ਼ਾਂ ਵਾਲੇ ਦਿਤੀ ਮਾਣ ਵਡਿਆਈਆ । ਮੇਰੀ ਆਸ਼ਾ ਸਫ਼ਲ ਹੋਵੇ ਅੱਜ ਦੀ, ਘੜੀ ਸੁਲੱਖਣੀ ਨਾਲ ਮਿਲਾਈਆ । ਮੈਂ ਜਗਤ ਜਹਾਨ ਹੋਰ ਕਿਸੇ ਨਾ ਲੱਭਦੀ, ਖੋਜਿਆਂ ਹੱਥ ਕਿਸੇ ਨਾ ਆਈਆ । ਮੈਂ ਸਦਾ ਗੁਰਮੁਖਾਂ ਸਿਰ ਫਬਦੀ, ਜਿਹੜਾ ਇਹ ਫ਼ੈਸਲੇ ਨਾਲ ਪ੍ਰਭ ਤੈਨੂੰ ਸੀਸ ਨਿਵਾਈਆ । ਮੇਰੀ ਮੰਜ਼ਲ ਉਪਰ ਸ਼ਾਹ ਰਗ ਦੀ, ਨੌਂ ਦਵਾਰਿਆਂ ਤੋਂ ਉਪਰ ਆਪਣਾ ਡੇਰਾ ਲਾਈਆ । ਮੇਰੇ ਅੰਦਰ ਤੇਰੀ ਧਾਰ ਮੱਕੇ ਕਾਅਬਿਆਂ ਵਾਲੇ ਹੱਜ ਦੀ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ ਵੇਖ ਵਖਾਈਆ । ਤੇਰੀ ਜੋਤ ਮੇਰੇ ਥੱਲੇ ਜਗਦੀ, ਨੂਰੋ ਨੂਰ ਨੂਰ ਰੁਸ਼ਨਾਈਆ । ਤੇਰੀ ਸ਼ਬਦ ਅਨਾਦੀ ਧੁਨ ਅਗੰਮੀ ਵੱਜਦੀ, ਆਤਮ ਆਪਣਾ ਰਾਗ ਸੁਣਾਈਆ । ਅੱਗੇ ਗੁਰਮੁਖਾਂ ਬੁੱਧੀ ਰਹੇ ਨਾ ਕੱਗ ਦੀ, ਹੰਸ ਦੇਣੇ ਬਣਾਈਆ । ਮੈਂ ਚਾਹਵਾਨ ਚਾਰ ਵਰਨਾਂ ਦੀ ਯਦ ਦੀ, ਸ਼ੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਹਿੰਦੂ ਮੁਸਲਿਮ ਸਿਖ ਈਸਾਈ ਸਭ ਨੂੰ ਰਹਵਾਂ ਸੱਦਦੀ, ਸੱਦਾ ਦੇਵਾਂ ਚਾਈਂ ਚਾਈਂਆ । ਸਭ ਨੇ ਓਟ ਰੱਖਣੀ ਇਕ ਸੂਰੇ ਸਰਬਗ ਦੀ, ਜੋ ਮਾਲਕ ਖ਼ਲਕ ਖ਼ੁਦਾਈਆ । ਤੇਰੀ ਧਾਰ ਰਹੇ ਨਾ ਅੱਡ ਦੀ, ਵੱਖਰੀ ਕਾਰ ਨਾ ਕੋਇ ਕਮਾਈਆ । ਜਨ ਭਗਤੋ ਜੁਗ ਜੁਗ ਪ੍ਰਭ ਦੀ ਖੇਲ ਹੁੰਦੀ ਸਬਬ ਦੀ, ਬਿਨਾ ਸਮੇਂ ਤੋਂ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੰਜ਼ਲ ਦੇਵੇ ਇਕੋ ਹਕੀਕੀ ਆਪਣੇ ਪਦ ਦੀ, ਜਿਸ ਗ੍ਰਿਹ ਬੈਠਾ ਨਿਰਗੁਣ ਧਾਰ ਸੋਭਾ ਪਾਈਆ ।

✪ ੧੩ ਚੇਤ ਸ਼ਹਿਨਸ਼ਾਹੀ ਸੰਮਤ ੭ ਮੁਖਤਿਆਰ ਸਿੰਘ, ਗੁਰਬਖ਼ਸ਼ ਸਿੰਘ, ਕਰਮ ਸਿੰਘ, ਜਾਗੀਰ ਸਿੰਘ, ਚੰਨਣ ਸਿੰਘ, ਭਜਨ ਕੌਰ,
ਕਰਤਾਰ ਸਿੰਘ ਭੋਜੀਆਂ, ਬੀਬੀ ਸੇਵੀ ਠੱਠਾ, ਵੀਰੋ ਅਗਿਆੜੀ, ਪੂਰਨ ਸਿੰਘ ਸੋਹਲ, ਹੀਰਾ ਸਿੰਘ ਸੋਹਲ,
ਮਹਿੰਦਰ ਸਿੰਘ ਸੋਹਲ, ਬਚਨ ਸਿੰਘ ਸੋਹਲ, ਗੁਰਦੀਪ ਕੌਰ ਸੋਹਲ, ਸੁਰਜਨ ਸਿੰਘ ਭੁੱਚਰ,
ਗੁਰਬਚਨ ਕੌਰ ਬਗਿਆੜੀ ਪਿੰਡ ਗਗੋ ਬੂਹਾ ਜ਼ਿਲਾ ਅੰਮ੍ਰਿਤਸਰ ✪

ਸ਼ਮਾਦਾਨ ਕਹਿਣ ਜਨ ਭਗਤੋ ਤਕੋ ਧੁਰ ਦਾ ਸ਼ਾਮ, ਜਿਸ ਦਾ ਰਾਧੇ ਸ਼ਾਮ ਧਿਆਨ ਲਗਾਈਆ । ਜੋਤੀ ਜਾਤਾ ਪੁਰਖ ਬਿਧਾਤਾ ਤਕੋ ਅਗੰਮਾ ਰਾਮ, ਜਿਸ ਦੇ ਸੀਤਾ ਰਾਮ ਨਿਉਂ ਨਿਉਂ ਲਾਗਣ ਪਾਈਆ । ਨੂਰ ਨੁਰਾਨਾ ਨੌਜਵਾਨਾ ਮਰਦ ਮਰਦਾਨਾ ਤਕੋ ਅਮਾਮ, ਜਿਸ ਨੂੰ ਪੈਗ਼ੰਬਰ ਸੱਜਦਿਆਂ ਵਿਚ ਸੀਸ ਝੁਕਾਈਆ । ਘਟ ਨਿਵਾਸੀ ਪੁਰਖ ਅਬਿਨਾਸ਼ੀ ਵੇਖੇ ਸ਼ਾਹ ਸੁਲਤਾਨ, ਨਿਰਗੁਣ ਸਰਗੁਣ ਗੁਰ ਗੁਰ ਜਿਸ ਦਾ ਮੰਤਰ ਸਤਿਨਾਮ ਦ੍ਰਿੜਾਈਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਸਿਰ ਸਕੇ ਨਾ ਕੋਇ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਣਨ ਫ਼ਰਮਾਨ, ਦੇਵਤ ਸੁਰ ਮੁਨ ਜਨ ਬੈਠੇ ਧਿਆਨ ਲਗਾਈਆ । ਜੁਗ ਚੌਕੜੀ ਜਿਸ ਦਾ ਖੇਲ ਮਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੂਪ ਬਦਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਸ ਦੇ ਗੀਤ ਸਾਰੇ ਗਾਣ, ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨ ਖਾਣੀ ਬਾਣੀ ਰਾਗ ਅਨੁਰਾਗੀ ਰਾਗ ਅਲਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਯੋਧਾ ਸੂਰਬੀਰ ਮਰਦ ਮਰਦਾਨ, ਸ਼ਾਹ ਪਾਤਸ਼ਾਹ ਆਪਣਾ ਖੇਲ ਖਿਲਾਈਆ । ਸਦੀ ਚੌਧਵੀਂ ਚੌਦਾਂ ਲੋਕ ਚੌਦਾਂ ਤਬਕ ਵੇਖੇ ਮਾਰ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਧੁਰ ਫ਼ਰਮਾਨਾ ਸ੍ਰੀ ਭਗਵਾਨ ਦੇਵੇ ਆਪ ਮਹਾਨ, ਮਹਿਮਾ ਅਕਥ ਕਥੀ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਦੀਪਕ ਕਹਿਣ ਵੇਖੋ ਖੇਲ ਪੁਰਖ ਅਬਿਨਾਸ਼ਿਆ, ਕਲ ਆਪਣੀ ਖੇਲ ਖਿਲਾਈਆ । ਜਨ ਭਗਤਾਂ ਬਣ ਕੇ ਦਾਸੀ ਦਾਸਿਆ, ਨਿਰਗੁਣ ਸਰਗੁਣ ਹੋਏ ਸਹਾਈਆ । ਖੇਲ ਵਖਾ ਪ੍ਰਿਥਮੀ ਅਕਾਸਿਆ, ਗਗਨ ਗਗਨੰਤਰ ਪਰਦਾ ਲਾਹੀਆ । ਅਵਤਾਰ ਪੈਗ਼ੰਬਰ ਗੁਰੂ ਦੇਵੇ ਬਾਕਿਆ, ਲਹਿਣਾ ਅਵਰ ਰਹੇ ਨਾ ਰਾਈਆ । ਦੋ ਜਹਾਨ ਖੋਲ੍ਹੇ ਤਾਕਿਆ, ਪਰਦਾ ਓਹਲਾ ਆਪ ਉਠਾਈਆ । ਚਾਰ ਜੁਗ ਦਾ ਪੂਰਾ ਕਰੇ ਭਵਿਖਤ ਵਾਕਿਆ, ਵਾਕਫ਼ਕਾਰ ਨੂਰ ਇਲਾਹੀਆ । ਲੱਖ ਚੁਰਾਸੀ ਜਿਸ ਨੇ ਸਭ ਦਾ ਲਹਿਣਾ ਵਾਚਿਆ, ਵਾਚਕ ਹੋ ਕੇ ਵੇਖੇ ਥਾਉਂ ਥਾਈਂਆ । ਸੋ ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਕਲਜੁਗ ਮੇਟੇ ਅੰਧੇਰੀ ਰਾਤਿਆ, ਰੁਤੜੀ ਆਪਣੇ ਨਾਲ ਮਹਿਕਾਈਆ । ਆਤਮ ਪਰਮਾਤਮ ਹੋ ਕੇ ਜੋਤੀ ਜਾਤਿਆ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਦੇਵੇ ਧਰਮ ਦਾ ਸਾਥਿਆ, ਸਗਲਾ ਸੰਗ ਆਪ ਬਣਾਈਆ । ਧਰਮ ਦਵਾਰ ਖੋਲ੍ਹ ਕੇ ਹਾਟਿਆ, ਵਣਜ ਇਕੋ ਨਾਮ ਵਖਾਈਆ । ਮਾਨਸ ਜਨਮ ਨਾ ਆਵੇ ਘਾਟਿਆ, ਪੂਰਬ ਲਹਿਣਾ ਝੋਲੀ ਪਾਈਆ । ਲੱਖ ਚੁਰਾਸੀ ਮੇਟੇ ਵਾਟਿਆ, ਜੋਤੀ ਜਾਤਾ ਆਪਣੇ ਰੰਗ ਰੰਗਾਈਆ । ਗ੍ਰਿਹ ਮੰਦਰ ਵਖਾਏ ਸਾਚਿਆ, ਸਚਖੰਡ ਦਵਾਰਾ ਇਕ ਸੁਹਾਈਆ । ਜਿਥੇ ਦੀਪਕ ਇਕ ਪਰਗਾਸਿਆ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ

ਕਰਤਾ ਅਗੰਮ ਅਥਾਹੀਆ । ਦੀਪਕ ਕਹਿਣ ਸਾਡੇ ਅੰਤਰ ਤੇਲ ਬਾਤੀ, ਪ੍ਰਭ ਬਾਤਨ ਪੜਦਾ ਦੇ ਉਠਾਈਆ । ਕਲਜੁਗ ਮੇਟ ਅੰਧੇਰੀ ਰਾਤੀ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਹਰਿਜਨ ਦਰਸਨ ਦੇਵੇ ਸਾਖਿਆਤੀ, ਸਾਹਿਬ ਸੁਲਤਾਨਾ ਦਇਆ ਕਮਾਈਆ । ਜੀਵਣ ਵਿਚੋਂ ਬਦਲੇ ਹਯਾਤੀ, ਜ਼ਿੰਦਗੀ ਜ਼ਿੰਦਗੀ ਵਿਚੋਂ ਵਖਾਈਆ । ਨਾਦ ਸ਼ਬਦ ਸੁਣਾਏ ਅਨਾਦੀ, ਅਨਹਦ ਆਪ ਜਣਾਈਆ । ਅੰਮ੍ਰਿਤ ਦੇਵੇ ਬੂੰਦ ਸਵਾਂਤੀ, ਨਿਜਰ ਝਿਰਨਾ ਸਚ ਝਿਰਾਈਆ । ਜੋਤ ਜਗਾ ਕਮਲਾਪਾਤੀ, ਪਤਿਪਰਮੇਸ਼ਵਰ ਅੰਧ ਅੰਧੇਰਾ ਦਏ ਮਿਟਾਈਆ । ਆਤਮ ਪਰਮਾਤਮ ਦਾ ਬਣੇ ਅਗੰਮਾ ਸਾਥੀ, ਅਲਖ ਅਗੋਚਰ ਆਪਣੀ ਦਇਆ ਕਮਾਈਆ । ਦਰਗਾਹ ਸਾਚੀ ਸਚ ਮੁਕਾਮ ਚੜ੍ਹਾਏ ਘਾਟੀ, ਸਚਖੰਡ ਦਵਾਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਹੋਏ ਸਹਾਈਆ । ਦੀਪਕ ਕਹਿਣ ਸਾਡੀ ਨਮੋ ਨਮੋ ਨਿਮਸਕਾਰਾ, ਡੰਡਾਵਤ ਬੰਦਨਾ ਸੀਸ ਝੁਕਾਈਆ । ਜਨ ਭਗਤੋ ਭਗਵਾਨ ਬਣਿਆ ਮੀਤ ਤੁਮਾਰਾ, ਸਾਜਣ ਇਕ ਅਖਵਾਈਆ । ਜਿਸ ਦਾ ਜੋਤ ਨੂਰ ਉਜਿਆਰਾ, ਅੰਧ ਅੰਧੇਰਾ ਦਏ ਮਿਟਾਈਆ । ਰਾਤੀ ਸੁਤਿਆਂ ਦਿਨੇ ਜਾਗਦਿਆਂ ਪਾਵੇ ਸਾਰਾ, ਆਲਸ ਨਿੰਦਰਾ ਵਿਚ ਕਦੇ ਨਾ ਆਈਆ । ਦੇਵੇ ਦਰਸ ਗੁਪਤ ਜ਼ਾਹਿਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਦਾ ਧਰਮ ਦਾ ਤਾਜ ਸੀਸ ਦਸਤਾਰਾ, ਸਿਰ ਸਿਰ ਆਪੇ ਦਏ ਟਿਕਾਈਆ । ਹੁਕਮ ਸੰਦੇਸ਼ਾ ਦੇਵੇ ਚਾਰ ਜੁਗ ਤੋਂ ਬਾਹਰਾ, ਅਵਤਾਰ ਪੈਗ਼ੰਬਰ ਗੁਰ ਵੇਖਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਦੀਪਕ ਕਹਿਣ ਸਾਡੀ ਵੇਖੇ ਬਿਨ ਨੈਣਾਂ ਲੋ, ਲੋਆਂ ਪੁਰੀਆਂ ਬਾਹਰ ਧਿਆਨ ਲਗਾਈਆ । ਸਾਡਾ ਮਾਲਕ ਪੁਰਖ ਅਗੰਮਾ ਸੋ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਜਿਸ ਦੀ ਧਾਰ ਹੰ ਰੂਪ ਆਤਮ ਗਈ ਹੋ, ਹੋਕਾ ਦੇਵੇ ਥਾਉਂ ਥਾਈਆ । ਭਗਤ ਭਗਵਾਨ ਮਿਲ ਕੇ ਕਦੇ ਨਾ ਰਹਿੰਦੇ ਦੋ, ਦੂਆ ਏਕੇ ਵਿਚ ਸਮਾਈਆ । ਕੂੜ ਕਿਰਿਆ ਨਾਤਾ ਤੁਟੇ ਮੋਹ, ਮੁਹੱਬਤ ਲੱਗੇ ਨਾਲ ਬੇਪਰਵਾਹੀਆ । ਜੋ ਪਾਰਬ੍ਰਹਮ ਬ੍ਰਹਮ ਨਾਲ ਜਾਏ ਛੋਹ, ਜੋਤੀ ਜਾਤਾ ਹੋ ਕੇ ਆਪਣਾ ਰੰਗ ਰੰਗਾਈਆ । ਦੀਪਕ ਕਹਿਣ ਜਨ ਭਗਤੋ ਕਲਜੁਗ ਅੰਤ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਤੁਹਾਡੇ ਨਾਲ ਕਦੇ ਨਾ ਕਰੇ ਧਰੋਹ, ਧਰਮ ਦੀ ਧਾਰ ਏਕੰਕਾਰ ਹਰਿ ਨਿਰੰਕਾਰ ਨਿਰਵੈਰ ਆਪਣੇ ਵਿਚ ਮਿਲਾਈਆ । ਦੀਪਕ ਕਹਿਣ ਸਾਡੀ ਇਕ ਅਰਜ਼ੋਈ, ਬੇਨੰਤੀ ਸਚ ਦ੍ਰਿੜਾਈਆ । ਜਨ ਭਗਤਾਂ ਸੁਰਤੀ ਰਹੇ ਕੋਇ ਨਾ ਸੋਈ, ਸੋਵਤ ਜਾਗਤ ਇਕ ਰੂਪ ਪ੍ਰਗਟਾਈਆ । ਵੇਖੇ ਸਦੀ ਚੌਧਵੀਂ ਪੈਗ਼ੰਬਰ ਪਾਉਂਦੇ ਦਰੋਹੀ, ਦਰੋਹੀ ਤੇਰਾ ਨਾਮ ਦੁਹਾਈਆ । ਸਾਡੇ ਕਲਮੇ ਦਾ ਮੀਤ ਰਿਹਾ ਨਾ ਕੋਈ, ਕਾਇਨਾਤ ਰੋਵੇ ਮਾਰੇ ਧਾਹੀਆ । ਅੰਤ ਅਖ਼ੀਰ ਬੇਨਜ਼ੀਰ ਮਿਲੇ ਕਿਸੇ ਨਾ ਢੋਈ, ਸਚ ਦਵਾਰ ਪਰਵਰਦਿਗਾਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਏਥੇ ਓਥੇ ਦੋ ਜਹਾਨ ਦੂਜਾ ਅਵਰ ਨਾ ਕੋਈ, ਨਿਰਗੁਣ ਨਿਰਵੈਰ ਨਜ਼ਰੀਆ ਨਜ਼ਰ ਕੋਇ ਨਾ ਆਈਆ ।

✪ ੧੪ ਚੇਤ ਸ਼ਹਿਨਸ਼ਾਹੀ ਸੰਮਤ ੭ ਬੀਬੀ ਸੁਰਜੀਤ ਕੌਰ, ਗੁਰਦੀਪ ਸਿੰਘ, ਬਲਬੀਰ ਕੌਰ ਚੇਤਨ ਪੁਰਾ, ਅਵਤਾਰ ਸਿੰਘ ਕਾਉਂਕੇ, ਸਮਾਂ ਸਿੰਘ ਮੋਦੇ, ਪਿੰਡ ਭਰੋਭਾਲ ਅੰਮ੍ਰਿਤਸਰ ✪

ਸ਼ਮਾਦਾਨ ਕਹਿਣ ਜਨ ਭਗਤ ਸੁਹੇਲੇ ਧੁਰ ਦੇ ਚੰਦ, ਨਿਰਗੁਣ ਸਰਗੁਣ ਧਾਰ ਕਰਨ ਰੁਸ਼ਨਾਈਆ । ਨਿਜ ਆਤਮ ਪਰਮਾਤਮ ਮਾਨਣ ਸਚ ਅਨੰਦ, ਅਨੰਦ ਅਨੰਦਪੁਰੀ ਵਾਲੇ ਨਾਲ ਬਣਾਈਆ । ਤੂੰ ਮੇਰਾ ਮੈਂ ਤੇਰਾ ਗਾਉਂਦੇ ਛੰਦ, ਆਤਮ ਪਰਮਾਤਮ ਸੋਹੰ ਢੋਲਾ ਅਗੰਮ ਅਥਾਹੀਆ । ਜਗਤ ਵਿਕਾਰ ਕੂੜ ਕੁੜਿਆਰ ਮੰਜ਼ਲ ਗਏ ਲੰਘ, ਕੂੜ ਕਿਰਿਆ ਅੱਗੇ ਹੋ ਨਾ ਕੋਇ ਅਟਕਾਈਆ । ਹਉਮੇ ਹੰਗਤਾ ਕਰ ਕੇ ਖੰਡ ਖੰਡ, ਤ੍ਰਿਸ਼ਨਾ ਮੋਹ ਜਗਤ ਚੁਕਾਈਆ । ਪੰਧ ਮੁਕਾਉਣਾ ਜੇਰਜ ਅੰਡ, ਉਤਭੁਜ ਸੇਤਜ ਲੇਖਾ ਰਹੇ ਨਾ ਰਾਈਆ । ਪੁਰਖ ਅਕਾਲਾ ਦੀਨ ਦਿਆਲਾ ਲਾਵੇ ਅੰਗ, ਅੰਗੀਕਾਰ ਇਕ ਅਖਵਾਈਆ । ਕਾਇਆ ਚੋਲੀ ਚਾੜ੍ਹ ਅਗੰਮੀ ਰੰਗ, ਦੁਰਮਤ ਮੈਲ ਦਏ ਧਵਾਈਆ । ਭੇਵ ਖੁਲ੍ਹਾ ਕੇ ਹੰ ਬ੍ਰਹਮ, ਸੋ ਪੁਰਖ ਨਿਰੰਜਣ ਮੇਲਾ ਮੇਲੇ ਸਹਿਜ ਸੁਭਾਈਆ । ਦੂਈ ਦਵੈਤ ਢਾਹ ਕੇ ਕੰਧ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਦੀਪਕ ਕਹਿਣ ਜਨ ਭਗਤਾਂ ਵੇਖਿਆ ਸੋਹਣਾ ਅੰਦਰ, ਸਾਢੇ ਤਿੰਨ ਹੱਥ ਧਿਆਨ ਲਗਾਈਆ । ਭਾਗ ਲੱਗਾ ਅਗੰਮੀ ਮੰਦਰ, ਘਰ ਵਿਚ ਘਰ ਹੋਈ ਰੁਸ਼ਨਾਈਆ । ਬਜਰ ਕਪਾਟੀ ਤੁਟਿਆ ਜੰਦਰ, ਤ੍ਰੈਗੁਣ ਲੇਖਾ ਰਿਹਾ ਨਾ ਰਾਈਆ । ਮਨੂਆ ਦਹਿ ਦਿਸ਼ਾ ਨਾ ਧਾਵੇ ਬੰਦਰ, ਮਨਸਾ ਮਨ ਨਾ ਕੋਇ ਹਲਕਾਈਆ । ਲੋੜ ਰਹੀ ਨਾ ਪ੍ਰਕਾਸ਼ ਸੂਰੀਆ ਚੰਦਰ, ਜੋਤੀ ਜਾਤੇ ਡਗਮਗਾਈਆ । ਭਾਗ ਲੱਗਾ ਡੂੰਘੀ ਕੰਦਰ, ਅੰਧ ਅਗਿਆਨ ਦਿਤਾ ਮਿਟਾਈਆ । ਆਤਮ ਪਰਮਾਤਮ ਪਰਮਾਤਮ ਆਤਮ ਹੋਇਆ ਛੰਦਨ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਬਿਨਾ ਰੰਗ ਤੋਂ ਚਾੜ੍ਹੇ ਰੰਗਣ, ਅਨਡਿਠੜੀ ਆਪ ਚੜ੍ਹਾਈਆ । ਮਿਲੇ ਮੇਲ ਸੂਰੇ ਸਰਬੰਗਣ, ਹਰਿ ਕਰਤਾ ਹੋਏ ਸਹਾਈਆ । ਸ਼ਰਅ ਦੂਈ ਦਾ ਤੋੜਿਆ ਬੰਧਨ, ਬੰਦਗੀ ਇਕੋ ਦਿਤੀ ਜਣਾਈਆ । ਧੂੜੀ ਖ਼ਾਕ ਟਿੱਕਾ ਰਮਾਇਆ ਚੰਦਨ, ਨਿੰਮ ਵਾਸ ਰਹੀ ਨਾ ਰਾਈਆ । ਗਿਆਨ ਨੇਤਰ ਬਖ਼ਸ਼ਿਆ ਅੰਜਨ, ਲੋਇਨ ਦਿਤਾ ਖੁਲ੍ਹਾਈਆ । ਪੁਰਖ ਅਕਾਲ ਬਣ ਕੇ ਦਰਦ ਦੁੱਖ ਭੈ ਭੰਜਣ, ਭਵ ਸਾਗਰ ਪਾਰ ਕਰਾਈਆ । ਥਿਰ ਘਰ ਦੇਵੇ ਆਪਣਾ ਅਨੰਦਨ, ਅਨੰਦ ਵਿਚੋਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਦੀਪਕ ਕਹਿਣ ਖੇਲ ਤੱਕਿਆ ਜੋਤੀ ਜਾਤਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਕਲਜੁਗ ਮੇਟੇ ਅੰਧੇਰੀ ਰਾਤਾ, ਰੈਣ ਭਿੰਨੜੀ ਆਪਣੇ ਰੰਗ ਰੰਗਾਈਆ । ਖੇਲ ਖੇਲੇ ਪੁਰਖ ਬਿਧਾਤਾ, ਬਿਧ ਸਕੇ ਨਾ ਕੋਇ ਸਮਝਾਈਆ । ਤੂੰ ਮੇਰਾ ਮੈਂ ਤੇਰਾ ਦੱਸੇ ਗਾਥਾ, ਗਹਿਰ ਗੰਭੀਰ ਕਰੇ ਪੜ੍ਹਾਈਆ । ਹੋਏ ਸਹਾਈ ਨਾਥ ਅਨਾਥਾ, ਗ਼ਰੀਬ ਨਿਮਾਣਿਆਂ ਗੋਦ ਉਠਾਈਆ । ਸਤਿ ਧਰਮ ਦਾ ਖੋਲ੍ਹੇ ਹਾਟਾ, ਸਤਿਜੁਗ ਸਚ ਸਚ ਪਰਗਟਾਈਆ । ਝਗੜਾ ਮੁਕਾਏ ਤੀਰਥ ਤਾਟਾ, ਤੱਟ ਕਿਨਾਰਾ ਇਕੋ ਦਏ ਸੁਹਾਈਆ । ਅੰਮ੍ਰਿਤ ਰਸ ਜਣਾਏ ਕਾਇਆ ਬਾਟਾ, ਨਿਜਰ ਝਿਰਨਾ ਕਵਲ ਨਾਭੀ ਆਪ ਝਿਰਾਈਆ । ਆਤਮ ਸੇਜ ਸੁਹੰਜਣੀ ਕਰੇ ਖਾਟਾ, ਖਟੀਆ ਇਕੋ ਸੋਭਾ ਪਾਈਆ । ਜਿਥੇ ਆਵਣ ਜਾਵਣ ਦੀ ਮੁਕੇ ਵਾਟਾ, ਚੁਰਾਸੀ ਗੇੜ ਰਹੇ ਨਾ ਰਾਈਆ । ਸੋ ਪੁਰਖ ਨਿਰੰਜਣ ਜੋੜੇ ਆਪਣਾ ਨਾਤਾ, ਹਰਿ ਪੁਰਖ ਨਿਰੰਜਣ ਮੇਲਾ

ਸਹਿਜ ਸੁਭਾਈਆ । ਏਕੰਕਾਰ ਬਣੇ ਪਿਤਾ ਮਾਤਾ, ਆਦਿ ਨਿਰੰਜਣ ਦੇਵੇ ਮਾਣ ਵਡਿਆਈਆ । ਅਬਿਨਾਸ਼ੀ ਕਰਤਾ ਬਖ਼ਸ਼ੇ ਧੁਰ ਦੀਆਂ ਦਾਤਾਂ, ਸ੍ਰੀ ਭਗਵਾਨ ਝੋਲੀ ਦਏ ਭਰਾਈਆ । ਪਾਰਬ੍ਰਹਮ ਪ੍ਰਭ ਬਣੇ ਸਚ ਦਾ ਸਾਥਾ, ਸਗਲਾ ਸੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਸ਼ਮਾਦਾਨ ਕਹਿਣ ਜਨ ਭਗਤੋ ਸੀਸ ਰੱਖੋ ਦਸਤਾਰ ਦੁਪੱਟੇ, ਦੋ ਪੱਟ ਵੇਖੇ ਜਗਤ ਲੋਕਾਈਆ । ਕਲਜੁਗ ਕੂੜੀ ਕਿਰਿਆ ਵਿਕਣਾ ਨਹੀਂ ਕਾਲ ਦੇ ਹੱਟੇ, ਕੀਮਤ ਜਗਤ ਨਾ ਕੋਇ ਰਖਾਈਆ । ਤੁਸੀਂ ਧਰਮ ਰਾਏ ਦੀ ਮੰਜ਼ਲ ਟੱਪੇ, ਚਿਤ੍ਰਗੁਪਤ ਅੱਖ ਨਾ ਸਕੇ ਉਠਾਈਆ । ਸਚਖੰਡ ਦਵਾਰੇ ਜਾਣਾ ਨੱਠੇ, ਸ਼ਬਦੀ ਧਾਰ ਭੱਜਣਾ ਵਾਹੋ ਦਾਹੀਆ । ਕੂੜਾ ਨਾਤਾ ਤਤ ਅੱਠੇ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਕੰਮ ਕਿਸੇ ਨਾ ਆਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਪਿਆਰ ਵਿਚ ਰੱਤੇ, ਰਤਨ ਅਮੋਲਕ ਹੀਰੇ ਸੋਭਾ ਪਾਈਆ । ਏਥੇ ਓਥੇ ਦੋ ਜਹਾਨ ਸਤਿਗੁਰ ਸ਼ਬਦ ਤੁਹਾਡੀ ਪਤ ਰੱਖੇ, ਪਤਿਪਰਮੇਸ਼ਵਰ ਹੋਵੇ ਆਪ ਸਹਾਈਆ । ਤੁਸੀਂ ਅੱਜ ਤੋਂ ਉਸ ਪ੍ਰਭੂ ਦੇ ਬੱਚੇ, ਜੋ ਬਚਪਨ ਸਭ ਦਾ ਆਪਣੀ ਝੋਲੀ ਪਾਈਆ । ਭਗਤ ਧਾਰ ਵਿਚ ਰਹਿਣਾ ਮੂਲ ਨਾ ਕੱਚੇ, ਕਾਇਆ ਕਾਚੀ ਕੰਚਨ ਗੜ੍ਹ ਲੈਣਾ ਬਣਾਈਆ । ਪੁਰਖ ਅਕਾਲ ਦੀਨ ਦਿਆਲ ਤੁਹਾਡੇ ਲੂੰ ਲੂੰ ਅੰਦਰ ਰਚੇ, ਸਾਢੇ ਤਿੰਨ ਕਰੋੜ ਵਿਚ ਰਚਨਾ ਆਪਣੀ ਦਏ ਵਖਾਈਆ । ਸਤਿਜੁਗ ਸਾਚੇ ਧਰਮ ਦੀ ਧਾਰ ਚੜ੍ਹਾਏ ਰਥੇ, ਰਥ ਰਥਵਾਹੀ ਆਪਣਾ ਹੁਕਮ ਵਰਤਾਈਆ । ਧੁਰ ਮਸਤਕ ਲੇਖਾ ਲਿਖੇ ਮੱਥੇ, ਪੇਸ਼ਾਨੀ ਪੇਸ਼ਤਰ ਆਪਣੀ ਦਇਆ ਕਮਾਈਆ । ਜੋ ਸਾਹਿਬ ਸਰਨਾਈ ਢੱਠੇ, ਤਿਨ੍ਹਾਂ ਦੇਵੇ ਮਾਣ ਵਡਿਆਈਆ । ਜੋ ਵਸੇ ਘਟ ਘਟੇ, ਹਰ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨਿਰਗੁਣ ਸਰਗੁਣ ਪੁਰਖ ਸਮਰਥੇ, ਸਮਰਥ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਦਇਆ ਕਮਾਈਆ ।

### ✪ ੧੫ ਚੇਤ ਸ਼ਹਿਨਸ਼ਾਹੀ ਸੰਮਤ ੭ ਬੀਬੀ ਛਿੰਦੋ, ਬੀਬੀ ਗੁਰਬਚਨ ਕੌਰ ਦੇ ਗ੍ਰਹਿ ਪਿੰਡ ਮੌਦੇ ਧਨੋਏ ਜ਼ਿਲਾ ਅੰਮ੍ਰਿਤਸਰ ✪

ਦੀਪਕ ਕਹਿਣ ਹਰਿਜਨ ਬਣਾ ਪ੍ਰਭੂ ਪ੍ਰਭ ਹੰਸਾ, ਗੁਰਮੁਖ ਗੁਰ ਗੁਰ ਗੋਦ ਟਿਕਾਈਆ । ਭਗਤ ਭਗਵਾਨ ਸੁਹਾ ਸਾਚਾ ਅੰਸਾ, ਚਾਰ ਵਰਨ ਸਰਬੰਸ ਵਡਿਆਈਆ । ਮਨ ਹੰਕਾਰੀ ਮਾਰ ਦੇ ਕੰਸਾ, ਤੀਰ ਨਿਸ਼ਾਨਾ ਨਾਮ ਚਲਾਈਆ । ਦੇ ਮਾਣ ਵਡਿਆਈ ਉਪਰ ਸਹੰਸਾ, ਸਹੰਸਰ ਮੁਖ ਸ਼ੇਸ਼ ਰਿਹਾ ਸੁਣਾਈਆ । ਮਾਨਸ ਜਨਮ ਬਣਾ ਸਾਚੀ ਬਣਤਾ, ਬਸਨ ਬਨਵਾਰੀ ਤੇਰੇ ਹੱਥ ਵਡਿਆਈਆ । ਆਤਮ ਪਰਮਾਤਮ ਨਾਮ ਜਪਾ ਦੇ ਮੰਤਾ, ਪਾਰਬ੍ਰਹਮ ਬ੍ਰਹਮ ਮੇਲਾ ਦੇ ਮਿਲਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਅੰਤਾ, ਅੰਤਸ਼ਕਰਨ ਦੇ ਬਦਲਾਈਆ । ਸੰਤ ਸੁਹੇਲਾ ਦਰ ਤੇਰੇ ਮੰਗਤਾ, ਖ਼ਾਲੀ ਝੋਲੀ ਦੇਣੀ ਭਰਾਈਆ । ਗੜ੍ਹ ਤੋੜ ਦੇ ਹਉਮੇ ਹੰਗਤਾ, ਹੰ ਬ੍ਰਹਮ ਇਕ ਦਰਸਾਈਆ । ਪ੍ਰਕਾਸ਼ ਦੇ ਦੇ ਆਪਣੇ ਨੂਰੀ ਚੰਦ ਦਾ, ਨਿਜ ਨੇਤਰ ਲੋਚਣ ਨੈਣ ਕਰ ਰੁਸ਼ਨਾਈਆ । ਲੇਖਾ ਲਾ ਲੈ ਪਵਣ ਸਵਾਮੀ ਦਮ ਦਾ, ਦਾਮਨਗੀਰ ਆਪ ਹੋ ਜਾਈਆ । ਝਗੜਾ ਮੇਟ ਦੇ ਕਾਇਆ ਮਾਟੀ ਚੰਮ ਦਾ, ਚੰਮ ਦ੍ਰਿਸ਼ਟੀ ਡੇਰਾ ਢਾਹੀਆ । ਜੋ ਜਨ ਤੇਰੀ ਧਾਰੋਂ ਜੰਮਦਾ, ਪੁਰਖ ਅਕਾਲੇ ਦੀਨ ਦਿਆਲੇ ਬਣਨਾ ਪਿਤਾ ਮਾਈਆ ।

ਲੇਖਾ ਰਹੇ ਨਾ ਹਰਖ਼ ਸੋਗ ਗ਼ਮ ਦਾ, ਚਿੰਤਾ ਚਿਖਾ ਨਾ ਕੋਇ ਜਲਾਈਆ । ਵਣਜਾਰਾ ਰਹੇ ਨਾ ਸਰਵਣ ਕੰਨ ਦਾ, ਧੁਨ ਆਤਮਕ ਰਾਗ ਅੰਤਰ ਨਿਰੰਤਰ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਦੀਪਕ ਕਹਿਣ ਪ੍ਰਭ ਭਗਤਾਂ ਦੇ ਨਾਮ ਅਨਮੁੱਲ, ਕੀਮਤ ਕਰਤਾ ਨਾ ਕੋਇ ਲਗਾਈਆ । ਭਾਗ ਲਗਾ ਦੇ ਸਾਚੀ ਕੁਲ, ਕੁਲ ਮਾਲਕ ਹੋ ਸਹਾਈਆ । ਤੇਰੇ ਪਿਆਰ ਵਿਚ ਕੋਈ ਨਾ ਜਾਵੇ ਭੁੱਲ, ਅਭੁੱਲ ਦੇਣੀ ਮਾਣ ਵਡਿਆਈਆ । ਕਲਜੁਗ ਮਾਇਆ ਵਿਚ ਜਾਇਣ ਨਾ ਰੁਲ, ਸਿਰ ਆਪਣਾ ਹੱਥ ਟਿਕਾਈਆ । ਲੱਖ ਚੁਰਾਸੀ ਵਿਚੋਂ ਹਰਿਜਨ ਤੇਰੇ ਉਤਮ ਸ੍ਰੇਸ਼ਟ ਫੁੱਲ, ਨਾਮ ਮਹਿਕ ਨਾਲ ਮਹਿਕਾਈਆ । ਧਰਮ ਦੇ ਕੰਡੇ ਜਾਣ ਤੁਲ, ਕੂੜੀ ਕਿਰਿਆ ਡੇਰਾ ਢਾਹੀਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਸੁਲਹਕੁਲ, ਸਾਹਿਬ ਸਤਿ ਸਚ ਤੇਰੀ ਸਰਨਾਈਆ । ਚਰਨ ਪ੍ਰੀਤੀ ਸਾਚੀ ਧੂੜੀ ਦੇ ਦੇ ਧੂਲ, ਮਸਤਕ ਖ਼ਾਕੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਸਰਨਾਈਆ । ਦੀਪਕ ਕਹਿਣ ਪ੍ਰਭ ਕਲਜੁਗ ਵੇਖ ਅੰਤ ਅੰਧ ਅੰਧੇਰਾ, ਚਾਰ ਕੁੰਟ ਦਹਿ ਦਿਸ਼ਾ ਨਜ਼ਰੀ ਆਈਆ । ਨਾਤਾ ਤੁੱਟਿਆ ਤੇਰਾ ਮੇਰਾ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਚੁਰਾਸੀ ਮੁਕੇ ਕਿਸੇ ਨਾ ਗੇੜਾ, ਚਾਰੇ ਖਾਣੀ ਰਹੀ ਕੁਰਲਾਈਆ । ਮਨੂਆ ਮਨ ਕਰੇ ਝੇੜਾ, ਮਤ ਮਤਾਂਤਰ ਡੇਰਾ ਕੋਇ ਨਾ ਢਾਹੀਆ । ਸਾਢੇ ਤਿੰਨ ਹੱਥ ਵਸੇ ਕਿਸੇ ਨਾ ਖੇੜਾ, ਕਾਇਆ ਗਾਗਰ ਨਿਰਮਲ ਜੋਤ ਨਾ ਕਿਸੇ ਰੁਸ਼ਨਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਕਰਦੇ ਨਜ਼ਰ ਮਿਹਰਾ, ਮਹਿਬੂਬ ਤੇਰੇ ਹੱਥ ਵਡਿਆਈਆ । ਇਕੋ ਰੰਗ ਵਖਾ ਦੇ ਸੰਝ ਸਵੇਰਾ, ਅੰਧ ਅੰਧੇਰ ਰਹੇ ਨਾ ਰਾਈਆ । ਸਤਿਗੁਰ ਸ਼ਬਦ ਸਚ ਸਵਾਮੀ ਬਣਾ ਲੈ ਆਪਣਾ ਚੇਰਾ, ਚੇਲਾ ਗੁਰ ਇਕੋ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਦੀਪਕ ਕਹਿਣ ਸੁਣ ਸਾਹਿਬ, ਪ੍ਰਭ ਸਵਾਮੀ ਸਮਾਂ ਵੇਖ ਜਗਤ ਲੋਕਾਈਆ । ਲੱਖ ਚੁਰਾਸੀ ਅੰਤਰਜਾਮੀ, ਘਟ ਭੀਤਰ ਖੋਜ ਖੁਜਾਈਆ । ਨੌ ਖੰਡ ਪ੍ਰਿਥਮੀ ਬੇਈਮਾਨੀ, ਸੱਤ ਦੀਪ ਦੀਪ ਨਾ ਕੋਇ ਵਡਿਆਈਆ । ਨੇਤਰ ਰੋਵੇ ਅੱਠ ਸੱਠ ਤੀਰਥ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਬਹੁੜੀ ਕਰੇ ਚਾਰ ਜੁਗ ਦੀ ਬਾਣੀ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਸਾਰ ਕਿਸੇ ਨਾ ਆਈਆ । ਮੰਜ਼ਲ ਚੜ੍ਹੇ ਨਾ ਕੋਇ ਰੁਹਾਨੀ, ਰੂਹ ਬੁਤ ਕਰੇ ਨਾ ਕੋਇ ਸਫ਼ਾਈਆ । ਸਚ ਧਰਮ ਦੀ ਰਹੀ ਨਾ ਕੋਇ ਨਿਸ਼ਾਨੀ, ਤੇਰਾ ਨਿਸ਼ਾਨਾ ਭੁੱਲਿਆ ਕੂੜ ਲੋਕਾਈਆ । ਮਨੂਆ ਮਨ ਹੋਇਆ ਅਭਿਮਾਨੀ, ਮਨ ਕਾ ਮਣਕਾ ਨਾ ਕੋਇ ਭਵਾਈਆ । ਪੜ੍ਹ ਪੜ੍ਹ ਥੱਕੇ ਜਗਤ ਕਲਾਮੀ, ਕਾਇਨਾਤ ਕੰਮ ਕਿਸੇ ਨਾ ਆਈਆ । ਕੂੜ ਕਿਰਿਆ ਦੀ ਕਟੇ ਨਾ ਕੋਇ ਗ਼ੁਲਾਮੀ, ਸ਼ਰਅ ਜ਼ੰਜੀਰ ਨਾ ਕੋਇ ਕਟਾਈਆ । ਤੇਰੇ ਨਾਮ ਕਲਮੇ ਦੀ ਹੱਟਾਂ ਵਿਚ ਹੋਏ ਨੀਲਾਮੀ, ਕੀਮਤ ਟਕਿਆਂ ਵਾਲੀ ਪਾਈਆ । ਕਿਰਪਾ ਕਰੇ ਸ਼ਹਿਨਸ਼ਾਹ ਸੁਲਤਾਨੀ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਜਨ ਭਗਤ ਸੁਹੇਲੇ ਅੰਤਰ ਨਿਰੰਤਰ ਸੁਰਤੀ ਸ਼ਬਦ ਕਰ ਸਵਾਧਾਨੀ, ਆਲਸ ਨਿੰਦਰਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਤੇਰਾ ਲੇਖਾ ਦੋ ਜਹਾਨੀ, ਜਗਤ ਜਹਾਨ ਨੌਜਵਾਨ ਮਰਦ ਮਰਦਾਨ ਸ੍ਰੀ ਭਗਵਾਨ ਜਨ ਭਗਤਾਂ ਹੋਣਾ ਆਪ ਸਹਾਈਆ ।



੧੨੪੭ ੨੨

✪ ੧੫ ਚੇਤ ਸ਼ਹਿਨਸ਼ਾਹੀ ਸੰਮਤ ੭ ਸੁਰਿੰਦਰ ਸਿੰਘ, ਹਜ਼ਾਰਾ ਸਿੰਘ ਛੀਨੇ, ਗੁਰਦਿਤ ਸਿੰਘ ਮਾਨਾਵਾਲਾ, ਚਰਨ ਸਿੰਘ ਮਾਨਾਵਾਲਾ,
ਦਲੀਪ ਸਿੰਘ ਮਾਨਾਵਾਲਾ, ਤਾਰਾ ਸਿੰਘ ਮਾਨਾਵਾਲਾ, ਮੰਗਲ ਸਿੰਘ ਸਾਰੰਗੜਾ, ਕਾਰਜ ਸਿੰਘ ਸਾਰੰਗੜਾ,
ਸੰਤਾ ਸਿੰਘ ਲੇਲੀਆਂ, ਲਛਮੀ ਲੇਲੀਆ, ਜਾਗੀਰ ਕੌਰ ਲੇਲੀਆਂ, ਦਰਸ਼ਨ ਕੌਰ ਲੇਲੀਆਂ,
ਕੁਲਵੰਤ ਕੌਰ ਡੇਰੀ ਵਾਲਾ, ਹਰਦੇਵ ਕੌਰ ਕਲੇਰ, ਬਾਹਲ ਸਿੰਘ ਭੰਗਮ,
ਜੁਗਿੰਦਰ ਕੌਰ ਲੋਪੋ ਕੇ ਪਿੰਡ ਭੁੱਲਰ ਜ਼ਿਲਾ ਅੰਮ੍ਰਿਤਸਰ ✪



ਦੀਪਕ ਕਹਿਣ ਸੁਹੰਜਣੀ ਹੋਈ ਰਾਤੀ, ਜਨ ਭਗਤੋ ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਮਿਲਿਆ ਮੇਲ ਹਰਿ ਕਮਲਾਪਾਤੀ, ਜੋ ਪਤਿਪਰਮੇਸ਼ਵਰ ਧੁਰਦਰਗਾਹੀਆ । ਆਤਮ ਦੀਆ ਜੋਤ ਜਗਾਏ ਬਾਤੀ, ਬਾਤਨ ਪੜਦਾ ਦਏ ਖੁਲ੍ਹਾਈਆ । ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਨਾਤੀ, ਸੱਜਣ ਸੈਣ ਇਕ ਅਖਵਾਈਆ । ਸ਼ਬਦ ਅਨਾਦ ਸੁਣਾਏ ਧੁਨ ਅਨਾਦੀ, ਅਨਹਦ ਆਪਣਾ ਰਾਗ ਦ੍ਰਿੜਾਈਆ । ਅੰਮ੍ਰਿਤ ਬਖ਼ਸ਼ੇ ਬੂੰਦ ਸਵਾਂਤੀ, ਜਗਤ ਤ੍ਰਿਸਨਾ ਭੁੱਖ ਮਿਟਾਈਆ । ਦੇਵੇ ਦਰਸ ਬਹੁ ਬਿਧ ਭਾਂਤੀ, ਭਾਵਨਾ ਸਭ ਦੀ ਖੋਜ ਖੁਜਾਈਆ । ਏਥੇ ਉਥੇ ਬਣੇ ਧਰਮ ਦਾ ਸਾਥੀ, ਸਗਲਾ ਸੰਗੀ ਨੂਰ ਇਲਾਹੀਆ । ਤੂੰ ਮੇਰਾ ਮੈਂ ਤੇਰਾ ਦੱਸੇ ਗਾਥੀ, ਗਹਿਰ ਗੰਭੀਰ ਬੇਨਜ਼ੀਰ ਕਰੇ ਪੜ੍ਹਾਈਆ । ਭਾਗ ਲਗਾਏ ਸਾਢੇ ਤਿੰਨ ਹੱਥ ਕਾਇਆ ਮਾਟੀ, ਸਾਚੇ ਮੰਦਰ ਵੱਜੇ ਨਾਮ ਵਧਾਈਆ । ਮੰਜ਼ਲ ਪੌੜੀ ਚੜ੍ਹਾਏ ਘਾਟੀ, ਅੱਗੇ ਹੋ ਨਾ ਕੋਇ ਅਟਕਾਈਆ । ਜਨਮ ਜਨਮ ਦੀ ਪੂਰੀ ਕਰੇ ਵਾਟੀ, ਚੁਰਾਸੀ ਜਮ ਕੀ ਫਾਸੀ ਦਏ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਹੋਏ ਸਹਾਈਆ । ਦੀਪਕ ਕਹਿਣ ਜਨ ਭਗਤੋ ਤਕੋ ਪੁਰਖ ਅਕਾਲਾ, ਅਕਲ ਕਲਧਾਰੀ ਇਕ ਅਖਵਾਈਆ । ਜੋ ਵਸੇ ਸਚਖੰਡ ਸੱਚੀ ਧਰਮਸਾਲਾ, ਧਰਮ ਦਵਾਰਾ ਇਕੋ ਇਕ ਵਡਿਆਈਆ । ਸੋ ਨਿਰਗੁਣ ਨਿਰਵੈਰ ਖੇਲ ਕਰੇ ਨਿਰਾਲਾ, ਨਿਰਗੁਣ ਆਪਣੀ ਕਲ ਪ੍ਰਗਟਾਈਆ । ਜਨ ਭਗਤਾਂ ਮਾਰਗ ਦੱਸੇ ਸੁਖਾਲਾ, ਸੁਖਮਨ ਈੜਾ ਪਿੰਗਲ ਅਧਵਿਚਕਾਰ ਨਾ ਕੋਇ ਅਟਕਾਈਆ । ਤ੍ਰੈਗੁਣ ਮਾਇਆ ਤੋੜੇ ਜੰਜਾਲਾ, ਜਾਗਰਤ ਜੋਤ ਬਿਨ ਵਰਨ ਗੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦਵਾਰਾ ਇਕ ਵਡਿਆਈਆ । ਦੀਪਕ ਕਹਿਣ ਜਨ ਭਗਤੋ ਤਕੋ ਪੁਰਖ ਅਗੰਮਾ, ਅਗੰਮੜੀ ਕਾਰ ਕਮਾਈਆ । ਜਿਹੜਾ ਜਨਣੀ ਕੁੱਖ ਕਦੇ ਨਹੀਂ ਜੰਮਾ, ਜਨਮ ਮਰਨ ਵਿਚ ਕਦੇ ਨਾ ਆਈਆ । ਸੋ ਸਵਾਮੀ ਅੰਤਰਜਾਮੀ ਬਦਲਣ ਵਾਲਾ ਸਮਾਂ, ਸਮਾਪਤ ਕਰੇ ਕੂੜ ਲੋਕਾਈਆ । ਝਗੜਾ ਮੇਟੇ ਕੂੜੀ ਕਾਇਆ ਚੰਮਾ, ਚੰਮ ਦ੍ਰਿਸ਼ਟੀ ਇਸ਼ਟੀ ਦਏ ਬਦਲਾਈਆ । ਇਕੋ ਨਾਮ ਜਪਾਏ ਦਾਮਨਗੀਰ ਹੋ ਕੇ ਦਮਾਂ, ਸਵਾਸ ਸਵਾਸ ਸਾਹ ਆਪਣਾ ਆਪ ਉਪਜਾਈਆ । ਸਤਿਜੁਗ ਸਾਚਾ ਕਰੇ ਰਵਾਂ, ਰਵਾਨਗੀ ਕਲਜੁਗ ਹੱਥ ਫੜਾਈਆ । ਮਨ ਕਾ ਮਣਕਾ ਫੇਰੇ ਮਨਾ, ਮਨਸਾ ਕੂੜ ਕੁੜਿਆਰੀ ਦਏ ਗਵਾਈਆ । ਸਚ ਭੰਡਾਰਾ ਦੇ ਕੇ ਨਾਮ ਧੰਨਾ, ਧਨਾਢ ਧੁਰ ਦੇ ਦਏ ਵਖਾਈਆ । ਜਿਸ ਨੇ ਲੇਖਾ ਪੂਰਾ ਕਰਨਾ ਜੋ ਗੋਬਿੰਦ ਲਾਇਆ ਕੰਨਾ, ਕਾਇਨਾਤ ਦਾ ਲੇਖਾ ਦਏ ਚੁਕਾਈਆ । ਨਿਸ਼ਾਨਾ ਬਦਲ ਦੇਣਾ ਤਾਰਾ ਚੰਨਾ, ਚੰਨ ਸਿਤਾਰ ਦੋਵੇਂ ਰੋਵਣ ਮਾਰਨ ਧਾਈਆਂ । ਉਹ ਵੇਖੋ ਹਜ਼ਰਤ ਈਸਾ ਮੂਸਾ ਮੁਹੰਮਦ ਫਿਰੇ

੧੨੪੯
੨੨

ਭੰਨਾ, ਭੱਜੇ ਵਾਹੋ ਦਾਹੀਆ । ਸਦੀ ਚੌਧਵੀਂ ਵਕਤ ਨਹੀਂ ਰਹਿਣਾ ਲੰਮਾ, ਲਮਹ ਲਮਹ ਲੇਖਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਦੀਪਕ ਕਹਿਣ ਵੇਖੋ ਜਗਤ ਦਾ ਦੀਪਕ ਹੋਣਾ ਗੁਲ, ਗੁਲਸ਼ਨ ਨਜ਼ਰ ਕੋਇ ਨਾ ਆਈਆ । ਜਿਹੜੀ ਸ੍ਰਿਸ਼ਟੀ ਗਈ ਪ੍ਰਭ ਨੂੰ ਭੁੱਲ, ਅਭੁੱਲ ਵੇਖੇ ਥਾਉਂ ਥਾਈਂਆ । ਜਿਸ ਨਾਮ ਕੰਡੇ ਤਰਾਜ਼ੂ ਤੋਲਣਾ ਤੋਲ, ਤੋਲਣਹਾਰ ਬੇਪਰਵਾਹੀਆ । ਸਦੀ ਚੌਧਵੀਂ ਕਿਸੇ ਨਾਲ ਨਾ ਮਾਰੇ ਰੋਲ, ਲਹਿਣਾ ਦੇਣਾ ਦੇਵੇ ਚਾਈਂ ਚਾਈਂਆ । ਅਵਤਾਰ ਪੈਗ਼ੰਬਰਾਂ ਪੂਰਾ ਕਰੇ ਕੌਲ, ਇਕਰਾਰ ਵੇਖੇ ਥਾਉਂ ਥਾਈਂਆ । ਸਭ ਦਾ ਲਹਿਣਾ ਦੇਣਾ ਲੇਖਾ ਪੂਰਾ ਕਰਨਾ ਉਪਰ ਧੌਲ, ਧਰਨੀ ਧਰਤ ਧਵਲ ਬੈਠੀ ਆਸ ਰਖਾਈਆ । ਜਨ ਭਗਤਾਂ ਅੰਤਰ ਆਤਮ ਸਚ ਨਾਮ ਦੀ ਦੇਵੇ ਪਾਹੁਲ, ਅੰਮ੍ਰਿਤ ਆਬੇਹਯਾਤ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸ਼ਮਾਦਾਨ ਕਹਿਣ ਵੇਖੇ ਖੇਲ ਸੱਚੀ ਸਰਕਾਰ, ਸਰੋਕਾਰ ਆਪਣਾ ਹੁਕਮ ਵਰਤਾਈਆ । ਜਿਸ ਦਾ ਰਾਹ ਤਕਦੇ ਪੈਗ਼ੰਬਰ ਗੁਰ ਅਵਤਾਰ, ਅਵਤਰੀ ਆਪਣਾ ਹੁਕਮ ਲਏ ਵਰਤਾਈਆ । ਚੁਰਾਸੀ ਪਾਵੇ ਸਾਰ, ਚਾਰੇ ਖਾਣੀ ਖੋਜ ਖੁਜਾਈਆ । ਜਨ ਭਗਤ ਸੁਹੇਲੇ ਲਏ ਉਬਾਰ, ਪਰਦਾ ਓਹਲਾ ਅੰਤਰ ਨਿਰੰਤਰ ਦਏ ਉਠਾਈਆ । ਸਤਿਗੁਰ ਸ਼ਬਦ ਹੋ ਕੇ ਕਰੇ ਪਿਆਰ, ਪ੍ਰੇਮੀ ਪ੍ਰੀਤਮ ਪ੍ਰੀਆ ਆਪਣਾ ਰੰਗ ਰੰਗਾਈਆ । ਮਾਨਸ ਜਨਮ ਪੈਜ ਦੇਵੇ ਸਵਾਰ, ਸਵਾਰਥ ਸਭ ਦਾ ਆਪਣੀ ਝੋਲੀ ਪਾਈਆ । ਪਿਆਰ ਮੁਹੱਬਤ ਵਿਚ ਧਰਮ ਦੀ ਧਾਰ ਬਖ਼ਸ਼ੇ ਦਸਤਾਰ, ਦਸਤ ਦਸਤ ਨਾਲ ਮਿਲਾਈਆ । ਜਨ ਭਗਤ ਚੁਰਾਸੀ ਵਿਚੋਂ ਕਢੇ ਬਾਹਰ, ਜਨਮ ਮਰਨ ਦਾ ਲੇਖਾ ਰਹੇ ਨਾ ਰਾਈਆ । ਸਚਖੰਡ ਦਵਾਰ ਏਕੰਕਾਰ ਅਕਲ ਕਲਧਾਰੀ ਲੈ ਕੇ ਜਾਏ ਆਪਣੀ ਵਾਰ, ਵਾਰਸ ਹੋ ਕੇ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਆਪ ਕਰਤਾਰ, ਕੁਦਰਤ ਦਾ ਕਾਦਰ ਕਰਨੀ ਦਾ ਕਰਤਾ ਲੇਖਾ ਜਾਣੇ ਥਾਉਂ ਥਾਈਂਆ ।

੧੬ ਚੇਤ ਸ਼ਹਿਨਸ਼ਾਹੀ ਸੰਮਤ ੭ ਨਰਾਇਣ ਸਿੰਘ, ਅਜੀਤ ਸਿੰਘ, ਸਵਰਨ ਸਿੰਘ, ਹਰਨਾਮ ਸਿੰਘ, ਭਾਗ ਸਿੰਘ ਮਾਹਲ,
ਬੇਲਾ ਸਿੰਘ ਮਾਹਲ, ਹਰਬੰਸ ਸਿੰਘ ਐਸ ਡੀ ਓ ਅੰਮ੍ਰਿਤਸਰ, ਹਜ਼ਾਰਾ ਸਿੰਘ ਕਾਉਂਕੇ, ਮਹਿੰਦਰ ਸਿੰਘ ਕਾਉਂਕੇ,
ਕਰਮ ਸਿੰਘ ਮੀਆਂਪੁਰ, ਬਲਵੰਤ ਕੌਰ ਧਾਰੜ, ਗੁਰਮੇਜ਼ ਕੌਰ ਮੀਆਂਪੁਰ, ਸਵਰਨ ਕੌਰ ਭੁਸੇ,
ਆਸ ਕੌਰ ਬੋਪਾਰਾਏ, ਜਗਮੋਹਣ ਸਿੰਘ ਬੋਪਾਰਾਏ, ਪਿੰਡ ਗੁਮਾਨਪੁਰ ਜ਼ਿਲਾ ਅੰਮ੍ਰਿਤਸਰ

ਦੀਪਕ ਕਹਿਣ ਵੇਖੋ ਭਾਗ ਲੱਗਾ ਘਰ ਸਿੰਘ ਨਰਾਇਣ, ਨਰ ਨਰਾਇਣ ਦਏ ਵਡਿਆਈਆ । ਨਿਰਗੁਣ ਧਾਰ ਤਕੋ ਦੀਨ ਦਿਆਲਾ ਨੈਣ, ਨੈਣ ਲੋਚਣ ਅੱਖ ਖੁਲ੍ਹਾਈਆ । ਜੋ ਆਦਿ ਜੁਗਾਦੀ ਸਾਕ ਸੱਜਣ ਸੈਣ, ਸਚਖੰਡ ਨਿਵਾਸੀ ਸਦ ਆਪਣਾ ਸੰਗ ਨਿਭਾਈਆ । ਜੋ ਜਨਮ ਕਰਮ ਦਾ ਲੇਖਾ ਪੂਰਾ ਕਰੇ ਲੈਣ ਦੇਣ, ਝੋਲੀ ਖ਼ਾਲੀ ਦਏ ਭਰਾਈਆ । ਭਗਤ ਭਗਵਾਨ ਮੇਲ ਮਿਲਾਏ ਐਨ, ਜਿਸ ਦਾ ਐਨੁਲਹੱਕ ਹੱਕ ਢੋਲਾ ਗਾਈਆ ।

ਸੋ ਸਵਾਮੀ ਅੰਤਰਜਾਮੀ ਹਰਿਜਨ ਬਣਾਏ ਸਾਕ ਸੈਣ, ਸੱਜਣ ਆਪਣਾ ਰੰਗ ਚੜ੍ਹਾਈਆ । ਦੀਨ ਮਜ਼੍ਹਬ ਜ਼ਾਤ ਪਾਤ ਵਿਚ ਰਹੇ ਨਾ ਕੋਇ ਤ੍ਰਫ਼ੈਣ, ਆਤਮ ਪਰਮਾਤਮ ਨਾਤਾ ਲਏ ਜੁੜਾਈਆ । ਜਨ ਭਗਤ ਸੁਹੇਲੇ ਪ੍ਰਭ ਦਾ ਭਾਣਾ ਸਹਿਣ, ਸਚ ਦਵਾਰ ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਦੀਪਕ ਕਹਿਣ ਗ੍ਰਿਹ ਗ੍ਰਿਹ ਹੋਇਆ ਪ੍ਰਕਾਸ਼, ਜੋਤੀ ਨੂਰ ਨੂਰ ਰੁਸ਼ਨਾਈਆ । ਕਿਰਪਾ ਕਰੇ ਪੁਰਖ ਅਬਿਨਾਸ਼, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਜੁਗ ਚੌਕੜੀ ਖੇਲ ਤਮਾਸ਼, ਸਤਿਜੁਗ ਤ੍ਰੇਤਾ ਦੁਆਪਰ ਵੰਡ ਵੰਡਾਈਆ । ਕਲਜੁਗ ਅੰਤਮ ਲੇਖਾ ਜਾਣੇ ਆਪ, ਆਪ ਆਪਣਾ ਪੜਦਾ ਲਾਹੀਆ । ਸਦੀ ਚੌਧਵੀਂ ਮੇਟੇ ਰੋਗ ਸੰਤਾਪ, ਸਹਿੰਸਾ ਕੂੜ ਰਹੇ ਨਾ ਰਾਈਆ । ਰੂਹ ਬੁਤ ਬੁਤਖ਼ਾਨੇ ਕਰੇ ਪਾਕ, ਪਤਿਤ ਪੁਨੀਤ ਦਏ ਬਣਾਈਆ । ਅੰਤਰ ਆਤਮ ਖੋਲ੍ਹੇ ਤਾਕ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਸ਼ਬਦ ਅਗੰਮੀ ਸੁਣਾਏ ਨਾਦ, ਧੁਨ ਆਤਮਕ ਰਾਗ ਦ੍ਰਿੜਾਈਆ । ਸਚ ਸਵਾਮੀ ਹੋ ਕੇ ਮਾਰੇ ਆਵਾਜ਼, ਸੋਈ ਸੁਰਤ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਵੇਖ ਵਖਾਈਆ । ਦੀਪਕ ਕਹਿਣ ਵੇਖੋ ਗ੍ਰਿਹ ਭਗਤ ਦਵਾਰਾ, ਹਰਿ ਭਗਵਾਨ ਦਇਆ ਕਮਾਈਆ । ਨਿਰਗੁਣ ਨੂਰ ਨੂਰ ਹੋ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਸ਼ਬਦੀ ਸ਼ਬਦ ਸ਼ਬਦ ਧੁਨਕਾਰਾ, ਅਨਹਦ ਨਾਦੀ ਨਾਦ ਸੁਣਾਈਆ । ਅੰਮ੍ਰਿਤ ਰਸ ਬਖ਼ਸ਼ੇ ਠੰਡਾ ਠਾਰਾ, ਠਾਕਰ ਹੋ ਕੇ ਬੂੰਦ ਸਵਾਂਤੀ ਆਪ ਟਪਕਾਈਆ । ਕਾਇਆ ਮੰਦਰ ਅੰਦਰ ਦੇਵੇ ਨਾਮ ਸਚ ਹੁਲਾਰਾ, ਪਵਣ ਉਨੰਜਾ ਬੈਠੇ ਸੀਸ ਝੁਕਾਈਆ । ਲਹਿਣਾ ਦੇਣਾ ਪੂਰਾ ਕਰੇ ਲੇਖਾ ਰਹੇ ਨਾ ਨੌਂ ਦਵਾਰਾ, ਦਰ ਘਰ ਸਾਚਾ ਇਕੋ ਇਕ ਜਣਾਈਆ । ਜਿਥੇ ਦੀਆ ਬਾਤੀ ਕਮਲਾਪਾਤੀ ਕਰੇ ਉਜਿਆਰਾ, ਨੂਰ ਜ਼ਹੂਰ ਇਕ ਵਖਾਈਆ । ਸੋ ਭਗਤ ਸੁਹੇਲਾ ਇਕ ਇਕੱਲਾ ਏਕੰਕਾਰਾ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਜਨ ਭਗਤ ਧਰਨੀ ਧਰਤ ਧਵਲ ਧੌਲ ਪਾਵੇ ਸਾਰਾ, ਸੰਤ ਸੁਹੇਲੇ ਗੁਰ ਚੇਲੇ ਲਏ ਮਿਲਾਈਆ । ਆਤਮ ਬ੍ਰਹਮ ਪਾਰਬ੍ਰਹਮ ਕਰੇ ਪਿਆਰਾ, ਪ੍ਰੀਤਮ ਹੋ ਕੇ ਆਪਣੀ ਗੋਦ ਟਿਕਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਦੇਵੇ ਏਕੋ ਵਾਰਾ, ਇਕ ਇਕੱਲਾ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਹਜ਼ਰਤ ਈਸਾ ਮੂਸਾ ਮੁਹੰਮਦ ਹੋਣਾ ਅੰਤ ਕਿਨਾਰਾ, ਬੀਸਵੀਂ ਲੇਖਾ ਨਾਲ ਮਿਲਾਈਆ । ਚੌਦਾਂ ਤਬਕ ਰੋਵਣ ਜ਼ਾਰੋ ਜ਼ਾਰਾ, ਬਿਨ ਨੈਣਾਂ ਨੀਰ ਵਹਾਈਆ । ਧੁਰ ਦਾ ਅਮਾਮ ਹੋਣਾ ਜ਼ਾਹਿਰਾ, ਜ਼ਾਹਿਰ ਜ਼ਹੂਰ ਕਰੇ ਰੁਸ਼ਨਾਈਆ । ਜੋ ਝਗੜਾ ਪਾਉਣਾ ਵਿਚ ਕਾਹਿਰਾ, ਕਾਇਨਾਤ ਦਏ ਹਿਲਾਈਆ । ਜਿਸ ਦਾ ਨਵ ਨੌਂ ਚਾਰ ਦਾ ਦਾਇਰਾ, ਹੱਦ ਹਦੂਦ ਇਕੋ ਦਏ ਦਰਸਾਈਆ । ਨੂਰ ਨੁਰਾਨਾ ਅਲਾਹੀ ਹੋਵੇ ਜ਼ਾਹਿਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਨਾਮ ਕਲਮੇ ਦਾ ਹੋਏ ਮੁਸ਼ਾਇਰਾ, ਮੁਸ਼ਕਲ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਸ਼ਮਾਦਾਨ ਕਹਿਣ ਜਨ ਭਗਤ ਦਵਾਰ ਸੁਹੰਜਣਾ, ਸੋਭਾਵੰਤ ਸੁਹਾਏ । ਮੇਲ ਕਰੇ ਸੋ ਪੁਰਖ ਨਿਰੰਜਣਾ, ਹਰਿ ਪੁਰਖ ਨਿਰੰਜਣ ਵੇਖ ਵਖਾਏ । ਏਕੰਕਾਰ ਦਰਦ ਦੁੱਖ ਭੈ ਭੰਜਨਾ, ਆਦਿ ਨਿਰੰਜਣ ਡਗਮਗਾਏ । ਅਬਿਨਾਸ਼ੀ ਕਰਤਾ ਬਣੇ ਧੁਰ ਦਾ ਸਜਣਾ, ਸ੍ਰੀ ਭਗਵਨ ਇਕ ਹੋਏ ਸਹਾਏ । ਪਾਰਬ੍ਰਹਮ ਬ੍ਰਹਮ ਚੜ੍ਹਾ ਇਕੋ ਰੰਗਣਾ, ਆਤਮ ਪਰਮਾਤਮ ਉਤਰ ਕਦੇ ਨਾ ਜਾਏ । ਲੇਖੇ ਲਾਏ ਕਲਜੁਗ ਅੰਤਮ ਆਅਲਾ ਅਦਨਾ,

੧੨੫੦ ੨੨

ਸ਼ਾਹ ਹਕੀਰਾਂ ਖੋਜ ਖੁਜਾਏ । ਨਾਮ ਦਮਾਮਾ ਇਕੋ ਵੱਜਣਾ, ਦੋ ਜਹਾਨਾਂ ਡੰਕ ਸ਼ਨਵਾਏ । ਅਵਤਾਰ ਪੈਗ਼ੰਬਰਾਂ ਦੋ ਜਹਾਨਾਂ ਉਠ ਉਠ ਭੱਜਣਾ, ਗੁਰੂ ਗੁਰਦੇਵ ਫਿਰਨ ਵਾਹੋ ਦਾਹੇ । ਇਹ ਖੇਲ ਸੂਰੇ ਸਰਬੰਗਣਾ, ਨਾ ਕੋਈ ਮੇਟੇ ਮੇਟ ਮਿਟਾਏ । ਧੁਰ ਦੇ ਹੁਕਮ ਦੀ ਕਰੇ ਨਾ ਕੋਇ ਉਲੰਘਣਾ, ਜ਼ੋਰ ਜ਼ਬਰ ਨਾ ਕੋਇ ਰਖਾਏ । ਸਭ ਦਾ ਅੰਤਮ ਹਾਲ ਹੋਣਾ ਮੰਦਨਾ, ਮੰਦਭਾਗੀ ਦਿਸੇ ਲੋਕਾਏ । ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਕਬੂਲ ਕਰੇ ਬੰਦਨਾ, ਬੰਧਨ ਦੀਨ ਦੁਨੀ ਤੁੜਾਏ । ਲੇਖਾ ਜਾਣੇ ਵਿਚ ਵਰਭੰਡਣਾ, ਵਰਭੰਡੀ ਪੜਦਾ ਲਾਹੇ । ਹਰਿਜਨ ਗੁਰਮੁਖ ਹਰਿ ਭਗਤ ਦੇਵੇ ਇਕ ਅਨੰਦਨਾ, ਅਨੰਦ ਅਨੰਦ ਵਿਚ ਰਖਾਏ । ਸਤਿਜੁਗ ਸਤਿ ਧਰਮ ਚਾੜ੍ਹੇ ਚੰਦਨਾ, ਚੰਦ ਸਿਤਾਰ ਦਾ ਨਿਸ਼ਾਨਾ ਰਹਿਣ ਨਾ ਪਾਏ । ਜਨ ਭਗਤਾਂ ਸਚ ਦਵਾਰਾ ਲੰਘਣਾ, ਅੱਗੇ ਹੋ ਨਾ ਕੋਇ ਅਟਕਾਏ । ਜਿਨ੍ਹਾਂ ਸੀਸ ਦਸਤਾਰਾ ਬੰਨ੍ਹਣਾ, ਬੰਦੀਖ਼ਾਨੇ ਵਿਚੋਂ ਬਾਹਰ ਕਢਾਏ । ਅੰਤ ਅੰਤਸ਼ਕਰਨ ਲਾਏ ਆਪਣੇ ਅੰਗਣਾ, ਅੰਗੀਕਾਰ ਆਪ ਹੋ ਜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਉਤਭੁਜ ਸੇਤਜ ਜੇਰਜ ਅੰਡਨਾ, ਚਾਰੇ ਖਾਣੀ ਚਾਰੇ ਕੁੰਟ ਫੋਲ ਫੁਲਾਏ ।

✪ ੧੭ ਚੇਤ ਸ਼ਹਿਨਸ਼ਾਹੀ ਸੰਮਤ ੭ ਗੁਰਨਾਮ ਸਿੰਘ, ਅਜਮੇਰ ਸਿੰਘ, ਪਿਸ਼ੌਰਾ ਸਿੰਘ, ਹਰਜੀਤ ਸਿੰਘ, ਹਰਨਾਮ ਕੌਰ, ਜੁਗਿੰਦਰ ਕੌਰ,
ਰਤਨ ਕੌਰ ਮੂਧਲ, ਗੁਰਦਿਆਲ ਸਿੰਘ ਮੂਧਲ, ਹਰਬੰਸ ਕੌਰ ਮੂਧਲ, ਕੁੰਦਨ ਸਿੰਘ ਪੰਡੋਰੀ, ਹਜ਼ਾਰਾ ਸਿੰਘ ਚੇਤਨ ਪੁਰਾ,
ਗੁਰਮੁਖ ਸਿੰਘ ਚੇਤਨ ਪੁਰਾ ਹੀਰਾ ਸਿੰਘ ਚੇਤਨ ਪੁਰਾ, ਹਜ਼ਾਰਾ ਸਿੰਘ ਜੇਠੂਨੰਗਲ ਪਿੰਡ ਵੇਰਕਾ ਜ਼ਿਲਾ ਅੰਮ੍ਰਿਤਸਰ ✪

ਕਿਰਪਾ ਕਰੇ ਹਰਿ ਰਾਜ ਰਾਜਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰਦਰਗਾਹੀਆ । ਸ਼ਬਦ ਅਗੰਮੀ ਮਾਰੇ ਆਵਾਜ਼ਨ, ਸੋਈ ਸੁਰਤ ਅਕਾਲ ਮੂਰਤ ਆਪ ਜਗਾਈਆ । ਅਨੁਭਵ ਦ੍ਰਿਸ਼ਟੀ ਖੋਲ੍ਹੇ ਰਾਜ਼ਨ, ਰਾਜ਼ਕ ਰਿਜ਼ਕ ਰਹੀਮ ਪੜਦਾ ਆਪ ਉਠਾਈਆ । ਜਨਮ ਜਨਮ ਦਾ ਸਵਾਰੇ ਕਾਜਨ, ਜਨਮ ਜਨਮ ਵਿਚੋਂ ਬਦਲਾਈਆ । ਲੇਖਾ ਮੁਕਾਏ ਜਗਤ ਸਮਾਜਨ, ਦੀਨ ਮਜ਼੍ਹਬ ਦੀ ਵੰਡ ਨਾ ਕੋਇ ਵੰਡਾਈਆ । ਭੇਵ ਖੁਲ੍ਹਾਏ ਆਦਿ ਆਦਿਨ, ਪਰਮਾਤਮ ਬੇਪਰਵਾਹੀਆ । ਧੁਨ ਉਪਜਾਏ ਅਗੰਮੀ ਨਾਦਨ, ਅਨਹਦ ਨਾਦੀ ਨਾਦ ਕਰੇ ਸ਼ਨਵਾਈਆ । ਨਿਰਗੁਣ ਸਰਗੁਣ ਬਣੇ ਸਾਜਣ, ਸਗਲਾ ਸੰਗੀ ਆਪ ਅਖਵਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲੇ ਜਾਗਣ, ਜਿਸ ਮਿਹਰ ਮਿਹਰ ਨਜ਼ਰ ਨਾਲ ਤਰਾਈਆ । ਅੰਤਰ ਨਿਰੰਤਰ ਦੇਵੇ ਵੈਰਾਗਣ, ਵੈਰੀ ਅੰਦਰੋਂ ਬਾਹਰ ਕਢਾਈਆ । ਗੁਰਮੁਖ ਹੰਸ ਬਣਾਵੇ ਕਾਗਣ, ਕੂੜੀ ਕਿਰਿਆ ਡੇਰਾ ਢਾਹੀਆ । ਮਮਤਾ ਮੋਹ ਮੇਟੇ ਦਾਗ਼ਣ, ਦੁਰਮਤ ਮੈਲ ਕਰੇ ਸਫ਼ਾਈਆ । ਅਬਿਨਾਸ਼ੀ ਕਰਤਾ ਸਾਰੇ ਅਰਾਧਣ, ਸਾਹ ਸਾਹ ਇਕੋ ਨਾਮ ਧਿਆਈਆ । ਮੇਲ ਮਿਲਾਏ ਮੋਹਣ ਮਾਧਵ ਮਾਧਨ, ਮਧੁਸੂਦਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਦੀਪਕ ਕਹਿਣ ਜਨ ਭਗਤਾਂ ਅੰਤਰ ਦੀਪਕ ਦੀਆ, ਜੋਤੀ ਜਾਤਾ ਡਗਮਗਾਈਆ । ਲਹਿਣਾ ਦੇਣਾ ਚੁਕਾਏ ਸਾਢੇ ਤਿੰਨ ਹੱਥ ਸੀਆ, ਪੰਜ ਤਤ ਬ੍ਰਹਮ ਮਤ ਆਪ ਸਮਝਾਈਆ । ਆਤਮ ਨਾਮ ਨਿਧਾਨਾ ਬੀਜ ਬੀਆ, ਪੱਤ ਟਹਿਣੀ ਫੁੱਲ ਆਪ ਮਹਿਕਾਈਆ । ਠਾਕਰ ਬਣ ਕੇ ਧੁਰ ਦਾ ਪ੍ਰੀਆ, ਪ੍ਰੀਤਮ



੧੨੫੧ ੨੨

ਆਪਣੇ ਰੰਗ ਰੰਗਾਈਆ । ਰਾਏ ਧਰਮ ਨਾ ਕਢੇ ਵਹੀਆ, ਲੇਖਾ ਲੇਖ ਨਾ ਕੋਇ ਜਣਾਈਆ । ਸਤਿਗੁਰ ਸ਼ਬਦ ਬਣ ਕੇ ਸਈਆ, ਸਾਜਣ ਮੇਲੇ ਚਾਈਂ ਚਾਈਂਆ । ਧੁਰ ਦੇ ਨਾਮ ਚੜ੍ਹਾਏ ਨਈਆ, ਨੌਕਾ ਇਕੋ ਇਕ ਵਖਾਈਆ । ਲੇਖਾ ਮੁਕਾਏ ਭੈਣਾਂ ਭਈਆ, ਸਾਕ ਸੱਜਣ ਸੈਣ ਨਾ ਕੋਇ ਵਡਿਆਈਆ । ਜਨ ਭਗਤਾਂ ਲੇਖੇ ਲਾਏ ਗੋਬਿੰਦ ਦਾ ਅੰਤ ਅੰਤ ਦਾ ਢਈਆ, ਸਦੀ ਚੌਧਵੀਂ ਸੰਗ ਮਿਲਾਈਆ । ਬੀਸ ਬੀਸੇ ਬਦਲ ਦੇਵੇ ਰਵੱਈਆ, ਈਸਾ ਨੈਣਾਂ ਅੱਖ ਉਠਾਈਆ । ਲੇਖਾ ਪੂਰਾ ਕਰੇ ਬੁਲ੍ਹੇ ਗਾਇਆ ਥਈਆ ਥਈਆ, ਅੰਤਰ ਆਤਮ ਅਵਾਜ਼ ਸੁਣਾਈਆ । ਜੋ ਆਸ਼ਾ ਰੱਖ ਕੇ ਗਿਆ ਕਾਹਨ ਘਨਈਆ, ਕ੍ਰਿਸ਼ਨਾ ਦੁਆਪਰ ਧਿਆਨ ਲਗਾਈਆ । ਜੋ ਸੰਦੇਸ਼ਾ ਦਿਤਾ ਸੀਤਾ ਰਾਮ ਰਮਈਆ, ਬਿਨ ਅੱਖਰਾਂ ਕੀਤੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਸੱਤ ਰੰਗ ਕਹੇ ਮੈਂ ਫਿਰਾਂ ਵਿਚ ਬ੍ਰਹਿਮੰਡਾਂ, ਬ੍ਰਹਿਮਾਂਡ ਧਿਆਨ ਲਗਾਈਆ । ਕਲਜੁਗ ਅੰਤਮ ਵੇਖਾਂ ਕੰਢਾ, ਕੰਢੀ ਬੈਠੇ ਅਵਤਾਰ ਪੈਗੰਬਰ ਗੁਰੂ ਅੱਖ ਖੁਲ੍ਹਾਈਆ । ਫਿਰੀ ਦਰੋਹੀ ਵਿਚ ਵਰਭੰਡਾ, ਭੰਡੀ ਹੋਵੇ ਥਾਉਂ ਥਾਈਂਆ । ਸਤਿ ਦਾ ਆਏ ਨਾ ਕਿਸੇ ਅਨੰਦਾ, ਅਨੰਦ ਅਨੰਦ ਵਿਚੋਂ ਨਾ ਕੋਇ ਪਰਗਟਾਈਆ । ਨਿਸ਼ਾਨ ਮੇਟਣਾ ਤਾਰਾ ਚੰਦਾ, ਚੌਦਾਂ ਤਬਕ ਪਰਦਾ ਆਪ ਉਠਾਈਆ । ਉਮਤ ਰਹੇ ਨਾ ਕੋਇ ਬਖ਼ਸ਼ੰਦਾ, ਮੁਹੰਮਦ ਰੋਵੇ ਮਾਰੇ ਧਾਈਆ । ਖ਼ੁਦਾਈ ਧਾਰ ਜਾਣੇ ਕੋਇ ਨਾ ਬੰਦਾ, ਬੰਦੀਖ਼ਾਨਾ ਸਕੇ ਨਾ ਕੋਇ ਤੁੜਾਈਆ । ਜਗਤ ਜਹਾਨ ਵੇਖਣਾ ਅੰਧਾ, ਅੰਧ ਆਤਮਕ ਹੋਏ ਲੋਕਾਈਆ । ਕਿਸੇ

੧੨੫੨ ਸਮਝ ਨਹੀਂ ਆਉਣਾ ਸ਼ਬਦੀ ਧਾਰ ਗੋਬਿੰਦ ਖੰਡਾ, ਖੜਗ ਅਸ਼ਟਭੁਜ ਨਾ ਕੋਇ ਖੜਕਾਈਆ । ਲੇਖਾ ਰਹੇ ਨਾ ਚੰਡ ਪ੍ਰਚੰਡਾ, ਚੰਡਾਲ ਦਿਸੇ ਕੂੜ ੧੨੫੨

ਲੋਕਾਈਆ । ਮਨ ਵਿਕਾਰੀ ਹੋਵੇ ਗੰਦਾ, ਸਤਿ ਸਰੂਪ ਨਾ ਕੋਇ ਸਮਾਈਆ । ਕਲਜੁਗ ਅੰਤਮ ਪੈਂਡਾ ਰਹਿਣ ਨਹੀਂ ਦੇਣਾ ਲੰਬਾ, ਸਦੀ ਚੌਧਵੀਂ ਲੇਖਾ ਦਏ ਚੁਕਾਈਆ । ਜਨ ਭਗਤ ਸੁਹੇਲੇ ਰੱਖੇ ਸੰਗਾ, ਸਗਲਾ ਸੰਗ ਆਪ ਹੋ ਜਾਈਆ । ਭੇਵ ਖੁਲ੍ਹਾਏ ਹੰ ਬ੍ਰਹਮਾ, ਪਾਰਬ੍ਰਹਮ ਪ੍ਰਭ ਪੜਦਾ ਦਏ ਚੁਕਾਈਆ । ਝਗੜਾ ਮੇਟੇ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਅੰਤ ਅਖ਼ੀਰ ਬੇਨਜ਼ੀਰ ਕਲਧਾਰੀ ਆਪਣਾ ਕਰੇ ਕੰਮਾ, ਕਾਮਲ ਮੁਰਸ਼ਦ ਧੁਰਦਰਗਾਹੀਆ । ਕੂੜੀ ਕਿਰਿਆ ਮੋਹ ਲਾਲਚ ਮੇਟੇ ਤਮਾ, ਤਾਮਸ ਤ੍ਰਿਸਨਾ ਦਏ ਗਵਾਈਆ । ਜਨ ਭਗਤਾਂ ਨਾਮ ਜਪਾਏ ਦਮ ਦਮਾਂ, ਦਾਮਨਗੀਰ ਆਪ ਹੋ ਆਈਆ । ਕਲਜੁਗ ਵਿਚ ਸਤਿਜੁਗ ਬਦਲ ਦੇਵੇ ਸਮਾਂ, ਸਚ ਸਵਾਮੀ ਅੰਤਰਜਾਮੀ ਮਿਹਰ ਨਜ਼ਰ ਇਕ ਉਠਾਈਆ । ਲੇਖਾ ਜਾਣੇ ਚੌਦਾਂ ਸੌ ਤੀਹ ਅੰਕ ਅੰਕ ਦਾ ਪੰਨਾ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਦੀਨ ਮਜ਼੍ਹਬ ਦਾ ਰਹਿਣ ਨਾ ਦੇਵੇ ਬੰਨਾ, ਸ਼ਰਅ ਛੁਰੀ ਜਗਤ ਬਣੇ ਨਾ ਕੋਇ ਕਸਾਈਆ । ਇਕੋ ਨਾਮ ਸੁਣਾਏ ਬਿਨ ਕੰਨਾ, ਕਾਇਆ ਮੰਦਰ ਅੰਦਰ ਕਰੇ ਸ਼ਨਵਾਈਆ । ਭਾਗ ਲਗਾਏ ਸਾਢੇ ਤਿੰਨ ਹੱਥ ਤਨਾ, ਤਾਮਸ ਤ੍ਰਿਸਨਾ ਦਏ ਮਿਟਾਈਆ । ਸਚ ਮਾਰਗ ਚਾਰ ਵਰਨ ਅਠਾਰਾਂ ਬਰਨ ਦੱਸੇ ਨਵਾਂ, ਹਿੰਦੂ ਮੁਸਲਿਮ ਸਿਖ ਈਸਾਈ ਇਕੋ ਰੰਗ ਦਏ ਰੰਗਾਈਆ । ਜਨ ਭਗਤਾਂ ਨਾਮ ਨਿਧਾਨਾ ਦੇਵੇ ਧੁਰ ਦਾ ਧਨਾ, ਅਤੋਟ ਅਤੁਟ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੀਸ ਦਸਤਾਰ ਬੰਧਾ ਬਣਾਏ ਆਪਣੇ ਚੰਨਾ, ਚੰਦ ਚਾਂਦਨਾ ਜਗਤ ਜਹਾਨ ਕਰੇ ਰੁਸ਼ਨਾਈਆ ।

### ✪ ਅਜੀਤ ਸਿੰਘ ਦੇ ਬੇਨੰਤੀ ਕਰਨ ਤੇ ✪

ਤਬੀਅਤ ਦਾ ਮਿਲ ਗਿਆ ਤਬੀਬ, ਤਬਾ ਅੰਦਰੋਂ ਦਏ ਬਦਲਾਈਆ । ਮਿਹਰ ਕਰੇ ਅੰਦਰ ਹੋ ਕੇ ਕਰੀਬ, ਕੁਰਹ ਕਾਇਆ ਵੇਖ ਵਖਾਈਆ । ਜਗਤ ਜਨਮ ਵਿਚੋਂ ਬਦਲ ਜਾਏ ਨਸੀਬ, ਨਿਸਬਤ ਆਪਣੇ ਹੱਥ ਰਖਾਈਆ । ਸਤਿ ਦੀ ਸਤਿ ਦੇ ਤਰਤੀਬ, ਤਰੀਕਾ ਆਪਣਾ ਲਏ ਅਪਣਾਈਆ । ਦਰਸ਼ਨ ਦੇਂਦਾ ਰਹੇ ਅਜੀਬ, ਪਰਦਾ ਓਹਲਾ ਆਪ ਉਠਾਈਆ । ਪਿਆਰ ਰੱਖੇ ਸਤਿਗੁਰ ਸ਼ਬਦ ਤੇਰੀ ਸੁਰਤ ਸੁਰਤ ਮੁਰੀਦ, ਮੁਰੀਦ ਮੁਰਸ਼ਦ ਦੋਹਾਂ ਮਿਲ ਕੇ ਵੱਜੇ ਵਧਾਈਆ । ਜੀਵਣ ਦੀ ਆਸਾ ਜੀਵਣ ਦੀ ਮਨਸਾ ਜੀਵਣ ਦੀ ਖ਼ਾਹਿਸ਼ ਪੂਰੀ ਕਰੇ ਉਮੀਦ, ਆਮਦ ਵਿਚ ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਬਣਾ ਕੇ ਆਪਣਾ ਅਜ਼ੀਜ਼, ਆਜਜ਼ ਦੇਵੇ ਮਾਣ ਵਡਿਆਈਆ ।

### ✪ ੧੮ ਚੇਤ ਸ਼ਹਿਨਸ਼ਾਹੀ ਸੰਮਤ ੭ ਸੁਰਜਨ ਸਿੰਘ, ਮਹਿੰਦਰ ਸਿੰਘ, ਪ੍ਰੀਤਮ ਸਿੰਘ, ਅਜੀਤ ਸਿੰਘ, ਬਚਨ ਸਿੰਘ, ਜਸਵੰਤ ਕੌਰ, ਚਰਨ ਸਿੰਘ, ਜਗੀਰ ਸਿੰਘ ਮੈਣੀਆਂ, ਗਿਰਧਾਰਾ ਸਿੰਘ ਬਲੋਆਲੀ, ਕੇਸਰ ਸਿੰਘ ਮੈਸਮ ਪੂਰਾ, ਚਰਨ ਸਿੰਘ ਮਾਂਗਾ ਸਰਾਏ, ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ✪



ਕਲਜੁਗ ਕਹੇ ਪ੍ਰਭੂ ਮੈਂ ਚਾਰੋਂ ਕੁੰਟ ਨੱਠਾ, ਉੱਤਰ ਪੂਰਬ ਪੱਛਮ ਦੱਖਣ ਵਾਹੋ ਦਾਹੀਆ । ਅੰਦਰ ਵੜਿਆ ਮੰਦਰ ਮਸਜਿਦ ਸ਼ਿਵਦਵਾਲੇ ਮੱਠਾ, ਗੁਰੂਦਵਾਰ ਚਰਚ ਧਿਆਨ ਲਗਾਈਆ । ਖੇਲ ਤੱਕਿਆ ਤੀਰਥ ਅੱਠ ਸੱਠਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਫੋਲ ਫੁਲਾਈਆ । ਦੀਨਾਂ ਮਜ਼੍ਹਬਾਂ ਜ਼ਾਤਾਂ ਪਾਤਾਂ ਪਿਆ ਰੱਟਾ, ਝਗੜਾ ਸਕੇ ਨਾ ਕੋਇ ਮੁਕਾਈਆ । ਅੰਤ ਅਖ਼ੀਰ ਸਭ ਦਾ ਪੂਰਾ ਹੋਵਣ ਵਾਲਾ ਪਟਾ, ਪਟਨੇ ਵਾਲਾ ਵੇਖ ਵਖਾਈਆ । ਆਤਮ ਪਰਮਾਤਮ ਪਰਮਾਤਮ ਆਤਮ ਭੁੱਲਿਆ ਸਭ ਨੂੰ ਟੱਪਾ, ਤੂੰ ਮੇਰਾ ਮੈਂ ਤੇਰਾ ਰਾਗ ਨਾ ਕੋਇ ਅਲਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਤੇਰਾ ਨਾਮ ਕਿਸੇ ਨਾ ਜਪਾ, ਜਗਜੀਵਣ ਦਾਤੇ ਤੇਰੇ ਵਿਚ ਨਾ ਕੋਇ ਸਮਾਈਆ । ਔਹ ਵੇਖ ਬਿਨ ਅੱਖਾਂ ਵੇਖੇ ਨਾਨਕ ਤਪਾ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਸਤਿ ਸਚ ਦੀ ਰਹੀ ਕੋਈ ਨਾ ਸੱਤਾ, ਸਤਿ ਧਰਮ ਨਜ਼ਰ ਕੋਇ ਨਾ ਆਈਆ । ਫਿਰੀ ਦਰੋਹੀ ਮਦੀਨਾ ਮੱਕਾ, ਕਾਅਬੇ ਰਹੇ ਕੁਰਲਾਈਆ । ਨੇਤਰ ਰੋਵੇ ਬੂਰਾ ਕੱਕਾ, ਸਦੀ ਬੀਸਵੀਂ ਅੱਖ ਖੁਲ੍ਹਾਈਆ । ਅੰਤ ਅਖ਼ੀਰ ਸਭ ਨੂੰ ਲੱਗਣਾ ਧੱਕਾ, ਅੱਗੇ ਹੋ ਨਾ ਕੋਇ ਅਟਕਾਈਆ । ਫਿਰੀ ਦਰੋਹੀ ਮਨਮਤਾ, ਗੁਰਮਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧਰਮ ਦਵਾਰੇ ਮੰਗ ਮੰਗਾਈਆ । ਕਲਜੁਗ ਕਹੇ ਪ੍ਰਭੂ ਮੇਰੀ ਧਰਮ ਧਾਰ ਜਵਾਨੀ, ਜੋਬਨਵੰਤਾ ਇਕ ਅਖਵਾਈਆ । ਮੇਰੇ ਉਤੇ ਕਰ ਮਿਹਰਵਾਨੀ, ਮਿਹਰਵਾਨ ਤੇਰੀ ਸਰਨਾਈਆ । ਮੈਂ ਝਗੜਾ ਪਾਉਣਾ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਸਾਰੇ ਦਿਆਂ ਹਿਲਾਈਆ । ਲੇਖਾ ਮੁਕਾਉਣਾ ਅੱਠ ਸੱਠ ਪਾਣੀ, ਤੀਰਥ ਤਟ ਨਾ ਕੋਇ ਚਤੁਰਾਈਆ । ਤੇਰਾ ਨਾਮ ਕਲਮਾ ਪੜ੍ਹੇ ਕੋਇ ਨਾ ਬਾਣੀ, ਅਣਿਆਲਾ ਤੀਰ ਨਾ ਕੋਇ

ਚਲਾਈਆ । ਆਤਮ ਪਰਮਾਤਮ ਮੇਲ ਮਿਲਣ ਨਹੀਂ ਦੇਣਾ ਹਾਣੀ, ਪਾਰਬ੍ਰਹਮ ਬ੍ਰਹਮ ਸੰਗ ਨਾ ਕੋਇ ਰਖਾਈਆ । ਤੇਰਾ ਨੂਰ ਜ਼ਹੂਰ ਹੋਣਾ ਬੇਪਹਿਚਾਣੀ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਣੀ ਵੈਰਾਨੀ, ਵੈਰੀ ਘਰ ਘਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਕਲਜੁਗ ਕਹੇ ਪ੍ਰਭ ਤੇਰਾ ਦਿਸੇ ਕੋਇ ਨਾ ਨੂਰਾ, ਜ਼ਹੂਰ ਨਜ਼ਰ ਕੋਇ ਨਾ ਆਈਆ । ਹਰਿਜਨ ਰਹੇ ਕੋਇ ਨਾ ਸੂਰਾ, ਸੂਰੀਆ ਚੰਦ ਨੇਤਰ ਰੋਵਣ ਮਾਰਨ ਧਾਈਆ । ਚਾਰ ਕੁੰਟ ਵਿਸ਼ਾ ਹੋਵੇ ਕੂੜਾ, ਸਤਿ ਧਰਮ ਨਾ ਕੋਇ ਸਮਝਾਈਆ । ਚਤੁਰ ਸੁਘੜ ਹੋਵੇ ਮੂਰਖ ਮੂੜ੍ਹਾ, ਹਿਰਦੇ ਹਰਿ ਨਾ ਕੋਇ ਵਸਾਈਆ । ਮਸਤਕ ਲਾਏ ਕੋਇ ਨਾ ਤੇਰੀ ਚਰਨ ਧੂੜਾ, ਟਿੱਕਾ ਖ਼ਾਕ ਨਾ ਕੋਇ ਰਮਾਈਆ । ਪੁਰਖ ਅਕਾਲੇ ਦੀਨ ਦਿਆਲੇ ਰੰਗ ਚੜ੍ਹੇ ਕਿਸੇ ਨਾ ਗੂੜ੍ਹਾ, ਪਤਿਤ ਪੁਨੀਤ ਨਾ ਕੋਇ ਕਰਾਈਆ । ਤੇਰਾ ਨੂਰ ਦਿਸੇ ਨਾ ਹਾਜ਼ਰ ਹਜ਼ੂਰਾ, ਹਜ਼ਰਤਾਂ ਦੇ ਹਜ਼ਰਤ ਸਾਚਾ ਮੇਲ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਪੁਰਖ ਅਕਾਲ ਕਹੇ ਕਲਜੁਗ ਮੇਰੇ ਬੱਚੇ, ਉਠ ਵੇਖ ਧਿਆਨ ਲਗਾਈਆ । ਭਗਤ ਸੁਹੇਲੇ ਧੁਰ ਦੇ ਸੱਚੇ, ਸਚ ਸਾਜਣ ਦਿਆਂ ਦ੍ਰਿੜਾਈਆ । ਜਿਨ੍ਹਾਂ ਭਾਗ ਲੱਗਾ ਕਾਇਆ ਮਾਟੀ ਤਨ ਕੱਚੇ, ਕੰਚਨ ਗੜ੍ਹ ਰਹੇ ਸੁਹਾਈਆ । ਮੇਰੇ ਪ੍ਰੇਮ ਪਿਆਰ ਵਿਚ ਰੱਤੇ, ਨਾਤਾ ਆਤਮ ਪਰਮਾਤਮ ਰਹੇ ਜੁੜਾਈਆ । ਨਿਰਗੁਣ ਧਾਰ ਤੱਕਣ ਨਿਜ ਨੇਤਰ ਲੋਚਣ ਨੈਣ ਅੱਖੇ, ਅੱਖਰਾਂ ਤੋਂ ਬਾਹਰ ਕਰਨ ਪੜ੍ਹਾਈਆ । ਉਨ੍ਹਾਂ ਦੇ ਵਸਿਆ ਘਟ ਘਟੇ, ਨਿਜ ਘਰ ਬੈਠਾ ਡੇਰਾ ਲਾਈਆ । ਉਹ ਜਗਤ ਜਹਾਨ ਦੀ ਮੰਜ਼ਲ ਟੱਪੇ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਕਲਜੁਗ ਔਹ ਤਕ ਧਰਮ ਨਿਸ਼ਾਨ, ਜਨ ਭਗਤ ਭਗਤ ਦ੍ਰਿੜਾਈਆ । ਜਿਨ੍ਹਾਂ ਦੇਵੇ ਆਪ ਮਾਣ, ਸਿਰ ਆਪਣਾ ਹੱਥ ਟਿਕਾਈਆ । ਉਨ੍ਹਾਂ ਨਾਤਾ ਤੁਟੇ ਜਗਤ ਜਹਾਨ, ਜਾਗਰਤ ਜੋਤ ਕਰੇ ਰੁਸ਼ਨਾਈਆ । ਆਤਮ ਬ੍ਰਹਮ ਦਾ ਦੇ ਕੇ ਦਾਨ, ਕਾਇਆ ਝੋਲੀ ਆਪ ਭਰਾਈਆ । ਸਚ ਸੁਣਾ ਅਗੰਮੀ ਧੁੰਨਕਾਨ, ਅਨੁਰਾਗੀ ਰਾਗ ਆਪ ਦ੍ਰਿੜਾਈਆ । ਅੰਮ੍ਰਿਤ ਬਖ਼ਸ਼ੇ ਪੀਣ ਖਾਣ, ਨਿਜਰ ਝਿਰਨਾ ਆਪ ਝਿਰਾਈਆ । ਦੀਪਕ ਜੋਤ ਜਗਾ ਮਹਾਨ, ਅੰਧ ਅੰਧੇਰਾ ਦਏ ਮਿਟਾਈਆ । ਸਚਖੰਡ ਸਚ ਦਵਾਰ ਪੁਚਾਏ ਮਕਾਨ, ਜਿਥੇ ਮੱਕਾ ਕਾਅਬਾ ਨਜ਼ਰ ਕੋਇ ਨਾ ਆਈਆ । ਨਾ ਕੋਈ ਜ਼ਿਮੀਂ ਦਿਸੇ ਅਸਮਾਨ, ਸੂਰੀਆ ਚੰਦ ਨਾ ਕੋਇ ਰੁਸ਼ਨਾਈਆ । ਨਿਰਗੁਣ ਨਿਰਗੁਣ ਵਿਚ ਸਮਾਣ, ਰੂਪ ਰੰਗ ਰੇਖ ਦਾ ਲੇਖਾ ਰਹੇ ਨਾ ਰਾਈਆ । ਪੁਰਖ ਅਕਾਲਾ ਦੀਨ ਦਿਆਲਾ ਕਿਰਪਾ ਕਰੇ ਆਪ ਮਿਹਰਵਾਨ, ਮਿਹਰ ਨਜ਼ਰ ਨਜ਼ਰ ਉਠਾਈਆ । ਹਰਿਜਨ ਜਨਭਗਤ ਸੁਹੇਲੇ ਕਰੇ ਨੌਜਵਾਨ, ਜੋਬਨਵੰਤ ਆਪਣੇ ਰੰਗ ਰੰਗਾਈਆ । ਧਰਮ ਧਾਰ ਦੀ ਦਸਤਾਰ ਕਰ ਦਾਨ, ਦਾਤਾ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲੇਖਾ ਕਰੇ ਪਰਵਾਨ, ਪਰਮ ਪੁਰਖ ਪਰਮਾਤਮ ਆਤਮ ਆਪਣੇ ਅੰਗ ਲਗਾਈਆ ।


੧੨੫੪
੨੨

✪ ੨੦ ਚੇਤ ਸ਼ਹਿਨਸ਼ਾਹੀ ਸੰਮਤ ੭ ਤਾਰਾ ਸਿੰਘ ਨਿਰੰਜਣ ਸਿੰਘ ਦੇ ਗ੍ਰਿਹ ਜਮਨਾ ਨਗਰ ਜ਼ਿਲਾ ਅੰਬਾਲਾ ✪

ਦੀਪਕ ਕਹਿਣ ਪੰਜ ਤਤ ਮੇਰਾ ਪ੍ਰਕਾਸ਼, ਆਤਮ ਪਰਮਾਤਮ ਦਿਤੀ ਵਡਿਆਈਆ । ਮੇਰਾ ਮਾਲਕ ਇਕ ਅਬਿਨਾਸ਼, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਜੋ ਨਿਰਗੁਣ ਨਿਰਗੁਣ ਹੋ ਕੇ ਪਾਵੇ ਰਾਸ, ਗੋਪੀ ਕਾਹਨ ਰੂਪ ਨੂਰ ਇਲਾਹੀਆ । ਸਤਿ ਸਰੂਪੀ ਸਾਖਿਆਤ, ਸਵਛ ਆਪਣੀ ਕਲ ਵਰਤਾਈਆ । ਕਲਜੁਗ ਅੰਤ ਮੇਟੇ ਅੰਧੇਰੀ ਰਾਤ, ਸਤਿਜੁਗ ਸਚ ਚੰਦ ਚਮਕਾਈਆ । ਕੂੜ ਕਿਰਿਆ ਕਰੇ ਘਾਤ, ਖੰਡਾ ਖੜਗ ਨਾਮ ਉਠਾਈਆ । ਸਦੀ ਚੌਧਵੀਂ ਮੇਟੇ ਵਾਟ, ਚੌਦਾਂ ਤਬਕ ਨੈਣ ਉਠਾਈਆ । ਜਨ ਭਗਤ ਸੁਹੇਲੇ ਚੜ੍ਹਾਏ ਅਗੰਮੇ ਘਾਟ, ਮੰਜ਼ਲ ਆਪਣੀ ਆਪ ਜਣਾਈਆ । ਦੀਨਾਂ ਅਨਾਥਾਂ ਪੁਛੇ ਵਾਤ, ਵਾਤਾਵਰਨ ਵੇਖੇ ਖ਼ਲਕ ਖ਼ੁਦਾਈਆ । ਚਾਰ ਵਰਨ ਬਣਾ ਇਕ ਜਮਾਤ, ਆਤਮ ਪਰਮਾਤਮ ਰੰਗ ਰੰਗਾਈਆ । ਸਚ ਸਵਾਮੀ ਅੰਤਰਜਾਮੀ ਸਭ ਦੀ ਪੂਰੀ ਕਰੇ ਆਸ, ਭਵਿਖਤ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਸਚ ਕਹੇ ਮੇਰਾ ਠਾਕਰ ਸਵਾਮੀ, ਹਰਿ ਕਰਤਾ ਧੁਰਦਰਗਾਹੀਆ । ਲੱਖ ਚੁਰਾਸੀ ਅੰਤਰਜਾਮੀ, ਘਟ ਘਟ ਰਿਹਾ ਸਮਾਈਆ । ਸ਼ਬਦ ਅਗੰਮੀ ਸੁਣਾਏ ਬਾਣੀ, ਅਣਿਆਲਾ ਤੀਰ ਚਲਾਈਆ । ਆਤਮ ਪਰਮਾਤਮ ਬਣਾਏ ਧੁਰ ਦਾ ਹਾਣੀ, ਧੁਰ ਸੰਜੋਗੀ ਜੋੜ ਜੁੜਾਈਆ । ਅੰਮ੍ਰਿਤ ਰਸ ਨਿਜਰ ਝਿਰਨਾ ਬੂੰਦ ਸਵਾਂਤੀ ਦੇਵੇ ਠੰਡਾ ਪਾਣੀ, ਅੰਮਿਉਂ ਰਸ ਆਪ ਚੁਆਈਆ । ਆਤਮਕ ਧੁਨ ਸੁਣਾਏ ਸੱਚੀ ਧੁਨਕਾਨੀ, ਅਨਹਦ ਨਾਦੀ ਨਾਦ ਵਜਾਈਆ । ਜੋਤੀ ਜੋਤ ਖੇਲੇ ਖੇਲ ਮਹਾਨੀ, ਮਿਹਰਵਾਨ ਮਹਿਬੂਬ ਪਰਦਾ ਆਪ ਉਠਾਈਆ । ਕਲਜੁਗ ਰੀਤੀ ਨੀਤੀ ਵੇਖੇ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਹੁਕਮ ਕਹੇ ਸੁਣੋ ਸੰਦੇਸਾ ਪਰਵਰਦਿਗਾਰਾ, ਧੁਰ ਪੈਗ਼ਾਮ ਇਕ ਜਣਾਈਆ । ਖੇਲੇ ਖੇਲ ਹਰਿ ਕਰਤਾਰਾ, ਕਰਨੀ ਦਾ ਕਰਤਾ ਨੂਰ ਇਲਾਹੀਆ । ਲੇਖਾ ਵੇਖੇ ਸ੍ਰਿਸ਼ਟੀ ਦ੍ਰਿਸ਼ਟੀ ਸਰਬ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਸਵਾਧਾਨ ਕਰਾਏ ਤੇਈ ਅਵਤਾਰਾ, ਤ੍ਰੈਗੁਣ ਅਤੀਤਾ ਆਪਣੀ ਦਇਆ ਕਮਾਈਆ । ਬੇਖ਼ਬਰਾਂ ਕਰੇ ਖ਼ਬਰਦਾਰਾ, ਪੈਗ਼ੰਬਰ ਈਸਾ ਮੂਸਾ ਮੁਹੰਮਦ ਲਏ ਅੰਗੜਾਈਆ । ਨਾਨਕ ਗੋਬਿੰਦ ਪਾਵੇ ਸਾਰਾ, ਮਹਾਸਾਰਥੀ ਇਕ ਅਖਵਾਈਆ । ਸਦੀ ਚੌਧਵੀਂ ਚਾਰੋਂ ਕੁੰਟ ਜਣਾਏ ਧੂੰਆਂਧਾਰਾ, ਧਰਮ ਦੀ ਧਾਰ ਨਾ ਕੋਇ ਵਡਿਆਈਆ । ਹਰ ਘਟ ਅੰਤਰ ਦਿਸੇ ਕਾਮ ਕਰੋਧ ਲੋਭ ਮੋਹ ਹੰਕਾਰਾ, ਮਾਇਆ ਮਮਤਾ ਨਾਲ ਕੁੜਮਾਈਆ । ਸਚ ਦਾ ਰਹੇ ਨਾ ਕੋਇ ਪਿਆਰਾ, ਪ੍ਰੀਤਮ ਮਿਲਣ ਕੋਇ ਨਾ ਪਾਈਆ । ਨਾਤਾ ਤੁਟਣਾ ਮੁਹੰਮਦ ਚਾਰ ਯਾਰਾ, ਯਾਰੀ ਹੱਕ ਨਾ ਕੋਇ ਕਮਾਈਆ । ਖ਼ਾਦਮ ਰਹਿਣਾ ਨਹੀਂ ਕੋਇ ਖ਼ਿਦਮਤਗਾਰਾ, ਖ਼ੁਦ ਖ਼ੁਦਾ ਆਪਣਾ ਹੁਕਮ ਸੁਣਾਈਆ । ਦੀਨ ਮਜ਼੍ਹਬ ਦਾ ਹੋਏ ਨਾ ਕੋਇ ਤਾਬਿਆਦਾਰਾ, ਤਬੀਅਤ ਸਭ ਦੀ ਦਏ ਬਦਲਾਈਆ । ਉਚੀ ਰੋਵਣ ਪੈਗ਼ੰਬਰਾਂ ਵਾਲੇ ਮਜ਼ਾਰਾ, ਮਕਬਰੇ ਰਹੇ ਕੁਰਲਾਈਆ । ਯਾਮੁਬੀਨ ਦਰੋਹੀ ਸਭ ਨੂੰ ਆਈ ਹਾਰਾ, ਹਿਰਦੇ ਹਰਿ ਨਾ ਕੋਇ ਵਸਾਈਆ । ਚਾਰ ਕੁੰਟ ਦਹਿ ਦਿਸ਼ਾ ਹੋਏ ਦੁਖਿਆਰਾ, ਦੁਖਿਆਂ ਦੁੱਖ ਨਾ ਕੋਇ ਗਵਾਈਆ । ਤੇਰੀ ਕਾਇਨਾਤ ਗ਼ਫ਼ਲਤ ਵਿਚ ਸੁੱਤੀ ਪੈਰ ਪਸਾਰਾ, ਆਲਸ ਨਿੰਦਰਾ ਸਕੇ ਨਾ ਕੋਇ ਮਿਟਾਈਆ । ਕਲਮਾ ਕਰੇ ਨਾ ਕੋਇ ਬੇਦਾਰਾ, ਨੇਤਰ ਲੋਚਨ ਨੈਣ ਅੱਖ ਨਾ ਕੋਇ ਖੁਲ੍ਹਾਈਆ ।

੧੨੫੫ ੨੨

ਉਠ ਵੇਖ ਖੇਲ ਸੱਚੀ ਸਰਕਾਰਾ, ਸਾਹਿਬ ਸੁਲਤਾਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰ ਤੇਰੇ ਮੰਗ ਮੰਗਾਈਆ । ਦਰ ਤੇਰਾ ਸਚ ਸੁਹੰਜਣਾ, ਹਰਿ ਸਾਹਿਬ ਸਤਿਗੁਰ ਮੀਤ । ਕਿਰਪਾ ਕਰ ਆਦਿ ਨਿਰੰਜਣਾ, ਲੇਖਾ ਵੇਖ ਹਸਤ ਕੀਟ । ਤੂੰ ਦਾਤਾ ਦਾਨੀ ਦਰਦ ਦੁੱਖ ਭੈ ਭੰਜਣਾ, ਪਰਦਾ ਖੋਲ੍ਹ ਪ੍ਰਭੂ ਅਨਡੀਠ । ਸਚ ਪ੍ਰੀਤੀ ਧੂੜੀ ਬਖ਼ਸ਼ ਮਜਨਾ, ਕਲਜੁਗ ਜੀਵ ਮਿੱਠੇ ਕਰ ਕੌੜੇ ਰੀਠ । ਨਾਮ ਨਿਧਾਨ ਚਾੜ੍ਹ ਰੰਗਣਾ, ਤ੍ਰੈਗੁਣ ਵਿਚੋਂ ਕਰ ਅਤੀਤ । ਤੂੰ ਆਤਮ ਪਰਮਾਤਮ ਸਾਚਾ ਸੱਜਣਾ, ਪਾਰਬ੍ਰਹਮ ਬ੍ਰਹਮ ਉਤੇ ਕਰ ਬਖ਼ਸ਼ੀਸ਼ । ਨੇਤਰ ਨਾਮ ਪਾ ਅੰਜਣਾ, ਰਹਿਮ ਮੁਹੱਬਤ ਕਰ ਬਖ਼ਸ਼ੀਸ਼ । ਸਦੀ ਚੌਧਵੀਂ ਅੰਤਮ ਸਭ ਨੇ ਵੰਞਣਾ, ਕਲਮਿਆਂ ਵਾਲੀ ਰਹੇ ਨਾ ਕੋਇ ਹਦੀਸ । ਸਭ ਨੇ ਇਕੋ ਤੇਰੀ ਕਰਨੀ ਬੰਦਨਾ, ਤੂੰ ਮਾਲਕ ਜਗਤ ਜਗਦੀਸ । ਜੋ ਘੜਿਆ ਸੋ ਭੱਜਣਾ, ਤੇਰਾ ਲੇਖਾ ਬੀਸ ਇਕੀਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤ੍ਰੈਗੁਣ ਸਵਾਮੀ ਸ਼ਬਦ ਅਤੀਤ । ਤ੍ਰੈਗੁਣ ਅਤੀਤੇ ਠਾਂਡੇ ਸੀਤੇ, ਸਤਿਗੁਰ ਤੇਰੀ ਇਕ ਸਰਨਾਈਆ । ਸਤਿਜੁਗ ਤ੍ਰੇਤਾ ਦੁਆਪਰ ਪਿਛੇ ਬੀਤੇ, ਕਲਜੁਗ ਅੰਤਮ ਵੇਖ ਵਖਾਈਆ । ਖੇਲ ਤਕੇ ਰਾਮਾ ਸੀਤੇ, ਰਾਧਾ ਕ੍ਰਿਸ਼ਨਾ ਖੋਜ ਖੁਜਾਈਆ । ਸਦੀ ਚੌਧਵੀਂ ਵੇਖ ਹੁਕਮ ਹੱਕ ਹਦੀਸੇ, ਹਜ਼ਰਤਾਂ ਤੋਂ ਬਾਹਰ ਖੋਜ ਖੁਜਾਈਆ । ਤੇਰਾ ਨੂਰ ਅਲਾਹੀ ਬੀਸ ਬੀਸੇ, ਬੀਸਵੀਂ ਸਦੀ ਦਏ ਗਵਾਹੀਆ । ਸਦਮਿਆਂ ਵਿਚ ਸਾਰੇ ਰਹੇ ਚੀਕੇ, ਉਚੀ ਕੂਕਣ ਮਾਰਨ ਧਾਈਆ । ਔਹ ਵੇਖ

੧੨੫੬ ਝਗੜਾ ਪੈਣਾ ਹਸਤ ਕੀਟੇ, ਹਸਤ ਕੀਟ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ੧੨੫੬

੨੨ ਵਰ, ਸਚ ਦੇ ਮਾਲਕ ਤੇਰੀ ਇਕ ਸਰਨਾਈਆ । ਸਚ ਕਹੇ ਮੈਂ ਸਭ ਦਾ ਪਿਆਰਾ, ਸਚ ਸਚ ਨਾਲ ਮਿਲਾਈਆ । ਸਚ ਦਾ ਸਚ ਹੋਵੇ ਦਵਾਰਾ, ੨੨

ਦੂਸਰ ਵੰਡ ਨਾ ਕੋਇ ਵੰਡਾਈਆ । ਸਚ ਦਾ ਮੇਲਾ ਏਕੰਕਾਰਾ, ਅਕਲ ਕਲਧਾਰੀ ਨੂਰ ਇਲਾਹੀਆ । ਸਚ ਦਾ ਸਚ ਦਰ ਦਰਬਾਰਾ, ਜਿਥੇ ਵੰਡ ਨਾ ਕੋਇ ਵੰਡਾਈਆ । ਸਚ ਦੇ ਪ੍ਰੇਮੀ ਭਗਤ ਜਨ ਵਿਚ ਸੰਸਾਰਾ, ਭਗਵਨ ਦੇਵੇ ਮਾਣ ਵਡਿਆਈਆ । ਜੁਗ ਜੁਗ ਨਿਰਗੁਣ ਸਰਗੁਣ ਪਾਵੇ ਸਾਰਾ, ਸਰਗੁਣ ਨਿਰਗੁਣ ਆਪਣੀ ਖੇਲ ਖਿਲਾਈਆ । ਕਲਜੁਗ ਅੰਤ ਭਗਵੰਤ ਹੋ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਸ਼ਬਦ ਸ਼ਬਦ ਸ਼ਬਦ ਧੁਨਕਾਰਾ, ਧੁਨ ਅਨਾਦੀ ਨਾਦ ਸ਼ਨਵਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਮੇਲੇ ਆਪਣੀ ਧਾਰਾ, ਭਗਤ ਭਗਵਾਨ ਲਏ ਉਠਾਈਆ । ਮਿਹਰ ਨਿਗਹ ਨਾਲ ਚੁਰਾਸੀ ਵਿਚੋਂ ਕਢੇ ਬਾਹਰਾ, ਜਮ ਕੀ ਫਾਂਸੀ ਦਏ ਤੁੜਾਈਆ । ਸੀਸ ਬਖ਼ਸ਼ ਜਗਦੀਸ ਇਕ ਦਸਤਾਰਾ, ਸਿਰ ਸਿਰ ਆਪਣਾ ਹੱਥ ਰਖਾਈਆ । ਜਨ ਭਗਤਾਂ ਜਨਮ ਨਾ ਹੋਏ ਦੁਬਾਰਾ, ਚਾਰੇ ਖਾਣੀ ਅੰਡਜ ਜੇਰਜ ਉਤਭੁਜ ਸੇਤਜ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਪਰਮਾਤਮ ਆਤਮ ਦੇਵੇ ਅਧਾਰਾ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ ।

## ✪ ੨੧ ਚੇਤ ਸ਼ਹਿਨਸ਼ਾਹੀ ਸੰਮਤ ਲਛਮਣ ਸਿੰਘ ਤੇ ਹਰਬੰਸ ਸਿੰਘ ਦੇ ਨਵਿਤ ਸਹਾਰਨ ਪੁਰ ਸ਼ਹਿਰ ✪

ਦੀਪਕ ਕਹਿਣ ਭਗਤਾਂ ਅੰਦਰ ਜਗਾ ਦੇ ਜੋਤੀ, ਪਰਮ ਪੁਰਖ ਪਰਮਾਤਮ ਆਤਮ ਕਰ ਰੁਸ਼ਨਾਈਆ । ਸੁਰਤੀ ਰਹੇ ਨਾ ਕਿਸੇ ਸੋਤੀ, ਜਾਗਰਤ ਜੋਤ ਬਿਨ ਵਰਨ ਗੋਤ ਡਗਮਗਾਈਆ । ਚੁਰਾਸੀ ਵਿਚੋਂ ਹਰਿਜਨ ਬਣਾ ਮਾਣਕ ਮੋਤੀ, ਅਨਮੁਲੜੇ ਲਾਲ ਮਾਤ ਪ੍ਰਗਟਾਈਆ । ਮੰਜ਼ਲ ਅਗੰਮੀ ਚੜ੍ਹਾ ਚੋਟੀ, ਚੋਟ ਸ਼ਬਦ ਨਾਮ ਲਗਾਈਆ । ਵਾਸਨਾ ਅੰਦਰ ਰਹੇ ਨਾ ਖੋਟੀ, ਕੂੜੀ ਕਿਰਿਆ ਬਾਹਰ ਕਢਾਈਆ । ਪਾਰਬ੍ਰਹਮ ਬ੍ਰਹਮ ਬਣਾ ਆਪਣਾ ਗੋਤੀ, ਸਗਲਾ ਸੰਗੀ ਸੰਗ ਨਿਭਾਈਆ । ਮਨਸਾ ਮਤ ਰਹੇ ਨਾ ਹੋਛੀ, ਹਵਸ ਕੂੜ ਦੇਣੀ ਚੁਕਾਈਆ । ਨੇਤਰ ਖੋਲ੍ਹ ਅੱਖ ਲੋਚੀ, ਨੈਣ ਨਿਜ ਕਰ ਰੁਸ਼ਨਾਈਆ । ਗ਼ਰੀਬ ਨਿਮਾਣਿਆਂ ਮੰਜ਼ਲ ਦੇ ਜੇਹੜੀ ਦਿਤੀ ਰਵਦਾਸ ਚਮਾਰੇ ਮੋਚੀ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਪੜ੍ਹਨੀ ਪਏ ਕੋਇ ਨਾ ਪੋਥੀ, ਪੁਸਤਕ ਬਗ਼ਲ ਨਾ ਕੋਇ ਟਿਕਾਈਆ । ਨਾਮ ਜਪਣਾ ਪਏ ਨਾ ਬੁੱਲ੍ਹਾਂ ਹੋਂਟੀਂ, ਅਜਪਾ ਜਾਪ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਜਨ ਭਗਤਾਂ ਅੰਤਰ ਦੀਪਕ ਜੋਤ ਜਾਏ ਜਗ, ਨੂਰ ਜ਼ਹੂਰ ਕਰ ਰੁਸ਼ਨਾਈਆ । ਪਰਦਾ ਲਾਹ ਉਪਰ ਸ਼ਾਹਰਗ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਤ੍ਰੈਗੁਣ ਮਾਇਆ ਨਾ ਸਾੜੇ ਅੱਗ, ਤਤਵ ਤਤ ਨਾ ਕੋਇ ਤਪਾਈਆ । ਹੰਸ ਬਣਾ ਮੂਰਖ ਮੂੜ੍ਹ ਕੱਗ, ਮਾਣਕ ਮੋਤੀ ਨਾਮ ਚੋਗ ਚੁਗਾਈਆ । ਜਗਤ ਦਵਾਰ ਮੇਟ ਕੇ ਹੱਦ, ਨਵ ਨਵ ਦਾ ਲੇਖਾ ਦੇ ਮੁਕਾਈਆ । ਸ਼ਬਦ ਅਗੰਮੀ ਸੁਣਾ ਨਦ, ਅਨਹਦ ਨਾਦ ਵਜਾਈਆ । ਆਤਮ ਪਰਮਾਤਮ ਸਮਝਾ ਆਪਣੀ ਯਦ, ਯਦੀ ਆਪਣਾ ਮੇਲ ਮਿਲਾਈਆ । ਕੂੜੀ ਕਿਰਿਆ ਜਾਣ ਛਡ, ਜਗਤ ਜਹਾਨ ਨਾ ਕੋਇ ਚਤੁਰਾਈਆ । ਮਾਇਆ ਮਮਤਾ ਵਿਚੋਂ ਹੋਵਣ ਅੱਡ, ਲੋਭ ਮੋਹ ਹੰਕਾਰ ਬੰਧਨ ਨਾ ਕੋਇ ਰਖਾਈਆ । ਸਚ ਸਰਨਾਈ ਤੇਰੀ ਜਾਣ ਲੱਗ, ਦੂਜਾ ਇਸ਼ਟ ਨਾ ਕੋਇ ਮਨਾਈਆ । ਨਾਮ ਨਿਧਾਨ ਪਿਆ ਮਦਿ, ਅੰਮ੍ਰਿਤ ਰਸ ਨਿਜਰ ਧਾਰ ਚੁਆਈਆ । ਲਹਿਣਾ ਦੇਣਾ ਪੂਰਾ ਕਰ ਸਭ, ਸਬੱਬ ਨਾਲ ਆਪਣਾ ਪੜਦਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਦੀਪਕ ਕਹਿਣ ਪ੍ਰਭੂ ਭਗਤਾਂ ਅੰਦਰ ਕਰ ਪ੍ਰਕਾਸ਼, ਪ੍ਰਕਾਸ਼ਵਾਨ ਤੇਰੀ ਸਰਨਾਈਆ । ਤੂੰ ਸਾਹਿਬ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਅਵਤਾਰ ਪੈਗ਼ੰਬਰ ਗੁਰੂ ਤੇਰੇ ਦਾਸ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਨਿਰਗੁਣ ਸਰਗੁਣ ਤੇਰੀ ਜੋਤੀ ਸ਼ਬਦੀ ਰਾਸ, ਮੰਡਲ ਮੰਡਪ ਵੱਜੇ ਵਧਾਈਆ । ਤੇਰਾ ਰੂਪ ਤਕਣ ਸਾਖਿਆਤ, ਸਤਿ ਸਰੂਪੀ ਨਜ਼ਰੀ ਆਈਆ । ਕਲਜੁਗ ਕੂੜੀ ਕਿਰਿਆ ਕੋਲੋਂ ਦੇ ਨਜਾਤ, ਮਾਇਆ ਮਮਤਾ ਮੋਹ ਮਿਟਾਈਆ । ਝਗੜਾ ਰਹੇ ਨਾ ਸ਼ਰਅ ਕਾਗ਼ਜ਼ਾਤ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਆਤਮ ਪਰਮਾਤਮ ਪਰਮਾਤਮ ਆਤਮ ਦੇ ਸਾਥ, ਸਗਲਾ ਸੰਗ ਬਣਾਈਆ । ਤੂੰ ਮੇਰਾ ਮੈਂ ਤੇਰਾ ਗਾਵਣ ਗਾਥ, ਢੋਲਾ ਸੋਹਲਾ ਧੁਰਦਰਗਾਹੀਆ । ਸ਼ਰਅ ਸ਼ਰੀਅਤ ਵਿਚੋਂ ਕਰ ਆਜ਼ਾਦ, ਜ਼ਾਤ ਪਾਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਸਰਨਾਈਆ । ਭਗਤਾਂ ਅੰਦਰ ਬਖ਼ਸ਼ ਦੇ ਨੂਰ, ਨੂਰ ਨੁਰਾਨੇ ਦਇਆ ਕਮਾਈਆ । ਤੇਰਾ ਜਲਵਾ ਤਕਣ ਜ਼ਹੂਰ, ਜ਼ਾਹਰ ਕਰ ਰੁਸ਼ਨਾਈਆ । ਪੰਧ ਮੁਕਾ ਨੇੜਾ ਦੂਰ, ਕਾਇਆ ਮੰਦਰ ਕਾਅਬਾ

ਇਕ ਸੁਹਾਈਆ । ਜਿਥੇ ਤੇਰੇ ਨਾਮ ਦੀ ਉਪਜੇ ਤੂਰ, ਤੁਰੀਆ ਤੋਂ ਪਰੇ ਦੀ ਕਰ ਪੜ੍ਹਾਈਆ । ਚਤੁਰ ਸੁਘੜ ਬਣਾ ਦੇ ਮੂੜ੍ਹ, ਸਿਰ ਆਪਣਾ ਹੱਥ ਟਿਕਾਈਆ । ਸਚ ਪ੍ਰੀਤ ਬਖ਼ਸ਼ ਦੇ ਧੂੜ, ਚਰਨੋਧਕ ਟਿੱਕੇ ਖ਼ਾਕ ਰਮਾਈਆ । ਸਾਡੀ ਬੇਨੰਤੀ ਕਰ ਮਨਜ਼ੂਰ, ਮਨਸਾ ਤੇਰੇ ਅੱਗੇ ਰਖਾਈਆ । ਜਨ ਭਗਤਾਂ ਜਨਮ ਕਰਮ ਦਾ ਮੁਆਫ਼ ਕਰ ਕਸੂਰ, ਲੇਖਾ ਅਵਰ ਰਹੇ ਨਾ ਰਾਈਆ । ਨਜ਼ਰ ਆ ਹਾਜ਼ਰ ਹਜ਼ੂਰ, ਹਜ਼ਰਤਾਂ ਦੇ ਹਜ਼ਰਤ ਧੁਰਦਰਗਾਹੀਆ । ਤੇਰੇ ਸਾਰੇ ਹੋਣ ਮਸ਼ਕੂਰ, ਸ਼ੁਕਰੀਆ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਜਨ ਭਗਤਾਂ ਆਸਾ ਮਨਸਾ ਕਰ ਪੂਰ, ਤਮ੍ਹਾ ਤਮੰਨਾ ਵਾਲੀ ਰਹਿਣ ਕੋਇ ਨਾ ਪਾਈਆ ।

✪ ੨੧ ਚੇਤ ਸ਼ਹਿਨਸ਼ਾਹੀ ਸੰਮਤ ੭ ਵਿਸ਼ਵਾ ਮਿੱਤਰ ਮੇਰਠ, ਹੰਸ ਰਾਜ ਮੇਰਠ, ਜੁਗਿੰਦਰ ਸਿੰਘ ਫਤਿਹ ਗੜ੍ਹ, ਨਿਰੰਜਣ ਸਿੰਘ ਅਜਿਤਵਾਲ, ਪਿਆਰੇ ਲਾਲ ਕਲੋਏ, ਸੇਵਾ ਰਾਮ ਕਲੋਏ, ਰੇਸ਼ਮ ਸਿੰਘ ਖਹਿਰਾ ਮੱਜਾ, ਜਗਜੀਤ ਸਿੰਘ ਸਲੀਮਪੁਰ, ਗੁਰਦੀਪ ਸਿੰਘ ਦਬੁਰਜੀ, ਮਹਿੰਦਰ ਸਿੰਘ ਬਸਤੀ ਗੁਜਰਾਂ, ਸੰਤ ਸਿੰਘ ਘਗਰਾਲੀ, ਮੁਲਖ ਰਾਜ ਮੇਰਠ, ਪ੍ਰੇਮੀ ਦੇਵੀ ਝੰਡੇ, ਪੂਰਨ ਸਿੰਘ ਮੁੰਡਿਆਣੀ, ਸਰਮੇਲ ਸਿੰਘ ਦਾਊਦਪੁਰ, ਗਿਆਨ ਚੰਦ ਮਿਰਜ਼ਾਪੁਰ, ਮੇਰਠ ਸ਼ਹਿਰ ✪

੧੨੫੮ ੨੨

ਦੀਪਕ ਕਹਿਣ ਪ੍ਰਭ ਵੇਖ ਅੰਧੇਰਾ ਘੁਪ, ਨਿਰਗੁਣ ਸਰਗੁਣ ਅੰਦਰ ਧਿਆਨ ਲਗਾਈਆ । ਸੁਰਤੀ ਸ਼ਬਦੀ ਤੇਰੀ ਮੌਲੇ ਕੋਇ ਨਾ ਰੁਤ, ਰੁਤੜੀ ਹੱਕ ਨਾ ਕੋਇ ਮਹਿਕਾਈਆ । ਧਰਮ ਦੀ ਧਾਰ ਰਿਹਾ ਕੋਇ ਨਾ ਸੁਤ , ਅਪਰਾਧੀ ਕੂੜ ਲੋਕਾਈਆ । ਸ੍ਰਿਸ਼ਟੀ ਭਾਰ ਸਕੇ ਨਾ ਕੋਇ ਚੁੱਕ, ਚਾਰ ਕੁੰਟ ਰਹੀ ਕੁਰਲਾਈਆ । ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਤੇਰੇ ਨਿਸ਼ਾਨਿਉਂ ਗਈ ਉਕ, ਅਣਿਆਲਾ ਤੀਰ ਨਾ ਕੋਇ ਚਲਾਈਆ । ਜਨ ਭਗਤਾਂ ਉਜਲ ਕਰ ਮੁਖ, ਦੁਰਮਤ ਮੈਲ ਧਵਾਈਆ । ਆਤਮ ਪਰਮਾਤਮ ਬਖ਼ਸ਼ ਦੇ ਸੁੱਖ, ਸੁਖ ਸਾਗਰ ਵਿਚ ਸਮਾਈਆ । ਨਿਰਗੁਣ ਨਿਰਵੈਰ ਨਿਰਾਕਾਰ ਹੋ ਕੇ ਉਠ, ਨਿਰੰਕਾਰ ਲੈ ਅੰਗੜਾਈਆ । ਸਦੀ ਚੌਧਵੀਂ ਚੌਦਾਂ ਤਬਕ ਆਪੇ ਤੁਠ, ਚੌਦਾਂ ਲੋਕ ਧਿਆਨ ਲਗਾਈਆ । ਅੰਮ੍ਰਿਤ ਰਸ ਆਬੇਹਯਾਤ ਦੇ ਅਗੰਮਾ ਘੁਟ, ਬਿਨ ਰਸਨਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਦੀਪਕ ਕਹਿਣ ਪ੍ਰਭ ਸਤਿ ਧਰਮ ਦਾ ਦੀਪਕ ਬੁਝਾ, ਦੀਆ ਬਾਤੀ ਕਮਲਾਪਾਤੀ ਨਾ ਕੋਇ ਰੁਸ਼ਨਾਈਆ । ਤੇਰਾ ਭੇਵ ਖੋਲ੍ਹੇ ਕੋਇ ਨਾ ਗੁੱਝਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਫਿਰੀ ਦਰੋਹੀ ਉਤੇ ਬਸੁਧਾ, ਧਰਨੀ ਧਰਤ ਧਵਲ ਰਹੀ ਕੁਰਲਾਈਆ । ਸਤਿਗੁਰ ਸ਼ਬਦੀ ਕਰ ਦੇ ਉਘਾ, ਉਗਣ ਆਥਣ ਤੇਰੇ ਨਾਮ ਦੀ ਵੱਜੇ ਵਧਾਈਆ । ਕੂੜ ਕਲਪਣਾ ਮੇਟ ਕਬੁੱਧਾ, ਮਨਮਤ ਦੇ ਬਦਲਾਈਆ । ਸਚ ਸਤਿ ਕਰਾ ਯੁੱਧਾ, ਕੂੜ ਕਿਰਿਆ ਕਰ ਸਫ਼ਾਈਆ । ਮਾਨਵ ਮਾਨਸ ਮਨੁੱਖ ਮਨੁੱਸ਼ ਜਨਮ ਦਾ ਦੱਸ ਦੇ ਮੁੱਦਾ, ਮੁੱਦਤ ਦੇ ਵਿਛੜੇ ਲੈ ਮਿਲਾਈਆ । ਸਦੀ ਚੌਧਵੀਂ ਵੇਖ ਖੇਲ ਕਰਤਬ ਕਲਜੁਗਾ, ਕਲ ਕਾਤੀ ਆਪਣਾ ਰੂਪ ਗਿਆ ਬਦਲਾਈਆ । ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪੈਗ਼ੰਬਰਾਂ ਪੈਂਡਾ

ਮੁਕਾ, ਮੁਕੰਮਲ ਲਹਿਣਾ ਦੇ ਚੁਕਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਝੁਕਾ, ਸੱਯਦਾ ਸੱਯਦਿਆਂ ਵਿਚੋਂ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਤਿਗੁਰ ਤੇਰੇ ਹੱਥ ਵਡਿਆਈਆ । ਦੀਪਕ ਕਹਿਣ ਪ੍ਰਭ ਵੇਖ ਅੰਧੇਰਾ ਅੰਧ, ਨੂਰ ਨੁਰਾਨਾ ਨਜ਼ਰ ਕੋਇ ਨਾ ਆਈਆ । ਤੇਰਾ ਸਾਚਾ ਚਮਕੇ ਨੂਰ ਕੋਈ ਨਾ ਚੰਦ, ਚੰਦ ਸਿਤਾਰਾ ਦਏ ਗਵਾਹੀਆ । ਸਦੀ ਚੌਧਵੀਂ ਪੈਂਡਾ ਮੁਕਣਾ ਪੰਧ, ਪਾਂਧੀ ਪੈਗ਼ੰਬਰ ਰਹੇ ਸੁਣਾਈਆ । ਬੀਸਵੀਂ ਸਦੀ ਰਹੀ ਲੰਘ, ਬੀਸ ਬੀਸਾ ਧਿਆਨ ਲਗਾਈਆ । ਉਮਤ ਲਾਏ ਕੋਇ ਨਾ ਅੰਗ, ਅੰਗੀਕਾਰ ਨਾ ਕੋਇ ਅਖਵਾਈਆ । ਸੰਗ ਚਾਰ ਯਾਰ ਮੁਹੰਮਦ ਸਭ ਨੇ ਬਦਲਣੀ ਕੰਡ, ਕਰਵਟ ਸਕੇ ਨਾ ਕੋਇ ਬਦਲਾਈਆ । ਤੇਰਾ ਖੇਲ ਸੂਰੇ ਸਰਬੰਗ, ਸਮਝ ਸਕੇ ਕੋਇ ਨਾ ਰਾਈਆ । ਦੀਨ ਦਿਆਲ ਹੋ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲੱਖ ਜਗਾਈਆ । ਦੀਪਕ ਕਹਿਣ ਪ੍ਰਭ ਪੈਗ਼ੰਬਰ ਵੇਖਣ ਤੇਰੀ ਅਗੰਮੀ ਕਿਤਾਬ, ਹਰਫ਼ ਹਰੂਫ਼ ਨਜ਼ਰ ਕੋਇ ਨਾ ਆਈਆ । ਜੇਹੜੀ ਰੱਖੀ ਨਹੀਂ ਵਿਚ ਕਿਸੇ ਮਹਿਰਾਬ, ਮਹਿਬੂਬ ਤੇਰੇ ਵਿਚ ਛੁਪਾਈਆ । ਜਿਸ ਦੇ ਵਿਚ ਇਕੋ ਇਕ ਦਾ ਇਕ ਅਦਾਬ, ਦੂਸਰ ਸੀਸ ਨਾ ਕੋਇ ਝੁਕਾਈਆ । ਨਾ ਕੋਈ ਸਵਾਲ ਨਾ ਕੋਈ ਜਵਾਬ, ਜੁਮਲਾ ਅੱਖਰ ਨਾ ਕੋਇ ਪੜ੍ਹਾਈਆ । ਸਦੀ ਚੌਧਵੀਂ ਬਿਨ ਹਿੰਦਸਿਉਂ ਲੇਖਾ ਦਿਸੇ ਹਿਸਾਬ, ਅੰਕੜਾ ਰੰਗ ਨਾ ਕੋਇ ਰੰਗਾਈਆ । ਜੋ ਇਸ਼ਾਰਾ ਕੀਤਾ ਨਿਰਗੁਣ ਸਰਗੁਣ ਸਤਿ ਸਰੂਪ ਵਿਚ ਬਗ਼ਦਾਦ,
੧੨੫੯ ਨਾਨਕ ਨਾਨਕ ਨਾਨਕ ਤ੍ਰੈਗੁਣ ਬਾਹਰ ਆਇਆ ਸਮਝਾਈਆ । ਸੋ ਲੇਖਾ ਪੂਰਾ ਕਰਦੇ ਸਾਹਿਬ ਸਤਿਗੁਰੂ ਧੁਰ ਦੇ ਮਹਾਰਾਜ, ਮਹਿਬੂਬ ਤੇਰੇ ਉਤੇ ੧੨੫੯
੨੨ ਓਟ ਤਕਾਈਆ । ਔਹ ਤਕ ਮੈਨੂੰ ਤੇਰੇ ਅਗੰਮੀ ਕਲਮੇ ਦੀ ਆਵੇ ਆਵਾਜ਼, ਰਾਜ਼ ਅੰਦਰੋਂ ਦੇਣਾ ਖੁਲ੍ਹਾਈਆ । ਜਿਸ ਵਿਚ ਰੋਜ਼ਾ ਰਹੇ ਨਾ ਕੋਇ ੨੨
ਨਮਾਜ਼, ਵੁਜ਼ੂ ਦਾ ਝਗੜਾ ਦੇਣਾ ਚੁਕਾਈਆ । ਸ਼ਰਅ ਦਾ ਰਹੇ ਨਾ ਕੋਇ ਨਾਜ਼, ਨਿਜਾਤ ਸਭ ਦੀ ਦੇ ਬਦਲਾਈਆ । ਲੇਖਾ ਮੁਕਾ ਦੇ ਜ਼ਾਤ ਕਾਗ, ਕਾਗ਼ਜ਼ਾਤ ਦੀ ਕਰੇ ਨਾ ਕੋਇ ਲੜਾਈਆ । ਤੇਰੀ ਸਿਫ਼ਤ ਸਾਲਾਹ ਅੱਖਰਾਂ ਭਰੀ ਅਲਫ਼ਾਜ਼, ਜੁਗ ਚੌਕੜੀ ਢੋਲੇ ਸਿਫ਼ਤਾਂ ਵਾਲੇ ਗਾਈਆ । ਤੂੰ ਮਾਲਕ ਇਕੋ ਵਾਹਿਦ, ਵਾਹਿਦਾ ਸਭ ਦਾ ਪੂਰ ਕਰਾਈਆ । ਮੁਹੰਮਦ ਦਾ ਪੂਰਾ ਹੋਏ ਅਹਿਦ, ਅਹਿਦਨਾਮਾ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਦੀਪਕ ਕਹਿਣ ਪ੍ਰਭ ਸ਼ਰਅ ਦਾ ਦੀਪਕ ਕਰ ਦੇ ਗੁੱਲ, ਗੁਲਸ਼ਨ ਨਜ਼ਰ ਕੋਇ ਨਾ ਆਈਆ । ਤੂੰ ਆਦਿ ਜੁਗਾਦਿ ਸਦਾ ਅਭੁੱਲ, ਭੁੱਲੀ ਭਟਕੀ ਵੇਖ ਖ਼ਲਕ ਖ਼ੁਦਾਈਆ । ਸਤਿ ਧਰਮ ਦਾ ਲੇਖਾ ਅਗੰਮੀ ਕੰਡੇ ਤੋਲ, ਤਰਾਜੂ ਇਕੋ ਨਾਮ ਜਣਾਈਆ । ਸਚ ਵਸਤ ਰਹੀ ਕਿਸੇ ਨਾ ਕੋਲ, ਕੁੱਲ ਮਾਲਕ ਖ਼ਾਲੀ ਕਾਅਬੇ ਰਹੇ ਕੁਰਲਾਈਆ । ਝਗੜਾ ਮੁਕਾ ਦੇ ਉਪਰ ਧੌਲ, ਧਰਨੀ ਧਰਤ ਧਵਲ ਨੇਤਰ ਨੈਣਾਂ ਨੀਰ ਵਹਾਈਆ । ਹਰ ਘਟ ਅੰਤਰ ਨਿਰੰਤਰ ਹੋ ਕੇ ਮੌਲ, ਮੌਲਾ ਆਪਣਾ ਪੜਦਾ ਦੇ ਚੁਕਾਈਆ । ਸਦੀ ਚੌਧਵੀਂ ਸਭ ਦਾ ਪੂਰਾ ਕਰ ਦੇ ਕੌਲ, ਇਕਰਾਰਨਾਮੇ ਸਾਨੂੰ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਦਵਾਰ ਏਕੰਕਾਰ ਦਰ ਤੇਰੀ ਓਟ ਤਕਾਈਆ । ਦੀਪਕ ਕਹੇ ਪ੍ਰਭ ਅੰਤਰ ਵੇਖ ਅੰਧੇਰਾ, ਅੰਧ ਆਤਮ ਧਿਆਨ ਲਗਾਈਆ । ਕਿਸੇ ਸਮਝ ਨਾ ਆਵੇ ਸੰਝ ਸਵੇਰਾ, ਦਿਵਸ ਰੈਣ ਵੰਡ ਨਾ ਕੋਇ ਵੰਡਾਈਆ । ਭੇਵ ਲੱਭੇ ਨਾ ਗੁਰੂ ਗੁਰ

ਚੇਰਾ, ਚੇਲਾ ਗੁਰ ਸਮਝ ਕਿਸੇ ਨਾ ਆਈਆ । ਤੇਰਾ ਨੂਰ ਦਿਸੇ ਨਾ ਨੇਰਨ ਨੇਰਾ, ਨਿਜ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਬਿਨ ਤੇਰੀ ਕਿਰਪਾ ਜਨ ਭਗਤ ਬਣੇ ਕਿਹੜਾ, ਭਗਵਨ ਤੇਰਾ ਦਰਸ ਕੋਇ ਨਾ ਪਾਈਆ । ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਸਭ ਦੀ ਸ਼ਰਅ ਦਾ ਕਟ ਦੇ ਝੇੜਾ, ਬੰਧਨ ਮਜ਼੍ਹਬ ਰਹੇ ਨਾ ਰਾਈਆ । ਆਤਮ ਪਰਮਾਤਮ ਦਾ ਬੰਨ੍ਹ ਦੇ ਬੇੜਾ, ਬੇੜੀ ਨਈਆ ਨੌਕਾ ਆਪਣਾ ਨਾਮ ਚਲਾਈਆ । ਜਨ ਭਗਤਾਂ ਲੇਖਾ ਚੁਕਾ ਦੇ ਚੁਰਾਸੀ ਗੇੜਾ, ਗੇੜਾ ਗੇੜੇ ਵਿਚੋਂ ਬਦਲਾਈਆ । ਤੇਰਾ ਰੂਪ ਅਨੂਪ ਸਤਿ ਸਰੂਪ ਏਕੰਕਾਰ ਇਕੋ ਇਕ ਬਬੇਰਾ, ਜੋਤੀ ਜਾਤੇ ਪੁਰਖ ਬਿਧਾਤੇ ਨਿਰਗੁਣ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵ ਜਹਾਨ ਜਗਤ ਜੁਗਤੀ ਨਾਲ ਮੁਕਾ ਦੇ ਝੇੜਾ, ਝਗੜਾ ਰਹਿਣ ਕੋਇ ਨਾ ਪਾਈਆ ।

✪ ੨੨ ਚੇਤ ਸ਼ਹਿਨਸ਼ਾਹੀ ਸੰਮਤ ੭ ਗੁਰਬਲਵਿੰਦਰ ਸਿੰਘ ਚੰਦ ਪੁਰਾਣਾ, ਗੁਰਚਰਨ ਸਿੰਘ ਜਟਵਾਂ, ਬੂਆ ਸਿੰਘ ਬਲਪੁਰੀਆ, ਮਾਇਆ ਦਿੱਲੀ, ਹਰਭਜਨ ਸਿੰਘ ਫੇਰੂਮਾਨ, ਅਵਤਾਰ ਸਿੰਘ ਚਬੇਵਾਲ, ਤਰਲੋਕ ਸਿੰਘ ਸਨਾਮ, ਸੁਰਿੰਦਰ ਕੌਰ ਦਿਲੀ ਹਰਿ ਭਗਤ ਦਵਾਰ, ਦਰਸ਼ਨ ਸਿੰਘ ਹਰਿ ਭਗਤ ਦਵਾਰ, ਪੀ ਪੀ ਸਿੰਘ ਕਿਸ਼ਨ ਪੁਰ, ਹਰਭਜਨ ਸਿੰਘ ਦਿੱਲੀ, ਚੰਦਾ ਸਿੰਘ ਨੰਗਲ ਰਾਏ, ਰਤਨ ਸਿੰਘ ਦਿੱਲੀ, ਮਹਿੰਦਰ ਸਿੰਘ ਨਯਾਸ਼ਾਲਾ, ਪੂਰਨ ਸਿੰਘ ਦਿੱਲੀ, ਸਰੂਪ ਸਿੰਘ ਢੁਡੀਕੇ, ਦਰਸ਼ਨ ਸਿੰਘ ਬਾਗੇ, ਇੰਦਰ ਸਿੰਘ ਸੋਨੀਪਤ, ਸਤਪਾਲ ਹਾਂਡਾ ਫ਼ਰੀਦਾਬਾਦ, ਰਾਜਾ ਰਾਮ ਦਿੱਲੀ, ਜਗਤ ਸਿੰਘ ਚਮਨਾਓ, ਦਿੱਲੀ ਹਰਿ ਭਗਤ ਦਵਾਰ ਵਿਚ ✪

ਸ਼ਮਾਦਾਨ ਕਹਿਣ ਸਾਡੀ ਦਲੀਲ ਦਿਲੀ, ਦਿਲਬਰ ਦਿਲਦਾਰ ਰਿਹਾ ਦ੍ਰਿੜਾਈਆ । ਪੁਰਖ ਅਕਾਲ ਦੀਨ ਦਿਆਲ ਅੱਖ ਬਦਲਣੀ ਬਿੱਲੀ, ਹੁਕਮ ਦੇਵੇ ਬੇਪਰਵਾਹੀਆ । ਨੇਤਰ ਰੋਵੇ ਮੁਹੰਮਦ ਮਕਬਰੇ ਵਾਲੀ ਸਿੱਲੀ, ਸਿਲਸਲਾ ਬਦਲੇ ਥਾਉਂ ਥਾਈਂਆ । ਜਿਹੜੀ ਨਿਸ਼ਾਨੀ ਸੱਜੇ ਹੋਂਟ ਉਤੇ ਤਿਲੀ, ਚਾਰ ਯਾਰੀ ਦੇਵੇ ਗਵਾਹੀਆ । ਉਸ ਦੀ ਖ਼ਬਰ ਪੈਗ਼ੰਬਰਾਂ ਤੋਂ ਪਰੇ ਮਿਲੀ, ਜਿਸ ਨੂੰ ਸਮਝ ਵਿਚ ਨਾ ਕੋਇ ਸਮਝਾਈਆ । ਚੌਦਾਂ ਤਬਕ ਮਾਰਨ ਖਿੱਲੀ, ਹਾਸੀ ਕਰਨ ਚਾਈਂ ਚਾਈਂਆ । ਖੇਲ ਤਕਣੀ ਉਪਰ ਧਾਰ ਨੀਲੀ, ਧਰਨੀ ਧਰਤ ਧਵਲ ਧੌਲ ਦਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸ਼ਮਾਦਾਨ ਕਹਿਣ ਦਿੱਲੀ ਬਰਜ਼ਿਲੀ ਜ਼ਕਨਾ ਤੂ ਨੂਰ ਇਲਾਹੀਆ । ਚਾਨੇ ਮਜ਼ਦੂ ਤਖ਼ਨੇ ਕਵਾ ਗੋਸ਼ੇ ਜ਼ਾਹੂ, ਅਸਮਾਨੇ ਇਜ਼ੀ ਮੋਨੀਜ਼ੋ, ਹੱਕ ਜਲਾਖਿਤਾ ਕਲਲ ਕਮਦੇ ਮੁਹੰਮਦ ਮਾਦੀ ਜ਼ਾਅ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਚਰਾਗ਼ ਕਹਿਣ ਵੇਖੇ ਚਸ਼ਮੇ ਚਰਾਗ਼, ਚਰਾਗ਼ਾਹਾਂ ਧਿਆਨ ਲਗਾਈਆ । ਨਬੀ ਨਬੀਆਂ ਦੇਣ ਤਿਆਗ, ਰਸੂਲ ਰਸੂਲਾਂ ਸੰਗ ਨਾ ਕੋਇ ਬਣਾਈਆ । ਸ਼ਰਅ ਵਿਚ ਸ਼ਰਅ ਦਾ ਰਹੇ ਕੋਇ ਵੈਰਾਗ, ਸ਼ਰੀਅਤ ਸ਼ਰੀਅਤ ਨਾਲ ਬਦਲਾਈਆ । ਇਨਸਾਨ ਹੈਵਾਨ ਹੋਵਣ ਕਾਗ, ਮੁਖ ਕੂੜ ਨਾਲ ਭਰਾਈਆ । ਜਿਹੜੀ ਉਮਤ ਮੁਹੰਮਦ ਕੀਤੀ ਆਬਾਦ, ਸ਼ਹਿਜ਼ਾਦ ਵਿਚ ਕਰ ਸ਼ਨਵਾਈਆ । ਚੌਦਸ ਚੌਦਾਂ ਤੱਕਿਆ ਰਾਜ, ਰਾਜਸ ਤਾਮਸ ਸਾਂਤਕ ਸੰਗ ਮਿਲਾਈਆ ।

ਉਸ ਦਾ ਲੇਖਾ ਪੂਰਾ ਹੋਣਾ ਜਗਤ ਸਮਾਜ, ਸਮਗਰੀ ਸਮਝ ਕੋਇ ਨਾ ਪਾਈਆ । ਹੁਕਮ ਸੰਦੇਸ਼ਾ ਦੇਵੇ ਆਪ ਮਹਾਰਾਜ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਨੂਰ ਇਲਾਹੀਆ । ਸਿਰ ਸਰ ਸਰੋ ਰਹਿਣਾ ਨਹੀਂ ਕੋਈ ਤਾਜ, ਤਖ਼ਤ ਨਿਵਾਸੀ ਰੂਪ ਨਾ ਕੋਇ ਦਰਸਾਈਆ । ਧੁਰ ਕਲਮਾ ਕਲਾਮ ਤੋਂ ਬਾਹਰ ਜਾਏ ਜਾਗ, ਕਾਇਨਾਤ ਸਮਝ ਕੋਇ ਨਾ ਆਈਆ । ਜਿਸ ਦੀ ਕਰੇ ਨਾ ਕੋਇ ਇਮਦਾਦ, ਮਦਦਗਾਰ ਨਾ ਕੋਇ ਅਖਵਾਈਆ । ਸੋ ਸਭ ਨੂੰ ਕਰੇ ਆਜ਼ਾਦ, ਬੰਧਨ ਸ਼ਰਅ ਵਾਲੇ ਤੁੜਾਈਆ । ਨੇਤਰ ਰੋਵੇ ਪੰਜ ਵਕਤ ਦੀ ਨਮਾਜ਼, ਰਾਜ਼ ਆਪਣਾ ਰਹੀ ਸੁਣਾਈਆ । ਪਰਵਰਦਿਗਾਰ ਸਾਂਝਾ ਯਾਰ ਬਦਲ ਰਿਹਾ ਰਿਵਾਜ, ਰਵਾਦਾਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸ਼ਮਾਦਾਨ ਕਹਿਣ ਅਸੀਂ ਮਿਲ ਕੇ ਪਾਈਏ ਸ਼ੋਰ, ਸ਼ੋਰੋਗੁਲ ਨਾਲ ਦੁਹਾਈਆ । ਅਵਤਾਰ ਪੈਗ਼ੰਬਰ ਗੁਰੂਆਂ ਰਿਹਾ ਕੋਇ ਨਾ ਜ਼ੋਰ, ਜੋਰੂ ਜ਼ਰ ਹੋਏ ਨਾ ਕੋਇ ਸਹਾਈਆ । ਨਾਮ ਕਲਮੇ ਲੁੱਟ ਕੇ ਲੈ ਗਿਆ ਕਲਜੁਗ ਚੋਰ, ਚੋਰੀ ਯਾਰੀ ਆਪਣਾ ਸੰਗ ਬਣਾਈਆ । ਚਾਰੋਂ ਕੁੰਟ ਹੋਇਆ ਅੰਧੇਰਾ ਘੋਰ, ਅੰਧ ਅਗਿਆਨ ਸਕੇ ਨਾ ਕੋਇ ਗਵਾਈਆ । ਭਰਮ ਮਿਟੇ ਨਾ ਮੋਰ ਤੋਰ, ਤੁਰੀਆ ਤੋਂ ਪਰੇ ਕਰੇ ਨਾ ਕੋਇ ਪੜ੍ਹਾਈਆ । ਅਵਤਾਰ ਪੈਗ਼ੰਬਰ ਗੁਰੂ ਸੁੱਤੇ ਵਿਚ ਮੜ੍ਹੀਆਂ ਗੋਰ, ਗਹਿਰ ਗੰਭੀਰ ਨਜ਼ਰ ਕਿਸੇ ਨਾ ਆਈਆ । ਸਤਿ ਧਰਮ ਦੀ ਕਟੀ ਡੋਰ, ਟੁੱਟੀ ਗੰਢ ਨਾ ਕੋਇ ਪਵਾਈਆ । ਤੀਰਥ ਅੱਠ ਸੱਠ ਤਲਾਬ ਬਣੇ ਜੌਹੜ, ਸਰੋਵਰ ਸਰ ਨਾ ਕੋਇ ਵਡਿਆਈਆ । ਆਤਮ

ਪਰਮਾਤਮ ਪ੍ਰੀਤੀ ਨਿਭੇ ਕਿਸੇ ਨਾ ਤੋੜ, ਅਧਵਾਟੇ ਬੈਠੀ ਖ਼ਲਕ ਖ਼ੁਦਾਈਆ । ਜੁਗ ਜਨਮ ਦੇ ਵਿਛੜਿਆਂ ਸਕੇ ਕੋਇ ਨਾ ਜੋੜ, ਧੁਰ ਦਾ ਸੰਗ ਨਾ ਕੋਇ ਰਖਾਈਆ । ਪੁਰਖ ਅਕਾਲ ਦੀਨ ਦਿਆਲ ਨਿਰਗੁਣ ਧਾਰ ਤੇਰੀ ਲੋੜ, ਲੋੜੀਂਦੇ ਸੱਜਣ ਹੋਣਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਦੀਪਕ ਕਹਿਣ ਪ੍ਰਭ ਤੇਰਾ ਨਾਮ ਦੁਹਾਈ, ਦਰੋਹੀ ਦਰੋਹੀ ਰਹੇ ਸੁਣਾਈਆ । ਨੂਰ ਨਜ਼ਰ ਨਾ ਆਏ ਤੇਰਾ ਅਲਾਹੀ, ਅੱਲਾ ਅਲਾਹ ਤੇਰਾ ਦਰਸ ਕੋਇ ਨਾ ਪਾਈਆ । ਚਾਰ ਕੁੰਟ ਰਹੀ ਕੁਰਲਾਈ, ਦਹਿ ਦਿਸ਼ਾ ਕਾਇਆ ਕੁਰਹ ਸਮਝ ਨਾ ਕੋਇ ਜਣਾਈਆ । ਤੁਧ ਬਿਨ ਮਿਹਰਵਾਨ ਕਲਜੁਗ ਕੂੜੀ ਕਿਰਿਆ ਮੇਟੇ ਕੋਇ ਨਾ ਸ਼ਾਹੀ, ਹਕੂਮਤ ਹੱਕ ਨਾ ਕੋਇ ਸਮਝਾਈਆ । ਧੁਰ ਮੰਜ਼ਲ ਦਾ ਬਣੇ ਕੋਇ ਨਾ ਰਾਹੀ, ਰਹਿਬਰ ਮੇਲ ਨਾ ਕੋਇ ਕਰਾਈਆ । ਖ਼ੁਦਾ ਖ਼ੁਦ ਵੇਖ ਆਪਣੀ ਖ਼ੁਦਾਈ, ਖ਼ਾਲਕ ਖ਼ਲਕ ਮਖ਼ਲੂਕ ਅੱਖ ਉਠਾਈਆ । ਸਤਿ ਧਰਮ ਦਾ ਲੇਖਾ ਰਿਹਾ ਨਾ ਰਾਈ, ਰਹਿਮਤ ਹੱਕ ਨਾ ਕੋਇ ਕਮਾਈਆ । ਦੀਨ ਦੁਨੀ ਧਰਮ ਗਵਾਇਆ ਖਾ ਕੇ ਸੂਰ ਗਾਈ, ਜਨਮ ਵਿਚੋਂ ਜਨਮ ਨਾ ਕੋਇ ਬਦਲਾਈਆ । ਬਹੁੜੀ ਤੇਰੇ ਹੁਕਮ ਨਾਲ ਜਗਤ ਜਹਾਨ ਹੋਈ ਤਬਾਹੀ, ਤਬਕ ਸਬਕ ਸਕੇ ਨਾ ਕੋਇ ਜਣਾਈਆ । ਮਿਹਰਵਾਨ ਮਹਿਬੂਬ ਜਨ ਭਗਤਾਂ ਹੋਈਂ ਸਹਾਈ, ਸਹਾਇਕ ਹੋ ਕੇ ਨਾਇਕ ਹੋ ਕੇ ਸਿਰ ਆਪਣਾ ਹੱਥ ਟਿਕਾਈਆ । ਤੇਰਾ ਜਲਵਾ ਨੂਰ ਅਲਾਹੀ, ਆਲਮੀਨ ਤੇਰੀ ਵਡਿਆਈਆ । ਤੂੰ ਬਖ਼ਸ਼ੀਂ ਪਾਪੀ ਪਤਿਤ ਗੁਨਾਹੀ, ਗਹਿਰ ਗੰਭੀਰ ਹੋਣਾ ਸਹਾਈਆ । ਸਚ ਦੀ ਨਿਰਮਲ ਜੋਤ ਜਗਾਈਂ, ਜੋਤੀ ਜਾਤਾ ਹੋ ਕੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਲਕ ਖ਼ਾਲਕ ਇਕ ਅਖਵਾਈਂ, ਅੱਖਰਾਂ ਤੋਂ ਬਾਹਰ ਆਪਣੀ ਦੱਸਣੀ ਸਿਫ਼ਤ ਸਾਲਾਹੀਆ ।

## ✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੭ ਸੇਵਾ ਸਿੰਘ ਦੇ ਨਵਿਤ ਗੁੜਾਗਾਉਂ ਸ਼ਹਿਰ ✪

ਦੀਪਕ ਕਹਿਣ ਪ੍ਰਭ ਜੋਤੀ ਦੀਪਕ ਜਗਿਆ ਦੀਆ, ਆਤਮ ਬ੍ਰਹਮ ਨੂਰ ਇਲਾਹੀਆ । ਭਾਗ ਲੱਗਾ ਸਾਢੇ ਤਿੰਨ ਹੱਥ ਕਾਇਆ ਸੀਆ, ਸੀਆ ਪਤਿ ਰਾਮ ਵੇਖ ਵਖਾਈਆ । ਧਰਮ ਧਾਰ ਦੀ ਸਾਚੀ ਤਕੀ ਨੀਆ, ਨੀਂਹ ਲੋਕਮਾਤ ਵਖਾਈਆ । ਪੂਰਬ ਜਨਮ ਬੀਜ ਜੋ ਬੀਆ, ਕਰਮ ਕਰਮ ਨਾਲ ਸਮਝਾਈਆ । ਸਤਿਗੁਰ ਸਾਚਾ ਸਚ ਦਾ ਕਰੇ ਆਪ ਹੀਆ, ਹਰਿ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਆਪ ਦ੍ਰਿੜਾਈਆ । ਦੀਪਕ ਕਹਿਣ ਸਾਡੇ ਅੰਤਰ ਹੋਇਆ ਪ੍ਰਕਾਸ਼, ਬਿਨ ਸੰਝ ਸਵੇਰ ਜਣਾਈਆ । ਕਿਰਪਾ ਕਰੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਪਰਦਾ ਲਾਹਵੇ ਸਾਖਿਆਤ, ਓਹਲਾ ਰਹਿਣ ਕੋਇ ਨਾ ਪਾਈਆ । ਗੋਬਿੰਦ ਸੂਰਾ ਖੋਲ੍ਹੇ ਤਾਕ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਪੂਰਬ ਜਨਮ ਦਾ ਵੇਖੇ ਸਾਕ, ਸਗਲਾ ਸੰਗੀ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਆਪਣੇ ਨਾਲ ਰਖਾਈਆ । ਦੀਪਕ ਕਹਿਣ ਸਾਡੇ ਅੰਤਰ ਹੋਇਆ ਗਿਆਨ, ਅਗਿਆਨ ਰਿਹਾ ਨਾ ਰਾਈਆ । ਕਿਰਪਾ ਕੀਤੀ ਸ੍ਰੀ ਭਗਵਾਨ, ਭਗਵਨ ਦਇਆ ਕਮਾਈਆ । ਦਇਆ ਸਿੰਘ ਦਾ ਬਿਆਨ, ਗੁਰਮੁਖ ਗੁਰਮੁਖ ਨਾਲ ਵਡਿਆਈਆ । ਜਿਸ ਠਠਿਆਰ ਤੋਂ ਲਈ ਸੀ ਕਿਰਪਾਨ, ਕਿਰਪਾ ਗੋਬਿੰਦ ਨਾਲ ਫੜਾਈਆ । ਉਸ ਦਾ ਬੱਚਾ ਇਕ ਅੰਜਾਣ, ਚੌਦਾਂ ਮਾਸ ਸੋਭਾ ਪਾਈਆ । ਉਸ ਬਚਨ ਕੀਤਾ ਮਹਾਨ, ਸਹਿਜ ਨਾਲ ਸੁਣਾਈਆ । ਮੈਨੂੰ ਮੇਲ ਮੇਰਾ ਭਗਵਾਨ, ਜਿਸ ਜਨਮ ਦਿਤਾ ਘਰ ਪਿਤਾ ਮਾਈਆ । ਦਇਆ ਸਿੰਘ ਹੱਸ ਕੇ ਕਿਹਾ ਆਹ ਵੇਖ ਨੌਜਵਾਨ, ਗੋਬਿੰਦ ਸੂਰਾ ਸੱਚਾ ਮਾਹੀਆ । ਉਸ ਕਿਹਾ ਇਸ ਦਾ ਮਾਲਕ ਕੌਣ ਜਹਾਨ, ਮੈਨੂੰ ਦੇ ਦ੍ਰਿੜਾਈਆ । ਗੋਬਿੰਦ ਤੱਕਿਆ ਨਾਲ ਧਿਆਨ, ਨੈਣ ਨੈਣ ਵਿਚੋਂ ਬਦਲਾਈਆ । ਸ਼ਬਦੀ ਹੱਸ ਕੇ ਕੀਤਾ ਫ਼ਰਮਾਨ, ਸੰਦੇਸ਼ਾ ਇਕ ਫ਼ਰਮਾਈਆ । ਹੁਣ ਯੁੱਧ ਹੋਣਾ ਘਮਸਾਨ, ਘੁੰਮਣ ਘੇਰੀ ਵਿਚ ਲੋਕਾਈਆ । ਜਿਸ ਵੇਲੇ ਨਿਰਗੁਣ ਰੂਪ ਧਰੇ ਵਿਚ ਜਹਾਨ, ਸਰਗੁਣ ਮੇਲਾ ਮੇਲਾਂ ਸਹਿਜ ਸੁਭਾਈਆ । ਪੁਰਖ ਅਕਾਲ ਤੇਰੀ ਕਰੇ ਪਹਿਚਾਨ, ਬੇਪਹਿਚਾਨ ਧਿਆਨ ਲਗਾਈਆ । ਦਇਆ ਸਿੰਘ ਹੱਸ ਕੇ ਕਿਹਾ ਉਸ ਵੇਲੇ ਮੈਂ ਕਿੱਥੇ ਵੇਖਾਂ ਆਣ, ਭੇਵ ਦੇਣਾ ਦ੍ਰਿੜਾਈਆ । ਮੇਰਾ ਜਿਸਮ ਨਹੀਂ ਰਹਿਣਾ ਇਨਸਾਨ, ਤਤਾਂ ਵਾਲੀ ਨਾ ਵੰਡ ਵੰਡਾਈਆ । ਗੋਬਿੰਦ ਕਿਹਾ ਤੇਰਾ ਗ੍ਰਿਹ ਹੋਵੇ ਪਰਵਾਨ, ਪਰਵਾਨਾ ਧਰਮ ਧਾਰ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਾਰ ਕਮਾਈਆ । ਗੋਬਿੰਦ ਕਿਹਾ ਹੋਵੇ ਵਕਤ ਸੁਹਾਵਾ, ਸੋਹਣੀ ਰੁਤ ਵਡਿਆਈਆ । ਸ਼ਬਦੀ ਸਤਿਗੁਰ ਬੰਨ੍ਹੇ ਦਾਅਵਾ, ਦਾਅਵੇ ਨਾਲ ਦੇਵੇ ਮਿਲਾਈਆ । ਜਿਸ ਵੇਲੇ ਪ੍ਰਭ ਸਿੰਘਾਸਣ ਦਾ ਉਲਟਾ ਹੋਇਆ ਪਾਵਾ, ਸਿੱਧਾ ਪੁੱਠਾ ਕਰ ਵਖਾਈਆ । ਅਮੀਰ ਗ਼ਰੀਬਾਂ ਕਰੇ ਸਾਵਾਂ, ਵੰਡ ਇਕੋ ਰੰਗ ਰੰਗਾਈਆ । ਗੁਰਮੁਖਾਂ ਆਪਣੇ ਘਰ ਲਾਵੇ ਨਾਂਵਾਂ, ਨਾਉਂ ਨਿਰੰਕਾਰਾ ਆਪ ਹੋ ਆਈਆ । ਬੱਚੇ ਦਾ ਲੇਖਾ ਪੂਰਾ ਕਰੇ ਨਾਲ ਚਾਵਾਂ, ਚਾਓ ਘਨੇਰਾ ਇਕ ਦਰਸਾਈਆ । ਮੈਂ ਸ਼ਬਦੀ ਧਾਰ ਨਾਲ ਜਾਵਾਂ, ਜੋਤੀ ਆਪਣਾ ਮੇਲ ਮਿਲਾਈਆ । ਸੰਬਲ ਸੁਹਾ ਕੇ ਸਚ ਗਰਾਵਾਂ, ਦਰ ਠਾਂਡਾ ਇਕ ਰਖਾਈਆ । ਲਹਿਣਾ ਦੇਣਾ ਪੂਰਾ ਕਰਾਵਾਂ, ਦਇਆ ਸਿੰਘ ਗ੍ਰਿਹ ਦਿਆਂ ਵਡਿਆਈਆ । ਬਾਲ ਅਵਸਥਾ ਲੇਖੇ ਪਾਵਾਂ, ਬਾਲੀ ਬੁਧ ਨਾਲ ਰਲਾਈਆ । ਜਨਮ ਕਰਮ ਦਾ ਰਹੇ ਕੋਇ ਨਾ ਹਾਵਾ,



੧੨੬੨ ੨੨

ਹਉਮੇ ਰੋਗ ਦਿਆਂ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੋਬਿੰਦ ਬਚਨ ਸੁਣ ਕੇ ਬਾਲੀ ਬਾਲਾ ਮੰਨਿਆ, ਅੰਤਰ ਅੰਤਰ ਕਰ ਧਿਆਨ । ਗੋਬਿੰਦ ਹੱਸ ਕੇ ਕਿਹਾ ਤੇਰਾ ਜਨਮ ਹੋਣਾ ਫੇਰ ਕੰਨਿਆ, ਕਿਰਪਾ ਕਰੇ ਸ੍ਰੀ ਭਗਵਾਨ । ਫੇਰ ਤੇਰੇ ਮਾਤ ਪਿਤਾ ਦਾ ਬੇੜਾ ਜਾਣਾ ਬੰਨ੍ਹਿਆ, ਅੱਗੇ ਮਿਲੇ ਅਗੰਮਾ ਦਾਨ । ਨੂਰ ਪ੍ਰਕਾਸ਼ ਚੜ੍ਹੇ ਚੰਨਿਆ, ਜੋਤੀ ਚਮਕੇ ਸਾਚਾ ਭਾਨ । ਜਿਸ ਕਾਰਨ ਸਾਹਿਬ ਸਵਾਮੀ ਆਵੇ ਭੰਨਿਆ, ਲੇਖਾ ਪਿਛਲਾ ਲਏ ਪਹਿਚਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਸਾਚਾ ਹੋ ਮਿਹਰਵਾਨ । ਧਰਮ ਧਾਰ ਦੀ ਕੰਨਿਆ ਦਵਿੰਦਰ ਨਾਮ ਨਾਮਾ, ਗੋਬਿੰਦ ਵਡ ਵਡਿਆਈਆ । ਸ਼ਬਦੀ ਸ਼ਬਦ ਪੈਗ਼ਾਮਾ, ਸੰਦੇਸ਼ਾ ਅਗੰਮ ਅਥਾਹੀਆ । ਕਪੂਰ ਸਿੰਘ ਪੂਰਾ ਹੋਵੇ ਕਾਮਾ, ਅੱਗੇ ਮਿਲੇ ਵਡਿਆਈਆ । ਸੇਵਾ ਸਿੰਘ ਮਿਲਿਆ ਮਾਣਾ, ਮਾਣ ਮਾਣ ਵਿਚੋਂ ਵਡਿਆਈਆ । ਬਿਸ਼ਨ ਸਿੰਘ ਦਾ ਰਿਹਾ ਨਾ ਤਤ ਨਿਸ਼ਾਨਾ, ਦਇਆ ਸਿੰਘ ਦਾ ਲੇਖਾ ਪੂਰ ਕਰਾਈਆ । ਪੁੱਠਾ ਸਿੰਘਾਸਣ ਡਾਹ ਸ੍ਰੀ ਭਗਵਾਨਾ, ਪੂਰਬ ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਦਾ ਅੰਤਰਜਾਮਾ, ਅੰਤਸ਼ਕਰਨ ਸਭ ਦਾ ਲੇਖੇ ਪਾਈਆ ।



### ✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੭ ਹਰਬੰਸ ਸਿੰਘ ਦੇ ਗ੍ਰਿਹਿ ਗੁੜਗਾਉਂ ਸ਼ਹਿਰ ✪

੧੨੬੩ ੨੨

ਦੀਪਕ ਕਹਿਣ ਪ੍ਰਭ ਮੇਟ ਅੰਧੇਰਾ ਅੰਧ, ਜਨ ਭਗਤਾਂ ਅੰਤਰ ਕਰ ਰੁਸ਼ਨਾਈਆ । ਜੋਤੀ ਨੂਰ ਚਮਕਾ ਚੰਦ, ਬਿਨ ਸੂਰੀਆ ਚੰਦ ਕਰ ਰੁਸ਼ਨਾਈਆ । ਆਤਮ ਪਰਮਾਤਮ ਦੇ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਭੇਵ ਖੁਲ੍ਹਾ ਦੇ ਬ੍ਰਹਮ ਹੰ, ਪਰਦਾ ਓਹਲਾ ਰਹੇ ਨਾ ਰਾਈਆ । ਹਰਖ਼ ਸੋਗ ਮਿਟਾ ਦੇ ਗ਼ਮ, ਚਿੰਤਾ ਚਿਖਾ ਨਾ ਕੋਇ ਜਲਾਈਆ । ਭਾਗ ਲਗਾ ਦੇ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਮਮਤਾ ਮੋਹ ਕੂੜ ਮਿਟਾ ਤਮ, ਤ੍ਰਿਸਨਾ ਤ੍ਰਿਖਾ ਦੇਣੀ ਗਵਾਈਆ । ਨਾਮ ਨਿਧਾਨ ਸੁਣਾਉਣਾ ਬਿਨ ਕੰਨ, ਸ਼ਬਦ ਅਨਾਦੀ ਨਾਦ ਪਰਗਟਾਈਆ । ਮਾਨਸ ਜਨਮ ਬੇੜਾ ਦੇਣਾ ਬੰਨ੍ਹ, ਬੰਨ੍ਹਣਹਾਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਗ੍ਰਿਹਿ ਤੇਰੇ ਸੀਸ ਨਿਵਾਈਆ । ਦੀਪਕ ਕਹਿਣ ਪ੍ਰਭ ਮੇਟ ਅੰਧੇਰੀ ਰੈਣ, ਅਨਦਿਨ ਆਪਣੀ ਦਇਆ ਕਮਾਈਆ । ਜਨ ਭਗਤਾਂ ਬਖ਼ਸ਼ ਆਪਣਾ ਨਿਜ ਨੈਣ, ਦਿਬ ਨੇਤਰ ਕਰ ਰੁਸ਼ਨਾਈਆ । ਨਿਰਗੁਣ ਬਣ ਸਾਕ ਸੈਣ, ਸਰਗੁਣ ਸੱਜਣ ਇਕ ਅਖਵਾਈਆ । ਸੰਤ ਸੁਹੇਲਾ ਰਹੇ ਨਾ ਕੋਇ ਤ੍ਰਫ਼ੈਨ, ਤ੍ਰੈਗੁਣ ਮਾਇਆ ਡੇਰਾ ਢਾਈਆ । ਸਾਰੇ ਤੇਰਾ ਨਾਮ ਨਿਧਾਨਾ ਲੈਣ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਸਿਫ਼ਤ ਵਡਿਆਈ ਤੇਰੀ ਕਹਿਣ, ਸਾਹ ਸਾਹ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ, ਵਰ, ਸਚ ਦੇ ਮਾਲਕ ਹੋਣਾ ਸਹਾਈਆ । ਦੀਪਕ ਕਹਿਣ ਪ੍ਰਭ ਅੰਤਰ ਕਰਦੇ ਆਪਣੀ ਕਿਰਪਾ, ਕਿਰਪਾਲ ਦਿਆਲ ਦਇਆ ਕਮਾਈਆ । ਜਨ ਭਗਤਾਂ ਕਲਜੁਗ ਪੋਹ ਨਾ ਸਕੇ ਬਿਪਤਾ, ਵਿਪਰੀਤ ਦਾ ਲੇਖਾ ਦੇਣਾ ਮੁਕਾਈਆ । ਸਭ ਨੂੰ ਇਸ਼ਟ ਜਣਾ ਦੇ ਇਕ ਦਾ, ਏਕੰਕਾਰ ਹੋ ਸਹਾਈਆ । ਚਾਰ ਵਰਨ ਰੂਪ ਬਣਾ ਸਿੱਖ ਦਾ, ਸ਼ੱਤਰੀ ਬ੍ਰਾਹਮਣ

ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਸਤਿਗੁਰ ਸ਼ਬਦ ਸ਼ਬਦੀ ਧਾਰ ਤੇਰੀ ਮਹਿੰਮਾ ਹੋਵੇ ਲਿਖਦਾ, ਲੇਖ ਕਾਤਬ ਤੇਰੇ ਹੱਥ ਵਡਿਆਈਆ । ਲਹਿਣਾ ਦੇਣਾ ਪੂਰਾ ਕਰਦੇ ਅਵਤਾਰ ਪੈਗ਼ੰਬਰ ਗੁਰੂ ਭਵਿਖ ਦਾ, ਪੇਸ਼ੀਨਗੋਈਆਂ ਜੋ ਪੇਸ਼ਤਰ ਤੇਰੀਆਂ ਗਏ ਸੁਣਾਈਆ । ਤੇਰਾ ਖੇਲ ਆਦਿ ਜੁਗਾਦਿ ਨਿਤ ਦਾ, ਜੁਗ ਜੁਗ ਆਪਣਾ ਵੇਸ ਵਟਾਈਆ । ਅੰਤ ਲੇਖਾ ਵੇਖ ਮਿੱਤ ਦਾ, ਮਿੱਤਰ ਪਿਆਰੇ ਆਪਣੀ ਦਇਆ ਕਮਾਈਆ । ਤੇਰਾ ਰੂਪ ਅਨੂਪ ਧੁਰਦਰਗਾਹੀ ਪਿਤ ਦਾ, ਪਤਿਪਰਮੇਸ਼ਵਰ ਇਕ ਅਖਵਾਈਆ । ਦੋ ਜਹਾਨ ਨੌਜਵਾਨ ਨਿਰਗੁਣ ਧਾਰ ਸਰਗੁਣ ਤੇਰਾ ਰੂਪ ਦਿਸਦਾ, ਦੂਸਰ ਨਜ਼ਰ ਕੋਇ ਨਾ ਆਈਆ । ਮਨ ਵਿਕਾਰ ਪਵਿਤਰ ਕਰ ਦੇ ਭਰਿਆ ਵਿਸ ਦਾ, ਅੰਮ੍ਰਿਤ ਰਸ ਬਿਨ ਰਸਨਾ ਦੇ ਚਖਾਈਆ । ਇਕੋ ਜੈਕਾਰਾ ਹੋਵੇ ਨੌ ਖੰਡ ਤੇਰੇ ਜਸ ਦਾ, ਸਿਫ਼ਤਾਂ ਵਿਚ ਗਾਏ ਖ਼ਲਕ ਖ਼ੁਦਾਈਆ । ਤੇਰਾ ਮੇਲ ਹੋਵੇ ਅਗੰਮੀ ਅੱਖ ਦਾ, ਲੋਚਨ ਇਕੋ ਇਕ ਵਡਿਆਈਆ । ਦਰਸ਼ਨ ਦੇਣਾ ਰੂਪ ਧਾਰ ਸਤਿਗੁਰ ਪ੍ਰੱਤਖ ਦਾ, ਸਾਖਿਆਤ ਹੋ ਕੇ ਨਜ਼ਰੀ ਆਈਆ । ਜਨ ਭਗਤਾਂ ਵਿਛੋੜਾ ਰਹਿਣ ਨਹੀਂ ਦੇਣਾ ਵੱਖ ਦਾ, ਆਤਮ ਪਰਮਾਤਮ ਪਰਮਾਤਮ ਆਤਮ ਮੇਲਣਾ ਸਹਿਜ ਸੁਭਾਈਆ । ਤੇਰੀ ਸਰਨ ਸਰਨਾਈ ਜਗਤ ਜਹਾਨ ਹੋਵੇ ਢੱਠਦਾ, ਟਿੱਕਾ ਧੂੜੀ ਖ਼ਾਕ ਰਮਾਈਆ । ਤੂੰ ਮਾਲਕ ਘਟ ਘਟ ਦਾ, ਲੱਖ ਚੁਰਾਸੀ ਰਿਹਾ ਸਮਾਈਆ । ਇਕੋ ਖੇਲ ਖਿਲਾ ਦੇ ਬ੍ਰਹਮ ਮਤ ਦਾ, ਮਨ ਮਤ ਦੂਰ ਕਰਾਈਆ । ਦੀਨ ਮਜ਼੍ਹਬ ਪਿਆਸਾ ਰਹੇ ਨਾ ਮਾਨਸ ਰੱਤ ਦਾ, ਸ਼ਰਅ ਦੀ ਛੁਰੀ ਕਾਤਲ ਮਕਤੂਲ ਦਾ ਰੂਪ ਨਾ ਕੋਇ ਜਣਾਈਆ । ਤੇਰਾ ਨਾਮ ਦੋ ਜਹਾਨ ਆਤਮ ਪਰਮਾਤਮ ਹੋਵੇ ਰਟਦਾ, ਰੱਟਾ ਅਵਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਜੋਤੀ ਨੂਰ ਪ੍ਰਕਾਸ਼ ਹੋਵੇ ਲਟ ਲਟ ਦਾ, ਜਗਤ ਜਹਾਨ ਅੰਧ ਅੰਧੇਰ ਦੇਣਾ ਮਿਟਾਈਆ ।



੧੨੬੪
੨੨

✪ ੨੫ ਚੇਤ ਸ਼ਹਿਨਸ਼ਾਹੀ ਸੰਮਤ ੭ ਅਵਤਾਰ ਸਿੰਘ, ਗੁਰਦਿਤ ਸਿੰਘ, ਕਿਰਪਾ ਸਿੰਘ, ਮਹਿਲ ਸਿੰਘ, ਗੁਰਬਚਨ ਸਿੰਘ, ਸਤਵੰਤ ਕੌਰ, ਬਸੰਤ ਕੌਰ ਸੁਖਦੇਵ ਸਿੰਘ, ਮੋਹਣ ਸਿੰਘ ਕਾਦੀਆਂ, ਅੰਮ੍ਰਿਤ ਕੌਰ ਲਖਨਊ, ਜੁਗਿੰਦਰ ਕੌਰ ਲਖਨਊ, ਕਾਨਪੁਰ ਸ਼ਹਿਰ ✪

ਦੀਪਕ ਕਹਿਣ ਪ੍ਰਭ ਜਨ ਭਗਤਾਂ ਬੁੱਧੀ ਕਰ ਬਿਬੇਕ, ਦੁਰਮਤ ਮੈਲ ਅੰਤਰ ਨਿਰੰਤਰ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲੇ ਦੀਨ ਦਿਆਲੇ ਬਖ਼ਸ਼ ਆਪਣੀ ਟੇਕ, ਪਰਵਰਦਿਗਾਰ ਸਾਂਝੇ ਯਾਰ ਤੇਰੀ ਇਕ ਸਰਨਾਈਆ । ਤ੍ਰੈਗੁਣ ਮਾਇਆ ਪੰਜ ਤਤ ਲੱਗੇ ਨਾ ਸੇਕ, ਅਗਨੀ ਅੱਗ ਨਾ ਕੋਇ ਤਪਾਈਆ । ਜਨਮ ਕਰਮ ਦੀ ਨਿਹਕਰਮੀ ਬਦਲ ਦੇ ਰੇਖ, ਰਿਖੀਕੇਸ਼ ਗਵਰਧਨ ਧਾਰ ਤੇਰਾ ਰੰਗ ਰੰਗਾਈਆ । ਕਿਰਪਾ ਨਿਧਾਨ ਨੌਜਵਾਨ ਸ਼ਬਦ ਅਗੰਮੀ ਦੇ ਸੰਦੇਸ਼, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣਾ ਨਾਮ ਦ੍ਰਿੜਾਈਆ । ਨੂਰ ਨੁਰਾਨੇ ਸ਼ਾਹ ਸੁਲਤਾਨੇ ਨਿਰਗੁਣ ਦੱਸ ਆਪਣਾ ਭੇਖ, ਮਰਦ ਮਰਦਾਨੇ ਪੜਦਾ ਦੇ ਚੁਕਾਈਆ । ਤੂੰ ਆਦਿ ਅੰਤ ਦਾ ਮਾਲਕ ਏਕ, ਏਕੰਕਾਰ ਤੇਰੇ ਹੱਥ ਵਡਿਆਈਆ । ਸ਼ਾਹੋ ਭੂਪ ਸ਼ਹਿਨਸ਼ਾਹ ਨਰ ਨਰੇਸ਼, ਨਰ ਨਰਾਇਣ ਤੇਰੀ ਓਟ ਤਕਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਕਰ ਹੇਤ, ਹਿਤਕਾਰੀ ਹੋ ਕੇ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਘਟ

ਨਿਵਾਸੀ ਪੁਰਖ ਅਬਿਨਾਸ਼ੀ ਪਰਦਾ ਪਰਦੇ ਵਿਚੋਂ ਚੁਕਾਈਆ । ਦੀਪਕ ਕਹਿਣ ਪ੍ਰਭ ਜਨ ਭਗਤਾਂ ਖੋਲ੍ਹ ਅਗੰਮੀ ਅੱਖ, ਬਿਨ ਅੱਖਰਾਂ ਕਰ ਪੜ੍ਹਾਈਆ । ਤੇਰਾ ਸਤਿ ਸਰੂਪ ਤਕਣ ਪ੍ਰਤਖ, ਪਾਰਬ੍ਰਹਮ ਬ੍ਰਹਮ ਮੇਲਾ ਲੈਣਾ ਮਿਲਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਰੱਤੀ ਰੱਤ ਆਪਣੇ ਲੇਖੇ ਲਾਈਆ । ਤੂੰ ਸਰਬ ਕਲਾ ਸਮਰਥ, ਸਮਰਥ ਤੇਰੇ ਹੱਥ ਵਡਿਆਈਆ । ਜੋ ਸਰਨ ਸਰਨਾਈ ਤੇਰੀ ਜਾਏ ਢੱਠ, ਧੂੜੀ ਮਸਤਕ ਖ਼ਾਕ ਰਮਾਈਆ । ਉਸ ਦੇ ਭਾਗ ਲਗਾਉਣਾ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਆਪਣੇ ਰੰਗ ਰੰਗਾਈਆ । ਘਰ ਮੰਦਰ ਲੇਖਾ ਵਖਾਉਣਾ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਸਚ ਸਰੋਵਰ ਦੇਣਾ ਨੁਹਾਈਆ । ਹੱਕ ਹਕੀਕੀ ਕਾਅਬਾ ਮਹਿਬੂਬ ਮੁਹੱਬਤ ਵਾਲਾ ਤੇਰਾ ਹੋਵੇ ਮੱਠ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਚ ਦਵਾਰਾ ਏਕੰਕਾਰਾ ਅਗੰਮਾ ਇਕੋ ਵਖਾਉਣਾ ਹੱਟ, ਜਿਥੇ ਬਿਨਾ ਭਗਤਾਂ ਵਣਜਾਰਾ ਨਜ਼ਰ ਕੋਇ ਨਾ ਆਈਆ । ਸ਼ਬਦ ਅਗੰਮੀ ਸੁਰਤ ਸਵਾਣੀ ਮਾਰ ਸੱਟ, ਸੋਈ ਆਤਮ ਪਰਮਾਤਮ ਆਪਣੇ ਨਾਲ ਮਿਲਾਈਆ । ਕੂੜ ਕੁਕਰਮ ਦਾ ਲੇਖਾ ਦੇਣਾ ਕਟ, ਕਟਾਕਸ਼ ਵਿਚ ਇਕੋ ਤੀਰ ਅਣਿਆਲਾ ਦੇਣਾ ਚਲਾਈਆ । ਔਹ ਵੇਖ ਕਲਜੁਗ ਨਵ ਨੌ ਚਾਰ ਰਿਹਾ ਨੱਠ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਬਿਨ ਹੱਥਾਂ ਤੇਰੇ ਅੱਗੇ ਜੋੜੇ ਹੱਥ, ਨਿਉਂ ਨਿਉਂ ਲਾਗੇ ਪਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਏਕੰਕਾਰ ਦਰ ਤੇਰੇ ਮੰਗ ਮੰਗਾਈਆ । ਦੀਪਕ ਕਹਿਣ ਪ੍ਰਭੂ ਤੇਰਾ ਕਲਜੁਗ ਸੂਰਬੀਰ ਸੁਲਤਾਨਾ, ... ... ... ... ... ... ... ਬੇਪਰਵਾਹੀਆ । ਜਿਸ ਨੇ ਬਦਲ ਦਿਤਾ ਜਮਾਨਾ, ਜ਼ਿਮੀਂ ਜ਼ਮਾਂ ਰਹੇ ਕੁਰਲਾਈਆ । ਫਿਰੀ ਦਰੋਹੀ ਉਤੇ ਅਸਮਾਨਾਂ, ਪੈਗੰਬਰ ਵੇਖਣ ਨੈਣ ਉਠਾਈਆ । ਜਹਾਲਤ ਹੋਈ ਵਿਚ ਜਹਾਨਾ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਸ਼ਬਦ ਸੁਣੇ ਨਾ ਕੋਇ ਤਰਾਨਾ, ਤੁਰੀਆ ਪਦ ਨਾ ਕੋਇ ਸਮਾਈਆ । ਮਨ ਮਨੂਆ ਹੋਇਆ ਸ਼ੈਤਾਨਾ, ਸ਼ਰਅ ਸ਼ਰਅ ਨਾਲ ਟਕਰਾਈਆ । ਸੰਤ ਸੁਹੇਲਾ ਸੂਰਬੀਰ ਰਿਹਾ ਨਾ ਕੋਇ ਵਿਚ ਜਹਾਨਾ, ਭਗਤ ਭਗਵਾਨ ਮਿਲਣ ਕੋਇ ਨਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਹੋਈ ਹੈਰਾਨਾ, ਹੈਰਤ ਵਿਚ ਸਾਰੇ ਦੇਣ ਦੁਹਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰਾ ਨਜ਼ਰ ਨਾ ਆਏ ਸਤਿ ਧਰਮ ਦਾ ਨਿਸ਼ਾਨਾ, ਕੂੜ ਡੰਕ ਰਾਉ ਰੰਕ ਸਭ ਦੇ ਉਤੇ ਰਿਹਾ ਵਜਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਭੁੱਲਿਆ ਸਭ ਨੂੰ ਗਾਣਾ, ਗਾਵਤ ਗਾ ਗਾ ਸ਼ੁਕਰ ਨਾ ਕੋਇ ਮਨਾਈਆ । ਦੀਪਕ ਕਹਿਣ ਅਸੀਂ ਵੇਖ ਹੋਏ ਪਰੇਸ਼ਾਨਾ, ਪਸ਼ਚਾਤਾਪ ਵਿਚ ਦਈਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਪੁਰਖ ਅਕਾਲ ਕਹੇ ਵੇਖੋ ਖੇਲ ਦੀਪਕ ਜੋਤੀ ਜਾਤੇ, ਹਰਿ ਕਰਤਾ ਆਪ ਕਰਾਈਆ । ਜਿਸ ਨੇ ਕਲਜੁਗ ਵੇਖਣੇ ਖੇਲ ਤਮਾਸ਼ੇ, ਨਿਰਗੁਣ ਸਰਗੁਣ ਆਪਣਾ ਹੁਕਮ ਵਰਤਾਈਆ । ਮੰਡਲ ਮੰਡਪ ਤਕਣੀ ਰਾਸੇ, ਗੋਪੀ ਕਾਹਨ ਪੜਦਾ ਆਪ ਉਠਾਈਆ । ਕਲਜੁਗ ਵੇਖੇ ਅੰਧੇਰੀ ਰਾਤੇ, ਸਦੀ ਚੌਧਵੀਂ ਧਿਆਨ ਰਖਾਈਆ । ਜੋ ਕੁਝ ਵਰਤਣਾ ਵਿਚ ਲੋਕਮਾਤੇ, ਮਾਤਰ ਭੂਮੀ ਸਭ ਦੀ ਦਏ ਗਵਾਹੀਆ । ਅੰਤਮ ਚੀਥੜ ਸਭ ਦੇ ਹੋਣੇ ਪਾਟੇ, ਓਢਣ ਸੀਸ ਨਾ ਕੋਇ ਟਿਕਾਈਆ । ਕਰਮ ਧਰਮ ਦੇ ਸਭ ਨੂੰ ਆਉਣੇ ਘਾਟੇ, ਜਨਮ ਵਿਚੋਂ ਜਨਮ ਨਾ ਕੋਇ ਬਦਲਾਈਆ । ਸਭ ਦੀ ਮੁਕਣੀ ਅੰਤਮ ਵਾਟੇ, ਪਾਂਧੀਆਂ ਪੰਧ ਵਿਚ ਭਵਾਈਆ । ਬਿਸਤਰ ਸੁਖ ਸੇਜ ਮਿਲੇ ਕਿਸੇ ਨਾ ਖਾਟੇ, ਖਟੀਆ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ



੧੨੬੫
੨੨

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਦੀਪਕ ਕਹਿਣ ਪ੍ਰਭੂ ਤੇਰਾ ਖੇਲ ਹੋਣਾ ਅਨਡਿਠ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਤੂੰ ਮਾਲਕ ਸਾਹਿਬ ਸਭ ਦਾ ਪਿਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਕਿਰਪਾ ਕਰ ਏਕੰਕਾਰ ਇਕ, ਇਕ ਇਕੱਲੇ ਵਾਹਿਦ ਨੂਰ ਇਲਾਹੀਆ । ਜਨ ਭਗਤ ਸੁਹੇਲੇ ਸਚ ਦਵਾਰ ਬਣਾ ਆਪਣੇ ਸਿਖ, ਸਿਖਿਆ ਸਚ ਨਾਮ ਦ੍ਰਿੜਾਈਆ । ਸਭ ਦਾ ਬਦਲ ਦੇ ਭਵਿਖ, ਭਵਿਸ਼ ਆਪਣੇ ਨਾਲ ਮਿਲਾਈਆ । ਆਤਮ ਪਰਮਾਤਮ ਕਰ ਹਿਤ, ਹਿਤਕਾਰੀ ਹੋ ਕੇ ਖੋਜ ਖੁਜਾਈਆ । ਤੇਰਾ ਖੇਲ ਨਿਤ ਨਵਿਤ, ਨਿਰਗੁਣ ਸਰਗੁਣ ਵੇਸ ਵਟਾਈਆ । ਕਲਜੁਗ ਅੰਤ ਲਹਿਣਾ ਦੇਣਾ ਆਪ ਨਜਿੱਠ, ਦੂਸਰ ਹੱਥ ਨਾ ਕੋਇ ਫੜਾਈਆ । ਝਗੜਾ ਮੁਕਾ ਦੇ ਪੱਥਰ ਇੱਟ, ਏਕਾ ਇਸ਼ਟ ਦੇ ਸਮਝਾਈਆ । ਮੰਜ਼ਲ ਰਹੇ ਨਾ ਸਵਾ ਗਿਠ, ਮੇਰੂਡੰਡ ਦਾ ਡੇਰਾ ਢਾਹੀਆ । ਫਿਰਨਾ ਪਏ ਨਾ ਤ੍ਰੈਕੁਟੀ ਵਿਚ, ਈੜਾ ਪਿੰਗਲ ਸੁਖਮਨ ਪੰਧ ਨਾ ਕੋਇ ਜਣਾਈਆ । ਮਨ ਕਲਪਣਾ ਦੇ ਜਿੱਤ, ਸ਼ਬਦੀ ਸ਼ਬਦ ਸ਼ਬਦ ਕਰ ਸ਼ਨਵਾਈਆ । ਤੇਰਿਆਂ ਭਗਤਾਂ ਤੇਰਾ ਦਰਸ਼ਨ ਹੋਵੇ ਨਿਤ, ਨਿਜ ਲੋਚਨ ਨੈਣ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਪੁਰਖ ਅਕਾਲ ਕਹੇ ਮੈਂ ਦਇਆ ਕਮਾਵਾਂਗਾ । ਨਿਰਗੁਣ ਨੂਰ ਜੋਤ ਰੁਸ਼ਨਾਵਾਂਗਾ । ਸ਼ਬਦੀ ਸ਼ਬਦ ਡੰਕ ਵਜਾਵਾਂਗਾ । ਪੁਰੀਆਂ ਲੋਆਂ ਖੋਜ ਖੁਜਾਵਾਂਗਾ । ਬ੍ਰਹਿਮੰਡਾਂ ਖੰਡਾਂ ਪੜਦਾ ਲਾਹਵਾਂਗਾ । ਜੇਰਜ ਅੰਡਾਂ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਮੇਲ ਮਿਲਾਵਾਂਗਾ । ਸਚ ਮੇਲ ਮਿਲਾਵਾਂਗਾ । ਦੀਨ ਦਿਆਲ ਹੋ ਕੇ ਦਇਆ ਕਮਾਵਾਂਗਾ । ਲੱਖ ਚੁਰਾਸੀ ਖੋਜ ਖੁਜਾਵਾਂਗਾ । ਭਗਤ ਸੁਹੇਲੇ ਆਪ ਉਠਾਵਾਂਗਾ । ਗੁਰ ਚੇਲੇ ਜੋੜ ਜੁੜਾਵਾਂਗਾ । ਮੁਰੀਦ ਮੁਰਸ਼ਦ ਅੰਗ ਲਗਾਵਾਂਗਾ । ਨਾਮ ਮਰਦੰਗ ਸ਼ਬਦ ਸੁਣਾਵਾਂਗਾ । ਬ੍ਰਹਿਮੰਡ ਖੰਡ ਦਾ ਡੇਰਾ ਢਾਹਵਾਂਗਾ । ਜੇਰਜ ਅੰਡ ਦਾ ਪੰਧ ਮੁਕਾਵਾਂਗਾ । ਸੁਰਤ ਸ਼ਬਦ ਵਿਚ ਸਮਾਵਾਂਗਾ । ਨਿਜਾਨੰਦ ਨੰਦ ਦਿਸਾਵਾਂਗਾ । ਜੋਤੀ ਨੂਰ ਚੰਦ ਚਮਕਾਵਾਂਗਾ । ਕਾਇਆ ਮੰਦਰ ਅੰਦਰ ਲੰਘ, ਸਤਿ ਸਰੂਪੀ ਦਰਸ ਦਿਖਾਵਾਂਗਾ । ਸਭ ਦੀ ਆਸਾ ਮਨਸਾ ਪੂਰੀ ਕਰਕੇ ਮੰਗ, ਜਗਤ ਤ੍ਰਿਸ਼ਨਾ ਭੁੱਖ ਮਿਟਾਵਾਂਗਾ । ਆਤਮ ਹੋਣ ਨਾ ਦੇਵਾਂ ਰੰਡ, ਪ੍ਰਭ ਕੰਤ ਸੁਹਾਗੀ ਹੋ ਕੇ ਆਪ ਪਰਨਾਵਾਂਗਾ । ਤੂੰ ਮੇਰਾ ਮੈਂ ਤੇਰਾ ਨਿਰਗੁਣ ਨਿਰਗੁਣ ਦੱਸ ਕੇ ਛੰਦ, ਪਰਮਾਨੰਦ ਵਿਚ ਟਿਕਾਵਾਂਗਾ । ਜਨਮ ਜਨਮ ਦੀ ਕਰਮ ਕਰਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਇਕ ਅਖਵਾਵਾਂਗਾ । ਬਿਨ ਸੂਰੀਆ ਚੰਦ ਚਾੜ੍ਹ ਕੇ ਚੰਦ, ਗ੍ਰਹਿ ਮੰਦਰ ਇਕ ਰੁਸ਼ਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਇਕ ਸੁਹਾਵਾਂਗਾ । ਸਚ ਦਵਾਰ ਇਕ ਸੁਹਾਏਗਾ । ਸਚਖੰਡ ਪੜਦਾ ਆਪ ਉਠਾਏਗਾ । ਨਿਰਗੁਣ ਦੀਆ ਜੋਤੀ ਜਾਤਾ ਆਪ ਜਗਾਏਗਾ । ਜਨ ਭਗਤਾਂ ਆਪਣੇ ਮਿਲਣ ਦਾ ਦੱਸ ਕੇ ਹੀਆ, ਮੰਜ਼ਲ ਪੈਂਡਾ ਪੰਧ ਮੁਕਾਏਗਾ । ਲੇਖੇ ਲਾ ਕੇ ਸਾਢੇ ਤਿੰਨ ਹੱਥ ਸੀਆ, ਸੰਬਲ ਆਪਣਾ ਘਰ ਦ੍ਰਿੜਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਆਪੇ ਜਾਣੇ ਆਪਣਾ ਕੀਆ, ਕਰਨਹਾਰ ਸਮਰਥ ਅਕਥ ਕਥਨੀ ਵਿਚ ਕਦੇ ਨਾ ਆਏਗਾ ।


੧੨੬੬
੨੨

## ✪ ੨੧ ਚੇਤ ਸ਼ਹਿਨਸ਼ਾਹੀ ਸੰਮਤ ੭ ਦੇਵਦਤ ਦੇ ਨਵਿਤ ਪਟਨੇ ਸ਼ਹਿਰ ✪



ਦੀਪਕ ਕਹਿਣ ਪ੍ਰਭ ਸਾਡੀ ਨਮੋ ਨਮੋ ਨਿਮਸਕਾਰ, ਡੰਡਾਵਤ ਬੰਦਨਾ ਵਿਚ ਸੀਸ ਨਿਵਾਈਆ । ਅਸੀਂ ਜਗਦੇ ਰਹੇ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੇਵ ਕਮਾਈਆ । ਸਾਡਾ ਖੇਲ ਤਕਦੇ ਰਹੇ ਤੇਈ ਅਵਤਾਰ, ਪੈਗ਼ੰਬਰ ਗੁਰੂ ਧਿਆਨ ਲਗਾਈਆ । ਅਸੀਂ ਜਗਦੇ ਰਹੇ ਮੰਦਰ ਸ਼ਿਵਦਵਾਲੇ ਮੱਠ ਗੁਰੂਦਵਾਰ, ਤੀਰਥ ਤੱਟਾਂ ਸੋਭਾ ਪਾਈਆ । ਘਰ ਘਰ ਕਰਦੇ ਰਹੇ ਉਜਿਆਰ, ਸਰਗੁਣ ਸਰਗੁਣ ਨਾਲ ਸੰਗ ਨਿਭਾਈਆ । ਆਸਾ ਰੱਖਦੇ ਰਹੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਅੱਗੇ ਧਿਆਨ ਰਖਾਈਆ । ਕਵਣ ਵੇਲਾ ਪੁਰਖ ਅਬਿਨਾਸ਼ੀ ਸਾਡੀ ਪਾਵੇ ਸਾਰ, ਮਹਾਂਸਾਰਥੀ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਾਹਿਬ ਤੇਰੀ ਵਡਿਆਈਆ । ਦੀਪਕ ਕਹਿਣ ਤੇਰਾ ਦੀਪਕ ਨੂਰ ਉਜਿਆਰਾ, ਆਦਿ ਜੁਗਾਦਿ ਰੁਸ਼ਨਾਈਆ । ਜਗਦਾ ਰਹੇ ਨਿਰਗੁਣ ਧਾਰਾ, ਸਰਗੁਣ ਵਿਚ ਸਮਾਈਆ । ਪ੍ਰਕਾਸ਼ ਹੁੰਦਾ ਰਿਹਾ ਪੈਗ਼ੰਬਰ ਗੁਰ ਅਵਤਾਰਾ, ਭਗਤ ਸੰਤ ਨਾਲ ਰੁਸ਼ਨਾਈਆ । ਖੇਲ ਤਕਦੇ ਰਹੇ ਅਗੰਮ ਅਪਾਰਾ, ਅਲੱਖ ਅਗੋਚਰ ਤੇਰੀ ਵਡ ਵਡਿਆਈਆ । ਕਲਜੁਗ ਅੰਤਮ ਦਰ ਤੇਰੇ ਨਿਮਸਕਾਰਾ, ਨਮੋ ਨਮੋ ਸਰਨਾਈਆ । ਭੇਵ ਖੋਲ੍ਹ ਪਰਦਾ ਰਹੇ ਨਾ ਤੇਰੇ ਦਵਾਰਾ, ਦਵਾਰਕਾਵਾਸੀ ਬੈਠਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਚ ਤੇਰੀ ਸਰਨਾਈਆ । ਦੀਪਕ ਕਹਿਣ ਕਾਇਆ ਅੰਤਰ ਤੇਰੀ ਨਿਰਗੁਣ ਜੋਤੀ, ਆਤਮ ਧਾਰਾ ਤੇਰੀ ਵਡਿਆਈਆ । ਤੇਰਾ ਖੇਲ ਸਦਾ ਲੋਕ ਪ੍ਰਲੋਕੀ, ਦੋ ਜਹਾਨ ਤੇਰੀ ਬੇਪਰਵਾਹੀਆ । ਤੇਰਾ ਰੂਪ ਅਨੂਪ ਨਾਥ ਤ੍ਰੈਲੋਕੀ, ਤ੍ਰੈਗੁਣ ਅਤੀਤੇ ਤੇਰੇ ਹੱਥ ਵਡਿਆਈਆ । ਜਨ ਭਗਤ ਸੁਹੇਲੇ ਰੱਖਣ ਇਕੋ ਓਟੀ, ਓੜਕ ਤੇਰਾ ਧਿਆਨ ਲਗਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਜਨ ਭਗਤ ਸੁਹੇਲੇ ਚਾੜ੍ਹ ਆਪਣੀ ਚੋਟੀ, ਅੱਗੇ ਹੋ ਨਾ ਕੋਇ ਅਟਕਾਈਆ । ਤੂੰ ਪਾਰਬ੍ਰਹਮ ਪਤਿਪਰਮੇਸ਼ਵਰ ਬ੍ਰਹਮ ਧਾਰ ਤੇਰਾ ਗੋਤੀ, ਪਰਮਾਤਮ ਆਤਮ ਇਕੋ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸ ਰਖਾਈਆ । ਦੀਪਕ ਕਹਿਣ ਤੇਰਾ ਭਗਤ ਸੁਹੇਲਾ ਮੀਤ, ਮਿੱਤਰ ਪਿਆਰਾ ਇਕ ਅਖਵਾਈਆ । ਜੁਗ ਚੌਕੜੀ ਤੇਰੀ ਰੀਤ, ਜਨ ਭਗਤਾਂ ਦੇਵੇਂ ਮਾਣ ਵਡਿਆਈਆ । ਤੂੰ ਠਾਕਰ ਤ੍ਰੈਗੁਣ ਅਤੀਤ, ਤ੍ਰੈਭਵਨ ਧਨੀ ਤੇਰੀ ਸਰਨਾਈਆ । ਤੂੰ ਹਰ ਘਟ ਵਸੇਂ ਚੀਤ, ਗ੍ਰਿਹਿ ਮੰਦਰ ਕਾਇਆ ਡੇਰਾ ਲਾਈਆ । ਸਚ ਪ੍ਰੇਮ ਦੀ ਕਰ ਬਖ਼ਸ਼ੀਸ਼, ਰਹਿਮਤ ਆਪਣਾ ਨਾਮ ਵਰਤਾਈਆ । ਕਲਜੁਗ ਵਿਚ ਸਤਿਜੁਗ ਬਦਲ ਦੇ ਰੀਤ, ਰੀਤੀਵਾਨ ਆਪਣਾ ਪੜਦਾ ਦੇ ਉਠਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਦੇ ਗੀਤ, ਚਾਰ ਵਰਨ ਅਠਾਰਾਂ ਬਰਨ ਸ਼ੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਕਰਨ ਪੜ੍ਹਾਈਆ । ਦੀਨ ਮਜ਼੍ਹਬ ਜ਼ਾਤ ਪਾਤ ਅੰਤ ਮਾਰ ਦੇ ਲੀਕ, ਲਾਈਨ ਇਕੋ ਦੇ ਵਖਾਈਆ । ਅਵਤਾਰ ਪੈਗ਼ੰਬਰ ਗੁਰੂ ਕਰਨ ਤਸਦੀਕ, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ । ਨਿਰਗੁਣ ਤੇਰੀ ਸਾਰੇ ਕਰਨ ਉਡੀਕ, ਸਰਗੁਣ ਮੇਲਾ ਲੈਣਾ ਮਿਲਾਈਆ । ਸਦੀ ਚੌਧਵੀਂ ਰਹੀ ਬੀਤ, ਬੀਸ ਬੀਸੇ ਅੱਖ ਖੁਲ੍ਹਾਈਆ । ਝਗੜਾ ਮੇਟ ਦੇ ਮੰਦਰ ਮਸੀਤ, ਕਾਅਬਿਆਂ ਇਕੋ ਰੰਗ ਰੰਗਾਈਆ । ਸਤਿ ਧਰਮ ਦੀ ਸਾਚੀ ਦੱਸ ਰੀਤ, ਰੀਤੀਵਾਨ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ



੧੨੬੭
੨੨

ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰ ਤੇਰੇ ਆਸ ਰਖਾਈਆ । ਦੀਪਕ ਕਹਿਣ ਪ੍ਰਭ ਜਨ ਭਗਤਾਂ ਚਾੜ੍ਹ ਦੇ ਰੰਗ, ਰੰਗਤ ਇਕੋ ਨਾਮ ਰੰਗਾਈਆ । ਆਤਮ ਪਰਮਾਤਮ ਬਖ਼ਸ਼ ਦੇ ਸੰਗ, ਪਾਰਬ੍ਰਹਮ ਬ੍ਰਹਮ ਮੇਲਾ ਮੇਲਣਾ ਸਹਿਜ ਸੁਭਾਈਆ । ਨਿਜ ਗ੍ਰਿਹਿ ਨਿਜ ਆਤਮ ਦੇ ਅਨੰਦ, ਪਰਮਾਨੰਦ ਵਿਚ ਸਮਾਈਆ । ਕੂੜੀ ਕਿਰਿਆ ਕਰ ਦੇ ਖੰਡ, ਖੰਡਾ ਖੜਗ ਨਾਮ ਚਮਕਾਈਆ । ਝਗੜਾ ਮੇਟ ਦੇ ਜੇਰਜ ਅੰਡ, ਉਤਭੁਜ ਸੇਤਜ ਪੰਧ ਰਹੇ ਨਾ ਰਾਈਆ । ਖ਼ੁਸ਼ੀ ਕਰਾ ਦੇ ਬੰਦ ਬੰਦ, ਬੰਦਨਾ ਇਕੋ ਇਕ ਦਰਸਾਈਆ । ਜਗਤ ਜਹਾਨ ਦੀ ਮੰਜ਼ਲ ਜਾਣ ਲੰਘ, ਰਾਜ ਸਮਾਜ ਨਾ ਕੋਇ ਅਟਕਾਈਆ । ਤੇਰਾ ਸਚ ਸਿੰਘਾਸਣ ਵੇਖਣ ਸਚਖੰਡ, ਜਿਥੇ ਇਕੋ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਦਾਤਾਰ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਦੀਪਕ ਕਹਿਣ ਜਨ ਭਗਤਾਂ ਦੇ ਇਕ ਦਵਾਰਾ, ਕਾਹਨ ਕਾਹਨਾ ਤੇਰੀ ਸਰਨਾਈਆ । ਤੂੰ ਰਾਮ ਰਾਮ ਧੁਰ ਦਾ ਰਾਮ ਪਿਆਰਾ, ਸੀਤਾ ਸੁਰਤ ਲੈ ਪ੍ਰਨਾਈਆ । ਜਗਤ ਵਿਛੋੜਾ ਮੇਟ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਭਗਤ ਸੁਹੇਲਾ ਇਕ ਇਕੇਲਾ ਵੇਖੇ ਤੇਰਾ ਸੱਚਾ ਘਰ ਬਾਹਰਾ, ਗ੍ਰਿਹਿ ਮੰਦਰ ਇਕੋ ਡੇਰਾ ਲਾਈਆ । ਜਿਥੇ ਦੀਪਕ ਜੋਤ ਜਗੇ ਨਿਆਰਾ, ਤੇਲ ਬਾਤੀ ਸੰਗ ਨਾ ਕੋਇ ਵਖਾਈਆ । ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਹੋਏ ਧੁੰਦੂਕਾਰਾ, ਅੰਧ ਅੰਧੇਰ ਨਾ ਕੋਇ ਰਖਾਈਆ । ਸੋ ਸਵਾਮੀ ਅੰਤਰਜਾਮੀ ਸਚ ਬਖ਼ਸ਼ੇ ਆਪਣਾ ਪਿਆਰਾ, ਪ੍ਰੀਤਮ ਹੋ ਕੇ ਜੋੜ ਜੁੜਾਈਆ । ਕਲਜੁਗ ਅੰਤਮ ਸ੍ਰੀ ਭਗਵਾਨ ਆਪਣਾ ਬਣ ਜੀਅ ਅਧਾਰਾ, ਜੀਵ ਈਸ਼ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਦੀਪਕ ਕਹਿਣ ਪ੍ਰਭ ਤੇਰਾ ਭਗਤ ਸੁਹੇਲਾ ਇਕ, ਏਕੰਕਾਰ ਇਕ ਵਿਚ ਸਮਾਈਆ । ਉਸ ਦਾ ਲੇਖਾ ਸ਼ਬਦੀ ਧਾਰ ਦੇਣਾ ਲਿਖ, ਜਿਸ ਨੂੰ ਚਾਰ ਜੁਗ ਸਕੇ ਨਾ ਕੋਇ ਮਿਟਾਈਆ । ਤੂੰ ਆਦਿ ਅੰਤ ਦਾ ਪਿਤ, ਪਤਿਪਰਮੇਸ਼ਵਰ ਬੇਪਰਵਾਹੀਆ । ਪਰਮਾਤਮ ਧਾਰ ਕਰ ਹਿਤ, ਆਤਮ ਆਪਣੇ ਘਰ ਵਸਾਈਆ । ਜਿਥੇ ਠਗੌਰੀ ਰਹੇ ਕੋਇ ਨਾ ਚਿਤ, ਮਨ ਮਨਸਾ ਨਾ ਕੋਇ ਹਲਕਾਈਆ । ਇਕੋ ਤੇਰਾ ਨੂਰ ਨੁਰਾਨਾ ਪਏ ਦਿਸ, ਜੋਤੀ ਜਾਤੇ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਸਚ ਦਵਾਰ ਤੇਰੇ ਹੱਥ ਵਡਿਆਈਆ । ਦੀਪਕ ਕਹਿਣ ਵੇਖ ਭਗਤ ਭਗਵਾਨ ਸਚ ਦਵਾਰ, ਸਚਖੰਡ ਨਿਵਾਸੀ ਧਿਆਨ ਲਗਾਈਆ । ਕਿਰਪਾ ਕਰ ਅਗੰਮ ਅਪਾਰ, ਅਗੰਮ ਅਗੰਮੜੇ ਤੇਰੇ ਹੱਥ ਵਡਿਆਈਆ । ਆਤਮ ਪਰਮਾਤਮ ਪਰਮਾਤਮ ਆਤਮ ਪਾ ਸਾਰ, ਮਹਾਸਾਰਥੀ ਆਪਣਾ ਸੰਗ ਰਖਾਈਆ । ਸਚ ਦਵਾਰ ਖੋਲ੍ਹ ਕਿਵਾੜ, ਬੰਦ ਤਾਕੀ ਰਹਿਣ ਨਾ ਪਾਈਆ । ਸੰਤ ਸੁਹੇਲਾ ਘਰ ਅਗੰਮੜੇ ਵਾੜ, ਜਿਥੇ ਮੰਜ਼ਲ ਤੇਰੀ ਬੇਪਰਵਾਹੀਆ । ਅਗਨੀ ਪੋਹ ਨਾ ਸਕੇ ਤਤੀ ਹਾੜ, ਰਾਜਸ ਤਾਮਸ ਛੋਹ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਖ਼ਲਕ ਦੇ ਖ਼ਾਲਕ ਸਦ ਆਪਣਾ ਰੰਗ ਵਖਾਈਆ । ਦੀਪਕ ਕਹਿਣ ਵੇਖੀਏ ਤੇਰੀ ਜੋਤ ਅਕਾਲੀ, ਅਕਲ ਕਲਧਾਰੀ ਤੇਰੀ ਬੇਪਰਵਾਹੀਆ । ਸਚਖੰਡ ਦਵਾਰ ਤੇਰੀ ਧਰਮਸਾਲੀ, ਦਵਾਰਾ ਧੁਰ ਦਾ ਨਜ਼ਰੀ ਆਈਆ । ਜਿਥੇ ਪੋਹ ਨਾ ਸਕੇ ਤ੍ਰੈਗੁਣ ਮਾਇਆ ਜਗਤ ਜੰਜਾਲੀ, ਜਾਗਰਤ ਜੋਤ ਡਗਮਗਾਈਆ । ਉਥੇ ਤੇਰੇ ਭਗਤ ਤੇਰੇ ਦਰ ਤੇ ਹੋਣ ਸਵਾਲੀ, ਦੂਜਾ

੧੨੬੮ ੨੨

ਨਜ਼ਰ ਕੋਇ ਨਾ ਆਈਆ । ਤੂੰ ਨਿਰਗੁਣ ਦਾਤਾ ਸਦਾ ਕਰੇਂ ਰਖਵਾਲੀ, ਰੱਖਕ ਹੋ ਕੇ ਵੇਖ ਵਖਾਈਆ । ਔਹ ਤਕ ਤੇਰੇ ਭਗਤ ਸੁਹੇਲੇ ਤੇਰੇ ਸਚਖੰਡ ਦਵਾਰ ਬਿਨ ਹੱਥਾਂ ਮਾਰਦੇ ਤਾਲੀ, ਤਲਵਾੜਾ ਤੇਰੇ ਪ੍ਰੇਮ ਵਾਲਾ ਬਣਾਈਆ । ਜਿਹੜੇ ਮਾਤਲੋਕ ਵਿਚੋਂ ਕਰ ਗਏ ਚਾਲੀ, ਨਾਤਾ ਤਨ ਸਰੀਰ ਗਏ ਤੁੜਾਈਆ । ਉਹਨਾਂ ਮੰਜ਼ਲ ਮਿਲੀ ਸੁਖ਼ਾਲੀ, ਸੁਖ ਆਸਣ ਤੇਰੇ ਬਹਿ ਕੇ ਖ਼ੁਸ਼ੀ ਬਣਾਈਆ । ਰਾਜ ਨਰਾਇਣ ਵੇਖਿਆ ਸਮਾਂ ਹਾਲੀ, ਹਾਲਾਂਕਿ ਜਗਤ ਆਸ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੇ ਹੱਥ ਵਡਿਆਈਆ । ਦੀਪਕ ਕਹਿਣ ਦਰ ਤੇਰੇ ਅਰਦਾਸ, ਬੇਨੰਤੀ ਇਕ ਸੁਣਾਈਆ । ਤੇਰਾ ਭਗਤ ਪੁਜਿਆ ਤੇਰੇ ਪਾਸ, ਪਾਸਾ ਦੀਨ ਦੁਨੀ ਬਦਲਾਈਆ । ਮੰਜ਼ਲ ਚੜ੍ਹ ਗਿਆ ਉਪਰ ਆਕਾਸ਼, ਆਕਾਸ਼ਾਂ ਤੋਂ ਪਰੇ ਤੇਰੀ ਜੋਤ ਵਿਚ ਸਮਾਈਆ । ਜਿਥੇ ਨਿਰਗੁਣ ਨਿਰਗੁਣ ਪੈਂਦੀ ਰਾਸ, ਭਗਤ ਭਗਵਾਨ ਗੋਪੀ ਕਾਹਨ ਰੂਪ ਵਟਾਈਆ । ਸਦਾ ਸਚ ਦਾ ਰਹੇ ਸਾਥ, ਸਗਲਾ ਸੰਗ ਨਿਭਾਈਆ । ਰਾਜ ਨਰਾਇਣ ਸਭ ਨੂੰ ਰਿਹਾ ਆਖ, ਸੰਦੇਸ਼ਾ ਦੇਵੇ ਚਾਈਂ ਚਾਈਂਆ । ਮੇਰੀ ਆਤਮ ਪੁੰਨੀ ਆਸ, ਪਰਮਾਤਮ ਮਿਲਿਆ ਬੇਪਰਵਾਹੀਆ । ਜਿਸ ਦੇ ਉਤੇ ਮੇਰਾ ਵਿਸ਼ਵਾਸ਼, ਵਿਸ਼ਿਆਂ ਤੋਂ ਬਾਹਰ ਲੇਖਾ ਦਿਤਾ ਚੁਕਾਈਆ । ਅੱਗੇ ਕਰਨੀ ਨਾ ਪਈ ਤਲਾਸ਼, ਖੋਜਣ ਦੀ ਲੋੜ ਰਹੀ ਨਾ ਰਾਈਆ । ਮੈਨੂੰ ਸ਼ੰਕਰ ਮਿਲਿਆ ਉਤੇ ਕੈਲਾਸ਼, ਤ੍ਰਿਸੂਲ ਹੱਥ ਵਿਚ ਉਠਾਈਆ । ਬ੍ਰਹਮੇ ਕਿਹਾ ਸ਼ਾਬਾਸ਼, ਖ਼ੁਸ਼ੀਆਂ ਨਾਲ ਸੁਣਾਈਆ । ਵਿਸ਼ਨੂੰ ਦਿਤਾ ਆਖ, ਤੇਰਾ ਵਿਸ਼ਵ ਰੂਪ ਰੂਪ ਬੇਪਰਵਾਹੀਆ । ਪੁਰਖ ਅਕਾਲ ਮਿਲ ਗਿਆ ਧੁਰ ਦਾ ਬਾਪ, ਮਾਲਕ ਨੂਰ ਇਲਾਹੀਆ । ਜਿਸ ਨੇ ਸਚਖੰਡ ਦਾ ਖੋਲ੍ਹਿਆ ਤਾਕ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜਨ ਭਗਤਾਂ ਦੀ ਮਿਲ ਗਿਆ ਵਿਚ ਜਮਾਤ, ਜਿਥੇ ਸੰਤ ਸਹੇਲੇ ਬੈਠੇ ਡੇਰਾ ਲਾਈਆ । ਇਕੋ ਸਭ ਦਾ ਸਾਂਝਾ ਵਾਕ, ਅਵਤਾਰ ਪੈਗ਼ੰਬਰ ਗੁਰ ਸਿਫ਼ਤ ਸਾਲਾਹੀਆ । ਸਚਖੰਡ ਸਚ ਗ੍ਰਿਹਿ ਦਾ ਸਚ ਮਿਲ ਗਿਆ ਰਾਜ, ਨਾਤਾ ਕੂੜ ਕੂੜ ਤੁੜਾਈਆ । ਮੈਂ ਸਦਾ ਲਈ ਸਚ ਵਿਚ ਗਿਆ ਜਾਗ, ਆਲਸ ਨਿੰਦਰਾ ਦਿਤੀ ਮੁਕਾਈਆ । ਜਿਥੇ ਭਗਤਾਂ ਦਾ ਖੇੜਾ ਆਬਾਦ, ਦਰਗਹ ਸਾਚੀ ਸੋਭਾ ਪਾਈਆ । ਉਥੇ ਵੱਜੇ ਨਾ ਕੋਇ ਰਬਾਬ, ਤਾਰ ਸਿਤਾਰ ਨਾ ਕੋਇ ਹਿਲਾਈਆ । ਨਾਮ ਸ਼ਬਦ ਦੀ ਨਹੀਂ ਆਵਾਜ਼, ਧੁਨਾਂ ਵਿਚ ਨਾ ਕੋਇ ਸ਼ਨਵਾਈਆ । ਦੀਨ ਮਜ਼੍ਹਬ ਨਹੀਂ ਕੋਈ ਸਮਾਜ, ਹੱਦਾਂ ਵੰਡ ਨਾ ਕੋਇ ਵਖਾਈਆ । ਇਕੋ ਮੇਲਾ ਹੋਇਆ ਹਰਿ ਪ੍ਰਭ ਕੰਤ ਸੁਹਾਗ, ਜੋ ਸੁਹਾਗੀ ਸਦ ਆਪਣੇ ਅੰਗ ਲਗਾਈਆ । ਜਿਸ ਦੀ ਕਿਰਪਾ ਨਾਲ ਮੇਰੇ ਗ੍ਰਿਹਿ ਵਿਚ ਜਗਦਾ ਚਰਾਗ਼, ਚਰਾਗ਼ਾਹਾਂ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਸਦ ਆਪਣੀ ਦਇਆ ਕਮਾਈਆ । ਰਾਜ ਨਰਾਇਣ ਕਹੇ ਮੈਨੂੰ ਸੰਦੇਸ਼ਾ ਦੇਵੇ ਉਨੰਜਾ ਪੌਣ, ਪੌਣ ਪਾਣੀ ਸਿਫ਼ਤ ਸਾਲਾਹੀਆ । ਜਿਸ ਖੇਲ ਖਿਲਾਇਆ ਰਾਮ ਰੌਣ, ਰਾਮ ਰਾਮਾ ਧੁਰਦਰਗਾਹੀਆ । ਜੋ ਕਾਹਨ ਬਣ ਕੇ ਆਇਆ ਕੰਸ ਮੁਕਾਉਣ, ਕੌਰਵ ਪਾਂਡਵ ਪੰਧ ਮੁਕਾਈਆ । ਸੋ ਕਿਰਪਾ ਕਰੇ ਸਾਹਿਬ ਸੁਲਤਾਨ ਜਿਸ ਸੁਖ ਆਸਣ ਦਿਤਾ ਸੌਣ, ਦੁਖ ਦਰਦ ਦਾ ਡੇਰਾ ਢਾਹੀਆ । ਮੇਰੀ ਅਰਜ਼ ਬੇਨੰਤੀ ਛੋਟੇ ਪੱਪੂ ਦਾ ਨਾਮ ਰੱਖ ਦੇਵੇ ਜਗਮੋਹਣ, ਮੋਹਣੀ ਮੋਹਣ ਰੂਪ ਬਦਲਾਈਆ । ਜਿਸ ਦਾ ਲੇਖਾ ਜਾਣੇ ਕੌਣ, ਕਵਣ ਗਤ ਕਹਿਣ ਕੋਇ ਨਾ ਪਾਈਆ । ਬਾਲ ਅੰਞਾਣਿਆਂ ਸ਼ਬਦੀ ਧਾਰ ਆਏ ਸਮਝਾਉਣ, ਸਮਝ ਸਮਝ ਨਾਲ ਬਦਲਾਈਆ । ਜਗਤ ਰੋਗ ਆਏ ਗਵਾਉਣ, ਦੁਖੀਆਂ ਦੁੱਖ ਦਰਦ ਮਿਟਾਈਆ । ਉਜੜਿਆ ਘਰ

੧੨੬੯
੨੨

ਆਏ ਵਸਾਉਣ, ਸਿਰ ਆਪਣਾ ਹੱਥ ਰਖਾਈਆ । ਦੇਵਦਤ ਸਿਰ ਸੀਸ ਧਰ ਦਸਤਾਰ ਆਏ ਬੰਨ੍ਹਾਉਣ, ਬੰਧਨ ਆਪਣਾ ਨਾਮ ਪਾਈਆ । ਸੁਰਸਤੀ ਸੁਰਤ ਸ਼ਬਦ ਆਏ ਜੁੜਾਉਣ, ਸੁਰਤ ਸ਼ਬਦ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਕਤ ਸੁਹੰਜਣਾ ਆਏ ਸੁਹਾਉਣ, ਸੁਹੰਜਣੀ ਰੁਤੜੀ ਪ੍ਰਭ ਦੇ ਨਾਲ ਮਹਿਕਾਈਆ ।

### ੩੦ ਚੇਤ ਸ਼ਹਿਨਸ਼ਾਹੀ ਸੰਮਤ ੭ ਗੁਰਮੇਜ ਸਿੰਘ, ਸੂਰਤ ਸਿੰਘ, ਕਰਤਾਰ ਦੇ ਗ੍ਰਿਹ ਸ਼ਕੂਰ ਬਸਤੀ ਦਿੱਲੀ

ਚੇਤ ਕਹੇ ਜਨ ਭਗਤਾਂ ਸੋਹੇ ਰੁਤ ਬਸੰਤ, ਖ਼ਿਜ਼ਾਂ ਨਜ਼ਰ ਕੋਇ ਨਾ ਆਈਆ । ਪਰਮ ਪੁਰਖ ਪਰਮਾਤਮ ਆਤਮ ਮਿਲੇ ਕੰਤ, ਹਰਿ ਕਰਤਾ ਧੁਰਦਰਗਾਹੀਆ । ਦੇਵੇ ਵਡਿਆਈ ਵਿਚੋਂ ਜੀਵ ਜੰਤ, ਜਾਗਰਤ ਜੋਤ ਕਰ ਰੁਸ਼ਨਾਈਆ । ਧਰਮ ਦੀ ਧਾਰ ਬਣਾਏ ਗੁਰਮੁਖ ਸੰਤ, ਭਗਵਨ ਆਪਣੇ ਰੰਗ ਰੰਗਾਈਆ । ਧੁਰ ਦਾ ਨਾਮ ਦੇ ਕੇ ਮੰਤ, ਤੂੰ ਮੇਰਾ ਮੈਂ ਤੇਰਾ ਕਰੇ ਪੜ੍ਹਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਈਆ । ਜਨਮ ਕਰਮ ਦੀ ਰਹਿਣ ਨਾ ਦੇਵੇ ਚਿੰਤ, ਸੁਖ ਸਾਗਰ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਚੇਤ ਕਹੇ ਮੇਰੀ ਰੁਤੜੀ ਮੌਲੇ ਫਲ ਫੁਲ, ਪੱਤ ਟਹਿਣੀ ਨਾਲ ਵਡਿਆਈਆ । ਪ੍ਰਭ ਭਾਗ ਲਗਾਏ ਭਗਤਾਂ ਕੁਲ, ਕੁਲ ਮਾਲਕ ਹੋਏ ਸਹਾਈਆ । ਕਲਜੁਗ ਵਿਚ ਨਾ ਜਾਵਣ ਰੁਲ, ਕੂੜ ਕਿਰਿਆ ਵਿਚੋਂ ਬਾਹਰ ਕਢਾਈਆ । ਕੰਡੇ ਨਾਮ ਦੇ ਤੋਲੇ ਤੁਲ, ਅਤੋਲ ਆਪਣੇ ਰੰਗ ਰੰਗਾਈਆ । ਮਾਣਸ ਦੇਹੀ ਪਾਏ ਮੁੱਲ, ਕੀਮਤ ਕਰਤਾ ਆਪ ਚੁਕਾਈਆ । ਮੇਲ ਮਿਲਾਏ ਸੁਲਹਕੁਲ, ਕੁਲ ਮਾਲਕ ਖ਼ਲਕ ਖ਼ੁਦਾਈਆ । ਚਰਨ ਪ੍ਰੀਤੀ ਬਖ਼ਸ਼ ਕੇ ਧੁਲ, ਧੂਲ ਮਸਤਕ ਖ਼ਾਕ ਰਮਾਈਆ । ਮਾਨਸ ਜਨਮ ਨਾ ਜਾਏ ਹੁੱਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਚੇਤ ਕਹੇ ਮੇਰੇ ਅੰਤਰ ਭਗਤਾਂ ਸੋਹੇ ਰੁਤ, ਪ੍ਰਭ ਦੇਵੇ ਮਾਣ ਵਡਿਆਈਆ । ਕਿਰਪਾ ਕਰੇ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਦਏ ਕਰਾਈਆ । ਸ਼ਬਦੀ ਧਾਰ ਬਣਾ ਕੇ ਸੁਤ , ਅਪਰਾਧੀ ਆਪਣੇ ਅੰਗ ਲਗਾਈਆ । ਭਾਗ ਲਗਾ ਕੇ ਕਾਇਆ ਬੁਤ, ਬੁਤਖ਼ਾਨਿਆਂ ਕਰੇ ਸਫ਼ਾਈਆ । ਅੰਮ੍ਰਿਤ ਨਾਮ ਦੇ ਕੇ ਘੁਟ, ਜਾਮ ਅਗੰਮੀ ਦਏ ਪਿਆਈਆ । ਕੂੜੀ ਵਾਸਨਾ ਜਾਏ ਛੁਟ, ਛੁੱਟੀ ਲਿਵ ਆਪ ਲਗਾਈਆ । ਕੂੜ ਵਿਕਾਰਾ ਕਢੇ ਕੁੱਟ, ਮਮਤਾ ਮੋਹ ਨਾ ਕੋਇ ਹਲਕਾਈਆ । ਜਨਮ ਕਰਮ ਦਾ ਮੇਟੇ ਦੁੱਖ, ਦੁਖੀਆਂ ਦਰਦ ਗਵਾਈਆ । ਆਤਮ ਬ੍ਰਹਮ ਦਾ ਦੇਵੇ ਸੁਖ, ਸੁਖ ਸਾਗਰ ਵਿਚ ਸਮਾਈਆ । ਮਾਤ ਗਰਭ ਫੇਰ ਉਲਟਾ ਹੋਣ ਨਾ ਦੇਵੇ ਰੁੱਖ, ਚੁਰਾਸੀ ਫਾਸੀ ਦਏ ਕਟਾਈਆ । ਉਜਲ ਕਰਕੇ ਮਾਤ ਮੁਖ, ਜੁਗ ਚੌਕੜੀ ਸਿਫ਼ਤ ਸਾਲਾਹੀਆ । ਲੇਖੇ ਲਾ ਕੇ ਜਨਣੀ ਕੁੱਖ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਇਕ ਸੁਹਾਈਆ । ਚੇਤ ਕਹੇ ਜਨ ਭਗਤਾਂ ਹੋਏ ਵਕਤ ਸੁਹੰਜਣਾ, ਪ੍ਰਭ ਸਾਚੀ ਬਣਤ ਬਣਾਈਆ । ਕਿਰਪਾ ਕਰੇ ਆਦਿ ਨਿਰੰਜਣਾ, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਮਿਹਰਵਾਨ ਦਰਦ ਦੁੱਖ ਭੈ ਭੰਜਣਾ, ਕਲਜੁਗ ਕੂੜਾ ਸਾਗਰ ਪਾਰ ਕਰਾਈਆ । ਗੁਣ ਨਿਧਾਨ



੧੨੭੦
੨੨

ਪਾ ਕੇ ਨੇਤਰ ਅੰਜਣਾ, ਅੰਧ ਅੰਧੇਰਾ ਦਏ ਮਿਟਾਈਆ । ਆਤਮ ਪਰਮਾਤਮ ਬਣਾ ਕੇ ਸੱਜਣਾ, ਘਰ ਘਰ ਵਿਚ ਜੋੜ ਜੁੜਾਈਆ । ਅੰਮ੍ਰਿਤ ਆਤਮ ਸਰੋਵਰ ਨੁਹਾ ਕੇ ਮਜਨਾ, ਦੁਰਮਤ ਮੈਲ ਦਏ ਧਵਾਈਆ । ਸਚ ਪ੍ਰੇਮ ਦੀ ਚਾੜ੍ਹੇ ਰੰਗਣਾ, ਰੰਗਤ ਇਕੋ ਇਕ ਵਖਾਈਆ । ਦੂਜਾ ਦਰ ਪਏ ਨਾ ਮੰਗਣਾ, ਦਰ ਦਰ ਅਲਖ ਨਾ ਕੋਇ ਸੁਣਾਈਆ । ਪੁਰਖ ਅਕਾਲਾ ਦੀਨ ਦਿਆਲਾ ਇਕੋ ਦੱਸੇ ਸਾਚੀ ਬੰਦਨਾ, ਬੰਦਾ ਬੰਦਗੀ ਵਿਚ ਸਮਝਾਈਆ । ਪਾਰਬ੍ਰਹਮ ਬ੍ਰਹਮ ਦਾ ਲੈਣਾ ਅਨੰਦਨਾ, ਆਤਮ ਪਰਮਾਤਮ ਵਿਚ ਟਿਕਾਈਆ । ਸਤਿਗੁਰ ਸ਼ਬਦ ਬਣੇ ਬਖ਼ਸ਼ੰਦਨਾ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਦੇਵੇ ਵਡਿਆਈ ਸੂਰਾ ਸਰਬੰਗਣਾ, ਜਨ ਭਗਤਾਂ ਸੀਸ ਦਸਤਾਰ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜਨ ਭਗਤ ਲਗਾਏ ਆਪਣੇ ਅੰਗਣਾ, ਅੰਗੀਕਾਰ ਏਕੰਕਾਰ ਅਕਲ ਕਲਧਾਰੀ ਆਪ ਅਖਵਾਈਆ ।

✪ ੩੦ ਚੇਤ ਸ਼ਹਿਨਸ਼ਾਹੀ ਸੰਮਤ ੭ ਭਾਨ ਸਿੰਘ, ਸੋਹਣ ਸਿੰਘ, ਜਗਤਾਰ ਸਿੰਘ ਬੀੜ ਅਮੀਨ, ਨਿਰੰਜਣ ਸਿੰਘ ਫਾਰਮ ਗੁਰੂ ਕੁਲ ਥਾਨੇਸਰ
ਗੁਰਮੇਜ ਸਿੰਘ ਥਾਨੇਸਰ, ਬਚਨ ਸਿੰਘ ਚਿਬਾ, ਮਾਨ ਸਿੰਘ ਬੋਢੀ, ਸੰਤਾ ਸਿੰਘ ਸ਼ਰੀਫ਼ਗੜ੍ਹ, ਬੰਤਾ ਸਿੰਘ ਮੁਗ਼ਲ ਮਾਜਰਾ
 ਕਾਲਾ ਸਿੰਘ ਕਿਰਸਾਣਾ, ਸਰੈਣ ਸਿੰਘ ਕਿਰਸਾਣੀ, ਆਸਾ ਸਿੰਘ ਕਿਰਸਾਣੀ, ਇੰਦਰ ਪਾਲ ਸਿੰਘ ਬਬੈਨ ੧੨੭੧
ਵਰਿਆਮ ਸਿੰਘ ਠੀਕਰੀ ਛੰਨਾਂ ਹਜ਼ਾਰਾ ਸਿੰਘ ਰੋਹਤਕ, ਪਿੰਡ ਨਾਨਕਪੁਰਾ ਜ਼ਿਲਾ ਕਰਨਾਲ ✪

 ੨੨

ਚੇਤ ਕਹੇ ਮੇਰਾ ਸਮਾਂ ਰਿਹਾ ਬੀਤ, ਦਿਵਸ ਰੈਣ ਭੱਜਿਆ ਵਾਹੋ ਦਾਹੀਆ । ਮੈਂ ਭਗਤਾਂ ਸੰਗ ਕੀਤੀ ਪ੍ਰੀਤ, ਪ੍ਰਭੂ ਪ੍ਰੀਤਮ ਦਿਤੀ ਮਾਣ ਵਡਿਆਈਆ । ਸਚ ਜਣਾਈ ਜਗਤ ਰੀਤ, ਰੀਤੀਵਾਨ ਦਿਤਾ ਦਰਸਾਈਆ । ਆਤਮ ਪਰਮਾਤਮ ਗਾਇਆ ਗੀਤ, ਤੂੰ ਮੇਰਾ ਮੈਂ ਤੇਰਾ ਮਿਲ ਕੇ ਵੱਜੀ ਵਧਾਈਆ । ਕਾਇਆ ਕਾਅਬਾ ਦੱਸ ਕੇ ਹੱਕ ਮਸੀਤ, ਗ੍ਰਿਹਿ ਮੰਦਰ ਅੰਦਰ ਇਕ ਵਖਾਈਆ । ਰੰਗ ਰੰਗਾ ਕੇ ਹਸਤ ਕੀਟ, ਊਚਾਂ ਨੀਚਾਂ ਜੋੜ ਜੁੜਾਈਆ । ਧੁਰ ਦਾ ਕਲਮਾ ਦੇ ਹਦੀਸ, ਹਜ਼ਰਤਾਂ ਬਾਹਰ ਕਰੀ ਪੜ੍ਹਾਈਆ । ਕਿਰਪਾ ਕਰੀ ਜਗਤ ਜਗਦੀਸ, ਜਗਦੀਸਰ ਮਿਹਰ ਨਜ਼ਰ ਉਠਾਈਆ । ਗੁਰਮੁਖਾਂ ਦਸਤਾਰ ਬੰਧਾ ਕੇ ਸੀਸ, ਸੀਸ ਸਤਿਗੁਰ ਲੇਖੇ ਪਾਈਆ । ਲਹਿਣਾ ਦੇਣਾ ਪੂਰਾ ਕਰ ਬੀਸ, ਇਕੀਸੇ ਗੁਰਦਾਸ ਮਨਸਾ ਵਿਚ ਸਮਾਈਆ । ਝਗੜਾ ਰਿਹਾ ਨਾ ਊਚ ਨੀਚ, ਜ਼ਾਤ ਪਾਤ ਦਾ ਪੰਧ ਮੁਕਾਈਆ । ਦੀਨ ਮਜ਼੍ਹਬ ਦੀ ਟੱਪ ਕੇ ਲੀਕ, ਲਾਈਨ ਇਕੋ ਦਿਤੀ ਵਖਾਈਆ । ਅੰਮ੍ਰਿਤ ਰਸ ਦੇ ਕੇ ਮੀਠ, ਨਾਮ ਨਿਧਾਨਾ ਇਕ ਸਮਝਾਈਆ । ਕੌੜਾ ਰਹੇ ਕੋਇ ਨਾ ਰੀਠ, ਵਿਖ ਅੰਦਰੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਚੇਤ ਕਹੇ ਮੇਰਾ ਸਮਾਂ ਰਿਹਾ ਲੰਘ, ਦਿਵਸ ਰੈਣ ਭੱਜਿਆ ਵਾਹੋ ਦਾਹੀਆ । ਮੇਰੀ ਆਸਾ ਮਨਸਾ ਪੂਰੀ ਕੀਤੀ ਮੰਗ, ਭਿੱਖਕ ਭਿੱਖਿਆ ਝੋਲੀ ਪਾਈਆ । ਸਤਿਗੁਰ ਸ਼ਬਦ ਨੇ ਦਿਤਾ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਨ ਭਗਤ ਸੁਹੇਲੇ ਬਣਾ ਕੇ ਆਪਣੇ ਚੰਦ, ਚੰਦ ਨੂਰ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਦੱਸ ਦੇ ਛੰਦ, ਸਹਿਸਾ ਅੰਦਰੋਂ

ਦਿਤਾ ਕਢਾਈਆ । ਅੰਮ੍ਰਿਤ ਧਾਰ ਵਹਾ ਕੇ ਗੰਗ, ਗੰਗਾ ਗੋਦਾਵਰੀ ਜਮਨਾ ਸੁਰਸਤੀ ਲੇਖਾ ਦਿਤਾ ਮੁਕਾਈਆ । ਗ੍ਰਿਹਿ ਮੰਦਰ ਅੰਦਰ ਨਿਰਗੁਣ ਰੂਪ ਹੋ ਕੇ ਲੰਘ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਆਤਮ ਸੇਜ ਸੁਹਾ ਪਲੰਘ, ਸਚ ਸਿੰਘਾਸਣ ਸੋਭਾ ਪਾਈਆ । ਧੁਰ ਦੀ ਵਸਤ ਅਗੰਮੀ ਵੰਡ, ਅਲਖ ਅਗੋਚਰ ਝੋਲੀ ਦਿਤੀ ਭਰਾਈਆ । ਤ੍ਰੈਗੁਣ ਅਗਨੀ ਮੇਟ ਕੇ ਪਾਈ ਠੰਡ, ਤਤਵ ਤਤ ਦਿਤਾ ਬਦਲਾਈਆ । ਆਵਣ ਜਾਵਣ ਰਿਹਾ ਨਾ ਪੰਧ, ਚੁਰਾਸੀ ਫਾਸੀ ਦਿਤੀ ਕਟਾਈਆ । ਭੇਵ ਖੁਲ੍ਹਾ ਕੇ ਬ੍ਰਹਮ ਹੰ, ਹੰ ਬ੍ਰਹਮ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਕੇ ਸਾਚਾ ਵਰ, ਸਿਰ ਮੇਰੇ ਹੱਥ ਰਖਾਈਆ । ਚੇਤ ਕਹੇ ਮੇਰਾ ਸਮਾਂ ਬਨਿਆ ਮੇਰਾ ਸੰਗੀ, ਸਗਲਾ ਸੰਗ ਬਣਾਈਆ । ਪੁਰਖ ਅਕਾਲਾ ਦੀਨ ਦਿਆਲਾ ਮਿਹਰ ਕਰੇ ਸੂਰਾ ਸਰਬੰਗੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਬੇਪਰਵਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖੇ ਨਵ ਸੱਤ ਅੰਧੀ, ਅੰਤਰ ਨਿਰੰਤਰ ਖੋਜ ਖੁਜਾਈਆ । ਦੀਨ ਮਜ਼੍ਹਬ ਦੀ ਤਕੇ ਪਾਬੰਦੀ, ਅਵਤਾਰ ਪੈਗ਼ੰਬਰ ਗੁਰੂ ਲਏ ਉਠਾਈਆ । ਸ਼ਰਅ ਸ਼ਰੀਅਤ ਦੀ ਵੇਖੇ ਡੰਡੀ, ਡੰਡਾਵਤ ਬੰਦਨਾ ਸੱਜਦਾ ਤਕੇ ਥਾਉਂ ਥਾਈਂਆ । ਕਲਮੇ ਨਾਮ ਦਾ ਰੂਪ ਵੇਖੇ ਜੰਗੀ, ਜੰਗਜੂ ਬਹਾਦਰ ਪੜਦਾ ਆਪ ਚੁਕਾਈਆ । ਫਿਰਨੀ ਦਰੋਹੀ ਵਿਚ ਵਰਭੰਡੀ, ਬ੍ਰਹਿਮੰਡ ਦੇਣ ਗਵਾਹੀਆ । ਚੇਤ ਕਹੇ ਪ੍ਰਭ ਸ਼ਬਦ ਕਟਾਰ ਕਰਨੀ ਨੰਗੀ, ਜਗਤ ਜਹਾਨ ਦਏ ਚਮਕਾਈਆ । ਕਲਜੁਗ ਦੀ ਆਯੂ ਰਹਿਣ ਨਾ ਦੇਵੇ ਲੰਬੀ, ਸਮਾਂ ਸਮੇਂ ਵਿਚੋਂ ਬਦਲਾਈਆ । ਧਰਨੀ ਧਰਤ ਧਵਲ ਧੌਲ ਸਦੀ ਚੌਧਵੀਂ ਅੰਤਰ ਕੰਬੀ, ਮੁਹੰਮਦ ਲੇਖਾ ਨਾਲ ਬਣਾਈਆ । ਜਗਤ ਜਹਾਨ ਲੇਖਾ ਰਹਿਣ ਨਹੀਂ ਦੇਣਾ ਡੰਬੀ, ਸਤਿ ਸਤਿ ਦੇਣਾ ਪਰਗਟਾਈਆ । ਜਿਹੜਾ ਧਰਮ ਉਡਿਆ ਲਾ ਕੇ ਖੰਭੀ, ਸਤਿ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਚੇਤ ਕਹੇ ਮੇਰਾ ਵਕਤ ਬੀਤਿਆ ਮਾਤ, ਮਾਤਰ ਭੂਮੀ ਦਏ ਗਵਾਹੀਆ । ਮੇਰੀ ਅੰਤ ਸੁਹੰਜਣੀ ਰਾਤ, ਸਤਿ ਵਿਚ ਸਮਾਈਆ । ਭਗਤਾਂ ਤਕਾਂ ਜਮਾਤ, ਗੁਰਮੁਖ ਗੁਰ ਗੁਰ ਸੋਭਾ ਪਾਈਆ । ਜਿਨ੍ਹਾਂ ਦੇ ਅੰਤਰ ਇਕੋ ਗਾਥ, ਤੂੰ ਮੇਰਾ ਮੈਂ ਤੇਰਾ ਢੋਲਾ ਰਹੇ ਗਾਈਆ । ਮਿਲੀ ਵਸਤ ਸੁਗ਼ਾਤ, ਧੁਰ ਦੀ ਧਾਰ ਪ੍ਰਭੂ ਵਰਤਾਈਆ । ਝਗੜਾ ਚੁੱਕਿਆ ਕੂੜ ਸਮਾਜ, ਰਾਜਸ਼ਾਹੀ ਨਾ ਕੋਇ ਡਰਾਈਆ । ਸਤਿ ਸਚ ਦੀ ਸੁਣੀ ਆਵਾਜ਼, ਰਾਜ਼ ਅੰਦਰੋਂ ਦਿਤਾ ਖੁਲ੍ਹਾਈਆ । ਸੋਈ ਸੁਰਤੀ ਗਈ ਜਾਗ, ਆਲਸ ਨਿੰਦਰਾ ਦਿਤੀ ਮਿਟਾਈਆ । ਹਰਿਜਨ ਹੰਸ ਬਣਾ ਕੇ ਕਾਗ, ਕਾਗੋਂ ਹੰਸ ਉਡਾਈਆ । ਗ੍ਰਿਹਿ ਅੰਦਰ ਨਿਰਗੁਣ ਜੋਤ ਜਗਾ ਚਰਾਗ਼, ਅੰਧ ਅੰਧੇਰਾ ਦਿਤਾ ਮਿਟਾਈਆ । ਕੂੜ ਧਰਮ ਦਾ ਮੇਟ ਕੇ ਦਾਗ਼, ਦੁਰਮਤ ਮੈਲ ਕੀਤੀ ਸਫ਼ਾਈਆ । ਚੇਤ ਕਹੇ ਭਗਤਾਂ ਵਡ ਵਡਭਾਗ, ਭਾਗ ਸਤਿਗੁਰ ਸ਼ਬਦ ਸਿਰ ਸਿਰ ਆਪਣਾ ਹੱਥ ਟਿਕਾਈਆ । ਆਤਮ ਪਰਮਾਤਮ ਪਕੜੀ ਵਾਗ, ਡੋਰੀ ਸ਼ਬਦੀ ਤੰਦ ਜੁੜਾਈਆ । ਜਿਥੇ ਰਿਹਾ ਨਾ ਕੋਇ ਸਵਾਲ ਜਵਾਬ, ਜੁਆਬ ਤਲਬੀ ਵਿਚ ਮੰਗ ਨਾ ਕੋਇ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਅੰਤਰ ਆਤਮ ਵੇਖ ਵਖਾਈਆ । ਚੇਤ ਕਹੇ ਮੇਰਾ ਇਕੋ ਇਕ ਸੱਜਦਾ, ਦਰ ਸਾਚੇ ਸੀਸ ਨਿਵਾਈਆ । ਭਗਤ ਭਗਵਾਨ ਤੇਰਾ ਹੋਵੇ ਬਰਦਾ, ਬੰਦਨਾ ਇਕੋ ਦੇਣੀ ਦ੍ਰਿੜਾਈਆ । ਭੇਵ ਖੁਲ੍ਹਾਉਣਾ ਆਪਣੇ ਘਰ ਦਾ, ਗ੍ਰਿਹਿ ਪੜਦਾ ਦੇਣਾ ਚੁਕਾਈਆ । ਇਸ਼ਨਾਨ ਕਰਾਉਣਾ ਸਾਚੇ ਸਰ ਦਾ, ਸਰੋਵਰ ਇਕੋ ਇਕ ਨੁਹਾਈਆ । ਜਿਥੇ ਨਾ ਜਨਮੇ ਨਾ ਕੋਇ

ਮਰਦਾ, ਚੁਰਾਸੀ ਵਿਚ ਨਾ ਕੋਇ ਭਵਾਈਆ । ਤੇਰੀ ਮੰਜ਼ਲ ਤੇਰਾ ਸੰਤ ਸੁਹੇਲਾ ਹੋਵੇ ਚੜ੍ਹਦਾ ਅੱਗੇ ਹੋ ਨਾ ਕੋਇ ਅਟਕਾਈਆ । ਤੇਰਾ ਬ੍ਰਹਮ ਤੇਰਾ ਆਤਮ ਤੇਰਾ ਢੋਲਾ ਹੋਵੇ ਪੜ੍ਹਦਾ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਤੂੰ ਮਾਲਕ ਖ਼ਾਲਕ ਚੋਟੀ ਜੜ੍ਹ ਦਾ, ਚੇਤਨ ਸਭ ਨੂੰ ਦੇਣਾ ਕਰਾਈਆ । ਝਗੜਾ ਮੇਟਣਾ ਕਪਟ ਛਲ ਦਾ, ਅਛਲ ਛਲਧਾਰੀ ਆਪਣੀ ਦਇਆ ਕਮਾਈਆ । ਮਾਣ ਬਖ਼ਸ਼ਣਾ ਜਨ ਭਗਤਾਂ ਨਿਹਚਲ ਧਾਮ ਅਟਲ ਦਾ, ਸਚਖੰਡ ਦਵਾਰ ਏਕੰਕਾਰ ਪਰਵਰਦਿਗਾਰ ਸਾਂਝੇ ਯਾਰ ਦੇਣਾ ਟਿਕਾਈਆ । ਚੇਤ ਕਹੇ ਸਭ ਦਾ ਲੇਖਾ ਪੂਰਾ ਕਰਨਾ ਕਲਜੁਗ ਕਲ ਦਾ, ਕਲ ਕਲਕੀ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਣ ਬਖ਼ਸ਼ਣਾ ਨਿਹਚਲ ਧਾਮ ਅਟਲ ਦਾ, ਦਰਗਾਹ ਸਾਚੀ ਸਚਖੰਡ ਦਵਾਰ ਸਤਿ ਸਚ ਆਪਣਾ ਮੇਲ ਮਿਲਾਈਆ ।

✪ ੩੧ ਚੇਤ ਸ਼ਹਿਨਸ਼ਾਹੀ ਸੰਮਤ ੭ ਹਰਬੰਸ ਸਿੰਘ, ਸੰਪੂਰਨ ਸਿੰਘ, ਸੌਦਾਗਰ ਸਿੰਘ ਭਠ ਮਾਜਰਾ, ਰਣਧੀਰ ਸਿੰਘ ਹਰਨਾਇਆ, ਅਰਜਨ ਸਿੰਘ ਬਲੋਚਪੁਰ, ਜਰਨੈਲ ਸਿੰਘ ਸਤੌੜਾ, ਅਜੈਬ ਸਿੰਘ ਭੇਵਾ, ਜੁਗਿੰਦਰ ਕੌਰ ਭੇਵਾ, ਮੋਹਣ ਸਿੰਘ ਗੜ੍ਹੀ ਲਾਂਗਰੀ, ਮਹਿੰਦਰ ਸਿੰਘ ਗੜ੍ਹੀ ਲਾਂਗਰੀ, ਕਰਤਾਰ ਸਿੰਘ ਕੌਮੀ ਫਾਰਮ, ਚਾਨਣ ਸਿੰਘ ਹਰਨੌਲਾ ਰਣ ਸਿੰਘ ਜੀਤ ਨਗਰ, ਸੁਰਜੀਤ ਕੌਰ ਜੀਤ ਨਗਰ, ਲਖਬੀਰ ਸਿੰਘ ਜੀਤ ਨਗਰ, ਰਾਜ ਕੌਰ ਖਾਰੇ,



ਪਿੰਡ ਠੀਕਰੀ ਛੰਨਾ ਜ਼ਿਲਾ ਕਰਨਾਲ ✪

ਚੇਤ ਕਹੇ ਮੇਰਾ ਪ੍ਰਵਿਸ਼ਟਾ ਅਖ਼ੀਰੀ ਇਕੱਤੀ, ਅਕਲ ਕਲਧਾਰੀ ਧਿਆਨ ਲਗਾਈਆ । ਪ੍ਰਭੂ ਭਗਤਾਂ ਤੇਰਿਆਂ ਵਾਅ ਲੱਗੇ ਨਾ ਤਤੀ, ਤਤਵ ਤਤ ਨਾ ਕੋਇ ਜਲਾਈਆ । ਆਤਮ ਪਰਮਾਤਮ ਧਾਰ ਫ਼ਰਕ ਪਵੇ ਨਾ ਰਤੀ, ਰਤਨ ਅਮੋਲਕ ਹੀਰੇ ਲੈਣੇ ਪ੍ਰਗਟਾਈਆ । ਸਭ ਦਾ ਲੇਖੇ ਲਾਉਣਾ ਨਾਮ ਜਪਿਆ ਦੰਦ ਬੱਤੀ, ਬੱਤੀ ਧਾਰ ਮਾਤ ਵਾਲੀ ਬਖ਼ਸ਼ਾਈਆ । ਸ਼ਬਦੀ ਧਾਰ ਲੇਖਾ ਪੂਰਾ ਕਰਨਾ ਰਾਗ ਛੱਤੀ, ਛਤੀਸਾ ਵੰਡ ਨਾ ਕੋਇ ਵੰਡਾਈਆ । ਨਿਰਗੁਣ ਨੂਰ ਜੋਤ ਪ੍ਰਕਾਸ਼ ਕਰਨਾ ਅਗੰਮੀ ਬੱਤੀ, ਬਾਤਨ ਪੜਦਾ ਦੇਣਾ ਖੁਲ੍ਹਾਈਆ । ਅਬਿਨਾਸ਼ੀ ਕਰਤੇ ਬਣਨਾ ਕਮਲਾਪਤੀ, ਪਤਿਪਰਮੇਸ਼ਵਰ ਹੋ ਕੇ ਵੇਖ ਵਖਾਈਆ । ਸਤਿ ਸੰਤੋਖ ਧੀਰਜ ਬਖ਼ਸ਼ਣਾ ਜਤੀ, ਯਥਾਰਥ ਆਪਣਾ ਰੰਗ ਰੰਗਾਈਆ । ਲੇਖਾ ਮੁਕਾਉਣਾ ਲੱਖ ਚਾਰ ਅੱਸੀ, ਆਸ ਸਭ ਦੀ ਪੂਰ ਕਰਾਈਆ । ਤੇਰੀ ਮੁਹੱਬਤ ਹਰ ਹਿਰਦੇ ਅੰਤਰ ਹੋਵੇ ਵਸੀ, ਵਾਸਤਾ ਤੇਰੇ ਨਾਲ ਜੁੜਾਈਆ । ਕਰਨਾ ਪ੍ਰਕਾਸ਼ ਬਿਨ ਰਵ ਸੱਸੀ, ਸੂਰੀਆ ਚੰਦ ਦੀ ਲੋੜ ਰਹੇ ਨਾ ਰਾਈਆ । ਮਿਹਰਵਾਨ ਮਹਿਬੂਬ ਹੋ ਕੇ ਜਨ ਭਗਤਾਂ ਅੰਦਰ ਵਸੀਂ, ਵਾਸਤਾ ਆਪਣੇ ਨਾਲ ਰਖਾਈਆ । ਏਥੇ ਓਥੇ ਦੋ ਜਹਾਨਾਂ ਪੱਤ ਰੱਖੀਂ, ਰੱਖਕ ਹੋ ਕੇ ਵੇਖ ਵਖਾਈਆ । ਸਤਿ ਸਰੂਪ ਸਚ ਦਵਾਰ ਬਣਾਉਣੀ ਸਖ਼ੀ, ਸਖ਼ਾਵਤ ਆਪਣਾ ਨਾਮ ਝੋਲੀ ਪਾਈਆ । ਤੇਰਾ ਦਰਸ਼ਨ ਕਰਨ ਨਿਜ ਨੇਤਰ ਅੱਖੀ, ਆਖ਼ਰ ਪੜਦਾ ਓਹਲਾ ਦੇਣਾ ਉਠਾਈਆ । ਮਾਲਕ ਖ਼ਾਲਕ ਬਣਨਾ ਹੱਕੀ, ਹਕੀਕਤ ਲੇਖਾ ਦੇਣਾ ਮੁਕਾਈਆ । ਸਦੀ ਚੌਧਵੀਂ ਰਹੇ ਕੋਈ ਨਾ ਸ਼ੱਕੀ, ਸ਼ਿਕਵਾ ਸਭ ਦਾ ਦੇਣਾ ਮਿਟਾਈਆ । ਪਰਵਰਦਿਗਾਰ ਨੂਰ ਇਲਾਹੀ ਬਣਨਾ ਯਕੀ, ਵਾਹਿਦ ਆਪਣਾ ਮੇਲ

ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਚੇਤ ਕਹੇ ਮੇਰਾ ਦਿਵਸ ਇਕ ਤੀਸਾ, ਚਾਰ ਜੁਗ ਸਮਝ ਕਿਸੇ ਨਾ ਆਈਆ । ਧੁਰ ਦਾ ਹੁਕਮ ਜਗਤ ਜਗਦੀਸ਼ਾ, ਦੇਵਣਹਾਰ ਬੇਪਰਵਾਹੀਆ । ਜੋ ਲਹਿਣਾ ਦੇਣਾ ਵੇਖੇ ਬੀਸ ਬੀਸਾ, ਬੀਸ ਇਕੀਸਾ ਵੰਡ ਵੰਡਾਈਆ । ਜਿਸ ਦਾ ਸ਼ਬਦੀ ਧਾਰ ਸੋਹੇ ਛਤਰ ਸੀਸਾ, ਸੀਸ ਜਗਦੀਸ਼ ਸੋਭਾ ਪਾਈਆ । ਸੋ ਧੁਰ ਸੰਦੇਸ਼ਾ ਦੇਵੇ ਹਦੀਸਾ, ਹਜ਼ਰਤਾਂ ਤੋਂ ਬਾਹਰ ਕਰੇ ਪੜ੍ਹਾਈਆ । ਜਿਸ ਨੇ ਲੱਖ ਚੁਰਾਸੀ ਅੰਤਰ ਆਤਮ ਸਭ ਦਾ ਜੀਤਾ, ਹਾਰ ਵਿਚ ਕਦੇ ਨਾ ਆਈਆ । ਸੋ ਪੁਰਖ ਅਕਾਲ ਦੀਨ ਦਿਆਲ ਭਗਤਾਂ ਬਣ ਕੇ ਮੀਤਾ, ਮਿਤਰ ਪਿਆਰਾ ਹੋ ਕੇ ਵੇਖ ਵਖਾਈਆ । ਜਿਸ ਨੇ ਲੇਖ ਲਿਖਾਇਆ ਭੇਵ ਖੁਲ੍ਹਾਇਆ ਅਠਾਰਾਂ ਧਿਆਏ ਗੀਤਾ, ਕਾਹਨ ਕਾਹਨਾ ਨਾਮ ਵਡਿਆਈਆ । ਜੋ ਵੇਸ ਵਟਾਏ ਰਾਮ ਸੀਤਾ, ਬਨਵਾਸੀ ਹੋ ਕੇ ਬਨ ਖੰਡ ਆਪਣਾ ਡੇਰਾ ਲਾਈਆ । ਨਿਰਗੁਣ ਧਾਰ ਰਹੇ ਅਤੀਤਾ, ਤ੍ਰੈਗੁਣ ਵਿਚ ਕਦੇ ਨਾ ਆਈਆ । ਸੋ ਕਲਜੁਗ ਅੰਤਮ ਲਖ ਚੁਰਾਸੀ ਪਰਖੇ ਨੀਤਾ, ਚਾਰੇ ਖਾਣੀ ਖੋਜ ਖੁਜਾਈਆ । ਦੀਨ ਮਜ਼ਬ ਦੀ ਪੂਰਬ ਮੇਟੇ ਲੀਕਾ, ਹੁਕਮ ਹਾਕਮ ਇਕ ਦ੍ਰਿੜਾਈਆ । ਜਿਸ ਦੇ ਵਿਚ ਹੱਕ ਤੌਫ਼ੀਕਾ, ਮਿਹਰਵਾਨ ਮਹਿਬੂਬ ਨੂਰ ਇਲਾਹੀਆ । ਸਭ ਦੀਆਂ ਆਸਾ ਮਨਸਾ ਪੂਰੀਆਂ ਕਰੇ ਉਮੀਦਾਂ, ਤ੍ਰਿਸਨਾ ਤ੍ਰਿਖਾ ਦਏ ਗਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਸ ਦੀਆਂ ਕਰਦੇ ਉਡੀਕਾਂ, ਬਿਨ ਨੈਣਾ ਨੈਣ ਉਠਾਈਆ । ਉਹ ਗੁਰ ਅਵਤਾਰ ਪਗ਼ੰਬਰਾਂ ਲੇਖੇ ਲਾਏ ਵਸੀਹਤਾ, ਲਹਿਣਾ ਵੇਖੇ ਥਾਉਂ ਥਾਈਆ । ਸਦੀ ਚੌਧਵੀਂ ਦੀਨ ਦੁਨੀ ਬਦਲ ਦਏ ਤਬੀਅਤਾ, ਤਬੀਬ ਬਣੇ ਧੁਰ ਦਾ ਮਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਚੇਤ ਕਹੇ ਮੇਰਾ ਅੰਤ ਅਖ਼ੀਰੀ ਆਇਆ ਵਕਤ, ਵਕਤ ਨਾਲ ਜਣਾਈਆ । ਪ੍ਰਭ ਦਾ ਖੇਲ ਹੋਣਾ ਵਿਚ ਜਗਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਸੰਤ ਸੁਹੇਲੇ ਉਠਾਏ ਭਗਤ, ਭਗਵਨ ਆਪਣਾ ਮੇਲ ਮਿਲਾਈਆ । ਜੋ ਜੋਤੀ ਜਾਤਾ ਹੋ ਕੇ ਆਇਆ ਪਰਤ, ਪਤਿਪਰਮੇਸ਼ਵਰ ਫੇਰਾ ਪਾਈਆ । ਨੂਰ ਉਜਾਲਾ ਕਰੇ ਉਪਰ ਧਰਤ, ਧਰਨੀ ਧਵਲ ਖੋਜ ਖੁਜਾਈਆ । ਆਸਾ ਮਨਸਾ ਪੂਰੀ ਕਰੇ ਸ਼ਰਤ, ਸ਼ਰਅ ਦਾ ਲੇਖਾ ਦਏ ਦ੍ਰਿੜਾਈਆ । ਵਾਲੀ ਬਣ ਕੇ ਮਾਲਕ ਅਰਸ਼, ਅਰਸ਼ੀ ਪ੍ਰੀਤਮ ਵੇਖ ਵਖਾਈਆ । ਜਨ ਭਗਤਾਂ ਉਤੇ ਕਰੇ ਤਰਸ, ਰਹਿਮਤ ਆਪਣੀ ਆਪ ਕਮਾਈਆ । ਅੰਮ੍ਰਿਤ ਮੇਘ ਦੇਵੇ ਬਰਸ, ਬੂੰਦ ਸਵਾਂਤੀ ਇਕ ਟਪਕਾਈਆ । ਆਪਣਾ ਖੇਲ ਦਿਖਾਏ ਅਸਚਰਜ, ਅਚਰਜ ਲੀਲਾ ਆਪ ਜਣਾਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦ, ਦੁਖੀਆਂ ਹੋਏ ਸਹਾਈਆ । ਸੂਫ਼ੀਆਂ ਸੰਤਾਂ ਮਨਜ਼ੂਰ ਕਰੇ ਅਰਜ਼, ਆਰਜ਼ੂ ਆਪਣੇ ਵਿਚ ਟਿਕਾਈਆ । ਜਨਮ ਜਨਮ ਦਾ ਲਹਿਣਾ ਦੇਵੇ ਕਰਜ਼, ਮਕਰੂਜ਼ ਲੇਖਾ ਦਏ ਮੁਕਾਈਆ । ਆਪਣੀ ਆਸ਼ਾ ਆਪੇ ਜਾਣੇ ਗ਼ਰਜ਼, ਗ਼ਰਜ਼ ਭਗਤਾਂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਚੇਤ ਕਹੇ ਮੈਂ ਦਿਵਸ ਰੈਣ ਭੱਜਾ ਨੱਠਾ, ਖ਼ੁਸ਼ੀਆਂ ਪੰਧ ਮੁਕਾਈਆ । ਸੇਵਾ ਕੀਤੀ ਯਥਾਰਥ ਯਥਾ, ਯਦੀ ਪ੍ਰਭ ਨੂੰ ਸੀਸ ਝੁਕਾਈਆ । ਪੁਰਖ ਅਕਾਲੇ ਦੀਨ ਦਿਆਲੇ ਇਕੋ ਤੇਰੀ ਆਤਮ ਪਰਮਾਤਮ ਹੋਵੇ ਕਥਾ, ਦੂਸਰ ਕਥਨੀ ਕਥੇ ਕੋਇ ਨਾ ਰਾਈਆ । ਇਕੋ ਦਵਾਰ ਸਭ ਦਾ ਮਨਜ਼ੂਰ ਹੋਵੇ ਮੱਥਾ, ਮਸਤਕ ਟਿੱਕੇ ਧੂੜੀ ਖ਼ਾਕ ਰਮਾਈਆ । ਜਿਸ ਦੀ ਯਾਦ ਵਿਚ ਗੋਬਿੰਦ ਸੱਥਰ ਲੱਥਾ, ਯਾਰੜਾ ਸੇਜ ਗਿਆ

੧੨੭੪
੨੨

ਹੰਢਾਈਆ । ਉਸ ਦਾ ਦਰਸ਼ਨ ਹੋਵੇ ਜੋਤੀ ਧਾਰ ਅੱਖਾਂ, ਨੇਤਰ ਲੋਚਣ ਨੈਣਾਂ ਨਜ਼ਰੀ ਆਈਆ । ਸਤਿ ਸਰੂਪ ਹੋਵੇ ਸੱਚਾ, ਸ਼ਾਹੋ ਭੂਪ ਨੂਰ ਇਲਾਹੀਆ । ਜਨ ਭਗਤਾਂ ਭਾਗ ਲਗਾਏ ਕਾਇਆ ਮਾਟੀ ਗੜ੍ਹ ਕੱਚਾ, ਕੰਚਨ ਰੂਪ ਦਏ ਬਦਲਾਈਆ । ਗੁਰਮੁਖ ਗੁਰਸਿਖ ਬਣਾਏ ਧੁਰ ਦਾ ਬੱਚਾ, ਬਚਪਨ ਆਪਣੀ ਝੋਲੀ ਪਾਈਆ । ਲੂੰ ਲੂੰ ਅੰਦਰ ਹੋਵੇ ਰਚਾ, ਰਚਨਾ ਆਪਣੀ ਦਏ ਵਖਾਈਆ । ਸਤਿ ਧਰਮ ਦੀ ਬਖ਼ਸ਼ੇ ਸੜ੍ਹਾ, ਸਤਿ ਸਤਿਵਾਦੀ ਦਇਆ ਕਮਾਈਆ । ਸਚਖੰਡ ਦਵਾਰ ਦਾ ਦੱਸੇ ਪਤਾ, ਪਤਿਪਰਮੇਸ਼ਵਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੇਵੇ ਮਾਣ ਵਡਿਆਈਆ । ਚੇਤ ਕਹੇ ਜਨ ਭਗਤੋ ਮੇਰੀ ਅੰਤ ਪਰਨਾਮ, ਪਰਮ ਪੁਰਖ ਸੀਸ ਨਿਵਾਈਆ । ਤੁਹਾਡਾ ਪੂਰਾ ਹੋਵੇ ਕਾਮ, ਜਨਮ ਜਨਮ ਦੀ ਹਵਸ ਮਿਟਾਈਆ । ਤੁਹਾਡਾ ਵਸੇ ਨਗਰ ਖੇੜਾ ਗਰਾਮ, ਸਾਢੇ ਤਿੰਨ ਹੱਥ ਸੋਭਾ ਪਾਈਆ । ਘਰ ਠਾਕਰ ਮਿਲੇ ਰਾਮ, ਕਾਹਨ ਕਾਹਨਾ ਨੂਰ ਇਲਾਹੀਆ । ਜਿਸ ਰੈਣ ਮੇਟਣੀ ਅੰਧੇਰੀ ਸ਼ਾਮ, ਸ਼ਮਾਂ ਨੂਰ ਜੋਤ ਕਰੇ ਰੁਸ਼ਨਾਈਆ । ਆਤਮ ਪਰਮਾਤਮ ਦੱਸ ਕਲਾਮ, ਕਲਮਾ ਕਾਇਨਾਤ ਦੇਣਾ ਬਦਲਾਈਆ । ਸੰਦੇਸ਼ਾ ਦੇਣਾ ਵਿਚ ਅਵਾਮ, ਆਮ ਆਪਣਾ ਹੁਕਮ ਵਰਤਾਈਆ । ਦੀਨ ਮਜ਼੍ਹਬ ਦਾ ਰਹੇ ਨਾ ਕੋਇ ਗ਼ੁਲਾਮ, ਸ਼ਰਅ ਜ਼ੰਜੀਰ ਦੇਣੀ ਕਟਾਈਆ । ਮਜ਼੍ਹਬ ਦਾ ਮਜ਼੍ਹਬ ਕਰੇ ਨਾ ਕੋਇ ਕਤਲੇਆਮ, ਕਾਤਲ ਮਕਤੂਲ ਦਾ ਲਹਿਣਾ ਦੇਣਾ ਮੁਕਾਈਆ । ਕਲਜੁਗ ਮੇਟੇ ਅੰਧੇਰੀ ਸ਼ਾਮ, ਅੰਧ ਅੰਧੇਰਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ
੧੨੭੫ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਚ ਪਿਆਰ ਦਾ ਹਕੀਕੀ ਦੇਵੇ ਜਾਮ, ਜਮਾਂ ਦਾ ਲੇਖਾ ਦਏ ਮੁਕਾਈਆ । ੧੨੭੫

੨੨ ੨੨

## ✪ ਪਹਿਲੀ ਵਿਸਾਖ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਵਿਚ ਰਾਤ ਨੂੰ ✪

ਚੌਦਾਂ ਲੋਕ ਕਹਿਣ ਬਦਲ ਗਈ ਵਿਸਾਖੀ, ਜਗਤ ਬੁੱਧੀ ਸਮਝ ਕਿਸੇ ਨਾ ਆਈਆ । ਤੇਈ ਅਵਤਾਰੋ ਹੁਣ ਮੰਨਣੀ ਪੈਣੀ ਆਖੀ, ਸਮਾਂ ਪਿਛਲਾ ਰਹੇ ਨਾ ਰਾਈਆ । ਤੁਹਾਥੋਂ ਨਾ ਸਕੀ ਰਾਖੀ, ਰੱਖਕ ਹੋ ਨਾ ਸੇਵ ਕਮਾਈਆ । ਆਹ ਵੇਖੋ ਪ੍ਰਭੂ ਦੀ ਪਾਤੀ, ਪਤ੍ਰਿਕਾ ਰਿਹਾ ਜਣਾਈਆ । ਜਿਸ ਦੀ ਖੇਲ ਨਾ ਕਿਸੇ ਪਛਾਤੀ, ਪਹਿਚਾਨ ਸਕੇ ਨਾ ਕੋਇ ਕਰਾਈਆ । ਲੇਖਾ ਲਿਖਿਆ ਨਹੀਂ ਨਾਲ ਕਲਮ ਦਵਾਤੀ, ਕਾਗ਼ਜ਼ ਵੰਡ ਨਾ ਕੋਇ ਵੰਡਾਈਆ । ਇਕ ਖ਼ਬਰ ਅਗੰਮੀ ਆਖੀ, ਰਾਮ ਕ੍ਰਿਸ਼ਨ ਨੂੰ ਦਿਤੀ ਸੁਣਾਈਆ । ਜਿਸ ਵੇਲੇ ਭਗਤ ਰਹਿਣਾ ਨਹੀਂ ਜਿਸ ਦੀ ਨਜ਼ਰ ਆਵੇ ਵਿਚੋਂ ਛਾਤੀ, ਛਤਰਧਾਰੀ ਸਚ ਨਾ ਕੋਇ ਕਮਾਈਆ । ਚਾਰੋਂ ਕੁੰਟ ਕੂੜ ਦੀ ਹੋਣੀ ਹਾਟੀ, ਹਰਿ ਕਾ ਨਾਮ ਨਾ ਕੋਇ ਵਿਕਾਈਆ । ਤੁਹਾਡੇ ਸਿੰਘਾਸਣ ਨਹੀਂ ਰਹਿਣੇ ਜਗਤ ਵਾਲੀ ਖਾਟੀ, ਮੂਰਤੀਆਂ ਪੱਥਰ ਦੇਣ ਗਵਾਹੀਆ । ਤੁਹਾਡੇ ਅੱਗੇ ਭੋਗ ਲਗਾ ਕੇ ਪਾਂਧੇ ਖਾ ਜਾਣ ਚਪਾਤੀ, ਤੁਹਾਡਾ ਭੈ ਨਾ ਕੋਇ ਰਖਾਈਆ । ਤੁਹਾਨੂੰ ਮੰਦਰਾਂ ਵਿਚੋਂ ਚੁੱਕ ਕੇ ਲੈ ਜਾਣ ਰਾਤੀਂ, ਅੱਗੇ ਹੋ ਨਾ ਕੋਇ ਅਟਕਾਈਆ । ਮੰਜ਼ਲ ਚੜ੍ਹੇ ਕੋਇ ਨਾ ਘਾਟੀ, ਘਾਟਾ ਵੇਖਣ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਚੌਦਾਂ ਤਬਕ ਕਹਿਣ ਪੈਗ਼ੰਬਰੋ ਤਕੋ ਹਦੀਸਾ, ਹੁਕਮ ਕੀ ਇਲਾਹੀਆ । ਨਿਗਹ ਮਾਰ ਈਸਾ, ਸਦੀ ਬੀਸਵੀਂ ਨੈਣ ਉਠਾਈਆ । ਮੁਹੰਮਦੀ ਸਦੀ

ਚੌਧਵੀਂ ਤਕ ਸ਼ੀਸ਼ਾ, ਸ਼ਹਿਨਸ਼ਾਹ ਨੇਤਰ ਅੱਖ ਖੁਲ੍ਹਾਈਆ । ਵੇਲਾ ਯਾਦ ਕਰਨਾ ਬੀਤਾ, ਪਿਛਲਾ ਰਿਹਾ ਸਮਝਾਈਆ । ਜਿਹੜਾ ਕੌਲ ਇਕਰਾਰ ਕੀਤਾ, ਬਿਨਾ ਕੈਦਿਆਂ ਕੀਤੀ ਪੜ੍ਹਾਈਆ । ਜਿਸ ਵੇਲੇ ਸਮਾਂ ਅੰਤ ਦਾ ਬੀਤਾ, ਸਮਾਜ ਦੀ ਪਏ ਦੁਹਾਈਆ । ਝਗੜਾ ਪੈਣਾ ਚਰਚ ਮਸੀਤਾ, ਮਸਲਾ ਹੱਲ ਨਾ ਕੋਇ ਕਰਾਈਆ । ਉਸ ਵੇਲੇ ਬਦਲਣੀ ਸਭ ਦੀ ਰੀਤਾ, ਚੌਦਾਂ ਤਬਕਾਂ ਵਾਲਿਓ ਚੌਦਾਂ ਅਪ੍ਰੈਲ ਦੀ ਵਿਸਾਖੀ ਦਏ ਗਵਾਹੀਆ । ਰਸ ਰਹਿਣਾ ਨਹੀਂ ਕੋਈ ਮੀਠਾ, ਫਲ ਫੁੱਲ ਨਾ ਕੋਇ ਮਹਿਕਾਈਆ । ਚੌਦਾਂ ਤਬਕ ਤਪਣਾ ਅੰਗੀਠਾ, ਸਦੀ ਚੌਧਵੀਂ ਨਾਲ ਮਿਲਾਈਆ । ਜਿਸ ਪ੍ਰਭੂ ਦੇ ਕਲਮੇ ਦਾ ਕਰ ਸਕਿਆ ਨਾ ਕੋਇ ਟੀਕਾ, ਭੇਵ ਸਕਿਆ ਨਾ ਕੋਇ ਖੁਲ੍ਹਾਈਆ । ਉਹ ਲੇਖਾ ਜਾਣੇ ਜੀਵ ਜੀਅ ਕਾ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਚੌਦਾਂ ਵੇਖੇ ਸਤਿਗੁਰ ਰਾਏ, ਬਿਨ ਨੈਣਾਂ ਨੈਣ ਉਠਾਈਆ । ਕਿਉਂ ਵਿਸਾਖ ਆਪਣਾ ਦਿਵਸ ਬਦਲਾਏ, ਬਦਲਾ ਸਮਝ ਕੋਇ ਨਾ ਪਾਈਆ । ਜਿਹੜੇ ਗੋਬਿੰਦ ਨੇ ਪੁੱਠੇ ਅੱਖਰ ਲਿਖਾਏ, ਤੋੜੇ ਕਲਗੀ ਉਤੇ ਛੁਹਾਈਆ । ਕੰਨਾਂ ਵਿਚ ਉਂਗਲਾਂ ਪਾਏ, ਆਪਣੀ ਕਾਰ ਕਮਾਈਆ । ਖੇਲ ਤੱਕਿਆ ਇਕ ਹਰਿਰਾਏ, ਹਰਿ ਕਰਤਾ ਕਰਨੀ ਕੀ ਕਮਾਈਆ । ਜੋ ਸਤਿ ਦੀ ਧਾਰ ਸਮਾਏ, ਸਤਿ ਸਤਿ ਵਿਚ ਸਮਾਈਆ । ਸੰਮਤ ਸੱਤ ਸ਼ਹਿਨਸ਼ਾਹ ਪਰਗਟਾਏ, ਪਰਗਟ ਆਪਣੀ ਕਲ ਵਖਾਈਆ । ਪਿਛਲੇ ਕੀਤੇ ਚਾਰ ਜੁਗ ਬੀਤੇ ਲਹਿਣੇ ਦਏ ਮੁਕਾਏ, ਮੁਕੰਮਲ ਆਪਣਾ ਹੁਕਮ ਵਰਤਾਈਆ । ਜਗਤ ਮੁਨਾਰੇ

੧੨੭੬ ਦੇਵੇ ਢਾਹੇ, ਢਈਆ ਗੋਬਿੰਦ ਦਏ ਗਵਾਹੀਆ । ਚਾਰੋਂ ਕੁੰਟ ਹੋਏ ਹਾਏ ਹਾਏ, ਹੌਕਾ ਭਰੇ ਲੋਕਾਈਆ । ਨੇਤਰ ਰੋਏ ਬਿਨ ਅੱਖਾਂ ਤੋਂ ਧਰਨੀ ੧੨੭੬

੨੨ ਮਾਏ, ਧਵਲ ਦਏ ਦੁਹਾਈਆ । ਆਕਾਸ਼ ਆਕਾਸ਼ੋਂ ਨੀਰ ਵਹਾਏ, ਬਿਨ ਨੈਣਾਂ ਛਹਿਬਰ ਲਾਈਆ । ਪਵਣ ਪਾਣੀ ਭੱਜੇ ਵਾਹੋ ਦਾਹੇ, ਆਪਣਾ ੨੨

ਬਲ ਪਰਗਟਾਈਆ । ਅਗਨੀ ਆਪਣਾ ਖੇਲ ਖਿਲਾਏ, ਤਤਵ ਤਤ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਮੇਰਾ ਤਕ ਲਓ ਨੁੱਕਤਾ, ਜਿਸ ਉਤੇ ਨੁੱਕਤਾ ਚੀਨੀ ਕਰੇ ਕੋਈ ਨਾ ਰਾਏ । ਆਹ ਤਕੋ ਹੁਣ ਸਭ ਦਾ ਪੈਂਡਾ ਮੁਕਦਾ, ਮੁਕੰਮਲ ਖੇਲ ਖਿਲਾਏ । ਪ੍ਰਭ ਦਾ ਭਾਣਾ ਕਦੇ ਨਾ ਰੁਕਦਾ, ਨਾ ਕੋਈ ਮੇਟੇ ਮੇਟ ਮਿਟਾਏ । ਜਾਪ ਹੋਣਾ ਭਗਤ ਭਗਵਾਨ ਦੀ ਤੁਕ ਦਾ, ਆਤਮ ਪਰਮਾਤਮ ਢੋਲਾ ਸਹਿਜ ਸੁਭਾਏ । ਸੰਸਾਰ ਵਾਸਤੇ ਜਗਤ ਰੈਣ ਵਿਸਾਖੀ ਦਿਹਾੜਾ ਦੁੱਖ ਦਾ, ਦੁੱਖਾਂ ਭਰੀ ਦਿਸੇ ਲੋਕਾਏ । ਜਨ ਭਗਤਾਂ ਵੇਲਾ ਆਉਣਾ ਸੁਖ ਦਾ, ਸੁਖ ਸਾਗਰ ਵਿਚ ਸਮਾਏ । ਖੇਲ ਵੇਖਣਾ ਸ਼ਹਿਨਸ਼ਾਹ ਦੁਲਾਰੇ ਗੋਬਿੰਦ ਸੁਤ ਦਾ, ਜਿਸ ਪੰਜ ਪਿਆਰੇ ਲਏ ਨੁਹਾਏ । ਭੇਵ ਅਨੋਖਾ ਆਪਣਾ ਕੀਤਾ ਅਗੰਮੀ ਮਨੁੱਖ ਦਾ, ਮਾਨਸ ਵਿਚੋਂ ਨਜ਼ਰ ਫੇਰ ਨਾ ਆਏ । ਝਗੜਾ ਮੇਟ ਕੇ ਜਨਣੀ ਕੁੱਖ ਦਾ, ਜੋਤੀ ਜੋਤ ਕਰੇ ਰੁਸ਼ਨਾਏ । ਅਵਤਾਰ ਪੈਗ਼ੰਬਰੋ ਇਹ ਉਹੋ ਵੇਲਾ ਢੁੱਕਦਾ, ਜੋ ਸਮਾਂ ਸਭ ਦਾ ਦਏ ਬਦਲਾਏ । ਹੁਣ ਵੇਲਾ ਰਹਿਣਾ ਨਹੀਂ ਪੁੱਛ ਦਾ, ਇਨਕੁਆਇਰੀ ਵਿਚ ਕੋਇ ਨਾ ਆਏ । ਆਪਣਾ ਸਮਾਂ ਵੇਖੇ ਅੰਧੇਰੇ ਘੁੱਪ ਦਾ, ਸਚ ਚੰਦ ਨਾ ਕੋਇ ਚਮਕਾਏ । ਇਕੋ ਸਤਿਗੁਰ ਸ਼ਬਦ ਸੂਰ ਬਹਾਦਰ ਉਠਦਾ, ਜੋ ਵਿਸਾਖੀ ਵਸਾਹ ਕੇ ਦਏ ਬਦਲਾਏ । ਪੜਦਾ ਰਹੇ ਨਾ ਓਹਲਾ ਲੁਕ ਦਾ, ਨਿਰਗੁਣ ਨੂਰ ਕਰੇ ਰੁਸ਼ਨਾਏ । ਧੁਰ ਦਾ ਚਾਨਣ ਕਦੇ ਨਾ ਛੁਪਦਾ, ਪੜਦਾ ਸਕੇ ਕੋਇ ਨਾ ਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

ਹਰਿ, ਸਚ ਦਾ ਹੁਕਮ ਇਕ ਵਰਤਾਏ । ਅਵਤਾਰ ਪੈਗ਼ੰਬਰ ਗੁਰ ਵੇਖਣ ਨੈਣ ਉਠਾਈ, ਬਿਨ ਅੱਖਾਂ ਅੱਖ ਖੁਲ੍ਹਾਈਆ । ਹਿੰਦਸਾ ਤੱਕਣ ਇਕ ਇਕਾਈ, ਦਹਾਈ ਸੰਗ ਨਾ ਕੋਇ ਬਣਾਈਆ । ਜਾਂ ਪਾਤੀ ਵੇਖੀ ਫ਼ਰਕ ਰਿਹਾ ਨਾ ਰਾਈ, ਕਮਲਾਪਾਤੀ ਖੇਲ ਖਿਲਾਈਆ । ਜਿਸ ਨੂੰ ਭਵਿਖਤਾਂ ਵਿਚ ਆਏ ਗਾਈ, ਪੇਸ਼ੀਨਗੋਈ ਵਿਚ ਸੁਣਾਈਆ । ਬਹੁੜੀ ਉਹ ਖੇਲ ਕਰੇ ਬਣ ਕੇ ਧੁਰ ਦਾ ਮਾਹੀ, ਮਹਿਬੂਬ ਨੂਰ ਇਲਾਹੀਆ । ਕਲਜੁਗ ਕੂੜੀ ਮੇਟੇ ਸ਼ਾਹੀ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਚਾਰ ਕੁੰਟ ਪਏ ਦੁਹਾਈ, ਤੋਬਾ ਤੋਬਾ ਕਰੇ ਖ਼ੁਦਾਈਆ । ਜਿਸ ਨੇ ਅਗੰਮੀ ਕਾਰ ਕਮਾਈ, ਕਲਮਾ ਕਾਇਨਾਤ ਬਦਲਾਈਆ । ਪੰਜ ਲਿਖਾਰੀਆਂ ਦਏ ਵਡਿਆਈ, ਸਚ ਸਿੰਘਾਸਣ ਉਤੇ ਟਿਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪਿਛੇ ਕਿਸੇ ਇਹ ਕਾਰ ਨਹੀਂ ਕਮਾਈ, ਕਰਨੀ ਕਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਵਿਸਾਖੀ ਕਹੇ ਪ੍ਰਭੂ ਕਰ ਲੈਣ ਦੇ ਨਿਮਸਕਾਰ, ਪਹਿਲੋਂ ਤੈਨੂੰ ਸੀਸ ਨਿਵਾਈਆ । ਮੈਂ ਛਡ ਦਿਤੇ ਪਿਛਲੇ ਯਾਰ, ਯਾਰਾਨੇ ਲਏ ਤੁੜਾਈਆ । ਮੈਂ ਬਣ ਗਈ ਸੇਵਾਦਾਰ, ਸੇਵਾ ਤੇਰੀ ਸਚ ਕਮਾਈਆ । ਮੈਂ ਉਹ ਖ਼ਾਦਮ ਛਡੇ ਜਿਹੜੇ ਤੇਰੇ ਖ਼ਿਦਮਤਗਾਰ, ਜੁਗ ਜੁਗ ਤੈਨੂੰ ਸੀਸ ਨਿਵਾਈਆ । ਮੈਂ ਹੁਣ ਆ ਗਈ ਉਸ ਪ੍ਰਭੂ ਦੇ ਦਵਾਰ, ਜਿਸ ਦੀ ਮੰਜ਼ਲ ਬੇਪਰਵਾਹੀਆ । ਮੈਂ ਚਾਹੁੰਦੀ ਇਕੋ ਰੂਪ ਕਰ ਦੇ ਸੰਸਾਰ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦੀ ਗੋਬਿੰਦ ਨੀਂਹ ਗਿਆ ਉਸਾਰ, ਉਸ ਦਾ ਅੰਤ ਦੇ ਵਖਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਜਿਹਾ ਬਖ਼ਸ਼ ਪਿਆਰ, ਜ਼ਾਤ ਪਾਤ ਦਾ ਡੇਰਾ ਢਾਹੀਆ । ਕਿਰਪਾ ਕਰ ਕੇ ਨੌ ਖੰਡ ਪ੍ਰਿਥਮੀ ਸੱਤ ਦੀਪ ਪੰਜਾਂ ਤਤਾਂ ਅੰਦਰ ਆਪਣਾ ਅੰਮ੍ਰਿਤ ਦੇ ਪਿਆਲ, ਜੋ ਪੰਜ ਦਰਬਾਰੀ ਸਿਰ ਤੇ ਆਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਈਆ । ਵਿਸਾਖੀ ਕਹੇ ਮੈਂ ਸੁੱਤੀ ਸੁੱਤੀ ਉਠੀ, ਪ੍ਰਭੂ ਤੇਰੇ ਨਾਲ ਲਈ ਅੰਗੜਾਈਆ । ਹੁਣ ਮੇਰੇ ਉਤੇ ਤੁੱਠੀਂ, ਬਹੁੜੀ ਵਾਸਤਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੜ ਕੇ ਪੁਛੀਂ, ਘਰ ਘਰ ਅੰਦਰ ਖੋਜ ਖੁਜਾਈਆ । ਜਿਸ ਦੀ ਤੇਰੇ ਨਾਲ ਲੱਗੀ ਹੋਵੇ ਰੁਚੀ, ਉਸ ਦਾ ਮੇਲਾ ਲੈਣਾ ਮਿਲਾਈਆ । ਭੇਵ ਰੱਖਣਾ ਨਹੀਂ ਪੰਜ ਤਤ ਬੁਤੀਂ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਵਿਸਾਖੀ ਕਹੇ ਲਿਖਾਰੀ ਲਿਖਣ ਵਾਲੇ ਚੰਗੇ, ਸਤਿਗੁਰ ਸ਼ਬਦ ਸ਼ਬਦ ਵਡਿਆਈਆ । ਪੰਜ ਦਰਬਾਰੀ ਸੂਰੇ ਸਰਬੰਗੇ, ਸੂਰ ਬੀਰ ਸੋਭਾ ਪਾਈਆ । ਜਿਨ੍ਹਾਂ ਕੋਲ ਅੰਮ੍ਰਿਤ ਧਾਰ ਅਗੰਮੀ ਗੰਗੇ, ਗੰਗਾ ਗੋਦਾਵਰੀ ਜਮਨਾ ਸੁਰਸਤੀ ਜਿਸ ਦਾ ਰਾਹ ਤਕਾਈਆ । ਪੰਜ ਪਿਆਰੇ ਗੁਰਮੁਖ ਠੰਡੇ, ਸਾਂਤਕ ਸਤਿ ਸਰੂਪ ਸਮਾਈਆ । ਵਿਸਾਖੀ ਕਹੇ ਜਨ ਭਗਤੋ ਤੁਹਾਡੇ ਨਾਤੇ ਗਏ ਗੰਢੇ, ਗੰਢਾ ਖਵਾਣ ਵਾਲਿਓ ਗੰਢ ਤੁਹਾਡੇ ਨਾਲ ਪਵਾਈਆ । ਤੁਹਾਡੇ ਸੁੱਕੇ ਖਾ ਕੇ ਮੰਡੇ, ਮੰਡਲਾਂ ਤੋਂ ਪਰੇ ਦੇਣਾ ਵਸਾਈਆ । ਤੁਹਾਡਾ ਪ੍ਰੀਤਮ ਤੁਹਾਡੇ ਨਾਲ ਹੰਢੇ, ਜਨਮ ਮਰਨ ਵਿਚ ਕਦੇ ਨਾ ਆਈਆ । ਤੁਹਾਨੂੰ ਪਾਰ ਲੰਘਾਵੇ ਆਪਣੇ ਕੰਢੇ, ਮੰਝਧਾਰ ਨਾ ਕੋਇ ਰੁੜ੍ਹਾਈਆ । ਤੁਸੀਂ ਉਹ ਮੰਜ਼ਲ ਲੰਘੇ, ਜਿਥੇ ਮਿਲੇ ਧੁਰ ਦਾ ਮਾਹੀਆ । ਪੰਜਾਂ ਲਿਖਾਰੀਆਂ ਬਹਾਇਆ ਉਤੇ ਮੰਜੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਵਿਸਾਖੀ ਕਹੇ ਜਿਸ ਵੇਲੇ ਗੋਬਿੰਦ ਨੇ ਪਿਆਰ ਕੀਤਾ ਕਵੀ ਨਾਲ

ਬਵੰਜਾ, ਬਾਵਨ ਅੱਖਰ ਧਾਰ ਦ੍ਰਿੜਾਈਆ । ਫੇਰ ਸੱਜੇ ਹੱਥ ਦਾ ਵਖਾਇਆ ਪੰਜਾ, ਪੰਜ ਪੰਜ ਵਾਰ ਉਠਾਈਆ । ਫੇਰ ਸੰਦੇਸ਼ਾ ਦਿਤਾ ਕੋਲ ਪੁਰੀ ਅਨੰਦਾ, ਅਨੰਦ ਅਨੰਦ ਵਿਚੋਂ ਸਮਝਾਈਆ । ਜਿਸ ਵੇਲੇ ਮੇਰੇ ਪ੍ਰਭੂ ਨੇ ਨਿਸ਼ਾਨ ਮੇਟਣਾ ਤਾਰਾ ਚੰਦਾ, ਚੰਦ ਸਿਤਾਰ ਦਾ ਲੇਖ ਮੁਕਾਈਆ । ਮੁਹੰਮਦ ਲਹਿਣਾ ਪੂਰਾ ਕਰਨਾ ਮਜ਼੍ਹਬ ਦਾ ਲਏ ਕੋਇ ਨਾ ਚੰਦਾ, ਸ਼ਰਅ ਸ਼ਰੀਅਤ ਦੇਣੀ ਬਦਲਾਈਆ । ਉਸ ਵੇਲੇ ਪੰਜਾਂ ਲਿਖਾਰੀਆਂ ਬਹਾਉਣਾ ਉਪਰ ਮੰਜਾ, ਮੰਝ ਦਾ ਵਿਚਲਾ ਝਗੜਾ ਦੇਣਾ ਮੁਕਾਈਆ । ਕੋਲ ਸੱਤ ਰੰਗ ਦਾ ਹੋਣਾ ਟੰਬਾ, ਟਾਪੂਆਂ ਦਾ ਡੇਰਾ ਦੇਣਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਵਿਸਾਖੀ ਕਹੇ ਮੇਰਾ ਸਾਹਿਬ ਇਕ ਅਨਾਮੀ, ਇਨਾਮ ਭਗਤਾਂ ਦਏ ਵਰਤਾਈਆ । ਮੇਰਾ ਮਾਲਕ ਇਕ ਪੈਗ਼ਾਮੀ, ਪੈਗ਼ਾਮ ਦਏ ਸੁਣਾਈਆ । ਮੇਰਾ ਸਾਹਿਬ ਇਕ ਸੁਲਤਾਨੀ, ਸ਼ਹਿਨਸ਼ਾਹ ਸ਼ਾਹ ਦਾਤ ਵਰਤਾਈਆ । ਮੇਰਾ ਅਹਿਬਾਬ ਇਕ ਕਲਾਮੀ, ਕਲਮਾ ਆਪਣਾ ਦਏ ਦ੍ਰਿੜਾਈਆ । ਮੇਰਾ ਸ਼ਹਿਨਸ਼ਾਹ ਸਭ ਤੋਂ ਅੰਤਮ ਲਏ ਸਲਾਮੀ, ਅਵਤਾਰ ਪੈਗ਼ੰਬਰ ਗੁਰੂ ਸੀਸ ਦਿਉ ਝੁਕਾਈਆ । ਪਿਛਲਾ ਲੇਖਾ ਮੁਕੇ ਤਮਾਮੀ, ਅੱਗੇ ਤਮਾਂ ਨਾ ਕੋਇ ਪ੍ਰਗਟਾਈਆ । ਹੁਣ ਰਹਿਣੀ ਨਹੀਂ ਅੰਧੇਰੀ ਸ਼ਾਮੀ, ਸ਼ਮਾਂ ਨੂਰ ਕਰੇ ਰੁਸ਼ਨਾਈਆ । ਪੁਰਖ ਅਕਾਲ ਦੀ ਇਕੋ ਹੋਵੇ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਜਨ ਭਗਤਾਂ ਅੰਤਰ ਆਤਮ ਬਖ਼ਸ਼ੇ ਅਗੰਮਾ ਪਾਣੀ, ਪਾਣੀ ਦੇ ਮਟਕੇ ਦੇਣ ਗਵਾਹੀਆ । ਜੋ ਆਦਿ ਅੰਤ ਦਾ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ । ਸੋ ਰੀਤੀ ਮੇਟੇ ਪਰਾ
੧੨੭੮ ਪੁਰਾਣੀ, ਪਰਮ ਪੁਰਖ ਬੇਪਰਵਾਹੀਆ । ਸਤਿਜੁਗ ਮਾਰਗ ਦਏ ਆਸਾਨੀ, ਅਸਲ ਅਸਲ ਵਿਚੋਂ ਸੁਣਾਈਆ । ਵਿਸਾਖੀ ਕਹੇ ਪ੍ਰਭੂ ਤੇਰਿਆਂ ਭਗਤਾਂ ੧੨੭੮
੨੨ ਦੇਣੀ ਨਾ ਪਏ ਕੋਇ ਕੁਰਬਾਨੀ, ਤਤਾਂ ਵਾਲੀ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਵਿਸਾਖੀ ਕਹੇ ਜਨ ਭਗਤੋ ਮੈਂ ਕੀਤੀ ਜਗ ਬਦਲੀ, ਬਦਲ ਕੇ ਬਦਲਾ ਦਿਆਂ ਚੁਕਾਈਆ । ਪੁਰਖ ਅਕਾਲ ਬਣਾ ਕੇ ਅਦਲੀ, ਅਦਲ ਇਨਸਾਫ਼ ਦਿਆਂ ਜਣਾਈਆ । ਮੇਰਾ ਸਮਾਂ ਪਹੁੰਚਿਆ ਮਜ਼ਲੋ ਮਜ਼ਲੀ, ਮੰਜ਼ਲ ਪਿਛਲਾ ਪੰਧ ਮੁਕਾਈਆ । ਮੈਂ ਇਕੋ ਨਾਮ ਸੰਦੇਸ਼ਾ ਦੇਣਾ ਗਜ਼ਲੀ, ਨਗ਼ਮਾ ਹੱਕ ਦ੍ਰਿੜਾਈਆ । ਮੈਨੂੰ ਸਾਰਿਆਂ ਕਹਿਣਾ ਕੋਝੀ ਕਮਲੀ, ਮੂਰਖ ਮੁਗਧਾਂ ਨਾਲ ਮਿਲਾਈਆ । ਮਤ ਦੀ ਹੋਛੀ ਕਹਿਣਾ ਯਮਲੀ, ਮੂਰਖਾਂ ਨਾਲ ਸਮਝਾਈਆ । ਪਰ ਯਾਦ ਰੱਖੋ ਮੈਂ ਸਮੇਂ ਨਾਲ ਆਪਣਾ ਆਪ ਸੰਭਲੀ, ਸੰਬਲ ਦਾ ਮਾਲਕ ਵੇਖਿਆ ਚਾਈਂ ਚਾਈਆ । ਮੈਂ ਤੱਕਿਆ ਨੂਰ ਅਲਾਹੀ ਅਵਲੀ, ਜੋ ਆਲਮੀਨ ਇਕ ਅਖਵਾਈਆ । ਜਿਸ ਦੇ ਪਿਆਰ ਵਿਚ ਹੋ ਗਈ ਬਵਲੀ, ਬੁਧ ਮਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਵਿਸਾਖੀ ਕਹੇ ਮੇਰਾ ਲੇਖਾ ਪੁਰਾਣਾ ਦਿਸੇ ਤਮਾਮ, ਤਮਾਂ ਨਾ ਕੋਇ ਰਖਾਈਆ । ਜਿਸ ਵੇਲੇ ਰਾਮ ਜੈਕਾਰਾ ਲਾਇਆ ਸੀ ਸੀਤਾ ਰਾਮ, ਰਾਮ ਰਾਮ ਰਾਮ ਧਿਆਈਆ । ਜਿਸ ਵੇਲੇ ਰਾਧਾ ਕ੍ਰਿਸ਼ਨ ਕੀਤਾ ਬਿਆਨ, ਕ੍ਰਿਸ਼ਨ ਰਾਧਾ ਰੰਗ ਰੰਗਾਈਆ । ਜਿਸ ਵੇਲੇ ਹਜ਼ਰਤ ਈਸਾ ਮੂਸਾ ਪੜ੍ਹੀ ਕਲਾਮ, ਸੁਣਿਆ ਫ਼ਰਮਾਨ ਧੁਰਦਰਗਾਹੀਆ । ਜਿਸ ਵੇਲੇ ਮੁਹੰਮਦ ਹੋਇਆ ਅਲਹਾਮ, ਇਲਮ ਤੋਂ ਬਾਹਰ ਕੀਤੀ ਸ਼ਨਵਾਈਆ । ਜਿਸ ਵੇਲੇ ਨਾਨਕ ਬਖ਼ਸ਼ਿਆ ਸਤਿਨਾਮ, ਸਤਿ ਸਤਿ ਦੀ ਧਾਰ ਸਮਝਾਈਆ । ਜਿਸ ਵੇਲੇ (ਗੋਬਿੰਦ) ਵਾਹਿਗੁਰੂ ਫ਼ਤਹਿ ਦਾ ਗਾਇਆ ਗਾਣ, ਢੋਲਾ ਢੋਲਿਆਂ ਨਾਲ ਜਣਾਈਆ ।

ਉਸ ਵੇਲੇ ਪੁਰਖ ਅਕਾਲ ਨੇ ਸਭ ਦਾ ਕਰਾਇਆ ਧਿਆਨ, ਸ਼ਬਦ ਇਸ਼ਾਰੇ ਨਾਲ ਦ੍ਰਿੜਾਈਆ । ਉਹ ਤਕੋ ਵੇਖੋ ਮੇਰਾ ਕਲਜੁਗ ਅੰਤਮ ਖੇਲ ਮਹਾਨ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਵੇਲੇ ਮੈਂ ਤੁਹਾਡਾ ਸਭ ਦਾ ਬਦਲਣਾ ਵਿਧਾਨ, ਹੁਕਮ ਹੁਕਮ ਵਿਚੋਂ ਜਣਾਈਆ । ਚੌਦਾਂ ਲੋਕ ਚੌਦਾਂ ਤਬਕ ਚੌਦਾਂ ਵਿਦਿਆ ਸਾਰੇ ਕਰਨ ਬਿਆਨ, ਬਿਨ ਸਿਫ਼ਤਾਂ ਸਿਫ਼ਤ ਸਾਲਾਹੀਆ । ਉਸ ਵੇਲੇ ਜਗਤ ਰੀਤੀ ਦਾ ਦਿਵਸ ਹੋਣਾ ਮਹਾਨ, ਵਿਸਾਖੀ ਵਿਸਾਖ ਵਾਲੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਵਿਸਾਖੀ ਕਹੇ ਪੰਜ ਪਿਆਰੇ ਨਹਾਤੇ ਸਾਢੇ ਦਸ, ਦਸ ਦਸ ਵਕਤ ਸੁਹਾਈਆ । ਮੈਂ ਖ਼ੁਸ਼ੀਆਂ ਵਿਚ ਪਈ ਹੱਸ, ਹੱਸ ਕੇ ਖ਼ੁਸ਼ੀ ਬਣਾਈਆ । ਪੁਰਖ ਅਕਾਲ ਵੱਲ ਲਿਆ ਤਕ, ਤੱਕਿਆ ਚਾਈਂ ਚਾਈਂਆ । ਸਭ ਦਾ ਪੂਰਾ ਕਰੀਂ ਹੱਕ, ਹਕੀਕਤ ਵੇਖੀਂ ਥਾਂਉਂ ਥਾਈਆ । ਮੇਰੀ ਲੇਖੇ ਲਾਉਣੀ ਰੱਤ, ਰੱਤੀ ਰੱਤ ਤੇਰੀ ਝੋਲੀ ਪਾਈਆ । ਮੇਰਾ ਪੂਰਾ ਕਰੀਂ ਤਪ, ਤਪੀਸ਼ਰ ਹੋ ਕੇ ਸੀਸ ਨਿਵਾਈਆ । ਮੇਰਾ ਵੇਖ ਲਹਿਣਾ ਜਪ, ਜਗਜੀਵਣ ਦਾਤੇ ਧਿਆਨ ਲਗਾਈਆ । ਜਿਸ ਵੇਲੇ ਇਕ ਪ੍ਰਵਿਸ਼ਟਾ ਗਿਆ ਟੱਪ, ਟਾਪੂਆਂ ਦਾ ਝਗੜਾ ਦੇਣਾ ਮੁਕਾਈਆ । ਪਿਛਲਾ ਲੇਖਾ ਕਰੀਂ ਠੱਪ, ਆਪਣਾ ਨਾਮ ਮੋਹਰ ਲਗਾਈਆ । ਭਗਤ ਭਗਵਾਨ ਦਾ ਨਾਤਾ ਜੋੜਨਾ ਪੱਕ, ਆਤਮ ਪਰਮਾਤਮ ਮੇਲ ਮਿਲਾਉਣਾ ਸਹਿਜ ਸੁਭਾਈਆ । ਧੁਰ ਦਾ ਪ੍ਰੀਤਮ ਬਣਨਾ ਸਚ, ਸਚ ਸਵਾਮੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਵਿਸਾਖੀ ਕਹੇ ਮੇਰੀ ਧਾਰ ਕਰੀਂ ਨਿਆਰੀ, ਨਿਰਵੈਰ ਤੇਰੀ ਸਰਨਾਈਆ । ਲੇਖਾ ਲਿਖਣ ਪੰਜ ਲਿਖਾਰੀ, ਪਲੰਘੀਂ ਬੈਠੇ ਸੋਭਾ ਪਾਈਆ । ਜਲਧਾਰ ਵਖਾਵਣ ਪੰਜ ਦਰਬਾਰੀ, ਦਰ ਦਰਬਾਰੇ ਸੋਭਾ ਪਾਈਆ । ਇਸ ਆਬ ਦੀ ਆਹ ਹਸਨ ਹੁਸੈਨ ਸੀ ਮਾਰੀ, ਰੋ ਕੇ ਦਿਤਾ ਸੁਣਾਈਆ । ਜਿਸ ਵੇਲੇ ਪਿਆਸ ਬੁਝਾ ਨਾ ਸਕੀ ਮੁਹੰਮਦ ਦੀ ਚਾਰ ਯਾਰੀ, ਯਾਰਾਨਾ ਤੋੜ ਨਾ ਕੋਇ ਨਿਭਾਈਆ । ਉਸ ਵੇਲੇ ਫ਼ਰਮਾਨ ਦਿਤਾ ਖ਼ੁਦ ਸ਼ਹਿਨਸ਼ਾਹ ਸਰਕਾਰੀ, ਪੈਗ਼ਾਮ ਇਕ ਸੁਣਾਈਆ । ਜਿਸ ਵੇਲੇ ਪੈਗ਼ੰਬਰਾਂ ਤੋਂ ਬਾਦ ਉਨ੍ਹਾਂ ਦੇ ਅਮਾਮ ਦੀ ਆਈ ਵਾਰੀ, ਵਾਰਸ ਹੋ ਕੇ ਫੇਰਾ ਪਾਈਆ । ਫੇਰ ਤੁਹਾਡੀ ਪਿਆਸ ਬੁਝਾਵਾਂ ਸਾਰੀ, ਮਿਹਰ ਨਜ਼ਰ ਉਠਾਈਆ । ਰੂਹ ਬੁਤ ਦੀ ਕਰਾਂ ਦਾਰੀ, ਦਰਦੀ ਹੋ ਕੇ ਦਰਦ ਵੰਡਾਈਆ । ਯੁੱਧਾਂ ਵਿਚ ਹੋਣ ਨਾ ਦੇਵਾਂ ਖ਼ੁਆਰੀ, ਕਰਬਲਾ ਰੂਪ ਨਾ ਕੋਇ ਬਣਾਈਆ । ਸਿਰਫ਼ ਆਤਮਾ ਪਰਮਾਤਮਾ ਬਣਾ ਕੇ ਪੁਜਾਰੀ, ਪੂਜਾ ਇਕੋ ਇਕ ਸਮਝਾਈਆ । ਅੰਮ੍ਰਿਤ ਬਖ਼ਸ਼ਾਂ ਠੰਡਾ ਠਾਰੀ, ਦੀਨ ਮਜ਼੍ਹਬ ਦੀ ਵੰਡ ਨਾ ਕੋਇ ਵੰਡਾਈਆ । ਕਿਸੇ ਨਾਲ ਨਾ ਕਰਾਂ ਗ਼ਦਾਰੀ, ਸਾਂਝਾ ਪੀਰ ਇਕੋ ਨਜ਼ਰੀ ਆਈਆ । ਮਜ਼੍ਹਬ ਧਾਰ ਨਾ ਰੱਖਾਂ ਦੋ ਧਾਰੀ, ਇਸਮ ਆਜ਼ਮ ਇਕ ਸਮਝਾਈਆ । ਸਤਿ ਸਚ ਦੀ ਕਰਾਂ ਉਸਾਰੀ, ਨੀਂਹ ਨਾਮ ਵਾਲੀ ਰਖਾਈਆ । ਧਰਮ ਦੀ ਧਾਰ ਫੜ ਤਗਾਰੀ, ਜਗਤ ਦਾ ਚਿੱਕੜ ਲਵਾਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਵਿਸਾਖੀ ਕਹੇ ਮੇਰਾ ਪੁਰਾਣਾ ਰਿਸ਼ਤਾ, ਰਿਸ਼ਤੇ ਦਾਰਾਂ ਦਿਆਂ ਜਣਾਈਆ । ਔਹ ਵੇਖੋ ਪੈਗ਼ਾਮ ਦਿੰਦਾ ਜਬਰਾਈਲ ਫ਼ਰਿਸ਼ਤਾ, ਫ਼ਰਸ਼ ਜ਼ਿਮੀਂ ਉਤੇ ਸਮਝਾਈਆ । ਸੰਦੇਸਾ ਸੁਣੋ ਆਹਿਸਤਾ ਆਹਿਸਤਾ, ਬਿਨ ਕੰਨਾਂ ਰਿਹਾ ਜਣਾਈਆ । ਜਿਸ ਨੇ ਸਭ ਨੂੰ ਦੇਣੀ ਸ਼ਕਿਸਤਾ, ਸ਼ਖ਼ਸਾਂ ਦੀ ਸ਼ਖ਼ਸੀਅਤ ਦੇਣੀ ਬਦਲਾਈਆ । ਭਗਤਾਂ ਦਾ ਕਾਮਲ ਕਰੇ ਨਿਸਚਾ, ਮੁਰਸ਼ਦ ਬੇਪਰਵਾਹੀਆ ।

ਇਕੋ ਨਾਮ ਆਪਣਾ ਦੱਸੇ ਵਿਰਸਾ, ਜੋ ਜੁਗ ਚੌਕੜੀ ਜਗਤ ਵਿਚ ਵਰਤਾਈਆ । ਜਿਸ ਦੀ ਸਦੀ ਚੌਧਵੀਂ ਬਦਲ ਦੇਣਾ ਫ਼ਿਰਕਾ, ਫ਼ਿਰਕਾ ਪ੍ਰਸਤੀ ਦਏ ਮਿਟਾਈਆ । ਉਹ ਮਾਲਕ ਆਦੀ ਚਿਰ ਕਾ, ਚਿਰੀ ਵਿਛੁੰਨੇ ਲਏ ਜੁੜਾਈਆ । ਜਿਸ ਦਾ ਰੂਪ ਨਿਰਾਲਾ ਨਿਰ ਦਾ, ਨਿਰਵੈਰ ਇਕ ਅਖਵਾਈਆ । ਭਗਤਾਂ ਮਾਣ ਦੇਵੇ ਘਰ ਥਿਰ ਦਾ, ਥਿਰ ਘਰ ਸਾਚੇ ਆਪ ਟਿਕਾਈਆ । ਨਾਤਾ ਰੱਖੇ ਪੀਆ ਪਿਰ ਦਾ, ਪ੍ਰੀਤਮ ਅਗੰਮ ਅਥਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਬਦਲ ਦੇਵੇ ਹਿਰਦਾ, ਹਰਿ ਹਿਰਦਾ ਫੋਲ ਫੁਲਾਈਆ । ਜਿਸ ਦਾ ਗੇੜਾ ਹੁਕਮੇ ਅੰਦਰ ਗਿੜਦਾ, ਨਾ ਕੋਈ ਰੋਕੇ ਰੋਕ ਰੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਵਿਸਾਖੀ ਕਹੇ ਉਹ ਵੇਖੇ ਜਲ ਦੇ ਮਟਕੇ, ਮਟਕ ਨਾਲ ਬੈਠੇ ਡੇਰਾ ਲਾਈਆ । ਜਿਹੜੇ ਗੋਬਿੰਦ ਪਟਨੇ ਵਿਚ ਸੀ ਪਟਕੇ, ਪਾਟਲ ਹੋ ਕੇ ਖੇਲ ਖਿਲਾਈਆ । ਉਹ ਮੁਹੱਬਤ ਵਿਚ ਪਿਛੇ ਨਾ ਅਟਕੇ, ਆਪਣੀ ਆਸਾ ਰਹੇ ਜਣਾਈਆ । ਸਾਡਾ ਵਾਅਦਾ ਜਿਸ ਵੇਲੇ ਗੋਬਿੰਦ ਦੀਨ ਮਜ਼੍ਹਬ ਵੈਰੀ ਹੋਏ ਰੱਤ ਦੇ, ਰੱਤ ਰੱਤ ਨਾਲ ਰੰਗਾਈਆ । ਮਾਣ ਰਹਿਣੇ ਨਹੀਂ ਪੰਜ ਤਤ ਦੇ, ਤਤਵ ਤਤ ਸਰਬ ਕੁਰਲਾਈਆ । ਲੰਗੋਟ ਰਹਿਣੇ ਨਹੀਂ ਧੀਰਜ ਯਤ ਦੇ, ਕਾਮ ਕਰੋਧ ਲੋਭ ਮੋਹ ਹਲਕਾਈਆ । ਵਿਚਾਰ ਰਹਿਣੇ ਨਹੀਂ ਗੁਰਮਤ ਦੇ, ਮਨਮਤ ਹੋਏ ਹਲਕਾਈਆ । ਸਹਾਰੇ ਰਹਿਣੇ ਨਹੀਂ ਪਰਮੇਸ਼ਵਰ ਪਤ ਦੇ, ਪਤੀਵ੍ਰਤ ਨਾ ਕੋਇ ਅਖਵਾਈਆ । ਸਭ ਦੇ ਅੰਦਰ ਹੋਣੇ ਤਪਦੇ, ਸਾਂਤਕ ਸਤਿ ਨਾ ਕੋਇ ਕਰਾਈਆ । ਰਸਨਾ ਜਿਹਵਾ ਸਾਰੇ ਹੋਣੇ ਨਾਮ ਜਪਦੇ, ਹਿਰਦੇ ਸਕੇ ਨਾ ਕੋਇ ਵਸਾਈਆ । ਦੀਨ ਦੁਨੀਆ ਭੋਗ ਕਰਨੇ ਨੇਤਰ ਅੱਖ ਦੇ, ਨੈਣ ਜਗਤ ਨਾ ਕੋਇ ਸ਼ਰਮਾਈਆ । ਕਿਸੇ ਨੂੰ ਦਰਸ਼ਨ ਨਹੀਂ ਹੋਣੇ ਪ੍ਰਤੱਖ ਦੇ, ਸਾਖਿਆਤ ਵੇਖਣ ਕੋਇ ਨਾ ਪਾਈਆ । ਇਸ਼ਟ ਬਣਨੇ ਪੱਥਰ ਇੱਟ ਦੇ, ਪੁਜਾਰਨ ਹੋਵੇ ਕੂੜ ਲੋਕਾਈਆ । ਮੁੱਲਾ ਸ਼ੇਖ਼ ਮੁਸਾਇਕ ਹੋਣੇ ਪਿਟਦੇ, ਗ੍ਰੰਥੀ ਰੋਵਣ ਮਾਰਨ ਧਾਈਆ । ਬਹੁੜੀ ਉਸ ਵੇਲੇ ਮਨੂਏ ਹੋਣੇ ਨਹੀਂ ਕਿਸੇ ਦੇ ਟਿਕਦੇ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਫੇਰ ਲਹਿਣੇ ਦੇਣੇ ਦੇਣੇ ਪੈਣੇ ਇਕੋ ਪੁਰਖ ਅਕਾਲ ਦੀ ਚਿਟ ਦੇ, ਜੋ ਚੇਤੇ ਸਭ ਨੂੰ ਦਏ ਕਰਾਈਆ । ਐਂ ਜਾਪਦਾ ਸਭ ਦੇ ਹੁਕਮ ਹੋਣੇ ਮਿਟ ਦੇ, ਅੱਗੇ ਹੋ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਮਟਕੇ ਕਹਿਣ ਸਾਡੇ ਅੰਤਰ ਪਾਣੀ ਜਲ, ਸਤਿ ਸਚ ਸੁਣਾਈਆ । ਸਾਨੂੰ ਯਾਦ ਆਉਂਦਾ ਕਰਬਲੇ ਵਾਲਾ ਥਲ, ਬਹੁੜੀ ਦਰੋਹੀ ਤੇਰਾ ਨਾਮ ਖ਼ੁਦਾਈਆ । ਤੇਰੇ ਨੂਰ ਖ਼ਾਕ ਵਿਚ ਗਏ ਰਲ, ਬਿਨ ਆਬ ਹਯਾਤੀ ਸਕੇ ਨਾ ਕੋਇ ਬਚਾਈਆ । ਵਿਛੋੜਾ ਸਹਿ ਨਾ ਸਕੇ ਪਲ, ਪਲਕ ਵਿਚ ਆਪਣਾ ਆਪ ਮਿਟਾਈਆ । ਉਹ ਇਕੋ ਕਹਿ ਕੇ ਗਏ ਗੱਲ, ਸੰਦੇਸ਼ਾ ਦਿਤਾ ਨੂਰ ਇਲਾਹੀਆ । ਸਾਡੀ ਦਰੋਹੀ ਸਾਡੀ ਤੋਬਾ ਪਰਵਰਦਿਗਾਰ ਸਾਂਝੇ ਯਾਰ ਵੇਖੀਂ ਆਪਣਿਆਂ ਭਗਤਾਂ ਸੂਫ਼ੀਆਂ ਨਾਲ ਕਰੀਂ ਨਾ ਛਲ, ਕਪਟੀ ਰੂਪ ਨਾ ਕੋਇ ਬਣਾਈਆ । ਜਿਸ ਵੇਲੇ ਲੋਕਮਾਤ ਧਰਨੀ ਧਵਲ ਧੌਲ ਉਤੇ ਆਵੇਂ ਚਲ, ਨਿਹਚਲ ਆਪਣਾ ਧਾਮ ਸੁਹਾਈਆ । ਕਿਤੇ ਨਿਗਾਹ ਨਾ ਬਦਲੀਂ ਪਿਆਰਾ ਨਾ ਬਣੀਂ ਮਾਟੀ ਖੱਲ, ਮਜ਼੍ਹਬਾਂ ਵਿਚ ਨਾ ਵੰਡ ਵੰਡਾਈਆ । ਸਾਡਾ ਸਭ ਦਾ ਮਸਲਾ ਕਰਨਾ ਹੱਲ, ਮਸਾਇਲ ਤੇਰੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਪਾਣੀ ਕਹੇ ਮੇਰਾ ਮਾਲਕ ਇਕ ਅਬਿਨਾਸ਼ਾ, ਹਰਿ ਕਰਤਾ ਵਡ ਵਡਿਆਈਆ । ਮੈਂ ਜਿਸ ਦਾ ਦਾਸੀ ਦਾਸਾ,



੧੨੮੦ ੨੨

ਜੁਗ ਜੁਗ ਸੇਵ ਕਮਾਈਆ । ਮੈਂ ਚਾਰ ਜੁਗ ਦਾ ਜਾਣਾਂ ਖੁਲਾਸਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਈਆ । ਮੈਨੂੰ ਅਵਤਾਰ ਪੈਗ਼ੰਬਰ ਗੁਰੂਆਂ ਵੇਖ ਕੇ ਆਉਂਦਾ ਹਾਸਾ, ਤਾਲੀ ਦਿਆਂ ਵਜਾਈਆ । ਕੀ ਖੇਲ ਪ੍ਰਭੂ ਤਮਾਸ਼ਾ, ਜੁਗ ਜੁਗ ਆਪਣਾ ਦਿਤਾ ਵਖਾਈਆ । ਕੋਈ ਮੈਦਾਨੇ ਜੰਗ ਵਿਚ ਆਪਣਿਆਂ ਮੁਰੀਦਾਂ ਸਿੱਖਾਂ ਨੂੰ ਮੈਨੂੰ ਭਰ ਕੇ ਦੇ ਨਾ ਸਕਿਆ ਵਿਚ ਗਿਲਾਸਾ, ਪਿਆਸ ਪਿਆਸਿਆਂ ਨਾ ਸਕਿਆ ਬੁਝਾਈਆ । ਸਾਰੇ ਦੇਂਦੇ ਗਏ ਦਿਲਾਸਾ, ਸਬਰ ਸਬਰ ਦ੍ਰਿੜਾਈਆ । ਮੈਨੂੰ ਇਕ ਗੱਲ ਯਾਦ ਜਿਸ ਵੇਲੇ ਗੋਬਿੰਦ ਨੇ ਜੁਝਾਰ ਨੂੰ ਕਿਹਾ ਔਹ ਤਕ ਪੁਰਖ ਅਕਾਲ ਤੇਰਾ ਰਾਖਾ, ਤੇਗ਼ ਬਹਾਦਰ ਦਾਦਾ ਧਿਆਨ ਲਗਾਈਆ । ਮੈਂ ਵੀ ਉਸ ਪ੍ਰਭੂ ਦਾ ਕਾਕਾ, ਨੰਨ੍ਹੇ ਕਾਕੇ ਤੈਨੂੰ ਉਸ ਪ੍ਰਭੂ ਦੀ ਗੋਦ ਟਿਕਾਈਆ । ਫੇਰ ਪ੍ਰੇਮ ਦੀ ਰੱਖੀਂ ਆਸਾ, ਗੋਬਿੰਦ ਗੋਬਿੰਦ ਗੋਬਿੰਦ ਧਿਆਨ ਲਗਾਈਆ । ਮੇਰੇ ਸਾਹਿਬ ਸਾਹਿਬ ਅਬਿਨਾਸ਼ਾ, ਵਡ ਤੇਰੀ ਬੇਪਰਵਾਹੀਆ । ਮੈਂ ਇਕੋ ਬਚਨ ਅਗੰਮਾ ਆਖਾਂ, ਆਖ ਕੇ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਤੇਰੀ ਸਰਨਾਈਆ । ਗੋਬਿੰਦ ਕਿਹਾ ਮੇਰੀ ਬੰਦਨਾ ਇਕ ਅਰਦਾਸ, ਬੇਨੰਤੀ ਸਚ ਸੁਣਾਈਆ । ਆਦਿ ਜੁਗਾਦਿ ਤੇਰਾ ਖੇਲ ਤਮਾਸ਼, ਜੁਗ ਚੌਕੜੀ ਵੇਖ ਵਖਾਈਆ । ਕੀ ਹੋਇਆ ਜੇ ਰਾਮ ਭੇਜਿਆ ਵਿਚ ਬਨਵਾਸ, ਰਾਵਣ ਰਾਮ ਖੇਲ ਖਿਲਾਈਆ । ਕੀ ਹੋਇਆ ਜੇ ਗੋਪੀਆਂ ਪਵਾਈ ਰਾਸ, ਕਾਹਨ ਘਨਈਆ ਕ੍ਰਿਸ਼ਨ ਵਡ ਵਡਿਆਈਆ । ਕੀ ਹੋਇਆ ਜੇ ਪੈਗ਼ੰਬਰਾਂ ਨੂਰ ਕੀਤਾ ਪ੍ਰਕਾਸ਼, ਅੱਲਾ ਅਲਾਹੀ ਨੂਰ ਪ੍ਰਗਟਾਈਆ । ਕੀ ਹੋਇਆ
੧੨੮੧ ਜੇ ਗੁਰੂਆਂ ਬਖ਼ਸ਼ੀ ਦਾਤ, ਆਪਣੇ ਨਾਮ ਦੀ ਸਾਥੋਂ ਸਿਫ਼ਤ ਲਈ ਕਰਾਈਆ । ਕੀ ਹੋਇਆ ਜੇ ਦੀਨਾਂ ਮਜ਼੍ਹਬਾਂ ਵੰਡ ਕਰਾਈ ਜਮਾਤ, ਸ਼ਰਅ ਸ਼ਰਅ ੧੨੮੧
੨੨ ਵਿਚੋਂ ਬਦਲਾਈਆ । ਕੀ ਹੋਇਆ ਜੇ ਤੂੰ ਸਭ ਦਾ ਮਾਈ ਬਾਪ, ਪਿਤਾ ਪੁਰਖ ਅਕਾਲ ਨੂਰ ਇਲਾਹੀਆ । ਪਰ ਮੇਰੀ ਇਕ ਬੇਨੰਤੀ ਮੇਰੇ ਸਾਹਿਬ ੨੨
ਤੂੰ ਅਜੇ ਇਕ ਨਹੀਂ ਕਰਾਇਆ ਆਪਣਾ ਜਾਪ, ਜਗਜੀਵਣ ਦਾਤੇ ਤੈਨੂੰ ਦਿਤੀ ਵਡਿਆਈਆ । ਮੈਂ ਤੈਨੂੰ ਸਚ ਦਿਆਂ ਆਖ, ਸਾਫ਼ ਸਾਫ਼ ਦਿਆਂ ਸੁਣਾਈਆ । ਕਿਸੇ ਨੂੰ ਦਿਤਾ ਮਘ ਹਯਾਤੇ ਆਬ, ਕਿਸੇ ਨੂੰ ਅੰਮ੍ਰਿਤ ਚੁਲੀਆਂ ਨਾਲ ਪਿਆਈਆ । ਮੇਰੇ ਮਾਲਕ ਮੇਰੀ ਬੇਨੰਤੀ ਤੇਰੇ ਚਰਨਾਂ ਪਾਸ, ਕਵਲ ਕਵਲ ਸਰਨਾਈਆ । ਗੋਬਿੰਦ ਕਿਹਾ ਉਹ ਤਕ ਅੰਧੇਰੀ ਰਾਤ, ਕਲਜੁਗ ਰਹੀ ਡਰਾਈਆ । ਝਗੜਾ ਵੇਖ ਲੈ ਆਪਣਿਆਂ ਗ੍ਰੰਥਾਂ ਕਾਗ਼ਜ਼ਾਤ, ਚਾਰ ਜੁਗ ਦੇ ਸ਼ਾਸਤਰ ਕਰਨ ਲੜਾਈਆ । ਕੋਈ ਭਗਤ ਦਿਸੇ ਨਾ ਪਾਰਜਾਤ, ਪਾਰਬ੍ਰਹਮ ਤੇਰੇ ਵਿਚ ਨਾ ਕੋਇ ਸਮਾਈਆ । ਕਿਸੇ ਦਾ ਰਹਿਣਾ ਨਹੀਂ ਇਤਫ਼ਾਕ, ਮੁਹੱਬਤ ਵਿਚ ਨਾ ਕੋਇ ਸਮਾਈਆ । ਤੇਰੇ ਦਰ ਦਾ ਦਿਸੇ ਕੋਇ ਨਾ ਚਾਕ, ਚਾਕਰੀ ਹੱਕ ਨਾ ਕੋਇ ਕਮਾਈਆ । ਪ੍ਰਭੂ ਉਹ ਵੇਖ ਕੀ ਕਹੇ ਮੂਸੇ ਦਾ ਕਲਾਕ, ਟਕ ਟਕ ਰਿਹਾ ਸੁਣਾਈਆ । ਸਦੀ ਬੀਸਵੀਂ ਦਏ ਨਾ ਕੋਇ ਨਿਜ਼ਾਤ, ਮਿਹਰ ਨਜ਼ਰ ਨਾ ਕੋਇ ਤਕਾਈਆ । ਸਦੀ ਚੌਧਵੀਂ ਮੁਹੰਮਦ ਫੋਲੇ ਖਾਤ, ਖਾਤਾ ਆਪਣਾ ਰਿਹਾ ਦ੍ਰਿੜਾਈਆ । ਪ੍ਰਭੂ ਤੇਰੇ ਨਾਮ ਬਿਨਾ ਤੇਰੇ ਪਿਆਰ ਬਿਨਾ ਸਾਰੀ ਦੁਨੀਆ ਹੋਣੀ ਵਫ਼ਾਤ, ਕਾਇਨਾਤ ਸਾਚਾ ਕਾਅਬਾ ਨਜ਼ਰ ਕਿਸੇ ਨਾ ਆਈਆ । ਉਸ ਵੇਲੇ ਕਿਰਪਾ ਕਰੀਂ ਆਪ, ਆਪ ਆਪਣਾ ਸੰਗ ਨਿਭਾਈਆ । ਜਨ ਭਗਤਾਂ ਅੰਦਰ ਖੋਲ੍ਹ ਕੇ ਆਪਣਾ ਤਾਕ, ਪੜਦਾ ਦੇਣਾ ਉਠਾਈਆ । ਸਚ ਸਤਿ ਦਾ ਲੈ ਕੇ ਗਿਲਾਸ, ਅੰਮ੍ਰਿਤ ਜਾਮ ਦੇਣਾ ਪਿਆਈਆ । ਅੰਤ ਤਕ ਉਨ੍ਹਾਂ ਨੂੰ ਫੇਰ ਨਾ ਲੱਗੇ ਪਿਆਸ, ਤ੍ਰਿਸਨਾ ਤ੍ਰਿਖਾ ਤ੍ਰਿਪਤ ਦੇਣੀ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

ਹਰਿ, ਸਚ ਦਾ ਹੁਕਮ ਇਕ ਸੁਣਾਈਆ । ਵਿਸਾਖੀ ਕਹੇ ਪੰਜੇ ਮੰਜੇ ਰਹੇ ਆਖ, ਕੂਕ ਕੂਕ ਸੁਣਾਈਆ । ਵੇਖਿਆ ਦੀਨ ਦੁਨੀ ਇਖ਼ਲਾਕ, ਸ੍ਰਿਸ਼ਟੀ ਦ੍ਰਿਸ਼ਟੀ ਫੋਲ ਫੁਲਾਈਆ । ਰਿਹਾ ਕੋਇ ਨਾ ਪਾਕ, ਪਵਿਤਰ ਰੂਪ ਨਾ ਕੋਈ ਦਰਸਾਈਆ । ਪੂਰਾ ਹੋਇਆ ਭਵਿਖਤ ਵਾਕ, ਵਾਕਿਆ ਵਕਤ ਨਾਲ ਦਏ ਗਵਾਹੀਆ । ਤਕੀ ਅੰਧੇਰੀ ਰਾਤ, ਸਤਿ ਸਚ ਚੰਦ ਨਾ ਕੋਇ ਚਮਕਾਈਆ । ਬਖ਼ਸ਼ੇ ਕੋਇ ਨਾ ਨਾਮ ਦਾਤ, ਖ਼ਾਲੀ ਝੋਲੀ ਨਾ ਕੋਇ ਭਰਾਈਆ । ਪੁਰਖ ਅਕਾਲੇ ਹੁਕਮ ਦਿਤਾ ਆਪ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਪੰਜ ਲਿਖਾਰੀ ਫੜੇ ਕਲਮ ਦਵਾਤ, ਕਾਗ਼ਜ਼ ਸ਼ਾਹੀ ਨਾਲ ਮਿਲਾਈਆ । ਹੁਕਮ ਲਿਖੇ ਸਾਫ਼ ਸਾਫ਼, ਸੰਦੇਸਾ ਧੁਰਦਰਗਾਹੀਆ । ਕਲਜੁਗ ਕੂੜੀ ਕਿਰਿਆ ਕਰਨੀ ਨਾਸ, ਸਤਿਜੁਗ ਸਚ ਸਚ ਪਰਗਟਾਈਆ । ਪਿਛਲੀ ਪਿਛੇ ਰਹਿ ਗਈ ਵਾਟ, ਅੱਗੇ ਆਪਣਾ ਪੰਧ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਵਿਸਾਖੀ ਕਹੇ ਮੇਰਾ ਇਕ ਵਿਸ਼ਵਾਸ, ਵਿਸ਼ਵ ਦੇ ਮਾਲਕ ਧਿਆਨ ਲਗਾਈਆ । ਸਭ ਦੀ ਪੂਰੀ ਕਰੀਂ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਲੇਖੇ ਲਾਉਣਾ ਭਗਤਾਂ ਸਵਾਸ ਸਵਾਸ, ਸਾਹ ਸਾਹ ਆਪਣੇ ਵਿਚ ਮਿਲਾਈਆ । ਸਾਚੇ ਮੰਡਲ ਵਖਾਉਣੀ ਰਾਸ, ਸੁਰਤੀ ਸ਼ਬਦ ਗੋਪੀ ਕਾਹਨ ਬਣਾਈਆ । ਜੋ ਅਵਤਾਰ ਪੈਗ਼ੰਬਰ ਗੁਰ ਗਏ ਆਖ, ਆਖ਼ਰ ਪੂਰਾ ਦੇਣਾ ਕਰਾਈਆ । ਖ਼ੁਸ਼ੀਆਂ ਵਾਲਾ ਹੋਏ ਵਿਸਾਖ, ਵਸਲ ਮੇਲੇ ਨੂਰ ਇਲਾਹੀਆ । ਸਾਚੇ ਭਗਤਾਂ ਦੇਣੀ ਸ਼ਾਬਾਸ, ਸਿਰ ਆਪਣਾ ਹੱਥ ਟਿਕਾਈਆ । ਝਗੜਾ ਮੇਟਣਾ ਜ਼ਾਤ
੧੨੮੨ ਪਾਤ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਇਕੋ ਮਾਣ ਬਖ਼ਸ਼ਣਾ ਮਾਤ, ਇਕੋ ਗ੍ਰਿਹਿ ਦੇਣਾ ਵਖਾਈਆ । ਧੁਰ ਦਾ ਸੱਜਣ ਬਣ ਕੇ ਦੇਣਾ ਸਾਥ, ੧੨੮੨
ਸਗਲਾ ਸੰਗ ਨਿਭਾਈਆ । ਜਨਮ ਜਨਮ ਦੀ ਮੇਟਣੀ ਵਾਟ, ਕਰਮ ਕਰਮ ਦਾ ਪੰਧ ਚੁਕਾਈਆ । ਪਿਛਲਾ ਪੂਰਾ ਕਰਨਾ ਘਾਟ, ਘਾਟਾ ਅਵਰ ਰਹੇ ਨਾ ਰਹੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਵਿਸਾਖ ਕਹੇ ਮੇਰਾ ਪ੍ਰਵਿਸ਼ਟਾ ਸੁਧ, ਜਨ ਭਗਤਾਂ ਪ੍ਰਕਿਰਤੀ ਦਏ ਬਦਲਾਈਆ । ਸ੍ਰੇਸ਼ਟ ਕਰੇ ਬੁਧ, ਮਤ ਮਤਾਂਤਰ ਡੇਰਾ ਢਾਹੀਆ । ਅੰਮ੍ਰਿਤ ਰਸ ਦੇਵੇ ਦੁੱਧ, ਸਤਿ ਸਤਵਾਦੀ ਦਇਆ ਕਮਾਈਆ । ਕਲਜੁਗ ਅੰਤਮ ਲੇਖਾ ਰਿਹਾ ਪੁੱਜ, ਪੂਜਾ ਅਵਰ ਰਹੇ ਨਾ ਰਾਈਆ । ਪੁਰਖ ਅਕਾਲ ਭੇਵ ਖੋਲ੍ਹੇ ਗੁੱਝ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਸਾਰ ਪਾਵੇ ਸੁਧ, ਸਾਰ ਸ਼ਬਦ ਆਪਣਾ ਹੁਕਮ ਵਰਤਾਈਆ ।

२ ਵਿਸਾਖ ਸ਼ਹਿਨਸ਼ਾਹੀ ਸੰਮਤ ੭ ਰੂੜ ਸਿੰਘ ਧੁੰਨ ਢਾਇਆ ਅਵਲਾ, ਜਗਤ ਸਿੰਘ ਘਣੀ ਏਕੀ ਬਾਂਗਰ, ਸਰਦੂਲ ਸਿੰਘ, ਬਾਲਚਿੰਦਰ, ਹਰਭਜਨ ਕੌਰ ਭਗਵਾਨ ਪੁਰਾ, ਹਰਿ ਭਗਤ ਦਵਾਰ ਜੇਠੂਵਾਲ

ਸਤਿਗੁਰ ਸ਼ਬਦ ਧਾਰ ਜਗ ਮੀਤਾ, ਮਿੱਤਰ ਪਿਆਰਾ ਅਗੰਮ ਅਥਾਹੀਆ । ਜਿਸ ਕਲਜੁਗ ਵਿਚ ਸਤਿਜੁਗ ਬਦਲੀ ਰੀਤਾ, ਸਤਿ ਧਰਮ ਦੀ ਕਾਰ ਕਮਾਈਆ । ਮੇਲ ਮਿਲਾਏ ਨਾਲ ਤ੍ਰੈਗੁਣ ਅਤੀਤਾ, ਤ੍ਰੈਭਵਨ ਧਨੀ ਨਾਲ ਜੁੜਾਈਆ । ਤਨ ਕਰੇ ਠਾਂਡਾ ਸੀਤਾ, ਮਨ ਮਨਸਾ ਪੂਰ

ਵਖਾਈਆ । ਸਤਿਗੁਰ ਹੋ ਕੇ ਵਸੇ ਚੀਤਾ, ਗ੍ਰਿਹਿ ਮੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਤਿਗੁਰ ਸ਼ਬਦ ਗਹਿਰ ਗੰਭੀਰ, ਬੇਪਰਵਾਹ ਵਡ ਵਡਿਆਈਆ । ਜਨ ਭਗਤਾਂ ਲੇਖੇ ਲਾਏ ਤਨ ਸਰੀਰਾ, ਮਨ ਮਨਸਾ ਆਪਣੇ ਨਾਲ ਮਿਲਾਈਆ । ਸੀਸ ਬੰਧਾਏ ਧਰਮ ਧਾਰ ਦਾ ਚੀਰਾ, ਚੇਰਾ ਗੁਰਮੁਖ ਵੇਖ ਵਖਾਈਆ । ਸਚਖੰਡ ਦਵਾਰ ਜਣਾਏ ਡੇਰਾ, ਥਿਰ ਘਰ ਆਪਣਾ ਰੰਗ ਰੰਗਾਈਆ । ਨਾਮ ਜਪਾ ਕੇ ਤੇਰਾ ਮੇਰਾ, ਆਤਮ ਬ੍ਰਹਮ ਇਕ ਦਰਸਾਈਆ । ਇਕੋ ਰੰਗ ਰੰਗਾ ਕੇ ਸੰਝ ਸਵੇਰਾ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਕਲਜੁਗ ਅੰਤਮ ਬੰਨ੍ਹ ਕੇ ਬੇੜਾ, ਨਈਆ ਨੌਕਾ ਪਾਰ ਲੰਘਾਈਆ । ਭਾਗ ਲਗਾ ਕੇ ਕਾਇਆ ਖੇੜਾ, ਘਰ ਮੰਦਰ ਦਏ ਵਡਿਆਈਆ । ਆਵਣ ਜਾਵਣ ਚੁਕਾਏ ਗੇੜਾ, ਚੁਰਾਸੀ ਵਿਚ ਨਾ ਕੋਇ ਭਵਾਈਆ । ਜਨ ਭਗਤਾਂ ਉਤੇ ਕਰੇ ਮਿਹਰਾ, ਮਿਹਰਵਾਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਕੰਤ ਭਗਵੰਤ ਕਰੇ ਹੱਕ ਨਬੇੜਾ, ਲੇਖਾ ਜਨਮ ਕਰਮ ਰਹਿਣ ਕੋਇ ਨਾ ਪਾਈਆ ।

✪ ੨੦ ਵਿਸਾਖ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਮਾਝਾ ਗੁਰਦਾਸਪੁਰ ਸੰਗਤ ਦੇ ਵਾਢੀ ਕਰ ਕੇ ਜਾਣ ਸਮੇਂ ✪



ਗੜ੍ਹੀ ਚਮਕੌਰ ਦਏ ਬਿਆਨਾ, ਬੇਨੰਤੀ ਰਹੀ ਜਣਾਈਆ । ਸ਼ਬਦ ਸੰਦੇਸ਼ਾ ਦਿਤਾ ਸ੍ਰੀ ਭਗਵਾਨਾ, ਹਰਿ ਕਰਤੇ ਬੇਪਰਵਾਹੀਆ । ਗੋਬਿੰਦ ਤੇਰਾ ਵੇਖਿਆ ਖੰਡਾ ਖੜਗ ਕਿਰਪਾਨਾ, ਤੀਰ ਤਰਕਸ਼ ਨਾਲ ਵਡਿਆਈਆ । ਔਹ ਵੇਖ ਕਲਜੁਗ ਬਦਲਦਾ ਜ਼ਮਾਨਾ, ਜ਼ਿਮੀਂ ਅਸਮਾਨਾਂ ਨੈਣ ਉਠਾਈਆ । ਪੁਰਖ ਅਕਾਲਾ ਹੋਣਾ ਪਰਧਾਨਾ, ਸ਼ਬਦ ਪਰਧਾਨਗੀ ਤੇਰਾ ਰੂਪ ਦਰਸਾਈਆ । ਜੋਤੀ ਜੋਤ ਪਹਿਰਨਾ ਜਾਮਾ, ਨੂਰ ਨੂਰ ਵਿਚੋਂ ਪਰਗਟਾਈਆ । ਖੇਲ ਖਿਲਾਉਣਾ ਦੋ ਜਹਾਨਾਂ, ਜ਼ਿਮੀਂ ਅਸਮਾਨਾਂ ਪੜਦਾ ਲਾਹੀਆ । ਦੇਵੇ ਹੁਕਮ ਅਗੰਮੀ ਫ਼ਰਮਾਨਾ, ਫੁਰਨਾ ਫੁਰਨਿਆਂ ਵਿਚੋਂ ਬਦਲਾਈਆ । ਲੱਖ ਚੁਰਾਸੀ ਮਜ਼੍ਹਬੀ ਧਾਰ ਵੇਖੇ ਇਨਸਾਨਾ, ਨਵ ਸੱਤ ਖੋਜ ਖੁਜਾਈਆ । ਖੇਲੇ ਖੇਲ ਮਰਦ ਮਰਦਾਨਾ, ਪਰਵਰਦਿਗਾਰ ਨੂਰ ਇਲਾਹੀਆ । ਸਦੀ ਚੌਧਵੀਂ ਮੁਹੰਮਦ ਤਕੇ ਨਿਸ਼ਾਨਾ, ਈਸਾ ਆਪਣੀ ਅੱਖ ਉਠਾਈਆ । ਝਗੜਾ ਪੈਣਾ ਅੰਜੀਲ ਕੁਰਾਨਾ, ਕੁਰਹ ਕਾਇਨਾਤ ਦਏ ਦੁਹਾਈਆ । ਫਿਰੇ ਦਰੋਹੀ ਵੇਦ ਪੁਰਾਨਾ, ਪੁਰੀਆਂ ਲੋਆਂ ਸਮਝ ਕੋਇ ਨਾ ਆਈਆ । ਤੇਰਾ ਲੇਖਾ ਵੇਖਣ ਸੂਰਬੀਰ ਬਲਵਾਨਾ, ਲੱਖ ਚੁਰਾਸੀ ਧਿਆਨ ਲਗਾਈਆ । ਤੇਰਾ ਪਿਆਰ ਸ਼ਸਤਰ ਮੇਰਾ ਨਾਮ ਖੰਡਾ ਧਰਮ ਦੀ ਧਾਰ ਰੂਪ ਧਰੇ ਕਿਰਸਾਨਾ, ਕਿਰਸੀ ਗੁਰਮੁਖ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੜ੍ਹੀ ਚਮਕੌਰ ਕਹੇ ਗੋਬਿੰਦ ਦਿਤਾ ਉਤਰ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਪੁਰਖ ਅਕਾਲੇ ਮੈਂ ਸ਼ਬਦੀ ਧਾਰ ਤੇਰਾ ਪੁੱਤਰ, ਪੂਤ ਸਪੂਤੇ ਗੁਰਮੁਖ ਆਪਣੇ ਲਵਾਂ ਪਰਗਟਾਈਆ । ਭੇਵ ਚੁਕਾਵਾਂ ਦੂਆ ਦੁਤਰ, ਦੁਤੀਆ ਭਾਓ ਰਹਿਣ ਕੋਇ ਨਾ ਪਾਈਆ । ਕੌਲ ਇਕਰਾਰ ਕੀਤਾ ਕਦੇ ਨਾ ਜਾਵਾਂ ਮੁਕਰ, ਮੁਕਰਰ ਤੇਰਾ ਹੁਕਮ ਵੇਖ ਵਖਾਈਆ । ਲੇਖੇ ਲਾਵਾਂ ਰਵਦਾਸ ਵਾਲੇ ਟੁੱਕਰ, ਟੁਕੜੇ ਭਗਤਾਂ ਲੇਖੇ ਪਾਈਆ । ਲਾਲੋ ਦਾ ਲਹਿਣਾ ਚੁਕਾਵਾਂ ਨਾਨਕ ਵਾਲਾ ਕੁੱਕੜ, ਜੋ

ਕੂਕ ਕੂਕ ਸੁਣਾਈਆ । ਈਸਾ ਮੂਸਾ ਨੇੜੇ ਹੋ ਕੇ ਮੈਨੂੰ ਪੁਛਣ, ਮੁਹੰਮਦ ਨੈਣ ਅੱਖ ਉਠਾਈਆ । ਸਦੀ ਚੌਧਵੀਂ ਜਿਸ ਵੇਲੇ ਵੇਲਾ ਆਇਆ ਢੁਕਣ, ਬੀਸ ਬੀਸਾ ਨਾਲ ਮਿਲਾਈਆ । ਸਭ ਦੀ ਔਧ ਅੰਤਮ ਹੋਵੇ ਪੁੱਜਣ, ਪੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਦਾ ਦੀਪਕ ਆਵੇ ਬੁਝਣ, ਨੌਂ ਖੰਡ ਪ੍ਰਿਥਮੀ ਅੰਧੇਰਾ ਛਾਈਆ । ਉਸ ਵੇਲੇ ਬਿਆਸੋਂ ਪਾਰ ਮਾਝੇ ਵਾਲੇ ਕਰਨ ਯੁਧਣ, ਅੰਮ੍ਰਿਤਸਰ ਗੁਰਦਾਸ ਪੁਰ ਨਾਲ ਮਿਲਾਈਆ । ਫੇਰ ਚਾਰੋਂ ਕੁੰਟ ਪੰਖੇਰੂ ਉਡਣ, ਪੰਛੀ ਪੰਖੀ ਦੇਣ ਦੁਹਾਈਆ । ਪੁਰਖ ਅਕਾਲ ਬਦਲੀ ਕਰਨ ਵਾਲਾ ਆਏ ਜੁਗਣ, ਜੁਗ ਦਾ ਮਾਲਕ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੋਬਿੰਦ ਕਿਹਾ ਜਿਸ ਵੇਲੇ ਸਮਾਂ ਗਿਆ ਪੁਜ, ਸਤਿਗੁਰ ਸ਼ਬਦੀ ਖੇਲ ਖਿਲਾਈਆ । ਅੰਮ੍ਰਿਤਸਰ ਗੁਰਦਾਸ ਪੁਰ ਕਰੇ ਪ੍ਰੇਮ ਪਿਆਰ ਦਾ ਯੁਧ, ਦਾਤੀ ਕਿਰਸਾਣਾ ਵਾਲੀ ਹੱਥ ਉਠਾਈਆ । ਧਰਨੀ ਧਰਤ ਧਵਲ ਉਤੇ ਜਿਸ ਵੇਲੇ ਖ਼ੁਸ਼ੀਆਂ ਵਿਚ ਭਰੇ ਰੁੱਗ, ਮੁੱਠੀ ਮੁੱਠੀ ਨਾਲ ਮਿਲਾਈਆ । ਮੁਹੰਮਦ ਕਿਹਾ ਮੈਨੂੰ ਇਹ ਰਿਹਾ ਸੁੱਝ, ਸਹਿਜ ਨਾਲ ਸੁਣਾਈਆ । ਮੇਰਾ ਉਮਤੀ ਫਿਟ ਜਾਣਾ ਦੁੱਧ, ਆਬੇਹਯਾਤ ਮੁਖ ਨਾ ਕੋਇ ਚੁਆਈਆ । ਈਸਾ ਕਿਹਾ ਹਜ਼ਰਤਾਂ ਦੇ ਹਜ਼ਰਤ ਸਭ ਦੀ ਉਲਟੀ ਹੋਵੇ ਬੁਧ, ਬਿਬੇਕ ਨਜ਼ਰ ਕੋਇ ਨਾ ਆਈਆ । ਮੂਸਾ ਕਿਹਾ ਮੈਂ ਕੀ ਦੱਸਾਂ ਕੁਛ, ਕਹਿਣ ਦੀ ਲੋੜ ਰਹੇ ਨਾ ਰਾਈਆ । ਇਉਂ ਜਾਪਦਾ ਜਿਵੇਂ ਸਭ ਦਾ ਬੇੜਾ ਜਾਣਾ ਡੁੱਬ, ਡੁੱਬਿਆਂ ਪਾਰ ਨਾ ਕੋਇ ਲਗਾਈਆ । ਕਿਉਂ ਜਨ ਭਗਤਾਂ ਵਾਢੀ ਕਰਦਿਆਂ ਬੱਕਰੇ ਬੁਲ੍ਹਾਉਣੇ ਨਾਲੇ ਮਾਰਨੀ ਗੁੱਬ, ਉਚੀ ਕੂਕ ਕੂਕ ਸੁਣਾਈਆ । ਅੰਮ੍ਰਿਤਸਰ ਗੁਰਦਾਸ ਪੁਰ ਜਗਤ ਲੜਾਈ ਦਾ ਬੰਨ੍ਹ ਦੇਣ ਮੁੱਢ, ਜੜ੍ਹ ਜਗਤ ਵਾਲੀ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਗੋਬਿੰਦ ਸ਼ਬਦ ਕਹੇ ਮੈਂ ਵੇਖਿਆ ਬਿਨ ਨੈਣਾਂ ਅਗੰਮਾ ਸੀਨ, ਦਿਵਸ ਰੈਣ ਧਿਆਨ ਲਗਾਈਆ । ਭਗਤਾਂ ਮੰਨੀ ਭਗਵਨ ਦੀ ਈਨ, ਸਿਰ ਸਕਿਆ ਨਾ ਕੋਇ ਉਠਾਈਆ । ਤ੍ਰੈਲੋਕੀ ਦਾ ਝਗੜਾ ਖੇਲ ਕੀਤਾ ਦਿਨ ਤੀਨ, ਤ੍ਰੈਗੁਣ ਦੀ ਖੇਲ ਦਿਤੀ ਖਿਲਾਈਆ । ਕੁਛ ਲੇਖਾ ਜਨ ਭਗਤੋ ਤੁਹਾਡੇ ਨਾਲ ਚੀਨ, ਚਿੰਤਾ ਸਭ ਨੂੰ ਦਏ ਜਣਾਈਆ । ਤੁਹਾਡਾ ਲੇਖੇ ਲੱਗਾ ਰੁੱਖਾ ਸੁੱਖਾ ਖਾਣ ਪੀਣ, ਪਿਆਰ ਮੁਹੱਬਤ ਤੁਹਾਡੀ ਦਰਗਹ ਸਚ ਟਿਕਾਈਆ । ਤੁਹਾਡਾ ਵਾਸਾ ਉਸ ਥਾਂ ਜਿਥੇ ਧਰਨੀ ਨਾ ਜ਼ਮੀਨ, ਇਕੋ ਵਾਹਿਦ ਅਲਾਹ ਯਾਮੁਬੀਨ, ਮੁਫ਼ਲਿਸ ਨਜ਼ਰ ਕੋਇ ਨਾ ਆਈਆ । ਗੜ੍ਹੀ ਚਮਕੌਰ ਨੂੰ ਪੂਰਾ ਦਵਾਉਣਾ ਸੀ ਯਕੀਨ, ਭਰੋਸਾ ਦਿਤਾ ਬਣਾਈਆ । ਗੋਬਿੰਦ ਦੀ ਸ਼ਬਦ ਵਾਲੀ ਤਰਮੀਮ, ਤਖ਼ਤਾ ਜ਼ਿਮੀਂ ਅਸਮਾਨ ਉਲਟਾਈਆ । ਵੇਖਿਓ ਕੋਈ ਅੰਦਰੋਂ ਨਾ ਰਿਹੋ ਗ਼ਮਗੀਨ, ਚਿੰਤਾ ਕੰਮ ਕਿਸੇ ਨਾ ਆਈਆ । ਤੁਹਾਡਾ ਪ੍ਰਭੂ ਦੇ ਨਾਲ ਪ੍ਰਭੂ ਦਾ ਦੀਨ, ਮਜ਼੍ਹਬਾਂ ਵੰਡ ਨਾ ਕੋਇ ਵਖਾਈਆ । ਇਹ ਲੇਖਾ ਗੋਬਿੰਦ ਦਾ ਪ੍ਰਾਚੀਨ, ਪਰਮ ਪੁਰਖ ਸਹਿਜੇ ਪੂਰ ਕਰਾਈਆ । ਖ਼ੁਸ਼ੀਆਂ ਨਾਲ ਸਭ ਨੇ ਜਾਣਾ ਬਣ ਕੇ ਨਵੇਂ ਨਵੀਨ, ਜਨਮ ਜਨਮ ਵਿਚੋਂ ਬਦਲਾਈਆ । ਤੁਹਾਨੂੰ ਗੜ੍ਹੀ ਚਮਕੌਰ ਕਹੇ ਆਫ਼ਰੀਨ, ਗੋਬਿੰਦ ਪੁਸ਼ਤ ਪਨਾਹ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਜਨ ਭਗਤਾਂ ਮੁਹੱਬਤ ਵਿਚ ਸਦਾ ਅਧੀਨ, ਆਅਲਾ ਅਦਨਾ ਅਦਨਾ ਆਅਲਾ ਆਪਣਾ ਰੂਪ ਬਣਾਈਆ ।

## ✪ ੩੦ ਵਿਸਾਖ ਸ਼ਹਿਨਸ਼ਾਹੀ ਸੰਮਤ ੭ ਗੁਰਬਖ਼ਸ਼ ਸਿੰਘ ਦੇ ਅੰਤਮ ਸਮੇਂ ਪਗੜੀ ਦਾ ਵਿਹਾਰ ਹਰਿ ਭਗਤ ਦਵਾਰ ਜੇਠੂਵਾਲ ✪

ਤੀਹ ਵਿਸਾਖ ਕਹੇ ਗੋਬਿੰਦ ਲੇਖ ਅਗੰਮੀ ਲਿਖਾ, ਸ਼ਬਦੀ ਧਾਰ ਧਾਰ ਵਿਚੋਂ ਪਰਗਟਾਈਆ । ਖ਼ੁਸ਼ੀ ਵਿਚ ਕਿਹਾ ਵਾਹ ਧੁਰ ਦੇ ਸਿੱਖਾ, ਗੁਰਮੁਖ ਤੇਰੀ ਵਡ ਵਡਿਆਈਆ । ਜਿਸ ਦਾ ਕਾਲਾ ਲੇਖ ਹੋਵੇ ਚਿੱਟਾ, ਦੁਰਮਤ ਮੈਲ ਰਹੇ ਨਾ ਰਾਈਆ । ਰਾਹ ਤਕੇ ਸਿੰਘ ਪਾਲ ਪਾਲ ਪਿਤਾ, ਸਚਖੰਡ ਸਚ ਧਿਆਨ ਲਗਾਈਆ । ਧਰਮ ਦੀ ਧਾਰ ਮੇਰਾ ਦੁਲਾਰਾ ਆਵੇ ਨਿੱਕਾ, ਨਿਕਿਉਂ ਵੱਡੀ ਮਿਲੇ ਵਡਿਆਈਆ । ਜਗਤ ਜਗਿਆਸੂਆਂ ਛਡੇ ਹਿੱਤਾ, ਮਮਤਾ ਮੋਹ ਨਾ ਕੋਇ ਰਖਾਈਆ । ਦਰਗਹ ਸਾਚੀ ਪਾਏ ਹਿੱਸਾ, ਸਚਖੰਡ ਸਾਚੇ ਵੱਜੇ ਵਧਾਈਆ । ਜਗਤ ਜਹਾਨ ਸਮਝਣਾ ਮਿਥਾ, ਮਿਥਿਆ ਦਿਸੇ ਕੂੜ ਲੋਕਾਈਆ । ਹਰਿਜਨ ਅੰਤਰ ਆਤਮ ਪੂਰੀ ਹੋਵੇ ਇੱਛਾ, ਪਰਮਾਤਮ ਮੇਲ ਸਹਿਜ ਸੁਭਾਈਆ । ਸਚ ਦੀ ਸਤਿ ਪਈ ਭਿੱਛਾ, ਵਸਤ ਅਮੋਲਕ ਇਕ ਵਰਤਾਈਆ । ਪੂਰਬ ਲਹਿਣੇ ਦਾ ਲੇਖਾ ਦਿੱਤਾ, ਰਾਮ ਰਾਮਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਕਹੇ ਵੇਖੋ ਖੇਲ ਪੁਰਖ ਅਬਿਨਾਸ਼ੀ, ਹਰਿ ਕਰਤਾ ਆਪ ਕਰਾਈਆ । ਜੋ ਆਦਿ ਜੁਗਾਦਿ ਵੇਖੇ ਖੇਲ ਤਮਾਸ਼ੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਵੇਸ ਵਟਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਕਰੇ ਬੰਦ ਖ਼ੁਲਾਸੀ, ਖ਼ੁਲਾਸਾ ਧਰਮ ਧਾਰ ਸਮਝਾਈਆ । ਪੂਰਬ ਜਨਮ ਦੀ ਪੂਰੀ ਕਰੇ ਆਸੀ, ਆਸ਼ਾ ਮਨ ਵਿਚੋਂ ਬਦਲਾਈਆ । ਜਿਸ ਦੀ ਸ਼ਹਾਦਤ ਦੇਵੇ
੧੨੮੫ ਗੋਬਿੰਦ ਦੀ ਬਦਲੀ ਹੋਈ ਵਿਸਾਖੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜਨ ਭਗਤਾਂ ਮਿਲੇ ਅਗੰਮੀ ਦਾਤੀ, ਦਾਤਾ ਦਾਨੀ ਆਪ ਵਰਤਾਈਆ । ੧੨੮੫
ਜਗਤ ਤ੍ਰਿਸ਼ਨਾ ਪੰਜ ਤਤ ਤੁਟੇ ਨਾਤੀ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਸੰਗ ਨਾ ਕੋਇ ਵਖਾਈਆ । ਆਤਮਾ ਪਰਮਾਤਮਾ ਪਰਮਾਤਮਾ ਆਤਮਾ
੨੨ ਬਣੇ ਸਾਥੀ, ਸ਼ਬਦ ਮਿਲਾਵਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਗੁਰਬਖ਼ਸ਼ ਸਿੰਘ ਗੁਰ ਸ਼ਬਦ ਧਾਰ ਦਾ ਫਾਹ, ਫਾਂਸੀ ਜਗਤ ਨਾ ਕੋਇ ਲਟਕਾਈਆ । ਸਤਿ ਧਰਮ ਦਾ ਸਾਚਾ ਰਾਹ, ਸਤਿ ਸਵਾਮੀ ਅੰਤਰਜਾਮੀ ਦਿਤਾ ਦ੍ਰਿੜਾਈਆ । ਜਿਸ ਆਤਮਾ ਨੂੰ ਡੋਬੇ ਨਾ ਕੋਇ ਜਲ ਥਲ ਅਸਗਾਹ, ਸਮੁੰਦ ਸਾਗਰ ਨਾ ਵਹਿਣ ਵਹਾਈਆ । ਚੁਰਾਸੀ ਵਿਚ ਸਕੇ ਨਾ ਕੋਇ ਭਵਾ, ਰਾਏ ਧਰਮ ਨਾ ਦਏ ਸਜ਼ਾਈਆ । ਚਿਤ੍ਰਗੁਪਤ ਲੇਖਾ ਨਾ ਸਕੇ ਵਖਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਪੁਰਖ ਅਕਾਲਾ ਦੀਨ ਦਿਆਲਾ ਦਇਆ ਰਿਹਾ ਕਮਾ, ਮਿਹਰਵਾਨ ਮਹਿਬੂਬ ਮਿਹਰ ਨਜ਼ਰ ਉਠਾਈਆ । ਜਿਸ ਵਿਸਾਖੀ ਬਦਲ ਕੇ ਮਾਰਗ ਦਿਤਾ ਲਾ, ਵਿਸਾਖ ਦਾ ਅੰਤ ਅੰਤ ਵਿਸਾਖ ਵਿਚ ਸਮਾਈਆ । ਗੁਰਮੁਖ ਸਾਚਾ ਸੇਵਾ ਲਾ, ਸੇਵਕ ਸੇਵਾ ਆਪਣੇ ਵਿਚ ਟਿਕਾਈਆ । ਹਰਿ ਭਗਤ ਦਵਾਰੇ ਦਏ ਟਿਕਾ, ਟਿੱਕਾ ਮਸਤਕ ਧੂੜੀ ਖ਼ਾਕ ਰਮਾਈਆ । ਤੇਈ ਅਵਤਾਰ ਬਣੇ ਗਵਾਹ, ਸ਼ਹਾਦਤ ਸ਼ਬਦ ਸ਼ਬਦ ਭੁਗਤਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਕਰੋ ਦੁਆ, ਬਿਨ ਕਲਮਾ ਕਲਮਾ ਗਾਈਆ । ਨਾਨਕ ਗੋਬਿੰਦ ਜੋਤੀ ਧਾਰ ਕਰੇ ਵਾਹ ਵਾਹ, ਵਾਹਵਾ ਵਾਹਿਦ ਤੇਰੀ ਬੇਪਰਵਾਹੀਆ । ਜਿਸ ਮਾਰਗ ਭਗਤ ਭਗਵਾਨ ਦਿਤਾ ਲਾ, ਦੀਨ ਦੁਨੀ ਦੀ ਰੀਤੀ ਦਿਤੀ ਬਦਲਾਈਆ । ਜਨ ਭਗਤਾਂ ਲੱਖ ਚੁਰਾਸੀ ਵਿਚੋਂ ਉਠਾ, ਨਿਰੰਤਰ ਅੰਤਰ ਆਪਣਾ ਮੇਲ ਮਿਲਾਈਆ । ਸਚ ਦੀ ਰੀਤੀ ਇਕ ਚਲਾ, ਚਾਰ ਵਰਨ ਅਠਾਰਾਂ ਬਰਨ ਦਿਤੀ ਵਡਿਆਈਆ ।

ਦੀਨ ਮਜ਼੍ਹਬ ਦਾ ਝਗੜਾ ਦਿਤਾ ਮੁਕਾ, ਜ਼ਾਤ ਪਾਤ ਰਹੇ ਨਾ ਰਾਈਆ । ਸਪਤਸ ਰਿਖੀਆਂ ਲੇਖਾ ਪੂਰਾ ਦਏ ਕਰਾ, ਜੋ ਆਪਣਾ ਪੂਰਬ ਆਏ ਤਕਾਈਆ । ਰਵਦਾਸ ਚਮਾਰੇ ਲਹਿਣਾ ਦੇਣਾ ਝੋਲੀ ਪਾ, ਚੋਲੀ ਤਨ ਦਏ ਬਦਲਾਈਆ । ਹਰਿਜਨ ਹਰਿਭਗਤ ਗੁਰਮੁਖ ਗੁਰਸਿਖ ਸੀਸ ਦਸਤਾਰ ਦਏ ਬੰਧਾ, ਬੰਧਨ ਆਵਣ ਜਾਣ ਕਟਾਈਆ । ਗੁਰਬਖ਼ਸ਼ ਸਿੰਘ ਦੇ ਸਿਰ ਤੇ ਦਿਓ ਟਿਕਾ, ਲੇਖਾ ਅੱਗੇ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਨਿਰਗੁਣ ਧਾਰ ਮਾਰੋ ਝਾਤੀ, ਬਿਨ ਨੈਣਾਂ ਨੈਣ ਉਠਾਈਆ । ਸਚਖੰਡ ਦਵਾਰੇ ਦਰਗਹ ਸਾਚੀ ਖੋਲ੍ਹ ਲਓ ਤਾਕੀ, ਪਰਦਾ ਪਰਦਾ ਰਹੇ ਨਾ ਰਾਈਆ । ਧਰਮ ਦੀ ਧਾਰ ਖੇਲ ਤਕੋ ਜੋ ਕਰੇ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਬੇਪਰਵਾਹੀਆ । ਜਿਸ ਦੀ ਮੰਡਲ ਬ੍ਰਹਿਮੰਡ ਖੰਡ ਪਾਉਂਦੇ ਰਾਸੀ, ਪੁਰੀ ਲੋਅ ਗੋਪੀ ਕਾਹਨ ਨਾਚ ਨਚਾਈਆ । ਉਹ ਸਭ ਦੀ ਪੂਰੀ ਕਰੇ ਆਸੀ, ਆਸ਼ਾ ਤ੍ਰਿਸ਼ਨਾ ਰਹੇ ਨਾ ਰਾਈਆ । ਜਨ ਭਗਤਾਂ ਕਰੇ ਬੰਦ ਖਲਾਸੀ, ਬੰਧਨ ਤੋੜੇ ਧੁਰਦਰਗਾਹੀਆ । ਮੰਜ਼ਲ ਚਾੜ੍ਹ ਆਪਣੀ ਘਾਟੀ, ਦਰ ਦਵਾਰਾ ਇਕ ਸੁਹਾਈਆ । ਭਗਤਾਂ ਨਾਲ ਭਗਤ ਮਿਲਾਵੇ ਸਚਖੰਡ ਦਵਾਰ ਸਾਚੇ ਸਾਥੀ, ਜਿਥੇ ਜੰਮਣ ਵਾਲੀ ਕੋਇ ਨਾ ਮਾਈਆ । ਜਿਥੇ ਇਕੋ ਨੂਰ ਜੋਤ ਪ੍ਰਕਾਸ਼ੀ, ਨੂਰ ਨੁਰਾਨਾ ਡਗਮਗਾਈਆ । ਅਵਤਾਰ ਪੈਗ਼ੰਬਰ ਗੁਰੂ ਤੀਹ ਵਿਸਾਖ ਖ਼ੁਸ਼ੀਆਂ ਵਿਚ ਸਾਰੇ ਕਰਨ ਹਾਸੀ, ਤਾਲੀ ਬਿਨ ਹੱਥਾਂ ਰਹੇ ਵਜਾਈਆ । ਤੇਰੀ ਜੋਤ ਪ੍ਰਭੂ ਤੂੰਹੇ ਜਾਤੀ, ਜਾਗਰਤ ਜੋਤ ਤੂੰਹੇ ਨਜ਼ਰੀ ਆਈਆ ।
੧੨੮੬ ਜਿਸ ਆਵਣ ਜਾਵਣ ਪੰਧ ਮੁਕਾਇਆ ਰਹੀ ਕੋਇ ਨਾ ਵਾਟੀ, ਵਟਨਾ ਮਲਿਆ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ੧੨੮੬
੨੨ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਆਤਮਾ ਕਹੇ ਮੈਂ ਗੁਰਬਖ਼ਸ਼ ਸਿੰਘ ਦਾ ਛੱਡਿਆ ਸਰੀਰ, ਤਨ ਮਾਟੀ ਆਈ ੨੨
ਤਜਾਈਆ । ਮੈਨੂੰ ਪਹਿਲੋਂ ਮਿਲਿਆ ਕਬੀਰ, ਜੋ ਕਬਰਾਂ ਤੋਂ ਬਾਹਰ ਬੈਠਾ ਸੋਭਾ ਪਾਈਆ । ਫੇਰ ਮਿਲਿਆ ਸ਼ਹਿਨਸ਼ਾਹ ਪੀਰਾਂ ਦਾ ਪੀਰ, ਪਾਤਸ਼ਾਹ ਨੂਰ ਇਲਾਹੀਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦੀ ਤਸਵੀਰ, ਜਿਸ ਨੂੰ ਤਸੱਵਰ ਕਰ ਸਕੇ ਨਾ ਕੋਇ ਵਿਚ ਲੋਕਾਈਆ । ਆਪ ਬੈਠਾ ਗਹਿਰ ਗੰਭੀਰ, ਗਵਰ ਆਪਣਾ ਆਸਣ ਲਾਈਆ । ਜੋਤੀ ਪ੍ਰਕਾਸ਼ ਬੇਨਜ਼ੀਰ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਮੇਰੀ ਧਾਰ ਨਾ ਹੋਈ ਦਿਲਗੀਰ, ਅੰਤਰ ਅੰਤਰ ਵੱਜੀ ਵਧਾਈਆ । ਮੈਨੂੰ ਇਉਂ ਜਾਪਿਆ ਜਿਉਂ ਮੈਂ ਪ੍ਰਭ ਦਾ ਬੱਚਾ ਖ਼ਾਰਸ਼ੀਰ, ਨੰਨ੍ਹਾ ਨੂਰ ਨੂਰ ਇਲਾਹੀਆ । ਮੈਨੂੰ ਕੋਈ ਨਾ ਕਹੇ ਮਾੜੀ ਇਹਦੀ ਤਕਦੀਰ, ਮਾਨਸ ਜਨਮ ਗਿਆ ਗਵਾਈਆ । ਮੇਰੀ ਜਗਤ ਜਹਾਨ ਵਿਚੋਂ ਬਦਲ ਗਈ ਜ਼ਮੀਰ, ਜ਼ਿਮੀਂ ਜ਼ਮਾਂ ਅਸਮਾਨ ਦਏ ਗਵਾਹੀਆ । ਮੈਂ ਮਾਲਕ ਖ਼ਾਲਕ ਪ੍ਰਿਤਪਾਲਕ ਤੱਕਿਆ ਜਿਸ ਦਾ ਲੇਖਾ ਸ਼ਾਹ ਹਕੀਰ, ਸ਼ਹਿਨਸ਼ਾਹ ਇਕੋ ਅਗੰਮ ਅਥਾਹੀਆ । ਜਿਸ ਦੇ ਦਰ ਉਤੇ ਦਵੈਤੀ ਵਾਲੀ ਨਹੀਂ ਲਕੀਰ, ਵੰਡਨ ਵੰਡ ਨਾ ਕੋਇ ਵੰਡਾਈਆ । ਉਥੇ ਖ਼ੁਸ਼ੀ ਵਿਚ ਸੂਫ਼ੀ ਸੰਤ ਫ਼ਕੀਰਾਂ ਨਿਰਧਾਰ ਬਣੀ ਰਹੇ ਭੀੜ, ਜੋਤੀ ਜੋਤ ਜੋਤ ਵਿਚ ਸਮਾਈਆ । ਘਰਾਨਾ ਅੱਛਾ ਮਿਹਰਵਾਨਾ ਅੱਛਾ ਸ੍ਰੀ ਭਗਵਾਨਾ ਅੱਛਾ ਜਿਥੇ ਨਾ ਕੋਈ ਸ਼ਾਹ ਨਾ ਕੋਈ ਅਮੀਰ, ਗ਼ਰੀਬ ਨਜ਼ਰ ਕੋਇ ਨਾ ਆਈਆ । ਮੈਂ ਗੋਬਿੰਦ ਦੀ ਰੀਤੀ ਜਗਤ ਵਾਲੀ ਪੀਲੇ ਬਸਤਰ ਪਹਿਨੇ ਚੀਰ, ਰੂਪ ਸ਼ਹੀਦਾਂ ਵਾਲਾ ਬਣਾਈਆ । ਲਾਲ ਰੰਗ ਦਾ ਬਸਤਰ ਮੇਰੇ ਉਤੇ ਪਾਇਆ ਅਖ਼ੀਰ, ਜੋ ਚਮਕੌਰ ਗੜ੍ਹੀ ਵਿਚ ਗੋਬਿੰਦ ਵਰ ਦਿਤਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ,

ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਗੋਬਿੰਦ ਦੀ ਧਾਰ ਲਾਲ ਰੰਗ ਦਾ ਪੜਦਾ, ਪੰਜ ਤਤ ਲਏ ਲੁਕਾਈਆ । ਜਨ ਭਗਤਾਂ ਆਤਮਾ ਮੇਲਾ ਪਰਮਾਤਮ ਘਰ ਦਾ, ਦੂਜੇ ਘਰ ਨਾ ਕੋਇ ਚਤੁਰਾਈਆ । ਸਤਿਗੁਰੂ ਕਿਰਪਾ ਨਾਲ ਜਾਏ ਚੜ੍ਹਦਾ, ਅੱਗੇ ਹੋ ਨਾ ਕੋਇ ਅਟਕਾਈਆ । ਤੂੰ ਮੇਰਾ ਮੈਂ ਤੇਰਾ ਨਿਰਗੁਣ ਨਿਰਗੁਣ ਢੋਲਾ ਪੜ੍ਹਦਾ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਪਿਛਲਾ ਲੇਖਾ ਜਗਤ ਜਹਾਨ ਛਡਦਾ, ਨਾਤਾ ਕੂੜ ਰਹੇ ਨਾ ਰਾਈਆ । ਜਨ ਭਗਤ ਜਨਣੀ ਦੀ ਕੁੱਖ ਜਨਮਿਆ ਕਦੇ ਨਾ ਮਰਦਾ, ਮਰਨ ਵਿਚ ਕਦੇ ਨਾ ਆਈਆ । ਉਹ ਮਾਲਕ ਉਸ ਦਰ ਦਾ, ਜਿਥੇ ਦਰ ਦਰਬਾਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ; ਆਪ ਖੁਲ੍ਹਾਈਆ । ਗੁਰਬਖ਼ਸ਼ ਸਿੰਘ ਕਹੇ ਮੇਰਾ ਤਨ ਸਰੀਰ ਝੂਠਾ, ਸਚ ਪਿਆਰ ਨਾ ਕੋਇ ਕਮਾਈਆ । ਕਾਇਆ ਮਾਟੀ ਠੂਠਾ, ਹੱਡ ਮਾਸ ਨਾੜੀ ਨਾਲ ਸੁਹਾਈਆ । ਜਿਹੜਾ ਮਾਤ ਗਰਭ ਲਟਕਿਆ ਪੁੱਠਾ, ਦਸ ਦਸ ਮਾਸ ਤਪਾਈਆ । ਮੈਨੂੰ ਖ਼ੁਸ਼ੀ ਮੇਰਾ ਪੁਰਖ ਅਕਾਲ ਦੀਨ ਦਿਆਲ ਮੇਰੇ ਉਤੇ ਤੁੱਠਾ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਮੇਰੇ ਬੰਨ੍ਹ ਕੇ ਰੁਮਾਲ ਨਾਲ ਗੁੱਟਾ, ਤਿੰਨ ਗੰਢਾਂ ਦਿਤੀਆਂ ਪਵਾਈਆ । ਮੈਂ ਦਰਗਾਹ ਸਾਚੀ ਸਚ ਦਵਾਰੇ ਜਾ ਕੇ ਸੁੱਤਾ, ਸੁਖ ਆਸਣ ਸੋਭਾ ਪਾਈਆ । ਜਿਥੇ ਇਕੋ ਪਰਮ ਪੁਰਖ ਦੀ ਰੁਤਾ, ਦੂਜੀ ਰੁਤ ਨਜ਼ਰ ਕੋਇ ਨਾ ਆਈਆ । ਮੇਰੀ ਪਿਆਰ ਦੀ ਨਮਸਤੇ ਕਦੇ ਨਾ ਮੇਰੀਏ ਮਾਤਾ ਰੋਈਂ ਕਹਿ ਕੇ ਹਾਏ ਮੇਰਿਆ ਪੁੱਤਾ, ਦੁੱਖ ਵਿਚ ਹੌਕਾ ਨਾ ਕਦੇ ਭਰਾਈਆ । ਮੇਰਾ ਜਗਤ ਜਹਾਨ ਲੇਖਾ ਚੁੱਕਾ, ਛਡੀ ਕੂੜ ਲੋਕਾਈਆ । ਮੈਨੂੰ ਸ਼ਬਦੀ ਹੁਕਮ ਹੋਇਆ ਤੂੰ ਨੌਂ ਵਾਰ ਪੜ੍ਹ ਦੋ ਤੁਕਾ, ਤੂੰ ਮੇਰਾ ਮੈਂ ਤੇਰਾ ਇਕੋ ਨਾਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਦਏ ਮਿਲਾਈਆ । ਗੁਰਬਖ਼ਸ਼ ਸਿੰਘ ਦੀ ਆਤਮਾ ਕਹੇ ਮੇਰੀ ਵੇਖੋ ਖ਼ੁਸ਼ਹਾਲੀ, ਖ਼ੁਸ਼ੀਆਂ ਵਿਚ ਜਣਾਈਆ । ਮੇਰੀ ਸਤਿਗੁਰ ਸ਼ਬਦ ਭਰੀ ਦਲਾਲੀ, ਵਿਚੋਲਾ ਬਣਿਆ ਗੋਬਿੰਦ ਮਾਹੀਆ । ਨਾਤਾ ਜੁੜਿਆ ਨਾਲ ਜੋਤ ਅਕਾਲੀ, ਜੋ ਅਕਲ ਕਲਧਾਰੀ ਇਕ ਅਖਵਾਈਆ । ਜਿਸ ਦੇ ਦਰ ਤੇ ਅਵਤਾਰ ਪੈਗ਼ੰਬਰ ਗੁਰ ਸਵਾਲੀ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਝੋਲੀਆਂ ਡਾਹੀਆ । ਜਨ ਭਗਤ ਸੁਹੇਲੇ ਧਰਮ ਦੀ ਧਾਰ ਵਜਾਵਣ ਤਾਲੀ, ਬਿਨ ਹੱਥਾਂ ਤਾਲ ਬਣਾਈਆ । ਧੰਨਭਾਗ ਜੇ ਫਲ ਲੱਗ ਗਿਆ ਪਾਲ ਸਿੰਘ ਦੀ ਡਾਲੀ, ਮਾਤਾ ਬਿਸ਼ਨ ਕੌਰ ਵਡਿਆਈਆ । ਜਿਸ ਦੇ ਮਸਤਕ ਚੜ੍ਹ ਜਾਏ ਲਾਲੀ, ਨੂਰੀ ਚੰਦ ਚਮਕਾਈਆ । ਹਰਿ ਸੰਗਤ ਨੂੰ ਮਾਰਗ ਦੱਸੇ ਸੁਖ਼ਾਲੀ, ਸਹਿਜੇ ਦਏ ਬਤਲਾਈਆ । ਸੰਸਾਰ ਦਾ ਨਾਤਾ ਝੂਠਾ ਜੰਜਾਲੀ, ਮੁਹੱਬਤ ਮੋਹ ਕੰਮ ਕਿਸੇ ਨਾ ਆਈਆ । ਜਿਸ ਦੀ ਆਤਮਾ ਉਸ ਸੰਭਾਲੀ, ਜੋ ਸੰਬਲ ਬੈਠਾ ਡੇਰਾ ਲਾਈਆ । ਜਿਸ ਦਾ ਦਵਾਰਾ ਬਿਨਾ ਭਗਤਾਂ ਕਦੇ ਨਾ ਹੋਵੇ ਖ਼ਾਲੀ, ਜਨ ਭਗਤ ਬੈਠੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਚ ਵਿਚ ਸਮਾਈਆ । ਸਰੀਰ ਕਹੇ ਮੇਰਾ ਪੰਜ ਤਤ ਦਾ ਨਾਤਾ, ਨਾਤਾ ਜਗਤ ਵਾਲਾ ਜਣਾਈਆ । ਮੇਰੀ ਆਤਮਾ ਦਾ ਮਾਲਕ ਪੁਰਖ ਬਿਧਾਤਾ, ਜਿਸ ਨੂੰ ਪੁਰਖ ਅਕਾਲ ਕਹਿ ਕੇ ਸਾਰੇ ਗਏ ਗਾਈਆ । ਜੋ ਜੁਗ ਜੁਗ ਭਗਤਾਂ ਪੁਛੇ ਵਾਤਾ, ਨਿਰਗੁਣ ਸਰਗੁਣ ਵੇਸ ਵਟਾਈਆ । ਏਥੇ ਉਥੇ ਬਣ ਕੇ ਪਿਤਾ ਮਾਤਾ, ਪਤਿਪਰਮੇਸ਼ਵਰ ਗੋਦ ਉਠਾਈਆ । ਜਗਤ ਨਾਤਾ ਤੋੜਿਆ ਭੈਣ ਭਰਾਤਾ, ਭਗਤ ਸੁਹੇਲੇ ਲਏ ਮਿਲਾਈਆ । ਜਿਥੇ ਇਕੋ ਜੋਤ ਤੇ ਇਕੋ ਜਾਤਾ,

੧੨੮੮ ੨੨

ਦੂਜੀ ਵੰਡ ਨਾ ਕੋਇ ਵੰਡਾਈਆ । ਇਕੋ ਸੇਜ ਇਕੋ ਖਾਟਾ, ਇਕੋ ਆਸਣ ਸੋਭਾ ਪਾਈਆ । ਇਕੋ ਮੰਜ਼ਲ ਇਕੋ ਵਾਟਾ, ਇਕੋ ਪੰਧ ਰਿਹਾ ਜਣਾਈਆ । ਇਕੋ ਨੂਰ ਪ੍ਰਕਾਸ਼ ਅਗੰਮੀ ਲਾਟਾ, ਜ਼ਹੂਰ ਜ਼ਹੂਰ ਵਿਚ ਸਮਾਈਆ । ਬਣ ਕੇ ਸਾਹਿਬ ਅਲਖਣਾ ਅਲਾਖਾ, ਅਲਖ ਅਗੋਚਰ ਰਿਹਾ ਦ੍ਰਿੜਾਈਆ । ਜਨ ਭਗਤੋ ਭਗਤਾਂ ਦੀ ਰੀਤੀ ਬਦਲ ਕੇ ਆਇਆ ਵਿਸਾਖਾ, ਵਿਸ਼ਵ ਦਾ ਲੇਖਾ ਦਏ ਸਮਝਾਈਆ । ਸਭ ਨੇ ਮੰਨਣਾ ਇਕ ਪ੍ਰਭੂ ਦਾ ਆਖਾ, ਜੋ ਮਾਲਕ ਧੁਰਦਰਗਾਹੀਆ । ਜਿਸ ਨੂੰ ਝੁਕਦੇ ਤ੍ਰੈਲੋਕੀ ਨਾਥਾ, ਰਾਮ ਰਾਮਾ ਸੀਸ ਝੁਕਾਈਆ । ਪੈਗ਼ੰਬਰ ਗੁਰ ਗਾਉਂਦੇ ਗਾਥਾ, ਸਿਫ਼ਤੀ ਸਿਫ਼ਤ ਸਾਲਾਹੀਆ । ਸੋ ਸਾਹਿਬ ਪੁਰਖ ਸਮਰਾਥਾ, ਹਰਿ ਕਰਤਾ ਵਡ ਵਡਿਆਈਆ । ਜੋ ਭਗਤਾਂ ਹੋਵੇ ਰਾਖਾ, ਰੱਖਕ ਹੋ ਕੇ ਵੇਖ ਵਖਾਈਆ । ਖ਼ੁਸ਼ੀ ਨਾਲ ਖ਼ੁਸ਼ੀ ਵਿਚ ਮਿਲਾਇਆ ਪਾਲ ਸਿੰਘ ਦਾ ਪਾਲਿਆ ਹੋਇਆ ਨਿੱਕਾ ਜੇਹਾ ਕਾਕਾ, ਨਿੱਕਾ ਨਿੱਕਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਦੇਵਣਹਾਰ ਬੇਪਰਵਾਹੀਆ । ਗੁਰਬਖ਼ਸ਼ ਸਿੰਘ ਆਤਮਾ ਕਹੇ ਮੇਰੀ ਸਭ ਨੂੰ ਨਮਸਤੇ, ਨਮੋ ਨਮੋ ਸੀਸ ਨਿਵਾਈਆ । ਜਨ ਭਗਤਾਂ ਖੇੜੇ ਰਹਿਣੇ ਵਸਦੇ, ਲੋਕਮਾਤ ਉਜੜ ਕਦੇ ਨਾ ਜਾਈਆ । ਸਭ ਨੇ ਦਿਨ ਲੰਘਾਉਣੇ ਖ਼ੁਸ਼ੀ ਵਿਚ ਹੱਸਦੇ, ਗ਼ਮੀਂ ਅੰਦਰ ਨਾ ਕੋਇ ਟਿਕਾਈਆ । ਉਸ ਪ੍ਰਭੂ ਦੇ ਦਰਸ਼ਨ ਕਰਨੇ ਜਿਸ ਦੇ ਮੇਲੇ ਨਿਜ ਨੇਤਰ ਅੱਖ ਦੇ, ਲੋਇਣ ਅੰਤਰ ਦਏ ਖੁਲ੍ਹਾਈਆ । ਵਿਛੋੜੇ ਰਹੇ ਨਾ ਵੱਖਰੇ ਵੱਖ ਦੇ, ਮੇਲਾ ਮਿਲਿਆ ਸਹਿਜ ਸੁਭਾਈਆ । ਜਿਸ ਦੀ ਮਹਿਮਾ ਅਵਤਾਰ ਪੈਗ਼ੰਬਰ ਗੁਰੂ ਰਹੇ ਦੱਸਦੇ, ਅੱਖਰ ਅੱਖਰਾਂ ਨਾਲ ਜੁੜਾਈਆ । ਨਾਮ ਕਲਮੇ ਰਹੇ ਰਟਦੇ, ਢੋਲੇ ਗੀਤ ਗੋਬਿੰਦ ਦੇ ਗਾਈਆ । ਉਹ ਖੇਲ ਪਰਮੇਸ਼ਵਰ ਪਤ ਦੇ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਜਨ ਭਗਤੋ ਪਿਆਰੇ ਬਣਿਓ ਨਾ ਕਦੇ ਰੱਤ ਦੇ, ਰਕਤ ਬੂੰਦ ਦਾ ਸਰੀਰ ਕੰਮ ਕਿਸੇ ਨਾ ਆਈਆ । ਵਣਜਾਰੇ ਬਣਿਉ ਬ੍ਰਹਮ ਮਤ ਦੇ, ਬ੍ਰਹਮ ਵਿਦਿਆ ਲੈਣੀ ਅਪਣਾਈਆ । ਜੋ ਆਇਆ ਸੋ ਗਿਆ ਨੱਸ ਕੇ, ਲੋਕਮਾਤ ਰਹਿਣ ਕੋਇ ਨਾ ਪਾਈਆ । ਜਗਤ ਰੈਣ ਵਸੇਰਾ ਕਟ ਕੇ, ਭੱਜਿਆ ਵਾਹੋ ਦਾਹੀਆ । ਜੁਗ ਜੁਗ ਕੋਟਾਂ ਵਿਚੋਂ ਜਨ ਭਗਤ ਸੁਹੇਲਾ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਟੱਪ ਕੇ, ਗਗਨ ਗਗਨੰਤਰ ਪੰਧ ਮੁਕਾਈਆ । ਮਿਲੇ ਜੋਤ ਪ੍ਰਕਾਸ਼ ਵਿਚ ਲਟ ਲਟ ਦੇ, ਜੋ ਪੁੱਠੇ ਲਟਕਣੋ ਲਏ ਬਚਾਈਆ । ਨਾਤੇ ਰਹਿਣ ਨਾ ਕਾਇਆ ਮੱਟ ਦੇ, ਗਗਰੀਆ ਕਾਚੀ ਕੰਮ ਕਿਸੇ ਨਾ ਆਈਆ । ਲਹਿਣੇ ਮੁਕ ਗਏ ਅਨ ਬਟ ਦੇ, ਅਗਨੀ ਤਤ ਨਾ ਕੋਇ ਤਪਾਈਆ । ਲੇਖੇ ਪੂਰੇ ਹੋ ਗਏ ਹਕੀਕਤ ਹੱਕ ਦੇ, ਲਾਸ਼ਰੀਕ ਦਇਆ ਕਮਾਈਆ । ਸਦੀ ਚੌਧਵੀਂ ਪੈਗ਼ੰਬਰ ਸਾਰੇ ਹੱਸਦੇ, ਹੱਸ ਕੇ ਰਹੇ ਸੁਣਾਈਆ । ਬਿਨ ਨਿਸ਼ਾਨਿਉਂ ਤੀਰ ਨਿਸ਼ਾਨੇ ਤਕਦੇ, ਤਦਬੀਰ ਤਕਦੀਰ ਨਾਲ ਟਕਰਾਈਆ । ਉਹਨਾਂ ਹੁਕਮ ਮੰਨਣੇ ਯਕ ਦੇ, ਜੋ ਵਾਹਿਦ ਨੂਰ ਇਲਾਹੀਆ । ਜਨ ਭਗਤਾਂ ਲੇਖੇ ਮੁਕਣੇ ਜਨਮ ਕਰਮ ਲਹਿਣੇ ਪੂਰੇ ਹੋਣੇ ਫੱਕ ਦੇ, ਫ਼ੈਸਲਾ ਇਕੋ ਹੱਕ ਸੁਣਾਈਆ । ਜੇਹੜੇ ਤਨ ਮਿੱਟੀ ਖ਼ਾਕ ਵਿਚ ਦੱਬ ਦੇ, ਅਗਨੀ ਨਾਲ ਜਲਾਈਆ । ਵਣਜਾਰੇ ਬਣ ਗਏ ਅੱਲਾ ਰੱਬ ਦੇ, ਵਾਹਿਗੁਰੂ ਨਾਲ ਰਾਮ ਓਟ ਰਖਾਈਆ । ਅੱਗੇ ਲੇਖੇ ਹੋਣੇ ਸਬਬ ਦੇ, ਸਭ ਦਾ ਭੇਵ ਜਾਣੇ ਬੇਪਰਵਾਹੀਆ । ਜਨ ਭਗਤੋ ਸ਼ਬਦ ਅੱਖਰ ਯਾਦ ਰੱਖਣੇ ਅੱਜ ਦੇ, ਵਿਸਾਖ ਤੀਹ ਦਏ ਗਵਾਹੀਆ । ਭਾਗ ਉਚੇ ਹੋਣ ਉਸ ਯੱਦ ਦੇ, ਜਿਸ ਯਦ ਵਿਚ ਮਿਲੇ ਮਾਣ ਵਡਿਆਈਆ । ਭਗਤ ਭਗਤਾਂ ਨੂੰ ਸਦਾ ਰਹਿੰਦੇ ਸੱਦ ਦੇ, ਸਚਖੰਡ ਬੈਠੇ ਰਾਹ ਤਕਾਈਆ । ਤੁਹਾਡੇ ਨਾਲੋਂ ਵਿਛੋੜੇ ਹੋਏ ਅਲਗ ਦੇ, ਤਨ ਵਜੂਦ

ਸੰਗ ਨਾ ਕੋਇ ਨਿਭਾਈਆ । ਝਗੜੇ ਮੁਕ ਗਏ ਸ਼ਾਹ ਰਗ ਦੇ, ਸ਼ਾਹਰਗ ਦੇ ਉਤੇ ਮਿਲਿਆ ਸ਼ਹਿਨਸ਼ਾਹ ਬੇਪਰਵਾਹੀਆ । ਜਿਸ ਨੂੰ ਕੋਟਨ ਕੋਟ ਕੋਟੀ ਰਹੇ ਲੱਭਦੇ, ਖੋਜਿਆਂ ਹੱਥ ਕਿਸੇ ਨਾ ਆਈਆ । ਉਹ ਭੰਡਾਰੇ ਦੇਵੇ ਖ਼ੁਸ਼ੀ ਵਾਲੀ ਗਦ ਗਦ ਦੇ, ਗਦਾਗਰ ਤੋਂ ਜਿਸ ਨੇ ਘਰ ਵਾਲੇ ਦਿਤੇ ਬਣਾਈਆ । ਕਦੇ ਬਣੇ ਨਾ ਰਿਹੋ ਪਿਆਰੇ ਮਾਸ ਨਾੜੀ ਹੱਡ ਦੇ, ਪਿੰਜਰ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਮਾਲਕ ਇਕ ਇਲਾਹੀਆ । ਸਤਿਗੁਰ ਸ਼ਬਦ ਕਹੇ ਸ਼ਬਦ ਸ਼ਬਦ ਪਿਆਰਾ, ਪ੍ਰੇਮੀ ਪ੍ਰੀਤਮ ਹੋ ਕੇ ਦਿਆਂ ਜਣਾਈਆ । ਗੁਰਬਖ਼ਸ਼ ਸਿੰਘ ਦੀ ਮਾਤਾ ਖ਼ੁਸ਼ੀਆਂ ਨਾਲ ਗਲ ਵਿਚ ਪਾ ਦੇ ਹਾਰਾ, ਬਿਸ਼ਨ ਕੌਰ ਵਿਸ਼ਨ ਬ੍ਰਹਮਾ ਸ਼ਿਵ ਵੇਖਣ ਧਿਆਨ ਲਗਾਈਆ । ਬਿਨਾ ਅੱਖਾਂ ਤੋਂ ਤਕਣ ਤੇਈ ਅਵਤਾਰਾ, ਕੀ ਅਵਤਰ ਆਪਣੀ ਕਾਰ ਕਮਾਈਆ । ਪੈਗ਼ੰਬਰ ਸੱਜਦਿਆਂ ਵਿਚ ਸਾਰੇ ਕਹਿਣ ਵਾਹਵਾ ਪਰਵਰਦਿਗਾਰਾ, ਬੇਪਰਵਾਹ ਤੇਰੀ ਬੇਪਰਵਾਹੀਆ । ਗੁਰ ਦਸ ਕਹਿਣ ਕੀ ਗੋਬਿੰਦ ਗੋਬਿੰਦ ਗੋਬਿੰਦ ਕਮਾਏ ਕਾਰਾ, ਕਰਨੀ ਕਰਤਾ ਆਪਣਾ ਹੁਕਮ ਵਰਤਾਈਆ । ਭਗਤ ਦਵਾਰ ਵਿਚ ਭਗਤਾਂ ਦੀ ਸਦਾ ਰਹੇ ਜੈਕਾਰਾ, ਜੈ ਜੈ ਕਾਰ ਖ਼ਲਕ ਖ਼ੁਦਾਈਆ । ਗੁਰਬਖ਼ਸ਼ ਸਿੰਘ ਦਾ ਖ਼ੁਸ਼ੀਆਂ ਵਿਚ ਕਰਿਉ ਸਸਕਾਰਾ, ਸਿਸਕੀ ਵਿਚ ਹੌਕਾ ਲੈਣ ਕੋਇ ਨਾ ਪਾਈਆ । ਜਿਸ ਦਾ ਲੇਖਾ ਸਦਾ ਰਹੇ ਜੁਗ ਚਾਰਾ, ਜੁਗ ਚੌਕੜੀ ਰਾਹ ਤਕੇ ਚਾਈਂ ਚਾਈਂਆ । ਪੰਜ ਗੁਰਮੁਖ ਉਠ ਕੇ ਪੰਜ ਲਗਾ ਦਿਉ ਜੈਕਾਰਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾ ਜੁਗੰਤ ਨਿਤ ਨਵਿਤ ਜਨ ਭਗਤਾਂ ਕਰੇ ਨਿਰਗੁਣ ਨਿਰਗੁਣ ਹਿਤ, ਸਰਗੁਣ ਸਰੀਰ ਬੇਨਜ਼ੀਰ ਨਜ਼ਰ ਤੋਂ ਉਹਲੇ ਸਭ ਦੇ ਦਏ ਕਰਾਈਆ ।


੧੨੮੯ ੨੨

## ਪਹਿਲੀ ਜੇਠ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ

ਸਤਿਗੁਰ ਸ਼ਬਦ ਕਹੇ ਵਿਸਾਖ ਲੰਘਿਆ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਜਨ ਭਗਤਾਂ ਚੋਲਾ ਰੰਗਿਆ, ਰੰਗਤ ਚਾੜ੍ਹੀ ਅਗੰਮ ਅਥਾਹੀਆ । ਸਚ ਸਿੰਘਾਸਣ ਨਿਮਸਕਾਰ ਕਰ ਪਲੰਘਿਆ, ਬਿਨ ਪਾਵਾ ਚੂਲ ਸੀਸ ਨਿਵਾਈਆ । ਤੇਰਾ ਖੇਲ ਸੂਰੇ ਸਰਬੰਗਿਆ, ਹਰਿ ਕਰਤੇ ਵੇਖ ਵਖਾਈਆ । ਜੋ ਗੋਬਿੰਦ ਦਾਨ ਮੰਗਿਆ, ਦਾਤਾ ਹੋ ਕੇ ਦਿਤਾ ਵਰਤਾਈਆ । ਅੱਗੇ ਲੇਖਾ ਪੂਰਾ ਕਰਨਾ ਭੁੱਖਾ ਨੰਗਿਆ, ਗ਼ਰੀਬ ਗ਼ਰੀਬਾਂ ਹੋਣਾ ਸਹਾਈਆ । ਸਤਿ ਸਰੂਪੀ ਅਸਵ ਤੰਗ ਲੈਣਾ ਕਸਿਆ, ਕਾਸਦ ਦੇਣਾ ਨਾਮ ਦ੍ਰਿੜਾਈਆ । ਕਲਜੁਗ ਕੂੜ ਕੁਕਰਮ ਵੇਖਣਾ ਧੰਦਿਆ, ਧਰਨੀ ਧਰਤ ਧਵਲ ਧੌਲ ਖੋਜ ਖੁਜਾਈਆ । ਗੁਰਮੁਖ ਰਹੇ ਨਾ ਕੋਇ ਨੇਤਰ ਅੰਧਿਆ, ਅੰਧ ਅਗਿਆਨ ਦੇਣਾ ਮਿਟਾਈਆ । ਲੱਖ ਚੁਰਾਸੀ ਵੇਖਣਾ ਮਾਨਸ ਮਾਨੁਖ ਮਾਨਵ ਬੰਦਿਆ, ਬੰਦਗੀ ਬੰਦਨਾ ਖੋਜ ਖੁਜਾਈਆ । ਤੇਰਾ ਖੇਲ ਪ੍ਰਭੂ ਅਚੰਭਿਆ, ਅਚਰਜ ਲੀਲਾ ਦੇਣੀ ਵਰਤਾਈਆ । ਪੈਗ਼ੰਬਰ ਚੁੱਕੀ ਫਿਰਨ ਤੰਬਿਆ, ਤੋਬਾ ਤੇਰਾ ਨਾਮ ਖ਼ਲਕ ਖ਼ੁਦਾਈਆ । ਅਵਤਾਰ ਵੇਖਣ ਖੇਲ ਵਰਭੰਡਿਆ, ਵਰਭੰਡੀ ਧਿਆਨ ਲਗਾਈਆ । ਸਤਿਗੁਰ ਚੜ੍ਹ ਕੇ ਪੌੜੀ ਡੰਡਿਆ, ਡੰਡਾਵਤ ਤਕਣ ਥਾਉਂ ਥਾਈਆ । ਜਗਤ ਜਹਾਨ ਹੋਇਆ ਰੰਡਿਆ, ਆਤਮ ਪਰਮਾਤਮ ਕੰਤ ਸੁਹਾਗ ਨਾ ਕੋਇ ਹੰਢਾਈਆ ।

ਰਸ ਰਿਹਾ ਨਾ ਅੰਮ੍ਰਿਤ ਵੇਲੇ ਸੰਧਿਆ, ਸਿੰਧ ਸਾਗਰ ਰੂਪ ਨਾ ਕੋਇ ਜਣਾਈਆ । ਸਭ ਦਾ ਲੇਖਾ ਹੋਇਆ ਮੰਦਿਆ, ਮੰਦਭਾਗ ਦਿਸੇ ਲੋਕਾਈਆ । ਉਹ ਕਲਜੁਗ ਤਕ ਕੰਢਿਆ, ਕੰਢੀ ਬੈਠਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਈਆ । ਵਿਸਾਖ ਕਹੇ ਮੇਰਾ ਵਕਤ ਗਿਆ ਬੀਤ, ਬੇਪਰਵਾਹ ਦਿਤੀ ਵਡਿਆਈਆ । ਮੈਂ ਤੱਕਿਆ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਧੁਰਦਰਗਾਹੀਆ । ਜੋ ਆਦਿ ਜੁਗਾਦੀ ਬਦਲੇ ਰੀਤ, ਬਦਲਣਹਾਰ ਇਕ ਅਖਵਾਈਆ । ਜਿਸ ਝਗੜਾ ਮਿਟਾਉਣਾ ਮੰਦਰ ਮਸੀਤ, ਕਾਅਬਿਉਂ ਪਰੇ ਕਰੇ ਪੜ੍ਹਾਈਆ । ਲੱਖ ਚੁਰਾਸੀ ਬਦਲ ਦੇਣੀ ਨੀਤ, ਨੀਤੀਵਾਨ ਇਕ ਹੋ ਆਈਆ । ਸਾਚੇ ਨਾਮ ਦੀ ਦੱਸੇ ਹਦੀਸ, ਹਰਿ ਕਰਤਾ ਨੂਰ ਇਲਾਹੀਆ । ਮਾਲਕ ਬਣ ਕੇ ਧੁਰ ਜਗਦੀਸ, ਜਗਦੀਸ਼ਰ ਹੁਕਮ ਵਰਤਾਈਆ । ਇਕੋ ਛਤਰ ਝੁੱਲੇ ਪ੍ਰਭ ਦੇ ਸੀਸ, ਦੂਜਾ ਨਜ਼ਰ ਕੋਇ ਨਾ ਆਈਆ , ਆਤਮ ਪਰਮਾਤਮ ਢੋਲਾ ਗਾਉਣਾ ਸਭ ਨੇ ਗੀਤ, ਗਹਿਰ ਗੰਭੀਰ ਕਰੇ ਪੜ੍ਹਾਈਆ । ਝਗੜਾ ਮਿਟਾ ਕੇ ਹਸਤ ਕੀਟ, ਊਚਾਂ ਨੀਚਾਂ ਰੰਗ ਰੰਗਾਈਆ । ਸ਼ਬਦ ਵਿਚੋਲਾ ਬਣ ਕੇ ਬੀਚ, ਦੂਈ ਦਵੈਤੀ ਡੇਰਾ ਢਾਹੀਆ । ਅਵਤਾਰ ਪੈਗ਼ੰਬਰਾਂ ਗੁਰੂਆਂ ਆਸਾ ਮਨਸਾ ਪੂਰੀ ਕਰ ਉਮੀਦ, ਲੇਖਾ ਸਭ ਦਾ ਝੋਲੀ ਪਾਈਆ । ਅੱਗੇ ਇਕੋ ਨਾਮ ਕਲਮੇ ਦੀ ਕਰ ਤਮਹੀਦ, ਸਿਫ਼ਤ ਸਿਫ਼ਤਾਂ ਵਿਚੋਂ ਸਾਲਾਹੀਆ । ਸ਼ਬਦੀ ਹੁਕਮ ਦੀ ਕਰ ਤਾਕੀਦ, ਤਬੀਅਤ ਸਭ ਦੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ

੧੨੯੦ ਵਰ, ਦਰਗਹ ਸਾਚੀ ਹੁਕਮ ਵਰਤਾਈਆ । ਵਿਸਾਖ ਕਹੇ ਮੇਰਾ ਅੰਤ ਅਖ਼ੀਰ, ਆਖ਼ਰ ਦਿਆਂ ਦ੍ਰਿੜਾਈਆ । ਮੇਰਾ ਮਾਲਕ ਇਕ ਦਸਤਗੀਰ, ੧੨੯੦

ਜੋ ਦਸਤ ਭਗਤਾਂ ਨਾਲ ਮਿਲਾਈਆ । ਜਿਸ ਦੀ ਮੰਜ਼ਲ ਬੇਨਜ਼ੀਰ, ਨਜ਼ਰੀਆ ਸਭ ਦਾ ਦਏ ਬਦਲਾਈਆ । ਜੁਗ ਚੌਕੜੀ ਬਦਲ ਦੇਵੇ ਤਕਦੀਰ,

੨੨ ਤਦਬੀਰ ਆਪਣੀ ਇਕ ਸਮਝਾਈਆ । ਜੋ ਹੋਕਾ ਦੇ ਕੇ ਗਿਆ ਕਬੀਰ, ਕਾਅਬਿਉਂ ਪਰੇ ਸੁਣਾਈਆ । ਸੋ ਖੇਲ ਕਰੇ ਗੁਣੀ ਗਹੀਰ, ਗਹਿਰ ਗਵਰ ਹਰਿ ਰਘੁਰਾਈਆ । ਜਿਸ ਦੀ ਨਜ਼ਰ ਨਾ ਆਏ ਕੋਇ ਤਸਵੀਰ, ਮੁਸੱਵਰ ਤਸੱਵਰ ਨਾ ਕੋਇ ਕਰਾਈਆ । ਉਹ ਬਦਲਣ ਲੱਗਾ ਸਭ ਦੀ ਜ਼ਮੀਰ, ਜ਼ੱਰਾ ਜ਼ੱਰਾ ਖੋਜ ਖੁਜਾਈਆ । ਜਿਸ ਦਾ ਨਾਮ ਖੰਡਾ ਸ਼ਮਸ਼ੀਰ, ਸ਼ਰਅ ਦਾ ਝਗੜਾ ਦਏ ਗਵਾਈਆ । ਇਕੋ ਰੰਗ ਰੰਗਾਏ ਸ਼ਾਹ ਹਕੀਰ, ਹਕੀਕਤ ਆਪਣੀ ਇਕ ਸਮਝਾਈਆ । ਲੇਖਾ ਰਹੇ ਨਾ ਗ਼ਰੀਬ ਅਮੀਰ, ਅਮਰਾਪਦ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਵਿਸਾਖ ਕਹੇ ਉਹ ਤਕੋ ਜੇਠ ਅਗੰਮਾ ਚੜ੍ਹਦਾ, ਆਪਣੀ ਲਏ ਅੰਗੜਾਈਆ । ਜੋ ਤੂੰ ਹੀ ਤੂੰ ਹੀ ਢੋਲਾ ਪੜ੍ਹਦਾ, ਆਤਮ ਪਰਮਾਤਮ ਰਾਗ ਅਲਾਈਆ । ਭੇਵ ਖੁਲ੍ਹਾਏ ਅਗੰਮੀ ਘਰ ਦਾ, ਗ੍ਰਿਹ ਪੜਦਾ ਆਪ ਚੁਕਾਈਆ । ਜਿਥੇ ਖੇਲ ਇਕੋ ਅਗੰਮੀ ਹਰਿ ਦਾ, ਨਰ ਨਰਾਇਣ ਨੂਰ ਇਲਾਹੀਆ । ਨਾ ਜਨਮੇ ਨਾ ਮਰਦਾ, ਮਰ ਜੀਵਤ ਨਾ ਰੂਪ ਬਦਲਾਈਆ । ਦੀਪਕ ਪ੍ਰਕਾਸ਼ ਹੋ ਕੇ ਬਲਦਾ, ਬਲਧਾਰੀ ਇਕ ਅਖਵਾਈਆ । ਜੋ ਮਾਲਕ ਜਲ ਥਲ ਦਾ, ਮਹੀਅਲ ਆਪਣਾ ਹੁਕਮ ਵਰਤਾਈਆ । ਉਸ ਦਾ ਹੁਕਮ ਕਦੇ ਨਾ ਟਲਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਲੱਖ ਚੁਰਾਸੀ ਛਲਦਾ, ਅਛਲ ਛਲਧਾਰੀ ਆਪਣਾ ਭੇਸ ਵਟਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਬਲ ਦਵਾਰੇ ਬਾਵਨ ਬਲ ਦਾ, ਬਲਧਾਰੀ ਬੇਪਰਵਾਹੀਆ । ਉਹ ਖਾਤਾ ਵੇਖੇ ਕਲਜੁਗ

ਕਲ ਦਾ, ਕਲ ਕਲਕੀ ਵੇਸ ਵਟਾਈਆ । ਜੋ ਸਚ ਸਿੰਘਾਸਣ ਆਸਣ ਇਕੋ ਮੱਲਦਾ, ਸੰਬਲ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਜੇਠ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਆਇਆ, ਆਗਮਨ ਵਿਚ ਭਗਤਾਂ ਖ਼ੁਸ਼ੀ ਬਣਾਈਆ । ਲੇਖਾ ਤੋੜਨਾ ਤ੍ਰੈਗੁਣ ਮਾਇਆ, ਤ੍ਰੈਗੁਣ ਅਤੀਤੇ ਨਾਲ ਜਣਾਈਆ । ਭੇਵ ਖੁਲ੍ਹਾਉਣਾ ਜੋ ਸਭ ਦਾ ਦਾਈ ਦਾਇਆ, ਦੀਨ ਦੁਨੀ ਦਾ ਮਾਲਕ ਨੂਰ ਇਲਾਹੀਆ । ਜਿਸ ਦਾ ਭੇਵ ਕਿਸੇ ਨਾ ਪਾਇਆ, ਬੇਅੰਤ ਕਹਿ ਕੇ ਗਏ ਗਾਈਆ । ਸੋ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਇਆ, ਸ਼ਬਦ ਸ਼ਬਦੀ ਡੰਕ ਵਜਾਈਆ । ਜਿਸ ਨੂੰ ਸਿਫ਼ਤਾਂ ਵਿਚ ਚਾਰ ਜੁਗ ਦੇ ਸ਼ਾਸਤਰਾਂ ਗਾਇਆ, ਅੱਖਰਾਂ ਨਾਲ ਕੀਤੀ ਵਡਿਆਈਆ । ਉਹ ਮਾਲਕ ਖ਼ਾਲਕ ਪ੍ਰਿਤਪਾਲਕ ਨੂਰੀ ਨੂਰ ਨੂਰ ਕਰ ਰੁਸ਼ਨਾਇਆ, ਜੋਤੀ ਜੋਤ ਡਗਮਗਾਈਆ । ਉਹ ਲੇਖਾ ਜਾਣੇ ਸ੍ਰਿਸ਼ਟ ਸਬਾਇਆ, ਸ੍ਰਿਸ਼ਟੀ ਦ੍ਰਿਸ਼ਟੀ ਫੋਲ ਫੁਲਾਈਆ । ਝਗੜਾ ਮੇਟੇ ਪੰਜ ਤਤ ਕਾਇਆ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਜਿਸ ਦਾ ਢੋਲਾ ਸੋਹਲਾ ਗੀਤ ਨਿਰਗੁਣ ਸਰਗੁਣ ਸਭ ਨੇ ਗਾਇਆ, ਸੋ ਪੁਰਖ ਪਰਮਾਤਮ ਨਿਰਗੁਣ ਆਤਮ ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਚੜ੍ਹਿਆ ਮਹੀਨਾ ਜੇਠ, ਜੇਠਾ ਵਡ ਵਡਿਆਇਆ । ਜਿਸ ਲੇਖਾ ਵੇਖਣਾ ਜਗਤ ਜਗਿਆਸੂ ਸੇਠ, ਚਾਰੋਂ ਕੁੰਟ ਖੋਜ ਖੁਜਾਇਆ । ਭੰਨ ਵਖਾਉਣੇ ਕੂੜੇ ਰੇਠ, ਕੂੜੀ ਕਿਰਿਆ ਮੇਟ ਮਿਟਾਇਆ । ਹਰਿਜਨ ਜਨ ਭਗਤਾਂ ਕਰਨਾ ਹੇਤ, ਹਿਤਕਾਰੀ ਰੂਪ ਦਰਸਾਈਆ । ਪ੍ਰਭ ਦਰਸ਼ਨ ਕਰਾਏ ਨੇਤਨ ਨੇਤ, ਨਿਜ ਨੇਤਰ ਲੋਚਣ ਨੈਣ ਅੱਖ ਖੁਲ੍ਹਾਇਆ । ਜੋ ਆਸਾ ਰੱਖ ਕੇ ਗਿਆ ਦਸ ਦਸਮੇਸ਼, ਦਹਿ ਦਿਸ਼ਾ ਪਰਦਾ ਦਏ ਚੁਕਾਇਆ । ਨਿਗਹ ਮਾਰਨ ਬ੍ਰਹਮਾ ਵਿਸ਼ਨ ਮਹੇਸ਼, ਗਣਪਤ ਗਣੇਸ਼ ਧਿਆਨ ਲਗਾਇਆ । ਜਿਸ ਨੇ ਕਲਜੁਗ ਵਿਚ ਸਤਿਜੁਗ ਬਦਲ ਦੇਣੀ ਰੇਖ, ਰਿਖੀ ਮੁਨੀ ਸਮਝ ਕੋਇ ਨਾ ਰਾਇਆ । ਭਾਗ ਲਗਾ ਕੇ ਸੰਬਲ ਦੇਸ, ਦੇਸ ਦੇਸ਼ਾਂਤਰਾਂ ਖੋਜ ਖੁਜਾਇਆ । ਜੋ ਮਾਲਕ ਆਦਿ ਅੰਤ ਹਮੇਸ਼, ਹਰਿ ਸਤਿਗੁਰ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਚੜ੍ਹਾਇਆ । ਜੇਠ ਕਹੇ ਮੇਰਾ ਰੰਗ ਮਜੀਠਾ, ਪ੍ਰਭ ਦੇਵੇ ਮਾਣ ਵਡਿਆਈਆ । ਜਨ ਭਗਤੋ ਮਾਲਕ ਮਿਲੇ ਇਕ ਅਨਡੀਠਾ, ਅਨਡਿਠੜੀ ਕਾਰ ਕਮਾਈਆ । ਸਾਢੇ ਤਿੰਨ ਹੱਥ ਤਪਣ ਨਾ ਦੇਵੇ ਅੰਗੀਠਾ, ਅੰਮ੍ਰਿਤ ਮੇਘ ਇਕ ਬਰਸਾਈਆ । ਤਨ ਵਜੂਦ ਕਰੇ ਠਾਂਡਾ ਸੀਤਾ, ਅਗਨੀ ਤਤ ਦਏ ਗਵਾਈਆ । ਅੰਤਰ ਨਿਰੰਤਰ ਬਦਲ ਕੇ ਨੀਤਾ, ਨੀਤੀਵਾਨ ਦਏ ਸਮਝਾਈਆ । ਪਰਮ ਪੁਰਖ ਸਭ ਨੇ ਰੱਖਣਾ ਚੀਤਾ, ਚਿਤ ਵਿਚ ਠਗੌਰੀ ਰਹੇ ਨਾ ਰਾਈਆ । ਆਤਮ ਪਰਮਾਤਮ ਬਖ਼ਸ਼ੇ ਪ੍ਰੀਤਾ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਝਗੜਾ ਮੇਟ ਕੇ ਮੰਦਰ ਮਸੀਤਾ, ਮੰਦਰ ਧੁਰ ਦਾ ਦਏ ਵਖਾਈਆ । ਜਿਥੇ ਮਿਲੇ ਵਡਿਆਈ ਊਚ ਨੀਚਾ, ਜ਼ਾਤ ਪਾਤ ਨਾ ਕੋਇ ਵੰਡ ਵੰਡਾਈਆ । ਮਜ਼੍ਹਬਾਂ ਵਾਲੀਆਂ ਨਾ ਕੋਇ ਹਦੀਸਾ, ਹਜ਼ਰਤਾਂ ਵਾਲੀ ਨਾ ਕੋਇ ਪੜ੍ਹਾਈਆ । ਇਕੋ ਮੇਲ ਜਗਤ ਜਗਦੀਸਾ, ਜੋ ਜਗਦੀਸ਼ਰ ਧੁਰਦਰਗਾਹੀਆ । ਜਿਸ ਨੂੰ ਝੁਕਦੇ ਪੈਗ਼ੰਬਰ ਮੂਸਾ ਈਸਾ, ਮੁਹੰਮਦ ਸਜਦਿਆਂ ਵਿਚ ਸੀਸ ਨਿਵਾਈਆ । ਉਹ ਸਭ ਦੀਆਂ ਬਦਲ ਦੇਵੇ ਨੀਤਾ, ਨੀਤੀਵਾਨ ਦਇਆ ਕਮਾਈਆ । ਲੇਖਾ ਪੂਰਾ ਕਰੇ ਅਠਾਰਾਂ ਧਿਆਏ ਗੀਤਾ, ਗੀਤ ਗੋਬਿੰਦ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

ਧੁਰ ਦਾ ਹਰਿ, ਹਰਿ ਕਰਤਾ ਬੇਪਰਵਾਹੀਆ । ਜੇਠ ਕਹੇ ਮੇਰੀ ਡੰਡਾਵਤ ਅਗੰਮੀ ਬੰਦਨਾ, ਬਿਨ ਬੰਦਗੀ ਸੀਸ ਨਿਵਾਈਆ । ਪ੍ਰਭ ਮਾਲਕ ਇਕ ਬਖ਼ਸ਼ੰਦਨਾ, ਰਹਿਮਤ ਸਚ ਕਮਾਈਆ । ਜਨ ਭਗਤਾਂ ਦੇਵੇ ਅਨੰਦਨਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਜਿਨ ਸਤਿਜੁਗ ਤੂੰ ਮੇਰਾ ਮੈਂ ਤੇਰਾ ਦਿਤਾ ਛੰਦਨਾ, ਆਤਮ ਪਰਮਾਤਮ ਰਾਗ ਦਿਤਾ ਸਮਝਾਈਆ । ਦੂਸਰ ਦਰ ਕਦੇ ਨਾ ਮੰਗਣਾ, ਭਿਖਾਰੀ ਹੋ ਨਾ ਝੋਲੀ ਡਾਹੀਆ । ਜਨ ਭਗਤੇ ਪ੍ਰਭੂ ਚਾੜ੍ਹੇ ਸਦਾ ਸਚ ਦੀ ਰੰਗਣਾ, ਰੰਗਤ ਇਕੋ ਨਾਮ ਰੰਗਾਈਆ । ਤਨ ਵਜੂਦ ਕਦੇ ਨਾ ਹੋਵੇ ਭੰਗਣਾ, ਭਾਂਡਾ ਭਰਮ ਭੌ ਭੰਨਾਈਆ । ਹਰਿਜਨ ਬਣਾ ਕੇ ਧੁਰ ਦੇ ਚੰਦਣਾ, ਚੰਦ ਨੂਰ ਜੋਤ ਕਰੇ ਰੁਸ਼ਨਾਈਆ । ਜਿਥੇ ਧਰਮ ਰਾਏ ਕਦੇ ਨਾ ਦੰਡਣਾ, ਚਿਤ੍ਰਗੁਪਤ ਨਾ ਲੇਖ ਵਖਾਈਆ । ਜੂਨੀਆਂ ਵਿਚ ਕਿਸੇ ਨਾ ਵੰਡਣਾ, ਚੁਰਾਸੀ ਵਿਚ ਨਾ ਕੋਇ ਭਵਾਈਆ । ਇਕ ਦਵਾਰੇ ਵੰਞਣਾ, ਭੱਜਣਾ ਚਾਈਂ ਚਾਈਂਆ । ਮਾਤਾ ਕੁੱਖ ਫੇਰ ਕਦੇ ਨਾ ਜੰਮਣਾ, ਜੋਤੀ ਜੋਤ ਵਿਚ ਮਿਲਾਈਆ । ਲੇਖੇ ਲਾਵੇ ਪਵਣ ਸਵਾਮੀ ਦਮਣਾ, ਦਾਮਨਗੀਰ ਆਪ ਹੋ ਜਾਈਆ । ਆਪੇ ਬਣ ਕੇ ਰਾਮ ਰਮਈਆ

੧੨੯੨ ਰਵਣਾ, ਰਾਮ ਰਾਮ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਜੇਠ ਕਹੇ ਪ੍ਰਭ ਹੁਕਮ ਸੁਣਾਇਆ ਅਗੰਮੀ, ਅਗੰਮ ਦਿਆਂ ਦ੍ਰਿੜਾਈਆ । ਸਤਿਜੁਗ ਧਾਰ ਚਲਾਉਣੀ ਨਵੀਂ, ਨਵ ਸੱਤ ਸਤਿ ਵਡਿਆਈਆ । ਸਭ ਦਾ ਜਾਪ ਬਦਲਣਾ ਦਮੀਂ, ਸਵਾਸ ਸਵਾਸ ਵਿਚੋਂ ਪ੍ਰਗਟਾਈਆ । ਜਗਤ ਦੀ ਹੱਦ ਤੋੜਨੀ ਬੰਨੀ, ਹਿੱਸਾ ਵੰਡ ਨਾ ਕੋਇ ਵੰਡਾਈਆ । ਲੇਖ ਧਾਰ ਪੂਰੀ ਕਰਨੀ ਕੰਨੀ, ਕੰਨਾ ਗੋਬਿੰਦ ਵਾਲਾ ਦਏ ਗਵਾਹੀਆ । ਜਿਸ ਦੀ ਧਾਰ ਕਿਸੇ ਨਾ ਜਣੀ, ਜਣੇਂਦੀ ਬਣੇ ਕੋਇ ਨਾ ਮਾਈਆ । ਉਹ ਸ੍ਰਿਸ਼ਟੀ ਦ੍ਰਿਸ਼ਟੀ ਵੇਖੇ ਅੰਨ੍ਹੀ, ਅੰਧ ਆਤਮ ਖੋਜ ਖੁਜਾਈਆ । ਸਭ ਦੀ ਕਰਮ ਕਾਂਡ ਦੀ ਫੋਲੇ ਕੰਨੀ, ਕਾਇਨਾਤ ਦਾ ਪੜਦਾ ਦਏ ਉਠਾਈਆ । ੧੨੯੨

੨੨ ਗੁਰਮੁਖ ਆਤਮ ਵੇਖੇ ਨੂਰ ਇਲਾਹੀ ਚੰਨੀ, ਜਿਸ ਨੂੰ ਚੰਦਰਮਾ ਸੀਸ ਨਿਵਾਈਆ । ਆਤਮ ਪਰਮਾਤਮ ਨਾਤਾ ਵੇਖੇ ਤਨੀ, ਤਾਮਸ ਤ੍ਰਿਸਨਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਜੇਠ ਕਹੇ ਮੈਂ ਆਇਆ ਨੱਠਾ ਭੱਜਾ, ਭਜਨ ਬੰਦਗੀ ਵੇਖ ਵਖਾਈਆ । ਮੈਂ ਵੇਖਿਆ ਖੱਬਾ ਸੱਜਾ, ਸੱਜਣ ਨਜ਼ਰ ਕੋਇ ਨਾ ਆਈਆ । ਜਗਤ ਜਹਾਨ ਹੱਦਾਂ ਦੇ ਵਿਚ ਬੱਧਾ, ਬੰਧਨ ਸਕੇ ਨਾ ਕੋਇ ਤੁੜਾਈਆ । ਸ਼ਬਦੀ ਧਾਰ ਪੜਦਾ ਕਿਸੇ ਨਾ ਕੱਜਾ, ਕੱਜਲ ਨੈਣ ਰਹੇ ਕੁਰਲਾਈਆ । ਮੈਂ ਘਰ ਘਰ ਅੰਦਰ ਕੀਤੀ ਗਜਾ, ਦਰ ਦਰ ਵੇਖਿਆ ਥਾਂਉਂ ਥਾਈਆ । ਬਹੁੜੀ ਪ੍ਰਭ ਦੀ ਚਲੇ ਕੋਇ ਨਾ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਨਜ਼ਰ ਕਿਸੇ ਨਾ ਆਈਆ । ਦਰੋਹੀ ਸਭ ਦੇ ਸਿਰ ਤੇ ਕੂਕਦੀ ਕਜ਼ਾ, ਲਾੜੀ ਮੌਤ ਲਏ ਅੰਗੜਾਈਆ । ਮੈਨੂੰ ਇਉਂ ਜਾਪਦਾ ਚੜ੍ਹਦੇ ਲਹਿੰਦੇ ਸਭ ਨੇ ਚੱਖਣਾ ਮਜ਼ਾ, ਜੋ ਮਜ਼ਾਕ ਕਰੇ ਖ਼ਲਕ ਖ਼ੁਦਾਈਆ । ਜਿਸ ਦੀ ਸਮਝ ਸਕੇ ਕੋਇ ਨਾ ਵਜਹ, ਵਜੂਹਾਤ ਨਾ ਕੋਇ ਦ੍ਰਿੜਾਈਆ । ਪ੍ਰਭ ਨੇ ਸਭ ਦੀ ਬਦਲ ਦੇਣੀ ਤਬਾ, ਤਬੀਅਤ ਦਾ ਤਬੀਬ ਨਜ਼ਰ ਕੋਇ ਨਾ ਆਈਆ । ਉਮਤ ਨਬੀ ਰਸੂਲ ਕਹਿੰਦੇ ਹਾਏ ਉਫ ਰੱਬਾ, ਰੱਬੀ ਨੂਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਜੇਠ ਕਹੇ ਮੇਰਾ ਧਰਮ ਦਾ ਬਦਲ ਕੇ ਆ ਗਿਆ ਚੱਕਰ, ਚਕਰਵਰਤੀ ਦੇਣੇ ਹਿਲਾਈਆ । ਧਰਮ ਦੀ ਧਾਰ ਵਿਚ ਰਹਿਣ ਦੇਵਾਂ ਕੋਇ ਨਾ ਫੱਕਰ, ਫ਼ਿਕਰਾ ਹੱਕ ਨਾ ਕੋਇ ੨੨

ਸੁਣਾਈਆ । ਈਸਾ ਮੂਸਾ ਮੁਹੰਮਦ ਮੁਹੰਮਦੀਆਂ ਨਾਲ ਲਗਾਉਣੀ ਟੱਕਰ, ਟਾਕਰਾ ਵੇਖਣਾ ਚਾਈਂ ਚਾਈਆ । ਚਾਰ ਯਾਰੀ ਸ਼ਰੀਣੀ ਵੰਡੇ ਗੁੜ ਸ਼ੱਕਰ, ਸ਼ੁਕਰੀਆ ਕਰੇ ਬੇਪ੍ਰਵਾਹੀਆ । ਜਿਸ ਨੇ ਸਦੀ ਚੌਧਵੀਂ ਦਾ ਵਰਕਾ ਪਲਟਣਾ ਪੱਤਰ, ਪਤ੍ਰਿਕਾ ਦਏ ਵਖਾਈਆ । ਜਿਸ ਨੇ ਹਿਲਾਉਣੇ ਪਠਾਣ ਲੱਖ ਸੱਤਰ, ਬਹੱਤਰ ਨਾਲ ਵਡਿਆਈਆ । ਕਿਸੇ ਦਾ ਚਲਣਾ ਨਹੀਂ ਕੋਈ ਯਤਨ, ਯਥਾਰਥ ਆਪਣੀ ਕਾਰ ਕਮਾਈਆ । ਸਾਰੇ ਬੈਠੇ ਕੰਢੀ ਉਤੇ ਪੱਤਨ, ਵੰਝ ਮੁਹਾਣਾ ਦਿਸ ਕੋਇ ਨਾ ਪਾਈਆ । ਪੁਰਖ ਅਕਾਲਾ ਦੀਨ ਦਿਆਲਾ ਸਦੀ ਚੌਧਵੀਂ ਸਭ ਨੂੰ ਆਵੇ ਮਥਣ, ਨਾਮ ਮਧਾਣਾ ਕੰਧ ਉਠਾਈਆ । ਕਲਜੁਗ ਦੀ ਅੰਤਮ ਕਹਾਣੀ ਕਥਾ ਆਪੇ ਆਵੇ ਕਥਣ, ਸਤਿਗੁਰ ਸ਼ਬਦ ਸ਼ਬਦ ਕਰੇ ਸ਼ਨਵਾਈਆ । ਲੇਖਾ ਜਾਣੇ ਗੋਬਿੰਦ ਧਾਰ ਪਟਨੇ ਵਾਲਾ ਪਾਟਨ, ਪਤਿਪਰਮੇਸ਼ਵਰ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਜੇਠ ਕਹੇ ਅਵਤਾਰ ਪੈਗ਼ੰਬਰ ਗੁਰੂ ਕਰੋ ਛੇਤੀ, ਛਤਰਧਾਰੀ ਨਾਲ ਮਿਲਾਈਆ । ਉਹ ਵੇਖੋ ਪੁਰਖ ਅਕਾਲਾ ਸਭ ਦਾ ਬਣਿਆ ਇਕੋ ਭੇਤੀ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਜਿਸ ਨੇ ਮਜ਼੍ਹਬਾਂ ਵਾਲੀ ਦਾਤ ਤੁਹਾਡੇ ਜਰੀਏ ਮਾਤ ਵੇਚੀ, ਬੋਲੀ ਪੰਜ ਤਤ ਕਰਾਈਆ । ਉਸ ਨੇ ਅੰਤਮ ਜੋਤ ਪ੍ਰਗਟਾਈ ਉਚੇਚੀ, ਉਚ ਅਗੰਮ ਅਥਾਹ ਆਪਣਾ ਹੁਕਮ ਵਰਤਾਈਆ । ਸਭ ਨੂੰ ਪਾਵਣ ਵਾਲਾ ਪੇਚੀ, ਪੇਚੀਦਾ ਆਪਣੀ ਕਾਰ ਕਮਾਈਆ । ਉਹ ਵੇਖੋ ਜੋਤ ਨਿਰਾਲੀ ਨੂਰ ਨੁਰਾਨੀ ਭੇਖੀ, ਭੇਖਧਾਰੀ ਬਣਿਆ ਧੁਰ ਦਾ ਮਾਹੀਆ । ਜਿਸ ਦਾ ਅਵੱਲੜਾ ਇਕੋ ਵੇਸੀ, ਵੇਸ
੧੨੯੩ ਅਵੱਲੜਾ ਰਿਹਾ ਦ੍ਰਿੜਾਈਆ । ਜਿਸ ਨੂੰ ਕਹਿੰਦੇ ਜਗਤ ਜਗਤ ਪ੍ਰਦੇਸੀ, ਜੁਗ ਚੌਕੜੀ ਖੇਲ ਖਿਲਾਈਆ । ਉਸ ਨੇ ਸਭ ਦੀ ਮੇਟਣੀ ਸ਼ੇਖ਼ੀ, ਮੁੱਲਾਂ ੧੨੯੩
੨੨ ਸ਼ੇਖ਼ ਮੁਸਾਇਕ ਰਹਿਣ ਕੋਇ ਨਾ ਪਾਈਆ । ਜਿਸ ਦੀ ਖ਼ਾਤਰ ਗੋਬਿੰਦ ਦੁਲਾਰੇ ਕੀਤੇ ਭੇਟੀ, ਭੇਟਾ ਗਿਆ ਚੜ੍ਹਾਈਆ । ਮਾਛੂਵਾੜੇ ਦੀ ਸੇਜ ੨੨
ਗਿਆ ਲੇਟੀ, ਸੱਥਰ ਯਾਰੜਾ ਗਿਆ ਹੰਢਾਈਆ । ਉਹ ਖੇਲ ਕਰੇ ਏਕੰਕਾਰ ਏਕੀ, ਇਕ ਇਕੱਲਾ ਕਾਰ ਕਮਾਈਆ । ਜਨ ਭਗਤਾਂ ਬਖ਼ਸ਼ ਕੇ ਧੁਰ ਦੀ ਟੇਕੀ, ਟਿੱਕੇ ਮਸਤਕ ਨਾਮ ਰਮਾਈਆ । ਦੀਨ ਮਜ਼੍ਹਬ ਸਭ ਦੀ ਪੂਰੀ ਕਰੇ ਠੇਕੀ, ਠੇਕਾ ਪਿਛਲਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਜੇਠ ਕਹੇ ਮੇਰਾ ਸਾਹਿਬ ਰੰਗ ਰੰਗੀਲਾ, ਰੰਗ ਰਤੜਾ ਬੇਪਰਵਾਹੀਆ । ਜੋ ਭਗਤਾਂ ਬਣੇ ਵਸੀਲਾ, ਵਸਲ ਦੇਵੇ ਨੂਰ ਇਲਾਹੀਆ । ਸਤਿ ਸਚ ਬਣਾ ਕਬੀਲਾ, ਕਿਬਲੇ ਅਜ਼ ਖੋਜ ਖੁਜਾਈਆ । ਜਿਸ ਨੇ ਬਦਲ ਦੇਣੀ ਤਾਲੀਮਾ, ਗੁਰ ਅਵਤਾਰ ਪੈਗ਼ੰਬਰ ਤੁਲਬੇ ਦੇਣੇ ਪੜ੍ਹਾਈਆ । ਹੁਕਮ ਦੱਸ ਕੇ ਇਕ ਅਜ਼ੀਮਾ, ਆਲੀਜ਼ਾਹ ਕਰੇ ਸ਼ਨਵਾਈਆ । ਰੀਤੀ ਰਹਿਣ ਨਹੀਂ ਦੇਣੀ ਕੋਈ ਕਦੀਮਾ, ਕਦੀਮ ਦਾ ਮਾਲਕ ਇਕੋ ਹੁਕਮ ਵਰਤਾਈਆ । ਜਨ ਭਗਤ ਕੋਈ ਫਿਰਨ ਨਹੀਂ ਦੇਣਾ ਵਾਂਗ ਯਤੀਮਾਂ, ਸਿਰ ਆਪਣਾ ਹੱਥ ਟਿਕਾਈਆ । ਸਦੀ ਚੌਧਵੀਂ ਅੰਤ ਅੰਤ ਕਰ ਦੇਣੀ ਤਰਮੀਮਾ, ਹੁਕਮ ਹੁਕਮ ਵਿਚੋਂ ਸੁਣਾਈਆ । ਹਰਿਜਨ ਰਹੇ ਨਾ ਕੋਇ ਗ਼ਮਗੀਨਾ, ਗ਼ਮਖਾਰ ਹੋ ਕੇ ਵੇਖ ਵਖਾਈਆ । ਗੁਰਮੁਖ ਰਹੇ ਨਾ ਕੋਇ ਕਮੀਨਾ, ਕੋਝੇ ਕਮਲੇ ਗਲੇ ਲਗਾਈਆ । ਇਕੋ ਮਾਣ ਦੇਵੇ ਸ੍ਰੀ ਭਗਵਾਨ ਨਰ ਮਦੀਨਾ, ਇਸਤਰੀ ਪੁਰਸ਼ ਵੰਡ ਨਾ ਕੋਇ ਵੰਡਾਈਆ । ਜ਼ਰਾ ਖੇਲ ਤੱਕਿਓ ਉਤੇ ਜ਼ਮੀਨਾ, ਸ਼ਰਅ ਸ਼ਰਅ ਨਾਲ ਟਕਰਾਈਆ । ਸਭ ਦਾ ਹੱਕ ਹਕੂਕ ਜਾਣਾ ਛੀਨਾ, ਮਾਲਕ ਨਜ਼ਰ ਕੋਇ ਨਾ ਆਈਆ । ਕੋਟਾਂ ਵਿਚੋਂ ਹਰਿਜਨ ਹੋਏ ਵਿਰਲਾ ਨਗ਼ੀਨਾ, ਜੋ ਨਾਗਰਿਕ ਦਿਸੇ ਧੁਰਦਰਗਾਹੀਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਜੇਠ ਕਹੇ ਮੇਰੀ ਦੂਰ ਦੂਰ ਡੰਡਾਵਤ, ਬੰਦਨ ਬੰਦਨਾ ਸੀਸ ਨਿਵਾਈਆ । ਮੇਰਾ ਸਾਹਿਬ ਸਹੀ ਸਲਾਮਤ, ਸਾਹਿਬ ਇਕ ਅਖਵਾਈਆ । ਜਿਸ ਦਾ ਕਲਮਾ ਨਾਮ ਨਿਆਮਤ, ਦੇਵੇ ਮਾਣ ਵਡਿਆਈਆ । ਰੂਹ ਬੁਤ ਜਿਸ ਦੀ ਅਮਾਨਤ, ਅਮਲਾਂ ਤੋਂ ਰਹਿਤ ਦਏ ਕਰਾਈਆ । ਸ਼ਬਦੀ ਧਾਰ ਦੇ ਜ਼ਮਾਨਤ, ਜਗਤ ਜਹਾਨ ਹੋਏ ਸਹਾਈਆ । ਮੁਹੰਮਦ ਕੂਕ ਪੁਕਾਰੇ ਬਹੁੜੀ ਸਦੀ ਚੌਧਵੀਂ ਅੰਤ ਅੰਤ ਆਉਣੀ ਕਿਆਮਤ, ਕਿਆਮਗਾਹ ਨਜ਼ਰ ਕੋਇ ਨਾ ਆਈਆ । ਨਬੀ ਨਬੀਆਂ ਨਾਲ ਕਰਨੀ ਬਗ਼ਾਵਤ, ਰਸੂਲ ਰਸੂਲਾਂ ਨਾਲ ਟਕਰਾਈਆ । ਰਹਿਮਤ ਦੀ ਕਰੇ ਨਾ ਕੋਇ ਸਖ਼ਾਵਤ, ਵਸਤ ਸਤਿ ਨਾ ਕੋਇ ਵਰਤਾਈਆ । ਮੈਨੂੰ ਇਉਂ ਦਿਸਦਾ ਮੇਰੇ ਪਰਵਰਦਿਗਾਰ ਸਾਂਝੇ ਯਾਰ ਅੰਤ ਮੇਰੀ ਉਹਨੂੰ ਇਕੋ ਵਾਰ ਦੇਣੀ ਦਾਅਵਤ, ਦਾਅਵੇਦਾਰ ਰਹਿਣ ਕੋਇ ਨਾ ਪਾਈਆ । ਮੇਰਾ ਕਲਮਾ ਦੇ ਨਾ ਸਕੇ ਜ਼ਮਾਨਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਜੇਠ ਕਹੇ ਉਠ ਸੱਤ ਰੰਗੇ ਮਾਰ ਲੈ ਝਾਕੀ, ਸੋਹਣਿਆਂ ਲੈ ਅੰਗੜਾਈਆ । ਚੌਦਾਂ ਤਬਕਾਂ ਭੰਨ ਦੇ ਤਾਕੀ, ਤਾਕਤਵਰ ਨਜ਼ਰ ਕੋਇ ਨਾ ਆਈਆ । ਜਗਤ ਵੇਖ ਲੈ ਬੰਦੇ ਖ਼ਾਕੀ, ਖ਼ਾਲਸ ਰੂਪ ਨਾ ਕੋਇ ਦਰਸਾਈਆ । ਸਭ ਦਾ ਮਨੂਆ ਹੋਇਆ ਆਕੀ, ਅਕਲ ਬੁੱਧੀ ਨਾ ਕੋਇ ਚਤੁਰਾਈਆ । ਪ੍ਰਭ ਦੀ ਮੰਜ਼ਲ ਚੜ੍ਹੇ ਕੋਇ ਨਾ ਘਾਟੀ, ਘਾਟਾ ਦਿਸੇ ਥਾਂਉਂ ਥਾਈਂਆ । ਨੀਰ ਵੇਖ ਲੈ ਤੀਰਥ ਅੱਠ ਸਾਠੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਈਆ । ਮੰਦਰ ਮਸਜਿਦ ਸ਼ਿਵਦਵਾਲੇ ਤਕ ਲੈ ਮਾਠੀ, ਗੁਰੂ ਦਵਾਰੇ ਅੱਖ ਖੁਲ੍ਹਾਈਆ । ਸਾਫ਼ ਦਿਸੇ ਨਾ ਕਾਇਆ ਪੰਜ ਤਤ ਪਵਿੱਤਰ ਮਾਟੀ, ਕੂੜੀ ਕਿਰਿਆ ਨਾ ਕੋਇ ਗਵਾਈਆ । ਨੌ ਖੰਡ ਧਰਮ ਦੀ ਰਹੀ ਕੋਈ ਨਾ ਹਾਟੀ, ਹਟਵਾਣਾ ਹੱਟ ਨਾ ਕੋਇ ਚਲਾਈਆ । ਝਗੜਾ ਪੈ ਗਿਆ ਜ਼ਾਤ ਪਾਤੀ, ਆਤਮ ਬ੍ਰਹਮ ਨਾ ਕੋਇ ਸਮਝਾਈਆ । ਸਭ ਨੂੰ ਭੁੱਲਿਆ ਕਮਲਾਪਾਤੀ, ਗ੍ਰੰਥਾਂ ਉਤੇ ਬੈਠੇ ਇਸ਼ਟ ਬਣਾਈਆ । ਸਤਿਗੁਰ ਸ਼ਬਦ ਬਣਾਵੇ ਕੋਇ ਨਾ ਸਾਕੀ, ਜਾਮ ਪਿਆਲਾ ਧੁਰ ਮੁਖ ਨਾ ਕੋਇ ਚੁਆਈਆ । ਆਤਮ ਪਰਮਾਤਮ ਜੁੜਿਆ ਕਿਸੇ ਨਾ ਨਾਤੀ, ਨਾਤਵਾਂ ਹੋਈ ਲੋਕਾਈਆ । ਪ੍ਰਭ ਦਾ ਖੇਲ ਤਕਣਾ ਇਤਫ਼ਾਕੀ, ਇਤਫਾਕੀਆ ਆਪਣਾ ਹੁਕਮ ਵਰਤਾਈਆ । ਸ਼ਬਦ ਖੰਡਾ ਬ੍ਰਹਿਮੰਡਾਂ ਇਕੋ ਵਖਾਵੇ ਲਾਠੀ, ਭੈ ਭੌ ਵਿਚ ਦ੍ਰਿੜਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰ ਦੇ ਅਸਵ ਮਾਰੇ ਪਲਾਕੀ, ਸੋਲਾਂ ਕਲੀਆਂ ਆਸਣ ਇਕ ਸੁਹਾਈਆ । ਜਿਸ ਦੀ ਕ੍ਰਿਸ਼ਨ ਲਿਖ ਕੇ ਗਿਆ ਪਾਤੀ, ਪਤਰਕਾ ਇਕ ਦ੍ਰਿੜਾਈਆ । ਸੋ ਖੇਲ ਕਰੇ ਪੁਰਖ ਅਬਿਨਾਸ਼ੀ, ਹਰਿ ਕਰਤਾ ਅਗੰਮ ਅਥਾਹੀਆ । ਚਾਰੋਂ ਕੁੰਟ ਹੋਣੀ ਅੰਧੇਰੀ ਰਾਤੀ, ਰੁਤੜੀ ਜਗਤ ਨਾ ਕੋਇ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਡੰਡਾ ਕਹੇ ਮੈਂ ਸੋ ਪੁਰਖ ਨਿਰੰਜਣ ਬਣਾਇਆ ਮੀਤਾ, ਮਿਤਰ ਬੇਪਰਵਾਹੀਆ । ਹਰਿ ਪੁਰਖ ਨਿਰੰਜਣ ਜਾਇਆ ਇਕ ਅਤੀਤਾ, ਤ੍ਰੈਗੁਣ ਤੋਂ ਬਾਹਰ ਸੋਭਾ ਪਾਈਆ । ਏਕੰਕਾਰ ਤੱਕਿਆ ਅਨਡੀਠਾ, ਅਨਡਿਠੜੀ ਕਾਰ ਕਮਾਈਆ । ਆਦਿ ਨਿਰੰਜਣ ਵੇਖਿਆ ਠਾਂਡਾ ਸੀਤਾ, ਸਾਂਤਕ ਸਤਿ ਰਿਹਾ ਵਰਤਾਈਆ । ਅਬਿਨਾਸ਼ੀ ਕਰਤਾ ਤੱਕਿਆ ਜਿਸ ਦੀ ਵੱਖਰੀ ਰੀਤਾ, ਰੀਤੀਵਾਨ ਇਕ ਹੋ ਆਈਆ । ਸ੍ਰੀ ਭਗਵਾਨ ਤੱਕਿਆ ਜੋ ਆਦਿ ਜੁਗਾਦੀ ਮੀਤਾ, ਮਿੱਤਰ ਪਿਆਰਾ ਧੁਰਦਰਗਾਹੀਆ । ਪਾਰਬ੍ਰਹਮ ਤੱਕਿਆ ਜੋ ਸਚ ਦਵਾਰ ਵਸਨੀਕਾ, ਦਰਗਹ ਸਾਚੀ

ਸੋਭਾ ਪਾਈਆ । ਸਤਿਗੁਰ ਸ਼ਬਦ ਤੱਕਿਆ ਜਿਸ ਨੇ ਜੁਗ ਜੁਗ ਬਦਲਾਈ ਰੀਤਾ, ਸਤਿਜੁਗ ਤ੍ਰੇਤਾ ਦੁਆਪਰ ਪਿਛਲਾ ਪੰਧ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਤੱਕਿਆ ਜੋ ਗਾਉਣ ਪ੍ਰਭੂ ਦੇ ਗੀਤਾ, ਸੰਸਾਰੀ ਭੰਡਾਰੀ ਸੰਘਾਰੀ ਆਪਣੀ ਸੇਵ ਕਮਾਈਆ । ਜਾਂ ਕਲਜੁਗ ਧਾਰ ਦੀ ਆਸਾ ਤਕੀ ਲੱਖ ਚੁਰਾਸੀ ਅੰਦਰੋਂ ਮਾਰੇ ਚੀਕਾਂ, ਸਾਂਤਕ ਸਤਿ ਨਜ਼ਰ ਕੋਇ ਨਾ ਆਈਆ । ਭੇਵ ਜਾਣੇ ਕੋਇ ਨਾ ਜੀਵ ਜੀ ਕਾ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਜਿਸ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਦੀਆਂ ਕਰਦੇ ਗਏ ਉਡੀਕਾ, ਅਵਤਾਰ ਪੈਗ਼ੰਬਰ ਗੁਰੂ ਭਵਿਖਤਾਂ ਵਿਚ ਆਏ ਰਖਾਈਆ । ਸੋ ਸਭ ਦੀਆਂ ਪੇਸ਼ੀਨਗੋਈਆਂ ਦੀਆਂ ਕਰੇ ਤਸਦੀਕਾਂ, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ । ਪਿਛਲੀਆਂ ਕੀਤੀਆਂ ਉਤੇ ਮਾਰ ਕੇ ਲੀਕਾਂ, ਲਾਈਨ ਅਗਲੀ ਦਏ ਵਖਾਈਆ । ਨੇਰਨ ਨੇਰਾ ਆਪ ਦਿਸੇ ਨਜ਼ਦੀਕਾ, ਦੂਰ ਦੁਰਾਡਾ ਪੰਧ ਮੁਕਾਈਆ । ਜਿਸ ਨੂੰ ਕਿਹਾ ਲਾਸ਼ਰੀਕਾ, ਸ਼ਰਕਤ ਸਭ ਦੀ ਦਏ ਗਵਾਈਆ । ਉਸ ਦੇ ਵਿਚ ਹੱਕ ਦੀ ਇਕ ਤੌਫ਼ੀਕਾ, ਤੋਹਫ਼ਾ ਨਾਮ ਵਾਲਾ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਅਗੰਮ ਅਥਾਹੀਆ । ਜੇਠ ਕਹੇ ਮੈਂ ਫਿਰਨਾ ਚੜ੍ਹਦਾ ਲਹਿੰਦਾ, ਭੱਜਣਾ ਚਾਈਂ ਚਾਈਂਆ । ਈਸਾ ਮੁਹੰਮਦ ਵੇਖਣਾ ਖਹਿੰਦਾ, ਮੂਸਾ ਰੰਗ ਰੰਗਾਈਆ । ਜਗਤ ਜਹਾਨ ਮੰਦਰ ਵੇਖਣਾ ਢਹਿੰਦਾ, ਕੂੜਾ ਗੜ੍ਹ ਰਹਿਣ ਨਾ ਪਾਈਆ । ਅਵਤਾਰ ਗੁਰ ਭਾਣਾ ਵੇਖਣਾ ਸਹਿੰਦਾ, ਸਿਰ ਸਕੇ ਨਾ ਕੋਇ ਉਠਾਈਆ । ਲੱਖ ਚੁਰਾਸੀ ਇਕੋ ਗਾਹ ਵੇਖਣਾ ਗਹਿੰਦਾ, ਕੂੜ ਕਿਰਿਆ ਪੀਸ ਪਿਸਾਈਆ । ਮੁਹੰਮਦ ਉਭੇ ਸਾਹ ਵੇਖਿਆ ਲੈਂਦਾ, ਹਾਏ ਉਫ਼ ਮੇਰੀ ਦੁਹਾਈਆ । ਸਦੀ ਚੌਧਵੀਂ ਕਲਮਾ ਕਲਮੇ ਨਾਲ ਖਹਿੰਦਾ, ਨਬੀ ਰਸੂਲ ਵੇਖਣ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਮਾਲਕ ਇਕ ਅਖਵਾਈਆ । ਧੁਰ ਮਾਲਕ ਇਕ ਅਖਵਾਉਂਦਾ ਏ । ਨੂਰ ਇਲਾਹੀ ਨੂਰ ਚਮਕਾਉਂਦਾ ਏ । ਅੱਲਾ ਅਲਾਹ ਰੂਪ ਦਰਸਾਉਂਦਾ ਏ । ਅਮਾਮ ਅਮਾਮਾ ਵੇਸ ਵਟਾਉਂਦਾ ਏ । ਨਿਰਗੁਣ ਨੂਰ ਜੋਤ ਰੁਸ਼ਨਾਉਂਦਾ ਏ । ਸੋ ਪੁਰਖ ਨਿਰੰਜਣ ਖੇਲ ਖਿਲਾਉਂਦਾ ਏ । ਪਾਰਬ੍ਰਹਮ ਬ੍ਰਹਮ ਸਮਝਾਉਂਦਾ ਏ । ਤਾਰਾ ਚੰਦ ਨੀਰ ਵਹਾਉਂਦਾ ਏ । ਸਦੀ ਚੌਧਵੀਂ ਪੰਧ ਕੌਣ ਮੁਕਾਉਂਦਾ ਏ । ਸਤਿਜੁਗ ਸਚ ਰਾਹ ਤਕਾਉਂਦਾ ਏ । ਕਲਜੁਗ ਆਪਣੀ ਕਲ ਵਰਤਾਉਂਦਾ ਏ । ਦੋਹਾਂ ਖੇਲ ਕਵਣ ਕਰਾਉਂਦਾ ਏ । ਜਗਤ ਜਹਾਨ ਵੇਖ ਵਖਾਉਂਦਾ ਏ । ਬੇਪਹਿਚਾਨ ਵੰਡ ਵੰਡਾਉਂਦਾ ਏ । ਨੌਜਵਾਨ ਹੁਕਮ ਸੁਣਾਉਂਦਾ ਏ । ਸ਼ਰਅ ਸ਼ੈਤਾਨ ਮੇਟ ਮਿਟਾਉਂਦਾ ਏ । ਦੀਨ ਮਜ਼੍ਹਬ ਖੰਡ ਖੰਡ ਕਰਾਉਂਦਾ ਏ । ਆਤਮ ਬ੍ਰਹਮ ਇਕ ਸਮਝਾਉਂਦਾ ਏ । ਚੰਮ ਦ੍ਰਿਸ਼ਟੀ ਇਸ਼ਟੀ ਦੂਰ ਕਰਾਉਂਦਾ ਏ । ਸਮ ਭਾਵਨਾ ਇਕ ਪ੍ਰਗਟਾਉਂਦਾ ਏ । ਖ਼ੁਸ਼ੀ ਗ਼ਮੀ ਦੂਰ ਕਰਾਉਂਦਾ ਏ । ਨਿਰਗੁਣ ਰੁਚੀ ਨਿਰਗੁਣ ਨਾਲ ਜੁੜਾਉਂਦਾ ਏ । ਜਨ ਭਗਤਾਂ ਆਤਮਾ ਕਰ ਕੇ ਸੁੱਚੀ, ਸੁਚ ਸੰਜਮ ਇਕ ਸਮਝਾਉਂਦਾ ਏ । ਭਾਗ ਲਗਾ ਕੇ ਕਾਇਆ ਬੁਤੀ, ਬੁਤਖਾਨੇ ਆਪ ਵਡਿਆਉਂਦਾ ਏ । ਹਰਿਜਨ ਆਤਮਾ ਰਹੇ ਨਾ ਸੁੱਤੀ, ਸੋਈ ਸੁਰਤੀ ਸ਼ਬਦ ਜਗਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਉਂਦਾ ਏ । ਸਚ ਦਾ ਹੁਕਮ ਇਕ ਸੁਣਾਉਂਦਾ ਏ । ਦੀਨ ਦਿਆਲ ਦਇਆ ਕਮਾਉਂਦਾ ਏ । ਭੇਵ ਅਗੰਮੜਾ ਆਪ ਖਲ੍ਹਾਉਂਦਾ ਏ । ਕਲਜੁਗ ਕੂੜੀ ਕਿਰਿਆ ਵੇਖ ਵਖਾਉਂਦਾ ਏ । ਸਤਿਜੁਗ ਸਾਚਾ ਆਪ ਜਗਾਉਂਦਾ ਏ । ਧਰਨੀ

ਧਰਤ ਧਵਲ ਧੌਲ ਸੁਹਾਉਂਦਾ ਏ । ਅਰਸ਼ ਫ਼ਰਸ਼ ਵੇਖ ਵਖਾਉਂਦਾ ਏ । ਬ੍ਰਹਿਮੰਡ ਖੰਡ ਪੜਦਾ ਲਾਹੁੰਦਾ ਏ । ਅੰਡਜ ਜੇਰਜ ਉਤਭੁਜ ਸੇਤਜ ਆਪਣੀ ਕਾਰ ਕਮਾਉਂਦਾ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਦ, ਸੋਹੰ ਸਤਿ ਸਰੂਪ ਸਮਾਉਂਦਾ ਏ । ਆਤਮ ਪਰਮਾਤਮ ਬਖ਼ਸ਼ ਕੇ ਅਨੰਦ, ਅਨੰਦ ਅਨੰਦ ਇਕ ਪ੍ਰਗਟਾਉਂਦਾ ਏ । ਅੰਮ੍ਰਿਤ ਧਾਰ ਵਹਾ ਕੇ ਗੰਗ, ਸਰ ਸਰੋਵਰ ਇਕ ਨੁਹਾਉਂਦਾ ਏ । ਜਨ ਭਗਤਾਂ ਜਗਤ ਦਵਾਰੇ ਨੌਂ ਲੰਘ, ਦਸਮ ਦਵਾਰੀ ਸੋਭਾ ਪਾਉਂਦਾ ਏ । ਜਿਥੇ ਨਾ ਕੋਈ ਸੂਰੀਆ ਨਾ ਕੋਈ ਚੰਦ, ਮੰਡਲ ਨੂਰ ਆਪ ਰੁਸ਼ਨਾਉਂਦਾ ਏ । ਆਤਮ ਸੇਜ ਸੁਹਾ ਪਲੰਘ, ਬਿਨ ਪਾਵਾ ਚੂਲ ਵਡਿਆਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਉਂਦਾ ਏ । ਸਚ ਕਰਨੀ ਕਾਰ ਕਮਾਏਗਾ । ਦੀਨ ਦਿਆਲ ਦਇਆ ਕਮਾਏਗਾ । ਜਨ ਭਗਤ ਹੋ ਰਖਵਾਲ, ਸਿਰ ਆਪਣਾ ਹੱਥ ਟਿਕਾਏਗਾ । ਜਿਨ੍ਹਾਂ ਪੋਹ ਨਾ ਸਕੇ ਕਾਲ, ਮਹਾਂਕਾਲ ਸੀਸ ਨਿਵਾਏਗਾ । ਰਾਏ ਧਰਮ ਪੁਛ ਨਾ ਸਕੇ ਸਵਾਲ, ਚਿਤ੍ਰਗੁਪਤ ਅੱਖ ਨਾ ਕੋਇ ਉਠਾਏਗਾ । ਵਿਸ਼ਨ ਬ੍ਰਹਮਾ ਸ਼ਿਵ ਖ਼ੁਸ਼ੀਆਂ ਵਿਚ ਵਜਾਏ ਤਾਲ, ਤਲਵਾੜਾ ਇਕੋ ਨਾਮ ਦਰਸਾਏਗਾ । ਜਨ ਭਗਤਾਂ ਫਲ ਲਗਾ ਕੇ ਆਤਮ ਡਾਲ, ਫੁਲਵਾੜੀ ਧੁਰ ਦਾ ਨਾਮ ਮਹਿਕਾਏਗਾ । ਬੂਟਾ ਲਾ ਕੇ ਮਾਤਲੋਕ ਵਿਚ ਸਿੰਘ ਪਾਲ, ਪਾਲਣਾ ਕਰ ਕੇ ਆਪ ਵਖਾਏਗਾ । ਜਿਸ ਦਾ ਖੇਲ ਹੋਣਾ ਬ੍ਰਹਿਮੰਡਾਂ ਖੰਡਾਂ ਤੋਂ ਬਾਹਰ ਵਿਸ਼ਾਲ, ਵਿਸ਼ਿਆਂ ਵਾਲੀ ਹੱਦ ਗਵਾਏਗਾ । ਕਲਜੁਗ ਵਿਚ ਸਤਿਜੁਗ ਬਦਲ ਦੇਣੀ ਚਾਲ, ਚਾਰੋਂ ਕੁੰਟ ਹੁਕਮ ਸੁਣਾਏਗਾ । ਗੁਰਮੁਖਾਂ ਤੋੜ ਕੇ ਤ੍ਰੈਗੁਣ ਜੰਜਾਲ, ਜਾਗਰਤ ਜੋਤ ਡਗਮਗਾਏਗਾ । ਰਾਤੀ ਸੁੱਤਿਆਂ ਦਿਨੇ ਜਾਗਦਿਆਂ ਸਦਾ ਕਰੇ ਸੰਭਾਲ, ਸੰਬਲ ਬੈਠਾ ਵੇਖ ਵਖਾਏਗਾ । ਆਪੇ ਪੁਛੇ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਆਪਣੀ ਕਾਰ ਕਮਾਏਗਾ । ਲੇਖਾ ਮੁਕਾ ਕੇ ਸ਼ਾਹ ਕੰਗਾਲ, ਆਅਲਾ ਅਦਨਾ ਇਕੋ ਰੰਗ ਰੰਗਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਏਗਾ । ਵਿਸਾਖ ਕਹੇ ਮੈਂ ਉਸ ਪ੍ਰਭੂ ਨੂੰ ਝੁਕਾਂ, ਜਿਸ ਨੂੰ ਝੁਕ ਝੁਕ ਸਾਰੇ ਸੀਸ ਨਿਵਾਈਆ । ਮੇਰਾ ਸੰਮਤ ਸ਼ਹਿਨਸ਼ਾਹੀ ਸੱਤ ਦਾ ਪੈਂਡਾ ਮੁਕਾ, ਮੁਕੰਮਲ ਦਿਆਂ ਦ੍ਰਿੜਾਈਆ । ਅੱਗੇ ਪ੍ਰਭ ਦਾ ਜੇਠ ਦੁਲਾਰਾ ਉਠਾ, ਉਠ ਕੇ ਲਈ ਅੰਗੜਾਈਆ । ਆਪਣੀਆਂ ਦੋਵੇਂ ਖੋਲ੍ਹ ਕੇ ਮੁੱਠਾਂ, ਪੰਜੇ ਲਏ ਫੈਲਾਈਆ । ਜੇ ਪੁਰਖ ਅਕਾਲੇ ਤੁੱਠਾ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਆਪਣਾ ਭਗਤ ਲੁਕਿਆ ਰਹਿਣ ਨਾ ਦੇਵੀਂ ਕਿਸੇ ਗੁੱਠਾ, ਨੌਂ ਖੰਡ ਪ੍ਰਿਥਮੀ ਵਿਚੋਂ ਲੈਣਾ ਜਗਾਈਆ । ਤੇਰੀ ਧਾਰੋਂ ਰਹੇ ਨਾ ਟੁੱਟਾ, ਟੁੱਟਿਆਂ ਲੈਣਾ ਜੁੜਾਈਆ । ਨਾਤਾ ਪਿਆਰ ਰਹੇ ਨਾ ਛੁਟਾ, ਛੁਟਕੀ ਲਿਵ ਲੈਣੀ ਲਗਾਈਆ । ਕਿਤੇ ਭਗਤਾਂ ਨੂੰ ਫੇਰੀਂ ਨਾ ਵਿਚ ਤ੍ਰੈਕੁਟੀ ਵਾਲੀ ਗੁੱਠਾ, ਈੜਾ ਪਿੰਗਲ ਸੁਖਮਨ ਵਿਚ ਭਵਾਈਆ । ਸਹਿੰਸਰ ਦਲ ਕਵਲ ਲਾਈਂ ਕਦੇ ਨਾ ਰੁਚਾ, ਰਚਨਾ ਆਪਣੀ ਦੇਣੀ ਵਖਾਈਆ । ਜਿਸ ਦਾ ਦਵਾਰਾ ਸਭ ਤੋਂ ਉਚਾ, ਦਸਮ ਦਵਾਰੀ ਪਹਿਲਾ ਕਦਮ ਟਿਕਾਈਆ । ਫੇਰ ਉਜਲ ਕਰ ਕੇ ਮੁਖਾ, ਮਿਹਰਵਾਨ ਹੋਣਾ ਸਹਾਈਆ । ਥਿਰ ਘਰ ਤੇਰੀ ਪੜ੍ਹੇ ਪ੍ਰੇਮ ਦੀ ਤੁਕਾ, ਆਤਮ ਪਰਮਾਤਮ ਰਾਗ ਅਲਾਈਆ । ਫੇਰ ਸਚਖੰਡ ਦਵਾਰੇ ਆਪਣੀ ਗੋਦੀ ਲੈਣਾ ਚੁੱਕਾ, ਬਿਨਾ ਗੋਦ ਤੋਂ ਗੋਦ ਸੁਹਾਈਆ । ਸਦਾ ਸਦਾ ਸਦ ਤੇਰੀ ਧਾਰ ਵਿਚ ਰਹੇ ਸੁੱਤਾ, ਸੋਇਆ ਭਗਤ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਜੇਠ ਮੈਂ ਸਾਚੀ ਦਇਆ ਕਮਾਵਾਂਗਾ ।

ਜਨ ਭਗਤਾਂ ਖੇਲ ਖਿਲਾਵਾਂਗਾ । ਕਾਇਆ ਕਾਚੀ ਵੇਖ ਵਖਾਵਾਂਗਾ । ਅੰਧ ਅੰਧੇਰੀ ਰਾਤ ਮਿਟਾਵਾਂਗਾ । ਸੰਝ ਸਵੇਰ ਇਕ ਵਖਾਵਾਂਗਾ । ਮਿਹਰਵਾਨ ਹੋ ਕੇ ਆਪਣੀ ਮਿਹਰ ਕਮਾਵਾਂਗਾ । ਕਲਜੁਗ ਕੂੜ ਕਿਰਿਆ ਕਰ ਕੇ (ਢੇਰ), ਭਾਂਡਾ ਭਰਮ ਭੌ ਭੰਨਾਵਾਂਗਾ । ਨਾਤਾ ਤੋੜ ਕੇ ਅੰਡਜ ਜੇਰ, ਉਤਭੁਜ ਸੇਤਜ ਵਿਚੋਂ ਬਾਹਰ ਕਢਾਵਾਂਗਾ । ਲੇਖਾ ਰਹੇ ਲੱਖ ਚੁਰਾਸੀ ਨਾ ਗੇੜ, ਗੇੜਾ ਗੇੜੇ ਵਿਚੋਂ ਬਦਲਾਵਾਂਗਾ । ਇਕੋ ਵਾਰ ਸਭ ਦਾ ਲੇਖਾ ਦਏ ਨਿਬੇੜ, ਦੂਜੀ ਵੰਡ ਨਾ ਕੋਇ ਵੰਡਾਵਾਂਗਾ । ਨਾਮ ਦੇ ਚਾੜ੍ਹ ਕੇ ਆਪਣੇ ਬੇੜ, ਬੇੜਾ ਆਪਣੇ ਕੰਧ ਟਿਕਾਵਾਂਗਾ । ਆਪ ਹੋ ਸਤਿਗੁਰ ਸ਼ਬਦ ਦਲੇਰ, ਦੋ ਜਹਾਨਾਂ ਪੰਧ ਮੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਨਜ਼ਰ ਇਕ ਉਠਾਵਾਂਗਾ । ਜੇਠ, ਭਗਤ ਸੁਹੇਲੇ ਦੇਵਾਂ ਤਾਰ, ਤਾਰਨਹਾਰ ਇਕ ਅਖਵਾਈਆ । ਆਤਮ ਪਰਮਾਤਮ ਬਣ ਕੇ ਯਾਰ, ਯਾਰਾਨਾ ਧੁਰ ਦਾ ਦਿਆਂ ਨਿਭਾਈਆ । ਤਤਾਂ ਅੰਦਰ ਦੇ ਅਧਾਰ, ਬਿਨ ਤਤਾਂ ਹੋਵਾਂ ਸਹਾਈਆ । ਖ਼ਾਦਮ ਹੋ ਕੇ ਖ਼ਿਦਮਤਗਾਰ, ਜਨ ਭਗਤਾਂ ਸੇਵ ਕਮਾਈਆ । ਆਤਮ ਬ੍ਰਹਮ ਕਰ ਪਿਆਰ, ਈਸ਼ ਜੀਵ ਰੰਗ ਰੰਗਾਈਆ । ਸਤਿਗੁਰ ਸ਼ਬਦ ਸ਼ਬਦ ਸਤਿਗੁਰ ਹੋ ਕੇ ਪਾਵਾਂ ਸਾਰ, ਮਹਾਂਸਾਰਥੀ ਹੋ ਕੇ ਖੇਲ ਖਿਲਾਈਆ । ਰਥਵਾਹੀ ਬਣ ਕੇ ਅਗੰਮ ਅਪਾਰ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਚੁਰਾਸੀ ਵਿਚੋਂ ਕਢ ਕੇ ਬਾਹਰ, ਗੁਪਤ ਜ਼ਾਹਰ ਆਪਣਾ ਰੰਗ ਰੰਗਾਈਆ । ਇਕੋ ਘਰ ਵਖਾਵਾਂ ਸੱਚਾ ਦਰਬਾਰ, ਦਰਗਹ ਸਾਚੀ ਸੋਭਾ ਪਾਈਆ । ਜਿਥੇ ਝੁਕਦੇ ਪੈਗ਼ੰਬਰ ਗੁਰ ਅਵਤਾਰ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਕਰੋੜ ਤੇਤੀਸਾ ਸੁਰਪਤ ਇੰਦ ਦੂਰੋਂ ਦੂਰੋਂ ਕਰਨ ਨਿਮਸਕਾਰ, ਦੂਰ ਦੁਰਾਡੇ ਤਕਣ ਚਾਈਂ ਚਾਈਂਆ । ਜਨ ਭਗਤ ਸੁਹੇਲੇ ਉਸ ਮੰਜ਼ਲ ਪੁਚਾਵਾਂ ਜਿਥੇ ਨਿਰਗੁਣ ਨੂਰ ਜੋਤ ਉਜਿਆਰ, ਜੋਤੀ ਜੋਤ ਵਿਚ ਮਿਲਾਈਆ । ਉਥੇ ਨਾਦ ਸ਼ਬਦ ਧੁਨ ਸਾਰੇ ਹੋ ਜਾਣ ਭਸਮਾਰ, ਸੁਣਨ ਸੁਣਾਉਣ ਵਾਲਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰਾ ਇਕ ਸੁਹਾਈਆ । ਜੇਠ ਉਹ ਵੇਖ ਪ੍ਰਭ ਦੇ ਸੁਤ ਦੁਲਾਰੇ, ਗੁਰਮੁਖ ਸੋਹਣੇ ਨਜ਼ਰੀ ਆਈਆ । ਜਿਹੜੇ ਰਹਿਣੇ ਨਹੀਂ ਮਾਤ ਕਵਾਰੇ, ਆਤਮ ਪਰਮਾਤਮ ਲੈਣੀ ਪਰਨਾਈਆ । ਜਿਨ੍ਹਾਂ ਨੂੰ ਵਸਾਉਣਾ ਸਚਖੰਡ ਦੇ ਸਚ ਮਹਿਲ ਮੁਨਾਰੇ, ਜਿਥੇ ਇਕੋ ਨੂਰ ਜੋਤ ਰੁਸ਼ਨਾਈਆ । ਸੂਰੀਆ ਚੰਦ ਨਾ ਕੋਇ ਉਜਿਆਰੇ, ਮੰਡਲ ਮੰਡਪ ਨਾ ਡਗਮਗਾਈਆ । ਇਕੋ ਖੇਲ ਸੱਚੀ ਸਰਕਾਰੇ, ਸ਼ਹਿਨਸ਼ਾਹ ਇਕੋ ਸੋਭਾ ਪਾਈਆ । ਜਿਥੇ ਪੜ੍ਹਨੇ ਪੈਣ ਨਾ ਵੇਦ ਚਾਰੇ, ਸ਼ਾਸਤਰ ਸਿਮਰਤ ਅੱਖਰਾਂ ਵਾਲੀ ਨਾ ਕੋਇ ਵਡਿਆਈਆ । ਸੋਭਾਵੰਤ ਸੋਭਾ ਪਾਏ ਏਕੰਕਾਰੇ, ਅਕਲ ਕਲਧਾਰੀ ਨਜ਼ਰੀ ਆਈਆ । ਜਿਸ ਦਾ ਨਿਰਗੁਣ ਜੋਤ ਨੂਰ ਨਿਹਕਲੰਕ ਅਵਤਾਰੇ, ਕਲ ਕਲਕੀ ਬੇਪਰਵਾਹੀਆ । ਉਹ ਵੇਖੇ ਵਿਗਸੇ ਪਾਵੇ ਸਾਰੇ, ਮਹਾਂਸਾਰਥੀ ਆਪ ਹੋ ਆਈਆ । ਉਹ ਤਕੇ ਦਿਵਸ ਆਉਂਦਾ ਸਤਾਰਾਂ ਹਾੜ੍ਹੇ, ਦੋ ਜਹਾਨ ਹਾੜੇ ਕਢਣ ਥਾਉਂ ਥਾਈਂਆ । ਜਿਸ ਨੇ ਅਵਤਾਰ ਪੈਗ਼ੰਬਰ ਗੁਰ ਬਣਾਏ ਜਗਤ ਦੇ ਲਾੜੇ, ਲਾੜੀ ਧਰਮ ਧਾਰ ਪਰਨਾਈਆ । ਉਸ ਨੇ ਚਾਰ ਕੁੰਟ ਵੇਖਣੇ ਅਖਾੜੇ, ਖੰਡਾ ਖੜਗ ਖੜਗ ਖੜਕਾਈਆ । ਖੇਲ ਹੋਣਾ ਅਪਰ ਅਪਾਰੇ, ਅਪਰੰਪਰ ਸਵਾਮੀ ਦਏ ਸਮਝਾਈਆ । ਮੁਹੰਮਦ ਮਸ਼ਵਰਾ ਕਰਨਾ ਨਾਲ ਚਾਰ ਯਾਰੇ, ਚਾਰ ਯਾਰੀ ਮਤਾ ਪਕਾਈਆ । ਫੇਰ ਵੇਖਣੇ ਗੋਬਿੰਦ ਦੇ ਪੰਜ ਪਿਆਰੇ, ਪੰਚਮ ਪੰਚਮ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਜੇਠ ਉਹ ਵੇਖ ਹਾੜ ਮਹੀਨਾ ਕਰ ਕਰ ਆਉਂਦਾ

ਫੁਰਤੀ, ਫੁਰਤੀਲਾ ਰੂਪ ਵਟਾਈਆ । ਸਤਾਰਾਂ ਹਾੜ ਨੂੰ ਜਨ ਭਗਤੋ ਇਕੋ ਕਰਨੀ ਸੁਰਤੀ, ਸੁਰਤ ਪ੍ਰਭ ਦੇ ਚਰਨਾਂ ਵਿਚ ਟਿਕਾਈਆ । ਮਾਝੇ ਵਾਲਿਓ ਤੁਹਾਡੇ ਹੱਥ ਵਿਚ ਫੜਿਆ ਹੋਵੇ ਲੇਖ ਲਿਖ ਕੇ ਤੁਰਕੀ, ਤੁਰਤ ਆਪਣੀ ਕਾਰ ਕਮਾਈਆ । ਦੁਆਬੇ ਵਾਲਿਓ ਆਸ਼ਾ ਲਿਖਣੀ ਤਿੰਨਾਂ ਗੱਤਿਆਂ ਉਤੇ ਮੁਹੰਮਦੀ, ਸਾਢੇ ਤਿੰਨ ਹੱਥ ਲੰਬਾਈਆ । ਮਾਲਵੇ ਵਾਲਿਓ ਲੇਖ ਲਿਖਣਾ ਸ੍ਰਿਸ਼ਟੀ ਜਾਂਦੀ ਰੁੜ੍ਹਦੀ, ਅੱਗੇ ਹੋ ਨਾ ਕੋਇ ਅਟਕਾਈਆ । ਜੰਮੂ ਵਾਲਿਓ ਤੁਸਾਂ ਲੇਖ ਲਿਖਣਾ ਵੇਖੋ ਖੇਲ ਪ੍ਰਭੂ ਚੋਰ ਦੀ, ਜੋ ਚੋਰੀ ਲੱਖ ਚੁਰਾਸੀ ਨਾਲੋਂ ਰਿਹਾ ਕਮਾਈਆ । ਨਾਲ ਇਕ ਸੌ ਇਕ ਹੱਥ ਲੰਬਾਈ ਰੱਖਣੀ ਸੂਤਰ ਦੇ ਡੋਰ ਦੀ, ਇਕ ਜ਼ੀਰੋ ਇਕ ਨਾਲ ਵਡਿਆਈਆ । ਮਾਝੇ ਵਾਲਿਓ ਤੁਸਾਂ ਛਤਰੀ ਬਣਾਉਣੀ ਖੰਭ ਮੋਰ ਦੀ, ਮੋਹਰੇ ਪ੍ਰਭ ਦਾ ਨਾਮ ਲਿਖਾਈਆ । ਦੁਆਬੇ ਵਾਲਿਓ ਤੁਹਾਡੇ ਵਿਚੋਂ ਇੱਕੀ ਗੁਰਮੁਖਾਂ ਦੀ ਧਾਰ ਹੋਣੀ ਦੌੜ ਦੀ, ਭੱਜੇ ਵਾਹੋ ਦਾਹੀਆ । ਮਾਲਵੇ ਵਾਲਿਓ ਤੁਸਾਂ ਸ਼ਕਲ ਬਣਾਉਣੀ ਬ੍ਰਾਹਮਣ ਗੌੜ ਦੀ, ਮਲ ਸਿੰਘ ਦਾ ਰੂਪ ਲੈਣਾ ਬਦਲਾਈਆ । ਜੰਮੂ ਵਾਲਿਓ ਤੁਸਾਂ ਲੇਖ ਲਿਖਣਾ ਇੱਕੀ ਗੁਰਮੁਖਾਂ ਸਾਨੂੰ ਪਿਆਸ ਪ੍ਰਭੂ ਮਿਲਣ ਔੜ ਦੀ, ਓੜਕ ਧਿਆਨ ਲਗਾਈਆ । ਮਾਝੇ ਵਾਲਿਓ ਖੇਲ ਕਰਨੀ ਇੱਕੀ ਗੁਰਸਿਖਾਂ ਘੋੜ ਦੌੜ ਦੀ, ਅਸਵ ਤੰਗਾਂ ਨਾਲ ਕਸਾਈਆ । ਦੁਆਬੇ ਵਾਲਿਓ ਇਕ ਸ਼ਕਲ ਬਣਾਉਣੀ ਜੌਹੜ ਦੀ, ਜਲ ਪਰਾਤ ਵਿਚ ਟਿਕਾਈਆ । ਮਾਲਵੇ ਵਾਲਿਆਂ ਵਸਤ ਵਖਾਉਣੀ ਤੌੜ ਦੀ, ਕਾਲੀਆਂ ਤੌੜੀਆਂ ਇੱਕੀਆਂ ਬੀਬੀਆਂ ਸਿਰ ਟਿਕਾਈਆ । ਜੰਮੂ ਵਾਲਿਓ ਤੁਸਾਂ ਗੱਪ ਲਿਖਣੀ ਫੌਹੜ ਦੀ, ਜ਼ੋਰ ਦੀ ਕਹਿੰਦੇ ਆਉਣਾ ਵੇਖੋ ਖੇਲ ਧੁਰ ਦੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਪ੍ਰਭੂ ਮੇਰਾ ਲੇਖਾ ਕਰਨਾ ਵੱਡਾ, ਵੱਡੇ ਦੇਣੀ ਵਡਿਆਈਆ । ਸਭ ਦੇ ਮਸਤਕ ਤੇਰਾ ਤੀਰ ਨਿਸ਼ਾਨਾ ਹੋਵੇ ਗੱਡਾ, ਗਾਡ ਲਿਖਣਾ ਚਾਈਂ ਚਾਈਆ । ਜੰਮੂ ਵਾਲਿਓ ਪਿਛਲਾ ਭੁੱਲ ਨਹੀਂ ਜਾਣਾ ਖ਼ਾਲੀ ਡੱਬਾ, ਲੈ ਕੇ ਆਉਣਾ ਲਾਲ ਰੰਗ ਰੰਗਾਈਆ । ਮਾਝੇ ਦੁਆਬੇ ਮਾਲਵੇ ਇਕ ਇਕ ਨੇ ਪਲੂ ਹੋਵੇ ਬੱਧਾ, ਤਿੰਨ ਗੁਰਮੁਖ ਲੈਣੇ ਜਗਾਈਆ । ਉਹਨਾਂ ਦੇ ਹੱਥ ਵਿਚ ਫੜਿਆ ਹੋਵੇ ਗਧਾ, ਗਦਾਗਰਾਂ ਦਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਭਗਵਨ ਵਾਲੀ ਲੱਗੀ ਹੋਵੇ ਸਭਾ, ਭਗਵਨ ਹੋ ਕੇ ਭਾਗ ਸਭ ਦੇ ਦੇਣੇ ਜਗਾਈਆ ।



### ✪ ੧੭ ਜੇਠ ਸ਼ਹਿਨਸ਼ਾਹੀ ਸੰਮਤ ੭ ਹਰਜੀਤ ਸਿੰਘ ਦੇ ਪੁੱਤਰ ਨਵਿਤ ਹਰਿ ਭਗਤ ਦਵਾਰ ਜੇਠੂਵਾਲ ✪

ਜੇਠ ਕਹੇ ਮੇਰਾ ਜਗਤ ਮਹੀਨਾ, ਮਾਸ ਧੁਰ ਦਾ ਸੋਭਾ ਪਾਈਆ । ਮੇਰਾ ਖੇਲ ਤਕਦੇ ਵਿਸ਼ਨ ਬ੍ਰਹਮਾ ਸ਼ਿਵ ਤੀਨਾ, ਤ੍ਰੈਲੋਕੀ ਧਾਰ ਧਿਆਨ ਲਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਆਮੀਨਾ, ਪ੍ਰੇਮ ਵਿਚ ਆਪਣਾ ਰਾਗ ਸੁਣਾਈਆ । ਜਨ ਭਗਤਾਂ ਅੰਤਰ ਠਾਂਡਾ ਹੋਵੇ ਸੀਨਾ, ਸੀਤਲ ਅੰਮ੍ਰਿਤ ਧਾਰ ਵਹਾਈਆ । ਸਤਿਗੁਰ ਸ਼ਬਦ ਖੇਲ ਅਗੰਮਾ ਕੀਨਾ, ਕਰਨੀ ਕਰਤੇ ਕਾਰ ਕਮਾਈਆ । ਕਿਰਪਾ ਕੀਤੀ ਉਤੇ ਗੁਰਮੁਖ ਸਿੰਘ ਜੀਣਾ, ਜੋ ਜੀਵਣ ਸਿੰਘ ਤੇਗ ਬਹਾਦਰ ਸੀਸ ਲਿਆ ਉਠਾਈਆ । ਖੇਲ ਵੇਖੇ ਦਾਨਾ ਬੀਨਾ, ਦਾਤਾ ਦਾਨੀ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਜੇਠ ਕਹੇ ਮੇਰਾ ਲਹਿਣਾ ਦੇਣਾ ਬਾਕੀ, ਹਰਿ ਕਰਤਾ ਆਪ ਚੁਕਾਈਆ । ਗੁਰਸਿਖ ਤਨ ਤੋਂ ਤਨ ਮਿਲ ਗਿਆ ਖ਼ਾਕੀ, ਮਾਨਵ ਮਾਨੁਖ ਮਾਨੁਸ਼ ਰੰਗ ਰੰਗਾਈਆ । ਸਤਿਗੁਰ ਸ਼ਬਦ ਬਣ ਗਿਆ ਸਾਥੀ, ਸਗਲਾ ਸੰਗ ਸੰਗ ਨਿਭਾਈਆ । ਪੁਰਖ ਅਕਾਲ ਕਿਰਪਾ ਕਰੇ ਕਮਲਾਪਾਤੀ, ਪਤਿਪਰਮੇਸ਼ਵਰ ਦਇਆ ਕਮਾਈਆ । ਧਰਮ ਦੀ ਧਾਰ ਬਖ਼ਸ਼ੇ ਹਯਾਤੀ, ਜੀਵਣ ਜਗਤ ਜੁਗਤ ਚਤੁਰਾਈਆ । ਮਿਹਰਵਾਨ ਮਿਹਰ ਕਰੇ ਆਪ ਅਬਿਨਾਸ਼ੀ, ਅਬਿਨਾਸ਼ੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਜੇਠ ਕਹੇ ਮੇਰਾ ਲਹਿਣਾ ਦੇਣਾ ਕੋਟਨ ਵਿਚ ਸਹੰਸ, ਗਿਣਤੀ ਗਣਤ ਨਾ ਕੋਇ ਗਿਣਾਈਆ । ਮੇਰਾ ਲੇਖਾ ਨਾਲ ਭਗਤ ਭਗਵੰਤ, ਸਾਚਾ ਸੰਗ ਬਣਾਈਆ । ਹਰਿਜਨ ਤਕਾਂ ਰੂਪ ਹੰਸ, ਗੁਰਮੁਖ ਨਜ਼ਰੀ ਆਈਆ । ਜੀਵਣ ਦਾ ਨਾਂ ਹੋਵੇ ਹਰਬੰਸ, ਹਰਬੰਸ ਸਿੰਘ ਸਿੰਘ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹਾਏ ਆਪਣਾ ਬੰਸ, ਸਰਬੰਸ ਆਪਣਾ ਰੰਗ ਰੰਗਾਈਆ ।



## ੧੯ ਜੇਠ ਸ਼ਹਿਨਸ਼ਾਹੀ ਸੰਮਤ ੭ ਕਪੂਰ ਸਿੰਘ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ

੧੨੯੯ ੨੨

ਜੇਠ ਕਹੇ ਨਾਰਦਾ ਤੂੰ ਕਿਉਂ ਫਿਰੇਂ ਲੁਕਾ, ਲੁਕਮਾ ਵੇਖ ਜਗਤ ਲੋਕਾਈਆ । ਨਾਰਦ ਝਟ ਜੇਬ ਚੋਂ ਕਢ ਕੇ ਰੁੱਕਾ, ਰੁਕਾਵਟ ਬਿਨਾ ਦਿਤਾ ਵਖਾਈਆ । ਮੈਂ ਚਾਰ ਜੁਗ ਕਦੇ ਨਹੀਂ ਸੁੱਤਾ, ਆਲਸ ਨਿੰਦਰਾ ਵਿਚ ਕਦੇ ਨਾ ਆਈਆ । ਮੈਂ ਤਕਣ ਗਿਆ ਚਾਰ ਯਾਰੀ ਦਾ ਗ਼ੁੱਸਾ, ਯਰਾਨਿਆਂ ਵਿਚ ਧਿਆਨ ਲਗਾਈਆ । ਪੈਗ਼ੰਬਰਾਂ ਵੇਖਿਆ ਜੁੱਸਾ, ਜੋ ਜਿਸਮ ਜਗਤ ਅਖਵਾਈਆ । ਮੁਹੰਮਦ ਦੀ ਲਬਾਂ ਵੇਖੀਆਂ ਮੁੱਛਾਂ, ਜੋ ਦੂਨੀ ਦੀਨ ਕਟਾਈਆ । ਹਕੀਕਤ ਦੀ ਧਾਰ ਵੇਖਿਆ ਹੁੱਕਾ, ਹੁਕਮ ਬੇਪਰਵਾਹੀਆ । ਚਾਰੋਂ ਕੁੰਟ ਉਮਤੀ ਪੈਂਡਾ ਮੁਕਾ, ਮੁਕੰਮਲ ਦਿਆਂ ਸੁਣਾਈਆ । ਜਿਸ ਕਾਰਨ ਕਪੂਰ ਦਾ ਬਾਜ਼ੂ ਟੁੱਟਾ, ਟੁੱਟਿਆਂ ਵੇਖ ਵਖਾਈਆ । ਧੁਰ ਦਾ ਤੀਰ ਅਣਿਆਲਾ ਛੁੱਟਾ, ਅੱਗੇ ਹੋ ਨਾ ਕੋਇ ਅਟਕਾਈਆ । ਪ੍ਰਭ ਦਾ ਖੇਲ ਵੇਖਣਾ ਪੁੱਠਾ, ਪੁੱਠੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਜੇਠ ਕਹੇ ਨਾਰਦ ਤੂੰ ਕਿੱਥੇ ਰਿਹੋਂ ਫਿਰਦਾ, ਫਿਰਤ ਫਿਰਤ ਪੰਧ ਮੁਕਾਈਆ । ਨਾਰਦ ਕਹੇ ਮੈਂ ਰਾਹ ਤਕਦਾ ਚਿਰ ਦਾ, ਪੂਰਬ ਧਿਆਨ ਲਗਾਈਆ । ਕਿਸ ਬਿਧ ਖੇਲ ਹੋਵੇ ਮੇਰੇ ਪਿਰ ਦਾ, ਪੀਆ ਪ੍ਰੀਤਮ ਖੇਲ ਖਿਲਾਈਆ । ਹੁਕਮ ਸੰਦੇਸ਼ਾ ਦੇਵੇ ਘਰ ਥਿਰ ਦਾ, ਥਿਰ ਘਰ ਵਾਸੀ ਸੋਭਾ ਪਾਈਆ । ਮੇਰਾ ਹੰਝੂ ਰਿਹਾ ਕਿਰਦਾ, ਨੇਤਰ ਨੈਣਾਂ ਨੀਰ ਵਹਾਈਆ । ਜਗਤ ਗੇੜਾ ਰਿਹਾ ਗਿੜਦਾ, ਗੇੜੇ ਵਿਚ ਲੋਕਾਈਆ । ਹੁਣ ਖੇਲ ਵੇਖਣਾ ਮੁਹੰਮਦ ਮੂਸਾ ਕਿਸ ਤਰਾਂ ਭਿੜਦਾ, ਟੱਕਰ ਉਮਤ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਜੇਠ ਤੂੰ ਕਿਉਂ ਰਿਹਾ ਤਪਦਾ, ਤਪਸ਼ ਰਹੀ ਜਲਾਈਆ । ਕਿਉਂ ਨਹੀਂ

ਇਕ ਇਕ ਦਾ ਨਾਮ ਜਪਦਾ, ਜਪ ਕੇ ਦੇ ਸੁਣਾਈਆ । ਕਿਉਂ ਸੰਸਾਰ ਵਿਖ ਰੂਪ ਹੋਇਆ ਸੱਪ ਦਾ, ਮਾਇਆ ਡੱਸਣੀ ਡੱਸੇ ਥਾਉਂ ਥਾਈਆ । ਕਿਉਂ ਬੇੜਾ ਭਰਿਆ ਪਪ ਦਾ, ਪਤਿਤ ਪੁਨੀਤ ਨਾ ਕੋਇ ਬਣਾਈਆ । ਕਿਉਂ ਮਾਣ ਗਿਆ ਸਤਿ ਦਾ, ਸਤਿ ਸਤਿ ਨਾ ਕੋਇ ਰਖਾਈਆ । ਕਿਉਂ ਸੰਤੋਖ ਗਿਆ ਧੀਰਜ ਜਤ ਦਾ, ਜਟਾ ਜੂਟ ਰਹੇ ਕੁਰਲਾਈਆ । ਕਿਉਂ ਸੰਸਾਰ ਵਣਜਾਰਾ ਹੋਇਆ ਕੂੜ ਹੱਟ ਦਾ, ਕੂੜੀ ਕਿਰਿਆ ਵਣਜ ਵਖਾਈਆ । ਤੈਨੂੰ ਪਤਾ ਨਹੀਂ ਤੇਰੇ ਵਿਚ ਰੂਪ ਧਰਿਆ ਪ੍ਰਭ ਜੱਟ ਦਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜੋ ਪਿਛਲੇ ਲੇਖੇ ਕਟਦਾ, ਕਟਾਕਸ਼ ਅਗਲਾ ਨਾਮ ਰਖਾਈਆ । ਝਗੜਾ ਮਿਟੇ ਦਵੈਤੀ ਫੱਟ ਦਾ, ਫੱਟਿਆਂ ਉਤੇ ਸਰਬ ਲਿਟਾਈਆ । ਪ੍ਰਕਾਸ਼ ਕਰੇ ਲਟ ਲਟ ਦਾ, ਨੂਰ ਨੁਰਾਨਾ ਨੂਰ ਇਲਾਹੀਆ । ਮਾਲਕ ਹੋ ਕੇ ਘਟ ਘਟ ਦਾ, ਵੇਖ ਵਖਾਣੇ ਥਾਉਂ ਥਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਜੇਠ ਕਹੇ ਨਾਰਦ ਮੈਂ ਸਚ ਦੱਸਾਂ ਆਜ, ਸਹਿਜ ਨਾਲ ਸੁਣਾਈਆ । ਭਗਤ ਭਗਵਾਨ ਦਾ ਧਰਮ ਚਲੇ ਸਮਾਜ, ਭਗਤ ਭਗਤ ਨਾਲ ਮਿਲ ਕੇ ਵੱਜੇ ਵਧਾਈਆ । ਇਸਤਰੀ ਪੁਰਸ਼ ਦਾ ਜੋ ਸਾਜਣ ਦਿਤਾ ਸਾਜ, ਜੋੜੀ ਜਗਤ ਜਹਾਨ ਜਣਾਈਆ । ਜਿਸ ਕਾਰਨ ਕਪੂਰ ਨੇ ਮਾਰ ਮਾਰੀ ਰਾਜ, ਰਾਜ ਰਾਜਾਨ ਵੇਖ ਵਖਾਈਆ । ਇਹ ਲਹਿਣਾ ਦੇਣਾ ਗੋਬਿੰਦ ਬਾਜ਼, ਬਾਜ਼ਾਂ ਵਾਲਾ ਹੋਏ ਸਹਾਈਆ । ਪ੍ਰੇਮ ਦੀ ਪ੍ਰੇਮ ਵਿਚ ਮਾਰੀ ਆਵਾਜ਼, ਆਹ ਆਹ ਵਿਚੋਂ ਪਰਗਟਾਈਆ । ਸਚ ਸਵਾਮੀ ਦਿਤੀ ਦਾਦ, ਦਇਆਵਾਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਜੇਠ ਕਹੇ ਮੈਂ ਦੱਸਾਂ ਸੱਚੀ ਬਾਤ, ਸਹਿਜ ਨਾਲ ਸੁਣਾਈਆ । ਭਗਤ ਭਗਤ ਦਾ ਜੁੜੇ ਨਾਤ, ਨਾਰ ਕੰਤ ਸੋਭਾ ਪਾਈਆ । ਇਕ ਦੂਜੇ ਦਾ ਦੇਣ ਸੱਚਾ ਸਾਥ, ਸਗਲਾ ਸੰਗ ਰਖਾਈਆ । ਸਤਿ ਧਰਮ ਦੀ ਸਤਿਜੁਗ ਚਲੇ ਗਾਥ, ਗਹਿਰ ਗੰਭੀਰ ਆਪ ਪਰਗਟਾਈਆ । ਧਰਮ ਦੀ ਧਾਰ ਇਕ ਦੂਜੇ ਨਾਲ ਦੇਣ ਆਖ, ਗ਼ੁੱਸਾ ਗਿਲਾ ਨਾ ਕੋਇ ਰਖਾਈਆ । ਗੁਰਮੁਖ ਗੁਰਸਿਖ ਕਦੇ ਨਾ ਹੋਏ ਕੋਇ ਗੁਸਤਾਖ਼, ਗਿਲਾ ਜਾਣੇ ਨਾ ਕੋਇ ਰਖਾਈਆ । ਇਹ ਰਾਮ ਸੀਤਾ ਦਾ ਵਾਕ, ਜੋ ਬਨ ਵਿਚ ਗਏ ਸੁਣਾਈਆ । ਇਹ ਕ੍ਰਿਸ਼ਨ ਦੀ ਸੁਹੰਜਣੀ ਰਾਤ, ਜੋ ਰਾਧਾ ਦਿਤਾ ਜਣਾਈਆ । ਹੁਕਮ ਸੰਦੇਸ਼ਾ ਦੇ ਕੇ ਸਾਖਿਆਤ, ਸਤਿ ਸਤਿ ਪਰਗਟਾਈਆ । ਜਿਸ ਵੇਲੇ ਕਲਜੁਗ ਅੰਤ ਆਵੇ ਪੁਰਖ ਅਬਿਨਾਸ਼, ਹਰਿ ਕਰਤਾ ਧੁਰਦਰਗਾਹੀਆ । ਜਨ ਭਗਤਾਂ ਮੰਡਲ ਪਾਵੇ ਰਾਸ, ਗੋਪੀ ਕਾਹਨ ਕਾਹਨ ਸਮਝਾਈਆ । ਹਾਜ਼ਰ ਹੋ ਕੇ ਆਪ, ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਨਾਰਦ ਕਹੇ ਮੈਂ ਅਖ਼ੀਰੀ ਦੱਸਣ ਆਇਆ ਬਣ ਕੇ ਦਾਸੀ, ਦਾਸਤਾਨ ਸਤਿਜੁਗ ਦਿਆਂ ਜਣਾਈਆ । ਮੈਨੂੰ ਹੁਕਮ ਦਿਤਾ ਪੁਰਖ ਅਬਿਨਾਸ਼ੀ, ਅਬਨਾਸ਼ੀ ਕਰਤਾ ਰਿਹਾ ਸੁਣਾਈਆ । ਧਰਮ ਦੀ ਧਾਰ ਮੁਹੱਬਤ ਦਾ ਖੇਲ ਤਮਾਸ਼ੀ, ਤਮ੍ਹਾਂ ਜਗਤ ਕੂੜ ਲੋਕਾਈਆ । ਜੋ ਹਰਿਜਨ ਹਿਰਦਿਉਂ ਪ੍ਰਭ ਦਾ ਹੋਏ ਸਵਾਸੀ, ਸਾਹ ਸਾਹ ਰਸਨਾ ਗਾਈਆ । ਉਸ ਦਾ ਇਕੋ ਸਦਾ ਸਾਥੀ, ਜੋ ਸਗਲਾ ਸੰਗ ਨਿਭਾਈਆ । ਜਿਸ ਕਾਰਨ ਰਾਮ ਸਿੰਘ ਨੂੰ ਚੜ੍ਹਾਇਆ ਉਪਰ ਐਰਾਪਤ ਹਾਥੀ, ਸ਼ਬਦ ਸੰਦੇਸ਼ੇ ਵਿਚ ਜਣਾਈਆ । ਖਾਣਾ ਪੀਣਾ ਜਗਤ ਮਿਲੀ ਨਾ ਦਾਤੀ, ਘਰ ਬਾਹਰ ਨਜ਼ਰ ਕਿਛ ਨਾ ਆਈਆ । ਇਕੋ ਮੰਜ਼ਲ ਦੱਸ ਕੇ ਵਾਟੀ, ਪੰਧ ਰਹੇ ਨਾ ਰਾਈਆ । ਜਨ ਭਗਤੋ

ਭਗਵਾਨ ਦੀ ਧੁਰ ਦੀ ਵਾਟੀ, ਪੈਂਡਾ ਦਿਤਾ ਸਮਝਾਈਆ । ਇਸਤਰੀ ਮਰਦ ਪ੍ਰਭ ਦੇ ਭਗਤ ਸਭ ਨੇ ਮੰਨਣੀ ਆਖੀ, ਬਿਨ ਅੱਖਰਾਂ ਆਖ ਜਣਾਈਆ । ਪਿਛਲੀ ਪਿਛੇ ਦੀ ਬਖ਼ਸ਼ ਗੁਸਤਾਖ਼ੀ, ਗ਼ੁੱਸੇ ਗਿਲੇ ਦਿਤੇ ਗਵਾਈਆ । ਨਾਰਦ ਕਹੇ ਮੇਰਾ ਖੇਲ ਸਤਿ ਸਚ ਦੀ ਰਾਤੀ, ਰੁਤੜੀ ਨਾਲ ਮਹਿਕਾਈਆ । ਮੈਂ ਵੇਖੇ ਤਨ ਵਜੂਦ ਖ਼ਾਕੀ, ਤਤਾਂ ਖੋਜ ਖੁਜਾਈਆ । ਛੇਆਂ ਘਰਾਂ ਦੇ ਛੇ ਗੁਰਸਿਖ ਬਣ ਕੇ ਇਕ ਜਮਾਤੀ, ਭੱਜੇ ਵਾਹੋ ਦਾਹੀਆ । ਮੈਂ ਘੁਮਾਉਂਦਾ ਰਿਹਾ ਲਾਠੀ, ਚਾਰੋਂ ਤਰਫ਼ ਭਵਾਈਆ । ਚੜ੍ਹਦਾ ਰਿਹਾ ਘਾਟੀ, ਮੰਜ਼ਲ ਮੰਜ਼ਲ ਕਦਮ ਉਠਾਈਆ । ਇਕੋ ਨੂਰ ਦਿਸਿਆ ਇਕੋ ਜੋਤ ਜੋਤ ਦਾ ਜਾਤੀ, ਜੋਤੀ ਜਾਤਾ ਇਕ ਅਖਵਾਈਆ । ਇਕੋ ਕਵਲ ਨੈਣ ਇਕੋ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੀ ਸੁਗੰਦ ਰਾਜ ਨੇ ਖਾਧੀ, ਕਸਮ ਕਸਮ ਨਾਲ ਸੁਣਾਈਆ । ਉਸ ਦੀ ਭੈ ਵਿਚ ਡਰ ਵਿਚ ਛਿੰਨ ਅੰਤਰ ਅੰਦਰ ਲੱਗੀ ਸਮਾਧੀ, ਸਮਾਂ ਸਮਝ ਕਿਸੇ ਨਾ ਆਈਆ । ਮੇਰੀ ਦਰੋਪਤ ਵਾਂਗ ਰੱਖ ਲਾਜੀ, ਲਾਜ ਤੇਰੇ ਹੱਥ ਵਖਾਈਆ । ਮੇਰਾ ਨਾਤਾ ਕਪੂਰ ਨਾਲ ਜਗਤ ਸਮਾਜੀ, ਆਤਮਾ ਤੇਰਾ ਨੂਰ ਸੋਭਾ ਪਾਈਆ । ਪੁਰਖ ਅਕਾਲ ਦੇ ਕੇ ਦਾਤੀ, ਦਇਆਵਾਨ ਹੋਇਆ ਸਹਾਈਆ । ਅੱਗੇ ਵਾਸਤੇ ਹਰਿ ਸੰਗਤ ਸਦਾ ਰਹੇ ਜਾਗੀ, ਜਾਗਰਤ ਜੋਤ ਜੋਤ ਰੁਸ਼ਨਾਈਆ । ਕਰੋਧ ਲੱਗੇ ਕਿਸੇ ਨਾ ਆਗੀ, ਅਗਨੀ ਤਤ ਨਾ ਕੋਇ ਜਲਾਈਆ । ਗੁਰਮੁਖ ਗੁਰਸਿਖ ਧੰਨ ਧੰਨ ਧੰਨ ਵੱਡੇ ਵਡ ਭਾਗੀ, ਜਿਨ੍ਹਾਂ ਦੇ ਭਾਗ ਪ੍ਰਭ ਨੇ ਦਿਤੇ ਬਣਾਈਆ । ਅੰਤਰ ਨਾਮ ਦੇ ਹੋਏ ਰਾਗੀ, ਪਰਮਾਤਮ ਆਤਮ ਢੋਲਾ ਗਾਈਆ । ਜਿਥੇ ਕੋਈ ਨਹੀਂ ਸਵਾਲ ਜਵਾਬੀ, ਝਗੜਾ ਦਿਸੇ ਨਾ ਕੂੜ ਲੋਕਾਈਆ । ਮੁਹੱਬਤ ਨਹੀਂ ਇਸ਼ਕ ਹਕੀਕੀ ਤੇ ਮਜਾਜ਼ੀ, ਮਜ਼ਾ ਸਭ ਤੋਂ ਬਾਹਰ ਚਖਾਈਆ । ਉਥੇ ਸ਼ਿਰਕਤ ਸ਼ਰੀਕਤ ਸ਼ਰਅ ਜਗਤ ਦੀ ਕਾਹਦੀ, ਕਾਦਰ ਕੁਦਰਤ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਹਿਰਦੇ ਰਿਹਾ ਸਾਧੀ, ਸਾਧਨਾ ਸਚ ਦੀ ਸਤਿ ਜਣਾਈਆ ।



੧੩੦੧ ੨੨

✪ ੨੩ ਜੇਠ ਸ਼ਹਿਨਸ਼ਾਹੀ ਸੰਮਤ ੭ ਚੇਲਾ ਸਿੰਘ, ਗੁਰਚਰਨ ਸਿੰਘ, ਅਜੀਤ ਸਿੰਘ, ਪ੍ਰਕਾਸ਼ੋ ਦੇਵੀ ਜੰਮੂ, ਅਮਰੋ ਦੇਵੀ, ਸਵਰਨੋ ਦੇਵੀ, ਲੀਲ੍ਹਾ ਵੰਤੀ, ਬੰਤੀ, ਵੰਤੀ, ਰਾਜ ਸਿੰਘ ਹਮਰਾਜ ਪੁਰ, ਰਾਮ ਕੌਰ ਛੰਬ, ਸਦਰੋ ਦੇਵੀ ਦੀਵਾਨਾ, ਜੀਵਣ ਸਿੰਘ ਅੰਬਾ ਰਾਏ, ਕਰਮੋ ਦੇਵੀ ਘੰਗਰੇਲ, ਬਾਜ਼ ਸਿੰਘ ਮੱਟੂਆ ਜੰਮੂ ਸ਼ਹਿਰ ✪

ਸਦੀ ਚੌਧਵੀਂ ਕਹੇ ਮੇਰੀ ਆਸ਼ਾ ਕਰੇ ਵਾਹ ਵਾਹ, ਵਾਹਵਾ ਤੇਰੀ ਬੇਪਰਵਾਹੀਆ । ਬੇਪਰਵਾਹੀ ਨੂਰ ਅਲਾਹ, ਆਲਮੀਨ ਤੇਰੀ ਸਰਨਾਈਆ । ਨੂਰ ਨੁਰਾਨੇ ਹੱਕ ਖ਼ੁਦਾ, ਖ਼ਾਲਕ ਖ਼ਲਕ ਵਡ ਵਡਿਆਈਆ । ਪੈਗ਼ੰਬਰਾਂ ਲਹਿਣਾ ਪੂਰ ਰਿਹਾ ਕਰਾ, ਹਜ਼ਰਤ ਹਾਜ਼ਰ ਹੋ ਕੇ ਵੇਖ ਵਖਾਈਆ । ਸਭ ਦੀ ਕਬੂਲ ਕਰੀ ਦੁਆ, ਦੋ ਜਹਾਨ ਤੇਰੀ ਸਰਨਾਈਆ । ਜਨ ਭਗਤਾਂ ਬਖ਼ਸ਼ ਕੇ ਸਰੋਪਾ, ਪਗੜੀ ਸੀਸ ਟਿਕਾਈਆ । ਨਿਰਗੁਣ ਧਾਰ ਹੋ ਸਹਾ, ਸਹਾਇਤਾ ਕਰੇ ਥਾਉਂ ਥਾਈਂਆ । ਉਠ ਕੇ ਤਕੇ ਆਦਮ ਬਾਵਾ ਨਾਲ ਹੱਵਾ, ਅੰਮਾ ਅੰਮੜੀ ਰੂਪ ਵਟਾਈਆ । ਕਾਅਬੇ ਅੱਖ ਰਹੇ ਉਠਾ, ਨੇਤਰ ਨੈਣ ਨੈਣ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ

ਰਖਾਈਆ । ਸਦੀ ਚੌਧਵੀਂ ਕਹੇ ਮੈਨੂੰ ਆਈ ਹਾਸੀ, ਹੱਸ ਕੇ ਹਸਤਾਂ ਕੀਟਾਂ ਦਿਆਂ ਸੁਣਾਈਆ । ਮੈਂ ਵੇਖੀ ਤੇਰੀ ਖੇਲ ਅਬਿਨਾਸ਼ੀ, ਅਬਿਨਾਸ਼ੀ ਕਰਤੇ ਬੇਪਰਵਾਹੀਆ । ਸੰਦੇਸ਼ਾ ਦੇਵੇ ਈਸਾ ਜੋ ਚੜ੍ਹਿਆ ਫਾਸੀ, ਫ਼ੈਸਲਾ ਹੱਕ ਹੱਕ ਸੁਣਾਈਆ । ਮੁਹੰਮਦ ਦੀ ਪੁਕਾਰ ਕਰੇ ਖ਼ਾਹਿਸ਼ੀ, ਖ਼ਾਲਸ ਹੁਕਮ ਰਹੀ ਸੁਣਾਈਆ । ਕਲਮਾ ਕਲਮਾ ਵੇਖੇ ਅਨਾਦੀ, ਨਾਦ ਅਨਾਦੀ ਰਿਹਾ ਦ੍ਰਿੜਾਈਆ । ਬਹੁੜੀ ਬਿਨਾ ਭਗਤਾਂ ਤੋਂ ਜਗਤ ਜਹਾਨ ਹੋਏ ਬਰਬਾਦੀ, ਬਦੀ ਦਾ ਲੇਖਾ ਸਕੇ ਨਾ ਕੋਇ ਮਿਟਾਈਆ । ਪੈਗ਼ੰਬਰਾਂ ਦੀ ਅੰਕੜਿਆਂ ਵਾਲੀ ਪੂਰੀ ਹੋਏ ਆਬਾਦੀ, ਲੇਖਾ ਸ਼ਰਅ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਮੁਹੰਮਦ ਦਾ ਤੱਕਿਆ ਇਸ਼ਾਰਾ, ਬਿਨ ਨੈਣਾਂ ਨੈਣ ਉਠਾਈਆ । ਜੋ ਹੁਕਮ ਸੰਦੇਸ਼ਾ ਦੇਵੇ ਜ਼ਾਹਿਰਾ, ਜ਼ਾਹਰ ਜ਼ਹੂਰ ਹੁਕਮ ਦ੍ਰਿੜਾਈਆ । ਨੀ ਕਮਲੀਏ ਉਠ ਵੇਖ ਕੀ ਝਗੜਾ ਪੈਣਾ ਵਿਚ ਕਾਹਿਰਾ, ਕਾਇਨਾਤ ਰਾਹ ਤਕਾਈਆ । ਜਿਸ ਦਾ ਨੌਂ ਸੌ ਚੁਰਾਨਮੇ ਮੀਲ ਦਾ ਹੋਣਾ ਦਾਇਰਾ, ਚਾਰੋਂ ਕੁੰਟ ਖੋਜ ਖੁਜਾਈਆ । ਈਸਾ ਮੂਸਾ ਮੁਹੰਮਦ ਦੇ ਸਕੇ ਕੋਈ ਨਾ ਪਹਿਰਾ, ਸਿਰ ਸਕੇ ਨਾ ਕੋਇ ਉਠਾਈਆ । ਸ਼ਰਅ ਸ਼ਰਅ ਨਾਲ ਕਰੇ ਮੁਸ਼ਾਹਿਰਾ, ਮਸ਼ਵਰਾ ਕਲਮੇ ਵਾਲਾ ਸਮਝਾਈਆ । ਜਗਤ ਜਹਾਨ ਸੁਣੇ ਕੋਇ ਨਾ ਬਹਿਰਾ, ਨਾਦੀ ਧੁੰਨ ਨਾ ਕੋਇ ਸ਼ਨਵਾਈਆ । ਹੁਕਮ ਦੇਵੇ ਗੰਭੀਰ ਗਹਿਰਾ, ਗਹਿਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੈਂ ਵੇਖੀ ਖੋਲ੍ਹ ਕੇ ਤਾਕੀ, ਪਰਦਾ ਪਰਦੇ ਵਿਚੋਂ ਚੁਕਾਈਆ । ਧੁਰ ਦਾ ਯਾਰ ਚੜ੍ਹਿਆ ਉਤੇ ਰਾਕੀ, ਰਾਕਬ ਹੋਇਆ ਬੇਪਰਵਾਹੀਆ । ਜਿਸ ਦਾ ਖੇਲ ਵਰਤੇ ਇਤਫ਼ਾਕੀ, ਇਤਫ਼ਾਕੀਆ ਆਪਣੀ ਕਾਰ ਕਮਾਈਆ । ਜੀਵ ਜਹਾਨ ਖ਼ਲਕ ਵੇਖੇ ਇਖ਼ਲਾਕੀ, ਮਖ਼ਲੂਕ ਫੋਲੇ ਥਾਉਂ ਥਾਈਂਆ । ਚਾਰ ਯਾਰ ਤਕੇ ਬੇਇਤਫ਼ਾਕੀ, ਨਿਫ਼ਾਕ ਵੇਖੇ ਖ਼ਲਕ ਖ਼ੁਦਾਈਆ । ਪਰਦਾ ਲਾਹਵੇ ਹੱਕ ਮਹਿਰਾਬੀ, ਮਹਿਬੂਬ ਅਗੰਮ ਅਥਾਹੀਆ । ਲੇਖਾ ਜਾਣੇ ਪੁੰਨ ਸਵਾਬੀ, ਸਭਾ ਤਕੇ ਨੂਰ ਇਲਾਹੀਆ । ਜੀਵ ਜਹਾਨ ਵੇਖੇ ਸ਼ਰਅ ਕਬਾਬੀ, ਕਾਅਬਿਆਂ ਅੰਦਰ ਫੋਲ ਫੁਲਾਈਆ । ਆਤਮ ਧਾਰ ਤਕੇ ਰਬਾਬੀ, ਰਹਿਮਤ ਆਪਣੀ ਸਚ ਕਮਾਈਆ । ਸੱਜਣ ਮੀਤ ਵੇਖੇ ਅਹਿਬਾਬੀ, ਮਿੱਤਰ ਪਿਆਰੇ ਖੋਜ ਖੁਜਾਈਆ । ਇਸ਼ਕ ਹਕੀਕੀ ਵੇਖੇ ਮਜਾਜ਼ੀ, ਭੇਵ ਅਭੇਦਾ ਰਹੇ ਨਾ ਰਾਈਆ । ਸ਼ਰਅ ਦਾ ਸ਼ਰਅ ਨਾਲ ਪਿਆਰ ਨਾ ਹੋਵੇ ਇਮਦਾਦੀ, ਅਮਲਾਂ ਤੋਂ ਬਾਹਰ ਦੀਨ ਦੁਨੀ ਰੋਵੇ ਮਾਰੇ ਧਾਈਆ । ਕੁਛ ਲੇਖਾ ਕਾਹਿਰਾ ਨਾਲ ਬਗ਼ਦਾਦੀ, ਬਗ਼ਲਗੀਰ ਪਲੂ ਜਾਣ ਛੁਡਾਈਆ । ਮੂਸਾ ਖੇਲ ਕਰੇ ਜਵਾਬੀ, ਈਸਾ ਵਿਚੋਲਾ ਹੋ ਕੇ ਵੇਖੇ ਚਾਈਂ ਚਾਈਂਆ । ਇਹ ਲਹਿਣਾ ਦੇਣਾ ਨਹੀਂ ਕੋਈ ਕਿਤਾਬੀ, ਕੁਤਬਖ਼ਾਨਿਆਂ ਵਿਚੋਂ ਹੱਥ ਕੁਛ ਨਾ ਆਈਆ । ਬੁੱਧੀ ਅਕਲ ਨਾ ਕੋਇ ਉਸਤਾਦੀ, ਆਲਮ ਇਲਮ ਨਾ ਕੋਇ ਚਤੁਰਾਈਆ । ਢੋਲਾ ਗੀਤ ਕੋਈ ਨਹੀਂ ਰਾਗੀ, ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹੀਆ । ਧੁਰ ਦਾ ਹੁਕਮ ਹੁਕਮ ਅਲਾਹੀ ਅਹਿਲਾਦੀ, ਆਲਮੀਨ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਸਦੀ ਚੌਧਵੀਂ ਕਹੇ ਮੈਂ ਵੇਖੇ ਪਗੜੀਆਂ ਨਾਲ ਦੁਪੱਟੇ, ਪ੍ਰਭ ਦੋਹਰੀ ਖੇਲ ਖਿਲਾਈਆ । ਦਰੋਹੀ ਖ਼ੁਦਾਏ ਮਨਸੂਖ਼ ਕਰ ਦੇਣੇ ਪੱਟੇ, ਪਟਨੇ ਵਾਲਾ ਲੇਖਾ ਦਏ ਚੁਕਾਈਆ । ਸਭ ਦੀ ਆਬਰੂ ਮਿਲਣੀ ਵਿਚ ਖ਼ਾਕ ਮਾਟੀ ਵਾਲੇ ਘੱਟੇ, ਘਾਟਾ ਪੂਰ ਨਾ ਕੋਇ

ਕਰਾਈਆ । ਖ਼ੁਸ਼ੀਆਂ ਦਿਨ ਕੋਈ ਨਾ ਟੱਪੇ, ਟਾਪੂਆਂ ਵਾਲੇ ਰੋਵਣ ਮਾਰਨ ਧਾਈਆ । ਸਭ ਦੇ ਚੀਥੜ ਹੋਣੇ ਫਟੇ, ਤਨ ਸ਼ਿੰਗਾਰ ਨਾ ਕੋਇ ਵਖਾਈਆ । ਸ਼ਾਹ ਸੁਲਤਾਨਾਂ ਹਿਰਦੇ ਹੋਣੇ ਤਪੇ, ਤਪੀਸ਼ਰ ਤ੍ਰਿਪਤ ਨਾ ਕੋਇ ਕਰਾਈਆ । ਇਕੋ ਖੇਲ ਕਰਨਾ ਅੱਖਰਾਂ ਵਿਚੋਂ ਪੱਪੇ, ਪਾਰਬ੍ਰਹਮ ਪ੍ਰਭ ਆਪਣੀ ਕਾਰ ਭੁਗਤਾਈਆ । ਲਹਿਣਾ ਦੇਣਾ ਤਕਣਾ ਜਗਤ ਜਹਾਨ ਮਦੀਨੇ ਮੱਕੇ, ਮਕਬਰਿਆਂ ਵਿਚੋਂ ਪੈਗ਼ੰਬਰਾਂ ਆਸਾ ਰਹੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਨੂਰ ਇਲਾਹੀਆ । ਸਦੀ ਚੌਧਵੀਂ ਕਹੇ ਮੇਰੇ ਅੰਦਰ ਆਇਆ ਹੁਲਾਰਾ, ਅੰਤਸ਼ਕਰਨ ਲਈ ਅੰਗੜਾਈਆ । ਮੈਂ ਤੱਕਿਆ ਪ੍ਰਭ ਦਾ ਸੁਤ ਦੁਲਾਰਾ, ਸਤਿਗੁਰ ਸ਼ਬਦ ਬੇਪਰਵਾਹੀਆ । ਜਿਹੜਾ ਆਦਿ ਅੰਤ ਕਵਾਰਾ, ਚਾਰ ਜੁਗ ਲਾੜੀ ਨਾ ਕੋਇ ਪਰਨਾਈਆ । ਲੱਖ ਚੁਰਾਸੀ ਬਣੇ ਸਹਾਰਾ, ਸਹਾਇਕ ਇਕੋ ਸੋਭਾ ਪਾਈਆ । ਹੁਕਮੀ ਹੁਕਮ ਕਰੇ ਵਰਤਾਰਾ, ਨਾ ਕੋਈ ਮੇਟੇ ਮੇਟੇ ਮਿਟਾਈਆ । ਅਵਤਾਰ ਪੈਗ਼ੰਬਰ ਗੁਰੂਆਂ ਦਏ ਅਧਾਰਾ, ਉਦਰ ਅੰਦਰ ਹੋਏ ਸਹਾਈਆ । ਨਾਮ ਕਲਮਾ ਦਏ ਪਿਆਰਾ, ਸ਼ਬਦ ਸ਼ਬਦੀ ਨਾਦ ਸੁਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਬਣੇ ਲਿਖਾਰਾ, ਅੱਖਰ ਅੱਖਰਾਂ ਮੇਲ ਮਿਲਾਈਆ । ਨਿਰਗੁਣ ਸਰਗੁਣ ਹੋ ਕੇ ਖੇਲ ਕਰੇ ਸੰਸਾਰਾ, ਤਤ ਤਤਾਂ ਨਾਲ ਟਕਰਾਈਆ । ਸੋ ਹੁਕਮ ਸੰਦੇਸਾ ਦੇਵੇ ਆਪਣੀ ਧਾਰਾ, ਧਰਨੀ ਧਰਤ ਧਵਲ ਧੌਲ ਰਿਹਾ ਦ੍ਰਿੜਾਈਆ । ਈਸਾ ਮੂਸਾ ਮੁਹੰਮਦ ਵੇਖੋ ਅੰਤ ਕਨਾਰਾ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਉਮਤ ਨਈਆ ਦਿਸੇ ਨਾ ਕੋਇ ਸਹਾਰਾ,
੧੩੦੩ ਕਲਮਾ ਚੱਪੂ ਵੰਝ ਨਾ ਕੋਇ ਉਠਾਈਆ । ਪੁਰਖ ਅਕਾਲਾ ਦੀਨ ਦਿਆਲਾ ਲੇਖਾ ਜਾਣੇ ਪਰਵਰਦਿਗਾਰਾ, ਸਾਂਝਾ ਯਾਰ ਵੇਸ ਵਟਾਈਆ । ਜਿਸ ੧੩੦੩
੨੨ ਨੂੰ ਸਜਦਿਆਂ ਵਿਚ ਸਭ ਨੇ ਕੀਤੀ ਨਿਮਸਕਾਰਾ, ਡੰਡਾਵਤ ਵਿਚ ਆਪਣਾ ਆਪ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ੨੨
ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੈਂ ਨੇਤਰ ਨੈਣ ਅੱਖ ਲਈ ਉਘਾੜ, ਖ਼ੁਸ਼ੀਆਂ ਵੇਖ ਵਖਾਈਆ । ਪੁਰਖ ਅਕਾਲਾ ਤੱਕਿਆ ਧੁਰ ਦਾ ਲਾੜ, ਨੌਜਵਾਨਾ ਮਰਦ ਮਰਦਾਨਾ ਨੂਰ ਇਲਾਹੀਆ । ਜਿਸ ਦਾ ਨੂਰ ਉੱਤਰ ਪੂਰਬ ਪੱਛਮ ਦੱਖਣ ਪਹਾੜ, ਦਿਸ਼ਾ ਆਪਣਾ ਰੰਗ ਰੰਗਾਈਆ । ਜੋ ਜੁਗ ਚੌਕੜੀ ਦੇਵੇ ਉਜਾੜ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਖੇਲ ਖਿਲਾਈਆ । ਮੇਰਾ ਲੇਖਾ ਜਿਸ ਨੇ ਲਿਖਾਉਣਾ ਸਤਾਰਾਂ ਹਾੜ, ਹਾੜਾ ਮੇਰੀ ਇਕ ਦੁਹਾਈਆ । ਸਮੇਂ ਦਾ ਮਾਲਕ ਸਮਾਂ ਰਿਹਾ ਤਾੜ, ਤਾੜੀ ਜਗਤ ਵਾਲੀ ਖੁਲ੍ਹਾਈਆ । ਕੂੜ ਕਿਰਿਆ ਦਏ ਪਛਾੜ, ਪੱਛਮ ਵਾਲੇ ਲਏ ਉਠਾਈਆ । ਮਮਤਾ ਚਬਾਏ ਆਪਣੀ ਦਾੜ੍ਹ, ਮੋਹ ਵਿਕਾਰ ਦਏ ਮਿਟਾਈਆ । ਜਨ ਭਗਤਾਂ ਪਾਏ ਸਾਰ, ਮਹਾਂਸਾਰਥੀ ਹੋ ਕੇ ਵੇਖ ਵਖਾਈਆ । ਨਿਰਗੁਣ ਨੂਰ ਦਏ ਦੀਦਾਰ, ਜੋਤੀ ਜਾਤਾ ਨਜ਼ਰੀ ਆਈਆ । ਲਹਿਣਾ ਦੇਣਾ ਪੂਰਾ ਕਰੇ ਲੇਖਾ ਸੰਗ ਮੁਹੰਮਦ ਚਾਰ ਯਾਰ, ਯਾਰ ਯਾਰਾਨਾ ਵੇਖ ਵਖਾਈਆ । ਰਾਹ ਤਕੇ ਕੁਤਬ ਸਿਤਾਰ, ਸਤਰ, ਸਤਹ ਬੁਲੰਦੀ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਏਕਾ ਏਕ ਏਕੰਕਾਰ, ਅਕਲ ਕਲਧਾਰੀ ਆਪਣਾ ਹੁਕਮ ਵਰਤਾਈਆ ।

✪ ੨੪ ਜੇਠ ਸ਼ਹਿਨਸ਼ਾਹੀ ਸੰਮਤ ੭ ਗੁਰਦਿਤ ਸਿੰਘ, ਸੰਸਾਰ ਸਿੰਘ, ਫੁੱਮਣ ਸਿੰਘ, ਭਾਗ ਕੌਰ, ਸ਼ਾਹਣੀ ਦੇਵੀ, ਬੀਬੀ ਜੀਤੋ, ਬੰਤੀ ਦੇਵੀ, ਗਿਆਨ ਚੰਦ ਖ਼ੈਰੋਵਾਲ,ਖੇਜੂ ਰਾਮ, ਰੋਹਲੂ ਰਾਮ, ਗਿਆਨ ਸਿੰਘ ਨਵਾਂ ਚੱਕ, ਭਾਗ ਸਿੰਘ ਮਲਕ ਕੈਂਪ, ਪੂਰਨ ਚੰਦ, ਭਾਗ ਸਿੰਘ, ਰਸਾਲ ਸਿੰਘ ਮਨਾਵਰ, ਇੰਦਰੋਂ ਨਗਿਆਲ, ਪ੍ਰਕਾਸ਼ੋ ਦੇਵੀ, ਤੋਤੀ ਦੇਵੀ, ਪਰਤਾਪ ਸਿੰਘ, ਈਸ਼ਰ ਸਿੰਘ, ਪ੍ਰਕਾਸ਼ ਸਿੰਘ ਦੜ, ਝੰਡੂ ਰਾਮ ਜਿਉੜੀਆ, ਛੰਬ ਜ਼ਿਲਾ ਜੰਮੂ ✪

ਪਗੜੀ ਕਹੇ ਮੈਂ ਭਗਤਾਂ ਸੀਸ ਬਣੀ ਪੱਗ, ਪਗ ਪ੍ਰਭ ਦੇ ਸੀਸ ਨਿਵਾਈਆ । ਕਿਰਪਾ ਕਰੇ ਸੂਰਾ ਸਰਬੱਗ, ਸੂਰਬੀਰ ਨੂਰ ਇਲਾਹੀਆ । ਕੂੜ ਕਿਰਿਆ ਜਿਸ ਬੁਝਾਉਣੀ ਅੱਗ, ਤ੍ਰੈਗੁਣ ਅਤੀਤਾ ਆਪਣੀ ਦਇਆ ਕਮਾਈਆ । ਹਰਿਜਨ ਹੰਸ ਬਣਾਉਣੇ ਕੱਗ, ਕਾਗ ਹੰਸ ਰੂਪ ਵਖਾਈਆ । ਦਰਸ਼ਨ ਦੇਣਾ ਉਪਰ ਸ਼ਾਹ ਰਗ, ਰਘੁਪਤ ਆਪਣਾ ਪੜਦਾ ਲਾਹੀਆ । ਸਚ ਦਵਾਰ ਕਰਾਉਣਾ ਹੱਜ, ਹਾਜਤ ਅਵਰ ਰਹੇ ਨਾ ਰਾਈਆ । ਜਗਤ ਜਹਾਨ ਰੱਖਣੀ ਪੱਤ ਲਜ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਮਾਣ ਵਡਿਆਈ ਬਖ਼ਸ਼ ਕੇ ਜਗ, ਜਾਗਰਤ ਜੋਤ ਜੋਤ ਦਰਸਾਈਆ । ਨਾਮ ਨਿਧਾਨ ਪਿਆ ਕੇ ਮਧ, ਮਧੁਰ ਧੁਨ ਇਕ ਸੁਣਾਈਆ । ਵਰਨ ਬਰਨ ਦੀ ਮੇਟ ਕੇ ਹੱਦ, ਹਦੂਦ ਆਤਮ ਬ੍ਰਹਮ ਜਣਾਈਆ । ਪਿਛਲੀ ਕਰਨੀ ਕਰਮ ਕਾਂਡ ਦੀ ਕਰ ਕੇ ਰੱਦ, ਕੁਕਰਮ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਪਗੜੀ ਕਹੇ ਮੇਰਾ ਖੇਲ ਵਿਚ ਸੰਸਾਰ, ਹਰਿ ਸੰਸਾਰੀ ਆਪ ਕਰਾਈਆ । ਖ਼ੁਸ਼ੀਆਂ ਵਿਚ ਤਕਣ ਤੇਈ ਅਵਤਾਰ, ਰਾਧਾ ਕ੍ਰਿਸ਼ਨ ਵੱਜੇ ਵਧਾਈਆ । ਮੂਸਾ ਈਸਾ ਮੁਹੰਮਦ ਖ਼ੁਸ਼ੀ ਵਿਚ ਕਰਨ ਦੀਦਾਰ, ਬਿਨ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਗੁਰ ਦਸ ਹੋ ਹੁਸ਼ਿਆਰ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜਿਸ ਨੂੰ ਝੁਕਕੇ ਕਰਦੇ ਰਹੇ ਨਿਮਸਕਾਰ, ਡੰਡਾਵਤ ਬੰਦਨਾ ਸੱਯਦੇ ਸੀਸ ਨਿਵਾਈਆ । ਸੋ ਮਾਲਕ ਖ਼ਾਲਕ ਪਰਵਰਦਿਗਾਰ, ਸਾਂਝਾ ਯਾਰ ਅਗੰਮ ਅਥਾਹੀਆ । ਸਭ ਦੇ ਲਹਿਣੇ ਦੇਣੇ ਰਿਹਾ ਵਿਚਾਰ, ਜੁਗ ਚੌਕੜੀ ਲੇਖਾ ਜਾਣੇ ਚਾਈਂ ਚਾਈਆ । ਸਤਿਜੁਗ ਤ੍ਰੇਤਾ ਦੁਆਪਰ ਵਿਛੜਿਆਂ ਦਏ ਅਧਾਰ, ਮੇਲ ਮਿਲਾਵਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪਗੜੀ ਕਹੇ ਮੈਂ ਭਗਤਾਂ ਸੀਸ ਸੁਹੰਦੜੀ, ਕਿਰਪਾ ਕਰੀ ਸ੍ਰੀ ਭਗਵਾਨ । ਲੇਖੇ ਲਾ ਕੇ ਕਾਇਆ ਮਾਟੀ ਵਿਚੋਂ ਜਿੰਦੜੀ, ਜ਼ਿੰਦਗੀ ਜ਼ਿੰਦਗੀ ਵਿਚੋਂ ਹੋਈ ਪਰਵਾਨ । ਧੁਰ ਦੀ ਧਾਰ ਬਣ ਬਖ਼ਸ਼ੰਦੜੀ, ਬਖ਼ਸ਼ਿਸ਼ ਕੀਤੀ ਨੌਜਵਾਨ । ਅੱਗੇ ਹਾਲਤ ਹੋਵੇ ਕਿਸੇ ਨਾ ਮੰਦੜੀ, ਚੁਰਾਸੀ ਵਿਚ ਨਾ ਕੋਇ ਬੇਹਾਲ । ਨੇਤਰ ਅੱਖ ਰਹੇ ਨਾ ਅੰਧੜੀ, ਲੋਚਣ ਨੂਰ ਬੇਮਿਸਾਲ । ਅੰਤਰ ਵਾਸਨਾ ਰਹੇ ਨਾ ਗੰਦੜੀ, ਸੁਰਤੀ ਸ਼ਬਦ ਲਏ ਸੰਭਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਮਾਲਕ ਇਕ ਮਿਹਰਵਾਨ । ਪਗੜੀ ਕਹੇ ਮੈਂ ਵੇਖਾਂ ਚਾਰੋਂ ਕੁੰਟ, ਨਿਰਗੁਣ ਸਰਗੁਣ ਧਿਆਨ ਲਗਾਈਆ । ਨਿਗਹ ਮਾਰੀ ਵਿਚ ਬੈਕੁੰਠ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਫੇਰ ਵੇਖਿਆ ਕਾਗ ਭਸੁੰਡ, ਜੋ ਧਿਆਨ ਧਿਆਨ ਵਿਚੋਂ ਜਣਾਈਆ । ਜਿਸ ਦੇ ਕੋਲ ਨਹੀਂ ਕੋਈ ਜਗਿਆਸੂਆਂ ਦਾ ਝੁੰਡ, ਸਰਗੁਣ ਰੂਪ ਨਾ ਕੋਇ ਦਰਸਾਈਆ । ਜਿਸ ਨੇ ਇਸ਼ਾਰਾ ਕੀਤਾ ਸਤਿਗੁਰ ਚਰਨ ਸਰੋਵਰ ਕੁੰਡ, ਗਹਿਰ ਗੰਭੀਰ ਜਣਾਈਆ । ਜਿਸ

੧੩੦੪ ੨੨

ਦਾ ਧਿਆਨ ਧਰਿਆ ਕ੍ਰਿਸ਼ਨਾ ਕਾਹਨਾ ਨੈਣ ਮੂੰਦ, ਮੁਕੰਦ ਮਨੋਹਰ ਲਖਮੀ ਨਰਾਇਣ ਨਰ ਹਰਿ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਰਿਹਾ ਮਿਲਾਈਆ । ਪਗੜੀ ਕਹੇ ਮੈਂ ਭਗਤਾਂ ਅੰਦਰ ਤਕਾਂ ਮਸਤੀ, ਬਨ ਨੈਣਾਂ ਨੈਣ ਉਠਾਈਆ । ਜਿਨ੍ਹਾਂ ਦੇ ਗ੍ਰਿਹ ਪ੍ਰਭੂ ਦੀ ਹਸਤੀ, ਹਸਤ ਕੀਟ ਰੂਪ ਦਰਸਾਈਆ । ਨਿਜ ਨੇਤਰ ਹੋਇਆ ਦਰਸੀ, ਦਰਸ ਦੀਦਾਰ ਬੇਪਰਵਾਹੀਆ । ਮਾਲਕ ਬਣ ਕੇ ਅਰਸ਼ੀ, ਅਰਸ਼ੀ ਪ੍ਰੀਤਮ ਵੇਸ ਵਟਾਈਆ । ਪਰਗਟ ਹੋ ਕੇ ਉਪਰ ਧਰਤੀ, ਧਰਨੀ ਧਰਤ ਲੇਖੇ ਰਿਹਾ ਲਗਾਈਆ । ਦੋ ਜਹਾਨਾਂ ਬਣ ਕੇ ਨਿਧਪਰਤੀ, ਪਤਿਪਰਮੇਸ਼ਵਰ ਆਪਣੀ ਕਾਰ ਕਮਾਈਆ । ਚਾਰ ਜੁਗ ਦੇ ਗੁਰ ਅਵਤਾਰ ਪੈਗ਼ੰਬਰਾਂ ਭਵਿਖਤਾਂ ਵਾਲੀ ਵੇਖੇ ਪਰਚੀ, ਪ੍ਰਾਚੀਨ ਦਾ ਲੇਖਾ ਦਏ ਚੁਕਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਖੋਜੇ ਚਰਾਗ਼ਾਹਾਂ ਚਰਚੀਂ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਭੇਵ ਚੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਦੀ ਜਾਣੇ ਅਰਜ਼ੀ, ਜੋ ਆਰਜ਼ੂ ਆਦਿ ਅੰਤ ਦਿਤੀ ਦ੍ਰਿੜਾਈਆ । ਸਦੀ ਚੌਧਵੀਂ ਅੰਤਮ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਆਪਣੀ ਕਰੇ ਮਰਜ਼ੀ, ਦੂਸਰ ਸੰਗ ਨਾ ਕੋਇ ਰਖਾਈਆ । ਜਨ ਭਗਤਾਂ ਮਿਹਰਵਾਨ ਹੋ ਕੇ ਬਣੇ ਗ਼ਰਜ਼ੀ, ਗ਼ਰਜ਼ ਇਕੋ ਇਕ ਦ੍ਰਿੜਾਈਆ । ਕਲਜੁਗ ਅੰਤਮ ਮੇਟੇ ਅੰਧੇਰ ਗਰਦੀ, ਧਰਮ ਦੀ ਧਾਰ ਇਕ ਉਪਜਾਈਆ । ਜਗਤ ਸ਼ਰਅ ਰਹਿਣ ਨਾ ਦੇਵੇ ਫ਼ਰਜ਼ੀ, ਫ਼ਾਜ਼ਲ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਪਗੜੀ ਕਹੇ ਮੈਂ ਪ੍ਰਭੂ ਦੇ ਪਗ ਚੁੰਮਾਂ, ਬਿਨ ਰਸਨਾ ਰਸ ਚਖਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਘੁੰਮਾਂ, ਘੁੰਮਣ ਘੇਰੇ ਵੇਖਾਂ ਕੂੜ ਲੋਕਾਈਆ । ਮਨ ਕਲਪਣਾ ਕੂੜੀ ਵੇਖਾਂ ਤੁੰਮਾ, ਜੋ ਤਬਾ ਜ਼ਮੀਰ ਗਈ ਬਦਲਾਈਆ । ਸਦੀ ਚੌਧਵੀਂ ਸੰਮਤ ਸ਼ਹਿਨਸ਼ਾਹੀ ਸੱਤ ਪ੍ਰਭ ਦਾ ਹੁਕਮ ਵਰਤਣਾ ਦਿਨ ਜੁੰਮਾ, ਜਮੀਅਤ ਜਮਾਤ ਸਮਝ ਕੋਇ ਨਾ ਪਾਈਆ । ਬਕਰੀਦ ਵਾਲਾ ਰੋਵੇ ਬਲੀ ਹੋਇਆ ਦੁੰਬਾ, ਨੇਤਰ ਨੈਣਾਂ ਨੀਰ ਵਹਾਈਆ । ਕਿਸੇ ਸਮਝ ਨਹੀਂ ਆਈ ਅਲਫ਼ ਯੇ ਦੇ ਵਿਚ ਕਿਉਂ ਹਰਫ਼ ਲਿਖਾਇਆ ਨੂਨ ਗੁੰਨਾਂ, ਵਾ ਹੇ ਦਏ ਦੁਹਾਈਆ । ਕੁਲ ਦਾ ਮਾਲਕ ਹੋ ਕੇ ਕੁੰਨਾ, ਖ਼ਾਲਕ ਮਖ਼ਲੂਕ ਪਰਦਾ ਲਾਹੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੂਫ਼ੀ ਸੰਤ ਫ਼ਕੀਰ ਬੇਨਜ਼ੀਰ ਕਲਜੁਗ ਅੰਤ ਸਦੀ ਚੌਧਵੀਂ ਸਤਿ ਦਾ ਦਏ ਨਮੂਨਾ, ਜਗਤ ਨੁਮਾਇਸ਼ ਵਿਚ ਨਮੂੰਦਾਰ ਆਪ ਕਰਾਈਆ ।

tttttttttttttttttttttttttttttttttttttttttttttttttt ੨੫ ਜੇਠ ਸ਼ਹਿਨਸ਼ਾਹੀ ਸੰਮਤ ੭ ਗੁਰਨਾਮ ਸਿੰਘ, ਸਰਦਾਰ ਸਿੰਘ, ਜੁਗਿੰਦਰ ਸਿੰਘ, ਲਛਮੀ ਦੇਵੀ, ਹਰਬੰਸ ਕੌਰ ਸੀੜ, ਲਛਮੀ ਦੇਵੀ ਮੂਸਾ ਚੱਕ, ਦੇਵੀ ਸਿੰਘ, ਹਰੀ ਸਿੰਘ, ਪ੍ਰਕਾਸ਼ ਚੰਦ, ਠਾਕਰ ਦਾਸ, ਜੀਤੋ ਦੇਵੀ, ਪ੍ਰੀਤੋ ਦੇਵੀ ਮੇਲੂ ਜਿੰਦੜ, ਦੌਲਤ ਰਾਮ ਕੋਟਲੀ, ਰਣੀਆਂ ਰਾਮ ਕਲੋਏ, ਖ਼ਜ਼ਾਨ ਸਿੰਘ ਰਣਬੀਰ ਸਿੰਘ ਪੁਰਾ, ਸੇਵਾ ਸਿੰਘ ਮੱਘੋਵਾਲੀ, ਜਾਗੀਰ ਸਿੰਘ, ਭਗਤ ਸਿੰਘ ਕੀਰ ਪਿੰਡ

ਕ੍ਰਿਸ਼ਨਾ ਦੇਵੀ ਬਿਰਲਾ, ਸ਼ਾਹਣੀ ਦੇਵੀ ਮਾਜਰਾ, ਸੰਤ ਸਿੰਘ ਦੀਵਾਨ ਗੜ੍ਹ, ਪਿੰਡ ਸੀੜ ਜ਼ਿਲਾ ਜੰਮੂ

੧੩੦੫ ੨੨

ਪਗੜੀ ਕਹੇ ਮੈਨੂੰ ਵਿਸ਼ਨੂੰ ਰਿਹਾ ਆਖ, ਵਿਸ਼ਵ ਵਿਸ਼ੇਸ਼ ਧਿਆਨ ਲਗਾਈਆ । ਔਹ ਤਕ ਪੁਰਖ ਸਾਖਿਆਤ, ਹਰਿ ਕਰਤਾ ਧੁਰਦਰਗਾਹੀਆ । ਜਿਸ ਨੇ ਭਗਤ ਬਣਾਉਣੇ ਪਾਰਜਾਤ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਆਤਮ ਪਰਮਾਤਮ ਜੋੜੇ ਨਾਤ, ਨਾਤਾ ਬਿਧਾਤਾ ਆਪਣੇ ਨਾਲ ਰਖਾਈਆ । ਅੰਤਰ ਨਿਰੰਤਰ ਮੇਟੇ ਅੰਧੇਰੀ ਰਾਤ, ਨਿਜ ਨੇਤਰ ਲੋਚਨ ਨੈਣ ਕਰੇ ਰੁਸ਼ਨਾਈਆ । ਸ਼ਬਦ ਅਗੰਮੀ ਸੁਣਾਏ ਬਾਤ, ਬਾਤਨ ਪੜਦਾ ਆਪ ਚੁਕਾਈਆ । ਚਾਰ ਵਰਨ ਬਣਾ ਕੇ ਇਕ ਜਮਾਤ, ਜੁਮਲਾ ਅੱਖਰ ਇਕ ਸਮਝਾਈਆ । ਧਰਮ ਦੀ ਧਾਰ ਬਖ਼ਸ਼ ਇਤਫ਼ਾਕ, ਇਤਫ਼ਾਕੀਆਂ ਆਪਣਾ ਰੰਗ ਰੰਗਾਈਆ । ਝਗੜਾ ਮੇਟ ਕੇ ਜ਼ਾਤ ਪਾਤ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਜਗਤ ਜਹਾਨ ਵਿਚੋਂ ਦੇ ਨਜਾਤ, ਨਿਜ ਆਪਣਾ ਘਰ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਪਗੜੀ ਕਹੇ ਮੈਨੂੰ ਬ੍ਰਹਮਾ ਕਰੇ ਇਸ਼ਾਰਾ, ਬ੍ਰਹਮ ਤੋਂ ਪਰੇ ਧਿਆਨ ਲਗਾਈਆ । ਔਹ ਵੇਖ ਕਲ ਕਲਕੀ ਅਵਤਾਰਾ, ਅਵਤਰੀ ਆਪਣਾ ਵੇਸ ਵਟਾਈਆ । ਜਿਸ ਨੂੰ ਝੁਕਦੇ ਪੈਗੰਬਰ ਗੁਰ ਅਵਤਾਰਾ, ਨਿਰਗੁਣ ਸਰਗੁਣ ਸਾਰੇ ਸੀਸ ਨਿਵਾਈਆ । ਉਹ ਲੇਖਾ ਜਾਣੇ ਸਰਬ ਸੰਸਾਰਾ, ਸੰਸਾਰੀ ਨਿਉਂ ਨਿਉਂ ਲਾਗੇ ਪਾਈਆਂ । ਜਿਸ ਦਾ ਨਿਰਗੁਣ ਨੂਰ ਜੋਤ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਪਰਗਟ ਹੋ ਦੂਜੀ ਵਾਰਾ, ਦੋ ਜਹਾਨਾਂ ਵੇਸ ਵਟਾਈਆ । ਮਾਲਕ ਖ਼ਾਲਕ ਬਣ ਪਰਵਰਦਿਗਾਰਾ, ਸਾਂਝਾ ਆਪਣਾ ਹੁਕਮ ਸੁਣਾਈਆ । ਜਿਸ ਦੀ ਯਾਦ ਵਿਚ ਬੀਤੇ ਜੁਗ ਚਾਰਾ, ਚਾਰੇ ਬਾਣੀ ਚਾਰੇ ਖਾਣੀ ਖੇਲ ਖਿਲਾਈਆ । ਸੋ ਵੇਖੇ ਵਿਗਸੇ ਪਾਵੇ ਸਾਰਾ, ਵੇਖਣਹਾਰਾ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਦਾਤਾ ਅਗੰਮ ਅਥਾਹੀਆ । ਪਗੜੀ ਕਹੇ ਮੈਨੂੰ ਸ਼ੰਕਰ ਰਿਹਾ ਦੱਸ, ਦਾਸਤਾਨ ਪਿਛਲੀ ਰਿਹਾ ਜਣਾਈਆ । ਉਠ ਵੇਖ ਆਪਣੀ ਅੱਖ, ਬਿਨ ਅੱਖਾਂ ਅੱਖ ਖੁਲ੍ਹਾਈਆ । ਨਿਰਗੁਣ ਧਾਰ ਸਤਿ ਸਚ, ਸਚ ਸਤਿ ਵਿਚ ਸਮਾਈਆ । ਜਿਸ ਭਾਗ ਲਗਾਇਆ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦਏ ਵਡਿਆਈਆ । ਲੂੰ ਲੂੰ ਅੰਦਰ ਰਿਹਾ ਰਚ, ਸਾਢੇ ਤਿੰਨ ਕਰੋੜ ਸੋਭਾ ਪਾਈਆ । ਰੂਪ ਬਣਾ ਕੇ ਪਰਮੇਸ਼ਵਰ ਪਤਿ, ਪਰਮਾਤਮ ਆਤਮ ਆਪਣੀ ਖੇਲ ਵਖਾਈਆ । ਜੋ ਸਭ ਦੀ ਜਾਣੇ ਮਿਤ ਗਤ, ਜਾਨਣਹਾਰ ਇਕ ਹੋ ਆਈਆ । ਜਨ ਭਗਤਾਂ ਲੇਖੇ ਲਾਵੇ ਰੱਤ, ਰੱਤੀ ਰੱਤ ਆਪਣੇ ਵਿਚ ਸਮਾਈਆ । ਸ਼ਬਦ ਅਗੰਮੀ ਮਾਰ ਕੇ ਸੱਟ, ਸੋਈ ਸੁਰਤ ਲਏ ਉਠਾਈਆ । ਦੋ ਜਹਾਨਾਂ ਆਇਆ ਟੱਪ, ਅੱਗੇ ਹੋ ਨਾ ਕੋਇ ਅਟਕਾਈਆ । ਵਸਣਹਾਰਾ ਘਟ ਘਟ, ਘਟ ਦਾ ਮਾਲਕ ਬੇਪਰਵਾਹੀਆ । ਜਿਸ ਭਗਤ ਦਵਾਰਾ ਬਣਾ ਕੇ ਆਪਣਾ ਮੱਠ, ਮੁਨਾਰੇ ਧਰਮ ਧਾਰ ਸੁਹਾਈਆ । ਜੋਤੀ ਜੋਤ ਜਗਾ ਕੇ ਲਟ ਲਟ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਦਇਆ ਕਮਾਈਆ । ਪਗੜੀ ਕਹੇ ਵਿਸ਼ਨ ਬ੍ਰਹਮਾ ਸ਼ਿਵ ਦਿਸਣ ਇਕੱਠੇ, ਤਿੰਨੇ ਬੈਠੇ ਧਿਆਨ ਲਗਾਈਆ । ਚਾਰ ਜੁਗ ਦੇ ਲਿਖੇ ਮਿਟਣ ਪਟੇ, ਪਟਨੇ ਵਾਲਾ ਨਾਲ ਮਿਲਾਈਆ । ਸਭ ਦੇ ਕਰਮ ਕਾਂਡ ਹੋਣੇ ਬਟਿਆਂ ਵਿਚ ਬਟੇ, ਜ਼ੀਰੋ ਸਿਫ਼ਰ ਨਾ ਕੋਇ ਚਤੁਰਾਈਆ । ਜੇਹੜੇ ਕਲਮੇ ਨਾਮ ਰਟੇ, ਰੱਟਾ ਜਗਤ ਵਿਚ ਕਰਾਈਆ । ਜਿਨ੍ਹਾਂ ਦੇ ਕੈਦਿਆਂ ਕਾਨੂੰਨਾਂ ਵਿਚ ਖਾਧੇ ਕੱਟੇ ਵੱਛੇ, ਪੰਛੀਆਂ ਖੱਲ ਲੁਹਾਈਆ । ਵਾਸਨਾ ਵਿਚ ਫਿਰੇ ਨੱਠੇ, ਦੀਨਾਂ ਮਜ਼੍ਹਬਾਂ ਵੰਡ ਵੰਡਾਈਆ । ਅੰਤਮ ਪੈਂਡੇ ਸਭ ਦੇ ਟੱਪੇ, ਵੇਲਾ ਵਕਤ ਦਏ ਗਵਾਹੀਆ ।

੧੩੦੬
੨੨

ਜੋ ਸਿਫ਼ਤਾਂ ਵਿਚ ਅੱਖਰਾਂ ਵਿਚ ਸਤਰਾਂ ਵਿਚ ਕੋਟਨ ਕੋਟ ਪ੍ਰਭ ਦੇ ਨਾਮ ਛਪੇ, ਕਾਗ਼ਜ਼ਾਂ ਉਤੇ ਰੰਗ ਰੰਗਾਈਆ । ਉਹ ਸਦੀ ਚੌਧਵੀਂ ਅੰਗਿਆਰ ਵਾਂਗ ਤਪੇ, ਦੀਨ ਦੁਨੀ ਰਹੇ ਜਲਾਈਆ । ਪੁਰਖ ਅਕਾਲਾ ਦੀਨ ਦਿਆਲਾ ਵੇਖਣਹਾਰਾ ਸਭ ਦੇ ਖਤੇ, ਖਾਤਾ ਫੋਲੇ ਥਾਉਂ ਥਾਈਂਆ । ਜਿਸ ਕਾਰਨ ਗੋਬਿੰਦ ਜੈਕਾਰ ਬੁਲਾਇਆ ਫ਼ਤਿਹ, ਫ਼ਤਿਹ ਵਾਹਿਗੁਰੂ ਇਕ ਦ੍ਰਿੜਾਈਆ । ਉਸ ਦੇ ਅੱਗੇ ਮਸ਼ਵਰੇ ਰਹਿਣੇ ਨਹੀਂ ਮਤੇ, ਮਤ ਮਤਾਂਤਰ ਦਾ ਡੇਰਾ ਦੇਵੇ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਪਗੜੀ ਕਹੇ ਵਿਸ਼ਨ ਬ੍ਰਹਮਾ ਸ਼ਿਵ ਮੇਰੇ ਵੱਲ ਰਹੇ ਤਕ, ਨੇਤਰ ਨੈਣ ਨੈਣ ਉਠਾਈਆ । ਉਠ ਵੇਖ ਪ੍ਰਭੂ ਜਨ ਭਗਤਾਂ ਦੇਵੇ ਹੱਕ, ਹਕੀਕਤ ਪਿਛਲੀ ਫੋਲ ਫੁਲਾਈਆ । ਵਾਹਿਦ ਮਾਲਕ ਹੋ ਕੇ ਯੱਕ, ਯਕਤਰਫ਼ਾ ਆਪਣੀ ਕਾਰ ਕਮਾਈਆ । ਧੀਰਜ ਸੰਤੋਖ ਬਖ਼ਸ਼ੇ ਸਤਿ, ਸਤਿ ਸਤਿਵਾਦੀ ਬ੍ਰਹਮ ਬ੍ਰਹਮਾਦੀ ਆਪਣਾ ਬ੍ਰਹਮ ਸਮਝਾਈਆ । ਤਤਾਂ ਵਿਚੋਂ ਪਛਾਣ ਕੇ ਤਤ, ਤਤਵ ਤਤ ਦਏ ਵਡਿਆਈਆ । ਜਨ ਭਗਤਾਂ ਲੇਖੇ ਲਾ ਕੇ ਰੱਤ, ਰਤਨ ਅਮੋਲਕ ਹੀਰੇ ਲਏ ਪ੍ਰਗਟਾਈਆ । ਕਲਜੁਗ ਅੰਤਮ ਰੱਖੇ ਪਤ, ਪਤਿਪਰਮੇਸ਼ਵਰ ਹੋਏ ਸਹਾਈਆ । ਸਭ ਦੀ ਸਾਂਝੀ ਕਰਕੇ ਮਤ, ਮਿਤਰ ਪਿਆਰਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਪਗੜੀ ਜਨ ਭਗਤਾਂ ਤਕ ਭਾਗ, ਭਾਗਾਂ ਭਰੀ ਅੱਖ ਉਠਾਈਆ । ਜਿਨ੍ਹਾਂ ਦੇ ਗ੍ਰਿਹਿ ਧਰਮ ਚਰਾਗ਼, ਜੋਤੀ ਨੂਰ ਨੂਰ ਰੁਸ਼ਨਾਈਆ । ਜਿਸਮ ਇਸਮ ਰਹੇ ਨਾ ਆਗ, ਅਗਨੀ ਤਤ ਗਵਾਈਆ । ਅੰਤ ਬਖ਼ਸ਼ੇ ਇਕ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ੧੩੦੭
ਧਰਮ ਦੀ ਧਾਰ ਦੇ ਤਿਆਗ, ਤ੍ਰੈਗੁਣ ਅਤੀਤਾ ਹੋਏ ਸਹਾਈਆ । ਗੁਰਮੁਖ ਹੰਸ ਬਣਾਏ ਕਾਗ, ਕਾਗ ਹੰਸ ਰੂਪ ਪ੍ਰਗਟਾਈਆ । ਕਿਰਪਾ ਕਰੇ ਮਾਲਕ ਵਾਹਿਦ, ਵਾਹਵਾ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਨਿਭਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਪਗੜੀ ਉਹ ਤਕ ਆਪਣੇ ਨਾਲ ਦੁੱਪਟੇ ਲੀੜੇ, ਦਰ ਸਚ ਮਿਲੇ ਵਡਿਆਈਆ । ਇਕੋ ਮਾਣ ਹਸਤ ਕੀੜੇ, ਕੀਟ ਕੀਟਾਂ ਹੋਏ ਸਹਾਈਆ । ਧਰਮ ਦੀ ਧਾਰ ਸਭ ਦੇ ਬੰਨ੍ਹੇ ਬੀੜੇ, ਬੇੜਾ ਆਪਣੇ ਕੰਧ ਉਠਾਈਆ । ਸੋਹਣੇ ਸੀਸ ਸੁਹਾ ਕੇ ਚੀਰੇ, ਚਿਰੀ ਵਿਛੁੰਨੇ ਲਏ ਮਿਲਾਈਆ । ਜਨ ਭਗਤਾਂ ਬਦਲ ਆਪ ਤਕਦੀਰੇ, ਤਦਬੀਰ ਆਪਣੀ ਇਕ ਦਰਸਾਈਆ । ਲੱਖ ਚੁਰਾਸੀ ਵਿਚੋਂ ਕਢ ਕੇ ਹੀਰੇ, ਅਮੋਲਕ ਰਤਨ ਲਏ ਉਪਜਾਈਆ । ਅੰਮ੍ਰਿਤ ਧਾਰ ਬਖ਼ਸ਼ ਕੇ ਨੀਰੇ, ਨਿਰਵੈਰ ਹੋਏ ਸਹਾਈਆ । ਹਰਿਜਨ ਹਰਿ ਭਗਤ ਗੁਰਮੁਖ ਗੁਰਸਿਖ ਹੋਏ ਨਾ ਕੋਇ ਦਿਲਗੀਰੇ, ਚਿੰਤਾ ਗ਼ਮੀ ਨਾ ਕੋਇ ਰਖਾਈਆ । ਪੁਰਖ ਅਕਾਲ ਦੀਨ ਦਿਆਲ ਆਤਮ ਪਰਮਾਤਮ ਨਾਤਾ ਜੋੜਿਆ ਪਾਤਸ਼ਾਹ ਵਜ਼ੀਰੇ, ਦਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਖੇਲ ਖਿਲਾਏ ਧੀਰੇ ਧੀਰੇ, ਧੀਰਜ ਧਰਵਾਸ ਪੁਰਖ ਅਬਿਨਾਸ਼, ਜਨ ਭਗਤਾਂ ਆਪ ਜਗਾਈਆ ।

✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੭ ਤੇਜਭਾਨ, ਸ਼ਿਵ ਸਿੰਘ, ਗੁੜ੍ਹਾ ਰਾਮ, ਰਾਮ ਚੰਦ, ਅਮਰੋ ਦੇਵੀ, ਚਰਨ ਦਾਸ, ਸੋਭਾ ਸਿੰਘ, ਕੇਸਰੀ ਦੇਵੀ, ਪ੍ਰੇਮ ਚੰਦ, ਸਰਦਾਰ ਚੰਦ, ਗੁਰਾ ਰਾਮ, ਕ੍ਰਿਸ਼ਨ ਲਾਲ, ਰਵੇਲਾ ਰਾਮ, ਬੇਲੂ ਰਾਮ, ਨਾਨਕ ਚੰਦ, ਨੰਦੂ ਰਾਮ, ਫ਼ਕੀਰ ਸਿੰਘ, ਪੀਰਾ ਰਾਮ, ਗਿਆਨ ਚੰਦ, ਈਸ਼ਰ ਦਾਸ, ਪਿੰਡ ਸਈ ਖ਼ੁਰਦ ਜ਼ਿਲਾ ਜੰਮੂ ✪

ਸਦੀ ਚੌਧਵੀਂ ਕਹੇ ਮੇਰਾ ਵਕਤ ਲੰਘਾ, ਲੰਘਦੀ ਲੰਘਦੀ ਦਿਆਂ ਜਣਾਈਆ । ਮੇਰੀ ਫਿਰਦੀ ਫਿਰਦੀ ਦੀਆਂ ਥੱਕ ਗਈਆਂ ਜੰਘਾਂ, ਬਲਹੀਣ ਦਿਆਂ ਸੁਣਾਈਆ । ਮੇਰੀ ਨਿਗਹ ਪਈ ਉਤੇ ਗੰਗਾ, ਗੰਗੋਤਰੀ ਧਿਆਨ ਰਖਾਈਆ । ਝਟ ਨਾਰਦ ਬੋਲਿਆ ਕਮਲੀਏ ਮੇਰਾ ਵੇਖ ਲੈ ਪਿੰਡਾ ਨੰਗਾ, ਨੰਗੀ ਤਕ ਜਗਤ ਲੋਕਾਈਆ । ਈਮਾਨ ਮਿਲੇ ਕਿਸੇ ਨਾ ਮੰਗਾ, ਦਸਤ ਵਸਤ ਨਾ ਕੋਇ ਕਰਾਈਆ । ਮੁੱਲਾਂ ਸ਼ੇਖ਼ ਮੁਸਾਇਕ ਰਿਹਾ ਕੋਇ ਨਾ ਚੰਗਾ, ਚੰਦ ਸਿਤਾਰ ਦਏ ਗਵਾਹੀਆ । ਉਹ ਵੇਖ ਸ਼ਬਦੀ ਧਾਰ ਦਾ ਸੱਤਰੰਗਾ, ਰੰਗਤ ਸਭ ਦੀ ਰਿਹਾ ਬਦਲਾਈਆ । ਜਿਸ ਦਾ ਮਾਲਕ ਸੂਰਾ ਸਰਬੰਗਾ, ਸ਼ਹਿਨਸ਼ਾਹ ਨੂਰ ਇਲਾਹੀਆ । ਜਿਸ ਝਗੜਾ ਵੇਖਣਾ ਜਗਤ ਜਹਾਨ ਫ਼ਰੰਗਾ, ਫ਼ਾਰਸ ਤੋਂ ਪਰੇ ਧਿਆਨ ਲਗਾਈਆ । ਚਾਰ ਯਾਰੀ ਨਚਾਉਣੀ ਵਾਂਗ ਮਲੰਗਾ, ਮਤਿਹਰਾ ਹੁਕਮ ਹੱਥ ਉਠਾਈਆ । ਮੇਰਾ ਬਚਨ ਨਾ ਤੈਨੂੰ ਲੱਗੇ ਕੁੜੰਘਾ, ਪ੍ਰੇਮ ਨਾਲ ਰਿਹਾ ਸਮਝਾਈਆ । ਮੇਰਾ ਖੇਲ ਵੇਖ ਇਕ ਟੰਗਾ, ਇਕ ਧਾਰ ਹੋ ਦ੍ਰਿੜਾਈਆ । ਪੁਰਖ ਅਕਾਲ ਦੀਨ ਦਿਆਲ ਆਪਣਾ ਉਲਟਾ ਕਰਾਇਆ ਪਲੰਘਾ, ਪਾਵਾ ਚੂਲ ਰੋਵਣ ਮਾਰਨ ਧਾਈਆ । ਅੱਗੇ ਪੈਂਡਾ ਕਰੀਂ ਪ੍ਰਭੂ ਨਾ ਲੰਬਾ, ਹੁਕਮ ਹੁਕਮ ਵਿਚੋਂ ਬਦਲਾਈਆ । ਕਮਲੀਏ ਉਹ ਤਕ ਮੁਹੰਮਦ ਵਾਲਾ ਤੰਬਾ, ਤੰਬੂਰ ਧੁਰ ਦਾ ਰਿਹਾ ਵਜਾਈਆ । ਅਲਾਹੀ ਨੂਰ ਦਾ ਵੇਖ ਮੰਬਾ, ਫ਼ਰਮਾਨਾ ਅਗੰਮ ਰਿਹਾ ਸੁਣਾਈਆ । ਉਫ਼ ਹਾਏ ਇਹ ਖੇਲ ਹੋਣਾ ਅਚੰਭਾ, ਅਚਰਜ ਆਪਣੀ ਕਲ ਵਰਤਾਈਆ । ਜੋ ਵਸੇ ਸਤਹ ਉਤੇ ਬੁਲੰਦਾ, ਬਲੰਦੀ ਸਮਝ ਕਿਸੇ ਨਾ ਆਈਆ । ਲੇਖਾ ਜਾਣੇ ਚੁਰਾਸੀ ਬ੍ਰਹਮ ਹੰਗਾ, ਹੰ ਬ੍ਰਹਮ ਬੇਪਰਵਾਹੀਆ । ਜਿਸ ਨੇ ਸ਼ਰਅ ਦਾ ਭਾਰ ਲਾਹੁਣਾ ਸਭ ਦੇ ਉਤੋਂ ਕੰਧਾ, ਕੰਢੀ ਬੈਠਾ ਵੇਖ ਵਖਾਈਆ । ਮਾਨਵ ਰਹਿਣ ਦੇਣਾ ਕੋਈ ਨਹੀਂ ਗੰਦਾ, ਗੋਦਾਵਰੀ ਜਮਨਾ ਸੁਰਸਤੀ ਬੈਠੀ ਅੱਖ ਉਠਾਈਆ । ਉਸ ਦਾ ਅੰਮ੍ਰਿਤ ਰਸ ਵੇਖ ਠੰਡਾ, ਮੇਘ ਅਗੰਮਾ ਰਿਹਾ ਬਰਸਾਈਆ । ਨੀ ਮੈਂ ਆਦਿ ਦਾ ਲੰਮੀ ਬੋਦੀ ਵਾਲਾ ਪੰਡਾ, ਧੋਤੀ ਧਰਮ ਦੀ ਤਨ ਸੁਹਾਈਆ । ਜੁਗ ਜੁਗ ਮੇਰਾ ਖੇਲ ਹੋਵੇ ਬ੍ਰਹਿਮੰਡਾ, ਵਰਭੰਡਾਂ ਵੰਡ ਵੰਡਾਈਆ । ਮੈਂ ਭਗਤ ਸੰਤ ਜਗਤ ਜਹਾਨ ਕਰਾਇਆ ਪਖੰਡਾ, ਭੇਖਾਧਾਰੀ ਰੂਪ ਬਣਾਈਆ । ਕਮਲੀਏ ਉਹ ਤਕ ਤੇਰਾ ਛੁਪਦਾ ਜਾਂਦਾ ਤਾਰਾ ਚੰਦਾ, ਚਾਂਦਨੀ ਚੰਦ ਨਾ ਕੋਇ ਚਮਕਾਈਆ । ਸਦੀ ਚੌਧਵੀਂ ਕਹੇ ਕੀ ਕੋਇ ਸੰਦੇਸਾ ਦਿੰਦਾ ਬੰਦਾ, ਬੰਦਗੀ ਵਾਲਾ ਸੋਭਾ ਪਾਈਆ । ਨਾਰਦ ਜ਼ੋਰ ਜ਼ੋਰ ਦੀ ਕੰਬਾ, ਬਿਨਾ ਤਨ ਤਨ ਵਜੂਦ ਰਿਹਾ ਹਲਾਈਆ । ਨੀ ਮੇਰਾ ਮਾਲਕ ਇਕੋ ਲਖਮੀ ਨਰਾਇਣ ਮਨੋਹਰ ਮੁਕੰਦਾ, ਮੁਕੰਮਲ ਧਿਆਨ ਦ੍ਰਿੜਾਈਆ । ਜਿਸ ਦੇ ਕੋਲ ਧੁਰ ਕਲਮੇ ਦਾ ਇਕੋ ਫੰਦਾ, ਫਾਂਦੀ ਸਭ ਨੂੰ ਰਿਹਾ ਫਸਾਈਆ । ਉਹਦੀਆਂ ਤ੍ਰੈਗੁਣ ਤੋਂ ਬਾਹਰ ਗੰਢਾ, ਜਗਤ ਜਹਾਨ ਨਾ ਕੋਇ ਖੁਲ੍ਹਾਈਆ । ਮੈਂ ਓਸੇ ਦਾ ਹੁਕਮ ਸੰਦੇਸਾ ਵੰਡਾਂ, ਸਭ ਨੂੰ ਰਿਹਾ ਦ੍ਰਿੜਾਈਆ । ਜਿਸ ਨੇ ਵੇਸ ਬਦਲ ਕੇ ਭੇਖ ਧਾਰ ਕੇ ਜਵਾਂ ਦਾ ਖਾਧਾ ਮੰਡਾ, ਮੰਡਲੀ ਦੇ

ਜਹਾਨ ਵੇਖ ਵਖਾਈਆ । ਭੋਗ ਲਗਾ ਕੇ ਭਗਤ ਦਵਾਰ ਦੇ ਗੰਢਾ, ਗੰਢ ਅਗਲੀ ਰਿਹਾ ਪਵਾਈਆ । ਉਸ ਦਾ ਨਿਰਵੈਰ ਰੂਪ ਦਾ ਤੰਦਾ, ਤੰਦ ਸਿਤਾਰ ਰਿਹਾ ਹਿਲਾਈਆ । ਜਿਸ ਨੇ ਜਗਤ ਜਹਾਨ ਕੀਤਾ ਅੰਧਾ, ਨੇਤਰਹੀਣ ਹੋਣੀ ਲੋਕਾਈਆ । ਨਿਗਹ ਮਾਰ ਲੈ ਵੇਖ ਗੋਬਿੰਦ ਵਾਲਾ ਕੰਘਾ, ਇੱਕੀ ਦੰਦਿਆਂ ਵੰਡ ਵੰਡਾਈਆ । ਉਹ ਯਾਦ ਕਰ ਲੈ ਦੁਰਗਾ ਵਾਲਾ ਖੰਡਾ, ਅਸ਼ਟਭੁਜ ਸਿੰਘ ਅਸਵਾਰ ਰਹੀ ਜਣਾਈਆ । ਜਿਸ ਨੇ ਜਗਤ ਜਹਾਨ ਕਰਨਾ ਰੰਡਾ, ਕੰਤ ਸੁਹਾਗ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਨਾਰਦ ਕਹੇ ਸਦੀ ਚੌਧਵੀਂ ਸੁਣ ਸਾਹਿਬ ਦੀ ਦਾਸੀ, ਦਾਸਤਾਨ ਦਿਆਂ ਦ੍ਰਿੜਾਈਆ । ਕਿਉਂ ਈਸਾ ਚੜ੍ਹਿਆ ਫਾਸੀ, ਫ਼ੈਸਲਾ ਪ੍ਰਭ ਦੇ ਹੱਥ ਫੜਾਈਆ । ਕਿਉਂ ਮੁਹੰਮਦ ਰੱਖੀ ਆਸੀ, ਚੌਦਾਂ ਸਦ ਧਿਆਨ ਲਗਾਈਆ । ਕਿਉਂ ਬਰਤਨ ਤਜਾਏ ਪਿੱਤਲ ਕਾਂਸੀ, ਹਾਂਡੀ ਕੁੰਨੀ ਮਾਟੀ ਵਾਲੀ ਸੁਹਾਈਆ । ਕਿਉਂ ਨਾਤਾ ਤੋੜਿਆ ਫੁੱਫੀ ਮਾਸੀ, ਚਾਚੀ ਤਾਈ ਨਾਲ ਵਡਿਆਈਆ । ਕਿਉਂ ਅੰਮ੍ਰਿਤ ਲਿਆ ਆਬੇਹਯਾਤੀ, ਬਿਨਾ ਚੁਲੀਆਂ ਮੁਖ ਪੁਆਈਆ । ਕਿਉਂ ਸ਼ਰਅ ਬਣੀ ਜਮਾਤੀ, ਚਾਰ ਯਾਰੀ ਸੰਗ ਰਖਾਈਆ । ਕਿਉਂ ਹੁਕਮ ਸੁਣਾਇਆ ਕਾਇਨਾਤੀ, ਕਲਮਾ ਰਸੂਲ ਨਾਲ ਵਡਿਆਈਆ । ਕਿਉਂ ਰਾਹ ਤੱਕਿਆ ਸਦੀ ਚੌਧਵੀਂ ਅੰਧੇਰੀ ਰਾਤੀ, ਨੂਰੀ ਚੰਦ ਨਾ ਕੋਇ ਚਮਕਾਈਆ । ਨਾਰਦ ਕਹੇ ਆਹ ਵੇਖ ਮਿਹਰਵਾਨ ਦੀ ਇਕ ਪਾਤੀ, ਪਤਰਾ ਦਿਆਂ ਵਖਾਈਆ । ਜਿਸ ਦਾ ਲੇਖਾ ਨਹੀਂ ਕਾਗ਼ਜ਼ਾਤੀ, ਕਲਮ ਸ਼ਾਹੀ ਨਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਸਦੀ ਚੌਧਵੀਂ ਮੈਂ ਪੰਡਤ ਬੜਾ ਪੁਰਾਣਾ, ਪੁਨਹ ਪੁਨਹ ਤੈਨੂੰ ਸੀਸ ਨਿਵਾਈਆ । ਮੇਰਾ ਆਦਿ ਤੋਂ ਇਕੋ ਗਾਣਾ, ਗਾ ਗਾ ਝਟ ਲੰਘਾਈਆ । ਮੈਂ ਵੇਖਿਆ ਜਗਤ ਜਹਾਨਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲ ਖਿਲਾਈਆ । ਸਭ ਨੇ ਅੱਖਰਾਂ ਵਾਲਾ ਦਿਤਾ ਬਿਆਨਾ, ਗੁਰ ਅਵਤਾਰ ਪੈਗ਼ੰਬਰ ਸਿਫ਼ਤਾਂ ਵਾਲੀ ਸਿਫ਼ਤ ਸਾਲਾਹੀਆ । ਸ਼ਰਅ ਦਾ ਗੱਡ ਨਿਸ਼ਾਨਾ, ਨਿਸ਼ਾਨੇ ਨਿਸ਼ਾਨੇ ਵਿਚੋਂ ਬਦਲਾਈਆ । ਸਦਾ ਰਿਹਾ ਨਹੀਂ ਇਕੋ ਜਿਹਾ ਜ਼ਮਾਨਾ, ਜ਼ਿਮੀਂ ਜ਼ਮਾਂ ਦਏ ਗਵਾਹੀਆ । ਆਪਣੀ ਧੋਤੀ ਵਿਚੋਂ ਕਢ ਕੇ ਵਖਾਵਾਂ ਤੈਨੂੰ ਉਹ ਪਰਵਾਨਾ, ਜਿਹੜਾ ਪਰਮ ਪੁਰਖ ਮੇਰੇ ਹੱਥ ਦਿਤਾ ਫੜਾਈਆ । ਜਿਸ ਵਿਚ ਆਤਮ ਬ੍ਰਹਮ ਨਜ਼ਰ ਆਏ ਨਾ ਕੋਇ ਬੇਗਾਨਾ, ਖ਼ੁਦਾ ਦੀਏ ਬੇਗਮੇ ਬੇ ਗ਼ਮ ਹੋ ਜਾ ਤੈਨੂੰ ਦਿਆਂ ਸੁਣਾਈਆ । ਪ੍ਰਭ ਦਾ ਖੇਲ ਵੇਖ ਸ਼ਾਹਾਨਾ, ਸ਼ਹਿਨਸ਼ਾਹ ਕੀ ਆਪਣਾ ਹੁਕਮ ਵਰਤਾਈਆ । ਭੁੱਲ ਜਾ ਪਿਛਲੀਆਂ ਕਲਾਮਾਂ, ਕਲਮਾ ਸੁਣ ਨੂਰ ਇਲਾਹੀਆ । ਜਿਸ ਨੇ ਕਿਹਾ ਮੇਰਾ ਆਉਣਾ ਅਮਾਮਾ, ਅਮਲਾਂ ਤੋਂ ਬਾਹਰ ਨੂਰ ਇਲਾਹੀਆ । ਉਸ ਦਾ ਵੱਜੇ ਇਕ ਦਮਾਮਾ, ਦੋ ਜਹਾਨਾਂ ਕਰੇ ਸ਼ਨਵਾਈਆ । ਜਿਸ ਨੂੰ ਯਾਦ ਕਰਦੇ ਗਏ ਕ੍ਰਿਸ਼ਨਾ ਕਾਹਨਾ, ਗੋਪੀਆਂ ਵਾਲੀ ਰਾਸ ਰਚਾਈਆ । ਜਿਸ ਦੀ ਆਸ ਰੱਖੀ ਸੀਤਾ ਰਾਮਾ, ਬਨਬਾਸਾਂ ਵਿਚ ਸੋਭਾ ਪਾਈਆ । ਸਪਤ ਰਿਖੀ ਕਰਨ ਧਿਆਨਾ, ਬਿਨਾ ਨੈਣਾਂ ਨੈਣ ਉਠਾਈਆ । ਨਾਨਕ ਗੋਬਿੰਦ ਗਾਇਆ ਗਾਣਾ, ਗਾ ਗਾ ਸ਼ੁਕਰ ਮਨਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਹਿਰ ਕੇ ਆਪਣ ਬਾਣਾ, ਬਾਣ ਅਣਿਆਲਾ ਤੀਰ ਰਿਹਾ ਚਲਾਈਆ । ਸਭ ਦਾ ਬਣ ਕੇ ਜਾਣੀ ਜਾਣਾ, ਜਾਣਨਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਨੀ ਉਹ ਤਕ ਮਾਲਕ

ਕਦੀਮ ਕਲਮਾ, ਕਾਦਰ ਕੁਦਰਤ ਧੁਰਦਰਗਾਹੀਆ । ਜਿਸ ਨੇ ਤੇਰੇ ਅੰਤ ਮੁਹੰਮਦ ਦੀ ਉਮਤ ਦੇਣਾ ਸਦਮਾ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਕਿਉਂ ਪ੍ਰਭ ਦਾ ਇਕਰਾਰ ਵਾਅਦਾ ਨਾਲ ਦੁਰਗਾ ਅਸ਼ਟਭੁਜ ਜਿਸ ਨੇ ਸੁੰਭ ਨਿਸੁੰਭ ਸੈਨਾ ਖਪਾਈ ਅਠਾਸੀ ਲੱਖ ਪਦਮਾ, ਪਦ ਆਪਣਾ ਇਕ ਜਣਾਈਆ । ਜਿਸ ਦਾ ਲੇਖ ਲਿਖਾਇਆ ਕਾਹਨ ਕ੍ਰਿਸ਼ਨਾ ਬਾਂਸੀ ਵੰਸ਼ੀ ਵਿਚ ਯਾਦਵਾਂ, ਯਾਦਵ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਨਾਰਦ ਕਹੇ ਸ਼ਕਤੀ ਧਾਰ ਵੇਖ ਭੁਜ ਅੱਠ, ਅੱਠ ਅੱਠ ਤਤ ਚਤੁਰਾਈਆ । ਨੌਂ ਖੰਡ ਪ੍ਰਿਥਮੀ ਉਠ ਕੇ ਨੱਠ, ਭੱਜਣਾ ਵਾਹੋ ਦਾਹੀਆ । ਉਮਤ ਦੀ ਆਸ਼ਾ ਦਾ ਕਰਨਾ ਇਕੱਠ, ਸਤਾਰਾਂ ਹਾੜ ਥਿਤ ਜਣਾਈਆ । ਨਾਲ ਮੌਲੀ ਦਾ ਲਿਆਉਣਾ ਗੱਟ, ਹੱਥੀਂ ਫੜਨਾ ਚਾਈਂ ਚਾਈਂਆ । ਦੋ ਧਾਰ ਨਾਲ ਦੇਣਾ ਕਟ, ਖੰਡਾ ਖੜਗ ਨਾਲ ਛੁਹਾਈਆ । ਜੋਤ ਜਗੇ ਲਟ ਲਟ, ਪੰਜ ਦੀਪਕ ਹੋਣ ਸੁਹਾਈਆ । ਵਿਚ ਹੋਣ ਪੰਜ ਪਿਪਲ ਦੇ ਪੱਤ, ਪਤਿਪਰਮੇਸ਼ਵਰ ਉਪਰ ਨਾਮ ਲਿਖਾਈਆ । ਜੰਮੂ ਵਾਲੇ ਲਿਆਉਣ ਸਚ, ਸਚ ਸਚ ਨਾਲ ਕੁੜਮਾਈਆ । ਸਦੀ ਚੌਧਵੀਂ ਪਈ ਹੱਸ, ਹੱਸ ਹੱਸ ਕੇ ਰਹੀ ਸੁਣਾਈਆ । ਅੱਗੇ ਹੋਰ ਕੁਛ ਦੱਸ, ਨਾਰਦ ਪੜਦਾ ਦੇ ਉਠਾਈਆ । ਨਾਰਦ ਆਪਣਾ ਮੂੰਹ ਵੱਟ, ਪਾਸਾ ਲਿਆ ਬਦਲਾਈਆ । ਪਹਿਲੋਂ ਮੇਰੇ ਚਰਨਾਂ ਉਤੇ ਢੱਠ, ਫੇਰ ਅੱਗੇ ਦਿਆਂ ਸੁਣਾਈਆ । ਸਦੀ ਚੌਧਵੀਂ ਕਿਹਾ ਵੇ ਨਾਰਦਾ ਮੇਰਾ ਪਿਛਲਾ ਨਾਤਾ ਜੁੜ ਗਿਆ ਨਾਲ ਜੱਟ, ਮੈਂ ਪੰਡਤ ਪਾਂਧੇ ਦਿਤੇ ਤਜਾਈਆ । ਨਾਰਦ ਨੇਤਰ ਖੋਲ੍ਹਿਆ ਫਟ, ਅੱਖ ਲਈ ਉਠਾਈਆ । ਉਹਨੂੰ ਨਜ਼ਰ ਆਇਆ ਸੂਰਬੀਰ ਸਮਰਥ, ਦਾਤਾ ਧੁਰਦਰਗਾਹੀਆ । ਫੇਰ ਨੀਵੀਂ ਕਰਕੇ ਅੱਖ, ਇਸ਼ਾਰਾ ਦਿਤਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਨਾਰਦਾ ਇਕ ਮੰਨ ਲੈ ਬਾਤ, ਬਾਤਨ ਦਿਆਂ ਜਣਾਈਆ । ਜਿਸ ਵੇਲੇ ਆਵੇ ਸਤਾਰਾਂ ਹਾੜ ਦੀ ਰਾਤ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਮਾਝੇ ਵਾਲਿਆਂ ਅੱਠਾਂ ਦੀ ਬਣਾਈ ਹੋਵੇ ਜਮਾਤ, ਸੀਸ ਜਾਮਨ ਰੰਗ ਰੰਗਾਈਆ । ਦੁਆਬੇ ਵਾਲਿਆਂ ਅੱਠਾਂ ਕੋਲ ਹੋਵੇ ਖਾਤ, ਖਾਤਾ ਭਰੇ ਧੁਰਦਰਗਾਹੀਆ । ਮਾਲਵੇ ਵਾਲੇ ਬੈਠੇ ਹੋਣ ਇਕਾਂਤ, ਅੱਠਾਂ ਤਤਾਂ ਅੰਦਰ ਧਿਆਨ ਲਗਾਈਆ । ਜੰਮੂ ਵਾਲੇ ਅੱਠ ਗੁਰਮੁਖ ਉਸ ਦਿਨ ਵੰਡਣਗੇ ਪਰਸ਼ਾਦ, ਸੇਵਾ ਸਚ ਧਾਰ ਕਮਾਈਆ । ਤੇਜ ਭਾਨ ਰੱਖਣਾ ਯਾਦ, ਯਾਦਾਸ਼ਤ ਤੇਰੇ ਨਾਲ ਰਖਾਈਆ । ਸਦੀ ਚੌਧਵੀਂ ਦੀ ਗੋਲੀ ਬਦਲ ਲਏ ਲਬਾਸ, ਬਸਤਰ ਪੀਲੇ ਰੰਗ ਰੰਗਾਈਆ । ਮਸਤਕ ਟਿੱਕਾ ਜਿਹਦੇ ਪੰਜ ਹੋਣ ਬਲਾਕ, ਸਵਾ ਇੰਚ ਲੰਬਾਈ ਚੌੜ੍ਹਾਈਆ । ਮਸਤਕ ਨੌਂ ਲੜੀਆਂ ਹੋਵਣ ਮੋਤੀਆਂ ਸਾਥ, ਨਵ ਰੰਗ ਨਜ਼ਰੀ ਆਈਆ । ਢਾਈ ਚੀਰ ਵਿਚ ਪਾਵਣ ਰਾਸ, ਲੜੀ ਲੜੀ ਨਾਲ ਬੰਧਾਈਆ । ਪੰਜ ਪਾਣੀ ਦੇ ਭਰੇ ਹੋਣ ਗਿਲਾਸ, ਹਥੇਲੀ ਸੱਜੀ ਉਤੇ ਸੁਹਾਈਆ । ਇਹ ਖੇਲ ਪ੍ਰਭੂ ਅਬਿਨਾਸ਼, ਹਰਿ ਕਰਤਾ ਆਪ ਕਰਾਈਆ । ਨਾਰਦ ਕਹੇ ਸਦੀ ਚੌਧਵੀਂ ਸ਼ਾਬਾਸ਼, ਸ਼ਾਬਾ ਸ਼ਾਬਾ ਕਹਿ ਕੇ ਰਿਹਾ ਸੁਣਾਈਆ । ਸਦੀ ਚੌਧਵੀਂ ਕਹੇ ਮੇਰਾ ਵਾਸਤਾ ਤੇਰੇ ਅੱਗੇ ਬਾਪ, ਜੋ ਪਿਤਾ ਪੁਰਖ ਅਕਾਲ ਅਖਵਾਈਆ । ਉਸ ਵੇਲੇ ਨਾਰਦਾ ਤੂੰ ਮੇਰੇ ਨਾਲ ਮਿਲ ਕੇ ਸੋਹੰ ਸੋਹੰ ਜਪਣਾ ਜਾਪ, ਨਾਰਦ ਦਾ ਰੂਪ ਗੁਰਨਾਮ ਸਿੰਘ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅਸ਼ਟਭੁਜ ਕਹੇ ਮੇਰੀ ਆਸਾ ਨਾਲ ਅਸ਼ਟਬਕਰ, ਰਾਮ ਰਾਮਾ ਧਿਆਨ


੧੩੧੦
੨੨

ਲਗਾਈਆ । ਮਾਝੇ ਵਾਲਿਆਂ ਅੱਠਾਂ ਦੇ ਸਿਰ ਤੇ ਹੋਵੇ ਛਤਰ, ਛਤਰਧਾਰੀ ਵੇਖ ਵਖਾਈਆ । ਦੁਆਬੇ ਵਾਲਿਆਂ ਲਾਲ ਰੰਗ ਦਾ ਸੀਸ ਤੇ ਰੱਖਣਾ ਪੱਤਰ, ਪੱਤਰ ਕਾਗਜ਼ ਰੰਗ ਰੰਗਾਈਆ । ਮਾਲਵੇ ਵਾਲਿਆਂ ਕੱਜਲ ਪਾਉਣਾ ਅੱਠਾਂ ਅੱਖਣ, ਸੱਜੀ ਅੱਖ ਵਿਚ ਟਿਕਾਈਆ । ਜੰਮੂ ਵਾਲਿਆਂ ਅੱਠਾਂ ਰੂਪ ਧਰਨਾ ਵਾਂਗ ਨੱਟਣ, ਸਵਾਂਗੀ ਹੋ ਕੇ ਸਵਾਂਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਸਦੀ ਚੌਧਵੀਂ ਕਹੇ ਮੇਰੀ ਗੋਲੀ ਦੇ ਮੁਖ ਵਿੱਚ ਹੋਵੇ ਫੁੱਲ ਗੁਲਾਬ, ਮਿੰਟ ਢਾਈ ਢਾਈ ਟਿਕਾਈਆ । ਖੱਬੇ ਹੱਥ ਫੜੀ ਹੋਵੇ ਰਬਾਬ, ਸਿਤਾਰ ਸਤਿ ਨਾਲ ਮਿਲਾਈਆ । ਇੱਕੀ ਵਾਰ ਪ੍ਰਭੂ ਨੂੰ ਕਰੇ ਆਦਾਬ, ਨਿਵ ਨਿਵ ਸੀਸ ਝੁਕਾਈਆ । ਨਾਰਦ ਉਚੀ ਕੂਕ ਸੁਣਾਏ ਆਵਾਜ਼, ਪ੍ਰਭ ਤੇਰੀ ਬੇਪਰਵਾਹੀਆ । ਗੁਰਮੁਖ ਸਿੰਘ ਨੇ ਕਹਿਣਾ ਜਨ ਭਗਤੋ ਬਦਲ ਗਿਆ ਸਮਾਜ, ਸਮਗਰੀ ਪਿਛਲੀ ਰਹੀ ਨਾ ਰਾਈਆ । ਹਰਿ ਸੰਗਤ ਸ਼ੋਰ ਮਚਾਉਣਾ ਦੀਨ ਦੁਨੀ ਜਾਉ ਜਾਗ, ਨੇਤਰ ਅੱਖ ਅੱਖ ਖੁਲ੍ਹਾਈਆ । ਸਾਰਿਆਂ ਇਕੋ ਵਾਰ ਮਾਰਨੀ ਚਾਂਗ, ਜ਼ੋਰ ਬਲ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਸਦੀ ਚੌਧਵੀਂ ਕਹੇ ਮੈਂ ਪ੍ਰਭ ਦਾ ਸੁਣਨਾ ਸੰਗੀਤ, ਸੰਗਲਾ ਦੀਪ ਵਿਚ ਧਿਆਨ ਲਗਾਈਆ । ਜਨ ਭਗਤਾਂ ਵੇਖਣੀ ਇਕ ਪ੍ਰੀਤ, ਜੋ ਪ੍ਰੀਤਮ ਵਿਚ ਸਮਾਈਆ । ਝਟ ਨਾਰਦ ਕਿਹਾ ਕੁਛ ਤੂੰ ਵੀ ਯਾਦ ਕਰ ਲੈ ਗੀਤ, ਜਿਹੜਾ ਗੜ੍ਹੀ ਚਮਕੌਰ ਗਾਇਆ ਗੋਬਿੰਦ ਮਾਹੀਆ । ਸਦੀ ਚੌਧਵੀਂ ਕਹੇ ਰਾਤ ਦੇ ਬਾਰਾਂ ਵਜੇ ਪਗੜੀ ਬਦਲਣ ਅੰਗਰੇਜ਼ ਸਿੰਘ ਰਣਜੀਤ ਸਿੰਘ ਤੇ ਸਿੰਘ ਸੁਰਜੀਤ, ਸੁਰਤੀ ਸਤਿਗੁਰ ਵਿਚ ਮਿਲਾਈਆ । ਹਰਿ ਸੰਗਤ ਕਰੇ ਤਸਦੀਕ, ਸ਼ਹਾਦਤ ਇਕੋ ਵਾਰ ਭੁਗਤਾਈਆ । ਜਨ ਭਗਤੋ ਭਗਤਾਂ ਦਾ ਨਾਤਾ ਠੀਕ, ਆਦਿ ਜੁਗਾਦਿ ਨਾ ਕੋਇ ਤੁੜਾਈਆ । ਨਾ ਕੋਈ ਹਸਤ ਨਾ ਕੋਈ ਕੀਟ, ਰਾਜ ਰਾਜਾਨ ਇਕੋ ਗੜ੍ਹ ਵਸਾਈਆ । ਇਕਾ ਚਾੜ੍ਹੇ ਰੰਗ ਮਜੀਠ, ਪੰਜ ਪਿਆਰੇ ਪੀਲੇ ਬਸਤਰਾਂ ਨਾਲ ਸੁਹਾਈਆ । ਪੰਜ ਦਰਬਾਰੀ ਮੱਥੇ ਉਤੇ ਮਾਰਨ ਚਿੱਟੀ ਕਾਲੀ ਲੀਕ, ਲਾਈਨ ਸਾਢੇ ਤਿੰਨ ਇੰਚ ਲੰਬਾਈਆ । ਲਿਖਾਰੀ ਪੰਜ ਪੰਜ ਹਾਰ ਗਲ ਵਿਚ ਪਾਵਣ ਠੀਕ, ਠਾਕਰ ਆਪਣਾ ਇਕ ਮਨਾਈਆ । ਹਰਿ ਸੰਗਤ ਸੋਹੰ ਨਿਸ਼ਾਨ ਲਗਾਉਣਾ ਉਪਰ ਪੀਠ, ਪੁਸ਼ਤ ਪਨਾਹ ਦਾ ਮਾਲਕ ਹੋਵੇ ਬੇਪਰਵਾਹੀਆ । ਸੋਹੰ ਮੋਹਰ ਲਗਾਉਣੀ ਉਪਰ ਜੀਭ, ਜਿਹਵਾ ਰਸਨਾ ਗੁਣ ਬਣਾਈਆ । ਮਾਝਾ ਮਾਲਵਾ ਦੁਆਬਾ ਜੰਮੂ ਧਰਮ ਦੀ ਧਾਰ ਹੋਵੇ ਤਰਤੀਬ, ਤਰੀਕਾ ਇਕੋ ਸਮਝਾਈਆ । ਸਭ ਨੇ ਆਸਾ ਰੱਖਣੀ ਹਰਿ ਕਾ ਨਾਮ ਲੈਣਾ ਖ਼ਰੀਦ, ਵਪਾਰੀ ਬਣ ਕੇ ਆਉਣਾ ਚਾਈਂ ਚਾਈਂਆ । ਸਦੀ ਚੌਧਵੀਂ ਕਹੇ ਨਾਰਦਾ ਮੈਂ ਐਤਕੀਂ ਹੁਕਮ ਸੁਣਨਾ ਚਾਹੁੰਦੀ ਅਜੀਬ, ਜਿਹੜਾ ਅਜੇ ਤਕ ਗੁਰ ਅਵਤਾਰ ਪੈਗ਼ੰਬਰ ਪ੍ਰਭ ਕੋਲੋਂ ਸੁਣਨ ਕੋਇ ਨਾ ਪਾਈਆ । ਜਿਸ ਦੀ ਆਸਾ ਰੱਖੀ ਅੰਤ ਸਮੇਂ ਫ਼ਰੀਦ, ਧਿਆਨ ਧਿਆਨ ਵਿਚ ਲਗਾਈਆ । ਉਹ ਲੇਖਾ ਪੁਛਣਾ ਜਿਹੜਾ ਅੱਖਰ ਲਿਖਿਆ ਨਹੀਂ ਵਿਚ ਕੁਰਾਨ ਮਜੀਦ, ਮੁਹੰਮਦ ਨੂੰ ਹੁਕਮ ਨਾਲ ਦਿਤਾ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਖੇਲ ਤਕ ਇਕ ਏਕੰਕਾਰੀ, ਅਕਲ ਕਲਧਾਰੀ ਰਿਹਾ ਜਣਾਈਆ । ਨੇਤਰ ਤਕ ਸ਼ਬਦ ਲਿਖਾਰੀ, ਪੰਜ ਪੰਜ ਪੰਜ ਨਾਲ ਵਡਿਆਈਆ । ਗ੍ਰੰਥ ਤਕ ਜਿਹਨੂੰ ਝੁਕਣੀ ਸ੍ਰਿਸ਼ਟੀ ਸਾਰੀ, ਸਾਰ ਸ਼ਬਦ ਨਾਲ ਚਤੁਰਾਈਆ । ਉਹ ਹਾਜ਼ਰ ਹੋਣੇ ਭਗਤ ਦਵਾਰ ਵਡ ਦਰਬਾਰੀ,

ਦਰ ਦਰਬਾਰੇ ਸੋਭਾ ਪਾਈਆ । ਫੇਰ ਖੇਲ ਵਰਤੇ ਅਪਰ ਅਪਾਰੀ, ਅਪਰੰਪਰ ਸਵਾਮੀ ਆਪ ਜਣਾਈਆ । ਸਦੀ ਚੌਧਵੀਂ ਅੱਗੇ ਕਲਾ ਵਰਤਣੀ ਜ਼ਾਹਰੀ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਪੁਰਖ ਅਕਾਲਾ ਦੀਨ ਦਿਆਲਾ ਕੋਈ ਰੂਪ ਨਹੀਂ ਮਰਦ ਨਾਰੀ, ਇਸਤਰੀ ਪੁਰਸ਼ ਨਾ ਵੰਡ ਵੰਡਾਈਆ । ਆਦਿ ਜੁਗਾਦਿ ਜੁਗਾਦਿ ਆਦਿ ਦਾ ਇਕ ਨਿਰਾਕਾਰੀ, ਨਿਰਵੈਰ ਨੂਰ ਇਲਾਹੀਆ । ਜਿਸ ਨੇ ਸਤਿਜੁਗ ਦੀ ਸਤਿ ਕਰਨੀ ਉਸਾਰੀ, ਨੀਂਹ ਸਚ ਵਾਲੀ ਰਖਾਈਆ । ਜਨ ਭਗਤਾਂ ਦੀ ਲੇਖੇ ਲਾਏ ਸੇਵਾ ਭਾਰੀ, ਭਾਰਦਵਾਜ ਰਿਖੀ ਦਾ ਲੇਖਾ ਦਏ ਚੁਕਾਈਆ । ਜਿਸ ਨੂੰ ਸਭ ਨੇ ਕਰਨੀ ਨਿਮਸਕਾਰੀ, ਨਿਉਂ ਨਿਉਂ ਸੀਸ ਝੁਕਾਈਆ । ਨਾਰਦ ਕਹੇ ਮੇਰਾ ਰੂਪ ਹੋਵੇ ਸਵਾ ਹੱਥ ਲੰਮੀ ਬੋਦੀ ਹੋਵੇ ਸੁੱਟੀ ਹੋਵੇ ਪਿਛਾੜੀ, ਤ੍ਰਿਸੂਲ ਤ੍ਰੈ ਧਾਰ ਮੱਥੇ ਉਤੇ ਬਣਾਈਆ । ਸਦੀ ਚੌਧਵੀਂ ਦੀ ਗੋਲੀ ਬੁੱਲ੍ਹਾਂ ਉਤੇ ਲਾਲੀ ਲਾਈ ਹੋਵੇ ਗਾੜ੍ਹੀ, ਗੜ੍ਹ ਗੜ੍ਹੀ ਚਮਕੌਰ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਦੀ ਧਾਰ ਕਰੇ ਪਿਆਰੀ, ਪਿਆਰ ਮੁਹੱਬਤ ਸਚ ਰੂਪ ਦਰਸਾਈਆ ।

**੨੭ ਜੇਠ ਸ਼ਹਿਨਸ਼ਾਹੀ ਸੰਮਤ ੭ ਲਛਮਣ ਸਿੰਘ, ਕੁਲਵੰਤ ਸਿੰਘ, ਬਚਨ ਸਿੰਘ, ਭਜਨ ਸਿੰਘ, ਸਰੈਣ ਸਿੰਘ, ਅੰਗਰੇਜ਼ ਸਿੰਘ,<br>ਵਕੀਲ ਸਿੰਘ, ਬੰਸੋ ਦੇਵੀ, ਇੰਦਰ ਰਾਮ, ਦੇਵਾ ਸਿੰਘ, ਧਰਮ ਕੌਰ, ਬਿਸ਼ਨ ਕੌਰ, ਚੂਹੜ ਸਿੰਘ, ਬਚਨ ਸਿੰਘ,<br>ਧਰਮੋ ਦੇਵੀ, ਪੁੰਨੂੰ ਰਾਮ, ਰੋਸ਼ਨ ਲਾਲ, ਗੁਰਦੇਈ, ਕਿਰਪਾਲ ਸਿੰਘ, ਸੰਤੋ ਦੇਵੀ, ਕਰਮ ਸਿੰਘ,<br>ਗੁਰਮੁਖ ਸਿੰਘ, ਅਜੀਤ ਸਿੰਘ, ਕਰਮੋ ਦੇਵੀ, ਪੂਰਨ ਸਿੰਘ, ਖੇਮੋ ਦੇਵੀ, ਵੀਰੋ ਦੇਵੀ,<br>ਬੇਲਾ ਸਿੰਘ, ਸੇਵਾ ਸਿੰਘ, ਭਾਈਆਂ ਦੇਵੀ, ਬੰਤੀ ਦੇਵੀ, ਮੰਗਲ ਸਿੰਘ, ਚੰਨੋ ਦੇਵੀ,<br>ਰਾਜਾ ਸਿੰਘ, ਬਾਬੂ ਰਾਮ, ਬਚਨੋ ਦੇਵੀ, ਪਿਆਰੀ ਦੇਵੀ, ਫ਼ਰੰਗੀ ਰਾਮ, ਸਾਈਂ ਰਾਮ,<br>ਅਨੰਤ ਰਾਮ, ਵਕੀਲ ਸਿੰਘ, ਤੋਤੀ ਦੇਵੀ, ਪ੍ਰੇਮੀ ਦੇਵੀ ਪਿੰਡ ਸਈ ਕਲਾਂ ਜ਼ਿਲਾ ਜੰਮੂ**

ਨਾਰਦ ਕਹੇ ਮੈਨੂੰ ਮਿਲਿਆ ਨਬੀ ਨੂਹ, ਨੂਹ ਨੌਹਾਂ ਉਤੇ ਧਿਆਨ ਲਗਾਈਆ । ਮੇਰਾ ਚੌਦਾਂ ਵਾਰ ਤੱਕਿਆ ਉਸ ਨੇ ਮੂੰਹ, ਮੁਖ ਵੇਖ ਨੈਣ ਉਠਾਈਆ । ਫੇਰ ਗ਼ੁੱਸੇ ਵਿਚ ਪੁਛਦਾ ਤੇਰਾ ਕਿਹੜਾ ਗੁਰੂ, ਮੁਰਸ਼ਦ ਕਵਣ ਮਨਾਈਆ । ਮੈਂ ਨੱਕ ਮਰੋੜ ਕੇ ਕਿਹਾ ਜਿਸ ਦਾ ਹੁਕਮ ਹੋਣਾ ਸ਼ੁਰੂ, ਸ਼ਰਅ ਦਾ ਲੇਖਾ ਦਏ ਚੁਕਾਈਆ । ਜਿਸ ਦੇ ਹੁਕਮ ਅੰਦਰ ਪੈਗ਼ੰਬਰ ਔਲੀਆ ਸਭ ਤੁਰੂ, ਤੁਰਤ ਆਪਣੀ ਕਾਰ ਕਮਾਈਆ । ਅਗਲਾ ਹੁਕਮ ਕਦੇ ਨਾ ਮੁੜੂ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦੇ ਪਿਆਰ ਵਿਚ ਲੱਖ ਚੁਰਾਸੀ ਆਤਮ ਜੁੜੂ, ਜੋੜੀ ਪਰਮਾਤਮ ਆਪ ਰਖਾਈਆ । ਜਿਸ ਦਾ ਮੰਤਰ ਨਾਮ ਕਲਮਾ ਇਕੋ ਫੁਰੂ, ਫੁਰਨੇ ਪਿਛਲੇ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਇਕ ਵਰਤਾਈਆ । ਨਾਰਦ ਕਹੇ ਮੈਨੂੰ ਨਬੀ ਨੂਹ ਵਖਾਈ ਨਈਆ, ਨੌਕਾ ਬੇਪਰਵਾਹੀਆ । ਜਿਸ ਦੇ ਚਾਰੋਂ ਕੁੰਟ

ਲਿਖਿਆ ਇਕੋ ਸਈਆ, ਸਾਜਣ ਬੇਪਰਵਾਹੀਆ । ਚਾਰ ਜੁਗ ਦਾ ਲੇਖਾ ਤੱਕਿਆ ਵਹੀਆ, ਖਾਤਾ ਵਿਧਾਤਾ ਫੋਲ ਫੁਲਾਈਆ । ਜਾਂ ਉਪਰ ਨਿਗਹ ਮਾਰੀ ਮੈਨੂੰ ਨਜ਼ਰ ਆ ਗਿਆ ਗੋਬਿੰਦ ਵਾਲਾ ਢਈਆ, ਜੋ ਢੌਂਕਾ ਲਾ ਕੇ ਲਏ ਅੰਗੜਾਈਆ । ਬੁਲ੍ਹੇ ਦੀ ਯਾਦ ਆ ਗਈ ਜੋ ਕਹਿੰਦੀ ਥਈਆ ਥਈਆ, ਥਰਥਰਾਹਟ ਵਿਚ ਦੁਹਾਈਆ । ਝਟ ਰੂਪ ਪਰਗਟਿਆ ਅਸ਼ਟਭੁਜ ਮਈਆ, ਅਨੂਪ ਦਿਤਾ ਦਰਸਾਈਆ । ਫੇਰ ਕਾਹਨ ਆ ਗਿਆ ਗਵਈਆ, ਬੰਸਰੀ ਨਾਦ ਧੁਨ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮਿਲ ਗਿਆ ਮੇਲੀਆਂ ਵਿਚੋਂ ਨੂਹ, ਨੌਬਤ ਹੱਕ ਹੱਕ ਸੁਣਾਈਆ । ਆਹ ਤਕ ਬੁਤ ਰੂਹ, ਬੁਤਖ਼ਾਨਿਆਂ ਬਾਹਰ ਰਿਹਾ ਸਮਝਾਈਆ । ਮੈਂ ਵੇਖਿਆ ਨੂਰ ਅਲਾਹੀ ਹੂਬਹੂ, ਹੋਕਾ ਹੱਕ ਹੱਕ ਸੁਣਾਈਆ । ਮੇਰਾ ਖ਼ੁਸ਼ੀ ਹੋਇਆ ਲੂੰ ਲੂੰ, ਸਾਢੇ ਤਿੰਨ ਕਰੋੜ ਵੱਜੀ ਵਧਾਈਆ । ਅੰਤਰ ਆਵਾਜ਼ ਆਈ ਤੂੰ ਹੀ ਤੂੰ, ਤੂੰ ਤੂੰ ਦਾ ਢੋਲਾ ਗਾਈਆ । ਅੱਗੋਂ ਇਸ਼ਾਰਾ ਮਿਲਿਆ ਹੂੰ ਹੂੰ, ਹਾਂ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਮੈਨੂੰ ਹੱਸ ਕੇ ਕਿਹਾ ਨੂਹ ਨਬੀ, ਨਬੀਉਲ ਇਨਸਾਨ ਧਿਆਨ ਲਗਾਈਆ । ਇਨ੍ਹਾਂ ਦਾ ਦਿਸੇ ਕੋਇ ਨਾ ਤਬੀ, ਤਬੀਅਤ ਬਦਲੀ ਨਾ ਕੋਇ ਲੋਕਾਈਆ । ਮੇਰੀ ਨੌਕਾ ਚੜ੍ਹਨੇ ਸਭੀ, ਸਫ਼ਾ ਸਭ ਦੀ ਦੇਣੀ ਉਲਟਾਈਆ । ਖ਼ੁਦਾ ਦਾ ਹੁਕਮ ਮਿਲਣਾ ਅਭੀ, ਅਜ ਸਰ ਨਾਓ ਰਿਹਾ ਜਣਾਈਆ । ਮੈਂ ਸੇਵਾ ਕਰਨੀ ਜ਼ਬੀ, ਜਬਰਾਈਲ ਦਏ ਗਵਾਹੀਆ । ਔਹ ਤਕ ਲੈ ਮੁਕਦੀ ਜਾਂਦੀ ਚੌਧਵੀਂ ਸਦੀ, ਸਿਦਕ ਰਹਿਣ ਕੋਇ ਨਾ ਪਾਈਆ । ਮੇਰੇ ਖ਼ੁਦਾ ਨੇ ਪਿਛਲੀ ਕੀਤੀ ਕਰਨੀ ਰੱਦੀ, ਰੱਦੇ ਅਮਲ ਵਿਚ ਆਪਣਾ ਖੇਲ ਖਿਲਾਈਆ । ਪਰਗਟ ਹੋਵੇ ਜ਼ਾਹਰ ਜ਼ਬੀ, ਜ਼ਦੀਦ ਦਾ ਪਰਦਾ ਆਪ ਉਠਾਈਆ । ਜਿਸ ਦੀ ਧਾਰ ਕਿਸੇ ਨਾ ਲੱਭੀ, ਉਹ ਲਬਾਂ ਦੇ ਅੰਦਰ ਆਪਣਾ ਹੁਕਮ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਸਮਝਾਈਆ । ਨਾਰਦ ਕਹੇ ਨਬੀ ਔਹ ਵੇਖ ਮੈਨੂੰ ਪੈਂਦੀਆਂ ਹਾਕਾਂ, ਧੁਰ ਦਾ ਹਾਕਮ ਰਿਹਾ ਸੁਣਾਈਆ । ਨਿਗਹ ਮਾਰ ਲੈ ਮੇਰੇ ਕਾਕਾ, ਬੱਚੂ ਬੱਚਿਆਂ ਵਾਂਗ ਦ੍ਰਿੜਾਈਆ । ਨੌ ਖੰਡ ਪ੍ਰਿਥਮੀ ਮੇਰਾ ਤਕ ਇਲਾਕਾ, ਚਾਰੋਂ ਕੁੰਟ ਖੇਲ ਖਿਲਾਈਆ । ਸੰਦੇਸ਼ਾ ਸੁਣ ਲੈ ਬਿਨਾ ਪਤਰਕਾ ਪਾਤਾ, ਪੱਤਨ ਤੇ ਬੈਠਿਆਂ ਦਿਆਂ ਜਣਾਈਆ । ਮੇਰਾ ਰੂਪ ਆਦਿ ਜੁਗਾਦਿ ਨਾ ਕਿਸੇ ਪਛਾਤਾ, ਪੱਛਮ ਵਿਚ ਪੈਣੀ ਦੁਹਾਈਆ । ਨਾਤਾ ਜੁੜਿਆ ਨਹੀਂ ਰਹਿਣਾ ਭਰਾਤਾ, ਭਈਆ ਭਈਆ ਨਾਲ ਟਕਰਾਈਆ । ਪਿਛਲੀਆਂ ਯਾਦ ਕਰ ਲੈ ਬਾਤਾਂ, ਜੋ ਮੁਹੰਮਦ ਈਸਾ ਦਿਤੀਆਂ ਸੁਣਾਈਆ । ਮੇਰੀਆਂ ਕੋਈ ਝੂਠੀਆਂ ਨਹੀਂ ਟਾਕਾਂ, ਧੁਰ ਦਾ ਹੁਕਮ ਅਗੰਮ ਅਥਾਹੀਆ । ਉਹ ਵੇਖ ਕਲਮੇ ਦੇ ਪਿਛੇ ਸਭ ਦੀਆਂ ਮੁਕ ਗਈਆਂ ਵਾਟਾਂ, ਅਗਲਾ ਪੰਧ ਰਿਹਾ ਨਾ ਰਾਈਆ । ਸਦੀ ਚੌਧਵੀਂ ਖੁਲ੍ਹਾ ਕਰਕੇ ਝਾਟਾ, ਮੇਂਢੀ ਸੀਸ ਉਤੋਂ ਖੁਲ੍ਹਾਈਆ । ਮੈਨੂੰ ਦਿਸਦੀ ਆ ਜੋਤ ਅਗੰਮੀ ਲਾਟਾ, ਨੂਰ ਨੂਰ ਵਿਚੋਂ ਰੁਸ਼ਨਾਈਆ । ਜਿਸ ਨੇ ਉਲਟੀਆਂ ਕੀਤੀਆਂ ਖਾਟਾਂ, ਖਟਕਾ ਦੋ ਜਹਾਨ ਵਖਾਈਆ । ਸਭ ਨੂੰ ਭੁੱਲ ਜਾਣਾ ਪਿਛਲਾ ਪੂਜਾ ਪਾਠਾ, ਪਾਠਕ ਰਹਿਣ ਕੋਇ ਨਾ ਪਾਈਆ । ਬਹੁੜੀ ਨਜ਼ਰ ਨਾ ਆਏ ਗੋਬਿੰਦ ਵਾਲਾ ਬਾਟਾ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਬਿਰਹੋਂ ਰੋਗ ਵਿਚ ਮੇਰੇ ਅੰਤਰ ਪੈਂਦੀਆਂ ਤਰਾਟਾਂ, ਬਹੁੜੀ ਉਫ਼ ਕਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ


੧੩੧੩
੨੨

ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨੂਹ ਕਹੇ ਨਾਰਦਾ ਮੇਰਾ ਵੇਖ ਲੈ ਵੰਝ ਮੁਹਾਣਾ, ਮੁਹੱਬਤ ਵਿਚ ਜਣਾਈਆ । ਨਾਰਦ ਕਿਹਾ ਸੱਜਣਾ ਇਹ ਕਦੀਮ ਦਾ ਪੁਰਾਣਾ, ਇਸ ਦੀ ਚਲੇ ਨਾ ਕੋਇ ਚਤੁਰਾਈਆ । ਉਠ ਵੇਖ ਖੇਲ ਸ੍ਰੀ ਭਗਵਾਨਾ, ਕੀ ਕਰਤਾ ਕਾਰ ਕਮਾਈਆ । ਜੋਤੀ ਧਾਰ ਪਹਿਰ ਕੇ ਜਾਮਾ, ਵੇਸ ਅਵੱਲੜਾ ਆਇਆ ਵਟਾਈਆ । ਜਿਸ ਲੇਖਾ ਪੂਰਾ ਕਰਨਾ ਕ੍ਰਿਸ਼ਨਾ ਰਾਮਾ, ਪੈਗ਼ੰਬਰਾਂ ਉਤੇ ਰਹਿਮਤ ਸਚ ਕਮਾਈਆ । ਉਹਦਾ ਰੂਪ ਅਨੂਪ ਸ਼ਾਹਾਨਾ, ਸ਼ਹਿਨਸ਼ਾਹ ਇਕ ਅਖਵਾਈਆ । ਮੈਂ ਸੁਣਿਆ ਉਸ ਦਾ ਗਾਣਾ, ਜੋ ਗਹਿਰ ਗੰਭੀਰ ਰਿਹਾ ਦ੍ਰਿੜਾਈਆ । ਜਿਸ ਆਤਮ ਬ੍ਰਹਮ ਬ੍ਰਹਮ ਆਪਣਾ ਰੂਪ ਪਰਗਟਾਉਣਾ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦਾ ਇਕੋ ਚਿੱਲਾ ਤੀਰ ਕਮਾਨ ਇਕੋ ਹੋਏ ਨਿਸ਼ਾਨਾ, ਖੰਡਾ ਖੜਗ ਇਕ ਚਮਕਾਈਆ । ਜਿਸ ਨੇ ਰੂਪ ਅਨੂਪ ਦਰਸਾਉਣਾ ਜ਼ਿਮੀ ਅਸਮਾਨਾ, ਦੋ ਜਹਾਨਾਂ ਆਪਣੀ ਕਲ ਵਰਤਾਈਆ । ਤੇਰੇ ਮੇਰੇ ਵੇਂਹਦਿਆਂ ਬਦਲ ਜਾਣਾ ਜ਼ਮਾਨਾ, ਤੇਰੀ ਨਈਆ ਨੌਕਾ ਕੰਮ ਕਿਸੇ ਨਾ ਆਈਆ । ਉਸ ਨੇ ਕਿਸੇ ਨੂੰ ਲਾਉਣ ਨਹੀਂ ਦੇਣਾ ਬਹਾਨਾ, ਫੜ ਬਾਹੋਂ ਸਾਰੇ ਲੈਣੇ ਉਠਾਈਆ । ਨਬੀਓ ਤੁਹਾਨੂੰ ਗਾਉਣਾ ਪੈਣਾ ਉਸ ਦਾ ਤਰਾਨਾ, ਜੋ ਤੁਰੀਆ ਤੋਂ ਬਾਹਰ ਰਿਹਾ ਦ੍ਰਿੜਾਈਆ । ਉਹ ਸੂਰਬੀਰ ਮਰਦ ਮਰਦਾਨਾ, ਮਦਦਗਾਰ ਸੰਗ ਨਾ ਕੋਇ ਰਖਾਈਆ । ਆਹ ਵੇਖ ਮੇਰੇ ਕੋਲ ਲੇਖ ਜੋ ਲਿਖ ਕੇ ਗਿਆ ਦਸ ਦਸਮੇਸ ਉਸ ਦਾ ਰੂਪ ਹੋਣਾ ਸ੍ਰੀ ਭਗਵਾਨਾ, ਵਿਸ਼ਨ ਵਿਸ਼ਵ ਧਾਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਨਾਰਦ ਕਹੇ ਨਬੀ ਜੀ ਕੀ ਦੱਸਾਂ, ਦਾਸਤਾਨ ਕੀ ਦ੍ਰਿੜਾਈਆ । ਮੈਂ ਖੇਲ ਵੇਖ ਕੇ ਹੱਸਾਂ, ਹਸਤੀ ਤਕਾਂ ਬੇਪਰਵਾਹੀਆ । ਜਿਸ ਦਾ ਵਕਤ ਆਇਆ ਮਸਾਂ, ਜਿਸ ਮਸਲ ਦੇਣੀ ਸਰਬ ਲੋਕਾਈਆ । ਜਿਸ ਦਾ ਰੂਪ ਨਹੀਂ ਕੋਈ ਬਾਹਵਾਂ ਲੱਤਾਂ, ਸਿਰ ਧੜ ਨਾ ਕੋਇ ਜਣਾਈਆ । ਉਸ ਨੇ ਸਭ ਦੀਆਂ ਰੱਖਣੀਆਂ ਪੱਤਾਂ, ਪਤਿਪਰਮੇਸ਼ਵਰ ਬੇਪਰਵਾਹੀਆ । ਹੁਕਮ ਵਿਚ ਫ਼ਰਕ ਨਾ ਰੱਖੇ ਰਤਾ, ਰਤੀ ਰਤੀ ਭੇਵ ਨਾ ਕੋਇ ਜਣਾਈਆ । ਜਿਸ ਦਾ ਇਸ਼ਾਰਾ ਦੇ ਕੇ ਗਿਆ ਨਾਨਕ ਤਪਾ, ਤਪਦਿਆਂ ਹਿਰਦਿਆਂ ਵਿਚ ਸੁਣਾਈਆ । ਉਸ ਨੇ ਕੂੜ ਦੀ ਮੇਟ ਦੇਣੀ ਸਫ਼ਾ, ਮਲੇਛਾਂ ਡੇਰਾ ਦੇਵੇ ਢਾਹੀਆ । ਉਹਦੇ ਕੋਲੋਂ ਜੇ ਖੱਟਿਆ ਜਾਂਦਾ ਈ ਜ਼ਰੂਰ ਖੱਟ ਲਈਂ ਕੋਈ ਨਫਾ, ਨੁਕਸਾਨ ਅੱਗੇ ਹੋਏ ਨਾ ਰਾਈਆ । ਉਹਦੇ ਹੁਕਮ ਨੂੰ ਸਮਝੀਂ ਕਦੇ ਨਾ ਹੋਵੇ ਖ਼ਫ਼ਾ, ਗ਼ੁੱਸੇ ਵਿਚ ਕਦੇ ਨਾ ਆਈਆ । ਬਿਨਾ ਅੱਖਰਾਂ ਤੋਂ ਧੁਰ ਦਾ ਬਦਲ ਕੇ ਵੇਖ ਲੈ ਸਫ਼ਾ, ਜਿਥੇ ਅਲਿਫ਼ ਯੇ ਨਾ ਕੋਇ ਚਤੁਰਾਈਆ । ਜਿਸਨੇ ਪਿਛਲੀ ਕੀਤੀ ਸਾਰੀ ਕਰਨੀ ਰਫ਼ਾ, ਰਫ਼ਤਾ ਰਫ਼ਤਾ ਲੇਖਾ ਸਭ ਦਾ ਦਏ ਚੁਕਾਈਆ । ਉਸ ਦਾ ਇਕੋ ਹੁਕਮ ਇਕੋ ਲੱਗਣੀ ਦਫਾ, ਜਿਸ ਵਿਚ ਤਰਮੀਮ ਨਾ ਕੋਇ ਕਰਾਈਆ । ਮੈਂ ਤੈਨੂੰ ਪਹਿਲੋਂ ਦੱਸ ਦਿਤਾ ਪਤਾ, ਪਤਿਪਰਮੇਸ਼ਵਰ ਹੁਕਮ ਸੁਣਾਈਆ । ਜਿਸ ਦਾ ਲੇਖਾ ਚੂੰਕਿ ਚੁਨਾਂਚਿ ਨਹੀਂ ਕਿ ਅਲਬੱਤਾ, ਇਲਮ ਆਲਮਾਂ ਵਾਲੀ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਨਬੀ ਕਹੇ ਨਾਰਦਾ ਮੇਰੀ ਤਕ ਲੈ ਕਿਸ਼ਤੀ, ਜੋ ਕਿਸ਼ਤ ਕਿਸ਼ਤਵਾਰ ਜਣਾਈਆ । ਮੇਰਾ ਮਹਿਬੂਬ ਤਕ ਲੈ ਬਹਿਸ਼ਤੀ, ਜਿਸ ਦੀ ਬਹਿਸ ਵਿਚ ਖ਼ਲਕ ਖ਼ੁਦਾਈਆ । ਨਾਰਦ ਕਿਹਾ ਜ਼ਰਾ ਆਪਣੀ ਖੋਲ੍ਹ ਲੈ ਦ੍ਰਿਸ਼ਟੀ, ਦ੍ਰਿਸ਼ਟੀ ਵਿਚੋਂ ਦ੍ਰਿਸ਼ਟੀ ਪੜਦਾ ਲਾਹੀਆ । ਤੇਰੀ ਨਿੱਕੀ ਜੇਹੀ ਨਈਆ ਵਿਚ ਕਦੇ ਚੜ੍ਹ ਸਕੇ ਨਾ ਸਾਰੀ ਸ੍ਰਿਸ਼ਟੀ, ਸ੍ਰੇਸ਼ਟ ਕੰਮ ਨਾ ਕੋਇ ਕਰਾਈਆ । ਮੁਹੰਮਦ ਮੂਸਾ ਈਸਾ

ਦੇ ਲੇਖ ਵੇਖ ਲਿਖਤੀ, ਜੋ ਲਿਖ ਕੇ ਧੁਰਦਰਗਾਹੀ ਦਿਤਾ ਫੜਾਈਆ । ਤੁਹਾਨੂੰ ਵਡਿਆਈ ਦਿਤੀ ਸਿਰਫ਼ ਇਕ ਇਕ ਦੀ, ਤਿੰਨ ਤਿੰਨਾਂ ਤੋਂ ਬਾਹਰ ਸਕੇ ਨਾ ਕੋਇ ਬਚਾਈਆ । ਮੈਨੂੰ ਵਖਾ ਨਿਸ਼ਾਨੀ ਤੇਰੇ ਕੋਲ ਕਿਸ ਕਿਸ ਦੀ, ਕਿਸ ਦੀ ਕਿਸਮਤ ਦਏ ਬਦਲਾਈਆ । ਜੇ ਤੇਰੀ ਧਾਰ ਪੱਥਰ ਇੱਟ ਦੀ, ਮਸਜਦਾਂ ਵਿਚ ਮਸਲੇ ਹੱਲ ਕਰਾਈਆ । ਉਹ ਵੇਖ ਮੁਹੰਮਦ ਦੀ ਆਸਾ ਪਿਟਦੀ, ਬਿਨ ਨੈਣਾਂ ਨੀਰ ਵਹਾਈਆ । ਕਲਮੇ ਵਾਲਿਆਂ ਸੁਰਤ ਕਿਸੇ ਨਾ ਟਿਕਦੀ, ਟਿਕਟਿਕੀ ਵਿਚ ਨਜ਼ਰ ਕਿਛ ਨਾ ਆਈਆ । ਮੁਹੱਬਤ ਰਹਿਣੀ ਨਹੀਂ ਚਾਰ ਯਾਰੀ ਮਿਤ ਦੀ, ਮਿੱਤਰਾ ਤੈਨੂੰ ਦਿਆਂ ਦ੍ਰਿੜਾਈਆ । ਹੁਣ ਖੇਲ ਵਰਤਣੀ ਇਕੋ ਪਰਮੇਸ਼ਵਰ ਪਿਤ ਦੀ, ਜੋ ਪ੍ਰਿਤਪਾਲਕ ਹੋਵੇ ਖ਼ਲਕ ਖ਼ੁਦਾਈਆ । ਉਹਨੇ ਕਲੇਸ਼ ਮੇਟਣੀ ਨਿਤ ਦੀ, ਨਿਰਗੁਣ ਹੋ ਕੇ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਨਾਰਦ ਕਹੇ ਨਬੀ ਜੀ ਮੈਨੂੰ ਹੁਕਮ ਆਇਆ ਸ਼ਤਾਬੀ, ਸ਼ਰਅ ਤੋਂ ਬਾਹਰ ਸੁਣਾਈਆ । ਸੱਯਦਾ ਕਰ ਅਦਾਬੀ, ਰੋਹਬ ਨਾਲ ਸੀਸ ਝੁਕਾਈਆ । ਤੁਹਾਡਾ ਲੇਖ ਅਰਬੀ ਉਰਦੂ ਦਾ ਬਦਲ ਜਾਣਾ ਵਿਚ ਪੰਜਾਬੀ, ਪੰਜਾ ਨਾਨਕ ਵਾਲਾ ਦਏ ਗਵਾਹੀਆ । ਸ਼ਰਅ ਰਹਿਣ ਨਹੀਂ ਦੇਣੀ ਕਿਤਾਬੀ, ਕੁਤਬਖ਼ਾਨਿਆਂ ਦਾ ਡੇਰਾ ਢਾਹੀਆ । ਮਲਕੀਅਤ ਰਹਿਣੀ ਨਹੀਂ ਕੋਈ ਅਰਾਜ਼ੀ, ਮਨਸੂਖ਼ ਹੋਣੀ ਖ਼ਲਕ ਖ਼ੁਦਾਈਆ । ਕੁਛ ਯਾਦ ਲੇਖਾ ਰੱਖਣਾ ਖੇਲ ਮਾਜ਼ੀ, ਹਕੀਕਤ ਹਾਲ ਵਾਲੀ ਦ੍ਰਿੜਾਈਆ । ਕਲਮੇ ਦਾ ਰਹਿਣਾ ਕੋਈ ਨਹੀਂ ਕਾਜ਼ੀ, ਕਜ਼ਾ ਸਭ ਦੇ ਉਤੇ ਛਾਈਆ । ਇਕ ਖ਼ੁਦਾ ਨੂੰ ਕਰ ਲਓ ਰਾਜ਼ੀ, ਰਜ਼ਾ ਵਿਚ ਚਲਣਾ ਚਾਈਂ ਚਾਈਂਆ । ਕਿਤੇ ਬਣੇ ਨਾ ਰਿਹੋ ਪਿਛਲੇ ਨਿਮਾਜ਼ੀ, ਰੋਜ਼ਿਆਂ ਵਿਚ ਝਟ ਲੰਘਾਈਆ । ਹੁਣ ਸਭ ਦੀ ਉਲਟਣ ਵਾਲੀ ਬਾਜ਼ੀ, ਬਾਜ਼ਾਂ ਵਾਲਾ ਦਏ ਦੁਹਾਈਆ । ਕਿਸੇ ਨੂੰ ਖ਼ਤ ਖ਼ਤੂਤ ਘੱਲਣਾ ਨਹੀਂ ਜਵਾਬੀ, ਜਵਾਬ ਤਲਬੀ ਲਏ ਕਰਾਈਆ । ਦੋਵੇਂ ਛਡ ਦਿਓ ਇਸ਼ਕ ਹਕੀਕੀ ਤੇ ਮਜਾਜ਼ੀ, ਮਜ਼ਾ ਚੱਖੋ ਬੇਪਰਵਾਹੀਆ । ਜਿਥੇ ਨੂਰ ਨਹੀਂ ਆਫਤਾਬੀ, ਚੰਦ ਚੰਦ ਨਾ ਕੋਇ ਰੁਸ਼ਨਾਈਆ । ਇਕੋ ਪ੍ਰੇਮ ਮੁਹੱਬਤ ਦੀ ਤਕਣੀ ਆਜ਼ਾਦੀ, ਸ਼ਰਅ ਜ਼ੰਜੀਰ ਨਾ ਕੋਇ ਬੰਧਾਈਆ । ਝਗੜਾ ਰਹਿਣਾ ਨਹੀਂ ਕੋਈ ਸਮਾਜੀ, ਸਮਾਂ ਸਭ ਦਾ ਦਏ ਗਵਾਹੀਆ । ਜਿਹੜਾ ਮਾਲਕ ਆਦਿ ਅੰਤ ਦਾ ਆਦੀ, ਅੰਤ ਇਕ ਇਕ ਅਖਵਾਈਆ । ਉਸ ਨੇ ਵੇਖਣੇ ਜਗਤ ਜਹਾਨ ਅਪਰਾਧੀ, ਦੂਤੀ ਦੁਸ਼ਟ ਫੋਲ ਫੁਲਾਈਆ । ਓਸ ਦਾ ਹੁਕਮ ਨਾਮ ਖੰਡਾ ਫੌਲਾਦੀ, ਫ਼ਿਲਾਸਫ਼ਰ ਸਮਝ ਕੋਇ ਨਾ ਆਈਆ । ਜਿਸ ਦੇ ਕੋਲ ਬ੍ਰਹਿਮੰਡਾਂ ਖੰਡਾਂ ਦੀ ਅਬਾਦੀ, ਚੌਦਾਂ ਤਬਕ ਧਿਆਨ ਰਖਾਈਆ । ਉਹ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਹਿਸਾਬੀ, ਇਸਮ ਦਾ ਮਾਲਕ ਇਕ ਅਖਵਾਈਆ । ਜਿਸ ਨੂੰ ਹਜ਼ਰਤਾਂ ਕਿਹਾ ਹਜ਼ੂਰੇ ਜਨਾਬੀ, ਜਨਾਬੇ ਆਅਲਾ ਇਕ ਅਖਵਾਈਆ । ਜਿਸਦਾ ਨੂਰੇ ਚਸ਼ਮ ਹੋ ਕੇ ਜਗੇ ਜਗਤ ਮਹਿਤਾਬੀ, ਮਹਿਰਾਬ ਤਨ ਵਜੂਦ ਵਾਲੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਨੂਹ ਕਿਹਾ ਮੈਂ ਵੀ ਸੁਣਿਆ ਹੁਕਮ ਬਾਕਾਇਦਾ, ਬਾਕਾਇਦਗੀ ਵਿਚ ਜਣਾਈਆ । ਸਭ ਦਾ ਪੂਰਾ ਹੋਇਆ ਮੁਆਹਿਦਾ, ਮੁਬਾਰਕ ਵਿਚ ਸੀਸ ਨਿਵਾਈਆ । ਅੱਗੇ ਹੋਣਾ ਨਹੀਂ ਕਿਸੇ ਅਲਹਿਦਾ, ਵੱਖਰੀ ਕਾਰ ਨਾ ਕੋਇ ਕਮਾਈਆ । ਮੇਰਾ ਮਾਲਕ ਲਏ ਜਾਇਜ਼ਾ, ਲੇਖਾ ਵੇਖੇ ਥਾਉਂ ਥਾਈਂਆ । ਮੇਰਾ ਵਹਿਣ ਜਿਹੜਾ ਨੈ ਦਾ, ਨੌ ਨੌ ਨੌ ਨਾਲ ਵਡਿਆਈਆ । ਨਾਰਦ ਕਿਹਾ ਇਹ ਨਿੱਕਾ ਜਿਹਾ ਖੇਲ ਹਾਂ ਹੂੰ ਹੈਂ ਦਾ, ਹਰਿ ਕਾ ਭੇਵ ਕੋਇ ਨਾ ਪਾਈਆ ।

੧੩੧੫ ੨੨

ਅੰਦਰੋਂ ਝਗੜਾ ਮੁਕਾ ਦੇ ਮੈਂ ਦਾ, ਮੈਂ ਮਨਸਾ ਰਹੇ ਨਾ ਰਾਈਆ । ਇਹ ਜਗਤ ਜਹਾਨ ਖੇਲ ਲੈ ਦਾ, ਸਦਾ ਨਜ਼ਰ ਕੋਇ ਨਾ ਆਈਆ । ਦੀਨ ਮਜ਼੍ਹਬ ਵਿਰਸਾ ਬਣਿਆ ਨਹੀਂ ਕਿਸੇ ਬੈ ਦਾ, ਸਦਾ ਮਾਲਕ ਨਜ਼ਰ ਕੋਇ ਨਾ ਆਈਆ । ਹੁਣ ਇਕੋ ਜੈਕਾਰਾ ਹੋਣਾ ਆਤਮਾ ਪਰਮਾਤਮਾ ਦੀ ਜੈ ਦਾ, ਜੈ ਜੈਕਾਰ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੈਨੂੰ ਪਿਛੋਂ ਵੱਜਦਾ ਧੱਕਾ, ਜ਼ੋਰ ਨਾਲ ਸੁਣਾਈਆ । ਚੇਤਾ ਭੁੱਲ ਜਾਣਾ ਮੱਕਾ, ਮਦੀਨੇ ਕਾਅਬਿਆਂ ਅੱਖ ਨਾ ਕੋਇ ਉਠਾਈਆ । ਅੱਜ ਵਾਅਦਾ ਕਰ ਲੈ ਪੱਕਾ, ਰਸੂਲ ਰਸੂਲਾਂ ਨਾਲ ਹੱਥ ਮਿਲਾਈਆ । ਜਿਸ ਬੇੜੇ ਤੇ ਸ਼ਰਅ ਦਾ ਲੱਗਦਾ ਟਕਾ, ਉਸ ਉਤੇ ਚੜ੍ਹਨ ਕੋਇ ਨਾ ਪਾਈਆ । ਜਿਨ੍ਹਾਂ ਨੇ ਖਾਧਾ ਵੱਛਾ ਕੱਟਾ, ਕਟਾਕਸ਼ ਲੱਗੇ ਥਾਉਂ ਥਾਈਂਆ । ਆਹ ਵੇਖ ਲੈ ਸਦੀ ਚੌਧਵੀਂ ਦਾ ਅਖ਼ੀਰੀ ਪੱਟਾ, ਲੇਖ ਲਿਖਿਆ ਬੇਪਰਵਾਹੀਆ । ਸਭ ਦਾ ਚੀਥੜ ਹੋਣਾ ਫਟਾ, ਤਨ ਪੋਸ਼ਾਕ ਨਾ ਕੋਇ ਸੁਹਾਈਆ । ਕਲਮੇ ਦਾ ਕਲਮੇ ਨਾਲ ਪੈਣਾ ਰੱਟਾ, ਰੁਟੀਨ ਨਾਲ ਆਪਣਾ ਕੰਮ ਕਰਾਈਆ । ਸ਼ਰਅ ਵਿਚ ਸ਼ਰਅ ਹੋਣੀ ਬਟਾ, ਜ਼ੀਰੋ ਸਿਫ਼ਰ ਨਾਲ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਸਚ ਸੰਦੇਸ਼ਾ ਸੁਣ ਲੈ ਅਗੰਮੀ ਬਾਤ, ਪਰਦੇ ਵਿਚ ਸੁਣਾਈਆ । ਜਿਸ ਵੇਲੇ ਸਤਾਰਾਂ ਹਾੜ ਦੀ ਆਵੇ ਰਾਤ, ਰੁਤੜੀ ਰੁਤ ਨਾਲ ਮਹਿਕਾਈਆ । ਨਬੀ ਨੂਹ ਤੂੰ ਆਪਣੀ ਹਾਜ਼ਰ ਕਰਨੀ ਜ਼ਾਤ, ਜ਼ਾਤ ਜ਼ਾਤ ਵਿਚ ਰਖਾਈਆ । ਨਾਲੇ ਬਿਆਨ ਕਰੀਂ ਕਿਸ ਬਿਧ ਸ੍ਰਿਸ਼ਟੀ ਹੋਣੀ ਵਫ਼ਾਤ, ਵਫ਼ਾਦਾਰ ਕਵਣ ਅਖਵਾਈਆ । ਨਾਲ ਲੈ ਕੇ ਆਉਣੀ ਕਲਮਾਂ ਵਾਲੀ ਦਵਾਤ, ਲੇਖਾ ਸਭ ਦਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਸਤਿ ਸਚ ਦੀ ਕਾਰ ਕਮਾਈਆ । ਨੂਹ ਕਹੇ ਮੇਰੀ ਕਿੱਥੇ ਹੋਵੇ ਬੇੜੀ, ਬੇੜਾ ਕਵਣ ਪਾਰ ਕਰਾਈਆ । ਨਾਰਦ ਕਿਹਾ ਭਗਤ ਦਵਾਰੇ ਆਵੀਂ ਰੇੜ੍ਹੀ, ਧੱਕਾ ਲਾਵਾਂ ਚਾਈਂ ਚਾਈਂਆ । ਫੇਰ ਆਸਾ ਦੱਸੀਂ ਜੇਹੜੀ, ਜ਼ੇਰ ਜ਼ਬਰ ਫ਼ਰਕ ਰਹੇ ਨਾ ਰਾਈਆ । ਪਰ ਯਾਦ ਕਰ ਲੈ ਸਭ ਦੀ ਜੜ੍ਹ ਜਾਣੀ ਉਖੇੜੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦਾ ਲੇਖਾ ਪੂਰ ਕਰਾਈਆ । ਨਬੀ ਕਿਹਾ ਮੈਂ ਲੈ ਕੇ ਆਵਾਂ ਆਪਣੀ ਧਾਰ, ਧਾਰ ਧਾਰ ਨਾਲ ਰਲਾਈਆ । ਜਗਤ ਆਸਾ ਕਰਕੇ ਪਾਰ, ਪਾਰ ਕਿਨਾਰਾ ਵੇਖ ਵਖਾਈਆ । ਜਿਥੇ ਇਕੋ ਪਰਵਰਦਿਗਾਰ, ਦੂਜਾ ਨਜ਼ਰ ਕੋਇ ਨਾ ਆਈਆ । ਉਸ ਦਵਾਰੇ ਬਣਾਂ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਹੁਕਮੀ ਹੁਕਮ ਦਾ ਬਣ ਕੇ ਤਾਬਿਆਦਾਰ, ਤਾਬਿਆਦਾਰੀ ਵਿਚ ਸੀਸ ਨਿਵਾਈਆ । ਆਪਣੀ ਨਈਆ ਕਰਕੇ ਜ਼ਾਹਰ, ਜ਼ਾਹਰ ਜ਼ਹੂਰ ਅੱਗੇ ਟਿਕਾਈਆ । ਕੀ ਹੁਕਮ ਸੱਚੀ ਸਰਕਾਰ, ਅੱਗੇ ਅਗਲੀ ਮੰਗ ਮੰਗਾਈਆ । ਇਹ ਖੇਲ ਵਰਤਣੀ ਜਗਤ ਥਿਤ ਸਤਾਰਾਂ ਹਾੜ੍ਹ, ਸ਼ਹਿਨਸ਼ਾਹੀ ਸੰਮਤ ਸੰਮਤ ਸੱਤ ਨਾਲ ਵਡਿਆਈਆ । ਉਸ ਵੇਲੇ ਰਾਤ ਦੇ ਸਾਢੇ ਬਾਰਾਂ ਚੌਦਾਂ ਗੁਰਮੁਖਾਂ ਚੌਦਾਂ ਰੌਂਦ ਚਲਾਉਣੇ ਕਾੜ ਕਾੜ, ਨਿਗਹ ਜ਼ਮੀਨ ਅਸਮਾਨ ਉਪਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲਹਿਣਾ ਦੇਣਾ ਕਰਜਾ ਮਕਰੂਜ਼ ਹੋ ਕੇ ਦਏ ਉਤਾਰ, ਉੱਤਰ ਪੂਰਬ ਪੱਛਮ ਦੱਖਣ ਚਾਰੋਂ ਕੁੰਟ ਧਿਆਨ ਲਗਾਈਆ ।

੧੩੧੯
੨੨

**੨੮ ਜੇਠ ਸ਼ਹਿਨਸ਼ਾਹੀ ਸੰਮਤ ੭ ਸੰਤ ਰਾਮ, ਪ੍ਰੀਤਮ ਸਿੰਘ ਜਾੜ, ਪਿਆਰੀ ਦੇਵੀ ਬਦੀਪੁਰ ਪਿੰਡ ਗੋਕਲੇ ਚੱਕ ਜ਼ਿਲਾ ਜੰਮੂ**

ਸਦੀ ਚੌਧਵੀਂ ਕਹੇ ਮੈਂ ਭੱਜੀ ਦੌੜੀ, ਨਿਰਗੁਣ ਧਾਰ ਵਾਹੋ ਦਾਹੀਆ । ਚੌਦਾਂ ਤਬਕਾਂ ਲਾ ਕੇ ਵੇਖੀ ਪੌੜੀ, ਡੰਡੇ ਡੰਡੇ ਪੰਧ ਮੁਕਾਈਆ । ਦਰੋਹੀ ਮੁਹੰਮਦ ਵੇਖਿਆ ਕਰਦਾ ਬਹੁੜੀ ਬਹੁੜੀ, ਕੂਕ ਕੂਕ ਸੁਣਾਈਆ । ਮੇਰੀ ਉਮਤ ਵੇਲ ਹੋ ਗਈ ਕੌੜੀ, ਆਬੇਹਯਾਤ ਰਸ ਨਾ ਕੋਇ ਭਰਾਈਆ । ਵੁਜ਼ੂ ਕਰਦੇ ਵਿਚੋਂ ਜੌਹੜੀਂ, ਜਲਧਾਰ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਬੇਪਰਵਾਹੀਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਚੜ੍ਹ ਕੇ ਧੁਰ ਦੇ ਡੰਡੇ, ਡੌਰੂ ਡੰਕ ਡੰਕ ਵਜਾਈਆ । ਚਾਰ ਯਾਰੀ ਵੇਖੀ ਅੰਤਮ ਕੰਢੇ, ਕੰਢੀ ਬੈਠੇ ਅੱਖ ਖੁਲ੍ਹਾਈਆ । ਮੁਹੰਮਦ ਤੱਕਿਆ ਵੇਖੇ ਖ਼ਾਕੀ ਬੰਦੇ, ਬੰਦਗੀ ਵਾਲੇ ਫੋਲ ਫੁਲਾਈਆ । ਮੇਰੇ ਚੌਦਾਂ ਸੌ ਸਾਲ ਏਵੇਂ ਲੰਘੇ, ਲੰਘਦਿਆਂ ਦੇਰ ਲੱਗੀ ਨਾ ਰਾਈਆ । ਮੁੱਲਾਂ ਸ਼ੇਖ਼ ਮੁਸਾਇਕ ਹੋ ਗਏ ਗੰਦੇ, ਨੂਰੇ ਚਸ਼ਮ ਨੂਰ ਨਾ ਕੋਇ ਰੁਸ਼ਨਾਈਆ । ਸਭ ਦੇ ਪਾਟੇ ਹੋਏ ਤੰਬੇ, ਪਰਦਾ ਪੁਸ਼ਤ ਪਨਾਹ ਨਾ ਕੋਇ ਵਖਾਈਆ । ਤਨ ਵਜੂਦ ਦਿਸਣ ਨਾ ਰੰਗੇ, ਦਾੜ੍ਹੀ ਰਤੜੀ ਦਏ ਗਵਾਹੀਆ । ਬਹੁੜੀ ਟੁੱਟੀ ਮੂਲ ਨਾ ਗੰਢੇ, ਗੰਢਣਹਾਰ ਨਾ ਕੋਇ ਅਖਵਾਈਆ । ਜਿਸ ਦੀ ਧਾਰ ਹਸਨ ਹਸੈਨ ਸ਼ਹਾਦਤ ਦੇ ਗਏ ਬਿਨਾ ਪਾਣੀ ਠੰਡੇ, ਸਾਂਤਕ ਸਤਿ ਨਾ ਕੋਇ ਕਰਾਈਆ । ਉਹ ਮੁਸਾਫ਼ਰ ਬਣ ਗਏ ਲੰਬੇ, ਕਦੀਮ ਦਾ ਆਪਣਾ ਆਸਣ ਲਾਈਆ । ਦਰੋਹੀ ਖ਼ੁਦਾ ਦੀ ਯਾਮਬੀਨ ਆਲਮੀਨ ਮੱਕਾ ਮਦੀਨਾ ਕੰਬੇ, ਕਾਅਬੇ ਰਹੇ ਕੁਰਲਾਈਆ । ਸਭ ਦੇ ਲੇਖ ਧੁਰਦਰਗਾਹੀ ਸਚਖੰਡ ਦਵਾਰੇ ਟੰਗੇ, ਬਿਨ ਅੱਖਰਾਂ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਚੜ੍ਹ ਕੇ ਉਪਰ ਚੋਟੀ, ਚੋਟੀ ਹੋ ਕੇ ਧਿਆਨ ਲਗਾਈਆ । ਮੈਂ ਸਭ ਦੀ ਆਸਾ ਤਕੀ ਖੋਟੀ, ਖੋਟੇ ਖਰੇ ਰੂਪ ਨਾ ਕੋਇ ਬਦਲਾਈਆ । ਖ਼ੁਦਾ ਦਾ ਨਾਮ ਵੇਚਦੇ ਕਾਰਨ ਰੋਟੀ, ਮਜ਼੍ਹਬਾਂ ਵਿਚ ਪਈ ਦੁਹਾਈਆ । ਅੱਖਰਾਂ ਵਾਲੀ ਪੋਥੀ ਹੋ ਗਈ ਥੋਥੀ, ਕਲਮਾ ਹੱਕ ਨਾ ਕੋਇ ਦ੍ਰਿੜਾਈਆ । ਰੌਲਾ ਪਿਆ ਚੌਦਾਂ ਤਬਕ ਚੌਦਾਂ ਲੋਕੀ, ਪਰਲੋਕ ਵੇਖਣ ਥਾਉਂ ਥਾਈਆ । ਮੈਨੂੰ ਯਾਦ ਆ ਗਿਆ ਕੀ ਸੰਦੇਸ਼ਾ ਦੇ ਕੇ ਗਿਆ ਰਵਦਾਸ ਚਮਾਰਾ ਮੋਚੀ, ਸਹਿਜ ਨਾਲ ਦ੍ਰਿੜਾਈਆ । ਸਦੀ ਚੌਧਵੀਂ ਤੇਰੇ ਅੰਤ ਕਿਸੇ ਨਹੀਂ ਸਮਝਣੀ ਪ੍ਰਭ ਦੀ ਅਗੰਮੀ ਸੋਚ ਸੋਚੀ, ਸਮਝ ਸਮਝ ਨਾ ਕੋਇ ਜਣਾਈਆ । ਉਮਤ ਦੀ ਮੁਹੰਮਦ ਦੇ ਹੱਥੋਂ ਖੁਸਣੀ ਰੋਜ਼ੀ, ਰਾਜ਼ਕ ਰਿਜ਼ਕ ਰਹੀਮ ਆਪਣਾ ਹੁਕਮ ਵਰਤਾਈਆ । ਤੇਰੀ ਆਸ਼ਾ ਹੋਣੀ ਕੋਝੀ, ਕਮਲੀਏ ਤੈਨੂੰ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮੈਂ ਉਤੇ ਚੜ੍ਹ ਕੇ ਤੱਕਿਆ ਨਾਲ ਗ਼ੌਰ, ਗਹਿਰ ਗੰਭੀਰ ਵੇਖ ਵਖਾਈਆ । ਜਿਹੜਾ ਆਦਿ ਅੰਤ ਸਭ ਦਾ ਸ਼ੌਹਰ, ਛੋਹਰ ਬਾਂਕਾ ਨੂਰ ਇਲਾਹੀਆ । ਜਿਸ ਨੇ ਆਪਣਾ ਵਖਾਉਣਾ ਜ਼ੌਹਰ, ਜਾਬਰ ਜਬਰ ਆਪਣੀ ਖੇਲ ਖਿਲਾਈਆ । ਦੀਨ ਦੁਨੀ ਦੇ ਬਦਲ ਦੇਣੇ ਤੌਰ, ਤਬਕਾਂ ਸਬਕਾਂ ਪਰਦਾ ਦਏ ਉਠਾਈਆ । ਜਿਸ ਦੇ ਹੱਥ ਵਿਚ ਸਭ ਦੀ ਡੋਰ, ਡੌਰੂ ਡੰਕਾ ਇਕ ਕਰੇ ਸ਼ਨਵਾਈਆ । ਉਸੇ ਨੂੰ ਸਭ ਨੇ ਕਿਹਾ ਬ੍ਰਾਹਮਣ ਗੌੜ, ਵੇਦ ਵਿਆਸਾ ਦਏ ਗਵਾਹੀਆ । ਜਿਹਦਾ

ਆਦਿ ਅੰਤ ਸਤਿ ਸਰੂਪ ਨਵਾਂ ਨਕੋਰ, ਨਿੱਕਾ ਵਡਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਨੂਰ ਇਲਾਹੀਆ । ਸਦੀ ਚੌਧਵੀਂ ਕਹੇ ਮੈਂ ਤੱਕਿਆ ਨੂਰ ਅਲਾਹ ਪਰਵਰਦਿਗਾਰ, ਅਲਾਹੀ ਨੂਰ ਨਜ਼ਰੀ ਆਈਆ । ਉਸ ਹੁਕਮ ਸੰਦੇਸ਼ਾ ਦਿਤਾ ਅਗੰਮ ਅਪਾਰ, ਸੰਦੇਸ਼ਾ ਇਕ ਸੁਣਾਈਆ । ਉਹ ਤਕ ਮੁਹੰਮਦੀ ਯਾਰ, ਯਰਾਨੇ ਸਾਰੇ ਰਹੇ ਤੁੜਾਈਆ । ਕਿਸੇ ਦਾ ਕਿਸੇ ਉਤੇ ਰਿਹਾ ਨਹੀਂ ਕੋਈ ਇਤਬਾਰ, ਬੇਇਤਬਾਰੀ ਹੋਈ ਖ਼ਲਕ ਖ਼ੁਦਾਈਆ । ਮੂਸਾ ਈਸਾ ਨੈਣ ਰਹੇ ਉਘਾੜ, ਬਿਨ ਅੱਖਾਂ ਅੱਖ ਉਠਾਈਆ । ਕਵਣ ਸ੍ਰਿਸ਼ਟ ਸਬਾਈ ਚਬਾਏ ਆਪਣੀ ਦਾੜ੍ਹ, ਦਾੜ੍ਹਾਂ ਹੇਠ ਦਬਾਈਆ । ਮੂਸਾ ਕਿਹਾ ਈਸਾ ਜਿਸ ਨੇ ਤੈਨੂੰ ਫਾਸੀ ਦਿਤਾ ਚਾੜ੍ਹ, ਸਲੀਬ ਗਲ ਵਿਚ ਲਟਕਾਈਆ । ਉਹ ਖੇਲ ਕਰੇ ਸੱਚੀ ਸਰਕਾਰ, ਅਮਾਮ ਅਮਾਮਾ ਨੂਰ ਇਲਾਹੀਆ । ਜਿਸ ਨੂੰ ਸੱਜਦੇ ਕਰ ਕਰ ਝੁਕਦੇ ਰਹੇ ਵਿਚ ਸੰਸਾਰ, ਹਦੀਸਾਂ ਵਿਚ ਸਿਫ਼ਤੀ ਰਾਗ ਅਲਾਈਆ । ਉਹ ਮਾਲਕ ਖ਼ਾਲਕ ਹੋਇਆ ਜ਼ਾਹਰ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਨੂੰ ਕਹਿੰਦੇ ਆਏ ਇਸਤਗੁਫ਼ਾਰ, ਗ਼ਫ਼ਲਤ ਸਭ ਦੀ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੈਂ ਨਿਉਂ ਕੇ ਕੀਤਾ ਸੱਜਦਾ, ਬਿਨ ਸੀਸ ਸੀਸ ਝੁਕਾਈਆ । ਪ੍ਰਭੂ ਮੁਹੰਮਦ ਤੇਰਾ ਬਰਦਾ, ਬਾਂਦੀ ਹੋ ਕੇ ਦਿਆਂ ਜਣਾਈਆ । ਉਹ ਵੇਖ ਕਲਮਾ ਪੜ੍ਹਦਾ, ਤੂੰ ਹੀ ਤੂੰ ਹੀ ਰਾਗ ਅਲਾਈਆ । ਤੇਰੀ ਮੰਜ਼ਲ ਚੜ੍ਹਦਾ, ਚੌਦਾਂ ਤਬਕ ਭੱਜੇ ਵਾਹੋ ਦਾਹੀਆ । ਨਿਗਹ ਜ਼ਮੀਨ ਅਸਮਾਨ ਕਰਦਾ, ਕਰਦਾਰ ਹੋ ਕੇ ਵੇਖ ਵਖਾਈਆ । ਕੀ ਖੇਲ ਹੋਣਾ ਮੇਰੇ ਘਰ ਦਾ, ਗ੍ਰਿਹਿ ਪੜਦਾ ਰਿਹਾ ਚੁਕਾਈਆ । ਜੋ ਲੇਖਾ ਪਰਵਰਦਿਗਾਰ ਸਾਂਝੇ ਯਾਰ ਦਾ, ਸੋ ਯਰਾਨਾ ਤੋੜ ਦਏ ਨਿਭਾਈਆ । ਮੇਰਾ ਮਕਰੂਜ਼ ਦਾ ਕਰਜ਼ਾ ਸਦੀ ਚੌਧਵੀਂ ਆਪ ਉਤਾਰ ਦਾ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਜਨ ਭਗਤਾਂ ਸੂਫ਼ੀਆਂ ਸੰਤਾਂ ਨਿਰਗੁਣ ਧਾਰ ਕਾਜ ਸਵਾਰਦਾ, ਸਵਾਰਥ ਆਪਣਾ ਨਾ ਕੋਇ ਰਖਾਈਆ । ਜਿਸ ਦਾ ਖੇਲ ਆਦਿ ਜੁਗਾਦਿ ਜੁਗ ਚੌਕੜੀ ਆਰ ਪਾਰ ਦਾ, ਦੋ ਜਹਾਨਾਂ ਮਰਦ ਮਰਦਾਨਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਤਾ ਪੁਰਖ ਬਿਧਾਤਾ ਰੂਪ ਅਨੂਪ ਸੱਚੀ ਸਰਕਾਰ ਦਾ, ਦੂਸਰ ਨਜ਼ਰ ਕੋਇ ਨਾ ਆਈਆ ।

### ੨੯ ਜੇਠ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ

ਸਤਿਗੁਰ ਸ਼ਬਦ ਕਹੇ ਗੁਰਮੁਖ ਸਾਚੇ ਧੁਰ ਦੇ ਫੁੱਲ, ਫੁਲਵਾੜੀ ਪ੍ਰਭ ਲੋਕਮਾਤ ਮਹਿਕਾਈਆ । ਜਨ ਭਗਤ ਰੂਪ ਬਣਾ ਕੇ ਆਪਣੀ ਕੁਲ, ਕੁਲ ਮਾਲਕ ਹੋਏ ਸਹਾਈਆ । ਜਨਮ ਜਨਮ ਦੀ ਕਰਮ ਕਰਮ ਦੀ ਬਖ਼ਸ਼ੇ ਭੁੱਲ, ਅਭੁੱਲ ਦੇਵੇ ਮਾਣ ਵਡਿਆਈਆ । ਜਿਨ੍ਹਾਂ ਦੇ ਬਰਾਬਰ ਨਹੀਂ ਕੋਈ ਤੁਲ, ਸਮ ਰੂਪ ਨਾ ਕੋਇ ਦਰਸਾਈਆ । ਉਹ ਭਗਤ ਦਵਾਰ ਦੇ ਗੁਲਸ਼ਨ ਦਾ ਗੁਲ, ਮਹਿਕ ਪ੍ਰੇਮ ਵਾਲੀ ਮਹਿਕਾਈਆ । ਕਲਜੁਗ ਮਾਇਆ ਵਿਚ ਜਾਣ ਨਾ ਰੁਲ, ਮੋਹ ਮਮਤਾ ਆਏ ਤਜਾਈਆ । ਨਾਤਾ ਜੋੜ ਕੇ ਨਾਲ ਸੁਲਹਕੁਲ ਸਚ ਦੀ ਸਾਚੀ ਕਾਰ ਕਮਾਈਆ । ਲੰਗਰ

ਖਾ ਕੇ ਇਕੋ ਚੁਲ੍ਹ, ਪ੍ਰੇਮ ਪ੍ਰੀਤੀ ਵਿਚ ਝਟ ਲੰਘਾਈਆ । ਸਚ ਦਾ ਬੂਟਾ ਕਦੇ ਜਾਵੇ ਨਾ ਹੁੱਲ, ਪਤ ਟਹਿਣੀ ਫੁੱਲ ਫਲ ਆਪ ਲਗਾਈਆ । ਜਨ ਭਗਤਾਂ ਦੀਪਕ ਹੋਵੇ ਕਦੇ ਨਾ ਗੁੱਲ, ਨੂਰ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤ ਸੁਹੰਜਣੇ ਫੂਲ, ਹਰਿ ਕਰਤਾ ਆਪ ਮਹਿਕਾਈਆ । ਜਿਨ੍ਹਾਂ ਦਾ ਮਾਲਕ ਇਕ ਕੰਤੂਹਲ, ਸਚਖੰਡ ਨਿਵਾਸੀ ਨਜ਼ਰੀ ਆਈਆ । ਜੋ ਧਰਮ ਦੀ ਧਾਰ ਦੱਸੇ ਅਸੂਲ, ਅਸਲੀਅਤ ਆਪਣੀ ਇਕ ਦ੍ਰਿੜਾਈਆ । ਪ੍ਰੇਮ ਪ੍ਰੀਤੀ ਬਖ਼ਸ਼ ਮਾਕੂਲ, ਮੁਕੰਮਲ ਆਪਣਾ ਹੁਕਮ ਵਰਤਾਈਆ । ਚਰਨ ਚਰਨੋਦਕ ਦੇ ਕੇ ਧੂਲ, ਧੂੜੀ ਟਿੱਕੇ ਖ਼ਾਕ ਰਮਾਈਆ । ਜਿਨ੍ਹਾਂ ਦਾ ਲੇਖਾ ਕਰੇ ਨਾ ਕੋਇ ਵਸੂਲ, ਰਾਏ ਧਰਮ ਨਾ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਫੁੱਲਾਂ ਵਾਂਗ ਜਾਓ ਮਹਿਕ, ਖ਼ੁਸ਼ਬੂ ਪ੍ਰੇਮ ਵਾਲੀ ਪਰਗਟਾਈਆ । ਧਰਮ ਦਵਾਰੇ ਬਣੋ ਲਾਇਕ, ਹਰਿਜਨ ਆਪਣਾ ਰੂਪ ਬਦਲਾਈਆ । ਧੁਰ ਦਾ ਮਾਲਕ ਤਕੋ ਨਾਇਕ, ਨਰ ਨਰਾਇਣ ਨੂਰ ਇਲਾਹੀਆ । ਜਿਸ ਦੀ ਅਵਤਾਰਾਂ ਪੈਗ਼ੰਬਰਾਂ ਮੰਨੀ ਹਦਾਇਤ, ਗੁਰੂ ਗੁਰਦੇਵ ਸੀਸ ਨਿਵਾਈਆ । ਕਲਮੇ ਦੀ ਮਨਜ਼ੂਰ ਕੀਤੀ ਸ਼ਰਾਇਤ, ਸ਼ਰਅ ਵਿਚ ਸੀਸ ਝੁਕਾਈਆ । ਸੋ ਸਚ ਵਸਤ ਭਗਤਾਂ ਕਰੇ ਅਨਾਇਤ, ਭਗਵਨ ਆਪਣੀ ਦਇਆ ਕਮਾਈਆ । ਜਨਮ ਕਰਮ ਲੇਖੇ ਲਾਏ ਨਾਲ ਰਿਆਇਤ, ਰਵੈਤ ਆਪਣੀ ਆਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਧੁਰ ਦੇ ਫੁੱਲ ਬਣ ਜਾਓ ਚੰਗੇ, ਕੂੜੀ ਕਿਰਿਆ ਦੇਣੀ ਕਢਾਈਆ । ਭਗਤ ਭਗਤਾਂ ਨਾਲ ਕਰਨ ਨਾ ਦੰਗੇ, ਗ਼ੁੱਸਾ ਗਿਲਾ ਨਾ ਕੋਇ ਜਣਾਈਆ । ਪਿਛਲੇ ਵੇਲੇ ਸਭ ਦੇ ਲੰਘੇ, ਅੱਗੇ ਆਪਣਾ ਹੁਕਮ ਸੁਣਾਈਆ । ਤੁਸੀਂ ਬੰਦਿਆਂ ਵਰਗੇ ਨਹੀਂ ਬੰਦੇ, ਬਿਨਾ ਬੰਦਗੀ ਤੋਂ ਬੰਦਗੀ ਵਾਲੇ ਦਿਤੇ ਪ੍ਰਗਟਾਈਆ । ਤੁਹਾਡਾ ਖੇਲ ਵੇਖ ਕੇ ਰਾਏ ਧਰਮ ਚਿਤ੍ਰਗੁਪਤ ਕੰਬੇ, ਲਾੜੀ ਮੌਤ ਅੱਖ ਦਬਾਈਆ । ਜਿਨ੍ਹਾਂ ਦੇ ਪੈਂਡੇ ਅੱਗੇ ਰਹੇ ਨਹੀਂ ਲੰਬੇ, ਪਾਂਧੀ ਪੰਧ ਨਾ ਕੋਇ ਭਵਾਈਆ । ਖੇਲ ਤਕਣੇ ਪ੍ਰਭੂ ਸੰਦੇ, ਜੋ ਸੰਧਿਆ ਸਰਘੀ ਆਪਣਾ ਰੰਗ ਵਖਾਈਆ । ਜੋ ਸਤਿਗੁਰੂ ਦਵਾਰ ਕਰਨੀ ਕਿਰਤ ਦੇ ਕਰਦੇ ਧੰਦੇ, ਦਿਵਸ ਰੈਣ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਹਰਿਜਨ ਸਾਚਾ ਧਰਮ ਦਾ ਹੀਰਾ, ਧਰਮ ਧਾਰ ਵਿਚ ਸਮਾਈਆ । ਜਿਨ੍ਹਾਂ ਦੇ ਸਿਰ ਤੇ ਪ੍ਰਭ ਨੇ ਬੰਨ੍ਹਣਾ ਚੀਰਾ, ਚਿਰੀ ਵਿਛੁੰਨੇ ਲਏ ਮਿਲਾਈਆ । ਉਹ ਇਕ ਦੂਜੇ ਨੂੰ ਸਦਾ ਸਮਝਣ ਭੈਣ ਭਾਈ ਵੀਰਾ, ਪ੍ਰੇਮ ਮੁਹੱਬਤ ਵਿਚ ਬੁਲਾਈਆ । ਗੁਰਮੁਖ ਕਲਜੁਗ ਵਿਸ਼ਟਾ ਵਾਲਾ ਬਣੇ ਕੋਇ ਨਾ ਕੀੜਾ, ਹੰਸ ਰੂਪ ਲੈਣਾ ਬਦਲਾਈਆ । ਸਤਿ ਸਚ ਦਾ ਮਾਰਗ ਨਹੀਂ ਕੋਈ ਭੀੜਾ, ਭੀੜੀ ਗਲੀ ਨਾ ਕੋਇ ਵਖਾਈਆ । ਜਨ ਭਗਤੋ ਅੱਜ ਤੋਂ ਸਾਰੇ ਬੰਨ੍ਹ ਲਓ ਬੀੜਾ, ਆਪਣਾ ਭਾਰ ਆਪੇ ਲਓ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਫੁੱਲ ਕਹਿਣ ਅਸੀਂ ਭਗਤਾਂ ਉਤੇ ਲਾਉਣੀ ਬਰਖਾ, ਪ੍ਰਭ ਦਿਤੀ ਮਾਣ ਵਡਿਆਈਆ । ਗੁਰਸਿਖੋ ਯਾਦ ਕਰ ਲਓ ਸਿਖ ਨੂੰ ਸਿਖ ਤਰਸਦਾ ਮਰ ਗਿਆ ਵਿਚ ਸਰਸਾ, ਸਿਖ ਨਾਲ ਸਿਖ ਸਕਿਆ ਨਾ ਕੋਇ ਮਿਲਾਈਆ । ਉਸ ਨੂੰ ਕੋਈ

੧੩੧੯
੨੨

ਬਹੁਤਾ ਨਹੀਂ ਬੀਤਿਆ ਅਰਸਾ, ਥੋੜ੍ਹਾ ਸਮਾਂ ਰਿਹਾ ਜਣਾਈਆ । ਹੁਣ ਵੀ ਤੁਹਾਡੇ ਉਤੇ ਪੈਣ ਵਾਲਾ ਪਰਚਾ, ਪ੍ਰਾਚੀਨ ਦਾ ਲੇਖਾ ਵੇਖ ਵਖਾਈਆ । ਜਨ ਭਗਤੋ ਤੁਹਾਡੇ ਵਿਚ ਨਿੰਦਿਆ ਵਾਲੀ ਹੋਵੇ ਕਦੇ ਨਾ ਚਰਚਾ, ਜੋ ਨਿੰਦਕ ਹੋਵੇ ਉਸ ਨੂੰ ਬਾਹਰ ਕਢ ਕੇ ਦਿਉ ਵਖਾਈਆ । ਕਿਉਂ ਤੁਹਾਡਾ ਮਾਲਕ ਵਾਲੀ ਅਰਸ਼ਾ, ਅਰਸ਼ੀ ਪ੍ਰੀਤਮ ਨੂਰ ਇਲਾਹੀਆ । ਜਿਸ ਦਾ ਸੰਮਤ ਸ਼ਹਿਨਸ਼ਾਹੀ ਸੱਤ ਦਾ ਬਰਸਾ, ਜਨ ਭਗਤੇ ਘਰ ਘਰ ਗੁਰਮੁਖਾਂ ਬਰਸੀ ਰਿਹਾ ਮਨਾਈਆ । ਭਗਤ ਦਵਾਰਾ ਧਾਮ ਅਗੰਮਾ ਉਪਰ ਧਰਤਾ, ਧਰਨੀ ਧਰਤ ਧਵਲ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਫੁੱਲ ਕਹਿਣ ਸਾਡੀ ਵੇਖੋ ਬਹਾਰ, ਖ਼ੁਸ਼ੀਆਂ ਵਿਚ ਜਣਾਈਆ । ਜਨ ਭਗਤੋ ਭਗਤਾਂ ਨਾਲ ਕਰਨਾ ਪਿਆਰ, ਮੁਹੱਬਤ ਮੁਹੱਬਤ ਵਿਚੋਂ ਪ੍ਰਗਟਾਈਆ । ਇਕੋ ਘਰ ਇਕੋ ਤੁਹਾਡਾ ਘਰ ਬਾਰ, ਇਕੋ ਗ੍ਰਿਹਿ ਨਜ਼ਰੀ ਆਈਆ । ਇਕੋ ਮਾਲਕ ਇਕੋ ਅਗੰਮ ਏਕੰਕਾਰ, ਇਕ ਇਕੱਲਾ ਅਗੰਮ ਅਥਾਹੀਆ । ਇਕੋ ਦੇ ਤੁਸੀਂ ਸੁਤ ਦੁਲਾਰ, ਪਿਤਾ ਪੁਰਖ ਅਕਾਲ ਇਕ ਅਖਵਾਈਆ । ਅੱਗੇ ਨੂੰ ਝਗੜੇ ਛਡ ਦਿਉ ਸੰਸਾਰ, ਝਗੜਿਆਂ ਵਿਚ ਹੱਥ ਕਿਛ ਨਾ ਆਈਆ । ਅੰਦਰੋਂ ਹੋਵੇ ਨਾ ਕੋਇ ਦੁਖਿਆਰ, ਖ਼ੁਸ਼ੀਆਂ ਵਿਚ ਆਪਣਾ ਝਟ ਲੰਘਾਈਆ । ਕਿਉਂ ਤੁਸੀਂ ਵਸਦੇ ਉਸ ਪ੍ਰਭੂ ਦੇ ਦਰਬਾਰ, ਜਿਥੇ ਪੰਜ ਦਰਬਾਰੀ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਫੁੱਲ ਕਹਿਣ ਸਾਡੀ ਪੁਨਹ ਪੁਨਹ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਪ੍ਰਭ ਨੇ ਖੇਲ ਕਰਨਾ ਅਪਰ ਅਪਾਰ, ਅਪਰੰਪਰ ਸਵਾਮੀ ਆਪਣਾ ਹੁਕਮ ਵਰਤਾਈਆ । ਪਹਿਲੀ ਹਾੜ ਨੂੰ ਹਰਿ ਸੰਗਤ ਨੂੰ ਕਰੇ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਸ਼ਬਦ ਦੇਵੇ ਜੇ ਤੁਸੀਂ ਨਹੀਂ ਛਡ ਸਕਦੇ ਹੰਕਾਰ, ਮੈਂ ਨਿਮਾਣਾ ਹੋ ਕੇ ਸੇਵ ਕਮਾਈਆ । ਫੇਰ ਤੁਸੀਂ ਪ੍ਰਭੂ ਦੇ ਬਣਿਉਂ ਸਿਕਦਾਰ, ਸਿਰ ਹਉਮੇ ਵਾਲਾ ਤਾਜ ਟਿਕਾਈਆ । ਸਤਿਗੁਰ ਚਾਕਰ ਬਣੇ ਹੋਵੇ ਖ਼ਿਦਮਤਗਾਰ, ਸੇਵਕ ਸੇਵਾ ਸਚ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਫੁੱਲ ਕਹਿਣ ਸਤਿਗੁਰ ਸ਼ਬਦ ਕੀਤਾ ਖੇਲ ਅਪਾਰ, ਅਪਰੰਪਰ ਦੇ ਦ੍ਰਿੜਾਈਆ । ਤੇਰੇ ਦਰ ਕਿਉਂ ਫਿਰੇ ਕੂੜ ਹੰਕਾਰ, ਭੱਜੇ ਵਾਹੋ ਦਾਹੀਆ । ਕਿਉਂ ਹੋਇਆ ਧੂੰਆਂਧਾਰ, ਸਤਿ ਜੋਤ ਨਾ ਕੋਇ ਰੁਸ਼ਨਾਈਆ । ਕਿਉਂ ਮਨੂਆ ਹੋਇਆ ਅਵਾਰ, ਬੰਧਨ ਬੰਧ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਹੋਣਾ ਸਹਾਈਆ । ਸਤਿਗੁਰ ਸ਼ਬਦ ਕਹੇ ਸਭ ਨੇ ਇਕੋ ਲੜ ਫੜਨਾ, ਇਕੋ ਰਾਹ ਤਕਾਈਆ । ਇਕੋ ਮੰਜ਼ਲ ਚੜ੍ਹਨਾ, ਇਕੋ ਘਰ ਵੱਜੇ ਵਧਾਈਆ । ਪੰਜਾਂ ਦਰਬਾਰੀਆਂ ਵਿਚੋਂ ਗੁਰਦਰਸ਼ਨ ਨੇ ਸਤਾਰਾਂ ਦਿਨ ਸਵਾ ਘੰਟਾ ਭਗਤ ਦਵਾਰ ਵਿਚ ਧੁਰ ਦਾ ਹੁਕਮ ਪੜ੍ਹਨਾ, ਵਕਤ ਚਾਰ ਪੰਜ ਸੁਹਾਈਆ । ਹਰਿਜਨ ਪ੍ਰੇਮ ਵਿਚ ਇਕ ਦੂਜੇ ਨੂੰ ਵਰਨਾ, ਨਾਤਾ ਮੁਹੱਬਤ ਵਾਲਾ ਰਖਾਈਆ । ਇਕੋ ਸਾਹਿਬ ਦੀ ਪੜਨਾ ਸਰਨਾ, ਦੂਜੀ ਓਟ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਜੋ ਹਰਿ ਭਗਤ ਦਵਾਰ ਸੇਵ ਕਮਾਉਂਦੇ ਸਿਖ, ਸਿਖਿਆ ਧੁਰ ਦੀ ਲੈਣ ਅਪਨਾਈਆ । ਉਹਨਾਂ ਸਤਿਗੁਰ ਧਾਰ ਮਸਤਕ ਲੈਣੀ ਲਿਖ, ਹਾੜ ਸਤਾਰਾਂ ਵੰਡ ਵੰਡਾਈਆ । ਪੰਜਾਂ ਲਿਖਾਰੀਆਂ ਬਹਿਣਾ ਉਤੇ ਇਕ

ਇਕ ਇੱਟ, ਇੱਟ ਰਵਦਾਸ ਚਮਾਰੇ ਵਾਲੀ ਰਾਹ ਤਕਾਈਆ । ਫੇਰ ਡੋਰੀ ਇਕੋ ਉਤੇ ਦੇਣੀ ਸਿੱਟ, ਜੋ ਕਰਤਾ ਧੁਰਦਰਗਾਹੀਆ । ਇਕ ਇਕ ਆਪਣੀ ਜੇਬ ਵਿਚ ਲਿਖ ਕੇ ਪਾਉਣੀ ਚਿਟ, ਚੇਤਨ ਚੇਤਨ ਚੇਤਨ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਸਤਾਰਾਂ ਹਾੜ ਖੇਲ ਤੱਕਣ ਗਣ ਗਧੰਰਵ, ਸੁਰਪਤ ਰਾਜਾ ਇੰਦਰ ਕਿੰਨਰ ਯਸ਼ਪ ਧਿਆਨ ਲਗਾਈਆ । ਸਦੀ ਚੌਧਵੀਂ ਦੀ ਗੋਲੀ ਨਾਲ ਮਿਲ ਕੇ ਗੀਤ ਗਾਉਣਾ ਦਵਿੰਦਰ, ਤੂੰਬੀ ਤੰਦ ਸਿਤਾਰ ਹਿਲਾਈਆ । ਗੁਰਦਰਸ਼ਨ ਦਾ ਰੂਪ ਬਣਿਆ ਹੋਵੇ ਜਿਉਂ ਸ਼ਹਿਜ਼ਾਦੀ ਸਿੰਧਣ, ਲਬਾਸ ਸਿੰਧੀਆਂ ਵਾਲਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸਤਾਰਾਂ ਹਾੜ ਕਹੇ ਪੰਜਾਂ ਲਿਖਾਰੀਆਂ ਦੇ ਮਸਤਕ ਵਿਚ ਹੋਣ ਪੰਜ ਪੰਜ ਨਿਸ਼ਾਨ, ਪੰਜੇ ਧੁਰ ਦੇ ਰੰਗ ਰੰਗਾਈਆ । ਪੰਜਾਂ ਦਰਬਾਰੀਆਂ ਚਿੱਟੇ ਚਾਦਰੇ ਉਤੇ ਲੈਣੇ ਤਾਣ, ਤਾਣਾ ਪੇਟਾ ਵੰਡ ਨਾ ਕੋਇ ਵੰਡਾਈਆ । ਪੰਜਾਂ ਪਿਆਰਿਆਂ ਮਿਲ ਕੇ ਗਾਉਣਾ ਗਾਣ, ਸ਼ਬਦ ਧੁਰ ਦਾ ਇਕ ਸੁਣਾਈਆ । ਸਾਰੀ ਸੰਗਤ ਨੇ ਕਰਨਾ ਪਰਵਾਨ, ਪਰਵਾਨੇ ਬਣ ਕੇ ਸੀਸ ਨਿਵਾਈਆ । ਇਕ ਗੁਰਮੁਖ ਮਾਝੇ ਦਾ ਬਣਿਆ ਹੋਵੇ ਬੇਜ਼ਬਾਨ, ਮੁਖੋਂ ਬੋਲ ਨਾ ਸਕੇ ਰਾਈਆ । ਮਾਲਵੇ ਵਾਲਿਆਂ ਦਾ ਬਣਿਆ ਹੋਵੇ ਇਕ ਖ਼ਾਨ, ਮੁਗਲਾਂ ਵਾਲਾ ਰੂਪ ਵਟਾਈਆ । ਦੁਆਬੇ ਵਾਲਿਆਂ ਦਾ ਇਕ ਬਣਿਆ ਹੋਵੇ ਅੰਞਾਣ, ਬਾਲੀ ਬੁਧ ਸਮਝਾਈਆ । ਜੰਮੂ ਵਾਲਿਆਂ ਦਾ ਇਕ ਨਜ਼ਰ ਆਵੇ ਪਹਿਲਵਾਨ, ਲੰਗੋਟੇ ਦੋਹਾਂ ਮੋਢਿਆ ਉਤੇ ਟਿਕਾਈਆ । ਦਿੱਲੀ ਵਿਚੋਂ ਬਣਿਆਂ ਹੋਵੇ ਇਕ ਸੈਨਤਾਨ, ਤਾਨ ਸੈਨ ਆਪਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਫੁੱਲ ਕਹਿਣ ਜਨ ਭਗਤੋ ਫੁੱਲਣੀ ਬਨਰਾਏ, ਬਨਖੰਡ ਖ਼ੁਸ਼ੀ ਮਨਾਈਆ । ਇੱਕੀ ਗੁਰਮੁਖ ਮਾਝੇ ਵਾਲੇ ਇਕ ਪ੍ਰਭੂ ਦੇ ਹੋਣ ਜਾਏ, ਆਪਣਾ ਮਾਤ ਪਿਤ ਭੁਲਾਈਆ । ਇਕੀ ਗੁਰਮੁਖ ਦੁਆਬੇ ਵਾਲੇ ਕਰਨ ਹਾਏ ਹਾਏ, ਹਾਏ ਤੇਰਾ ਨਾਮ ਦੁਹਾਈਆ । ਇਕੀ ਗੁਰਮੁਖ ਮਾਲਵੇ ਵਾਲੇ ਮਠਿਆਈ ਖ਼ੁਸ਼ੀਆਂ ਨਾਲ ਲੈਣ ਖਾਏ, ਖਾ ਖਾ ਮਸਤੀ ਦੇਣ ਬਣਾਈਆ । ਇਕ ਗੁਰਮੁਖ ਜੰਮੂ ਵਾਲਾ ਸਭ ਦੇ ਅੱਗੇ ਜਗਤ ਰੁਕਾਵਟਾਂ ਡਾਹੇ, ਹਰਿ ਸੰਗਤ ਰੋਕੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਕਰੇ ਬੇਪਰਵਾਹੇ, ਬੇਪਰਵਾਹ ਆਪਣੀ ਕਾਰ ਕਮਾਈਆ ।



## ੩੧ ਜੇਠ ਸ਼ਹਿਨਸ਼ਾਹੀ ਸੰਮਤ ੭ ਕਪੂਰ ਸਿੰਘ ਤੇ ਰਣਜੀਤ ਸਿੰਘ ਦੇ ਨਵਿਤ ਮੋਗਾ ਸ਼ਹਿਰ ਜ਼ਿਲਾ ਫ਼ਿਰੋਜ਼ਪੁਰ

ਸਤਿਗੁਰ ਸ਼ਬਦ ਕਹੇ ਵਿਸ਼ਨੂੰ ਦੱਸ ਆਪਣਾ ਵਿਸ਼ਾ, ਵਿਸ਼ੇਸ਼ ਆਪਣੀ ਧਾਰ ਪ੍ਰਗਟਾਈਆ । ਬ੍ਰਹਮੇ ਬ੍ਰਹਮ ਬ੍ਰਹਿਮਾਦ ਦੀ ਦੱਸ ਦੇ ਇੱਛਾ, ਨਿਰਇੱਛਤ ਹੋ ਕੇ ਧਿਆਨ ਲਗਾਈਆ । ਸ਼ੰਕਰ ਚਾਰੋਂ ਕੁੰਟ ਦਾ ਭੇਵ ਖੋਲ੍ਹ ਦੇ ਧਰਮ ਦੀ ਦਿਸ਼ਾ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਅਵਤਾਰ ਦੱਸੋ ਆਪਣਾ ਹਿੱਸਾ, ਹਿੱਸੇਦਾਰੀ ਕੀ ਜਣਾਈਆ । ਪੈਗ਼ੰਬਰ ਬਿਆਨ ਕਰੋ ਆਪਣਾ ਕਿੱਸਾ, ਕੀ ਕਿਸਮਤ ਦੀਨ ਦੁਨੀ ਬਦਲਾਈਆ । ਗੁਰੂ

ਗੁਰਦੇਵ ਵੇਖੇ ਪਿਛਾ, ਪਿਛਲਾ ਲੇਖਾ ਫੋਲ ਫੁਲਾਈਆ । ਧਰਨੀ ਧਰਤ ਧਵਲ ਪ੍ਰਿਥਮੀ ਆਕਾਸ਼ ਤਕੇ ਅਗੰਮੀ ਪਿਤਾ, ਪਤਿਪਰਮੇਸ਼ਵਰ ਬੇਪਰਵਾਹੀਆ । ਸਾਰੇ ਦੱਸੇ ਕਿਸ ਦੇ ਨਾਲ ਕਰੇ ਸਚ ਦਾ ਹਿਤਾ, ਹਿਤਕਾਰੀ ਰੂਪ ਦਰਸਾਈਆ । ਕਿਸ ਨੂੰ ਆਪਣਾ ਰੂਪ ਦੱਸੇ ਵੱਡਾ ਨਿੱਕਾ, ਨਿੱਕਾ ਵੱਡਾ ਭੇਵ ਚੁਕਾਈਆ । ਕੀ ਖੇਲ ਕਰੇ ਅਬਿਨਾਸ਼ੀ ਇਕਾ, ਏਕੰਕਾਰ ਅਗੰਮ ਅਥਾਹੀਆ । ਸਾਰੇ ਕਹਿਣ ਦੀਨ ਦਿਆਲੇ ਕਢਣਾ ਆਪਣਾ ਸਿੱਟਾ, ਜੁਗ ਚੌਕੜੀ ਲੇਖਾ ਦਏ ਮੁਕਾਈਆ । ਲਹਿਣਾ ਦੇਣਾ ਪੂਰਾ ਕਰੇ ਪੱਥਰ ਇੱਟਾਂ, ਦ੍ਰਿਸ਼ਟ ਇਸ਼ਟ ਆਪਣਾ ਇਕ ਸਮਝਾਈਆ । ਜਨ ਭਗਤਾਂ ਲਾਵੇ ਮਸਤਕ ਟਿੱਕਾ, ਧੂੜੀ ਖ਼ਾਕ ਖ਼ਾਕ ਰਮਾਈਆ । ਸਤਿ ਧਰਮ ਚਲਾਏ ਅਗੰਮੀ ਸਿੱਕਾ, ਮੋਹਰ ਆਪਣਾ ਨਾਮ ਜਣਾਈਆ । ਲੇਖਾ ਜਾਣੇ ਜੋ ਕਲਮ ਸ਼ਾਹੀ ਨਾਲ ਨਹੀਂ ਲਿਖਾ, ਕਾਤਬ ਲੇਖ ਨਾ ਕੋਇ ਦ੍ਰਿੜਾਈਆ । ਫੇਰ ਨਿਗਾਹ ਮਾਰੇ ਵੇਖੇ ਸ਼ਬਦੀ ਧਾਰ ਸਿੱਖਾ, ਗੁਰਮੁਖ ਗੁਰ ਗੁਰ ਖੋਜ ਖੁਜਾਈਆ । ਜਗਤ ਜਹਾਨ ਹੋਵੇ ਜਿੱਤਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਵੇਖੇ ਵਿਗਸੇ ਨਿਤ ਨਵਿਤਾ, ਨਿਰਗੁਣ ਸਰਗੁਣ ਕਾਰ ਕਮਾਈਆ । ਅੰਤ ਭਗਤਾਂ ਸਚਖੰਡ ਨਿਵਾਸੀ ਬਣ ਕੇ ਇਕੋ ਪਿਤਾ, ਪਤਿਪਰਮੇਸ਼ਵਰ ਦਇਆ ਕਮਾਈਆ । ਲੇਖੇ ਲਾ ਕੇ ਰਕਤ ਬੂੰਦ ਹੱਡ ਮਾਸ ਨਾੜੀ ਰੱਤਾ, ਰਤਨ ਅਮੋਲਕ ਲਏ ਬਣਾਈਆ । ਪਿਆਰ ਮੁਹੱਬਤ ਵਿਚ ਹੋਣ ਦੇਵੇ ਨਾ ਕਦੇ ਦੋ ਚਿਤਾ, ਠਗੌਰੀ ਮਨ ਰਹੇ ਨਾ ਰਾਈਆ । ਸ਼ਬਦੀ ਸ਼ਬਦ ਚਲਾ ਕੇ ਸਿੱਕਾ, ਧੁਰ ਦਾ ਹੁਕਮ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਦ੍ਰਿੜਾਈਆ । ਸਤਿਗੁਰ ਸ਼ਬਦ ਕਹੇ ਵਿਸ਼ਨ ਬ੍ਰਹਮਾ ਸ਼ਿਵ ਤਕੇ ਜਗਤ ਜਹਾਨਾ, ਬਿਨ ਨੈਣਾ ਨੈਣ ਉਠਾਈਆ । ਅਵਤਾਰ ਪੈਗ਼ੰਬਰ ਗੁਰੂ ਤਕੋ ਆਪਣਾ ਬਿਆਨਾ, ਜੋ ਭਵਿਖਤਾਂ ਵਿਚ ਜਣਾਈਆ । ਸ੍ਰਿਸ਼ਟੀ ਇਸ਼ਟੀ ਮਾਰੋ ਦ੍ਰਿਸ਼ਟੀ ਵਿਚ ਧਿਆਨਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਖੇਲ ਵੇਖੋ ਆਪਣਾ ਸੀਤਾ ਰਾਮਾ, ਕ੍ਰਿਸ਼ਨਾ ਕਾਹਨਾ ਅੱਖ ਖੁਲ੍ਹਾਈਆ । ਪੈਗ਼ੰਬਰ ਤਕੋ ਹੱਕ ਪੈਗ਼ਾਮਾ, ਸੰਦੇਸ਼ਾ ਨੂਰ ਇਲਾਹੀਆ । ਗੁਰੂ ਗੁਰਦੇਵ ਸੁਣੋ ਦਮਾਮਾ, ਡੰਕਾ ਇਕੋ ਨਾਮ ਸ਼ਨਵਾਈਆ । ਕਲਜੁਗ ਰੈਣ ਅੰਧੇਰੀ ਤਕੋ ਸ਼ਾਮਾ, ਸ਼ਮਾਂ ਦੀਪ ਨਾ ਕੋਇ ਰੁਸ਼ਨਾਈਆ । ਪੰਜ ਤਤ ਤਕੋ ਤਕੋ ਸਿਖ ਮੁਰੀਦ ਇਨਸਾਨਾ, ਮੁਰਸ਼ਦ ਹੋ ਕੇ ਖੋਜ ਖੁਜਾਈਆ । ਖੇਲ ਤਕੋ ਮਹਿਬੂਬ ਰੂਪ ਰਹਿਮਾਨਾ, ਨੂਰ ਨੂਰ ਚਮਕਾਈਆ । ਜਿਸ ਨੂੰ ਝੁਕ ਝੁਕ ਕਰੋ ਸਲਾਮਾ, ਨਿਵ ਨਿਵ ਲਾਗੋ ਪਾਈਆ । ਸੋ ਮਿਹਰਵਾਨ ਮਿਹਰ ਕਰੇ ਨੌਜਵਾਨਾ, ਨੌਬਤ ਆਪਣਾ ਨਾਮ ਹੱਕ ਵਜਾਈਆ । ਝਗੜਾ ਮੇਟੇ ਲੱਖ ਚੁਰਾਸੀ ਕੂੜ ਆਸ਼ਿਆਨਾ, ਗ੍ਰਿਹਿ ਇਕੋ ਦਏ ਵਖਾਈਆ । ਜਨ ਭਗਤ ਸੁਹੇਲੇ ਕਰ ਪਰਵਾਨਾ, ਪਰਮ ਪੁਰਖ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਸਾਚੀ ਕਾਰ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਸਾਡੀ ਇਕ ਅਰਦਾਸ, ਬੇਨੰਤੀ ਦਈਏ ਜਣਾਈਆ । ਅਵਤਾਰ ਕਹਿਣ ਵੇਖ ਸਾਡੀ ਖ਼ਾਹਿਸ਼, ਖ਼ਾਲਸ ਆਪਣਾ ਰੰਗ ਰੰਗਾਈਆ । ਪੈਗ਼ੰਬਰ ਕਹਿਣ ਤੇਰੀ ਕਰੀਏ ਤਲਾਸ਼, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਗੁਰੂ ਗੁਰਦੇਵ ਕਹਿਣ ਵੇਖੀਏ ਅਗੰਮੜੀ ਰਾਸ, ਸੋਹਣਾ ਰੰਗ ਰੰਗਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਤੇਰੇ ਹੱਥ ਵਡਿਆਈਆ । ਨਿਗਹ ਮਾਰ ਪ੍ਰਿਥਮੀ (ਆਕਾਸ਼), ਗਗਨ ਗਗਨੰਤਰ ਖੋਜ ਖੁਜਾਈਆ । ਸਚ ਮੁਹੱਬਤ ਰਹੀ ਕਿਸੇ ਨਾ ਪਾਸ, ਪਿਤਾ ਪੂਤ ਸੰਗ ਨਾ ਕੋਇ ਨਿਭਾਈਆ । ਚਾਰੋਂ ਕੁੰਟ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਏਸ ਵੇਲੇ ਕਿਰਪਾ

ਕਰ ਆਪ, ਆਪ ਆਪਣਾ ਮੇਲ ਮਿਲਾਈਆ । ਆਤਮ ਪਰਮਾਤਮ ਬਖ਼ਸ਼ ਕੇ ਜਾਪ, ਜਗਜੀਵਣ ਦਾਤੇ ਹੋ ਸਹਾਈਆ । ਜਨ ਭਗਤਾਂ ਬਣਾ ਸੱਜਣ ਸਾਕ, ਮੀਤ ਮਿੱਤਰਾ ਇਕ ਦਰਸਾਈਆ । ਨਿਰਗੁਣ ਸਰਗੁਣ ਧਾਰ ਬਖ਼ਸ਼ ਇਤਫਾਕ, ਮੇਲ ਮਿਲਾਵਾ ਹੋਵੇ ਚਾਈਂ ਚਾਈਆ । ਮਨੂਏ ਦਾ ਰਹੇ ਨਾ ਅੰਦਰ ਨਿਫ਼ਾਕ, ਅੰਮ੍ਰਿਤ ਮੇਘ ਇਕ ਬਰਸਾਈਆ । ਸਭ ਤੋਂ ਉਤਮ ਸ੍ਰੇਸ਼ਟ ਭਗਤਾਂ ਦੱਸ ਸਮਾਜ, ਸਮਗਰੀ ਆਪਣਾ ਨਾਮ ਵਰਤਾਈਆ । ਸਾਂਝਾ ਕਰ ਕਾਜ, ਕਰਮ ਕਾਂਡ ਦਾ ਡੇਰਾ ਢਾਹੀਆ । ਧਰਮ ਦਾ ਬਖ਼ਸ਼ ਰਾਜ, ਮਿਹਰ ਨਜ਼ਰ ਉਠਾਈਆ । ਝਗੜਾ ਮੇਟ ਸਮਾਜ, ਦਵੈਤੀ ਪੰਧ ਮੁਕਾਈਆ । ਗੁਰਮੁਖਾਂ ਉਪਰ ਕਿਰਪਾ ਕਰੀਂ ਆਜ, ਜੋ ਆਜਿਜ਼ ਹੋ ਕੇ ਸੀਸ ਨਿਵਾਈਆ । ਮਿਹਰ ਕਰਨੀ ਉਪਰ ਕਪੂਰ ਸਿੰਘ ਤੇ ਰਾਜ, ਰਣਜੀਤ ਰੰਗ ਵਿਚ ਰੰਗਾਈਆ । ਅੰਦਰੋਂ ਸਭ ਦੀ ਖੋਲ੍ਹਣੀ ਜਾਗ, ਸੁਰਤੀ ਸ਼ਬਦ ਨਾਲ ਮਿਲਾਈਆ । ਘਰ ਘਰ ਪ੍ਰੇਮ ਦਾ ਜਗੇ ਚਰਾਗ਼, ਸਾਢੇ ਤਿੰਨ ਹੱਥ ਮੰਦਰ ਵੱਜੇ ਵਧਾਈਆ । ਦੁਰਮਤ ਮੈਲ ਰਹੇ ਨਾ ਦਾਗ਼, ਪਾਪਾਂ ਕਰ ਸਫ਼ਾਈਆ । ਤੇਰਾ ਬਾਗ਼ ਬਗੀਚਾ ਆਪੇ ਹਰਿਆ ਕਰ ਬਾਗ਼, ਫੁੱਲ ਫੁਲਵਾੜੀ ਆਪ ਮਹਿਕਾਈਆ । ਤੇਰੇ ਚਰਨਾਂ ਇਕ ਆਦਾਬ, ਸੱਜਦਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਸਤਿਗੁਰ ਸ਼ਬਦ ਕਹੇ ਸਚ ਪਿਆਰ ਦੀ ਦੇ ਦੇ ਤਾਕਤ, ਮੁਹੱਬਤ ਆਪਣੇ ਨਾਲ ਰਖਾਈਆ । ਚਰਨ ਕਵਲ ਬਖ਼ਸ਼ ਲਿਆਕਤ, ਨੂਰ ਇਕੋ ਇਕ ਚਮਕਾਈਆ । ਗੁਰਮੁਖ ਗੁਰਮੁਖ ਦੀ ਕਰੇ ਸ਼ਨਾਖਤ, ਹਰਿਜਨ ਹਰਿਜਨ

੧੩੨੩ ਵੇਖ ਵਖਾਈਆ । ਜਗਤ ਵਿਦਿਆ ਰਹੇ ਨਾ ਕੋਇ ਅਣਜਾਣਤ, ਬੁਧ ਬਿਬੇਕ ਦੇਣੀ ਕਰਾਈਆ । ਧੁਰ ਦਾ ਨਾਮ ਬਖ਼ਸ਼ ਨਿਆਮਤ, ਨਰ ਨਰਾਇਣ ੧੩੨੩

ਤੇਰੀ ਸਰਨਾਈਆ । ਆਪਣਿਆਂ ਭਗਤਾਂ ਰੱਖ ਸਹੀ ਸਲਾਮਤ, ਸਿਰ ਆਪਣਾ ਹੱਥ ਟਿਕਾਈਆ । ਸ਼ਰਅ ਦੀ ਰਹੇ ਨਾ ਕੋਇ ਅਲਾਮਤ, ਕੂੜ ਕਿਰਿਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤਾਂ ਬਣਿਆ ਰਹੇ ਮਿਲਾਪ, ਜੋੜ ਜੋੜਨਾ ਚਾਈਂ ਚਾਈਆ । ਇਕ ਦੂਜੇ ਨੂੰ ਵੇਖ ਕੇ ਸੋਹੰ ਅੰਦਰੋਂ ਨਿਕਲੇ ਜਾਪ, ਮਸਤਕ ਖ਼ੁਸ਼ੀਆਂ ਵਿਚ ਖਿਲਾਈਆ । ਸਾਰੇ ਮੰਨਣ ਤੈਨੂੰ ਅਗੰਮਾ ਬਾਪ, ਪਿਤਾ ਪੁਰਖ ਅਕਾਲ ਸੀਸ ਨਿਵਾਈਆ । ਰੂਹ ਬੁਤ ਦੋਵੇਂ ਕਰਨੇ ਸਾਫ਼, ਪਤਿਤ ਪੁਨੀਤ ਰਹਿਣ ਕੋਇ ਨਾ ਪਾਈਆ । ਜਨਮ ਕਰਮ ਦਾ ਲੇਖਾ ਬਦਲ ਦੇਣਾ ਪੂਰਬ ਵਾਲੀ ਕਿਤਾਬ, ਕੁਤਬਖ਼ਾਨਿਆਂ ਡੇਰਾ ਢਾਹੀਆ । ਸਦਾ ਸਹਾਇਤਾ ਕਰੀਂ ਆਪ, ਸਿਰ ਆਪਣਾ ਹੱਥ ਟਿਕਾਈਆ । ਧਰਮ ਦੀ ਧਾਰ ਬਖ਼ਸ਼ਣਾ ਇਤਫ਼ਾਕ, ਇਤਫ਼ਾਕ ਆਪਣੇ ਨਾਲ ਬਣਾਈਆ । ਕੂੜ ਦਾ ਲੇਖਾ ਕਰਨਾ ਬੇਬਾਕ, ਹਉਮੇ ਰੋਗ ਰਹੇ ਨਾ ਰਾਈਆ । ਹਰ ਹਿਰਦੇ ਅੰਦਰ ਬਖ਼ਸ਼ਣੀ ਸ਼ਾਂਤ, ਸਾਂਤਕ ਸਤਿ ਸਤਿ ਵਰਤਾਈਆ । ਅੰਦਰ ਰਹੇ ਨਾ ਕੋਇ ਭਰਾਂਤ, ਭਰਮ ਭੁਲੇਖਾ ਦੇਣਾ ਕਢਾਈਆ । ਚਰਨ ਪ੍ਰੀਤੀ ਜੋੜ ਕੇ ਨਾਤ, ਸਾਚਾ ਮੇਲਾ ਲੈਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਕਿਰਪਾ ਕਰਨੀ ਜਗਤ ਦੀ ਧਾਰ, ਜਗਜੀਵਣ ਦਾਤੇ ਤੇਰੀ ਸਰਨਾਈਆ । ਦੀਨ ਦੁਨੀ ਦਾ ਦੁਨੀ ਵਿਚ ਚਲਾਉਣਾ ਵਿਵਹਾਰ, ਵਿਵਹਾਰੀ ਹੋ ਕੇ ਖੇਲ ਖਿਲਾਈਆ । ਭਗਤਾਂ ਭਗਤਾਂ ਨਾਲ ਨਾ ਰਹੇ ਉਧਾਰ, ਲੇਖਾ ਜਨਮ ਕਰਮ ਚੁਕਾਈਆ । ਆਤਮ ਬ੍ਰਹਮ ਦਾ ਬਖ਼ਸ਼ਣਾ ਪਿਆਰ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ ।

ਤੇਰਾ ਹੁਕਮ ਸੱਚੀ ਸਰਕਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਇਕੱਤੀ ਜੇਠ ਦਾ ਦਿਵਸ ਵਿਚਾਰ, ਦਿਵਸ ਆਪਣੀ ਦਏ ਗਵਾਹੀਆ । ਜਿਸ ਕਾਰਨ ਤੇਰੇ ਪਿਆਰ ਦਾ ਕੀਤਾ ਵਿਹਾਰ, ਮੁਹੱਬਤ ਵਿਚ ਧਿਆਨ ਲਗਾਈਆ । ਸੋ ਸਚ ਦਵਾਰੇ ਕਰੀਂ ਸਵੀਕਾਰ, ਸਚ ਦੇ ਮਾਲਕ ਹੋਣਾ ਸਹਾਈਆ । ਸਤਿ ਦਾ ਸਤਿ ਸਚ ਦਾ ਸਚ ਜਗਤ ਦਾ ਜਗ ਜੁਗਤ ਨਾਲ ਚਲਾਉਣਾ ਵਿਹਾਰ, ਜੁਗਤੀ ਬਿਧ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦ ਜਨ ਭਗਤਾਂ ਪਾਉਂਦੇ ਰਹਿਣਾ ਸਾਰ, ਸਾਰ ਸ਼ਬਦ ਸਾਰ ਸਰ ਦੀ ਕਾਰ ਕਮਾਈਆ ।

✪ ਪਹਿਲੀ ਹਾੜ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ਜ਼ਿਲਾ ਅੰਮ੍ਰਿਤਸਰ ✪

ਜੇਠ ਕਹੇ ਮੈਂ ਪ੍ਰਭੂ ਨੂੰ ਕੀਤੀ ਅੰਤ ਡੰਡਾਵਤ, ਬੰਦਨਾ ਵਿਚ ਸੀਸ ਨਿਵਾਈਆ । ਪੁਰਖ ਅਕਾਲੇ ਦੀਨ ਦਿਆਲੇ ਮੈਂ ਦੀਨ ਦੁਨੀ ਤਕਣਾ ਚਾਹੁੰਦਾ ਬਗ਼ਾਵਤ, ਬਗ਼ਲਗੀਰ ਰਹਿਣ ਕੋਇ ਨਾ ਪਾਈਆ । ਈਮਾਨ ਧਰਮ ਵਿਚ ਰਹੇ ਨਾ ਕੋਈ ਸਲਾਮਤ, ਸਬੂਰੀ ਸਬਰ ਨਾ ਕੋਇ ਰਖਾਈਆ । ਸਚ ਵਸਤ ਤੇਰਾ ਨਾਮ ਮਿਲੇ ਨਾ ਕਿਸੇ ਨਿਆਮਤ, ਅਨਰਸ ਨਾ ਕੋਇ ਜਣਾਈਆ । ਕਿਰਪਾ ਨਿਧਾਨ ਵਖਾਉਣੀ ਸਦੀ ਚੌਧਵੀਂ ਕਿਆਮਤ, ਕਾਇਮ
੧੩੨੪ ਮੁਕਾਮ ਤੇਰੀ ਓਟ ਤਕਾਈਆ । ਸਤਿਜੁਗ ਸਾਚੇ ਰਹੇ ਨਾ ਕੋਇ ਅਣਜਾਣਤ, ਪਰਦਾ ਪਰਦਿਆਂ ਵਿਚੋਂ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ੧੩੨੪
ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਰ ਹੁਕਮ ਇਕ ਸੁਣਾਈਆ । ਜੇਠ ਕਹੇ ਮੈਂ ਝੁਕਿਆ ਧੁਰ ਮਾਲਕ ਕੀਤਾ ਸਲਾਮ,
੨੨ ਸੱਯਦਾ ਸੀਸ ਨਿਵਾਈਆ । ਮੇਰੇ ਮਿਹਰਵਾਂ ਅਮਾਮ, ਈਮਾਨ ਤੇਰੀ ਝੋਲੀ ਪਾਈਆ । ਤੇਰੇ ਕਲਮੇ ਨਾਲ ਕਲਮ ਦਾ ਹੋਇਆ ਕਲਾਮ, ਕਾਇਨਾਤ ੨੨
ਵੇਖ ਵਖਾਈਆ । ਸ਼ਰਅ ਸ਼ਰਅ ਨੂੰ ਕੀਤਾ ਕਤਲੇਆਮ, ਕਾਤਲ ਮਕਤੂਲ ਦੀਨ ਮਜ਼੍ਹਬ ਰੂਪ ਜਣਾਈਆ । ਸਦੀ ਚੌਧਵੀਂ ਸਭ ਦਾ ਵਿਗੜਿਆ ਇੰਤਜ਼ਾਮ, ਹਕੂਮਤ ਹੱਕ ਨਾ ਕੋਇ ਕਮਾਈਆ । ਸਚ ਦਾ ਸਚ ਹੋਇਆ ਗ਼ੁਲਾਮ, ਗ਼ੁਰਬਤ ਗ਼ੁਰਬਤ ਨਾਲ ਠੁਕਰਾਈਆ । ਮੈਂ ਤੇਰਾ ਖੇਲ ਵੇਖਣਾ ਚਾਹੁੰਦਾ ਵਿਚ ਅਵਾਮ, ਬਿਨ ਨੈਣਾਂ ਨੈਣ ਉਠਾਈਆ । ਸ਼ਰਅ ਦਾ ਲੇਖਾ ਮੁਕਾਈਂ ਤਮਾਮ, ਤਮਾਂ ਕੂੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਿਹਾ ਜੇਠ ਉਹ ਵੇਖ ਮੇਰਾ ਹਾੜ ਮਹੀਨਾ ਚੜ੍ਹਦਾ, ਚੜ੍ਹਦਾ ਲਹਿੰਦਾ ਧਿਆਨ ਲਗਾਈਆ । ਲੇਖਾ ਜਾਣੇ ਹੰਕਾਰ ਗੜ੍ਹ ਦਾ, ਗੜ੍ਹੀ ਚਮਕੌਰ ਦਏ ਗਵਾਹੀਆ । ਜਿਸ ਲਹਿਣਾ ਮੁਕਾਉਣਾ ਚੋਟੀ ਜੜ੍ਹ ਦਾ, ਜੜ੍ਹ ਚੇਤਨ ਖੋਜ ਖੁਜਾਈਆ । ਉਹ ਖੇਲ ਜਾਣੇ ਲੱਖ ਚੁਰਾਸੀ ਘਰ ਦਾ, ਗ੍ਰਹਿ ਗ੍ਰਹਿ ਫੋਲ ਫੁਲਾਈਆ । ਰੂਪ ਧਰ ਨਰਾਇਣ ਨਰ ਦਾ, ਨਰ ਹਰਿ ਆਪਣਾ ਵੇਸ ਵਟਾਈਆ । ਲੇਖਾ ਜਾਣੇ ਕਲਜੁਗ ਕਲ ਦਾ, ਕਲ ਕਾਤੀ ਖੋਜ ਖੁਜਾਈਆ । ਲੱਖ ਚੁਰਾਸੀ ਫਿਰੇ ਛਲ ਦਾ, ਅਛਲ ਛਲਧਾਰੀ ਆਪਣਾ ਹੁਕਮ ਵਰਤਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਬਲ ਦਾ, ਬਾਵਨ ਆਪਣਾ ਰੰਗ ਰੰਗਾਈਆ । ਝਗੜਾ ਮੁਕਾਉਣਾ ਕੂੜ ਕੁੜਿਆਰੇ ਕਲਜੁਗ ਦਲ ਦਾ, ਵਿਕਾਰ ਹੰਕਾਰ ਡੇਰਾ ਢਾਹੀਆ । ਮਾਲਕ ਬਣੇ ਜਲ ਥਲ ਦਾ, ਮਹੀਅਲ ਪਰਦਾ ਆਪ

ਚੁਕਾਈਆ । ਝਗੜਾ ਮੇਟੇ ਦਵੈਤੀ ਸੱਲ ਦਾ, ਦੀਨ ਮਜ਼੍ਹਬ ਜ਼ਾਤ ਪਾਤ ਰਹਿਣ ਨਾ ਪਾਈਆ । ਜਨ ਭਗਤਾਂ ਵਿਛੋੜਾ ਮੇਟੇ ਘੜੀ ਪਲ ਦਾ, ਪਲਕ ਦੇ ਪਿਛੇ ਨੂਰ ਨੁਰਾਨਾ ਨਜ਼ਰੀ ਆਈਆ । ਜੋ ਆਤਮ ਪਰਮਾਤਮ ਹੋ ਕੇ ਰਲਦਾ, ਜੋਤੀ ਜੋਤ ਜੋਤ ਸਮਾਈਆ । ਉਸ ਦਾ ਭਾਣਾ ਕਦੇ ਦਾ ਟਲਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਉਹ ਲੇਖਾ ਜਾਣੇ ਆਪਣੇ ਹੱਲ ਦਾ, ਹਾਲਤ ਤਕੇ ਦੀਨ ਦੁਨੀ ਨੂਰ ਇਲਾਹੀਆ । ਮਾਲਕ ਬਣ ਕੇ ਨਿਹਚਲ ਧਾਮ ਅਟਲ ਦਾ, ਸਚਖੰਡ ਨਿਵਾਸੀ ਆਪਣੀ ਕਾਰ ਕਮਾਈਆ । ਜੋਤ ਪ੍ਰਕਾਸ਼ ਹੋ ਕੇ ਨਿਰਗੁਣ ਧਾਰ ਹੋ ਕੇ ਬਲਦਾ, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਹੇ ਜੇਠ ਉਹ ਵੇਖ ਹਾੜ ਮਹੀਨਾ ਆਇਆ, ਆਪਣੀ ਲਏ ਅੰਗੜਾਈਆ । ਜਿਸ ਦਾ ਹੋਣਾ ਤੇਜ ਸਵਾਇਆ, ਸਵਾ ਸਵਾ ਦੀ ਧਾਰ ਪ੍ਰਗਟਾਈਆ । ਕਲਜੁਗ ਕੂੜੀ ਵੇਖੇ ਮਾਇਆ, ਮਾਇਆ ਮਮਤਾ ਫੋਲ ਫੁਲਾਈਆ । ਜਿਸ ਦਾ ਵਕਤ ਸੁਹੰਜਣਾ ਆਇਆ, ਚਾਰੋਂ ਕੁੰਟ ਖ਼ੁਸ਼ੀ ਬਣਾਈਆ । ਜਿਸ ਨੇ ਪਹਿਲੀ ਹਾੜ ਆਪਣਾ ਢੋਲਾ ਸੋਹੰ ਗਾਇਆ, ਗਾ ਗਾ ਖ਼ੁਸ਼ੀ ਬਣਾਈਆ । ਉਹ ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਬਣ ਕੇ ਦਾਈ ਦਾਇਆ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੇਖ ਵਖਾਈਆ । ਜਿਸਨੂੰ ਜਨਣੀ ਕੁੱਖ ਕਿਸੇ ਨਾ ਜਾਇਆ, ਜਨਮ ਮਰਨ ਵਿਚ ਨਾ ਆਈਆ । ਉਹ ਨਿਰਗੁਣ ਧਾਰ ਹੋ ਕੇ ਬੇਪਰਵਾਹਿਆ, ਬੇਪਰਵਾਹੀ ਵਿਚ ਸਮਾਈਆ । ਸੋ ਹੁਕਮ ਸੰਦੇਸਾ ਦੇਵੇ ਸਹਿਜ ਸੁਭਾਇਆ, ਸੁਭਾਵਕ ਆਪਣੀ ਕਾਰ ਕਮਾਈਆ ।
੧੩੨੫ ਜਿਸਨੇ ਗੋਬਿੰਦ ਦਾ ਢਈਆ ਪੂਰ ਕਰਾਇਆ, ਘੜੀ ਪਲ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ੧੩੨੫
ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਹਾੜ ਕਹੇ ਜਨ ਭਗਤੋ ਮੈਂ ਦੂਰ ਦੁਰਾਡਾ ਆਇਆ ਨੱਠਾ, ਨਿਰਗੁਣ ਧਾਰ ਭੱਜਿਆ ਵਾਹੋ ਦਾਹੀਆ ।
੨੨ ਨਾਰਦ ਨੇ ਮੈਨੂੰ ਹਾਲ ਦੱਸਿਆ ਅੱਠਾਂ ਸੱਠਾਂ, ਬਿਨ ਤਤਾਂ ਖੋਜ ਖੁਜਾਈਆ । ਮੈਂ ਵੇਖੀਆਂ ਜਗਤ ਧਾਰ ਦੀਆਂ ਜਟਾਂ, ਜਟਾ ਜੂਟ ਵੇਖ ਵਖਾਈਆ । ੨੨
ਦੀਨ ਮਜ਼੍ਹਬ ਦੀਆਂ ਤਕਦਾ ਆਇਆ ਵੱਟਾਂ, ਹਦ ਹਦੂਦ ਫੋਲ ਫੁਲਾਈਆ । ਖੇਲ ਵੇਖਦਾ ਆਇਆ ਮੰਦਰ ਮੱਠਾਂ, ਕਾਅਬਿਆਂ ਅੱਖ ਉਠਾਈਆ । ਮੈਨੂੰ ਚਾਰ ਕੁੰਟ ਦਹਿ ਦਿਸ਼ਾ ਜਗਤ ਦੀ ਆਸਾ ਕਰਦੀ ਠੱਠਾ, ਤ੍ਰਿਸਨਾ ਰਹੀ ਦੁਰਕਾਈਆ । ਮੇਰਾ ਮੁੱਲ ਨਾ ਪਿਆ ਟਕਾ, ਕੀਮਤ ਕੀਮਤ ਨਾ ਕੋਇ ਰਖਾਈਆ । ਮੈਂ ਜਿਧਰ ਵੇਖਿਆ ਖ਼ਾਲੀ ਦਿਸਦੇ ਪੰਜ ਤਤ ਕਾਇਆ ਮੱਟਾ, ਧੁਰ ਦਾ ਰਸ ਨਾ ਕੋਇ ਭਰਾਈਆ । ਮੈਂ ਅੰਕੜਿਆਂ ਵਿਚ ਹਿਸਾਬ ਲਗਾਇਆ ਸ੍ਰਿਸ਼ਟੀ ਹੋ ਗਈ ਬਟਾ, ਜ਼ੀਰੋ ਜ਼ੀਰੋ ਨਾਲ ਮਿਲਾਈਆ । ਫੇਰ ਮੈਂ ਵੇਖਿਆ ਪੱਥਰ ਇੱਟਾਂ, ਜਗਤ ਸ਼ਿਵਾਲਿਆਂ ਧਿਆਨ ਲਗਾਈਆ । ਬਹੁੜੀ ਮੈਂ ਦੁਹੱਥੜ ਮਾਰ ਦੇ ਪਿੱਟਾ, ਪਟਨੇ ਵਾਲੇ ਦਿਆਂ ਜਣਾਈਆ । ਤੇਰੇ ਬਿਨਾ ਸਦੀ ਚੌਧਵੀਂ ਮੂਲ ਨਾ ਜਿੱਤਾਂ, ਜਿੱਤ ਹਾਰ ਨਾ ਕੋਇ ਰਖਾਈਆ । ਮੈਂ ਚਾਹੁੰਦਾ ਭਗਤ ਦਵਾਰ ਦਾ ਵੇਖਾਂ ਕਿਤਾ, ਜਿਥੇ ਕੇਤੇ ਚੰਦ ਸੂਰਜ ਧਿਆਨ ਲਗਾਈਆ । ਮਾਲਕ ਤਕਾਂ ਧੁਰ ਦਾ ਪਿਤਾ, ਪਤਿਪਰਮੇਸ਼ਵਰ ਨੂਰ ਇਲਾਹੀਆ । ਜਿਸ ਦਾ ਸਭ ਨੇ ਕੀਤਾ ਹਿਤਾ, ਹਿਤਕਾਰੀ ਅਵਤਾਰ ਪੈਗ਼ੰਬਰ ਗੁਰੂ ਅਖਵਾਈਆ । ਉਹ ਵੇਸ ਵਟਾਵੇ ਨਿਤ ਨਵਿਤਾ, ਜੁਗ ਜੁਗ ਆਪਣੀ ਕਾਰ ਕਮਾਈਆ । ਜਿਸ ਨੇ ਕਲਜੁਗ ਅੰਤਮ ਕਢਣਾ ਸਿੱਟਾ, ਸਿੱਟੇਬਾਜ਼ੀ ਵੇਖੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਸਾਚੀ ਕਰਨੀ ਕਾਰ ਕਮਾਈਆ । ਹਾੜ ਕਹੇ ਜਨ ਭਗਤੋ ਕਰਿਓ ਨਾ ਕੋਇ ਤਕਰਾਰ,

ਝਗੜਾ ਜਗਤ ਨਾ ਕੋਇ ਰਖਾਈਆ । ਮੇਰਾ ਗੋਬਿੰਦ ਨਾਲ ਇਕਰਾਰ, ਵਾਅਦੇ ਨਾਲ ਸੁਣਾਈਆ । ਜਿਸ ਵੇਲੇ ਸਰਸੇ ਗੁਰਮੁਖ ਦਿਤੇ ਸੀ ਠਾਰ, ਜਲ ਧਾਰ ਵਿਚ ਸਮਾਈਆ । ਉਸ ਵੇਲੇ ਸੱਤਰਾਂ ਕੀਤੀ ਪੁਕਾਰ, ਅੰਤਰ ਅੰਤਰ ਧਿਆਨ ਲਗਾਈਆ । ਗੋਬਿੰਦ ਗੋਬਿੰਦ ਜੇ ਅਨੰਦ ਪੁਰ ਛਡਣਾ ਸੀ ਛਡਦੋਂ ਵਿਚ ਮਹੀਨਾ ਹਾੜ੍ਹ, ਤਨ ਦੁੱਖ ਨਾ ਲਾਗੇ ਰਾਈਆ । ਉਹਨਾਂ ਵਿਚ ਸੀ ਕਪੂਰ ਸਿੰਘ ਇਕ ਬਰਾੜ, ਜਿਨ ਗਲ ਪਲੂ ਪਾ ਕੇ ਚਰਨ ਧਿਆਨ ਲਗਾਈਆ । ਇਸ਼ਟ ਜਾਣ ਕੇ ਚਰਨ ਛੁਹਾਇਆ ਦਾੜ੍ਹ, ਬਿਨਾ ਚਰਨ ਤੋਂ ਸੀਸ ਨਿਵਾਈਆ । ਸਰਸਾ ਕਰ ਨਾ ਸਕਿਆ ਪਾਰ, ਨੌ ਕਦਮ ਪਿਛੇ ਆਪਣਾ ਆਪ ਤਜਾਈਆ । ਅੰਤ ਬੋਲ ਕੇ ਫ਼ਤਹਿ ਜੈਕਾਰ, ਵਾਹਿਗੁਰੂ ਤੇਰੀ ਬੇਪਰਵਾਹੀਆ । ਮੈਂ ਜਾਣਾ ਤੇਰੇ ਉਸ ਸੱਚੇ ਦਰਬਾਰ, ਜਿਥੇ ਦਰਬਾਰੀ ਨਜ਼ਰ ਕੋਇ ਨਾ ਆਈਆ । ਕਰਨਾ ਤੇਰਾ ਦੀਦਾਰ, ਬਿਨ ਅੱਖਾਂ ਅੱਖ ਉਠਾਈਆ । ਮੇਰੀ ਅੰਤ ਦੀ ਅੰਤ ਇਕੋ ਵਾਰ ਨਿਮਸਕਾਰ, ਗੋਬਿੰਦ ਸੱਚੇ ਮਾਹੀਆ । ਝਟ ਗੋਬਿੰਦ ਖਿੱਚ ਕੇ ਤਲਵਾਰ, ਅੱਗੇ ਹੋ ਕੇ ਦਿਤਾ ਸੁਣਾਈਆ । ਮੇਰਾ ਸਿਖ ਰੁੜ੍ਹੇ ਨਾ ਕਦੇ ਵਿਚ ਮੰਝਧਾਰ, ਦੋ ਜਹਾਨਾਂ ਪਾਰ ਕਰਾਈਆ । ਮਸਤਕ ਉਂਗਲ ਲਾਈ ਨਾਲ ਪਿਆਰ, ਲੇਖ ਲੇਖ ਬਦਲਾਈਆ । ਦਰਸ਼ਨ ਕਰ ਸੱਚੀ ਸਰਕਾਰ, ਜੋ ਸ਼ਹਿਨਸ਼ਾਹ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਕਪੂਰ ਸਿੰਘ ਦਾ ਪਿਛਲਾ ਨਾਂ ਜਿਸ ਨੂੰ ਕਹਿੰਦੇ ਸੀ ਸਿੰਘ ਜੀਤਾ, ਜੀਤ ਸਿੰਘ ਅਖਵਾਈਆ । ਅੰਤਰ ਆਤਮ ਦਾ ਅਤੀਤਾ, ਤ੍ਰੈਗੁਣ ਤੋਂ ਬਾਹਰ ਵੇਖ ਵਖਾਈਆ । ਰੋਜ਼ ਨੌ ਸਲੋਕ ਪੜ੍ਹਦਾ ਹੁੰਦਾ ਸੀ ਗੀਤਾ, ਇਸ਼ਟ ਕਾਹਨ ਨਾਲ ਬਣਾਈਆ । ਕ੍ਰਿਸ਼ਨ ਲਿਖ ਕੇ ਰੱਖਿਆ ਹੁੰਦਾ ਸੀ ਵਿਚ ਖ਼ੀਸਾ,
੧੩੨੯ ੨੨ ਪਾਕਟ ਵਿਚ ਟਿਕਾਈਆ । ਗੋਬਿੰਦ ਦਾ ਦਰਸ਼ਨ ਬਿਨਾ ਅੱਖਾਂ ਮੰਗਦਾ ਸੀ ਸ਼ੀਸ਼ਾ, ਸਾਖਿਆਤ ਸੋਭਾ ਪਾਈਆ । ਅੰਦਰੋਂ ਸਾਫ਼ ਰੱਖਦਾ ਸੀ ਨੀਤਾ, ਨੀਤੀਵਾਨ ਨਾਲ ਅੱਖ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਗੋਬਿੰਦ ਦਾ ਅੰਤ ਕੀਤਾ ਦੀਦਾਰ, ਸਰਸੇ ਵਿਚ ਧਿਆਨ ਲਗਾਈਆ । ਗੋਬਿੰਦ ਨੇ ਫੇਰ ਕੀਤਾ ਇਸ਼ਾਰ, ਬਿਨ ਇਸ਼ਾਰੇ ਦਿਤਾ ਸਮਝਾਈਆ । ਮੈਂ ਫੇਰ ਆਉਣਾ ਤੇ ਨਾਲ ਆਉਣਾ ਮੇਰਾ ਨਰ ਨਿਰੰਕਾਰ, ਨਿਰਗੁਣ ਰੂਪ ਵਟਾਈਆ । ਮੈਂ ਸਤਿਗੁਰ ਸ਼ਬਦ ਹੋਣਾ ਦੋ ਜਹਾਨਾਂ ਸਿਕਦਾਰ, ਬ੍ਰਹਿਮੰਡ ਖੰਡ ਹੁਕਮ ਸੁਣਾਈਆ । ਸੰਬਲ ਵਸਣਾ ਵਸਣਾ ਧਾਮ ਨਿਆਰ, ਸਾਢੇ ਤਿੰਨ ਹੱਥ ਡੇਰਾ ਲਾਈਆ । ਤੇਰਾ ਜਨਮ ਫੇਰ ਦੇਵਾਂ ਦੁਬਾਰ, ਜਨਮ ਜਨਮ ਵਿਚੋਂ ਬਦਲਾਈਆ । ਮੈਂ ਮੇਲਾਂ ਆਪਣੀ ਧਾਰ, ਸੁਰਤ ਸ਼ਬਦ ਨਾਲ ਰਖਾਈਆ । ਫੇਰ ਖੇਲ ਹੋਣਾ ਜਿਸ ਵੇਲੇ ਸੰਮਤ ਸ਼ਹਿਨਸ਼ਾਹੀ ਆਉਣਾ ਜਿਸ ਦਾ ਰੂਪ ਹੋਣਾ ਅਪਾਰ, ਅਪਰੰਪਰ ਸਵਾਮੀ ਨਾਲ ਮਿਲਾਈਆ । ਦੀਨ ਦੁਨੀ ਨੂੰ ਮਾਰਨੀ ਮਾਰ, ਖੰਡਾ ਖੜਗ ਨਾਮ ਚਮਕਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦਾ ਕਰਜ਼ਾ ਦੇਣਾ ਉਤਾਰ, ਪਿਛਲਾ ਲੇਖਾ ਰਹੇ ਨਾ ਰਾਈਆ । ਭਵਿਖਤਾਂ ਦੀ ਪਾਉਣੀ ਸਾਰ, ਪੇਸ਼ੀਨਗੋਈਆਂ ਦਏ ਚੁਕਾਈਆ । ਬਿਨਾ ਸਿੱਖਾਂ ਤੋਂ ਮੇਰੀ ਸਮਝਣੀ ਨਹੀਂ ਕਿਸੇ ਗੁਫ਼ਤਾਰ, ਗੁਫ਼ਤ ਸ਼ਨੀਦ ਆਪਣਾ ਖੇਲ ਖਿਲਾਈਆ । ਮੇਰੇ ਪੈਂਡੇ ਦੀ ਜਾਣ ਸਕੇ ਨਾ ਕੋਇ ਰਫ਼ਤਾਰ, ਰਫ਼ਤਾ ਰਫ਼ਤਾ ਆਪਣੀ ਕਾਰ ਕਮਾਈਆ । ਯਾਦ ਰੱਖ ਜਿਥੇ ਮੇਰਾ ਸਿਖ ਹੋਇਆ ਉਥੋਂ ਕਰ ਲੈਣਾ ਗ੍ਰਿਫ਼ਤਾਰ, ਸ਼ਬਦ ਡੋਰੀ ਨਾਲ ਬੰਧਾਈਆ । ਫੇਰ ਕਰਨਾ ਅਗੰਮੀ ਵਿਹਾਰ, ਭਗਤ ਸੁਹੇਲੇ ਧੁਰ ਦੇ ਸੰਗ ਰਖਾਈਆ । ਕਲ ਕਲਕੀ ਲਏ ਅਵਤਾਰ, ਕਲ ਕਲੇਸ਼ ਦੇਣਾ

ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੋਬਿੰਦ ਕਿਹਾ ਇਕ ਹੋਰ ਲੈ ਜਾ ਸੰਦੇਸ਼ਾ, ਛੇਤੀ ਨਾਲ ਜਣਾਈਆ । ਨਾਲ ਹੱਥ ਮਾਰਿਆ ਉਤੇ ਕੇਸਾ, ਕੇਸਗੜ੍ਹ ਦਾ ਲਹਿਣਾ ਦਿਤਾ ਮੁਕਾਈਆ । ਉਹ ਵੇਖ ਨਰ ਨਰੇਸ਼ਾ, ਹਰਿ ਕਰਤਾ ਧੁਰਦਰਗਾਹੀਆ । ਭਗਤਾਂ ਨੂੰ ਤਾਰਨਾ ਜਿਸ ਦਾ ਪੇਸ਼ਾ, ਪੇਸ਼ੀਨਗੋਈਆਂ ਆਪਣੀ ਝੋਲੀ ਪਾਈਆ । ਜੋ ਆਦਿ ਜੁਗਾਦਿ ਰਹੇ ਹਮੇਸ਼ਾ, ਹਮ ਸਾਜਣ ਨਜ਼ਰੀ ਆਈਆ । ਜਿਸ ਮਿਟਾਉਣਾ ਮੁੱਲਾਂ ਸ਼ੇਖ਼ਾਂ, ਸ਼ੇਖ਼ੀ ਸਭ ਦੀ ਦਏ ਗਵਾਈਆ । ਲਹਿਣਾ ਰਹੇ ਨਾ ਕਿਸੇ ਲੇਖਾ, ਲੇਖੇ ਸਭ ਦੇ ਦਏ ਚੁਕਾਈਆ । ਜਨ ਭਗਤਾਂ ਅੰਦਰੋਂ ਕਢ ਕੇ ਭਰਮ ਭੁਲੇਖਾ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੋਬਿੰਦ ਕਿਹਾ ਇਕ ਹੋਰ ਸੁਣ ਲੈ ਬਾਤ, ਜਲਦੀ ਜਲਦੀ ਦਿਆਂ ਦ੍ਰਿੜਾਈਆ । ਫੇਰ ਸਰਸੇ ਦੀ ਅਨ੍ਹੇਰੀ ਰਾਤ, ਪਵਣ ਠੰਡ ਨਾਲ ਖੇਲ ਖਿਲਾਈਆ । ਸਭ ਦਾ ਵਿਛੜਿਆ ਸਾਥ ਨਾਲੋਂ ਸਾਥ, ਸਾਥੀ ਸੰਗ ਨਾ ਕੋਇ ਨਿਭਾਈਆ । ਇਕ ਦੂਜੇ ਨੂੰ ਰਹੇ ਆਖ, ਅੰਦਰੇ ਅੰਦਰ ਧਿਆਨ ਲਗਾਈਆ । ਧੰਨ ਓਹ ਵੇਲਾ ਆਵੇ ਜਦ ਗੋਬਿੰਦ ਦਾ ਪੂਰਾ ਹੋਵੇ ਭਵਿਖਤ ਵਾਕ, ਵਾਕਿਆ ਵੇਖੇ ਜਗਤ ਲੋਕਾਈਆ । ਗੋਬਿੰਦ ਹੱਸ ਕੇ ਕਿਹਾ ਫੇਰ ਖੋਲ੍ਹਾਂਗਾ ਤਾਕ, ਪਰਦਾ ਧਰਮ ਵਾਲਾ ਰਖਾਈਆ । ਗੁਰ ਅਵਤਾਰ ਪੈਗ਼ੰਬਰ ਸਾਰਿਆਂ ਦੀ ਹੋਵੇਗੀ ਇਕ ਜਮਾਤ, ਦੀਨ ਮਜ਼੍ਹਬ ਦਾ ਝਗੜਾ ਨਾ ਕੋਇ ਰਖਾਈਆ । ਲੇਖਾ ਪੂਰਾ ਕਰਨਾ ਤ੍ਰੈਲੋਕੀ ਨਾਥ, ਜੋ ਕਾਹਨਾ ਕ੍ਰਿਸ਼ਨਾ ਅਰਜਨ ਗਿਆ ਸਮਝਾਈਆ । ਜਿਸ ਰਾਮ ਨੇ ਰਾਮ ਦਾ ਰੱਖਿਆ ਵਿਸ਼ਵਾਸ, ਉਹ ਵਿਸ਼ਵ ਦਾ ਮੇਲਾ ਲਏ ਮਿਲਾਈਆ । ਪੈਗ਼ੰਬਰਾਂ ਦਾ ਪੈਗ਼ੰਬਰ ਪਰਗਟ ਹੋਵੇ ਸਾਖਿਆਤ, ਸ਼ਨਾਖ਼ਤ ਆਪਣੇ ਹੱਥ ਰਖਾਈਆ । ਦੀਨ ਮਜ਼੍ਹਬ ਦਾ ਝਗੜਾ ਮੇਟੇ ਕਾਗ਼ਜ਼ਾਤ, ਕਾਇਦਾ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਰਸਾ ਕਹੇ ਮੈਂ ਸੁਣਿਆ ਲਾ ਕੇ ਕੰਨ, ਵਹਿੰਦੀ ਧਾਰ ਦਿਆਂ ਜਣਾਈਆ । ਸਾਖਿਆਤ ਰੂਪ ਤੱਕਿਆ ਗੁਜਰੀ ਚੰਨ, ਜਿਸ ਨੂੰ ਚੰਦ ਸੂਰੀਆ ਸੀਸ ਨਿਵਾਈਆ । ਜਿਸ ਨੇ ਮੇਰੇ ਵਿਚ ਰੁੜ੍ਹਦੇ ਜਾਂਦੇ ਤਾਰੇ ਚੰਨ, ਬਣੇ ਜਣੇਂਦੀ ਮਾਈਆ । ਉਹਨਾਂ ਦੇ ਲੇਖੇ ਲਾ ਕੇ ਤਨ, ਤਰਾਂ ਤਰਾਂ ਹੋਇਆ ਸਹਾਈਆ । ਨਾਮ ਨਿਧਾਨ ਦਾ ਦੇ ਕੇ ਧਨ, ਅਤੋਟ ਅਤੁਟ ਦਿਤਾ ਕਰਾਈਆ । ਜਗਤ ਵਾਸਨਾ ਵਿਚੋਂ ਬੰਨ੍ਹ ਕੇ ਮਨ, ਮਨਸਾ ਪ੍ਰਭ ਦੇ ਨਾਲ ਮਿਲਾਈਆ । ਕਰਾ ਕੇ ਵਸੇਰਾ ਬਿਨਾ ਛੱਪਰੀ ਛੰਨ, ਸਚਖੰਡ ਦਵਾਰੇ ਦਿਤਾ ਟਿਕਾਈਆ । ਜਿਥੇ ਸ਼ਬਦ ਦੀ ਧਾਰ ਕਹੇ ਧੰਨ ਧੰਨ ਧੰਨ, ਰਸਨਾ ਜੇਹਵਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਰਸਾ ਕਹੇ ਗੋਬਿੰਦ ਨੇ ਮੇਰੇ ਪਾਣੀ ਉਤੇ ਖੰਡੇ ਦੀ ਧਾਰ ਮਾਰੀ ਲੀਕ, ਫੇਰ ਹੱਥ ਛਾਤੀ ਉਤੇ ਟਿਕਾਈਆ । ਸ਼ਹਿਨਸ਼ਾਹੀ ਸੰਮਤ ਸੱਤ ਦੀ ਜਿਸ ਵੇਲੇ ਆਈ ਸਤਾਰਾਂ ਹਾੜ ਦੀ ਤਰੀਕ, ਤਵਾਰੀਖ ਪਿਛਲੀ ਦਿਆਂ ਬਣਾਈਆ । ਅਵਤਾਰੋ ਪੈਗ਼ੰਬਰੋ ਸਭ ਨੇ ਕਰਨੀ ਉਡੀਕ, ਹੁਕਮ ਹੱਕ ਹੱਕ ਸੁਣਾਈਆ । ਮੇਰਾ ਮਾਲਕ ਪੁਰਖ ਅਕਾਲਾ ਜਿਸ ਦੇ ਵਿਚ ਸਚ ਤੌਫ਼ੀਕ, ਫ਼ਰੀਕ ਰਫ਼ੀਕ ਲੇਖਾ ਇਕੋ ਦਏ ਜਣਾਈਆ । ਜਿਸ ਨੇ ਝਗੜਾ ਮੇਟਣਾ ਮੰਦਰ ਮਸੀਤ, ਕਾਅਬਿਉਂ ਪਰੇ ਕਰੇ ਰੁਸ਼ਨਾਈਆ । ਉਸ ਦਾ ਗਾਉਣਾ ਸਭ ਨੇ ਗੀਤ, ਢੋਲਾ ਦੱਸੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੧੩੨੭
੨੨

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਰਸਾ ਕਹੇ ਗੁਰਮੁਖ ਜਾਂਦੇ ਸਿੰਘ ਜੀਤ ਜੋੜੇ ਹੱਥ, ਹੱਥ ਹੱਥ ਨਾਲ ਮਿਲਾਈਆ । ਮੇਰੇ ਸਤਿਗੁਰ ਸਮਰਥ, ਤੇਰੀ ਬੇਪਰਵਾਹੀਆ । ਤੂੰ ਜਦੋਂ ਆਵੇਂ ਮੈਂ ਚੜ੍ਹਾਂ ਤੇਰੇ ਰਥ, ਰਥ ਰਥਵਾਹੀ ਇਕੋ ਸੋਭਾ ਪਾਈਆ । ਤੇਰੀ ਸਿਫ਼ਤ ਹੋਵੇ ਅਕਥ, ਕਥਨੀ ਕਥ ਨਾ ਸਕੇ ਰਾਈਆ । ਇਕ ਬਚਨ ਦੱਸ, ਸਹਿਜ ਨਾਲ ਸੀਸ ਨਿਵਾਈਆ । ਕਿਸ ਬਿਧ ਆਪਣਾ ਦੇਵੇਂ ਰਸ, ਬਿਨ ਰਸਨਾ ਰਸ ਚਖਾਈਆ । ਗੋਬਿੰਦ ਪਿਆ ਹੱਸ, ਹੱਸ ਕੇ ਦਿਤਾ ਦ੍ਰਿੜਾਈਆ । ਮੇਰੇ ਕੋਲ ਗੁਰਮੁਖੋ ਤੁਹਾਡੇ ਅੰਦਰ ਦੀ ਇਕ ਅੱਖ, ਬਿਨ ਅੱਖੀਆਂ ਤੋਂ ਅੱਖ ਲਵਾਂ ਮਿਲਾਈਆ । ਸਾਰੀ ਸ੍ਰਿਸ਼ਟੀ ਤੋਂ ਕਰ ਕੇ ਵਖ, ਵੱਖਰਾ ਆਪਣਾ ਰਾਹ ਸਮਝਾਈਆ । ਮੇਰਾ ਰੂਪ ਵਾਹਿਦ ਯਕ, ਨੂਰ ਜੋਤ ਜੋਤ ਰੁਸ਼ਨਾਈਆ । ਜਨ ਭਗਤਾਂ ਮੇਲ ਮੇਲ ਮਿਲਾਵਾਂ ਬਿਨਾ ਹੱਥਾਂ ਹੱਥ, ਹਥੇਲੀ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸੰਮਤ ਸੱਤ ਸ਼ਹਿਨਸ਼ਾਹੀ ਕਹੇ ਮੈਨੂੰ ਆਉਂਦਾ ਜਾਂਦਾ ਪਸੀਨਾ, ਹੱਡ ਪਸਲੀ ਦੇਣ ਗਵਾਹੀਆ । ਚੜ੍ਹ ਗਿਆ ਹਾੜ ਮਹੀਨਾ, ਮਹੀਨਾ ਆਪਣੀ ਰੁਤ ਬਦਲਾਈਆ । ਜਿਸ ਖੇਲ ਵੇਖਣਾ ਪ੍ਰਭ ਦਾ ਤ੍ਰੈਗੁਣ ਤੋਂ ਬਾਹਰ ਤੀਨਾ, ਤ੍ਰੈਲੋਕੀ ਤੋਂ ਪਰੇ ਧਿਆਨ ਲਗਾਈਆ । ਜਿਸ ਜਨ ਭਗਤਾਂ ਠਾਂਡਾ ਕਰਨਾ ਸੀਨਾ, ਅਗਨੀ ਤਤ ਨਾ ਕੋਇ ਤਪਾਈਆ । ਹਰਿਜਨ ਬਣਾਉਣਾ ਸ਼ਬਦ ਧਾਰ ਨਗੀਨਾ, ਕੀਮਤ ਆਪਣੇ ਹੱਥ ਰਖਾਈਆ । ਕਿਸੇ ਦੇ ਹੋਣ ਨਹੀਂ ਦੇਣਾ ਅਧੀਨਾ, ਦੂਸਰ ਦੇਵੇ ਨਾ ਕੋਇ ਸਜ਼ਾਈਆ । ਜਿਸ ਨੇ ਆਪਣਾ ਆਪ ਖੇਲ ਕੀਨਾ, ਕਰਨੀ ਕਰਤਾ ਕਾਰ ਕਮਾਈਆ । ਉਹ ਮਾਲਕ ਵਡ ਪਰਬੀਨਾ, ਪਰਮ ਪੁਰਖ ਨੂਰ ਇਲਾਹੀਆ । ਜਿਸ ਦਾ ਖੇਲ ਹੋਣਾ ਅਸਮਾਨ ਜ਼ਮੀਨਾ, ਦੋ ਜਹਾਨ ਰਾਹ ਤਕਾਈਆ । ਲੇਖਾ ਚੁਕਾਉਣਾ ਸਭ ਦਾ ਕਦੀਮਾ, ਕੁਦਰਤ ਦਾ ਕਾਦਰ ਵੇਖ ਵਖਾਈਆ । ਫੇਰ ਬਣ ਕੇ ਸ਼ਹਿਨਸ਼ਾਹ ਅਜ਼ੀਮਾ, ਆਅਲਾ ਅਦਨਾ ਇਕ ਰੰਗ ਵਖਾਈਆ । ਕਲਜੁਗ ਵਿਚ ਸਤਿਜੁਗ ਕਰ ਦੇਵੇ ਤਰਮੀਮਾ, ਹੁਕਮ ਹੁਕਮ ਨਾਲ ਸਮਝਾਈਆ । ਜਿਹੜਾ ਖੇਲ ਵੇਖਿਆ ਸੀ ਬਹੱਤਰ ਵਾਰ ਨਾਮਾ ਛੀਂਬਾ, ਸੋ ਬਹੱਤਰਾਂ ਦੀ ਸਿਫ਼ਤ ਭਗਤ ਦਵਾਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਹਾੜ ਕਹੇ ਪ੍ਰਭੂ ਮੈਂ ਵੇਖਿਆ ਖੇਲ ਨਿਆਰਾ, ਨਿਰਗੁਣ ਧਾਰ ਖੋਜ ਖੁਜਾਈਆ । ਤੂੰ ਮਾਝਾ ਜੰਮੂ ਫਿਰਿਉਂ ਸਾਰਾ, ਭਗਤ ਸੁਹੇਲੇ ਅੰਗ ਲਗਾਈਆ । ਹੁਣ ਦੁਆਬਾ ਮਾਲਵਾ ਰਹਿਣਾ ਤਿਆਰਾ, ਤ੍ਰੈਗੁਣ ਅਤੀਤਾ ਰਿਹਾ ਦ੍ਰਿੜਾਈਆ । ਗੋਬਿੰਦ ਦੀ ਧਾਰ ਕਪੂਰ ਸਿੰਘ ਨੇ ਡਰਾਈਵਰ ਬਣਨਾ ਕਾਰਾ, ਕਾਰ ਆਪਣੀ ਹੱਥੀਂ ਭਵਾਈਆ । ਸਿਰ ਤੇ ਪੀਲਾ ਹੋਵੇ ਦਸਤਾਰਾ, ਗਲ ਚੋਲਾ ਲਾਲ ਵਖਾਈਆ । ਤੇੜ ਤਹਿਮਤ ਹੋਵੇ ਕਾਲਾ, ਮੌਲੀ ਤੰਦ ਗੁਟ ਨਾਲ ਰਖਾਈਆ । ਦੋ ਸਾਥੀ ਹੋਣ ਨਾਲ ਲਿਖਾਰਾ, ਲਿਖਾਰੀ ਲੇਖ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਹਾੜ ਕਹੇ ਮੇਰੀ ਹੋਰ ਇਕ ਮੰਗ, ਮੰਗਤਾ ਹੋ ਕੇ ਦਿਆਂ ਜਣਾਈਆ । ਮਾਲਵੇ ਵਾਲੇ ਤਿੰਨ ਗੁਰਮੁਖ ਮਾਲਵੇ ਵਿਚ ਰਹਿਣ ਨਾਲ ਸੰਗ, ਸਗਲਾ ਸੰਗ ਬਣਾਈਆ । ਕੇਹਰ ਸਿੰਘ ਨਾਜ਼ਰ ਸਿੰਘ ਮਾੜੀ ਵਾਲਾ ਰੂਪ ਬਣਾਉਣਾ ਜਿਉਂ ਕਰਨ ਜਾਣਾ ਜੰਗ, ਕਿਰਪਾਲ ਸਿੰਘ ਹੱਥ ਹੱਥ ਨਾਲ ਮਿਲਾਈਆ । ਜਿਸ ਵੇਲੇ ਪੁੱਠਾ ਡੱਠਾ ਹੋਵੇਗਾ ਪਲੰਘ, ਨੌਂ ਨੌਂ ਵਾਰ ਸੀਸ ਝੁਕਾਈਆ । ਇਸ ਦਾ ਖੇਲ ਅੱਗੇ ਦੱਸੇ ਸੂਰਾ ਸਰਬੰਗ, ਹਰਿ

ਕਰਤਾ ਧੁਰਦਰਗਾਹੀਆ । ਕੀ ਵਾਅਦਾ ਕੀਤਾ ਜਿਸ ਵੇਲੇ ਗੋਬਿੰਦ ਨੇ ਛੱਡਿਆ ਪੁਰੀ ਅਨੰਦ, ਅਨੰਦ ਜਗਤ ਵਾਲਾ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਾਰ ਕਮਾਈਆ । ਹਾੜ ਕਹੇ ਜਨ ਭਗਤੋ ਭੁੱਲਣਾ ਨਹੀਂ ਵਿਚ ਮਾਤ, ਮਤਾ ਤੁਹਾਡੇ ਨਾਲ ਪਕਾਈਆ । ਹੁਕਮ ਸੁਣ ਲਓ ਮੇਰੀ ਪਹਿਲੀ ਰਾਤ, ਰੁਤੜੀ ਆਪਣਾ ਰੰਗ ਵਖਾਈਆ । ਯਾਰਾਂ ਦਿਨ ਤੁਹਾਨੂੰ ਬਖ਼ਸ਼ਣੀ ਦਾਤ, ਸ਼ਬਦ ਅਗੰਮਾ ਅਗੰਮ ਵਰਤਾਈਆ । ਸਭ ਦੀ ਆਤਮ ਪਰਮਾਤਮ ਬਣਾਉਣੀ ਜ਼ਾਤ, ਅਜਾਤੀ ਭੇਵ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਹਾੜ ਕਹੇ ਦੁਆਬੇ ਵਾਲਿਓ ਕਸ ਲਓ ਕਮਰਕਸਾ, ਕਸਮ ਨਾਲ ਤੁਹਾਨੂੰ ਦਿਆਂ ਜਣਾਈਆ । ਨੌਂ ਦਿਨ ਤੁਹਾਨੂੰ ਮਿਲਣਾ ਰਸਾ, ਰਸਤੇ ਸਭ ਦੇ ਲੈਣੇ ਬਦਲਾਈਆ । ਲਾਲ ਸਿੰਘ ਜਸਵੰਤ ਸਿੰਘ ਪ੍ਰੀਤਮ ਸਿੰਘ ਨਾਲ ਰਹਿਣਾ ਲੱਕ ਨੂੰ ਬੰਨ੍ਹ ਕੇ ਰੱਸਾ, ਸਾਢੇ ਤਿੰਨ ਹੱਥ ਲੰਬਾਈਆ । ਛਾਤੀ ਉਤੇ ਪੱਪਾ ਤੇ ਮੱਥੇ ਉਤੇ ਲਿਖਿਆ ਹੋਵੇ ਸੱਸਾ, ਸੋਹਣਾ ਰੰਗ ਰੰਗਾਈਆ । ਅੱਗੇ ਖੇਲ ਵਖਾਉਣਾ ਨਾਲ ਅੱਖਾਂ, ਅੱਖਾਂ ਅੱਖਾਂ ਵਿਚੋਂ ਖੁਲ੍ਹਾਈਆ । ਜਨ ਭਗਤੋ ਤੁਹਾਨੂੰ ਰੁਲਣ ਨਹੀਂ ਦੇਣਾ ਵਿਚ ਕੱਖਾਂ, ਕਲਜੁਗ ਦੇ ਕੂੜੇ ਵਿਚੋਂ ਬਾਹਰ ਲੈਣਾ ਕਢਾਈਆ । ਓ ਤੁਹਾਨੂੰ ਉਸ ਪ੍ਰਭੂ ਦੀਆਂ ਰੱਖਾਂ, ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਤੁਹਾਡਾ ਜਨਮ ਕਰਮ ਦਾ ਲੇਖਾ ਬਿਨਾ ਕਲਮ ਸ਼ਾਹੀ ਤੋਂ ਕਰ ਦੇਣਾ ਰਫ਼ਾ, ਨਿਸ਼ਾਨਾ ਕੂੜ ਦੇਣਾ ਮਿਟਾਈਆ । ਜਿਧਰ ਜਾਣਾ ਪਿਆਰ ਦਾ ਦੇਂਦੇ ਜਾਣਾ ਗੱਫਾ, ਗ਼ਫ਼ਲਤ ਅੰਦਰੋਂ ਬਾਹਰ ਕਢਾਈਆ । ਏਸ ਵਿਹਾਰ ਵਿਚ ਕਿਸੇ ਨਹੀਂ ਹੋਣਾ ਖ਼ਫ਼ਾ, ਗ਼ੁੱਸਾ ਗਿਲਾ ਨਾ ਕੋਇ ਰਖਾਈਆ । ਕਿਉਂ ਜਨ ਭਗਤੋ ਤੁਹਾਡੇ ਪਿਛੇ ਸਾਰੀ ਸ੍ਰਿਸ਼ਟੀ ਉਤੇ ਲੱਗਣੀ ਦਫ਼ਾ, ਜਿਸ ਦੀ ਦਫ਼ਾ ਨਾ ਕਿਸੇ ਸਮਝਾਈਆ । ਇਹ ਉਹ ਮਜ਼ਮੂਨ ਜਿਸ ਦਾ ਬਦਲਿਆ ਨਹੀਂ ਕਿਸੇ ਨੇ ਸਫ਼ਾ, ਸਫ਼ਾ ਸਭ ਦੀ ਦਏ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਜੇਠ ਕਹੇ ਕਪੂਰ ਸਿੰਘ ਮਸਤਕ ਚੜ੍ਹੀ ਰਹੇ ਲਾਲੀ, ਲਾਲ ਗੋਬਿੰਦ ਲਏ ਬਣਾਈਆ । ਵੇਖਣਾ ਖੇਲ ਅੱਗੇ ਹਾਲੀ, ਮਾਜ਼ੀ ਦਾ ਚੇਤਾ ਦੇਣਾ ਭੁਲਾਈਆ । ਜਨ ਭਗਤੋ ਪ੍ਰਭੂ ਦੇ ਨਾਮ ਦੀ ਕਰੇ ਨਾ ਕੋਇ ਦਲਾਲੀ, ਦਲਾਲਾਂ ਦਾ ਲੇਖਾ ਦੇਣਾ ਚੁਕਾਈਆ । ਇਕੋ ਜੋਤ ਤੇ ਜੋਤ ਅਕਾਲੀ, ਅਕਲ ਕਲਧਾਰੀ ਬੇਪਰਵਾਹੀਆ । ਹੁਣ ਫਲ ਲਗਾਉਣਾ ਤੁਹਾਡੇ ਪੰਜ ਤਤ ਦੀ ਡਾਲੀ, ਟਹਿਣੀ ਟਹਿਣੀ ਦੇਣੀ ਮਹਿਕਾਈਆ । ਤੁਸੀਂ ਕਿਸੇ ਦੇ ਕਦੇ ਨਾ ਬਣਿਉ ਸਵਾਲੀ, ਆਸਾ ਸਭ ਦੀ ਪੂਰ ਵਖਾਈਆ । ਤੁਹਾਡੀ ਆਤਮਾ ਅੰਞਾਣੀ ਬਾਲੀ, ਪਰ ਪ੍ਰਭ ਦੀ ਆਦਿ ਤੋਂ ਚਲੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਹਾੜ੍ਹਾ ਕਿਉਂ ਮਾਰਦਾ ਕੜਾਕੇ, ਐਂਵੇ ਰਿਹਾ ਡਰਾਈਆ । ਹਾੜ ਕਹੇ ਓਏ ਨਾਰਦਾ ਉਹ ਵੇਖ ਉਮਤ ਨਬੀ ਤੇ ਮੂਸਾ ਦੀ ਧਾਰ ਪੈਂਦੇ ਪਟਾਕੇ, ਪਟਨੇ ਵਾਲਾ ਵੇਖ ਵਖਾਈਆ । ਓ ਕਮਲਿਆ ਤੈਨੂੰ ਪਤਾ ਨਹੀਂ ਕੀ ਖੇਲ ਹੁੰਦਾ ਢਾਕੇ, ਢਾਕਾਂ ਤੇ ਚੁੱਕਣ ਵਾਲਾ ਰਹਿਣ ਕੋਇ ਨਾ ਪਾਈਆ । ਕਿਉਂ ਪਰਵਰਦਿਗਾਰ ਨੇ ਸਭ ਦੇ ਖਿੱਚ ਦਿਤੇ ਖ਼ਾਕੇ, ਖ਼ਾਕੀ ਖ਼ਾਕ ਵਿਚ ਦੇਣਾ ਮਿਲਾਈਆ । ਸਦੀ ਚੌਧਵੀਂ ਆਪਣਾ ਰਾਹ ਤਾਕੇ, ਨੈਣ ਨੈਣ ਨੈਣ ਰਹੀ ਉਠਾਈਆ । ਕਿਉਂ ਮੇਰੀ ਬਦਲਦੀ ਜਾਂਦੀ ਪਰਭਾਤੇ, ਸੰਧਿਆ ਆਪਣਾ ਰੂਪ ਜਣਾਈਆ । ਚਾਰ ਯਾਰੀ ਤਕੀਏ ਖਾਤੇ, ਕਿਉਂ ਖ਼ਤਰਾ ਅੱਗੇ ਨਜ਼ਰੀ

ਆਈਆ । ਜਾਂ ਵੇਖਿਆ ਅਸੀਂ ਬੰਦ ਚੌਦਾਂ ਤਬਕ ਦੇ ਅਹਾਤੇ, ਗੜ੍ਹ ਨਿੱਕਾ ਜਿਹਾ ਵਖਾਈਆ । ਚੌਦਾਂ ਤਬਕ ਪ੍ਰਭ ਦਾ ਨਿੱਕਾ ਜਿਹਾ ਬਲਾਕੇ, ਜਿਸ ਵਿਚ ਬਲਾਕ ਕਰ ਕੇ ਲਾਕ ਉਮਤ ਦਾ ਦੇਣਾ ਲਗਾਈਆ । ਮੁਹੰਮਦ ਬਹੁੜੀ ਬਹੁੜੀ ਆਖੇ, ਆਖ਼ਰ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਹਾੜ ਕਹੇ ਨਾਰਦ ਜੀ ਆਹ ਵੇਖ ਮੇਰੀ ਲੰਗੋਟੀ, ਬਿਨ ਕੱਪੜ ਦਿਆਂ ਵਖਾਈਆ । ਉਹ ਵੇਖ ਗਾਂ ਸੂਰ ਦੀ ਬੋਟੀ, ਜੋ ਰੋ ਰੋ ਰਹੀ ਕੁਰਲਾਈਆ । ਉਹ ਤਕ ਲੈ ਉਹ ਮਾਲਕ ਖ਼ਾਲਕ ਜੋ ਸਭ ਦੀ ਚੜ੍ਹਿਆ ਚੋਟੀ, ਚੋਟਾ ਹੋ ਕੇ ਆਪਣਾ ਹੁਕਮ ਵਰਤਾਈਆ । ਉਸ ਦੇ ਹੱਥ ਸੱਤ ਰੰਗ ਦੀ ਸੋਟੀ, ਸੁਤਿਆਂ ਲਏ ਉਠਾਈਆ । ਜ਼ਰੂਰ ਫ਼ਰੰਗੀ ਦੀ ਉਡਾ ਦੇਣੀ ਟੋਪੀ, ਜੋ ਤੇਗ਼ ਬਹਾਦਰ ਗਿਆ ਲਿਖਾਈਆ । ਜਿਸ ਦੇ ਖੇਲ ਨੂੰ ਜਾਣ ਨਾ ਸਕਣ ਕੋਟਨ ਕੋਟੀ, ਕੋਟਨ ਕੋਟ ਰਾਹ ਰਹੇ ਤਕਾਈਆ । ਉਸ ਦੀ ਸਭ ਤੋਂ ਵੱਖਰੀ ਸੋਚੀ, ਜਿਸ ਦੀ ਸੋਚ ਸਮਝ ਵਿਚ ਨਾ ਕੋਇ ਸਮਝਾਈਆ । ਜੇ ਕੁਛ ਭੇਤ ਦਿਤਾ ਤੇ ਦਿਤਾ ਰਵਦਾਸ ਚਮਾਰੇ ਮੋਚੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਰਵਦਾਸਾ ਜਿਸ ਵੇਲੇ ਮੇਰੇ ਨਾਮ ਦੀ ਰਹੀ ਕੋਈ ਨਾ ਰੋਜ਼ੀ, ਰੋਜ਼ੇ ਬਾਂਗ ਵਾਲਾ ਰਹਿਣ ਕੋਇ ਨਾ ਪਾਈਆ । ਉਸ ਵੇਲੇ ਮਾਣ ਰਹਿਣਾ ਨਹੀਂ ਕਿਸੇ ਬੋਧੀ, ਬੋਦੀ ਜੰਝੂ ਦਏ ਦੁਹਾਈਆ । ਆਪਣੀ ਧਾਰ ਕਿਸੇ ਤੋਂ ਜਾਣੀ ਨਹੀਂ ਸੋਧੀ, ਬੁਧ ਬਿਬੇਕ ਨਾ ਕੋਇ ਕਰਾਈਆ । ਧਰਮ ਦਾ ਰਹਿਣਾ ਨਹੀਂ ਕੋਈ ਜੋਗੀ, ਜੁਗੀਸ਼ਰ ਰੋਵਣ ਮਾਰਨ ਧਾਈਆਂ । ਸਾਰੀ ਸ੍ਰਿਸ਼ਟੀ ਨੇਤਰਾਂ ਦੀ ਹੋਣੀ ਭੋਗੀ, ਭੈਣ ਭਾਈ ਆਪਣੀ ਅੱਖ ਬਦਲਾਈਆ । ਬਿਨਾ ਪ੍ਰਭੂ ਦੀ ਕਿਰਪਾ ਤੋਂ ਰਵਦਾਸਾ ਪੁਰਖ ਅਕਾਲ ਦਾ ਬਣੇ ਨਾ ਕੋਇ ਸੰਜੋਗੀ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਵਾਸ਼ਨਾ ਰਹਿਣੀ ਨਹੀਂ ਤਨ ਵਜੂਦ ਵਾਲੀ ਡੋਡੀ, ਖ਼ੁਸ਼ੀ ਮਹਿਕ ਨਾ ਕੋਇ ਮਹਿਕਾਈਆ । ਮੇਰਾ ਅੰਤ ਲੇਖਾ ਮੁਕਾਉਣਾ ਜਿਸ ਨੇ ਅੰਤ ਰੂਪ ਧਰਾਉਣਾ ਸੋਢੀ, ਸੋਢੀ ਬੰਸ ਨਾਲ ਚਤੁਰਾਈਆ । ਫੇਰ ਉਸ ਦੀ ਧਾਰ ਮੇਰੇ ਨਾਲ ਜਾਣੀ ਸੋਧੀ, ਜਿਸ ਨੂੰ ਸੁਦੀ ਵਦੀ ਜਾਣ ਸਕੇ ਨਾ ਰਾਈਆ । ਉਸ ਵੇਲੇ ਸਾਧਾਂ ਸੰਤਾਂ ਦੀ ਧਾਰ ਹੋਣੀ ਲੋਭੀ, ਮਾਇਆ ਮਮਤਾ ਵਿਚ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਹਾੜ ਜੀ ਜਜਮਾਨ ਜੀ ਦੱਸੋ ਕੀ ਕੀਤਾ ਜੇ ਜਮ੍ਹਾ, ਖਾਤਾ ਦਿਉ ਵਖਾਈਆ । ਕਿਹੜੀ ਪੈ ਗਏ ਵਿਚ ਤਮਾਂ, ਤਾਮਸ ਵਿਚ ਹਲਕਾਈਆ । ਕਿਉਂ ਬੁਝ ਗਈ ਸ਼ਮਾਂ, ਨੂਰ ਜੋਤ ਨਾ ਕੋਇ ਰੁਸ਼ਨਾਈਆ । ਹਾੜ ਕਹੇ ਨਾਰਦਾ ਓ ਮੈਨੂੰ ਪੰਡਤਾ ਇਕੋ ਗ਼ਮਾ, ਗ਼ਮਗੀਨ ਹੋ ਕੇ ਦਿਆਂ ਜਣਾਈਆ । ਬਹੁੜੀ ਦਰੋਹੀ ਦੁਹਾਈ ਦੂਨੀ ਝਗੜਦੀ ਮਾਟੀ ਚੰਮਾ, ਚੰਮ ਦ੍ਰਿਸ਼ਟੀ ਅੰਦਰ ਬ੍ਰਹਮ ਨਜ਼ਰ ਕਿਸੇ ਨਾ ਆਈਆ । ਮੈਂ ਰੋਵਾਂ ਐ ਮਾਲਕ ਇਹ ਬਦਲ ਦੇ ਸਮਾਂ, ਸਮਾਪਤ ਕੂੜੀ ਕਿਰਿਆ ਕਰ ਲੋਕਾਈਆ । ਮੈਨੂੰ ਚਾਉ ਘਨੇਰਾ ਹੋਵੇ ਜੇ ਤੇਰਾ ਸਤਿਜੁਗ ਹੋਵੇ ਰਵਾਂ, ਰਵਾਨਗੀ ਕਲਜੁਗ ਹੱਥ ਫੜਾਈਆ । ਮੈਂ ਤੇਰਿਆਂ ਭਗਤਾਂ ਵਿਚ ਮਿਲ ਕੇ ਬਹਵਾਂ, ਭਗਵਨ ਤੇਰਾ ਰੂਪ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਹਾੜ ਕਹੇ ਪੰਡਤਾ ਔਹ ਤਕ ਲੈ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦਾ ਆਦਿ ਤੋਂ ਅੰਤ ਤਕ ਬਣਿਆ ਨਾ ਕੋਇ ਜਮਾਤੀ, ਵਿਦਿਆ ਸੰਗ ਨਾ ਕੋਇ ਰਖਾਈਆ । ਜਿਸ ਨੇ ਕੀਤੀ ਤੇ ਕੀਤੀ ਉਸ ਦੇ ਨਾਮ ਦੀ ਕਾਪੀ, ਜੋ ਸੰਦੇਸ਼ਾ ਅੰਦਰੇ

ਅੰਦਰ ਦ੍ਰਿੜਾਈਆ । ਓਸੇ ਦਾ ਗਵਈਆ ਤੇ ਓਸੇ ਦਾ ਬਣ ਗਿਆ ਪਾਠੀ, ਉਸੇ ਦੇ ਰਾਗ ਅਲਾਈਆ । ਓਸੇ ਦੀ ਚੜ੍ਹ ਕੇ ਘਾਟੀ, ਅੰਤ ਓਸੇ ਵਿਚ ਸਮਾਈਆ । ਪਰ ਇਕ ਗੱਲ ਯਾਦ ਰੱਖ ਗੋਬਿੰਦ ਨੇ ਗੁਰਮੁਖਾਂ ਨੂੰ ਅੰਮ੍ਰਿਤ ਛਕਾ ਕੇ ਆਪਣੀ ਹੱਥੀਂ ਮਾਂਜੀ ਸੀ ਬਾਟੀ, ਜਿਸ ਦਾ ਲੇਖਾ ਸਕਿਆ ਨਾ ਕੋਇ ਸਮਝਾਈਆ । ਜੇ ਬਾਟਾ ਨਾ ਮਾਂਜਦਾ ਤੇ ਗੁਰਮੁਖ ਗੁਰਸਿਖ ਸਿੰਘ ਅੰਦਰੋਂ ਬਣ ਜਾਂਦੇ ਪਾਕੀ, ਪਵਿੱਤਰ ਰੂਪ ਨਜ਼ਰੀ ਆਈਆ । ਪਰ ਗੋਬਿੰਦ ਨੇ ਅੰਦਰੋਂ ਕਿਸੇ ਨੂੰ ਦਿਤੀ ਨਹੀਂ ਮੁਆਫ਼ੀ, ਆਪਣੇ ਹੱਥੀਂ ਨਾ ਕੀਤੀ ਸਫ਼ਾਈਆ । ਉਤੋਂ ਦੇ ਕੇ ਪਿਠ ਤੇ ਥਾਪੀ, ਜਗਤ ਜਹਾਨ ਵਿਚ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਵਖਾਈਆ । ਹਾੜ ਕਹੇ ਨਾਰਦਾ ਮੈਂ ਇਕ ਮਾਰਾਂ ਹੜੱਪਾ, ਦੋਵੇਂ ਪੈਰ ਉਠਾਈਆ । ਇਕ ਸੁਣਾਵਾਂ ਟੱਪਾ, ਟਾਪੂਆਂ ਤੋਂ ਬਾਹਰ ਜਣਾਈਆ । ਐਤਕੀਂ ਪ੍ਰਭੂ ਨੇ ਭੇਦ ਖੋਲ੍ਹਣਾ ਪ੍ਰਭ ਨੇ ਕਿਉਂ ਅੱਖਰ ਬਣਾਇਆ ਪੱਪਾ, ਜਿਸ ਦੇ ਨਾਲ ਪਾਰਬ੍ਰਹਮ ਪੂਰਨ ਵਿਚ ਸਮਾਈਆ । ਇਹ ਲੇਖਾ ਇਕਵੰਜਾ ਵਾਰ ਲਿਖਿਆ ਨਾਨਕ ਤਪਾ, ਉਂਗਲਾਂ ਜ਼ਮੀਨ ਉਤੇ ਘਸਾਈਆ । ਗੁਰ ਅਰਜਨ ਨੇ ਨੌਂ ਦਿਨ ਪਹਿਲੋਂ ਗੁਰੂ ਗ੍ਰੰਥ ਦੇ ਲਿਖਣ ਤੋਂ ਸਫ਼ਾ, ਲਿਖ ਕੇ ਫੇਰ ਰਾਵੀ ਵਿਚ ਵਹਾਈਆ । ਗੋਬਿੰਦ ਨੇ ਸਰਸੇ ਨੂੰ ਦਿਤਾ ਨਫ਼ਾ, ਜਿਸ ਵਿਚ ਨੁਕਸਾਨ ਗੁਰਸਿਖਾਂ ਦਾ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਹਾੜ ਜੀ ਮੈਂ ਅੱਜ ਫਿਰਿਆ ਬਹੁਤ ਦੂਰ, ਦੂਰ ਦੁਰਾਡਾ ਦਿਆਂ ਜਣਾਈਆ । ਮੈਂ ਵੇਖਿਆ ਕੋਹਤੂਰ, ਮੂਸੇ ਅੱਖ ਮਿਲਾਈਆ । ਮੈਂ ਤੱਕਿਆ ਈਸਾ ਨੂਰ, ਨੂਰ ਨੂਰ ਇਲਾਹੀਆ । ਮੈਂ ਤਕੀਆਂ ਕਿਹੜੀਆਂ ਮੁਹੰਮਦ ਬਖ਼ਸ਼ੀਆਂ ਹੂਰ, ਹੂਰ ਹੂਰ ਰੂਪ ਸਮਾਈਆ । ਜਿਸ ਨੇ ਸਭ ਨੂੰ ਕਰ ਦਿਤਾ ਮਜਬੂਰ, ਮਜਬੂਰੀ ਵਿਚ ਸਾਰੇ ਦੇਣ ਦੁਹਾਈਆ । ਜਿਨ੍ਹਾਂ ਦੇ ਘਰ ਘਰ ਵਿਚ ਪੈਣਾ ਤੂਰ, ਫ਼ਤਵਾ ਕਲਮੇ ਵਾਲਾ ਲਗਾਈਆ । ਕਿਉਂ ਇਹ ਖੇਲ ਕਰੇ ਜੋ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਈਂਆ । ਜਨ ਭਗਤੋ ਤੁਹਾਨੂੰ ਕਰ ਦੇਵੇ ਮਸ਼ਹੂਰ, ਮਸ਼ਰਕ ਤੋਂ ਮਗ਼ਰਬ ਨਾਲ ਮਿਲਾਈਆ । ਕਿਉਂ ਦੀਨ ਦੁਨੀ ਤਪਣੀ ਵਾਂਗ, ਤੰਦੂਰ, ਭਠਿਆਲਾ ਕਲਜੁਗ ਅਗਨੀ ਡਾਹੀਆ । ਕਿਸੇ ਨੇ ਸਮਝਣਾ ਨਹੀਂ ਮੇਰਾ ਕੀ ਕਸੂਰ, ਕਸਰ ਇਸ਼ਾਰੀਏ ਨਾਲ ਸਭ ਨੂੰ ਦਏ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਹਾੜ ਕਹੇ ਭਗਤੋ ਆਓ ਕਰੀਏ ਸਲਾਹ, ਸੋਹਣਾ ਸੰਗ ਬਣਾਈਆ । ਮੰਨੀਏ ਇਕ ਮਲਾਹ, ਜੋ ਖੇਵਟ ਖੇਟਾ ਧੁਰਦਰਗਾਹੀਆ । ਜਿਸ ਦਾ ਆਦਿ ਅੰਤ ਦਾ ਰਾਹ, ਰਹਿਬਰ ਨੂਰ ਇਲਾਹੀਆ । ਜਿਸ ਨੂੰ ਪੈਗ਼ੰਬਰਾਂ ਕਿਹਾ ਖ਼ੁਦਾ, ਖ਼ੁਦ ਮਾਲਕ ਅਗੰਮ ਅਥਾਹੀਆ । ਕਰਦੇ ਰਹੇ ਦੁਆ, ਬਿਨ ਨੈਣਾਂ ਨੈਣ ਉਠਾਈਆ । ਤੇਰੀ ਚਲੀਏ ਸਦਾ ਰਜ਼ਾ, ਰਾਜ਼ਕ ਰਿਜ਼ਕ ਰਹੀਮ ਤੇਰੀ ਸਰਨਾਈਆ । ਸਾਨੂੰ ਇਕੋ ਦੱਸ ਦੇ ਸਾਡੇ ਅੰਤ ਹੋਣ ਦੀ ਇਕੋ ਵਜਹ, ਵਜੂਹਾਤ ਦੇ ਸਮਝਾਈਆ । ਪਰਵਰਦਿਗਾਰ ਕਿਹਾ ਮੈਂ ਯਾਰ ਸਾਂਝਾ ਨੂਰ ਅਲਾਹੀ ਮੇਰੀ ਸੰਬਲ ਹੋਣੀ ਜਗ੍ਹਾ, ਧਰਤੀ ਖ਼ਾਕ ਨਾ ਡੇਰਾ ਲਾਈਆ । ਮੇਰੇ ਨਾਲ ਸੂਫ਼ੀ ਸੰਤਾਂ ਭਗਤਾਂ ਦਾ ਵਧਣਾ ਅੱਗਾ, ਅੱਗੇ ਆਪਣਾ ਹੁਕਮ ਚਲਾਈਆ । ਯਾਦ ਕਰ ਲਓ ਦੀਨ ਮਜ਼੍ਹਬ ਦਾ ਰਹੇ ਨਾ ਕੋਇ ਬੱਧਾ, ਬੰਧਨ ਸਭ ਦੇ ਦੇਣੇ ਤੁੜਾਈਆ । ਜਿਸ ਵੇਲੇ ਸੰਮਤ ਸ਼ਹਿਨਸ਼ਾਹੀ ਸੱਤ ਧਰਮ ਦੇ ਭਗਤਾਂ ਦੀ ਬਣੀ ਹੋਵੇ ਸਭਾ, ਸਭਾ ਦੇ ਵਿਚ ਦਏ ਜਣਾਈਆ । ਭੇਵ ਖੋਲ੍ਹਾਂਗਾ ਕਲਮਾ ਅਗੰਮੀ ਬੋਲਾਂਗਾ


੧੩੩੧
੨੨

ਮੁਹੰਮਦਾ ਕਿਉਂ ਕਟਾਈਆ ਲਬਾਂ, ਲਬਰੇਜ਼ ਤੇਰਾ ਪੈਮਾਨਾ ਦਿਆਂ ਕਰਾਈਆ । ਯਾਦ ਕਰ ਲੈ ਮੈਂ ਪੈਗ਼ੰਬਰਾਂ ਦਾ ਪੈਗ਼ੰਬਰ ਹੁਕਮ ਵਿਚ ਅਸੂਲ ਵਿਚ ਬੜਾ ਕੱਬਾ, ਕਾਅਬਿਆਂ ਤੋਂ ਪਰੇ ਡੇਰਾ ਲਾਈਆ । ਏਸੇ ਕਰ ਕੇ ਬੱਚੂ ਮੈਨੂੰ ਸਾਰੇ ਕਹਿੰਦੇ ਅੱਬਾ, ਅੰਮੀਜਾਨ ਰੂਪ ਨਾ ਕੋਇ ਬਣਾਈਆ । ਬਾਵਾ ਆਦਮ ਤੇ ਮਾਈ ਹੱਵਾ ਦਾ ਪਾ ਕੇ ਸਭ ਤੇ ਦੱਬਾ, ਦਬਾਓ ਆਪਣਾ ਦਿਤਾ ਜਣਾਈਆ । ਯਾਦ ਕਰੋ ਤੁਹਾਨੂੰ ਰੱਖ ਕੇ ਦਰਗਹ ਸਾਚੀ ਵਿਚ ਡੱਬਾ, ਡਬ ਆਪਣੀ ਵਿਚ ਬੰਦ ਕਰਾਈਆ । ਫੇਰ ਖੇਲ ਵੇਖਿਓ ਸੱਜਾ ਖੱਬਾ, ਖੱਬਾ ਸੱਜੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਆਪਣੀ ਕਾਰ ਕਮਾਈਆ । ਹਾੜ ਕਹੇ ਭਗਤੋ ਗ੍ਰੰਥ ਕਹਿੰਦੇ ਸੰਤਾਂ ਹੱਥ ਨਾਮ ਦੀ ਕੁੰਜੀ, ਜਿਹੜੇ ਕੂੰਜ ਵਾਂਗ ਕੁਰਲਾਈਆ । ਜਿਹੜੇ ਨਾਮ ਦੀ ਆਪ ਭਰਦੇ ਹੋਣ ਚੁੰਗੀ, ਮਸੂਲ ਤੋਂ ਬਰੀ ਨਾ ਕੋਇ ਕਰਾਈਆ । ਕਿਸੇ ਨੇ ਧੋਤੀ ਪਹਿਨੀ ਕਿਸੇ ਨੇ ਪਹਿਨ ਲਈ ਤੰਬੀ, ਕੋਈ ਹੈਟ ਪੈਂਟ ਨਾਲ ਚਤੁਰਾਈਆ । ਪ੍ਰਭੂ ਦੀ ਖੇਲ ਬੜੀ ਲੰਬੀ, ਗੁਰ ਅਵਤਾਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਿਚ ਆਉਣ ਵਾਲੇ ਸਮਝ ਸਕਣ ਨਾ ਰਾਈਆ । ਜਿਨ੍ਹਾਂ ਨੇ ਨਾਮ ਜਪਿਆ ਸਵਾਸ ਤੇ ਦਮੀ, ਮਾਲਾ ਮਣਕਿਆਂ ਵਾਲੀ ਭਵਾਈਆ । ਰੂਪ ਧਾਰ ਕਾਇਆ ਮਾਟੀ ਚੰਮੀ, ਪੰਜ ਤਤਾਂ ਸੰਗ ਰਖਾਈਆ । ਜਿਹੜੀ ਧਾਰ ਮਾਤਾ ਦੀ ਕੁੱਖੋਂ ਹੋਵੇ ਜੰਮੀ, ਅੰਤ ਫੇਰ ਮਰ ਜਾਈਆ । ਉਸ ਦੀ ਗੱਲ ਕੀ ਸੁਣਨੀ ਕੰਨੀ, ਜੋ ਕੰਨਾਂ ਤੋਂ ਬਿਨਾ ਨਾ ਸਕੇ ਸੁਣਾਈਆ । ਉਸ ਸਤਿਗੁਰ ਦੀ ਕਾਹਦੀ ਲੋੜ ਜਿਹਦੀ ਅੱਖ ਹੋ ਗਈ ਅੰਨ੍ਹੀ, ਡੰਗੋਰੀ ਫੜ ਕੇ ਜਗਤ ਵਿਚ ਕਦਮ ਹੌਲੀ ਹੌਲੀ ਟਿਕਾਈਆ । ਸਤਿਗੁਰ ਸ਼ਬਦ ਉਹ ਜਿਸ ਦੀ ਜਵਾਨੀ ਨਵੀਂ, ਨਵਾਂ ਨਕੋਰ ਨਜ਼ਰੀ ਆਈਆ । ਉਹ ਧੁਰ ਦੀ ਧਾਰ ਦਾ ਕਵੀ, ਸ਼ਬਦ ਸ਼ਬਦ ਵਿਚੋਂ ਪ੍ਰਗਟਾਈਆ । ਪਰ ਉਹ ਬੜਾ ਬੇਪਰਵਾਹ ਜਿਸ ਨੂੰ ਸਾਰਿਆਂ ਕਿਹਾ ਆਉਣਾ ਅਵਤਾਰ ਚਵ੍ਹੀ, ਚੌਬੀਸਾ ਆਪਣਾ ਰੂਪ ਬਦਲਾਈਆ । ਉਹਦੀ ਧਾਰਾ ਨਿੱਕੀ ਜਿਹੀ ਸੋਹਲ ਤੇ ਲਵੀ, ਲੈਰੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਹੁਕਮ ਸੁਣਾਈਆ । ਹੁਕਮ ਕਹੇ ਜਨ ਭਗਤੋ ਮੈਂ ਬੜਾ ਸਖ਼ਤਾ, ਮੈਨੂੰ ਪ੍ਰਭ ਨੇ ਦਿਤਾ ਬਣਾਈਆ । ਮੈਂ ਬੜਾ ਬਕਤਾ, ਦੋ ਜਹਾਨਾਂ ਕਰਾਂ ਸ਼ਨਵਾਈਆ । ਮੈਂ ਕਦੇ ਨਾ ਅੱਕਦਾ, ਜੁਗ ਜੁਗ ਵੇਸ ਵਟਾਈਆ । ਮੈਂ ਕਦੇ ਨਾ ਥੱਕਦਾ, ਭੱਜਾਂ ਵਾਹੋ ਦਾਹੀਆ । ਪੁਰੀਆਂ ਲੋਆਂ ਟੱਪਦਾ, ਗਗਨ ਗਗਨੰਤਰਾਂ ਚਰਨਾਂ ਹੇਠ ਦਬਾਈਆ । ਇਕ ਸੰਦੇਸ਼ਾ ਸੁਣੋ ਗੱਪ ਦਾ, ਗੱਪਾਂ ਮਾਰਨ ਵਾਲਿਓ ਤੁਹਾਨੂੰ ਦਿਆਂ ਬੁਝਾਈਆ । ਹੁਣ ਬੇੜਾ ਡੁੱਬਣਾ ਸਭ ਦਾ ਪਪ ਦਾ, ਪਾਪੀਆਂ ਹੋਏ ਨਾ ਕੋਈ ਸਹਾਈਆ । ਸਦੀ ਚੌਧਵੀਂ ਅੰਤ ਅੰਗਿਆਰਾ ਤਪਦਾ, ਤਪੀਸ਼ਰ ਸ਼ਾਂਤ ਨਾ ਕੋਇ ਕਰਾਈਆ । ਕਿਉਂ ਮਾਇਆ ਨੇ ਰੂਪ ਧਰ ਲਿਆ ਸੱਪ ਦਾ, ਪਿਉ ਪੁੱਤ ਨੂੰ ਡੱਸ ਕੇ ਕਰੇ ਸਫ਼ਾਈਆ । ਹਿਰਦਿਉਂ ਪ੍ਰਭ ਦਾ ਨਾਮ ਕੋਈ ਨਹੀਂ ਜਪਦਾ, ਰਸਨਾ ਬੁੱਲ ਸਾਰੇ ਰਹੇ ਹਿਲਾਈਆ । ਅੰਦਰੋਂ ਮੇਲ ਨਹੀਂ ਕਿਸੇ ਅੱਖ ਦਾ, ਨਿਜ ਨੇਤਰ ਲੋਚਣ ਨੈਣ ਨਾ ਕੋਇ ਰੁਸ਼ਨਾਈਆ । ਬਿਨਾ ਪ੍ਰਭੂ ਦੀ ਕਿਰਪਾ ਤੋਂ ਕਿਸੇ ਦਾ ਮੁੱਲ ਨਹੀਂ ਪੈਣਾ ਕੱਖ ਦਾ, ਰਾਏ ਧਰਮ ਹੱਟ ਵਿਕਾਈਆ । ਸਮਾਂ ਆਪਣੇ ਆਪ ਜਾਂਦਾ ਟਪਦਾ, ਭੱਜੇ ਵਾਹੋ ਦਾਹੀਆ । ਅੱਗੇ ਝਗੜਾ ਮਿਟਣਾ ਦੀਨ ਮਜ਼੍ਹਬ ਦੀ ਖੱਪ ਦਾ, ਖੱਪਰ ਲੈ ਕੇ ਚਾਰ ਜੁਗ ਦੀ ਕਲਜੋਗਣ ਬੈਠੀ ਰਾਹ ਤਕਾਈਆ । ਕਿਉਂ ਭਰਾ ਪਿਆਸਾ ਹੋ ਗਿਆ ਭਰਾ ਦੀ ਰਤ ਦਾ, ਪਿਓ ਪੁਤ ਬਣਿਆ ਰੂਪ ਕਸਾਈਆ । ਪੁਰਖ ਨਾਰੀ ਇਕ ਦੂਜੇ ਵੱਲ ਤਕਦਾ,


੧੩੩੨
੨੨

ਸਤਿ ਧਰਮ ਵਿਚ ਨਾ ਕੋਇ ਸਮਾਈਆ । ਜਿਹੜਾ ਸਤਿਗੁਰ ਦੀ ਸ਼ਰਨ ਢੱਠਦਾ, ਉਹਨੂੰ ਤਾਨੇ ਦਏ ਲੋਕਾਈਆ । ਜਿਹੜਾ ਪੁਰਖ ਅਕਾਲ ਦੀ ਧਾਰ ਅੱਗੇ ਆਪਣਾ ਆਪ ਘੱਤਦਾ, ਨਾਤਾ ਛਡੇ ਮਾਤ ਪਿਤ ਭੈਣ ਭਾਈਆ । ਓਸ ਨੂੰ ਕਲਜੁਗ ਜੀਵ ਵੇਖ ਵੇਖ ਤਪਦਾ, ਤਨ ਅਗਨ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪਹਿਲੀ ਹਾੜ ਕਹੇ ਸੁਣੋ ਬਚਨ ਇਕ ਹੋਰ, ਹੋਰ ਦਿਆਂ ਜਣਾਈਆ । ਪੀਲੇ ਬਸਤਰ ਪਹਿਨੇ ਬਿਸ਼ਨ ਕੌਰ, ਜਿਹੜੀ ਗੁਰਬਖ਼ਸ਼ ਸਿੰਘ ਦੀ ਮਾਈਆ । ਜਿਸ ਨੂੰ ਕਿਰਪਾ ਕਰ ਕੇ ਉਸ ਦੇ ਪਿਛੇ ਦੇਣਾ ਤੋਰ, ਦਰ ਸਾਚੇ ਦੇਣੀ ਵਡਿਆਈਆ । ਜਨ ਭਗਤੋ ਪ੍ਰਭੂ ਨੂੰ ਸਦਾ ਭਗਤਾਂ ਦੀ ਲੋੜ, ਜਗਤ ਧਾਰ ਵਿਚ ਆਪਣਾ ਆਪ ਨਾ ਕਦੇ ਬਦਲਾਈਆ । ਜੋ ਸਦਾ ਸਦਾ ਸਦ ਬੰਦੀ ਛੋੜ, ਛੁਟਕੀ ਲਿਵ ਲਏ ਲਗਾਈਆ । ਪੰਜਾਂ ਪਿਆਰਿਆਂ ਬਿਸ਼ਨ ਕੌਰ ਦੇ ਹੱਥ ਨੂੰ ਬੰਨ੍ਹਣੀ ਡੋਰ, ਸੱਜੇ ਗੁਟ ਨਾਲ ਰਖਾਈਆ । ਸਤਿਗੁਰ ਆਪਣੇ ਹੱਥੀਂ ਕਰੇਗਾ ਚੌਰ, ਚੁਰਾਸੀ ਵਿਚੋਂ ਬਾਹਰ ਕਢਾਈਆ । ਅੱਗੇ ਸਾਰਿਆਂ ਭਗਤਾਂ ਨੂੰ ਸਰੀਰ ਛਡਣ ਤੋਂ ਪਹਿਲਾਂ ਤੱਕਿਆ ਕਰੇਗਾ ਨਾਲ ਗੌਰ, ਘਰ ਘਰ ਜਾ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਪਹਿਲੀ ਹਾੜ ਕਹੇ ਜਨ ਭਗਤੋ ਸਾਰੇ ਮੁੱਛੀਂ ਦਿਓ ਤਾਅ, ਤਾਕਤਵਰ ਅਖਵਾਈਆ । ਸਤਾਰਾਂ ਹਾੜ ਨੂੰ ਆਉਣਾ ਨਾਲ ਚਾਅ, ਹਰ ਹਿਰਦੇ ਵੱਜੇ ਵਧਾਈਆ । ਅੱਗੋਂ ਮਿਲੇ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਦੋਹਾਂ ਨੇ ਭਗਤ ਭਗਵਾਨ ਦਾ ਨਾਂ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਾ ਢੋਲਾ ਲੈਣਾ ਗਾ, ਸਾਂਝੀ ਹੋਏ ਪੜ੍ਹਾਈਆ । ਹਾੜ ਕਹੇ ਮੈਂ ਫੇਰ ਸਭ ਨੂੰ ਸੀਸ ਦਿਆਂ ਨਿਵਾ, ਨਿਵ ਨਿਵ ਧੂੜੀ ਖ਼ਾਕ ਰਮਾਈਆ । ਬਿਨਾ ਰਸਨਾ ਤੋਂ ਕਰਨਾ ਵਾਹ ਵਾਹ, ਵਾਹਵਾ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨੌਜਵਾਨ, ਬਿਰਧ ਬਾਲ ਰੂਪ ਨਾ ਕੋਇ ਵਟਾਈਆ ।



✪ ੨ ਹਾੜ ਸ਼ਹਿਨਸ਼ਾਹੀ ਸੰਮਤ ੭ ਮਾਤਾ ਬਿਸ਼ਨ ਕੌਰ, ਰਣਜੀਤ ਕੌਰ, ਅਮਰਜੀਤ ਸਿੰਘ, ਸੁਰਜੀਤ ਸਿੰਘ, ਪ੍ਰੀਤਮ ਸਿੰਘ,
ਜਗਜੀਤ ਸਿੰਘ, ਗੁਰਮੀਤ ਸਿੰਘ ਗੁਰਚਰਨ ਸਿੰਘ, ਹਰਭਜਨ ਸਿੰਘ, ਵਰਿਆਮ ਸਿੰਘ, ਪਾਲ ਸਿੰਘ, ਅਮਰ ਸਿੰਘ,
ਜਗਮੇਲ ਸਿੰਘ, ਮਿਲਖਾ ਸਿੰਘ, ਬਚਨ ਸਿੰਘ, ਦਲੀਪ ਸਿੰਘ, ਸੰਤੋਖ ਸਿੰਘ, ਸਾਧੂ ਸਿੰਘ, ਠਾਕਰ ਸਿੰਘ,
ਕਰਤਾਰ ਕੌਰ, ਨੰਤੀ, ਗੁਪਾਲ ਕੌਰ, ਸੁਭਾਗ ਵੰਤੀ, ਚੰਨਣ ਕੌਰ, ਪ੍ਰੀਤਮ ਕੌਰ, ਪਿਆਰਾ ਸਿੰਘ,
ਰੂਪ ਸਿੰਘ, ਕੁੰਨਣ ਸਿੰਘ, ਭਗਤ ਸਿੰਘ ਪਿੰਡ ਕੀਰ ਜੰਮੂ, ਸਵਰਨ ਸਿੰਘ ਪਿੰਡ ਬਾਠ
ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਦੀਪਕ ਕਹਿਣ ਸਾਡਾ ਚਮਕਿਆ ਨੂਰ, ਨੂਰ ਨੁਰਾਨੇ ਦਿਤਾ ਚਮਕਾਈਆ । ਅਸੀਂ ਸੰਦੇਸ਼ਾ ਦੇਣਾ ਜ਼ਰੂਰ, ਜ਼ਰੂਰੀ ਸਭ ਨੂੰ ਮਾਤ ਜਣਾਈਆ । ਜਨ ਭਗਤੋ ਅੰਤਰ ਕਰਿਓ ਨਾ ਕੋਇ ਗ਼ਰੂਰ, ਹੰਕਾਰ ਵਿਕਾਰ ਨਾ ਕੋਇ ਵਡਿਆਈਆ । ਪੁਰਖ ਅਕਾਲ ਸਦਾ ਤਕੇ ਹਜ਼ੂਰ, ਜੋ ਹਜ਼ਰਤ ਅਗੰਮ

ਅਥਾਹੀਆ । ਸਚ ਸਵਾਮੀ ਦਾ ਤਕੋ ਦਸਤੂਰ, ਜੋ ਦਸਤ ਦਸਤ ਨਾਲ ਮਿਲਾਈਆ । ਆਪਣੇ ਅੰਤਰ ਤਕੋ ਅਗੰਮਾ ਨੂਰ, ਕੋਹਤੂਰ ਤੋਂ ਪਰੇ ਰੁਸ਼ਨਾਈਆ । ਸਚ ਨਾਮ ਦਾ ਲੈਣਾ ਸਰੂਰ, ਰਸ ਇਕੋ ਇਕ ਵਖਾਈਆ । ਸਦੀ ਚੌਧਵੀਂ ਰਹਿਣਾ ਨਹੀਂ ਕਿਸੇ ਮੂੜ੍ਹ, ਮੁਗਧਾਂ ਲਏ ਉਠਾਈਆ । ਸਭ ਦੀ ਆਸਾ ਮਨਸਾ ਕਰੇ ਪੂਰ, ਪੂਰਨ ਬ੍ਰਹਮ ਇਕ ਸਮਝਾਈਆ । ਸਗਲੇ ਸੰਗੀ ਸਾਥੀ ਇਕੋ ਰੰਗ ਰੰਗਾਏ ਨਾ ਨੇੜਾ ਨਾ ਦੂਰ, ਦੂਰ ਦੁਰਾਡਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਹੁਕਮ ਕਹੇ ਮੈਂ ਪ੍ਰਭ ਦਾ ਹੁਕਮੀ ਬੰਦਾ, ਬੰਦਨ ਵਿਚ ਸੀਸ ਨਿਵਾਈਆ । ਭੇਵ ਖੋਲ੍ਹਾਂ ਪ੍ਰਭੂ ਸੰਦਾ, ਜੋ ਸੰਦੇਸ਼ਾ ਦੇਵੇ ਆਪਣੀ ਦਇਆ ਕਮਾਈਆ । ਜਿਸ ਦੇ ਵਿਚ ਸਚ ਅਨੰਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਉਹ ਸਾਰ ਪਾਵੇ ਜੇਰਜ ਅੰਡਾ, ਉਤਭੁਜ ਸੇਤਜ ਖੋਜ ਖੁਜਾਈਆ । ਲੇਖਾ ਜਾਣੇ ਗੋਬਿੰਦ ਵਾਲਾ ਖੰਡਾ, ਖੰਡਾ ਖੜਗ ਨਾਲ ਟਕਰਾਈਆ । ਫੇਰ ਪੌੜੀ ਮੰਜ਼ਲ ਤਕੇ ਡੰਡਾ, ਡੰਡਾਵਤ ਵੇਖੇ ਚਾਈਂ ਚਾਈਆ । ਫੇਰ ਸੰਦੇਸ਼ਾ ਦਿਤਾ ਵੇਖੋ ਕਲਜੁਗ ਅੰਤਮ ਕੰਢਾ, ਕੰਢੀ ਬੈਠਾ ਧਿਆਨ ਲਗਾਈਆ । ਗੁਰਮੁਖਾਂ ਕੋਲੋਂ ਖਾਵੇ ਇਕ ਇਕ ਗੰਢਾ, ਰਸ ਰਸ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਦੀਪਕ ਕਹਿਣ ਜਨ ਭਗਤੋ ਵੇਖੋ ਸਾਡੀ ਲੋਅ, ਲੋਚਨ ਨੈਣ ਅੱਖ ਖੁਲ੍ਹਾਈਆ । ਘਿਰਤ ਬਾਤੀ ਇਕੋ ਹੋ, ਇਕੋ ਧਾਰ ਵਿਚ ਸਮਾਈਆ । ਝਗੜਾ ਮੇਟ ਕੇ ਦੂਆ ਦੋ, ਦੋ ਜਹਾਨਾਂ ਖਹਿੜਾ ਦਿਆਂ ਛੁਡਾਈਆ । ਮਾਲਕ ਤੱਕਿਆ ਅਗੰਮ ਅਥਾਹ ਉਹ, ਓੜਕ ਜਿਸ ਨੂੰ ਸੀਸ ਨਿਵਾਈਆ । ਅੰਤਰ ਦ੍ਰਿਸ਼ਟੀ ਤਕੇ ਮੋਹ, ਮੁਹੱਬਤ ਖੋਜ ਖੁਜਾਈਆ । ਪ੍ਰਭੂ ਪ੍ਰਕਾਸ਼ ਜਿਸ ਨਾਲ ਜਾਵੇ ਛੋਹ, ਛੋਹਰਾ ਬਾਂਕਾ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਨਾਮ ਇਕ ਪਰਗਟਾਈਆ । ਦੀਪਕ ਕਹਿਣ ਸਾਡਾ ਹੁੰਦਾ ਰਹੇ ਪ੍ਰਕਾਸ਼, ਪ੍ਰਕਾਸ਼ਵਾਨ ਦਇਆ ਕਮਾਈਆ । ਮੇਲਾ ਮਿਲਦਾ ਰਹੇ ਨਾਲ ਅਬਿਨਾਸ਼, ਅਬਿਨਾਸ਼ੀ ਕਰਤਾ ਖੇਲ ਖਿਲਾਈਆ । ਨਿਗਹ ਮਾਰਨੀ ਧਰਤੀ ਉਪਰ ਆਕਾਸ਼, ਆਕਾਸ਼ ਆਕਾਸ਼ਾਂ ਵੇਖ ਵਖਾਈਆ । ਫੇਰ ਸੰਦੇਸ਼ਾ ਦੇਣਾ ਸਾਖਿਆਤ, ਸਨਮੁਖ ਹੋ ਕੇ ਆਪ ਜਣਾਈਆ । ਪੁਰਖ ਅਕਾਲਾ ਤਕੋ ਇਕੋ ਬਾਪ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਨੇ ਆਤਮ ਪਰਮਾਤਮ ਸਭ ਨੂੰ ਸਾਂਝਾ ਬਖ਼ਸ਼ਿਆ ਜਾਪ, ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਉਹ ਖੇਲ ਕਰੇ ਸਾਖਿਆਤ, ਸਾਖੀ ਪਿਛਲੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਦੀਪਕ ਕਹਿਣ ਜਨ ਭਗਤੋ ਧਰਮ ਦੀ ਧਾਰ ਕਰਨਾ ਕੌਲ, ਇਕਰਾਰ ਸੰਗ ਨਿਭਾਈਆ । ਵੇਖਣਾ ਖੇਲ ਉਪਰ ਧੌਲ, ਧਰਨੀ ਧਰਤ ਧਵਲ ਦੇਵੇ ਦ੍ਰਿੜਾਈਆ । ਜੋ ਸਵਾਮੀ ਹਰ ਘਟ ਰਿਹਾ ਮੌਲ, ਮੌਲਾ ਇਕੋ ਨਜ਼ਰੀ ਆਈਆ । ਜਿਸ ਦਾ ਲੇਖਾ ਲੇਖਣੀ ਉਪਰ ਧੌਲ, ਧਰਨੀ ਧਰਤ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਦੀਪਕ ਕਹਿਣ ਸਾਡਾ ਵੇਖੋ ਰੂਪ ਅਪਾਰਾ, ਹਰਿ ਅਪਰੰਪਰ ਦਿਤੀ ਵਡਿਆਈਆ । ਮੈਂ ਹੋਵਾਂ ਸ਼ੁਕਰ ਗੁਜ਼ਾਰਾ, ਨਿਉਂ ਨਿਉਂ ਸੀਸ ਝੁਕਾਈਆ । ਸਾਂਝਾ ਕਰਾਂ ਪਿਆਰਾ, ਮੁਹੱਬਤ ਮੁਹੱਬਤ ਨਾਲ ਜੁੜਾਈਆ । ਤੁਸੀਂ ਖੇਲ ਤਕੋ ਜ਼ਾਹਿਰਾ, ਜ਼ਾਹਰ ਜ਼ਹੂਰ ਆਪ ਸਮਝਾਈਆ । ਉਮਤ ਰੋਂਦੀ ਦਿਸੇ ਵਿਚ ਕਾਹਿਰਾ, ਕਹਿਰ ਵਰਤੇ ਖ਼ਲਕ ਖ਼ੁਦਾਈਆ ।

ਬਣਿਆ ਰਹੇ ਕੋਇ ਨਾ ਬਹਿਰਾ, ਪਰਦਾ ਸਭ ਨੇ ਲੈਣਾ ਖੁਲ੍ਹਾਈਆ । ਸਤਿ ਸ਼ਬਦ ਸਮਝਣਾ ਜ਼ਾਹਿਰਾ, ਜ਼ਾਹਰ ਜ਼ਹੂਰ ਨੂਰ ਇਲਾਹੀਆ । ਜਨ ਭਗਤੋ ਪਰਮ ਪੁਰਖ ਦਾ ਸਭ ਤੋਂ ਵੱਡਾ ਦਾਇਰਾ, ਜਿਸ ਦੀ ਹੱਦ ਨਾ ਕੋਇ ਦ੍ਰਿੜਾਈਆ । ਗੁਰਮੁਖ ਗੁਰਮੁਖ ਕਿਸੇ ਨੂੰ ਸਮਝੇ ਕੋਇ ਨਾ ਭੈੜਾ, ਬੁਰੀ ਅੱਖ ਨਾ ਕਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਦੀਪਕ ਕਹਿਣ ਵੇਖੋ ਭਗਤ ਦਵਾਰ ਸੁਹਾਵਾ, ਸੋਹਣੀ ਵੱਜੀ ਵਧਾਈਆ । ਭਗਤਾਂ ਇਕੋ ਦਵਾਰ ਲੱਗਣਾ ਨਾਵਾਂ, ਨਰ ਨਿਰੰਕਾਰਾ ਮੇਲ ਮਿਲਾਈਆ । ਸਭ ਨੇ ਸਾਂਝੀਆਂ ਕਰਨੀਆਂ ਬਾਹਵਾਂ, ਬਾਜ਼ੂ ਬਲ ਵਡਿਆਈਆ । ਬੇਸ਼ਕ ਤੁਹਾਡੇ ਸਰੀਰ ਨੂੰ ਵੱਖ ਵੱਖ ਜੰਮਣ ਵਾਲੀਆਂ ਮਾਵਾਂ, ਆਤਮ ਪਰਮਾਤਮ ਪ੍ਰਭ ਦਾ ਰੂਪ ਦਰਸਾਈਆ । ਜਨ ਭਗਤੋ ਸਭ ਨੇ ਆਪਣਾ ਵਜ਼ਨ ਕਰਨਾ ਸਾਵਾਂ, ਸਾਵਲ ਸੁੰਦਰ ਰੂਪ ਦਏ ਸਮਝਾਈਆ । ਭਾਗ ਲੱਗਣਾ ਤੁਹਾਡੇ ਕਾਇਆ ਗ੍ਰਿਹਿ ਗਰਾਵਾਂ, ਮੰਦਰ ਅੰਦਰ ਖ਼ੁਸ਼ੀ ਬਣਾਈਆ । ਸਭ ਨੇ ਸ਼ਬਦੀ ਧਾਰ ਕਹਿਣਾ ਵਾਹਵਾ, ਵਾਹਵਾ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਦੀਪਕ ਕਹਿਣ ਜਨ ਭਗਤਾਂ ਪਗੜੀ ਹੱਸੀ, ਹੱਸ ਕੇ ਰਹੀ ਜਣਾਈਆ । ਇਸ਼ਾਰਿਆਂ ਨਾਲ ਰਹੀ ਦੱਸੀ, ਦਹਿ ਦਿਸ਼ਾ ਅੱਖ ਉਠਾਈਆ । ਜਗਤ ਰੈਣ ਅੰਧੇਰੀ ਮੱਸੀ, ਮੂਸਾ ਈਸਾ ਮੁਹੰਮਦ ਨਾ ਕੋਇ ਰੁਸ਼ਨਾਈਆ । ਸਿਫ਼ਤਾਂ ਵਾਲੀ ਸਿਫ਼ਤ ਕਰਦੇ ਜਸੀ, ਵੇਦ ਪੁਰਾਨਾਂ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਦਰ ਇਕ ਵਖਾਈਆ । ਦਰ ਕਹੇ ਜਨ ਭਗਤੋ ਵੇਖੋ ਦਰਦ ਦੁੱਖ ਭੈ ਭੰਜਣ, ਜੋ ਭਵ ਸਾਗਰ ਪਾਰ ਕਰਾਈਆ । ਜਿਸ ਦਾ ਨਾਮ ਨਿਧਾਨਾ ਨੂਰੀ ਅੰਜਣ, ਦੁਰਮਤ ਮੈਲ ਦਏ ਧਵਾਈਆ । ਸਭ ਦਾ ਸਾਂਝਾ ਬਣ ਕੇ ਸੱਜਣ, ਸਾਜਣ ਹੋ ਕੇ ਵੇਖ ਵਖਾਈਆ । ਕਲਜੁਗ ਕੂੜ ਕੁੜਿਆਰ ਜੀਵ ਜਹਾਨ ਤਪਣ, ਅਗਨੀ ਅੱਗ ਨਾਲ ਵਡਿਆਈਆ । ਹਰਿਜਨ ਗੁਰਮੁਖ ਧੁਰ ਦੇ ਹੀਰੇ ਰਤਨ, ਅਮੋਲਕ ਆਪਣਾ ਰੰਗ ਚੜ੍ਹਾਈਆ । ਜਨ ਭਗਤੋ ਤੁਹਾਡਾ ਸਫ਼ਲ ਹੋਇਆ ਯਤਨ, ਯਥਾਰਥ ਪ੍ਰਭ ਨੇ ਦਿਤੀ ਵਡਿਆਈਆ । ਸਾਰੇ ਬਹਿ ਗਏ ਉਸ ਪ੍ਰਭੂ ਦੇ ਘਾਟ ਪੱਤਨ, ਜਿਥੇ ਪਾਤਰ ਨਜ਼ਰ ਕੋਇ ਨਾ ਆਈਆ । ਤੂੰ ਮੇਰਾ ਮੈਂ ਤੇਰਾ ਨਾਮ ਜਪਣ, ਸੋਹੰ ਢੋਲਾ ਚਾਈਂ ਚਾਈਂਆ । ਜਿਸ ਦਾ ਪ੍ਰੇਮ ਅਗੰਮਾ ਚੱਖਣ, ਬਿਨ ਰਸਨਾ ਰਸ ਵਖਾਈਆ । ਸੋ ਸਾਹਿਬ ਸਵਾਮੀ ਸੰਦੇਸ਼ਾ ਦੇਵੇ ਹੱਕਣ, ਹਕੀਕਤ ਇਕ ਦ੍ਰਿੜਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਗੁਰੂ ਤੱਕਣ, ਬਿਨ ਲੋਚਨ ਨੈਣ ਨੈਣ ਉਠਾਈਆ । ਸੋ ਭਗਤ ਸੁਹੇਲੇ ਭਗਤ ਦਵਾਰ ਪਹੁੰਚ ਗਏ ਆਪਣੇ ਵਤਨ, ਬੇਵਤਨਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਬਣਾਏ ਹੀਰੇ ਅਮੋਲਕ ਰਤਨ, ਰਤਨ ਅਮੋਲਕ ਆਪਣੀ ਧਾਰ ਸਮਝਾਈਆ ।

## ੬ ਹਾੜ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਦੁਪਹਿਰ ਵੇਲੇ ਜ਼ਿਲਾ ਅੰਮ੍ਰਿਤਸਰ

ਹਾੜ ਕਹੇ ਮੇਰਾ ਧਰਮ ਧਾਰ ਪਰਵਿਸ਼ਟਾ, ਛੇ ਘਰ ਛੇ ਗੁਰ ਉਪਦੇਸ਼ ਜਣਾਈਆ । ਚੌਦਾਂ ਲੋਕ ਚੌਦਾਂ ਤਬਕ ਇਕ ਪ੍ਰਭੂ ਦਾ ਇਸ਼ਟਾ, ਇਸ਼ਟ

ਦੇਵ ਇਕ ਦ੍ਰਿੜਾਈਆ । ਨਵ ਸੱਤ ਖੇਲ ਰਚਾਏ ਸ੍ਰਿਸ਼ਟਾ, ਸ੍ਰਿਸ਼ਟੀ ਸ੍ਰਿਸ਼ਟ ਆਪ ਸਮਝਾਈਆ । ਜਨ ਭਗਤਾਂ ਪੂਰਨ ਕਰੇ ਨਿਸਚਾ, ਨਿਹਚਲ ਆਪਣਾ ਧਾਮ ਸੁਹਾਈਆ । ਲਹਿਣਾ ਦੇਣਾ ਦੇਵੇ ਜਿਸ ਜਿਸ ਦਾ, ਲੇਖਾ ਲੇਖੇ ਵਿਚੋਂ ਵੇਖ ਵਖਾਈਆ । ਮੇਲ ਮਿਲਣਾ ਧੁਰ ਦੇ ਪਿਤ ਦਾ, ਪਤਿਪਰਮੇਸ਼ਵਰ ਹੋਏ ਸਹਾਈਆ । ਨਾਤਾ ਜੋੜੇ ਆਤਮ ਹਿਤ ਦਾ, ਹਿਤਕਾਰੀ ਆਪਣਾ ਰੰਗ ਰੰਗਾਈਆ । ਝਗੜਾ ਮੇਟੇ ਚੁਰਾਸੀ ਨਿਤ ਦਾ, ਆਵਣ ਜਾਵਣ ਰਹੇ ਨਾ ਰਾਈਆ । ਕੂੜ ਕਲਪਨਾ ਫਿਰੇ ਜਿੱਤ ਦਾ, ਹਾਰ ਸੰਗ ਨਾ ਕੋਇ ਵਖਾਈਆ । ਸੋਹਣਾ ਦਿਹਾੜਾ ਛੇ ਹਾੜ ਥਿਤ ਦਾ, ਸੰਮਤ ਸੱਤ ਸੱਤ ਸੁਹਾਈਆ । ਜਨ ਭਗਤੋ ਤੁਹਾਡਾ ਲੇਖਾ ਮੁਕੇ ਵਿਚ ਦਾ, ਵਿਚਲਾ ਭੇਵ ਚੁਕਾਈਆ । ਤੁਹਾਡਾ ਪਿਆਰ ਬਣਿਆ ਰਹੇ ਇਕ ਦਾ, ਏਕੰਕਾਰ ਆਪਣਾ ਰੰਗ ਰੰਗਾਈਆ । ਤੁਸਾਂ ਰੂਪ ਬਣਨਾ ਸਾਚੇ ਸਿੱਖ ਦਾ, ਜੋ ਸਿੱਖ ਗੋਬਿੰਦ ਗੜ੍ਹੀ ਚਮਕੌਰ ਗਿਆ ਬਣਾਈਆ । ਤੁਹਾਡੀ ਲੇਖੇ ਲੱਗੇ ਸੇਵਾ ਕੀਤੀ ਇਕ ਇਕ ਇੱਟ ਦਾ, ਮਿੱਟੀ ਗਾਰਾ ਨਾਲ ਰਲਾਈਆ । ਤੁਹਾਡਾ ਕਰਮ ਜਨਮ ਵਿਚ ਲੇਖਾ ਲਿਖਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਛੇ ਹਾੜ ਕਹੇ ਮੈਨੂੰ ਨਜ਼ਰ ਆਵੇ ਬਾਵਨ, ਬਲ ਦਵਾਰਾ ਸੋਭਾ ਪਾਈਆ । ਜਿਸ ਰਿਸ਼ੀਆਂ ਫੜਾਇਆ ਆਪਣਾ ਦਾਮਨ, ਸਤਿਜੁਗ ਕਲਜੁਗ ਸੰਗ ਰਖਾਈਆ । ਸੋ ਸੇਵ ਆਏ ਕਮਾਵਨ, ਦਰ ਦਵਾਰੇ ਚਾਈਂ ਚਾਈਂਆ । ਪਿਛਲਾ ਲਹਿਣਾ ਆਏ ਚੁਕਾਵਣ, ਬੁੱਢੇ ਬਾਲੇ ਪ੍ਰੇਮ ਰਖਾਈਆ । ਸਚ ਸਰੋਵਰ ਆਏ ਨਹਾਵਣ, ਦੁਰਮਤ ਮੈਲ ਧਵਾਈਆ । ਜਿਸ ਦਾ ਪੁਰਖ ਅਕਾਲਾ ਬਣਿਆ ਜ਼ਾਮਨ, ਜ਼ਾਮਨੀ ਆਪਣੀ ਪੂਰ ਕਰਾਈਆ । ਬਾਕੀ ਲੇਖਾ ਦੱਸਣਾ ਅੱਜ ਦੀ ਸ਼ਾਮਨ, ਅਵਤਾਰ ਪੈਗ਼ੰਬਰ ਸੰਗ ਰਖਾਈਆ । ਕੀ ਖੇਲ ਕਰੇ ਪਤਿਤ ਪਾਵਨ, ਪਤਿਪਰਮੇਸ਼ਵਰ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਇਕੋ ਕਾਨੂੰਨ, ਕਾਹਨ ਧੁਰ ਦਾ ਆਪ ਅਖਵਾਈਆ ।

### ੬ ਹਾੜ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ਜ਼ਿਲਾ ਅੰਮ੍ਰਿਤਸਰ

ਹਾੜ ਕਹੇ ਮੈਂ ਵੇਖਣਾ ਖੇਲ ਅਮਾਮਾ, ਧੁਰ ਅਮਾਮ ਰਿਹਾ ਦ੍ਰਿੜਾਈਆ । ਉਮਤ ਨਬੀ ਰਸੂਲ ਤਕਣਾ ਹੰਗਾਮਾ, ਹਾਕਮ ਧੁਰ ਦਾ ਹੁਕਮ ਵਰਤਾਈਆ । ਕਲਮਾ ਕਾਇਨਾਤ ਤਕਣਾ ਕਲਾਮਾ, ਦੀਨ ਦੁਨੀ ਖੋਜ ਖੁਜਾਈਆ । ਸ਼ਰਅ ਮਜ਼੍ਹਬ ਤਕਣਾ ਇਸਲਾਮਾ, ਇਸਮ ਵੇਖ ਥਾਉਂ ਥਾਈਂਆ । ਸੂਫ਼ੀਆਂ ਨਿਰਧਾਰ ਤਕਣਾ ਇਲਹਾਮਾ, ਆਅਲਾ ਇਲਮ ਤੋਂ ਬਾਹਰ ਪੜ੍ਹਾਈਆ । ਧੁਰ ਸੰਦੇਸ਼ ਤਕਣਾ ਗੁਮਨਾਮਾ, ਜਿਸ ਦੀ ਗੁਫ਼ਤ ਸ਼ੁਨੀਦ ਸਮਝ ਕਿਸੇ ਨਾ ਆਈਆ । ਕਲਜੁਗ ਕੂੜ ਕਿਰਿਆ ਤਕਣਾ ਅੰਧੇਰਾ ਸ਼ਾਮਾ, ਸ਼ਮਾ ਨੂਰ ਨਾ ਕੋਇ ਰੁਸ਼ਨਾਈਆ । ਕਾਇਆ ਮਾਟੀ ਤਨ ਵਜੂਦ ਤਕਣਾ ਚਾਮਾ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਸਦੀ ਚੌਧਵੀਂ ਖੇਲ ਤਕਣਾ ਅਵਾਮਾ, ਆਲਮਗੀਰ ਹੋ ਕੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਹਾੜ ਕਹੇ ਮੇਰਾ ਧਰਮ ਧਾਰ ਪਰਵਿਸ਼ਟਾ,

ਪੁਰਖ ਅਕਾਲ ਦਿਤੀ ਵਡਿਆਈਆ । ਲੇਖਾ ਰਾਮ ਨਾਲ ਵਸ਼ਿਸ਼ਟਾ, ਵਿਸ਼ਾ ਧੁਰ ਦਾ ਗਿਆ ਸਮਝਾਈਆ । ਕਲਜੁਗ ਅੰਤ ਸਤਿ ਸਚ ਨਾ ਹੋਵੇ ਦਿਸਦਾ, ਚਾਰੋਂ ਕੁੰਟ ਅੰਧੇਰਾ ਛਾਈਆ । ਕਿਸੇ ਪਿਆਰ ਰਹੇ ਨਾ ਇਕ ਦਾ, ਚਾਰ ਕੁੰਟ ਜਗਤ ਹਲਕਾਈਆ । ਬਿਨਾ ਪ੍ਰਭ ਦੀ ਕਿਰਪਾ ਰੂਪ ਬਣੇ ਨਾ ਕੋਇ ਸਿੱਖ ਦਾ, ਸਿੱਖ ਸਤਿਗੁਰ ਵਿਚ ਨਾ ਕੋਇ ਸਮਾਈਆ । ਜਗਤ ਵਣਜਾਰਾ ਬਣ ਜਾਏ ਮਾਇਆ ਹਿਤ ਦਾ, ਦਰ ਦਰ ਮੰਗੇ ਵਾਹੋ ਦਾਹੀਆ । ਮਾਨਸ ਰੂਪ ਬਣੇ ਰਿੱਛ ਦਾ, ਰੱਛਕ ਨਜ਼ਰ ਕੋਇ ਨਾ ਆਈਆ । ਪਿਆਰਾ ਦਿਸੇ ਨਾ ਕੋਇ ਧਰਮ ਦੀ ਇੱਛ ਦਾ, ਨਿਰਇੱਛਤ ਆਸ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਹਾੜ ਕਹੇ ਮੇਰੀ ਅੱਜ ਦੀ ਰਾਤ ਭਿੰਨੀ, ਭਿੰਨੜੀ ਖ਼ੁਸ਼ੀ ਮਨਾਈਆ । ਮੈਂ ਖੇਲ ਵੇਖਣੀ ਕਿੰਨੀ, ਅੰਤ ਕਹਿਣ ਕੋਇ ਨਾ ਪਾਈਆ । ਮੈਂ ਧਾਰ ਤਕਣੀ ਤਿੰਨੀ, ਤ੍ਰੈਗੁਣ ਪੜਦਾ ਆਪ ਉਠਾਈਆ । ਖੇਲ ਵੇਖਣੀ ਦਿਨੀ, ਦਿਵਸ ਰੈਣ ਰਾਹ ਤਕਾਈਆ । ਪ੍ਰਭ ਦੀ ਪ੍ਰੇਮ ਧਾਰ ਤਕਣੀ ਨਿੰਮੀ, ਨਿੰਮੀ ਨਿੰਮੀ ਆਪ ਜਣਾਈਆ । ਜਿਸ ਦੀ ਮਹਿਮਾ ਜਾਏ ਨਾ ਗਿਨੀ, ਅਲੱਖ ਅਗੋਚਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਹਾੜ ਕਹੇ ਮੇਰਾ ਦਿਵਸ ਚੜ੍ਹਨਾ ਸੱਤ, ਸਤਿ ਸਤਿ ਨਾਲ ਵਡਿਆਈਆ । ਮੈਂ ਦੱਸਾਂ ਧੁਰ ਦੀ ਮੱਤ, ਮਤਾ ਪ੍ਰਭ ਦੇ ਨਾਲ ਪਕਾਈਆ । ਧਰਮ ਦੀ ਧਾਰ ਵਿਚ ਜੰਮੂ ਵਾਲਿਆਂ ਪੰਜਾਂ ਸਿਖਾਂ ਪੰਜ ਤੁਬਕੇ ਦੇਣੇ ਰੱਤ, ਜੋ ਨੀਂਹ ਵਿਚ ਜਾਣ ਦਬਾਈਆ । ਲਛਮਣ ਸਿੰਘ ਕਢਾਵੇ ਵਿਚੋਂ ਸੱਜੇ ਹੱਥ, ਸਰਦਾਰਾ ਸਿੰਘ ਖੱਬਾ ਹੱਥ ਨਾਲ ਮਿਲਾਈਆ । ਭਾਗ ਸਿੰਘ ਸੀਸ ਝੁਕਾਏ ਝਟ, ਗਰਦਨ ਆਪਣੀ ਭੇਟ ਚੜ੍ਹਾਈਆ । ਹਰਬੰਸ ਚਰਨੀ ਜਾਏ ਢੱਠ, ਪੈਰ ਉਂਗਲ ਨਾਲ ਰਲਾਈਆ । ਬਲਬੀਰ ਅੱਗੇ ਕਰੇ ਮੱਥ, ਮਸਤਕ ਰੰਗ ਰੰਗਾਈਆ । ਸਾਰੀ ਸੰਗਤ ਜੋੜੇ ਹੋਣ ਹੱਥ, ਖ਼ੁਸ਼ੀਆਂ ਵਿਚ (ਸੀਸ ਝੁਕਾਈਆ) । ਇਹ ਵਕਤ ਹੋਵੇ ਸਵਾ ਪੰਜ, ਵੱਧ ਘੱਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲਹਿਣਾ ਦੇਣਾ ਪੂਰਾ ਕਰੇ ਹੱਸ ਹੱਸ, ਹਸਤ ਆਪਣੇ ਨਾਲ ਇੱਟ ਦਏ ਟਿਕਾਈਆ ।

### ੮ ਹਾੜ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ਜ਼ਿਲਾ ਅੰਮ੍ਰਿਤਸਰ

ਅੱਠ ਤਤ ਕਹਿਣ ਸਾਡੀ ਦਰੋਹੀ, ਦੋ ਰਾਹੀ ਤੇਰਾ ਧਿਆਨ ਲਗਾਈਆ । ਤੇਰੇ ਸਾਰ ਸ਼ਬਦ ਦੀ ਖ਼ਬਰ ਦੇਵੇ ਨਾ ਕੋਈ, ਸੁਰਤੀ ਸੁਰਤ ਨਾ ਜਗਤ ਮਿਲਾਈਆ । ਸਾਡੀ ਆਸਾ ਤੇਰੇ ਦਰ ਤੇ ਰੋਈ, ਬਿਨ ਨੈਣਾਂ ਨੀਰ ਵਹਾਈਆ । ਸਚ ਪਿਆਰ ਵਿਚ ਜਾਏ ਕੋਈ ਨਾ ਮੋਹੀ, ਮੁਹੱਬਤ ਆਪਣਾ ਰੰਗ ਰੰਗਾਈਆ । ਜੋ ਆਸਾ ਰੱਖੀ ਕਬੀਰ ਲੋਈ, ਲੋਇਨਾਂ ਪਿਛੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅੱਠ ਤਤ ਕਹਿਣ ਕਬੀਰ ਰੱਖਿਆ ਇਕ ਭਰਵਾਸਾ, ਲੋਈ ਲੋਇਣਾਂ ਤੋਂ ਪਰੇ ਜਣਾਈਆ । ਔਹ ਤਕ ਕਲਜੁਗ ਖੇਲ ਤਮਾਸ਼ਾ, ਤਮਾਸ਼ਬੀਨ ਦਿਸੇ ਲੋਕਾਈਆ । ਪ੍ਰਭੂ ਉਤੇ ਰਹੇ ਕਿਸੇ ਨਾ ਭਰਵਾਸਾ, ਭਗਵਨ ਰੂਪ ਨਾ

ਕੋਇ ਦਿਸਾਈਆ । ਫਿਰੇ ਦਰੋਹੀ ਪ੍ਰਿਥਮੀ ਆਕਾਸ਼ਾ, ਗਗਨ ਮੰਡਲ ਰੋਵਣ ਮਾਰਨ ਧਾਈਆ । ਫੇਰ ਪਰਗਟ ਹੋਏ ਪੁਰਖ ਅਬਿਨਾਸ਼ਾ, ਹਰਿ ਕਰਤਾ ਧੁਰਦਰਗਾਹੀਆ । ਕਿਰਪਾ ਕਰੇ ਸ਼ਾਹੋ ਸ਼ਾਬਾਸ਼ਾ, ਸ਼ਹਿਨਸ਼ਾਹ ਅਗੰਮ ਅਥਾਹੀਆ । ਸਾਚੇ ਗੁਰਮਖਾਂ ਲੇਖੇ ਲਾਏ ਪਵਨ ਸਵਾਸਾ, ਸਵਾਸ ਸਾਹ ਆਪਣੇ ਨਾਲ ਮਿਲਾਈਆ । ਮਾਨਸ ਜਨਮ ਕਰਕੇ ਰਾਸਾ, ਰੋਗ ਸੋਗ ਦਾ ਡੇਰਾ ਢਾਹੀਆ । ਅੰਮ੍ਰਿਤ ਬਖ਼ਸ਼ ਕੇ ਕਾਇਆ ਕਾਸਾ, ਨਿਜਰ ਧਾਰ ਦਏ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅੱਠ ਤਤ ਕਹਿਣ ਸਾਡੇ ਅੰਤਰ ਇਕ ਖ਼ਾਹਿਸ਼, ਸਦਾ ਸਦ ਜਣਾਈਆ । ਇਕ ਇਕ ਦੀ ਕਰੀਏ ਤਲਾਸ਼, ਇਕ ਇਕ ਦਾ ਰਾਹ ਤਕਾਈਆ । ਜਿਸ ਇਕ ਵਿਚੋਂ ਸ੍ਰਿਸ਼ਟ ਹੋਈ ਪ੍ਰਕਾਸ਼, ਪ੍ਰਕਾਸ਼ਤ ਬੇਪਰਵਾਹੀਆ । ਅੰਤ ਜਾਏ ਵਿਨਾਸ਼, ਵਿਸ਼ਨੂੰ ਬ੍ਰਹਮਾ ਸ਼ਿਵ ਰਹਿਣ ਕੋਇ ਨਾ ਪਾਈਆ । ਇਹ ਖੇਲ ਪ੍ਰਭੂ ਸਾਖਿਆਤ, ਜੁਗ ਚੌਕੜੀ ਆਪ ਕਰਾਈਆ । ਮਿਹਰਵਾਨ ਹੋ ਕੇ ਜਨ ਭਗਤਾਂ ਦੇਵੇ ਦਾਤ, ਨਾਮ ਨਿਧਾਨਾ ਝੋਲੀ ਪਾਈਆ । ਦਰਸ ਦਿਖਾਏ ਇਕ ਇਕਾਂਤ, ਬਿਨ ਅੱਖਾਂ ਅੱਖ ਉਠਾਈਆ । ਵੇਲੇ ਅੰਤ ਪੁਛੇ ਵਾਤ, ਅੰਤਸ਼ਕਰਨ ਵੇਖੇ ਚਾਈਂ ਚਾਈਂਆ । ਜਿਨ੍ਹਾਂ ਤੂੰ ਮੇਰਾ ਮੈਂ ਤੇਰਾ ਜਪਿਆ ਸਵਾਸ ਸਵਾਸ, ਸੋਹੰ ਢੋਲਾ ਸਹਿਜ ਸੁਭਾਈਆ । ਪੁਰਖ ਅਕਾਲਾ ਦੀਨ ਦਿਆਲਾ ਸਚਖੰਡ ਲੈ ਜਾਏ ਆਪਣੇ ਪਾਸ, ਜੋਤੀ ਜੋਤ ਵਿਚ ਮਿਲਾਈਆ । ਝਗੜਾ ਮੁਕਾ ਕੇ ਮੰਡਲ ਰਾਸ, ਬ੍ਰਹਿਮੰਡ ਖੰਡ ਨਾ ਕੋਇ ਭਵਾਈਆ । ਸਚ ਦਵਾਰ ਬਖ਼ਸ਼ੇ ਜਿਥੇ ਵਸੇ ਆਪ, ਨਿਰਗੁਣ ਨੂਰ ਜੋਤ ਰੁਸ਼ਨਾਈਆ ।
੧੩੩੮ ਮਾਨਸ ਜਨਮ ਰੋਗ ਕਟ ਸੰਤਾਪ, ਅੱਠਾਂ ਤਤਾਂ ਡੇਰਾ ਢਾਹੀਆ । ਆਤਮ ਧਾਰ ਕਰਕੇ ਪਾਕ, ਪਤਿਤ ਪੁਨੀਤ ਆਪਣੇ ਨਾਲ ਮਿਲਾਈਆ । ਪਾਰਬ੍ਰਹਮ ੧੩੩੮
੨੨ ਬ੍ਰਹਮ ਬਣਾ ਕੇ ਸਾਕ, ਸੱਜਣ ਵੇਖੇ ਚਾਈਂ ਚਾਈਂਆ । ਜਨ ਭਗਤਾਂ ਜਨਮ ਜਨਮ ਕਰਮ ਕਰਮ ਦਾ ਲੇਖਾ ਕਰੇ ਬੇਬਾਕ, ਜੋ ਜਨ ਹਰਿ ਸਤਿਗੁਰ ੨੨
ਸੀਸ ਨਿਵਾਈਆ । ਪਿਛਲੀ ਕੀਤੀ ਪਿਛੇ ਕੀਤੀ ਮੁਆਫ਼, ਅੱਗੇ ਆਪਣੇ ਘਰ ਟਿਕਾਈਆ । ਜਿਥੇ ਕਦੇ ਨਾ ਹੋਵੇ ਨਾਸ, ਤਤਵ ਤਤ ਨਾ ਕੋਇ ਜਲਾਈਆ । ਹਰਿਜਨ ਸਚਖੰਡ ਦਵਾਰ ਬਹਾਏ ਸਾਖਿਆਤ, ਸਾਖੀ ਸ਼ਬਦ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਜਨਮ ਦੇ ਲੇਖੇ ਪੂਰੇ ਕਰੇ ਕਰਨੀ ਕਰਤਾ ਹੋ ਕੇ ਆਪ, ਆਪ ਆਪਣੀ ਦਇਆ ਕਮਾਈਆ ।

### ✪ ੧੭ ਹਾੜ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ✪

ਅਸ਼ਟਭੁਜ ਕਹੇ ਪ੍ਰਭ ਨਿਮਸਕਾਰ ਮੇਰੀ, ਹਾੜ ਸਤਾਰਾਂ ਸੀਸ ਨਿਵਾਈਆ । ਮੈਂ ਉਮਤ ਦੀ ਆਸਾ ਲਿਆਂਦੀ ਘੇਰੀ, ਚੌਦਾਂ ਤਬਕ ਧਿਆਨ ਲਗਾਈਆ । ਚਾਰ ਯਾਰੀ ਝੁਲਾਈ ਝੱਖੜ ਹਨੇਰੀ, ਮੁਹੰਮਦ ਆਪਣੀ ਧਾਰ ਬਰਸਾਈਆ । ਕੂਕਾਂ ਮਾਰਦੇ ਤੂੰ ਆ ਗਈ ਕਿਹੜੀ, ਕਵਣ ਵੇਸ ਵਟਾਈਆ । ਸਭ ਦੀ ਜੜ੍ਹ ਰਹੀ ਉਖੇੜੀ, ਪੌਦਾ ਰਹਿਣ ਕੋਇ ਨਾ ਪਾਈਆ । ਮੈਂ ਹੱਸ ਕੇ ਕਿਹਾ ਹੁਣ ਕਰੋ ਕੁਛ ਦਲੇਰੀ, ਆਪਣਾ ਬਲ ਧਰਾਈਆ । ਮੈਂ ਆ ਗਈ ਬਣ ਕੇ ਇਕ ਇਕ ਦੀ ਚੇਰੀ, ਦੂਜਾ ਇਸ਼ਟ ਨਾ ਕੋਇ ਰਖਾਈਆ । ਜਿਸ ਨੂੰ ਕਹਿੰਦੇ ਸ਼ਾਹ ਸ਼ੇਰੀ, ਸ਼ਹਿਨਸ਼ਾਹ ਬੇਪਰਵਾਹੀਆ ।

ਜਿਸ ਸੇਵਾ ਲਾਈ ਮੇਰੀ, ਮਿਹਰਵਾਨ ਦਇਆ ਕਮਾਈਆ । ਨਵ ਨੌ ਚਾਰ ਪਿਛੋਂ ਪਾਈ ਫੇਰੀ, ਫਿਰਤ ਫਿਰਤ ਆਪਣਾ ਖੇਲ ਖਿਲਾਈਆ । ਉਹ ਤਕੋ ਸਭ ਨੂੰ ਨਾਮ ਦੀ ਪਾਵਣ ਵਾਲਾ ਬੇੜੀ, ਬੀੜਾ ਆਪਣਾ ਆਪ ਉਠਾਈਆ । ਉਲਟੀ ਆਵਣ ਵਾਲੀ ਗੇੜੀ, ਗੇੜੇ ਵਿਚ ਭਵਾਈਆ । ਸ਼ਰਅ ਦੀ ਹੋਣੀ ਢੇਰੀ, ਢਈਆ ਗੋਬਿੰਦ ਦਏ ਗਵਾਹੀਆ । ਜਿਹੜੀ ਦੁਨੀਆ ਦੀਨਾਂ ਮਜ਼੍ਹਬਾਂ ਵਿਚ ਬਖੇਰੀ, ਵੱਖ ਵੱਖ ਕਰਾਈਆ । ਉਸ ਨੇ ਆਰਜ਼ੂ ਭੋਗ ਲਈ ਬਥੇਰੀ, ਪਿਛਲਾ ਪੰਧ ਮੁਕਾਈਆ । ਹੁਣ ਸਭ ਦੀ ਜੜ੍ਹ ਰਿਹਾ ਉਖੇੜੀ, ਅੱਗੇ ਸਕੇ ਨਾ ਕੋਇ ਲਗਾਈਆ । ਜਿਸ ਨੇ ਧਾਰ ਚਲਾਈ ਤੇਰੀ ਮੇਰੀ, ਆਤਮ ਪਰਮਾਤਮ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅਸ਼ਟਭੁਜ ਕਹੇ ਮੈਂ ਹੋਈ ਸਿੰਘ ਅਸਵਾਰ, ਸਿੰਘ ਨਜ਼ਰ ਕਿਸੇ ਨਾ ਆਈਆ । ਹੁਕਮ ਦਿਤਾ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਧੁਰਦਰਗਾਹੀਆ । ਨਾਲ ਰਲਾਇਆ ਸ਼ਬਦ ਸਾਰ, ਮਹਾਂਸਾਰਥੀ ਰੂਪ ਬਦਲਾਈਆ । ਮੈਂ ਦੋ ਜਹਾਨਾਂ ਕਰਕੇ ਪਾਰ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਵੇਖਿਆ ਧਿਆਨ ਲਗਾਈਆ । ਮੈਂ ਤਕੇ ਜੁਗ ਚੌਕੜੀ ਚਾਰ, ਚੌਥਾ ਵੇਖ ਵਖਾਈਆ । ਚਾਰੋਂ ਕੁੰਟ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਮੈਨੂੰ ਰੋਂਦਾ ਦਿਸਿਆ ਸਿਤਾਰ, ਸਤਹ ਬੁਲੰਦੀ ਮਾਰੇ ਧਾਈਆ । ਅਸੀਂ ਜਿਸ ਦੇ ਬਣੇ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਉਹ ਮੁਹੰਮਦ ਦਾ ਕਰਜ਼ਾ ਰਿਹਾ ਉਤਾਰ, ਲਹਿਣਾ ਰਿਹਾ ਚੁਕਾਈਆ । ਸਦੀ ਚੌਧਵੀਂ ਆਈ ਹਾਰ, ਹਾਰ ਵਿਚ ਕੁਰਲਾਈਆ ।
ਕਿਸੇ ਦਾ ਰਹਿਣਾ ਨਹੀਂ ਕੋਈ ਅਖਤਿਆਰ, ਮਾਲਕ ਰੂਪ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਅਸ਼ਟਭੁਜ ਕਹੇ ਮੈਂ ਸੇਵਾ ਕੀਤੀ ਭਾਰੀ, ਸਚ ਸਚ ਸੁਣਾਈਆ । ਉਮਤ ਦੀ ਆਸਾ ਲੈ ਕੇ ਪਹੁੰਚੀ ਹਰਿ ਭਗਤ ਦਵਾਰੀ, ਦਵਾਰਕਾ ਵਾਸੀ ਵੇਖਣ ਨੈਣ ਉਠਾਈਆ । ਰਾਮ ਰਾਮਾ ਕਰੇ ਤਿਆਰੀ, ਤ੍ਰੈਗੁਣ ਅਤੀਤਾ ਖੇਲ ਵਖਾਈਆ । ਪੈਗ਼ੰਬਰ ਨੈਣ ਰਹੇ ਉਘਾੜੀ, ਬਿਨ ਲੋਚਨ ਨੈਣ ਨੈਣ ਵਡਿਆਈਆ । ਗੁਰ ਦਸ ਮਾਰਦੇ ਤਾੜੀ, ਤਾਲ ਆਪਣਾ ਰਹੇ ਬਣਾਈਆ । ਸਾਰੇ ਇਕੱਠੇ ਹੋ ਜਾਉ ਛੇਤੀ ਨਾਲ ਸੰਮਤ ਸ਼ਹਿਨਸ਼ਾਹੀ ਸੱਤ ਦੀ ਆ ਗਈ ਹਾੜ੍ਹੀ, ਹਾੜ ਸਤਾਰਾਂ ਨਾਲ ਵਡਿਆਈਆ । ਵੇਖੋ ਖੇਲ ਜੰਗਲ ਜੂਹ ਪਹਾੜੀ, ਉਚੇ ਟਿੱਲੇ ਫੋਲ ਫੁਲਾਈਆ । ਧਾਰ ਤਕੋ ਪੁਰਖ ਨਾਰੀ, ਨਰ ਨਰਾਇਣ ਰਿਹਾ ਜਣਾਈਆ । ਕਿਸੇ ਦੀ ਪਾਵੇ ਕੋਇ ਨਾ ਸਾਰੀ, ਮਹਾਂਸਾਰਥੀ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਭਿਖਾਰੀ, ਭਿਖਾਰਨ ਰੂਪ ਬਣਾਈਆ । ਅਸ਼ਟਭੁਜ ਕਹੇ ਮੈਂ ਦੱਸਾਂ ਨੌ ਖੰਡ ਪ੍ਰਿਥਮੀ ਸੱਤ ਦੀਪ ਮੈਨੂੰ ਸਤਿ ਵਿਚ ਦਿਸੀ ਨਾ ਕੋਇ ਕਵਾਰੀ, ਮੈਂ ਕਵਾਰੀ ਹੋ ਕੇ ਦਿਆਂ ਸੁਣਾਈਆ । ਸਾਰੇ ਵੇਖੋ ਅਵਤਾਰ ਪੈਗ਼ੰਬਰ ਗੁਰੂ ਆਪਣੀ ਧਾਰੀ, ਧਰਨੀ ਧਰਤ ਧਵਲ ਧਿਆਨ ਲਗਾਈਆ । ਮੁੰਡ ਮੁੰਡਾਏ ਤਕੋ ਤਕੋ ਮੁੱਛ ਕੇਸ ਦਾੜ੍ਹੀ, ਲਬਾਂ ਕਟੀਆਂ ਧਿਆਨ ਲਗਾਈਆ । ਬਿਨਾ ਪ੍ਰਭੂ ਤੋਂ ਸਭ ਦੀ ਉਜੜ ਗਈ ਵਾੜੀ, ਰਾਖਾ ਨਜ਼ਰ ਕੋਇ ਨਾ ਆਈਆ । ਮੈਂ ਸੋਹਣੀ ਸੁਣੱਖੀ ਬਣ ਕੇ ਨਾਰੀ, ਭੱਜੀ ਵਾਹੋ ਦਾਹੀਆ । ਮੇਰੀ ਮੁਹੱਬਤ ਲੱਗੀ ਨਾ ਕਿਸੇ ਪਿਆਰੀ, ਪ੍ਰੇਮੀ ਪ੍ਰੇਮ ਨਾ ਕੋਇ ਕਮਾਈਆ । ਦੀਨ ਦੁਨੀ ਹੋਈ ਵਿਭਚਾਰੀ, ਕੁਕਰਮ ਵਿਚ ਕੁਰਲਾਈਆ । ਮੈਂ ਕੀਤੀ ਇਕ ਹੁਸ਼ਿਆਰੀ, ਆਪਣਾ ਭੇਵ ਨਾ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ ।

ਅਸ਼ਟਭੁਜ ਕਹੇ ਮੈਂ ਪ੍ਰਭ ਨੂੰ ਦੱਸਾਂ ਆਪਣੀ ਬੀਤੀ, ਪਿਛਲਾ ਹਾਲ ਸੁਣਾਈਆ । ਤੇਰੀ ਕਿਹੋ ਜਿਹੀ ਰੀਤੀ, ਕੀ ਤੇਰੀ ਬੇਪਰਵਾਹੀਆ । ਤੇਰੀ ਸ੍ਰਿਸ਼ਟੀ ਪਵਿਤਰ ਕਰ ਨਾ ਸਕੇ ਨੀਤੀ, ਨੀਤੀਵਾਨ ਨਾ ਕੋਇ ਅਖਵਾਈਆ । ਝਗੜਾ ਪਿਆ ਹਸਤ ਕੀਟੀ, ਤੇਰੇ ਵਿਚ ਨਾ ਕੋਇ ਸਮਾਈਆ । ਤੇਰੀ ਬਾਣੀ ਲੱਗੀ ਕਿਸੇ ਨਾ ਮੀਠੀ, ਮਿੱਠਾ ਰਸ ਨਾ ਕੋਇ ਚਖਾਈਆ । ਸਭ ਦੀ ਆਸ਼ਾ ਹੋ ਗਈ ਕੌੜੀ ਰੀਠੀ, ਮੁਹੰਮਦ ਦੀ ਤਮੰਨਾ ਦਏ ਗਵਾਹੀਆ । ਮੈਨੂੰ ਗ਼ੁੱਸੇ ਵਿਚ ਚੜ੍ਹੇ ਕਚੀਚੀ, ਗਿਲਾ ਆਪਣਾ ਰਹੀ ਸੁਣਾਈਆ । ਪ੍ਰਭੂ ਕਿਸੇ ਨੇ ਭੰਗ ਕਿਸੇ ਨੇ ਮਦਿ ਪੀਤੀ, ਤੇਰੀ ਖ਼ੁਮਾਰੀ ਨਜ਼ਰ ਕੋਇ ਨਾ ਆਈਆ । ਯਾਦ ਕਰ ਲੈ ਜਿਹੜੀ ਆਪਣੀ ਧਾਰ ਦੀ ਮਾਰੀ ਲੀਕੀ, ਲਾਈਨ ਐਨ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਅਸ਼ਟਭੁਜ ਕਹੇ ਮੇਰਾ ਸ਼ਹਿਨਸ਼ਾਹ ਸ਼ਾਹਾਨਾ, ਪਾਤਸ਼ਾਹ ਬੇਪਰਵਾਹੀਆ । ਜੁਗ ਜੁਗ ਬਦਲ ਦਏ ਜ਼ਮਾਨਾ, ਜ਼ਿਮੀ ਅਸਮਾਨ ਖੇਲ ਖਿਲਾਈਆ । ਰਾਵਣ ਦਾ ਰਾਮ ਖੇਲ ਮਹਾਨਾ, ਤੀਰ ਤਰਕਸ਼ ਸੰਗ ਨਿਭਾਈਆ । ਬੰਸਰੀ ਸੁਣਾ ਕੇ ਧੁਰ ਦਾ ਕਾਹਨਾ, ਧੁਨ ਨਾਦ ਇਕ ਜਣਾਈਆ । ਪੈਗ਼ੰਬਰਾਂ ਦੇ ਅਗੰਮੀ ਪੈਗ਼ਾਮਾ, ਸੰਦੇਸ਼ਾ ਇਕ ਸੁਣਾਈਆ । ਗੁਰੂਆਂ ਦੇ ਸਤਿਨਾਮਾ, ਸਤਿ ਸਤਿ ਵਿਚੋਂ ਸਮਝਾਈਆ । ਅੰਤ ਪਹਿਰ ਕੇ ਆਪਣਾ ਬਾਣਾ, ਕਲ ਕਲਕੀ ਵੇਸ ਵਟਾਈਆ । ਅਸ਼ਟਭੁਜ ਕਹੇ ਮੈਨੂੰ ਸਿੰਘਾਸਨ ਦੇ ਥੱਲੇ ਰੱਖ ਕੇ ਬਖ਼ਸ਼ਿਆ ਦਾਨਾ, ਸਚ ਪ੍ਰੀਤੀ ਇਕ ਦ੍ਰਿੜਾਈਆ । ਉਠ ਫਿਰ ਦੋ ਜਹਾਨਾਂ, ਨਵ ਜੋਬਨ ਰੂਪ ਵਟਾਈਆ । ਚੌਦਾਂ ਤਬਕਾਂ ਮਾਰ ਧਿਆਨਾ, ਗਹਿਰ ਗੰਭੀਰ ਆਪ ਸੁਣਾਈਆ । ਆਸ਼ਾ ਉਮਤ ਦੀ ਬੰਨ੍ਹ ਕੇ ਲਿਆਉਣੀ ਤਮਾਮਾ, ਤਮ੍ਹਾਂ ਅਵਰ ਨਾ ਕੋਇ ਰਖਾਈਆ । ਹਾਜ਼ਰ ਕਰਨੀ ਜਿਥੇ ਬੈਠਾ ਹੋਵੇ ਅਮਾਮਾਂ ਦਾ ਅਮਾਮਾ, ਅਮਲਾਂ ਤੋਂ ਰਹਿਤ ਨੂਰ ਇਲਾਹੀਆ । ਸਤਾਰਾਂ ਹਾੜ ਦੀ ਹੋਵੇ ਸ਼ਾਮਾ, ਸ਼ਮਾਦਾਨ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਅਸ਼ਟਭੁਜ ਕਹੇ ਮੇਰੇ ਸ਼ਹਿਨਸ਼ਾਹ ਨਿਵਾਜ਼ੂ, ਨੀਜ਼ੂ ਨਿਜ੍ਹਾ ਧਿਆਨ ਲਗਾਈਆ । ਮੇਰੇ ਅਸ਼ਟ ਕਸ਼ਟ ਦੇ ਬਾਜ਼ੂ, ਬਿਨ ਤਨ ਵਜੂਦ ਸੁਹਾਈਆ । ਤੂੰ ਮਾਲਕ ਧੁਰ ਦਾ ਆਗੂ, ਤੇਰੇ ਅੱਗੇ ਸੀਸ ਨਿਵਾਈਆ । ਮੇਰੀ ਨਿਮਸਕਾਰ ਬਿਨ ਤੇਰੀ ਕਿਰਪਾ ਕੋਈ ਨਾ ਜਾਗੂ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਆਪਣਾ ਇਸ਼ਟ ਨਾ ਕੋਇ ਤਿਆਗੂ, ਸਤਿ ਮਾਰਗ ਨਾ ਕੋਇ ਅਪਨਾਈਆ । ਤੇਰੀ ਸਰਨੀ ਕੋਈ ਨਾ ਲਾਗੂ, ਮੈਂ ਵੇਖੀ ਖ਼ਲਕ ਖ਼ੁਦਾਈਆ । ਤੈਨੂੰ ਕੋਈ ਨਹੀਂ ਕਹਿੰਦਾ ਬਾਪੂ, ਅਵਤਾਰ ਪੈਗ਼ੰਬਰ ਗੁਰੂ ਚਾਚੇ ਜਗਤ ਜਹਾਨ ਰਿਹਾ ਮਨਾਈਆ । ਸ੍ਰਿਸ਼ਟੀ ਖਾ ਕੇ ਪਾਨ ਤਮਾਕੂ, ਤੋਹਮਤ ਤੈਨੂੰ ਰਹੇ ਲਗਾਈਆ । ਸਾਧ ਸੰਤ ਬਣ ਕੇ ਡਾਕੂ, ਤੇਰੇ ਨਾਮ ਨੂੰ ਲੁੱਟਣ ਥਾਉਂ ਥਾਈਂਆ । ਸ੍ਰਿਸ਼ਟੀ ਘੁੰਮਦੀ ਵਾਂਗ ਲਾਟੂ, ਲੁਟੇਰਾ ਵੇਖ ਜਗਤ ਲੋਕਾਈਆ । ਤਕ ਸਤਾਰਾਂ ਹਾੜ ਦੀ ਰਾਤੂ, ਰੁਤੜੀ ਆਪਣੀ ਫੋਲ ਫੁਲਾਈਆ । ਮੈਂ ਇਕੋ ਗੱਲ ਆਖੂੰ, ਆਖ ਕੇ ਦਿਆਂ ਸੁਣਾਈਆ । ਸਭ ਦਾ ਪੂਰਾ ਕਰ ਭਵਿਖਤ ਵਾਕੂ, ਵਾਕਿਆ ਆਪਣਾ ਦੇ ਸਮਝਾਈਆ । ਤੇਰੇ ਅੱਗੇ ਕੋਈ ਨਾ ਰਹੇ ਆਕੂ, ਅਕਲ ਬੁੱਧੀ ਚਲੇ ਨਾ ਕੋਇ ਚਤੁਰਾਈਆ । ਤੂੰ ਦਾਤਾ ਬਣ ਅਗੰਮਾ ਦਾਤੂ, ਦਇਆਵਾਨ ਇਕ ਅਖਵਾਈਆ । ਧਰਮ ਦੀ ਧਾਰ ਬਦਲ ਪੋਸ਼ਾਕੂ, ਪੇਸ਼ਤਰ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਸਰਨਾਈਆ । ਅਸ਼ਟਭੁਜ ਕਹੇ ਮੇਰੀ ਡੰਡਾਵਤ ਮੇਰੇ ਬਾਬਾ, ਬਿਨ ਸੀਸ

ਸੀਸ ਨਿਵਾਈਆ । ਮੈਂ ਉਮਤ ਅੰਤਰ ਵੇਖਿਆ ਤਕ ਕੇ ਆਈ ਕਾਅਬਾ, ਕੇਵਲ ਤੇਰਾ ਧਿਆਨ ਲਗਾਈਆ । ਚਾਰੋਂ ਕੁੰਟ ਕੂੜ ਦਾ ਵਾਧਾ, ਵਾਧਲ ਹੋਈ ਲੋਕਾਈਆ । ਤੇਰਾ ਸਹੇ ਕੋਈ ਨਾ ਦਾਬਾ, ਦਬਦਬਾ ਨਜ਼ਰ ਕੋਇ ਨਾ ਆਈਆ । ਮੈਂ ਵੇਖੇ ਤੀਰਥ ਤਟ ਬਣ ਗਏ ਢਾਬਾ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਬਾਬੇ ਆਦਮ ਦਾ ਡੋਲਿਆ ਛਾਬਾ, ਤਰਾਜ਼ੂ ਹੱਕ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਵਡਿਆਈਆ । ਅਸ਼ਟਭੁਜ ਕਹੇ ਉਮਤ ਦੀ ਆਸ਼ਾ ਆਈ ਭਗਤ ਦਵਾਰ, ਦਰ ਦਵਾਰੇ ਬਾਹਰ ਸੀਸ ਨਿਵਾਈਆ । ਕਿਰਪਾ ਕਰ ਆਪ ਨਿਰੰਕਾਰ, ਹੁਕਮ ਦੇ ਚਾਈਂ ਚਾਈਂਆ । ਉਹ ਹਾਲਤ ਦੱਸੇ ਸਰਬ ਸੰਸਾਰ, ਕੀ ਕਰਨੀ ਕਾਰ ਕਮਾਈਆ । ਕੀ ਕਲਮਿਆਂ ਵਿਚੋਂ ਮਿਲੇ ਪਿਆਰ, ਕੀ ਕਾਅਬਿਆਂ ਹੋਏ ਰੁਸ਼ਨਾਈਆ । ਆਪਣਾ ਭੇਵ ਦੱਸ ਮੇਰੇ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਮੈਂ ਹੱਸ ਕੇ ਕਹਾਂ ਆਉ ਵਿਚ ਮੈਦਾਨ, ਅਗਲਾ ਪੰਧ ਮੁਕਾਈਆ । ਪੁਰਖ ਅਕਾਲ ਕਿਹਾ ਅਸ਼ਟਭੁਜ ਸੁਣ ਹੁਕਮ ਹੁਕਮਰਾਨ, ਹੁਕਮੀ ਹੁਕਮ ਸੁਣਾਈਆ । ਮਾਝੇ ਵਾਲਿਆਂ ਦਾ ਛਤਰ ਵੇਖ ਲੈ ਨਾਲ ਧਿਆਨ, ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਅਸ਼ਟਭੁਜ ਕਹੇ ਮੈਂ ਵੇਖਿਆ ਛਤਰ ਮੋਰ ਪੰਖ, ਆਪਣਾ ਧਿਆਨ ਲਗਾਈਆ । ਮੇਰਾ ਕੂਕ ਪਿਆ ਸੰਖ, ਅਸੰਖ ਅਸੰਖਾਂ ਰਿਹਾ ਜਣਾਈਆ । ਉਹਦੀ ਆਵਾਜ਼ ਅਗੰਮੀ ਜਿਹੜੀ ਬੋਲੀ ਅਵਤਾਰ ਹੰਸ, ਆਪਣਾ ਰਾਗ ਅਲਾਈਆ । ਮੈਂ ਤਾਨ ਸੁਣਿਆ ਸਹੰਸ, ਸਹੰਸਰ ਮੁਖ ਨਾ ਕੋਇ ਚਤੁਰਾਈਆ । ਮੈਂ ਤੱਕਿਆ ਅਗੰਮਾ ਬੰਸ, ਜਿਸ ਦੀ ਬੰਸਰੀ ਵਾਲਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਆਸ ਤਕਾਈਆ । ਅਸ਼ਟਭੁਜ ਕਹੇ ਤੂੰ ਸਾਹਿਬ ਛਤਰਧਾਰੀ, ਸੁਲਤਾਨ ਇਕ ਅਖਵਾਈਆ । ਮੈਂ ਤੇਰਾ ਰੂਪ ਜੋਤ ਧਾਰ ਕਵਾਰੀ, ਚੰਦ ਤਕ ਜਗਤ ਵਿਚ ਸੁਹਾਈਆ । ਮੈਂ ਸਿੰਘ ਸ਼ੇਰ ਅਸਵਾਰੀ, ਤੂੰ ਸਿੰਘ ਸ਼ੇਰ ਬੇਪਰਵਾਹੀਆ । ਮੈਂ ਸੁੰਭ ਨਿਸੁੰਭ ਮਾਰ ਮਾਰੀ, ਆਪਣਾ ਬਲ ਪ੍ਰਗਟਾਈਆ । ਤੂੰ ਜੁਗ ਚੌਕੜੀ ਕਰੇ ਪਾਰ ਕਿਨਾਰੀ, ਵਡ ਦਾਤਾ ਬੇਪਰਵਾਹੀਆ । ਤੇਰੇ ਅੱਗੇ ਕੀ ਉਮਤ ਦੀ ਆਸਾ ਵਿਚਾਰੀ, ਗ਼ਰੀਬ ਨਿਮਾਣੀ ਨਜ਼ਰੀ ਆਈਆ । ਤੇਰਾ ਇਕ ਚਾਹੁੰਦੀ ਇਸ਼ਾਰੀ, ਇਸ਼ਾਰਾ ਦੇਵਾਂ ਥਾਂਉਂ ਥਾਈਆ । ਮੈਂ ਬਬੇਰੇ ਵੇਖੇ ਜੰਗਲ ਜੂਹ ਉਜਾੜ ਪਹਾੜੀ, ਟਿੱਲਿਆਂ ਖੋਜ ਖੁਜਾਈਆ । ਜਿਧਰ ਤੱਕਿਆ ਓਧਰ ਸਭ ਦੀ ਆਸ਼ਾ ਹੋਈ ਗ਼ਦਾਰੀ, ਸਚ ਰੂਪ ਨਾ ਕੋਇ ਜਣਾਈਆ । ਹਉਮੇ ਹੰਗਤਾ ਦੀ ਲੱਗੀ ਬੀਮਾਰੀ, ਤਬੀਬ ਸਕੇ ਨਾ ਕੋਇ ਬਚਾਈਆ । ਜੂਏ ਸਭ ਨੇ ਬਾਜ਼ੀ ਹਾਰੀ, ਹਿਰਦੇ ਹਰਿ ਨਾ ਕੋਇ ਵਸਾਈਆ । ਮੈਂ ਚੌਦਾਂ ਤਬਕਾਂ ਵੜ ਕੇ ਦੋ ਹੱਥਾਂ ਮਾਰਾਂ ਤਾੜੀ, ਤਾੜ ਕੇ ਦਿਤਾ ਸੁਣਾਈਆ । ਮੁਹੰਮਦਾ ਜਿਸ ਨੇ ਤੇਰੀ ਲਬ ਕਟਾਈ ਦਾੜ੍ਹੀ, ਦਾੜ੍ਹਾਂ ਹੇਠ ਸਰਬ ਚਬਾਈਆ । ਉਸ ਦੀ ਵੇਖ ਬਹਾਰੀ, ਕੀ ਸਾਹਿਬ ਰਿਹਾ ਵਖਾਈਆ । ਜਿਸ ਦਾ ਹੁਕਮ ਚਲਣਾ ਕਾਬਲ ਕੰਧਾਰੀ, ਕੰਧਾਂ ਤੋਂ ਪਰੇ ਦਏ ਸ਼ਨਵਾਈਆ । ਕਿਸੇ ਨੂੰ ਹੋਣ ਨਾ ਦੇਵੇ ਫ਼ਰਾਰੀ, ਦੂਰ ਦੁਰਾਡੇ ਫੜ ਲਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਅਸ਼ਟਭੁਜ ਕਹੇ ਪ੍ਰਭੂ ਉਮਤ ਦੀ ਆਸ਼ਾ ਦੂਰੋਂ ਮਾਰਦੀ ਝਾਤੀ, ਨਿਉਂ ਨਿਉਂ ਵੇਖ ਵਖਾਈਆ । ਅਸੀਂ ਪੈਗ਼ੰਬਰ ਮੰਨੇ ਜਿਹੜੇ ਤਤਾਂ ਵਾਲੇ ਬੰਦੇ ਖ਼ਾਕੀ, ਅੰਤ ਖ਼ਾਕ ਵਿਚ ਸਮਾਈਆ । ਚੜ੍ਹਦੇ ਦੁਲਦੁਲਾਂ ਉਤੇ ਰਾਕੀ,

੧੩੪੨
੨੨

ਰਕਾਬਾਂ ਵਿਚ ਪੈਰ ਟਿਕਾਈਆ । ਵਿਕਦੇ ਰਹੇ ਸ਼ਰਅ ਦੀ ਹਾਟੀ, ਜਗਤ ਵਣਜਾਰੇ ਵਣਜ ਕਰਾਈਆ । ਚੜ੍ਹਦੇ ਰਹੇ ਨਿੱਕੀ ਨਿੱਕੀ ਘਾਟੀ, ਮਜ਼੍ਹਬਾਂ ਦੀ ਚੋਟੀ ਕਦਮ ਟਿਕਾਈਆ । ਸੌਂਦੇ ਰਹੇ ਉਤੇ ਖਾਟੀ, ਆਸਣ ਤਨ ਵਜੂਦ ਲਗਾਈਆ । ਕਲਮਿਆਂ ਵਾਲੀ ਗਾਉਂਦੇ ਰਹੇ ਗਾਥੀ, ਵਾਹਿਦ ਲਾਸ਼ਰੀਕ ਇਕ ਮਨਾਈਆ । ਖੁਦਾ ਨੂੰ ਬਣਾਉਂਦੇ ਰਹੇ ਸਾਥੀ, ਆਪ ਸੰਗੀ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਬੇਪਰਵਾਹੀਆ । ਅਸ਼ਟਭੁਜ ਕਹੇ ਓਹ ਵੇਖ ਚੌਦਾਂ ਤਬਕ ਦੀ ਆਸ਼ਾ, ਉਦੇ ਅਸਤ ਧਿਆਨ ਲਗਾਈਆ । ਜਿਸ ਦਾ ਖੋਲ੍ਹਿਆ ਨਾ ਕਿਸੇ ਖੁਲਾਸਾ, ਪਰਦਾ ਸਕਿਆ ਨਾ ਕੋਇ ਜਣਾਈਆ । ਉਹ ਵੇਖਣ ਆਈ ਤੇਰਾ ਤਮਾਸ਼ਾ, ਧੁਰ ਦੇ ਮਾਲਕ ਬੇਪਰਵਾਹੀਆ । ਜਿਸ ਦਾ ਪਵਣ ਨਹੀਂ ਸਵਾਸਾ, ਸਾਹ ਸਾਹ ਨਾ ਕੋਇ ਵਡਿਆਈਆ । ਉਸ ਦੇ ਹੱਥ ਨਾ ਕੋਈ ਖੱਪਰ ਨਾ ਕੋਈ ਕਾਸਾ, ਕਸਮ ਖਾ ਕੇ ਰਹੀ ਜਣਾਈਆ । ਮੈਂ ਸਚ ਦੱਸਾਂ ਅਸ਼ਟਭੁਜ ਦੇਵੀ ਵਾਲੀ ਲਾਟਾ, ਦਰ ਤੇਰੇ ਸੀਸ ਨਿਵਾਈਆ । ਉਸ ਦਾ ਬਸਤਰ ਵੇਖ ਪਾਟਾ, ਸੀਸ ਓਢਣ ਨਾ ਕੋਇ ਜਣਾਈਆ । ਤਕ ਕੇ ਆਈ ਦੂਰ ਦੁਰਾਡੀਆਂ ਵਾਟਾਂ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਅਸ਼ਟਭੁਜ ਕਹੇ ਉਮਤ ਦੀ ਆਸ਼ਾ ਰਹੀ ਝੁਕ, ਝੁਕ ਝੁਕ ਸੀਸ ਨਿਵਾਈਆ । ਭਗਤਾਂ ਰਹੇ ਨਾ ਲੁਕ, ਓਹਲਾ ਦਏ ਮਿਟਾਈਆ । ਹੁਣ ਛੇਤੀ ਗਾਈਏ ਤੁਕ, ਇਕੋ ਨਾਮ ਧਿਆਈਆ । ਸਦੀ ਚੌਧਵੀਂ ਪੈਂਡਾ ਜਾਏ ਮੁਕ, ਅੱਗੇ ਰਹੇ ਨਾ ਰਾਈਆ । ਹੁਣ ਸਾਨੂੰ ਕਰੀਂ ਖ਼ੁਸ਼, ਖ਼ੁਦ ਖ਼ੁਦਾ ਤੇਰੀ ਸਰਨਾਈਆ । ਤੈਨੂੰ ਲਈਏ ਪੁਛ, ਪੁਸ਼ਤ ਪਨਾਹ ਹੱਥ ਟਿਕਾਈਆ । ਪਹਿਲੋਂ ਵੇਖੀਏ ਤੇਰੇ ਭਗਤ ਦੁਲਾਰੇ ਸੁਤ, ਜੋ ਭਗਤ ਦਵਾਰੇ ਡੇਰੇ ਲਾਈਆ । ਜਿਹਨਾਂ ਦੇ ਅੰਦਰੋਂ ਬਾਹਰੋਂ ਤੇਰਾ ਇਕੋ ਬੁਤ, ਬੁਤਖ਼ਾਨਿਆਂ ਵੱਜੇ ਵਧਾਈਆ । ਸਭ ਦਾ ਸਾਂਝਾ ਹੋ ਗਿਆ ਰੁਖ਼, ਮਾਰਗ ਇਕੋ ਨਜ਼ਰੀ ਆਈਆ । ਉਹ ਜੰਮ ਪਏ ਪ੍ਰਭੂ ਵਿਚੋਂ ਤੇਰੀ ਕੁੱਖ, ਤੂੰ ਬਣੇਂ ਜਣੇਂਦੀ ਮਾਈਆ । ਸਾਨੂੰ ਵੀ ਗਲੇ ਲਾਈਂ ਘੁੱਟ, ਆਪਣੇ ਅੰਗ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਮੁਹੰਮਦ ਦੀ ਆਸ਼ਾ ਕਹੇ ਪ੍ਰਭੂ ਤੇਰਾ ਸੋਹਣਾ ਸੱਚਾ ਦਰਬਾਰ, ਖ਼ੁਦ ਖ਼ੁਦਾ ਤੇਰੀ ਸਰਨਾਈਆ । ਤੂੰ ਵਾਹਿਦ ਪਰਵਰਦਿਗਾਰ, ਬੇਅੰਤ ਨੂਰ ਇਲਾਹੀਆ । ਖੇਲ ਕੀਤਾ ਅਗੰਮ ਅਪਾਰ, ਸੰਬਲ ਆਪਣਾਂ ਡੇਰਾ ਲਾਈਆ । ਮਾਝੇ ਵਾਲਿਆਂ ਪੂਰਾ ਕਰ ਇਕਰਾਰ, ਕੌਲ ਗੋਬਿੰਦ ਦਿਤਾ ਨਿਭਾਈਆ । ਜਿਨ੍ਹਾਂ ਦੇ ਹੱਥ ਵਿਚ ਤੇਰੀ ਧਾਰ, ਧਰਨੀ ਧਰਤ ਧਵਲ ਧੌਲ ਵੱਜੇ ਵਧਾਈਆ । ਉਨ੍ਹਾਂ ਦੇ ਛਤਰ ਛਾਇਆ ਹੇਠ ਤੇਰੀ ਚਰਨੀ ਝੁਕੀਏ ਸੱਚੀ ਸਰਕਾਰ, ਬਿਨਾ ਸਲਾਮ ਤੋਂ ਆਪਣਾ ਸਮਾਂ ਸਮਾਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਮੁਹੰਮਦ ਦੀ ਆਸ਼ਾ ਕਹੇ ਪਾਇਆ ਨੂਰ ਅਲਾਹ, ਆਲਮੀਨ ਸਰਨਾਈਆ । ਦਾਤਾ ਬੇਪਰਵਾਹ, ਬੇਐਬ ਧੁਰਦਰਗਾਹੀਆ । ਖ਼ੁਸ਼ੀ ਵਿਚ ਢੋਲੇ ਲਈਏ ਗਾ, ਗਾ ਗਾ ਸ਼ੁਕਰ ਮਨਾਈਆ । ਕਬੂਲ ਕਰੀਂ ਦੁਆ, ਦੋਏ ਜੋੜ ਵਾਸਤਾ ਪਾਈਆ । ਸਾਡੇ ਵਿਚੋਂ ਕਢ ਵਬਾ, ਦਵੈਤ ਰੋਗ ਰਹੇ ਨਾ ਰਾਈਆ । ਤੂੰ ਧੁਰ ਦਾ ਇਕੋ ਅੱਬਾ, ਆਬਰੂ ਸਾਡੀ ਲੈ ਬਚਾਈਆ । ਬਦਲ ਦੇ ਆਪਣੀ ਤਬਾ, ਤਬੀਅਤ ਸਾਡੀ ਵੇਖ ਵਖਾਈਆ । ਮਲੇਛਾਂ ਰਹੇ ਕੂੜ ਨਾ ਸਭਾ, ਸਤਿ ਸਚ ਲੈਣਾ ਪ੍ਰਗਟਾਈਆ । ਸਾਡਾ ਲੇਖ ਬਣਾ ਦੇ

ਕਗਾ, ਕਾਗ ਹੰਸ ਉਡਾਈਆ । ਹੁਣ ਤੇਰਾ ਇਕੋ ਵਧਣਾ ਅੱਗਾ, ਆਗਮਨ ਵਿਚ ਖ਼ੁਸ਼ੀ ਮਨਾਈਆ । ਤੇਰਾ ਰੂਪ ਸ਼ਬਦ ਧਾਰ ਬੱਗਾ, ਬਗਲਿਆਂ ਬਪੜਿਆਂ ਕਰੀਂ ਸਫ਼ਾਈਆ । ਪਵਿਤਰ ਕਰ ਦੇ ਕਾਇਆ ਹੱਡਾ, ਚੰਮ ਨਾੜੀ ਮਿਲੇ ਵਡਿਆਈਆ । ਜਿਹੜਾ ਧਰਮ ਨਿਸ਼ਾਨਾ ਗੱਡਾ, ਦੋ ਜਹਾਨਾਂ ਕਰੇ ਸਫ਼ਾਈਆ । ਸ਼ਰਅ ਦਾ ਰਹੇ ਕੋਇ ਨਾ ਅੱਡਾ, ਅੱਡੀ ਚੋਟੀ ਤਕ ਕਰੀਂ ਸਫ਼ਾਈਆ । ਮਜ਼੍ਹਬ ਮਜ਼੍ਹਬ ਨਾਲ ਕਰੇ ਕੋਇ ਨਾ ਦਗ਼ਾ, ਫਰੇਬੀ ਫਰੇਬੀ ਨਾ ਕਰੇ ਲੜਾਈਆ । ਸ਼ਰਅ ਦਾ ਸ਼ਰਅ ਨਾਲ ਹੋਵੇ ਨਾ ਲਬਾ, ਲੁਆਬ ਕੂੜ ਦੇਣਾ ਮੁਕਾਈਆ । ਆਪਣੇ ਖੇਲ ਦੀ ਦੱਸਦੇ ਵਜ੍ਹਾ, ਵਜੂਹਾਤ ਦੇ ਸਮਝਾਈਆ । ਤੇਰੀ ਅਸ਼ਟਭੁਜ ਧਾਰ ਕਿਉਂ ਉਸ ਵਿਚ ਕਰ ਕੇ ਆਈ ਗਜਾ, ਘਰ ਘਰ ਅੰਦਰ ਆਪਣਾ ਫੇਰਾ ਪਾਈਆ । ਅਸੀਂ ਤੇ ਚਲਣਾ ਤੇਰੀ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਤੇਰੀ ਸਰਨਾਈਆ । ਵੇਖੀਂ ਆਪਣੇ ਦਰ ਆਇਆਂ ਨੂੰ ਦੇਵੀਂ ਕਦੇ ਨਾ ਸਜ਼ਾ, ਸਜ਼ਾ ਵਿਚ ਨਾ ਕੋਇ ਸੁਕਾਈਆ । ਬਿਨਾ ਪ੍ਰਭੂ ਭਗਤ ਦਵਾਰ ਤੋਂ ਪਵਿਤਰ ਰਹੀ ਕੋਈ ਨਾ ਜਗ੍ਹਾ, ਜਾਗਰਤ ਰੂਪ ਨਾ ਕੋਇ ਦਰਸਾਈਆ । ਅਸੀਂ ਚਾਰ ਕੁੰਟ ਵਜਾ ਕੇ ਆਏ ਡਗਾ, ਡੌਰੂ ਤੇਰਾ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਉਮਤ ਆਸ਼ਾ ਕਹੇ ਉਹ ਮੈਂ ਆ ਗਈ ਭੱਜੀ ਨੱਠੀ, ਨੱਠ ਨੱਠ ਕੇ ਪੰਧ ਮੁਕਾਈਆ । ਮੈਂ ਚੌਦਾਂ ਸਦੀਆਂ ਦੀ ਬੱਧੀ ਗੱਠੀ, ਗਠੜੀ ਆਪਣੇ ਨਾਲ ਰਖਾਈਆ । ਜਿਸ ਵੇਲੇ ਭਗਤਾਂ ਦੀ ਹੱਦ ਟੱਪੀ, ਪਿਛਲਾ ਪੰਧ ਮੁਕਾਈਆ । ਮੈਨੂੰ ਮਿਲ ਪਿਆ ਨਾਰਦ ਪੰਡਤ ਗੱਪੀ, ਗਪੌੜਾ ਲਿਖ ਕੇ ਦਿਤਾ ਵਖਾਈਆ । ਕਮਲੀਏ ਹੁਣ ਪ੍ਰਭੂ ਦੀ ਧਾਰ ਰਹਿਣੀ ਨਹੀਂ ਛੱਪੀ, ਛੁਪਦੇ ਪਾਸੇ ਪਏ ਦੁਹਾਈਆ । ਔਹ ਵੇਖ ਮੁਹੰਮਦ ਦੀ ਭੱਠੀ ਤਪੀ, ਅਗਨੀ ਅੱਗ ਨਾ ਕੋਇ ਬੁਝਾਈਆ । ਕਿਸੇ ਦਾ ਰਹਿਣਾ ਨਹੀਂ ਕੋਈ ਹਿੱਸਾ ਪੱਤੀ, ਜੰਮੂ ਵਾਲਿਆਂ ਦੇ ਪੰਜ ਪੱਤੇ ਦੇਣ ਗਵਾਹੀਆ । ਇਹ ਲੇਖਾ ਮੁਹੰਮਦ ਨੇ ਲਿਖ ਕੇ ਤੇ ਫੇਰ ਚੌਦਾਂ ਵੇਰ ਵੇਖਿਆ ਸੀ ਆਪਣੀ ਅੱਖੀਂ, ਅੱਖ ਅੱਖ ਵਿਚੋਂ ਖੁਲ੍ਹਾਈਆ । ਫੇਰ ਮੌਲੀ ਦੀ ਧਾਰ ਆਪਣੇ ਹੱਥ ਰੱਖੀ, ਰੱਖ ਕੇ ਦਿਤੀ ਵਖਾਈਆ । ਫੇਰ ਆਸ਼ਾ ਮੁਹੰਮਦ ਦੀ ਓਸ ਅਗੰਮੀ ਨੂਰ ਦੇ ਦਰ ਤੇ ਢੱਠੀ, ਜਿਸ ਦਾ ਨੂਰ ਨੂਰ ਵਿਚੋਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਮੁਹੰਮਦ ਦੀ ਆਸ਼ਾ ਕਹੇ ਓ ਓਹ ਮੇਰੀ ਉਮਤ ਦਾ ਸਦਕਾ, ਸਦ ਸਦ ਸੀਸ ਨਿਵਾਈਆ । ਮੈਂ ਰਾਹ ਉਡੀਕਾਂ ਕਦ ਕਾ, ਕਦੀਮ ਦੇ ਮਾਲਕ ਬੇਪਰਵਾਹੀਆ । ਧੰਨ ਭਾਗ ਜੇ ਮਾਲਕ ਬਣੇਂ ਮੇਰੀ ਯਦ ਕਾ, ਯਾਦਵ ਬੰਸੀ ਗਵਾਹ ਬਣਾਈਆ । ਮੈਂ ਪੈਂਡਾ ਛਡ ਦੇਣਾ ਚੌਦਾਂ ਤਬਕਾਂ ਦੀ ਹੱਦ ਕਾ, ਹਦੂਦ ਤੇਰੀ ਵਿਚ ਸਮਾਈਆ । ਜਿਹੜਾ ਸਦਾ ਆਪਣੇ ਵਿਚੋਂ ਸਭ ਨੂੰ ਕਢਦਾ, ਕਢ ਕੇ ਆਪਣੇ ਵਿਚ ਮਿਲਾਈਆ । ਤੇਰਾ ਖੇਲ ਵੇਖਿਆ ਮਾਸ ਨਾੜੀ ਹੱਡ ਦਾ, ਹੱਡੀਆਂ ਵਿਚੋਂ ਆਪਣਾ ਆਪ ਬਦਲਾਈਆ । ਹੁਣ ਵੇਸ ਵਟਾ ਲਿਆ ਸੂਰੇ ਸਰਬਗ ਦਾ, ਸੂਰਬੀਰ ਇਕ ਹੋ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਉਮਤ ਦੀ ਆਸ਼ਾ ਕਹੇ ਕੀ ਖੇਲ ਦੱਸੀਏ ਹਾਲੀ, ਹਾਲਤ ਬਦਲੀ ਲੋਕਾਈਆ । ਉਹ ਵੇਖੋ ਨਾਰਦ ਲਾਲ ਰੰਗ ਦਾ ਡੱਬਾ ਲੈ ਕੇ ਖ਼ਾਲੀ, ਖ਼ਾਲੀ ਘਰਾਣੇ ਰਿਹਾ ਵਖਾਈਆ । ਇਹ ਖਿਆਲ ਮੁਹੰਮਦ ਨੇ ਉਦੋਂ ਕੀਤਾ ਸੀ ਜਿਸ ਵੇਲੇ ਅਲੀ ਦੇ ਨਾਲ ਮਿਲਾਇਆ ਸੀ ਆਲੀ, ਆਲੀਸ਼ਾਨ ਦਾ ਨੂਰ ਵੇਖ ਕੇ ਆਪਣਾ ਸੀਸ ਨਿਵਾਈਆ । ਮੇਰੀ ਸਦੀ ਚੌਧਵੀ ਵਿਚ

੧੩੪੪
੨੨

ਜਿਸ ਵੇਲੇ ਹੋਵੇ ਚਾਲੀ, ਚਾਰੋਂ ਕੁੰਟ ਅੰਧੇਰਾ ਛਾਈਆ । ਉਮਤ ਦੀ ਉਮਤ ਭਰੇ ਨਾ ਕੋਇ ਦਲਾਲੀ, ਵਿਚੋਲਾ ਨਜ਼ਰ ਕੋਇ ਨਾ ਆਈਆ । ਮੇਰੇ ਬਾਗ ਦਾ ਰਹਿਣਾ ਨਹੀਂ ਕੋਈ ਮਾਲੀ, ਮਾਲਵੇ ਵਾਲੇ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਪ੍ਰਗਟਾਈਆ । ਖ਼ਾਲੀ ਡੱਬਾ ਕਹੇ ਨੀ ਉਮਤ ਦੀਏ ਆਸ਼ੇ, ਇਸ਼ਾਰੇ ਨਾਲ ਦ੍ਰਿੜਾਈਆ । ਨੀ ਕਲਜੁਗ ਦੀਏ ਸ਼ਾਖ਼ੇ, ਤੈਨੂੰ ਸ਼ਖ਼ਸੀਅਤ ਇਕ ਦ੍ਰਿੜਾਈਆ । ਨੀ ਫੜਨ ਵਾਲੀਏ ਮਿੱਟੀ ਕੇ ਕਾਸੇ, ਕਸਮਾਂ ਖਾ ਕੇ ਝਟ ਲੰਘਾਈਆ । ਤੂੰ ਹੁਣ ਹੋ ਜਾ ਓਸ ਪਾਸੇ, ਜਿਥੇ ਦੂਜਾ ਪਾਸਾ ਨਜ਼ਰ ਕੋਇ ਨਾ ਆਈਆ । ਉਮਤ ਦੀ ਆਸ਼ਾ ਕਹੇ ਸ਼ਾਬਾਸ਼ ਸ਼ਾਬਾਸੇ, ਸੋਹਣੀ ਗੱਲ ਸੁਣਾਈਆ । ਅਸੀਂ ਓਸੇ ਦੇ ਹੁਕਮ ਵਾਚੇ, ਜੋ ਬਿਨਾ ਪਤਰਕਾ ਰਿਹਾ ਦ੍ਰਿੜਾਈਆ । ਸਾਨੂੰ ਪਤਾ ਲੱਗ ਗਿਆ ਸਾਡਾ ਨਾਤਾ ਟੁੱਟ ਜਾਣਾ ਜੋ ਪੈਗ਼ੰਬਰ ਬਣੇ ਸਾਡੇ ਚਾਚੇ, ਇਕੋ ਅੱਬਾ ਜਾਨ ਇਕੋ ਅੰਮੀ ਹੋਣੀ ਧੁਰ ਦੀ ਮਾਈਆ । ਸਹਾਰੇ ਰਹਿਣੇ ਨਹੀਂ ਕਾਇਆ ਮਾਟੀ ਕਾਚੇ, ਕੰਚਨ ਗੜ੍ਹ ਨਾ ਕੋਇ ਵਡਿਆਈਆ । ਹੁਣ ਚੌਦਾਂ ਤਬਕਾਂ ਵਿਚ ਮੁਹੰਮਦ ਦੀ ਖ਼ਾਹਿਸ਼ ਨਾਚੇ, ਨੱਚ ਨੱਚ ਆਪਨਾ ਹਾਲ ਸੁਣਾਈਆ । ਕਿਉਂ ਸਭ ਨੂੰ ਵੱਜਣ ਵਾਲੇ ਤਮਾਚੇ, ਤਮ੍ਹਾ ਦੇ ਝਗੜੇ ਦੇਣੇ ਗਵਾਈਆ । ਜਿਸ ਕਾਰਨ ਉਮਤ ਨੇ ਕਟੇ ਫ਼ਾਕੇ, ਰੋਜ਼ੇ ਰੱਖ ਕੇ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਦੁਰਗਾ ਕਹੇ ਅਸ਼ਟਭੁਜ ਕਹੇ ਕਹਿ ਕੇ ਸੁਣਾਏ ਉਫ਼ ਹਾਏ, ਦੁਹਾਈ ਤੇਰਾ ਨਾਮ ਦੁਹਾਈਆ । ਤੇਰਾ ਨੂਰ ਅਲਾਹ ਬੇਪਰਵਾਹੇ ਦਿਸ ਨਾ ਆਏ, ਦੋ ਜਹਾਨ ਅੱਖ ਉਠਾਈਆ । ਜੋ ਤੇਰੀ ਧਾਰ ਜਾਏ, ਅੰਤ ਤੇਰੇ ਵਿਚ ਸਮਾਏ, ਮੁੜ ਕੇ ਫੇਰ ਕਦੇ ਨਾ ਆਏ, ਕਦੀਮ ਦੇ ਮਾਲਕ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਨੀ ਮੈਂ ਆ ਗਿਆ ਦੌੜਾ, ਆਪਨਾ ਪੰਧ ਮੁਕਾਈਆ । ਤੈਨੂੰ ਨਹੀਂ ਪਤਾ ਪ੍ਰਭ ਦਾ ਕਿੱਡਾ ਲੰਮਾ ਚੌੜਾ ਪੌੜਾ, ਪੌੜੀਆਂ ਚੜ੍ਹਨ ਵਾਲੇ ਗੁਰ ਅਵਤਾਰ ਪੈਗ਼ੰਬਰ ਚੌਥੇ ਡੰਡੇ ਤੋਂ ਉਪਰ ਹੱਥ ਨਾ ਕੋਇ ਟਿਕਾਈਆ । ਜਿਨ ਦੱਸਿਆ ਕਹਿ ਕੇ ਗਿਆ ਬੜਾ ਰਾਹ ਸੌੜਾ, ਭੀੜੀ ਗਲੀ ਵਿਚ ਕੁਰਲਾਈਆ । ਮਨ ਨੂੰ ਬਣਾ ਕੇ ਭੌਰਾ, ਘੁੰਮਰ ਵਿਚ ਘੁੰਮਾਈਆ । ਪੱਥਰਾਂ ਇੱਟਾਂ ਅੱਖਰਾਂ ਕਾਗ਼ਜ਼ਾਂ ਉਤੇ ਕਰਾ ਕੇ ਚੌਰਾ, ਜਗਤ ਵਿਚ ਦਿਤੀ ਵਡਿਆਈਆ । ਬਿਨਾ ਪ੍ਰਭੂ ਦੀ ਕਿਰਪਾ ਤੋਂ ਕਿਸੇ ਦੇ ਸਿਰ ਤੇ ਹੋਇਆ ਕਦੇ ਨਹੀਂ ਛੌਰਾ, ਛੋਹਰ ਬਾਂਕਾ ਨਜ਼ਰ ਕੋਇ ਨਾ ਆਈਆ । ਨਾਰਦ ਕਹੇ ਨੀ ਉਮਤ ਦੀ ਆਸ਼ੇ ਔਹ ਵੇਖ ਜਿਸ ਨੇ ਭਗਤਾਂ ਦੇ ਨਿਸ਼ਾਨ ਲਾਇਆ ਉਪਰ ਮੌਰਾਂ, ਮੋਹਰ ਆਪਨੀ ਦਿਤੀ ਲਗਾਈਆ । ਜਿਹਨੂੰ ਸਾਰਿਆਂ ਮੰਨਿਆ ਜਾਣਿਆ ਕਿ ਉਸ ਨੇ ਵੇਸ ਧਰਨਾ ਆਪਨਾ ਬ੍ਰਾਹਮਣ ਗੌੜਾ, ਗਉੜੀ ਰਾਗ ਗਾਉਣ ਵਾਲਿਆਂ ਦਏ ਸਮਝਾਈਆ । ਮੁਹੰਮਦ ਨੇ ਇੱਕੀ ਵਾਰ ਫ਼ਾਤਮਾ ਦੇ ਸਿਰ ਤੇ ਰੱਖਿਆ ਸੀ ਕਾਲਾ ਤੌੜਾ, ਉਨੀ ਉਂਗਲਾਂ ਉਤੇ ਭਵਾਈਆ । ਜਿਸ ਵੇਲੇ ਪ੍ਰਭ ਦੀ ਜੋਤ ਤੇ ਸ਼ਬਦ ਦੋਹਾਂ ਦਾ ਬਣ ਗਿਆ ਜੋੜਾ, ਜੋੜੀ ਵਾਲਾ ਗੁਰੂ ਰਹਿਣ ਕੋਇ ਨਾ ਪਾਈਆ । ਸਭ ਦਾ ਹੋ ਜਾਣਾ ਵਿਛੋੜਾ, ਵਿਛੜਿਆਂ ਮੇਲ ਨਾ ਕੋਇ ਵਖਾਈਆ । ਫੇਰ ਚੌਦਾਂ ਤਬਕਾਂ ਵਿਚ ਪੈ ਜਾਣਾ ਲੋਹੜਾ, ਹਾਏ ਹਾਏ ਕਰ ਸੁਣਾਈਆ । ਇਕੋ ਸਤਿਗੁਰ ਸ਼ਬਦ ਤੇ ਸ਼ਬਦ ਦਾ ਫਿਰਨਾ ਘੋੜਾ, ਤੇ ਘੋੜ ਸਵਾਰਾਂ ਦੇ ਲੇਖੇ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਰੇ ਖੇਲ ਸਾਚਾ

ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਨੀ ਉਮਤ ਦੀਏ ਖ਼ਾਹਿਸ਼ੇ, ਤੈਨੂੰ ਖ਼ਸੂਸੀਅਤ ਦਿਆਂ ਜਣਾਈਆ । ਤੂੰ ਬੜੇ ਖੇਲ ਕੀਤੇ ਫ਼ਾਹਿਸ਼ੇ, ਆਪਣਾ ਆਪ ਬਦਲਾਈਆ । ਜਗਤ ਮਾਣੇ ਰੰਗ ਤਮਾਸ਼ੇ, ਵਾਸ਼ਨਾ ਵਿਚ ਹਲਕਾਈਆ । ਆਬੇਹਯਾਤ ਮਿਲਿਆ ਨਾ ਕਿਸੇ ਕਾਸੇ, ਕਸਮ ਨਾਲ ਸੁਣਾਈਆ । ਉਹਨਾਂ ਵੇਖ ਫਲ ਰਿਹਾ ਕਿਸੇ ਨਾ ਸ਼ਾਖ਼ੇ, ਸ਼ਨਾਖ਼ਤ ਕਰਨ ਵਾਲੇ ਬੈਠੇ ਮੁਖ ਭਵਾਈਆ । ਸਭ ਦੇ ਚੇਹਰੇ ਅੰਤ ਉਦਾਸੇ, ਖ਼ੁਸ਼ੀ ਖ਼ੁਸ਼ੀ ਨਾ ਕੋਇ ਜਣਾਈਆ । ਜਿਸ ਮੁਹੰਮਦ ਦੇ ਬੈਠ ਰਿਹੋਂ ਭਰਵਾਸੇ, ਉਹ ਪਲੂ ਰਿਹਾ ਛੁਡਾਈਆ । ਨਾਮ ਪਿਆਰ ਹਕੀਕੀ ਰਿਹਾ ਨਾ ਮਜਾਜ਼ੇ, ਮਜਾਜ਼ੀ ਨਜ਼ਰ ਕੋਇ ਨਾ ਆਈਆ । ਸਭ ਦੇ ਵੱਲੋਂ ਕੋਰਾ ਹੋ ਗਿਆ ਜਵਾਬੇ, ਅੱਗੇ ਆਸ ਨਾ ਕੋਇ ਤਕਾਈਆ । ਹੁਣ ਉਸ ਖ਼ੁਦਾ ਦੇ ਮੇਟੇ ਖੁਆਬੇ, ਜੋ ਖ਼ਬਰ ਸੁਣੇ ਥਾਂਉਂ ਥਾਈਆ । ਜਿਸ ਨੇ ਸਭ ਨੂੰ ਆਪਣੇ ਕਰਨਾ ਤਾਬੇ, ਤਾਬਿਆਦਾਰੀ ਵਿਚ ਰਖਾਈਆ । ਜੋ ਲੇਖ ਲਿਖਿਆ ਨਾਨਕ ਨਾਨਕ ਨਾਨਕ ਦੇ ਬਾਬੇ, ਜਿਸ ਬਾਬੇ ਨੂੰ ਬਾਬਲ ਕਹਿ ਕੇ ਗਿਆ ਗਾਈਆ । ਕਿਉਂ ਉਹ ਆ ਗਿਆ ਵਿਚ ਦੇਸ ਮਾਝੇ, ਮਜਲਸ ਭਗਤਾਂ ਨਾਲ ਰਖਾਈਆ । ਓਹ ਮਸਤਕ ਧਰਮ ਨਿਸ਼ਾਨੇ ਗਾਡੇ, ਗਾਡ ਹੋ ਕੇ ਮਸਤਕ ਟਿੱਕੇ ਦਏ ਲਗਾਈਆ । ਜਿਸ ਨੇ ਪਿਛਲੇ ਸਾਰੇ ਵਣਜਾਰੇ ਛਾਡੇ, ਅਗਲਾ ਵਣਜ ਇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ ।

ਨਾਰਦ ਕਹੇ ਬ੍ਰਾਹਮਣ ਗੌੜ ਦਾ ਵੇਖ ਲਓ ਰੂਪ, ਰੁਪੇ ਸੋਨੇ ਵਾਲਿਓ ਧਿਆਨ ਲਗਾਈਆ । ਜਿਸ ਨੂੰ ਸਾਰਿਆਂ ਕਹਿਣਾ ਭੂਪ, ਸ਼ਹਿਨਸ਼ਾਹ ਧੁਰਦਰਗਾਹੀਆ । ਜਿਸ ਦੇ ਗਲ ਕੱਪੜਾ ਨਹੀਂ ਕੋਈ ਸੂਤ, ਸੂਤਰਧਾਰੀ ਆਪਣੀ ਕਲ ਵਰਤਾਈਆ । ਕਰਾਏ ਸਭ ਦੇ ਕੂਚ, ਕੂਚੇ ਗਲੀ ਵੇਖ ਵਖਾਈਆ । ਬ੍ਰਾਹਮਣ ਗੌੜ ਨਹੀਂ ਉਹ ਸਤਿਗੁਰ ਸ਼ਬਦ ਦਾ ਦੂਤ, ਦੁਤੀਆ ਭਾਓ ਦਏ ਚੁਕਾਈਆ । ਜਿਸ ਨੇ ਕਲਜੁਗ ਦਾ, ਆਵਾ ਕਰਨਾ ਊਤ, ਉਤਲੇ ਹੇਠਾਂ ਦਏ ਸੁਟਾਈਆ । ਕੂੜ ਕੁਕਰਮ ਦੇ ਬਣਾ ਕੇ ਕਪੂਤ, ਕਰਮ ਕਾਂਡ ਦਾ ਲੇਖਾ ਦਏ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਦੇਸ਼ਾ ਇਕ ਸੁਣਾਈਆ । ਬ੍ਰਾਹਮਣ ਗੌੜ ਕਿਸੇ ਨਾ ਜਾਣਿਆ ਕਵਣ ਧਾਰ, ਅੱਖਰਾਂ ਵਿਚ ਲਿਖ ਲਿਖ ਕੇ ਸਾਰੇ ਖ਼ੁਸ਼ੀ ਮਨਾਈਆ । ਜਿਹੜਾ ਤਤ ਵਜੂਦ ਤੋਂ ਬਾਹਰ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਵਸੇ ਸਚਖੰਡ ਦਵਾਰ, ਸਚ ਸਾਚੇ ਸੋਭਾ ਪਾਈਆ । ਜਿਹੜਾ ਤਤਾਂ ਵਾਲਾ ਤਤ ਭੇਜੇ ਅਵਤਾਰ, ਅਵਤਰ ਆਪਣੀ ਕਾਰ ਕਮਾਈਆ । ਉਹ ਬ੍ਰਾਹਮਣ ਗੌੜ ਜਿਹੜਾ ਜਨਮੇ ਮਰੇ ਨਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਜਿਸ ਦੀ ਸੇਵ ਕਮਾਈਆ । ਇਹ ਖੇਲ ਉਸ ਦਾ ਅਪਾਰ, ਅਪਰੰਪਰ ਸਵਾਮੀ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਬ੍ਰਾਹਮਣ ਗੌੜ ਕਹੇ ਮੈਂ ਆ ਗਿਆ ਧੁਰ ਦਾ ਰਾਹੀ, ਰਾਹੀਓ ਤੁਹਾਨੂੰ ਦਿਆਂ ਜਣਾਈਆ । ਸਾਰੇ ਬਲ ਵਖਾਓ ਆਪਣੀ ਬਾਹੀਂ, ਬਾਹੂ ਬਲ ਪ੍ਰਗਟਾਈਆ । ਮੇਰਾ ਆਉਣਾ ਉਸ ਵੇਲੇ ਜਿਸ ਵੇਲੇ ਪਿਆਰ ਰਿਹਾ ਨਹੀਂ ਭਾਈ ਭਾਈ, ਸੱਜਣ ਮੀਤ ਨਜ਼ਰ ਕੋਇ ਨਾ ਆਈਆ । ਯਾਦ ਰੱਖਿਓ ਮੈਂ ਹਾਜ਼ਰ ਸਾਂ ਜਿਸ ਵੇਲੇ ਗੋਬਿੰਦ ਨੇ ਬੂਟਾ ਪੁੱਟਿਆ ਕਾਹੀ, ਕਾਇਨਾਤ ਦੀ ਜੜ੍ਹ ਦਿਤੀ ਹਿਲਾਈਆ । ਓਸ ਵੇਲੇ ਮੁਹੰਮਦ ਨੇ ਦਿਤੀ ਸੀ ਦੁਹਾਈ, ਆਪਣੀ ਉਮਤ ਦੀ ਆਸਾ ਵਿਚ ਟਿਕਾਈਆ । ਓਹ ਜਿਸ ਵੇਲੇ ਆਇਆ ਮੇਰਾ ਸ਼ਹਿਨਸ਼ਾਹ ਸੰਮਤ ਸੱਤ ਵਿਚ ਸ਼ਹਿਨਸ਼ਾਹੀ, ਤੇ ਸ਼ਾਹੀ ਸਭ ਦੀ ਦਏ ਬਦਲਾਈਆ । ਉਹਦਾ ਵੇਸ

ਹੋਣਾ ਖੇਲ ਪ੍ਰਦੇਸ ਹੋਣਾ ਨਰ ਨਰੇਸ਼ ਹੋਣਾ ਤੇ ਦੁਨੀਆ ਵਿਚ ਕੰਮ ਕਰੇਗਾ ਵਾਹੀ, ਵਾਹਿਦੇ ਆਪਣੇ ਪੂਰ ਕਰਾਈਆ । ਬ੍ਰਾਹਮਣ ਗੌੜ ਬਣ ਕੇ ਆਪਣੀ ਮੋਹਰ ਲਗਾ ਕੇ ਸਭ ਦੀ ਕਰ ਦੇਵੇਗਾ ਤਬਾਹੀ, ਤਾਕਤਵਰ ਨਜ਼ਰ ਕੋਇ ਨਾ ਆਈਆ । ਇਕ ਆਸ਼ਾ ਆਪਣੀ ਜਿਹੜੀ ਮੁਹੰਮਦ ਦੀ ਧਾਰ ਵਿਚੋਂ ਜਾਈ, ਜਿਸ ਨੂੰ ਜੰਮਣ ਵਾਲੀ ਅਵਰ ਕੋਇ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੁਹੰਮਦ ਕਹੇ ਮੈਂ ਸੁਣਿਆ ਕਲਮਾ ਕਲਮਾ ਸਚ ਖੁਸ਼ਖ਼ਬਰੀ, ਖ਼ੁਸ਼ੀਆਂ ਵਿਚ ਦ੍ਰਿੜਾਈਆ । ਜਿਸ ਵੇਲੇ ਮਾਣ ਰਿਹਾ ਨਾ ਮਸੀਤਾਂ ਮੰਦਰੀਂ, ਮੰਦਰ ਵੱਜੇ ਨਾ ਕੋਇ ਵਧਾਈਆ । ਓਸ ਵੇਲੇ ਮੇਰੇ ਮਾਲਕ ਨੇ ਭਾਗ ਲਗਾਉਣਾ ਕਾਇਆ ਅੰਦਰੀਂ, ਅੰਦਰੇ ਅੰਦਰ ਖੇਲ ਖਿਲਾਈਆ । ਖੋਲ੍ਹ ਕਪਾਟੀ ਜੰਦਰੀ, ਪੜਦਾ ਦੇਣਾ ਉਠਾਈਆ । ਦੁਨੀਆ ਦੀ ਖ਼ਾਹਿਸ਼ ਹੋਣੀ ਚੰਦਰੀ, ਚੰਦ ਸਿਤਾਰਾ ਦਏ ਦੁਹਾਈਆ । ਸਭ ਦੀ ਤ੍ਰਿਸ਼ਨਾ ਹੋਣੀ ਅੰਨ ਦੀ, ਪ੍ਰਭ ਦਾ ਧਿਆਨ ਨਾ ਕੋਇ ਰਖਾਈਆ । ਸਭ ਦੀ ਆਸ਼ਾ ਵਧ ਜਾਣੀ ਮਨ ਦੀ, ਮਨੂਆ ਮਨ ਨਾ ਕੋਇ ਸਮਝਾਈਆ । ਤ੍ਰਿਸ਼ਨਾ ਮਿਟਣੀ ਨਹੀਂ ਤਮ ਦੀ, ਤ੍ਰਿਖਾ ਦੂਰ ਨਾ ਕੋਇ ਕਰਾਈਆ । ਗੁਰੂਆਂ ਚੇਲਿਆਂ ਦੀ ਧਾਰ ਬਣ ਜਾਣੀ ਚੁਗਲੀ ਨਿੰਦਿਆ ਕੰਨ ਦੀ, ਕੂਕ ਕੂਕ ਸੁਣਾਈਆ । ਸਚ ਆਵਾਜ਼ ਰਹਿਣੀ ਨਹੀਂ ਕਿਸੇ ਟੱਲ ਦੀ, ਟੱਲੀਆਂ ਰੋਵਣ ਮਾਰਨ ਧਾਈਆ । ਫਿਰ ਆਸ਼ਾ ਪੂਰੀ ਕਰਨੀ ਬਲ ਦੀ, ਜੋ ਬਾਵਨ ਹੋ ਕੇ ਆਇਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਭੇਵ ਆਪ ਖੁਲ੍ਹਾਈਆ । ਹਾੜ ਸਤਾਰਾਂ ਕਹੇ ਮੈਂ ਬੜੇ ਸੁਣੇ ਕਲਮੇ, ਕਲਮਾਂ ਲਿਖ ਲਿਖ ਗਈਆਂ ਆਪਣਾ ਬਲ ਲਗਾਈਆ । ਮੈਂ ਬੜੇ ਵੇਖੇ ਲਮਹੇ, ਜੋ ਲੰਮੇ ਪੈ ਕੇ ਸੀਸ ਨਿਵਾਈਆ । ਮੈਂ ਨਾਮ ਦੇ ਮਿਲਦੇ ਵੇਖੇ ਤਗ਼ਮੇ, ਜੋ ਗੁਰ ਅਵਤਾਰ ਪੈਗ਼ੰਬਰਾਂ ਤਨ ਲਟਕਾਈਆ । ਸੁਣੇ ਸ਼ਬਦ ਦੇ ਨਗ਼ਮੇ, ਜੋ ਨਾਦ ਧੁਨ ਕਰੇ ਸ਼ਨਵਾਈਆ । ਜਗਤ ਦੀ ਧਾਰ ਵੇਖੇ ਚਸ਼ਮੇ, ਅੱਠ ਸੱਠ ਤੀਰਥ ਫੇਰੀਆਂ ਪਾਈਆ । ਸਾਧਾਂ ਸੰਤਾਂ ਦੇ ਵੇਖੇ ਕ੍ਰਿਸ਼ਮੇ, ਕ੍ਰਿਸ਼ਨ ਦੀ ਰਾਸ ਆਪਣਾ ਰੰਗ ਰੰਗਾਈਆ । ਬਿਨਾ ਪ੍ਰਭੂ ਦੀ ਧਾਰ ਤੋਂ ਸਚਖੰਡ ਮੂਲ ਕੋਈ ਨਾ ਵਸਣੇ, ਵਸਲ ਮਿਲੇ ਨਾ ਯਾਰ ਅਲਾਹੀਆ । ਹੁਣ ਦੀਨਾਂ ਮਜ਼੍ਹਬਾਂ ਵਾਲੇ ਸਾਰੇ ਫਸਣੇ, ਫ਼ੈਸਲਾ ਸਕੇ ਨਾ ਕੋਇ ਕਰਾਈਆ । ਅੰਤ ਸਭ ਦੇ ਸੂਰੀਆ ਛੁਪਣੇ, ਛੱਪਾ ਮਾਰੇ ਧੁਰਦਰਗਾਹੀਆ । ਚਾਰੋਂ ਕੁੰਟ ਅੰਗਿਆਰੇ ਤਪਣੇ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਭ ਨੇ ਆਪਣੇ ਘਰੇ ਟੱਪਣੇ, ਧਰਮ ਵਿਚ ਨਜ਼ਰ ਕੋਇ ਨਾ ਆਈਆ । ਯਾਦ ਕਰ ਲਓ ਕਿਉਂ ਗੋਬਿੰਦ ਨੇ ਜਨਮ ਲਿਆ ਸੀ ਵਿਚ ਪਟਨੇ, ਪੰਜਾਬ ਨੂੰ ਛਡ ਕੇ ਤੇਗ਼ ਬਹਾਦਰ ਆਪਣਾ ਪੰਧ ਮੁਕਾਈਆ । ਜਿਸ ਵੇਲੇ ਹੁਕਮਨਾਮੇ ਅੱਖਰਾਂ ਵਿਚ ਕਿਸੇ ਨਹੀਂ ਰਟਣੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਓ ਮੇਰਿਆ ਮਾਲਕਾ, ਖ਼ਲਕ ਦਿਆ ਖ਼ਾਲਕਾ, ਓ ਖ਼ਾਲਸੇ ਦਿਆ ਖ਼ਾਲਸਾ, ਖ਼ਾਲਸ ਦੇ ਦ੍ਰਿੜਾਈਆ । ਹੁਣ ਕਰੀਂ ਨਾ ਕਿਸੇ ਨਾਲ ਨਾਲਸ਼ਾ, ਜਗਤ ਜਹਾਨ ਵੇਖ ਸਾਜ਼ਸ਼ਾ, ਮਨ ਦੀਆਂ ਵੇਖ ਵਾਸ਼ਨਾ, ਘਰ ਘਰ ਅਗਨ ਲਗਾਈਆ । ਸਾਧ ਸੰਤ ਵੇਖ ਰੂਪ ਬਣਿਆ ਰਾਕਸ਼ਾ, ਠੱਗ ਚੋਰ ਡਾਕੂ ਕਰਦੇ ਮਾਲਸ਼ਾ, ਧਰਮ ਦੀ ਧਾਰ ਵਿਚ ਚਲਣ ਵਾਲੇ ਮੁਖ ਦੇ ਉਤੇ ਕਰਦੇ ਪਾਲਿਸ਼ਾ, ਕੂੜੀ ਕਿਰਿਆ ਰੰਗ ਚਮਕਾਈਆ । ਸਤਿ ਧਰਮ ਦਾ ਦਿਸੇ ਕੋਈ ਨਾ ਰਾਸਤਾ, ਤੇਰੇ ਪ੍ਰੇਮ ਦਾ ਲੱਭੇ ਕੋਇ ਨਾ ਬਰਾਸਤਾ, ਜਗਤ ਵਾਸਨਾ ਵਿਚ ਪੈ ਗਿਆ ਸਭ ਦਾ ਵਾਸਤਾ, ਵਾਸਤਕ ਤੇਰਾ ਰੂਪ ਨਜ਼ਰ ਕਿਸੇ ਨਾ ਆਈਆ । ਹੁਣ

ਹਾਲ ਵੇਖ ਲੈ ਸ਼ੰਕਰ ਵਾਲੇ ਕੈਲਾਸ਼ ਦਾ, ਖੇਲ ਤਕ ਲੈ ਬ੍ਰਹਮੇ ਵਾਲੇ ਪ੍ਰਕਾਸ਼ ਦਾ, ਨੂਰ ਵੇਖ ਲੈ ਵਿਸ਼ਨੂੰ ਵਾਲੇ ਅਹਿਸਾਸ ਦਾ, ਅਸਲ ਆਪਣਾ ਪੜਦਾ ਲਾਹੀਆ । ਹੁਣ ਰੂਪ ਤਕ ਲੈ ਸਦੀ ਚੌਧਵੀਂ ਉਮਤ ਦੀ ਆਸ਼ਾ ਗੋਲੀ ਦੇ ਮੁਖ ਵਿਚ ਅਗੰਮਾ ਰੂਪ ਗੁਲਾਬ ਦਾ, ਗੁੱਲ ਖਿਲਿਆ ਨਜ਼ਰ ਕਿਤੇ ਨਾ ਆਈਆ । ਹੁਣ ਵੇਖਿਓ ਕੀ ਖੇਲ ਹੁੰਦਾ ਪੰਜ ਆਬ ਦਾ, ਫੇਰ ਝਗੜਾ ਵੇਖਿਓ ਬਗ਼ਦਾਦ ਦਾ, ਫੇਰ ਹੁਕਮ ਸੁਣਿਉ ਉਸ ਅਹਿਬਾਬ ਦਾ, ਜੋ ਮਿੱਤਰ ਪਿਆਰਾ ਨੂਰ ਇਲਾਹੀਆ । ਕੀ ਖੇਲ ਹੋਣਾ ਸਮਾਜ ਦਾ, ਕੀ ਸੰਦੇਸਾ ਹੋਣਾ ਅਰਸ਼ੀ ਆਵਾਜ਼ ਦਾ, ਜਿਸ ਨੂੰ ਫ਼ਰਸ਼ ਉਤੇ ਸੁਣਨ ਵਾਲਾ ਨਜ਼ਰ ਕੋਇ ਨਾ ਆਈਆ । ਝਗੜਾ ਮੁਕਣਾ ਰੋਜ਼ਾ ਨਿਮਾਜ਼ ਦਾ, ਇਸ਼ਾਰਾ ਹੋਣਾ ਗੋਬਿੰਦ ਵਾਲੇ ਬਾਜ਼ ਦਾ, ਜੋ ਆਦਿ ਜੁਗਾਦਿ ਸਭ ਸਾਜਣਾ ਸਾਜਦਾ, ਸਾਜਣਹਾਰਾ ਹੋ ਕੇ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਉਮਤ ਕਹੇ ਪ੍ਰਭ ਮੈਂ ਤੇਰੀ ਧਾਰ ਨਿਮਾਣੀ, ਨਿਉਂ ਨਿਉਂ ਸੀਸ ਨਿਵਾਈਆ । ਮੈਂ ਕੋਝੀ ਕਮਲੀ ਕਾਣੀ, ਬੁੱਧਹੀਣ ਦਰ ਤੇਰੇ ਦੁਹਾਈਆ । ਮੈਨੂੰ ਚਾਰੋਂ ਕੁੰਟ ਲੱਭਿਆ ਕਿਤੇ ਨਾ ਪਾਣੀ, ਪਾਰਬ੍ਰਹਮ ਤੇਰੀ ਓਟ ਤਕਾਈਆ । ਮੈਂ ਫਿਰੀ ਮੜ੍ਹੀ ਮਸਾਣੀ, ਮਕਬਰਿਆਂ ਵਿਚ ਧਿਆਨ ਲਗਾਈਆ । ਮੈਨੂੰ ਮੁਹੰਮਦ ਦੀ ਨਜ਼ਰ ਨਾ ਆਈ ਜਵਾਨੀ, ਜੋ ਜੋਬਨ ਗਿਆ ਹੰਢਾਈਆ । ਮੈਂ ਉਹ ਵੇਖੀ ਜਿਸ ਦੇ ਨਾਲ ਤੇਰੀ ਤਕਰੀਰ ਤੇਰੀ ਤਹਿਰੀਰ ਲਿਖੀ ਨਾਲ ਕਾਨੀ, ਕਲਮਾ ਰਿਹਾ ਸਮਝਾਈਆ । ਮੈਂ ਚੌਦਾਂ ਤਬਕਾਂ ਤਕੀ ਨਿਸ਼ਾਨੀ, ਜ਼ਿਮੀਂ ਅਸਮਾਨਾ ਖੋਜ ਖੁਜਾਈਆ ।
੧੩੪੭ ਮੈਂ ਮੰਜ਼ਲ ਵੇਖੀ ਰੁਹਾਨੀ, ਰੂਹ ਬੁਤ ਆਪਣੀ ਅੱਖ ਉਠਾਈਆ । ਮੈਂ ਚਾਰ ਕੁੰਟ ਭੱਜੀ ਜਿਧਰ ਤੱਕਿਆ ਉਧਰ ਬੇਈਮਾਨੀ, ਬੇਵਾ ਰੂਪ ਲੋਕਾਈਆ । ੧੩੪੭
ਮੈਂ ਡਰ ਗਈ ਸਹਿਮ ਗਈ ਹਾਏ ਉਫ਼ ਤੇਰੀ ਆਉਣ ਵਾਲੀ ਤੁਗ਼ਿਆਨੀ, ਮਾਝੇ ਵਾਲਿਉ ਤੁਰਕੀ ਦਾ ਲੇਖਾ ਦਿਉ ਵਖਾਈਆ । ਹੁਣ ਝਗੜਾ ਪੈਣਾ
੨੨ ਜਿਸਮਾਨੀ, ਸਾਰਿਆਂ ਨੂੰ ਪਸੀਨਾ ਆਉਣਾ ਪੇਸ਼ਾਨੀ, ਮੰਜ਼ਲ ਰਹਿਣੀ ਨਹੀਂ ਕੋਈ ਰੁਹਾਨੀ, ਸ਼ਰਅ ਦੀ ਸ਼ਰਅ ਨੇ ਕਰਨੀ ਗ਼ੁਲਾਮੀ, ਬਚਿਆ ਨਜ਼ਰ ਕੋਇ ਨਾ ਆਈਆ । ਮੁਹੰਮਦ ਨੇ ਇਸ਼ਾਰਾ ਕੀਤਾ ਕਿਨਾਰਾ ਕੀਤਾ ਮੇਰਾ ਮਾਲਕ ਇਕ ਵਾਹਿਦ ਸਭ ਦਾ ਬਣੇ ਬਾਨੀ, ਬਾਣਪਰਸਤ ਵਾਲਿਉ ਬਾਣ ਇਕ ਲਗਾਈਆ । ਢਾਈ ਮਿੰਟ ਦੀ ਫੁੱਲ ਗੁਲਾਬ ਦੀ ਖੇਲ ਇਕ ਮਹਾਨੀ, ਢਾਈਆਂ ਮਿੰਟਾਂ ਵਿਚ ਗੋਬਿੰਦ ਦਾ ਢਾਈ ਸੌ ਸਾਲ ਦਾ ਲੇਖਾ ਪੂਰ ਕਰਾਈਆ । ਹੁਣ ਕੋਈ ਭਗਤਾਂ ਦੀ ਧਾਰ ਰਹਿਣੀ ਨਹੀਂ ਬੇਗਾਨੀ, ਜਿਸ ਨੂੰ ਬੇਗਮਪੁਰਾ ਕਹਿੰਦੇ ਉਸ ਬੇਗਮਪੁਰੇ ਦੀ ਬੇਗਮ ਹਰਿਜਨ ਦੇਣਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਹਾੜ ਕਹੇ ਮੇਰਾ ਵੀ ਇਕ ਸਮਾਂ, ਸਮਝ ਨਾਲ ਸਮਝਾਈਆ । ਜਨ ਭਗਤੋ ਤੁਸੀਂ ਹੋਏ ਇਕੱਠੇ ਜਮ੍ਹਾ, ਆਪਣਾ ਘਰ ਵਸਾਈਆ । ਛਡ ਕੇ ਕੂੜੀ ਤਮਾ, ਤਾਮਸ ਆਏ ਗਵਾਈਆ । ਅੱਜ ਇਕ ਹੁਕਮ ਸੁਣ ਲਉ ਨਵਾਂ, ਨਵ ਜੋਬਨ ਰਿਹਾ ਦ੍ਰਿੜਾਈਆ । ਅੱਗੇ ਪੈਂਡਾ ਨਹੀਂ ਰਹਿਣਾ ਲੰਮਾ, ਲੰਮਾ ਪੈ ਕੇ ਗੋਬਿੰਦ ਦੀ ਧਾਰ ਇੱਕੀਆਂ ਦਾ ਪਿਆਰ ਦਏ ਵਖਾਈਆ । ਜਨ ਭਗਤੋ ਗੋਬਿੰਦ ਚੁੱਕ ਲਉ ਸੀੜ੍ਹੀ, ਸਿਰੜ ਆਪਣਾ ਲੈਣਾ ਨਿਭਾਈਆ । ਤੁਹਾਡੀ ਮਾਤਲੋਕ ਵਿਚ ਵਧ ਗਈ ਪੀੜ੍ਹੀ, ਪੀਆ ਪ੍ਰੀਤਮ ਦਏ ਵਡਿਆਈਆ । ਉਹ ਵਿਹਾਰ ਤਕ ਲਉ ਜਿਹੜਾ ਅੰਤ ਹੋਣਾ ਅਖ਼ੀਰੀ, ਤੁਹਾਨੂੰ ਅੱਖਾਂ ਨਾਲ ਵਖਾਈਆ । ਕਿਸੇ ਨੇ ਹੋਣਾ ਨਹੀਂ ਦਿਲਗੀਰੀ, ਸਤਿਗੁਰ ਤੁਹਾਡਾ ਸੰਗ ਨਾ ਕਦੇ ਤੁੜਾਈਆ । ਮੇਰੀ ਸ਼ਬਦ ਧਾਰ ਜ਼ੰਜੀਰੀ, ਗੰਢ ਧੁਰ ਦੀ ਦਏ ਪਵਾਈਆ ।

ਤੁਹਾਡੇ ਪਿਆਰ ਦੇ ਵਿਚ ਉਹ ਫ਼ਕੀਰੀ, ਜਿਹੜਾ ਫ਼ਿਕਰਾ ਗਾਇਆ ਗੋਬਿੰਦ ਮਾਹੀਆ । ਇਹ ਹੁਕਮ ਵਰਤਣਾ ਤਕਦੀਰੀ, ਤਕਦੀਰ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਜਨ ਭਗਤੋ ਵੇਖੋ ਗੋਬਿੰਦ ਆਇਆ ਤੁਹਾਡੇ ਕੰਧੇ, ਕੰਧੀਂ ਭਾਗ ਲਗਾਈਆ । ਤੁਹਾਨੂੰ ਬਣਾ ਕੇ ਬੰਦਗੀ ਵਾਲੇ ਬੰਦੇ, ਬੰਦਨਾ ਆਪਣੀ ਵਿਚ ਸਮਾਈਆ । ਕੂੜ ਕਿਰਿਆ ਵਿਚੋਂ ਕਢ ਬਣਾਏ ਚੰਗੇ, ਚੰਗੀ ਤਰਹ ਸਮਝਾਈਆ । ਬਿਸ਼ਨ ਕੌਰ ਦੀ ਧਾਰ ਪੰਜਾਂ ਪਿਆਰਿਆਂ ਨਾਲ ਗੰਢੇ, ਗੰਢ ਗੁਜਰੀ ਪੂਰ ਕਰਾਈਆ । ਮੌਲੀ ਦਾ ਤੰਦ ਤੇਜਭਾਨ ਨਾਲ ਕਟੇ ਖੰਡੇ, ਕਟਾਰ ਤਿੱਖੀ ਨਾਲ ਛੁਹਾਈਆ । ਪ੍ਰਭ ਦੇ ਚਰਨਾਂ ਪਿੱਪਲ ਪੱਤ ਰੱਖੇ ਪੰਜੇ, ਪੰਜਿਆਂ ਨਾਲ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਦ੍ਰਿੜਾਈਆ । ਮੁਹੰਮਦ ਕਹੇ ਮੇਰੀ ਧਾਰ ਗਈ ਵੱਢੀ, ਸਚ ਦਿਆਂ ਸੁਣਾਈਆ । ਉਮਤ ਆਸਾ ਰਹੀ ਛਡੀ, ਨਾਤਾ ਤੁੱਟੇ ਜਗਤ ਲੋਕਾਈਆ । ਹੋਣਾ ਪਏ ਅਲੱਗੀ, ਵਖਰੀ ਕਾਰ ਕਮਾਈਆ । ਸਭ ਦੀ ਵੇਖੇ ਬਦੀ, ਜਿਸ ਬੱਧਕ ਲਿਆ ਤਰਾਈਆ । ਉਹਦੀ ਜੋਤ ਅਗੰਮੀ ਜਗੀ, ਜਾਗਰਤ ਜੋਤ ਕਰੇ ਰੁਸ਼ਨਾਈਆ । ਉਹ ਬਣ ਕੇ ਧੁਰ ਦਾ ਤਬੀ, ਤਬੀਅਤ ਵੇਖੇ ਥਾਉਂ ਥਾਈਂਆ । ਮੁਹੱਬਤ ਦਾ ਬਣ ਕੇ ਲੱਬੀ, ਹਰਿਜਨ ਲਏ ਤਰਾਈਆ । ਪੰਜਾਂ ਪਿਆਰਿਆਂ ਏਕਾ ਰੰਗ ਰੰਗੀ, ਰੰਗਤ ਆਪਣੀ ਰਿਹਾ ਚੜ੍ਹਾਈਆ । ਗੁਰਮੁਖਾਂ ਆਸਾ ਪੂਰੀ ਕਰੇ ਜੋ ਗੋਬਿੰਦ ਕੋਲੋਂ ਮੰਗ ਮੰਗੀ, ਮਾਂਗਤ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪੜਦਾ ਲਾਹੀਆ । ਸੀੜੀ ਕਹੇ ਮੈਂ ਕੋਟਨ ਕੋਟਾਂ ਦਿਤਾ ਸਾੜ, ਅਗਨੀ ਤਤ ਜਲਾਈਆ । ਜਨ ਭਗਤੋ ਅੱਜ ਆ ਗਈ ਤੁਹਾਡੇ ਦਵਾਰ, ਆਪਣੀ ਖ਼ੁਸ਼ੀ ਬਣਾਈਆ । ਔਹ ਵੇਖੋ ਸਾਂਝਾ ਯਾਰ, ਜੋ ਯਾਰੜਾ ਇਕ ਅਖਵਾਈਆ । ਜੋ ਮਰੇ ਨਾ ਜੰਮੇ ਵਿਚ ਸੰਸਾਰ, ਜੁਗ ਜੁਗ ਆਪਣਾ ਵੇਸ ਵਟਾਈਆ । ਜਿਸ ਦੇ ਕਾਰਨ ਗੋਬਿੰਦ ਕੀਤਾ ਖੇਲ ਅਪਾਰ, ਜੀਵਤ ਜੀਅ ਉਚ ਪੀਰ ਅਖਵਾਈਆ । ਅੰਤ ਸਮੇਂ ਵਿਚ ਨੰਦੇੜ ਆਪਣੇ ਤਤ ਦੀ ਰੱਖ ਕੇ ਧਾਰ, ਅਗਨੀ ਅਗਨੀ ਨਾਲ ਮਿਲਾਈਆ । ਓਸ ਵੇਲੇ ਵਾਹਿਦਾ ਕੀਤਾ ਕੌਲ ਇਕਰਾਰ, ਸਚ ਨਾਲ ਸਮਝਾਈਆ । ਇਹ ਲੇਖਾ ਪੂਰਾ ਫੇਰ ਕਰਾਂ ਜਦ ਸੰਮਤ ਸ਼ਹਿਨਸ਼ਾਹੀ ਆਏ ਸਤਾਰਾਂ ਹਾੜ੍ਹ, ਆਪਣਾ ਵੇਸ ਵਟਾਈਆ । ਸਚਖੰਡ ਪਹਿਲੋਂ ਭੇਜ ਕੇ ਪਾਲ ਸਿੰਘ ਦਾ ਸੁਤ ਦੁਲਾਰ, ਬਖ਼ਸ਼ਿਸ਼ ਆਪਣੀ ਨਾਲ ਤਰਾਈਆ । ਫੇਰ ਭਗਤੋ ਸਭ ਨੂੰ ਦਿਆਂਗਾ ਦੀਦਾਰ, ਘਰ ਘਰ ਦਰਸ ਵਖਾਈਆ । ਖੜਨ ਤੋਂ ਪਹਿਲੋਂ ਹੋਵਾਂਗਾ ਜ਼ਾਹਰ, ਚਿੱਟੇ ਅਸਵ ਸੋਭਾ ਪਾਈਆ । ਇਕ ਸਾਲ ਤੋਂ ਬਾਦ ਪੰਜ ਗੁਰਮੁਖ ਵਖਾਇਆ ਕਰਾਂਗਾ ਨਾਲ, ਆਪਣੀ ਦਇਆ ਕਮਾਈਆ । ਜਿਥੇ ਹੋਵੋਗੇ ਉਥੇ ਕਰਾਂਗਾ ਸੰਭਾਲ, ਸੰਬਲ ਬੈਠਾ ਵੇਖ ਵਖਾਈਆ । ਸਭ ਦੀ ਕਰ ਲਵਾਂਗਾ ਭਾਲ, ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਮੁਹੰਮਦ ਕਹੇ ਜਿਸ ਵੇਲੇ ਗੋਬਿੰਦ ਬਣਿਆ ਉਚ ਦਾ ਪੀਰ, ਪੀਰ ਪੀਰਾਂ ਖੇਲ ਵਖਾਈਆ । ਮੈਂ ਵੇਖੀ ਇਕ ਤਸਵੀਰ, ਤਸਬੀ ਮਾਲਾ ਹੱਥ ਨਾ ਕੋਇ ਵਡਿਆਈਆ । ਜਿਸ ਦਾ ਰੂਪ ਅਨੂਪਾ ਪੀਲੇ ਵੇਖੇ ਚੀਰ, ਚੀਰ ਸੀਸ ਵਡਿਆਈਆ । ਮੈਂ ਨੱਕ ਨਾਲ ਕਢੀ ਲਕੀਰ, ਲਾਈਨ ਦਿਤੀ ਵਖਾਈਆ । ਵਾਹ ਮੇਰੇ ਕਾਦਰ ਤੇਰੀ ਕੁਦਰਤ ਤੇਰੀ ਤਕਦੀਰ, ਤਦਬੀਰ ਤੇਰੀ ਸੋਭਾ ਪਾਈਆ । ਤੂੰ ਲੇਖਾ ਜਾਣੇ ਸ਼ਹਿਨਸ਼ਾਹ ਸ਼ਾਹ ਹਕੀਰ, ਹਜ਼ਰਤ ਵਡ ਵਡਿਆਈਆ । ਜੋਤੀ


੧੩੪੮
੨੨

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰਾਹ ਇਕ ਦ੍ਰਿੜਾਈਆ । ਮੁਹੰਮਦ ਕਹੇ ਮੈਂ ਸੁਣੀ ਅਗੰਮੀ ਬੋਲੀ, ਅਨਬੋਲਤ ਦਿਤੀ ਦ੍ਰਿੜਾਈਆ । ਸਦੀ ਚੌਧਵੀਂ ਧਾਰ ਤਕੀ ਅਨਮੋਲੀ, ਨੂਰ ਜੋਤ ਰੁਸ਼ਨਾਈਆ । ਸਗਲਾ ਸੰਗ ਤੱਕਿਆ ਗੋਲੀ, ਗਹਿਰ ਗੰਭੀਰ ਦਿਤੀ ਵਖਾਈਆ । ਜਿਸ ਦੀ ਅੱਲ੍ਹੜ ਜਵਾਨੀ ਮਲੂਕ ਸੋਹਲੀ, ਨਵ ਸੱਤ ਦਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਸਤਾਰਾਂ ਹਾੜ ਕਹੇ ਓਹ ਵੇਖੋ ਚੌਦਾਂ ਤਬਕ ਕਰਨ ਸਲਾਮ, ਸੱਯਦੇ ਸੀਸ ਨਿਵਾਈਆ । ਵਾਹ ਧੁਰ ਦੇ ਅਮਾਮ, ਤੇਰੀ ਆਮਦ ਬੇਪਰਵਾਹੀਆ । ਤੇਰਾ ਸੁਣਿਆ ਅਗੰਮ ਕਲਾਮ, ਕਲਮਾ ਨੂਰ ਇਲਾਹੀਆ । ਅਸੀਂ ਰਹੇ ਨਾ ਕੋਇ ਗ਼ੁਲਾਮ, ਜ਼ੰਜੀਰ ਦਿਤਾ ਤੁੜਾਈਆ । ਮਿਟੀ ਅੰਧੇਰੀ ਸ਼ਾਮ, ਸ਼ਮਾਂ ਨੂਰ ਰੁਸ਼ਨਾਈਆ । ਤੇਰੀ ਇਕ ਪਹਿਚਾਨ, ਬੇਪਹਿਚਾਨ ਵੇਖ ਵਖਾਈਆ । ਸਾਨੂੰ ਜ਼ਮੀਨ ਉਤੇ ਤੇਰਾ ਦੇਣਾ ਪਏ ਬਿਆਨ, ਹੁਕਮ ਮੰਨਣਾ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰਾਹ ਇਕ ਸਮਝਾਈਆ । ਸਦੀ ਚੌਧਵੀਂ ਕਹੇ ਮੇਰੀ ਇਕ ਤਮੰਨਾ, ਤਾਮਸ ਨਾ ਕੋਇ ਰਖਾਈਆ । ਮੈਂ ਵੇਖਿਆ ਗੋਬਿੰਦ ਦਾ ਇਕ ਕੰਨਾ, ਕੰਨਾਂ ਵਾਲਿਓ ਦਿਆਂ ਸੁਣਾਈਆ । ਜਿਸ ਦਾ ਹੱਦ ਕੋਇ ਨਾ ਬੰਨਾ, ਵੰਡ ਨਾ ਕੋਇ ਵੰਡਾਈਆ । ਉਹ ਦੋ ਜਹਾਨਾਂ ਤੋਂ ਲੰਮਾ, ਲੰਮਾ ਪੈ ਕੇ ਸੱਬਰ ਯਾਰੜੇ ਵਾਲਾ ਦਏ ਵਖਾਈਆ । ਜਿਸ ਨੂੰ ਸਮਝੇ ਕੋਈ ਨਾ ਬੰਦਾ ਮਾਟੀ ਵਾਲਾ ਚੰਮਾ, ਜੋ ਰਸਨਾ ਜਿਹਵਾ ਗਾਈਆ । ਹੁਣ ਓਸ ਦਾ ਆ ਗਿਆ ਸਮਾਂ, ਸਮਾਪਤ ਕਰੇ ਖ਼ਲਕ ਖ਼ੁਦਾਈਆ । ਜਗਤ ਜਗਿਆਸੂ ਰਹੇ ਕੋਈ ਨਾ ਪੰਮਾ, ਨਾਰਦ ਮੁਨੀ ਦਏ ਗਵਾਹੀਆ । ਜਗਤਹੀਣ ਦਿਸੇ ਨਾ ਅੰਨ੍ਹਾ, ਨੇਤਰ ਜਗਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਉਮਤ ਦੀ ਆਸ਼ਾ ਕਹੇ ਸੀੜ੍ਹੀ ਰੱਖ ਦਿਓ ਥੱਲੇ, ਥਲਕ ਥਲਕ ਥਲਕ ਧਰਨੀ ਆਪ ਕਰਾਈਆ । ਕਿਸੇ ਦੇ ਰਿਹਾ ਕੁਛ ਨਹੀਂ ਪੱਲੇ, ਪਲਕ ਵਿਚ ਕੀਤੀ ਸਫ਼ਾਈਆ । ਜਿਹੜੇ ਅੰਨ ਪਾਣੀ ਨਾਲ ਪਲੇ, ਪਲਕਾਂ ਦੇ ਪਿਛੇ ਲੱਭਣ ਮਾਹੀਆ । ਉਹ ਰਹਿ ਗਏ ਇਕੱਲੇ ਦੇ ਇਕੱਲੇ, ਕਲਕਾਤੀ ਸੰਗ ਨਾ ਕੋਇ ਰਖਾਈਆ । ਜਿਨ੍ਹਾਂ ਦੇ ਉਤੇ ਕਿਰਪਾ ਕੀਤੀ ਅੰਤਰ ਆਤਮ ਦਿਤੇ ਸੱਲੇ, ਸਲਲ ਆਪਣਾ ਤੀਰ ਚਲਾਈਆ । ਓਹ ਜਗਤ ਦੀ ਧਾਰ ਬਣ ਗਏ ਝੱਲੇ, ਆਪਣੀ ਸੁਧ ਬਦਲਾਈਆ । ਨਿਰਗੁਣ ਜੋਤ ਵਿਚ ਰਲੇ, ਨਾਤਾ ਤਤਾਂ ਵਾਲਾ ਤੁੜ੍ਹਾਈਆ । ਪ੍ਰਕਾਸ਼ ਹੋ ਕੇ ਬਲੇ, ਨੂਰ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਉਮਤ ਦੀ ਆਸ਼ਾ ਕਹੇ ਮੇਰੀਆਂ ਨਿਕਲਦੀਆਂ ਚੀਕਾਂ, ਚੀਕ ਚਿਹਾੜਾ ਦਿਆਂ ਪਾਈਆ । ਜਿਸ ਦੀਆਂ ਮੁਹੰਮਦ ਨੂੰ ਉਡੀਕਾਂ, ਬੈਠਾ ਧਿਆਨ ਲਗਾਈਆ । ਰਾਹ ਤਕੇ ਲਾਸ਼ਰੀਕਾ, ਜੋ ਸ਼ਰਕਤ ਦਏ ਗਵਾਈਆ । ਜਿਸ ਦੇ ਵਿਚ ਹੱਕ ਤੌਫ਼ੀਕਾ, ਮਾਲਕ ਧੁਰਦਰਗਾਹੀਆ । ਬਣੇ ਧੁਰ ਦਾ ਮੀਤਾ, ਮਿੱਤਰ ਇਕ ਹੋ ਆਈਆ । ਲੇਖਾ ਜਾਣੇ ਜੀਵ ਜੀਅ ਕਾ, ਲੱਖ ਚੁਰਾਸੀ ਖੋਜ ਖੁਜਾਈਆ । ਸਭ ਨੂੰ ਦੇਵੇ ਆਪਣਾ ਕੀਤਾ, ਬਚਿਆ ਰਹਿਣ ਕੋਇ ਨਾ ਪਾਈਆ । ਨੌ ਖੰਡ ਪ੍ਰਿਥਮੀ ਦੋ ਜਹਾਨਾਂ ਨਾਪੇ ਨਾਮ ਦੇ ਫ਼ੀਤਾ, ਲੇਖਾ ਅਵਰ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ

ਮਾਲਕ ਬੇਪਰਵਾਹੀਆ । ਸੀੜੀ ਕਹੇ ਮੈਂ ਸੁਣਿਆ ਲਾ ਕੇ ਕੰਨ, ਆਪਣਾ ਧਿਆਨ ਰਖਾਈਆ । ਮੈਂ ਵੇਖਿਆ ਗੋਬਿੰਦ ਗੁਜਰੀ ਚੰਨ, ਜੋ ਚੰਨ ਰਿਹਾ ਬਦਲਾਈਆ । ਵਸਿਆ ਬਿਨ ਛੱਪਰੀ ਛੰਨ, ਸ਼ੰਕਰ ਸੀਸ ਝੁਕਾਈਆ । ਬੇੜਾ ਰਿਹਾ ਬੰਨ੍ਹ, ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਪੰਜ ਕਹਿਣ ਪਿੱਪਲ ਦੇ ਪੱਤੇ, ਪਤ੍ਰਿਕਾ ਧੁਰ ਦੀ ਦਈਏ ਦ੍ਰਿੜਾਈਆ । ਪਤਿਪਰਮੇਸ਼ਵਰ ਹੁਕਮ ਦੱਸੇ ਅਕਥੇ, ਕਥਨੀ ਕਥ ਨਾ ਸਕੇ ਰਾਈਆ । ਜਿਹਦਾ ਖੇਲ ਯਥਾਰਥ ਯਥੇ, ਯਦੀ ਆਪਣਾ ਹੁਕਮ ਵਰਤਾਈਆ । ਜਿਸ ਦੇ ਸੱਥਰ ਸਾਰੇ ਲੱਥੇ, ਗੋਬਿੰਦ ਯਾਰੜਾ ਸੇਜ ਹੰਢਾਈਆ । ਉਸ ਨੇ ਖਹਿੜੇ ਛੁਡਾਉਣੇ ਪੱਥਰ ਵੱਟੇ, ਪਾਹਨ ਪੂਜਣ ਕੋਇ ਨਾ ਪਾਈਆ । ਚਾਰ ਜੁਗ ਦੀ ਮੰਜ਼ਲ ਟੱਪੇ, ਟਾਪੂਆਂ ਡੇਰਾ ਢਾਹੀਆ । ਇਕੋ ਮਾਣ ਰਖਾਇਆ ਅੱਖਰ ਪੱਪੇ, ਪਤਿਪਰਮੇਸ਼ਵਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਪੱਪਾ ਕਹੇ ਮੈਂ ਦੱਸਾਂ ਪਤਾ, ਪੱਤਾ ਪੱਤਾ ਦਏ ਗਵਾਹੀਆ । ਮੇਰਾ ਭੇਵ ਰਿਹਾ ਨਾ ਰਤਾ, ਰੱਤੀ ਰੱਤ ਨਾ ਕੋਇ ਜਣਾਈਆ । ਮੇਰਾ ਲੇਖਾ ਉਸ ਧਾਰ ਦਾ ਯਥਾ, ਜੋ ਸਤਿ ਸਚ ਅਖਵਾਈਆ । ਜਿਹੜਾ ਦਿਸੇ ਕਿਸੇ ਨਾ ਅੱਖਾਂ, ਅੱਖਰਾਂ ਤੋਂ ਬਾਹਰ ਡੇਰਾ ਲਾਈਆ । ਜਿਸ ਦੇ ਗੁਣ ਗਾਉਂਦੇ ਗਏ ਕੋਟਨ ਕੋਟ ਤੇ ਲੱਖਾਂ, ਅਵਤਾਰ ਪੈਗ਼ੰਬਰ ਗੁਰੂ ਸਿਫ਼ਤ ਸਾਲਾਹੀਆ । ਜਿਹਵਾ ਦਾ ਮਾਣਦੇ ਗਏ ਰਸਾ, ਨਿਜਰ ਰਸ ਰਸ ਚਖਾਈਆ । ਜਿਸ ਦੀ ਧਾਰ ਇਕੋ ਸੱਸਾ, ਸੱਸਾ ਸਾਹਿਬ ਨਾਲ ਵਡਿਆਈਆ । ਉਹ ਸਭ ਦਾ ਕਰਨ ਲੱਗਾ ਅੰਤਮ ਪਤਾ, ਪਤਿਪਰਮੇਸ਼ਵਰ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੱਪਾ ਕਹੇ ਮੈਂ ਪਾਰਬ੍ਰਹਮ ਦੀ ਧਾਰ, ਪਤਿਪਰਮੇਸ਼ਵਰ ਮੇਰਾ ਰੂਪ ਸਮਾਈਆ । ਮੇਰੀ ਯਾਦ ਕਰਦੇ ਗਏ ਤੇਈ ਅਵਤਾਰ, ਰਾਮਾ ਕ੍ਰਿਸ਼ਨਾ ਇਕ ਦੂਜੇ ਨਾਲ ਸਿਫ਼ਤ ਸਾਲਾਹੀਆ । ਈਸਾ ਮੂਸਾ ਮੁਹੰਮਦ ਬਣਦੇ ਰਹੇ ਲਿਖਾਰ, ਲਿਖ ਕੇ ਲੇਖਾ ਆਪਣੇ ਵਿਚ ਛੁਪਾਈਆ । ਨਾਨਕ ਨੇ ਇਕਵੰਜਾ ਵਾਰ ਲਿਖਿਆ ਤੂੰ ਮੇਰਾ ਮੈਂ ਤੇਰਾ ਤੇਰਾ ਰੂਪ ਅਪਾਰ, ਅਪਰੰਪਰ ਤੇਰੀ ਬੇਪਰਵਾਹੀਆ । ਸਚ ਦੱਸ ਜਿਸ ਵੇਲੇ ਲਏ ਕਲ ਕਲਕੀ ਅਵਤਾਰ, ਕਿਸ ਬਿਧ ਆਪਣਾ ਖੇਲ ਖਿਲਾਈਆ । ਪੁਰਖ ਅਕਾਲ ਕਿਹਾ ਨਾਨਕ ਨਿਰਗੁਣ ਪਾ ਸਾਰ, ਮਹਾਂਸਾਰਥੀ ਹੋ ਕੇ ਦਿਆਂ ਦ੍ਰਿੜਾਈਆ । ਮੈਂ ਸਤਿਗੁਰ ਸ਼ਬਦ ਜੋਤ ਦੀ ਧਾਰ, ਕਰਨੀ ਕਰਤਾ ਇਕ ਹੋ ਆਈਆ । ਨਾ ਪੁਰਖ ਹੋਵਾਂ ਨਾ ਨਾਰ, ਨਰ ਨਰਾਇਣ ਧੁਰਦਰਗਾਹੀਆ । ਨਾ ਮੰਦਰ ਵਸਾਂ ਨਾ ਘਰ ਬਾਹਰ, ਜਗਤ ਦਵਾਰੇ ਨਾ ਡੇਰਾ ਲਾਈਆ । ਨਾ ਪਤ ਰੱਖਾਂ ਨਾ ਤਨ ਸ਼ਿੰਗਾਰ, ਸ਼ਸਤਰ ਹੱਥ ਨਾ ਕੋਇ ਉਠਾਈਆ । ਨਾ ਖਾਣ ਪੀਣ ਦਾ ਹੋਵੇ ਅਹਾਰ, ਜਲ ਧਾਰ ਨਾ ਕੋਇ ਵਹਾਈਆ । ਨਾ ਬੰਸ ਸਰਬੰਸ ਹੋਵੇ ਨਾ ਪਿਆਰ, ਮੀਤ ਸੰਗੀ ਨਾ ਕੋਇ ਜਣਾਈਆ । ਨਾ ਖ਼ਾਦਮ ਹੋਵਾਂ ਨਾ ਸਿਕਦਾਰ, ਜਗਤ ਆਸ ਨਾ ਕੋਇ ਰਖਾਈਆ । ਨਾਨਕ ਵੇਖ ਮੇਰਾ ਦਰਬਾਰ, ਦਰਗਹ ਸਚ ਦਿਆਂ ਦ੍ਰਿੜਾਈਆ । ਜਿਥੇ ਜੋਤ ਜਗੇ ਅਪਾਰ, ਨੂਰ ਨੁਰਾਨਾ ਡਗਮਗਾਈਆ । ਨਾ ਕੋਈ ਪੈਗ਼ੰਬਰ ਗੁਰੂ ਅਵਤਾਰ, ਨਾ ਕੋਈ ਆਪਣਾ ਬਲ ਵਖਾਈਆ । ਜਿਧਰ ਵੇਖਿਆ ਮੇਰਾ ਮੇਰਾ ਮੇਰਾ ਉਜਿਆਰ, ਮੇਰਾ ਮੇਰੇ ਵਿਚ ਸਮਾਈਆ । ਮੇਰੇ ਸਭ ਕੁਛ ਅਖਤਿਆਰ, ਛੋਟੇ ਛੋਟੇ ਮੁਖ਼ਤਿਆਰਨਾਮੇ ਤੁਹਾਡੇ ਹੱਥ ਫੜਾਈਆ । ਜਿਸ ਵੇਲੇ ਆਵਾਂ ਤੇ ਆਪਣੀ ਕਲ ਧਾਰ, ਅਕਲ ਕਲਧਾਰੀ

ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਪੱਪਾ ਕਹੇ ਮੈਨੂੰ ਗੁਰ ਅਰਜਨ ਨੇ ਲਿਖਿਆ ਨਾਲ ਪਿਆਰ, ਪੀਆ ਪ੍ਰੀਤਮ ਧਿਆਨ ਲਗਾਈਆ । ਬਿਨਾ ਸਤਿਗੁਰ ਸ਼ਬਦ ਤੋਂ ਸਤਿਗੁਰੂ ਹੋਵੇ ਨਾ ਵਿਚ ਸੰਸਾਰ, ਤਤ ਕੰਮ ਕਿਸੇ ਨਾ ਆਈਆ । ਨਾਲੇ ਲਿਖਦਾ ਨਾਲੇ ਸਿਖਦਾ ਨਾਲ ਕਰੇ ਨਿਮਸਕਾਰ, ਡੰਡਾਵਤ ਵਿਚ ਆਪਣਾ ਆਪ ਟਿਕਾਈਆ । ਨਾਲੇ ਬਿਨਾ ਕੰਨਾਂ ਤੋਂ ਸੁਣੇ ਗੁਫ਼ਤਾਰ, ਕੀ ਸ਼ਬਦ ਕਰੇ ਧੁਨਕਾਰ, ਧੁਨ ਆਤਮਕ ਰਾਗ ਸੁਣਾਈਆ । ਓਹ ਵੇਖ ਅਰਜਨ ਰਾਵੀ ਤੋਂ ਪਾਰ, ਮੇਰਾ ਸੰਬਲ ਦੇਸ ਅਪਾਰ, ਅਪਰੰਪਰ ਸਵਾਮੀ ਆਪ ਸੁਣਾਈਆ । ਫੇਰ ਲੇਖ ਲਿਖਣਾ ਸਤਿਨਾਮ ਸਤਿਨਾਮ ਸੱਤ ਵਾਰ, ਸਤਿ ਸਤਿ ਵਿਚ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਪਿੱਪਲ ਦੇ ਕਹਿਣ ਪੱਤੇ ਸਾਡੀ ਲਿਖੀ ਗਈ ਪਾਤੀ, ਪੱਤਨਾ ਤੇ ਬੈਠੇ ਦਿਤੀ ਸੁਣਾਈਆ । ਵੇਖੇ ਖੇਲ ਕਲਜੁਗ ਅੰਧੇਰੀ ਰਾਤੀ, ਅੰਧ ਅੰਧੇਰਾ ਨਜ਼ਰੀ ਆਈਆ । ਸਚ ਧਰਮ ਦੀ ਰਹੇ ਨਾ ਕੋਇ ਜਮਾਤੀ, ਮਾਰਗ ਹੱਕ ਨਾ ਕੋਇ ਰਖਾਈਆ । ਜਿਸ ਵੇਲੇ ਕੂੜ ਕਿਰਿਆ ਦੀ ਹੋਈ ਅੰਤਮ ਵਾਟੀ, ਪਿਛਲਾ ਪੰਧ ਮੁਕਾਈਆ । ਮੰਜ਼ਲ ਚੜ੍ਹੇ ਕੋਇ ਨਾ ਘਾਟੀ, ਸਚਖੰਡ ਰੰਗ ਨਾ ਕੋਇ ਰੰਗਾਈਆ । ਝਗੜਾ ਪੈਣਾ ਤਤ ਆਠੀ, ਅੱਠਾਂ ਤਤਾਂ ਨਾਲ ਕੁਰਲਾਈਆ । ਪਾਖਰ ਜ਼ੀਨ ਪਾਵੇ ਕੋਇ ਨਾ ਕਾਠੀ, ਅਸਵ ਤੰਗ ਨਾ ਕੋਇ ਕਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਸੀੜੀ ਕਹੇ ਪੰਜ ਪਿਆਰੇ ਜਾਓ ਟਿਕ, ਆਪਣਾ ਆਸਣ ਲਾਈਆ । ਸਾਰੀ ਸੰਗਤ ਹੱਥ ਰੱਖੇ ਆਪਣੀ ਹਿਕ, ਛਾਤੀ ਉਤੇ ਟਿਕਾਈਆ । ਪ੍ਰਭੂ ਤੇਰਾ ਦਰਸ਼ਨ ਕਰੀਏ ਨਿਤ, ਨਿਜ ਨੇਤਰ ਅੱਖ ਖੁਲ੍ਹਾਈਆ । ਤੂੰ ਵਸਣਾ ਸਾਡੇ ਵਿਚ, ਵਿਚੋਂ ਪੜਦਾ ਦੇਣਾ ਚੁਕਾਈਆ । ਆਤਮ ਪਰਮਾਤਮ ਬਣਨਾ ਮਿਤ, ਮਿੱਤਰ ਪਿਆਰਾ ਇਕ ਅਖਵਾਈਆ । ਸੁਹੰਜਣੀ ਸੁਹਾਉਣੀ ਸਤਾਰਾਂ ਹਾੜ ਦੀ ਥਿਤ, ਰੁਤੜੀ ਆਪਣੇ ਨਾਲ ਮਹਿਕਾਈਆ । ਸਦੀ ਚੌਧਵੀਂ ਦੀ ਗੋਲੀ ਢਾਈ ਮਿੰਟ ਰੱਖੇ ਮੁਖ ਦੇ ਵਿੱਚ, ਗੁਲ ਫੁੱਲ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਵਖਾਈਆ । ਅਸ਼ਟਭੁਜ ਕਹੇ ਮੇਰਾ ਵੇਖ ਸ਼ਸਤਰ ਖੜਗ ਖੰਡਾ, ਖੰਡ ਬ੍ਰਹਿਮੰਡ ਧਿਆਨ ਲਗਾਈਆ । ਨਿਗਹ ਮਾਰ ਵਿਚ ਚਰਚ ਜੇਰਜ ਅੰਡਾ, ਉਤਭੁਜ ਸੇਤਜ ਫੋਲ ਫੁਲਾਈਆ । ਸਾਚਾ ਦਿਸੇ ਨਾ ਕੋਇ ਅਨੰਦਾ, ਅਨੰਦ ਪੁਰ ਵਾਲਾ ਦਏ ਗਵਾਹੀਆ । ਹੁਣ ਸਦੀ ਚੌਧਵੀਂ ਦਾ ਵੇਲਾ ਲੰਘਾ, ਅੰਤ ਆਪਣਾ ਪੰਧ ਮੁਕਾਈਆ । ਮੁਹੰਮਦ ਦੀ ਪੂਰ ਕਰ ਦੇ ਮੰਗਾ, ਖ਼ਾਹਿਸ਼ ਖ਼ਾਹਿਸ਼ ਨਾਲ ਰਲਾਈਆ । ਇਸ ਤੋਂ ਕਿਹੜਾ ਹੋਰ ਵਕਤ ਚੰਗਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਪੁਰਖ ਅਕਾਲ ਕਹੇ ਮੈਂ ਅਕਲ ਕਲਾ ਕੁਲਵੰਤਾ, ਹਰਿ ਹਰਿ ਇਕ ਅਖਵਾਈਆ । ਮੇਰੀ ਸੁਹੰਜਣੀ ਹੋਵੇ ਰੁਤ ਬਸੰਤਾ, ਮਹਿਕ ਮਹਿਕ ਮਹਿਕ ਨਾਲ ਮਹਿਕਾਈਆ । ਧਰਮ ਦੀ ਧਾਰ ਬਣਾਏ ਬਣਤਾ, ਘੜਨ ਭੰਨਣਹਾਰ ਧੁਰਦਰਗਾਹੀਆ । ਜੋ ਵੇਸ ਕਰੇ ਵਾਰ ਅਨੰਤਾ, ਜੁਗ ਜੁਗ ਆਪਣਾ ਰੂਪ ਬਦਲਾਈਆ । ਕਲਜੁਗ ਮੇਟੇ ਹਉਮੇ ਹੰਗਤਾ, ਹੰ ਬ੍ਰਹਮ ਸਮਝਾਈਆ । ਬੋਧ ਅਗਾਧਾ ਬਣੇ ਪੰਡਤਾ, ਬ੍ਰਹਮ ਕਰੇ ਪੜ੍ਹਾਈਆ । ਜਨ ਭਗਤਾਂ ਵੇਖੇ ਮਨਸਾ, ਮਨ ਮਾਹੇ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ


੧੩੫੧
੨੨

ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਉਮਤ ਆਸ਼ਾ ਕਹੇ ਮੇਰੇ ਪੈਗ਼ੰਬਰ ਹਜ਼ਰਤੇ ਹਜ਼ਰਤ, ਮੁਹੰਮਦ ਮਹਿਵ ਦਿਆਂ ਦ੍ਰਿੜਾਈਆ । ਆਪਣਾ ਖੇਲ ਵੇਖ ਅਹਿਮਦ, ਅਹਿਮ ਭੇਵ ਚੁਕਾਈਆ । ਸਚ ਨਾਲ ਰਿਹਾ ਕੋਇ ਨਾ ਸਹਿਮਤ, ਸਗਲਾ ਸੰਗ ਨਾ ਕੋਇ ਜਣਾਈਆ । ਲੇਖੇ ਲੱਗੇ ਕਿਸੇ ਨਾ ਮਿਹਨਤ, ਰੋਜ਼ਾ ਬਾਂਗ ਰਹੇ ਕੁਰਲਾਈਆ । ਧੁਰ ਦਾ ਇਸ਼ਾਰਾ ਕਰੇ ਕੋਈ ਨਾ ਸੈਨਤ, ਪਰਦਾ ਵਿਚੋਂ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਮੁਹੰਮਦ ਕਿਹਾ ਇਹ ਖੇਲ ਨਿਆਰਾ, ਨਿਰਾਕਾਰ ਤੇਰੀ ਵਡਿਆਈਆ । ਮੈਂ ਸੋਹਾਂ ਤੇਰੇ ਦਵਾਰਾ, ਦਰ ਤੇਰੇ ਸੀਸ ਝੁਕਾਈਆ । ਮੇਰੇ ਮਾਲਕ ਖ਼ਾਲਕ ਇਸਤਗ਼ੁਫ਼ਾਰਾ, ਗੁਫ਼ਤ ਸ਼ਨੀਦ ਤੇਰੀ ਸ਼ਨਵਾਈਆ । ਤੂੰ ਸਾਂਝਾ ਇਕੋ ਯਾਰਾ, ਲਾਸ਼ਰੀਕ ਵਡ ਵਡਿਆਈਆ । ਅਮਾਮ ਅਮਾਮਾ ਆਇਉਂ ਦੁਬਾਰਾ, ਦੋਹਰੀ ਧਾਰ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਮੁਹੰਮਦ ਕਹੇ ਸਦੀ ਚੌਧਵੀਂ ਮੈਨੂੰ ਮਾਰਦੀ ਧੱਕੇ, ਖ਼ੁਸ਼ੀਆਂ ਨਾਲ ਜਣਾਈਆ । ਚਲ ਚਲੀਏ ਮਦੀਨੇ ਮੱਕੇ, ਮਕਬਰਿਆਂ ਤੋਂ ਬਾਹਰ ਲੈ ਅੰਗੜਾਈਆ । ਸਾਡੇ ਅੰਤਮ ਫਲ ਪੱਕੇ, ਭੋਏਂ ਗਿਰ ਨਾ ਆਪਣਾ ਆਪ ਗਵਾਈਆ । ਮੁਹੰਮਦ ਚਾਰੋਂ ਕੁੰਟ ਤਕੇ, ਬਿਨ ਨੈਣਾਂ ਨੈਣ ਉਠਾਈਆ । ਕੀ ਖੇਲ ਹਕੀਕਤ ਹੱਕੇ, ਕਰਨੀ ਕਰਤਾ ਕਾਰ ਕੀ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਓਹ ਵੇਖ ਪੂਰੀ ਹੁੰਦੀ ਆਸ, ਆਸਾ ਵਾਲਿਆਂ ਦਿਆਂ ਜਣਾਈਆ । ਮੇਰੀ ਗੋਲੀ ਨੇ ਬਦਲ ਲਿਆ ਲਬਾਸ, ਕਾਲੀ ਕਫ਼ਨੀ ਦਿਤੀ ਤਜਾਈਆ । ਸਚ ਦੇ ਮੰਡਲ ਪਾ ਕੇ ਰਾਸ, ਆਪਣਾ ਰੰਗ ਰੰਗਾਈਆ । ਜਿਹੜੀ ਉਚ ਦੇ ਪੀਰ ਨੇ ਰੱਖੀ ਸੀ ਆਸ, ਅੰਤਰ ਇਕ ਧਿਆਨ ਲਗਾਈਆ । ਜਿਸ ਵੇਲੇ ਪਰਗਟ ਹੋਇਆ ਮੇਰਾ ਪੁਰਖ ਅਕਾਲਾ ਮੇਰੇ ਸਾਥ, ਸਗਲਾ ਸੰਗੀ ਸੰਗ ਬਣਾਈਆ । ਹੋ ਕੇ ਸਰਬ ਕਲਾ ਸਮਰਾਥ, ਭਰਪੂਰ ਬੇਪਰਵਾਹੀਆ । ਲੇਖਾ ਜਾਣ ਅਨਾਥਾਂ ਨਾਥ, ਗ਼ਰੀਬ ਨਿਮਾਣਾ ਖੋਜ ਖੁਜਾਈਆ । ਜੋਤੀ ਜੋਤ ਕਰ ਪ੍ਰਕਾਸ਼, ਅੰਧ ਅੰਧੇਰਾ ਦਿਤਾ ਮਿਟਾਈਆ । ਲਹਿਣਾ ਪੂਰਾ ਕਰ ਚਮਿਆਰ ਰਵਦਾਸ, ਰਵੀ ਆਪਣਾ ਹੁਕਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੇਰੀ ਗੋਲੀ ਨੇ ਛਡ ਦਿਤਾ ਮੇਰਾ ਬਸਤਰ, ਬਸਤੀ ਛਡੀ ਸੰਗ ਨਾ ਕੋਇ ਬਣਾਈਆ । ਮੇਰੇ ਸੀਨੇ ਲੱਗੀ ਨਸਤਰ, ਖ਼ੂਨ ਬਿਨਾ ਜ਼ਿਬਹ ਤੋਂ ਦਿਤਾ ਵਹਾਈਆ । ਮੈਂ ਭੱਜੀ ਉਠ ਕੇ ਪੱਛਮ, ਆਪਣਾ ਪੰਧ ਮੁਕਾਈਆ । ਕਾਅਬਿਆਂ ਆਈ ਦੱਸਣ, ਮਦੀਨੇ ਮੱਕੇ ਹਾਲ ਦੁਹਾਈਆ । ਉਠੋ ਵੇਖੋ ਖੇਲ ਹਕੀਕਤ ਹੱਕਣ, ਕੀ ਕਰਤਾ ਕਾਰ ਕਮਾਈਆ । ਮੈਂ ਅੰਤ ਹੋ ਗਈ ਸ਼ੱਕਣ, ਸ਼ੱਕ ਵਿਚ ਦਿਆਂ ਦੁਹਾਈਆ । ਮੇਰੀ ਜੜ੍ਹ ਆ ਗਿਆ ਪੱਟਣ, ਪਟਨੇ ਵਾਲਾ ਧੁਰ ਦਾ ਮਾਹੀਆ । ਜਿਸ ਦਾ ਢੋਲਾ ਸਾਰੇ ਰੱਟਣ, ਤੂੰ ਮੇਰਾ ਮੈਂ ਤੇਰਾ ਨਾਮ ਧਿਆਈਆ । ਓਸ ਭਗਤ ਸੁਹੇਲੇ ਬਣਾਏ ਰਤਨ, ਅਮੋਲਕ ਆਪ ਪਰਗਟਾਈਆ । ਮੁਹੰਮਦਾ ਤੇਰਾ ਮੇਰਾ ਚਲਣਾ ਕੋਈ ਨਹੀਂ ਯਤਨ, ਯਥਾਰਥ ਦਿਆਂ ਸੁਣਾਈਆ । ਹੁਣ ਚਲੀਏ ਆਪਣੇ ਵਤਨ, ਚੌਦਾਂ ਤਬਕਾਂ ਪੰਧ ਮੁਕਾਈਆ । ਮੇਰੇ ਖ਼ਾਲੀ ਹੋ ਗਏ ਹੱਥਣ, ਰੋ ਕੇ ਦਿਆਂ ਸੁਣਾਈਆ । ਤੇਰੀ ਆਸਾ ਲੱਗੀ ਨੱਠਣ, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

੧੩੫੨ ੨੨

ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਕੀ ਦੱਸਾਂ, ਦਹਿ ਦਿਸ਼ਾ ਧਿਆਨ ਲਗਾਈਆ । ਮੈਂ ਸਭ ਕੁਝ ਵੇਖਾਂ ਅੱਖਾਂ, ਅੱਖਾਂ ਵਾਲਿਆਂ ਦਿਆਂ ਸੁਣਾਈਆ । ਮੈਂ ਜੁਗ ਵੇਖੇ ਚੌਕੜੀ ਲੱਖਾਂ, ਕੋਟਨ ਕੋਟ ਧਿਆਨ ਲਗਾਈਆ । ਸਾਰੇ ਸੜ ਗਏ ਵਾਂਗ ਕੱਖਾਂ, ਬਿਨਾ ਪ੍ਰਭੂ ਤੋਂ ਨਜ਼ਰ ਕੋਇ ਨਾ ਆਈਆ । ਮੈਂ ਕੀ ਤਕਦੀ ਵੇ ਨਾਰਦ ਬ੍ਰਾਹਮਣ ਨੇ ਸਵਾ ਹੱਥ ਵਧਾ ਲਈਆਂ ਲਿਟਾਂ, ਬੋਦੀ ਆਪਣੀ ਪਿਛੇ ਲਈ ਲਮਕਾਈਆ । ਹੁਣ ਮਾਣ ਰਹਿਣਾ ਨਹੀਂ ਪੱਥਰ ਇੱਟਾਂ, ਪਾਹਨ ਸੀਸ ਨਾ ਕੋਇ ਨਿਵਾਈਆ । ਚਾਰ ਜੁਗ ਦੇ ਸ਼ਾਸਤਰ ਪ੍ਰਭੂ ਦੀਆਂ ਚਿੱਟਾਂ, ਨਾਮ ਸੰਦੇਸ਼ੇ ਰਹੇ ਸੁਣਾਈਆ । ਮੈਂ ਇਕੋ ਆਸ ਉਸ ਤੇ ਸਿੱਟਾਂ, ਜੋ ਸਿੱਟੇਬਾਜ਼ੀ ਵੇਖੇ ਜਗਤ ਲੋਕਾਈਆ । ਉਸੇ ਦੇ ਉਤੇ ਟਿਕਾਂ, ਜਿਨ੍ਹ ਮੇਰੇ ਮੱਥੇ ਤੋਂ ਟਿੱਕਾ ਲਾਹ ਕੇ ਮੇਰੀ ਗੋਲੀ ਦੇ ਮੱਥੇ ਦਿਤਾ ਪਹਿਨਾਈਆ । ਹੁਣ ਜ਼ਰੂਰ ਧਰਮ ਦਾ ਬਦਲ ਜਾਣਾ ਸਿੱਕਾ, ਸਾਖੀ ਸਚ ਦੀ ਦਿਆਂ ਸੁਣਾਈਆ । ਜਿਸ ਮਿਹਰਵਾਨ ਮਹਿਬੂਬ ਦਾ ਇਕੋ ਕਲਮਾ ਤੇ ਇਕੋ ਵਿਸ਼ਾ, ਵਿਸ਼ਵ ਦਾ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪਣੇ ਹੱਥ ਰਖਾਈਆ । ਮੁਹੰਮਦ ਕਹੇ ਸਦੀ ਚੌਧਵੀਂ ਹੁਣ ਨਾ ਹਿੰਮਤ ਹਾਰੀਂ, ਹਾਰ ਕੇ ਦਿਆਂ ਜਣਾਈਆ । ਜਿਸ ਪ੍ਰਭੂ ਦੀ ਸਭ ਦੇ ਨਾਲ ਯਾਰੀ, ਯਰਾਨੇ ਜੁਗ ਜੁਗ ਤੋੜ ਨਿਭਾਈਆ । ਕੀ ਹੋ ਗਿਆ ਜੇ ਮੇਰੀ ਪਹਿਲੋਂ ਆ ਗਈ ਵਾਰੀ, ਵਾਰਤਾ ਪਿਛਲੀ ਨਾਲ ਰਲਾਈਆ । ਫੇਰ ਖੇਲ ਤਕਣੀ ਸ੍ਰਿਸ਼ਟੀ ਸਾਰੀ, ਸਾਰ ਸ਼ਬਦ ਹੁਕਮ ਮਨਾਈਆ । ਚਾਰ ਕੁੰਟ ਤਪਣੀ ਅੰਗਿਆਰੀ, ਅਗਨੀ ਅੱਗ ਨਾ ਕੋਇ ਬੁਝਾਈਆ । ਮਤ ਵੇਖਣੀ ਮਨ ਹੈਸਿਆਰੀ, ਹਸਤ ਕੀਟ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵਡਾ ਵਡ ਵਡਿਆਈਆ । ਮੁਹੰਮਦ ਕਹੇ ਅਸੀਂ ਅਵਤਾਰ ਪੈਗ਼ੰਬਰ ਗੁਰੂ ਇਕੋ ਘਰ ਗਏ ਜੁਟ, ਜੁੱਟ ਲਏ ਬਣਾਈਆ । ਸਾਡੇ ਨਾਮ ਕਲਮੇ ਵਾਲੇ ਨਹੀਂ ਬੁੱਟ, ਰਸਨਾ ਨਾ ਕੋਇ ਵਖਾਈਆ । ਤਤਾਂ ਵਾਲੀ ਧਾਰੋਂ ਗਏ ਛੁੱਟ, ਤਨ ਵਜੂਦ ਨਾ ਕੋਇ ਹੰਢਾਈਆ । ਪੁਰਖ ਅਕਾਲ ਦੇ ਬਣ ਕੇ ਪੁੱਤ, ਦਰ ਦਵਾਰੇ ਸੋਭਾ ਪਾਈਆ । ਹਾੜ੍ਹ ਸਤਾਰਾਂ ਸੁਹੰਜਣੀ ਰੁਤ, ਰੁਤੜੀ ਇਕ ਮਹਿਕਾਈਆ । ਕਿਰਪਾ ਕਰੇ ਅਬਿਨਾਸ਼ੀ ਅਚੁਤ, ਚੇਤਨ ਸਭ ਨੂੰ ਦਏ ਸਮਝਾਈਆ । ਸਾਰੇ ਇਕੋ ਵਾਰ ਲਓ ਪੁਛ, ਪਿਛੇ ਨਜ਼ਰ ਕੋਇ ਨਾ ਆਈਆ । ਹੁਣ ਕਲਜੁਗ ਅੰਧੇਰਾ ਮੇਟਣਾ ਘੁੱਪ, ਨਿਰਗੁਣ ਨੂਰ ਹੋਏ ਰੁਸ਼ਨਾਈਆ । ਸਭ ਦੀ ਮੰਜ਼ਲ ਗਈ ਪੁੱਜ, ਪਾਂਧੀ ਪੰਧ ਨਾ ਕੋਇ ਭਵਾਈਆ । ਜਗਤ ਦਾ ਦੀਪਕ ਜਾਣਾ ਬੁੱਝ, ਬਿਨ ਭਗਤਾਂ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਮੁਹੰਮਦ ਕਹੇ ਗੋਬਿੰਦ ਮਿਲਾ ਲੈ ਹੱਥ, ਹੱਥ ਹੱਥ ਨਾਲ ਮਿਲਾਈਆ । ਸਦੀ ਚੌਧਵੀਂ ਪਈ ਹੱਸ, ਮੁਖ ਪਿਛੇ ਰਹੀ ਭਵਾਈਆ । ਗੋਲੀ ਨੂੰ ਮਾਰੀ ਅੱਖ, ਇਸ਼ਾਰੇ ਨਾਲ ਦ੍ਰਿੜਾਈਆ । ਨੀ ਉਹ ਤਕ ਗੋਬਿੰਦ ਸੂਰਬੀਰ ਸਚ, ਬਾਂਕਾ ਸੋਹਣਾ ਨਜ਼ਰੀ ਆਈਆ । ਨੀ ਮੇਰੇ ਵੇਂਹਦਿਆਂ ਮੇਰੇ ਵਿਚ ਗਿਆ ਰਚ, ਮੇਰਾ ਲੂੰ ਲੂੰ ਦਏ ਗਵਾਹੀਆ । ਨਾਲ ਜੁੜ ਗਿਆ ਨੱਤ, ਨਾਤਾ ਲਿਆ ਬੰਧਾਈਆ । ਮੇਰਾ ਇਕੋ ਹੋ ਗਿਆ ਤਤ, ਤਤਵ ਦਿਤਾ ਗਵਾਈਆ । ਪਿਛਲੀ ਰਹੀ ਨਾ ਮਤ, ਮਤਾਂਤਰ ਡੇਰਾ ਢਾਹੀਆ । ਮੈਂ ਵਿਚੋਂ ਤੱਕਿਆ ਇਕੋ ਕਮਲਾਪਤਿ, ਪਤਿਪਰਮੇਸ਼ਵਰ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਕਰਨਹਾਰ ਇਕ ਅਖਵਾਈਆ ।

੧੩੫੩
੨੨

ਮੁਹੰਮਦ ਕਿਹਾ ਸਦੀ ਚੌਧਵੀਂ ਤੂੰ ਕੀ ਦਿਤਾ ਆਖ, ਆਖ਼ਰ ਦੇ ਦ੍ਰਿੜਾਈਆ । ਕਿਉਂ ਬਣ ਗਈਉਂ ਗੁਸਤਾਖ਼, ਗ਼ੁੱਸੇ ਵਿਚ ਡਰਾਈਆ । ਮੈਂ ਨਹੀਂ ਤੈਨੂੰ ਕਰਨਾ ਮੁਆਫ਼, ਮੁਫ਼ਤੀ ਸਕੇ ਨਾ ਕੋਇ ਬਚਾਈਆ । ਕੋਈ ਨਾ ਸਕੇ ਰਾਖ, ਹੋਏ ਨਾ ਕੋਇ ਸਹਾਈਆ । ਮੈਨੂੰ ਤਕ ਸਾਖਿਆਤ, ਪੀਰ ਅਗੰਮ ਅਥਾਹੀਆ । ਮੇਰਾ ਉਸ ਦੇ ਨਾਲ ਭਵਿਖਤ ਵਾਕ, ਜੋ ਵਾਕਿਆ ਵੇਖੇ ਚਾਈਂ ਚਾਈਆ । ਤੂੰ ਕਿਸ ਬਿਧ ਮੇਰੇ ਨਾਲੋਂ ਤੋੜੇਂ ਨਾਤ, ਨਾਤਵਾਂ ਮੈਨੂੰ ਰਹੀ ਬਣਾਈਆ । ਮੇਰਾ ਅੰਤਰ ਵੇਖ ਪਾਕ, ਪਤਿਤ ਪੁਨੀਤ ਇਕੋ ਰੂਪ ਦਰਸਾਈਆ । ਮੇਰੀ ਓਸ ਖ਼ੁਦਾ ਦੀ ਜ਼ਾਤ, ਜੋ ਅਜ਼ਾਤੀ ਵੰਡ ਨਾ ਕੋਇ ਵੰਡਾਈਆ । ਜ਼ਰਾ ਮੇਰੇ ਵੱਲ ਝਾਕ, ਮੈਂ ਜੋਬਨਵੰਤਾ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੁਹੰਮਦ ਜੀ ਮੈਂ ਤੁਹਾਨੂੰ ਕਰਦਿਆਂ ਵੇਖਿਆ ਮੁਜ਼ਾਹਰਾ, ਕਲਮਿਆਂ ਵਿਚ ਦੁਹਾਈਆ । ਮੈਂ ਹੁਣ ਜਾਣਾ ਵਿਚ ਕਾਹਿਰਾ, ਗ਼ੁੱਸੇ ਨਾਲ ਸੁਣਾਈਆ । ਵੰਡਣਾ ਇਕ ਦਾਇਰਾ, ਹੱਦ ਹਦੂਦ ਤੇਰੀ ਵਿਚ ਰਖਾਈਆ । ਲਾਉਣਾ ਇਕੋ ਨਾਅਰਾ, ਹੱਕ ਹੱਕ ਸੁਣਾਈਆ । ਤੇਰਾ ਕਾਇਮ ਨਹੀਂ ਰਹਿਣਾ ਪਹਿਰਾ, ਚਾਰੋਂ ਕੁੰਟ ਹੋਏ ਹਲਕਾਈਆ । ਫੇਰ ਮੂਸਾ ਨਾਲ ਵੇਖਣਾ ਮੁਸ਼ਾਇਰਾ, ਮੁਸ਼ਕਲ ਹੱਲ ਨਾ ਕੋਇ ਕਰਾਈਆ । ਜਿਨ੍ਹਾਂ ਖਾਧਾ ਗਾਂ ਵੱਛਾ ਤੇ ਵਹਿੜਾ, ਰਸਨਾ ਰਸ ਚਖਾਈਆ । ਉਨ੍ਹਾਂ ਦਾ ਹੁਣ ਕੁਛ ਹਾਲ ਹੋਣਾ ਭੈੜਾ, ਭੈੜੀ ਸਤਾਰਾਂ ਹਾੜ੍ਹੀ ਦਏ ਗਵਾਹੀਆ । ਮੈਨੂੰ ਜਾਪਦਾ ਮੈਨੂੰ ਛਡਣਾ ਪੈਣਾ ਸਭ ਦਾ ਖਹਿੜਾ, ਖ਼ਾਕ ਮਿਲਣ ਵਾਲੇ ਸਾਰੇ ਦੇਣੇ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਮੁਹੰਮਦ ਕਹੇ ਮੈਂ ਸ਼ਰਅ ਦਾ ਪੱਕਾ, ਸੂਰਬੀਰ ਅਖਵਾਈਆ । ਮੈਂ ਬਣਾ ਕੇ ਮਦੀਨਾ ਮੱਕਾ, ਮਕਬਰੇ ਦਿਤੇ ਵਸਾਈਆ । ਮੈਂ ਮਾਰ ਕੇ ਕਾਫ਼ਰ ਲੱਖਾਂ, ਖ਼ਾਕ ਵਿਚ ਰੁਲਾਈਆ । ਮੇਰੀਆਂ ਚੌਦਾਂ ਤਬਕਾਂ ਤਕਣ ਵਾਲੀਆਂ ਅੱਖਾਂ, ਚੌਧਵੀਂ ਸਦੀ ਦਿਆਂ ਸਮਝਾਈਆ । ਮੇਰੇ ਨਾਲ ਮਿਲ ਕੇ ਤੈਨੂੰ ਮਿਲਦਾ ਨਫ਼ਾ, ਨੁਕਸਾਨ ਵਿਚ ਕੋਇ ਨਾ ਆਈਆ । ਸਦੀ ਚੌਧਵੀਂ ਕਹਿੰਦੀ ਮੁਹੰਮਦ ਜੀ ਕਿਉਂ ਐਵੇਂ ਹੁੰਦੇ ਖ਼ਫ਼ਾ, ਗ਼ੁੱਸੇ ਵਿਚ ਸੁਣਾਈਆ । ਜ਼ਰਾ ਧਿਆਨ ਕਰ ਲੈ ਤੇਰਾ ਲੇਖਾ ਪਿਛਲਾ ਪੰਜ ਲਿਖਾਰੀ ਕਰਦੇ ਜਾਂਦੇ ਰਫਾ, ਰਫ਼ਤਾ ਰਫਤਾ ਆਪਣੀ ਕਲਮ ਚਲਾਈਆ । ਉਹ ਵੇਖ ਉਲਟਾ ਦਿਤਾ ਸਫ਼ਾ, ਸਫਾ ਮਲੇਛਾਂ ਰਿਹਾ ਉਲਟਾਈਆ । ਹੁਣ ਐਉਂ ਜਾਪਦਾ ਜੇ ਕਿਸੇ ਨੂੰ ਮਿਲਣਾ ਤੇ ਇਕੋ ਪਰਵਰਦਿਗਾਰ ਕੋਲੋਂ ਗੱਫ਼ਾ, ਬਾਕੀ ਗੁਫਾਂ ਵਿਚ ਸਾਰੇ ਬੰਦ ਦੇਣੇ ਕਰਾਈਆ । ਤੁਸੀਂ ਤੇ ਪਰਮਾਤਮਾ ਕੋਲੋਂ ਖ਼ੁਦਾ ਕੋਲੋਂ ਲਾਸ਼ਰੀਕ ਕੋਲੋਂ ਝੋਲੀਆਂ ਅੱਡ ਕੇ ਕਲਮੇ ਦਾ ਮੰਗਣ ਵਾਲੇ ਫੱਕਾ, ਛੋਟੀ ਛੋਟੀ ਪੂੰਜੀ ਆਪਣੀ ਝੋਲੀ ਪਵਾਈਆ । ਧਰਨੀ ਉਤੇ ਵੰਡ ਵੰਡਾਈ ਚੱਪਾ ਚੱਪਾ, ਚਿਪੀ ਵਿਚ ਪਾਣੀ ਪੀਣ ਵਾਲਿਓ ਅੰਤ ਰਹਿਣ ਕੋਇ ਨਾ ਪਾਈਆ । ਹੁਣ ਚਾਰੋਂ ਕੁੰਟ ਇਕੋ ਏਕ ਚਲਣਾ ਪੱਪਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਸੁਣਾਈਆ । ਇਸ ਵਿਚ ਫ਼ਰਕ ਰਹੇ ਨਾ ਰਤਾ, ਰਤਨ ਅਮੋਲਕ ਹੀਰੇ ਗੁਰਮੁਖ ਲੈਣੇ ਪਰਗਟਾਈਆ । ਜਿਨ੍ਹਾਂ ਨੇ ਲੇਖ ਲਿਖੇ ਉਪਰ ਗੱਤਾ, ਗਤਮਿਤ ਸਭ ਦੀ ਵੇਖੇ ਥਾਉਂ ਥਾਈਂਆ । ਜਿਨ੍ਹਾਂ ਦੀ ਜ਼ਬਾਨ ਵਿਚ ਲੱਗਾ ਠੱਪਾ, ਮੋਹਰ ਇਕੋ ਇਕ ਰਖਾਈਆ । ਇਕੋ ਅੰਮ੍ਰਿਤ ਵਿਚ ਪ੍ਰੇਮ ਪਿਆਰ ਦਾ ਪਿਆਲਾ ਪੀ ਕੇ ਅੰਦਰ ਲੰਘਾਈ ਗਟ ਗਟਾ, ਗਟਾ ਗਟਾ ਆਪਣਾ ਆਪ ਕਰਾਈਆ । ਜਨਮ ਮਰਨ ਦਾ ਮੇਟ ਲੈਣਾ ਰੱਟਾ, ਅੱਗੇ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ


੧੩੫੪ ੨੨

ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੁਹੰਮਦ ਜੀ ਆਹ ਵੇਖੋ ਕਿਤਾਬ, ਕੁਤਬਖਾਨਿਆਂ ਬਾਹਰ ਜਣਾਈਆ । ਜਿਸ ਦੇ ਵਿਚ ਇਹ ਹਿਸਾਬ, ਜਿਸ ਦਾ ਲੇਖਾ ਅੰਕੜਿਆਂ ਵਿਚ ਕਦੇ ਨਾ ਆਈਆ । ਉਸ ਦਾ ਪਹਿਲਾ ਵੇਖੋ ਬਾਬ, ਕੀ ਹੁਕਮ ਰਿਹਾ ਸੁਣਾਈਆ । ਅੱਗੇ ਤਕੋ ਜਨਾਬ, ਨੂਰ ਨੁਰਾਨਾ ਨੂਰ ਇਲਾਹੀਆ । ਸੁਣੋ ਓਹ ਆਵਾਜ਼, ਜਿਸ ਨੂੰ ਸਰਵਨ ਸੁਣਨ ਕੋਇ ਨਾ ਪਾਈਆ । ਕਰੋ ਉਸ ਨੂੰ ਆਦਾਬ, ਜਿਸਨੇ ਅਦਬ ਦਿਤਾ ਸਿਖਾਈਆ । ਹੁਣ ਵੇਲਾ ਆ ਗਿਆ ਸਾਰੇ ਜਾਓ ਜਾਗ, ਨੇਤਰ ਅੱਖ ਖੁਲ੍ਹਾਈਆ । ਗੋਬਿੰਦ ਦਾ ਸ਼ਬਦੀ ਉਡਣ ਵਾਲਾ ਬਾਜ਼, ਬਾਜ਼ਾਂ ਵਾਲਾ ਆਪਣਾ ਹੁਕਮ ਵਰਤਾਈਆ । ਦੀਨ ਮਜ਼੍ਹਬ ਸਭ ਨੇ ਜਾਣਾ ਤਿਆਗ, ਤਿਆਗੀ ਹੋ ਕੇ ਪ੍ਰਭ ਦੇ ਅੱਗੇ ਸੀਸ ਝੁਕਾਈਆ । ਇਹ ਗੁਲਸ਼ਨ ਖਿੜਿਆ ਨਹੀਂ ਰਹਿਣਾ ਬਾਗ਼, ਉਮਤ ਦਾ ਗ਼ੁੰਚਾ ਕੰਮ ਕਿਸੇ ਨਾ ਆਈਆ । ਆਤਮਾ ਦੀ ਇਕ ਨੇ ਪਕੜੀ ਵਾਗ, ਡੋਰੀ ਆਪਣਾ ਤੰਦ ਖਿਚਾਈਆ । ਕਿਉਂ ਸਦੀ ਚੌਧਵੀਂ ਦੀ ਗੋਲੀ ਨੇ ਮੁਖ ਵਿਚ ਫੜਿਆ ਫੁਲ ਗੁਲਾਬ, ਜੋ ਗੁਲ ਗੁਲਸ਼ਨ ਦਏ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਮੁਹੰਮਦ ਕਹੇ ਗੋਬਿੰਦ ਆ ਦੋਵੇਂ ਕਰੀਏ ਅਰਦਾਸ, ਪਰਵਰਦਿਗਾਰ ਪੁਰਖ ਅਕਾਲ ਅੱਗੇ ਸੀਸ ਨਿਵਾਈਆ । ਸਾਚੀ ਕਿਹੜੀ ਰਾਸੀ ਤੇ ਕਿਹੜੀ ਰਾਸ, ਪਰਦਾ ਪਰਦਿਆਂ ਵਿਚੋਂ ਦੇ ਖੁਲ੍ਹਾਈਆ । ਗੋਬਿੰਦ ਹੱਸ ਕੇ ਕਿਹਾ ਮੁਹੰਮਦਾ ਸ਼ਾਬਾਸ਼, ਵਾਹਵਾ ਤੇਰੀ ਵਡ ਵਡਿਆਈਆ । ਉਹ ਤਕ ਮੇਰਾ ਨੂਰ ਨੁਰਾਨਾ ਸਾਖਿਆਤ, ਜੋਤੀ ਜਾਤਾ ਧੁਰਦਰਗਾਹੀਆ । ਜਿਸ ਨੇ ਸਾਥੋਂ ਲੇਖ ਲਿਖਾਇਆ ਉਤੇ ਕਾਗ਼ਜਾਤ, ਕਲਮ ਸ਼ਾਹੀ ਵੰਡ ਵੰਡਾਈਆ । ਹੁਣ ਉਸ ਵਿਚੋਂ ਸਭ ਨੂੰ ਕਰਨ ਲੱਗਾ ਆਜ਼ਾਦ, ਆਜ਼ਾਦੀ ਆਤਮਾ ਪਰਮਾਤਮਾ ਦਏ ਬਣਾਈਆ । ਉਸ ਨੇ ਸਾਨੂੰ ਸਰੀਰ ਦੇ ਬਣਨ ਨਹੀਂ ਦੇਣਾ ਬਜਾਜ, ਤਨ ਕਪੜਾ ਵਖੋ ਵੱਖਰਾ ਮਜ਼੍ਹਬਾਂ ਦੇ ਹੱਟ ਵਿਕਾਈਆ । ਸਾਡਾ ਰਹਿਣਾ ਨਹੀਂ ਕੋਈ ਰਾਜ, ਰਈਅਤ ਰੰਗ ਨਾ ਕੋਇ ਰੰਗਾਈਆ । ਜੋ ਪਿਛੇ ਨਹੀਂ ਤੇ ਹੁਣ ਮਿਲ ਜਾਣਾ ਜੁਆਬ, ਹੁਕਮ ਦੇਵੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੋਬਿੰਦ ਕਹੇ ਆਜਾ ਹੋਈਏ ਅੱਗੇ, ਅੱਗੇ ਹੋ ਕੇ ਸੀਸ ਨਿਵਾਈਆ । ਤੇਰਾ ਮੇਲ ਹੁੰਦਾ ਕਦੇ ਕਦੇ, ਕਦੀਮ ਦੇ ਮਾਲਕ ਬੇਪਰਵਾਹੀਆ । ਅਸੀਂ ਸਾਰੇ ਤੇਰੇ ਹੁਕਮ ਵਿਚ ਬੱਧੇ, ਬੰਦਨਾ ਵਿਚ ਸੀਸ ਝੁਕਾਈਆ । ਤੈਨੂੰ ਕਦੇ ਨਹੀਂ ਪੁੱਛਿਆ ਕਿਉਂ ਦੀਨ ਮਜ਼੍ਹਬ ਚਲਾਉਂਦੇ ਤੇ ਕੀ ਵਜਹੇ, ਵਜ਼ੂਹਾਤ ਨਾ ਕੋਇ ਸਮਝਾਈਆ । ਤੇਰੀ ਸਰਨੀ ਸਾਰੇ ਲੱਗੇ, ਢਹਿ ਢਹਿ ਆਪਣਾ ਆਪ ਬਣਾਈਆ । ਤੂੰ ਸਾਨੂੰ ਰਾਹ ਵਖਾਏ ਅੱਡੋ ਅੱਡੇ, ਵੱਖਰੀ ਵੱਖਰੀ ਕਾਰ ਕਮਾਈਆ । ਨਾਲ ਕਲਮੇ ਨਿਸ਼ਾਨੇ ਗੱਡੇ, ਗਾਡ ਹੋ ਕੇ ਰਾਡ ਹੁਕਮ ਵਾਲੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਇਕ ਦ੍ਰਿੜਾਈਆ । ਪੁਰਖ ਅਕਾਲ ਕਿਹਾ ਮੁਹੰਮਦ ਗੋਬਿੰਦ ਦੋਵੇਂ ਹੋਵੋ ਪੇਸ਼, ਪੇਸ਼ਤਰ ਦਿਆਂ ਸੁਣਾਈਆ । ਕੇਹੜਾ ਰਵ੍ਹੇ ਹਮੇਸ਼, ਮੈਨੂੰ ਦਿਉ ਸੁਣਾਈਆ । ਕਿਹੜਾ ਕਰੇ ਵੇਸ, ਅਵੱਲੜਾ ਰੂਪ ਦਰਸਾਈਆ । ਕਿਹੜਾ ਵਸੇ ਸਾਚੇ ਦੇਸ, ਦੇਸਾਂਤਰ ਡੇਰਾ ਢਾਹੀਆ । ਮੁਹੰਮਦ ਨੇ ਝਟ ਚੌਦਾਂ ਤਬਕ ਲਏ ਵੇਖ, ਜ਼ਿਮੀਂ ਅਸਮਾਨਾਂ ਧਿਆਨ ਲਗਾਈਆ । ਫੇਰ ਵੇਖੀ ਆਪਣੀ ਰੇਖ, ਬਿਨਾ ਪੇਸ਼ਾਨੀ ਖੋਜ ਖੁਜਾਈਆ । ਗੋਬਿੰਦ ਨੇ ਨਿਗਹ ਮਾਰੀ ਦਿਸਿਆ ਏਕੰਕਾਰਾ ਏਕ, ਅਕਲ ਕਲਧਾਰੀ ਅਗੰਮ ਅਥਾਹੀਆ । ਜਿਸ ਨੇ ਮੈਨੂੰ ਦਸ ਦਸਮੇਸ਼ ਬਣਾ ਕੇ ਦਿਤਾ ਭੇਜ,


੧੩੫੫ ੨੨

ਬਿਨਾ ਭਜਨ ਬੰਦਗੀ ਤੋਂ ਆਪਣੇ ਨਾਲ ਮਿਲਾਈਆ । ਜੋਤੀ ਜੋਤ ਦਾ ਦੇ ਕੇ ਤੇਜ, ਤੇਜ ਆਪਣੇ ਨਾਲ ਰਖਾਈਆ । ਜਿਸ ਦੇ ਪਿਤਾ ਤੇਗ਼ ਬਹਾਦਰ ਨੇ ਟੋਪੀ ਵਾਲੇ ਸੱਦ ਲਏ ਅੰਗਰੇਜ਼, ਓਸੇ ਦੇ ਗੋਬਿੰਦ ਸ਼ਬਦ ਧਾਰ ਨੇ ਹੁਣ ਉਹਨਾਂ ਦੀ ਸਫ਼ਾ ਦੇਣੀ ਉਲਟਾਈਆ । ਜਿਨ੍ਹਾਂ ਨੇ ਧਰਮ ਖਾਧਾ ਵੇਚ, ਕੀਮਤ ਉਹਨਾਂ ਦੀ ਲਏ ਪਾਈਆ । ਹੁਣ ਆਪਣਾ ਲਾਉਣ ਵਾਲਾ ਪੇਚ, ਪੇਚੀਦਾ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਨੂਰ ਇਲਾਹੀਆ । ਹਾੜ੍ਹ ਸਤਾਰਾਂ ਕਹੇ ਵੇਖੀ ਖੇਲ ਅਨਮੁੱਲੀ, ਅਨਮੁੱਲੜਾ ਦਿਆਂ ਦ੍ਰਿੜਾਈਆ । ਮੈਂ ਫਿਰਿਆ ਲੱਖ ਚੁਰਾਸੀ ਕਾਇਆ ਕੁੱਲੀ, ਕੁੱਲ ਮਾਲਕ ਧਿਆਨ ਰਖਾਈਆ । ਮੈਨੂੰ ਅੰਮ੍ਰਿਤ ਰਸ ਮਿਲਿਆ ਨਾ ਚੁਲੀ, ਅਠਸਠ ਭੱਜਿਆ ਵਾਹੋ ਦਾਹੀਆ । ਸ੍ਰਿਸ਼ਟੀ ਨਾਮ ਜਪਦੀ ਬੁੱਲੀਂ, ਹਿਰਦੇ ਹਰਿ ਨਾ ਕੋਇ ਵਸਾਈਆ । ਮੈਨੂੰ ਨਾਰਦ ਮਿਲ ਗਿਆ ਜੇ ਆਹ ਹਾਲਤ ਰਹੀ ਤੇਰੇ ਭਗਵਾਨ ਦੇ ਨਾਮ ਨੂੰ ਲੱਗ ਜਾਣੀ ਉਲੀ, ਸਫ਼ਾ ਸਾਫ਼ ਨਾ ਕੋਇ ਕਰਾਈਆ । ਕਿਉਂ ਕਿ ਉਸ ਨੇ ਕਲਜੁਗ ਨੂੰ ਛੁੱਟੀ ਦੇ ਦਿਤੀ ਖੁੱਲੀ, ਚਾਰੋਂ ਕੁੰਟ ਹੁਕਮ ਸੁਣਾਈਆ । ਮੇਰੇ ਚਰਨਾਂ ਦੀ ਕਿਸੇ ਨੂੰ ਲੈਣ ਨਾ ਦੇਵੀ ਧੂਲੀ, ਧੂੜ ਮਸਤਕ ਨਾ ਕੋਇ ਛੁਹਾਈਆ । ਸਾਰੀ ਸ੍ਰਿਸ਼ਟੀ ਕਰੀ ਬੇਅਸੂਲੀ, ਅਸਲ ਵਿਚ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਮੁਹੰਮਦ ਕਹੇ ਗੋਬਿੰਦ ਮੇਰੀ ਸਦੀ ਚੌਧਵੀਂ ਮੈਨੂੰ ਦੇਂਦੀ ਜਾਏ ਵਿਛੋੜਾ, ਪਲੂ ਰਹੀ ਛੁਡਾਈਆ । ਸਦੀ ਚੌਧਵੀਂ ਕਹੇ ਹਜ਼ਰਤ ਜੀ ਤੈਨੂੰ ਹੁਣ ਉਸ ਦੀ ਲੋੜਾ, ਜੋ ਲੋਹੜੇ ਪੈਣਾ ਸਭ ਦੀ ਕਰੇ ਸਫ਼ਾਈਆ । ਉਸ ਦਾ ਜੋਤ ਸ਼ਬਦ ਦਾ ਜੋੜਾ, ਜੋੜੀ ਆਪਣੇ ਨਾਲ ਰਖਾਈਆ । ਉਹ ਆਇਆ ਮਾਰ ਕੇ ਮੋੜਾ, ਮੁੜਦੀ ਪੈਰੀਂ ਸਚਖੰਡ ਵਿਚੋਂ ਸੰਬਲ ਵਿਚ ਡੇਰਾ ਲਾਈਆ । ਸੇਵਾਦਾਰ ਬਣ ਕੇ ਬਾਂਕਾ ਛੋਹਰਾ, ਉਮਤ ਦਾ ਲੇਖਾ ਦਿਤਾ ਗਵਾਈਆ । ਜਦੋਂ ਤਕੋ ਤੇ ਤਕੋ ਨਵਾਂ ਨਕੋਰਾ, ਸਤਿਗੁਰ ਸ਼ਬਦ ਵਿਚ ਇਹੋ ਵੱਡੀ ਵਡਿਆਈਆ । ਉਸਦੇ ਬਿਨਾ ਕੰਮ ਕਿਸੇ ਦਾ ਨਾ ਕਦੇ ਸੌਰਾ, ਸੌਹਰੇ ਪਈਏ ਦੋਵੇਂ ਰਹੇ ਕੁਰਲਾਈਆ । ਉਹਦੀ ਕਿਸੇ ਦੇ ਨਾਲ ਨਹੀਂ ਖੋਰਾ, ਨਿਰਵੈਰ ਇਕ ਅਖਵਾਈਆ । ਉਹਦਾ ਆਪਣਾ ਜਲਾਲ ਤੇ ਆਪਣਾ ਜੌਹਰਾ, ਜ਼ਾਬਰ ਜ਼ਬਰ ਇਕ ਹੋ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਮੁਹੰਮਦ ਜੀ ਉਹ ਵੇਖੋ ਉਸ ਦਾ ਖੁਲ੍ਹਾ ਰੂਪ ਅਨੋਖਾ, ਸਤਾਰਾਂ ਹਾੜ੍ਹ ਲਿਆ ਬਦਲਾਈਆ । ਜਿਸ ਨੇ ਸਭ ਨੂੰ ਦੇ ਜਾਣਾ ਧੋਖਾ, ਧੋਖੇ ਵਿਚ ਦੁਹਾਈਆ । ਪਰ ਇਕ ਗੱਲ ਭਗਤਾਂ ਨੂੰ ਭੇਵ ਦੱਸਣਾ ਸੌਖਾ, ਤੇ ਥੋੜੀ ਥੋੜੀ ਕਰੇ ਪੜ੍ਹਾਈਆ । ਜਨ ਭਗਤੋ ਪ੍ਰਭ ਦੇ ਨਾਮ ਤੋਂ ਵੱਡਾ ਨਹੀਂ ਕੋਇ ਪੋਥਾ, ਪੁਸਤਕ ਪੜ੍ਹਿਆਂ ਪਾਰ ਨਾ ਕੋਇ ਕਰਾਈਆ । ਇਹ ਕਾਇਆ ਦਾ ਕਾਅਬਾ ਤੇ ਕਾਇਆ ਦਾ ਕੋਠਾ, ਕਾਇਆ ਦਾ ਮੰਦਰ ਇਕ ਸੁਹਾਈਆ । ਜਿਥੇ ਜਗਦੀ ਉਸ ਪ੍ਰਭੂ ਦੀ ਜੋਤਾ, ਜੋ ਜੋਤੀ ਜਾਤਾ ਨੂਰ ਇਲਾਹੀਆ । ਆਦਿ ਅੰਤ ਕਦੇ ਨਾ ਸੋਤਾ, ਸੁਤਿਆਂ ਲਏ ਜਗਾਈਆ । ਸਾਡੇ ਵਿਛੋੜੇ ਦਾ ਸਮਾਂ ਰਿਹਾ ਨਹੀਂ ਬਹੁਤਾ, ਬੁਹਤਿਉਂ ਥੋੜਾ ਦਏ ਕਰਾਈਆ । ਹੁਣ ਸਾਡੇ ਅੰਦਰ ਮਾਰਨਾ ਗੋਤਾ, ਆਪਣਾ ਆਪ ਲੈਣਾ ਛੁਪਾਈਆ । ਤੁਹਾਡਾ ਮਨ ਪੜ੍ਹਾ ਕੇ ਤੋਤਾ, ਤੁਰਤ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਗੋਬਿੰਦ ਇਹ ਕੀ ਕਾਰਨ, ਕਰਨੀ

੧੩੫੬
੨੨

ਦੇ ਕਰਤੇ ਲਿਆ ਕਰਾਈਆ । ਕੀ ਮੈਂ ਮੁਹੰਮਦ ਦੀ ਵਗਾਰਨ, ਵਗਾਰ ਕਰਕੇ ਝਟ ਲੰਘਾਈਆ । ਕੀ ਮੈਨੂੰ ਅੰਤ ਮਾਰੇ ਮਾਰਨ, ਭੈ ਵਿਚ ਡਰਾਈਆ । ਮੇਰੇ ਅੰਤਸ਼ਕਰਨ ਵਿਚ ਆਉਂਦਾ ਉਹ ਵਿਚਾਰਨ, ਜਿਸ ਨੂੰ ਵਿਚਰ ਕੇ ਦੱਸਾਂ ਨਾ ਮੂਲ ਸੁਣਾਈਆ । ਮੈਂ ਤੇਰੇ ਕੋਲ ਲੱਗੀ ਉਚਾਰਨ, ਹੌਲੀ ਹੌਲੀ ਦਿਆਂ ਸੁਣਾਈਆ । ਦੁੱਖ ਵਿਚ ਲੱਗੀ ਪੁਕਾਰਨ, ਨਿਉਂ ਕੇ ਸੀਸ ਝੁਕਾਈਆ । ਤੇਰੇ ਪਿਆਰ ਦੇ ਬਥੇਰੇ ਮਿਲੇ ਉਦਾਹਰਨ, ਸਿਖਿਆ ਜਗਤ ਵਾਲੀ ਦ੍ਰਿੜਾਈਆ । ਮੈਨੂੰ ਸਮਝ ਨਹੀਂ ਆਉਂਦੀ ਮੈਨੂੰ ਕਿਹੜਾ ਆਇਆ ਉਜਾੜਨ, ਵਸਦੀ ਨੂੰ ਘਰੋਂ ਬਾਹਰ ਕਢਾਈਆ । ਮੁਹੰਮਦ ਦੀ ਉਮਤ ਨੂੰ ਆਇਆ ਸਾੜਨ, ਸਾੜ ਫੂਕ ਕੇ ਲੇਖਾ ਦਏ ਚੁਕਾਈਆ । ਮੈਂ ਕਾਹਨੂੰ ਆ ਗਈ ਵਿਚ ਏਸ ਮਹੀਨੇ ਹਾੜ੍ਹਨ, ਭਗਤ ਦਵਾਰ ਵੇਖ ਕੇ ਆਪਨਾ ਪੰਧ ਮੁਕਾਈਆ । ਮੈਂ ਕਿਤੇ ਬਣ ਨਾ ਜਾਵਾਂ ਦੁਹਾਗਣ ਨਾਰਨ, ਨਰ ਨਰਾਇਣ ਨਾਤਾ ਲਏ ਤੁੜਾਈਆ । ਮੈਨੂੰ ਦੁਨੀਆ ਨਾ ਕਹੇ ਵਿਭਚਾਰਨ, ਹਾਹਾਕਾਰ ਨਾ ਕਰੇ ਲੋਕਾਈਆ । ਮੈਂ ਕਿਸ ਤਰਾਂ ਆਪਨਾ ਆਪ ਲਵਾਂ ਸੰਭਾਲਣ, ਸਹਿਜ ਨਾਲ ਸੁਣਾਈਆ । ਗੋਬਿੰਦ ਨੇ ਕਿਹਾ ਕਮਲੀਏ ਇਕੋ ਜੋਤ ਤੇ ਜੋਤ ਅਕਾਲਣ, ਦੂਜਾ ਨਜ਼ਰ ਕੋਇ ਨਾ ਆਈਆ । ਅਸੀਂ ਸਾਰੇ ਉਸ ਦੇ ਦਰ ਦੇ ਸਵਾਲਣ, ਸਵਾਲੀ ਹੋ ਕੇ ਸੀਸ ਝੁਕਾਈਆ । ਉਸ ਨੂੰ ਓਸੇ ਦੀ ਕਿਰਪਾ ਨਾਲ ਅਵਤਾਰ ਪੈਗ਼ੰਬਰ ਗੁਰੂ ਜਾਨਣ, ਜਿਸ ਜਣਾਏ ਓਹ ਉਸਦੇ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਚ ਇਕ ਹੋ ਆਈਆ । ਗੋਬਿੰਦ ਕਿਹਾ ਨੀ ਸਦੀ ਚੌਧਵੀਂ ਜਗਤ ਮੁਟਿਆਰੇ, ਸੁਣ ਹੁਕਮ ਅਗੰਮ ਅਥਾਹੀਆ । ਜਿਸ ਨੇ ਤੇਰੇ ਬਦਲ ਦਿਤੇ ਲਬਾਸ ਕਾਲੇ, ਕਾਲਖ ਟਿੱਕਾ ਦਿਤਾ ਲਾਹੀਆ । ਓਹ ਵੇਖ ਭਗਤ ਦਵਾਰੇ, ਭਗਤ ਭਗਵਾਨ ਆਪਨਾ ਰੰਗ ਰੰਗਾਈਆ । ਤੇਰੀ ਗੋਲੀ ਨੂੰ ਪੀਲੇ ਬਸਤਰ ਪਵਾਏ ਤੇ ਖੇਲ ਕੀਤੇ ਨਿਆਰੇ, ਨਿਰਾਕਾਰ ਨਿਰੰਕਾਰ ਆਪਨੀ ਕਾਰ ਕਮਾਈਆ । ਹੁਣ ਅਗਲੇ ਇਕ ਹੋਰ ਦੇ ਹੋਰ ਇਸ਼ਾਰੇ, ਇਸ਼ਾਰਾ ਇਸ਼ਾਰੇ ਵਿਚੋਂ ਸਮਝਾਈਆ । ਤੇਰਾ ਪੈਂਡਾ ਮੁਕ ਗਿਆ ਜਲ ਸੁੱਕ ਗਿਆ ਤੂੰ ਆ ਗਈ ਓਸ ਕਿਨਾਰੇ, ਜਿਸ ਕਿਨਾਰੇ ਤੇ ਜਗਤ ਵਣਜਾਰੇ ਬੈਠੇ ਡੇਰਾ ਲਾਈਆ । ਚੌਦਾਂ ਤਬਕ ਨਹੀਂ ਰਹਿਣੇ ਚੋਬਾਰੇ, ਚੋਬਦਾਰ ਮੁਹੰਮਦ ਪਹਿਰੇਦਾਰ ਨਾ ਕੋਇ ਅਖਵਾਈਆ । ਪੁਰਖ ਅਕਾਲ ਦੇ ਪਰਵਰਦਿਗਾਰ ਦੇ ਜੁਗ ਲਾਏ ਸਭ ਦੇ ਨਾਲ ਲਾਰੇ, ਲਾਰਿਆਂ ਵਿਚ ਆਪਨਾ ਝਟ ਲੰਘਾਈਆ । ਪਿਛਲੇ ਲੇਖੇ ਹਿਸਾਬ ਸਾਰੇ ਪਾੜੇ, ਅੱਗੇ ਆਪਨਾ ਹੁਕਮ ਵਰਤਾਈਆ । ਹੁਣ ਚਲ ਵੇਖੀਏ ਅੱਗੇ ਪਿਛੇ ਦੇ ਅਖਾੜੇ, ਖੜਗ ਖੰਡੇ ਨਾਲ ਕੀ ਆਪਨੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਸਦੀ ਚੌਧਵੀਂ ਕਹਿੰਦੀ ਨੀ ਬੇਸ਼ਕ ਛਡਨੇ ਮਜ਼੍ਹਬ, ਮਜ਼੍ਹਬ ਸੰਗ ਨਾ ਕੋਇ ਰਖਾਈਆ । ਇਕ ਨੂੰ ਕਰਨਾ ਅਦਬ, ਆਦਾਬ ਵਿਚ ਸੀਸ ਝੁਕਾਈਆ । ਮੈਂ ਪੰਜਾਂ ਪਿਆਰਿਆਂ ਤੋਂ ਇਕ ਸੁਣਨਾ ਚਾਹੁੰਦੀ ਸ਼ਬਦ, ਸ਼ਬਦੀ ਧਾਰ ਦ੍ਰਿੜਾਈਆ । ਫੇਰ ਮੈਂ ਦੱਸਣਾ ਜਨ ਭਗਤੋ ਕੀ ਹੋਣ ਵਾਲਾ ਗ਼ਜ਼ਬ, ਬਹੁੜੀ ਕੀ ਕਰਤਾ ਕਾਰ ਕਮਾਈਆ । ਜਿਸ ਨੇ ਸਾਰੀ ਸ੍ਰਿਸ਼ਟੀ ਦੀ ਦ੍ਰਿਸ਼ਟੀ ਦੀ ਆਪਣੇ ਹੱਥ ਵਿਚ ਫੜ ਲਈ ਨਬਜ਼, ਮਰੀਜ਼ ਵੇਖੇ ਕੂੜ ਲੋਕਾਈਆ । ਬਿਨਾ ਭਗਤਾਂ ਤੋਂ ਜਿਸ ਨੇ ਆਪਨੀ ਕਿਸੇ ਨੂੰ ਦੱਸਣੀ ਨਹੀਂ ਰਮਜ਼, ਰਮਜ਼ਾਨ ਦੇ ਮਹੀਨੇ ਰੋਜ਼ਾ ਰੱਖਣ ਵਾਲੇ ਸਾਰੇ ਰੋਵਣ ਮਾਰਨ ਧਾਈਆ । ਜਿਸ ਦੇ ਕਾਰਨ ਖੱਲ ਲੁਹਾਈ ਸ਼ਮਸ, ਤਬਰੇਜ਼ ਤਬਕਾਂ ਨੂੰ ਰਿਹਾ ਹਿਲਾਈਆ । ਉਸ ਦੀ ਦੁਹਾਈ ਤੇ ਓਸੇ ਦੀ ਕਸਮ, ਕਸਮ ਖਾ ਕੇ ਦਿਆਂ ਸੁਣਾਈਆ ।



੧੩੫੭
੨੨

ਸਦੀ ਚੌਧਵੀਂ ਜਿਸ ਨੇ ਕਰ ਦੇਣੀ ਭਸਮ, ਖ਼ਾਕ ਖ਼ਾਕ ਨਾਲ ਉਡਾਈਆ । ਭਗਤੋ ਅੱਜ ਓਸੇ ਦਾ ਵਿਹਾਰ ਤੇ ਓਸੇ ਦੀ ਰਸਮ, ਤੁਹਾਡੇ ਨਾਲ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਨਾਰਦਾ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਦਾ ਕਰ ਲੈ ਜਾਪ, ਜਪਤ ਜਪਤ ਸੁਖ ਪਾਈਆ । ਸਦੀ ਚੌਧਵੀਂ ਆਪਣਾ ਆਪ ਕਰ ਲੈ ਪਾਕ, ਪਤਿਤ ਪੁਨੀਤ ਸੁਣਾਈਆ । ਮੁਹੰਮਦਾ ਆਪਣਾ ਪੂਰਾ ਕਰ ਲੈ ਵਾਕ, ਵਾਕਫ਼ਕਾਰ ਖ਼ਲਕ ਖ਼ੁਦਾਈਆ । ਨਿਰਾਸੀ ਰਹੇ ਕਿਸੇ ਨਾ ਆਸ, ਆਸਾ ਸਭ ਦੀ ਪੂਰ ਕਰਾਈਆ । ਤੇਰੀ ਕਾਲੀ ਕਮਲੀ ਦਾ ਬਦਲ ਗਿਆ ਲਬਾਸ, ਕਫ਼ਨੀ ਦਿਤੀ ਤਜਾਈਆ । ਸਦੀ ਚੌਧਵੀਂ ਦੀ ਗੋਲੀ ਪਾਣੀ ਦੇ ਲੈ ਕੇ ਪੰਜ ਗਿਲਾਸ, ਹਾਜ਼ਰ ਹੋਵੇ ਚਾਈਂ ਚਾਈਂਆ । ਥਿਤ ਸੁਹੰਜਣੀ ਹੋਏ ਸਤਾਰਾਂ ਹਾੜ੍ਹ ਦੀ ਰਾਤ, ਰੁਤੜੀ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਗਿਲਾਸ ਕਹੇ ਮੈਂ ਪਾਣੀ ਭਰਿਆ, ਭਰਮ ਦਿਆਂ ਚੁਕਾਈਆ । ਜੁਗ ਚੌਕੜੀ ਜਿਸ ਨੇ ਛਲਿਆ, ਵਲ ਛਲਧਾਰੀ ਬਣਿਆ ਧੁਰਦਰਗਾਹੀਆ । ਜਿਸ ਦਾ ਇਕੋ ਦੀਪਕ ਬਲਿਆ, ਨੂਰ ਨੂਰ ਰੁਸ਼ਨਾਈਆ । ਉਹ ਮੇਟੇ ਕਲਜੁਗ ਕਲਿਆ, ਕਲ ਕਾਲਖ਼ ਟਿੱਕਾ ਲਾਹੀਆ । ਭਗਤਾਂ ਅੰਦਰ ਰਲਿਆ, ਜੋਤੀ ਜੋਤ ਜੋਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਸਦੀ ਚੌਧਵੀਂ ਕਹੇ ਇਹ ਪੰਜ ਗਿਲਾਸ ਆਬੇਹਯਾਤ, ਸਭ ਦਾ ਦਿਤਾ (ਮਾਣ) ਗਵਾਈਆ । ਪੰਜਾਂ ਤਤਾਂ ਵਾਲੇ ਹੋ ਗਏ ਬੇਤਾਬ, ਬੇਤਾਬੀ ਵਿਚ ਦੁਹਾਈਆ । ਕਿਸੇ ਝਿਰਨਾ ਝਿਰਦਾ ਨਹੀਂ ਵਿਚੋਂ ਕਵਲ ਨਾਭ, ਨਾਭੀ ਰਸ ਨਾ ਕੋਇ ਚਖਾਈਆ । ਸਾਰੇ ਮੁੱਲਾਂ ਸ਼ੇਖ਼ ਪੜ੍ਹਨ ਵਾਲੇ ਕਿਤਾਬ, ਅੱਖਰਾਂ ਪੜ੍ਹ ਕੇ ਝਟ ਲੰਘਾਈਆ । ਮਹਿਬੂਬ ਦੀ ਕਿਸੇ ਨਾ ਮਿਲੀ ਮਹਿਰਾਬ, ਮੰਜ਼ਲ ਹੱਕ ਨਾ ਕੋਇ ਪਹੁੰਚਾਈਆ । ਸ਼ਰਅ ਦਾ ਕਰੇ ਨਾ ਕੋਇ ਅਦਾਬ, ਬੰਧਨ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਨੀ ਮੇਰੀ ਪੁਰਾਣੀ ਗੋਲੀ, ਇਕ ਤੈਨੂੰ ਦਿਆਂ ਸੁਣਾਈਆ । ਇਹ ਪੰਜ ਗਿਲਾਸ ਓਸੇ ਦੇ ਸਿਰ ਤੇ ਡੋਲ੍ਹੀਂ, ਜਿਹੜਾ ਸਭ ਦੇ ਸਿਰ ਦਾ ਮਾਹੀਆ । ਜਿਸ ਨੇ ਸਭ ਦੀ ਰੰਗਣੀ ਚੋਲੀ, ਚੋਲਾ ਆਪਣਾ ਰੰਗ ਰੰਗਾਈਆ । ਜਨ ਭਗਤਾਂ ਪੜਦੇ ਦੇਵੀਂ ਖੋਲ੍ਹੀ, ਅੰਦਰੇ ਅੰਦਰ ਅੱਖ ਖੁਲ੍ਹਾਈਆ । ਜਿਸ ਦੀ ਧਾਰ ਸਭ ਦੇ ਨਾਲ ਮੌਲੀ, ਮੌਲਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਪਾਣੀ ਕਿਡਾ ਠੰਡਾ, ਠੰਡ ਰਿਹਾ ਵਰਤਾਈਆ । ਓ ਜਨ ਭਗਤੋ ਜਿਸ ਨੇ ਖਾਧਾ ਤੁਹਾਡਾ ਗੰਢਾ, ਗੰਢ ਤੁਹਾਡੇ ਨਾਲ ਰਖਾਈਆ । ਹੱਥ ਵਿਚ ਫੜ ਕੇ ਸੱਤ ਰੰਗ ਦਾ ਡੰਡਾ, ਚੌਦਾਂ ਤਬਕਾਂ ਰਿਹਾ ਹਿਲਾਈਆ । ਦੁਰਗਾ ਦਾ ਵੇਖ ਕੇ ਚੰਡ ਪਰਚੰਡਾ, ਪਰਚੰਡ ਰੂਪ ਬਦਲਾਈਆ । ਜਿਸ ਨੇ ਗੋਬਿੰਦ ਦਾ ਖੜਕਾਇਆ ਖੰਡਾ, ਨੌਂ ਖੰਡਾਂ ਪਾਵੇ ਦੁਹਾਈਆ । ਧਰਮ ਦਾ ਸ਼ਰਅ ਦਾ ਕਿਸੇ ਨੂੰ ਲੈਣ ਨਹੀਂ ਦੇਣਾ ਚੰਦਾ, ਚੰਦ ਸਿਤਾਰੇ ਦਾ ਨਿਸ਼ਾਨਾ ਦਏ ਗਵਾਹੀਆ । ਪਿਛਲਾ ਪਿਛੇ ਵਕਤ ਲੰਘਾ, ਅੱਗੇ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਦਾਤਾ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੁਹੰਮਦ ਆ ਗਿਆ

ਇਕ ਮੇਰੇ ਗੋਸ਼ੇ, ਆਪਣਾ ਧਿਆਨ ਲਗਾਈਆ । ਫੇਰ ਵੇਖੇ ਆਪਣੇ ਕੋਸ਼ੇ, ਕੋਸ਼ਾਂ ਤੋਂ ਬਾਹਰ ਕੀ ਜਣਾਈਆ । ਮੈਂ ਤੇ ਰਿਹਾ ਇਕ ਦੇ ਭਰੋਸੇ, ਜੋ ਵਾਹਿਦ ਨੂਰ ਇਲਾਹੀਆ । ਜਿਸ ਦੀ ਸੋਚ ਕੋਈ ਨਾ ਸੋਚੇ, ਸਮਝ ਵਿਚ ਨਾ ਕੋਇ ਸਮਝਾਈਆ । ਉਹ ਸ਼ਾਇਦ ਆਪਣਾ ਭਾਣਾ ਆਪੇ ਰੋਕੇ, ਰੋਕਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਦਾਤਾ ਇਕ ਅਖਵਾਈਆ । ਸਦੀ ਚੌਧਵੀਂ ਕਹੇ ਨੀ ਗੋਲੀ ਉਠ ਕੇ ਆਜਾ ਛੇਤੀ, ਛੱਤਰ ਮਾਝੇ ਵਾਲਿਆਂ ਦਾ ਦਏ ਗਵਾਹੀਆ । ਨੀ ਤੂੰ ਗੋਬਿੰਦ ਦੇ ਘਰ ਦੀ ਭੇਤੀ, ਪੜਦਾ ਉਸ ਦਾ ਦੇਣਾ ਖੁਲ੍ਹਾਈਆ । ਜਿਸ ਨੇ ਸਭ ਦੇ ਨਾਲ ਕੀਤੀ ਨੇਕੀ, ਨਿੱਕਿਆਂ ਤੋਂ ਵਡੇ ਦਿਤੇ ਬਣਾਈਆ । ਉਸ ਦੀ ਆਸ਼ਾ ਪੁਰਖ ਅਕਾਲ ਦੀ ਬੇਟੀ, ਨੂਰ ਨੂਰ ਜੋਤ ਇਲਾਹੀਆ । ਜੋ ਧਰਮ ਦੀ ਸੇਜ ਤੇ ਲੇਟੀ, ਸਿੰਘਾਸਣ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਨੀ ਤੇਰਾ ਵਿਗੜ ਗਿਆ ਮਜ਼ਾਜ, ਕਾਲੇ ਤੋਂ ਪੀਲੇ ਬਸਤਰ ਲਏ ਬਣਾਈਆ । ਕੀ ਹੋ ਗਿਆ ਜੇ ਮੁਹੰਮਦ ਦਾ ਰਹਿਣਾ ਨਹੀਂ ਰਾਜ, ਰਈਅਤ ਰੋਵੇ ਮਾਰੇ ਧਾਈਆ । ਮੈਂ ਵੀ ਜਾਣਦੀ ਇਕੋ ਦੇ ਸਿਰ ਤੇ ਹੋਣਾ ਤਾਜ, ਜੋ ਤਾਜਾਂ ਦਾ ਮਾਲਕ ਇਕ ਅਖਵਾਈਆ । ਜਿਸ ਨੇ ਸਭ ਦੇ ਪੂਰੇ ਕਰਨੇ ਕਾਜ, ਲੇਖਾ ਚੁਕਾਵੇ ਥਾਉਂ ਥਾਈਂਆ । ਉਸ ਨਵੀਂ ਸਾਜਣਾ ਦੇਣੀ ਸਾਜ, ਸੱਜਣ ਮਿੱਤਰ ਸਾਰੇ ਲੈਣੇ ਮਿਲਾਈਆ । ਜਿਸ ਨੇ ਗੋਬਿੰਦ ਦਾ ਗੋਬਿੰਦ ਬਣਾਇਆ ਬਾਜ, ਬਾਜਾਂ ਵਾਲਾ ਆਪਣੀ ਕਾਰ ਕਮਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਰੂਪ ਦਾ ਇਕ ਚਲਾਏ ਸਮਾਜ, ਆਤਮ ਬ੍ਰਹਮ ਬ੍ਰਹਮ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਹੁਕਮ ਵਰਤਾਈਆ । ਨੀ ਤੂੰ ਕਿਉਂ ਬਦਲੇ ਆਪਣੇ ਕਪੜੇ, ਆਪਣਾ ਰੰਗ ਬਦਲਾਈਆ । ਹਾਏ ਸਦੀ ਚੌਧਵੀਂ ਕਹੇ ਮੈਂ ਇਧਰ ਵੇਖਿਆ ਮੈਂ ਉਧਰ ਵੇਖਿਆ ਕਿਸੇ ਨੇ ਗਾਂ ਖਾਧੀ ਕਿਸੇ ਨੇ ਸੂਰ ਖਾਧਾ ਕਿਸੇ ਨੇ ਖਾਧੇ ਬੱਕਰੇ, ਬਚਿਆ ਨਜ਼ਰ ਕੋਇ ਨਾ ਆਈਆ । ਜਿਹੜੇ ਅੱਠ ਸੱਠ ਤੀਰਥ ਫਿਰੇ ਉਹ ਵੀ ਨਾ ਪ੍ਰਭੂ ਅਪੜੇ, ਸਚਖੰਡ ਮਿਲਣ ਕੋਇ ਨਾ ਜਾਈਆ । ਸਭ ਦੇ ਖ਼ਾਲੀ ਹੋ ਗਏ ਤੱਕੜੇ, ਵਸਤ ਵਿਚ ਨਾ ਕੋਇ ਟਿਕਾਈਆ । ਸਦੀ ਚੌਧਵੀਂ ਕਹੇ ਗੋਲੀਏ ਮੇਰੇ ਮਸਤਕ ਤੋਂ ਲਾਹ ਟਿੱਕੇ ਤੂੰ ਆਪਣੇ ਬਣਾ ਲਏ ਨਖ਼ਰੇ, ਨਖ਼ਰੇ ਵਾਲੀਏ ਪੰਜ ਬਲਾਕ ਪੰਜਾਂ ਪਿਆਰਿਆਂ ਨੂੰ ਆਪਣਾ ਰੰਗ ਰੰਗਾਈਆ । ਜਿਸ ਦਾ ਖੇਲ ਬਹੱਤਰ ਤੇ ਸੱਤਰੇ, ਉਹ ਗੋਬਿੰਦ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਗੋਲੀਏ ਕਿਉਂ ਮੇਰੇ ਨਾਲੋਂ ਲਿਆ ਤਲਾਕ, ਨਾਤਾ ਲਿਆ ਤੁੜਾਈਆ । ਨੀ ਤੂੰ ਬੜੀ ਹੋ ਗਈ ਗੁਸਤਾਖ਼, ਗ਼ੁੱਸੇ ਵਿਚ ਆਪਣਾ ਆਪ ਲਿਆ ਬਦਲਾਈਆ । ਮੈਨੂੰ ਚੌਦਾਂ ਤਬਕ ਰਹੇ ਆਖ, ਮੁਹੰਮਦ ਦੀ ਆਸ਼ਾ ਇਕੱਲੀ ਰੋਵੇ ਮਾਰੇ ਧਾਈਆ । ਮੈਂ ਵੇਖਿਆ ਉਤੇ ਆਕਾਸ਼, ਆਕਾਸ਼ਾਂ ਤੋਂ ਪਰੇ ਧਿਆਨ ਲਗਾਈਆ । ਫੇਰ ਧਰਤੀ ਉਤੇ ਰੱਖੀ ਆਸ, ਆਸ ਆਸਾ ਵਿਚੋਂ ਪਰਗਟਾਈਆ । ਜਾਂ ਮੈਂ ਅਗਾਂਹ ਵੇਖਿਆ ਸੰਬਲ ਵਿਚ ਬੈਠਾ ਪੁਰਖ ਅਬਿਨਾਸ਼, ਦਾਤਾ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਗੋਲੀਏ ਤੇਰੇ ਵਿਚ ਬੜੀਆਂ ਅੜੀਆਂ, ਤੈਨੂੰ ਦਿਆਂ ਸੁਣਾਈਆ । ਉਹ ਤੂੰ ਮੇਰਿਆਂ ਸੱਤਾਂ ਤਬਕਾਂ

੧੩੫੯ ੨੨

ਨੂੰ ਛਡ ਕੇ ਮੱਥੇ ਤੇ ਲਮਕਾ ਲਈਆਂ ਨੌਂ ਲੜੀਆਂ, ਨੌਵਾਂ ਦਵਾਰਿਆਂ ਦਾ ਝਗੜਾ ਦਿਤਾ ਮੁਕਾਈਆ । ਇਹ ਬਿਧਨਾ ਦਾ ਲੇਖ ਢਾਈ ਸਤਰਾਂ ਤੇਰੇ ਮਸਤਕ ਤੇ ਬੜੀਆਂ, ਅੱਗੇ ਦਾ ਲੇਖਾ ਰਹੇ ਨਾ ਰਾਈਆ । ਮੈਂ ਉਮਤ ਦੇ ਪਿਆਰ ਵਿਚ ਹਾਵੇ ਦੇ ਵਿਚ ਸੜੀ ਆਂ, ਸੜ ਕੇ ਦਿਆਂ ਸੁਣਾਈਆ । ਉਸ ਪਰਵਰਦਿਗਾਰ ਸਾਂਝੇ ਯਾਰ ਦੇ ਦਰਬਾਰ ਵਿਚ ਖੜੀ ਆਂ, ਜਿਹੜਾ ਖੰਡੇ ਖੜਗਾਂ ਰਿਹਾ ਖੜਕਾਈਆ । ਮੈਨੂੰ ਐਂ ਜਾਪਦਾ ਕਿ ਹੁਣ ਅੱਗੇ ਵਾਸਤੇ ਹੁੱਕੇ ਦੀਆਂ ਮੂੰਹ ਵਿਚ ਔਣ ਨਹੀਂ ਦੇਣੀਆਂ ਨੜੀਆਂ, ਨਾੜੀਆਂ ਸਭ ਦੀਆਂ ਦਏ ਬਦਲਾਈਆ । ਜਿਹਨੂੰ ਪ੍ਰੇਮ ਖ਼ੁਮਾਰੀਆਂ ਚੜ੍ਹੀਆਂ, ਚੜ੍ਹਦਿਉਂ ਲਹਿੰਦੇ ਤੇ ਲਹਿੰਦਿਉ ਚੜ੍ਹਦੇ ਸਾਰਿਆਂ ਨੂੰ ਲਏ ਮਿਲਾਈਆ । ਉਹਨੇ ਝਗੜਾ ਮੁਕਾਉਣਾ ਸ਼ਰਅ ਤੇ ਸ਼ਰੀਆ, ਸ਼ਰਾਰਤ ਵਾਲਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੋਲੀ ਕਹੇ ਸਦੀ ਚੌਧਵੀਂ ਮੈਨੂੰ ਨਾ ਕਰ ਮਜ਼ਾਕ, ਮਜ਼ਾਕ ਵਿਚ ਸੁਣਾਈਆ । ਯਾਦ ਕਰ ਲੈ ਮੁਹੰਮਦ ਨੇ ਈਸਾ ਨੂੰ ਇਸ਼ਾਰਾ ਕੀਤਾ ਜਿਸ ਵੇਲੇ ਸ਼ਹਿਨਸ਼ਾਹੀ ਸੰਮਤ ਸੱਤ ਤੇ ਸਤਾਰਾਂ ਹਾੜ੍ਹ ਦੀ ਹੋਈ ਅਧੀ ਰਾਤ, ਓ ਬਾਰਾਂ ਵਜਾਏ ਤੇਰਾ ਕਲਾਕ, ਕਲਾ ਜਗਤ ਦੀ ਦਏ ਬਦਲਾਈਆ । ਇਹ ਖੇਲ ਕਰਨਾ ਪੁਰਖ ਸਮਰਾਥ, ਜੋ ਸਰਬ ਕਲਾ ਭਰਪੂਰ ਧੁਰਦਰਗਾਹੀਆ । ਹੋਏ ਸਹਾਈ ਅਨਾਥਾਂ ਨਾਥ, ਦੀਨਾਂ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਆਪਣੀ ਧਾਰ ਬਦਲਾਈਆ । ਸਦੀ ਚੌਧਵੀਂ ਦੀ ਗੋਲੀ ਕਹੇ ਨੀ ਸੁਣ ਮੇਰੀਏ ਰਾਣੀ, ਰਾਣੀਏ ਦਿਆਂ ਜਣਾਈਆ । ਮੈਂ ਚੌਦਾਂ ਸਦ ਤੇਰਾ ਭਰਦੀ ਰਹੀ ਪਾਣੀ, ਖ਼ੁਸ਼ੀਆਂ ਸੇਵ ਕਮਾਈਆ । ਮੈਂ ਹੁਣ ਪੈਗ਼ੰਬਰ ਦੀ ਕਲਾਮ ਤੋਂ ਬਾਹਰ ਪਰਵਰਦਿਗਾਰ ਦੀ ਸੁਣ ਲਈ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਜਿਸ ਦਾ ਸਤਿਗੁਰ ਸ਼ਬਦ ਸ਼ਬਦ ਸਤਿਗੁਰ ਆਤਮਾ ਦਾ ਹਾਣੀ, ਹਾਣ ਇਕੋ ਰਿਹਾ ਵਖਾਈਆ । ਮੇਰਾ ਝਗੜਾ ਮੁਕ ਗਿਆ ਚਾਰੇ ਖਾਣੀ, ਖਾਣ ਪੀਣ ਵਾਲਿਆਂ ਦਾ ਲੇਖਾ ਦਿਤਾ ਮੁਕਾਈਆ । ਮੇਰੀ ਮੰਜ਼ਲ ਬਣ ਗਈ ਰੂਹਾਨੀ, ਰੂਹ ਬੁਤ ਮਿਲ ਕੇ ਖ਼ੁਸ਼ੀ ਮਨਾਈਆ । ਕਿਉਂ ਮੇਰੀ ਪ੍ਰਭ ਦੇ ਨਾਲ ਮਿਲ ਕੇ ਜਗਤ ਵਿਚ ਰਹਿ ਜਾਣੀ ਨਿਸ਼ਾਨੀ, ਜਗਤ ਨਿਸ਼ਾਨੇ ਨਜ਼ਰ ਕੋਇ ਨਾ ਆਈਆ । ਓਏ ਨਾਰਦਾ ਉਠ ਆਪਣੀ ਖੋਲ੍ਹ ਅਕਲਦਾਨੀ, ਅਕਲ ਆਪਣੀ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਹੁਕਮ ਵਰਤਾਈਆ । ਲਿਖਾਰੀਓ ਤੁਹਾਡੇ ਥੱਲੇ ਇੱਟ ਰਵਦਾਸ ਦੀ, ਇੱਟ ਇੱਟ ਨਾਲ ਖੜਕਾਈਆ । ਇਹ ਖੇਲ (ਪੁਰਖ) ਅਬਿਨਾਸ਼ ਦੀ, ਹਰਿ ਕਰਤਾ ਆਪ ਸਮਝਾਈਆ । ਇਹ ਧਾਰ ਜੋਤ ਪ੍ਰਕਾਸ਼ ਦੀ, ਪ੍ਰਕਾਸ਼ਵਾਨ ਨੂਰ ਇਲਾਹੀਆ । ਇਹ ਰਮਜ਼ ਧਰਵਾਸ ਦੀ, ਧਰਤੀ ਤੇ ਫਿਰਨ ਵਾਲਿਓ ਦਿਆਂ ਸਮਝਾਈਆ । ਜ਼ਰਾ ਚਤੁਰਾਈ ਵੇਖਣੀ ਇਸ ਲਬਾਸ ਦੀ, ਜਿਹੜਾ ਕਾਲੇ ਤੋਂ ਪੀਲਾ ਲਿਆ ਬਦਲਾਈਆ । ਦਰਬਾਰੀਓ ਕੀ ਰਮਜ਼ ਸਮਝੀ ਇਕ ਅਵਾਜ਼ ਦੀ, ਜੋ ਤੁਹਾਡੇ ਵਿਚ ਟਿਕਾਈਆ । ਤੁਹਾਡੀ ਸੁਰਤੀ ਰਹੇ ਜਾਗਦੀ, ਸੁਤਿਆਂ ਲਏ ਉਠਾਈਆ । ਘੜੀ ਸੁਹੰਜਣੀ ਹੋਈ ਕਾਜ ਦੀ, ਕਰਨੀ ਕਰਤਾ ਕਾਰ ਕਮਾਈਆ । ਤੁਹਾਡੇ ਵਿਚ ਹਿੰਮਤ ਨਾ ਰਹੇ ਅਗੋਂ ਜਵਾਬ ਦੀ, ਖ਼ੁਸ਼ੀਆਂ ਵਿਚ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਗੁਰਦਰਸ਼ਨ ਨੇ ਲਬਾਸ ਬਣਾਇਆ ਸਿੰਧੀ, ਉਠ ਕੇ ਦਏ ਵਖਾਈਆ । ਨਾਲੇ ਚਾਲ ਚੱਲੇ

ਵਿੰਗੀ, ਟੇਢੀਆਂ ਲੱਤਾਂ ਪੁੱਠੀਆਂ ਸਿਧੀਆਂ ਭਵਾਈਆ । ਪਿਛੋਂ ਖੋਲ੍ਹ ਲਵੇ ਮੇਂਢੀ, ਮੋਢਿਆਂ ਉਤੇ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਇਕ ਵਰਤਾਈਆ । ਸਦੀ ਚੌਧਵੀਂ ਕਹੇ ਹਾਏ ਪੰਜ ਦਰਬਾਰੀਓ ਕਿਉਂ ਝਗੜਾ ਪਾਉਣਾ ਪਾਰ ਸਿੰਧ, ਜੋ ਸਿੰਧੂ ਸੰਧੂ ਸਿਧੂ ਸਾਰੇ ਵੇਖ ਵਖਾਈਆ । ਮੈਨੂੰ ਇਉਂ ਦਿਸ ਪਿਆ ਤੁਸੀਂ ਸਾਰੇ ਬਣ ਗਏ ਉਸ ਪ੍ਰਭੂ ਦੀ ਬਿੰਦ, ਜਿਸ ਬਿੰਦਰਾਬਨ ਵਿਚ ਕਾਹਨ ਵਰਗੇ ਨਾਚਾਂ ਵਿਚ ਰਾਸਾਂ ਵਿਚ ਭਵਾਈਆ । ਹੁਣ ਕੁਛ ਖੇਲ ਹੋਣਾ ਮਸ਼ਰਕ ਤੇ ਮਗਰਬ ਤੇ ਫੇਰ ਵਿਚਾਲੇ ਹਿੰਦ, ਹਿੰਦ ਦੀ ਹਿੰਦ ਵਿਚ ਖੇਲ ਖਿਲਾਈਆ । ਉਮਤ ਕਹੇ ਆਸ਼ਾ ਕਹੇ ਮੇਰੀ ਸੁੰਗੜਦੀ ਜਾਏ ਜਿੰਦ, ਜ਼ਿੰਦਗੀ ਜ਼ਿੰਦਗੀ ਹਾਏ ਜ਼ਿੰਦਗੀ ਵਿਚ ਦੁਹਾਈਆ । ਮੇਰੇ ਮੁਹੰਮਦ ਦੀ ਉਮਤ ਜਾਣੀ ਖਿੰਡ, ਖਿੰਡੀ ਨੂੰ ਇਕੱਠਾ ਨਾ ਕੋਇ ਕਰਾਈਆ । ਮੇਰਾ ਜੀਉ ਪਿੰਡ ਵੇ ਜੀਉ ਪਿੰਡ, ਇਸ ਦੀ ਕਰੇ ਨਾ ਕੋਇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜ੍ਹਦਾ ਆਪ ਚੁਕਾਈਆ । ਸਿੰਧੀ ਕਹੇ ਮੈਂ ਕੋਈ ਕਪੜਾ ਨਹੀਂ ਚਿੱਟਾ, ਚਿੱਟੀ ਧਾਰ ਨਾ ਕੋਇ ਰਖਾਈਆ । ਮੈਂ ਤੇ ਇਕ ਕਢਣ ਵਾਲਾ ਸਿੱਟਾ, ਸਿੱਟੇਬਾਜ਼ੀ ਦਾ ਲੇਖਾ ਦਿਆ ਮੁਕਾਈਆ । ਜੰਮੂ ਦਿਆਂ ਪਹਿਲਵਾਨਾਂ ਦੋਹਾਂ ਲੰਗੋਟਿਆਂ ਵਾਲਿਆਂ ਜ਼ਰਾ ਸਾਹਮਣੇ ਆ ਤੇਰਾ ਖਿੱਚਾਂ ਗਿੱਟਾ, ਤੇ ਗਿਟਿਉਂ ਫੜ ਕੇ ਦਿਆਂ ਭਵਾਈਆ । ਫੇਰ ਵੇਖਾਂ ਸਾਰਿਆਂ ਦਾ ਸਿੱਟਾ, ਜੋ ਬੈਠੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਚਲ ਓਏ ਪਹਿਲਵਾਨਾ, ਕਿਉਂ ਆਪਣਾ ਰੂਪ ਬਦਲਾਈਆ । ਓਏ ਸੂਰਬੀਰ ਜਵਾਨਾ, ਆਪਣਾ ਬਲ ਧਰਾਈਆ । ਤੇਰਾ ਖੇਲ ਵਿਚ ਮੈਦਾਨਾ, ਪ੍ਰਭ ਵੇਖੇ ਚਾਈਂ ਚਾਈਆ । ਤੂੰ ਮਸਤ ਹੋ ਮਸਤਾਨਾ, ਆਪਣਾ ਬਲ ਵਖਾਈਆ । ਤੂੰ ਵੇਖ ਮੇਰਾ ਨਿਸ਼ਾਨਾ, ਜੋ ਨਿਸ਼ਾਨੇ ਸਭ ਦੇ ਦਏ ਬਦਲਾਈਆ । ਜਾਹ ਭੱਜ ਜਾਹ ਨੱਠ ਜਾਹ ਹੋ ਜਾ ਰਵਾਨਾ, ਕਸ਼ਮੀਰ ਤੋਂ ਪਰੇ ਪੈਣੀ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦਾ ਓ ਗੋਲੀ ਨਾਲ ਕਰਨਾ ਸਚ ਵਿਹਾਰ, ਸੀਸ ਇੱਕੀ ਵਾਰ ਝੁਕਾਈਆ । ਅਦਬ ਅਦਬ ਵਿਚ ਅਦਾਬ, ਅਦਾਬ ਅਦਾਬ ਵਿਚ ਵਡਿਆਈਆ । ਜੇਹੜੇ ਮਜ਼੍ਹਬ ਦੇ ਬਰਖ਼ੁਰਦਾਰ, ਉਹ ਮੁਜਾਹਦੀਨ ਬਣਕੇ ਭੱਜਣ ਵਾਹੋ ਦਾਹੀਆ । ਜੇਹੜੇ ਉਹਨਾਂ ਦੇ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਉਹ ਹੋ ਜਾਓ ਹੁਸ਼ਿਆਰ, ਹੁਸ਼ਿਆਰੀ ਨਾਲ ਦ੍ਰਿੜ੍ਹਾਈਆ । ਹੁਣ ਰਹਿਣਾ ਨਹੀਂ ਵਿਚ ਸੰਸਾਰ, ਸ਼ਰਅ ਦਾ ਲੇਖਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਸ਼ਰਅ ਕਹੇ ਮੈਂ ਬੜੀ ਪੁਰਾਣੀ, ਪੁਰਾਣ ਵੇਦ ਦੇਣ ਗਵਾਹੀਆ । ਮੇਰੀ ਪੈਗ਼ੰਬਰਾਂ ਗਾਈ ਕਹਾਣੀ, ਜਗਤ ਦੀਨ ਦੁਨੀ ਸੁਣਾਈਆ । ਮੈਂ ਬਣਕੇ ਮਾਤ ਵਿਚ ਰਾਣੀ, ਆਪਣਾ ਹੁਕਮ ਵਰਤਾਈਆ । ਸੁਘੜ ਸੁਚੱਜੀ ਹੋ ਕੇ ਸਵਾਣੀ, ਸੋਹਣਾ ਢੰਗ ਦਰਸਾਈਆ । ਅੱਖੋਂ ਕਰਕੇ ਦੁਨੀਆ ਕਾਣੀ, ਕਾਇਨਾਤ ਦਿਤੀ ਲੜਾਈਆ । ਮੈਂ ਫੇਰ ਤੱਕਿਆ ਕਿਤੇ ਆਬੇਹਯਾਤ ਕਿਤੇ ਅੰਮ੍ਰਿਤ ਤੇ ਫੇਰ ਪਾਣੀ ਦਾ ਪਾਣੀ, ਪਾਣੀ ਵਿਚੋਂ ਹਾਣੀ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕੋ ਇਕ ਦਰਸਾਈਆ । ਵੇਖੋ ਨੀ ਮੈਂ ਕੀ ਕਹਿਵਾਂ, ਕਹਿ ਕੀ ਸੁਣਾਈਆ । ਮੈਂ ਮੁਹੰਮਦ ਦੀ ਧਾਰ ਨਾਲ

੧੩੬੧
੨੨

ਰਹਿਵਾਂ, ਸਦੀ ਚੌਧਵੀਂ ਵਡ ਵਡਿਆਈਆ । ਮੈਂ ਕਿਸ ਤਰਹ ਇਹ ਸਹਿਵਾਂ, ਕਾਲੇ ਤੋਂ ਪੀਲੇ ਬਸਤਰ ਪਾ ਕੇ ਗੋਬਿੰਦ ਰੰਗ ਰੰਗਾਈਆ । ਮੈਂ
ਕਚੀਚੀਆਂ ਖਵਾਂ ਕੁੱਦ ਕੁੱਦ ਪਵਾਂ, ਗ਼ੁੱਸੇ ਨਾਲ ਡਰਾਈਆ । ਉਹ ਖਲੋਤੀ ਨਾਲ ਚਵਾਂ, ਆਕੜ ਕੇ ਵੇਖੇ ਥਾਂਉਂ ਥਾਈਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਨੀ ਗੋਲੀਏ
ਮੁਹੰਮਦ ਦੀ ਰੁੜ੍ਹ ਚਲੀ ਕੁਲ, ਕੁਲਮਾਲਕ ਆਪਣਾ ਹੁਕਮ ਵਰਤਾਈਆ । ਨੀ ਤੂੰ ਲਾਲ ਕਰਕੇ ਬੁੱਲ, ਹੱਸ ਕੇ ਰਹੀ ਵਖਾਈਆ । ਮੂੰਹ ਵਿਚ
ਫੜ ਕੇ ਗੁਲਾਬ ਦੇ ਫੁੱਲ, ਢਈਆ ਗੋਬਿੰਦ ਵੰਡ ਵੰਡਾਈਆ । ਉਮਤ ਦੀ ਤਪ ਰਹੀ ਚੁੱਲ੍ਹ, ਕਲਜੁਗ ਅਗਨੀ ਰਿਹਾ ਡਾਹੀਆ । ਹਾਏ ਬੂਟਾ
ਜਾਣਾ ਹੁਲ, ਫਲ ਫੁਲ ਰਹਿਣ ਕੋਇ ਨਾ ਪਾਈਆ । ਕੋਈ ਨਹੀਂ ਪੈਣਾ ਮੁੱਲ, ਕਰਤਾ ਕੀਮਤ ਨਾ ਕੋਇ ਜਣਾਈਆ । ਜਗਤ ਅੰਧੇਰ ਜਾਣਾ
ਝੁਲ, ਸਾਂਤਕ ਸਤਿ ਨਾ ਕੋਇ ਕਰਾਈਆ । ਅਨਮੁਲੜੇ ਹੀਰੇ ਜਾਣੇ ਰੁਲ, ਰੁਲਿਆਂ ਹੱਥ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੁਹੰਮਦ ਕਹੇ ਨੀ ਸਦੀ ਚੌਧਵੀਂ ਨਾ ਕਰ ਝਗੜਾ ਝੇੜਾ,
ਕਮਲੀਏ ਬਹਿ ਕੇ ਮਤਾ ਪਕਾਈਆ । ਚਲ ਕੇ ਵੇਖੀਏ ਉਸ ਪ੍ਰਭੂ ਦਾ ਖੇੜਾ, ਜਿਥੇ ਖਿੜਕੀ ਨਜ਼ਰ ਕੋਇ ਨਾ ਆਈਆ । ਮਜ਼੍ਹਬਾਂ ਦਾ ਨਹੀਂ
ਕੋਈ ਡੇਰਾ, ਹਿੱਸਿਆ ਵੰਡ ਨਾ ਕੋਇ ਵੰਡਾਈਆ । ਇਕੋ ਸਤਿਗੁਰ ਸ਼ਬਦ ਤੇ ਇਕੋ ਸ਼ਬਦ ਦੀ ਧਾਰ ਚੇਰਾ, ਦੂਜਾ ਖੇਲ ਨਾ ਕੋਇ ਖਿਲਾਈਆ ।
੧੩੬੨ ਜਿਸ ਜੁਗ ਜੁਗ ਕੀਤਾ ਹੱਕ ਨਬੇੜਾ, ਕਲਜੁਗ ਆਪਣਾ ਵੇਸ ਵਟਾਈਆ । ਨੀ ਸਾਡੇ ਬਦਲੇ ਨੀ ਮੇਰੀ ਆਸਾ ਬਦਲੇ ਸਦੀ ਚੌਧਵੀਂਏ ਮਾਰਿਆ ੧੩੬੨
ਫੇਰਾ, ਆਪਣਾ ਨੂਰ ਜ਼ਹੂਰ ਕਰ ਰੁਸ਼ਨਾਈਆ । ਅਸਾਂ ਸੁਖ ਮਾਣ ਲਿਆ ਬਥੇਰਾ, ਗੋਬਿੰਦ ਦੇ ਬੱਚੇ ਨੀਹਾਂ ਹੇਠ ਦਿਤੇ ਦਬਾਈਆ । ਜੋਤੀ ਜੋਤ
੨੨ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਨੀ ਗੋਲੀ ਨੇੜੇ ੨੨
ਆ ਕੇ ਝੁਕ, ਅੰਤ ਅੰਤ ਸਲਾਮ ਸਲਾਮ ਸਲਾਮ ਸਲਾਮਾਲੈਕਮ ਕਹਿ ਕੇ ਖ਼ੁਸ਼ੀ ਬਣਾਈਆ । ਮੈਨੂੰ ਪਤਾ ਲੱਗ ਗਿਆ ਕਲਮੇ ਛਡ ਕੇ ਤੂੰ ਗਾ
ਲਈ ਇਕੋ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਜਿਸ ਵਿਚ ਆਦਿ ਅੰਤ ਦੇ ਸਾਰੇ ਸੁਖ, ਸੁਖ ਸਾਗਰ ਵਿਚ ਸਮਾਈਆ । ਉਸ ਪ੍ਰਭੂ
ਦੀ ਜਨਮੀਉਂ ਕੁੱਖ, ਜੋ ਸਭ ਦਾ ਪਿਤਾ ਮਾਈਆ । ਅੱਗੇ ਵਾਸਤੇ ਜਿਸ ਭਗਤਾਂ ਨੂੰ ਲਟਕਣ ਦੇਣਾ ਨਹੀਂ ਪੁੱਠਾ ਵਿਚ ਕੁੱਖ, ਰੁਖ ਸਭ ਦਾ ਦੇਣਾ
ਬਦਲਾਈਆ । ਹੁਣ ਸਭ ਨੂੰ ਰਿਹਾ ਪੁਛ, ਪੁਸ਼ਤ ਪਨਾਹ ਹੱਥ ਰਖਾਈਆ । ਸੋਹੰ ਦਾ ਲੇਖਾ ਦਿਤਾ ਲਿਖ, ਆਪਣਾ ਨਾਮ ਦ੍ਰਿੜਾਈਆ । ਅੱਗੇ
ਲੇਖਾ ਰਹੇ ਨਾ ਕੁਛ, ਕੁਛ ਮੁਖ ਦਾ ਝਗੜਾ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ,
ਸਚ ਦਾ ਪੜਦਾ ਆਪ ਚੁਕਾਈਆ । ਸੋਹੰ ਕਹੇ ਪ੍ਰਭੂ ਮੈਂ ਕੋਈ ਤੇਰਾ ਅੱਖਰਾਂ ਵਾਲਾ ਨਹੀਂ ਸੱਸਾ, ਸੱਸੇ ਹਾਹੇ ਨਾਲ ਵਡਿਆਈਆ । ਮੈਂ ਆਦਿ
ਤੋਂ ਤੇਰਾ ਰੂਪ ਤਕਾਂ, ਬ੍ਰਹਮ ਧਾਰ ਪਾਰਬ੍ਰਹਮ ਸਮਾਈਆ । ਮੇਰਾ ਕੋਈ ਲੇਖਾ ਨਹੀਂ ਕੱਚਾ, ਕੰਚਨਗੜ੍ਹ ਸੁਹਾਈਆ । ਮੈਂ ਕੋਈ ਮਾਇਆ ਕਾਰਨ
ਨਹੀਂ ਨੱਚਾ, ਜਗਤ ਤ੍ਰਿਸਨਾ ਨਾ ਕੋਇ ਤਰਸਾਈਆ । ਮੈਂ ਕੋਈ ਮਮਤਾ ਵਿਚ ਨਹੀਂ ਹੱਸਾ, ਇਕੋ ਹਸਤੀ ਤੇਰੀ ਵੇਖੀ ਬੇਪਰਵਾਹੀਆ । ਮੇਰਾ
ਇਕੋ ਨਾਮ ਤੇਰਾ ਸਖ਼ਾ, ਸਖ਼ੇ ਸੁਹੇਲੇ ਸੱਜਣ ਤੇਰੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਾਰਾਂ ਹਾੜ੍ਹ ਕਹੇ ਮੈਂ ਸਾਰੇ ਤਕੇ ਹਾਜੀ, ਸੰਗ ਹਜ਼ਰਤਾਂ ਧਿਆਨ ਲਗਾਈਆ । ਮੁੱਲਾਂ ਸ਼ੇਖ਼ ਮੁਸਾਇਕ ਤਕੇ ਕਾਜ਼ੀ, ਕਲਮਾ ਨਾਮ ਖ਼ੁਦਾਈਆ । ਦੀਨ ਦੁਨੀ ਦੀ ਤਕੀ ਬਾਜ਼ੀ, ਬਾਜ਼ੀਗਰ ਸਵਾਂਗ ਵਰਤਾਈਆ । ਪ੍ਰਭ ਦੀ ਕਿਰਪਾ ਤੋਂ ਬਿਨਾ ਤੱਕਿਆ ਕੋਇ ਨਾ ਰਾਜ਼ੀ, ਸਚ ਵਿਚ ਨਾ ਕੋਇ ਸਮਾਈਆ । ਸੋਈ ਸੁਰਤ ਕਿਸੇ ਨਾ ਜਾਗੀ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਝਗੜਾ ਤੱਕਿਆ ਦੀਨ ਦੁਨੀ ਸਮਾਜੀ, ਸ਼ਰਅ ਸ਼ਰਅ ਨਾਲ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਹਾੜ੍ਹ ਕਹੇ ਮੈਂ ਵੇਖਿਆ ਕਰੀਮ ਕਾਦਰ, ਕਰਤਾ ਧੁਰਦਰਗਾਹੀਆ । ਜਿਸ ਪੰਜਾਂ ਦਰਬਾਰੀਆਂ ਉਤੇ ਪਵਾਈ ਚਾਦਰ, ਧੁਰ ਦਾ ਆਪਣਾ ਰੰਗ ਰੰਗਾਈਆ । ਇਹ ਆਸਾ ਰੱਖੀ ਸੀ ਸਤਿਗੁਰ ਤੇਗ਼ ਬਹਾਦਰ, ਬਹਾਦਰੀ ਨਾਲ ਅੱਖ ਖੁਲ੍ਹਾਈਆ । ਜਿਸ ਵੇਲੇ ਧਰਮ ਦਾ ਰਹਿਣਾ ਨਹੀਂ ਕੋਈ ਹਾਜਣ, ਹਾਜੀ ਹੁਜਰਾ ਹੱਕ ਨਾ ਕੋਇ ਸੁਹਾਈਆ । ਨਿਮਾਜ਼ ਪੜ੍ਹੇ ਨਾ ਕੋਇ ਨਿਮਾਜ਼ਣ, ਨਮੋ ਨਮੋ ਨਾ ਸੀਸ ਝੁਕਾਈਆ । ਉਸ ਵੇਲੇ ਖੇਲ ਕਰੇ ਪ੍ਰਭ ਸਰਬ ਕਲਾ ਸਮਰਾਥਣ, ਹਰਿ ਕਰਤਾ ਵਡ ਵਡਿਆਈਆ । ਜਿਸ ਨੂੰ ਖ਼ੁਦਾਵੰਦ ਕਰੀਮ ਆਖਣ, ਕਰਮ ਸਭ ਦੇ ਵੇਖੇ ਥਾਂਉਂ ਥਾਈਂਆ । ਪ੍ਰਗਟ ਹੋ ਕੇ ਅਲੱਖਣਾ ਅਲਾਖਣ, ਅਲੱਖ ਅਗੋਚਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਚਿੱਟੀ ਚਾਦਰ ਕਹੇ ਮੈਂ ਬਣ ਗਈ ਰੂਪ ਬੁਰਕਾ ਬੁਰਿਆਂ ਭਲਿਆਂ ਵੇਖ ਵਖਾਈਆ । ਮੈਂ ਹੁਣ ਜਾ ਵੜਨਾ ਵਿਚ ਤੁਰਕਾਂ, ਤੁਰਕੀ ਵਾਲੇ ਦੇਣੇ ਹਿਲਾਈਆ । ਸਭ ਦੀਆਂ ਬੰਨ੍ਹਣੀਆ ਮੁਸ਼ਕਾਂ, ਮਸ਼ਕਾਂ ਵਿਚ ਪਾਣੀ ਪੀਣ ਵਾਲੇ ਲੈਣੇ ਉਠਾਈਆ । ਓ ਖੇਲ ਕਰਾਉਣਾ ਮਾਲਕ ਉਸ ਦਾ, ਜਿਸ ਦੀ ਉਸਤਤ ਕਰੇ ਲੋਕਾਈਆ । ਜੇਹੜਾ ਜੁਗ ਚੌਕੜੀ ਸ਼ਰਅ ਨਾਲ ਰੁਸਦਾ, ਰੁੱਸਿਆਂ ਨਾ ਕੋਇ ਮਨਾਈਆ । ਭਗਤਾਂ ਸੂਫ਼ੀਆਂ ਸੰਤਾਂ ਪੁਛਦਾ, ਪੁਸਤ ਪਨਾਹ ਹੱਥ ਟਿਕਾਈਆ । ਉਸ ਨੇ ਦੱਸਿਆ ਸਭ ਦਾ ਪੈਂਡਾ ਮੁਕਦਾ, ਮੁਕੰਮਲ ਆਪਣੀ ਕਾਰ ਭੁਗਤਾਈਆ । ਧੁਰ ਹੁਕਮ ਕਦੇ ਨਾ ਰੁਕਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਅੱਗੇ ਜਾਪ ਹੋਣਾ ਇਕੋ ਤੁਕ ਦਾ, ਸੋਹੰ ਢੋਲਾ ਰਾਗ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਚਾਦਰ ਕਹੇ ਜਨ ਭਗਤੋ ਮੈਂ ਆਈ ਨਹੀਂ ਪੰਜਾਂ ਦਰਬਾਰੀਆਂ ਉਤੇ, ਉੱਤਰ ਪੂਰਬ ਦਾ ਲੇਖਾ ਦਿਆਂ ਸੁਣਾਈਆ । ਵੇਖਿਓ ਗ਼ਫ਼ਲਤ ਵਿਚ ਰਿਹੋ ਨਾ ਸੁੱਤੇ, ਸੁੱਤਿਆਂ ਦਿਆਂ ਉਠਾਈਆ । ਪ੍ਰਭ ਦੀ ਮੌਲਣੀ ਅਗੰਮੀ ਰੁਤੇ, ਰੁਤੜੀ ਆਪਣਾ ਰੰਗ ਬਦਲਾਈਆ । ਸ਼ਰਅ ਦੀ ਧਾਰ ਵਿਚ ਰੋਣੇ ਕੁੱਤੇ, ਉਚੀ ਕੂਕ ਕੂਕ ਸੁਣਾਈਆ । ਕਿਸੇ ਨੂੰ ਅੰਗਣ ਕੋਈ ਨਾ ਚੁੱਕੇ, ਗਲਵਕੜੀ ਕੋਇ ਨਾ ਪਾਈਆ । ਪਾਣੀ ਰਹਿਣਾ ਨਹੀਂ ਕਿਸੇ ਦੇ ਹੁੱਕੇ, ਨੇਜੇ ਵਿਚ ਨਾ ਕੋਇ ਵਡਿਆਈਆ । ਉਮਤ ਉਮਤੀ ਹਿਰਦਾ ਦੁੱਖੇ, ਦੁਖੀਆਂ ਦਰਦ ਨਾ ਕੋਇ ਵੰਡਾਈਆ । ਸਭ ਦੀ ਔਧ ਅੰਤਮ ਪੁਜੇ, ਪੂਜਾ ਸਭ ਦੀ ਆਪਣਾ ਰੰਗ ਰੰਗਾਈਆ । ਪ੍ਰਭ ਨੇ ਖੇਲ ਕਰਨੇ ਗੁੱਝੇ, ਆਪ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦਾ ਰਾਹ ਚਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਰੇ ਕਰ ਲਉ ਇਕ ਸਮਝੌਤਾ, ਮਤਾ ਇਕ ਬਣਾਈਆ । ਪ੍ਰਭ ਨੂੰ ਕਹਿ ਦਿਉ ਇਕੋ ਸਤਿਗੁਰੂ ਬਹੁਤਾ, ਬਹੁਤੇ ਗੁਰੂ ਕੰਮ ਕਿਸੇ ਨਾ ਆਈਆ । ਸਤਿਗੁਰ ਸ਼ਬਦ ਜੇਹੜਾ ਕਦੇ ਨਾ ਜਾਏ ਔਂਤਾ, ਜਗਤ ਨਿਸ਼ਾਨਾ ਨਾ ਕੋਇ ਮਿਟਾਈਆ ।

੧੩੬੪
੨੨

ਉਹ ਸ੍ਰਿਸ਼ਟੀ ਵਿਚ ਫਿਰੇ ਨਾਲ ਸ਼ੌਕਾ, ਸ਼ੌਕੀਨ ਹੋ ਕੇ ਭੱਜੇ ਵਾਹੋ ਦਾਹੀਆ । ਫਿਰੇ ਤਬਕਾਂ ਤੌਕਾਂ, ਲੋਕ ਪਰਲੋਕਾਂ ਖੋਜ ਖੁਜਾਈਆ । ਸੁਣਾਏ ਅਗੰਮ ਸਲੋਕਾ, ਢੋਲਾ ਤੇਰਾ ਬੇਪਰਵਾਹੀਆ । ਉਸ ਨੂੰ ਹੁਣ ਦੇ ਦੇ ਕਲਜੁਗ ਅੰਤਮ ਮੌਕਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਰ ਦਾਤੇ ਬੇਪਰਵਾਹੀਆ । ਅਵਤਾਰ ਪੈਗ਼ੰਬਰ ਕਹਿਣ ਪ੍ਰਭ ਸਾਡਾ ਇਕੋ ਇਕ ਬੁਲਾਰਾ, ਬੁੱਲਾਂ ਤੋਂ ਪਰੇ ਸੁਣਾਈਆ । ਸਤਿਗੁਰ ਸ਼ਬਦ ਬਣਾ ਵਣਜਾਰਾ, ਵਣਜ ਦੋ ਜਹਾਨ ਵਖਾਈਆ । ਸਾਨੂੰ ਵਸਾ ਦੇ ਉਸ ਮਹੱਲ ਮੁਨਾਰਾ, ਜਿਥੇ ਨਿਰਗੁਣ ਨੂਰ ਇਲਾਹੀਆ । ਦੀਨ ਮਜ਼੍ਹਬ ਦਾ ਝਗੜਾ ਰਹੇ ਨਾ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਦੇਣ ਗਵਾਹੀਆ । ਤੇਰਿਆਂ ਭਗਤਾਂ ਦਾ ਤੇਰੇ ਨਾਲ ਮਿਲ ਕੇ ਹੋਏ ਜੈ ਜੈਕਾਰਾ, ਆਤਮ ਪਰਮਾਤਮ ਵੱਜੇ ਵਧਾਈਆ । ਤੇਰਾ ਸੋਹੇ ਸਚ ਦਾ ਦਵਾਰਾ, ਸਤਿ ਸਚ ਤੇਰੀ ਰੁਸ਼ਨਾਈਆ । ਅਸੀਂ ਢਹਿ ਢਹਿ ਚਰਨ ਕਵਲ ਕਰੀਏ ਨਿਮਸਕਾਰਾ, ਨਮੋ ਨਮੋ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਚ ਤੇਰੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਾਡੀ ਇਕ ਬੇਨੰਤੀ, ਦਰ ਤੇਰੇ ਇਕ ਸੁਣਾਈਆ । ਗੜ੍ਹ ਤੋੜ ਦੇ ਹਉਮੇ ਹੰਗਤੀ, ਹੰ ਬ੍ਰਹਮ ਇਕ ਜਣਾਈਆ । ਬੋਧ ਅਗਾਧਾ ਬਣ ਕੇ ਪੰਡਤੀ, ਬ੍ਰਹਮ ਵਿਦਿਆ ਦੇ ਪੜ੍ਹਾਈਆ । ਚਾਰ ਵਰਨ ਬਣਾ ਕੇ ਇਕ ਸੰਗਤੀ, ਸਗਲਾ ਸੰਗ ਇਕ ਰਖਾਈਆ । ਤੇਰੀ ਆਤਮਾ ਤੇਰੇ ਤੋਂ ਬਿਨਾ ਹੋਏ ਨਾ ਕਿਸੇ ਦੀ ਮੰਗਤੀ, ਦੂਜੇ ਦਰ ਮੰਗਣ ਕਦੇ ਨਾ ਜਾਈਆ । ਖੇਲ ਕਰਦੇ ਆਪਣੇ ਗੋਬਿੰਦ ਚੰਨ ਦੀ, ਚੰਦ ਚਾਂਦਨੀ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧੁਰ ਦਾ ਮਾਲਕ ਦਇਆ ਕਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਤੂੰ ਸਤਿਗੁਰ ਸ਼ਬਦ ਸ਼ਬਦ ਬਹਾਦਰਾ, ਸੂਰਬੀਰ ਅਖਵਾਈਆ । ਸਭ ਦਾ ਕਰੀਮ ਕਾਦਰਾ, ਕਰਤਾ ਨੂਰ ਇਲਾਹੀਆ । ਦਰ ਆਇਆਂ ਦੇਵੇਂ ਆਦਰਾ, ਅਦਰਸ਼ ਆਪਣਾ ਇਕ ਜਣਾਈਆ । ਜਗਤ ਜਹਾਨ ਬੇੜਾ ਪਾਰ ਕਰ ਦੇ ਸਮੁੰਦ ਸਾਗਰਾ, ਭਵਜਲ ਨਾ ਕੋਇ ਭਵਾਈਆ । ਮਨੂਆ ਮਨ ਰਹੇ ਨਾ ਬਾਂਦਰਾ, ਪੰਛੀ ਵਾਂਗ ਉਠ ਨਾ ਦਹਿ ਦਿਸ਼ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਰੰਗ ਦੇ ਰੰਗ ਰੰਗੀਲਾ, ਰੰਗਤ ਇਕ ਚੜ੍ਹਾਈਆ । ਹਰਿ ਭਗਤ ਬਣਾ ਆਪਣਾ ਕਬੀਲਾ, ਕਾਮਲ ਮੁਰਸ਼ਦ ਦਇਆ ਕਮਾਈਆ । ਸਤਿਗੁਰ ਸ਼ਬਦ ਹੋਵੇ ਵਸੀਲਾ, ਵਸਲ ਦੇਵੇ ਅਗੰਮ ਅਥਾਹੀਆ । ਤੇਰੇ ਮਿਲਣ ਦਾ ਤੇਰਾ ਪਿਆਰ ਕਰਾਏ ਹੀਲਾ, ਹਿੰਮਤ ਨਾਮ ਵਾਲੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਸਤਕ ਲੇਖ ਬਣਾਈਆ । ਮਸਤਕ ਕਹੇ ਪ੍ਰਭ ਲਿਖ ਦੇ ਲੇਖ ਅਪਾਰ, ਭਗਤਾਂ ਦੇ ਵਡਿਆਈਆ । ਤੂੰ ਸ਼ਹਿਨਸ਼ਾਹ ਸੱਚੀ ਸਰਕਾਰ, ਪਾਤਸ਼ਾਹ ਇਕ ਹੋ ਆਈਆ । ਵਸੇਂ ਧਾਮ ਨਿਆਰ, ਸੰਬਲ ਸੋਭਾ ਪਾਈਆ । ਗੜ੍ਹੀ ਚਮਕੌਰ ਦਾ ਦੇ ਉਧਾਰ, ਸਿਰ ਆਪਣਾ ਹੱਥ ਟਿਕਾਈਆ । ਅਗੰਰੇਜ਼ ਸਿੰਘ ਰਣਜੀਤ ਸਿੰਘ ਸੁਰਜੀਤ ਸਿੰਘ ਬਦਲ ਲੈਣ ਦਸਤਾਰ, ਦਸਤੂਰ ਆਪਣਾ ਦੇ ਦ੍ਰਿੜਾਈਆ । ਜਨ ਭਗਤੋ ਸ਼ਹਾਦਤ ਦੇਣੀ ਇਕੋ ਵਾਰ, ਦੂਜੀ ਲੋੜ ਰਹੇ ਨਾ ਰਾਈਆ । ਹਰਿ ਸੰਗਤ ਇਕ ਦੂਜੇ ਨਾਲ ਸਦਾ ਕਰੇ ਪਿਆਰ, ਮੁਹੱਬਤ ਵਿਚ ਸਮਾਈਆ । ਚੁਗ਼ਲੀ ਨਿੰਦਿਆ ਵਿਚੋਂ ਹੋ ਜਾਉ ਬਾਹਰ, ਕੂੜੀ ਕਿਰਿਆ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਹੋ ਆਈਆ । ਹਾੜ੍ਹ ਸਤਾਰਾਂ ਕਹੇ ਜਨ ਭਗਤੋ ਸੁਣੋ ਹੁਕਮ ਅਪਾਰਾ, ਅਪਰੰਪਰ ਸਵਾਮੀ ਰਿਹਾ ਦ੍ਰਿੜ੍ਹਾਈਆ । ਤੁਹਾਡਾ ਮਾਲਕ ਏਕਾ ਏਕੰਕਾਰਾ, ਅਕਲ ਕਲਧਾਰੀ ਇਕ ਅਖਵਾਈਆ । ਜਿਸ ਨੂੰ ਕਹਿੰਦੇ ਕਲ ਕਲਕੀ ਅਵਤਾਰਾ, ਅਮਾਮ ਅਮਾਮਾ ਸੋਭਾ ਪਾਈਆ । ਸੋ ਬਖ਼ਸ਼ੇ ਸਚ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਗੁਰਸਿਖ ਗੁਰਸਿਖ ਨੂੰ ਕੋਈ ਨਾ ਕਹੇ ਮਾੜਾ, ਪ੍ਰੇਮ ਪਿਆਰ ਵਿਚ ਇਕ ਦੂਜੇ ਨੂੰ ਲਉ ਸਮਝਾਈਆ । ਤੁਹਾਡਾ ਸਭ ਦਾ ਇਕੋ ਲਾੜਾ, ਪੁਰਖ ਅਕਾਲ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਹਾੜ ਕਹੇ ਮੇਰਾ ਇਕੋ ਇਕ ਸੰਦੇਸ਼ਾ, ਸਭ ਨੂੰ ਦਿਆਂ ਸੁਣਾਈਆ । ਪੁਰਖ ਅਕਾਲ ਮੰਨੋ ਹਮੇਸ਼ਾ, ਦੂਸਰ ਇਸ਼ਟ ਨਾ ਕੋਇ ਬਣਾਈਆ । ਸਭ ਨੇ ਲਾਜ ਰੱਖਣੀ ਗੋਬਿੰਦ ਵਾਲੇ ਕੇਸਾਂ, ਕੇਸਗੜ੍ਹ ਦਾ ਮੂਲ ਚੁਕਾਈਆ । ਸ਼ਬਦ ਸਤਿਗੁਰੂ ਚਲਿਆ ਜਾਣਾ ਵਿਚ ਪਰਦੇਸਾਂ, ਪ੍ਰਾਦੇਸ਼ਕ ਆਪਣਾ ਹੁਕਮ ਸੁਣਾਈਆ । ਸਭ ਦਾ ਪੂਰਾ ਕਰਨਾ ਲੇਖਾ, ਜੋ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਜਨ ਭਗਤੋ ਆਇਆ ਹਾੜ੍ਹ ਮਹੀਨਾ, ਮਾਸ ਰਿਹਾ ਜਣਾਈਆ । ਝਗੜਾ ਛਿੜਨਾ ਰੂਸਾ ਚੀਨਾ, ਚੈਨ ਵਿਚ ਰਹਿਣ ਕੋਇ ਨਾ ਪਾਈਆ । ਕੀ ਹਾਲਤ ਹੋਣੀ ਧਰਨੀ ਉਤੇ ਜ਼ਮੀਨਾ, ਅਸਮਾਨ ਰਹੇ ਕੁਰਲਾਈਆ । ਈਸਾ ਮੂਸਾ ਮੁਹੰਮਦ ਕਹੇ ਆਮੀਨਾ, ਯਾਮੁਬੀਨ ਤੇਰੀ ਵਡਿਆਈਆ । ਚਾਰੋਂ ਕੁੰਟ ਆਏ ਪਸੀਨਾ, ਪੇਸ਼ਾਨੀ ਉਤੇ ਸੋਭਾ ਪਾਈਆ । ਨਾਤਾ ਤੁਟਣਾ ਨਰ ਮਦੀਨਾ, ਮਦੀਨੇ ਵਾਲੇ ਰੋਵਣ ਮਾਰਨ ਧਾਈਆ । ਆਬ ਮਿਲੇ ਕਿਸੇ ਨਾ ਪੀਣਾ, ਜਗਤ ਤ੍ਰਿਖਾ ਨਾ ਕੋਇ ਬੁਝਾਈਆ । ਬਿਨਾ ਭਗਤਾਂ ਤੋਂ ਠੰਡਾ ਰਹੇ ਕਿਸੇ ਨਾ ਸੀਨਾ, ਸੀਨ ਸ਼ੀਨ ਦੋਵੇਂ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਵਡ ਵਡਿਆਈਆ । ਉਮਤ ਆਸਾ ਕਹੇ ਮੈਂ ਥੱਕੀ ਟੁੱਟੀ, ਪ੍ਰਭ ਨਾਲੋਂ ਟੁੱਟਿਆਂ ਦਿਆਂ ਸੁਣਾਈਆ । ਸਦੀ ਚੌਧਵੀਂ ਗਈ ਲੁੱਟੀ, ਲੁਟੇਰਾ ਬਣਿਆ ਧੁਰ ਦਾ ਮਾਹੀਆ । ਜਿਨ ਮੌਲੀ ਤੰਦ ਦੇ ਗਾਨੇ ਬੰਧਾਏ ਗੁੱਟੀ, ਆਪਣਾ ਹੁਕਮ ਵਰਤਾਈਆ । ਭਾਗ ਲਗਾਇਆ ਗੁਰਸਿਖ ਦੁਲਾਰੇ ਸੁੱਤੀਂ, ਮਿਹਰ ਨਜ਼ਰ ਨਾਲ ਤਰਾਈਆ । ਸ਼ਬਦੀ ਧਾਰ ਰਿਹਾ ਚੁੱਕੀ, ਚੁਕੰਨਾ ਹੋ ਕੇ ਫਿਰੇ ਵਾਹੋ ਦਾਹੀਆ । ਆਪਣੇ ਨਿਸ਼ਾਨਿਉਂ ਰਿਹਾ ਨਾ ਉਕੀ, ਉਕਾ ਆਪਣਾ ਹੁਕਮ ਵਰਤਾਈਆ । ਸੰਦੇਸ਼ਾ ਦੇ ਕੇ ਦੋ ਤੁਕੀ, ਦੋ ਜਹਾਨਾਂ ਪੰਧ ਮੁਕਾਈਆ । ਸਦੀ ਚੌਧਵੀਂ ਕਹੇ ਮੇਰੀ ਗੋਲੀ ਨੂੰ ਪੀਲੇ ਬਸਤਰ ਪਹਿਨਾ ਕੇ ਰੁਖੀ, ਰੁਖੀ ਰੁਖ਼ਸਤ ਮੇਰੇ ਨਾਲੋਂ ਕਰਾਈਆ । ਮਾਣ ਵਡਿਆਈ ਦੇ ਕੇ ਪੰਜ ਪਿਆਰੇ ਮੁਖੀ, ਪੰਜਾਂ ਦਰਬਾਰੀਆਂ ਪੜਦਾ ਰਿਹਾ ਪਾਈਆ । ਪੰਜ ਲਿਖਾਰੀ ਇੱਟਾਂ ਰੱਖੇ ਚੁੱਕੀ, ਆਪਣੇ ਹੇਠ ਛੁਹਾਈਆ । ਹਰਿ ਸੰਗਤ ਉਤਮ ਸ੍ਰੇਸ਼ਟ ਕਰਕੇ ਸੁੱਚੀ, ਸੰਜਮ ਇਕ ਦ੍ਰਿੜ੍ਹਾਈਆ । ਆਤਮ ਪਰਮਾਤਮ ਲਾਉਣੀ ਰੁਚੀ, ਬ੍ਰਹਮ ਪਾਰਬ੍ਰਹਮ ਸਮਾਈਆ । ਲੱਖ ਚੁਰਾਸੀ ਹੋਏ ਕੋਈ ਨਾ ਦੁਖੀ, ਚਾਰੇ ਖਾਣੀ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇ ਕੇ ਮੰਜ਼ਲ ਉਚੀ, ਉਚ ਅਗੰਮ ਅਥਾਹ ਬੇਪਰਵਾਹ ਆਪਣੇ ਨਾਲ ਮਿਲਾਈਆ ।



੧੩੬੫
੨੨

## ੧੮ ਹਾੜ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਸਵੇਰੇ ਸ਼ਾਦੀਆਂ ਸਮੇਂ

ਫੁੱਲ ਗੁਲਾਬ ਕਹੇ ਮੈਨੂੰ ਦੰਦਾਂ ਵਿਚ ਘੁਟਿਆਂ, ਗੋਲੀ ਜੋਗਿੰਦਰ ਕੌਰ ਜ਼ੋਰ ਨਾਲ ਦਬਾਈਆ । ਬਹੁੜੀ ਉਮਤ ਦਾ ਰਸ ਗਿਆ ਲੁੱਟਿਆ, ਲੁਟੇਰਾ ਬਣਿਆ ਧੁਰ ਦਰਗਾਹੀਆ । ਮੁਹੰਮਦ ਨਿਸ਼ਾਨਾ ਗਿਆ ਪੁਟਿਆ, ਪਟਨੇ ਵਾਲਾ ਜੜ੍ਹ ਉਖੜਾਈਆ । ਜਿਸ ਦਾ ਨਾਮ ਕਲਮਾ ਦੋ ਤੁਕਿਆ, ਦੋ ਜਹਾਨਾਂ ਖੋਜ ਖੁਜਾਈਆ । ਜਨ ਭਗਤੋ ਤੁਸਾਂ ਮੈਨੂੰ ਮੂਲ ਨਾ ਪੁੱਛਿਆ, ਮੈਂ ਦੇਵਾਂ ਹਾਲ ਦੁਹਾਈਆ । ਜਿਸ ਕਾਰਨ ਟਾਹਣੀ ਨਾਲੋਂ ਟੁੱਟਿਆਂ, ਟੁੱਟਿਆਂ ਜੋੜ ਜੁੜਾਈਆ । ਦਾਣਾ ਪਾਣੀ ਜਗਤ ਜਹਾਨ ਨਖੁਟਿਆ, ਨਿਖੁਟ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਆਸ ਰਖਾਈਆ । ਫੁੱਲ ਕਹੇ ਮੈਨੂੰ ਦੰਦਾਂ ਹੇਠ ਦੱਬਿਆ, ਢਾਈ ਮਿੰਟ ਮੇਰੀ ਦੁਹਾਈਆ । ਹੌਕਾ ਨਿਕਲਿਆ ਉਫ਼ ਹਾਏ ਰੱਬਿਆ, ਰਹੀਮ ਤੇਰੀ ਬੇਪਰਵਾਹੀਆ । ਕਿਸ ਕਾਰਨ ਮੈਨੂੰ ਸੱਦਿਆ, ਹੁਕਮ ਸੰਦੇਸ਼ਾ ਇਕ ਦ੍ਰਿੜਾਈਆ । ਧੁਰ ਫ਼ਰਮਾਨਾ ਹੋਇਆ ਓ ਵੇਖ ਅਗੰਮੇ ਬੱਚਿਆ, ਭੇਵ ਅਭੇਦ ਖੁਲ੍ਹਾਈਆ । ਜਿਸ ਖੇਲ ਜਗਤ ਜਹਾਨ ਰਚਿਆ, ਸਦੀ ਚੌਧਵੀਂ ਸੰਗ ਬਣਾਈਆ । ਨੌਂ ਖੰਡ ਪ੍ਰਿਥਮੀ ਅੰਗਿਆਰਾ ਤਪਿਆ, ਤਪੀਸ਼ਰ ਸਕੇ ਨਾ ਕੋਇ ਬੁਝਾਈਆ । ਖੇਲ ਕਰੇ ਪੁਰਖ ਸਮਰੱਥਿਆ, ਹਰਿ ਕਰਤਾ ਅਗੰਮ ਅਥਾਹੀਆ । ਤੂੰ ਜਿਸ ਕਾਰਨ ਆਇਆ ਨੱਠਿਆ, ਭੱਜਿਆ ਵਾਹੋ ਦਾਹੀਆ । ਭਗਤਾਂ ਤਕ ਇੱਕਠਿਆ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਏਕਾ ਰੰਗ ਸਮਾਈਆ । ਜਿਨ੍ਹਾਂ ਦੇ ਕੋਲ ਨਾਮ ਦਾ ਪਟਿਆ, ਪਾਟਲ ਆਪਣਾ ਭੇਵ ਖੁਲ੍ਹਾਈਆ । ਚੀਥੜ ਰਹੇ ਕਿਸੇ ਨਾ ਫਟਿਆ, ਓਢਣ ਇਕੋ ਇਕ ਟਿਕਾਈਆ । ਜਿਨ੍ਹਾਂ ਨੇ ਖੇਲ ਕੀਤਾ ਸਵਾਂਗੀ ਨਟਿਆ, ਅੱਠਾਂ ਤਤਾਂ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਧੁਰ ਸ਼ਬਦ ਕਹੇ ਸੁਣ ਧੁਰ ਦੇ ਫੁੱਲ ਗੁਲਾਬੇ, ਗੁਲ ਆਬ ਦਿਆਂ ਜਣਾਈਆ । ਤੂੰ ਵਿਚੋਲਾ ਬਣਿਉਂ ਬਾਬਾ ਆਦਮ ਤੇ ਮਾਈ ਹੱਵਾ ਕਾਅਬੇ, ਜਿਹੜਾ ਕਾਅਬਾ ਨਜ਼ਰ ਕਿਸੇ ਨਾ ਆਈਆ । ਤੈਨੂੰ ਬਾਵਨ ਨੇ ਬਲ ਦਵਾਰ ਮਾਰੀ ਆਵਾਜ਼ੇ, ਹੁਕਮ ਸੰਦੇਸ਼ਾ ਇਕ ਸੁਣਾਈਆ । ਤੇਰੀ ਆਸ਼ਾ ਰੱਖੀ ਖਿਜਰ ਖਵਾਜੇ, ਬਿਨ ਨੈਣਾਂ ਨੈਣ ਉਠਾਈਆ । ਤੈਨੂੰ ਨੌਂ ਵਾਰ ਗੋਬਿੰਦ ਨੇ ਕਲਗੀ ਨਾਲ ਸੁਹਾਇਆ ਤਾਜੇ, ਨਵ ਨਵ ਰੰਗ ਰੰਗਾਈਆ । ਫੇਰ ਇਸ਼ਾਰਾ ਕੀਤਾ ਦੇਸ ਮਾਝੇ, ਸੈਨਤ ਨਾਲ ਸਮਝਾਈਆ । ਫੇਰ ਹੁਕਮ ਦਿਤਾ ਉਹ ਤਕ ਲੈ ਪਾਰ ਵਾਘੇ, ਪੜਦਾ ਪੜਦਿਆਂ ਵਿਚੋਂ ਉਠਾਈਆ । ਫੇਰ ਸੰਦੇਸ਼ਾ ਦਿਤਾ ਕੀ ਮੁਹੰਮਦ ਸੁਣਾਇਆ ਲੇਖ ਲਿਖਾਇਆ ਆਪਣੀ ਬਿਨਾ ਕਿਤਾਬੇ, ਅਲਿਫ਼ ਯੇ ਨਾ ਵੰਡ ਵੰਡਾਈਆ । ਫੇਰ ਜਣਾਇਆ ਸਦੀ ਚੌਧਵੀਂ ਵੇਖ ਸਾਜਣ ਸਾਜੇ, ਸਾਜਣਹਾਰ ਨੂਰ ਇਲਾਹੀਆ । ਭੇਵ ਖੁਲ੍ਹਾਇਆ ਸਜਦਾ ਕਰ ਅਦਾਬੇ, ਅਦਬ ਨਾਲ ਸੀਸ ਝੁਕਾਈਆ । ਹੋਰ ਤਕ ਆਗੇ, ਅੱਗਾ ਦਿਆਂ ਵਖਾਈਆ । ਜਿਸ ਵੇਲੇ ਸੋਇਆ ਮਾਤ ਕੋਇ ਨਾ ਜਾਗੇ, ਆਲਸ ਨਿੰਦਰਾ ਨਾ ਕੋਇ ਮਿਟਾਈਆ । ਉਸ ਵੇਲੇ ਖੇਲ ਕਰੇ ਹਰਿ ਕਰਤਾ ਆਪਣਾ ਆਪੇ, ਆਪਣੀ ਦਇਆ ਕਮਾਈਆ । ਤੂੰ ਮੇਰਾ ਮੈਂ ਤੇਰਾ ਹੋਣਾ ਜਾਪੇ, ਸਚ ਸਚ ਨਾਲ ਕੁੜਮਾਈਆ । ਮੇਰਿਆਂ ਭਗਤਾਂ ਭੁੱਲ ਜਾਣੇ ਆਪਣੇ ਮਾਪੇ, ਮਾਤ ਪਿਤ ਪਿਆਰ ਨਾ ਕੋਇ ਵਧਾਈਆ । ਤੇਰੇ ਸੋਹਣਿਆਂ ਸੋਹਣੇ ਬਣਾਉਣੇ ਸਾਕੇ, ਸਾਖਿਆਤ ਰੰਗ ਵਖਾਈਆ । ਤੂੰ ਉਸ ਵੇਲੇ ਦੀ ਰੱਖਣੀ ਤਾਕੇ, ਤਾਕਤ ਆਪਣੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਫੁੱਲ ਕਹੇ ਪ੍ਰਭੂ ਮੇਰਾ ਪੂਰਾ ਹੋ ਗਿਆ ਅਰਸਾ, ਵਿਰਸਾ ਪਿਛਲਾ ਰਿਹਾ ਨਾ ਰਾਈਆ । ਸ਼ਹਿਨਸ਼ਾਹੀ ਸੰਮਤ ਸੱਤ ਦਾ ਸਾਚਾ ਬਰਸਾ, ਹਾੜ ਸਤਾਰਾਂ ਦਏ ਗਵਾਹੀਆ । ਮੈਂ ਚਾਹੁੰਦਾ ਮੇਰੀ ਸਾਰਿਆਂ ਭਗਤਾਂ ਉਤੇ ਕਰ ਦੇ ਬਰਖਾ, ਪੱਤੀ ਪੱਤੀ ਨਾਲ ਮਹਿਕਾਈਆ । ਮੈਨੂੰ ਸੋਗ ਰਹੇ ਨਾ ਹਰਖਾ, ਦਰ ਤੇਰੇ ਆਪਣਾ ਆਪ ਭੇਟ ਕਰਾਈਆ । ਮੇਰੀ ਜ਼ਿੰਦਗੀ ਦਾ ਮੇਰੇ ਜੀਵਣ ਦਾ ਸਦੀ ਚੌਧਵੀਂ ਦੀ ਗੋਲੀ ਨਾਲ ਪਰਚਾ, ਪ੍ਰਾਚੀਨ ਦਾ ਲੇਖਾ ਦੇ ਮੁਕਾਈਆ । ਮੈਂ ਚਾਹੁੰਦਾ ਤੇਰੀ ਹਰ ਥਾਂ ਹੋਵੇ ਚਰਚਾ, ਚਰਚਾਂ ਵਾਲੇ ਤੇਰਾ ਧਿਆਨ ਲਗਾਈਆ । ਤੇਰੀ ਇਕੋ ਪੂਜਾ ਹੋਵੇ ਅਰਚਾ, ਆਚਰਨ ਇਕੋ ਦੇਣਾ ਸਮਝਾਈਆ । ਅਵਤਾਰ ਪੈਗ਼ੰਬਰ ਗੁਰ ਪੂਰਾ ਕਰ ਦੇ ਖਰਚਾ, ਬਾਕੀ ਨਜ਼ਰ ਕੋਇ ਨਾ ਆਈਆ । ਤੇਰਾ ਨੂਰ ਜ਼ਹੂਰ ਦਾ ਹੋਵੇ ਦਰਸਾ, ਨੇਤਰ ਨੈਣ ਅੱਖ ਰੁਸ਼ਨਾਈਆ । ਮਾਲਕ ਖ਼ਾਲਕ ਧੁਰ ਦਰਗਾਹੀ ਕਰਤਾ, ਕਰਤਾ ਪੁਰਖ ਇਕ ਹੋ ਆਈਆ । ਤੂੰ ਲੱਖ ਚੁਰਾਸੀ ਭਰਤਾ, ਪਾਰਬ੍ਰਹਮ ਬੇਅੰਤ ਤੇਰੀ ਵਡਿਆਈਆ । ਤੇਰੇ ਨਾਲ ਮੇਰੀ ਹੋ ਜਾਏ ਲਿਖਤ ਪੜ੍ਹਤਾ, ਦੂਜੀ ਲੋੜ ਰਹੇ ਨਾ ਰਾਈਆ । ਮੇਰਾ ਜੀਅ ਕਰਦਾ ਮੈਂ ਖੇਲ ਵੇਖਾਂ ਲਹਿੰਦਾ ਚੜ੍ਹਦਾ, ਭੱਜਾਂ ਵਾਹੋ ਦਾਹੀਆ । ਮੁਹੰਮਦ ਦਾ ਆਵਾ ਵੇਖਾਂ ਤੱਪਦਾ, ਚੌਦਾਂ ਤਬਕ ਖੋਜ ਖੁਜਾਈਆ । ਉਨ੍ਹਾਂ ਵਿਚੋਂ ਵੀ ਤੇਰੇ ਸੂਫ਼ੀ ਫ਼ਕੀਰ ਰਿਹਾ ਲੱਭਦਾ, ਆਪਣਾ ਪੰਧ ਮੁਕਾਈਆ । ਮੈਂ ਢਾਈਆਂ ਮਿੰਟਾਂ ਵਿਚ ਢਾਈ ਕਰੋੜ ਵਾਰ ਤੇਰਾ ਨਾਮ ਜਪਦਾ, ਮੇਰੀ ਰਫ਼ਤਾਰ ਗੁਫ਼ਤਾਰ ਸੱਚੀ ਸਰਕਾਰ ਤੇਰੇ ਬਿਨਾ ਸਮਝ ਕਿਸੇ ਨਾ ਆਈਆ । ਮੈਂ ਮੰਦਰ ਸ਼ਿਵਦਵਾਲਿਆਂ ਵਿਚ ਟੱਪਦਾ, ਗੁਰੂਦਵਾਰਿਆਂ ਆਪਣਾ ਰੰਗ ਰੰਗਾਈਆ । ਮੈਂ ਚਾਰ ਜੁਗ ਤੈਨੂੰ ਰਿਹਾ ਲੱਭਦਾ, ਭੱਜਿਆ ਥਾਉਂ ਥਾਈਂਆ । ਮਿੰਨਤਾਂ ਵਿਚ ਰਿਹਾ ਸੱਦਦਾ, ਨਿਉਂ ਨਿਉਂ ਸੀਸ ਝੁਕਾਈਆ । ਧੰਨਭਾਗ ਦਿਹਾੜਾ ਹੋਵੇ ਅੱਜ ਦਾ, ਮਾਲਕ ਮਿਲਿਉਂ ਧੁਰ ਦਰਗਾਹੀਆ । ਜਿਹੜਾ ਭਗਤਾਂ ਦੇ ਵਿਚ ਸਜਦਾ, ਸੱਜਣ ਬਣਿਉਂ ਨੂਰ ਇਲਾਹੀਆ । ਕਿਸੇ ਦਾ ਰੂਪ ਰਹਿਣ ਨਹੀਂ ਦੇਣਾ ਕੱਗ ਦਾ, ਕਾਗੋਂ ਹੰਸ ਬਣਾਈਆ । ਹੁਣ ਸਮਾਜ ਬਦਲ ਦੇ ਜਗ ਦਾ, ਜਗਜੀਵਣ ਦਾਤੇ ਤੇਰੇ ਹੱਥ ਵਡਿਆਈਆ । ਝਗੜਾ ਮੇਟ ਦੇ ਜ਼ਾਤ ਪਾਤ ਦੀ ਹੱਦ ਦਾ, ਘਰ ਇਕੋ ਇਕ ਸੁਹਾਈਆ । ਨਸ਼ਾ ਦੇ ਦੇ ਨਾਮ ਪਿਆਲੇ ਮਧ ਦਾ, ਮਧੁਰ ਧੁਨ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਇਕ ਖਿਲਾਈਆ । ਫੁੱਲ ਕਹੇ ਪ੍ਰਭੂ ਮੇਰੀ ਕਹਿੰਦੀ ਪੱਤੀ ਪੱਤੀ, ਪਤਿਪਰਮੇਸ਼ਵਰ ਰਹੀ ਜਣਾਈਆ । ਤੇਰਿਆਂ ਭਗਤਾਂ ਵਾ ਲੱਗੇ ਨਾ ਤੱਤੀ, ਅਗਨੀ ਤਤ ਨਾ ਕੋਇ ਤਪਾਈਆ । ਜਿਸ ਨਾਮ ਦੀ ਖੋਜ ਕਰਦੇ ਰਹੇ ਰਤੀ ਰਤੀ, ਸੋ ਰਤਨ ਅਮੋਲਕ ਹੀਰੇ ਗੁਰਮੁਖ ਲਏ ਬਣਾਈਆ । ਨਾਨਕ ਨੇ ਤੇਰਾ ਭੇਵ ਖੋਲ੍ਹਿਆ ਜੁਗ ਛੱਤੀ, ਛਤਰਧਾਰੀ ਤੇਰਾ ਅੰਤ ਕਹਿਣ ਕੋਇ ਨਾ ਪਾਈਆ । ਤੂੰ ਸਾਹਿਬ ਸਾਹਿਬ ਸਮਰਥੀ, ਹਰਿ ਕਰਤਾ ਵਡ ਵਡਿਆਈਆ । ਤੇਰਾ ਖੇਲ ਵੇਖਿਆ ਅੱਖੀ, ਆਖ਼ਰ ਤੇਰੀ ਇਕ ਸਰਨਾਈਆ । ਫੁੱਲ ਕਹੇ ਮੈਂ ਚਾਹੁੰਦਾ ਜਨ ਭਗਤਾਂ ਦੇ ਅੰਦਰ ਮੇਰੀ ਵਾਸਨਾ ਰੱਖੀਂ, ਮਹਿਕ ਮਹਿਕ ਨਾਲ ਮਹਿਕਾਈਆ । ਰੁਲ ਨਾ ਜਾਵਾਂ ਵਿਚ ਕੱਖੀਂ, ਕੱਖੋਂ ਲੱਖ ਦੇਣਾ ਬਣਾਈਆ । ਮੈਂ ਧਾਰ ਤੇਰੀ ਧਰਮ ਧਾਰ ਦੀ ਸਖ਼ੀ, ਸਖ਼ਾਵਤ ਕਰਨੀ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਦ ਤੇਰਾ ਹੁਕਮ ਮੰਨਾ ਚਾਈਂ ਚਾਈਆ । ਫੁੱਲ ਗੁਲਾਬ ਕਹੇ ਜਨ ਭਗਤੋ ਵੇਖੋ ਮੇਰਾ ਹਾਲ, ਸਤਿ ਸਚ ਸੁਣਾਈਆ । ਮੈਂ ਟੁੱਟ ਕੇ ਆਪਣੇ ਨਾਲੋਂ ਡਾਲ, ਝੂਠਾ ਤਨ ਦਿਤਾ ਤਜਾਈਆ ।

ਆਇਆ ਸਚ ਸੱਚੀ ਧਰਮਸਾਲ, ਧਰਮ ਦਵਾਰੇ ਸੋਭਾ ਪਾਈਆ । ਮੈਨੂੰ ਆਉਂਦਿਆਂ ਨੂੰ ਲਿਆ ਸੰਭਾਲ, ਸੰਬਲ ਬਹਿ ਕੇ ਆਪਣੀ ਦਇਆ ਕਮਾਈਆ । ਨਾਲੇ ਪੁਛਿਆ ਮੁਰੀਦਾਂ ਹਾਲ, ਮੁਰਸ਼ਦ ਹੋਇਆ ਸਹਾਈਆ । ਮੈਂ ਕੀਤਾ ਇਕ ਸਵਾਲ, ਬੇਨੰਤੀ ਦਿਤੀ ਦ੍ਰਿੜਾਈਆ । ਮੇਰੇ ਮਾਲਕ ਪੁਰਖ ਅਕਾਲ, ਅਕਲ ਕਲਧਾਰੀ ਦੇਣਾ ਜਣਾਈਆ । ਕਿਸ ਬਿਧ ਸਦੀ ਚੌਧਵੀਂ ਹੋਏ ਜ਼ਵਾਲ, ਜ਼ੋਰ ਜ਼ਬਰ ਦਾ ਡੇਰਾ ਢਾਹੀਆ । ਤੇਰਾ ਭਾਣਾ ਵਰਤੇ ਬੇਮਿਸਾਲ, ਮਿਸਲ ਸਕੇ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪੜਦਾ ਦੇਣਾ ਉਠਾਈਆ । ਪੁਰਖ ਅਕਾਲ ਕਿਹਾ ਸੁਣ ਗੁਲਾਬੀ ਫੁੱਲਾ, ਫੁੱਲ ਫੁਲਵਾੜੀ ਦਿਆਂ ਵਖਾਈਆ । ਓਹ ਵੇਖ ਜਨ ਭਗਤਾਂ ਸਿਰ ਤੇ ਰੱਖਿਆ ਕੁੱਲਾ, ਕੁੱਲ ਮਾਲਕ ਹੁਕਮ ਵਰਤਾਈਆ । ਕਿਸੇ ਦਾ ਵੰਝ ਮੁਹਾਣਾ ਰਹਿਣਾ ਨਹੀਂ ਤੁਲ੍ਹਾ, ਬੇੜੀ ਬੇੜਾ ਨਾ ਕੋਇ ਉਠਾਈਆ । ਝਗੜਾ ਪਾਉਣਾ ਸ਼ੇਖ਼ਾਂ ਮੁੱਲਾ, ਮੁਸਾਇਕ ਪੰਧ ਚੁਕਾਈਆ । ਸਭ ਦਾ ਦੀਪਕ ਹੋਣਾ ਗੁਲਾ, ਨੂਰ ਚੰਦ ਨਾ ਕੋਇ ਚਮਕਾਈਆ । ਕਿਸੇ ਹੱਥ ਨਾ ਆਉਣਾ ਕਪੜਾ ਜੁੱਲਾ, ਜੁਲਾਹਾ ਕਬੀਰ ਰਿਹਾ ਸੁਣਾਈਆ । ਜਿਹੜਾ ਜਗਤ ਜਹਾਨ ਭੁੱਲਾ, ਪ੍ਰਭ ਨੂੰ ਗਿਆ ਭੁਲਾਈਆ । ਜਾਪ ਕਰਦੇ ਨਾਲ ਬੁੱਲਾਂ, ਹਿਰਦੇ ਹਰਿ ਨਾ ਕੋਇ ਵਸਾਈਆ । ਭਾਗ ਲੱਗੇ ਕਿਸੇ ਨਾ ਕੁਲਾ, ਕੁਲਹੀਣ ਹੋਏ ਲੋਕਾਈਆ । ਜਨ ਭਗਤ ਦਵਾਰਾ ਖੁਲ੍ਹਾ, ਖ਼ਾਲਕ ਖ਼ਲਕ ਆਪ ਖੁਲ੍ਹਾਈਆ । ਤੇਰਾ ਰਸ ਗੋਲੀ ਦੇ ਮੁਖ ਵਿਚ ਡੁੱਲ੍ਹਾ, ਧਰਨੀ ਧਵਲ ਹੱਥ ਕਿਛ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਫੁੱਲ ਕਹੇ ਮੇਰੀ ਧਾਰ ਤੇਰੀ ਖ਼ੁਸ਼ਬੂ, ਖ਼ੁਸ਼ਖ਼ਬਰੀ ਆਪਣੀ ਦਿਆਂ ਸੁਣਾਈਆ । ਮੇਰਾ ਬੁਤ ਤੇਰਾ ਰੂਹ, ਰੂਹ ਬੁਤ ਮਿਲ ਕੇ ਵੱਜੇ ਵਧਾਈਆ । ਤੇਰੀ ਹਾਂ ਤੇ ਮੇਰੀ ਹੂੰ, ਦੋਵੇਂ ਇਕੋ ਰੰਗ ਸਮਾਈਆ । ਤੇਰੀ ਆਵਾਜ਼ ਤੇ ਮੇਰਾ ਮੂੰਹ, ਸ਼ਬਦ ਨਾਦ ਧੁਨ ਸ਼ਨਵਾਈਆ । ਤੇਰਾ ਪ੍ਰਕਾਸ਼ ਮੇਰਾ ਲੂੰ, ਲੋਚਣ ਅੱਖ ਖੁਲ੍ਹਾਈਆ । ਮੈਂ ਚੇਲਾ ਤੇ ਤੂੰ ਗੁਰੂ, ਸਤਿਗੁਰ ਤੇਰੇ ਹੱਥ ਵਡਿਆਈਆ । ਹੁਣ ਨਵੀਂ ਚਾਲ ਤੁਰੂ, ਤੁਰਤ ਆਪਣਾ ਹੁਕਮ ਸੁਣਾਈਆ । ਚੌਥੇ ਜੁਗ ਮੋੜਾ ਮੁੜੂ, ਕਲਜੁਗ ਰੋਵੇ ਮਾਰੇ ਧਾਈਆ । ਚਾਰੋਂ ਕੁੰਟ ਹੋਣੀ ਦੁੜੂ ਦੁੜੂ, ਸਾਂਤਕ ਸਤਿ ਨਾ ਕੋਇ ਕਰਾਈਆ । ਉਮਤ ਨਬੀ ਰਸੂਲਾਂ ਬੇੜਾ ਤੇਰੇ ਸ਼ੌਹ ਦਰਿਆਏ ਰੁੜ੍ਹੂ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਭੇਦ ਅਭੇਦਾ ਆਪ ਖੁਲ੍ਹਾਈਆ । ਫੁੱਲ ਕਹੇ ਢਾਈ ਮਿੰਟ ਦੀ ਦੱਸਾਂ ਬਾਤ, ਬਾਤਨ ਭੇਵ ਖੁਲ੍ਹਾਈਆ । ਜਿਸ ਵੇਲੇ ਮਨੂ ਬਣਾਈ ਜ਼ਾਤ ਪਾਤ, ਹਿੱਸਿਆਂ ਵੰਡ ਵੰਡਾਈਆ । ਉਹ ਵੇਲਾ ਸੀ ਸਤਾਰਾਂ ਹਾੜ੍ਹ ਦੀ ਰਾਤ, ਰੁਤੜੀ ਆਪਣਾ ਰੰਗ ਵਖਾਈਆ । ਸ਼ੰਕਰ ਸੰਦੇਸ਼ਾ ਦੇਵੇ ਉਪਰ ਕੈਲਾਸ਼, ਬ੍ਰਹਮਾ ਬ੍ਰਹਮ ਅਵਾਜ ਸੁਣਾਈਆ । ਵਿਸ਼ਨੂੰ ਦਿਤਾ ਆਖ, ਵਿਸ਼ਵ ਹਿੱਸੇ ਦੇਣੇ ਪਾਈਆ । ਪੁਰਖ ਅਕਾਲ ਨੇ ਦੱਸੀ ਜਾਚ, ਯਾਚਕ ਆਪਣਾ ਲਿਆ ਬਣਾਈਆ । ਧੁਰ ਦੇ ਨਾਮ ਦਾ ਲਾਇਆ ਘਾਤ, ਘਾਓ ਇਕ ਵਖਾਈਆ । ਬ੍ਰਹਮ ਦਾ ਬ੍ਰਹਮ ਰਹੇ ਨਾ ਸਾਥ, ਸਗਲਾ ਸੰਗ ਨਾ ਕੋਇ ਬਣਾਈਆ । ਵੱਖਰੀ ਵੱਖਰੀ ਹੋਵੇ ਪੂਜਾ ਪਾਠ, ਵੱਖਰਾ ਵੱਖਰਾ ਰਾਹ ਚਲਾਈਆ । ਢਾਈਆਂ ਮਿੰਟਾਂ ਵਿਚੋਂ ਢਾਈ ਮਿੰਟ ਬਖ਼ਸ਼ੇ ਆਪ, ਆਪ ਆਪਣੀ ਦਇਆ ਕਮਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਦਾ ਬਦਲ ਜਾਏ ਜਾਪ, ਜਗਜੀਵਣ ਦਾਤਾ ਆਪ ਜਪਾਈਆ । ਨਵ ਸੱਤ ਵਧੇ ਪਾਪ, ਰਸਨਾ ਨਾਮ ਨਾ ਕੋਇ ਧਿਆਈਆ । ਉਸ ਵੇਲੇ ਪਰਗਟ ਹੋਵੇ ਸਾਖਿਆਤ, ਹਰਿ ਕਰਤਾ ਧੁਰ ਦਰਗਾਹੀਆ । ਜੋਤੀ ਜੋਤ

੧੩੬੮
੨੨

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਦਇਆ ਕਮਾਈਆ । ਫੁੱਲ ਕਹੇ ਮੈਂ ਦੱਸਾਂ ਨਾਲ ਜ਼ੋਰੀ, ਜ਼ੋਰ ਨਾਲ ਜਣਾਈਆ । ਜਨ ਭਗਤੋ ਪ੍ਰਭ ਤੋਂ ਕਰਿਓ ਕੋਇ ਨਾ ਚੋਰੀ, ਚੋਰੀ ਕਰਨ ਵਾਲਿਓ ਤੁਹਾਡੇ ਮੁਖ ਵਿਚ ਮੋਹਰ ਦਿਤੀ ਲਗਾਈਆ । ਤੁਹਾਡੀ ਰਸਨਾ ਦੀ ਆਵਾਜ਼ ਥੋੜੀ, ਸੁਣਨ ਵਾਲਾ ਵੱਡਾ ਬੇਪਰਵਾਹੀਆ । ਐਵੇਂ ਜ਼ਬਾਨ ਨਾ ਕਰਿਓ ਕੌੜੀ, ਕੂੜ ਕਿਰਿਆ ਰੰਗ ਚੜ੍ਹਾਈਆ । ਮਨ ਮਨੂਆ ਲੈਣਾ ਹੋੜੀ, ਹੋੜੇ ਸੱਸੇ ਵਾਲਾ ਸੰਗ ਰਖਾਈਆ । ਤੁਸੀਂ ਸਚ ਧਰਮ ਦੀ ਚੜ੍ਹ ਗਏ ਘੋੜੀ, ਵਾਗ ਆਪਣੇ ਹੱਥ ਉਠਾਈਆ । ਜਗਤ ਧਾਰ ਪਤਿ ਪਤਨੀ ਦੀ ਬਣ ਜਾਏ ਜੋੜੀ, ਜੋੜ ਜੋੜੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਫੁੱਲ ਕਹੇ ਮੇਰੀ ਨਮੋ ਨਮੋ ਨਿਮਸਕਾਰ, ਨਮਸਤੇ ਸੀਸ ਝੁਕਾਈਆ । ਜੋ ਜਨ ਆਏ ਹਰਿ ਭਗਤ ਦਵਾਰ, ਹਰਿ ਭਗਵਨ ਵਿਚ ਸਮਾਈਆ । ਉਹਨਾਂ ਦਾ ਲਹਿਣਾ ਦੇਣਾ ਪਿਛਲਾ ਦਿਤਾ ਉਧਾਰ, ਅੱਗੇ ਆਪਣਾ ਰਾਹ ਵਖਾਈਆ । ਸੰਦੇਸ਼ਾ ਦੇਵੇ ਸਿਮਰਤ ਸ਼ਾਸਤਰ ਬਾਹਰ, ਗ੍ਰੰਥਾ ਸੰਗ ਨਾ ਕੋਇ ਰਖਾਈਆ । ਆਤਮ ਬ੍ਰਹਮ ਦਾ ਦਏ ਹੁਲਾਰ, ਸਤਿ ਸਚ ਨਾਲ ਉਡਾਈਆ । ਵਕਤ ਸੁਹੰਜਣਾ ਹੋਏ ਸਤਾਰਾਂ ਹਾੜ੍ਹ, ਹਾੜ੍ਹ ਅਠਾਰਾਂ ਨਾਲ ਮਿਲਾਈਆ । ਜਨ ਭਗਤੋ ਖ਼ੁਸ਼ੀਆਂ ਨਾਲ ਬੋਲੋ ਜੈਕਾਰ, ਧੁਰ ਦੇ ਸ਼ਬਦ ਧਾਰ ਸ਼ਨਵਾਈਆ । ਜਨ ਭਗਤਾਂ ਭਗਤ ਹੋਏ ਪਿਆਰ, ਮੁਹੱਬਤ ਮੁਹੱਬਤ ਨਾਲ ਰਲਾਈਆ । ਸਦਾ ਸਦਾ ਸਦ ਇਕੋ ਰੰਗ ਰਵੇ ਨਿਰੰਕਾਰ, ਨਿਰਗੁਣ ਨੂਰ ਇਲਾਹੀਆ । ਜਨ

ਭਗਤਾਂ ਭਰਿਆ ਰਹੇ ਭਗਤ ਦਵਾਰ, ਹਰਿ ਭਗਵਨ ਹੋਏ ਸਹਾਈਆ । ਖੇਲ ਤੱਕਣ ਪੈਗ਼ੰਬਰ ਗੁਰ ਅਵਤਾਰ, ਜੋਤੀ ਜਾਤਾ ਧਿਆਨ ਲਗਾਈਆ ।
੧੩੬੯
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

੨੨
ਜੋਤ ਧਾਰ ਚੌਵੀਆਂ ਅਵਤਾਰ, ਅਵਤਾਰਾਂ ਅਵਤਰ ਆਪਣਾ ਹੁਕਮ ਵਰਤਾਈਆ ।

## ੧੮ ਹਾੜ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ਵਿਹਾਰ ਸਮੇਂ

ਅਸ਼ਟਭੁਜ ਕਹੇ ਮੈਂ ਵਜਾ ਕੇ ਆਪਣਾ ਸੰਖ, ਸੰਖਿਆ ਦੋ ਜਹਾਨ ਦਿਤਾ ਦ੍ਰਿੜਾਈਆ । ਬ੍ਰਹਿਮੰਡ ਖੰਡ ਹਿਲਾਏ ਅਸੰਖ, ਅਸੰਖ ਅਸੰਖਾ ਧਿਆਨ ਲਗਾਈਆ । ਦੋ ਜਹਾਨ ਸੰਦੇਸ਼ਾ ਦਿਤਾ ਨੇਤਰ ਅੱਖ ਖੋਲ੍ਹੋ ਵੇਖੋ ਭਗਤ ਭਗਵਾਨ ਦੇ ਗ੍ਰੰਥ, ਬਿਨ ਅੱਖਾਂ ਅੱਖ ਉਠਾਈਆ । ਜਿਸ ਨੇ ਆਤਮ ਪਰਮਾਤਮ ਬਣਾਇਆ ਪੰਥ, ਮਾਰਗ ਇਕੋ ਇਕ ਜਣਾਈਆ । ਸੰਤ ਸੁਹੇਲੇ ਬਣਾਏ ਆਪਣੀ ਅੰਸ, ਆਪਣੀ ਦਇਆ ਕਮਾਈਆ । ਚਾਰ ਕੁੰਟ ਸੁਹਾਏ ਬੰਸ, ਬੰਸਾਵਲੀ ਇਕ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਚ ਸਚ ਉਪਜਾਈਆ । ਅਸ਼ਟਭੁਜ ਕਹੇ ਸੁਣਨਾ ਇਕ ਉਪਦੇਸ਼, ਸਿਖਿਆ ਅਗੰਮ ਅਥਾਹੀਆ । ਤਕਣਾ ਇਕ ਨਰੇਸ਼, ਨਰ ਨਰਾਇਣ ਵਡ ਵਡਿਆਈਆ । ਜਿਸ ਦਾ ਨਾ ਮੁੱਛ ਦਾੜ੍ਹੀ ਕੇਸ, ਮੂੰਡ ਮੁੰਡਾਇਆ ਰੂਪ ਨਾ ਕੋਇ ਜਣਾਈਆ । ਸਦਾ ਰਹੇ ਹਮੇਸ਼, ਜੰਮਣ ਮਰਨ ਵਿਚ ਕਦੇ ਨਾ ਆਈਆ । ਜਿਸ ਲੇਖਾ ਪੂਰਾ ਕਰਨਾ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਅੱਖ ਉਠਾਈਆ । ਉਹ ਕਰ ਅਗੰਮੜਾ ਵੇਸ, ਅਕਲ ਕਲਧਾਰੀ ਆਪਣੀ ਖੇਲ ਖਿਲਾਈਆ ।

ਜਿਸ ਸਭ ਨੂੰ ਕੀਤਾ ਪੇਸ਼, ਪੇਸ਼ੀਨਗੋਈਆਂ ਸੰਗ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਅਸ਼ਟਭੁਜ ਕਹੇ ਮੇਰੀ ਧਾਰ ਆਦਿ ਆਦਿ ਪੁਰਾਣੀ, ਪੁਨਹ ਪੁਨਹ ਸੀਸ ਨਿਵਾਈਆ । ਮੈਂ ਕੀਤਾ ਚਰਨ ਧਿਆਨੀ, ਪ੍ਰਭੂ ਪ੍ਰਭ ਓਟ ਤਕਾਈਆ । ਮੰਗੀ ਇਕ ਨਿਸ਼ਾਨੀ, ਨਿਸ਼ਾਨਾ ਅਗੰਮ ਅਥਾਹੀਆ । ਤੇਰੀ ਜੋਬਨ ਵਾਲੀ ਮੇਰੀ ਬਣੀ ਰਹੇ ਜਵਾਨੀ, ਬਿਰਧ ਬਾਲ ਰੂਪ ਨਾ ਕੋਇ ਵਟਾਈਆ । ਤੇਰਾ ਮੇਲ ਰਹੇ ਦੋ ਜਹਾਨੀ, ਦੋਹਰੀ ਤੇਰੀ ਕਾਰ ਕਮਾਈਆ । ਤੇਰਾ ਖੇਲ ਤਕਾਂ ਜ਼ਿਮੀਂ ਅਸਮਾਨੀ, ਇਸਮ ਆਜ਼ਮ ਇਕ ਵਡਿਆਈਆ । ਮੈਂ ਤੇਰੀ ਮਹਿਮਾ ਸੁਣਨੀ ਚਾਹੁੰਦੀ ਜੋ ਬਾਹਰ ਵੇਦ ਪੁਰਾਨੀ, ਗੁਰ ਅਵਤਾਰ ਪੈਗ਼ੰਬਰ ਸਿਫ਼ਤਾਂ ਤੋਂ ਬਾਹਰ ਤੇਰੀ ਹੋਵੇ ਸ਼ਨਵਾਈਆ । ਤੂੰ ਆਤਮ ਬ੍ਰਹਮ ਦਾ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਵੇਖਾਂ ਨਾਮ ਕਲਮੇ ਕਲਾਮੀ, ਜੋ ਕਲਮ ਸ਼ਾਹੀ ਨਾਲ ਵਡਿਆਈਆ । ਮੈਂ ਉਹ ਵੇਲਾ ਤਕਣਾ, ਜਿਸ ਵੇਲੇ ਸਭ ਦੀ ਹੋਏ ਨੀਲਾਮੀ, ਖ਼ਰੀਦਦਾਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਅਸ਼ਟਭੁਜ ਕਹੇ ਮੈਂ ਤਕਣਾ ਤੇਰਾ ਹੁਕਮ ਅਗੰਮਾ, ਅਗੰਮ ਦੇਣਾ ਦ੍ਰਿੜਾਈਆ । ਜਿਸ ਵਿਚ ਦੀਨ ਦੁਨੀ ਮਜ਼੍ਹਬ ਦਾ ਹੋਏ ਕੋਈ ਨਾ ਬੰਨਾ, ਹਦੂਦ ਹੱਦ ਨਾ ਕੋਇ ਰਖਾਈਆ । ਨਿਸ਼ਾਨ ਦਿਸੇ ਨਾ ਤਾਰਾ ਚੰਨਾ, ਮਜ਼੍ਹਬੀ ਵੰਡ ਨਾ ਕੋਇ ਪਰਗਟਾਈਆ । ਮੈਂ ਉਹ ਤਕਣਾ ਜਿਸ ਵਿਚ ਗੋਬਿੰਦ ਧਾਰ ਰੂਪ ਬਣੇ ਕੰਨਾ, ਕੰਨਿਆ ਧਾਰ ਦਏ ਗਵਾਹੀਆ । ਜਿਸ ਦਾ ਵਸੇਰਾ ਬਿਨਾ ਛੱਪਰ ਛੰਨਾ, ਮਹੱਲ ਅਟਲ ਸੋਭਾ ਪਾਈਆ । ਉਸ ਦਾ ਗ੍ਰੰਥ ਸ਼ਾਸਤਰ ਇਕੋ ਪੂਰਨ ਹੋਵੇ ਤੇ ਹੋਵੇ ਪੱਪਾ (ਪੰਨ੍ਹਾ), ਦੂਜਾ ਵਰਕਾ ਨਾ ਕੋਇ ਉਲਟਾਈਆ । ਜੋ ਸਾਰੀ ਹੱਦ ਤੋੜੇ ਤੋੜੇ ਜਗਤ ਦਾ ਬੰਨਾ, ਹਦੂਦ ਰਹਿਣ ਕੋਇ ਨਾ ਪਾਈਆ । ਸ਼ਬਦੀ ਧਾਰ ਸਤਿਗੁਰੂ ਤੇਰਾ ਰੂਪ ਹੋਵੇ ਨੰਨ੍ਹਾ, ਨਰ ਨਰਾਇਣ ਨਜ਼ਰੀ ਆਈਆ । ਦੇਵੇ ਵਡਿਆਈ ਸਾਚੇ ਜਨਾਂ, ਬਣੇ ਜਣ ਜਣੇਂਦੀ ਮਾਈਆ । ਨਾਤਾ ਤੋੜ ਕੇ ਮਾਟੀ ਚੰਮਾ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਮੇਟ ਕੇ ਹਰਖ਼ ਸੋਗ ਗ਼ਮਾ, ਗ਼ਮਖਾਰ ਦਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਦੁਰਗਾ ਕਹੇ ਮੇਰਾ ਨਾਮ ਦੁਰਗਾ, ਦੁਰਗੀ ਤੇਰੀ ਨਜ਼ਰੀ ਆਈਆ । ਤੂੰ ਮੈਨੂੰ ਆਪਣਾ ਨਾਮ ਗ੍ਰੰਥ ਵਖਾ ਦੇ ਧੁਰ ਦਾ, ਧੁਰ ਮਾਲਕ ਪੜਦਾ ਆਪ ਚੁਕਾਈਆ । ਉਹ ਘਰ ਦੱਸ ਦੇ ਜਿਥੇ ਸਤਿਗੁਰੂ ਸ਼ਬਦ ਤੁਰਦਾ, ਮਟਕ ਨਾਲ ਆਪਣੀ ਚਾਲ ਬਣਾਈਆ । ਉਹ ਗ੍ਰਹਿ ਦੱਸ ਦੇ ਜਿਥੇ ਸਤਿਗੁਰੂ ਰੂਪ ਬਣਦਾ, ਬਨਖੰਡ ਨਜ਼ਰ ਕੋਇ ਨਾ ਆਈਆ । ਉਹ ਭੇਵ ਦੱਸ ਦੇ ਜਿਥੇ ਅਵਤਾਰ ਪੈਗ਼ੰਬਰ ਗੁਰੂ ਜਣਦਾ, ਦੇਵਣਹਾਰ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਅਸ਼ਟਭੁਜ ਕਹੇ ਤੇਰੇ ਗ੍ਰੰਥ ਤਕੇ ਭਗਤ ਦਵਾਰੇ, ਭਗਵਨ ਰੂਪ ਨਜ਼ਰੀ ਆਈਆ । ਜਿਹੜੇ ਸਭ ਨੂੰ ਦੇਣ ਇਸ਼ਾਰੇ, ਐਸ਼ੋ ਇਸ਼ਰਤ ਤਜਣਾ ਕੂੜ ਲੋਕਾਈਆ । ਸਭ ਦੀ ਨਈਆ ਆਈ ਅੰਤ ਕਿਨਾਰੇ, ਨੌਕਾ ਤਕੋ ਥਾਉਂ ਥਾਈਂਆ । ਅਵਤਾਰ ਪੈਗ਼ੰਬਰ ਗੁਰੂ ਲੇਖਾ ਦਿਓ ਸਾਰੇ, ਸਾਰ ਸ਼ਬਦ ਹੁਕਮ ਜਣਾਈਆ । ਆਪਣੇ ਨੇਤਰ ਨੈਣ ਲਓ ਉਘਾੜੇ, ਅੱਖ ਪ੍ਰਤਖ ਰੂਪ ਦਰਸਾਈਆ । ਧਰਮ ਦੀ ਧਾਰ ਆਉਣੀ ਵਿਚ ਅਖਾੜੇ, ਸਚ ਦਵਾਰੇ ਸੋਭਾ ਪਾਈਆ । ਦਿਵਸ ਤਕੋ ਸਤਾਰਾਂ ਹਾੜ੍ਹੇ, ਹਾੜਾ ਕਢ ਕੇ ਇਕ ਜਣਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਸਤਕ ਲੇਖ ਬਣਾਈਆ । ਗ੍ਰੰਥ ਕਹਿਣ ਅਸੀਂ ਆ ਗਏ ਵਿਚ ਮੈਦਾਨ, ਮਦਨ ਮੋਹਣ ਮਾਨਵ ਦਿਤੀ ਮਾਣ ਵਡਿਆਈਆ । ਚਾਰ ਜੁਗ ਦਾ ਝਗੜਾ ਮੇਟਣਾ ਜੋ ਸ਼ਰਅ ਕੀਤਾ ਵਿਚ ਦਰਮਿਆਨ, ਦਰ ਦਰ ਆਪਣਾ ਹੁਕਮ ਵਰਤਾਈਆ । ਸਾਡੀ ਸਮਝ ਕਰ ਸਕੇ ਨਾ ਕੋਇ ਇਨਸਾਨ, ਬੁੱਧੀ ਵਿਚ ਨਾ ਕੋਇ ਚਤੁਰਾਈਆ । ਅਵਤਾਰ ਪੈਗ਼ੰਬਰ ਗੁਰੂ ਦਿਤਾ ਨਾ ਕਿਸੇ ਗਿਆਨ, ਮਿਹਰਵਾਨ ਹੋ ਕੇ ਆਪਣੀ ਦਇਆ ਕਮਾਈਆ । ਸਾਰੇ ਸਿਫ਼ਤਾਂ ਵਾਲੇ ਗਾ ਕੇ ਗਾਣ, ਢੋਲੇ ਰਾਗਾਂ ਨਾਦਾਂ ਵਿਚ ਕਰ ਸ਼ਨਵਾਈਆ । ਹੁਣ ਖੇਲ ਸ੍ਰੀ ਭਗਵਾਨ, ਹਰਿ ਕਰਤਾ ਆਪ ਕਰਾਈਆ । ਤੀਰ ਅਣਿਆਲਾ ਵੱਜੇ ਬਾਣ, ਬਾਣ ਅਣਿਆਲਾ ਆਪ ਚਲਾਈਆ । ਹੁਕਮ ਕੀਤਾ ਸੂਰਬੀਰ ਬਲਵਾਨ, ਬਲਧਾਰੀ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਗ੍ਰੰਥ ਕਹਿਣ ਅਸੀਂ ਜੁੜ ਗਏ ਅੱਖਰ ਅੱਖਰ, ਅੱਖਰਾਂ ਨਾਲ ਮਿਲ ਕੇ ਵੱਜੀ ਵਧਾਈਆ । ਜਨ ਭਗਤੇ ਪੂਜਾ ਕਰਨੀ ਨਹੀਂ ਕਿਸੇ ਇੱਟ ਪੱਥਰ, ਪਾਹਨ ਸੀਸ ਨਾ ਕਿਸੇ ਨਿਵਾਈਆ । ਇਹ ਉਹ ਲੇਖਾ ਜਿਹੜਾ ਗੋਬਿੰਦ ਲਿਖਾਇਆ ਸੀ ਆਪਣੇ ਪ੍ਰੇਮ ਪੱਤਰ, ਪਤ੍ਰਕਾ ਸਮਝ ਕਿਸੇ ਨਾ ਆਈਆ । ਨੌਂ ਵਾਰ ਰੋਜ਼ ਛਿੜਕਦਾ ਸੀ ਅਤਰ, ਅਤਰ ਧੁਰ ਦਾ ਨਾਮ ਚੜ੍ਹਾਈਆ । ਆਪਣੇ ਚੋਲੇ ਦੀ ਕਟ ਕੇ ਕਤਰ, ਕਤਰਾ ਕਤਰਾ ਉਤੇ ਰਖਾਈਆ । ਜਨ ਭਗਤ ਹੀਰੇ ਬਣਾ ਕੇ ਰਤਨ, ਦੇਂਦਾ ਰਿਹਾ ਮਾਣ ਵਡਿਆਈਆ । ਪਰ ਜਿਸ ਵੇਲੇ ਸਰਸੇ ਦੇ ਪਹੁੰਚਿਆ ਪੱਤਨ, ਘਾਟ ਕੰਢੀ ਡੇਰਾ ਲਾਈਆ । ਆਪਣਾ ਲੇਖਾ ਦਸ ਦਸਮੇਸ਼ ਜਲਧਾਰਾ ਵਿਚ ਲੱਗਾ ਰੱਖਣ, ਰਖਣਾ ਖੰਡੇ ਨਾਲ ਬਣਾਈਆ । ਨਾਲੇ ਇਸ਼ਾਰਾ ਕੀਤਾ ਕਾਹਨਾ ਆਜਾ ਜੋ ਖਾਂਦਾ ਰਿਹਾ ਮੱਖਣ, ਬੰਸਰੀਆਂ ਧੁਨ ਸੁਣਾਈਆ । ਆਹ ਵੇਖ ਮੈਂ ਜਾਣਾ ਏਕਾ ਵਾਰ ਓਸ ਪ੍ਰਭੂ ਦੇ ਵਤਨ, ਜੋ ਬੇਵਤਨਾਂ ਲਏ ਮਿਲਾਈਆ । ਫੇਰ ਤਕ ਜਨ ਭਗਤਾਂ ਆਵਾਂ ਰੱਖਣ, ਰੱਖਕ ਹੋ ਕੇ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਗ੍ਰੰਥ ਕਹਿਣ ਗੋਬਿੰਦ ਨੇ ਡੋਬੇ ਸੀ ਗਿਣਤੀ ਦੇ ਬਾਈ, ਦੂਆ ਦੂਏ ਨਾਲ ਮਿਲਾਈਆ । ਫੇਰ ਦੋਵੇਂ ਉਠਾ ਕੇ ਬਾਹੀਂ, ਬਾਬਲ ਅੱਗੇ ਸੀਸ ਨਿਵਾਈਆ । ਮੈਂ ਉਹ ਕਾਹਨ ਨਹੀਂ ਬਣਨਾ ਜਿਹੜਾ ਚਰਵਾਹਾ ਬਣੇ ਗਾਈਂ, ਗਊਆਂ ਪਿਛੇ ਭੱਜੇ ਵਾਹੋ ਦਾਹੀਆ । ਮੈਂ ਉਹ ਰਾਮ ਨਹੀਂ ਬਣਨਾ ਜਿਹੜਾ ਜੰਗਲ ਬੇਲੇ ਭੱਜੇ ਵਾਹੋ ਦਾਹੀ, ਰਸਤਿਆਂ ਵਿਚ ਆਪਣਾ ਪੰਧ ਮੁਕਾਈਆ । ਮੈਂ ਉਹ ਪੈਗ਼ੰਬਰ ਨਹੀਂ ਮੰਨਣਾ, ਜਿਹੜਾ ਸ਼ਰਅ ਦੀ ਕਰੇ ਤਬਾਹੀ, ਤਬਾ ਕੂੜ ਵਾਲੀ ਬਣਾਈਆ । ਉਹ ਗੁਰੂ ਨਹੀਂ ਮੰਨਣਾ ਜਿਸ ਨੂੰ ਜਨਣੀ ਕੁੱਖ ਦਏ ਜਾਈ, ਮਾਤਾ ਆਪਣੀ ਕੁੱਖ ਉਠਾਈਆ । ਮੈਂ ਉਹ ਪੁਰਖ ਅਕਾਲ ਨਹੀਂ ਮੰਨਣਾ, ਜਿਹੜਾ ਸਦਾ ਦਾ ਬਣੇ ਗੁਸਾਈਂ, ਸਦਾ ਨਾ ਸੰਗ ਨਿਭਾਈਆ । ਮੈਂ ਉਹ ਨਾਮ ਨਹੀਂ ਮੰਨਣਾ, ਜਿਹੜਾ ਗੁਰਮੁਖਾਂ ਦੀ ਕਟੇ ਨਾ ਫਾਹੀ, ਫਾਂਸੀ ਗਲੋਂ ਨਾ ਦਏ ਕਟਾਈਆ । ਮੈਂ ਉਹ ਦਾਮ ਨਹੀਂ ਮੰਨਣਾ, ਜਿਹੜਾ ਦਮਾਂ ਦੀ ਦਏ ਨਾ ਗਵਾਹੀ, ਦਾਮਨਗੀਰ ਨਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਹੁਕਮ ਵਰਤਾਈਆ । ਜਿਸ ਵੇਲੇ ਗੋਬਿੰਦ ਨੇ ਗ੍ਰੰਥ ਸਰਸੇ ਵਿਚ ਡੋਬੇ, ਨੱਕ ਫੜ ਕੇ ਡੁਬਕੀ ਆਪਣੀ ਲਈ ਲਗਾਈਆ । ਫੇਰ ਮੂਧੇ ਮਾਰ ਕੇ ਗੋਡੇ, ਹੱਥ ਛਾਤੀ ਉਤੇ ਡਾਹੀਆ । ਇਹ ਹੋ ਗਏ ਤੇਰੇ ਜੋਗੇ, ਤੇਰੀ ਝੋਲੀ ਪਾਈਆ । ਹੱਥ ਲੈ ਆਪਣੇ ਬੋਝੇ, ਬੋਝਲ

ਭਾਰ ਨਾ ਕੋਇ ਬਣਾਈਆ । ਨਾਲੇ ਕਿਹਾ ਨਾਲ ਰੋਹਬੇ, ਗ਼ੁੱਸੇ ਵਿਚ ਸੁਣਾਈਆ । ਮੇਰੇ ਪ੍ਰਭੂ ਮੈਂ ਕੋਈ ਫਿਰਨਾ ਨਹੀਂ ਵਿਚ ਟੋਇਆਂ ਟੋਬੇ, ਡੁਬਕੀਆਂ ਲੈ ਨਾ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਰਸਾ ਕਹੇ ਜਿਸ ਵੇਲੇ ਬਾਈ ਗ੍ਰੰਥ ਮੇਰੇ ਪੁਜ ਗਏ ਵਿਚ ਤਹਿ, ਤਹਿਖ਼ਾਨਾ ਨਾਨਕ ਦਿਤਾ ਬਣਾਈਆ । ਗੋਬਿੰਦ ਦੋਵੇਂ ਹੱਥ ਸਿਰ ਤੇ ਰੱਖ ਕੇ ਗਿਆ ਬਹਿ, ਆਸਣ ਟੇਢੀ ਧਾਰ ਲਗਾਈਆ । ਨਾਲੇ ਹੱਸ ਕੇ ਕਿਹਾ ਆਦਿ ਅੰਤ ਤੂੰ ਹੀ ਹੈਂ, ਦੂਜਾ ਨਜ਼ਰ ਕੋਇ ਨਾ ਆਈਆ । ਤੇਰੀ ਸ਼ਕਤੀ ਸ਼ਕਤ ਸ਼ਵੈ, ਨੂਰ ਜੋਤ ਰੁਸ਼ਨਾਈਆ । ਮੇਰੇ ਗ੍ਰੰਥ ਓ ਪੁਰਖ ਅਕਾਲੇ ਤੈਨੂੰ ਕੀਤੇ ਬੈਅ, ਦੂਜਾ ਹੱਕ ਨਾ ਕੋਇ ਰਖਾਈਆ । ਜਿਸ ਵਿਚ ਤੂੰ ਸਭ ਕੁਛ ਕਰਨਾ ਲੈ, ਲਾਈਨ ਇਕੋ ਦੇਣੀ ਬਣਾਈਆ । ਅਵਤਾਰ ਪੈਗ਼ੰਬਰ ਗੁਰੂ ਸਾਰੇ ਤੇਰੀ ਚਰਨੀ ਜਾਣੇ ਢਹਿ, ਢਈਆ ਮੇਰਾ ਦਏ ਗਵਾਹੀਆ । ਮੈਂ ਖ਼ਾਲੀ ਹੱਥੀਂ ਜਾਣਾ ਮੇਰੇ ਹੱਥ ਵਿਚ ਹੋਣੀ ਕੋਈ ਨਹੀਂ ਸ਼ੈ, ਮਾਛੂਵਾੜਾ ਮੇਰਾ ਧਾਮ ਸੁਹਾਈਆ । ਮੈਂ ਇਕੋ ਸਰਸੇ ਦੀ ਜਗਹ ਤੇਰੇ ਪ੍ਰੇਮ ਦੀ ਵਗਦੀ ਵੇਖਣੀ ਨੈ, ਨਈਆ ਦੂਸਰ ਨਜ਼ਰ ਕੋਇ ਨਾ ਆਈਆ । ਮੈਂ ਨਹੀਂ ਜਾਣਨਾ ਤੂੰ ਮਾਲਕ ਤ੍ਰੈਲੋਕੀ ਕਿ ਤ੍ਰੈਅ, ਤਿੰਨਾਂ ਗੁਣਾਂ ਤੋਂ ਬਾਹਰ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਕਾਰ ਕਮਾਈਆ । ਸਰਸਾ ਕਹੇ ਗੋਬਿੰਦ ਨੇ ਖੰਡੇ ਨਾਲ ਨੌਂ ਮਾਰੀਆਂ ਚਾਰੋਂ ਕੁੰਟ ਲਕੀਰਾਂ, ਆਪਣੀ ਖ਼ੁਸ਼ੀ ਨਾਲ ਲਗਾਈਆ । ਫੇਰ ਆਪਣੇ ਚੋਲੇ ਦੀਆਂ ਕਰ ਕੇ ਲੀਰਾਂ ਲੀਰਾਂ, ਲੀਰਾਂ ਦਿਤੀਆਂ ਕਰਾਈਆ । ਫੇਰ ਆਪਣੇ ਸੀਸ ਤੋਂ ਲਾਹ ਕੇ ਚੀਰਾ, ਪੁੱਠਾ ਦਿਤਾ ਲਟਕਾਈਆ । ਫੇਰ ਉਂਗਲੀ ਤੋਂ ਚੱਟ ਕੇ ਹੀਰਾ, ਹੀਰੇ ਗੁਰਮੁਖ ਦਿਤੇ ਵਖਾਈਆ । ਫੇਰ ਆਖਿਆ ਭੱਜ ਕੇ ਆ ਕਬੀਰਾ, ਕਬਰਾਂ ਤੋਂ ਬਾਹਰ ਦਿਆਂ ਜਣਾਈਆ । ਆਹ ਵੇਖ ਲੈ ਮੈਂ ਉਚ ਦਾ ਪੀਰਾ, ਪੀਰ ਪੈਗ਼ੰਬਰ ਸਾਰੇ ਸੀਸ ਨਿਵਾਈਆ । ਉਹ ਵੇਖ ਮੇਰੀ ਉਂਗਲੀ ਨਾਲ ਰਵਦਾਸ ਦਾ ਕਸੀਰਾ, ਜੋ ਕਸ ਕੇ ਲਿਆ ਬੰਧਾਈਆ । ਉਹ ਵੇਖ ਮੇਰਾ ਕਮਾਨ ਤੇ ਤੀਰਾ, ਤੁਰੀਆ ਤੋਂ ਪਰੇ ਦ੍ਰਿੜਾਈਆ । ਮੈਂ ਕੋਈ ਗੋਬਿੰਦ ਡਾਹ ਕੇ ਬਹਿਣ ਵਾਲਾ ਨਹੀਂ ਪੀੜ੍ਹਾ, ਮੁਖ ਘੁੰਗਟ ਨਾ ਕੋਇ ਰਖਾਈਆ । ਜਦ ਆਵਾਂਗਾ ਦੋ ਜਹਾਨਾਂ ਚੁਕਾਂਗਾ ਬੀੜਾ, ਆਪਣਾ ਬਲ ਪ੍ਰਗਟਾਈਆ । ਗੁਰਮੁਖਾਂ ਦਾ ਰਾਹ ਰਹਿਣ ਦੇਣਾ ਨਹੀਂ ਭੀੜਾ, ਭੀੜੀ ਗਲੀ ਵਿਚੋਂ ਬਾਹਰ ਕਢਾਈਆ । ਮੈਂ ਇਕੱਠੇ ਕੀਤੇ ਜੱਟ ਨਾਈ ਛੀਂਬੇ ਝੀਰਾ, ਝੀਵਰ ਹੋ ਕੇ ਗੁਰਮੁਖਾਂ ਅੰਮ੍ਰਿਤ ਪਿਆਵਾਂ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਰਸਾ ਕਹੇ ਗੋਬਿੰਦ ਨੇ ਕੰਨ ਫੜ ਕੇ ਮੇਰੇ ਅੰਦਰ ਮਾਰੀ ਝਾਕੀ, ਨਿਗਹ ਨਿਗਹ ਵਿਚੋਂ ਬਦਲਾਈਆ । ਇਕ ਖ਼ਬਰ ਅਗੰਮੀ ਆਖੀ, ਬਿਨ ਅੱਖਰਾਂ ਦਿਤੀ ਸੁਣਾਈਆ । ਹਾਜ਼ਰ ਹੋ ਜਾ ਮੇਰੇ ਕਮਲਾਪਾਤੀ, ਪਤਿਪਰਮੇਸ਼ਵਰ ਆਪਣਾ ਪੰਧ ਮੁਕਾਈਆ । ਆਹ ਤਕ ਲੈ ਪੋਹ ਦੀ ਠੰਡੀ ਰਾਤੀ, ਰੁਤੜੀ ਤੇਰੇ ਨਾਲ ਮਹਿਕਾਈਆ । ਜਿਥੇ ਮੇਰੇ ਗ੍ਰੰਥ ਜਿਥੇ ਮੇਰਾ ਪੰਥ ਉਥੇ ਨਾ ਕੋਈ ਦੀਵਾ ਨਾ ਕੋਈ ਬਾਤੀ, ਬਿਨਾ ਤੇਰੀ ਜੋਤ ਤੋਂ ਨੂਰ ਨਜ਼ਰ ਕੋਇ ਨਾ ਆਈਆ । ਜਿੰਨਾਂ ਚਿਰ ਮੈਂ ਸ਼ਬਦ ਰੂਪ ਹੋ ਕੇ ਨਾ ਆਵਾਂ ਤੈਨੂੰ ਕਰਨੀ ਪਊਗੀ ਰਾਖੀ, ਰਾਖਿਆ ਆਖਾ ਮੰਨ ਕੇ ਫਿਰ ਮੈਨੂੰ ਹੁਕਮ ਲੈਣਾ ਮਨਾਈਆ । ਮੈਂ ਤੇਰਾ ਲਾਡਲਾ ਸੁਤ ਜੇ ਖ਼ੁਸ਼ੀ ਵਿਚ ਕਰ ਲਵਾਂ ਗੁਸਤਾਖੀ, ਫੇਰ ਵੀ ਘੁੱਟ ਕੇ ਗਲੇ ਲੈਣਾ ਲਗਾਈਆ । ਪਰ ਯਾਦ ਰੱਖਣਾ ਤੇਰੇ ਸ਼ਬਦ ਦੀ ਤੇਰੇ ਸ਼ਬਦ ਗੋਬਿੰਦ ਬਿਨਾ ਕਰੇ ਕੋਇ ਨਾ ਕਾਪੀ, ਨਕਲ ਮਾਰਨ

ਵਾਲਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਹੱਸ ਕੇ ਕਿਹਾ ਨਾਲੇ ਕੰਨਾਂ ਤੇ ਮਾਰੀ ਥਾਪੀ, ਥਪਕ ਕੇ ਦਿਤਾ ਸੁਣਾਈਆ । ਗੋਬਿੰਦ ਇਹ ਤੇਰੇ ਗ੍ਰੰਥ ਮੇਰੇ ਸ਼ਬਦ ਦਾ ਪੰਥ ਜਿਸ ਵੇਲੇ ਪਰਗਟ ਹੋਇਆ ਬਿਨਾ ਭਜਨ ਬੰਦਗੀ ਤੋਂ ਤਾਰ ਦੇਵਾਂਗਾ ਪਾਪੀ, ਪਤਿਤ ਪੁਨੀਤ ਬਣਾਈਆ । ਮੰਜ਼ਲ ਚਾੜ੍ਹ ਦੇਵਾਂ ਘਾਟੀ, ਘਾਟਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਹੁਕਮ ਇਕ ਮਨਾਈਆ । ਸਰਸਾ ਕਹੇ ਗੋਬਿੰਦ ਨੇ ਮੇਰੇ ਉਤੇ ਲਾ ਦਿਤਾ ਪੰਜਾਂ, ਪੰਜੇ ਉਂਗਲਾਂ ਫੇਰ ਆਪਣੇ ਮੁਖ ਵਿਚ ਪਾਈਆ । ਜਿਹੜਾ ਹੁਕਮ ਹੁਕਮ ਲਿਖ ਸਕੇ ਨਹੀਂ ਮੇਰੇ ਕਵੀ ਧਾਰ ਬਵੰਜਾ, ਬਾਵਨ ਰੰਗ ਰੰਗਾਈਆ । ਮੇਰੇ ਸਾਹਿਬ ਨੇ ਮੇਰੇ ਨਾਲ ਮਿਲ ਕੇ ਕਰਨਾ ਚੰਗਾ, ਚੰਗੀ ਤਰਾਂ ਦ੍ਰਿੜਾਈਆ । ਅੱਜ ਓਏ ਸਰਸਿਆ ਮੈਂ ਭੱਜਾ ਜਾਂਦਾ ਛਡ ਕੇ ਪੁਰੀ ਅਨੰਦਾ, ਅਨੰਦ ਜਗਤ ਵਾਲਾ ਤਜਾਈਆ । ਇਹ ਢਹਿਣੇ ਕੋਠੇ ਕੰਧਾ, ਮਹੱਲ ਨਜ਼ਰ ਕੋਇ ਨਾ ਆਈਆ । ਮੈਂ ਗੋਬਿੰਦ ਬਣਿਆ ਤੇਰਾ ਨਜ਼ਰੀ ਆਵਾਂ ਪੰਜਾਂ ਤਤਾਂ ਵਾਲਾ ਬੰਦਾ, ਬੰਧਨ ਜਗਤ ਵਾਲੇ ਰਖਾਈਆ । ਅੱਗੇ ਖੇਲ ਕਰਾਂ ਅਚੰਭਾ, ਅਚਰਜ ਕਾਰ ਕਮਾਈਆ । ਆਪਣਾ ਰੂਪ ਸਰੂਪ ਕਿਸੇ ਨਾ ਦੱਸਾਂ ਚੌੜਾ ਲੰਬਾਂ, ਮਿਣਤੀ ਸਕੇ ਨਾ ਕੋਇ ਕਰਾਈਆ । ਨਾ ਧੋਤੀ ਪਹਿਨਾ ਨਾ ਤੰਬਾ, ਕਛਿਹਰਾ ਕੱਛ ਨਾ ਸੰਗ ਰਖਾਈਆ । ਨਾ ਵੇਸ ਵਟਾਵਾਂ ਨਾ ਕੇਸ ਰਖਾਵਾਂ ਨਾ ਰੰਗ ਰੰਗਾਵਾਂ ਕੰਘਾ, ਕੰਗਣ ਤਨ ਨਾ ਕੋਇ ਚਤੁਰਾਈਆ । ਇਕੋ ਹੋਵਾਂ ਤੇਰਾ ਰੂਪ ਹੋਵਾਂ ਸੂਰਾ ਸਰਬੰਗਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਇਕੋ ਸ਼ਬਦ ਹੋਵਾਂ ਇਕੋ ਹੋਵਾਂ ਮਰਦੰਗਾ, ਇਕੋ ਕਰਾਂ ਸ਼ਨਵਾਈਆ । ਇਕੋ ਸੇਜ ਹੋਏ ਪਲੰਘਾ, ਆਸਣ ਇਕ ਸੁਹਾਈਆ । ਇਕੋ ਨਾਮ ਹੋਵੇ ਇਕੋ ਹੋਵੇ ਖੰਡਾ, ਬ੍ਰਹਿਮੰਡਾਂ ਹੁਕਮ ਵਰਤਾਈਆ । ਇਕੋ ਮੰਜ਼ਲ ਹੋਵੇ ਇਕੋ ਹੋਵੇ ਕੰਢਾ, ਕੰਢੀ ਬੈਠਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਰਸਾ ਕਹੇ ਗੋਬਿੰਦ ਨੇ ਮੇਰੀ ਨਿੱਕੀ ਜਿਹੀ ਬਣਾਈ ਕਿਆਰੀ, ਕਦਮ ਢਾਈ ਪੁੱਠੇ ਪੈਰੀਂ ਚਲ ਕੇ ਦਿਤੀ ਜਣਾਈਆ । ਫੇਰ ਦੋ ਹੱਥਾਂ ਦੀ ਬਣਾ ਕੇ ਖਾਰੀ, ਸੀਸ ਆਪਣੇ ਉਤੇ ਟਿਕਾਈਆ । ਫੇਰ ਬਣ ਗਿਆ ਜਗਤ ਦਾ ਜਵਾਰੀ, ਸਚ ਝੂਠ ਦੀਆਂ ਗੋਹਟਾਂ ਹੱਥ ਟਿਕਾਈਆ । ਫੇਰ ਦੋਹਾਂ ਨੂੰ ਮਾਰੇ ਵਾਰੋ ਵਾਰੀ, ਇਕ ਦੂਜੀ ਉਤੇ ਛੁਹਾਈਆ । ਫੇਰ ਤੱਕਿਆ ਮੇਰਾ ਨੂਰ ਜੋਤ ਨਿਰੰਕਾਰੀ, ਨਿਰਵੈਰ ਇਕ ਇਲਾਹੀਆ । ਜਿਸ ਨੇ ਮੇਰੀ ਸਾਂਭ ਕੇ ਰੱਖਣੀ ਪਟਾਰੀ, ਪਟਨੇ ਵਾਲਾ ਰਿਹਾ ਦ੍ਰਿੜਾਈਆ । ਜਿਹੜਾ ਆਦਿ ਤੋਂ ਵੱਡਾ ਭੰਡਾਰੀ, ਭੰਡਾਰੇ ਵਿਸ਼ਨੂੰ ਰਿਹਾ ਦ੍ਰਿੜਾਈਆ । ਮੇਰਾ ਖੇਲ ਹੋਣਾ ਅਪਾਰੀ, ਅਪਰੰਪਰ ਰਿਹਾ ਦ੍ਰਿੜਾਈਆ । ਮੇਰੇ ਲੇਖ ਨੂੰ ਆਪਣੇ ਦੇਸ ਵਿਚ ਲੈ ਜਾਏ ਇਕ ਵਾਰੀ, ਵਾਰਸ ਹੋ ਕੇ ਆਪਣੀ ਦਇਆ ਕਮਾਈਆ । ਫੇਰ ਬਣ ਸ਼ਾਹ ਸਿਕਦਾਰੀ, ਨਿਰਵੈਰ ਹੋ ਕੇ ਰੂਪ ਬਦਲਾਈਆ । ਨਾਦ ਸ਼ਬਦ ਧੁਨ ਕਰ ਧੁਨਕਾਰੀ, ਸੰਦੇਸ਼ਾ ਦੇਵੇ ਥਾਉਂ ਥਾਈਂਆ । ਝਟ ਸ਼ਬਦ ਅਗੰਮੀ ਰਮਜ਼ ਇਕ ਮਾਰੀ, ਮਾਰੂ ਰਾਗ ਤੋਂ ਬਿਨਾ ਦਿਤੀ ਦ੍ਰਿੜਾਈਆ । ਓ ਗੋਬਿੰਦ ਤੇਰੇ ਗ੍ਰੰਥ ਪੰਥ ਦਾ ਇਕੋ ਪਾਹਰੂ, ਪਹਿਰਾ ਦੇ ਕੇ ਆਪਣਾ ਖੇਲ ਖਿਲਾਈਆ । ਯਾਦ ਕਰ ਲੈ ਜਿਸ ਵੇਲੇ ਆਵੇ ਤੇਰਿਆਂ ਗੁਰਮਖਾਂ ਭਗਤਾਂ ਪਾਰ ਉਤਾਰੂ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਸਚ ਨਾਲ ਮਿਲਾਈਆ । ਗ੍ਰੰਥ ਕਹਿਣ ਜਿਸ ਵੇਲੇ ਗੋਬਿੰਦ ਪਾਣੀ ਦੇ ਵਿਚ ਰੱਖਿਆ, ਸਹਿਜ ਨਾਲ ਟਿਕਾਈਆ । ਅਸਾਂ ਪਿਆਰ ਵਿਚ

ਟੇਕਿਆ ਮੱਥਿਆ, ਮਸਤਕ ਸੀਸ ਝੁਕਾਈਆ । ਗੋਬਿੰਦ ਪਿਛੇ ਤਾਲੀ ਮਾਰ ਕੇ ਹੱਸਿਆ, ਪਿਛੇ ਤੋਂ ਪਿਛਾ ਦਿਤਾ ਜਣਾਈਆ । ਉਹ ਤਕੇ ਆਦਿ ਵਸਿਆ, ਅੰਤ ਉਹੋ ਹੋਏ ਸਹਾਈਆ । ਕਲਜੁਗ ਹੋਵੇ ਅੰਧੇਰੀ ਮੱਸਿਆ, ਸਾਚਾ ਚੰਦ ਨਾ ਕੋਇ ਚਮਕਾਈਆ । ਬਿਨਾ ਕਦਮਾਂ ਤੋਂ ਆਵੇ ਨੱਸਿਆ, ਬਣ ਕੇ ਧੁਰ ਦਾ ਮਾਹੀਆ । ਨਾਲੇ ਖ਼ੁਸ਼ੀਆਂ ਦੇ ਵਿਚ ਨੱਚਿਆ, ਕਦਮ ਕਦਮ ਨਾਲ ਬਦਲਾਈਆ । ਮੇਰਾ ਵਾਹਿਦਾ ਕੌਲ ਪੂਰਾ ਹੋਣ ਲੱਗਿਆ ਸੱਚਿਆ, ਪੁਰੀ ਅਨੰਦ ਦਿਤਾ ਤਜਾਈਆ । ਨਾਲੇ ਤੂੰ ਮੇਰਾ ਮੈਂ ਤੇਰਾ ਢੋਲਾ ਜਪਿਆ, ਸੋਹੰ ਰਾਗ ਸੁਣਾਈਆ । ਨਾਲੇ ਹੱਸ ਕੇ ਕਿਹਾ ਵਾਹਿਗੁਰੂ ਤੇਰੀ ਰੱਖਿਆ, ਪੁਰਖ ਅਕਾਲ ਤੇਰੀ ਸਰਨਾਈਆ । ਨਾਲੇ ਘੁੱਟ ਕੇ ਕਮਰ ਕਸਿਆ, ਸੂਰਬੀਰ ਲਈ ਅੰਗੜਾਈਆ । ਸਚ ਪੁਛੇ ਗੋਬਿੰਦ ਇਕੋ ਕਦਮ ਨਾਲ ਸਰਸੇ ਨੂੰ ਟੱਪਿਆ, ਦੂਜਾ ਕਦਮ ਨਾ ਵਿਚ ਟਿਕਾਈਆ । ਅੱਗੇ ਪ੍ਰਕਾਸ਼ ਤੱਕਿਆ ਲਟ ਲਟਿਆ, ਨੂਰ ਜੋਤ ਰੁਸ਼ਨਾਈਆ । ਗੋਬਿੰਦ ਨੇ ਪੁੱਠਾ ਸੀਸ ਚਰਨਾਂ ਤੇ ਸੁੱਟਿਆ, ਸੁੱਟ ਕੇ ਦਿਤਾ ਵਖਾਈਆ । ਪੁਰਖ ਅਕਾਲ ਚੁੱਕ ਕੇ ਆਪਣੇ ਪੱਟਿਆ, ਪਟਨੇ ਵਾਲਾ ਛਾਤੀ ਤੇ ਲਿਆ ਟਿਕਾਈਆ । ਵਾਹ ਮੇਰੇ ਬੱਚਿਆ, ਬਚਪਨ ਤੇਰਾ ਮੋਹੇ ਭਾਈਆ । ਉਹ ਵੇਖ ਤੇਰਾ ਟੁੱਟ ਜਾਣਾ ਭਾਂਡਾ ਸ਼ਰੀਰ ਕੱਚਿਆ, ਤਨ ਵਜੂਦ ਰਹਿਣ ਨਾ ਪਾਈਆ । ਔਹ ਵੇਖ ਤੇਰਾ ਨੰਦੇੜ ਅੰਗੀਠਾ ਮੱਚਿਆ, ਜਿਥੇ ਨਾਨਕ ਨਿਸ਼ਾਨਾ ਗਿਆ ਟਿਕਾਈਆ । ਔਹ ਵੇਖ ਤੈਨੂੰ ਝੁਕਦੇ ਕੋਟਨ ਰਵ ਸੱਸਿਆ, ਡੰਡਾਵਤ ਕਰ ਕੇ ਖ਼ੁਸ਼ੀ ਬਣਾਈਆ । ਉਹ ਵੇਖ ਸਚਖੰਡ ਦਵਾਰਾ ਤੇਰੀ ਕਰੇ ਕਥਿਆ, ਕਥਨੀ ਰਾਗ ਅਲਾਹੀਆ । ਉਹ ਖੇੜਾ ਤਕ ਬਣ ਗਿਆ ਰੂਪ ਸਮਰਥਿਆ, ਦੂਜਾ ਨਜ਼ਰ ਕੋਇ ਨਾ ਆਈਆ । ਫੇਰ ਨੀਚੇ ਵੇਖ ਕਲਜੁਗ ਅੰਧੇਰੀ ਮੱਸਿਆ, ਸਾਚਾ ਚੰਦ ਨਾ ਕੋਇ ਚਮਕਾਈਆ । ਖ਼ਿਆਲ ਕਰ ਸੱਸੇ ਉਤੇ ਹੋੜਾ ਹੋੜੇ ਨਾਲ ਮਿਲਿਆ ਸੱਸਿਆ, ਸੋ ਆਪਣਾ ਰੂਪ ਵਖਾਈਆ । ਹੰ ਬ੍ਰਹਮ ਅੰਧੇਰੇ ਵਿਚ ਛਪਿਆ, ਗੋਬਿੰਦ ਚੰਨ ਚੰਨਾਂ ਤੇਰੇ ਬਿਨਾ ਕਰੇ ਨਾ ਕੋਇ ਰੁਸ਼ਨਾਈਆ । ਗੋਬਿੰਦ ਕਿਹਾ ਪ੍ਰਭੂ ਤੇਰਾ ਮੇਰਾ ਕੌਲ ਇਕਰਾਰ ਪੱਕਿਆ, ਪਾਰਬ੍ਰਹਮ ਗੰਢ ਪੱਕੀ ਲੈਣੀ ਬੰਨ੍ਹਾਈਆ । ਫੇਰ ਜੋਤ ਧਾਰ ਵਿਚ ਨੱਸਿਆ, ਭੱਜਿਆ ਵਾਹੋ ਦਾਹੀਆ । ਫਿਰ ਖਿੜ ਖਿੜਾ ਕੇ ਹੱਸਿਆ, ਬਿਨਾ ਮੁਖ ਦੰਦ ਤੋਂ ਆਪਣਾ ਰਾਗ ਅਲਾਈਆ । ਅਬਿਨਾਸ਼ੀ ਕਰਤੇ ਇਸ਼ਾਰਾ ਕੀਤਾ ਰਤਿਆ, ਸੈਨਤ ਦਿਤੀ ਲਗਾਈਆ । ਗੋਬਿੰਦ ਆਹ ਵੇਖ ਦੋਹਾਂ ਦਾ ਧਾਮ ਨਿਆਰਾ, ਜਿਥੇ ਖੇਲ ਹੋਣਾ ਅਪਾਰਾ, ਪੂਰਨ ਤੇ ਪੂਰਨ ਦਾ ਸੋਹੇ ਪੱਪਿਆ, ਪਤਿਪਰਮੇਸ਼ਵਰ ਤੇਰਾ ਮੇਰਾ ਰੂਪ ਇਕੋ ਨਜ਼ਰੀ ਆਈਆ । ਜਿਹੜਾ ਤੂੰ ਸਰਸੇ ਵਿਚ ਮੇਰੇ ਸਹਾਰੇ ਰੱਖਿਆ, ਸੋ ਸਾਂਭ ਕੇ ਰੱਖਾਂ ਚਾਈਂ ਚਾਈਆ । ਪਰ ਇਕ ਗੱਲ ਯਾਦ ਕਰ ਲੈ ਜਿਸ ਵੇਲੇ ਤੇਰਾ ਢਈਆ ਟੱਪਿਆ, ਇਨ੍ਹਾਂ ਗ੍ਰੰਥਾਂ ਦੇ ਟੱਪੇ ਮੈਂ ਦੇਣੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੋਬਿੰਦ ਕਿਹਾ ਮੇਰੇ ਪੁਰਖ ਅਕਾਲ ਸਵਾਮੀ, ਸਾਹਿਬ ਤੇਰੀ ਸਰਨਾਈਆ । ਆਦਿ ਅੰਤ ਦੇ ਅੰਤਰਜਾਮੀ, ਆਦਿ ਅੰਤ ਤੇਰੇ ਹੱਥ ਵਡਿਆਈਆ । ਮੈਂ ਤੈਨੂੰ ਇਕੋ ਵਾਰ ਕਰਾਂ ਸਲਾਮੀ, ਸਲਾਮਾਂ ਲੈਣ ਵਾਲਿਆ ਤੇਰੇ ਅੱਗੇ ਸੀਸ ਝੁਕਾਈਆ । ਪਰ ਮੈਥੋਂ ਹੋਣੀ ਨਹੀਂ ਕਿਸੇ ਦੀ ਗ਼ੁਲਾਮੀ, ਚਾਕਰ ਹੋ ਨਾ ਸੇਵ ਕਮਾਈਆ । ਮੈਂ ਸ਼ਰਅ ਛਡ ਦੇਣੀ ਤਮਾਮੀ, ਪਿਛਲੇ ਜ਼ੰਜੀਰ ਗਲ ਨਾ ਕੋਇ ਪਵਾਈਆ । ਜਦੋ ਜਾਵਾਂਗਾ ਤੇਰਾ ਨਾਤਾ ਸਭ ਦਾ ਜੋੜਾਂਗਾ ਬਾਹਮੀ, ਬ੍ਰਹਮ ਨੂਰ ਬ੍ਰਹਮ ਦਿਆਂ ਜਣਾਈਆ । ਜਿਹੜਾ ਲੇਖ ਲਿਖਿਆ ਤਮਾਮੀ, ਤਰਾ ਤਰਾ ਦਿਆਂ ਸਮਝਾਈਆ । ਇਕ ਖੇਲ ਕਰਾਂ ਤੇਰਿਆਂ ਭਗਤਾਂ ਨੂੰ ਖੜਾ

ਕਰਾਂ ਤੇਰਿਆਂ ਗੁਰਮੁਖਾਂ ਦੀ ਨਿਸ਼ਾਨੀ, ਨਿਸ਼ਾਨਾ ਨਾਮ ਤੀਰ ਦੇਣਾ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਿਹਾ ਗੋਬਿੰਦ ਤੇਰੇ ਸਿਖ ਬਣਾ ਦਿਆਂ ਭਗਤ, ਇਹ ਮੇਰੀ ਬੇਪਰਵਾਹੀਆ । ਸਿਰਫ਼ ਤੇਰੇ ਉਤੇ ਕਿਰਪਾ ਕਰਾਂ ਫ਼ਕਤ, ਫ਼ਿਕਰਾ ਤੇਰਾ ਆਪਣੇ ਨਾਲ ਬਦਾਈਆ । ਜਿਸ ਵੇਲੇ ਸਦੀ ਚੌਧਵੀਂ ਦਾ ਆਇਆ ਵਕਤ, ਸੰਮਤ ਸ਼ਹਿਨਸ਼ਾਹੀ ਸੱਤ ਨਾਲ ਵਡਿਆਈਆ । ਪਰਗਟ ਹੋਵਾਂ ਵਿਚ ਜਗਤ, ਜਾਗਰਤ ਜੋਤ ਕਰ ਰੁਸ਼ਨਾਈਆ । ਗੁਰਸਿਖ ਬਣਾ ਕੇ ਜਿਗਰੇ ਲਖ਼ਤ, ਲੇਖਾ ਸਭ ਦਾ ਦਿਆਂ ਬਣਾਈਆ । ਪਰ ਇਕ ਗੱਲ ਯਾਦ ਕਰਲੈ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਵਾਸਤੇ ਮੇਰਾ ਹੁਕਮ ਹੋਵੇ ਸਖ਼ਤ, ਸਖ਼ੀਆਂ ਵਾਲਾ ਕਾਹਨ ਬਚਿਆ ਰਹਿਣ ਕੋਇ ਨਾ ਪਾਈਆ । ਮੈਂ ਸ਼ਰਅ ਦੀ ਗੁੰਜਾਇਸ਼ ਰਹਿਣ ਨਹੀਂ ਦੇਣੀ ਬਚਤ, ਬੱਚੂ ਬਣਾ ਕੇ ਸਾਰੇ ਦੇਣੇ ਸਮਝਾਈਆ । ਮੇਰੇ ਕੋਲ ਚਲ ਕੇ ਆਵੇ ਕੋਇ ਨਾ ਵਫ਼ਦ, ਆਪਣਾ ਮਤਾ ਪਕਾਈਆ । ਯਾਦ ਕਰ ਲੈ ਗੋਬਿੰਦ ਮੇਰਾ ਰੂਪ ਇਕੋ ਸਤਿਗੁਰੂ ਤੇ ਸਤਿਗੁਰੂ ਮੇਰਾ ਸ਼ਬਦ, ਤਤ ਕੰਮ ਕਿਸੇ ਨਾ ਆਈਆ । ਆਤਮ ਦੀ ਧਾਰ ਸਦਾ ਮੇਰਾ ਮਜ਼੍ਹਬ, ਪਰਮਾਤਮ ਇਸ਼ਟ ਦੇਣਾ ਰਖਾਈਆ । ਪਰ ਇਕ ਹੈਰਾਨ ਹੋਣ ਵਾਲੀ ਗੱਲ ਜਿਸ ਨੂੰ ਸਾਰਿਆਂ ਕਹਿਣਾ ਗਜ਼ਬ, ਭੇਵ ਆਪਣਾ ਨਾ ਕਿਸੇ ਖੁਲ੍ਹਾਈਆ । ਜਿਹੜਾ ਇਸ਼ਾਰਾ ਦਿਤਾ ਨਾਨਕ ਨੂੰ ਵਿਚ ਅਰਬ, ਅਰਬਾਂ ਖਰਬਾਂ ਤੋਂ ਪਰੇ ਦਿਤਾ ਸਮਝਾਈਆ । ਉਸ ਨੂੰ ਨੌਂ ਸੌ ਚੁਰਾਨਮੇ ਚੌਕੜੀ ਜੁਗ ਜਿੰਨੇ ਸ਼ਾਸਤਰਾਂ ਦੇ ਅੱਖਰ ਜੇ ਓਨੀ ਵਾਰ ਦੇਂਦੇ ਰਹਿਣ ਜ਼ਰਬ, ਉਹਦਾ ਹਾਸਲ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਿਹਾ ਗੋਬਿੰਦ ਜਿਸ ਵੇਲੇ ਬੀਤ ਗਿਆ ਅਰਸਾ, ਆਪਣਾ ਪੰਧ ਮੁਕਾਈਆ । ਮੈਂ ਪੂਰਨ ਦੀ ਧਾਰ ਬਣਾ ਦੇਵਾਂ ਤੇਰਾ ਸਰਸਾ, ਸਰੀਰ ਬੇਨਜ਼ੀਰ ਰੂਪ ਪਰਗਟਾਈਆ । ਮੁਹੰਮਦ ਦਾ ਪੂਰਾ ਹੋ ਗਿਆ ਬਰਸਾ, ਬਰਸੀ ਸਤਿਗੁਰ ਸ਼ਬਦ ਲਏ ਮਨਾਈਆ । ਤੇਰੇ ਗ੍ਰੰਥਾਂ ਦੀ ਪੂਰਨ ਦੀ ਧਾਰ ਵਿਚੋਂ ਕਰਾਂਗਾ ਚਰਚਾ, ਚਰਾਗ਼ਾਹਾਂ ਖੋਜਣ ਕੋਇ ਨਾ ਜਾਈਆ । ਹੁਕਮ ਦੇਵਾਗਾ ਉਤੋਂ ਅਰਸ਼ਾ, ਵਸਾਵਾਂਗਾ ਉਤੇ ਫ਼ਰਸ਼ਾ, ਫ਼ਰਸ਼ੀ ਹੋ ਕੇ ਆਪਣੀ ਖੇਲ ਖਿਲਾਈਆ । ਜਿਸ ਦੀਆਂ ਵੱਖਰੀਆਂ ਹੋਣਗੀਆਂ ਤਰਜ਼ਾਂ, ਮੇਰੀਆਂ ਹੋਣ ਗੀਆਂ ਗ਼ਰਜ਼ਾਂ, ਗ਼ਰਜ਼ੇ ਕਿ ਦੂਜਾ ਰਾਹ ਨਾ ਕੋਇ ਤਕਾਈਆ । ਨਾਲੇ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੀਆਂ ਪੂਰੀਆਂ ਕਰਾਂਗਾ ਅਰਜ਼ਾਂ, ਅਰਜ਼ੀਆਂ ਫੋਲੋ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਆਪਣੀ ਕਰਨੀ ਕਾਰ ਕਮਾਈਆ । ਗੋਬਿੰਦ ਦੇ ਵੇਂਹਦਿਆਂ ਵੇਂਹਦਿਆਂ ਸਰਸੇ ਵਿਚ ਆ ਗਈ ਲਹਿਰ, ਲਹਿਰ ਲਹਿਰ ਨਾਲ ਟਕਰਾਈਆ । ਉਸ ਨੇ ਪ੍ਰੇਮ ਵਿਚ ਤੂੰ ਮੇਰਾ ਮੈਂ ਤੇਰਾ ਗਾਇਆ ਨਾਲ ਬਹਿਰ, ਬਹਿਰਿਆਂ ਦਿਤਾ ਸੁਣਾਈਆ । ਨਾਲੇ ਹੱਸ ਕੇ ਕਿਹਾ ਗੋਬਿੰਦ ਗੁਣੀ ਗਹਿੰਦਾ ਮੇਟਣੀ ਚਿੰਦਾ ਜਦੋਂ ਵਸਣਾ ਸੋਹਣਿਆਂ ਵਸਣਾ ਤੇਰਾ ਸੰਬਲ ਸ਼ਹਿਰ, ਸ਼ਹਿਨਸ਼ਾਹ ਤੇਰਾ ਡੇਰਾ ਲਏ ਲਗਾਈਆ । ਉਸ ਵੇਲੇ ਜ਼ਰੂਰ ਦੀਨ ਦੁਨੀ ਉਤੇ ਵਰਤੇਗਾ ਕਹਿਰ, ਸਰਸਾ ਕਾਹਿਰੇ ਵੱਲ ਧਿਆਨ ਲਗਾਈਆ । ਇਕ ਹੋਰ ਖ਼ਬਰ ਸੁਣ ਪ੍ਰਭੂ ਦੀ ਸਾਰ ਪਾ ਸਕੇ ਕੋਈ ਨਾ ਗ਼ੈਰ, ਗਹਿਰ ਗੰਭੀਰ ਨਜ਼ਰ ਕਿਸੇ ਨਾ ਆਈਆ । ਉਸ ਵੇਲੇ ਤੂੰ ਗੁਰਮੁਖਾਂ ਦੇ ਅੰਦਰ ਦੀ ਕਰੀਂ ਸੈਰ, ਸੈਰਗਾਹ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਉਸ ਵੇਲੇ ਗ੍ਰੰਥਾਂ ਨੇ ਗਾਉਣਾ



੧੩੭੫ ੨੨

ਇਕ ਗਾਣਾ, ਬਿਨਾ ਜ਼ਬਾਨ ਹਿਲਾਈਆ । ਸਰਸਿਆ ਤੂੰ ਬਣ ਗਿਆ ਸਾਡਾ ਕੁਤਬਖ਼ਾਨਾ, ਕੁਤਬਿਆਂ ਦਾ ਝਗੜਾ ਦੇਣਾ ਮੁਕਾਈਆ । ਤੇਰੇ ਵਿਚ ਵੇਖਣਾ ਖੇਲ ਸ੍ਰੀ ਭਗਵਾਨਾ, ਜੋ ਭਗਵਨ ਧੁਰਦਰਗਾਹੀਆ । ਜਿਸ ਦਾ ਇਕੋ ਇਕ ਤਰਾਨਾ, ਇਕੋ ਕਰੇ ਪੜ੍ਹਾਈਆ । ਇਕੋ ਨੂਰ ਨੁਰਾਨਾ, ਇਕੋ ਜੋਤ ਰੁਸ਼ਨਾਈਆ । ਇਕੋ ਘਰ ਘਰਾਨਾ, ਇਕੋ ਗ੍ਰਿਹਿ ਵਸਾਈਆ । ਇਕੋ ਹੋਵੇ ਮਿਹਰਵਾਨਾ, ਮਿਹਰ ਨਜ਼ਰ ਉਠਾਈਆ । ਅਸੀਂ ਚਾਹੁੰਦੇ ਉਸ ਦਾ ਕਰੀਏ ਬਿਆਨਾ, ਜੋ ਬੇਜ਼ਬਾਨ ਅਖਵਾਈਆ । ਜਿਸ ਨੂੰ ਝੁਕਣ ਜ਼ਿਮੀ ਅਸਮਾਨਾਂ, ਇਸਮ ਆਜ਼ਮ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਭੇਵ ਖੁਲ੍ਹਾਈਆ । ਗੋਬਿੰਦ ਕਿਹਾ ਇਹ ਖੇਲ ਨਿਰੰਕਾਰੀ, ਅਕਲ ਕਲਧਾਰੀ ਆਪ ਕਰਾਈਆ । ਜਿਸ ਵੇਲੇ ਆਵੇ ਉਸ ਦੀ ਵਾਰੀ, ਵਾਰਤਾ ਮੇਰੀ ਦਏ ਪਰਗਟਾਈਆ । ਉਸ ਦੀ ਕਲਾ ਹੋਵੇਗੀ ਜ਼ਾਹਰੀ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਖ਼ਬਰ ਹੋਵੇ ਸਭ ਤੋਂ ਬਾਹਰੀ, ਬਹਿਰਹਾਲ ਦ੍ਰਿੜਾਈਆ । ਉਸ ਦੇ ਪੰਜਾਂ ਤਤਾਂ ਦੇ ਪੰਜ ਹੋਣੇ ਲਿਖਾਰੀ, ਪੰਜਾ ਗੋਬਿੰਦ ਦਾ ਦਏ ਗਵਾਹੀਆ । ਮੇਰੀ ਆਸ਼ਾ ਪੂਰੀ ਕਰੇ ਸਾਰੀ, ਸਰਸਾ ਦੀ ਭੇਟਾ ਵਾਲੇ ਫੇਰ ਦਏ ਦੁਹਰਾਈਆ । ਜਿਨ੍ਹਾਂ ਵਿਚ ਲਗ ਮਾਤਰ ਘਟ ਨਾ ਕਰੇ ਕੰਨਾਂ ਤੇ ਬਿਹਾਰੀ, ਐਂਕੜ ਦੁਲੈਂਕੜ ਲਾਂਵ ਦੁਲਾਂਵ ਬਚੀ ਰਹਿਣ ਕੋਇ ਨਾ ਪਾਈਆ । ਸੋ ਵਕਤ ਸੁਹੰਜਣਾ ਆ ਗਿਆ, ਪੁਰਖ ਅਕਾਲਾ ਆ ਗਿਆ, ਖੇਲ ਖਿਲਾ ਗਿਆ, ਗੋਬਿੰਦ ਸੂਰਾ ਨਾਲ ਰਲਾ ਗਿਆ, ਸੰਬਲ ਆਪਣਾ ਧਾਮ ਸੁਹਾ ਗਿਆ, ਸ਼ਬਦ ਸ਼ਬਦੀ ਡੰਕ ਵਜਾ ਗਿਆ, ਭੇਵ ਅਭੇਦਾ ਭੇਦ ਛੁਪਾ ਗਿਆ, ਬਿਨਾ ਛੱਪਰ ਛੰਨ ਤੋਂ ਵਸਣ ਵਾਲਾ ਪੂਰਨ ਦੀ ਛੱਪਰੀ ਵਿਚ ਆਪਣਾ ਡੇਰਾ ਲਾ ਗਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਸਭ ਨੇ ਚਲਣਾ ਵਿਚ ਆਗਿਆ, ਅੱਗੇ ਹੋ ਕੇ ਆਪਣਾ ਬਲ ਨਾ ਕੋਇ ਵਖਾਈਆ ।

### ✪ ੧੯ ਹਾੜ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ✪

ਉਮਤ ਆਸ਼ਾ ਕਹੇ ਮੈਂ ਚੌਦਾਂ ਸਦ ਦੀ ਨੰਨ੍ਹੀ ਮੁੰਨੀ, ਬਾਲੀ ਬੁਧ ਬੁਧ ਦੁਹਾਈਆ । ਮੇਰਾ ਓਢਣ ਸੀਸ ਨਿੱਕੀ ਜਿਹੀ ਚੁੰਨੀ, ਚੰਨ ਸੂਰਜ ਸਿਤਾਰ ਧਿਆਨ ਲਗਾਈਆ । ਮੇਰੀ ਨਿੱਕੀ ਜਿਹੀ ਹਾਂਡੀ ਤੇ ਛੋਟੀ ਜਿਹੀ ਕੁੰਨੀ, ਕੁਲ ਮਾਲਕ ਦਿਆਂ ਸੁਣਾਈਆ । ਤੂੰ ਗਹਿਰ ਗੰਭੀਰ ਗੁਣੀ, ਗੁਣਵੰਤ ਇਕ ਅਖਵਾਈਆ । ਮੇਰੀ ਸਚ ਪੁਕਾਰ ਸੁਣੀਂ, ਅਣਸੁਣਤ ਦਿਆਂ ਦ੍ਰਿੜਾਈਆ । ਮੈਂ ਤੇਰੇ ਕਲਮੇ ਦੀ ਸੁਣ ਕੇ ਧੁਨੀ, ਭੱਜੀ ਵਾਹੋ ਦਾਹੀਆ । ਮੈਨੂੰ ਮਿਲਿਆ ਪੰਡਤ ਨਾਰਦ ਮੁਨੀ, ਮੁਖ ਦਿਤਾ ਵਖਲਾਈਆ । ਮੈਂ ਹਿਸਾਬ ਲਾਇਆ ਇਕ ਇਕ ਦੇ ਨਾਲ ਨੌਂ ਬਣ ਗਏ ਉਨੀ, ਊਣਤਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਉਮਤ ਖ਼ਾਹਿਸ਼ ਕਹੇ ਮੇਰੀ ਉਮਰ ਛੋਟੀ, ਉਮਤ ਦੇ ਮਾਲਕਾ ਦਿਆਂ ਜਣਾਈਆ । ਮੈਂ ਚੜ੍ਹ ਗਈ ਸਿਖ਼ਰ ਚੋਟੀ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਗਾਂ ਖਵਾ ਕੇ ਗੋਸ਼ਤ ਬੋਟੀ, ਗੋਸ਼ੇ ਕੋਨੇ ਦਿਤੇ ਹਿਲਾਈਆ । ਕਲਮਾ ਜਪਾ ਕੇ ਕੋਟਨ ਕੋਟੀ, ਕਾਇਆ ਕੁਟੀਆ ਖੇਲ ਖਿਲਾਈਆ । ਸਤਿ ਧਰਮ

ਦੀ ਲਾਹ ਲੰਗੋਟੀ, ਤਹਿਮਤ ਜਗਤ ਦਿਤੀ ਬੰਧਾਈਆ । ਮੁਖ ਖ਼ੂਨ ਲਗਾ ਕੇ ਹੋਂਟੀਂ, ਖ਼ੂੰਖਾਰ ਦਿਤੇ ਬਣਾਈਆ । ਅੰਤਮ ਰੱਖ ਕੇ ਤੇਰੀ ਓਟੀ, ਓੜਕ ਬੈਠੀ ਅੱਖ ਉਠਾਈਆ । ਜਿਸ ਵੇਲੇ ਮੇਰਾ ਅਮਾਮ ਆਵੇ ਨਿਰਗੁਣ ਧਾਰ ਧਾਰ ਦੀ ਜੋਤੀ, ਜੋਤੀ ਜਾਤਾ ਅਗੰਮ ਅਥਾਹੀਆ । ਹਜ਼ਰਤ ਉਮਤ ਉਠਾਏ ਸੋਤੀ, ਸੁੱਤਾ ਰਹਿਣ ਕੋਇ ਨਾ ਪਾਈਆ । ਲੇਖਾ ਚੁਕਾਏ ਕਾਹਨ ਤੇ ਗੋਪੀ, ਸੀਆ ਰਾਮ ਸਤਿ ਜਣਾਈਆ । ਹੁਕਮ ਦੇਵੇ ਲੋਕ ਪਰਲੋਕੀ, ਦੋ ਜਹਾਨਾਂ ਕਰੇ ਸ਼ਨਵਾਈਆ । ਆਤਮ ਧਾਰ ਦੱਸੇ ਸਲੋਕੀ, ਸੋਹੰ ਢੋਲਾ ਇਕ ਦ੍ਰਿੜਾਈਆ । ਸਦੀ ਚੌਧਵੀਂ ਘੜੀ ਦਿਸੇ ਔਖੀ, ਮੁਸ਼ਕਲ ਆਪਣੇ ਹੱਥ ਰਖਾਈਆ । ਸ਼ਰਅ ਸ਼ਰਅ ਨੂੰ ਕਰੇ ਦੋਸ਼ੀ, ਨਿਰਦੋਸ਼ ਨਜ਼ਰ ਕੋਇ ਨਾ ਆਈਆ । ਝਗੜਾ ਪਵੇ ਚੰਨ ਤੇ ਪੋਸ਼ੀ, ਪੇਸ਼ੀਨਗੋਈ ਦਏ ਗਵਾਹੀਆ । ਲੇਖਾ ਜਾਣੇ ਨਾਲ ਰਵਦਾਸ ਮੋਚੀ, ਗੁਰਮੁਖ ਆਪਣੀ ਗੰਢ ਪਵਾਈਆ । ਧੁਰ ਦੀ ਧਾਰ ਫੜ ਕੇ ਸੋਟੀ, ਖੰਡਾ ਨਾਮ ਵਾਲਾ ਖੜਕਾਈਆ । ਲੇਖਾ ਜਾਣੇ ਜਗਿਆਸੂ ਜੋਗੀ, ਜੁਗੀਸ਼ਰਾਂ ਵੇਖ ਵਖਾਈਆ । ਲਹਿਣਾ ਤਕੇ ਚੁਰਾਸੀ ਭੋਗੀ, ਭਸਮੜ ਆਪਣੀ ਖੇਲ ਖਿਲਾਈਆ । ਸ਼ਰਅ ਤਕੇ ਸ਼ਰੀਅਤ ਰੋਗੀ, ਤਬੀਬ ਪੜਦਾ ਦਏ ਚੁਕਾਈਆ । ਭੇਵ ਖੁਲ੍ਹਾਏ ਧੁਰ ਦਾ ਬੋਧੀ, ਗੋਬਿੰਦ ਬਣ ਕੇ ਧੁਰ ਦਾ ਮਾਹੀਆ । ਲਹਿਣਾ ਜਾਣ ਨਿਮਾਜ਼ ਰੋਜ਼ੀ, ਰਾਜ਼ਕ ਰਿਜ਼ਕ ਰਹੀਮ ਕਾਰ ਕਮਾਈਆ । ਧਰਮ ਦਾ ਠਾਕਰ ਬਣ ਕੇ ਮੌਜੀ, ਮਜਲਸ ਭਗਤਾਂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਉਮਤ ਦੀ ਆਸ਼ਾ ਕਹੇ ਮੁਹੰਮਦ ਦੇ ਅੰਦਰ ਅਗੰਮੀ ਤਾਂਘ, ਚਾਰ ਯਾਰੀ ਸੰਗ ਵਖਾਈਆ । ਜਿਸ ਵੇਲੇ ਮੰਬਰਾਂ ਤੇ ਦਿਤੀ ਆਵਾਜ਼, ਨਾਅਰਾ ਧੁਰ ਦਾ ਹੱਕ ਸੁਣਾਈਆ । ਕਲਮਾ ਕਲਾਮ ਬੋਲ ਕੇ ਬਾਂਗ, ਅਜ਼ਾਨ ਆਪਣੀ ਇਕ ਜਣਾਈਆ । ਅੰਤਰ ਨਿਰੰਤਰ ਰੱਖੀ ਤਾਂਘ, ਬਿਨ ਨੇਤਰ ਨੈਣ ਨੈਣ ਉਠਾਈਆ । ਜਿਸ ਵੇਲੇ ਮੇਰਾ ਨੂਰ ਨੁਰਾਨਾ ਅਮਾਮ ਅਮਾਮਾ ਬਦਲੇ ਸਵਾਂਗ, ਵੇਸ ਅਵੇਸਾ ਆਪ ਕਰਾਈਆ । ਉਹਦੀ ਬ੍ਰਹਿਮੰਡ ਖੰਡ ਦੀ ਇਕੋ ਹੋਵੇ ਪਲਾਂਘ, ਕਦਮ ਕਦਮ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਦਾ ਹੁਕਮ ਇਕ ਵਰਤਾਈਆ । ਉਮਤ ਆਸ਼ਾ ਕਹੇ ਪ੍ਰਭ ਆਸ਼ਾ ਤਕ ਮੋਰੀ, ਮੋਹਰੇ ਹੋ ਕੇ ਵੇਖ ਵਖਾਈਆ । ਮੇਰਾ ਰੂਪ ਨਾ ਕਾਲਾ ਨਾ ਗੋਰੀ, (ਗੌਰਵ) ਆਪਣਾ ਹਾਲ ਸੁਣਾਈਆ । ਤੇਰੇ ਕੋਲੋਂ ਪ੍ਰਭ ਕਾਹਦੀ ਕਰਾਂ ਚੋਰੀ, ਪਰਦਾ ਪਰਦਾ ਨਾ ਕੋਇ ਰਖਾਈਆ । ਤੂੰ ਆਦਿ ਜੁਗਾਦਿ ਦਾ ਜੌਹਰੀ, ਜੌਹਰ ਤੇਰਾ ਸੋਭਾ ਪਾਈਆ । ਤੇਰੀ ਖੇਲ ਸਦਾ ਨਵੀਂ ਨਕੋਰੀ, ਬਿਰਧ ਬਾਲ ਨਾ ਰੂਪ ਵਖਾਈਆ । ਮੈਂ ਨੰਨ੍ਹੀ ਨਿੱਕੀ ਬਾਂਕੀ ਛੋਹਰੀ, ਸ਼ਹਿਨਸ਼ਾਹ ਤੇਰੇ ਦਰ ਸੁਹਾਈਆ । ਸਦੀ ਚੌਧਵੀਂ ਪੈ ਗਈ ਤੇਰੀ ਲੋੜੀ, ਲੋੜੀਂਦੇ ਸਾਜਣ ਧਿਆਨ ਲਗਾਈਆ । ਸਦੀ ਚੌਧਵੀਂ ਦੀ ਗੋਲੀ ਬਣਾਵਾਂ ਜੋੜੀ, ਸਗਲਾ ਆਪਣਾ ਸੰਗ ਨਿਭਾਈਆ । ਮੇਰੀ ਆਸ਼ਾ ਰਹਿ ਗਈ ਥੋੜੀ, ਥੋੜਾ ਸਮਾਂ ਧਿਆਨ ਲਗਾਈਆ । ਅੱਗੇ ਰੈਣ ਦਿਸਦੀ ਅੰਧੇਰ ਘੋਰੀ, ਘਰਾਨਾ ਨਜ਼ਰ ਕੋਇ ਨਾ ਆਈਆ । ਕਿਰਪਾ ਕਰਕੇ ਜ਼ੀਰੋ ਦੇ ਮਾਲਕ ਆਪਣੀ ਬੰਨ੍ਹ ਲਈ ਇਕ ਸੌ ਇਕ ਹੱਥ ਨਾਲ ਡੋਰੀ, ਡੋਰੀ ਆਪਣੇ ਨਾਲ ਬੰਧਾਈਆ । ਤੇਰਾ ਏਕਾ ਏਕੰਕਾਰ ਮੋਹਰੀ, ਸ੍ਰਿਸ਼ਟੀ ਜ਼ੀਰੋ ਰੂਪ ਦਰਸਾਈਆ । ਜ਼ੀਰੋ ਤੇ ਏਕਾ ਤੇਰਾ ਨੂਰ ਜੌਹਰੀ, ਆਦਿ ਅੰਤ ਨਾ ਕੋਇ ਮਿਟਾਈਆ । ਤੇਰਾ ਖੇਲ ਬ੍ਰਾਹਮਣ ਗੌੜੀ, ਗਾਡ ਤਕਾਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਚ ਤੇਰੀ ਸਰਨਾਈਆ ।

੧੩੭੭ ੨੨

ਡੋਰੀ ਕਹੇ ਮੈਂ ਇਕ ਸੌ ਇਕ ਹੱਥ ਲੰਮੀ, ਲੰਮੀ ਪੈ ਕੇ ਦਿਆਂ ਜਣਾਈਆ । ਮੈਂ ਮੁਹੰਮਦ ਦੀ ਉਮਤ ਦੀ ਆਸ਼ਾ ਤਕਾਂ ਜੰਮੀ, ਦੂਜਾ ਜਨਮ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਦੀ ਪ੍ਰੇਮਣ ਬਣੀ ਤਨੀ, ਸਗਲਾ ਸੰਗ ਰਖਾਈਆ । ਗੋਲੀ ਨੂੰ ਸੰਦੇਸ਼ਾ ਦਿਤਾ ਕੰਨੀ, ਫ਼ਰਮਾਨਾ ਨੂਰ ਇਲਾਹੀਆ । ਜਿਸ ਵੇਲੇ ਸ੍ਰਿਸ਼ਟੀ ਅੰਦਰੋਂ ਹੋਈ ਅੰਨ੍ਹੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਉਸ ਵੇਲੇ ਇਕ ਪ੍ਰਭ ਨੂੰ ਮੰਨੀਂ, ਪਰਵਰਦਿਗਾਰ ਇਕੋ ਨਜ਼ਰੀ ਆਈਆ । ਜਿਸ ਦਾ ਵਸੇਰਾ ਕਦੇ ਨਾ ਛੱਪਰ ਛੰਨੀ, ਸਚਖੰਡ ਦਵਾਰੇ ਸੋਭਾ ਪਾਈਆ । ਉਹ ਮਿੱਤਰ ਪਿਆਰਾ ਰਿਸ਼ੀਆਂ ਦਾ ਬਣੇ ਤਨੀ, ਬਲ ਬਾਵਨ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਡੋਰੀ ਕਹੇ ਜਿਸ ਵੇਲੇ ਮੁਹੰਮਦ ਮਦੀਨਿਉਂ ਹੋਇਆ ਰਵਾਨਾ, ਮਧ ਆਪਣਾ ਧਿਆਨ ਲਗਾਈਆ । ਸੁਣ ਚੌਦਾਂ ਤਬਕ ਦਿਆ ਅਮਾਮਾ, ਧੁਰ ਅਮਾਮ ਰਿਹਾ ਸੁਣਾਈਆ । ਆਹ ਲੈ ਮੇਰਾ ਨਿੱਕਾ ਜਿਹਾ ਕਲਾਮਾ, ਕਾਇਨਾਤ ਦੀ ਕਲਾਮ ਸਿਫ਼ਤ ਰਸਨਾ ਨਾਲ ਗਾਈਆ । ਮੇਰਾ ਖੇਲ ਦੋ ਜਹਾਨਾਂ, ਵੇਖਣਹਾਰਾ ਥਾਉਂ ਥਾਈਂਆ । ਕਲਜੁਗ ਅੰਤਮ ਮਾਰ ਧਿਆਨਾ, ਸਦੀ ਚੌਧਵੀਂ ਅੱਖ ਉਠਾਈਆ । ਤੇਰਾ ਬਦਲ ਜਾਣਾ ਜ਼ਮਾਨਾ, ਜ਼ਿਮੀਂ ਜ਼ਮਾ ਦਏ ਗਵਾਹੀਆ । ਤੇਰੀ ਉਮਤ ਹੋਣੀ ਬੇਈਮਾਨਾ, ਖ਼ਾਹਿਸ਼ ਮਮਤਾ ਵਾਲੀ ਪਰਗਟਾਈਆ । ਉਸ ਵੇਲੇ ਪਹਿਰਨਾ ਬਾਣਾ, ਜੋਤੀ ਜਾਤਾ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਡੋਰੀ ਕਹੇ ਮੈਂ ਸੁਣਿਆ ਹੁਕਮ ਪ੍ਰਭੂ ਸਮਰਥ, ਹਰਿ ਕਰਤੇ ਦਿਤਾ ਦ੍ਰਿੜਾਈਆ । ਜਿਸ ਵੇਲੇ ਮੁਹੰਮਦ ਦਾ ਚਲਿਆ ਰਥ, ਵਹੀਰ ਜਗਤ ਵਾਲੀ ਬਣਾਈਆ । ਉਸ ਵੇਲੇ ਮੁਹੰਮਦ ਲਾਸ਼ਰੀਕ ਦਾ ਕਲਮਾ ਪੜ੍ਹ ਕੇ ਪੁੱਠੀਂ ਪੈਰੀ ਚਲਿਆ ਸੀ ਇਕ ਸੌ ਇਕ ਹੱਥ, ਹੱਥ ਪੇਸ਼ਾਨੀ ਉਤੇ ਟਿਕਾਈਆ । ਨਾਲੇ ਖ਼ੁਸ਼ੀਆਂ ਵਿਚ ਰਿਹਾ ਹੱਸ, ਹੁਕਮ ਸੁਣ ਧੁਰ ਇਲਾਹੀਆ । ਸਿਫ਼ਤੀ ਗਾਵੇ ਜਸ, ਢੋਲਾ ਸਹਿਜ ਸੁਭਾਈਆ । ਫੇਰ ਬਦਲ ਆਪਣੀ ਅੱਖ, ਕਰਵਟ ਲਈ ਬਦਲਾਈਆ । ਇਕ ਸੌ ਇਕ ਵਾਰ ਨਾਅਰਾ ਬੋਲਿਆ ਹੱਕ, ਹੱਕ ਹੱਕ ਸੁਣਾਈਆ । ਇਕ ਸੌ ਇਕ ਹੱਥ ਪਿਆ ਨੱਠ, ਭੱਜਿਆ ਵਾਹੋ ਦਾਹੀਆ । ਫੇਰ ਸਦੀ ਚੌਧਵੀਂ ਨੂਰ ਨੁਰਾਨੇ ਕਰ ਪਰਗਟ, ਆਪਣਾ ਭੇਵ ਦ੍ਰਿੜਾਈਆ । ਫੇਰ ਪੁਸ਼ਤ ਤੇ ਮਾਰ ਕੇ ਹੱਥ, ਹਲੂਣਾ ਦਿਤਾ ਲਗਾਈਆ । ਖੋਲ੍ਹ ਆਪਣੀ ਅੱਖ, ਪਰਦਾ ਪਰਦਿਆਂ ਵਿਚੋਂ ਦਿਤਾ ਚੁਕਾਈਆ । ਸਦੀ ਚੌਧਵੀਂ ਦੇ ਨਾਲ ਧੁਰ ਦੀ ਧਾਰ ਖੇਲ ਹੋਣਾ ਸਚ, ਗੋਲੀ ਆਤਮ ਧਾਰ ਲੈਣੀ ਪਰਗਟਾਈਆ । ਬਲ ਦਾ ਬੇਟਾ ਨਾਨਕ ਦੀ ਸਾਥਣ ਜੋਗਿੰਦਰ ਨਾਮ ਲੈਣਾ ਰੱਖ, ਤਨ ਤਤ ਵਡਿਆਈਆ । ਮੁਹੰਮਦ ਬਿਨ ਸਜਦੇ ਚਰਨੀ ਗਿਆ ਢੱਠ, ਨਿਉਂ ਨਿਉਂ ਸੀਸ ਝੁਕਾਈਆ । ਇਕ ਸੌ ਇਕ ਵਾਰ ਫੇਰ ਕਲਮਾ ਲਿਆ ਰਟ, ਅੰਤਰ ਅੰਤਰ ਧਿਆਨ ਲਗਾਈਆ । ਫੇਰ ਮਸਤਕ ਧੂੜ ਲਾਈ ਝਟ, ਲੰਮਾ ਪੈ ਕੇ ਆਪਣਾ ਝਟ ਲੰਘਾਈਆ । ਫੇਰ ਇਕ ਸੌ ਇਕ ਵਾਰ ਪਿਆ ਟੱਪ, ਉਚੀ ਉਚੀ ਕੁੱਦਿਆ ਚਾਈਂ ਚਾਈਆ । ਫੇਰ ਕੀਤਾ ਝਟ, ਆਪਣੀ ਕਰਵਟ ਲਈ ਬਦਲਾਈਆ । ਠੋਡੀ ਉਤੇ ਹੱਥ ਰੱਖ, ਉਂਗਲੀ ਨਾਲ ਦਬਾਈਆ । ਪਰਵਰਦਿਗਾਰ ਸਾਂਝੇ ਯਾਰ ਕੁਝ ਆਪਣਾ ਭੇਵ ਦੱਸ, ਓਹਲਾ ਓਹਲਾ ਰਹੇ ਨਾ ਰਾਈਆ । ਪਰਵਰਦਿਗਾਰ ਫੇਰ ਇਕ ਸੌ ਇਕ ਹੱਥ ਆਪਣੀ ਧਾਰ ਨਾਲ ਦਿਤਾ ਧੱਕ, ਧੱਕੇ ਇਕ ਸੌ ਇਕ ਵਾਰ ਲਗਾਈਆ । ਜਿਸ ਵੇਲੇ ਇਕ ਦਾ ਲੇਖਾ ਸ੍ਰਿਸ਼ਟੀ ਜ਼ੀਰੋ ਰੂਪ ਹੋ ਗਈ ਅਵਤਾਰਾਂ ਪੈਗੰਬਰਾਂ ਗੁਰੂਆਂ ਦਾ ਲੇਖਾ ਹੋਣਾ ਫੱਕ, ਪਰਵਰਦਿਗਾਰ ਤੇਰਾ ਸਾਂਝਾ ਯਾਰ ਇਕੋ

ਆਪਣਾ ਹੁਕਮ ਵਰਤਾਈਆ । ਫੇਰ ਮੁਹੰਮਦ ਦਾ ਫੜ ਕੇ ਨੱਕ, ਇਕ ਸੌ ਇਕ ਵਾਰ ਅੱਗੇ ਦਿਤਾ ਖਿਚਾਈਆ । ਫੇਰ ਹੱਸ ਕੇ ਕਿਆ ਮੁਹੰਮਦ ਅਹਿਮਦ ਬਣ ਕੇ ਮੇਰਾ ਆਬੇਹਯਾਤ ਚੱਖ, ਰਸ ਨਿਜਰ ਦਿਆਂ ਝਿਰਾਈਆ । ਮੁਹੰਮਦ ਆਪਣੇ ਮੁਖ ਵਿਚ ਲੈ ਕੇ ਕੱਖ, ਨਿਮਾਣਾ ਹੋ ਕੇ ਸੀਸ ਝੁਕਾਈਆ । ਮੇਰੇ ਪਰਵਰਦਿਗਾਰ ਸਾਂਝੇ ਯਾਰ ਜਿਉਂ ਭਾਵੇ ਤਿਉ ਰੱਖ, ਰੱਖਣਹਾਰ ਤੇਰੀ ਸਰਨਾਈਆ । ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਮੁਹੰਮਦ ਦੇ ਦੋਵੇਂ ਖੜੇ ਕਰ ਦਿਤੇ ਹੱਥ, ਭੁਜਾਂ ਸੀਸ ਉਪਰ ਉਠਾਈਆ । ਉਹ ਫੜ ਉਹ ਫੜ ਉਹ ਫੜ ਜਿਸ ਨੇ ਸਭ ਦੀਆਂ ਡੋਰੀਆਂ ਦੇਣੀਆਂ ਕਟ, ਨਾਤੇ ਪਿਛਲੇ ਦਿਤੇ ਤੁੜਾਈਆ । ਅਗਲਾ ਮਾਰਗ ਪੰਥ ਲਗਾ ਕੇ ਸਤਿ, ਸਤਿ ਸਤਿ ਸਤਿ ਲਏ ਪਰਗਟਾਈਆ । ਗੋਬਿੰਦ ਦੀ ਧਾਰ ਬੱਚਿਆਂ ਦੀ ਲੇਖੇ ਲਾ ਕੇ ਰੱਤ, ਗੁਰਮੁਖ ਰਤਨ ਅਮੋਲਕ ਲਏ ਬਣਾਈਆ । ਸਦੀ ਚੌਧਵੀਂ ਇਹ ਖੇਲ ਹੋਣਾ ਸਚ, ਮੁਹੰਮਦ ਰਸੂਲ ਦਿਆਂ ਦ੍ਰਿੜਾਈਆ । ਤੇਰੀ ਆਸ਼ਾ ਤੇਰੀ ਤੇਰੀ ਉਮਤ ਉਮਤ ਦੀ ਖ਼ਾਹਿਸ਼ ਮੇਰੇ ਹੁਕਮ ਵਿਚ ਜਾਏ ਫਸ, ਬਾਹਰ ਰਹਿਣ ਕੋਇ ਨਾ ਪਾਈਆ । ਮੁਹੰਮਦ ਆਪਣੀ ਲਬ ਦਾ ਵਾਲ ਇਕ ਕਟ, ਸਾਹਿਬ ਦੇ ਅੱਗੇ ਭੇਟ ਕਰਾਈਆ । ਮੇਰੇ ਮਹਿਬੂਬ ਤੇਰੇ ਹੁਕਮ ਦਾ ਸਮਾਂ ਐਵੇਂ ਨਾ ਜਾਏ ਟਪ, ਪੂਰਾ ਆਪੇ ਲੈਣਾ ਕਰਾਈਆ । ਮੈਂ ਓਟ ਤੇਰੇ ਉਤੇ ਰਿਹਾ ਰੱਖ, ਰੱਖਕ ਹੋ ਕੇ ਵੇਖਣਾ ਚਾਈਂ ਚਾਈਂਆ । ਸਦੀ ਚੌਧਵੀਂ ਕਿਸੇ ਦਾ ਕਰੀਂ ਮੂਲ ਨਾ ਪੱਖ, ਦੀਨਾਂ ਮਜ਼੍ਹਬਾਂ ਸੰਗ ਨਾ ਕੋਇ ਰਖਾਈਆ । ਤੇਰੀ ਕੀਮਤ ਹੋਵੇ ਸ਼ਾਹ ਕੰਗਾਲ ਕਰੋੜੀ ਲੱਖ, ਇਕੋ ਰੰਗ ਦੇਣਾ ਰੰਗਾਈਆ । ਤੇਰਾ ਫ਼ਰਮਾਨ ਤੇਰਾ ਸੰਦੇਸ਼ਾ ਹਕੂਮਤ ਦੇ ਮਾਲਕ ਇਕੋ ਹੱਕ, ਹੱਕ ਹੱਕ ਤੇਰੀ ਵਡਿਆਈਆ । ਮੇਰੀ ਮੰਜ਼ਲ ਮਹੱਲ ਤੇਰੇ ਇਕੋ ਹੱਥ, ਦੂਸਰ ਦਸਤ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਸਰਬ ਕਲਾ ਸਮਰਥ, ਸਮਰਥ ਅਕਥ ਇਕ ਅਖਵਾਈਆ ।

✪ ੨੦ ਹਾੜ ਸ਼ਹਿਨਸ਼ਾਹੀ ਸੰਮਤ ੭ ਬਖ਼ਸ਼ੀਸ਼ ਸਿੰਘ, ਕਰਨੈਲ, ਸਵਰਨ ਸਿੰਘ, ਬੂੜ ਸਿੰਘ, ਕਰਮ ਸਿੰਘ, ਸੰਪੂਰਨ ਕੌਰ ਮੱਸਾ ਸਿੰਘ ਬਲਪੁਰੀਆ ਅਮਰਾਉ ਸਿੰਘ, ਬਲਪੁਰੀਆ ਰਛਪਾਲ ਸਿੰਘ, ਸਠਿਆਲਾ, ਤੇਜਾ ਸਿੰਘ ਸਠਿਆਲਾ, ਪ੍ਰਕਾਸ਼ ਕੌਰ ਦਿੱਲੀ ਪਿੰਡ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ✪

ਸਰਸਾ ਕਹੇ ਜਿਸ ਵੇਲੇ ਗੋਬਿੰਦ ਮੈਨੂੰ ਟੱਪਾ, ਟਾਪੂਆਂ ਦਾ ਡੇਰਾ ਦਿਤਾ ਢਾਹੀਆ । ਅੱਗੇ ਰੂਪ ਤੱਕਿਆ ਨਾਨਕ ਤਪਾ, ਜੋ ਬਿਨ ਪੰਜਾਂ ਤਤਾਂ ਸੋਭਾ ਪਾਈਆ । ਉਸ ਨੇ ਸੰਦੇਸ਼ਾ ਹੁਕਮ ਦਿਤਾ ਪਤਾ, ਪਤਿਪਰਮੇਸ਼ਵਰ ਭੇਵ ਖੁਲ੍ਹਾਈਆ । ਨਾਲ ਇੱਕੀ ਵਾਰ ਅੱਖਰ ਲਿਖ ਕੇ ਪੱਪਾ, ਧਰਨੀ ਧਰਤ ਧਵਲ ਧੌਲ ਉਤੇ ਦਿਤਾ ਦ੍ਰਿੜਾਈਆ । ਗੋਬਿੰਦ ਧਿਆਨ ਮਾਰ ਲੈ ਰਤਾ, ਰਤਨ ਅਮੋਲਕ ਰੂਪ ਧਿਆਨ ਰਖਾਈਆ । ਨਜ਼ਰੀ ਆਏ ਇਕੋ ਪ੍ਰਭੂ ਦੀ ਸੱਤਾ, ਸਤਿ ਸਤਿਵਾਦੀ ਸੋਭਾ ਪਾਈਆ । ਜਿਸ ਨੇ ਤੇਰੀ ਅੰਤ ਕਰਾਉਣੀ ਫਤਹ, ਫ਼ਤਿਹ ਫ਼ਾਤਿਆ ਸਭ ਦਾ ਦਏ ਪੜ੍ਹਾਈਆ । ਸ੍ਰਿਸ਼ਟੀ ਦ੍ਰਿਸ਼ਟੀ ਕੂੜੀ ਕਿਰਿਆ ਕਰੇ ਬਟਾ, ਜ਼ੀਰੋ ਅੰਕ ਵੇਖ ਵਖਾਈਆ । ਕਿਸੇ ਦੀ ਕੀਮਤ ਰਹੇ ਨਾ ਟਕਾ, ਆਬਰੂ ਖ਼ਾਕ ਵਿਚ ਮਿਲਾਈਆ । ਪਟਨੇ


੧੩੭੯
੨੨

ਵਾਲਾ ਆਪਣੇ ਲੱਕ ਦਾ ਵੇਖ ਪਟਾ, ਕਮਰਕੱਸਾ ਕਸ ਕੇ ਲੈ ਅੰਗੜਾਈਆ । ਤੇਰਾ ਰੂਪ ਪ੍ਰਸਿੱਧ ਹੋਣਾ ਕਲਜੁਗ ਅੰਤਮ ਧਾਰ ਜਟਾ, ਜਟਾ ਜੂਟ ਰਹਿਣ ਕੋਇ ਨਾ ਪਾਈਆ । ਲੇਖਾ ਮੁਕਾਉਣਾ ਜਿਨ੍ਹਾਂ ਖਾਧਾ ਕੱਟਾ ਵੱਛਾ, ਕਟਾਕਸ਼ ਆਪਣਾ ਨਾਮ ਲਗਾਈਆ । ਕੂੜ ਕਿਰਿਆ ਖ਼ਾਕ ਉਡਾਉਣੀ ਮਿੱਟੀ ਘੱਟਾ, ਚਾਰੋਂ ਕੁੰਟ ਵੇਖ ਵਖਾਈਆ । ਸਦੀ ਚੌਧਵੀਂ ਗੇੜਨੀ ਉਲਟੀ ਲੱਠਾ, ਚੱਕਵਰਤੀ ਚੱਕਰ ਦੇਣਾ ਲਗਾਈਆ । ਲਹਿਣਾ ਪੂਰਾ ਕਰਨਾ ਤੀਰਥ ਅਠਸਠਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਵੇਖਣੀ ਚਾਈਂ ਚਾਈਂਆ । ਭੇਵ ਖੁਲ੍ਹਾਉਣਾ ਮੰਦਰ ਮਸਜਿਦ ਸ਼ਿਵਦਵਾਲੇ ਮੱਠਾ, ਗੁਰੂ ਗੁਰਦਵਾਰ ਪਰਦਾ ਰਹੇ ਨਾ ਰਾਈਆ । ਸ੍ਰਿਸ਼ਟ ਦ੍ਰਿਸ਼ਟੀ ਖੇਲ ਵੇਖਣਾ ਬਾਜ਼ੀਗਰ ਨਟਾ, ਨਟੂਏ ਆਪਣਾ ਹੁਕਮ ਵਰਤਾਈਆ । ਸਚ ਦੱਸਾਂ ਤੂੰ ਜੀਵਦਿਆਂ ਚੜ੍ਹਨਾ ਸ਼ਮਸ਼ਾਨ ਭੂਮੀ ਵਾਲੇ ਫੱਟਾ, ਮਰਿਆਂ ਫੇਰ ਨਾ ਕੋਇ ਉਠਾਈਆ । ਜਗਤ ਸਮਾਜ ਦਾ ਰਹੇ ਕੋਇ ਨਾ ਰੱਟਾ, ਝਗੜਾ ਕਰੇ ਨਾ ਕੋਇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਹਿਬ ਸਚ ਵਡਿਆਈਆ । ਸਰਸਾ ਪਾਰ ਕਿਨਾਰਾ ਕਹੇ ਜਿਸ ਵੇਲੇ ਗੋਬਿੰਦ ਨੇ ਰੱਖਿਆ ਕਦਮ, ਕਦੀਮ ਦੇ ਮਾਲਕ ਦਇਆ ਕਮਾਈਆ । ਮੈਨੂੰ ਲੇਖ ਯਾਦ ਆਇਆ ਅਦਮ, ਆਲੀਜਾਹ ਦਿਤਾ ਦ੍ਰਿੜਾਈਆ । ਮੈਂ ਖ਼ੁਸ਼ੀ ਨਾਲ ਚੁੰਮਿਆ ਕਵਲ ਚਰਨ ਦਾ ਪਦਮ, ਪਦ ਇਕੋ ਵੇਖ ਵਖਾਈਆ । ਜੋ ਇਸ਼ਾਰਾ ਕੀਤਾ ਸੀ ਕ੍ਰਿਸ਼ਨ ਕਾਹਨ ਯਦਵ, ਯਦੀ ਆਪਣੀ ਅੱਖ ਖੁਲ੍ਹਾਈਆ । ਮੈਨੂੰ ਯਾਦ ਆਇਆ ਨੂਰ ਇਲਾਹੀ ਅਦਮ, ਰਾਮ ਰਹੀਮ ਬੇਪਰਵਾਹੀਆ । ਮੈਂ ਖ਼ੁਸ਼ੀ ਵਿਚ ਲੱਗਾ ਭੱਜਣ, ਭਜਨ ਬੰਦਗੀ ਪਿਛਲੀ ਦਿਤੀ ਤਜਾਈਆ । ਨਾਲੇ ਕੂਕ ਕੇ ਕਿਹਾ ਮੈਨੂੰ ਦੁਖੀਆਂ ਦਾ ਮਿਲਿਆ ਸੱਜਣ, ਜੋ ਗ਼ਰੀਬਾਂ ਹੋਏ ਸਹਾਈਆ । ਮੇਰੇ ਅੰਦਰ ਤਾਲ ਲੱਗਾ ਵੱਜਣ, ਸ਼ਬਦ ਅਨਾਦੀ ਨਾਦ ਧੁੰਨ ਵਜਾਈਆ । ਮੇਰੇ ਘਾਟ ਤੇ ਜੋਤੀ ਦੀਪਕ ਲੱਗਾ ਜਗਣ, ਅੰਧ ਅੰਧੇਰਾ ਰਿਹਾ ਨਾ ਰਾਈਆ । ਮੈਂ ਖ਼ੁਸ਼ੀ ਵਿਚ ਹੋਇਆ ਮਗਨ, ਮਸਤੀ ਵਿਚ ਲਈ ਅੰਗੜਾਈਆ । ਗੌਰ ਨਾਲ ਤੱਕਿਆ ਸੂਰਬੀਰ ਦਾ ਬਦਨ, ਨਿਗਹ ਨਿਗਹ ਵਿਚੋਂ ਉਠਾਈਆ । ਉਸ ਵੇਲੇ ਗੋਬਿੰਦ ਨੇ ਇਸ਼ਾਰਾ ਕੀਤਾ ਸਰਸੇ ਅੰਤਮ ਦਾ ਲੇਖਾ ਵੇਖ ਵਿਚ ਅਦਨ, ਆਅਲਾ ਅਦਨਾ ਕਰੇ ਲੜਾਈਆ । ਸ਼ਰਅ ਸ਼ਰਅ ਨੂੰ ਲੱਗੇ ਵੱਢਣ, ਅੱਗੇ ਹੋ ਨਾ ਕੋਇ ਅਟਕਾਈਆ । ਕਲਮਾ ਕਲਮੇ ਨੂੰ ਲੱਗੇ ਛਡਣ, ਸੰਗੀ ਸੰਗ ਨਾ ਕੋਇ ਵਖਾਈਆ । ਇਹ ਖੇਲ ਕਰੇ ਸੂਰਾ ਸਰਬੰਗਣ, ਸ਼ਾਹ ਪਾਤਸ਼ਾਹ ਨੂਰ ਇਲਾਹੀਆ । ਸਰਸੇ ਕਿਹਾ ਗੋਬਿੰਦ ਉਸ ਵੇਲੇ ਸਾਚੇ ਗੁਰਮੁਖਾਂ ਨਿਰਗੁਣ ਧਾਰ ਕਰਾਈਂ ਮਜਣ, ਸਰਗੁਣ ਆਪਣਾ ਰੰਗ ਰੰਗਾਈਆ । ਤੇਰਾ ਸਿੱਖ ਤੈਨੂੰ ਮੂਲ ਨਾ ਜਾਏ ਲੱਭਣ, ਘਰ ਬੈਠਿਆਂ ਲੈਣਾ ਉਠਾਈਆ । ਧੁਰ ਦਾ ਸ਼ਬਦ ਸੁਣਾ ਕੇ ਨਦਨ, ਸੋਈ ਸੁਰਤ ਲੈਣੀ ਜਗਾਈਆ । ਮਾਲਕ ਖ਼ਾਲਕ ਬਣ ਕੇ ਆਵੀਂ ਪੜਦੇ ਕੱਜਣ, ਸਿਰ ਆਪਣਾ ਹੱਥ ਟਿਕਾਈਆ । ਤੇਰੇ ਪ੍ਰਕਾਸ਼ ਦੇ ਦੀਪਕ ਜਗਣ, ਪੰਜ ਦੀਪਕ ਦੇਣ ਗਵਾਹੀਆ । ਉਸ ਵੇਲੇ ਗੋਬਿੰਦ ਨੇ ਸੰਦੇਸ਼ਾ ਦਿਤਾ ਹੱਕਣ, ਹੱਕ ਹੱਕ ਜਣਾਈਆ । ਸਰਸੇ ਜਿਸ ਵੇਲੇ ਪੂਰੇ ਹੋਏ ਅਰਸੇ, ਪੁਰਖ ਅਕਾਲ ਕਰੇ ਤਰਸੇ, ਹੁਕਮੀ ਮਿਹਰ ਅਗੰਮੀ ਬਰਸੇ, ਮੈਂ ਜਨ ਭਗਤਾਂ ਦਰ ਤੇ ਗੰਢੇ ਆਵਾਂ ਛਕਣ, ਗੰਢ ਪਿਛਲੀ ਯਾਦ ਰਖਾਈਆ । ਭਰਾਂ ਭੰਡਾਰੇ ਖ਼ਾਲੀ ਸੱਖਣ, ਸਖ਼ਾਵਤ ਆਪਣਾ ਨਾਮ ਕਰਾਈਆ । ਨਿਜ ਨੇਤਰ ਖੋਲ੍ਹ ਕੇ ਅੱਖਣ, ਦਰਸ਼ਨ ਦੇਵਾਂ ਥਾਉਂ ਥਾਈਆ । ਚੁਰਾਸੀ ਵਿਚੋਂ ਵਰੋਲੇ ਮੱਖਣ, ਗੁਰਮੁਖ ਆਪਣੇ ਘਰ ਵਸਾਈਆ । ਇਕੋ ਘਾਟ ਦੱਸ ਕੇ ਪਤਣ, ਇਕੋ ਨਈਆ ਨਾਮ ਚੜ੍ਹਾਈਆ । ਤੂੰ ਮੇਰਾ ਮੈਂ ਤੇਰਾ ਸਾਰੇ ਨਾਮ ਜਪਣ, ਸੋਹੰ ਢੋਲਾ ਅਗੰਮ

ਅਥਾਹੀਆ । ਜਨਮ ਕਰਮ ਦੇ ਦੂਰ ਕਰਾਵਾਂ ਪੱਪਨ, ਪਤਿਤ ਪੁਨੀਤ ਬਣਾਈਆ । ਫੇਰ ਵਸਾ ਕੇ ਸਾਚਾ ਵਤਨ, ਬੇਵਤਨਾਂ ਹੋਵਾਂ ਸਹਾਈਆ । ਹੁਣ ਜਨਮ ਲਿਆ ਵਿਚ ਪਟਨ, ਫਿਰ ਸੰਬਲ ਸੋਭਾ ਪਾਈਆ । ਜਗਤ ਵਸੇਰਾ ਰੈਣ ਆਵਾਂ ਕਟਣ, ਨੇਤਰ ਨਜ਼ਰ ਕੋਇ ਨਾ ਪਾਈਆ । ਪਿਛਲੀ ਸਭ ਦੀ ਡੋਰੀ ਆਵਾਂ ਕੱਟਣ, ਕਟਾਕਸ਼ ਧੁਰ ਦਾ ਨਾਮ ਲਗਾਈਆ । ਅੱਗੇ ਇਕੋ ਨਾਮ ਕਲਮੇ ਦੀ ਦੱਸ ਕੇ ਰੱਟਣ, ਰੱਟਾ ਸ਼ਰਅ ਦਾ ਦਿਆਂ ਚੁਕਾਈਆ । ਕਿਸੇ ਦਾ ਕੋਇ ਚਲਣ ਦੇਵਾਂ ਨਾ ਯਤਨ, ਯਥਾਰਥ ਪ੍ਰਭ ਦਾ ਹੁਕਮ ਵਰਤਾਈਆ । ਮੇਲ ਮਿਲਾਵਾਂ ਨਾਲ ਪੁਰਖ ਸਮਰਥਣ, ਵਿਛੋੜਾ ਅੱਗੇ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਰਸਾ ਕਹੇ ਮੇਰੀ ਨਮੋ ਨਮੋ ਬੰਦਨਾ, ਬੰਦਗੀ ਵਿਚ ਸੀਸ ਨਿਵਾਈਆ । ਪੁਰਖ ਅਕਾਲ ਦੇ ਸਾਚੇ ਚੰਦਨਾ, ਚੰਦ ਤੇਰੀ ਰੁਸ਼ਨਾਈਆ । ਤੂੰ ਛੱਡਿਆ ਪੁਰੀ ਅਨੰਦਨਾ, ਅਨੰਦ ਪ੍ਰਭ ਦੇ ਵਿਚ ਟਿਕਾਈਆ । ਤੇਰਾ ਫੇਰ ਜੋਤੀ ਦੀਪਕ ਜਗਣਾ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਪਰ ਯਾਦ ਰੱਖੀਂ ਮੇਰੇ ਵਿਚ ਭੇਟਾ ਹੋਣ ਵਾਲਿਆਂ ਸਾਰਿਆਂ ਸੱਦਣਾ, ਆਪਣੇ ਨਾਲ ਮਿਲਾਈਆ । ਮੁਹੱਬਤ ਵਿਚ ਬੱਝਣਾ, ਨਾਤਾ ਸਕੇ ਨਾ ਕੋਇ ਤੁੜਾਈਆ । ਨਾਮ ਅਗੰਮੇ ਰੰਗਣਾ, ਰੰਗਤ ਇਕ ਵਖਾਈਆ । ਉਹਨਾਂ ਦਵਾਰਾ ਪਏ ਕੋਇ ਨਾ ਮੰਗਣਾ, ਭਿਖਾਰੀ ਰੂਪ ਨਾ ਕੋਇ ਵਟਾਈਆ । ਜੀਵਣ ਜਗਤ ਨਾਲ ਹੰਢਣਾ, ਸਗਲਾ ਸੰਗ ਰਖਾਈਆ । ਅੰਗੀਕਾਰ ਲਗਾਉਣਾ ਅੰਗਣਾ, ਬਣਨਾ ਜਣੇਂਦੀ ਮਾਈਆ । ਹੱਥ ਪੁਸ਼ਤ ਪਨਾਹ ਰੱਖਣਾ ਕੰਧਣਾ, ਦੋ ਜਹਾਨ ਹੋਣਾ ਸਹਾਈਆ । ਸੀਸ ਦਸਤਾਰ ਉਨ੍ਹਾਂ ਦੇ ਬੰਨ੍ਹਣਾ, ਸਿਰ ਸਰ ਆਪਣੇ ਕਦਮਾਂ ਵਿਚ ਰਖਾਈਆ । ਤੇਰੇ ਹੁਕਮ ਦੀ ਕਰੇ ਨਾ ਕੋਇ ਉਲੰਘਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਤੇਰਾ ਖੇਲ ਵੇਖਾਂ ਮਾਹੀ ਗੋਬਿੰਦ ਧੁਰ ਦੇ ਚੰਦਣਾ, ਪ੍ਰਭ ਦੇ ਚੰਨ ਤੇਰੀ ਵਡਿਆਈਆ । ਮੇਰੇ ਉਤੇ ਕੌਲ ਹੋਇਆ ਇਕਰਾਰ ਹੋਇਆ ਤੂੰ ਮਾਤਾ ਦੀ ਕੁੱਖੋਂ ਫੇਰ ਨਹੀਂ ਜੰਮਣਾ, ਜਣੇਂਦੀ ਬਣੇ ਕੋਇ ਨਾ ਮਾਈਆ । ਸੰਬਲ ਤੇਰਾ ਆਸਣ ਲੱਗਣਾ, ਸੰਭਲ ਆਪਣਾ ਨਾਮ ਟਿਕਾਈਆ । ਮੇਰੀ ਅੰਤ ਅਖ਼ੀਰ ਬੇਨਜ਼ੀਰ ਸਾਹਿਬ ਸਤਿਗੁਰ ਬੰਦਨਾ, ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਰੰਗ ਰੰਗਾਉਣਾ ਆਅਲਾ ਅਦਨਾ, ਊਚ ਨੀਚ ਰਾਓ ਰੰਕ ਵੱਡਾ ਛੋਟਾ ਅਮੀਰ ਗ਼ਰੀਬ ਨਜ਼ਰ ਕੋਇ ਨਾ ਆਈਆ ।



## ✪ ੨੯ ਹਾੜ ਸ਼ਹਿਨਸ਼ਾਹੀ ਸੰਮਤ ੭ ਕਪੂਰ ਸਿੰਘ ਰਣਜੀਤ ਸਿੰਘ ਮੋਗਾ ਸ਼ਹਿਰ ਜ਼ਿਲਾ ਫ਼ਿਰੋਜ਼ਪੁਰ ✪

ਪੰਜ ਫੁੱਲ ਕਹਿਣ ਗੁਰਮੁਖ ਆਤਮਾ ਫੂਲਾ ਰਾਣੀ, ਫਲੀ ਭੂਤ ਸੋਭਾ ਪਾਈਆ । ਜਿਸ ਦਾ ਪਰਮ ਪੁਰਖ ਪਰਮਾਤਮ ਸਾਚਾ ਹਾਣੀ, ਜਗਤ ਤਤ ਨਾ ਕੋਇ ਵਡਿਆਈਆ । ਸ਼ਬਦ ਅਗੰਮੀ ਸੁਣਾ ਬਾਣੀ, ਨਾਮ ਨਿਧਾਨਾ ਇਕ ਸਮਝਾਈਆ । ਅੰਮ੍ਰਿਤ ਅੰਮਿਉਂ ਬਰਸ ਕੇ ਪਾਣੀ, ਅਗਨੀ ਤਤ ਤਤ ਗਵਾਈਆ । ਝਗੜਾ ਮੁਕਾ ਕੇ ਚਾਰੇ ਖਾਣੀ, ਚਾਰੋਂ ਕੁੰਟ ਹੋਏ ਸਹਾਈਆ । ਦਾਤਾ ਹੋ ਕੇ ਦੇਵੇ ਦਾਨੀ, ਸਚ ਵਸਤ ਸਤਿ ਵਰਤਾਈਆ । ਦੀਨ ਦੁਨੀ ਵਿਚ ਬਣੇ ਬਾਨੀ, ਸਿਰ ਆਪਣਾ ਹੱਥ ਟਿਕਾਈਆ । ਜਗਤ ਜਹਾਨ ਆਉਣ ਨਾ ਦੇਵੇ ਹਾਨੀ, ਸਦਾ ਸੁਹੇਲੇ ਆਪਣਾ ਰੰਗ ਰੰਗਾਈਆ ।

ਕੂੜ ਕਿਰਿਆ ਚੁਕਾਏ ਕਾਣੀ, ਕਾਮ ਕਰੋਧ ਲੋਭ ਮੋਹ ਹੰਕਾਰ ਤਜਾਈਆ । ਆਪਣੇ ਗ੍ਰਹਿ ਸੁਘੜ ਸੁਚੱਜੀ ਬਣਾ ਕੇ ਸਵਾਣੀ, ਸਾਚੀ ਸਿਖਿਆ ਇਕ ਸੁਣਾਈਆ । ਜਗਤ ਪਿਆਰ ਵਿਚ ਸ਼ਰਅ ਕੂੜ ਨਾ ਰਹੇ ਸ਼ੈਤਾਨੀ, ਸਤਿ ਸਤਿ ਨਾਲ ਮਿਲਾਈਆ । ਗੜ੍ਹ ਤੋੜ ਤੋੜ ਅਭਿਮਾਨੀ, ਮਨ ਮਨਸਾ ਵੇਖ ਵਖਾਈਆ । ਇਕ ਸਿਖਿਆ ਸਦਾ ਸਤਿਗੁਰ ਚਰਨ ਹੋਣਾ ਕੁਰਬਾਨੀ, ਵਿਟੋਂ ਆਪਣਾ ਆਪ ਕਰਾਈਆ । ਫੇਰ ਪ੍ਰਭੂ ਦਰ ਮਿਲੇ ਮਹਿਮਾਨੀ, ਭੰਡਾਰਾ ਅਤੋਟ ਅਤੁਟ ਵਰਤਾਈਆ । ਜਗਤ ਝਗੜਾ ਰਹੇ ਨਾ ਕੋਇ ਦੀਵਾਨੀ, ਦਾਅਵੇ ਪਿਛਲੇ ਦਏ ਮਿਟਾਈਆ । ਅੱਗੇ ਮੰਜ਼ਲ ਦੱਸ ਆਸਾਨੀ, ਅਸਲ ਆਪਣਾ ਰੰਗ ਰੰਗਾਈਆ । ਪਿਆਰ ਪਿਆਰ ਦੀ ਬਖ਼ਸ਼ ਜਵਾਨੀ, ਜੋਬਨ ਜੋਬਨ ਨਾਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਦ੍ਰਿੜਾਈਆ । ਪੰਜ ਫੁੱਲ ਕਹਿਣ ਗੁਰਮੁਖ ਆਤਮਾ ਫੂਲਾ ਰਾਣੀ ਸੁਹੰਜਣੀ, ਸੋਭਾਵੰਤ ਨਜ਼ਰੀ ਆਈਆ । ਜਿਸ ਦਾ ਮਾਲਕ ਇਕ ਆਦਿ ਨਿਰੰਜਣੀ, ਨਰ ਹਰਿ ਆਦਿ ਬੇਪਰਵਾਹੀਆ । ਜੋ ਦਾਤਾ ਸਦਾ ਦਰਦ ਦੁੱਖ ਭੈ ਭੰਜਣੀ, ਭਵ ਸਾਗਰ ਪਾਰ ਕਰਾਈਆ । ਉਹ ਲੇਖਾ ਜਾਣੇ ਆਤਮਾ ਦੇ ਸੰਗ ਪੰਜ ਤਤ ਬਦਨੀ, ਬਦਨ ਆਪਣਾ ਖੇਲ ਖਿਲਾਈਆ । ਅਮੋਲਕ ਹੀਰਾ ਬਣਾ ਕੇ ਰਤਨੀ, ਅਨਮੁੱਲੜੇ ਲਾਲ ਆਪ ਵਖਾਈਆ । ਜਿਸ ਸਤਿਗੁਰੂ ਦੀ ਗੁਰਸਿਖ ਬਣ ਗਿਆ ਪਤਨੀ, ਉਹ ਪਤਿਪਰਮੇਸ਼ਵਰ ਹੋ ਕੇ ਹੋਏ ਸਹਾਈਆ । ਹਰ ਥਾਂ ਉਸ ਦੀ ਪਤ ਰੱਖਣੀ, ਸਿਰ ਆਪਣਾ ਹੱਥ ਟਿਕਾਈਆ । ਕੱਖੋਂ ਬਣਾਏ ਲੱਖਣੀ, ਲੱਖ ਕਰੋੜੀ ਧੁਰਦਰਗਾਹੀਆ । ਗੁਰਮੁਖ ਦੀ ਆਤਮਾ ਕਦੇ ਰਹਿਣ ਨਾ ਦੇਵੀਂ ਸੱਖਣੀ, ਸੁਖ਼ਨ ਕੀਤੇ ਤੋੜ ਨਿਭਾਈਆ । ਜਗਤ ਦੁਕਾਨ ਨਹੀਂ ਹੱਟਣੀ, ਜਗਤ ਹਟਵਾਣਾ ਇਕ ਪਰਗਟਾਈਆ । ਸਭ ਦਾ ਲੇਖਾ ਵੇਖੇ ਅੱਖਣੀ, ਬਿਨਾ ਅੱਖਾਂ ਧਿਆਨ ਲਗਾਈਆ । ਗੁਰਮੁਖ ਧਾਰ ਆਤਮ ਕਦੇ ਨਾ ਹੋਏ ਬੇਵਤਨੀ, ਏਥੇ ਉਥੇ ਵਤਨ ਦਾ ਮਾਲਕ ਮਿਲੇ ਬੇਪਰਵਾਹੀਆ । ਸੁਬਹ ਸ਼ਾਮ ਪੰਜ ਵਾਰ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਦੀ ਤੁਕ ਜਪਣੀ, ਜਗਤ ਵਿਹਾਰ ਭੁੱਲ ਕਦੇ ਨਾ ਜਾਈਆ । ਪ੍ਰਭ ਦੀ ਕਲਾ ਕਦੇ ਨਹੀਂ ਛਪਣੀ, ਛੱਪਰ ਛੰਨਾਂ ਕਰੇ ਰੁਸ਼ਨਾਈਆ । ਮਿਹਰਵਾਨ ਮਹਿਬੂਬ ਭੰਡਾਰਾ ਦੇਂਦਾ ਨਹੀਂ ਕਦੇ ਲੱਪ ਲੱਪਣੀ, ਅਤੋਟ ਅਤੁਟ ਦਏ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਧਾਰ ਸ਼ਬਦੀ ਸ਼ਬਦ ਜਣਾਏ ਰਸਨੀ, ਰਸ ਰਸਨਾ ਨਾਲ ਮਿਲਾਈਆ ।



੧੩੮੨ ੨੨

## ✪ ਪਹਿਲੀ ਸਾਵਣ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ਜ਼ਿਲਾ ਅੰਮ੍ਰਿਤਸਰ ✪

ਉਮਤ ਦੀ ਆਸ਼ਾ ਕਹੇ ਮੈਂ ਕੀਤਾ ਅਦਾਬ, ਅਦਬ ਨਾਲ ਸੀਸ ਝੁਕਾਈਆ । ਮੁਹੰਮਦਾ ਵੇਖ ਆਪਣੀ ਕਿਤਾਬ, ਕੁਤਬਖ਼ਾਨਿਆਂ ਬਾਹਰ ਹੱਥ ਉਠਾਈਆ । ਝਟ ਸਦੀ ਚੌਧਵੀਂ ਮਾਰੀ ਆਵਾਜ਼, ਨਾਅਰਾ ਹੱਕ ਹੱਕ ਸੁਣਾਈਆ । ਸੁਣੋ ਹੁਕਮ ਧੁਰ ਜਨਾਬ, ਜਨਾਬੇ ਆਲੀ ਕੀ ਦ੍ਰਿੜਾਈਆ । ਸੰਦੇਸ਼ਾ ਦੇਵੇ ਤਕੋ ਆਪਣੇ ਮਿੱਤਰ ਅਹਿਬਾਬ, ਸੱਜਣ ਮੀਤ ਧਿਆਨ ਲਗਾਈਆ । ਸ਼ਰਅ ਸ਼ਰੀਅਤ ਦੀ ਵੱਜਦੀ ਵੇਖੋ ਰਬਾਬ, ਰਬੀਉਲਸਾਨੀ ਸੰਗ ਰਖਾਈਆ । ਚਾਰ ਯਾਰੀ ਦਾ ਗੁਲ ਤਕੋ ਗੁਲਾਬ, ਗੁਲਸ਼ਨ ਕਵਣ ਮਹਿਕਾਈਆ । ਸ਼ਰਅ ਦਾ ਵੇਖੋ ਖ਼ਤਾਬ, ਖ਼ਤਾ ਸਭ ਦੀ ਫੋਲ ਫੁਲਾਈਆ ।

ਸ਼ਹਿਨਸ਼ਾਹ ਭੂਪ ਤਕੋ ਨਵਾਬ, ਜੋ ਨੌਬਤ ਹੱਕ ਵਜਾਈਆ । ਇਸ਼ਾਰਾ ਵੇਖੇ ਜਿਹੜਾ ਨਾਨਕ ਮਿਲਿਆ ਬਗ਼ਦਾਦ, ਬਗ਼ਲਗੀਰ ਸੰਗ ਰੱਖਾਈਆ । ਨੇਤਰ ਨੈਣ ਖੋਲ੍ਹੋ ਸ਼ਤਾਬ, ਪਰਦਾ ਪਰਦਿਆਂ ਵਿਚੋਂ ਉਠਾਈਆ । ਝਟ ਸੁਣਿਆ ਅਨੋਖਾ ਰਾਗ, ਨਾਦ ਕੀਤੀ ਸ਼ਨਵਾਈਆ । ਸਦੀ ਚੌਧਵੀਂ ਨਿਗਹ ਮਾਰੀ ਖਵਾਜਾ ਖਿਜ਼ਰ ਆ ਗਿਆ ਆਪ, ਆਪ ਆਪਣਾ ਪੰਧ ਮੁਕਾਈਆ । ਬਿਨਾ ਅੱਖਰਾਂ ਤੋਂ ਕਰੇ ਜਾਪ, ਸਿਫ਼ਤਾਂ ਵਾਲੀ ਸਿਫ਼ਤ ਸਾਲਾਹੀਆ । ਮੈਂ ਅੱਲਾ ਅਲਾਹ ਦਾ ਵੇਖਿਆ ਪਰਤਾਪ, ਜੋ ਪ੍ਰਤੀਨਿਧ ਧੁਰਦਰਗਾਹੀਆ । ਜੋ ਰਸੂਲ ਰਸੂਲਾਂ ਕਰੇ ਪਾਕ, ਪੈਗ਼ੰਬਰਾਂ ਰੰਗ ਰੰਗਾਈਆ । ਉਹਦਾ ਸਮਾਂ ਆ ਗਿਆ (ਨਾਲ) ਇਤਫ਼ਾਕ, ਇਤਫ਼ਾਕੀਆ ਖੇਲ ਖਿਲਾਈਆ । ਸਭ ਨੂੰ ਦੇਣ ਵਾਲਾ ਨਜਾਤ, ਲੇਖਾ ਪਿਛਲਾ ਰਹੇ ਨਾ ਰਾਈਆ । ਖਵਾਜਾ ਕਹੇ ਨੀਰ ਦਾ ਪੀਰ ਮੇਰੇ ਕੋਲ ਰਿਹਾ ਨਾ ਹਯਾਤੇਆਬ, ਆਬਰੂ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਰੋ ਕੇ ਕਿਹਾ ਵੇ ਬੁੱਢਿਆ ਖਵਾਜਿਆ ਤੂੰ ਕਿਸ ਨੂੰ ਮੰਨ ਲਿਆ ਬਾਪ, ਦਰ ਕਿਸ ਦੇ ਆਸਣ ਲਾਈਆ । ਵੇ ਬੁੱਢਿਆ ਉਠ ਵੇਖ ਸਦੀ ਚੌਧਵੀਂ ਕਹੇ ਮੇਰੀ ਗੋਲੀ ਦਾ ਬਦਲ ਗਿਆ ਮਿਜਾਜ, ਮਜ਼ਾਜਣ ਹੋ ਕੇ ਆਪਣਾ ਰੂਪ ਬਦਲਾਈਆ । ਪੀਲੇ ਬਸਤਰ ਪਹਿਨ ਕੇ ਉਹਨੇ ਟਿੱਕੇ ਨੂੰ ਲਾਏ ਪੰਜ ਬਲਾਕ, ਪੰਚਮ ਰੰਗ ਰੰਗਾਈਆ । ਉਹ ਵੇਖ ਈਸਾ ਦਾ ਕੀ ਕਹਿੰਦਾ ਕਲਾਕ, ਟੱਕ ਟੱਕ ਆਵਾਜ਼ ਸੁਣਾਈਆ । ਸ਼ਰਅ ਦਾ ਸ਼ਰਅ ਨਾਲ ਹੋਣਾ ਨਹੀਂ ਇਲਹਾਕ, ਐਨਲਹਕ ਰਿਹਾ ਦ੍ਰਿੜਾਈਆ । ਉਮਤ ਉਮਤ ਦਾ ਹੋਵੇ ਨਿਫ਼ਾਕ, ਨਫ਼ਰਤ ਤਕ ਖ਼ਲਕ ਖ਼ੁਦਾਈਆ । ਰੂਹ ਬੁਤ ਹੋਏ ਬੇਤਾਬ, ਬੇਸਬਰੀ ਵਿਚ ਦੁਹਾਈਆ । ਮੁਹੰਮਦ ਦਾ ਛੁਪਣ ਵਾਲਾ ਆਫਤਾਬ, ਚੰਦ ਸਿਤਾਰ ਦੇਣ ਗਵਾਹੀਆ । ਸਾਚਾ ਰਿਹਾ ਨਾ ਕੋਇ ਇਨਸਾਫ਼, ਅਦਲ ਹੱਕ ਨਾ ਕੋਇ ਕਮਾਈਆ । ਖ਼ਤਾ ਨੂੰ ਕਰੇ ਨਾ ਕੋਇ ਮੁਆਫ਼, ਖ਼ਤਰਾ ਵੇਖ ਥਾਉਂ ਥਾਈਂਆ । ਮੁੱਲਾਂ ਕਾਜ਼ੀ ਸ਼ੇਖ਼ ਮੁਸਾਇਕ ਹੋਏ ਗੁਸਤਾਖ, ਰਹੀਮ ਰਹਿਮਤ ਨਾ ਕੋਇ ਕਮਾਈਆ । ਪਰਵਰਦਿਗਾਰ ਸਾਂਝਾ ਯਾਰ ਅਮਾਮ ਅਮਾਮਾ ਆਪਣੀ ਜੋਤੀ ਧਾਰ ਬਦਲ ਪੁਸ਼ਾਕ, ਪੋਸ਼ੀਦਾ ਆਪਣਾ ਖੇਲ ਖਿਲਾਈਆ । ਹੁਣ ਕਿਸੇ ਨੂੰ ਲੱਭਣਾ ਨਹੀਂ ਮੱਕਾ ਮਦੀਨੇ ਵਾਲੀ ਵਿਚੋਂ ਮਹਿਰਾਬ, ਮਹਿਬੂਬ ਹੱਥ ਕਿਸੇ ਨਾ ਆਈਆ । ਰਸ ਰਹਿਣਾ ਨਹੀਂ ਕਿਸੇ ਲੁਆਬ, ਸਤਿ ਸਚ ਨਾ ਕੋਇ ਜਣਾਈਆ । ਵੇ ਖਵਾਜਿਆ ਕੁਝ ਝਗੜਾ ਪੈਣ ਲੱਗਾ ਉਤੇ ਚਨਾਬ, ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਸਭ ਨੂੰ ਆਉਣਾ ਇਕ ਵੈਰਾਗ, ਵੈਰੀ ਘਰ ਘਰ ਲਏ ਪਰਗਟਾਈਆ । ਸਭ ਦੀ ਖੁਲ੍ਹਣ ਲੱਗੀ ਜਾਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਮੈਂ ਹੋਰ ਸੁਣਿਆ ਇਹ ਖੇਲ ਕਰੇ ਸ਼ਹਿਨਸ਼ਾਹ ਪਾਤਸ਼ਾਹ ਮਹਾਰਾਜ, ਪਰਵਰਦਿਗਾਰ ਸਾਂਝਾ ਯਾਰ ਨੂਰ ਇਲਾਹੀਆ । ਜਿਸ ਨੇ ਲਹਿਣਾ ਦੇਣਾ ਦੀਨ ਮਜ਼੍ਹਬ ਲੂਲ੍ਹੇ ਲੰਗੜੇ ਅਪਹਾਜ, ਜਵਾਂ ਮਰਦ ਮਰਦਾਨ ਖੋਜ ਖੁਜਾਈਆ । ਉਹ ਖੇਲ ਕਰੇ ਇਕ ਇਕੱਲਾ ਏਕੰਕਾਰਾ ਵਾਹਿਦ, ਵਾਹਵਾ ਆਪਣਾ ਹੁਕਮ ਵਰਤਾਈਆ । ਪਤਾ ਨਹੀਂ ਕਿਧਰੋਂ ਆ ਗਿਆ ਸ਼ਾਇਦ, ਸ਼ਾਹ ਪਾਤਸ਼ਾਹ ਆਪਣਾ ਫੇਰਾ ਪਾਈਆ । ਮੁਹੰਮਦ ਕਿਤਾਬ ਕਢੀ ਨਿਗਹ ਮਾਰੀ ਨੂਰ ਅਲਾਹੀ ਰੱਬੀ ਪੂਰਾ ਵਾਹਿਦਾ ਹੋਇਆ ਲੇਖਾ ਲਿਖਿਆ ਸਾਖਿਆਤ, ਸਖ਼ੀ ਸਰਵਰ ਆਪਣਾ ਹੁਕਮ ਵਰਤਾਈਆ । ਜਿਸ ਨੇ ਕਿਸੇ ਦੀ ਮੰਗਣੀ ਨਹੀਂ ਹਮਾਇਤ, ਹਮਸਾਜਣ ਬੇਪਰਵਾਹੀਆ । ਕਿਸੇ ਨਾਲ ਕਰਨੀ ਨਹੀਂ ਰਿਆਇਤ, ਰਈਅਤ ਦੋ ਜਹਾਨ ਵੇਖੇ ਚਾਈਂ ਚਾਈਂਆ । ਸ਼ਰਅ ਦੀ ਰਹਿਣ ਨਾ ਦੇਵੇ ਕਫਾਇਤ, ਕੈਫ਼ੀਅਤ ਆਪਣੀ ਇਕ ਸਮਝਾਈਆ । ਨਿਰਵੈਰ ਹੋ ਕੇ ਕਰੇ ਇਨਾਇਤ, ਮਿਹਰਵਾਨ ਮਹਿਬੂਬ ਰਹਿਮਤ ਸਚ ਕਮਾਈਆ । ਸਾਚੇ ਕਲਮੇ ਦੀ ਕਰੇ ਅਸ਼ਾਇਤ, ਇਸ਼ਾਰਾ ਦੇਵੇ ਧੁਰਦਰਗਾਹੀਆ ।

੧੩੮੩ ੨੨

ਖਵਾਜਾ ਗਾਵੇ ਇਕ ਆਇਤ, ਇਨਾਇਤ ਖੁਜ਼ਲੇ ਜ਼ਮਾ ਨੂਰੇ ਨਿਸ਼ਾ ਜ਼ਲਿਖੇ ਜ਼ਵਾ ਨਾਜ਼ਨੋ ਮਰਦ ਮਜ਼ਦੀਅਲ ਬੇਮਿਸਾਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਖਵਾਜਾ ਕਹੇ ਸੁਣ ਚੌਧਵੀਂ ਸਦੀ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਤੂੰ ਪਰਵਰਦਿਗਾਰ ਅੱਗੇ ਦੋਵੇਂ ਹੱਥ ਲੈਣੇ ਬੱਧੀ, ਬੰਦਨਾ ਕਰ ਕੇ ਸੀਸ ਨਿਵਾਈਆ । ਮੇਰੀ ਕਰਨੀ ਮਾਲਕ ਕਰੀਂ ਨਾ ਰੱਦੀ, ਤੇਰੇ ਹੱਥ ਹੱਥ ਵਡਿਆਈਆ । ਸਾਚਾ ਹੁਕਮ ਦੇ ਦੇ ਯਦੀ, ਯਦਪਿ ਆਪਣਾ ਹੁਕਮ ਦ੍ਰਿੜਾਈਆ । ਸ਼ਰਅ ਨਿਸ਼ਾਨਾ ਦੇਣਾ ਗੱਡੀ, ਗਾਡ ਤੇਰਾ ਰਾਹ ਤਕਾਈਆ । ਆਪਣੇ ਲੇਖੇ ਵਿਚ ਲਾ ਲੈ ਆਪਣੀ ਨੂਹ ਨਦੀ, ਨਦੀਆਂ ਤੋਂ ਪਾਰ ਤੇਰੀ ਦੁਹਾਈਆ । ਜਗਤ ਮੁਸਾਫ਼ਿਰ ਭਾਰ ਜਾਂਦੇ ਲੱਦੀ, ਭੱਜਣ ਵਾਹੋ ਦਾਹੀਆ । ਤੇਰੇ ਪ੍ਰੇਮ ਪਿਆਰ ਦੀ ਸਿਕ ਇਕੋ ਲੱਗੀ, ਸਿਕਮ ਦੇ ਪਰੇ ਝਗੜਾ ਦੇਣਾ ਵਖਾਈਆ । ਚਾਰ ਯਾਰੀ ਮੋਢੇ ਚੁੱਕਣ ਲੱਗੀ ਡੱਗੀ, ਡੋਰੂ ਡੰਕਾ ਵੱਜੇ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਮੇਰੇ ਅੰਦਰ ਅੱਗ ਲੱਗੀ, ਬਹੁੜੀ ਬਹੁੜੀ ਦਿਆਂ ਦੁਹਾਈਆ । ਕਿਉਂ ਮੇਰੀ ਗੋਲੀ ਪੀਲੇ ਬਸਤਰ ਪਾ ਕੇ ਮੇਰੇ ਕੋਲੋਂ ਭੱਜੀ, ਪਲੂ ਗਈ ਛੁਡਾਈਆ । ਖਵਾਜਿਆ ਸਮੁੰਦਰਾਂ ਸਾਗਰਾਂ ਵਿਚੋਂ ਜਲ ਧਾਰਾ ਦੀ ਧਾਰ ਵਿਚੋਂ ਉਹਨੂੰ ਲੱਭੀਂ, ਖੋਜੀਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਖਵਾਜਾ ਕਹੇ ਮੈਂ ਉਸ ਖ਼ੁਦਾ ਦਾ ਗਦਾਗਰ, ਜੋ ਗਰਦਸ਼ ਵਿਚ ਭਵਾਈਆ । ਵੇਖੋ ਦਰੋ ਦਰ, ਦਰ ਦੁਆਰ ਖੋਜ ਖੋਜਾਈਆ । ਜਾਵਾਂ ਘਰੋ ਘਰ, ਗ੍ਰਿਹ ਗ੍ਰਿਹ ਫੇਰਾ ਪਾਈਆ । ਵੇਖੇ ਸਰੋਵਰ ਸਰ, ਤੀਰਥ ਤਟ ਪੰਧ ਮੁਕਾਈਆ । ਮਸੀਤਾਂ ਮੰਦਰਾਂ ਹੁਜਰਿਆਂ ਅੰਦਰ ਜਾਵਾਂ ਵੜ, ਓਹਲਾ ਰਹੇ ਨਾ ਰਾਈਆ । ਸ਼ਿਵਦਵਾਲੇ ਮੰਦਰ ਮੱਠ ਵੇਖਾਂ ਖੜ, ਚਾਰੋਂ ਕੁੰਟ ਅੱਖ ਉਠਾਈਆ । ਸਦੀ ਚੌਧਵੀਂ ਤੇਰੀ ਗੋਲੀ ਜਿਥੇ ਹੋਵੇ ਉਥੋਂ ਲਿਆਵਾਂ ਫੜ, ਫੜ ਬਾਹੋਂ ਨਾਲ ਉਠਾਈਆ । ਚੋਟੀਆਂ ਟਿਲਿਆਂ ਜਾਵਾਂ ਚੜ, ਪਰਬਤ ਖੋਜ ਖੁਜਾਈਆ । ਜੰਗਲਾਂ ਅੰਦਰ ਜਾਵਾਂ ਵੜ, ਜੂਹਾਂ ਪੜਦਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਖਵਾਜਾ ਕਹੇ ਸਦੀ ਚੌਧਵੀਂ ਅੱਜ ਸਾਵਣ ਦਾ ਪਹਿਲਾ ਪ੍ਰਵਿਸ਼ਟਾ, ਪਰਮ ਪੁਰਖ ਵੇਖ ਵਖਾਈਆ । ਜਿਸ ਨੂੰ ਖ਼ੁਦਾ ਕਿਹਾ ਅੱਲਾ ਕਿਹਾ ਅਮਾਮ ਕਿਹਾ ਰਾਮ ਕਿਹਾ ਰਹੀਮ ਕਿਹਾ ਅਜ਼ੀਮ ਕਿਹਾ ਉਹ ਬਣ ਗਿਆ ਸਭ ਦਾ ਇਸ਼ਟਾ, ਦੂਜਾ ਨਜ਼ਰ ਕੋਇ ਨਾ ਆਈਆ । ਮੈਨੂੰ ਵੀ ਓਸੇ ਉਤੇ ਨਿਸਚਾ, ਭਰੋਸੇ ਵਿਚ ਸਮਝਾਈਆ । ਪਤਾ ਨਹੀਂ ਉਹ ਮਾਲਕ ਕਿਸ ਕਿਸ ਦਾ, ਜਿਸ ਨੂੰ ਕੋਟਨ ਕੋਟ ਸੀਸ ਨਿਵਾਈਆ । ਜੇ ਮੈਂ ਨਿਸ਼ਾਨਾ ਵੇਖਾਂ ਸ੍ਰੀ ਭਗਵਾਨਾ ਵੇਖਾਂ ਨੌਜਵਾਨਾ ਵੇਖਾਂ ਮਰਦ ਮਰਦਾਨਾ ਵੇਖਾਂ ਸ਼ਾਹ ਸੁਲਤਾਨਾ ਵੇਖਾਂ ਉਹ ਰੂਪ ਆਦਿ ਤੋਂ ਅੰਤ ਇਕ ਦਾ, ਇਕ ਦਾ ਇਕ ਨਜ਼ਰੀ ਆਈਆ । ਜੋ ਜੁਗ ਚੌਕੜੀ ਆਇਆ ਜਿਤਦਾ, ਜੇਤੂ ਬਣ ਕੇ ਆਪਣੀ ਖੇਲ ਖਿਲਾਈਆ । ਰੂਪ ਧਰ ਲਏ ਅਗੰਮੇ ਪਿਤਾ ਦਾ, ਪਿਤਾ ਪੂਤ ਗੁਰ ਅਵਤਾਰ ਪੈਗ਼ਬਰ ਆਪਣੀ ਗੋਦ ਉਠਾਈਆ । ਮੈਨੂੰ ਵੀ ਪਤਾ ਨਹੀਂ ਲੱਗਾ ਉਹਦੀ ਥਿਤ ਦਾ, ਥਿਤ ਵਾਰ ਸਕਿਆ ਨਾ ਕੋਇ ਸਮਝਾਈਆ । ਜਿਹੜਾ ਸਾਰਿਆਂ ਦੇ ਲੇਖੇ ਲਿਖਦਾ, ਲਿਖਣ ਤੋਂ ਬਾਹਰ ਆਪਣਾ ਆਪ ਰਖਾਈਆ । ਓ ਮੈਂ ਵੀ ਵਣਜਾਰਾ ਬਣ ਗਿਆ ਉਹਦੀ ਹਿੱਕ ਦਾ, ਛਾਤੀ ਨਾਲ ਲੱਗ ਕੇ ਆਪਣਾ ਝਟ ਲੰਘਾਈਆ । ਮੈਂ ਚੌਦਾਂ ਤਬਕਾਂ ਵਿਚ ਭੱਜਾ ਫਿਰਾਂ ਪਰ ਉਹਦੇ ਬਿਨਾ ਮੇਰਾ ਨਿਸ਼ਾਨਾ ਨਹੀਂ ਟਿਕਦਾ, ਟਿੱਕਾ ਮਸਤਕ ਨਾ

ਕੋਇ ਲਗਾਈਆ । ਜਿਹੜਾ ਵਣਜਾਰਾ ਨਹੀਂ ਪੱਥਰ ਇੱਟ ਦਾ, ਬੇਪਰਵਾਹ ਬੇਪਰਵਾਹ ਗੁਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਖਵਾਜਾ ਜੀ ਮੇਰੀ ਵੀ ਇਹੋ ਖ਼ਾਹਿਸ, ਖ਼ਾਲਸ ਦਿਆਂ ਜਣਾਈਆ । ਮੈਂ ਵੀ ਏਸੇ ਅਮਾਮ ਦੀ ਕਰਦੀ ਤਲਾਸ਼, ਜਿਹੜਾ ਤਲਾਸ਼ੀਆਂ ਵਿਚੋਂ ਹੱਥ ਕਿਸੇ ਨਾਂ ਆਈਆ । ਜਿਸ ਨੇ ਸ਼ੰਕਰ ਬਹਾਇਆ ਉਪਰ ਕੈਲਾਸ਼, ਬ੍ਰਹਮਾ ਬ੍ਰਹਮ ਧਾਰ ਦ੍ਰਿੜਾਈਆ । ਵਿਸ਼ਨੂੰ ਵਿਸ਼ਵ ਬਣਾ ਕੇ ਸ਼ਾਖ਼, ਸ਼ਨਾਖ਼ਤ ਆਪਣੀ ਵਿਚ ਛੁਪਾਈਆ । ਉਸੇ ਦੀ ਸਿਫ਼ਤ ਉਸੇ ਦੀ ਮਹਿੰਮਾ ਮੁਹੰਮਦ ਗਿਆ ਆਖ, ਹਮਦ ਵਿਚ ਹਰੂਫ਼ ਨਾਲ ਮਿਲਾਈਆ । ਮੈਂ ਇਧਰ ਉਧਰ ਸਾਰੇ ਲਿਆ ਝਾਕ, ਨਿਗਹ ਨਿਗਹ ਵਿਚੋਂ ਉਠਾਈਆ । ਮੈਨੂੰ ਸਹਿਜ ਨਾਲ ਧੁਰ ਕਲਮੇ ਦੀ ਆਈ ਆਵਾਜ਼, ਜਿਸ ਰਾਜ਼ ਅੰਦਰੋਂ ਦਿਤਾ ਖੁਲ੍ਹਾਈਆ । ਜਿਸ ਦਾ ਕਲਮਾ ਪੜ੍ਹੇਂ ਸਜਦਾ ਕਰੇਂ ਵਿਚ ਨਿਮਾਜ਼, ਰੋਜ਼ੇ ਰੱਖ ਕੇ ਝਟ ਲੰਘਾਈਆ । ਉਸ ਦਾ ਤਕੋ ਇਕ ਮਹਿਰਾਬ, ਜਿਥੇ ਮੁਹੱਬਤ ਵਾਲਾ ਮਹਿਬੂਬ ਬੈਠਾ ਬੇਨਜ਼ੀਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਖਵਾਜਾ ਕਹੇ ਸਦੀ ਚੌਧਵੀਂ, ਅਸੀਂ ਪਹੁੰਚ ਗਏ ਅੰਤ ਕੰਢੇ, ਕੰਢੀ ਬੈਠੇ ਧਿਆਨ ਲਗਾਈਆ । ਸਾਡਾ ਦਰਦ ਕੋਇ ਨਾ ਵੰਡੇ, ਸੰਗੀ ਸਾਥੀ ਬੈਠੇ ਮੁਖ ਭਵਾਈਆ । ਪਤਾ ਨਹੀਂ ਕਿਹੜੇ ਚੰਗੇ ਕਿਹੜੇ ਮੰਦੇ, ਭੇਵ ਸਕਿਆ ਨਾ ਕੋਇ ਖੁਲ੍ਹਾਈਆ । ਮੈਂ ਹੈਰਾਨ ਹੋ ਗਿਆ, ਬੇਪਹਿਚਾਨ ਹੋ ਗਿਆ ਨਾਧਾਨ ਹੋ ਗਿਆ, ਕਿਸ ਬਿਧ ਚੌਦਾਂ ਸੌ ਸਾਲ ਲੰਘੇ, ਲੰਘਦਿਆਂ ਸਮਝ ਕੋਇ ਨਾ ਆਈਆ । ਮੈਨੂੰ ਇਕ ਗਲ ਯਾਦ ਆਈ ਜਿਸ ਵੇਲੇ ਮੈਨੂੰ ਗੋਬਿੰਦ ਨੇ ਆਪਣੇ ਕੰਘੇ ਦੇ ਇਕੀ ਵਖਾਏ ਸੀ ਦੰਦੇ, ਦੋ ਇਕ ਦੀ ਧਾਰ ਦ੍ਰਿੜਾਈਆ । ਖਵਾਜਿਆ ਉਹ ਸਰਸੇ ਵਾਲੇ ਪੈਂਡੇ ਰਹਿਣੇ ਨਹੀਂ ਲੰਬੇ, ਅਗਲਾ ਪੰਧ ਰਹੇ ਨਾ ਰਾਈਆ । ਝਗੜੇ ਰਹਿਣੇ ਨਹੀਂ ਮਾਟੀ ਚੰਮੇ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਮੁਹੱਬਤ ਦੇ ਜਗਦੇ (ਰਹਿਣੇ) ਨਹੀਂ ਦਾਨ ਸ਼ਮੇ, ਸ਼ਮਾ ਗੁੱਲ ਸਭ ਦੀ ਦੇਣੀ ਕਰਾਈਆ । ਧੁਰ ਦੇ ਮਾਲਕ ਦੇ ਹੁਕਮ ਹੋਣੇ ਨਵੇਂ, ਨਵ ਜੋਬਨ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਵਿਚ ਸਦੀ ਚੌਧਵੀਂ ਦੇ ਬਦਲ ਜਾਣੇ ਸਮੇਂ, ਸਮਾਪਤ ਸਭ ਨੇ ਹੋਣਾ ਥਾਉਂ ਥਾਈਂਆ । ਗੋਲੀ ਨੇ ਛਡ ਕੇ ਸ਼ਰਅ ਵਾਲੇ ਬੰਨੇ, ਹੱਦਾਂ ਤੋਂ ਪਾਰ ਡੇਰਾ ਦੇਣਾ ਲਾਈਆ । ਉਹ ਲੇਖਾ ਪੂਰਾ ਹੋਣਾ ਗੋਬਿੰਦ ਵਾਲੇ ਕੰਨੇ, ਕਾਹਨ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਸਦੀ ਚੌਧਵੀਂ ਕਹੇ ਖਵਾਜਾ ਉਹ ਵੇਖ ਮੇਰੀ ਗੋਲੀ ਦਾ ਕਾਲਾ ਲਬਾਸ, ਕਾਲੇ ਕਪੜੇ ਵਾਲੀ ਨਜ਼ਰੀ ਆਈਆ । ਤਕ ਲੈ ਇਸ ਨੂੰ ਖ਼ਾਸ, ਬਿਨਾ ਅੱਖਾਂ ਅੱਖ ਉਠਾਈਆ । ਇਸ ਨੇ ਭਰ ਕੇ ਪਾਣੀ ਦੇ ਪੰਜ ਗਿਲਾਸ, ਆਬੇਹਯਾਤ ਦਿਤਾ ਮੁਕਾਈਆ । ਮਸਤਕ ਟਿੱਕਾ ਪਾ ਕੇ ਬਣੀ ਚਲਾਕ, ਚਲਾਕੀ ਆਪਣੀ ਦਿਤੀ ਦ੍ਰਿੜਾਈਆ । ਨਾਲੇ ਹੱਸ ਕੇ ਕਿਹਾ ਪੈਗ਼ੰਬਰੋ ਪੀਰੋ ਮੈਨੂੰ ਮਿਲ ਗਿਆ ਇਕ ਖ਼ੁਦਾ ਖ਼ੁਦਾ ਦਾ ਨੂਰ ਪਾਕ, ਨੂਰ ਨੂਰ ਇਲਾਹੀਆ । ਖ਼ਬਰਦਾਰ ਜੇ ਕੋਈ ਮੇਰੇ ਵੱਲ ਸਕਿਆ ਝਾਕ, ਚੌਦਾਂ ਤਬਕਾਂ ਵਿਚ ਤੁਹਾਡਾ ਲੇਖਾ ਦਏ ਮੁਕਾਈਆ । ਮੁਹੰਮਦਾ ਤੇਰੀ ਤੇ ਤੇਰੀ ਮੁਹੰਮਦੀ ਉਮਤ ਦੀ ਉਡਣੀ ਖ਼ਾਕ, ਖ਼ਾਕ ਖ਼ਾਕ ਨਾਲ ਰਲਾਈਆ । ਗੋਬਿੰਦ ਨੇ ਗੋਬਿੰਦ ਦਾ ਖੋਲ੍ਹਣਾ ਤਾਕ, ਪੜਦਾ ਪੜਦਿਆਂ ਵਿਚੋਂ ਚੁਕਾਈਆ । ਮੈਂ ਨਾਤਾ ਤੋੜ ਲਿਆ ਤੇਰੀ ਉਮਤ ਹੋਈ ਬਦਮਾਸ਼, ਬੇਦੀ ਦਾ ਝਗੜਾ ਲਿਆ ਮੁਕਾਈਆ । ਮੇਰੀ

ਸਤਿਜੁਗ ਦੀ ਬਲ ਦਵਾਰੇ ਦੀ ਪੂਰੀ ਹੋਈ ਖ਼ਾਹਿਸ਼, ਖ਼ਾਹਿਸ਼ ਪਿਛਲੀ ਲੇਖੇ ਲਾਈਆ । ਨਾਨਕ ਨੇ ਮੰਨ ਲਈ ਆਸ, ਬਾਲੀ ਬੁਧ ਮਿਲੀ ਵਡਿਆਈਆ । ਹੁਣ ਉਸ ਦਾ ਮਿਲ ਗਿਆ ਸਾਥ, ਜੋ ਸਾਥੀ ਧੁਰਦਰਗਾਹੀਆ । ਯਾਦ ਕਰ ਲੈ ਮੈਂ ਚੌਦਾਂ ਸਾਲ ਹੋਰ ਸਭ ਦੀ ਲਿਖ ਦੇਣੀ ਗਾਥ, ਉਹ ਸਾਰਿਆਂ ਦੀਆਂ ਪਿਛਲੀਆਂ ਗਠੜੀਆਂ ਬੰਨ੍ਹ ਕੇ ਮੋਢਿਆਂ ਉਤੇ ਦੇਣੀਆਂ ਟਿਕਾਈਆ । ਖਵਾਜਾ ਕਹੇ ਸਦੀ ਚੌਧਵੀਂ ਅੱਜ ਸਾਰਾ ਦਿਨ ਮੈਂ ਵੀ ਰਿਹਾ ਉਦਾਸ, ਉਦਾਸੀ ਵਿਚ ਆਪਣਾ ਵਕਤ ਲੰਘਾਈਆ । ਖ਼ੁਦਾ ਅੱਗੇ ਕਰਦਾ ਰਿਹਾ ਅਰਦਾਸ, ਬੇਨੰਤ ਬੇਨੰਤੀ ਇਕ ਸੁਣਾਈਆ । ਐ ਮਾਲਕ ਐ ਖ਼ਾਲਕ ਐ ਪ੍ਰਿਤਪਾਲਕ ਨੂਰੀ ਅਲਾਹ, ਸਚ ਦੀ ਗੋਲੀ ਕਿ ਪੰਜ ਤਤ ਦੀ ਲਾਸ਼, ਕੀ ਜਗਤ ਖੇਲ ਖਿਲਾਈਆ । ਝਟ ਹੁਕਮ ਹੋਇਆ ਮੇਰਾ ਖੇਲ ਜਿਉਂ ਪੱਤਾ ਤਾਸ਼, ਤਾਸ਼ਕੰਦ ਦਾ ਲੇਖਾ ਹਿੰਦੂ ਮੁਸਲਿਮ ਦੋਹਾਂ ਨੂੰ ਦੇਵੇ ਲੜਾਈਆ । ਫੇਰ ਸਾਹਿਬ ਦਾ ਹੋਵੇ ਪ੍ਰਕਾਸ਼, ਪ੍ਰਕਾਸ਼ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਤਕੇ ਚਾਈਂ ਚਾਈਂਆ । ਸਭ ਦੀ ਪੂਰੀ ਕਰਨੀ ਖ਼ਾਹਿਸ਼, ਨਿਰਾਸਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਉਮਤ ਆਸ਼ਾ ਕਹੇ ਮੇਰਾ ਅੰਤਰ ਧੜਕੇ, ਧੀਰਜ ਧੀਰ ਨਾ ਕੋਇ ਧਰਾਈਆ । ਮੈਂ ਲੇਖੇ ਸਾਰੇ ਆਈ ਪੜ੍ਹ ਕੇ, ਅੱਖਰ ਅੱਖਰ ਫੋਲ ਫੁਲਾਈਆ । ਸਭ ਨੂੰ ਮਹਿਬੂਬ ਮਿਲਦਾ ਮਰ ਕੇ, ਮਰਿਆਂ ਹੱਥ ਨਾ ਕਿਛ ਰਖਾਈਆ । ਮੈਂ ਡਿੱਗੀ ਧਰਨੀ ਉਤੇ ਦੜ ਕੇ, ਆਪਣਾ ਆਪ ਸੁਟਾਈਆ । ਕਿਉਂ ਮੈਂ ਅੱਜ ਸਵਾ ਪਹਿਰ ਹੁਕਮ ਸੁਣਦੀ ਰਹੀ ਤੜਕੇ, ਜੋ ਮਾਤਲੋਕ ਵਿਚੋਂ ਸ਼ਬਦੀ ਧਾਰ ਦਏ ਧੁਰਦਰਗਾਹੀਆ । ਮੈਨੂੰ ਹੂੰਗਰਾਂ ਵਿਚ ਵਜਦੇ ਰਹੇ ਕੜਕੇ, ਮੇਰੀ ਹੌਕਿਆਂ ਵਿਚ ਦੁਹਾਈਆ । ਮੈਂ ਮਰ ਗਈ ਬਿਰਹੋਂ ਵਿਚ ਸੜ ਕੇ, ਦਰੋਹੀ ਤੇਰਾ ਨਾਮ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਖਵਾਜਾ ਕਹੇ ਕਮਲੀਏ ਮੇਰਾ ਪੂਰਾ ਹੋਵੇ ਖੁਆਬ, ਸਦੀ ਚੌਧਵੀਂ ਤੈਨੂੰ ਦਿਆਂ ਸੁਣਾਈਆ । ਮੈਂ ਝੁਕ ਝੁਕ ਕਰਾਂ ਆਦਾਬ, ਸਜਦਾ ਸੀਸ ਸੀਸ ਨਿਵਾਈਆ । ਜੇ ਲੇਖਾ ਪੂਰਾ ਹੋਵੇ ਹਿਸਾਬ, ਲਹਿਣਾ ਅਵਰ ਰਹੇ ਨਾ ਰਾਈਆ । ਕੀ ਹੋਇਆ ਜੇ ਤੇਰੀ ਗੋਲੀ ਦਾ ਬਦਲ ਗਿਆ ਮਜ਼ਾਜ, ਆਪਣਾ ਆਪ ਗਈ ਬਦਲਾਈਆ । ਉਸ ਨੇ ਗਾਣਾ ਗਾਇਆ ਨਾਲ ਰਬਾਬ, ਤੂੰਬੀ ਤੰਦ ਸਿਤਾਰ ਹਿਲਾਈਆ । ਲਹਿਣਾ ਪੂਰਾ ਹੋ ਗਿਆ ਜੋ ਲੇਖਾ ਲਿਖਿਆ ਬਿਨਾ ਕਿਤਾਬ, ਅਲਿਫ਼ ਯੇ ਜਿਸ ਨੂੰ ਸਕੇ ਨਾ ਕੋਇ ਸਮਝਾਈਆ । ਹੁਣ ਇਕੋ ਮੰਨਣਾ ਪੈਣਾ ਨਵਾਬ, ਨੂਰ ਨੁਰਾਨਾ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਾਵਣ ਕਹੇ ਮੈਂ ਚੜ੍ਹ ਗਿਆ ਲੋਕਮਾਤੀ, ਮਾਤਰ ਭੂਮੀ ਵਾਲਿਓ ਦਿਆਂ ਜਣਾਈਆ । ਸਾਰੇ ਅੰਦਰ ਵੇਖੋ ਮਾਰ ਕੇ ਝਾਤੀ, ਬਿਨ ਨੈਣਾਂ ਨੈਣ ਉਠਾਈਆ । ਅੰਦਰੋਂ ਪੜਦਾ ਖੋਲ੍ਹੋ ਬਜਰ ਕਪਾਟੀ, ਨਵ ਦਰ ਦਾ ਡੇਰਾ ਢਾਹੀਆ । ਅੰਮ੍ਰਿਤ ਰਸ ਲਓ ਬੂੰਦ ਸਵਾਂਤੀ, ਨਿਜਰ ਝਿਰਨਾ ਇਕ ਟਪਕਾਈਆ । ਅੰਧੇਰੇ ਗ੍ਰਿਹਿ ਜਲਾਉ ਬਾਤੀ, ਨਿਜ ਘਰ ਹੋਵੇ ਰੁਸ਼ਨਾਈਆ । ਆਤਮਾ ਧਾਰ ਤਕੋ ਇਕਾਂਤੀ, ਨਿਰਵੈਰ ਰੰਗ ਵਖਾਈਆ । ਦਰਸ ਕਰੋ ਕਮਲਾਪਾਤੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਬਾਹਰ ਰੱਖੋ ਕੋਈ ਨਾ ਆਸੀ, ਖੋਜਿਆਂ ਹੱਥ ਕਿਛ ਨਾ ਆਈਆ । ਇਕੋ ਮੇਰਾ ਹੋਵੇ ਪਰਮ ਪੁਰਖ ਪੁਰਖ ਅਬਿਨਾਸ਼ੀ, ਜੋ ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਜਿਸ ਦੀ ਬ੍ਰਹਿਮੰਡ ਖੰਡ ਪੈਂਦੀ ਰਾਸੀ, ਮੰਡਲ ਆਪਣਾ ਖੇਲ ਖਿਲਾਈਆ । ਸੋ ਰੂਪ ਅਨੂਪ ਧਰੇ ਕਲਜੁਗ ਘਨਕਪੁਰ ਵਾਸੀ, ਅਕਲ ਕਲਧਾਰੀ

ਆਪਣੀ ਕਲ ਧਰਾਈਆ । ਹਰਿਜਨ ਹਰਿਭਗਤ ਗੁਰਮੁਖ ਗੁਰਸਿਖ ਸੂਫ਼ੀ ਸੰਤ ਫ਼ਕੀਰ ਆਪਣੀ ਲੇਖੇ ਲਾਵੇ ਰਾਤੀ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਤੁਹਾਡਾ ਮਾਲਕ ਤੁਹਾਨੂੰ ਲਗਾਵੇ ਆਪਣੀ ਨਾਲ ਛਾਤੀ, ਛਤਰਧਾਰੀ ਹੋ ਕੇ ਵੇਖ ਵਖਾਈਆ । ਸਾਰੇ ਆਤਮ ਧਾਰ ਦੇ ਬਣਿਓ ਜਮਾਤੀ, ਬ੍ਰਹਮ ਵਿਦਿਆ ਲੈਣੀ ਅਪਣਾਈਆ । ਸਦੀ ਚੌਧਵੀਂ ਚਾਰੋਂ ਕੁੰਟ ਦੀਨ ਦੁਨੀ ਹੋਣੀ ਫ਼ਸਾਦੀ, ਝਗੜਾ ਸਕੇ ਨਾ ਕੋਇ ਮੁਕਾਈਆ । ਸ਼ਰਅ ਦੀ ਸ਼ਰਅ ਕਰੇ ਨਾ ਕੋਇ ਇਮਦਾਦੀ, ਸੰਗੀ ਸੰਗ ਨਾ ਕੋਇ ਰਖਾਈਆ । ਹੁਣ ਓਹਲਾ ਲੁਕ ਕਾਹਦੀ, ਵੇਲਾ ਵਕਤ ਦਏ ਗਵਾਹੀਆ । ਨੌਂ ਖੰਡ ਪ੍ਰਿਥਮੀ ਗ਼ਮੀ ਦੀ ਘਰ ਘਰ ਹੋਣੀ ਸ਼ਾਦੀ, ਸ਼ਾਦਿਆਨੇ ਲਾੜੀ ਮੌਤ ਵਜਾਈਆ । ਸਤਿਗੁਰ ਸ਼ਬਦ ਧਾਰ ਦੀ ਹੋਵੇ ਬਾਜ਼ੀ, ਬਾਜ਼ਾਂ ਵਾਲਾ ਆਪਣਾ ਹੁਕਮ ਵਰਤਾਈਆ । ਸੰਬਲ ਵਿਚ ਬਹਿ ਗਿਆ ਆ ਕੇ ਪੁਰਖ ਅਨਾਦਿ ਆਦੀ, ਆਦਿ ਪੁਰਖ ਆਪਣਾ ਡੇਰਾ ਲਾਈਆ । ਜਿਸ ਨੇ ਦੀਨ ਦੁਨੀ ਵੇਖਣੀ ਬਾਗ਼ੀ, ਬਗੀਚਾ ਤਕੇ ਖ਼ਲਕ ਖ਼ੁਦਾਈਆ । ਜਨ ਭਗਤਾਂ ਅੰਤਰ ਨਿਰੰਤਰ ਮਨ ਕਲਪਣਾ ਦੇਵੇ ਸਾਧੀ, ਸਤਿਗੁਰ ਹੋ ਕੇ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਹੁਕਮ ਨਾਮ ਕਲਮਾ ਇਕ ਕਰੇ ਅਹਿਲਾਦੀ, ਅੱਲਾ ਵਾਹਿਗੁਰੂ ਇਕੋ ਧਾਰ ਜਣਾਈਆ ।



### ✪ ੩ ਸਾਵਣ ਸ਼ਹਿਨਸ਼ਾਹੀ ਸੰਮਤ ੭ ਸੁਭਾਗਵੰਤੀ ਦੇ ਗ੍ਰਿਹ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪



ਖ਼ਵਾਜਾ ਕਹੇ ਮੈਂ ਦਿਵਸ ਰੈਣ ਘੁੰਮਦਾ, ਘੁੰਮਣ ਘੇਰੀ ਵੇਖਾਂ ਜਗਤ ਲੋਕਾਈਆ । ਆਬ ਜਲ ਮੇਰੇ ਚਰਨ ਚੁੰਮਣਾ, ਲਹਿਰ ਲਹਿਰ ਨਾਲ ਸੀਸ ਨਿਵਾਈਆ । ਮੈਂ ਖੇਲ ਤਕਦਾ ਏਕੰਕਾਰ ਓਮ ਦਾ, ਬਿਨ ਅੱਖਾਂ ਅੱਖ ਉਠਾਈਆ । ਧਿਆਨ ਧਰਾਂ ਸਰਗੁਣ ਧਾਰ ਦੋਇਮ ਦਾ, ਜੋ ਦੂਤੀਆ ਭਾਓ ਦਏ ਚੁਕਾਈਆ । ਖੇਲ ਤਕਣਾ ਤ੍ਰੈਲੋਕੀ ਨਾਥ ਤੋਂ ਪਰੇ ਸੋਇਮ ਦਾ, ਸੋ ਆਪਣੀ ਕਾਰ ਕਮਾਈਆ । ਸੰਦੇਸ਼ਾ ਸੁਣਿਆ ਮਦਨ ਮੋਹਨ ਦਾ, ਮੋਹੇ ਆਪਣਾ ਹੁਕਮ ਸੁਣਾਈਆ । ਬਹੁੜੀ ਹੁਣ ਵੇਲਾ ਵਕਤ ਆ ਗਿਆ ਸਦੀ ਚੌਧਵੀਂ ਰੋਇਣ ਦਾ, ਉਮਤ ਨਬੀ ਧਿਆਨ ਲਗਾਈਆ । ਰਸ ਦੇਵੇ ਕੋਇ ਨਾ ਮਿੱਠਾ ਆਬੇਹਯਾਤ ਚੋਇਣ ਦਾ, ਚੋਲਿਆਂ ਰੰਗ ਨਾ ਕੋਇ ਰੰਗਾਈਆ । ਪ੍ਰਕਾਸ਼ ਰਿਹਾ ਨਾ ਕਿਸੇ ਲੋਇਣ ਦਾ, ਲੋਚਣ ਨੈਣ ਰਹੇ ਕੁਰਲਾਈਆ । ਵੇਲਾ ਆਇਆ ਕਲਜੁਗ ਗ਼ਫ਼ਲਤ ਗੂੜ੍ਹੀ ਨੀਂਦ ਸੋਇਣ ਦਾ, ਸਾਵਣ ਮਾਹ ਦਏ ਗਵਾਹੀਆ । ਮੁਹੱਬਤ ਮੁਕ ਗਿਆ ਠੰਡੀ ਪੌਣ ਦਾ, ਅਗਨੀ ਅੱਗ ਨਾ ਕੋਇ ਬੁਝਾਈਆ । ਮੈਨੂੰ ਸਾਕਾ ਯਾਦ ਆ ਗਿਆ ਰਾਵਣ ਰਾਉਣ ਦਾ, ਕੀ ਰਾਮਾ ਕਾਰ ਕਮਾਈਆ । ਨਿਸ਼ਾਨਾ ਦਿਸ ਪਿਆ ਕੌਰਵ ਪਾਂਡਵ ਮੁਕਾਉਣ ਦਾ, ਯਾਦਵ ਯਦੀ ਕੀ ਕਾਰ ਕਮਾਈਆ । ਕਲਜੁਗ ਵੇਲਾ ਅੰਤ ਦਿਸਿਆ ਦੀਨ ਦੁਨੀ ਹਿਲਾਉਣ ਦਾ, ਹੁਲਾਰਾ ਇਕ ਵਖਾਈਆ । ਸਮਾਂ ਆ ਗਿਆ ਪਿਛਲੀ ਕੀਤੀ ਢਾਹੁਣ ਦਾ, ਅੱਗੇ ਆਪਣੀ ਕਾਰ ਕਮਾਈਆ । ਜਨ ਭਗਤ ਸੁਹੇਲੇ ਉਜੜੇ ਵਸਾਉਣ ਦਾ, ਗ੍ਰਿਹ ਮੰਦਰ ਆਪ ਟਿਕਾਈਆ । ਕਲਜੁਗ ਕੂੜ ਕਿਰਿਆ ਖਪਾਉਣ ਦਾ, ਖੱਪਰ ਕਾਲੀ ਹੱਥ ਫੜਾਈਆ । ਵਕਤ ਸੁਹੇਲਾ ਹੋਇਆ ਗੁਰਮੁਖ ਤਰਾਉਣ ਦਾ, ਤਾਰਨਹਾਰ ਦਇਆ ਕਮਾਈਆ । ਸਮਾਂ ਆ ਗਿਆ ਸੰਤ ਬਚਾਉਣ ਦਾ, ਸਚ ਸੁਹੇਲੇ ਗੋਦ ਟਿਕਾਈਆ । ਲੇਖਾ ਪੂਰਾ ਹੋਇਆ ਧਰਨੀ

ਧਰਤ ਧਵਲ ਹਿਸਾਬ ਚੁਕਾਉਣ ਦਾ, ਚਾਰੋਂ ਕੁੰਟ ਖੋਜ ਖੁਜਾਈਆ । ਵਕਤ ਆ ਗਿਆ ਕਲਜੁਗ ਅੰਧੇਰ ਮਿਟਾਉਣ ਦਾ, ਮਿੱਟੀ ਖ਼ਾਕ ਨਾਲ ਮਿਲਾਈਆ । ਖਵਾਜਾ ਕਹੇ ਸਮਾਂ ਆ ਗਿਆ ਸੋਹੰ ਢੋਲਾ ਗਾਉਣ ਦਾ, ਤੂੰ ਮੇਰਾ ਮੈਂ ਤੇਰਾ ਨਾਮ ਧਿਆਈਆ । ਇਕੋ ਖ਼ਾਲਕ ਖ਼ਲਕ ਇਸ਼ਟ ਦੇਵ ਮਨਾਉਣ ਦਾ, ਦ੍ਰਿਸ਼ਟ ਇਕੋ ਇਕ ਜਣਾਈਆ । ਵੇਲਾ ਹੋ ਗਿਆ ਜੋਤੀ ਸ਼ਮਾਂ ਜਗਾਉਣ ਦਾ, ਸ਼ਬੇ ਰੋਜ਼ ਕਰੇ ਰੁਸ਼ਨਾਈਆ । ਵਕਤ ਸੁਹੰਜਣਾ ਨੂਰੀ ਚੰਦ ਚਮਕਾਉਣ ਦਾ, ਚੰਦ ਸਿਤਾਰ ਸੀਸ ਝੁਕਾਈਆ । ਵਕਤ ਸੁਹੇਲਾ ਬੇੜਾ ਪਾਰ ਕਰਾਉਣ ਦਾ, ਨਬੀ ਨੂਹ ਅੱਖ ਖੁਲ੍ਹਾਈਆ । ਕਦੀਮ ਦਾ ਕਦਮ ਅੱਗੇ ਟਿਕਾਉਣ ਦਾ, ਕਾਦਰ ਕੁਦਰਤ ਪੜਦਾ ਲਾਹੀਆ । ਸਭ ਦਾ ਦਵਾਰਾ ਇਕੋ ਹੋਣਾ ਸੀਸ ਝੁਕਾਉਣ ਦਾ, ਵੱਖਰੀ ਧਾਰ ਨਾ ਕੋਇ ਬਣਾਈਆ । ਲੇਖਾ ਇਕੋ ਹੋਣਾ ਸਰੋਵਰ ਨਹਾਉਣ ਦਾ, ਅਠਸਠ ਦਾ ਪੰਧ ਮੁਕਾਈਆ । ਪਰਵਰਦਿਗਾਰ ਨੂਰ ਅਲਾਹੀ ਮੇਲ ਹੋਣਾ ਇਕੋ ਦਰਸ਼ਨ ਪਾਉਣ ਦਾ, ਪਵਣ ਪਾਣੀ ਸੰਗ ਬਣਾਈਆ । ਮੁਹੰਮਦ ਲੇਖਾ ਪੂਰਾ ਹੋਣਾ ਮਕਬਰਿਆਂ ਵਿਚੋਂ ਰੂਹਾਂ ਜੁਆਉਣ ਦਾ, ਬੁਤਖ਼ਾਨੇ ਵੇਖ ਵਖਾਈਆ । ਉਮਤ ਆਸ਼ਾ ਆਇਆ ਪਛਤਾਉਣ ਦਾ, ਪਸਚਾਤਾਪ ਵਿਚ ਕੁਰਲਾਈਆ । ਵਕਤ ਸੁਹਾਵਾ ਕਲਜੁਗ ਸਤਿਜੁਗ ਬਦਲਾਉਣ ਦਾ, ਬਦਲੀ ਕਰੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰੇ ਇਕੋ ਵਿਸ਼ਵ ਰੰਗ ਰੰਗਾਉਣ ਦਾ, ਰੰਗਤ ਰੰਗਲੀ ਆਪ ਚੜ੍ਹਾਈਆ ।



## ੫ ਸਾਵਣ ਸ਼ਹਿਨਸ਼ਾਹੀ ਸੰਮਤ ੭ ਜੁਗਿੰਦਰ ਕੌਰ ਤਰਿਪਤ ਦੇ ਨਿਵਿਤ ਹਰਿ ਭਗਤ ਦਵਾਰ ਜੇਠੂਵਾਲ

ਸਤਿਗੁਰ ਸ਼ਬਦ ਸਾਵਣ ਕਹੇ ਮੇਰੇ ਉਤੇ ਸਤਿਗੁਰ ਸ਼ਬਦ ਨੇ ਲਾਇਆ ਪੰਜਾ, ਪੰਜ ਪੰਜ ਨਾਲ ਵਡਿਆਈਆ । ਜਿਹੜਾ ਖੇਲ ਬਾਕੀ ਦੁਆਪਰ ਵਾਲਾ ਸੰਜਾ, ਸੋ ਸਾਹਿਬ ਵੇਖ ਵਖਾਈਆ । ਕੋਈ ਸਮਝੇ ਨਾ ਮਾੜਾ ਚੰਗਾ, ਭੇਵ ਭੇਦ ਨਾ ਕੋਇ ਦ੍ਰਿੜਾਈਆ । ਜਿਸ ਦਾ ਅਰਸਾ ਬੜਾ ਸੀ ਲੰਬਾਂ, ਗਿਆ ਪੰਧ ਮੁਕਾਈਆ । ਸੋ ਸਵਾਮੀ ਬਣੇ ਸੰਗਾ, ਸਗਲਾ ਖੇਲ ਖਿਲਾਈਆ । ਆਇਆ ਕਲੂਕਾਲ ਦਾ ਕੰਢਾ, ਅੰਤਮ ਵੇਸ ਵਟਾਈਆ । ਨਾਲੇ ਸਤਿਗੁਰ ਸ਼ਬਦ ਨਾਲੇ ਫਿਰੇ ਉਤੇ ਦੋ ਟੰਗਾ, ਦੋਹਰੀ ਆਪਣੀ ਕਾਰ ਕਮਾਈਆ । ਨਾਲੇ ਸਤਿ ਸਰੂਪ ਨਾਲੇ ਲੁੱਚਾ ਲੰਡਾ, ਜਗਤ ਵਾਸ਼ਨਾ ਸੰਗ ਰਖਾਈਆ । ਨਾਲੇ ਪ੍ਰੇਮ ਪਿਆਰ ਬਖ਼ਸ਼ੰਦਾ ਨਾਲੇ ਕੂੜੀ ਕਿਰਿਆ ਕਰਾਉਂਦਾ (ਦੰਗਾ), ਨਿਰਗੁਣ ਸਰਗੁਣ ਆਪਣਾ ਰੰਗ ਰੰਗਾਈਆ । ਨਾਲੇ ਸਵਾਮੀ ਬਣੇ ਨਾਲੇ ਬਣੇ ਮੰਦਾ, ਮੰਦ ਭਾਗਹੀਣ ਅਖਵਾਈਆ । ਨਾਲੇ ਅੰਮ੍ਰਿਤ ਰਸ ਦੇਵੇ ਅਨੰਦਾ, ਨਾਲੇ ਹਉਮੇ ਗੜ੍ਹ ਜਣਾਈਆ । ਨਾਲੇ ਸਤਿ ਸਰੂਪ ਬਣੇ ਪੰਡਾ, ਨਾਲੇ ਜਗਤ ਜਗਿਆਸੂ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੰਚਮ ਸਾਵਣ ਕਹੇ ਇਹੋ ਜਿਹੇ ਸਤਿਗੁਰ ਦਾ ਭੰਨ ਦਿਓ ਨੱਕ, ਜੋ ਨੱਕ ਦੀ ਲਾਜ ਨਾ ਸਕੇ ਬਚਾਈਆ । ਇਹੋ ਜਿਹਾ ਅੰਦਰ ਰਹੇ ਨਾ ਸ਼ੱਕ, ਜਿਹੜਾ ਸ਼ਿਕਵੇ ਨਾ ਸਕੇ ਮਿਟਾਈਆ । ਇਸ ਵੱਲ ਕਦੇ ਨਾ ਲਓ ਤਕ, ਜਿਹੜਾ ਅੰਦਰੋਂ ਨਾ ਕਰੇ ਸਫ਼ਾਈਆ । ਮੂਰਖ ਕਹਿ ਦਿਓ ਝਟ, ਮਨ ਦੇ ਨਾਲ ਗਵਾਹੀਆ । ਜੇ ਸਤਿਗੁਰ ਰੂਪ ਸਤਿ ਫੇਰ ਸਤਿ ਕਹਿ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ,

੧੩੮੮ ੨੨

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਪੰਜ ਸਾਵਣ ਕਹੇ ਜਿਹੜਾ ਸਤਿਗੁਰ ਦਾ ਹੋਵੇ ਸਰੀਰ, ਪੁਰਜ਼ੇ ਪੁਰਜ਼ੇ ਦਿਓ ਕਟਾਈਆ । ਕਿਉਂ ਜਿਸ ਦੇ ਸ਼ਬਦ ਦੀ ਝੂਠੀ ਹੋਵੇ ਤਕਰੀਰ, ਤਹਿਰੀਰ ਦੀ ਲੋੜ ਨਾ ਕੋਇ ਵਖਾਈਆ । ਨੌ ਵਾਰ ਕਬੀਰ ਨੂੰ ਦਿਤਾ ਸੀ ਸ਼ਬਦ ਆਰੇ ਚੀਰ, ਤਨ ਮਨ ਵੱਖ ਵੱਖ ਕਰਾਈਆ । ਫੇਰ ਨਾ ਹੋਇਆ ਦਿਲਗੀਰ, ਨਿਉਂ ਕੇ ਸੀਸ ਝੁਕਾਈਆ । ਕਢ ਕੇ ਨੱਕ ਨਾਲ ਲਕੀਰ, ਨੈਣਾਂ ਨੀਰ ਵਹਾਈਆ । ਬਖ਼ਸ਼ ਮੇਰੀ ਤਕਸੀਰ, ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਪੰਜ ਸਾਵਣ ਕਹੇ ਮੇਰਾ ਦਿਨ ਬੜਾ ਚੰਗਾ ਕਮਾਲ, ਚੰਡਕਾ ਰੂਪ ਬਣਾਈਆ । ਏਸੇ ਦਿਨ ਗੋਬਿੰਦ ਨੇ ਪੁਰਖ ਅਕਾਲ ਨੂੰ ਭੇਟਾ ਕੀਤੇ ਸੀ ਲਾਲ, ਲਾਲ ਆਪਣਾ ਆਪ ਕਰਾਈਆ । ਸਾਰਾ ਦਿਨ ਰਿਹਾ ਸੀ ਬੇਹਾਲ, ਓਟ ਇਕ ਅਕਾਲ ਤਕਾਈਆ । ਬਿਨ ਤੇਰੀ ਕਿਰਪਾ ਦੂਜਾ ਦਿਸੇ ਕੋਇ ਨਾ ਨਾਲ, ਸੰਗੀ ਸੰਗ ਨਾ ਕੋਇ ਵਖਾਈਆ । ਜੋ ਉਪਜਿਆ ਸੋ ਬਿਨਸੈ ਖਾ ਜਾਏ ਜੰਮ ਕਾਲ, ਨਿਸ਼ਾਨਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੰਜ ਸਾਵਣ ਕਹੇ ਮੇਰੇ ਦਿਨ ਗੋਬਿੰਦ ਆਸਾ ਰੱਖੀ ਸੀ ਪਰਗਟ ਕਰਨਾ ਪੰਥ, ਮਾਰਗ ਬੇਪਰਵਾਹੀਆ । ਮੇਰੇ ਦਿਨ ਅਸ਼ਟਭੁਜ ਨੇ ਵਜਾਇਆ ਸੀ ਸੰਖ, ਅਸੰਖਾ ਸੰਖ ਸੁਣਾਈਆ । ਮੇਰੇ ਦਿਨ ਸੰਤ ਕੁਮਾਰ ਨੂੰ ਗਿਆਨ ਦਿਤਾ ਸੀ ਹੰਸ, ਹੰਸਾ ਰੂਪ ਵਟਾਈਆ । ਮੇਰੇ ਦਿਨ ਜਗਤ ਤਿਆਗਣ ਦੀ ਆਸਾ ਰੱਖੀ ਸੀ ਰਾਮ ਰਘੁਬੰਸ, ਰਘੁਪਤ ਆਪਣੀ ਕਾਰ ਕਮਾਈਆ । ਮੇਰੇ ਦਿਨ ਕਾਹਨ ਨੇ ਵਿਚਾਰ ਕੀਤਾ ਸੀ ਦੁਸ਼ਟ ਮਾਰਨਾ ਕੰਸ, ਹੰਕਾਰੀ ਦੇਣਾ ਮਿਟਾਈਆ । ਮੇਰੇ ਦਿਨ ਮੂਸਾ ਨੂਰ ਦੇਖਿਆ ਨੂਰੀ ਬਾਰ ਅਨਕ, ਅਨਕ ਬਾਰ ਰੁਸ਼ਨਾਈਆ । ਮੇਰੇ ਦਿਨ ਈਸਾ ਯੋਹਨਾ ਦਾ ਮਿਟਾਇਆ ਸ਼ੰਕ, ਮਿਲ ਕੇ ਵੱਜੀ ਵਧਾਈਆ । ਮੇਰੇ ਦਿਨ ਮੁਹੰਮਦ ਨੇ ਰਸ ਵੇਖਿਆ ਕਾਮਨੀ ਕਨਕ, ਦੋਵੇਂ ਰੰਗ ਰੰਗਾਈਆ । ਪੰਜ ਸਾਵਣ ਕਹੇ ਮੇਰੇ ਦਿਨ ਨਾਨਕ ਸਚਖੰਡ ਦਾ ਦਵਾਰਾ ਤੱਕਿਆ ਬੰਕ, ਦਵਾਰਾ ਇਕੋ ਸੋਭਾ ਪਾਈਆ । ਗੋਬਿੰਦ ਨੇ ਕਮਾਨ ਨੂੰ ਲਾਈ ਤਨਕ, ਚਿੱਲ੍ਹਾ ਹੱਥ ਉਠਾਈਆ । ਮੇਰੇ ਦਿਨ ਜੋਤੀ ਜਾਮਾ ਬਦਲਣਾ ਸ਼ੇਰ ਸਿੰਘ ਨੇ ਆਸ਼ਾ ਰੱਖੀ ਸੀ ਪੂਰੀ ਘਨਕ, ਘਨਕ ਘਨਕ ਖੇਲ ਖਿਲਾਈਆ । ਮੇਰੇ ਦਿਨ ਲੇਖਾ ਹੁੰਦਾ ਵਿਚ ਜੰਨਤ, ਬਹਿਸ਼ਤਾਂ ਗਣਤ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਪੰਜ ਸਾਵਣ ਕਹੇ ਗੋਬਿੰਦ ਨੇ ਮੇਰੇ ਦਿਨ ਸ਼ੁਰੂ ਕੀਤੇ ਸੀ ਬਾਈ ਗ੍ਰੰਥ, ਭਵਿਖਤ ਵਿਚ ਵਡਿਆਈਆ । ਸ਼ਬਦੀ ਧਾਰ ਬਣਾਈ ਬਣਤ, ਧੁਰ ਦਾ ਜੋੜ ਜੁੜਾਈਆ । ਲੇਖਾ ਰਖਿਆ ਸਰਸਾ ਅੰਤ, ਸਹਿਜ ਨਾਲ ਸਮਝਾਈਆ । ਜਿਸ ਵੇਲੇ ਮੇਰੇ ਨਾਲ ਆਇਆ ਮੇਰਾ ਭਗਵੰਤ, ਭਗਵਨ ਫੇਰਾ ਪਾਈਆ । ਇਕੋ ਨਾਮ ਪ੍ਰਗਟ ਕਰਾਂਗਾ ਮਨੀਆ ਮੰਤ, ਮੰਤਵ ਸਭ ਦਾ ਹਲ ਕਰਾਈਆ । ਬਹੁਤ ਕਰ ਕੇ ਜੀਵ ਜੰਤ, ਲੱਖ ਚੁਰਾਸੀ ਕਰਾਂ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੰਜ ਸਾਵਣ ਕਹੇ ਗੋਬਿੰਦ ਨੇ ਕੀਤੀ ਇਕ ਅਰਦਾਸ, ਬੇਨੰਤੀ ਸਚ ਸੁਣਾਈਆ । ਪੁਰਖ ਅਕਾਲ ਕਿਹਾ ਸ਼ਾਬਾਸ਼, ਤੇਰੇ ਹੱਥ ਵਡਿਆਈਆ । ਜਿਸ ਵੇਲੇ ਮੇਰਾ ਨੂਰ ਹੋਇਆ ਪ੍ਰਕਾਸ਼ ਜੋਤੀ ਜੋਤ ਡਗਮਗਾਈਆ । ਤੇਰੀ ਪੂਰੀ ਹੋਵੇ ਆਸ, ਤ੍ਰਿਸ਼ਨਾ ਰਹੇ ਨਾ ਰਾਈਆ ।

ਜ਼ਰੂਰ ਸੰਮਤ ਸ਼ਹਿਨਸ਼ਾਹੀ ਸੱਤ ਪੰਚਮ ਸਾਵਣ ਸਾਚੇ ਗ੍ਰੰਥਾਂ ਦਾ ਹੋਏਗਾ ਪ੍ਰਕਾਸ਼, ਪ੍ਰਕਾਸ਼ ਜਗਤ ਵਿਚ ਬਣਾਈਆ । ਪੜ੍ਹੇ ਜਾਣਗੇ ਦਿਵਸ ਰਾਤ, ਇਕਾਹਠ ਇਕਾਹਠ ਮਿੰਟ ਵੰਡ ਵੰਡਾਈਆ । ਪੰਜ ਪਿਆਰੇ ਲੈਣਗੇ ਵਾਚ, ਪੰਜ ਦਰਬਾਰੀ ਪੜ੍ਹਨ ਚਾਈਂ ਚਾਈਆ । ਪੰਜਾਂ ਲਿਖਾਰੀਆਂ ਦਾ ਸਦਾ ਹੋਵੇ ਸਾਥ, ਸਗਲਾ ਸੰਗ ਬਣਾਈਆ । ਗੋਬਿੰਦ ਹੱਸ ਕੇ ਕਿਹਾ ਪੁਰਖ ਅਕਾਲ ਉਸ ਵੇਲੇ ਕੀ ਹੋਵਣਗੇ ਹਾਲਾਤ, ਹਾਲਤ ਦੇ ਦ੍ਰਿੜਾਈਆ । ਪੁਰਖ ਅਕਾਲ ਕਿਹਾ ਗੋਬਿੰਦ ਨਾ ਮਜ਼੍ਹਬ ਰਹੇ ਨਾ ਜ਼ਾਤ, ਦੀਨ ਰੰਗ ਨਾ ਕੋਇ ਰੰਗਾਈਆ । ਸ਼ੰਕਰ ਭੱਜਾ ਫਿਰੇ ਉਤੇ ਕੈਲਾਸ਼ ਬ੍ਰਹਮਾ ਵੇਖੇ ਅੱਖ ਉਠਾਈਆ । ਵਿਸ਼ਨੂੰ ਤਕੇ ਖੇਲ ਤਮਾਸ਼, ਅਵਤਾਰ ਪੈਗ਼ੰਬਰ ਗੁਰੂ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਗੋਬਿੰਦ ਕਹੇ ਪੰਜ ਸਾਵਣ ਦਾ ਇਹ ਦਿਹਾੜਾ, ਸੋਹਣਾ ਰੂਪ ਬਦਲਾਈਆ । ਭਗਤ ਭਗਵਾਨ ਲੱਗੇ ਅਖਾੜਾ, ਵੱਜੇ ਹੱਕ ਵਧਾਈਆ । ਸੀਸ ਤੋਂ ਨੰਗਾ ਹੋਵੇ ਧੁਰ ਦਾ ਲਾੜਾ, ਓਢਣ ਸੀਸ ਨਾ ਕੋਇ ਟਿਕਾਈਆ । ਆਪਣਾ ਲੈ ਕੇ ਆਪਣੇ ਹੱਥ ਦਸਤਾਰਾ, ਦਸਤ ਦਸਤ ਨਾਲ ਬੰਧਾਈਆ । ਇਹਨੂੰ ਦੋਹਰਾ ਕਰੇ ਇਕੋ ਵਾਰਾ, ਵਾਰਤਾ ਆਪਣੀ ਇਕ ਦਰਸਾਈਆ । ਜਿਸ ਦਾ ਭੇਵ ਜਾਣੇ ਨਾ ਕੋਇ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਬੈਠਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਉਹ ਕਿਹੜਾ ਵਕਤ ਸੁਹੰਜਣਾ, ਹਰਿ ਸਚ ਸਚ ਦੇ ਦ੍ਰਿੜਾਈਆ । ਪੁਰਖ ਅਕਾਲ ਕਿਹਾ ਪਹਿਲੋਂ ਕਰ ਅੰਗਮੀ ਬੰਦਨਾ, ਬਿਨਾ ਬੰਦਨਾ ਸੀਸ ਝੁਕਾਈਆ । ਜਿਸ ਵੇਲੇ ਕਲਜੁਗ ਵੇਲਾ ਵੰਞਣਾ, ਜਗਤ ਦੇ ਨਾਮ ਵੰਝ ਮੁਹਾਣੇ ਕੰਮ ਕਿਸੇ ਨਾ ਆਈਆ । ਨਾ ਕੋਈ ਡੰਡਾਵਤ ਰਹੇ ਨਾ ਕੋਈ ਰਹੇ ਬੰਦਨਾ, ਬੰਦਗੀ ਵਿਚ ਸਾਰੇ ਦੇਣ ਦੁਹਾਈਆ । ਉਸ ਵੇਲੇ ਸਤਿਗੁਰ ਸ਼ਬਦ ਸਾਰ ਸ਼ਬਦ ਦੀ ਧਾਰੋਂ ਜੰਮਣਾ, ਜੰਮਣਵਾਲੀ ਕੋਇ ਨਾ ਮਾਈਆ । ਸਭ ਦੇ ਵਰੰਟ ਲੈ ਕੇ ਆਵੇ ਸੰਮਣਾ, ਸਮੇਂ ਨਾਲ ਆਪਣਾ ਫੇਰਾ ਪਾਈਆ । ਜਗਤ ਜਹਾਨ ਅਨੋਖਾ ਕਰੇ ਕੰਮਨਾ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੰਜ ਸਾਵਣ ਕਹੇ ਧਰਮ ਧਾਰ ਦੇ ਗ੍ਰੰਥਾਂ ਦਾ ਹੋਣਾ ਪ੍ਰਕਾਸ਼, ਪ੍ਰਕਾਸ਼ ਪ੍ਰਭ ਜੋਤ ਰੁਸ਼ਨਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਬਖ਼ਸ਼ਣਾ ਵਿਸ਼ਵਾਸ, ਵਿਸ਼ਾ ਧਰਮ ਦਾ ਇਕ ਦ੍ਰਿੜਾਈਆ । ਦੀਨ ਮਜ਼੍ਹਬ ਦੀ ਰਹਿਣੀ ਨਹੀਂ ਕੋਈ ਸ਼ਾਖ਼, ਹਿੱਸਾ ਵੰਡ ਨਾ ਕੋਇ ਵੰਡਾਈਆ । ਧਰਮ ਦੇ ਮੰਡਲ ਇਕੋ ਪੈਣੀ ਰਾਸ, ਗੋਪੀ ਕਾਹਨ ਇਕੋ ਖੇਲ ਖਿਲਾਈਆ । ਭਗਤ ਦਵਾਰੇ ਭਗਵਨ ਖੇਲ ਕਰਨਾ ਆਪ, ਆਪਣੀ ਦਇਆ ਕਮਾਈਆ । ਸਭ ਦਾ ਲੇਖੇ ਲਾਉਣਾ ਜਾਪ, ਜਗਜੀਵਣ ਦਾਤਾ ਹੋਏ ਸਹਾਈਆ । ਜਨ ਭਗਤਾਂ ਰੱਖੇ ਸਿਰ ਦੇ ਕਰ ਹਾਥ, ਪੁਸ਼ਤ ਪਨਾਹ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਇਕ ਸੱਠ ਮਿੰਟ ਰੋਜ਼ ਹੋਏਗਾ ਪਾਠ, ਸੁਬਹ ਸ਼ਾਮ ਖ਼ੁਸ਼ੀ ਬਣਾਈਆ । ਪ੍ਰੇਮ ਸਾਗਰ ਮਾਰੇਗਾ ਠਾਠ, ਉਛਾਲਾ ਦੇਵੇ ਧੁਰਦਰਗਾਹੀਆ । ਧਰਮ ਧਾਰ ਦਾ ਖੁਲ੍ਹੇਗਾ ਹਾਟ, ਹੱਟ ਹਟਵਾਣਾ ਇਕ ਜਣਾਈਆ । ਨਾਮ ਕੰਜੂਸੀ ਦੀ ਖੁਲ੍ਹੇਗੀ ਗਾਠ, ਗੱਠੜੀ ਧੁਰ ਦੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੰਜ ਸਾਵਣ ਕਹੇ ਪ੍ਰਭ ਤੂੰ ਮੇਰੀ

ਪੁਕਾਰ ਸੁਣੀ, ਮਿਹਰਵਾਨ ਦਇਆ ਕਮਾਈਆ । ਤੂੰ ਦਾਤਾ ਵਡ ਗਹਿਰ ਗੰਭੀਰ ਗੁਣੀ, ਗੁਣਵੰਤ ਅਖਵਾਈਆ । ਤੇਰੇ ਸ਼ਬਦ ਦੀ ਦੋ ਜਹਾਨ ਸੁਣਦੀ ਧੁਨੀ, ਧੁਨ ਆਤਮਕ ਰਾਗ ਅਲਾਹੀਆ । ਲੱਖ ਚੁਰਾਸੀ ਤੇਰੇ ਦਰ ਤੇ ਨਿੱਕੀ ਜਿਹੀ ਮੁੰਨੀ, ਆਤਮਾ ਪਰਮਾਤਮਾ ਨਜ਼ਰੀ ਆਈਆ । ਮਿਹਰਵਾਨ ਮਹਿਬੂਬ ਪ੍ਰੇਮ ਲਿਖਾਰੀਆਂ ਤ੍ਰਿਪਤ ਜਿੰਦਰ ਇਕ ਇਕ ਬਖ਼ਸ਼ ਦੇ ਚੁੰਨੀ, ਪਗੜੀ ਸੀਸ ਵਾਲੀ ਸੁਹਾਈਆ । ਸਤਿਗੁਰ ਸ਼ਬਦ ਬਣਾਏ ਮੁਨੀ, ਮੁਨੀਸ਼ਰ ਆਪਣਾ ਰੰਗ ਰੰਗਾਈਆ । ਜਿਹੜਾ ਲੇਖ ਲਿਖਿਆ ਸੰਮਤ ਵਿਚ ਉਨੀ, ਸੋ ਪੂਰਾ ਦੇਣਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੰਜ ਸਾਵਣ ਕਹੇ ਬਾਰਾਂ ਵੱਜਣ ਤੋਂ ਪਹਿਲਾਂ ਪਹਿਲੇ ਗ੍ਰੰਥ ਦਾ ਪ੍ਰਭ ਚਰਨਾਂ ਵਿਚ ਜ਼ਰੂਰ ਹੋਵੇ ਪ੍ਰਕਾਸ਼, ਪ੍ਰਕਾਸ਼ਵਾਨ ਦਇਆ ਦੇਣੀ ਕਮਾਈਆ । ਨਾਲ ਜਲ ਦਾ ਭਰ ਗਿਆਸ, ਚਰਨਾਮਤ ਲੈਣਾ ਬਣਾਈਆ । ਇੱਕੀ ਵਾਰ ਸਭ ਨੇ ਸੋਹੰ ਕਹਿਣਾ ਸਵਾਸ ਸਵਾਸ, ਅੰਦਰੇ ਅੰਦਰ ਗਾਈਆ । ਪਤਿਪਰਮੇਸ਼ਵਰ ਆਪਣਾ ਕਾਰਜ ਆਪੇ ਕਰੇ ਰਾਸ, ਰਸਤਾ ਜਗਤ ਵਾਲਾ ਵਖਾਈਆ । ਸਾਵਣ ਪੰਜ ਤੇਰਾ ਪ੍ਰਭ ਤੇਰੇ ਵਿਚ ਹੋਵੇ ਵਾਸ, ਵਾਸਤਾ ਵਿਸ਼ਵ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗ੍ਰੰਥ ਪੰਥ ਆਪੇ ਪੁਛੇ ਵਾਤ, ਵਾਸਤਕ ਆਪਣਾ ਖੇਲ ਖਿਲਾਈਆ ।



ਪੰਜ ਸਾਵਣ ਕਹੇ ਪਗੜੀ ਦੇ ਟੁੱਕੜੇ ਹੋਏ ਦੋ, ਦੋ ਜਹਾਨ ਵੇਖ ਵਖਾਈਆ । ਪਰਦਾ ਲਾਹਿਆ ਪਰਮ ਪੁਰਖ ਸੋ, ਸੋ ਪੁਰਖ ਨਿਰੰਜਣ ਆਪਣੀ ਦਇਆ ਕਮਾਈਆ । ਨਿਰਗੁਣ ਸਰਗੁਣ ਧਾਰਾ ਆਪੇ ਹੋ, ਹੋਕਾ ਦਿਤਾ ਧੁਰਦਰਗਾਹੀਆ । ਜਗਤ ਜਹਾਨ ਸਾਚੇ ਨੇਤਰ ਤਕੋ ਲੋ, ਲੋਇਣ ਭਗਤਾਂ ਅੱਖ ਖੁਲ੍ਹਾਈਆ । ਜਗਤ ਮਾਇਆ ਵਿਚੋਂ ਕਰ ਨਿਰਮੋਹ, ਮੁਹੱਬਤ ਆਪਣੇ ਨਾਲ ਰਖਾਈਆ । ਕੂੜ ਕਿਰਿਆ ਵਾਸਨਾ ਖੋਹ, ਨਾਮ ਭੰਡਾਰਾ ਵਸਤ ਵਰਤਾਈਆ । ਪੰਚ ਵਿਕਾਰ ਮੇਟੇ ਗਰੋਹ, ਗੁਰੂ ਗੁਰਦੇਵ ਸਵਾਮੀ ਹੋ ਸਹਾਈਆ । ਜਿਸ ਦਾ ਭੇਵ ਨਾ ਜਾਣੇ ਕੋ, ਕਰਤਾ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪਗੜੀ ਕਹੇ ਮੇਰੇ ਦੋ ਬਣ ਗਏ ਲੀੜੇ, ਅਧ ਵਿਚੋਂ ਵੰਡ ਵੰਡਾਈਆ । ਜਿਸ ਧਾਰ ਗੋਬਿੰਦ ਨੇ ਖੰਡੇ ਚੁੱਕੇ ਸੀ ਬੀੜੇ, ਬੀੜਾ ਆਪਣੇ ਦਸਤ ਉਠਾਈਆ । ਉਸ ਵੇਲੇ ਸ਼ਬਦੀ ਧਾਰ ਪਹਿਨ ਕਲੀਰੇ, ਕਲਗੀ ਵਾਲਾ ਆਪਣੀ ਕਲ ਵਰਤਾਈਆ । ਯੋਧਾ ਬਣ ਕੇ ਸੂਰਬੀਰੇ, ਬੀਰ ਰਸ ਆਪਣਾ ਆਪ ਪ੍ਰਗਟਾਈਆ । ਫੇਰ ਮੁਖੀ ਫੜ ਕੇ ਤੀਰੇ, ਜ਼ਿਮੀਂ ਅਸਮਾਨ ਵੱਲ ਖਿਚਾਈਆ । ਫੇਰ ਕਢ ਕੇ ਨੋਕ ਨਾਲ ਲਕੀਰੇ, ਲਾਈਨ ਇਕੋ ਇਕ ਜਣਾਈਆ । ਫੇਰ ਵੇਖ ਦੀਨ ਦੁਨੀ ਤਕਦੀਰੇ, ਤਦਬੀਰ ਆਪਣੇ ਹੱਥ ਵਖਾਈਆ । ਰਵਦਾਸ ਦਾ ਵੇਖ ਕਸੀਰੇ, ਕੰਗਣ ਹੱਥ ਵਾਲਾ ਛਣਕਾਈਆ । ਜਿਸ ਵੇਲੇ ਸਤਿ ਧਰਮ ਦੇ ਸੀਸ ਰਹਿਣੇ ਨਹੀਂ ਚੀਰੇ, ਜਗਤ ਦਸਤਾਰ ਨਾ ਕੋਇ ਵਡਿਆਈਆ । ਮਾਣ ਰਹਿਣਾ ਨਹੀਂ ਪੈਗ਼ੰਬਰ ਪੀਰੇ, ਪਰਾ ਪਸੰਤੀ ਮਧਮ ਬੈਖਰੀ ਰੋਵੇ ਮਾਰੇ ਧਾਈਆ । ਨੇਤਰ ਰੋਵਣ ਅੱਠ ਸੱਠ ਨੀਰੇ, ਨਰ ਨਰਾਇਣ ਨਾ ਕੋਇ ਸਹਾਈਆ । ਝਗੜਾ ਪਵੇ ਧਰਨੀ ਮਿਲਖ ਜਗੀਰੇ, ਦੀਨ ਦੁਨੀ

ਸਰਬ ਕੁਰਲਾਈਆ । ਉਸ ਵੇਲੇ ਪ੍ਰਭ ਨੇ ਪਰਗਟ ਕਰਨੇ ਗੁਰਮੁਖ ਹੀਰੇ, ਰਤਨ ਅਮੋਲਕ ਆਪ ਪਰਗਟਾਈਆ । ਰਸ ਬਖ਼ਸ਼ਣਾ ਸ਼ਬਦ ਖੰਡਾ ਧਾਰ ਸ਼ਮਸ਼ੀਰੇ, ਸ਼ਮਾ ਨੂਰ ਜੋਤ ਕਰ ਰੁਸ਼ਨਾਈਆ । ਸਭ ਦੀ ਬਦਲ ਦੇਣੀ ਜ਼ਮੀਰੇ, ਜ਼ਿਮੀਂ ਅਸਮਾਨ ਹੋਏ ਸਹਾਈਆ । ਖੇਲ ਕਰੇ ਧੀਰੇ ਧੀਰੇ, ਧਰਮ ਦੀ ਧਾਰ ਇਕ ਵਖਾਈਆ । ਜਿਸ ਵੇਲੇ ਭੈਣਾਂ ਤੋਂ ਵਿਛੜਨੇ ਵੀਰੇ, ਵੀਰ ਭੈਣਾਂ ਸੰਗ ਮਿਲਾਈਆ । ਹਰਦੇਵ ਸਿੰਘ ਦੇ ਨੌ ਅੱਸੂ ਨੂੰ ਦਿਨ ਅਖ਼ੀਰ ਸੀ ਭੀੜੇ, ਭੀੜੀ ਗਲੀ ਵਿਚੋਂ ਬਾਹਰ ਨਾ ਕੋਇ ਕਢਾਈਆ । ਕਿਰਪਾ ਕਰੇ ਸ਼ਾਹ ਪਾਤਸ਼ਾਹ ਸ਼ਹਿਨਸ਼ਾਨ ਗੁਣੀ ਗਹੀਰੇ, ਗਹਿਰ ਗਵਰ ਆਪਣੀ ਕਾਰ ਕਮਾਈਆ । ਜਿਹੜੇ ਜਗਤ ਧਾਰ ਵਿਚ ਭੈਣ ਭਰਾ ਪਿਆਰ ਵਿਚ ਨੇਤਰ ਵਗਣੇ ਸੀ ਨੀਰੇ, ਸਾਹ ਸਾਹ ਵਿਚ ਦੁਹਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਕਿਰਪਾਨਿਧਾਨ ਲੇਖਾ ਜਾਣ ਅੰਤ ਅਖ਼ੀਰੇ, ਆਖ਼ਰ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਦੁਪੱਟੇ ਕਹਿਣ ਅਸੀਂ ਹੋਏ ਦੋਪਟ, ਸਤਿਗੁਰ ਪੂਰੇ ਪਟਨੇ ਧਾਰ ਦਿਤੀ ਵਡਿਆਈਆ । ਜਿਸ ਦਾ ਰਹਿਮਤਾਂ ਦਾ ਖੁਲ੍ਹਾ ਰਹਿਣਾ ਹੱਟ, ਪੰਜ ਸਾਵਣ ਦਏ ਗਵਾਹੀਆ । ਮਿਹਰਵਾਨ ਹੋ ਕੇ ਕਿਰਪਾ ਕਰੇ ਝਟ, ਝਟਕਾ ਆਪਣਾ ਨਾਮ ਲਗਾਈਆ । ਨੌਂ ਸਾਲ ਨੌਂ ਮਹੀਨੇ ਹਰਦੇਵ ਨੇ ਅੰਤਰ ਨੌਂ ਵਾਰ ਨਾਮ ਦੀ ਲਾਈ ਸੀ ਰਟ, ਪ੍ਰੇਮ ਪਿਆਰ ਵਿਚ ਲਗਾਈਆ । ਉਸੇ ਦੇ ਲੇਖੇ ਕਾਰਨ ਅੰਤ ਜਮ ਕੀ ਫਾਂਸੀ ਦਿਤੀ ਕਟ, ਕਟਾਕਸ਼ ਇਕੋ ਨਾਮ ਰਖਾਈਆ । ਮਿਹਰਵਾਨ ਸਿਰ ਆਪਣਾ ਰੱਖ ਹੱਥ, ਸਮਰਥ ਹੋਏ ਆਪ ਸਹਾਈਆ । ਭੈਣ ਭਰਾਵਾਂ ਰੱਖੇ ਪਤ, ਪਤਿਪਰਮੇਸ਼ਵਰ ਆਪਣਾ ਰੰਗ ਰੰਗਾਈਆ । ਜੁਗਿੰਦਰ ਕੌਰ ਤ੍ਰਿਪਤ ਚਿੱਟੇ ਬਸਤਰ ਪਹਿਨਣੇ ਦਿਨ ਸੱਤ, ਜਗਤ ਵਿਹਾਰ ਵਿਚ ਭੁੱਲ ਨਾ ਜਾਈਆ । ਏਸੇ ਧਾਰ ਵਿਚ ਪਿਆਰ ਵਿਚ ਸੰਸਾਰ ਵਿਚ ਜੀਵ ਆਤਮਾ ਰਹੇ ਬਚ, ਬਚਪਨ ਪ੍ਰਭ ਆਪਣੇ ਰੰਗ ਰੰਗਾਈਆ । ਭੱਜਣ ਨਾ ਦੇਵੇ ਕਾਇਆ ਮਾਟੀ ਕੱਚ, ਭੈਣਾਂ ਪਿਛੇ ਭਈਆ ਲਏ ਤਰਾਈਆ । ਪੰਜ ਸਾਵਣ ਕਹੇ ਮੈਂ ਸੰਦੇਸ਼ਾ ਪਹਿਲੋਂ ਦਿਤਾ ਸੀ ਦੱਸ, ਬੇਖ਼ਬਰਾਂ ਖ਼ਬਰ ਜਣਾਈਆ । ਕਵਣ ਜਾਣੇ ਖੇਲ ਪੁਰਖ ਸਮਰਥ, ਕੀ ਕਰਤਾ ਕਾਰ ਕਮਾਈਆ । ਪਗੜੀ ਕਹੇ ਮੈਂ ਸਿਰ ਤੇ ਚੜ੍ਹ ਗਈ ਝਟ, ਝਪਟ ਆਪਣੀ ਇਕ ਲਗਾਈਆ । ਜਿਨ੍ਹਾਂ ਦੀ ਸਾਹਿਬ ਸਵਾਮੀ ਅੰਤਰਜਾਮੀ ਰੱਖਣੀ ਪਤ, ਪਤਿਪਰਮੇਸ਼ਵਰ ਹੋਏ ਸਹਾਈਆ । ਲੇਖੇ ਲਾ ਕੇ ਰਤੜੀ ਰੱਤ, ਰੁਤ ਆਪਣੇ ਨਾਲ ਮਹਿਕਾਈਆ । ਹਰਿ ਸੰਗਤ ਹਰਿ ਜੂ ਨਾਤਾ ਜੁੜਿਆ ਰਹੇ ਬ੍ਰਹਮ ਧਾਰ ਤਤਵ ਤਤ, ਪਾਰਬ੍ਰਹਮ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਉਂ ਭਾਵੇ ਤਿਉਂ ਲਏ ਰੱਖ, ਰੱਖਣਹਾਰ ਆਪਣੀ ਦਇਆ ਕਮਾਈਆ ।

ਪੰਜ ਸਾਵਣ ਕਹੇ ਮੈਂ ਦੱਸਾਂ ਠੀਕ, ਸਤਿ ਸਚ ਸਚ ਸਤਿ ਸਮਝਾਈਆ । ਇੱਕੀ ਸਾਵਣ ਨੂੰ ਨਾਜ਼ਰ ਸਿੰਘ ਪਰਸ਼ਾਦ ਕਰਾਉਣਾ ਸਿੰਘ ਜਗਜੀਤ, ਜਿਸ ਦਾ ਜਨਮ ਅਗਲਾ ਦਏ ਬਣਾਈਆ । ਪਿਛੇ ਦਾ ਲੇਖਾ ਪਿਛੇ ਗਿਆ ਬੀਤ, ਅੱਗੇ ਸਤਿਗੁਰ ਸਤਿਗੁਰੂ ਸਤਿ ਆਪਣੇ ਘਰ ਦਏ ਵਡਿਆਈਆ । ਚਰਨ ਬਖ਼ਸ਼ ਕੇ ਚਰਨ ਪ੍ਰੀਤ, ਪ੍ਰੀਤਮ ਆਪਣਾ ਸੰਗ ਵਖਾਈਆ । ਅੱਗੇ ਦਾ ਲੇਖਾ ਅੱਗੇ ਦੀ ਰੀਤ, ਰੀਤੀਵਾਨ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ ।

## ✪ ੧੦ ਸਾਵਣ ਸ਼ਹਿਨਸ਼ਾਹੀ ਸੰਮਤ ੭ ਅਜੀਤ ਸਿੰਘ ਬਟਾਲਾ ਦੀ ਬੇਨੰਤੀ ਕਰਨ ਤੇ ਹਰਿ ਭਗਤ ਦਵਾਰ ਜੇਠੂਵਾਲ ✪

ਪੁਰਖ ਅਕਾਲ ਕਹੇ ਉਠ ਵਿਸ਼ਨੂੰ ਜਗਤ ਭੰਡਾਰੀ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਕਿਉਂ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਦੁਖਿਆਰੀ, ਦੁਨੀ ਰੋਵੇ ਮਾਰੇ ਧਾਈਆ । ਜਗਤ ਭੁੱਖ ਨੇ ਕਰੀ ਖੁਆਰੀ, ਸਾਂਤਕ ਸਤਿ ਨਾ ਕੋਇ ਵਰਤਾਈਆ । ਧਰਮ ਦੀ ਮਿਲੇ ਨਾ ਕੋਇ ਸਿਕਦਾਰੀ, ਸਚ ਰੰਗ ਨਾ ਕੋਇ ਰੰਗਾਈਆ । ਚਾਰੋਂ ਕੁੰਟ ਧੂੰਆਂਧਾਰੀ, ਨੂਰੀ ਚੰਦ ਨਾ ਕੋਇ ਚਮਕਾਈਆ । ਸਚ ਨਾਮ ਦਾ ਬਣੇ ਨਾ ਕੋਇ ਪੁਜਾਰੀ, ਪੂਜਾ ਪਾਹਨ ਕਰੇ ਲੋਕਾਈਆ । ਨਿਗਹ ਮਾਰ ਵਡ ਸੰਸਾਰੀ, ਬ੍ਰਹਮੇ ਆਪਣੀ ਅੱਖ ਖੁਲ੍ਹਾਈਆ । ਨਿਰਮਲ ਜੋਤ ਨਾ ਕੋਇ ਉਜਿਆਰੀ, ਆਤਮ ਬ੍ਰਹਮ ਨਾ ਵੱਜੇ ਵਧਾਈਆ । ਸ਼ੰਕਰ ਨੇਤਰ ਨੈਣ ਵੇਖ ਉਘਾੜੀ, ਭੋਲੇਨਾਥ ਲੈ ਅੰਗੜਾਈਆ । ਚਾਰੋਂ ਕੁੰਟ ਰੈਣ ਅੰਧੇਰੀ ਕਾਲੀ, ਕਲਜੁਗ ਆਪਣੀ ਕਲ ਵਰਤਾਈਆ । ਦੀਪਕ ਸੋਹੇ ਨਾ ਕਿਸੇ ਗਗਨ ਮੰਡਲ ਥਾਲੀ, ਰਵ ਸਸ ਨਾ ਕੋਇ ਨੂਰ ਰੁਸ਼ਨਾਈਆ । ਸਚ ਪਿਆਰ ਦੀ ਕਰੇ ਨਾ ਕੋਇ ਦਲਾਲੀ, ਵਿਚੋਲਾ ਨਜ਼ਰ ਕੋਇ ਨਾ ਆਈਆ । ਸ਼ਰਅ ਰਹੀ ਨਾ ਹੱਕ ਹਲਾਲੀ, ਹਕੀਕਤ ਪਰਦਾ ਨਾ ਕੋਇ ਉਠਾਈਆ । ਕਲਜੁਗ ਅੰਤ ਮੇਰੇ ਦਰ ਤੇ ਹੋਏ ਸਵਾਲੀ, ਜਨ ਭਗਤ ਆਪਣੀ ਆਸ ਰਖਾਈਆ । ਸਾਨੂੰ ਵਸਤ ਚਾਹੀਦੀ ਨਹੀਂ ਬਾਹਲੀ, ਬਹੁਤੀ ਕੰਮ ਕਿਸੇ ਨਾ ਆਈਆ । ਇਤਨੀ ਬਖ਼ਸ਼ ਜਿਸ ਨਾਲ ਸਾਡੀ ਜ਼ਿੰਦਗੀ ਰਹੇ ਸੁਖ਼ਾਲੀ, ਸੁਖ ਵਿਚ ਤੇਰਾ ਧਿਆਨ ਲਗਾਈਆ । ਮਸਤਕ ਸਤਿਗੁਰ ਸ਼ਬਦ ਤੇਰੀ ਚੜ੍ਹੀ ਰਹੇ ਲਾਲੀ, ਲਾਲ ਅਨਮੁੱਲੜੇ ਆਪਣੇ ਲੈ ਪਰਗਟਾਈਆ । ਤੇਰਾ ਨੂਰ ਜੋਤ ਤਕੀਏ ਅਕਾਲੀ, ਅਕਲ ਕਲਧਾਰੀ ਤੇਰਾ ਦਰਸ਼ਨ ਪਾਈਆ । ਗੁਰਮੁਖਾਂ ਭੰਡਾਰਾ ਰਹੇ ਨਾ ਖ਼ਾਲੀ, ਖ਼ਾਲਸ ਆਪਣਾ ਰੰਗ ਰੰਗਾਈਆ । ਕੂੜੀ ਕਿਰਿਆ ਲਹਿਣਾ ਦੇਣਾ ਮੁਕਾਉਣਾ ਜਾਹਲੀ, ਜੰਜਾਲ ਤ੍ਰੈਗੁਣ ਮਾਇਆ ਤੋੜ ਤੁੜਾਈਆ । ਸਚ ਦਵਾਰਿਉਂ ਜਾਏ ਕੋਇ ਨਾ ਖ਼ਾਲੀ, ਭਿੱਖਿਆ ਅਗੰਮ ਦੇਣੀ ਵਰਤਾਈਆ । ਖ਼ੁਸ਼ੀਆਂ ਵਿਚ ਜਨ ਭਗਤ ਸੁਹੇਲੇ ਘਰ ਘਰ ਵਜਾਵਣ ਤਾਲੀ, ਤਾਲ ਆਪਣਾ ਆਪ ਬਣਾਈਆ । ਪਿਛਲੀ ਕਰਮਾਂ ਦੀ ਕੀਤੀ ਕਮਾਈ ਖਾ ਲਈ, ਅੱਗੇ ਮਿਹਰ ਨਜ਼ਰ ਨਾਲ ਦਇਆ ਦੇਣੀ ਕਮਾਈਆ । ਫਲ ਲਗਾਉਣਾ ਕਾਇਆ ਡਾਲੀ, ਪੱਤ ਟਹਿਣੀ ਆਪ ਮਹਿਕਾਈਆ । ਜਿਨ੍ਹਾਂ ਤੇਰੀ ਤੁਕ ਪ੍ਰਭੂ ਤੂੰ ਮੇਰਾ ਮੈਂ ਤੇਰਾ ਗਾ ਲਈ, ਗਾ ਗਾ ਆਪਣੀ ਖ਼ੁਸ਼ੀ ਬਣਾਈਆ । ਉਨ੍ਹਾਂ ਪਿਛੇ ਰੁੱਖੀ ਸੁੱਖੀ ਬਥੇਰੀ ਖਾ ਲਈ, ਖ਼ਾਲਕ ਖ਼ਲਕ ਵੇਖਣਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਵਿਸ਼ਨੂੰ ਕਹੇ ਪ੍ਰਭੂ ਮੇਰੀ ਇਕ ਡੰਡਾਵਤ, ਬੰਦਨਾ ਵਿਚ ਸੀਸ ਨਿਵਾਈਆ । ਤੇਰਿਆਂ ਭਗਤਾਂ ਸਚ ਭੰਡਾਰ ਦੀ ਬਖ਼ਸ਼ਾਂ ਨਿਆਮਤ, ਵਸਤ ਧੁਰ ਦੀ ਇਕ ਵਰਤਾਈਆ । ਜਿਸ ਦੇ ਨਾਲ ਖ਼ੁਸ਼ੀ ਰਹਿਣ ਸਹੀ ਸਲਾਮਤ, ਦੁੱਖ ਭੁੱਖ ਨਾ ਲਾਗੇ ਰਾਈਆ । ਕੂੜ ਕਿਰਿਆ ਕਰਾਂ ਮਮਾਨਤ, ਮਨਸਾ ਮਨ ਦੀ ਦਿਆਂ ਬਦਲਾਈਆ । ਸਚ ਸਰੂਪ ਦ੍ਰਿੜਾਵਾਂ ਸਹੀ ਸਲਾਮਤ, ਸਾਹਿਬ ਸੁਲਤਾਨ ਤੇਰੀ ਸਰਨਾਈਆ । ਕਲਜੁਗ ਕੂੜੀ ਕਿਰਿਆ ਮਿਟਾਵਾਂ ਕਿਆਮਤ, ਕਲਮਾ ਨਾਮ ਇਕ ਸੁਣਾਈਆ । ਸਤਿ ਸਚ ਦੀ ਬਖ਼ਸ਼ ਦਿਆਨਤ, ਧਰਮ ਦੀ ਧਾਰ ਇਕ ਵਖਾਈਆ । ਜਿਹੜਾ ਤੇਰੇ ਭਗਤਾਂ ਦਾ ਭੰਡਾਰਾ ਮੇਰੇ ਕੋਲ ਚਾਰ ਜੁਗ ਦੀ ਅਮਾਨਤ, ਸੋ ਅੱਗੇ ਭਗਤਾਂ ਦਿਆਂ ਵਰਤਾਈਆ । ਤ੍ਰਿਸ਼ਨਾ ਭੁੱਖ ਦੀ ਰਹਿਣ ਨਾ ਦੇਵਾਂ ਅਲਾਮਤ, ਇਲਮ ਆਲਮਾਂ ਬਾਹਰ ਕਰਾਂ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੧੩੯੩ ੨੨

ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪੁਰਖ ਅਕਾਲ ਕਹੇ ਵਿਸ਼ਨੂੰ ਵੇਖ ਆਪਣੀ ਵਿਸ਼ਵ ਧਾਰ, ਵਿਸ਼ਿਆਂ ਤੋਂ ਬਾਹਰ ਜਣਾਈਆ । ਨੌਂ ਸੌ ਚੁਰਾਨਮੇ ਚੌਕੜੀ ਜੁਗ ਪਿਛੋਂ ਮੈਂ ਭਗਤ ਸੁਹੇਲੇ ਕੀਤੇ ਤਿਆਰ, ਤ੍ਰੈਗੁਣ ਅਤੀਤੇ ਹੋ ਕੇ ਦਇਆ ਕਮਾਈਆ । ਆਤਮ ਪਰਮਾਤਮ ਦੇ ਅਧਾਰ, ਪਾਰਬ੍ਰਹਮ ਬ੍ਰਹਮ ਮੇਲਾ ਮੇਲਿਆ ਸਹਿਜ ਸੁਭਾਈਆ । ਜਗਤ ਤ੍ਰਿਸ਼ਨਾ ਭੁੱਖ ਨਿਵਾਰ, ਕੂੜ ਕਲਪਨਾ ਦਿਤੀ ਮਿਟਾਈਆ । ਇਹ ਮੰਜ਼ਲ ਚੜ੍ਹ ਗਏ ਪੀਰ ਪੈਗ਼ੰਬਰ ਗੁਰ ਅਵਤਾਰ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਮੇਰਾ ਧਿਆਨ ਲਗਾਈਆ । ਇਹਨਾਂ ਬਖ਼ਸ਼ਣਾ ਸਤਿ ਭੰਡਾਰ, ਸਤਿ ਸਚ ਦੇਣਾ ਵਰਤਾਈਆ । ਜਗਤ ਭੁੱਖ ਵਿਚ ਰਹੇ ਨਾ ਕੋਇ ਦੁਖਿਆਰ, ਦੁਖੀਆਂ ਦੁੱਖ ਦੇਣਾ ਗਵਾਈਆ । ਵਸਤੂ ਵਸਤ ਦੇ ਲੱਗੇ ਰਹਿਣ ਅੰਬਾਰ, ਜ਼ਿਮੀਂ ਅਸਮਾਨ ਵੱਜੇ ਵਧਾਈਆ । ਫੇਰ ਮੇਰਾ ਤਕਣਾ ਨੂਰੀ ਜੋਤ ਦੀਦਾਰ, ਦਰਸ ਪਰਸ ਕੇ ਹਰਸ ਮਿਟਾਈਆ । ਮੇਰਾ ਖੇਲ ਅਗੰਮ ਅਪਾਰ, ਅਲਖ ਅਗੋਚਰ ਰਿਹਾ ਜਣਾਈਆ । ਮੈਂ ਭਗਤਾਂ ਦਾ ਸਦਾ ਸੇਵਾਦਾਰ, ਸੇਵਕ ਹੋ ਕੇ ਸੇਵ ਕਮਾਈਆ । ਦਰ ਵੇਰਵਾ ਨਹੀਂ ਪੁਰਖ ਨਾਰ, ਨਾਰੀ ਪੁਰਖ ਇਕੋ ਰੰਗ ਰੰਗਾਈਆ । ਜੋ ਸੰਤ ਸੁਹੇਲੇ ਮਸਤਕ ਧੂੜੀ ਲਾਉਂਦੇ ਰਹੇ ਛਾਰ, ਸ਼ਹਿਨਸ਼ਾਹ ਹੋ ਕੇ ਹੋਵਾਂ ਸਹਾਈਆ । ਜਗਤ ਜਹਾਨ ਜੀਵਣ ਜੁਗਤੀ ਮੰਜ਼ਲ ਕਰਾਂ ਪਾਰ, ਪਾਰਬ੍ਰਹਮ ਹੋ ਕੇ ਬ੍ਰਹਮ ਆਪਣਾ ਮੇਲ ਮਿਲਾਈਆ । ਸਚਖੰਡ ਲੈ ਜਾਵਾਂ ਸ਼ਬਦੀ ਸ਼ਬਦ ਬਖ਼ਸ਼ ਕੇ ਧਾਰ, ਜੋਤੀ ਜੋਤ ਵਿਚ ਮਿਲਾਈਆ । ਕਲ ਕਲਕੀ ਨਿਰਗੁਣ ਧਾਰ ਲੈ ਅਵਤਾਰ, ਜੋਤੀ ਜਾਤਾ ਵੇਸ ਵਟਾਈਆ । ਸਾਚੇ ਭਗਤ ਮੰਗਣ ਜਾਇਣ ਨਾ ਕਿਸੇ ਦਵਾਰ, ਦਰ ਦਰਵੇਸ਼ਾ ਰੂਪ ਵਖਾਈਆ । ਉਨ੍ਹਾਂ ਸਦਾ ਸਦਾ ਭੰਡਾਰਾ ਭਰਿਆ ਰਹੇ ਘਰਬਾਰ, ਅਤੋਟ ਅਤੁਟ ਵਰਤਾਈਆ । ਗ਼ਰੀਬ ਨਿਮਾਣਿਆਂ ਦੇਣੀ ਪੈਜ ਸਵਾਰ, ਸਿਰ ਆਪਣਾ ਹੱਥ ਟਿਕਾਈਆ । ਲੋਕਮਾਤ ਧਰਨੀ ਧਰਤ ਧਵਲ ਧੌਲ ਉਤੇ ਪਾਉਣੀ ਸਾਰ, ਮਹਾਂਸਾਰਥੀ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਏਕੰਕਾਰ ਇਕ ਅਖਵਾਈਆ ।

✪ ੧੩ ਸਾਵਣ ਸ਼ਹਿਨਸ਼ਾਹੀ ਸੰਮਤ ੭ ਆਤਮਾ ਸਿੰਘ, ਫੌਜਾ ਸਿੰਘ, ਪਿਆਰਾ ਸਿੰਘ, ਦਰਬਾਰਾ ਸਿੰਘ, ਜੀਵਣ ਸਿੰਘ, ਦਰਸ਼ਨ ਸਿੰਘ, ਕਿਸ਼ਨ ਸਿੰਘ, ਪ੍ਰੀਤਮ ਕੌਰ ਮੈਣੀਆਂ ਗੁਰਦਿਆਲ ਸਿੰਘ, ਜਗੀਰ ਕੌਰ, ਹਰਭਜਨ ਸਿੰਘ, ਗੁਰਮੇਜ ਕੌਰ ਮੱਖਣ ਵਿੰਡੀ ਤਾਰਾ ਸਿੰਘ ਅੰਮ੍ਰਿਤਸਰ ਸ਼ਹਿਰ, ਪਿੰਡ ਮਲੂਵਾਲ ਜ਼ਿਲਾ ਅੰਮ੍ਰਿਤਸਰ ✪

ਪਗੜੀ ਕਹੇ ਮੈਂ ਜੁਗ ਜੁਗ ਵੇਖੇ ਨਾਰ ਮਰਦ, ਇਸਤਰੀ ਪੁਰਸ਼ ਧਿਆਨ ਲਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡਿਆ ਕਿਸੇ ਨਹੀਂ ਦਰਦ, ਦੁਖੀਆਂ ਦੁੱਖ ਨਾ ਕੋਇ ਗਵਾਈਆ । ਚਾਰ ਵਰਨ ਅਠਾਰਾਂ ਬਰਨ ਦੀਨ ਮਜ਼੍ਹਬ ਦੀ ਛੁਰੀ ਵੇਖ ਕਰਦ, ਕਜ਼ਾ ਕਸਾਈ ਰੂਪ ਦਰਸਾਈਆ । ਆਤਮ ਪਰਮਾਤਮ ਸੁਣੀ ਕਿਸੇ ਨਹੀਂ ਅਰਜ਼, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਨਿਰਗੁਣ ਸਰਗੁਣ ਮੈਂ ਵੇਖਦੀ ਰਹੀ ਫ਼ਰਦ, ਲੱਖ ਚੁਰਾਸੀ ਧਿਆਨ ਲਗਾਈਆ । ਨਿਗਹ ਪਾਉਂਦੀ ਰਹੀ ਉਪਰ ਧਰਤ, ਧਰਨੀ ਧਵਲ ਧੌਲ ਅੱਖ ਉਠਾਈਆ । ਸਦਾ ਸਦਾ ਸਦ ਲਾਉਂਦੀ ਰਹੀ


੧੩੯੪
੨੨

ਸ਼ਰਤ, ਸ਼ਰਅ ਸ਼ਰਅ ਨਾਲ ਬਦਲਾਈਆ । ਰਾਹ ਤਕਦੀ ਰਹੀ ਜਿਸ ਵੇਲੇ ਆਵੇ ਵਾਲੀ ਅਰਸ਼, ਅਰਸ਼ ਦਾ ਮਾਲਕ ਨੂਰ ਇਲਾਹੀਆ । ਮਿਹਰਵਾਨ ਮਹਿਬੂਬ ਕਿਰਪਾ ਕਰੇ ਉਤੇ ਫ਼ਰਸ਼, ਫ਼ੈਸਲਾ ਆਪਣਾ ਹੱਕ ਸੁਣਾਈਆ । ਜਨ ਭਗਤਾਂ ਉਤੇ ਕਰੇ ਤਰਸ, ਰਹਿਮਤ ਰਹੀਮ ਆਪਣੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪਗੜੀ ਕਹੇ ਮੈਂ ਤਕਦੀ ਨਿਰਗੁਣ ਸਰਗੁਣ ਦੋ ਜਹਾਨਾਂ, ਬ੍ਰਹਿਮੰਡ ਖੰਡ ਧਿਆਨ ਲਗਾਈਆ । ਕੀ ਖੇਲ ਕਰੇ ਸ੍ਰੀ ਭਗਵਾਨਾ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਜਨ ਭਗਤਾਂ ਕਿਸ ਬਿਧ ਦੇਵੇ ਮਾਣਾ, ਅਭਿਮਾਨ ਅੰਦਰੋਂ ਦੂਰ ਕਰਾਈਆ । ਸਤਿਜੁਗ ਦਾ ਸਚ ਪਰਗਟਾ ਨਿਸ਼ਾਨਾ, ਪਰਗਟ ਆਪਣੀ ਕਲ ਵਰਤਾਈਆ । ਬਖ਼ਸ਼ਿਸ਼ ਦੇ ਕੇ ਨਾਮ ਗੁਣਨਿਧਾਨਾ, ਗਹਿਰ ਗੰਭੀਰ ਹੋਏ ਸਹਾਈਆ । ਗ਼ਰੀਬ ਨਿਮਾਣਿਆਂ ਆਪਣੇ ਦਰ ਕਰ ਪਰਵਾਨਾ, ਪਰਮ ਪੁਰਖ ਆਪਣੇ ਰੰਗ ਰੰਗਾਈਆ । ਯੋਧਾ ਸੂਰਬੀਰ ਬਣ ਮਰਦ ਮਰਦਾਨਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਖੇਲ ਖਿਲਾਈਆ । ਲੇਖਾ ਜਾਣੇ ਬਿਰਧ ਬਾਲ ਨੌਜਵਾਨਾ, ਜੋਬਨਵੰਤ ਧੁਰ ਦਾ ਮਾਹੀਆ । ਜੋ ਕਲਜੁਗ ਅੰਤਮ ਜੋਤੀ ਜੋਤ ਪਹਿਰ ਕੇ ਜਾਮਾ, ਵੇਸ ਅਵੱਲੜਾ ਇਕ ਵਟਾਈਆ । ਜਿਸ ਨੂੰ ਝੁਕਦੇ ਸੀਤਾ ਰਾਮ ਰਾਧਾ ਕ੍ਰਿਸ਼ਨ ਕਾਹਨਾ ਨਿਉਂ ਨਿਉਂ ਲਾਗਣ ਪਾਈਂਆ । ਪੈਗ਼ੰਬਰ ਸਜਦਿਆਂ ਵਿਚ ਕਰਨ ਸਲਾਮਾ, ਸੁਲਹਕੁਲ ਨੂਰ ਇਲਾਹੀਆ । ਗੁਰ ਗੁਰਦੇਵ ਮੰਤਰ ਗਾਵਣ ਸਤਿਨਾਮਾ, ਨਾਮ ਨਿਧਾਨਾ ਸ਼ਬਦ ਸ਼ਬਦ ਸ਼ਨਵਾਈਆ । ਸੋ ਖੇਲ ਕਰੇ ਵਡ ਅਮਾਮਾ, ਅਮਨ ਦਾ ਮਾਲਕ ਇਕ ਅਖਵਾਈਆ । ਸ਼ਰਅ ਜ਼ੰਜੀਰ ਤੋੜ ਕੇ ਆਜ਼ਾਦ ਕਰੇ ਗ਼ੁਲਾਮਾ, ਗ਼ੁਰਬਤ ਦਾ ਲੇਖਾ ਦਏ ਮੁਕਾਈਆ । ਸੰਦੇਸ਼ਾ ਦੇ ਕੇ ਸਤਿ ਪੈਗ਼ਾਮਾ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਨਿਜ ਆਤਮ ਹੋ ਕੇ ਅੰਤਰਜਾਮਾ, ਅੰਤਰ ਨਿਰੰਤਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਪਗੜੀ ਕਹੇ ਮੈਂ ਜੁਗ ਜੁਗ ਸੀਸ ਰਹੀ ਬੱਝਦੀ, ਲੋਕਮਾਤ ਵਡਿਆਈਆ । ਮੈਂ ਖ਼ਬਰ ਦੱਸਾਂ ਅੱਜ ਦੀ, ਸੰਦੇਸ਼ਾ ਦੇਵਾਂ ਧੁਰਦਰਗਾਹੀਆ । ਹੁਣ ਹੱਦ ਮੁਕਣੀ ਕਾਅਬਿਆਂ ਵਾਲੇ ਹੱਜ ਦੀ, ਮਹਿਰਾਬਾਂ ਵਿਚ ਨਾ ਕੋਇ ਵਡਿਆਈਆ । ਸਦੀ ਚੌਧਵੀਂ ਵੇਖੋ ਨੰਗੀ ਪੈਰੀਂ ਭੱਜਦੀ, ਮੰਜ਼ਲ ਪੈਂਡਾ ਪੰਧ ਮੁਕਾਈਆ । ਜਿਸ ਦੀ ਆਯੂ ਜਾਂਦੀ ਲੰਘਦੀ, ਸਮਾਂ ਸਮੇਂ ਨਾਲ ਬਦਲਾਈਆ । ਮੈਂ ਕਥਾ ਕਹਾਣੀ ਦੱਸਾਂ ਪੁਰੀ ਅਨੰਦ ਦੀ, ਜੋ ਗੋਬਿੰਦ ਗੋਬਿੰਦ ਗਿਆ ਦ੍ਰਿੜਾਈਆ । ਜਿਸ ਵੇਲੇ ਧਾਰ ਦਿਸਣੀ ਨਹੀਂ ਕਿਸੇ ਸਚਖੰਡ ਦੀ, ਖੰਡਾ ਖੜਗ ਨਾ ਕੋਇ ਵਡਿਆਈਆ । ਸਹਾਇਤਾ ਕਰੇ ਨਾ ਕੋਇ ਜੇਰਜ ਅੰਡ ਦੀ, ਉਤਭੁਜ ਸੇਤਜ ਮੇਲ ਨਾ ਕੋਇ ਮਿਲਾਈਆ । ਬੰਦਗੀ ਰਹਿਣੀ ਨਹੀਂ ਬੰਦ ਬੰਦ ਦੀ, ਬੰਦਨਾ ਵਿਚ ਸੀਸ ਨਾ ਕੋਇ ਨਿਵਾਈਆ । ਮੁਹੱਬਤ ਰਹਿਣੀ ਨਹੀਂ ਗੁਜਰੀ ਚੰਦ ਦੀ, ਚੰਦ ਚਾਂਦਨਾ ਦਏ ਗਵਾਹੀਆ । ਮੇਰੀ ਮਨਸਾ ਪੂਰੀ ਉਮੰਗ ਦੀ, ਸਚ ਸਚ ਸਮਝਾਈਆ । ਸ਼ਰਅ ਮੇਟਣੀ ਦੂਈ ਦਵੈਤੀ ਕੰਧ ਦੀ, ਭਾਂਡਾ ਭਰਮ ਦੇਣਾ ਭੰਨਾਈਆ । ਮਨਸਾ ਰਹੇ ਨਾ ਕੂੜੀ ਗੰਦ ਦੀ, ਤ੍ਰਿਸ਼ਨਾ ਮੋਹ ਦੇਣਾ ਮਿਟਾਈਆ । ਇਕੋ ਓਟ ਹੋਵੇ ਪੁਰਖ ਅਕਾਲ ਤੇਰੇ ਛੰਦ ਦੀ, ਤੂੰ ਮੇਰਾ ਮੈਂ ਤੇਰਾ ਢੋਲਾ ਲੈਣਾ ਗਾਈਆ । ਜਨ ਭਗਤਾਂ ਆਤਮ ਰੰਗੀ ਹੋਵੇ ਤੇਰੇ ਰੰਗ ਦੀ, ਰੰਗ ਚਲੂਲ ਇਕ ਚੜ੍ਹਾਈਆ । ਬਾਕੀ ਸ੍ਰਿਸ਼ਟੀ ਰਾਹ ਤਕਦੀ ਹੋਵੇ ਜੰਗ ਦੀ, ਜਗਹ ਜਗਹ ਪਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ ।


੧੩੯੫
੨੨

ਪਗੜੀ ਕਹੇ ਮੈਂ ਤਕੇ ਗੋਸ਼ੇ ਕੋਨੇ, ਚਾਰੋਂ ਕੁੰਟ ਧਿਆਨ ਲਗਾਈਆ । ਜਟਾ ਜੂਟ ਧਾਰ ਮੌਲੇ, ਤਤਵ ਤਤ ਫੋਲ ਫੁਲਾਈਆ । ਜ਼ੇਵਰ ਜ਼ਰ ਵੇਖੇ ਚਾਂਦੀ ਸੋਨੇ, ਕੰਚਨ ਤਕੇ ਥਾਉਂ ਥਾਈਂਆ । ਮੈਂ ਵੇਖੇ ਅੱਖ ਨੇਤਰ ਲੋਚਨ ਲੋਇਨੇ, ਪਰਦੇ ਪਰਦਿਆਂ ਵਿਚੋਂ ਉਠਾਈਆ । ਜਗਤ ਰੂਪ ਅਨੂਪ ਤਕੇ ਸੋਹਣੇ, ਤਨ ਮਾਟੀ ਖ਼ਾਕ ਨਾਲ ਸੁਹਾਈਆ । ਰਸਨਾ ਜਿਹਵਾ ਰਾਗ ਤਕੇ ਗਾਉਣੇ, ਸਿਫ਼ਤਾਂ ਵਿਚ ਸਾਲਾਹੀਆ । ਕੂੜ ਕਿਰਿਆ ਦੀ ਧਾਰ ਤਕੇ ਅਣਹੋਣੇ, ਕਲਜੁਗ ਅਨਡਿਠੜੀ ਕਾਰ ਕਮਾਈਆ । ਪ੍ਰਭੂ ਬਿਨ ਤੇਰੀ ਕਿਰਪਾ ਤੇਰੇ ਸ਼ਬਦ ਸਿੰਘਾਸਣ ਮੂਲ ਨਾ ਸੌਣੇ, ਦਰਗਹ ਸਚ ਨਾ ਕੋਇ ਸੁਹਾਈਆ । ਜਿਧਰ ਤਕਾਂ ਘਰ ਘਰ ਪਏ ਰੋਣੇ, ਨੇਤਰ ਨੀਰ ਕੂੜ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਪਗੜੀ ਕਹੇ ਮੈਂ ਦੀਨ ਦੁਨੀ ਦੀ ਧਾਰ ਵੇਖੀ ਟੁੱਟੀ, ਟੁੱਟਿਆਂ ਗੰਢ ਨਾ ਕੋਇ ਪਵਾਈਆ । ਸਚ ਦੀ ਸਚ ਵਸਤ ਗਈ ਲੁੱਟੀ, ਕੂੜ ਕਿਰਿਆ ਜਗਤ ਹੱਥ ਵਡਿਆਈਆ । ਮੈਂ ਅੰਗੜਾਈ ਲੈ ਕੇ ਉਠੀ ਚਾਰੋਂ ਕੁੰਟ ਧਿਆਨ ਰਖਾਈਆ । ਬਿਨਾ ਭਗਤਾਂ ਤੋਂ ਦਿਸੇ ਕੋਈ ਨਾ ਸੁਖੀ, ਸੁਖ ਸਾਗਰ ਵਿਚ ਨਾ ਕੋਇ ਸਮਾਈਆ । ਜਿਹੜੇ ਤੇਰਾ ਭਾਣਾ ਮੰਨਦੇ ਖਾ ਕੇ ਰੁੱਖੀ ਸੁੱਖੀ, ਉਹਨਾਂ ਨਾਲ ਤੇਰੀ ਗੰਢ ਧੁਰ ਦੀ ਨਜ਼ਰੀ ਆਈਆ । ਪੋਸ਼ੀਦਾ ਗੱਲ ਰਹੀ ਨਾ ਲੁਕੀ, ਓਹਲਾ ਵਿਚ ਨਾ ਕੋਇ ਵਖਾਈਆ । ਜਿਨ੍ਹਾਂ ਤੇਰਾ ਨਾਮ ਜਪਿਆ ਦੋ ਤੁਕੀ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਉਨ੍ਹਾਂ ਉਜਲ ਕਰਨਾ ਮੁਖੀ, ਦੁਰਮਤ ਮੈਲ ਦੇਣੀ ਧਵਾਈਆ । ਆਤਮ

੧੩੯੬ ਧਾਰ ਕਰਕੇ ਸੁੱਚੀ, ਸਤਿ ਪੁਰਖ ਆਪਣੇ ਨਾਲ ਲੈਣੀ ਮਿਲਾਈਆ । ਸਚਖੰਡ ਦੀ ਮੰਜ਼ਲ ਦੇ ਕੇ ਉਚੀ, ਉਚ ਅਗੰਮ ਅਥਾਹ ਆਪਣੇ ਗ੍ਰਹਿ ਲੈਣਾ ੧੩੯੬

੨੨ ਟਿਕਾਈਆ । ਪਗੜੀ ਕਹੇ ਮੈਂ ਬੇਨੰਤੀ ਕਰਦੀ ਰੁੱਖੀ ਰੁੱਖੀ, ਜਨ ਭਗਤਾਂ ਸੀਸ ਦੇਣੀ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੨੨

ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਸਤਕ ਲੇਖ ਬਣਾਈਆ । ਪਗੜੀ ਕਹੇ ਮੈਂ ਵੇਖੀਆਂ ਚਾਰੇ ਗੁੱਠਾਂ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਚਾਰੋਂ ਕੁੰਟ ਕੂੜ ਦੀਆਂ ਲੁੱਟਾਂ, ਲੁਟੇਰਾ ਕਲਜੁਗ ਬਣਿਆ ਵਾਹੋ ਦਾਹੀਆ । ਜਗਤ ਜਹਾਨ ਦੋਹਾਗਣਾਂ ਮੇਂਢੀਆਂ ਖੁਲ੍ਹ ਗਈਆਂ ਗੁੱਤਾਂ, ਸੀਸ ਜਗਦੀਸ ਨਾ ਕੋਇ ਗੁੰਦਾਈਆ । ਧਰਮ ਧਾਰ ਰਹੀ ਨਾ ਰੁਤਾ, ਰੁਤੜੀ ਤੇਰਾ ਨਾਮ ਨਾ ਕੋਇ ਮਹਿਕਾਈਆ । ਮਾਨਵ ਮਾਨਸ ਮਾਨੁਖ ਸੁਰਤੀ ਧਾਰ ਨਾ ਉਠੇ ਸੁੱਤਾ, ਸ਼ਬਦ ਹਲੂਣਾ ਨਾ ਕੋਇ ਲਗਾਈਆ । ਸਭ ਦਾ ਹਿਰਦਾ ਅੰਤਰ ਦੁਖਾ, ਦੁਖੀਆਂ ਦਰਦ ਨਾ ਕੋਇ ਵੰਡਾਈਆ । ਸੁਫਲ ਹੋਏ ਕਿਸੇ ਨਾ ਕੁੱਖਾ, ਭਗਤ ਜਨਮੇ ਕੋਇ ਨਾ ਮਾਈਆ । ਬਿਨ ਤੇਰੀ ਕਿਰਪਾ ਜਨ ਭਗਤਾਂ ਕਹੇ ਕੋਇ ਨਾ ਪੁੱਤਾ, ਸੁਤ ਦੁਲਾਰ ਗੋਦ ਨਾ ਕੋਇ ਟਿਕਾਈਆ । ਜਗਤ ਜਹਾਨ ਨਿਸ਼ਾਨਿਉਂ ਘੁੱਥਾ, ਮੰਜ਼ਲ ਹੱਥ ਕਿਸੇ ਨਾ ਆਈਆ । ਤੇਰਾ ਪਿਆਰ ਤੇਰੇ ਨਾਲੋਂ ਰੁੱਠਾ, ਤੇਰੀ ਮੁਹੱਬਤ ਤੇਰੇ ਨਾਲ ਨਾ ਕੋਇ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਸਰਨਾਈਆ । ਪਗੜੀ ਕਹੇ ਮੈਨੂੰ ਇਸ਼ਾਰੇ ਦੇਂਦੀ ਦੇਵੀ ਵਾਲੀ ਲਾਟਾ, ਅਸ਼ਟਭੁਜ ਅੱਖ ਉਠਾਈਆ । ਮੇਰੀ ਮੰਜ਼ਲ ਪੂਰੀ ਹੋਈ ਵਾਟਾ, ਵਟਣਾ ਮਲ ਕੇ ਰਹੀ ਵਖਾਈਆ । ਫੇਰ ਖੁੱਲ੍ਹਾ ਕਰ ਕੇ ਝਾਟਾ, ਝਟ ਆਪਣੀ ਲਈ ਅੰਗੜਾਈਆ । ਫਿਰ ਵੇਖ ਕੇ ਪੁੱਠੀ ਖਾਟਾ, ਨੇਤਰ ਰੋਵੇ ਮਾਰੇ ਧਾਹੀਆ । ਫੇਰ ਤਕ ਕੇ ਗੋਬਿੰਦ ਵਾਲਾ ਬਾਟਾ, ਪਾਸਾ ਗਈ ਬਦਲਾਈਆ । ਫੇਰ ਤੱਕਿਆ ਜੋਤੀ ਜਾਤਾ, ਪੁਰਖ ਅਕਾਲਾ ਧੁਰਦਰਗਾਹੀਆ ।

ਜੋ ਸਭ ਦਾ ਆਦਿ ਅੰਤ ਦਾ ਰਾਖਾ, ਰੱਖਕ ਹੋ ਕੇ ਵੇਖ ਵਖਾਈਆ । ਝਟ ਆਵਾਜ਼ ਆਈ ਬਚਨ ਸੁਣ ਸਾਚਾ, ਸਚ ਦਿਆਂ ਸਮਝਾਈਆ । ਜਿਹੜਾ ਤਤ ਸਰੀਰ ਪੂਰਨ ਸਿੰਘ ਦਾ ਆਤਮਾ ਸਿੰਘ ਚਾਚਾ, ਚੰਦ ਨੂਰ ਜੋਤ ਰੁਸ਼ਨਾਈਆ । ਉਸ ਦਾ ਵਕਤ ਪ੍ਰਭੂ ਨੇ ਪਛਾਤਾ, ਸਮਾਂ ਨੇਰਨ ਨੇਰ ਵਖਾਈਆ । ਬਸੰਤ ਕੌਰ ਖ਼ੁਸ਼ੀਆਂ ਵਿਚ ਕਰੇ ਹਾਸਾ, ਸਚਖੰਡ ਪ੍ਰਭ ਅੱਗੇ ਸੀਸ ਨਿਵਾਈਆ । ਮੇਰੇ ਹਿੱਸੇ ਦਾ ਲੰਗਰ ਵਿਚ ਤ੍ਰਿਪਤ ਕੌਰ ਢਾਈ ਮੁੱਠੀਆਂ ਪਾ ਦੇ ਆਟਾ, ਮੇਰਾ ਲੰਗਰ ਜਨ ਭਗਤਾਂ ਨਾਲ ਦੇਣਾ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਬਸੰਤ ਕੌਰ ਕਹੇ ਮੈਂ ਸੇਵਾ ਕੀਤੀ ਅਪਾਰ, ਹਰਿ ਲੰਗਰ ਸੇਵ ਕਮਾਈਆ । ਬੂੜ ਸਿੰਘ ਹੋਣਾ ਖ਼ਬਰਦਾਰ, ਜਿਸ ਕਾਰਨ ਤੈਨੂੰ ਲਿਆ ਬੁਲਾਈਆ । ਲਾਲ ਪੀੜ੍ਹਾ ਕਰ ਕੇ ਲਿਆਉਣਾ ਤਿਆਰ, ਉਪਰ ਕਪੜ ਸੋਹਣਾ ਰੰਗ ਰੰਗਾਈਆ । ਛੱਬੀ ਪੋਹ ਨੂੰ ਜਿਸ ਤੇ ਹੋਣਾ ਵਿਹਾਰ, ਵਿਵਾਹ ਰਚਣਾ ਚਾਈਂ ਚਾਈਂਆ । ਇਹ ਖੇਲ ਸੱਚੀ ਸਰਕਾਰ, ਹਰਿ ਕਰਤਾ ਆਪ ਕਰਾਈਆ । ਪਗੜੀ ਕਹੇ ਮੈਂ ਭਗਤਾਂ ਦੇ ਸੀਸ ਦੀ ਬਣਾਂ ਦਸਤਾਰ, ਦਸਤ ਪ੍ਰਭ ਦੇ ਨਾਲ ਮਿਲਾਈਆ । ਸਭ ਦੇ ਅੰਦਰ ਧੁਰ ਦੇ ਨਾਮ ਦੀ ਹੋਵੇ ਗੁਫ਼ਤਾਰ, ਗੁਫ਼ਤ ਸ਼ੁਨੀਦ ਰਾਗ ਅਲਾਈਆ ਜਨ ਭਗਤੋ ਆਪਣੇ ਅੰਤਰ ਸਾਰੇ ਕਰੋ ਇਕਰਾਰ, ਵਾਹਿਦਾ ਸਤਿਗੁਰ ਨਾਲ ਪਕਾਈਆ । ਸਤਿਗੁਰ ਦਾ ਖੇਲ ਜਿਸ ਨੂੰ ਸਮਝ ਸਕੇ ਨਾ ਕੋਇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਨਿਵਾਈਆ । ਅਵਤਾਰ ਪੈਗ਼ੰਬਰ ਪਾ ਨਾ ਸਕੇ ਸਾਰ, ਬੇਅੰਤ ਬੇਅੰਤ ਬੇਅੰਤ ਕਹਿ ਕੇ ਆਪਣਾ ਝਟ ਲੰਘਾਈਆ । ਸਭ ਦਾ ਲੇਖਾ ਇਕੋ ਜਿਹਾ ਪੁਰਖ ਨਾਰ, ਵਡਾ ਛੋਟਾ ਨਾ ਕੋਇ ਜਣਾਈਆ । ਦਰ ਆਇਆ ਸਭ ਦਾ ਕਰੇ ਉਧਾਰ, ਉਦਰ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੱਚੀ ਸਰਕਾਰ, ਸਰਕਾਰੇਆਲਾ ਆਹਲਾ ਅਦਨਾ ਇਕੋ ਰੰਗ ਰੰਗਾਈਆ ।

### ੧੪ ਸਾਵਣ ਸ਼ਹਿਨਸ਼ਾਹੀ ਸੰਮਤ ੭ ਕਪੂਰ ਸਿੰਘ ਦੇ ਗ੍ਰਿਹਿ ਮੋਗਾ ਸ਼ਹਿਰ ਜ਼ਿਲਾ ਫ਼ਿਰੋਜ਼ਪੁਰ

ਨਾਰਦ ਕਹੇ ਖਵਾਜਿਆ ਮੈਂ ਤਕੇ ਤੇਰੇ ਆਬ, ਆਬੇਹਯਾਤ ਨਜ਼ਰ ਕੋਇ ਨਾ ਆਈਆ । ਸ਼ਰਅ ਦੇ ਹਿੱਸੇ ਤਕੇ ਬਾਬ, ਵਰਕਾ ਵਰਕਾ ਫੋਲ ਫੁਲਾਈਆ । ਉਮਤੀ ਮਿੱਤਰ ਪਿਆਰੇ ਤਕੇ ਅਹਿਬਾਬ, ਕਾਇਨਾਤ ਖੋਜ ਖੁਜਾਈਆ । ਨਾਮ ਕਲਮੇ ਤਕੇ ਰਬਾਬ, ਸਿਤਾਰ ਸਚ ਨਾ ਕੋਇ ਵਜਾਈਆ । ਸਜਦੇ ਸੀਸ ਤਕੇ ਆਦਾਬ, ਬੰਦਗੀ ਵਿਚ ਨਾ ਕੋਇ ਸਮਾਈਆ । ਕਾਅਬੇ ਤਕੇ ਮਹਿਰਾਬ, ਮਹਿਬੂਬ ਮਿਲਣ ਕੋਇ ਨਾ ਪਾਈਆ । ਹਰਫ਼ ਹਰੂਫ਼ ਤਕੇ ਕਿਤਾਬ, ਕੁਤਬਖ਼ਾਨਿਆਂ ਪੜਦਾ ਆਪ ਚੁਕਾਈਆ । ਰਸਨਾ ਰਸ ਤਕੇ ਲੁਆਬ, ਜਿਹਵਾ ਜਗਤ ਜਹਾਨ ਵੇਖ ਵਖਾਈਆ । ਸਤਿ ਦਾ ਸਚ ਨਾਲ ਵੱਜੇ ਕਿਤੇ ਨਾ ਨਾਦ, ਧੁਰ ਅਵਾਜ਼ ਨਾ ਕੋਇ ਸੁਣਾਈਆ । ਸ਼ਰਅ ਵਿਚੋਂ ਦਿਸੇ ਨਾ ਕੋਇ ਆਜ਼ਾਦ, ਬੰਧਨ ਬੰਦ ਨਾ ਕੋਇ ਕਟਾਈਆ । ਧੁਰ ਕਲਮੇ ਦੀ ਸੁਣੇ ਨਾ ਕੋਇ ਆਵਾਜ਼, ਅੰਦਰੋਂ ਰਾਜ਼ ਨਾ ਕੋਇ ਖੁਲ੍ਹਾਈਆ । ਉਠ ਤਕ ਲੇਖੇ ਲੱਗੀ ਨਾ ਕਿਸੇ ਨਿਮਾਜ਼, ਰੋਜ਼ਾ ਨਿਮਾਜ਼ ਵੁਜ਼ੂ

੧੩੯੭ ੨੨

ਕੰਮ ਕਿਸੇ ਨਾ ਆਈਆ । ਪਰਵਰਦਿਗਾਰ ਨਵਾਂ ਸਾਜਣ ਰਿਹਾ ਸਾਜ, ਸੱਜਣ ਮੀਤ ਧੁਰਦਰਗਾਹੀਆ । ਸਦੀ ਚੌਧਵੀਂ ਬੇੜਾ ਪੂਰ ਭਰਿਆ ਡੋਬੇ ਤੇਰੇ ਵਿਚ ਆਬ, ਜਲਧਾਰਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਖਵਾਜਾ ਕਹੇ ਨਾਰਦ ਮੈਂ ਪੈ ਗਿਆ ਵਿਚ ਸੋਚੀਂ, ਸਮਝ ਸਮਝ ਨਾਲ ਮਿਲਾਈਆ । ਸਭ ਕੁਛ ਤਕਾਂ ਨੈਣਾਂ ਲੋਚੀ, ਲੋਇਣ ਅੱਖ ਖੁਲ੍ਹਾਈਆ । ਜੋ ਇਸ਼ਾਰਾ ਦੇ ਕੇ ਗਿਆ ਰਵਦਾਸ ਚਮਾਰਾ ਮੋਚੀ, ਕਪਾਲਮੋਚਣ ਭੇਵ ਖੁਲ੍ਹਾਈਆ । ਉਹ ਗੱਲ ਪਿਛੇ ਕਿਸੇ ਨਾ ਸੋਚੀ, ਸਮਝ ਵਿਚ ਨਾ ਕੋਇ ਟਿਕਾਈਆ । ਬਹੁੜੀ ਪੈਗ਼ੰਬਰਾਂ ਦੀ ਖੁੱਸਣ ਲੱਗੀ ਰੋਜ਼ੀ, ਰਾਜ਼ਕ ਰਿਜ਼ਕ ਰਹੀਮ ਆਪਣਾ ਹੁਕਮ ਵਰਤਾਈਆ । ਏਕੰਕਾਰ ਇਕੋ ਦੇਣ ਲੱਗਾ ਸੋਝੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਬਣ ਕੇ ਠਾਕਰ ਧੁਰ ਦਾ ਮੌਜੀ, ਮਜਲਸ ਭਗਤਾਂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਖਵਾਜੇ ਨਿਗਹ ਮਾਰ ਵਿਚ ਕਾਅਬੇ, ਕਬਰਾਂ ਤੋਂ ਪਰੇ ਧਿਆਨ ਲਗਾਈਆ । ਕਿਸੇ ਦਾ ਪੁੰਨ ਰਿਹਾ ਨਾ ਸਵਾਬੇ, ਸਾਬਤ ਰੂਪ ਨਾ ਕੋਇ ਦਰਸਾਈਆ । ਹਿਰਦੇ ਗਏ ਕਿਸੇ ਨਾ ਸਾਧੇ, ਸਾਧਨਾ ਵਿਚ ਨਾ ਕੋਇ ਸਮਾਈਆ । ਅੰਤਰ ਆਤਮ ਪ੍ਰਭ ਨੂੰ ਨਾ ਕੋਈ ਆਰਾਧੇ, ਰਾਧੇ ਸ਼ਾਮ ਢੋਲੇ ਗਾ ਕੇ ਆਪਣਾ ਝਟ ਲੰਘਾਈਆ । ਸਦੀ ਚੌਧਵੀਂ ਮੂਲ ਕੋਈ ਨਾ ਜਾਗੇ, ਪੈਗ਼ੰਬਰਾਂ ਕਲਮਾ ਸਕੇ ਨਾ ਕਿਸੇ ਉਠਾਈਆ । ਉਹ ਤਕ ਕੁਛ ਲੇਖਾ ਕੋਲ ਵਾਘੇ, ਵਗਦੀ ਪੌਣ ਰਹੀ ਸਮਝਾਈਆ ।
੧੩੯੮ ਇਹ ਖੇਲ ਉਸ ਦੇ (ਡਾਢੇ), ਜੋ ਡੌਰੂ ਡੰਕ ਸ਼ਰਅ ਰਿਹਾ ਖੜਕਾਈਆ । ਹੁਣ ਭੇਵ ਰਹਿਣੇ ਨਹੀਂ ਵਿਚ ਸਾਡੇ, ਨਾਰਦ ਹੱਸ ਕੇ ਰਿਹਾ ਸੁਣਾਈਆ । ੧੩੯੮
ਉਮਤ ਲਡਾਉਣੇ ਨਹੀਂ ਕਿਸੇ ਨੇ ਲਾਡੇ, ਗੋਦੀ ਗੋਦ ਨਾ ਕੋਇ ਸੁਹਾਈਆ । ਹੁਕਮ ਸੁਣ ਕੀ ਫ਼ਰਮਾਨ ਮਿਲੇ ਆਜੇ, ਅਜ਼ਲ ਉਠ ਕੇ ਲੈ ਅੰਗੜਾਈਆ ।
੨੨ ਪ੍ਰਭ ਨਵੀਂ ਸਾਜਣਾ ਸਾਜੇ, ਸਚ ਸੁਹੇਲਾ ਇਕ ਅਖਵਾਈਆ । ਪਰਗਟ ਹੋ ਕੇ ਦੇਸ ਮਾਝੇ, ਮਝੇਰਾਂ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ੨੨
ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਵਖਾਈਆ । ਖਵਾਜਾ ਕਹੇ ਨਾਰਦ ਮੈਂ ਵੀ ਸੁਖਣਾ ਸੁਖਦਾ ਨਾਲ ਖ਼ੁਸ਼ੀ, ਖ਼ੁਸ਼ੀਆਂ ਵਿਚ ਜਣਾਈਆ । ਯਾਦ ਕਰਾਂ ਮਾਲਕ ਉਸੀ, ਜਿਸ ਦੀ ਉਸਤਤ ਕਰੇ ਲੋਕਾਈਆ । ਜਿਸ ਦੀ ਆਤਮ ਧਾਰ ਸ੍ਰਿਸ਼ਟੀ ਅੰਦਰ ਰੁੱਸੀ, ਰੁੱਸਿਆਂ ਸਕੇ ਨਾ ਕੋਇ ਮਨਾਈਆ । ਦੀਨਾਂ ਮਜ਼੍ਹਬਾਂ ਦੇ ਮਾਰਗ ਵਿਚ ਘੁਸੀ, ਮੰਜ਼ਲ ਹੱਕ ਨਾ ਕੋਇ ਚੜ੍ਹਾਈਆ । ਗੁਰ ਅਵਤਾਰ ਪੈਗ਼ੰਬਰ ਰਿਹਾ ਕੋਇ ਨਾ ਪੁਛੀ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਸਦੀ ਚੌਧਵੀਂ ਰੋਵੇ ਸਾਹ ਉਚੇ ਭੁੱਭੀ, ਹੌਕਿਆਂ ਵਿਚ ਕੁਰਲਾਈਆ । ਬਹੁੜੀ ਪਰਵਰਦਿਗਾਰ ਨੇ ਧਾਰ ਰਹਿਣ ਨਹੀਂ ਦੇਣੀ ਦੂਜੀ, ਦਵੈਤ ਦਾ ਝਗੜਾ ਦਏ ਚੁਕਾਈਆ । ਜਿਸ ਨੇ ਨਾਮ ਰਮਜ਼ ਧੁਰ ਕਲਮੇ ਦੀ ਮਾਰਨੀ ਗੁੱਝੀ, ਗੁਫ਼ਤ ਸ਼ਨੀਦ ਪੜਦਾ ਦਏ ਉਠਾਈਆ । ਰਸ ਰਹਿਣ ਨਹੀਂ ਦੇਣਾ ਧਾਰ ਦੁੱਧੀ, ਅੰਮ੍ਰਿਤ ਜਾਮ ਨਾ ਕੋਇ ਪਿਆਈਆ । ਉਤਮ ਸ੍ਰੇਸ਼ਟ ਰਹਿਣੀ ਕਿਸੇ ਨਹੀਂ ਬੁੱਧੀ, ਬੁੱਧੀ ਦਾ ਮਾਲਕ ਆਪਣਾ ਹੁਕਮ ਵਰਤਾਈਆ । ਖੇਲ ਵੇਖਣਾ ਧਰਮ ਧਾਰ ਦੀ ਸੁਦੀ, ਵਦੀ ਆਪਣਾ ਪੱਖ ਸਮਝਾਈਆ । ਜੋਤੀ ਜੋਤ ਸਰੂਪ ਹਰਿ, (ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ,) ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਵਰਤਾਏ ਗੁਝੀ, ਗੋਝ ਸਮਝੇ ਕੋਇ ਨਾ ਰਾਈਆ ।

## ੧੫ ਸਾਵਣ ਸ਼ਹਿਨਸ਼ਾਹੀ ਸੰਮਤ ੭ ਹਰਜੀਤ ਸਿੰਘ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ

ਨਾਰਦ ਕਹੇ ਸੁਣ ਪੀਰ ਖਵਾਜਾ, ਖੈਰਖਾਹੀ ਨਾਲ ਦ੍ਰਿੜਾਈਆ । ਨੀਰ ਦਾ ਹੋਵੇ ਕਵਣ ਰਾਜਾ, ਪਾਤਸ਼ਾਹ ਅਖਵਾਈਆ । ਜਿਸ ਤੇਰਾ ਸਾਜਣ ਸਾਜਾ, ਦਿਤੀ ਮਾਣ ਵਡਿਆਈਆ । ਸੁਣ ਉਸ ਦਾ ਹੁਕਮ ਬੋਧ ਅਗਾਧਾ, ਅਕਲ ਕਲਧਾਰੀ ਰਿਹਾ ਦ੍ਰਿੜਾਈਆ । ਜਿਸ ਨੇ ਜਗਤ ਜਹਾਨ ਨਿਵਾਜਾ, ਮਿਹਰ ਨਜ਼ਰ ਇਕ ਉਠਾਈਆ । ਉਸ ਦਾ ਖੇਲ ਤਕ ਵਿਚ ਮਾਝਾ, ਦੇਸ ਪਰਦੇਸ ਅੱਖ ਖੁਲ੍ਹਾਈਆ । ਜਿਸ ਲਹਿਣਾ ਪੂਰਾ ਕਰਨਾ ਵਾਲੇ ਬਾਜਾਂ, ਬਾਜ਼ੀ ਸਭ ਦੀ ਦਏ ਉਲਟਾਈਆ । ਜਨ ਭਗਤਾਂ ਰੱਖੇ ਲਾਜਾ, ਨਿਰਗੁਣ ਹੋ ਕੇ ਹੋਏ ਸਹਾਈਆ । ਸਦੀ ਚੌਧਵੀਂ ਬਦਲ ਦਏ ਸਮਾਜਾ, ਸਮਗਰੀ ਆਪਣਾ ਨਾਮ ਵਰਤਾਈਆ । ਅਵਤਾਰਾਂ ਪੈਗ਼ੰਬਰਾਂ ਪੂਰਾ ਕਰੇ ਵਾਹਿਦਾ, ਗੁਰੂ ਗੁਰਦੇਵ ਕੌਲ ਨਿਭਾਈਆ । ਏਕਾ ਸ਼ਬਦ ਵਜਾਏ ਨਾਦਾ, ਧੁਨ ਅਨਾਦੀ ਆਪ ਦ੍ਰਿੜਾਈਆ । ਨਿਰਵੈਰ ਹੋ ਕੇ ਅੰਤਮ ਜਾਗਾ, ਕਲਜੁਗ ਲਈ ਅੰਗੜਾਈਆ । ਕਰੇ ਖੇਲ ਪੁਰਖ ਸਮਰਾਥਾ, ਹਰਿ ਕਰਤਾ ਵਡ ਵਡਿਆਈਆ । ਯਾਦ ਕਰ ਜਿਸ ਵੇਲੇ ਖੇਲ ਕੀਤਾ ਵਿਚ ਦੋਆਬਾ, ਦੋ ਜਹਾਨ ਖੋਜ ਖੁਜਾਈਆ । ਤੂੰ ਹਾਜ਼ਰ ਹੋਣਾ ਕੋਲ ਬੇਆਬ ਵਾਲੇ ਆਬਾ, ਕੰਢੀ ਘਾਟ ਡੇਰਾ ਲਾਈਆ । ਨਾਲ ਹੁਕਮ ਦੀ ਲਿਆਉਣੀ ਕਿਤਾਬਾ, ਬਿਨ ਅੱਖਰਾਂ ਬਗ਼ਲ ਟਿਕਾਈਆ । ਸਜਦਿਆਂ ਵਿਚ ਕਰੀਂ ਆਦਾਬਾ, ਅਦਬ ਨਾਲ ਸੀਸ ਝੁਕਾਈਆ । ਮੁਖ ਰੱਖੀਂ ਵੱਲ ਕਾਅਬਾ, ਦਿਸ਼ਾ ਮਗ਼ਰਬ ਵੰਡ ਵੰਡਾਈਆ । ਲੇਖਾ ਪੂਰਾ ਤਕੀਂ ਹਿਸਾਬਾ, ਹਾਸਲ ਜ਼ਰਬ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਤਕੀਂ ਜਹਾਦਾ, ਜਹਾਦ ਵਿਚ ਦੁਹਾਈਆ । ਤੇਰਾ ਲਬਾਸ ਹੋਵੇ ਸਾਦਾ, ਕੁੱਲਾ ਸੀਸ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਸੁਣ ਖਵਾਜੇ ਖਿਜ਼ਰ ਪੀਰ, ਪੀਰ ਪੀਰਾਂ ਰਿਹਾ ਦ੍ਰਿੜਾਈਆ । ਜਿਸ ਦੀ ਦੋ ਜਹਾਨ ਮਿਲਖ ਜਾਗੀਰ, ਜਾਗਰਤ ਜੋਤ ਕਰੇ ਰੁਸ਼ਨਾਈਆ । ਉਸ ਦਾ ਹੁਕਮ ਸੁਣ ਅਖ਼ੀਰ, ਆਖ਼ਰ ਰਿਹਾ ਸੁਣਾਈਆ । ਜੋ ਗੰਗਾ ਧਾਰ ਵਾਅਦਾ ਕੀਤਾ ਕਬੀਰ, ਕਬਰਾਂ ਤੋਂ ਬਾਹਰ ਧਿਆਨ ਲਗਾਈਆ । ਸੋ ਖੇਲ ਕਰੇ ਗੁਣੀ ਗਹੀਰ, ਗਹਿਰ ਗਵਰ ਆਪਣੀ ਕਾਰ ਕਮਾਈਆ । ਤੂੰ ਹੋਣਾ ਨਹੀਂ ਦਿਲਗੀਰ, ਧੀਰਜ ਧੀਰ ਨਾਲ ਪਰਗਟਾਈਆ । ਬੇਆਸ ਪਾਰ ਕਿਨਾਰੇ ਖੜਾ ਹੋਣਾ ਸ਼ਰਅ ਦੀ ਤੋੜ ਜੰਜ਼ੀਰ ਸ਼ਰੀਅਤ ਸੰਗ ਨਾ ਕੋਇ ਰਖਾਈਆ । ਸਤਿਗੁਰ ਸ਼ਬਦ ਸਤਿਗੁਰ ਦਾ ਬਸਤਰ ਪੀਲਾ ਹੋਵੇ ਚੀਰ, ਤਨ ਤਨ ਨਾਲ ਸੁਹਾਈਆ । ਤੂੰ ਚੌਦਾਂ ਵਾਰ ਮਾਰਨੀ ਚੌਦਸ ਧਾਰ ਲਕੀਰ, ਲਾਈਨ ਐਨ ਦੇਣੀ ਵਖਾਈਆ । ਫੇਰ ਹੁਕਮ ਸੰਦੇਸ਼ਾ ਦੇਵੇ ਬੇਨਜ਼ੀਰ, ਨਜ਼ਰੀਆ ਸਭ ਦਾ ਦਏ ਬਦਲਾਈਆ । ਨਾਰਦ ਕਹੇ ਖਵਾਜਾ ਤੂੰ ਬੱਚਾ ਖਾਰਸ਼ੀਰ, ਬਾਲ ਬਾਲਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖ ਇਕ ਬਣਾਈਆ । ਬੇਆਸ ਕਹੇ ਜਿਸ ਵੇਲੇ ਦਿਵਸ ਆਇਆ ਚੌਦਾਂ ਅੱਸੂ, ਆਸ ਮੇਰੀ ਪੂਰ ਕਰਾਈਆ । ਮੈਂ ਖਿੜ ਖਿੜਾ ਕੇ ਹੱਸੂੰ, ਹਸਤੀ ਤਕਾਂ ਬੇਪਰਵਾਹੀਆ । ਇਧਰ ਉਧਰ ਖ਼ੁਸ਼ੀਆਂ ਨਾਲ ਨੱਸੂੰ, ਆਰ ਪਾਰ ਇਕੋ ਰੰਗ ਰੰਗਾਈਆ । ਮੇਰੇ ਕੰਢੇ ਨੌਂ ਸੇਰ ਗੁੜ ਲੈ ਕੇ ਖੜਾ ਹੋਵੇ ਸਿੰਘ ਮੱਸੂ, ਮੱਸਾ ਸਿੰਘ ਪਿਛਲੀ ਸੇਵ ਕਮਾਈਆ । ਜਿਸ ਦਾ ਲਹਿਣਾ ਪੁਰਖ ਅਕਾਲਾ ਦੀਨ ਦਿਆਲਾ ਦੱਸੂ, ਦਹਿ ਦਿਸ਼ਾ ਅੱਖ ਖੁਲ੍ਹਾਈਆ । ਮੌਲੀ ਦਾ ਤੰਦ ਸਵਾ ਗਜ਼ ਲੈ ਕੇ ਖਲੋਤਾ ਹੋਵੇ ਸਿੰਘ ਜੱਸੂ, ਜਸਬੀਰ ਆਪਣਾ

ਰੰਗ ਰੰਗਾਈਆ । ਖਵਾਜਾ ਖਿਜਰ ਆਪਣੀ ਵਹੀਰ ਘੱਤੂ, ਭੱਜੇ ਵਾਹੋ ਦਾਹੀਆ । ਲਾਲ ਪਗੜੀ ਲੈ ਕੇ ਆਵੇ ਸਿੰਘ ਰੱਤੂ, ਰਤਨ ਸਿੰਘ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਦਾਤਾ ਧੁਰਦਰਗਾਹੀਆ । ਬੇਆਸ ਕਹੇ ਮੈਂ ਨਿਵ ਨਿਵ ਕਰਨੀ ਬੰਦਨਾ, ਡੰਡਾਵਤ ਸੀਸ ਨਿਵਾਈਆ । ਜਿਸ ਵੇਲੇ ਮੇਰਾ ਪਾਰ ਕਿਨਾਰਾ ਲੰਘਣਾ, ਲਹਿੰਗਾ ਚੁੱਕੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਜਗਤ ਜਹਾਨ ਵਾਲੀ ਮਾਈਆ । ਮੈਨੂੰ ਆਉਣਾ ਇਕ ਅਨੰਦਨਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਮੈਂ ਤਕਣਾ ਨੂਰੀ ਚੰਦਨਾ, ਚੰਦ ਨੂਰ ਜੋਤ ਰੁਸ਼ਨਾਈਆ । ਜਿਸ ਗੋਬਿੰਦ ਸ਼ਬਦ ਲਾਇਆ ਅੰਗਣਾ, ਅੰਗੀਕਾਰ ਇਕ ਵਖਾਈਆ । ਉਸ ਨਵੀਂ ਚਾੜ੍ਹਨੀ ਰੰਗਣਾ, ਤਬਦੀਲੀ ਕਰੇ ਜਗਤ ਲੋਕਾਈਆ । ਖਵਾਜੇ ਤੇਰਾ ਵੰਞ ਮੁਹਾਣਾ ਲੰਘਣਾ, ਵੰਝੀ ਹਾਥ ਕਿਛ ਨਾ ਆਈਆ । ਲੇਖਾ ਮੁਕਾਉਣਾ ਸਭਨਾ, ਸਭਾ ਮਲੇਛ ਕੂੜ ਦੇਣੀ ਉਠਾਈਆ । ਖੇਲ ਵੇਖਣਾ ਉਪਰ ਗਗਨਾ, ਗਗਨੰਤਰਾਂ ਪਰੇ ਦਰਸਾਈਆ । ਚਾਰ ਕੁੰਟ ਕੂੜ ਕੁੜਿਆਰੀ ਲੱਗੇ ਅੱਗਣਾ, ਆਂਚ ਸਕੇ ਨਾ ਕੋਇ ਬੁਝਾਈਆ । ਇਕੋ ਡੌਰੂ ਡੰਕਾ ਵੱਜਣਾ, ਵਾਹਿਦ ਹੁਕਮ ਸੁਣਾਈਆ । ਬੇਆਸ ਕਹੇ ਮੈਂ ਨੌਂ ਵਾਰ ਚਰਨ ਸਰੋਵਰ ਕਰਨਾ ਮਜਨਾ, ਆਪ ਆਪਣੀ ਮੈਲ ਧਵਾਈਆ । ਇਹ ਖੇਲ ਪ੍ਰਭੂ ਨਿਰੰਜਣਾ, ਨਰ ਨਰਾਇਣ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਆਅਲਾ ਅਦਨਾ, ਇਨਸਾਫ਼ ਆਪਣੇ ਹੱਥ ਰਖਾਈਆ ।





## ੧੭ ਸਾਵਣ ਸ਼ਹਿਨਸ਼ਾਹੀ ਸੰਮਤ ੭ ਗੁਰਦਿਆਲ ਸਿੰਘ ਦੇ ਗ੍ਰਿਹ ਪਿੰਡ ਮੂਧਲ ਜ਼ਿਲਾ ਅੰਮ੍ਰਿਤਸਰ

ਸਦੀ ਚੌਧਵੀਂ ਕਹੇ ਮੁਹੰਮਦ ਸੁਣ ਅਗੰਮੀ ਨਗ਼ਮਾ, ਅਲਿਫ਼ ਯੇ ਤੋਂ ਬਾਹਰ ਧਿਆਨ, ਲਗਾਈਆ । ਦਰੋਹੀ ਲਾਸ਼ਰੀਕ ਮੈਨੂੰ ਦੇਣ ਵਾਲਾ ਸਦਮਾ, ਸਦਾ ਹੋਕੇ ਦਿਆਂ ਜਣਾਈਆ । ਅੰਤ ਅਖ਼ੀਰ ਝੁਕ ਜਾ ਇਕ ਨੂਰ ਦੇ ਕਦਮਾ, ਕਦੀਮ ਦੇ ਮਾਲਕ ਧਿਆਨ ਲਗਾਈਆ । ਜਿਸ ਝਗੜਾ ਮੇਟਣਾ ਮਾਟੀ ਖ਼ਾਕ ਬਦਨਾ, ਬਦੀ ਦਾ ਡੇਰਾ ਦੇਣਾ ਢਾਹੀਆ । ਕੁਛ ਝਗੜਾ ਪੈਣ ਵਾਲਾ ਵਿਚ ਅਦਨਾ, ਅੱਗੇ ਹੋ ਨਾ ਕੋਇ ਅਟਕਾਈਆ । ਜੋ ਬੇਨਜ਼ੀਰ ਕਰਨ ਵਾਲਾ ਇਨਸਾਫ਼ ਅਦਲਾ, ਅਦਲ ਆਪਣਾ ਇਕ ਕਮਾਈਆ । ਦੀਨ ਦੀਨ ਦਾ ਲਾਹਵੇ ਬਦਲਾ, ਮਜ਼੍ਹਬ ਮਜ਼੍ਹਬ ਨਾਲ ਠੁਕਰਾਈਆ । ਮੈਂ ਨੇਤਰ ਧਾਰ ਪਾਉਣੀ ਕਜਲਾ, ਚਾਰੋਂ ਕੁੰਟ ਅੱਖ ਉਠਾਈਆ । ਉਮਤੀ ਉਮਤ ਦਾ ਰਹਿਣਾ ਨਹੀਂ ਕੋਈ ਸੱਜਣਾ, ਸਾਜਣ ਮੀਤ ਨਾ ਸੰਗ ਨਿਭਾਈਆ । ਸਭ ਨੇ ਚਾਰੋਂ ਕੁੰਟ ਵੰਞਣਾ, ਬੰਝ ਮੁਹਾਣੇ ਦੇਣ ਗਵਾਹੀਆ । ਉਹ ਤਕ ਖਵਾਜਾ ਨੀਰ ਦਾ ਪੀਰ ਕਰੇ ਬੰਦਨਾ, ਬੰਦਗੀ ਵਿਚ ਸੀਸ ਝੁਕਾਈਆ । ਨਬੀ ਰਸੂਲ ਕੋਈ ਨਾ ਲਾਵੇ ਅੰਗਣਾ, ਚਾਰ ਯਾਰੀ ਰਹੀ ਕੁਰਲਾਈਆ । ਦੁਹਾਈ ਦਰਦ ਕਿਸੇ ਨਾ ਵੰਡਣਾ, ਦੁਖੀਆਂ ਦੁੱਖ ਨਾ ਕੋਇ ਮਿਟਾਈਆ । ਪਰਵਰਦਿਗਾਰ ਸਾਂਝੇ ਯਾਰ ਨੂਰ ਇਲਾਹੀ ਸਭ ਨੂੰ ਡੰਡਣਾ, ਡੰਡਾਵਤ ਸਭ ਦੀ ਦਏ ਬਦਲਾਈਆ । ਸ਼ਰਅ ਸ਼ਰੀਅਤ ਦੀ ਢਾਹਵੇ ਕੰਧਨਾ, ਮਾਰਗ ਇਕੋ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪਰਵਾਹੀਆ ।

ਮੁਹੰਮਦ ਕਹੇ ਸਦੀ ਚੌਧਵੀਂ ਅੰਤ ਅਖ਼ੀਰ ਮਾਰ ਝਾਕੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੇਰਾ ਮਾਲਕ ਖ਼ਾਲਕ ਪ੍ਰਿਤਪਾਲਕ ਵੇਖਣਹਾਰਾ ਬੰਦਾ ਖ਼ਾਕੀ, ਚਾਰੋਂ ਕੁੰਟ ਖੋਜ ਖੁਜਾਈਆ । ਮੈਂ ਸ਼ਰਅ ਦਾ ਰਿਹਾ ਮੂਲ ਨਾ ਸਾਕੀ, ਸਾਖਿਆਤ ਦਿਆਂ ਦ੍ਰਿੜਾਈਆ । ਸਚ ਦੀ ਬੰਦ ਹੋਈ ਤਾਕੀ, ਤਕਵਾ ਹੱਕ ਨਾ ਕੋਇ ਜਣਾਈਆ । ਸ਼ਰਅ ਦੀ ਆਸਾ ਹੋਈ ਆਕੀ, ਮਨਸਾ ਮਨ ਨਾ ਕੋਇ ਮਿਟਾਈਆ । ਹੱਕ ਰਿਹਾ ਨਾ ਕੋਇ ਅਖ਼ਲਾਕੀ, ਇਖ਼ਤਲਾਫ਼ ਵਿਚ ਦੁਹਾਈਆ । ਖੇਲ ਹੋਣਾ ਇਤਫ਼ਾਕੀ, ਇਤਫ਼ਾਕੀਆਂ ਆਪਣਾ ਹੁਕਮ ਵਰਤਾਈਆ । ਦੀਨ ਦੁਨੀ ਦੀ ਤਕੇ ਨਿਫ਼ਾਕੀ, ਗ੍ਰਹਿ ਮੰਦਰ ਤਨ ਤਤ ਧਿਆਨ ਲਗਾਈਆ । ਜਿਸ ਨੇ ਕਿਸੇ ਦੀ ਰਹਿਣ ਨਹੀਂ ਦੇਣੀ ਗੁਸਤਾਖੀ, ਗਹਿਰ ਗੰਭੀਰ ਆਪਣਾ ਹੁਕਮ ਵਰਤਾਈਆ । ਮੇਰੀ ਅੰਤਮ ਪੂਰੀ ਕਰੇ ਆਸੀ, ਆਹਿਸਤਾ ਆਹਿਸਤਾ ਆਪਣਾ ਖੇਲ ਵਖਾਈਆ । ਜਿਨ੍ਹਾਂ ਈਸਾ ਨੂੰ ਚਾੜ੍ਹਿਆ ਫਾਂਸੀ, ਸਦੀ ਬੀਸਵੀਂ ਆਪਣੀ ਲਏ ਅੰਗੜਾਈਆ । ਸੋ ਲੇਖਾ ਮੰਗੇ ਪੁਰਖ ਅਬਿਨਾਸ਼ੀ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਅਗੰਮ ਅਥਾਹੀਆ । ਸਦੀ ਚੌਧਵੀਂ ਕਹੇ ਹਜ਼ਰਤ ਉਠ ਛੇਤੀ ਨਾਲ ਤਕ, ਮਸ਼ਰਕ ਮਗ਼ਰਬ ਧਿਆਨ ਲਗਾਈਆ । ਈਸਾ ਦਾ ਕਲਾਕ ਕਰੇ ਟਕ ਟਕ, ਬੀਸ ਬੀਸਾ ਨਾਲ ਮਿਲਾਈਆ । ਉਮਤ ਉਮਤੀ ਰਹੇ ਨਾ ਸ਼ੱਕ, ਸ਼ਿਕਵਾ ਸਾਰਾ ਦੇਣਾ ਗਵਾਈਆ । ਚਾਰੋਂ ਕੁੰਟ ਨੂਰ ਦੀ ਥਾਂ ਦਿਸੇ ਰੱਤ, ਤਤ ਤਤ ਨਾਲ ਲੜਾਈਆ । ਸ਼ਰਅ ਸ਼ਰਅ ਹੋਈ ਵਖ, ਸ਼ਰੀਅਤ ਸੰਗ ਨਾ ਕੋਇ ਨਿਭਾਈਆ । ੳ ਸੁਣ ਜੈਕਾਰਾ
੧੪੦੧ ਅਲੱਖ, ਅਲਖ ਅਗੋਚਰ ਰਿਹਾ ਦ੍ਰਿੜਾਈਆ । ਤੇਰੇ ਰਹਿਣਾ ਨਹੀਂ ਕੁਛ ਹੱਥ, ਹਥੇਲੀ ਖ਼ਾਲੀ ਹਥੇਲੀ ਨਾਲ ਮਿਲਾਈਆ । ਸਭ ਨੇ ਸੱਥਰ ਜਾਣਾ ੧੪੦੧
ਲੱਥ, ਸੱਥਰ ਗੋਬਿੰਦ ਯਾਰੜਾ ਦਏ ਗਵਾਹੀਆ । ਚੌਦਾਂ ਤਬਕਾਂ ਖੇੜਾ ਹੋਣਾ ਭੱਠ, ਅੱਗੇ ਹੋ ਨਾ ਕੋਇ ਬਚਾਈਆ । ਕਲਮਾ ਕਾਇਨਾਤ ਕਿਸੇ
੨੨ ਨਾ ਲੈਣਾ ਰੱਟ, ਰੱਟਾ ਹੋਵੇ ਕੂੜ ਲੋਕਾਈਆ । ਆਪਣਾ ਸਰ ਸਿਰ ਪਰਵਰਦਿਗਾਰ ਦੇ ਕਦਮਾਂ ਉਤੇ ਸਟ, ਬਿਨਾ ਸੀਸ ਤੋਂ ਸੀਸ ਨਿਵਾਈਆ । ੨੨
ਸਜਦੇ ਵਿਚ ਕਹੇ ਮੈਨੂੰ ਨੌਂ ਸਾਲ ਹੋਰ ਲੈਣ ਦੇ ਕਟ, ਅੱਗੇ ਆਸ ਨਾ ਕੋਇ ਤਕਾਈਆ । ਜਿਸ ਵੇਲੇ ਚੌਦਾਂ ਸੌ ਸਾਲ ਗਏ ਟੱਪ, ਟੱਪਾ ਕਲਮੇ ਵਾਲਾ ਦੇਣਾ ਬਦਲਾਈਆ । ਤੇਰੇ ਨਾਮ ਦੀ ਮੋਹਰ ਲੱਗੇ ਝਟ, ਠੱਪਾ ਇਕੋ ਇਕ ਵਖਾਈਆ । ਨਵ ਸੱਤ ਨਵ ਦਰ ਨਵ ਵਾਸਨਾ ਤੋਂ ਬਾਹਰ ਤੇਰਾ ਆਵੇ ਰਸ, ਰਸਤਾ ਇਕੋ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਤੇਰੀ ਖੇਲ ਸਦਾ ਅਕਥ, ਮਿਹਰਵਾਨ ਮਹਿਬੂਬ ਕਥਨੀ ਕਥ ਨਾ ਸਕੇ ਰਾਈਆ ।

### ✪ ੨੧ ਸਾਵਣ ਸ਼ਹਿਨਸ਼ਾਹੀ ਸੰਮਤ ੭ ਜਗਜੀਤ ਸਿੰਘ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ✪

ਬਾਵਨ ਕਹੇ ਮੇਰਾ ਬਿਰਧ ਰੂਪ ਇਤਨਾ, ਬ੍ਰਾਹਮਣ ਬ੍ਰਹਮ ਸਮਝ ਕਿਸੇ ਨਾ ਆਈਆ । ਮੈਂ ਲੇਖਾ ਲਿਖਿਆ ਵੇਖਾਂ ਮਾਨਵ ਧਾਰ ਬਿਧਨਾ, ਬਿਧ ਆਪਣੀ ਨਾ ਕਿਸੇ ਜਣਾਈਆ । ਪਤਾ ਨਹੀਂ ਕਿਸ ਬਿਧ ਸਮਾਂ ਲੰਘਿਆ ਇਤਨਾ, ਸਤਿਜੁਗ ਤੋਂ ਕਲਜੁਗ ਰੂਪ ਬਦਲਾਈਆ । ਜਿਸ ਦਾ

ਖੇਲ ਜਗਤ ਕਿਸੇ ਨਾ ਦਿਸਨਾ, ਦਹਿ ਦਿਸ਼ਾ ਵੇਖਣ ਕੋਇ ਨਾ ਪਾਈਆ । ਉਸ ਭਗਤਾਂ ਵੰਡਾਉਣਾ ਹਿੱਸਨਾ, ਹਿੱਸੇਦਾਰ ਇਕ ਹੋ ਆਈਆ । ਜਿਸ ਦਾ ਲੇਖ ਕਿਸੇ ਨਾ ਲਿਖਣਾ, ਕਾਤਬ ਕਲਮ ਨਾ ਕੋਇ ਵਡਿਆਈਆ । ਉਹ ਵੇਸ ਵਟਾਏ ਨਿਤ ਨਵਿਤਨਾ, ਜੁਗ ਜੁਗ ਆਪਣੀ ਕਾਰ ਕਮਾਈਆ । ਸਚ ਸੁਹੇਲਾ ਬਣੇ ਮਿਤਨਾ, ਮਿੱਤਰ ਪਿਆਰਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਬਾਵਨ ਕਹੇ ਜਿਹੜਾ ਬਲ ਦਾ ਬਲ ਵਾਲਾ ਦਰਬਾਨ, ਦਰ ਸਾਚੇ ਸੋਭਾ ਪਾਈਆ । ਉਸ ਕੀਤਾ ਚਰਨ ਧਿਆਨ, ਧਿਆਨ ਧਿਆਨ ਵਿਚੋਂ ਬਦਲਾਈਆ । ਜੇ ਕਰ ਮੇਰੇ ਗ੍ਰਹਿ ਆਵੇ ਭਗਵਾਨ, ਹਰਿ ਭਗਵਨ ਬੇਪਰਵਾਹੀਆ । ਦਰਸ਼ਨ ਕਰਾਂ ਮਹਾਨ, ਨੇਤਰ ਨੈਣ ਅੱਖ ਉਠਾਈਆ । ਝਟ ਬਾਵਨ ਕੀਤੀ ਪਹਿਚਾਨ, ਅੰਦਰੇ ਅੰਦਰ ਵੇਖ ਵਖਾਈਆ । ਬੇਨੰਤੀ ਅਰਦਾਸ ਕਰ ਪਰਵਾਨ, ਸ਼ਬਦੀ ਹੁਕਮ ਨਾਲ ਜੁੜਾਈਆ । ਨਿਗਹ ਮਾਰ ਕੇ ਜਗਤ ਜਹਾਨ, ਕਲਜੁਗ ਅੰਤਮ ਰਾਹ ਤਕਾਈਆ । ਜਿਸ ਵੇਲੇ ਆਪ ਹੋਵਾਂ ਮਿਹਰਵਾਨ, ਮਿਹਰ ਨਜ਼ਰ ਨਜ਼ਰ ਉਠਾਈਆ । ਤੇਰੀ ਆਸ਼ਾ ਕਰਾਂ ਪਰਵਾਨ, ਪਰਮ ਪੁਰਖ ਹੋ ਕੇ ਆਪਣਾ ਰੰਗ ਰੰਗਾਈਆ । ਸਾਥ ਬਖ਼ਸ਼ਾਂ ਰਾਜ ਰਾਜਾਨ, ਬਲ ਬਲਧਾਰੀ ਜੋੜ ਜੁੜਾਈਆ । ਸਚ ਧਰਮ ਦਾ ਧਰਮ ਬਣਾਵਾਂ ਨਿਸ਼ਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਬਾਵਨ ਅੰਤਰ ਅੰਤਰ ਦਿਤਾ ਇਸ਼ਾਰਾ, ਸ਼ਬਦੀ ਸ਼ਬਦੀ ਸ਼ਬਦ ਧਾਰ ਜਣਾਈਆ । ਉਹ ਵੇਖ ਕਲਜੁਗ ਅੰਤ ਕਿਨਾਰਾ, ਨਈਆ ਨੌਕਾ ਪਾਰ ਨਾ ਕੋਇ ਕਰਾਈਆ । ਚਾਰ ਵਰਨ ਹੋਣ ਆਵਾਰਾ, ਸਿਰ ਹੱਥ ਨਾ ਕੋਇ ਟਿਕਾਈਆ । ਮੇਰਾ ਸਰੂਪ ਸਰਗੁਣ ਨਿਰਗੁਣ ਹੋਏ ਦੋਬਾਰਾ, ਦੋਹਰੀ ਧਾਰ ਜਣਾਈਆ । ਖੇਲ ਖੇਲਾਂ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਸੰਗ ਰਖਾਈਆ । ਲੇਖੇ ਲਾਵਾਂ ਬਲ ਦਵਾਰਾ, ਦਰ ਆਪਣਾ ਹੁਕਮ ਵਰਤਾਈਆ । ਤੇਰਾ ਜਨਮ ਕਰਮ ਨਾਲ ਰੱਖਾਂ ਸਤਿਗੁਰ ਧਾਰਾ, ਸਤਿਗੁਰ ਸਤਿ ਸਤਿ ਸਤਿ ਸਰਨਾਈਆ । ਸੰਮਤ ਸ਼ਹਿਨਸ਼ਾਹੀ ਸੱਤ ਇੱਕੀ ਸਾਵਣ ਹੋਏ ਦਿਹਾੜਾ, ਵਕਤ ਵਕਤ ਨਾਲ ਵਡਿਆਈਆ । ਜਗਜੀਤ ਜੀਤ ਨਾਮ ਤੁਮ੍ਹਾਰਾ, ਤੁਰਤ ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਬਾਵਨ ਜਗਤ ਜਹਾਨ ਸ਼ਬਦੀ ਧਾਰ ਘੁੰਮਾ, ਚਾਰੋਂ ਕੁੰਟ ਵੇਖ ਵਖਾਈਆ । ਕਲਜੁਗ ਅੰਤ ਸ੍ਰਿਸ਼ਟੀ ਹੋਣੀ ਕੌੜੀ ਵਾਂਗ ਤੁੰਮਾ, ਤੁਖ਼ਮ ਤਾਸੀਰ ਸਾਰੇ ਜਾਣ ਬਦਲਾਈਆ । ਕਿਸੇ ਦੀ ਖੁਲ੍ਹੇ ਮੂਲ ਨਾ ਸੁੰਨਾ, ਸੁੰਨ ਸਮਾਧ ਨਾ ਕੋਇ ਖੁਲ੍ਹਾਈਆ । ਕਿਸੇ ਮਾਲਕ ਨਜ਼ਰ ਨਹੀਂ ਆਉਣਾ ਕੁਨ ਕੁਨਾ, ਕਾਇਨਾਤ ਰੋਵੇ ਮਾਰੇ ਧਾਈਆ । ਕਿਸੇ ਗਾਂ ਸੂਰ ਖਾਣਾ ਕਿਸੇ ਛਤਰਾ ਬੱਕਰਾ ਦੁੰਬਾ, ਬਚਿਆ ਰਹਿਣ ਕੋਇ ਨਾ ਪਾਈਆ । ਚੋਬਦਾਰ ਤੂੰ ਹੋਣਾ ਇਕ ਨੰਨ੍ਹਾਂ ਜਿਹਾ ਮੁੰਨਾ, ਬਾਲਕ ਬਾਲਕ ਰੂਪ ਸਖਾਈਆ । ਤੇਰੇ ਅੰਦਰ ਬਖ਼ਸ਼ਣਾ ਇਕ ਗੁਨਾ, ਗੁਣਵੰਤ ਦਏ ਵਡਿਆਈਆ । ਏਸੇ ਕਰਕੇ ਜਗਜੀਤ ਸਿੰਘ ਨੇ ਯਾਰਾਂ ਸੌ ਸਤਾਸੀ ਵਾਰ ਸਤਿਗੁਰ ਦਾ ਚਰਨ ਚੁੰਮਾ, ਅੱਜ ਤਕ ਗਿਣਤੀ ਸਾਰੀ ਲਈ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਬਾਵਨ ਕਿਹਾ ਪ੍ਰਭ ਦਾ ਖੇਲ ਹੋਣਾ ਅਪਾਰਾ, ਅਪਰੰਪਰ ਦਿਆਂ ਜਣਾਈਆ । ਜਿਸ ਵੇਲੇ ਕਲਜੁਗ ਅੰਤ ਬਲ ਦੇ ਗ੍ਰਹਿ ਬਣਿਆ ਗੁਰਮੁਖ ਦਵਾਰਾ, ਗੁਰ ਗੁਰ ਧਾਰ ਜਣਾਈਆ । ਉਸ ਵੇਲੇ ਤੇਰਾ ਲੇਖਾ

ਦੱਸਾਂ ਸਾਰਾ, ਸਹਿਜ ਨਾਲ ਸੁਣਾਈਆ । ਦੋ ਇਕ ਇੱਕੀ ਕਰਨੀ ਨਿਮਸਕਾਰਾ, ਸੰਮਤ ਸ਼ਹਿਨਸ਼ਾਹੀ ਨੌਂ ਦਏ ਵਡਿਆਈਆ । ਫੇਰ ਇਕ ਸੌ ਇਕ ਗੁਰਸਿਖ ਮਾਲਵੇ ਵਿਚੋਂ ਕਰਨਾ ਤਿਆਰਾ, ਤ੍ਰੈਗੁਣ ਅਤੀਤਾ ਆਪਣਾ ਰੰਗ ਰੰਗਾਈਆ । ਇੱਕੀ ਇੱਕੀ ਸਭ ਦੇ ਗਲ ਪਾਏ ਹੋਵਣ ਹਾਰਾ, ਰੁਪਾ ਆਪਣਾ ਰੰਗ ਵਖਾਈਆ । ਇਹ ਖੇਲ ਸੱਚੀ ਸਰਕਾਰਾ, ਪੰਦਰਾਂ ਪੰਦਰਾਂ ਆਪਣੀ ਗੰਢ ਰਖਾਈਆ । ਅੱਸੂ ਤਿੰਨ ਹੋਵੇ ਦਿਹਾੜਾ, ਅੱਗੇ ਥਿਤ ਨਾ ਕੋਇ ਵਧਾਈਆ । ਖੇਲ ਕਰੇ ਧੁਰ ਦਾ ਲਾੜਾ, ਬਸਤਰ ਕੇਸਰੀ ਸੋਭਾ ਪਾਈਆ । ਸਭ ਨੇ ਮੰਗਣ ਆਉਣਾ ਵਾੜਾ, ਗੁਰਮੁਖ ਆਪਣੀ ਆਸ ਰਖਾਈਆ । ਕੁਛ ਲਹਿਣਾ ਪੂਰਾ ਕਰਨਾ ਜੋ ਬਲ ਦਾ ਪਿਛਲਾ ਉਧਾਰਾ, ਦਰ ਆਪਣੇ ਘਰ ਸੁਹਾਈਆ । ਉਸ ਦਾ ਨੀਲੇ ਬਸਤਰਾਂ ਨਾਲ ਹੋਣਾ ਸ਼ਿੰਗਾਰਾ, ਚੰਨ ਸਿਤਾਰ ਨਿਸ਼ਾਨ ਮੱਥੇ ਵਿਚ ਰਖਾਈਆ । ਪਹਿਲੀ ਕੜਾਹੀ ਚੁਕੇ ਗਾਰਾ, ਨੀਹਾਂ ਹੇਠ ਦਬਾਈਆ । ਫੇਰ ਬਲ ਦੀ ਗੋਲੀ ਲਿਆਏ ਪੰਜ ਛੁਹਾਰਾ, ਲੰਮਾ ਛੋਟਾ ਨਾ ਕੋਇ ਵਡਿਆਈਆ । ਗੁਰਮੁਖ ਸਿੰਘ ਲੰਮਾ ਪੈ ਕੇ ਬਣੇ ਲਿਖਾਰਾ, ਨੈਣ ਅਸਮਾਨ ਵੱਲ ਟਿਕਾਈਆ । ਇਕ ਸੌ ਇਕ ਗੁਰਮੁਖ ਬੋਲਣ ਜੈਕਾਰਾ, ਜ਼ੋਰ ਜ਼ੋਰ ਨਾਲ ਜਣਾਈਆ । ਸੁਰਜੀਤ ਸਿੰਘ ਖੁਲ੍ਹਾ ਛੱਡਿਆ ਹੋਵੇ ਦਾਹੜਾ, ਵਾਲ ਪਿਛੇ ਨੂੰ ਲਟਕਾਈਆ । ਅਮਰਜੀਤ ਪਗੜੀ ਨੂੰ ਰੰਗ ਲਾਵੇ ਲਾਲ ਗਾੜ੍ਹਾ, ਡੱਬ ਰਹਿਣ ਕੋਇ ਨਾ ਪਾਈਆ । ਗੁਰਦਰਸ਼ਨ ਕੌਰ ਰਜ਼ਾਈ ਦਾ ਖਣਨਾ ਇਕ ਉਛਾੜਾ, ਪੀਲੇ ਰੰਗ ਰੰਗਾਈਆ । ਚੇਲਾ ਸਿੰਘ ਕੋਲ ਤੇਲੀਆਂ ਵਾਲਾ ਹੋਵੇ ਤਾੜਾ, ਖੱਬੇ ਹੱਥ ਵਿਚ ਲਟਕਾਈਆ । ਸਰੂਪ ਸਿੰਘ ਵਜਾਏ ਸਿਤਾਰਾ, ਉਂਗਲੀ ਉਂਗਲੀ ਨਾਲ ਹਿਲਾਈਆ । ਪੰਜ ਪਿਆਰੇ ਸ਼ਬਦ ਗਾਵਣ ਇਕੋ ਵਾਰਾ, ਵਾਹਵਾ ਤੇਰੀ ਬੇਪਰਵਾਹੀਆ । ਪੰਜ ਦਰਬਾਰੀ ਸੱਜੇ ਗੁਟ ਤੇ ਲਾਵਣ ਇਕ ਇਕ ਬਿੰਦੀ ਗਾਰਾ, ਗਹਿਰ ਗੰਭੀਰ ਜਣਾਈਆ । ਰਣਜੀਤ ਕੌਰ ਨਾਲ ਸਹੇਲੀਆਂ ਲੈ ਕੇ ਅਠਾਰਾਂ, ਪੁੱਜਣਾ ਚਾਈਂ ਚਾਈਂਆ । ਇਹ ਖੇਲ ਕਰੇ ਹਰਿ ਕਰਤਾਰਾ, ਕਰਨੀ ਦਾ ਕਰਤਾ ਕਾਰ ਕਮਾਈਆ । ਬੱਧਕ ਨੇ ਮੋਢੇ ਉਤੇ ਚੁੱਕਿਆ ਹੋਵੇ ਝਾੜਾ, ਕੰਡਿਆਂ ਵਾਲਾ ਸੋਭਾ ਪਾਈਆ । ਮਲਵਈਏ ਲਾਵਣ ਸਚ ਅਖਾੜਾ, ਗੀਤ ਖ਼ੁਸ਼ੀਆਂ ਵਾਲੇ ਗਾਈਆ । ਅਜੀਤ ਸਿੰਘ ਮੋਢੇ ਚੁੱਕਿਆ ਹੋਵੇ ਕੁਹਾੜਾ, ਬਟਾਲੇ ਵਿਚੋਂ ਲੈ ਕੇ ਆਈਆ । ਕਿਸ਼ਨ ਸਿੰਘ ਵਜਾਉਂਦਾ ਆਵੇ ਦੋਤਾਰਾ, ਰਾਗ ਨਾਨਕ ਧਾਰ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਬਾਵਨ ਕਹੇ ਇਹ ਖੇਲ ਕਰਨੀ ਪ੍ਰਭ ਨੇ ਨੰਗੀ, ਓਹਲਾ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਦੀ ਗੋਲੀ ਬਣਿਆ ਹੋਵੇ ਰੂਪ ਚੰਗੀ, ਚੰਦ ਸਿਤਾਰ ਨਾਲ ਵਡਿਆਈਆ । ਦਵਿੰਦਰ ਸਾਥ ਹੋਵੇ ਸੰਗੀ, ਨੈਣ ਕੱਜਲ ਧਾਰ ਸੁਹਾਈਆ । ਸੱਤ ਸਹੇਲੀਆਂ ਦੀ ਡਾਰ ਹੋਵੇ ਲੰਬੀ, ਬਸਤਰ ਇਕੋ ਰੂਪ ਬਣਾਈਆ । ਕਪੂਰ ਸਿੰਘ ਨੇ ਬਾਣਾ ਪਹਿਨਣਾ ਜੰਗੀ, ਕਿਹਰ ਸਿੰਘ ਜੋੜ ਜੁੜਾਈਆ । ਨਾਜ਼ਰ ਸਿੰਘ ਨੇ ਅਲਾਣੀ ਡਾਹੁਣੀ ਮੰਜੀ, ਸਭਾ ਵਿਚ ਟਿਕਾਈਆ । ਸੌਦਾਗਰ ਸਿੰਘ ਬੈਠਾ ਹੋਵੇ ਉਤੇ ਕੰਧੀ, ਆਪ ਆਪਣਾ ਆਪ ਟਿਕਾਈਆ । ਮਾਝੇ ਮਾਲਵੇ ਦੁਆਬੇ ਜੰਮੂ ਇਕ ਇਕ ਕੰਨੀ ਹੋਵੇ ਗੰਢੀ, ਗੰਢ ਸਾਂਝੀ ਦਏ ਵਖਾਈਆ । ਜਨ ਭਗਤਾਂ ਦੀ ਧਾਰ ਗੁਰਮੁਖਾਂ ਦਾ ਰਾਹ ਦੱਸੇ ਡੰਡੀ, ਡੰਡਾਵਤ ਇਕੋ ਇਕ ਜਣਾਈਆ । ਸਤਿਗੁਰ ਸ਼ਬਦ ਸ਼ਬਦ ਸਤਿਗੁਰੂ ਆਦਿ ਜੁਗਾਦਿ ਪਖੰਡੀ, ਜਿਸ ਦਾ ਭੇਵ ਕੋਇ ਨਾ ਪਾਈਆ । ਜਿਸ ਦੀ ਆਯੂ ਜੁਗਾ ਜੁਗੰਤ ਕਦੇ ਨਾ ਲੰਘੀ, ਅੰਤ ਕਹਿਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਬਾਵਨ ਕਹੇ ਚੋਬਦਾਰ ਤੇਰੀ ਆਸਾ ਪੂਰੀ, ਪੂਰਨ ਪੁਰਖ ਦਏ ਕਰਾਈਆ । ਹਾਜ਼ਰ ਹੋ ਕੇ ਵਿਚ ਹਜ਼ੂਰੀ, ਹਜ਼ਰਤਾਂ ਤੋਂ ਪਰੇ ਦਏ ਦ੍ਰਿੜਾਈਆ । ਜਲਵਾਗਰ ਜਲਵਾ ਬਖ਼ਸ਼ ਕੇ ਨੂਰੀ, ਨੂਰ ਨੁਰਾਨਾ ਚੰਦ ਚਮਕਾਈਆ । ਸੁਰਜੀਤ ਕੌਰ ਬਣਾ ਕੇ ਪੰਜ ਪੂੜੀ, ਪੰਜਾਂ ਗੁਰਮੁਖਾਂ ਦਏ ਖਵਾਈਆ । ਫੇਰ ਚਰਨ ਲਾਵੇ ਧੂੜੀ, ਧੂੜੀ ਮਸਤਕ ਨਾਲ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਸਭ ਕਿਛ ਜਾਣਦਾ, ਜਾਨਣਹਾਰ ਅਖਵਾਈਆ । ਮੈਂ ਭਗਤ ਦਵਾਰੇ ਵਿਚੋਂ ਨੌਂ ਗੁਰਮੁਖ ਪਛਾਣਦਾ, ਜੋ ਖ਼ੁਸ਼ੀਆਂ ਨਾਲ ਜਾਵਣ ਚਾਈਂ ਚਾਈਂਆ । ਖੇਲ ਤੱਕਣ ਸ੍ਰੀ ਭਗਵਾਨ ਦਾ, ਕੀ ਭਗਵਨ ਆਪਣਾ ਰੰਗ ਰੰਗਾਈਆ । ਜਨ ਭਗਤਾਂ ਲੇਖਾ ਦਏ ਆਪਣੇ ਦਾਨ ਦਾ, ਦਾਨੀ ਦਾਤਾ ਆਪ ਅਖਵਾਈਆ । ਤੇਜਭਾਨ ਰੂਪ ਬਣਿਆ ਹੋਵੇ ਕਾਹਨ ਦਾ, ਮੋਰ ਮੁਕਟ ਸੀਸ ਟਿਕਾਈਆ । ਲਾਲ ਸਿੰਘ ਖੇਲ ਕਰਦਾ ਆਵੇ ਧਰਮ ਨਿਸ਼ਾਨ ਦਾ, ਨਿਸ਼ਾਨਾ ਮੋਢਿਆਂ ਉਤੇ ਰਖਾਈਆ । ਊਧਮ ਸਿੰਘ ਜਾਪ ਕਰਦਾ ਆਵੇ ਸ੍ਰੀ ਭਗਵਾਨ ਦਾ, ਜੋ ਸ਼ਹਿਨਸ਼ਾਹ ਅਗੰਮ ਅਥਾਹੀਆ । ਜਿਸ ਵਕਤ ਨੂੰ ਜਗਤ ਜਹਾਨ ਨਹੀਂ ਕੋਈ ਜਾਣਦਾ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਆਪਣੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਸੰਗੀ, ਸੱਚਾ ਸੰਗ ਨਿਭਾਈਆ । ਜਿਹੜੀ ਗੁਰਦਿਆਲ ਸਿੰਘ ਦੀ ਨਾਰੀ ਦਿਸੇ ਰੰਡੀ, ਰੰਡੇਪਾ ਜਗਤ ਵਾਲਾ ਹੰਢਾਈਆ । ਉਸ ਦੀ ਸੇਵਾ ਲਾਉਣੀ ਲੰਗਰ ਵਿਚ ਇਕ ਕੰਨ ਦੀ ਡੰਡੀ, ਡੰਡਾਵਤ ਅਗਲੀ ਦਏ ਬਦਲਾਈਆ । ਫੇਰ ਲੇਖਾ ਮੁਕ ਜਾਏ ਵਿਚੋਂ ਵਰਭੰਡੀ, ਬ੍ਰਹਿਮੰਡ ਖੰਡ ਤੋਂ ਪਾਰ ਵੱਜੇ ਵਧਾਈਆ । ਅਗਲੀ ਖੇਲ ਹੋਰ ਬੜੀ ਚੰਗੀ, ਸਤਿਗੁਰ ਚੰਗੀ ਤਰਾਂ ਜਣਾਈਆ । ਜਨ ਭਗਤਾਂ ਅੰਦਰ ਵਾਸਨਾ ਰਹੇ ਨਾ ਗੰਦੀ, ਦੂਤੀਆ ਭਾਓ ਦਏ ਮਿਟਾਈਆ । ਸਭ ਦੇ ਅੰਦਰੋਂ ਸਤਿਗੁਰ ਪਿਆਰ ਵਿਚ ਪਵਣ ਆਵੇ ਠੰਡੀ, ਅਗਨੀ ਤਤ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸੂਰਾ ਸਰਬੰਗੀ, ਬੀਰ ਸੂਰ ਇਕ ਅਖਵਾਈਆ ।

### ✪ ੨੮ ਸਾਵਣ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਕੰਮ ਕਰਨ ਵਾਲੇ ਗੁਰਸਿਖਾਂ ਨਵਿਤ ✪

ਹਰਿਜਨ ਪਿਆਰ ਵਿਚ ਝੋਨਾ ਧਾਨ ਲਾਉਂਦੇ ਮੁੰਜੀ, ਸੇਵਾ ਸਤਿ ਸਚ ਕਮਾਈਆ । ਜਿਨ੍ਹਾਂ ਦੀ ਆਤਮਾ ਅੰਤਰ ਰਹੇ ਨਾ ਸੁੰਞੀ, ਸੁੰਞ ਮਸਾਣ ਦਾ ਡੇਰਾ ਢਾਹੀਆ । ਸਾਚੇ ਨਾਮ ਦੀ ਲਾ ਕੇ ਕੁੰਜੀ, ਕੰਚਨ ਗੜ੍ਹ ਦਏ ਵਡਿਆਈਆ । ਨਾਭੀ ਕਵਲ ਕਰ ਕੇ ਊਂਧੀ ਅੰਮ੍ਰਿਤ ਰਸ ਦਏ ਭਰਾਈਆ । ਜਿਹੜੀ ਖ਼ਾਹਿਸ਼ ਰਸਨਾ ਨਾਲ ਕੂੰਦੀ, ਸਵਾਸ ਸਵਾਸ ਵੱਜੇ ਵਧਾਈਆ । ਮੁਹੱਬਤ ਬਖ਼ਸ਼ੇ ਲੂੰ ਲੂੰ ਦੀ, ਸਾਢੇ ਤਿੰਨ ਕਰੋੜ ਆਪਣਾ ਰੰਗ ਵਖਾਈਆ । ਇਕੋ ਵਡਿਆਈ ਸ਼ਬਦ ਸਤਿਗੁਰੂ ਦੀ, ਗੁਰੂ ਗੁਰਦੇਵ ਹੋਏ ਸਹਾਈਆ । ਜਿਸ ਦੀ ਰੀਤੀ ਆਦਿ ਆਦਿ ਸ਼ੁਰੂ ਦੀ, ਸ਼ਰਅ ਦਾ ਮਾਲਕ ਇਕ ਅਖਵਾਈਆ । ਅੱਗੇ ਤੋਰ ਅਗੰਮੀ ਤੁਰੂਗੀ, ਤੁਰਤ ਆਪਣੀ ਵੰਡ ਵੰਡਾਈਆ । ਸ਼ਬਦ ਦੀ ਸੁਰਤ ਸ਼ਬਦ ਨਿਰਤ ਜੁੜੂਗੀ, ਜੋੜੀ ਸਤਿਗੁਰ ਆਪ

ਬਣਾਈਆ । ਕਲਜੁਗ ਕੂੜੀ ਕਿਰਿਆ ਰੁੜ੍ਹੂਗੀ, ਸ਼ੌਹ ਦਰਿਆ ਆਪ ਡੁਬਾਈਆ । ਇਕੋ ਧਰਮ ਦੀ ਆਸ਼ਾ ਫੁਰੂਗੀ, ਫੁਰਨੇ ਮਮਤਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਭਗਤੋ ਮੈਂ ਵੀ ਬੜਾ ਕਾਮਾ, ਜੁਗ ਜੁਗ ਪ੍ਰਭ ਦੀ ਸੇਵ ਕਮਾਈਆ । ਮੈਨੂੰ ਗਾਉਂਦੇ ਰਹੇ ਕ੍ਰਿਸ਼ਨਾ ਰਾਮਾ, ਸੀਤਾ ਰਾਧਾ ਆਪਣੀ ਧਾਰ ਦਰਸਾਈਆ । ਮੈਨੂੰ ਪੈਗ਼ੰਬਰਾਂ ਕੀਤੀਆਂ ਸਲਾਮਾ, ਸਜਦਿਆਂ ਵਿਚ ਸੀਸ ਨਿਵਾਈਆ । ਮੈਨੂੰ ਨਾਨਕ ਕਿਹਾ ਸਤਿਨਾਮਾ, ਸਤਿ ਸਤਿ ਵੱਜੀ ਵਧਾਈਆ । ਮੇਰਾ ਵਾਹਿਗੁਰੂ ਫ਼ਤਹਿ ਡੰਕ ਦਮਾਮਾ, ਦੋ ਜਹਾਨਾਂ ਕਰੇ ਸ਼ਨਵਾਈਆ । ਬ੍ਰਹਿਮੰਡ ਸੰਦੇਸ਼ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ, ਭਗਵਨ ਆਪਣੀ ਕਾਰ ਕਮਾਈਆ । ਹਰਿਜਨ ਬਣਾ ਕੇ ਸਚ ਦਵਾਰ ਦੇ ਸਚ ਨਿਸ਼ਾਨਾ, ਨਿਸ਼ਾਨਾ ਆਪਣਾ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੇਰੀ ਆਦਿ ਅੰਤ ਦੀ ਯਾਰੀ, ਯਾਰਾਨਾ ਪ੍ਰਭ ਦੇ ਨਾਲ ਰਖਾਈਆ । ਮੇਰੀ ਜੁਗ ਜੁਗ ਦੀ ਵਫ਼ਾਦਾਰੀ, ਬੇਵਫ਼ਾ ਨਾ ਰੂਪ ਦਰਸਾਈਆ । ਮੇਰੀ ਪਿਆਰ ਮੁਹੱਬਤ ਦੀ ਸਿਕਦਾਰੀ, ਸਿਰ ਸਿਰ ਹੁਕਮ ਸੁਣਾਈਆ । ਮੇਰੇ ਕਾਗ਼ਜ਼ ਕਲਮ ਲਿਖਾਰੀ, ਗੁਣ ਗਾਵਣ ਚਾਈਂ ਚਾਈਂਆ । ਮੇਰਾ ਜਗਤ ਜਹਾਨ ਪੁਜਾਰੀ, ਪੂਜਾ ਵਿਚ ਧਿਆਨ ਰਖਾਈਆ । ਮੇਰੀ ਸਿਫ਼ਤ ਸਭ ਤੋਂ ਬਾਹਰੀ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਮੇਰਾ ਮਾਲਕ ਇਕ ਨਿਰੰਕਾਰੀ, ਨਿਰਵੈਰ ਅਗੰਮ ਅਥਾਹੀਆ । ਤੁਸੀਂ ਉਸੇ ਦੇ ਦਰ ਦੇ ਦਰਦ ਭਰੇ ਪੁਜਾਰੀ, ਦਰ ਦਰਵੇਸ਼ ਹੋ ਕੇ ਆਪਣੀ ਸੇਵ ਕਮਾਈਆ । ਮੁਹੱਬਤ ਵਿਚ ਕਰੇ ਨਾ ਕੋਇ ਗ਼ੱਦਾਰੀ, ਗਦਾਗਰ ਨਾ ਕੋਇ ਅਖਵਾਈਆ । ਇਕੋ ਮਾਣ ਨਰ ਨਾਰੀ, ਨਰ ਨਰਾਇਣ ਆਪਣਾ ਰੰਗ ਰੰਗਾਈਆ । ਤੁਹਾਡਾ ਲੇਖਾ ਲੱਗੇ ਓਸ ਸਚ ਸੱਚੇ ਦਰਬਾਰੀ, ਜਿਥੇ ਇਕੋ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਜੁਗ ਜੁਗ ਸੇਵਾ ਕਰਦਾ, ਧੁਰ ਦੀ ਕਰਨੀ ਕਾਰ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਬਣਿਆ ਰਿਹਾ ਬਰਦਾ, ਕਲਜੁਗ ਨਿਉਂ ਨਿਉਂ ਲਾਗਾਂ ਪਾਈਆ । ਅੱਠੇ ਪਹਿਰ ਰਿਹਾ ਡਰਦਾ, ਨੇਤਰ ਨੈਣ ਨਾ ਅੱਖ ਉਠਾਈਆ । ਸਰਨ ਸਰਨਾਈ ਇਕੋ ਪਰਦਾ, ਢਹਿ ਢਹਿ ਸੀਸ ਨਿਵਾਈਆ । ਤੂੰ ਮਾਲਕ ਖ਼ਾਲਕ ਪ੍ਰਭੂ ਸਾਚੇ ਘਰ ਦਾ, ਗ੍ਰਿਹਿ ਤੇਰੇ ਵੱਜੇ ਵਧਾਈਆ । ਤੇਰਾ ਰੂਪ ਅਗੰਮਾ ਨਰ ਦਾ, ਨਰ ਨਰਾਇਣ ਤੇਰੀ ਸਰਨਾਈਆ । ਤੂੰ ਲੇਖਾ ਜਾਣੇ ਚੋਟੀ ਜੜ੍ਹ ਦਾ, ਚੇਤਨ ਤੇਰਾ ਰਾਹ ਤਕਾਈਆ । ਜਨ ਭਗਤੋ ਪੁਰਖ ਅਬਿਨਾਸ਼ੀ ਜਨ ਭਗਤ ਸੁਹੇਲੇ ਸਦਾ ਵਰਦਾ, ਵਰ ਘਰ ਆਪਣਾ ਇਕ ਦਰਸਾਈਆ । ਪਲੂ ਗੰਢੇ ਆਪਣੇ ਲੜ ਦਾ, ਲਾੜੀ ਮੌਤ ਤੋਂ ਪੱਲਾ ਦਏ ਛੁਡਾਈਆ । ਜੋ ਹਰਿਜਨ ਹਰਿ ਦਰ ਸਾਚੀ ਸੇਵਾ ਕਰਦਾ, ਸਚ ਸਤਿ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਲਕ ਦਿਸੇ ਸਾਂਝੇ ਘਰ ਦਾ, ਸਚਖੰਡ ਨਿਵਾਸੀ ਸਚ ਦਵਾਰ ਇਕੋ ਇਕ ਸੁਹਾਈਆ ।

### ੩੦ ਸਾਵਣ ਸ਼ਹਿਨਸ਼ਾਹੀ ਸੰਮਤ ੭ ਕਪੂਰ ਸਿੰਘ ਦੇ ਗ੍ਰਿਹ ਮੋਗਾ ਸ਼ਹਿਰ ਜ਼ਿਲਾ ਫ਼ਿਰੋਜ਼ਪੁਰ

ਨਾਰਦ ਕਹੇ ਖਵਾਜਾ ਤੂੰ ਬੜਾ ਤਪੀ, ਜਲਧਾਰਾ ਵਿਚ ਆਪਣਾ ਆਸਣ ਲਾਈਆ । ਮੈਂ ਤੇਰਾ ਲੇਖਾ ਵੇਖਿਆ ਸਦੀ ਚੌਧਵੀਂ ਨਾਲ ਹਿੱਸਾ ਪੱਤੀ, ਪਤਿਪਰਮੇਸ਼ਵਰ ਦਿਤਾ ਦ੍ਰਿੜ੍ਹਾਈਆ । ਜਿਸ ਵਿਚ ਫ਼ਰਕ ਰਹੇ ਨਾ ਰਤੀ, ਰਤਨ ਅਮੋਲਕ ਹੀਰੇ ਤੇਰੀ ਵਡ ਵਡਿਆਈਆ । ਖਵਾਜਾ ਕਹੇ ਨਾਰਦਾ ਤੂੰ ਬੜਾ ਗੱਪੀ, ਬ੍ਰਾਹਮਣਾ ਐਵੇਂ ਰਿਹਾ ਜਣਾਈਆ । ਪੁਰਾਣੀ ਰੀਤੀ ਤੇਰੀ ਨਹੀਂ ਕੋਈ ਛਪੀ, ਛੁਪੀ ਨਜ਼ਰ ਕੋਇ ਨਾ ਆਈਆ । ਤੂੰ ਪਾਣੀ ਦੇਂਦਾ ਰਿਹੋਂ ਮੇਰੀ ਧਾਰ ਵਿਚੋਂ ਲੱਪੀ, ਸੂਰੀਆ ਭੇਟ ਚੜ੍ਹਾਈਆ । ਇਹ ਗੱਲ ਯਾਦ ਕਰ ਲੈ ਜਿਹੜੀ ਗੋਬਿੰਦ ਨਾਲ ਤੇਰੀ ਪੱਕੀ, ਪੱਕੀ ਦਿਆਂ ਸੁਣਾਈਆ । ਜਿਸ ਵੇਲੇ ਸਰਸਾ ਧਾਰ ਸੀ ਟੱਪੀ, ਵਹਿਣਾਂ ਵਿਚੋਂ ਵਹਿ ਕੇ ਆਪਣੀ ਖੇਲ ਖਿਲਾਈਆ । ਕੀ ਕੌਲ ਇਕਰਾਰ ਹੋਇਆ ਖ਼ੁਸ਼ੀਆਂ ਨਾਲ ਦੱਸੀਂ, ਦਹਿਸਰ ਦਾ ਲੇਖਾ ਲੇਖ ਸਮਝਾਈਆ । ਕੀ ਆਸ਼ਾ ਰੱਖੀ ਕਾਹਨ ਕ੍ਰਿਸ਼ਨ ਹੱਠੀ, ਜਮਨਾ ਤਟ ਤਟ ਵਡਿਆਈਆ । ਕਿਸ ਕਾਰਨ ਰਾਧਾ ਫਿਰੀ ਨੱਠੀ, ਓਢਣ ਸੀਸ ਨਾ ਕੋਇ ਰਖਾਈਆ । ਕੀ ਨਿਰਅੱਖਰ ਧਾਰ ਪੜ੍ਹੀ ਪੱਟੀ, ਜ਼ੋਰ ਜ਼ੋਰ ਨਾਲ ਸੁਣਾਈਆ । ਕ੍ਰਿਸ਼ਨ ਨਿਗਹ ਮਾਰੀ ਰਾਧਾ ਹੱਸੀ, ਖ਼ੁਸ਼ੀ ਖ਼ੁਸ਼ੀ ਵਿਚੋਂ ਬਦਲਾਈਆ । ਜਿਸ ਵੇਲੇ ਨਾਨਕ ਦੀ ਧਾਰ ਲੇਖਾ ਦੱਸੇ ਜੁਗ ਛੱਤੀ, ਛੱਤੀ ਰਾਗਾਂ ਵਿਚ ਵਡਿਆਈਆ । ਫੇਰ ਗੋਬਿੰਦ ਸੁਤ ਦੁਲਾਰੇ ਭੇਟ ਚਾੜ੍ਹੇ ਹੱਥੀਂ, ਹੱਥ ਖ਼ਾਲੀ ਜਗਤ ਵਖਾਈਆ । ਪੁਰਖ ਅਕਾਲ ਆਵੇ ਬੇਪਰਵਾਹ ਫੇਰ ਸਮਰਥੀ, ਕੁਲ ਮਾਲਕ ਨੂਰ ਇਲਾਹੀਆ । ਤੇਰਾ ਮੇਰਾ ਖੇਲ ਵੇਖੇ ਅੱਖੀਂ, ਅੱਖਰਾਂ ਤੋਂ ਬਾਹਰ ਆਪਣੀ ਸਿਫ਼ਤ ਸਾਲਾਹੀਆ । ਭਾਗ ਲਗਾਵੇ ਕੁੱਲੀ ਕੱਖੀਂ, ਕੱਖੋਂ ਲੱਖ ਲੱਖ ਬਣਾਈਆ । ਜਿਸ ਦੀ ਧਰਮ ਦੀ ਧਾਰ ਭਗਤ ਆਤਮਾ ਹੋਣੀ ਸਖ਼ੀ, ਸੁਖ਼ਨ ਸਭ ਦੇ ਪੂਰ ਕਰਾਈਆ । ਸਭ ਦੀ ਪੈਜ ਜਾਵੇ ਰੱਖੀ, ਸਿਰ ਆਪਣਾ ਹੱਥ ਟਿਕਾਈਆ । ਸਦੀ ਚੌਧਵੀਂ ਵੇਲੇ ਅੰਤਮ ਫਿਰੇ ਨੱਸੀ, ਭੱਜੇ ਵਾਹੋ ਦਾਹੀਆ । ਸ਼ਰਅ ਦੀ ਤੋੜੇ ਆਣ ਕੇ ਰੱਸੀ, ਰਸਤਾ ਇਕੋ ਦਏ ਵਖਾਈਆ । ਦੋ ਜਹਾਨਾਂ ਨਗਰ ਖੇੜਾ ਇਕੋ ਕਰੇ ਬਸੀ, ਬਸਤੀ ਇਕੋ ਇਕ ਪਰਗਟਾਈਆ । ਦੋ ਜਹਾਨ ਚਰਨਾਂ ਹੇਠਾਂ ਦੇਵੇ ਝੱਸੀ, ਝਲਕ ਬਖ਼ਸ਼ੇ ਧੁਰਦਰਗਾਹੀਆ । ਸਿਫ਼ਤ ਸਾਲਾਹ ਸਤਿਗੁਰ ਸ਼ਬਦ ਕਰੇ ਜੱਸੀ, ਜਸ ਵੇਦ ਪੁਰਾਨ ਕਹਿਣ ਕੋਇ ਨਾ ਪਾਈਆ । ਖਵਾਜਾ ਕਹੇ ਪੰਡਤਾ ਉਸ ਵੇਲੇ ਪੰਡਤ ਪਾਂਧੇ ਮੁੱਲਾ ਸ਼ੇਖ਼ ਮੁਸਾਇਕ ਸਾਰੇ ਹੋਵਣ ਸ਼ੱਕੀ, ਸ਼ਿਕਵਾ ਸਕੇ ਨਾ ਕੋਇ ਮਿਟਾਈਆ । ਇਕੋ ਮਾਲਕ ਖ਼ਾਲਕ ਪ੍ਰਿਤਪਾਲਕ ਵਾਹਿਦ ਹੱਕੀ, ਹਕੀਕਤ ਦਾ ਦਾਤਾ ਧੁਰਦਰਗਾਹੀਆ । ਸ਼ਬਦ ਸੁਨੇਹੁੜਾ ਕਲਮਾ ਕਾਇਨਾਤ ਸੁਣਾਏ ਖ਼ਬਰ ਅੱਛੀ, ਬੇਖ਼ਬਰਾਂ ਖ਼ਬਰ ਜਣਾਈਆ । ਲੇਖਾ ਪੂਰਾ ਕਰੇ ਮਤਸਯ ਜੋ ਰੂਪ ਧਾਰਿਆ ਮੱਛੀ, ਦਸਮ ਅਵਤਰ ਅਵਤਰਾ ਆਪਣਾ ਲੇਖਾ ਪੂਰ ਕਰਾਈਆ । ਨਿਗਹ ਮਾਰੇ ਲਹਿਣਾ ਦੇਣਾ ਪੂਰਾ ਕਰੇ ਵਿਸ਼ਨੂੰ ਧਾਰ ਲਛਮੀ ਲੱਛੀ, ਲੱਛਣ ਸਭ ਦੇ ਖੋਜ ਖੁਜਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਸਾਰੇ ਜਾਣੇ ਕੱਛੀ, ਕੱਛ ਦਾ ਲੇਖਾ ਰਹੇ ਨਾ ਰਾਈਆ । ਬਹੁੜੀ ਉਸ ਵੇਲੇ ਸ਼ਰਅ ਨੂੰ ਪੈਣੀ ਗ਼ਸ਼ੀ, ਗਸ਼ਤ ਕਰਨ ਵਾਲਾ ਅਵਤਾਰ ਪੈਗ਼ੰਬਰ ਗੁਰੂ ਨਜ਼ਰ ਕੋਇ ਨਾ ਆਈਆ । ਤੂੰ ਨੀਵਾਂ ਹੋ ਕੇ ਲਿਰਮਾਣਤਾ ਵਿਚ ਬਚੀਂ, ਬੱਚਾ ਬਣ ਕੇ ਆਪਣਾ ਝਟ ਲੰਘਾਈਆ । ਨਾਰਦ ਕਹੇ ਖਵਾਜੇ ਇਹ ਕੋਈ ਕਥਾ ਕਹਾਣੀ ਨਹੀਂ ਕੱਚੀ, ਕੱਚੀ ਗੰਢ ਨਾ ਕੋਇ ਪਵਾਈਆ । ਜਿਸ ਨੇ ਸ੍ਰਿਸ਼ਟੀ ਜਗਤ ਜਹਾਨ ਰਚੀ, ਰਚਨਾ ਆਪਣੀ ਵੇਖ ਵਖਾਈਆ । ਤੂੰ ਆਪਣਾ ਵੰਝ

ਮੁਹਾਣਾ ਚੱਕੀ, ਬਿਨ ਕੰਧਿਆਂ ਕੰਧ ਉਠਾਈਆ । ਫੇਰ ਮੈਂ ਵੇਖਾਂ ਤੂੰ ਕਿਸ ਦਵਾਰ ਦਾ ਤਪੀ, ਤਪੱਸਿਆ ਕਵਣ ਕਮਾਈਆ । ਹੱਥ ਨਾਲ ਮੈਂ ਮਿਲਾਵਾਂ ਹੱਥੀ, ਹਥੇਲੀ ਤੇਰੇ ਨਾਲ ਜੁੜਾਈਆ । ਜਿਹੜੀ ਕਥਾ ਕਹਾਣੀ ਅਕਥੀ, ਕਥ ਕੇ ਦਿਆਂ ਸੁਣਾਈਆ । ਸਭ ਦੀ ਧਾਰ ਹੋਣੀ ਬੇਵਸੀ, ਬੰਧਨ ਵਿਚ ਨਾ ਕੋਇ ਬੰਧਾਈਆ । ਪ੍ਰਭ ਦਾ ਪ੍ਰਭੂ ਦਾ ਦਰਸ਼ਨ ਹੋਣਾ ਮਸੀਂ, ਮਸੀਹ ਕੂਕ ਕੇ ਗਿਆ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਹੁਕਮੇ ਅੰਦਰ ਸਭ ਨੂੰ ਕਰੇ ਵਸੀ, ਵਾਸਤਾ ਵਾਬਸਤਾ ਹੋ ਕੇ ਆਪਣੇ ਨਾਲ ਜੁੜਾਈਆ ।

### ✪ ਪਹਿਲੀ ਭਾਦਰੋਂ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ✪

ਭਾਦਰੋਂ ਕਹੇ ਮੈਨੂੰ ਆਉਂਦਾ ਜਾਂਦਾ ਮੁੜ੍ਹਕਾ, ਸੰਮਤ ਸ਼ਹਿਨਸ਼ਾਹੀ ਸੱਤ ਸਤਿ ਸਤਿ ਨਾ ਕੋਇ ਵਰਤਾਈਆ । ਮਿੱਤਰ ਪਿਆਰਾ ਸਾਥੀ ਮਿਲੇ ਕੋਈ ਨਾ ਧੁਰ ਕਾ, ਦਰਗਹ ਸਾਚੀ ਸੰਗ ਨਾ ਕੋਇ ਵਖਾਈਆ । ਮੰਜ਼ਲ ਚੋਟੀ ਚੜ੍ਹੇ ਕੋਈ ਨਾ ਸਿਖ ਗੋਬਿੰਦ ਗੁਰ ਕਾ, ਪਾਰਬ੍ਰਹਮ ਬ੍ਰਹਮ ਵਿਚ ਮਿਲਾਈਆ । ਮੈਂ ਨਿਗਹ ਮਾਰੀ ਕੁਛ ਲੇਖਾ ਅੰਤਮ ਨਾਲ ਤੁਰਕਾਂ, ਤੁਰਤ ਦਿਆਂ ਦ੍ਰਿੜਾਈਆ । ਜਗਤ ਜਹਾਨ ਹੋਇਆ ਮੁਰਦਾ, ਮੁਰੀਦ ਮੁਰਸ਼ਦ ਮਿਲਣ ਕੋਇ ਨਾ ਪਾਈਆ । ਰਾਗ ਸੁਣੇ ਕੋਈ ਨਾ ਸ਼ਬਦ ਸੁਰਤ ਧੁਨ ਕਾ, ਅਨਹਦ ਨਾਦੀ ਨਾਦ ਨਾ ਕੋਇ ਵਜਾਈਆ । ਸਚ ਸਰੂਪ ਰਿਹਾ ਨਾ ਕਿਸੇ ਰਿਖ ਮੁਨ ਕਾ, ਤਪੀ ਤਪੀਸ਼ਰ ਤਪ ਵਿਚ ਨਾ ਕੋਇ ਸਮਾਈਆ । ਸਮਾਜ ਦਿਸੇ ਨਾ ਕੋਈ ਗੁਣ ਕਾ, ਦੀਨ ਮਜ਼੍ਹਬ ਰਹੇ ਕੁਰਲਾਈਆ । ਲੇਖਾ ਮੁਕਿਆ ਪਾਪ ਪੁੰਨ ਕਾ, ਪਤਿਪਰਮੇਸ਼ਵਰ ਤੇਰਾ ਦਰਸ ਕੋਇ ਨਾ ਪਾਈਆ । ਤੂੰ ਮਾਲਕ ਖ਼ਾਲਕ ਏਕੰਕਾਰ ਕੁਨ ਕਾ, ਕੁਲ ਮਾਲਕ ਇਕ ਅਖਵਾਈਆ । ਲਹਿਣਾ ਦੇਣਾ ਲੇਖਾ ਪੂਰਾ ਕਰਦੇ ਉਨ ਕਾ, ਜੋ ਅਵਤਾਰ ਪੈਗ਼ੰਬਰ ਗੁਰ ਤੇਰੀ ਓਟ ਤਕਾਈਆ । ਭੇਵ ਖੋਲ੍ਹ ਦੇ ਆਪਣੀ ਅਗੰਮੀ ਸੁੰਨ ਦਾ, ਸਤਿ ਸਰੂਪ ਸ਼ਾਹੋ ਭੂਪ ਆਪਣਾ ਇਕ ਦਰਸਾਈਆ । ਤੁਧ ਬਿਨ ਭਗਤ ਸੁਹੇਲੇ ਕੋਈ ਨਾ ਚੁਣਦਾ, ਚੁਰਾਸੀ ਵਿਚੋਂ ਖੋਜ ਖੁਜਾਈਆ । ਕਲਜੁਗ ਕੂੜੀ ਕਿਰਿਆ ਗੁਲਸ਼ਨ ਵੇਖ ਗੁਲ ਕਾ, ਨਵ ਸੱਤ ਧਿਆਨ ਲਗਾਈਆ । ਆਪਣਾ ਨਾਮ ਕਲਮਾ ਤਕ ਰਸਨਾ ਜਿਹਵਾ ਬੁੱਲ ਦਾ, ਹਿਰਦੇ ਸਕੇ ਨਾ ਕੋਇ ਵਸਾਈਆ । ਤੇਰੇ ਨਾਮ ਤਰਾਜ਼ੂ ਧਰਮ ਦੇ ਕੰਡੇ ਕੋਈ ਨਾ ਤੁਲਦਾ, ਸਚ ਤਰਾਜ਼ੂ ਨਜ਼ਰ ਕੋਇ ਨਾ ਆਈਆ । ਤ੍ਰੈਗੁਣ ਅੰਗਿਆਰਾ ਵੇਖ ਕਾਇਆ ਮਾਟੀ ਚੁੱਲ੍ਹ ਦਾ, ਸਾਢੇ ਤਿੰਨ ਹੱਥ ਪੜਦਾ ਆਪ ਉਠਾਈਆ । ਤੇਰਾ ਬ੍ਰਹਮ ਮਾਇਆ ਮਮਤਾ ਵਿਚ ਰੁਲਦਾ, ਮਨਸਾ ਮਨ ਹੋਈ ਹਲਕਾਈਆ । ਲੇਖਾ ਕੋਈ ਨਾ ਜਾਣੇ ਸੁਲਹਕੁਲ ਦਾ, ਸਹੀ ਸਲਾਮਤ ਤੇਰਾ ਦਰਸ ਕੋਇ ਨਾ ਪਾਈਆ । ਬਿਨ ਤੇਰੀ ਕਿਰਪਾ ਸਚ ਦਵਾਰ ਕਦੇ ਨਾ ਖੁਲ੍ਹਦਾ, ਸਾਚਾ ਵਣਜ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਭਾਦਰੋਂ ਕਹੇ ਮੈਨੂੰ ਆਉਂਦਾ ਜਾਂਦਾ ਪਸੀਨਾ, ਪਸਚਾਤਾਪ ਵਿਚ ਦੁਹਾਈਆ । ਮੇਰਾ ਤਕ ਆਪ ਮਹੀਨਾ, ਮਾਹ ਮਹਿਬੂਬ ਵੇਖ ਵਖਾਈਆ । ਤੇਰਾ ਜਗਤ (ਜਹਾਨ) ਹੋਇਆ ਨਾਬੀਨਾ, ਨਿਜ ਨੇਤਰ ਲੋਚਨ ਨੈਣ ਅੱਖ ਨਾ ਕੋਇ ਖੁਲ੍ਹਾਈਆ । ਉਹ ਵੇਲਾ ਤਕ ਲੈ ਜਿਹੜਾ

ਹੁਕਮ ਦਿਤਾ ਵਿਚ ਮਦੀਨਾ, ਮੁਹੰਮਦ ਮਿਹਰ ਨਾਲ ਦ੍ਰਿੜਾਈਆ । ਆਪਣੀ ਜੋਤੀ ਧਾਰ ਦੱਸ ਹਸੀਨਾ, ਹੱਸ ਹੱਸ ਕੇ ਦਿਤਾ ਵਖਾਈਆ । ਆਪਣਾ ਦੇ ਕੇ ਕਲਮਾ ਹੱਕ ਨਗ਼ੀਨਾ, ਨੌਬਤ ਨੂਰ ਨੂਰ ਵਜਾਈਆ । ਭੇਵ ਖੋਲ੍ਹ ਕੇ ਨਰ ਮਦੀਨਾ, ਮੁੱਦਾ ਇਕੋ ਦਿਤਾ ਸਮਝਾਈਆ । ਸਦੀ ਚੌਧਵੀਂ ਤੇਰਾ ਠਾਂਡਾ ਕਰੇ ਸੀਨਾ, ਸਦ ਤੇਰਾ ਸੰਗ ਰਖਾਈਆ । ਮੁਹੰਮਦ ਝੁਕ ਕੇ ਕਿਹਾ ਆਲਮੀਨਾ, ਸਜਦੇ ਵਿਚ ਸੀਸ ਨਿਵਾਈਆ । ਨਾਲੇ ਮੰਗੀ ਹੱਕ ਤਾਲੀਮਾ, ਅਲਿਫ਼ ਯੇ ਤੋਂ ਬਾਹਰ ਦਿਤੀ ਸਮਝਾਈਆ । ਤੇਰਾ ਹੱਕ ਹਕੂਕ ਅੰਤਮ ਜਾਣਾ ਛੀਨਾ, ਲੋਕਮਾਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਭਾਦਰੋਂ ਕਹੇ ਪ੍ਰਭ ਮੈਨੂੰ ਯਾਦ ਆ ਗਿਆ ਕੀ ਮੁਹੰਮਦ ਸੰਦੇਸ਼ਾ ਦਿਤਾ ਅਬੂ ਬੱਕਰ, ਅੱਬਾ ਜਾਨ ਤੇਰੇ ਵੱਲ ਧਿਆਨ ਲਗਾਈਆ । ਸ਼ਰੀਣੀ ਵੰਡ ਕੇ ਪ੍ਰੇਮ ਸ਼ੱਕਰ, ਸ਼ਹਿਨਸ਼ਾਹ ਤੇਰੇ ਕਦਮਾਂ ਵਿਚ ਸੁਟਾਈਆ । ਧੁਰ ਕਲਮਾ ਲਿਖਿਆ ਅਗੰਮੀ ਪੱਤਰ, ਕਲਮ ਸ਼ਾਹੀ ਕਾਗਦ ਜੋੜ ਨਾ ਕੋਇ ਜੁੜਾਈਆ । ਜਿਸ ਦੀ ਵੇਖ ਸਕੇ ਕੋਇ ਨਾ ਸਤਰ, ਲਾਈਨ ਲੀਕ ਨਾ ਕੋਇ ਲਗਾਈਆ । ਫੇਰ ਇਸ਼ਾਰਾ ਦਿਤਾ, ਸਦੀ ਚੌਧਵੀਂ ਕਿਨਾਰਾ ਦਿਤਾ, ਇਲਾਹੀ ਨੂਰ ਜੋਤ ਨਜ਼ਾਰਾ ਦਿਤਾ, ਬੇਪਰਵਾਹ ਬੇਪਰਵਾਹੀ ਵਿਚ ਤੇਰੀ ਉਮਤ ਦੀ ਤੇਰੇ ਨਾਲ ਲਾਵੇ ਟੱਕਰ, ਟਾਕਰਾ ਆਪਣਾ ਹੁਕਮ ਰਖਾਈਆ । ਕਲਮਾ ਕਲਮੇ ਨੂੰ ਕਰੇ ਫੱਟੜ, ਫਾਤਿਆ ਪੜ੍ਹੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ

੧੪੦੮ ਤੇਰੀ ਬੇਪਰਵਾਹੀਆ । ਭਾਦਰੋਂ ਕਹੇ ਪ੍ਰਭੂ ਮੈਨੂੰ ਯਾਦ ਤੇਰੀ ਸੰਧੀ, ਜੋ ਸਨਦ ਬਿਨ ਅੱਖਰਾਂ ਦਿਤੀ ਲਿਖਾਈਆ । ਜਿਸ ਵਿਚ ਦੀਨਾਂ ਮਜ਼੍ਹਬਾਂ ਉਤੇ ੧੪੦੮

੨੨ ਲਾਈ ਪਾਬੰਦੀ, ਚਾਰ ਜੁਗ ਦਾ ਲੇਖਾ ਦਿਤਾ ਚੁਕਾਈਆ । ਨਾਲੇ ਮੁਹੰਮਦ ਦੀ ਪਿੱਠ ਕਰ ਕੇ ਨੰਗੀ, ਹੱਕੀ ਜੋਤ ਧਾਰ ਪਰਗਟਾਈਆ । ਫੇਰ ੨੨

ਸ਼ਬਦ ਧਾਰ ਚਮਕਾ ਕੇ ਚੰਡੀ, ਗੋਬਿੰਦ ਅੱਖ ਦਿਤੀ ਵਖਾਈਆ । ਫੇਰ ਉਮਤ ਦੀ ਧਾਰ ਦੱਸ ਕੇ ਡੰਡੀ, ਡੰਡਾਵਤ ਸਜਦਿਆਂ ਵਿਚ ਬਦਲਾਈਆ । ਫੇਰ ਸਦੀ ਚੌਧਵੀਂ ਦੱਸ ਅੰਤਮ ਕੰਢੀ, ਕੰਧਾ ਫੜ ਕੇ ਹਲੂਣਾ ਦਿਤਾ ਚਾਈਂ ਚਾਈਂਆ । ਹੁਣ ਅੰਤਮ ਔਧ ਜਾਂਦੀ ਲੰਘੀ, ਆਪਣਾ ਪੰਧ ਮੁਕਾਈਆ । ਤੇਰਾ ਖੇਲ ਸੂਰੇ ਸਰਬੰਗੀ, ਨਿਰਗੁਣ ਧਾਰ ਸਮਝ ਕੋਇ ਨਾ ਪਾਈਆ । ਅੱਗੇ ਆਯੂ ਕਰੀਂ ਨਾ ਲੰਬੀ, ਵਾਹਿਦਾ ਆਪਣਾ ਤੋੜ ਨਿਭਾਈਆ । ਤੇਰਾ ਕਲਮਾ ਸਦ ਕਲਮਿਆਂ ਕਰੇ ਪਖੰਡੀ, ਕਲਮਾ ਕਲਮਿਆਂ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਭਾਦਰੋਂ ਕਹੇ ਮੈਂ ਆਇਆ ਭੱਜਾ, ਪਰਵਰਦਿਗਾਰ ਤੇਰੀ ਸਰਨਾਈਆ । ਮੈਨੂੰ ਦੱਸ ਆਪਣੀ ਜਗਹ, ਧਰਨੀ ਧਰਤ ਧਵਲ ਉਪਰ ਨਿਸ਼ਾਨ ਲਗਾਈਆ । ਜਿਥੇ ਮੁਹੰਮਦ ਦੀ ਉਮਤ ਦਾ ਮੇਟਣਾ ਅੱਗਾ, ਅੱਗਾ ਰਹਿਣ ਕੋਇ ਨਾ ਪਾਈਆ । ਤੇਰਾ ਸਤਿਗੁਰ ਸ਼ਬਦ ਪਰਗਟ ਹੋਵੇ ਸ਼ੇਰ ਬੱਗਾ, ਜਿਸ ਨੂੰ ਜਗ ਨੇਤਰ ਵੇਖਣ ਕੋਇ ਨਾ ਰਾਈਆ । ਜੋ ਸਭ ਦੇ ਨਾਲ ਕਰ ਕੇ ਦਗ਼ਾ, ਫ਼ਰੇਬ ਫ਼ਰੇਬੀਆਂ ਦਏ ਮਿਟਾਈਆ । ਕੂੜ ਵਿਕਾਰ ਦਾ ਵੇਖੇ ਨਫ਼ਾ, ਮਾਇਆ ਮਮਤਾ ਮੋਹ ਖੋਜ ਖੁਜਾਈਆ । ਅੰਤਮ ਸਭ ਨੂੰ ਕੁਕਰਮ ਦਾ ਲਾਵੇ ਧੱਬਾ, ਧੋ ਸਕੇ ਕੋਇ ਨਾ ਰਾਈਆ । ਭੇਵ ਦੱਸ ਦੇ ਅਗੰਮੀ ਅੱਬਾ, ਆਦਮ ਹੱਵਾ ਤੇਰੀ ਓਟ ਤਕਾਈਆ । ਮੈਂ ਕਰ ਕੇ ਵੇਖਿਆ ਚਾਰ ਕੁੰਟ ਗਜਾ, ਚੁਰਾਸੀ ਅੰਦਰ ਧਿਆਨ ਲਗਾਈਆ । ਤੇਰੇ ਨਾਮ ਸ਼ਬਦ ਦਾ ਮਿਲੇ ਕਿਸੇ ਨਾ ਸੱਦਾ, ਧੁਨ ਆਤਮਕ ਰਾਗ ਨਾ ਕੋਇ ਜਣਾਈਆ । ਸ੍ਰਿਸ਼ਟੀ ਦ੍ਰਿਸ਼ਟੀ

ਰਸ ਮਾਣੇ ਮਧਾ, ਮਧੁਰ ਧੁਨ ਸੁਣਨ ਕੋਇ ਨਾ ਪਾਈਆ । ਤੇਰੀ ਸਰਨ ਸਰਨਾਈ ਕੋਈ ਨਾ ਲੱਗਾ, ਲਗ ਮਾਤਰ ਦਾ ਡੇਰਾ ਗਏ ਢਾਹੀਆ । ਉਹ ਤਕ ਨਾਰਦ ਖੜਕਾਉਂਦਾ ਆਉਂਦਾ ਖ਼ਾਲੀ ਡੱਬਾ, ਡੌਰੂ ਰਿਹਾ ਵਜਾਈਆ । ਦੁਨੀਆ ਦਿਓ ਲੋਕੋ ਧੁਰ ਦਾ ਪਿਤਾ ਮੰਨਿਓ ਕੋਈ ਨਾ ਰੱਬਾ, ਰੱਬ ਨਜ਼ਰ ਕੋਇ ਨਾ ਆਈਆ । ਕੋਈ ਲੱਭਿਓ ਨਾ ਉਪਰ ਸ਼ਾਹ ਰਗਾ, ਜਗਤ ਦਵਾਰੇ ਡੇਰਾ ਢਾਹੀਆ । ਵੇਖੇ ਕਲਜੁਗ ਨੇ ਕੂੜ ਨਿਸ਼ਾਨਾ ਗੱਡਾ, ਗਾਡ ਇਹੋ ਲਓ ਮਨਾਈਆ । ਨਾਲੇ ਮੰਜ਼ਲ ਨਾਲੇ ਹੱਜਾ, ਹੁਜਰਾ ਜਗਤ ਵਾਲਾ ਸੁਹਾਈਆ । ਮਨ ਦੀ ਚਲੋ ਸਾਰੇ ਰਜ਼ਾ, ਰਾਜ਼ਕ ਰਿਜ਼ਕ ਰਹੀਮ ਇਹੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਭਾਦਰੋਂ ਕਹੇ ਮੈਂ ਬੇਨੰਤੀ ਕਰਾਂ ਖ਼ੁਦ, ਖ਼ੁਦੀ ਤਕੱਬਰ ਨਾ ਕੋਇ ਰਖਾਈਆ । ਤੇਰੀ ਸ੍ਰਿਸ਼ਟੀ ਦੀ ਬਦਲੀ ਬੁਧ, ਬੁਧੀਵਾਨ ਨਜ਼ਰ ਕੋਇ ਨਾ ਆਈਆ । ਸਤਿ ਧਰਮ ਗਿਆ ਉਡ, ਸਚ ਵਿਚ ਨਾ ਕੋਇ ਸਮਾਈਆ । ਦਰੋਹੀ ਹੁਣ ਬਦਲ ਦੇ ਕੂੜਾ ਕਲਜੁਗ, ਜੁਗ ਚੌਕੜੀ ਤੇਰੇ ਹੱਥ ਨਜ਼ਰੀ ਆਈਆ । ਧਰਮ ਦਾ ਦੀਪਕ ਗਿਆ ਬੁਝ, ਸਚ ਕਰੇ ਨਾ ਕੋਇ ਰੁਸ਼ਨਾਈਆ । ਮੈਨੂੰ ਇਉਂ ਦਿਸਦਾ ਤੇਰਾ ਹੋਣਾ ਸ਼ਬਦੀ ਧਾਰ ਯੁਧ, ਯੁਧਿਸ਼ਟਰ ਬੈਠਾ ਸੀਸ ਨਿਵਾਈਆ । ਈਸਾ ਮੂਸਾ ਮੁਹੰਮਦ ਪੈਣਾ ਕੁੱਦ, ਆਪਣਾ ਆਪਣਾ ਬਲ ਵਧਾਈਆ । ਅਰਜਨ ਦੀ ਤਤੀ ਲੋਹ ਤੇ ਬੱਧਾ ਮੁੱਢ, ਨੀਂਹ ਜਗਤ ਵਿਚ ਰਖਾਈਆ । ਜੋ ਗੋਬਿੰਦ ਦੇ ਬੱਚੇ ਗਏ ਝੁਜ, ਧਰਨੀ ਧਰਤ ਸੋਭਾ ਪਾਈਆ । ਇਹੋ ਸਭ ਨੂੰ ਲੱਗੀ ਉਜ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਭਾਦਰੋਂ ਕਹੇ ਮੁਹੰਮਦ ਉਠ ਤਕ, ਤਕਵਾ ਇਕ ਰਖਾਈਆ । ਆਪਣਾ ਪੂਰਾ ਕਰ ਲੈ ਹੱਕ, ਹਕੀਕਤ ਆਪਣੀ ਝੋਲੀ ਪਾਈਆ । ਅੱਗੇ ਰਹੇ ਕੋਈ ਨਾ ਸ਼ੱਕ, ਸ਼ਿਕਵਾ ਦੇਣਾ ਮਿਟਾਈਆ । ਉਹ ਵੇਖ ਨੂਰ ਇਲਾਹੀ ਲੇਖ ਲਿਖਿਆ ਬਿਨ ਕਲਮ ਸ਼ਾਹੀ ਖ਼ੁਸ਼ਖ਼ਤ, ਜਿਸ ਨੂੰ ਜਗਤ ਖ਼ਤੂਤ ਸਕੇ ਨਾ ਕੋਇ ਸਮਝਾਈਆ । ਤੇਰੀ ਉਮਤ ਦੀ ਆਸ਼ਾ ਉਬਲੀ ਵਾਂਗ ਰਤ, ਆਬੇਹਯਾਤ ਨਾ ਕੋਇ ਚੁਆਈਆ । ਪਰਵਰਦਿਗਾਰ ਸਾਂਝੇ ਯਾਰ ਅੰਤਮ ਉਲਟੀ ਕਰਨੀ ਮਤ, ਮਤ ਮਤਾਂਤਰ ਡੇਰਾ ਢਾਹੀਆ । ਕਵਣ ਜਾਣੇ ਉਹਦੀ ਮਿਤ ਗਤ, ਗਹਿਰ ਗੰਭੀਰ ਬੇਨਜ਼ੀਰ ਆਪਣਾ ਖੇਲ ਖਿਲਾਈਆ । ਸਦੀ ਚੌਧਵੀਂ ਪੈਂਡਾ ਮੁਕਾਇਆ ਨੱਠ, ਭੱਜੀ ਵਾਹੋ ਦਾਹੀਆ । ਚੌਦਾਂ ਤਬਕ ਖੇੜਾ ਰਿਹਾ ਢੱਠ, ਅੱਗੇ ਹੋ ਨਾ ਕੋਇ ਅਟਕਾਈਆ । ਤੇਰੀ ਆਸ਼ਾ ਉਲਟੀ ਗਿੜਨੀ ਲੱਠ, ਚਾਰੋਂ ਕੁੰਟ ਦਰੋਹੀ ਇਕੋ ਨਾਮ ਦੁਹਾਈਆ । ਚਾਰ ਯਾਰੀ ਰਹੇ ਕੋਈ ਨਾ ਹੱਠ, ਸਿਦਕ ਸਬੂਰੀ ਸਾਰੇ ਰਹੇ ਗਵਾਈਆ । ਉਠ ਕਲਮਾ ਪੜ੍ਹ ਲੈ ਝਟ, ਪੰਜ ਨਿਮਾਜ਼ ਰਹੀ ਕੁਰਲਾਈਆ । ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ ਧਾਰ ਹੋਇਆ ਪਰਗਟ, ਪਾਰਬ੍ਰਹਮ ਪ੍ਰਭ ਆਪਣਾ ਰੂਪ ਬਦਲਾਈਆ । ਜਿਸ ਨੇ ਦੀਨ ਮਜ਼੍ਹਬ ਰਹਿਣ ਨਹੀਂ ਦੇਣੀ ਕੋਈ ਵੱਟ, ਚਾਰ ਜੁਗ ਦਾ ਝਗੜਾ ਦੇਣਾ ਗਵਾਈਆ । ਸਾਚਾ ਲਾਹਾ ਨਬੀ ਰਸੂਲ ਹੋ ਕੇ ਖੱਟ, ਪੈਗ਼ੰਬਰ ਹੋ ਕੇ ਸੀਸ ਨਿਵਾਈਆ । ਆਪਣੇ ਕਦਮ ਨਾਲ ਆਪਣੀ ਹੱਦ ਜਾ ਟੱਪ, ਕਦੀਮ ਦੇ ਮਾਲਕ ਅੱਗੇ ਕਦਮਬੋਸੀ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਮੁਹੰਮਦ ਹੱਥ ਮਾਰਿਆ ਉਤੇ ਪੇਸ਼ਾਨੀ, ਪੇਸ਼ਵਾ ਹੋ ਕੇ ਧਿਆਨ ਲਗਾਈਆ । ਕੀ ਮਹਿਮੂਦ ਕਰੇਂ ਮਿਹਰਵਾਨੀ, ਮਹਿਜ਼ ਦੇਣਾ ਜਣਾਈਆ । ਮੇਰੀ ਵੇਖ ਕੁਰਬਾਨੀ, ਤੇਰੀ ਧਾਰ ਕਰਬਲਾ

ਦਏ ਗਵਾਹੀਆ । ਮੇਰਾ ਜਿਸਮ ਨਾ ਰਿਹਾ ਜਿਸਮਾਨੀ, ਜ਼ਮੀਰ ਰੰਗ ਨਾ ਕੋਇ ਰੰਗਾਈਆ । ਮੈਂ ਤੇਰਾ ਨੂਰ ਨੁਰਾਨੀ, ਤੂੰ ਜਲਵਾਗਰ ਬੇਪਰਵਾਹੀਆ । ਤੂੰ ਆਦਿ ਅੰਤ ਦਾ ਬਾਨੀ, ਜੁਗ ਜੁਗ ਆਪਣਾ ਹੁਕਮ ਸੁਣਾਈਆ । ਮੈਂ ਤੇਰਾ ਪੜ੍ਹਿਆ ਕਲਮਾ ਕਲਾਮੀ, ਕਾਇਨਾਤ ਸੁਣਾਈਆ । ਤੂੰ ਸ਼ਹਿਨਸ਼ਾਹ ਅਮਾਮੀ, ਅਮਲਾਂ ਤੋਂ ਰਹਿਤ ਨਜ਼ਰੀ ਆਈਆ । ਤੇਰਾ ਹੁਕਮ ਆਲਮੇ ਜਾਵਿਦਾਨੀ, ਦੋ ਜਹਾਨਾਂ ਸਦਾ ਸ਼ਨਵਾਈਆ । ਮੈਨੂੰ ਅੰਤ ਆਪਣੇ ਪਿਆਰ ਦੀ ਦੇ ਮਹਿਮਾਨੀ, ਮੁਹੱਬਤ ਵਿਚ ਮਿਹਰ ਰਸ ਦੇਣਾ ਚਖਾਈਆ । ਮੇਰੀ ਉਹ ਤਕ ਲੈ ਉਹ ਤਕ ਲੈ ਏਥੇ ਉਥੇ ਦੋ ਜਹਾਨਾਂ ਵਾਲੀ ਨਿਸ਼ਾਨੀ, ਜਿਸ ਦੀ ਤਾਰਾ ਚੰਦ ਦਏ ਗਵਾਹੀਆ । ਮੇਰੀ ਅੰਤਮ ਹੋਣੀ ਜੂਹ ਬੇਗਾਨੀ, ਲੋਕਮਾਤ ਚੌਦਾਂ ਤਬਕ ਸੰਗ ਨਾ ਕੋਇ ਰਖਾਈਆ । ਸਦੀ ਚੌਧਵੀਂ ਚੌਦਸ ਦਿਸੇ ਪਰੇਸ਼ਾਨੀ, (ਪਰੇਸ਼ਾਨ) ਹੋ ਕੇ ਰਿਹਾ ਸੁਣਾਈਆ । ਮੰਜ਼ਲ ਹੱਕ ਨਾ ਰਹੀ ਰੁਹਾਨੀ, ਰੂਹ ਬੁਤ ਪਾਕ ਨਾ ਕੋਇ ਕਰਾਈਆ । ਮੁੱਲਾ ਸ਼ੇਖ਼ ਮੁਸਾਇਕ ਕਰਨ ਬੇਈਮਾਨੀ, ਬੇਵਾ ਹੋਈ ਲੋਕਾਈਆ । ਮੈਨੂੰ ਸਚ ਦਿਸਦਾ ਹੱਕ ਦਿਸਦਾ ਅਨੁਲਹਕ ਦੀ ਯਾਦ ਆਈ ਕੁਰਬਾਨੀ, ਜਗਤ ਸ਼ਮਸ ਤਬਰੇਜ਼ ਖੱਲਾਂ ਖੱਲ ਲੁਹਾਈਆ । ਜ਼ਰੂਰ ਤੇਰੇ ਹੁਕਮ ਦੀ ਚਾਰ ਕੁੰਟ ਆਏ ਤੁਗ਼ਿਆਨੀ, ਮੂਸਾ ਕੋਹਤੂਰ ਤੇ ਵੇਖੇ ਅੱਖ ਉਠਾਈਆ । ਈਸਾ ਅੰਦਰ ਆਵੇ ਹੈਰਾਨੀ, ਸਦੀ ਬੀਸਵੀਂ ਅੱਖ ਖੁਲ੍ਹਾਈਆ । ਤੇਰੇ ਗੋਬਿੰਦ ਦੀ ਢਈਏ ਤੋਂ ਬਾਦ ਸ਼ਬਦੀ ਧਾਰ ਜਵਾਨੀ, ਜੋਬਨਵੰਤਾ ਇਕੋ ਸੋਭਾ ਪਾਈਆ । ਜਿਸ ਨੇ ਕਰਨੀ ਖੇਲ ਮਹਾਨੀ, ਮਹਾਂਬਲੀ ਤੇਰਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਭਾਦਰੋਂ ਕਹੇ ਮੁਹੰਮਦਾ ਔਹ ਤਕ ਲੈ ਗੋਬਿੰਦ ਸੂਰਾ, ਹਰਿ ਸਤਿਗੁਰ ਸ਼ਬਦ ਰੂਪ ਬਦਲਾਈਆ । ਜਿਸ ਦਾ ਮੇਲ ਜੋਤੀ ਧਾਰ ਅਗੰਮੀ ਨੂਰਾ, ਨੂਰ ਨੁਰਾਨਾ ਡਗਮਗਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਰਬ ਕਲਾ ਭਰਪੂਰਾ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਇਕ ਅਖਵਾਈਆ । ਏਥੇ ਓਥੇ ਦੋ ਜਹਾਨਾਂ ਨਵ ਸੱਤ ਜ਼ਾਹਰ ਜ਼ਹੂਰਾ, ਜ਼ੱਰਾ ਜ਼ੱਰਾ ਆਪਣਾ ਰੰਗ ਰੰਗਾਈਆ । ਸੋ ਕਲਜੁਗ ਅੰਤ ਕੂੜੀ ਕਿਰਿਆ ਹੁੰਝੇ ਕੂੜਾ, ਕੂੜ ਕੁਟੰਬ ਦਏ ਮਿਟਾਈਆ । ਜਿਸ ਕਾਰਨ ਮੁਹੰਮਦਾ ਤੇਰੀ ਕੱਫਣੀ ਸ਼ਬਦੀ ਧਾਰ ਕਾਲਾ ਮੰਗਿਆ ਭੂਰਾ, ਮੇਲਾ ਸਿੰਘ ਲੈ ਕੇ ਆਇਆ ਚਾਈਂ ਚਾਈਂਆ । ਧੁਰ ਦਾ ਬਚਨ ਜਾਏ ਨਾ ਕਦੇ ਹਦੂਰਾ, ਹੱਦ ਸਭ ਦੀ ਦਏ ਗਵਾਈਆ । ਜਿਸ ਦੇ ਪ੍ਰੇਮ ਵਿਚ ਸਭ ਨੇ ਹੋਣਾ ਮਸ਼ਕੂਰਾ, ਸ਼ੁਕਰੀਆ ਕਹਿ ਕੇ ਸੀਸ ਝੁਕਾਈਆ । ਉਸ ਦਾ ਬਦਲੇ ਨਾ ਕੋਇ ਦਸਤੂਰਾ, ਦਸਤ ਨਾਲ ਦਸਤ ਸਰਬ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਭਾਦਰੋਂ ਕਹੇ ਮੁਹੰਮਦ ਵੇਖ ਗੋਬਿੰਦ ਧਾਰ ਅਵੱਲੀ, ਅਵਲ ਅੱਲਾ ਇਕ ਜਣਾਈਆ । ਜੋਧਾ ਸੂਰਬੀਰ ਮਹਾਂਬਲੀ, ਬਲ ਬਾਵਨ ਦਏ ਗਵਾਹੀਆ । ਉਹ ਜਿਸ ਨੂੰ ਸਜਦਾ ਕਰਦਾ ਤੇਰਾ ਸ਼ਾਹ ਅਲੀ, ਆਲਮੀਨ ਤਕ ਨੂਰ ਇਲਾਹੀਆ । ਜਿਸ ਦੀ ਹੁਕਮ ਵਾਲੀ ਘੜੀ ਕਦੇ ਨਾ ਟਲੀ, ਨਾ ਕੋਈ ਮੇਟੇ ਮੇਟ ਮਿਟਾਈਆ । ਉਹ ਸਦੀ ਚੌਧਵੀਂ ਸਭ ਨੂੰ ਜਾਂਦਾ ਛਲੀ, ਵਲ ਛਲ ਆਪਣਾ ਹੁਕਮ ਵਰਤਾਈਆ । ਸ਼ਬਦੀ ਧਾਰ ਜੋਤ ਜੋਤ ਵਿਚ ਰਲੀ, ਜੋਤ ਜੋਤ ਵਿਚ ਸਮਾਈਆ । ਜੋ ਦੋ ਜਹਾਨਾਂ ਫਿਰਦਾ ਗਲੀਉ ਗਲੀ, ਲੱਖ ਚੁਰਾਸੀ ਕਾਇਆ ਮੰਦਰ ਅੰਦਰ ਆਪਣਾ ਹੁਕਮ ਸੁਣਾਈਆ । ਜਿਸ ਨੇ ਭਗਤਾਂ ਦਾ ਸੀਸ ਰੱਖਿਆ ਆਪਣੀ ਤਲੀ, ਤਾਲ ਤਲਵਾੜਾ ਆਪਣਾ ਨਾਮ ਵਜਾਈਆ । ਉਹ ਖੇਲ ਕਰੇ ਥਲੀ ਜਲੀ, ਮਹੀਅਲ ਆਪਣਾ ਰੰਗ ਰੰਗਾਈਆ । ਸਚ ਸਿੰਘਾਸਣ

ਰਿਹਾ ਮੱਲੀ, ਮਾਲਕ ਹੋ ਕੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਭਾਦਰੋਂ ਕਹੇ ਮੁਹੰਮਦ ਔਹ ਤਕ ਅਵਤਾਰ ਤੇਈ, ਸਾਰੇ ਤੇਰਾ ਰਾਹ ਤਕਾਈਆ । ਉਹ ਵੇਖ ਨਾਨਕ ਖਲੋਤਾ ਕੰਢੇ ਉਤੇ ਬੇਈ, ਚੁੱਭੀ ਦੋ ਜਹਾਨ ਲਗਾਈਆ । ਉਹ ਵੇਖ ਕੀ ਸੰਦੇਸ਼ਾ ਦਿਤਾ ਰਾਮ ਮਾਤ ਕੇਕਈ, ਮਤਰੇਈ ਜਗਤ ਸੁਣਾਈਆ । ਕਮਲੀਏ ਜਿਸ ਵੇਲੇ ਅਵਤਾਰ ਪੈਗ਼ੰਬਰ ਗੁਰੂਆਂ ਦੀ ਰਹਿਣੀ ਨਹੀਂ ਕੋਈ ਦੇਹੀ, ਪੰਜ ਤਤ ਨਜ਼ਰ ਕੋਇ ਨਾ ਆਈਆ । ਫੇਰ ਉਹ ਰਾਮ ਆਉਣਾ ਜਿਹੜਾ ਸਭ ਦਾ ਰਾਮ ਸਨੇਹੀ, ਸਗਲਾ ਸੰਗ ਰਖਾਈਆ । ਜਿਸ ਨੂੰ ਖੋਜਣ ਕੋਟਨ ਕੋਟ ਕਈ, ਕੇਤੇ ਧਿਆਨ ਲਗਾਈਆ । ਉਹਦੀ ਸੂਰਤ ਉਹਦੀ ਮੂਰਤ ਇਕੋ ਆਪਣੇ ਜੇਹੀ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਭਾਦਰੋਂ ਕਹੇ ਪ੍ਰਭੂ ਮੇਰਾ ਪਿਛਲਾ ਤਕ ਦਿਹਾੜਾ, ਦਿਹੁਰੀ ਧਿਆਨ ਲਗਾਈਆ । ਜਿਸ ਵੇਲੇ ਸਤਿਗੁਰ ਸ਼ਬਦ ਬਣਾਇਆ ਲਾੜਾ, ਲਾੜੀ ਲੱਖ ਚੁਰਾਸੀ ਪਰਨਾਈਆ । ਸ਼ਬਦ ਅਗੰਮੀ ਨਾਦ ਵਜਾਇਆ ਤਲਵਾੜਾ, ਧੁਨ ਆਪਣੇ ਵਿਚੋਂ ਪਰਗਟਾਈਆ । ਨੂਰੀ ਜੋਤ ਲਗਾਇਆ ਅਖਾੜਾ, ਪੰਜ ਤਤ ਨਾ ਕੋਇ ਚਤੁਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੈਗ਼ੰਬਰਾਂ ਦਿਤਾ ਇਸ਼ਾਰਾ, ਸੈਨਤ ਨਾਲ ਸਮਝਾਈਆ । ਓਏ ਦੁਲਾਰਿਓ ਦੁਲਿਓ ਬੱਚਿਓ ਤੁਹਾਡਾ ਵਕਤ ਚੁੱਕਿਆ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਨਿਵਾਈਆ । ਝਟ ਕਲ ਕਲਕੀ ਪਰਗਟ ਹੋਏ ਚਵ੍ਹੀਆਂ ਅਵਤਾਰਾ, ਜਿਸ ਨੂੰ ਜਨਮੇ ਕੋਈ ਨਾ ਮਾਈਆ । ਜਿਸ ਦਾ ਗੋਬਿੰਦ ਹੋਏ ਸੁਤ ਦੁਲਾਰਾ, ਨਾਮ ਖੰਡਾ ਹੱਥ ਉਠਾਈਆ । ਤਿਖੀਆਂ ਰੱਖੇ ਦੋਵੇਂ ਧਾਰਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੂਪ ਸਮਝਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਇਕੋ ਆਪਣਾ ਕਰੇ ਵਾਰਾ, ਵਾਰਤਾ ਪਿਛਲੀ ਦਏ ਬਦਲਾਈਆ । ਸਭ ਦੇ ਅੰਤਰ ਨਿਰੰਤਰ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਉਪਜੇ ਜੈਕਾਰਾ, ਸ਼ਬਦੀ ਧੁਨ ਧੁਨ ਸ਼ਨਵਾਈਆ । ਜਿਸ ਦੀ ਮਹਿੰਮਾ ਕਾਗਦ ਕਲਮ ਨਾ ਲਿਖਣਹਾਰਾ, ਚਾਰ ਜੁਗ ਦੇ ਸ਼ਾਸਤਰ ਅੰਤ ਕਹਿਣ ਕੋਇ ਨਾ ਪਾਈਆ । ਸੋ ਸਾਹਿਬ ਸੁਲਤਾਨ ਅੰਤਰਜਾਮੀ ਭਾਦਰੋਂ ਕਹੇ ਮੇਰਾ ਬਣ ਜਾਏ ਮੀਤ ਮੁਰਾਰਾ, ਮਿੱਤਰ ਪਿਆਰਾ ਇਕ ਅਖਵਾਈਆ । ਮੈਂ ਬਿਨਾ ਸੀਸ ਤੋਂ ਉਸ ਜਗਦੀਸ਼ ਨੂੰ ਕਰਾਂ ਨਿਮਸਕਾਰਾ, ਜੋ ਜੁਗ ਜੁਗ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੁਹੰਮਦ ਕਹੇ ਮੈਨੂੰ ਦੇਖ ਲੈਣ ਦੇ ਤਾਰਾ ਕੁਤਬ, ਕੁਤਬਿਆਂ ਦਿਆਂ ਜਣਾਈਆ । ਕਿਉਂ ਖ਼ੁਦਾ ਖੇਲ ਕਰਨ ਲੱਗਾ ਮੁਫ਼ਤ, ਮੁਫ਼ਤੀਆਂ ਪੜਦਾ ਦਿਆਂ ਉਠਾਈਆ । ਕਿਉਂ ਪਰਵਰਦਿਗਾਰ ਹੋਇਆ ਚੁਸਤ, ਜਗਤ ਚਲਾਕਾਂ ਦਿਆਂ ਜਣਾਈਆ । ਕਿਉਂ ਹੁਕਮ ਦੇਣ ਲੱਗਾ ਦਰੁਸਤ, ਦੋਹਰੀ ਆਪਣੀ ਕਾਰ ਕਮਾਈਆ । ਬਹੁੜੀ ਨੌਂ ਸੌ ਚੁਰਾਨਮੇ ਚੌਕੜੀ ਜੁਗ ਪਿਛੋਂ ਕਿਥੋਂ ਏਸ ਨੂੰ ਮਿਲ ਗਈ ਫ਼ੁਰਸਤ, ਵਿਹਲਾ ਹੋ ਕੇ ਆਪਣੀ ਕਾਰ ਕਮਾਈਆ । ਪਹਿਲੋਂ ਸਾਨੂੰ ਬਣਾ ਕੇ ਮੁਰਸ਼ਦ, ਮੁਰੀਦਾਂ ਕਲਮੇ ਦਿਤੇ ਜਣਾਈਆ । ਆਪਣੀ ਆਪ ਕਰਾਕੇ ਉਲਫ਼ਤ, ਆਲਮਾਂ ਇਲਮ ਦਿਤੇ ਸਮਝਾਈਆ । ਹੁਣ ਸਭ ਨੂੰ ਦੇਣ ਲੱਗਾ ਰੁਖ਼ਸਤ, ਛੁੱਟੀ ਹੋਵੇ ਵਿਚੋਂ ਮਾਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਮੁਹੰਮਦ ਕਹੇ ਮੇਰਾ ਇਕੋ ਇਕ ਸਜਦਾ, ਸਜਦਾ ਦਿਆਂ ਜਣਾਈਆ ।

ਮੈਂ ਇਕੋ ਇਕ ਦਾ ਬਰਦਾ, ਬਰਦਿਆਂ ਦਿਆਂ ਜਣਾਈਆ । ਵੇਖੇ ਖੇਲ ਆਪਣੇ ਘਰ ਦਾ, ਜੋ ਘਰ ਘਰ ਰਿਹਾ ਵਖਾਈਆ । ਮੈਂ ਜਿਸ ਦਾ ਪਲੂ ਫੜਦਾ, ਤੁਹਾਨੂੰ ਆਇਆ ਫੜਾਈਆ । ਉਹ ਵੇਖ ਅਗੰਮੀ ਪਰਦਾ, ਜੋਤੀ ਨੂਰ ਨੂਰ ਇਲਾਹੀਆ । ਮੈਂ ਉਸ ਦੇ ਕਦਮਾਂ ਆਪਣਾ ਹਾੜਾ ਕਢਦਾ, ਹਾਏ ਉਫ਼ ਦੁਹਾਈਆ । ਦਰੋਹੀ ਸਦੀ ਚੌਧਵੀਂ ਅੰਤ ਮੂਲ ਨਾ ਛਡਦਾ, ਵਾਇਦੇ ਕੌਲ ਆਪਣੇ ਪੂਰ ਕਰਾਈਆ । ਉਮਤੇ ਹੁਣ ਵੇਲਾ ਇਕੋ ਅਖ਼ੀਰੀ ਹੱਜ ਦਾ, ਹੁਜਰਿਆਂ ਤੋਂ ਬਾਹਰ ਦੇਣਾ ਸੁਣਾਈਆ । ਜਿਹੜਾ ਖ਼ੁਦਾ ਮਸੀਤਾਂ ਮਕਬਰਿਆਂ ਵਿਚੋਂ ਨਹੀਂ ਲੱਭਦਾ, ਮੰਬਰਾਂ ਉਤੇ ਕਰੇ ਨਾ ਕੋਇ ਸ਼ਨਵਾਈਆ । ਉਹਦਾ ਨੂਰ ਅਲਾਹੀ ਨੁਰਾਨਾ ਹੋ ਕੇ ਜਗਦਾ, ਜਾਗਰਤ ਜੋਤ ਡਗਮਗਾਈਆ । ਵੇਸ ਕਰ ਸੂਰੇ ਸਰਬਗ ਦਾ, ਹੁਕਮ ਸੰਦੇਸ਼ਾ ਰਿਹਾ ਸੁਣਾਈਆ । ਕੁਝ ਲੇਖਾ ਯਾਦ ਆ ਗਿਆ ਮੁਹੰਮਦ ਨੂੰ ਅੱਜ ਦਾ, ਇਜ਼ਰਾਈਲ ਜ਼ਬਰਾਈਲ ਇਸਰਾਫੀਲ ਮੀਕਾਈਲ ਚਾਰੇ ਲਏ ਬੁਲਾਈਆ । ਆਪਣਾ ਹਿਸਾਬ ਵੇਖੋ ਝੱਬ ਦਾ, ਪਲੂ ਲਉ ਉਠਾਈਆ । ਸਾਰੇ ਕਹਿਣ ਦਰੋਹੀ ਦੋ ਜਹਾਨਾਂ ਮਾਲਕ ਕਿਤੇ ਨਾ ਲੱਭਦਾ, ਚਾਰ ਕੁੰਟ ਨਜ਼ਰ ਕੋਇ ਨਾ ਆਈਆ । ਉਹ ਵਣਜਾਰਾ ਨਹੀਂ ਰਿਹਾ ਮਾਸ ਨਾੜੀ ਹੱਡ ਦਾ, ਤਤਾਂ ਤੋਂ ਪਰੇ ਨੂਰ ਇਲਾਹੀਆ । ਜਿਥੇ ਇਕੋ ਦੀਪਕ ਨੂਰ ਨੁਰਾਨਾ ਜਗਦਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਮੁਹੰਮਦ ਕਹੇ ਤੁਸੀਂ ਚਾਰੇ ਚਾਰ ਫ਼ਰਿਸ਼ਤੇ, ਫ਼ਰਿਸ਼ਤਿਉ ਵੇਖੋ ਥਾਉਂ ਥਾਈਂਆ । ਤੁਹਾਡੇ ਕੋਲੋਂ ਕੋਈ ਨਾ ਖ਼ਿਸਕੇ, ਭੱਜ ਸਕੇ ਨਾ ਰਾਈਆ । ਮੈਨੂੰ ਐਥੋਂ ਸਾਰੇ ਦਿਸਦੇ, ਨੂਰੀ ਜਲਵੇ ਨਾਲ ਤਕਾਈਆ । ਤੁਸਾਂ ਮੈਨੂੰ ਲੇਖੇ ਦੇਣੇ ਇਕ ਇਕ ਦੇ, ਪਹਿਲੀ ਅੱਸੂ ਹਿੱਸਾ ਆਪਣੇ ਹੱਥ ਉਠਾਈਆ । ਕਿਉਂ ਨਹੀਂ ਕਲਮਿਆਂ ਵਿਚ ਮਨ ਉਨ੍ਹਾਂ ਦੇ ਟਿਕਦੇ, ਸਾਂਤਕ ਸਤਿ ਨਾ ਕੋਇ ਵਰਤਾਈਆ । ਕਿਉਂ ਪਿਆਰੇ ਨਾ ਹੋਏ ਅਗੰਮੀ ਪਿਤ ਦੇ, ਪਲਕਾਂ ਦੇ ਪਿਛੇ ਦਿਸੇ ਨਾ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਜ਼ਬਰਾਈਲ ਕਹੇ ਮੈਂ ਵੇਖਣਾ ਅਗੰਮੀ ਜਬਰ, ਕੀ ਜਾਬਰ ਰਿਹਾ ਜਣਾਈਆ । ਮੁਹੰਮਦਾ ਪਹਿਲੋਂ ਤਕਾਂ ਤੇਰੀ ਕਬਰ, ਮਕਬਰੇ ਫੋਲ ਫੁਲਾਈਆ । ਫੇਰ ਤਕਾਂ ਤੇਰੀ ਉਮਤ ਦਾ ਸਬਰ, ਕੀ ਸਬੂਰੀ ਜਾਮ ਆਇਆ ਪਿਆਈਆ । ਫੇਰ ਤੇਰੇ ਮੁੱਲਾ ਸ਼ੇਖ਼ ਮੁਸਾਇਕਾਂ ਦਾ ਵੇਖਾਂ ਟੱਬਰ, ਜਿਨ੍ਹਾਂ ਨੂੰ ਤੀਸ ਬਤੀਸ ਸਪਾਰੇ ਆਇਆ ਦ੍ਰਿੜਾਈਆ । ਫੇਰ ਕਲਮੇ ਦਾ ਤਕਾਂ ਧੁਨ ਮਧੁਰ, ਕਾਇਨਾਤ ਖੋਜ ਖੁਜਾਈਆ । ਫੇਰ ਸਦੀ ਚੌਧਵੀਂ ਦੀ ਵੇਖਾਂ ਸਧਰ, ਕੀ ਆਸਾ ਰਹੀ ਤਕਾਈਆ । ਫੇਰ ਵੇਖਾਂ ਕਿਉਂ ਪਰਵਰਦਿਗਾਰ ਸਭ ਨੂੰ ਰਿਹਾ ਬਦਲ, ਬਦਲੀ ਹੋਵੇ ਥਾਉਂ ਥਾਈਂਆ । ਕੀ ਪੈਗ਼ੰਬਰੋ ਤੁਹਾਥੋਂ ਹੋ ਨਾ ਸਕਿਆ ਅਦਲ, ਇਨਸਾਫ਼ ਸਚ ਨਾ ਕੋਇ ਕਮਾਈਆ । ਕਿਉਂ ਤੁਹਾਡੀ ਸ਼ਰਅ ਨੇ ਇਨਸਾਨਾਂ ਨੂੰ ਕੀਤਾ ਕਤਲ, ਕਤਲਗਾਹ ਬਣੀ ਲੋਕਾਈਆ । ਕਿਉਂ ਨਹੀਂ ਸਾਰਿਆਂ ਦਾ ਸਾਂਝਾ ਵਖਾਇਆ ਉਹ ਵਤਨ, ਜਿਸ ਦਾ ਮਾਲਕ ਇਕੋ ਨੂਰ ਇਲਾਹੀਆ । ਜਿਸ ਦੀ ਤੁਸੀਂ ਕੁਖੋਂ ਸਾਰੇ ਜੰਮੇ ਵਿਚੋਂ ਬਤਨ, ਸ਼ਿਕਮ ਵਿਚੋਂ ਆਪਣਾ ਆਪ ਪਰਗਟਾਈਆ । ਕਿਉਂ ਵੱਖ ਵੱਖ ਹੁਕਮ ਸੁਣਾਇਆ ਕਲਮੇ ਲੱਗੇ ਰਟਣ, ਰੱਟਾ ਦੀਨ ਦੁਨੀ ਪਵਾਈਆ । ਹੁਣ ਤੁਹਾਡੀ ਸਭ ਦੀ ਉਹ ਜੜ੍ਹ ਲੱਗਾ ਪੱਟਣ, ਪਟਨੇ ਵਾਲਾ ਸ਼ਬਦ ਗੁਰੂ ਆਪਣੇ ਨਾਲ ਰਖਾਈਆ । ਭਾਦਰੋਂ ਕਹੇ ਮੈਂ ਸਭ ਨੂੰ ਆਇਆ ਦੱਸਣ, ਸੰਦੇਸ਼ਾ ਦੇਣਾ ਚਾਈਂ ਚਾਈਂਆ । ਕਰੇ ਖੇਲ ਅਲੱਖਣਾ ਅਲੱਖਣ, ਅਲਖ ਅਗੋਚਰ ਆਪਣਾ ਖੇਲ ਖਿਲਾਈਆ ।

ਸਭ ਦੇ ਪੂਰੇ ਕਰਨੇ ਭਵਿਖਤ ਬਚਨ, ਪੇਸ਼ੀਨਗੋਈਆਂ ਪੇਸ਼ਤਰ ਸਭ ਦੇ ਨਾਲ ਮਿਲਾਈਆ । ਜਿਹੜੇ ਅੱਲਾ ਵਾਹਿਗੁਰੂ ਰਾਮ ਕ੍ਰਿਸ਼ਨ ਨਾਮ ਸਤਿ ਜਪਣ, ਜਪਦੇ ਜਪਦੇ ਸਾਰੇ ਦੇਣੇ ਟਕਰਾਈਆ । ਮਜ਼੍ਹਬ ਮਜ਼੍ਹਬਾਂ ਨੂੰ ਕਟਣ, ਕਟਾਕਸ਼ ਲੱਗੇ ਨਾਮ ਇਲਾਹੀਆ । ਇਹ ਹੁਕਮ ਉਸ ਦਾ ਜਿਸ ਨੂੰ ਕਹਿੰਦੇ ਪਾਟਲ ਪਰਗਟਿਆ ਵਿਚੋਂ ਪਟਣ, ਨਦੇੜ ਆਪਣਾ ਖੇਲ ਖਿਲਾਈਆ । ਉਹ ਖੇਲ ਕਰੇ ਨਾਲ ਸਮਰਥਣ, ਪਰਮ ਪੁਰਖ ਨਾਲ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਧੁਰ ਫ਼ਰਮਾਨਾ ਇਕ ਸੁਣਾਈਆ । ਭਾਦਰੋਂ ਕਹੇ ਮੈਂ ਵੇਖਣਾ ਗੋਬਿੰਦ ਉਹ ਭੁਜੰਗੀ, ਜਿਸ ਦੀਆਂ ਭੁਜਾਂ ਨਜ਼ਰ ਕੋਇ ਨਾ ਆਈਆ । ਸੂਰਬੀਰ ਬਹਾਦਰ ਯੋਧਾ ਹੋਵੇ ਜੰਗੀ, ਜੰਗ ਦੋ ਜਹਾਨ ਕਰਾਈਆ । ਸਭ ਦੀ ਪੁਸ਼ਤ ਕਰਕੇ ਨੰਗੀ, ਓਢਣ ਉਤੇ ਨਾ ਕੋਇ ਟਿਕਾਈਆ । ਕਲਜੁਗ ਅੰਤਮ ਰਹਿਣ ਦੇਵੇ ਨਾ ਕੋਇ ਪਖੰਡੀ, ਜੂਠ ਝੂਠ ਦਾ ਪੰਧ ਮੁਕਾਈਆ । ਸਤਿਜੁਗ ਸਚ ਧਰਮ ਦੀ ਲਾ ਕੇ ਡੰਡੀ, ਡੰਡਾਵਤ ਇਕੋ ਦਏ ਦਰਸਾਈਆ । ਜਨ ਭਗਤਾਂ ਸੰਤਾਂ ਸੂਫ਼ੀ ਫ਼ਕੀਰਾਂ ਲਗਾਏ ਅੰਗੀ, ਅੰਗੀਕਾਰ ਇਕ ਅਖਵਾਈਆ । ਸ਼ਰਅ ਸ਼ਰੀਅਤ ਤੋੜ ਪਾਬੰਦੀ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਪਿਛਲੀ ਆਯੂ ਸਭ ਦੀ ਲੰਘੀ, ਅੱਗੇ ਵਕਤ ਸੁਹੰਜਣਾ ਦਏ ਦ੍ਰਿੜਾਈਆ । ਕਿਉਂ ਧਰਨੀ ਧਰਤ ਧਵਲ ਪਾਪਾਂ ਨਾਲ ਕੰਬੀ, ਨੇਤਰ ਰੋ ਰੋ ਮਾਰੇ ਧਾਈਆ । ਮੇਰੇ ਉਤੇ ਸਦੀ ਚੌਧਵੀਂ ਸੰਤ ਫ਼ਕੀਰ ਹੋ ਗਏ ਡੰਬੀ, ਕੂੜ ਕਿਰਿਆ ਵਿਚ ਹਲਕਾਈਆ । ਦੀਨ ਦੁਨੀ ਹੋ ਗਈ ਅੰਧੀ, ਪਾਰਬ੍ਰਹਮ ਤੇਰਾ ਦਰਸ ਕੋਇ ਨਾ ਪਾਈਆ । ਗ਼ਰੀਬੀ ਭੁੱਲ ਗਈ ਰਵਦਾਸ ਚਮਾਰੇ ਵਾਲੀ ਆਰ ਰੰਬੀ, ਸੁੱਕੇ ਟੁਕੜੇ ਖਾ ਕੇ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਤੇਰਾ ਵੇਸ ਅਵੱਲੜਾ ਸੂਰੇ ਸਰਬੰਗੀ, ਜਗਤ ਬੁੱਧੀ ਸਮਝ ਕੋਇ ਨਾ ਪਾਈਆ ।



### ✪ ੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੭ ਟਹਿਲ ਸਿੰਘ, ਗੁਲਜ਼ਾਰ ਸਿੰਘ, ਵਰਿਆਮ ਸਿੰਘ ਰਾਮ ਦਵਾਲੀ ਪਿੰਡ ਰੂਪੋਵਾਲੀ ਜ਼ਿਲਾ ਅੰਮ੍ਰਿਤਸਰ ✪

ਜਨ ਭਗਤੋ ਆਪਣਾ ਹਿੱਸਾ ਲੈਣਾ ਭਾਗ, ਜਨਮ ਜਨਮ ਦਾ ਪੂਰਬ ਲਹਿਣ ਚੁਕਾਈਆ । ਕਲਜੁਗ ਕੂੜੀ ਕਿਰਿਆ ਵਿਚੋਂ ਜਾਣਾ ਜਾਗ, ਜਾਗਰਤ ਜੋਤ ਕਰ ਰੁਸ਼ਨਾਈਆ । ਤ੍ਰੈਗੁਣ ਤਤ ਬੁਝਾਉਣੀ ਆਗ, ਅਗਨੀ ਤਤ ਨਾ ਲਾਗੇ ਰਾਈਆ । ਮਾਇਆ ਡੱਸਣੀ ਡੱਸੇ ਨਾ ਨਾਗ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਹਲਕਾਈਆ । ਗੁਰਮੁਖ ਹੰਸ ਬਣੇ ਕਾਗ, ਕੂੜੀ ਕਿਰਿਆ ਬਾਹਰ ਕਢਾਈਆ । ਘਰ ਦੀਪਕ ਗ੍ਰਿਹਿ ਜੋਤ ਤਕੋ ਚਰਾਗ਼, ਚਰਾਗ਼ਾਹਾਂ ਦਾ ਡੇਰਾ ਢਾਹੀਆ । ਮਨ ਮਨਸਾ ਛੱਡੋ ਸਮਾਜ, ਬੁਧ ਬਿਬੇਕ ਬਣਾਈਆ । ਪੁਰਖ ਅਕਾਲ ਸਰਨਾਈ ਜਾਣਾ ਲਾਗ, ਦੂਸਰ ਓਟ ਨਾ ਕੋਇ ਤਕਾਈਆ । ਅੰਤਰ ਨਿਰੰਤਰ ਰਹੇ ਨਾ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਸਤ ਨਾਮ ਵਰਤਾਈਆ । ਜਨ ਭਗਤੋ ਆਪਣਾ ਪੂਰਾ ਕਰੋ ਲੇਖਾ, ਜੁਗ ਜੁਗ ਦਾ ਲਹਿਣਾ ਝੋਲੀ ਪਾਈਆ ।

ਤਨ ਮੰਦਰ ਰਹੇ ਨਾ ਭਰਮ ਭੁਲੇਖਾ, ਭਾਂਡਾ ਭਰਮ ਦੇਣਾ ਭੰਨਾਈਆ । ਸਤਿਗੁਰ ਸ਼ਬਦ ਸ਼ਬਦ ਸਤਿਗੁਰ ਸੁਣੋ ਸੰਦੇਸ਼ਾ, ਜੋ ਸੰਧਿਆ ਸਰਘੀ ਇਕੋ ਰੰਗ ਰੰਗਾਈਆ । ਇਕੋ ਮਾਣ ਵਡਿਆਈ ਦੇਵੇ ਇਕੋ ਮੂੰਡ ਮੁੰਡਾਏ ਧਾਰੀ ਕੇਸਾ, ਕੇਸਗੜ੍ਹ ਦਾ ਮਾਲਕ ਹੋਏ ਸਹਾਈਆ । ਜੋ ਏਥੇ ਉਥੇ ਦੋ ਜਹਾਨਾਂ ਮਾਲਕ ਨਰ ਨਰੇਸ਼ਾ, ਨਰ ਨਰਾਇਣ ਅਗੰਮ ਅਥਾਹੀਆ । ਜਿਸ ਦਾ ਸੁਤ ਦੁਲਾਰਾ ਗੋਬਿੰਦ ਦਸ ਦਸਮੇਸ਼ਾ, ਦਹਿ ਦਿਸ਼ਾ ਭੇਵ ਚੁਕਾਈਆ । ਉਸ ਦਾ ਰੂਪ ਅਗੰਮਾ ਵੇਸਾ, ਜਿਸ ਨੂੰ ਸਮਝ ਵਿਚ ਨਾ ਕੋਇ ਸਮਝਾਈਆ । ਸਾਚੇ ਸੰਤਾਂ ਕਰੇ ਹੇਤਾ, ਹਿਤਕਾਰੀ ਇਕ ਹੋ ਆਈਆ । ਆਤਮ ਬ੍ਰਹਮ ਦਾ ਬਣ ਕੇ ਨੇਤਾ, ਨਿਰਗੁਣ ਨਿਰਵੈਰ ਦਇਆ ਕਮਾਈਆ । ਸੁਣੋ ਨਾਮ ਸਚ ਸਚ ਸਚ ਸੰਦੇਸ਼ਾ, ਅਣਸੁਣਤ ਦਏ ਸੁਣਾਈਆ । ਜਿਸ ਦੀ ਅਵਤਾਰ ਪੈਗ਼ੰਬਰ ਗੁਰੂਆਂ ਰੱਖੀ ਟੇਕਾ, ਟਿੱਕੇ ਮਸਤਕ ਧੂੜੀ ਖ਼ਾਕ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਅਗੰਮ ਅਥਾਹੀਆ । ਜਨ ਭਗਤੋ ਆਪਣੀ ਪੂਰੀ ਕਰੋ ਮਨਸਾ, ਮਨ ਮਤ ਦੇਣੀ ਗਵਾਈਆ । ਗੁਰਮੁਖ ਰੂਪ ਬਣੋ ਹੰਸਾ, ਹਿੰਸਾ ਅੰਦਰ ਰਹੇ ਨਾ ਰਾਈਆ । ਮਨ ਹੰਕਾਰੀ ਮਾਰੋ ਕੰਸਾ, ਕਾਹਨ ਇਕੋ ਇਕ ਮਨਾਈਆ । ਜੋ ਲਹਿਣਾ ਦੇਣਾ ਦੇਵੇ ਕੋਟ ਸਹੰਸਾ, ਸਹਿਜ ਪਦ ਆਪਣਾ ਇਕ ਦਰਸਾਈਆ । ਤੁਸੀਂ ਆਤਮ ਧਾਰ ਉਸ ਦੀ ਅੰਸਾ, ਅੰਤਸ਼ਕਰਨ ਤਜਣਾ ਕੂੜ ਲੋਕਾਈਆ । ਸਚ ਦਾ ਸਚ ਬਣਾਉਣਾ ਬੰਸਾ, ਦੂਸਰ ਰੰਗ ਨਾ ਕੋਇ ਰੰਗਾਈਆ । ਜੋ ਧਰਮ ਦੀ ਧਾਰ ਬਣਾਏ ਬਣਤਾ, ਘੜਨ ਭੰਨਣਹਾਰ ਇਕ ਅਖਵਾਈਆ । ਦੇਵੇ ਵਡਿਆਈ ਸਾਚੇ ਸੰਤਾ, ਸੰਤ ਸਾਜਣ ਆਪਣੇ ਰੰਗ ਰੰਗਾਈਆ । ਗੁਰਮੁਖਾਂ ਤੋੜੇ ਗੜ੍ਹ ਹਉਮੇ ਹੰਗਤਾ, ਹੰ ਬ੍ਰਹਮ ਆਪ ਪਰਗਟਾਈਆ । ਬੋਧ ਅਗਾਧਾ ਬਣੇ ਪੰਡਤਾ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਜਿਹੜਾ ਨਾ ਜੰਮਦਾ ਨਾ ਮਰਦਾ, ਜੰਮਣ ਮਰਨ ਵਿਚ ਕਦੇ ਨਾ ਆਈਆ । ਉਹ ਪਿਆਰਾ ਬਣਿਆ ਕਦੇ ਨਾ ਮਾਟੀ ਚੰਮ ਦਾ, ਚੰਮ ਦ੍ਰਿਸ਼ਟੀ ਸਾਰੇ ਦਿਓ ਤਜਾਈਆ । ਉਹਦਾ ਖੇਲ ਵੇਖੋ ਅਗੰਮ ਦਾ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਰੂਪ ਅਨੂਪ ਦੱਸੇ ਸ੍ਰੀ ਭਗਵਨ ਦਾ, ਭਗਵਨ ਆਪਣਾ ਪੜਦਾ ਆਪ ਚੁਕਾਈਆ । ਫੇਰ ਨੂਰ ਤਕੋ ਓਸ ਨੁਰਾਨੇ ਚੰਨ ਦਾ, ਜਿਸ ਨੂੰ ਸੂਰਯਾ ਚੰਦ ਕੋਟਨ ਕੋਟ ਸੀਸ ਝੁਕਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਭ ਦੇ ਬੇੜੇ ਬੰਨ੍ਹਦਾ, ਬੰਨਣਹਾਰ ਇਕ ਅਖਵਾਈਆ । ਉਹ ਮਾਲਕ ਖ਼ਾਲਕ ਵਜੂਦ ਪੰਜ ਤਤ (ਤਨ) ਦਾ, ਗ੍ਰਿਹ ਗ੍ਰਿਹ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਦਇਆ ਕਮਾਈਆ । ਜਨ ਭਗਤੋ ਆਪਣੀ ਪੂਰੀ ਕਰੋ ਵੰਡ, ਵੰਡਣਹਾਰ ਦਇਆ ਕਮਾਈਆ । ਕਲਜੁਗ ਕੂੜੀ ਕਿਰਿਆ ਛਡੋ ਪਖੰਡ, ਮਮਤਾ ਮੋਹ ਨਾ ਕੋਇ ਹਲਕਾਈਆ । ਆਤਮ ਪਰਮਾਤਮ ਮਾਣੋ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਤੂੰ ਮੇਰਾ ਮੈਂ ਤੇਰਾ ਗਾਵੇ ਛੰਦ, ਸੋਹੰ ਢੋਲਾ ਧੁਰਦਰਗਾਹੀਆ । ਪਾਰਬ੍ਰਹਮ ਬ੍ਰਹਮ ਲਾਵੇ ਆਪਣੇ ਅੰਗ, ਅੰਗੀਕਾਰ ਇਕ ਅਖਵਾਈਆ । ਨਾਮ ਸ਼ਬਦ ਸੁਣੋ ਮਰਦੰਗ, ਮਰਦ ਮਰਦਾਨਾ ਆਪ ਦ੍ਰਿੜਾਈਆ । ਆਤਮ ਸੇਜ ਸੁਹੰਜਣੀ ਕਰੋ ਪਲੰਘ, ਗ੍ਰਿਹ ਮੰਦਰ ਹੋਵੇ ਰੁਸ਼ਨਾਈਆ । ਝਗੜਾ ਮੁਕਾਓ ਜੇਰਜ ਅੰਡ, ਉਤਭੁਜ ਸੇਤਜ ਲੇਖਾ ਰਹੇ ਨਾ ਰਾਈਆ । ਜਗਤ ਜਹਾਨ ਜਾਓ ਲੰਘ, ਮੰਜ਼ਲ ਸਾਚੀ ਕਦਮ ਟਿਕਾਈਆ । ਝਗੜਾ ਰਹੇ ਨਾ ਕੋਇ ਬ੍ਰਹਿਮੰਡ, ਬ੍ਰਹਿਮਾਂਡ ਪੜਦਾ ਲੈਣਾ ਉਠਾਈਆ । ਮਿਲੇ ਮੇਲ ਸੂਰੇ ਸਰਬੰਗ, ਮੇਲਣਹਾਰ ਦਇਆ ਕਮਾਈਆ । ਜਿਸ ਦੀ ਸਿਫ਼ਤ ਕਰ

ਨਾ ਸਕੇ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਚਤੁਰਾਈਆ । ਉਹ ਲੇਖਾ ਜਾਣੇ ਹੰ ਬ੍ਰਹਮ, ਪਾਰਬ੍ਰਹਮ ਅਗੰਮ ਅਥਾਹੀਆ । ਗੁਰਮੁਖ ਬਣਾ ਕੇ ਧੁਰ ਦੇ ਚੰਨ, ਦਰਗਹ ਸਾਚੀ ਹੋਏ ਸਹਾਈਆ । ਹਰਖ਼ ਸੋਗ ਮੇਟ ਕੇ ਗ਼ਮ, ਚਿੰਤਾ ਚਿਖਾ ਵਿਚੋਂ ਬਾਹਰ ਕਢਾਈਆ । ਲੇਖੇ ਲਾਵੇ ਪਵਣ ਸਵਾਸੀ ਦਮ, ਦਾਮਨਗੀਰ ਆਪ ਹੋ ਜਾਈਆ । ਲਹਿਣਾ ਦੇਣਾ ਲੇਖਾ ਪੂਰਾ ਕਰੇ ਬ੍ਰਹਮ, ਬ੍ਰਹਮ ਪਾਰਬ੍ਰਹਮ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਮਾਲਕ ਦਇਆ ਕਮਾਈਆ । ਜਨ ਭਗਤੋ ਸਤਿਗੁਰ ਸ਼ਬਦ ਦਾ ਲਓ ਪਿਆਰ, ਪ੍ਰੇਮ ਪ੍ਰੀਤੀ ਇਕ ਜਣਾਈਆ । ਹਿਰਦੇ ਹਰਿ ਰੱਖੋ ਕਰਤਾਰ, ਕਾਦਰ ਕੁਦਰਤ ਦਇਆ ਕਮਾਈਆ । ਏਕਾ ਰੂਪ ਤਕੋ ਪੁਰਖ ਨਾਰ, ਨਰ ਨਰਾਇਣ ਸੋਭਾ ਪਾਈਆ । ਜਿਥੋਂ ਇਕੋ ਨੂਰ ਜੋਤ ਉਜਿਆਰ, ਦੂਜਾ ਨਜ਼ਰ ਕੋਇ ਨਾ ਆਈਆ । ਨਾ ਕੋਈ ਪੈਗ਼ੰਬਰ ਗੁਰ ਅਵਤਾਰ, ਤਤਵ ਤਤ ਨਾ ਕੋਇ ਰਖਾਈਆ । ਨਾ ਕੋਈ ਸ਼ਬਦ ਨਾਦ ਧੁਨਕਾਰ, ਉਚੀ ਕੂਕ ਨਾ ਕੋਇ ਦ੍ਰਿੜਾਈਆ । ਵੇਖੇ ਖੇਲ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜਨ ਭਗਤ ਸੁਹੇਲੇ ਹੋਵੋ ਖ਼ਬਰਦਾਰ, ਸੋਈ ਸੁਰਤੀ ਮਾਤ ਉਠਾਈਆ । ਸਤਿਗੁਰ ਸ਼ਬਦ ਸ਼ਬਦ ਦਾਤਾਰ, ਦਇਆਵਾਨ ਦਇਆ ਕਮਾਈਆ । ਜੁਗ ਚੌਕੜੀ ਲਹਿਣਾ ਦੇਣਾ ਦੇਵੇ ਕਰਜ਼ ਉਤਾਰ, ਮਕਰੂਜ਼ ਸਭ ਦਾ ਲੇਖਾ ਪੂਰ ਕਰਾਈਆ । ਸਾਚੀ ਬਖ਼ਸ਼ ਕੇ ਧੂੜ ਛਾਰ, ਟਿੱਕੇ ਮਸਤਕ ਖ਼ਾਕ ਰਮਾਈਆ । ਕਿਰਪਾ ਕਰੇ ਅਗੰਮ ਅਪਾਰ, ਅਲਖ ਅਗੋਚਰ ਹੋਏ ਸਹਾਈਆ । ਸਾਚੀ ਬਖ਼ਸ਼ ਸੀਸ ਦਸਤਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਮਾਨਸ ਜਨਮ ਦੇਵੇ ਸਵਾਰ, ਅੱਗੇ ਲੇਖਾ ਰਹੇ ਨਾ ਰਾਈਆ । ਚਿਤ੍ਰਗੁਪਤ ਰਾਏ ਧਰਮ ਨੇਤਰ ਅੱਖ ਨਾ ਸਕੇ ਉਠਾਲ, ਦੂਰ ਦੁਰਾਡਾ ਸੀਸ ਝੁਕਾਈਆ । ਨਾਤਾ ਤੋੜ ਕੇ ਕਾਲ ਮਹਾਂਕਾਲ, ਦੀਨ ਦਿਆਲ ਹੋਏ ਸਹਾਈਆ । ਏਥੇ ਉਥੇ ਦੋ ਜਹਾਨਾਂ ਸ੍ਰੀ ਭਗਵਾਨਾ ਕਰੇ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਸਚਖੰਡ ਦਵਾਰਾ ਬਖ਼ਸ਼ ਸੱਚੀ ਧਰਮਸਾਲ, ਧਰਮ ਦਵਾਰਾ ਇਕ ਜਣਾਈਆ । ਜਿਥੇ ਦੀਪਕ ਜੋਤੀ ਜਗੇ ਬੇਮਿਸਾਲ, ਜਿਸ ਦੀ ਮਿਸਲ ਨਾ ਕੋਇ ਬਣਾਈਆ । ਜਿਸ ਦਾ ਚਾਰ ਜੁਗ ਦੇ ਸ਼ਾਸਤਰ ਦੇਣ ਅਹਿਵਾਲ, ਸਿਫ਼ਤਾਂ ਵਾਲੇ ਢੋਲੇ ਗਾਈਆ । ਸੋ ਭਗਤਾਂ ਹੱਲ ਕਰੇ ਸਵਾਲ, ਸਵਾਲੀ ਖ਼ਾਲੀ ਰਹਿਣ ਕੋਇ ਨਾ ਪਾਈਆ । ਲੱਖ ਚੁਰਾਸੀ ਵਿਚੋਂ ਭਾਲ, ਹਰਿ ਜੂ ਆਪਣੇ ਰੰਗ ਰੰਗਾਈਆ । ਸਤਿਗੁਰ ਸ਼ਬਦ ਬਣਾ ਦਲਾਲ, ਵਿਚੋਲਾ ਵਿਚਲਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਜਨ ਭਗਤਾਂ ਕਰੇ ਹਿਤ, ਮਿਤ ਮਿੱਤਰ ਮੀਤ ਏਕੰਕਾਰ ਇਕ ਅਖਵਾਈਆ ।


੧੪੧੫
੨੨

### ✪ ੨੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੭ ਕਪੂਰ ਸਿੰਘ ਦੇ ਗ੍ਰਿਹਿ ਮੋਗਾ ਸ਼ਹਿਰ ਜ਼ਿਲਾ ਫ਼ਿਰੋਜ਼ਪੁਰ ✪

ਨਾਰਦ ਕਹੇ ਗੁਰ ਅਵਤਾਰ ਪੈਗ਼ੰਬਰ ਉਠੋ, ਨਿਰਗੁਣ ਧਾਰ ਬਲ ਪਰਗਟਾਈਆ । ਆਪਣਿਆਂ ਸਿੱਖਾਂ ਮੁਰੀਦਾਂ ਉਤੇ ਮੁਰਸ਼ਦ ਹੋ ਕੇ ਤੁੱਠੋ, ਮਿਹਰਵਾਨ ਰੂਪ ਵਖਾਈਆ । ਲੁਕੇ ਰਹੋ ਮੂਲ ਨਾ ਗੁੱਠੇ, ਸਚਖੰਡ ਸਾਚੇ ਲਓ ਅੰਗੜਾਈਆ । ਕਲਜੁਗ ਕੂੜੇ ਪਾਈ ਲੁੱਟੇ, ਲੁਟੇਰਾ ਬਣਿਆ

ਥਾਉਂ ਥਾਈਂ ਥਾਈਆ । ਕਿਸੇ ਦੀ ਸੁਹੰਜਣੀ ਹੋਏ ਮੂਲ ਨਾ ਰੁਤੋ, ਰੁਤੜੀ ਹਰਿ ਨਾਮ ਕਾ ਕੋਇ ਮਹਿਕਾਈਆ । ਪੁਰਖ ਅਕਾਲ ਕੋਲੋਂ ਸਾਰੇ ਪੁਛੋ, ਜੋ ਪੇਸ਼ਤਰ ਪੇਸ਼ੀਨਗੋਈਆਂ ਆਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਪ੍ਰਭੂ ਮੈਂ ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਤਕੀ, ਇਸ਼ਟ ਅਵਤਾਰ ਪੈਗ਼ੰਬਰ ਗੁਰ ਧਿਆਨ ਲਗਾਈਆ । ਮਾਨਵ ਮਾਣਸ ਮਾਨੁੱਖ ਮੰਜ਼ਲ ਚੜ੍ਹੇ ਕੋਇ (ਨਾ ਹੱਕੀ,) ਹਕੀਕਤ ਦੇ ਮਾਲਕ ਤੇਰਾ ਹੱਕ ਸਮਝ ਕੋਇ ਨਾ ਪਾਈਆ । ਸਭ ਦਾ ਅੰਤਰ ਹੋਇਆ ਸ਼ੱਕੀ, ਮਨ ਵਾਸਨਾ ਕੂੜ ਹਲਕਾਈਆ । ਕਿਸੇ ਦੇ ਅੰਦਰ ਨਾਮ ਰਿਹਾ ਨਾ ਰੱਤੀ, ਰਤਨ ਅਮੋਲਕ ਹੀਰਾ ਰੂਪ ਨਾ ਕੋਇ ਵਖਾਈਆ । ਤੈਨੂੰ ਗਾਉਂਦੇ ਰਸਨਾ ਜਿਹਵਾ ਦੰਦ ਬੱਤੀ, ਹਿਰਦੇ ਅੰਦਰ ਸਕੇ ਨਾ ਕੋਇ ਵਸਾਈਆ । ਦਰੋਹੀ ਤੇਰੀ ਸਮਝ ਆਈ ਨਾ ਰਾਗ ਛੱਤੀ, ਛਤਰਧਾਰੀ ਕੋਟਨ ਬੈਠੇ ਸੀਸ ਝੁਕਾਈਆ । ਕਲਜੁਗ ਕੂੜ ਕੁੜਿਆਰੀ ਹੋਈ ਮਤੀ, ਗੁਰਮਤ ਦੀਨ ਦੁਨੀ ਗਏ ਭੁਲਾਈਆ । ਪੁਰਖ ਅਕਾਲ ਦੀਨ ਦਿਆਲ ਤੇਰਾ ਦਰਸ ਪਾਏ ਕੋਇ ਨਾ ਕਮਲਾਪਤੀ, ਪਤਿਪਰਮੇਸ਼ਵਰ ਤੈਨੂੰ ਮਿਲਣ ਕੋਇ ਨਾ ਆਈਆ । ਮੈਂ ਜਿਧਰ ਤਕਾਂ ਨੌਂ ਖੰਡ ਸੱਤ ਦੀਪ ਜਗਤ ਸ਼ਾਸਤਰਾਂ ਲੱਗੀ ਹੱਟੀ, ਸੌਦਾ ਅੱਖਰ ਤੇਰਾ ਨਾਮ ਵਿਕਾਈਆ । ਸਾਚੀ ਖੱਟੀ ਕਿਸੇ ਨਾ ਖੱਟੀ, ਖਟਕਾ ਮਿਟੇ ਨਾ ਕੂੜ ਲੋਕਾਈਆ । ਮਿਹਰਵਾਨ ਮਹਿਬੂਬ ਤੇਰੇ ਨਾਮ ਕਲਮੇ ਦੀ ਪੜ੍ਹੇ ਕੋਇ ਨਾ ਪੱਟੀ, ਨਿਰਅੱਖਰ ਸਮਝ ਨਾ ਕੋਇ ਸਮਝਾਈਆ । ਗ੍ਰਿਹਿ ਮੰਦਰ ਕਾਇਆ ਜੋਤ ਜਗੇ ਨਾ ਲਟ ਲਟੀ, ਨਾਦ ਧੁਨ ਸ਼ਬਦ ਨਾ ਕੋਇ ਸ਼ਨਵਾਈਆ । ਮੈਂ ਵਾਸਤਾ ਪਾਵਾਂ ਜੋੜ ਕੇ ਹੱਥੀਂ, ਹਥੇਲੀ ਹਥੇਲੀ ਨਾਲ ਮਿਲਾਈਆ । ਕਲਜੁਗ ਅੰਤਮ ਦੀਨ ਦੁਨੀ ਦੀ ਵਾਸਨਾ ਵੇਖ ਇਕੱਠੀ, ਹਰ ਘਟ ਅੰਤਰ ਧਿਆਨ ਲਗਾਈਆ । ਭਾਗ ਲੱਗਾ ਨਾ ਦਿਸੇ ਕਿਸੇ ਕਾਇਆ ਮੱਟੀ, ਘਰ ਵਿਚ ਘਰ ਹੋਏ ਨਾ ਕੋਇ ਨਾ ਰੁਸ਼ਨਾਈਆ । ਸੁਰਤ ਸ਼ਬਦ ਡੋਰ ਸਭ ਦੀ ਗਈ ਕਟੀ, ਮਿਲੇ ਮੇਲ ਨਾ ਧੁਰ ਦੇ ਮਾਹੀਆ । ਤੂੰ ਸਾਹਿਬ ਪੁਰਖ ਸਮਰਥੀ, ਹਰਿ ਕਰਤਾ ਇਕ ਅਖਵਾਈਆ । ਨਾਰਦ ਕਹੇ ਕੂੜੀ ਸ੍ਰਿਸ਼ਟੀ ਦੇ ਮੱਥੀ, ਮਥਨ ਕਰ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰ ਵੇਖੋ ਖੇਲ ਅੱਖਾਂ, ਬਿਨ ਨੇਤਰ ਲੋਚਣ ਨੈਣ ਅੱਖ ਉਠਾਈਆ । ਤੁਹਾਡਾ ਸਿਖ ਮੁਰੀਦ ਰਿਹਾ ਕੋਇ ਨਾ ਸਖ਼ਾ, ਸਗਲਾ ਸੰਗ ਨਾ ਕੋਇ ਨਿਭਾਈਆ । ਅੰਮ੍ਰਿਤ ਮਿਲੇ ਨਾ ਕਿਸੇ ਰਸਾ, ਨਿਜਰ ਝਿਰਨਾ ਨਾ ਕੋਇ ਝਿਰਾਈਆ । ਮਨੂਆ ਮਨ ਨਾ ਹੋਏ ਵਸਾ, ਮਮਤਾ ਕੂੜ ਨਾ ਕੋਇ ਮਿਟਾਈਆ । ਸਾਚਾ ਮਾਰਗ ਕਿਸੇ ਨਾ ਦਿਸਾ, ਦੀਨ ਮਜ਼ਬ ਤੋਂ ਬਾਹਰ ਕਰੇ ਨਾ ਕੋਇ ਪੜ੍ਹਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸਿਫ਼ਤ ਸਾਲਾਹ ਕਰੇ ਕੋਇ ਨਾ ਜਸਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਸਾਰੇ ਗਾਈਆ । ਸਦੀ ਚੌਧਵੀਂ ਵੇਖ ਮੈਂ ਖਿੜ ਖਿੜਾ ਕੇ ਹੱਸਾ, ਹਸਤੀ ਤਕ ਤੇਰੀ ਬੇਪਰਵਾਹੀਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਨੱਸਾ, ਜ਼ਿਮੀਂ ਅਸਮਾਨ ਦੋ ਜਹਾਨ ਫੋਲ ਫੁਲਾਈਆ । ਜਿਧਰ ਤਕਾਂ ਕਲਜੁਗ ਰੈਣ ਅੰਧੇਰੀ ਦਿਸੇ ਮੱਸਾ, ਜੋਤੀ ਨੂਰੀ ਚੰਦ ਨਾ ਕੋਇ ਚਮਕਾਈਆ । ਤਨ ਵੇਸ ਵੇਖਿਆ ਧੋਤੀ ਤਹਿਮਤ ਕੱਛਾ, ਸਤਿ ਸਚ ਰੰਗ ਨਾ ਕੋਇ ਰੰਗਾਈਆ । ਚੁਰਾਸੀ ਵਿਚੋਂ ਬਿਨ ਤੇਰੀ ਕਿਰਪਾ ਭਗਤ ਬਣੇ ਕੋਇ ਨਾ ਬੱਚਾ, ਭਗਵਨ ਤੇਰੇ ਵਿਚ ਸਮਾਈਆ । ਸਭ ਦਾ ਕਾਇਆ ਮਾਟੀ ਭਾਂਡਾ ਕੱਚਾ, ਨਵ ਸੱਤ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਪੁਰਖ ਅਕਾਲ ਮੈਂ ਵੇਖੇ ਅਵਤਾਰ ਪੈਗ਼ੰਬਰ ਗੁਰੂ ਫਿਰਦੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਤੇਰਾ ਰਾਹ ਤਕਦੇ ਨਿਰਗੁਣ ਧਾਰ ਵਿਛੁੰਨੇ ਚਿਰ ਦੇ, ਜੁਗ ਜੁਗ ਆਪਣੀ ਆਸ ਵਧਾਈਆ । ਅਸੀਂ ਖੇਲ ਵੇਖਣੇ ਉਸ ਅਗੰਮੀ ਪਿਰ ਦੇ, ਜੋ ਪਤਿਪਰਮੇਸ਼ਵਰ ਸ਼ਹਿਨਸ਼ਾਹੀਆ । ਜਿਸ ਭਗਤਾਂ ਸਾਫ਼ ਕਰਨੇ ਹਿਰਦੇ, ਕਲਜੁਗ ਕੂੜੀ ਕਿਰਿਆ ਦੁਰਮਤ ਮੈਲ ਧਵਾਈਆ । ਸ਼ਬਦ ਭੰਡਾਰੇ ਬਖ਼ਸ਼ਣੇ ਮਿਹਰ ਦੇ, ਮਿਹਰਵਾਨ ਮਹਿਬੂਬ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਹੇ ਸੁਣ ਨਾਰਦ ਮੁਨੀ, ਮੁਨੀਸ਼ਰ ਦਿਆਂ ਜਣਾਈਆ । ਕਲਜੁਗ ਅੰਤਮ ਰਿਹਾ ਕੋਇ ਨਾ ਗੁਣੀ, ਅਵਗੁਣ ਕੂੜ ਭਰੀ ਲੋਕਾਈਆ । ਸਭ ਦੀ ਪੁਕਾਰ ਰਿਹਾ ਸੁਣੀ, ਅਣਸੁਣਤ ਕਰਤਾ ਧੁਰਦਰਗਾਹੀਆ । ਕੋਟਾਂ ਵਿਚੋਂ ਸੰਤ ਸੁਹੇਲੇ ਰਿਹਾ ਚੁਣੀ, ਅਣਗਿਣਤਾਂ ਵਿਚੋਂ ਆਪਣੀ ਗਣਤ ਗਿਣਾਈਆ । ਜਿਨ੍ਹਾਂ ਅੰਦਰ ਦੇਵੇ ਨਾਮ ਦੀ ਧੁਨੀ, ਧੁਨ ਆਤਮਕ ਰਾਗ ਸੁਣਾਈਆ । ਭਾਗ ਲਗਾ ਕੇ ਕਾਇਆ ਕੁੱਲੀ, ਕੁਲ ਮਾਲਕ ਹੋਏ ਸਹਾਈਆ । ਜਿਹੜੀ ਆਤਮਾ ਨਾਮ ਸ਼ਬਦ ਤਰਾਜ਼ੂ ਉਤੇ ਤੁਲੀ, ਤੁਲਹਾ ਬੇੜਾ ਅਵਰ ਨਾ ਕੋਇ ਰਖਾਈਆ । ਉਹ ਲੋਕਮਾਤ ਰਹੇ ਨਾ ਭੁੱਲੀ, ਅਭੁਲ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਨਾਰਦ
੧੪੧੭ ਤੇਰਾ ਸੁਣਿਆ ਸੰਦੇਸ਼, ਦੋ ਜਹਾਨਾਂ ਵੇਖ ਵਖਾਈਆ । ਅੰਤਮ ਲੇਖਾ ਵੇਖ ਦਸ ਦਸਮੇਸ਼, ਜੋ ਦਹਿ ਦਿਸ਼ਾ ਗਿਆ ਜਣਾਈਆ । ਜਿਸ ਦਾ ਸਮਝੇ ੧੪੧੭
੨੨ ਕੋਇ ਨਾ ਲੇਖ, ਬੁੱਧੀ ਪਰਦਾ ਨਾ ਕੋਇ ਉਠਾਈਆ । ਉਹ ਸਭ ਦੀ ਬਦਲਣ ਵਾਲਾ ਰੇਖ, ਰਿਖੀਆਂ ਮੁਨੀਆਂ ਕਰੇ ਸਫ਼ਾਈਆ । ਵਸ ਕੇ ਸੰਬਲ ੨੨
ਦੇਸ, ਸਾਢੇ ਤਿੰਨ ਹੱਥ ਸੋਭਾ ਪਾਈਆ । ਝਗੜਾ ਮੇਟੇ ਔਲੀਏ ਮੁੱਲਾਂ ਸ਼ੇਖ਼, ਮੁਸਾਇਕਾਂ ਲੇਖਾ ਦਏ ਮੁਕਾਈਆ । ਖੇਲ ਕਰੇ ਨੇਤਨ ਨੇਤ, ਨਿਤ ਨਵਿਤ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਅੰਤਰ ਆਤਮ ਖੋਲ੍ਹੇ ਭੇਤ, ਅਨੁਭਵ ਦ੍ਰਿਸ਼ਟੀ ਵਿਚ ਜਣਾਈਆ । ਜੋ ਵਸੇ ਸਚਖੰਡ ਸਾਚੇ ਦੇਸ, ਦਰਗਹ ਸਾਚੀ ਸੋਭਾ ਪਾਈਆ । ਉਹ ਲੇਖਾ ਜਾਣੇ ਆਦਿ ਜੁਗਾਦਿ ਜੁਗ ਚੌਕੜੀ ਹਮੇਸ਼, ਹਮਸਾਜਣ ਨੂਰ ਇਲਾਹੀਆ । ਜਿਸ ਨੂੰ ਸੂਫ਼ੀਆਂ ਕਿਹਾ ਦਰਵੇਸ਼, ਸੰਦੇਸ਼ਾ ਕਲਮਿਆਂ ਵਿਚ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰੂ ਵੇਖੋ ਆਪਣੀ ਕਾਰ, ਕੀ ਕਰਨੀ ਕਾਰ ਕਮਾਈਆ । ਕੀ ਸੰਦੇਸ਼ਾ ਦੇ ਕੇ ਆਏ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸ਼ਬਦ ਜਣਾਈਆ । ਕੀ ਭਵਿਖਤਾਂ ਵਿਚ ਆਏ ਉਚਾਰ, ਪੇਸ਼ੀਨਗੋਈਆਂ ਪੇਸ਼ਤਰ ਜਗਤ ਜਣਾਈਆ । ਨਿਰਗੁਣ ਧਾਰ ਸਾਰੇ ਕਰੋ ਵਿਚਾਰ, ਬਿਨਾ ਰਸਨਾ ਤੋਂ ਵਿਚਰ ਕੇ ਦਿਓ ਸੁਣਾਈਆ । ਕੀ ਖੇਲ ਕਰੇ ਕਰਤਾਰ, ਹਰਿ ਕਰਤਾ ਧੁਰਦਰਗਾਹੀਆ । ਤੇਈ ਅਵਤਾਰ ਹੋਵੋ ਹੁਸ਼ਿਆਰ, ਆਪਣੀ ਆਪ ਲਓ ਅੰਗੜਾਈਆ । ਈਸਾ ਮੂਸਾ ਮੁਹੰਮਦ ਹੋਣਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਦਿਉ ਜਣਾਈਆ । ਦਸ ਗੁਰੂ ਪਾਓ ਸਾਰ, ਕੀ ਮਹਾਂਸਾਰਥੀ ਆਪਣੀ ਖੇਲ ਖਿਲਾਈਆ । ਸਾਰੇ ਇਕੱਠੇ ਹੋ ਕੇ ਬੋਲੋ ਇਕ ਜੈਕਾਰ, ਤੂੰ ਹੀ ਤੂੰ ਹੀ ਰਾਗ ਅਲਾਈਆ । ਕੀ ਸੰਦੇਸ਼ਾ ਦੇਵੇ ਏਕੰਕਾਰ, ਇਕ ਇਕੱਲਾ ਵਾਹਿਦ ਨੂਰ ਇਲਾਹੀਆ । ਜਿਸ ਦੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਣੇ ਤੁਸੀਂ ਬਰਖ਼ੁਰਦਾਰ, ਬਰਖ਼ੁਰਦਾਰੀ

ਵਿਚ ਆਪਣੀ ਸੇਵ ਕਮਾਈਆ । ਨਾਮ ਸ਼ਬਦ ਕਲਮੇ ਆਏ ਉਚਾਰ, ਅੱਖਰ ਕਾਗ਼ਜ਼ ਕਲਮ ਸ਼ਾਹੀ ਜੋੜ ਜੁੜਾਈਆ । ਤਿਸ ਦਾ ਭੇਵ ਦੱਸੇ ਨਾਲ ਪਿਆਰ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਦੇਣਾ ਜਣਾਈਆ । ਕਿਉਂ ਸ੍ਰਿਸ਼ਟੀ ਕਾਇਨਾਤ ਆਈ ਹਾਰ, ਚਾਰ ਵਰਨ ਅਠਾਰਾਂ ਬਰਨ ਰਹੇ ਕੁਰਲਾਈਆ । ਕਿਉਂ ਦੀਨਾਂ ਮਜ਼੍ਹਬਾਂ ਉਡਦੀ ਛਾਰ, ਸਤਿ ਧਰਮ ਵਿਚ ਨਾ ਕੋਇ ਸਮਾਈਆ । ਕਿਉਂ ਚੇਲੇ ਗੁਰ ਹੋਏ ਗ਼ਦਾਰ, ਮੁਰੀਦ ਮੁਰਸ਼ਦ ਬੈਠੇ ਮੁਖ ਭਵਾਈਆ । ਬਿਨ ਅੱਖਰਾਂ ਤੋਂ ਆਪਣੀ ਸਚ ਦੱਸੇ ਗੁਫ਼ਤਾਰ, ਗੁਫ਼ਤ ਸ਼ੁਨੀਦ ਪੜਦਾ ਇਕ ਖੁਲ੍ਹਾਈਆ । ਕਿਉਂ ਦੀਨ ਦੁਨੀ ਬਦਲੀ ਰਫ਼ਤਾਰ, ਰਫ਼ਤਾ ਰਫ਼ਤਾ ਆਪਣਾ ਭੇਵ ਚੁਕਾਈਆ । ਸਾਰੇ ਇਕੋ ਵਾਰ ਕਹਿਣ ਲਲਕਾਰ, ਉਚੀ ਕੂਕ ਕੂਕ ਜਣਾਈਆ । ਕਲਜੁਗ ਆਈ ਅੰਤਮ ਵਾਰ, ਅੰਤਸ਼ਕਰਨ ਬਦਲਿਆ ਕੂੜ ਲੋਕਾਈਆ । ਅਵਤਾਰ ਪੈਗ਼ੰਬਰ ਗੁਰ ਕਰਨ ਨਿਮਸਕਾਰ, ਡੰਡਾਵਤ ਬੰਦਨਾ ਸਜਦਿਆਂ ਵਿਚ ਸੀਸ ਝੁਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕਲ ਕਲਕੀ ਲਏ ਅਵਤਾਰ, ਨਿਹਕਲੰਕ ਅਮਾਮ ਅਮਾਮਾ ਵੇਸ ਵਟਾਈਆ । ਜਿਸ ਦਾ ਲੇਖ ਕੋਇ ਕਾਤਬ ਲਿਖ ਸਕਿਆ ਨਾ ਬਣ ਲਿਖਾਰ, ਅੰਤ ਕਹਿਣ ਕੋਇ ਨਾ ਪਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਨਾਰਦ ਕਹੇ ਸਭ ਦੀ ਪਾਵੇ ਸਾਰ, ਮਹਾਸਾਰਥੀ ਇਕ ਅਖਵਾਈਆ । ਜਗਤ ਸੁਹੇਲੇ ਸਾਚੇ ਸੰਤਾਂ ਲਏ ਉਬਾਰ, ਸੂਫ਼ੀਆਂ ਆਪਣਾ ਰੰਗ ਰੰਗਾਈਆ । ਕਾਰਜ ਸਿਧ ਕਰੇ ਜਗਤ ਵਿਚ ਵਿਵਹਾਰ, ਵਿਵਹਾਰੀ ਆਪਣੀ ਦਇਆ ਕਮਾਈਆ । ਮਿਹਰਵਾਨ ਮਹਿਬੂਬ ਆਪ ਨਿਰੰਕਾਰ, ਨਿਰਾਕਾਰ ਇਕ ਅਖਵਾਈਆ । ਸਾਚੇ ਭਗਤਾਂ ਸਦਾ ਪੈਜ ਜਾਏ ਸਵਾਰ, ਸਵਾਰਥ ਆਪਣਾ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਹੱਥ ਧਰੇ ਕਪੂਰ ਸਿੰਘ ਬਰਾੜ, ਇਕਰਾਰ ਪੂਰਬ ਤੋੜ ਨਿਭਾਈਆ ।



✪ ੨੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੭ ਇਟਾਰਸੀ ਸ਼ਹਿਰ ਮਧ ਪਰਦੇਸ਼, ਭਗਤ ਸਿੰਘ, ਹਰਦਿਤ ਸਿੰਘ, ਜਸਵੰਤ ਸਿੰਘ, ਸੁਰਿੰਦਰ ਸਿੰਘ, ਜੋਗਿੰਦਰ ਸਿੰਘ, ਚਮਨ ਲਾਲ, ਪਟੋਲਾ ਬਾਈ, ਟੋਪਨ ਰਾਮ, ਗੁਰਮੁਖ ਸਿੰਘ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ, ਮਹਾਂ ਸਿੰਘ ਜਬਲਪੁਰ, ਸ਼ਿੰਗਰਾ ਸਿੰਘ ਬੜੋਦਾ, ਮੰਗਲ ਸਿੰਘ, ਜੋਗਿੰਦਰ ਸਿੰਘ, ਸਰੂਪ ਸਿੰਘ ਭੂਪਾਲ, ਸੰਤ ਸਿੰਘ ਉਜੈਨ ✪

ਸੋ ਪੁਰਖ ਨਿਰੰਜਣ ਕਹੇ ਮੇਰਾ ਖੇਲ ਅਪਾਰਾ, ਅਗੰਮ ਅਗਾਧ ਭੇਵ ਕੋਇ ਨਾ ਪਾਇੰਦਾ । ਹਰਿ ਪੁਰਖ ਨਿਰੰਜਣ ਕਹੇ ਮੇਰਾ ਹੁਕਮ ਅਪਾਰਾ, ਆਦਿ ਜੁਗਾਦਿ ਜੁਗ ਚੌਕੜੀ ਆਪਣੇ ਵਿਚੋਂ ਪ੍ਰਗਟਾਇੰਦਾ । ਏਕੰਕਾਰ ਕਹੇ ਮੈਂ ਕਰਨੀ ਕਰਤਾ ਕਰਨੇਹਾਰਾ, ਅਕਲ ਕਲਧਾਰੀ ਆਪਣੀ ਕਲ ਵਰਤਾਇੰਦਾ । ਆਦਿ ਨਿਰੰਜਣ ਕਹੇ ਮੈਂ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰਾ, ਸਚ ਸਵਾਮੀ ਅੰਤਰਜਾਮੀ ਇਕ ਅਖਵਾਇੰਦਾ । ਅਬਿਨਾਸ਼ੀ ਕਰਤਾ ਕਹੇ ਮੇਰਾ ਲਹਿਣਾ ਦੇਣਾ ਲੇਖਾ ਧੁਰ ਦਰਬਾਰਾ, ਦਰਗਹ ਸਾਚੀ ਇਕੋ ਰੰਗ ਵਖਾਇੰਦਾ । ਸ੍ਰੀ ਭਗਵਾਨ ਕਹੇ ਮੈਂ ਰੂਪ ਰੰਗ ਤੋਂ ਵਸਾਂ ਬਾਹਰਾ, ਨੂਰ ਨੁਰਾਨਾ ਡਗਮਗਾਇੰਦਾ ਪਾਰਬ੍ਰਹਮ ਕਹੇ ਮੈਂ ਆਪਣਾ ਆਪ ਕਰਾਂ ਉਜਿਆਰਾ, ਨਿਰਗੁਣ ਆਪਣੀ ਕਲ ਧਰਾਇੰਦਾ । ਸ਼ਬਦੀ ਸ਼ਬਦ ਧਾਰ

ਕਰ ਪਸਾਰਾ, ਆਪਣਾ ਪੜਦਾ ਆਪ ਉਠਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇ ਸਹਾਰਾ, ਸਿਰ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਇੰਦਾ । ਸੋ ਪੁਰਖ ਨਿਰੰਜਣ ਕਹੇ ਉਤਪਤ ਕੀਤਾ ਨਿਰਗੁਣ ਧਾਰ ਸੁਤ ਦੂਲ੍ਹਾ, ਸ਼ਬਦ ਸ਼ਬਦੀ ਧਾਰ ਪ੍ਰਗਟਾਈਆ । ਹੁਕਮ ਹੁਕਮ ਦਾ ਦੱਸ ਅਸੂਲਾ, ਅਸਲ ਅਸਲ ਵਿਚੋਂ ਸਮਝਾਈਆ । ਬਿਨਾ ਧੂੜ ਤੋਂ ਲਾ ਕੇ ਮਸਤਕ ਧੂਲਾ, ਬਿਨਾ ਚਰਨ ਤੋਂ ਚਰਨ ਦਿਤਾ ਛੁਹਾਈਆ । ਮਾਲਕ ਦੱਸ ਕੰਤ ਕੰਤੂਹਲਾ, ਭਗਵਨ ਦਿਤੀ ਮਾਣ ਵਡਿਆਈਆ । ਬਿਨ ਪਵਣ ਤੋਂ ਦੇ ਕੇ ਝੂਲਾ, ਸਚ ਦਵਾਰ ਦਿਤਾ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਹਰਿ ਪੁਰਖ ਨਿਰੰਜਣ ਕਹੇ ਸ਼ਬਦੀ ਸ਼ਬਦ ਸੁਤ ਦੁਲਾਰਾ, ਬਿਨ ਜਨਣੀ ਲਿਆ ਪ੍ਰਗਟਾਈਆ । ਗ੍ਰਿਹਿ ਦੱਸ ਅਗੰਮ ਅਪਾਰਾ, ਅਲਖ ਅਗੋਚਰ ਦਿਤੀ ਵਡਿਆਈਆ । ਸਤਿ ਸਚ ਦੇ ਸਹਾਰਾ, ਦਰ ਇਕੋ ਇਕ ਦਰਸਾਈਆ । ਜੋਤੀ ਨੂਰ ਨੂਰ ਚਮਤਕਾਰਾ, ਸਚ ਸਰੂਪ ਪਿਤਾ ਮਾਈਆ । ਆਦਿ ਅੰਤ ਕਰੇ ਪਿਆਰਾ, ਮਿਹਰਵਾਨ ਮਹਿਬੂਬ ਇਕ ਹੋ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਇਕ ਏਕੰਕਾਰ ਕਹੇ ਸੁਤ ਦੁਲਾਰਾ ਕੀਤਾ ਪ੍ਰਗਟ, ਪਰਗਣਾ ਆਪਣਾ ਲਿਆ ਜਣਾਈਆ । ਜੋ ਇਕੋ ਇਕ ਰਿਹਾ ਰਟ, ਇਕ ਇਕੋ ਵਿਚ ਸਮਾਈਆ । ਇਕੋ ਗ੍ਰਿਹਿ ਵਣਜ ਕਰਾ ਕੇ ਹੱਟ, ਇਕੋ ਵਸਤ ਵਸਤ ਵਖਾਈਆ । ਇਕੋ ਮੇਲ ਪੁਰਖ ਸਮਰਥ, ਸਵਾਮੀ ਆਪਣਾ ਜੋੜ ਜੁੜਾਈਆ । ਆਪਣੀ ਦਾਤ ਦੀ ਅਗੰਮੀ ਵਥ, ਵਸਤ ਇਕੋ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਆਦਿ ਨਿਰੰਜਣ ਕਹੇ ਸਤਿਗੁਰ ਸ਼ਬਦ ਕੀਤਾ ਉਤਪਤ, ਉਤਮ ਆਪਣੀ ਦਇਆ ਕਮਾਈਆ । ਹੱਡ ਮਾਸ ਨਾੜੀ ਨਾ ਕੋਈ ਰਤ, ਬੂੰਦ ਰਕਤ ਨਾ ਰੰਗ ਰੰਗਾਈਆ । ਇਕੋ ਰੂਪ ਪ੍ਰਗਟਾ ਕੇ ਸਤਿ, ਸਤਿ ਸਤਿ ਵਿਚ ਸਮਾਈਆ । ਸਤਿ ਸਰੂਪ ਦੇ ਕੇ ਬ੍ਰਹਮ ਮਤ ਵਿਦਿਆ ਅਗੰਮ ਦਿਤੀ ਜਣਾਈਆ । ਸਚਖੰਡ ਦਵਾਰੇ ਜਾਣਾ ਵਸ, ਦੂਜਾ ਗ੍ਰਿਹਿ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਅਬਿਨਾਸ਼ੀ ਕਰਤਾ ਕਹੇ ਸਤਿਗੁਰ ਸ਼ਬਦ ਦੁਲਾਰਾ ਉਠਿਆ, ਨਿਰਗੁਣ ਧਾਰ ਲਏ ਅੰਗੜਾਈਆ । ਪੁਰਖ ਅਕਾਲਾ ਏਕਾ ਤੁੱਠਿਆ, ਦੀਨ ਦਿਆਲਾ ਹੋਇਆ ਸਹਾਈਆ । ਸਚ ਚਰਨੋਦਕ ਪਿਆਇਆ ਘੁਟਿਆ, ਆਦਿ ਅੰਤ ਦੀ ਤ੍ਰਿਸ਼ਨਾ ਦਿਤੀ ਮਿਟਾਈਆ । ਸਚਖੰਡ ਦਵਾਰ ਸੁਹਾਈ ਰੁੱਤਿਆ, ਰੁਤੜੀ ਆਪਣੇ ਨਾਲ ਮਹਿਕਾਈਆ । ਪਿਆਰ ਨਾਲ ਕਿਹਾ ਮੇਰੇ ਦੁਲਾਰੇ ਪੁੱਤਿਆ, ਪਿਤਾ ਪੂਤ ਖ਼ੁਸ਼ੀ ਬਣਾਈਆ । ਤੇਰਾ ਲੇਖਾ ਨਾਲ ਅਬਿਨਾਸ਼ੀ ਅਚੁਤਿਆ, ਚੇਤਨ ਇਕੋ ਘਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ ਦੇਵਣਹਾਰਾ ਧੁਰ ਦਾ ਵਰ, ਸਚਖੰਡ ਨਿਵਾਸੀ ਆਪਣਾ ਹੁਕਮ ਸੁਣਾਈਆ । ਸ੍ਰੀ ਭਗਵਾਨ ਕਹੇ ਸੁਤ ਦੁਲਾਰਾ ਸ਼ਬਦੀ ਨੰਨ੍ਹਾ ਬੱਚਾ, ਬਚਪਨ ਸਮਝ ਕਿਸੇ ਨਾ ਆਈਆ । ਜਿਸ ਦਾ ਰੂਪ ਆਦਿ ਜੁਗਾਦੀ ਸੱਚਾ, ਸਤਿ ਸਚ ਵਿਚ ਸਮਾਈਆ । ਜਿਸ ਦਾ ਨੂਰ ਨੂਰ ਵਿਚ ਰਚਾ, ਰਚਨਾ ਅਵਰ ਨਾ ਕੋਇ ਦਰਸਾਈਆ । ਲੇਖਾ ਦਿਸੇ ਨਾ ਭਾਂਡਾ ਕੱਚਾ, ਘੜਨ ਭੰਨਣਹਾਰ ਵੰਡ ਨਾ ਕੋਇ ਵੰਡਾਈਆ । ਏਕਾ ਧਾਰ ਬਣਾ ਕੇ ਤਤਾ, ਤਤਵ ਤਤ ਦਾ ਡੇਰਾ ਢਾਹੀਆ । ਆਪਣਾ ਪਿਆਰ ਬਖ਼ਸ਼ ਕੇ

ਸਾਚੀ ਸੱਤਾ, ਸਤਿ ਸਤਿ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪਰਵਾਹੀਆ । ਪਾਰਬ੍ਰਹਮ ਕਹੇ ਸੁਤ ਦੁਲਾਰਾ ਸ਼ਬਦ ਬਣਾਇਆ ਆਪ, ਆਪਣੀ ਦਇਆ ਕਮਾਈਆ । ਆਪ ਆਪਣਾ ਦੱਸ ਕੇ ਜਾਪ, ਆਪਣੇ ਰੰਗ ਰੰਗਾਈਆ । ਆਪਣਾ ਆਪ ਵਖਾ ਪ੍ਰਤਾਪ, ਵਡ ਵੱਡਾ ਦਏ ਦ੍ਰਿੜਾਈਆ । ਮਿਹਰਵਾਨ ਹੋ ਕੇ ਸਿਰ ਰੱਖੇ ਹਾਥ, ਬਿਨ ਹੱਥਾਂ ਹੱਥ ਟਿਕਾਈਆ । ਨਿਰਗੁਣ ਨਿਰਗੁਣ ਦੱਸੀ ਗਾਥ, ਅਗੰਮ ਕੀਤੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਸਤਿਗੁਰ ਸ਼ਬਦ ਸ਼ਬਦੀ ਧਾਰ ਗਿਆ ਝੁਕ, ਸਤਿ ਦਵਾਰੇ ਸੀਸ ਨਿਵਾਈਆ । ਪੁਰਖ ਅਕਾਲ ਕਿਹਾ ਸੁਤ ਦੁਲਾਰੇ ਸੁਤ, ਸਚ ਤੇਰੀ ਵਡਿਆਈਆ । ਤੂੰ ਇਕੋ ਪੜ੍ਹਨੀ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਦੂਸਰ ਧਾਰ ਨਾ ਬਦਲੇ ਰੁਖ਼, ਜਗਤ ਧਾਰ ਨਾ ਕੋਇ ਜਣਾਈਆ । ਤੂੰ ਜਨਿਉਂ ਜੋਤੀ ਧਾਰ ਦੀ ਕੁੱਖ, ਤਤਾਂ ਵਾਲੀ ਕੋਇ ਨਾ ਮਾਈਆ । ਗਰਭ ਹੋਣਾ ਨਹੀਂ ਉਲਟਾ ਰੁੱਖ, ਅਗਨੀ ਤਤ ਨਾ ਕੋਇ ਤਪਾਈਆ । ਤੇਰਾ ਖੇਲ ਕਰਨਾ ਪੰਜ ਤਤ ਕਾਇਆ ਵਿਚ ਮਨੁੱਖ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਤਨ ਵਜੂਦ ਮਾਟੀ ਖ਼ਾਕ ਖੇਲ ਕਰਨਾ ਅਦਭੁਤ, ਅਨਭਵ ਆਪਣਾ ਹੁਕਮ ਚਲਾਈਆ । ਨਿਰਗੁਣ ਧਾਰ ਰਹਿਣਾ ਲੁਕ, ਸਰਗੁਣ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਆਪ ਖੁਲ੍ਹਾਈਆ । ਪੁਰਖ ਅਕਾਲ ਕਿਹਾ ਸੁਤ ਦੁਲਾਰੇ ਰਹਿਣਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਜਣਾਈਆ । ਸਤਿ ਸਚ ਦੀ ਤੈਨੂੰ ਬਖ਼ਸ਼ਾਂ ਇਕ ਦਸਤਾਰ, ਦਸਤ ਨਾਲ ਸੀਸ ਨਾ ਕੋਇ ਬੰਧਾਈਆ । ਇਸ ਨਾਲ ਸਦਾ ਰਹੇ ਮੇਰਾ ਪਿਆਰ, ਪਿਆਰ ਮੁਹੱਬਤ ਰੂਪ ਬਦਲਾਈਆ । ਮੇਰੇ ਨਾਮ ਸ਼ਬਦ ਦੀ ਧੁਨ ਰਹੇ ਗੁਫ਼ਤਾਰ, ਗੁਫ਼ਤ ਸ਼ੁਨੀਦ ਹੁਕਮ ਸੁਣਾਈਆ । ਬਣਿਆ ਰਹਿਣਾ ਸੇਵਾਦਾਰ, ਜੁਗ ਜੁਗ ਆਪਣੀ ਸੇਵ ਕਮਾਈਆ । ਮੈਂ ਪਾਉਂਦਾ ਰਹਿਵਾਂ ਸਾਰ, ਮਹਾਂਸਾਰਥੀ ਹੋ ਕੇ ਵੇਖ ਵਖਾਈਆ । ਸਤਿਗੁਰ ਸ਼ਬਦ ਕਿਹਾ (ਤੇਰੇ) ਚਰਨ ਕਵਲ ਨਿਮਸਕਾਰ, ਨਿਉਂ ਨਿਉਂ ਲਾਗਾ ਪਾਈਆ । ਮੈਂ ਕਿਹੜੇ ਵਸਾਂ ਘਰ ਬਾਹਰ, ਲੋਕਮਾਤ ਦੇਣਾ ਸਮਝਾਈਆ । ਕਵਣ ਮਿੱਤਰ ਬਣਾਵਾਂ ਯਾਰ, ਸੱਜਣ ਕਵਣ ਸੰਗ ਰਖਾਈਆ । ਕਿਸ ਦਾ ਦਰਸ ਕਰਾਂ ਦੀਦਾਰ, ਸਨਮੁਖ ਹੋ ਕੇ ਖੋਜ ਖੁਜਾਈਆ । ਅਬਿਨਾਸ਼ੀ ਕਰਤੇ ਸੰਦੇਸ਼ਾ ਦਿਤਾ ਆਪਣੀ ਧਾਰ, ਬਿਨ ਰਸਨਾ ਜਿਹਵਾ ਆਪ ਦ੍ਰਿੜਾਈਆ । ਜਿਸ ਵੇਲੇ ਲੱਖ ਚੁਰਾਸੀ ਦਿਤਾ ਪਸਰ ਪਸਾਰ, ਅੰਡਜ ਜੇਰਜ ਉਤਭੁਜ ਸੇਤਜ ਤੇਰੀ ਝੋਲੀ ਪਾਈਆ । ਮਾਣਸ ਮਾਨਵ ਮਾਨੁਖ ਲਏਂ ਉਭਾਰ, ਲੋਕਮਾਤ ਦੇਵਾਂ ਮਾਣ ਵਡਿਆਈਆ । ਨਿਰਗੁਣ ਨੂਰ ਜੋਤ ਕਰ ਉਜਿਆਰ, ਆਤਮ ਬ੍ਰਹਮ ਸਰਬ ਦਰਸਾਈਆ । ਸ਼ਬਦੀ ਨਾਦ ਤੇਰੀ ਧੁਨਕਾਰ, ਆਪਣਾ ਨਾਮ ਦਿਆਂ ਪਰਗਟਾਈਆ । ਰੂਪ ਦੱਸ ਜਗਤ ਸੰਸਾਰ, ਖੇਲ ਕਰਾਵਾਂ ਚਾਈਂ ਚਾਈਂਆ । ਲੇਖਾ ਬਣਾ ਪੈਗ਼ੰਬਰ ਗੁਰ ਅਵਤਾਰ, ਅਵਤਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਭੇਵ ਅਭੇਦਾ ਆਪ ਖੁਲ੍ਹਾਈਆ । ਪੁਰਖ ਅਕਾਲ ਕਿਹਾ ਸਤਿਗੁਰ ਸ਼ਬਦ ਮੇਰੀ ਧਾਰ ਵੇਖ ਲੈ ਜਗਤ, ਜਗਜੀਵਣ ਦਾਤਾ ਹੋ ਕੇ ਦਿਆਂ ਦ੍ਰਿੜਾਈਆ । ਤੇਰੇ ਮੀਤ ਬਣਾਵਾਂ ਆਪਣੇ ਭਗਤ, ਭਗਵਨ ਹੋ ਕੇ ਹੋਵਾਂ ਸਹਾਈਆ । ਉਨ੍ਹਾਂ ਲੇਖੇ ਲਾਵਾਂ ਬੂੰਦ ਰਕਤ, ਤਨ ਵਜੂਦ ਆਪਣੀ ਝੋਲੀ ਪਾਈਆ । ਤੇਰੇ ਪਿਆਰ ਦੀ ਬਖ਼ਸ਼ ਕੇ ਸ਼ਕਤ, ਸ਼ਖ਼ਸੀਅਤ ਦਿਆਂ

ਵਖਾਈਆ । ਤੂੰ ਲੇਖਾ ਲਾਉਣਾ ਵੇਖਣਾ ਫ਼ਕਤ, ਫ਼ਿਕਰੇ ਇਕੇ ਵਿਚ ਦ੍ਰਿੜਾਈਆ । ਉਹ ਸੁਹਾਵਣ ਉਪਰ ਧਰਤ, ਧਰਨੀ ਧੌਲ ਧਵਲ ਵੱਜੇ ਵਧਾਈਆ । ਮੈਂ ਵੇਖਾਂ ਉਨ੍ਹਾਂ ਪਰਤ, ਪਤਿਪਰਮੇਸ਼ਵਰ ਹੋ ਕੇ ਖੋਜ ਖੁਜਾਈਆ । ਸਤਿਗੁਰ ਸ਼ਬਦ ਕਿਹਾ ਕੀ ਲੇਖਾ ਜਾਣੇਂ ਉਪਰ ਅਰਸ਼, ਅਰਸ਼ੀ ਪ੍ਰੀਤਮ ਦੇ ਦ੍ਰਿੜਾਈਆ । ਕੀ ਪਰਦਾ (ਖੋਲ੍ਹੇਂ) ਉਪਰ ਫ਼ਰਸ਼, ਜ਼ਿਮੀਂ ਜ਼ਮਾਂ ਲੇਖ ਚੁਕਾਈਆ । ਪੁਰਖ ਅਕਾਲ ਕਿਹਾ ਜੋਤੀ ਧਾਰ ਦੇਵਾਂ ਦਰਸ, ਨਿਰਗੁਣ ਨੂਰ ਕਰ ਰੁਸ਼ਨਾਈਆ । ਜਨਮ ਜਨਮ ਦੀ ਮੇਟਾਂ ਹਰਸ, ਹਵਸ ਅਗਲੀ ਦਿਆਂ ਗਵਾਈਆ । ਮਿਹਰਵਾਨ ਹੋ ਕੇ ਕਰਾਂ ਤਰਸ, ਸਿਰ ਸਿਰ ਆਪਣਾ ਹੱਥ ਰਖਾਈਆ । ਪਰ ਯਾਦ ਕਰ ਲੈ ਸਤਿਗੁਰ ਸ਼ਬਦ, ਜਿਸ ਵੇਲੇ ਅੰਤਮ ਕਲਜੁਗ ਸੰਮਤ ਸ਼ਹਿਨਸ਼ਾਹੀ ਦਾ ਹੋਣਾ ਸੱਤਵਾਂ ਬਰਸ, ਬਰਸੀ ਧਰਮ ਧਾਰ ਮਨਾਈਆ । ਗ਼ਰੀਬ ਨਿਮਾਣਿਆਂ ਵੰਡਾਂ ਦਰਦ, ਦਰਦੀਆਂ ਆਪਣੇ ਲੇਖੇ ਪਾਈਆ । ਜਗਤ ਸ਼ਰਅ ਛੁਰੀ ਜਿਨ੍ਹਾਂ ਪੋਹ ਨਾ ਸਕੇ ਕਰਦ, ਕਾਤਲ ਮਕਤੂਲ ਦਾ ਡੇਰਾ ਢਾਹੀਆ । ਤੇਰੀ ਮਨਜ਼ੂਰ ਕਰਾਂ ਅਰਜ਼, ਆਰਜ਼ੂ ਲੇਖੇ ਵਿਚ ਰਖਾਈਆ । ਆਪਣਾ ਪੂਰਾ ਕਰਾਂ ਫ਼ਰਜ਼, ਨਿਰਗੁਣ ਧਾਰ ਹੋਵਾਂ ਸਹਾਈਆ । ਜਗਤ ਤ੍ਰਿਸ਼ਨਾ ਹੋਵੇ ਕੋਈ ਨਾ ਗ਼ਰਜ਼, ਗਰਜ ਕੇ ਸਭ ਦਾ ਲਹਿਣਾ ਦਿਆਂ ਚੁਕਾਈਆ । ਨਵ ਨੌਂ ਚਾਰ ਦਾ ਪਿਛਲਾ ਮੂਲ ਚੁਕਾਵਾਂ ਕਰਜ਼, ਮਕਰੂਜ਼ ਹੋ ਕੇ ਵੇਖ ਵਖਾਈਆ । ਯੋਧਾ ਸੂਰਬੀਰ ਬਣ ਮਰਦਾਨਾ ਮਰਦ, ਮਦਦ ਕਰਾਂ ਥਾਉਂ ਥਾਈਂਆ । ਜਗਤ ਵੇਖ ਅੰਧੇਰਾ ਗਰਦ, ਅੰਧ ਅਗਿਆਨ ਦਿਆਂ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਪੂਰ ਕਰਾਈਆ । ਸਤਿਗੁਰ ਸ਼ਬਦ ਕਿਹਾ ਮੇਰੇ ਨਿਰੰਕਾਰ, ਨਿਰਵੈਰ ਤੇਰੀ ਸਰਨਾਈਆ । ਮੈਂ ਬਿਨ ਹੱਥਾਂ ਕਰਾਂ ਨਿਮਸਕਾਰ, ਨਿਵ ਨਿਵ ਲਾਗਾਂ ਪਾਈਆ । ਤੇਰਾ ਖੇਲ ਹੋਵੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸੇਵ ਕਮਾਈਆ । ਜੁਗ ਚੌਕੜੀ ਬੀਤਣ ਆਪੋ ਆਪਣੀ ਵਾਰ, ਵਾਰਤਾ ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਗਾਈਆ । ਤੇਰੀ ਸਿਫ਼ਤ ਦਾ ਹੋਵੇ ਇਜ਼ਹਾਰ, ਮਹਿਮਾ ਅਗੰਮ ਅਥਾਹੀਆ । ਤੇਰਾ ਭਗਤਾਂ ਹੋਵੇ ਪਿਆਰ, ਪ੍ਰੇਮੀ ਪ੍ਰੀਤਮ ਇਕ ਅਖਵਾਈਆ । ਮੈਂ ਤੇਰੀ ਚਰਨ ਧੂੜੀ ਲਾਵਾਂ ਛਾਰ, ਮਸਤਕ ਟਿੱਕਾ ਖ਼ਾਕ ਰਮਾਈਆ । ਸਚਖੰਡ ਨਿਵਾਸੀ ਬੇਨੰਤੀ ਦੇਵਾਂ ਗੁਜ਼ਾਰ, ਗੁਜ਼ਾਰਿਸ਼ ਵਿਚ ਹਾਲ ਸੁਣਾਈਆ । ਜਿਸ ਵੇਲੇ ਜੁਗ ਚੌਕੜੀ ਬੀਤੇ ਨਵ ਨੌਂ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਚਾਰੋਂ ਕੁੰਟ ਹੋਣਾ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਸਹਾਇਤਾ ਕਰੇ ਨਾ ਕੋਇ ਪੈਗ਼ੰਬਰ ਗੁਰ ਅਵਤਾਰ, ਚਾਰ ਜੁਗ ਦੇ ਸ਼ਾਸਤਰ ਬੈਠਣ ਮੁਖ ਛੁਪਾਈਆ । ਸੀਸ ਦਸਤਾਰ ਨਾ ਦਿਸੇ ਕਿਸੇ ਸਿਕਦਾਰ, ਸ਼ਾਹ ਪਾਤਸ਼ਾਹ ਰੋਵਣ ਮਾਰਨ ਧਾਈਆ । ਨਾਮ ਸਤਿ ਹੋਵੇ ਹਾਹਾਕਾਰ, ਅਗਨੀ ਤਤ ਨਾ ਕੋਇ ਬੁਝਾਈਆ । ਉਸ ਵੇਲੇ ਕਿਰਪਾ ਕਰੀਂ ਆਪ ਕਰਤਾਰ, ਕੁਦਰਤ ਦੇ ਮਾਲਕ ਦਇਆ ਕਮਾਈਆ । ਲੱਖ ਚੁਰਾਸੀ ਵਿਚੋਂ ਜਨ ਭਗਤਾਂ ਕਰੀਂ ਸੰਭਾਲ, ਸੰਬਲ ਬਹਿ ਕੇ ਆਪਣਾ ਖੇਲ ਖਿਲਾਈਆ । ਕੋਝਿਆਂ ਕਮਲਿਆਂ ਪਾਵੀਂ ਸਾਰ, ਮਹਾਂਸਾਰਥੀ ਭੱਜਣਾ ਵਾਹੋ ਦਾਹੀਆ । ਸਭ ਦੀ ਪੈਜ ਦੇਵੀਂ ਸਵਾਰ, ਜੋ ਜਨ ਬੈਠਣ ਤੇਰੀ ਓਟ ਤਕਾਈਆ । ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਬਣਨਾ ਸਾਂਝਾ ਯਾਰ, ਯਥਾਰਥ ਆਪਣੀ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਉਨ੍ਹਾਂ ਦੇ ਸਿਰ ਬੰਨ੍ਹੀਂ ਦਸਤਾਰ, ਜਿਨ੍ਹਾਂ ਦਾ ਸੀਸ ਜਗਦੀਸ ਆਪਣੇ ਲੇਖੇ ਲਾਈਆ । ਫੇਰ ਜਨਮ ਲੈਣਾ ਪਏ ਨਾ ਦੂਜੀ ਵਾਰ, ਚੁਰਾਸੀ ਫਾਸੀ ਦੇਣੀ ਕਟਾਈਆ । ਵਸਾਉਣਾ ਸਚਖੰਡ ਸਚੇ ਦਰਬਾਰ, ਦਰਗਹ ਸਾਚੀ ਆਪਣੇ ਵਿਚ ਮਿਲਾਈਆ । ਮੇਰੀ ਆਦਿ ਅੰਤ ਅੰਤ ਆਦਿ ਸਤਿਗੁਰ


੧੪੨੧
੨੨

ਸ਼ਬਦ ਕਹੇ ਸਦਾ ਸਦ ਨਿਮਸਕਾਰ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਨਿਰਵੈਰ ਤੇਰਾ ਅੰਤ ਨਾ ਪਾਰਾਵਾਰ, ਪਾਰਬ੍ਰਹਮ ਪਤਿਪਰਮੇਸ਼ਵਰ ਪਰਮ ਪੁਰਖ ਪਰਮਾਤਮ ਤੇਰੀ ਬੇਪਰਵਾਹੀਆ ।

### ✪ ਪਹਿਲੀ ਅੱਸੂ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ਜ਼ਿਲਾ ਅੰਮ੍ਰਿਤਸਰ ✪

ਅਜ਼ਰਾਈਲ ਜਬਰਾਈਲ ਮੇਕਾਈਲ ਇਸਰਾਫੀਲ ਰਹੇ ਝੁਕ, ਬਿਨ ਸਿਰ ਸਰ ਸਜਦਾ ਸੀਸ ਝੁਕਾਈਆ । ਪਰਵਰਦਿਗਾਰ ਸਾਂਝੇ ਯਾਰ ਤੇਰੇ ਦਰ ਤੇ ਆ ਕੇ ਗਏ ਰੁਕ, ਰੁੱਕਾ ਵੇਖ ਚਾਈਂ ਚਾਈਂਆ । ਨੂਰ ਇਲਾਹੀ ਜਲਵਾਗਰ ਤੇਰੇ ਕਲਮੇ ਦੀ ਇਕੋ ਤੁਕ, ਜੋ ਤੁਖ਼ਮ ਤਾਸੀਰ ਦਏ ਬਦਲਾਈਆ । ਅਸੀਂ ਫਿਰ ਕੇ ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ, ਗਲੀ ਕੂਚਾ ਧਿਆਨ ਲਗਾਈਆ । ਧਰਨੀ ਧਰਤ ਧਵਲ ਉਤੇ ਪਈ ਲੁੱਟ, ਕਲਜੁਗ ਲੁਟੇਰਾ ਬਣਿਆ ਥਾਉਂ ਥਾਈਂਆ । ਦੀਨਾਂ ਮਜ਼੍ਹਬਾਂ ਤਕੀ ਫੁੱਟ, ਕਲਮਾ ਕਾਇਨਾਤ ਕੰਮ ਕਿਸੇ ਨਾ ਆਈਆ । ਰੂਹ ਬੁਤ ਨਾਤਾ ਰਿਹਾ ਟੁੱਟ, ਅੱਲਾ ਹੂ ਅੱਨਾ ਹੂ ਜੋੜ ਨਾ ਕੋਇ ਜੁੜਾਈਆ । ਮਹਿਬੂਬ ਤੇਰੀ (ਮੁਹੱਬਤ) ਮਹਿਜ਼ ਗਈ ਛੁਟ, ਸਾਚਾ ਸੰਗ ਨਾ ਕੋਇ ਬਣਾਈਆ । ਤੇਰੀ ਧਾਰ ਤੈਥੋਂ ਗਈ ਰੁੱਠ, ਰੁਸਿਆਂ ਨਾ ਕੋਇ ਮਨਾਈਆ । ਬਿਨ ਤਨ ਵਜੂਦ ਨੂਰ ਇਲਾਹੀ ਹੋ ਕੇ ਉਠ, ਆਲਮੀਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਸਰਨਾਈਆ । ਚਾਰੇ ਕਹਿਣ ਨਿਰਗੁਣ ਧਾਰ ਤੇਰੇ ਫਰਿਸਤੇ ਬਿਨ ਅੱਖਰਾਂ ਹੱਥ ਉਠਾਈਆ । ਨਬੀ ਰਸੂਲ ਸਾਨੂੰ ਸਾਰੇ ਦਿਸਦੇ, ਪੈਗ਼ੰਬਰ ਵੇਖ ਵਖਾਈਆ । ਮਾਲਕ ਖ਼ਾਲਕ ਕੀ ਲੇਖੇ ਦਈਏ ਇਕ ਇਕ ਦੇ, ਇਕ ਇਕੱਲੇ ਵਾਹਿਦ ਤੇਰੀ ਬੇਪਰਵਾਹੀਆ । ਮੁਹੰਮਦ ਦੇ ਕਲਮੇ ਵਿਚ ਮਨ ਕਿਸੇ ਨਾ ਟਿਕਦੇ, ਇਸਮ ਆਜ਼ਮ ਨਾ ਕੋਇ ਜਣਾਈਆ । ਸ਼ਰਅ ਦੇ ਝਗੜੇ ਵੇਖੇ ਨਿਤ ਦੇ, ਸ਼ਰੀਅਤ ਘਰ ਘਰ ਕਰੇ ਲੜਾਈਆ । ਕਾਇਨਾਤ ਤੇਰੇ ਸਿਫ਼ਤਾਂ ਵਾਲੇ ਅੱਖਰ ਵਿਕਦੇ, ਅਲਿਫ਼ ਯੇ ਹੱਟਾਂ ਵਿਚ ਭਵਾਈਆ । ਦਰੋਹੀ ਅਸੀਂ ਸਾਰੇ ਤੇਰੇ ਕੋਲ ਪਿਟਦੇ, ਉਚੀ ਕੂਕ ਸੁਣਾਈਆ । ਝਗੜੇ ਵੇਖੇ ਪੱਥਰ ਇੱਟ ਦੇ, ਮੰਦਰ ਮਸੀਤ ਰਹੇ ਕੁਰਲਾਈਆ । ਪੈਂਡੇ ਮੰਜ਼ਲ ਮੁਕੇ ਨਾ ਕਿਸੇ ਸਵਾ ਗਿਠ ਦੇ, ਕੁੰਡੀ ਖਿੜਕੀ ਬਜਰ ਕਪਾਟ ਨਾ ਕੋਇ ਖੁਲ੍ਹਾਈਆ । ਮਾਨਸ ਜਨਮ ਮੂਲ ਨਾ ਜਿਤਦੇ, ਪੰਜ ਵਿਕਾਰ ਹੋਏ ਹਲਕਾਈਆ । ਮੁੱਲਾ ਸ਼ੇਖ਼ ਮੁਸਾਇਕ ਸਤਿ ਸਰੂਪ ਮੂਲ ਨਾ ਦਿਸਦੇ, ਐਨੁਲਹੱਕ ਨਾਅਰਾ ਕੋਇ ਨਾ ਲਾਈਆ । ਕੀ ਖੇਲ ਤੇਰੇ ਨੂਰ ਇਲਾਹੀ ਪਿਤ ਦੇ, ਪਤਿਪਰਮੇਸ਼ਵਰ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਚਾਰੇ ਕਹਿਣ ਅਸੀਂ ਹੋਏ ਹਾਜ਼ਰ, ਹਜ਼ਰਤਾਂ ਦੇ ਹਜ਼ਰਤ ਸੀਸ ਨਿਵਾਈਆ । ਤੇਰਾ ਤੱਕਿਆ ਕਲਮੇ ਦਾ ਮੁਹੰਮਦ ਤਾਜਰ, ਤਜਰਬਿਆਂ ਵਿਚ ਵੇਖ ਵਖਾਈਆ । ਬਹੁੜੀ ਸਾਨੂੰ ਨਜ਼ਰ ਆਇਆ ਸੀਸ ਤੇਗ਼ ਬਹਾਦਰ, ਵਿਚ ਰਿਹਾ ਜਣਾਈਆ । ਜਿਸ ਦਾ ਨੂਰ ਹੋਇਆ ਉਜਾਗਰ, ਗੋਬਿੰਦ ਸੂਰਾ ਬੇਪਰਵਾਹੀਆ । ਜਿਸ ਨੂੰ ਕਹਿੰਦੇ ਵਾਲਾ ਬਾਜ਼ਨ, ਬਾਜ਼ੀ ਸਭ ਦੀ ਦਏ ਉਲਟਾਈਆ । ਮੇਲ ਮਿਲਾ ਕੇ ਸ਼ਾਹੋ ਭੂਪ ਰਾਜਨ, ਸ਼ਹਿਨਸ਼ਾਹ

ਆਪਣਾ ਰੰਗ ਰੰਗਾਈਆ । ਵੇਸ ਵਟਾ ਕੇ ਦੇਸ ਮਾਝਨ, ਮਜਲਸ ਭਗਤਾਂ ਸੰਗ ਰਖਾਈਆ । ਸ਼ਬਦੀ ਸ਼ਬਦ ਮਾਰ ਆਵਾਜ਼ਨ, ਚੌਦਾਂ ਤਬਕ ਰਿਹਾ ਹਿਲਾਈਆ । ਧੁਨ ਸ਼ਬਦ ਦੇਵੇ ਨਾਦਨ, ਨਾਦ ਅਨਾਦੀ ਆਪ ਜਣਾਈਆ । ਝਗੜਾ ਮਿਟੇ ਮੁੱਲਾ ਸ਼ੇਖ਼ ਕਾਜ਼ਨ, ਸ਼ਰਅ ਸ਼ਰਅ ਨਾਲ ਟਕਰਾਈਆ । ਸਭ ਦਾ ਲੇਖਾ ਆਇਆ ਵਾਚਨ, ਬਿਨ ਅੱਖਰਾਂ ਹਰਫ਼ ਹਰੂਫ਼ ਫੋਲ ਫੁਲਾਈਆ । ਜਿਸ ਨੂੰ ਤਕਣ ਪ੍ਰਿਥਮੀ ਆਕਾਸ਼ਣ, ਗਗਨ ਗਗਨੰਤਰ ਧਿਆਨ ਲਗਾਈਆ । ਸੋ ਲੇਖਾ ਜਾਣੇ ਹਰ ਘਟ ਰੱਖੇ ਵਾਸਨ, ਵਾਸਤਾ ਆਪਣੇ ਨਾਲ ਪਰਗਟਾਈਆ । ਉਸ ਨੇ ਭੇਵ ਖੋਲ੍ਹਣਾ ਬਾਤਨ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਪਰਵਰਦਿਗਾਰ ਅਸੀਂ ਹਾਜ਼ਰ ਹੋਏ ਪਹਿਲੀ ਅੱਸੂ ਰਾਤਨ, ਰੁਤੜੀ ਤੇਰੇ ਨਾਲ ਮਹਿਕਾਈਆ । ਜਗਤ ਸ਼ਰਅ ਤੋੜਿਆ ਨਾਤਨ, ਨਾਤਵਾਂ ਨਾਤੇ ਦਿਤੇ ਗਵਾਈਆ । ਤੇਰਾ ਜਲਵਾ ਤਕ ਪ੍ਰਕਾਸ਼ਨ, ਪਰਮ ਪੁਰਖ ਤੇਰੀ ਸਰਨਾਈਆ । ਤੇਰਾ ਹੁਜਰਾ ਸਚ ਮਹਿਬੂਬ ਅਗੰਮ ਮਹਿਰਾਬਨ, ਮੀਨਾਰ ਅਗੰਮ ਅਥਾਹੀਆ । ਜਿਥੇ ਝਗੜਾ ਨਹੀਂ ਦੋ ਦੋਆਬਨ, ਆਬੇਹਯਾਤ ਮਿਲੇ ਚਾਈਂ ਚਾਈਆ । ਲੇਖਾ ਰਹੇ ਨਾ ਮੱਕਾ ਕਾਅਬਨ, ਕਾਅਬਿਆਂ ਪਰੇ ਦ੍ਰਿੜਾਈਆ । ਨਿਰਗੁਣ ਧਾਰ ਨਿਰਗੁਣ ਨਿਰਗੁਣ ਰੂਪ ਅਰਾਧਨ, ਰਸਨਾ ਜਿਹਵਾ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਜਬਰਾਈਲ ਕਹੇ ਅਜ਼ਰਾਈਲ ਉਠ ਮੇਰੇ ਉਸਤਾਦ, ਉਸਤਤ ਸਾਚੀ ਦੇ ਜਣਾਈਆ । ਅਸਰਾਫ਼ੀਲ ਤੇਰੇ ਆਵੇ ਬਾਦ, ਬਾਗ਼ਬਾਂ ਅਜ਼ਾਂ ਨਾਲ ਜਣਾਈਆ । ਮੇਕਾਈਲ ਵਜਾਏ ਨਾਦ ਧੁਨ ਅਗੰਮ ਸ਼ਨਵਾਈਆ । ਚੌਦਾਂ ਤਬਕਾਂ ਦੱਸੇ ਫ਼ਰਿਆਦ, ਸੰਦੇਸ਼ਾ ਦੇਵੇ ਚਾਈਂ ਚਾਈਆ । ਨੂਰੀ ਅੱਲਾ ਔਹ ਤਕ ਮੁਹੰਮਦ ਨਾਲ ਈਸਾ ਕਹੇ ਗਾਡ, ਗਾਈਡ ਨਜ਼ਰ ਕੋਇ ਨਾ ਆਈਆ । ਤੇਰੇ ਸ਼ਬਦ ਦੀ ਅਗੰਮੀ ਇਕੋ ਰਾਡ, ਨਿਰਗੁਣ ਨੂਰ ਦੋ ਜਹਾਨ ਰਹੀ ਡਰਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਨੂਰ ਇਲਾਹੀ ਵਾਹਿਦ, ਵਾਹਿਦੇ ਸਭ ਦੇ ਪੂਰ ਕਰਾਈਆ । ਸਦੀ ਚੌਧਵੀਂ ਸੁਣਨੀ ਇਕ ਫ਼ਰਿਆਦ, ਦਰ ਠਾਂਡੇ ਸੀਸ ਨਿਵਾਈਆ । ਤੇਰੇ ਕਲਮੇ ਦਾ ਕਰੇ ਕੋਇ ਨਾ ਵਾਅਜ਼, ਆਵਾਜ਼ ਹੱਕ ਨਾ ਕੋਇ ਸੁਣਾਈਆ । ਮੁੱਲਾਂ ਸ਼ੇਖ਼ ਖੁਲ੍ਹੇ ਕਿਸੇ ਨਾ ਰਾਜ਼, ਰਾਜ਼ਕ ਰਿਜ਼ਕ ਰਹੀਮ ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਉਠ ਕੇ ਤਕ ਕੰਮ ਨਾ ਆਈ ਪੰਜ ਵਕਤ ਨਿਮਾਜ਼, ਪੰਚਾਂ ਕਰੇ ਨਾ ਕੋਇ ਸਫ਼ਾਈਆ । ਤੇਰੇ ਨੂਰ ਦਾ ਕਿਸੇ ਨਾ ਕੋਇ ਆਗ਼ਾਜ਼, ਅਕਲ ਕਲਧਾਰੀ ਕੀ ਤੇਰੀ ਬੇਪਰਵਾਹੀਆ । ਸੋਈ ਸੁਰਤ ਸਕੇ ਮੂਲ ਨਾ ਜਾਗ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਪੈਗ਼ੰਬਰ ਦੇ ਸਕੇ ਨਾ ਕੋਇ ਜੁਆਬ, ਜੁਆਬਤਲਬੀ ਵਿਚ ਸਾਰੇ ਸੀਸ ਨਿਵਾਈਆ । ਸਜਦਿਆਂ ਵਿਚ ਕਰ ਕਰ ਥੱਕੇ ਆਦਾਬ, ਨਿਵ ਨਿਵ ਲਾਗਣ ਪਾਈਆ । ਪਰਵਰਦਿਗਾਰ ਸਾਨੂੰ ਦੱਸ ਉਹ ਅਗੰਮੀ ਕਿਤਾਬ, ਜਿਹੜੀ ਕੁਤਬਖਾਨਿਆਂ ਵਿਚੋਂ ਹੱਥ ਕਿਸੇ ਨਾ ਆਈਆ । ਜਿਸ ਵਿਚੋਂ ਇਕੋ ਤੇਰੇ ਨਾਮ ਦਾ ਹੋਵੇ ਲਾਭ, ਲਬੇਲੁਆਬ ਅਵਰ ਨਾ ਕੋਇ ਜਣਾਈਆ । ਵਾਅਦਾ ਪੂਰਾ ਕਰ ਦੇ ਜੋ ਨਾਨਕ ਨਾਲ ਵਾਅਦਾ ਕੀਤਾ ਵਿਚ ਬਗ਼ਦਾਦ, ਬਗ਼ਲਗੀਰ ਬੇਨਜ਼ੀਰ ਆਪਣਾ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਵੇਖ ਵਖਾਈਆ । ਚਾਰੇ ਫ਼ਰਿਸ਼ਤੇ ਕਹਿਣ ਅਸੀਂ ਲੇਖਾ ਦੱਸੀਏ ਕੀ, ਕਹਿਣ ਕਿਛ ਨਾ ਪਾਈਆ । ਜਗਤ ਨਾਤਾ ਤੁਟਾ ਪੁੱਤਰ ਧੀ, ਪਿਤਾ ਪੁੱਤਰ ਨਾ ਸੰਗ ਨਿਭਾਈਆ । ਗੁਰੂ ਚੇਲਾ ਝਗੜਾ ਪਿਆ ਸਾਢੇ ਤਿੰਨ ਹੱਥ ਸੀਅ, ਮਨ ਕਾ ਮਣਕਾ ਨਾ ਕੋਇ ਭਵਾਈਆ । ਅੰਮ੍ਰਿਤ ਜਾਮ ਸਕੇ ਨਾ ਪੀ, ਪੀਆ ਪ੍ਰੀਤਮ ਤੇਰਾ

੧੪੨੩
੨੨

ਦਰਸ ਕੋਇ ਨਾ ਪਾਈਆ । ਲੇਖਾ ਵੇਖ ਬੀਸ ਇਕੀਸਾ ਵੀਹ, ਵੀਹਵੀਂ ਸਦੀ ਅੱਖ ਖੁਲ੍ਹਾਈਆ । ਕੀ ਈਸਾ ਕਹਿ ਕੇ ਗਿਆ ਜੀ, ਜੀਂਵਦਿਆਂ ਦਿਤੀ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਹ ਸਾਚੀ ਪਰਦਾ ਆਪ ਉਠਾਈਆ । ਚਾਰ ਫ਼ਰਿਸ਼ਤੇ ਕਹਿਣ ਸਾਡੀ ਹੱਕ ਸਲਾਮ, ਸੀਸ ਜਗਦੀਸ ਝੁਕਾਈਆ । ਇਕ ਇਕ ਦਾ ਲੇਖਾ ਦਈਏ ਤਮਾਮ, ਤਮਾਂ ਕੂੜ ਨਾ ਕੋਇ ਰਖਾਈਆ । ਪਰਵਰਦਿਗਾਰ ਮੁੱਲਾ ਸ਼ੇਖ਼ ਮੁਸਾਇਕ ਸੱਯਦ ਕਰਨ ਹਰਾਮ, ਬਚਿਆ ਨਜ਼ਰ ਕੋਇ ਨਾ ਆਈਆ । ਮਾਇਆ ਮਮਤਾ ਸਭ ਨੂੰ ਕੀਤਾ ਗ਼ੁਲਾਮ, ਗ਼ੁਰਬਤ ਅੰਦਰੋ ਬਾਹਰ ਨਾ ਕੋਇ ਕਢਾਈਆ । ਸਾਚਾ ਦਿਸੇ ਨਾ ਕਾਇਆ ਕਾਅਬਾ ਹੱਕ ਮਕਾਨ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਕੀ ਅੰਕੜਿਆਂ ਵਿਚ ਲਾਈਏ ਮੀਜ਼ਾਨ, ਹਿੰਦਸੇ ਹਿੰਦਸਿਆਂ ਨਾਲ ਮਿਲਾਈਆ । ਉਮਤ ਨਬੀ ਰਸੂਲ ਹੋਈ ਬੇਈਮਾਨ, ਬੇਵਾ ਰੂਪ ਹੋਈ ਲੋਕਾਈਆ । ਮਨ ਸ਼ਰਅ ਹੋਈ ਸ਼ੈਤਾਨ, ਸ਼ਰੀਅਤ ਨਾਲ ਲੜਾਈਆ । ਤੋਬਾ ਤੋਬਾ ਹੱਥ ਲਾਈਏ ਕਾਨ, ਕਾਇਨਾਤ ਦੇ ਮਾਲਕ ਸੀਸ ਝੁਕਾਈਆ । ਅਸੀਂ ਬਾਲਕ ਤੇਰੇ ਨਾਦਾਨ, ਤੂੰ ਵੱਡਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਪਰਵਰਦਿਗਾਰ ਕਹੇ ਵਖਾਓ ਲੇਖਾ ਧੁਰ, ਧੁਰ ਦਿਆਂ ਦ੍ਰਿੜ੍ਹਾਈਆ । ਕਿਹੜਾ ਨਾਦ ਕਿਹੜੀ ਸੁਰ, ਕਵਣ ਤਾਲ ਆਏ ਵਜਾਈਆ । ਕਿਹੜਾ ਚੇਲਾ ਕਿਹੜਾ ਗੁਰ, ਗੁਰਦੇਵ ਕਵਣ ਅਖਵਾਈਆ । ਕਿਸ ਗ੍ਰਿਹਿ ਜਾਣਾ ਮੁੜ, ਪਰਦਾ ਪਰਦਿਆਂ ਵਿਚੋਂ ਉਠਾਈਆ । ਕਿਸ ਸ਼ੌਹ ਦਰਿਆਏ ਜਾਣਾ ਰੁੜ੍ਹ, ਵਹਿਣ ਜਗਤ ਵਾਲਾ ਵਹਾਈਆ । ਕਿਹੜੀ ਕੁੰਟੋਂ ਆਏ ਮੁੜ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ



ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਈਆ । ਜਬਰਾਈਲ ਕਹੇ ਮੈਂ ਦੱਸਾਂ ਹੱਕ ਨਿਸ਼ਾਨੀ, ਹਜ਼ਰਤਾਂ ਦੇ ਹਜ਼ਰਤ ਦਿਆਂ ਜਣਾਈਆ । ਮੈਂ ਤਕੇ ਸ਼ਰਅ ਵਾਲੇ ਈਰਾਨੀ, ਇਬਰਤ ਵਿਚ ਮੇਰੀ ਦੁਹਾਈਆ । ਮੈਂ ਤਕੇ ਤੇਰੇ ਕਲਮੇ ਵਾਲੇ ਬਾਨੀ, ਮੁਹੰਮਦ ਅਹਿਮਦ ਖੋਜ ਖੁਜਾਈਆ । ਮੈਂ ਸੁਣਿਆ ਕਲਮਾ ਕਲਾਮੀ, ਅੱਖਰਾਂ ਵਾਲੀ ਵਡ ਵਡਿਆਈਆ । ਸ਼ਰਅ ਦਾ ਬਣਿਆ ਜਾਣ ਜਾਣੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਸਦੀ ਚੌਧਵੀਂ ਅੰਤਮ ਸਭ ਦੀ ਦਿਸੀ ਜੂਹ ਬੇਗਾਨੀ, ਮਾਲਕ ਨਜ਼ਰ ਕੋਇ ਨਾ ਆਈਆ । ਮੈਂ ਸੁਣ ਕੇ ਤੇਰਾ ਅਗੰਮ ਪੈਗ਼ਾਮੀ, ਪੈਗ਼ੰਬਰਾਂ ਦਿਤਾ ਦ੍ਰਿੜ੍ਹਾਈਆ । ਉਠੋ ਵੇਖੋ ਖੇਲ ਸ਼ਹਿਨਸ਼ਾਹ ਸੁਲਤਾਨੀ, ਕੀ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਦੀ ਤਕੋ ਨਿਸ਼ਾਨੀ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪ ਦ੍ਰਿੜ੍ਹਾਈਆ । ਚਾਰੇ ਫ਼ਰਿਸ਼ਤੇ ਕਹਿਣ ਸਾਡੇ ਕੋਲ ਲੇਖਾ ਤੇਰਾ ਇਕ ਮਹਿਬੂਬ, ਮੁਹੱਬਤ ਵਿਚ ਜਣਾਈਆ । ਜਿਧਰ ਵੇਖਿਆ ਤਕੀ ਦਵੈਤੀ ਦੂਜ, ਦੁਤੀਆ ਭਾਓ ਨਾ ਕੋਇ ਚੁਕਾਈਆ । ਸਾਚੀ ਮੰਜ਼ਲ ਚੜ੍ਹੇ ਨਾ ਕੋਇ ਹੱਕ ਮਕਸੂਦ, ਤੇਰਾ ਦਰਸ ਕੋਇ ਨਾ ਪਾਈਆ । ਨਜ਼ਰ ਨਾ ਆਏ ਅਰਸ਼ ਅਰੂਜ, ਆਲੀਸ਼ਾਨ ਤੇਰੀ ਕਰੇ ਨਾ ਕੋਇ ਸ਼ਨਵਾਈਆ । ਸਾਰੇ ਬੱਝੇ ਮਜ਼੍ਹਬਾਂ ਦੀ ਹਦੂਦ, ਹੱਦ ਪਾਰ ਨਾ ਕੋਇ ਵਖਾਈਆ । ਮੈਂ ਸਚ ਦੱਸਾਂ ਮੈਂ ਜਿਧਰ ਤਕਾਂ ਤੂੰ ਨੂਰ ਇਲਾਹੀ ਮੌਜੂਦ, ਮੌਜੂਦਾ ਹੋ ਕੇ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਹੋਣਾ ਆਪ ਸਹਾਈਆ । ਪਰਵਰਦਿਗਾਰ ਕਹੇ ਮੇਰਾ ਹੁਕਮ ਯੱਕ ਯਕੀਨੀ, ਯਕੀਨਨ

ਦਿਆਂ ਦ੍ਰਿੜਾਈਆ । ਮੇਰਾ ਸਜਦਾ ਇਕ ਅਮੀਨੀ, ਆਲਮੀਨ ਸੀਸ ਨਿਵਾਈਆ । ਮੈਂ ਖੇਲ ਵੇਖਾਂ ਅਰਸ਼ ਫ਼ਰਸ਼ ਜ਼ਮੀਨੀ, ਜ਼ਿਮੀਂ ਜਮਾਂ ਖੋਜ ਖੁਜਾਈਆ । ਸਦੀ ਚੌਧਵੀਂ ਸਭ ਦੀ ਬਦਲ ਦੇਣੀ ਤਨਜ਼ੀਮੀ, ਤਹਜ਼ੀਬ ਧੁਰ ਦੀ ਇਕ ਦ੍ਰਿੜਾਈਆ । ਮੇਰਾ ਲੇਖਾ ਆਦਿ ਜੁਗਾਦਿ ਜੁਗ ਚੌਕੜੀ ਕਦੀਮੀ, ਕੁਦਰਤ ਦਾ ਮਾਲਕ ਆਪਣਾ ਹੁਕਮ ਵਰਤਾਈਆ । ਲੇਖਾ ਰਹਿਣ ਨਾ ਦੇਣਾ ਨਰ ਮਦੀਨੀ, ਮੁੱਦਾ ਆਤਮ ਬ੍ਰਹਮ ਸਭ ਨੂੰ ਦਿਆਂ ਜਣਾਈਆ । ਮੈਂ ਪਰਦਾ ਲਾਹਵਾਂ ਭੇਵ ਖੁਲ੍ਹਾਵਾਂ ਆਲਮੀਨੀ, ਇਲਮ ਆਲਮ ਉਲਮਾਂ ਕਰਾਂ ਪੜ੍ਹਾਈਆ । ਜਗਤ ਸ਼ਰਅ ਰਹਿਣ ਨਾ ਦੇਵਾਂ ਤਕਸੀਮੀ, ਵੰਡਨ ਵੰਡ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਫ਼ਰਿਸ਼ਤੇ ਕਹਿਣ ਖ਼ੁਦ ਖ਼ੁਦਾ ਮੁਹੰਮਦ ਤੋਂ ਲੈ ਪੁਛ, ਆਪਣਾ ਹੁਕਮ ਸੁਣਾਈਆ । ਉਮਤ ਕੋਲ ਕੀ ਕੁਛ, ਕੀ ਵਸਤ ਰਹੀ ਵਖਾਈਆ । ਜਿਸ ਕਾਰਨ ਲਬ ਕਟਾਈ ਮੁੱਛ, ਮੁਸ਼ਕਲ ਹੱਲ ਨਾ ਕੋਇ ਕਰਾਈਆ । ਸਦੀ ਚੌਧਵੀਂ ਕਿਉਂ ਬੈਠਾ ਹੋ ਕੇ ਚੁਪ, ਚੁਪ ਚਪੀਤਾ ਡੇਰਾ ਲਾਈਆ । ਉਹ ਤਕ ਓਹ ਤਕ ਏਥੇ ਓਥੇ ਅੰਧੇਰਾ ਘੁੱਪ, ਤੇਰਾ ਨੂਰ ਜੋਤ ਨਾ ਕੋਇ ਰੁਸ਼ਨਾਈਆ । ਸਚ ਪੁਛੇਂ ਉਹ ਵੇਖ ਤੇਰਾ ਗੋਬਿੰਦ ਦੁਲਾਰਾ ਦੂਲ੍ਹਾ ਸੁਤ , ਨਿਰਗੁਣ ਨੂਰ ਜੋਤ ਜੋਤ ਰੁਸ਼ਨਾਈਆ । ਜੋ ਸਭ ਕੁਛ ਸਭ ਦਾ ਰਿਹਾ ਲੁੱਟ, ਦੋ ਜਹਾਨਾਂ ਭੱਜੇ ਵਾਹੋ ਦਾਹੀਆ । ਕਲਜੁਗ ਕੂੜੀ ਕਿਰਿਆ ਜੜ੍ਹ ਰਿਹਾ ਪੁਟ, ਪਟਨੇ ਵਾਲਾ ਆਪਣਾ ਵੇਸ ਵਟਾਈਆ । ਜਿਸ ਦੇ ਕੋਲ ਲੱਖ ਚੁਰਾਸੀ ਵਿਚੋਂ ਭਗਤ ਸੁਹੇਲੇ ਇਕ ਮੁੱਠ, ਮੁੱਠੀ ਆਪਣੀ ਵਿਚ ਟਿਕਾਈਆ ।
੧੪੨੫ ਕਰ ਪ੍ਰਕਾਸ਼ ਨਿਰਮਲ ਜੋਤ, ਜੋਤੀ ਜਾਤਾ ਡਗਮਗਾਈਆ । ਝਗੜਾ ਮੇਟੇ ਵਰਨ ਗੋਤ, ਨੀਚਾਂ ਊਚਾਂ ਇਕੋ ਰੰਗ ਰੰਗਾਈਆ । ਲੇਖਾ ਰਹਿਣ ੧੪੨੫
੨੨ ਨਾ ਦੇਵੇ ਦੀਨ ਮਜ਼੍ਹਬ ਵਰਨ ਗੋਤ, ਗੌਤਮ ਦਾ ਲੇਖਾ ਝੋਲੀ ਪਾਈਆ । ਗੁਰਮੁਖ ਅੰਦਰੋਂ ਖੋਲ੍ਹ ਕੇ ਅੰਤਰ ਨਿਰੰਤਰ ਸੋਤ, ਸੋਈ ਸੁਰਤੀ ਲਏ ਉਠਾਈਆ । ੨੨
ਸ਼ਬਦ ਸ਼ਬਦ ਲਗਾਏ ਚੋਟ, ਚੋਟੀ ਚੜ੍ਹ ਕੇ ਵੇਖ ਵਖਾਈਆ । ਜਿਸ ਦਾ ਲੇਖਾ ਜਾਣ ਨਾ ਸਕਣ ਕੋਟਨ ਕੋਟੀ ਕੋਟ, ਕੋਟ ਕੋਟਾਂ ਭੇਵ ਕੋਇ ਨਾ ਪਾਈਆ । ਉਹ ਵੇਸ ਵਟਾਏ ਏਕ ਇਕੋ ਬਹੁਤ, ਬਹੁਤਾ ਭੇਵ ਆਪਣਾ ਆਪ ਜਣਾਈਆ । ਜਿਹਨੇ ਝਗੜਾ ਮੇਟਣਾ ਚੌਦਾਂ ਲੋਕ, ਚੌਦਾਂ ਤਬਕ ਕਰੇ ਸਫ਼ਾਈਆ । ਦੋ ਜਹਾਨ ਮਰਦ ਮਰਦਾਨ, ਨਾਮ ਨਿਧਾਨਾ ਇਕ ਸੁਣਾਏ ਸਲੋਕ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਬੈਠੇ ਸੀਸ ਨਿਵਾਈਆ । ਚਾਰੇ ਕਹਿਣ ਉਠ ਮੁਹੰਮਦ ਕਰੀਏ ਸਲਾਹ, ਸਫ਼ਾ ਵੇਖ ਜਗਤ ਲੋਕਾਈਆ । ਬੇੜਾ ਦਾ ਗੇੜਾ ਬਣੇ ਮਲਾਹ, ਕਵਣ ਕੰਧ ਟਿਕਾਈਆ । ਚਾਰੇ ਯਾਰ ਵੇਖ ਗਵਾਹ, ਸ਼ਹਾਦਤ ਕੀ ਭੁਗਤਾਈਆ । ਸਦੀ ਚੌਧਵੀਂ ਅੰਤਮ ਗਿਆ ਆ, ਆਹ ਭਰ ਕੇ ਦਈਏ ਸੁਣਾਈਆ । ਧਰਨੀ ਧਰਤ ਧਵਲ ਧੌਲ ਉਤੇ ਵੇਖ ਥਾਂ, ਮੱਕਾ ਕਾਅਬਾ ਮਦੀਨਾ ਮੁੱਦਾ ਫੋਲ ਫੁਲਾਈਆ । ਕਿਸੇ ਗ੍ਰਿਹਿ ਨਾ ਹੋਵੇ ਵਾਹਵਾ, ਹਾਹਾਕਾਰ ਕਰੇ ਲੋਕਾਈਆ । ਝਗੜਾ ਪਿਆ ਥਲ ਅਸਗਾਹ, ਜੰਗਲ ਜੂਹ ਉਜਾੜ ਰੋਵਣ ਮਾਰਨ ਧਾਈਆ । ਪਿਆਰ ਰਿਹਾ ਨਾ ਪੁੱਤਰ ਮਾਂ, ਪਿਤਾ ਪੂਤ ਨਾ ਸੰਗ ਰਖਾਈਆ । ਕਲਜੁਗ ਜੀਵ ਹੰਸ ਬਣੇ ਕਾਂ, ਬੁੱਧੀ ਕਾਗ ਵਾਂਗ ਕੁਰਲਾਈਆ । ਜੇ ਸਚ ਪੁਛੇਂ ਕਿਸੇ ਨੇ ਸੂਰ ਖਾਧਾ ਕਿਸੇ ਨੇ ਖਾਧੀ ਗਾਂ, ਧਰਮ ਦਾ ਪੂਤ ਨਜ਼ਰ ਕੋਇ ਨਾ ਆਈਆ । ਪੀਰ ਪੈਗ਼ੰਬਰ ਗੁਰ ਅਵਤਾਰ ਕਿਸੇ ਨਾ ਪਕੜੇ ਬਾਂਹ, ਅੱਗੇ ਹੋ ਨਾ ਕੋਇ ਛੁਡਾਈਆ । ਪੁਰਖ ਅਕਾਲਾ ਦੀਨ ਦਿਆਲਾ ਸਚ ਸੰਦੇਸ਼ਾ ਏਕੰਕਾਰਾ ਰਿਹਾ ਸੁਣਾ, ਇਕ ਇਕਲਾ ਧੁਰ ਦਾ

ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਅਛਲ ਅਛੇਦਾ ਆਪ ਖੁਲ੍ਹਾਈਆ । ਚਾਰੇ ਕਹਿਣ ਸਾਡੀ ਤੋਬਾ, ਤੋਬਾ ਤੋਬਾ ਵਿਚ ਦੁਹਾਈਆ । ਸਦੀ ਚੌਧਵੀਂ ਰਸ ਸਭ ਨੇ ਭੋਗਾ, ਭੋਗੀ ਭਸਮੜ ਰੂਪ ਨਾ ਕੋਇ ਬਣਾਈਆ । ਦੀਨ ਦੁਨੀ ਦਾ ਵੇਖਿਆ ਅਭਿਆਸ ਜੋਗਾ, ਜੁਗਤੀ ਜਗਤ ਨਾ ਕੋਇ ਦ੍ਰਿੜਾਈਆ । ਹਉਮੇਂ ਵਧਿਆ ਘਰ ਘਰ ਰੋਗਾ, ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਨਾ ਕੋਈ ਮੇਟੇ ਹਰਖ਼ ਸੋਗਾ, ਚਿੰਤਾ ਚਿਖਾ ਰਹੀ ਜਲਾਈਆ । ਫਿਰੀ ਦੁਹਾਈ ਲੋਕ ਚੌਦਾਂ, ਚੌਦਾਂ ਤਬਕ ਰੋਵਨ ਮਾਰਨ ਧਾਈਆ । ਬਹੁੜੀ ਕਿਸੇ ਪੈਗ਼ੰਬਰ ਦਾ ਰਹਿਣਾ ਨਹੀਂ ਕੋਈ ਅਹੁਦਾ, ਵਾਹਿਦੇ ਸਭ ਦੇ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਚਾਰੇ ਕਹਿਣ ਕੁਛ ਲੇਖ ਦੱਸੇ ਪ੍ਰਭ ਅੱਸੂ, ਅਸਲ ਆਪਣਾ ਧਿਆਨ ਲਗਾਈਆ । ਕੀ ਓਟ ਰਖਾਈ ਮਸੀਹ ਯਸੂਹ, ਯਦਪਿ ਆਪਣਾ ਰਾਹ ਤਕਾਈਆ । ਮੂਸਾ ਕਿਹੜੀ ਧਾਰ ਨੱਸੂ, ਜਿਸ ਦੀ ਨਸਲ ਨਜ਼ਰ ਕਿਸੇ ਨਾ ਆਈਆ । ਗੋਬਿੰਦ ਕਿਹੜਾ ਤੀਰ ਨਿਸ਼ਾਨਾ ਕਸੂ, ਕਸਮ ਖਾ ਕੇ ਪਏ ਦੁਹਾਈਆ । ਕ੍ਰਿਸ਼ਨ ਕਿਹੜੀ ਧਾਰ ਜੜ੍ਹ ਪੱਟੂ, ਰਾਮ ਆਪਣਾ ਤੀਰ ਨਿਸ਼ਾਨ ਲਗਾਈਆ । ਵੇਦ ਵਿਆਸਾ ਜੋ ਲੇਖਾ ਲਿਖਿਆ ਬਣ ਕੇ ਲੱਖੂ, ਇਕ ਲੱਖ ਅਠਾਰਾਂ ਹਜ਼ਾਰ ਸਲੋਕ ਪੁਰਾਣ ਅਠਾਰਾਂ ਲਿਖਾਈਆ । ਬਾਵਨ ਕਿਹੜੀ ਧਾਰ ਆਪਣੀ ਕਾਰ ਟੱਪੂ, ਵਾਹਿਦਾ ਬਲ ਦਾ ਪੂਰ ਕਰਾਈਆ । ਸਪਤਸ ਰਿਖ ਕਿਹੜੀ ਖੇਲ ਰਚੂ, ਰਚਨਾ ਪ੍ਰਭ ਦਏ ਜਣਾਈਆ । ਸ਼ੰਕਰ ਚਾਰੇ ਕੁੰਟ ਵੇਖ


ਹੱਸੂ, ਜਟਾ ਜੂਟ ਅੱਖ ਖੁਲ੍ਹਾਈਆ । ਬ੍ਰਹਮਾ ਖ਼ੁਸ਼ੀਆਂ ਦੇ ਵਿਚ ਟੱਪੂ, ਬ੍ਰਹਮ ਲੇਖਾ ਪੂਰਾ ਕਰੇ ਗੁਸਾਈਆ । ਵਿਸ਼ਨ ਭੰਡਾਰਾ ਕਿਸ ਦੀ ਝੋਲੀ ਘੱਤੂ, ਵਸਤ ਇਕ ਵਰਤਾਈਆ । ਪੁਰਖ ਅਕਾਲਾ ਦੀਨ ਦਿਆਲਾ ਏਕੰਕਾਰ ਪਰਵਰਦਿਗਾਰ ਸਾਂਝਾ ਯਾਰ ਕਿਹੜਾ ਹੁਕਮ ਸੰਦੇਸ਼ਾ ਦੱਸੂ, ਦਹਿ ਦਿਸ਼ਾ ਆਪ ਜਣਾਈਆ । ਅੰਮ੍ਰਿਤ ਝਿਰਨਾ ਕਿਹੜੀ ਧਾਰੋਂ ਰਿਸੂ, ਰਸਤਾ ਦੇ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅੱਸੂ ਕਹੇ ਸੁਣੋ ਪੀਰ ਪੈਗ਼ੰਬਰ ਸੰਗ ਫ਼ਰਿਸ਼ਤੇ ਚਾਰ, ਯਾਰ ਯਰਾਨਾ ਧੁਰ ਦਾ ਦਿਆਂ ਦ੍ਰਿੜਾਈਆ । ਜੋ ਨਿਰਗੁਣ ਨਿਰਵੈਰ ਰੂਪ ਨਿਰੰਕਾਰ, ਹਰਿ ਕਰਤਾ ਧੁਰਦਰਗਾਹੀਆ । ਜੋ ਨਿਤ ਨਵਿਤ ਖੇਲ ਕਰੇ ਵਿਚ ਸੰਸਾਰ, ਨਿਰਾਕਾਰ ਸਾਕਾਰ ਆਪਣਾ ਰੂਪ ਬਦਲਾਈਆ । ਜਿਸ ਦਾ ਨਾਮ ਕਲਮਾ ਸਾਰੇ ਗਏ ਉਚਾਰ, ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਚਰਨ ਧੂੜੀ ਮੰਗਦੇ ਗਏ ਛਾਰ, ਮਸਤਕ ਟਿੱਕੇ ਖ਼ਾਕ ਰਮਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਅੰਤਮ ਸਭ ਦੀ ਪਾਵੇ ਸਾਰ, ਮਹਾਂਸਾਰਥੀ ਆਪਣਾ ਵੇਸ ਵਟਾਈਆ । ਜੋ ਮੰਜ਼ਲ ਬਮੰਜ਼ਲ ਲੇਖਾ ਜਾਣੇ ਆਪਣੀ ਧਾਰ, ਧਰਨੀ ਧਰਤ ਧਵਲ ਖੇਲੇ ਖੇਲ ਅਗੰਮ ਅਥਾਹੀਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਜੋਤੀ ਜੋਤ ਕਰ ਉਜਿਆਰ, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਕਰੇ ਰੁਸ਼ਨਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਭ ਦੀ ਪਾਵੇ ਸਾਰ, ਭੇਵ ਅਭੇਦਾ ਅਛਲ ਅਛੇਦਾ ਆਪਣਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਚੁਕਾਈਆ । ਅੱਸੂ ਪੱਸੂ ਕਹੇ ਮੈਂ ਦੱਸਾਂ ਪ੍ਰਭੂ ਦੀ ਉਸਤਤ, ਜੋ ਨਿੰਦਿਆ ਵਿਚ ਕਦੇ ਨਾ ਆਈਆ । ਜਿਸ ਨੂੰ ਗਾਉਂਦੇ ਚਾਰ ਜੁਗ ਦੇ ਪੁਸਤਕ, ਅੱਖਰਾਂ ਨਾਲ ਅੱਖਰ ਵਡਿਆਈਆ । ਉਹ ਇਕੋ ਸਾਹਿਬ ਸੁਲਤਾਨਾ ਦੋ ਜਹਾਨਾਂ ਬਣੇ

੧੪੨੯

੨੨

ਮੁਰਸ਼ਦ, ਮੁਰੀਦ ਲੱਖ ਚੁਰਾਸੀ ਲਏ ਬਣਾਈਆ । ਸਦੀ ਚੌਧਵੀਂ ਸਭ ਦੇ ਨਾਲੋਂ ਲੈ ਕੇ ਫ਼ੁਰਸਤ, ਵਿਹਲਾ ਹੋ ਕੇ ਆਪਣਾ ਹੁਕਮ ਵਰਤਾਈਆ । ਉਹਦੇ ਇਕੋ ਨਾਮ ਕਲਮੇ ਦੀ ਹੋਵੇ ਉਲਫ਼ਤ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਦੀਨ ਦੁਨੀ ਅੰਦਰ ਰਹਿਣ ਨਾ ਦੇਵੇ ਗਫਲਤ, ਗੁਫ਼ਤ ਸ਼ੁਨੀਦ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਪਰਦਾ ਆਪ ਚੁਕਾਈਆ । ਅੱਸੂ ਕਹੇ ਫ਼ਰਿਸ਼ਤੇ ਚਾਰ ਮੁਰੀਦੋ, ਮੁੱਦਤ ਦੇ ਵਿਛੜਿਓ ਵੇਖੋ ਨੈਣ ਉਠਾਈਆ । ਨਿਰਗੁਣ ਨੂਰ ਕਰੋ ਦੀਦੋ, ਦੀਦਾ ਦਾਨਿਸਤਾ ਨਜ਼ਰੀ ਆਈਆ । ਜਿਸ ਨੂੰ ਕਹਿੰਦੇ ਮਿਹਰਵਾਨ ਮਹਿਬਾਨ ਬੀਦੋ, ਬੀ ਖੈਰੀਯਾ ਅਲਾਹ ਅਲਾਹ ਨੂਰ ਇਲਾਹੀਆ । ਉਹ ਗ਼ਫ਼ਲਤ ਸਭ ਦੀ ਖੋਲ੍ਹੇ ਨੀਂਦੋ, ਆਲਸ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਦਇਆ ਕਮਾਈਆ । ਚਾਰ ਫ਼ਰਿਸ਼ਤੇ ਕਹਿਣ ਮੁਜ਼ਜ਼ਿਜ਼ਲਾ ਜਲ ਅਜ਼ਲੀ ਆਅਲਾ ਨਜ਼ੂ ਮੁਹਜ਼ੇ ਜ਼ਕਾ ਨੂਰੀ ਅਲਾਹ ਅਲਾਹ ਬੇਪਰਵਾਹੀਆ । ਕੋਨੇ ਕਜ਼ਿਦ, ਅਰਸ਼ਾਂ ਜ਼ਹਿਦ, ਜ਼ਮੀਨੇ ਜਗਿਦ ਬਹਿਸ਼ਤੇ ਅਵਿਦ, ਦੋਜ਼ਖੇ ਜ਼ਨਿਦ, ਜ਼ਾਹਰ ਜ਼ਹੂਰ ਨੂਰ ਨੁਰਾਨਾ ਨਜ਼ਰੀ ਆਈਆ । ਕੁਤਬੇ ਕਲੀ, ਰਹਿਮਤੇ ਜ਼ਲੀਹ, ਸ਼ਾਇਰੇ ਅਜ਼ੀਂ, ਦਾਇਰੇ ਵਸੀਹ, ਮੁਹੰਮਦੇ ਰਵੀਹ, ਅਹਿਮਦੇ ਤਬੀਹ, ਤਬੀਬ ਤਬੀ ਤਬੀਯਤ ਦਾ ਇਕੋ ਇਕ ਅਖਵਾਈਆ । ਜਿਸ ਦਾ ਵਾਹਿਦਾ ਵਜ਼ੀਹ, ਕਫ਼ਨੇ ਨਫ਼ੀ, ਦਫ਼ਨੇ ਰਵੀਹ, ਆਦਿ ਅੰਤ ਸ੍ਰੀ ਭਗਵੰਤ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਵਿਚੋਂ ਪਰਗਟਾਈਆ । ਅੱਸੂ ਕਹੇ ਫ਼ਰਿਸ਼ਤਿਓ ਕਿਸ ਦੀ ਕਰੋ ਤਸਰੀਹ, ਤਸ਼ਬੀਹ ਨਾਲ ਜਣਾਈਆ । ਕੀ ਸਿਫ਼ਤ ਕਰੇ ਜ਼ਬੀਹ, ਜ਼ਬਾਨ ਨਾਲ ਵਡਿਆਈਆ । ਸਚ ਦੱਸੋ ਕਿਹੜੀ ਧਾਰ ਵਹਿਣੀ ਨਬੀ ਨੂਹ, ਹੂਬਹੂ ਭੇਵ ਦਿਉ ਖੁਲ੍ਹਾਈਆ । ਤੁਹਾਡੀ ਕਿਹੜੀ ਹੋਣੀ ਜੂਹ, ਕਵਣ ਦਵਾਰੇ ਸੋਭਾ ਪਾਈਆ । ਸਚ ਦੱਸੋ ਉਮਤ ਨਬੀਆਂ ਦੀ ਕਿਸ ਦਾ ਪਾਕ ਹੋਇਆ ਰੂਹ, ਪਤਿਤ ਪੁਨੀਤ ਕਵਣ ਅਖਵਾਈਆ । ਕਿਸ ਬਿਧ ਸਦੀ ਚੌਧਵੀਂ ਅੰਤਮ ਹੋਣਾ ਸ਼ੁਰੂ, ਸ਼ਰਅ ਦਾ ਝਗੜਾ ਰਹੇ ਨਾ ਰਾਈਆ । ਕਿਸ ਬਿਧ ਵੰਝ ਮੁਹਾਣਾ ਬੇੜਾ ਰੁੜ੍ਹੂ, ਨਈਆ ਨੌਕਾ ਪਾਰ ਨਾ ਕੋਇ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਨਰ ਹਰਿ ਇਕ ਜਣਾਈਆ । ਅੱਸੂ ਕਹੇ ਮੈਂ ਆਇਆ ਲੋਕਮਾਤੀ, ਮਾਤਰ ਭੂਮੀ ਦਿਆਂ ਦ੍ਰਿੜਾਈਆ । ਮੇਰੀ ਸੁਹੰਜਣੀ ਹੋਵੇ ਰਾਤੀ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਜਿਸ ਨੇ ਝਗੜਾ ਮੇਟਣਾ ਕਾਗ਼ਜ਼ਾਤੀ, ਕਾਗ਼ਜ਼ ਕਲਮ ਸ਼ਾਹੀ ਦਏ ਗਵਾਹੀਆ । ਉਹਦਾ ਖੇਲ ਹੋਣਾ ਇਤਫ਼ਾਕੀ, ਇਤਫ਼ਾਕੀਆ ਆਪਣਾ ਹੁਕਮ ਵਰਤਾਈਆ । ਸ਼ਬਦ ਘੋੜੇ ਅਸਵ ਚੜ੍ਹੇ ਰਾਕੀ, ਦੋ ਜਹਾਨਾਂ ਭੱਜੇ ਵਾਹੋ ਦਾਹੀਆ । ਲੱਖ ਚੁਰਾਸੀ ਜਾਮ ਪਿਆਏ ਬਣ ਕੇ ਸਾਕੀ, ਸਚ ਸੁਰਾਹੀ ਨਾਮ ਹੱਥ ਉਠਾਈਆ । ਜਨ ਭਗਤਾਂ ਅੰਦਰ ਖੋਲ੍ਹ ਕੇ ਤਾਕੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਨਿਰਗੁਣ ਧਾਰ ਮਾਰ ਕੇ ਝਾਕੀ, ਜੋਤੀ ਜੋਤ ਕਰੇ ਰੁਸ਼ਨਾਈਆ । ਧੁਨ ਸੁਣਾ ਕੇ ਸ਼ਬਦ ਅਨਾਦੀ, ਅਨਹਦ ਆਪਣਾ ਰਾਗ ਸਮਝਾਈਆ । ਭੇਵ ਖੁਲ੍ਹਾ ਕੇ ਮਹਿਬੂਬ ਮਹਿਰਾਬੀ, ਮੰਜ਼ਲ ਆਪਣੀ ਹੱਕ ਵਖਾਈਆ । ਜਿਥੇ ਜੋਤ ਜਗੇ ਅਹਿਬਾਬੀ, ਮਿੱਤਰ ਪਿਆਰਾ ਇਕੋ ਨਜ਼ਰੀ ਆਈਆ । ਨਾਨਕ ਦਾ ਲੇਖਾ ਪੂਰਾ ਕਰੇ ਬਗ਼ਦਾਦੀ, ਮੇਲਾ ਮੇਲੇ ਸਹਿਜ ਸੁਭਾਈਆ । ਜਿਥੇ ਸਵਾਲ ਨਾ ਕੋਇ ਜਵਾਬੀ, ਜਵਾਬ ਤਲਬੀ ਵਿਚ ਸਾਰੇ ਬੈਠਣ ਸੀਸ

੧੪੨੭
੨੨

ਨਿਵਾਈਆ । ਪਿਆਰ ਮੁਹੱਬਤ ਇਸ਼ਕ ਰਹੇ ਨਾ ਹਕੀਕੀ ਨਾ ਮਜਾਜ਼ੀ, ਦੋਹਾਂ ਦੀ ਮੰਜ਼ਲ ਪੰਧ ਮੁਕਾਈਆ । ਇਬਾਦਤ ਵਾਲੀ ਦਿਸੇ ਨਾ ਕੋਇ ਆਬਾਦੀ, ਕਲਮਾ ਕਲਾਮ ਨਾ ਕੋਇ ਸੁਣਾਈਆ । ਨਾ ਕੋਇ ਜਿਹਵਾ ਨਾ ਕੋਇ ਰਾਗੀ, ਰਸਨਾ ਰਾਗ ਨਾ ਕੋਇ ਅਲਾਈਆ । ਪੁਰਖ ਅਕਾਲਾ ਦੀਨ ਦਿਆਲਾ ਜਿਥੇ ਇਕੋ ਨੂਰ ਜੋਤ ਸਵਾਂਗੀ, ਸਤਿ ਸਰੂਪ ਇਕੋ ਨਜ਼ਰੀ ਆਈਆ । ਉਥੇ ਨਾ ਕੋਈ ਰੋਜ਼ਾ ਨਾ ਕੋਈ ਬਾਂਗੀ, ਕਲਮਾ ਨਾਮ ਨਾ ਕੋਇ ਪੜ੍ਹਾਈਆ । ਸਭ ਦੀ ਇਕੋ ਜੋਤ ਇਕੋ ਧਾਰ ਇਕੋ ਮੰਜ਼ਲ ਸਾਂਝੀ, ਹਿੰਦੂ ਮੁਸਲਿਮ ਸਿਖ ਈਸਾਈ ਵੰਡ ਨਾ ਕੋਇ ਵੰਡਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਓਸੇ ਮੰਜ਼ਲ ਦੇ ਪਾਂਧੀ, ਜਿਸ ਦੀ ਪਰਾ ਪਸੰਤੀ ਮਧਮ ਬੈਖਰੀ ਚਾਰੇ ਖਾਣੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਵੇਖ ਵਖਾਈਆ । ਅੱਸੂ ਕਹੇ ਮੈਂ ਸਭ ਦਾ ਖੇਲ ਵੇਖਣਾ ਇਕੱਠਾ, ਇਕੋ ਰੰਗ ਸਮਾਈਆ । ਪੁਰਖ ਅਕਾਲਾ ਦੀਨ ਦਿਆਲਾ ਦੀਨ ਦੁਨੀ ਦੀ ਉਲਟੀ ਗੇੜਨੀ ਲੱਠਾ, ਅੱਗੇ ਹੋ ਨਾ ਕੋਇ ਅਟਕਾਈਆ । ਬਿਨਾ ਸਤਿਗੁਰ ਸ਼ਬਦ ਤੋਂ ਦੁਲਾਰਾ ਬਣੇ ਕੋਇ ਨਾ ਪੱਠਾ, ਸਿਰ ਸਕੇ ਨਾ ਕੋਇ ਉਠਾਈਆ । ਨਿਰਗੁਣ ਧਾਰ ਖੇਲ ਹੋਣਾ ਯਥਾਰਥ ਯਥਾ, ਯਦੀ ਆਪਣਾ ਹੁਕਮ ਵਰਤਾਈਆ । ਜਿਸ ਦੇ ਹੁਕਮ ਅੰਦਰ ਬ੍ਰਹਿਮੰਡ ਖੰਡ ਬੱਧਾ, ਪੁਰੀ ਲੋਅ ਬੈਠੇ ਸੀਸ ਨਿਵਾਈਆ । ਜਿਹੜਾ ਨਾਮ ਚੱਕਰ ਧਰਮ ਧਾਰ ਦੀ ਗਦਾ, ਸੁਦਰਸ਼ਨ ਇਕੋ ਇਕ ਭਵਾਈਆ । ਉਸ ਨੇ ਸਦੀ ਚੌਧਵੀਂ ਸਭ ਨੂੰ ਦੇਣੀ ਸਜ਼ਾ, ਸਜ਼ਾਯਾਫ਼ਤਾ ਹੋਏ ਲੋਕਾਈਆ । ਕੂੜ ਕਿਰਿਆ ਦਾ ਚਖਾਉਣਾ ਸਭ ਨੂੰ ਮਜ਼ਾ, ਜੋ ਮਜ਼ਾਕ ਪ੍ਰਭ ਦਾ ਰਹੇ ਉਡਾਈਆ । ਘਰ ਘਰ ਸਿਰ ਤੇ ਕੂਕਦੀ ਕਜ਼ਾ, ਕਲਜੁਗ ਕੱਜ਼ਾਕ ਬਣਿਆ ਥਾਉਂ ਥਾਈਂਆ । ਜੋ ਪੰਡਤ ਪਾਂਧੇ ਮੁੱਲਾਂ ਸ਼ੇਖ਼ ਮੁਸਾਇਕ ਗ੍ਰੰਥੀ ਪੰਥੀ ਗੁਰ ਅਵਤਾਰ ਪੈਗ਼ੰਬਰਾਂ ਨਾਲ ਕਰਦੇ ਦਗ਼ਾ, ਜੂਠ ਝੂਠ ਨਾਲ ਵਡਿਆਈਆ । ਉਹਨਾਂ ਨੂੰ ਧਰਮ ਰਾਏ ਦੇ ਦਵਾਰੇ ਮਿਲਣੀ ਜਗ੍ਹਾ, ਚਿਤ੍ਰਗੁਪਤ ਲੇਖਾ ਦਏ ਵਖਾਈਆ । ਜੋ ਮਾਨਸ ਰੂਪ ਬਣ ਗਏ ਕੱਗਾ, ਕੂੜੀ ਕਿਰਿਆ ਮੁਖ ਲਗਾਈਆ । ਉਹਨਾਂ ਚੁਰਾਸੀ ਭੋਗਣੀ ਸਦਾ, ਫਾਂਸੀ ਜਮ ਨਾ ਕੋਇ ਕਟਾਈਆ । ਜਿਨ੍ਹਾਂ ਸਤਿਗੁਰ ਨਾਮ ਤੋਂ ਬਿਨਾ ਜਗਤ ਵਿਕਾਰ ਵਾਲੀ ਪੀਤੀ ਮਧਾ, ਮਧੁਰ ਧੁਨ ਸੁਣਨ ਕੋਇ ਨਾ ਪਾਈਆ । ਸਦੀ ਚੌਧਵੀਂ ਅੰਤ ਨਬੀ ਰਸੂਲ ਨਾਲ ਸਭ ਨੂੰ ਮਿਲਣਾ ਸੱਦਾ, ਸਦਕੇ ਵਾਰੀ ਸਭ ਤੋਂ ਘੋਲ ਘੁਮਾਈਆ । ਉਫ਼ ਤੋਬਾ ਹਾਏ ਕਰਨੀ ਸਭ ਨੇ ਰੱਬਾ, ਰੱਬੀ ਹੁਕਮ ਨਾ ਕੋਇ ਉਲਟਾਈਆ । ਸਤਿਗੁਰ ਸ਼ਬਦ ਸ਼ਬਦ ਸਤਿਗੁਰੂ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਫਿਰੇ ਭੱਜਾ, ਭਜਨ ਬੰਦਗੀ ਫੋਲੇ ਥਾਉਂ ਥਾਈਂਆ । ਓ ਸੂਫ਼ੀ ਸੰਤ ਫ਼ਕੀਰੋ ਪ੍ਰਭ ਦੀ ਮਿਲ ਕੇ ਸਾਰੇ ਲਗਾਉ ਸਭਾ, ਸਭਾਪਤੀ ਇਕੋ ਪੁਰਖ ਅਕਾਲ ਨਜ਼ਰੀ ਆਈਆ । ਜਿਸ ਦਾ ਖੇਲ ਉਪਰ ਸ਼ਾਹ ਰਗਾ, ਨੌਂ ਦਵਾਰੇ ਡੇਰਾ ਢਾਹੀਆ । ਆਤਮ ਪਰਮਾਤਮ ਦਾ ਦੇਵੇ ਮਜ਼ਾ, ਮਿਲਣੀ ਹਰਿ ਜਗਦੀਸ ਆਪਣੇ ਨਾਲ ਵਖਾਈਆ । ਇਕੋ ਮੰਜ਼ਲ ਇਕੋ ਪੌੜੀ ਇਕੋ ਦੇਵੇ ਪਦਾ, ਗ੍ਰਿਹਿ ਇਕੋ ਘਰ ਟਿਕਾਈਆ । ਸੰਤ ਸੁਹੇਲੇ ਗੁਰੂ ਚੇਲੇ ਆਦਿ ਜੁਗਾਦਿ ਜੁਗਾ ਜੁਗੰਤ ਆਪਣੀ ਬਣਾਏ ਯਦਾ, ਯਦ ਆਪਣੀ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ, ਅੰਤਰ ਆਤਮ ਵੇਖ ਵਖਾਈਆ । ਅੱਸੂ ਕਹੇ ਮੈਂ ਆਸਾਵੰਦ, ਆਪਣੀ ਆਸ ਦਿਆਂ ਦ੍ਰਿੜਾਈਆ । ਪੁਰਖ ਅਕਾਲੇ ਮੇਰੇ ਖ਼ਾਵੰਦ, ਖ਼ਸਮ ਖ਼ਸਮਾਨੇ ਸੀਸ ਨਿਵਾਈਆ । ਮੈਂ ਚਾਹੁੰਦਾ ਹੁਣ ਨਿਸ਼ਾਨ ਮੇਟ ਤਾਰਾ ਚੰਦ, ਵਾਹਿਦਾ

੧੪੨੮
੨੨

ਪਿਛਲਾ ਪੂਰ ਕਰਾਈਆ । ਪੈਗ਼ੰਬਰਾਂ ਖ਼ੁਸ਼ੀ ਕਰ ਦੇ ਬੰਦ ਬੰਦ ਬੰਦ, ਬੰਦਗੀ ਸਭ ਦੇ ਬਦਲਾਈਆ । ਜੋ ਲੇਖਾ ਲਿਖਿਆ ਗੋਬਿੰਦ ਬਹਿ ਕੇ ਪੁਰੀ ਅਨੰਦ, ਅਨੰਦ ਅਨੰਦ ਵਿਚੋਂ ਦੇ ਸਮਝਾਈਆ । ਜੋ ਕ੍ਰਿਸ਼ਨ ਨੇ ਗਾਏ ਛੰਦ, ਅਰਜਨ ਅਰਜ਼ ਵਿਚ ਸਮਝਾਈਆ । ਜੋ ਰਾਮ ਨੇ ਸੀਤਾ ਨਾਲ ਮੁਕਾਇਆ ਪੰਧ, ਪਾਂਧੀ ਹੋ ਕੇ ਪਰਦਾ ਦਿਆਂ ਉਠਾਈਆ । ਜਿਸ ਵੇਲੇ ਕਲਜੁਗ ਅੰਤਮ ਹੋਇਆ ਅੰਧੇਰਾ ਅੰਧ, ਨਿਰਗੁਣ ਨੂਰ ਨਾ ਕੋਇ ਚਮਕਾਈਆ । ਸ਼ਰਅ ਸ਼ਰਅ ਦਾ ਕਰਨਾ ਜੰਗ, ਮਜ਼੍ਹਬ ਮਜ਼੍ਹਬ ਨਾਲ ਟਕਰਾਈਆ । ਸਭ ਦੀ ਸਤਿ ਧਰਮ ਦੀ ਖੁਲ੍ਹ ਜਾਣੀ ਗੰਢ, ਪਲੂ ਸਚ ਨਾ ਕੋਇ ਬੰਧਾਈਆ । ਝਗੜਾ ਪੈਣਾ ਜੇਰਜ ਅੰਡ, ਉਤਭੁਜ ਸੇਤਜ ਰੋਵੇ ਮਾਰੇ ਧਾਈਆ । ਉਸ ਵੇਲੇ ਸਦੀ ਚੌਧਵੀਂ ਪੈਂਡਾ ਜਾਣਾ ਲੰਘ, ਪਾਂਧੀ ਬਣ ਕੇ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਨਾਲ ਦ੍ਰਿੜਾਈਆ । ਅੱਸੂ ਕਹੇ ਮੁਹੰਮਦ ਨੇ ਬਿਨਾ ਕਾਅਬੇ ਤੋਂ ਕੀਤੀ ਤਕਰੀਰ, ਤਹਿਰੀਰ ਵਿਚ ਨਾ ਕੋਇ ਜਣਾਈਆ । ਸਦੀ ਚੌਧਵੀਂ ਮੇਰਾ ਅੰਤ ਏਥੇ ਹੋਣਾ ਅਖ਼ੀਰ, ਆਖ਼ਰ ਦਿਆਂ ਸੁਣਾਈਆ । ਮਾਲਕ ਦਿਸੇ ਨਾ ਕੋਇ ਸ਼ਹਿਨਸ਼ਾਹ ਵਜ਼ੀਰ, ਪਾਤਸ਼ਾਹ ਸਿਰ ਤਾਜ ਨਾ ਕੋਇ ਰਖਾਈਆ । ਸਭ ਦੀ ਅੰਦਰੋਂ ਬਦਲ ਜਾਣੀ ਜ਼ਮੀਰ, ਤਬਾ ਸਚ ਨਾ ਕੋਇ ਰਖਾਈਆ । ਸਚ ਝੂਠ ਦਾ ਰਲ ਜਾਣਾ ਖ਼ਮੀਰ, ਖ਼ਾਲਸ ਖ਼ਾਲਸ ਰੂਪ ਨਾ ਕੋਇ ਦਰਸਾਈਆ । ਉਸ ਵੇਲੇ ਪਰਵਰਦਿਗਾਰ ਸਾਂਝੇ ਯਾਰ ਕਰਨੀ ਆਪਣੀ ਇਕ ਤਦਬੀਰ, ਤਰੀਕਾ ਇਕ ਅਪਣਾਈਆ । ਸਾਚਾ ਕਲਮਾ ਪਕੜ ਅਗੰਮੀ ਸ਼ਮਸ਼ੀਰ, ਖੰਡਾ ਖੜਗ ਖੜਗ ਉਠਾਈਆ । ਜੋ ਸਭ ਨੂੰ ਕਰ ਦੇਵੇ ਦਿਲਗੀਰ, ਸਾਂਤਕ ਸਤਿ ਨਾ ਕੋਇ ਵਰਤਾਈਆ । ਮਾਲਕ ਰਹੇ ਨਾ ਕੋਇ ਜਾਗੀਰ, ਜਾਗਰਤ ਜੋਤ ਡਗਮਗਾਈਆ । ਸ਼ਰਅ ਦਾ ਤੋੜੇ ਅੰਤ ਜ਼ੰਜੀਰ, ਕੁੰਡੀ ਕੜੀ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਈਆ । ਅੱਸੂ ਕਹੇ ਮੁਹੰਮਦ ਨੇ ਲਾਇਆ ਇਕੋ ਨਾਅਰਾ, ਉਂਗਲਾਂ ਕੰਨਾਂ ਵਿਚ ਪਾਈਆ । ਮੇਰਾ ਮਹਿਬੂਬ ਹੋਵੇ ਜ਼ਾਹਿਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਅਵਤਾਰ ਪੈਗ਼ੰਬਰ ਗੁਰੂਆਂ ਕਰੇ ਮੁਜ਼ਾਹਿਰਾ, ਮੁਸ਼ਕਲ ਸਭ ਨੂੰ ਇਕ ਦ੍ਰਿੜਾਈਆ । ਆਪਣੇ ਆਪਣੇ ਦੀਨ ਮਜ਼੍ਹਬ ਦਾ ਤਕੋ ਦਾਇਰਾ, ਹੱਦ ਹਦੂਦ ਦਏ ਵਖਾਈਆ । ਫੇਰ ਚੁਰਾਸੀ ਵਿਚੋਂ ਮਾਨਵ ਜ਼ਾਤੀ ਵੇਖੋ ਕਿਹੜਾ ਦਿਸੇ ਗ਼ੈਰਾ, ਜਿਸ ਵਿਚ ਮੇਰਾ ਨੂਰ ਨਜ਼ਰ ਕੋਇ ਨਾ ਆਈਆ । ਕਿਹੜਾ ਮਜ਼੍ਹਬ ਚੰਗਾ ਕਿਹੜਾ ਭੈੜਾ, ਸਾਰੇ ਦਿਉ ਸਮਝਾਈਆ । ਜੇ ਸਾਰੇ ਚੰਗੇ ਇਕੋ ਰੰਗ ਰੰਗੇ, ਫੇਰ ਦੀਨ ਮਜ਼੍ਹਬ ਦਾ ਗੁਰ ਅਵਤਾਰ ਪੈਗ਼ੰਬਰੋ ਸਾਰੇ ਛਡ ਦਿਓ ਖਹਿੜਾ, ਮਾਣਸ ਮਾਨਵ ਮਾਨੁਸ਼ ਵੰਡ ਨਾ ਕੋਇ ਵੰਡਾਈਆ । ਸਾਰੇ ਆ ਜਾਓ ਪੁਰਖ ਅਕਾਲ ਦੇ ਹੁਕਮੀ ਅੰਦਰ ਦਾਇਰਾ, ਦਾਮਨਗੀਰ ਇਕ ਅਖਵਾਈਆ । ਸਾਚੇ ਨਾਮ ਦੀ ਲਓ ਲਹਿਰਾ, ਕਲਮਾ ਇਕੋ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਅੱਸੂ ਕਹੇ ਓ ਤਕੋ ਆਪਣਾ ਆਫ਼ਤਾਬ, ਬਿਨ ਨੈਣਾਂ ਨੈਣ ਉਠਾਈਆ । ਓ ਵੇਖੋ ਹਕੀਕੀ ਇਕ ਮਹਿਰਾਬ, ਮਹਿਬੂਬ ਨੂਰ ਇਲਾਹੀਆ । ਓ ਤਕੋ ਕੀ ਤੁਹਾਥੋਂ ਮੰਗੇ ਜਵਾਬ, ਜਵਾਬ ਤਲਬੀ ਕੀ ਰਖਾਈਆ । ਆਪਣੀ ਤਬੀਅਤ ਬਦਲੋ ਮਿਜ਼ਾਜ ਤਬਾ ਪਿਛਲੀ ਰਹੇ ਨਾ ਰਾਈਆ । ਬਿਨਾ ਅੱਖਰਾਂ ਤੋਂ ਪੜ੍ਹੋ ਕਿਤਾਬ, ਜਿਸ ਵਿਚ ਅਲਿਫ਼ ਯੇ ਵੰਡ ਨਾ ਕੋਇ ਵੰਡਾਈਆ । ਇਕੋ ਵੇਲਾ ਸਾਰੇ ਜਾਓ ਜਾਗ, ਜਾਗਰਤ ਜੋਤ ਜੋਤ ਰੁਸ਼ਨਾਈਆ । ਪਿਛਲਾ ਲੇਖਾ ਦਿਓ ਤਿਆਗ, ਤਿਆਗਪੱਤਰ

ਪ੍ਰਭ ਦੇ ਹੱਥ ਫੜਾਈਆ । ਹਰ ਹਿਰਦੇ ਅੰਦਰ ਪੁਰਖ ਅਕਾਲ ਦਾ ਦਿਓ ਵੈਰਾਗ, ਵੈਰੀ ਦੀਨ ਮਜ਼੍ਹਬ ਰਹਿਣ ਕੋਇ ਨਾ ਪਾਈਆ । ਪਰ ਸਾਰੇ ਕਹਿਣ ਪ੍ਰਭੂ ਸਾਡੇ ਭਵਿਖਤ ਕਹਿਣ ਸਦੀ ਚੌਧਵੀਂ ਸਭ ਦਾ ਗੁੱਲ ਹੋਣਾ ਚਰਾਗ਼, ਗੁਲਸ਼ਨ ਕਾਇਨਾਤ ਮਹਿਕ ਨਾ ਕੋਇ ਮਹਿਕਾਈਆ । ਏਸੇ ਕਾਰਨ ਸਾਰੇ ਹੋਣੇ ਲਾਜਵਾਬ, ਦਰ ਤੇਰੇ ਸੀਸ ਨਿਵਾਈਆ । ਸਭ ਦਾ ਪੂਰਾ ਕਰ ਦੇ ਭਵਿਖਤਾਂ ਵਾਲਾ ਖੁਆਬ, ਖ਼ਾਲਸ ਆਪਣਾ ਹੁਕਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਸੁਣਾਈਆ । ਅੱਸੂ ਕਹੇ ਮੈਂ ਮੁਹੰਮਦ ਨੂੰ ਆਪਣੀ ਹਮਦ ਵੇਖਿਆ ਪੜ੍ਹਦਾ, ਪੜ੍ਹ ਪੜ੍ਹ ਆਪਣੇ ਵਿਚ ਰਖਾਈਆ । ਫੇਰ ਲੇਖਾ ਵੇਖਿਆ ਚੜ੍ਹਦਾ, ਚੜ੍ਹਦੀ ਦਿਸ਼ਾ ਅੱਖ ਉਠਾਈਆ । ਕਲਮਾ ਕਲਮੇ ਨਾਲ ਲੜਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਪੈਗ਼ੰਬਰ ਪੈਰ ਕੋਇ ਨਾ ਧਰਦਾ, ਧਰਨੀ ਧਰਤ ਰਹੀ ਕੁਰਲਾਈਆ । ਜੀਵ ਜਹਾਨ ਵੇਖਿਆ ਸੜਦਾ, ਅਗਨੀ ਤਤ ਨਾ ਕੋਇ ਬੁਝਾਈਆ । ਕੀ ਹਾਲ ਹੋਣਾ ਅੱਗੇ ਮੱਕੇ ਮਦੀਨੇ ਘਰ ਦਾ, ਮੂਸਾ ਹੁਕਮ ਰਿਹਾ ਸਮਝਾਈਆ । ਆਪਣਾ ਲੇਖਾ ਆਪੇ ਅੱਗੇ ਧਰਦਾ, ਵੀਂਹਵੀ ਸਦੀ ਫੋਲ ਫੁਲਾਈਆ । ਕੀ ਗੋਬਿੰਦ ਖੇਲ ਕਰਦਾ, ਕਰਨੀ ਦਾ ਕਰਤਾ ਕਾਰ ਭੁਗਤਾਈਆ । ਈਸਾ ਕਹੇ ਚਾਰੋਂ ਕੁੰਟ ਝਗੜਾ ਜਾਣਾ ਵਧਦਾ, ਵਾਹਿਦਾ ਪੂਰਾ ਕਰੇ ਖ਼ਲਕ ਖ਼ੁਦਾਈਆ । ਸਭ ਨੂੰ ਲੇਖਾ ਦੇਣਾ ਪੈਣਾ ਗਊ ਬੱਧ ਦਾ, ਬਦੀ ਦਾ ਝਗੜਾ ਵੇਖ ਵਖਾਈਆ । ਆਦਿ ਜੁਗਾਦਿ ਜੁਗ ਚੌਕੜੀ ਕਦੇ ਅਸੂਲ ਨਹੀਂ ਬਦਲਿਆ ਨੂਰੀ ਰੱਬ ਦਾ, ਰੱਬੇ ਆਲਮੀਨ ਆਲਮਾਂ ਰਿਹਾ ਜਣਾਈਆ । ਜਿਸ ਦਾ ਦੀਪਕ ਇਕੋ ਜਗਦਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਉਹ ਲੇਖਾ ਜਾਣੇ ਕਲਜੁਗ ਕਲ ਦਾ, ਕਲਕਾਤੀ ਫੋਲ ਫੁਲਾਈਆ । ਜੋ ਪਿਆਸਾ ਬਣਿਆ ਲਹੂ ਮਿਝ ਰਤ ਦਾ, ਮਾਣਸ ਮਾਨਵ ਰਿਹਾ ਖਾਈਆ । ਘਰ ਘਰ ਝਗੜਾ ਪਾ ਕੇ ਮਨਮਤ ਦਾ, ਗੁਰਮਤ ਦਿਤੀ ਭੁਲਾਈਆ । ਨਾਤਾ ਤੋੜ ਪਰਮੇਸ਼ਵਰ ਪਤਿ ਦਾ, ਕੂੜੇ ਪਤੇ ਉਤੇ ਸਾਰੇ ਦਿਤੇ ਬਿਠਾਈਆ । ਮੇਲ ਰਹਿਣ ਨਹੀਂ ਦਿਤਾ ਕਿਸੇ ਦਾ ਨਿਜ ਨੇਤਰ ਲੋਚਣ ਨੈਣ ਅੱਖ ਦਾ, ਸਾਰੇ ਅੱਖਰਾਂ ਵਾਲੀ ਕਰਨ ਪੜ੍ਹਾਈਆ । ਦਰਸ਼ਨ ਕਰੇ ਕੋਇ ਨਾ ਪੁਰਖ ਸਮਰਥ ਦਾ, ਸਨਮੁਖ ਸਤਿਗੁਰ ਨਜ਼ਰ ਕਿਸੇ ਨਾ ਆਈਆ । ਸਾਈਂ ਬਣੇ ਕੋਇ ਨਾ ਕਿਸੇ ਪਤ ਦਾ, ਪਤਿਪਰਮੇਸ਼ਵਰ ਮਿਲਣ ਕੋਇ ਨਾ ਪਾਈਆ । ਸਾਧ ਸੰਤ ਲੇਖਾ ਰਿਹਾ ਨਾ ਧੀਰਜ ਜਤ ਦਾ, ਕਾਮ ਕਰੋਧ ਲੋਭ ਮੋਹ ਹੰਕਾਰ ਵਿਚ ਸਰਬ ਹਲਕਾਈਆ । ਪਿਤਾ ਪੁਤ ਪਿਆਸਾ ਬਣ ਗਿਆ ਇਕ ਦੂਜੇ ਦੀ ਰਤ ਦਾ, ਕਲਜੁਗ ਆਪਣੀ ਖੇਲ ਖਿਲਾਈਆ । ਪ੍ਰਭੂ ਦਾ ਭੇਵ ਕੋਈ ਨਾ ਜਾਣੇ ਮਿਤ ਗਤ ਦਾ, ਪਰਦਿਆਂ ਵਿਚੋਂ ਪਰਦਾ ਨਾ ਕੋਇ ਉਠਾਈਆ । ਵੇਖੇ ਕਲਜੁਗ ਕੂੜ ਕੁੜਿਆਰਾ ਰਥ ਭੱਜਦਾ, ਭੱਜੇ ਵਾਹੋ ਦਾਹੀਆ । ਜਿਸ ਲੇਖਾ ਪੂਰਾ ਕਰਨਾ ਦੀਨ ਦੁਨੀ ਜਗ ਦਾ, ਜਗਜੀਵਣ ਦਾਤਾ ਆਪਣੀ ਕਾਰ ਕਮਾਈਆ । ਉਸ ਨੇ ਝਗੜਾ ਮੇਟਣਾ ਗੌਤਮ ਦੀ ਧਾਰ ਅਹੱਲਿਆ ਵਾਲੀ ਭਗ ਦਾ, ਭਗਵਨ ਆਪਣੀ ਕਾਰ ਭੁਗਤਾਈਆ । ਕਿਸੇ ਦਾ ਲੇਖਾ ਰਹਿਣਾ ਨਹੀਂ ਅੱਡ ਅੱਡ ਦਾ, ਵੱਖਰੀ ਕਾਰ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਕਰਾਈਆ । ਅੱਸੂ ਕਹੇ ਸਚ ਦਾ ਮੇਲਾ ਹਰਿ ਮਿਲਾਪ, ਮਿਲਣੀ ਹਰਿ ਜਗਦੀਸ ਕਰਾਈਆ । ਜਿਸ ਦਾ ਆਦਿ ਅੰਤ ਦਾ ਇਕੋ ਜਾਪ, ਜਗਜੀਵਣ ਦਾਤਾ ਭਗਤਾਂ ਕਰੇ ਆਪ ਪੜ੍ਹਾਈਆ । ਮੇਟ ਕੇ ਤੀਨੋ ਤਾਪ, ਤ੍ਰੈਗੁਣ ਅਤੀਤਾ ਹੋਏ ਸਹਾਈਆ । ਅੰਤਰ ਨਿਰੰਤਰ ਕਰੇ ਪਾਕ, ਪਤਤ ਪੁਨੀਤ ਆਪ ਬਣਾਈਆ ।

ਆਤਮ ਪਰਮਾਤਮ ਬਣਾ ਕੇ ਸਾਕ, ਸੱਜਣ ਸਾਜਣ ਇਕ ਅਖਵਾਈਆ । ਕਾਇਆ ਮੰਦਰ ਖੋਲ੍ਹ ਕੇ ਤਾਕ, ਪਰਦਾਨਸ਼ੀਂ ਪਰਦਾ ਆਪ ਉਠਾਈਆ । ਸ਼ਬਦ ਸੁਣਾ ਕੇ ਅਗੰਮੀ ਨਾਦ, ਨਾਦੀ ਧੁਨ ਦਏ ਦ੍ਰਿੜਾਈਆ । ਸੋਈ ਸੁਰਤੀ ਜਾਏ ਜਾਗ, ਆਲਸ ਨਿੰਦਰਾ ਰਹੇ ਨਾ ਰਾਈਆ । ਜੋਤੀ ਨੂਰ ਕਰ ਪ੍ਰਕਾਸ਼, ਅੰਧ ਅੰਧੇਰਾ ਦਏ ਮਿਟਾਈਆ । ਜਨ ਭਗਤਾਂ ਪੂਰਨ ਕਰ ਕੇ ਆਸ, ਜਨਮ ਜਨਮ ਦਾ ਲੇਖਾ ਝੋਲੀ ਪਾਈਆ । ਲਹਿਣਾ ਪੂਰਾ ਕਰੇ ਸਵਾਸ ਸਵਾਸ, ਸਾਹ ਸਾਹ ਆਪਣੇ ਵਿਚ ਸਮਾਈਆ । ਝਗੜਾ ਮੁਕਾ ਦੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਪੰਧ ਚੁਕਾਈਆ । ਸਚਖੰਡ ਦਵਾਰ ਕਰਾਏ ਨਿਵਾਸ, ਦਰਗਹ ਇਕੋ ਇਕ ਸੁਹਾਈਆ । ਜਿਥੇ ਵਸੇ ਪੁਰਖ ਅਬਿਨਾਸ਼, ਸ੍ਰੀ ਭਗਵਾਨ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਰੰਗਾਈਆ । ਅੱਸੂ ਕਹੇ ਮੈਂ ਮਾਤ ਵਿਚ ਆਇਆ, ਆਇਆ ਕਲਜੁਗ ਧਾਰ । ਪੁਰਖ ਅਕਾਲ ਦਇਆ ਕਮਾਇਆ, ਕਿਰਪਾ ਕੀਤੀ ਅਪਰ ਅਪਾਰ । ਭੇਵ ਅਭੇਦਾ ਇਕ ਖੁਲ੍ਹਾਇਆ, ਪੜਦਾ ਲਾਹਿਆ ਸੱਚੀ ਸਰਕਾਰ । ਸਚ ਦਵਾਰਾ ਇਕ ਸੁਹਾਇਆ, ਜੋਤ ਜਗੇ ਅਗੰਮ ਅਪਾਰ । ਨੂਰ ਨੁਰਾਨਾ ਡਗਮਗਾਇਆ, ਜੋਤੀ ਜਾਤਾ ਏਕੰਕਾਰ । ਸਚ ਸਿੰਘਾਸਣ ਇਕ ਸੁਹਾਇਆ, ਸੋਭਾਵੰਤ ਕੰਤ ਭਤਾਰ । ਗੁਰਮੁਖ ਮੇਲਾ ਮੇਲ ਮਿਲਾਇਆ, ਵਿਛੋੜਾ ਕਟੇ ਜਗਤ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਇਆ । ਅੱਸੂ ਕਹੇ ਚਾਰ ਫ਼ਰਿਸ਼ਤੇ ਹੋ ਜਾਓ ਪੁੱਠੇ, ਪੁਠੀ ਕਲਾ ਵਰਤਾਈਆ । ਪਰਵਰਦਿਗਾਰ ਤੁਹਾਡਾ ਤੁੱਠੇ, ਦੀਨ ਦਿਆਲ ਹੋਏ ਸਹਾਈਆ । ਤੁਸਾਂ ਮਜ਼ੇ ਬਥੇਰੇ ਲੁੱਟੇ, ਚਾਰ ਕੁੰਟ ਭੱਜੇ ਵਾਹੋ ਦਾਹੀਆ । ਹੁਣ ਵੇਖਿਓ ਮੁਹੰਮਦ ਦਾ ਕਲਮਾ ਕਲਮੇ ਨਾਲ ਜੁਟੇ, ਅੱਗੇ ਹੋ ਨਾ ਕੋਇ ਛੁਡਾਈਆ । ਚੰਦ ਸਿਤਾਰਾ ਅਸਮਾਨੀ ਨਿਸ਼ਾਨ ਤੁਟੇ, ਟੁੱਟੀ ਗੰਢ ਨਾ ਕੋਇ ਪਵਾਈਆ । ਸ਼ਬਦੀ ਸਤਿਗੁਰ ਸਭ ਨੂੰ ਲੁੱਟੇ, ਲੁਟੇਰਾ ਬਣੇ ਥਾਉਂ ਥਾਈਂਆ । ਕਲਜੁਗ ਕੂੜੀ ਜੜ੍ਹ ਪੁੱਟੇ, ਪਟਨੇ ਵਾਲਾ ਨਾਲ ਮਿਲਾਈਆ । ਸਤਿਜੁਗ ਸਾਚੀ ਪੋਹ ਫੁਟੇ, ਚਾਰ ਕੁੰਟ ਹੋਏ ਰੁਸ਼ਨਾਈਆ । ਭਾਗ ਲੱਗੇ ਕਾਇਆ ਬੁਤੇ, ਬੁਤਖ਼ਾਨਿਆਂ ਕਰੇ ਸਫ਼ਾਈਆ । ਸਚ ਸੁਹੰਜਦੀ ਹੋਵੇ ਰੁਤੇ, ਰੁਤੜੀ ਆਪਣੇ ਨਾਲ ਮਹਿਕਾਈਆ । ਕਰੇ ਖੇਲ ਅਬਿਨਾਸ਼ੀ ਅਚੁਤੇ, ਚੇਤਨ ਸਭ ਨੂੰ ਦਏ ਕਰਾਈਆ । ਕੂੜ ਕੁੜਿਆਰੇ ਪੈਂਡੇ ਜਾਣ ਮੁਕੇ, ਮੁਕੰਮਲ ਆਪਣਾ ਹੁਕਮ ਵਰਤਾਈਆ । ਪਾਣੀ ਰਹਿਣਾ ਨਹੀਂ ਕਿਸੇ ਦੇ ਹੁੱਕੇ, ਹੁਕਮ ਹਾਕਮ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਲਾਉਣੇ ਰਵਦਾਸ ਦੇ ਖਾਧੇ ਟੁਕੜੇ ਰੁੱਖੇ, ਰੰਬੀ ਆਰ ਦਏ ਗਵਾਹੀਆ । ਅੱਸੂ ਕਹੇ ਮੇਰੀ ਧਾਰ ਕੰਬੀ, ਸਚ ਦਿਆਂ ਜਣਾਈਆ । ਮੈਨੂੰ ਦਿਸਦੀ ਚਮਿਆਰ ਦੀ ਆਰ ਰੰਬੀ, ਤਿੱਖੀ ਧਾਰ ਰਹੀ ਬਦਲਾਈਆ । ਹੁਣ ਸਭ ਦੀ ਔਧ ਲੰਘੀ, ਵੇਲਾ ਵਕਤ ਦਏ ਗਵਾਹੀਆ । ਇਕੋ ਸ਼ਬਦ ਸਤਿਗੁਰ ਗੋਬਿੰਦ ਧਾਰ ਉਠੇ ਭੁਜੰਗੀ, ਬਿਨਾ ਭੁਜਾਂ ਤੋਂ ਸਭ ਦਾ ਬਲ ਦਏ ਗਵਾਈਆ । ਤੁਰਕਾਂ ਨਾਲ ਲੜਾਉਣ ਫ਼ਰੰਗੀ, ਫ਼ੈਸਲਾ ਹੱਕੋ ਹੱਕ ਸੁਣਾਈਆ । ਰੂਸਾ ਚੀਨਾ ਪਿੱਠ ਹੋਏ ਨੰਗੀ, ਗੋਬਿੰਦ ਲੇਖਾ ਪਹਿਲਾਂ ਗਿਆ ਲਿਖਾਈਆ । ਨਾਨਕ ਨੇ ਬਗ਼ਦਾਦ ਵਿਚ ਮੰਗ ਇਕੱਲੀ ਮੰਗੀ, ਪ੍ਰਭ ਅੱਗੇ ਝੋਲੀ ਡਾਹੀਆ । ਪੁਰਖ ਅਕਾਲੇ ਦੀਨ ਦਿਆਲੇ ਤੇਰੀ ਆਤਮ ਹੋਵੇ ਨਾ ਕਦੇ ਦੋਰੰਗੀ, ਬਿਨ ਤੇਰੇ ਦੂਜਾ ਇਸ਼ਟ ਨਾ ਕੋਇ ਮਨਾਈਆ । ਤੇਰੀ ਜੋਤ ਅਕਾਲੀ ਦੀਨ ਦਿਆਲਣ ਸਭ ਤੋਂ ਚੰਗੀ, ਨੂਰ ਨੁਰਾਨੀ ਸੋਭਾ ਪਾਈਆ । ਏਸੇ ਦੀ ਧਾਰ ਏਸੇ ਨਾਲ ਕਰ ਲੈ ਅੰਗੀ,

੧੪੩੧ ੨੨

ਅੰਗੀਕਾਰ ਇਕ ਅਖਵਾਈਆ । ਪੁਰਖ ਅਕਾਲ ਕਿਹਾ ਨਾਨਕ ਜਿਸ ਵੇਲੇ ਸਦੀ ਚੌਧਵੀਂ ਅੰਤਮ ਲੰਘੀ, ਮੁਹੰਮਦ ਦਾ ਲੇਖਾ ਝੋਲੀ ਪਾਈਆ । ਇਕ ਵੇਰਾਂ ਸਭ ਨੂੰ ਜ਼ਰੂਰ ਆਉਣੀ ਤੰਗੀ, ਤੰਗਦਸਤ ਹੋਵੇ ਲੋਕਾਈਆ । ਸ਼ਾਹ ਸੁਲਤਾਨਾਂ ਸੌਣਾ ਮਿਲੇ ਨਾ ਉਤੇ ਮੰਜੀ, ਸਿੰਘਾਸਣ ਆਸਣ ਨਾ ਕੋਇ ਵਡਿਆਈਆ । ਉਹ ਲੇਖਾ ਪੂਰਾ ਕਰਨਾ ਜਿਹੜਾ ਗੋਬਿੰਦ ਕੀਤਾ ਸਰਸੇ ਕੰਢੀ, ਕੰਡਿਆਂ ਦੀ ਸੇਜ ਮਾਛੂਵਾੜੇ ਸੁਹਾਈਆ । ਚਾਰ ਵਰਨ ਅਠਾਰਾਂ ਬਰਨ ਦੀ ਇਕੋ ਕਰਨੀ ਡੰਡੀ, ਡੰਡਾਵਤ ਇਕ ਦਰਸਾਈਆ । ਕੂੜ ਕੁੜਿਆਰ ਦੀ ਕਿਰਿਆ ਦਾ ਰਹਿਣ ਦੇਣਾ ਨਹੀਂ ਕੋਇ ਪਾਖੰਡੀ, ਝੂਠਾ ਵਣਜ ਨਾ ਕੋਇ ਵਖਾਈਆ । ਸਾਧਾਂ ਸੰਤਾਂ ਦੀ ਮਨ ਵਾਸਨਾ ਦੀ ਲੱਗੇ ਕੋਇ ਨਾ ਮੰਡੀ, ਮੰਡਲਾਂ ਮੰਡਪਾਂ ਵਿਚ ਇਕੋ ਸਤਿਗੁਰ ਸ਼ਬਦੀ ਸ਼ਬਦ ਨਜ਼ਰੀ ਆਈਆ । ਜਨ ਭਗਤਾਂ ਸੰਤਾਂ ਗੁਰਸਿਖਾਂ ਸੂਫ਼ੀਆਂ ਆਤਮਾ ਹੋਏ ਮੂਲ ਨਾ ਰੰਡੀ, ਕੰਤ ਕੰਤੂਹਲ ਹਰਿ ਖ਼ਾਵੰਦ ਆਪ ਪਰਨਾਈਆ । ਕਲਜੁਗ ਦੀ ਆਯੂ ਹੋਣ ਨਹੀਂ ਦੇਣੀ ਲੰਬੀ, ਗੋਬਿੰਦ ਨੀਹਾਂ ਹੇਠ ਬੱਚੇ ਦਬਾ ਕੇ ਜੜ੍ਹ ਗਿਆ ਉਖੜਾਈਆ । ਤੇਗ ਬਹਾਦਰ ਨੂੰ ਧਾਰ ਤਲਵਾਰ ਲੱਗੀ ਚੰਗੀ, ਚਾਰੇ ਕੁੰਟ ਉਮਤ ਦੀ ਜੜ੍ਹ ਗਿਆ ਉਖੜਾਈਆ । ਅਰਜਨ ਨੇ ਤਤੀ ਰੇਤ ਉਤੇ ਖ਼ੁਸ਼ੀ ਮਾਣੀ ਕਰ ਕੇ ਠੰਡੀ, ਠੰਡ ਗੁਰਮੁਖਾਂ ਅੰਦਰ ਪਾਈਆ । ਉਂਗਲ ਨਾਲ ਇਸ਼ਾਰਾ ਕੀਤਾ ਮੁਹੰਮਦਾ ਤੇਰੀ ਅੰਤ ਨਿਸ਼ਾਨੀ ਲੰਡੀ, ਲੰਮੀ ਚੌੜੀ ਨਾ ਕੋਇ ਵਖਾਈਆ । ਸੀਸ ਵਾਹਵੇ ਕੋਇ ਨਾ ਕੰਘੀ, ਸਵਾਣੀ ਸੁਰਤ ਨਾ ਕੋਇ ਜਣਾਈਆ । ਸਭ ਨੇ ਭੱਜਣਾ ਪੈਰੀਂ ਨੰਗੀ, ਕਪੜਾ ਤਨ ਨਾ ਕੋਇ ਵਖਾਈਆ । ਜਿਨ੍ਹਾਂ ਦੇ ਅੰਦਰੋਂ ਵਾਸਨਾ ਨਿਕਲਣੀ ਗੰਦੀ, ਕੂੜੀ ਕਿਰਿਆ ਨਾਲ ਹਲਕਾਈਆ । ਉਨ੍ਹਾਂ ਦੇ ਪਿਛੇ ਸ਼ਬਦੀ ਧਾਰ ਫਿਰਨੀ ਅਗੰਮੀ ਚੰਡੀ, ਚੰਡਕਾ ਆਪਣਾ ਰੂਪ ਬਦਲਾਈਆ । ਰਹਿਣ ਦੇਵੇ ਨਾ ਕੋਇ ਘੁਮੰਡੀ, ਗੜ੍ਹ ਤੋੜੇ ਹੰਕਾਰ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਆਪ ਸਮਝਾਈਆ । ਅੱਸੂ ਕਹੇ ਮੈਂ ਹੁਕਮ ਦੱਸਾਂ ਧੁਰ ਦਾ, ਧੁਰ ਮਸਤਕ ਵੇਖ ਵਖਾਈਆ । ਜਨ ਭਗਤੋ ਸਤਿਗੁਰ ਕਦੇ ਨਾ ਹੁੰਦਾ ਮੁਰਦਾ, ਮੁਰੀਦੋ ਮੁਰਸ਼ਦ ਮਰਨ ਵਿਚ ਕਦੇ ਨਾ ਆਈਆ । ਉਹ ਸ਼ੌਹ ਦਰਿਆਏ ਕਦੇ ਨਾ ਰੁੜ੍ਹਦਾ, ਜੁਗ ਜੁਗ ਰੁੜ੍ਹਦਿਆਂ ਲਏ ਤਰਾਈਆ । ਜਗਤ ਵਾਸਨਾ ਵਿਚ ਕਦੇ ਨਾ ਜੁੜਦਾ, ਸੁਰਤੀ ਸ਼ਬਦ ਨਾਲ ਮਿਲਾਈਆ । ਉਹ ਭੇਵ ਖੁਲ੍ਹਾਏ ਮਾਲਕ ਧੁਰ ਦਾ, ਦਰਗਹ ਸਾਚੀ ਸਚ ਜਣਾਈਆ । ਗ੍ਰਿਹ ਵਖਾਏ ਹੋਰ ਹੋਰ ਦਾ, ਅਵਰ ਅਵਰਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਅਗੰਮ ਅਥਾਹੀਆ । ਅੱਸੂ ਕਹੇ ਮੈਂ ਰੱਖੀ ਆਸ ਅਵੱਲੀ, ਅੱਵਲ ਦਿਆਂ ਜਣਾਈਆ । ਮੈਂ ਵੇਖਾਂ ਜੋਤ ਅਕਾਲੀ, ਅਕਲ ਕਲਧਾਰੀ ਵੇਖ ਵਖਾਈਆ । ਜਿਸ ਦੀ ਸਾਰੇ ਦਿੰਦੇ ਆਏ ਬਲੀ, ਬਲਧਾਰੀ ਸੀਸ ਨਿਵਾਈਆ । ਮੁਹੰਮਦਾ ਯਾਦ ਕਰ ਲੈ ਕੀ ਵਾਹਿਦਾ ਕੀਤਾ ਨਾਲ ਅਲੀ, ਆਲੀਜਾਹ ਕੀ ਦਿਤਾ ਦ੍ਰਿੜਾਈਆ । ਤੁਹਾਡੀ ਉਮਤ ਅੰਤਮ ਜਾਣੀ ਛਲੀ, ਛਲੀਆ ਬਣੇ ਬੇਪਰਵਾਹੀਆ । ਸਭ ਦੀ ਧਾਰ ਜਾਣੀ ਹਲੀ, ਸਿਦਕ ਸਬੂਰੀ ਹੱਥ ਕਿਸੇ ਨਾ ਆਈਆ । ਜਾਓ ਚੌਦਾਂ ਤਬਕਾਂ ਹੋਕਾ ਦੇਣਾ ਗਲੀਓ ਗਲੀ, ਪਲੂ ਗਲ ਵਿਚ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਅੱਸੂ ਕਹੇ ਮੈਂ ਮਾਤ ਆਇਆ ਭੱਜਾ, ਪਿਛਲਾ ਪੰਧ ਮੁਕਾਈਆ । ਮੈਂ ਚਾਰ ਕੁੰਟ ਵੇਖਾਂ ਜਗ੍ਹਾ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰੇ ਫੋਲ ਫੁਲਾਈਆ । ਜਿਧਰ ਤੱਕਿਆ ਮਾਇਆ ਮਮਤਾ ਲਭਾ, ਸਚ ਵਿਚ

ਨਾ ਕੋਇ ਸਮਾਈਆ । ਧਰਮ ਦੀ ਧਾਰ ਪੀਂਦੇ ਮਧਾ, ਮਧੁਰ ਧੁਨ ਸੁਣਨ ਕੋਇ ਨਾ ਪਾਈਆ । ਮੈਂ ਸਭ ਨੂੰ ਦੇਣ ਆਇਆ ਸੱਦਾ, ਉਚੀ ਕੂਕ ਕੂਕ ਸੁਣਾਈਆ । ਨਾਰਦ ਵਜਾਉਂਦਾ ਫਿਰੇ ਡੱਗਾ, ਡੌਰੂ ਡੰਕ ਰਿਹਾ ਖੜਕਾਈਆ । ਜਿਨ੍ਹਾਂ ਨੇ ਖਾਧਾ ਕੱਟਾ ਵੱਛਾ ਢੱਗਾ, ਸਭ ਨੂੰ ਹੋਣੀ ਅੰਤ ਜੁਦਾਈਆ । ਜਿਨ੍ਹਾਂ ਨੇ ਮਾਇਆ ਮਮਤਾ ਦਾ ਕੀਤਾ ਲਬਾ, ਮੋਹ ਹੰਕਾਰ ਵਿਚ ਹਲਕਾਈਆ । ਉਹਨਾਂ ਦੀ ਸਫ਼ਾ ਮੇਟਣੀ ਸਭਾ, ਮਲੇਛ ਰਹਿਣ ਕੋਇ ਨਾ ਪਾਈਆ । ਹੁਕਮ ਦੇਵੇ ਸ਼ਬਦੀ ਧਾਰ ਸੂਰਾ ਸਰਬਗਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਬਿਨਾ ਭਗਤਾਂ ਤੋਂ ਜੁਗ ਜੁਗ ਲੋਕਮਾਤ ਵਧੇ ਕਿਸੇ ਨਾ ਅੱਗਾ, ਜਗਤ ਜੁਗਤ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਅੱਸੂ ਕਹੇ ਮੈਨੂੰ ਹੁਕਮ ਆਇਆ ਫੇਰ, ਸ਼ਬਦੀ ਸ਼ਬਦ ਦਿਤਾ ਜਣਾਈਆ । ਉਠ ਵੇਖ ਧੁਰ ਦਾ ਬੱਬਰ ਕੇਹਰ, ਗਹਿਰ ਗੰਭੀਰ ਨੂਰ ਇਲਾਹੀਆ । ਜਿਸ ਦੇ ਹੁਕਮ ਵਿਚ ਹੋਵੇ ਕੋਇ ਨਾ ਦੇਰ, ਦੂਰ ਦੁਰਾਡਾ ਇਕੋ ਹੁਕਮ ਜਣਾਈਆ । ਜਿਸ ਨੇ ਕੂੜੀ ਕਿਰਿਆ ਕਰਨੀ ਢੇਰ, ਢਹਿ ਢਹਿ ਖ਼ਾਕ ਮਿਲਾਈਆ । ਧਰਨੀ ਧਰਤ ਖੁਲ੍ਹਾ ਕਰਨਾ ਵੇਹੜ, ਚਾਰੋਂ ਕੁੰਟ ਹੋਏ ਸਹਾਈਆ । ਉਮਤ ਉਮਤ ਦੇਣੀ ਭੇੜ, ਝਗੜਾ ਕਰੇ ਨੂਰ ਇਲਾਹੀਆ । ਫੇਰ ਕਾਹਿਰਾ ਤੋਂ ਪਰੇ ਛੇੜਨੀ ਛੇੜ, ਲੇਖਾ ਮੂਸਾ ਵਾਲਾ ਪੂਰ ਕਰਾਈਆ । ਭਰਮ ਭੁਲੇਖਾ ਰਹੇ ਨਾ ਜ਼ਬਰ ਜ਼ੇਰ, ਜਾਬਰ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਨਰ ਹਰਿ ਇਕੋ ਇਕ ਦ੍ਰਿੜਾਈਆ । ਅੱਸੂ ਕਹੇ ਮੇਰਾ ਹੋਰ ਭਗਤੋ ਇਕ ਵਾਹਿਦਾ, ਵਾਹਵਾ ਦਿਆਂ ਜਣਾਈਆ । ਭਗਤ ਭਗਵਾਨ ਦਾ ਵੇਸ ਸਦਾ ਅਲਾਹਿਦਾ, ਅਲਾਹ ਨੂਰ ਨੂਰ ਰੁਸ਼ਨਾਈਆ । ਜੋ ਜੁਗ ਜੁਗ ਸਾਚੇ ਸੰਤਾਂ ਲਏ ਜਾਇਜ਼ਾ, ਜਾਇਜ਼ ਆਪਣੀ ਕਾਰ ਭੁਗਤਾਈਆ । ਅੰਤਰ ਨਿਰੰਤਰ ਨਾਮ ਦਾ ਦੇ ਕੇ ਲਹਿਜਾ, ਲਹਿਰ ਆਪਣੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਸਚ ਕਰਨੀ ਕਾਰ ਕਮਾਈਆ । ਅੱਸੂ ਕਹੇ ਮੈਨੂੰ ਤਿੰਨ ਅੱਸੂ ਰਿਹਾ ਉਡੀਕ, ਆਪਣੀ ਅੱਖ ਉਠਾਈਆ । ਸੰਮਤ ਵੀਹ ਸੌ ਚੌਦਾਂ ਦੀ ਵੇਖ ਤਾਰੀਖ, ਨਿਜ ਆਪਣੀ ਅੱਖ ਖੁਲ੍ਹਾਈਆ । ਜਿਸ ਵਿਚ ਲੇਖਾ ਲਿਖਿਆ ਸੰਮਤ ਸ਼ਹਿਨਸ਼ਾਹ ਸੱਤ ਬਾਬੂਪੁਰ ਪਹੁੰਚਣਾ ਠੀਕ, ਅਭੁੱਲ ਭੁੱਲ ਕਦੇ ਨਾ ਜਾਈਆ । ਜਿਥੇ ਗ਼ਰੀਬ ਨਿਮਾਣਿਆਂ ਬਖ਼ਸ਼ਣੀ ਪ੍ਰੀਤ, ਪ੍ਰੀਤਮ ਆਪਣਾ ਰੰਗ ਚੜ੍ਹਾਈਆ । ਸਭ ਦੇ ਅੰਦਰ ਵੜਨਾ ਚੀਤ, ਚਿਤ ਠਗੌਰੀ ਦੇਣੀ ਕਢਾਈਆ । ਨਾਤਾ ਤੋੜ ਕੇ ਮੰਦਰ ਮਸੀਤ, ਕਾਇਆ ਕਾਅਬਾ ਦੇਣਾ ਵਖਾਈਆ । ਇਕ ਸੁਣਾ ਅਗੰਮੀ ਗੀਤ, ਨਾਦ ਧੁਨ ਦੇਣਾ ਜਣਾਈਆ । ਜਨਮ ਮਰਨ ਦੀ ਪਿਛਲੀ ਮੇਟ ਕੇ ਲੀਕ, ਲਾਈਨ ਅਗਲੀ ਦੇਣੀ ਚੜ੍ਹਾਈਆ । ਜਿਥੇ ਸਤਿਗੁਰ ਸ਼ਬਦ ਕਰੇ ਤਸਦੀਕ, ਸ਼ਹਾਦਤ ਪ੍ਰੇਮ ਵਾਲੀ ਭੁਗਤਾਈਆ । ਸਾਜਣ ਬਣੇ ਧੁਰ ਦਾ ਮੀਤ, ਮਿੱਤਰ ਪਿਆਰਾ ਇਕ ਹੋ ਜਾਈਆ । ਮਮਤਾ ਵਾਲੀ ਰਹਿਣ ਨਾ ਦੇਵੇ ਨੀਤ, ਕੂੜੀ ਕਿਰਿਆ ਬਾਹਰ ਕਢਾਈਆ । ਦਰਸ਼ਨ ਦੇ ਕੇ ਕਰੇ ਠਾਂਡੇ ਸੀਤ, ਅਗਨੀ ਤਤ ਬੁਝਾਈਆ । ਸੰਦੇਸ਼ਾ ਦੇਵੇ ਜਨ ਭਗਤੋ ਜੀਉਂਦਿਆਂ ਸਤਿਗੁਰ ਚਰਨ ਵਿਚ ਮਾਨਸ ਜਨਮ ਜਾਓ ਜੀਤ, ਮਰਨ ਦੇ ਪਿਛੋਂ ਲੋੜ ਰਹੇ ਨਾ ਰਾਈਆ । ਜਿਸ ਦੀ ਪੈਗ਼ੰਬਰ ਕਰ ਕੇ ਗਏ ਤਬਲੀਗ, ਸਿਫ਼ਤ ਸਲਾਹੀ ਢੋਲੇ ਗਾਈਆ । ਉਹ ਤੁਹਾਡੀ ਆਸਾ ਮਨਸਾ ਪੂਰੀ ਕਰੇ ਉਮੀਦ, ਮੁਹੱਬਤ ਮੋਹ ਆਪਣੇ ਵਿਚ ਰਖਾਈਆ । ਤੁਹਾਨੂੰ ਉਥੇ ਖੇਲ ਵਖਾਵਾਂ ਇਕ


੧੪੩੩
੨੨

ਅਜੀਬ, ਅਜਬ ਰੰਗ ਰੰਗਾਈਆ । ਇਕੀ ਗੁਰਸਿਖਾਂ ਦੇਣੀ ਤਰਤੀਬ, ਤਰਾਂ ਤਰਾਂ ਦ੍ਰਿੜਾਈਆ । ਰਾਤੀਂ ਸੁਤਿਆਂ ਵਖਾਵਾਂਗਾ ਵੇਖੋ ਸਮਾਂ ਕਰੀਬ, ਕਰਬਲੇ ਵਾਲੇ ਸਾਹਮਣੇ ਦੇਣ ਦੁਹਾਈਆ । ਜਿਸ ਤੋਂ ਚਾਹਵਾਂਗਾ ਪੜ੍ਹਾ ਦੇਵਾਂਗਾ ਕੁਰਾਨ ਮਜੀਦ, ਮਸਲੇ ਮੁਸ਼ਕਲਾਂ ਵਾਲੇ ਹੱਲ ਕਰਾਈਆ । ਮੇਲਾ ਸਿੰਘ ਨੇ ਗਲ ਨਹੀਂ ਪਾਉਣੀ ਕਮੀਜ਼, ਸਿਰ ਤੇ ਪੱਗ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਵੇਖ ਵਖਾਈਆ । ਬਾਬੂਪੁਰ ਕਹੇ ਮੈਂ ਨਿੱਕਾ ਜਿਹਾ ਪਿੰਡ, ਪਿੰਡੀ ਸਮਝ ਕਿਸੇ ਨਾ ਆਈਆ । ਮੇਰੀ ਨਿਮਾਣੀ ਜਿੰਦ, ਜ਼ਿੰਦਗੀ ਭੇਟ ਨਾ ਕਿਸੇ ਕਰਾਈਆ । ਮੈਨੂੰ ਯਾਦ ਕੀਤਾ ਨੌਂ ਵਾਰ ਸੁਰਪਤ ਰਾਜੇ ਇੰਦ, ਸਿੰਘ ਸਿੰਘਾਸਣ ਬੈਠਾ ਧਿਆਨ ਲਗਾਈਆ । ਮੈਨੂੰ ਸ਼ੰਕਰ ਪਿਆਰ ਵਿਚ ਸੁਣਾਈ ਕਿੰਗ, ਕਿੰਗਰੇ ਕਿੰਗਰੇ ਮਰਦੰਗ ਵਜਾਈਆ । ਬ੍ਰਹਮੇ ਨੇ ਬਿਨਾ ਅੱਖਾਂ ਤੋਂ ਵਹਾ ਕੇ ਹਿੰਝ, ਹੰਝੂਆਂ ਹਾਰ ਬਣਾਈਆ । ਮੈਨੂੰ ਵਿਸ਼ਨੂੰ ਨੇ ਕਿਹਾ ਕਮਲਿਆ ਪ੍ਰਭ ਨੂੰ ਮਿਲੀਦਾ ਇੰਜ, ਦੋਏ ਜੋੜ ਸੀਸ ਨਿਵਾਈਆ । ਤੂੰ ਆਦਿ ਅੰਤ ਉਸੇ ਦੀ ਬਿੰਦ, ਤੈਨੂੰ ਜਨਮੇ ਕੋਇ ਨਾ ਮਾਈਆ । ਤੇਰਾ ਬੇੜਾ ਰੁੜ੍ਹਨਾ ਨਹੀਂ ਵਿਚ ਸਾਗਰ ਸਿੰਧ, ਸੰਧੂ ਬੈਠਾ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਬਾਬੂਪੁਰ ਕਹੇ ਮੇਰੀ ਛੋਟੀ ਜਿਹੀ ਹੱਟੀ, ਹਟਵਾਣਿਉਂ ਦਿਆਂ ਜਣਾਈਆ । ਮੇਰੇ ਵਿਚ ਉਹ ਅਗੰਮੀ ਖੱਟੀ, ਜਿਸ ਵਿਚ ਖਟਕਾ ਰਹੇ ਨਾ ਰਾਈਆ । ਮੇਰੇ ਵਿਚ ਗੁਰਸਿਖਾਂ ਪੜ੍ਹੀ ਸੋਹੰ ਦੀ ਪੱਟੀ, ਪਟਨੇ ਵਾਲਾ ਗਿਆ ਸਮਝਾਈਆ । ਏਥੇ ਰਾਮ ਨੇ ਇਕ ਰਾਤ ਸੀ ਰਾਤੀਂ ਜਾਗਦਿਆਂ ਕਟੀ, ਕਟਾਕਸ਼ ਧੁਰ ਗਿਆ ਲਗਾਈਆ । ਫੇਰ ਯਾਦ ਕੀਤਾ ਸੀ ਵਿਚ ਪੰਚਵਟੀ, ਪੰਚਮ ਪੰਚਮ ਮੇਲਾ ਹੋਵੇ ਸਹਿਜ ਸੁਭਾਈਆ । ਕ੍ਰਿਸ਼ਨ ਨੇ ਇਸ਼ਾਰਾ ਕੀਤਾ ਸੀ ਜਿਸ ਵੇਲੇ ਅਰਜਨ ਦਾ ਚਲਾਇਆ ਰਥੀ, ਰਥਵਾਹੀ ਹੋ ਕੇ ਦਿਤਾ ਸੁਣਾਈਆ । ਅਰਜਨਾ ਉਹ ਵੇਖ ਤੇਰੇ ਕਾਹਨ ਦਾ ਕਾਹਨ ਖੇਲ ਕਰੇ ਅੱਖੀ, ਅੱਖਾਂ ਵਾਲਿਆਂ ਨਜ਼ਰ ਕੋਇ ਨਾ ਆਈਆ । ਹੁਣ ਆਤਮਾ ਦੀ ਧਾਰ ਬਣਾਉਣੀ ਆਪਣੀ ਸਖ਼ੀ, ਸੁਖ਼ਨ ਮੇਰਾ ਪੂਰ ਕਰਾਈਆ । ਇਹ ਗੱਲ ਬਾਵਨ ਨੇ ਬਲ ਰਾਜੇ ਨੂੰ ਸੀ ਦੱਸੀ, ਜਿਸ ਵੇਲੇ ਰਾਵੀ ਦਾ ਕੰਢਾ ਟੱਪਿਆ ਚਾਈਂ ਚਾਈਂਆ । ਜਿਸ ਵੇਲੇ ਸਤਿਗੁਰ ਅਰਜਨ ਬੈਠਾ ਸੀ ਉਤੇ ਲੋਹ ਤਤੀ, ਤਤੀ ਤਵੀ ਆਸਣ ਲਾਈਆ । ਉਸ ਇਸ਼ਾਰਾ ਕੀਤਾ ਮੇਰਾ ਨੂਰ ਨੁਰਾਨਾ ਸ਼ਾਹ ਪਾਤਸ਼ਾਹ ਕਮਲਾਪਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਨੇ ਦਰੋਪਤ ਲਾਜ ਰੱਖੀ, ਭਗਤਾਂ ਹੋਏ ਸਹਾਈਆ । ਭੀਲਣੀ ਦੇ ਬੇਰ ਗਿਆ ਚੱਖੀ, ਬਿਦਰ ਆਪਣਾ ਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਮੇਲਾ ਲਏ ਮਿਲਾਈਆ । ਬਾਬੂਪੁਰ ਕਹੇ ਮੇਰੇ ਕੋਲ ਅੱਲੜਪਿੰਡੀ, ਅੱਲੜ ਜਵਾਨਾ ਦਿਆਂ ਜਣਾਈਆ । ਜਿਸ ਦਾ ਇਕੋ ਰਾਹ ਤੇ ਇਕੋ ਡੰਡੀ, ਡੰਡਾਵਤ ਇਕੋ ਨਜ਼ਰੀ ਆਈਆ । ਇਕੋ ਜੋਤ ਨਾਲ ਸਭ ਦੀ ਆਤਮਾ ਗਈ ਗੰਢੀ, ਗੰਢਣਵਾਲਾ ਇਕੋ ਮਿਲਿਆ ਧੁਰ ਦਾ ਮਾਹੀਆ । ਕਿਸੇ ਨਹੀਂ ਪੂਜਣਾ ਕਰੀਰ ਜੰਡੀ, ਜਗਤ ਤ੍ਰਿਸ਼ਨਾ ਨਾ ਕੋਇ ਵਖਾਈਆ । ਉਹ ਵੇਖੋ ਪਿਛਲੀ ਔਧ ਸਭ ਦੀ ਲੰਘੀ, ਬਾਕੀ ਨਜ਼ਰ ਕੋਇ ਨਾ ਆਈਆ । ਕਿਸ਼ਨ ਸਿੰਘਾ ਤਿੰਨਾਂ ਡੰਡਿਆਂ ਵਾਲੀ ਡਾਹੁਣੀ ਮੰਜੀ, ਚੌਥੀ ਚੂਲ ਨਾ ਕੋਇ ਰਖਾਈਆ । ਇਕ ਗੁਡੀਆ ਰੱਖਣੀ ਸਿਰ ਤੋਂ ਨੰਗੀ, ਆਸਾ ਮੁਹੰਮਦ ਨਾਲ ਮਿਲਾਈਆ । ਜਿਹੜੀ ਅੰਤਮ ਮੰਗ ਮਦੀਨੇ ਵਿਚ ਹਿਜਰ ਕਰਦਿਆਂ ਮੰਗੀ, ਮਾਂਗਤ ਹੋ ਕੇ ਝੋਲੀ ਡਾਹੀਆ । ਉਸ ਦੀ ਧਾਰ ਵਿਚ ਗੁਰਮੁਖ

ਸਿੰਘ ਕੱਠੇ ਹੋਣ ਸਿੰਘ ਪੰਝੀ, ਪੰਜੇ ਸਭ ਦੇ ਲਾਲ ਰੰਗ ਰੰਗਾਈਆ । ਕੇਲ ਕਿਰਪਾਨ ਹੋਵੇ ਜੰਗੀ, ਜੰਗਜੂ ਬਣੇ ਬੇਪਰਵਾਹੀਆ । ਦਲੀਪ ਸਿੰਘ ਨੇ ਪਾਟੀ ਪਹਿਨਣੀ ਤੰਬੀ, ਲੀਰੋ ਲੀਰ ਵੇਖ ਵਖਾਈਆ । ਓਦਣ ਜ਼ਰੂਰ ਪਵਣ ਵਗੇਗੀ ਠੰਡੀ, ਗੁਰਮੁਖਾਂ ਅੰਦਰ ਅਗਨੀ ਤਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ ਆਪਣਾ ਇਕ ਸੁਣਾਈਆ । ਅੱਸੂ ਕਹੇ ਮੇਰਾ ਵੇਖਿਆ ਤੀਜਾ ਪਰਵਿਸ਼ਟਾ, ਜੋ ਪਰੀਕਸ਼ਤ ਧਿਆਨ ਲਗਾਈਆ । ਜਨਮੇਜਾ ਦੂਰ ਦੁਰਾਡਾ ਦਿਸਦਾ, ਬੈਠਾ ਅੱਖ ਉਠਾਈਆ । ਫ਼ਰਿਸ਼ਤੇ ਵੇਖੇ ਸਭ ਦਾ ਲੇਖ ਲਿਖਦਾ, ਬਿਨ ਲੇਖਾਂ ਲੇਖ ਬਣਾਈਆ । ਜਨ ਭਗਤੋ ਸਾਚਾ ਮਾਣ ਜੁਗ ਜੁਗ ਸਾਚੇ ਸਿੱਖ ਦਾ, ਬਿਨ ਸਿਖਿਆ ਤੋਂ ਸਤਿਗੁਰ ਮਿਲਣ ਕੋਇ ਨਾ ਪਾਈਆ । ਜਿਨ੍ਹਾਂ ਦਾ ਭੇਵ ਖੁਲ੍ਹਿਆ ਅੰਦਰੋਂ ਵਿਚ ਦਾ, ਵਿਚੋਂ ਹਉਮੇ ਰੋਗ ਗਵਾਈਆ । ਉਹਦਾ ਨਾਤਾ ਜੁੜਿਆ ਪੁਰਖ ਅਕਾਲ ਪਿਤਾ ਦਾ, ਪਤਿਪਰਮੇਸ਼ਵਰ ਮੇਲਾ ਮੇਲੇ ਸਹਿਜ ਸੁਭਾਈਆ । ਉਹ ਗੁਰਮੁਖ ਦੂਲ੍ਹਾ ਆਪਣਾ ਮਾਨਸ ਜਨਮ ਜਿਤ ਦਾ, ਹਾਰ ਵਿਚ ਕਦੇ ਨਾ ਆਈਆ । ਜਿਸ ਦਾ ਇਸ਼ਟ ਸਦਾ ਇਕ ਦਾ, ਉਹ ਏਕੰਕਾਰ ਵਿਚ ਸਮਾਈਆ । ਫੇਰ ਝਗੜਾ ਮੁਕ ਜਾਏ ਆਵਣ ਜਾਵਣ ਨਿਤ ਦਾ, ਲੱਖ ਚੁਰਾਸੀ ਨਾ ਕੋਇ ਭਵਾਈਆ । ਲੇਖਾ ਰਹੇ ਨਾ ਵਾਰ ਥਿਤ ਦਾ, ਥਿਤੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੁਹੇਲਾ ਸਦਾ ਸਾਹਿਬ ਸੁਖਦਾਈਆ । ਪਹਿਲੀ ਅੱਸੂ ਕਹੇ ਜਨ ਭਗਤੋ ਮੈਂ ਮੰਗਦਾ ਛੁੱਟੀ, ਖ਼ੁਸ਼ੀ ਨਾਲ ਸੀਸ ਝੁਕਾਈਆ । ਮੈਂ ਸਭ ਦੀ ਸਾਫ਼ ਕਰਾਂ ਜੁੱਤੀ, ਜੋੜਿਆਂ ਸੇਵ ਕਮਾਈਆ । ਜਿਨ੍ਹਾਂ ਦੀ ਪ੍ਰਭ ਦੇ ਨਾਲ ਲੱਗੀ ਰੁਚੀ, ਕੂੜੀ ਕਿਰਿਆ ਡੇਰਾ ਢਾਹੀਆ । ਉਹਨਾਂ ਦੀ ਆਤਮਾ ਸਦਾ ਸੁਚੀ, ਸੰਜਮ ਇਕੋ ਇਕ ਰਖਾਈਆ । ਮਨ ਕਲਪਣਾ ਵਿਚ ਹੋਣ ਕਦੇ ਨਾ ਦੁਖੀ, ਅਗਨੀ ਅੱਗ ਨਾ ਕੋਇ ਤਪਾਈਆ । ਸੁਫਲ ਹੋਵੇ ਮਾਤ ਕੁਖੀ, ਮਿਲੇ ਵਡਿਆਈ ਧੰਨ ਜਣੇਂਦੀ ਮਾਈਆ । ਉਲਟਾ ਗਰਭ ਫੇਰ ਹੋਵੇ ਨਾ ਰੁੱਖੀ, ਨੌ ਮਹੀਨੇ ਅਠਾਰਾਂ ਦਿਨ ਅਗਨੀ ਤਤ ਨਾ ਕੋਇ ਤਪਾਈਆ । ਜਿਹੜੀ ਆਤਮਾ ਪਰਮਾਤਮਾ ਦਰ ਪੁੱਜੀ, ਪੂਜਣ ਯੋਗ ਸਦਾ ਅਖਵਾਈਆ । ਉਹਨਾਂ ਸਿਫ਼ਤ ਹੋਵੇ ਜੁਗ ਜੁਗੀ, ਕਬੀਰ ਜੁਲਾਹਾ ਰਵਦਾਸ ਚਮਾਰਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਸੂ ਤੇਰੀ ਆਸਾ ਸਚ ਦਵਾਰੇ ਉਗੀ, ਨਿਰਾਸਾ ਰੂਪ ਸ਼ਾਹੋ ਭੂਪ ਰਹਿਣ ਦੇਵੇ ਨਾ ਰਾਈਆ ।

### ੩ ਅੱਸੂ ਸ਼ਹਿਨਸ਼ਾਹੀ ਸੰਮਤ ੭ ਮੇਲਾ ਸਿੰਘ ਦੇ ਗ੍ਰਿਹ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ

ਅੱਸੂ ਤਿੰਨ ਕਹੇ ਮੈਂ ਫਿਰਿਆ ਤੀਨ ਲੋਕ, ਪਰਲੋਕਾਂ ਵਿਚ ਪ੍ਰਭ ਚਰਨ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਗਾਉਂਦੇ ਇਕ ਸਲੋਕ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਅਵਤਾਰ ਪੈਗ਼ੰਬਰ ਗੁਰ ਡੰਡਾਵਤ ਵਿਚ ਕਹਿਣ ਪ੍ਰਭ ਤੇਰਾ ਭਾਣਾ ਸਕੇ ਕੋਇ ਨਾ ਰੋਕ, ਦੋ ਜਹਾਨਾਂ ਮੇਟ ਨਾ ਕੋਇ ਮਿਟਾਈਆ । ਸੂਰੀਆ ਚੰਦ ਝੁਕਦੇ ਵੇਖੇ ਕੋਟੀ ਕੋਟ, ਮੰਡਲ ਮੰਡਪ ਸੀਸ ਨਿਵਾਈਆ । ਜਿਧਰ ਤੱਕਿਆ ਇਕੋ ਪ੍ਰਕਾਸ਼ ਨਿਰਮਲ ਜੋਤ, ਦੂਜਾ ਨਜ਼ਰ ਕੋਇ ਨਾ ਆਈਆ । ਜਿਥੇ ਨਾ ਕੋਈ ਹਰਖ਼ ਨਾ ਕੋਈ ਸੋਗ, ਚਿੰਤਾ ਗ਼ਮ ਨਾ ਕੋਇ ਦ੍ਰਿੜਾਈਆ । ਕੂੜੀ ਕਿਰਿਆ ਦਿਸੇ

ਕੋਈ ਨਾ ਰੋਗ, ਹਉਮੇ ਹੰਗਤਾ ਨਾ ਕੋਇ ਵਖਾਈਆ । ਜਗਤ ਜਗਿਆਸੂ ਕੋਈ ਨਾ ਜੋਗ, ਜੁਗੀਸ਼ਰ ਨਜ਼ਰ ਕੋਇ ਨਾ ਆਈਆ । ਸਾਰੇ ਤਕ ਕੇ ਬੈਠੇ ਇਕੋ ਓਟ, ਓੜਕ ਇਕ ਧਿਆਨ ਰਖਾਈਆ । ਜਿਸ ਦੀ ਏਥੇ ਓਥੇ ਆਦਿ ਜੁਗਾਦਿ ਸ਼ਬਦ ਅਗੰਮੀ ਲੱਗੇ ਚੋਟ, ਚੋਟੀ ਚੜ੍ਹ ਕੇ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਸਰਨਾਈਆ । ਅੱਸੂ ਕਹੇ ਮੇਰਾ ਤੀਜਾ ਸਚ ਦਿਹਾੜਾ, ਦਿਉਹਾੜੀ ਧਿਆਨ ਲਗਾਈਆ । ਮੈਂ ਫਿਰਿਆ ਜੰਗਲ ਜੂਹ ਵਿਚ ਉਜਾੜਾ, ਪਹਾੜ ਟਿੱਲੇ ਧਿਆਨ ਰਖਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਮਾਇਆ ਮਮਤਾ ਤੱਕਿਆ ਅਖਾੜਾ, ਕੂੜੀ ਕਿਰਿਆ ਕਲਪਨਾ ਨੱਚੇ ਵਾਹੋ ਦਾਹੀਆ । ਪਾਰਬ੍ਰਹਮ ਪਤਿਪਰਮੇਸ਼ਵਰ ਆਤਮ ਸਖ਼ੀ ਮਿਲੇ ਕਿਸੇ ਨਾ ਲਾੜਾ, ਲਾੜੀ ਮੌਤ ਸਭ ਨੂੰ ਲਏ ਪਰਨਾਈਆ । ਕਲਜੁਗ ਚਾਰੋਂ ਕੁੰਟ ਮਾਰੇ ਧਾੜਾ, ਧਾੜਵੀ ਬਣਿਆ ਥਾਉਂ ਥਾਈਆ । ਲੱਗੀ ਅੱਗ ਸ੍ਰਿਸ਼ਟੀ ਬਹੱਤਰ ਨਾੜਾ, ਤਤਵ ਤਤ ਨਾ ਕੋਇ ਬੁਝਾਈਆ । ਫਿਰੀ ਦਰੋਹੀ ਮੁਹੰਮਦ ਸੰਗ ਚਾਰ ਯਾਰਾ, ਯਰਾਨਾ ਹੱਕ ਨਾ ਕੋਇ ਨਿਭਾਈਆ । ਬੇਪਰਵਾਹ ਭੁੱਲਿਆ ਪਰਵਰਦਿਗਾਰਾ, ਮਹਿਬੂਬ ਮੁਹੱਬਤ ਵਿਚ ਨਾ ਕੋਇ ਸਮਾਈਆ । ਐਨੁਲਹੱਕ ਦਾ ਹੱਕ ਲਾਏ ਕੋਈ ਨਾ ਨਾਅਰਾ, ਨਰਾਇਣ ਨਜ਼ਰ ਕਿਸੇ ਨਾ ਆਈਆ । ਜੂਠਾ ਝੂਠਾ ਵੱਜੇ ਤਾਲ ਤਲਵਾੜਾ, ਆਵਾਜ਼ ਆਪਣੀ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਅੱਸੂ ਤਿੰਨ ਕਹੇ ਮੈਂ ਫਿਰਿਆ ਜਲ ਥਲ ਅਸਗਾਹ, ਚਾਰੋਂ ਕੁੰਟ ਧਿਆਨ ਲਗਾਈਆ । ਸਚ ਦਾ ਦਿਸੇ ਨਾ ਕੋਇ ਮਲਾਹ, ਖੇਵਟ ਖੇਟਾ ਬੇੜਾ ਕੰਧ ਨਾ ਕੋਇ ਉਠਾਈਆ । ਧੁਰ ਦੀ ਮੰਜ਼ਲ ਦਿਸੇ ਕੋਈ ਨਾ ਰਾਹ, ਰਹਿਬਰ ਹੋ ਕੇ ਪੜਦਾ ਨਾ ਕੋਇ ਚੁਕਾਈਆ । ਆਤਮਾ ਪਰਮਾਤਮਾ ਨਾਲੋਂ ਹੋਈ ਜੁਦਾ, ਬ੍ਰਹਮ ਪਾਰਬ੍ਰਹਮ ਵਿਚ ਨਾ ਕੋਇ ਸਮਾਈਆ । ਚਾਰੋਂ ਕੁੰਟ ਦਰੋਹੀ ਦਰੋਹੀ ਦਰੋਹੀ ਤੇਰੀ ਖ਼ੁਦਾ, ਖ਼ੁਦੀ ਤਕੱਬਰ ਡੇਰਾ ਕੋਇ ਨਾ ਢਾਹੀਆ । ਅਦਬ ਵਿਚ ਮਜ਼੍ਹਬ ਸੀਸ ਸਕੇ ਨਾ ਕੋਇ ਝੁਕਾ, ਨਿਵ ਨਿਵ ਲਾਗੇ ਕੋਇ ਨਾ ਪਾਈਆ । ਕਲਜੁਗ ਕੂੜ ਕੁੜਿਆਰ ਸਭ ਦੀ ਬਦਲ ਦਿਤੀ ਅਦਾ, ਆਦਤ ਇਬਾਦਤ ਵਿਚ ਨਾ ਕੋਇ ਰਖਾਈਆ । ਮੈਂ ਫਿਰ ਕੇ ਵੇਖਿਆ ਮੈਨੂੰ ਨਜ਼ਰੀ ਆਇਆ ਨੂਰੀ ਅਲਾਹ, ਆਲਮੀਨ ਖੇਲ ਖਿਲਾਈਆ । ਜਿਸ ਨੇ ਭੇਵ ਦਰਸਾਇਆ ਬਾਬਾ ਆਦਮ ਤੇ ਮਾਈ ਹੱਵਾ, ਰੂਪ ਰੰਗ ਰੇਖ ਰੰਗਤ ਆਪਣੇ ਵਿਚ ਸਮਾਈਆ । ਸੰਦੇਸ਼ਾ ਦਿਤਾ ਫ਼ਰਮਾਨ ਅਗੰਮ ਨਵਾਂ, ਨਵ ਨੌਂ ਚਾਰ ਦਾ ਡੇਰਾ ਢਾਹੀਆ । ਤਿੰਨ ਅੱਸੂ ਆਸ ਰੱਖ ਤੇਰੇ ਵਿਚੋਂ ਦੀਨ ਦੁਨੀ ਦਾ ਬਦਲ ਦੇਵਾਂ ਸਮਾਂ, ਸਨਮੁਖ ਹੋ ਕੇ ਦਿਤਾ ਦ੍ਰਿੜਾਈਆ । ਸ੍ਰਿਸ਼ਟੀ ਹੋਵੇ ਦ੍ਰਿਸ਼ਟੀ ਅੰਦਰ ਗ਼ਮਾ, ਚਿੰਤਾ ਸੋਗ ਨਾ ਕੋਇ ਗਵਾਈਆ । ਮੁਹੰਮਦ ਦੀ ਆਸਾ ਸਦੀ ਚੌਧਵੀਂ ਦੀ ਤਮਾ, ਤਾਮਸ ਤ੍ਰਿਸ਼ਨਾ ਵੇਖ ਵਖਾਈਆ । ਧੁਰ ਦਾ ਹੁਕਮ ਕਰਾਂ ਰਵਾਂ, ਰਵਾਨਗੀ ਦੇਵਾਂ ਚਾਈਂ ਚਾਈਂਆ । ਸਭ ਦਾ ਲੇਖਾ ਅਵਤਾਰ ਪੈਗ਼ੰਬਰ ਗੁਰੂਆਂ ਕੋਲੋਂ ਲਵਾਂ, ਬਚਿਆ ਰਹਿਣ ਕੋਇ ਨਾ ਪਾਈਆ । ਝਗੜਾ ਮੇਟਣਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚਵਾਂ, ਚਾਰੇ ਖਾਣੀ ਚਾਰੇ ਬਾਣੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਅੱਸੂ ਤਿੰਨ ਕਹੇ ਮੈਂ ਵੇਖੇ ਨੌਂ ਖੰਡ ਦੀਪ ਸੱਤ, ਸਤਿ ਸਤਿ ਧਿਆਨ ਲਗਾਈਆ । ਉੱਤਰ ਪੂਰਬ ਪੱਛਮ ਦੱਖਣ ਮਨ ਮਤ, ਗੁਰਮਤ ਨਜ਼ਰ ਕੋਇ ਨਾ ਆਈਆ । ਮਾਨਵ ਮਾਨੁਖ ਮਾਣਸ ਉਬਲੇ ਰਤ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ ।

ਜਗਤ ਜਗਿਆਸੂ ਰਿਹਾ ਨਾ ਧੀਰਜ ਜਤ, ਸਤਿ ਵਿਚ ਨਾ ਕੋਇ ਸਮਾਈਆ । ਮਨ ਕਲਪਣਾ ਸਾਰੇ ਰਹੇ ਨੱਠ, ਦਿਵਸ ਰੈਣ ਭੱਜਣ ਵਾਹੋ ਦਾਹੀਆ । ਮੈਂ ਫਿਰ ਕੇ ਆਇਆ ਤੀਰਥ ਅੱਠ ਸੱਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਫੇਰਾ ਪਾਈਆ । ਮੈਂ ਤਕੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਗੁਰੂਦਵਾਰੇ ਅੱਖ ਉਠਾਈਆ । ਚਾਰੋਂ ਕੁੰਟ ਨਜ਼ਰ ਆਏ ਕੋਇ ਨਾ ਸਚ, ਸਚ ਵਿਚ ਨਾ ਕੋਇ ਸਮਾਈਆ । ਭਾਗ ਲੱਗਾ ਨਾ ਕਿਸੇ ਕਾਇਆ ਮਾਟੀ ਕੱਚ, ਕੰਚਨ ਗੜ੍ਹ ਨਾ ਕੋਇ ਸੁਹਾਈਆ । ਮੇਰਾ ਪੁਰਖ ਅਕਾਲ ਦੀਨ ਦਿਆਲ ਲੂੰ ਲੂੰ ਅੰਦਰ ਗਿਆ ਕਿਸੇ ਨਾ ਰਚ, ਸਾਢੇ ਤਿੰਨ ਕਰੋੜ ਰੋਮ ਰੋਵੇ ਮਾਰੇ ਧਾਈਆ । ਬੁੱਲਾਂ ਨਾਲ ਰਸਨਾ ਨਾਲ ਜਿਹਵਾ ਨਾਲ ਸਾਰੇ ਕਰਦੇ ਜਪ, ਹਿਰਦੇ ਹਰਿ ਨਾ ਕੋਇ ਵਸਾਈਆ । ਤਪੀਸ਼ਰਾਂ ਪੂਰਾ ਦਿਸੇ ਨਾ ਤਪ, ਜੁਗੀਸ਼ਰਾਂ ਜੋਗ ਨਾ ਕੋਇ ਵਖਾਈਆ । ਸਾਧਾਂ ਸੰਤਾਂ ਜੋਤ ਜਗੇ ਨਾ ਲਟ ਲਟ, ਕਾਇਆ ਮੰਦਰ ਨਾ ਕੋਇ ਰੁਸ਼ਨਾਈਆ । ਅਨਹਦ ਸ਼ਬਦ ਨਾ ਵੱਜੇ ਸੱਟ, ਨਾਦੀ ਧੁਨ ਨਾ ਕੋਇ ਸ਼ਨਵਾਈਆ । ਸਭ ਦਾ ਖੇੜਾ ਦਿਸੇ ਭੱਠ, ਕਲਜੁਗ ਅਗਨੀ ਰਿਹਾ ਜਲਾਈਆ । ਧਰਮ ਮੁਨਾਰਾ ਰਿਹਾ ਢੱਠ, ਸਚ ਮਹੱਲ ਨਾ ਕੋਇ ਸੁਹਾਈਆ । ਅੱਸੂ ਕਹੇ ਮੈਂ ਫਿਰ ਕੇ ਵੇਖਿਆ ਨੱਠ, ਨੱਠਿਆ ਭੱਜਿਆ ਵਾਹੋ ਦਾਹੀਆ । ਝਗੜਾ ਤੱਕਿਆ ਦੀਨ ਮਜ਼੍ਹਬ ਦੀ ਵੱਟ, ਹਦੂਦ ਪਾਰ ਨਾ ਕੋਇ ਕਰਾਈਆ । ਅੱਖਰਾਂ ਵਾਲਾ ਕਲਮਾ ਸਾਰੇ ਰਹੇ ਰਟ, ਸਿਫ਼ਤਾਂ ਵਾਲੇ ਢੋਲੇ ਗਾਈਆ । ਦੀਨ ਦੁਨੀ ਖੇਲ ਵੇਖਿਆ ਬਾਜੀਗਰ ਨਟ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਅੱਸੂ ਕਹੇ ਮੈਂ ਤਿੰਨ ਦਿਨ ਰਿਹਾ ਫਿਰਦਾ, ਫਿਰਤ ਫਿਰਤ ਆਪਣਾ ਪੰਧ ਮੁਕਾਈਆ । ਬਿਨਾ ਪ੍ਰਭ ਦੀ ਕਿਰਪਾ ਤੋਂ ਕਿਸੇ ਦਾ ਸਾਫ਼ ਦਿਸੇ ਨਾ ਹਿਰਦਾ, ਹਾਰਦਿਕ ਦੇਵਾਂ ਨਾ ਕੋਇ ਵਧਾਈਆ । ਜਿਹੜਾ ਸੰਤ ਸੁਹੇਲਾ ਵਿਛੜਿਆ ਚਿਰ ਦਾ, ਚਿਰੀ ਵਿਛੁੰਨੇ ਪ੍ਰਭ ਆਪ ਮਿਲਾਈਆ । ਇਹ ਖੇਲ ਪ੍ਰਭੂ ਨਿਰਵੈਰ ਨਿਰ ਦਾ, ਜੋ ਨਿਜ ਘਰ ਬੈਠਾ ਆਸਣ ਲਾਈਆ । ਜਿਸ ਦਾ ਜੁਗ ਚੌਕੜੀ ਗੇੜਾ ਗਿੜਦਾ, ਅਵਤਾਰ ਪੈਗ਼ੰਬਰ ਗੁਰੂ ਗੁਰ ਰੂਪ ਵਟਾਈਆ । ਉਹ ਮਾਲਕ ਖ਼ਾਲਕ ਦੋ ਜਹਾਨਾਂ ਪਿੜ ਦਾ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਈਆ । ਉਹ ਲੇਖਾ ਜਾਣੇ ਲੱਖ ਚੁਰਾਸੀ ਧੜ ਸਿਰ ਦਾ, ਸ੍ਰੀ ਸਰ ਆਪਣੀ ਕਾਰ ਕਮਾਈਆ । ਜਿਸ ਦਾ ਰੂਪ ਨਾ ਬਾਲ ਨਾ ਬਿਰਧਾ, ਜੋਬਨਵੰਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਤਿੰਨ ਅੱਸੂ ਕਹੇ ਮੈਂ ਗਿਆ ਬ੍ਰਹਿਮੰਡ ਖੰਡ ਵਿਚ ਪੁਰੀ ਲੋਅ, ਆਕਾਸ਼ ਆਕਾਸ਼ਾਂ ਧਿਆਨ ਲਗਾਈਆ । ਮੈਂ ਆਵਾਜ਼ ਸੁਣੀ ਇਕੋ ਸੋ, ਸੋ ਪੁਰਖ ਨਿਰੰਜਣ ਰਿਹਾ ਦ੍ਰਿੜਾਈਆ । ਹਰਿ ਪੁਰਖ ਨਿਰੰਜਣ ਬਖ਼ਸ਼ਿਆ ਮੋਹ, ਮੁਹੱਬਤ ਇਕੋ ਇਕ ਜਣਾਈਆ । ਏਕੰਕਾਰ ਕਿਹਾ ਅਵਰ ਨਾ ਕੋਅ, ਦੂਜਾ ਨਜ਼ਰ ਕੋਇ ਨਾ ਆਈਆ । ਆਦਿ ਨਿਰੰਜਣ ਆਪੇ ਗਿਆ ਆਪੇ ਹੋ, ਜੋਤੀ ਜਾਤੇ ਰੂਪ ਦਿਤਾ ਦਰਸਾਈਆ । ਅਬਿਨਾਸ਼ੀ ਕਰਤਾ ਸਭ ਨਾਲੋਂ ਹੋ ਨਿਰਮੋਹ, ਨੂਰ ਨੁਰਾਨਾ ਡਗਮਗਾਈਆ । ਸ੍ਰੀ ਭਗਵਾਨ ਜੋਤੀ ਧਾਰ ਰਿਹਾ ਛੋਹ, ਛੋਹਰਾ ਬਾਂਕਾ ਸੋਭਾ ਪਾਈਆ । ਪਾਰਬ੍ਰਹਮ ਆਪਣੀ ਧਾਰ ਆਪ ਪਰੋ, ਪਰਮ ਪੁਰਖ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅੱਸੂ ਤਿੰਨ ਕਹੇ ਮੈਂ ਦਿਵਸ ਰੈਣ ਫਿਰਿਆ ਭੱਜਾ, ਭਜਨ ਬੰਦਗੀ ਵਾਲੇ ਵੇਖ ਵਖਾਈਆ । ਦੀਨਾਂ ਮਜ਼੍ਹਬਾਂ ਅੰਦਰ ਕੀਤੀ ਗਜਾ,

੧੪੩੭
੨੨

੧੪੩੮ ੨੨

ਗਜ ਦਾ ਲੇਖਾ ਪੂਰ ਕਰਾਈਆ । ਧੁਰ ਦਾ ਭਾਣਾ ਮੰਨਿਆ ਚਲਿਆ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਸੇਵ ਕਮਾਈਆ । ਬਿਨਾ ਭਗਤਾਂ ਤੋਂ ਅੰਦਰ ਪ੍ਰਭ ਦਾ ਮਿਲੇ ਕਿਸੇ ਨਾ ਮਜ਼ਾ, ਮਜ਼ਾਕ ਕਰੇ ਜਗਤ ਲੋਕਾਈਆ । ਮੈਂ ਚੜ੍ਹਦਾ ਲਹਿੰਦਾ ਤੱਕਿਆ ਸਭ ਦੇ ਸਿਰ ਤੇ ਕੂਕਦੀ ਕਜ਼ਾ, ਕਾਜ਼ੀ ਮੁੱਲਾਂ ਸ਼ੇਖ਼ ਰੋਵਨ ਮਾਰਨ ਧਾਈਆ । ਬਹੁੜੀ ਪਵਿਤਰ ਰਹੀ ਕੋਇ ਨਾ ਜਗ੍ਹਾ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਅੱਗੇ ਵਧਣਾ ਨਹੀਂ ਕਿਸੇ ਦਾ ਅੱਗਾ, ਅਗਲਾ ਭੇਵ ਕੋਇ ਨਾ ਪਾਈਆ । ਦੀਨ ਦੁਨੀ ਬੁੱਧੀ ਹੋਈ ਵਾਂਗ ਕੱਗਾ, ਕਾਗ ਵਾਂਗ ਕੁਰਲਾਈਆ । ਮਨ ਸਤਿਗੁਰੂ ਡੋਰੀ ਸ਼ਬਦ ਕਿਸੇ ਨਾ ਬੱਧਾ, ਬੰਦਗੀ ਵਿਚ ਨਾ ਕੋਇ ਸਮਾਈਆ । ਕੂੜ ਕਿਰਿਆ ਦਾ ਲੱਗਾ ਧੱਬਾ, ਦੁਰਮਤ ਮੈਲ ਨਾ ਕੋਇ ਧਵਾਈਆ । ਪਰਵਰਦਿਗਾਰ ਨਜ਼ਰ ਨਾ ਆਏ ਅੱਬਾ, ਅਮੀਜਾਨ ਗੋਦ ਨਾ ਕੋਇ ਸੁਹਾਈਆ । ਅੱਸੂ ਤਿੰਨ ਕਹੇ ਮੇਰਾ ਪਰਵਿਸ਼ਟਾ ਮੇਰਾ ਦਿਵਸ ਜਿਸ ਵੇਲੇ ਹਰਿ ਗੋਬਿੰਦ ਵਰ ਦਿਤਾ ਸੀ ਸੁਲੱਖਣੀ ਵਿਚ ਚੱਬਾ, ਚਾਬਕ ਆਪਣੇ ਹੱਥ ਬਦਲਾਈਆ । ਗੋਬਿੰਦ ਨੇ ਅੱਖਰ ਬਦਲਿਆ ਬੱਬਾ, ਬਾਬਲ ਤੇਰੀ ਬੇਪਰਵਾਹੀਆ । ਨਾਰਦ ਜੁਗ ਜੁਗ ਮੇਰੇ ਦਿਵਸ ਖ਼ਾਲੀ ਵਜਾਉਂਦਾ ਰਿਹਾ ਪਹਿਲੋਂ ਡੱਬਾ, ਡੌਰੂ ਜਗਤ ਵਾਲਾ ਖੜਕਾਈਆ । ਕਬੀਰ ਨੇ ਤਾਣਾ ਉਣਨ ਵਾਸਤੇ ਮੇਰੇ ਦਿਵਸ ਪਹਿਲੀ ਵਾਰ ਗੱਡਿਆ ਸੀ ਅੱਡਾ, ਅੱਡੀ ਚੋਟੀ ਇਕ ਧਿਆਨ ਲਗਾਈਆ । ਰਵਦਾਸ ਨੇ ਜਗਤ ਪਿਆਰ ਏਸੇ ਦਿਨ ਸੀ ਛੱਡਾ, ਛੱਡੀ ਲਿਵ ਜਗਤ ਲੋਕਾਈਆ । ਬੱਧਕ ਨੂੰ ਕ੍ਰਿਸ਼ਨ ਦੇ ਤੀਰ ਨੇ ਪਿਆਰ ਵਿਚ ਏਸੇ ਦਿਨ ਸੀ ਬਿੱਧਾ, ਨਿਸ਼ਾਨਾ ਪਰਭਾਸ ਵਿਚ ਲਗਾਈਆ । ਹਰਿ ਕ੍ਰਿਸ਼ਨ ਨੇ ਛੋਟੀ ਅਵਸਥਾ ਮੇਰੇ ਦਿਵਸ ਮਸਤਕ ਨਾਲ ਬੱਧਾ ਛੱਬਾ, ਤੀਜੇ ਸਾਲ ਵਿਚ ਵਡਿਆਈਆ । ਤਿੰਨ ਅੱਸੂ ਕਹੇ ਦੁਰਗਾ ਅਸ਼ਟਭੁਜ ਅਸਵਾਰ ਹੋਈ ਸੀ ਉਤੇ ਸ਼ੇਰ ਬੱਗਾ, ਸ਼ਸਤਰ ਅੱਠਾਂ ਭੁਜਾਂ ਵਿਚ ਸੁਹਾਈਆ । ਉਂਗਲ ਫੇਰੀ ਸੀ ਉਤੇ ਆਪਣਿਆਂ ਲਬਾਂ ਲਬਰੇਜ ਕੀਤੀ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਅੱਸੂ ਤਿੰਨ ਕਹੇ ਮੈਂ ਆਇਆ ਮਾਤ ਜਗ, ਪ੍ਰਭ ਦਿਤੀ ਮਾਣ ਵਡਿਆਈਆ । ਈਸਾ ਨੂੰ ਮੇਰੇ ਦਿਵਸ ਦਿਨ ਪਹਿਲੀ ਵਾਰ ਹੋਇਆ ਸੀ ਹੱਜ, ਹੁਜਰਾ ਹੱਕ ਹੱਕ ਵਡਿਆਈਆ । ਮੂਸਾ ਗ੍ਰਿਹ ਛੋੜ ਕੇ ਗਿਆ ਸੀ ਭੱਜ, ਦਿਵਸ ਉਹੋ ਸੋਭਾ ਪਾਈਆ । ਕੋਹਤੂਰ ਉਤੇ ਹਜ਼ੂਰ ਲਿਆ ਸੱਦ, ਸਦਾ ਸ਼ਬਦੀ ਨਾਮ ਜਣਾਈਆ । ਇਹ ਖੇਲ ਸੂਰਾ ਸਰਬਗ, ਹਰਿ ਕਰਤਾ ਆਪ ਕਰਾਈਆ । ਜੋ ਸੰਦੇਸ਼ਾ ਦੇਵੇ ਅੱਜ, ਅਜਮਤੋ ਕਸਮਤੋ ਅਜਿਬਵਾ ਅਤਿਲ ਹੋ ਧੁਰ ਦਾ ਹੁਕਮ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਦਾ ਖੇਲ ਖਿਲਾਈਆ । ਅੱਸੂ ਤਿੰਨ ਕਹੇ ਮੈਂ ਦੱਸਾਂ ਨਾਲ ਪਿਆਰ, ਪ੍ਰੀਤਮ ਭੇਵੀ ਭੇਵ ਖੁਲ੍ਹਾਈਆ । ਗੋਬਿੰਦ ਦੱਸੀ ਸਾਚੀ ਧਾਰ, ਦੋ ਇਕ ਦਾ ਜੋੜ ਜੁੜਾਈਆ । ਜਿਸ ਨੂੰ ਇੱਕੀ ਕਹੇ ਸੰਸਾਰ, ਦੂਆ ਏਕਾ ਮੇਲ ਮਿਲਾਈਆ । ਇਹ ਖੇਲ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਅਗੰਮੀ ਕਾਰ, ਹਰਿ ਕਰਤਾ ਆਪ ਕਰਾਈਆ । ਜਿਨ੍ਹਾਂ ਮੇਲਾ ਮਿਲ ਜਾਏ ਹਰਿ ਕੰਤ ਭਤਾਰ, ਪ੍ਰਭ ਮਿਲ ਕੇ ਵੱਜੇ ਵਧਾਈਆ । ਸੋ ਮੰਜ਼ਲ ਚੜ੍ਹਨ ਦੁਸ਼ਵਾਰ, ਦੂਤੀ ਦੁਸ਼ਮਣ ਅੰਦਰ ਅਟਕਾ ਸਕੇ ਕੋਇ ਨਾ ਰਾਈਆ । ਮਿਲਣ ਉਸ ਸੱਚੀ ਸਰਕਾਰ, ਜੋ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਾਚੀ ਇਕੀ ਬਣਾਏ ਆਪ ਏਕੰਕਾਰ, ਦੂਆ ਏਕਾ ਰੰਗ ਰੰਗਾਈਆ । ਭਗਤ ਭਗਵਾਨ ਖੇਲ ਅਪਾਰ, ਅਪਰੰਪਰ ਸਵਾਮੀ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਸਤਕ ਲੇਖ ਬਣਾਈਆ । ਤਿੰਨ ਅੱਸੂ ਕਹੇ ਮੈਂ ਦੱਸਾਂ ਹੱਕ ਹਕੀਕੀ, ਹਕੀਕਤ ਦਿਆਂ ਦ੍ਰਿੜਾਈਆ । ਪ੍ਰਭ ਮਿਲਿਆ ਲਾਸ਼ਰੀਕੀ, ਸ਼ਰਕਤ ਸਭ ਦੀ ਦਏ ਗਵਾਈਆ । ਜਿਸ ਦੇ ਵਿਚ ਹੱਕ ਤੌਫ਼ੀਕੀ, ਤਾਕਤਵਰ ਬੇਪਰਵਾਹੀਆ । ਜੋ ਦਿਸੇ ਹਰ ਘਟ ਨਜ਼ਦੀਕੀ, ਦੂਰ ਦੁਰਾਡਾ ਪੰਧ ਮੁਕਾਈਆ । ਵਿਛੋੜਾ ਰਹਿਣ ਨਾ ਦੇਵੇ ਫ਼ਰੀਕੀ, ਫ਼ਿਰਕਾ ਅੰਦਰੋਂ ਦਏ ਗਵਾਈਆ । ਮੰਜ਼ਲ ਬਖ਼ਸ਼ੇ ਅਗੰਮ ਹਕੀਕੀ, ਹਮਾਕਤ ਅੰਦਰੋਂ ਦਏ ਕਢਾਈਆ । ਜਨ ਭਗਤਾਂ ਅੰਦਰ ਰਹਿਣ ਨਾ ਦੇਵੇ ਤਾਰੀਕੀ, ਅੰਧ ਅਗਿਆਨ ਦਏ ਗਵਾਈਆ । ਕੂੜ ਕਿਰਿਆ ਉਤੇ ਮਾਰ ਕੇ ਲੀਕੀ, ਲਾਈਨ ਐਨ ਦਏ ਵਖਾਈਆ । ਆਸ਼ਾ ਵੇਖੇ ਜੀਵ ਜੀਅ ਕੀ, ਘਰ ਘਰ ਬੈਠਾ ਸੋਭਾ ਪਾਈਆ । ਗੁਰਮੁਖਾਂ ਲੇਖਾ ਪੂਰਾ ਕਰੇ ਪਿਛਲੀ ਬੀਤੀ, ਅੱਗੇ ਆਪਣੇ ਘਰ ਵਸਾਈਆ । ਜਿਥੇ ਆਤਮਾ ਰਹੇ ਸਦਾ ਅਤੀਤੀ, ਤ੍ਰੈਗੁਣ ਵਿਚ ਕਦੇ ਨਾ ਆਈਆ । ਇਕੋ ਚਾੜ੍ਹ ਰੰਗ ਮਜੀਠੀ, ਦੁਰਮਤ ਮੈਲ ਦਏ ਧਵਾਈਆ । ਸਦਾ ਸਚ ਦਵਾਰੇ ਰਹੇ ਜੀਤੀ, ਮਰਨ ਵਿਚ ਕਦੇ ਨਾ ਆਈਆ । ਅੱਸੂ ਕਹੇ ਜਨ ਭਗਤੋ ਤੁਹਾਡੇ ਅੰਦਰ ਵੜ ਕੇ ਆਪਣੀ ਆਪ ਦੱਸੇ ਪ੍ਰੀਤੀ, ਪ੍ਰੀਤਮ ਹੋ ਕੇ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਅੱਸੂ ਕਹੇ ਤਿੰਨ ਮੈਂ ਫਿਰਿਆ ਤਟ ਕਿਨਾਰੇ ਗੰਗਾ, ਗੋਦਾਵਰੀ ਧਿਆਨ ਲਗਾਈਆ । ਕਲਜੁਗ ਤੱਕਿਆ ਉਤੇ ਫਿਰੇ ਇਕ ਟੰਗਾ, ਲੰਗੜਾ ਲੂਲ੍ਹਾ ਰੂਪ ਬਣਾਈਆ । ਸਭ ਦੇ ਕੋਲੋਂ ਮੰਗਦਾ ਫਿਰੇ ਮੰਗਾਂ, ਭਿੱਛਿਆ ਦੇਵੋ ਚਾਈਂ ਚਾਈਂਆ । ਫੇਰ ਵੇਖਿਆ ਖੇਲ ਸੂਰਾ ਸਰਬੰਗਾ, ਕੀ ਕਰਤਾ ਕਾਰ ਕਮਾਈਆ । ਜਿਸ ਦੇ ਕੋਲ ਸ਼ਬਦ ਅਗੰਮੀ ਡੰਡਾ, ਡੰਡਾਵਤ ਸਭ ਦੀ ਰਿਹਾ ਬਦਲਾਈਆ । ਤੱਕਿਆ ਪਾਂਧਾ ਪੰਡਾ, ਪੰਡਤਾਂ ਖੋਜ ਖੁਜਾਈਆ । ਇਕ ਹੋਰ ਖੇਲ ਵੇਖਿਆ ਅਚੰਭਾ, ਨਾਰਦ ਬੋਦੀ ਰਿਹਾ ਹਿਲਾਈਆ । ਆਪਣਾ ਸਰੀਰ ਬਣਾ ਕੇ ਲੰਬਾ, ਲੰਮਾ ਪੈ ਕੇ ਸਭ ਨੂੰ ਰਿਹਾ ਡਰਾਈਆ । ਅੱਸੂ ਕਹੇ ਮੈਂ ਥਰ ਥਰਾ ਕੇ ਕੰਬਾ, ਅੰਦਰ ਹਿੰਮਤ ਰਹੀ ਨਾ ਰਾਈਆ । ਉਸ ਮੈਨੂੰ ਝਟ ਵਖਾਇਆ ਰਵਦਾਸ ਵਾਲਾ ਰੰਬਾ, ਜਿਸ ਨੂੰ ਰੰਬੀ ਕਹੇ ਲੋਕਾਈਆ । ਫੇਰ ਜਣਾਇਆ ਉਹ ਵੇਖ ਟੁੱਟਾ ਹੋਇਆ ਪਲੰਘਾ, ਜਿਸ ਦੀ ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਫੇਰ ਦੱਸਿਆ ਉਹ ਤਕ ਪਿਛੇ ਹਰਨਾਕਸ਼ ਵਾਲਾ ਥੰਭਾ, ਪ੍ਰਹਿਲਾਦ ਸੰਗ ਨਿਭਾਈਆ । ਫੇਰ ਵਖਾਇਆ ਨਾਲੇ ਡਰਾਇਆ ਤਕ ਲੈ ਸਤਰੰਗਾ ਜੋ ਆਇਆ ਵਿਚੋਂ ਛੰਬਾ, ਝੰਬ ਕੇ ਸਭ ਨੂੰ ਦਏ ਵਖਾਈਆ । ਜਿਸ ਨੇ ਪੰਖੀਆਂ ਭੰਨਣੇ ਖੰਭਾ, ਆਲ੍ਹਣੇ ਦੇਣ ਦੁਹਾਈਆ । ਮਾਨਵ ਜੁੜਿਆ ਰਹਿਣ ਨਹੀਂ ਦੇਣਾ ਕੰਧੇ ਨਾਲ ਕੰਧਾ, ਕੰਧੀ ਹੱਥ ਕਿਛ ਨਾ ਆਈਆ । ਉਸ ਨੇ ਦੀਨ ਦੁਨੀ ਦਾ ਬਦਲ ਦੇਣਾ ਧੰਦਾ, ਧਰਮ ਦੀ ਧਾਰ ਇਕ ਜਣਾਈਆ । ਜਨ ਭਗਤ ਬਣਾ ਕੇ ਬੰਦਗੀ ਵਾਲਾ ਬੰਦਾ, ਬੰਧਨ ਸਚ ਦੇਣਾ ਬੰਧਾਈਆ । ਗੁਰਮੁਖ ਨੇਤਰਹੀਣ ਰਹੇ ਕੋਇ ਨਾ ਅੰਧਾ, ਅੰਧਕਾਰ ਦੇਣਾ ਗਵਾਈਆ । ਆਤਮ ਬ੍ਰਹਮ ਦੇ ਕੇ ਅਨੰਦਾ, ਅਨੰਦਪੁਰ ਦਾ ਲੇਖਾ ਪੂਰ ਕਰਾਈਆ । ਨਿਸ਼ਾਨ ਮੇਟ ਕੇ ਤਾਰਾ ਚੰਦਾ, ਸਦੀ ਚੌਧਵੀਂ ਮੁਹੰਮਦ ਦਾ ਲੇਖਾ ਝੋਲੀ ਦਏ ਟਿਕਾਈਆ । ਫੇਰ ਦੱਸ ਕੇ ਤੂੰ ਮੇਰਾ ਮੈਂ ਤੇਰਾ ਛੰਦਾ, ਸੋਹੰ ਕਰੇ ਹੱਕ ਪੜ੍ਹਾਈਆ । ਹਰਿਜਨ ਰਹੇ ਮੂਲ ਨਾ ਰੰਡਾ, ਰੰਡੇਪਾ ਪਿਛਲਾ ਦੇਣਾ ਮੁਕਾਈਆ । ਜਿਸ ਨੇ ਘਰ ਘਰ ਵਿਚੋਂ ਖਾਧਾ ਗੰਢਾ, ਗੰਢ ਸਭ ਦੀ ਦਏ ਪਵਾਈਆ । ਹਰਿ ਹਿਰਦਾ ਕਰ ਕੇ ਠੰਡਾ, ਤਤਵ ਤਤ ਦਏ ਬੁਝਾਈਆ । ਧਰਮ ਪਿਆਰ ਬਖ਼ਸ਼ ਕੇ ਚੰਗਾ, ਚੰਗੀ ਦਏ ਵਡਿਆਈਆ । ਅੱਸੂ ਕਹੇ ਮੈਂ ਫਿਰ ਚਲਿਆ

ਬਿਨਾ ਜੰਘਾ, ਭੱਜਿਆ ਵਾਹੋ ਦਾਹੀਆ । ਬਾਬੂਪੁਰ ਪਹੁੰਚਿਆ ਜਿਥੇ ਮੇਲਾ ਸਿੰਘ ਦਾ ਪਿੰਡਾ ਨੰਗਾ, ਓਢਣ ਸੀਸ ਨਾ ਕੋਇ ਟਿਕਾਈਆ । ਮੈਂ ਹੱਸ ਕੇ ਕਿਹਾ ਪ੍ਰਭੂ ਜੇ ਕਿਰਪਾ ਕਰੇਂ ਤੇ ਗੁਰਮੁਖ ਅੰਦਰੋਂ ਰਹਿਣ ਦੇਵੀਂ ਕੋਇ ਨਾ ਗੰਦਾ, ਕੂੜੀ ਕਿਰਿਆ ਸਭ ਦੀ ਦੇਣੀ ਕਢਾਈਆ । ਪਿਛੇ ਕਲਜੁਗ ਤੇਰਾ ਲੰਘਾ, ਆਪਣਾ ਪੰਧ ਮੁਕਾਈਆ । ਫੇਰ ਨਜ਼ਰ ਆ ਗਿਆ ਅੱਸੂ ਕਹੇ ਮੈਨੂੰ ਗੋਬਿੰਦ ਵਾਲਾ ਖੰਡਾ, ਜਿਸ ਦੀ ਧਾਰ ਲੁਹਾਰ ਤਰਖਾਣ ਨਾ ਕੋਇ ਘੜਾਈਆ । ਜਿਸ ਨੇ ਲਹਿਣਾ ਦੇਣਾ ਪੂਰਾ ਕਰਨਾ ਖੰਡ ਬ੍ਰਹਿਮੰਡਾ, ਵਰਭੰਡ ਧਿਆਨ ਲਗਾਈਆ । ਜਿਸ ਨੂੰ ਕਹਿੰਦੇ ਚੰਡ ਪਰਚੰਡਾ, ਪਰਚੰਡ ਚੰਡ ਰੂਪ ਬਣਾਈਆ । ਓਹ ਨਵ ਸੱਤ ਦਾ ਵੇਖੇ ਦੰਗਾ, ਉੱਤਰ ਪੂਰਬ ਪੱਛਮ ਦੱਖਣ ਅੱਖ ਖੁਲ੍ਹਾਈਆ । ਜਿਸ ਕਾਰਨ ਸਤਿਗੁਰ ਸ਼ਬਦ ਨੇ ਕਸਿਆ ਤੰਗਾ, ਦੋ ਜਹਾਨਾਂ ਫਿਰੇ ਚਾਈਂ ਚਾਈਂਆ । ਮਰਦ ਮਰਦਾਨਾ ਵਜਾਏ ਮਰਦੰਗਾ, ਡੌਰੂ ਧੁਰ ਦਾ ਨਾਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨੰਗਾ ਪਿੰਡਾ ਕਹੇ ਮੇਰਾ ਓਢਣ ਬਖ਼ਸ਼ ਦੇ ਸੀਸ, ਸਚ ਤੇਰੀ ਸਰਨਾਈਆ । ਤੂੰ ਭਗਵਨ ਹਰਿ ਜਗਦੀਸ, ਜਗਦੀਸ਼ਰ ਨੂਰ ਇਲਾਹੀਆ । ਲੇਖਾ ਵੇਖ ਬੀਸ ਅਕੀਸ, ਈਸਾ ਮੂਸਾ ਮੁਹੰਮਦ ਧਿਆਨ ਲਗਾਈਆ । ਗੋਬਿੰਦ ਰੱਖ ਕੇ ਗਿਆ ਉਡੀਕ, ਨਾਨਕ ਨਿਰਗੁਣ ਅੱਖ ਉਠਾਈਆ । ਤੇਰੀ ਸ਼ਹਾਦਤ ਦੇਵੇ ਭਵਿਖਤਾਂ ਵਾਲੀ ਤਾਰੀਖ, ਪੇਸ਼ੀਨਗੋਈਆਂ ਸੰਗ ਰਲਾਈਆ । ਵੇਲਾ ਵਕਤ ਤਕ ਕਰੀਬ, ਕੁਦਰਤ ਦੇ ਮਾਲਕ ਖੋਜ ਖੁਜਾਈਆ । ਉਠ ਵੇਖ ਦੁਖੀ ਹੋਏ ਜੀਵ ਗ਼ਰੀਬ, ਗ਼ਰੀਬਾਂ ਗੋਦ ਨਾ ਕੋਇ ਉਠਾਈਆ । ਇੱਕੀ ਸਿਖਾਂ ਨੂੰ ਦੋ ਇਕ ਦੀ ਧਾਰ ਦੇ ਤਰਤੀਬ, ਸਰਗੁਣ ਨਿਰਗੁਣ ਵਿਚ ਸਮਾਈਆ । ਤਿਸ ਦਾ ਲੇਖਾ ਪੂਰਾ ਕਰ ਜੋ ਲਿਖਿਆ ਵਿਚ ਕੁਰਾਨ ਮਜੀਦ, ਮਜਮੂਆ ਅੱਖਰਾਂ ਵਾਲਾ ਬਣਾਈਆ । ਤੇਰੇ ਚੰਨ ਦੀ ਚੰਨ ਹੋਵੇ ਈਦ, ਈਦੁਲਫ਼ਿਤਰ ਦਾ ਪੰਧ ਮੁਕਾਈਆ । ਸਭ ਨੂੰ ਕਰਦੇ ਤਾਕੀਦ, ਸੰਦੇਸ਼ਾ ਦੇਣਾ ਥਾਉਂ ਥਾਈਂਆ । ਜਿਹੜੇ ਅਵਤਾਰ ਪੈਗ਼ੰਬਰ ਗੁਰੂ ਤੇਰੇ ਅਜ਼ੀਜ਼, ਪਿਆਰਿਆਂ ਪ੍ਰੇਮ ਨਾਲ ਸਮਝਾਈਆ । ਸਾਰੇ ਤਕੋ ਲਾ ਕੇ ਦੀਨ ਦੁਨੀ ਨੀਝ, ਬਿਨ ਨੈਣਾਂ ਅੱਖ ਉਠਾਈਆ । ਪੰਜਾਂ ਤਤਾਂ ਉਤੇ ਰਹੀ ਨਾ ਕੋਇ ਧਰਮ ਦੀ ਕਮੀਜ਼, ਜਿਸ ਦੀ ਧਰਮ ਦਵਾਰੇ ਮੇਲਾ ਸਿੰਘ ਦਏ ਗਵਾਹੀਆ । ਜੋ ਜਗਤ ਵਿਚ ਧੁਰ ਦੇ ਨਾਮ ਦਾ ਬੀਜ ਕੇ ਆਏ ਬੀਜ, ਫਲ ਫੁੱਲ ਫੁੱਲ ਫਲ ਵੇਖੋ ਚਾਈਂ ਚਾਈਂਆ । ਜਿਹੜੇ ਤੁਹਾਡਾ ਨਾਮ ਕਲਮਾ ਜਪਦੇ ਨਾਲ ਜੀਭ, ਸਿਫ਼ਤ ਅੱਖਰਾਂ ਵਿਚ ਗਾਈਆ । ਕਿਉਂ ਨਹੀਂ ਗ਼ਫ਼ਲਤ ਵਿਚੋਂ ਖੁਲ੍ਹੀ ਉਨ੍ਹਾਂ ਦੀ ਨੀਂਦ, ਨਿਜ ਨੇਤਰ ਨਾ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਸਚ ਪਰਗਟਾਈਆ । ਅੱਸੂ ਤਿੰਨ ਕਹੇ ਮੈਂ ਆਇਆ ਪੁਰ ਬਾਬੂ, ਬਾਬਲ ਦਿਤੀ ਵਡਿਆਈਆ । ਜਿਸ ਨੇ ਗੁਰਮੁਖ ਸੰਤ ਸੁਹੇਲੇ ਕੀਤੇ ਕਾਬੂ, ਝਗੜਾ ਕਾਬਲ ਵਿਚ ਦੇਵੇ ਪਾਈਆ । ਜਿਸ ਦਾ ਸ਼ਾਹ ਈਰਾਨ ਉਤੇ ਚਲਣਾ ਜਾਦੂ, ਜਾਦੂ ਨਾਮ ਵਾਲਾ ਵਰਤਾਈਆ । ਮੂਸਾ ਨੂੰ ਬਣਾ ਕੇ ਆਗੂ, ਈਸਾ ਨਾਤਾ ਦੇਣਾ ਰਖਾਈਆ । ਮੁਹੰਮਦ ਦੀ ਅੱਗ ਲਾਉਣੀ ਵਿਚ ਤਮ੍ਹਾ ਵਾਲੇ ਤਮਾਕੂ, ਫੁੰਕਾਰਾ ਇਕੋ ਕਲਮਾ ਕਲਾਮ ਜਣਾਈਆ । ਸਦੀ ਚੌਧਵੀਂ ਅੰਦਰ ਪਰਵਰਦਿਗਾਰ ਦੀਨਾਂ ਮਜ਼੍ਹਬਾਂ ਵਿਚ ਫਿਰੇ ਬਣ ਕੇ ਡਾਕੂ, ਡਾਕਾ ਮਾਰੇ ਥਾਉਂ ਥਾਈਂਆ । ਸ੍ਰਿਸ਼ਟੀ ਘੁੰਮਣੀ ਵਾਂਗ ਲਾਟੂ, ਲੁਟੇਰਾ ਨਜ਼ਰ ਕਿਸੇ ਨਾ ਆਈਆ । ਜਿਸ ਕਾਰਨ ਖੇਲ ਕਰਾਏ ਭਗਤਾਂ ਦਾ ਤੰਬਾ ਪਾਟੂ, ਪਟਨੇ ਵਾਲੇ ਹੁਕਮ ਜਣਾਈਆ । ਝਗੜਾ ਪੈਣਾ ਇਕੋ ਵਾਰ ਇਕ ਸੌ ਇਕ ਟਾਪੂ, ਟੱਪਾ ਟੱਪਾ

ਵੰਡ ਨਾ ਕੋਇ ਵੰਡਾਈਆ । ਅੱਸੂ ਤਿੰਨ ਕਹੇ ਜਨ ਭਗਤੇ ਮੈਂ ਇਕ ਸੰਦੇਸ਼ਾ ਆਖੂੰ, ਸੁਣਾਵਾਂ ਚਾਈਂ ਚਾਹੀਆ । ਬਿਨਾ ਪੁਰਖ ਅਕਾਲ ਤੋਂ ਦੀਨ ਦਿਆਲ ਤੋਂ ਕਿਸੇ ਨੂੰ ਮੰਨਿਓ ਮੂਲ ਨਾ ਬਾਪੂ, ਅਵਤਾਰ ਪੈਗ਼ੰਬਰ ਗੁਰੂ ਚਾਚਿਆਂ ਦੀ ਲੋੜ ਰਹੇ ਨਾ ਰਾਈਆ । ਜੋ ਏਥੇ ਓਥੇ ਦੋ ਜਹਾਨਾਂ ਤੁਹਾਨੂੰ ਸਾਂਭੂ, ਸੰਬਲ ਬਹਿ ਕੇ ਆਪਣੀ ਦਇਆ ਕਮਾਈਆ । ਇਕ ਗੱਲ ਯਾਦ ਰੱਖਿਓ ਕੱਲ ਨੂੰ ਸਵਾ ਸੇਰ ਜ਼ਰੂਰ ਭੁੰਨਾ ਕੇ ਲਿਆਉਣੇ ਆਬੂ, ਜੋ ਆਬਰੂ ਸਭ ਦੀ ਵੇਖ ਵਖਾਈਆ । ਗੁਰਮੁਖ ਗੁਰਸਿਖ ਹਰਿਜਨ ਪ੍ਰਭ ਆਪ ਬਣਾਏ ਧੁਰ ਦੇ ਸਾਧੂ, ਸਾਧਨਾ ਸਿਦਕ ਵਾਲੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਦੋ ਜਹਾਨਾਂ ਏਕਾ ਜਾਗੂ, ਜਾਗਰਤ ਜੋਤ ਬਿਨ ਵਰਨ ਗੋਤ ਨਿਰਗੁਣ ਨੂਰ ਡਗਮਗਾਈਆ ।

### ੪ ਅੱਸੂ ਸ਼ਹਿਨਸ਼ਾਹੀ ਸੰਮਤ ੭ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ ਦੀ ਸੰਗਤ ਨਵਿਤ

ਚੰਦ ਕਹੇ ਸੁਣ ਮੀਤ ਸਤਾਰੇ, ਸਤ੍ਰਾ ਬੁਲੰਦੀ ਉਤੇ ਦਿਆਂ ਜਣਾਈਆ । ਮੁਹੰਮਦ ਨਈਆ ਦਿਸੇ ਅੰਤ ਕਿਨਾਰੇ, ਨੌਕਾ ਤੱਟਾਂ ਡੇਰਾ ਲਾਈਆ । ਚਾਰ ਯਾਰੀ ਦਏ ਇਸ਼ਾਰੇ, ਸੈਨਤ ਨਿਰਗੁਣ ਧਾਰ ਲਗਾਈਆ । ਉਮਤ ਉਮਤੀ ਸਾਰੇ ਹਾਰੇ, ਯੋਧਾ ਸੂਰ ਨਾ ਕੋਇ ਅਖਵਾਈਆ । ਖੇਲ ਕਰੇ ਕੀ ਪਰਵਰਦਿਗਾਰੇ, ਬੇਪਰਵਾਹ ਆਪਣਾ ਹੁਕਮ ਵਰਤਾਈਆ । ਜੋ ਨਿਰਗੁਣ ਨੂਰ ਜੋਤ ਕਰੇ ਉਜਿਆਰੇ, ਜੋਤੀ ਜਾਤਾ ਡਗਮਗਾਈਆ । ਪ੍ਰਕਾਸ਼ ਪ੍ਰਕਾਸ਼ ਕਰੇ ਦੋਬਾਰੇ, ਸਰਗੁਣ ਨਿਰਗੁਣ ਰੂਪ ਵਖਾਈਆ । ਉਹ ਲੇਖਾ ਮੰਗੇ ਸੰਗ ਮੁਹੰਮਦ ਗੁਰ ਅਵਤਾਰੇ, ਪੈਗ਼ੰਬਰ ਬਚਿਆ ਰਹਿਣ ਕੋਇ ਨਾ ਪਾਈਆ । ਉਠ ਤਕੀਏ ਉਸ ਸਾਹਿਬ ਦੇ ਨਜ਼ਾਰੇ, ਜੋ ਨਜ਼ਰਾਂ ਤੋਂ ਪਰੇ ਡੇਰਾ ਲਾਈਆ । ਜਿਸ ਦੇ ਪੂਰੇ ਹੋਏ ਕੌਲ ਇਕਰਾਰੇ, ਵਾਹਿਦੇ ਸਭ ਦੇ ਵੇਖ ਵਖਾਈਆ । ਦੀਨ ਦੁਨੀ ਨੂੰ ਆਪਣੇ ਹੁਕਮ ਦੇ ਦਏ ਨਜ਼ਾਰੇ, ਫ਼ਰਮਾਨਾ ਇਕੋ ਇਕ ਦ੍ਰਿੜਾਈਆ । ਅਸੀਂ ਫੜੇ ਰਹੇ ਚੌਦਾਂ ਸਦ ਵਗਾਰੇ, ਜਗਤ ਵਿਚ ਨਿਸ਼ਾਨ ਬਣਾਈਆ । ਹੁਣ ਆਉਣਾ ਵਿਚ ਮੈਦਾਨ ਅਖਾੜੇ, ਨਵ ਨਵ ਆਪਣਾ ਪੰਧ ਮੁਕਾਈਆ । ਜੋ ਵਸਦੇ ਘਰ ਉਜਾੜੇ, ਉਜੜਿਆਂ ਲਏ ਵਸਾਈਆ । ਉਹ ਮਾਰਨ ਵਾਲਾ ਧਾੜੇ, ਧਾੜਵੀ ਬਣਿਆ ਬੇਪਰਵਾਹੀਆ । ਉਠ ਵੇਖ ਅੱਗ ਲੱਗੀ ਬਹੱਤਰ ਨਾੜੇ, ਅਗਨੀ ਤਤ ਨਾ ਕੋਇ ਬੁਝਾਈਆ । ਫਿਰੀ ਦਰੋਹੀ ਉਜਾੜ ਪਹਾੜੇ, ਚਾਰ ਕੁੰਟ ਕੁਰਲਾਈਆ । ਧਰਮ ਦੇ ਰਹੇ ਕੋਇ ਨਾ ਵਾੜੇ, ਮੰਗਣ ਸਚ ਕੋਇ ਨਾ ਆਈਆ । ਤਪਦੇ ਹਿਰਦੇ ਕੋਈ ਨਾ ਠਾਰੇ, ਅਗਨੀ ਤਤ ਨਾ ਕੋਇ ਬੁਝਾਈਆ । ਜਗਤ ਵਾਸਨਾ ਹੋਈ ਕੁਲੱਖਣੀ ਨਾਰੇ, ਹਰਿ ਕੰਤ ਨਾ ਕੋਇ ਹੰਢਾਈਆ । ਲੇਖਾ ਮੰਗੇ ਪੁਰਖ ਅਕਾਲ ਕਰਤਾਰੇ, ਕੁਦਰਤ ਦਾ ਮਾਲਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਿਤਾਰ ਕਹੇ ਸੁਣ ਧੁਰ ਦੇ ਨੂਰੀ ਚੰਨਾ, ਚੰਨ ਦਿਆਂ ਜਣਾਈਆ । ਕਮਲਿਆ ਅਸਾਂ ਦੋਹਾਂ ਨੇ ਦੀਨ ਮਜ਼੍ਹਬ ਦਾ ਮਿਲ ਕੇ ਪਾਇਆ ਬੰਨਾ, ਹੱਦ ਮਾਣਸਾਂ ਵਿਚ ਰਖਾਈਆ । ਝਗੜਾ ਪਾ ਕੇ ਮਾਟੀ ਤਨਾ, ਤਨ ਵਜੂਦ ਦਿਤਾ ਲੜਾਈਆ । ਕਲਮਾ ਜਣਾ ਕੇ ਸੁਣਾ ਕੇ ਨਾਲ ਕੰਨਾ, ਕਾਇਨਾਤ ਖੇਲ ਖਿਲਾਈਆ । ਭਰਾਂਤ ਕਰ ਕੇ ਵਿਚ ਮਨਾਂ, ਮਨਸਾ ਦਿਤੀ ਬਦਲਾਈਆ । ਮਾਰਗ

ਦੱਸ ਕੇ ਨਵਾਂ, ਨਵ ਖੰਡ ਖੇਲ ਖਿਲਾਈਆ । ਸੰਗ ਮੁਹੰਮਦ ਯਾਰ ਰਲਾ ਕੇ ਚਵਾਂ, ਚੌਥੇ ਜੁਗ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਚੰਨ ਕਹੇ ਸੁਣ ਸਿਤਾਰੇ ਨਿੱਕੇ, ਸਤਿ ਦਿਆਂ ਦ੍ਰਿੜਾਈਆ । ਪ੍ਰਭ ਦੇ ਨਾਮ ਜੁਗ ਜੁਗ ਸ਼ਰਅ ਦੇ ਵਿਚ ਵਿਕੇ, ਕੀਮਤ ਜਗਤ ਨਾ ਕੋਇ ਰਖਾਈਆ । ਉਮਤੀਆਂ ਨਿਗਹ ਸਾਥੋਂ ਪਰੇ ਕਿਸੇ ਨਾ ਟਿਕੇ, ਅੱਗੇ ਅੱਖ ਨਾ ਕੋਇ ਉਠਾਈਆ । ਮੁਹੰਮਦ ਹੱਥ ਮਾਰਿਆ ਸੀ ਉਤੇ ਹਿੱਕੇ, ਛਾਤੀ ਲਈ ਠੁਕਰਾਈਆ । ਸ਼ਰਅ ਦੇ ਪਾ ਦੇ ਹਿੱਸੇ, ਹਸਤੀ ਦੱਸੀ ਬੇਪਰਵਾਹੀਆ । ਧਰਮ ਨਿਸ਼ਾਨ ਮੇਰਾ ਈਮਾਨ ਅਵਾਮ ਨੂੰ ਦਿਸੇ, ਚੰਦ ਸਿਤਾਰ ਨਜ਼ਰੀ ਆਈਆ । ਲੇਖ ਲਿਖੇ ਸੀ ਉਤੇ ਕਾਗ਼ਜ਼ ਚਿੱਟੇ, ਸ਼ਾਹੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਚੰਦ ਕਹੇ ਉਹ ਤਕ ਧੁਰ ਦੀ ਧਾਰ ਮੁੱਢੀ, ਮੁਹੰਮਦ ਧਾਰ ਜਣਾਈਆ । ਮੁਹੰਮਦ ਦੀ ਆਸ਼ਾ ਰੂਪ ਬਣਨੀ ਨੰਨ੍ਹੀ ਗੁੱਡੀ, ਸੀਸ ਓਢਣ ਨਾ ਕੋਇ ਟਿਕਾਈਆ । ਜਿਸ ਨੇ ਬਿਨਾ ਘੁੰਗਟ ਪਾਉਣੀ ਲੁੱਡੀ, ਲੋਹੜਾ ਕਰੇ ਥਾਉਂ ਥਾਈਆ । ਚਾਰੇ ਕੁੰਟ ਫਿਰਨਾ ਉਡੀ, ਭੱਜਣਾ ਵਾਹੋ ਦਾਹੀਆ । ਸਭ ਦੀ ਬਦਲ ਦੇਣੀ ਬੁੱਧੀ, ਅਕਲ ਰਹਿਣ ਕੋਇ ਨਾ ਪਾਈਆ । ਇਹ ਖੇਲ ਪਰਵਰਦਿਗਾਰ ਦੀ ਗੁੱਝੀ, ਗੋਝ ਆਪਣੇ ਵਿਚ ਰਖਾਈਆ । ਸਾਡੀ ਅੰਤਮ ਔਧ ਪੁਗੀ, ਪੂਜਾ ਰਹੇ ਨਾ ਜਗਤ ਲੋਕਾਈਆ । ਇਕੋ ਧਾਰ ਅੱਗੇ ਹੋਣੀ ਉਘੀ, ਉਗਣ ਆਥਣ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਤਾਰਾ ਕਹੇ ਚੰਨ ਔਹ ਵੇਖ ਗੁੱਡੀ ਕੀ ਕਹਿੰਦੀ, ਕਹਿ ਕੇ ਰਹੀ ਸੁਣਾਈਆ । ਪਿੱਠ ਕਰ ਕੇ ਦਿਸ਼ਾ ਲਹਿੰਦੀ, ਕਰਵਟ ਲਈ ਬਦਲਾਈਆ । ਹੱਥੀਂ ਲਾ ਕੇ ਮਹਿੰਦੀ, ਮੁਹੰਮਦ ਰਹੀ ਵਖਾਈਆ । ਮੈਂ ਤੇਰਾ ਭਾਣਾ ਰਹੀ ਸਹਿੰਦੀ, ਸਹਿ ਸਹਿ ਝਟ ਲੰਘਾਈਆ । ਪਰਵਰਦਿਗਾਰ ਕਦਮਾਂ ਰਹੀ ਢਹਿੰਦੀ, ਧੂੜੀ ਖ਼ਾਕ ਰਮਾਈਆ । ਜੋਬਨਵੰਤੀ ਹੋ ਕੇ ਰਹੀ ਬਹਿੰਦੀ, ਸਚ ਸਿੰਘਾਸਣ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਗੁੱਡੀ ਕਹੇ ਮੇਰੀ ਸੱਜੀ ਅੱਖ ਦੇ ਲਾਉਣਾ ਕਸੀਰਾ, ਰਵਦਾਸ ਗੁਰਮੁਖ ਆਪਣੀ ਸੇਵ ਕਮਾਈਆ । ਮੇਰਾ ਲਹਿਣਾ ਦੇਣਾ ਪੰਜ ਪੀਰਾ, ਪੰਚਮ ਪੰਚਮ ਵੰਡ ਵੰਡਾਈਆ । ਮੇਰੇ ਮਸਤਕ ਵਿਚ ਤਿੰਨ ਲਗਾਉਣੀਆਂ ਲਕੀਰਾਂ, ਤਰਿਪਤ ਕਾਲੇ ਰੰਗ ਰੰਗਾਈਆ । ਮੇਰੇ ਸੀਸ ਓਢਣ ਨਹੀਂ ਕੋਈ ਚੀਰਾ, ਚੀਰੇ ਵਾਲਿਆਂ ਦਿਆਂ ਜਣਾਈਆ । ਜਿਨ੍ਹਾਂ ਦੇ ਕੋਲ ਪੰਝੀ ਹੋਣ ਸ਼ਮਸ਼ੀਰਾਂ, ਸ਼ਰਅ ਸ਼ਰਅ ਨਾਲ ਠੁਕਰਾਈਆ । ਮੈਨੂੰ ਜ਼ਰੂਰ ਬਹਾਇਓ ਗੁਰਮੁਖੋ ਉਤੇ ਨਿੱਕੇ ਜਿਹੇ ਪੀੜ੍ਹਾ, ਪੀੜ ਸਭ ਦੀ ਦਿਆਂ ਕਢਾਈਆ । ਮੈਂ ਸਦੀ ਚੌਧਵੀਂ ਦਾ ਅੰਤਮ ਚੁਕਣਾ ਬੀੜਾ, ਬਲ ਆਪਣਾ ਆਪ ਪਰਗਟਾਈਆ । ਦੀਨ ਦੁਨੀ ਦਾ ਮਾਰਗ ਹੋਣਾ ਭੀੜਾ, ਅੱਗੇ ਰਾਹ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੁਡੀਆ ਕਹੇ ਮੈਂ ਸੰਦੇਸ਼ਾ ਦੇਣਾ ਤਾਰੇ ਚੰਨੂ, ਚੰਦ ਸਿਤਾਰ ਦੇਣਾ ਸਮਝਾਈਆ । ਜਿਹੜੀ ਵੰਡਾਂ ਪਾ ਕੇ ਗਿਆ ਮੰਨੂ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਰੂਪ ਵਖਾਈਆ । ਜੋ ਅਵਤਾਰ ਪੈਗ਼ੰਬਰ ਗੁਰੂਆਂ ਬਣਾਏ ਬੰਨੂ, ਹੱਦ ਵੇਖੇ ਬੇਪਰਵਾਹੀਆ । ਜੋ ਨੌਂ ਖੰਡ ਪ੍ਰਿਥਮੀ ਸੱਤ ਦੀਪ ਸਭ ਦੀਆਂ ਵੱਟਾਂ ਭੰਨੂ, ਭਾਣਾ ਆਪਣਾ ਲਏ ਮਨਾਈਆ । ਜੁਗ ਚੌਕੜੀ ਲੇਖੇ

੧੪੪੨ ੨੨

ਡੰਨੂ, ਡੰਡਾ ਨਾਮ ਹੱਥ ਉਠਾਈਆ । ਨਿਰਗੁਣ ਧਾਰ ਬਣ ਕੇ ਕਲੂ, ਕਲਾ ਸਭ ਦੀ ਦਏ ਭਵਾਈਆ । ਸਚ ਸਿੰਘਾਸਣ ਇਕੋ ਮੱਲੂ, ਮਲੇਛਾਂ ਕਰੇ ਸਫ਼ਾਈਆ । ਜਿਸ ਦੀ ਛਤਰ ਛਾਇਆ ਹੇਠ ਗੁਰਮੁਖ ਸੰਤ ਸੁਹੇਲਾ ਪਲੂ, ਪਤਿਪਰਮੇਸ਼ਵਰ ਆਪਣੀ ਕਾਰ ਕਮਾਈਆ । ਪਰਮਾਤਮ ਆਤਮ ਧਾਰ ਹੋ ਕੇ ਰਲੂ, ਜੋਤੀ ਜੋਤ ਵਿਚ ਮਿਲਾਈਆ । ਲੱਖ ਚੁਰਾਸੀ ਸਾਰੀ ਛਲੂ, ਛਲਲ ਆਪਣੀ ਕਾਰ ਕਮਾਈਆ । ਦੀਨ ਦੁਨੀ ਅਗਨੀ ਤਤ ਜਲੂ, ਜਲਦਿਆਂ ਸ਼ਾਂਤ ਨਾ ਕੋਇ ਕਰਾਈਆ । ਗੁਡੀਆ ਕਹੇ ਮੈਂ ਸਚ ਦੱਸਾਂ ਤਾਰੇ ਚੰਨਾ ਪ੍ਰਭ ਦਾ ਭਾਣਾ ਕਦੇ ਨਾ ਟਲੂ, ਟੱਲੀਆਂ ਵਾਲੇ ਝੰਡੇ ਸਭ ਦੇ ਦੇਣੇ ਮੁਕਾਈਆ । ਖ਼ੁਦਾ ਨੂੰ ਕਹਿਣ ਵਾਲੇ ਅੱਲੂ, ਆਅਲਾ ਅਦਨਾ ਵੇਖ ਵਖਾਈਆ । ਸਭ ਦੀ ਪੁੱਠੀ ਲੱਥੇ ਖੱਲੂ, ਖ਼ਾਲਕ ਖ਼ਲਕ ਦਏ ਸਜ਼ਾਈਆ । ਧਰਮ ਰਾਏ ਦਵਾਰੇ ਤਲੂ, ਜਿਨ੍ਹਾਂ ਖਾਧਾ ਸੂਰ ਗਾਂਈਆ । ਮੈਂ ਇਕ ਸੰਦੇਸ਼ਾ ਦੇਣਾ ਇਕੋ ਵਾਰ ਮਾਰੇ ਹੱਲੂ, ਹਲਤ ਪਲਤ ਆਪਣਾ ਹੁਕਮ ਵਰਤਾਈਆ । ਗੁਰਮੁਖ ਸਾਚੇ ਸੰਤ ਜਨਾਂ ਸਤਿਗੁਰ ਸ਼ਬਦ ਫੜਾ ਕੇ ਪਲੂ, ਪਾਰਬ੍ਰਹਮ ਪ੍ਰਭ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੰਦੇਸ਼ਾ ਏਕਾ ਘੱਲੂ, ਘਾਲ ਵਿਚ ਵੇਖੇ ਜਗਤ ਲੋਕਾਈਆ ।

✪ ੪ ਅੱਸੂ ਸ਼ਹਿਨਸ਼ਾਹੀ ਸੰਮਤ ੭ ਕਿਸ਼ਨ ਸਿੰਘ ਦੇ ਗ੍ਰਿਹ ਪਿੰਡ ਅੱਲੜ ਪਿੰਡੀ ਜ਼ਿਲਾ ਗੁਰਦਾਸ ਪੁਰ ✪



ਸਦੀ ਚੌਧਵੀਂ ਕਹੇ ਭਗਤਾਂ ਦਾ ਤੰਬਾ ਪਾਟਾ, ਲੀਰ ਲੀਰ ਦਏ ਦੁਹਾਈਆ । ਮੈਨੂੰ ਆਉਂਦਾ ਜਾਏ ਚਾਰੇ ਕੁੰਟ ਘਾਟਾ, ਖ਼ਾਲੀ ਝੋਲੀ ਨਾ ਕੋਇ ਭਰਾਈਆ । ਮੇਰੀ ਮੰਜ਼ਲ ਮੁਕਦੀ ਜਾਏ ਵਾਟਾ, ਅੱਗੇ ਅਵਰ ਨਾ ਕੋਇ ਵਧਾਈਆ । ਮੈਂ ਭੱਜੀ ਫਿਰਾਂ ਫੜ ਕੇ ਖ਼ਾਲੀ ਬਾਟਾ, ਜਗਤ ਜਹਾਨ ਵਾਹੋ ਦਾਹੀਆ । ਜਾਂ ਤਕਦੀ ਮੁਹੰਮਦ ਦੀ ਚੂਲ ਟੁੱਟੀ ਖਾਟਾ, ਸਿੰਘਾਸਣ ਕਾਇਮ ਨਾ ਕੋਇ ਰਖਾਈਆ । ਮੇਰੀ ਬਦਲਦੀ ਜਾਏ ਆਸ਼ਾ, ਨਿਰਾਸ਼ਾ ਹੋ ਕੇ ਦਿਆਂ ਦੁਹਾਈਆ । ਕੀ ਖੇਲ ਤੇਰਾ ਅਬਿਨਾਸ਼ਾ, ਕੀ ਕਰਤੇ ਕਾਰ ਕਮਾਈਆ । ਉਠ ਵੇਖ ਮੇਰਾ ਨੰਗਾ ਹੋਇਆ ਝਾਟਾ, ਓਢਣ ਸੀਸ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਤੇਰੀ ਸਰਨਾਈਆ । ਸਦੀ ਚੌਧਵੀਂ ਕਹੇ ਪਰਵਰਦਿਗਾਰ ਸੀਸ ਤੋਂ ਨੰਗੀ, ਬਹੁੜੀ ਮੇਰੀ ਮੇਰੀ ਦੁਹਾਈਆ । ਓਧਰ ਟੁੱਟੀ ਦਿਸੇ ਮੰਜੀ, ਪਾਵਾ ਚੂਲ ਰਹੇ ਕੁਰਲਾਈਆ । ਮੈਂ ਫਿਰਦੀ ਅੰਤਮ ਕੰਢੀ, ਭੱਜਾਂ ਵਾਹੋ ਦਾਹੀਆ । ਮੈਨੂੰ ਟੇਢੀ ਦਿਸਦੀ ਡੰਡੀ, ਮਾਰਗ ਹੱਕ ਨਾ ਕੋਇ ਦਰਸਾਈਆ । ਸ਼ਰਅ ਸ਼ਰੀਅਤ ਹੋਣੀ ਪਾਖੰਡੀ, ਸਤਿ ਵਿਚ ਨਾ ਕੋਇ ਸਮਾਈਆ । ਪਈ ਦੁਹਾਈ ਵਿਚ ਵਰਭੰਡੀ, ਬ੍ਰਹਿਮੰਡ ਦੇਣ ਦੁਹਾਈਆ । ਮੈਂ ਫਿਰਾਂ ਪੈਰੀ ਨੰਗੀ, ਦਿਵਸ ਰੈਣ ਬਾਉਂ ਬਾਈਆ । ਚਾਰ ਯਾਰਾਂ ਆਈ ਤੰਗੀ, ਤੰਗਦਸਤੀ ਨਾ ਕੋਇ ਕਟਾਈਆ । ਮੁਹੰਮਦ ਵੇਖੇ ਤਾਰਾ ਚੰਦੀ, ਚੰਦ ਸਿਤਾਰ ਧਿਆਨ ਲਗਾਈਆ । ਬਹੁੜੀ ਸਭ ਦੇ ਉਤੇ ਲੱਗੀ ਪਾਬੰਦੀ, ਸਿਰ ਸਕੇ ਨਾ ਕੋਇ ਉਠਾਈਆ । ਦਰੋਹੀ ਤੇਰਿਆਂ ਭਗਤਾਂ ਨੇ ਹੱਥ ਵਿਚ ਫੜ ਲਈ ਚੰਡੀ, ਚੰਡ ਪਰਚੰਡ ਬੈਠੇ ਸੀਸ ਨਿਵਾਈਆ । ਮੇਰੀ ਦੁਹਾਈ ਉਹਨਾਂ ਦੇ ਵਸ ਹੋਈ ਜਿਨ੍ਹਾਂ ਪ੍ਰਕਿਰਤੀਆਂ ਘੇਰੀਆਂ ਪੰਝੀ, ਪੰਝੀ ਬੈਠੇ ਬਲ ਧਰਾਈਆ । ਚੌਦਾਂ ਤਬਕ ਵੰਝ ਮੁਹਾਣਾ ਹਾਥ ਨਾ ਆਵੇ ਵੰਝੀ, ਅਥਾਹ ਸਾਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ

ਸਾਚਾ ਵਰ, ਸਾਹਿਬ ਤੇਰੀ ਸਰਨਾਈਆ । ਸਦੀ ਚੌਧਵੀਂ ਕਹੇ ਕਿਉਂ ਭਗਤਾਂ ਫੜੇ ਖੰਡੇ, ਖੜਗ ਰਹੇ ਖੜਕਾਈਆ । ਕਿਉਂ ਲਾਲ ਰੰਗ ਰੰਗੇ, ਹਥੇਲੀ ਹੱਥ ਜਣਾਈਆ । ਕਿਉਂ ਅਸਵ ਕਸਿਆ ਤੰਗੇ, ਦੁਲਦੁਲ ਐਲੀ ਰੋਵੇ ਮਾਰੇ ਧਾਈਆ । ਬਹੁੜੀ ਮੇਰੇ ਪਿਛਲੇ ਸਮੇਂ ਲੰਘੇ, ਅੱਗੇ ਵਕਤ ਨਾ ਕੋਇ ਵਡਿਆਈਆ । ਦੁਹਾਈ ਮੱਕੇ ਮਦੀਨੇ ਹੋਣੇ ਜੰਗੇ, ਜੰਗਜੂ ਰਹੇ ਕੁਰਲਾਈਆ । ਮੇਰੇ ਲਬਾਸ ਰਹਿ ਜਾਣੇ ਟੰਗੇ, ਤਨ ਕੱਪੜ ਨਾ ਕੋਇ ਵਖਾਈਆ । ਕਿਸੇ ਨੂੰ ਜਲ ਨਹੀਂ ਮਿਲਣੇ ਠੰਡੇ, ਆਬ ਹੱਥ ਕਿਸੇ ਨਾ ਆਈਆ । ਝਗੜਾ ਹੋਣਾ ਜੇਰਜ ਅੰਡੇ, ਉਤਭੁਜ ਸੇਤਜ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕੀ ਸਚ ਸਚ ਵਰਤਾਈਆ । ਸਦੀ ਚੌਧਵੀਂ ਕਹੇ ਕਿਉਂ ਮੇਰੇ ਮਸਤਕ ਲਕੀਰ ਲਾਈ ਕਾਲੀ, ਤ੍ਰੈਗੁਣ ਦਾਗ਼ ਲਗਾਈਆ । ਮੇਰਾ ਲੇਖ ਵੇਖ ਹਾਲੀ, ਹਾਲਤ ਤਕ ਖ਼ਲਕ ਖ਼ੁਦਾਈਆ । ਮੇਰਾ ਰੂਪ ਨਹੀਂ ਕੋਈ ਜਾਹਲੀ, ਜਾਹਲ ਦੀਨ ਦੁਨੀ ਵੇਖ ਥਾਉਂ ਥਾਈਂਆ । ਬਹੁੜੀ ਫਲ ਰਿਹਾ ਨਹੀਂ ਉਮਤ ਦੀ ਡਾਲੀ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਕਲਮਾ ਕਰੇ ਨਾ ਕੋਇ ਦਲਾਲੀ, ਵਿਚਲਾ ਭੇਵ ਨਾ ਕੋਇ ਖੁਲ੍ਹਾਈਆ । ਹੱਕ ਦੀ ਰਹੀ ਨਾ ਕੋਇ ਹਲਾਲੀ, ਹਰਾਮਖੋਰ ਦਿਸੇ ਜਗਤ ਲੋਕਾਈਆ । ਕਿਰਪਾ ਕਰ ਮੇਰੇ ਸ਼ਹਿਨਸ਼ਾਹ ਸ਼ਾਲੀ, ਸਾਹਿਬ ਸਵਾਮੀ ਦਇਆ ਕਮਾਈਆ । ਮੇਰੀ ਆਯੂ ਬੀਤੀ ਨਹੀਂ ਕੋਈ ਬਾਹਲੀ, ਬਹੁਤਾ ਸਮਾਂ ਨਾ ਕੋਇ ਰਖਾਈਆ । ਨਾ ਕਰ ਏਡੀ ਛੇਤੀ ਕਾਹਲੀ, ਕਲਜੁਗ ਤੇਰਾ ਧਿਆਨ ਲਗਾਈਆ । ਤੂੰ ਲੱਖ ਚੁਰਾਸੀ ਮਾਲੀ, ਅਵਤਾਰ ਪੈਗ਼ੰਬਰ ਗੁਰੂ ਤੇਰੇ ਬੂਟੇ ਧਰਮ ਦੇ ਨਜ਼ਰੀ ਆਈਆ । ਮੈਂ ਵੀ ਅੰਤ ਹੋਈ ਸਵਾਲੀ, ਸਵਾਲਣ ਹੋ ਕੇ ਹਾਲ ਸੁਣਾਈਆ । ਮੇਰੀ ਆਸ਼ਾ ਮੁਰਦੀ ਫੇਰ ਜਵਾਲੀ, ਤ੍ਰਿਸ਼ਨਾ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਮੇਰੀ ਭਰੋ ਹਾਮੀ, ਹਮਲਾ ਕੂੜ ਰਹੇ ਨਾ ਰਾਈਆ । ਤੁਸੀਂ ਚੁਰਾਸੀ ਵਿਚੋਂ ਅਨਾਮੀ, ਨਾਮ ਵਾਲੇ ਨਜ਼ਰੀ ਆਈਆ । ਜਿਨ੍ਹਾਂ ਦੀ ਜਗਤ ਟੁੱਟੀ ਗ਼ੁਲਾਮੀ, ਗ਼ੁਲਾਮੀ ਮੇਰੀ ਦਿਉ ਤੁੜਾਈਆ । ਤੁਸਾਂ ਸੁਣਿਆ ਹੱਕ ਪੈਗ਼ਾਮੀ, ਪੈਗ਼ੰਬਰਾਂ ਤੋਂ ਪਰੇ ਜਣਾਈਆ । ਤੁਹਾਡਾ ਮਾਲਕ ਅੰਤਰਜਾਮੀ, ਅੰਤਰ ਨਿਰੰਤਰ ਵੇਖ ਵਖਾਈਆ । ਕੀ ਹੋਇਆ ਜੇ ਹੋਈ ਅੰਧੇਰੀ ਸ਼ਾਮੀ, ਸ਼ਮ੍ਹਾ ਨੂਰ ਕਰੇ ਰੁਸ਼ਨਾਈਆ । ਮੇਰੀ ਪੂਰੀ ਹੋ ਜਾਏ ਖ਼ਾਮੀ, ਖ਼ਾਹਮਖਾਹ ਮਿਲੇ ਨਾ ਕੋਇ ਸਜ਼ਾਈਆ । ਤੁਹਾਡਾ ਮਾਲਕ ਇਕ ਨਿਹਕਾਮੀ, ਨਿਹਕਰਮੀ ਇਕ ਅਖਵਾਈਆ । ਬਹੁੜੀ ਮੇਰੀ ਚਾਰੋਂ ਕੁੰਟ ਹੋਈ ਬਦਨਾਮੀ, ਬਦੀ ਦਾ ਲੇਖਾ ਨਾ ਕੋਇ ਮੁਕਾਈਆ । ਮੈਂ ਸਭ ਨੂੰ ਕਰਾਂ ਸਲਾਮੀ, ਸਹੀ ਸਲਾਮਤ ਸੀਸ ਝੁਕਾਈਆ । ਤੁਹਾਡੀ ਮੰਜ਼ਲ ਇਕ ਰੁਹਾਨੀ, ਰੂਹ ਬੁਤ ਵੱਜੇ ਵਧਾਈਆ । ਤੁਸੀਂ ਵੇਖੋ ਮਾਲਕ ਅਸਮਾਨੀ, ਇਸਮ ਆਜ਼ਮ ਨੂਰ ਖ਼ੁਦਾਈਆ । ਜਿਸ ਭਾਗ ਲਗਾਇਆ ਤਤ ਜਿਸਮਾਨੀ, ਜਿਸਮ ਜ਼ਮੀਰ ਦਿਤੀ ਬਦਲਾਈਆ । ਸੂਰਬੀਰੋ ਇਕ ਵਾਰ ਖੜਕਾ ਦਿਓ ਕਿਰਪਾਨ ਨਾਲ ਕਿਰਪਾਨੀ, ਕਿਰਪਾ ਪ੍ਰਭ ਦੀ ਨਾਲ ਜਣਾਈਆ । ਇਹ ਲਿਖਤ ਭਵਿਖਤ ਦੀ ਰਹਿ ਜਾਣੀ ਨਿਸ਼ਾਨੀ, ਸਦੀ ਚੌਧਵੀਂ ਨਿਉਂ ਕੇ ਸੀਸ ਝੁਕਾਈਆ । ਗੁਰਮੁਖੋ ਅੱਲੜ੍ਹੋ ਤੁਹਾਡੀ ਅਲੜ੍ਹ ਜਵਾਨੀ, ਆਦਿ ਅੰਤ ਵੱਜੇ ਵਧਾਈਆ । ਬੇਸ਼ਕ ਮੇਰੀ ਜੂਹ ਹੋਣੀ ਪੁਰਾਣੀ, ਪੁਰੀਆਂ ਲੋਆਂ ਤੋਂ ਬਾਹਰ ਦ੍ਰਿੜ੍ਹਾਈਆ । ਹੁਣ ਵੇਖਿਓ ਝਗੜਾ ਪੈਣਾ ਵਿਚ ਦੁਰਾਨੀ, ਦੂਰ ਦੁਰਾਡੇ ਲੈਣ ਅੰਗੜਾਈਆ । ਸ਼ਰਅ ਸ਼ਰਅ ਦੀ ਚੜ੍ਹੇ ਤੁਗ਼ਿਆਨੀ, ਸ਼ੌਹ ਦਰਿਆ ਰੂਪ ਬਣਾਈਆ । ਤੁਹਾਡੇ ਉਤੇ ਮੇਰੇ

੧੪੪੫ ੨੨

ਸਾਹਿਬ ਦੀ ਮਿਹਰਵਾਨੀ, ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਕਿਉਂ ਲਕੀਰਾਂ ਤਿੰਨ ਮੇਰੇ ਉਤੇ ਲਾਈਆਂ ਤ੍ਰਿਪਤ, ਬਹੁੜੀ ਕਾਲੀ ਕਾਲੀ ਧਾਰ ਬਣਾਈਆ । ਦੁਹਾਈ ਪ੍ਰਭੂ ਦੀ ਪੂਰੀ ਹੋਣੀ ਲਿਖਤ, ਲਿਖਿਆ ਲੇਖ ਨਾ ਕੋਇ ਬਦਲਾਈਆ । ਏਕ ਦਾ ਇਕੋ ਰਹਿਣਾ ਇਸ਼ਟ, ਇਸ਼ਟ ਦੇਵ ਆਪ ਹੋ ਜਾਈਆ । ਜਿਸ ਦੀ ਆਸ਼ਾ ਰੱਖ ਕੇ ਗਿਆ ਰਾਮ ਵਸ਼ਿਸ਼ਟ, ਵਿਸ਼ਿਆਂ ਤੋਂ ਬਾਹਰ ਧਿਆਨ ਲਗਾਈਆ । ਉਸ ਦਾ ਲੇਖਾ ਬਾਹਰ ਹੋਣਾ ਟਾਂਕ ਜਿਸਤ, ਇਕ ਦੋ ਨਾ ਵੰਡ ਵੰਡਾਈਆ । ਲੇਖਾ ਮੁਕਾਉਣਾ ਜਿਸ ਦੋਜ਼ਖ਼ ਬਹਿਸ਼ਤ, ਸਵਰਗਾਂ ਵੇਖ ਵਖਾਈਆ । ਮੈਂ ਚੌਦਾਂ ਸਦ ਮੁਹੱਬਤ ਕੀਤੀ ਪ੍ਰੇਮ ਵਾਲਾ ਲਾਇਆ ਇਸ਼ਕ, ਮਾਸ਼ੂਕ ਆਪਣਾ ਆਪ ਬਣਾਈਆ । ਅੰਤ ਉਹ ਮੁਹੰਮਦ ਰਿਹਾ ਖ਼ਿਸਕ, ਪਲੂ ਰਿਹਾ ਛੁਡਾਈਆ । ਪਤਾ ਨਹੀਂ ਮੇਰੇ ਮਸਤਕ ਲੱਗਣਾ ਕਿਹੜਾ ਤਿਲਕ, ਤ੍ਰੈਗੁਣ ਅਤੀਤਾ ਦਏ ਲਗਾਈਆ । ਮੈਂ ਰੋ ਕੇ ਮਾਰਾਂ ਕਿਲਕ, ਊਚੀ ਕੂਕ ਕੂਕ ਸੁਣਾਈਆ । ਮੇਰੀ ਕੀਮਤ (ਪਾਏ) ਕੋਇ ਨਾ ਨਿਰਖ, ਦਾਮ ਸਕੇ ਨਾ ਕੋਇ ਚੁਕਾਈਆ । ਨਾ ਕੋਈ ਜਾਣਾ ਮੇਰਾ ਸੋਗ ਹਿਰਖ, ਹਿਰਸ ਹਵਸ ਨਾ ਕੋਇ ਗਵਾਈਆ । ਮੈਂ ਚੌਦਾਂ ਸੌ ਸਾਲ ਦਾ ਬਿਰਖ, ਜੜ੍ਹ ਜਗਤ ਵਿਚ ਰਖਾਈਆ । ਮੇਰਾ ਸਮਾਂ ਪੁਜਿਆ ਫਿਰਤ, ਆਪਣਾ ਪੰਧ ਮੁਕਾਈਆ । ਮੈਂ ਵੇਖਿਆ ਨਾਲ ਸੁਰਤ ਨਿਰਤ, ਬਿਨ ਨੈਣਾਂ ਨੈਣ ਉਠਾਈਆ । ਮੇਰੀ ਲੇਖੇ ਲੱਗੀ ਅੰਤਮ ਕਿਰਤ, ਕੀਤੀ ਕਰਨੀ ਝੋਲੀ ਪਾਈਆ । ਉਮਤ ਆਸ਼ਾ ਹੋਣੀ ਮਿਰਤ, ਮਿਰਤਕ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਦੀ ਚੌਧਵੀਂ ਕਹੇ ਰਵਦਾਸਾ ਕਿਉਂ ਕੌਡੀ ਬੱਧੀ ਉਤੇ ਮੇਰੀ ਅੱਖ, ਆਖ਼ਰ ਦੇ ਜਣਾਈਆ । ਮੈਂ ਵੇਖ ਨਾ ਸਕਾਂ ਅਲੱਖਣਾ ਅਲੱਖ, ਅਲਖ ਅਗੋਚਰ ਬੇਪਰਵਾਹੀਆ । ਕਿਉਂ ਇਕ ਨਾਲੋਂ ਮੈਨੂੰ ਕੀਤਾ ਵੱਖ, ਵੱਖਰੀ ਧਾਰ ਬਣਾਈਆ । ਮੈਂ ਰਗੜਾਂ ਆਪਣਾ ਨੱਕ, ਧੂੜੀ ਖ਼ਾਕ ਰਮਾਈਆ । ਮੇਰਾ ਪੂਰਾ ਕਰ ਦੇ ਸ਼ੱਕ, ਗਿਲੇ ਰਹੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਚ ਆਪ ਸਮਝਾਈਆ । ਸਦੀ ਚੌਧਵੀਂ ਕਹੇ ਕਿਉਂ ਮੈਨੂੰ ਕੀਤਾ ਕਾਣੀ, ਇਕ ਅੱਖ ਬਣਾਈਆ । ਮਿਲ ਲੈਣ ਦੇ ਆਪਣਾ ਹਾਣੀ, ਜੋਬਨਵੰਤ ਬੇਪਵਾਹੀਆ । ਮੈਂ ਮੁਹੰਮਦ ਦੀ ਬਣੀ ਨਾ ਮੂਲ ਸਵਾਣੀ, ਹੁਕਮੇ ਅੰਦਰ ਆਪਣਾ ਝਟ ਲੰਘਾਈਆ । ਬਿਨਾ ਪਰਵਰਦਿਗਾਰ ਤੋਂ ਦੂਜੀ ਸੁਣੀ ਕੋਇ ਨਾ ਬਾਣੀ, ਕਲਮਿਆਂ ਵਿਚ ਮਨ ਨਾ ਕਦੇ ਪਰਚਾਈਆ । ਮੈਂ ਉਸ ਸਾਹਿਬ ਦੀ ਰਾਣੀ, ਜੋ ਰਾਜ਼ਕ ਰਿਜ਼ਕ ਰਹੀਮ ਅਖਵਾਈਆ । ਮੈਂ ਓਸੇ ਦੀ ਕਥਾ ਕਹਾਣੀ, ਗਾ ਗਾ ਝਟ ਲੰਘਾਈਆ । ਜੋ ਮਾਲਕ ਜੀਵ ਪ੍ਰਾਣੀ, ਪੁਨਹ ਪੁਨਹ ਸੀਸ ਝੁਕਾਈਆ । ਜਿਸ ਨੇ ਖੇਲ ਵੇਖਣੀ ਵਿਚ ਲਿਬਨਾਨੀ, ਧੁਰ ਦਾ ਪੜਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਕਿਉਂ ਮੇਰੀ ਅੱਖ ਤੇ ਬੱਧਾ ਕਸੀਰਾ, ਕਸਮ ਖਾ ਕੇ ਦਿਓ ਜਣਾਈਆ । ਮੈਂ ਨੇਤਰ ਵਹਾਵਾਂ ਨੀਰਾ, ਰੋ ਰੋ ਦਿਆਂ ਦੁਹਾਈਆ । ਕਿਉਂ ਰਵਦਾਸ ਮੈਨੂੰ ਨਾ ਆਵੇ ਧੀਰਾ, ਧੀਰਜ ਧੀਰ ਨਾ ਕੋਇ ਧਰਾਈਆ । ਚਾਰੋਂ ਕੁੰਟ ਪੈਣੀ ਵਹੀਰਾ, ਵੈਰੀ ਘਰ ਘਰ ਨਜ਼ਰੀ ਆਈਆ । ਝਗੜਾ ਮੁਕੇ ਪੈਗੰਬਰਾਂ ਪੀਰਾ, ਪੀਰ ਪੀਰਾ ਹੁਕਮ ਸੁਣਾਈਆ । ਕਿਸੇ ਦੀ ਰਹੇ ਨਾ ਮਿਲਖ ਜਗੀਰਾ, ਜਗਤ ਵੰਡ ਨਾ ਕੋਇ ਵੰਡਾਈਆ । ਮੇਰਾ ਰਹਿਣਾ

ਨਹੀਂ ਰੰਗਲਾ ਪੀੜ੍ਹਾ, ਸੁਹਾਗਣ ਰੂਪ ਨਾ ਕੋਇ ਬਣਾਈਆ । ਮੇਰੇ ਹੱਡੀਂ ਲੱਗੀਆਂ ਪੀੜਾਂ, ਉਚੀ ਕੂਕ ਕੂਕ ਸੁਣਾਈਆ । ਮੁਸ਼ਕਲ ਹੋ ਗਿਆ ਜੀਉਂਣਾ, ਵੇਲਾ ਅੰਤ ਦਏ ਗਵਾਹੀਆ । ਅੰਤਮ ਪਏ ਨਿਉਂਣਾ, ਨਿਵ ਨਿਵ ਲਾਗਾਂ ਪਾਈਆ । ਵੇ ਰਵਦਾਸਾ ਠੀਕ ਸਭ ਦੇ ਹਿੱਸੇ ਆਉਣੀ ਸਾਢੇ ਤਿੰਨ ਹੱਥ ਸੀਣਾ, ਸੀਂਵ ਸਾਢੇ ਤਿੰਨ ਹੱਥ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੇਰੇ ਮੱਥੇ ਲੀਕਾਂ ਮਾਰਨ ਵਾਲੀਏ ਚਲਾਕੇ, ਤੇਰੀ ਚਲਾਕੀ ਦਿਆਂ ਜਣਾਈਆ । ਕੀ ਹੋਇਆ ਜੇ ਪ੍ਰਭ ਦੇ ਨਾਮ ਦੇ ਲਿਖਦੀ ਖਾਤੇ, ਖ਼ਾਕ ਚਰਨਾਂ ਧੂੜ ਰਮਾਈਆ । ਕਦੀ ਮੈਂ ਵੀ ਚੜ੍ਹੀ ਸਾਂ ਉਸ ਦੀ ਢਾਕੇ, ਕੁਛੜ ਬਹਿ ਕੇ ਖ਼ੁਸ਼ੀ ਮਨਾਈਆ । ਜਿਸ ਨੇ ਮੁਹੰਮਦ ਵਰਗੇ ਖਿਡਾਏ ਕਾਕੇ, ਬਾਲੇ ਆਪਣੇ ਰੰਗ ਰੰਗਾਈਆ । ਮੇਰੇ ਬਣਾਏ ਰਾਖੇ, ਸੇਵਾ ਹੁਕਮ ਵਾਲੀ ਸੁਣਾਈਆ । ਇਹਦੇ ਵੱਲ ਕੋਈ ਨਾ ਝਾਕੇ, ਨੇਤਰ ਨੈਣ ਨਾ ਅੱਖ ਉਠਾਈਆ । ਦਰੋਹੀ ਅੱਜ ਮੈਨੂੰ ਆ ਗਏ ਘਾਟੇ, ਮੇਰਾ ਪੰਧ ਰਿਹਾ ਨਾ ਰਾਈਆ । ਮੇਰੇ ਬਸਤਰ ਪੁਰਾਣੇ ਚੀਥੜ ਫਾਟੇ, ਓਢਣ ਸਚ ਨਾ ਕੋਇ ਵਖਾਈਆ । ਕੀ ਖੇਲ ਕੀਤਾ ਮੇਰੇ ਅਗੰਮੀ ਦਾਤੇ, ਦਇਆਵਾਨ ਕਾਰ ਭੁਗਤਾਈਆ । ਮੇਰੀ ਪੁਛੇ ਮੂਲ ਨਾ ਬਾਤੇ, ਬਲ ਦੀਏ ਗੋਲੀਏ ਤੈਨੂੰ ਦਿਤੀ ਵਡਿਆਈਆ । ਕਦੀ ਮੇਰੇ ਵੀ ਸੀਸ ਗੁੰਦੇ ਸੀ ਜਿਹਦੇ ਅੱਜ ਖੁਲ੍ਹੇ ਝਾਟੇ, ਮੇਂਢੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਤੁਹਾਡੀਆਂ ਵੇਖਾਂ ਨੰਗੀਆਂ ਤਲਵਾਰਾਂ, ਤਾਲਬ ਹੋ ਕੇ ਧਿਆਨ ਲਗਾਈਆ । ਕਿਹੜੀਆਂ ਤੁਹਾਡੀਆਂ ਮੇਰੇ ਨਾਲ ਪਿਛਲੀਆਂ ਖਾਰਾਂ, ਮੈਨੂੰ ਦਿਓ ਜਣਾਈਆ । ਮੇਰਾ ਨਾਤਾ ਨਾਲ ਚਾਰ ਯਾਰਾਂ, ਯਾਰਾਨਾ ਮੁਹੰਮਦ ਨਾਲ ਵਖਾਈਆ । ਮੈਂ ਕਰਦੀ ਰਹੀ ਸ਼ਰਅ ਵਾਲੀਆਂ ਕਾਰਾਂ, ਕਾਰੀ ਕਰਨੀ ਕਾਰ ਕਮਾਈਆ । ਚੌਦਾਂ ਸਦ ਕਟੀਆਂ ਵਗਾਰਾਂ, ਸੇਵਾ ਕੀਤੀ ਥਾਉਂ ਥਾਈਂਆ । ਮਾਣੀਆਂ ਖ਼ੂਬ ਬਹਾਰਾਂ, ਐਸ਼ਾਂ ਵਿਚ ਵਡਿਆਈਆ । ਮੈਂ ਤਕੀਆਂ ਕੋਟਨ ਕੋਟ ਜੋਬਨਵੰਤੀਆਂ ਨਾਰਾਂ, ਮੇਰੇ ਵਰਗੀ ਨਜ਼ਰ ਕੋਇ ਨਾ ਆਈਆ । ਮੈਂ ਆਪਣਾ ਆਪ ਸਵਾਰਾਂ, ਸਾਫ਼ ਸੁਥਰੀ ਹੋ ਕੇ ਦਿਆਂ ਵਖਾਈਆ । ਜਨ ਭਗਤੋ ਕੀ ਤੁਸੀ ਮੇਰੇ ਉਤੇ ਦਿਓਗੇ ਪਹਿਰਾ, ਖ਼ੁਸ਼ੀ ਖ਼ੁਸ਼ੀ ਨਾਲ ਮੇਰਾ ਸੰਗ ਰਖਾਈਆ । ਜਨ ਭਗਤ ਕਹਿਣ ਕਮਲੀਏ ਅਸੀਂ ਕਲਜੁਗ ਅੰਤਮ ਮਾਰਨੀਆਂ ਧਾੜਾਂ, ਧਾੜਵੀ ਪੁਰਖ ਅਕਾਲ ਆਪਣੇ ਨਾਲ ਮਿਲਾਈਆ । ਫਿਰਨਾ ਜੰਗਲ ਜੂਹ ਉਜਾੜਾਂ, ਪਹਾੜਾਂ ਫੇਰਾ ਪਾਈਆ । ਲੱਭਣਾ ਇਕੋ ਲਾੜਾ, ਜਿਹੜਾ ਕੋਟਨ ਕੋਟਾਂ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਪਰਦਾ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੈਂ ਨਿੱਕੀ ਜਿਹੀ ਮੇਰਾ ਕੀ ਲੇਖਾ ਲਿਖੋ ਲਿਖਾਰੀਓ, ਕਲਮ ਨਾਲ ਚਤੁਰਾਈਆ । ਕੀ ਮੇਰੀ ਹਾਲਤ ਵੇਖੋ ਨਾਰੀਓ, ਰੂਪਹੀਣ ਦੁਹਾਈਆ । ਚੌਦਾਂ ਸਦੀਆਂ ਮੈਂ ਲੁੱਟੀ ਖ਼ੂਬ ਬਹਾਰੀਓ, ਆਪਣਾ ਰੰਗ ਰੰਗਾਈਆ । ਮੁਹੰਮਦ ਤਕਣਾ ਜਿਸ ਦਾ ਰੂਪ ਰੱਤੀ ਦਾਹੜੀਓ, ਲਾਲ ਹੱਥ ਗੁਰਮੁਖਾਂ ਦੇਣ ਗਵਾਹੀਆ । ਸਮਾਂ ਬਦਲ ਜਾਣਾ ਹੁਕਮ ਨਾਲ ਏਸੇ ਹਾੜੀਓ, ਹਾੜੇ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਸੱਤ ਰੰਗ ਦੇ ਵਣਜਾਰੇ, ਜਗੀਰ ਸਿੰਘਾ ਜਣਾਈਆ । ਮੇਰੇ ਵੇਖੇ ਚਾਰ ਯਾਰੇ, ਮੁਹੰਮਦ ਨਾਲ ਚਤੁਰਾਈਆ । ਜਿਹੜੇ ਅੰਤਮ ਬਾਜ਼ੀ

੧੪੪੬ ੨੨

ਹਾਰੇ, ਬਾਜ਼ਾਂ ਵਾਲਾ ਖੇਲ ਖਿਲਾਈਆ । ਮੇਰੀ ਨਈਆ ਅੰਤ ਕਿਨਾਰੇ, ਤਟ ਕਿਨਾਰੇ ਸ਼ੋਭਾ ਪਾਈਆ । ਕਸੀਰਾ ਕਰੇ ਹਾਹਾਕਾਰੇ, ਭਗਤਾਂ ਰਿਹਾ ਜਣਾਈਆ । ਕੀ ਲਹਿਣਾ ਰਵਦਾਸ ਚਮਾਰੇ, ਗੁਰਮੁਖ ਸਿੰਘ ਸਮਝਾਈਆ । ਕਿਉਂ ਤ੍ਰਿਪਤ ਮਾਰੀਆਂ ਤਿੰਨ ਲਕਾਰੇ, ਪੜਦਾ ਦੇਣਾ ਉਠਾਈਆ । ਮੈਨੂੰ ਇਉਂ ਦਿਸਦਾ ਜਿਵੇਂ ਮੈਂ ਚੜ੍ਹਨਾ ਧੁਰ ਦੇ ਖਾਰੇ, ਸਗਨਾਂ ਵਾਲਾ ਸਗਨ ਮਨਾਈਆ । ਮੈਨੂੰ ਪਰਨਾਉਣਾ ਉਸ ਅਗੰਮੀ ਲਾੜੇ, ਜਿਸ ਨੂੰ ਲਾੜੀ ਮੌਤ ਨਾ ਕਦੇ ਪਰਨਾਈਆ । ਜੋ ਮੇਰਾ ਚੀਥੜ ਫਾੜੇ, ਧੁਰ ਦਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਕਵਣ ਭੇਵ ਦੱਸੇ ਗੁੱਝੇ, ਬਿਨਾ ਸਾਹਿਬ ਨਾ ਕੋਇ ਚਤੁਰਾਈਆ । ਮੇਰੇ ਉਜੜਨ ਲੱਗੇ ਝੁੱਗੇ, ਝੁਗੀਆਂ ਨਜ਼ਰ ਕੋਇ ਨਾ ਆਈਆ । ਮੁਹੰਮਦਾ ਤੇਰੀ ਉਮਤ ਵਾਂਗ ਦਾਣਿਆਂ ਭੁੱਜੇ, ਕੱਚੇ ਭੁੰਨੇ ਦਾਣੇ ਦੇਣ ਗਵਾਹੀਆ । ਪ੍ਰਭ ਦੇ ਹੁਕਮ ਹੋਣੇ ਉਘੇ, ਨਾ ਕੋਈ ਮੇਟੇ ਮੇਟ ਮਿਟਾਈਆ । ਸਭ ਦੇ ਭਰੇ ਬੇੜੇ ਡੁੱਬੇ, ਅੱਗੇ ਪਾਰ ਨਾ ਕੋਇ ਲੰਘਾਈਆ । ਲੁਕਿਆ ਰਹੇ ਨਾ ਕੋਇ ਕਿਸੇ ਗੁੱਠੇ, ਡੂੰਘੀਆਂ ਡੱਲਾਂ ਵਿਚੋਂ ਬਾਹਰ ਕਢਾਈਆ । ਇਕੋ ਸਤਿਗੁਰੂ ਸ਼ਬਦ ਉਡੇ, ਦੋ ਜਹਾਨਾਂ ਭੱਜੇ ਵਾਹੋ ਦਾਹੀਆ । ਸਭ ਨੂੰ ਦੱਸ ਕੇ ਆਪਣੇ ਮੁੱਦੇ, ਮੁੱਦਤਾਂ ਦੇ ਝਗੜੇ ਦਏ ਮੁਕਾਈਆ । ਵੇਲਾ ਅੰਤਮ ਮੇਰਾ ਪੁਜੇ, ਪੂਜਣ ਯੋਗ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਦਾਣੇ ਕਹਿਣ ਅਸੀਂ ਦੱਸੀਏ ਆਪਣਾ ਹਾਲ, ਸਹਿਜ ਨਾਲ ਸੁਣਾਈਆ । ਜਿਸ ਵੇਲੇ ਮੁਹੰਮਦ ਮਦੀਨੇ ਵਿਚੋਂ ਮਾਰੀ ਛਾਲ, ਆਪਣਾ ਕਦਮ ਉਠਾਈਆ । ਉਸ ਵੇਲੇ ਸਾਨੂੰ ਭੁੰਨ ਕੇ ਲਿਆਇਆ ਸੀ ਇਕ ਭਠਿਆਲ, ਛੇਤੀ ਛੇਤੀ ਆਪਣੀ ਸੇਵ ਕਮਾਈਆ । ਆਹ ਲੈ ਜਾ ਆਪਣੇ ਨਾਲ, ਜਿਥੇ ਭੁੱਖ ਲੱਗੇ ਉਥੇ ਖਾਣੇ ਚਾਈਂ ਚਾਈਆ । ਮੁਹੰਮਦ ਦੋ ਹੱਥਾਂ ਵਜਾਇਆ ਤਾਲ, ਆਵਾਜ਼ ਆਵਾਜ਼ ਪਰਗਟਾਈਆ । ਫੇਰ ਹੁਕਮ ਸੁਣਿਆ ਅਕਾਲ, ਅਕਲ ਕਲਧਾਰੀ ਦਿਤਾ ਸੁਣਾਈਆ । ਮੁਹੰਮਦ ਇਹਨਾਂ ਨੂੰ ਰੱਖਣਾ ਸੰਭਾਲ, ਚੌਦਾਂ ਸਦੀਆਂ ਮੁਖ ਨਾ ਕੋਇ ਲਗਾਈਆ । ਜਿਸ ਵੇਲੇ ਆਵੇ ਆਪ ਦੀਨ ਦਿਆਲ, ਪਰਵਰਦਿਗਾਰ ਨੂਰ ਇਲਾਹੀਆ । ਉਸ ਵੇਲੇ ਚਾਰੋਂ ਕੁੰਟ ਸਭ ਦੇ ਸਿਰ ਤੇ ਕੂਕੇ ਕਾਲ, ਨਗਾਰਾ ਆਪਣਾ ਡੰਕ ਵਜਾਈਆ । ਤੁਸੀਂ ਉਮਤ ਦੀ ਸੁਰਤ ਨਾ ਸਕਣੀ ਸੰਭਾਲ, ਸੰਬਲ ਬਹਿ ਕੇ ਵੇਖੇ ਬੇਪਰਵਾਹੀਆ । ਉਸ ਵੇਲੇ ਚੁਰਾਸੀ ਵਿਚੋਂ ਸੰਤ ਭਗਤ ਲਏ ਭਾਲ, ਅਵਤਾਰ ਪੈਗ਼ੰਬਰ ਗੁਰੂਆਂ ਤੋਂ ਬਾਹਰ ਕਰ ਪੜ੍ਹਾਈਆ । ਇਹ ਸਵਾ ਸੇਰ ਉਹਨਾਂ ਨੂੰ ਆਪ ਦਏ ਖਵਾਲ, ਦੂਸਰ ਰਸ ਨਾ ਕੋਇ ਚਖਾਈਆ । ਮੁਹੰਮਦ ਹੱਸ ਕੇ ਕਿਹਾ ਤੇਰਾ ਖੇਲ ਕਮਾਲ, ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਪਰਵਰਦਿਗਾਰ ਕਿਹਾ ਉਹ ਮੇਰੇ ਸੋਹਣੇ ਲਾਲ, ਲਾਲੋ ਦਾ ਲੇਖਾ ਪੂਰ ਕਰਾਈਆ । ਜਿਸ ਨੂੰ ਨਾਨਕ ਬਖ਼ਸ਼ਿਆ ਧਨ ਮਾਲ, ਕੰਗਾਲ ਕਹੇ ਲੋਕਾਈਆ । ਉਥੇ ਪੁੱਛਾਂ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੈਂ ਕਾਣੀ ਹੋ ਗਈ ਅੱਖੋਂ, ਸਚ ਦਿਆਂ ਸੁਣਾਈਆ । ਪੰਝੀ ਗੁਰਮੁਖ ਜ਼ੋਰ ਨਾਲ ਹੱਸੇ, ਹੱਸ ਕੇ ਦਿਉ ਵਖਾਈਆ । ਪ੍ਰਭੂ ਕਿਸੇ ਦਾ ਕਰੇ ਕੋਈ ਨਾ ਪੱਖੇ, ਬਣੇ ਸਾਂਝਾ ਪੀਰ ਗੁਸਾਈਆ । ਸਭ ਦਾ ਲੇਖਾ ਮੰਗੇ ਫੜ ਕੇ ਨੱਕੋਂ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ

ਦਾ ਭੇਵ ਆਪ ਚੁਕਾਈਆ । ਸਦੀ ਚੌਧਵੀਂ ਕਹੇ ਗੁਰਮੁਖ ਸਿੰਘ ਜ਼ੋਰ ਦੀ ਹੱਸ ਕੇ ਦੇ ਵਖਾਲ, ਆਪਣੀ ਸੁੰਨ ਦੇ ਖੁਲ੍ਹਾਈਆ । ਗੱਲੀਂ ਬਾਤੀਂ ਦੇਵਣਹਾਰਾ ਸ਼ਾਹ ਕੰਗਾਲ, ਭੰਡਾਰਾ ਗੱਲੀਂ ਬਾਤੀਂ ਭਰਾਈਆ । ਗੱਲੀਂ ਬਾਤੀਂ ਆਵੇ ਜਗਤ ਜ਼ਵਾਲ, ਗੱਲੀਂ ਬਾਤੀਂ ਦੀਨ ਦੁਨੀ ਕਰੇ ਤਬਾਹੀਆ । ਗੱਲੀਂ ਬਾਤੀਂ ਭਗਤਾਂ ਕਰੇ ਸੰਭਾਲ, ਗੱਲੀਂ ਬਾਤੀਂ ਹੋਏ ਸਹਾਈਆ । ਗੱਲੀਂ ਬਾਤੀਂ ਮੇਲਾ ਮਿਲੇ ਭਗਤ ਭਗਵਾਨ, ਬਿਨਾ ਗੱਲਾਂ ਬਾਤਾਂ ਤੋਂ ਸ਼ਬਦ ਨਾਦ ਨਾ ਕੋਇ ਸ਼ਨਵਾਈਆ । ਗੱਲੀਂ ਬਾਤੀਂ ਕੂੜੀ ਕਾਇਆ ਮਾਟੀ ਦਿਸੇ ਖਾਲ, ਗੱਲੀਂ ਬਾਤੀਂ ਵੱਜਦੀ ਰਹੇ ਵਧਾਈਆ । ਬਿਨਾ ਗੱਲਾਂ ਬਾਤਾਂ ਤੋਂ ਅੱਜ ਤਕ ਖੇਲ ਹੋਇਆ ਨਹੀਂ ਜਹਾਨ, ਜੁਗ ਚੌਕੜੀ ਰੀਤੀ ਚਲੀ ਆਈਆ । ਨਾਤਾ ਤੁੱਟੇ ਜਗਤ ਛੁੱਟੇ ਗੱਲ ਫੇਰ ਸੁਣੇ ਕੋਇ ਨਾ ਕਾਨ, ਬਿਨਾ ਗੱਲ ਤੋਂ ਗ਼ੁਲਾਮੀ ਸਕੇ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਚ ਹੁਕਮ ਵਰਤਾਈਆ । ਗੱਲਾਂ ਬਾਤਾਂ ਸ਼ਬਦ ਧਾਰ ਦੀ ਖ਼ੁਸ਼ੀ, ਖ਼ੁਸ਼ਹਾਲੀ ਵਿਚ ਪਰਗਟਾਈਆ । ਗੱਲਾਂ ਬਾਤਾਂ ਵਿਚ ਸਾਹਿਬ ਦੀ ਰੁਚੀ, ਬਿਨਾ ਗੱਲਾਂ ਬਾਤਾਂ ਤੋਂ ਰਚਨਾ ਰਚ ਨਾ ਕੋਇ ਜਣਾਈਆ । ਗੱਲਾਂ ਬਾਤਾਂ ਵਿਚ ਪ੍ਰਭ ਦੀ ਮੰਜ਼ਲ ਮਿਲੇ ਉਚੀ, ਬਿਨਾ ਗੱਲਾਂ ਬਾਤਾਂ ਤੋਂ ਹੱਥ ਕਿਛ ਨਾ ਆਈਆ । ਜੋ ਜਗਤ ਵਿਚ ਜਹਾਨ ਵਿਚ ਕਟਣ ਆਏ ਬੁਤੀ, ਬੁਤਖਾਨੇ ਬਹਿ ਕੇ ਆਪਣਾ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਜਗਤ ਧਾਰ ਦੁਖੀ, ਦੁੱਖ ਸੁਖ ਆਪਣੀ ਖੇਲ ਖਿਲਾਈਆ ।



✪ ੯ ਅੱਸੂ ਸ਼ਹਿਨਸ਼ਾਹੀ ਸੰਮਤ ੭ ਹਰਦੇਵ ਸਿੰਘ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ✪



ਸਤਿਗੁਰ ਪੂਰਾ ਸਦਾ ਨਿਹਕੇਵ ਨਿਹਚਲ ਧਾਮ ਵਡ ਵਡਿਆਈਆ । ਆਦਿ ਜੁਗਾਦੀ ਅਲਖ ਅਭੇਵ, ਅਗੋਚਰ ਬੇਪਰਵਾਹੀਆ । ਜਿਸ ਦੀ ਵਿਸ਼ਨ ਬ੍ਰਹਮਾ ਕਰਦੇ ਸੇਵ, ਸ਼ਿਵ ਸ਼ੰਕਰ ਚਰਨ ਧੂੜ ਰਮਾਈਆ । ਅਵਤਾਰ ਪੈਗ਼ੰਬਰ ਗੁਰ ਗਾਉਂਦੇ ਰਸਨਾ ਜਿਹਵ, ਸਿਫ਼ਤ ਸਿਫ਼ਤ ਨਾਲ ਵਡਿਆਈਆ । ਜਿਸ ਦਾ ਨਾਮ ਰਸ ਅਗੰਮੀ ਮੇਵ, ਮੁਨਿਆਦ ਸਭ ਦੀ ਵੇਖੇ ਥਾਉਂ ਥਾਈਂਆ । ਸੋ ਸਤਿਗੁਰ ਸਾਚਾ ਸਾਹਿਬ ਸਵਾਮੀ ਜਨਮ ਵਿਚੋਂ ਜਨਮ ਦਏ ਹਰਦੇਵ, ਹਰਿ ਆਪਣੀ ਦਇਆ ਕਮਾਈਆ । ਬੱਧਕ ਦੀ ਲੇਖੇ ਲਾ ਕੇ ਸੇਵ, ਬੰਧਨ ਧਰਮ ਰਾਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਹੋਏ ਸਹਾਈਆ । ਨੌਂ ਅੱਸੂ ਕਹੇ ਮੇਰੀ ਨਮੋ ਨਮੋ ਨਿਮਸਕਾਰ, ਡੰਡਾਵਤ ਵਿਚ ਸੀਸ ਝੁਕਾਈਆ । ਪਰਮ ਪੁਰਖ ਸੱਚੀ ਸਰਕਾਰ, ਹਰਿ ਕਰਤਾ ਬੇਪਰਵਾਹੀਆ । ਜੋ ਜੁਗ ਜੁਗ ਪੈਜ ਦਏ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਡੁੱਬਦੇ ਬੇੜੇ ਲਾਏ ਪਾਰ, ਪਾਹਿਨ ਪਾਥਰ ਆਪ ਤਰਾਈਆ । ਗੁਰਮੁਖ ਮਨਮੁਖ ਦੋਹਾਂ ਪਾਏ ਸਾਰ, ਜੋਤੀ ਜਾਤਾ ਅਗੰਮ ਅਥਾਹੀਆ । ਪੂਰਬ ਲਹਿਣਾ ਕਰਮ ਵਿਚਾਰ, ਨਿਹਕਰਮੀ ਹੋਏ ਸਹਾਈਆ । ਜਿਹੜਾ ਜਨਮੇਜੇ ਦਾ ਸੀ ਖ਼ਿਦਮਤਗਾਰ, ਨਥੀਆ ਨਾਉਂ ਬ੍ਰਾਹਮਣੀ ਕੁੱਖ ਵਡਿਆਈਆ । ਤਿਸ ਦਾ ਲੇਖਾ ਪੂਰਾ ਕਰੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਏਕਾ ਏਕਾ ਏਕੰਕਾਰ ।

## ✪ ੧੪ ਅੱਸੂ ਸ਼ਹਿਨਸ਼ਾਹੀ ਸੰਮਤ ੭ ਬਿਆਸ ਦਰਿਆ ਦੇ ਕੰਢੇ ਪੰਜ ਵਜੇ ਸ਼ਾਮ ✪

ਬਿਆਸ ਕਹੇ ਮੈਂ ਚਾਰ ਜੁਗ ਦਾ ਪਿਆਸਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੇਰੀ ਤ੍ਰਿਖਾ ਨਾ ਕਿਸੇ ਬੁਝਾਈਆ । ਮੇਰਾ ਲੇਖਾ ਲਿਖ ਕੇ ਗਿਆ ਵੇਦ ਵਿਆਸਾ, ਇਕ ਲੱਖ ਸਤਾਰਾਂ ਹਜ਼ਾਰ ਸਲੋਕ ਪੁਰਾਨ ਅਠਾਰਾਂ ਦੇਣ ਗਵਾਹੀਆ । ਮੈਨੂੰ ਅੰਤਮ ਗੋਬਿੰਦ ਦਿਤਾ ਦਿਲਾਸਾ, ਕਲਗੀਧਰ ਜਗਦੀਸ ਦਇਆ ਕਮਾਈਆ । ਤੇਰਾ ਲਹਿਣਾ ਦੇਣਾ ਪੂਰਾ ਕਰੇ ਪੁਰਖ ਅਬਿਨਾਸ਼ਾ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਮੁਹੰਮਦ ਦੀ ਨਾਲ ਰਲਾਏ ਖ਼ਾਹਿਸ਼ਾ, ਸਦੀ ਚੌਧਵੀਂ ਜੋੜ ਜੁੜਾਈਆ । ਚੌਦਾਂ ਤਬਕ ਕਰੇ ਤਲਾਸ਼ਾ, ਚੌਦਾਂ ਲੋਕ ਵੇਖ ਵਖਾਈਆ । ਨਵ ਸੱਤ ਕਰ ਜੋਤ ਪ੍ਰਕਾਸ਼ਾ, ਨਵ ਨੌਂ ਚਾਰ ਦਾ ਪੰਧ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖਣ ਆਵਣ ਤਮਾਸ਼ਾ, ਕਰੋੜ ਤੇਤੀਸਾ ਅੱਖ ਉਠਾਈਆ । ਅਵਤਾਰ ਤੇਈ ਹੋਵਣ ਦਾਸੀ ਦਾਸਾ, ਮੂਸਾ ਈਸਾ ਸੰਗ ਮਿਲਾਈਆ । ਗੁਰ ਦਸ ਨੂਰ ਜੋਤ ਹੋਵੇ ਰਹਿਰਾਸਾ, ਮੰਡਲ ਮੰਡਪ ਵੱਜੇ ਵਧਾਈਆ । ਲੇਖਾ ਜਾਣੇ ਜੋਤੀ ਜਾਤਾ, ਜਾਗਰਤ ਜੋਤ ਕਰ ਰੁਸ਼ਨਾਈਆ । ਅਕਲ ਕਲਧਾਰੀ ਪੁਰਖ ਬਿਧਾਤਾ, ਮਹਿਬਾਨ ਬੀਦੋ ਨੂਰ ਇਲਾਹੀਆ । ਜਿਸ ਦੀ ਜੁਗ ਚੌਕੜੀ ਸ਼ਾਸਤਰ ਸਿਮਰਤ ਵੇਦ ਪੁਰਾਣ ਗਾਉਂਦੇ ਗਾਥਾ, ਖਾਣੀ ਬਾਣੀ ਸਿਫ਼ਤ ਸਾਲਾਹੀਆ । ਦੋ ਜਹਾਨਾਂ ਪੁਰਖ ਸਮਰਾਥਾ, ਪਰਮ ਪੁਰਖ ਵਡ ਵਡਿਆਈਆ । ਕਲਜੁਗ ਅੰਤਮ ਵੇਖੇ ਅੰਧੇਰੀ ਰਾਤਾ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ
੧੪੪੯ ਦਾ ਹੁਕਮ ਇਕ ਸੁਣਾਈਆ । ਬਿਆਸ ਕਹੇ ਮੈਂ ਤਕਾਂ ਖਵਾਜਾ ਖਿਜ਼ਰ, ਨੀਰ ਪੀਰ ਭੱਜੇ ਵਾਹੋ ਦਾਹੀਆ । ਜਿਸ ਦਾ ਜ਼ਕਰੀਏ ਕੀਤਾ ਜ਼ਿਕਰ, ੧੪੪੯
ਅਲਿਫ਼ ਯੇ ਨਾਲ ਵਡਿਆਈਆ । ਜਿਸ ਦਾ ਮੁਹੰਮਦ ਨੇ ਕੀਤਾ ਫ਼ਿਕਰ, ਫ਼ਿਕਰਾ ਕਾਇਨਾਤ ਸੁਣਾਈਆ । ਉਹ ਨਿਰਗੁਣ ਧਾਰੋਂ ਆਵੇ ਨਿੱਕਲ, ਨੂਰ ਨੁਰਾਨਾ ਕਰ ਰੁਸ਼ਨਾਈਆ । ਜਗਤ ਨੇਤਰ ਕਿਸੇ ਨਾ ਆਵੇ ਦਿਸਣ, ਦਹਿ ਦਿਸ਼ਾ ਵੇਖਣ ਕੋਇ ਨਾ ਪਾਈਆ । ਜੋ ਝਗੜਾ ਮੇਟੇ ਪੱਥਰ ਇੱਟਣ, ਪਾਹਨ ਲੇਖਾ ਦਏ ਮੁਕਾਈਆ । ਭੇਵ ਖੁਲ੍ਹਾਏ ਇਤਲ ਵਿਤਲ, ਸਿਤਲ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਆਵੇ ਜਿਤਣ, ਚਾਰੋਂ ਕੁੰਟ ਅੱਖ ਉਠਾਈਆ । ਪੀਰ ਪੀਰਾਂ ਬਣੇ ਮਿਤਣ, ਮਿਹਰਵਾਨ ਮਹਿਬੂਬ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਖਵਾਜਾ ਕਹੇ ਮੈਂ ਆਇਆ ਲਹਿੰਦੀ ਦਿਸ਼ਾ, ਦਹਿ ਦਿਸ਼ਾ ਧਿਆਨ ਲਗਾਈਆ । ਮੇਰਾ ਪਰਵਰਦਿਗਾਰ ਪਾਇਆ ਹਿੱਸਾ, ਹਸਤੀ ਦੱਸੀ ਨੂਰ ਇਲਾਹੀਆ । ਮੈਂ ਰਾਹ ਤਕਾਂ ਨਿਤਾ, ਚੌਦਾਂ ਸਦ ਧਿਆਨ ਲਗਾਈਆ । ਕਵਣ ਵੇਲਾ ਪਰਵਰਦਿਗਾਰ ਮਿਲੇ ਧੁਰ ਦਾ ਪਿਤਾ, ਅੱਬਾ ਜਾਨ ਸ਼ਹਿਨਸ਼ਾਹੀਆ । ਜਿਸ ਦਾ ਤਨ ਵਜੂਦ ਹੋਵੇ ਨਾ ਜੁੱਸਾ, ਜ਼ਮੀਰ ਨਜ਼ਰ ਕੋਇ ਨਾ ਆਈਆ । ਮੁੱਛ ਨਾ ਹੋਵੇ ਦਾੜ੍ਹੀ ਨਾ ਮਨੁਸ਼ਾਂ ਵਾਲਾ ਰੁੱਖਾ, ਮਾਟੀ ਖ਼ਾਕ ਨਾ ਕੋਇ ਸੁਹਾਈਆ । ਭਾਗ ਲਗਾਏ ਅਗੰਮੀ ਬੁਤਾ, ਬੁਤਖ਼ਾਨਿਆਂ ਪਰੇ ਸਮਝਾਈਆ । ਖੇਲ ਦੱਸੇ ਅਬਿਨਾਸ਼ੀ ਅਚੁਤਾ, ਚੇਤਨ ਆਪਣੀ ਧਾਰ ਵਖਾਈਆ । ਸੰਮਤ ਸ਼ਹਿਨਸ਼ਾਹੀ ਸੱਤ ਸੁਹਾਏ ਰੁਤਾ, ਅੱਸੂ ਚੌਦਾਂ ਵੰਡ ਵੰਡਾਈਆ । ਜਿਸ ਦੇ ਵਿਚ ਚਾਰ ਜੁਗ ਦਾ ਪੈਂਡਾ ਮੁਕਾ, ਕਲਜੁਗ ਨਿਉਂ ਨਿਉਂ ਲਾਗੇ ਪਾਈਆ । ਬੇਪਰਵਾਹ ਇਕੋ ਉਠਾ, ਧੁਰ ਦਾ ਮਾਲਕ ਧੁਰਦਰਗਾਹੀਆ । ਵੇਖੇ ਲਹਿੰਦੀ ਗੁੱਠਾ, ਪੱਛਮ ਆਪਣੀ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ

ਦਾ ਹੁਕਮ ਇਕ ਸੁਣਾਈਆ । ਖਵਾਜਾ ਕਹੇ ਮੈਂ ਆਇਆ ਦੌੜਾ, ਭੱਜਿਆ ਵਾਹੋ ਦਾਹੀਆ । ਚੌਦਾਂ ਤਬਕ ਛੱਡਿਆ ਪਿਛਲਾ ਪੌੜਾ, ਪੌੜੀ ਡੰਡਾ ਨਜ਼ਰ ਕੋਇ ਨਾ ਆਈਆ । ਜਗਤ ਜਹਾਨ ਵੇਖਿਆ ਕੌੜਾ, ਉਮਤ ਉਮਤੀ ਅੱਖ ਬਦਲਾਈਆ । ਬਿਨਾ ਪਰਵਰਦਿਗਾਰ ਕੋਈ ਨਾ ਬਹੁੜਾ, ਬਹੁੜੀ ਕਰੇ ਲੋਕਾਈਆ । ਦੁਹਾਈ ਸਦੀ ਚੌਧਵੀਂ ਵਕਤ ਰਿਹਾ ਥੋੜਾ, ਮੁਹੰਮਦ ਨੇਤਰ ਲੋਚਣ ਨੈਣ ਰਿਹਾ ਤਕਾਈਆ । ਵੇਦ ਵਿਆਸੇ ਲੇਖਾ ਲਿਖਿਆ ਕਲਜੁਗ ਅੰਤਮ ਆਏ ਬ੍ਰਾਹਮਣ ਗੌੜਾ, ਕੰਢੀ ਮੇਰੇ ਚਰਨ ਛੁਹਾਈਆ । ਜਿਸ ਦਾ ਨੂਰ ਨੁਰਾਨਾ ਹੋਵੇ ਜੌਹਰਾ, ਜੌਹਰੀ ਪਰਖੇ ਕੋਇ ਨਾ ਰਾਈਆ । ਉਸ ਦਾ ਸਚ ਦਾ ਹੋਵੇ ਇਕੋ ਮੋਹਰਾ, ਮਿਹਰਵਾਨ ਆਪਣਾ ਹੁਕਮ ਵਰਤਾਈਆ । ਜਿਸ ਨੇ ਕਲਜੁਗ ਅੰਤਮ ਕਰਨਾ ਬੌਰਾ, ਸੁਰਤੀ ਸੁਰਤ ਨਾ ਕੋਇ ਵਡਿਆਈਆ । ਤੂੰ ਮੇਰਾ ਮੈਂ ਤੇਰਾ ਦੱਸਣਾ ਦੋਹਰਾ, ਨਿਰਗੁਣ ਨਿਰਗੁਣ ਮੇਲਾ ਮੇਲੇ ਸਹਿਜ ਸੁਭਾਈਆ । ਜਿਸ ਦੇ ਅੱਗੇ ਚਲਣਾ ਨਹੀਂ ਕੋਈ ਜੋਰਾ, ਅਵਤਾਰ ਪੈਗ਼ੰਬਰ ਗੁਰ ਬੈਠਣ ਸੀਸ ਨਿਵਾਈਆ । ਉਸ ਦੇ ਕੋਲ ਸਾਢੇ ਤਿੰਨ ਹੱਥ ਬੰਨ੍ਹਣ ਵਾਲੀ ਇਕੋ ਡੋਰਾ, ਡੋਰੀ ਕਰਨੈਲ ਸਿੰਘ ਦਏ ਫੜਾਈਆ । ਖਵਾਜਾ ਕਹੇ ਬਹੁੜੀ ਹੁਣ ਲਹਿੰਦੀ ਦਿਸ਼ਾ ਪੈ ਜਾਣਾ ਲੋਹੜਾ, ਅੱਗੇ ਹੋ ਨਾ ਕੋਇ ਅਟਕਾਈਆ । ਸਤਿਗੁਰ ਸ਼ਬਦ ਸ਼ਬਦ ਸਤਿਗੁਰ ਚੜ੍ਹੇ ਅਗੰਮੀ ਘੋੜਾ, ਵਾਗ ਜੋਤੀ ਧਾਰ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਖਵਾਜਾ ਕਹੇ ਪਰਵਰਦਿਗਾਰ ਮੇਰੇ ਅਹਿਬਾਬ, ਮਹਿਬੂਬ ਸੀਸ ਨਿਵਾਈਆ । ਮੈਂ ਲੈ ਕੇ ਆਇਆ
੧੪੫੦ ਬਿਨਾ ਅੱਖਰਾਂ ਤੋਂ ਕਿਤਾਬ, ਕੁਤਬਖ਼ਾਨੇ ਨਜ਼ਰ ਕਿਤੇ ਨਾ ਆਈਆ । ਮੁਹੰਮਦ ਦਾ ਪੂਰਾ ਕਰ ਦੇ ਖਵਾਬ, ਖਤਾ ਅਵਰ ਰਹੇ ਨਾ ਰਾਈਆ । ਮੇਰਾ ੧੪੫੦
ਸਜਦੇ ਨਾਲ ਆਦਾਬ, ਅਦਬ ਨਾਲ ਦ੍ਰਿੜਾਈਆ । ਮਗ਼ਰਬ ਵਿਚ ਇਕੋ ਤੇਰੇ ਨੂਰ ਦੀ ਹੋਵੇ ਮਹਿਰਾਬ, ਦੂਜਾ ਨਜ਼ਰ ਕੋਇ ਨਾ ਆਈਆ । ਸ਼ਰਅ
੨੨ ਸ਼ਰੀਅਤ ਕੋਲੋਂ ਕਰ ਆਜ਼ਾਦ, ਨਾਮ ਕਲਮਾ ਵੰਡ ਨਾ ਕੋਇ ਵੰਡਾਈਆ । ਧੁਰ ਦੇ ਹੁਕਮ ਦਾ ਬਖ਼ਸ਼ ਖ਼ਿਤਾਬ, ਸਿਰ ਆਪਣਾ ਹੱਥ ਟਿਕਾਈਆ । ੨੨
ਮੇਰਾ ਲੇਖਾ ਪੂਰਾ ਕਰ ਦੇ ਆਜ, ਦਰ ਤੇਰੇ ਮੰਗ ਮੰਗਾਈਆ । ਨੌਂ ਖੰਡ ਪ੍ਰਿਥਮੀ ਖੋਲ੍ਹ ਦੇ ਜਾਗ, ਆਲਸ ਨਿੰਦਰਾ ਰਹੇ ਨਾ ਰਾਈਆ । ਮੈਨੂੰ ਯਾਦ ਆ ਗਿਆ ਖਵਾਜਾ ਕਹੇ ਬਿਆਸ ਤੋਂ ਪਾਰ ਗੋਬਿੰਦ ਉਡਾਇਆ ਆਪਣਾ ਬਾਜ਼, ਬਾਜ਼ਾਂ ਵਾਲਾ ਆਪਣਾ ਖੇਲ ਖਿਲਾਈਆ । ਮੈਨੂੰ ਮਾਰ ਕੇ ਕਿਹਾ ਆਵਾਜ਼, ਚੌਦਾਂ ਤਬਕਾਂ ਬਾਹਰ ਸੁਣਾਈਆ । ਛੇਤੀ ਆ ਜਾ ਭਾਜ, ਭੱਜਣਾ ਵਾਹੋ ਦਾਹੀਆ । ਹੁਕਮ ਦਿਤਾ ਗ਼ਰੀਬ ਨਿਵਾਜ਼, ਸ਼ਬਦ ਸੰਦੇਸ਼ਾ ਇਕ ਸੁਣਾਈਆ । ਸਦੀ ਚੌਧਵੀਂ ਮੁਹੰਮਦ ਦਾ ਰਹਿਣਾ ਨਹੀਂ ਰਾਜ, ਉਮਤ ਨਬੀ ਰਸੂਲ ਨਜ਼ਰ ਕੋਇ ਨਾ ਆਈਆ । ਇਕੋ ਪਰਵਰਦਿਗਾਰ ਦਾ ਮਹਿਕਣਾ ਬਾਗ, ਬੂਟਾ ਮਾਨਸ ਦਏ ਲਗਾਈਆ । ਉਸ ਵੇਲੇ ਸਭ ਨੇ ਹੋਣਾ ਲਾਜਵਾਬ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਖਵਾਜਾ ਕਹੇ ਮੈਂ ਆਇਆ ਵਾਂਗ ਹਕੀਰਾ, ਨਿਵ ਨਿਵ ਲਾਗਾਂ ਪਾਈਆ । ਮੈਂ ਕਢੀਆਂ ਤੇਰੇ ਚਰਨ ਕਵਲਾਂ ਚੌਦਾਂ ਲਕੀਰਾ, ਚੌਦਾਂ ਤਬਕਾਂ ਲੇਖਾ ਰਹੇ ਨਾ ਰਾਈਆ । ਮੇਰੀ ਦ੍ਰਿਸ਼ਟੀ ਹੋਈ ਵਾਂਗ ਫ਼ਕੀਰਾ, ਫ਼ਿਕਰਾ ਇਕੋ ਦੇਣਾ ਜਣਾਈਆ । ਅੱਗੇ ਸ਼ਰਅ ਤੋੜ ਜ਼ੰਜੀਰਾ, ਸ਼ਰੀਅਤ ਕੰਮ ਕਿਸੇ ਨਾ ਆਈਆ । ਇਕੋ ਮਾਣ ਬਖ਼ਸ਼ ਗ਼ਰੀਬ ਅਮੀਰਾ, ਜ਼ਾਤ ਪਾਤ ਨਜ਼ਰ ਕੋਇ ਨਾ ਆਈਆ । ਅਵਤਾਰ ਪੈਗ਼ੰਬਰ ਗੁਰ ਪੂਰੀਆਂ ਕਰ ਤਹਿਰੀਰਾ, ਜੋ ਭਵਿਖਤਾਂ ਵਿਚ ਗਏ ਦ੍ਰਿੜਾਈਆ ।

ਜਿਹੜੇ ਮਾਨਵ ਨਾਮ ਕਲਮੇ ਕੀਤੇ ਲੀਰਾ ਲੀਰਾ, ਇਕੋ ਗੰਢ ਦੇਣੀ ਬੰਧਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਪਰਵਰਦਿਗਾਰ ਪੁਰਖ ਅਕਾਲ ਧੁਰ ਦੇ ਰਾਮ ਬਦਲ ਦੇ ਜ਼ਮੀਰਾ, ਜ਼ਿਮੀਂ ਅਸਮਾਨ ਧਿਆਨ ਲਗਾਈਆ । ਬਿਆਸਾ ਕਹੇ ਮੇਰੇ ਉਤੇ ਸੰਦੇਸ਼ਾ ਦੇ ਕੇ ਗਿਆ ਭਗਤ ਕਬੀਰਾ, ਕਬਰਾਂ ਤੋਂ ਬਾਹਰ ਦ੍ਰਿੜਾਈਆ । ਜਿਸ ਵੇਲੇ ਸਦੀ ਚੌਧਵੀਂ ਵੇਲਾ ਅੰਤ ਹੋਏ ਅਖ਼ੀਰਾ, ਅੱਖਰਾਂ ਚਲੇ ਨਾ ਕੋਇ ਚਤੁਰਾਈਆ । ਬਿਨਾ ਪੁਰਖ ਅਕਾਲ ਤੋਂ ਦੀਨ ਦੁਨੀ ਬਦਲੇ ਨਾ ਕੋਇ ਤਕਦੀਰਾ, ਤਦਬੀਰ ਚਲੇ ਨਾ ਕੋਇ ਚਤੁਰਾਈਆ । ਝਗੜਾ ਮੇਟਣਾ ਸ਼ਾਹ ਹਕੀਰਾ, ਇਕੋ ਰੰਗ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਖਵਾਜਾ ਕਹੇ ਸੁਣ ਬਿਆਸ ਦੇ ਕੰਢੇ, ਤੱਟਾ ਤੈਨੂੰ ਦਿਆਂ ਜਣਾਈਆ । ਉਠ ਵੇਖ ਨਵ ਖੰਡੇ, ਬ੍ਰਹਿਮੰਡਾਂ ਅੱਖ ਉਠਾਈਆ । ਪੁਰਖ ਅਕਾਲ ਕੀ ਵੰਡੇ, ਵੰਡਣਹਾਰ ਆਪਣੀ ਦਇਆ ਕਮਾਈਆ । ਕੀ ਕਹੇ ਗੋਬਿੰਦ ਦੀ ਚੰਡ ਪਰਚੰਡੇ, ਚੰਡਕਾ ਆਪਣਾ ਰੂਪ ਬਣਾਈਆ । ਕੀ ਖੇਲ ਕਰਨਾ ਸੱਤ ਰੰਗ ਡੰਡੇ, ਡੰਡਾਵਤ ਸਭ ਦੀ ਦਏ ਬਦਲਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲਾ ਬਿਆਸ ਪਾਰ ਲੰਘੇ, ਆਸਾਵੰਦ ਹਰਿ ਸਤਿਗੁਰ ਆਪ ਬਣਾਈਆ । ਤਟ ਕਹੇ ਗੋਬਿੰਦ ਨੇ ਮੇਰੇ ਉਤੇ ਬੈਠ ਕੇ ਕੰਘੇ ਦੇ ਗਿਣੇ ਸੀ ਇਕੀ ਦੰਦੇ, ਦੋ ਇਕ ਵੇਖ ਵਖਾਈਆ । ਫੇਰ ਇਸ਼ਾਰਾ ਕੀਤਾ ਵੱਲ ਤਾਰੇ ਚੰਦੇ, ਤਾਰੇ ਚੰਦ ਦਿਤਾ ਸੁਣਾਈਆ । ਜਿਸ ਵੇਲੇ ਸਦੀ ਚੌਧਵੀਂ ਅੰਤਮ ਲੰਘੇ, ਬੀਸ ਬੀਸਾ ਨਾਲ ਮਿਲਾਈਆ । ਪਰਮ ਪੁਰਖ ਦੇਵੇ ਸਭ ਨੂੰ ਦੰਡੇ, ਹੁਕਮ ਹੁਕਮ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਬਿਆਸ ਕਹੇ ਗੋਬਿੰਦ ਨੇ ਮੇਰੇ ਉਤੇ ਮਾਰੇ ਮੂਧੇ ਗੋਡੇ, ਗੁਟਨੇ ਜ਼ਿਮੀਂ ਉਤੇ ਟਿਕਾਈਆ । ਫੇਰ ਆਪਣੇ ਫੜ ਕੇ ਦੋਵੇਂ ਮੋਢੇ ਹਲੂਣੇ ਨਾਲ ਹਿਲਾਈਆ । ਫੇਰ ਦੋ ਜਹਾਨਾਂ ਹੱਥਾਂ ਉਤੇ ਚੁੱਕ ਬੋਝੇ, ਜਗਤ ਹਲੂਣਾ ਦਿਤਾ ਵਖਾਈਆ । ਕਲਜੁਗ ਅੰਤਮ ਸਦੀ ਚੌਧਵੀਂ ਮੁਹੰਮਦ ਕਟੇ ਜਾਣੇ ਬੋਦੇ, ਬਦਲਾ ਚੁੱਕੇ ਥਾਉਂ ਥਾਈਂਆ । ਜੋ ਦੀਨਾਂ ਮਜ਼੍ਹਬਾਂ ਵਾਲੇ ਟੋਏ ਟੋਬੇ, ਵਡਾ ਛੋਟਾ ਰਹਿਣ ਕੋਇ ਨਾ ਪਾਈਆ । ਇਕੋ ਡੰਕਾ ਵੱਜਣਾ ਚੌਦਾਂ ਲੋਕੇ, ਚੌਦਾਂ ਤਬਕ ਕਰੇ ਸ਼ਨਵਾਈਆ । ਇਕੋ ਨਾਮ ਇਕੋ ਕਲਮਾ ਹੋਵੇ ਸਲੋਕੇ, ਇਕੋ ਢੋਲਾ ਧੁਰਦਰਗਾਹੀਆ । ਖਵਾਜੇ ਤੂੰ ਵੇਖਣੇ ਓਸ ਸਮੇਂ ਦੇ ਮੌਕੇ, ਮੁਕੰਮਲ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਖਵਾਜਾ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਹੱਸਾ, ਹੱਸ ਕੇ ਗੋਬਿੰਦ ਸੀਸ ਨਿਵਾਈਆ । ਵੇਖ ਕੇ ਸਾਢੇ ਤਿੰਨ ਹੱਥ ਦਾ ਰੱਸਾ, ਰਸਤਾ ਪਿਛਲਾ ਦੇਵਾਂ ਬਦਲਾਈਆ । ਉਸ ਵੇਲੇ ਗੋਬਿੰਦ ਦੇ ਸੰਗ ਸੀ ਜਿਸ ਦਾ ਨਾਮ ਜੱਸਾ, ਮਸਤ ਰਹਿ ਕੇ ਆਪਣਾ ਝਟ ਲੰਘਾਈਆ । ਉਸ ਰੋੜਾ ਪੱਥਰ ਕੀਤਾ ਇਕੱਠਾ, ਮਖੌਲ ਨਾਲ ਗੋਬਿੰਦ ਅੱਗੇ ਹੱਥ ਟਿਕਾਈਆ । ਨਾਲੇ ਕਿਹਾ ਬੜਾ ਅੱਛਾ, ਸਾਹਿਬ ਇਸ ਨੂੰ ਦੇ ਵਰਤਾਈਆ । ਨਾਲੇ ਹੱਥ ਨਾਲ ਚੁੱਕਿਆ ਆਪਣਾ ਢਿਲਾ ਕੱਛਾ, ਸਹਿਜ ਨਾਲ ਉਠਾਈਆ । ਖਵਾਜੇ ਖ਼ੁਸ਼ੀ ਵਿਚ ਆਪਣਾ ਕਦਮ ਚੁੱਕਾ, ਟੱਪ ਕੇ ਦਿਤਾ ਜਣਾਈਆ । ਗੋਬਿੰਦ ਇਹ ਤੇਰਾ ਸਿਖ ਸੱਚਾ, ਜੋ ਸਚ ਰਿਹਾ ਸੁਣਾਈਆ । ਗੋਬਿੰਦ ਕਿਹਾ ਇਹ ਧੁਰ ਦਾ ਬੱਚਾ, ਪੁਰਖ ਅਕਾਲ ਦਿਤੀ ਵਡਿਆਈਆ । ਜਿਸ ਵੇਲੇ ਕਲਜੁਗ ਅੰਤ ਜੋਤੀ ਨੂਰ ਹੋਇਆ ਪਰਗਟਾ, ਪਰਗਟ ਆਪਣੀ ਕਾਰ ਕਮਾਈਆ । ਇਸ ਦਾ ਲੇਖੇ ਲਾਵੇ ਪੱਥਰ ਵੱਟਾ, ਵੱਟ ਦੀਨ ਦੁਨੀ ਵਾਲੀ ਕਢਾਈਆ । ਜਿਸ ਦਾ

ਰਸ ਹੋਵੇ ਮਿੱਠਾ, ਵਿਖ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਪੂਰ ਕਰਾਈਆ । ਪੱਥਰ ਕਿਹਾ ਮੈਂ ਹੋਵਾਂ ਮਿੱਠਾ ਰਸ, ਗੋਬਿੰਦ ਦਿਤੀ ਵਡਿਆਈਆ । ਖਵਾਜਾ ਪਿਆ ਹੱਸ, ਇਹ ਇਹਦੀ ਬੇਪਰਵਾਹੀਆ । ਜਿਉਂ ਭਾਵੇ ਤਿਉਂ ਲਏ ਰੱਖ, ਰੱਖਣਹਾਰ ਵਡ ਵਡਿਆਈਆ । ਮਸਤ ਨੇ ਖ਼ਾਲੀ ਝੋਲੀ ਡਾਹੀ ਝਟ, ਅੱਗੇ ਦਿਤੀ ਵਖਾਈਆ । ਗੋਬਿੰਦ ਇਸ ਦੇ ਵਿਚ ਸਭ ਕੁਝ ਘੱਤ, ਮਿਹਰ ਨਜ਼ਰ ਉਠਾਈਆ । ਗੋਬਿੰਦ ਕਿਹਾ ਜਿਸ ਵੇਲੇ ਨਿਰਗੁਣ ਧਾਰ ਆਵੇ ਵੱਤ, ਬੇਵਤਨ ਬੇਪਰਵਾਹੀਆ । ਤੇਰੀ ਰੱਖੇ ਪੱਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਝਟ ਵੱਟੇ ਕਿਹਾ ਮੇਰਾ ਭਾਰ ਨੌ ਸੇਰ ਤੋਂ ਨਹੀਂ ਘੱਟ, ਨਵਾਂ ਰਸਾਂ ਦਿਆਂ ਜਣਾਈਆ । ਜਿਸ ਵੇਲੇ ਮੈਂ ਸਾਹਿਬ ਦੇ ਵਿਕਿਆ ਹੱਟ, ਘਾਟ ਸੋਹਣਾ ਸੋਭਾ ਪਾਈਆ । ਤੇਰੀ ਲੱਜਿਆ ਲਏ ਰੱਖ, ਹੋਵੇ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਪੱਥਰ ਕਿਹਾ ਜੇ ਗੋਬਿੰਦ ਮੇਰਾ ਵੰਡੇ ਪਰਸ਼ਾਦ, ਪਰਸ਼ਾਦੀ ਹੋ ਕੇ ਦਇਆ ਕਮਾਈਆ । ਮੈਂ ਸਦਾ ਰੱਖਾਂ ਤੇਰੀ ਯਾਦ, ਜੋ ਯਾਦਵ ਬੰਸੀ ਕ੍ਰਿਸ਼ਨ ਗਿਆ ਦ੍ਰਿੜਾਈਆ । ਜਿਸ ਦਾ ਰਾਮ ਨੇ ਰਾਮ ਨੂੰ ਵਖਾਇਆ ਸੁਆਦ, ਭੋਗ ਭਗਵਨ ਸੰਗ ਬਣਾਈਆ । ਮੁਹੰਮਦ ਨੌ ਵਾਰ ਕਰ ਕੇ ਆਦਾਬ, ਖ਼ੁਦ ਖ਼ੁਦਾ ਸੀਸ ਝੁਕਾਈਆ । ਮੂਸਾ ਆ ਕੇ ਵਿਚ ਵੈਰਾਗ, ਉਚੀ ਕੂਕ ਦਿਤੀ ਦੁਹਾਈਆ । ਈਸਾ ਲੁਕ ਕੇ ਵਿਚ ਕਮਾਦ, ਕਾਮਲ ਮੁਰਸ਼ਦ ਅੱਖ ਮਿਲਾਈਆ । ਨਾਨਕ ਨੇ ਮੈਨੂੰ ਬਖ਼ਸ਼ੀ ਦਾਦ, ਦਇਆਵਾਨ ਹੋਇਆ ਸਹਾਈਆ । ਗੋਬਿੰਦ ਅੰਤ ਤੇਰੇ ਆਇਆ ਹਾਥ, ਹਥੇਲੀ ਨਾਲ ਛੁਹਾਈਆ । ਤੂੰ ਸਰਬ ਕਲਾ ਸਮਰਾਥ, ਦਾਨੀ ਬੇਪਰਵਾਹੀਆ । ਮੇਰੇ ਅੰਦਰ ਦੇ ਦੇ ਰਾਸ, ਪੱਥਰ ਪਾਹਨ ਰੂਪ ਬਦਲਾਈਆ । ਗੋਬਿੰਦ ਮਿਹਰ ਨਾਲ ਉਠਾ ਆਂਖ, ਬਿਨਾ ਅੱਖਰਾਂ ਲੇਖ ਬਦਲਾਈਆ । ਮੈਂ ਸ਼ਬਦ ਸੁਣਾਵਾਂ ਸਾਚ, ਸਚ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਗੋਬਿੰਦ ਕਿਹਾ ਹੱਥ ਪੱਥਰ ਨਾਲ ਗਿਆ ਜੁੜ, ਤੇਰੀ ਹਸਤੀ ਦਿਆਂ ਬਦਲਾਈਆ । ਸ਼ਬਦੀ ਧਾਰ ਆਵਾਂ ਮੁੜ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਦੋ ਜਹਾਨਾਂ ਬਣਾਂ ਸਤਿਗੁਰ, ਸਤਿ ਸਤਿਵਾਦੀ ਰੂਪ ਸਮਾਈਆ । ਮੱਸਾ ਸਿੰਘ ਨਾਲ ਆਵੇ ਤੁਰ, ਤੁਰਤ ਲਹਿਣਾ ਝੋਲੀ ਪਾਈਆ । ਤੇਰਾ ਰਸ ਬਣਾ ਕੇ ਗੁੜ, ਨਵ ਸੇਰ ਦਿਆਂ ਵੰਡਾਈਆ । ਜਨ ਭਗਤਾਂ ਅੰਦਰ ਮਿੱਠੇ ਰਸ ਦੀ ਰਹਿਣ ਨਾ ਦੇਵਾਂ ਥੁੜ, ਖ਼ਾਲੀ ਭੰਡਾਰੇ ਆਪ ਭਰਾਈਆ । ਉਹ ਵੇਖ ਮੈਂ ਛਡੀ ਜਾਂਦਾ ਅਨੰਦਪੁਰ, ਪੁਰੀ ਅਨੰਦ ਤਜਾਈਆ । ਰੂਪ ਬਣਾਵਾਂ ਹੋਰ ਦਾ ਹੋਰ, ਮਾਛੂਵਾੜਾ ਦਏ ਗਵਾਹੀਆ । ਦੱਖਣ ਚਲੇ ਕਿਸੇ ਨਾ ਜ਼ੋਰ, ਨੰਦੇੜ ਆਪਣਾ ਰੰਗ ਰੰਗਾਈਆ । ਫੇਰ ਜਾਵਾਂ ਉਸ ਸਾਹਿਬ ਦੇ ਕੋਲ, ਜੋ ਕੁਲ ਮਾਲਕ ਅਖਵਾਈਆ । ਫੇਰ ਵਜਾਵਾਂ ਅਗੰਮੀ ਢੋਲ, ਦੋ ਜਹਾਨਾਂ ਸ਼ਬਦ ਸ਼ਨਵਾਈਆ । ਫੇਰ ਆ ਕੇ ਤੋਲਾਂ ਪੂਰਾ ਤੋਲ, ਘਾਟਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਖਵਾਜਾ ਕਹੇ ਗੋਬਿੰਦ ਦੇ ਨਾਲ ਇਕ ਸਿੱਖ ਸੀ ਨਗੀਨਾ, ਨੰਨ੍ਹਾ ਬੱਚਾ ਨਜ਼ਰੀ ਆਈਆ । ਉਹ ਲੇਟਿਆ ਉਤੇ ਜ਼ਮੀਨਾ, ਨਿਗਹ ਅਸਮਾਨ ਵੱਲ ਉਠਾਈਆ । ਫੇਰ ਤੱਕਿਆ ਘੋੜੇ ਦੀ ਜ਼ੀਨਾ, ਪਾਖਰ ਵੇਖੇ ਚਾਈਂ ਚਾਈਆ । ਫੇਰ ਸਮਝਿਆ ਮੈਂ ਮਰਨਾ ਕਿ ਜੀਣਾ, ਜ਼ਿੰਦਗੀ ਸੰਗ ਨਾ ਕੋਇ ਨਿਭਾਈਆ । ਝਟ ਭੈ ਵਿਚ ਆਇਆ

ਪਸੀਨਾ, ਆਪਣਾ ਪਾਸਾ ਲਿਆ ਬਦਲਾਈਆ । ਖਵਾਜੇ ਕਿਹਾ ਵਾਹ ਮੇਰੇ ਰਹੀਮਾ, ਰਹਿਮਤ ਤੇਰੀ ਬੇਪਰਵਾਹੀਆ । ਤੂੰ ਕੁਦਰਤ ਕਾਦਰ ਕਰੀਮਾ, ਕਾਲ ਮਹਾਂਕਾਲ ਤੇਰੀ ਸਰਨਾਈਆ । ਤੂੰ ਆਲੀਸ਼ਾਨ ਅਜ਼ੀਮਾ, ਆਜ਼ਮ ਨੂਰ ਇਲਾਹੀਆ । ਤੇਰੀ ਸਭ ਤੋਂ ਵੱਖਰੀ ਤਾਲੀਮਾ, ਤੁਲਬੇ ਅਵਤਾਰ ਪੈਗ਼ੰਬਰ ਗੁਰ ਗਏ ਜਣਾਈਆ । ਤੂੰ ਵਸੇਂ ਬਾਹਰ ਅਸਮਾਨ ਜ਼ਮੀਨਾ, ਦੋ ਜਹਾਨਾਂ ਪਰੇ ਤੇਰੀ ਰੁਸ਼ਨਾਈਆ । ਤੈਨੂੰ ਸਜਦੇ ਵਿਚ ਕਹਾਂ ਆਮੀਨਾ, ਆਮੀਨ ਕਹਿ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਈਆ । ਖਵਾਜੇ ਵੇਖਿਆ ਅਸਵ ਦਾ ਤੰਗ, ਨਿਗਹ ਨੀਲੇ ਉਤੇ ਟਿਕਾਈਆ । ਉਹਦੇ ਕੋਲ ਸੀ ਮੌਲੀ ਦਾ ਤੰਦ, ਜਿਸ ਦੀ ਸਵਾ ਗਜ ਲੰਬਾਈਆ । ਫੇਰ ਨਿਸ਼ਾਨ ਤੱਕਿਆ ਤਾਰਾ ਚੰਦ, ਸਦੀ ਚੌਧਵੀਂ ਅੱਖ ਉਠਾਈਆ । ਮੁਹੰਮਦ ਦਾ ਲੇਖਾ ਰਿਹਾ ਲੰਘ, ਪੰਧ ਮੁਕਿਆ ਵਾਹੋ ਦਾਹੀਆ । ਚਾਰ ਯਾਰੀ ਦਾ ਏਨਾ ਸੰਗ, ਉਮਤੀ ਉਮਤ ਨਾ ਕੋਇ ਚਤੁਰਾਈਆ । ਕਲਮਾ ਮਿਲੇ ਨਾ ਕਿਸੇ ਅਨੰਦ, ਕਾਇਨਾਤ ਰਹੀ ਕੁਰਲਾਈਆ । ਮੁੱਲਾਂ ਸ਼ੇਖ਼ ਮੁਸਾਇਕ ਲਾਏ ਕਿਸੇ ਨਾ ਅੰਗ, ਔਲੀਆ ਇਲਮ ਨਾ ਕੋਇ ਪੜ੍ਹਾਈਆ । ਉਸ ਛੋਟੇ ਬੱਚੇ ਕਿਹਾ ਆ ਮੇਰੇ ਕੋਲ ਵੰਞ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਚ ਵਿਚੋਂ ਸਮਝਾਈਆ । ਖਵਾਜੇ ਕਿਹਾ ਆ ਬਾਲੇ ਛੋਟੇ, ਸਹਿਜ ਨਾਲ ਸੁਣਾਈਆ । ਬਿਆਸ ਵਿਚ ਮਾਰ ਗੋਤੇ, ਡੂੰਘੀ ਭਵਰ ਵੇਖ ਵਖਾਈਆ । ਬੱਚੇ ਹੱਸ ਕੇ ਕਿਹਾ ਮੈਂ ਚੌਦਾਂ ਤਬਕ ਵੇਖੇ ਰੋਤੇ, ਖ਼ੁਸ਼ੀ ਖ਼ੁਸ਼ੀ ਨਾ ਕੋਇ ਬਣਾਈਆ । ਮੁਰੀਦ ਵੇਖੇ ਸੋਤੇ, ਸੁਤਿਆਂ ਅੱਖ ਨਾ ਕੋਇ ਖੁਲ੍ਹਾਈਆ । ਖ਼ੁਦਾ ਨੂੰ ਭੁੱਲੇ ਬਹੁਤੇ, ਖ਼ੁਦੀ ਵਿਚ ਹਲਕਾਈਆ । ਸਦੀ ਚੌਧਵੀਂ ਜਾਣੇ ਔਤੇ, ਅੰਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਇਕ ਮਿਲਾਈਆ । ਮੌਲੀ ਕਿਹਾ ਮੇਰਾ ਤੰਦ ਸਵਾ ਗਜ਼ ਲੰਬਾ, ਦੋਹਾਂ ਦਿਆਂ ਜਣਾਈਆ । ਮੈਂ ਵੇਖਣਾ ਖੇਲ ਅਚੰਭਾ, ਭੇਵ ਅਭੇਦਾ ਦਿਆਂ ਦ੍ਰਿੜਾਈਆ । ਜਿਸ ਵੇਲੇ ਨਾਤਾ ਰਿਹਾ ਨਾ ਪਿਤਾ ਮਾਈ ਅੰਮਾ, ਅੰਮੀ ਨਾ ਗੋਦ ਸੁਹਾਈਆ । ਝਗੜਾ ਪੈਣਾ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਨਾ ਕੋਇ ਬਦਲਾਈਆ । ਸਦੀ ਚੌਧਵੀਂ ਬੀਤ ਜਾਣਾ ਸਮਾਂ, ਕਲਜੁਗ ਅੰਤਮ ਅੱਖ ਖੁਲ੍ਹਾਈਆ । ਚਾਰੋਂ ਕੁੰਟ ਜਗੇ ਕੋਇ ਨਾ ਸ਼ਮਾਂ, ਅੰਧ ਅੰਧੇਰ ਨਾ ਕੋਇ ਗਵਾਈਆ । ਸਭ ਦੇ ਅੰਦਰ ਹੋਣਾ ਗ਼ਮਾਂ, ਗ਼ਮਖ਼ਾਰ ਨਾ ਕੋਇ ਸਹਾਈਆ । ਦੀਨ ਮਜ਼੍ਹਬ ਦੀ ਹੋਣੀ ਤਮ੍ਹਾ, ਕਲਮਾ ਕਲਮੇ ਨਾਲ ਟਕਰਾਈਆ । ਪਵਣ ਸਵਾਸੀ ਨਾਮ ਰਹੇ ਕਿਸੇ ਨਾ ਦਮਾ, ਦਾਮਨਗੀਰ ਨਾ ਕੋਇ ਅਖਵਾਈਆ । ਉਸ ਵੇਲੇ ਪਰਵਰਦਿਗਾਰ ਮੇਰੇ ਅਮਾਮ ਖੇਲ ਕਰਨਾ ਨਵਾਂ, ਨਵ ਖੰਡ ਖੰਡ ਜਣਾਈਆ । ਭਗਤ ਸੁਹੇਲੇ ਕਰ ਕੇ ਜਮ੍ਹਾ, ਜਾਮਾ ਦੀਨ ਦੁਨੀ ਬਦਲਾਈਆ । ਧੁਰ ਦਾ ਹੁਕਮ ਕਰ ਕੇ ਰਵਾਂ, ਰਾਸਤਾ ਬਰਾਸਤਾ ਇਕੋ ਦਏ ਦ੍ਰਿੜਾਈਆ । ਖਵਾਜੇ ਤੈਨੂੰ ਕਰਨਾ ਮਨਾਹ, ਹੁਕਮ ਹੁਕਮ ਵਿਚੋਂ ਬਦਲਾਈਆ । ਤੂੰ ਸੁਣਨਾ ਬਿਨਾ ਕੰਨਾਂ, ਕੰਨਾ ਗੋਬਿੰਦ ਵਾਲਾ ਦਏ ਗਵਾਹੀਆ । ਜਿਸ ਨੂੰ ਸਮਝ ਨਾ ਸਕੇ ਕੋਈ ਚੌਦਾਂ ਸੌ ਤੀਹ ਪੜ੍ਹਨ ਵਾਲਾ ਪੰਨਾ, ਪਨਿਸ਼ਮੈਂਟ ਵਿਚ ਸਾਰੇ ਲੈਣ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਮੌਲੀ ਤੰਦ ਕਿਹਾ ਮੇਰਾ ਕਿਸੇ ਕੋਲ ਨਹੀਂ ਠੇਕਾ, ਮੁਹੰਮਦ ਨਾਲ ਨਾ ਕੋਇ ਵਡਿਆਈਆ । ਖਵਾਜੇ ਤੂੰ ਵੀ ਰੱਖਣਾ ਚੇਤਾ, ਚੇਤਨ ਹੋ ਕੇ ਦਿਆਂ ਦ੍ਰਿੜਾਈਆ । ਜਿਸ ਵੇਲੇ ਨਿਰਗੁਣ ਧਾਰ ਬਣੇ ਨੇਤਾ, ਨਿਰਵੈਰ

੧੪੫੩ ੨੨

ਬੇਪਰਵਾਹੀਆ । ਉਸ ਵੇਲੇ ਮੈਨੂੰ ਉਸ ਦੀ ਕਰ ਦਿਓ ਭੇਟਾ, ਨਿੱਕਾ ਬਾਲਾ ਜਸਬੀਰ ਸਿੰਘ ਹੱਥ ਫੜਾਈਆ । ਮੇਰਾ ਪੂਰਾ ਹੋਵੇ ਲੇਖਾ, ਮੁਹੰਮਦ ਦੀ ਗੰਢ ਰਹੇ ਨਾ ਰਾਈਆ । ਸਭ ਨੂੰ ਭੁੱਲ ਜਾਏ ਸੌਹਰਾ ਪੇਕਾ, ਏਥੇ ਉਥੇ ਦੋ ਜਹਾਨਾਂ ਮਿਲੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਮੌਲੀ ਤੰਦ ਕਹੇ ਮੈਂ ਕੋਈ ਕੱਚਾ ਨਹੀਂ ਤੰਦਾ, ਸ਼ਬਦੀ ਹੁਕਮ ਜਣਾਈਆ । ਮੈਂ ਗੋਬਿੰਦ ਦੀ ਧਾਰ ਗੋਬਿੰਦ ਸੰਗਾ, ਸਗਲਾ ਸੰਗ ਬਣਾਈਆ । ਜਿਸ ਵੇਲੇ ਛੱਡਿਆ ਪੁਰੀ ਅਨੰਦਾ, ਸਵਾ ਗਜ਼ ਡੋਰੀ ਚਰਨਾਂ ਹੇਠ ਦਬਾਈਆ । ਫੇਰ ਇਸ਼ਾਰਾ ਕੀਤਾ ਤਾਰਾ ਚੰਦਾ, ਸਦੀ ਚੌਧਵੀਂ ਤੇਰੀ ਹੋਏ ਸਫ਼ਾਈਆ । ਉਸ ਵੇਲੇ ਸਹਾਰਾ ਰਹਿਣਾ ਨਹੀਂ ਕੋਈ ਮੁਹਾਣਾ ਵੰਞਾ, ਵੰਞੀ ਹਾਥ ਕੋਇ ਨਾ ਆਈਆ । ਇਹ ਕੋਈ ਸਮਾਂ ਨਹੀਂ ਲੰਬਾ, ਢਈਆ ਮੇਰਾ ਦਏ ਗਵਾਹੀਆ । ਉਸ ਵੇਲੇ ਗੁਰ ਗੋਬਿੰਦ ਦੇ ਕੋਲ ਇਕ ਸਿੱਖ ਦੂਲ੍ਹਾ ਜਿਹੜਾ ਭੈ ਵਿਚ ਕੰਬਾ, ਆਪ ਆਪਣਾ ਲਿਆ ਹਿਲਾਈਆ । ਕੀ ਕਲਜੁਗ ਹਾਲ ਹੋਵੇ ਮੰਦਾ, ਚਾਰੋਂ ਕੁੰਟ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੁਰਮੁਖ ਕਿਹਾ ਗੋਬਿੰਦ ਮੇਰੇ ਪੀਰਾ, ਸਤਿਗੁਰ ਤੇਰੀ ਸਰਨਾਈਆ । ਤੂੰ ਦਾਤਾ ਗੁਣੀ ਗਹੀਰਾ, ਗਹਿਰ ਅਖਵਾਈਆ । ਮੈਂ ਤੇਰੇ ਚਰਨ ਕਵਲ ਰੱਖਾਂ ਆਪਣਾ ਚੀਰਾ, ਸੀਸ ਤੇਰੀ ਭੇਟ ਕਰਾਈਆ । ਕੀ ਅੱਗੇ ਹੋਵੇ ਤੇਰਾ ਵਤੀਰਾ, ਬੇਵਤਨਾਂ ਲਏਂ ਮਿਲਾਈਆ । ਕਿਉਂ ਫਿਰੇਂ ਵਾਂਗ ਫ਼ਕੀਰਾਂ, ਭੱਜੇਂ ਵਾਹੋ ਦਾਹੀਆ । ਗੋਬਿੰਦ ਕਿਹਾ ਮੈਂ ਕਟਾਂ ਸ਼ਰਅ ਦੀਆਂ ਜੰਜ਼ੀਰਾਂ ਚਾਰ ਵਰਨ ਅਠਾਰਾਂ ਬਰਨ ਇਕੋ ਰੰਗ ਰੰਗਾਈਆ । ਸਭ ਦੀਆਂ ਬਦਲ ਦਿਆਂ ਤਕਦੀਰਾਂ, ਤਦਬੀਰ ਆਪਣੀ ਇਕ ਸਮਝਾਈਆ । ਉਮਤ ਉਮਤੀ ਪਏ ਵਹੀਰਾ, ਵਹਿਣ ਵਗਣ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਗੋਬਿੰਦ ਕਿਹਾ ਗੁਰਮੁਖ ਮੇਰੇ ਰਤਨ, ਸਿੰਘ ਰਤਨ ਵਡਿਆਈਆ । ਜਿਸ ਵੇਲੇ ਪਹੁੰਚਿਆ ਘਾਟ ਪੱਤਨ, ਬਿਆਸ ਸੋਭਾ ਪਾਈਆ । ਸਭ ਦੀ ਪੈਜ ਆਵਾਂ ਰੱਖਣ, ਰੱਖਕ ਹੋ ਕੇ ਹੋਵਾਂ ਸਹਾਈਆ । ਕਿਸੇ ਦਾ ਚਲੇ ਨਾ ਕੋਈ ਯਤਨ, ਯਥਾਰਥ ਆਪਣਾ ਹੁਕਮ ਵਰਤਾਈਆ । ਜਿਹੜਾ ਪਟਨੇ ਵਾਲਾ ਪਾਟਲ ਪਟਨ, ਪਾਰਬ੍ਰਹਮ ਰੂਪ ਦਰਸਾਈਆ । ਲੇਖਾ ਜਾਣੇ ਕਲਜੁਗ ਨਟੂਆ ਨੱਟਣ, ਸਵਾਂਗੀ ਆਪਣਾ ਸਵਾਂਗ ਬਣਾਈਆ । ਇਕੋ ਮਾਰਗ ਆਵੇ ਦੱਸਣ, ਦੋ ਜਹਾਨਾਂ ਰਾਹ ਜਣਾਈਆ । ਹਰਿਜਨ ਹਿਰਦੇ ਆਵੇ ਵਸਣ, ਬੇਐਬ ਨੂਰ ਇਲਾਹੀਆ । ਵਾਹਿਦਾ ਪੂਰਾ ਕੌਲ ਕਰੇ ਬਚਨ, ਅੱਗੇ ਹੋ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਬਿਆਸ ਕਹੇ ਗੋਬਿੰਦ ਹੱਥ ਮਾਰਿਆ ਉਤੇ ਭੱਥਾ ਤੀਰਾ, ਤਰਕਸ਼ ਲਈ ਅੰਗੜਾਈਆ । ਗੁਰਮੁਖ ਮੇਰਾ ਸੋਹਣਾ ਹੀਰਾ, ਕੀਮਤ ਸਕੇ ਨਾ ਕੋਇ ਚੁਕਾਈਆ । ਖਵਾਜੇ ਅੱਖੋਂ ਵਹਾਇਆ ਨੀਰਾ, ਜਲ ਧਾਰ ਜਲ ਵਿਚ ਮਿਲਾਈਆ । ਗੋਬਿੰਦ ਖਿਚ ਇਕ ਸ਼ਮਸ਼ੀਰਾ, ਦੋ ਧਾਰ ਦਿਤੀ ਚਮਕਾਈਆ । ਸਦੀ ਚੌਧਵੀਂ ਜ਼ਰੂਰ ਕਟਾਂ ਸ਼ਰਅ ਦੀਆਂ ਜ਼ੰਜੀਰਾ, ਜ਼ੱਰਾ ਜ਼ੱਰਾ ਵੇਖ ਵਖਾਈਆ । ਪਰਗਟ ਹੋਵਾਂ ਪੀਰਨ ਪੀਰਾ, ਅਮਾਮ ਅਮਾਮਾ ਰੂਪ ਦਰਸਾਈਆ । ਉਸ ਵੇਲੇ ਗੁਰਮੁਖ ਰਤਨ ਸਿੰਘ ਬੱਧਾ ਹੋਵੇ ਲਾਲ ਚੀਰਾ, ਚਿਰੀ ਵਿਛੁੰਨੇ ਆਪ ਮਿਲਾਈਆ । ਅੰਮ੍ਰਿਤ ਰਸ ਬਖ਼ਸ਼ ਕੇ ਸੀਰਾ, ਸਿਰ ਧੜ ਲੇਖੇ ਪਾਈਆ । ਜਨ ਭਗਤ ਦੁਖੀ

ਰਹੇ ਕੋਇ ਨਾ ਜੀਉੜਾ, ਜੀਵਣ ਆਪਣੇ ਵਿਚ ਸਮਾਈਆ । ਨਵ ਨੌਂ ਚਾਰ ਚੁੱਕਾਂ ਬੀੜਾ, ਬੇੜਾ ਆਪਣੇ ਕੰਧ ਉਠਾਈਆ । ਦੀਨ ਮਜ਼੍ਹਬ ਦਾ ਮਾਰਗ ਰਹਿਣ ਨਹੀਂ ਦੇਣਾ ਭੀੜਾ, ਮਾਨਵ ਮਾਨੁਖ ਮਾਣਸ ਇਕੋ ਨਾਮ ਸ਼ਬਦ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਸੀਸ ਬੰਧਾਏ ਚੀਰਾ, ਚੇਤਨ ਸਭ ਨੂੰ ਆਪ ਕਰਾਈਆ । ਖਵਾਜਾ ਕਹੇ ਮੇਰੀ ਆਸਾ ਪੁੰਨੀ, ਪਰਮ ਪੁਰਖ ਦਿਤੀ ਵਡਿਆਈਆ । ਕੋਟਨ ਉਧਰੇ ਰਿਖੀ ਮੁਨੀ, ਜੋ ਦੂਰ ਦੁਰਾਡੇ ਬੈਠੇ ਆਸਣ ਲਾਈਆ । ਮੇਰਾ ਲਹਿਣਾ ਪੂਰਾ ਹੋਇਆ ਇਕ ਤੇ ਉਨੀ, ਦੋ ਇਕ ਇਕੀਸਾ ਬੀਸਾ ਆਪਣੇ ਰੰਗ ਰੰਗਾਈਆ । ਮੈਂ ਇਕੋ ਹਦਾਇਤ ਸੁਣੀ, ਜੋ ਹਜ਼ਰਤਾਂ ਪਰੇ ਦਿਤੀ ਸੁਣਾਈਆ । ਹੁਣ ਝਗੜਾ ਵੇਖਣਾ ਦੀਨ ਦੁਨੀ, ਕਾਅਬਿਆਂ ਪਰੇ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਬਿਆਸਾ ਕਹੇ ਮੈਂ ਪਾਣੀ ਧਾਰ ਵਗਦਾ, ਮੈਨੂੰ ਜਲ ਨੀਰ ਕਹੇ ਲੋਕਾਈਆ । ਮੈਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਿਹਾ ਸੱਦਦਾ, ਉਚੀ ਕੂਕ ਕੂਕ ਦ੍ਰਿੜਾਈਆ । ਕਿਸ ਵੇਲੇ ਪ੍ਰਕਾਸ਼ ਹੋਵੇ ਅਗੰਮੀ ਨੂਰ ਅਲਾਹੀ ਰੱਬ ਦਾ, ਰੱਬੇ ਆਲਮੀਨ ਵੇਖ ਵਖਾਈਆ । ਜੋ ਝਗੜਾ ਮੇਟੇ ਦੀਨ ਮਜ਼੍ਹਬ ਦੀ ਹੱਦ ਦਾ, ਲੇਖਾ ਸਭ ਦਾ ਪੂਰ ਕਰਾਈਆ । ਰਸ ਦੇਵੇ ਨਾਮ ਖ਼ੁਮਾਰੀ ਮਧ ਦਾ, ਮਧੁਰ ਧੁਨ ਕਰੇ ਸ਼ਨਵਾਈਆ । ਮਾਰਗ ਦੱਸੇ ਭਗਤ ਭਗਵਾਨ ਯਦ ਦਾ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਝਗੜਾ ਰਹਿਣ ਨਾ ਦੇਵੇ ਵੱਖਰਾ ਅੱਡ ਦਾ, ਚਾਰ ਵਰਨ ਅਠਾਰਾਂ ਬਰਨ ਇਕੋ ਘਰ ਵਸਾਈਆ । ਧਰਮ ਨਿਸ਼ਾਨ ਹੋਵੇ ਗੱਡਦਾ, ਦੋ ਜਹਾਨਾਂ ਇਕ ਝੁਲਾਈਆ । ਕਲਜੁਗ ਕੂੜੀ ਕ੍ਰਿਆ ਹਰ ਹਿਰਦੇ ਅੰਦਰੋਂ ਹੋਵੇ ਕਢਦਾ, ਸਤਿ ਸਚ ਧਰਮ ਨਾਲ ਵਡਿਆਈਆ । ਵਿਕਾਰ ਹੰਕਾਰ ਹੋਵੇ ਵੱਢਦਾ, ਨਾਮ ਖੰਡਾ ਇਕ ਚਮਕਾਈਆ । ਸੰਤ ਸੁਹੇਲੇ ਗੁਰਮੁਖ ਮੇਰੇ ਕੰਢੇ ਹੋਵੇ ਸੱਦਦਾ, ਸੱਦਾ ਸ਼ਬਦ ਵਾਲਾ ਸੁਣਾਈਆ । ਧੰਨ ਭਾਗ ਦਿਹਾੜਾ ਹੋਵੇ ਚੌਦਾਂ ਅੱਸੂ ਅੱਜ ਦਾ, ਅਜ਼ਲ ਦੀ ਮਜ਼ਲ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਸੰਦੇਸ਼ਾ ਇਕ ਸੁਣਾਈਆ । ਖਵਾਜਾ ਕਹੇ ਮੇਰੀ ਕਿਤਾਬ ਬਿਨ ਅੱਖਰਾਂ ਰਹੀ ਦੱਸ, ਦਸਤਗੀਰ ਰਿਹਾ ਦ੍ਰਿੜਾਈਆ । ਬਿਆਸ ਲੈ ਲੈ ਆਪਣਾ ਰਸ, ਰਸਤਾ ਛਡ ਕੂੜ ਲੋਕਾਈਆ । ਖ਼ੁਸ਼ੀਆਂ ਦੇ ਵਿਚ ਹੱਸ, ਵੱਜੇ ਅੰਦਰ ਵਧਾਈਆ । ਮੈਂ ਵੀ ਆਇਆ ਨੱਸ, ਆਪਣਾ ਪੰਧ ਮੁਕਾਈਆ । ਨਿਗਹ ਮਾਰੇ ਸੱਸ, ਰਵ ਅੱਖ ਉਠਾਈਆ । ਇੰਦਰ ਰਿਹਾ ਨੱਚ, ਟੱਪੇ ਚਾਈਂ ਚਾਈਆ । ਖੇਲ ਕਰੇ ਪਰਮੇਸ਼ਵਰ ਪਤਿ, ਪਾਰਬ੍ਰਹਮ ਅਗੰਮ ਅਥਾਹੀਆ । ਜਿਸ ਨੇ ਕਲਜੁਗ ਚਲਾਇਆ ਰਥ, ਅਗਨੀ ਕੂੜ ਨਾਲ ਤਪਾਈਆ । ਉਹ ਵੇਸ ਕਰੇ ਸਮਰਥ, ਕਰਤਾ ਬੇਪਰਵਾਹੀਆ । ਸਤਿਜੁਗ ਮਾਰਗ ਜਾਏ ਰੱਖ, ਧਰਨੀ ਧਰਤ ਵੱਜੇ ਵਧਾਈਆ । ਮੇਰਾ ਲੇਖੇ ਲਾਵੇ ਕਿਨਾਰਾ ਤਟ, ਮਿਹਰ ਨਜ਼ਰ ਉਠਾਈਆ । ਮੇਰਾ ਅੰਤਰ ਚਾਹੁੰਦਾ ਮੈਂ ਚਰਨ ਸਰੋਵਰ ਲਵਾਂ ਚਟ, ਨੌ ਵਾਰ ਮੁਖ ਛੁਹਾਈਆ । ਅੰਮੀਉਂ ਪੀਵਾਂ ਗਟ ਗਟ, ਜੁਗ ਚੌਕੜੀ ਤ੍ਰਿਖਾ ਲਵਾਂ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਵੇ ਮਾਣ ਵਡਿਆਈਆ । ਬਿਆਸ ਕਹੇ ਮੈਂ ਚਰਨੋਧਕ ਚਰਨ ਸਰੋਵਰ ਪੀਣਾ, ਪਰਮ ਪੁਰਖ ਦੇਣਾ ਪਿਆਈਆ । ਮੈਂ ਸਦਾ ਸਦਾ ਸਦ ਤੇਰੇ ਸਹਾਰੇ ਜੀਵਾਂ, ਜੀਵਣ ਮਰਨ ਵੰਡ ਨਾ ਕੋਇ ਵੰਡਾਈਆ । ਇਕੋ ਰੰਗ ਚਾੜ੍ਹ ਦੇ ਭੀਨਾ, ਨਿਰਗੁਣ ਸਰਗੁਣ ਉਤਰ ਕਦੇ ਨਾ ਜਾਈਆ । ਮੈਨੂੰ ਯਾਦ ਆ ਗਿਆ

ਗੋਬਿੰਦ ਨੇ ਮੇਰੇ ਕੰਢੇ ਉਤੇ ਇਸ਼ਾਰਾ ਕੀਤਾ ਸੀ ਵੱਲ ਰੁਸਾ ਚੀਨਾ, ਮੁਖੀ ਤੀਰ ਵਾਲੀ ਉਠਾਈਆ । ਫੇਰ ਠੋਕ ਕੇ ਆਪਣਾ ਸੀਨਾ, ਧਰਮ ਲਈ ਅੰਗੜਾਈਆ । ਸਭ ਨੇ ਹੋਣਾ ਸ਼ਬਦ ਗੁਰੂ ਅਧੀਨਾ, ਬਲ ਸਕੇ ਨਾ ਕੋਇ ਵਖਾਈਆ । ਫੇਰ ਕਿਹਾ ਗੁਰਮੁਖ ਪਿਆਰ ਹੋਵੇ ਜਲ ਮੀਨਾ, ਜਲ ਮੀਨਾ ਤੋਂ ਪਰੇ ਗੁਰਸਿਖ ਸਤਿਗੁਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਬਿਆਸ ਕਹੇ ਭਗਤੋ ਮੇਰੀ ਪੁਰਾਣੀ ਇੱਛਿਆ, ਸਭ ਨੂੰ ਦਿਆਂ ਜਣਾਈਆ । ਧੰਨ ਭਾਗ ਜੇ ਪਈ ਭਿੱਛਿਆ, ਭਿੱਛਕ ਹੋ ਕੇ ਝੋਲੀ ਡਾਹੀਆ । ਮੇਰੀ ਮਿਹਰਵਾਨ ਮਹਿਬੂਬ ਕੀਤੀ ਰੱਛਿਆ, ਰੱਛਕ ਹੋ ਕੇ ਹੋਇਆ ਸਹਾਈਆ । ਮੈਂ ਚਾਰ ਜੁਗ ਨਾ ਕਿਸੇ ਦਵਾਰੇ ਵਿਕਿਆ, ਓੜਕ ਧਿਆਨ ਲਗਾਈਆ । ਮੇਰਾ ਮਨੂਆ ਰਿਹਾ ਟਿਕਿਆ, ਪਰਬਤ ਹੜ੍ਹ ਨਾ ਕੋਇ ਡੁਲਾਈਆ । ਮੈਂ ਆਪਣਾ ਭਰੋਸਾ ਓਸੇ ਤੇ ਸਿਟਿਆ, ਜੋ ਸਿੱਟਾ ਵੇਖੇ ਜਗਤ ਲੋਕਾਈਆ । ਮੈਂ ਗੋਬਿੰਦ ਅੱਗੇ ਪਿੱਟਿਆ, ਦੁਹੱਥੜ ਮਾਰ ਦਿਤੀ ਦੁਹਾਈਆ । ਤੂੰ ਮੇਰਾ ਸਾਜਣ ਮਿਤਿਆ, ਮਿੱਤਰ ਪਿਆਰਾ ਅਗੰਮ ਅਥਾਹੀਆ । ਤੇਰਾ ਦਰਸ਼ਨ ਕਰਾਂ ਨਿਤਿਆ, ਨਵਿਤ ਤੇਰੀ ਓਟ ਤਕਾਈਆ । ਖਵਾਜਾ ਕਹੇ ਗੋਬਿੰਦ ਨੇ ਬਿਨਾ ਅੱਖਰਾਂ ਤੋਂ ਲੇਖਾ ਲਿਖਿਆ, ਨਾ ਕੋਈ ਜਾਣੇ ਕਲਮ ਸ਼ਾਹੀਆ । ਤੂੰ ਬਿਆਸੇ ਮੇਰੀ ਸੁਣ ਲੈ ਸਿਖਿਆ, ਸਾਖਿਆਤ ਦਿਆਂ ਦ੍ਰਿੜਾਈਆ । ਜਿਸ ਵੇਲੇ ਸਤਿਗੁਰੂ ਦਾ ਨਾਮ ਹੱਟਾਂ ਦੇ ਵਿਚ ਵਿਕਿਆ, ਕੀਮਤ ਜਗਤ ਰਹੇ ਨਾ ਰਾਈਆ । ਫੇਰ ਮੇਰਾ ਪੁਰਖ ਅਕਾਲ ਦੀਨ ਦਿਆਲ ਚਾਰੋਂ ਕੁੰਟ ਇਕੋ ਦਿਸਿਆ, ਦਹਿ ਦਿਸ਼ਾ ਆਪੇ ਲਏ ਸੰਭਾਲ, ਤੇਰਾ ਲਹਿਣਾ ਦੇਣਾ ਪੂਰਾ ਕਰੇ ਹਿੱਸਿਆ, ਕਰਤਾ ਪੁਰਖ ਪੁਰਖ ਅਕਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦੀਨ ਦਿਆਲ । ਬਿਆਸ ਕਹੇ ਜਨ ਭਗਤੋ ਵੇਖੋ ਅਗੰਮੀ ਸਾਖ, ਸਾਖਿਆਤ ਦਿਆਂ ਜਣਾਈਆ । ਸਾਰੇ ਇਕ ਪ੍ਰਭੂ ਨੂੰ ਦਿਓ ਆਖ, ਆਖ਼ਰ ਤੇਰੀ ਵਡ ਵਡਿਆਈਆ । ਮੈਂ ਬਾਲਕ ਬਾਲੀ ਬੁਧ ਦਾਸ, ਦਾਸੀ ਦਾਸ ਸੇਵ ਕਮਾਈਆ । ਮੇਰਾ ਲੇਖੇ ਲੱਗੇ ਬਿਨਾ ਸਵਾਸ ਤੋਂ ਸਵਾਸ, ਸਾਹ ਸਾਹ ਆਪਣੇ ਰੰਗ ਰੰਗਾਈਆ । ਸਭ ਦੀ ਪੂਰੀ ਕਰੇ ਆਸ, ਬਿਆਸਾ ਕਹੇ ਬੇਆਸਾ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲਾ ਦੀਨ ਦਿਆਲਾ ਸਰਬ ਗੁਣਤਾਸ, ਗੁਣਵੰਤਾ ਵਡ ਵਡਿਆਈਆ । ਉਹ ਵੇਖੋ ਸ਼ੰਕਰ ਭੱਜਾ ਆਉਂਦਾ ਉਤੋਂ ਕੈਲਾਸ਼, ਜਟਾ ਜੂਟ ਵਾਹੋ ਦਾਹੀਆ । ਬ੍ਰਹਮਾ ਚਾਰੇ ਮੁਖ ਗਾਉਂਦਾ ਆਏ ਸਵਾਸ ਸਵਾਸ, ਤੂੰ ਮੇਰਾ ਮੈਂ ਤੇਰਾ ਰਾਗ ਅਲਾਹੀਆ । ਵਿਸ਼ਨੂੰ ਵਿਸ਼ਵ ਦਾ ਲੇਖਾ ਰੱਖੇ ਪਾਸ, ਦਰ ਖਲੋਤਾ ਸੋਭਾ ਪਾਈਆ । ਅਵਤਾਰ ਪੈਗੰਬਰ ਗੁਰ ਸਾਰੇ ਨੂਰ ਜੋਤ ਪ੍ਰਕਾਸ਼, ਨੂਰ ਨੂਰ ਨੂਰ ਰੁਸ਼ਨਾਈਆ । ਖੁਸ਼ੀ ਵਿਚ ਸਾਰੇ ਕਰਨ ਅਰਦਾਸ, ਦੋਏ ਜੋੜ ਬੇਨੰਤੀ ਸੀਸ ਨਿਵਾਈਆ । ਬਿਆਸ ਕਹੇ ਮੇਰੀ ਪੂਰੀ ਹੋਵੇ ਆਸ, ਅਸਲ ਆਪਣਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਬਿਆਸ ਕਹੇ ਜਨ ਭਗਤੋ ਮੈਂ ਇਕ ਨਿਮਾਣਾ, ਬਲਹੀਣ ਅਖਵਾਈਆ । ਮੇਰਾ ਸਾਹਿਬ ਜਾਣੀ ਜਾਣਾ, ਜਾਨਣਹਾਰ ਵਡ ਵਡਿਆਈਆ । ਦੇਵਣਹਾਰਾ ਜੁਗ ਜੁਗ ਮਾਣਾ, ਨਿਮਾਣਿਆਂ ਆਪਣੇ ਗਲੇ ਲਗਾਈਆ । ਜਿਸ ਪਹਿਨਿਆਂ ਅਗੰਮੀ ਬਾਣਾ, ਬਾਣ ਅਣਿਆਲਾ ਸ਼ਬਦ ਤੀਰ ਚਲਾਈਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨਾ, ਦੋ ਜਹਾਨਾਂ ਲਾਗਣ ਪਾਈਆ । ਜਿਸ ਨੇ ਆਤਮ ਪਰਮਾਤਮ ਦੱਸਿਆ ਗਾਣਾ, ਪਾਰਬ੍ਰਹਮ ਮੇਲਾ ਮੇਲਿਆ ਸਹਿਜ ਸੁਭਾਈਆ । ਉਸ ਨੂੰ ਸਭ ਨੇ ਕਹਿਣਾ ਮੇਰੇ ਵਿਚ ਚਰਨ ਛੁਹਾ

ਕੇ ਜਾਣਾ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਰਾਣਾ, ਸਚਖੰਡ ਨਿਵਾਸੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਲੇਖਾ ਪੂਰ ਕਰਾਈਆ । ਖਵਾਜਾ ਕਹੇ ਮੇਰੇ ਸਾਹਿਬ ਸੁਲਤਾਨ, ਮਹਿਬੂਬ ਤੇਰੀ ਸਰਨਾਈਆ । ਮੇਰਾ ਪਿਛਲਾ ਦਾਨ ਪਾਹਨ, ਮਿੱਠਾ ਰੂਪ ਵਖਾਈਆ । ਆਪਣੇ ਦਰ ਕਰ ਪਰਵਾਨ, ਪਰਮ ਪੁਰਖ ਤੇਰੀ ਸਰਨਾਈਆ । ਮੇਰੇ ਮਾਲਕ ਖ਼ਾਲਕ ਜਾਣੀ ਜਾਣ, ਜਾਨਣਹਾਰ ਤੇਰੀ ਵਡਿਆਈਆ । ਝਟ ਬਿਆਸ ਕਹੇ ਖਵਾਜੇ ਇਧਰ ਕਰ ਧਿਆਨ, ਨਿਗਹ ਨਿਗਹ ਵਿਚੋਂ ਬਦਲਾਈਆ । ਮੈਂ ਚਾਹੁੰਦਾ ਹਰਿਜਨ ਹਰਿ ਭਗਤ ਗੁਰਮੁਖ ਗੁਰਸਿਖ ਮੇਰੇ ਤਟ ਕਿਨਾਰ ਤੇ ਬਹਿ ਕੇ ਖਾਣ, ਖਾ ਖਾ ਖ਼ੁਸ਼ੀ ਮਨਾਈਆ । ਫੇਰ ਜਨਮ ਨਾ ਲੈਣ ਵਿਚ ਜਹਾਨ, ਚੁਰਾਸੀ ਲੇਖਾ ਦਏ ਮੁਕਾਈਆ । ਅੰਤ ਚੜ੍ਹਾਏ ਸ਼ਬਦ ਵਿਚ ਬਬਾਣ, ਰਾਏ ਧਰਮ ਨਾ ਕੋਇ ਅਟਕਾਈਆ । ਦਰਗਹ ਸਾਚੀ ਸਚਖੰਡ ਕਰੇ ਪਰਵਾਨ, ਜਿਥੇ ਅਵਤਾਰ ਪੈਗ਼ੰਬਰ ਗੁਰ ਬੈਠੇ ਸੋਭਾ ਪਾਈਆ । ਜੋਤੀ ਜੋਤ ਮੇਲ ਮਿਲੇ ਸ੍ਰੀ ਭਗਵਾਨ, ਜੋਤੀ ਜਾਤਾ ਆਪਣੇ ਵਿਚ ਮਿਲਾਈਆ । ਬਿਆਸ ਕਹੇ ਖਵਾਜੇ ਓਹ ਤਕ ਆਹ ਤਕ ਸਾਡੀ ਬੇਨੰਤੀ ਹੋਈ ਪਰਵਾਨ, ਪਰਮ ਪੁਰਖ ਪਰਮਾਤਮ ਆਤਮ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨੂਰ ਮਹਾਨ, ਨੂਰ ਨੁਰਾਨਾ ਨੌਜਵਾਨਾ ਮਰਦ ਮਰਦਾਨਾ ਇਕ ਅਖਵਾਈਆ ।



✪ ੧੪ ਅੱਸੂ ਸ਼ਹਿਨਸ਼ਾਹੀ ਸੰਮਤ ੭ ਪਾਲ ਸਿੰਘ, ਹਜ਼ਾਰਾ ਸਿੰਘ ਫਤੂ ਚੱਕ, ਗੁਰਚਰਨ ਸਿੰਘ ਜ਼ਹੂਰਾ, ਤਖ਼ਤ ਸਿੰਘ ਜ਼ਹੂਰਾ, ਗੁਰਚਰਨ ਸਿੰਘ ਪੰਡੋਰੀ, ਚਰਨ ਕੌਰ ਢਿਲਵਾਂ, ਸੁਰਜੀਤ ਕੌਰ ਢਿਲਵਾਂ, ਪਿੰਡ ਦਾਊਦ ਪੁਰ ਜ਼ਿਲਾ ਕਪੂਰਥਲਾ ✪

ਧਰੂ ਕਹੇ ਉਠ ਵੇਖ ਪ੍ਰਹਿਲਾਦ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਧਿਆਨ ਲਗਾਈਆ । ਕੀ ਖੇਲ ਕਰੇ ਪਰਮ ਪੁਰਖ ਵਾਹਿਦ, ਨਿਰਗੁਣ ਦਾਤਾ ਧੁਰਦਰਗਾਹੀਆ । ਸੱਚਾ ਫ਼ਰਮਾਨ ਹੁਕਮ ਕਰਨ ਲੱਗਾ ਆਇਦ, ਐਹਦ ਸਭ ਦਾ ਵੇਖ ਵਖਾਈਆ । ਹੁਕਮ ਸੰਦੇਸ਼ਾ ਦੇਵੇ ਜਾਇਜ਼, ਨਾਜਾਇਜ਼ ਲੇਖਾ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਬੀਰ ਕਹੇ ਉਠ ਵੇਖ ਨਾਮੇ, ਸ਼ਬਦੀ ਸ਼ਬਦ ਦਿਆਂ ਜਣਾਈਆ । ਕੀ ਖੇਲ ਕਰੇ ਸ੍ਰੀ ਭਗਵਾਨੇ, ਹਰਿ ਭਗਵਨ ਬੇਪਰਵਾਹੀਆ । ਜਿਸ ਦੇ ਗਾ ਕੇ ਆਏ ਸਿਫ਼ਤਾਂ ਵਾਲੇ ਗਾਣੇ, ਸ੍ਰਿਸ਼ਟੀ ਦ੍ਰਿਸ਼ਟੀ ਵਿਚ ਵਡਿਆਈਆ । ਸੋ ਜੋਤ ਸਰੂਪੀ ਪਹਿਰੇ ਬਾਨੇ, ਬਾਣ ਅਣਿਆਲਾ ਤੀਰ ਚਲਾਈਆ । ਜਿਸ ਨੂੰ ਸਦੀ ਚੌਧਵੀਂ ਕੋਈ ਨਾ ਜਾਣੇ, ਅਮਾਮ ਅਮਾਮਾ ਅਗੰਮ ਅਥਾਹੀਆ । ਜਿਸ ਨੂੰ ਝੁਕਦੇ ਦੋ ਜਹਾਨ ਜ਼ਿਮੀਂ ਅਸਮਾਨੇ, ਇਸਮ ਆਜ਼ਮ ਇਕ ਵਡਿਆਈਆ । ਜਿਸ ਦੇ ਉਤੋਂ ਪੀਰ ਪੈਗ਼ੰਬਰ ਗੁਰੂ ਹੋਏ ਕੁਰਬਾਨੇ, ਤਨ ਵਜੂਦ ਭੇਟ ਚੜ੍ਹਾਈਆ । ਉਹ ਵੇਖੇ ਕਲਜੁਗ ਅੰਤ ਅੰਧੇਰੀ ਸ਼ਾਮੇ, ਸ਼ਮਾਂ ਨੂਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੱਚਾ ਬੇਪਰਵਾਹੀਆ । ਭਗਤ ਕਹਿਣ ਉਠੋ ਤਕੋ ਸਾਰੇ ਨਾਲ ਨੀਤ, ਨਿਰਗੁਣ ਧਾਰ ਧਿਆਨ ਲਗਾਈਆ । ਕੀ ਖੇਲ ਕਰੇ ਪਤਿਤ ਪੁਨੀਤ, ਪਾਰਬ੍ਰਹਮ ਪ੍ਰਭ ਬੇਪਰਵਾਹੀਆ ।

ਕਲਜੁਗ ਵਿਚ ਸਤਿਜੁਗ ਚਲਾਏ ਰੀਤ, ਰੀਤੀਵਾਨ ਇਕ ਅਖਵਾਈਆ । ਝਗੜਾ ਮੁਕਾ ਕੇ ਮੰਦਰ ਮਸੀਤ, ਕਾਇਆ ਕਾਅਬੇ ਕਰੇ ਰੁਸ਼ਨਾਈਆ । ਤ੍ਰੈਗੁਣ ਤੋਂ ਕਰ ਅਤੀਤ, ਤ੍ਰੈਭਵਨ ਧਨੀ ਆਪਣਾ ਰੰਗ ਰੰਗਾਈਆ । ਅੰਮ੍ਰਿਤ ਬਖ਼ਸ਼ ਕੇ ਠਾਂਡਾ ਸੀਤ, ਅਗਨੀ ਤਤ ਗਵਾਈਆ । ਆਤਮ ਪਰਮਾਤਮ ਦੇ ਕੇ ਪ੍ਰੀਤ, ਪ੍ਰੀਤਮ ਮੇਲ ਮਿਲਾਈਆ । ਝਗੜਾ ਮੇਟ ਕੇ ਹਸਤ ਕੀਟ, ਊਚਾਂ ਨੀਚਾਂ ਇਕੋ ਘਰ ਵਸਾਈਆ । ਸ਼ਬਦੀ ਖੇਲ ਦੱਸ ਅਨਡੀਠ, ਅਨਡਿਠੜੀ ਕਾਰ ਕਮਾਈਆ । ਜਗਤ ਜਹਾਨ ਦੇ ਕੇ ਪੀਠ, ਕਰਵਟ ਆਪਣੀ ਲਏ ਬਦਲਾਈਆ । ਉਹ ਤਕ ਭਗਤਾਂ ਚਾੜ੍ਹੇ ਰੰਗ ਮਜੀਠ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਸਦਾ ਸੁਹੇਲਾ ਹੱਥ ਰੱਖੇ ਉਤੇ ਪੀਠ, ਸਿਰ ਸਿਰ ਆਪੇ ਹੋਏ ਸਹਾਈਆ । ਕਲਜੁਗ ਕੂੜੀ ਕਿਰਿਆ ਭੰਨੇ ਰੀਠ, ਵਿਖ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਪ੍ਰਹਿਲਾਦ ਕਹੇ ਸੁਣ ਧਰੂ ਅਗੰਮੀ ਸੱਜਣ, ਸਾਜਣ ਦਿਆਂ ਸਮਝਾਈਆ । ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਆਤਮ ਪਰਮਾਤਮ ਕਰਾਏ ਮਜਨ, ਅੱਠ ਸੱਠ ਤੀਰਥ ਲੋੜ ਰਹੇ ਨਾ ਰਾਈਆ । ਕਿਰਪਾ ਕਰੇ ਗੋਪਾਲ ਮੂਰਤ ਮਦਨ, ਸੂਦਨ ਆਪਣੀ ਖੇਲ ਖਿਲਾਈਆ । ਹਰਿਜਨ ਦੀਪਕ ਸਾਚੇ ਜਗਣ, ਲੋਕਮਾਤ ਹੋਏ ਰੁਸ਼ਨਾਈਆ । ਤ੍ਰੈਗੁਣ ਤ੍ਰਿਖਾ ਬੁਝਾਏ ਅਗਣ, ਸਾਂਤਕ ਸਤਿ ਸਤਿ ਵਰਤਾਈਆ । ਇਕੋ ਦੱਸ ਡੰਡਾਵਤ ਬੰਦਨ, ਸਜਦਾ ਇਕੋ ਇਕ ਜਣਾਈਆ । ਆਤਮ ਪਰਮਾਤਮ ਬਖ਼ਸ਼ ਅਨੰਦਨ, ਅਨੰਦ ਅਨੰਦ ਵਿਚੋਂ ਪਰਗਟਾਈਆ । ਤੂੰ ਮੇਰਾ ਮੈਂ ਤੇਰਾ ਗਾਉਣਾ ਛੰਦਨ, ਪਾਰਬ੍ਰਹਮ ਆਪਣਾ ਰੰਗ ਰੰਗਾਈਆ । ਕਿਰਪਾ ਕਰ ਆਦਿ ਨਿਰੰਜਣ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜਿਸ ਦੇ ਨਾਮ ਨਗਾਰੇ ਵੱਜਣ, ਸ਼ਬਦੀ ਸ਼ਬਦ ਸਿਫ਼ਤ ਵਡਿਆਈਆ । ਉਹ ਦੀਨਾਂ ਮਜ਼੍ਹਬਾਂ ਤੋੜ ਕੇ ਹੱਦਨ, ਹਦੂਦ ਇਕ ਵਖਾਈਆ । ਜਿਥੇ ਅਵਤਾਰ ਪੈਗ਼ੰਬਰ ਗੁਰ ਇਕੋ ਨਾਮ ਜਪਣ, ਜਗਤ ਕਲਮਾ ਵੰਡ ਨਾ ਕੋਇ ਵੰਡਾਈਆ । ਇਕੋ ਧੁਰ ਦੀ ਧਾਰ ਰਟਣ, ਰੱਟਾ ਦੀਨ ਮਜ਼੍ਹਬ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਜਨ ਭਗਤ ਕਹਿਣ ਤਕੀਏ ਲੋਕਮਾਤੀ, ਬਿਨ ਨੈਣਾਂ ਨੈਣ ਉਠਾਈਆ । ਕਲਜੁਗ ਵੇਖੀਏ ਅੰਧੇਰੀ ਰਾਤੀ, ਚਾਰੋਂ ਕੁੰਟ ਅੰਧੇਰਾ ਛਾਈਆ । ਕੀ ਖੇਲ ਕਰੇ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜਨ ਭਗਤਾਂ ਦੇ ਕੇ ਨਾਮ ਸੌਗ਼ਾਤੀ, ਸ਼ੁਕਲਾ ਕਿਸ਼ਨਾ ਪੱਖ ਡੇਰਾ ਢਾਹੀਆ । ਨਿਰਗੁਣ ਜੋਤ ਜਗਾ ਕੇ ਬਾਤੀ, ਬਾਤਨ ਪੜਦਾ ਰਿਹਾ ਉਠਾਈਆ । ਇਕੋ ਵਕਤ ਦੱਸ ਪਰਭਾਤੀ, ਪ੍ਰਭ ਆਪਣਾ ਮੇਲ ਮਿਲਾਈਆ । ਕਾਇਆ ਮੰਦਰ ਖੋਲ੍ਹ ਕੇ ਤਾਕੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਅੰਮ੍ਰਿਤ ਦੇ ਕੇ ਬੂੰਦ ਸਵਾਂਤੀ, ਨਿਜਰ ਝਿਰਨਾ ਆਪ ਝਿਰਾਈਆ । ਸ਼ਬਦ ਸੁਣਾ ਕੇ ਧੁਨ ਅਨਾਦੀ, ਅਨਹਦ ਰਾਗ ਦ੍ਰਿੜਾਈਆ । ਨਿਰਗੁਣ ਜੋਤ ਕਰ ਪ੍ਰਕਾਸ਼ੀ, ਅਗਿਆਨ ਅੰਧ ਦਏ ਮਿਟਾਈਆ । ਕਰੇ ਖੇਲ ਸ਼ਾਹੋ ਸ਼ਾਬਾਸ਼ੀ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਨ ਭਗਤਾਂ ਪੂਰੀ ਕਰੇ ਆਸੀ, ਜੁਗ ਜਨਮ ਦੇ ਵਿਛੜੇ ਮੇਲ ਮਿਲਾਈਆ । ਧਰਮ ਦੀ ਧਾਰ ਬਖ਼ਸ਼ੇ ਦਾਤੀ, ਦਾਤਾ ਦਾਨੀ ਵਸਤ ਅਗੰਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਜਨ ਭਗਤ ਕਹਿਣ ਲੋਕਮਾਤ ਤਕੀਏ ਨਜ਼ਾਰਾ, ਬਿਨ ਨੇਤਰ ਲੋਚਣ ਨੈਣ ਅੱਖ ਉਠਾਈਆ । ਕੀ ਖੇਲ ਕਰੇ ਨਿਰੰਕਾਰਾ, ਨਿਰਗੁਣ ਨਿਰਵੈਰ ਨੂਰ ਇਲਾਹੀਆ । ਜਿਸ ਨੂੰ ਝੁਕਦੇ

੧੪੫੮
੨੨

ਪੈਗ਼ੰਬਰ ਗੁਰ ਅਵਤਾਰਾ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਈਆ । ਸੋ ਰੂਪ ਅਨੂਪ ਆਪਣਾ ਜਾਣੇ ਅਗੰਮ ਅਪਾਰਾ, ਅਪਰੰਪਰ ਆਪਣੀ ਖੇਲ ਖਿਲਾਈਆ । ਜਨ ਭਗਤ ਸੁਹੇਲਾ ਕਢੇ ਵਿਚੋਂ ਮੰਝਧਾਰਾ, ਫੜ ਬਾਹੋਂ ਪਾਰ ਕਰਾਈਆ । ਲੇਖਾ ਜਾਣੇ ਸਦੀ ਚੌਧਵੀਂ ਅੰਤ ਕਿਨਾਰਾ, ਕਲਜੁਗ ਨਈਆ ਡੋਲੇ ਥਾਉਂ ਥਾਈਂਆ । ਪਰਮ ਪੁਰਖ ਪਰਮਾਤਮ ਆਤਮ ਦਏ ਸਹਾਰਾ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਕਰੇ ਕਰਾਏ ਕੁਦਰਤ ਕਾਦਰ ਕਰਨੇਹਾਰਾ, ਰਹੀਮ ਕਰੀਮ ਬੇਐਬ ਨੂਰ ਇਲਾਹੀਆ । ਜੋ ਸ਼ਾਹੋ ਭੂਪ ਸਤਿ ਸਰੂਪ ਸੱਚਾ ਸਿਕਦਾਰਾ, ਦੋ ਜਹਾਨਾਂ ਹੁਕਮ ਮਨਾਈਆ । ਸੋ ਜਨ ਭਗਤਾਂ ਸੀਸ ਬਖ਼ਸ਼ੇ ਦਸਤਾਰਾ, ਦਸਤ ਦਸਤ ਨਾਲ ਮਿਲਾਈਆ । ਲੱਖ ਚੁਰਾਸੀ ਵਿਚੋਂ ਕਰੇ ਬਾਹਰਾ, ਜਮ ਕੀ ਫਾਸੀ ਆਪ ਤੁੜਾਈਆ । ਜਨਮ ਲੈਣਾ ਨਾ ਪਏ ਦੁਬਾਰਾ, ਮਾਤ ਗਰਭ ਨਾ ਕੋਇ ਤਪਾਈਆ । ਮਿਲਾਏ ਜੋਤ ਜੋਤ ਨਿਰੰਕਾਰਾ, ਨਿਰਗੁਣ ਨਿਰਵੈਰ ਆਪਣੇ ਵਿਚ ਸਮਾਈਆ । ਸਚ ਧਾਮ ਸੁਹਾਏ ਵਸਾਏ ਸਚਖੰਡ ਦਵਾਰਾ, ਦਰਗਹ ਸਾਚੀ ਇਕ ਜਣਾਈਆ । ਜਿਥੇ ਆਦਿ ਅੰਤ ਇਕੋ ਨੂਰ ਜੋਤ ਉਜਿਆਰਾ, ਦੂਜਾ ਦੀਆ ਬਾਤੀ ਨਜ਼ਰ ਕੋਇ ਨਾ ਪਾਈਆ । ਜਨ ਭਗਤ ਕਹਿਣ ਉਸ ਪ੍ਰਭੂ ਨੂੰ ਕਰੋ ਨਿਮਸਕਾਰਾ, ਜੋ ਨਿਰਗੁਣ ਨਿਰਗੁਣ ਸਰਗੁਣ ਸਰਗੁਣ ਸਭ ਦਾ ਪਿਤਾ ਮਾਈਆ । ਜੋ ਲੇਖਾ ਜਾਣੇ ਜੀਵ ਜੰਤ ਸਰਬ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਹੁਕਮ ਮਨਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਚਵ੍ਹੀਆਂ ਅਵਤਾਰਾ, ਨਿਰਗੁਣ ਨੂਰ ਨੂਰ ਜੋਤ ਰੁਸ਼ਨਾਈਆ । ਸਤਿਗੁਰ ਸ਼ਬਦ ਸ਼ਬਦ ਸਤਿਗੁਰ ਇਕੋ ਨਾਮ ਜੈਕਾਰਾ, ਜੈ ਜੈਕਾਰ ਦੋ ਜਹਾਨ ਕਰਾਈਆ । ਕਲਜੁਗ ਕੂੜੀ ਕਿਰਿਆ ਵਹਾਏ ਵਹਿੰਦੀ ਧਾਰਾ, ਧਰਨੀ ਧਰਤ ਧਵਲ ਧੌਲ ਕਰੇ ਸਫ਼ਾਈਆ । ਸਤਿਜੁਗ ਸਾਚਾ ਸਚ ਰੱਖੇ ਆਪ ਨਿਰੰਕਾਰਾ, ਨਿਰੰਕਾਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਨੂਰ ਨੂਰ ਉਜਿਆਰਾ, ਨਿਰਗੁਣ ਨਿਰਾਕਾਰ ਅਗੰਮ ਅਥਾਹੀਆ ।



✪ ੧੫ ਅੱਸੂ ਸ਼ਹਿਨਸ਼ਾਹੀ ਸੰਮਤ ੭ ਅਰਜਨ ਸਿੰਘ, ਸੋਮਰਾਜ ਸਿੰਘ ਕਾਲੂ ਵਾਲਾ ਕੋਟਲਾ, ਮੁਨਸ਼ੀ ਰਾਮ ਬੇਗੋਵਾਲ, ਭਗਵਾਨ ਸਿੰਘ ਉੜ ਮੁੜ ਟਾਂਡਾ ਗੁਰਮੀਤ ਕੌਰ ਕਰਾਲਾ, ਤਾਰੂ ਸਿੰਘ ਜੰਡੀਰੇ, ਮਹਿੰਦਰ ਕੌਰ ਸੁਸਾਣਾ, ਗੁਰਨਾਮ ਕੌਰ ਸੁਸਾਣਾ, ਰਾਮ ਸਿੰਘ ਫਤੋਵਾਲ ਗੁਰਦੇਵ ਕੌਰ ਘਦਾਲਾ ਸ਼ੇਖ਼ਾਂ ਅਮਰੀਕ ਸਿੰਘ ਸਰਾਈਂ, ਮੇਲਾ ਸਿੰਘ ਸਰਾਈ, ਭਜਨ ਸਿੰਘ ਬੈਰਮ ਪੁਰ ਤਰਸੀਮ ਸਿੰਘ ਖ਼ੁਰਦਾਂ, ਸੁਰਿੰਦਰ ਸਿੰਘ ਰੂਪੋਵਾਲ ਪਿੰਡ ਸਲੀਮ ਪੁਰ ਜ਼ਿਲਾ ਹੁਸ਼ਿਆਰਪੁਰ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਤਕੀਏ ਲੋਕਮਾਤ, ਨਿਰਗੁਣ ਨੂਰ ਨੂਰ ਧਿਆਨ ਲਗਾਈਆ । ਪੁਰਖ ਅਕਾਲਾ ਦੀਨ ਦਿਆਲਾ ਕੀ ਦੇਵੇ ਅਗੰਮੀ ਦਾਤ, ਨਿਰਾਕਾਰ ਨਿਰੰਕਾਰ ਆਪਣੀ ਦਇਆ ਕਮਾਈਆ । ਸਚ ਪ੍ਰੀਤੀ ਆਤਮ ਪਰਮਾਤਮ ਜੋੜੇ ਨਾਤ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਲੇਖਾ ਮੁਕਾਏ ਕਲਜੁਗ ਅੰਧੇਰੀ ਰਾਤ, ਸਤਿ ਸਤਿਵਾਦੀ ਸੱਚਾ ਨੂਰ ਚੰਦ ਕਰ ਰੁਸ਼ਨਾਈਆ । ਜਨ ਭਗਤਾਂ ਝਗੜਾ ਮੇਟ ਕੇ ਜ਼ਾਤ ਪਾਤ, ਦੀਨ ਦੁਨੀ ਬੰਧਨ ਸ਼ਰਅ ਵਾਲੇ ਕਟਾਈਆ । ਮਿਹਰਵਾਨ ਮਹਿਬੂਬ ਖੇਲ ਕਰੇ ਅਗੰਮੜਾ ਆਪ, ਆਪ ਆਪਣਾ ਵੇਸ ਵਟਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਲੋਕਮਾਤ ਮਾਰੀਏ ਝਾਤੀ, ਬਿਨ ਨੇਤਰ ਲੋਚਣ ਨੈਣਾਂ ਨੈਣ ਉਠਾਈਆ । ਕੀ ਖੇਲ ਕਰੇ ਸਰਬ ਘਟਵਾਸੀ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੀ ਬ੍ਰਹਿਮੰਡ ਖੰਡ ਮੰਡਲ ਮੰਡਪ ਰਾਸੀ, ਰਸਤਾ ਰਹਿਬਰ ਕੀ ਦ੍ਰਿੜਾਈਆ । ਜਨ ਭਗਤਾਂ ਅੰਤਰ ਆਤਮ ਦੇਵੇ ਨਾਮ ਸਵਾਸ ਸਵਾਸੀ, ਸਾਹ ਸਾਹ ਆਪਣਾ ਰੰਗ ਰੰਗਾਈਆ । ਕਿਸ ਬਿਧ ਕਟੇ ਗਲੋਂ ਜਮ ਕੀ ਫਾਸੀ, ਸਿਰ ਸਿਰ ਪਗੜੀ ਸੀਸ ਟਿਕਾਈਆ । ਜਨਮ ਜਨਮ ਦੀ ਮੇਟੇ ਉਦਾਸੀ, ਕਰਮ ਕਰਮ ਦਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੰਦੇਸ਼ਾ ਨਰ ਨਰੇਸ਼ਾ ਇਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਕਲਜੁਗ ਅੰਤ ਤੱਕੋ ਰਾਹ, ਸਦੀ ਚੌਧਵੀਂ ਧਿਆਨ ਲਗਾਈਆ । ਅਵਤਾਰ ਤੇਈ ਕਰੋ ਸਲਾਹ, ਮਸ਼ਵਰਾ ਇਕੋ ਇਕ ਪ੍ਰਗਟਾਈਆ । ਪੈਗ਼ੰਬਰ ਦਿਓ ਜਣਾ, ਭੇਵ ਅਭੇਦਾ ਰਹੇ ਨਾ ਰਾਈਆ । ਗੁਰੂ ਗੁਰਦੇਵ ਦਿਉ ਦ੍ਰਿੜਾ, ਦ੍ਰਿੜ ਹੁਕਮ ਇਕ ਸੁਣਾਈਆ । ਕੀ ਕਰੇ ਬੇਪਰਵਾਹ, ਪਾਰਬ੍ਰਹਮ ਆਪਣੀ ਖੇਲ ਖਿਲਾਈਆ । ਜਿਸ ਨੂੰ ਕਿਹਾ ਵਾਹ ਵਾ, ਵਾਹਿਗੁਰੂ ਕਹਿ ਕੇ ਆਪਣੀ ਖ਼ੁਸ਼ੀ ਬਣਾਈਆ । ਨੂਰ ਅਲਾਹੀ ਹੱਕ ਖ਼ੁਦਾ, ਖ਼ੁਦ ਮਾਲਕ ਅਗੰਮ ਅਥਾਹੀਆ । ਕੀ ਸੰਦੇਸ਼ਾ ਦੇਵੇ ਅਜ਼ਾਂ ਸਦਾ, ਆਵਾਜ਼ ਕੀ ਸੁਣਾਈਆ । ਕੀ ਨਾਦ ਰਿਹਾ ਵਜਾ, ਧੁੰਨ ਅਗੰਮੀ ਇਕ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮਾਲਕ ਇਕ ਦ੍ਰਿੜਾਈਆ । ਜਨ ਭਗਤ ਕਹਿਣ ਵੇਖੀਏ ਧਰਨੀ ਧਵਲ ਧੌਲ ਧਰਤ, ਧਰਮਾਤਮ ਧਿਆਨ ਲਗਾਈਆ । ਕਿਸ ਬਿਧ ਸਭ ਦੀ ਪੂਰੀ ਹੋਵੇ ਸ਼ਰਤ, ਸ਼ਰਅ ਦਾ ਲੇਖਾ ਵੇਖ ਵਖਾਈਆ । ਕੀ ਹੁਕਮ ਸੰਦੇਸ਼ਾ ਦੇਵੇ ਉਤੇ ਅਰਸ਼, ਅਰਸ਼ੀ ਪ੍ਰੀਤਮ ਬੇਪਰਵਾਹੀਆ । ਕਿਸ ਬਿਧ ਸਭ ਦਾ ਲਹਿਣਾ ਦੇਣਾ ਪੂਰਾ ਕਰੇ ਕਰਜ਼, ਮਕਰੂਜ਼ ਲੇਖਾ ਦਏ ਚੁਕਾਈਆ । ਕਿਸ ਬਿਧ ਸਭ ਦੀ ਆਸਾ ਮਨਸਾ ਮਨਜ਼ੂਰ ਕਰੇ ਅਰਜ਼, ਆਰਜ਼ੂ ਆਪਣੇ ਵਿਚ ਸਮਾਈਆ । ਗੁਰਮੁਖਾਂ ਗੁਰਸਿਖਾਂ ਪੂਰੀ ਕਰੇ ਗ਼ਰਜ਼, ਗ਼ਰਜ਼ ਕੇ ਆਪਣੀ ਦਇਆ ਕਮਾਈਆ । ਨਿਰਗੁਣ ਧਾਰ ਵੇਸ ਕਰੇ ਅਸਚਰਜ, ਅਚਰਜ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਵੇਖੋ ਖੇਲ ਅਨੋਖਾ, ਅਗੰਮ ਰਿਹਾ ਦ੍ਰਿੜਾਈਆ । ਜਿਸ ਵਿਚ ਨਹੀਂ ਕੋਈ ਧੋਖਾ, ਸਤਿ ਸਚ ਇਕ ਪਰਗਟਾਈਆ । ਮੰਜ਼ਲ ਰਾਹ ਨਾ ਦਿਸੇ ਔਖਾ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਨਿਰਗੁਣ ਧਾਰ ਸ਼ਬਦੀ ਹੋਕਾ, ਹੁਕਮ ਪੁਰਖ ਅਕਾਲ ਜਣਾਈਆ । ਲੇਖਾ ਮੁਕਣਾ ਚੌਦਾਂ ਲੋਕਾ, ਚੌਦਾਂ ਤਬਕਾਂ ਡੇਰਾ ਢਾਹੀਆ । ਦੋ ਜਹਾਨਾਂ ਸੁਣਨਾ ਇਕ ਸਲੋਕਾ, ਪਾਰਬ੍ਰਹਮ ਬ੍ਰਹਮ ਕਰੇ ਪੜ੍ਹਾਈਆ । ਦੀਨ ਦੁਨੀ ਮੇਟੇ ਹਰਖ਼ ਸੋਗਾ, ਚਿੰਤਾ ਗ਼ਮ ਚੁਕਾਈਆ । ਬੁਧੀ ਤੋਂ ਪਰੇ ਹੋ ਕੇ ਬੋਧਾ, ਭੇਵ ਅਭੇਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਦ੍ਰਿੜਾਈਆ । ਸਤਿਗੁਰ ਸ਼ਬਦ ਕਹੇ ਖੇਲ ਵੇਖੋ ਬੇਨਜ਼ੀਰ, ਨਜ਼ਰ ਤੋਂ ਪਰੇ ਧਿਆਨ ਲਗਾਈਆ । ਜਿਸ ਦੀ ਦਿਸ ਨਾ ਆਏ ਕੋਇ ਤਸਵੀਰ, ਮੁਸੱਵਰ ਤਸੱਵਰ ਕਰ ਨਾ ਕੋਇ ਸਮਝਾਈਆ । ਜਿਸ ਦੀ ਮੰਜ਼ਲ ਚੜ੍ਹ ਕੇ ਬੈਠਾ ਕਬੀਰ, ਭਗਤ ਭਗਵਾਨ ਰੂਪ ਸਮਝਾਈਆ । ਉਹ ਕਹਿ ਕੇ ਗਿਆ ਅਖ਼ੀਰ, ਆਖ਼ਰ ਕਲਮਾ ਇਕ ਦ੍ਰਿੜਾਈਆ । ਪਰਗਟ ਹੋਵੇ ਗੁਣੀ ਗਹੀਰ, ਗਹਿਰ ਗਵਰ ਅਗੰਮ

ਅਥਾਹੀਆ । ਜੋ ਸ਼ਰਅ ਦੇ ਤੋੜੇ ਜ਼ੰਜੀਰ, ਸ਼ਰੀਅਤ ਲੇਖਾ ਦਏ ਮੁਕਾਈਆ । ਸਤਿ ਧਰਮ ਦਾ ਸਤਿ ਕਰੇ ਤਾਮੀਰ, ਸਤਿ ਸਚ ਨਾਲ ਅਪਣਾਈਆ । ਕਲਜੁਗ ਕੂੜੀ ਕਿਰਿਆ ਰਹਿਣ ਨਾ ਦੇਵੇ ਖ਼ਮੀਰ, ਗੁਰਮੁਖ ਖ਼ਾਲਸ ਲਏ ਪਰਗਟਾਈਆ । ਝਗੜਾ ਮੇਟੇ ਸ਼ਾਹ ਹਕੀਰ, ਮਾਨਵ ਮਾਣਸ ਮਾਨੁਖ ਦੇਵੇ ਆਪ ਵਡਿਆਈਆ । ਕੂੜੀ ਕਿਰਿਆ ਉਤੇ ਮਾਰ ਲਕੀਰ, ਕਰਮ ਕਾਂਡ ਦਾ ਡੇਰਾ ਢਾਹੀਆ । ਹਉਮੇ ਅੰਦਰੋਂ ਕਢੇ ਪੀੜ, ਸਹਿਸਾ ਰੋਗ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਾਰੇ ਕਹਿਣ ਨਿਰਗੁਣ ਧਾਰ ਲੱਗਾ ਭਾਗ, ਜੋਤੀ ਜੋਤ ਜੋਤ ਰੁਸ਼ਨਾਈਆ । ਜਿਸ ਦਾ ਨੂਰ ਦੀਪਕ ਚਰਾਗ਼, ਚਰਾਗ਼ਾਹਾਂ ਕਰੇ ਰੁਸ਼ਨਾਈਆ । ਜਗਤ ਜਹਾਨ ਬਦਲੇ ਸਮਾਜ, ਸਮਗਰੀ ਆਪਣਾ ਨਾਮ ਵਰਤਾਈਆ । ਜਨ ਭਗਤਾਂ ਧਰਮ ਧਾਰ ਰਖਾਏ ਸੀਸ ਤਾਜ, ਪਗੜੀ ਨਾਮ ਵਾਲੀ ਬੰਧਾਈਆ । ਮਾਣਸ ਜਨਮ ਦਾ ਪੂਰਾ ਕਰੇ ਕਾਜ, ਰਾਏ ਧਰਮ ਨਾ ਦਏ ਸਜ਼ਾਈਆ । ਸ਼ਬਦ ਅਗੰਮੀ ਮਾਰੇ ਆਵਾਜ਼, ਧੁਨ ਨਾਦ ਕਰ ਸ਼ਨਵਾਈਆ । ਹਰਿਜਨ ਸੁਹੇਲੇ ਸੰਤ ਬਣਾਏ ਸਾਧ, ਸਾਧਨਾ ਧਰਮ ਧਾਰ ਸਮਝਾਈਆ । ਮੇਲ ਮਿਲਾਏ ਮੋਹਣ ਮਾਧਵ ਮਾਧ, ਬੇਪਰਵਾਹ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਕੀ ਖੇਲ ਕਰੇ ਸੁਲਤਾਨਾ, ਹਰਿ ਕਰਤਾ ਵਡ ਵਡਿਆਈਆ । ਨਿਰਗੁਣ ਨੂਰ ਪਹਿਰ ਕੇ ਬਾਣਾ, ਬਾਨੀ ਬਣਿਆ ਬੇਪਰਵਾਹੀਆ । ਸਤਿ ਧਰਮ ਝੁਲਾ ਨਿਸ਼ਾਨਾ, ਨਿਸ਼ਾਨਾ ਕਲਜੁਗ ਰਿਹਾ ਮਿਟਾਈਆ । ਰੂਪ ਧਾਰ ਨੌਜਵਾਨਾ, ਮਰਦ ਮਰਦਾਨਾ ਖੇਲ ਖਿਲਾਈਆ । ਪੈਗ਼ੰਬਰਾਂ ਤੋਂ ਪਰੇ ਦੇਵੇ ਪੈਗ਼ਾਮਾ, ਪਰਾ ਪਸੰਤੀ ਮਧਮ ਬੈਖਰੀ ਨਿਉਂ ਨਿਉਂ ਸੀਸ ਝੁਕਾਈਆ । ਸਾਚਾ ਧਰਮ ਦੱਸੇ ਇਸਲਾਮਾ, ਇਸਮ ਆਜ਼ਮ ਇਕ ਦ੍ਰਿੜਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਦਾ ਗਾਣਾ, ਗਾਵਤ ਗਾਵਤ ਗਾਵਤ ਖ਼ੁਸ਼ੀ ਮਨਾਈਆ । ਹੁਕਮ ਵਰਤੇ ਜ਼ਿਮੀਂ ਅਸਮਾਨਾ, ਦੋ ਜਹਾਨਾਂ ਹੋਵੇ ਰੁਸ਼ਨਾਈਆ । ਕਿਰਪਾ ਕਰੇ ਪ੍ਰਭੂ ਮਿਹਰਵਾਨਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਨ ਭਗਤਾਂ ਲੇਖੇ ਲਾਵੇ ਆਵਣ ਜਾਣਾ, ਏਥੇ ਓਥੇ ਹੋਏ ਸਹਾਈਆ । ਅੰਤਮ ਜੋਤੀ ਮੇਲ ਮਿਲਾਨਾ, ਜੋਤ ਜੋਤ ਵਿਚ ਸਮਾਈਆ । ਸਚਖੰਡ ਸਾਚਾ ਧਾਮ ਸੁਹਾਨਾ, ਦਰਗਹ ਸਾਚੀ ਵੱਜੇ ਵਧਾਈਆ । ਜਿਥੇ ਇਕੋ ਦੀਪਕ ਜੋਤ ਨੂਰ ਨੁਰਾਨਾ, ਦੀਪਕ ਪੰਜ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਚ ਦਾ ਹੁਕਮ ਕਲਜੁਗ ਅੰਤਮ ਧਾਰ ਹਰਿ ਕਰਤਾ ਆਪ ਦ੍ਰਿੜਾਈਆ । ਲੇਖਾ ਜਾਣੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਬੈਠੇ ਸੀਸ ਨਿਵਾਈਆ । ਕਰਨੀ ਦਾ ਕਰਤਾ ਕਰੇ ਆਪਣੀ ਕਾਰ, ਕਰਨੇਹਾਰ ਖੇਲ ਖਿਲਾਈਆ । ਜੋਤੀ ਜਾਤਾ ਹੋ ਉਜਿਆਰ, ਪੁਰਖ ਬਿਧਾਤਾ ਵੇਸ ਵਟਾਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਨਮੋਂ ਨਮੋਂ ਕਰਨ ਸਰਬ ਨਿਮਸਕਾਰ, ਡੰਡਾਵਤ ਬੰਦਨਾ ਸਜਦਿਆਂ ਵਿਚ ਸੀਸ ਝੁਕਾਈਆ । ਸੋ ਭਗਤ ਸੁਹੇਲਾ ਜਨ ਭਗਤਾਂ ਪਾਵੇ ਸਾਰ, ਮਹਾਂਸਾਰਥੀ ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਵਿਚੋਂ ਲਏ ਉਭਾਰ, ਮੇਲਾ ਮੇਲੇ ਸਹਿਜ ਸੁਭਾਈਆ । ਵੇਖੇ ਵਿਗਸੇ ਪਾਵੇ ਸਾਰ, ਇਕ ਅਕੇਲਾ ਧੁਰਦਰਗਾਹੀਆ । ਕਲਜੁਗ ਅੰਤਮ ਲਹਿਣਾ ਦੇਣਾ ਕੂੜੀ ਕਿਰਿਆ ਦਏ ਨਿਵਾਰ, ਕਰਮ ਕਾਂਡ ਦਾ ਡੇਰਾ ਢਾਹੀਆ । ਸਚਖੰਡ ਨਿਵਾਸੀ ਬਖ਼ਸ਼ੇ ਸਚਖੰਡ ਦਵਾਰ, ਦਰ ਦਵਾਰਾ ਇਕ ਜਣਾਈਆ । ਜਿਥੇ ਵਸੇ ਜੋਤੀ ਜਾਤਾ ਹਰਿ ਨਿਰੰਕਾਰ, ਦੂਜਾ

ਨਜ਼ਰ ਕੋਇ ਨਾ ਆਈਆ । ਭਗਤ ਭਗਵੰਤ ਆਦਿ ਅੰਤ ਜੁਗਾ ਜੁਗੰਤ ਇਕੋ ਧਾਰ, ਇਕ ਅਕੇਲਾ ਸੱਜਣ ਸੁਹੇਲਾ ਸਤਿ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਰਵਰਦਿਗਾਰ ਸਾਂਝਾ ਯਾਰ ਇਕ ਅਖਵਾਈਆ । ਜੁਗ ਜੁਗ ਜਨ ਭਗਤ ਸੁਹੇਲੇ ਦੇਵੇ ਤਾਰ, ਸੰਸਾਰ ਸਾਗਰ ਵਿਚੋਂ ਕਰੇ ਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾਦਿ ਆਦਿ ਨਿਰਗੁਣ ਧਾਰ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਦੋ ਜਹਾਨਾ ਸ੍ਰੀ ਭਗਵਾਨਾ ਇਕ ਅਖਵਾਈਆ ।

✪ ੧੯ ਅੱਸੂ ਸ਼ਹਿਨਸ਼ਾਹੀ ਸੰਮਤ ੭ ਵਤਨ ਸਿੰਘ, ਖ਼ਿਆਲ ਸਿੰਘ ਦਸੂਹਾ, ਹਰਭਜਨ ਸਿੰਘ ਸਾਹਿਬ ਦਾ ਪਿੰਡ, ਦਿਆਲ ਸਿੰਘ ਡੱਡ, ਲਾਲ ਸਿੰਘ ਪੰਜ ਢੇਰਾ, ਕਰਤਾਰ ਸਿੰਘ, ਹਜ਼ਾਰਾ ਸਿੰਘ, ਰੇਸ਼ਮ ਸਿੰਘ, ਦਰਬਾਰਾ ਸਿੰਘ ਗਾਲੜੀਆਂ, ਮੰਗਲ ਸਿੰਘ, ਰਾਮ ਸਿੰਘ, ਦਲਜੀਤ ਸਿੰਘ ਤਲਵਾੜਾ, ਨਰਾਇਣ ਸਿੰਘ, ਜੀਆ ਲਾਲ, ਆਤਮ ਚੰਦ, ਗਿਆਨ ਚੰਦ ਜਗੀਰ ਸਿੰਘ, ਧੰਨਾ ਸਿੰਘ ਕੁਲੀਆ ਪਿੰਡ ਸਰੀਹ ਪੁਰ ਜ਼ਿਲਾ ਹੁਸ਼ਿਆਰ ਪੁਰ ✪

ਬਿਆਸ ਕਹੇ ਮੇਰੇ ਪਾਰ ਕਿਨਾਰੇ ਹੋਈ ਲੋ, ਲੋਇਣ ਪ੍ਰਭ ਨੇ ਦਿਤਾ ਖੁਲ੍ਹਾਈਆ । ਗੁਰਮੁਖਾਂ ਦੇ ਮਸਤਕ ਅੱਖਰ ਤੱਕਿਆ ਸੋ, ਸੋ ਪੁਰਖ ਨਿਰੰਜਣ ਦਿਤੀ ਵਡਿਆਈਆ । ਮੈਂ ਜਗਤ ਨਾਤਾ ਤੋੜ ਕੇ ਹੋਇਆ ਨਿਰਮੋਹ, ਮੁਹੱਬਤ ਕੂੜ ਵਾਲੀ ਤਜਾਈਆ । ਜਿਸ ਦੇ ਚਰਨਾਂ ਚਰਨਾਮਤ ਲਿਆ ਧੋ, ਧਰਮ ਦੀ ਧਾਰ ਇਕ ਬੰਧਾਈਆ । ਉਸ ਦੇ ਬਾਝ ਅਵਰ ਨਾ ਕੋ, ਕੋਟਨ ਅਵਤਾਰ ਪੈਗੰਬਰ ਗੁਰ ਬੈਠੇ ਸੀਸ ਨਿਵਾਈਆ । ਜੋ ਕੂੜੀ ਕਿਰਿਆ ਕਲਜੁਗ ਰਿਹਾ ਖੋਹ, ਚਾਰੋਂ ਕੁੰਟ ਵੇਖ ਵਖਾਈਆ । ਸਾਚਾ ਨਾਮ ਜਨ ਭਗਤਾਂ ਅੰਦਰ ਰਿਹਾ ਬੋ, ਬੀਜਣ ਵਾਲਾ ਬੇਪਰਵਾਹੀਆ । ਧੁਰ ਦਰਗਾਹੋਂ ਲੈ ਕੇ ਆਇਆ ਢੋਆ ਢੋ, ਵਸਤ ਅਮੋਲਕ ਅਗੰਮ ਅਥਾਹੀਆ । ਮਿਹਰਵਾਨ ਹੋ ਕੇ ਨਾਲ ਜਾਵੇ ਛੋਹ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਅੰਮ੍ਰਿਤ ਰਸ ਅਗੰਮਾ ਦੇਵੇ ਚੋ, ਕੂੜੀ ਕਿਰਿਆ ਅਗਨ ਬੁਝਾਈਆ । ਜਿਸ ਦਾ ਰੂਪ ਨਜ਼ਰ ਨਾ ਆਏ ਦੋ, ਦੂਆ ਏਕਾ ਏਕਾ ਦੂਆ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਹੋਏ ਸਹਾਈਆ । ਸੋ ਕਹੇ ਮੈਂ ਜਨ ਭਗਤਾਂ ਲੱਗਾ ਮੱਥਾ, ਮਸਤਕ ਰੰਗ ਰੰਗਾਈਆ । ਭੇਵ ਜਣਾਵਾਂ ਯਥਾਰਥ ਯਥਾ, ਯਦੀ ਦਿਆਂ ਦ੍ਰਿੜਾਈਆ । ਵੇਦ ਵਿਆਸ ਨੇ ਇਕ ਸੌ ਅਠਾਰਾਂ ਦਿਨ ਮੇਰੀ ਇਕੋ ਗਾਈ ਗਾਥਾ, ਦੂਸਰਾ ਅੱਖਰ ਨਾ ਨਾਲ ਮਿਲਾਈਆ । ਫੇਰ ਜੋੜ ਕੇ ਪੁੱਠਿਆਂ ਹੱਥਾਂ, ਪਿੱਠ ਪਿੱਠ ਨਾਲ ਟਕਰਾਈਆ । ਬਿਨਾ ਚਰਨਾਂ ਤੋਂ ਟੇਕ ਕੇ ਮੱਥਾ, ਮਸਤਕ ਦਿਤਾ ਨਿਵਾਈਆ । ਫੇਰ ਵੇਖਿਆ ਬਿਨਾ ਅੱਖਾਂ, ਨੇਤਰ ਨੈਣ ਜੋਤ ਰੁਸ਼ਨਾਈਆ । ਫੇਰ ਹੁਕਮ ਸੁਣਿਆ ਸੱਚਾ, ਸਚ ਮਿਲੀ ਵਡਿਆਈਆ । ਸੰਦੇਸ਼ਾ ਸੁਣ ਅਗੰਮੀ ਬੱਚਾ, ਭੇਵ ਅਭੇਦਾ ਦਿਆਂ ਖੁਲ੍ਹਾਈਆ । ਉਹ ਵੇਖ ਜੁਗ ਚੌਕੜੀ ਜਾਂਦਾ ਨੱਸਾ, ਭੱਜਿਆ ਪੰਧ ਮੁਕਾਈਆ । ਵੇਖ ਲੈ ਹੋੜਾ ਉਪਰ ਸੱਸਾ, ਸੋ ਪੁਰਖ ਨਿਰੰਜਣ ਆਪ ਲਗਾਈਆ । ਜਿਸ ਵੇਲੇ ਕਲਜੁਗ ਰੈਣ ਅੰਧੇਰੀ ਹੋਣੀ ਮੱਸਾ, ਨੂਰੀ ਚੰਦ ਨਾ ਕੋਇ ਚਮਕਾਈਆ । ਧਰਮ ਦਾ ਰਹਿਣਾ ਨਹੀਂ ਕੋਈ ਕਮਰਕਸਾ, ਗੋਬਿੰਦ ਧਾਰ ਦਏ ਗਵਾਹੀਆ । ਨਾਮ ਕਲਮਾ

ਰਹੇ ਨਾ ਰਸਾ, ਰਸਤਾ ਅੰਦਰ ਨਾ ਕੋਇ ਖੁਲ੍ਹਾਈਆ । ਹਰਿ ਜੂ ਕਿਸੇ ਗ੍ਰਿਹਿ ਨਾ ਹੋਵੇ ਵਸਾ, ਵਾਸਤਾ ਆਪਣੇ ਨਾਲ ਰਖਾਈਆ । ਸਚ ਦਾ ਦੇਵੇ ਕੋਇ ਨਾ ਪਤਾ, ਪਤਿਪਰਮੇਸ਼ਵਰ ਮਿਲਣ ਕੋਇ ਨਾ ਪਾਈਆ । ਪਿਉ ਪੁਤ ਦੀ ਕਰੇ ਹੱਤਾ, ਹਿਤਆਰੀ ਹੋਵੇ ਜਗਤ ਲੋਕਾਈਆ । ਜਗਤ ਵਾਸਨਾ ਹੋਵੇ ਨਤਾ, ਕੂੜ ਕਿਰਿਆ ਗੰਢ ਵਖਾਈਆ । ਮਨ ਮਨੂਆ ਕਰੇ ਮਤਾ, ਮਤ ਮਤਾਂਤਰ ਡੇਰਾ ਢਾਹੀਆ । ਡੰਕਾ ਵੱਜੇ ਕਿਤੇ ਨਾ ਫਤਾ, ਫਤਿਹ ਡੰਕ ਨਾ ਕੋਇ ਵਜਾਈਆ । ਉਸ ਵੇਲੇ ਖੇਲ ਕਰੇ ਪੁਰਖ ਸਮਰਥਾ, ਹਰਿ ਕਰਤਾ ਧੁਰਦਰਗਾਹੀਆ । ਕਲਜੁਗ ਵੇਖੇ ਕੂੜ ਦਾ ਰਥਾ, ਰਥ ਅਗਨੀ ਜਗਤ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸੋ ਕਹੇ ਜਿਸ ਵੇਲੇ ਮੈਂ ਬਿਆਸਾ ਟੱਪਾ, ਜਨ ਭਗਤਾਂ ਮਸਤਕ ਲਿਆ ਲਟਕਾਈਆ । ਮੈਂ ਨਿਗਹ ਮਾਰੀ ਮੈਨੂੰ ਨਜ਼ਰ ਆਇਆ ਅੱਖਰ ਪੱਪਾ, ਜੋ ਪੂਰਨ ਸਤਿਗੁਰ ਰੂਪ ਜਣਾਈਆ । ਜਿਸ ਨੇ ਨਾਤਾ ਜੋੜਿਆ ਪੱਕਾ, ਪੱਕੀ ਆਪਣੀ ਗੰਢ ਰਖਾਈਆ । ਜਿਸ ਵਿਚ ਫ਼ਰਕ ਰਹੇ ਨਾ ਰਤਾ, ਰਤਨ ਅਮੋਲਕ ਹੀਰੇ ਗੁਰਮੁਖ ਲਏ ਬਣਾਈਆ । ਆਪ ਪੀ ਕੇ ਪਾਣੀ ਤੱਤਾ, ਅੰਮ੍ਰਿਤ ਮੇਘ ਆਪ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਜਣਾਈਆ । ਪੱਪਾ ਕਹੇ ਮੈਂ ਚੜ੍ਹ ਗਿਆ ਗੁਰਮੁਖਾਂ ਦੀ ਉਪਰ ਛਾਤੀ, ਛਤਰਧਾਰੀ ਨਾਲ ਦੇਣਾ ਮਿਲਾਈਆ । ਪੂਰਨ ਸਤਿਗੁਰ ਦੱਸਣਾ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜੋ ਸੰਬਲ ਬੈਠਾ ਬਣ ਸਮਰਾਥੀ, ਸਗਲਾ

੧੪੬੩

ਸੰਗ ਬਣਾਈਆ । ਧੁਰ ਦੀ ਮੰਨ ਕੇ ਆਖੀ, ਅੱਖਰਾਂ ਤੋਂ ਪਰੇ ਰਿਹਾ ਦ੍ਰਿੜਾਈਆ । ਨਿਰਗੁਣ ਸਰਗੁਣ ਦੀ ਕਰੇ ਰਾਖੀ, ਰੱਖਕ ਬਣੇ ਚਾਈਂ ਚਾਈਂਆ । ਜਨ ਭਗਤਾਂ ਬਣ ਕੇ ਦਾਸ ਦਾਸੀ, ਸੇਵਕ ਸੇਵਾ ਸਚ ਕਮਾਈਆ । ਨਾਲ ਮਿਲ ਕੇ ਪੁਰਖ ਅਬਿਨਾਸ਼ੀ, ਅਬਿਨਾਸ਼ੀ ਆਪਣਾ ਰੰਗ ਰੰਗਾਈਆ । ਜਿਸ ਦਾ ਨਿਰਗੁਣ ਨੂਰ ਜੋਤ ਪ੍ਰਕਾਸ਼ੀ, ਪ੍ਰਕਾਸ਼ਵਾਨ ਖ਼ਲਕ ਖ਼ੁਦਾਈਆ । ਉਹ ਅੰਦਰੋਂ ਲਾਹੇ ਆਪ ਉਦਾਸੀ, ਚਿੰਤਾ ਚਿਖਾ ਨਾ ਕੋਇ ਜਲਾਈਆ । ਗਲੋਂ ਕਟ ਸਿਲਕ ਜਮ ਫਾਸੀ, ਫ਼ੈਸਲਾ ਹੱਕ ਹੱਕ ਸੁਣਾਈਆ । ਪੰਧ ਮੁਕਾ ਕੇ ਮੰਡਲ ਰਾਸੀ, ਮੰਜ਼ਲ ਆਪਣੀ ਲਏ ਚੜ੍ਹਾਈਆ । ਜਿਥੇ ਵਸੇ ਸ਼ਾਹੋ ਸ਼ਾਬਾਸ਼ੀ, ਸ਼ਹਿਨਸ਼ਾਹ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਅਖਵਾਈਆ । ਸੋ ਕਹੇ ਮੈਂ ਆਦਿ ਅੰਤ ਦਾ ਇਕ, ਏਕੰਕਾਰ ਰੂਪ ਸਮਾਈਆ । ਪੱਪਾ ਕਹੇ ਮੈਂ ਲੱਗਾ ਭਗਤਾਂ ਦੀ ਨਾਲ ਹਿੱਕ, ਹਿਕਮਤ ਆਪਣੀ ਇਕ ਸਮਝਾਈਆ । ਜਿਹੜਾ ਦੋਹਾਂ ਦੇ ਵਿਚ ਗਿਆ ਟਿਕ, ਟਿਕ ਟਿਕੀ ਇਕੋ ਨਾਲ ਰਖਾਈਆ । ਨਿਰਗੁਣ ਸਰਗੁਣ ਬਖ਼ਸ਼ ਕੇ ਸਿਕ, ਪ੍ਰੀਤੀ ਪ੍ਰੇਮ ਵਾਲੀ ਬਣਾਈਆ । ਦੋਹਾਂ ਨੇ ਲੇਖਾ ਜਾਣਾ ਲਿਖ, ਨਾ ਕੋਈ ਮੇਟੇ ਮੇਟ ਮਿਟਾਈਆ । ਪੂਰਨ ਸਤਿਗੁਰ ਦਾ ਪੂਰਨ ਸਿੱਖ, ਪੱਪਾ ਪੂਰਨ ਰੂਪ ਜਣਾਈਆ । ਸੋ ਪੁਰਖ ਨਿਰੰਜਣ ਕਹੇ ਮੇਰਾ ਲੇਖਾ ਨਿਤ ਨਵਿਤ, ਜੁਗ ਜੁਗ ਆਪਣੀ ਕਾਰ ਕਮਾਈਆ । ਮੈਂ ਝਗੜਾ ਮਿਟਾਉਣਾ ਪੱਥਰ ਇੱਟ, ਪਾਹਨ ਪੂਜਣ ਕੋਇ ਨਾ ਜਾਈਆ । ਇਕੋ ਨਾਮ ਦੀ ਦੇ ਕੇ ਚਿੱਟ, ਸਚ ਸੰਦੇਸ਼ਾ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਹੁਕਮ ਇਕ ਵਰਤਾਈਆ । ਬਿਆਸ ਕਹੇ ਮੈਂ ਦੋਵੇਂ ਵੇਖੇ ਭਗਤਾਂ ਸੰਗ, ਸੱਸਾ ਪੱਪਾ ਨਜ਼ਰੀ ਆਈਆ । ਮੇਰਾ ਖ਼ੁਸ਼ੀ ਹੋਇਆ ਅੰਗ ਅੰਗ, ਬਿਨਾ ਤਨ ਵੱਜੀ ਵਧਾਈਆ । ਕੀ ਖੇਲ ਸੂਰਾ ਸਰਬੰਗ, ਹਰਿ ਕਰਤਾ ਆਪ ਕਰਾਈਆ । ਬਿਆਸ ਕਹੇ ਜਿਸ ਵੇਲੇ ਗੋਬਿੰਦ ਨੇ ਮੇਰੇ ਕੰਢੇ ਪ੍ਰੇਮ ਦਾ

੨੨

ਡਾਹਿਆ ਪਲੰਘ, ਸਿੰਘਾਸਣ ਧਰਮ ਧਾਰ ਵਿਛਾਈਆ । ਫੇਰ ਨਿਗਹ ਮਾਰੀ ਵੱਲ ਪੁਰੀ ਅਨੰਦ, ਬਿਨ ਅੱਖਾਂ ਅੱਖ ਉਠਾਈਆ । ਫੇਰ ਤੱਕਿਆ ਤਾਰਾ ਚੰਦ, ਮੁਹੰਮਦ ਨਾਲ ਕੀਤੀ ਸਲਾਹੀਆ । ਉਹ ਵੇਖ ਤੇਰਾ ਮੁਕਦਾ ਪੰਧ, ਸਦੀ ਚੌਧਵੀਂ ਦਏ ਗਵਾਹੀਆ । ਬਿਨਾ ਸੋ ਤੋਂ ਪਾਏ ਕੋਈ ਨਾ ਠੰਡ, ਕਲਮਾ ਕਾਇਨਾਤ ਕੰਮ ਕਿਸੇ ਨਾ ਆਈਆ । ਬਿਨਾ ਪੱਪੇ ਤੋਂ ਪੂਰਨ ਸਤਿਗੁਰ ਨਾ ਕੋਇ ਬਖ਼ਸ਼ੰਦ, ਬਖ਼ਸ਼ਿਸ਼ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਅੰਧੇਰਾ ਅੰਧ, ਨੂਰੀ ਚੰਦ ਨਾ ਕੋਇ ਚਮਕਾਈਆ । ਸੋ ਪੂਰਨ ਨਾਲ ਹੋਣਾ ਪਾਬੰਦ, ਪੱਪਾ ਪੂਰਨ ਸੋ ਵਿਚ ਸਮਾਈਆ । ਜਿਨ੍ਹਾਂ ਦਾ ਇਕੋ ਹੋਣਾ ਛੰਦ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜਗਤ ਦਵੈਤ ਢਾਉਣੀ ਕੰਧ, ਕੰਧਾ ਕੰਧੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਵਕਤ ਆਪ ਸੁਹਾਈਆ । ਬਿਆਸ ਕਹੇ ਮੈਂ ਸੋ ਤੱਕਿਆ ਉਪਰ ਪੱਗ, ਪਗੜੀ ਗੁਰਮੁਖਾਂ ਦਏ ਗਵਾਹੀਆ । ਮੈਂ ਵੇਖਿਆ ਉਪਰ ਸ਼ਾਹ ਰਗ, ਜਗਤ ਦਵਾਰੇ ਡੇਰਾ ਢਾਹੀਆ । ਫੇਰ ਵੇਖਿਆ ਭੱਜ, ਭੱਜਿਆ ਵਾਹੋ ਦਾਹੀਆ । ਜੋ ਸਭ ਦੀ ਰੱਖੇ ਲਜ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਪੜਦੇ ਰਿਹਾ ਕੱਜ, ਮਿਹਰਵਾਨ ਮਹਿਬੂਬ ਧੁਰਦਰਗਾਹੀਆ । ਉਹ ਬੈਠਾ ਉਥੇ ਅੱਜ, ਦਿਵਸ ਦਿਹਾੜਾ ਦਏ ਗਵਾਹੀਆ । ਜਿਥੇ ਯੁਧਿਸ਼ਟਰ ਆਸਣ ਲਾਉਂਦਾ ਸੀ ਡੂੰਘਾ ਸਵਾ ਗਜ਼, ਸਾਢੇ ਤਿੰਨ ਹੱਥ ਲੰਬਾਈਆ । ਅਵਾਜ਼ ਮਾਰ ਕੇ ਰਿਹਾ ਸੀ ਸੱਦ, ਸ਼ਬਦੀ ਕਾਹਨ ਧਿਆਨ ਲਗਾਈਆ । ਨਿਗਹ ਨਾਲ ਬਣਾ ਕੇ ਹੱਦ, ਇਸ਼ਾਰਾ ਅੱਖ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਬਿਆਸ ਕਹੇ ਯੁਧਿਸ਼ਟਰ ਨੇ ਏਥੇ ਆਪਣੇ ਮਸਤਕ ਲਿਖ ਕੇ ਲਾਇਆ ਸੀ ਸੋ, ਸਿਰ ਮਸਤਕ ਸੀਸ ਨਿਵਾਈਆ । ਪੱਪਾ ਹੱਥ ਵਿਚ ਫੜ ਕੇ ਦੋ, ਫੇਰ ਛਾਤੀ ਉਤੇ ਛੁਹਾਈਆ । ਭਗਤ ਭਗਵਾਨ ਇਕ ਨਾ ਰਹੇ ਦੋ, ਦੂਆ ਏਕਾ ਇਕੋ ਨਜ਼ਰੀ ਆਈਆ । ਝਟ ਕ੍ਰਿਸ਼ਨ (ਸਨਮੁਖ) ਗਿਆ ਹੋ, ਹੋ ਕੇ ਦਿਤਾ ਦ੍ਰਿੜਾਈਆ । ਧਰਮ ਸੁਤ ਔਹ ਵੇਖ ਅਗੰਮੀ ਲੋ, ਨਿਜ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਖੇਲ ਕਰੇ ਅਬਿਨਾਸ਼ੀ ਉਹ, ਜਿਸ ਦੀ ਉਸਤਤ ਸਾਰੇ ਰਹੇ ਗਾਈਆ । ਜਿਸ ਵੇਲੇ ਦੀਨ ਦੁਨੀ ਹੋਈ ਨਿਰਮੋਹ, ਅਵਤਾਰ ਪੈਗ਼ੰਬਰ ਗੁਰ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਬਿਆਸ ਕਹੇ ਮੈਂ ਵੇਖ ਕੇ ਖੇਲ ਕੰਬਾ, ਕੰਬਣੀ ਗਈ ਆਈਆ । ਮੇਰੇ ਪਾਰ ਲੇਖ ਲੰਬਾ, ਹੱਦ ਹਦੂਦ ਨਾ ਕੋਇ ਜਣਾਈਆ । ਮੈਂ ਹੈਰਾਨ ਹੋਣਾ ਅਚੰਭਾ, ਹੈਰਤ ਵਿਚ ਦੁਹਾਈਆ । ਕੀ ਖੇਲ ਭਗਤਾਂ ਸੰਗਾ, ਹਰਿ ਭਗਵਾਨ ਆਪ ਕਰਾਈਆ । ਤਿੰਨਾਂ ਗੁਰਮੁਖਾਂ ਸਤਾਰਾਂ ਅੱਸੂ ਨੂੰ ਹੋਣਾ ਇਕ ਟੰਗਾ, ਜਿਨ੍ਹਾਂ ਦੇ ਮਸਤਕ ਸੋ ਦਿਤਾ ਲਗਾਈਆ । ਅਠਾਰਾਂ ਅੱਸੂ ਨੂੰ ਹੱਥ ਵਿਚ ਫੜਨਾ ਡੰਡਾ, ਸਾਢੇ ਤਿੰਨ ਹੱਥ ਲੰਬਾਈਆ । ਉਨੀ ਅੱਸੂ ਨੂੰ ਗਰਦਨ ਉਤੇ ਰੱਖਣਾ ਖੰਡਾ, ਪੁੱਠੀ ਧਾਰ ਬਣਾਈਆ । ਵੀਹ ਅੱਸੂ ਨੂੰ ਇਕ ਦੂਜੇ ਨਾਲ ਜੋੜਨਾ ਕੰਧਾ, ਕੰਧੀ ਬੈਠਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸੋ ਕਹੇ ਮੈਂ ਦੱਸਾਂ ਸਚ ਪਿਆਰ, ਮੁਹੱਬਤ ਬੇਪਰਵਾਹੀਆ । ਜੋ ਹਰਿ ਕਰਤਾ ਕਰਨੇਹਾਰ, ਜੁਗ ਜੁਗ ਆਪ ਕਰਾਈਆ । ਜਨ ਭਗਤਾਂ ਦਏ ਅਧਾਰ, ਸਿਰ ਸਿਰ ਆਪਣਾ ਹੱਥ ਰਖਾਈਆ । ਜਿਸ ਸਤਿਜੁਗ ਤ੍ਰੇਤਾ ਦੁਆਪਰ ਲਾਇਆ ਪਾਰ, ਕਲਜੁਗ

ਵੇਖੇ ਚਾਈਂ ਚਾਈਂਆ । ਜਨ ਭਗਤ ਸੁਹੇਲੇ ਦੇਵੇ ਤਾਰ, ਤਾਰਨਹਾਰ ਇਕ ਅਖਵਾਈਆ । ਜਿਨ੍ਹਾਂ ਦਾ ਲੇਖਾ ਰਹੇ ਸਦਾ ਜੁਗ ਚਾਰ, ਚਾਰ ਵਰਨ ਇਕੋ ਰੰਗ ਰੰਗਾਈਆ । ਸੀਸ ਜਗਦੀਸ਼ ਬਖ਼ਸ਼ ਦਸਤਾਰ, ਦੇਵੇ ਮਾਤ ਮਾਣ ਵਡਿਆਈਆ । ਰਾਏ ਧਰਮ ਦਾ ਗੇੜ ਨਿਵਾਰ, ਚਿਤ੍ਰਗੁਪਤ ਦਾ ਲੇਖ ਚੁਕਾਈਆ । ਸ਼ਬਦੀ ਸਤਿਗੁਰ ਦਏ ਅਧਾਰ, ਉਦਰ ਤੋਂ ਬਾਹਰ ਕਢਾਈਆ । ਅੰਤਮ ਲਹਿਣਾ ਰਹੇ ਨਾ ਵਿਚ ਸੰਸਾਰ, ਮਾਤ ਗਰਭ ਨਾ ਅਗਨ ਤਪਾਈਆ । ਲੈ ਕੇ ਜਾਏ ਸਚਖੰਡ ਸਚੇ ਦਰਬਾਰ, ਦਰਗਹ ਸਾਚੀ ਸੋਭਾ ਪਾਈਆ । ਜਿਥੇ ਇਕੋ ਨੂਰ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤਾ ਏਕੰਕਾਰ, ਅਕਲ ਕਲਧਾਰੀ ਆਪਣੀ ਕਲ ਵਰਤਾਈਆ ।

✪ ੧੭ ਅੱਸੂ ਸ਼ਹਿਨਸ਼ਾਹੀ ਸੰਮਤ ੭ ਜਸਵੰਤ ਸਿੰਘ, ਬੰਨਾ ਸਿੰਘ, ਹਰਬੰਸ ਸਿੰਘ, ਗੁਰਨਾਮ ਸਿੰਘ ਸੁਰਾਨਸੀ, ਪ੍ਰੀਤਮ ਸਿੰਘ ਕੋਟਲੀ ਇਬਰਾਹਿਮ
ਜਰਨੈਲ ਸਿੰਘ ਸਗਵਾਲ, ਦਰਸ਼ਨ ਕੌਰ ਪਾਤੜ ਖ਼ੁਰਦ, ਨਗੀਨਾ ਸਿੰਘ, ਪਿਆਰਾ ਸਿੰਘ ਹਰਦਿਆਲ ਸਿੰਘ ਜਲੰਧਰ,
ਗੁਰਬਚਨ ਸਿੰਘ ਆਹਮ ਪੁਰ, ਜੁਗਿੰਦਰ ਸਿੰਘ, ਫੁੱਮਣ ਸਿੰਘ, ਅਜੀਤ ਸਿੰਘ, ਤਰਸੇਮ ਸਿੰਘ,
ਹਰਭਜਨ ਸਿੰਘ ਆਦਮਪੁਰ, ਜੁਗਿੰਦਰ ਕੌਰ ਬੂਲ੍ਹੇ, ਅਜੀਤ ਕੌਰ ਜਲਪੋਤ,
ਕਰਤਾਰ ਪੁਰ ਸ਼ਹਿਰ ਜ਼ਿਲਾ ਜਲੰਧਰ ✪



ਪੱਪਾ ਕਹੇ ਮੈਂ ਲੱਗਾ ਭਗਤਾਂ ਗੁਰਮੁਖਾਂ ਦੇ ਸੀਨੇ, ਸਤਿਗੁਰ ਪੂਰਨ ਦਿਤੀ ਵਡਿਆਈਆ । ਮੈਂ ਖੇਲ ਤਕਣੇ ਲੋਕ ਤੀਨੇ, ਬ੍ਰਹਿਮੰਡ ਖੰਡ ਅੱਖ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਤਕਣੇ ਪਰਮ ਪੁਰਖ ਅਧੀਨੇ, ਦਰਗਹ ਸਾਚੀ ਖੋਜ ਖੁਜਾਈਆ । ਵੇਸ ਵੇਖਣੇ ਪੁਰਖ ਅਬਿਨਾਸ਼ੀ ਦਾਨੇ ਬੀਨੇ, ਨਿਰਗੁਣ ਸਰਗੁਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਦਇਆ ਕਮਾਈਆ । ਸੋ ਕਹੇ ਮੈਂ ਖੇਲ ਦੱਸਾਂ ਸਾਹਿਬ ਸੁਲਤਾਨਾ, ਸਤਿਗੁਰ ਭੇਵ ਖੁਲ੍ਹਾਈਆ । ਪੱਪਾ ਕਹੇ ਮੈਂ ਪੂਰਨ ਦੇਣਾ ਬ੍ਰਹਮ ਗਿਆਨਾ, ਭੇਵ ਅਭੇਦਾ ਰਹੇ ਨਾ ਰਾਈਆ । ਦੋਹਾਂ ਦਾ ਲੇਖਾ ਇਕ ਸ੍ਰੀ ਭਗਵਾਨਾ, ਦੂਜਾ ਨਜ਼ਰ ਕੋਇ ਨਾ ਆਈਆ । ਜੋ ਕਲਜੁਗ ਵੇਖੇ ਮਾਰ ਧਿਆਨਾ, ਧਰਨੀ ਧਰਤ ਧਵਲ ਧੌਲ ਖੋਜ ਖੁਜਾਈਆ । ਚਾਰ ਜੁਗ ਦਾ ਵੇਖੇ ਜਗਤ ਨਿਸ਼ਾਨਾ, ਨਿਰਗੁਣ ਸਰਗੁਣ ਵੇਸ ਵਟਾਈਆ । ਹੁਕਮ ਸੰਦੇਸ਼ਾ ਜਾਣੇ ਅਗੰਮ ਫ਼ਰਮਾਨਾ, ਫੁਰਨਿਆਂ ਤੋਂ ਬਾਹਰ ਸਮਝਾਈਆ । ਕੀ ਕਹਿ ਕੇ ਗਿਆ ਰਮਈਆ ਰਾਮਾ, ਕਾਹਨਾ ਕ੍ਰਿਸ਼ਨਾ ਰਾਗ ਜਣਾਈਆ । ਕੀ ਮੂਸਾ ਈਸਾ ਸੁਣਿਆ ਪੈਗ਼ਾਮਾ, ਮੁਹੰਮਦ ਬਿਨਾ ਅਲਿਫ਼ ਯੇ ਪੜ੍ਹਾਈਆ । ਨਾਨਕ ਗੋਬਿੰਦ ਕੀ ਤੱਕਿਆ ਨੂਰ ਨੁਰਾਨਾ, ਨਿਰਵੈਰ ਨਿਰਾਕਾਰ ਨਿਰੰਕਾਰ ਅਗੰਮ ਅਥਾਹੀਆ । ਕੀ ਸਤਿਗੁਰ ਸ਼ਬਦ ਸ਼ਬਦ ਤਰਾਨਾ, ਤੁਰੀਆ ਤੋਂ ਬਾਹਰ ਦਏ ਦ੍ਰਿੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੱਪਾ ਕਹੇ ਕਲਜੁਗ ਅੰਤਮ ਰਹਿਣੇ ਨਹੀਂ ਕੋਇ ਪੰਡੇ, ਪਾਂਡਵ ਕ੍ਰਿਸ਼ਨ ਗਿਆ ਦ੍ਰਿੜ੍ਹਾਈਆ ।

ਜਿਸ ਵੇਲੇ ਭਗਤ ਸੁਹੇਲੇ ਖਲੋਣੇ ਇਕ ਟੰਗੇ, ਚਾਰੋਂ ਕੁੰਟ ਅੰਧੇਰਾ ਛਾਈਆ । ਰਾਮ ਰਾਮ ਕੋਲੋਂ ਅਗੰਮੀ ਮੰਗ ਮੰਗੇ, ਜਿਸ ਵੇਲੇ ਬਨਵਾਸੀ ਬਣਿਆ ਪਾਂਧੀ ਰਾਹੀਆ । ਕਲਜੁਗ ਵੇਲਾ ਅੰਤਮ ਸਭ ਦੇ ਸੀਸ ਹੋਣੇ ਨੰਗੇ, ਓਢਣ ਨਜ਼ਰ ਕੋਇ ਨਾ ਆਈਆ । ਸੀਤਾ ਸੁਰਤ ਧੁਰ ਦੇ ਰਾਮ ਸ਼ਬਦ ਕੋਈ ਨਾ ਗੰਢੇ, ਸਾਚਾ ਸੰਗ ਨਾ ਕੋਇ ਬਣਾਈਆ । ਧੁਰ ਭੰਡਾਰਾ ਮਾਤ ਕੋਈ ਨਾ ਵੰਡੇ, ਧਰਨੀ ਰੋਵੇ ਮਾਰੇ ਧਾਹੀਆ । ਜਗਤ ਜਹਾਨ ਜੀਵ ਹੋਣੇ ਅੰਧੇ, ਨਿਜ ਨੇਤਰ ਲੋਚਣ ਨੈਣ ਅੱਖ ਨਾ ਕੋਇ ਖੁਲ੍ਹਾਈਆ । ਦੀਨਾਂ ਮਜ਼੍ਹਬਾਂ ਭਾਗ ਹੋਣੇ ਮੰਦੇ, ਅਵਤਾਰ ਪੈਗ਼ੰਬਰ ਗੁਰ ਪਕੜੇ ਕੋਇ ਨਾ ਬਾਹੀਂਆ । ਪ੍ਰਭ ਦੇ ਨਾਮ ਦੇ ਘਰ ਘਰ ਲੈਣੇ ਚੰਦੇ, ਚੰਦ ਸਿਤਾਰ ਰੋਵਣ ਮਾਰਨ ਧਾਹੀਆ । ਭੈ ਰਹਿਣਾ ਨਹੀਂ ਜਗਤ ਧਾਰ ਖੰਡੇ, ਖੜਗ ਮਿਲੇ ਨਾ ਕੋਇ ਚਤੁਰਾਈਆ । ਉਸ ਵੇਲੇ ਪੁਰਖ ਅਕਾਲਾ ਦੀਨ ਦਿਆਲਾ ਕੂੜੀ ਕਿਰਿਆ ਦੰਡੇ, ਡੰਡਾਵਤ ਜਗਤ ਵਾਲੀ ਬਦਲਾਈਆ । ਸਚ ਸਵਾਮੀ ਅੰਤਰਜਾਮੀ ਹੋ ਕੇ ਬਿਆਸਾ ਪਾਰ ਕਿਨਾਰਾ ਲੰਘੇ, ਅੱਗਾ ਸਮਝ ਕਿਸੇ ਨਾ ਆਈਆ । ਸ਼ਬਦੀ ਧਾਰ ਬੈਠ ਪਲੰਘੇ, ਸੰਬਲ ਆਪਣਾ ਰੰਗ ਰੰਗਾਈਆ । ਕਲਜੁਗ ਪੈਂਡੇ ਮੇਟਣੇ ਲੰਬੇ, ਅੱਗੇ ਪੰਧ ਨਾ ਕੋਇ ਰਖਾਈਆ । ਮਨੂਆ ਮਨ ਕਰਾਏ ਦੰਗੇ, ਬੁਧ ਬਿਬੇਕ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਵਖਾਈਆ । ਪੱਪਾ ਕਹੇ ਮੈਂ ਪਰਮ ਪੁਰਖ ਦੀ ਧਾਰ, ਪ੍ਰਭ ਦਿਤੀ ਮਾਣ ਵਡਿਆਈਆ । ਮੈਂ ਆਇਆ ਬਿਆਸੋਂ ਪਾਰ, ਪਰਾ ਪਸੰਤੀ ਮਧਮ ਬੈਖਰੀ ਪਿਛਲਾ ਸੰਗ ਨਿਭਾਈਆ । ਅੱਗੇ ਸੰਦੇਸ਼ਾ ਦੇਵਾਂ ਧੁਰ ਦੇ ਯਾਰ, ਜੋ ਮਾਲਕ ਧੁਰਦਰਗਾਹੀਆ । ਕਲਜੁਗ ਜੀਵੋ ਹੋਵੋ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਕਲ ਕਲਕੀ ਇਕ ਅਵਤਾਰ, ਅਵਤਰ ਆਪਣਾ ਨੂਰ ਜੋਤ ਕਰੇ ਰੁਸ਼ਨਾਈਆ । ਜਿਸ ਦੀ ਪਾਵੇ ਕੋਈ ਨਾ ਸਾਰ, ਆਦਿ ਅੰਤ ਕਹੇ ਕੋਇ ਨਾ ਰਾਈਆ । ਜਿਸ ਨੂੰ ਝੁਕਦੇ ਗੁਰ ਅਵਤਾਰ, ਪੈਗ਼ੰਬਰ ਸੀਸ ਨਿਵਾਈਆ । ਜਿਸ ਨੇ ਭਗਤ ਬਣਾਏ ਬਰਖ਼ੁਰਦਾਰ, ਪਿਤਾ ਪੂਤ ਗੋਦ ਸੁਹਾਈਆ । ਸਤਿਜੁਗ ਤ੍ਰੇਤਾ ਦੁਆਪਰ ਪਾਏ ਸਾਰ, ਕਲਜੁਗ ਅੰਤਮ ਵੇਖ ਵਖਾਈਆ । ਇਕੋ ਰੰਗ ਰੰਗਾ ਕੇ ਪੁਰਖ ਨਾਰ, ਇਸਤਰੀ ਮਰਦ ਵੰਡ ਨਾ ਕੋਇ ਵੰਡਾਈਆ । ਸਚ ਪ੍ਰੀਤੀ ਦੇ ਅਧਾਰ, ਉਦਰ ਦਾ ਲੇਖਾ ਦਏ ਮੁਕਾਈਆ । ਏਥੇ ਉਥੇ ਸਿਰਜਣਹਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਚੁਰਾਸੀ ਵਿਚੋਂ ਕਢ ਕੇ ਬਾਹਰ, ਰਾਏ ਧਰਮ ਦਾ ਫੰਦ ਕਟਾਈਆ । ਚਿਤਰ ਗੁਪਤ ਨਾ ਮਾਰੇ ਮਾਰ, ਲੇਖਾ ਅਵਰ ਰਹੇ ਨਾ ਰਾਈਆ । ਦੇਵੇ ਮਾਣ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਹੋਏ ਆਪ ਸਹਾਈਆ । ਸੀਸ ਜਗਦੀਸ ਬਖ਼ਸ਼ ਦਸਤਾਰ, ਧਰਮ ਨਿਸ਼ਾਨ ਦਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਪੱਪਾ ਕਹੇ ਮੈਂ ਕਰਨ ਆਇਆ ਪਰਖ, ਪਰਮ ਪੁਰਖ ਦਿਤੀ ਵਡਿਆਈਆ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਇ ਜਣਾਈਆ । ਜਿਨ੍ਹਾਂ ਨੂੰ ਮੇਰਾ ਸਾਹਿਬ ਦੇਵੇ ਦਰਸ, ਅੰਤਰ ਦ੍ਰਿਸ਼ਟੀ ਦਏ ਖੁਲ੍ਹਾਈਆ । ਜਨਮ ਕਰਮ ਦੀ ਮੇਟੇ ਹਰਸ, ਹਵਸ ਕੂੜੀ ਦਏ ਗਵਾਈਆ । ਮਿਹਰਵਾਨ ਹੋ ਕੇ ਕਰੇ ਤਰਸ, ਰਹਿਮਤ ਰਹੀਮ ਸਚ ਕਮਾਈਆ । ਦੇਵੇ ਵਡਿਆਈ ਉਪਰ ਫ਼ਰਸ਼, ਅਰਸ਼ਾਂ ਆਪਣਾ ਰੰਗ ਰੰਗਾਈਆ । ਅੰਮ੍ਰਿਤ ਮੇਘ ਦੇਵੇ ਬਰਸ, ਬੂੰਦ ਸਵਾਂਤੀ ਆਪ ਟਪਕਾਈਆ । ਜੁਗ ਜਨਮ ਦੀ ਬੇਨੰਤੀ ਆਸ਼ਾ ਪੂਰੀ ਕਰੇ ਅਰਜ਼, ਆਰਜ਼ੂ ਆਪਣੇ ਵਿਚ ਮਿਲਾਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦ, ਦੁਖੀਆਂ ਹੋਏ ਸਹਾਈਆ । ਸ਼ਰਅ ਛੁਰੀ

ਨਾ ਕਟੇ ਕਰਦ, ਕਾਤਲ ਮਕਤੂਲ ਦਾ ਡੇਰਾ ਢਾਹੀਆ । ਯੋਧਾ ਸੂਰਬੀਰ ਬਣ ਮਰਦ, ਮਰਦ ਮਰਦਾਨਾ ਵੇਖ ਵਖਾਈਆ । ਕਲਜੁਗ ਅੰਤਮ ਮੇਟੇ ਅੰਧੇਰਾ ਗਰਦ, ਸਤਿ ਜੋਤ ਕਰੇ ਰੁਸ਼ਨਾਈਆ । ਇਹੋ ਖੇਲ ਪ੍ਰਭੂ ਅਸਚਰਜ, ਜੁਗ ਜੁਗ ਭਗਤਾਂ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਪੱਪਾ ਕਹੇ ਮੈਂ ਬਣ ਆਇਆ ਪਰਦੇਸ਼ੀ, ਪਰਮ ਪੁਰਖ ਦਿਤੀ ਵਡਿਆਈਆ । ਸ੍ਰਿਸ਼ਟੀ ਦ੍ਰਿਸ਼ਟੀ ਸਾਰੀ ਵੇਖੀ, ਚਾਰੋਂ ਕੁੰਟ ਧਿਆਨ ਲਗਾਈਆ । ਲੇਖਾ ਜਾਣਿਆ ਬਦੀ ਨੇਕੀ, ਅੰਤਰ ਨਿਰੰਤਰ ਭੇਵ ਰਿਹਾ ਨਾ ਰਾਈਆ । ਕਿਸੇ ਨਾ ਹੋਵੇ ਬੁਧ ਬਿਬੇਕੀ, ਪਤਿਤ ਪੁਨੀਤ ਨਾ ਕੋਇ ਕਰਾਈਆ । ਜਿਧਰ ਵੇਖਾਂ ਕੂੜ ਕੁੜਿਆਰਾ ਭੇਖੀ, ਕਲਜੁਗ ਭੱਜੇ ਵਾਹੋ ਦਾਹੀਆ । ਝਗੜਾ ਪਿਆ ਮੁੱਲਾਂ ਸ਼ੇਖ਼ੀ, ਮੁਸਾਇਕ ਰਹੇ ਕੁਰਲਾਈਆ । ਲੱਖ ਚੁਰਾਸੀ ਨਜ਼ਰ ਆਏ ਕੋਈ ਨਾ ਭੇਤੀ, ਅਗਲਾ ਭੇਵ ਨਾ ਕੋਇ ਚੁਕਾਈਆ । ਪਰਮ ਪੁਰਖ ਦਾ ਨਾਮ ਕਲਜੁਗ ਜੀਵ ਜਾਂਦੇ ਵੇਚੀ, ਕੀਮਤ ਹੱਟਾਂ ਵਿਚ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੱਪਾ ਕਹੇ ਮੈਂ ਪਰਮ ਪੁਰਖ ਦੀ ਧਾਰਾ, ਧਰਮ ਦੀ ਧਾਰ ਇਕ ਦ੍ਰਿੜਾਈਆ । ਜਿਸ ਦਾ ਨੂਰ ਜ਼ਹੂਰ ਨਵ ਅਵਤਾਰਾ, ਨਰ ਨਰਾਇਣ ਇਕ ਅਖਵਾਈਆ । ਜਿਸ ਦਾ ਲੇਖਾ ਕਾਗਦ ਕਲਮ ਨਾ ਲਿਖਣਹਾਰਾ, ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਜਿਸ ਨੂੰ ਬੀਤੇ ਕੋਟਨ ਕੋਟ ਜੁਗ ਲੱਖ ਹਜ਼ਾਰਾ, ਹਜ਼ਰਤ ਬੈਠੇ ਸੀਸ ਨਿਵਾਈਆ । ਸਜਦੇ ਕਰਦੇ ਵਾਰੋ



ਵਾਰਾ, ਨਿਵ ਨਿਵ ਲਾਗਣ ਪਾਈਆ । ਦਰ ਦਰਵੇਸ਼ ਦਿਸੇ ਗੁਰ ਅਵਤਾਰਾ, ਵਿਸ਼ਨ ਬ੍ਰਹਮਾ ਸ਼ਿਵ ਖ਼ਾਲੀ ਝੋਲੀਆਂ ਰਹੇ ਡਾਹੀਆ । ਸੋ ਲੇਖਾ ਜਾਣੇ ਧੁਰ ਦਰਬਾਰਾ, ਸਚਖੰਡ ਨਿਵਾਸੀ ਅਗੰਮ ਅਥਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਧੁਰ ਦਾ ਕੰਤ ਸਭ ਦੀ ਪਾਵੇ ਸਾਰਾ, ਮਹਾਂਸਾਰਥੀ ਆਪਣਾ ਹੁਕਮ ਵਰਤਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲੇ ਖੇਲ ਅਗੰਮ ਅਪਾਰਾ, ਅਪਰੰਪਰ ਸਵਾਮੀ ਵਡ ਵਡਿਆਈਆ । ਭਗਤ ਸੁਹੇਲੇ ਸੂਫ਼ੀ ਸੰਤ ਲਏ ਉਬਾਰਾ, ਮਹਿਬਾਨ ਬੀਦੋ ਆਪਣਾ ਰੰਗ ਰੰਗਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਕਿਰਪਾ ਕਰੇ ਪਰਵਰਦਿਗਾਰਾ, ਪਾਰਬ੍ਰਹਮ ਬ੍ਰਹਮ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜੋਤੀ ਜਾਤਾ ਲਏ ਅਵਤਾਰਾ, ਅਵਤਰ ਆਪਣਾ ਰੂਪ ਅਨੂਪ ਦਰਸਾਈਆ ।



**✪ ੧੮ ਅੱਸੂ ਸ਼ਹਿਨਸ਼ਾਹੀ ਸੰਮਤ ੭ ਭਗਤ ਸਿੰਘ ਦੀ ਮਾਤਾ ਦੇ ਨਵਿਤ ਦਿਆਲ ਗੜ੍ਹ ਜ਼ਿਲਾ ਕਪੂਰਥਲਾ ✪**

ਸਤਿ ਧਰਮ ਦਾ ਬਖ਼ਸ਼ਿਆ ਹਾਰ, ਹਰਿ ਸਤਿਗੁਰ ਆਪਣੀ ਦਇਆ ਕਮਾਈਆ । ਕਿਰਪਾ ਕਰੇ ਨਿਰਵੈਰ ਨਿਰੰਕਾਰ, ਪਾਰਬ੍ਰਹਮ ਪਤਿਪਰਮੇਸ਼ਵਰ ਧੁਰਦਰਗਾਹੀਆ । ਮਾਣਸ ਜਨਮ ਦਏ ਸਵਾਰ, ਪੂਰਬ ਲੇਖਾ ਵੇਖ ਵਖਾਈਆ । ਜਿਸ ਨਾਨਕ ਦਰਸ਼ਨ ਕੀਤਾ ਨੌ ਵਾਰ, ਤਲਵੰਡੀ ਰਹਿ ਕੇ ਆਪਣਾ ਝਟ ਲੰਘਾਈਆ । ਰਾਮੇ ਨਾਮ ਸੀ ਪਿਛਲਾ ਵਿਚ ਸੰਸਾਰ, ਘਰ ਕਸ਼ੱਤਰੀ ਸੋਭਾ ਪਾਈਆ । ਧੂੜੀ ਲਾ ਕੇ ਚਰਨ ਛਾਰ, ਨਾਨਕ ਅੱਗੇ ਝੋਲੀ ਡਾਹੀਆ । ਮੇਰਾ ਖ਼ਾਲੀ ਭਰ ਭੰਡਾਰ, ਤ੍ਰਿਸ਼ਨਾ ਜਗਤ ਪੂਰ ਕਰਾਈਆ । ਮੈਨੂੰ ਭਗਤੀ ਦਾ ਦੇ ਅਧਾਰ, ਚਰਨ ਕਵਲ ਸਰਨਾਈਆ ।

ਸਤਿਗੁਰ (ਨਾਨਕ) ਨਿਗਹ ਲਈ ਮਾਰ, ਨਿਗਹ ਨਿਗਹ ਵਿਚੋਂ ਬਦਲਾਈਆ । ਕੀ ਹੁਕਮ ਸੱਚੀ ਸਰਕਾਰ, ਸਚ ਸਚ ਦਿਆਂ ਸੁਣਾਈਆ । ਤੈਨੂੰ ਜਨਮ ਲੈਣਾ ਪੈਣਾ ਦੂਜੀ ਵਾਰ, ਮਿਰਤੂ ਲੋਕ ਵੱਜੇ ਵਧਾਈਆ । ਭਗਤੀ ਨਹੀਂ ਭਗਤ ਸਿੰਘ ਤੇਰੀ ਝੋਲੀ ਦੇਵਾਂ ਡਾਰ, ਤੇਰੇ ਜਨਮ ਦੀ ਤੇਰੇ ਕਰਮ ਨਾਲ ਵੱਜਦੀ ਰਹੇ ਵਧਾਈਆ । ਜਿਸ ਦਾ ਲਹਿਣਾ ਦੇਣਾ ਲੇਖਾ ਕੋਈ ਮੇਟ ਨਾ ਸਕੇ ਸਰਕਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮ ਸ਼ਿਵ ਵੇਖਣ ਚਾਈਂ ਚਾਈਂਆ । ਤੇਰੇ ਜਨਮ ਦੀ ਪੈਜ ਦੇਵੇ ਸਵਾਰ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਹਾਰ ਕਹੇ ਮੈਂ ਗਲ ਨਾਲ ਗਿਆ ਲਟਕ, ਲਟਕ ਆਪਣੀ ਦਿਆਂ ਵਖਾਈਆ । ਮੇਰੀ ਤ੍ਰਿਸ਼ਨਾ ਮਿਟ ਗਈ ਭਟਕ, ਭਟਕਣੀ ਜਗਤ ਰਹੀ ਨਾ ਰਾਈਆ । ਅੱਗੇ ਰਹੇ ਕੋਈ ਨਾ ਅਟਕ, ਰਾਏ ਧਰਮ ਚਿਤ੍ਰਗੁਪਤ ਨਾ ਲੇਖ ਜਣਾਈਆ । ਸਿੱਧਾ ਮਾਰਗ ਇਕੋ ਮਿਲਿਆ ਜਿਥੇ ਗਿਆ ਸਿੰਘ ਭਗਤ, ਭਗਤੀ ਜਨਮ ਦੀ ਪੂਰ ਕਰਾਈਆ । ਵੇਲਾ ਵੇਲੇ ਨਾਲ ਪਹੁੰਚਿਆ ਵਕਤ, ਸਮਾਂ ਸਮੇਂ ਨਾਲ ਸੁਹਾਈਆ । ਨਾਨਕ ਨਿਰਗੁਣ ਧਾਰ ਦੀ ਸ਼ਰਤ, ਨਿਰਗੁਣ ਨਿਰੰਕਾਰ ਪੂਰ ਕਰਾਈਆ । ਮਿਲੇ ਵਡਿਆਈ ਉਤੇ ਫ਼ਰਸ਼, ਵੱਜਦੀ ਰਹੇ ਵਧਾਈਆ । ਜ਼ਿੰਦਗੀ ਵਿਚ ਜੀਵਣ ਵਿਚ ਬਿਨਾ ਪ੍ਰਭੂ ਤੋਂ ਕਰੇ ਕੋਈ ਨਾ ਤਰਸ, ਰਹਿਮਤ ਹੱਕ ਨਾ ਕੋਇ ਕਮਾਈਆ । ਸੰਮਤ ਸ਼ਹਿਨਸ਼ਾਹੀ ਸੱਤ ਦਾ ਖ਼ੁਸ਼ੀਆਂ ਵਾਲਾ ਬਰਸ, ਬਰਸੀ ਜਨਮ ਦੀ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਹਾਰ ਕਹੇ ਮੈਂ ਛੋਹਿਆ ਨਾਲ ਕੌਰ ਇੰਦ, ਇੰਦ ਇੰਦਰਾਸਣ ਉਤੇ ਵੇਖ ਵਖਾਈਆ । ਜਿਸ ਦਾ ਸੂਰਬੀਰ ਦੁਲਾਰਾ ਸੁਤ ਧਰਮ ਦੀ ਬਿੰਦ, ਜਿਸ ਨੂੰ ਬਿੰਦਰਾਬਨ ਦਾ ਕਾਹਨ ਵੇਖੇ ਚਾਈਂ ਚਾਈਆ । ਜੋ ਵਾਰ ਕੇ ਆਪਣਾ ਜੀਵਣ ਜ਼ਿੰਦਗੀ ਜਿੰਦ, ਜਿਬਹ ਜਗਤ ਵਿਚ ਆਪਣਾ ਆਪ ਕਰਾਈਆ । ਖ਼ੂਨ ਸਿੰਚ ਕੇ ਵਿਚ ਹਿੰਦ, ਭਾਰਤ ਦਾ ਭਰਮ ਦਿਤਾ ਮਿਟਾਈਆ । ਭਗਤ ਦੀ ਮਾਤਾ ਹੋ ਕੇ ਭਗਤ ਸਿੰਘ ਪਿਛੇ ਕਦੇ ਨਾ ਵਗਾਉਣੀ ਹਿੰਝ, ਅੱਥਰੂ ਹਾਰ ਨਾ ਕਦੇ ਬਣਾਈਆ । ਸਦਾ ਰਿਹਾ ਨਾ ਕਿਸੇ ਦਾ ਜੀਉ ਪਿੰਡ, ਪੰਜ ਤਤ ਅਵਤਾਰ ਪੈਗ਼ੰਬਰ ਗੁਰੂ ਗਏ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾ ਜੁਗੰਤ ਜਨ ਭਗਤਾਂ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਰਹੀਮ ਰਹਿਮਾਨ ਆਪਣੀ ਆਪ ਕਮਾਈਆ ।

✪ ੧੮ ਅੱਸੂ ਸ਼ਹਿਨਸ਼ਾਹੀ ਸੰਮਤ ੭ ਦੌਲਤ ਸਿੰਘ, ਗੁਰਦਿਆਲ ਸਿੰਘ, ਕਰਤਾਰ ਸਿੰਘ, ਅਮਰ ਕੌਰ, ਕਿਸ਼ਨ ਸਿੰਘ ਸੁਰਖਪੁਰਾ, ਪਿਆਰਾ ਸਿੰਘ ਜਾਂਗਲੇ, ਜਗੀਰ ਸਿੰਘ ਸ਼ਿਕਾਰ ਪੁਰ, ਸਰੂਪ ਸਿੰਘ ਟਿੱਬਾ, ਮਨਜੀਤ ਕੌਰ ਨੂਰ ਪੁਰ, ਹਰਭਜਨ ਕੌਰ ਨੂਰ ਪੁਰ, ਕਰਤਾਰ ਕੌਰ ਮਜੀਦ ਪੁਰ, ਬਸੰਤ ਕੌਰ ਕੜਾਲ ਕਲਾ, ਸੁਰਜੀਤ ਕੌਰ ਗੌਸਲ, ਬਨਤ ਕੌਰ ਦਰਯਾ, ਅਵਤਾਰ ਸਿੰਘ ਅਹਿਮਦ ਪੁਰ, ਧੰਨ ਕੌਰ ਢਿਲਵਾਂ, ਪਿਆਰ ਕੌਰ ਢੁਡੀਆਂ ਬਾਜ਼ੀ ਸਾਧੂ ਸਿੰਘ ਮਤਾਬ ਗੜ੍ਹ, ਕਪੂਰਥਲਾ ਸ਼ਹਿਰ ਵਿਚ ✪

ਸਦੀ ਚੌਧਵੀਂ ਕਹੇ ਮੁਹੰਮਦ ਸੰਗ ਚਾਰ ਯਾਰ ਮਾਰ ਝਾਤੀ, ਹਜ਼ਰਤਾਂ ਦਾ ਹਜ਼ਰਤ ਵੇਖ ਵਖਾਈਆ । ਚੌਦਾਂ ਤਬਕਾਂ ਖੋਲ੍ਹ ਕੇ ਤਕ ਤਾਕੀ,

ਤਾਰਾ ਚੰਦ ਨਾਲ ਮਿਲਾਈਆ । ਚਾਰ ਕੁੰਟ ਦਹਿ ਦਿਸ਼ਾ ਕੋਇ ਨਾ ਮਿਲੇ ਸੱਚਾ ਸਾਕੀ, ਆਬੇਹਯਾਤ ਜਾਮ ਹੱਕ ਨਾ ਕੋਇ ਪਿਆਈਆ । ਝਗੜਾ ਤਕ ਉਮਤ ਪੰਜ ਤਤ ਖ਼ਾਕੀ, ਖ਼ਾਕ ਛਾਰ ਦਿਸੇ ਲੋਕਾਈਆ । ਤੇਰੇ ਕਲਮੇ ਨਾਲੋਂ ਮਨੂਆ ਹੋਇਆ ਆਕੀ, ਸ਼ਰਅ ਚਲੇ ਨਾ ਕੋਇ ਚਤੁਰਾਈਆ । ਹਕੀਕੀ ਮੰਜ਼ਲ ਚੜ੍ਹੇ ਕੋਇ ਨਾ ਘਾਟੀ, ਪਰਵਰਦਿਗਾਰ ਸਾਂਝੇ ਯਾਰ ਮਿਲਣ ਕੋਇ ਨਾ ਪਾਈਆ । ਮੇਰੇ ਅੰਤਰ ਨਿਰੰਤਰ ਆਈ ਉਦਾਸੀ, ਚਿੰਤਾ ਚਿਖਾ ਰਹੀ ਜਲਾਈਆ । ਕੀ ਕਰਨਾ ਖੇਲ ਪੁਰਖ ਅਬਿਨਾਸ਼ੀ, ਅਬਿਨਾਸ਼ੀ ਆਪਣਾ ਹੁਕਮ ਵਰਤਾਈਆ । ਚਾਰੋਂ ਕੁੰਟ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਅੰਮ੍ਰਿਤ ਵੇਲਾ ਦਿਸੇ ਨਾ ਕੋਇ ਪਰਭਾਤੀ, ਸੰਧਿਆ ਰੋਵੇ ਮਾਰੇ ਧਾਈਆ । ਆਪਣਾ ਲੇਖਾ ਲਿਖਿਆ ਵੇਖ ਜੋ ਲਿਖਿਆ ਬਿਨਾ ਕਲਮ ਦਵਾਤੀ, ਕਾਤਬ ਚਲੇ ਨਾ ਕੋਇ ਚਤੁਰਾਈਆ । ਸੋ ਪਰਵਰਦਿਗਾਰ ਸਾਂਝਾ ਯਾਰ ਖੇਲ ਕਰੇ ਇਤਫ਼ਾਕੀ, ਇਤਫ਼ਾਕੀਆ ਆਪਣਾ ਹੁਕਮ ਵਰਤਾਈਆ । ਸਭ ਦਾ ਲਹਿਣਾ ਦੇਣਾ ਵੇਖੇ ਇਖ਼ਲਾਕੀ, ਖ਼ਾਲਕ ਖ਼ਲਕ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੁਹੰਮਦ ਅਹਿਮਦ ਮਾਰ ਨਿਗਹ, ਬਿਨ ਨੈਣਾਂ ਨੈਣ ਉਠਾਈਆ । ਸਾਨੂੰ ਅਗਲੀ ਦੱਸ ਬਿਧਾ, ਮਾਰਗ ਅਗੰਮ ਜਣਾਈਆ । ਤੇਰਾ ਲੇਖਾ ਮੁਕਣਾ ਕਿਦਾਂ, ਕੀ ਕਰਤਾ ਹੁਕਮ ਦ੍ਰਿੜਾਈਆ । ਕੀ ਸੰਦੇਸ਼ਾ ਦੇਵੇ ਧੁਰ ਦਾ ਪਿਤਾ, ਪਤਿਪਰਮੇਸ਼ਵਰ ਨੂਰ ਇਲਾਹੀਆ । ਜਿਸ ਦੇ ਨਾਲ ਕੀਤਾ ਹਿਤਾ, ਹਿਤਕਾਰੀ ਹੋ ਕੇ ਸੇਵ ਕਮਾਈਆ । ਜਿਸ ਦੀ ਮਹਿਮਾ ਦਾ ਸਿਫ਼ਤ ਸਾਲਾਹੀ ਲਿਖਿਆ ਚਿੱਠਾ, ਅਲਿਫ਼ ਯੇ ਨਾਲ ਚਤੁਰਾਈਆ । ਉਹ ਤੇਰੇ ਅੰਤ ਮੇਰਾ ਕਢੇ ਕੀ ਸਿੱਟਾ, ਸਤਿ ਸਤਿਵਾਦੀ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੁਹੰਮਦ ਮੈਂ ਦੱਸਾਂ ਹੁਕਮ ਸੁਲਤਾਨਾ, ਸਤਿ ਸਤਿ ਦ੍ਰਿੜਾਈਆ । ਕੀ ਖੇਲ ਕਰੇ ਮਿਹਰਵਾਨਾ, ਮਹਿਬੂਬ ਨੂਰ ਇਲਾਹੀਆ । ਜਿਸ ਨੇ ਝਗੜਾ ਮੇਟਣਾ ਜ਼ਿਮੀ ਅਸਮਾਨਾ, ਦੋ ਜਹਾਨਾਂ ਖੋਜ ਖੁਜਾਈਆ । ਉਮਤ ਉਮਤੀ ਬਦਲ ਜਾਣਾ ਜਮਾਨਾ, ਜ਼ਿਮੀਂ ਜ਼ਮਾਂ ਦਏ ਗਵਾਹੀਆ । ਮੈਂ ਸੁਣਿਆ ਅਗੰਮੀ ਫ਼ਰਮਾਨਾ, ਫ਼ੁਰਨਿਆਂ ਤੋਂ ਬਾਹਰ ਜਣਾਈਆ । ਕੁਝ ਝਗੜਾ ਵੇਖਣਾ ਵਿਚ ਤਹਿਰਾਨਾ, ਤੀਰ ਨਿਰਾਲਾ ਇਕ ਚਲਾਈਆ । ਲੱਖ ਸੱਤਰ ਉਠਾਏ ਪਠਾਨਾ, ਪੱਠੇ ਆਪਣੇ ਲਏ ਬਣਾਈਆ । ਖੇਲੇ ਖੇਲ ਵਿਚ ਮੈਦਾਨਾ, ਮਦਦ ਆਪਣੀ ਨਾਲ ਚਲਾਈਆ । ਝਗੜਾ ਪਾਏ ਜੰਗਲ ਜੂਹਾਂ ਵਿਚ ਬੀਆਬਾਨਾ, ਸਮੁੰਦ ਸਾਗਰ ਟਿੱਲੇ ਪਰਬਤ ਸਾਰੇ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਮੁਹੰਮਦ ਕਹੇ ਸੁਣ ਸਦੀ ਚੌਧਵੀਂ ਅਗੰਮੀ ਖ਼ਬਰ, ਅਮਾਮ ਅਮਾਮਾਂ ਰਿਹਾ ਦ੍ਰਿੜਾਈਆ । ਜੋ ਮਾਲਕ ਖ਼ਾਲਕ ਧੁਰਦਰਗਾਹੀ ਜਬਰ, ਜ਼ਾਹਰ ਜ਼ਹੂਰ ਨੂਰ ਇਲਾਹੀਆ । ਜਿਸ ਲੇਖਾ ਪੂਰਾ ਕਰਨਾ ਮੇਰੀ ਕਬਰ, ਮਕਬਰਿਆਂ ਵੇਖੇ ਥਾਉਂ ਥਾਈਆ । ਦਰੋਹੀ ਉਮਤ ਵਿਚ ਰਿਹਾ ਕੋਈ ਨਾ ਸਬਰ, ਸਬੂਰੀ ਸਚ ਨਾ ਕੋਇ ਜਣਾਈਆ । ਚਾਰ ਯਾਰੀ ਵਿਛੜ ਗਿਆ ਟੱਬਰ, ਕੁਨਬਾ ਹੱਕ ਨਾ ਕੋਇ ਰਖਾਈਆ । ਮਿਹਰਵਾਨ ਮਹਿਬੂਬ ਮਹਿਬਾਨ ਕਰੇ ਅਗੰਮਾ ਅਦਲ, ਇਨਸਾਫ਼ ਆਪਣਾ ਇਕ ਜਣਾਈਆ । ਸ਼ਰਅ ਸ਼ਰਅ ਕੋਲੋਂ ਕਰਾਏ ਕਤਲ, ਮਕਤੂਲ ਦੀਨ ਮਜ਼੍ਹਬ ਰੂਪ ਜਣਾਈਆ । ਕਿਸੇ ਦਾ ਚਲਣਾ ਨਹੀਂ ਕੋਈ ਯਤਨ, ਅਵਤਾਰ ਪੈਗ਼ੰਬਰ ਗੁਰ ਹੁਕਮ ਮੰਨਣ ਥਾਉਂ ਥਾਈਆ । ਸਦੀ


੧੪੬੯
੨੨

ਚੌਧਵੀਂ ਤੇਰਾ ਅੰਤ ਕਿਨਾਰਾ ਪੱਤਨ, ਪਾਤੀ ਗੋਬਿੰਦ ਗਿਆ ਲਿਖਾਈਆ । ਕਿਸੇ ਦਾ ਚਲਣਾ ਨਹੀਂ ਕੋਈ ਯਤਨ, ਯਥਾਰਥ ਆਪਣਾ ਹੁਕਮ ਵਰਤਾਈਆ । ਖੇਲ ਕਰੇ ਪੁਰਖ ਸਮਰਥਣ, ਨਾ ਕੋਈ ਮੇਟੇ ਮੇਟ ਮਿਟਾਈਆ । ਲੇਖਾ ਜਾਣੇ ਅਲਖਣਾ ਅਲੱਖਣ, ਅਲਖ ਅਗੋਚਰ ਅਗੰਮ ਅਥਾਹੀਆ । ਜਿਸ ਨੇ ਸਾਢੇ ਤਿੰਨ ਹੱਥ ਇਕੋ ਵਸਾਉਣਾ ਵਤਨ, ਦੂਜਾ ਗ੍ਰਹਿ ਨਾ ਕੋਇ ਜਣਾਈਆ । ਸ਼ਬਦੀ ਧਾਰ ਜਣਾਏ ਬਚਨ, ਸੰਦੇਸ਼ਾ ਦੇਵੇ ਚਾਈਂ ਚਾਈਂਆ । ਜਨ ਭਗਤਾਂ ਭਾਗ ਲਗਾਏ ਕਾਇਆ ਮਾਟੀ ਕੰਚਨ, ਗੜ੍ਹ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੁਹੰਮਦੇ ਇਸ਼ਾਰਾ, ਮੁਹੰਮਦ ਹਮਦ ਵਿਚ ਜਣਾਈਆ । ਮੇਰੇ ਅੰਤਸ਼ਕਰਨ ਦਾ ਅੰਤ ਕਿਨਾਰਾ, ਬੇਅੰਤ ਰਿਹਾ ਸਮਝਾਈਆ । ਚਾਰ ਕੁੰਟ ਦਿਸੇ ਨਾ ਕੋਇ ਸਹਾਰਾ, ਸਗਲਾ ਸੰਗ ਨਾ ਕੋਇ ਬਣਾਈਆ । ਦੀਨ ਮਜ਼੍ਹਬ ਰੋਵਣ ਜ਼ਾਰੋ ਜ਼ਾਰਾ, ਬਿਨ ਨੇਤਰ ਲੋਚਣ ਨੈਣਾਂ ਨੀਰ ਵਹਾਈਆ । ਲੇਖਾ ਮੁਕਾਏ ਨਾ ਕੋਇ ਗੁਰ ਅਵਤਾਰਾ, ਕਲ ਕਲਕੀ ਬੇਪਰਵਾਹੀਆ । ਜੋ ਨਿਰਗੁਣ ਨੂਰ ਕਰੇ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਜਿਸ ਦੀ ਪਾਏ ਕੋਈ ਨਾ ਸਾਰਾ, ਅੰਤ ਕਹਿਣ ਕੋਇ ਨਾ ਪਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਲੇਖਾ ਜਾਣੇ ਧੁਰ ਦਰਬਾਰਾ, ਸੋ ਪੁਰਖ ਨਿਰੰਜਣ ਆਪਣੀ ਦਇਆ ਕਮਾਈਆ । ਹਰਿ ਪੁਰਖ ਨਿਰੰਜਣ ਕਰੇ ਖੇਲ ਅਪਾਰਾ, ਏਕੰਕਾਰਾ ਆਪਣੀ ਕਲ ਧਰਾਈਆ । ਆਦਿ ਨਿਰੰਜਣ ਜੋਤੀ ਜਾਤਾ ਪੁਰਖ ਬਿਧਾਤਾ ਇਕੋ ਨੂਰ ਕਰੇ ਉਜਿਆਰਾ, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਡਗਮਗਾਈਆ । ਅਬਿਨਾਸ਼ੀ ਕਰਤਾ ਪਾਵੇ ਸਾਰਾ, ਮਹਾਂਸਾਰਥੀ ਆਪਣੀ ਕਾਰ ਭੁਗਤਾਈਆ । ਅਬਿਨਾਸ਼ੀ ਕਰਤਾ ਹੋਵੇ ਜ਼ਾਹਿਰਾ, ਜ਼ਾਹਰ ਜ਼ਹੂਰ ਡਗਮਗਾਈਆ । ਪਾਰਬ੍ਰਹਮ ਲੇਖਾ ਜਾਣੇ ਧੁਰ ਦਰਬਾਰਾ, ਧਰਨੀ ਧਰਤ ਧੌਲ ਪਰਦਾ ਦਏ ਚੁਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਆਪਣਾ ਹੁਕਮ ਵਰਤੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਬੈਠਣ ਸੀਸ ਨਿਵਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਮਹਿਜ਼ ਦੇਵੇ ਇਕ ਇਸ਼ਾਰਾ, ਆਲੀਸ਼ਾਨ ਆਲੀਜਾਹ ਆਪ ਦ੍ਰਿੜਾਈਆ । ਜਨ ਭਗਤ ਸੂਫ਼ੀ ਸੰਤ ਫ਼ਕੀਰਾਂ ਲੱਖ ਚੁਰਾਸੀ ਵਿਚੋਂ ਕਢੇ ਬਾਹਰਾ, ਬਾਤਨ ਜ਼ਾਹਰ ਆਪਣਾ ਖੇਲ ਖਿਲਾਈਆ । ਸੀਸ ਜਗਦੀਸ਼ ਸਤਿ ਸਚ ਬੰਨ੍ਹੇ ਦਸਤਾਰਾ, ਸਿਰ ਸਿਰ ਆਪਣਾ ਰੰਗ ਰੰਗਾਈਆ । ਆਵਣ ਜਾਵਣ ਲੱਖ ਚੁਰਾਸੀ ਗੇੜ ਦਏ ਨਿਵਾਰਾ, ਜਨਮ ਜਨਮ ਨਾ ਕੋਇ ਭਵਾਈਆ । ਦਰਗਹ ਸਾਚੀ ਸਾਚਾ ਧਾਮ ਦੇਵੇ ਥਾਰਾ, ਥਿਰ ਘਰ ਵਾਸੀ ਸਚਖੰਡ ਨਿਵਾਸੀ ਸਾਚੀ ਕਰਨੀ ਕਾਰ ਕਮਾਈਆ । ਏਥੇ ਓਥੇ ਦੋ ਜਹਾਨਾਂ ਨਿਰਗੁਣ ਸਰਗੁਣ ਪਾਵੇ ਸਾਰਾ, ਸਤਿਗੁਰ ਪੂਰਾ ਸ਼ਬਦੀ ਧਾਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੇਰਾ ਇਕੋ ਸੱਯਦਾ, ਸੱਯਦਾ ਸੀਸ ਨਿਵਾਈਆ । ਜਿਸ ਘਰ ਦਾ ਬਣਿਆ ਰਿਹੋਂ ਬਰਦਾ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਭੇਵ ਦੱਸ ਓਸ ਨਰਾਇਣ ਨਰ ਦਾ, ਜੋ ਨਰ ਹਰਿ ਇਕ ਅਖਵਾਈਆ । ਕਿਸ ਬਿਧ ਲੇਖਾ ਮੁਕਾਵੇ ਕਲਜੁਗ ਕਲ ਦਾ, ਕਲਕਾਤੀ ਦਏ ਖਪਾਈਆ । ਲੇਖਾ ਜਾਣੇ ਜਲ ਥਲ ਦਾ, ਮਈਅਲ ਵੇਖੇ ਚਾਈਂ ਚਾਈਂਆ । ਕੀ ਹੁਕਮ ਸੰਦੇਸ਼ਾ ਧੁਰ ਫ਼ਰਮਾਨਾ ਘੱਲਦਾ, ਬਿਨ ਘੜੀ ਪਲ ਦ੍ਰਿੜਾਈਆ । ਕੀ ਖੇਲ ਓਸ ਨਿਹਚਲ ਧਾਮ ਅਟਲ ਦਾ, ਜਿਥੇ ਵਸੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ


੧੪੭੦ ੨੨

ਇਕ ਵਰਤਾਈਆ । ਮੁਹੰਮਦ ਕਹੇ ਮੇਰਾ ਮਾਲਕ ਇਕ ਅਜ਼ੀਮ, ਨਿਰਗੁਣ ਨੂਰ ਨੂਰ ਅਲਾਹੀਆ । ਜਿਸ ਨੂੰ ਕਿਹਾ ਕਾਦਰ ਕਰੀਮ, ਕਰਤਾ ਧੁਰਦਰਗਾਹੀਆ । ਸਦੀ ਚੌਧਵੀਂ ਤੇਰੇ ਅੰਤ ਉਹ ਦੇਵੇ ਇਕ ਤਾਲੀਮ, ਤੁਲਬਿਆਂ ਹੱਕ ਕਰੇ ਪੜ੍ਹਾਈਆ । ਝਗੜਾ ਮੇਟੇ ਨਰ ਮਦੀਨ, ਮੁੱਦਾ ਇਕੋ ਇਕ ਸਮਝਾਈਆ । ਜਿਸ ਨੇ ਦੀਨਾਂ ਮਜ਼੍ਹਬਾਂ ਦੀ ਰਹਿਣ ਨਹੀਂ ਦੇਣੀ ਕੋਈ ਤਕਸੀਮ, ਹੁਜਰਾ ਇਕੋ ਦਏ ਸੁਹਾਈਆ । ਜਿਸ ਦਾ ਮਾਰਗ ਹੋਣਾ ਮਹੀਨ, ਰਹਿਬਰ ਰਸਤਾ ਇਕ ਦਰਸਾਈਆ । ਜਿਸ ਭੇਵ ਚੁਕਾਉਣਾ ਆਦਿ ਕਦੀਮ, ਕੁਦਰਤ ਦਾ ਮਾਲਕ ਦਇਆ ਕਮਾਈਆ । ਉਸ ਨੇ ਖੇਲ ਖੇਲਣਾ ਉਤੇ ਜ਼ਮੀਨ, ਅਮਾਮ ਅਮਾਮਾ ਪਰਗਟ ਦਿਸੇ ਨੂਰ ਇਲਾਹੀਆ । ਮੇਰੀ ਲੇਖੇ ਲਾਉਣੀ ਗੋਈ ਪੇਸ਼ੀਨ, ਪੇਸ਼ੀਨਗੋਈ ਆਪਣੇ ਸੰਗ ਜਣਾਈਆ । ਅੰਤ ਸਭ ਨੇ ਹੋਣਾ ਉਸ ਦੇ ਅਧੀਨ, ਆਅਲਾ ਅਦਨਾ ਸਾਰੇ ਸੀਸ ਨਿਵਾਈਆ । ਜਿਸ ਝਗੜਾ ਰਹਿਣ ਨਹੀਂ ਦੇਣਾ ਪ੍ਰਾਚੀਨ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਕਰੇ ਪੜ੍ਹਾਈਆ । ਸਰਗੁਣ ਸਾਰੇ ਹੋਣੇ ਅਧੀਨ, ਨਿਰਗੁਣ ਆਪਣਾ ਹੁਕਮ ਵਰਤਾਈਆ । ਵੇਖੀਂ ਤੂੰ ਨਾ ਹੋਵੀਂ ਗ਼ਮਗੀਰ, ਚਿੰਤਾ ਅੰਤਰ ਨਾ ਕੋਇ ਰਖਾਈਆ । ਤੇਰਾ ਝਗੜਾ ਮੁਕਾਉਣਾ ਰੂਸਾ ਚੀਨ, ਬੇਜ਼ਬੀਂ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਵਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮੈਂ ਸਭ ਕੁਝ ਵੇਖਾਂ ਆਪੇ ਨੈਣਾਂ, ਬਿਨ ਅੱਖਾਂ ਅੱਖ ਖੁਲ੍ਹਾਈਆ । ਪੈਗ਼ੰਬਰਾਂ ਆਪਣਾ ਲੇਖਾ ਦੇਣਾ, ਮੂਸਾ ਈਸਾ ਸੰਗ ਨਿਭਾਈਆ । ਤੇਈ ਅਵਤਾਰਾਂ ਭਾਣਾ ਸਹਿਣਾ, ਕ੍ਰਿਸ਼ਨ ਰਾਮ ਗਿਆ
੧੪੭੧ ਜਣਾਈਆ । ਸਤਿਗੁਰ ਸ਼ਬਦ ਧਾਰ ਅਗੰਮੀ ਵਹਿਣ ਵਹਿਣਾ, ਅੱਗੇ ਹੋ ਨਾ ਕੋਇ ਅਟਕਾਈਆ । ਸਦੀ ਚੌਧਵੀਂ ਕਹੇ ਮੈਂ ਅੰਤਮ ਵੇਹਲੀ ਹੋ ੧੪੭੧
੨੨ ਕੇ ਬਹਿਣਾ, ਸਾਕ ਸੱਜਣ ਸੈਣ ਉਮਤੀ ਸੁੰਨਤੀ ਸਾਰੇ ਦੇਣੇ ਤਜਾਈਆ । ਮੈਂ ਸਭ ਨਾਲੋਂ ਬਣ ਜਾਣਾ ਤਰਫ਼ੈਣਾਂ, ਤਰਫਦਾਰੀ ਨਾ ਕੋਇ ਰਖਾਈਆ । ੨੨
ਮੈਂ ਕੀ ਦੱਸਾਂ ਕਿਹੋ ਜਿਹਾ ਅਗਲਾ ਸਾਲ ਚੜ੍ਹਨਾ ਕੁਲਹਿਣਾ, ਕਲਗੀ ਵਾਲਾ ਕੀ ਆਪਣੀ ਕਾਰ ਕਮਾਈਆ । ਜੋ ਆਸਾ ਰੱਖੀ ਸੀ ਰਾਮ ਨੇ ਬਾਹਰ ਰਮਾਇਣਾ, ਬਿਨ ਅੱਖਰਾਂ ਬਾਲਮੀਕ ਦ੍ਰਿੜਾਈਆ । ਜੋ ਅਰਜਨ ਕ੍ਰਿਸ਼ਨ ਵਖਾਇਆ ਬਿਨਾ ਨੈਣਾਂ, ਨਿਜ ਨੇਤਰ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਅਗੰਮ ਅਥਾਹੀਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਨਾਲ ਚਾਅ, ਚਾਉ ਘਨੇਰਾ ਇਕ ਬਣਾਈਆ । ਮੁਹੰਮਦੇ ਸਲਾਹ, ਮਸ਼ਵਰਾ ਤੇਰੇ ਨਾਲ ਬਣਾਈਆ । ਕੀ ਤੈਨੂੰ ਸੰਦੇਸ਼ਾ ਦਿਤਾ ਖ਼ੁਦਾ, ਖ਼ੁਦ ਮਾਲਕ ਆਪ ਜਣਾਈਆ । ਜਿਸ ਕਾਰਨ ਅਸਾਂ ਇਕ ਦੂਜੇ ਤੋਂ ਹੋਣਾ ਜੁਦਾ, ਅਗਲਾ ਸੰਗ ਨਾ ਕੋਇ ਰਖਾਈਆ । ਇਕ ਦੂਜੇ ਨੇ ਬਦਲ ਜਾਣੀ ਅਦਾ, ਆਦਤ ਇਬਾਦਤ ਵਾਲੀ ਜਣਾਈਆ । ਮੰਨਣੀ ਪੈਣੀ ਇਕ ਰਜ਼ਾ, ਸਿਰ ਸਕੇ ਨਾ ਕੋਇ ਉਠਾਈਆ । ਕਿਉਂ ਉਸ ਦੇ ਸਿਰ ਤੇ ਕੂਕਦੀ ਕਜ਼ਾ, ਕਾਜ਼ੀ ਮੁੱਲਾਂ ਸ਼ੇਖ਼ ਸਕੇ ਨਾ ਕੋਇ ਸਮਝਾਈਆ । ਕਿਉਂ ਗੋਬਿੰਦ ਨੇ ਅੰਤ ਕਿਹਾ ਵਾਹਵਾ, ਵਾਹਿਗੁਰੂ ਤੇਰੀ ਬੇਪਰਵਾਹੀਆ । ਮੈਨੂੰ ਉਸ ਖ਼ੁਦਾ ਦਾ ਖ਼ੁਦ ਮਸਲਾ ਦੇ ਸਮਝਾ, ਜਿਸ ਦੀ ਮੁਸਲਸਲ ਸਾਰੇ ਸੇਵ ਕਮਾਈਆ । ਜਿਸ ਨੇ ਨਾਮ ਕਲਮਾ ਤੀਸ ਬਤੀਸ ਦਿਤਾ ਦ੍ਰਿੜਾ, ਹਰਫ਼ ਹਰੂਫ਼ ਦਿਤੀ ਵਡਿਆਈਆ । ਉਹ ਖੇਲ ਕਰੇ ਕੀ ਬੇਪਰਵਾਹ, ਬੇਪਰਵਾਹੀ ਵਿਚ (ਸਮਾਈਆ) । ਮੁਹੰਮਦ ਸੀਸ ਦਿਤਾ ਝੁਕਾ, ਬਿਨ ਕਦਮਾਂ ਸੀਸ ਨਿਵਾਈਆ । ਸਦੀ ਚੌਧਵੀਂ ਆਪਣੀ ਨਿਗਹ ਉਠਾ, ਉੱਤਰ ਪੂਰਬ ਪੱਛਮ ਦੱਖਣ ਅੱਖ ਖੁਲ੍ਹਾਈਆ । ਉਹ ਵੇਖ ਜਨ ਭਗਤਾਂ ਉਪਰ ਤੁਠਾ,

ਸੰਤ ਸੁਹੇਲੇ ਸੂਫ਼ੀ ਗਲੇ ਲਗਾਈਆ । ਜਿਨ੍ਹਾਂ ਦੀ ਧਾਰ ਇਕੋ ਮੁੱਠਾ, ਮੁੱਠੀ ਭਰ ਨਜ਼ਰੀ ਆਈਆ । ਬਾਕੀ ਚਾਰੋਂ ਕੁੰਟ ਪੈਣੀ ਲੁੱਟਾ, ਲੁਟੇਰਾ ਕਲਜੁਗ ਬਣਿਆ ਥਾਉਂ ਥਾਈਆ । ਦੀਨ ਮਜ਼੍ਹਬ ਵੇਖਣੀ ਫੁੱਟਾ, ਸਾਚਾ ਸੰਗ ਨਾ ਕੋਇ ਨਿਭਾਈਆ । ਇਹ ਖੇਲ ਕਰੇ ਅਬਿਨਾਸ਼ੀ ਅਚੁਤਾ, ਪਾਰਬ੍ਰਹਮ ਪ੍ਰਭ ਆਪਣੀ ਕਾਰ ਭੁਗਤਾਈਆ । ਜਿਹੜਾ ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਉਠਿਆ ਸੁੱਤਾ, ਸੁਤ ਦੁਲਾਰੇ ਗੁਰਮੁਖ ਆਪਣੀ ਗੋਦ ਟਿਕਾਈਆ । ਆਦਿ ਅੰਤ ਜੁਗਾ ਜੁਗੰਤ ਸਾਚੇ ਮਾਰਗ ਉਤੋਂ ਕਦੇ ਨਾ ਘੁੱਥਾ, ਜੁਗ ਜੁਗ ਘੁੱਥਿਆਂ ਮਾਰਗ ਪਾਈਆ । ਉਸ ਨੇ ਦੀਨ ਦੁਨੀ ਨੂੰ ਗੇੜਾ ਦੇਣਾ ਪੁੱਠਾ, ਪੁੱਠੀ ਮਤ ਆਪ ਕਰਾਈਆ । ਬਿਨਾ ਗੁਰਸਿਖਾਂ ਤੋਂ ਗੋਬਿੰਦ ਨੇ ਕਿਸੇ ਨੂੰ ਕਹਿਣਾ ਨਹੀਂ ਆ ਮੇਰਿਆ ਪੁੱਤਾ, ਬਚਪਨ ਲੇਖੇ ਕੋਇ ਨਾ ਲਾਈਆ । ਪੁਰਖ ਅਕਾਲ ਦਾ ਭਾਣਾ ਰਹਿਣਾ ਨਹੀਂ ਕੋਇ ਛੁਪਾ, ਚਾਰੋਂ ਕੁੰਟ ਹੋਏ ਰੁਸ਼ਨਾਈਆ । ਉਜਲ ਕਰੇ ਜਨ ਭਗਤਾਂ ਮੁਖਾਂ, ਦੁਰਮਤ ਮੈਲ ਦਏ ਧਵਾਈਆ । ਅੰਮ੍ਰਿਤ ਜਾਮ ਪਿਆਏ ਘੁਟਾ, ਤ੍ਰਿਸ਼ਨਾ ਕੂੜ ਮਿਟਾਈਆ । ਚਰਨ ਪ੍ਰੀਤੀ ਬਖ਼ਸ਼ ਕੇ ਓਟਾ, ਓੜਕ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਬ੍ਰਹਿਮਾਦ ਸੁਹਾਏ ਆਪਣੀ ਰੁਤਾ, ਰੁਤੜੀ ਧੁਰ ਨਾਮ ਨਾਲ ਮਹਿਕਾਈਆ ।



✪ ੧੯ ਅੱਸੂ ਸ਼ਹਿਨਸ਼ਾਹੀ ਸੰਮਤ ੭ ਲਾਲ ਸਿੰਘ, ਸਵਰਨ ਸਿੰਘ, ਕਰਤਾਰ ਸਿੰਘ ਗਾਧਰਾਂ, ਬਚਨ ਕੌਰ ਬੋਪਾਰਾਏ, ਮਲ ਸਿੰਘ ਲੱਲੀਆਂ ਕਲਾਂ, ਪ੍ਰੇਮ ਸਿੰਘ ਜਮਸ਼ੇਰ ਖੇੜਾ, ਮਹਿੰਦਰ ਕੌਰ ਜਮਸ਼ੇਰ ਖੇੜਾ, ਪ੍ਰੀਤਮ ਸਿੰਘ ਜੰਡਿਆਲਾ, ਰਾਮ ਸਿੰਘ ਸ਼ਰੀਹ, ਗੁਰਦਿਆਲ ਸਿੰਘ ਚੀਮਾਂ ਕਲਾਂ, ਲਛਮਣ ਸਿੰਘ ਧਨੌਰੀ, ਜਗੀਰ ਕੌਰ ਬਾਹਮਣੀਆਂ, ਪਿੰਡ ਹੇਰ ਜ਼ਿਲਾ ਜਲੰਧਰ ✪

ਬਿਆਸ ਕਹੇ ਗੋਬਿੰਦ ਮੇਰੇ ਤਟ ਛੁਹਾਇਆ ਖੰਡਾ, ਖੰਡ ਖੰਡ ਦੱਸੀ ਲੋਕਾਈਆ । ਸ਼ਬਦੀ ਧਾਰ ਵਖਾਇਆ ਸੱਤ ਰੰਗ ਡੰਡਾ, ਜੋ ਡੰਡਾਵਤ ਸਭ ਦੀ ਰਿਹਾ ਬਦਲਾਈਆ । ਨਿਸ਼ਾਨ ਸਮਝਾਇਆ ਤਾਰਾ ਚੰਦਾ, ਮੁਹੰਮਦ ਸਹਿਜ ਨਾਲ ਸਮਝਾਈਆ । ਫੇਰ ਇਸ਼ਾਰਾ ਕੀਤਾ ਮੈਂ ਛਡਣਾ ਪੁਰੀ ਅਨੰਦਾ, ਅਨੰਦ ਜਗਤ ਵਾਲਾ ਤਜਾਈਆ । ਮੇਲ ਮੇਲਣਾ ਨਾਲ ਸੂਰੇ ਸਰਬੰਗਾ, ਸ਼ਾਹ ਪਾਤਸ਼ਾਹ ਵਿਚ ਆਪਣਾ ਆਪ ਮਿਲਾਈਆ । ਅਗਲਾ ਸਫ਼ਰ ਕਲਜੁਗ ਰਹਿਣ ਨਹੀਂ ਦੇਣਾ ਲੰਬਾ, ਆਯੂ ਕੂੜ ਦੇਣੀ ਚੁਕਾਈਆ । ਲਹਿਣਾ ਦੇਣਾ ਪੂਰਾ ਕਰਨਾ ਤਤਾਂ ਪੰਜਾਂ, ਪੰਜ ਪਿਆਰੇ ਦੇਣ ਗਵਾਹੀਆ । ਲੇਖਾ ਪੂਰਾ ਕਰਨਾ ਕਵੀ ਧਾਰ ਬਵੰਜਾ, ਬਾਵਨ ਆਪਣੀ ਕਾਰ ਭੁਗਤਾਈਆ । ਹੁਕਮ ਸੰਦੇਸ਼ਾ ਦੇਣਾ ਪਵਣ ਉਨੰਜਾ, ਬ੍ਰਹਿਮੰਡ ਖੰਡ ਸ਼ਨਵਾਈਆ । ਕਲਜੁਗ ਕੂੜੀ ਕਿਰਿਆ ਵੇਖਣਾ ਧੰਦਾ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਹਜ਼ਰਤ ਦਾ ਲੇਖਾ ਪੂਰਾ ਕਰਨਾ ਯਕ ਸੰਬਾ, ਵਾਹਿਦ ਆਪਣੀ ਕਾਰ ਭੁਗਤਾਈਆ । ਫੇਰ ਖੇਲ ਤਕਣਾ ਇੱਕੀ ਧਾਰ ਕੰਘਾ, ਕੰਗਣ ਲੇਖਾ ਪੂਰ ਕਰਾਈਆ । ਤੇਗ਼ ਬਹਾਦਰ ਭਵਿਖਤ ਵੇਖਣਾ ਜੋ ਸ਼ਬਦੀ ਧਾਰ ਜਣਾਇਆ ਔਰੰਗਾ, ਜੇਬੋ ਜ਼ੀਨਤ ਉਮਤ ਰਹੇ ਨਾ ਰਾਈਆ । ਫੇਰ ਲਹਿਣਾ ਵੇਖਣਾ ਰਵਦਾਸ ਕਸੀਰੇ ਵਾਲਾ ਗੰਗਾ, ਗੰਗੋਤਰੀ ਪੜਦਾ ਆਪ ਚੁਕਾਈਆ । ਜਨ ਭਗਤਾਂ ਫੇਰ ਤਨ ਸਰੀਰ ਕਰਨਾ ਠੰਡਾ, ਅਗਨੀ ਤਤ ਤਤ ਬੁਝਾਈਆ । ਭੇਵ ਖੁਲ੍ਹਾਏ ਬ੍ਰਹਮ ਹੰਗਾ, ਆਤਮ ਪਰਮਾਤਮ

ਮੇਲ ਮੇਲਣਾ ਸਹਿਜ ਸੁਭਾਈਆ । ਧੁਰ ਦਾ ਦੇਣਾ ਅਨੰਦ ਪਰਮਾ, ਪਰਮਾਨੰਦ ਵਿਚ ਸਮਾਈਆ । ਇਹ ਖੇਲ ਵਖਾਉਣਾ ਜੋਤੀ ਧਾਰ ਬ੍ਰਹਮਾ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਸ਼ੰਕਰ ਲੇਖਾ ਜਣਾਏ ਨਿਹਕਰਮਾ, ਨਿਹਕਰਮੀ ਆਪਣਾ ਹੁਕਮ ਵਰਤਾਈਆ । ਵਿਸ਼ਨੂੰ ਰਹਿਣ ਨਾ ਦੇਵੇ ਭਰਮਾ, ਭਾਂਡਾ ਭਰਮ ਭੌ ਭੰਨਾਈਆ । ਝਗੜਾ ਮੇਟੇ ਕਾਇਆ ਮਾਟੀ ਚਰਮਾ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਦੀਨ ਦੁਨੀ ਬਖ਼ਸ਼ੇ ਇਕੋ ਸਰਨਾ, ਸਰਨਗਤ ਇਕ ਦ੍ਰਿੜਾਈਆ । ਲੇਖਾ ਮੁਕਾਏ ਵਰਨਾ ਬਰਨਾ, ਜ਼ਾਤ ਪਾਤ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਆਤਮ ਪਰਮਾਤਮ ਅੱਖਰ ਪੜ੍ਹਨਾ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਬਿਨ ਪੌੜੀ ਡੰਡੇ ਮੰਜ਼ਲ ਚੜ੍ਹਨਾ, ਸਚਖੰਡ ਸਾਚੇ ਵੱਜੇ ਵਧਾਈਆ । ਖੇਲ ਤਕਣਾ ਆਪਣੇ ਘਰਨਾ, ਗ੍ਰਿਹ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਬਿਆਸ ਕਹੇ ਭਗਵਨ ਦੇਵੇ ਸੱਚਾ ਦਾਨ, ਦਾਤਾ ਦਾਨੀ ਦਇਆ ਕਮਾਈਆ । ਪੂਰਨ ਬ੍ਰਹਮ ਬਖ਼ਸ਼ ਗਿਆਨ, ਅੰਧ ਅੰਧੇਰਾ ਦਏ ਮਿਟਾਈਆ । ਪੁੱਠੀ ਤਕ ਗਰਦਨ ਕਿਰਪਾਨ, ਕਿਰਪਾਨਿਧ ਕੂੜੀ ਕਿਰਿਆ ਰਿਹਾ ਮਿਟਾਈਆ । ਲਿਖਾਰੀਆਂ ਕਰਾ ਇਸ਼ਨਾਨ, ਇਸ਼ਾਰੇ ਨਾਲ ਦਿਤਾ ਸਮਝਾਈਆ । ਵੇਖੇ ਖੇਲ ਸ੍ਰੀ ਭਗਵਾਨ, ਕੀ ਕਰਤਾ ਕਾਰ ਕਮਾਈਆ । ਝਗੜਾ ਪੈਣਾ ਅੰਜੀਲ ਕੁਰਾਨ, ਕਾਅਬਿਆਂ ਪਰੇ ਦੁਹਾਈਆ । ਨਾਤਾ ਤੁਟਣਾ ਜਗਤ ਇਨਸਾਨ, ਇਨਸਾਨੀਅਤ ਨਜ਼ਰ ਕੋਇ ਨਾ ਆਈਆ । ਅਕਲ ਬੁੱਧੀ ਵਾਲੇ ਬਣਨੇ ਹੈਵਾਨ, ਪਸ਼ੂ ਪਰੇਤ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਬਿਆਸ ਕਹੇ ਮੈਂ ਖੰਡਾ ਤੱਕਿਆ ਧਾਰ ਪੁੱਠੀ, ਬਿਨ ਨੈਣਾਂ ਨੈਣ ਤਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਜਾਣੀ ਲੁੱਟੀ, ਲੁਟੇਰਾ ਨਜ਼ਰ ਕਿਸੇ ਨਾ ਆਈਆ । ਸਭ ਦੀ ਜਾਣੀ ਚੋਗ ਨਿਖੁੱਟੀ, ਡੰਡਾਵਤ ਅਤੁਟ ਨਾ ਕੋਇ ਵਰਤਾਈਆ । ਉਮਤ ਉਮਤੀ ਜੜ੍ਹ ਜਾਣੀ ਪੁੱਟੀ, ਪਟਨੇ ਵਾਲਾ ਰਿਹਾ ਦ੍ਰਿੜਾਈਆ । ਇਹ ਖੇਲ ਰਹਿਣੀ ਨਹੀਂ ਲੁਕੀ, ਲੋਕ ਪਰਲੋਕ ਵੇਖ ਵਖਾਈਆ । ਪ੍ਰਭ ਦੀ ਧਾਰ ਹੋਣੀ ਦੋ ਤੁਕੀ, ਦੂਜੀ ਵੰਡ ਨਾ ਕੋਇ ਵੰਡਾਈਆ । ਜਨ ਭਗਤ ਸੁਹੇਲੇ ਵੇਖਣ ਇਕੋ ਮੁੱਠੀ, ਨਵ ਨੌਂ ਸੱਤ ਖੋਜ ਖੁਜਾਈਆ । ਦੁਹਾਈ ਦੇਵੇ ਰਵਦਾਸ, ਚਮਾਰੇ ਦੀ ਟੁੱਟੀ ਜੁੱਤੀ, ਬਹੁੜੀ ਬਹੁੜੀ ਕਰ ਸੁਣਾਈਆ । ਸਦੀ ਚੌਧਵੀਂ ਦੀ ਗੋਲੀ ਉਠੀ ਸੁੱਤੀ, ਆਪਣੀ ਲਏ ਅੰਗੜਾਈਆ । ਸੱਤਾਂ ਰੰਗਾਂ ਦਾ ਵਣਜਾਰਾ ਤਾ ਦੇਵੇ ਮੁੱਛੀਂ, ਪ੍ਰਭ ਭਗਤਾਂ ਮੁਸ਼ਕਲ ਹੱਲ ਕਰਾਈਆ । ਗੁਰਦਾਸ ਲੇਖਾ ਰਿਹਾ ਸਦਾ ਸੁਖੀ, ਸੁਖ ਸਾਗਰ ਵਿਚ ਸਮਾਈਆ । ਗੁਰਮੁਖਾਂ ਮੰਜ਼ਲ ਬਖ਼ਸ਼ੇ ਉਚੀ, ਉਚ ਅਗੰਮ ਦਇਆ ਕਮਾਈਆ । ਸਦਾ ਸੁਹੰਜਣੀ ਹੋਵੇ ਰੁਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਜਨ ਭਗਤੋ ਜਗਤ ਵਿਹਾਰ ਨਾਲੋਂ ਕਰਨੀ ਛੁੱਟੀ, ਛੁਟਕਾਰਾ ਆਪਣਾ ਲੈਣਾ ਕਰਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਦੀ ਗੰਢੇ ਟੁੱਟੀ, ਟੁੱਟਿਆਂ ਆਪਣੀ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਖੜਗ ਕਹੇ ਮੈਂ ਲੱਗੀ ਭਗਤਾਂ ਗਰਦਨ, ਗਰਦੋ ਗੁਬਾਰ ਦਿਸੇ ਲੋਕਾਈਆ । ਸਭ ਨੂੰ ਸਵਾਧਾਨ ਕਰਾਂ ਮਰਦਨ, ਮਰਦ ਮਰਦਾਨਾ ਹੁਕਮ ਸੁਣਾਈਆ । ਕੁਝ ਖੇਲ ਵੇਖਣਾ ਵਿਚ ਯਰਦਨ, ਅਰਾਕਾਨ ਅੱਖ ਉਠਾਈਆ । ਮੈਂ ਆਪਣਾ ਪਾਸਾ ਲੱਗੀ ਪਰਤਣ, ਪਰਤੀਨਿਧ ਵੇਖਾਂ ਬੇਪਰਵਾਹੀਆ । ਜਿਸ ਨੇ ਚੁਰਾਸੀ ਤਨ ਭਾਂਡੇ ਵੇਖਣੇ ਬਰਤਨ, ਮਾਟੀ ਖ਼ਾਕੀ ਫੋਲ ਫੁਲਾਈਆ । ਲੇਖਾ

੧੪੭੩ ੨੨

ਪੂਰਾ ਕਰਨਾ ਕਾਹਨ ਕ੍ਰਿਸ਼ਨ ਗਵਰਧਨ, ਪਿਛਲਾ ਮੂਲ ਚੁਕਾਈਆ । ਜੋ ਸੰਦੇਸ਼ਾ ਦਿਤਾ ਅਗੰਮੀ ਅਰਜਨ, ਹੁਕਮ ਹੁਕਮ ਵਿਚੋਂ ਦ੍ਰਿੜਾਈਆ । ਉਹ ਤਕ ਜਿਸ ਦਾ ਅੰਤ ਪਾ ਨਾ ਸਕੇ ਅਰਬਨ ਖਰਬਨ, ਸੰਖ ਅਸੰਖਾ ਨਾ ਧਿਆਨ ਲਗਾਈਆ । ਸੋ ਖੇਲ ਕਰੇ ਸ਼ਰਕਨ ਗ਼ਰਬਨ, ਸ਼ਮਾਲ ਜਨੂਬ ਆਪਣਾ ਹੁਕਮ ਵਰਤਾਈਆ । ਸ਼ਰਅ ਛੁਰੀ ਵੇਖੇ ਕਰਦਨ, ਚਾਰੋਂ ਕੁੰਟ ਅੱਖ ਉਠਾਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦਨ, ਦੁਖੀਆਂ ਹੋਏ ਸਹਾਈਆ । ਅੰਮ੍ਰਿਤ ਮੇਘ ਆਏ ਬਰਸਣ, ਅਗਨੀ ਤਤ ਗਵਾਈਆ । ਜਨ ਭਗਤਾਂ ਮੇਟੇ ਹਰਸ ਹਵਸਨ, ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਬਿਆਸ ਕਹੇ ਇਸ਼ਨਾਨ ਕੀਤਾ ਸ਼ਬਦ ਧਾਰ ਲਿਖਾਰੀ, ਲਿਖਤ ਲੇਖ ਵਡਿਆਈਆ । ਮੈਂ ਦੱਸਾਂ ਖੇਲ ਅਪਾਰੀ, ਕੀ ਅਪਰੰਪਰ ਰਿਹਾ ਜਣਾਈਆ । ਜਗਤ ਧਾਰ ਧਾਰ ਨਿਆਰੀ, ਨਿਰਗੁਣ ਸਰਗੁਣ ਆਪ ਦ੍ਰਿੜਾਈਆ । ਗੁਰਮੁਖਾਂ ਗੁਰਸਿਖਾਂ ਏਕਾ ਬਖ਼ਸ਼ੇ ਸਚ ਪਿਆਰੀ, ਮੁਹੱਬਤ ਚਰਨ ਕਵਲ ਜਣਾਈਆ । ਧੂੜ ਮਸਤਕ ਲਾਉਣੀ ਛਾਰੀ, ਛਾਰ ਕਾਲੀ ਖ਼ਾਕ ਅੰਦਰੋਂ ਦੇਣੀ ਕਢਾਈਆ । ਮਨ ਮਤ ਅੰਦਰ ਨਾ ਵੜੇ ਹਤਿਆਰੀ, ਹੈਂਸਿਆਰੀ ਨੇੜ ਕਦੇ ਨਾ ਆਈਆ । ਤੁਸਾਂ ਧਾਰ ਬਣਾਉਣੀ ਬਰਖ਼ੁਰਦਾਰੀ, ਸਤਿ ਸਚ ਵਿਚ ਸਮਾਈਆ । ਹਉਮੇਂ ਹੰਗਤਾ ਮੈਲ ਦੇਣੀ ਉਤਾਰੀ, ਉੱਤਰ ਪੂਰਬ ਪੱਛਮ ਦੱਖਣ ਵੇਖੋ ਪੈਣੀ ਕੀ ਦੁਹਾਈਆ । ਹਾਹਾਕਾਰ ਤਕੋ ਚਾਰ ਯਾਰੀ, ਸੰਗ ਮੁਹੰਮਦ ਨਾਲ ਦੁਹਾਈਆ । ਸਤਿਗੁਰ ਸ਼ਬਦ ਦੀ ਸ਼ਬਦ ਧਾਰ ਕਰੋ ਤਾਬਿਆਦਾਰੀ, ਤਬੀਅਤ ਅੰਦਰੋਂ ਲੈਣੀ ਬਦਲਾਈਆ । ਜਗਤ ਖੇਲ ਖੇਲੋ ਨਾਲ ਹੁਸ਼ਿਆਰੀ, ਹੁਸ਼ਿਆਰ ਹੋ ਕੇ ਲਉ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਬਿਆਸ ਕਹੇ ਮੈਂ ਸੁਣੀ ਅਗੰਮ ਬੋਲੀ, ਅਨਬੋਲਤ ਰਿਹਾ ਜਣਾਈਆ । ਜਨ ਭਗਤੋ ਤੁਹਾਡੀ ਸਾਫ਼ ਪਵਿਤ੍ਰ ਹੋਵੇ ਚੋਲੀ, ਕੂੜੀ ਕਿਰਿਆ ਰਹੇ ਨਾ ਰਾਈਆ । ਆਤਮ ਪਰਮਾਤਮ ਜਾਏ ਮੌਲੀ, ਮੌਲਾ ਆਪਣਾ ਰੰਗ ਰੰਗਾਈਆ । ਮੈਂ ਸੰਦੇਸ਼ਾ ਦੇਵਾਂ ਨਾਲ ਹੌਲੀ ਹੌਲੀ, ਸਹਿਜ ਸਹਿਜ ਸੁਣਾਈਆ । ਤਿੰਨ ਵਾਰ ਤਿੰਨ ਦਿਨ ਵਿਚ ਨਹਾਇਆ ਕਰੇਗੀ ਸਦੀ ਚੌਧਵੀਂ ਦੀ ਗੋਲੀ, ਮਸਤਕ ਤਿੰਨ ਧਾਰ ਬਣਾਈਆ । ਰਵਦਾਸ ਤਿੰਨ ਵਾਰ ਧੁਰ ਸ਼ਬਦ ਰੱਖੇਗਾ ਖੋਲ੍ਹੀ, ਨੌਂ ਨੌਂ ਸਤਰਾਂ ਬਹਿ ਕੇ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਬਿਆਸ ਕਹੇ ਖੰਡਾ, ਰਿਹਾ ਪੁਕਾਰ, ਜ਼ੋਰ ਨਾਲ ਸੁਣਾਈਆ । ਉਠ ਵੇਖ ਮੇਰੇ ਯਾਰ, ਯਾਰ ਯਾਰਾ ਦਿਆਂ ਸਮਝਾਈਆ । ਸਦੀ ਚੌਧਵੀਂ ਤਕ ਬਹਾਰ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਜਿਧਰ ਵੇਖੇ ਧੂੰਆਂਧਾਰ, ਅੰਧ ਅੰਧੇਰਾ ਛਾਈਆ । ਸਾਚਾ ਮਿਲੇ ਨਾ ਕੋਇ ਮੀਤ ਮੁਰਾਰ, ਸੱਜਣ ਸੰਗ ਨਾ ਕੋਇ ਵਖਾਈਆ । ਸਦੀ ਚੌਧਵੀਂ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਪਰਵਰਦਿਗਾਰ ਮਾਰੇ ਮਾਰ, ਪੁਰਖ ਅਕਾਲਾ ਖੰਡੇ ਭਗਤਾਂ ਹੱਥ ਫੜਾਈਆ । ਲਾਲ ਸਿੰਘ ਨੰਗੀ ਖਿਚ ਤਲਵਾਰ, ਧਾਰ ਧਾਰ ਵਿਚੋਂ ਬਦਲਾਈਆ । ਜਸਵੰਤ ਸਿੰਘ ਵੇਖੇ ਨਾਲ ਪਿਆਰ, ਪਰਮ ਪੁਰਖ ਦਿਤੀ ਵਡਿਆਈਆ । ਸਿੰਘ ਪ੍ਰੀਤਮ ਸੀਸ ਨਿਵਾਰ, ਵਾਰਤਾ ਪਿਛਲੀ ਦਏ ਦੁਹਾਈਆ । ਇਨ੍ਹਾਂ ਤਿੰਨਾਂ ਦਾ ਯੁਧਿਸ਼ਟਰ ਨਾਲ ਸੀ ਪਿਆਰ, ਸੰਗੀ ਸਾਥੀ ਬਰਾਟ ਸੋਭਾ ਪਾਈਆ । ਪੂਰਬ ਸਭ ਦਾ ਕਰਜ਼ਾ ਰਿਹਾ ਉਤਾਰ, ਕਾਹਨਾ ਕ੍ਰਿਸ਼ਨਾ ਵਿਚੋਲਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

੧੪੭੪
੨੨

ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਭ ਦੀ ਪਾਵੇ ਸਾਰ, ਮਹਾਂਸਾਰਥੀ ਆਪਣਾ ਹੁਕਮ ਵਰਤਾਈਆ ।

✪ ੨੦ ਅੱਸੂ ਸ਼ਹਿਨਸ਼ਾਹੀ ਸੰਮਤ ੭ ਲਛਮਣ ਸਿੰਘ, ਗੁਰਮੇਜ ਸਿੰਘ, ਸੁਰਜੀਤ ਸਿੰਘ, ਜਗੀਰ ਕੌਰ, ਕੇਹਰ ਸਿੰਘ, ਜੁਗਿੰਦਰ ਸਿੰਘ, ਭਜਨ ਕੌਰ, ਗਰਦਾਵਰ ਸਿੰਘ, ਕਰਤਾਰ ਸਿੰਘ, ਊਧਮ ਕੌਰ, ਦਰਸ਼ਨ ਸਿੰਘ, ਆਤਮਾ ਸਿੰਘ, ਕਰਨੈਲ ਸਿੰਘ ਬਿਲਗਾ ਪ੍ਰਕਾਸ਼ ਕੌਰ ਸੁੰਨੜਾਂ, ਸਮਾਂ ਕੌਰ ਸੁੰਨੜਾਂ, ਛਿੰਦੇ ਬਿਲਗਾ, ਸੰਪੂਰਨ ਕੌਰ ਰੁੜਕਾ, ਰਾਮ ਕੌਰ ਸੁੰਨੜਾਂ, ਪਿੰਡ ਰੁੜਕਾ ਕਲਾਂ ਜ਼ਿਲਾ ਜਲੰਧਰ ✪

ਨਾਰਦ ਕਹੇ ਬਿਆਸਾ ਮੇਰੀ ਨਮੋ, ਨਮੋ ਦਾ ਨਮੂਨਾ ਤੈਨੂੰ ਦਿਆਂ ਜਣਾਈਆ । ਤੂੰ ਕਮਲਿਆ ਮਿਲਦਾ ਰਿਹੋਂ ਗੁਰ ਅਵਤਾਰ ਮਾਟੀ ਚੰਮੇ, ਚੰਮ ਦ੍ਰਿਸ਼ਟੀ ਧਿਆਨ ਲਗਾਈਆ । ਮੈਂ ਕੋਈ ਸੰਦੇਸ਼ਾ ਨਹੀਂ ਦੇਂਦਾ ਮਨੋਂ, ਮਨੂ ਦਾ ਲੇਖਾ ਨਾ ਕੋਇ ਜਣਾਈਆ । ਮੇਰਾ ਦਿਲ ਕਰਦਾ ਤੈਨੂੰ ਫੜ ਲਵਾਂ ਕੰਨੋਂ, ਹਲੂਣ ਕੇ ਦਿਆਂ ਵਖਾਈਆ । ਕੀ ਤੱਕਿਆ ਸਤਾਰ ਤੇ ਚੰਨੋ, ਚੰਨ ਸਿਤਾਰ ਕੀ ਵਡਿਆਈਆ । ਓਏ ਕਮਲਿਓ ਕਿਉਂ ਨਹੀਂ ਗੋਬਿੰਦ ਗਿਆ ਪਾਰ ਬੰਨੋ, ਬੰਧਨ ਜਗਤ ਵਾਲੇ ਤੁੜਾਈਆ । ਬਿਆਸ ਰੋਇਆ ਛਮ ਛੰਮੋਂ, ਨੇਤਰ ਨੈਣਾਂ ਨੀਰ ਵਹਾਈਆ । ਮੈਨੂੰ ਵੇਖ ਲੈਣ ਦੇ ਚੌਦਾਂ ਸੌ ਤੀਹ ਅੰਕ ਅੰਕ ਪੰਨੋ, ਕੀ ਲੇਖ ਰਹੇ ਜਣਾਈਆ । ਜਾਂ ਤੱਕਿਆ ਸ਼ਬਦ ਸ਼ਬਦ ਦੀ ਧਾਰ ਕਰੇ ਧੰਨ ਧੰਨੋ, ਧੰਨ ਤੇਰੀ ਵਡਿਆਈਆ । ਸੰਦੇਸ਼ਾ ਦਿਤਾ ਪਾਰ ਬਿਆਸੋਂ ਗੋਬਿੰਦ ਆਵੇ ਤੇ ਆਵੇ ਆਪ ਅਗੰਮੇ, ਜੰਮਣਵਾਲੀ ਹੋਵੇ ਕੋਇ ਨਾ ਮਾਈਆ । ਜੋ ਭਗਤਾਂ ਲੇਖਾ ਲਾਏ ਦਮ ਦਮੇ, ਦਾਮਨਗੀਰ ਨੂਰ ਇਲਾਹੀਆ । ਜਗਤ ਤ੍ਰਿਸ਼ਨਾ ਮੇਟੇ ਤਮੇ, ਤਾਮਸ ਕੂੜ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਆਹ ਵੇਖ ਮੇਰੀ ਗੜਵੀ ਡੋਰੀ, ਡੂੰਘੇ ਵਹਿਣਾਂ ਵਾਲੇ ਆਪ ਦਿਆਂ ਜਣਾਈਆ । ਮੈਂ ਗੰਗਾ ਦੀ ਚੁੱਕ ਕੇ ਲਿਆਂਦੀ ਚੋਰੀ, ਆਪਣਾ ਆਪ ਛੁਪਾਈਆ । ਮੈਂ ਵੇਖੀ ਤੱਕੀ ਬਾਂਕੀ ਛੋਹਰੀ, ਰੰਗ ਰੂਪ ਆਪਣਾ ਰਹੀ ਦਰਸਾਈਆ । ਮੇਰੇ ਅੰਤਰ ਕੀਤਾ ਬਹੁੜੀ ਬਹੁੜੀ, ਕੂਕ ਕੂਕ ਜਣਾਈਆ । ਮੈਂ ਆਸਾ ਰੱਖੀ ਕਿਤੇ ਮੇਰੀ ਇਹਦੇ ਨਾਲ ਬਣ ਜਾਏ ਜੋੜੀ, ਜੋੜਾ ਇਕੋ ਸੋਭਾ ਪਾਈਆ । ਫੇਰ ਪੁਰਖ ਅਕਾਲ ਦੀ ਰਹੇ ਨਾ ਲੋੜੀ, ਲੋੜੀਂਦਾ ਸੱਜਣ ਘਰ ਮਿਲੇ ਚਾਈਂ ਚਾਈਂਆ । ਮੈਂ ਬ੍ਰਾਹਮਣ ਮੇਰੇ ਵਿਚ ਇਕ ਕਮਜ਼ੋਰੀ, ਸਚ ਦਿਆਂ ਸੁਣਾਈਆ । ਮੈਂ ਕਿਸੇ ਨੂੰ ਵਸ ਕਰ ਸਕਦਾ ਨਹੀਂ ਜ਼ੋਰੀਂ, ਜੋਰੂ ਜ਼ਰ ਦੋਵੇਂ ਰਹੇ ਡਰਾਈਆ । ਮੈਂ ਤੈਥੋਂ ਮਦਦ ਮੰਗਾਂ ਥੋੜੀ, ਤੂੰ ਕਰਨੀ ਚਾਈਂ ਚਾਈਂਆ । ਮੈਨੂੰ ਸਚ ਦੱਸ ਗੋਬਿੰਦ ਚੜ੍ਹਿਆ ਕਿਹੜੀ ਘੋੜੀ, ਵਾਗ ਕਵਣ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਬਿਆਸ ਵੇਖ ਮੇਰੀ ਬੋਦੀ ਵਡੀ ਛੋਟੀ, ਲੰਮੀ ਸਮਝ ਕਿਛ ਨਾ ਆਈਆ । ਮੇਰੀ ਚਾਰ ਯੁਗ ਦੀ ਪਾਟੀ ਹੋਈ ਲੰਗੋਟੀ, ਲੀਰ ਲੀਰ ਦਏ ਦੁਹਾਈਆ । ਮੈਂ ਫਿਰਿਆ ਜਗਤ ਜਹਾਨ ਦੀ ਚੋਟੀ, ਚੋਟਾ

ਬਣ ਕੇ ਭੱਜਿਆ ਵਾਹੋ ਦਾਹੀਆ । ਮੈਨੂੰ ਰਵਦਾਸ ਵਰਗੀ ਕਿਸੇ ਘਰੋਂ ਮਿਲੀ ਨਹੀਂ ਰੋਟੀ ਸੁੱਕੇ ਟੁਕੜੇ ਨਾ ਕੋਇ ਖਵਾਈਆ । ਦੀਨ ਦੁਨੀ ਰਸਨਾ ਲਾਏ ਗੋਸ਼ਤ ਬੋਟੀ, ਗੋਸ਼ਾ ਕੋਨਾ ਵੇਖ ਵਖਾਈਆ । ਆਹ ਤਕ ਮੇਰੀ ਪਾਟੀ ਹੋਈ ਧੋਤੀ ਕੰਨੀ ਕੰਨੀ ਨਾਲ ਗੰਢਾਈਆ । ਜਿਧਰ ਵੇਖਾਂ ਧਰਨੀ ਦਿਸੇ ਰੋਤੀ, ਬਿਨ ਨੈਣਾਂ ਨੀਰ ਵਹਾਈਆ । ਦੀਨ ਦੁਨੀ ਉਠੇ ਨਾ ਸੋਤੀ, ਸੁਤਿਆਂ ਨਾ ਕੋਇ ਜਗਾਈਆ । ਕਿਸੇ ਪੁਸਤਕ ਪੜ੍ਹੀ ਕਿਸੇ ਪੜ੍ਹੀ ਪੋਥੀ, ਪੂਰਨ ਬ੍ਰਹਮ ਨਜ਼ਰ ਕਿਸੇ ਨਾ ਆਈਆ । ਓਏ ਬਿਆਸਾ ਮੈਂ ਤੇਰੇ ਕੰਢੇ ਅੰਤਮ ਜਗਦੀ ਵੇਖੀ ਜੋਤੀ, ਜੋਤੀ ਜਾਤਾ ਨਜ਼ਰੀ ਆਈਆ । ਮੈਂ ਫੜ ਕੇ ਆ ਗਿਆ ਹੱਥ ਡੰਗੋਰੀ ਸੋਟੀ, ਡੰਡਾਵਤ ਵਿਚ ਸੀਸ ਨਿਵਾਈਆ । ਮੈਨੂੰ ਦੱਸ ਜਿਹਨੂੰ ਲੱਭਦੇ ਕੋਟਨ ਕੋਟੀ, ਖੋਜਣ ਥਾਉਂ ਥਾਈਂਆ । ਜਿਸ ਨੂੰ ਝੁਕਦੇ ਚੌਦਾਂ ਲੋਕੀ, ਪਰਲੋਕ ਸੀਸ ਨਿਵਾਈਆ । ਮੈਂ ਸੁਣਨਾ ਚਾਹੁੰਦਾ ਉਸ ਦਾ ਇਕ ਸਲੋਕੀ, ਸੋਹਲਾ ਇਕ ਧੁਰਦਰਗਾਹੀਆ । ਅੰਤ ਰੱਖ ਕੇ ਆਇਆ ਓਟੀ, ਓੜਕ ਧਿਆਨ ਲਗਾਈਆ । ਮੈਂ ਸਮਝਿਆ ਉਹ ਜਲ ਵਾਯੂ ਦਾ ਗੋਤੀ, ਪਵਣ ਪਵਣਾਂ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਬਿਆਸ ਕਹੇ ਮੈਨੂੰ ਭੱਜ ਭੱਜ ਆਇਆ ਮੁੜ੍ਹਕਾ, ਨਾਰਦ ਰਿਹਾ ਜਣਾਈਆ । ਮੈਨੂੰ ਭੇਵ ਦੱਸ ਸੱਚੇ ਸਤਿਗੁਰ ਦਾ, ਕਿਥੇ ਮਿਲੇ ਬੇਪਰਵਾਹੀਆ । ਤੂੰ ਲੇਖਾ ਜਾਣੇ ਗੋਬਿੰਦ ਵਾਲੇ ਅਨੰਦ ਪੁਰ ਦਾ, ਅਨੰਦ ਅਨੰਦ ਵਿਚੋਂ ਜਣਾਈਆ । ਪਰਦਾ ਖੋਲ੍ਹ ਦੇ ਉਸ ਮਾਲਕ ਧੁਰ ਦਾ, ਜੋ ਧੁਰ ਧਾਮ ਡੇਰਾ ਲਾਈਆ । ਜਿਸ ਦਾ ਹੁਕਮ ਕਦੇ ਨਾ ਮੁੜਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਬਿਆਸ ਮੈਨੂੰ ਭਰ ਲੈਣ ਦੇ ਪਾਣੀ, ਗੜਵੀ ਇਕੋ ਰਿਹਾ ਵਖਾਈਆ । ਬਿਆਸ ਕਿਹਾ ਪਹਿਲੋਂ ਪੜ੍ਹ ਉਸ ਪ੍ਰਭੂ ਦੀ ਬਾਣੀ, ਜੋ ਬਾਣ ਅਣਿਆਲਾ ਤੀਰ ਚਲਾਈਆ । ਮੇਰੇ ਵਿਚ ਚਰਨ ਛੁਹਾ ਕੇ ਗਿਆ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਅਗੰਮ ਅਥਾਹੀਆ । ਮੈਨੂੰ ਕਹਿ ਕੇ ਗਿਆ ਅੱਖਰਾਂ ਵਾਲੀ ਇਕ ਕਲਾਮੀ, ਕਲਮਾ ਕਲਮਿਆਂ ਵਿਚੋਂ ਪਰਗਟਾਈਆ । ਨਾਲੇ ਸੰਦੇਸ਼ਾ ਦਿਤਾ ਜ਼ਬਾਨੀ, ਹੁਕਮ ਅਗੰਮ ਅਥਾਹੀਆ । ਮੈਂ ਭਗਤਾਂ ਉਤੇ ਕਰਨ ਚਲਿਆ ਮਿਹਰਵਾਨੀ, ਮਿਹਰਵਾਨ ਹੋ ਕੇ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਜਣਾਈਆ । ਨਾਰਦ ਕਹੇ ਬਿਆਸ ਮੈਨੂੰ ਕਰ ਲੈਣ ਦੇ ਇਸ਼ਨਾਨ, ਇਸ਼ਾਰੇ ਨਾਲ ਸੁਣਾਈਆ । ਮੈਨੂੰ ਜਮਨਾ ਤੋਂ ਰੋਕਿਆ ਨਹੀਂ ਸੀ ਕਾਹਨ, ਗੋਪੀਆਂ ਵਿਚ ਰਹਿ ਕੇ ਝਟ ਲੰਘਾਈਆ । ਮੈਂ ਉਹਦੇ ਤੋਂ ਮੰਗਿਆ ਸੀ ਇਕ ਤਨ ਦਾ ਦਾਨ, ਉਹਨੇ ਹੱਸ ਕੇ ਦਿਤਾ ਵਖਾਈਆ । ਪਰ ਮੈਨੂੰ ਬੋਦੀਉਂ ਫੜ ਕੇ ਤਿੰਨ ਵਾਰ ਕਰਾਇਆ ਸੀ ਇਸ਼ਨਾਨ, ਫੇਰ ਖਿੱਚ ਕੇ ਬਾਹਰ ਕਢਾਈਆ । ਫੇਰ ਕੰਨ ਖਿੱਚ ਕੇ ਕਿਹਾ ਭਗਵਾਨ, ਨਾਰਦਾ ਅੱਖ ਲੈ ਉਠਾਈਆ । ਉਹ ਵੇਖ ਤੇਰੇ ਕਾਹਨ ਦਾ ਕਾਹਨ, ਕਾਹਨ ਬੇਪਰਵਾਹੀਆ । ਜਿਨ ਕਲਜੁਗ ਅੰਤਮ ਹੋਣਾ ਪਰਧਾਨ, ਦੋ ਜਹਾਨਾਂ ਹੁਕਮ ਵਰਤਾਈਆ । ਸਦੀ ਚੌਧਵੀਂ ਮੇਟੇ ਨਿਸ਼ਾਨ, ਨਿਸ਼ਾਨ ਆਪਣਾ ਇਕ ਵਖਾਈਆ । ਫੇਰ ਖੇਲ ਕਰੇ ਮਹਾਨ, ਮਹਿਮਾ ਅਗੰਮ ਅਥਾਹੀਆ । ਜਨ ਭਗਤ ਸੁਹੇਲੇ ਕਰ ਪਰਵਾਨ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਕਰੇ ਕਲਿਆਣ, ਕਲਮਾ ਆਪਣਾ ਨਾਮ ਸੁਣਾਈਆ । ਤੂੰ ਮੇਰਾ ਮੈਂ ਤੇਰਾ ਸਾਰਿਆਂ ਗਾਉਣਾ ਗਾਣ, ਗਾ ਗਾ ਝਟ ਲੰਘਾਈਆ । ਉਸ ਵੇਲੇ

੧੪੭੭
੨੨

ਤੇਰੀ ਆਸ਼ਾ ਕਰੇ ਪਰਵਾਨ, ਪਰਮ ਪੁਰਖ ਆਪਣੀ ਦਇਆ ਕਮਾਈਆ । ਨਾਰਦ ਨਿਉਂ ਕੇ ਸੀਸ ਲੱਗਾ ਝੁਕਾਣ, ਕ੍ਰਿਸ਼ਨ ਉਪਰ ਲਿਆ ਉਠਾਈਆ । ਜ਼ਰਾ ਸੁਣ ਲਾ ਕਰ ਕਾਨ, ਸੰਦੇਸ਼ਾ ਦੇਵਾਂ ਅਗੰਮ ਅਥਾਹੀਆ । ਜਿਥੇ ਇਸ਼ਨਾਨ ਪੰਜ ਤਤ ਕਰਾਇਆ ਵਿਸ਼ਨੂੰ ਭਗਵਾਨ, ਮਾਘ ਪੰਜ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਉਥੇ ਲੈ ਕੇ ਜਾਈਂ ਆਪਣੀ ਰੂਹ, ਬੁਤ ਦੀ ਲੋੜ ਰਹੇ ਨਾ ਰਾਈਆ । ਜਿਥੇ ਲਛਮਣ ਸਿੰਘ ਦਾ ਹੋਣਾ ਖੂਹ, ਗੁਰਮੇਜ ਸਿੰਘ ਜੋੜ ਜੁੜਾਈਆ । ਰੁੜਕਾ ਸੰਗਤ ਏਕਾ ਰੂਪ ਹੋਵੇ ਹੂ ਬਹੂ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦਾ ਲੇਖਾ ਸ਼ਬਦੀ ਧਾਰ ਹੋਣਾ ਸ਼ੁਰੂ, ਸ਼ਹਿਨਸ਼ਾਹ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਪੁਰਖ ਅਕਾਲ ਦੇਣਾ ਵਰ, ਹਰਿ ਵਡਾ ਵਡ ਵਡਿਆਈਆ । ਜਿਸ ਦੇ ਇਸ਼ਨਾਨ ਕਰਾਉਣ ਨਾਲ ਸਤਿਜੁਗ ਬਣ ਜਾਏ ਸਰ, ਸਰਸੇ ਦਾ ਲੇਖਾ ਪੂਰ ਕਰਾਈਆ । ਏਸੇ ਕਰ ਕੇ ਪੰਜ ਗੁਰਮੁਖ ਏਥੇ ਪਹਿਰੇਦਾਰ ਗਏ ਖੜ੍ਹ, ਪੰਚਮ ਦਾ ਲਹਿਣਾ ਦੇਣਾ ਥਾਈਂ ਥਾਈਆ । ਗੁਰਮੁਖ ਸਾਰੇ ਲਏ ਫੜ, ਲੈ ਕੇ ਭੱਜਿਆ ਵਾਹੋ ਦਾਹੀਆ । ਸਾਚੇ ਮਾਰਗ ਗਿਆ ਚੜ੍ਹ, ਚੜ੍ਹਦਾ ਲਹਿੰਦਾ ਦੋਵੇਂ ਰਾਹ ਤਜਾਈਆ । ਫੇਰ ਅੱਗੇ ਗਿਆ ਖੜ੍ਹ, ਧੂੜੀ ਮਸਤਕ ਖ਼ਾਕ ਰਮਾਈਆ । ਫੇਰ ਬਦਲ ਕੇ ਆਪਣਾ ਘਰ, ਅੱਗੇ ਭੱਜਿਆ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਵਾਹ ਤੇਰੀਆਂ ਮਿਹਰਾਂ, ਮਿਹਰਵਾਨ ਤੇਰੀ ਵਡਿਆਈਆ । ਸਤਿਜੁਗ ਦੀਨ ਦੁਨੀ ਪੁਛੇ ਕਿਥੇ ਪਰਮ ਪੁਰਖ ਦਾ ਡੇਰਾ, ਕਵਣ ਧਾਮ ਸੋਭਾ ਪਾਈਆ । ਸਾਰੇ ਕਹਿਣ ਵਿਸ਼ਨੂੰ ਭਗਵਾਨ ਕਿਹੜਾ, ਸਚ ਦਿਉ ਸਮਝਾਈਆ । ਸਤਿਗੁਰ ਸ਼ਬਦ ਕਹੇ ਜਿਥੇ ਮੁਕੇ ਝੇੜਾ, ਝਗੜਾ ਰਹੇ ਨਾ ਰਾਈਆ । ਗ਼ਰੀਬ ਨਿਮਾਣਿਆਂ ਬੰਨ੍ਹੇ ਬੇੜਾ, ਬੇੜੀ ਆਪਣੇ ਕੰਧ ਉਠਾਈਆ । ਵਸੇ ਧਰਮ ਦਾ ਖੇੜਾ, ਛੱਪਰ ਛੰਨ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਬਿਆਸ ਕਹੇ ਨਾਰਦ ਸੁਣ ਲਈ ਧੁਰ ਦੀ ਕਥਾ, ਬਿਨਾ ਕਥਨੀ ਦਿਤੀ ਦ੍ਰਿੜਾਈਆ । ਇਹ ਖੇਲ ਯਥਾਰਥ ਯਥਾ, ਯਦੀ ਆਪਣੀ ਕਾਰ ਭੁਗਤਾਈਆ । ਜਨ ਭਗਤਾਂ ਦੀ ਧੂੜੀ ਲਾ ਕੇ ਮਸਤਕ ਮੱਥਾ, ਸਭ ਦੀ ਮਸਤਕ ਰੇਖ ਦਿਤੀ ਬਦਲਾਈਆ । ਗੁਰਮੁਖਾਂ ਨੂੰ ਸਤਿਗੁਰ ਆਪ ਵੇਖੇ ਆਉਂਦਿਆਂ ਅੱਖਾਂ, ਅੱਖਾਂ ਹਰਿ ਸੰਗਤ ਵਿਚ ਟਿਕਾਈਆ । ਆਪ ਨਿਮਾਣਾ ਹੋ ਕੇ ਵਾਂਗ ਕੱਖਾਂ, ਹਰਿ ਸੰਗਤ ਸੀਸ ਉਤੇ ਟਿਕਾਈਆ । ਪਿਛੇ ਚੜ੍ਹਦੇ ਸੀ ਉਤੇ ਘੋੜਿਆ ਰਥਾਂ, ਅੱਗੇ ਹਰਿਜਨ ਸ਼ਬਦ ਬਬਾਣ ਲਿਆ ਚੜ੍ਹਾਈਆ । ਦੇਵੇ ਵਡਿਆਈ ਵਿਚੋਂ ਕਰੋੜਾਂ ਲੱਖਾਂ, ਗਣਤੀ ਗਣਤ ਨਾ ਕੋਇ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਹੁਕਮ ਆਪ ਵਰਤਾਈਆ । ਨਾਰਦ ਕਹੇ ਪ੍ਰਭੂ ਦਾ ਖੇਲ ਬੜਾ ਅਨਹੋਣਾ, ਹੋਂਦ ਵਿਚ ਕਦੇ ਨਾ ਆਈਆ । ਇਸ ਦਾ ਅੰਤ ਕਿਸੇ ਨਹੀਂ ਪਾਉਣਾ, ਪੌਣ ਪਾਣੀ ਸਾਰੇ ਬੈਠੇ ਸੀਸ ਨਿਵਾਈਆ । ਆਦਿ ਅੰਤ ਨਾਮ ਗੀਤ ਢੋਲਾ ਸਭ ਨੇ ਗਾਉਣਾ ਗਾ ਗਾ ਸ਼ੁਕਰ ਮਨਾਈਆ । ਜਿਸ ਨੇ ਜਨਮ ਜਨਮ ਦਾ ਫੰਦ ਕਟਾਉਣਾ, ਕਰਮ ਕਰਮ ਦਾ ਰੋਗ ਕਟਾਈਆ । ਪਿਆਸਾ ਰਹਿ ਕੇ ਝਟ ਲੰਘਾਉਣਾ, ਗੁਰਮੁਖਾਂ ਅੰਮ੍ਰਿਤ ਜਾਮ ਮੁਖ ਚੁਆਈਆ । ਪਿਛਲਾ ਜਨਮ ਕਰਮ ਦਾ ਲੇਖਾ ਸਰਬ ਮੁਕਾਉਣਾ, ਅੱਗੇ ਵੱਜਦੀ

੧੪੭੮
੨੨

ਰਹੇ ਇਕੋ ਇਕ ਵਧਾਈਆ । ਦੁਆਬੇ ਵਾਲਿਓ ਦੋਹਰਾ ਤੁਹਾਡਾ ਜੋੜ ਜੁੜਾਉਣਾ, ਵਿਛੋੜਾ ਅੱਗੇ ਰਹੇ ਨਾ ਰਾਈਆ । ਜਗਤ ਰੋਂਦਿਆਂ ਵਿਚੋਂ ਤੁਹਾਨੂੰ ਹਸਾਉਣਾ, ਹਸਤੀ ਆਪਣੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਬਿਆਸ ਕਹੇ ਨਾਰਦ ਕੋਈ ਗੱਲ ਦੱਸ ਚੰਗੀ, ਸਚ ਸਚ ਸੁਣਾਈਆ । ਨਾਰਦ ਕਹੇ ਬਿਆਸਾ ਤੂੰ ਕੀ ਮੰਗ ਮੰਗੀ, ਮੰਗਤਿਆਂ ਮੈਨੂੰ ਦੇ ਜਣਾਈਆ । ਤੂੰ ਨਹੀਂ ਤੱਕਿਆ ਖੰਡੇ ਧਾਰ ਨੰਗੀ, ਗੁਰਮੁਖਾਂ ਹੱਥ ਵਖਾਈਆ । ਬਣਾ ਕੇ ਸੂਰਬੀਰ ਜੰਗੀ, ਜਗਤ ਜਹਾਨ ਰਿਹਾ ਲੜਾਈਆ । ਆਪ ਬੈਠ ਕੇ ਉਲਟੀ ਮੰਜੀ, ਜਗਤ ਸਿੰਘਾਸਣ ਦਏ ਉਲਟਾਈਆ । ਜਨ ਭਗਤ ਕਢ ਕੇ ਘਰਾਂ ਦੇ ਵਿਚੋਂ ਖ਼ਾਨੇ ਜੰਗੀ, ਬੰਧਨ ਜਗਤ ਵਾਲੇ ਤੁੜਾਈਆ । ਫੇਰ ਲਾ ਕੇ ਆਪਣੇ ਅੰਗੀ, ਅੰਗੀਕਾਰ ਹੋ ਕੇ ਭੱਜਿਆ ਵਾਹੋ ਦਾਹੀਆ । ਜਗਤ ਵਸਤ ਜਨ ਭਗਤੋ ਸਤਿਗੁਰ ਨਾਲੋਂ ਨਹੀਂ ਚੰਗੀ, ਏਸੇ ਕਰ ਕੇ ਛਿਨ ਵਿਚ ਤੁਹਾਡਾ ਨਾਤਾ ਸਭ ਨਾਲੋਂ ਦਿਤਾ ਤੁੜਾਈਆ । ਤੁਹਾਡੇ ਘਰ ਦੇ ਪਹਿਰੇਦਾਰ ਕਰ ਕੇ ਗੁਰਮੁਖ ਪੰਜ ਤੇ ਤੁਹਾਨੂੰ ਲੈ ਗਿਆ ਨਾਲ ਪੈਰੀਂ ਨੰਗੀ, ਨੰਗਿਆਂ ਦੇ ਸਿਰ ਤੇ ਪੜਦਾ ਦਏ ਪਾਈਆ । ਇਕ ਵੇਰ ਤੋੜ ਕੇ ਦੁਆਬੇ ਵਾਲਿਓ ਤੁਹਾਡੀ ਸਾਰਿਆਂ ਦੀ ਫੇਰ ਗੰਢੀ, ਅੱਗੇ ਗੰਢ ਨਾ ਕੋਇ ਖੁਲ੍ਹਾਈਆ । ਤੁਹਾਡੇ ਪ੍ਰੇਮ ਵਾਲੀ ਅੰਦਰੋਂ ਪਵਣ ਆਉਂਦੀ ਠੰਡੀ, ਠੰਡਕ ਸਤਿ ਰਹੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸੱਤ ਰੰਗਾ ਕਹੇ ਜਨ ਭਗਤੋ ਮੈਂ ਚਲਿਆ ਤੁਹਾਡੇ ਅੱਗੇ, ਧਰਨੀ ਧਰਤ ਧਵਲ ਹਿਲਾਈਆ । ਹੁਣ ਵੇਖਿਓ ਇਕੋ ਪ੍ਰਭੂ ਦਾ ਦੀਪਕ ਜਗੇ, ਜਗਤ ਜਹਾਨ ਹੋਏ ਰੁਸ਼ਨਾਈਆ । ਤੁਸੀਂ ਖ਼ੁਸ਼ੀਆਂ ਵਿਚ ਲੈਣੇ ਮਜ਼ੇ, ਲੁੱਟੀ ਜਾਏ ਕੂੜ ਲੋਕਾਈਆ । ਕਿਉਂ ਪੁਰਖ ਅਕਾਲਾ ਦੀਨ ਦਿਆਲਾ ਤੁਹਾਡੇ ਦਰਸ਼ਨ ਕਰ ਕੇ ਰੱਜੇ, ਸਨਮੁਖ ਹੋ ਕੇ ਅਗੋਂ ਆਉਂਦਿਆਂ ਲਏ ਮਿਲਾਈਆ । ਜੇ ਤੁਸੀਂ ਯਾਦ ਨਹੀਂ ਕੀਤਾ ਉਹ ਤੁਹਾਡੇ ਸਾਹਮਣੇ ਸ਼ੇਰ ਵਾਂਗ ਗੱਜੇ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਕਹਿ ਕੇ ਕਾਇਨਾਤ ਵਿਚੋਂ ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਬਿਆਸ ਕਹੇ ਨਾਰਦਾ ਵੇਖ ਖੇਲ ਸਤਿਗੁਰ ਦਾ, ਗੁਰਦੇਵ ਕੀ ਕਾਰ ਕਮਾਈਆ । ਗੁਰਮੁਖ ਜਿਸ ਵੇਲੇ ਹੋਣ ਲੱਗੇ ਮੁਰਦਾ, ਸਵਾਧਾਨ ਆਪੇ ਲਏ ਕਰਾਈਆ । ਫੇਰ ਨਾਤਾ ਜੋੜੇ ਧੁਰ ਦਾ, ਧੁਰ ਦਾ ਧਰਮ ਆਪ ਕਮਾਈਆ । ਇਹ ਲੇਖਾ ਸੀ ਅਨੰਦ ਪੁਰ ਦਾ, ਪੁਰੀ ਅਨੰਦ ਦਾ ਲੇਖਾ ਫੇਰ ਬਣਾਈਆ । ਮਾਝੇ ਵਾਲਿਆਂ ਨਾਲ ਥੋੜਾ ਉਸ ਵੇਲੇ ਦੁਆਬੇ ਵਾਲਿਆਂ ਦਾ ਸੰਗ ਤੁਰਦਾ, ਨੌਂ ਕਦਮ ਜਾ ਕੇ ਫੇਰ ਪਿਛਾ ਆਏ ਪ੍ਰਤਾਈਆ । ਉਸ ਵੇਲੇ ਗੋਬਿੰਦ ਦਾ ਬਾਜ਼ ਨੌਂ ਸੌ ਗਜ਼ ਸੀ ਉਪਰ ਉਡਦਾ, ਖ਼ੁਸ਼ੀਆਂ ਦੇ ਵਿਚ ਭੱਜੇ ਵਾਹੋ ਦਾਹੀਆ । ਗੋਬਿੰਦ ਨੇ ਝਟ ਨਿਗਹ ਮਾਰੀ ਦੁਆਬੇ ਦੇ ਵਿਚ ਵਹਿਣ ਵਾਲਾ ਮੇਰਾ ਬੇੜਾ ਤੇ ਨਹੀਂ ਰੁੜ੍ਹਦਾ, ਮੈਂ ਰੁੜ੍ਹਦਿਆਂ ਲਵਾਂ ਬਚਾਈਆ । ਕਿਉਂ ਪਾਰ ਬਿਆਸੋਂ ਜਾਣ ਦਾ ਨਾ ਲੇਖਾ ਮੇਰਾ ਧੁਰ ਦਾ, ਏਸੇ ਕਰਕੇ ਮਾਝੇ ਵਾਲੇ ਨਾ ਸਕੇ ਅਟਕਾਈਆ । ਜਿਸ ਵੇਲੇ ਮੇਰਾ ਪੁਰਖ ਅਕਾਲ ਆਵੇ ਉਹ ਖੇਲ ਜਾਣੇ ਆਪਣੇ ਘਰ ਦਾ, ਘਰਾਨਾ ਮਾਝਾ ਦੇਸ ਸੁਹਾਈਆ । ਉਸ ਨੂੰ ਸਭ ਨੇ ਵੇਖਣਾ ਸੰਬਲ ਦੇ ਵਿਚ ਵੜਦਾ, ਸਚ ਦੁਆਰੇ ਸੋਭਾ ਪਾਈਆ । ਫੇਰ ਲੇਖਾ ਪੂਰਾ ਕਰੇ ਬਿਆਸ ਵਾਲੇ ਜਲ ਦਾ, ਵਹਿੰਦੇ ਵਹਿਣ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਬਿਆਸੇ ਇਹ ਚੰਗਾ ਭਗਵਾਨ, ਉਠ ਵੇਖ ਧਿਆਨ ਲਗਾਈਆ । ਪੰਡਤਾਂ ਨੂੰ ਛਡ ਕੇ ਗ਼ਰੀਬ ਨਿਮਾਣਿਆਂ ਨੂੰ ਦੇਵਣ ਆਇਆ ਦਾਨ, ਆਪਣੀ ਦਇਆ ਕਮਾਈਆ । ਜਗਤ ਵਿਦਿਆ ਤੋੜ ਅਭਿਆਨ, ਇਕੋ ਅੱਖਰ ਰਿਹਾ ਪੜ੍ਹਾਈਆ । ਮੈਂ ਸੁਣਿਆ ਨਾਲ ਆਪਣੇ ਕਾਨ, ਬਿਨਾ ਕੰਨਾਂ ਵਾਲਿਓ ਤੁਹਾਨੂੰ ਦਿਆਂ ਸੁਣਾਈਆ । ਇਕੋ ਜੈਕਾਰਾ ਦੱਸ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਜੁਗ ਦੀ ਭਗਤੀ ਨਾਲੋਂ ਮੰਜ਼ਲ ਪਰੇ ਦਿਤੀ ਵਖਾਈਆ । ਮੈਨੂੰ ਇਉਂ ਦਿਸਦਾ ਓਨ ਦੀਨ ਮਜ਼੍ਹਬ ਦੀ ਰਹਿਣ ਨਹੀਂ ਦੇਣੀ ਕੋਈ ਦੁਕਾਨ, ਠੇਕੇਦਾਰੀ ਸਭ ਦੀ ਪੂਰ ਕਰਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਸਭ ਨੂੰ ਦਰ ਕਰੇ ਪਰਵਾਨ, ਪਰਵਾਨੇ ਆਪਣੇ ਲਏ ਬਣਾਈਆ । ਜਿਨ੍ਹਾਂ ਦਾ ਪੰਧ ਮੁਕਾ ਕੇ ਜ਼ਿਮੀਂ ਅਸਮਾਨ, ਦੋ ਜਹਾਨਾਂ ਪਾਰ ਕਰਾਈਆ । ਨਾਰਦ ਕਹੇ ਰੁੜਕੇ ਵਾਲਿਓ ਤੁਸੀਂ ਵੀ ਜ਼ਰਾ ਹੋ ਜਾਓ ਸਵਾਧਾਨ, ਸਿਧੇ ਸਾਧਿਓ ਆਪਣਾ ਆਪ ਲਓ ਪਰਤਾਈਆ । ਜੇ ਤੁਸੀਂ ਭੁੱਲੇ ਤੁਹਾਡਾ ਭੁੱਲਿਆ ਨਹੀਂ ਸੁਲਤਾਨ, ਸੁਤਿਆਂ ਲਏ ਜਗਾਈਆ । ਅੰਮ੍ਰਿਤ ਵੇਲੇ ਸਾਰੀ ਸੰਗਤ ਕਰਿਓ ਇਸ਼ਨਾਨ, ਇਸ਼ਨਾਨ ਕਰ ਕੇ ਖ਼ੁਸ਼ੀ ਮਨਾਈਆ । ਖ਼ੁਸ਼ੀ ਵਿਚੋਂ ਸਤਿਗੁਰ ਦੇ ਅੱਗੇ ਖ਼ੁਸ਼ੀ ਕਰਿਓ ਪਰਦਾਨ, ਖ਼ੁਸ਼ਾਮੰਦ ਅਵਰ ਨਾ ਕੋਇ ਰਖਾਈਆ । ਸਦਾ ਨਾਤਾ ਬਣਿਆ ਰਹੇ ਭਗਤ ਭਗਵਾਨ, ਜਨ ਭਗਤੋ ਵੱਜਦੀ ਰਹੇ ਵਧਾਈਆ । ਬੁੱਢੇ ਬਾਲੇ ਕਰ ਪਰਵਾਨ, ਨੌਜਵਾਨਾ ਝੋਲੀ ਪਾਈਆ । ਤੇਰੇ ਦਰ ਤੇ ਸਦਾ ਸਦਾ ਤੇਰਾ ਦਰਸ਼ਨ ਪਾਣ, ਦੂਸਰ ਅਵਰ ਨਾ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਵੀਹ ਅੱਸੂ ਕਹੇ ਸਾਡੀ ਪੂਰੀ ਕਰ ਦੇ ਆਸਾ, ਤ੍ਰਿਖਾ ਰਹੇ ਨਾ ਰਾਈਆ । ਚਰਨ ਕਵਲ ਦੇ ਭਰਵਾਸਾ, ਭਾਂਡਾ ਭਰਮ ਭੰਨਾਈਆ । ਤੇਰਾ ਨਾਮ ਜਪੀਏ ਸਵਾਸ ਸਵਾਸਾ, ਸਾਹ ਸਾਹ ਸਮਾਈਆ । ਪ੍ਰਭ ਭਗਤਾਂ ਬਣਿਆ ਰਹੀਂ ਦਾਸੀ ਦਾਸਾ, ਸਦ ਸਦ ਆਪਣਾ ਰੰਗ ਰੰਗਾਈਆ । ਸਾਡੀ ਲੇਖੇ ਲਾ ਲੈ ਅੱਜ ਦੀ ਰਾਤਾ, ਰੈਣ ਭਿੰਨੜੀ ਨਾਲ ਮਿਲਾਈਆ । ਤੂੰ ਹੀ ਪਿਤਾ ਤੂੰ ਹੀ ਮਾਤਾ, ਹਉਂ ਬਾਲਕ ਗੋਦ ਉਠਾਈਆ । ਸਭ ਦਾ ਪੂਰਾ ਕਰ ਭਵਿਖਤ ਵਾਕਾ, ਯੁਧਿਸ਼ਟਰ ਕੂਕ ਕੇ ਦਏ ਸੁਣਾਈਆ । ਲਾਲ ਸਿੰਘ ਵਿਰਾਟ ਦਾ ਸੀ ਛੋਟਾ ਚਾਚਾ, ਪੂਰਬ ਜਨਮ ਜਨਮ ਦ੍ਰਿੜਾਈਆ । ਜਸਵੰਤ ਸਿੰਘ ਸਦਾ ਮੰਨਦਾ ਸੀ ਆਖਾ, ਸਗਲਾ ਸਾਥੀ ਰੂਪ ਦ੍ਰਿੜਾਈਆ । ਪ੍ਰੀਤਮ ਸਿੰਘ ਮਸੇਰ ਵਾਲਾ ਸੀ ਨਾਤਾ, ਵੇਰਾਟ ਨਗਰੀ ਦਏ ਗਵਾਹੀਆ । ਇਹ ਪੂਰਬ ਜਨਮ ਦਾ ਸਾਕਾ, ਦੁਆਬੇ ਵਿਚ ਜੋੜ ਜੁੜਾਈਆ । ਹਰਿ ਸੰਗਤ ਤੇਰੀ ਨਿੱਕਾ ਜਿਹਾ ਕਾਕਾ, ਕਰਮ ਕਾਂਡ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਨਾਰਦ ਕਹੇ ਬਿਆਸੇ ਕੀ ਸੁਣੀ ਕਹਾਣੀ, ਕਹਿ ਕੇ ਦੇ ਜਣਾਈਆ । ਓਏ ਕਮਲਿਆ ਮੈਨੂੰ ਘੁਟ ਨਾ ਮਿਲੇ ਪਾਣੀ, ਪਿਆਸਾ ਭੱਜਾਂ ਵਾਹੋ ਦਾਹੀਆ । ਓ ਵੇਖ ਜਿਹੜੇ ਉਹਨੂੰ ਜਾਣਦੇ ਨਹੀਂ ਉਹਨਾਂ ਦੀ ਲਿਖਾਈ ਜਾਂਦਾ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਮੈਂ ਚਾਰ ਜੁਗ ਦਾ ਪੰਡਾ ਲੇਖਾ ਜਾਣਾਂ ਚਾਰੇ ਖਾਣੀ, ਖ਼ਾਲਸ ਆਪਣਾ ਆਪ ਰਖਾਈਆ । ਮੈਂ ਤਤਾਂ ਵਾਲਾ ਬਣਾਇਆ ਨਹੀਂ ਕੋਈ ਹਾਣੀ, ਨਾਰ ਕੰਤ ਨਾ ਰੂਪ ਦਰਸਾਈਆ । ਮੇਰੀ ਸਦਾ ਇਕੋ ਜਿਹੀ ਜਵਾਨੀ, ਜੜ੍ਹ ਚੇਤਨ ਵੰਡ ਨਾ ਕੋਇ ਵੰਡਾਈਆ । ਮੇਰੀ ਯਾਰੀ ਯਾਰ ਨਾਲ ਪੁਰਾਣੀ, ਪੁਨਹ ਪੁਨਹ ਸੀਸ ਨਿਵਾਈਆ । ਬਿਆਸ ਕਿਹਾ ਨਾਰਦਾ ਉਹ ਸਭ ਦਾ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ । ਅਵਤਾਰ ਪੈਗ਼ੰਬਰ ਗੁਰ ਜਿਸ ਦੀ

ਦੇ ਕੇ ਗਏ ਬਿਆਨੀ, ਬਿਆਨਾ ਨਾਮ ਵਾਲਾ ਰਖਾਈਆ । ਉਹਨਾਂ ਮੇਲੇ ਫੜ ਫੜ ਉਤੇ ਜ਼ਿਮੀਂ ਅਸਮਾਨੀ, ਇਸਮ ਆਜ਼ਮ ਆਪਣਾ ਇਕ ਜਣਾਈਆ । ਕਮਲਿਆ ਤੂੰ ਕੋਈ ਕੀਤੀ ਨਹੀਂ ਕੁਰਬਾਨੀ, ਜਨ ਭਗਤ ਜੁਗ ਜੁਗ ਆਪਣਾ ਆਪ ਸਤਿਗੁਰ ਭੇਟ ਕਰਾਈਆ । ਏਸੇ ਕਰਕੇ ਇਹਨਾਂ ਉਤੇ ਹੁੰਦੀ ਮਿਹਰਵਾਨੀ, ਮਿਹਰਵਾਨ ਮਿਹਰਵਾਨ ਮਿਹਰਵਾਨ ਹੋਇਆ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਅੰਦਰੋਂ ਕਢੇ ਪਰੇਸ਼ਾਨੀ, ਪਸ਼ਚਾਤਾਪ ਦਾ ਡੇਰਾ ਢਾਹੀਆ ।

✪ ੨੧ ਅੱਸੂ ਸ਼ਹਿਨਸ਼ਾਹੀ ਸੰਮਤ ੭ ਪ੍ਰੀਤਮ ਸਿੰਘ, ਸਾਧੂ ਸਿੰਘ, ਹਜ਼ੂਰਾ ਸਿੰਘ ਗੁਰਾਇਆ, ਨਛੱਤਰ ਕੌਰ ਗੁਰਾਇਆ, ਬਿਅੰਤ ਕੌਰ ਧਨੇਤਾ, ਲਾਲ ਸਿੰਘ ਡਲੇਵਾਲ, ਪ੍ਰੇਮ ਸਿੰਘ, ਕੇਸਰ ਸਿੰਘ, ਗੁਰਦੇਵ ਸਿੰਘ ਨਵਾਂ ਪਿੰਡ, ਸਾਧੂ ਸਿੰਘ ਸਲਾਰ ਪੁਰ, ਨਸੀਬ ਕੌਰ ਡਵਿਢਾਰਿਹਾਣਾ, ਅਜੀਤ ਸਿੰਘ ਜਸਵੰਤ ਸਿੰਘ ਭਾਮ, ਗੁਰਦੇਵ ਸਿੰਘ ਦੁਸਾਂਝ ਖ਼ੁਰਦ, ਦਰਸ਼ਨ ਸਿੰਘ ਦੁਸਾਂਝ ਖ਼ੁਰਦ ਫਗਵਾੜਾ ਸ਼ਹਿਰ ✪

ਨਾਰਦ ਕਹੇ ਬਿਆਸਾ ਆਇਆ ਇਕੀ ਅੱਸੂ, ਅਸਵ ਸ਼ਬਦ ਚੜ੍ਹਿਆ ਧੁਰਦਰਗਾਹੀਆ । ਉਹ ਤਕ ਸੱਯਦੇ ਕਰਦੇ ਆਉਂਦੇ ਮੂਸਾ ਸੰਗ ਯਸੂ, ਯਥਾਰਥ ਧਿਆਨ ਲਗਾਈਆ । ਮੁਹੰਮਦ ਚੌਦਾਂ ਤਬਕਾਂ ਬਾਹਰ ਨੱਸੂ, ਨਿਰਗੁਣ ਭੱਜੇ ਵਾਹੋ ਦਾਹੀਆ । ਕੀ ਕਰੇ ਖੇਲ ਅਲੱਖਣਾ ਅਲੱਖੂ, ਹਰਿ ਕਰਤਾ ਧੁਰਦਰਗਾਹੀਆ । ਪਤਾ ਨਹੀਂ ਕਿਹੜਾ ਸੰਦੇਸ਼ਾ ਦੱਸੂ, ਜਿਸ ਨੂੰ ਜੁਗ ਚੌਕੜੀ ਸਮਝ ਕੋਇ ਨਾ ਪਾਈਆ । ਕਿਸ ਬਿਧ ਦੋ ਜਹਾਨਾਂ ਨੱਸੂ, ਨਿਰਗੁਣ ਆਪਣਾ ਪੰਧ ਮੁਕਾਈਆ । ਜਿਸ ਨੇ ਅਵਤਾਰ ਪੈਗ਼ੰਬਰ ਸਭ ਬਣਾਏ ਬੱਚੂ, ਬਚਪਨ ਸਭ ਦਾ ਵੇਖ ਵਖਾਈਆ । ਇਕ ਸ਼ਬਦ ਅਗੰਮਾ ਜੋਤੀ ਧਾਰ ਰਚੂ, ਰਚਨਾ ਆਪਣੀ ਆਪ ਪਰਗਟਾਈਆ । ਜਿਸ ਵਿਚ ਸ੍ਰਿਸ਼ਟੀ ਦ੍ਰਿਸ਼ਟੀ ਨਵ ਸੱਤ ਨੱਚੂ, ਨਵ ਨਵ ਆਪਣਾ ਰੰਗ ਰੰਗਾਈਆ । ਚਾਰ ਕੁੰਟ ਦਹਿ ਦਿਸ਼ਾ ਅੰਗੀਠਾ ਤਪੂ, ਅਗਨੀ ਤਤ ਨਾ ਕੋਇ ਬੁਝਾਈਆ । ਬਿਨਾ ਭਗਤਾਂ ਤੋਂ ਪੁਰਖ ਅਕਾਲ ਦਾ ਨਾਮ ਕੋਇ ਨਾ ਜਪੂ, ਸਿਫ਼ਤਾਂ ਵਾਲੀ ਜਗਤ ਸਿਫ਼ਤ ਸਾਲਾਹੀਆ । ਲੱਖ ਚੁਰਾਸੀ ਧਾਰ ਕੋਇ ਨਾ ਟੱਪੂ, ਮੰਜ਼ਲ ਪੰਧ ਨਾ ਕੋਇ ਮੁਕਾਈਆ । ਸਭ ਦੀ ਡੋਰ ਸਤਿਗੁਰ ਸ਼ਬਦੀ ਧਾਰ ਕਟੂ, ਕਟਾਕਸ਼ ਇਕੋ ਇਕ ਲਗਾਈਆ । ਸਦੀ ਚੌਧਵੀਂ ਚਾਰ ਯਾਰੀ ਨਾਲ ਕਲਮੇ ਹੋਣੀ ਮਨਖੱਟੂ, ਮੁਹੰਮਦ ਵੇਖੇ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕੀ ਧੁਰ ਦਾ ਹੁਕਮ ਵਰਤਾਈਆ । ਬਿਆਸ ਕਹੇ ਮੈਂ ਤਕਾਂ ਗੋਈਪੇਸ਼ੀਨ, ਪੁਸ਼ਤ ਦਰ ਪੁਸ਼ਤ ਧਿਆਨ ਲਗਾਈਆ । ਕੀ ਖੇਲ ਕਰੇ ਹਰਿ ਕਰਤਾ ਉਤੇ ਜ਼ਮੀਨ, ਜ਼ਾਹਰ ਜ਼ਹੂਰ ਨੂਰ ਇਲਾਹੀਆ । ਜਿਸ ਨੂੰ ਸਭ ਨੇ ਕਿਹਾ ਆਮੀਨ, ਅਮਲਾਂ ਤੋਂ ਰਹਿਤ ਨੂਰ ਇਲਾਹੀਆ । ਸੋ ਬਦਲ ਦੇਵੇ ਤਾਲੀਮ, ਸਿਖਿਆ ਸਾਖਿਆਤ ਸਮਝਾਈਆ । ਜਿਸਦਾ ਹੁਕਮ ਸੰਦੇਸ਼ਾ ਇਕੋ ਹੋਵੇ ਅਜ਼ੀਮ, ਆਲੀਸ਼ਾਨ ਆਲੀਜਾਹ ਦਏ ਦ੍ਰਿੜਾਈਆ । ਜਿਸ ਝਗੜਾ ਮੇਟਣਾ ਨਰ ਮਦੀਨ, ਮੁੱਦਾ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਇੱਕੀ ਅੱਸੂ ਕਹੇ ਬਿਆਸਾ ਮੇਰੀ ਤਕ ਪੇਸ਼ਾਨੀ,


੧੪੮੦ ੨੨

ਜੋ ਪੇਸ਼ਵਾ ਗਏ ਦ੍ਰਿੜਾਈਆ । ਮੰਜ਼ਲ ਵੇਖ ਰੁਹਾਨੀ, ਰੂਹ ਬੁਤ ਪਰੇ ਧਿਆਨ ਲਗਾਈਆ । ਕੀ ਖੇਲ ਕਰੇ ਵਾਲੀ ਦੋ ਜਹਾਨੀ, ਨਿਰਗੁਣ ਸਰਗੁਣ ਆਪਣੀ ਕਾਰ ਭੁਗਤਾਈਆ । ਜਿਸ ਦਾ ਹੁਕਮ ਸੰਦੇਸ਼ਾ ਅਗੰਮ ਕਲਾਮੀ, ਕਾਇਨਾਤ ਇਕ ਦ੍ਰਿੜਾਈਆ । ਉਹ ਵੇਖੇ ਨਵ ਨੌ ਸਰਬ ਤਮਾਮੀ, ਤਮਾ ਤਾਮਸ ਖੋਜ ਖੁਜਾਈਆ । ਜਿਸ ਨੂੰ ਮੁਹੰਮਦ ਕਿਹਾ ਮੇਰਾ ਅਮਾਮੀ, ਅਮਲਾਂ ਤੋਂ ਰਹਿਤ ਨੂਰ ਇਲਾਹੀਆ । ਉਹ ਸਭ ਤੋਂ ਲਵੇ ਅੰਤਮ ਇਕ ਸਲਾਮੀ, ਸਲਾਮਤ ਵਡ ਵਡਿਆਈਆ । ਫੇਰ ਨਾਤਾ ਜੋੜੇ ਸਭ ਦਾ ਬਾਹਮੀ, ਵਿਸ਼ਨ ਬ੍ਰਹਮਾ ਸ਼ਿਵ ਬੈਠਣ ਸੀਸ ਨਿਵਾਈਆ । ਪੈਗ਼ੰਬਰਾਂ ਸ਼ਰਅ ਕਟੇ ਗ਼ੁਲਾਮੀ, ਜ਼ੰਜੀਰ ਕਲਮਿਆਂ ਵਾਲਾ ਤੋੜ ਤੁੜਾਈਆ । ਮੰਜ਼ਲ ਆਪਣੀ ਦੱਸ ਰੁਹਾਨੀ, ਰੂਹ ਬੁਤ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਬਿਆਸ ਕਹੇ ਮੈਂ ਦੱਸਾਂ ਖੇਲ ਅਪਾਰਾ, ਕੀ ਅਪਰੰਪਰ ਕਾਰ ਕਮਾਈਆ । ਜਿਸ ਦਾ ਲੇਖਾ ਲਿਖੇ ਨਾ ਕਾਤਬ ਕੋਇ ਲਿਖਾਰਾ, ਅਵਤਾਰ ਪੈਗ਼ੰਬਰ ਗੁਰ ਅੰਤ ਕਹਿਣ ਕੋਇ ਨਾ ਪਾਈਆ । ਸੋ ਨਿਰਗੁਣ ਨਿਰਵੈਰ ਨਿਰਾਕਾਰ ਹੋਏ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਜਿਹਨੂੰ ਚਾਰ ਜੁਗ ਦੇ ਸ਼ਾਸਤਰ ਕਹਿੰਦੇ ਪਰਗਟ ਹੋਵੇ ਚਵ੍ਹੀਆਂ ਅਵਤਾਰਾ, ਸਦੀ ਚੌਧਵੀਂ ਲੇਖਾ ਦਏ ਮੁਕਾਈਆ । ਕਲਜੁਗ ਵਿਚ ਸਤਿਜੁਗ ਬੰਨ੍ਹੇ ਸਾਚੀ ਧਾਰਾ, ਧਰਨੀ ਧਰਤ ਧੌਲ ਦੇਵੇ ਮਾਣ ਵਡਿਆਈਆ । ਇਕੋ ਨਾਮ ਕਲਮਾ ਦੱਸ ਜੈਕਾਰਾ, ਤੂੰ ਹੀ ਤੂੰ ਹੀ ਦਏ ਦ੍ਰਿੜਾਈਆ । ਆਤਮ ਬ੍ਰਹਮ ਦਾ ਬਣ ਪਿਆਰਾ, ਪ੍ਰੀਤਮ ਆਪਣਾ ਰੰਗ ਰੰਗਾਈਆ । ਜਨ ਭਗਤਾਂ ਸੀਸ ਬੰਨ੍ਹ ਦਸਤਾਰਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਲੈ ਕੇ ਜਾਏ ਸਚਖੰਡ ਸਚੇ ਦਵਾਰਾ, ਦਰਗਹ ਸਾਚੀ ਹੋਏ ਸਹਾਈਆ । ਜਿਸ ਦਾ ਲੇਖਾ ਕਾਗਦ ਕਲਮ ਨਾ ਲਿਖਣਹਾਰਾ, ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਇੱਕੀ ਅੱਸੂ ਕਹੇ ਮੇਰੀ ਪੁਰਾਣੀ ਆਸਾ, ਨੌ ਸੌ ਚੁਰਾਨਮੇਂ ਚੌਕੜੀ ਜੁਗ ਧਿਆਨ ਲਗਾਈਆ । ਕਵਣ ਵੇਲਾ ਮੇਰਾ ਖ਼ਾਲੀ ਭਰੇ ਕਾਸਾ, ਵਸਤ ਅਗੰਮ ਦਏ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਦੇਂਦੇ ਗਏ ਦਿਲਾਸਾ, ਅੰਤ ਗੋਬਿੰਦ ਸ਼ਬਦੀ ਸ਼ਬਦ ਜਣਾਈਆ । ਤੇਰਾ ਲਹਿਣਾ ਦੇਣਾ ਪੂਰਾ ਕਰੇ ਪੁਰਖ ਅਬਿਨਾਸ਼ਾ, ਹਰਿ ਕਰਤਾ ਧੁਰਦਰਗਾਹੀਆ । ਜੋ ਮੰਡਲ ਮੰਡਪ ਪਾਵੇ ਰਾਸਾ, ਦੋ ਜਹਾਨਾਂ ਵੇਖੇ ਚਾਈਂ ਚਾਈਂਆ । ਉਹ ਖੇਲ ਕਰੇ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਪੜਦਾ ਉਠਾਈਆ । ਜਨ ਭਗਤਾਂ ਬਣ ਕੇ ਰਾਖਾ, ਲੋਕਮਾਤ ਹੋਏ ਸਹਾਈਆ । ਮੇਲ ਮਿਲਾ ਕੇ ਕਮਲਾਪਾਤਾ, ਪਤਿਪਰਮੇਸ਼ਵਰ ਰੰਗ ਰੰਗਾਈਆ । ਭੇਵ ਰਹੇ ਨਾ ਜੋਤੀ ਜਾਤਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਤਿ ਧਰਮ ਦੀ ਦੱਸੇ ਗਾਥਾ, ਗਹਿਰ ਗੰਭੀਰ ਦਇਆ ਕਮਾਈਆ । ਜਿਸ ਨੂੰ ਕੋਟਨ ਕੋਟ ਝੁਕਣ ਤ੍ਰੈਲੋਕੀ ਨਾਥਾ, ਰਾਮ ਰਾਮਾ ਸੀਸ ਨਿਵਾਈਆ । ਪੈਗ਼ੰਬਰ ਖ਼ਾਦਮ ਹੋ ਕੇ ਕਦਮ ਰਹੇ ਚਾਟਾ, ਧੂੜੀ ਮਸਤਕ ਖ਼ਾਕ ਰਮਾਈਆ । ਉਹ ਆਦਿ ਅੰਤ ਦਾ ਲੇਖਾ ਜਾਣੇ ਸਾਕਾ, ਸਾਖਿਆਤ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਪੜਦਾ ਲਾਹੀਆ । ਅੱਸੂ ਕਹੇ ਔਹ ਨਾਰਦ ਆਇਆ ਸਿਰੋਂ ਨੰਗਾ, ਬੋਦੀ ਰਿਹਾ ਹਿਲਾਈਆ । ਨਾਰਦ ਕਹੇ ਮੈਂ ਨਾਲ ਲੈ ਕੇ ਆਇਆ ਗੋਦਾਵਰੀ ਸੁਰਸਤੀ ਜਮਨਾ ਗੰਗਾ, ਗੰਗੋਤਰੀ ਆਪਣਾ ਪੰਧ ਮੁਕਾਈਆ । ਅਵਤਾਰ ਪੈਗ਼ੰਬਰ ਗੁਰੂਆਂ ਪੈਂਡਾ ਲੰਘਾ, ਮੰਜ਼ਲ ਮੰਜ਼ਲ ਦਏ ਗਵਾਹੀਆ । ਕਲਜੁਗ ਸਾਚਾ ਦਿਸੇ ਨਾ ਕੋਇ ਪਾਂਧਾ ਪੰਡਾ, ਪੰਡਤ


੧੪੮੧
੨੨

ਨਜ਼ਰ ਕੋਇ ਨਾ ਆਈਆ । ਜਗਤ ਜਹਾਨ ਹੋਇਆ ਅੰਧਾ, ਨਿਜ ਨੇਤਰ ਲੋਚਨ ਨੈਣ ਅੱਖ ਨਾ ਕੋਇ ਖੁਲ੍ਹਾਈਆ । ਮਨ ਵਾਸਨਾ ਹੋਇਆ ਗੰਦਾ, ਬੁਧ ਬਿਬੇਕ ਨਾ ਕੋਇ ਕਰਾਈਆ । ਸਾਚੀ ਮੰਜ਼ਲ ਚੜ੍ਹੇ ਕੋਇ ਨਾ ਡੰਡਾ, ਸਚਖੰਡ ਸਾਚੇ ਪੰਧ ਨਾ ਕੋਇ ਮੁਕਾਈਆ । ਜਿਧਰ ਤਕਾਂ ਭੇਖ ਪਖੰਡਾ, ਕੂੜੀ ਕਿਰਿਆ ਨਾਲ ਹਲਕਾਈਆ । ਜਾਂ ਨਿਗਹ ਮਾਰੀ ਸ਼ਬਦੀ ਸਤਿਗੁਰੂ ਇਕ ਵਖਾਇਆ ਖੰਡਾ, ਖੜਗ ਅਗੰਮ ਚਮਕਾਈਆ । ਜਿਸ ਨੇ ਲੱਖ ਚੁਰਾਸੀ ਦੇਣਾ ਦੰਡਾ, ਡੰਡਾਵਤ ਸਭ ਦੀ ਦਏ ਬਦਲਾਈਆ । ਕਲਜੁਗ ਪੈਂਡਾ ਰਹਿਣ ਨਹੀਂ ਦੇਣਾ ਲੰਬਾ, ਆਯੂ ਅੱਗੇ ਨਾ ਕੋਇ ਰਖਾਈਆ । ਉਮਤ ਦਾ ਪਾਟਾ ਦਿਸੇ ਤੰਬਾ, ਓਢਣ ਸੀਸ ਨਾ ਕੋਇ ਰਖਾਈਆ । ਲਹਿਣਾ ਮੁਕਣਾ ਤਾਰਾ ਚੰਦਾ, ਚੰਦ ਸਿਤਾਰ ਨੀਰ ਵਹਾਈਆ । ਅੰਤਮ ਸਭ ਨੇ ਗਾਉਣਾ ਇਕੋ ਛੰਦਾ, ਤੂੰ ਮੇਰਾ ਮੈਂ ਤੇਰਾ ਢੋਲਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਉਠ ਵੇਖ ਜਮਨਾ ਸੁਰਸਤੀ, ਸੁਤਿਆਂ ਰਿਹਾ ਜਗਾਈਆ । ਗੰਗਾ ਗੋਦਾਵਰੀ ਆਈ ਨੱਸਦੀ, ਭੱਜੀ ਵਾਹੋ ਦਾਹੀਆ । ਕੀ ਸਿਫ਼ਤ ਗਾਈਏ ਉਸ ਦੇ ਜਸ ਦੀ, ਅੱਖਰਾਂ ਨਾਲ ਵਡਿਆਈਆ । ਜਿਸ ਨੂੰ ਅਵਤਾਰ ਪੈਗ਼ੰਬਰ ਗੁਰੂਆਂ ਆਸ਼ਾ ਨਾ ਲਖਦੀ, ਲਿਖ ਲਿਖ ਲੇਖ ਨਾ ਕੋਇ ਮੁਕਾਈਆ । ਉਹਦੀ ਖੇਲ ਵੇਖਣੀ ਵੱਖ ਦੀ, ਵੱਖਰੀ ਕਾਰ ਕਮਾਈਆ । ਜਿਹੜੀ ਸ੍ਰਿਸ਼ਟੀ ਪਿਆਸੀ ਹੋਈ ਮਿਝ ਰੱਤ ਦੀ, ਦੀਨ ਦੁਨੀ ਕਾਤਲ ਮਕਤੂਲ ਰੂਪ ਵਖਾਈਆ । ਉਸ ਧਾਰ ਜਣਾਉਣੀ ਮਨਮਤ ਦੀ, ਗੁਰਮਤ ਸਾਰੇ ਗਏ ਗਵਾਈਆ । ਖੇਲ ਪੂਰੀ ਕਰਨੀ ਗੋਬਿੰਦ ਵਾਲੇ ਖ਼ਤ ਦੀ, ਜੋ ਬਿਨ ਅੱਖਰਾਂ ਗਿਆ ਲਿਖਾਈਆ । ਜਿਸ ਦੇ ਨਾਲ ਸਦੀ ਚੌਧਵੀਂ ਭੱਠੀ ਤਪਦੀ, ਅਗਨੀ ਅੱਗ ਨਾ ਕੋਇ ਬੁਝਾਈਆ । ਮਾਇਆ ਰੂਪ ਬਣ ਗਈ ਸੱਪ ਦੀ, ਡੱਸਣੀ ਡੱਸੇ ਥਾਉਂ ਥਾਈਂਆ । ਧੀਰਜ ਰਹੀ ਨਾ ਕਿਸੇ ਜਤ ਦੀ, ਜਗਤ ਵਾਸਨਾ ਕੂੜ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਕਰਾਈਆ । ਗੰਗਾ ਕਹੇ ਵੇ ਨਾਰਦਾ, ਕੁਝ ਸਾਨੂੰ ਦੇ ਸਮਝਾਈਆ । ਕਿਉਂ ਨਹੀਂ ਗੋਬਿੰਦ ਨੇ ਕੰਢਾ ਵੇਖਿਆ ਬਿਆਸਾ ਪਾਰ ਦਾ, ਕੀ ਪਾਰਬ੍ਰਹਮ ਹੁਕਮ ਜਣਾਈਆ । ਕਿਉਂ ਦੂਰ ਦੁਰਾਡਾ ਰਿਹਾ ਲਲਕਾਰਦਾ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਕਿਉਂ ਖੇਲ ਤਕਦਾ ਰਿਹਾ ਬਾਜ਼ ਉਡਾਰਦਾ, ਬਾਜ਼ਾਂ ਵਾਲਾ ਵੇਖ ਵਖਾਈਆ । ਕੀ ਹੁਕਮ ਸੰਦੇਸ਼ ਸੱਚੀ ਸਰਕਾਰ ਦਾ, ਜਿਸ ਨੂੰ ਮੇਟ ਸਕੇ ਨਾ ਰਾਈਆ । ਨਾਰਦ ਕਿਹਾ ਕਮਲੀਏ ਉਹ ਰੂਪ ਆਪ ਕਰਤਾਰ ਦਾ, ਕੁਦਰਤ ਕਾਦਰ ਇਕ ਅਖਵਾਈਆ । ਉਹ ਨਿਸ਼ਾਨਾ ਦੱਸ ਕੇ ਗਿਆ ਚਵ੍ਹੀਏ ਅਵਤਾਰ ਦਾ, ਨਰ ਨਰਾਇਣ ਜੋ ਅਖਵਾਈਆ । ਜੋ ਸੰਬਲ ਬਹਿ ਕੇ ਸਭ ਦੀ ਪੈਜ ਸੁਆਰਦਾ, ਹਰਿਜਨ ਸਾਚੇ ਆਪ ਉਠਾਈਆ । ਫੜ ਫੜ ਡੁਬਿਆਂ ਪਾਰ ਉਤਾਰਦਾ, ਸਿਰ ਸਿਰ ਆਪਣਾ ਹੱਥ ਰਖਾਈਆ । ਲੇਖਾ ਵੇਖੇ ਨਾ ਗੁਨਾਹਗਾਰ ਦਾ, ਕੋਟ ਜਨਮ ਦੇ ਪਾਪੀ ਪਾਰ ਲੰਘਾਈਆ । ਜਿਸ ਨੂੰ ਆਦਿ ਅੰਤ ਗੋਬਿੰਦ ਨਿਮਸਕਾਰਦਾ, ਨਮੋ ਨਮੋ ਨਮੋ ਸੀਸ ਨਿਵਾਈਆ । ਉਹ ਨੂਰ ਇਕ ਪੁਰਖ ਅਕਾਲ ਦਾ, ਅਕਲ ਕਲਧਾਰੀ ਆਪ ਅਖਵਾਈਆ । ਜਿਸ ਨੇ ਲਹਿਣਾ ਦੇਣਾ ਕਲਜੁਗ ਅੰਤਮ ਪੂਰਾ ਕਰਨਾ ਸਰਬ ਸੰਸਾਰ ਦਾ, ਚੁਰਾਸੀ ਵਿਚੋਂ ਬਚਿਆ ਰਹਿਣ ਕੋਇ ਨਾ ਪਾਈਆ । ਭੇਵ ਖੁਲ੍ਹਾਉਣਾ ਇਕ ਸਚ ਸਚੇ ਦਰਬਾਰ ਦਾ, ਦਰਗਹ ਸਾਚੀ ਆਪ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਜਮਨਾ ਕਹੇ ਪੰਡਤਾ ਉਹ

ਰਾਵੀ ਕਿਹਨੂੰ ਉਡੀਕੇ, ਬਿਨ ਨੈਣਾਂ ਨੈਣ ਉਠਾਈਆ । ਜਿਸ ਨੇ ਵਾਹਿਦੇ ਕੌਲ ਇਕਰਾਰ ਕੀਤੇ, ਜੁਗ ਚੌਕੜੀ ਹੁਕਮ ਸੁਣਾਈਆ । ਉਹ ਵੇਖੇ ਸਭ ਦੇ ਲਹਿਣੇ ਬੀਤੇ, ਬਾਤਨ ਆਪਣਾ ਪੜਦਾ ਲਾਹੀਆ । ਕਮਲੀਏ ਰਾਵੀ ਕਹੇ ਮੈਂ ਕੀਤੀ ਇਕ ਪ੍ਰੀਤੇ ਪ੍ਰੀਤਮ ਮਿਲ ਕੇ ਵੱਜੇ ਵਧਾਈਆ । ਮੈਨੂੰ ਸਤਿਗੁਰ ਅਰਜਨ ਦੱਸਿਆ ਉਠਾ ਕੇ ਆਪਣੀ ਉਂਗਲੀ ਚੀਚੇ, ਨਿੱਕੀ ਨਿੱਕਿਉਂ ਵੱਡੇ ਜਣਾਈਆ । ਜਿਸ ਵੇਲੇ ਕਲਜੁਗ ਅੰਤਮ ਸਦੀ ਚੌਧਵੀਂ ਬੀਤੇ, ਮੁਹੰਮਦ ਦਾ ਲੇਖਾ ਰਹੇ ਨਾ ਰਾਈਆ । ਫੇਰ ਪਰਗਟ ਹੋਵੇ ਪੁਰਖ ਅਕਾਲਾ ਤ੍ਰੈਗੁਣ ਅਤੀਤੇ, ਤ੍ਰੈਭਵਣ ਧਨੀ ਨੂਰ ਇਲਾਹੀਆ । ਜਿਸ ਨੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਭ ਦੇ ਨਾਲ ਕੌਲ ਇਕਰਾਰ ਕੀਤੇ, ਅਵਤਾਰ ਪੈਗ਼ੰਬਰ ਗੁਰੂ ਸਾਰੇ ਸਨਮੁਖ ਲਏ ਬੁਲਾਈਆ । ਅਗਲਾ ਹੁਕਮ ਦੱਸੇ ਨਾਮ ਹਦੀਸੇ, ਹਜ਼ਰਤਾਂ ਤੋਂ ਪਰੇ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਇਕ ਅਖਵਾਈਆ । ਗੋਦਾਵਰੀ ਕਹੇ ਨਾਰਦਾ ਵੇਖ ਆਪਣੀ ਬੋਦੀ, ਪਵਣ ਜਗਤ ਰਹੀ ਹਿਲਾਈਆ । ਜਿਸ ਪੁਰਖ ਅਕਾਲ ਚੁੱਕਿਆ ਆਪਣੀ ਗੋਦੀ, ਗੋਦ ਆਪਣੇ ਵਿਚ ਰਖਾਈਆ । ਕੁਛ ਉਸ ਦੀ ਦੱਸ ਦੇ ਸੋਝੀ, ਸਮਝ ਤੋਂ ਬਾਹਰ ਦੇਣਾ ਦ੍ਰਿੜ੍ਹਾਈਆ । ਮੈਂ ਤੇਰੇ ਹੱਥ ਲਗਾਵਾਂ ਗੋਡੀਂ, ਚਾਰ ਜੁਗ ਦੇ ਪੰਡਤਾ ਤੇਰੀ ਸਿਫ਼ਤ ਸਾਲਾਹੀਆ । ਤੂੰ ਨਿਰਗੁਣ ਸਰਗੁਣ ਧਾਰ ਧੁਰ ਦੀ ਖੋਜੀ, ਚਾਰੋਂ ਕੁੰਟ ਭੱਜੇਂ ਵਾਹੋ ਦਾਹੀਆ । ਮਸਖ਼ਰਿਆ ਵਿਚ ਬੜਾ ਮੌਜੀ, ਮਜਲਸ ਭਗਤਾਂ ਸੰਗ ਰਖਾਈਆ । ਤੈਨੂੰ ਮਾਇਆ ਮਮਤਾ ਦਾ ਨਹੀਂ ਕੋਈ ਲੋਭੀ, ਲਾਲਚ ਨਜ਼ਰ ਕੋਇ ਨਾ ਆਈਆ । ਤੈਥੋਂ ਵਡਾ ਨਹੀਂ ਕੋਈ ਜੋਗੀ, ਜੁਗੀਸ਼ਰ ਰਹੇ ਸੁਣਾਈਆ । ਤੈਨੂੰ ਵੇਖਣ ਲੋਕ ਪਰਲੋਕੀ, ਚਾਰੋਂ ਕੁੰਟ ਧਿਆਨ ਲਗਾਈਆ । ਤੂੰ ਕਿਹੜੀ ਪੰਡਤਾਂ ਵਾਲੀ ਫੋਲਣੀ ਪੋਥੀ, ਪੁਸਤਕ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਆਪ ਜਣਾਈਆ । ਗੋਦਾਵਰੀ ਕਹੇ ਮੈਂ ਵੇਖਿਆ ਗੋਬਿੰਦ ਸੂਰਾ, ਸੂਰਬੀਰ ਸੁਣਾਈਆ । ਜੋ ਬਚਨਾਂ ਦਾ ਹੋਵੇ ਪੂਰਾ, ਕੌਲ ਇਕਰਾਰ ਤੋੜ ਨਿਭਾਈਆ । ਜਿਸ ਦਾ ਹੁਕਮ ਨਾ ਹੋਵੇ ਅਧੂਰਾ, ਹਜ਼ਰਤਾਂ ਤੋਂ ਬਾਹਰ ਦਏ ਸਮਝਾਈਆ । ਜਿਸ ਨੇ ਲੇਖਾ ਪੂਰਾ ਕਰਨਾ ਮੂਸੇ ਵਾਲਾ ਕੋਹਤੂਰਾ, ਕੋਹਤੂਰ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਇੱਕੀ ਅੱਸੂ ਕਹੇ ਮੇਰਾ ਦਿਵਸ ਸੁਹੰਜਣਾ, ਜਨ ਭਗਤ ਮਿਲੇ ਵਡਿਆਈਆ । ਹਰਿ ਦੇਵੇ ਪੁਰਖ ਨਿਰੰਜਣਾ, ਨਰ ਨਰਾਇਣ ਅਗੰਮ ਅਥਾਹੀਆ । ਚਰਨ ਧੂੜ ਕਰਾਏ ਮਜਨਾ, ਦੁਰਮਤ ਮੈਲ ਧਵਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਦੱਸ ਕੇ ਇਕੋ ਬੰਦਨਾ, ਬੰਦਗੀ ਧੁਰ ਦੀ ਇਕ ਸਮਝਾਈਆ । ਜਿਸ ਨਾਲ ਆਤਮ ਪਰਮਾਤਮ ਚੜ੍ਹੇ ਰੰਗਣਾ, ਦੂਜਾ ਰੰਗ ਨਾ ਕੋਇ ਵਖਾਈਆ । ਲੋਕ ਪਰਲੋਕ ਦੋ ਜਹਾਨਾਂ ਵਿਚ ਦੂਜਾ ਦਰ ਪਏ ਨਾ ਮੰਗਣਾ, ਖ਼ਾਲੀ ਝੋਲੀ ਅੱਗੇ ਕੋਇ ਨਾ ਡਾਹੀਆ । ਜਿਨ੍ਹਾਂ ਪੁਰਖ ਅਕਾਲਾ ਦੀਨ ਦਿਆਲਾ ਮਿਲ ਗਿਆ ਸੂਰਾ ਸਰਬੰਗਣਾ, ਸੂਰਬੀਰ ਅਗੰਮ ਅਥਾਹੀਆ । ਉਹਨਾਂ ਚੁਰਾਸੀ ਲੱਖ ਤੁਟਾ ਤੰਦਨਾ, ਸ਼ਰਅ ਜ਼ੰਜੀਰ ਨਾ ਕੋਇ ਬੰਧਾਈਆ । ਇਕੋ ਨਾਮ ਦਾ ਪਾ ਕੇ ਅੰਜਣਾ, ਅੰਧ ਅੰਧੇਰਾ ਦਿਤਾ ਗਵਾਈਆ । ਜਨ ਭਗਤਾਂ ਭਗਵਨ ਹੋ ਕੇ ਸਦਾ ਸੰਗਣਾ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਇਕ ਅਨੰਦਨਾ, ਅਨੰਦ ਅਨੰਦ ਵਿਚੋਂ ਵਖਾਈਆ ।

੧੪੮੩ ੨੨

★ ੨੨ ਅੱਸੂ ਸ਼ਹਿਨਸ਼ਾਹੀ ਸੰਮਤ ੭ ਗੁਰਮੀਤ ਸਿੰਘ ਚਰਨ ਕੌਰ ਪਿੰਦਰ ਸਿੰਘ ਮਨਸਾ ਸਿੰਘ ਪ੍ਰੀਤਮ ਕੌਰ ਮਾਲ ਗਹਿਲਾ
ਚਰਨ ਕੌਰ ਸੰਤੋਖ ਸਿੰਘ ਸੋਢੀਆਂ ਗਨੇਸ਼ਾ ਸਿੰਘ ਕੋਟ ਕਲਾਂ ਹਰਭਜਨ ਕੌਰ ਕੋਟਲੀਥਾਨ ਮਹਿੰਗਾ ਸਿੰਘ ਹਰੀਪੁਰ
ਮਿਲਖਾ ਸਿੰਘ ਸੈਲਾ ਖ਼ੁਰਦ ਕਰਤਾਰ ਕੌਰ ਜਮਸ਼ੇਦ ਖੇੜਾ, ਇਕਬਾਲ ਸਿੰਘ ਜਗਪਾਲ ਪੁਰ
ਜੁਗਿੰਦਰ ਸਿੰਘ ਦੌਲਤਪੁਰ ਪਿੰਡ ਫਰਾਲਾ ਜ਼ਿਲਾ ਜੰਲਧਰ ★

ਨਾਰਦ ਕਹੇ ਬਿਆਸਾ ਤੇਰੀ ਪੂਰੀ ਹੋਵੇ ਤਮੰਨਾ, ਤਾਮਸ ਤ੍ਰਿਸਨਾ ਰਹੇ ਨਾ ਰਾਈਆ। ਉਠ ਵੇਖ ਗੋਬਿੰਦ ਵਾਲਾ ਕੰਨਾ, ਜੋ ਕਾਇਨਾਤ ਨਜ਼ਰ ਕਿਸੇ ਨਾ ਆਈਆ। ਜਿਸ ਨੇ ਜਗਤ ਜਹਾਨ ਕੀਤਾ ਅੰਨਾ, ਨਿਜ ਨੇਤਰ ਲੋਚਣ ਨੈਣ ਨਾ ਕੋਇ ਖੁਲ੍ਹਾਈਆ। ਨਾਮ ਪਦਾਰਥ ਪਾਏ ਕੋਇ ਨਾ ਧਨਾ, ਧਰਮ ਦੀ ਧਾਰ ਨਾ ਕੋਇ ਪ੍ਰਗਟਾਈਆ। ਮਨਸਾ ਚੁਕਾਏ ਕੋਇ ਨਾ ਮਨਾ, ਮਮਤਾ ਮੋਹ ਨਾ ਕੋਇ ਗਵਾਈਆ। ਝਗੜਾ ਤਕ ਮਾਟੀ ਚੰਮਾ, ਚਾਰ ਕੁੰਟ ਕੁੰਟ ਕੁਰਲਾਈਆ। ਪੁਰਖ ਅਕਾਲ ਬਦਲਣ ਵਾਲਾ ਆਪਣਾ ਸਮਾਂ, ਸੰਮਣ ਸਭ ਦੇ ਰਿਹਾ ਕਢਾਈਆ। ਦੀਨ ਮਜ਼੍ਹਬ ਦੀ ਵੇਖੇ ਤਮਾ, ਲਾਲਚ ਨਾਮ ਕਲਮਾ ਖੋਜ ਖੁਜਾਈਆ। ਨਿਸ਼ਾਨ ਤਕੇ ਤਾਰਾ ਚੰਨਾ, ਚੰਦ ਸਿਤਾਰ ਅੱਖ ਉਠਾਈਆ। ਜਿਸ ਨੇ ਅੰਤਮ ਮੇਟਣਾ ਸਭ ਦਾ ਬੰਨਾ, ਬੰਧਨ ਮਾਤ ਵਾਲੇ ਤੁੜਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ। ਬਿਆਸ ਕਹੇ ਮੇਰਾ ਖੁਲ੍ਹਿਆ ਅਗੰਮੀ ਨੇਤਰ, ਨੈਣ ਮਿਲੀ ਵਡਿਆਈਆ। ਜਗਤ ਜਹਾਨ ਤੱਕਿਆ ਖੇਤਰ, ਚਾਰੋਂ ਕੁੰਟ ਫੋਲ ਫੁਲਾਈਆ। ਪੜਦਾ ਉਠਿਆ ਜੜ੍ਹ ਚੇਤਨ, ਭੇਵ ਅਭੇਦਾ ਰਿਹਾ ਨਾ ਰਾਈਆ। ਸਦੀ ਚੌਧਵੀਂ ਬਣਿਆ ਲੇਖਣ, ਲਿਖਿਆ ਲੇਖ ਨਾ ਕੋਇ ਮਿਟਾਈਆ। ਪੁਰਖ ਅਕਾਲਾ ਦੀਨ ਦਿਆਲਾ ਧਾਰੇ ਭੇਖਣ, ਭੇਖਾਧਾਰੀ ਵਡ ਵਡਿਆਈਆ। ਕਲਜੁਗ ਕੂੜੀ ਕਿਰਿਆ ਭੰਨੇ ਰੇਠਣ, ਨਵ ਖੰਡ ਪ੍ਰਿਥਮੀ ਫੋਲ ਫੁਲਾਈਆ। ਝਗੜਾ ਮੇਟੇ ਜਗਿਆਸੂ ਸੇਠਣ, ਸਿਰ ਸਿਰ ਆਪਣਾ ਹੁਕਮ ਮਨਾਈਆ। ਪ੍ਰਭ ਕਾ ਨਾਮ ਘਰ ਘਰ ਜਾਏ ਕੋਇ ਨਾ ਵੇਚਣ, ਕੀਮਤ ਟਕਿਆਂ ਵਾਲੀ ਪਾਈਆ। ਪੁਰਖ ਅਕਾਲਾ ਦੀਨ ਦਿਆਲਾ ਖੇਲ ਕਰੇ ਨੇਤ ਨੇਤਨ, ਨਰ ਨਰਾਇਣ ਧੁਰਦਰਗਾਹੀਆ। ਸਭ ਦਾ ਲੇਖਾ ਜਾਣੇ ਏਕੰਕਾਰ ਏਕਨ, ਇਕ ਇਕੱਲਾ ਵਡ ਵਡਿਆਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ। ਬਿਆਸ ਕਹੇ ਮੈਂ ਨੌਂ ਦਿਨ ਤੱਕਿਆ ਨਜ਼ਾਰਾ, ਨਜ਼ਰੀਆਂ ਨਜ਼ਰ ਵਿਚੋਂ ਬਦਲਾਈਆ। ਖੇਲ ਵੇਖਿਆ ਕਲ ਕਲਕੀ ਅਵਤਾਰਾ, ਅਵਤਰ ਆਪਣੀ ਕਾਰ ਕਮਾਈਆ। ਜੋ ਲੇਖ ਮਿਟਾਏ ਭਗਤਾਂ ਨੌ ਦਵਾਰਾ, ਨਵ ਨੌਂ ਚਾਰ ਦਾ ਪੰਧ ਮੁਕਾਈਆ। ਸ਼ਬਦੀ ਸ਼ਬਦ ਨਾਦ ਧੁਨ ਦੇ ਧੁਨਕਾਰਾ। ਅਨਹਦ ਨਾਦ ਸੁਣਾਈਆ। ਅੰਮ੍ਰਿਤ ਆਤਮ ਬਖ਼ਸ਼ ਕੇ ਠੰਡਾ ਠਾਰਾ, ਝਿਰਨਾ ਨਿਜਰ ਆਪ ਝਿਰਾਈਆ। ਦੀਆ ਬਾਤੀ ਕਮਲਾਪਾਤੀ ਕਰ ਉਜਿਆਰਾ, ਨੂਰ ਨੁਰਾਨਾ ਡਗਮਗਾਈਆ। ਜਨ ਭਗਤਾਂ ਲੇਖਾ ਪੂਰਾ ਕਰ ਵਿਚ ਸੰਸਾਰਾ, ਸਗਲਾ ਸੰਗ ਆਪ ਹੋ ਜਾਈਆ। ਜਗਤ ਜਹਾਨ ਕਰੇ ਪਾਰ ਕਿਨਾਰਾ, ਦਰਗਹ ਸਾਚੀ ਸਚ ਵਡਿਆਈਆ। ਜਿਥੇ ਦੀਆ ਦੀਪਕ ਇਕ ਉਜਿਆਰਾ, ਨੂਰ ਨੂਰ ਕਰੇ ਰੁਸ਼ਨਾਈਆ। ਸਚਖੰਡ ਸੁਹਾਏ ਸੱਚਾ ਦਰਬਾਰਾ, ਦਰਗਹ ਸਾਚੀ ਵੱਜਦੀ ਰਹੇ ਵਧਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ


੧੪੮੪ ੨੨

ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਬਿਆਸ ਕਹੇ ਮੈਂ ਸੁਣਿਆ ਸ਼ਬਦ ਸੰਦੇਸ਼ਾ, ਸੰਧਿਆ ਸਰਘੀ ਨਜ਼ਰ ਕੋਇ ਨਾ ਆਈਆ । ਤੱਕਿਆ ਇਕ ਨਰੇਸ਼ਾ, ਨਰ ਨਰਾਇਣ ਬੇਪਰਵਾਹੀਆ । ਜੋ ਆਦਿ ਅੰਤ ਰਹੇ ਹਮੇਸ਼ਾ, ਹਮਸਾਜਣ ਨੂਰ ਇਲਾਹੀਆ । ਭਗਤ ਉਧਾਰਨਾ ਜਿਸ ਦਾ ਪੇਸ਼ਾ, ਪੇਸ਼ੀਨਗੋਈਆਂ ਵੇਖੇ ਥਾਉਂ ਥਾਈਂਆ । ਨਿਰਗੁਣ ਨਿਰਵੈਰ ਕਰ ਕਰ ਵੇਸਾ, ਵੇਸ ਅਵੱਲੜਾ ਆਪ ਸਮਝਾਈਆ । ਜਿਸ ਝਗੜਾ ਮੇਟਣਾ ਮੁੱਲਾਂ ਸ਼ੇਖ਼ਾ, ਚਾਰੋਂ ਕੁੰਟ ਖੋਜ ਖੁਜਾਈਆ । ਕਲਜੁਗ ਕੂੜੀ ਬਦਲ ਦੇਣੀ ਰੇਖਾ, ਰਿਖੀਆਂ ਮੁਨੀਆਂ ਪੰਧ ਮੁਕਾਈਆ । ਸਤਿਜੁਗ ਸਾਚੇ ਸਚ ਬਣਾਏ ਬੇਟਾ, ਪਿਤਾ ਪੁਰਖ ਅਕਾਲ ਦਇਆ ਕਮਾਈਆ । ਧਰਮ ਦੀ ਧਾਰ ਬਣਾ ਕੇ ਖੇਵਟ ਖੇਟਾ, ਨਈਆ ਨੌਕਾ ਨਾਮ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਪ੍ਰਗਟਾਈਆ । ਨੌ ਕਹਿਣ ਅਸੀਂ ਨਵ ਨੌਂ ਦੀ ਵੰਡ, ਚਾਰੇ ਖਾਣੀ ਧਿਆਨ ਲਗਾਈਆ । ਤਕੇ ਕੋਟਨ ਕੋਟ ਬ੍ਰਹਿਮੰਡ, ਪੁਰੀ ਲੋਅ ਅੱਖ ਉਠਾਈਆ । ਸੁਣ ਅਗੰਮੀ ਛੰਦ, ਢੋਲਾ ਧੁਰਦਰਗਾਹੀਆ । ਜਿਸ ਵਿਚ ਸਾਰੇ ਹੋਣੇ ਪਾਬੰਦ, ਸਿਰ ਸਕੇ ਨਾ ਕੋਇ ਉਠਾਈਆ । ਸਦੀ ਚੌਧਵੀਂ ਰਹੀ ਲੰਘ, ਉਮਤ ਉਮਤੀ ਲਏ ਅੰਗੜਾਈਆ । ਮੁਹੰਮਦ ਨੰਗੀ ਹੋਈ ਕੰਡ, ਚਾਰ ਯਾਰੀ ਰਹੀ ਕੁਰਲਾਈਆ । ਝਗੜਾ ਵੇਖਣਾ ਜੇਰਜ ਅੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਅੱਸੂ ਕਹੇ ਮੇਰਾ ਦਿਵਸ ਆ ਗਿਆ ਬਾਈ, ਸਰਗੁਣ ਸਰਗੁਣ ਜੋੜ ਜੁੜਾਈਆ । ਨਿਰਗੁਣ ਫ਼ਰਕ ਕਹੇ ਨਾ ਰਾਈ, ਨਿਰਵੈਰ ਦਇਆ ਕਮਾਈਆ । ਸਭ ਦਾ ਸਾਂਝਾ ਇਕ ਗੁਸਾਈਂ, ਗਹਿਰ ਗੰਭੀਰ ਇਕ ਅਖਵਾਈਆ । ਜਿਸ ਨੇ ਕਲਜੁਗ ਬਦਲ ਦੇਣੀ ਸ਼ਾਹੀ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਲੇਖਾ ਲਾਉਣਾ ਜੋ ਗੋਬਿੰਦ ਬੂਟਾ ਪੁਟਿਆ ਕਾਹੀ, ਕਾਇਨਾਤ ਜੜ੍ਹ ਉਖੜਾਈਆ । ਚੜ੍ਹਦੇ ਲਹਿੰਦੇ ਪਏ ਦੁਹਾਈ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਬਾਈ ਅੱਸੂ ਕਹੇ ਮੇਰੀ ਇਕ ਅਰਦਾਸ, ਆਖ਼ਰ ਸੀਸ ਨਿਵਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਹੋ ਸਹਾਈਆ । ਜਨ ਭਗਤਾਂ ਪੂਰੀ ਕਰ ਖ਼ਾਹਿਸ਼, ਖ਼ਾਲਸ ਆਪਣਾ ਰੰਗ ਰੰਗਾਈਆ । ਤੈਨੂੰ ਕਰਨਾ ਨਾ ਪਏ ਤਾਲਾਸ਼, ਜੰਗਲ ਜੂਹਾਂ ਖੋਜ ਖੁਜਾਈਆ । ਗੁਰਮੁਖਾਂ ਕਾਇਆ ਮੰਦਰ ਅੰਦਰ ਦੇ ਪ੍ਰਕਾਸ਼, ਜੋਤੀ ਨੂਰ ਨੂਰ ਰੁਸ਼ਨਾਈਆ । ਹਰ ਘਟ ਅੰਦਰ ਕਰ ਵਾਸ, ਵਾਸਤਾ ਆਪਣੇ ਨਾਲ ਜੁੜਾਈਆ । ਗੁਰਮੁਖਾਂ ਲੇਖੇ ਲਾ ਸਵਾਸ, ਸਵਾਸ, ਜੋ ਸਾਹ ਸਾਹ ਰਹੇ ਧਿਆਈਆ । ਝਗੜਾ ਮਿਟਾ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਪੰਧ ਮੁਕਾਈਆ । ਤੇਰੀ ਮੰਡਲ ਤੱਕਣ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਾਚ ਨਚਾਈਆ । ਸਦਾ ਸਦ ਵਸਣ ਤੇਰੇ ਪਾਸ, ਪਾਸਾ ਜਗਤ ਵਾਲਾ ਬਦਲਾਈਆ । ਸਚ ਦਵਾਰ ਕਰਾਉਣਾ ਨਿਵਾਸ, ਸਿੰਘਾਸਣ ਆਸਣ ਇਕੋ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਪੁਰਖ ਅਕਾਲ ਕਹੇ ਸੁਣ ਬਾਈ ਅੱਸੂ ਪਰਵਿਸ਼ਟੇ, ਪੇਸ਼ਤਰ ਦਿਆਂ ਜਣਾਈਆ । ਦੀਨ ਦੁਨੀ ਬੁਧੀ ਭਰਿਸ਼ਟੇ, ਅਕਲ ਬੁਧੀ ਨਾ ਕੋਇ ਚਤੁਰਾਈਆ । ਸਾਬਤ ਰਹਿਣਾ ਨਹੀਂ ਕੋਈ ਇਸ਼ਟੇ, ਇਸ਼ਟ ਦੇਵ ਨਾ ਕੋਇ ਮਨਾਈਆ । ਕਾਮਲ ਰਹਿਣੇ ਨਹੀਂ ਨਿਸਚੇ, ਨਿਸਚਿਤ ਕਰ ਕੇ ਦਿਆਂ ਜਣਾਈਆ । ਪਿਆਰ ਰਹਿਣੇ ਨਹੀਂ ਪੀਆ ਪਿਤ ਦੇ, ਪ੍ਰੀਤਮ ਮਿਲਣ

ਕੋਇ ਨਾ ਪਾਈਆ । ਕਲਜੁਗ ਜੀਵ ਕੂੜ ਕਿਰਿਆ ਹੋਣੇ ਵਿਕਦੇ, ਕੀਮਤ ਅੱਗੇ ਨਾ ਕੋਇ ਰਖਾਈਆ । ਕੋਟਾਂ ਵਿਚੋਂ ਪ੍ਰਭੂ ਪਿਆਰੇ ਥੋੜੇ ਦਿਸਦੇ, ਜਿਨ੍ਹਾਂ ਮਿਲੇ ਮਾਣ ਵਡਿਆਈਆ । ਜੋ ਦੁਲਾਰੇ ਬਣਨੇ ਇਕ ਦੇ, ਏਕੰਕਾਰ ਵਿਚ ਸਮਾਈਆ । ਝਗੜੇ ਮੁਕਾਉਣੇ ਨਿਤ ਦੇ, ਅੱਗੇ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਬਿਆਸ ਕਹੇ ਜਨ ਭਗਤੋ ਮੇਰੀ ਅੰਤ ਡੰਡਾਵਤ, ਸਭ ਨੂੰ ਸੀਸ ਨਿਵਾਈਆ । ਪ੍ਰਭ ਦਾ ਨਾਮ ਇਕ ਨਿਆਮਤ, ਝੋਲੀ ਭਰਨੀ ਚਾਈਂ ਚਾਈਂਆ । ਜੋ ਕਰਨ ਆਇਆ ਸਖ਼ਾਵਤ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੁਸਾਂ ਕਰਨੀ ਨਹੀਂ ਅਦਾਵਤ, ਨਿਗਹ ਨਿਗਹ ਵਿਚੋਂ ਬਦਲਾਈਆ । ਮਨੂਆ ਕਰੇ ਨਾ ਕਿਸੇ ਬਗ਼ਾਵਤ, ਝਗੜਾ ਕੂੜ ਰਹੇ ਨਾ ਰਾਈਆ । ਮੇਰਾ ਪਿਆਰ ਸਤਿਗੁਰੂ ਅਮਾਨਤ, ਬਿਆਸਾ ਕਹੇ ਤੁਹਾਡੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਬਿਆਸ ਕਹੇ ਮੈਂ ਕਰਾਂ ਨਿਮਸਕਾਰ, ਡੰਡਾਵਤ ਵਿਚ ਸੀਸ ਨਿਵਾਈਆ । ਤੁਹਾਡੇ ਸੀਸ ਸੋਹੇ ਦਸਤਾਰ, ਸਿਰ ਸਿਰ ਵੱਜੇ ਵਧਾਈਆ । ਮੇਲਾ ਮਿਲਿਆ ਰਹੇ ਕੰਤ ਭਤਾਰ, ਕੰਤ ਕੰਤੂਹਲ ਇਕੋ ਨਜ਼ਰੀ ਆਈਆ । ਜਿਸ ਨੂੰ ਗਾਉਂਦੇ ਜੁਗ ਚੌਕੜੀ ਚਾਰ, ਅਵਤਾਰ ਪੈਗ਼ੰਬਰ ਗੁਰ ਸਿਫ਼ਤ ਸਾਲਾਹੀਆ । ਸੋ ਦੇਵਣਹਾਰ ਦਾਤਾਰ, ਦਇਆਵਾਨ ਦਇਆ ਕਮਾਈਆ । ਸ਼ਬਦੀ ਸ਼ਬਦ ਕਰ ਪਿਆਰ, ਪ੍ਰੇਮੀ ਪ੍ਰੀਤਮ ਵੇਖ ਵਖਾਈਆ । ਧੁਰ ਦਾ ਹੁਕਮ ਧੁਰ ਦਾ ਵਿਹਾਰ, ਵਿਵਹਾਰੀ ਆਪ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਬਿਆਸ ਕਹੇ ਮੈਂ ਤੱਕਿਆ ਖੇਲ ਮਹਾਨਾ, ਮਹਿਮਾ ਅਕਥ ਕਥ ਜਣਾਈਆ । ਜਨ ਭਗਤੋ ਬਾਈ ਅੱਸੂ ਸਭ ਨੇ ਬੰਨ੍ਹਣਾ ਗਾਨਾ, ਮੌਲੀ ਤੰਦ ਬੰਧਾਈਆ । ਕੇਸਰ ਮਸਤਕ ਤਿਲਕ ਲਗਾਉਣਾ, ਜਨ ਭਗਤ ਮਿਲੇ ਵਡਿਆਈਆ । ਇੱਕੀ ਕੰਘੇ ਇੱਕੀ ਗੁਰਸਿਖਾਂ ਮਿਲੇ ਦਾਨਾ, ਸਤਿਗੁਰ ਸਾਚਾ ਹੋਏ ਸਹਾਈਆ । ਕਿਰਪਾ ਕਰੇ ਸ੍ਰੀ ਭਗਵਾਨਾ, ਭਗਵਨ ਆਪਣਾ ਰੰਗ ਰੰਗਾਈਆ । ਇਕ ਦਸਤਾਰ ਗੁਰਦਿਆਲ ਸਿੰਘ ਸੀਸ ਟਿਕਾਣਾ, ਜੋ ਮਹਿੰਦਰ ਕੌਰ ਲੈ ਕੇ ਆਏ ਚਾਈਂ ਚਾਈਆ । ਇਕ ਦੁਪੱਟਾ ਗੁਰਮੇਜ ਕੌਰ ਸੀਸ ਸੁਹਾਨਾ, ਸੀਸ ਸਰ ਧੁਰ ਦੇ ਲੇਖੇ ਪਾਈਆ । ਅੱਸੂ ਬਾਈ ਕਹੇ ਮੇਰਾ ਇਹ ਵਿਚਾਰ ਪੁਰਾਨਾ, ਪੂਰਨ ਬ੍ਰਹਮ ਦਿਆਂ ਸਮਝਾਈਆ । ਜੋ ਸਾਹਿਬ ਸਤਿਗੁਰੂ ਕਰੇ ਪ੍ਰਵਾਨਾ, ਪਰਮ ਪੁਰਖ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾਦਿ ਆਦਿ ਏਕਾ ਬਖ਼ਸ਼ੇ ਨਾਮ ਨਿਧਾਨਾ, ਨਾਉਂ ਨਿਰੰਕਾਰਾ ਆਪ ਜਣਾਈਆ ।

### ੩੦ ਅੱਸੂ ਸ਼ਹਿਨਸ਼ਾਹੀ ਸੰਮਤ ੭ ਜੋਗਿੰਦਰ ਕੌਰ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ

ਗ੍ਰੰਥ ਕਹਿਣ ਅਸੀਂ ਸਰਸਾ ਧਾਰ ਨਹੀਂ ਗ੍ਰਿਹਸਤੀ, ਬੰਧਨ ਜਗਤ ਨਾ ਕੋਇ ਰਖਾਈਆ । ਸਾਡਾ ਲੇਖਾ ਨਾਲ ਪ੍ਰਭੂ ਦੀ ਹਸਤੀ, ਜੋ ਹਸਤ ਕੀਟਾਂ ਰਿਹਾ ਸਮਾਈਆ । ਜੋ ਮਾਲਕ ਮਿਹਰਵਾਨ ਪ੍ਰੀਤਮ ਅਰਸ਼ੀ, ਅਰਸ਼ੇ ਆਜ਼ਮ ਨੂਰ ਇਲਾਹੀਆ । ਜਿਸ ਦੀ ਸਮਝੇ ਕੋਇ ਨਾ ਮਰਜ਼ੀ, ਮਰੀਜ਼

ਜਗਤ ਜਹਾਨ ਸਮਝ ਕੋਇ ਨਾ ਪਾਈਆ । ਉਹ ਮੇਰੀ ਪ੍ਰਵਾਨ ਕਰੇ ਅਰਜ਼ੀ, ਆਜਜ਼ਾਂ ਦੀ ਇੱਜ਼ਤ ਆਪਣੇ ਹੱਥ ਰਖਾਈਆ । ਜਗਤ ਜਹਾਨ ਵੇਖ ਖ਼ੁਦਗਰਜ਼ੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗ੍ਰੰਥ ਕਹਿਣ ਸਾਡਾ ਭੇਵ ਗਹਿਰਾ, ਗਹਿਰ ਗੰਭੀਰ ਰਿਹਾ ਜਣਾਈਆ । ਉਮਤ ਨਬੀ ਰਸੂਲ ਹੋਏ ਮੁਸ਼ਾਹਿਰਾ, ਮਸਲਾ ਹੱਲ ਨਾ ਕੋਇ ਕਰਾਈਆ । ਜਗਤ ਜਹਾਨ ਹੋਇਆ ਬਹਿਰਾ, ਸਰਵਣ ਸੁਣਨ ਕੋਇ ਨਾ ਪਾਈਆ । ਚੌਦਾਂ ਲੋਕ ਜਿਸ ਦਾ ਪਹਿਰਾ, ਪਾਹਰੂ ਲੇਖਾ ਰਿਹਾ ਮੁਕਾਈਆ । ਜਿਸ ਦਾ ਹੁਕਮ ਸੰਦੇਸ਼ਾ ਮਿਲਣਾ ਵਿਚ ਕਾਹਿਰਾ, ਕਹਿਰ ਵਰਤੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੁਹੰਮਦ ਕਹੇ ਕੀ ਲੇਖਾ ਲਿਖਿਆ ਮੇਰੀ ਕਾਨੀ, ਕਲਮ ਕਾਇਨਾਤ ਦ੍ਰਿੜਾਈਆ । ਕੀ ਜਜ਼ਬਾ ਹੋਇਆ ਕੁਰਬਾਨੀ, ਕਰਬਲਾ ਦਏ ਗਵਾਹੀਆ । ਕੀ ਮੰਜ਼ਲ ਮਿਲੀ ਰੁਹਾਨੀ, ਰੂਹ ਬੁਤ ਵੱਜੀ ਵਧਾਈਆ । ਕੀ ਖੇਲ ਜਿਸਮ ਜਿਸਮਾਨੀ, ਇਸਮ ਆਜ਼ਮ ਵਡ ਵਡਿਆਈਆ । ਕਿਉਂ ਮੇਰੀ ਜੂਹ ਹੋਈ ਬੇਗਾਨੀ, ਬੇਵਾ ਰੂਪ ਦਿਸੇ ਲੋਕਾਈਆ । ਚਾਰੋਂ ਕੁੰਟ ਚੜ੍ਹੇ ਤੁਗ਼ਿਆਨੀ, ਅੱਗੇ ਹੋ ਨਾ ਕੋਇ ਅਟਕਾਈਆ । ਬਿਨਾ ਪਰਵਰਦਿਗਾਰ ਨਾ ਕਰੇ ਕੋਇ ਮਿਹਰਵਾਨੀ, ਮਿਹਰਵਾਨ ਸਿਰ ਹੱਥ ਨਾ ਕੋਇ ਟਿਕਾਈਆ । ਮੇਰੀ ਅੰਤ ਇਕ ਨਿਸ਼ਾਨੀ, ਨਿਸ਼ਾਨੇ ਸਭ ਨੂੰ ਦਿਆਂ ਵਖਾਈਆ । ਮੈਨੂੰ ਖ਼ੁਦਾ ਨੇ ਖ਼ੁਦ ਹੁਕਮ ਦਿਤਾ ਸੀ ਬਿਨਾ ਜ਼ਬਾਨੀ, ਜ਼ਾਮਨ ਹੋ ਕੇ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੁਹੰਮਦ ਕਹੇ ਮੈਂ ਵੇਖਾਂ ਧੁਰ ਕਲਮਾ ਅਗੰਮੀ ਤੀਰ, ਅਣਿਆਲਾ ਹੁਕਮ ਇਕ ਵਰਤਾਈਆ । ਜਿਸ ਲੇਖਾ ਪੂਰਾ ਕਰਨਾ ਪੀਰ ਫ਼ਕੀਰ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਜਿਸ ਸਦੀ ਚੌਧਵੀਂ ਮੇਰਾ ਕਰਨਾ ਅਖ਼ੀਰ, ਆਖ਼ਰ ਹੁਕਮ ਵਰਤਾਈਆ । ਅਗਲਾ ਮਾਰਗ ਕਰ ਤਾਮੀਰ, ਤਮੰਨਾ ਸਭ ਦੀ ਦਏ ਬਦਲਾਈਆ । ਜਿਸ ਪਿਛਲੀ ਉਤੇ ਮਾਰਨੀ ਲਕੀਰ, ਲਾਈਨ ਅਗਲੀ ਦਏ ਚਮਕਾਈਆ । ਮਾਲਕ ਬਣ ਦਸਤਗੀਰ, ਦਸਤ ਦਸਤ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੁਹੰਮਦ ਕਹੇ ਅੰਤਮ ਖੇਲ ਖੇਲਾਂ ਅਗੰਮੀ ਹੋਲੀ, ਹੋਲਿਕਾ ਜਿਸ ਨੂੰ ਸੀਸ ਨਿਵਾਈਆ । ਜਿਹੜੀ ਪ੍ਰਹਿਲਾਦ ਨੇ ਬੋਲੀ ਸੀ ਬੋਲੀ, ਅਨਬੋਲਤ ਰਾਗ ਸੁਣਾਈਆ । ਉਸ ਦਾ ਵਕਤ ਪਹੁੰਚਿਆ ਹੌਲੀ ਹੌਲੀ, ਸਮਾਂ ਸਮੇਂ ਨਾਲ ਪੰਧ ਮੁਕਾਈਆ । ਸੋ ਖੇਲ ਵਰਤੇ ਉਪਰ ਧੌਲੀ, ਧਰਨੀ ਧਰਤ ਧਵਲ ਵੇਖ ਵਖਾਈਆ । ਦਰੋਹੀ ਸਦੀ ਚੌਧਵੀਂ ਦਾ ਅੰਤਮ ਲੇਖਾ ਪੂਰਾ ਹੋਣਾ ਲੇਖ ਲਿਖਣਾ ਪੰਜ ਤਤ ਧਾਰ ਗੋਲੀ, ਗ਼ੁਲਾਮ ਰਹਿਣ ਕੋਇ ਨਾ ਪਾਈਆ । ਮੇਰਾ ਮਹਿਬੂਬ ਖ਼ਾਲੀ ਭਰੇ ਸਭ ਦੀ ਝੋਲੀ, ਝਲਕ ਆਪਣੀ ਇਕ ਜਣਾਈਆ । ਬਿਨ ਕਹਾਰਾਂ ਸਭ ਦੀ ਚੁੱਕੇ ਡੋਲੀ, ਅਨਡੋਲਤ ਆਪਣੀ ਕਾਰ ਭੁਗਤਾਈਆ । ਜਿਸ ਲੱਖ ਚੁਰਾਸੀ ਜੋਹ ਲਈ, ਜੌਹਰੀ ਬਣ ਕੇ ਵੇਖ ਵਖਾਈਆ । ਬਹੁੜੀ ਮੇਰੇ ਕੋਲ ਰੁਪਈਏ ਵਿਚੋਂ ਰਹਿ ਗਈ ਇਕ ਧੌਲੀ, ਚੌਥੇ ਜੁਗ ਚੌਥਾ ਹਿੱਸਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਵਖਾਈਆ । ਸਦੀ ਚੌਧਵੀਂ ਕਹੇ ਮੈਂ ਭੱਜ ਕੇ ਆਈ ਨੇੜੇ, ਆਪਣਾ ਪੰਧ ਮੁਕਾਈਆ । ਮੈਂ ਵੇਖੇ ਜਗਤ ਝੇੜੇ, ਝਗੜੇ ਵਿਚ ਲੋਕਾਈਆ । ਪੁੱਜ ਗਈ ਭਗਤਾਂ ਦੇ

ਖੇੜੇ, ਜਿਥੇ ਭਗਵਨ ਧੁਰਦਰਗਾਹੀਆ । ਸਹਿਜ ਨਾਲ ਪੁਛਿਆ ਅੱਗੇ ਹੁਕਮ ਕਿਹੜੇ, ਸਚ ਦੇ ਸੁਣਾਈਆ । ਕਿਸ ਬਿਧ ਬੰਨ੍ਹੇ ਬੇੜੇ, ਕਿਸ ਬਿਧ ਦੀਨ ਦੁਨੀ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਸਦੀ ਚੌਧਵੀਂ ਕਹੇ ਮੈਨੂੰ ਯਾਦ ਪਿਛਲਾ ਭਵਿਖ, ਭਵਿਸ਼ ਦਿਆਂ ਜਣਾਈਆ । ਜੋ ਗੋਬਿੰਦ ਸੰਦੇਸ਼ਾ ਦਿਤਾ ਇਕ, ਸ਼ਬਦ ਧਾਰ ਸਤਿਗੁਰ ਸਮਝਾਈਆ । ਜਿਸ ਵੇਲੇ ਪੂਰਾ ਰਿਹਾ ਕੋਈ ਨਾ ਸਿੱਖ, ਸਿਖਿਆ ਸਚ ਨਾ ਕੋਇ ਜਣਾਈਆ । ਬਿਨਾ ਪ੍ਰਭੂ ਤੋਂ ਭਗਤਾਂ ਨਾਲ ਕਰੇ ਕੋਈ ਨਾ ਹਿਤ, ਸਚ ਪ੍ਰੇਮ ਨਾ ਕੋਇ ਬਣਾਈਆ । ਮਿਲੇ ਮੇਲ ਨਾ ਅਬਿਨਾਸ਼ੀ ਅਚੁਤ, ਚੇਤਨ ਰੂਪ ਨਾ ਕੋਇ ਦਰਸਾਈਆ । ਉਸ ਵੇਲੇ ਖੇਲ ਹੋਣਾ ਅਨਡਿਠ, ਅਨਡਿਠੜੀ ਕਾਰ ਕਮਾਈਆ । ਪਰਵਰਦਿਗਾਰ ਬਦਲ ਕੇ ਪਿੱਠ, ਆਪਣੀ ਕਰਵਟ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੇਰਾ ਪਰਵਰਦਿਗਾਰ ਹੋਣਾ ਜ਼ਾਹਿਰਾ, ( ਜ਼ਾਹਰ ) ਜ਼ਹੂਰ ਇਕ ਜਣਾਈਆ । ਜਿਸ ਦਾ ਸਮਝੇ ਕੋਇ ਨਾ ਦਇਰਾ, ਹੱਦ ਹਦੂਦ ਨਾ ਕੋਇ ਵਖਾਈਆ । ਉਸ ਦਾ ਇਕੋ ਹੋਣਾ ਨਾਅਰਾ, ਤੂੰ ਮੇਰਾ ਮੈਂ ਤੇਰਾ ਰਾਗ ਸੁਣਾਈਆ । ਜਿਸ ਵੇਲੇ ਉਸ ਨੇ ਸ਼ਬਦ ਦਾ ਲੇਖ ਲਿਖਣਾ ਦੁਬਾਰਾ, ਸਦੀ ਚੌਧਵੀਂ ਦੀ ਗੋਲੀ ਸੇਵ ਕਮਾਈਆ । ਜੋਗਿੰਦਰ ਦਾ ਜਗਤ ਤਤ ਵਿਹਾਰਾ, ਬ੍ਰਹਮ ਮਤ ਨਾਲ ਵਡਿਆਈਆ । ਫੇਰ ਲੱਗੇ ਦੀਨ ਦੁਨੀ ਦਾ ਅਖਾੜਾ, ਖੇਲ ਕਰੇ ਧੁਰਦਰਗਾਹੀਆ । ਜਿਸ ਦਾ ਖ਼ੁਸ਼ੀਆਂ ਵਾਲਾ

੧੪੮੮ ਦਿਹਾੜਾ, ਦਿਉਹਾੜੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਮੁਹੰਮਦ ਕਹੇ ਮੇਰੀ ਇਕੋ ਆਸ, ਆਹਿਸਤਾ ਦਿਆਂ ਸੁਣਾਈਆ । ਮੇਰਾ ਅਮਾਮ ਮੇਰਾ ਪਹਿਨੇ ਲੁਬਾਸ, ਤਨ ਵਜੂਦ ਨਾਲ ਛੁਹਾਈਆ । ਮੈਂ ਵੇਖਾਂ ਖੇਲ ਤਮਾਸ਼, ਨਿਉਂ ਨਿਉਂ ਲਾਗਾ ਪਾਈਆ । ਮੰਗਾਂ ਮੰਗ ਬਣ ਕੇ ਦਾਸ, ਖ਼ਾਲੀ ਝੋਲੀ ਅੱਗੇ ਡਾਹੀਆ । ਉਸ ਵੇਲੇ ਪੰਜਾਂ ਪਿਆਰਿਆਂ ਜਲ ਦਾ ਦੇਣਾ ਇਕ ਇਕ ਗਿਲਾਸ, ਗਲ ਆਪਣੇ ਉਤੇ ਹੱਥ ਟਿਕਾਈਆ । ਠੀਕ ਵਕਤ ਹੋਵੇ ਸਾਢੇ ਦਸ ਕਲਾਕ, ਕਲਾ ਸਭ ਦੀ ਆਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਖਾਏ ਇਕ ਪ੍ਰਭਾਤ, ਪ੍ਰਭਾਤੀ ਆਪਣਾ ਨੂਰ ਜਣਾਈਆ । ੧੪੮੮


੨੨

## ੧ ਕੱਤਕ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ

ਮੁਹੰਮਦ ਕਹੇ ਸੁਣ ਪਿਆਰੇ ਚੰਨਾ, ਚੰਨ ਚੰਦ ਦਿਆਂ ਦ੍ਰਿੜਾਈਆ । ਉਠ ਤਕ ਗੋਬਿੰਦ ਵਾਲਾ ਕੰਨਾ, ਕਾਇਨਾਤ ਅੱਖ ਪ੍ਰਤਖ ਖੁਲ੍ਹਾਈਆ । ਜੋ ਦੋ ਜਹਾਨਾਂ ਕਰਦਾ ਮਨ੍ਹਾਂ, ਮਨ ਮਨਸਾ ਦੂਰ ਕਰਾਈਆ । ਭੇਵ ਖੁਲ੍ਹਾਉਂਦਾ ਕਾਇਆ ਮਾਟੀ ਪੰਜ ਤਤ ਤਨਾ, ਤਾਮਸ ਤ੍ਰਿਸਨਾ ਤ੍ਰਿਖਾ ਰਿਹਾ ਗਵਾਹੀਆ । ਵਸਤ ਅਮੋਲਕ ਦੇਵੇ ਗੁਰਮੁਖਾਂ ਨਾਮ ਧਨਾ, ਵਡ ਧਨਾਢ ਦਇਆ ਕਮਾਈਆ । ਖੇਲ ਤਕ ਪਰਵਰਦਿਗਾਰ ਬਿਨ ਛੱਪਰੀ ਛੰਨਾ, ਸ਼ਹਿਨਸ਼ਾਹ ਕੀ ਹੁਕਮ ਵਰਤਾਈਆ । ਅੱਗੇ ਵਕਤ ਰਿਹਾ ਨਾ ਲੰਮਾ, ਲਮਹ ਲਮਹ ਗਿਣ ਕੇ ਝਟ ਲੰਘਾਈਆ । ਜਿਸ ਝਗੜਾ ਮੇਟਣਾ ਕਾਇਆ

ਮਾਟੀ ਚੰਮਾ, ਚੰਮ ਦ੍ਰਿਸ਼ਟੀ ਰਿਹਾ ਬਦਲਾਈਆ । ਦਰੋਹੀ ਦੀਨ ਮਜ਼੍ਹਬ ਦੀ ਰਹਿਣ ਨਹੀਂ ਦੇਣੀ ਤਮਾਂ, ਤਮੰਨਾ ਸਭ ਦੀ ਦਏ ਬਦਲਾਈਆ । ਮੇਰਾ ਤਨ ਵਜੂਦ ਬਿਨਾ ਵਜੂਦ ਤੋਂ ਕੰਬਾ, ਕਾਮਲ ਮੁਰਸ਼ਦ ਕੀ ਕਾਰ ਭੁਗਤਾਈਆ । ਕੀ ਖੇਲ ਕਰੇ ਨਵਾਂ, ਨਵ ਖੰਡ ਹੁਕਮ ਸੁਣਾਈਆ । ਬਹੁੜੀ ਸਾਥ ਛੁਟਣਾ ਯਾਰ ਚਵ੍ਹਾਂ, ਚੌਥੇ ਜੁਗ ਅੰਤ ਦੁਹਾਈਆ । ਸਭ ਦੀ ਲੇਖੇ ਲਾਏ ਸੁਗੰਧਾਂ ਸੌਹਾਂ, ਬਚਿਆ ਰਹਿਣ ਕੋਇ ਨਾ ਪਾਈਆ । ਫੇਰ ਵੇਖੇ ਆਪਣੇ ਹੱਥਾਂ ਵਾਲੇ ਨੌਹਾਂ, ਨਵ ਦੱਸ ਅੱਖ ਖੁਲ੍ਹਾਈਆ । ਹੁਣ ਕਿਹੜੀ ਕੂਟੇ ਬਵ੍ਹਾਂ, ਹਿੱਸਾ ਵੰਡ ਨਾ ਕੋਇ ਰਖਾਈਆ । ਕਵਣ ਸਿੰਘਾਸਣ ਸਵਾਂ, ਮੱਕਾ ਕਾਅਬਾ ਰਹੇ ਕੁਰਲਾਈਆ । ਦਰੋਹੀ ਜਿਸ ਨੇ ਭੋਗ ਲਗਾਇਆ ਜਵਾਂ, ਜਵਾਨੀ ਸਭ ਦੀ ਰਿਹਾ ਮਿਟਾਈਆ । ਮੈਂ ਹੱਕ ਸੰਦੇਸ਼ਾ ਕਹਵਾਂ, ਕਹਿ ਕੇ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਮੁਹੰਮਦ ਕਿਹਾ ਸੁਣ ਮੇਰੇ ਸਤਾਰ, ਸਤਹ ਬੁਲੰਦੀ ਦਿਆਂ ਜਣਾਈਆ । ਉਠ ਵੇਖ ਪਰਵਰਦਿਗਾਰ, ਨੂਰ ਨੁਰਾਨਾ ਡਗਮਗਾਈਆ । ਜਿਸ ਦਾ ਖ਼ਾਦਮ ਖ਼ਿਦਮਤਗਾਰ, ਚਾਕਰ ਹੋ ਕੇ ਸੇਵ ਕਮਾਈਆ । ਜਿਸ ਦੀ ਗੁਫਤ ਸ਼ਨੀਦ ਗ਼ੁਫਤਾਰ, ਪੈਗ਼ਾਮ ਦੇਵੇ ਧੁਰਦਰਗਾਹੀਆ । ਜਿਸ ਨੇ ਝਗੜਾ ਮੁਕਾਉਣਾ ਮੇਰੇ ਇਸਲਾਮ, ਸਹੀ ਸਲਾਮਤ ਆਪਣਾ ਹੁਕਮ ਵਰਤਾਈਆ । ਸ਼ਰਅ ਦਾ ਰਹਿਣ ਦੇਣਾ ਨਹੀਂ ਕੋਈ ਗ਼ੁਲਾਮ, ਜ਼ੰਜੀਰ ਬੇਨਜ਼ੀਰ ਦਏ ਤੁੜਾਈਆ । ਉਹ ਮਾਲਕ ਖ਼ਾਲਕ ਮੇਰਾ ਅਮਾਮ, ਅਮਲਾਂ ਤੋਂ ਰਹਿਤ ਨੂਰ ਇਲਾਹੀਆ । ਜਿਸ ਨੂੰ ਸਯਦੇ ਕਰਨ ਤਮਾਮ ਚੌਦਾਂ ਤਬਕ ਨਿਵ ਨਿਵ ਲਾਗਣ ਪਾਈਆ । ਉਸ ਦਾ ਇਕੋ ਹੱਕ ਮੁਕਾਮ, ਮੁਕਾਮੇ ਹੱਕ ਨੂਰ ਇਲਾਹੀਆ । ਜਿਸ ਨੇ ਲਹਿਣਾ ਦੇਣਾ ਲੇਖਾ ਚੁਕਾਉਣਾ ਅਵਾਮ, ਆਮ ਹੁਕਮ ਨਾ ਕੋਇ ਸੁਣਾਈਆ । ਬਿਨਾ ਤਾਰੀਖ ਤਵਾਰੀਖ ਤੋਂ ਕਲਮੇ ਧਾਰ ਕਰਨਾ ਕਤਲੇਆਮ, ਕਾਤਲ ਮਕਤੂਲ ਖੇਲ ਖਿਲਾਈਆ । ਉਸ ਨੂੰ ਸਯਦੇ ਵਿਚ ਕਰਾਂ ਸਲਾਮ, ਬਰਦਾ ਹੋ ਕੇ ਸੀਸ ਨਿਵਾਈਆ । ਜਿਸ ਨੇ ਝਗੜਾ ਪਾਉਣਾ ਵਿਚ ਅਸਾਮ, ਸਾਂਘੀਆਂ ਆਪਣੀਆਂ ਲਏ ਉਠਾਈਆ । ਲੇਖਾ ਵੇਖਣਾ ਫੇਰ ਤਹਿਰਾਨ, ਤੁਰਤ ਆਪਣੀ ਤਾਰ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਚੰਦ ਕਹੇ ਸੁਣ ਮੁਹੰਮਦ ਮੇਰੇ ਨਬੀ, ਨਮੋ ਨਮੋ ਸੀਸ ਨਿਵਾਈਆ । ਅਵਤਾਰ ਪੈਗ਼ੰਬਰ ਗੁਰੂ ਤਕ ਸਭੀ, ਸਭਾ ਸਭ ਦੀ ਵੇਖ ਵਖਾਈਆ । ਕੀ ਪਰਵਰਦਿਗਾਰ ਹੁਕਮ ਦੇਵੇ ਅਬੀ, (ਇਬਨੁਲ) ਵਕਤ ਆਪਣੀ ਕਾਰ ਭੁਗਤਾਈਆ । ਜੋ ਲੱਖ ਚੁਰਾਸੀ ਦੀਨ ਦੁਨੀ ਦਾ ਤਬੀ, ਤਬੀਅਤ ਸਭ ਦੀ ਦਏ ਬਦਲਾਈਆ । ਜਿਸ ਨੂੰ ਕਿਹਾ ਨੂਰ ਅਲਾਹੀ ਰੱਬੀ, ਰੱਬੇ ਆਲਮੀਨ ਅਖਵਾਈਆ । ਉਸ ਦੀ ਧਾਰ ਤਕ ਨੂਹ ਨਦੀ, ਵਹਿਣਾਂ ਤੋਂ ਬਾਹਰ ਅੱਖ ਖੁਲ੍ਹਾਈਆ । ਸਾਡਾ ਤੇਰਾ ਕੌਲ ਇਕਰਾਰ ਅੰਤ ਚੌਧਵੀਂ ਸਦੀ, ਸਦਮੇ ਵਿਚ ਨਾ ਕੋਇ ਦੁਹਾਈਆ । ਸੱਜਣਾ ਇਹ ਮੇਲ ਹੁੰਦਾ ਕਦੇ ਕਦੀ, ਕਦੀਮ ਦਾ ਮਾਲਕ ਆਪ ਕਰਾਈਆ । ਹੁਣ ਉਮਤ ਦੀ ਚੁੱਕਣੀ ਪੈਣੀ ਡੱਗੀ, ਡੌਰੂ ਡੰਕ ਦੇਣਾ ਵਜਾਈਆ । ਧਰਨੀ ਉਤੇ ਉਹ ਨਹੀਂ ਰਹਿਣਾ ਜਿਨ੍ਹਾਂ ਖਾਧੀ ਵੱਛੀ ਢੱਗੀ, ਪੰਛੀ ਪੰਖੇਰੂ ਖੱਲ ਲੁਹਾਈਆ । ਉਮਤ ਦੀ ਜੜ੍ਹ ਰਹਿਣੀ ਨਹੀਂ ਗੱਡੀ, ਨਿਸ਼ਾਨਾ ਦੀਨ ਨਾ ਕੋਇ ਝੁਲਾਈਆ । ਉਹ ਤਕ ਪੈਗ਼ੰਬਰਾਂ ਕਾਇਮ ਨਹੀਂ ਰਹਿਣੀ ਗੱਦੀ, ਗਦਾਗਰ ਹੋਏ ਲੋਕਾਈਆ । ਪਰਵਰਦਿਗਾਰ ਬੇਪਰਵਾਹ ਪਿਛਲੀ ਲੇਖੇ ਲਾਉਣੀ ਸੁਦੀ ਵਦੀ, ਵਾਹਿਦੇ ਸਭ ਦੇ ਪੂਰ ਕਰਾਈਆ । ਸਤਾਰ ਕਹੇ ਮੇਰੀ ਪ੍ਰੀਤ ਨਹੀਂ ਸਦਾ ਕਿਸੇ ਨਾਲ ਬੱਧੀ, ਬੰਧਨਾ ਵਿਚ ਸੀਸ ਨਾ

ਕਦੇ ਨਿਵਾਈਆ । ਕੋਟਨ ਕੋਟ ਮੁਹੰਮਦ ਗਏ ਜਗਤ ਵਿਚ ਲਦੀ, ਅੰਤ ਨਜ਼ਰ ਕੋਇ ਨਾ ਆਈਆ । ਉਹ ਵੇਖ ਅੱਗ ਚਾਰੋਂ ਕੁੰਟ ਲੱਗੀ, ਜਗਤ ਜੁਗਤ ਨਾ ਕੋਇ ਬੁਝਾਈਆ । ਸ਼ਰਅ ਸ਼ਰੀਅਤ ਹੋਈ ਲਬੀ, ਲਬਾਂ ਕਟਾਉਣ ਵਾਲਿਆਂ ਧਿਆਨ ਲਗਾਈਆ । ਮਕਬਰਿਆਂ ਵਿਚ ਪੁਕਾਰੇ ਪਸਲੀ ਹੱਡੀ, ਨਾੜੀ ਨਾੜੀ ਦੁਹਾਈਆ । ਬਹੁੜੀ ਵੇਲੇ ਅੰਤ ਜਾਵੀਂ ਨਾ ਛਡੀ, ਸਗਲਾ ਸੰਗ ਲੈਣਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਤਾਰਾ ਕਹੇ ਮੇਰੇ ਮੁਹੰਮਦ ਹਜ਼ਰਤ ਰਸੂਲਾ, ਇਲਲਾਹ ਕਹਿ ਕੇ ਸੀਸ ਨਿਵਾਈਆ । ਮੈਂ ਸੁਣਿਆ ਤੇਰਾ ਹੁਕਮ ਮਾਕੂਲਾ, ਜੋ ਮੁਕੰਮਲ ਦਿਤਾ ਦ੍ਰਿੜਾਈਆ । ਪਰ ਮੇਰੇ ਪਰਵਰਦਿਗਾਰ ਦਾ ਬਦਲੇ ਨਾ ਕਦੇ ਅਸੂਲਾ, ਅਸਲ ਅਸਲ ਵਿਚੋਂ ਪ੍ਰਗਟਾਈਆ । ਚੌਦਾਂ ਸਦੀਆਂ ਝੂਲਿਆ ਤੇਰਾ ਝੂਲਾ, ਜੋ ਝਲਕ ਨਾਲ ਝੁਲਾਈਆ । ਧੁਰ ਫ਼ਰਮਾਨ ਕੀਤਾ ਕਬੂਲਾ, ਪੈਗ਼ਾਮ ਸੁਣਿਆ ਨੂਰ ਇਲਾਹੀਆ । ਅੱਗੇ ਸੰਦੇਸ਼ਾ ਦੇਵੇ ਇਕੋ ਦੂਹਲਾ, ਹਰਿ ਕਰਤਾ ਧੁਰਦਰਗਾਹੀਆ । ਸਦੀ ਚੌਧਵੀਂ ਅੰਤਮ ਹੋਣ ਮੂਲਾ, ਮਲਕੁਲਮੌਤ ਲਏ ਅੰਗੜਾਈਆ । ਉਮਤ ਉਮਤੀ ਤਪਣਾ ਚੁਲ੍ਹਾ, ਅਗਨੀ ਸ਼ਰਅ ਵਾਲੀ ਲਗਾਈਆ । ਕਿਸੇ ਸਹਾਰਾ ਮਿਲੇ ਨਾ ਤੁਲ੍ਹਾ, ਨਈਆ ਨੌਕਾ ਨਜ਼ਰ ਕੋਇ ਨਾ ਆਈਆ । ਚਾਰ ਕੁੰਟ ਕਰੇ ਕੋਇ ਨਾ ਸੁਲ੍ਹਾ, ਸੁਲਹਕੁਲ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਚੰਦ ਸਿਤਾਰ ਕਹਿਣ ਸਾਡੀ ਇਕ ਸਲਾਹ, ਸਹਿਜ ਨਾਲ ਸੁਣਾਈਆ । ਅਸੀਂ ਇਕ ਦੂਜੇ ਦੇ ਬਣੇ ਗਵਾਹ, ਸ਼ਹਾਦਤ ਦਈਏ ਭੁਗਤਾਈਆ । ਸਦੀ ਚੌਧਵੀਂ ਅੰਤਮ ਵੇਲ ਗਿਆ ਆ, ਆਲਮੀਨ ਵੇਖੇ ਨੂਰ ਇਲਾਹੀਆ । ੧੪੯੦
ਜਿਸ ਨੂੰ ਮੰਨਿਆ ਹੱਕ ਖ਼ੁਦਾ, ਖ਼ੁਦ ਮਾਲਕ ਇਕ ਅਖਵਾਈਆ । ਮੁਹੰਮਦਾ ਸਾਨੂੰ ਹੋਣਾ ਪੈਣਾ ਜੁਦਾ, ਜੁਜ਼ ਵੰਡ ਸਭ ਦੀ ਰਿਹਾ ਕਰਾਈਆ । ਜਿਸ ਦੀ ਜੁਗ ਜੁਗ ਬਦਲਣ ਵਾਲੀ ਅਦਾ, ਅਦਲ ਇਨਸਾਫ਼ ਆਪਣੇ ਹੱਥ ਰਖਾਈਆ । ਸਭ ਦਾ ਲਹਿਣਾ ਦੇਣਾ ਪੂਰਾ ਦਏ ਕਰਾ, ਪੂਰਬ ਲੇਖਾ ਖੋਜ ਖੁਜਾਈਆ । ਝਗੜਾ ਮੇਟੇ ਦੀਨ ਮਜ਼੍ਹਬ ਸ਼ਰਅ, ਸ਼ਰਅ ਨਜ਼ਰ ਕੋਇ ਨਾ ਆਈਆ । ਜਿਹੜਾ ਮਾਲਕ ਵਸਦਾ ਜ਼ੱਰਾ ਜ਼ੱਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਉਹ ਵੇਖਣਹਾਰਾ ਘਰ ਘਰਾ, ਗ੍ਰਿਹਿ ਗ੍ਰਿਹਿ ਪੜਦਾ ਦਏ ਉਠਾਈਆ । ਜਿਸ ਨੇ ਜਗਤ ਮਾਰਗ ਪ੍ਰਗਟਾਉਣਾ ਖੈਬਰ ਵਾਲਾ ਦੱਰਾ, ਜਗਤ ਦਰਵੇਸ਼ ਗਏ ਸੁਣਾਈਆ । ਜਗਤ ਜਹਾਨ ਵੰਡਣਾ ਧੜਾ, ਧਾੜਵੀ ਆਪਣੀ ਕਾਰ ਭੁਗਤਾਈਆ । ਹੁਣ ਸਮਾਂ ਬੀਤਿਆ ਬੜਾ, ਚੌਦਾਂ ਸਦੀਆਂ ਤੇਰਾ ਸੰਗ ਨਿਭਾਈਆ । ਉਹ ਤਕ ਦੀਨ ਦੁਨੀ ਦਾ ਲੇਖਾ ਗੋਰ ਮੜ੍ਹਾ, ਮੜ੍ਹੀ ਗੋਰ ਵਿਚ ਦਫ਼ਨਾਈਆ । ਆਦਿ ਦਾ ਆਦਿ ਅੰਤ ਦਾ ਅੰਤ ਇਕੋ ਨੂਰ ਅਗੰਮੀ ਚੰਦ ਚੜ੍ਹਾ, ਜਿਸ ਦੀ ਮੰਜ਼ਲ ਅਗੰਮ ਅਥਾਹ ਨੂਰ ਰੁਸ਼ਨਾਈਆ । ਸਤਾਰਾ ਸਤਹ ਬੁਲੰਦੀ ਉਤੇ ਖੜਾ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਕਰਤਾ ਅਗੰਮ ਅਥਾਹੀਆ । ਮੁਹੰਮਦ ਕਹੇ ਚੰਦ ਸਿਤਾਰ ਉਹ ਵੇਖੋ ਮੇਰਾ ਲਿਖਿਆ ਹੋਇਆ ਪੱਟਾ, ਪਟਨੇ ਵਾਲਾ ਦਏ ਗਵਾਹੀਆ । ਜਿਸ ਨੇ ਜਗਤ ਜਹਾਨ ਪਾਉਣਾ ਰੱਟਾ, ਝਗੜਾ ਦੀਨ ਦੁਨੀ ਜਣਾਈਆ । ਕਿਸੇ ਦੀ ਕੀਮਤ ਰਹੇ ਨਾ ਟਕਾ, ਕਾਇਨਾਤ ਨਾ ਮਿਲੇ ਵਡਿਆਈਆ । ਸਭ ਦਾ ਓਢਣ ਦਿਸੇ ਫਟਾ, ਸੀਸ ਹੱਥ ਨਾ ਕੋਇ ਰਖਾਈਆ । ਮੇਰਾ ਮਹਿਬੂਬ ਆਵੇ ਨੱਠਾ, ਅਮਾਮ ਧੁਰਦਰਗਾਹੀਆ । ਗੋਬਿੰਦ ਦੀ ਧਾਰ ਕਰ ਕੇ ਬਟਾ, ਸਿੱਟਾ ਆਪਣਾ ਲਏ ਕਢਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਮੁਹੰਮਦ ਕਹੇ ਤਾਰੇ ਚੰਨੇ ਉਹ ਤਕੋ ਪਹਿਲੀ ਕੱਤਕ ਦੀ ਰਾਤ, ਰੁਤੜੀ ਖ਼ੁਦ ਮਾਲਕ ਨਾਲ ਮਹਿਕਾਈਆ । ਜਿਸ ਦਾ ਪਿਆਰ ਆਬੇਹਯਾਤ, ਅੰਮ੍ਰਿਤ ਰਸ ਰਿਹਾ ਵਖਾਈਆ । ਜਿਸ ਨੇ ਝਗੜਾ ਮੇਟਣਾ ਕਾਗ਼ਜ਼ਾਤ, ਅੱਖਰਾਂ ਵਾਲੀ ਰਹਿਣ ਨਾ ਦੇਵੇ ਲੜਾਈਆ । ਆਪਣੀ ਜੋਤ ਦਾ ਕਰ ਪ੍ਰਕਾਸ਼, ਨੂਰ ਨੁਰਾਨਾ ਡਗਮਗਾਈਆ । ਪੰਚਮ ਲੈ ਕੇ ਪੰਜ ਗਿਲਾਸ, ਜਲ ਧਾਰਾ ਧਾਰ ਨਾਲ ਮਿਲਾਈਆ । ਕੂੜ ਕੁੜਿਆਰਾ ਗਲ ਵਿਚ ਆਵੇ ਫਾਸ, ਹੱਥ ਗੁਰਮੁਖ ਗਲ ਛੁਹਾਈਆ । ਇਹ ਮਸੀਹ ਨੇ ਰੱਖੀ ਸੀ ਅੰਤਮ ਆਸ, ਯਸੂਹ ਆਖ ਕੇ ਗਿਆ ਸੁਣਾਈਆ । ਭਗਤਾਂ ਜਗਿਆਸੂਆਂ ਸ਼ਾਹਰਗ ਦੇ ਉਤੇ ਹੁੰਦਾ ਕਰਾਸ, ਏਸੇ ਕਰ ਕੇ ਕਰਾਸ ਗਲ ਵਿਚ ਗਿਆ ਲਟਕਾਈਆ । ਜਿਸ ਦੀ ਰਹੇ ਨਾ ਅੱਗੇ ਸ਼ਾਖ਼, ਸ਼ਨਾਖ਼ਤ ਨਜ਼ਰ ਕੋਇ ਨਾ ਆਈਆ । ਮੁਹੰਮਦ ਦਾ ਮਹਿਬੂਬ ਨਾਲ ਮਿਲਣ ਦਾ ਹੋਏ ਇਤਫ਼ਾਕ, ਇਤਫ਼ਾਕੀਆ ਆਪਣੀ ਕਾਰ ਭੁਗਤਾਈਆ । ਅੰਤ ਇਕ ਦੂਜੇ ਨੂੰ ਦੇਣਾ ਪਏ ਤਲਾਕ, ਤੁਅਲਕ ਤਾਰਾ ਚੰਨ ਰਹੇ ਨਾ ਰਾਈਆ । ਮਿਹਰਵਾਨ ਬੜਾ ਚਲਾਕ, ਅਛਲ ਅਛੱਲ ਅਖਵਾਈਆ । ਬਾਤਨ ਆਪਣੀ ਕਰੇ ਬਾਤ, ਹੁਕਮ ਸੰਦੇਸ਼ਾ ਦੇਵੇ ਥਾਉਂ ਥਾਈਂਆ । ਮਸੀਹ ਦਾ ਵਕਤ ਸਾਢੇ ਦਸ ਕਲਾਕ, ਦਿਵਸ ਤੋਂ ਰਾਤ ਆਇਆ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਤਾਰਾ ਚੰਦ ਕਹੇ ਮੈਂ ਪਾਨੀ ਪਾਨੀ ਤੱਕਿਆ, ਤੱਕਿਆ ਨੈਣ ਉਠਾ । ਨਾਤਾ ਤੁਟਾ ਸੱਜਣ ਸਕਿਆ, ਮੀਤ ਸੰਗ ਸਕੇ ਨਾ ਕੋਇ ਨਿਭਾ । ਸਾਡਾ ਕੌਲ ਇਕਰਾਰ ਪੂਰਾ ਹੋਇਆ ਪੱਕਿਆ, ਪਾਕ ਹਿੰਦ ਦੋਵੇਂ ਬਣੇ ਗਵਾਹ । ਸਭ ਨੇ ਲੇਖਾ ਵੇਖਣਾ ਅੱਖੀਆਂ, ਕੀ ਆਖ਼ਰ ਖੇਲ ਕਰੇ ਖ਼ੁਦਾ । ਜੋ ਸੰਦੇਸ਼ਾ ਦਿਤਾ ਕਾਹਨ ਸੀ ਸਖ਼ੀਆਂ, ਜਮਨ ਕਿਨਾਰੇ ਤਟ ਸੁਣਾ । ਕਲਜੁਗ ਅੰਤਮ ਕੂੜੀਆਂ ਹੋਣੀਆਂ ਹੱਟੀਆਂ, ਸਚ ਵਸਤ ਮਿਲੇ ਕਿਸੇ ਨਾ ਥਾਂ । ਪੰਜਾਬ ਦੀ ਧਾਰਾ ਜਾਣੀਆਂ ਪੱਟੀਆਂ, ਪਟਨੇ ਵਾਲਾ ਪਾਰ ਬਿਆਸੋਂ ਗਿਆ ਜਣਾ । ਸ਼ਰਅ ਦੀਆਂ ਡੋਰੀਆਂ ਜਾਣੀਆਂ ਕਟੀਆਂ, ਨਾ ਕੋਈ ਗੰਢਾਂ ਸਕੇ ਬੰਧਾ । ਸਭ ਦੀਆਂ ਦੰਦੀਆਂ ਹੋਣੀਆਂ ਖੱਟੀਆਂ, ਅੰਮ੍ਰਿਤ ਰਸ ਮੁਖ ਦੇਵੇ ਨਾ ਕੋਇ ਚੁਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾ । ਤਾਰਾ ਚੰਨ ਕਹੇ ਮੁਹੰਮਦ ਕੀ ਕਰੀਏ ਹੁਣ ਮਤਾ, ਮਤ ਰਹੀ ਨਾ ਰਾਈਆ । ਯਾਦ ਕਰ ਲੈ ਕੀ ਸੰਦੇਸਾ ਦੇ ਕੇ ਗਿਆ ਨਾਨਕ ਤਪਾ, ਬਗ਼ਦਾਦ ਬਗ਼ਲਗੀਰ ਅਖਵਾਈਆ । ਕਿਉਂ ਗੋਬਿੰਦ ਨੇ ਆਪਣੀ ਹੱਥੀਂ ਲਿਖਿਆ ਲੇਖ ਅੱਖਰ ਪੱਪਾ, ਪੂਰਨ ਪਰਮ ਪੁਰਖ ਵਡਿਆਈਆ । ਕੀ ਖ਼ੁਦਾ ਨੇ ਤੈਨੂੰ ਸੁਣਾਇਆ ਟੱਪਾ, ਜਿਸ ਵੇਲੇ ਮਦੀਨਿਉਂ ਬਾਹਰ ਕਦਮ ਟਿਕਾਈਆ । ਤੇਰਾ ਆਫਤਾਬ ਅੰਤਮ ਜਾਂਦਾ ਛੱਪਾ, ਛੱਪਰੀ ਛੰਨ ਨਾ ਕੋਇ ਰੁਸ਼ਨਾਈਆ । ਤੂੰ ਹੱਸ ਕੇ ਕਿਹਾ ਮੇਰਾ ਤੇਰਾ ਵਾਹਿਦਾ ਪੱਕਾ, ਪਾਕ ਪਰਵਰਦਿਗਾਰ ਤੇਰੀ ਸਰਨਾਈਆ । ਔਹ ਵੇਖ ਕੀ ਹਾਲ ਹੋਣਾ ਮਦੀਨਾ ਮੱਕਾ, ਮਕਬਰਿਆਂ ਪੈਗ਼ੰਬਰ ਦੇਣ ਗਵਾਹੀਆ । ਨਾਲ ਰਲਣਾ ਬੂਰਾ ਕੱਕਾ, ਈਸਾ ਇਸ਼ਾਰੇ ਨਾਲ ਜਣਾਈਆ । ਮੂਸਾ ਫਿਰੇ ਨੱਸਾ, ਮੁਸ਼ਕਲ ਸਭ ਨੂੰ ਦਏ ਜਣਾਈਆ । ਕਿਸੇ ਦੀ ਕਰੇ ਕੋਈ ਨਾ ਰੱਛਾ, ਰੱਛਕ ਨਜ਼ਰ ਕੋਇ ਨਾ ਆਈਆ । ਗੋਬਿੰਦ ਚੁੱਕੀ ਫਿਰੇ ਭੱਥਾ, ਭੱਜੇ ਵਾਹੋ ਦਾਹੀਆ । ਪੁਰਖ ਅਕਾਲ ਦਾ ਖੇਲ ਤਕਣਾ ਯਥਾਰਥ ਯਥਾ, ਯਦੀ ਆਪਣਾ ਹੁਕਮ ਸੁਣਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰਾਂ ਸੁਣਨੀ ਕਥਾ, ਬਿਨ ਅੱਖਰਾਂ ਨਿਰਅੱਖਰ ਧਾਰ

ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਤਾਰਾ ਚੰਦ ਕਹੇ ਮੁਹੰਮਦ ਜਿਸ ਨੇ ਭਗਤਾਂ ਜਲ ਪੀਤਾ, ਪੀਆ ਪੀਤੰਬਰ ਬੇਪਰਵਾਹੀਆ । ਜਿਸ ਦੀ ਜੁਗ ਜੁਗ ਅਵੱਲੜੀ ਰੀਤਾ, ਚੌਕੜੀ ਦਏ ਗਵਾਹੀਆ । ਜਿਸ ਦਾ ਇਸ਼ਾਰਾ ਕੀਤਾ ਰਾਮ ਸੀਤਾ, ਸੀਤਾ ਸੁਰਤ ਸ਼ਬਦ ਨਾਲ ਸਮਝਾਈਆ । ਜਿਸ ਨੂੰ ਕਾਹਨ ਗਾਇਆ ਅਠਾਰਾਂ ਧਿਆਏ ਗੀਤਾ, ਸਿਫ਼ਤੀ ਸਿਫ਼ਤ ਸਾਲਾਹੀਆ । ਰਾਧਾ ਕ੍ਰਿਸ਼ਨ ਬਣ ਕੇ ਮੀਤਾ, ਸਗਲਾ ਸੰਗ ਨਿਭਾਈਆ । ਪੈਗ਼ੰਬਰਾਂ ਵਾੜ ਕੇ ਵਿਚ ਮਸੀਤਾ, ਚਰਚਾਂ ਦਿਤਾ ਭੁਗਤਾਈਆ । ਦੱਸ ਕੇ ਹੱਕ ਹਦੀਸਾ, ਹਜ਼ਰਤਾਂ ਕੀਤੀ ਪੜ੍ਹਾਈਆ । ਅੰਤਮ ਉਹਨਾਂ ਦਾ ਵੇਲਾ ਬੀਤਾ, ਪਿਛਲਾ ਸਮਾਂ ਰਿਹਾ ਨਾ ਰਾਈਆ । ਜਿਸ ਦੀ ਦਸ ਗੁਰੂ ਕਰਨ ਤਸਦੀਕਾ, ਸ਼ਹਾਦਤ ਨਾਮ ਵਾਲੀ ਭੁਗਤਾਈਆ । ਉਸ ਨੇ ਅੰਤ ਜੜ੍ਹ ਉਖੇੜਨੀ ਅਮਰੀਕਾ, ਪਾਤਾਲ ਪਾਤਾਲਾਂ ਵਿਚੋਂ ਬਾਹਰ ਕਢਾਈਆ । ਜਿਸ ਕੋਲ ਨਾਪਣ ਵਾਲਾ ਅਗੰਮੀ ਫ਼ੀਤਾ, ਰੂਸਾ ਚੀਨਾ ਕਦਮਾਂ ਹੇਠ ਦਬਾਈਆ । ਲੇਖਾ ਜਾਣੇ ਮੂਸਾ ਈਸਾ, ਸ਼ੀਸ਼ਾ ਸਭ ਦੇ ਅੱਗੇ ਦਏ ਟਿਕਾਈਆ । ਅੰਤਮ ਵੇਖੋ ਉਮਤ ਉਮਤੀ ਸਭ ਦਾ ਖ਼ਾਲੀ ਖ਼ੀਸਾ, ਸਚ ਵਸਤ ਹੱਥ ਕਿਸੇ ਨਾ ਆਈਆ । ਲਹਿਣਾ ਪੂਰਾ ਕਰੇ ਅਠਾਰਾਂ ਧਿਆਏ ਗੀਤਾ, ਬੰਸਰੀ ਕਾਹਨ ਵਾਲੀ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਮੁਹੰਮਦ ਕਹੇ ਚਾਰੇ (ਜਾਣੇ) ਮੇਰੇ ਅਹਿਬਾਬ, ਬੇਐਬ ਦਿਆਂ ਵਖਾਈਆ । ਇਕੱਠੇ ਕਰੀਏ ਇਕ ਆਦਾਬ, ਅਦਬ ਨਾਲ ਸੀਸ ਝੁਕਾਈਆ । ਤਾਰਾ ਚੰਦ ਕਹੇ ਹਜ਼ਰਤ ਤੇਰੀ ਉਮਤ ਨੇ ਭੁੰਨ ਖਾਧਾ ਕਬਾਬ, ਕਾਅਬਿਆਂ ਵਿਚ ਪਏ ਦੁਹਾਈਆ । ਸਭ ਦਾ ਬਦਲ ਜਾਣਾ ਮਜਾਜ, ਮਜ਼ਾ ਜਗਤ ਵਾਲਾ ਚਖਾਈਆ । ਆ ਉਠ ਵੇਖੀਏ ਸਦੀ ਚੌਧਵੀਂ ਦਾ ਕਾਜ, ਕਿਸ ਬਿਧ ਨਿਕਾਬ ਨਾਲ ਫ਼ਾਤਿਆ ਦਏ ਪੜ੍ਹਾਈਆ । ਉਹ ਸੁਣੇ ਨਾਨਕ ਦੀ ਰਬਾਬ, ਕੀ ਸਿਤਾਰ ਰਹੀ ਸੁਣਾਈਆ । ਜਿਸ ਦੇ ਅੱਗੇ ਸਾਰੇ ਹੋਣੇ ਲਾਜਵਾਬ, ਉਹ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਾਰ ਕਮਾਈਆ । ਚੰਦ ਸਿਤਾਰ ਕਹੇ ਮੁਹੰਮਦ ਮਾਨਜ਼ਲੂ, ਜਾਏ ਨੌ ਜ਼ੀਅ । ਮੁਹੰਮਦ ਕਹੇ ਤਾਰਾ ਚੰਨ ਪਰਵਰਦਿਗਾਰ ਦਾ ਖੇਲ ਹੋਣਾ ਸ਼ੁਰੂ, ਅੰਤਮ ਸ਼ਰਅ ਦੀ ਉਖੇੜੇ ਨੀਂਹ । ਸਭ ਦਾ ਮਾਲਕ ਇਕੋ ਕਲਮਾ ਤੇ ਇਕੋ ਸ਼ਬਦ ਹੋਣਾ ਗੁਰੂ, ਜਿਸ ਨੂੰ ਸਜਦਾ ਕਰੇ ਲੱਖ ਚੁਰਾਸੀ ਜੀਅ । ਸਦੀ ਚੌਧਵੀਂ ਅੰਤਮ ਮੋੜ ਮੁੜੂ, ਉਥੇ ਅਵਤਾਰ ਪੈਗ਼ੰਬਰ ਗੁਰੂ ਕਰਨ ਕੀ । ਸਤਿਜੁਗ ਸਾਚਾ ਮਾਰਗ ਤੁਰੂ, ਪਰਵਰਦਿਗਾਰ ਬਰਖੇ ਅਗੰਮਾ ਮੀਂਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਮੁਹੰਮਦ ਕਹੇ ਮੈਨੂੰ ਵੇਖ ਲੈਣ ਦਿਉ ਆਪਣੀ ਅਲਿਫ਼, ਯੇ ਨਜ਼ਰ ਕੋਇ ਨਾ ਪਾਈਆ । ਜਿਸ ਵੇਲੇ ਮੈਂ ਚੌਦਾਂ ਸਦੀਆਂ ਦਾ ਚੁਕਿਆਂ ਹਲਫ਼, ਹਲਫ਼ੀਆਂ ਬਿਆਨ ਦੇ ਕੇ ਆਪਣਾ ਆਪ ਬੰਧਾਈਆ । ਕਿਸ ਬਿਧ ਅਗਲਾ ਮਿਲੇ ਸ਼ਰਫ, ਦੇਵੇ ਬੇਪਰਵਾਹੀਆ । ਕੀ ਹੁਕਮ ਹੋਵੇ ਯਕਤਰਫ਼, ਤਰਫ਼ਦਾਰੀ ਨਾ ਕੋਇ ਜਣਾਈਆ । ਜੇ ਮੈਂ ਨਿਗਹ ਮਾਰਦਾ ਮੇਰੇ ਰਹਿ ਗਏ ਨੌ ਬਰਸ, ਬਰਸੀ ਅੰਤ ਲਵਾਂ ਮਨਾਈਆ । ਵਾਹਿਦਾ ਕੌਲ ਇਕਰਾਰ ਪੂਰਾ ਹੋਵੇ ਸ਼ਰਤ, ਸ਼ਰਤੀਆ ਦਿਆਂ ਸੁਣਾਈਆ । ਹੁਕਮ ਕਰਨਾ ਮਾਲਕ ਵਾਲੀ ਅਰਸ਼, ਅਰਸ਼ੀ ਪ੍ਰੀਤਮ ਖੇਲ ਖਿਲਾਈਆ । ਮੇਰੀ ਉਮਤ ਦਾ ਲੇਖਾ ਮੁਕਣਾ ਉਤੇ ਫ਼ਰਸ਼, ਫ਼ਰਿਸ਼ਤੇ ਚਾਰੇ ਜ਼ਬਰਾਈਲ ਮੇਕਾਈਲ ਅਸਰਾਈਲ ਅਸਰਾਫੀਲ ਦੇਣ ਗਵਾਹੀਆ । ਮੈਂ ਫੇਰ ਨਹੀਂ ਆਉਣਾ

ਪਰਤ, ਪਤਿਪਰਮੇਸ਼ਵਰ ਰਿਹਾ ਜਣਾਈਆ। ਸ਼ਰਅ ਛੁਰੀ ਰਹੇ ਨਾ ਕਰਦ, ਕਾਤਲ ਮਕਤੂਲ ਦਾ ਡੇਰਾ ਢਾਹੀਆ। ਗ਼ਰੀਬ ਨਿਮਾਣਿਆਂ ਵੰਡੇ ਦਰਦ, ਦੁਖੀਆਂ ਹੋਏ ਸਹਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ। ਕੱਤਕ ਕਹੇ ਕੀ ਹੋਣਾ ਤੁਹਾਡਾ ਕਰਮਾ, ਨਿਹਕਰਮੀ ਕੀ ਕਾਰ ਕਮਾਈਆ। ਕਿਸ ਬਿਧ ਲੇਖੇ ਲੱਗੇ ਜਰਮਾ, ਜਨਮ ਜਨਮ ਵਿਚੋਂ ਬਦਲਾਈਆ। ਮੇਟੇ ਸਭ ਦਾ ਭਰਮਾ, ਭਾਂਡਾ ਭਰਮ ਭੌ ਭੰਨਾਈਆ। ਲੇਖਾ ਰਹੇ ਨਾ ਵਰਨਾਂ ਬਰਨਾਂ, ਜ਼ਾਤ ਪਾਤ ਨਾ ਕੋਇ ਜਣਾਈਆ। ਝਗੜਾ ਚੁਕਾਏ ਮਾਟੀ ਚਰਮਾ, ਚੰਮਦ੍ਰਿਸ਼ਟੀ ਦਏ ਬਦਲਾਈਆ। ਕਿਸ ਬਿਧ ਇਕੋ ਕਰੇ ਧਰਮਾ, ਧਰਮ ਦੀ ਧਾਰ ਇਕ ਸਮਝਾਈਆ। ਝਟ ਉਠ ਕੇ ਸੀਸ ਨਿਵਾਏ ਬ੍ਰਹਮਾ ਬ੍ਰਹਮ ਰੂਪ ਸਮਝਾਈਆ। ਜਿਸ ਦਾ ਰਸ ਸਦਾ ਅਨੰਦ ਪਰਮਾ, ਪਰਮਾਨੰਦ ਵਿਚ ਸਮਾਈਆ। ਉਹਦਾ ਆਦਿ ਅੰਤ ਇਕੋ ਇਸ਼ਟ ਤੇ ਇਕੋ ਚਰਨਾਂ, ਦੂਜਾ ਗੁਰਦੇਵ ਨਾ ਕੋਇ ਅਖਵਾਈਆ। ਇਕੋ ਨਾਮ ਅਗੰਮਾ ਕਲਮਾ ਪੜ੍ਹਨਾ, ਪੁਸਤਕਾਂ ਲੋੜ ਰਹੇ ਨਾ ਰਾਈਆ। ਜਿਸ ਦੀ ਮੰਜ਼ਲ ਭਗਤਾਂ ਚੜ੍ਹਨਾ, ਚੜ੍ਹਦਾ ਲਹਿੰਦਾ ਵੇਖ ਵਖਾਈਆ। ਤੋੜੇ ਕਿਲਾ ਹੰਕਾਰੀ ਗੜ੍ਹਨਾ, ਹਉਮੇ ਹੰਗਤਾ ਦੂਰ ਕਰਾਈਆ। ਸਭ ਨੂੰ ਬਖ਼ਸ਼ੇ ਇਕੋ ਸਰਨਾ, ਸਰਨਗਤ ਇਕ ਦਰਸਾਈਆ। ਕੋਟਾਂ ਵਿਚੋਂ ਸੂਫ਼ੀ ਸੰਤ ਫ਼ਕੀਰ ਗੁਰਮੁਖ ਵਿਰਲੇ ਤਰਨਾ ਜਿਸ ਸਤਿਗੁਰ ਸਾਹਿਬ ਆਪ ਤਰਾਈਆ। ਸਦੀ ਚੌਧਵੀਂ ਅੰਤ ਸਭ ਨੂੰ ਪੈਣਾ ਮਰਨਾ, ਮਰ ਜੀਵਤ ਰੂਪ ਨਾ ਕੋਇ ਵਖਾਈਆ। ਕਲਜੁਗ ਵਹਿੰਦੇ ਵਹਿਣ ਸਭ ਨੇ ਹੜ੍ਹਨਾ,
ਹਾੜ ਸਤਾਰਾਂ ਥਿਤ ਸਮਝਾਈਆ। ਸਤਿਗੁਰ ਸੂਰੀਆ ਇਕੋ ਚੜ੍ਹਨਾ, ਦੋ ਜਹਾਨ ਕਰੇ ਰੁਸ਼ਨਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ
੧੪੯੩ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ। ਕੱਤਕ ਕਹੇ ਮੈਂ ਤਕਾਂ ਉਤੇ ਕੋਹਤੂਰਾ, ਬਿਨ ਨੈਣਾਂ ਨੈਣ ਉਠਾਈਆ। ਮੂਸਾ ਆਪਣਾ ਕੌਲ ੧੪੯੩
੨੨ ਕਰ ਲੈ ਪੂਰਾ, ਪੂਰਬ ਲੇਖਾ ਦਿਆਂ ਸਮਝਾਈਆ। ਉਠ ਵੇਖ ਅਗੰਮੀ ਨੂਰਾ, ਨੂਰ ਨੁਰਾਨਾ ਡਗਮਗਾਈਆ। ਜਿਸ ਨੂੰ ਕਿਹਾ ਜ਼ਾਹਰ ਜ਼ਹੂਰਾ, ੨੨
ਜ਼ਹੂਰ ਨਿਰਗੁਣ ਧਾਰ ਜੋਤ ਰੁਸ਼ਨਾਈਆ। ਉਸ ਦੇ ਦਰ ਹੋਣਾ ਮਸ਼ਕੂਰਾ, ਸ਼ੁਕਰੀਏ ਵਿਚ ਸੀਸ ਨਿਵਾਈਆ। ਜੋ ਸਰਬ ਕਲਾ ਭਰਪੂਰਾ, ਭਰਪੂਰ ਰਿਹਾ ਸਰਬ ਠਾਈਆ। ਜਿਸ ਦਾ ਪੰਧ ਰਿਹਾ ਨਾ ਦੂਰਾ, ਦੂਰ ਦੁਰਾਡਾ ਨੇੜੇ ਆਈਆ। ਕੂੜੀ ਕਿਰਿਆ ਹੁੰਝੇ ਕੂੜਾ, ਸਤਿ ਧਰਮ ਇਕ ਪਰਗਟਾਈਆ। ਜਨ ਭਗਤਾਂ ਬਖ਼ਸ਼ ਕੇ ਚਰਨ ਧੂੜਾ, ਟਿੱਕੇ ਮਸਤਕ ਖ਼ਾਕ ਰਮਾਈਆ। ਨਾਮ ਚਾੜ੍ਹ ਕੇ ਰੰਗ ਗੂੜ੍ਹਾ, ਗੂੜ੍ਹੀ ਨੀਂਦ ਦਏ ਸਵਾਈਆ। ਕਲਜੁਗ ਕਲੰਦਰ ਜਗਤ ਨਚਾਵੇ ਵਾਂਗ ਜਮੂਰਾ, ਡੋਰੀ ਕਰਮਾਂ ਵਾਲੀ ਹਿਲਾਈਆ। ਹੁਕਮ ਦੇਵੇ ਹਰਿ ਸੂਰਾ, ਸੂਰਬੀਰ ਹੁਕਮ ਜਣਾਈਆ। ਸਭ ਦਾ ਵਾਹਿਦਾ ਕਰਨਾ ਪੂਰਾ, ਪੂਰਨ ਸਤਿਗੁਰ ਲੇਖੇ ਪੂਰ ਕਰਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਦਾ ਮਾਲਕ ਇਕ ਅਖਵਾਈਆ। ਤਾਰਾ ਚੰਦ ਕਹੇ ਕੱਤਕ ਕੀ ਕਹਿੰਦਾ, ਹਜ਼ਰਤ ਦੇ ਜਣਾਈਆ। ਕੱਤਕ ਕਹੇ ਮੂਸਾ ਈਸਾ ਇਕੱਠਾ ਹੋ ਹੋ ਬਹਿੰਦਾ, ਮੁਹੰਮਦ ਇਸ਼ਾਰੇ ਨਾਲ ਜਣਾਈਆ। ਉਹ ਤਕ ਲੇਖਾ ਚੜ੍ਹਦਾ ਲਹਿੰਦਾ, ਦਿਸ਼ਾ ਦਿਸ਼ਾ ਵਿਚੋਂ ਬਦਲਾਈਆ। ਉਚ ਮੁਨਾਰਾ ਜਾਂਦਾ ਢਹਿੰਦਾ, ਕਿਲੇ ਕੋਟ ਨਾ ਕੋਇ ਸਹਾਈਆ। ਉਮਤ ਉਮਤੀ ਨਾਲ ਖਹਿੰਦਾ, ਖ਼ਾਲਸ ਰੂਪ ਨਾ ਕੋਇ ਦਰਸਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਵਰਤਾਈਆ। ਮੁਹੰਮਦ ਕਹੇ ਮੈਂ ਹੁਕਮ ਦੱਸਾਂ ਅਖ਼ੀਰੀ, ਆਖ਼ਰ ਦਿਆਂ ਜਣਾਈਆ।

ਕੀ ਲੇਖਾ ਮਾਲਕ ਤਹਿਰੀਰੀ, ਤਹਿਰੀਰ ਵਿਚ ਸਮਝਾਈਆ । ਸ਼ਰਅ ਦੀ ਤੁਟਣੀ ਅੰਤ ਜ਼ੰਜੀਰੀ, ਬੰਧਨ ਬੰਧ ਨਾ ਕੋਇ ਬੰਧਾਈਆ । ਕਿਸੇ ਦੀ ਰਹਿਣੀ ਨਹੀਂ ਕੋਈ ਪੀਰੀ, ਪੀਰ ਪੀਰਾਂ ਪਰਗਟ ਹੋਏ ਗੁਸਾਈਆ । ਲੇਖਾ ਮੁਕੇ ਪਾਤਸ਼ਾਹ ਵਜ਼ੀਰੀ, ਵਜ਼ਾਰਤ ਨਜ਼ਰ ਕੋਇ ਨਾ ਆਈਆ । ਇਹ ਹੁਕਮ ਵਰਤੇ ਤਕਦੀਰੀ, ਤਕਦੀਰ ਸਭ ਦੀ ਦਏ ਪਲਟਾਈਆ । ਅੱਗੇ ਗਲੀ ਆ ਗਈ ਭੀੜੀ, ਔਖੀ ਘਾਟੀ ਨਾ ਕੋਇ ਚੜ੍ਹਾਈਆ । ਕਿਸੇ ਦੇ ਮੁਖ ਲੱਗੀ ਰਹਿਣੀ ਨਹੀਂ ਬੀੜੀ, ਬੀੜਾ ਪਾਨ ਖਾਣ ਵਾਲਾ ਨਜ਼ਰ ਕੋਇ ਨਾ ਆਈਆ । ਕਲਜੁਗ ਤੇਰੇ ਵਿਚ ਸਤਿਜੁਗ ਦੀ ਬਦਲ ਜਾਣੀ ਪੀੜ੍ਹੀ, ਪੀੜ੍ਹਾ ਡਾਹੁਣ ਵਾਲੀ ਕੂੜੀ ਕਿਰਿਆ ਦੇਣੀ ਬਾਹਰ ਕਢਾਈਆ । ਜਨ ਭਗਤਾਂ ਮੰਜ਼ਲ ਲਾ ਕੇ ਦੇਣੀ ਇਕੋ ਸੀੜ੍ਹੀ, ਡੰਡੇ ਡੰਡੇ ਕਦਮ ਨਾ ਕੋਇ ਟਿਕਾਈਆ । ਗੁਰਮੁਖੋ ਤੁਹਾਡੀ ਬਜਰ ਕਪਾਟੀ ਜਾਣੀ ਚੀਰੀ, ਚਿਰੀ ਵਿਛੁੰਨੇ ਲੈਣੇ ਮਨਾਈਆ । ਤੁਹਾਡੀ ਤ੍ਰਿਸ਼ਨਾ ਰਹਿਣੀ ਨਹੀਂ ਖ਼ਮੀਰੀ, ਨਵਾਂ ਰੰਗ ਲੈਣਾ ਰੰਗਾਈਆ । ਝਗੜਾ ਮੇਟਣਾ ਸ਼ਾਹ ਹਕੀਰੀ, ਹਿਕਮਤ ਆਪਣੇ ਹੱਥ ਰਖਾਈਆ । ਲੇਖੇ ਲਾਉਣਾ ਰਵਦਾਸ ਦਾ ਇਕ ਕਸੀਰੀ, ਗੰਗਾ ਨੀਵੀਂ ਹੋ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਆਪ ਅਖਵਾਈਆ । ਕੱਤਕ ਕਹੇ ਮੈਨੂੰ ਕਹਿੰਦੇ ਕਾਰਤਕ, ਅੱਖਰਾਂ ਵਿਚ ਬਦਲਾਈਆ । ਦੀਨ ਦੁਨੀ ਹੋ ਜਾਣੀ ਸਾਰੀ ਨਾਸਤਕ, ਇਸ਼ਟ ਨਜ਼ਰ ਕੋਇ ਨਾ ਆਈਆ । ਮੈਂ ਸੰਦੇਸ਼ਾ ਦੇਵਾਂ ਇਕੋ ਵਾਸਤਕ, ਵਾਸਤਾ ਸਭ ਦੇ ਨਾਲ ਪਾਈਆ । ਬਿਨਾ ਭਗਤਾਂ ਤੋਂ ਰਹੇ ਕੋਇ ਨਾ ਆਸਤਕ, ਪ੍ਰਭ ਮਿਲਣ ਦੀ ਇੱਛਾ ਨਾ ਕੋਇ ਵਖਾਈਆ । ਨਾਮ ਨਿਕਲੇ ਨਾ ਕਿਸੇ ਸਵਾਸਤਕ, ਸਾਹ ਸਾਹ ਨਾ ਕੋਇ ਸਮਾਈਆ । ਜਗਤ ਕਲਪਣਾ ਹੋਈ ਰੂਪ ਰਾਕਸ਼ਸ਼, ਮਨ ਮਨੂਆ ਨਾਲ ਮਿਲਾਈਆ । ਬਿਨਾ



ਭਗਤਾਂ ਤੋਂ ਪ੍ਰਭ ਦਾ ਰਿਹਾ ਨਾ ਕੋਇ ਉਪਾਸ਼ਕ, ਉਪਾਸ਼ਨਾ ਵਿਚ ਉਪਨਿਸ਼ਦਾਂ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਇਕੋ ਖ਼ਾਲਕ, ਖ਼ਲਕ ਰਿਹਾ ਸੁਣਾਈਆ । ਮਾਲਕ ਕਹੇ ਪੈਗ਼ੰਬਰ ਮੇਰੇ ਮਮਨੂਨ, ਸਜਦਾ ਸੀਸ ਝੁਕਾਈਆ । ਮੇਰਾ ਬਿਨ ਅੱਖਰਾਂ ਕਾਨੂੰਨ, ਕਾਇਦਾ ਸਮਝ ਕੋਇ ਨਾ ਪਾਈਆ । ਸਾਰੀ ਸ੍ਰਿਸ਼ਟੀ ਅੰਤ ਹੋਈ ਮਹਰੂਮ, ਖ਼ਾਲੀ ਚਾਰੋਂ ਕੁੰਟ ਨਜ਼ਰੀ ਆਈਆ । ਸਦੀ ਚੌਧਵੀਂ ਜ਼ੁਲਮ ਦੇ ਨਾਲ ਹੋਣਾ ਮਜ਼ਲੂਮ, ਮਜ਼੍ਹਬ ਮਜ਼੍ਹਬ ਨਾਲ ਟਕਰਾਈਆ । ਜਿਸ ਖ਼ੁਦਾ ਪਰਮਾਤਮਾ ਨੂੰ ਕਹਿੰਦੇ ਬੜਾ ਸੂਮ, ਉਸ ਸੂਮ ਨੇ ਮਨ ਮਤ ਦੇ ਜਗਤ ਗੱਫੇ ਦੇਣੇ ਵਰਤਾਈਆ । ਸ਼ਰਅ ਕੇ ਕੱਠੇ ਕਰ ਹਜ਼ੂਮ, ਹੁਜਰੇ ਧਰਤ ਵਾਲੇ ਵਸਾਈਆ । ਆਪ ਮਸਤੀ ਵਿਚ ਝੂਮ, ਦੀਨ ਦੁਨੀ ਦੇਣੀ ਲੜਾਈਆ । ਜਨ ਭਗਤ ਬੱਚੇ ਰਹਿਣ ਨਾ ਦੇਣੇ ਮਸੂਮ, ਆਪਣੀ ਗੋਦ ਉਠਾਈਆ । ਜਿਸ ਦਾ ਹੁਕਮ ਵਰਤਣਾ ਨਾਮਾਲੂਮ, ਮੁਲੰਮੇ ਦੇ ਕਾਚੇ ਭਾਂਡੇ ਸਾਰੇ ਭੰਨ ਵਖਾਈਆ । ਜਿਸ ਦੀ ਅੰਤ ਹੋਣੀ ਇਕ ਰਸੂਮ, ਰਸਮ ਵਿਚ ਇਸਮ ਸਭ ਦਾ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡੀ ਵਡ ਵਡਿਆਈਆ । ਕੱਤਕ ਕਹੇ ਪ੍ਰਭ ਕਰੇ ਭਗਤਾਂ ਮਿਹਰਵਾਨੀ, ਮਿਹਰਵਾਨ ਅਖਵਾਈਆ । ਜਨ ਭਗਤ ਸੂਰਬੀਰ ਬਣਾਏ ਨੌਜਵਾਨੀ, ਜੋਬਨ ਆਪਣੇ ਨਾਲ ਰੰਗਾਈਆ । ਮਾਲਵੇ ਵਾਲਿਓ ਸੁਣਨਾ ਨਾਲ ਧਿਆਨੀ, ਧਰਮ ਦੀ ਧਾਰ ਸੁਣਾਈਆ । ਤਿੰਨਾਂ ਗੁਰਮੁਖਾਂ ਜੋ ਪਿਛੇ ਦੱਸੀ ਕਹਾਣੀ, ਸ਼ਬਦੀ ਧਾਰ ਸੁਣਾਈਆ । ਜੰਗਜੂ ਬਹਾਦਰ ਬਣ ਕੇ ਨਾਲ ਚੜ੍ਹਨਾ ਸ਼ਾਨੀ, ਸ਼ਹਿਨਸ਼ਾਹ ਸੰਗ ਰਖਾਈਆ । ਜਿਧਰ ਫਿਰਦਾ ਜਾਏਗਾ ਉਧਰ ਦੇਣੀ ਨਾ ਪਏ ਕੋਇ ਕੁਰਬਾਨੀ, ਸਿਰ ਸਭ ਦੇ ਹੱਥ

ਟਿਕਾਈਆ । ਯਾਰਾਂ ਦਿਨ ਦੀ ਰਸਮ ਮਹਾਨੀ, ਰਸਮ ਕਰ ਕੇ ਦਏ ਵਖਾਈਆ । ਸ੍ਰਿਸ਼ਟੀ ਜਦੋਂ ਹੋਣੀ ਤੇ ਹੋਣੀ ਯਾਰਾਂ ਦਿਨਾਂ ਵਿਚ ਫ਼ਾਨੀ, ਇਹ ਗੋਬਿੰਦ ਡੱਲੇ ਗਿਆ ਸੁਣਾਈਆ । ਕਪੂਰੇ ਇਹਨੂੰ ਕਢ ਕੇ ਦਿਤੀ ਸੀ ਕੋਲੋਂ ਦਵਾਨੀ, ਦੋਹਰੀ ਧਾਰ ਸਮਝਾਈਆ । ਜਿਸ ਵੇਲੇ ਗੋਬਿੰਦ ਦੀ ਸਿਖਿਆ ਹੋਵੇ ਪੁਰਾਣੀ, ਉਸ ਵੇਲੇ ਗੋਬਿੰਦ ਦਾ ਆਵੇ ਧੁਰ ਦਾ ਮਾਹੀਆ । ਆਪਣਾ ਸ਼ਬਦ ਸੰਦੇਸ਼ਾ ਦੇਵੇ ਨਾਲ ਐਲਾਨੀ, ਐਲਾਨ ਸ਼ਬਦ ਵਾਲਾ ਸੁਣਾਈਆ । ਇਕੋ ਮਾਲਕ ਹੱਕ ਅਮਾਮੀ, ਮੁਕਾਮੇ ਹੱਕ ਸੁਹਾਈਆ । ਕਲਜੁਗ ਦੀ ਅੰਤ ਕਰਨ ਆਇਆ ਨੀਲਾਮੀ, ਬੋਲੀ ਇਕੋ ਵਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪਣਾ ਆਪ ਸੁਣਾਈਆ । ਮਾਲਵੇ ਵਾਲਿਓ ਤੁਹਾਨੂੰ ਪਹਿਲੋਂ ਦੱਸਿਆ ਜੰਗੀ ਪਾਉਣਾ ਲਬਾਸ, ਭੁੱਲ ਰਹੇ ਨਾ ਰਾਈਆ । ਇਹ ਵੀ ਹੁਕਮ ਪ੍ਰਭ ਦਾ ਖ਼ਾਸ, ਜੋ ਖ਼ਾਲਸੇ ਕੋਲੋਂ ਗੋਬਿੰਦ ਗਿਆ ਛੁਪਾਈਆ । ਮਹਾਂ ਸਿੰਘ ਦੀ ਪੂਰੀ ਕਰਨੀ ਆਸ, ਭਾਗੋ ਦੀ ਆਸਾ ਨਾਲ ਰਲਾਈਆ । ਜਿਸ ਕਾਰਨ ਤੁਹਾਥੋਂ ਖੇਲ ਖਿਲਾਇਆ ਸੀ ਪੱਤੇ ਤਾਸ਼, ਭਗਤ ਦਰਬਾਰੀ ਵੰਡ ਵੰਡਾਈਆ । ਉਹ ਸੀ ਸਭ ਤੋਂ ਵੱਖਰੀ ਦਾਤ, ਜਿਹੜੀਆਂ ਇਕ ਦਸ ਤਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਕੱਤਕ ਕਹੇ ਮੇਰੀ ਨਹੀਂ ਕਾਇਆ, ਕਾਇਆ ਵਾਲਿਓ ਦਿਆਂ ਜਣਾਈਆ । ਬਿਨਾ ਭਗਤਾਂ ਤੋਂ ਪ੍ਰਭੂ ਕਿਸੇ ਨਾ ਪਾਇਆ, ਪਾਹਨ ਪੂਜਨ ਵਾਲੇ ਪ੍ਰਭ ਮਿਲਣ ਕੋਇ ਨਾ ਪਾਈਆ । ਜਗਤ ਝੂਠੀ ਕੂੜੀ ਮਾਇਆ, ਮਮਤਾ ਮੋਹ
੧੪੯੫ ਹਲਕਾਈਆ । ਧੰਨਭਾਗ ਗੁਰਮੁਖੋ ਤੁਹਾਡਾ ਵੇਲਾ ਆਇਆ, ਵਕਤ ਵਕਤ ਨਾਲ ਮਿਲਾਈਆ । ਜਿਨ੍ਹਾਂ ਖ਼ੁਸ਼ੀਆਂ ਨਾਲ ਪਿਛਲੀਆਂ ਚੌਹ ਜੁਗਾਂ ੧੪੯੫
੨੨ ਵਿਚ ਗਾਇਆ, ਉਹਨਾਂ ਸਹਿਜੇ ਲਿਆ ਮਿਲਾਈਆ । ਕੂੜੀ ਕਿਰਿਆ ਵਿਚ ਨਾ ਕੋਇ ਰੁਲਾਇਆ, ਰੁਲਦਿਆਂ ਗੋਦ ਉਠਾਈਆ । ਇਕੋ ਬਸਤਰ ੨੨
ਤਨ ਪਹਿਨਾਇਆ, ਸੋਹਣਾ ਰੰਗ ਰੰਗਾਈਆ । ਗ਼ਰੀਬ ਨਿਮਾਣਿਆਂ ਬਣ ਕੇ ਦਾਈ ਦਾਇਆ, ਦਾਇਰੇ ਦੀਨ ਦੁਨੀ ਵਿਚੋਂ ਬਾਹਰ ਕਢਾਈਆ । ਸਾਚੇ ਮਾਰਗ ਸਾਚੇ ਲਾਇਆ, ਪੰਥ ਮਾਰਗ ਇਕ ਦਰਸਾਈਆ । ਕੱਤਕ ਕਹੇ ਜਨ ਭਗਤੋ ਤੁਹਾਡਾ ਕਰਮਾਂ ਦਾ ਗੇੜ ਕਟਾਇਆ, ਜੋ ਸਤਿਗੁਰ ਸਰਨੀ ਸੀਸ ਨਿਵਾਈਆ । ਰਾਏ ਧਰਮ ਨਾ ਦਏ ਸਜ਼ਾਇਆ, ਚਿਤ੍ਰਗੁਪਤ ਨਾ ਲੇਖ ਵਖਾਈਆ । ਲਾੜੀ ਮੌਤ ਨਾ ਲਏ ਪਰਨਾਇਆ, ਸਤਿਗੁਰ ਸ਼ਬਦ ਨਾਲ ਕੁੜਮਾਈਆ । ਤੁਹਾਨੂੰ ਉਸ ਧਾਮ ਵਸਾਇਆ, ਜਿਥੇ ਜਨਮੇ ਕੋਇ ਨਾ ਮਾਈਆ । ਇਕੋ ਨੂਰ ਜੋਤ ਰੁਸ਼ਨਾਇਆ, ਜੋਤੀ ਜੋਤ ਵਿਚ ਮਿਲਾਈਆ । ਸਤਿਗੁਰ ਕਦੇ ਨਾ ਹੋਏ ਪਰਾਇਆ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਆਪਣਾ ਘਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਮੁਹੰਮਦ ਕਹੇ ਕੱਤਕਾ ਮੇਰਾ ਲਬਾਸ ਸੋਹਣਾ, ਲੰਮੀ ਬਾਂਹ ਕਰ ਕੇ ਦਿਆਂ ਜਣਾਈਆ । ਮੇਰਾ ਪਰਵਰਦਿਗਾਰ ਨੂਰ ਨੁਰਾਨਾ ਮੋਹਣਾ, ਮੋਹ ਮੁਹੱਬਤ ਵਿਚ ਵਡਿਆਈਆ । ਜਿਸ ਨੇ ਕੂੜ ਕੁਕਰਮ ਦਾ ਦਾਗ਼ ਧੋਣਾ, ਦੁਰਮਤ ਮੈਲ ਕਰੇ ਸਫ਼ਾਈਆ । ਸਤਿ ਧਰਮ ਦਾ ਬੀਜ ਬੋਣਾ, ਨਾਮ ਫਲ ਇਕ ਲਗਾਈਆ । ਬਹੁੜੀ ਜਿਸ ਨੇ ਮੈਥੋਂ ਦਿਤਾ ਸਭ ਕੁਛ ਖੋਹਣਾ, ਸਦੀ ਚੌਧਵੀਂ ਅੰਤ ਕਰਾਈਆ । ਉਮਤ ਉਮਤੀ ਪਏ ਰੋਣਾ, ਰੋਂਦਿਆਂ ਸਕੇ ਨਾ ਕੋਇ ਹਸਾਈਆ । ਮੈਂ ਤਕਣਾ ਆਪਣੇ ਲੋਇਣਾ, ਲੋਚਣ ਨੈਣ ਅੱਖ ਖੁਲ੍ਹਾਈਆ । ਬਿਸਤਰ ਮਿਲੇ ਨਾ ਕਿਸੇ ਸੌਣਾ, ਸਿੰਘਾਸਣ ਸੁਖ ਨਾ ਕੋਇ ਰਖਾਈਆ । ਇਉਂ ਜਾਪਦਾ ਕਲਜੁਗ ਜੀਵ ਧਰਮ ਰਾਏ ਦਾ

ਪ੍ਰਾਹੁਣਾ, ਮਿਲ ਕੇ ਇਕੱਠੇ ਜਾਵਣ ਚਾਈਂ ਚਾਈਆ । ਉਥੇ ਕੂੜੀ ਤ੍ਰਿਸ਼ਨਾ ਵਿਚ ਕੂਕ ਸੁਣਾਈਆ । ਹੋਕਾ ਦੇਵੇ ਜਿਸ ਨੇ ਪੰਜਾਂ ਪਿਆਰਿਆਂ ਦਾ ਹੱਥ ਰਖਾਇਆ ਉਤੇ ਧੌਣਾ, ਧੌਣੋਂ ਫੜ ਕੇ ਸਭ ਦੇ ਸੀਸ ਦਏ ਨਿਵਾਈਆ । ਰਾਜ ਗੱਦੀ ਦਾ ਤਖ਼ਤ ਕਿਸੇ ਨਾ ਡਾਹੁਣਾ, ਸੀਸ ਤਾਜ ਨਾ ਕੋਇ ਵਖਾਈਆ । ਸ਼ਾਹ ਸੁਲਤਾਨਾਂ ਫੜ ਹਿਲਾਉਣਾ, ਪਰਧਾਨਾਂ ਇਕੋ ਧੱਕਾ ਲਾਈਆ । ਧੁਰ ਰੁੱਸਿਆ ਨਾ ਕਿਸੇ ਮਨਾਉਣਾ, ਬਾਹੋਂ ਫੜ ਨਾ ਕੋਇ ਉਠਾਈਆ । ਅੱਗੇ ਹੋ ਨਾ ਕਿਸੇ ਛੁਡਾਉਣਾ, ਛੁਟਕੀ ਲਿਵ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲਹਿਣਾ ਦੇਣਾ ਪੂਰ ਕਰਾਉਣਾ, ਪੂਰਬ ਲੇਖਾ ਅਵਰ ਰਹੇ ਨਾ ਰਾਈਆ ।

### ✪ ੨ ਕੱਤਕ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਦੀਵਾਲੀ ਦੀ ਰਾਤ ਨੂੰ ✪

ਕਲਜੁਗ ਕਹੇ ਦੀਵਾਲੀ ਮੇਰਾ ਲੁੱਟਣ ਆਈ ਸੋਨਾ ਚਾਂਦੀ, ਚੰਦ ਸਿਤਾਰ ਅੱਖ ਖੁਲ੍ਹਾਈਆ । ਕਲਜੁਗ ਕੂੜੀ ਕਿਰਿਆ ਭੰਨਣ ਆਈ ਹਾਂਡੀ, ਉਮਤ ਨਬੀ ਰਸੂਲਾਂ ਧਿਆਨ ਲਗਾਈਆ । ਲੇਖਾ ਵੇਖਣ ਆਈ ਜਨ ਭਗਤਾਂ ਕਿਸ ਬਿਧ ਚਲਦੀ ਕਾਂਡੀ, ਕਾਂਡ ਦੀਨ ਦੁਨੀ ਬਦਲਾਈਆ । ਜਿਸ ਝਗੜਾ ਮੇਟਣਾ ਸੂਰ ਗਾਂ ਢਾਂਡੀ, ਢੰਡੋਰਾ ਦੇਵੇ ਅਗੰਮ ਅਥਾਹੀਆ । ਪਿਆਰ ਰਹਿਣਾ ਨਹੀਂ ਆਂਢੀ ਗਵਾਂਢੀ, ਸੰਗੀ ਸੰਗ ਨਾ ਕੋਇ ਬਣਾਈਆ । ਕਲਜੁਗ ਅੰਤਮ ਸਭ ਦੀ ਪਤ ਜਾਂਦੀ, ਜਾਂਦੀ ਸਕੇ ਨਾ ਕੋਇ ਅਟਕਾਈਆ । ਗੁਰ ਅਵਤਾਰਾਂ ਪੂਰੀ ਕਰੇ ਤਾਂਘੀ, ਤ੍ਰਿਸ਼ਨਾ ਪੈਗ਼ੰਬਰਾਂ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਕਲਜੁਗ ਕਹੇ ਦੀਵਾਲੀ ਕਢੇ ਮੇਰਾ ਦੀਵਾਲਾ, ਦੀਵਾਲੀਆ ਜਗਤ ਜਹਾਨ ਕਰਾਈਆ । ਮੈਂ ਅੱਗੇ ਕਿਸ ਦਾ ਦਿਆਂ ਅਹਿਵਾਲਾ, ਸੰਦੇਸ਼ਾ ਸੰਦੇਸ਼ ਵਿਚੋਂ ਜਣਾਈਆ । ਕੀ ਖੇਲ ਕਰੇ ਪੁਰਖ ਅਕਾਲਾ, ਅਕਲ ਕਲਧਾਰੀ ਆਪਣਾ ਹੁਕਮ ਵਰਤਾਈਆ । ਜਿਸ ਨੇ ਲੇਖੇ ਲਾਇਆ ਭਗਤਾਂ ਦਾ ਗੁਰਮਾਲਾ, ਗੋਬਿੰਦ ਗੜ੍ਹੀ ਚਮਕੌਰ ਗਿਆ ਜਣਾਈਆ । ਉਹ ਲੇਖਾ ਵੇਖੇ ਅੰਤਮ ਹਾਲਾ, ਹਾਲਤ ਦੀਨ ਦੁਨੀ ਖੋਜ ਖੁਜਾਈਆ । ਚਾਰੋਂ ਕੁੰਟ ਹੋਣਾ ਅੰਧੇਰਾ ਕਾਲਾ, ਕਲ ਕਲਕੀ ਆਪਣਾ ਹੁਕਮ ਵਰਤਾਈਆ । ਅੱਗੇ ਸਮਾਂ ਰਹੇ ਨਾ ਬਾਹਲਾ, ਜਗਤ ਵੰਡ ਨਾ ਕੋਇ ਵੰਡਾਈਆ । ਰਾਤੀਂ ਸੁਤਿਆਂ ਦਿਨੇ ਜਾਗਦਿਆਂ ਬਦਲ ਦੇਵੇ ਚਾਲਾ, ਚਾਲ ਅਵੱਲੜੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਦੀਵਾਲੀ ਕਰੇ ਕਿਹੜੀ ਕਾਰੀ, ਕੀ ਕਰਨੀ ਕਾਰ ਕਮਾਈਆ । ਮੁਹੰਮਦ ਲੇਖਾ ਰਿਹਾ ਵਿਚਾਰੀ, ਬਿਨ ਨੈਣਾਂ ਨੈਣ ਉਠਾਈਆ । ਨਾਤਾ ਤੁਟਦਾ ਜਾਂਦਾ ਚਾਰ ਯਾਰੀ, ਯਾਰਾਨਾ ਤੋੜ ਨਾ ਕੋਇ ਨਿਭਾਈਆ । ਚਾਰੋਂ ਕੁੰਟ ਰੈਣ ਅੰਧਿਆਰੀ, ਸਾਚਾ ਚੰਦ ਨਾ ਕੋਇ ਚਮਕਾਈਆ । ਮੁਹੱਬਤ ਰਹੇ ਨਾ ਕਿਸੇ ਪਿਆਰੀ, ਪ੍ਰੇਮੀ ਪ੍ਰੀਤਮ ਪ੍ਰੇਮ ਨਾ ਕੋਇ ਨਿਭਾਈਆ । ਚਾਰੋਂ ਕੁੰਟ ਹੋਣੀ ਖ਼ੁਆਰੀ, ਖਾਰ ਵਿਚ ਦਿਸੇ ਲੋਕਾਈਆ । ਜਿਸ ਨੇ ਭਗਤਾਂ ਦੀ ਲੇਖੇ ਲਾਉਣੀ ਸੀਸ ਚੁੱਕੀ ਹੋਈ ਤਗ਼ਾਰੀ, ਤਰਹ ਤਰਹ ਆਪਣਾ ਹੁਕਮ ਵਰਤਾਈਆ । ਸਭ


੧੪੯੬
੨੨

ਦੀ ਅੰਤਮ ਕਰੇ ਬੇਇਤਬਾਰੀ, ਇਤਬਾਰ ਸਕੇ ਨਾ ਕੋਇ ਰਖਾਈਆ । ਉਮਤ ਉਮਤੀ ਕਰੇ ਗ਼ਦਾਰੀ ਸਾਚਾ ਰੰਗ ਨਾ ਕੋਇ ਚੜ੍ਹਾਈਆ । ਪੁਰਖ ਅਕਾਲ ਦੀਨ ਦਿਆਲ ਆਪਣੀ ਕਲਾ ਵਰਤਾਈ ਜ਼ਾਹਰੀ, ਜ਼ਾਹਰ ਜ਼ਹੂਰ ਖੇਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਕਰਾਈਆ । ਕਲਜੁਗ ਕਹੇ ਦੀਵਾਲੀ ਲੇਖਾ ਵੇਖੇ ਸਭ ਦਾ ਉਤੇ ਵਹੀ, ਖਾਤੇ ਪੂਰਬ ਫੋਲ ਫੁਲਾਈਆ । ਜਿਸ ਦੀ ਪੈਗ਼ੰਬਰਾਂ ਪਾਈ ਸਹੀ, ਸਹੀ ਸਲਾਮਤ ਨੂਰ ਇਲਾਹੀਆ । ਜਿਸ ਨੇ ਭਗਤਾਂ ਲੇਖੇ ਲਾਉਣੀ ਪਹਿਲੀ ਕੱਤਕ ਵਾਲੀ ਕਹੀ, ਕਰਮ ਕਾਂਡ ਦਾ ਡੇਰਾ ਢਾਹੀਆ । ਨਿਰਗੁਣ ਧਾਰ ਬਣ ਮੁਦੇਈ, ਮੁੱਦਾ ਵੇਖੇ ਥਾਉਂ ਥਾਈਂਆ । ਜਗਤ ਚਾਨਣਾ ਚੰਨ ਕੋਇ ਨਾ ਰਹੀ, ਰਹਿਮਤ ਰਹੀਮ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਦੀਵਾਲੀ ਕਹੇ ਮੇਰਾ ਕਿਸੇ ਨਾ ਸਮਝਿਆ, ਚਾਨਣ, ਅੱਖਾਂ ਵਾਲਿਆਂ ਨਜ਼ਰ ਕਦੇ ਨਾ ਆਈਆ । ਮੈਨੂੰ ਕੋਟਾਂ ਵਿਚੋਂ ਭਗਤ ਸੁਹੇਲੇ ਜਾਣਨ, ਜਿਨ੍ਹਾਂ ਦੀ ਜਨਣੀ ਮਿਲੇ ਵਡਿਆਈਆ । ਮੇਰਾ ਪ੍ਰਕਾਸ਼ ਉਤੇ ਅਸਮਾਨਣ, ਨੂਰ ਨੂਰ ਵਿਚ ਰੁਸ਼ਨਾਈਆ । ਮੇਰਾ ਸਚ ਘਰ ਦਾ ਕਾਮਨ, ਦੂਜੀ ਵੰਡ ਨਾ ਕੋਇ ਵੰਡਾਈਆ । ਮੈਨੂੰ ਰਾਮ ਨੇ ਰਾਮ ਦਾ ਕੀਤਾ ਜ਼ਾਮਨ, ਵਿਚੋਲਾ ਵਿਚਲਾ ਇਕ ਬਣਾਈਆ । ਦੀਵਾਲੀ ਕਹੇ ਜਿਸ ਵੇਲੇ ਭਗਵਨ ਭਗਤਾਂ ਦੇ ਅੰਦਰੋਂ ਮੇਟੇ ਅੰਧੇਰੀ ਸ਼ਾਮਨ, ਸ਼ਮਾ ਨੂਰ ਜੋਤ ਕਰੇ ਰੁਸ਼ਨਾਈਆ । ਉਸ ਵੇਲੇ ਪ੍ਰਕਾਸ਼ ਹੋਵੇ ਕੋਟਨ ਭਾਨਨ, ਜਗਤ ਦੀਪਕ ਦੀ ਲੋੜ ਰਹੇ ਨਾ ਰਾਈਆ । ਹਰਿਜਨ ਤਕਣ ਜ਼ਿਮੀ ਅਸਮਾਨਣ, ਜ਼ਿਮੀਂ ਅਸਮਾਨ ਤੋਂ ਬਾਹਰ ਇਕੋ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਦੀਵਾਲੀ ਕਹੇ ਮੈਨੂੰ ਸਭ ਨੇ ਕਿਹਾ ਦੌਲੀ, ਦੌਲਤਮੰਦ ਅਖਵਾਈਆ । ਮੇਰਾ ਖੇਲ ਉਪਰ ਧੌਲੀ, ਧਰਨੀ ਧਰਤ ਧਵਲ ਸੁਹਾਈਆ । ਮੈਂ ਸਚ ਦੱਸਾਂ ਦੀਨਾਂ ਮਜ਼੍ਹਬਾਂ ਦੀ ਕੀਮਤ ਨਹੀਂ ਰਹਿਣੀ ਪੌਲੀ, ਰੁਪਈਆ ਰੋਕ ਨਾ ਕੋਇ ਵਖਾਈਆ । ਸਭ ਦਾ ਲੇਖਾ ਮੁਕਣਾ ਹੌਲੀ ਹੌਲੀ, ਹੌਲੇ ਭਾਰ ਸਰਬ ਦਏ ਵਖਾਈਆ । ਮੈਂ ਜੁਗ ਚੌਕੜੀ ਹੋਈ ਨਹੀਂ ਤੌਲੀ, ਆਹਿਸਤਾ ਆਹਿਸਤਾ ਆਪਣਾ ਪੰਧ ਮੁਕਾਈਆ । ਨਵ ਨੌ ਚਾਰ ਪਿਛੋਂ ਜਨ ਭਗਤਾਂ ਫ਼ਰਕਨ ਡੌਲੀ, ਡਾਂਵਾਡੋਲ ਹੋਏ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਪੂਰਾ ਕਰੇ ਧਰਨੀ ਨਾਲ ਧੌਲੀ, ਧਰਮ ਦੀ ਧਾਰ ਨਾਲ ਬੰਧਾਈਆ ।



੧੪੯੭ ੨੨

✪ ੩ ਕੱਤਕ ਸ਼ਹਿਨਸ਼ਾਹੀ ਸੰਮਤ ੭ ਕਰਤਾਰ ਸਿੰਘ, ਠਾਕਰ ਸਿੰਘ, ਗੁਰਾ ਸਿੰਘ, ਇੰਦਰ ਕੌਰ ਬੋਹੜੂ, ਗੁਰਬਚਨ ਕੌਰ ਮਲਕਪੁਰ, ਚਰਨਜੀਤ ਕੌਰ ਗਮਟਾਲਾ, ਸਰਮੁਖ ਸਿੰਘ ਮਾਲ ਮੰਡੀ ਤਰਨਤਾਰਨ, ਪਿੰਡ ਨਿਜ਼ਾਮਪੁਰ ਜ਼ਿਲਾ ਅੰਮ੍ਰਿਤਸਰ ✪

ਕਬੀਰ ਕਹੇ ਉਠ ਵੇਖ ਰਵਦਾਸਾ, ਰਵੀ ਬਿਨ ਨੈਣਾਂ ਨੈਣ ਉਠਾਈਆ । ਖੇਲ ਕਰੇ ਕੀ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਜਿਹੜਾ ਆਦਿ ਅੰਤ ਨਾ ਕਦੇ ਵਿਨਾਸਾ, ਜੁਗ ਜੁਗ ਭਗਤਾਂ ਹੋਏ ਸਹਾਈਆ । ਮੰਡਲ ਮੰਡਪ ਪਾਵੇ ਰਾਸਾ, ਨਿਰਗੁਣ ਨਿਰਗੁਣ ਗੋਪੀ ਕਾਹਨ

ਖੇਲ ਖਿਲਾਈਆ । ਕਲਜੁਗ ਅੰਤਮ ਵੇਖੇ ਖੇਲ ਤਮਾਸ਼ਾ, ਖ਼ਾਲਕ ਖ਼ਲਕ ਨੂਰ ਇਲਾਹੀਆ । ਜੋਤੀ ਜੋਤ ਜੋਤ ਸ਼ਾਹੋ ਸ਼ਾਬਾਸ਼ਾ, ਸ਼ਹਿਨਸ਼ਾਹ ਅਗੰਮ ਅਥਾਹੀਆ । ਜੋ ਨਿਰਗੁਣ ਧਾਰ ਨਿਰਵੈਰ ਹੋ ਕੇ ਹਰ ਘਟ ਅੰਦਰ ਰੱਖੇ ਵਾਸਾ, ਵਾਸਤਾ ਆਪਣੇ ਨਾਲ ਰਖਾਈਆ । ਜਿਸ ਨੂੰ ਝੁਕਦੇ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਸੀਸ ਝੁਕਾਈਆ । ਉਹ ਦਿਸੇ ਗੁਰਮੁਖਾਂ ਦਾਸਾ, ਦਾਸੀ ਦਾਸ ਧੁਰਦਰਗਾਹੀਆ । ਜਿਸ ਨੂੰ ਵੇਖ ਕੇ ਆਉਂਦਾ ਹਾਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਰਵਦਾਸ ਕਹੇ ਸੁਣ ਕਬੀਰਾ, ਕਬਰਾਂ ਤੋਂ ਬਾਹਰ ਦਿਆਂ ਜਣਾਈਆ । ਪੁਰਖ ਅਕਾਲਾ ਗਹਿਰ ਗੰਭੀਰਾ, ਗਵਰ ਇਕ ਅਖਵਾਈਆ । ਜੋ ਮਾਣ ਬਖ਼ਸ਼ੇ ਪੰਜ ਤਤ ਸਰੀਰਾ, ਤਨ ਮਾਟੀ ਆਪਣੇ ਰੰਗ ਰੰਗਾਈਆ । ਜਿਸ ਮੈਨੂੰ ਬਖ਼ਸ਼ਿਆ ਇਕ ਕਸੀਰਾ, ਗੰਗਾ ਗੰਗੋਤਰੀ ਲਈ ਪਰਗਟਾਈਆ । ਬਖ਼ਸ਼ਿਆ ਅਥਾਹ ਹੀਰਾ, ਜਗਤ ਕੀਮਤ ਨਾ ਕੋਇ ਚੁਕਾਈਆ । ਸੋ ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਸੀਸ ਬਖ਼ਸ਼ੇ ਚੀਰਾ, ਚਿਰੀ ਵਿਛੁੰਨੇ ਆਪ ਮਿਲਾਈਆ । ਦੀਨ ਮਜ਼੍ਹਬ ਸ਼ਰਅ ਦੀਆਂ ਤੋੜ ਜ਼ੰਜੀਰਾ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਪੰਧ ਮੁਕਾ ਕੇ ਸ਼ਾਹ ਅਮੀਰ ਹਕੀਰਾ, ਚਾਰ ਵਰਨ ਦਏ ਵਡਿਆਈਆ । ਸਚ ਪ੍ਰੀਤੀ ਬਖ਼ਸ਼ ਹਸਤ ਕੀੜਾ, ਕੀਟ ਕੀਟਾਂ ਹੋਏ ਸਹਾਈਆ । ਗੁਰਮੁਖਾਂ ਪ੍ਰੇਮ ਪਿਆਰ ਦਾ ਬਖ਼ਸ਼ ਕੇ ਲੀੜਾ, ਓਢਣ ਨਾਮ ਵਾਲਾ ਸੀਸ ਟਿਕਾਈਆ । ਅੱਗੇ ਮਾਰਗ ਰਹਿਣ ਨਾ ਦਏ ਭੀੜਾ, ਚੁਰਾਸੀ ਫਾਸੀ ਨਾ ਕੋਇ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਕਬੀਰ ਕਹੇ ਸੁਣ ਰਵੀ ਚਮਰੇਟੇ, ਚੰਮ ਦ੍ਰਿਸ਼ਟੀ ਤੋਂ ਬਾਹਰ ਜਣਾਈਆ । ਪੁਰਖ ਅਕਾਲ ਦੀਨ ਦਿਆਲ ਗ਼ਰੀਬ ਨਿਮਾਣੇ ਬਣਾਏ ਆਪਣੇ ਬੇਟੇ, ਪਿਤਾ ਪੂਤ ਆਪਣੀ ਗੋਦ ਸੁਹਾਈਆ । ਜਿਸ ਨੇ ਚਾਰ ਜੁਗ ਦੇ ਲਹਿਣੇ ਕੀਤੇ ਚੇਤੇ, ਚੇਤਨ ਹੋ ਕੇ ਸਭ ਨੂੰ ਰਿਹਾ ਉਠਾਈਆ । ਨਿਰਗੁਣ ਧਾਰ ਹੋ ਕੇ ਆਤਮ ਪਰਮਾਤਮ ਵੇਖੇ, ਪਾਰਬ੍ਰਹਮ ਬ੍ਰਹਮ ਆਪਣੇ ਰੰਗ ਰੰਗਾਈਆ । ਮਾਨਸ ਜਨਮ ਲਾਏ ਲੇਖੇ, ਅਗਨੀ ਤਤ ਨਾ ਕੋਇ ਜਲਾਈਆ । ਜਨ ਭਗਤਾਂ ਕਢੇ ਭਰਮ ਭੁਲੇਖੇ, ਭਾਂਡਾ ਭਰਮ ਭੌ ਭੰਨਾਈਆ । ਨਾਮ ਜਣਾ ਧੁਰ ਸੰਦੇਸ਼ੇ, ਤੂੰ ਮੇਰਾ ਮੈਂ ਤੇਰਾ ਕਰੀ ਪੜ੍ਹਾਈਆ । ਜਨਮ ਜਨਮ ਦੀ ਕਰਮ ਕਰਮ ਦੀ ਬਦਲ ਕੇ ਰੇਖੇ, ਬਿਧਨਾ ਦਾ ਲਹਿਣਾ ਦਿਤਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਕਬੀਰ ਰਵਦਾਸ ਕਹਿਣ ਪ੍ਰਭੂ ਪ੍ਰਭੂ ਬੇਅੰਤ, ਬੇਅੰਤ ਤੇਰੀ ਵਡਿਆਈਆ । ਤੂੰ ਸਾਜਣ ਮੀਤ ਕੰਤ, ਕੰਤੂਹਲ ਤੇਰੀ ਸਰਨਾਈਆ । ਕੋਝਿਆਂ ਕਮਲਿਆਂ ਬਣਾਏਂ ਗੁਰਮੁਖ ਹਰਿਜਨ ਸਾਚੇ ਸੰਤ, ਭਗਵਨ ਆਪਣਾ ਰੰਗ ਰੰਗਾਈਆ । ਕਲਜੁਗ ਵਿਚ ਸਤਿਜੁਗ ਦੇ ਮਣੀਆ ਮੰਤ, ਨਾਮ ਨਿਧਾਨਾ ਇਕ ਦ੍ਰਿੜਾਈਆ । ਗੁਰਮੁਖਾਂ ਲੇਖਾ ਮੁਕਾ ਕੇ ਜੀਵ ਜੰਤ, ਜਾਗਰਤ ਜੋਤ ਕਰੇਂ ਰੁਸ਼ਨਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਰਿਹਾ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ, ਆਤਮ ਪਰਮਾਤਮ ਪਰਮਾਤਮ ਆਤਮ ਪੜਦਾ ਦਏਂ ਉਠਾਈਆ । ਝਗੜਾ ਮੇਟ ਕੇ ਜੇਰਜ ਅੰਡਜ, ਉਤਭੁਜ ਸੇਤਜ ਲੇਖਾ ਦਏਂ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਪੁਰਖ ਅਕਾਲ ਕਹੇ ਸੁਣੋ ਭਗਤ ਭਗਤ ਜਨ ਮੀਤਾ, ਆਤਮ ਬ੍ਰਹਮ ਦ੍ਰਿੜਾਈਆ । ਮੇਰੀ ਆਦਿ


੧੪੯੮
੨੨

ਜੁਗਾਦੀ ਰੀਤਾ, ਨਿਤ ਨਵਿਤ ਖੇਲ ਖਿਲਾਈਆ । ਅੰਤਮ ਸਭ ਦਾ ਵੇਲਾ ਬੀਤਾ, ਬਾਤਨ ਪੜਦਾ ਲਉ ਉਠਾਈਆ । ਝਗੜਾ ਮੇਟਣਾ ਮੰਦਰ ਮਸੀਤਾ, ਕਾਇਆ ਕਾਅਬਾ ਕਰ ਰੁਸ਼ਨਾਈਆ । ਜਨ ਭਗਤ ਬਣਾ ਤ੍ਰੈਗੁਣ ਅਤੀਤਾ, ਤ੍ਰੈਭਵਣ ਧਨੀ ਹੋਏ ਸਹਾਈਆ । ਲਹਿਣਾ ਰਹੇ ਨਾ ਸਾਢੇ ਤਿੰਨ ਹੱਥ ਸੀਂਅ ਕਾ, ਸਚ ਦੁਆਰ ਦਏ ਵਡਿਆਈਆ । ਲੇਖਾ ਪੂਰਾ ਕਰੇ ਜੀਵਣ ਜੀ ਕਾ, ਜਾਗਰਤ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਤਿ ਇਕ ਸਮਝਾਈਆ । ਜਨ ਭਗਤ ਕਹਿਣ ਪ੍ਰਭ ਤੇਰਾ ਖੇਲ ਅਗੰਮਾ, ਅਲਖ ਅਗੋਚਰ ਤੇਰੀ ਵਡ ਵਡਿਆਈਆ । ਜੁਗ ਚੌਕੜੀ ਤੇਰਾ ਵੇਖੀਏ ਸਮਾਂ, ਸਮਾਪਤ ਹੁੰਦੀ ਜਾਏ ਲੋਕਾਈਆ । ਭਰੋਸਾ ਰਿਹਾ ਨਾ ਕਿਸੇ ਦਮਾਂ, ਦਾਮਨਗੀਰ ਨਾ ਕੋਇ ਅਖਵਾਈਆ । ਕੋਟਾਂ ਵਿਚੋਂ ਗੁਰਮੁਖ ਤੇਰਾ ਚੰਨਾ, ਚੰਦ ਤੇਰਾ ਕਰੇ ਰੁਸ਼ਨਾਈਆ । ਨਵ ਨੌਂ ਚਾਰ ਦਿਸੇ ਗ਼ਮਾ, ਗ਼ਮੀ ਗ਼ਮਖਾਰ ਨਾ ਕੋਇ ਮਿਟਾਈਆ । ਤੇਰਾ ਹੁਕਮ ਸੰਦੇਸ਼ਾ ਸਭ ਨੇ ਸੁਣਨਾ ਨਵਾਂ, ਨਵ ਖੰਡ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੇਣਾ ਜਣਾਈਆ । ਪਿਛਲੀ ਧਾਰ ਰਹੇ ਨਾ ਬੰਨਾ, ਬ੍ਰਾਹਮਣ ਸ਼ੱਤਰੀ ਸ਼ੂਦਰ ਵੈਸ਼ ਏਕਾ ਰੰਗ ਰੰਗਾਈਆ । ਕਲਪਣਾ ਕੂੜ ਰਹੇ ਨਾ ਮਨਾ, ਮਨ ਮਨਸਾ ਦੇਣੀ ਗਵਾਈਆ । ਜਨ ਭਗਤ ਸੁਹੇਲੇ ਜਗਾ ਕੇ ਧੁਰ ਦੀ ਸ਼ਮਾਂ, ਅੰਧ ਅਗਿਆਨ ਦੇਣਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕੋ ਵਰ, ਦੇਵਣਹਾਰ ਤੇਰੀ ਸਰਨਾਈਆ । ਪੁਰਖ ਅਕਾਲ ਕਹੇ ਜਨ ਭਗਤੋ ਦਇਆ ਕਮਾਵਾਂਗਾ । ਨਿਰਗੁਣ ਨੂਰ ਜੋਤ ਰੁਸ਼ਨਾਵਾਂਗਾ । ਜੋਤੀ ਜੋਤ ਡਗਮਗਾਵਾਂਗਾ । ਸ਼ਬਦੀ ਸ਼ਬਦ ਧਾਰ ਪਰਗਟਾਵਾਂਗਾ । ਸਾਚਾ ਡੰਕਾ ਨਾਮ ਸੁਣਾਵਾਂਗਾ । ਦਵਾਰ ਬੰਕਾ ਇਕ ਵਖਾਵਾਂਗਾ । ਸੰਬਲ ਨਗਰ ਰੰਗ ਰੰਗਾਵਾਂਗਾ । ਅਮਾਮ ਅਮਾਮਾ ਵੇਸ ਧਰਾਵਾਂਗਾ । ਕਲ ਕਲਕੀ ਕਲ ਜਣਾਵਾਂਗਾ । ਨਿਹਕਲੰਕ ਨਰਾਇਣ ਨਰ ਅਖਵਾਵਾਂਗਾ । ਜਨ ਭਗਤਾਂ ਬਣ ਕੇ ਸਾਕ ਸੈਣ, ਸੱਜਣ ਇਕੋ ਇਕ ਦਰਸਾਵਾਂਗਾ । ਕਲਜੁਗ ਕਿਰਿਆ ਨਾਤਾ ਤੋੜ ਕੇ ਭਾਈ ਭੈਣ, ਪਿਤਾ ਪੂਤ ਵੰਡ ਵੰਡਾਵਾਂਗਾ । ਸਭ ਦਾ ਪੂਰਾ ਕਰਾਂ ਲਹਿਣ ਦੇਣ, ਵਸਤ ਅਨਮੁੱਲੜੀ ਨਾਮ ਵਰਤਾਵਾਂਗਾ । ਗੁਰਮੁਖਾਂ ਦਰਸ ਦਿਖਾ ਕੇ ਤੀਜੇ ਨੈਣ, ਦੋਏ ਲੋਚਨ ਰੰਗ ਰੰਗਾਵਾਂਗਾ । ਰੂਪ ਦੱਸ ਕੇ ਐਨ ਦਾ ਐਨ, ਨਿਰਗੁਣ ਨੂਰ ਡਗਮਗਾਵਾਂਗਾ । ਜਿਸ ਨੂੰ ਸਕੇ ਕੋਇ ਨਾ ਕਹਿਣ, ਰਸਨਾ ਜਿਹਵਾ ਨਾਲ ਸਿਫ਼ਤ ਸਲਾਹਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤ ਸ੍ਰੀ ਭਗਵੰਤ ਹਰਿਜਨ ਸਾਚੇ (ਸਤਿ) ਸਰੂਪ, ਸਤਿ ਸਤਿਵਾਦੀ ਸਤਿ ਪਰਗਟਾਵਾਂਗਾ ।

### ✪ ੬ ਕੱਤਕ ਸ਼ਹਿਨਸ਼ਾਹੀ ਸੰਮਤ ੭ ਸੰਤਾ ਸਿੰਘ ਬਾਊਪੁਰ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ✪

ਨਾਰਦ ਕਹੇ ਮੈਂ ਪੰਡਤ ਬੜਾ ਵਿਸ਼ੇਸ਼, ਵਿਸ਼ਿਆਂ ਵਿਚ ਕਦੇ ਨਾ ਆਈਆ । ਮੈਂ ਧਰੂ ਨੂੰ ਦਿਤਾ ਉਪਦੇਸ਼, ਭਗਵਨ ਦੀ ਭਗਤੀ ਵਿਚ ਲਗਾਈਆ । ਬਾਲ ਅਵਸਥਾ ਲੇਖੇ ਲਾ ਨਰੇਸ਼, ਮਤਰੇਈ ਦਾ ਡੇਰਾ ਦਿਤਾ ਢਾਹੀਆ । ਜਿਸ ਦੀ ਯਾਦ ਸਦਾ ਰਹੀ ਹਮੇਸ਼, ਜੁਗ ਜੁਗ ਮਿਲੀ ਵਡਿਆਈਆ । ਜਿਸ ਦਾ ਵੱਖਰਾ ਅਗੰਮੜਾ ਲੇਖ, ਲੇਖਾ ਲਿਖ ਨਾ ਕੋਇ ਸਮਝਾਈਆ । ਮੈਂ ਸਭ ਕੁਝ ਰਿਹਾ ਵੇਖ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਇਕ

ਦੱਸਾਂ ਸਚ ਸੰਦੇਸ਼, ਧੁਰ ਫ਼ਰਮਾਨ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਜਿਸ ਵੇਲੇ ਧਰੂ ਘਰੋਂ ਹੋਇਆ ਰਵਾਨਾ, ਜਗ ਮਮਤਾ ਮੋਹ ਤਜਾਈਆ । ਰੱਖਿਆ ਏਕਾ ਇਕ ਧਿਆਨਾ, ਅੰਦਰੇ ਅੰਦਰ ਧਿਆਨ ਲਗਾਈਆ । ਮਿਲੇ ਮੇਲ ਸ੍ਰੀ ਭਗਵਾਨਾ, ਭਗਵਨ ਮਿਲ ਕੇ ਵੱਜੇ ਵਧਾਈਆ । ਆਸ ਰਹੀ ਨਾ ਰਾਜ ਰਾਜਾਨਾ, ਬਾਲ ਅਵਸਥਾ ਰਈਅਤ ਦਿਤੀ ਤਜਾਈਆ । ਚਲਿਆ ਵਿਚ ਬੀਆਬਾਨਾ, ਜੰਗਲਾਂ ਰੁਤ ਸੁਹਾਈਆ । ਤੱਕਿਆ ਇਕ ਨਿਸ਼ਾਨਾ, ਨਿਸ਼ਾਨ ਏਕੰਕਾਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਕਰਾਈਆ । ਨਾਰਦ ਕਹੇ ਜਿਸ ਵੇਲੇ ਧਰੂ ਨਿਕਲਿਆ ਬਾਹਰ ਸ਼ਹਿਰ, ਨਗਰੀ ਦਿਤੀ ਤਜਾਈਆ । ਦੇਸੂ ਪੰਡਤ ਨਿਕਲਿਆ ਕਰਨ ਸੀ ਸੈਰ, ਅੰਮ੍ਰਿਤ ਵੇਲਾ ਖ਼ੁਸ਼ੀ ਮਨਾਈਆ । ਉਸ ਹੱਸ ਕੇ ਕਿਹਾ ਰਾਜਨ ਬੇਟੇ ਕਿਉਂ ਕਰਨ ਲੱਗਾ ਕਹਿਰ, ਭਗਵਨ ਹੱਥ ਕਿਤੇ ਨਾ ਆਈਆ । ਅਸੀਂ ਪੰਡਤ ਕਰਦੇ ਮਿਹਰ, ਜਜਮਾਨਾਂ ਵੇਖ ਵਖਾਈਆ । ਕਿਉਂ ਕੂੜੀ ਖਾਣ ਲੱਗਾ ਜ਼ਹਿਰ, ਗ੍ਰਿਹਿ ਮੰਦਰ ਆਪ ਤਜਾਈਆ । ਝਟ ਅੱਗੇ ਡਾਹਿਆ ਪੈਰ, ਜ਼ੋਰ ਨਾਲ ਦਬਾਈਆ । ਮੈਂ ਕੋਈ ਪੰਡਤ ਨਹੀਂ ਕਾਇਰ, ਸੂਰਬੀਰ ਨਜ਼ਰੀ ਆਈਆ । ਮੇਰਾ ਤੇਰੇ ਨਾਲ ਨਹੀਂ ਕੋਈ ਵੈਰ, ਸ਼ਤਰੂ ਰੂਪ ਨਾ ਕੋਇ ਬਣਾਈਆ । ਵਾਪਸ ਮੁੜ ਜਾ ਨਹੀਂ ਤੇ ਮੈਥੋਂ ਨਹੀਂ ਕੋਈ ਖ਼ੈਰ, ਖ਼ੈਰਖਾਹੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਨਾਰਦ ਕਹੇ ਬ੍ਰਾਹਮਣ ਨੇ ਜ਼ੋਰ ਨਾਲ ਮਾਰੀ ਅੱਡੀ, ਲੱਤ ਅੱਗੇ ਦਿਤੀ ਅਟਕਾਈਆ । ਆਹ ਵੇਖ ਧਰਤੀ ਉਤੇ ਗੱਡੀ, ਇਸ ਨੂੰ ਸਕੇ ਨਾ ਕੋਇ ਉਖੜਾਈਆ । ਕਮਲਿਆ ਤੂੰ ਕਿਉਂ ਰਾਜ ਗੱਦੀ ਜਾਂਦਾ ਛਡੀ, ਪੰਡਤਾਂ ਤੋਂ ਬਿਨਾ ਗੁਰੂ ਨਜ਼ਰ ਕੋਇ ਨਾ ਆਈਆ । ਮੈਂ ਤੁਹਾਡਾ ਬ੍ਰਾਹਮਣ ਪੁਸ਼ਤ ਤੇ ਯੱਦੀ, ਯਦੀ ਰਾਜ ਤਿਲਕ ਦਿਆਂ ਲਗਾਈਆ । ਤੈਨੂੰ ਜਾਣ ਨਹੀਂ ਦੇਣਾ ਬਦੋ ਬਦੀ, ਅੱਗੇ ਹੋ ਕੇ ਜ਼ੋਰ ਵਖਾਈਆ । ਧਰੂ ਹੱਸ ਕੇ ਕਿਹਾ ਮੇਰੀ ਆਤਮਾ ਕਿਸੇ ਨਹੀਂ ਬੱਧੀ, ਬਦਲਾ ਸਕੇ ਨਾ ਕੋਇ ਚੁਕਾਈਆ । ਮੇਰੇ ਅੰਦਰ ਪ੍ਰਭੂ ਦੇ ਮਿਲਣ ਦੀ ਜੋਤ ਜਗੀ, ਜਗਹ ਜਗਹ ਕਰੇ ਰੁਸ਼ਨਾਈਆ । ਮੈਨੂੰ ਕੋਈ ਵਸਤ ਅੱਛੀ ਨਹੀਂ ਲੱਗੀ, ਕੂੜ ਕੁੜਿਆਰ ਦਿਸੇ ਲੋਕਾਈਆ । ਤੁਸੀਂ ਬ੍ਰਾਹਮਣ ਬੜੇ ਲਬੀ, ਲੋਭ ਲਾਲਚ ਵਿਚ ਹਲਕਾਈਆ । ਮੈਂ ਪਾਉਣਾ ਅਮਰਾਪਦੀ, ਪਤਿਪਰਮੇਸ਼ਵਰ ਮਿਲ ਕੇ ਵੱਜੇ ਵਧਾਈਆ । ਪੰਡਤਾ ਅੱਗੋਂ ਜਾ ਹਟੀ, ਹਠ ਨਾਲ ਬਾਲੇ ਦਿਤਾ ਸੁਣਾਈਆ । ਨਹੀਂ ਤੇ ਤੇਰੀ ਅੱਡੀ ਜਾਵੇਗੀ ਕਟੀ, ਕਟਾਕਸ਼ ਨਾਮ ਵਾਲਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਝਟ ਬ੍ਰਾਹਮਣ ਨੂੰ ਆਈ ਸੁਰਤ, ਆਪਣਾ ਆਪ ਬਦਲਾਈਆ । ਪੈਰ ਪਿਛੇ ਕੀਤਾ ਤੁਰਤ, ਨੇਤਰ ਨੈਣ ਸ਼ਰਮਾਈਆ । ਸਾਹਿਬ ਅਕਾਲ ਮੂਰਤ, ਪੁਰਖ ਅਕਾਲ ਬੇਪਰਵਾਹੀਆ । ਜਿਸ ਦੀ ਨਾਦ ਅਗੰਮੀ ਤੁਰਤ, ਤੂਰਤ ਆਪਣਾ ਹੁਕਮ ਸੁਣਾਈਆ । ਧਰੂ ਹੱਸ ਕੇ ਕਿਹਾ ਪੰਡਤ ਜੀ ਤੁਸਾਂ ਚੰਗੀ ਕੀਤੀ ਮਹੂਰਤ, ਮੋਹਰ ਮੈਂ ਉਤੇ ਦਿਆਂ ਲਗਾਈਆ । ਹੁਣ ਮੈਨੂੰ ਪ੍ਰਭ ਦੇ ਮਿਲਣ ਦੀ ਜ਼ਰੂਰਤ, ਜ਼ਰੂਰੀ ਘਰ ਬਾਹਰ ਤਜਾਈਆ । ਕਰਨਾ ਦਰਸ ਨੂਰੀ ਨੂਰਤ, ਨੂਰ ਨੁਰਾਨਾ ਵੇਖ ਵਖਾਈਆ । ਪਰ ਯਾਦ ਕਰ ਜਿਸ ਵੇਲੇ ਕਲਜੁਗ ਅੰਤ ਸ੍ਰਿਸ਼ਟ ਸਬਾਈ ਹੋਈ ਕੂੜਤ, ਕੂੜੀ ਕਿਰਿਆ ਸੰਗ ਰਖਾਈਆ । ਚਤੁਰ ਸੁਘੜ ਬਣਨ ਮੂੜ੍ਹਤ, ਅਕਲ ਬੁਧੀ ਨਾ ਕੋਇ ਵਡਿਆਈਆ ।


੧੫੦੦ ੨੨

ਉਸ ਵੇਲੇ ਪ੍ਰਭ ਨੂੰ ਭਗਤਾਂ ਦੀ ਫੇਰ ਪਏ ਜ਼ਰੂਰਤ, ਹਰਿਜਨ ਲੱਭੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਧ੍ਰੂ ਹੱਸ ਕੇ ਕਿਹਾ ਪੰਡਤ ਜੀ ਔਹ ਵੇਖ ਮੁਕਦੀ ਵਾਟ, ਪੰਧ ਰਹੇ ਨਾ ਰਾਈਆ । ਕਲਜੁਗ ਕੂੜ ਕੁੜਿਆਰਾ ਹੋਵੇ ਹਾਟ, ਸਚ ਧਰਮ ਨਾ ਕੋਇ ਵਖਾਈਆ । ਉਸ ਵੇਲੇ ਪੁਰਖ ਅਕਾਲ ਇਕ ਭਗਤ ਦਵਾਰ ਬਣਾਏ ਤਾਟ, ਤੀਰਥ ਨਜ਼ਰ ਕੋਇ ਨਾ ਆਈਆ । ਸਭ ਦੀ ਸਾਂਝੀ ਕਰੇ ਜ਼ਾਤ, ਆਤਮ ਪਰਮਾਤਮ ਮੇਲ ਮਿਲਾਈਆ । ਜਿਹੜਾ ਮੈਨੂੰ ਤੂੰ ਅੱਗੇ ਹੋ ਕੇ ਰੋਕਿਆ ਆਪ, ਆਪਣਾ ਬਲ ਪਰਗਟਾਈਆ । ਇਸ ਦਾ ਲੇਖਾ ਜ਼ਰੂਰ ਦੇਵੇਗਾ ਮੇਰਾ ਬਾਪ, ਪਤਿਪਰਮੇਸ਼ਵਰ ਬੇਪਰਵਾਹੀਆ । ਤੂੰ ਹੰਕਾਰ ਵਿਚ ਕੀਤਾ ਪਾਪ, ਮੇਰਾ ਰਸਤਾ ਬੰਦ ਕਰਾਈਆ । ਜਿਹੜੀ ਅੱਡੀ ਪੈਰ ਧਰਨੀ ਦਿਤਾ ਥਾਪ, ਜ਼ੋਰ ਨਾਲ ਦਬਾਈਆ । ਇਹਦਾ ਲੇਖਾ ਜ਼ਰੂਰ ਮਿਲੇ ਸਾਖਿਆਤ, ਹਰਿ ਸਤਿਗੁਰ ਆਪ ਦਵਾਈਆ । ਭਗਤ ਦਵਾਰੇ ਤੇਰਾ ਪੈਰ ਰੋਕਣ ਵਾਲਾ ਜਾਏ ਪਾਟ, ਅੱਗੇ ਹੋ ਨਾ ਕੋਇ ਅਟਕਾਈਆ । ਫੇਰ ਤੇਰਾ ਲਹਿਣਾ ਦੇਣਾ ਦੇਵੇ ਕਾਟ, ਜਨਮ ਮਰਨ ਦਾ ਗੇੜ ਚੁਕਾਈਆ । ਏਸੇ ਕਾਰਨ ਪੂਰਬ ਲੇਖੇ ਦੀ ਸੰਤ ਸਿੰਘ ਨੂੰ ਲੱਗੀ ਸਾਟ, ਪਿਛਲੀ ਕੀਤੀ ਭੁੱਲ ਕਦੇ ਨਾ ਜਾਈਆ । ਅੱਗੇ ਰੱਖੇ ਸਿਰ ਦੇ ਕਰ ਹਾਥ, ਸਮਰਥ ਹੋਏ ਸਹਾਈਆ । ਸੱਤ ਕੱਤਕ ਨੂੰ ਸਾਰੀ ਬਾਬੂਪੁਰ ਦੀ ਸੰਗਤ ਨੇ ਸੰਤਾ ਸਿੰਘ ਪਿਛੇ ਕਰਾਉਣਾ ਪਰਸ਼ਾਦ, ਭਗਤ ਭਗਤਾਂ ਨਾਲ ਮਿਲਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦਾ ਵਖ ਰਹੇ ਨਾ ਕੋਇ ਸਮਾਜ, ਸਮਗਰੀ ਇਕੋ ਇਕ ਦਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਜੁਗ ਸਭ ਦਾ ਲਹਿਣਾ ਦੇਣਾ ਲੇਖਾ ਰੱਖੇ ਯਾਦ ਅਭੁੱਲ ਭੁੱਲ ਕਦੇ ਨਾ ਜਾਈਆ ।



੧੫੦੧ ੨੨

### ✪ ੭ ਕੱਤਕ ਸ਼ਹਿਨਸ਼ਾਹੀ ਸੰਮਤ ੭ ਸੰਤਾ ਸਿੰਘ ਦੇ ਨਵਿਤ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ✪

ਧਰੂ ਕਹੇ ਜਿਸ ਵੇਲੇ ਮੈਂ ਆ ਗਿਆ ਆਪਣੇ ਪੱਤਨ, ਪੰਡਤ ਸਕਿਆ ਨਾ ਕੋਇ ਅਟਕਾਈਆ । ਮੇਰਾ ਸਾਥੀ ਮੇਰੇ ਵੱਲ ਵੇਖੇ ਜਿਸ ਦਾ ਨਾਮ ਰਤਨ, ਰਤੂ ਕਹਿ ਕੇ ਪੁਕਾਰੇ ਜਗਤ ਲੋਕਾਈਆ । ਮੈਨੂੰ ਦਿਤੀ ਸੱਚੀ ਮੱਤਨ, ਸਤਿ ਸਚ ਨਾਲ ਸਮਝਾਈਆ । ਜ਼ਰੂਰ ਪ੍ਰਭੂ ਦਾ ਦਰਸ਼ਨ ਕਰੀਏ ਅੱਖਣ, ਨੇਤਰ ਨੈਣ ਉਠਾਈਆ । ਜੇ ਤੇਰੇ ਪਿਛੇ ਉਹ ਮਿੱਤਰਾ ਮੈਨੂੰ ਆਵੇ ਫੇਰ ਰੱਖਣ, ਮਿਹਰਵਾਨ ਫੇਰਾ ਪਾਈਆ । ਧਰੂ ਹੱਸ ਕੇ ਕੀਤਾ ਬਚਨ, ਸਹਿਜ ਨਾਲ ਸੁਣਾਈਆ । ਮੈਂ ਤੇ ਚਲਿਆ ਅਜੇ ਲੱਭਣ, ਭੱਜਣਾ ਵਾਹੋ ਦਾਹੀਆ । ਜੇ ਮਿਲਿਆ ਮੇਰਾ ਮੈਨੂੰ ਸੱਜਣ, ਮੈਂ ਸੰਦੇਸ਼ਾ ਦੇਵਾਂ ਚਾਈਂ ਚਾਈਂਆ । ਝਟ ਨਾਰਦ ਲੱਗਾ ਗੱਜਣ, ਕੂਕ ਕੂਕ ਦੁਹਾਈਆ । ਸੁਣਿਆ ਅਗੰਮੀ ਨਦਨ, ਸ਼ਬਦ ਨਾਮ ਸ਼ਨਵਾਈਆ । ਇਹ ਕਾਇਆ ਮਾਟੀ ਭਾਂਡੇ ਸਭ ਦੇ ਭੱਜਣ, ਅੰਤ ਰਹਿਣ ਕੋਇ ਨਾ ਪਾਈਆ । ਕੋਟਨ ਕੋਟ ਸ਼ਾਹ ਸੁਲਤਾਨ ਏਥੋਂ ਲੱਦਣ, ਅੰਤ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਵਹਿਣ ਵਗਣ, ਭੱਜਣ ਵਾਹੋ ਦਾਹੀਆ । ਜਿਸ ਵੇਲੇ ਪੰਡੇ ਨੂੰ ਚਾੜ੍ਹੀ ਰੰਗਣ, ਰੰਗਤ ਰੰਗ ਰੰਗਾਈਆ । ਉਸ ਦੀ ਲੇਖੇ ਲਾਏ ਅੱਡੀ ਗੱਡਣ, ਗਾਡ ਆਪਣਾ ਖੇਲ ਖਿਲਾਈਆ । ਉਸ ਵੇਲੇ ਫੇਰ ਜਨਮ ਲੈਣਾ ਤੇਰੇ ਰਤਨ, ਰਤੂ ਪ੍ਰਭ ਰੰਗ ਰੰਗਾਈਆ । ਜਿਸ ਦਾ ਨਾਮ ਹੋਣਾ

ਸਿੰਘ ਵਤਨ, ਬਤਨ ਸਿੰਘ ਏਸੇ ਕਰਕੇ ਲਿਆ ਮਿਲਾਈਆ । ਪ੍ਰਭ ਦੇ ਹੁਕਮ ਅੱਗੇ ਕਿਸੇ ਦਾ ਚਲੇ ਕੋਇ ਨਾ ਯਤਨ, ਯਥਾਰਥ ਆਪਣਾ ਹੁਕਮ ਵਰਤਾਈਆ । ਜੋ ਪ੍ਰੇਮ ਪਿਆਰ ਮੁਹੱਬਤ ਵਿਚ ਫਸਣ, ਜਗਤ ਤ੍ਰਿਸ਼ਨਾ ਸਕੇ ਨਾ ਕਿਸੇ ਛੁਡਾਈਆ । ਇਹ ਦੋਵੇਂ ਇਕੋ ਘਰ ਵਸਣ, ਮੇਲ ਮਿਲਾਵਾ ਹੋਵੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਧਰੂ ਕਹੇ ਨਾਰਦ ਮੰਨ ਉਪਦੇਸ਼ਾ, ਉਪਨਿਸ਼ਦਾਂ ਦੀ ਲੋੜ ਰਹੀ ਨਾ ਰਾਈਆ । ਮਾਲਕ ਮੇਰਾ ਮਿਲੇ ਹਮੇਸ਼ਾ, ਹਮਸਾਜਣ ਬੇਪਰਵਾਹੀਆ । ਜਿਸ ਦਾ ਜੁਗ ਜੁਗ ਅਵੱਲੜਾ ਵੇਸਾ, ਨਿਤ ਨਵਿਤ ਆਪਣੀ ਕਾਰ ਕਮਾਈਆ । ਜਨ ਭਗਤਾਂ ਜਾਣੇ ਲੇਖਾ, ਲੇਖ ਲਿਖਤ ਨਾਲ ਸਮਝਾਈਆ । ਜੁਗ ਚੌਕੜੀ ਖੋਲ੍ਹੇ ਭੇਤਾ, ਭਾਂਡਾ ਭਰਮ ਭੌ ਭੰਨਾਈਆ । ਕਲਜੁਗ ਅੰਤਮ ਬਣ ਕੇ ਆਵੇ ਨੇਤਾ, ਨਰ ਨਰਾਇਣ ਧੁਰਦਰਗਾਹੀਆ । ਸਭ ਦਾ ਕੌਲ ਇਕਰਾਰ ਪੂਰਾ ਕਰੇ ਠੇਕਾ, ਠਾਕਰ ਆਪਣੀ ਕਾਰ ਭੁਗਤਾਈਆ । ਅਭੁੱਲ ਕਦੇ ਨਾ ਭੁੱਲੇ ਚੇਤਾ, ਚੇਤਨ ਸਭ ਨੂੰ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਧਰੂ ਕਹੇ ਉਹ ਵਕਤ ਹੋਣਾ ਸੁਹਾਉਣਾ, ਸੋਹਣੀ ਰੁਤ ਬਣਾਈਆ । ਪੁਰਖ ਅਬਿਨਾਸ਼ੀ ਖੇਲ ਖਿਲਾਉਣਾ, ਖ਼ਾਲਕ ਖ਼ਲਕ ਬੇਪਰਵਾਹੀਆ । ਮੈਂ ਸਾਚਾ ਬਚਨ ਜਣਾਉਣਾ, ਜਾਣਕਾਰੀ ਦਿਆਂ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਵਰਤਾਈਆ । ਧਰੂ ਕਹੇ ਅੱਸੂ ਤਿੰਨ ਦੀ ਵੇਖੋ ਗਾਥਾ, ਕੀ ਗਈ ਦ੍ਰਿੜਾਈਆ । ਜਿਸ ਦਾ ਲੇਖ ਸੀ ਮਸਤਕ ਮਾਥਾ, ਭੇਖ ਬੇਪਰਵਾਹੀਆ । ਸੋ ਸਾਹਿਬ ਸਰਬ ਕਲਾ ਸਮਰਾਥਾ, ਹਰਿ ਕਰਤਾ ਧੁਰਦਰਗਾਹੀਆ । ਜਿਸ ਨੇ ਸਚ ਦੀ ਸਚ ਨਾਲ ਪਾਈ ਰਾਸਾ, ਰਸਮ ਆਪਣੀ ਇਕ ਜਣਾਈਆ । ਹਰਿ ਸੰਗਤ ਦੇ ਭਰਵਾਸਾ, ਬਾਬੂਪੁਰ ਗਿਆ ਸਮਝਾਈਆ । ਗੁਰਸਿਖ ਪਿਛੇ ਹਰਿ ਭਗਵਨ ਆਵੇ ਨਾਸਾ, ਭੱਜੇ ਵਾਹੋ ਦਾਹੀਆ । ਜਗਤ ਜਹਾਨ ਬਣੇ ਰਾਖਾ, ਏਥੇ ਉਥੇ ਹੋਏ ਸਹਾਈਆ । ਅੰਦਰ ਬਾਹਰ ਸਭ ਦੀਆਂ ਸੁਣੇ ਬਾਤਾਂ, ਅਣਸੁਣਤ ਆਪਣੀ ਦਇਆ ਕਮਾਈਆ । ਜੀਵਣ ਮਰਨ ਦੋਵੇਂ ਜੋੜੇ ਨਾਤਾ, ਬਿਧਾਤਾ ਆਪਣਾ ਖੇਲ ਖਿਲਾਈਆ । ਭਗਤ ਦਾ ਬਚਨ ਸਤਿਗੁਰ ਦਾ ਆਖਾ, ਕਲਜੁਗ ਅੰਤਮ ਪੂਰ ਕਰਾਈਆ । ਸੰਤਾ ਸਿੰਘ ਦੀ ਅੰਤ ਮੁਕਣੀ ਸੀ ਵਾਟਾ, ਵਟਾ ਸੱਤ ਕੱਤਕ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਸੱਤ ਕੱਤਕ ਕਹੇ ਲੇਖਾ ਲਿਖਿਆ ਬਿਨ ਕਲਮ ਦਵਾਤ, ਰਾਏ ਧਰਮ ਚਿਤ੍ਰਗੁਪਤ ਵੇਖੇ ਨੈਣ ਉਠਾਈਆ । ਜਿਸ ਸੰਤਾ ਸਿੰਘ ਦਾ ਲੇਖਾ ਮੁਕਣਾ ਸੀ ਅੱਜ ਦੀ ਰਾਤ, ਸਾਢੇ ਦਸ ਦਾ ਵਕਤ ਸੁਹਾਈਆ । ਤਨ ਵਜੂਦ ਦਾ ਛੁੱਟਣਾ ਸੀ ਨਾਤ, ਮਾਟੀ ਚੰਮ ਨਾ ਸੰਗ ਵਖਾਈਆ । ਤਿਸ ਉਤੇ ਕਿਰਪਾ ਕੀਤੀ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਮਿਹਰ ਨਜ਼ਰ ਉਠਾਈਆ । ਸਵਾਸ ਵਿਚੋਂ ਬਖ਼ਸ਼ ਸਵਾਸ, ਪਾਤਾਲ ਆਕਾਸ਼ ਦਾ ਪੰਧ ਮੁਕਾਈਆ । ਜਨਮ ਵਿਚੋਂ ਜਨਮ ਦੇ ਕੇ ਆਜ, ਪਿਛਲੀ ਅਜ਼ਲ ਤੋਂ ਲਿਆ ਬਚਾਈਆ । ਜਿਥੇ ਪੁੱਜ ਨਾ ਸਕੇ ਕੋਈ ਯੋਗਰਾਜ, ਭਗਤੀ ਭਗਤ ਨਾ ਕੋਇ ਚਤੁਰਾਈਆ । ਜਿਸ ਨੂੰ ਸਮਝੇ ਨਾ ਕੋਇ ਸਮਾਜ, ਸਮੱਸਿਆ ਹੱਲ ਨਾ ਕੋਇ ਕਰਾਈਆ । ਜਿਸ ਦੇ ਪਿਆਰ ਵਿਚ ਹਰਿ ਸੰਗਤ ਕਰਾਇਆ ਪਰਸ਼ਾਦਿ, ਬਾਬੂਪੁਰ ਸੰਗਤ ਮਿਲੀ ਵਡਿਆਈਆ । ਇਹ ਲੇਖਾ ਇਕ ਦਾ ਇਕ ਵਾਹਿਦ, ਵਾਹਿਦਾ ਪਿਛਲਾ ਪੂਰ ਕਰਾਈਆ ।

ਜਿਹੜਾ ਪੰਡਤ ਤੋਂ ਨਾਈ ਨਾਈ ਤੋਂ ਜੱਟ ਬਣ ਗਿਆ ਖੇਲ ਹੋਇਆ ਲਾਜਵਾਬ, ਭੇਵ ਅਭੇਦ ਨਾ ਕੋਇ ਦ੍ਰਿੜਾਈਆ । ਜਿਸ ਨੂੰ ਸਮਝ ਨਾ ਸਕੇ ਅੱਖਰਾਂ ਵਾਲੀ ਕੋਈ ਕਿਤਾਬ, ਕੁਤਬਖ਼ਾਨੇ ਰੋਵਣ ਮਾਰਨ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕੱਤਕ ਕਹੇ ਮੇਰੀ ਦੁਹਾਈ, ਸਤਿ ਸਤਿ ਸੀਸ ਨਿਵਾਈਆ । ਮੈਂ ਵੇਖਾਂ ਬਣਕੇ ਰਾਹੀ, ਭੱਜਾਂ ਵਾਹੋ ਦਾਹੀਆ । ਜਿਸ ਦਾ ਲਹਿਣਾ ਦੇਣਾ ਦੋ ਦੋ ਬਾਈ, ਬਾਵਨ ਆਪਣੀ ਕਾਰ ਭੁਗਤਾਈਆ । ਜਿਸ ਦਾ ਹੁਕਮ ਬਦਲ ਸਕੇ ਕੋਇ ਨਾ ਰਾਈ, ਰਈਅਤ ਦੋ ਜਹਾਨ ਸੀਸ ਨਿਵਾਈਆ । ਜਿਸ ਦੀ ਸ਼ਹਾਦਤ ਹਰਿ ਸੰਗਤ ਦਏ ਗਵਾਹੀ, ਗਵਾਹ ਅਵਰ ਨਾ ਕੋਇ ਰਖਾਈਆ । ਜਿਸ ਨੂੰ ਜਨਮ ਵੇਲੇ ਲੱਭਣੀ ਪਈ ਕੋਈ ਨਹੀਂ ਦਾਈ, ਦਾਈ ਦਾਇਆ ਆਪੇ ਹੋ ਕੇ ਜਨਮ ਦਿਤਾ ਬਦਲਾਈਆ । ਉਸ ਦੀ ਪ੍ਰੀਤੀ ਉਸ ਦੀ ਖ਼ੁਸ਼ੀ ਸਵਾਈ, ਹਰਿ ਸੱਜਣ ਵਡ ਵਡਿਆਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਦੇਵਣਹਾਰ ਵਡਿਆਈ, ਵਡ ਵੱਡਾ ਇਕ ਅਖਵਾਈਆ । ਪਰਵਾਰ ਨਾਲੋਂ ਹੋਣ ਨਹੀਂ ਦਿਤੀ ਜੁਦਾਈ, ਵਿਛੋੜੇ ਨਾਲੋਂ ਜੋੜਾ ਦਿਤਾ ਬਣਾਈਆ । ਬਤਨ ਸਿੰਘ ਬਾਤਨ ਭੇਵ ਖੁਲ੍ਹਾਈ, ਗੁੱਝੀ ਰਮਜ਼ ਨਾਲ ਜਣਾਈਆ । ਸਤਿਗੁਰ ਬਚਨ ਕਦੇ ਨਾ ਸਮਝੋ ਅਜਾਈਂ, ਜੋ ਭਗਤ ਦਵਾਰੇ ਵਿਚ ਬਹਿ ਕੇ ਦਏ ਸੁਣਾਈਆ । ਜੋ ਕੁਛ ਕਰੇ ਸੋ ਕਰੇ ਤੁਹਾਡੇ ਥਾਈਂ, ਪਰਥਾਏ ਤੁਹਾਡੀ ਕਾਰ ਕਮਾਈਆ । ਜਨ ਭਗਤੋ ਤੁਸੀਂ ਸਾਹਿਬ ਤੇ ਉਹ ਤੁਹਾਡਾ ਸਾਈਂ, ਦੋਹਾਂ ਦਾ ਮੇਲਾ ਨੂਰ ਇਲਾਹੀਆ । ਸੱਤ ਕੱਤਕ ਸੁਹੰਜਣਾ ਸਭ ਨੇ ਖ਼ੁਸ਼ੀ ਮਨਾਉਣੀ ਚਾਈਂ ਚਾਈਂ, ਚਿੰਤਾ ਗ਼ਮ ਨਾ ਕੋਇ ਰਖਾਈਆ । ਸਤਿਗੁਰ ਹੋ ਕੇ ਗੁਰਸਿਖਾਂ ਪਕੜੇ ਬਾਂਹੀ, ਫੜ ਬਾਂਹੋ ਬਾਹਰ ਕਢਾਈਆ । ਰਾਏ ਧਰਮ ਨਾ ਦਏ ਸਜ਼ਾਈ, ਚਿਤ੍ਰਗੁਪਤ ਨਾ ਲੇਖ ਵਖਾਈਆ । ਜਿਸ ਨਾਮ ਦੀ ਪ੍ਰੀਤੀ ਆਪਣੇ ਨਾਲ ਲਗਾਈ, ਅੰਤਮ ਦੇਵੇ ਤੋੜ ਨਿਭਾਈਆ । ਜਨ ਭਗਤੋ ਤੁਹਾਡੇ ਪਿਛੇ ਨਹੀਂ ਆਪਣੇ ਪਿਆਰ ਪਿਛੇ ਆਇਆ ਵਾਹੋ ਦਾਹੀ, ਸੇਵਾ ਗੁਰਸਿਖ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਸ਼ਬਦ ਗੁਰ ਪੂਰਨ, ਪੂਰਬ ਲੇਖਾ ਰਿਹਾ ਚੁਕਾ । ਵਡ ਦਾਤਾ ਯੋਧਾ ਯੋਧ ਸੂਰਨ, ਬੇਪਰਵਾਹ ਅਗੰਮ ਅਥਾਹ । ਜੋਤੀ ਜਾਤਾ ਨੂਰੀ ਨੂਰ ਨੂਰਨ, ਨੂਰ ਨੁਰਾਨਾ ਨੂਰ ਅਲਾਹ । ਗੁਰਮੁਖਾਂ ਆਸਾ ਮਨਸਾ ਕਰੇ ਪੂਰਨ, ਜਗਤ ਤ੍ਰਿਸ਼ਨਾ ਤ੍ਰਿਖਾ ਦੂਰ ਕਰਾ । ਸਚ ਪ੍ਰੀਤੀ ਬਖ਼ਸ਼ ਕੇ ਜਾਏ ਧੂੜਨ, ਟਿੱਕੇ ਨਾਮ ਪ੍ਰੇਮ ਦੇ ਦਏ ਰਮਾ । ਇਕੋ ਰੰਗ ਚੜ੍ਹਾਏ ਗੂੜ੍ਹਨ, ਜਗਤ ਜਹਾਨ ਉਤਰੇ ਕਦੇ ਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਦਾ ਹਾਜ਼ਰ ਹਜ਼ੂਰਨ, ਵਿਛੋੜੇ ਵਿਚ ਵਿਛੜੇ ਕਦੇ ਨਾ ।



## ੭ ਕੱਤਕ ਸ਼ਹਿਨਸ਼ਾਹੀ ਸੰਮਤ ੭ ਸਾਰੀ ਸੰਗਤ ਦੇ ਪਰਸ਼ਾਦਿ ਕਰਾਉਣ ਤੇ ਪਿੰਡ ਅੱਲੜਪਿੰਡੀ ਜ਼ਿਲਾ ਗੁਰਦਾਸ ਪੁਰ

ਚੰਦ ਸਿਤਾਰ ਬਦਲ ਕੇ ਮੁਖ, ਸਨਮੁਖ ਹੋ ਕੇ ਰਹੇ ਜਣਾਈਆ । ਪਰਵਰਦਿਗਾਰ ਦਾ ਤਕੀਏ ਰੁਖ਼, ਰੁਖ਼ਸਤ ਸਭ ਨੂੰ ਰਿਹਾ ਦਵਾਈਆ । ਖੇਲ ਤਕੀਏ ਮਾਨਸ ਮਾਨੁਖ, ਮਾਨਵ ਮਾਨਵ ਧਿਆਨ ਲਗਾਈਆ । ਚਾਰੋਂ ਕੁੰਟ ਤ੍ਰਿਸ਼ਨਾ ਭੁੱਖ, ਸਾਂਤਕ ਸਤਿ ਨਾ ਕੋਇ ਵਰਤਾਈਆ । ਕੂੜ

ਕਲਪਣਾ ਲੱਗਾ ਦੁੱਖ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਧਰਨੀ ਪਵਿੱਤਰ ਦਿਸੇ ਕੋਇ ਨਾ ਕੁੱਖ, ਜਨਣੀ ਰੋਵੇ ਮਾਰੇ ਧਾਈਆ । ਅਵਤਾਰ ਪੈਗ਼ੰਬਰ ਬੈਠੇ ਚੁਪ, ਧੁਰ ਸ਼ਬਦ ਨਾ ਕੋਇ ਸ਼ਨਵਾਈਆ । ਸਭ ਦਾ ਸੂਰੀਆ ਰਿਹਾ ਛੁਪ, ਨੂਰ ਨੂਰ ਨਾ ਕੋਇ ਕਰਾਈਆ । ਧਰਮ ਦਾ ਦਿਸੇ ਕੋਇ ਨਾ ਸੁਤ, ਅਪਰਾਧੀ ਵੇਖੇ ਥਾਉਂ ਥਾਈਂਆ । ਚਾਰੋਂ ਕੁੰਟ ਅੰਧੇਰਾ ਘੁੱਪ, ਘੁੰਮਣ ਘੇਰੀ ਵਿਚ ਲੋਕਾਈਆ । ਮੁਹੰਮਦ ਤਕਦਾ ਜਿਸ ਕਟਾਈ ਦਾੜ੍ਹੀ ਮੁੱਛ, ਮੁਸ਼ਕਲ ਹੱਲ ਨਾ ਕੋਇ ਕਰਾਈਆ । ਕਿਸੇ ਦੇ ਕੋਲ ਨਹੀਂ ਕੁਛ, ਖ਼ਾਲੀ ਹੱਥ ਭੱਜਣ ਵਾਹੋ ਦਾਹੀਆ । ਸਦੀ ਚੌਧਵੀਂ ਪਰਵਰਦਿਗਾਰ ਰਿਹਾ ਰੁੱਸ, ਕਰਵਟ ਆਪਣੀ ਰਿਹਾ ਬਦਲਾਈਆ । ਬਹੁੜੀ ਸਾਡਾ ਮਾਣ ਤਾਣ ਜਾਣਾ ਖ਼ੁਸ, ਖ਼ੁਸ਼ੀਆਂ ਢੋਲੇ ਕੋਇ ਨਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਤਾਰਾ ਚੰਦ ਕਹੇ ਵੇਖੀਏ ਆਪਣਾ ਅੱਬਾ, ਅਵਲ ਅੱਲਾ ਨੂਰ ਇਲਾਹੀਆ । ਜਿਸ ਦਾ ਖੇਲ ਆਦਿ ਜੁਗਾਦਿ ਸਬਾ, ਸਭਾ ਮਲੇਛਾਂ ਦਏ ਮਿਟਾਈਆ । ਕਲਜੁਗ ਕੂੜੀ ਕਿਰਿਆ ਮੇਟੇ ਹੱਦਾ, ਹਦੂਦ ਜਗਤ ਰਹੇ ਨਾ ਰਾਈਆ । ਧੁਰ ਸੰਦੇਸ਼ਾ ਦੇਵੇ ਸੱਦਾ, ਹੁਕਮੀ ਹੁਕਮ ਆਪ ਦ੍ਰਿੜਾਈਆ । ਸਭ ਦਾ ਵਕਤ ਜਾਂਦਾ ਲੱਦਾ, ਲਹਿੰਦਾ ਚੜ੍ਹਦਾ ਧਿਆਨ ਲਗਾਈਆ । ਹੁਕਮੇ ਅੰਦਰ ਦੋ ਜਹਾਨ ਬੱਧਾ, ਬੰਦਗੀ ਵਿਚ ਸੀਸ ਨਿਵਾਈਆ । ਕਲਜੁਗ ਅੰਤਮ ਕਿਸੇ ਦਾ ਰਹਿਣਾ ਨਹੀਂ ਅੱਗਾ, ਅੱਗੇ ਪੀਹੜੀ ਨਾ ਕੋਇ ਵਧਾਈਆ । ਕਰੇ ਖੇਲ ਸੂਰਾ ਸਰਬਗਾ, ਹਰਿ ਕਰਤਾ ਧੁਰਦਰਗਾਹੀਆ । ਸਦੀ ਚੌਧਵੀਂ ਸਭ ਨੂੰ ਚਖਾਵੇ ਮਜ਼ਾ, ਮਜ਼ਾਕ ਸਭ ਦਾ ਵੇਖ ਵਖਾਈਆ । ਦੁਹਾਈ ਸਭ ਦੇ ਸਿਰ ਤੇ ਕੂਕਦੀ ਕਜ਼ਾ, ਕਾਜ਼ੀ ਮੁੱਲਾਂ ਰੋਵਣ ਮਾਰਨ ਧਾਈਆ । ਕੋਈ ਨਾ ਚਲੇ ਪ੍ਰਭ ਦੀ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਵੇਖੇ ਥਾਉਂ ਥਾਈਆ । ਸਦੀ ਚੌਧਵੀਂ ਸਭ ਨੂੰ ਮਿਲਣੀ ਸਜ਼ਾ, ਸਾਹਿਬ ਸਤਿਗੁਰ ਆਪਣਾ ਹੁਕਮ ਸੁਣਾਈਆ । ਜਿਸ ਦੀ ਸਮਝੇ ਕੋਇ ਨਾ ਵਜਹ, ਪੜਦਾ ਸਕੇ ਨਾ ਕੋਇ ਉਠਾਈਆ । ਸੋ ਸਵਾਮੀ ਜਨ ਭਗਤਾਂ ਰੱਖੇ ਲੱਜਾ, ਪਰਵਰਦਿਗਾਰ ਦਇਆ ਕਮਾਈਆ । ਤਾਰਾ ਚੰਦ ਕਹੇ ਜਗਤ ਖੋਜਿਆਂ ਕਿਸੇ ਨਾ ਲੱਭਾ, ਵੇਖਣ ਵਿਚ ਨਜ਼ਰ ਕੋਇ ਨਾ ਆਈਆ । ਜਿਸ ਦਾ ਮੇਲ ਹੁੰਦਾ ਨਾਲ ਸਬੱਬਾ, ਸਭ ਦਾ ਮਾਲਕ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਤਾਰਾ ਚੰਦ ਇਕ ਦੂਜੇ ਵੱਲ ਰਹੇ ਤਕ, ਤਕਵਾ ਬੇਪਰਵਾਹੀਆ । ਖੇਲ ਵੇਖੀਏ ਹੱਕ, ਹਕੀਕਤ ਦਏ ਸਮਝਾਈਆ । ਰਹੇ ਕੋਇ ਨਾ ਸ਼ੱਕ, ਸਹਿਸਾ ਨਜ਼ਰ ਕੋਇ ਨਾ ਆਈਆ । ਕੀ ਪਰਵਰਦਿਗਾਰ ਹੁਕਮ ਦੇਵੇ ਯੱਕ, ਏਕੰਕਾਰ ਆਪਣੀ ਕਾਰ ਭੁਗਤਾਈਆ । ਉਠ ਵੇਖੀਏ ਬਿਨਾ ਅੱਖ, ਬਿਨ ਅੱਖਰਾਂ ਕਰੇ ਪੜ੍ਹਾਈਆ । ਜਿਸ ਨੇ ਸਭ ਦੇ ਭਾਂਡੇ ਕਰਨੇ ਸੱਖ, ਵਸਤ ਸਚ ਨਾ ਕੋਇ ਟਿਕਾਈਆ । ਪਰਗਟ ਹੋ ਆਪ ਪ੍ਰਤਖ, ਗੁਰਮੁਖ ਪਾਰਸ ਲਏ ਬਣਾਈਆ । ਸ੍ਰਿਸ਼ਟੀ ਨਾਲੋਂ ਕਰਕੇ ਵਖ, ਵੱਖਰਾ ਆਪਣਾ ਹੁਕਮ ਸੁਣਾਈਆ । ਜੈਕਾਰਾ ਦੱਸ ਅਲੱਖ, ਅਲੱਖ ਅਗੋਚਰ ਕਰੇ ਪੜ੍ਹਾਈਆ । ਅੰਮ੍ਰਿਤ ਆਤਮ ਦੇ ਕੇ ਰਸ, ਹਰਿਜਨ ਹਿਰਦੇ ਆਪ ਚੁਆਈਆ । ਜਨ ਭਗਤ ਸੁਹੇਲੇ ਪ੍ਰਕਾਸ਼ ਦੇ ਰਵ ਸਸ, ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਸਾਚੇ ਕਰਕੇ ਵਸ, ਵਸਲ ਯਾਰ ਬਖ਼ਸ਼ੇ ਇਕ ਖ਼ੁਦਾਈਆ ।


੧੫੦੪
੨੨

## ੮ ਕੱਤਕ ਸ਼ਹਿਨਸ਼ਾਹੀ ਸੰਮਤ ੭ ਹਰਿ ਸੰਗਤ ਨਵਿਤ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ

ਰਾਵੀ ਕਹੇ ਮੈਂ ਖਿੜ ਖਿੜਾ ਕੇ ਹੱਸਾਂ, ਹੱਸ ਹੱਸ ਖ਼ੁਸ਼ੀ ਬਣਾਈਆ । ਚੜ੍ਹਦੇ ਲਹਿੰਦੇ ਨੱਸਾਂ, ਭੱਜਾਂ ਵਾਹੋ ਦਾਹੀਆ । ਧੁਰ ਸੰਦੇਸ਼ਾ ਦੱਸਾਂ, ਜੋ ਗੁਰ ਅਰਜਨ ਗਿਆ ਸਮਝਾਈਆ । ਮੇਰੀਆਂ ਪੁਕਾਰਨ ਉਛੱਲਾਂ ਤੇ ਲੱਸਾਂ, ਧਾਰ ਧਾਰ ਰੂਪ ਬਦਲਾਈਆ । ਵਕਤ ਪਹੁੰਚਿਆ ਮਸਾਂ, ਮਸਤੀ ਵਿਚ ਦਿਆਂ ਸੁਣਾਈਆ । ਖ਼ੁਸ਼ੀ ਮਨਾਉਣੀ ਰਵ ਸੱਸਾ, ਸਿਤਾਰ ਸਤਿ ਨਾਲ ਵਡਿਆਈਆ । ਚੌਦਾਂ ਕੱਤਕ ਨੂੰ ਲਿਖਾਰੀਆਂ ਕਰਿਆ ਹੋਵੇ ਕਮਰਕਸਾ, ਪਗੜੀ ਸੀਸ ਉਤੇ ਸੁਹਾਈਆ । ਸਿਫ਼ਤੀ ਸਿਫ਼ਤ ਗਾਉਣਾ ਜਸਾ, ਮਹਿੰਮਾ ਅਗੰਮ ਅਥਾਹੀਆ । ਯਾਰਾਂ ਦਿਨ ਸ਼ਬਦ ਗੋਬਿੰਦ ਦੀ ਚਲੇ ਕਥਾ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਸਤਿਗੁਰ ਦੇ ਮਹਿੰਦੀ ਲੱਗੀ ਹੋਵੇ ਹੱਥਾਂ, ਉਂਗਲਾਂ ਦਸ ਰੰਗ ਰੰਗਾਈਆ । ਨਾਲ ਰੱਖਣਾ ਇਕ ਭੱਥਾ, ਪੀਲੇ ਰੰਗ ਵਿਚ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਜਣਾਈਆ । ਰਾਵੀ ਕਹੇ ਰਵਦਾਸ ਦੇ ਸਿਰ ਪੱਗ ਹੋਵੇ ਨੀਲੀ, ਨੀਲਕੰਠ ਰਿਹਾ ਜਣਾਈਆ । ਕੋਲ ਮਾਚਸ ਰੱਖਣੀ ਲਾਉਣ ਵਾਲੀ ਤੀਲੀ, ਡੱਬੀ ਜੇਬ ਵਿਚ ਟਿਕਾਈਆ । ਸਾਢੇ ਦਸ ਹੱਥ ਡੋਰੀ ਸੰਗ ਹੋਵੇ ਪੀਲੀ, ਪੀਲੇ ਬਸਤਰ ਨਾਲ ਵਡਿਆਈਆ । ਧਰਮ ਦੀ ਧਾਰ ਹੋਵੇ ਅਸੀਲੀ, ਅਸਲ ਅਸਲ ਵਿਚੋਂ ਪਰਗਟਾਈਆ । ਸਤਿਗੁਰ ਖੇਲ ਖੇਲ ਨਹੀਂ ਦਲੀਲੀ, ਧੁਰ ਦਾ ਹੁਕਮ ਹੁਕਮ ਜਣਾਈਆ । ਜਿਸ ਦੀ ਕਰੇ ਨਾ ਕੋਇ ਅਪੀਲੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਾਵੀ ਕਹੇ ਮੇਰੀ ਆਹ ਮੇਰੇ ਅੱਲਾ, ਅਲਹਦਾ ਹੋ ਕੇ ਦਿਆਂ ਜਣਾਈਆ । ਬੇਸ਼ਕ ਤੇਰਾ ਰੂਪ ਸਦਾ ਇਕੱਲਾ, ਅਕਲ ਕਲਧਾਰੀ ਆਪ ਅਖਵਾਈਆ । ਜੁਗ ਜੁਗ ਬਣਕੇ ਅਛਲ ਅਛਲਾ, ਵਲ ਛਲ ਆਪਣੀ ਧਾਰ ਸਮਝਾਈਆ । ਹੁਣ ਲੇਖਾ ਪੂਰਾ ਕਰਨਾ ਜੋ ਗੋਬਿੰਦ ਕਿਹਾ ਡੱਲਾ, ਭਵਿਖ ਭਵਿਸ਼ ਨਾਲ ਮਿਲਾਈਆ । ਵੇਖਣਾ ਜ਼ਿਮੀਂ ਅਸਮਾਨਾਂ ਤਲਾ, ਤਾਕਤਵਰ ਆਪਣੀ ਦਇਆ ਕਮਾਈਆ । ਫੇਰ ਖੇਲ ਵੇਖਣਾ ਜਲਾ ਥਲਾ, ਥਲ ਰਹੇ ਕੁਰਲਾਈਆ । ਤੇਰਾ ਹੁਕਮ ਹੋਵੇ ਵਿਚ ਦੋਹਾਂ ਦਲਾ, ਸੰਦੇਸ਼ਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਰਾਵੀ ਕਹੇ ਮੇਰੇ ਮਹਿਬੂਬਾ, ਮਾਸ਼ੂਕ ਆਸ਼ਕ ਦਾ ਰੂਪ ਦੇ ਜਣਾਈਆ । ਜੋ ਅਰਜਨ ਬਣਾਇਆ ਮੇਰੇ ਅੰਦਰ ਵੜ ਮਨਸੂਬਾ, ਬਿਨ ਸੁਬਹ ਸ਼ਾਮ ਧਿਆਨ ਲਗਾਈਆ । ਉਹ ਖੇਲ ਦੱਸ ਅਜੂਬਾ, ਪੜਦਾ ਦੇਣਾ ਉਠਾਈਆ । ਜਗਤ ਵਿਚਾਰ ਹੋਏ ਬੇਹੂਦਾ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਸਭ ਦੀ ਆਸ਼ਾ ਕਰਨੀ ਨੇਸਤੋ ਨਾਬੂਦਾ, ਜੜ੍ਹ ਰਹਿਣ ਕੋਇ ਨਾ ਪਾਈਆ । ਮੈਨੂੰ ਇਕੋ ਬਚਨ ਸੱਚਾ ਸੂਝਾ, ਸਚ ਦਿਆਂ ਸੁਣਾਈਆ । ਜਿਸ ਗ੍ਰਹਿ ਵਿਹਾਰ ਹੋਵੇ ਉਹ ਗੁਰਮੁਖ ਪੇਸ਼ ਕਰਿਆ ਕਰਨ ਇਕ ਇਕ ਕੂਜ਼ਾ, ਕੁਝ ਹੋਰ ਨਾ ਸੰਗ ਰਲਾਈਆ । ਵਿਚੋਂ ਭਾਵ ਨਿਕਲੇ ਦੂਜਾ, ਦੁਤੀਆ ਰਹੇ ਨਾ ਰਾਈਆ । ਇਕ ਕੁੰਭ ਮਾਟੀ ਦਾ ਕੋਲ ਰੱਖਿਆ ਹੋਵੇ ਮੂਧਾ, ਜਲ ਪਾਣੀ ਨਾ ਕੋਇ ਭਰਾਈਆ । ਸਵਾ ਸੇਰ ਆਟਾ ਹੋਵੇ ਗੁੰਦਾ, ਤੌਣ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਰਾਵੀ ਕਹੇ ਮੈਨੂੰ ਯਾਦ ਆ ਗਿਆ ਗੁਰਸਿਖ ਗੁਰਸਿਖਾਂ ਉਤੋਂ ਟੱਪੇ, ਕੰਢੇ ਮੇਰੇ ਖ਼ੁਸ਼ੀ ਬਣਾਈਆ । ਆਪਣੀ

ਛਾਤੀ ਉਤੇ ਮੇਰੇ ਲਾਉਂਦੇ ਗਏ ਠੱਪੇ, ਆਪਣੀ ਛਾਤੀ ਮੇਰੀ ਛਾਤੀ ਨਾਲ ਛੁਹਾਈਆ । ਮੇਰੇ ਠੰਡੇ ਹੋਏ ਹਿਰਦੇ ਤਪੇ, ਗੁਰ ਅਰਜਨ ਦਏ ਗਵਾਹੀਆ । ਮੇਰੇ ਹੱਟ ਉਤੇ ਪੂਰਨ ਪਰਮੇਸ਼ਵਰ ਦੇ ਮਿਲੇ ਪਤੇ, ਪਤਿਪਰਮੇਸ਼ਵਰ ਦਇਆ ਕਮਾਈਆ । ਗੁਰਸਿਖ ਨਾਮ ਖ਼ੁਮਾਰੀ ਵਿਚ ਰੱਤੇ, ਰਤਨ ਅਮੋਲਕ ਵੇਖ ਵਖਾਈਆ । ਜਿਨ੍ਹਾਂ ਦੇ ਸੀਸ ਉਤੇ ਸਤਿਗੁਰ ਰੱਖਿਆ ਹੱਥੇ, ਜਗਤ ਓਢਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਰਾਵੀ ਕਹੇ ਮੇਰੀ ਵੇਖੋ ਮਸਤੀ, ਮਸਤ ਮਸਤਾਨਿਉਂ ਦਿਆਂ ਜਣਾਈਆ । ਇਕੋ ਤਕੋ ਹਸਤੀ, ਜੋ ਹਸਤ ਕੀਟਾਂ ਦਏ ਵਡਿਆਈਆ । ਸਭ ਦਾ ਲੇਖਾ ਪੂਰਾ ਕਰੇ ਦਸਤੀ, ਦਸਤ ਦਸਤ ਨਾਲ ਮਿਲਾਈਆ । ਜਨ ਭਗਤੋ ਤੁਹਾਡੀ ਸਦਾ ਵਸਦੀ ਰਹੇ ਬਸਤੀ, ਜਗਤ ਖੇੜਿਆਂ ਡੇਰਾ ਢਾਹੀਆ । ਤੁਹਾਨੂੰ ਪ੍ਰੇਮ ਦੀ ਭਗਤੀ ਮਿਲੀ ਸਸਤੀ, ਸਤਿਗੁਰ ਕੀਮਤ ਨਾ ਕੋਇ ਲਗਾਈਆ । ਜਿਹੜੀ ਆਸਾ ਰੱਖੀ ਸੀ ਅੰਦਰੇ ਅੰਦਰ ਭਗਤ ਨਰਸੀ, ਪ੍ਰਹਿਲਾਦ ਨਰ ਸਿੰਘ ਦਿਤਾ ਜਣਾਈਆ । ਜਿਹੜੀ ਧਾਰ ਗੋਬਿੰਦ ਤਕੀ ਸੀ ਸਰਸੀ, ਸਰਸਾ ਸਾਹ ਸਾਹ ਧਿਆਈਆ । ਉਹ ਲੇਖਾ ਕਰੇ ਪ੍ਰੀਤਮ ਅਰਸ਼ੀ, ਮਾਲਕ ਧੁਰਦਰਗਾਹੀਆ । ਜਨ ਭਗਤੋ ਤੁਹਾਡੀ ਖ਼ੁਸ਼ੀਆਂ ਵਾਲੀ ਬਰਸੀ, ਖ਼ੁਸ਼ਹਾਲੀ ਵਿਚ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਰਾਵੀ ਕਹੇ ਮੈਂ ਸਾਹਿਬ ਦੇ ਚਰਨ ਚੁੰਮਾ, ਆਪਣੀ ਮੈਲ ਧਵਾਈਆ । ਜਿਸ ਦੀਆਂ ਦੋ ਜਹਾਨ ਪੈਣੀਆਂ ਧੁੰਮਾ, ਚਾਰ ਕੁੰਟ ਹੋਵੇ ਰੁਸ਼ਨਾਈਆ । ਉਸ ਦਾ ਖ਼ੁਸ਼ੀਆਂ ਵਾਲਾ ਹੋਣਾ ਇਕੋ ਜੁੰਮਾ, ਜਿਸ ਨੂੰ ਸਾਰੇ ਲੈਣ ਮਨਾਈਆ । ਕੂੜ ਕੁੜਿਆਰਾ ਰਹਿਣ ਨਹੀਂ ਦੇਣਾ ਕੌੜਾ ਤੁੰਮਾ, ਤੁਖ਼ਮ ਤਾਸੀਰ ਦੇਣੀ ਬਦਲਾਈਆ । ਉਹ ਅਰਸ਼ ਫ਼ਰਸ਼ ਘੁੰਮਾ, ਭੱਜੇ ਵਾਹੋ ਦਾਹੀਆ । ਜਿਸ ਦਾ ਅਸਵ ਮਾਰੇ ਸੁੰਬਾ, ਦੀਨ ਦੁਨੀ ਰਿਹਾ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਸਾਚੀ ਖੇਲ ਖਿਲਾਈਆ । ਰਾਵੀ ਕਹੇ ਮੇਰਾ ਸਾਹਿਬ ਰੰਗਲਾ, ਰੰਗਤ ਬੇਪਰਵਾਹੀਆ । ਜਿਸ ਦਾ ਇਕੋ ਇਕ ਬੰਗਲਾ, ਮਹੱਲ ਅਟਲ ਵੱਜੇ ਵਧਾਈਆ । ਫਿਰੇ ਦਰੋਹੀ ਵਿਚ ਜੰਗਲਾ, ਜੂਹਾਂ ਨੈਣ ਵਹਾਈਆ । ਜਨ ਭਗਤਾਂ ਹੋਵੇ ਚਾਰ ਮੰਗਲਾ, ਖ਼ੁਸ਼ੀਆਂ ਰੰਗ ਰੰਗਾਈਆ । ਸਤਿਗੁਰੂ ਦਵਾਰੇ ਨਾ ਕੋਈ ਸ਼ਾਹ ਨਾ ਕੋਈ ਕੰਗਲਾ, ਇਕੋ ਦੇਵੇ ਮਾਣ ਵਡਿਆਈਆ । ਜਿਸ ਨੂੰ ਅੰਤ ਸਭ ਨੇ ਕਰਨੀ ਬੰਦਨਾ, ਬੰਦਗੀ ਵਿਚ ਸੀਸ ਝੁਕਾਈਆ । ਮਾਨਣਾ ਸੁਖ ਅਨੰਦਨਾ, ਅਨੰਦ ਸੁਖ ਵਿਚ ਸਮਾਈਆ । ਉਸ ਅਰਸ਼ੀ ਪ੍ਰੀਤਮ ਦਾ ਸ਼ਬਦੀ ਧਾਰ ਚੜ੍ਹਿਆ ਚੰਦਨਾ, ਚੰਦ ਸਿਤਾਰ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਕਰਨੀ ਕਾਰ ਕਮਾਈਆ ।

**੧੪ ਕੱਤਕ ਸ਼ਹਿਨਸ਼ਾਹੀ ਸੰਮਤ ੭ ਸੋਹਣ ਸਿੰਘ ਮੁੰਡੀ ਜਮਾਲ, ਇੰਦਰ ਸਿੰਘ ਕਾਦਰ ਵਾਲਾ, ਸਰਦਾਰਾ ਸਿੰਘਾ ਮਨਾਂਵਾ,**
**ਹਰਨਾਮ ਕੌਰ ਤਲਵੰਡੀ ਨੌ ਬਹਾਰ, ਅਨੰਤ ਸਿੰਘ ਉਮਰੀਆਣਾ, ਕੇਹਰ ਸਿੰਘ ਰਜੀਵਾਲ, ਮਲ ਸਿੰਘ ਰਜੀਵਾਲ**
**ਗੁਰਦੇਵ ਸਿੰਘ ਰਜੀਵਾਲ, ਬਲਵੰਤ ਸਿੰਘ ਤਲਵੰਡੀ ਜਲੇ ਖਾਂ, ਚਮਕੌਰ ਸਿੰਘ ਮਨਾਵਾ,**
**ਜਰਨੈਲ ਸਿੰਘ ਸ਼ਾਹਵਾਲਾ, ਗੁਰਦਾਸ ਸਿੰਘ, ਕਰਤਾਰ ਸਿੰਘ,**
**ਨਿਰੰਜਣ ਸਿੰਘ, ਗੁਰਬੰਸ ਕੌਰ ਚਬਾ, ਕਰਤਾਰ ਕੌਰ ਰਟੌਲ,**
**ਮਾਧਾ ਸਿੰਘ ਰਾਮੂਵਾਲਾ, ਗੁਰਬਚਨ ਸਿੰਘ ਸਦਾ ਸਿੰਘ ਵਾਲਾ,**
**ਗੁਰਦਿਆਲ ਸਿੰਘ ਸਦਾਸਿੰਘ ਵਾਲਾ,**
**ਪਿੰਡ ਮਨਾਂਵਾ ਜ਼ਿਲਾ ਫ਼ਿਰੋਜ਼ਪੁਰ**

ਚੌਦਾਂ ਕੱਤਕ ਕਹੇ ਮੇਰੀ ਸੁਹੰਜਣੀ ਰਾਤੀ, ਰੁਤੜੀ ਪੁਰਖ ਅਕਾਲ ਦੀਨ ਦਿਆਲ ਮਾਤ ਮਹਿਕਾਈਆ । ਪੁਰਖ ਅਕਾਲਾ ਦੀਨ ਦਿਆਲਾ ਦੇਵੇ ਦਾਤੀ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪਰਵਾਹੀਆ । ਅਵਤਾਰ ਪੈਗ਼ੰਬਰ ਗੁਰ ਮਾਰਨ ਝਾਤੀ, ਸਚਖੰਡ ਦਵਾਰ ਨਿਰਗੁਣ ਧਾਰ ਧਿਆਨ ਲਗਾਈਆ । ਕਿਸ ਬਿਧ ਭਗਤਾਂ ਮਿਲੇ ਬੂੰਦ ਸਵਾਂਤੀ, ਹਰਿ ਅੰਮ੍ਰਿਤ ਨਾਮ ਪਿਆਈਆ । ਕਲਜੁਗ ਵੇਲੇ ਅੰਤਮ ਪੁਛੇ ਵਾਤੀ, ਸਮਰਥ ਸਿਰ ਆਪਣਾ ਹੱਥ ਟਿਕਾਈਆ । ਸਭ ਦਾ ਪੂਰਾ ਕਰੇ ਭਵਿਖਤ ਵਾਕੀ, ਖੋਜਣਹਾਰਾ ਨੂਰ ਇਲਾਹੀਆ । ਸ਼ਬਦ ਘੋੜੇ ਅਸਵ ਚੜ੍ਹ ਕੇ ਰਾਕੀ, ਰਹਿਬਰ ਹੋ ਕੇ ਵੇਖੇ ਥਾਉਂ ਥਾਈਆ । ਕੀ ਖੇਲ ਤਕੀਏ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਕੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਚੌਦਾਂ ਕੱਤਕ ਕਰੋ ਧਿਆਨ, ਅਨਦ੍ਰਿਸ਼ਟ ਵੇਖ ਵਖਾਈਆ । ਗੋਬਿੰਦ ਸ਼ਬਦ ਬੋਲੇ ਸੂਰਾ ਨੌਜਵਾਨ, ਮਰਦ ਮਰਦਾਨਾ ਇਕ ਸੁਣਾਈਆ । ਵੇਖੇ ਖੇਲ ਸ੍ਰੀ ਭਗਵਾਨ, ਕੀ ਕਰਤਾ ਕਾਰ ਕਮਾਈਆ । ਜਿਸ ਨੂੰ ਝੁਕਣ ਜ਼ਿਮੀਂ ਅਸਮਾਨ, ਦੋ ਜਹਾਨ ਡੰਡਾਵਤ ਬੰਦਨਾ ਵਿਚ ਨਿਵ ਨਿਵ ਲਾਗਣ ਪਾਈਆ । ਉਹ ਖ਼ਾਲਕ ਖ਼ਲਕ ਖੇਲ ਕਰੇ ਮਹਾਨ, ਮਹਿੰਮਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਚੌਦਾਂ ਕੱਤਕ ਕਹੇ ਮੈਂ ਤਕਣਾ ਖੇਲ ਸੂਰਾ ਸਰਬੰਗੀ, ਹਰਿ ਕਰਤਾ ਧਿਆਨ ਲਗਾਈਆ । ਜਿਸ ਦਾ ਗੋਬਿੰਦ ਸੂਰਾ ਇਕੋ ਬਹਾਦਰ ਜੰਗੀ, ਜੰਗਜੂ ਅਖਵਾਈਆ । ਜਿਸ ਦੀ ਤ੍ਰੈਲੋਕੀ ਧਾਰ ਤਰੰਗੀ, ਦੋ ਜਹਾਨਾਂ ਵੇਖ ਵਖਾਈਆ । ਜਿਸ ਕਾਰਨ ਸਦੀ ਚੌਧਵੀਂ ਲੰਘੀ, ਆਪਣਾ ਪੰਧ ਮੁਕਾਈਆ । ਹੁਕਮ ਸੰਦੇਸ਼ਾ ਮਿਲਣ ਵਾਲਾ ਫ਼ਰੰਗੀ, ਫ਼ਾਰਸ ਵਿਚ ਪਏ ਦੁਹਾਈਆ । ਉਮਤ ਆਯੂ ਰਹੇ ਨਾ ਲੰਬੀ, ਅੱਗੇ ਅਵਰ ਨਾ ਕੋਇ ਵਧਾਈਆ । ਪਰਵਰਦਿਗਾਰ ਸਭ ਤੇ ਲਾਏ ਪਾਬੰਦੀ, ਸਿਰ ਸਕੇ ਨਾ ਕੋਇ ਉਠਾਈਆ । ਜੋ ਸੰਦੇਸ਼ਾ ਦੇ ਕੇ ਗਿਆ ਗੋਬਿੰਦ ਵਿਚ ਪੁਰ ਅਨੰਦੀ, ਅਨੰਦ ਪੁਰ ਸੁਣਾਈਆ । ਜਗਤ ਸਿੰਘਾਸਣ ਉਲਟੀ ਹੋਣੀ ਮੰਜੀ, ਮਜਲਸ ਕੂੜ ਰਹੇ ਨਾ ਰਾਈਆ । ਜਗਤ ਵਿਕਾਰ ਰਹੇ ਨਾ ਦੰਭੀ, ਭੇਖ ਪਖੰਡ ਦਏ ਚੁਕਾਈਆ । ਸ਼ਬਦ


੧੫੦੭ ੨੨

ਸਤਿਗੁਰ ਸਤਿਗੁਰ ਸ਼ਬਦ ਇਕੋ ਖੰਡਾ ਤੇ ਇਕੋ ਚੰਡੀ, ਚੰਡਾਲਾਂ ਕਰੇ ਅੰਤ ਸਫ਼ਾਈਆ । ਪੁਰਖ ਅਕਾਲਾ ਇਕੋ ਮਾਰਗ ਪੰਥ ਦੱਸੇ ਡੰਡੀ, ਡੰਡਾਵਤ ਸਭ ਦੀ ਦਏ ਬਦਲਾਈਆ । ਲੇਖਾ ਜਾਣੇ ਜੇਰਜ ਅੰਡੀ, ਉਤਭੁਜ ਸੇਤਜ ਫੋਲ ਫੁਲਾਈਆ । ਇਕ ਖੇਲ ਕਰੇ ਅਚੰਭੀ, ਜਗਤ ਬੁਧੀ ਤੋਂ ਬਾਹਰ ਪਰਗਟਾਈਆ । ਸਦੀ ਚੌਧਵੀਂ ਵੇਲਾ ਆਵੇ ਅੰਤਮ ਕੰਢੀ, ਕੰਢੀ ਬੈਠਾ ਧਿਆਨ ਲਗਾਈਆ । ਜਨ ਭਗਤਾਂ ਚੁਰਾਸੀ ਵਿਚੋਂ ਦੇਵੇ ਪਵਣ ਠੰਡੀ, ਸਾਹ ਸਾਹ ਆਪਣਾ ਆਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਗੋਬਿੰਦ ਕਹੇ ਮੈਂ ਸਤਿਗੁਰ ਸ਼ਬਦ ਸ਼ਬਦੀ ਸ਼ਬਦ ਗੁਰਦੇਵਾ, ਦੇਵ ਆਤਮ ਵੇਖ ਵਖਾਈਆ । ਮੇਰਾ ਰੂਪ ਅਲਖ ਅਭੇਵਾ, ਅਗੋਚਰ ਕਹਿਣ ਕੋਇ ਨਾ ਪਾਈਆ । ਕਥਨੀ ਕਥ ਸਕੇ ਕੋਈ ਨਾ ਜਿਹਵਾ, ਰਸਨਾ ਵਿਚ ਨਾ ਕੋਇ ਵਡਿਆਈਆ । ਜਨ ਭਗਤਾਂ ਬਖ਼ਸ਼ਾਂ ਨਾਮ ਭੰਡਾਰ ਮੇਵਾ, ਅਨਰਸ ਇਕ ਚਖਾਈਆ । ਕੌਸਤਕ ਮਨੀਆ ਮਸਤਕ ਲਾਵਾਂ ਥੇਵਾ, ਥਿਰ ਘਰ ਦਾ ਪੜਦਾ ਦਿਆਂ ਚੁਕਾਈਆ । ਮੇਲ ਮਿਲਾਵਾਂ ਨਿਹਚਲ ਧਾਮ ਨਿਹਕੇਵਾ, ਨਿਰਗੁਣ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਗੋਬਿੰਦ ਸ਼ਬਦ ਕਹੇ ਆਦਿ ਅੰਤ ਇਕ ਸਵਾਮੀ, ਨਿਰਗੁਣ ਨਿਰਵੈਰ ਵਡ ਵਡਿਆਈਆ । ਲੱਖ ਚੁਰਾਸੀ ਅੰਤਰਜਾਮੀ, ਅੰਤਸ਼ਕਰਨ ਵੇਖੇ ਖ਼ਲਕ ਖ਼ੁਦਾਈਆ । ਜੋ ਅਵਤਾਰ ਪੈਗ਼ੰਬਰਾਂ ਗੁਰੂਆਂ ਬਣਿਆ ਬਾਨੀ, ਬਾਣੀ ਕਲਮਾ ਨਾਮ ਦਿਤਾ ਪੜ੍ਹਾਈਆ । ਖੇਲ ਕਰ ਜ਼ਿਮੀਂ ਅਸਮਾਨੀ, ਦੋ ਜਹਾਨਾਂ ਆਪਣਾ ਪੜਦਾ ਲਾਹੀਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਨੂਰ ਨੁਰਾਨੀ, ਨੂਰ ਨੁਰਾਨਾ ਡਗਮਗਾਈਆ । ਜੋ ਲਹਿਣਾ ਦੇਣਾ ਲੇਖਾ ਜਾਣੇ ਤਮਾਮੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਪੜਦਾ ਆਪ ਚੁਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਅੰਧੇਰਾ ਮੇਟੇ ਸ਼ਾਮੀ, ਸ਼ਮਾ ਨੂਰ ਜੋਤ ਕਰੇ ਰੁਸ਼ਨਾਈਆ । ਜਗਤ ਜ਼ੰਜੀਰ ਕਟੇ ਗ਼ੁਲਾਮੀ, ਗ਼ੁਰਬਤ ਅੰਦਰੋਂ ਦਏ ਕਢਾਈਆ । ਜਨ ਭਗਤਾਂ ਉਪਰ ਮਿਹਰਵਾਨ ਕਰੇ ਮਿਹਰਵਾਨੀ, ਸੀਸ ਦਸਤਾਰ ਇਕ ਸੁਹਾਈਆ । ਜਿਸ ਨੂੰ ਤਕਣ ਅਵਤਾਰ ਪੈਗ਼ੰਬਰ ਗੁਰ ਉਪਰ ਅਸਮਾਨੀ, ਨੂਰ ਨੂਰ ਵਿਚੋਂ ਆਪਣੀ ਅੱਖ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵਡਾ ਵਡ ਵਡਿਆਈਆ । ਗੋਬਿੰਦ ਕਹੇ ਮੈਂ ਵੇਖਾਂ ਗੁਰਮੁਖ ਦੁਲਾਰੇ, ਦੂਲ੍ਹੇ ਧੁਰ ਦੇ ਧਿਆਨ ਲਗਾਈਆ । ਜਿਹੜੇ ਸ਼ਬਦੀ ਸ਼ਬਦ ਵਣਜਾਰੇ, ਨਾਮ ਵਸਤ ਖਰੀਦਣ ਚਾਈਂ ਚਾਈਂਆ । ਤਿੰਨਾਂ ਗੁਣਾਂ ਤੋਂ ਬਾਹਰੇ, ਰਜੋ ਤਮੋ ਸਤੋ ਦਾ ਡੇਰਾ ਢਾਹੀਆ । ਪਹਿਨ ਕੇ ਜੰਗੀ ਹਥਿਆਰੇ, ਆਪਣਾ ਬਾਣਾ ਆਏ ਬਦਲਾਈਆ । ਸ੍ਰਿਸ਼ਟੀ ਉਤੇ ਹੋਵੇ ਹਾਹਾਕਾਰੇ, ਕਰਨੀ ਕਰਤਾ ਕਾਰ ਕਮਾਈਆ । ਜਿਸ ਗੁਰਮੁਖ ਦੇ ਸੀਸ ਬੰਧਾਈ ਨੀਲੀ ਦਸਤਾਰੇ, ਨੀਲੇ ਵਾਲਾ ਧੁਰ ਦਾ ਮਾਹੀਆ । ਪੀਲੇ ਬਸਤਰਾਂ ਤਨ ਸ਼ਿੰਗਾਰੇ, ਸ਼ਹੀਦੀ ਸ਼ਹਾਦਤ ਨਾ ਕੋਇ ਰਖਾਈਆ । ਲਿਖਾਰੀਆਂ ਬੰਨ੍ਹ ਸੀਸ ਦਸਤਾਰੇ, ਜਗਤ ਵਿਦਵਾਨਾਂ ਡੇਰਾ ਢਾਹੀਆ । ਲੇਖਾ ਪੂਰਾ ਕਰਨਾ ਰਵਦਾਸ ਚਮਾਰੇ, ਮਾਚਸ ਅਗਨੀ ਕੂੜ ਵਾਲੀ ਚਾਰੋਂ ਕੁੰਟ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਗੋਬਿੰਦ ਕਹੇ ਕੀ ਦੇਸ ਮਾਲਵੇ ਧਾਰ, ਗੋਬਿੰਦ ਡੱਲੇ ਗਿਆ ਜਣਾਈਆ । ਕਪੂਰੇ ਅਗਲਾ ਲੇਖਾ ਵੇਖ ਵਿਚਾਰ, ਧੁਰ ਸ਼ਬਦੀ ਸ਼ਬਦ ਸੁਣਾਈਆ । ਕਲਜੁਗ ਵੇਖ ਅੰਧ ਅੰਧਿਆਰ, ਢਈਆ ਮੇਰਾ ਦਏ ਗਵਾਹੀਆ । ਚਾਰੋਂ ਕੁੰਟ ਅੰਧ ਅੰਧਿਆਰ,

੧੫੦੮
੨੨

ਸਾਚਾ ਚੰਦ ਨਾ ਕੋਇ ਚਮਕਾਈਆ । ਮਿਲੇ ਮੇਲ ਨਾ ਮੀਤ ਮੁਰਾਰ, ਯਾਰੜਾ ਸੱਥਰ ਨਾ ਕੋਇ ਹੰਢਾਈਆ । ਚਾਰੋਂ ਕੁੰਟ ਹਾਹਾਕਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਉਹ ਤਕ ਦੇਸ਼ ਦੀ ਖ਼ੁਸ਼ੀਆਂ ਵਾਲੀ ਬਹਾਰ, ਫਲ ਫੁੱਲ ਰਹੇ ਮਹਿਕਾਈਆ । ਖ਼ੁਸ਼ੀ ਦਿਸਦੇ ਨਰ ਨਾਰ, ਨਰ ਨਰਾਇਣ ਦੇਵੇ ਮਾਣ ਵਡਿਆਈਆ । ਇਹ ਖੇਲ ਸੱਚੀ ਸਰਕਾਰ, ਸਤਿਗੁਰ ਗੋਬਿੰਦ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਪੜਦਾ ਓਹਲਾ ਦਏ ਉਠਾਈਆ । ਗੋਬਿੰਦ ਭੇਟਾ ਕੀਤਾ ਡੱਲੇ ਇਕ ਕੂਜ਼ਾ, ਮਿਸ਼ਰੀ ਮਿਸ਼ਰਾਂ ਵਾਂਗ ਭੇਟ ਚੜ੍ਹਾਈਆ । ਨਾਲੇ ਪੁੱਟ ਕੇ ਕਾਨਿਆਂ ਬੂਝਾ, ਹੱਸ ਕੇ ਦਿਤਾ ਸੁਣਾਈਆ । ਖ਼ਾਲੀ ਭਾਂਡਾ ਮਾਰ ਕੇ ਮੂਧਾ, ਤਾਲੀ ਦਿਤੀ ਵਜਾਈਆ । ਕਣਕ ਦਾ ਆਟਾ ਕਿਸੇ ਘਰ ਨਾ ਦਿਸੇ ਗੁਧਾ, ਬਾਜਰਾ ਮੱਕੀ ਖਾ ਕੇ ਝਟ ਲੰਘਾਈਆ । ਗੋਬਿੰਦ ਨੇ ਤੀਰ ਦੀ ਮੁਖੀ ਨਾਲ ਵਿੰਨ੍ਹ ਦਿਤੀ ਬਸੁਧਾ, ਧਰਤੀ ਉਤੇ ਧਰਮ ਨਿਸ਼ਾਨ ਲਗਾਈਆ । ਜਿਸ ਵੇਲੇ ਅੰਤਮ ਹੋਇਆ ਕਲਜੁਗਾ, ਸਤਿ ਧਰਮ ਰਹੇ ਨਾ ਰਾਈਆ । ਉਸ ਵੇਲੇ ਖੇਲ ਕਰੇ ਪੁਰਖ ਅਕਾਲਾ ਦੀਨ ਦਿਆਲਾ ਗੁੱਝਾ, ਮਨ ਬੁਧੀ ਸਮਝ ਕਿਸੇ ਨਾ ਆਈਆ । ਜਨ ਭਗਤਾਂ ਗੁਰਮੁਖਾਂ ਧਰਨੀ ਉਤੇ ਕਰੇ ਉਘਾ, ਉਗਣ ਆਥਣ ਵੇਖ ਵਖਾਈਆ । ਇਕ ਇਸ਼ਾਰਾ ਕਿਸੇ ਨਾ ਬੁੱਝਾ, ਰਮਜ਼ ਰਮਜ਼ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਚੌਦਾਂ ਕੱਤਕ ਕਹੇ ਮੈਂ ਮਾਤਲੋਕ ਵਿਚ ਚੜ੍ਹਿਆ, ਸੰਮਤ ਸ਼ਹਿਨਸ਼ਾਹੀ ਸੱਤ ਸਤਿ ਵਡਿਆਈਆ । ਮੈਂ ਨਿਰਅੱਖਰ ਅਗੰਮੀ ਪੜ੍ਹਿਆ, ਜਿਸ ਨੂੰ ਲਿਖੇ ਕੋਇ ਨਾ ਕਲਮ ਸ਼ਾਹੀਆ । ਖੇਲ ਵੇਖਿਆ ਸਿਰ ਧੜਿਆ, ਸਿਰ ਧੜ ਖੋਜ ਖੁਜਾਈਆ । ਇਕ ਗੋਬਿੰਦ ਪੁਰਖ ਅਕਾਲ ਦੀ ਸਰਨੀ ਪੜਿਆ, ਸਰਨਗਤ ਇਕ ਰਖਾਈਆ । ਜਿਸ ਨੇ ਦੀਨ ਦੁਨੀ ਦੀ ਮੇਟਣੀ ਸ਼ਰਿਆ, ਸ਼ਰੀਅਤ ਦਾ ਡੇਰਾ ਢਾਹੀਆ । ਮੁਹੰਮਦ ਦਾ ਲੇਖਾ ਪੂਰਾ ਕਰਨਾ ਵਿਚ ਨੌਂ ਵਰ੍ਹਿਆ, ਨੌਂ ਖੰਡ ਪ੍ਰਿਥਮੀ ਭੁੱਲ ਰਹੇ ਨਾ ਰਾਈਆ । ਗੁਰਮੁਖਾਂ ਭਾਗ ਲਗਾਉਣਾ ਦਰ ਦਰਿਆ, ਘਰ ਘਰ ਆਪਣਾ ਮੇਲ ਮਿਲਾਈਆ । ਨਿਰਗੁਣ ਧਾਰ ਜੋੜ ਕੇ ਲੜਿਆ, ਸੁਰਤੀ ਸ਼ਬਦ ਨਾਲ ਬੰਧਾਈਆ । ਬਾਹਰ ਕਢ ਚੁਰਾਸੀ ਵਿਚੋਂ ਗੜ੍ਹਿਆ, ਗੜ੍ਹੀ ਚਮਕੌਰ ਦਾ ਲੇਖਾ ਲੇਖੇ ਵਿਚ ਲਗਾਈਆ । ਜਿਨ੍ਹਾਂ ਦੇ ਉਤੇ ਸੀਸ ਦਸਤਾਰਾ ਧਰਿਆ, ਧਰਮ ਦੀ ਧਾਰ ਰੰਗ ਰੰਗਾਈਆ । ਉਹ ਗੁਰਮੁਖ ਗੁਰਸਿਖ ਸੰਤ ਸੁਹੇਲਾ ਲੋਕਮਾਤ ਕਦੇ ਨਾ ਮਰਿਆ, ਮਰਜੀਵਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਜਨ ਭਗਤ ਦਵਾਰੇ ਸਦਾ ਖੜ੍ਹਿਆ, ਹਾਜ਼ਰ ਹਜ਼ੂਰ ਹਰਿ ਕਰਤਾ ਆਪਣੀ ਦਇਆ ਕਮਾਈਆ ।

★ ੧੫ ਕੱਤਕ ਸ਼ਹਿਨਸ਼ਾਹੀ ਸੰਮਤ ੭ ਕਪੂਰ ਸਿੰਘ, ਕਰਮ ਸਿੰਘ, ਸਰਵਣ ਸਿੰਘ, ਹਰਦਿਆਲ ਕੌਰ, ਗੁਰਦੀਪ ਸਿੰਘ, ਗੁਰਤੇਜ ਸਿੰਘ ਘਲਕਲਾਂ ਅਜੈਬ ਸਿੰਘ ਹਰਿਰਾਏ ਪੁਰ, ਸੀਤਲ ਸਿੰਘ ਡਗਰੂ, ਮੇਲਾ ਸਿੰਘ, ਧੰਨਾ ਸਿੰਘ, ਚੰਦ ਸਿੰਘ ਹਰਬੰਸ ਸਿੰਘ ਨਿਧਾਂ ਵਾਲਾ, ਗੁਰਿੰਦਰ ਕੌਰ ਦੁਨਿਆਣਾ, ਮਹਿੰਦਰ ਕੌਰ ਚੜਿਕ, ਨੰਦ ਸਿੰਘ ਥੰਮਣ ਵਾਲਾ, ਹਰਦੇਵ ਕੌਰ, ਦਲੀਪ ਸਿੰਘ ਬਦਨੀ ਕਲਾਂ, ਸੁਖ ਰਾਮ ਚੱਕਰ, ਗੁਰਦਿਆਲ ਸਿੰਘ ਰਾਮੂਵਾਲਾ, ਕਰਤਾਰ ਸਿੰਘ, ਨਰੈਣ ਕੌਰ ਦੀਦਾਰੇ ਵਾਲਾ, ਕਰਤਾਰ ਸਿੰਘ ਚੜ੍ਹਿਕ, ਚੰਨਣ ਸਿੰਘ, ਸ਼ਾਮ ਸਿੰਘ ਬਰਨਾਲਾ ਮੋਗਾ ਸ਼ਹਿਰ ਜ਼ਿਲਾ ਫ਼ਿਰੋਜ਼ਪੁਰ ★

ਗੋਬਿੰਦ ਸ਼ਬਦ ਕਹੇ ਮਾਲਵੇ ਵਾਲੇ ਸਿੰਘ ਤਿੰਨ ਜੰਗੀ, ਜਗਤ ਜਹਾਨ ਵੇਖ ਵਖਾਈਆ । ਜਿਨ੍ਹਾਂ ਹਲੂਣਾ ਦੇਣਾ ਸ਼ਾਹ ਫ਼ਰੰਗੀ, ਈਸਾ ਨੈਣ ਰਿਹਾ ਉਠਾਈਆ । ਮੁਹੰਮਦ ਦੀ ਪਿੱਠ ਹੋਵੇ ਨੰਗੀ, ਪੁਸ਼ਤ ਪਨਾਹ ਹੱਥ ਨਾ ਕੋਇ ਰਖਾਈਆ । ਜਿਨ੍ਹਾਂ ਦੀ ਧਾਰ ਸੰਸਾਰ ਵਿਚੋਂ ਪਾਰ ਲੰਘੀ, ਦੀਨ ਦੁਨੀ ਵੇਖਣ ਕੋਇ ਨਾ ਪਾਈਆ । ਜਿਨ੍ਹਾਂ ਮਾਲਕ ਤੱਕਿਆ ਸੂਰਾ ਸਰਬੰਗੀ, ਸ਼ਾਹ ਪਾਤਸ਼ਾਹ ਨੂਰ ਇਲਾਹੀਆ । ਜਿਸ ਸ੍ਰਿਸ਼ਟੀ ਦ੍ਰਿਸ਼ਟੀ ਕਰਨੀ ਅੰਨ੍ਹੀ, ਨੇਤਰਹੀਣ ਦਿਸੇ ਲੋਕਾਈਆ । ਸਭ ਦੀ ਕਰਨੀ ਹੋਣੀ ਮੰਦੀ, ਮੰਦ ਵਾਸਨਾ ਖੋਜ ਖੁਜਾਈਆ । ਫਿਰੇ ਦਰੋਹੀ ਵਿਚ ਵਰਭੰਡੀ, ਬ੍ਰਹਿਮੰਡ ਅੱਖ ਖੁਲ੍ਹਾਈਆ । ਜੋ ਸੰਦੇਸ਼ਾ ਦੇ ਕੇ ਗਿਆ ਗੋਬਿੰਦ ਜਗਤ ਧਾਰ ਕੰਢੀ, ਘਾਟ ਇਕੋ ਇਕ ਜਣਾਈਆ । ਲੇਖਾ ਮੁਕਣਾ ਭੇਖ ਪਖੰਡੀ, ਦੂਤੀਆ ਰੂਪ ਨਾ ਕੋਇ ਦਰਸਾਈਆ । ਕਲਜੁਗ ਆਯੂ ਰਹੇ ਨਾ ਲੰਬੀ, ਅੱਗੇ ਪੰਧ ਨਾ ਕੋਇ ਵਖਾਈਆ । ਚਾਰ ਯਾਰੀ ਦਾ ਲੇਖਾ ਮੁਕਾਵੇ ਗੋਬਿੰਦ ਧਾਰ ਉਲਟੀ ਮੰਜੀ, ਚਾਰ ਫ਼ਰਿਸ਼ਤੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸ਼ਬਦ ਗੋਬਿੰਦ ਕਹੇ ਗੁਰਮੁਖ ਕੋਲ ਸਾਢੇ ਦਸ ਹੱਥ ਦਾ ਰੱਸਾ, ਪੀਲਾ ਰੰਗ ਰੰਗ ਰੰਗਾਈਆ । ਜਿਸ ਨਾਲ ਗੋਬਿੰਦ ਨੇ ਕਸਿਆ ਸੀ ਕਮਰਕਸਾ, ਜਿਸ ਵੇਲੇ ਮਾਲਵੇ ਚਰਨ ਛੁਹਾਈਆ । ਪੁਰਖ ਅਕਾਲ ਦਾ ਕੀਤਾ ਜਸਾ, ਸਿਫ਼ਤੀ ਸਿਫ਼ਤ ਸਿਫ਼ਤ ਵਡਿਆਈਆ । ਫੇਰ ਤੱਕਿਆ ਚਾਰੋਂ ਕੁੰਟ ਰੈਣ ਅੰਧੇਰੀ ਮੱਸਾ, ਸਾਚਾ ਚੰਦ ਨਾ ਕੋਇ ਚਮਕਾਈਆ । ਦੋ ਜਹਾਨ ਲਗਾਈਆਂ ਅੱਖਾਂ, ਨਿਰਗੁਣ ਸਰਗੁਣ ਵੇਖ ਵਖਾਈਆ । ਫੇਰ ਹੱਥ ਮਾਰਿਆ ਉਪਰ ਆਪਣੇ ਭੱਥਾ, ਬਿਨ ਤੀਰ ਤਰਕਸ਼ ਵੇਖ ਵਖਾਈਆ । ਕੀ ਖੇਲ ਕਰਨਾ ਯਥਾਰਥ ਯਥਾ, ਯਦੀ ਪੜਦਾ ਆਪ ਉਠਾਈਆ । ਫੇਰ ਬਚਨ ਕੀਤਾ ਸੱਚਾ, ਗੁਰਦੇਵ ਸਵਾਮੀ ਇਕ ਦ੍ਰਿੜਾਈਆ । ਜਿਸ ਵੇਲੇ ਸਭ ਦਾ ਕੌਲ ਇਕਰਾਰ ਹੋਇਆ ਪੱਕਾ, ਵਾਹਿਦੇ ਪਿਛਲੇ ਵੇਖ ਵਖਾਈਆ । ਕਲਜੁਗ ਕਾਇਆ ਮਾਟੀ ਭਾਂਡਾ ਦਿਸੇ ਕੱਚਾ, ਕੰਚਨ ਗੜ੍ਹ ਨਾ ਕੋਇ ਬਣਾਈਆ । ਮਨ ਵਿਕਾਰ ਘਰ ਘਰ ਹੋਵੇ ਨੱਚਾ, ਵੇਸਵਾ ਰੂਪ ਦਿਸੇ ਲੋਕਾਈਆ । ਪਤਿਪਰਮੇਸ਼ਵਰ ਦਾ ਦੇਵੇ ਕੋਇ ਨਾ ਪਤਾ, ਪਤਿ ਪਤਨੀ ਸੋਭਾ ਕੋਇ ਨਾ ਪਾਈਆ । ਜੈਕਾਰਾ ਬੋਲੇ ਕੋਈ ਨਾ ਅਲਖ ਅਲੱਖਾ, ਅਲਖ ਅਗੋਚਰ ਸੰਗ ਨਾ ਕੋਇ ਰਖਾਈਆ । ਫੇਰ ਆਵਾਂ ਨੱਸਾ, ਜੋਤੀ ਜਾਤਾ ਪੁਰਖ ਬਿਧਾਤਾ ਨਾਲ ਮਿਲਾਈਆ । ਹੋੜਾ ਲਾ ਕੇ ਉਪਰ ਸੱਸਾ, ਸੋ ਪੁਰਖ ਨਿਰੰਜਣ ਵੰਡ ਵੰਡਾਈਆ । ਹਾਹੇ ਉਤੇ ਟਿੱਪੀ ਰੱਖਾਂ, ਆਤਮ ਬ੍ਰਹਮ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਡੋਰੀ ਕਹੇ ਮੈਂ ਸਾਢੇ ਦਸ ਹੱਥ ਦੀ ਧਾਰ, ਪੀਲੇ ਰੰਗ ਨਾਲ ਵਡਿਆਈਆ । ਭੇਟਾ



੧੫੭੦ ੨੨

੧੫੧੧ ੨੨

ਕਰ ਦੇਵੇ ਗੁਰਮੁਖ ਰਵੀਦਾਸ ਚਮਾਰ, ਮੇਰਾ ਪੂਰਬ ਲੇਖ ਬਣਾਈਆ । ਮੈਨੂੰ ਗੋਬਿੰਦ ਕੀਤਾ ਪਿਆਰ, ਪ੍ਰੇਮ ਨਾਲ ਆਪਣੇ ਤਨ ਛੁਹਾਈਆ । ਫੇਰ ਹੁਕਮ ਸੰਦੇਸ਼ਾ ਦਿਤਾ ਧੁਰ ਦੇ ਯਾਰ, ਜੋ ਯਾਰੜਾ ਸਥਰ ਹੰਢਾਈਆ । ਕਮਲੀਏ ਉਹ ਤਕ ਕਲਜੁਗ ਅੰਧ ਅੰਧਿਆਰ, ਨੂਰੀ ਚੰਦ ਨਾ ਕੋਇ ਚਮਕਾਈਆ । ਫੇਰ ਖੇਲ ਹੋਣਾ ਅਗੰਮ ਅਪਾਰ, ਹਰਿ ਕਰਤਾ ਆਪ ਕਰਾਈਆ । ਨਿਹਕਲੰਕ ਕਲ ਕਲਕੀ ਲਏ ਅਵਤਾਰ, ਅਮਾਮ ਅਮਾਮਾਂ ਵੇਸ ਵਟਾਈਆ । ਜਿਸ ਦਾ ਵੇਦ ਵਿਆਸ ਬਣਿਆ ਲਿਖਾਰ, ਨੌਂ ਹਜ਼ਾਰ ਸਲੋਕ ਗਿਆ ਜਣਾਈਆ । ਸੋ ਉੱਤਰੇ ਆਪਣੀ ਧਾਰ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਜਿਸ ਨੂੰ ਸਮਝੇ ਕੋਇ ਨਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਦੂਰ ਦੁਰਾਡੇ ਬੈਠਣ ਸੀਸ ਨਿਵਾਈਆ । ਜਿਸ ਦੇ ਸਭ ਕੁਛ ਹੋਵੇ ਅਖਤਿਆਰ, ਮੁਖਤਿਆਰ ਪਿਛਲਾ ਰਹਿਣ ਕੋਇ ਨਾ ਪਾਈਆ । ਲਹਿਣਾ ਦੇਣਾ ਪੂਰਾ ਕਰੇ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਵੰਡ ਵੰਡਾਈਆ । ਜਨ ਭਗਤਾਂ ਕਾਰਜ ਦਏ ਸਵਾਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਧਰਮ ਦੀ ਡੋਰੀ ਬੰਨ੍ਹੇ ਨਾਲ ਸੀਸ ਦਸਤਾਰ, ਦਸਤ ਦਸਤ ਨਾਲ ਮਿਲਾਈਆ । ਕਲਜੁਗ ਕੂੜੀ ਕਿਰਿਆ ਕੱਪੜ ਦੇਵੇ ਪਾੜ, ਓਢਣ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਡੋਰੀ ਕਹੇ ਮੈਨੂੰ ਆਈ ਯਾਦ ਪੁਰਾਣੀ, ਪੁਨਹ ਪੁਨਹ ਸੀਸ ਨਿਵਾਈਆ । ਮੇਰਾ ਮਾਲਕ ਬਣਿਆ ਧੁਰ ਦਾ ਬਾਨੀ, ਜੋ ਬਾਵਨ ਭੇਖ ਧਰਾਈਆ । ਜਿਸ ਦਾ ਗੋਬਿੰਦ ਸੁਤ ਨਿਸ਼ਾਨੀ, ਸ਼ਬਦ ਨਿਸ਼ਾਨਾ ਇਕ ਵਡਿਆਈਆ । ਉਹ ਮੰਜ਼ਲ ਦੇ ਕੇ ਗਿਆ ਰੁਹਾਨੀ, ਬਿਨਾ ਰੂਹ ਸਮਝਾਈਆ । ਉਹ ਤਕ ਸਦੀ ਚੌਧਵੀਂ ਚਾਰੋਂ ਕੂੰਟ ਬੇਈਮਾਨੀ, ਬੇਵਾ ਰੂਪ ਦਿਸੇ ਲੋਕਾਈਆ । ਕੀ ਖੇਲ ਕਰੇ ਈਸਾ ਦਾ ਬਾਪ ਅਸਮਾਨੀ, ਇਸਮ ਆਜ਼ਮ ਕੀ ਜਣਾਈਆ । ਜਿਸ ਦੇ ਉਤੋਂ ਪੈਗ਼ੰਬਰਾਂ ਕੀਤੀ ਕੁਰਬਾਨੀ, ਮੁਹੰਮਦ ਸੱਜਦਿਆਂ ਵਿਚ ਸੀਸ ਝੁਕਾਈਆ । ਉਹ ਸਭ ਦਾ ਲੇਖਾ ਦੱਸੇ ਫ਼ਾਨੀ, ਫ਼ਨਾਹ ਫਿੱਲਾ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਡੋਰੀ ਕਹੇ ਗੋਬਿੰਦ ਦੇ ਸਿੱਖ ਸਿੱਖ ਬਹਾਦਰ, ਤਿੰਨ ਮਾਲਵੇ ਵਿਚ ਵਡਿਆਈਆ । ਜਿਨ੍ਹਾਂ ਨੂੰ ਦਿਤਾ ਸ਼ਬਦ ਸ਼ਬਦ ਗੁਰ ਆਦਰ, ਆਦਰਸ਼ ਆਪਣਾ ਇਕ ਦਿਖਾਈਆ । ਇਨ੍ਹਾਂ ਉਤੇ ਕਿਰਪਾ ਕੀਤੀ ਸੀ ਤੇਗ਼ ਬਹਾਦਰ, ਜੋ ਸੀਸ ਦਿੱਲੀ ਗਿਆ ਕਟਾਈਆ । ਭਾਗ ਲਗਾਇਆ ਕਾਇਆ ਗਾਗਰ, ਸਾਢੇ ਤਿੰਨ ਹੱਥ ਅੰਮ੍ਰਿਤ ਰਸ ਭਰਾਈਆ । ਕਿਰਪਾ ਕਰੇ ਕਰੀਮ ਕਾਦਰ, ਕੁਦਰਤ ਦਾ ਮਾਲਕ ਧੁਰਦਰਗਾਹੀਆ । ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧਵਾਈਆ । ਧਰਮ ਦਾ ਸਾਚਾ ਸਾਜੇ ਸਾਜਣ, ਸਗਲਾ ਰੰਗ ਰੰਗਾਈਆ । ਮਿਹਰਵਾਨ ਗ਼ਰੀਬ ਨਿਵਾਜਣ, ਨਿਮਾਣਿਆਂ ਗੋਦ ਉਠਾਈਆ । ਸੀਸ ਜਗਦੀਸ ਰੱਖ ਕੇ ਤਾਜਣ, ਰਾਜ ਤਖ਼ਤ ਦੀਨ ਦੁਨੀ ਉਲਟਾਈਆ । ਪਰਗਟ ਹੋ ਕੇ ਦੇਸ ਮਾਝਣ, ਲੇਖਾ ਸਭ ਦਾ ਵੇਖ ਵਖਾਈਆ । ਜਿਸ ਦਾ ਸ਼ਬਦੀ ਧਾਰ ਉਡਣਾ ਬਾਜ਼ਣ, ਬਾਜਾਂਵਾਲਾ ਆਪਣਾ ਹੁਕਮ ਵਰਤਾਈਆ । ਇਨ੍ਹਾਂ ਦਾ ਲੇਖਾ ਫੇਰ ਹੋਇਆ ਨਾਲ ਮਾਈ ਭਾਗਣ, ਭਾਗੋ ਭਗਵਨ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਰੱਸੀ ਕਹੇ ਮੈਂ ਸਾਢੇ ਦਸ ਹੱਥ, ਹੱਥੋ ਹੱਥੀ ਵੰਡ ਵੰਡਾਈਆ । ਮੇਰਾ ਲੇਖਾ ਨਾਲ ਪੁਰਖ ਸਮਰਥ, ਪਾਰਬ੍ਰਹਮ ਦਇਆ ਕਮਾਈਆ । ਗੁਰਮੁਖਾਂ ਗੋਬਿੰਦ ਨਾਲੋਂ ਹੋਣ ਨਾ

ਦੇਵਾਂ ਵਖ, ਏਸੇ ਕਰਕੇ ਮਾਲਵੇ ਚਲੀ ਆਈ ਚਾਈਂ ਚਾਈਂਆ । ਸਭ ਨੂੰ ਮੇਲ ਮਿਲਾਉਣਾ ਅੰਦਰਲੀ ਅੱਖ, ਨਿਜ ਨੇਤਰ ਲੋਚਣ ਨੈਣ ਕਰ ਰੁਸ਼ਨਾਈਆ । ਕੂੜੀ ਕਿਰਿਆ ਗੜ੍ਹ ਤੋੜਨਾ ਹੰਕਾਰੀ ਹੱਠ, ਹਉਮੇ ਹੰਗਤਾ ਦੇਣੀ ਮਿਟਾਈਆ । ਸਚ ਪ੍ਰੇਮ ਮੁਹੱਬਤ ਦੀ ਬੰਨ੍ਹਣੀ ਗੱਠ, ਏਥੇ ਉਥੇ ਸਕੇ ਨਾ ਕੋਇ ਖੁਲ੍ਹਾਈਆ । ਪਿਛਲਾ ਪੰਧ ਮੁਕਾਇਆ ਨੱਠ ਨੱਠ, ਭੱਜੀ ਵਾਹੋ ਦਾਹੀਆ । ਜਨ ਭਗਤਾਂ ਮੇਲ ਮਿਲਾਇਆ ਝਟ, ਝਟਕੇ ਖਾਣ ਵਾਲਾ ਸੰਗ ਨਾ ਕੋਇ ਰਖਾਈਆ । ਜ਼ਾਤ ਪਾਤ ਦੀ ਮੇਟ ਕੇ ਵੱਟ, ਹੱਦ ਇਕੋ ਇਕ ਸਮਝਾਈਆ । ਜਿਥੇ ਸਤਿਗੁਰ ਸ਼ਬਦ ਸੁਹਾਨਾ ਰਿਹਾ ਵਸ, ਦੂਸਰ ਨਜ਼ਰ ਕੋਇ ਨਾ ਆਈਆ । ਜਗਤ ਮੰਜ਼ਲ ਹੋਵੇ ਬਸ, ਪਾਂਧੀ ਪੰਧ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਡੋਰੀ ਕਹੇ ਮੈਂ ਭਗਤਾਂ ਬੰਨ੍ਹਾਂ ਧੁਰ ਦੀ ਡੋਰ, ਡੋਰ ਪ੍ਰਭ ਦੇ ਨਾਲ ਜੁੜਾਈਆ । ਮੈਨੂੰ ਛੂਹ ਸਕੇ ਨਾ ਕੋਈ ਹੋਰ, ਹੋਕਾ ਦੇ ਕੇ ਦਿਆਂ ਦੁਹਾਈਆ । ਮੈਂ ਨਾਤਾ ਛੱਡਿਆ ਠੱਗ ਚੋਰ, ਕੂੜਿਆਂ ਸੰਗ ਨਾ ਕੋਇ ਬਣਾਈਆ । ਕਲਜੁਗ ਵੇਖ ਅੰਧੇਰ ਘਨਘੋਰ, ਲੋਕਮਾਤ ਲਈ ਅੰਗੜਾਈਆ । ਜਨ ਭਗਤਾਂ ਅੰਦਰ ਹੰਗਤਾ ਪਾਏ ਨਾ ਸ਼ੋਰ, ਮਨਸਾ ਕੂੜ ਨਾ ਕੋਇ ਹਲਕਾਈਆ । ਸਭ ਨੂੰ ਇਕੋ ਮਾਰਗ ਬੰਨ੍ਹ ਕੇ ਦੇਵਾਂ ਤੋਰ, ਤੁਰਤ ਆਪਣੀ ਸੇਵ ਕਮਾਈਆ । ਕਿਸੇ ਦਾ ਚਲੇ ਨਾ ਕੋਈ ਜ਼ੋਰ, ਜੋਰੂ ਜ਼ਰ ਨਾ ਕੋਇ ਵਡਿਆਈਆ । ਸਭ ਦਾ ਮੰਤਰ ਇਕੋ ਹੋਵੇ ਫੁਰਨਾ ਫੋਰ, ਫੁਰਨੇ ਜਗਤ ਵਾਸਨਾ ਬੰਦ ਕਰਾਈਆ । ਗੁਰਮੁਖਾਂ ਭਾਗ ਹੋਣ ਮੱਥੋਰ, ਮਿਥਿਆ ਦੱਸਾਂ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੇਵਾ ਇਕ ਸਮਝਾਈਆ । ਡੋਰੀ ਕਹੇ ਮੇਰਾ ਰੰਗ ਪੀਲਾ, ਗੋਬਿੰਦ ਗੋਬਿੰਦ ਧਾਰ ਦਰਸਾਈਆ । ਜਨ ਭਗਤਾਂ ਦੱਸਾਂ ਸਤਿਗੁਰ ਸ਼ਬਦ ਧਾਰ ਵਸੀਲਾ, ਵਸਲ ਯਾਰ ਅਗੰਮ ਅਥਾਹੀਆ । ਜਿਸ ਨੂੰ ਮਿਲਣ ਦਾ ਇਕੋ ਹੀਲਾ, ਇਕੋ ਮਾਰਗ ਦਿਆਂ ਦ੍ਰਿੜਾਈਆ । ਉਸ ਦਾ ਸਾਰੇ ਬਣੋ ਇਕ ਕਬੀਲਾ, ਜੋ ਕਬਰਾਂ ਤੋਂ ਬਾਹਰ ਡੇਰਾ ਲਾਈਆ । ਲੇਖਾ ਜਾਣੇ ਅਸਮਾਨ ਜ਼ਮੀਨਾ, ਜ਼ਿਮੀਂ ਜ਼ਮਾਂ ਖੋਜ ਖੁਜਾਈਆ । ਜਗਤ ਜਹਾਨ ਵੇਖੇ ਸੀਮਾ, ਨੌਂ ਖੰਡ ਪ੍ਰਿਥਮੀ ਧਿਆਨ ਰਖਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਸਭ ਦੀ ਕਰ ਦੇਵੇ ਤਰਮੀਮਾ, ਧੁਰ ਦਾ ਹੁਕਮ ਫ਼ਰਮਾਨ ਇਕ ਦ੍ਰਿੜਾਈਆ । ਖੇਲ ਕਰੇ ਆਲੀਸ਼ਾਨ ਅਜ਼ੀਮਾ, ਅਜ਼ਮਤੋ ਕਸਮਤੋ ਅਜ਼ਿਬਵਾਹ ਅਤਿਲਹੇ ਆਪਣਾ ਹੁਕਮ ਵਰਤਾਈਆ । ਜੋ ਆਦਿ ਅੰਤ ਛੈਲ ਛਬੀਲੋ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨੀਲੀ ਧਾਰ ਕਹੇ ਮੈਂ ਵੇਖਿਆ ਪੀਲਾ ਰੰਗ, ਰੰਗਤ ਅਗੰਮ ਅਥਾਹੀਆ । ਜਿਸ ਨੂੰ ਵੇਖ ਕੇ ਤੇਈ ਅਵਤਾਰ ਹੋਣ ਦੰਗ, ਪੈਗ਼ੰਬਰ ਪਰੇਸ਼ਾਨੀ ਵਿਚ ਧਿਆਨ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਇਕੱਠਾ ਬਣ ਕੇ ਸੰਗ, ਬਿਨ ਨੈਣਾਂ ਨੈਣ ਉਠਾਈਆ । ਕਿਹੜੀ ਧਾਰ ਵੱਜੇ ਮਰਦੰਗ, ਕਵਣ ਕੂਟ ਡੰਕ ਸ਼ਨਵਾਈਆ । ਸਦੀ ਚੌਧਵੀਂ ਅੰਤ ਜਾਏ ਨਾ ਲੰਘ, ਮੰਜ਼ਲ ਪੰਧ ਪਾਰ ਨਾ ਕੋਇ ਕਰਾਈਆ । ਜਿਸ ਨੇ ਉਲਟਾ ਕੀਤਾ ਪਲੰਘ, ਪਾਵੇ ਚਾਰ ਰੋਵਣ ਮਾਰਨ ਧਾਹੀਆ । ਦਰੋਹੀ ਖ਼ੁਦਾ ਖ਼ੁਦਾ ਦੇ ਨਬੀ ਦੀ ਚਾਰ ਯਾਰ ਸੰਗ ਮੁਹੰਮਦ ਹੋਣਾ ਨੰਗ, ਪਰਦਾ ਸਿਰ ਸਰ ਨਾ ਕੋਇ ਟਿਕਾਈਆ । ਜਿਸ ਸਾਹਿਬ ਨੇ ਬਿਨਾ ਸ਼ਸਤਰਾਂ ਤੋਂ ਕਰਨਾ ਜੰਗ, ਸ਼ਸਤਰ ਧਾਰੀ ਗੁਰਮੁਖ ਦਿਤੇ ਵਖਾਈਆ । ਕਲਜੁਗ ਕੂੜੀ ਕਿਰਿਆ ਕਰਨੀ ਭੰਗ, ਸਤਿਜੁਗ ਸਤਿ ਸਤਿ ਉਪਜਾਈਆ । ਨਿਸ਼ਾਨ



੧੫੧੨ ੨੨

ਮੇਟ ਕੇ ਤਾਰਾ ਚੰਦ, ਇਕੋ ਨੂਰੀ ਚੰਦ ਦੇਣਾ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਡੋਰੀ ਕਹੇ ਮਾਲਵੇ ਵਿਚ ਗੋਬਿੰਦ ਵੜਦਿਆਂ ਪੁੱਠਾ ਕੀਤਾ ਸੀ ਕੁੰਭ, ਘੜਾ ਬਿਨ ਪਾਣੀ ਧਰਤ ਟਿਕਾਈਆ । ਫੇਰ ਲੇਖਾ ਲਿਖਿਆ ਸੁੰਭ ਨਿਸੁੰਭ, ਦੁਰਗਾ ਅਸ਼ਟਭੁਜ ਸ਼ਨਵਾਈਆ । ਫੇਰ ਦੋ ਜਹਾਨਾਂ ਲਈ ਉਂਘ, ਸਵਾਧਾਨ ਹੋ ਕੇ ਵੇਖ ਵਖਾਈਆ । ਅੰਮ੍ਰਿਤ ਰਹਿਣ ਦੇਣਾ ਨਹੀਂ ਗਰੜ ਚੁੰਜ, ਜਾਮ ਆਪਣੇ ਹੱਥ ਧਰਾਈਆ । ਜਗਤ ਬਦਲ ਦੇਣਾ ਜੁਗ ਬਦਲ ਦੇਣਾ ਪ੍ਰਭ ਦੀ ਕਾਰ ਜਿਉਂ ਸਰਪ ਉਤਾਰੇ ਕੁੰਜ, ਸਤਿ ਸਰੂਪ ਸਮਝ ਕਿਸੇ ਨਾ ਆਈਆ । ਦੀਨ ਮਜ਼੍ਹਬ ਦਾ ਮਾਲ ਖ਼ਜ਼ਾਨਾ ਰਹੇ ਕੋਈ ਨਾ ਪੁੰਜ, ਪੂੰਜੀ ਸ਼ਰਅ ਨਾ ਅੰਤ ਜਣਾਈਆ । ਮੈਂ ਖੇਲ ਕਰਾਂਗਾ ਉਂਜ, ਜੋ ਪੁਰਖ ਅਕਾਲਾ ਦੀਨ ਦਿਆਲਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਘੜਾ ਕਹੇ ਜਿਸ ਵੇਲੇ ਗੋਬਿੰਦ ਨੇ ਮੈਨੂੰ ਕੀਤਾ ਪੁੱਠਾ, ਮੂੰਹ ਦੇ ਭਾਰ ਰਖਾਈਆ । ਫੇਰ ਫੜ ਕੇ ਆਪਣੇ ਸੱਜੇ ਖੱਬੇ ਗੁੱਟਾ, ਦੋਹਾਂ ਲਿਆ ਦਬਾਈਆ । ਫੇਰ ਸੂਰਬੀਰ ਹੋ ਕੇ ਉਠਾ, ਆਪਣੀ ਲਈ ਅੰਗੜਾਈਆ । ਚਾਰੋਂ ਕੁੰਟ ਨਿਗਹ ਮਾਰ ਕੇ ਤੁੱਠਾ, ਮਿਹਰਵਾਨ ਹੋ ਕੇ ਅੱਖ ਖੁਲ੍ਹਾਈਆ । ਕਿਸ ਬਿਧ ਕਲਜੁਗ ਕੂੜੀ ਕਿਰਿਆ ਜੜ੍ਹ ਪੁੱਟਾਂ, ਪਟਨੇ ਵਾਲਾ ਰਿਹਾ ਸੁਣਾਈਆ । ਫੇਰ ਤੀਰ ਫੜ ਕੇ ਵਿਚ ਮੁੱਠਾ, ਜ਼ੋਰ ਨਾਲ ਦਬਾਈਆ । ਬਿਨਾ ਸ਼ਸਤਰਾਂ ਤੋਂ ਪਾਵਾਂ ਲੁੱਟਾ, ਪ੍ਰਭ ਨਾਲ ਮਿਲ ਕੇ ਖੇਲ ਖਿਲਾਈਆ । ਜਗਤ ਜਹਾਨ ਰਹਿਣ ਦੇਵਾਂ ਕੋਇ ਨਾ ਸੁੱਤਾ, ਸੋਏ ਅਵਤਾਰ ਪੈਗ਼ੰਬਰ ਗੁਰ ਲਵਾਂ ਜਗਾਈਆ । ਜਿਸ ਪੁਰਖ ਅਕਾਲ ਨੇ ਮੈਨੂੰ ਬਣਾਇਆ ਸੁਤਾ, ਸੁਤ ਦੁਲਾਰਾ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਘੜਾ ਕਹੇ ਮੈਂ ਹੋ ਗਿਆ ਹੈਰਾਨ, ਹੈਰਾਨੀ ਵਿਚ ਸੀਸ ਨਿਵਾਈਆ । ਕੁਛ ਦੱਸ ਮੇਰੇ ਮਿਹਰਵਾਨ, ਸਤਿਗੁਰ ਅੱਗੇ ਸੀਸ ਝੁਕਾਈਆ । ਗੋਬਿੰਦ ਹੱਸ ਕੇ ਕਿਹਾ ਔਹ ਤਕ ਕਲਜੁਗ ਨਿਸ਼ਾਨ, ਨਿਸ਼ਾਨਾ ਦਿਆਂ ਵਖਾਈਆ । ਕਲਜੁਗ ਜੀਵ ਮਾਟੀ ਭਾਂਡੇ ਖ਼ਾਲੀ ਦਿਸਣ ਵਿਚ ਨਜ਼ਰ ਨਾ ਆਏ ਸ੍ਰੀ ਭਗਵਾਨ, ਜੋਤੀ ਨੂਰ ਨਾ ਕੋਇ ਰੁਸ਼ਨਾਈਆ । ਪੰਡਤ ਪਾਂਧੇ ਮੁੱਲਾਂ ਸ਼ੇਖ਼ ਮੁਸਾਇਕ ਬਣਨ ਬੇਈਮਾਨ, ਸਚ ਵਿਚ ਨਾ ਕੋਇ ਸਮਾਈਆ । ਜਿਹੜੇ ਮਟਕੇ ਭੰਨੇ ਗੋਪੀਆਂ ਵਾਲੇ ਕਾਹਨ, ਕ੍ਰਿਸ਼ਨ ਖੇਲ ਖਿਲਾਈਆ । ਪਹਿਲੋਂ ਪਟਨੇ ਭੁਗਤਾ ਕੇ ਆਇਆ ਆਇਆ ਮੈਂ ਭੁਗਤਾਨ, ਅੰਤਮ ਲੇਖਾ ਤੇਰਾ ਮਾਲਵੇ ਵਿਚ ਜਣਾਈਆ । ਹੁਣ ਏਥੋਂ ਹੋ ਜਾਵਾਂ ਰਵਾਨ, ਚਲਣਾ ਵਾਹੋ ਦਾਹੀਆ । ਤਿੰਨ ਦਿਨ ਕਰਨਾ ਨਹੀਂ ਇਸ਼ਨਾਨ, ਤੇਰਾ ਜਲ ਨਾ ਤਨ ਛੁਹਾਈਆ । ਕੁੰਭ ਰੋ ਕੇ ਲੱਗਾ ਕੁਰਲਾਣ, ਕੂਕ ਕੂਕ ਸੁਣਾਈਆ । ਗੋਬਿੰਦ ਤੇਰੇ ਵਿਚ ਹੱਕ ਤੌਫ਼ੀਕ, ਤੂੰ ਹੀ ਖ਼ੁਦ ਮਾਲਕ ਨਜ਼ਰੀ ਆਈਆ । ਮੇਰੀ ਆਸਾ ਮਨਸਾ ਪੂਰੀ ਕਰ ਉਮੀਦ, ਤ੍ਰਿਸ਼ਨਾ ਰਹੇ ਨਾ ਰਾਈਆ । ਮੈਂ ਨਿਮਾਣਾ ਜਗਤ ਨਾਚੀਜ਼, ਠੀਕਰ ਮਾਟੀ ਸੋਭਾ ਪਾਈਆ । ਮੈਨੂੰ ਆਪਣਾ ਬਣਾ ਮੀਤ, ਮਿੱਤਰ ਪਿਆਰੇ ਦਇਆ ਕਮਾਈਆ । ਮੈਂ ਸਦਾ ਤੇਰਾ ਗਾਵਾਂ ਗੀਤ, ਗੋਬਿੰਦ ਗੋਬਿੰਦ ਗੋਬਿੰਦ ਮੇਰਾ ਮਾਹੀਆ । ਗੋਬਿੰਦ ਹੱਸ ਕੇ ਕਿਹਾ ਮੇਰੇ ਸਾਹਿਬ ਦੀ ਅਵੱਲੜੀ ਰੀਤ, ਜੁਗ ਚੌਕੜੀ ਸਮਝ ਕਿਸੇ ਨਾ ਪਾਈਆ । ਔਹ ਵੇਖ ਕਲਜੁਗ ਵੇਲਾ ਅੰਤ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਜਿਸ ਵੇਲੇ ਧਰਮ ਦਾ ਧਰਮ ਬਣਿਆ ਸ਼ਰੀਕ, ਲਾਸ਼ਰੀਕ ਵੇਸ ਵਟਾਈਆ । ਦੀਨ ਦੁਨੀ ਦੀ ਬਦਲ ਦੇਵੇ ਤਵਾਰੀਖ, ਤਾਰੀਖ

ਅਗਲੀ ਦਏ ਦ੍ਰਿੜਾਈਆ । ਤੂੰ ਰੱਖਣੀ ਉਸ ਦੀ ਉਡੀਕ, ਜੋ ਮਾਲਕ ਅਗੰਮ ਅਥਾਹੀਆ । ਫੇਰ ਖੰਡੇ ਨਾਲ ਧਰਤੀ ਉਤੇ ਖਿੱਚੀ ਲੀਕ, ਲਾਈਨ ਐਨ ਦਿਤੀ ਬਣਾਈਆ । ਜਿਸ ਦੀ ਸਿਫ਼ਤ ਕਰੇ ਕੁਰਾਨ ਮਜੀਦ, ਸਪਾਰੇ ਢੋਲੇ ਰਹੇ ਗਾਈਆ । ਉਹ ਤੇਰਾ ਲੇਖਾ ਪੂਰਾ ਕਰੇ ਗੁਫ਼ਤ ਸ਼ਨੀਦ, ਬਾਤਨ ਆਪਣੀ ਕਾਰ ਭੁਗਤਾਈਆ । ਬਿਨਾ ਅੱਖਰਾਂ ਤੋਂ ਤੈਨੂੰ ਦੇਵਾਂ ਰਸੀਦ, ਲੇਖਾ ਲਿਖਾਂ ਬਿਨ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਗੋਬਿੰਦ ਹੋ ਮਿਹਰਵਾਨ, ਸ਼ਬਦੀ ਧਾਰ ਨਜ਼ਰ ਉਠਾਈਆ । ਤੇਰਾ ਲੇਖਾ ਕਰੇ ਪੂਰਾ ਨੌਜਵਾਨ, ਮਰਦ ਮਰਦਾਨਾ ਅਗੰਮ ਅਥਾਹੀਆ । ਜਿਸ ਨੇ ਕਲਜੁਗ ਕੂੜਾ ਮੇਟਣਾ ਨਿਸ਼ਾਨ, ਨਿਸ਼ਾਨਾ ਦੋ ਜਹਾਨਾਂ ਧਰਮ ਚਲਾਈਆ । ਜਿਸ ਨੂੰ ਝੁਕਣੇ ਸੀਤਾ ਰਾਮ, ਕਾਹਨ ਕ੍ਰਿਸ਼ਨ ਸੀਸ ਨਿਵਾਈਆ । ਪੈਗੰਬਰ ਸਯਦਿਆਂ ਵਿਚ ਕਰਨ ਸਲਾਮ, ਕਦਮਬੋਸੀ ਵਿਚ ਖ਼ੁਸ਼ੀ ਬਣਾਈਆ । ਗੁਰੂ ਗੁਰਦੇਵ ਕਰਨ ਪਰਨਾਮ, ਪਰਮ ਪੁਰਖ ਵਡ ਵਡਿਆਈਆ । ਸੋ ਪਰਗਟ ਹੋਵੇ ਵਾਲੀ ਦੋ ਜਹਾਨ, ਨਿਰਗੁਣ ਸਰਗੁਣ ਆਪਣੀ ਕਾਰ ਭੁਗਤਾਈਆ । ਮਾਲਵਾ ਫੇਰ ਕਰੇ ਪਰਵਾਨ, ਮਲੇਛਾਂ ਪੜਦਾ ਦਏ ਚੁਕਾਈਆ । ਗੁਰਮੁਖ ਸਾਰੇ ਕਰਕੇ ਸਵਾਧਾਨ, ਸੋਈ ਸੁਰਤ ਲਏ ਉਠਾਈਆ । ਦਰ ਠਾਂਡੇ ਕਰ ਪਰਵਾਨ, ਪਰਵਾਨੇ ਧੁਰ ਦੇ ਲਏ ਬਣਾਈਆ । ਗੁਰਮੁਖ ਸੂਰਬੀਰ ਜੰਗੀ ਬਣਾ ਨੌਜਵਾਨ, ਤਿੰਨਾਂ ਲੋਕਾਂ ਬਾਹਰ ਸਮਝਾਈਆ । ਤੀਜੇ ਦਿਨ ਉਨ੍ਹਾਂ ਤੋਂ ਫੇਰ ਕਰੇ ਇਸ਼ਨਾਨ, ਜਲ ਤੇਰੇ ਵਿਚ ਭਰਾਈਆ । ਸੋਲਾਂ ਕੱਤਕ ਦਿਵਸ ਹੋਏ ਮਹਾਨ, ਮਹਿੰਮਾ
ਸਿਫ਼ਤ ਅਗੰਮ ਅਥਾਹੀਆ । ਹਰਿ ਸੰਗਤ ਖ਼ੁਸ਼ੀ ਵਿਚ ਢੋਲੇ ਸਾਰੇ ਗਾਣ, ਗੀਤ ਗੋਬਿੰਦ ਅਲਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਸਾਰੇ ਉਠ

ਕੇ ਜਾਣ, ਖ਼ੁਸ਼ੀਆਂ ਰੰਗ ਰੰਗਾਈਆ । ਫੇਰ ਗੋਬਿੰਦ ਨੇ ਤੀਰ ਦਾ ਕੀਤਾ ਨਿਸ਼ਾਨ, ਬਿਨਾ ਕਮਾਨ ਚਿੱਲਾ ਚੜ੍ਹਾਈਆ । ਉਹ ਤਕ ਜਿਸ ਦਾ ਲਹਿਣਾ ਦੇਣਾ ਕਾਹਨ ਕੀਤਾ ਪਰਵਾਨ, ਆਪਣਾ ਪ੍ਰੇਮ ਬਣਾਈਆ । ਉਹ ਬੱਧਕ ਨੌਜਵਾਨ, ਕੰਢੀ ਬੈਠਾ ਡੇਰਾ ਲਾਈਆ । ਜਿਸ ਦੇ ਕੋਲ ਪੁੱਜਣਾ ਨੌ ਨੌ ਸ਼ਬਦ ਸਾਰੇ ਰਾਹ ਵਿਚ ਗਾਣ, ਨਵ ਦਵਾਰ ਦਾ ਡੇਰਾ ਢਾਹੀਆ । ਤਿੰਨੇ ਜੰਗਜੂ ਬਹਾਦਰ ਗੁਰਸਿਖ ਪਹਿਲੋਂ ਜਾਣ, ਆਪਣਾ ਪੰਧ ਮੁਕਾਈਆ । ਨੌਂ ਨੌਂ ਦੀਪਕ ਥਾਲਾਂ ਵਿਚ ਟਿਕਾਣ, ਅੱਗੋਂ ਮਿਲਣ ਚਾਈਂ ਚਾਈਆ । ਗੁਰਮੁਖ ਸਿੰਘ ਮਾਚਸ ਨਾਲ ਸਵਾਧਾਨ ਕਰੇ ਸ਼ਮਾਦਾਨ, ਅਗਨੀ ਅੱਗ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕੁੰਭ ਕਹੇ ਮੇਰਾ ਖੇਲ ਹੋਣਾ ਸੋਲਾਂ ਕੱਤਕ ਦੀ ਰਾਤੀ, ਜਨ ਭਗਤਾਂ ਰੁਤੜੀ ਦਿਆਂ ਜਣਾਈਆ । ਜਿਹੜੀ ਮੰਗ ਮੰਗੀ ਸੀ ਧਰਤ ਮਾਤੀ, ਧਰਨੀ ਧਵਲ ਆਸ ਰਖਾਈਆ । ਉਸ ਦੀ ਸਾਰੀ ਦੱਸਾਂਗਾ ਗਾਥੀ, ਜਿਸ ਨੂੰ ਗ੍ਰੰਥ ਸ਼ਾਸਤਰ ਕਹਿਣ ਕੋਇ ਨਾ ਪਾਈਆ । ਲਿਖਾਰੀਆਂ ਦੋ ਦੋ ਕਲਮਾਂ ਰੱਖਣੀਆਂ ਨਾਲ ਇਕ ਦਵਾਤੀ, ਸੱਜੇ ਪੱਟ ਨਾਲ ਛੁਹਾਈਆ । ਜਿਤਨੀ ਹਰਿ ਸੰਗਤ ਹੋਵੇ ਸਭ ਨੇ ਤਿੰਨ ਵਾਰ ਹੱਥ ਰੱਖਣਾ ਉਪਰ ਛਾਤੀ, ਸਾਢੇ ਦਸ ਵਕਤ ਸੁਹਾਈਆ । ਤ੍ਰਿਪਤ ਦੇ ਹੱਥ ਵਿਚ ਫੜੀ ਹੋਵੇਗੀ ਲਾਠੀ, ਆਪਣਾ ਰੂਪ ਸਰੂਪ ਬਦਲਾਈਆ । ਕੇਹਰ ਸਿੰਘ ਇਕ ਫ਼ਾਇਰ ਕਰੇਗਾ ਬਣ ਕੇ ਸਾਥੀ, ਸਗਲਾ ਸੰਗ ਬਣਾਈਆ । ਕਿਰਪਾਲ ਸਿੰਘ ਜੋੜ ਕੇ ਹਾਥੀ, ਪ੍ਰਭ ਅੱਗੇ ਸੀਸ ਨਿਵਾਈਆ । ਨਾਜ਼ਰ ਸਿੰਘ ਕੂਕ ਪੁਕਾਰੇ , ਦਰੋਹੀ ਤੇਰਾ ਨਾਮ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਡੋਰੀ

ਕਹੇ ਜਨ ਭਗਤੋ ਮੇਰਾ ਰੰਗ ਅਨੋਖਾ, ਸਤਿ ਸਚ ਦਿਆਂ ਜਣਾਈਆ । ਪਿਛੇ ਵੇਲਾ ਲੰਘ ਗਿਆ ਚੋਖਾ, ਚੌਥਾ ਜੁਗ ਰਿਹਾ ਕੁਰਲਾਈਆ । ਪਰਮ ਪੁਰਖ ਨੂੰ ਮਿਲਣਾ ਨਹੀਂ ਸੌਖਾ, ਸਿਰ ਧੜ ਕੰਮ ਕਿਸੇ ਨਾ ਆਈਆ । ਦੀਨ ਦਿਆਲ ਦਾ ਆਦਿ ਅੰਤ ਨਹੀਂ ਕਿਸੇ ਨਾਲ ਰੋਸਾ, ਜੁਗ ਵਿਛੜੇ ਜੁਗ ਜੁਗ ਮੇਲ ਮਿਲਾਈਆ । ਜਿਸ ਦਾ ਮਾਰਗ ਦੱਸਣਾ ਸੌਖਾ, ਦੇ ਦਰਸ਼ਨ ਪਾਰ ਲੰਘਾਈਆ । ਨੌਂ ਸੌ ਚੁਰਾਨਮੇ ਚੌਕੜੀ ਜੁਗ ਪਿਛੋਂ ਨਿਰਗੁਣ ਧਾਰ ਮਿਲਣ ਦਾ ਮਿਲਦਾ ਮੌਕਾ, ਜਿਸ ਦੀ ਵੰਡ ਨਾ ਕੋਇ ਸਮਝਾਈਆ । ਹਰਿਜਨ ਕੋਈ ਨਾ ਜਾਏ ਔਂਤਾ, ਦਰ ਘਰ ਵੱਜਦੀ ਰਹੇ ਵਧਾਈਆ । ਤੁਹਾਡਾ ਦਿਵਸ ਦਿਹਾੜਾ ਦੋ ਜਹਾਨਾਂ ਵਿਚ ਸੋਹਣਾ ਲੱਗੇ ਨਾਲ ਸ਼ੌਕਾ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਜਿਸ ਨੇ ਲਹਿਣਾ ਦੇਣਾ ਪੂਰਾ ਕਰਨਾ ਚੌਦਾਂ ਤਬਕਾਂ ਤੌਕਾ, ਚੌਦਾਂ ਲੋਕ ਲੇਖਾ ਦਏ ਮੁਕਾਈਆ । ਉਸ ਦਾ ਸ਼ਬਦ ਗੁਰੂ ਗੁਰਦੇਵ ਦੇਵੇ ਹੋਕਾ, ਹੁਕਮ ਧੁਰ ਦਾ ਇਕ ਸੁਣਾਈਆ । ਪ੍ਰਭ ਦੇ ਪਿਆਰ ਵਾਲੀ ਇਕੋ ਨਈਆ ਇਕੋ ਨੌਕਾ, ਬੇੜਾ ਇਕੋ ਇਕ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਦਰਾਂ ਕੱਤਕ ਜਨ ਭਗਤਾਂ ਦੁਰਮਤ ਪਾਪ ਕਲੈਵਰ ਧੋਤਾ, ਅੰਤਰ ਅੰਤਸ਼ਕਰਨ ਕਰਨੀ ਕਰਤਾ ਆਪਣੇ ਰੰਗ ਰੰਗਾਈਆ ।



## ✪ ੧੬ ਕੱਤਕ ਸ਼ਹਿਨਸ਼ਾਹੀ ਸੰਮਤ ੭ ਰਾਮ ਸਿੰਘ ਦੇ ਘਰ ਜਾਣ ਵਾਸਤੇ ਕੇਹਰ ਸਿੰਘ ਨਾਜ਼ਰ ਸਿੰਘ ਕਿਰਪਾਲ ਸਿੰਘ ਨੇ ਪਾਤਸ਼ਾਹ ਜੀ ਨੂੰ ਇਸ਼ਨਾਨ ਕਰਵਾਇਆ ਮੋਗਾ ਸ਼ਹਿਰ ਜ਼ਿਲਾ ਫ਼ਿਰੋਜ਼ਪੁਰ ✪

੧੫੧੫



ਸੋਲਾਂ ਕੱਤਕ ਕਹੇ ਸੋਲਾਂ ਕਲ ਤੋਂ ਬਾਹਰ ਸਚ ਵਿਹਾਰਾ, ਤਿਵਹਾਰ ਮੇਰੇ ਮਿਲੇ ਵਡਿਆਈਆ । ਹਾਜ਼ਰ ਹੋਏ ਤੇਈ ਅਵਤਾਰਾ, ਅਵਤਰ ਆਪਣਾ ਰੂਪ ਦਰਸਾਈਆ । ਪੈਗ਼ੰਬਰ ਪੁੱਜੇ ਨਿਰਗੁਣ ਧਾਰਾ, ਅਗੰਮੀ ਵੇਸ ਵਟਾਈਆ । ਗੁਰੂ ਦਸ ਜੋਤ ਉਜਿਆਰਾ, ਗੋਬਿੰਦ ਮੇਲਾ ਸਹਿਜ ਸੁਭਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰਾ, ਨਿਉਂ ਨਿਉਂ ਲਾਗਣ ਪਾਈਆ । ਦੇਵਤ ਸੁਰ ਚਰਨ ਧੂੜੀ ਲਾਵਣ ਛਾਰਾ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਜੁਗ ਚੌਕੜੀ ਕੂਕਨ ਕਰਨ ਪੁਕਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਹਾਲ ਸੁਣਾਈਆ । ਸਦੀ ਚੌਧਵੀਂ ਰੋਵੇ ਜ਼ਾਰੋ ਜ਼ਾਰਾ, ਬਿਨ ਨੈਣਾਂ ਨੀਰ ਵਹਾਈਆ । ਨਾਰਦ ਮੁਨ ਬਣ ਭਿਖਾਰਾ, ਭੱਜਾ ਆਇਆ ਵਾਹੋ ਦਾਹੀਆ । ਸੈਨਤ ਮਾਰੇ ਚਾਰ ਯਾਰਾ, ਬੋਦੀ ਆਪਣੀ ਰਿਹਾ ਹਿਲਾਈਆ । ਉਹ ਵੇਖੋ ਪਰਵਰਦਿਗਾਰਾ, ਬੇਪਰਵਾਹ ਨੂਰ ਖ਼ੁਦਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਵਿਚ ਸੰਸਾਰਾ, ਸਹਿੰਸੇ ਸਭ ਦੇ ਦਏ ਮਿਟਾਈਆ । ਉਹ ਖੇਲ ਕਰੇ ਹਰਿਜਨ ਸਾਚੇ ਸਚ ਦਵਾਰਾ, ਗੁਰਮੁਖਾਂ ਦੇਵੇ ਮਾਣ ਵਡਿਆਈਆ । ਗੋਬਿੰਦ ਦਾ ਪਿਛਲਾ ਲਾਹੁਣ ਆਇਆ ਉਧਾਰਾ, ਮਾਲਵੇ ਵਾਲਿਆਂ ਝੋਲੀ ਆਪ ਭਰਾਈਆ । ਡੱਲੇ ਦਾ ਲੇਖਾ ਸੁੱਟਿਆ ਨਹੀਂ ਡੱਲ ਡੂੰਘੀ ਗ਼ਾਰਾ, ਆਪਣੇ ਸੀਨੇ ਉਤੇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰੂ ਗੁਰਦੇਵਾ ਮੈਂ ਭਗਤ ਸੁਹੇਲਾ ਬੋਧ, ਬੁੱਧੀ ਤੋਂ ਪਰੇ ਧਿਆਨ ਰਖਾਈਆ । ਮੇਰੇ ਕੋਲ ਜਗਤ ਜਹਾਨ ਵਾਲਾ ਨਹੀਂ ਕੋਈ

੨੨

ਜੋਗ, ਜੁਗੀਸ਼ਰਾਂ ਤੋਂ ਪਰੇ ਬੈਠਾ ਧਿਆਨ ਲਗਾਈਆ । ਮੇਰੇ ਵਿਚ ਜਗਤ ਕਲੇਸ਼ਾਂ ਦਾ ਨਹੀਂ ਕੋਈ ਰੋਗ, ਹਉਮੇ ਗੜ੍ਹ ਨਾ ਕੋਇ ਵਖਾਈਆ । ਚਿੰਤਾ ਗ਼ਮ ਨਹੀਂ ਕੋਈ ਸੋਗ, ਹਵਸ ਕੂੜ ਨਾ ਕੋਇ ਲਗਾਈਆ । ਮੇਰੀ ਜੁਗ ਜੁਗ ਸਭ ਦੇ ਨਾਲ ਮਜਲਸ ਮੌਜ, ਨਿਰਗੁਣ ਧਾਰ ਸਰਗੁਣ ਦਏ ਗਵਾਹੀਆ । ਮੈਂ ਵੇਖੇ ਚੌਦਾਂ ਲੋਕ, ਚੌਦਾਂ ਤਬਕ ਫੇਰੀਆਂ ਪਾਈਆ । ਮੈਨੂੰ ਕੋਈ ਨਾ ਸਕਦਾ ਰੋਕ, ਭੱਜਾਂ ਵਾਹੋ ਦਾਹੀਆ । ਮੈਂ ਸੁਣਿਆ ਹੁਣ ਪਰਮ ਪੁਰਖ ਦਾ ਇਕ ਸਲੋਕ, ਜੋ ਢੋਲਾ ਗੀਤ ਹਰਿਜਨ ਰਹੇ ਗਾਈਆ । ਜਿਸ ਦੀ ਤੁਸਾਂ ਸਾਰਿਆਂ ਰੱਖੀ ਓਟ, ਅਵਤਾਰ ਪੈਗ਼ੰਬਰ ਗੁਰ ਬੈਠੇ ਆਸ ਤਕਾਈਆ । ਉਹ ਤਕੋ ਨਿਰਗੁਨ ਨੂਰ ਪ੍ਰਕਾਸ਼ ਜੋਤ, ਜੋਤੀ ਜਾਤਾ ਡਗਮਗਾਈਆ । ਜਿਸ ਨੂੰ ਮੈਂ ਨਿਮਸਕਾਰ ਕਰਾਂ ਬਣ ਕੇ ਪਰੋਹਤ, ਨਿਉਂ ਨਿਉਂ ਲਾਗਾ ਪਾਈਆ । ਜਿਸ ਨੇ ਖੇਲ ਕਰਨਾ ਦੀਪ ਵਿਚ ਕਰੌਚ, ਖੁਰਾਸਾਨ ਵੰਡ ਵੰਡਾਈਆ । ਤੁਸਾਂ ਤਕਣਾ ਨਾਲ ਸ਼ੌਂਕ, ਸ਼ੌਕੀਨ ਆਪਣਾ ਰੂਪ ਬਦਲਾਈਆ । ਕੀ ਖੇਲ ਕਰੇ ਪੈਗ਼ੰਬਰੋ ਤੁਹਾਡਾ ਖੌਂਤ, ਖ਼ਸਮ ਖ਼ਾਵੰਦ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਸਭ ਨੂੰ ਕਹਿੰਦਾ, ਪੈਗ਼ੰਬਰਾਂ ਕਰਾਂ ਸ਼ਨਵਾਈਆ । ਪਰਵਰਦਿਗਾਰ ਦਾ ਨੂਰ ਵੇਖੋ ਵਿਚ ਲਹਿੰਦਾ, ਚੜ੍ਹਦੀ ਦਿਸ਼ਾ ਰਿਹਾ ਬਦਲਾਈਆ । ਬੁਰਜ ਮੁਨਾਰਾ ਦਿਸੇ ਢਹਿੰਦਾ, ਢੇਰੀ ਢਾਹ ਖ਼ਾਕ ਬਣਾਈਆ । ਈਸਾ ਮੂਸਾ ਨਾਲ ਖਹਿੰਦਾ, ਮੁਸ਼ਕਲ ਹੱਲ ਨਾ ਕੋਇ ਕਰਾਈਆ । ਸੀਤਾ ਰਾਧਾ ਵੇਖੇ ਲਹਿੰਗਾ, ਅੰਗੀ ਅੰਗ ਧਿਆਨ ਲਗਾਈਆ । ਜਿਹੜਾ ਰਾਮ ਰਾਮ ਸੀ ਰੂਪ ਬਹਿੰਦਾ, ਬਨਖੰਡ ਭੱਜਿਆ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਇੰਦਰਾ ਆਜਾ ਲੈ ਕੇ ਕਲਸ, ਕਲਾਸ ਪਿਛਲੀ ਦੇਣੀ ਤਜਾਈਆ । ਖਵਾਜਾ ਆਪਣਾ ਲੈ ਅਲਸ, ਜਿਸ ਦੀ ਘਾੜਤ ਜਗਤ ਨਾ ਕੋਇ ਘੜਾਈਆ । ਹੁਕਮ ਸੁਣ ਅਗੰਮੀ ਸਲਸ, ਜੋ ਸਾਲਸ ਹੋ ਕੇ ਆਪ ਸਮਝਾਈਆ । ਮਿਹਰਵਾਨ ਹੋ ਕੇ ਜਨ ਭਗਤਾਂ ਕਰੇ ਤਰਸ, ਰਹਿਮਤ ਹੱਕ ਆਪ ਕਮਾਈਆ । ਧੁਰ ਦਾ ਮੇਘ ਦੇਵੇ ਬਰਸ, ਅਗਨੀ ਤਤ ਤਤ ਗਵਾਈਆ । ਜੋ ਵਾਲੀ ਮਾਲਕ ਅਰਸ਼ੀ ਅਰਸ਼, ਅਰਸ਼ੀ ਪ੍ਰੀਤਮ ਨੂਰ ਖ਼ੁਦਾਈਆ । ਉਹ ਖੇਲ ਕਰੇ ਉਤੇ ਫ਼ਰਸ਼, ਫ਼ਰਿਸ਼ਤੇ ਭੱਜਣ ਵਾਹੋ ਦਾਹੀਆ । ਜਿਸ ਦਾ ਸ਼ਹਿਨਸ਼ਾਹੀ ਸ਼ਹਾਨਾ ਸੱਤਵਾਂ ਬਰਸ, ਸੋਲਾਂ ਕੱਤਕ ਰੰਗ ਰੰਗਾਈਆ । ਸਭ ਦਾ ਲੇਖੇ ਲਾਵੇ ਜਨਮ ਜਨਮ ਦਾ ਖ਼ਰਚ, ਕਰਮ ਕਰਮ ਦਾ ਰੋਗ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਕਿਉਂ ਸਾਹਿਬ ਸਤਿਗੁਰ ਨਹਾਉਂਣਾ, ਜਗਤ ਜੁਗ ਜਗ ਖੇਲ ਖਿਲਾਈਆ । ਕਿਉਂ ਸੇਵਾ ਕਰੇ ਠੰਡੀ ਪੌਣਾ, ਪਵਣ ਪਵਣਾਂ ਨਾਲ ਮਿਲਾਈਆ । ਕਿਉਂ ਭਗਤਾਂ ਗੀਤ ਗਾਉਣਾ, ਸ਼ਬਦੀ ਢੋਲਾ ਧੁਰਦਰਗਾਹੀਆ । ਕਿਉਂ ਖ਼ੁਸ਼ੀਆਂ ਪੰਧ ਮੁਕਾਉਣਾ, ਅਗਲੀ ਵਾਟ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਇਹ ਰਾਮ ਰਾਮ ਦੀ ਆਸਾ, ਬਣ ਵਿਚ ਧਿਆਨ ਲਗਾਈਆ । ਕਦੇ ਪ੍ਰਿਥਮੀ ਤਕੇ ਕਦੇ ਤਕੇ ਆਕਾਸ਼ਾ, ਆਕਾਸ਼ਾਂ ਤੋਂ ਪਰੇ ਅੱਖ ਉਠਾਈਆ । ਫੇਰ ਆਪਣਾ ਆਪ ਕਰ ਭਰਵਾਸਾ, ਭਰਮ ਭਰਮ ਨਾ ਕੋਇ ਰਖਾਈਆ । ਫੇਰ ਧੁਰ ਦੇ ਰਾਮ ਦਾ ਮੰਨ ਕੇ ਆਖਾ, ਬੈਠਾ ਡੇਰਾ ਲਾਈਆ । ਫੇਰ ਤੱਕਿਆ ਵਿਛੜਿਆ ਸਾਥਾ, ਨੇਤਰ ਨੈਣਾਂ ਨੀਰ

ਵਹਾਈਆ । ਫੇਰ ਗਾਈ ਅਗੰਮੀ ਗਾਥਾ, ਤੂੰ ਮਾਲਕ ਬੇਪਰਵਾਹੀਆ । ਫੇਰ ਹੁਕਮ ਸੁਣਿਆ ਸਾਖਿਆਤਾ, ਹਰਿ ਕਰਤੇ ਦਿਤਾ ਦ੍ਰਿੜਾਈਆ । ਔਹ ਤਕ ਕਲਜੁਗ ਅੰਧੇਰੀ ਰਾਤਾ, ਚਾਰੋਂ ਕੁੰਟ ਅੰਧੇਰਾ ਛਾਈਆ । ਕਿਸੇ ਦਿਸੇ ਨਾ ਜੋਤੀ ਜਾਤਾ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਉਸ ਵੇਲੇ ਪਰਗਟ ਹੋਵੇ ਪੁਰਖ ਬਿਧਾਤਾ, ਪੁਰਖ ਪੁਰਖੋਤਮ ਆਪਣਾ ਵੇਸ ਵਟਾਈਆ । ਭਾਗ ਲਗਾਏ ਧਰਨੀ ਜਿਸ ਨੂੰ ਜਗਤ ਕਹੇ ਧਰਨੀ ਮਾਤਾ, ਮਾਤ ਪਿਤ ਲੇਖਾ ਸਭ ਦਾ ਪੂਰ ਕਰਾਈਆ । ਨਿਰਗੁਣ ਧਾਰ ਨਿਰਗੁਣ ਜੋੜੇ ਨਾਤਾ, ਸਰਗੁਣ ਸਰਗੁਣ ਮੇਲਾ ਸਹਿਜ ਸੁਭਾਈਆ । ਸਭ ਦਾ ਲੇਖਾ ਜਾਣੇ ਵੇਖੇ ਲੇਖਾਂ ਵਾਲਾ ਖਾਤਾ, ਖ਼ਾਤਰ ਭਗਤਾਂ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਗਾਵਾਂ ਰਾਗ ਗਉੜੀ, ਗੌੜ ਬ੍ਰਾਹਮਣ ਧਿਆਨ ਲਗਾਈਆ । ਮੇਰੀ ਬੋਦੀ ਹਿਲੇ ਲੰਬੀ ਚੌੜੀ, ਜਗਤ ਚੁਰਾਹਾ ਵੇਖ ਵਖਾਈਆ । ਮੈਨੂੰ ਇਉਂ ਦਿਸਦਾ ਭਗਤ ਭਗਵਾਨ ਦੀ ਇਕੋ ਜੋੜੀ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਅੰਤਰ ਵਿਖ ਰਹਿਣ ਨਾ ਦੇਵੇ ਕੌੜੀ, ਕੂੜੀ ਵਿਖ ਬਾਹਰ ਕਢਾਈਆ । ਆਪਣੇ ਪ੍ਰੇਮ ਦੀ ਲਾ ਕੇ ਪੌੜੀ, ਮੰਜ਼ਲ ਡੰਡੇ ਸਾਰੇ ਦਏ ਚੜ੍ਹਾਈਆ । ਕਿਸੇ ਨੂੰ ਨਹਾਉਣਾ ਪਏ ਨਾ ਤਾਲਾਬ ਜੌਹੜੀ, ਚਰਨ ਸਰੋਵਰ ਇਕ ਇਸ਼ਨਾਨ ਕਰਾਈਆ । ਅੱਠ ਸੱਠ ਤੀਰਥ ਕਰਨ ਬਹੁੜੀ ਬਹੁੜੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਹੀਆ । ਕੀ ਖੇਲ ਹੋ ਗਿਆ ਸਭ ਤੋਂ ਚੋਰੀ, ਚੋਜੀ ਪ੍ਰੀਤਮ ਆਪਣੀ ਕਾਰ ਕਮਾਈਆ । ਅਸੀਂ ਵੇਖ ਨਾ ਸਕੇ ਵਿਚ ਕਲਜੁਗ ਰੈਣ ਅੰਧੇਰ ਘੋਰੀ, ਘੋਰ ਕਲਜੁਗ ਅੱਖ ਨਾ ਕੋਇ ਖੁਲ੍ਹਾਈਆ । ਸਾਡਾ ਰੂਪ ਰੰਗ ਕੰਮ ਨਾ ਆਇਆ ਬਣੇ ਬਾਂਕੀ ਛੋਹਰੀ, ਸ਼ਹਿਨਸ਼ਾਹ ਛਾਰ ਧੂੜ ਮਸਤਕ ਕੋਇ ਨਾ ਲਾਈਆ । ਅਵਤਾਰ ਪੈਗ਼ੰਬਰ ਗੁਰੂਆਂ ਚਲੇ ਕੋਇ ਨਾ ਜ਼ੋਰੀ, ਜ਼ੋਰਾਵਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਇੰਦਰਾ ਭਰ ਲੈ ਚਰਨੋਦਕ ਜਲ, ਜਲ ਵਾਯੂ ਵੇਖ ਵਖਾਈਆ । ਜਿਹੜਾ ਜੁਗ ਚੌਕੜੀ ਕਰਦਾ ਆਇਆ ਛਲ, ਅਛਲ ਛਲ ਆਪਣਾ ਨਾਉਂ ਧਰਾਈਆ । ਜਿਸ ਨੇ ਵਾਹਿਦਾ ਪੂਰਾ ਕਰਨਾ ਰਾਜੇ ਬਲ, ਬਾਵਨ ਆਪਣੀ ਕਾਰ ਭੁਗਤਾਈਆ । ਹੁਣ ਸਤਿਜੁਗ ਦੀ ਥਾਂ ਕਲਜੁਗ ਕਲ, ਕਲਕਾਤੀ ਰੂਪ ਵਟਾਈਆ । ਬਿਨਾ ਪ੍ਰਭੂ ਦੀ ਕਿਰਪਾ ਤੋਂ ਭਗਤੀ ਦਾ ਮਿਲੇ ਕਿਸੇ ਨਾ ਫਲ, ਫਲੀਭੂਤ ਨਾ ਕੋਇ ਕਰਾਈਆ । ਜਿਹੜਾ ਨਿਰਗੁਣ ਧਾਰ ਸਰਗੁਣ ਵਿਚ ਰਿਹਾ ਰਲ, ਰਲ ਮਿਲ ਆਪਣਾ ਖੇਲ ਖਿਲਾਈਆ । ਜਿਹੜਾ ਗੋਬਿੰਦ ਦੀ ਧਾਰ ਮਾਲਵੇ ਰਿਹਾ ਚਲ, ਕਦਮ ਕਦਮ ਨਾਲ ਬਦਲਾਈਆ । ਜਿਥੇ ਹੁੰਦਾ ਸੀ ਮਾਰੂਥਲ, ਉਥੇ ਵਹਿਣ ਪ੍ਰੇਮ ਵਾਲੇ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਤੂੰ ਕਿਉਂ ਰੋਨੀਂ ਏ ਗੰਗਾ, ਕਮਲੀਏ ਦੇ ਸੁਣਾਈਆ । ਜਮਨਾ ਸੁਰਸਤੀ ਕੀ ਤੁਹਾਡੀਆਂ ਮੰਗਾਂ, ਭੇਵ ਦਿਓ ਦ੍ਰਿੜਾਈਆ । ਗੋਦਾਵਰੀ ਤੇਰਾ ਸੀਸ ਕਿਉਂ ਨੰਗਾ, ਖੁਲ੍ਹੇ ਕੇਸ ਰਹੀ ਕੁਰਲਾਈਆ । ਮੈਂ ਪੁਛਾਂ ਚਾਰ ਜੁਗ ਦਾ ਪੰਡਾ, ਪੰਡਤ ਹੋ ਕੇ ਰਿਹਾ ਸੁਣਾਈਆ । ਮੈਂ ਜਾਣਦਾ ਜੇਰਜ ਅੰਡਾ, ਉਤਭੁਜ ਸੇਤਜ ਫੋਲ ਫੁਲਾਈਆ । ਜੇ ਤੁਹਾਡਾ ਜਲ ਧਾਰ ਠੰਡਾ, ਕਿਉਂ ਅਗਨੀ ਤਤ ਤਪਾਈਆ । ਕਿਉਂ ਨਾ ਆਵੇ ਸੁਖ ਅਨੰਦਾ, ਦੁੱਖ ਦਰਦ ਦਾ ਡੇਰਾ ਢਾਹੀਆ । ਨੀ ਉਹ ਤਕੋ ਈਸਾ ਮੂਸਾ ਮੁਹੰਮਦ ਦਾ ਵੇਲਾ ਲੰਘਾ, ਚਾਰ ਯਾਰੀ ਰਹੀ ਕੁਰਲਾਈਆ ।

ਮੇਰੇ ਸਾਹਿਬ ਸਵਾਮੀ ਅੰਤਰਜਾਮੀ ਉਲਟਾ ਡਾਹਿਆ ਮੰਜਾ, ਮਤ ਉਲਟੀ ਜਗਤ ਕਰਾਈਆ । ਜਨ ਭਗਤਾਂ ਗਾਇਆ ਸੋਹੰ ਛੰਦਾ, ਤੂੰ ਮੇਰਾ ਮੈਂ ਤੇਰਾ ਨਾਅਰਾ ਲਾਈਆ । ਜਿਸ ਦਾ ਸਾਚੀ ਧਾਰ ਹੋਵੇ ਕਾਰਜ ਅਨੰਦਾ, ਅਨੰਦ ਕਾਰਜ ਆਪਣਾ ਇਕ ਰਖਾਈਆ । ਜਿਸ ਨੂੰ ਸਮਝੇ ਕੋਇ ਨਾ ਬੰਦਾ, ਪਰਦਾ ਸਕੇ ਨਾ ਕੋਇ ਉਠਾਈਆ । ਤੁਹਾਡਾ ਸਫ਼ਰ ਰਿਹਾ ਨਹੀਂ ਲੰਬਾ, ਲੰਮਾ ਪੈ ਕੇ ਦਿਆਂ ਸੁਣਾਈਆ । ਜ਼ਰਾ ਤੱਕਿਓ ਖੇਲ ਅਚੰਭਾ, ਰਾਵੀ ਦਾ ਕੰਢਾ ਅੱਖ ਖੁਲ੍ਹਾਈਆ । ਜਿਸ ਦੀਆਂ ਗੁਰੂ ਅਰਜਨ ਪਾ ਕੇ ਗਿਆ ਵੰਡਾ, ਹਿੱਸਾ ਆਪਣੇ ਨਾਲ ਰਖਾਈਆ । ਦੋ ਧਾਰ ਖੜਕਦੀਆਂ ਚੰਡਾ, ਚੰਡ ਪਰਚੰਡ ਰੂਪ ਬੇਪਰਵਾਹੀਆ । ਮੈਂ ਹੌਲੀ ਹੌਲੀ ਖੰਘਾ, ਹੰਗੂਰੇ ਨਾਲ ਸੁਣਾਈਆ । ਜਿਹੜਾ ਹੁਕਮ ਸੁਣਾਇਆ ਤੇਗ਼ ਬਹਾਦਰ ਨੌਰੰਗਾ, ਔਰੰਗੇ ਦਿਤਾ ਜਣਾਈਆ । ਮੇਰਾ ਸੁਤ ਦੁਲਾਰਾ ਖੇਲੇ ਖੇਲ ਧਾਰ ਜੰਗਾ, ਜੰਗਜੂ ਇਕੋ ਨਜ਼ਰੀ ਆਈਆ । ਜਿਸ ਨੇ ਸ਼ੱਤਰੂ ਭੇੜ ਦੇਣੇ ਨਾਲ ਮਿਲਾ ਕੇ ਕੰਧਾ, ਕੰਢੀ ਬੈਠਾ ਆਪਣਾ ਖੇਲ ਖਿਲਾਈਆ । ਉਮਤ ਸਾਂਭ ਹੋਵੇ ਨਾ ਤੰਬਾ, ਤੰਬੂਰੀ ਆਵਾਜ਼ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਪਾਟੇ ਦਿਸਣ ਚੀਰ, ਅੰਗੀ ਲਹਿੰਗਾ ਰੂਪ ਨਾ ਕੋਇ ਸੁਹਾਈਆ । ਗੋਬਿੰਦ ਦਾ ਸ਼ਬਦੀ ਤਿੱਖਾ ਦਿਸੇ ਤੀਰ, ਜੋ ਅਣਿਆਲਾ ਰਿਹਾ ਚਲਾਈਆ । ਜਿਸ ਨੂੰ ਅੰਤਰ ਅੰਤਰ ਯਾਦ ਕੀਤਾ ਕਬੀਰ, ਕਬਰਾਂ ਤੋਂ ਬਾਹਰ ਵੇਖ ਵਖਾਈਆ । ਜਿਸ ਦਾ ਤਨ ਵਜੂਦ ਨਹੀਂ ਸ਼ਰੀਰ, ਸ਼ਰਅ ਤੋਂ ਬਾਹਰ ਆਪਣਾ ਹੁਕਮ ਵਰਤਾਈਆ । ਉਹ ਮਾਲਕ ਬੇਨਜ਼ੀਰ, ਨਜ਼ਰ ਵਿਚ ਨਾ ਕੋਇ ਟਿਕਾਈਆ । ਜਿਸ ਦਾ ਖੰਡਾ ਅਗੰਮ ਸ਼ਮਸ਼ੀਰ, ਸ਼ਰਅ ਦਾ ਪੈਂਡਾ ਦਏ ਮੁਕਾਈਆ । ਜਿਸ ਦੀ ਸਾਰੇ ਕਰਦੇ ਗਏ ਤਕਰੀਰ, ਨਾਮ ਕਲਮੇ ਤਹਿਰੀਰ ਵਿਚ ਲਿਆਈਆ । ਉਸ ਦੀ ਦੋ ਜਹਾਨਾਂ ਇਕ ਜਾਗੀਰ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਿਸ ਵੇਲੇ ਚਾਹੇ ਉਸ ਵੇਲੇ ਬਦਲ ਦੇਵੇ ਤਕਦੀਰ, ਤਦਬੀਰ ਆਪਣੀ ਇਕ ਸਮਝਾਈਆ । ਆਪੇ ਪਾਤਸ਼ਾਹ ਬਣ ਵਜ਼ੀਰ, ਜਗਤ ਵਜ਼ਾਰਤ ਦਾ ਲੇਖਾ ਦਏ ਮੁਕਾਈਆ । ਜਨ ਭਗਤਾਂ ਮਾਰਗ ਦੱਸ ਕੇ ਇਕ ਲਕੀਰ, ਫ਼ਕੀਰ ਆਪਣੇ ਲਏ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਣ ਆਪ ਦਵਾਈਆ । ਨਾਰਦ ਕਹੇ ਕਾਹਨਾ ਵੇਖ ਲੈ ਆਪਣੀਆਂ ਸਖ਼ੀਆਂ, ਸ਼ਿਖ਼ਾਵਤ ਪਿਛਲੀ ਦੇ ਵਖਾਈਆ । ਰਾਮ ਵੇਖ ਲੈ ਸੀਤਾ ਆਪਣੀਆਂ ਅੱਖੀਆਂ, ਸੀਤਾ ਰਾਮ ਵਾਲੀ ਜੁਦਾਈਆ । ਮੂਸਾ ਈਸਾ ਤਕ ਲੈ ਆਪਣੀਆਂ ਪੱਤੀਆਂ, ਹਿੱਸੇ ਮੁਹੰਮਦ ਰਿਹਾ ਵੰਡਾਈਆ । ਨਾਨਕ ਵੇਖ ਲੈ ਰਾਗ ਛੱਤੀਆਂ, ਗੋਬਿੰਦ ਖੰਡਾ ਰਿਹਾ ਖੜਕਾਈਆ । ਵਿਸ਼ਨ ਬ੍ਰਹਮਾ ਸ਼ਿਵ ਆਪਣੀ ਧਾਰ ਦੀਆਂ ਤਕੋ ਬੱਤੀਆਂ, ਨਿੱਕੀਆਂ ਨਿੱਕੀਆਂ ਨਿਸ਼ਾਨੇ ਰਹੀਆਂ ਵਖਾਈਆ । ਅਗਲਾ ਖੇਲ ਕਮਲਾਪਤੀਆ, ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਜਿਹੜੀਆਂ ਉਸ ਦੇ ਨਾਮ ਵਿਚ ਰੱਤੀਆਂ, ਰਤਨ ਅਮੋਲਕ ਹੀਰੇ ਲਏ ਪਰਗਟਾਈਆ । ਉਹ ਦੋ ਜਹਾਨਾਂ ਮੰਜ਼ਲ ਟੱਪੀਆਂ, ਭੱਜੀਆਂ ਵਾਹੋ ਦਾਹੀਆ । ਪੜ੍ਹਕੇ ਇਕੋ ਨਾਮ ਦੀਆਂ ਪੱਟੀਆਂ, ਪਟਨੇ ਵਾਲੇ ਵਿਚ ਮਿਲ ਕੇ ਵੱਜੇ ਵਧਾਈਆ । ਸਤਿ ਧਾਰ ਹੋਈਆਂ ਇਕੱਠੀਆਂ, ਗੀਤ ਸੁਹਾਗੀ ਰਹੀਆਂ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੇਰਾ ਇਕੋ ਅੰਤਮ ਹਾੜਾ, ਹਾੜਾ ਕਢ ਕੇ ਦਿਆਂ ਸੁਣਾਈਆ । ਮੈਂ ਵੇਖਿਆ ਜੰਗਲ ਜੂਹ ਉਜਾੜ ਪਹਾੜਾ, ਟਿੱਲੇ ਪਰਬਤ ਫੋਲ ਫੁਲਾਈਆ ।


੧੫੧੮
੨੨

ਸਤਿਜੁਗ ਤ੍ਰੇਤਾ ਦੁਆਪਰ ਤੱਕਿਆ ਅਖਾੜਾ, ਜੋ ਅਵਤਾਰਾਂ ਖੇਲ ਖਿਲਾਈਆ । ਕਲਜੁਗ ਅੰਤਮ ਇਕੋ ਲਾੜਾ, ਜਿਸ ਨੂੰ ਲਾੜੀ ਮੌਤ ਨਾ ਕਦੇ ਪਰਨਾਈਆ । ਉਹ ਭਗਤਾਂ ਚਾੜ੍ਹੇ ਰੰਗ ਗਾੜ੍ਹਾ, ਰੰਗਣ ਇਕੋ ਇਕ ਵਖਾਈਆ । ਜਿਸ ਨੂੰ ਝੁਕਦੇ ਪੈਗੰਬਰ ਗੁਰ ਅਵਤਾਰਾ, ਅਵਤਰ ਨਿਉਂ ਨਿਉਂ ਲਾਗਣ ਪਾਈਆ । ਉਹ ਖੇਲੇ ਖੇਲ ਭਗਤ ਦਵਾਰਾ, ਹਰਿਜਨ ਸਾਚੇ ਮੇਲ ਮਿਲਾਈਆ । ਜਿਸ ਦੀ ਧਾਰ ਦਾ ਇਕੋ ਇਕ ਨਾਅਰਾ, ਏਕੰਕਾਰ ਇਕੋ ਇਕ ਸੁਣਾਈਆ । ਜਿਸ ਦੀ ਭੇਟਾ ਸਾਢੇ ਦਸ ਵੱਜੇ ਰੈਣ ਹੋਵੇ ਇਕ ਛੁਹਾਰਾ, ਜੋ ਸੁੱਕਾ ਸੜਿਆ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਸਭ ਦੀ ਪਾਵੇ ਸਾਰਾ, ਜੁਗਾ ਜੁਗੰਤ ਜੁਗ ਜੁਗ ਆਪਣਾ ਹੁਕਮ ਵਰਤਾਈਆ ।

### ✪ ੧੬ ਕੱਤਕ ਸ਼ਹਿਨਸ਼ਾਹੀ ਸੰਮਤ ੭ ਰਾਮ ਸਿੰਘ ਤੇ ਘਰ ਤੋਂ ਬਾਹਰ ਨੌ ਨੌ ਦੀਵਿਆਂ ਨਾਲ ਤਿੰਨੇ ਜੰਗਜੂ ਪਾਤਸ਼ਾਹ ਜੀ ਨੂੰ ਮਿਲਣ ਤੇ ਫ਼ਿਰੋਜ਼ਪੁਰ ਛਾਉਣੀ ✪



ਦੀਪਕ ਕਹਿਣ ਸਾਡੀ ਜਗੀ ਜੋਤੀ, ਜੋਤਾਂ ਵਾਲੇ ਧਿਆਨ ਲਗਾਈਆ । ਜਨ ਭਗਤਾਂ ਆਤਮ ਰਹੇ ਨਾ ਸੋਤੀ, ਸੋਈ ਸੁਰਤ ਸ਼ਬਦ ਉਠਾਈਆ । ਚਾਰ ਵਰਨਾਂ ਦਿਸੇ ਇਕੋ ਗੋਤੀ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਕੋਟਾਂ ਵਿਚੋਂ ਭਗਤ ਸੁਹੇਲੇ ਧੁਰ ਦੇ ਮੋਤੀ, ਅਨਮੁਲੜੇ ਹੀਰੇ ਨਜ਼ਰੀ ਆਈਆ । ਅਸੀਂ ਚੜ੍ਹਨਾ ਸਭ ਦੀ ਉਪਰ ਚੋਟੀ, ਮੰਜ਼ਲ ਪਿਛਲਾ ਪੰਧ ਮੁਕਾਈਆ । ਕੂੜ ਵਾਸਨਾ ਕਢਣੀ ਖੋਟੀ, ਖੋਟੇ ਖਰੇ ਦੋਵੇਂ ਮਿਟਾਈਆ । ਇਕੋ ਸੰਦੇਸਾ ਦੇਣਾ ਧਰਮ ਸਲੋਕੀ, ਸੋਹਲਾ ਸਾਹਿਬ ਸੁਲਤਾਨ ਸੁਣਾਈਆ । ਸੰਦੇਸਾ ਹੋਵੇ ਪਰਲੋਕੀ, ਲੋਕ ਵੇਖਣ ਨੈਣ ਉਠਾਈਆ । ਜਿਸ ਦੀ ਧਾਰ ਜਵਾਂ ਦੀ ਰੋਟੀ, ਰੋਜ਼ੇ ਬਾਂਗ ਦਾ ਝਗੜਾ ਦਏ ਮੁਕਾਈਆ । ਜਿਸ ਨੇ ਕਲਜੁਗ ਆਯੂ ਕੀਤੀ ਛੋਟੀ, ਅੱਗੇ ਅਵਰ ਨਾ ਕੋਇ ਵਧਾਈਆ । ਜਿਸ ਨੂੰ ਲੱਭਦੇ ਕੋਟਨ ਕੋਟੀ, ਬਣਖੰਡ ਭੱਜਣ ਵਾਹੋ ਦਾਹੀਆ । ਉਸ ਦੀ ਖੇਲ ਅਜਬ ਅਨੋਖੀ, ਅਲਖ ਅਗੋਚਰ ਆਪ ਕਰਾਈਆ । ਹਰਿਜਨ ਬਣਾ ਕੇ ਧਰਮ ਧਾਰ ਦੇ ਮੋਖੀ, ਮੁਫ਼ਤ ਆਪਣਾ ਰੰਗ ਰੰਗਾਈਆ । ਪੜ੍ਹਨੀ ਪਏ ਕਿਸੇ ਨਾ ਪੋਥੀ, ਪੁਸਤਕਾਂ ਲੇਖਾ ਰਹੇ ਨਾ ਰਾਈਆ । ਮਨਮਤ ਮਿਟਾਏ ਹੋਛੀ, ਗੁਰਮਤ ਆਪ ਸਮਝਾਈਆ । ਸਤਿਗੁਰ ਚਰਨ ਸਦਾ ਉਧਰਦੇ ਦੋਸ਼ੀ, ਨਿਰਦੋਸ਼ਾਂ ਲਏ ਤਰਾਈਆ । ਜਿਹੜੀ ਮਾਚਸ ਲਗਾਈ ਰਵਦਾਸ ਚਮਾਰੇ ਮੋਚੀ, ਪੂਰਬ ਲੇਖਾ ਰਹੇ ਸੁਣਾਈਆ । ਜਿਸ ਦੇ ਘਰ ਪੱਕਦੀ ਨਹੀਂ ਸੀ ਰੋਟੀ, ਭੁੱਖਾ ਰਹਿ ਕੇ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮਾਚਸ ਕਹੇ ਮੈਂ ਖ਼ੁਸ਼ੀਆਂ ਨਾਲ ਲਾਈ ਅੱਗ, ਆਗਮਨ ਪ੍ਰਭ ਦਾ ਦਿਆਂ ਜਣਾਈਆ । ਜਿਸ ਦਾ ਖੇਲ ਹੋਣਾ ਸ੍ਰਿਸ਼ਟੀ ਜਗ, ਜਾਗਰਤ ਜੋਤ ਡਗਮਗਾਈਆ । ਸ਼ਾਹ ਸੁਲਤਾਨਾਂ ਆਉਣਾ ਭੱਜ ਭੱਜ, ਪੰਧ ਵੇਖਣਾ ਥਾਉਂ ਥਾਈਂਆ । ਜਿਸ ਨੇ ਤੱਜਿਆ ਪੁਰੀ ਅਨੰਦ, ਅਨੰਦ ਗੁਰਮੁਖਾਂ ਵਿਚ ਟਿਕਾਈਆ । ਭਗਤ ਭਗਵਾਨ ਸੁਣਾ ਕੇ ਛੰਦ, ਛੰਦਾ ਬੰਦੀ ਦਾ ਲੇਖਾ ਦਿਤਾ ਮੁਕਾਈਆ । ਅੰਤਰ ਅੰਤਰ ਹੋ ਕੇ ਸੰਗ, ਸਗਲਾ ਸੰਗ ਨਿਭਾਈਆ । ਜਿਸ ਦੀ ਛੋਹ ਨਾਲ

੧੫੧੯ ੨੨

ਧਾਰ ਬਣੀ ਜਮਨਾ ਸੁਰਸਤੀ ਗੰਗ, ਚਰਨ ਗੋਦਾਵਰੀ ਵਿਚ ਟਿਕਾਈਆ । ਉਹ ਖੇਲ ਕਰੇ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਦੀਪਕ ਕਹਿਣ ਅਸੀਂ ਬਨਬਾਸਾਂ ਵਿਚ ਕਦੇ ਨਾ ਜਗਦੇ, ਰਾਮ ਰਾਮ ਸੀਤਾ ਦੁਹਾਈਆ । ਸਾਨੂੰ ਕੋਟਨ ਕੋਟ ਰਿਸ਼ੀ ਮੁਨੀ ਲੱਭਦੇ, ਤਪਸਵੀ ਭੱਜਣ ਵਾਹੋ ਦਾਹੀਆ । ਇਹ ਖੇਲ ਪੁਰਖ ਸਮਰਥ ਦੇ, ਜੋ ਜੁਗ ਜੁਗ ਆਪ ਕਰਾਈਆ । ਜਨ ਭਗਤਾਂ ਸਾਚੀ ਵਥ ਦੇ, ਵਸਤ ਅਮੋਲਕ ਇਕ ਵਰਤਾਈਆ । ਲੇਖੇ ਪੂਰੇ ਕਰਕੇ ਦਸਰਥ ਵਾਲੇ ਰਥ ਦੇ, ਕੈਕਈ ਦਾ ਡੇਰਾ ਢਾਹੀਆ । ਅੱਗੇ ਖੇਲ ਕਰਨੇ ਵੱਖ ਦੇ, ਵੱਖਰੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮਾਚਸ ਕਹੇ ਮੈਂ ਆਪਣਾ ਲਾਇਆ ਲੰਬੂ, ਲੰਮਾ ਪੈ ਕੇ ਮੁਹੰਮਦ ਰਿਹਾ ਜਣਾਈਆ । ਮੇਰੇ ਉਤੇ ਮਕਬਰਿਆਂ ਲਾਇਆ ਆਪਣਾ ਤੰਬੂ, ਸ਼ਰਅ ਦਾ ਸੋਭਾ ਪਾਈਆ । ਕੀ ਖੇਲ ਹੋਣਾ ਦੇਸ ਜੰਬੂ, ਜੰਬੂ ਦੀਪ ਨੈਣ ਉਠਾਈਆ । ਨਿਰਗੁਣ ਧਾਰੋਂ ਸਤਿਗੁਰ ਸ਼ਬਦ ਕਿਸ ਬਿਧ ਜੰਮੂ, ਜਮਨਾ ਦਾ ਲੇਖਾ ਪੂਰ ਕਰਾਈਆ । ਲਹਿਣਾ ਝੋਲੀ ਪਾਵੇ ਸ਼ਿਵ ਸ਼ੰਭੂ, ਸ਼ੰਕਰ ਆਪਣਾ ਹੁਕਮ ਵਰਤਾਈਆ । ਸੋ ਲੇਖਾ ਪੂਰਾ ਕਰੇ ਜੋ ਮਾਤਾ ਗੁਜਰੀ ਦੱਸਿਆ ਸੀ ਗੰਗੂ, ਖੇੜੀ ਵਿਚ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਦੀਪਕ ਕਹਿਣ ਸਾਡੀ ਸਚ ਸਚ



ਘਰ ਲੋ, ਲੋਆਂ ਪੁਰੀਆਂ ਵੇਖ ਵਖਾਈਆ । ਪ੍ਰਭ ਦਾ ਭੇਵ ਜਾਣੇ ਕੋ, ਪਰਦਾ ਸਕੇ ਨਾ ਕੋਇ ਉਠਾਈਆ । ਜਗਤ ਜਹਾਨ ਧੜਾ ਕਰਕੇ ਦੋ, ਦੋਹਰਾ ਡੰਕ ਦੇਣਾ ਵਜਾਈਆ । ਸਭ ਨੂੰ ਅੰਦਰ ਵੜ ਕੇ ਲੈਣਾ ਜੋਹ, ਜੌਹਰ ਵੇਖਣਾ ਥਾਉਂ ਥਾਈਆ । ਦੀਨਾਂ ਮਜ਼੍ਹਬਾਂ ਤੋੜ ਕੇ ਮੋਹ, ਮੁਹੱਬਤ ਲਾੜੀ ਮੌਤ ਨਾਲ ਵਖਾਈਆ । ਏਕਾ ਜਾਪ ਜਪਾ ਕੇ ਸੋਹੰ ਸੋ, ਸੋ ਪੁਰਖ ਨਿਰੰਜਣ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮਾਚਸ ਕਹੇ ਮੈਂ ਹੋਰ ਦੱਸਾਂ ਆਪਣਾ ਗੁੱਝਾ ਭੇਵ, ਭੇਵ ਭੇਵ ਵਿਚੋਂ ਜਣਾਈਆ । ਸੋਲਾਂ ਕੱਤਕ ਰਾਤ ਤ੍ਰਿਪਤ ਨੇ ਸਤਿਗੁਰ ਲੰਗਰ ਦੀ ਕਰਨੀ ਸੇਵ, ਅਗਨੀ ਆਪਣੇ ਹੱਥ ਤਪਾਈਆ । ਲਾਲ ਰੰਗ ਲਾਉਣਾ ਉਤੇ ਜਿਹਵ, ਪੰਜ ਨਿਸ਼ਾਨ ਲੈਣੇ ਟਿਕਾਈਆ । ਮਸਤਕ ਹੋਵੇ ਧਰਮ ਧਾਰ ਦਾ ਥੇਵ, ਕੌਸਤਕ ਪੜਦਾ ਲਾਹੀਆ । ਅਗਲਾ ਹੁਕਮ ਇਕ ਨਿਹਕੇਵ, ਨਿਹਚਲ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਦੀਪਕ ਕਹਿਣ ਪਕਵਾਨ ਕੋਲ ਜਗਦੇ ਹੋਣ ਨੌਂ ਦੀਵੇ, ਅੰਦਰ ਵੜ ਕੇ ਲੈਣਾ ਬਣਾਈਆ । ਨੌਂ ਵਾਰ ਅੰਮ੍ਰਿਤ ਘੁਟ ਪੀਵੇ, ਨੌਂ ਦਰ ਦਾ ਲੇਖਾ ਰਹੇ ਨਾ ਰਾਈਆ । ਰਾਮ ਧਾਰ ਅਮਰਾਪਦ ਜੀਵੇ, ਅਮਰ ਅਮਰ ਵਿਚੋਂ ਰਖਾਈਆ । ਜਨਮ ਕਰਮ ਦਾ ਪਾਟਾ ਚੀਥੜ ਸੀਵੇ, ਓਢਣ ਦੀ ਲੋੜ ਰਹੇ ਨਾ ਰਾਈਆ । ਨੇਤਰ ਨੈਣ ਰੱਖਣੇ ਨੀਵੇ, ਅੱਖ ਹਾਂਡੀ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਦੀਪਕ ਕਹਿਣ ਜਨ ਭਗਤ ਜੰਗਜੂ ਸਾਥੀ, ਸਾਨੂੰ ਹੱਥਾਂ ਉਤੇ ਉਠਾਈਆ । ਇਹ ਕਥਾ ਸਾਨੂੰ ਅਸ਼ਟਭੁਜ ਸੀ ਆਖੀ, ਰਸਨਾ ਕੂਕ ਕੂਕ ਦ੍ਰਿੜਾਈਆ । ਜਿਸ ਵੇਲੇ ਚਾਰ ਜੁਗ ਦੀ ਬਦਲੀ ਸਾਖੀ, ਸਾਖਿਆਤ ਪ੍ਰਗਟ ਹੋਵੇ ਧੁਰ ਦਾ ਮਾਹੀਆ । ਉਹਦੀ ਸੁਹੰਜਣੀ ਹੋਵੇ ਰਾਤੀ,

ਰੁਤੜੀ ਭਗਤਾਂ ਨਾਲ ਰੰਗਾਈਆ । ਉਹਦੀ ਧਾਰ ਬਿਨ ਕਿਰਪਾ ਨਾ ਜਾਏ ਪਛਾਤੀ, ਪੂਰਬ ਪੱਛਮ ਸਾਰੇ ਵੇਖਣ ਨੈਣ ਉਠਾਈਆ । ਜਿਸ ਦਾ ਲੇਖਾ ਲਿਖਣਾ ਲਿਖਾਰੀਆਂ ਨੇ ਬਦਲ ਕੇ ਕਲਮ ਦਵਾਤੀ, ਕਲਮ ਕਲਮ ਨਾਲ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੂਰਬ ਲੇਖਾ ਸਭ ਦਾ ਪੂਰ ਕਰਾਈਆ ।

✪ ੧੬ ਕੱਤਕ ਸ਼ਹਿਨਸ਼ਾਹੀ ਸੰਮਤ ੭ ਰਾਮ ਸਿੰਘ ਗੁਰਚਰਨ ਕੌਰ ਤਾਰਾ ਸਿੰਘ ਪ੍ਰੀਤਮ ਕੌਰ ਮਦਰਸਾ ਮੁਖਤਿਆਰ ਸਿੰਘ ਕਾਮਲ ਵਾਲਾ ਸੁਰਜੀਤ ਸਿੰਘ ਜਗਤ ਪੁਰ ਜੋਗਿੰਦਰ ਸਿੰਘ ਬਸਤੀ ਖਲੀਲ, ਅਰਜਨ ਸਿੰਘ ਹਰੀ ਸਿੰਘ ਮਹਿੰਦਰ ਸਿੰਘ ਸਾਧੂ ਸਿੰਘ ਬਸਤੀ ਤੇਗਾ ਸਿੰਘ, ਤੇਜ ਕੌਰ ਵਲੂਰ ਸੰਪੂਰਨ ਸਿੰਘ ਈਸ਼ਰ ਕੌਰ ਫੇਰੂ ਸ਼ਹਿਰ, ਗਹਿਣਾ ਸਿੰਘ ਕੈਲਾਸ਼, ਗੁਰਦੀਪ ਸਿੰਘ ਤੂਤ ਨਿਰਵੈਰ ਸਿੰਘ ਲੁਧਿਆਣਾ, ਗਵਾਲ ਟੋਲੀ ਫ਼ਿਰੋਜ਼ਪੁਰ ਛਾਉਣੀ ✪

ਮੁਹੰਮਦ ਕਹੇ ਈਸਾ ਕਰੀਏ ਸੱਯਦਾ, ਸਹੀ ਸਲਾਮਤ ਸੀਸ ਨਿਵਾਈਆ । ਜੋ ਸਭ ਦਾ ਉਠਾਵੇ ਪਰਦਾ, ਪਰਦਾਨਸ਼ੀਂ ਨੂਰ ਇਲਾਹੀਆ । ਲਹਿਣਾ ਪੂਰਾ ਕਰੇ ਸਾਡੇ ਘਰ ਦਾ, ਗ੍ਰਿਹਿ ਗ੍ਰਿਹਿ ਖੋਜ ਖੁਜਾਈਆ । ਰੂਪ ਧਰ ਨਰਾਇਣ ਨਰ ਦਾ, ਅਮਾਮ ਅਮਾਮਾ ਵੇਸ ਵਟਾਈਆ । ਜਿਸ ਦਾ ਖੇਲ ਘੜੀ ਪਲ ਦਾ, ਪਰਮ ਪੁਰਖ ਅਗੰਮ ਅਥਾਹੀਆ । ਜੋ ਮਾਲਕ ਨਿਹਚਲ ਧਾਮ ਅਟਲ ਦਾ, ਦਰਗਾਹ ਸਾਚੀ ਸੋਭਾ ਪਾਈਆ । ਉਹ ਲਹਿਣਾ ਪੂਰਾ ਕਰੇ ਜਲ ਥਲ ਦਾ, ਮਹੀਅਲ ਖੋਜ ਖੁਜਾਈਆ । ਜਿਸ ਦਾ ਜੁਗ ਜੁਗ ਹੁਕਮ ਸੰਦੇਸਾ ਚਲਦਾ, ਚਾਰ ਜੁਗ ਆਪ ਸੁਣਾਈਆ । ਜੋ ਸਭ ਨੂੰ ਰਿਹਾ ਛਲਦਾ, ਅਛਲ ਅਛੱਲ ਨੂਰ ਇਲਾਹੀਆ । ਉਸ ਦਾ ਖੇਲ ਘੜੀ ਪਲ ਦਾ, ਘੜੀ ਕਲਾਕ ਤੇਰਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਈਸਾ ਕਹੇ ਮੁਹੰਮਦ ਬਿਨ ਨੈਣਾਂ ਲੈਣਾ ਤਕ, ਤਕਵਾ ਇਕ ਰਖਾਈਆ । ਜੋ ਸਭ ਦਾ ਲੇਖਾ ਪੂਰਾ ਕਰੇ ਹੱਕ, ਹਕੀਕਤ ਪੜਦਾ ਦਏ ਉਠਾਈਆ । ਧੁਰ ਫ਼ਰਮਾਨਾ ਦੇਵੇ ਯੱਕ, ਵਾਹਿਦ ਆਪਣੀ ਕਾਰ ਭੁਗਤਾਈਆ । ਸਦੀ ਚੌਧਵੀਂ ਵਹਿਮ ਰਹੇ ਨਾ ਸ਼ੱਕ, ਸ਼ਿਕਵੇ ਸਾਰੇ ਦੇਣੇ ਗਵਾਈਆ । ਜਿਸ ਦੇ ਸਭ ਕੁਛ ਹੱਥ, ਸਮਰਥ ਇਕ ਅਖਵਾਈਆ । ਉਹ ਲਹਿਣਾ ਦੇਣਾ ਪੂਰਾ ਕਰੇ ਝਟ, ਝਟਕੇ ਹਲਾਲੀ ਵਾਲੇ ਸਾਰੇ ਖੋਜ ਖੁਜਾਈਆ । ਜਗਤ ਜਹਾਨ ਉਮਤ ਉਮਤੀ ਬੁਰਜ ਜਾਣਾ ਢੱਠ, ਮੁਨਾਰਾ ਨਜ਼ਰ ਕੋਇ ਨਾ ਆਈਆ । ਦਰਗਹ ਸਾਚੀ ਆਪਾਂ ਮਿਲ ਕੇ ਕਰੀਏ ਇਕੱਠ, ਫਿਰ ਧਰਨੀ ਸੰਦੇਸਾ ਦਈਏ ਚਾਈਂ ਚਾਈਂਆ । ਜਿਸ ਨੇ ਦੀਨ ਮਜ਼੍ਹਬ ਦੀ ਮੇਟਣੀ ਵੱਟ, ਝਗੜਾ ਵੇਖੇ ਕੂੜ ਲੋਕਾਈਆ । ਉਹ ਜੋਤੀ ਜਾਤਾ ਹੋ ਪ੍ਰਗਟ, ਪ੍ਰਕਾਸ਼ ਆਪਣਾ ਰਿਹਾ ਵਖਾਈਆ । ਜਿਸ ਨੇ ਦੀਨ ਮਜ਼੍ਹਬ ਦਾ ਲੁੱਟਣਾ ਹੱਟ, ਉਮਤ ਵਸਤ ਰਹੇ ਨਾ ਰਾਈਆ । ਸਾਡਾ ਵੇਲਾ ਵਕਤ ਰਿਹਾ ਟੱਪ, ਟੱਪਾ ਟੱਪਾ ਪੜ੍ਹ ਕੇ ਹਰਫ਼ ਹਰੂਫ਼ ਦਈਏ ਸੁਣਾਈਆ । ਉਹ ਵੇਖ ਸ਼ਰਅ ਦਾ ਲੱਗਾ ਫੱਟ, ਬੰਧਨ ਸਕੇ ਨਾ ਕੋਇ ਬੰਧਾਈਆ । ਜ਼ਰਾ ਨਿਗਹ ਮਾਰ ਮੂਸਾ ਰਿਹਾ ਨੱਠ, ਭੱਜੇ ਵਾਹੋ ਦਾਹੀਆ । ਇਕੋ ਕਲਮਾ ਰਿਹਾ ਰਟ, ਤੂੰ ਮੇਰਾ ਮੈਂ ਤੇਰਾ ਰਾਗ ਸੁਣਾਈਆ । ਸੰਦੇਸਾ ਦੇਵੇ ਝਟ, ਹੁਕਮ ਇਕ ਇਲਾਹੀਆ । ਆਉ ਤਕੀਏ

ਕਮਲਾਪਤਿ, ਪਤਿਪਰਸ਼ੇਰਵਰ ਬੇਪਰਵਾਹੀਆ । ਜਿਸ ਦਾ ਨਾਅਰਾ ਜੈਕਾਰਾ ਇਕ ਅਲੱਖ, ਅਲਖ ਅਗੋਚਰ ਆਪਣਾ ਆਪ ਸੁਣਾਈਆ । ਚਾਰ ਜੁਗ ਦੀ ਰੀਤੀ ਨੀਤੀ ਕਰਕੇ ਵੱਖ, ਵੱਖਰੀ ਆਪਣੀ ਕਾਰ ਕਮਾਈਆ । ਨੂਰ ਨੁਰਾਨਾ ਸ਼ਾਹ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਹੋ ਪ੍ਰਤਖ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਵੇਸ ਵਟਾਈਆ । ਜਿਸ ਨੇ ਸਭ ਦੇ ਕਾਇਆ ਭਾਂਡੇ ਖ਼ਾਲੀ ਕਰਨੇ ਸਖ, ਤਨ ਵਜੂਦ ਅੰਮ੍ਰਿਤ ਰਸ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਮੂਸਾ ਕਹੇ ਮੈਂ ਤੁਹਾਡਾ ਮੀਤ ਪੁਰਾਣਾ, ਪ੍ਰਾਣੀਓ ਦਿਓ ਜਣਾਈਆ । ਜਿਸ ਦਾ ਇਕੋ ਇਕ ਨਿਸ਼ਾਨਾ, ਨਿਸ਼ਾਨਾ ਕੋਹਤੂਰ ਰਿਹਾ ਵਖਾਈਆ । ਜਿਸ ਅੰਤਮ ਵਰਤਣਾ ਆਪਣਾ ਭਾਣਾ, ਹੁਕਮੇ ਅੰਦਰ ਹੁਕਮ ਭੁਗਤਾਈਆ । ਜੋਤੀ ਨੂਰ ਵੇਸ ਵਟਾਉਣਾ, ਜਲਵਾਗਰ ਨੂਰ ਇਲਾਹੀਆ । ਜਿਸ ਦਾ ਤੂੰ ਮੇਰਾ ਮੈਂ ਤੇਰਾ ਗਾਣਾ, ਅੱਲਾ ਹੂ ਅੱਨਾ ਹੂ ਆਪਣਾ ਰਾਗ ਸੁਣਾਈਆ । ਹਜ਼ਰਤ ਉਠ ਕੇ ਕਰ ਧਿਆਨਾ, ਮੁਹੰਮਦ ਮਹਿਜ਼ ਦਿਆਂ ਦ੍ਰਿੜਾਈਆ । ਜਿਸ ਨੇ ਦੀਨ ਦੁਨੀ ਬਦਲ ਦੇਣਾ ਜ਼ਮਾਨਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਉਹ ਤਕ ਗੋਬਿੰਦ ਵਾਲਾ ਚਿੱਲਾ ਤੀਰ ਕਮਾਨਾ, ਅਣਿਆਲਾ ਕੀ ਵਖਾਈਆ । ਜਿਸ ਨੇ ਬਦਲ ਦੇਣਾ ਜਿਸਮ ਜ਼ਮੀਰ ਜਿਸਮਾਨਾ, ਕਲਧਾਰੀ ਆਪਣੀ ਕਲ ਵਰਤਾਈਆ । ਦਰੋਹੀ ਸਭ ਨੇ ਹੋ ਜਾਣਾ ਬੇਗਾਨਾ, ਸਗਲਾ ਸੰਗ ਨਾ ਕੋਇ ਰਖਾਈਆ । ਆਪਣਾ ਆਪਣਾ ਲੇਖਾ ਤਕੀਏ ਆਪਣੇ ਵਿਚੋਂ ਖ਼ਾਨਾ, ਦੂਸਰ ਵਰਕਾ ਨਾ ਕੋਇ ਉਲਟਾਈਆ । ਜੋ ਸੁਣਦੇ ਰਹੇ ਪੈਗ਼ਾਮਾ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਮੁਹੰਮਦ ਕਹੇ ਮੈਂ ਤਕਾਂ ਗੋਬਿੰਦ ਵਾਲਾ ਭੱਥਾ, ਪੁਸ਼ਤ ਪਨਾਹ ਵਡਿਆਈਆ । ਜਿਸ ਨੇ ਕਲਜੁਗ ਕੂੜ ਚਲਣ ਨਹੀਂ ਦੇਣਾ ਰਥਾ, ਰਥ ਰਥਵਾਹੀ ਨਜ਼ਰ ਕੋਇ ਨਾ ਆਈਆ । ਜਿਹਦਾ ਹੁਕਮ ਯਥਾਰਥ ਯਥਾ, ਯਦੀ ਆਪਣੀ ਕਾਰ ਭੁਗਤਾਈਆ । ਬਹੁੜੀ ਕਿਸ ਦੇ ਨਾਲ ਲਾਈਏ ਮੱਥਾ, ਮਸਤਕ ਲੇਖ ਨਾ ਕੋਇ ਬਣਾਈਆ । ਜਿਸ ਝਗੜਾ ਮੇਟਣਾ ਤਤਾਂ ਅੱਠਾਂ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਕਰੇ ਸਫ਼ਾਈਆ । ਦੀਨ ਦੁਨੀ ਰਹਿਣ ਦੇਵੇ ਨਾ ਰੱਟਾ, ਝਗੜਾ ਕੂੜ ਦੇਵੇ ਚੁਕਾਈਆ । ਸਭ ਦਾ ਖੇੜਾ ਦਿਸੇ ਭੱਠਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਮੁਹੰਮਦ ਕਹੇ ਈਸਾ ਮੂਸਾ ਉਹ ਮਾਰੀਏ ਝਾਕੀ, ਬਿਨ ਅੱਖਾਂ ਅੱਖ ਉਠਾਈਆ । ਕੀ ਖੇਲ ਕਰੇ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੇ ਗੁਰ ਅਵਤਾਰ ਪੈਗ਼ੰਬਰ ਸਚ ਵਿਦਿਆਰਥੀ ਇਕ ਜਮਾਤੀ, ਪੱਟੀ ਇਕੋ ਇਕ ਪੜ੍ਹਾਈਆ । ਚਰਨ ਕਵਲ ਦੀ ਦੱਸ ਕੇ ਘਾਟੀ, ਮੰਜ਼ਲ ਪੈਂਡੇ ਪੂਰ ਕਰਾਈਆ । ਨਾਮ ਕਲਮਾ ਦੱਸ ਕੇ ਗਾਥੀ, ਨਿਰਅੱਖਰ ਅੱਖਰਾਂ ਵਿਚ ਬਦਲਾਈਆ । ਜੋਤੀ ਧਾਰ ਬਣ ਕੇ ਸਾਥੀ, ਸਗਲਾ ਸੰਗ ਬਣਾਈਆ । ਉਸ ਦੀ ਮੰਨਦੇ ਰਹੇ ਆਖੀ, ਆਖ਼ਰ ਸੀਸ ਝੁਕਾਈਆ । ਉਹ ਵੇਖਣ ਆਇਆ ਕਲਜੁਗ ਅੰਧੇਰੀ ਰਾਤੀ, ਜੋਤੀ ਜਾਤਾ ਵੇਸ ਵਟਾਈਆ । ਕਿਸੇ ਗ੍ਰਿਹ ਨਾ ਦਿਸੇ ਦੀਵਾ ਬਾਤੀ, ਦੀਨ ਮਜ਼੍ਹਬ ਨਾ ਕੋਇ ਰੁਸ਼ਨਾਈਆ । ਅਵਤਾਰ ਪੈਗ਼ੰਬਰ ਗੁਰ ਹੱਥ ਮਾਰ ਸਕੇ ਨਾ ਉਪਰ ਛਾਤੀ, ਸੂਰਬੀਰ ਸ੍ਰਿਸ਼ਟ ਸਬਾਈ ਏਕਾ ਰੰਗ ਨਾ ਕੋਇ ਰੰਗਾਈਆ । ਆਤਮ ਬ੍ਰਹਮ ਜੋੜੇ ਕੋਇ ਨਾ ਨਾਤੀ, ਪਾਰਬ੍ਰਹਮ ਬ੍ਰਹਮ ਨਾ ਕੋਇ ਸਮਾਈਆ । ਸਭ ਦੀ ਵੱਖਰੀ ਵੱਖਰੀ ਲੇਖ ਲਿਖਣ ਵਾਲੀ ਕਲਮ ਦਵਾਤੀ, ਰਾਗਾਂ


੧੫੨੨
੨੨

ਨਾਦਾਂ ਵਿਚ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੁਹੰਮਦ ਕਹੇ ਖੇਲ ਅਗੰਮ ਅਪਾਰਾ, ਪਰਵਰਦਿਗਾਰ ਆਪ ਖਿਲਾਈਆ । ਮੁਰੀਦਾਂ ਮੁਰਸ਼ਦ ਪਾਵੇ ਸਾਰਾ, ਮਿਹਰਵਾਨ ਲੇਖ ਲਿਖਾਈਆ । ਧੁਰ ਦਾ ਸ਼ਬਦ ਬਣ ਲਿਖਾਰਾ, ਲੇਖ ਲਿਖਤ ਇਕ ਵਡਿਆਈਆ । ਜਿਸ ਨੇ ਲਹਿਣਾ ਮੁਕਾਉਣਾ ਚਾਰ ਯਾਰਾ, ਨਾਤਾ ਜਗਤ ਵਾਲਾ ਤੁੜਾਈਆ । ਉਹ ਲਿਖਾਰੀਆਂ ਦੀਆਂ ਕਲਮਾਂ ਬਦਲ ਦੇਵੇ ਦੁਬਾਰਾ, ਦੋਹਰੀ ਧਾਰ ਬਣਾਈਆ । ਲੇਖ ਲਿਖਣਾ ਜ਼ਰੂਰ ਝਗੜਾ ਪੈਣਾ ਵਿਚ ਕਾਹਿਰਾ, ਕਾਲਮ ਆਲਮ ਸਕੇ ਨਾ ਕੋਇ ਬਦਲਾਈਆ । ਮੂਸਾ ਵਾਲਿਆਂ ਕਰਨਾ ਮੁਸ਼ਾਹਿਰਾ, ਨੱਚਣ ਟੱਪਣ ਕੁੱਦਣ ਚਾਈਂ ਚਾਈਂਆ । ਈਸਾ ਕੌਮ ਦੇਵੇ ਲਲਕਾਰਾ, ਉਚੀ ਕੂਕ ਕੂਕ ਸੁਣਾਈਆ । ਨੌਂ ਸੌ ਸੱਠ ਵਰਗ ਮੀਲ ਦਾ ਬਣਨਾ ਦਾਇਰਾ, ਮੁਕਾਮ ਇਕੋ ਇਕ ਸਮਝਾਈਆ । ਜਿਥੇ ਸ਼ਰਅ ਦੀਆਂ ਉਠਣੀਆਂ ਲਹਿਰਾ, ਲਹਿਰ ਲਹਿਰ ਨਾਲ ਟਕਰਾਈਆ । ਸਮੁੰਦ ਸਾਗਰਾਂ ਪਾਣੀ ਰਹੇ ਨਾ ਗਹਿਰਾ, ਗਹਿਰ ਗੰਭੀਰ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਕਲਮ ਕਹੇ ਮੈਂ ਹੋ ਗਈ ਬਦਲੀ, ਬਦਲ ਦੇਵਾਂ ਲੋਕਾਈਆ । ਮੇਰਾ ਮਾਲਕ ਇਕੋ ਅਦਲੀ, ਅਦਲ ਇਨਸਾਫ਼ ਰਿਹਾ ਜਣਾਈਆ । ਜਿਸ ਦੀ ਮੰਜ਼ਲ ਪੂਰੀ ਹੋਈ ਮਜ਼ਲੋ ਮੰਜ਼ਲੀ, ਅਗਲਾ ਪੰਧ ਰਿਹਾ ਨਾ ਰਾਈਆ । ਉਹ ਦੀਨ ਦੁਨੀ ਵੇਖੇ ਬੇਵਤਨੀ, ਵਤਨ ਵਾਲਾ ਨਜ਼ਰ ਕੋਇ ਨਾ ਆਈਆ । ਗੋਬਿੰਦ ਲੇਖਾ ਜਾਣੇ ਕੰਢਾ ਘਾਟ ਪੱਤਣੀ, ਤਟ ਕਿਨਾਰੇ ਖੋਜ ਖੁਜਾਈਆ । ਅੰਤਮ ਲਾਜ ਕਿਸੇ ਨਾ ਰੱਖਣੀ, ਸਿਰ ਹੱਥ ਨਾ ਕੋਇ ਟਿਕਾਈਆ । ਧਰਨੀ ਧਰਤ ਧਵਲ ਹੋਣੀ ਸੱਖਣੀ, ਦੂਤਾਂ ਦੁਸ਼ਟਾਂ ਡੇਰਾ ਢਾਹੀਆ । ਈਸਾ ਮੂਸਾ ਮੁਹੰਮਦ ਭੱਠੀ ਤਪਣੀ, ਤ੍ਰੈਗੁਣ ਅਗਨੀ ਅੱਗ ਲਗਾਈਆ । ਗੋਬਿੰਦ ਨੇ ਆਪਣੀ ਖੇਲ ਰਚਣੀ, ਰੱਟਾ ਘਰ ਘਰ ਦੇਵੇ ਪਾਈਆ । ਧੁਰ ਦੀ ਖੇਲ ਅੱਗੇ ਨਹੀਂ ਛਪਣੀ, ਪਰਦਿਆਂ ਵਿਚ ਨਾ ਕੋਇ ਲੋਕਾਈਆ । ਮਾਇਆ ਰੂਪ ਧਰਨਾ ਸੱਪਣੀ, ਜੋਰੂ ਜ਼ਰ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਮੁਹੰਮਦ ਕਹੇ ਮੂਸਾ ਈਸਾ ਵੇਖ ਆਪਣੀ ਤਾਂਘ, ਤੰਗਦਸਤ ਦਿਸੇ ਲੋਕਾਈਆ । ਪਰਵਰਦਿਗਾਰ ਵਰਤਿਆ ਸਵਾਂਗ, ਅਮਾਮ ਅਮਾਮਾ ਵੇਸ ਵਟਾਈਆ । ਚਾਰੋਂ ਕੁੰਟ ਚੜ੍ਹੇ ਅਗੰਮੀ ਕਾਂਗ, ਜਿਸ ਦੀ ਸਾਰ ਕੋਇ ਨਾ ਪਾਈਆ । ਉਹ ਤਕ ਭਗਤ ਲਿਖਾਰੀ ਤ੍ਰਿਪਤ ਨੇ ਹੱਥ ਵਿਚ ਪਕੜੀ ਡਾਂਗ, ਗ਼ੁੱਸੇ ਨਾਲ ਆਪਣਾ ਆਪ ਬਦਲਾਈਆ । ਸ੍ਰਿਸ਼ਟੀ ਰੋਣੀ ਵਾਂਗ ਕਾਗ, ਕਾਗ ਵਾਂਗ ਕੁਰਲਾਈਆ । ਕੋਟਾਂ ਵਿਚੋਂ ਭਗਤ ਸੁਹੇਲੇ ਜਾਣ ਜਾਗ, ਜਿਨ੍ਹਾਂ ਜਾਗਰਤ ਜੋਤ ਕਰੇ ਰੁਸ਼ਨਾਈਆ । ਲਹਿਣਾ ਦੇਣਾ ਮੁਕਾਉਣਾ ਰੋਜ਼ਾ ਨਿਮਾਜ਼ ਬਾਂਗ, ਮੁਨਾਰੇ ਮੰਬਰ ਰਹੇ ਕੁਰਲਾਈਆ । ਜਿਸ ਦੀ ਚੌਦਾਂ ਤਬਕਾਂ ਤੋਂ ਪਰੇ ਇਕ ਪਲਾਂਘ, ਕਦਮ ਕਦਮ ਨਾਲ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸੋਲਾਂ ਕੱਤਕ ਕਹੇ ਮੇਰੇ ਦਿਵਸ ਜਗੇ ਨੌਂ ਚਰਾਗ਼, ਤਿੰਨਾਂ ਲੋਕਾਂ ਖੇਲ ਖਿਲਾਈਆ । ਪਹਿਲਾ ਹਿੱਸਾ ਪਹਿਲਾ ਭਾਗ, ਤ੍ਰੈਲੋਕੀ ਚਰਨਾਂ ਹੇਠ ਦਬਾਈਆ । ਦੋ ਜਹਾਨਾਂ ਪਕੜ ਵਾਗ, ਡੋਰੀ ਸ਼ਬਦ ਤੰਦ ਬੰਧਾਈਆ । ਸਭ ਨੂੰ ਕਰਕੇ ਲਾਜਵਾਬ, ਹੁਕਮ ਸੰਦੇਸ਼ਾ ਇਕ ਸੁਣਾਈਆ । ਜਿਸ ਦੀ ਰਚਨਾ ਆਦਿ ਤੋਂ ਆਦਿ, ਕਲਜੁਗ ਅੰਤਮ ਪੂਰ ਕਰਾਈਆ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਜੋ ਹਰ ਘਟ ਹੋਵੇ ਵਿਸਮਾਦ,

੧੫੨੩ ੨੨

ਬਿਸਮਿਲ ਆਪਣਾ ਆਪ ਜਣਾਈਆ । ਜਨ ਭਗਤ ਬਦਲ ਕੇ ਆਪ ਪੋਸ਼ਾਕ, ਪੋਸ਼ ਤਨ ਮਾਟੀ ਖ਼ਾਕ ਲੇਖੇ ਲਾਈਆ । ਚੜ੍ਹ ਕੇ ਅਸਵ ਸ਼ਬਦ ਘੋੜੇ ਰਾਕ, ਦੋ ਜਹਾਨਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਦੀਪਕ ਕਹਿਣ ਅਸੀਂ ਦਿਨ ਦਿਹਾੜ ਪ੍ਰਕਾਸ਼ੇ, ਪ੍ਰਭ ਦਿਤੀ ਮਾਣ ਵਡਿਆਈਆ । ਦੁਨੀਆ ਲੁੱਟੀ ਜਾਣੀ ਵਿਚ ਹਾਸੇ, ਹਸਤੀ ਪ੍ਰਭ ਦੀ ਸਮਝ ਕੋਇ ਨਾ ਪਾਈਆ । ਤਨ ਵਜੂਦ ਮਿਟ ਜਾਣੇ ਵਾਂਗ ਪਤਾਸੇ, ਜਲ ਕੁੰਭ ਦਏ ਗਵਾਹੀਆ । ਗੁਰ ਅਵਤਾਰ ਪੈਗ਼ੰਬਰ ਕਲਜੁਗ ਅੰਤਮ ਰਹਿਣੇ ਨਹੀਂ ਰਾਖੇ, ਰੱਖਕ ਨਜ਼ਰ ਕੋਇ ਨਾ ਆਈਆ । ਇਹ ਖੇਲ ਹੋਣਾ ਹੋਵੇ ਪਹਿਲੀ ਵਿਸਾਖੇ, ਵਸਾਹ ਕੇ ਆਪਣੀ ਕਾਰ ਭੁਗਤਾਈਆ । ਜਾਣੇ ਲੇਖਾ ਬਾਤਨ ਬਾਤੇ, ਬਾਤਲ ਆਪਣੀ ਕਾਰ ਕਮਾਈਆ । ਸਤਰੰਗਾ ਕਹੇ ਮੈਂ ਸਤਿ ਸਤਿ ਦੀ ਧਾਰ, ਸੋ ਪੁਰਖ ਨਿਰੰਜਣ ਦਿਤੀ ਵਡਿਆਈਆ । ਹਰਿ ਪੁਰਖ ਨਿਰੰਜਣ ਕਰ ਪਿਆਰ, ਏਕੰਕਾਰ ਹੋਇਆ ਸਹਾਈਆ । ਆਦਿ ਨਿਰੰਜਣ ਹੋ ਉਜਿਆਰ, ਅਬਿਨਾਸ਼ੀ ਕਰਤਾ ਗੰਢ ਪਵਾਈਆ । ਸ੍ਰੀ ਭਗਵਾਨ ਦੇ ਅਧਾਰ, ਪਾਰਬ੍ਰਹਮ ਪ੍ਰਭ ਆਪਣਾ ਪੜਦਾ ਲਾਹੀਆ । ਸਤਿਗੁਰ ਸ਼ਬਦ ਕਰਕੇ ਜ਼ਾਹਰ, ਜ਼ਾਹਰ ਜ਼ਹੂਰ ਵੱਜੇ ਵਧਾਈਆ । ਮੇਰਾ ਖੇਲ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਦਿਆਂ ਜਗਾਈਆ । ਕਰੋੜ ਤੇਤੀਸਾ ਮਾਰ ਇਕ ਲਲਕਾਰ, ਪੁਰੀਆਂ ਲੋਆਂ ਅੱਖ ਖੁਲ੍ਹਾਈਆ । ਲਹਿਣਾ ਪੂਰਾ ਕਰਨਾ ਤੇਈ ਅਵਤਾਰ, ਅਵਤਰ ਲੇਖਾ ਪੂਰ ਕਰਾਈਆ । ਪੈਗ਼ੰਬਰਾਂ ਰਹੇ ਨਾ ਕੋਇ ਉਧਾਰ, ਲਹਿਣਾ ਸਭ ਦਾ ਝੋਲੀ ਪਾਈਆ । ਗੋਬਿੰਦ ਕਰਜ਼ਾ ਦਿਆਂ ਉਤਾਰ, ਮਕਰੂਜ਼ ਆਪਣਾ ਆਪ ਬਦਲਾਈਆ । ਸਤਿ ਸਚ ਦੀ ਦੱਸਾਂ ਕਾਰ, ਕੀ ਕਰਨੀ ਕਾਰ ਕਮਾਈਆ । ਜਨ ਭਗਤਾਂ ਪਹਿਨਾ ਕੇ ਜੰਗੀ ਹਥਿਆਰ, ਦੀਨ ਦੁਨੀ ਦਿਤੀ ਉਠਾਈਆ । ਤ੍ਰਿਪਤ ਆਪਣੀ ਡਾਂਗ ਲੈਣੀ ਸੰਭਾਲ, ਅੱਗੇ ਆਉਣਾ ਚਾਈਂ ਚਾਈਂਆ । ਗ਼ੁੱਸੇ ਵਿਚ ਮੁਖ ਕਰਨਾ ਲਾਲ, ਲਾਲ ਮੁਖ ਵਾਲੇ ਸਾਰੇ ਲੈਣ ਅੰਗੜਾਈਆ । ਮੂਸਾ ਵਾਲੇ ਹੋਣ ਬੇਹਾਲ, ਡਾਂਗ ਡੰਡੇ ਨਾਲ ਖੜਕਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋਏ ਬੇਹਾਲ, ਉਤੇ ਠੋਕਰ ਦੇਣੀ ਖੜਕਾਈਆ । ਸਤਿਗੁਰ ਸ਼ਬਦ ਦੀ ਝੱਲੇ ਕੋਇ ਨਾ ਝਾਲ, ਗੋਬਿੰਦ ਦਾ ਖੰਡਾ ਬੇਪਰਵਾਹੀਆ । ਜਿਥੇ ਨਾ ਕੋਈ ਜਵਾਬ ਸਵਾਲ, ਬੁੱਧੀ ਸਮਝ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਤਰੰਗਾ ਕਹੇ ਮੈਂ ਸਤਿ ਪੁਰਖ ਦਾ ਮੀਤਾ, ਦੂਜਾ ਨਜ਼ਰ ਕੋਇ ਨਾ ਆਈਆ । ਮੈਂ ਖੇਲ ਖੇਲਿਆ ਰਾਮ ਸੀਤਾ, ਸੀਤਾ ਰਾਮ ਬਨਾਂ ਵਿਚ ਦੁਹਾਈਆ । ਮੈਂ ਰਾਧਾ ਕ੍ਰਿਸ਼ਨ ਲੇਖ ਲਿਖਾਇਆ ਜੀਵ ਜੀਅ ਕਾ, ਬੰਸਰੀ ਧੁਨ ਕਰ ਸ਼ਨਵਾਈਆ । ਪੈਗ਼ੰਬਰਾਂ ਆਪਣੀ ਦੱਸ ਕੇ ਰੀਤਾ, ਕਲਮੇ ਦਿਤੇ ਪੜ੍ਹਾਈਆ । ਗੁਰੂਆਂ ਦੱਸ ਕੇ ਨਾਮ ਠੀਕਾ, ਠਾਕਰ ਧੁਰ ਦਾ ਭੇਵ ਖੁਲ੍ਹਾਈਆ । ਦੀਨ ਮਜ਼੍ਹਬ ਚਲਾ ਕੇ ਰੀਤਾ, ਮੰਦਰ ਮਸੀਤਾਂ ਜਗਤ ਸੁਹਾਈਆ । ਹੱਦਾਂ ਵੰਡ ਕੇ ਮਾਰੀਆਂ ਲੀਕਾਂ, ਲਾਈਨ ਆਪਣੀ ਦਿਤੀ ਰਖਾਈਆ । ਆਪਣੇ ਹੱਥ ਵਿਚ ਰੱਖ ਕੇ ਹੱਕ ਤੌਫ਼ੀਕਾ, ਤੋਹਫੇ ਸਭ ਨੂੰ ਥੋੜ੍ਹੇ ਥੋੜ੍ਹੇ ਦਿਤੇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਮੁਹੰਮਦ ਕਹੇ ਮੇਰੇ ਪੀਰ ਨੇ ਬਿਨਾ ਪੈਗ਼ੰਬਰਾਂ ਤੋਂ ਲਾਈ ਮਹਿੰਦੀ, ਅਮਾਮ ਆਪਣੀ ਕਾਰ ਕਮਾਈਆ । ਜਿਸ ਦੀ ਖੇਲ ਹੋਣੀ ਦਿਸ਼ਾ ਲਹਿੰਦੀ, ਲਹਿੰਦਾ ਚੜ੍ਹਦਾ ਵੇਖ ਵਖਾਈਆ । ਉਮਤ ਇਕੱਠੀ ਹੋ ਹੋ ਬਹਿੰਦੀ, ਮਤਾ ਚਾਰ ਯਾਰੀ ਬਾਹਰ ਪਕਾਈਆ । ਸਭ ਦੀ ਖੇਲ

੧੫੨੪
੨੨

ਜਾਏ ਢਹਿੰਦੀ, ਮਹੱਲ ਅਟਲ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਮੁਹੰਮਦ ਕਹੇ ਮੇਰਾ ਮਹਿੰਦੀ ਵਾਲਾ ਰੱਤਾ, ਰੰਗ ਰਤੜਾ ਧੁਰ ਦਾ ਮਾਹੀਆ । ਜਿਸ ਦਾ ਕਲਮਿਆਂ ਵਿਚ ਦਿਤਾ ਪਤਾ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦਾ ਗੋਬਿੰਦ ਡੰਕ ਵਜਾਇਆ ਫਤਹ, ਫਤਿਹ ਡੰਕਾ ਇਕ ਸ਼ਨਵਾਈਆ । ਬਹੁੜੀ ਉਹ ਹੁਕਮ ਵਿਚ ਮੇਰੇ ਹੁਕਮ ਦੀ ਕਰੇ ਹੱਤਾ, ਹੱਤਿਆ ਵਿਚ ਜਗਤ ਲੋਕਾਈਆ । ਜਿਸ ਨੇ ਕਿਸੇ ਦੇ ਸੀਸ ਤੇ ਰਹਿਣ ਨਹੀਂ ਦੇਣਾ ਬੋਦਾ ਛੱਤਾ, ਛਤਰੇ ਖਾਣ ਵਾਲਿਆਂ ਕਰੇ ਸਫ਼ਾਈਆ । ਜਿਸ ਦਾ ਇਕੋ ਹੁਕਮ ਚੂੰਕਿ ਚੁਨਾਂਚੇ ਅਲਬੱਤਾ, ਆਲਮਾਂ ਤੋਂ ਪਰੇ ਕਰੇ ਪੜ੍ਹਾਈਆ । ਸੋ ਸਭ ਦੇ ਥੱਲਿਉਂ ਖਿੱਚਣ ਵਾਲਾ ਆਪ ਫੱਟਾ, ਕਦਮ ਸੰਭਲ ਨਾ ਕੋਇ ਟਿਕਾਈਆ । ਜਿਹਦੇ ਹੁਕਮ ਦਾ ਇਕੋ ਟੱਪਾ, ਦੀਨ ਮਜ਼੍ਹਬ ਦੇ ਟਾਪੂਆਂ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਮਹਿੰਦੀ ਕਹੇ ਮੇਰੇ ਉਤੇ ਵੱਜੇ ਪ੍ਰੇਮ ਦੀ ਲਾਠੀ, ਜ਼ੋਰ ਜਗਤ ਵਾਲਾ ਜਣਾਈਆ । ਸੂਰਬੀਰ ਉਠਾਉਣੇ ਰਾਠੀ, ਸ਼ਾਹ ਸੁਲਤਾਨ ਦੇਣੇ ਹਿਲਾਈਆ । ਸੋਲਾਂ ਕੱਤਕ ਗੋਬਿੰਦ ਨੇ ਪਹਿਲੇ ਦਿਨ ਨੀਲੇ ਉਤੇ ਪਾਈ ਸੀ ਕਾਠੀ, ਜ਼ੀਨ ਜ਼ੀਨਤ ਨਾਲ ਵਡਿਆਈਆ । ਫੇਰ ਤਕੀ ਮੰਜ਼ਲ ਘਾਟੀ, ਦੋ ਜਹਾਨਾਂ ਅੱਖ ਖੁਲ੍ਹਾਈਆ । ਫੇਰ ਸੰਦੇਸ਼ਾ ਲਿਖਿਆ ਧੁਰ ਦੇ ਕਮਲਾਪਾਤੀ, ਬਿਨਾ ਅੱਖਰ ਅੱਖਰ ਬਣਾਈਆ । ਔਹ ਤਕ ਕਲਜੁਗ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਤੂੰ ਮਾਲਕ ਪੁਰਖ ਅਬਿਨਾਸ਼ੀ, ਘਟ ਨਿਵਾਸੀ ਨਜ਼ਰੀ ਆਈਆ । ਤੁਧ ਬਿਨ ਦੀਨ ਦੁਨੀ ਦੀ ਕੌਣ ਕਰੇਗਾ ਰਾਖੀ, ਰਾਖਿਆ ਕਿਉਂ ਬੈਠਾ ਪੜਦਾ ਪਾਈਆ । ਜਿਹੜੀ ਚਾਰ ਜੁਗ ਵਿਚ ਦੀਨ ਮਜ਼੍ਹਬ ਵਿਚ ਵੰਡੀ ਜ਼ਾਤੀ ਪਾਤੀ, ਮਾਨਵ ਹਿੱਸੇ ਦਿਤੇ ਕਰਾਈਆ । ਨਾਲੇ ਦੱਸਦਾ ਰਿਹੋ ਤਨ ਵਜੂਦ ਮਿੱਟੀ ਖ਼ਾਕੀ, ਖ਼ਾਲਸ ਆਪਣਾ ਹੁਕਮ ਵਰਤਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਨੌਜਵਾਨਾ ਮਰਦ ਮਰਦਾਨਾ ਸਦੀ ਚੌਧਵੀਂ ਸਚਖੰਡ ਦੀ ਖੋਲ੍ਹ ਕੇ ਵੇਖ ਲੈ ਤਾਕੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਅਵਤਾਰ ਪੈਗ਼ੰਬਰ ਗੁਰੂ ਤੇਰੇ ਅੱਗੇ ਲੇਖਾ ਮੰਗਦੇ ਬਾਕੀ, ਲਹਿਣਾ ਸਭ ਦਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਤੇਰੀ ਸਚ ਸਰਨਾਈਆ । ਮਹਿੰਦੀ ਕਹੇ ਮੇਰਾ ਰੰਗ ਅਪਰੰਪਰ, ਸਚ ਸਵਾਮੀ ਦਿਤੀ ਵਡਿਆਈਆ । ਮੇਰਾ ਮਾਲਕ ਇਕ ਭਰਤੰਬਰ, ਭਰਪੂਰ ਰਿਹਾ ਸਰਬ ਠਾਈਆ । ਜਿਸ ਨੇ ਸੀਤਾ ਧਾਰ ਕਲਜੁਗ ਰਚਣਾ ਇਕ ਸਵੰਬਰ, ਸੋਹਣੀ ਖੇਲ ਖਿਲਾਈਆ । ਕਲਜੁਗ ਕੂੜ ਮੇਟਣਾ ਅਡੰਬਰ, ਜਗਤ ਜਹਾਨ ਕਰੇ ਸਫ਼ਾਈਆ । ਲੇਖਾ ਰਹੇ ਨਾ ਮਸਜਿਦ ਮੰਦਰ, ਸ਼ਿਵਦਵਾਲੇ ਮੱਠ ਚਰਚਾਂ ਵੰਡ ਨਾ ਕੋਇ ਵੰਡਾਈਆ । ਭਾਗ ਲਗਾਏ ਜਨ ਭਗਤਾਂ ਕਾਇਆ ਅੰਤਰ, ਅੰਤਰ ਨਿਰੰਤਰ ਖੋਜ ਖੁਜਾਈਆ । ਤੂੰ ਮੇਰਾ ਮੈਂ ਤੇਰਾ ਦੱਸੇ ਮੰਤਰ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਖੇਲ ਕਹੇ ਮੈਂ ਲੇਖਾ ਦੱਸਾਂ ਕੁੰਭ, ਭਾਂਡਾ ਮਾਟੀ ਵੇਖ ਵਖਾਈਆ । ਜਿਸ ਵੇਲੇ ਦੁਰਗਾ ਦੈਂਤ ਮਾਰੇ ਸੀ ਸੁੰਭ ਨਿਸੁੰਭ, ਸ਼ਤਰੂ ਨਾਸ ਕਰਾਈਆ । ਜਿਹੜੀ ਰਾਕਸ਼ਾਂ ਕੋਲ ਸੀ ਅੰਮ੍ਰਿਤ ਬੂੰਦ, ਉਹ ਸਰਗੁਣ ਧਾਰ ਮਟਕੇ ਵਿਚ ਭਰਾਈਆ । ਜਿਸ ਦੀ ਗਰੜ ਪਾ ਸਕਿਆ ਨਾ ਆਪਣੀ ਚੁੰਜ, ਤ੍ਰੈਬਰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਘੜਾ ਕਹੇ ਧਰਨੀ ਚਾਰ ਜੁਗ ਦੀ ਰਹੀ ਪਿਆਸੀ,


੧੫੨੫ ੨੨

ਤ੍ਰਿਸ਼ਨਾ ਤ੍ਰਿਖਾ ਵਿਚ ਹਲਕਾਈਆ । ਇਹਦੇ ਅੰਤਰ ਰਹੀ ਉਦਾਸੀ, ਸਾਂਤਕ ਸਤਿ ਨਾ ਕੋਇ ਕਰਾਈਆ । ਜਿਸ ਵੇਲੇ ਈਸਾ ਚੜ੍ਹਿਆ ਫਾਂਸੀ, ਕਦਮ ਧਰਤੀ ਵੱਲ ਲਟਕਾਈਆ । ਏਸ ਨੇ ਖ਼ੁਸ਼ੀਆਂ ਵਿਚ ਕੀਤੀ ਹਾਸੀ, ਹੱਸ ਕੇ ਦਿਤਾ ਦ੍ਰਿੜਾਈਆ । ਜਿਹੜਾ ਦਰਗਹ ਸੱਚੀ ਦਾ ਵਾਸੀ, ਸਚ ਦਵਾਰੇ ਸੋਭਾ ਪਾਈਆ । ਉਸ ਦਾ ਨੂਰ ਨੂਰ ਪ੍ਰਕਾਸ਼ੀ, ਪ੍ਰਕਾਸ਼ ਅਗੰਮ ਅਥਾਹੀਆ । ਮੈਂ ਤੇਰੀ ਮਿੱਟੀ ਖ਼ਾਕ ਤਨ ਵਜੂਦ ਖ਼ਾਕ ਦੀ ਦਾਸੀ, ਸਚ ਵਸਤ ਮੇਰੇ ਵਿਚ ਨਾ ਕਿਸੇ ਦਬਾਈਆ । ਅਵਤਾਰ ਪੈਗ਼ੰਬਰ ਕੋਟਨ ਕੋਟ ਸੌਂ ਗਏ ਮੇਰੀ ਉਤੇ ਛਾਤੀ, ਮੈਂ ਪਿਆਰ ਨਾਲ ਦੁੱਧ ਸੀਰ ਨਾ ਕਿਸੇ ਚੁੰਘਾਈਆ । ਫੇਰ ਖ਼ੁਸ਼ੀਆਂ ਦੇ ਵਿਚ ਟਾਪੀ, ਉਛਲੀ ਕੁੱਦੀ ਟੱਪੀ ਵਾਹੋ ਦਾਹੀਆ । ਧਰਨੀ ਕਹੇ ਜੇ ਦੂਜੇ ਹੱਥ ਤੇ ਵੱਜ ਜਾਏ ਲਾਠੀ, ਮੇਰਾ ਲੇਖਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪਣੇ ਹੱਥ ਰਖਾਈਆ । ਕੁੰਭ ਕਹੇ ਮੈਂ ਉਹ ਜਲ ਘੜਾ, ਜਿਸ ਨੂੰ ਘੜਿਆਲ ਈਸਾ ਰਿਹਾ ਸੁਣਾਈਆ । ਜਿਹੜਾ ਮੈਨੂੰ ਰੱਖਦਾ ਹੁੰਦਾ ਸੀ ਉਪਰ ਥੜ੍ਹਾ, ਸਾਢੇ ਤਿੰਨ ਹੱਥ ਉਪਰ ਉਠਾਈਆ । ਮੇਰਾ ਰੂਪ ਹੁੰਦਾ ਸੀ ਪੜਾਹ, ਉਲਟਾ ਕਰ ਨਾ ਕੋਇ ਵਖਾਈਆ । ਜਿਸ ਦਿਨ ਹਜ਼ਰਤ ਨੂੰ ਅੰਤ ਅਖ਼ੀਰੀ ਫੜਾ, ਬੰਧਨ ਹੱਥਾਂ ਵਾਲੇ ਪਾਈਆ । ਉਸ ਦਿਨ ਸੂਰੀਆ ਬੜਾ ਤੇਜ਼ ਸੀ ਚੜ੍ਹਾ, ਚੜ੍ਹਦਿਉਂ ਲਹਿੰਦੇ ਕੀਤੀ ਰੁਸ਼ਨਾਈਆ । ਫੇਰ ਇਸ਼ਾਰੇ ਨਾਲ ਪੁੱਟ ਕੇ ਗੜ੍ਹਾ, ਮੈਨੂੰ ਦਿਤਾ ਦਬਾਈਆ । ਘੜਿਆ ਤੇਰਾ ਰੂਪ ਤਨ ਮਾਟੀ ਵਾਲਾ ਮੁਹੰਮਦ ਬਣਾਉਣੀ ਸ਼ਰਅ, ਸ਼ਰਅ ਦੀਨ ਦੁਨੀ ਉਪਜਾਈਆ । ਪਰਵਰਦਿਗਾਰ ਨੇ ਖੇਲ ਕਰਨਾ ਤਰਾ ਤਰਾ, ਤਰੀਕਾ ਆਪਣੇ ਹੱਥ ਰਖਾਈਆ । ਜਿਸ ਵੇਲੇ ਪੈਗ਼ੰਬਰਾਂ ਦਾ ਵਕਤ ਲੰਘ ਗਿਆ ਬੜਾ, ਪਿਛਲਾ ਪੰਧ ਮੁਕਾਈਆ । ਚੌਦਾਂ ਸਦੀਆਂ ਹੁਕਮ ਮਿਲਣਾ ਖਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਫੇਰ ਪਰਗਟ ਹੋਣਾ ਅਵਤਾਰ ਨਰ ਨਰਾ, ਨਰਾਇਣ ਨੂਰ ਇਲਾਹੀਆ । ਤੂੰ ਉਸ ਦੇ ਪੁਜਣਾ ਦਰਾ, ਦਰ ਦਰਵੇਸ਼ ਹੋ ਕੇ ਸੀਸ ਨਿਵਾਈਆ । ਕਿਉਂ ਤੈਨੂੰ ਮੂਧਾ ਕਰਨ ਲੱਗਿਆਂ ਗੋਬਿੰਦ ਦਾ ਤੇਰੇ ਨਾਲ ਛੂਹਣਾ ਕੜਾ, ਬੰਧਨ ਆਪਣੇ ਲਏ ਬੰਧਾਈਆ । ਬਿਨਾ ਪੁਰਖ ਅਕਾਲ ਤੋਂ ਤੇਰਾ ਭੰਡਾਰਾ ਜਾਵੇ ਨਾ ਭਰਾ, ਧਰਨੀ ਧਰਤ ਧਵਲ ਧੌਲ ਦਾ ਜਲ ਕੰਮ ਕਿਸੇ ਨਾ ਆਈਆ । ਉਹ ਵਕਤ ਸੁਹੰਜਣਾ ਹੋਣਾ ਸੰਮਤ ਸ਼ਹਿਨਸ਼ਾਹੀ ਤੇ ਸੱਤਵਾਂ ਵਰ੍ਹਾ, ਲੋਕਮਾਤ ਮਾਤ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾਨਿਧ ਵੇਖ ਵਖਾਈਆ । ਘੜਾ ਕਹੇ ਮੇਰੇ ਭਾਗ ਵਡ ਵੱਡੇ, ਹਰਿ ਵੱਡਾ ਦਏ ਵਡਿਆਈਆ । ਸਤਾਰਾਂ ਕੱਤਕ ਮੇਰੇ ਨਾਲ ਲਡਾਏ ਲੱਡੇ, ਮੁਹੱਬਤ ਇਕ ਸਮਝਾਈਆ । ਚਾਰ ਨਿਸ਼ਾਨੇ ਚਾਰੋਂ ਤਰਫ਼ ਗੱਡੇ, ਵੇਖਣਹਾਰਾ ਵੇਖੇ ਚਾਈਂ ਚਾਈਆ । ਤਿੰਨੇ ਜੰਗਜੂ ਬਹਾਦਰ ਲਾਵਣ ਹੱਥੇ, ਹੱਥ ਹੱਥ ਨਾਲ ਬਦਲਾਈਆ । ਫੇਰ ਅਗਲੀ ਦੱਸਾਂ ਕਥੇ, ਕੀ ਕਹਾਣੀ ਜਗਤ ਜਣਾਈਆ । ਪ੍ਰਭ ਦੇ ਨਾਮ ਕਲਮੇ ਆਦਿ ਜੁਗਾਦਿ ਸਚੇ, ਸਚ ਸਚ ਵਿਚੋਂ ਪਰਗਟਾਈਆ । ਜਗਤ ਜਹਾਨ ਜੀਵ ਭਾਂਡੇ ਕੱਚੇ, ਥਿਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਕੁੰਭ ਕਹੇ ਮੇਰੀ ਪੁਰਾਣੀ ਤਾਂਘ, ਸਚ ਦਿਆਂ ਸੁਣਾਈਆ । ਮੇਰੇ ਚੜ੍ਹਦੇ ਪਾਸੇ ਤ੍ਰਿਪਤ ਗੱਡੇ ਡਾਂਗ, ਡੌਰੂ ਡੰਕ ਦਿਆਂ ਵਜਾਈਆ । ਤਿੰਨੇ ਗੁਰਮੁਖ ਇਕ ਇਕ ਕਦਮ ਪੁੱਟ ਕੇ ਪਲਾਂਘ, ਤਿੰਨੇ ਕੂਟ ਨਿਸ਼ਾਨੇ ਦੇਣ ਸੁਹਾਈਆ । ਇਕ ਨਿਸ਼ਾਨ ਬਣਾ ਕੇ ਤਾਰਾ ਚਾਂਦ, ਮੇਰੇ ਉਤੇ ਦੇਣਾ ਟਿਕਾਈਆ । ਫੇਰ ਦੱਸਾਂਗਾ ਅਗਲੀ ਸਾਂਝ, ਕਿਸ ਬਿਧ ਹਰਿ ਸੱਜਣ ਮੇਲ ਮਿਲਾਈਆ । ਮੈਂ ਆਪਣੇ

ਵਿਚ ਬੰਦ ਕਰਨੀ ਸ਼ਰਅ ਵਾਲੀ ਬਾਂਗ, ਅਜ਼ਾਂ ਅਵਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਬਦਲ ਕੇ ਸਵਾਂਗ, ਸਵਾਂਗੀ ਆਪਣਾ ਖੇਲ ਖਿਲਾਈਆ ।

ਛੁਹਾਰਾ ਕਹੇ ਮੇਰਾ ਜਗਤ ਜਹਾਨ ਦਾ ਸਗਣ, ਜਗਤ ਸੰਗੀਆਂ ਦਿਆਂ ਜਣਾਈਆ । ਦੀਨ ਦੁਨੀ ਹੋਵੇ ਨਗਨ, ਪਰਦਾ ਸੀਸ ਨਾ ਕੋਇ ਰਖਾਈਆ । ਜਨ ਭਗਤ ਕਰਾ ਕੇ ਮਗਨ, ਮਧੁਰ ਧੁਨ ਇਕ ਸੁਣਾਈਆ । ਜਗਤ ਤ੍ਰਿਸ਼ਨਾ ਮੇਟ ਕੇ ਅਗਨ, ਬੂੰਦ ਸਵਾਂਤੀ ਮੁਖ ਚੁਆਈਆ । ਜਨ ਭਗਤਾਂ ਲੇਖੇ ਲਾ ਕੇ ਬਦਨ, ਤਨ ਜ਼ਮੀਰ ਦਿਆਂ ਵਡਿਆਈਆ । ਮੈਂ ਵਿਚੋਲਾ ਮੁਹੰਮਦ ਦਾ ਜ਼ਰੂਰ ਝਗੜਾ ਪਾਉਣਾ ਵਿਚ ਅਦਨ, ਆਅਲਾ ਅਦਨਾ ਆਪ ਉਠਾਈਆ । ਮੈਂ ਇਕ ਦਾ ਇਕੋ ਵਾਰ ਬਣਨਾ ਸੱਜਣ, ਦੂਜਾ ਸੰਗੀ ਨਾ ਕੋਇ ਵਖਾਈਆ । ਮੈਨੂੰ ਜਗਿਆਸੂ ਦੰਦਾਂ ਨਾਲ ਚੱਬਣ, ਖਾ ਖਾ ਖ਼ੁਸ਼ੀ ਮਨਾਈਆ । ਮੈਂ ਪਰ ਕਲਜੁਗ ਅੰਤ ਉਮਤ ਆਇਆ ਦੱਬਣ, ਦਬਦਬਾ ਸਭ ਦਾ ਵੇਖ ਵਖਾਈਆ । ਜਿਸ ਖ਼ੁਦਾ ਨੂੰ ਖ਼ੁਦ ਮਾਲਕ ਕਰਕੇ ਸਾਰੇ ਲੱਭਣ, ਖੋਜਿਆਂ ਹੱਥ ਕਿਸੇ ਨਾ ਆਈਆ । ਜਨ ਭਗਤੋ ਮੈਂ ਪਾਂਧੀ ਬਣ ਕੇ ਤੁਹਾਨੂੰ ਆਇਆ ਸੱਦਣ, ਜੁਗ ਵਿਛੜਿਆਂ ਮੇਲ ਮਿਲਾਈਆ । ਜਿਸ ਬੱਧਕ ਦੇ ਘਰ ਨੌਂ ਦੀਪਕ ਜਗਣ, ਉਹ ਰਾਮ ਦਾ ਰਾਮ ਤੁਹਾਡਾ ਮਾਹੀਆ । ਜਨ ਭਗਤੋ ਤੁਹਾਡਾ ਮੇਲ ਉਪਰ ਗਗਨ, ਗਗਨ ਗਗਨੰਤਰਾਂ ਡੇਰਾ ਢਾਹੀਆ । ਸਚ ਦਮਾਮੇ ਸਚ ਦਵਾਰੇ ਵੱਜਣ, ਗੋਬਿੰਦ ਧੌਂਸਾ ਆਪਣਾ ਰਿਹਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਛੁਹਾਰਾ ਕਹੇ ਮੈਨੂੰ ਲਾਉਂਦੇ ਨਾਲ ਲਬਾਂ, ਹੋਂਟਾਂ ਵਿਚ ਦਬਾਈਆ । ਮੈਂ ਸੰਦੇਸ਼ਾ ਦੇਵਾਂ ਸਬਾਂ, ਸਭ ਨੂੰ ਦਿਆਂ ਜਣਾਈਆ । ਜਨ ਭਗਤੋ ਤੁਹਾਡਾ ਇਕੋ ਪਿਤਾ ਤੇ ਇਕੋ ਅੱਬਾ, ਦੂਜੀ ਜਨਮ ਦੇਣ ਵਾਲੀ ਕੋਇ ਨਾ ਮਾਈਆ । ਜਗਤ ਮਾਤ ਪਿਤ ਲਹੂ ਮਿਝ ਗਾਰਾ ਬਣਾਉਂਦੇ ਹੱਡਾਂ, ਜੋ ਅੰਤ ਸੜ ਕੇ ਖ਼ਾਕ ਖ਼ਾਕ ਵਿਚ ਮਿਲ ਜਾਈਆ । ਸਤਿਗੁਰ ਦਾ ਸਰੂਪ ਆਤਮ ਪਰਮਾਤਮ ਪਰਮਾਤਮ ਆਤਮ ਰਹਿੰਦਾ ਸਦਾ, ਸਦਾ ਦੇ ਮਿੱਤਰੋ ਤੁਹਾਡਾ ਮੇਲਾ ਦਿਤਾ ਮਿਲਾਈਆ । ਨਿਗਹ ਮਾਰ ਲੈ ਬੱਧਕ ਦਾ ਪਰਿਵਾਰ ਵਿਚੋਂ ਨਿਖੇੜ ਕੇ ਅਧਾ, ਸੇਵਾ ਸੰਗਤ ਵਿਚ ਲਗਾਈਆ । ਜਿਸ ਦਾ ਹੁਕਮ ਸੰਦੇਸ਼ਾ ਦਿਤਾ ਸੀ ਨਾਨਕ ਯਥਾਰਥ ਯਥਾ, ਸੱਤ ਸਾਲ ਦੀ ਕੰਨਿਆ ਦਿਤਾ ਸੁਣਾਈਆ । ਰਾਜੇ ਬਲ ਨੇ ਆਪਣੀ ਦਾਸੀ ਗੋਲੀ ਤੇ ਸੁਤ ਨੂੰ ਦਿਤਾ ਸੀ ਪਤਾ, ਪਤਿਪਰਮੇਸ਼ਵਰ ਦਾ ਹੁਕਮ ਇਕ ਸੁਣਾਈਆ । ਉਹ ਵੇਖੋ ਕਲਜੁਗ ਬਿਨਾ ਅੱਖਾਂ, ਅੱਖੀਆਂ ਵਾਲਿਆਂ ਨਜ਼ਰ ਕੋਇ ਨਾ ਆਈਆ । ਉਹ ਵੇਖੋ ਕ੍ਰਿਸ਼ਨ ਦਾ ਚਰਨ ਗੋਡੇ ਉਤੇ ਰੱਖਾ, ਬੱਧਕ ਦਾ ਤੀਰ ਨਿਸ਼ਾਨਾ ਰਿਹਾ ਘਾਈਆ । ਉਹ ਵੇਖੋ ਪੁਰਖ ਅਕਾਲ ਸਭ ਨੂੰ ਦੇਵੇ ਇਕੱਠਾ ਸੱਦਾ, ਜੁਗ ਜੁਗ ਦੇ ਵਿਛੜੇ ਮੇਲ ਮਿਲਾਈਆ । ਜਿਨ੍ਹਾਂ ਦਾ ਲੇਖਾ ਪ੍ਰਭ ਦੇ ਹੁਕਮ ਦੀ ਲਿਖਣੀ ਕਥਾ, ਰਵਦਾਸ ਚਮਾਰਾ ਦਏ ਗਵਾਹੀਆ । ਭਾਵੇਂ ਅੱਜ ਧੁਰ ਦੇ ਹੁਕਮ ਨਾਲ ਹੱਥ ਫੜਾਇਆ ਨਹੀਂ ਗੋਬਿੰਦ ਦਾ ਭੱਥਾ, ਫਿਰ ਵੀ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਛੁਹਾਰਾ ਕਹੇ ਜਨ ਭਗਤੋ ਮੈਨੂੰ ਭਗਵਾਨ ਕੋਲੋਂ ਕਿਸੇ ਨਾ ਖਾਧਾ, ਖਾ ਕੇ ਨਾਤਾ ਪ੍ਰਭ ਦੇ ਨਾਲ ਜੁੜਾਈਆ । ਜਗਤ ਜਹਾਨ ਖੇਲ ਕਰਦਾ ਗਿਆ ਸਭ ਦਾ

ਪਿਉ ਦਾਦਾ, ਪੀਹੜੀ ਪਿਛਲੀ ਚਲੀ ਆਈਆ । ਪਰ ਯਾਦ ਕਰੋ ਕ੍ਰਿਸ਼ਨ ਨੇ ਆਪਣੇ ਮੁਖ ਨਹੀਂ ਸੀ ਲਗਾਇਆ ਤੇ ਮੁਖ ਲਗਾਇਆ ਸੀ ਰਾਧਾ, ਤੇ ਰਾਧਾ ਨੂੰ ਆਪਣਾ ਰੂਪ ਬਣਾਈਆ । ਰਾਮ ਨੇ ਹੋਰ ਕੀਤਾ ਸੀ ਵਾਧਾ, ਭੇਵ ਪੜਦਾ ਦਿਆਂ ਖੁਲ੍ਹਾਈਆ । ਸੀਤਾ ਦੇ ਮੁਖ ਵਿਚ ਕਟ ਕੇ ਪਾਇਆ ਸੀ ਅਧਾ, ਅੱਧਾ ਆਪਣੇ ਸੀਸ ਉਤੇ ਟਿਕਾਈਆ । ਨਾਲੇ ਹੱਸ ਕੇ ਕਿਹਾ ਤੇਰਾ ਫੇਰ ਚੌਥੇ ਜੁਗ ਹੋਏ ਵਾਧਾ, ਵਦੀ ਸੁਦੀ ਦਾ ਡੇਰਾ ਢਾਹੀਆ । ਝਗੜਾ ਪੈਣਾ ਵਿਚ ਜਗਤ ਵਾਲੇ ਕਾਅਬਾ, ਕਾਅਬਿਆਂ ਪਰੇ ਪਏ ਦੁਹਾਈਆ । ਉਸ ਵੇਲੇ ਪਰਮ ਪੁਰਖ ਜਨ ਭਗਤਾਂ ਮਾਰੇ ਆਵਾਜ਼ਾ, ਸੁਤਿਆਂ ਲਏ ਜਗਾਈਆ । ਜਨ ਭਗਤੋ ਇਕ ਛੁਹਾਰੇ ਨਾਲ ਤੁਹਾਡਾ ਸਭ ਦਾ ਕੀਤਾ ਕਾਜਾ, ਆਤਮ ਪਰਮਾਤਮ ਨਾਤਾ ਇਕ ਜੁੜਾਈਆ । ਜਿਸ ਵੇਲੇ ਗੋਬਿੰਦ ਨੇ ਪਹਿਲੇ ਦਿਨ ਉਡਾਇਆ ਸੀ ਬਾਜ਼ਾ, ਬਾਜ਼ਾਂ ਵਾਲਾ ਆਪਣਾ ਖੇਲ ਖਿਲਾਈਆ । ਫੇਰ ਆਪਣੇ ਆਪ ਨੂੰ ਬਣਾ ਕੇ ਸ਼ਹਿਨਸ਼ਾਹ ਰਾਜਾ, ਸ਼ਾਹ ਪਾਤਸ਼ਾਹ ਰੂਪ ਧਰਾਈਆ । ਜਿਸ ਦਿਨ ਪਹਿਲੀ ਵਾਰ ਨੀਲੇ ਦੀਆਂ ਪਕੜੀਆਂ ਸੀ ਵਾਗਾਂ, ਆਪ ਨਹੀਂ ਖਾਧਾ ਤੇ ਨੀਲੇ ਦੇ ਮੁਖ ਵਿਚ ਦਿਤਾ ਟਿਕਾਈਆ । ਓ ਜਨ ਭਗਤੋ ਤੁਹਾਡੇ ਨਾਲ ਹੋਰ ਵੇਖੋ ਵਾਧਾ, ਬਿਨਾ ਖਾਧਿਆਂ ਤੋਂ ਸਭ ਦੇ ਸਗਣ ਪੂਰੇ ਦਿਤੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸੋਲਾਂ ਕੱਤਕ ਕਹੇ ਕੀ ਸੰਦੇਸ਼ਾ ਦਿਤਾ ਛੁਹਾਰੇ, ਛੋਹਰ ਬਾਂਕਿਓ ਕੀ ਸੁਣਾਈਆ । ਬੱਧਕ ਦੇ ਦਰ ਖੇਲ ਅਪਾਰੇ, ਅਪਰੰਪਰ ਰੰਗ ਰੰਗਾਈਆ । ਜਿਸ ਦੇ ਬੱਚੇ ਜਗਤ ਕਵਾਰੇ, ਧੁਰ ਦੇ ਰਾਮ ਨਾਲ ਪਰਨਾਈਆ । ਜਿਥੇ ਅਗਨੀ ਤਤ ਨਾ ਸਾੜੇ, ਮੜ੍ਹੀ ਗੋਰ ਨਾ ਕੋਇ ਦਬਾਈਆ । ਜਿਥੇ ਵੇਖਣ ਪੈਗ਼ੰਬਰ ਗੁਰ ਅਵਤਾਰੇ, ਬੈਠੇ ਬਿਨ ਅੱਖਾਂ ਅੱਖ ਉਠਾਈਆ । ਤੁਸੀਂ ਸਾਰੇ ਇਕ ਪ੍ਰਭੂ ਦੇ ਦੁਲਾਰੇ, ਦੂਜਾ ਨਜ਼ਰ ਕੋਇ ਨਾ ਆਈਆ । ਮਾਲਵੇ ਵਾਲਿਓ ਤੁਸਾਂ ਵਸਣਾ ਸਚ ਸੱਚੇ ਦਰਬਾਰੇ, ਜਿਥੇ ਤੁਹਾਡਾ ਬੈਠਾ ਗੋਬਿੰਦ ਮਾਹੀਆ । ਤੁਸੀਂ ਪੂਰਨ ਨਾ ਸਮਝਿਓ ਪੂਰਨ ਜੋਤ ਨਿਰੰਕਾਰੇ, ਨਿਰਗੁਣ ਨੂਰ ਡਗਮਗਾਈਆ । ਜਿਹੜਾ ਭਗਵਨ ਸਦਾ ਚਲਦਾ ਭਗਤਾਂ ਦੇ ਸਹਾਰੇ, ਬਿਨਾ ਭਗਤਾਂ ਤੋਂ ਲੋਕਮਾਤ ਰੂਪ ਨਾ ਕਦੇ ਬਦਲਾਈਆ । ਆਓ ਰਲ ਮਿਲ ਕੇ ਇਕੋ ਘਰ ਬਹੀਏ ਭਗਤ ਭਗਵਨ ਦਾ ਖੇਲ ਵੱਖਰਾ ਹੋਵੇ ਵਿਚ ਸੰਸਾਰੇ, ਸੰਸਾਰੀ ਭੰਡਾਰੀ ਸੰਘਾਰੀ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤੋ ਇਕ ਛੁਹਾਰੇ ਨਾਲ ਤੁਹਾਨੂੰ ਸਭ ਨੂੰ ਜਗਤ ਖਾਰੇ ਉਤੋਂ ਉਤਾਰੇ, ਲਾੜੇ ਬਣਾ ਕੇ ਘਰ ਆਪਣੇ ਲੈ ਕੇ ਜਾਈਆ ।



✪ ੧੭ ਕੱਤਕ ਸ਼ਹਿਨਸ਼ਾਹੀ ਸੰਮਤ ੭ ਸੁਲੱਖਣ ਸਿੰਘ, ਕਿਰਪਾਲ ਸਿੰਘ, ਗਿਆਨ ਕੌਰ, ਹਜ਼ੂਰਾ ਸਿੰਘ, ਨਿਹਾਲ ਕੌਰ ਗੋਲੇਵਾਲ
ਅਜੈਬ ਸਿੰਘ, ਰਾਜ ਸਿੰਘ, ਇਕਬਾਲ ਸਿੰਘ, ਜਿੰਦ ਕੌਰ ਫਰੀਦਕੋਟ, ਹਰਜੰਦਰ ਕੌਰ, ਪਰਸਿੰਨ ਕੌਰ ਮਾਇਆ ਸ਼ੇਖ਼ਾਂ
ਬੇਅੰਤ ਸਿੰਘ ਲੀਲ, ਨਛੱਤਰ ਸਿੰਘ ਪੰਜ ਗਰਾਈਆਂ, ਪਿੰਡ ਰੁਕਨਾ ਮੁੰਗਲਾ ਜ਼ਿਲਾ ਫ਼ਿਰੋਜ਼ਪੁਰ ✪

ਘੜਾ ਕਹੇ ਪੈਗ਼ੰਬਰ ਕਲਮਾ ਪੜ੍ਹਦੇ, ਬਿਨ ਰਸਨਾ ਜਿਹਵਾ ਗਾਈਆ । ਸਚ ਦਵਾਰੇ ਸਚ ਖੜ੍ਹਦੇ, ਘਰ ਇਕੋ ਸੋਭਾ ਪਾਈਆ । ਓਹ

ਤਕੀਏ ਕਿਉਂ ਨਿਸ਼ਾਨਾ ਗੱਡਿਆ ਗਿਆ ਚੜ੍ਹਦੇ, ਚੜ੍ਹਦੀ ਕੂਟ ਵੇਖ ਵਖਾਈਆ । ਮੂਸਾ ਕਹੇ ਮੁਹੰਮਦਾ ਵੇਖ ਉਮਤ ਉਮਤੀ ਮੁਰਦੇ, ਮੁਰਦਿਆਂ ਮੁਰਸ਼ਦ ਨਾ ਕੋਇ ਸਹਾਈਆ । ਅੱਗੇ ਖੇਲ ਹੋਣੇ ਲਹਿੰਦੀ ਦਿਸ਼ਾ ਸਾਡੇ ਘਰ ਦੇ, ਘਰ ਘਰ ਪਏ ਦੁਹਾਈਆ । ਦੱਖਣ ਪਹਾੜ ਮੂਲ ਨਾ ਜਰਦੇ, ਸਾਰੇ ਭੱਜਣ ਵਾਹੋ ਦਾਹੀਆ । ਅੰਤਮ ਲੇਖੇ ਮੁਕਣੇ ਕਲਜੁਗ ਕਲ ਦੇ, ਕਲ ਕਲਕੀ ਦਏ ਮੁਕਾਈਆ । ਜਿਸ ਦਾ ਵਾਰ ਮੂਲ ਨਾ ਝਲਦੇ, ਝਲਕ ਆਪਣੀ ਇਕ ਜਣਾਈਆ । ਖੇਲ ਤਕੀਏ ਉਸ ਅਗੰਮ ਦੇ, ਜੋ ਅਗੰਮ ਅਗੋਚਰ ਇਕ ਅਖਵਾਈਆ । ਜਿਸ ਦੀ ਧਾਰੋਂ ਸਾਰੇ ਜੰਮਦੇ, ਨਿਰਗੁਣ ਨੂਰ ਕਰ ਰੁਸ਼ਨਾਈਆ । ਹੁਣ ਭੇਵ ਖੁਲ੍ਹਾਉਣੇ ਬ੍ਰਹਮ ਦੇ, ਪੜਦਾ ਆਪ ਉਠਾਈਆ । ਝਗੜੇ ਮੇਟਣੇ ਦੀਨ ਮਜ਼੍ਹਬ ਭਰਮ ਦੇ, ਭਾਂਡਾ ਭਰਮ ਭੰਨਾਈਆ । ਉਹ ਵੇਖ ਭਗਤ ਸੁਹੇਲੇ ਜੰਗਜੂ ਬਹਾਦਰ ਮਾਤਲੋਕ ਜੰਮਦੇ, ਜਿਨ੍ਹਾਂ ਦਾ ਜਾਮਨ ਇਕ ਅਖਵਾਈਆ । ਉਹ ਸਾਡੀਆਂ ਚਾਰੇ ਕੂਟਾਂ ਬੰਨ੍ਹਦੇ, ਨਿਸ਼ਾਨੇ ਧਰਤੀ ਵਿਚ ਟਿਕਾਈਆ । ਪੈਂਡੇ ਮੁਕਣੇ ਤਾਰਾ ਚੰਨ ਦੇ, ਚੰਦ ਸਿਤਾਰ ਬਣ ਕੇ ਦਿਤਾ ਵਖਾਈਆ । ਕਲਮੇ ਕਲਪਤ ਰਹਿਣੇ ਨਹੀਂ ਮਨਸਾ ਵਾਲੇ ਮਨ ਦੇ, ਮਮਤਾ ਕੂੜ ਕਰਾਈਆ । ਦਰੋਹੀ ਝਗੜੇ ਮੇਟੀ ਜਾਏ ਚੰਮ ਦੇ, ਚੰਮ ਦ੍ਰਿਸ਼ਟੀ ਆਪ ਬਦਲਾਈਆ । ਹੁਣ ਵੇਲੇ ਆਉਣੇ ਸਭ ਦੇ ਗ਼ਮ ਦੇ, ਗ਼ਮਖਾਰ ਖੇਲ ਖਿਲਾਈਆ । ਫੇਰ ਝੰਡੇ ਝੁੱਲਣੇ ਇਕੋ ਧਰਮ ਦੇ, ਧਰਮ ਨਿਸ਼ਾਨਾ ਇਕ ਉਠਾਈਆ । ਜਿਹੜੇ ਸਾਨੂੰ ਭੁੱਲ ਗਏ ਉਹ ਮੁਹੰਮਦਾ ਸਾਰੇ ਮਰਨ ਦੇ, ਮਾਰੂ ਡੰਕ ਵਜਾਈਆ । ਸ੍ਰਿਸ਼ਟੀ ਉਤੇ ਸਾਰੇ ਰਹਿ ਜਾਣ ਇਕੋ ਪੁਰਖ ਅਕਾਲ ਚਰਨ ਦੇ, ਦੂਜਾ ਇਸ਼ਟ ਨਾ ਕੋਇ ਵਖਾਈਆ । ਕਲਜੁਗ ਬਲਹੀਣ ਹੋਣੇ ਕਰਨ ਦੇ, ਕਰਨੀ ਕਰ ਨਾ ਕੋਇ ਵਖਾਈਆ । ਧੰਨ ਭਾਗ ਜੇ ਝਗੜੇ ਮਿਟਣ ਵਰਨ ਬਰਨ ਦੇ, ਇਕੋ ਬ੍ਰਹਮ ਦਏ ਸਮਝਾਈਆ । ਚਾਰੇ ਕੂਟਾਂ ਚਾਰੇ ਸ਼ਤਰੂ ਹੋ ਕੇ ਲੜਨ ਦੇ, ਮਿੱਤਰਾ ਮੀਤ ਨਾ ਕੋਇ ਅਖਵਾਈਆ । ਜਨ ਭਗਤਾਂ ਨੂੰ ਸੋਹੰ ਢੋਲਾ ਪੜ੍ਹਨ ਦੇ, ਜੋ ਗੁਰ ਅਵਤਾਰ ਪੈਗ਼ੰਬਰ ਪੜ੍ਹ ਕੇ ਆਪਣਾ ਝਟ ਲਏ ਲੰਘਾਈਆ । ਉਨ੍ਹਾਂ ਨੂੰ ਉਸ ਪ੍ਰਭੂ ਦੀ ਮੰਜ਼ਲ ਚੜ੍ਹਨ ਦੇ, ਜੋ ਸਾਡਾ ਮਾਲਕ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਿਸ਼ਾਨੇ ਕਹਿਣ ਅਸੀਂ ਧਰਤੀ ਦੇ ਵਿਚ ਠੁਕੇ, ਠੋਕ ਕੇ ਦਈਏ ਜਣਾਈਆ । ਪਿਛਲੇ ਸਭ ਦੇ ਪੈਂਡੇ ਮੁਕੇ, ਅੱਗੇ ਕਦਮ ਨਾ ਕੋਇ ਟਿਕਾਈਆ । ਪਾਣੀ ਰਹਿਣ ਨਹੀਂ ਦੇਣਾ ਕਿਸੇ ਦੇ ਹੁੱਕੇ, ਹੁਕਮ ਧੁਰ ਦਾ ਇਕ ਸੁਣਾਈਆ । ਲਹਿਣਾ ਦੇਣਾ ਸਭ ਦਾ ਚੁੱਕੇ, ਚੁਕੰਨੀ ਹੋਵੇ ਲੋਕਾਈਆ । ਖੇਲ ਵੇਖਣਾ ਕਾਇਆ ਬੁਤੇ, ਬੁਤਖ਼ਾਨੇ ਰੋਵਣ ਮਾਰਨ ਧਾਹੀਆ । ਸਾਡੇ ਮੁਰੀਦ ਆਪਣੀ ਮੰਜ਼ਲ ਰਾਹੋਂ ਘੁੱਥੇ, ਸਚ ਮਾਰਗ ਨਾ ਕੋਇ ਅਪਣਾਈਆ । ਹੁਣ ਸਾਰੇ ਕਰ ਜਾਈਏ ਚੁੱਪੇ, ਕਲਮਾ ਕਲਾਮ ਨਾ ਕੋਇ ਦ੍ਰਿੜਾਈਆ । ਦਰੋਹੀ ਸਾਡੇ ਹੁੰਦਿਆਂ ਸਦੀ ਚੌਧਵੀਂ ਹੋਇਆ ਅੰਧੇਰਾ ਘੁਪੇ, ਚੰਦ ਸਿਤਾਰ ਕਰੇ ਨਾ ਕੋਇ ਰੁਸ਼ਨਾਈਆ । ਸਾਡੀ ਜਾਤ ਨੂੰ ਸਾਡੀ ਜ਼ਾਤ ਕੋਈ ਨਾ ਪੁਛੇ, ਪਰਦਾ ਪਰਦਾ ਨਾ ਕੋਇ ਚੁਕਾਈਆ । ਅਸਾਂ ਕੀ ਕਰਨੇ ਬਿਨਾ ਕਲਮੇ ਨਾਮ ਤੋਂ ਖ਼ਾਲੀ ਜੁੱਸੇ, ਮਾਟੀ ਢੇਰੀ ਕੰਮ ਕਿਸੇ ਨਾ ਆਈਆ । ਉਹ ਵੇਖ ਸਾਡਾ ਮਿਹਰਵਾਨ ਮਹਿਬੂਬ ਹੁੰਦਾ ਗ਼ੁੱਸੇ, ਹੁਕਮ ਨਾਲ ਦਬਾਈਆ । ਸਦੀ ਵੀਹਵੀਂ ਸਭ ਨੂੰ ਫੜ ਫੜ ਕੁੱਸੇ, ਕਸਮ ਨਾਲ ਸਭ ਦੀ ਕਿਸਮ ਦਏ ਬਦਲਾਈਆ । ਆ ਚੜ੍ਹੀਏ ਉਸ ਮੰਜ਼ਲ ਉਤੇ, ਜਿਥੇ ਉੱਤਰ ਪੂਰਬ ਪੱਛਮ ਦੱਖਣ ਚਾਰੇ ਕੂਟਾਂ ਵੇਖੇ ਚਾਈਂ ਚਾਈਆ । ਅੰਤ ਰਹੀਏ ਮੂਲ ਨਾ ਸੁੱਤੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ


੧੫੨੯ ੨੨

ਖੇਲ ਸਾਚਾ ਹਰਿ, ਸਚ ਦੀ ਧਾਰ ਆਪ ਪਰਗਟਾਈਆ । ਕੁੰਭ ਕਹੇ ਮੇਰੇ ਚਾਰੋਂ ਪਹਿਰੇਦਾਰ, ਚਾਰੋਂ ਕੁੰਟ ਨਜ਼ਰੀ ਆਈਆ । ਇਹ ਖੇਲ ਅਗੰਮ ਅਪਾਰ, ਅਲਖ ਅਗੋਚਰ ਆਪ ਕਰਾਈਆ । ਉਠ ਵੇਖ ਮੁਹੰਮਦ ਯਾਰ, ਯਾਰਾ ਦਿਆਂ ਸੁਣਾਈਆ । ਚਾਰੋਂ ਕੁੰਟ ਹਾਹਾਕਾਰ, ਹੋਕਾ ਹੱਕ ਨਾ ਕੋਇ ਸੁਣਾਈਆ । ਆਪਣਾ ਵੇਲਾ ਵਕਤ ਵਿਚਾਰ, ਜੋ ਵਿਚਰ ਕੇ ਦਿਤਾ ਜਣਾਈਆ । ਸਦੀ ਚੌਧਵੀਂ ਵੇਖ ਅੰਤ ਸੰਸਾਰ, ਬਿਨ ਅੱਖਾਂ ਅੱਖ ਉਠਾਈਆ । ਕਿਉਂ ਤੇਰੀ ਉਮਤ ਹੋਈ ਗ਼ਦਾਰ, ਗਦਾਗਰ ਨਜ਼ਰੀ ਆਈਆ । ਤੇਰਾ ਕਰੇ ਨਾ ਕੋਇ ਦੀਦਾਰ, ਦੀਦਾ ਦਾਨਿਸਤਾ ਦਰਸ ਕੋਇ ਨਾ ਪਾਈਆ । ਚਾਰੋਂ ਕੁੰਟ ਹੋਏ ਖੁਆਰ, ਖੁਆਰੀ ਘਰ ਘਰ ਵੇਖ ਵਖਾਈਆ । ਲੇਖਾ ਮੁਕਦਾ ਚਾਰ ਯਾਰ, ਯਰਾਨਾ ਤੋੜ ਨਾ ਕੋਇ ਨਿਭਾਈਆ । ਸਾਡਾ ਰਹਿਣਾ ਨਹੀਂ ਅਖਤਿਆਰ, ਮੁਖ਼ਤਾਰ ਨਜ਼ਰ ਕੋਇ ਨਾ ਆਈਆ । ਦੁਖਤੇਰ ਰਜ਼ ਨਸ਼ਾ ਸਭ ਦਾ ਦਏ ਉਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਕਾਰ ਕਮਾਈਆ । ਘੜਾ ਕਹੇ ਮੈਂ ਬੈਠਾ ਅਧਵਿਚਕਾਰ, ਕਦਮ ਕਦਮ ਵੰਡ ਵੰਡਾਈਆ । ਮੇਰਾ ਲੇਖਾ ਨਾਲ ਚਾਰ ਯਾਰ, ਚਹੁੰਆਂ ਦਿਆਂ ਦ੍ਰਿੜਾਈਆ । ਵੇਖੇ ਜਿਸ ਦੇ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਉਹ ਹੁਕਮ ਦੇਵੇ ਸੱਚੀ ਸਰਕਾਰ, ਸਿਰ ਸਿਰ ਆਪਣਾ ਹੁਕਮ ਮਨਾਈਆ । ਤੁਹਾਡਾ ਪੂਰਾ ਹੋਇਆ ਇਕਰਾਰ, ਵਾਅਦਾ ਵੇਖੇ ਚਾਈਂ ਚਾਈਂਆ । ਅੱਗੇ ਰਹੇ ਨਾ ਕੋਇ ਤਕਰਾਰ, ਝਗੜਾ ਨਾ ਕੋਇ ਜਣਾਈਆ । ਇਹ ਖੇਲ ਇਸਤਿਗੁਫ਼ਾਰ, ਬੇਨਜ਼ੀਰ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸਮਝਾਈਆ । ਕੁੰਭ ਕਹੇ ਜਿਸ ਵੇਲੇ ਗੋਬਿੰਦ ਪੁੱਠਾ ਰੱਖਿਆ, ਨਿਸ਼ਾਨੇ ਚਾਰ ਚਾਰ ਲਗਾਈਆ । ਇਕੋ ਹੁਕਮ ਸੰਦੇਸ਼ਾ ਦੱਸਿਆ, ਬਿਨ ਅੱਖਰਾਂ ਕਰ ਪੜ੍ਹਾਈਆ । ਜਿਸ ਵੇਲੇ ਕਲਜੁਗ ਅੰਤ ਹੋਏ ਅੰਧੇਰੀ ਮੱਸਿਆ, ਸਾਚਾ ਚੰਦ ਨਾ ਕੋਇ ਚਮਕਾਈਆ । ਮੇਰਾ ਪੁਰਖ ਅਕਾਲਾ ਆਵੇ ਨੱਸਿਆ, ਮਾਲਕ ਧੁਰਦਰਗਾਹੀਆ । ਮੈਂ ਸੁਣਾਵਾਂ ਉਸ ਦੀ ਕਥਿਆ, ਸਤਿਗੁਰ ਸ਼ਬਦ ਹੋ ਕੇ ਚਾਈਂ ਚਾਈਂਆ । ਜਿਸ ਦਾ ਲੇਖ ਜਾਏ ਨਾ ਲਖਿਆ, ਲਿਖਤ ਵਿਚ ਕਦੇ ਨਾ ਆਈਆ । ਮੇਰਾ ਨਿਸ਼ਾਨਾ ਉਸ ਵੇਲੇ ਹੋਵੇ ਮੇਰਾ ਪੀਲੇ ਰੰਗ ਦਾ ਭੱਥਿਆ, ਕੰਧੇ ਉਤੇ ਟਿਕਾਈਆ । ਇਕ ਬਚਨ ਕੀਤਾ ਸੱਚਿਆ, ਸਚ ਦਿਤਾ ਸਮਝਾਈਆ । ਪਾਣੀ ਮਿਲਣਾ ਨਹੀਂ ਮਦੀਨਾ ਮੱਕਿਆ, ਮਕਬਰੇ ਰੋਵਣ ਮਾਰਨ ਧਾਹੀਆ । ਈਸਾ ਮੂਸਾ ਹੋਵੇ ਅੰਗੀਠਾ ਤਪਿਆ, ਅਗਨੀ ਅੱਗ ਨਾ ਕੋਇ ਬੁਝਾਈਆ । ਪ੍ਰਭ ਦਾ ਖੇਲ ਰਹਿਣਾ ਨਹੀਂ ਛਪਿਆ, ਉਗਣ ਆਥਣ ਵੇਖ ਵਖਾਈਆ । ਵਾਹਿਦਾ ਕੌਲ ਇਕਰਾਰ ਪੱਕਿਆ, ਨਾ ਕੋਈ ਮੇਟੇ ਮੇਟ ਮਿਟਾਈਆ । ਅੰਤਮ ਸਭ ਦਾ ਧਰਨੀ ਉਤੇ ਪੈਣਾ ਰੱਟਿਆ, ਝਗੜੇ ਵਿਚ ਖ਼ਲਕ ਖ਼ੁਦਾਈਆ । ਸ਼ਾਹ ਸੁਲਤਾਨਾਂ ਕੀਮਤ ਰਹੇ ਨਾ ਟਕਿਆ, ਰਾਜ ਰਾਜਾਨ ਨਾ ਕੋਇ ਚਤੁਰਾਈਆ । ਲੇਖਾ ਸਭ ਦਾ ਪੂਰਾ ਹੋਣਾ ਇਕੱਠਿਆ, ਹਿੱਸਾ ਵੰਡ ਨਾ ਕੋਇ ਵੰਡਾਈਆ । ਜਗਤ ਮੁਨਾਰਾ ਸਭ ਦਾ ਹੋਣਾ ਢੱਠਿਆ, ਮਹੱਲ ਅਟਲ ਨਾ ਕੋਇ ਸੁਹਾਈਆ । ਸ੍ਰਿਸ਼ਟੀ ਜ਼ੀਰੋ ਹੋਣੀ ਵਿਚ ਬਟਿਆ, ਨਿਰਗੁਣ ਸਰਗੁਣ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਿਸ਼ਾਨ ਕਹਿਣ ਅਸੀਂ ਧਰਨੀ ਦੇ ਵਿਚ ਖੁੱਭੇ, ਖੂਬ ਦਈਏ ਜਣਾਈਆ । ਅਵਤਾਰ ਪੈਗੰਬਰ ਗੁਰ ਸਾਹ ਲੈਂਦੇ ਉਭੇ, ਹੌਲੀ ਹੌਲੀ ਰਹੇ ਸੁਣਾਈਆ । ਪ੍ਰਭੂ ਕੀ ਖੇਲ ਕਰੇ ਗੁੱਝੇ, ਪਰਦਾ ਸਕੇ ਨਾ ਕੋਇ ਉਠਾਈਆ । ਜਿਸ ਨੇ ਭੇਵ ਭਾਵ ਮੇਟਣੇ ਦੂਜੇ,

੧੫੩੦
੨੨

ਦੁਤੀਆ ਭਾਉ ਚੁਕਾਈਆ । ਉਸ ਦਾ ਖੇਲ ਵੇਖੀਏ ਦਰਗਹ ਸਾਚੀ ਮੁਨਾਰੇ ਉਚੇ, ਖਿੜਕੀ ਤਾਕੀ ਇਕ ਖੁਲ੍ਹਾਈਆ । ਘੜਾ ਕਹੇ ਕਿਸੇ ਦੇ ਹਿਰਦੇ ਰਹਿਣ ਨਹੀਂ ਦੇਣੇ ਸੁੱਚੇ, ਸੁਚ ਸੰਜਮ ਜਗਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਧਾਰ ਇਕ ਵਖਾਈਆ । ਘੜਾ ਕਹੇ ਮੇਰੇ ਨਿਸ਼ਾਨੇ ਨਿਸ਼ਾਨੇ ਦੱਸਣ ਭਗਤ, ਜਨ ਭਗਤ ਮਿਲੇ ਵਡਿਆਈਆ । ਜਿਨ੍ਹਾਂ ਦੇ ਪਿਛੇ ਪਰਮ ਪੁਰਖ ਆਇਆ ਪਰਤ, ਪਤਿਪਰਮੇਸ਼ਵਰ ਬੇਪਰਵਾਹੀਆ । ਭੇਵ ਖੁਲ੍ਹਾਇਆ ਉਪਰ ਧਰਤ, ਧਰਨੀ ਧਰਤ ਧੌਲ ਧਵਲ ਰੰਗ ਰੰਗਾਈਆ । ਵੇਸ ਵਟਾ ਕੇ ਵਾਲੀ ਅਰਸ਼, ਅਰਸ਼ੀ ਪ੍ਰੀਤਮ ਫੇਰਾ ਪਾਈਆ । ਹਰਿਜਨ ਦੇ ਕੇ ਸਾਚਾ ਦਰਸ, ਆਦਰਸ਼ ਆਪਣਾ ਇਕ ਸਮਝਾਈਆ । ਘੜਾ ਕਹੇ ਬਿਨਾ ਮੇਰੇ ਪਾਣੀ ਤੋਂ ਅੰਮ੍ਰਿਤ ਮੇਘ ਬਰਸ, ਸਾਂਤਕ ਸਤਿ ਸਤਿ ਕਰਾਈਆ । ਗ਼ਰੀਬ ਨਿਮਾਣਿਆਂ ਕਰ ਤਰਸ, ਰਹਿਮਤ ਆਪਣੀ ਸਚ ਰਖਾਈਆ । ਮੈਨੂੰ ਯਾਦ ਆ ਗਿਆ ਜਿਸ ਵੇਲੇ ਮਸੀਹ ਨੇ ਨਿਸ਼ਾਨਾ ਦਿਤਾ ਸੀ ਚਰਚ, ਚਰਾਗ਼ਾਹਾਂ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਘੜਾ ਕਹੇ ਮੇਰੀ ਚਰਚਾਂ ਵਿਚ ਕੀਤੀ ਚਰਚਾ, ਮਸੀਹ ਚਾਰ ਵਾਰ ਜਣਾਈਆ । ਫਿਰ ਲਿਖ ਕੇ ਅਗੰਮੀ ਪਰਚਾ, ਪੋਸ਼ੀਦਾ ਦਿਤਾ ਦਬਾਈਆ । ਨਾਲੇ ਹੱਸ ਕੇ ਕਿਹਾ ਤੇਰਾ ਮੇਰੇ ਸਿਰ ਕਰਜ਼ਾ, ਮਕਰੂਜ਼ ਆਪ ਅਖਵਾਈਆ । ਤੇਰਾ ਫੇਰ ਦੱਸਾਂ ਦਰਜਾ, ਕੀ ਮਾਤ ਵਡਿਆਈਆ । ਬੀਸ ਸਦੀ ਨਾ ਹੋਵੇ ਹਰਜਾ, ਹਰਜਾਨੇ ਅਵਰ ਨਾ ਕੋਇ ਰਖਾਈਆ । ਜਿਸ ਵੇਲੇ ਲੇਖਾ ਮੁਕਣਾ ਚਰਚਾਂ ਗਿਰਜਾ, ਗਹਿਰ ਗੰਭੀਰ ਖੇਲ ਖਿਲਾਈਆ । ਕਿਸੇ ਦਾ ਸਾਫ਼ ਰਹਿਣਾ ਨਹੀਂ ਹਿਰਦਾ, ਹਿਰਦੇ ਹਰਿ ਨਾ ਕੋਇ ਵਸਾਈਆ । ਮੇਰਾ ਮਾਲਕ ਮਹਿਬੂਬ ਆਉਣਾ ਫਿਰਦਾ ਫਿਰਦਾ, ਨੂਰ ਨੁਰਾਨਾ ਪੰਧ ਮੁਕਾਈਆ । ਉਸ ਵੇਲੇ ਉਲਟਾ ਗੇੜਾ ਹੋਵੇ ਗਿੜਦਾ, ਚਾਰ ਕੁੰਟ ਗਿੜਾਈਆ । ਦੀਨ ਮਜ਼੍ਹਬ ਦਾ ਜੰਗ ਹੋਵੇ ਛਿੜਦਾ, ਛੇਕੜ ਤੈਨੂੰ ਦਿਆਂ ਸੁਣਾਈਆ । ਤੂੰ ਵਣਜਾਰਾ ਬਣਨਾ ਭਗਤਾਂ ਵਾਲੇ ਪਿੜ ਦਾ, ਚਾਰ ਨਿਸ਼ਾਨੇ ਗੱਡ ਕੇ ਆਪਣਾ ਅਖਾੜਾ ਦਈਂ ਵਖਾਈਆ । ਫੇਰ ਖੇਲ ਵੇਖਣਾ ਨਿਰਵੈਰ ਨਿਰ ਦਾ, ਨਿਰਗੁਣ ਕੀ ਹੁਕਮ ਵਰਤਾਈਆ । ਕਿਤੇ ਭੁੱਲ ਨਾ ਜਾਈਂ ਸੰਦੇਸਾ ਚਿਰ ਦਾ, ਚਿਰੀ ਵਿਛੁੰਨੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪਣੇ ਹੱਥ ਰਖਾਈਆ । ਕੁੰਭ ਕਹੇ ਮੈਂ ਝਟ ਓਸੇ ਵੇਲੇ ਕੰਬਿਆ, ਆਪਣਾ ਆਪ ਹਿਲਾਈਆ । ਮੈਂ ਕਿਹੜੀ ਧਾਰੋਂ ਜੰਮਿਆ, ਕਵਣ ਮੇਰੀ ਮਾਈਆ । ਨਾ ਮਾਟੀ ਨਾ ਚੰਮਿਆ, ਹੱਡੀ ਨਾੜ ਨਾ ਕੋਇ ਸੁਹਾਈਆ । ਨਾ ਖ਼ੁਸ਼ੀ ਨਾ ਗ਼ਮਿਆ, ਚਿੰਤਾ ਚਿਖਾ ਨਾ ਕੋਇ ਵਖਾਈਆ । ਨਾ ਵਜੂਦ ਨਾ ਤਨਿਆ, ਮਨਸਾ ਮਨ ਨਾ ਕੋਇ ਭਵਾਈਆ । ਨਾ ਨੇਤਰ ਨਾ ਅੰਨ੍ਹਿਆ, ਨੈਣਹੀਣ ਨਾ ਖੇਲ ਖਿਲਾਈਆ । ਨਾ ਸਰਵਣ ਨਾ ਕੰਨਿਆ, ਨਾ ਰਾਗ ਸ਼ਬਦ ਸ਼ਨਵਾਈਆ । ਨਾ ਆਸ਼ਾ ਤ੍ਰਿਸ਼ਨਾ ਤਮਿਆ, ਨਾ ਤ੍ਰਿਖਾ ਜਗਤ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਮੇਰੀ ਬਣਤ ਦਿਤੀ ਬਣਾਈਆ । ਕੁੰਭ ਕਹੇ ਮੇਰੀ ਈਸਾ ਰੱਖੀ ਆਸਾ, ਮਸੀਹ ਮਸਲਾ ਗਿਆ ਜਣਾਈਆ । ਸਦੀ ਵੀਹਵੀਂ ਰੱਖ ਭਰਵਾਸਾ, ਧੀਰਜ ਧੀਰ ਇਕ ਧਰਾਈਆ । ਮੇਰਾ ਆਵੇ ਸ਼ਾਹੋ ਸ਼ਾਬਾਸਾ, ਸ਼ਹਿਨਸ਼ਾਹ ਅਗੰਮ ਅਥਾਹੀਆ । ਖੇਲ ਖੇਲੇ ਤਮਾਸ਼ਾ, ਤੇਰਾ ਰੰਗਣ ਰੰਗ ਰੰਗਾਈਆ । ਸ਼੍ਰਿਸ਼ਟੀ ਹੱਥ ਫੜਾਏ ਕਾਸਾ, ਜਗਤ ਭਿਖਾਰੀ ਦਏ ਬਣਾਈਆ । ਸਚ ਸਚ ਦੀ ਪਾਵੇ ਰਾਸਾ, ਆਪਣੀ ਖੇਲ


੧੫੩੧
੨੨

ਖਿਲਾਈਆ । ਯਾਦ ਕਰੀਂ ਤੇਰਾ ਭਗਤਾਂ ਵਿਚ ਹੋਵੇ ਵਾਸਾ, ਦੂਸਰ ਸੰਗ ਨਾ ਕੋਇ ਬਣਾਈਆ । ਚਾਰੋਂ ਕੁੰਟ ਬਣਿਆ ਰਹੀਂ ਰਾਖਾ, ਨਿਸ਼ਾਨੇ ਚਾਰ ਚਾਰ ਗਡਾਈਆ । ਕੁੰਭ ਕਹੇ ਇਹ ਬਚਨ ਮੋਹੇ ਭਾਖਾ, ਸਮਝ ਵਿਚ ਸਮਝਾਈਆ । ਮੈਂ ਖ਼ੁਸ਼ੀਆਂ ਦੇ ਵਿਚ ਨਾਚਾ, ਟੱਪਿਆ ਚਾਈਂ ਚਾਈਆ । ਵਾਹਵਾ ਮੇਰਾ ਲੇਖਾ ਮੁੱਕਿਆ ਨਾਲ ਜਗਤ ਚਾਚਾ, ਪਿਤਾ ਪੁਰਖ ਅਕਾਲ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਘੜਾ ਕਹੇ ਜਨ ਭਗਤੋ ਮੈਂ ਦੱਸਾਂ ਇਕ ਅਖ਼ੀਰ, ਆਖ਼ਰ ਇਕ ਜਣਾਈਆ । ਤੁਹਾਡਾ ਪੰਜਾਂ ਤਤਾਂ ਵਾਲਾ ਸ਼ਰੀਰ, ਕੁੰਭ ਮਾਟੀ ਨਜ਼ਰੀ ਆਈਆ । ਅੰਮ੍ਰਿਤ ਰਸ ਮਿਲੇ ਨਾ ਨਾਭੀ ਨੀਰ, ਪੁੱਠਾ ਸਿੱਧਾ ਨਾ ਕੋਇ ਬਣਾਈਆ । ਮੇਰੇ ਉਤੇ ਹੱਥ ਰੱਖਿਆ ਸੀ ਕਬੀਰ, ਢੋਲਾ ਖ਼ੁਸ਼ੀਆਂ ਵਾਲਾ ਗਾਈਆ । ਨਾਲੇ ਹੱਸ ਕੇ ਕਿਹਾ ਗੰਗਾ ਜਲ ਵਿਚ ਮੈਨੂੰ ਵੱਜੇ ਜ਼ੰਜੀਰ, ਸ਼ਰਅ ਸ਼ਰਅ ਨਾਲ ਟਕਰਾਈਆ । ਮੈਂ ਵੇਖਿਆ ਖੇਲ ਬੇਨਜ਼ੀਰ, ਬਿਨ ਨੈਣਾ ਨੈਣ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਕੁੰਭ ਕਹੇ ਜਨ ਭਗਤੋ ਤੁਹਾਡਾ ਸਰੀਰ ਮੇਰੇ ਵਰਗਾ ਕੱਚਾ ਘੜਾ, ਘੜੀ ਘੜੀ ਪਲ ਪਲ ਦਿਆਂ ਜਣਾਈਆ । ਪਿਛੇ ਚੁਰਾਸੀ ਦਾ ਸਮਾਂ ਵੇਖਿਆ ਬੜਾ, ਜੂਨ ਜੂਨੀ ਵੇਸ ਵਟਾਈਆ । ਅਣਗਿਣਤ ਵਾਰ ਤਨ ਵਜੂਦ ਅਗਨੀ ਸੜਾ, ਕਬਰਾਂ ਵਿਚ ਦਫ਼ਨਾਈਆ । ਹੁਣ ਸਾਹਿਬ ਸਵਾਮੀ ਤੁਹਾਡੇ ਚਾਰੋਂ ਤਰਫ਼ ਖੜ੍ਹਾ, ਮੇਰੇ ਚਾਰ ਨਿਸ਼ਾਨੇ ਦੇਣ ਗਵਾਹੀਆ । ਜੋ ਜੁਗ ਜੁਗ ਇਕੋ ਸਾਹਿਬ ਸਤਿਗੁਰ ਬੜਾ, ਵਡ ਵੱਡਾ ਵਡ ਵਡਿਆਈਆ । ਜਨ ਭਗਤ ਸੁਹੇਲੇ ਤਾਰੇ ਤਰਾ ਤਰਾ, ਤਰੀਕਾ ਆਪਣਾ ਇਕ ਜਣਾਈਆ । ਤੁਹਾਡੀ ਦੀਨ ਮਜ਼੍ਹਬ ਦੀ ਤੁਟੀ ਸ਼ਰਅ, ਸ਼ਰਅ ਜ਼ੰਜੀਰ ਦਿਤਾ ਤੁੜਾਈਆ । ਇਕੋ ਗ੍ਰਿਹਿ ਤੇ ਇਕੋ ਘਰਾ, ਮੰਦਰ ਇਕ ਵਖਾਈਆ । ਜਿਥੇ ਹਰਿਜਨ ਹਰਿ ਭਗਤ ਕਦੇ ਨਾ ਮਰਾ, ਸਦ ਮਰ ਜੀਵਤ ਰੂਪ ਵਟਾਈਆ । ਤੁਸਾਂ ਨਾਮ ਸੰਦੇਸਾ ਸੁਣਨਾ ਪਰਾ, ਪਸੰਤੀ ਮਧਮ ਬੈਖਰੀ ਦੀ ਲੋੜ ਰਹੇ ਨਾ ਰਾਈਆ । ਤੁਹਾਡੇ ਮੇਰੇ ਵਿਚ ਫ਼ਰਕ ਨਹੀਂ ਹੈ ਜ਼ਰਾ, ਘੜਾ ਕੁੰਭ ਰਿਹਾ ਜਣਾਈਆ । ਵੇਖੋ ਮੈਨੂੰ ਮੂਧਾ ਤੁਹਾਡੇ ਵਿਚ ਧਰਾ, ਧਰਨੀ ਉਤੇ ਟਿਕਾਈਆ । ਮੇਰੇ ਉਤੇ ਚੰਦ ਸਿਤਾਰਾ ਪੜਾ, ਬੈਠਾ ਆਸਣ ਲਾਈਆ । ਮੈਂ ਫੇਰ ਮੂਲ ਨਹੀਂ ਡਰਾ, ਭੈ ਨਾ ਕੋਇ ਵਖਾਈਆ । ਮੈਂ ਹੱਸ ਕੇ ਕਿਹਾ ਤਾਰੇ ਚੰਨਾ ਹੁਣ ਰਹਿਣਾ ਨਹੀਂ ਤੁਹਾਡਾ ਧੜਾ, ਧਾੜਵੀ ਸਭ ਦੇ ਲੇਖੇ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਤਾਰਾ ਚੰਦ ਕਹੇ ਅਸੀਂ ਆ ਗਏ ਵਿਚ ਘੇਰੇ, ਰਸਤਾ ਨਜ਼ਰ ਕੋਇ ਨਾ ਆਈਆ । ਚੜ੍ਹਦੇ ਭਗਤ ਡਾਂਗ ਰਿਹਾ ਫੇਰੇ, ਆਪਣਾ ਬਲ ਪ੍ਰਗਟਾਈਆ । ਤਿੰਨੇ ਕੂਟਾਂ ਜੰਗਜੂ ਗੁਰਮੁਖਾਂ ਲਾ ਲਏ ਡੇਰੇ, ਰਸਤਾ ਨਜ਼ਰ ਕੋਇ ਨਾ ਆਈਆ । ਕਿਸ ਬਿਧ ਵੜਾਂ ਮੁਹੰਮਦ ਵਾਲੇ ਵਿਹੜੇ, ਭੱਜਾਂ ਵਾਹੋ ਦਾਹੀਆ । ਸਭ ਦਾ ਵਕਤ ਆ ਗਿਆ ਨੇੜੇ, ਦੂਰ ਦੁਹਾਡਾ ਪੰਧ ਮੁਕਾਈਆ । ਬਹੁੜੀ ਇਸਮ ਜਿਸਮ ਦੇ ਪੈਣੇ ਝੇੜੇ, ਅੱਗੇ ਹੋ ਨਾ ਕੋਇ ਅਟਕਾਈਆ । ਪਰਵਰਦਿਗਾਰ ਸਭ ਦੀ ਜੜ੍ਹ ਉਖੇੜੇ, ਤਨਾ ਤਨ ਨਾ ਕੋਇ ਵਖਾਈਆ । ਜਨ ਭਗਤਾਂ ਉਤੇ ਕਰੇ ਮਿਹਰੇ, ਮਿਹਰ ਨਜ਼ਰ ਤਕਾਈਆ । ਚਾੜ੍ਹ ਕੇ ਆਪਣੇ ਬੇੜੇ, ਮੰਜ਼ਲ ਹੱਕ ਦਏ ਪਹੁੰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਕੁੰਭ ਕਹੇ ਮੈਂ ਤੱਕਿਆ ਭਗਤ ਪਿਆਰ, ਭਗਵਨ ਦਿਤੀ ਵਡਿਆਈਆ । ਜਿਨ੍ਹਾਂ

੧੫੩੨ ੨੨

ਦੇ ਸੀਸ ਧਰੀ ਦਸਤਾਰ, ਸਿਰ ਆਪਣੇ ਲੇਖੇ ਪਾਈਆ । ਫਿਰ ਜਨਮ ਲੈਣਾ ਪਏ ਨਾ ਵਿਚ ਸੰਸਾਰ, ਚੁਰਾਸੀ ਵੰਡ ਨਾ ਕੋਇ ਵੰਡਾਈਆ । ਇਨ੍ਹਾਂ ਨਾਂ ਰਹੇ ਜੁਗ ਚਾਰ, ਧਰਮ ਗ੍ਰੰਥ ਦੇਣ ਗਵਾਹੀਆ । ਜਿਸ ਦਾ ਅੱਗੇ ਹੋਣਾ ਵਿਸਥਾਰ, ਭੇਵ ਅਭੇਦ ਦਏ ਖੁਲ੍ਹਾਈਆ । ਘੜਾ ਕਹੇ ਮੈਂ ਭਗਤਾਂ ਬਹਿ ਕੇ ਵਿਚਕਾਰ, ਘਰਾਨਾ ਆਪਣਾ ਲਿਆ ਬਣਾਈਆ । ਨਾਤਾ ਤੋੜ ਕੂੜ ਸੰਸਾਰ, ਪਿਛਲਾ ਪੈਂਡਾ ਪੰਧ ਮੁਕਾਈਆ । ਅੱਗੇ ਬੋਲ ਇਕ ਜੈਕਾਰ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਚੌਥੇ ਜੁਗ ਮੇਰਾ ਚੌਥੇ ਘਰ ਹੋਇਆ ਵਿਹਾਰ, ਪੁੱਠੇ ਤੋਂ ਸਿੱਧਾ ਦੇਣਾ ਕਰਾਈਆ । ਮੈਂ ਸੰਦੇਸ਼ਾ ਦੇਣਾ ਚਾਰ ਯਾਰ, ਪੈਗ਼ਾਮ ਇਕ ਦ੍ਰਿੜਾਈਆ । ਅਮਾਮ ਅਮਾਮਾ ਪਾਵੇ ਸਾਰ, ਕਲ ਕਲਕੀ ਨੂਰ ਇਲਾਹੀਆ । ਜੋਤੀ ਜਾਤਾ ਹੋ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸਚ ਆਪਣਾ ਆਪ ਖੇਲ ਖਿਲਾਈਆ ।



## ✪ ੧੮ ਕੱਤਕ ਸ਼ਹਿਨਸ਼ਾਹੀ ਸੰਮਤ ੭ ਸੁਲੱਖਣ ਸਿੰਘ ਦੇ ਗ੍ਰਿਹ ਪਿੰਡ ਰੁਕਨਾ ਮੁੰਗਲਾ ਜ਼ਿਲਾ ਫ਼ਿਰੋਜ਼ਪੁਰ ✪

ਕੁੰਭ ਕਹੇ ਮੇਰਾ ਤ੍ਰੈਲੋਕੀ ਨਾਥ ਨੇ ਵੇਖਿਆ ਨਿਸ਼ਾਨਾ, ਚਾਰੇ ਕੂਟਾਂ ਬੰਦ ਕਰਾਈਆ । ਮੈਂ ਮੰਗਿਆ ਪਿਛਲਾ ਦਾਨਾ, ਦਾਨਸ਼ਮੰਦ ਹੋ ਕੇ ਦਿਆਂ ਸੁਣਾਈਆ । ਆਹ ਵੇਖ ਮੇਰੇ ਤ੍ਰੈਲੋਕੀ ਨਾਥ ਭਗਵਾਨਾ, ਕੀ ਤੇਰਾ ਭਗਵਨ ਖੇਲ ਖਿਲਾਈਆ । ਕੌਰਵ ਪਾਂਡਵ ਲੜਾਵਣ ਵਾਲੇ ਜਵਾਨਾ, ਆਪਣੀ ਖੇਲ ਖਿਲਾਈਆ । ਅੱਗੇ ਤਕ ਤੇਰੇ ਨਾਲੋਂ ਖੇਲ ਹੋਰ ਮਹਾਨਾ, ਹਰਿ ਕਰਤਾ ਆਪ ਕਰਾਈਆ । ਮੁਹੰਮਦ ਵੱਲ ਕਰ ਧਿਆਨਾ, ਕੀ ਸੰਦੇਸਾ ਰਿਹਾ ਸੁਣਾਈਆ । ਮੱਕਾ ਮਦੀਨਾ ਨਾਪ ਬਿਨ ਪੈਮਾਨਾ, ਪੈਮਾਇਸ਼ ਪ੍ਰਭ ਦੇ ਹੱਥ ਫੜਾਈਆ । ਚਾਰ ਯਾਰੀ ਨੈਣ ਸ਼ਰਮਾਣਾ, ਨੇਤਰ ਅੱਖ ਨਾ ਕੋਇ ਉਠਾਈਆ । ਈਸਾ ਫਿਰੇ ਹੋ ਦੀਵਾਨਾ, ਮੂਸਾ ਮਸਲਾ ਰਿਹਾ ਜਣਾਈਆ । ਸੰਦੇਸਾ ਸੁਣੇ ਧੁਰ ਫ਼ਰਮਾਨਾ, ਜੋ ਧੁਰ ਮਾਲਕ ਆਪ ਜਣਾਈਆ । ਹੈਰਾਨ ਹੋ ਕੇ ਕਹੇ ਕੀ ਖੇਲ ਹੋਣਾਂ ਵਿਚ ਮੈਦਾਨਾ, ਮਿਹਰਵਾਨ ਕੀ ਕਾਰ ਭੁਗਤਾਈਆ । ਝਟ ਗੋਬਿੰਦ ਮਾਰਿਆ ਤਾਅਨਾ, ਹੁਕਮ ਇਕ ਸੁਣਾਈਆ । ਪੈਗ਼ੰਬਰੋ ਤੁਹਾਡਾ ਦੇਸ਼ ਹੋਣਾ ਬੇਗਾਨਾ, ਬੇਗਮਾਂ ਦਾ ਮਾਲਕ ਨਜ਼ਰ ਕੋਇ ਨਾ ਆਈਆ । ਅਠਾਰਾਂ ਕੱਤਕ ਸਭ ਨੂੰ ਸ਼ਰਅ ਦਾ ਭਰਨਾ ਪਏ ਜੁਰਮਾਨਾ, ਹੁਕਮ ਧੁਰ ਦਾ ਲੱਗੇ ਥਾਉਂ ਥਾਈਆ । ਗੁਰਮੁਖ ਜੰਗ ਜੂ ਬਹਾਦਰ ਨਾਲ ਤ੍ਰਿਪਤ ਘੜਾ ਕਹੇ ਮੇਰੇ ਗਲ ਨੂੰ ਬੰਨ੍ਹ ਦੇਣ ਸੱਤਾਂ ਕੌਡੀਆਂ ਵਾਲਾ ਗਾਨਾ, ਮੌਲੀ ਦੇ ਤੰਦ ਸੱਤ ਸੱਤ ਬੰਧਾਈਆ । ਫੇਰ ਜਲ ਦੇ ਨਾਲ ਭਰਾਨਾ, ਸਵਾ ਸਵਾ ਸੇਰ ਟਿਕਾਈਆ । ਮੈਂ ਸਭ ਦਾ ਲੇਖ ਚੁਕਾਉਣਾ, ਚੁਕੰਨੇ ਸਭ ਨੂੰ ਦਿਆਂ ਕਰਾਈਆ । ਪੈਗ਼ੰਬਰੋ ਸਭ ਨੇ ਤਕਣਾ ਪ੍ਰਭੂ ਦੇ ਭਗਤਾਂ ਵਿਚ ਨਹੀਂ ਕੋਈ ਬੇਗਾਨਾ, ਬੇਦਰ ਨਜ਼ਰ ਕੋਇ ਨਾ ਆਈਆ । ਉਨੀ ਕੱਤਕ ਮੇਰੇ ਵਿਚ ਚਵ੍ਹਾਂ ਨੇ ਪੰਜ ਪੰਜ ਅਨਾਜ ਦਾ ਪਾਉਣਾ ਦਾਣਾ, ਦਾਣੇ ਦਾਣੇ ਉਤੇ ਮੋਹਰ ਲਗਾਈਆ । ਮੇਰੇ ਥੱਲੇ ਟਿਕਾਣਾ ਇਕ ਸਰਹਾਣਾ, ਸੋਹਣੀ ਵਿਛਾਉਣੀ ਲੇਫ ਤਲਾਈਆ । ਫੇਰ ਚਹੁੰਆਂ ਨੇ ਕਰਨਾ ਜੰਗੀ ਬਾਣਾ, ਨੰਗੇ ਖੰਡੇ ਕੰਧਿਆਂ ਉਤੇ ਟਿਕਾਈਆ । ਵੀਹ ਕੱਤਕ ਦਾ ਲੇਖਾ ਹੋਣ ਨਹੀਂ ਦੇਣਾ ਪੁਰਾਣਾ, ਪਰਮ ਪੁਰਖ ਰਿਹਾ ਦ੍ਰਿੜਾਈਆ । ਮੇਰੇ ਵਿਚ ਇਕ ਇਕ ਚਹੁੰਆਂ ਨੇ ਰੱਖਣਾ ਕਾਨਾ, ਕਾਹਨੀ ਮੁਹੰਮਦ ਦੇ ਦੇਣੇ ਸਮਝਾਈਆ ।

ਚਿੱਟੀ ਚਾਦਰ ਦਾ ਕੋਲ ਲਾਉਣਾ ਸ਼ਾਮਿਆਨਾ, ਸ਼ਮਾਂ ਦੀਪਕ ਥੱਲੇ ਪੰਜ ਦੇਣੇ ਰਖਾਈਆ । ਸਭ ਦੇ ਕੋਲ ਲਿਖਿਆ ਹੋਵੇ ਇਕ ਗੋਬਿੰਦ ਦਾ ਪਰਵਾਨਾ, ਦੂਜਾ ਲੇਖਾ ਨਾ ਕੋਇ ਬਣਾਈਆ । ਜਿਸ ਨੇ ਬਦਲ ਦੇਣਾ ਵਿਧਾਨਾ, ਵਿਧੀ ਆਪਣੇ ਵਿਚੋਂ ਪਰਗਟਾਈਆ । ਸੁਣਨਾ ਦੋ ਜਹਾਨ ਫ਼ਰਮਾਨਾ, ਗੁਰ ਅਵਤਾਰ ਪੈਗ਼ੰਬਰ ਅੱਖ ਖੁਲ੍ਹਾਈਆ । ਜਿਸ ਕਲ ਕਲਕੀ ਪਹਿਰਨਾ ਬਾਣਾ, ਅਮਾਮ ਅਮਾਮਾ ਖੇਲ ਖਿਲਾਈਆ । ਇੱਕੀ ਕੱਤਕ ਚਹੁੰਆਂ ਦਾ ਰੂਪ ਹੋਵੇ ਨੌਜਵਾਨਾ, ਮੁੱਛ ਦਾੜ੍ਹੀ ਨਾਲ ਵਡਿਆਈਆ । ਇਕ ਪਰਾਤ ਕੋਲ ਰੱਖਣੀ ਤਾਂਬਾ, ਵੱਡੀ ਛੋਟੀ ਨਾ ਕੋਇ ਜਣਾਈਆ । ਇਕ ਲੰਮਾਂ ਕੋਲ ਰੱਖਣਾ ਝਾੜੂ ਮਾਂਜਾ, ਮੰਜੀ ਪੁੱਠੀ ਨਾਲ ਟਿਕਾਈਆ । ਅੱਖਰ ਲਿਖਿਆ ਹੋਵੇ ਚਹੁੰਆਂ ਦਾ ਸਾਂਝਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਬਾਈ ਕੱਤਕ ਨੂੰ ਸਭ ਨੇ ਮਸਤਕ ਹੋਵੇ ਬਾਂਧਾ, ਪੱਟੀ ਸੋਹੰ ਉਤੇ ਲਗਾਈਆ । ਤ੍ਰਿਪਤ ਦੇ ਸੀਸ ਹੋਵੇ ਲਾਲ ਪਰਾਂਦਾ, ਸੱਗੀ ਮਾਲਵੇ ਵਾਲੀ ਪਾਈਆ । ਜੰਗਜੂਆਂ ਕੋਲ ਹੋਣ ਲੰਬੀਆਂ ਡਾਂਗਾ, ਲਾਂਗੜਾ ਕਸ ਕੇ ਲੈਣ ਅੰਗੜਾਈਆ । ਨੌ ਰੱਖੇ ਹੋਣ ਕੋਲ ਮਾਂਜ ਕੇ ਭਾਂਡਾ, ਬਰਤਨ ਸਾਫ਼ ਟਿਕਾਈਆ । ਇਕ ਵਿਚ ਸੁੱਕਾ ਹੋਵੇ ਮੱਕੀ ਦਾ ਟਾਂਡਾ, ਜਿਸ ਉਤੇ ਗੋਬਿੰਦ ਲਿਖਣਾ ਚਾਈਂ ਚਾਈਂਆ । ਤੇਈ ਕੱਤਕ ਨੂੰ ਚਹੁੰਆਂ ਦਾ ਹੱਥ ਇਕ ਦੂਜੇ ਨਾਲ ਹੋਵੇ ਬਾਂਧਾ, ਬੰਦਨਾ ਬੱਧੇ ਹੱਥ ਨਾਲ ਕਰਾਈਆ । ਚਹੁੰਆਂ ਦਾ ਮੁਖ ਸਤਿਗੁਰ ਸ਼ਬਦ ਹੋਵੇ ਗਾਂਦਾ, ਰਸਨਾ ਜਿਹਵਾ ਨਾਲ ਵਡਿਆਈਆ । ਸਤਿਗੁਰ ਉਤੇ ਅੰਮ੍ਰਿਤ ਬਰਖੇ ਠਾਂਡਾ, ਅਗਨੀ ਤਤ ਬੁਝਾਈਆ । ਚੌਵੀ ਕੱਤਕ ਕਹੇ ਮੇਰਾ ਦਿਵਸ ਆਏ ਸੁਖਾਂ ਸਾਂਦਾ, ਜੋ ਅਵਤਾਰ ਪੈਗ਼ੰਬਰ ਗੁਰੂ ਗਏ ਜਣਾਈਆ । ਗੁਰਸਿਖ ਉਠ ਕੇ ਪੈਰ ਥੱਲੇ ਸੱਜਾ ਹੱਥ ਰੱਖ ਕੇ ਹੋਵੇ ਨਹਾਂਦਾ, ਜਲ ਥੋੜਾ ਥੋੜਾ ਪਾਈਆ । ਪਰਮ ਪੁਰਖ ਪਰਮਾਤਮ ਅੰਮ੍ਰਿਤ ਵਹਿਣ ਹੋਵੇ ਵਹਾਂਦਾ, ਰਸ ਇਕੋ ਇਕ ਰਖਾਈਆ । ਘੜਾ ਕਹੇ ਜਨ ਭਗਤੋ ਮੈਂ ਤੁਹਾਡਾ ਪਿਛਲਾ ਮਿੱਤਰ ਪੁਰਾਣਾ ਯਾਰ ਅੱਗੇ ਵਾਸਤੇ ਪਾਉਣ ਆਇਆ ਸਾਂਝਾ, ਸਾਥੀ ਹੋ ਕੇ ਦਿਆਂ ਵਖਾਈਆ । ਜਗਤ ਅੰਧੇਰ ਝੁਲਣਾ ਝਾਂਜਾ, ਆਬ ਹੱਥ ਕਿਸੇ ਨਾ ਆਈਆ । ਘੜਾ ਕਹੇ ਮੈਂ ਗੁਰਮੁਖਾਂ ਨੂੰ ਘਰ ਘਰ ਜਲ ਹੋਣਾ ਪਿਆਉਂਦਾ, ਇਹ ਮੇਰੀ ਬੇਪਰਵਾਹੀਆ । ਹਰਿਜਨ ਖ਼ੁਸ਼ੀਆਂ ਵਿਚ ਸਭ ਕੁਝ ਹੋਵੇ ਖਾਂਦਾ, ਜਗਤ ਤੋਟ ਰਹੇ ਨਾ ਰਾਈਆ । ਪਰ ਉਹ ਨਹੀਂ ਛਡਣਾ ਜਿਸ ਨੇ ਖਾਧਾ ਸੂਰ ਗਾਂ ਤੇ ਢਾਂਡਾ, ਢਾਂਡੀਆਂ ਖਾਣ ਵਾਲੇ ਢੇਰ ਦੇਣੇ ਬਣਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਦਾ ਸਤਿਗੁਰ ਸ਼ਬਦ ਦਾ ਬਾਂਦਾ, ਬਿਨਾ ਬੰਦਗੀ ਵਾਲਿਆਂ ਤੋਂ ਸਤਿਗੁਰੂ ਬੰਦਾ ਨਾ ਕਿਸੇ ਬਣਾਈਆ । ਮਾਲਵੇ ਵਾਲਿਓ ਤੁਹਾਡੇ ਕਰਮਾਂ ਦਾ ਆਪਣੇ ਉਤੇ ਲੱਦਣ ਆਇਆ ਇਕੋ ਵਾਰ ਲਾਂਗਾ, ਬੋਝ ਆਪਣੇ ਕੰਧ ਉਠਾਈਆ । ਕਿਸੇ ਦਾ ਰਹਿਣ ਨਹੀਂ ਦੇਣਾ ਰੋਜ਼ਾ ਨਿਮਾਜ਼ ਬਾਂਗਾ, ਅਜ਼ਾਂ ਆਪਣੇ ਵਿਚ ਛੁਪਾਈਆ । ਚਾਰੋਂ ਕੁੰਟ ਵੱਜਣੀਆਂ ਚਾਂਗਾਂ, ਚਾਰ ਯਾਰੀ ਦਏ ਦੁਹਾਈਆ । ਤ੍ਰੇਤੇ ਦੀਆਂ ਤ੍ਰਿਪਤ ਦੀਆਂ ਪੂਰੀਆਂ ਕਰਨੀਆਂ ਤਾਂਘਾ, ਵਿਛੋੜੇ ਵਾਲੇ ਤਿੰਨੇ ਸਾਥੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਧਰੋਂ ਆਇਆ ਇਧਰ ਜਾਵੇ ਵਹਿੰਦਾ, ਵਹਿਣ ਜ਼ਿਮੀਂ ਅਸਮਾਨ ਵਹਾਈਆ ।

✪ ੧੮ ਕੱਤਕ ਸ਼ਹਿਨਸ਼ਾਹੀ ਸੰਮਤ ੭ ਹਰਚੰਦ ਸਿੰਘ, ਪ੍ਰੀਤਮ ਕੌਰ ਖਿਆਲੀ ਵਾਲਾ, ਬਖਤਾਵਰ ਸਿੰਘ ਖਿਆਲੀ ਵਾਲਾ,
ਰੂਪ ਕੌਰ ਖਿਆਲੀ ਵਾਲਾ ,ਧੰਨ ਕੌਰ ਚੱਕ, ਫਤਿਹ ਸਿੰਘ, ਭਾਗ ਸਿੰਘ ਦਬੜੀ ਖਾਨਾ,
ਮਲ ਸਿੰਘ ਅਕਾਲਗੜ੍ਹ, ਸਾਧੂ ਸਿੰਘ ਗਾਮੀ ਵਾਲਾ, ਕੁੰਢਾ ਸਿੰਘ ਵੜ੍ਹੇ
ਇਕਬਾਲ ਸਿੰਘ ਬਢਲਾਡਾ, ਮਿਤ ਸਿੰਘ ਬੈਹਿਮਣ ਦੀਵਾਨਾ,
ਕਰਨੈਲ ਸਿੰਘ ਮਲੂਕਾ, ਜਗੀਰ ਕੌਰ ਖੋਖਰ, ਬੁਗਰ ਸਿੰਘ ਬਰਗਾੜੀ,
ਸਰਦਾਰਾ ਸਿੰਘ ਛਾਜਲਾ ਕੌੜੀ ਰਤੀਆਂ, ਕਿਰਪਾ ਸਿੰਘ ਬੇੜੀ
ਪਿੰਡ ਹਰਿਰਾਏ ਪੁਰ ਜ਼ਿਲਾ ਬਠਿੰਡਾ ✪

ਗੋਬਿੰਦ ਸ਼ਬਦ ਕਹੇ ਖੇਲ ਤਕਣਾ ਉਪਰ ਧਰਤੀ, ਧਰਨੀ ਧਵਲ ਧੌਲ ਨੈਣ ਉਠਾਈਆ । ਕੀ ਹੁਕਮ ਸੰਦੇਸ਼ਾ ਦੇਵੇ ਮਾਲਕ ਅਰਸ਼ੀ, ਪ੍ਰੀਤਮ ਅਗੰਮ ਅਥਾਹੀਆ । ਜਿਸ ਨੂੰ ਸਭ ਨੇ ਮੰਨਿਆ ਨਿਧਪਰਤੀ, ਵਡ ਮਾਲਕ ਆਪ ਅਖਵਾਈਆ । ਉਹ ਸ਼ਰਅ ਦਾ ਲੇਖਾ ਪੂਰਾ ਕਰੇ ਸ਼ਰਤੀ, ਸ਼ਰੀਅਤ ਧਿਆਨ ਲਗਾਈਆ । ਖੇਲ ਜਾਣੇ ਦੋ ਜਹਾਨ ਆਪਣੇ ਘਰ ਦੀ, ਗ੍ਰਿਹ ਗ੍ਰਿਹ ਫੋਲ ਫੁਲਾਈਆ । ਜਿਸ ਦਾ ਕਲਮਾ ਦੀਨ ਦੁਨੀ ਪੜ੍ਹਦੀ, ਢੋਲੇ
੧੫੩੫ ਨਾਮ ਵਾਲੇ ਗਾਈਆ । ਉਹਦੀ ਧਾਰ ਪਰਗਟਣੀ ਦਿਸ਼ਾ ਚੜ੍ਹਦੀ, ਚੜ੍ਹਦਾ ਲਹਿੰਦਾ ਵੱਜੇ ਵਧਾਈਆ । ਦੱਖਣ ਪਹਾੜ ਧਾਰ ਵੇਖਣੀ ਨਰਾਇਣ ੧੫੩੫
੨੨ ਨਰ ਦੀ, ਜੋ ਨਿਰਾਕਾਰ ਨੂਰ ਇਲਾਹੀਆ । ਜਿਨ ਖੇਲ ਜਾਨਣੀ ਚੋਟੀ ਜੜ੍ਹ ਦੀ, ਤਤਵ ਤਤ ਭਰਮ ਗਵਾਈਆ । ਜੋਤੀ ਜੋਤ ਸਰੂਪ ਹਰਿ, ੨੨
ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੋਬਿੰਦ ਸ਼ਬਦ ਕਹੇ ਵੇਖਣਾ ਪੁਰਖ ਨਿਰੰਜਣਾ, ਸੋ ਪੁਰਖ ਆਪ ਸਮਝਾਈਆ । ਲੇਖਾ ਜਾਣੇ ਦੀਨ ਦਰਦ ਦੁੱਖ ਭੈ ਭੰਜਣਾ, ਭਵ ਵੇਖੇ ਜਗਤ ਲੋਕਾਈਆ । ਜਿਸ ਦੋ ਜਹਾਨਾਂ ਭੱਜਣਾ, ਪੁਰੀਆਂ ਲੋਆਂ ਵੇਖੇ ਥਾਉਂ ਥਾਈਂਆ । ਅਵਤਾਰ ਪੈਗ਼ੰਬਰ ਗੁਰੂ ਨਿਰਗੁਣ ਧਾਰ ਸੱਦਣਾ, ਸੰਦੇਸ਼ਾ ਨਾਮ ਵਾਲਾ ਸੁਣਾਈਆ । ਉਠੋ ਵੇਖੋ ਆਪਣੇ ਸੱਜਣਾ, ਮਿੱਤਰ ਮਿਤਰੋ ਲਉ ਉਠਾਈਆ । ਕਲਜੁਗ ਕਾਇਆ ਪੜਦਾ ਕਿਸੇ ਨਾ ਕੱਜਣਾ, ਆਪਣਾ ਓਢਣ ਦਿਉ ਵਖਾਈਆ । ਜਿਹੜੀ ਦੱਸ ਕੇ ਆਏ ਸ਼ਰਅ ਦੀ ਬੰਦਨਾ, ਬੰਦਗੀ ਜਗਤ ਸਮਝਾਈਆ । ਕੀ ਉਸ ਵਿਚੋਂ ਮਿਲਿਆ ਅਨੰਦਨਾ, ਅਨੰਦ ਅਨੰਦ ਦਿਉ ਦ੍ਰਿੜਾਈਆ । ਝਟ ਰੋ ਕੇ ਬੋਲਿਆ ਤਾਰਾ ਚੰਦਨਾ, ਕੂਕ ਕੂਕ ਸੁਣਾਈਆ । ਦਰੋਹੀ ਤੇਰੀ ਖ਼ੁਦਾ ਤੇਰੇ ਨਬੀਆਂ ਨੇ ਅੰਤ ਵੰਞਣਾ, ਵੰਝ ਮੁਹਾਣਾ ਹੱਥ ਨਾ ਕੋਇ ਉਠਾਈਆ । ਧੂੜੀ ਮਿਲੇ ਕਿਸੇ ਨਾ ਮਜਨਾ, ਦੁਰਮਤ ਮੈਲ ਨਾ ਕੋਇ ਧਵਾਈਆ । ਤੇਰਾ ਨੂਰ ਕਿਸੇ ਨਾ ਲੱਭਣਾ, ਜ਼ਹੂਰ ਵਿਚ ਨਾ ਕੋਇ ਰੁਸ਼ਨਾਈਆ । ਜੋ ਘੜਿਆ ਸੋ ਭੱਜਣਾ, ਠੀਕਰ ਮਾਟੀ ਰਹੇ ਕੁਰਲਾਈਆ । ਤੇਰੇ ਨਾਮ ਦੀ ਦਿਸੇ ਕੋਇ ਨਾ ਰੰਗਣਾ, ਸਾਚਾ ਰੰਗ ਨਾ ਕੋਇ ਰੰਗਾਈਆ । ਅੰਗੀਕਾਰ ਕਰੇ ਕੋਇ ਨਾ ਅੰਗਣਾ, ਬਗ਼ਲਗੀਰ ਨਾ ਕੋਇ ਅਖਵਾਈਆ । ਝਗੜਾ ਪੈਣਾ ਆਅਲਾ ਅਦਨਾ, ਅਮੀਰ ਗ਼ਰੀਬ ਲੈਣ ਅੰਗੜਾਈਆ । ਚਾਰੋਂ ਕੁੰਟ ਨਗਾਰਾ ਵੱਜਣਾ, ਸ਼ਬਦ ਗੋਬਿੰਦ ਰਿਹਾ ਖੜਕਾਈਆ । ਗ੍ਰਿਹ ਮੰਦਰ ਸਭ ਨੇ ਤਜਣਾ, ਦਰ ਘਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਤਾਰਾ ਚੰਦ ਕਹੇ ਮੁਹੰਮਦ ਆਪਣੀ ਤਕ ਨਿਸ਼ਾਨੀ, ਨਿਸ਼ਾਨਾ ਸਾਡਾ ਰਹੇ ਨਾ ਰਾਈਆ । ਤੇਰੀ ਉਮਤ ਜੂਹ ਹੋਣੀ ਬੇਗਾਨੀ, ਮਾਲਕ ਘਰ ਨਾ ਕੋਇ ਸੁਹਾਈਆ । ਲੇਖਾ ਤਕ ਸ਼ਾਹ ਈਰਾਨੀ, ਇਬਰਾਨੀ ਅੱਖ ਖੁਲ੍ਹਾਈਆ । ਦਰੋਹੀ ਮਸ਼ਰਕ ਮਗ਼ਰਬ ਚੜ੍ਹੇ ਤੁਗ਼ਿਆਨੀ, ਵਹਿਣ ਕਲਮੇ ਵਾਲਾ ਵਹਾਈਆ । ਤੇਰੀ ਹੋ ਗਈ ਯਾਦ ਪੁਰਾਣੀ, ਸਗਲਾ ਸੰਗ ਨਾ ਕੋਇ ਵਖਾਈਆ । ਲੇਖਾ ਮੁਕੇ ਅੰਤ ਕੁਰਾਨੀ, ਕੁਰਹ ਕਾਇਨਾਤ ਵੇਖ ਵਖਾਈਆ । ਝਗੜਾ ਤਕ ਜਿਸਮ ਜਿਸਮਾਨੀ, ਜਮੀਰ ਬਦਲੀ ਖ਼ਲਕ ਖ਼ੁਦਾਈਆ । ਮੰਜ਼ਲ ਰਹੀ ਨਾ ਕੋਇ ਰੁਹਾਨੀ, ਰੂਹ ਬੁਤ ਜੋੜ ਨਾ ਕੋਇ ਜੁੜਾਈਆ । ਮੁਹੰਮਦ ਧਰ ਕੇ ਹੱਥ ਉਤੇ ਪੇਸ਼ਾਨੀ, ਪੇਸ਼ਵਾ ਹੋ ਕੇ ਵੇਖ ਵਖਾਈਆ । ਤਾਰਾ ਚੰਦ ਮੈਨੂੰ ਇਉਂ ਦਿਸਦਾ ਜਿਵੇਂ ਗੋਬਿੰਦ ਕਸਿਆ ਤੀਰ ਕਮਾਨੀ, ਚਿੱਲਾ ਇਕੋ ਰਿਹਾ ਖਿਚਾਈਆ । ਖੰਡਾ ਖੜਗ ਖੜਕਾਣੀ, ਖੰਡ ਬ੍ਰਹਿਮੰਡ ਦੇਣ ਦੁਹਾਈਆ । ਚੰਡ ਪਰਚੰਡ ਪਰਗਟ ਹੋਵੇ ਰੂਪ ਭਵਾਨੀ, ਭਵਰ ਵਿਚ ਦੀਨ ਦੁਨੀ ਜਣਾਈਆ । ਇਹੋ ਖੇਲ ਜ਼ਿਮੀਂ ਅਸਮਾਨੀ, ਜ਼ਾਹਰ ਜ਼ਹੂਰ ਰਿਹਾ ਜਣਾਈਆ । ਮੁਹੰਮਦ ਕਹੇ ਉਹ ਵੇਖੋ ਕਾਇਆ ਮਟਕੇ ਨੂੰ ਸੱਤਾਂ ਕੌਡੀਆਂ ਦਾ ਬੱਧਾ ਗਾਨੀ, ਗਾਨਾ ਮੇਰਾ ਨਜ਼ਰੀ ਆਈਆ । ਵਿਚ ਰੱਖ ਕੇ ਆਬੇਹਯਾਤ ਪਾਨੀ, ਮੇਰਾ ਸਰੋਵਰ ਦਿਤਾ ਸੁਕਾਈਆ । ਅੱਗੇ ਦਿਸਦੀ ਨਹੀਂ ਕੋਈ ਕਹਾਣੀ, ਕਹਾਵਤ ਕਹਿ ਕੇ ਕੀ ਦ੍ਰਿੜਾਈਆ । ਭਗਤ ਸੁਹੇਲੇ ਨੌਜਵਾਨੀ, ਜੰਗਜੂ ਬਹਾਦਰ ਸੋਭਾ ਪਾਈਆ । ਉਫ਼ ਮੇਰਾ ਲੇਖਾ ਹੋਣਾ ਅੰਤਮ ਫ਼ਾਨੀ, ਫ਼ੈਸਲਾ ਹੱਕ ਦੇਵੇ ਸੁਣਾਈਆ । ਸ਼ਰਅ ਦੀ ਕੂੜ ਰਹੇ ਨਾ ਕੋਇ ਸ਼ੈਤਾਨੀ, ਹੁਕਮ ਵਰਤੇ ਧੁਰਦਰਗਾਹੀਆ । ਸੋਇਆ ਰਹੇ ਨਾ ਕੋਇ ਲਿਬਰਾਨੀ, ਲਿਬਰੇਜ਼ ਕਰੇ ਲੋਕਾਈਆ । ਉਮਤ ਹੱਕ ਨਾ ਦਿਸੇ ਈਮਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਧਾਰ ਗੋਬਿੰਦਾ, ਗੋਬਿੰਦ ਗੋਬਿੰਦ ਧਾਰ ਜਣਾਈਆ । ਹੁਕਮ ਸੰਦੇਸ਼ਾ ਦੇਵੇ ਗੁਣੀ ਗਹਿੰਦਾ, ਗਹਿਰ ਗੰਭੀਰ ਅਗੰਮ ਅਥਾਹੀਆ । ਗ਼ਫ਼ਲਤ ਵਿਚੋਂ ਸਭ ਦੀ ਖੋਲ੍ਹਣੀ ਨੀਂਦਾ, ਆਲਸ ਰਹਿਣ ਕੋਇ ਨਾ ਪਾਈਆ । ਕਲਜੁਗ ਕੂੜ ਕੁਕਰਮ ਦਾ ਤੋੜਨਾ ਜਿੰਦਾ, ਜ਼ਿੰਦਗੀ ਸਭ ਦੀ ਵੇਖਣੀ ਥਾਉਂ ਥਾਈਂਆ । ਲੇਖਾ ਵੇਖਣਾ ਜਿਹੜੇ ਪ੍ਰਭੂ ਦੀ ਕਰਦੇ ਨਿੰਦਾ, ਨਿੰਦਕਾਂ ਵੱਲ ਅੱਖ ਉਠਾਈਆ । ਫੇਰ ਮੇਰਾ ਭਗਤ ਦੁਲਾਰਾ ਵੇਖਣਾ ਛਿੰਦਾ, ਜਿਸ ਨੂੰ ਧੁਰ ਦੀ ਗੋਦ ਸੁਹਾਈਆ । ਜੋ ਸੁਤ ਅਨਾਦੀ ਬਿੰਦਾ, ਜਨਮ ਮਰਨ ਵਿਚ ਕਦੇ ਨਾ ਆਈਆ । ਤਿਨ੍ਹਾਂ ਅੰਮ੍ਰਿਤ ਦੇਵਾਂ ਸਾਗਰ ਸਿੰਧਾ, ਅੰਮਿਉਂ ਰਸ ਆਪ ਚੁਆਈਆ । ਸੰਤ ਸੁਹੇਲੇ ਰੱਖਾਂ ਜ਼ਿੰਦਾ, ਜ਼ਿੰਦਗੀ ਆਪਣੇ ਵਿਚ ਛੁਪਾਈਆ । ਜਿਸ ਖੇਲ ਨੂੰ ਤਕਣ ਇਹ ਹੋਣਾ ਵਿਚ ਹਿੰਦਾ, ਭਾਰਤ ਦੀ ਸ਼ਰਾਰਤ ਸਭ ਨੂੰ ਦਏ ਤਪਾਈਆ । ਝਗੜਾ ਪੈਣਾ ਜੀਉ ਪਿੰਡਾ, ਤਤਵ ਤਤ ਨਾਲ ਲੜਾਈਆ । ਜਗਤ ਜਹਾਨ ਰਹਿਣ ਨਹੀਂ ਦੇਣਾ ਖਿੰਡਾ, ਧਾੜਵੀ ਧੜ ਦੇਣਾ ਬਣਾਈਆ । ਅੰਤਮ ਸਭ ਦੀਆਂ ਮੂਧੀਆਂ ਕਰ ਕੇ ਟਿੰਡਾਂ, ਟਿੰਡਾਂ ਵਾਲੇ ਸਾਰੇ ਦੇਣੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੁਹੰਮਦ ਕਹੇ ਮੈਂ ਤਕਾਂ ਉਤੇ ਭੂਮੀ, ਭੂਮਿਕਾ ਧਿਆਨ ਲਗਾਈਆ । ਈਸਾ ਕਹੇ ਮੈਂ ਖੇਲ ਵੇਖਣਾ ਰੂਮੀ, ਰੋਮ ਵਿਚ ਅੱਖ ਉਠਾਈਆ । ਮੂਸਾ ਕਹੇ ਮੈਂ ਸ਼ਰਅ ਦਾ ਬਣਾਂ ਨਜੂਮੀ, ਹਿਸਾਬ ਇਕੋ ਇਕ ਦ੍ਰਿੜਾਈਆ । ਜੇ ਕ੍ਰਿਸ਼ਨ ਭਿੜਾਈਆਂ ਸੀ ਅਠਾਈ ਕਸ਼ੂਣੀ, ਖੇਲ ਜਗਤ ਵਾਲਾ ਕਰਾਈਆ । ਅਗਲਾ ਭਾਣਾ

ਪ੍ਰਭ ਦਾ ਨਾਮਾਲੂਮੀ, ਗਣਤੀ ਗਣਤ ਨਾ ਕੋਇ ਗਿਣਾਈਆ । ਜਿਸ ਦਾ ਖੇਲ ਸਦਾ ਅਸੂਲੀ, ਅਸਲ ਦਾ ਅਸਲ ਆਪਣੇ ਹੱਥ ਰਖਾਈਆ । ਸਦੀ ਚੌਧਵੀਂ ਸਭ ਦੇ ਕੋਲੋਂ ਕਰੇ ਵਸੂਲੀ, ਲੇਖਾ ਮੰਗੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਘੜਾ ਕਹੇ ਮੈਨੂੰ ਬੱਧੇ ਮੌਲੀ ਤੰਦ, ਮੁਹੰਮਦ ਤੇਰੀ ਆਸ਼ਾ ਪੂਰ ਕਰਾਈਆ । ਤੇਰੀ ਸ਼ਰਅ ਨੂੰ ਕਰਨਾ ਆਪਣੇ ਵਿਚ ਬੰਦ, ਬੰਧਨ ਅਵਰ ਨਾ ਕੋਇ ਬਣਾਈਆ । ਪਿਛਲੀ ਔਧ ਗਈ ਹੰਢ, ਅੱਗੇ ਹੋਰ ਨਾ ਕੋਇ ਵਧਾਈਆ । ਮੈਨੂੰ ਚਾਰ ਗੁਰਮੁਖਾਂ ਘੁੱਟ ਕੇ ਦਿਤੀ ਗੰਢ, ਚਾਰੋਂ ਕੁੰਟ ਲਈ ਅਗੰੜਾਈਆ । ਹੁਣ ਸੁਣ ਉਸ ਪ੍ਰਭੂ ਦਾ ਛੰਦ, ਜੋ ਤੂੰ ਮੇਰਾ ਮੈਂ ਤੇਰਾ ਰਿਹਾ ਸੁਣਾਈਆ । ਜਿਸ ਦੇ ਪਿਛੇ ਗੋਬਿੰਦ ਛੱਡਿਆ ਪੁਰੀ ਅਨੰਦ, ਅਨੰਦ ਜਗਤ ਵਾਲਾ ਤਜਾਈਆ । ਉਹ ਅੰਤਮ ਦੀਨ ਦੁਨੀ ਦੀ ਢਾਹਵੇ ਕੰਧ, ਕੰਢੀ ਬੈਠਾ ਵੇਖ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਕਰੇ ਖੰਡ ਖੰਡ, ਖੰਡਾ ਖੜਗ ਨਾਮ ਖੜਕਾਈਆ । ਜਗਤ ਰੂਪ ਦਿਸੇ ਦੁਹਾਗਣ ਰੰਡ, ਹਰਿ ਕੰਤ ਸੁਹਾਗ ਨਾ ਕੋਇ ਹੰਢਾਈਆ । ਟੁੱਟੀ ਅੰਤ ਸਕੇ ਕੋਇ ਨਾ ਗੰਢ, ਮੁਹੰਮਦ ਵੇਖੇ ਨੈਣ ਉਠਾਈਆ । ਮੇਰਾ ਨਿਸ਼ਾਨਾ ਮਿਟਣਾ ਤਾਰਾ ਚੰਦ, ਚੰਦ ਸਿਤਾਰ ਸੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪਣੇ ਹੱਥ ਰਖਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਣਾ ਖੇਲ ਜ਼ਰੂਰੀ, ਜ਼ੱਰਾ ਜ਼ੱਰਾ ਧਿਆਨ ਲਗਾਈਆ । ਕਲਜੁਗ ਤੋੜਨਾ ਗੜ੍ਹ ਗ਼ਰੂਰੀ, ਹਉਮੇ ਹੰਗਤਾ ਦੇਣੀ ਮਿਟਾਈਆ । ਪ੍ਰਕਾਸ਼ ਵੇਖਣਾ ਇਕੋ ਨੂਰੀ, ਦੋ ਜਹਾਨਾਂ ਨਜ਼ਰੀ ਆਈਆ । ਇਕੋ ਨਾਮ ਦੀ ਕਰਨੀ ਮਸ਼ਹੂਰੀ, ਜਗਤ ਜਹਾਨਾਂ ਆਪ ਸੁਣਾਈਆ । ਪੰਧ ਮੁਕਾ ਕੇ ਨੇੜ ਦੂਰੀ, ਦੂਰ ਦੁਰਾਡਾ ਵੇਖ ਵਖਾਈਆ । ਕਲਜੁਗ ਕਲਪਣਾ ਮੇਟਣੀ ਕੂੜੀ, ਕੂੜ ਕੁਟੰਬ ਦੇਣਾ ਮਿਟਾਈਆ । ਚਤੁਰ ਸੁਘੜ ਬਣਾਉਣੇ ਮੂਰਖ ਮੂੜ੍ਹੀ, ਦੁਰਮਤ ਮੈਲ ਧਵਾਈਆ । ਪੁਰਖ ਅਕਾਲ ਦੀਨ ਦਿਆਲ ਦੀ ਮਸਤਕ ਲਾ ਕੇ ਧੂੜੀ, ਟਿੱਕੇ ਸਚ ਦੇਣੇ ਰਮਾਈਆ । ਇਕੋ ਇਕ ਦੀ ਸਾਰੇ ਰਹਿਣ ਹਜ਼ੂਰੀ, ਹਜ਼ਰਤ ਇਕੋ ਦਿਸੇ ਬੇਪਰਵਾਹੀਆ । ਜਿਸ ਦੀ ਅਵਤਾਰ ਪੈਗ਼ੰਬਰ ਗੁਰੂਆਂ ਕੀਤੀ ਮਸ਼ਹੂਰੀ, ਸੇਵਕ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਘੜਾ ਕਹੇ ਮੇਰੀ ਗਰਦਨ ਨਾਲ ਬੱਧਾ ਕਸੀਰਾ, ਕਸਮ ਖਾ ਕੇ ਦਿਆਂ ਜਣਾਈਆ । ਇਹ ਨਿਸ਼ਾਨਾ ਲਾਇਆ ਗੋਬਿੰਦ ਨਾਲ ਤੀਰਾ, ਮੁਖੀ ਇਕੋ ਵਾਰ ਛੁਹਾਈਆ । ਖੇਲ ਖੇਲੇ ਪੀਰਨ ਪੀਰਾ, ਵਡ ਦਾਤਾ ਬੇਪਰਵਾਹੀਆ । ਕਲਜੁਗ ਅੰਤਮ ਤੋੜੇ ਸ਼ਰਅ ਜ਼ੰਜੀਰਾ, ਸ਼ਰੀਅਤ ਡੇਰਾ ਢਾਹੀਆ । ਸਦੀ ਚੌਧਵੀਂ ਆਵੇ ਅੰਤ ਅਖ਼ੀਰਾ, ਆਖ਼ਰ ਆਪਣੀ ਕਲ ਪਰਗਟਾਈਆ । ਮਾਲਕ ਬਣ ਕੇ ਗਹਿਰ ਗੰਭੀਰਾ, ਗਹਿਰ ਗਵਰ ਵੇਖ ਵਖਾਈਆ । ਕੁੰਭ ਵਿਚ ਭਰ ਕੇ ਪੰਜ ਪੰਜ ਨੀਰਾ, ਆਬ ਆਬ ਨਾਲ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਕਰ ਦਿਲਗੀਰਾ, ਧੀਰਜ ਧੀਰ ਦਏ ਗਵਾਈਆ । ਖੰਡਾ ਖੜਗ ਵੇਖ ਸ਼ਮਸ਼ੀਰਾ, ਸ਼ਰਅ ਸ਼ਰਅ ਨਾਲ ਟਕਰਾਈਆ । ਕਿਰਪਾ ਕਰੇ ਗਹਿਰ ਗੰਭੀਰਾ, ਗਵਰ ਆਪਣਾ ਹੁਕਮ ਵਰਤਾਈਆ । ਉਸ ਵੇਲੇ ਜਨ ਭਗਤਾਂ ਨੂੰ ਬਖ਼ਸ਼ੇ ਪਗੜੀ ਬੀਬੀਆਂ ਸਿਰ ਤੇ ਦੇਵੇ ਲੀੜਾ, ਓਢਣ ਨਾਮ ਵਾਲਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੱਚੀ ਸਰਨਾਈਆ । ਘੜਾ ਕਹੇ ਮੈਨੂੰ ਮੌਲੀ ਬੰਨ੍ਹਿਆ ਤੰਦ, ਤੰਦਵਾ ਗਜ ਧਿਆਨ ਲਗਾਈਆ । ਮੈਂ ਵੇਖਿਆ ਇਕ ਅਨੰਦ,

੧੫੩੭ ੨੨

ਅਨੰਦ ਅਨੰਦ ਵਿਚੋਂ ਪਰਗਟਾਈਆ । ਮੈਂ ਆਪਣੇ ਵਿਚ ਛੁਪਾਉਣਾ ਤਾਰਾ ਚੰਦ, ਜੋ ਪਿੱਠ ਉਤੇ ਸੁਹਾਈਆ । ਫੇਰ ਸੁਣਾਉਣਾ ਧੁਰ ਦਾ ਛੰਦ, ਢੋਲਾ ਅਗੰਮ ਅਥਾਹੀਆ । ਉਮਤ ਦਾ ਵਕਤ ਗਿਆ ਲੰਘ, ਅੱਗੇ ਅਵਰ ਨਾ ਕੋਇ ਵਧਾਈਆ । ਜਿਸ ਪਰਵਰਦਿਗਾਰ ਨੇ ਉਲਟਾ ਡਾਹਿਆ ਪਲੰਘ, ਚਾਰੇ ਪਾਵੇ ਲਏ ਬਦਲਾਈਆ । ਉਹ ਖੇਲ ਕਰੇ ਸੂਰਾ ਸਰਬੰਗ, ਸੂਰਬੀਰ ਇਕ ਅਖਵਾਈਆ । ਸ਼ਬਦੀ ਅਸਵ ਕਸੇ ਤੰਗ, ਜ਼ੀਨ ਪਾਖਰ ਨਾਮ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਘੜਾ ਕਹੇ ਮੇਰੇ ਅੰਤਰ ਪਾਣੀ ਰੱਖਿਆ, ਰੱਖਕਾਂ ਦਿਆਂ ਜਣਾਈਆ । ਆਪਣੀ ਉਮਤ ਵੇਖੇ ਨਾਲ ਅੱਖੀਆਂ, ਚਾਰੋਂ ਕੁੰਟ ਧਿਆਨ ਲਗਾਈਆ । ਪਰਮ ਪੁਰਖ ਦੀਆਂ ਕਹਾਣੀਆਂ ਸਦਾ ਸੱਚੀਆਂ, ਨਾ ਕੋਇ ਮੇਟੇ ਮੇਟ ਮਿਟਾਈਆ । ਜਿਹੜੀਆਂ ਪੇਸ਼ੀਨਗੋਈਆਂ ਤੁਸਾਂ ਰਚੀਆਂ, ਭਵਿਖਤਾਂ ਵਿਚ ਗਏ ਸੁਣਾਈਆ । ਉਹਨਾਂ ਦੀਆਂ ਆਸ਼ਾ ਰੱਖੀਆਂ ਕ੍ਰਿਸ਼ਨ ਦੀਆਂ ਸਖ਼ੀਆਂ, ਸਾਖਿਆਤ ਨੈਣ ਉਠਾਈਆ । ਮੁਹੰਮਦ ਦੀਆਂ ਵੇਖੇ ਲਿਖੀਆਂ ਪੱਟੀਆਂ, ਪਟਨੇ ਵਾਲਾ ਫੋਲ ਫੁਲਾਈਆ । ਸਦੀ ਚੌਧਵੀਂ ਕਿਸੇ ਦੀਆਂ ਦਾੜ੍ਹੀਆਂ ਨਹੀਂ ਰਹਿਣੀਆਂ ਰੱਤੀਆਂ, ਰਤਨ ਅਮੋਲਕ ਹੀਰੇ ਗੁਰਮੁਖ ਲੈਣੇ ਅਪਣਾਈਆ । ਮਜ਼੍ਹਬਾਂ ਵਾਲੀਆਂ ਰਹਿਣ ਨਹੀਂ ਦੇਣੀਆਂ ਪੱਤੀਆਂ, ਮਾਨਸ ਹਿੱਸੇ ਵੰਡ ਨਾ ਕੋਇ ਵੰਡਾਈਆ । ਜੋ ਨਾਨਕ ਅਰਜਨ ਸੰਦੇਸ਼ਾ ਦਿਤਾ ਰਾਗ ਛੱਤੀਆਂ, ਮੁਹੰਮਦ ਤੀਸ ਬਤੀਸਾ ਨਾਲ ਰਲਾਈਆ । ਸਭ ਦੀਆਂ ਆਸ਼ਾ ਜਾਣੀਆਂ ਕਟੀਆਂ, ਕਟਾਕਸ਼ ਨਾਮ ਵਾਲਾ ਲਗਾਈਆ । ਅੰਤਮ ਔਧਾਂ ਜਾਣੀਆਂ ਟੱਪੀਆਂ, ਅੱਗੇ ਹੋ ਨਾ ਕੋਇ ਅਟਕਾਈਆ । ਸਭ ਦੀਆਂ ਪਿਛਲੀਆਂ ਕੀਤੀਆਂ ਜਾਣੀਆਂ ਠੱਪੀਆਂ, ਅਗਲਾ ਠੱਪਾ ਨਾਮ ਮੋਹਰ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀਆਂ ਕਥਾ ਆਦਿ ਜੁਗਾਦਿ ਜੁਗ ਚੌਕੜੀ ਲੋਕਮਾਤ ਜਾਣ ਨਾ ਕਥੀਆਂ, ਕਥ ਕਥ ਅੰਤ ਨਾ ਕੋਇ ਜਣਾਈਆ ।



## ੧੯ ਕੱਤਕ ਸ਼ਹਿਨਸ਼ਾਹੀ ਸੰਮਤ ੭ ਜਫ਼ਰਨਾਮਾ ਸਾਹਿਬ ਗੁਰੂਦਵਾਰੇ ਵਿਚ

ਗੋਬਿੰਦ ਖੁਨਿਸਤੇ ਕੁਨਾਂਹ ਕੁਲ ਜ਼ਮੂਆ ਜ਼ਵੀਲੇਜ਼ਾਂ ਅਜ਼ਹੂ ਜ਼ਜ਼ਹੂ ਜ਼ੂ ਕੇ ਜਾਨਿਸਤੇ ਜ਼ਮੀਬੋ ਮਲੀਏਅਰੇ ਖ਼ੁਦਾ ਔਰੰਗੇ ਨਦਸਤ ਜ਼ਾਉਬੇ ਅਰਸ਼ ਮਹਿਬੂਬੇ ਫ਼ਰਸ਼ ਅਜ਼ੀਆਨੇ ਤਰਸ਼, ਜ਼ਹਿਲਜ਼ੀ ਜ਼ਾਉਸਤੂ ਮਾਵਿਕਤਾ ਨੂਰੇ ਅਲਾਹ ਗੁਰੂਏ ਅਜ਼ਾਂ ਨਾਦੇ ਸ਼ਵਾਂ ਰਹਿਮਤੇ ਅਵਾਂ ਜੁਲਮਤੋ ਜ਼ਹਿਗ ਅਜ਼ਮਤੋ ਬਸਿਗ ਬੈਜ਼ਿਜ਼ਜ਼ੀ ਜ਼ਕੀਉਲ ਜ਼ਾਕਿਸਤਾ ਜ਼ਾਨੂਜ਼ੋ ਜ਼ਾਮੀਨੇ ਆਮੀਨੇ ਸਜਦਾਏ ਮੁਹੰਮਦ, ਰੁਹੂਏ ਹਮਦ ਬੇਸ਼ਾਨੇ ਖ਼ਲਕ ਨੂਰਾਨੇ ਝਲਕ ਉਮਤੇ ਸਲਕ ਆਫ਼ਤਾਬੇ ਤਲੂਹ, ਨੂਰੇ ਨਜ਼ਾ ਹਜ਼ਰਤੇ ਹਜ਼ਾ ਕੋਮੀਜ਼ਾ ਜ਼ਾਹਿਦਾ ਨਾਨਕੇ ਤਵਿਦਾ ਗੋਬਿੰਦੇ ਸਵਿਦਾ ਸ਼ਬਦੇ ਬਿਬਬਿਦਾ ਬੇਜ਼ੀਨੋ ਮਸੀਹ, ਹਜ਼ਰਤੇ ਜ਼ਵੀਹ ਮੁਹੰਮਦੇ ਨਵੀਹ ਅਤਾਏ ਆਜ਼ਿਸ ਨੂਰੇ ਜ਼ਵਿਸ ਖ਼ੁਦਾਏ ਅਮਾਮ, ਅਮਲੇ ਬੇਜਾਮ, ਸ਼ੀਨੋ ਸ਼ਿਵਾਮ ਸ਼ਕਲੇ ਗੁਮਨਾਮ ਮਾਨਿਜ਼ੀ ਮਹਿਬੂਬ ਵਾਹਿਦ ਅਲਾਹੀਆ । ਗੋਸ਼ੇ ਤੁਯੰਗ, ਤਰਕਸ਼ੇ ਬਿਯੰਗ ਭੱਥਾ ਅਨਯੰਗ ਅਸਵੇ ਸੁਰਯੰਗ ਨੂਰੇ ਅਮਾਮ, ਅਜ਼ਿਸਤੇ ਅਜ਼ਾਮ, ਜ਼ੇਵਾ ਜ਼ਹੂ ਜ਼ਰੀਹ ਬੇਪਰਵਾਹੀਆ । ਸੰਮਤੋ ਸੁਮਤ ਸ਼ਹਿਨਸ਼ਾਹੀ ਲਿਜ਼ਤ, ਨੂਰਾਨਾ ਚਸੱਤ ਪਰਕਾਸਿਉ ਸਮਰਥ, ਗੂਨੇ ਗਵੀਹ ਦਵਾਰਾ ਤਵੀਹ ਜਫਰਨਾਮਾ ਸਿਫ਼ਤ ਨਹੀਂ ਕਵੀਹ, ਕਾਏਨਾਤ ਹੁਕਮ

ਨਾ ਕੋਇ ਜਣਾਈਆ । ਮੁਕੱਦਸੇ ਮੁਕਾਮ ਗੋਬਿੰਦ ਲਿਖਿਆ ਕਲਾਮ, ਸ਼ਰੀਅਤ ਨੇਸਤੋ ਨਜ਼ਾਮ ਪਰਗਟਿਓ ਮਹਿਬੂਬੇ ਅਮਾਮ ਕਦਮੇ ਕਾਜ਼ਿਸਤੀ ਧਰਨੀ ਤਦਵਾਮ, ਸ਼ਰਅ ਸ਼ਨੀਸਾ ਸ਼ੇਰ ਸ਼ੇਰੋ ਅਬਨੀਸਾ ਸ਼ਬਦੋ ਖ਼ਲੀਫ਼ਾ, ਦੇਵੇ ਹਰੀਫਾ ਬੇਹਰਫ਼ ਬੇਤਰਫ਼ ਮੁਰਸ਼ਦੇ ਪਰਵਰਦਿਗਾਰ ਖ਼ੁਦ ਖ਼ੁਦਾਏ ਅਕਾਲ ਅਕਲ ਕਲਧਾਰੀ ਬੇਮਿਸਾਲ, ਮੇਰੇ ਲੇਖ ਦਾ ਹੱਲ ਕਰੇ ਸਵਾਲ, ਸਦੀ ਚੌਧਵੀਂ ਉਮਤ ਨਬੀ ਰਸੂਲਾਂ ਹੋਏ ਜ਼ਵਾਲ, ਜ਼ਾਹਰ ਜ਼ਹੂਰ ਮੁਕਾਮੇ ਮਕੀਮ ਆਏ ਅਜ਼ੀਮ, ਸ਼ਬਦੇ ਨਜ਼ੀਮ ਨਜ਼ੀਨਾ ਨਾਹਕ ਮੱਕਾ ਮਦੀਨਾ ਏਫਕ ਹੁਕਮੇ ਨਜ਼ੀਉਲ ਯਕ, ਯਕਸਾਂ ਕਰੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਲਾਵਿਸਤੀ ਲਵਾ ਆਮਿਸਤੀ ਮਜ਼ਾ ਮੇਹਜ਼ ਹਜ਼ੂਰ ਇਕ ਅਖਵਾਈਆ । ਗੋਬਿੰਦ ਅੰਤ ਕੀਤਾ ਧਿਆਨ, ਅੱਖਰਾਂ ਤੋਂ ਪਰੇ ਅੱਖ ਉਠਾਈਆ । ਪੁਰਖ ਅਕਾਲ ਕਰ ਪਰਵਾਨ, ਪਰਵਾਨਾ ਤੇਰਾ ਹੁਕਮ ਜਣਾਈਆ । ਖੇਲ ਵੇਖਣਾ ਵਿਚ ਮੈਦਾਨ, ਜਗਤ ਸ਼ਰਅ ਸ਼ਰਅ ਨਾਲ ਟਕਰਾਈਆ । ਤੂੰ ਮਾਲਕ ਦੋ ਜਹਾਨਾਂ ਹੁਕਮਰਾਨ, ਦੂਜਾ ਨਜ਼ਰ ਕੋਇ ਨਾ ਆਈਆ । ਧੁਰ ਸੰਦੇਸ਼ਾ ਦਿਤਾ ਸ਼ਾਹ ਪਾਤਸ਼ਾਹ ਸਚੇ ਸੁਲਤਾਨ, ਸਤਿ ਸਤਿਵਾਦੀ ਅਗੰਮ ਦ੍ਰਿੜਾਈਆ । ਗੋਬਿੰਦ ਸੂਰੇ ਨੌਜਵਾਨ, ਮਰਦ ਮਰਦਾਨੇ ਤੇਰਾ ਲੇਖਾ ਪੂਰ ਕਰਾਈਆ । ਤੇਰਾ ਮੇਰਾ ਹੋਣਾ ਇਕ ਮਕਾਨ, ਸਾਢੇ ਤਿੰਨ ਹੱਥ ਸੰਬਲ ਵੱਜੇ ਵਧਾਈਆ । ਤੇਰਾ ਦਵਾਰਾ ਜ਼ਰੂਰ ਵੇਖੇ ਆਣ, ਸੰਮਤ ਸ਼ਹਿਨਸ਼ਾਹੀ ਸੱਤ ਦਏ ਗਵਾਹੀਆ । ਅੱਠਾਂ ਤਤਾਂ ਦਾ ਲੇਖਾ ਆਏ ਚੁਕਾਣ, ਅੱਠ ਘੰਟੇ ਜੋਤ ਸ਼ਬਦ ਦੀ ਧਾਰ ਵਿਚ ਸਮਾਈਆ । ਦਰਗਹ ਸਾਚੀ ਸਚਖੰਡ ਤੇਰਾ ਪਰਵਾਨਾ ਹੋਏ ਪਰਵਾਨ, ਪਰਮ ਪੁਰਖ ਵੇਖੇ ਚਾਈਂ ਚਾਈਂਆ । ਜਨ ਭਗਤਾਂ ਗੁਰਮੁਖਾਂ ਗੁਰਸਿਖਾਂ ਹਰਿਜਨਾਂ ਸੂਫ਼ੀ ਸੰਤ ਫ਼ਕੀਰਾਂ ਖ਼ੁਸ਼ੀਆਂ ਦੇਵੇ ਮਹਾਨ, ਗ਼ਮੀ ਵਿਚ ਗੁਰਸਿਖ ਰਹਿਣ ਕੋਇ ਨਾ ਪਾਈਆ । ਉਨੀ ਕੱਤਕ ਦਿਵਸ ਹੋਏ ਮਹਾਨ, ਹਰਿ ਸੰਗਤ ਮਿਲਣਾ ਚੰਗਾ ਦਾਨ, ਹਰਿ ਹਿਰਦੇ ਹੋਏ ਮੁਸਕਾਨ, ਗੋਬਿੰਦ ਗੋਬਿੰਦ ਗੋਬਿੰਦ ਆਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਪਾਰਬ੍ਰਹਮ ਪਤਿਪਰਮੇਸ਼ਵਰ ਬੇਐਬ ਪਰਵਰਦਿਗਾਰ ਨੂਰ ਅਲਾਹ ਆਲਮੀਨ ਆਪਣਾ ਰੰਗ ਰੰਗਾਈਆ ।

## ✪ ਜ਼ਫ਼ਰਨਾਮਾ ਗੁਰੂਦਵਾਰੇ ਦੇ ਉਪਰ ਮੰਜੀ ਸਾਹਿਬ ਵਿਚ ✪

ਸਤਿਗੁਰ ਗੋਬਿੰਦ ਲੇਖ ਲਿਖਿਆ ਧੁਰ ਦੀ ਕਾਨੀ, ਕਾਗ਼ਜ਼ ਕਲਮ ਸ਼ਾਹੀ ਜਗਤ ਨਾ ਕੋਇ ਵਖਾਈਆ । ਸੰਦੇਸ਼ਾ ਦਿਤਾ ਦੋ ਜਹਾਨੀ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਆਪ ਜਣਾਈਆ । ਮੇਰਾ ਸ਼ਹਿਨਸ਼ਾਹ ਪੁਰਖ ਅਕਾਲ ਵਡ ਸੁਲਤਾਨੀ, ਦੀਨ ਦਿਆਲ ਬੇਪਰਵਾਹੀਆ । ਜਿਸ ਨੇ ਲੇਖੇ ਲਾਈ ਮੇਰੀ ਕੁਰਬਾਨੀ, ਪਿਤਾ ਪੂਤ ਮਾਤਾ ਉਸ ਦੀ ਭੇਟ ਚੜ੍ਹਾਈਆ । ਗੁਰਮੁਖਾਂ ਦੀ ਸਦਾ ਧਰਮ ਦੀ ਬਣਾ ਨਿਸ਼ਾਨੀ, ਨਿਸ਼ਾਨਾ ਜਗਤ ਵਿਚ ਝੁਲਾਈਆ । ਮਾਛੂਵਾੜੇ ਸੱਥਰ ਸੇਜ ਹੰਢਾਈ ਮਰਦ ਮਰਦਾਨੀ, ਆਪਣੀ ਖ਼ੁਸ਼ੀ ਬਣਾਈਆ । ਫੇਰ ਪਹੁੰਚਿਆ ਵਿਚ ਬੀਆਬਾਨੀ, ਮਾਰੂਥਲ ਦੇਣ ਗਵਾਹੀਆ । ਜਿਥੇ ਲੇਖ ਲਿਖਿਆ ਔਰੰਗੇ ਦੀ ਬੇਈਮਾਨੀ, ਸ਼ਰਅ ਕੂੜ ਦਿਤੀ ਜਣਾਈਆ । ਅਗੰਮ ਭੇਵ ਵਿਚ ਸੰਦੇਸ਼ ਦਿਤਾ ਜਿਸ ਨੂੰ ਸਮਝੇ ਨਾ ਕੋਇ ਵਿਦਵਾਨੀ, ਅਕਲ ਬੁੱਧੀ ਪਰਦਾ ਨਾ ਕੋਇ ਉਠਾਈਆ । ਇਸ਼ਾਰਾ ਕੀਤਾ ਮੁਹੰਮਦ ਦੀ ਉਮਤ ਦਿਸੇ ਫ਼ਾਨੀ, ਅੰਤ ਰਹਿਣ ਕੋਇ

ਨਾ ਪਾਈਆ । ਇਹ ਖੇਲ ਵੇਖਣਾ ਮੇਰੇ ਪੁਰਖ ਅਕਾਲ ਕਰਕੇ ਆਪਣੀ ਮਿਹਰਵਾਨੀ, ਮਿਹਰਵਾਨ ਹੋ ਕੇ ਆਪਣਾ ਵੇਸ ਵਟਾਈਆ । ਉਸ ਵੇਲੇ ਸਤਿਗੁਰ ਗੋਬਿੰਦ ਸ਼ਬਦ ਦੀ ਹੋਣੀ ਇਹ ਨਿਸ਼ਾਨੀ, ਨਿਸ਼ਾਨਾ ਸ਼ਬਦ ਗੁਰੂ ਵਖਾਈਆ । ਜਿਹੜਾ ਲੇਖਾ ਲਿਖ ਕੇ ਧਰਨੀ ਵਿਚ ਕੀਤਾ ਦਫ਼ਨਾਨੀ, ਸਾਢੇ ਨੌਂ ਹੱਥ ਗਹਿਰਾ ਨਿਸ਼ਾਨ ਲਗਾਈਆ । ਜਿਸ ਮਕਬਰਿਆਂ ਵਾਲੇ ਸਾਰੇ ਕਰਨੇ ਫ਼ਾਨੀ, ਮੰਜ਼ਲ ਰੁਹਾਨੀ ਨਜ਼ਰ ਕੋਇ ਨਾ ਆਈਆ । ਝਗੜਾ ਮੇਟਣਾ ਜਿਸਮ ਜਿਸਮਾਨੀ, ਜ਼ਮੀਰ ਜ਼ਮੀਰਾਂ ਦਏ ਬਦਲਾਈਆ । ਹੁਕਮ ਸੰਦੇਸ਼ਾ ਦੇਵੇ ਕਲਮਾ ਬਾਹਰ ਕਲਾਮੀ, ਧੁਰ ਸੰਦੇਸ਼ਾ ਇਕ ਦ੍ਰਿੜਾਈਆ । ਇਕ ਰੁਪਈਆ ਗੋਬਿੰਦ ਗੋਬਿੰਦ ਗੋਬਿੰਦ ਦੇ ਜਫਰਨਾਮੇ ਦੀ ਸਫ਼ਰ ਵਿਚ ਰਹਿ ਜਾਏ ਨਿਸ਼ਾਨੀ, ਕਮਰਕਸੇ ਲਿਖਾਰੀਆਂ ਦੇ ਦਏ ਖੁਲ੍ਹਾਈਆ । ਅੱਗੇ ਖੇਲ ਵੇਖਣਾ ਜਗਤ ਮੈਦਾਨੀ, ਨੌਂ ਖੰਡ ਪ੍ਰਿਥਮੀ ਆਪਣੀ ਕਾਰ ਭੁਗਤਾਈਆ । ਮਾਲਵੇ ਵਾਲਿਓ ਇਹ ਵੇਲਾ ਨੌ ਸੌ ਚੁਰਾਨਮੇ ਚੌਕੜੀ ਜੁਗ ਹੱਥ ਨਹੀਂ ਆਉਂਦਾ ਜੁਗ ਚੌਕੜੀ ਅਵਤਾਰ ਪੈਗ਼ੰਬਰ ਗੁਰ ਜਿਸ ਦੀ ਗਾਉਂਦੇ ਬਾਣੀ, ਸੋ ਬਾਣ ਅਣਿਆਲਾ ਤੀਰ ਚਲਾਈਆ । ਇਹ ਮਾਰਗ ਭਗਤਾਂ ਦਾ ਦੁੱਖਾਂ ਵਾਲਾ ਗੋਬਿੰਦ ਦਾ ਬੜਾ ਆਸਾਨੀ, ਮੁਸ਼ਕਲ ਗੁਰਸਿਖਾਂ ਹੱਲ ਕਰਾਈਆ । ਜਨ ਭਗਤੋ ਤੁਹਾਡਾ ਮੇਲਾ ਉਸ ਮਹਿਬੂਬ ਨਾਲ ਜਿਹੜਾ ਅਰਸ਼ ਫ਼ਰਸ਼ ਦਾ ਮਾਲੀ, ਮਾਲਕ ਇਕ ਅਖਵਾਈਆ । ਸਤਿਗੁਰ ਗੋਬਿੰਦ ਗੋਬਿੰਦ ਸਤਿਗੁਰ ਸ਼ਬਦ ਅਕਥ ਕਹਾਣੀ, ਮਹਿਮਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤ ਅੰਤ ਕਲਜੁਗ ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ ਬ੍ਰਹਿਮੰਡ ਖੰਡ ਦੋ ਜਹਾਨੀ ।



## ਗੁਰੂਦਵਾਰੇ ਤੋਂ ਬਾਹਰ ਨਿਕਲ ਕੇ ਸੜਕ ਉਤੇ ਸ਼ਬਦ ਚਲਿਆ

ਸਤਿਗੁਰ ਗੋਬਿੰਦ ਏਥੇ ਘੜੀ ਸੀ ਕਲਮ ਕਾਨੀ, ਖੰਡਾ ਤਿੱਖੀ ਧਾਰ ਛੁਹਾਈਆ । ਨਾਲੇ ਲੇਖ ਲਿਖਿਆ ਜਗਤ ਜਹਾਨ ਦੀ ਕਟ ਦੇਣੀ ਗ਼ੁਲਾਮੀ, ਬਰਦਾ ਰਹਿਣ ਕੋਇ ਨਾ ਪਾਈਆ । ਸ਼ਰਅ ਦੀ ਮੇਟਣੀ ਬੇਈਮਾਨੀ, ਇਸਲਾਮੀ ਅੰਤ ਨਾ ਕੋਇ ਰਹਾਈਆ । ਸਦੀ ਚੌਧਵੀਂ ਉਮਤ ਹੋਣੀ ਫ਼ਾਨੀ, ਫ਼ੈਸਲਾ ਹੱਕ ਹੱਕ ਸੁਣਾਈਆ । ਕਲਜੁਗ ਦੀ ਆਯੂ ਪਿਛੇ ਬੱਚਿਆਂ ਦੀ ਦਿਤੀ ਕੁਰਬਾਨੀ, ਛੋਟੇ ਨੀਹਾਂ ਹੇਠ ਦਬਾਈਆ । ਮੇਰਾ ਪੁਰਖ ਅਕਾਲ ਦੀਨ ਦਿਆਲ ਵੇਖਣਹਾਰਾ ਉਪਰ ਜ਼ਿਮੀਂ ਅਸਮਾਨੀ, ਜੋਤੀ ਜਾਤਾ ਅਗੰਮ ਅਥਾਹੀਆ । ਜਿਸ ਨੇ ਹਰਿ ਸੰਗਤ ਵਿਚ ਜਿਤਨੇ ਦਿਨ ਗੋਬਿੰਦ ਚਲਿਆ ਸੀ ਨੰਗੀ ਪੈਰੀਂ ਓਨੇ ਦਿਨ ਰੱਖੀ ਪਰੇਸ਼ਾਨੀ, ਆਪਣਾ ਭੇਵ ਨਾ ਕਿਸੇ ਜਣਾਈਆ । ਇਹੋ ਸਤਿਗੁਰੂ ਦੀ ਵੱਡੀ ਮਿਹਰਵਾਨੀ, ਕੋਲ ਬਹਿ ਕੇ ਭਾਣਾ ਸਹਿ ਕੇ ਸਭ ਵਿਚ ਰਹਿ ਕੇ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਲਾਹੀਆ । ਗੋਬਿੰਦ ਨੇ ਪਹਿਲੋਂ ਮਾਰੀਆਂ ਪੰਜ ਲਕੀਰਾਂ, ਕਲਮ ਸੱਜੇ ਖੱਬੇ ਹੱਥ ਵਿਚ ਬਦਲਾਈਆ । ਫੇਰ ਕਿਹਾ ਗੁਰਸਿਖੋ ਤੁਹਾਡੀਆਂ ਬਦਲ ਦੇਣੀਆਂ ਤਕਦੀਰਾਂ, ਤਦਬੀਰ ਧੁਰ ਦਾ ਹੁਕਮ ਜਣਾਈਆ । ਮੈਂ ਖੇਲ ਖਿਲਾਇਆ ਬਣਕੇ ਵਡ ਪੀਰਨ ਪੀਰਾ, ਪੀਰ ਪੈਗ਼ੰਬਰ ਔਲੀਏ ਗੌਸ ਸਾਰੇ ਲੈਣੇ ਨਿਵਾਈਆ । ਜਿਸ ਵੇਲੇ ਮੈਂ ਬਵੰਜਾ ਲਿਖਾਰੀਆਂ ਤੇ ਕਵੀਆਂ ਦੀ ਧਾਰ ਪੰਜਾਂ ਨੂੰ ਇਸਤ੍ਰੀ ਮਰਦ ਦੀ ਧਾਰ ਵਿਚ ਬਨ੍ਹਾ ਦਿਤਾ ਚੀਰਾ,

ਹਰਿਜਨ ਗੁਰਮੁਖ ਸੋਹਣਾ ਰੂਪ ਦਰਸਾਈਆ । ਦੋ ਜਹਾਨ ਦਾ ਆਪਣੇ ਕੰਧ ਉਠਾਵਾਂਗਾ ਬੀੜਾ, ਬੀੜੀ ਸਿਗਰਟ ਪਾਨ ਖਾਣ ਵਾਲਾ ਰਹਿਣ ਕੋਇ ਨਾ ਪਾਈਆ । ਸਦੀ ਚੌਧਵੀਂ ਮੁਹੰਮਦ ਦੀ ਉਮਤ ਉਤੇ ਆਵੇਗੀ ਭੀੜਾ, ਚੌਦਾਂ ਤਬਕ ਰੋਵਣ ਮਾਰਨ ਧਾਹੀਆ । ਅੰਤ ਅੰਤ ਅੰਤ ਖੇਲ ਕਰੇ ਮੇਰਾ ਪੁਰਖ ਅਕਾਲਾ ਗੁਣੀ ਗਹੀਰਾ, ਗਹਿਰ ਗੰਭੀਰ ਬੇਪਰਵਾਹੀਆ । ਜਿਸ ਨੇ ਦੀਨ ਦੁਨੀ ਦੀ ਹਿੰਦੂ ਮੁਸਲਿਮ ਸਿੱਖ ਈਸਾਈ ਦੀ ਬਦਲ ਦੇਣੀ ਜ਼ਮੀਰਾ, ਜ਼ਾਹਰ ਜ਼ਹੂਰ ਇਕੋ ਨੂਰ ਕਰੇ ਰੁਸ਼ਨਾਈਆ । ਨਾਲੇ ਹੱਥ ਰੱਖ ਕੇ ਉਤੇ ਸ਼ਮਸ਼ੀਰਾ, ਖੰਡਾ ਖੜਗ ਦਿਤਾ ਖੜਕਾਈਆ । ਨਾਲੇ ਹੱਥ ਮਾਰਿਆ ਉਤੇ ਭੱਥੇ ਵੇਖੀ ਮੁਖੀ ਤੀਰਾ, ਤੀਰ ਨਿਸ਼ਾਨਾ ਦੋ ਜਹਾਨ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੋਬਿੰਦ ਸ਼ਬਦ ਸ਼ਬਦ ਗੋਬਿੰਦ ਆਦਿ ਅੰਤ ਅੰਤ ਆਦਿ ਸਤਿਗੁਰ ਸਤਿਗੁਰ ਇਕੋ ਨਜ਼ਰੀ ਆਈਆ ।

### ✪ ਗੁਰੂਦਵਾਰੇ ਤੋਂ ਲਗਭਗ ਤਿੰਨ ਕੂ ਫ਼ਰਲਾਂਗ ਦੂਰ ਸੜਕ ਤੇ ਸ਼ਬਦ ਚਲਿਆ ✪

ਗੋਬਿੰਦ ਨੇ ਏਥੇ ਲਿਖੀ ਸੀ ਤੀਜੀ ਸਤਰ, ਤਿੰਨਾਂ ਗੁਣਾਂ ਤੋਂ ਬਾਹਰ ਰਖਾਈਆ । ਪੁਰਾਣੇ ਚੋਲੇ ਦੀ ਕਟ ਕੇ ਕਤਰ, ਅੱਗ ਦਿਤੀ ਲਗਾਈਆ । ਫੇਰ ਛਿੜਕਿਆ ਉਤੇ ਅਤਰ, ਮਹਿਕ ਨਾਲ ਮਹਿਕਾਈਆ । ਫੇਰ ਸ਼ਬਦ ਦਾ ਹਿਲਾਇਆ ਛਤਰ, ਛਤਰਧਾਰੀ ਦੇਣੇ ਖਪਾਈਆ । ਫੇਰ ਰਾਗ ਸੁਣਾਇਆ ਮਧੁਰ, ਤੂੰ ਮਾਲਕ ਬੇਪਰਵਾਹੀਆ । ਮੇਰੀ ਜ਼ਰੂਰ ਪੂਰੀ ਕਰਨੀ ਸੱਧਰ, ਸੱਧਰਾਂ ਦੇ ਮਾਲਕ ਦਇਆ ਕਮਾਈਆ । ਜਿਸ ਵੇਲੇ ਦੁਨੀ ਵਿਚ ਰਿਹਾ ਨਾ ਕਿਸੇ ਦਾ ਕਦਰ, ਕਦੀਮ ਦੇ ਮਾਲਕ ਆਉਣਾ ਚਾਈਂ ਚਾਈਂਆ । ਜਗਤ ਜਹਾਨ ਕਰਨਾ ਪੱਧਰ, ਨਵ ਸੱਤ ਕਰਨੀ ਸਫ਼ਾਈਆ । ਭਗਤ ਸੁਹੇਲੇ ਉਪਜਾਉਣੇ ਰਤਨ, ਗੁਰਮੁਖ ਗੋਦ ਉਠਾਈਆ । ਮੇਰੇ ਦੇਸ ਸੁਹਾਉਣਾ ਪੱਤਨ, ਖ਼ਾਲੀ ਹੱਥ ਮੇਰੀ ਦੁਹਾਈਆ । ਸਚ ਤੈਨੂੰ ਲੱਗਾ ਦੱਸਣ, ਸੰਦੇਸਾ ਅਗੰਮ ਅਥਾਹੀਆ । ਕੁਛ ਅਮਾਨਤ ਲੱਗਾ ਤੇਰੇ ਕੋਲ ਰੱਖਣ, ਹੱਥ ਦਸਤਾਰ ਨਾਲ ਛੁਹਾਈਆ । ਫੇਰ ਖ਼ੁਸ਼ੀਆਂ ਵਿਚ ਲੱਗਾ ਹੱਸਣ, ਅੱਖਾਂ ਜ਼ਿਮੀਂ ਅਸਮਾਨ ਵੱਲ ਟਿਕਾਈਆ । ਫੇਰ ਮਿੱਟੀ ਲੱਗਾ ਚਰਨਾਂ ਨਾਲ ਦੱਬਣ, ਜ਼ੋਰ ਨਾਲ ਦਬਾਈਆ । ਫੇਰ ਖ਼ੁਸ਼ੀ ਵਿਚ ਕੀਤਾ ਬਚਨ, ਸਚ ਸਚ ਸੁਣਾਈਆ । ਪ੍ਰਭੂ ਜਿਸ ਵੇਲੇ ਕਲਜੁਗ ਕੂੜੀ ਕਿਰਿਆ ਲੱਗੀ ਮੱਚਣ, ਅਗਨੀ ਅੱਗ ਤਪਾਈਆ । ਮਿਲੇ ਕਿਨਾਰਾ ਨਾ ਕਿਸੇ ਪੱਤਨ, ਬੇਵਤਨ ਹੋਏ ਲੋਕਾਈਆ । ਉਸ ਵੇਲੇ ਮੇਰੇ ਗੁਰਸਿਖਾਂ ਆਵੀਂ ਪੈਜ ਰੱਖਣ, ਆਪਣਿਆਂ ਭਗਤਾਂ ਲਈਂ ਮਿਲਾਈਆ । ਪੁਰਖ ਅਕਾਲ ਕਿਹਾ ਗੋਬਿੰਦ ਤੇਰੀ ਦਸਤਾਰ ਦਾ ਦਸਤਾਰ ਹੋਵੇ ਪੱਤਣ, ਇਹ ਮੇਰਾ ਘਾਟ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਮੇਰੀ ਇਹ ਪੁਕਾਰ, ਮੈਂ ਸਚ ਦਿਆਂ ਸੁਣਾਈਆ । ਜਿਸ ਵੇਲੇ ਗੋਬਿੰਦ ਲਿਖਦਾ ਸੀ ਏਥੇ ਤੀਜੀ ਕਤਾਰ, ਗੁਰਮੁਖ ਬੈਠੇ ਅਣਜਾਣਤ ਧਿਆਨ ਲਗਾਈਆ । ਫੇਰ ਸਾਹਿਬਾਂ ਨੇ ਖ਼ੁਸ਼ੀ ਨਾਲ ਕੀਤਾ ਇਸ਼ਾਰ, ਉਂਗਲ ਮਾੜੀ ਵੱਲ ਉਠਾਈਆ । ਜਿਸ ਕਰਕੇ ਸ਼ੁਰੂ ਕੀਤਾ ਦਸਤਾਰ ਦਾ ਵਿਵਹਾਰ, ਪੂਰਬ ਲੇਖਾ ਪੂਰ ਕਰਾਈਆ । ਉਨੀ ਕੱਤਕ ਪਿਛਲਾ ਪੂਰਾ ਕਰਨਾ ਉਧਾਰ, ਕਰਜ਼ਾ ਅਵਰ ਨਾ ਕੋਇ ਰਖਾਈਆ । ਹਰਿ ਸੰਗਤ ਦਾ ਲੰਗਰ ਕਮਰਕਸੇ ਕਸ ਕੇ ਲਿਖਾਰੀ ਕਰਨਗੇ ਨਾਲ ਤਿਆਰ, ਗੁਰਮੁਖ

ਸਿੰਘ ਸਗਲਾ ਸੰਗ ਬਣਾਈਆ । ਸਾਢੇ ਸੱਤ ਵਰਤੇਗਾ ਵਿਚ ਇਕ ਕਤਾਰ, ਲਾਈਨ ਇਕੋ ਇਕ ਬਣਾਈਆ । ਸਤਿਗੁਰ ਜੋਤ ਸ਼ਬਦ ਅਧਾਰ, ਜੋਤ ਸ਼ਬਦ ਰੂਪ ਪ੍ਰਗਟਾਈਆ । ਬੈਠੇਗਾ ਅਧਵਿਚਕਾਰ, ਵਿਚ ਗੁਰਮੁਖਾਂ ਡੇਰਾ ਲਾਈਆ । ਅਗਲੀ ਰੀਤੀ ਅਪਰ ਅਪਾਰ, ਸਚ ਸਵਾਮੀ ਜਗਤ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ ।

### ✪ ਗੁਰਦੁਵਾਰੇ ਤੋਂ ਥੋੜੀ ਦੂਰ ਫਿਰ ਚਲਦੇ ਚਲਦੇ ਸੜਕ ਤੇ ਹੀ ਰੁਕ ਕੇ ਵਿਹਾਰ ਹੋਇਆ ✪

ਕੁੰਭ ਕਹੇ ਗੋਬਿੰਦ ਗੱਡਿਆ ਮੇਰਾ ਨਿਸ਼ਾਨਾ, ਨਿਸ਼ਾਨ ਦਿਤਾ ਬਣਾਈਆ । ਮੈਨੂੰ ਬਖ਼ਸ਼ਿਆ ਪੰਜ ਪੰਜ ਦਾਣਾ, ਰਿਜ਼ਕ ਅਟੋਟ ਅਤੁਟ ਭਰਾਈਆ । ਗੁਰਮੁਖਾਂ ਪਹਿਨਾ ਕੇ ਜੰਗੀ ਬਾਣਾ, ਜਗਤ ਜਹਾਨ ਦਏ ਹਿਲਾਈਆ । ਜਨ ਭਗਤਾਂ ਬਖ਼ਸ਼ ਕੇ ਦਾਨ ਮਹਾਨਾ, ਖ਼ਾਲੀ ਭੰਡਾਰੇ ਆਪ ਭਰਾਈਆ । ਇਹ ਲੇਖਾ ਬਾਹਰ ਦੋ ਜਹਾਨਾ, ਜਗਤ ਅਕਲ ਬੁੱਧੀ ਸਮਝੇ ਕੋਇ ਨਾ ਰਾਈਆ । ਚਾਰੇ ਜੁਗ ਖੇਲ ਮਹਾਨਾ, ਜੁਗ ਜੁਗ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਦਾਣੇ ਕਹਿਣ ਅਸੀਂ ਦਈਏ ਹੱਕ ਬਿਆਨ, ਸਚ ਸਚ ਸੁਣਾਈਆ । ਲਿਖਾਰੀ ਪਹਿਲੋਂ ਕਰਨ ਇਸ਼ਨਾਨ, ਕੇਸ ਸਵਾਸਾ ਜਲ ਮੁਖ ਛੁਹਾਈਆ । ਫੇਰ ਕੰਨਾਂ ਵਿਚ ਉਂਗਲਾ ਪਾਣ, ਮਿੰਟ ਢਾਈ ਰਖਾਈਆ । ਫੇਰ ਚਰਨ ਕਵਲ ਕਰਨ ਧਿਆਨ, ਨੇਤਰ ਅੱਖ ਨਾ ਕੋਇ ਉਠਾਈਆ । ਫੇਰ ਖ਼ੁਸ਼ੀ ਵਿਚ ਜੈਕਾਰੇ ਲਾਣ, ਪੰਜ ਪੰਜ ਪੰਜ ਸ਼ਨਵਾਈਆ । ਇਹ ਹੁਕਮ ਧੁਰ ਦਾ ਸ੍ਰੀ ਭਗਵਾਨ, ਦੇਵਣਹਾਰ ਅਗੰਮ ਅਥਾਹੀਆ । ਜਿਸ ਨੂੰ ਸਮਝੇ ਨਾ ਕੋਇ ਬੁੱਧੀ ਵਾਲਾ ਇਨਸਾਨ, ਅਕਲ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਧਾਰ ਆਪ ਬਣਾਈਆ ।

### ✪ ਸੜਕ ਤੇ ਚਲਦੇ ਚਲਦੇ ਗੁਰਦੁਵਾਰੇ ਤੋਂ ਥੋੜੀ ਹੀ ਦੂਰ ਰੁਕ ਕੇ ਫਿਰ ਸ਼ਬਦ ਚਲਿਆ ✪

ਗੋਬਿੰਦ ਖੱਬੇ ਹੱਥ ਉਤੇ ਏਥੇ ਲੇਖ ਲਿਖਾ, ਸ਼ਾਹੀ ਲਾਲ ਰੰਗ ਰੰਗਾਈਆ । ਮਾਣ ਦਿਤਾ ਉਨ੍ਹਾਂ ਗੁਰਸਿਖਾਂ, ਜੋ ਸਦੀ ਚੌਧਵੀਂ ਅੰਤ ਪ੍ਰਭ ਨੂੰ ਲੈਣ ਧਿਆਈਆ । ਚਾਰੋਂ ਕੁੰਟ ਭਵਾ ਕੇ ਪਿਛਾ, ਕੰਡ ਕੰਡ ਲਈ ਬਦਲਾਈਆ । ਫੇਰ ਪ੍ਰੇਮ ਦਾ ਕਰ ਕੇ ਹਿਤਾ, ਪੁਰਖ ਅਕਾਲ ਦਿਤਾ ਸੁਣਾਈਆ । ਸੁਣ ਮੇਰੇ ਪੁਰਖ ਅਕਾਲ ਅਬਿਨਾਸ਼ੀ ਅਚੁਤਾ, ਪਰਵਰਦਿਗਾਰ ਅਗੰਮ ਅਥਾਹੀਆ । ਮੇਰਾ ਪੈਂਡਾ ਅਜੇ ਨਹੀਂ ਮੁਕਾ, ਫੇਰ ਆਵਾਂ ਚਾਈਂ ਚਾਈਂਆ । ਨਾਲ ਤੇਰਾ ਹੋਵੇ ਖੁਸ਼ਾ, ਖ਼ੁਸ਼ੀ ਵਿਚ ਵੱਜੇ ਵਧਾਈਆ । ਨਾਲੇ ਤਾਅ ਚਾੜ੍ਹਿਆ ਮੁੱਛਾਂ, ਮੁਸ਼ਕਲ ਵਿਚ ਪਾਉਣੀ ਸਰਬ ਲੋਕਾਈਆ । ਫੇਰ ਆਪਣਾ ਫ਼ਰਕਾਇਆ ਜੁੱਸਾ, ਜ਼ੋਰ ਨਾਲ ਹਿਲਾਈਆ । ਫੇਰ ਨਿਗਹ ਮਾਰੀ ਮੇਰਾ ਨਿਸ਼ਾਨਾ ਜਾਏ ਨਾ ਉਕਾ, ਤੀਰ ਅਣਿਆਲਾ ਇਕ ਵਖਾਈਆ । ਫੇਰ ਹੱਸ ਕੇ ਕਿਹਾ ਮੁਖਾ, ਹੰਸਮੁਖ ਸ਼ਬਦ ਜਣਾਈਆ । ਲੇਖਾ ਪੂਰਾ ਕਰਨਾ ਧਰਮ ਧਾਰ ਗੁਰਸਿਖਾਂ, ਜੋ ਸਿਖ ਸਿਖਿਆ ਵਿਚ ਸਮਾਈਆ । ਪੁਰਖ ਅਕਾਲ ਨਾਲ ਆਉਣਾ ਪਿਤਾ, ਪਤਿਪਰਮੇਸ਼ਵਰ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ


੧੫੪੨ ੨੨

ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਹੋ ਕੇ ਕਰੇ ਰਿੱਛਾ, ਰੱਛਕ ਆਪਣੀ ਦਇਆ ਕਮਾਈਆ ।

### ✪ ੧੯ ਕੱਤਕ ਸ਼ਹਿਨਸ਼ਾਹੀ ਸੰਮਤ ੭ ਨਾਜ਼ਰ ਸਿੰਘ ਦੇ ਗ੍ਰਿਹ ਲੰਗਰ ਛਕਣ ਸਮੇਂ ਵਿਹਾਰ ਹੋਇਆ ਪਿੰਡ ਮਾੜੀ ਮੁਸਤਫ਼ਾ ਜ਼ਿਲਾ ਫ਼ਿਰੋਜ਼ਪੁਰ ✪

ਉਨੀਂ ਕੱਤਕ ਕਹੇ ਮੇਰਾ ਲੇਖ ਲਿਖਿਆ ਇਕ ਨੌ ਸੰਮਤ ਵਿਚ ਉਨੀਸਾ, ਬਿਕ੍ਰਮੀ ਵੀਹ ਦਏ ਗਵਾਹੀਆ । ਜਿਸ ਵਿਚ ਹਜ਼ਰਤਾਂ ਕੀਤੀ ਹਦੀਸਾ, ਪੈਗ਼ੰਬਰਾਂ ਦਿਤਾ ਜਣਾਈਆ । ਸਦੀ ਚੌਧਵੀਂ ਅੰਤ ਨਾ ਰਹੇ ਮੁਹੰਮਦ ਨਾ ਰਹੇ ਈਸਾ, ਮੂਸਾ ਮੇਲਾ ਮੇਲੇ ਸਹਿਜ ਸੁਭਾਈਆ । ਦੀਨ ਦੁਨੀ ਖ਼ਾਲੀ ਹੋਵੇ ਖ਼ੀਸਾ, ਮਾਇਆ ਮਮਤਾ ਰੋਵੇ ਮਾਰੇ ਧਾਹੀਆ । ਸਤਿ ਪੁਰਖ ਨਿਰੰਜਣ ਜਨ ਭਗਤਾਂ ਚਲਾਏ ਸਾਚੀ ਰੀਤਾ, ਮਾਰਗ ਸਤਿਜੁਗ ਇਕ ਸਮਝਾਈਆ । ਲੱਖ ਚੁਰਾਸੀ ਵਿਚੋਂ ਪਰਖ ਕੇ ਨੀਤਾ, ਨੀਤੀਵਾਨ ਆਪਣਾ ਘਰ ਵਖਾਈਆ । ਨਿਰਗੁਣ ਧਾਰ ਜੋਤ ਬਖ਼ਸ਼ ਪ੍ਰੀਤਾ, ਸਤਿਗੁਰ ਸ਼ਬਦ ਮੇਲ ਮਿਲਾਈਆ । ਤ੍ਰੈਗੁਣ ਤੋਂ ਕਰ ਅਤੀਤਾ, ਤ੍ਰੈਭਵਣ ਧਨੀ ਆਪਣਾ ਖੇਲ ਖਿਲਾਈਆ । ਝਗੜਾ ਮੇਟ ਕੇ ਮੰਦਰ ਮਸੀਤਾ, ਭਗਤ ਦਵਾਰਾ ਇਕ ਵਡਿਆਈਆ । ਜਿਥੇ ਮਾਣ ਦੇਵੇ ਹਸਤ ਕੀਟਾ, ਜ਼ਾਤ ਪਾਤ ਨਾ ਕੋਇ ਰਖਾਈਆ । ਆਪਣਾ ਖੇਲ ਕਰੇ ਅਨਡੀਠਾ, ਅਨਡਿਠੜੀ ਕਾਰ ਭੁਗਤਾਈਆ । ਪੁਰਖ ਅਕਾਲ ਦਾ ਭਾਣਾ ਮੰਨਣਾ ਕਰ ਕੇ ਮੀਠਾ, ਚਿੰਤਾ ਗ਼ਮ ਨਾ ਕੋਇ ਜਣਾਈਆ । ਜਿਹੜਾ ਸੰਦੇਸ਼ ਦਿਤਾ ਸੀ ਰਾਮ ਸੀਤਾ, ਬਨਖੰਡ ਬਿਨ ਰਸਨ ਰਸਨ ਸੁਣਾਈਆ । ਜਿਸ ਦਾ ਲੇਖਾ ਜਣਾਇਆ ਕ੍ਰਿਸ਼ਨ ਵਿਚ ਗੀਤਾ, ਰਾਧਾ ਰੰਗ ਰੂਪ ਰੰਗਾਈਆ । ਪੈਗ਼ੰਬਰਾਂ ਦੱਸੀ ਜਿਸ ਅਸਲੀਅਤਾ, ਅਸਲ ਅਸਲ ਆਪ ਪਰਗਟਾਈਆ । ਗੁਰੂਆਂ ਦੇ ਹੱਕ ਨਸੀਹਤਾ, ਜਗਤ ਨਸਲ ਦਿਤੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਉਨੀਸਾ ਕਹੇ ਮੈਂ ਦੱਸਾਂ ਇਕ ਨੌ ਦੀ ਧਾਰ, ਸਤਿ ਸਚ ਜਣਾਈਆ । ਸਤਿਜੁਗ ਚਲੇ ਮਾਰਗ ਅਪਾਰ, ਅਪਰੰਪਰ ਸਵਾਮੀ ਆਪ ਚਲਾਈਆ । ਦੀਨ ਮਜ਼੍ਹਬ ਦਾ ਝਗੜਾ ਦਏ ਨਿਵਾਰ, ਜਾਤ ਪਾਤ ਵੰਡ ਨਾ ਕੋਇ ਵੰਡਾਈਆ । ਗ਼ਰੀਬ ਨਿਮਾਣਿਆਂ ਪਾਵੇ ਸਾਰ, ਕੋੜ੍ਹਿਆਂ ਕਮਲਿਆਂ ਗਲੇ ਲਗਾਈਆ । ਸ਼ਾਹ ਸੁਲਤਾਨਾਂ ਕਰੇ ਖ਼ੁਆਰ, ਰਾਜ ਰਾਜਾਨਾਂ ਖ਼ਾਕ ਮਿਲਾਈਆ । ਮਾਨਸ ਮਾਨੁਖ ਮਾਨਵ ਇਕੋ ਰੰਗ ਰੰਗੇ ਕਰਤਾਰ, ਦੂਜੀ ਵੰਡ ਨਾ ਕੋਇ ਵੰਡਾਈਆ । ਸਭ ਦਾ ਸਾਂਝਾ ਹੋਏ ਪਿਆਰ, ਮੁਹੱਬਤ ਮਿਹਰਵਾਨ ਇਕ ਸਮਝਾਈਆ । ਇਕੋ ਜਿਹਾ ਸਭ ਦਾ ਹੋਏ ਆਹਾਰ, ਸੂਰ ਗਾਂ ਦਾ ਡੇਰਾ ਢਾਹੀਆ । ਕਿਰਪਾ ਕਰੇ ਆਪ ਨਿਰੰਕਾਰ, ਨਿਰਵੈਰ ਦਇਆ ਕਮਾਈਆ । ਭਗਤ ਸੁਹੇਲੇ ਕਰ ਤਿਆਰ, ਤ੍ਰੈਭਵਨ ਧਨੀ ਆਪਣੀ ਖੇਲ ਖਿਲਾਈਆ । ਉਨੀਂ ਕੱਤਕ ਦਿਵਸ ਵਿਚਾਰ, ਸੰਮਤ ਸ਼ਹਿਨਸ਼ਾਹੀ ਸੱਤ ਨਾਲ ਮਿਲਾਈਆ । ਗੋਬਿੰਦ ਦਾ ਲਹਿਣਾ ਪੂਰਾ ਕਰੇ ਇਕਰਾਰ, ਪੂਰਬ ਖੋਜ ਖੁਜਾਈਆ । ਜਿਸ ਗ੍ਰਿਹ ਵਿਚੋਂ ਹੁਕਮ ਦਿਤਾ ਸੀ ਸਭ ਦੇ ਸੀਸ ਬੰਨ੍ਹਣੀ ਦਸਤਾਰ, ਸਿਰ ਸਿਰ ਹੱਥ ਟਿਕਾਈਆ । ਇਕ ਇਕ ਰੁਪਈਆ ਦੱਛਣਾ ਦੇਣੀ ਨਾਲ, ਜਨ ਭਗਤ ਪਰੋਹਤ ਲੈਣੇ ਬਣਾਈਆ । ਇਹ ਮੰਗਣ ਨਾ ਜਾਣ ਕਿਸੇ

ਦਵਾਰ, ਜਗਤ ਮੰਗਤੇ ਇਹਨਾਂ ਦੇ ਦਰ ਆਵਣ ਚਾਈਂ ਚਾਈਂਆ । ਅੱਗੇ ਖੇਲ ਕਰੇ ਸੱਚੀ ਸਰਕਾਰ, ਹਰਿ ਕਰਤਾ ਅਗੰਮ ਅਥਾਹੀਆ । ਲੰਗਰ ਦਾ ਅਤੁਟ ਤਿਆਰ ਕਰ ਭੰਡਾਰ, ਭੰਡਾਰਾ ਖ਼ੁਸ਼ੀਆਂ ਨਾਲ ਵਰਤਾਈਆ । ਸ਼ਬਦ ਲਿਖਾਰੀ ਸੇਵਾਦਾਰ, ਗੁਰਮੁਖ ਮੇਲਾਂ ਚਾਈਂ ਚਾਈਂਆ । ਅੱਗੇ ਸਤਿਜੁਗ ਚਲੇ ਸਾਚੀ ਕਾਰ, ਹਰਿ ਸੰਗਤ ਇਕੋ ਪੰਗਤ ਬਹਿ ਕੇ ਖਾਣਾ ਖਾਈਆ । ਨੌਂ ਸਾਲ ਤੋਂ ਬਾਦ ਇਹ ਪੱਕਾ ਹੋ ਜਾਏ ਕੌਲ ਇਕਰਾਰ, ਫੇਰ ਤਰਮੀਮ ਨਾ ਕੋਇ ਵਖਾਈਆ । ਮੁਹੰਮਦ ਦਾ ਕਰਜ਼ਾ ਦੇਣਾ ਉਤਾਰ, ਚੌਦਾਂ ਤਬਕ ਲੇਖਾ ਰਹੇ ਨਾ ਰਾਈਆ । ਜਨ ਭਗਤਾਂ ਦਏ ਅਧਾਰ, ਘਰ ਘਰ ਰਿਜ਼ਕ ਪਹੁੰਚਾਈਆ । ਏਥੇ ਉਥੇ ਕਦੇ ਨਾ ਆਵੇ ਹਾਰ, ਹਰ ਹਿਰਦੇ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਦਇਆ ਕਮਾਈਆ । ਉਨੀਂ ਕੱਤਕ ਕਹੇ ਅਵਤਾਰ ਪੈਗ਼ੰਬਰ ਗੁਰ ਸਾਰੇ ਆਏ ਮਾਤ, ਜੋਤੀ ਧਾਰ ਸੋਭਾ ਪਾਈਆ । ਵਿਸ਼ਨੂੰ ਵੇਖੇ ਸੁਹੰਜਣੀ ਰਾਤ, ਭੰਡਾਰੀ ਅੱਖ ਖੁਲ੍ਹਾਈਆ । ਬ੍ਰਹਮਾ ਮਾਰੇ ਝਾਤ, ਸ਼ੰਕਰ ਸੀਸ ਨਿਵਾਈਆ । ਜੇ ਝਗੜਾ ਮੇਟਣਾ ਕਾਗ਼ਜ਼ਾਤ, ਸ਼ਰਅ ਦਾ ਲੇਖਾ ਦਏ ਮੁਕਾਈਆ । ਸਭ ਨੂੰ ਸਾਂਝੀ ਬਖ਼ਸ਼ੇ ਦਾਤ, ਨਾਮ ਨਿਧਾਨਾ ਅਗੰਮ ਅਥਾਹੀਆ । ਹਰਿਜਨ ਬਣਾਏ ਪਾਰਜਾਤ, ਰਤਨ ਰਤਨਾਂ ਵਿਚੋਂ ਪਰਗਟਾਈਆ । ਧੁਰ ਦਾ ਬਣ ਕੇ ਸੱਜਣ ਸਾਕ, ਸਗਲਾ ਸੰਗ ਵਖਾਈਆ । ਵਡਿਆਂ ਛੋਟਿਆਂ ਅਮੀਰਾਂ ਗ਼ਰੀਬਾਂ ਰੰਕ ਰਾਜਾਨਾਂ ਇਕੋ ਬਣਾ ਜਮਾਤ, ਇਕੋ ਦਰ ਸੁਹਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਮਿਹਰ ਨਜ਼ਰ ਇਕ ਉਠਾਈਆ । ਸਭ ਦਾ ਲੇਖੇ ਲਾਵੇ ਸਾਸ ਸਵਾਸ ਗਰਾਸ, ਲੰਗਰ ਸਭ ਦੇ ਮੁਖ ਵਿਚ ਪਾਈਆ । ਨਾਲ ਬੈਠ ਕੇ ਖਾਏ ਸਰਬ ਗੁਣਤਾਸ, ਗੁਣਵੰਤਾ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਹੋ ਆਈਆ । ਸਤਿਗੁਰ ਧਾਰ ਦੇਵੇ ਹੁਕਮ ਅਗੰਮ, ਅਗੰਮ ਆਪ ਜਣਾਈਆ । ਜਨ ਭਗਤ ਸੁਹੇਲੇ ਸਤਿਗੁਰ ਧਾਰੋਂ ਪਏ ਜੰਮ, ਨਾਤਾ ਛੁੱਟਿਆ ਜੰਮਣ ਵਾਲੀ ਮਾਈਆ । ਗੁਰਮੁਖੋ ਝਗੜਾ ਰੱਖਿਉ ਨਾ ਕਾਇਆ ਮਾਟੀ ਚੰਮ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਸਾਰੇ ਇਕੋ ਰੂਪ ਬ੍ਰਹਮ, ਪਾਰਬ੍ਰਹਮ ਵਿਚ ਸਮਾਈਆ । ਇਕੋ ਨੂਰ ਦੇ ਚੰਨ, ਚੰਦ ਸਿਤਾਰ ਦਾ ਲੇਖਾ ਦੇਣਾ ਮੁਕਾਈਆ । ਇਕੋ ਸਾਹਿਬ ਦੇ ਜਨ, ਜਣੇਂਦੀ ਅਵਰ ਕੋਇ ਨਾ ਮਾਈਆ । ਤੁਹਾਡਾ ਲੇਖੇ ਲੱਗੇ ਸਭ ਦਾ ਤਨ, ਤਤਵ ਦੇਵੇ ਮਾਣ ਵਡਿਆਈਆ । ਹਰਖ਼ ਸੋਗ਼ ਮੇਟ ਕੇ ਗ਼ਮ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਭੰਡਾਰਾ ਕਹੇ ਮੈਨੂੰ ਗੁਰਮੁਖ ਖ਼ੁਸ਼ੀਆਂ ਨਾਲ ਵਰਤਾਵਣ, ਜਾਪ ਅੰਦਰੇ ਅੰਦਰ ਕਰਾਈਆ । ਸੰਦੇਸ਼ਾ ਮਿਲੇ ਪਵਣੀ ਪਵਣ, ਪਵਣ ਪਵਣਾਂ ਹੁਕਮ ਵਰਤਾਈਆ । ਦੇਵਤ ਸੁਰ ਭੱਜੇ ਆਵਣ ਖਵਾਉਣ, ਦੂਰ ਦੁਰਾਡੇ ਸੀਸ ਨਿਵਾਈਆ । ਧੁਰ ਦੇ ਢੋਲੇ ਸਾਰੇ ਗਾਵਣ, ਫੂਲਨ ਬਰਖਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਰਗ ਆਇਆ ਲਾਉਣ, ਜਗਤ ਰੀਤੀ ਨੀਤੀ ਧਰਮ ਦੀ ਧਾਰ ਦਏ ਪਰਗਟਾਈਆ ।

**✪ ੧੯ ਕੱਤਕ ਸ਼ਹਿਨਸ਼ਾਹੀ ਸੰਮਤ ੭ ਨਾਜ਼ਰ ਸਿੰਘ, ਜਗੀਰ ਸਿੰਘ, ਭਾਗ ਸਿੰਘ, ਕੁਲਵੰਤ ਸਿੰਘ, ਕਰਤਾਰ ਕੌਰ, ਗੁਰਦਿਆਲ ਕੌਰ, ਬਸੰਤ ਕੌਰ, ਸਮਾਲਸਰ, ਸੁਹਾਵਾ ਸਿੰਘ ਪੰਜ ਗਰਾਂਈਆਂ, ਬਿਸ਼ਨ ਸਿੰਘ ਪੰਜ ਗਰਾਂਈਆ, ਖੇਮ ਸਿੰਘ ਕੋਟਕਪੂਰਾ, ਤਾਰਾ ਸਿੰਘ ਗਾਜੀਆਣਾ, ਨਰਾਇਣ ਸਿੰਘ ਨਿਹਾਲ ਸਿੰਘ ਵਾਲਾ, ਗੁਰਨਾਮ ਸਿੰਘ ਗਾਲਬ, ਰਣ ਸਿੰਘ ਸਰਦਾਰਾ ਸਿੰਘ ਰੋਡੇ ਪਿੰਡ ਮਾੜੀ ਮੁਸਤਫ਼ਾ ਜ਼ਿਲਾ ਫ਼ਿਰੋਜ਼ਪੁਰ ✪**



ਕੁੰਭ ਕਹੇ ਮੋਹਰ ਲੱਗੀ ਦਾਣਾ, ਆਤਮ ਪਰਮਾਤਮ ਗੁਰਮੁਖ ਰੂਪ ਦਰਸਾਈਆ । ਮੈਨੂੰ ਮਿਲ ਗਿਆ ਲੇਫ ਤਲਾਈ ਸਰਹਾਣਾ, ਸੋਹਣਾ ਸਿੰਘਾਸਣ ਦਿਤਾ ਵਿਛਾਈਆ । ਮੈਂ ਬੇਨੰਤੀ ਕਰਾਂ ਅੱਗੇ ਸ੍ਰੀ ਭਗਵਾਨਾ, ਨਿਉਂ ਨਿਉਂ ਸੀਸ ਨਿਵਾਈਆ । ਮੇਰੇ ਮਿਹਰਵਾਨ ਜਿਨ੍ਹਾਂ ਮੇਰੇ ਵਿਚ ਕੱਲ ਭਰਿਆ ਸੀ ਜਲ ਅੱਜ ਭਰਿਆ ਦਾਣਾ, ਅੰਨ ਜਲ ਸਭ ਦਾ ਲੇਖੇ ਲਾਈਆ । ਗੁਰਮੁਖ ਰਹੇ ਨਾ ਕੋਇ ਬੇਗਾਨਾ, ਬੰਧਨ ਨਾਮ ਲੈਣਾ ਬੰਧਾਈਆ । ਧੁਰ ਦੇ ਸ਼ਬਦ ਦਾ ਦੱਸ ਤਰਾਨਾ, ਤੁਰੀਆ ਤੋਂ ਬਾਹਰ ਪੜ੍ਹਾਈਆ । ਸੋਹਣਾ ਮੰਦਰ ਵਖਾ ਮਕਾਨਾ, ਸਚਖੰਡ ਦਵਾਰ ਦ੍ਰਿੜਾਈਆ । ਨਾਮ ਸ਼ਬਦ ਦੇ ਧੁਨਕਾਨਾ, ਜਗਤ ਸਰਵਣ ਸੁਣਨ ਦੀ ਲੋੜ ਰਹੇ ਨਾ ਰਾਈਆ । ਦੀਆ ਦੀਪਕ ਜਗਾ ਮਹਾਨਾ, ਨੂਰ ਨੁਰਾਨਾ ਕਰ ਰੁਸ਼ਨਾਈਆ । ਮੈਂ ਤੇਰਾ ਤਕਾਂ ਖੇਲ ਮਹਾਨਾ, ਮਹਿਮਾ ਅਗੰਮ ਅਥਾਹੀਆ । ਮੈਂ ਸੰਦੇਸ਼ਾ ਦੇਵਾਂ ਦੋ ਜਹਾਨਾ, ਪੁਰੀ ਲੋਅ ਸੁਣਾਈਆ । ਪਰਗਟ ਹੋਇਆ ਨੌਜਵਾਨਾ, ਮਰਦ ਮਰਦਾਨਾ ਵੇਸ ਵਟਾਈਆ । ਜਿਸ ਵੇਖਿਆ ਗੋਬਿੰਦ ਵਾਲਾ ਜ਼ਫ਼ਰਨਾਮਾ, ਜ਼ਾਹਰ ਜ਼ਹੂਰ ਖੇਲ ਖਿਲਾਈਆ । ਪੈਗ਼ੰਬਰਾਂ ਪੂਰਾ ਕਰੇ ਅਹਿਦਨਾਮਾ, ਕੌਲ ਇਕਰਾਰ ਖੋਜ ਖੁਜਾਈਆ । ਅੱਗੇ ਦੇਵੇ ਸਚ ਪੈਗ਼ਾਮਾ, ਸੰਦੇਸਾ ਇਕ ਇਲਾਹੀਆ । ਲੇਖਾ ਪੂਰਾ ਕਰੇ ਕ੍ਰਿਸ਼ਨਾ ਰਾਮਾ, ਬਾਵਨ ਆਸ਼ਾ ਪੂਰ ਕਰਾਈਆ । ਮਾਲਕ ਬਣ ਕੇ ਦੋ ਜਹਾਨਾ, ਦੋਹਰੀ ਚੋਟ ਡੰਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕੁੰਭ ਕਹੇ ਮੈਨੂੰ ਬੜਾ ਮਿਲਿਆ ਆਦਰ, ਮੈਂ ਸਚ ਸਚ ਸੁਣਾਈਆ । ਮੈਨੂੰ ਮਾਣ ਦਿਤਾ ਤੇਗ਼ ਬਹਾਦਰ, ਨਿਗਹ ਮੇਰੇ ਵਿਚ ਟਿਕਾਈਆ । ਮੇਰਾ ਕਰਮ ਹੋਇਆ ਉਜਾਗਰ, ਦੁਰਮਤ ਮੈਲ ਰਹੀ ਨਾ ਰਾਈਆ । ਸਦੀ ਚੌਧਵੀਂ ਜਨ ਭਗਤੋ ਮੈਂ ਬਣਾਂ ਧਰਮ ਸੌਦਾਗਰ, ਵਣਜ ਕਰਾਵਾਂ ਥਾਉਂ ਥਾਈਂਆ । ਜਿਸ ਵੇਲੇ ਜਲ ਮਿਲਿਆ ਨਾ ਕਿਸੇ ਕਾਇਆ ਮਾਟੀ ਗਾਗਰ, ਬੇਆਬ ਰੋਵੇ ਲੋਕਾਈਆ । ਉਸ ਵੇਲੇ ਕਿਰਪਾ ਕਰੇ ਕਰੀਮ ਕਾਦਰ, ਮੇਰੀ ਸੇਵਾ ਇਕ ਰਖਾਈਆ । ਕਰੇ ਸੱਚਾ ਆਦਲ, ਇਨਸਾਫ਼ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਕੁੰਭ ਕਹੇ ਮੈਂ ਹੋਣਾ ਸੇਵਾਦਾਰ ਜਗ, ਜਨ ਭਗਤਾਂ ਸੇਵ ਕਮਾਈਆ । ਜਿਹੜੀ ਮਿਲੀ ਮਾਣ ਵਡਿਆਈ ਅੱਜ, ਤਿਸ ਦਾ ਲੇਖਾ ਪੂਰ ਕਰਾਈਆ । ਜਿਸ ਵੇਲੇ ਕਲਜੁਗ ਅੰਤ ਲੱਗੀ ਅੱਗ, ਸਦੀ ਚੌਧਵੀਂ ਨਾ ਕੋਇ ਬੁਝਾਈਆ । ਮੈਂ ਜਨ ਭਗਤਾਂ ਕੋਲ ਜਾਵਾਂ ਭੱਜ, ਜਲ ਆਪਣੇ ਵਿਚ ਟਿਕਾਈਆ । ਗੁਰਮੁਖੋ ਠੰਡਾ ਪੀਵੋ ਰੱਜ ਰੱਜ, ਜਗਤ ਤ੍ਰਿਸ਼ਨਾ ਰਹੇ ਨਾ ਰਾਈਆ । ਮੈਂ ਵੜਨਾ ਨਹੀਂ ਮਜ਼੍ਹਬ ਦੀ ਹੱਦ, ਗੋਬਿੰਦ ਦਾ ਕੰਨਾ ਰਿਹਾ ਡਰਾਈਆ । ਮੈਂ ਵਸਣਾ ਜਨ ਭਗਤਾਂ ਦੀ ਨਗਰੀ ਅਲੱਗ, ਖੇੜਾ ਇਕੋ ਇਕ ਸੁਹਾਈਆ । ਜਿਥੇ ਪੀਵੇ ਨਾ ਕੋਈ ਪਿਆਲਾ ਮਦਿ, ਅੰਮ੍ਰਿਤ ਰਸ ਸਰਬ ਚਖਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕੁੰਭ ਕਹੇ ਜਿਸ ਵੇਲੇ ਬਾਵਨ ਗਿਆ ਬਲ ਦਵਾਰ, ਆਪਣਾ ਵੇਸ ਵਟਾਈਆ । ਉਸ ਕੀਤਾ ਯੱਗ ਅਪਾਰ, ਅਸਵਮੇਧ ਨਾਮ ਧਰਾਈਆ । ਜੋ ਪੰਡਤਾਂ ਦਿਤੀ ਧਾਰ, ਧਰਮ ਧਾਰ ਸਮਝਾਈਆ । ਜ਼ਰਾ ਰਾਜਨ ਕਰ ਵਿਚਾਰ, ਸ਼ਾਸਤਰ ਰਹੇ ਸੁਣਾਈਆ । ਇਕ ਕੁੰਭ ਕਰ ਤਿਆਰ, ਉਚੇ ਥਾਂ ਦੇਣਾ ਟਿਕਾਈਆ । ਵਿਚ ਅਨਾਜ ਪਾਉਣਾ ਚਾਰ ਜੁਗ ਦਾ ਪਿਆਰ, ਪੰਚਮ ਪੰਚਮ ਵੰਡ ਵੰਡਾਈਆ । ਫੇਰ ਡੰਡਾਵਤ ਬੰਦਨਾ ਕਰਨੀ ਨਿਮਸਕਾਰ, ਪੁਰਖ ਅਬਿਨਾਸ਼ੀ ਅੰਨ ਜਲ ਦੇ ਵਿਚੋਂ ਨਜ਼ਰੀ ਆਈਆ । ਅਖੁਟ ਨਾ ਜਾਏ ਭੰਡਾਰ, ਅਤੋਟ ਅਤੁਟ ਵਰਤਾਈਆ । ਇਹ ਖੇਲ ਵੇਖਣਾ ਵਿਚ ਸੰਸਾਰ, ਧਰਨੀ ਧਰਤ ਧਵਲ ਸੋਭਾ ਪਾਈਆ । ਬਲ ਸਭ ਕੁਛ ਕੀਤਾ ਤਿਆਰ, ਸਮਗਰੀ ਆਸਣ ਉਤੇ ਟਿਕਾਈਆ । ਤੇਰਾਂ ਸੌ ਸਤਾਸੀ ਰਿਸ਼ੀ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਕੁਛ ਸਾਨੂੰ ਦੇ ਖਵਾਲ, ਭੁੱਖਿਆਂ ਦੇ ਰਜਾਈਆ । ਅਸੀਂ ਖਾਣਾ ਨਹੀਂ ਮੰਡਾ ਦਾਲ, ਬ੍ਰਹਮ ਭੋਜ ਦੇ ਚਾਈਂ ਚਾਈਆ । ਬਲ ਉਠ ਕੇ ਕਿਹਾ ਵਿਚ ਦਰਬਾਰ, ਉਚੀ ਕੂਕ ਕੂਕ ਸੁਣਾਈਆ । ਇਹ ਸਭ ਕੁਛ ਮੇਰੇ ਸਾਹਿਬ ਦੇ ਅਖਤਿਆਰ, ਦੂਜਾ ਮੁਖਤਿਆਰ ਨਜ਼ਰ ਕੋਇ ਨਾ ਆਈਆ । ਜਿਸ ਨੂੰ ਚਾਹੇ ਦੇਵੇ ਬਣ ਵਰਤਾਰ, ਵਰਤੇ ਥਾਉਂ ਥਾਈਂਆ । ਇਹ ਖੇਲ ਅਗੰਮ ਅਪਾਰ, ਸਮਝ ਅਪਰੰਪਰ ਇਕ ਸਮਝਾਈਆ । ਬਲ ਢਹਿ ਪਿਆ ਦਵਾਰ, ਨਿਵ ਨਿਵ ਸੀਸ ਝੁਕਾਈਆ । ਬਾਵਨ ਹੱਸ ਕੇ ਕਿਹਾ ਢਾਈ ਕਰਮਾਂ ਕਰ ਦੇ ਦਾਨ, ਬਹੁਤੀ ਮੰਗ ਨਾ ਕੋਇ ਮੰਗਾਈਆ । ਉਸ ਖ਼ੁਸ਼ੀ ਵਿਚ ਕੀਤਾ ਪਰਵਾਨ, ਨਿਉਂ ਕੇ ਸੀਸ ਝੁਕਾਈਆ । ਬਾਵਨ ਦੋ ਕਰਮਾਂ ਕਰ ਤਿੰਨ ਲੋਅ ਸਭ ਨੂੰ ਕਰ ਦਿਤਾ ਹੈਰਾਨ, ਹੈਰਾਨੀ ਵਿਚ ਸਾਰੇ ਵੇਖ ਵਖਾਈਆ । ਬਲ ਆਪਣੀ ਪਿੱਠ ਲੱਗਾ ਮਨਾਣ, ਅੱਧੀ ਕਦਮ ਵੰਡ ਵੰਡਾਈਆ । ਫੇਰ ਹੱਸ ਕੇ ਕਿਹਾ ਭਗਵਾਨ, ਬਾਹੋਂ ਫੜ ਗਲੇ ਲਗਾਈਆ । ਤੇਰਾ ਸਭ ਕੁਛ ਕਰ ਪਰਵਾਨ, ਅੱਗੇ ਆਸ ਨਾ ਕੋਇ ਵਧਾਈਆ । ਦੱਸ ਕੀ ਤੇਰਾ ਪਕਵਾਨ, ਕੀ ਅੰਮ੍ਰਿਤ ਰਸ ਚੁਆਈਆ । ਬਲ ਨੇ ਕਿਹਾ ਬਾਕੀ ਸਭ ਕੁਛ ਕੀਤਾ ਦਾਨ, ਬ੍ਰਾਹਮਣਾਂ ਦਿਤਾ ਖਵਾਈਆ । ਇਧਰ ਮਾਰੋ ਧਿਆਨ, ਜਲ ਕੁੰਭ ਦਿਆਂ ਵਖਾਈਆ । ਜਿਸ ਦੇ ਵਿਚ ਪੰਜ ਪੰਜ ਦਾਣੇ ਕੀਤੇ ਨਿਸ਼ਾਨ, ਨਿਸ਼ਾਨਾ ਆਤਮ ਪਰਮਾਤਮ ਰਖਾਈਆ । ਝਟ ਬਾਵਨ ਨੇ ਫੜ ਕੇ ਦੋ ਹੱਥੀਂ ਕੀਤਾ ਪਰਵਾਨ, ਖ਼ੁਸ਼ੀ ਵਿਚ ਸੁਣਾਈਆ । ਬਲ ਤੈਨੂੰ ਫੇਰ ਜਨਮ ਦੇਣਾ ਵਿਚ ਜਹਾਨ, ਬਲਖ ਤੋਂ ਮਾਲਵਾ ਦੇਸ ਸੁਹਾਈਆ । ਫੇਰ ਪ੍ਰਭੂ ਖੇਲੇ ਖੇਲ ਵਾਲੀ ਦੋ ਜਹਾਨ, ਦੋਹਰੀ ਆਪਣੀ ਕਾਰ ਕਮਾਈਆ । ਇਹ ਵਸਤ ਅਗੰਮੀ ਜਨ ਭਗਤਾਂ ਝੋਲੀ ਭਰੇ ਹੋ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਉਨ੍ਹਾਂ ਗ੍ਰਿਹ ਖਾ ਪਕਵਾਨ, ਪੱਕਾ ਰਿਧਾ ਧੁਰ ਦੇ ਲੇਖੇ ਲਾਈਆ । ਅੱਗੇ ਨਿਖੁਟ ਜਾਏ ਨਾ ਵਿਚ ਜਹਾਨ, ਭਗਤਾਂ ਦੇਵੇ ਚਾਈਂ ਚਾਈਂਆ । ਬਲ ਨਿਉਂ ਕੇ ਲੱਗਾ ਸੀਸ ਝੁਕਾਣ, ਡੰਡਾਵਤ ਵਿਚ ਆਪਣਾ ਆਪ ਵਖਾਈਆ । ਝਟ ਨਾਰਦ ਆ ਗਿਆ ਵਾਹ ਰਾਜਨ ਮੇਰੇ ਜਜਮਾਨ, ਕੀ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਿਹਾ ਸੁਣ ਰਾਜੇ ਬਲੀ, ਤੈਨੂੰ ਦਿਆਂ ਸੁਣਾਈਆ । ਇਹ ਬ੍ਰਾਹਮਣ ਬਾਵਨ ਛਲੀ, ਆਪਣਾ ਰੂਪ ਬਦਲਾਈਆ । ਤੂੰ ਭਗਤ ਦੀ ਧਾਰ ਇਕ ਇਕੱਲੀ, ਇਹ ਵਫਾ ਅਗੰਮ ਅਥਾਹੀਆ । ਤੈਨੂੰ ਐਵੇਂ ਖੜਕਾ ਕੇ ਸੁਣਾਵੇ ਟੱਲੀ, ਟੱਲਾਂ ਰਿਹਾ ਹਿਲਾਈਆ । ਔਹ ਤਕ ਕਲਜੁਗ ਅੰਤਮ ਭੀੜੀ ਗਲੀ, ਅੱਗੇ ਲੰਘਣ

੧੫੪੬ ੨੨

ਕੋਇ ਨਾ ਪਾਈਆ । ਕੁਛ ਲੇਖਾ ਵੇਖ ਮੁਹੰਮਦ ਅਲੀ, ਚਾਰ ਯਾਰਾਂ ਸੰਗ ਰਖਾਈਆ । ਧਾਰ ਤਕ ਗੋਬਿੰਦ ਜਿਸ ਸਿਖਿਆ ਦੇਣੀ ਸੀਸ ਰੱਖਣਾ ਤਲੀ, ਦੂਜਾ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਿਹਾ ਓ ਪ੍ਰਭੂ ਛਲੀਏ ਬਾਵਨਾ, ਕਿਉਂ ਭਗਤਾਂ ਨਾਲ ਛਲ ਕਰਾਈਆ । ਤੂੰ ਬਣਨਾ ਰਾਮ ਰਾਮਨਾ, ਦਹਿਸਰ ਦੇਣਾ ਘਾਈਆ । ਰੂਪ ਪਰਗਟਨਾ ਘਨਈਆ ਸ਼ਾਮਨਾ, ਕੰਸ ਕਰੇਂ ਸਫ਼ਾਈਆ । ਪੈਗ਼ੰਬਰਾਂ ਪਕੜਾਵਣਾ ਦਾਮਨਾ, ਪਲੂ ਗੰਢ ਰਖਾਈਆ । ਗੁਰੂਆਂ ਦੇਣਾ ਸਤਿਨਾਮਨਾ, ਫ਼ਤਿਹ ਡੰਕ ਸ਼ਨਵਾਈਆ । ਓ ਪ੍ਰਭੂ ਤੇਰੀ ਫੇਰ ਵੀ ਪੂਰੀ ਹੋਣੀ ਨਹੀਂ ਭਾਵਨਾ, ਤ੍ਰਿਸ਼ਨਾ ਤੇਰੀ ਨਾ ਕੋਇ ਬੁਝਾਈਆ । ਤੂੰ ਜ਼ਰੂਰ ਖੇਲ ਕਰਨਾ ਕਲਜੁਗ ਅੰਧੇਰੀ ਸ਼ਾਮਨਾ, ਸ਼ਮਾਂ ਨੂਰ ਜੋਤ ਕਰ ਰੁਸ਼ਨਾਈਆ । ਇਕੋ ਆਪਣਾ ਡੰਕ ਵਜਾਵਣਾ, ਦੂਜਾ ਰਹਿਣ ਕੋਇ ਨਾ ਪਾਈਆ । ਨੌਂ ਖੰਡ ਪ੍ਰਿਥਮੀ ਹੁਕਮੇ ਵਿਚ ਭਵਾਵਣਾ, ਦੀਪ ਸੱਤ ਘੁਮਾਈਆ । ਦੀਨ ਮਜ਼੍ਹਬ ਦਾ ਖੇਲ ਕਰਾਵਣਾ ਆਹਮੋ ਸਾਮਣਾ, ਸੋਹਣੀ ਕਾਰ ਭੁਗਤਾਈਆ । ਸਦੀ ਚੌਧਵੀਂ ਆਬ ਪਾਣੀ ਹੱਥ ਕਿਸੇ ਨਾ ਆਵਣਾ, ਪਿਆਸੀ ਮਰੇ ਲੋਕਾਈਆ । ਤੇਰਾ ਢੋਲਾ ਕਿਸੇ ਨਾ ਗਾਵਣਾ, ਅਵਤਾਰ ਪੈਗ਼ੰਬਰ ਗੁਰੂਆਂ ਸੀਸ ਸਰਬ ਨਿਵਾਈਆ । ਨਾਰਦ ਕਿਹਾ ਤੈਨੂੰ ਗ੍ਰੰਥ ਬਣਾਵਣਾ ਜਾਮਨਾ, ਜਾਮਨੀ ਦੇਣੀ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਨਾਰਦ ਕਿਹਾ ਓ ਪੰਡਤ ਬੁੱਢੇ, ਬਾਵਨ ਕੀ ਖੇਲ ਖਿਲਾਈਆ ।
੧੫੪੭ ਤੇਰੀ ਧਾਰ ਦਿਸਦੀ ਬੁੱਧੇ, ਬੁੱਧੀ ਤੋਂ ਪਰੇ ਵੇਖ ਵਖਾਈਆ । ਤੇਰਾ ਖੇਲ ਤਕਣਾ ਅੰਤਮ ਕਲਜੁਗੇ, ਕਲ ਕਲਕੀ ਨਾਮ ਵਖਾਈਆ । ਜਿਸ ੧੫੪੭
ਵੇਲੇ ਪੈਗ਼ੰਬਰਾਂ ਦੇ ਪੈਂਡੇ ਮੁਕੇ, ਅਗਲਾ ਪੰਧ ਨਾ ਕੋਇ ਰਖਾਈਆ । ਸਭ ਦੇ ਅੰਤਰ ਹੋਣੇ ਭੁੱਖੇ, ਤ੍ਰਿਸ਼ਨਾ ਤ੍ਰਿਪਤ ਨਾ ਕੋਇ ਕਰਾਈਆ । ਸੱਜਦੇ
੨੨ ਵਿਚ ਸੀਸ ਕਿਸੇ ਨਾ ਝੁਕੇ, ਹੰਗਤਾ ਕਰੇ ਲੜਾਈਆ । ਉਸ ਵੇਲੇ ਖੇਲ ਕਰੇ ਪੁਰਖ ਅਕਾਲ ਅਸੁਤੇ, ਨਿਰਗੁਣ ਧਾਰ ਵਡ ਵਡਿਆਈਆ । ੨੨
ਧਰਮ ਦੀ ਧਾਰ ਸੁਹਾਏ ਰੁਤੇ, ਸਚ ਦਾ ਰੰਗ ਆਪ ਰੰਗਾਈਆ । ਜਨ ਭਗਤਾਂ ਵਾਤ ਪੁਛੇ, ਘਰ ਘਰ ਵੇਖੇ ਥਾਉਂ ਥਾਈਂਆ । ਸਦੀ ਚੌਧਵੀਂ ਅੰਤਮ ਆਪ ਪਿਆਏ ਜਲ ਪਿਆਲੇ ਘੁਟੇ, ਘੁੱਟ ਘੁੱਟ ਗਲੇ ਲਗਾਈਆ । ਜਿਸ ਵੇਲੇ ਅੰਨ ਪਾਣੀ ਦੀਨ ਦੁਨੀ ਦਾ ਛੁੱਟੇ, ਜਨ ਭਗਤਾਂ ਦਏ ਰਜਾਈਆ । ਨਾਰਦ ਫੇਰ ਖ਼ੁਸ਼ੀਆਂ ਦੇ ਵਿਚ ਪੁਛੇ, ਬਾਵਨ ਕੁਛ ਹੋਰ ਦੇ ਸੁਣਾਈਆ । ਬਾਵਨ ਕਿਹਾ ਨਾਰਦਾ ਇਹ ਭੇਵ ਰਹਿਣੇ ਨਹੀਂ ਗੁੱਝੇ, ਪਰਦਾ ਆਪ ਉਠਾਈਆ । ਜਿਹੜੀ ਸਮਝ ਤੈਨੂੰ ਨਾ ਸੁੱਝੇ, ਉਹ ਖੇਲ ਦੇਣੀ ਖਿਲਾਈਆ । ਜਿਹੜੀ ਵਸਤ ਬਾਵਨ ਵਾਸਤੇ ਬਲ ਨੇ ਪਾਈ ਵਿਚ ਮਾਟੀ ਦੇ ਕੁੱਜੇ, ਉਹ ਅੰਤ ਭਗਤਾਂ ਦੀ ਝੋਲੀ ਦੇਣੀ ਟਿਕਾਈਆ । ਜਿਹੜੇ ਉਗਣ ਆਥਣ ਹੋਣ ਉਘੇ, ਜਗਤ ਜਹਾਨ ਵੱਜੇ ਵਧਾਈਆ । ਇਹ ਖੇਲ ਕਰਨਾ ਨਿਰਗੁਣ ਧਾਰ ਉਤੇ ਬਸੁਧੇ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਨਵ ਸੱਤ ਹੋਣਾ ਯੁਧੇ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਦਿ ਜੁਗਾਦਿ ਜੁਗ ਚੌਕੜੀ ਸਭ ਦੀਆਂ ਆਸ਼ਾਂ ਬੁੱਝੇ, ਅਭੁੱਲ ਭੁੱਲ ਕਦੇ ਨਾ ਜਾਈਆ ।

**✪ ੨੦ ਕੱਤਕ ਸ਼ਹਿਨਸ਼ਾਹੀ ਸੰਮਤ ੭ ਬੂੜ ਸਿੰਘ, ਸੌਦਾਗਰ ਸਿੰਘ, ਪੂਰਨ ਸਿੰਘ, ਮਹਿੰਦਰ ਸਿੰਘ, ਗੁਲਜ਼ਾਰ ਸਿੰਘ, ਪ੍ਰੀਤਮ ਸਿੰਘ, ਇੰਦਰ ਸਿੰਘ, ਜੁਗਿੰਦਰ ਸਿੰਘ, ਬਾਵਾ ਸਿੰਘ ਰੋਡੇ, ਪ੍ਰੀਤਮ ਸਿੰਘ ਨਾਥੇਵਾਲ, ਜਸਵੰਤ ਸਿੰਘ ਰਾਜੇ ਆਣਾ, ਬਸੰਤ ਕੌਰ ਪਤੋ ਹੀਰਾ ਸਿੰਘ, ਪਿੰਡ ਨਾਥੇਵਾਲ ਜ਼ਿਲਾ ਫ਼ਿਰੋਜ਼ਪੁਰ ✪**

ਗੋਬਿੰਦ ਕਹੇ ਮੈਂ ਵਸਿਆ ਸੰਬਲ ਖੇੜਾ, ਨਗਰ ਅਗੰਮ ਅਥਾਹ ਵਡਿਆਈਆ । ਚੌਥੇ ਜੁਗ ਦੇਵਾਂ ਗੇੜਾ, ਕੁੰਟ ਚਾਰ ਚਾਰ ਭਵਾਈਆ । ਧਰਨੀ ਵੇਖਾਂ ਖੁਲ੍ਹਾ ਵਿਹੜਾ, ਨਵ ਖੰਡ ਪੜਦਾ ਆਪ ਚੁਕਾਈਆ । ਦੀਨ ਮਜ਼੍ਹਬ ਦਾ ਕਟਾਂ ਜੇੜਾ, ਤੰਦਵ ਤੰਦ ਨਾ ਕੋਇ ਬੰਧਾਈਆ । ਗੁਰਮੁਖਾਂ ਉਤੇ ਕਰਾਂ ਮਿਹਰਾ, ਮਿਹਰ ਨਜ਼ਰ ਉਠਾਈਆ । ਲੱਖ ਚੁਰਾਸੀ ਪਾਵਾਂ ਘੇਰਾ, ਬਚਿਆ ਨਜ਼ਰ ਕੋਇ ਨਾ ਆਈਆ । ਸੂਰਬੀਰ ਬਣ ਦਲੇਰਾ, ਸੰਦੇਸ਼ਾ ਦੇਵਾਂ ਥਾਉਂ ਥਾਈਆ । ਕਲਜੁਗ ਵੇਖ ਆਪਣਾ ਅੰਧੇਰਾ, ਨੂਰੀ ਚੰਦ ਨਾ ਕੋਇ ਚਮਕਾਈਆ । ਭੇਵ ਰਿਹਾ ਨਾ ਸੰਝ ਸਵੇਰਾ, ਰੈਣ ਅੰਧੇਰੀ ਕਾਲੀ ਛਾਈਆ । ਮੁਹੰਮਦ ਇਸ਼ਾਰਾ ਦੇਵਾਂ ਤੇਰਾ ਵਕਤ ਆ ਗਿਆ ਨੇੜਾ, ਅੱਗੇ ਅਵਰ ਨਾ ਕੋਇ ਵਧਾਈਆ । ਉਮਤੀ ਉਮਤ ਡੁੱਬਣ ਵਾਲਾ ਬੇੜਾ, ਬੇੜੀ ਨਈਆ ਨੌਕਾ ਨਾ ਕੋਇ ਚੜ੍ਹਾਈਆ । ਸਭ ਨੇ ਖ਼ਾਕੀ ਖ਼ਾਕ ਹੋਣਾ ਢੇਰਾ, ਗੋਰ ਬੈਠੀ ਮੂੰਹ ਖੁਲ੍ਹਾਈਆ । ਚਾਰ ਕੁੰਟ ਹੋਣਾ ਸ਼ੋਰਾ, ਸ਼ੋਹਰ ਬਾਂਕਾ ਆਪ ਕਰਾਈਆ । ਖ਼ੁਸ਼ੀਆਂ ਵਾਲਾ ਉਡਣਾ ਨਹੀਂ ਭੌਰਾ, ਸੁਗੰਧੀ ਨਜ਼ਰ ਕੋਇ ਨਾ ਆਈਆ । ਜ਼ਰਾ ਵੇਖ ਕੀ ਖੇਲ ਹੋਵੇ ਦੋਹਰਾ, ਸਰਗੁਣ ਨਿਰਗੁਣ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੁਹੰਮਦ ਕਹੇ ਵਾਹ ਮੇਰੇ ਸੁਲਤਾਨਾ, ਸ਼ਹਿਨਸ਼ਾਹ ਵਡਿਆਈਆ । ਮੈਂ ਤੇਰਾ ਨੂਰ ਨੁਰਾਨਾ, ਚਸ਼ਮ ਨੂਰ ਰੁਸ਼ਨਾਈਆ । ਜਲਵਾ ਤੇਰਾ ਜ਼ਿਮੀ ਅਸਮਾਨਾਂ, ਤਕਾਂ ਧੁਰ ਦਰਗਾਹੀਆ । ਕਲਮਾ ਸੁਣਾਵਾਂ ਕਲਾਮਾ, ਕਾਇਨਾਤ ਜਣਾਈਆ । ਤੂੰ ਮਾਲਕ ਮੇਰਾ ਅਮਾਮਾ, ਅਗੋਚਰ ਅਗੰਮ ਅਥਾਹੀਆ । ਮੈਂ ਸੱਯਦਿਆਂ ਵਿਚ ਕਰਾਂ ਅਸਲਾਮਾ, ਨਿਉਂ ਨਿਉਂ ਸੀਸ ਨਿਵਾਈਆ । ਕੀ ਗੋਬਿੰਦ ਦਾ ਵੱਜੇ ਦਮਾਮਾ ਚੋਟ ਨਗਾਰੇ ਇਕ ਟਿਕਾਈਆ । ਸ਼ਰਅ ਦਾ ਰਹੇ ਨਾ ਕੋਇ ਗ਼ੁਲਾਮਾ, ਬੰਧਨ ਜ਼ੰਜੀਰ ਦਏ ਕਟਾਈਆ । ਕੀ ਖੇਲ ਕਰੇ ਨੌਜਵਾਨਾ, ਮਰਦ ਮਰਦਾਨਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਧਾਰ ਆਪ ਪਰਗਟਾਈਆ । ਗੋਬਿੰਦ ਸ਼ਬਦ ਕਹੇ ਮੈਂ ਵੇਖਿਆ ਮਾਟੀ ਭਾਂਡਾ, ਵਰਭੰਡ ਦਿਆਂ ਜਣਾਈਆ । ਕਿਸੇ ਦਾ ਸੀਨਾ ਰਹੇ ਨਾ ਠਾਂਡਾ, ਅਗਨੀ ਤਤ ਨਾ ਕੋਇ ਬੁਝਾਈਆ । ਲਹਿਣਾ ਪੈਗ਼ੰਬਰਾਂ ਮੁਕਦਾ ਜਾਂਦਾ, ਅੱਗੇ ਅਵਰ ਨਾ ਕੋਇ ਵਧਾਈਆ । ਜਿਨ੍ਹਾਂ ਸੂਰ ਗਾਂ ਖਾਧਾ ਢਾਂਡਾ, ਖੱਲਾਂ ਖੱਲ ਲੁਹਾਈਆ । ਉਹਨਾਂ ਸੀਰ ਮਿਲੇ ਨਾ ਮਾਂ ਦਾ, ਅੰਤ ਰੋਵਣ ਮਾਰਨ ਧਾਈਆ । ਵਿਛੋੜਾ ਹੋਏ ਪ੍ਰਭੂ ਦੇ ਨਾਂ ਦਾ, ਜਨਮ ਲੇਖੇ ਕੋਇ ਨਾ ਪਾਈਆ । ਸਹਾਰਾ ਮਿਲੇ ਕਿਸੇ ਨਾ ਬਾਂਹ ਦਾ, ਬਾਹੋਂ ਫੜ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਘੜਾ ਕਹੇ ਮੈਂ ਧੁਰ ਦਾ ਹੁਕਮ ਸੁਣਾਵਾਂ, ਅਣਸੁਣਤ ਦਿਆਂ ਜਣਾਈਆ । ਮੁਹੰਮਦ ਨੇ ਜਿਸ ਵੇਲੇ ਪਹਿਲੇ ਦਿਨ ਸੁਣਿਆ ਤਰਾਨਾ, ਕਲਮਾ ਨਾਮ ਖ਼ੁਦਾਈਆ । ਨਿਗਹ ਮਾਰੀ ਜ਼ਿਮੀਂ ਉਤੇ ਅਸਮਾਨਾਂ, ਬਿਨ ਅੱਖਾਂ ਅੱਖ ਉਠਾਈਆ । ਫਿਰ ਪੈਗ਼ਾਮ ਆਇਆ ਸ਼ਾਹਾਨਾ, ਸ਼ਹਿਨਸ਼ਾਹ ਦ੍ਰਿੜਾਈਆ ।

ਉਠ ਰਸੂਲ ਨੌਜਵਾਨਾ, ਰਸੂਲੱਲਾਹ ਰਿਹਾ ਸੁਣਾਈਆ । ਲੇਖਾ ਪਿਛਲਾ ਮੁਕਿਆ ਕਾਹਨਾ, ਬੰਸਰੀ ਧੁੰਨ ਨਾ ਕੋਇ ਵਜਾਈਆ । ਮੇਰਾ ਹੁਕਮ ਤੇਰਾ ਇਸਲਾਮਾ, ਇਸਮ ਇਕੋ ਇਕ ਸਮਾਈਆ । ਆਪਣਾ ਰੂਪ ਦੱਸ ਕੇ ਬਾਣਾ, ਤਨ ਵਜੂਦ ਦਿਤਾ ਵਖਾਈਆ । ਲਬ ਲਬਾਂ ਤਾਈਂ ਕਟਾਣਾ, ਲਬਰੇਜ਼ ਹੋਏ ਲੋਕਾਈਆ । ਤੇਰਾ ਸਾਢੇ ਤਿੰਨ ਹੱਥ ਸਰੀਰ ਸੁਹਾਣਾ ਮਕਾਨਾ, ਧਰਨੀ ਧਵਲ ਸੁਹਾਈਆ । ਕੋਰਾ ਭਾਂਡਾ ਇਕ ਵਖਾਣਾ, ਮਾਟੀ ਕਾਚੀ ਦੇ ਵਡਿਆਈਆ । ਇਹਦੇ ਵਿਚ ਰੱਖ ਚਾਰ ਕਾਨਾ, ਸ਼ਰਅ ਸ਼ਰਅ ਵਿਚੋਂ ਦ੍ਰਿੜਾਈਆ । ਚਾਰ ਯਾਰ ਮੇਲਣ ਦਾ ਬਣਾਇਆ ਬਹਾਨਾ, ਹੁਕਮ ਹੁਕਮ ਵਿਚੋਂ ਪਰਗਟਾਈਆ । ਫੇਰ ਦੀਪਕ ਜਗਾ ਮਹਾਨਾ, ਪੰਜ ਤਤ ਤਤ ਕੀਤੀ ਰੁਸ਼ਨਾਈਆ । ਫੇਰ ਨਿਗਹ ਕਰਾਈ ਉਪਰ ਅਸਮਾਨਾਂ, ਚਿੱਟੀ ਧਾਰ ਦਿਤੀ ਪਰਗਟਾਈਆ । ਪਰਦਾ ਲਾਹ ਮਿਹਰਵਾਨਾ, ਮਿਹਰ ਮੁਹੱਬਤ ਵਿਚ ਸੁਣਾਈਆ । ਦਿਤਾ ਨਾਮ ਧਨ ਖ਼ਜ਼ਾਨਾ, ਕਲਮਾ ਝੋਲੀ ਪਾਈਆ । ਫੇਰ ਹੱਸ ਕੇ ਕਿਹਾ ਤੇਰਾ ਬਦਲ ਜਾਣਾ ਜ਼ਮਾਨਾ, ਜ਼ਿਮੀ ਅਸਮਾਨਾਂ ਖੋਜ ਖੁਜਾਈਆ । ਚੌਦਾਂ ਤਬਕ ਮੇਰਾ ਤਰਾਨਾ, ਤੇਰੀ ਤੁਰੀਆ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਚਾਰ ਕਾਨੇ ਕਹਿਣ ਅਸੀਂ ਵੜ ਗਏ ਵਿਚ ਮਟਕੇ, ਮੁਹੰਮਦ ਦਿਤਾ ਟਿਕਾਈਆ । ਅਸੀਂ ਖੇਲ ਵੇਖੇ ਨੱਠ ਕੇ, ਭੱਜੇ ਵਾਹੋ ਦਾਹੀਆ । ਨਿਸ਼ਾਨੇ ਤਕੇ ਸਤਿ ਦੇ, ਸਤਿ ਜ਼ਿਮੀਂ ਅਸਮਾਨਾਂ ਪਰਗਟਾਈਆ । ਭੇਵ ਖੁਲ੍ਹੇ ਪਰਮੇਸ਼ਵਰ ਪਤਿ ਦੇ, ਪਰਦਾ ਆਪ ਉਠਾਈਆ । ਅਸੀਂ ਖ਼ੁਸ਼ੀਆਂ ਦੇ ਵਿਚ ਹੱਸਦੇ, ਹਸਤੀ ਤਕ ਨੂਰ ਇਲਾਹੀਆ । ਫੇਰ ਮੁਹੰਮਦ ਤਾਈਂ ਦੱਸ ਦੇ, ਗੁਫ਼ਤ ਸ਼ਨੀਦ ਸੁਣਾਈਆ । ਖੇਲ ਹੋਏ ਨਿਜ ਨੇਤਰ ਲੋਚਨ ਨੈਣ ਅੱਖ ਦੇ, ਬਾਹਰੋਂ ਸਮਝ ਕੋਇ ਨਾ ਪਾਈਆ । ਨੂਰ ਤਕੇ ਰੂਪ ਪ੍ਰਤਖ ਦੇ, ਸਾਖਿਆਤ ਸੋਭਾ ਪਾਈਆ । ਚਾਰ ਯਾਰ ਤੈਨੂੰ ਲੱਭਦੇ, ਖ਼ੁਦ ਖ਼ੁਦਾ ਰਿਹਾ ਦ੍ਰਿੜਾਈਆ । ਮੇਲੇ ਹੋਣੇ ਨਾਲ ਸਬੱਬ ਦੇ, ਸੱਜਣਾ ਸਮਝ ਕੋਇ ਨਾ ਪਾਈਆ । ਕੁਛ ਬਚਨ ਸੁਣ ਲੈ ਅੱਜ ਦੇ, ਪਹਿਲੀ ਗੁਫ਼ਤਾਰ ਵਿਚ ਸੁਣਾਈਆ । ਜੋ ਘੜੇ ਸੋ ਭੱਜਦੇ, ਅੰਤ ਰਹਿਣ ਕੋਇ ਨਾ ਪਾਈਆ । ਉਹ ਵੇਖ ਤੇਰੇ ਸਦੀਆਂ ਸਦ ਲੰਘਦੇ, ਆਪਣਾ ਪੰਧ ਮੁਕਾਈਆ । ਖੇਲ ਵੇਖ ਸੂਰੇ ਸਰਬੰਗ ਦੇ, ਜੋ ਕਰਤਾ ਧੁਰਦਰਗਾਹੀਆ । ਨਜ਼ਾਰੇ ਤਕ ਉਲਟੇ ਪਲੰਘ ਦੇ, ਜੋ ਤੇਰਾ ਲੇਖਾ ਅੰਤ ਕਰਾਈਆ । ਨਿਸ਼ਾਨ ਰਹਿਣੇ ਨਹੀਂ ਤਾਰੇ ਚੰਦ ਦੇ, ਚੰਦ ਵੇਖੇ ਧੁਰ ਦਾ ਮਾਹੀਆ । ਅਸੀਂ ਉਸ ਦਾ ਹੁਕਮ ਮੰਨਦੇ, ਜਿਸ ਦਾ ਕਲਮਾ ਅਗੰਮ ਅਥਾਹੀਆ । ਕਾਨੇ ਕਹਿਣ ਅਸੀਂ ਵਸੇਰਾ ਕਰਦੇ ਨਹੀਂ ਬਾਂਸ ਛੱਪਰੀ ਛੰਨ ਦੇ, ਜਗਤ ਦਵਾਰ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕਾਨੇ ਕਹਿਣ ਸਾਡਾ ਕਦੀਮ ਦਾ ਸਬੂਤ, ਕੁਦਰਤ ਦਾ ਮਾਲਕ ਰਿਹਾ ਜਣਾਈਆ । ਜਿਸ ਵੇਲੇ ਮੁਹੰਮਦ ਨਾਲ ਚਾਰ ਯਾਰੀ ਦਾ ਮਿਲਿਆ ਕਲਬੂਤ, ਤਨ ਵਜੂਦ ਨਾਲ ਵਡਿਆਈਆ । ਉਸ ਵੇਲੇ ਨੂਰੀ ਅੱਲਾ ਹੋਇਆ ਮੌਜੂਦ, ਜੋਤੀ ਜਾਤਾ ਨੂਰ ਚਮਕਾਈਆ । ਆਪਣੀ ਮੰਜ਼ਲ ਦੱਸ ਮਕਸੂਦ, ਹੱਕ ਹੱਕ ਦਿਤਾ ਸੁਣਾਈਆ । ਸ਼ਰਅ ਦੀ ਦੱਸ ਹਦੂਦ, ਬੰਧਨ ਦਿਤਾ ਬੰਧਾਈਆ । ਇਸ਼ਾਰਾ ਕੀਤਾ ਅਰਸ਼ ਫ਼ਰਸ਼ ਅਰੂਜ, ਆਲੀਸ਼ਾਨ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਹੁਕਮ ਇਕ ਸੁਣਾਈਆ । ਕਾਨੇ ਕਹਿਣ ਜਿਸ ਵੇਲੇ ਚਾਰ ਯਾਰੀ ਕੀਤੀ ਤਿਆਰ, ਮੁਹੰਮਦ ਮਹਿਬੂਬ ਦਇਆ ਕਮਾਈਆ । ਪੰਜ ਦੀਪਕ ਬਾਲੇ ਸੀ ਨਾਲ ਪਿਆਰ, ਪੰਚਮ

ਤਤ ਰੰਗ ਰੰਗਾਈਆ । ਉਤੇ ਚਿੱਟੀ ਚਾਦਰ ਤਾਣੀ ਸੀ ਸਮਝ ਰੂਪ ਦਾਤਾਰ, ਧਰਨੀ ਧਵਲ ਵੱਜੀ ਵਧਾਈਆ । ਫੇਰ ਸੱਯਦਾ ਕਰ ਨਿਮਸਕਾਰ, ਆਜਜ਼ ਹੋ ਕੇ ਸੀਸ ਨਿਵਾਈਆ । ਮੈਂ ਤੇਰਾ ਬਰਖ਼ੁਰਦਾਰ, ਖ਼ੁਦ ਮਾਲਕ ਤੇਰੀ ਸਰਨਾਈਆ । ਫ਼ਰਮਾਨ ਕੀਤਾ ਪਰਵਰਦਿਗਾਰ, ਪਾਰਬ੍ਰਹਮ ਆਪ ਸੁਣਾਈਆ । ਤੇਰਾ ਲੇਖਾ ਚਾਰ ਯਾਰ, ਮੁਹੰਮਦ ਅਹਿਮਦ ਸੰਗ ਬਣਾਈਆ । ਹੋਰ ਸੁਣ ਅਗਲੀ ਗੁਫ਼ਤਾਰ, ਗੁਫ਼ਤ ਸ਼ਨੀਦ ਦਿਆਂ ਦ੍ਰਿੜਾਈਆ । ਜਿਸ ਵੇਲੇ ਤੇਰੀ ਆਈ ਅੰਤਮ ਵਾਰ, ਵਾਹਿਦਾ ਪਿਛਲਾ ਵੇਖ ਵਖਾਈਆ । ਪਰਗਟ ਹੋਣਾ ਵਿਚ ਸੰਸਾਰ, ਨਿਰਗੁਣ ਨੂਰ ਕਰ ਰੁਸ਼ਨਾਈਆ । ਸਭ ਦੀ ਪਾਵਾਂ ਸਾਰ, ਵੇਖਾਂ ਚਾਈਂ ਚਾਈਂਆ । ਫੇਰ ਲਹਿਣਾ ਦੇਣਾ ਦੇਵਾਂ ਕਰਜ਼ ਉਤਾਰ, ਪਿਛਲਾ ਲੇਖ ਰਹੇ ਨਾ ਰਾਈਆ । ਕਲ ਕਲਕੀ ਲੈ ਅਵਤਾਰ, ਅਮਾਮ ਅਮਾਮਾਂ ਨਾਉ ਪਰਗਟਾਈਆ । ਏਸੇ ਘੜੇ ਕੁੰਭ ਨਾਲ ਕਰਾਂ ਵਿਹਾਰ, ਮਾਟੀ ਮਟਕਾ ਸੋਭਾ ਪਾਈਆ । ਚਾਰੇ ਕਾਨੇ ਵਿਚ ਖਲਾਰ, ਤੇਰੀ ਯਾਰੀ ਆਪਣੇ ਵਿਚ ਛੁਪਾਈਆ । ਏਸੇ ਰਸਮ ਨਾਲ ਤੇਰੀ ਕਸਮ ਨਾਲ ਉਤੇ ਚਿੱਟੀ ਚਾਦਰ ਦੇਵਾਂ ਤਾਣ, ਦੀਪਕ ਪੰਜ ਪੰਜ ਰੁਸ਼ਨਾਈਆ । ਅਗਲਾ ਲੇਖਾ ਫੇਰ ਦੱਸਾਂ ਮਹਾਨ, ਮਹਿੰਮਾ ਅਕਥ ਕਥ ਦ੍ਰਿੜਾਈਆ । ਵੀਹ ਕੱਤਕ ਸੰਦੇਸ਼ਾ ਦਿਤਾ ਨੌਜਵਾਨ, ਸੰਮਤ ਸ਼ਹਿਨਸ਼ਾਹੀ ਸੱਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵਣਹਾਰਾ ਸਾਚਾ ਦਾਨ, ਸੀਸ ਦਸਤਾਰ ਰੱਖ ਭਗਵਾਨ, ਭਗਵਨ ਭਗਵੰਤ ਕੰਤ ਅੰਤ ਆਪਣੇ ਵਿਚ ਸਮਾਈਆ ।

੧੫੫੦ ੨੨ ✪ ੨੧ ਕੱਤਕ ਸ਼ਹਿਨਸ਼ਾਹੀ ਸੰਮਤ ੭ ਨਾਜ਼ਰ ਸਿੰਘ, ਸਾਧੂ ਸਿੰਘ, ਮਲਕੀਅਤ ਸਿੰਘ, ਮੰਗਲ ਸਿੰਘ, ਸਰਦਾਰਾ ਸਿੰਘ, ਕਰਮ ਸਿੰਘ, ੧੫੫੦ ੨੨

ਭਵਗਾਨ ਕੌਰ, ਸਰਵਣ ਸਿੰਘ ਪੱਖੋਵਾਲ, ਭਗਤ ਸਿੰਘ ਲਤਾਲਾ, ਬਲਵੰਤ ਸਿੰਘ ਗੁਜ਼ਰਵਾਲ, ਹਰਜੀਤ ਸਿੰਘ ਲੀਲ,
ਭਾਗ ਸਿੰਘ, ਬਸਰਾਉ ਗੁਰਦਿਆਲ ਕੌਰ ਬੋਪਾਰਾਏ, ਧੰਨਾ ਸਿੰਘ ਢਹਿ ਪਈ, ਹਰੀ ਸਿੰਘ ਮਹਿਮਾ ਸਿੰਘ ਵਾਲਾ,
ਬਾਬੂ ਸਿੰਘ ਦੱਦਾ ਹੂਰ, ਨਾਹਰ ਸਿੰਘ ਰਕਬਾ, ਗੁਰਦਿਆਲ ਸਿੰਘ ਨੰਗਲ ਖ਼ੁਰਦ, ਪਲਟੂ ਰਾਮ ਸੁਧਾਰ,
ਚੈਂਚਲ ਸਿੰਘ ਸੁਧਾਰ, ਹਰਬੰਸ ਸਿੰਘ ਸੰਗਰੂਰ, ਗੁਰਨਾਮ ਸਿੰਘ ਬੁਢੇਲ, ਦਰਬਾਰਾ ਸਿੰਘ ਬਾਠ,
ਪਾਖਰ ਸਿੰਘ ਮੋਹੀ, ਗੁਰਨਾਮ ਸਿੰਘ ਜਨੇਤਪੁਰਾ, ਬਾਬੂ ਸਿੰਘ ਡੇਲੋਂ, ਅਜਮੇਰ ਸਿੰਘ ਤੇ ਜਗੀਰ ਸਿੰਘ ਘੁੰਗਰਾਣਾ,
ਪਿੰਡ ਪੱਖੋਵਾਲ ਜ਼ਿਲਾ ਲੁਧਿਆਣਾ ✪

ਸਤਿਗੁਰ ਸ਼ਬਦ ਕਹੇ ਮੈਂ ਦੋ ਜਹਾਨਾਂ ਚੁੱਕਾਂ ਪੜਦਾ, ਓਹਲਾ ਦੋ ਜਹਾਨ ਰਹਿਣ ਨਾ ਪਾਈਆ । ਨਵ ਸੱਤ ਜਗਤ ਜਹਾਨ ਵੇਖਾਂ ਸੜਦਾ, ਅਗਨੀ ਤਤ ਨਾ ਕੋਇ ਬੁਝਾਈਆ । ਜਨ ਭਗਤ ਸੁਹੇਲਾ ਆਤਮ ਪਰਮਾਤਮ ਮੰਜ਼ਲ ਵੇਖਾਂ ਚੜ੍ਹਦਾ, ਨਵ ਨਵ ਚਾਰ ਦਾ ਡੇਰਾ ਢਾਹੀਆ । ਬ੍ਰਹਿਮੰਡ ਖੰਡ ਪੁਰੀ ਲੋਅ ਖੇਲ ਵੇਖਾਂ ਅਗੰਮੇ ਘਰ ਦਾ, ਗ੍ਰਿਹ ਗ੍ਰਿਹ ਜੋ ਦਰਸਾਈਆ । ਰੂਪ ਵੇਖਾਂ ਤਕਾਂ ਨਰਾਇਣ ਨਰ ਦਾ, ਜੋ ਨਿਰਵੈਰ ਆਪਣਾ ਆਪ ਲਏ ਪਰਗਟਾਈਆ । ਲੇਖਾ ਜਾਣਾਂ ਸਮੁੰਦ ਸਾਗਰ ਸਰੋਵਰ ਸਰ ਦਾ, ਤੀਰਥ ਤੱਟਾਂ ਖੋਜ ਖੁਜਾਈਆ । ਸੂਫ਼ੀ ਸੰਤ ਫ਼ਕੀਰ ਤਕਾਂ ਦਰ ਦਰਵੇਸ਼

ਵਰਦਾ, ਖ਼ਾਦਮ ਖ਼ਿਦਮਤਗਾਰ ਧਿਆਨ ਲਗਾਈਆ । ਲੇਖਾ ਜਾਣਾਂ ਨਿਰਗੁਣ ਸਰਗੁਣ ਚੋਟੀ ਜੜ੍ਹ ਦਾ, ਚੇਤਨ ਭੇਵ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਮੈਂ ਮੁਹੰਮਦ ਦਿਤਾ ਇਸ਼ਾਰਾ, ਸੈਨਤ ਅਗੰਮ ਲਗਾਈਆ । ਮੂਸਾ ਈਸਾ ਵੇਖੇ ਆਪਣਾ ਅੰਤ ਕਿਨਾਰਾ, ਨਈਆ ਡੋਲੇ ਥਾਉਂ ਥਾਈਂਆ । ਨੂਰ ਛੁਪਣਾ ਚੰਦ ਸਿਤਾਰਾ, ਸੜ੍ਹਾ ਬੁਲੰਦੀ ਰਹੇ ਕੁਰਲਾਈਆ । ਵਰਤੇ ਖੇਲ ਪਰਵਰਦਿਗਾਰਾ, ਬੇਪਰਵਾਹ ਅਗੰਮ ਅਥਾਹੀਆ । ਜਿਸ ਨੂੰ ਝੁਕਣ ਤੇਈ ਅਵਤਾਰਾ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਸੋ ਸ਼ਾਹੋ ਭੂਪ ਭੂਪ ਬਣ ਸਿਕਦਾਰਾ, ਹੁਕਮ ਹੁਕਮ ਇਕ ਦ੍ਰਿੜਾਈਆ । ਨਵ ਸੱਤ ਮੇਟਣਾ ਧੁੰਆਂਧਾਰਾ, ਮਾਇਆ ਮਮਤਾ ਮੋਹ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਮੁਹੰਮਦ ਕਹੇ ਮੈਂ ਨੇਤਰ ਅਗੰਮ ਖੋਲ੍ਹਿਆ, ਨੈਣ ਲਿਆ ਉਠਾ । ਹੱਕ ਨਾਅਰਾ ਇਕੋ ਬੋਲਿਆ, ਚੌਦਾਂ ਤਬਕ ਸੁਣਾ । ਉਮਤ ਉਮਤੀ ਰਹੇ ਨਾ ਅਨਭੋਲਿਆ, ਡੌਰੂ ਡੰਕ ਵਜਾ । ਸਭ ਦਾ ਲਹਿਣਾ ਮੁਕਣਾ ਹੌਲਿਆ, ਲੇਖਾ ਅਵਰ ਰਹੇ ਨਾ ਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਹੁਕਮ ਵਰਤਾ । ਮੁਹੰਮਦ ਕਹੇ ਮੈਂ ਸਦੀ ਚੌਧਵੀਂ ਮਾਰਾਂ ਹਾਕ, ਨਾਅਰਾ ਹੱਕ ਸੁਣਾਈਆ । ਕਮਲੀਏ ਤੇਰਾ ਮੇਰਾ ਤੁੱਟਣ ਲੱਗਾ ਸਾਕ, ਨਾਤਾ ਅੱਗੇ ਨਾ ਕੋਇ ਜੁੜਾਈਆ । ਉਠ ਤਕ ਬੰਦੇ ਮਾਟੀ ਖ਼ਾਕ, ਖ਼ਾਕ ਸਾਰ ਹੋਏ ਲੋਕਾਈਆ । ਮੇਰਾ ਪੂਰਾ ਹੋਣ ਲੱਗਾ ਵਾਕ, ਮਦੀਨਾ ਦਏ ਗਵਾਹੀਆ । ਸਦੀ ਚੌਧਵੀਂ ਚਾਰੋਂ ਕੁੰਟ ਮਾਰੀਂ ਝਾਕ, ਨਿਰਗੁਣ ਧਾਰ ਲਏ ਅੰਗੜਾਈਆ । ਕੁਛ ਮੇਰਾ ਖੇਲ ਵਾਚ, ਪੈਗ਼ੰਬਰ ਸੀਸ ਨਿਵਾਈਆ । ਕਿਹੜੀ ਕੂਟੇ ਲੱਗਣੀ ਆਂਚ, ਅਗਨੀ ਅੱਗ ਜਲਾਈਆ । ਮੁਹੰਮਦ ਵੇਖਿਆ ਚਾਰੋਂ ਕੁੰਟ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਚਮਕਾਈਆ । ਫੇਰ ਸੰਦੇਸ਼ਾ ਦਿਤਾ ਸਾਚ, ਸਚ ਦਿਤਾ ਸਮਝਾਈਆ । ਔਹ ਵੇਖ ਖੇਲ ਕਰੇ ਮੇਰਾ ਮਹਿਬੂਬ ਕਮਲਾਪਾਤ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੇ ਸਭ ਕੁਛ ਹਾਥ, ਜੁਗ ਚੌਕੜੀ ਵੇਖ ਵਖਾਈਆ । ਜਿਸ ਨੂੰ ਝੁਕਦੇ ਤ੍ਰੈਲੋਕੀ ਨਾਥ, ਪੈਗ਼ੰਬਰ ਸੱਯਦਿਆਂ ਵਿਚ ਸੀਸ ਨਿਵਾਈਆ । ਉਹ ਸਭ ਦੀ ਪੂਰੀ ਕਰਨ ਵਾਲਾ ਅੰਤਮ ਵਾਟ, ਅੱਗੇ ਪੰਧ ਨਾ ਕੋਇ ਰਖਾਈਆ । ਅੰਤ ਕਿਨਾਰੇ ਪਹੁੰਚੇ ਘਾਟ, ਪੱਤਨ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਹਜ਼ਰਤ ਔਹ ਤਕ ਅਸ਼ਟਭੁਜ ਦੀ ਧਾਰ, ਦੇਵ ਦੇਵਾ ਦਿਆਂ ਸੁਣਾਈਆ । ਜਿਹੜੀ ਹੋਈ ਸਿੰਘ ਅਸਵਾਰ, ਸ਼ਸਤਰਧਾਰੀ ਰੂਪ ਬਦਲਾਈਆ । ਸੁੰਭ ਨਿਸੁੰਭ ਦਿਤੇ ਸਿੰਘਾਰ, ਦੈਂਤਾ ਕਰੀ ਸਫ਼ਾਈਆ । ਹੁਕਮ ਮੰਨਿਆ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਆਪਣੀ ਕਾਰ ਭੁਗਤਾਈਆ । ਜਿਸ ਦੇ ਹੁਕਮੇ ਅੰਦਰ ਜੁਗ ਚੌਕੜੀ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜਣ ਵਾਹੋ ਦਾਹੀਆ । ਅੰਤਮ ਪਰਗਟ ਹੋ ਕਲ ਕਲਕੀ ਅਵਤਾਰ, ਅਮਾਮ ਅਮਾਮਾ ਵੇਸ ਵਟਾਈਆ । ਜਿਸ ਸ਼ਸਤਰਧਾਰੀ ਸਿੰਘਾਸਣ ਥੱਲੇ ਦਿਤੀ ਵਾੜ, ਉਪਰ ਆਪਣਾ ਆਸਣ ਲਾਈਆ । ਛੇਤੀ ਨਿਗਾਹ ਉਸ ਵੱਲ ਮਾਰ, ਬਿਨ ਨੈਣਾਂ ਨੈਣ ਉਠਾਈਆ । ਝਟ ਦੁਰਗਾ ਹੋਈ ਹੁਸ਼ਿਆਰ, ਸੰਦੇਸ਼ਾ ਦੇਵੇ ਚਾਈਂ ਚਾਈਂਆ । ਸਦੀ ਚੌਧਵੀਂ ਹੋ ਜਾ ਖ਼ਬਰਦਾਰ, ਬੇਖ਼ਬਰੇ ਖ਼ਬਰ ਇਕ ਦ੍ਰਿੜਾਈਆ । ਉਹ ਵੇਖ ਤੇਰਾ ਪਰਵਰਦਿਗਾਰ, ਮੇਰਾ ਮਾਲਕ ਅਗੰਮ ਅਥਾਹੀਆ । ਜਿਸ ਮੇਰੇ ਨਾਲ ਕੀਤਾ ਪਿਆਰ, ਪਰਮ

ਪੁਰਖ ਦਿਤੀ ਵਡਿਆਈਆ । ਉਹ ਸਾਹਿਬ ਸੁਆਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਸਭ ਦੀ ਪਾਵੇ ਸਾਰ, ਮਹਾਂਸਾਰਥੀ ਆਪਣੀ ਖੇਲ ਖਿਲਾਈਆ । ਮੈਂ ਚਾਹੁੰਦੀ ਮੈਨੂੰ ਸਿੰਘਾਸਣ ਥੱਲਿਉਂ ਕਢ ਕੇ ਉਪਰ ਲਏ ਬਠਾਲ, ਦੇਵੇ ਮਾਣ ਵਡਿਆਈਆ । ਫੇਰ ਸਦੀ ਚੌਧਵੀਂ ਤੈਨੂੰ ਕਰਾਂ ਬੇਹਾਲ, ਬਿਹਬਲ ਹੋਏ ਲੋਕਾਈਆ । ਚਾਰ ਯਾਰੀ ਵੱਜੇ ਤਾਲ, ਖੰਡਾ ਚਾਰ ਕੁੰਟ ਖੜਕਾਈਆ । ਤੇਰੇ ਕਲਮੇ ਦੀ ਦਿਸੇ ਕੋਇ ਨਾ ਢਾਲ, ਅੱਗੇ ਹੋ ਨਾ ਕੋਇ ਅਟਕਾਈਆ । ਸਦੀ ਚੌਧਵੀਂ ਝਟ ਗ਼ੁੱਸੇ ਵਿਚ ਅੱਖਾਂ ਕਰ ਕੇ ਲਾਲ, ਭੈ ਰਹੀ ਵਖਾਈਆ । ਮੇਰਾ ਕਾਲਾ ਸੂਸਾ ਤਕ ਕਮਾਲ, ਅੰਬਰ ਨੀਲੇ ਰੰਗ ਰੰਗਾਈਆ । ਤੂੰ ਮੇਰੀ ਝਲ ਨਾ ਸਕੇਂ ਝਾਲ, ਤੈਨੂੰ ਸਚ ਦਿਆਂ ਸਮਝਾਈਆ । ਮੈਂ ਸਾਰੀ ਖਲਕਤ ਕਰਨੀ ਬੇਹਾਲ, ਤੋਬਾ ਤੋਬਾ ਕਰੇ ਲੋਕਾਈਆ । ਨੀ ਅਸ਼ਟਭੁਜ ਤੂੰ ਤੇ ਕਾਲਕਾ ਕੀਤਾ ਸੀ ਹੱਲ ਸਵਾਲ, ਖੱਪਰੀ ਜਗਤ ਹੱਥ ਫੜਾਈਆ । ਨੀ ਮੈਂ ਵੀ ਆਪਣੀ ਗੋਲੀ ਦਾ ਮੁਖ ਕਰ ਦਿਤਾ ਲਾਲ, ਖ਼ੂਨਧਾਰਾ ਧਾਰ ਵਹਾਈਆ । ਜਿਸ ਨੂੰ ਸਕੇ ਨਾ ਕੋਇ ਸੰਭਾਲ, ਸੰਬਲ ਬੈਠਾ ਹਰਿ ਜੂ ਆਪਣੀ ਖੇਲ ਖਿਲਾਈਆ । ਦੁਰਗਾ ਕਹੇ ਨੀ ਇਹ ਕੀ ਕੀਤਾ ਕਮਾਲ, ਕੀ ਤੇਰੀ ਚਤੁਰਾਈਆ । ਸਦੀ ਚੌਧਵੀਂ ਕਹੇ ਮੈਨੂੰ ਹੁਕਮ ਸੰਦੇਸ਼ਾ ਦੇਵੇ ਜਿਸ ਦੀ ਅਵੱਲੜੀ ਚਾਲ, ਅਨਡਿਠੜੀ ਕਾਰ ਕਮਾਈਆ । ਫਲ ਰਹਿਣ ਨਹੀਂ ਦੇਣਾ ਕਿਸੇ ਡਾਲ, ਸਿੰਮਲ ਰੁੱਖ ਜਗਤ ਲਹਿਰਾਈਆ । ਉਹਦੀ ਝੱਲੇ ਕੋਇ ਨਾ ਝਾਲ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਦੁਰਗਾ ਮੇਰੀ ਗੋਲੀ ਦੇ ਮੁਖ ਵਿਚ ਲੱਗਾ ਖ਼ੂਨ, ਖ਼ੂਨ ਖਰਾਬਾ ਦਿਆਂ ਕਰਾਈਆ । ਨੀ ਮੈਂ ਪਿਛਲੇ ਚਹੁੰ ਜੁਗਾਂ ਦਾ ਬਦਲ ਦੇਣਾ ਮਜ਼ਮੂਨ, ਕਲਮ ਸ਼ਾਹੀ ਕਾਤਬ ਨਾ ਕੋਇ ਲਿਖਾਈਆ । ਮੇਰੇ ਪਰਵਰਦਿਗਾਰ ਨੇ ਬਦਲ ਦੇਣਾ ਕਾਨੂੰਨ, ਪਿਛਲਾ ਲਾਅ ਨਜ਼ਰ ਕੋਇ ਨਾ ਆਈਆ । ਜਿਹੜਾ ਮੁਹੰਮਦ ਨੇ ਨੁਕਤਾ ਲਾਇਆ ਵਿਚ ਨੂਨ, ਤਿਸ ਦਾ ਲੇਖਾ ਪੂਰ ਦੇਣਾ ਕਰਾਈਆ । ਮੈਂ ਤਾਲੀ ਮਾਰ ਕੇ ਕਹਾਂ ਸਾਰੇ ਅਵਤਾਰ ਪੈਗ਼ੰਬਰ ਗੁਰੂਆਂ ਤੋਂ ਕਰ ਦੇਣੇ ਮਹਿਰੂਮ, ਮਹਰਮ ਨਜ਼ਰ ਕੋਇ ਨਾ ਆਈਆ । ਅਗਲਾ ਖੇਲ ਹੋਣਾ ਨਾਮਾਲੂਮ, ਬੁੱਧੀ ਵਿਚ ਨਾ ਕੋਇ ਸਮਝਾਈਆ । ਮੇਰੀ ਇੱਕੀ ਕੱਤਕ ਦੀ ਪਹਿਲੀ ਰਸਮ ਜਿਸ ਨੇ ਵੱਡੀ ਬਣਨਾ ਰਸੂਮ, ਰਿਵਾਜ ਜਗਤ ਵਾਲਾ ਬਣਾਈਆ । ਜਿਸ ਪ੍ਰਭੂ ਨੂੰ ਸਾਰੇ ਕਹਿੰਦੇ ਸੂਮ, ਉਹ ਜਗਤ ਕਹਿਰ ਲਹਿਰ ਦੇ ਗੱਫੇ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਦੁਰਗਾ ਕਹੇ ਸਦੀ ਚੌਧਵੀਂ ਕਾਲਕਾ ਕੋਲ ਸੀ ਕਾਲਾ ਖੱਪਰ, ਜਿਸ ਰਾਕਸ਼ ਲਏ ਖਾਈਆ । ਮੈਂ ਨੌਂ ਸੌ ਨੜਿਨਵੇਂ ਯੋਜਨ ਰੋਜ ਕਰਦੀ ਸਾਂ ਸਫ਼ਰ, ਭੱਜਦੀ ਵਾਹੋ ਦਾਹੀਆ । ਕਿਸੇ ਦੇ ਉਤੇ ਆਉਣ ਨਹੀਂ ਦਿਤਾ ਸੀ ਕਫਨ, ਮੜ੍ਹੀ ਗੋਰ ਨਾ ਕੋਇ ਜਣਾਈਆ । ਕਿਸੇ ਦਾ ਪਵਿਤਰ ਰਹਿਣ ਦਿਤਾ ਨਹੀਂ ਸੀ ਬਦਨ, ਸ਼ਸਤਰਾਂ ਨਾਲ ਘਾਇਲ ਕਰਾਈਆ । ਕੂੜਾ ਛੁਡਾ ਦਿਤਾ ਵਤਨ, ਬੇਵਤਨ ਕੀਤੀ ਲੋਕਾਈਆ । ਦੇਵਤਿਆਂ ਆਈ ਪੈਜ ਰੱਖਣ, ਦੁਸ਼ਟਾਂ ਡੇਰਾ ਢਾਹੀਆ । ਇਹ ਤੈਨੂੰ ਸੁਣਾਵਾਂ ਬਚਨ, ਸੰਦੇਸ਼ਾ ਸਹਿਜ ਸੁਭਾਈਆ । ਕੀ ਖੇਲ ਹੋਣਾ ਅਲਖ ਅਲੱਖਣ, ਅਗੋਚਰ ਕੀ ਕਾਰ ਕਮਾਈਆ । ਜਿਸ ਵੇਲੇ ਸਦੀ ਚੌਧਵੀਂ ਲੱਗੀ ਲੰਘਣ, ਮੁਹੰਮਦ ਲੇਖਾ ਰਹੇ ਨਾ ਰਾਈਆ । ਕਿਸੇ ਨੂੰ ਕੋਈ ਨਾ ਲਾਵੇ ਅੰਗਣ, ਗੋਦੀ ਗੋਦ ਨਾ ਕੋਇ ਟਿਕਾਈਆ । ਨਿਸ਼ਾਨ ਰਹੇ ਨਾ ਤਾਰਾ ਚੰਦਨ, ਚੰਦ ਸਿਤਾਰ ਰੋਵੇ ਮਾਰੇ ਧਾਹੀਆ । ਮੱਕੇ ਕਾਅਬੇ ਮਿਲੇ ਨਾ ਕੋਇ ਅਨੰਦਨ,

ਅਨੰਦ ਅਨੰਦ ਨਾ ਕੋਇ ਰਖਾਈਆ । ਸਾਚੀ ਰਹੇ ਕੋਇ ਨਾ ਬੰਦਨ, ਬੰਦਗੀ ਵਿਚ ਸੀਸ ਨਾ ਕੋਇ ਨਿਵਾਈਆ । ਫਿਰੇ ਦਰੋਹੀ ਵਿਚ ਵਰਭੰਡਨ, ਬ੍ਰਹਿਮੰਡ ਨੇਤਰ ਨੀਰ ਵਹਾਈਆ । ਝਗੜਾ ਮੁਕਣਾ ਜੇਰਜ ਅੰਡਨ, ਉਤਭੁਜ ਸੇਤਜ ਲੇਖ ਚੁਕਾਈਆ । ਕਿਰਪਾ ਕਰੇ ਸੂਰਾ ਸਰਬੰਗਣ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦੇ ਨਾਮ ਨਗਾਰੇ ਵੱਜਣ, ਗੋਬਿੰਦ ਡੇਰੂ ਡੰਕ ਵਜਾਈਆ । ਜਿਸ ਦੀ ਖ਼ਾਤਰ ਤਤੀ ਲੋਹ ਤੇ ਬੈਠਾ ਗੁਰ ਅਰਜਨ, ਤੇਗ਼ ਬਹਾਦਰ ਆਪਣਾ ਸੀਸ ਕਟਾਈਆ । ਗੋਬਿੰਦ ਬੱਚੇ ਨੀਹਾਂ ਹੇਠਾਂ ਲੱਗਾ ਰੱਖਣ, ਗੜ੍ਹੀ ਚਮਕੌਰ ਦਏ ਗਵਾਹੀਆ । ਮਾਛੂਵਾੜੇ ਮਾਹੀ ਆਪਣਾ ਲੱਗਾ ਲੱਭਣ, ਸੱਥਰ ਯਾਰੜਾ ਸੇਜ ਹੰਢਾਈਆ । ਉਹ ਖੇਲ ਕਰੇ ਸਮਰਥਣ, ਹਰਿ ਵੱਡਾ ਵਡ ਵਡਿਆਈਆ । ਸਭ ਕੁਛ ਵੇਖੇ ਆਪਣੀ ਅੱਖਣ, ਨੇਤਰ ਜਗਤ ਵਾਲੇ ਖੁਲ੍ਹਾਈਆ । ਦੀਨ ਦੁਨੀ ਦੇ ਭਾਂਡੇ ਕਰ ਦੇਵੇ ਸੱਖਣ, ਜਨ ਭਗਤਾਂ ਦੇਵੇ ਮਾਣ ਵਡਿਆਈਆ । ਸਦੀ ਚੌਧਵੀਂ ਸਭ ਨੂੰ ਆਵੇ ਪਰਖਣ, ਕਸਵਟੀ ਧੁਰ ਦੀ ਨਾਲ ਉਠਾਈਆ । ਕੋਟਾਂ ਵਿਚੋਂ ਕੋਈ ਗੁਰਮੁਖ ਸਾਚੇ ਨਾਮ ਦੀ ਸਿਲ ਅਲੂਣੀ ਆਵੇ ਚੱਟਣ, ਹੀਰਾ ਮੁਖ ਨਾਲ ਛੁਹਾਈਆ । ਉਸ ਵੇਲੇ ਜ਼ਿਮੀਂ ਅਸਮਾਨ ਫੱਟਣ, ਪੱਟੀ ਅਵਰ ਨਾ ਕੋਇ ਬੰਧਾਈਆ । ਪ੍ਰਭ ਦਾ ਖੇਲ ਹੋਣਾ ਬਾਜ਼ੀਗਰ ਨੱਟਣ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਨੀ ਦੁਰਗਾ ਤੇਰੀ ਕਾਲੀ ਦੀ ਜੀਭ ਆਇਆ ਕੱਟਣ, ਕਟਾਕਸ਼ ਆਪਣੀ ਧਾਰ ਮੇਰੀ ਗੋਲੀ ਦੇ ਮੁਖ ਵਿਚ ਲਾਈਆ । ਜਿਸ ਦਾ ਲੇਖਾ ਸਕੇ ਕੋਇ ਨਾ ਰਟਣ, ਸੰਦੇਸ਼ਾ ਸਕੇ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਜਿਸ ਮੇਰੀ ਗੋਲੀ ਦੇ ਮੁਖ ਵਿਚ ਮਾਰਿਆ ਤੀਰ, ਨਿਸ਼ਾਨਾ ਜਗਤ ਬਣਾਈਆ । ਨੀ ਮੇਰਾ ਸਾਹਿਬ ਪੀਰਾਂ ਦਾ ਪੀਰ, ਅਮਾਮ ਅਮਾਮਾ ਨੂਰ ਇਲਾਹੀਆ । ਜਿਸ ਸ਼ਰਅ ਦੇ ਕਟਣੇ ਜ਼ੰਜੀਰ, ਸ਼ਰੀਅਤ ਦੇਣੀ ਬਦਲਾਈਆ । ਬਦਲ ਦੇਣੀ ਤਕਦੀਰ, ਤਦਬੀਰ ਆਪਣੀ ਇਕ ਸਮਝਾਈਆ । ਜਿਸ ਨੂੰ ਝੁਕਣੇ ਪੈਗ਼ੰਬਰ ਗੁਰ ਫ਼ਕੀਰ, ਫ਼ਿਕਰਾ ਸੁਣਾਵੇ ਥਾਉਂ ਥਾਈਆ । ਉਹਦੀ ਮੰਜ਼ਲ ਇਕ ਅਖ਼ੀਰ, ਆਖ਼ਰ ਰਿਹਾ ਦ੍ਰਿੜਾਈਆ । ਜਿਸ ਦਾ ਹੋਕਾ ਦਿਤਾ ਕਬੀਰ, ਕੂਕ ਕੂਕ ਸੁਣਾਈਆ । ਜਿਸ ਦੀ ਸਿਫ਼ਤ ਕਰੇ ਕੁਰਾਨ ਮਜੀਦ, ਤੀਸ ਬਤੀਸ ਢੋਲੇ ਮੁਹੰਮਦ ਗਾਈਆ । ਉਸ ਦੀ ਅੱਜ ਖ਼ੁਸ਼ੀਆਂ ਵਾਲੀ ਈਦ, ਇੱਕੀ ਕੱਤਕ ਖ਼ੁਸ਼ੀ ਬਣਾਈਆ । ਜਿਸ ਨੇ ਝਗੜਾ ਮੇਟਣਾ ਛੁਰੀ ਸ਼ਰਅ ਵਾਲੀ ਬਕਰੀਦ, ਉਸ ਨੇ ਮੇਰੀ ਗੋਲੀ ਜੁਗਿੰਦਰ ਦੇ ਮੁਖ ਵਿਚੋਂ ਧਾਰਾਂ ਦਿਤੀਆਂ ਵਗਾਈਆ । ਮੇਰੀ ਖੁਲ੍ਹ ਗਈ ਗ਼ਫ਼ਲਤ ਵਾਲੀ ਨੀਂਦ, ਆਲਸ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਅਸ਼ਟਭੁਜ ਕਹੇ ਨੀ ਮੈਂ ਸੁਣਿਆ ਉਹ ਪਰਮ ਪੁਰਖ ਪ੍ਰਭ ਸਾਂਝਾ, ਨਿਰਵੈਰ ਇਕ ਅਖਵਾਈਆ । ਸਦੀ ਚੌਧਵੀਂ ਕਹੇ ਉਹ ਏਸੇ ਕਰ ਕੇ ਦੀਨ ਮਜ਼੍ਹਬ ਨੂੰ ਮਾਰਨ ਆਇਆ ਮਾਂਜਾ, ਜੋ ਸਿੰਘਾਸਣ ਕੋਲ ਰਖਾਈਆ । ਔਹ ਵੇਖ ਚਾਰ ਕੁੰਟ ਵਗਦਾ ਝਾਂਜਾ, ਝੱਖੜ ਝੁੱਲੇ ਥਾਉਂ ਥਾਈਆ । ਦੋ ਜਹਾਨ ਜਿਸ ਦਾ ਢੋਲਾ ਗਾਂਦਾ, ਤੂੰ ਮੇਰਾ ਮੈਂ ਤੇਰਾ ਜੰਗਜੂ ਬਹਾਦਰ ਤਿੰਨੇ ਚਾਰੇ ਹੱਥ ਵਿਚ ਫੜ ਕੇ ਦੇਣ ਵਖਾਈਆ । ਫੇਰ ਮੈਨੂੰ ਨਾ ਦੇਵੇ ਕੋਇ ਉਲਾਂਭਾ, ਮੈਂ ਸਚ ਸਚ ਦਿਆਂ ਸੁਣਾਈਆ । ਮੈਨੂੰ ਸੁਣ ਕੇ ਆਵੇ ਕਾਂਬਾ, ਕੰਬ ਕੰਬ ਗੋਲੀ ਨੇ ਸ੍ਰਿਸ਼ਟੀ ਦਿਤੀ ਹਿਲਾਈਆ । ਨੀ ਦੁਰਗਾ ਤੇਰਾ ਕਾਲਾ ਖੱਪਰ ਤੇ ਮੇਰਾ ਭਾਂਡਾ ਵੇਖ ਲੈ ਤਾਂਬਾ, ਜਿਸ ਦੀ ਉਮਤ ਰੀਤ ਦਿਤੀ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ


੧੫੫੩
੨੨

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਤਾਂਬਾ ਕਹੇ ਮੇਰੀ ਅਨੋਖੀ ਧਾਤ, ਦਰੋਹੀ ਮੇਰੀ ਦੁਹਾਈਆ । ਮੁਹੰਮਦ ਨੇ ਨੌ ਵਾਰ ਮੇਰੇ ਵਿਚ ਖਾਣਾ ਖਾਧਾ ਸੀ ਆਪ, ਆਪਣੀ ਹੱਥੀਂ ਬਣਾਈਆ । ਅੱਲਾ ਹੂ ਅੱਨਾ ਹੂ ਕਰਦਾ ਰਿਹਾ ਜਾਪ, ਬਿਸਮਿਲ ਕਹਿ ਕੇ ਖ਼ੁਸ਼ੀ ਮਨਾਈਆ । ਤਨ ਵਜੂਦ ਵਖਾ ਪਾਕ, ਰੂਹ ਬੁਤ ਕਰ ਸਫ਼ਾਈਆ । ਝਟ ਖ਼ੁਦਾ ਨੇ ਖੋਲ੍ਹਿਆ ਤਾਕ, ਪਰਦਾ ਰਿਹਾ ਨਾ ਰਾਈਆ । ਖ਼ੁਸ਼ੀ ਨਾਲ ਸੁਣਾਈ ਬਾਤ, ਬਾਤਨ ਭੇਵ ਚੁਕਾਈਆ । ਉਹ ਤਕ ਮੁਹੰਮਦ ਸੰਮਤ ਸ਼ਹਿਨਸ਼ਾਹੀ ਸੱਤ ਇੱਕੀ ਕੱਤਕ ਦੀ ਰਾਤ, ਰੈਣ ਭਿੰਨੜੀ ਦਿਆਂ ਵਖਾਈਆ । ਜਿਸ ਕਰਨਾ ਖੇਲ ਤਮਾਸ਼, ਹੁਕਮ ਹੁਕਮ ਵਰਤਾਈਆ । ਤੇਰੀ ਉਮਤ ਦੀ ਇਕ ਇਕ ਇਹਦੇ ਵਿਚ ਪਾਉਣੀ ਲਾਸ਼, ਗੋਰਾਂ ਰੋਵਣ ਮਾਰਨ ਧਾਹੀਂਆ । ਸ਼ੰਕਰ ਭੱਜਾ ਆਵੇ ਉਤੋਂ ਕੈਲਾਸ਼, ਸੰਘਾਰੀ ਆਪਣਾ ਪੰਧ ਮੁਕਾਈਆ । ਚਾਰੇ ਫ਼ਰਿਸ਼ਤੇ ਕਰਨ ਤਲਾਸ਼, ਜ਼ਬਰਾਈਲ ਅਜ਼ਰਾਈਲ ਮੇਕਾਈਲ ਇਸਰਾਫੀਲ ਭੱਜਣ ਵਾਹੋ ਦਾਹੀਆ । ਅੰਤਮ ਕਿਸੇ ਤੋਂ ਕੰਮ ਨਹੀਂ ਆਉਣਾ ਰਾਸ, ਰਸਤਾ ਭੁਲਾਏ ਬੇਪਰਵਾਹੀਆ । ਇਹ ਖੇਲ ਬੜਾ ਅਫ਼ਸੋਸਨਾਕ, ਚਿੰਤਾ ਚਿਖਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਭੁਗਤਾਈਆ । ਝਾੜੂ ਕਹੇ ਮੈਂ ਧਰਨੀ ਕਰਾਂ ਸਾਫ਼, ਕੂੜਾ ਕਿਰਕਟ ਵੇਖ ਵਖਾਈਆ । ਮੈਂ ਜਗਤ ਵਿਚ ਗੁਸਤਾਖ਼, ਮਿੱਟੀ ਖ਼ਾਕ ਉਡਾਈਆ । ਮੈਨੂੰ ਇਕ ਦਿਨ ਮੁਹੰਮਦ ਗਿਆ ਆਖ, ਸਹਿਜ ਨਾਲ ਸਮਝਾਈਆ । ਉਠ ਕੇ ਜ਼ਰਾ ਝਾਕ, ਸਦੀ ਚੌਧਵੀਂ ਧਿਆਨ ਰਖਾਈਆ । ਜਿਸ ਵੇਲੇ ਦੀਨ ਦੁਨੀ ਵਿਚ
੧੫੫੪ ਰਿਹਾ ਨਾ ਸਾਚ, ਸੰਜਮ ਸਚ ਨਾ ਕੋਇ ਸਮਝਾਈਆ । ਚਾਰੋਂ ਕੁੰਟ ਲੱਗਣੀ ਆਂਚ, ਅਗਨੀ ਅੱਗ ਨਾ ਕੋਇ ਬੁਝਾਈਆ । ਤੇਰਾ ਖੇਲ ਹੋਵੇ ੧੫੫੪
੨੨ ਬਹੁਭਾਂਤ, ਪਰਦਾ ਦਿਆਂ ਉਠਾਈਆ । ਤੂੰ ਪੁਰਖ ਅਕਾਲ ਪਰਵਰਦਿਗਾਰ ਸਾਂਝੇ ਯਾਰ ਦਾ ਦੇਣਾ ਸਾਥ, ਸਗਲਾ ਸੰਗ ਬਣਾਈਆ । ਜਿਸ ਦਾ ੨੨
ਦੋ ਜਹਾਨਾਂ ਫਿਰਨਾ ਰਾਥ, ਬ੍ਰਹਿਮੰਡ ਖੰਡ ਪੰਧ ਮੁਕਾਈਆ । ਤੂੰ ਉਸ ਨੂੰ ਮੰਨਣਾ ਕਮਲਾਪਾਤ, ਪਤਿਪਰਮੇਸ਼ਵਰ ਕਹਿ ਕੇ ਸੀਸ ਨਿਵਾਈਆ । ਝਟ ਮਾਂਜੇ ਜੋੜੇ ਹਾਥ, ਨਿਉਂ ਨਿਉਂ ਲਾਗਾ ਪਾਈਆ । ਮੁਹੰਮਦਾ ਕਦੋਂ ਮੁਕੇਗੀ ਵਾਟ, ਮੈਨੂੰ ਦੇ ਦ੍ਰਿੜਾਈਆ । ਮੁਹੰਮਦ ਖ਼ੁਸ਼ੀ ਵਿਚ ਦਿਤਾ ਆਖ, ਸਦੀ ਚੌਧਵੀਂ ਅੱਖ ਉਠਾਈਆ । ਤੇਰੀ ਪਤ ਆਪੇ ਲਏ ਰਾਖ, ਪਤਿਪਰਮੇਸ਼ਵਰ ਬੇਪਰਵਾਹੀਆ । ਤੂੰ ਸੇਵਕ ਬਣਨਾ ਚਾਕ, ਚਾਕਰ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਤਾਂਬਾ ਕਹੇ ਮੇਰੀ ਸਭ ਤੋਂ ਵੱਖਰੀ ਤਾਕਤ, ਸੂਰਬੀਰ ਦਿਆਂ ਦ੍ਰਿੜਾਈਆ । ਕਿਸੇ ਦੀ ਰਹਿਣ ਨਹੀਂ ਦੇਣੀ ਰਫ਼ਾਕਤ, ਸੰਗੀ ਸੰਗ ਨਾ ਕੋਇ ਨਿਭਾਈਆ । ਦਾਨਸ਼ਮੰਦਾਂ ਮੇਟਣੀ ਲਿਆਕਤ, ਅਕਲ ਬੁੱਧੀ ਨਾ ਕੋਇ ਚਤੁਰਾਈਆ । ਸਭ ਨੂੰ ਲੈਣਾ ਆਪਣੇ ਵਿਚ ਹਿਰਾਸਤ, ਬਚਿਆ ਰਹਿਣ ਕੋਇ ਨਾ ਪਾਈਆ । ਦੀਨ ਮਜ਼੍ਹਬ ਦੀ ਰਹਿਣ ਨਹੀਂ ਦੇਣੀ ਵਿਰਾਸਤ, ਆਪਣਾ ਪੇਟ ਲੈਣਾ ਭਰਾਈਆ । ਕਿਉਂ ਮੇਰੇ ਸਾਹਿਬ ਦੀ ਬੜੀ ਯਾਦਦਾਸ਼ਤ, ਜੁਗਤ ਦਾ ਲੇਖਾ ਭੁੱਲ ਕਦੇ ਨਾ ਜਾਈਆ । ਜਿਹੜੀ ਦੀਨ ਦੁਨੀ ਹੋ ਗਈ ਨਾਸਤਕ, ਨਾਸ ਕਰਕੇ ਦਏ ਵਖਾਈਆ । ਗੁਰਮੁਖ ਵੇਖੇ ਸੰਤ ਸੁਹੇਲੇ ਆਸਤਕ, ਅਸਲ ਅਸਲ ਵਿਚ ਮਿਲਾਈਆ । ਇਹ ਖੇਲ ਪ੍ਰਭੂ ਦਾ ਵਾਸਤਕ, ਵਸਲ ਯਾਰ ਦਾ ਦਏ ਗਵਾਹੀਆ । ਚਾਰੋਂ ਕੁੰਟ ਹੁਕਮ ਦੀ ਹੋਣੀ ਆਫ਼ਤ, ਆਫ਼ਤਾਬ ਨਜ਼ਰ ਕੋਇ ਨਾ ਆਈਆ । ਅਵਤਾਰ ਪੈਗ਼ੰਬਰ ਗੁਰੂਆਂ ਦਾ ਭਵਿਖਤ ਕਰੇ ਸਾਬਤ, ਪੇਸ਼ੀਨਗੋਈਆਂ ਨਾਲ ਮਿਲਾਈਆ । ਕਲਜੁਗ ਅੰਤਮ ਸਭ

ਦਾ ਕਰੇ ਤੁਆਕਬ, ਪਿਛੇ ਭੱਜੇ ਵਾਹੋ ਦਾਹੀਆ । ਦੋ ਜਹਾਨਾਂ ਬਣਕੇ ਰਾਕਬ, ਹੁਕਮ ਹੁਕਮ ਵਾਲਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਆਪ ਕਮਾਈਆ । ਅਸ਼ਟਭੁਜ ਕਹੇ ਸਦੀ ਚੌਧਵੀਂ ਮੇਰਾ ਨਹੀਂ ਕੋਈ ਤਕਰਾਰ, ਝਗੜਾ ਜਗਤ ਵਖਾਈਆ । ਮੈਂ ਤਾਂ ਪਿਛਲੀ ਕਥਾ ਦੱਸਣ ਨੂੰ ਆਈ ਸਾਂ ਬਾਹਰ, ਫਿਰ ਸਿੰਘਾਸਣ ਥੱਲੇ ਵੜਕੇ, ਆਪਣਾ ਆਸਣ ਲਾਈਆ । ਹੁਕਮ ਨਾਲ ਮੈਂ ਵੀ ਕਾਲਕਾ ਕੀਤੀ ਸੀ ਤਿਆਰ, ਕਾਲਾ ਖੱਪਰ ਹੱਥ ਫੜਾਈਆ । ਤੈਨੂੰ ਗੋਲੀ ਬਖ਼ਸ਼ੀ ਪਰਵਰਦਿਗਾਰ, ਰਹਿਮਤ ਸਚ ਵਾਲੀ ਕਮਾਈਆ । ਜਿਸ ਦੇ ਮੂੰਹ ਵਿਚੋਂ ਚਲੀ ਲਹੂ ਦੀ ਧਾਰ, ਧਰਨੀ ਲਾਲ ਰੰਗ ਰੰਗਾਈਆ । ਇਹ ਖੇਲ ਅਗੰਮੀ ਯਾਰ, ਹਰਿ ਯਾਰੜਾ ਆਪ ਕਰਾਈਆ । ਜਿਸ ਦੇ ਸਭ ਕੁਛ ਅਖਤਿਆਰ, ਮੁਖਤਿਆਰਨਾਮੇ ਸਭ ਦੇ ਲਏ ਛੁਡਾਈਆ । ਮੈਂ ਅੰਤ ਕਰਾਂ ਨਿਮਸਕਾਰ, ਨਿਉਂ ਨਿਉਂ ਲਾਗਾਂ ਪਾਈਆ । ਤੇਰਾ ਖੇਲ ਸੱਚੀ ਸਰਕਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦੇ ਜੰਗਜੂ ਬਹਾਦਰ ਭਗਤ ਸੁਹੇਲੇ ਖ਼ਬਰਦਾਰ, ਚਾਰੋਂ ਕੁੰਟ ਲੈਣ ਅੰਗੜਾਈਆ । ਤਿਸ ਦੇ ਢਹਿ ਪਵਾਂ ਦਵਾਰ, ਨਿਵ ਨਿਵ ਲਾਗਾਂ ਪਾਈਆ । ਜੋ ਕਰੇ ਕਰਾਵੇ ਕਰਨੇਹਾਰ, ਕਰਨੀ ਕਰਤਾ ਇਕ ਅਖਵਾਈਆ । ਜਿਸ ਦੀ ਸ਼ਬਦੀ ਸ਼ਬਦ ਲਲਕਾਰ, ਦੋ ਜਹਾਨ ਉਠਾਈਆ । ਉਸ ਦੇ ਚਰਨਾਂ ਦੀ ਧੂੜੀ ਲਾਵਾਂ ਛਾਰ, ਮਸਤਕ ਖ਼ਾਕ ਰਮਾਈਆ । ਜੋ ਨਿਰਗੁਣ ਨਿਰਵੈਰ ਅਮਾਮ ਅਮਾਮਾ ਕਲ ਕਲਕੀ ਲਏ ਅਵਤਾਰ, ਨਿਹਕਲੰਕਾ ਵੇਸ ਧਰਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਬਣ ਸੱਚੀ ਸਰਕਾਰ, ਧੁਰ ਦਾ ਹੁਕਮ ਆਪ ਪਰਗਟਾਈਆ । ਸਭ ਦਾ ਲਹਿਣਾ ਦੇਣਾ ਪੂਰਬ ਕਰਜ਼ਾ ਦਏ ਉਤਾਰ, ਅਵਤਾਰ ਪੈਗ਼ੰਬਰ ਗੁਰ ਲੇਖਾ ਰਹੇ ਨਾ ਰਾਈਆ । ਸੋ ਪੁਰਖ ਅਕਾਲਾ ਦੀਨ ਦਿਆਲ ਪਰਵਰਦਿਗਾਰ, ਸਾਂਝਾ ਯਾਰ ਹੋਏ ਸਹਾਈਆ । ਜਨ ਭਗਤ ਸੁਹੇਲੇ ਗੁਰੂ ਗੁਰ ਚੇਲੇ ਅੰਤ ਕੰਤ ਭਗਵੰਤ ਕਰੇ ਉਜਿਆਰ, ਪਰਦਾ ਕੂੜ ਵਾਲਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਅੰਤ ਨਾ ਪਾਰਾਵਾਰ, ਬੇਅੰਤ ਬੇਅੰਤ ਕਲਜੁਗ ਆਪਣਾ ਹੁਕਮ ਆਪ ਵਰਤਾਈਆ ।



✪ ੨੨ ਕੱਤਕ ਸ਼ਹਿਨਸ਼ਾਹੀ ਸੰਮਤ ੭ ਨਛੱਤਰ ਸਿੰਘ, ਭਾਗ ਸਿੰਘ, ਗੱਜਣ ਸਿੰਘ, ਗੁਰਨਾਮ ਕੌਰ ਦੁਰਾਹਾ, ਕਾਕਾ ਸਿੰਘ ਲਿਬੜਾ, ਬੱਗਾ ਸਿੰਘ ਨਤ, ਮਹਿੰਦਰ ਸਿੰਘ ਝਮਟ, ਗੁਰਦੇਵ ਸਿੰਘ ਲਲਹੇੜੀ, ਸ੍ਰੀ ਰਾਮ ਮਕਸੂਦੜਾ, ਭਜਨ ਸਿੰਘ ਜੀਰਖ, ਦਰਸ਼ਨ ਸਿੰਘ, ਜਗਦੀਸ਼ ਸਿੰਘ ਅਜਨੌਧ, ਗੁਰਨਾਮ ਸਿੰਘ ਮੁਰਿੰਡਾ, ਚੈਂਚਲ ਸਿੰਘ, ਈਸ਼ਰ ਕੌਰ ਤੇ ਉਜਾਗਰ ਸਿੰਘ ਮਹੌਣ, ਬਚਨ ਕੌਰ ਤੇ ਮੇਜਰ ਸਿੰਘ ਝਮਟ ਬਦੋਵਾਲ, ਦੁਰਾਹਾ ਸ਼ਹਿਰ ਜ਼ਿਲਾ ਲੁਧਿਆਣਾ ✪

ਸਤਿਗੁਰ ਸ਼ਬਦ ਕਹੇ ਮੇਰਾ ਖੇਲ ਅਗੰਮਾ ਧਰਤਨ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਮੈਂ ਹੁਕਮ ਸੰਦੇਸ਼ਾ ਸੁਣਾਵਾਂ ਵਾਲੀ ਅਰਸ਼ਨ, ਅਰਸ਼ੀ ਪ੍ਰੀਤਮ ਜੋ ਰਿਹਾ ਦ੍ਰਿੜਾਈਆ । ਕੀ ਖੇਲ ਹੋਣਾ ਉਤੇ ਫ਼ਰਸ਼ਨ, ਚਾਰ ਕੁੰਟ ਅੱਖ ਖੁਲ੍ਹਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਨੂੰ

ਆਵੇ ਪਰਖਣ, ਪਾਰਖੂ ਆਪਣਾ ਵੇਸ ਵਟਾਈਆ । ਜਿਸ ਨੂੰ ਨਾ ਕੋਈ ਸੋਗ ਨਾ ਕੋਈ ਹਰਖ਼ਣ, ਚਿੰਤਾ ਗ਼ਮ ਨਾ ਕੋਇ ਰਖਾਈਆ । ਜਨ ਭਗਤਾਂ ਦੇਵੇ ਆਪਣੇ ਦਰਸ਼ਨ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਕੂੜੀ ਕਿਰਿਆ ਮੇਟੇ ਧੜਕਣ, ਮਾਇਆ ਮਮਤਾ ਮੋਹ ਗਵਾਈਆ । ਫੇਰ ਲੇਖਾ ਜਾਣੇ ਸ਼ਰਕਨ ਗਰਬਨ, ਸ਼ਮਾਲ ਜਨੂਬ ਅੱਖ ਉਠਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਸੁਣੇ ਅਰਜ਼ਨ, ਅਰਜ਼ੀ ਸਭ ਦੀ ਵੇਖ ਵਖਾਈਆ । ਪੂਰਬ ਲੇਖਾ ਲਾਹਵੇ ਕਰਜ਼ਣ, ਮਕਰੂਜ਼ ਆਪ ਚੁਕਾਈਆ । ਨੌ ਖੰਡ ਪ੍ਰਿਥਮੀ ਧਾਰ ਵੇਖੇ ਨੌ ਬਰਤਨ, ਹਿੱਸੇ ਆਪਣੇ ਵੰਡ ਵੰਡਾਈਆ । ਮੁਹੰਮਦ ਦਾ ਲੇਖਾ ਪੂਰਾ ਕਰੇ ਨਾਲ ਸ਼ਰਤਨ, ਸ਼ਰਅ ਦਾ ਲੇਖਾ ਰਹੇ ਨਾ ਰਾਈਆ । ਸ਼ਾਹ ਸੁਲਤਾਨਾਂ ਪੁੱਠੀ ਹੋਵੇ ਨਰਦਨ, ਸਿਰ ਸਕੇ ਨਾ ਕੋਇ ਉਠਾਈਆ । ਅਮਾਮ ਅਮਾਮਾ ਹੋਵੇ ਮਰਦਨ, ਮਦਦ ਅਵਰ ਨਾ ਕੋਇ ਰਖਾਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦਨ, ਦੁਖੀਆਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਬਰਤਨ ਕਹਿਣ ਸਾਡਾ ਰੂਪ ਨਵ ਖੰਡ, ਨਵ ਚਾਰ ਦਏ ਗਵਾਹੀਆ । ਅਸੀਂ ਉਚੀ ਰੌਲਾ ਪਾਉਣਾ ਡੰਡ, ਹੋਕਾ ਹੱਕ ਸੁਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਕਰ ਖੰਡ ਖੰਡ, ਸਗਲਾ ਸੰਗ ਨਾ ਕੋਇ ਨਿਭਾਈਆ । ਅਸੀਂ ਸਚ ਦੱਸੀਏ ਜਿਸ ਵੇਲੇ ਨਿਸ਼ਾਨ ਮੁਹੰਮਦ ਬਣਾਇਆ ਸੀ ਤਾਰਾ ਚੰਦ, ਨੌ ਗ੍ਰਹਿ ਸਮਝ ਕੇ ਸਾਨੂੰ ਕੋਲ ਟਿਕਾਈਆ । ਫੇਰ ਹੁਕਮ ਦਾ ਹੋ ਪਾਬੰਦ, ਸੱਜਦਾ ਸੀਸ ਦਿਤਾ ਨਿਵਾਈਆ । ਫੇਰ ਕਲਮਾ ਗਾ ਕੇ ਛੰਦ, ਢੋਲਾ ਗਾਇਆ ਧੁਰਦਰਗਾਹੀਆ । ਮਾਨਿਆ ਅਗੰਮ ਅਨੰਦ, ਸੁਖ ਸੁਖ ਵਿਚ ਸਮਾਈਆ । ਸੁਣਿਆ ਹੁਕਮ ਸੂਰੇ ਸਰਬੰਗ, ਹਰਿ ਕਰਤਾ ਆਪ ਦ੍ਰਿੜਾਈਆ । ਮੁਹੰਮਦ ਔਹ ਤਕ ਤੇਰੀ ਸਦੀ ਚੌਧਵੀਂ ਰਹੀ ਲੰਘ, ਕਦਮ ਕਦਮ ਨਾਲ ਬਦਲਾਈਆ । ਤੇਰਾ ਮਹਿਬੂਬ ਉਲਟਾ ਕਰੇ ਪਲੰਘ, ਪਾਵਾ ਚੂਲ ਰਹੇ ਕੁਰਲਾਈਆ । ਉਸ ਦਾ ਸੀਸ ਓਢਣ ਹੋਣਾ ਨੰਗ, ਪੜਦਾ ਸਕੇ ਕੋਇ ਨਾ ਪਾਈਆ । ਨੌ ਬਰਤਨ ਕਹਿਣ ਗੋਬਿੰਦ ਜਿਸ ਵੇਲੇ ਪਹਿਲੇ ਦਿਨ ਸੀ ਚੜ੍ਹਿਆ ਜੰਗ, ਜੰਗਜੂ ਬਹਾਦਰ ਰੂਪ ਬਣਾਈਆ । ਜਿਸ ਵੇਲੇ ਨੀਲੇ ਦਾ ਕਸਿਆ ਤੰਗ, ਥਾਪੀ ਪਿਠ ਉਤੇ ਟਿਕਾਈਆ । ਸਾਨੂੰ ਸੱਦ ਕੇ ਹੁਕਮ ਦਿਤਾ ਸੂਰੇ ਸਰਬੰਗ, ਸਹਿਜ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨੌ ਬਰਤਨ ਕਹੇ ਗੋਬਿੰਦ ਦਿਤਾ ਆਖ, ਸਹਿਜ ਨਾਲ ਸੁਣਾਈਆ । ਵੇਖੋ ਮੁਹੰਮਦ ਦੀ ਅੰਤਮ ਸ਼ਾਖ਼, ਸ਼ਾਖ਼ ਰਹਿਣ ਕੋਇ ਨਾ ਪਾਈਆ । ਕਰ ਅਗੰਮੀ ਬਾਤ, ਬਾਤਨ ਦਿਤਾ ਦ੍ਰਿੜਾਈਆ । ਨਾਲੇ ਮਾਰਿਆ ਹਾਥ ਤੇ ਹਾਥ, ਹਥੇਲੀ ਹਥੇਲੀ ਨਾਲ ਟਕਰਾਈਆ । ਫੇਰ ਇਸ਼ਾਰਾ ਕੀਤਾ ਮੁਹੰਮਦ ਦੀ ਕਬਰ ਵਿਚ ਇਹ ਨੌ ਰੱਖੇ ਸੀ ਸਾਥ, ਕਿਸਮ ਵੱਖਰੀ ਵੰਡ ਵੰਡਾਈਆ । ਉਸ ਦੀ ਪੁੱਠੀ ਕਰਕੇ ਲਾਸ਼, ਪਿੱਠ ਉਤੇ ਟਿਕਾਈਆ । ਇਹ ਸੰਦੇਸ਼ਾ ਮੁਹੰਮਦ ਦੇ ਕੇ ਗਿਆ ਸੀ ਆਪ ਖ਼ਾਸ, ਖ਼ਾਹਿਸ਼ ਆਪਣੀ ਨਾਲ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਨੌ ਬਰਤਨ ਕਹਿਣ ਅਸੀਂ ਬੈਠੇ ਰਹੇ ਨਾਲ ਸਬਰ, ਸਬੂਰੀ ਪ੍ਰਭ ਨੇ ਦਿਤੀ ਜਣਾਈਆ । ਵੜੇ ਰਹੇ ਵਿਚ ਮੁਹੰਮਦ ਦੀ ਕਬਰ, ਮਕਬਰਿਆਂ ਡੇਰਾ ਲਾਈਆ । ਤਕਦੇ ਰਹੇ ਉਪਰ ਅੰਬਰ, ਅਸਮਾਨਾਂ ਪਰੇ ਅੱਖ ਉਠਾਈਆ । ਕਿਸ ਵੇਲੇ ਆਵੇ ਸਾਡੇ ਪੈਗ਼ੰਬਰਾਂ ਦਾ ਪੈਗ਼ੰਬਰ, ਜਲਵਾਗਰ ਨੂਰ ਇਲਾਹੀਆ । ਸਾਨੂੰ ਫੜ ਕੇ ਕਢੇ ਵਿਚੋਂ ਅੰਧੇਰੀ ਕੰਦਰ, ਧਰਨੀ ਧਰਤ ਉਤੇ ਦਏ ਵਡਿਆਈਆ ।

ਅਸੀਂ ਨਿਸ਼ਾਨ ਤਕੀਏ ਅੰਤਮ ਤਾਰਾ ਚੰਦਰ, ਚੰਦ ਸਿਤਾਰ ਵੇਖ ਵਖਾਈਆ । ਜਿਨ੍ਹਾਂ ਰੀਤੀ ਬਦਲੀ ਮੱਠ ਮੰਦਰ, ਮਸਜਿਦਾਂ ਰੰਗ ਰੰਗਾਈਆ । ਕੀ ਖੇਲ ਕਰੇ ਆਪਣੀ ਧਾਰ ਵਿਚ ਰੰਗਣ, ਰੰਗਤ ਰੰਗ ਕੀ ਬਦਲਾਈਆ । ਸਾਡੀ ਮਨਜ਼ੂਰ ਹੋਵੇ ਬੰਦਨ, ਬੰਦਗੀ ਸੀਸ ਝੁਕਾਈਆ । ਪਰਵਰਦਿਗਾਰ ਕਿਹਾ ਜਿਸ ਵੇਲੇ ਸਦੀ ਚੌਧਵੀਂ ਲੱਗੀ ਲੰਘਣ, ਅੰਤ ਅਖ਼ੀਰ ਬੇਨਜ਼ੀਰ ਵੇਖ ਵਖਾਈਆ । ਤੁਹਾਨੂੰ ਲਿਆਵੇ ਆਪਣੇ ਕੋਲ ਪਲੰਘਣ, ਪੂਰਬ ਵਿਛੋੜਾ ਦਏ ਮੁਕਾਈਆ । ਇਹ ਲੇਖਾ ਜਾਣੇ ਸੂਰਬੀਰ ਬਹਾਦਰ ਜੰਗਣ, ਤਾਕਤਵਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਬਰਤਨ ਕਹਿਣ ਜਿਸ ਵੇਲੇ ਕਬਰ ਵਿਚ ਲੱਗਾ ਸਾਡਾ ਡੇਰਾ, ਦਰ ਬੈਠੇ ਆਸਣ ਲਾਈਆ । ਅਗਲਾ ਪੰਧ ਤਕੀਏ ਨੇੜਾ, ਪਿਛਲਾ ਪੰਧ ਚੁਕਾਈਆ । ਕਵਣ ਵਕਤ ਪ੍ਰਭ ਦੇਵੇ ਦੀਨ ਦੁਨੀ ਨੂੰ ਗੇੜਾ, ਭਵਰੀ ਭਵ ਵਿਚ ਭਵਾਈਆ । ਜਗਤ ਸ਼ਰਅ ਦਾ ਮੇਟੇ ਝੇੜਾ, ਝੰਜਟ ਅਵਰ ਰਹੇ ਨਾ ਰਾਈਆ । ਭਾਗ ਲਗਾਏ ਕਾਇਆ ਖੇੜਾ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਮਿਹਰਵਾਨ ਕਰੇ ਆਪਣੀ ਮਿਹਰਾ, ਮਿਹਰ ਨਜ਼ਰ ਉਠਾਈਆ । ਸਾਡਾ ਲੇਖਾ ਪੂਰਾ ਕਰੇ ਕੇਰਾਂ, ਜਵਾਂ ਹੋਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨੌਂ ਬਰਤਨ ਕਹਿਣ ਅਸੀਂ ਸੁਣਿਆ ਖ਼ੁਦਾ ਦਾ ਕਲਾਮ ਹੱਕੀ, ਮਕਬਰੇ ਵਿਚ ਆਸਣ ਲਾਈਆ । ਸਾਡੀ ਵਾਸ਼ਨਾ ਰਹੀ ਨਾ ਸ਼ੱਕੀ, ਸ਼ਿਕਵਾ ਦਿਤਾ ਮਿਟਾਈਆ । ਸਾਨੂੰ ਇਉਂ ਜਾਪਿਆ ਜਿਉਂ ਮੁਹੰਮਦ ਦੀ ਲਾਸ਼ ਹੱਸੀ, ਹੱਸ ਕੇ ਰਹੀ ਸੁਣਾਈਆ । ਤੁਸਾਂ ਮੇਰੇ ਪਰਵਰਦਿਗਾਰ ਦਾ ਖੇਲ ਵੇਖਣਾ ਅੱਖੀਂ, ਬਿਨਾ ਅੱਖਾਂ ਤੋਂ ਦਏ ਵਖਾਈਆ । ਜਿਸ ਨੇ ਮੇਰੀ ਪਤ ਲੈਣੀ ਰੱਖੀ, ਓਢਣ ਦਏ ਟਿਕਾਈਆ । ਪਰ ਬਰਤਨੋ ਯਾਦ ਕਰਿਉ ਉਸ ਵੇਲੇ ਸੁੱਕਾ ਟਾਂਡਾ ਨਿਸ਼ਾਨਾ ਹੋਵੇ ਮੱਕੀ, ਉਤੇ ਗੋਬਿੰਦ ਲੇਖ ਲਿਖਾਈਆ । ਸਭ ਨੇ ਡੋਰੀ ਉਸ ਉਤੇ ਸੱਟੀ, ਅਵਤਾਰ ਬੈਠੇ ਆਸ ਰਖਾਈਆ । ਅੰਤਮ ਜੜ੍ਹ ਸਭ ਦੀ ਜਾਣੀ ਪੱਟੀ, ਪਟਨੇ ਵਾਲਾ ਲਏ ਅੰਗੜਾਈਆ । ਜੋਤ ਧਾਰ ਹੋਣੀ ਇਕੱਠੀ, ਸ਼ਬਦੀ ਡੰਕ ਵਜਾਈਆ । ਖ਼ਾਲੀ ਭਾਂਡਾ ਦਿਸੇ ਮੱਟੀ, ਮਿੱਟੀ ਖ਼ਾਕ ਨਜ਼ਰੀ ਆਈਆ । ਧਰਮ ਦੀ ਰਹੇ ਕੋਈ ਨਾ ਹੱਟੀ, ਸਚ ਨਾਮ ਨਾ ਕੋਇ ਵਿਕਾਈਆ । ਲੇਖੇ ਲੱਗੇ ਮੁਹੰਮਦ ਦੀ ਮੌਲੀ ਅੱਟੀ, ਕਸੀਰਾ ਰਵੀਦਾਸ ਦਏ ਗਵਾਹੀਆ । ਉਸ ਵੇਲੇ ਜਨ ਭਗਤਾਂ ਬੰਨ੍ਹਣੀ ਸੋਹੰ ਮਸਤਕ ਪੱਟੀ, ਜੰਗਜੂ ਬਹਾਦਰ ਚਾਰੇ ਉਠ ਕੇ ਲੈਣ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਮੱਕੀ ਕਹੇ ਮੈਂ ਨਹੀਂ ਸੁੱਕਾ ਟਾਂਡਾ, ਸਭ ਨੂੰ ਦਿਆਂ ਸੁਣਾਈਆ । ਮੈਂ ਲੇਖਾ ਮੰਗਣਾ ਜਿਨ੍ਹਾਂ ਨੇ ਖਾਧਾ ਸੂਰ ਗਾਂ ਢਾਂਡਾ, ਪਸ਼ੂਆਂ ਖੱਲ ਲੁਹਾਈਆ । ਪਰ ਯਾਦ ਰੱਖਿਓ ਉਸ ਵੇਲੇ ਸ਼ਬਦ ਦੀ ਧਾਰ ਬਲ ਦੀ ਗੋਲੀ ਨਾਮ ਲਿਖਾਰੀ ਤ੍ਰਿਪਤ ਦੇ ਸੀਸ ਹੋਵੇਗਾ ਲਾਲ ਪਰਾਂਦਾ, ਸੱਗੀ ਸਗਣਾਂ ਵਾਲੀ ਨਾਲ ਛੁਹਾਈਆ । ਦੋ ਜਹਾਨ ਭਗਤ ਭਗਵਾਨ ਤੂੰ ਮੇਰਾ ਮੈਂ ਤੇਰਾ ਗੀਤ ਹੋਵੇਗਾ ਗਾਂਦਾ, ਗਾ ਗਾ ਖ਼ੁਸ਼ੀ ਮਨਾਈਆ । ਗੁਰਮੁਖ ਸੂਰਬੀਰਾਂ ਨੇ ਖਿੱਚੀਆਂ ਹੋਣਗੀਆਂ ਲਾਂਗਾ, ਮਾਲਵੇ ਵਾਲੇ ਦੇਣ ਗਵਾਹੀਆ । ਉਹਨਾਂ ਚਵ੍ਹਾਂ ਦੇ ਹੱਥ ਵਿਚ ਹੋਣਗੀਆਂ ਡਾਂਗਾਂ, ਸੂਰਬੀਰ ਲਏ ਉਠਾਈਆ । ਝਗੜਾ ਪਾਉਣਾ ਨੌ ਖੰਡ ਪ੍ਰਿਥਮੀ ਸੱਤ ਦੀਪ ਆਂਢ ਗਵਾਂਢਾਂ, ਵੱਖਰਾ ਘਰ ਨਾ ਕੋਇ ਵਖਾਈਆ । ਕਲਜੁਗ ਕੂੜ ਲਹਿਰ ਦੀਆਂ ਚੜ੍ਹਨੀਆਂ ਕਾਂਗਾਂ, ਕਾਂਗੋ ਵਾਲੇ ਰੋਵਣ ਮਾਰਨ ਧਾਹੀਆ । ਲੇਖਾ ਮੁਕਣਾ ਰੋਜ਼ੇ ਨਿਮਾਜ਼

ਬਾਂਗਾਂ, ਅਜ਼ਾਂ ਦਾ ਝਗੜਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਧਾਰ ਆਪ ਜਣਾਈਆ । ਕਬਰ ਕਹੇ ਮੇਰੇ ਅੰਦਰ ਆਈ ਆਵਾਜ਼, ਅਜ਼ਾਂ ਦਿਤੀ ਦ੍ਰਿੜਾਈਆ । ਜਿਸ ਵਿਚ ਖੋਲ੍ਹਿਆ ਰਾਜ਼, ਰਹਿਮਤ ਰਹੀਮ ਕਮਾਈਆ । ਪਰਦਾ ਓਹਲਾ ਰਹੇ ਨਾ ਆਗ਼ਾਜ਼, ਲੇਖਾ ਲੇਖ ਨਾ ਕੋਇ ਜਣਾਈਆ । ਇਹ ਹੁਕਮ ਦੇਣਾ ਇਕੋ ਮਾਲਕ ਵਾਹਿਦ, ਦੂਜਾ ਨਜ਼ਰ ਕੋਇ ਨਾ ਆਈਆ । ਪਿਛਲਾ ਕਲਮਾ ਰਹੇ ਕੋਇ ਨਾ ਸ਼ਾਇਦ, ਸ਼ਾਇਦ ਕਹਿਣ ਉਤੇ ਪ੍ਰਭ ਨੇ ਆਪਣਾ ਹੁਕਮ ਆਇਦ ਦਿਤਾ ਕਰਾਈਆ । ਤੁਸੀਂ ਮੇਰੇ ਨਿੱਕੇ ਨਿੱਕੇ ਨਾਇਬ, ਸੰਦੇਸ਼ੇ ਦਿਤੇ ਥਾਉਂ ਥਾਈਆ । ਅਗਲਾ ਹੁਕਮ ਹੋਣਾ ਜਾਇਜ਼, ਨਾਜਾਇਜ਼ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਕਬਰ ਕਹੇ ਜਿਸ ਵੇਲੇ ਗੁਰਮੁਖ ਬਹਾਦਰ ਜਗਤ ਬਣੇ ਲੜਾਕੇ, ਸ਼ਬਦ ਡੰਡੇ ਹੱਥ ਉਠਾਈਆ । ਉਧਰੋਂ ਖੇਲ ਵੇਖਣਾ ਪਰਵਰਦਿਗਾਰ ਵਿਚ ਢਾਕੇ, ਬਗ਼ਲਗੀਰ ਸਭ ਨੂੰ ਦਏ ਬਣਾਈਆ । ਜਿਸ ਦੇ ਕੋਲ ਆਦਿ ਅੰਤ ਦੋ ਜਹਾਨ ਦੇ ਖ਼ਾਕੇ, ਮੁਸੱਵਰ ਅਵਰ ਨਾ ਕੋਇ ਰਖਾਈਆ । ਲੇਖਾ ਮੰਗੇ ਪੁਰਖ ਅਬਿਨਾਸ਼ੇ, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਜਿਸ ਨੇ ਅਵਤਾਰ ਪੈਗ਼ੰਬਰ ਗੁਰੂਆਂ ਪੂਰੇ ਕਰਨੇ ਇਰਾਦੇ, ਲੇਖਾ ਦੇਵੇ ਚਾਈਂ ਚਾਈਂਆ । ਉਸ ਵੇਲੇ ਕੋਟਾਂ ਵਿਚੋਂ ਕੋਈ ਭਗਤ ਸੁਹੇਲਾ ਜਾਗੇ, ਜਿਸ ਜਾਗਰਤ ਜੋਤ ਕਰੇ ਰੁਸ਼ਨਾਈਆ । ਫੇਰ ਹੁਕਮ ਦੇਵਾਂ ਆਰ ਪਾਰ ਕੋਲ ਵਾਘੇ, ਵਾਹਵਾ ਵੱਜਦੀ ਰਹੇ ਵਧਾਈਆ । ਜੋ ਗੋਬਿੰਦ ਦਾ ਲੇਖ ਲਿਖਾਇਆ ਵਿਚ ਦੁਆਬੇ, ਬਿਆਸ ਕਿਨਾਰਾ ਤਟ ਖ਼ੁਸ਼ੀਆਂ ਨਾਲ ਸਭ ਨੂੰ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਖਿਲਾਈਆ । ਕਬਰ ਕਹੇ ਮੈਂ ਵੇਖੀ (ਚੌਧਵੀ) ਸਦੀ, ਸਦਕੇ ਸਭ ਨੂੰ ਦਿਆਂ ਸੁਣਾਈਆ । ਮੈਨੂੰ ਐਂ ਦਿਸਿਆ ਜਿਉਂ ਧਰਮ ਲਿਖਾਰੀਆਂ ਰੂਪ ਬਦਲ ਕੇ ਸਿਰ ਤੇ ਪਾ ਲਈ ਸੱਗੀ, ਸ਼ਗਨ ਜਗਤ ਵਾਲਾ ਮਨਾਈਆ । ਫੇਰ ਚਾਰੋਂ ਕੁੰਟ ਤਕਣੀ ਅੱਗ ਲੱਗੀ, ਲਗ ਮਾਤਰ ਦਾ ਡੇਰਾ ਢਾਹੀਆ । ਇਹ ਰਸਮ ਉਸ ਤੋਂ ਕਰਾਉਣੀ ਜਿਸ ਦੀ ਗੋਤ ਹੋਵੇਗੀ ਜੱਗੀ, ਜਾਗਰਤ ਜੋਤ ਜਗਾਈਆ । ਇਧਰ ਸੂਰਬੀਰਾਂ ਨੇ ਪੱਟੀ ਮਸਤਕ ਬੱਧੀ, ਆਪਣੀ ਲੈਣ ਅੰਗੜਾਈਆ । ਅੱਗੇ ਸ਼ਰਅ ਦੀ ਕਿਸੇ ਨੂੰ ਲੈਣ ਨਹੀਂ ਦੇਣੀ ਵੱਢੀ, ਨਾਮ ਕਲਮਾ ਵਿਚੋਲਾ ਨਾ ਕੋਇ ਰਖਾਈਆ । ਕਲਜੁਗ ਦੀ ਰਹਿਣ ਨਹੀਂ ਦੇਣੀ ਗੱਦੀ, ਗਦਾਗਰ ਹੋਵੇ ਲੋਕਾਈਆ । ਇਕੋ ਨੂਰ ਪਰਗਟਾਉਣਾ ਰੱਬੀ, ਜਿਸ ਨੂੰ ਰੱਬੇ ਆਲਮੀਨ ਕਹਿ ਕੇ ਸਾਰੇ ਗਾਈਆ । ਜਿਸ ਦਾ ਅਹਿਵਾਲਾ ਦੇ ਦੇਵਾਂ ਪੋਹ ਛੱਬੀ, ਛਹਿਬਰ ਨਾਮ ਵਾਲੀ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਹੁਕਮ ਕਹੇ ਆ ਗਿਆ ਨਾਰਦ ਪਾਂਧਾ, ਨਰਦਾਂ ਪੁੱਠੀਆਂ ਸਿੱਧੀਆਂ ਰਿਹਾ ਵਖਾਈਆ । ਆਪਣਾ ਗੀਤ ਆਪੇ ਗਾਂਦਾ, ਆਪੇ ਰਿਹਾ ਜਣਾਈਆ । ਆਪਣੀ ਧੂੜੀ ਆਪੇ ਨਹਾਂਦਾ, ਇਸ਼ਨਾਨ ਆਪ ਸਮਝਾਈਆ । ਫੇਰ ਬੋਲ ਕੇ ਹੱਕ ਸੁਣਾਉਂਦਾ, ਸੁਣ ਵੇ ਮੇਰਿਆ ਗੋਬਿੰਦ ਮਾਹੀਆ । ਕਿੱਥੋਂ ਲਿਆਂਦਾ ਸੁੱਕਾ ਮਕਈ ਦਾ ਟਾਂਡਾ, ਸੁੱਕਾ ਹਰਿਆ ਨਾ ਕੋਇ ਕਰਾਈਆ । ਮੈਨੂੰ ਟਿਕਾਣਾ ਦੱਸ ਦੇ ਸਚੇ ਥਾਂ ਦਾ, ਜਿਥੇ ਪਰਗਟ ਹੋਵੇ ਧੁਰ ਦਾ ਮਾਹੀਆ । ਜਿਹੜਾ ਸੀਰ ਨਾ ਚੁੰਘੇ ਮਾਂ ਦਾ, ਪਿਤਾ ਗੋਦ ਨਾ ਕੋਇ ਟਿਕਾਈਆ । ਅੱਗੇ ਰੂਪ ਧਰਿਆ ਹੋਵੇ ਨਾ ਉਹਦੇ ਨਾਂ ਦਾ, ਜਿਸ ਨੂੰ ਅਵਤਾਰ ਪੈਗ਼ੰਬਰ ਗੁਰ ਸਾਰੇ ਸੀਸ ਨਿਵਾਈਆ । ਉਹ ਹਿੱਸਾ ਪਾਵੇ ਨਾ ਸੂਰ ਗਾਂ ਦਾ,

ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਮਾਲਕ ਖ਼ਾਲਕ ਹੋਵੇ ਤੇ ਦੋ ਜਹਾਨ ਜੁਮੇਵਾਰ ਨਿਆਂ ਦਾ, ਹੁਕਮ ਸਚ ਸਚ ਸੁਣਾਈਆ । ਲੇਖਾ ਸਭ ਤੋਂ ਲਏ ਕੀਤੇ ਗੁਨਾਂਹ ਦਾ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਮੁਹੰਮਦਾ ਕਿਉਂ ਗੂੜ੍ਹੀ ਨੀਂਦ ਸੁੱਤਾ, ਸੁਤਿਆ ਲੈ ਅੰਗੜਾਈਆ । ਤੇਰਾ ਅੰਤਮ ਪੈਂਡਾ ਮੁਕਾ, ਮੁਕੰਮਲ ਦਿਆਂ ਸੁਣਾਈਆ । ਤੇਰੀ ਉਮਤ ਲੇਖਾ ਚੁੱਕਾ, ਚੁਕੰਨਾ ਦਿਆਂ ਕਰਾਈਆ । ਕਿਸੇ ਦੇ ਗ੍ਰਿਹਿ ਰਹਿਣਾ ਨਹੀਂ ਹੁੱਕਾ, ਹੁਕਮ ਦੇਵੇ ਧੁਰਦਰਗਾਹੀਆ । ਜਿਸ ਪਰਵਰਦਿਗਾਰ ਪਿਛੇ ਕਟਾਈਆਂ ਮੁੱਛਾਂ, ਉਹ ਮੁਸ਼ਕਲ ਰਿਹਾ ਵਖਾਈਆ । ਹੁਣ ਝਗੜਾ ਪੈਣਾ ਕੁਸ਼ਾ, ਕੁੱਲ ਉਸ ਦੇ ਨਾਲ ਮਿਲਾਈਆ । ਦੋਸਤਾ ਕਰੀਂ ਮੂਲ ਨਾ ਗ਼ੁੱਸਾ, ਗ਼ੁੱਸੇ ਵਾਲੀ ਗੱਲ ਨਾ ਕੋਇ ਸੁਣਾਈਆ । ਜਿਸ ਖ਼ੁਦਾ ਨੇ ਤੇਰੇ ਨੂਰ ਨਾਲੋਂ ਵਿਛੋੜਿਆ ਤੇਰਾ ਜੁੱਸਾ, ਕਬਰਾਂ ਵਿਚ ਦਬਾਈਆ । ਉਸ ਨੇ ਸੰਦੇਸ਼ਾ ਦਿਤਾ ਸੁੱਚਾ, ਸਚ ਦਿਆਂ ਸਮਝਾਈਆ । ਤੇਰਾ ਨਾਤਾ ਤੇਰੀ ਉਮਤ ਨਾਲੋਂ ਤੁੱਟਾ, ਤੁੱਟਿਆਂ ਗੰਢ ਨਾ ਕੋਇ ਪਵਾਈਆ । ਉਸ ਵੇਲੇ ਗੋਬਿੰਦ ਸ਼ਬਦ ਦਾ ਤੀਰ ਨਿਸ਼ਾਨ ਛੁਟਾ, ਅਣਿਆਲਾ ਆਪ ਵਖਾਈਆ । ਤੇਰੀ ਲਹਿੰਦੀ ਢਹਿੰਦੀ ਜਾਏ ਗੁੱਠਾ, ਗੋਸ਼ਾ ਰੋਵੇ ਮਾਰੇ ਧਾਹੀਆ । ਧਰਨੀ ਧਰਤ ਪੈਜ ਆਪ ਲੁੱਟਾ, ਲੁਟੇਰਾ ਬਣਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਟਾਂਡਾ ਕਹੇ ਸੁਣ ਨਾਰਦ ਪੰਡਤਾ, ਬ੍ਰਾਹਮਣਾ ਬ੍ਰਹਮ ਦਿਆਂ ਜਣਾਈਆ । ਜਿਸ ਲੇਖਾ ਮੁਕਾਉਣਾ ਕਲਜੁਗ

੧੫੫੯

ਕੂੜ ਕਿਰਿਆ ਹੰਗਤਾ, ਹਉਮੇ ਡੇਰਾ ਦੇਵੇ ਢਾਹੀਆ । ਲੇਖਾ ਰਹਿਣ ਨਹੀਂ ਦੇਣਾ ਭੁੱਖ ਨੰਗ ਦਾ, ਭੰਡਾਰੇ ਅਤੁਟ ਦਏ ਵਰਤਾਈਆ । ਪਹਿਲੋਂ ਅਵਤਾਰ ਪੈਗ਼ੰਬਰ ਗੁਰੂਆਂ ਨੂੰ ਨਜ਼ਾਰਾ ਵਖਾਉਣਾ ਉਮਤ ਵਾਲੇ ਜੰਗ ਦਾ, ਮਜ਼੍ਹਬ ਮਜ਼੍ਹਬ ਨਾਲ ਠੁਕਰਾਈਆ । ਲੇਖਾ ਪੂਰਾ ਹੋਣਾ ਜੋ ਪੇਸ਼ੀਨਗੋਈਆਂ ਵਿਚ ਰਿਹਾ ਮੰਗਦਾ, ਮੁਹੰਮਦ ਆਸਾ ਮਨਸਾ ਸਾਹਿਬ ਨਾਲ ਮਿਲਾਈਆ । ਜੋ ਗੋਬਿੰਦ ਬਚਨ ਕੀਤਾ ਸੀ ਜਿਸ ਵੇਲੇ ਪਹਿਲੇ ਦਿਨ ਨੀਲੇ ਦਾ ਤੰਗ ਸੀ ਕਸਦਾ, ਤੰਗਦਸਤ ਹੋਵੇ ਲੋਕਾਈਆ । ਮੈਂ ਪੁਰਖ ਅਕਾਲ ਵਣਜਾਰਾ ਨਹੀਂ ਪੰਜਾਂ ਦਰਿਆਵਾਂ ਦੇ ਜੰਗ ਦਾ, ਪੰਜਾਬ ਵਿਚ ਇਕ ਇਸ਼ਾਰਾ ਦਿਤਾ ਕਰਾਈਆ । ਮੈਂ ਮਾਲਕ ਹੋ ਕੇ ਆਵਾਂ ਖੰਡ ਬ੍ਰਹਿਮੰਡ ਦਾ, ਪੁਰੀਆਂ ਲੋਆਂ ਚਰਨਾਂ ਹੇਠ ਦਬਾਈਆ । ਮੇਰਾ ਨਾਮ ਅਣਿਆਲਾ ਤੀਰ ਖੇਲ ਕਰੇ ਚੰਡ ਪਰਚੰਡ ਦਾ, ਤੁਰੰਗ ਤੁਫੰਗ ਇਕੋ ਨਜ਼ਰੀ ਆਈਆ । ਮੈਂ ਕਿਸੇ ਕੋਲੋਂ ਦਾਨ ਹੋਵਾਂ ਨਾ ਮੰਗਦਾ, ਮਾਂਗਤ ਹੋ ਨਾ ਝੋਲੀ ਡਾਹੀਆ । ਇਕੋ ਨਾਤਾ ਰੱਖਾਂ ਤੇਰੇ ਸੰਗ ਦਾ, ਤੇਰੇ ਨਾਲ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਟਾਂਡਾ ਕਹੇ ਮੇਰੇ ਉਤੇ ਲਿਖਿਆ ਗੋਬਿੰਦ, ਮਿਲੀ ਮਾਤ ਵਡਿਆਈਆ । ਮੈਂ ਉਹਦਾ ਖੇਲ ਵੇਖਣਾ ਵਿਚ ਹਿੰਦ, ਸੰਬਲ ਨਿਵਾਸੀ ਧਿਆਨ ਲਗਾਈਆ । ਭਗਤ ਸੁਹੇਲੇ ਤਕਣੇ ਅਗੰਮੀ ਬਿੰਦ, ਬਿੰਦਰਾਬਨ ਦਾ ਧਿਆਨ ਲਗਾਈਆ । ਲਹਿਣਾ ਤਕਣਾ ਜੀਉ ਪਿੰਡ, ਬ੍ਰਹਿਮਾਂਡ ਖੋਜ ਖੁਜਾਈਆ । ਜਿਸ ਦੀ ਧਾਰ ਸਾਗਰ ਸਿੰਧ, ਗਹਿਰ ਗੰਭੀਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੇਰੇ ਮਹਿਬੂਬਾ, ਮਿਹਰਵਾਨ ਤੇਰੀ ਵਡਿਆਈਆ । ਤੂੰ ਹਰ ਘਟ ਸਦਾ ਮੌਜੂਦਾ, ਦੋ ਜਹਾਨਾਂ ਸੋਭਾ ਪਾਈਆ । ਤੇਰਾ ਹੁਕਮ ਨਾ ਜਾਏ ਬੇਹੂਦਾ, ਜੁਗ ਚੌਕੜੀ ਰੀਤੀ ਚਲੀ ਆਈਆ ।

੨੨
੧੫੫੯ ੨੨

ਕੀ ਸਦੀ ਚੌਧਵੀਂ ਕਰਨਾ ਕਰਮ ਅਜੂਬਾ, ਅਜਬ ਨਿਰਾਲੇ ਦੇਵਾਂ ਦ੍ਰਿੜਾਈਆ । ਤੇਰਾ ਦਰ ਦਵਾਰ ਸਭ ਤੋਂ ਊਚਾ, ਊਚ ਅਗੰਮ ਤੇਰੀ ਸਰਨਾਈਆ । ਕਿਉਂ ਕੁੰਭ ਨੂੰ ਮਾਰਿਆ ਮੂਧਾ, ਮੂਧੇ ਤੋਂ ਸਿੱਧਾ ਫੇਰ ਕਰਾਈਆ । ਇਸ ਦਾ ਭੇਵ ਦੱਸ ਦੇ ਇਕ ਤੇ ਦੂਜਾ, ਦੂਆ ਇਕ ਨਾਲ ਮਿਲਾ ਨੇਤਰ ਰੋ ਕੇ ਕਹੇ ਬਸੁਧਾ, ਧਰਨੀ ਰਹੀ ਜਣਾਈਆ । ਮੇਰੇ ਦੀਨ ਦਿਆਲਾ ਮੇਰੇ ਸੀਨੇ ਤੇ ਹੋਣਾ ਯੁਧਾ, ਯੁਧਿਸ਼ਟਰ ਦਾ ਲੇਖਾ ਨਿੱਕਾ ਨਿੱਕਾ ਨਜ਼ਰੀ ਆਈਆ । ਉਸ ਵੇਲੇ ਕ੍ਰਿਸ਼ਨ ਨੇ ਆਪਣੇ ਰਥ ਵਿਚ ਰਥਵਾਹੀ ਬਣਕੇ ਸਵਾ ਸੇਰ ਦਾ ਰੱਖਿਆ ਸੀ ਖ਼ਾਲੀ ਕੁੱਜਾ, ਕੁੰਭ ਨੂੰ ਹੱਥ ਮੂਲ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਸੁਣੋ ਹੁਕਮ ਅਲਾਹ, ਆਲੀਜਾਹ ਸੁਣਾਈਆ । ਮੈਂ ਸਭ ਨੂੰ ਦਿਆਂ ਇਤਲਾਹ, ਗੁਫਤ ਸ਼ਨੀਦ ਆਪ ਦ੍ਰਿੜਾਈਆ । ਬਾਈ ਕੱਤਕ ਮੇਰਾ ਗਵਾਹ, ਸ਼ਹਾਦਤ ਸ਼ਹਿਨਸ਼ਾਹੀਆ । ਸਭ ਦੇ ਵਾਅਦੇ ਪੂਰੇ ਕਰੇ ਆਪ ਖ਼ੁਦਾ, ਖ਼ੁਦ ਮਾਲਕ ਨੂਰ ਇਲਾਹੀਆ । ਮੁਹੰਮਦ ਦਾ ਲਹਿਣਾ ਦਏ ਚੁਕਾ, ਚੁਕੰਨੇ ਚਾਰ ਯਾਰ ਕਰਾਈਆ । ਜਿਸ ਨੇ ਭਗਤਾਂ ਮਸਤਕ ਪੱਟੀਆਂ ਦਿਤੀਆਂ ਬੰਧਾ, ਸੋਹੰ ਅੱਖਰ ਲੇਖ ਲਿਖਾਈਆ । ਹੱਥ ਡਾਂਗਾਂ ਰਹੇ ਉਠਾ, ਭੈ ਵਿਚ ਵੇਖਣ ਚਾਈਂ ਚਾਈਂਆ । ਲਾਲ ਪਰਾਂਦਾ ਮਾਰੇ ਧਾਹ, ਉਚੀ ਕੂਕ ਕੂਕ ਸੁਣਾਈਆ । ਸੱਗੀ ਕਹੇ ਸੁਹਾਗਣ ਰਹਿਣੀ ਕੋਈ ਨਾ, ਦੁਹਾਗਣ ਹੋਏ ਲੋਕਾਈਆ । ਕਿਸੇ ਦੀ ਪਕੜੇ ਨਾ ਕੋਈ ਬਾਂਹ, ਸੁੱਕਾ ਟਾਂਡਾ ਰਿਹਾ ਸੁਣਾਈਆ । ਨੌਂ ਬਰਤਨ ਹਾਂ ਵਿਚ ਕਰਨ ਹਾਂ, ਹਮਸਾਜਣ ਬਣਕੇ ਸੰਗ ਬਣਾਈਆ । ਅੰਤ ਵਿਛੋੜਾ ਹੋਣਾ ਪੁੱਤਰਾਂ ਮਾਂ, ਨਾਰ ਕੰਤ ਨਜ਼ਰ ਕਿਸੇ ਨਾ ਆਈਆ । ਗੁਰੂ ਚੇਲਾ ਦੇਵੇ ਕੋਈ ਨਾ ਠੰਡੀ ਛਾਂ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਉਥੇ ਦੋ ਜਹਾਨਾਂ ਕਰੇ ਸਚ ਨਿਆਂ, ਨਿਆਂਕਾਰ ਆਦਿ ਅੰਤ ਜੁਗਾ ਜੁਗੰਤ ਇਕੋ ਇਕ ਅਖਵਾਈਆ ।

✪ ੨੩ ਕੱਤਕ ਸ਼ਹਿਨਸ਼ਾਹੀ ਸੰਮਤ ੭ ਸੁਰਜਨ ਸਿੰਘ, ਨਿਰੰਜਣ ਸਿੰਘ, ਮਹਿੰਦਰ ਸਿੰਘ, ਗੁਰਦੇਵ ਸਿੰਘ, ਮਦਨ ਨਾਲ, ਮੱਘਰ ਸਿੰਘ,
ਭਜਨ ਸਿੰਘ, ਲਾਲ ਸਿੰਘ, ਹਰਨੇਕ ਸਿੰਘ, ਗਿਆਨ ਚੰਦ, ਹਰਬੰਸ ਕੌਰ, ਕੁਲਦੀਪ ਕੌਰ, ਮਲਕੀਅਤ ਸਿੰਘ,
ਰਵੇਲ ਸਿੰਘ ਲੁਧਿਆਣਾ, ਸੁਖਵੰਤ ਕੌਰ, ਹਰਚਰਨ ਸਿੰਘ ਲੁਧਿਆਣਾ, ਮਹਿੰਦਰ ਸਿੰਘ ਦਾਖੇ, ਕਰਮ ਸਿੰਘ ਗੁੜੇ,
ਸਰਦਾਰਾ ਸਿੰਘ ਚੋਲੇਵਾਲ, ਮੁਖਤਿਆਰ ਸਿੰਘ ਮੁੰਡੀਆਂ, ਬਲਵੰਤ ਸਿੰਘ ਸੰਤ ਕਲੋਨੀ ਪਟਿਆਲਾ,
ਭਜਨ ਸਿੰਘ ਚੁਪਕੀ, ਹਰਬੰਸ ਸਿੰਘ ਸ਼ੇਰਪੁਰ, ਸਰਵਣ ਸਿੰਘ ਜਮਾਲ ਪੁਰ, ਜੁਗਿੰਦਰ ਸਿੰਘ ਦਾਖੇ,
ਸ਼ਾਮ ਕੌਰ ਮੰਡਿਆਣੀ, ਜੁਗਿੰਦਰ ਸਿੰਘ ਤਲਵਾੜਾ, ਫੂਲਾ ਰਾਣੀ ਲੁਧਿਆਣਾ, ਲੁਧਿਆਣਾ ਸ਼ਹਿਰ ✪

ਮੁਹੰਮਦ ਕਹੇ ਉਫ਼ ਆਹ ਮੇਰਿਆ ਅੱਲਾ, ਵਲੀ ਅੱਲਾ ਹੋ ਕੇ ਦਿਆਂ ਜਣਾਈਆ । ਮੇਰੇ ਮਹਿਬੂਬ ਤੇਰਾ ਨੂਰ ਹੋਇਆ ਇਕੱਲਾ, ਅਕਲ ਕਲਧਾਰੀ ਦਿਆਂ ਦ੍ਰਿੜਾਈਆ । ਯਾਮੁਬੀਨ ਦਰੋਹੀ ਮੇਰੇ ਚੌਦਾਂ ਤਬਕਾਂ ਦਾ ਖ਼ਾਲੀ ਦਿਸੇ ਮਹੱਲਾ, ਨੂਰ ਜ਼ਹੂਰ ਨਜ਼ਰ ਕੋਇ ਨਾ ਆਈਆ । ਹੱਕ

੧੫੬੦ ੨੨

ਖ਼ੁਦਾਏ ਚਾਰ ਯਾਰੀ ਛੁਟਦਾ ਪੱਲਾ, ਪਲਕ ਵਿਚ ਖ਼ਾਲੀ ਨਜ਼ਰੀਂ ਆਈਆ । ਮੇਰਾ ਕਲਮਾ ਕਾਇਨਾਤ ਹੋਇਆ ਝੱਲਾ, ਝਲਕ ਤੇਰੀ ਨਾ ਕੋਇ ਵਖਾਈਆ । ਮੇਰੀ ਉਮਤ ਲੱਗਣ ਵਾਲਾ ਸੱਲਾ, ਸਲਲ ਸਿਰ ਹੱਥ ਨਾ ਕੋਇ ਟਿਕਾਈਆ । ਤੇਰੀ ਕਿਆਮਤ ਦਾ ਵਕਤ ਕਦੇ ਨਾ ਟਲਾ, ਪੈਗ਼ੰਬਰ ਹੋ ਕੇ ਦਿਆਂ ਜਣਾਈਆ । ਤੂੰ ਵਸਣ ਵਾਲਾ ਪਰਵਰਦਿਗਾਰ ਨਿਹਚਲ ਧਾਮ ਅਟਲਾ, ਸਚਖੰਡ ਸਾਚੇ ਡੇਰਾ ਲਾਈਆ । ਕੀ ਖੇਲ ਵਰਤਾਉਣ ਲੱਗਾ ਧਰਨੀ ਉਤੇ ਬਲਾ, ਜਲ ਥਲ ਮਹੀਅਲ ਹੁਕਮ ਵਰਤਾਈਆ । ਬਹੁੜੀ ਚਰਾਗ਼ਾਂ ਵਿਚ ਕਿਸੇ ਪਾਉਣਾ ਨਹੀਂ ਤੇਲ ਦਾ ਪਲਾ, ਦੀਵਾ ਬਾਤੀ ਨਜ਼ਰ ਕੋਇ ਨਾ ਆਈਆ । ਮਿਹਰਵਾਨ ਤੇਰੇ ਗੋਬਿੰਦ ਦਾ ਇਹੋ ਹੋਣਾ ਹੱਲਾ, ਹਾਲਤ ਬਦਲੇ ਕੂੜ ਲੋਕਾਈਆ । ਮੈਂ ਤੇਰੇ ਦਵਾਰੇ ਦਰਵੇਸ਼ ਹੋ ਕੇ ਖਲਾ, ਖ਼ਲਕ ਦੇ ਮਾਲਕ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਦਇਆ ਕਮਾਈਆ । ਪਰਵਰਦਿਗਾਰ ਕਹੇ ਸੁਣ ਮੇਰੇ ਮੁਹੰਮਦ ਨਬੀ, ਹਜ਼ਰਤਾ ਦਿਆਂ ਸੁਣਾਈਆ । ਵੇਖ ਲੈ ਲੇਖਾ ਆਪਣਾ ਚੌਧਵੀਂ ਸਦੀ, ਸਦਕੇ ਵਾਰੀ ਆਪਣਾ ਘੋਲ ਘੁਮਾਈਆ । ਅੱਗੇ ਕਲਮੇ ਦਾ ਬਣੀਂ ਮੂਲ ਨਾ ਲਬੀ, ਲਾਲਚ ਅੰਤਸ਼ਕਰਨ ਨਾ ਕੋਇ ਟਿਕਾਈਆ । ਹੁਣ ਖ਼ੁਸ਼ੀਆਂ ਨਾਲ ਚੁੱਕ ਲੈ ਉਮਤ ਦੀ ਡੱਗੀ, ਭਾਰ ਕੰਧਿਆਂ ਉਤੇ ਟਿਕਾਈਆ । ਮੈਂ ਮਾਲਕ ਖ਼ਾਲਕ ਦੋ ਜਹਾਨ ਕਦੀ ਲੈਂਦਾ ਨਹੀਂ ਵੱਢੀ, ਰਿਸ਼ਵਤ ਵਿਚ ਕਦੇ ਨਾ ਆਈਆ । ਉਮਤ ਦਾ ਨਾਤਾ ਸਦਾ ਲਈ ਛਡੀਂ, ਖ਼ੁਸ਼ੀਆਂ ਨਾਲ ਮੇਰੀ ਝੋਲੀ ਪਾਈਆ । ਜ਼ਰਾ ਵੇਖ ਲੈ ਆਪਣੀ ਹਦੂਦ ਹੱਦੀ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਦਹਿ ਦਿਸ਼ਾ ਅੱਗ ਲੱਗੀ, ਅੱਗੇ ਹੋ ਨਾ ਕੋਇ ਬੁਝਾਈਆ । ਔਹ ਤਕ ਈਸਾ ਆਉਂਦਾ ਪੈਰ ਦੱਬੀ, ਹੌਲੀ ਹੌਲੀ ਬਿਨ ਕਦਮਾਂ ਕਦਮ ਉਠਾਈਆ । ਮੇਰੀ ਰਹਿਣੀ ਨਹੀਂ ਅੰਤਮ ਗੱਦੀ, ਮਾਲਕ ਮਾਲਕ ਇਕ ਅਖਵਾਈਆ । ਜਿਸ ਦਾ ਘੜਿਆਲ ਬੇਮਿਸਾਲ ਰਿਹਾ ਵੱਜੀ, ਨੌਬਤ ਹੱਕ ਹੱਕ ਸੁਣਾਈਆ । ਉਹ ਖੇਲ ਕਰੇ ਅਲਾਹੀ ਅੱਲਾ ਰੱਬੀ, ਗਾਡ ਗਾਈਡ ਆਪ ਅਖਵਾਈਆ । ਮੂਸਾ ਬਾਂਹ ਚੁੱਕ ਕੇ ਸੱਜੀ, ਕਹੇ ਸੱਜਣੋ ਦਿਆਂ ਜਣਾਈਆ । ਸਾਡੀ ਸਭ ਦੀ ਡੋਰੀ ਉਸ ਨਾਲ ਬੱਧੀ, ਜਿਸ ਨੂੰ ਬੰਦਨਾ ਸੱਯਦੇ ਕਰਕੇ ਝਟ ਲੰਘਾਈਆ । ਉਹ ਸ਼ਾਹ ਸੁਲਤਾਨ ਨੌਜਵਾਨ ਮਰਦ ਮਰਦਾਨ ਸੂਰਾ ਸਰਬਗੀ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਆਪ ਅਖਵਾਈਆ । ਜਿਸ ਨੇ ਦੀਨ ਦੁਨੀਆ ਚੁਰਾਸੀ ਵੇਖਣੀ ਰੂਪ ਕੱਗੀ, ਹੰਸ ਗੁਰਮੁਖ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਮੁਹੰਮਦ ਕਹੇ ਮੇਰੀ ਇਕੋ ਮੁਹੱਬਤ ਵਾਲੀ ਆਹ, ਅਹਿਦ ਆਪਣਾ ਵੇਖ ਵਖਾਈਆ । ਤੂੰ ਮਾਲਕ ਬੇਪਰਵਾਹ, ਬੇਅੰਤ ਤੇਰੀ ਵਡਿਆਈਆ । ਮੇਰਾ ਵਾਹਿਦ ਇਕ ਖ਼ੁਦਾ, ਬਿਨਾ ਖ਼ੁਦੀ ਤਕੱਬਰ ਸੀਸ ਨਿਵਾਈਆ । ਮੇਰੀ ਉਮਤ ਹੋਣ ਲੱਗੀ ਜੁਦਾ, ਤਾਰਾ ਚੰਦ ਨਾ ਸੰਗ ਨਿਭਾਈਆ । ਅਗਲਾ ਕੀ ਸੰਦੇਸ਼ਾ ਤੇਰਾ ਸੱਦਾ, ਸੁਨੇਹੁੜਾ ਦੇ ਦ੍ਰਿੜਾਈਆ । ਪਰਵਰਦਿਗਾਰ ਕਿਹਾ ਜ਼ਰਾ ਨੇਤਰ ਉਠਾ ਸੱਜਾ, ਸਚ ਦਿਆਂ ਵਖਾਈਆ । ਉਹ ਵੇਖ ਸ਼ਬਦ ਗੋਬਿੰਦ ਫਿਰਦਾ ਭੱਜਾ, ਦੋ ਜਹਾਨਾਂ ਵਾਹੋ ਦਾਹੀਆ । ਜਿਸ ਨੇ ਚਲਣਾ ਮੇਰੀ ਵਿਚ ਰਜ਼ਾ, ਸੀਸ ਅੱਗੇ ਨਾ ਕੋਇ ਉਠਾਈਆ । ਉਹਦੇ ਚਰਨ ਚੁੰਮਦੀ ਫਿਰੇ ਲੱਖ ਚੁਰਾਸੀ ਦੀ ਧਾਰ ਕਜ਼ਾ, ਦੂਰ ਦੁਰਾਡੀ ਨਿਉਂ ਨਿਉਂ ਲਾਗੇ ਪਾਈਆ । ਹੁਣ ਸਭ ਨੇ ਆਪਣਾ ਕਰਨੀ ਦਾ ਲੈਣਾ ਮਜ਼ਾ, ਜੋ ਮਜ਼ਾਕ ਕਰ ਕੇ ਆਪਣੀ ਖ਼ੁਸ਼ੀ ਮਨਾਈਆ । ਪੈਗ਼ੰਬਰੋ ਆਪਣੀ ਉਮਤ ਨੂੰ ਤੁਸਾਂ ਆਪ ਦਵਾਉਣੀ ਮੇਰੇ ਕੋਲੋਂ ਸਜ਼ਾ, ਲੇਖਾ ਸਭ ਦਾ ਅੱਗੇ

ਟਿਕਾਈਆ । ਨਿਗਹ ਮਾਰੋ ਪਵਿਤਰ ਰਹੀ ਕੋਈ ਨਾ ਜਗਹ, ਧਰਨੀ ਧਵਲ ਨਾ ਕੋਇ ਵਡਿਆਈਆ । ਸਚ ਦੀ ਰੱਖੇ ਕੋਇ ਨਾ ਲੱਜਾ, ਕੂੜ ਕੁਕਰਮ ਦਾ ਡੇਰਾ ਢਾਹੀਆ । ਮੁਹੰਮਦ ਕਹੇ ਦੁਹਾਈ ਮੇਰਿਆ ਰੱਬਾ, ਰਹਿਮਤ ਦੇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਪਰਵਰਦਿਗਾਰ ਕਹੇ ਮੁਹੰਮਦ ਤੂੰ ਇਕ ਨਹੀਂ ਏਕਾ, ਧੁਰ ਕਲਮੇ ਨਾਲ ਸੁਣਾਈਆ । ਉਹ ਤਕ ਤੇਈ ਅਵਤਾਰ ਰੱਖੀ ਬੈਠੇ ਟੇਕਾ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਦਸਾਂ ਗੁਰੂਆਂ ਮੇਰੇ ਹੱਥ ਫੜਾਇਆ ਲੇਖਾ, ਲੇਖ ਅਵਰ ਰਹੇ ਨਾਂ ਰਾਈਆ । ਜੋ ਗੋਬਿੰਦ ਦਿਤਾ ਸੰਦੇਸਾ, ਮਾਛੂਵਾੜਾ ਸੇਜ ਸੁਹਾਈਆ । ਤੂੰ ਪੁਰਖ ਅਕਾਲ ਇਕ ਨਰੇਸ਼ਾ, ਨਰ ਨਰਾਇਣ ਤੇਰੀ ਵਡਿਆਈਆ । ਮੈਂ ਚਾਹੁੰਦਾ ਮੇਰਾ ਤੇਰਾ ਇਕੋ ਹੋਵੇ ਭੇਸਾ, ਦੂਜਾ ਨਜ਼ਰ ਕੋਇ ਨਾ ਆਈਆ । ਜਦ ਵਸੀਏ ਤੇ ਵਸੀਏ ਸੰਬਲ ਦੇਸਾ, ਦੇਸ ਦੇਸਾਂਤਰ ਦਾ ਡੇਰਾ ਢਾਹੀਆ । ਝਗੜਾ ਮੁਕਾਈਏ ਮੁੱਲਾਂ ਸ਼ੇਖ਼ਾ, ਸ਼ਖ਼ਸੀਅਤ ਇਕੋ ਇਕ ਸਮਝਾਈਆ । ਦੀਨ ਦੁਨੀ ਦੀ ਬਦਲ ਦਈਏ ਰੇਖਾ, ਰਿਖੀਆਂ ਮੁਨੀਆਂ ਤੋਂ ਦੱਸੀਏ ਬਾਹਰ ਪੜ੍ਹਾਈਆ । ਜਨ ਭਗਤਾਂ ਕਰਨਾ ਹੇਤਾ, ਹਿਤਕਾਰੀ ਰੂਪ ਬਦਲਾਈਆ । ਪਿਛਲਾ ਚਹੁੰ ਜੁਗਾਂ ਦਾ ਰੱਖਣਾ ਚੇਤਾ, ਅਭੁੱਲ ਭੁੱਲ ਕਦੇ ਨਾ ਜਾਈਆ । ਮੈਂ ਚਾਹੁੰਦਾ ਤੂੰ ਦੋ ਜਹਾਨਾ ਸ੍ਰੀ ਭਗਵਾਨਾ ਇਕੋ ਹੋਵੇਂ ਨੇਤਾ, ਦੂਜਾ ਸ਼ਾਹ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਕਰਨੀ ਕਾਰ ਕਮਾਈਆ । ਤੇਈ ਅਵਤਾਰ ਕਹਿਣ ਪੈਗ਼ੰਬਰੋ ਬਣਾਓ ਸਾਥ, ਸਗਲਾ ਸੰਗ ਬਣਾਈਆ । ਦਸ ਗੁਰੂ ਜਣਾਓ ਗਾਥ, ਕੀ ਗਹਿਰ ਗੰਭੀਰ ਪੜ੍ਹਾਈਆ । ਸਾਰੇ ਬਣੀਏ ਇਕ ਜਮਾਤ, ਦੂਜਾ ਨਜ਼ਰ ਕੋਇ ਨਾ ਆਈਆ । ਧੁਰ ਦੀ ਸੁਣੀਏ ਹੱਕ ਹਦਾਇਤ, ਸੰਦੇਸਾ ਅਗੰਮ ਅਥਾਹੀਆ । ਕੀ ਪੁਰਖ ਅਕਾਲਾ ਦੀਨ ਦਿਆਲਾ ਕਰੇ ਅਨਾਇਤ, ਰਹਿਮਤ ਬਖ਼ਸ਼ਿਸ਼ ਝੋਲੀ ਪਾਈਆ । ਕਿਸ ਬਿਧ ਖੇਲ ਕਰੇ ਵਾਹਿਦ, ਇਕ ਅਕੇਲਾ ਆਪਣੀ ਕਾਰ ਭੁਗਤਾਈਆ । ਅਸੀਂ ਸਾਰੇ ਉਸ ਦੇ ਮੁਤਾਹਿਤ, ਸਿਰ ਸਕੇ ਨਾ ਕੋਇ ਉਠਾਈਆ । ਸਾਰਿਆਂ ਵਿਚੋਂ ਚਹੁੰ ਜੁਗਾਂ ਵਿਚੋਂ ਕਿਹੜਾ ਬਣਿਆ ਲਾਇਕ, ਜੋ ਆਪਾ ਪ੍ਰਭ ਦੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੁਹੰਮਦ ਕਹੇ ਮੇਰੀ ਆਮੀਨਾ, ਨਿਵ ਨਿਵ ਸੀਸ ਝੁਕਾਈਆ । ਜਿਸ ਨੇ ਸਾਡੀਆਂ ਕੀਤੀਆਂ ਤਕਸੀਮਾਂ, ਹਿੱਸੇ ਵੰਡ ਵੰਡਾਈਆ । ਉਹ ਮਾਲਕ ਆਲੀਸ਼ਾਨ ਅਜ਼ੀਮਾ, ਆਲੀਜਾਹ ਬੇਪਰਵਾਹੀਆ । ਜਿਸ ਦਾ ਖੇਲ ਆਦਿ ਅੰਤ ਕਦੀਮਾ, ਕੁਦਰਤ ਦਾ ਕਰਤਾ ਆਪ ਅਖਵਾਈਆ । ਜਿਸ ਨੇ ਸੁਹਾਇਆ ਮੇਰਾ ਮੱਕਾ ਮਦੀਨਾ, ਮਕਬਰਿਆਂ ਦਿਤੀ ਵਡਿਆਈਆ । ਠਾਂਡਾ ਕਰ ਕੇ ਸੀਨਾ, ਆਬੇਹਯਾਤ ਮੁਖ ਚੁਆਈਆ । ਮੈਂ ਉਸ ਦਾ ਕਲਮਾ ਕੀਤਾ ਤਸਲੀਮਾ, ਤਸੱਵਰ ਉਸ ਨੇ ਦਿਤਾ ਕਰਾਈਆ । ਉਹ ਮੇਰਾ ਮਾਲਕ ਕਾਦਰ ਕਰੀਮਾ, ਕੁਦਰਤ ਦਾ ਮਾਲਕ ਨੂਰ ਇਲਾਹੀਆ । ਉਸ ਦਾ ਹੁਕਮ ਸੁਣ ਕੇ ਮੈਨੂੰ ਬਿਨਾ ਬਦਨ ਤੋਂ ਆਉਂਦਾ ਪਸੀਨਾ, ਬਿਨਾ ਤਨ ਰਿਹਾ ਕੁਰਲਾਈਆ । ਉਸ ਨੇ ਪਰਗਟ ਹੋਣਾ ਉਤੇ ਜ਼ਮੀਨਾ, ਜ਼ਿਮੀਂ ਜ਼ਮਾਂ ਵੇਖ ਵਖਾਈਆ । ਦੁਹਾਈ ਸਭ ਦੀ ਕਰ ਦੇਣੀ ਤਰਮੀਮਾ, ਤਰਫ਼ਦਾਰੀ ਨਾ ਕੋਇ ਜਣਾਈਆ । ਮੈਂ ਤਕਾਂ ਉਸ ਦਾ ਨੂਰ ਬੜਾ ਹੁਸੀਨਾ, ਜਿਸ ਨੂਰ ਵਿਚ ਹਸਨ ਹੁਸੈਨ ਗਏ ਸਮਾਈਆ । ਉਸ ਤੋਂ ਬਿਨਾ ਅਸੀਂ ਅਵਤਾਰ ਪੈਗ਼ੰਬਰ ਗੁਰੂ ਸਾਰੇ ਹੋ ਗਏ ਯਤੀਮਾ, ਸਿਰ ਹੱਥ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਤੇਈ ਅਵਤਾਰ ਕਹਿਣ ਹਜ਼ਰਤ ਈਸਾ ਮੂਸਾ ਮੁਹੰਮਦ ਸਭ ਦੀ ਔਧ ਗਈ ਪੁੱਜ, ਪੂਜਾ ਜਗਤ ਰਹੇ ਨਾ ਰਾਈਆ । ਭੇਵ ਖੁਲ੍ਹਾਏ ਗੁਝ, ਪਰਦਾ ਆਪ ਉਠਾਈਆ । ਜਿਸ ਖੇਲ ਕੀਤਾ ਉਤੇ ਬਸੁਧ, ਨਿਰਗੁਣ ਆਪਣਾ ਹੁਕਮ ਵਰਤਾਈਆ । ਸ਼ਬਦੀ ਧਾਰ ਕਰਾਉਣਾ ਯੁੱਧ, ਖੰਡਾ ਖੜਗ ਨਾਮ ਖੜਕਾਈਆ । ਉਸ ਨੂੰ ਸਮਝੇ ਕੋਇ ਨਾ ਬੁਧ, ਅਕਲ ਚਲੇ ਨਾ ਕੋਇ ਚਤੁਰਾਈਆ । ਜਿਸ ਨੇ ਬਦਲ ਦੇਣਾ ਯੁਗ, ਕਲਜੁਗ ਕੂੜੀ ਕਿਰਿਆ ਡੇਰਾ ਢਾਹੀਆ । ਜਗਤ ਜਹਾਨ ਹੋਣਾ ਉਘ, ਉਗਣ ਆਥਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਕਹਿਣ ਤੇਈ ਅਵਤਾਰ ਮਾਰੋ ਝਾਕੀ, ਬਿਨ ਨੈਣਾਂ ਨੈਣ ਉਠਾਈਆ । ਸਾਡੇ ਨਾਲ ਤੁਹਾਡਾ ਲੇਖਾ ਮੁਕਣਾ ਬਾਕੀ, ਬਕਾਇਆ ਨਜ਼ਰ ਕੋਇ ਨਾ ਆਈਆ । ਸਚ ਦਵਾਰ ਦੀ ਖੋਲ੍ਹ ਕੇ ਤਕੋ ਤਾਕੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜਿਥੇ ਲੇਖਾ ਨਹੀਂ ਕਲਮ ਦਵਾਤੀ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਅਵਤਾਰ ਪੈਗ਼ੰਬਰ ਗੁਰੂ ਰਸਨਾ ਬੋਲੇ ਕੋਇ ਨਾ ਸਾਖੀ, ਜਗਤ ਵੰਡ ਨਾ ਕੋਇ ਵੰਡਾਈਆ । ਇਕੋ ਨੂਰ ਜੋਤ ਪ੍ਰਕਾਸ਼ੀ, ਨੂਰ ਨੁਰਾਨਾ ਨਜ਼ਰੀ ਆਈਆ । ਸਾਚੇ ਮੰਡਲ ਪਾਵੇ ਰਾਸੀ, ਜੋਤੀ ਜਾਤਾ ਡਗਮਗਾਈਆ । ਜਿਸ ਨੇ ਸਭ ਦੀ ਕਰਨੀ ਬੰਦ ਖ਼ੁਲਾਸੀ, ਬੰਧਨ ਸਾਰੇ ਦੇਣੇ ਤੁੜਾਈਆ । ਸਚਖੰਡ ਦਵਾਰ ਦਾ ਮਾਲਕ ਹੋਵੇ ਸਚਖੰਡ ਨਿਵਾਸੀ, ਦਰ ਘਰ ਇਕੋ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਅਵਤਾਰ ਪੈਗ਼ੰਬਰ ਕਹਿਣ ਗੁਰੂ ਦਸ ਦਿਓ ਸਲਾਹ, ਮਸ਼ਵਰਾ ਇਕ ਜਣਾਈਆ । ਕਵਣ ਸਾਂਝਾ ਬਣੇ ਮਲਾਹ, ਬੇੜਾ ਜਗਤ ਜਹਾਨ ਉਠਾਈਆ । ਕਿਹੜਾ ਰਹਿਬਰ ਬਣ ਕੇ ਦੱਸੇ ਰਾਹ, ਰਹਿਮਤ ਹੱਕ ਕਮਾਈਆ । ਕਿਹੜਾ ਸਾਂਝਾ ਕਲਮਾ ਦਏ ਪੜ੍ਹਾ, ਕਾਇਨਾਤ ਇਕ ਸੁਣਾਈਆ । ਕਿਹੜਾ ਦੀਨ ਮਜ਼੍ਹਬ ਦਾ ਲੇਖਾ ਦਏ ਚੁਕਾ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਕਿਹੜਾ ਧੁਰ ਦੀ ਸਿਖਿਆ ਦਏ ਦ੍ਰਿੜਾ, ਪਾਰਬ੍ਰਹਮ ਬ੍ਰਹਮ ਸਗਲਾ ਸੰਗ ਬਣਾਈਆ । ਸਾਰੇ ਕਹਿਣ ਇਕੋ ਮਾਲਕ ਖ਼ਾਲਕ ਪ੍ਰਿਤਪਾਲਕ ਜਿਸ ਨੂੰ ਅੱਲਾ ਰਾਮ ਵਾਹਿਗੁਰੂ ਕਹਿਣ ਖ਼ੁਦਾ, ਨੂਰ ਨੁਰਾਨਾ ਨਜ਼ਰੀ ਆਈਆ । ਉਸ ਦੇ ਅੱਗੇ ਕਰੀਏ ਦੁਆ, ਬੰਦਨਾ ਵਿਚ ਸੀਸ ਝੁਕਾਈਆ । ਪੂਰਬ ਲੇਖਾ ਸਰਬ ਮੁਕਾ, ਮੁਕੰਮਲ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਅਵਤਾਰ ਪੈਗ਼ੰਬਰ ਗੁਰ ਝਟ ਵੇਖਣ ਸਾਰੇ, ਬਿਨ ਨੈਣਾਂ ਤੋਂ ਨੈਣ ਉਠਾਈਆ । ਵੇਖੋ ਖੇਲ ਸੱਚੀ ਸਰਕਾਰੇ, ਕੀ ਕਰਤਾ ਪੁਰਖ ਕਾਰ ਕਮਾਈਆ । ਜਿਸ ਨੇ ਚਾਰ ਜੁਗ ਸਭ ਨੂੰ ਦਿਤੇ ਲਾਰੇ, ਸੰਦੇਸ਼ਿਆਂ ਵਿਚ ਸੁਣਾਈਆ । ਉਹ ਖੇਲ ਕਰੇ ਅਗੰਮ ਅਪਾਰੇ, ਅਲਖ ਅਗੋਚਰ ਵਡ ਵਡਿਆਈਆ । ਜਿਸ ਨੇ ਸ਼ਬਦੀ ਹੁਕਮ ਨਾਲ ਇਹ ਬੱਧੇ ਜੁਗ ਚਾਰੇ, ਸਵਾਧਾਨ ਦਏ ਕਰਾਈਆ । ਸਤਿਜੁਗ ਤੇਰੇ ਵਿਚ ਪਰਗਟਿਆ ਅਠਾਰਾਂ ਵਾਰੇ, ਆਪਣੀ ਖੇਲ ਖਿਲਾਈਆ । ਤ੍ਰੇਤਾ ਤੇਰਾ ਖੇਲ ਵਿਚ ਸੰਸਾਰੇ, ਦੋਹਰਾ ਆਪਣਾ ਵੇਸ ਵਟਾਈਆ । ਜਿਸ ਰਾਮ ਨੇ ਸੀਤਾ ਪਿਛੇ ਪਾਏ ਪਵਾੜੇ, ਦਹਿਸਰ ਵਰਗੇ ਰਾਵਣ ਘਾਈਆ । ਦੁਆਪਰ ਤੇਰੇ ਵਿਚ ਲਾ ਦਿਤੇ ਅਖਾੜੇ, ਕਾਹਨਾ ਕ੍ਰਿਸ਼ਨਾ ਵੇਦ ਵਿਆਸਾ ਰੰਗ ਰੰਗਾਈਆ । ਕੌਰਵ ਪਾਂਡਵ ਰਥਾਂ ਉਤੇ ਚਾੜ੍ਹੇ, ਆਪਣੀ ਖ਼ੁਸ਼ੀ ਬਣਾਈਆ । ਕਲਜੁਗ ਤੈਨੂੰ ਅੰਤ ਅੰਤ ਲਲਕਾਰੇ, ਸਚ ਰਿਹਾ ਸੁਣਾਈਆ ।

੧੫੬੩
੨੨

ਰੂਪ ਅਨੂਪਾ ਕਰੇ ਆਪ ਨਿਰੰਕਾਰੇ, ਪੈਗ਼ੰਬਰਾਂ ਵੇਖੇ ਚਾਈਂ ਚਾਈਂਆ । ਬੁੱਧਾ ਦੇ ਕੇ ਗਿਆ ਇਸ਼ਾਰੇ, ਸੈਨਤ ਨਾਲ ਸਮਝਾਈਆ । ਨਾਨਕ ਗੋਬਿੰਦ ਖੇਲ ਅਪਾਰੇ, ਜੋਤੀ ਧਾਰ ਸ਼ਬਦ ਸ਼ਨਵਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਹਕਲੰਕ ਲਏ ਅਵਤਾਰੇ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਸਭ ਦਾ ਲੇਖਾ ਵੇਖ ਵਿਚਾਰੇ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਕਲਜੁਗ ਅੰਤ ਖੇਲ ਹੋਣਾ ਵਿਚ ਸੰਸਾਰੇ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਭੱਜਣ ਵਾਹੋ ਦਾਹੀਆ । ਸੋ ਵੇਲਾ ਵਕਤ ਪਹੁੰਚਿਆ ਅੰਤ ਕਿਨਾਰੇ, ਨਈਆ ਨੌਕਾ ਡੋਲੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਸਤਿਗੁਰ ਸ਼ਬਦ ਕਹੇ ਚਾਰੇ ਜੁਗਾਂ ਹੱਥ ਬੰਨ੍ਹੇ, ਬੰਧੇ ਦਿਓ ਵਖਾਈਆ । ਜੋ ਖੇਲ ਵਖਾਇਆ ਸੀ ਪੁਰਖ ਅਕਾਲ ਜੱਟ ਧੰਨੇ, ਪਰਦਾ ਖੋਲ੍ਹਿਆ ਸਹਿਜ ਸੁਭਾਈਆ । ਜਿਸ ਦਾ ਨਿਰਗੁਣ ਧਾਰ ਲੇਖ ਲਿਖਿਆ ਚੌਦਾਂ ਸੌ ਤੀਹ ਅੰਕ ਪੰਨੇ, ਅੱਖਰ ਅੱਖਰੀ ਦਏ ਗਵਾਹੀਆ । ਸੋ ਖੇਲ ਕਰੇ ਜਗਤ ਜਹਾਨ ਆਪ ਭਗਵੰਨੇ, ਭਗਵਨ ਆਪਣੀ ਦਇਆ ਕਮਾਈਆ । ਮੁਹੰਮਦ ਦੇ ਪੈਂਡੇ ਰਹਿਣ ਨਹੀਂ ਦੇਣੇ ਲੰਮੇ, ਸਦੀ ਚੌਧਵੀਂ ਅੰਤ ਕਰਾਈਆ । ਜਿਹੜਾ ਇਸ਼ਾਰਾ ਕੀਤਾ ਸੀ ਗੋਬਿੰਦ ਦਮਦਮੇ, ਮੁਖੀ ਤੀਰ ਵਾਲੀ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਵਰਤਾਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰਾ ਸੁਤ ਦੁਲਾਰਾ, ਸੂਰਬੀਰ ਨਜ਼ਰੀ ਆਈਆ । ਮੈਨੂੰ ਹੋਰ ਜਗਤ ਨੂੰ ਦੇ ਲੈਣ ਦੇ ਹੁਲਾਰਾ, ਕੂੜੀ ਕਿਰਿਆ ਨਾਲ ਕਰਾਂ ਹਲਕਾਈਆ । ਸਭ ਨੂੰ ਭੁਲਾ ਦੇਵਾਂ ਤੇਰਾ ਦਵਾਰਾ, ਤੇਰੇ ਦਰ ਤੇ ਪੁੱਜਣ ਵਾਲਾ ਰਹਿਣ ਕੋਇ ਨਾ ਪਾਈਆ । ਮੇਰੀ ਇਕੋ ਮਿੰਨਤ ਤੇ ਇਕੋ ਹਾੜਾ, ਹਾੜਾ ਕਢ ਕੇ ਦਿਆਂ ਸੁਣਾਈਆ । ਮੈਂ ਚਾਹੁੰਦਾ ਸ੍ਰਿਸ਼ਟੀ ਦੇ ਅੰਦਰ ਲਾ ਦੇਵਾਂ ਇਕ ਅਖਾੜਾ, ਧਰਨੀ ਧਰਤ ਧਵਲ ਸੋਭਾ ਪਾਈਆ । ਝਗੜਾ ਪਾਵਾਂ ਮਰਦ ਨਾਰਾ, ਜ਼ਨੋ ਮਰਦ ਦਿਆਂ ਹਿਲਾਈਆ । ਮੇਰਾ ਹੁਕਮ ਮੇਰਾ ਲੇਖ ਤੇਰੀ ਕਰਨੀ ਪੁਰਖ ਅਕਾਲ ਪਰਵਰਦਿਗਾਰ ਸਾਂਝੇ ਯਾਰ ਕੋਈ ਛਾਪ ਸਕੇ ਨਾ ਵਿਚ ਅਖ਼ਬਾਰਾ, ਅੱਖਰਾਂ ਨਾਲ ਨਾ ਕੋਇ ਦ੍ਰਿੜਾਈਆ । ਮੈਂ ਤੇਰਾ ਇਕੋ ਇਕ ਲਾਉਣਾ ਚਾਹੁੰਦਾ ਨਾਅਰਾ, ਨਰ ਨਰਾਇਣ ਦਇਆ ਦੇਣੀ ਕਮਾਈਆ । ਜੇ ਤੂੰ ਝਗੜਾ ਮੇਟਣਾ ਚਾਰ ਯਾਰਾ, ਯਾਰੀ ਸਭ ਦੀ ਸਭ ਨਾਲੋਂ ਦੇਣੀ ਤੁੜਾਈਆ । ਦੀਨ ਮਜ਼੍ਹਬ ਦੀਆਂ ਕਿਉਂ ਮੇਰੀ ਝੋਲੀ ਪਾਈਆਂ ਖਾਰਾ, ਖ਼ਾਲਸ ਰੂਪ ਨਾ ਕੋਇ ਜਣਾਈਆ । ਕਲਜੁਗ ਕਹੇ ਮੇਰੇ ਮਾਲਕ ਮੈਂ ਚਾਹੁੰਦਾ ਮੇਰੇ ਪਿਛੋਂ ਸਤਿਜੁਗ ਤ੍ਰੇਤਾ ਦੁਆਪਰ ਮੇਰੀ ਕਰਨੀ ਦੀਆਂ ਗਾਉਂਦੇ ਰਹਿਣ ਵਾਰਾਂ, ਐਸੀ ਕਰਨੀ ਕਰ ਕੇ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਅੰਤਸ਼ਕਰਨ ਸਭ ਦਾ ਵੇਖਣਾ ਥਾਉਂ ਥਾਈਂਆ । ਪੁਰਖ ਅਕਾਲ ਕਹੇ ਸੁਣ ਦੁਲਾਰੇ ਕਲਜੁਗ, ਸਿਰ ਤੇਰੇ ਹੱਥ ਟਿਕਾਈਆ । ਸਭ ਦੀ ਔਧ ਰਹੀ ਪੁਗ, ਪੂਜਾ ਪਾਠ ਵੇਖ ਵਖਾਈਆ । ਬੱਚਿਆ ਤੂੰ ਸਭ ਦੀ ਮਲੀਨ ਕਰਦੇ ਬੁਧ, ਬੁੱਧੀ ਵਾਲਾ ਨਜ਼ਰ ਕੋਇ ਨਾ ਆਈਆ । ਮੇਰੇ ਨਾਮ ਕਲਮਿਆਂ ਵਾਲੇ ਸਾਰੇ ਜੁਟ ਜਾਣ ਵਿਚ ਯੁਧ, ਯਦੀ ਆਪਣਾ ਖੇਲ ਖਿਲਾਈਆ । ਕਿਸੇ ਨੂੰ ਸੁਝ ਸਕੇ ਨਾ ਕੁਝ, ਮੂਰਖ ਮੁਗਧ ਦੇਣੇ ਵਖਾਈਆ । ਕਾਇਆ ਮੰਦਰ ਅੰਦਰ ਵੜ ਕੇ ਸਭ ਦੇ ਉਪਰ ਪਾ ਲੈ ਆਪਣਾ ਰੋਬ, ਭੈ ਵਿਚ ਲੈ ਡਰਾਈਆ । ਕਿਸੇ ਦਾ ਸਾਬਤ ਰਹੇ ਕੋਇ ਨਾ ਜੋਗ, ਜੁਗੀਸ਼ਰਾਂ ਡੇਰਾ ਢਾਹੀਆ । ਜਗਤ ਵਾਸ਼ਨਾ ਵਿਚ ਸ੍ਰਿਸ਼ਟੀ ਦੀ ਦ੍ਰਿਸ਼ਟੀ ਕਲਪਣਾ ਵਿਚ ਸਾਰੇ ਕਰਨ ਭੋਗ, ਭਸਮੜ

ਰੂਪ ਨਾ ਕੋਇ ਬਣਾਈਆ । ਨਵਾਂ ਸਾਲਾਂ ਵਿਚ ਮੇਰਾ ਸਭ ਨਾਲੋਂ ਕਰ ਦੇ ਵਿਯੋਗ, ਵਿਚਲਾ ਮੇਲ ਨਾ ਕੋਇ ਮਿਲਾਈਆ । ਹਰ ਘਟ ਅੰਦਰ ਭਰ ਦੇ ਹਉਮੇ ਰੋਗ ਹੰਗਤਾ ਗੜ੍ਹ ਸੁਹਾਈਆ । ਗ੍ਰਿਹ ਗ੍ਰਿਹ ਦਿਸੇ ਸੋਗ, ਚਿੰਤਾ ਚਿਖਾ ਜਲਾਈਆ । ਬਿਨਾ ਭਗਤਾਂ ਤੋਂ ਮੇਰੇ ਨਾਮ ਦੀ ਮਿਲੇ ਕਿਸੇ ਨਾ ਚੋਗ, ਚੁਗ਼ਲੀ ਨਿੰਦਿਆ ਵਿਚ ਦਿਸੇ ਖ਼ਲਕ ਖ਼ੁਦਾਈਆ । ਫੇਰ ਮੈਂ ਤੈਨੂੰ ਦੇਵਾਂ ਦਰਸ ਅਮੋਘ, ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਨਜ਼ਰੀ ਆਈਆ । ਹੁਣ ਮਾਣ ਲਈ ਬਥੇਰੀ ਮੌਜ, ਮਜਲਸ ਮੁਹੰਮਦ ਨਾਲ ਬਣਾਈਆ । ਅੱਗੇ ਕਰੀਂ ਕੋਇ ਨਾ ਲੋਭ, ਹਿਰਸ ਹਵਸ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਆਪਣੀ ਕਰੇ ਅਗੰਮੀ ਖੋਜ, ਜਗਤ ਖੋਜਿਆਂ ਹੱਥ ਕਿਸੇ ਨਾ ਆਈਆ ।

### ੨੪ ਕੱਤਕ ਸ਼ਹਿਨਸ਼ਾਹੀ ਸੰਮਤ ੭ ਮਾਛੂਵਾੜਾ ਸਾਹਿਬ ਗੁਰੂਦਵਾਰੇ ਵਿਚ ਵਿਹਾਰ ਹੋਇਆ

ਗੁਰ ਗੋਬਿੰਦੇ ਮੁਹਿਜ਼ਾ ਅਸਮਾਨੇ ਜ਼ਜੀਂ, ਨੂਰੇ ਅਕਾਲ, ਬੇਚਸ਼ਮੇ ਖ਼ੁਦਾ, ਸ਼ਜੀਉਲ ਜ਼ਮੁਜ਼ੇ, ਅਤੀਉਲ ਤਿਜ਼ਾ, ਖੜਗੇ ਖੜਗੰਗ, ਪਰਚੰਡੇ ਪਰਚੰਡ, ਬ੍ਰਹਿਮੰਡੇ ਬ੍ਰਹਿਮੰਡ, ਗੋਬਿੰਦੇ ਅਨੰਨ, ਨਾਜ਼ੀਤੋ ਨਵੀ, ਕਜ਼ੀਮੇ ਆਰੂ, ਅਕਾਲੇ ਦਿਆਲੇ, ਕਿਰਪਾਲੇ, ਮਜ਼ੂ ਸ਼ਸਤੋ, ਨਜ਼ੀ ਫ਼ਰਸ਼ੋ, ਜ਼ਿਮੀਂ ਅਰਸ਼ੋ, ਅਵੀ ਆਵਲੇ, ਇਜ਼ਮਲੂ, ਜ਼ਨਹਿਜ਼ਾ, ਸ਼ਾਇਰੋ ਸ਼ਬਬ, ਅਸਮਾਨੇ ਕਬਦ, ਨੂਰੇ ਚਸ਼ਦ, ਜਿਸਮੋਂ ਜ਼ਵਾ, ਇਸਮੇ ਖ਼ੁਦਾ ਧਵਲੇ ਦੁਆ, ਅਜ਼ਾਂ ਇਕ ਜਣਾਈਆ । ਗੋਬਿੰਦੇ ਅਜ਼ੀਜ਼ ਅਕਾਲੇ ਨਜ਼ੀਦ ਖ਼ੁਦਾਏ ਵਜ਼ੀਦ, ਯਕ ਵਾਹਿਦੇ ਅਤੀਅਦ, ਆਲਮੇ ਅਯਸ਼ ਸ਼ਾਹੇ ਸ਼ਵਸ਼, ਸ਼ਮ੍ਹਾ ਨੂਰ, ਨਜ਼ੀਉਲ ਨਜ਼ਾ, ਬੇਨਜ਼ਰ ਇਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਹੁਕਮ ਇਕ ਸੁਣਾਈਆ । ਗੋਬਿੰਦ ਕਹੇ ਮੈਂ ਸੱਥਰ ਯਾਰ ਲੱਥਾ, ਸੁਹੰਜਣੀ ਸੇਜ ਸੁਹਾਈਆ । ਮੇਰੀ ਸ਼ਬਦ ਧਾਰ ਦੀ ਕਥਾ, ਪੁਰਖ ਅਕਾਲ ਅਕਾਲ ਸੁਣਾਈਆ । ਤੇਰਾ ਹੁਕਮ ਯਥਾਰਥ ਯਥਾ, ਯਦੀ ਮੰਨ ਕੇ ਸੀਸ ਨਿਵਾਈਆ । ਮੇਰਾ ਮਸਤਕ ਵੇਖ ਮੱਥਾ, ਧੂੜੀ ਤੇਰੀ ਖ਼ਾਕ ਰਮਾਈਆ । ਮੇਰਾ ਸਗਲ ਵਸੂਰਾ ਲੱਥਾ, ਬੰਸ ਸਰਬੰਸ ਤੇਰੀ ਝੋਲੀ ਪਾਈਆ । ਸਚ ਦਵਾਰੇ ਤੇਰੇ ਢੱਠਾ, ਖ਼ੁਸ਼ੀ ਨਾਲ ਦ੍ਰਿੜਾਈਆ । ਮੇਰੀ ਪਿਠ ਤੇ ਤਕ ਤੀਰ ਭੱਥਾ, ਖੰਡਾ ਹੱਥ ਵਿਚ ਚਮਕਾਈਆ । ਮੇਰੇ ਮਿਹਰਵਾਨ ਮੈਂ ਆਇਆ ਨੱਠਾ, ਭੱਜਿਆ ਵਾਹੋ ਦਾਹੀਆ । ਇਹ ਧਾਮ ਨਿਰਾਲਾ ਅੱਛਾ, ਅੱਛੀ ਤਰਾਂ ਸੁਣਾਈਆ । ਏਥੇ ਰਾਮ ਮੇਰੀ ਆਸਾ ਗਿਆ ਸੀ ਰੱਖਾ, ਸੰਦੇਸ਼ਾ ਦਿਤਾ ਅਗੰਮ ਅਥਾਹੀਆ । ਏਥੇ ਸਪਤਸ ਰਿਖੀਆਂ ਕੀਤੀ ਤੇਰੀ ਕਥਾ, ਬੇਅੰਤ ਬੇਅੰਤ ਤੇਰਾ ਖੇਲ ਸੁਣਾਈਆ । ਸਭ ਦਾ ਲਹਿਣਾ ਦੇਣਾ ਪੂਰਾ ਕਰਨਾ ਅੱਗੇ ਰਹੇ ਕੋਇ ਨਾ ਰੱਟਾ, ਰੱਟਾ ਜਗਤ ਵਾਲਾ ਮੁਕਾਈਆ । ਤੇਰੇ ਹੁਕਮ ਅੰਦਰ ਸਭ ਕੁਛ ਛੱਡਾ, ਛੱਡੀ ਕੂੜ ਲੋਕਾਈਆ । ਬਿਨਾ ਦਸਤ ਹੱਥ ਬੱਧਾ, ਵਿਚ ਬੰਦਨਾ ਸੀਸ ਝੁਕਾਈਆ । ਕੁਛ ਅਗਲਾ ਦੇ ਸੱਦਾ, ਸਦਕੇ ਵਾਰੀ ਘੋਲ ਘੁਮਾਈਆ । ਫਿਰ ਗੋਬਿੰਦ ਖਿੜ ਖਿੜਾ ਕੇ ਹੱਸਾ, ਹੱਸਤੀ ਤਕ ਨੂਰ ਇਲਾਹੀਆ । ਕਲਜੁਗ ਵੇਖਾਂ ਅੰਧੇਰੀ ਮੱਸਾ, ਸਾਚਾ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਗੋਬਿੰਦ ਕਿਹਾ ਵੇਖ ਹਾਲ ਮੁਰੀਦਾਂ, ਤੂੰ ਮੁਰਸ਼ਦ ਬੇਪਰਵਾਹੀਆ । ਅਵਤਾਰ ਪੈਗ਼ੰਬਰ ਹੁਕਮ ਨਾਮਿਆਂ ਦੀਆਂ ਤਕ ਰਸੀਦਾਂ, ਜੋ ਬਿਨ ਅੱਖਰਾਂ ਦਿਤੀਆਂ

੧੫੬੫ ੨੨

੧੫੯੬
੨੨

ਫੜਾਈਆ । ਮੁਹੰਮਦ ਦੀਆਂ ਵੇਖ ਉਮੀਦਾਂ, ਚਾਰ ਯਾਰੀ ਸੰਗ ਰਖਾਈਆ । ਜਿਸ ਦੇ ਵਿਚ ਚੌਦਾਂ ਸਦੀਆਂ ਭਰੀਆਂ ਤੌਫ਼ੀਕਾਂ, ਚੌਦਾਂ ਸਦ ਨਾਲ ਵਡਿਆਈਆ । ਉਮਤ ਦੀਆਂ ਹੋਣੀਆਂ ਤਾਰੀਫ਼ਾਂ, ਸਿਫ਼ਤਾਂ ਵਿਚ ਸਾਲਾਹੀਆ । ਮੈਂ ਸਭ ਨੂੰ ਕਰਨ ਆਇਆ ਤਸਦੀਕਾ, ਸ਼ਹਾਦਤ ਬੱਚਿਆਂ ਵਾਲੀ ਭੁਗਤਾਈਆ । ਕਲਜੁਗ ਦੀ ਜੜ੍ਹ ਉਖੇੜਾਂ ਠੀਕਾ, ਠੀਕਰ ਕੂੜਾ ਭੰਨ ਵਖਾਈਆ । ਜਿਸ ਲੇਖੇ ਲਾਇਆ ਸਿੰਘ ਜੁਝਾਰ ਸਿੰਘ ਅਜੀਤਾ, ਗੜ੍ਹੀ ਚਮਕੌਰ ਗੰਢ ਪਵਾਈਆ । ਤੇਰੀਆਂ ਬੇਪਰਵਾਹ ਤਕਣੀਆਂ ਰੀਤਾਂ, ਕੀ ਅਗਲੀ ਆਪਣੀ ਖੇਲ ਵਖਾਈਆ । ਮੈਂ ਚਾਹੁੰਦਾ ਪੁਰਖ ਅਕਾਲ ਦੀਨ ਦਿਆਲ ਧਰਨੀ ਉਤੇ ਨਾ ਰਹਿਣ ਮੰਦਰ ਨਾ ਰਹਿਣ ਮਸੀਤਾਂ, ਇਕੋ ਤੇਰਾ ਨੂਰ ਨੂਰ ਨੁਰਾਨੇ ਨਜ਼ਰੀ ਆਈਆ । ਸਭ ਦੀਆਂ ਬਦਲ ਦਈਂ ਵਲਦੀਅਤਾਂ, ਵਲਦ ਵਾਲਦਾ ਇਕ ਅਖਵਾਈਆ । ਤੇਰੇ ਵਿਚ ਹੱਕ ਤੌਫ਼ੀਕਾਂ, ਤੂੰ ਮਾਲਕ ਖ਼ਾਲਕ ਸਚਖੰਡ ਨਿਵਾਸੀ ਧੁਰਦਰਗਾਹੀਆ । ਨਾਲੇ ਖੰਡੇ ਨਾਲ ਪੰਜ ਕਢੀਆਂ ਲੀਕਾਂ, ਨੋਕ ਨੋਕ ਨਾਲ ਬਦਲਾਈਆ । ਝਟ ਕਲਜੁਗ ਦੀਆਂ ਨਿਕਲੀਆਂ ਚੀਕਾਂ, ਅੱਗੇ ਆ ਕੇ ਸੀਸ ਨਿਵਾਈਆ । ਗੋਬਿੰਦ ਕਲਗੀਧਰ ਇਹ ਕੀ ਕੀਤਾ, ਕੀ ਹੁਕਮ ਰਿਹਾ ਸੁਣਾਈਆ । ਗੋਬਿੰਦ ਹੱਸ ਕੇ ਕਿਹਾ ਜਿਸ ਵੇਲੇ ਸਦੀ ਚੌਧਵੀਂ ਵੇਲਾ ਬੀਤਾ, ਧਰਨੀ ਧਵਲ ਪੰਧ ਮੁਕਾਈਆ । ਉਸ ਵੇਲੇ ਕਲਜੁਗ ਮੇਰੀਆਂ ਰੱਖੀਂ ਉਡੀਕਾਂ, ਮੈਂ ਆਵਾਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕਲਜੁਗ ਹੱਸ ਕੇ ਕਿਹਾ ਐ ਗੋਬਿੰਦ ਧੁਰ ਦੇ ਚੰਦ, ਚੰਦ ਸਿਤਾਰਾ ਤੈਨੂੰ ਸੀਸ ਨਿਵਾਈਆ । ਕਿਉਂ ਛਡ ਕੇ ਪੁਰੀ ਅਨੰਦ, ਜੰਗਲ ਬੈਠਾ ਸੇਜ ਵਿਛਾਈਆ । ਗੁਰਮੁਖ ਦਿਸੇ ਕੋਇ ਨਾ ਸੰਗ, ਸੰਗੀ ਨਜ਼ਰ ਕੋਇ ਨਾ ਆਈਆ । ਕਿਥੇ ਧੌਂਸਾ ਤੇਰਾ ਮਰਦੰਗ, ਰਣਜੀਤ ਨਗਾਰਾ ਕਵਣ ਖੜਕਾਈਆ । ਕਿਸ ਬਿਧ ਗੜ੍ਹੀ ਚਮਕੌਰ ਆਇਉਂ ਲੰਘ, ਆਪਣਾ ਖੇਲ ਵਰਤਾਈਆ । ਗੋਬਿੰਦ ਹੱਸ ਕੇ ਕਿਹਾ ਕਲਜੁਗ ਆਹ ਮੇਰੇ ਸਾਹਿਬ ਦਾ ਸੋਹਣਾ ਪਲੰਘ, ਸੱਥਰ ਯਾਰੜਾ ਇਕ ਹੰਢਾਈਆ । ਹੁਣ ਮੈਂ ਗੜ੍ਹੀ ਚਮਕੌਰ ਦਾ ਖ਼ਤਮ ਕਰ ਕੇ ਆਇਆ ਜੰਗ, ਬੇਫ਼ਿਕਰ ਹੋ ਕੇ ਫ਼ਿਕਰਾ ਇਕੋ ਗਾਵਾਂ ਧੁਰ ਦੇ ਮਾਹੀਆ । ਇਕ ਹੋਰ ਸੁਣ ਅਗੰਮੀ ਛੰਦ, ਤੈਨੂੰ ਦਿਆਂ ਦ੍ਰਿੜਾਈਆ । ਮੇਰੇ ਸਾਹਿਬ ਦੇ ਕੋਲ ਅਨੋਖਾ ਢੰਗ, ਜੁਗ ਜੁਗ ਵਖਰੀ ਖੇਲ ਖਿਲਾਈਆ । ਜਿਸ ਵੇਲੇ ਸਦੀ ਚੌਧਵੀਂ ਮੁਕੇ ਪੰਧ, ਨਾਲ ਮੁਹੰਮਦ ਚਾਰ ਯਾਰੀ ਉਮਤ ਤੇਰਾ ਸੰਗ ਬਣਾਈਆ । ਫੇਰ ਢਾਹੁਣੀ ਸ਼ਰਅ ਦੀ ਕੰਧ, ਦੀਨ ਮਜ਼੍ਹਬ ਕਰੇ ਨਾ ਕੋਇ ਲੜਾਈਆ । ਖੇਲ ਹੋਣਾ ਨਾਲ ਸੂਰੇ ਸਰਬੰਗ, ਜੋਤੀ ਸ਼ਬਦੀ ਵੇਸ ਵਟਾਈਆ । ਸੰਬਲ ਚਾੜ੍ਹਨਾ ਨੂਰ ਚੰਦ, ਸਾਢੇ ਤਿੰਨ ਹੱਥ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਧੁਰਦਰਗਾਹੀਆ । ਕਲਜੁਗ ਝਟ ਝੁਕਾਇਆ ਸੀਸ, ਗੋਬਿੰਦ ਚਰਨ ਕਵਲ ਟਿਕਾਈਆ । ਕੀ ਖੇਲ ਕਰੇਂ ਜਗਦੀਸ, ਜਗਦੀਸ਼ਰ ਕਾਰ ਕਮਾਈਆ । ਗੋਬਿੰਦ ਕਿਹਾ ਲੇਖਾ ਵੇਖ ਬੀਸ ਇਕੀਸ, ਦੂਆ ਏਕਾ ਜੋੜ ਜੁੜਾਈਆ । ਛਤਰ ਝੁੱਲੇ ਨਾ ਕਿਸੇ ਸੀਸ, ਰਾਜ ਰਾਜਾਨ ਰਹਿਣ ਕੋਇ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਸਭ ਨੇ ਗਾਉਣਾ ਗੀਤ, ਢੋਲਾ ਅਗੰਮ ਅਥਾਹੀਆ । ਪੁਰਖ ਅਕਾਲਾ ਦੀਨ ਦਿਆਲਾ ਸ੍ਰਿਸ਼ਟੀ ਦ੍ਰਿਸ਼ਟੀ ਪਰਖੇ ਨੀਤ, ਨੀਤੀਵਾਨ ਦਇਆ ਕਮਾਈਆ । ਫੇਰ ਖੰਡੇ ਦੀ ਆਪਣੇ ਖੱਬੇ ਹੱਥ ਤੇ ਖਿੱਚੀ ਲੀਕ, ਲਾਈਨ ਐਨ ਦਿਤੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ ।

ਗੋਬਿੰਦ ਕਹੇ ਯਾਰੜੇ ਦਾ ਸੱਥਰ ਚੰਗਾ, ਸਚ ਸਚ ਵਿਚ ਸਮਾਈਆ । ਮਿਲਿਆ ਉਹ ਅਨੰਦਾ, ਜਿਸ ਦੀ ਆਸ ਅਵਤਾਰ ਪੈਗ਼ੰਬਰ ਗੁਰ ਸਾਰੇ ਗਏ ਰਖਾਈਆ । ਅੱਗੇ ਚੜ੍ਹਨਾ ਨੂਰੀ ਚੰਦਾ, ਅਗੰਮ ਅਥਾਹ ਰੁਸ਼ਨਾਈਆ । ਮੇਰਾ ਫੇਰ ਰੂਪ ਨਹੀਂ ਹੋਣਾ ਪੰਜਾਂ ਤਤਾਂ ਵਾਲਾ ਬੰਦਾ, ਸ਼ਬਦੀ ਸਤਿਗੁਰ ਗੋਬਿੰਦ ਸਦਾ ਸੋਭਾ ਪਾਈਆ । ਕਲਜੁਗ ਦਾ ਪੈਂਡਾ ਰਹੇ ਕੋਈ ਨਾ ਲੰਬਾ, ਮੇਰਾ ਢਈਆ ਦਏ ਗਵਾਹੀਆ । ਜਿਹੜਾ ਮੇਰੇ ਸੱਜੇ ਪੱਟ ਦੇ ਉਤੇ ਰੱਖਿਆ ਖੰਡਾ, ਇਹ ਬ੍ਰਹਿਮੰਡਾਂ ਦਏ ਹਿਲਾਈਆ । ਮੈਂ ਸ੍ਰਿਸ਼ਟੀ ਵਿਚ ਰਹਿਣ ਨਹੀਂ ਦੇਣੀਆਂ ਵੰਡਾਂ, ਇਕੋ ਇਸ਼ਟ ਪੁਰਖ ਅਕਾਲ ਦੇਣਾ ਬਣਾਈਆ । ਗੁਰਮੁਖਾਂ ਗੁਰਸਿਖਾਂ ਹਰਿ ਭਗਤਾਂ ਮੇਰਾ ਹੋਵੇ ਸੰਗਾ, ਸਗਲਾ ਸੰਗ ਜਣਾਈਆ । ਧੁਰ ਦੇ ਨਾਮ ਦਾ ਹੋਏ ਇਕ ਮਰਦੰਗਾ, ਜੋ ਪੁਰੀਆਂ ਲੋਆਂ ਖੰਡਾਂ ਬ੍ਰਹਿਮੰਡਾਂ ਉਤਭੁਜ ਸੇਤਜ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੋਬਿੰਦ ਕਿਹਾ ਕਲਜੁਗ ਜਾ ਝੁਕ, ਪੁਰਖ ਅਕਾਲ ਸੀਸ ਨਿਵਾਈਆ । ਸੰਦੇਸਾ ਦੇ ਦੇ ਮੁਹੰਮਦਾ ਤੇਰਾ ਪੈਂਡਾ ਜਾਣਾ ਮੁਕ, ਚਾਰ ਯਾਰੀ ਨਾ ਸੰਗ ਨਿਭਾਈਆ । ਪ੍ਰਭ ਦਾ ਭਾਣਾ ਨਾ ਜਾਏ ਰੁਕ, ਅੱਗੇ ਹੋ ਨਾ ਕੋਇ ਅਟਕਾਈਆ । ਸਦੀ ਚੌਧਵੀਂ ਲੇਖਾ ਰਹਿਣ ਨਹੀਂ ਦੇਣਾ ਜਿਸ ਲਬ ਕਟਾਈ ਮੁੱਛ, ਮੁਸ਼ਕਲ ਉਮਤ ਦੇਣੀ ਜਣਾਈਆ । ਜੁਗ ਬਦਲਣਾ ਪ੍ਰਭ ਦੀ ਖੇਲ ਤੁਛ, ਤੁਛ ਮਾਤਰ ਦਿਆਂ ਸੁਣਾਈਆ । ਮੈਂ ਪੀਰ ਬਣਨਾ ਉਚ, ਉਚ ਅਗੰਮ ਅਥਾਹ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਗੋਬਿੰਦ ਕਹੇ ਕਲਜੁਗ ਦੱਸਾਂ ਖੇਲ ਅਵੱਲਾ, ਧੁਰ ਦਾ ਹੁਕਮ ਸੁਣਾਈਆ । ਉਹ ਵੇਖ ਪੈਗਾਮ ਦੇਂਦਾ ਨੂਰੀ ਅੱਲਾ, ਆਲਮੀਨ ਦ੍ਰਿੜਾਈਆ । ਉਮਤ ਉਮਤੀ ਛਡਾਉਣਾ ਪੱਲਾ, ਪੱਲੂ ਗੰਢ ਨਾ ਕੋਇ ਰਖਾਈਆ । ਧੁਰ ਦਾ ਹੁਕਮ ਕਦੇ ਨਾ ਟਲਾ, ਨਾ ਕੋਈ ਮੇਟੇ ਮੇਟ ਮਿਟਾਈਆ । ਇਕੋ ਨੂਰੀ ਜੋਤ ਦੀਪਕ ਬਲਾ, ਗੋਬਿੰਦ ਨੂਰ ਕਰੇ ਰੁਸ਼ਨਾਈਆ । ਜਿਸ ਸ਼ਰਅ ਦਾ ਮੇਟਣਾ ਸੱਲਾ, ਦਵੈਤੀ ਡੇਰਾ ਢਾਹੀਆ । ਮਾਛੂਵਾੜੇ ਮੈਨੂੰ ਸਮਝੀਂ ਮੂਲ ਨਾ ਕੱਲਾ, ਅਕਲ ਕਲਧਾਰੀ ਮੇਰਾ ਸਗਲਾ ਸੰਗ ਵਖਾਈਆ । ਉਹ ਵੇਖ ਮੇਰਾ ਸ਼ਬਦੀ ਧਾਰ ਅਗੰਮੀ ਦਲਾ, ਜਿਸ ਦੀ ਗਣਤ ਨਾ ਕੋਇ ਗਿਣਾਈਆ । ਮੈਂ ਕਲਜੁਗ ਅੰਤ ਅਖ਼ੀਰ ਸਤਿਗੁਰ ਸ਼ਬਦ ਹੋ ਕੇ ਮਾਰਨਾ ਇਕੋ ਹੱਲਾ, ਹਿਲਾ ਦੇਣੀ ਸ੍ਰਿਸ਼ਟ ਸਬਾਈਆ । ਜਗਤ ਜਹਾਨ ਕਰਨਾ ਝੱਲਾ, ਮੇਰੀ ਝਲਕ ਹੋਵੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਾਰ ਆਪ ਕਰਾਈਆ । ਗੋਬਿੰਦ ਕਿਹਾ ਏਥੇ ਜੰਗ ਦਾ ਕੀਤਾ ਅੰਤ, ਪੁਰਖ ਅਕਾਲ ਨਾਲ ਮਿਲ ਕੇ ਵੱਜੇ ਵਧਾਈਆ । ਫੇਰ ਖੇਲ ਦੱਸਾਂ ਬੇਅੰਤ, ਬੇਪਰਵਾਹ ਨਾਲ ਮਿਲ ਕੇ ਦਿਆਂ ਸਮਝਾਈਆ । ਕਲਜੁਗ ਤੇਰੇ ਮਿਟਾਉਣ ਦੀ ਸੋਹਣੀ ਬਣਾਉਣੀ ਬਣਤਾ, ਘੜਨ ਭੰਨਣਹਾਰ ਆਪਣੀ ਕਲ ਵਰਤਾਈਆ । ਜਿਸ ਦੀ ਮਹਿਮਾ ਸਦਾ ਅਗਣਤ, ਅਲਖ ਅਗੋਚਰ ਅਗੰਮ ਅਥਾਹ ਆਪ ਸਮਝਾਈਆ । ਜਿਸ ਦਾ ਨਾਮ ਫ਼ਰਮਾਨਾ ਇਕ ਮੰਤ, ਸ਼ਬਦੀ ਸ਼ਬਦ ਕਰੇ ਸ਼ਨਵਾਈਆ । ਉਸ ਤੇਰਾ ਤੋੜਨਾ ਗੜ੍ਹ ਹੰਕਾਰੀ ਹੰਗਤ, ਹਉਮੇ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਫੇਰ ਸੁਣਾਈਆ । ਗੋਬਿੰਦ ਪੁਰਖ ਅਕਾਲ ਅੱਗੇ ਕੀਤੀ ਅਰਦਾਸ, ਅਰਦਾਸਾ ਇਕੋ ਵਾਰ ਸੁਧਾਈਆ । ਮੈਂ ਸਦਾ ਵਸਾਂ ਤੇਰੇ ਪਾਸ, ਵਿਛੋੜਾ ਨਜ਼ਰ ਕੋਇ ਨਾ ਆਈਆ । ਤੂੰ ਮੇਰਾ ਸਾਹਿਬ ਅਬਿਨਾਸ਼,

ਸਚਖੰਡ ਨਿਵਾਸੀ ਨੂਰ ਇਲਾਹੀਆ । ਉਹ ਤਕ ਅੰਧੇਰੀ ਰਾਤ, ਕਲਜੁਗ ਸਾਚਾ ਚੰਦ ਨਾ ਕੋਇ ਚਮਕਾਈਆ । ਮੁਹੰਮਦ ਦੀਆਂ ਚੌਦਾਂ ਸਦੀਆਂ ਕਰ ਤਲਾਸ਼, ਲੇਖਾ ਦੇਣਾ ਥਾਉਂ ਥਾਈਆ । ਨਾਲੇ ਖ਼ੁਸ਼ੀ ਵਿਚ ਕੀਤਾ ਵਾਕ, ਸਚ ਦਿਤਾ ਸੁਣਾਈਆ । ਮਾਛੂਵਾੜੇ ਫੇਰ ਦੀਨ ਦੁਨੀ ਨੂੰ ਦੇਣੀ ਦਾਤ, ਕਲਜੁਗ ਤੇਰੀ ਝੋਲੀ ਨਾਲ ਭਰਾਈਆ । ਸ਼ਰਅ ਦਾ ਸ਼ਰਅ ਨਾਲ ਕਰਾਉਣਾ ਫ਼ਸਾਦ, ਝਗੜੇ ਵਿਚ ਜਗਤ ਦੁਹਾਈਆ । ਇਹ ਖੇਲ ਕਰਾਉਣਾ ਪੁਰਖ ਅਕਾਲ ਜਿਸ ਦੀ ਰਚਨਾ ਰਚੀ ਆਦਿ, ਅੰਤ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਚੁਕਾਈਆ । ਕਲਜੁਗ ਕਹੇ ਗੋਬਿੰਦ ਸਦੀ ਚੌਧਵੀਂ ਤੇਰਾ ਕੀ ਨਿਸ਼ਾਨਾ, ਸਾਹਿਬ ਸਤਿਗੁਰ ਦੇ ਸਮਝਾਈਆ । ਗੋਬਿੰਦ ਕਿਹਾ ਮੇਰਾ ਸ਼ਬਦੀ ਸ਼ਬਦ ਤਰਾਨਾ, ਨੂਰੀ ਨੂਰ ਜੋਤ ਰੁਸ਼ਨਾਈਆ । ਮੇਰਾ ਸੰਗ ਸਾਥ ਹੋਵੇ ਨਾਲ ਸ੍ਰੀ ਭਗਵਾਨਾ, ਦੂਜੀ ਵੰਡ ਨਾ ਕੋਇ ਵੰਡਾਈਆ । ਜਿਸ ਦੇ ਹੁਕਮ ਨਾਲ ਮੈਂ ਮਾਛੂਵਾੜੇ ਆਇਆ ਵਿਚ ਬੀਆਬਾਨਾ, ਜੰਗਲ ਡੇਰਾ ਲਾਈਆ । ਆਪਣੇ ਤੀਰ ਭੱਥੇ ਦਾ ਕਰ ਸਰਹਾਣਾ, ਸੋਹਣੀ ਸੇਜ ਸੱਥਰ ਯਾਰ ਵਾਲੀ ਹੰਢਾਈਆ । ਫੇਰ ਲੇਖਾ ਚੁਕਾਉਣਾ, ਦੋ ਜਹਾਨਾ, ਜ਼ਿਮੀਂ ਅਸਮਾਨਾਂ ਵੇਖ ਵਖਾਈਆ । ਯੋਧਾ ਸੂਰਬੀਰ ਬਣ ਮਰਦ ਮਰਦਾਨਾ, ਨੌਂ ਖੰਡ ਪ੍ਰਿਥਮੀ ਸੱਤ ਦੀਪ ਧੁਰ ਦਾ ਹੁਕਮ ਇਕ ਵਰਤਾਈਆ । ਕੂੜੀ ਕਿਰਿਆ ਵਿਚ ਕੋਈ ਰਹਿਣ ਨਹੀਂ ਦੇਵਾਂ ਗ਼ੁਲਾਮਾ, ਸ਼ਰਅ ਜ਼ੰਜੀਰ ਦਏ ਕਟਾਈਆ । ਜਿਸ ਨੂੰ ਮੁਹੰਮਦ ਕਹਿ ਕੇ ਗਿਆ ਪ੍ਰਗਟ ਹੋਵੇ ਮੇਰਾ ਅਮਾਮਾ, ਸੋ ਅਮਾਮ ਮੇਰਾ ਪੁਰਖ ਅਕਾਲ ਦਾ ਨੂਰ ਇਲਾਹੀਆ । ਜੋਤੀ ਧਾਰ ਪਹਿਨਣਾ ਬਾਣਾ, ਸ਼ਬਦੀ ਸ਼ਬਦ ਡੰਕ ਵਜਾਈਆ । ਮਾਛੂਵਾੜੇ ਫੇਰ ਸੁਹਾਉਣਾ ਅਸਥਾਨਾ, ਜਿਸ ਦੀ ਵਾਰ ਥਿਤ ਨਾ ਕੋਇ ਸਮਝਾਈਆ । ਚਾਰੋਂ ਕੁੰਟ ਯੁਧ ਹੋਵੇ ਘਮਸਾਨਾ, ਘੁੰਮਣ ਘੇਰੀ ਵਿਚ ਲੋਕਾਈਆ । ਇਹ ਖੇਲ ਕਰਨਾ ਮੇਰੇ ਮਿਹਰਵਾਨ ਮਿਹਰਵਾਨਾ, ਜੋ ਮਿਹਰਵਾਨ ਅਖਵਾਈਆ । ਜਿਸ ਨੂੰ ਈਸਾ ਮੂਸਾ ਮੁਹੰਮਦ ਕਰਨ ਸਲਾਮਾ, ਸਜਦਿਆਂ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਗੋਬਿੰਦ ਕਿਹਾ ਮੈਂ ਇਕੋ ਇਕ ਇਕ ਦਾ ਬੇਟਾ, ਦੂਜਾ ਸੰਗ ਨਾ ਕੋਇ ਬਣਾਈਆ । ਇਕੋ ਇਕ ਇਕ ਦਾ ਖੇਵਟ ਖੇਟਾ, ਜਗਤ ਮਲਾਹ ਇਕ ਅਖਵਾਈਆ । ਇਕੋ ਇਕ ਇਕ ਦਾ ਨੇਤਾ, ਦੋ ਜਹਾਨਾਂ ਹੁਕਮ ਸੁਣਾਈਆ । ਕਲਜੁਗ ਵੇਖੀਂ ਮਾਛੂਵਾੜੇ ਦਾ ਭੁੱਲੀਂ ਕਦੇ ਨਾ ਚੇਤਾ, ਚੇਤਨ ਤੈਨੂੰ ਦਿਆਂ ਕਰਾਈਆ । ਜਿਹੜਾ ਭੱਥਾ ਮੇਰੇ ਪਿਆਰ ਵਿਚ ਲਪੇਟਾ, ਬਸਤਰ ਪੀਲਾ ਰੰਗ ਰੰਗਾਈਆ । ਉਹ ਚੌਵੀ ਕੱਤਕ ਸੰਮਤ ਸ਼ਹਿਨਸ਼ਾਹੀ ਸੱਤ ਮਾਛੂਵਾੜੇ ਫੇਰ ਹੋਵੇ ਮੇਰੀ ਭੇਟਾ, ਪੁਰਖ ਅਕਾਲਾ ਦੀਨ ਦਿਆਲਾ ਮੇਰੀ ਅਮਾਨਤ, ਮੇਰੇ ਕੋਲ ਪਹੁੰਚਾਈਆ । ਫੇਰ ਮੈਂ ਸਾਰੀ ਦੀਨ ਦੁਨੀ ਦਾ ਪੁਰਖ ਅਕਾਲ ਕੋਲੋਂ ਲੈ ਲੈਣਾ ਠੇਕਾ, ਬਿਨਾ ਸਤਿਗੁਰ ਸ਼ਬਦ ਗੋਬਿੰਦ ਤੋਂ ਸਿਰ ਸਕੇ ਨਾ ਕੋਇ ਉਠਾਈਆ । ਇਹ ਸਭ ਦਾ ਪੂਰਾ ਕਰਨਾ ਅੰਤਮ ਲੇਖਾ, ਲੱਖ ਚੁਰਾਸੀ ਲਹਿਣਾ ਦੇਣਾ ਚੁਕਾਈਆ । ਫੇਰ ਕਲਜੁਗ ਤੇਰੀ ਬਦਲ ਦੇਣੀ ਰੇਖਾ, ਸਤਿਜੁਗ ਸਤਿ ਸਤਿ ਵਰਤਾਈਆ । ਕਲਜੁਗ ਨਿਉਂ ਕੇ ਮੱਥਾ ਟੇਕਾ, ਏਥੇ ਏਸੇ ਤਰਾਂ ਬਹਿ ਕੇ ਸੀਸ ਨਿਵਾਈਆ । ਗੋਬਿੰਦ ਤੇਰੇ ਬਿਨਾ ਕੂੜੀ ਕਿਰਿਆ ਭੰਨੇ ਕੋਇ ਨਾ ਕੌੜਾ ਰੇਠਾ, ਅੰਮ੍ਰਿਤ ਜਾਮ ਨਾ ਕੋਇ ਪਿਆਈਆ । ਝਟ ਪੁਰਖ ਅਕਾਲ ਸ਼ਬਦ ਸੰਦੇਸ਼ਾ ਦਿਤਾ ਸੁਣ ਮੇਰੇ ਨੂਰ ਅਗੰਮੀ ਬੇਟਾ, ਸੁਤ ਦੁਲਾਰੇ ਸਤਿ ਸਚ ਸਮਝਾਈਆ । ਤੂੰ ਆਦਿ ਅੰਤ ਜੁਗਾ ਜੁਗੰਤ ਮੇਰੇ ਨਾਲ ਰਹੀਂ ਹਮੇਸ਼ਾ, ਜੰਮਣ ਮਰਨ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਮੈਂ ਮਾਛੂਵਾੜੇ ਮਿਲਿਆ ਸਾਚੇ ਸਈਆ, ਪੁਰਖ ਅਕਾਲ ਮਿਲ ਕੇ ਵੱਜੀ ਵਧਾਈਆ । ਫੇਰ ਮੈਂ ਗੁਰਮੁਖਾਂ ਦਾ ਲੇਖਾ ਤੱਕਿਆ ਧਰਮ ਰਾਏ ਦੀ ਉਤੇ ਵਹੀਆ, ਚਿਤ੍ਰਗੁਪਤ ਨਾਲ ਉਠਾਈਆ । ਮੇਰਾ ਗੁਰਸਿਖ ਕੋਈ ਚੜ੍ਹੇ ਨਾ ਕੂੜੀ ਨਈਆ, ਜਗਤ ਭਵਰ ਨਾ ਕੋਇ ਭਵਾਈਆ । ਉਸ ਵੇਲੇ ਗੋਬਿੰਦ ਦੀ ਜੇਬ ਵਿਚ ਅੰਤ ਅਖ਼ੀਰੀ ਸੀ ਇਕੋ ਰੁਪਈਆ, ਜਿਸ ਨੂੰ ਫੜ ਕੇ ਚਰਨਾਂ ਹੇਠ ਦਬਾਈਆ । ਫੇਰ ਨਿਗਹ ਮਾਰੀ ਮੇਰਾ ਬੀਤ ਜਾਣਾ ਢਈਆ, ਢੌਂਕੇ ਵਿਚ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵਡਾ ਵਡ ਵਡਿਆਈਆ । ਗੋਬਿੰਦ ਇਕ ਰੁਪਈਏ ਵੱਲ ਤੱਕਿਆ, ਧੁਰ ਦਾ ਨੈਣ ਉਠਾਈਆ । ਤੂੰ ਕੋਈ ਰਹਿਣ ਦੇਣਾ ਨਹੀਂ ਭੈਣ ਭਾਈ ਸਕਿਆ, ਪਿਤਾ ਪੂਤ ਦੇਣੇ ਲੜਾਈਆ । ਕਲਜੁਗ ਝੂਠ ਚਲਾਉਣਾ ਹੱਟਿਆ, ਸਚ ਦਵਾਰੇ ਰੋਵਣ ਮਾਰਨ ਧਾਹੀਆ । ਤੂੰ ਢਾਹੁਣਾ ਮਦੀਨਾ ਮੱਕਿਆ, ਮੁਹੰਮਦ ਸੰਗ ਚਾਰ ਯਾਰੀ ਲਹਿਣਾ ਦੇਣਾ ਚੁਕਾਈਆ । ਰੁਪਈਆ ਖ਼ੁਸ਼ੀਆਂ ਦੇ ਵਿਚ ਹੱਸਿਆ, ਸਤਿਗੁਰ ਗੋਬਿੰਦ ਸੀਸ ਨਿਵਾਈਆ । ਮੇਰੇ ਸਾਹਿਬ ਮੈਂ ਵੀ ਵੇਖਦਾ ਅੰਧੇਰੀ ਮੱਸਿਆ, ਕਲਜੁਗ ਅੰਤਮ ਰਿਹਾ ਆਈਆ । ਮੇਰੀ ਤੂੰਹੀ ਕਰੀਂ ਰੱਛਿਆ, ਦੂਸਰ ਹੱਥ ਨਾ ਦਈਂ ਫੜਾਈਆ । ਮੈਂ ਤੇਰੇ ਚਰਨਾਂ ਢੱਠਿਆ, ਤੂੰ ਹੀ ਮਾਲਕ ਮੇਰਾ ਹੱਕ ਖ਼ੁਦਾਈਆ । ਪਟਨੇ ਵਾਲਿਆ ਮੈਨੂੰ ਲਿਖ ਦੇ ਪਟਿਆ, ਜਿਸ ਪਟੇ ਦਾ ਹਰਫ਼ ਸਕੇ ਨਾ ਕੋਇ ਮਿਟਾਈਆ । ਜਿਸ ਵੇਲੇ ਕਲਜੁਗ ਅੰਤਮ ਪੈਣਾ ਗੱਟਿਆ, ਸਦੀ ਚੌਧਵੀਂ ਆਵੇ ਆਪਣਾ ਰੂਪ ਬਦਲਾਈਆ । ਝਟ ਗੋਬਿੰਦ ਨੇ ਹੱਥ ਵਿਚ ਫੜ ਕੇ ਦੱਬਿਆ, ਆਪਣੀ ਖ਼ੁਸ਼ੀ ਵਖਾਈਆ । ਹੁਕਮ ਦਿਤਾ ਤੇਰਾ ਮਮਤਾ ਵਾਲਾ ਪੈਂਡਾ ਲੱਦਿਆ, ਤੈਨੂੰ ਬਖ਼ਸ਼ਾਂ ਇਕ ਸਰਨਾਈਆ । ਉਹ ਵੇਖ ਕਲਜੁਗ ਅੰਤ ਆਉਂਦਾ ਭੱਜਿਆ, ਭੱਜੇ ਵਾਹੋ ਦਾਹੀਆ । ਜਿਸ ਵੇਲੇ ਕਿਸੇ ਦੀ ਰੱਖੇ ਕੋਈ ਨਾ ਲੱਜਿਆ, ਸਿਰ ਹੱਥ ਨਾ ਸਕੇ ਟਿਕਾਈਆ । ਉਸ ਵੇਲੇ ਮੈਂ ਆਵਾਂ ਮੇਰੇ ਨਾਲ ਹੋਵੇ ਪੁਰਖ ਸਮਰਥਿਆ, ਦੀਨ ਦਿਆਲਾ ਅਗੰਮ ਅਥਾਹੀਆ । ਤੈਨੂੰ ਆਪਣੇ ਗੁਰਮੁਖਾਂ ਦਾ ਬਣਾਵਾਂ ਸਕਿਆ, ਸੱਜਣਾ ਸੱਜਣ ਦਿਆਂ ਮਿਲਾਈਆ । ਸੀਸ ਦੀ ਧਾਰ ਉਤੇ ਸਰੋਪਾ ਦੇਵਾਂ ਇਹੋ ਲਾਹਾ ਰੁਪਈਏ ਤੂੰ ਖੱਟਿਆ, ਗੁਰਮੁਖ ਮੇਲਾ ਮੇਲਾਂ ਸਹਿਜ ਸੁਭਾਈਆ । ਰੁਪਈਆ ਖ਼ੁਸ਼ੀਆਂ ਦੇ ਵਿਚ ਟੱਪਿਆ, ਗੋਬਿੰਦ ਚਰਨ ਕਵਲ ਨੌ ਵਾਰੀ ਸੀਸ ਝੁਕਾਈਆ । ਫੇਰ ਟੇਕਿਆ ਮੱਥਿਆ, ਮਸਤਕ ਧੂੜੀ ਖ਼ਾਕ ਰਮਾਈਆ । ਜਿਸ ਵੇਲੇ ਸ੍ਰਿਸ਼ਟੀ ਹੋਣੀ ਜ਼ੀਰੋ ਬਟਿਆ, ਮਿਟੇ ਨਾਮ ਨਿਸ਼ਾਨ ਖ਼ੁਦਾਈਆ । ਕਿਸੇ ਦੀ ਕੀਮਤ ਰਹੇ ਨਾ ਟਕਿਆ, ਸ਼ਾਹ ਸੁਲਤਾਨ ਖ਼ਾਕ ਜਾਣ ਸਮਾਈਆ । ਮਾਛੂਵਾੜਾ ਫੇਰ ਧਾਮ ਸੁਹੰਜਣਾ ਹੋਵੇ ਵਡਿਆਈ ਦੇਵੇ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਗੁਰਮੁਖਾਂ ਦੀ ਧਾਰ, ਭਗਤਾਂ ਦਾ ਪਿਆਰ, ਗੁਰਸਿਖਾਂ ਦਾ ਉਧਾਰ, ਗੋਬਿੰਦ ਦੇ ਚਰਨਾਂ ਦੀ ਧੂੜੀ ਛਾਰ, ਸ਼ਹਿਨਸ਼ਾਹ ਸ਼ਾਹੀ ਧਾਰ ਵਿਚ ਲੇਖੇ ਲਾਈਆ । ਸੰਮਤ ਸ਼ਹਿਨਸ਼ਾਹੀ ਸੱਤ ਚੌਵੀ ਕੱਤਕ ਦਾ ਵਿਵਹਾਰ, ਇਹ ਰੁਪਈਆ ਸਤਿਗੁਰ ਗੋਬਿੰਦ ਗੋਬਿੰਦ ਸਤਿਗੁਰ ਸਤਿਗੁਰ ਗੋਬਿੰਦ ਦੇ ਦਵਾਰ, ਦਵਾਰਾ ਗੋਬਿੰਦ ਦਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਦਾ ਪੂਰਾ ਕਰ ਵਿਵਹਾਰ, ਧਰਨੀ ਧਰਤ ਧਵਲ ਧੌਲ ਪਾਏ ਸਾਰ, ਜਿਥੇ ਮੇਲ ਮਿਲਿਆ ਗੋਬਿੰਦ ਸੂਰੇ ਗੋਬਿੰਦ ਸਿੰਘ ਧੁਰਦਰਗਾਹੀ ਯਾਰ, ਯਾਰੜਾ ਸੱਥਰ ਬਿਨ ਨੀਰ ਵਹਾਏ ਅੱਥਰ, ਖ਼ੁਸ਼ੀਆਂ ਨਾਲ ਖ਼ੁਸ਼ੀਆਂ ਦਾ ਮਾਲਕ ਗਿਆ ਹੰਢਾਈਆ ।



੧੫੬੯ ੨੨

ਸਤਿਗੁਰ ਗੁਰ ਗੋਬਿੰਦ ਗੋਬਿੰਦ ਸਿੰਘ ਧਰਮ ਧਾਰ ਦਾ ਬਾਣਾ, ਬਾਣ ਅਣਿਆਲਾ ਤੀਰ ਚਲਾਈਆ । ਜਿਸ ਨੂੰ ਮਨਜ਼ੂਰ ਕਰੇ ਕਬੂਲ ਕਰੇ ਧੁਰ ਦਾ ਰਾਣਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਨੇ ਆਦਿ ਅੰਤ ਜੁਗਾ ਜੁਗੰਤ ਆਪਣਾ ਭਾਣਾ ਵਰਤਾਣਾ, ਨਾ ਕੋਈ ਮੇਟੇ ਨਾ ਮੇਟ ਮਿਟਾਈਆ । ਗੋਬਿੰਦ ਗੋਬਿੰਦ ਗੋਬਿੰਦ ਸਦਾ ਸੰਗ ਰਖਣਾ ਏਥੇ ਉਥੇ ਦੋ ਜਹਾਨਾਂ, ਵਿਛੜ ਕਦੇ ਨਾ ਜਾਈਆ । ਪੀਲਾ ਬਸਤਰ ਕਹੇ ਮੇਰਾ ਪਰਮ ਪੁਰਖ ਸੁਲਤਾਨਾ, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਈਆ । ਗੋਬਿੰਦ ਦੇ ਪਿਆਰਿਆਂ ਫਿਰ ਸੀਸ ਇਹ ਟਿਕਾਉਣਾ, ਜੋ ਗੋਬਿੰਦ ਨਾਲ ਮਿਲ ਕੇ ਗੋਬਿੰਦ ਰੂਪ ਸਮਾਈਆ । ਅੱਗੇ ਵਾਸਤੇ ਚੁਰਾਸੀ ਵਿਚੋਂ ਮੁਕ ਜਾਏ ਆਣਾ ਜਾਣਾ, ਸਚਖੰਡ ਵਿਚ ਪ੍ਰਭ ਜੋਤ ਵਿਚ ਮਿਲ ਕੇ ਪ੍ਰਭ ਦਾ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦੀ ਦਇਆ ਲੋਕਮਾਤ ਸਤਿਗੁਰ ਸ਼ਬਦ ਗੋਬਿੰਦ ਹੋ ਕੇ ਗੁਰਸਿਖਾਂ ਉਤੇ ਕਮਾਈਆ ।

✪ ੨੪ ਕੱਤਕ ਸ਼ਹਿਨਸ਼ਾਹੀ ਸੰਮਤ ੭ ਜਗੀਰ ਸਿੰਘ, ਪ੍ਰੀਤਮ ਸਿੰਘ ਤੇ ਸਰਜੀਤਮ ਸਿੰਘ ਰਾਜੋ ਮਾਜਰਾ, ਸਰੂਪ ਕੌਰ ਗੋਸਲਾਂ, ਬਚਨ ਸਿੰਘ ਧਿਆਨਪੁਰ, ਭਜਨ ਸਿੰਘ ਸ਼ੇਖ਼ੂਪੁਰ, ਮਿਹਰ ਸਿੰਘ ਸ਼ੇਖ਼ੂ ਪੁਰ, ਪਿਆਰਾ ਸਿੰਘ ਲਖਨੌਰ, ਨੱਥਾ ਸਿੰਘ ਬੜਹੇੜੀ, ਅਮਰ ਚੰਦ ਪੰਜਕੋਹਾ, ਪ੍ਰਿਥੀ ਸਿੰਘ ਚੰਡੀਗੜ੍ਹ, ਸੰਤ ਸਿੰਘ ਤੇ ਗੁਰਦੇਵ ਸਿੰਘ ਮਾਣਕ ਪੁਰ, ਵੀਰ ਸਿੰਘ ਤੇ ਜੇਠਾ ਸਿੰਘ ਬਠਲਾਣਾ, ਸੁਰਜੀਤ ਸਿੰਘ ਤੇ ਗੁਰਦੇਵ ਸਿੰਘ ਘੜੂੰਆ, ਪਿਆਰਾ ਸਿੰਘ ਰਾਜ ਪੁਰਾ, ਸੁਰਜੀਤ ਸਿੰਘ ਤੇ ਗੁਰਸ਼ਰਨ ਸਿੰਘ ਨੰਗਲ ਟਾਉਨ, ਜੁਗਿੰਦਰ ਸਿੰਘ ਲੋਟੇ ਕਲੋਨੀ, ਗੁਰਨਾਮ ਸਿੰਘ ਜਨੇਤਪੁਰ, ਸੇਵਾ ਸਿੰਘ ਖਰੜ, ਸੁਰਿੰਦਰ ਕੌਰ ਪੰਜੌਰ, ਸਵਰਨ ਸਿੰਘ ਬਰਕਤ ਪੁਰ, ਹਜ਼ਾਰਾ ਸਿੰਘ ਚੂਨੀ ਕਲਾਂ, ਸੁਰਜੀਤ ਸਿੰਘ ਜਗਤ ਪੁਰ, ਗੁਰਦੇਵ ਕੌਰ ਬਸੀ, ਹਰਬੰਸ ਕੌਰ ਮੋਰਿੰਡਾ, ਰੰਗੀਲ ਪੁਰ ਜ਼ਿਲਾ ਰੋਪੜ ✪

ਸਤਿਗੁਰ ਸ਼ਬਦ ਕਹੇ ਸੁਣੋ ਸੰਦੇਸ਼ਾ ਤੇਈ ਅਵਤਾਰ, ਪੈਗ਼ੰਬਰਾਂ ਲੈਣਾਂ ਨਾਲ ਮਿਲਾਈਆ । ਤਕਣਾ ਖੇਲ ਸੱਚੀ ਸਰਕਾਰ, ਜੋ ਹਰਿ ਕਰਤਾ ਆਪ ਕਰਾਈਆ । ਪੂਰਬ ਪਿਛਲੀ ਪਾਵੇ ਸਾਰ, ਮਹਾਂਸਾਰਥੀ ਆਪਣੀ ਕਲ ਪਰਗਟਾਈਆ । ਜੋ ਸੰਦੇਸ਼ਾ ਦੇਂਦਾ ਰਿਹਾ ਵਾਰੋ ਵਾਰ, ਨਿਰਗੁਣ ਸਰਗੁਣ ਆਪ ਜਣਾਈਆ । ਸੋ ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਆਪਣਾ ਹੁਕਮ ਵਰਤਾਈਆ । ਜੋਤੀ ਜਾਤਾ ਪੁਰਖ ਬਿਧਾਤਾ ਪਰਗਟ ਹੋ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਲਏ ਜਗਾਈਆ । ਜਿਸ ਨੂੰ ਕਹਿ ਕੇ ਆਏ ਨਿਹਕਲੰਕ ਲਏ ਅਵਤਾਰ, ਅਮਾਮ ਅਮਾਮਾ ਨੂਰ ਅਲਾਹੀਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਅੰਤਰਜਾਮੀ ਸਭ ਦੀ ਪਾਏ ਸਾਰ, ਲੱਖ ਚੁਰਾਸੀ ਨੌਂ ਦਸ ਯਾਰਾਂ ਬੀਸ ਤੀਸ ਚਾਰ ਲੱਖ ਵੇਖ ਵਖਾਈਆ । ਆਪਣਾ ਆਪਣਾ ਲਹਿਣਾ ਦੇਣਾ ਕਰਜ਼ ਵੇਖੇ ਉਧਾਰ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਅਹਿਦਨਾਮੇ ਕੌਲ ਇਕਰਾਰ ਤਕੋ ਜਿਸ ਵਿਚ ਕਰੇ ਨਾ ਕੋਇ ਤਕਰਾਰ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ

ਆਪ ਵਰਤਾਈਆ । ਤੇਈ ਅਵਤਾਰ ਕਹਿਣ ਸਤਿਗੁਰ ਸ਼ਬਦ ਦੱਸੀਏ ਕੀ ਕਹਾਣੀ, ਕਥਨੀ ਕਥ ਸਕੇ ਨਾ ਰਾਈਆ । ਅਸਾਂ ਭੇਵ ਖੁਲ੍ਹਾਇਆ ਸ਼ਾਸਤਰ ਸਿਮਰਤ ਵੇਦ ਪੁਰਾਨੀ, ਗੀਤਾ ਗਿਆਨ ਨਾਲ ਮਿਲਾਈਆ । ਪੈਗ਼ੰਬਰ ਕਹਿਣ ਪੜਦਾ ਲਾਹਿਆ ਅੰਜੀਲ ਕੁਰਾਨੀ, ਬਾਈਬਲ ਤੁਰੈਤ ਸੰਗ ਬਣਾਈਆ । ਕੀ ਦੱਸੀਏ ਜਿਧਰ ਤਕੀਏ ਝਗੜਾ ਜਿਸਮ ਜਿਸਮਾਨੀ, ਜ਼ਾਹਰ ਜ਼ਹੂਰ ਨਜ਼ਰ ਕਿਸੇ ਨਾ ਆਈਆ । ਸਭ ਦੀ ਅੰਤਮ ਜੂਹ ਦਿਸੇ ਬੇਗ਼ਾਨੀ, ਮਾਲਕ ਹੱਕ ਨਾ ਕੋਇ ਬਣਾਈਆ । ਸਾਡੇ ਅੰਤਰ ਨਿਰੰਤਰ ਆਈ ਪਰੇਸ਼ਾਨੀ, ਹੈਰਾਨੀ ਵਿਚ ਦਈਏ ਸੁਣਾਈਆ । ਜਿਸ ਨੂੰ ਮੰਨਿਆ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਅਗੰਮ ਅਥਾਹੀਆ । ਉਹ ਪਰਗਟ ਹੋਇਆ ਯੋਧਾ ਸੂਰਬੀਰ ਨੌਜਵਾਨੀ, ਮਰਦ ਮਰਦਾਨਾ ਵਡ ਵਡਿਆਈਆ । ਜਿਸ ਨੇ ਦੀਨ ਮਜ਼੍ਹਬ ਦੀ ਬਦਲ ਦੇਣੀ ਕਲਮਿਆਂ ਵਾਲੀ ਕਲਾਮੀ, ਕਾਇਨਾਤ ਇਕ ਪੈਗ਼ਾਮ ਦੇਵੇ ਚਾਈਂ ਚਾਈਆ । ਸਦੀ ਚੌਧਵੀਂ ਸਭ ਦੀ ਲਏ ਅੰਤ ਸਲਾਮੀ, ਸਮਰਥ ਆਪਣਾ ਹੁਕਮ ਵਰਤਾਈਆ । ਕਲਜੁਗ ਮੇਟਣੀ ਅੰਧੇਰੀ ਸ਼ਾਮੀ, ਸ਼ਮ੍ਹਾ ਨੂਰ ਜੋਤ ਕਰ ਰੁਸ਼ਨਾਈਆ । ਸਭ ਦਾ ਨਾਤਾ ਜੋੜਨਾ ਬਾਹਮੀ, ਆਤਮ ਪਰਮਾਤਮ ਆਪਣਾ ਰੰਗ ਰੰਗਾਈਆ । ਝਗੜਾ ਰਹਿਣ ਨਹੀਂ ਦੇਣਾ ਇਸਲਾਮੀ, ਇਸਮ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅਵਤਾਰ ਪੈਗ਼ੰਬਰ ਸਾਰੇ ਤਕਣ ਲੋਕਮਾਤ, ਜੋਤੀ ਧਾਰ ਧਿਆਨ ਲਗਾਈਆ । ਕੀ ਖੇਲ ਕਰੇ ਅਬਿਨਾਸ਼, ਅਬਿਨਾਸ਼ੀ ਕਰਤਾ ਬੇਪਰਵਾਹੀਆ । ਜਿਸ ਦੀ ਮੰਡਲ ਮੰਡਪ ਪਾਵੇ ਰਾਸ, ਗੋਪੀ ਕਾਹਨ ਖੇਲ ਖਿਲਾਈਆ । ਜਿਸ ਦੇ ਕਲਮੇ ਦੀ ਦਿਤੀ ਆਵਾਜ਼, ਅਜ਼ਾਂ ਇਕ ਜਣਾਈਆ । ਉਹ ਕੀ ਕਰੇ ਕਰਨੇਹਾਰ ਵਾਹਦ, ਵਾਇਦੇ ਸਭ ਦੇ ਪੂਰ ਕਰਾਈਆ । ਅਗਲਾ ਹੁਕਮ ਕਰੇ ਰਾਇਜ, ਰਾਜਾ ਪਰਜਾ ਇਕੋ ਰੰਗ ਰੰਗਾਈਆ । ਦੀਨ ਮਜ਼੍ਹਬ ਦਾ ਰਹਿਣ ਨਾ ਦੇਵੇ ਕੋਇ ਮੁਹਤਾਜ, ਨਾਮ ਦੀ ਮੁਫ਼ਲਸੀ ਸਾਰੀ ਦਏ ਮਿਟਾਈਆ । ਨਾਮ ਕਲਪਨਾ ਵਿਚ ਰਹੇ ਕੋਇ ਨਾ ਅਪਾਹਜ਼, ਲੰਗੜਾ ਲੂਲ੍ਹਾ ਰੂਪ ਨਾ ਕੋਇ ਦਰਸਾਈਆ । ਜਿਸ ਨੇ ਅਵਤਾਰਾਂ ਪੈਗ਼ੰਬਰਾਂ ਦਾ ਆਪੇ ਰਚ ਕੇ ਕਾਜ, ਲੇਖਾ ਸਭ ਦਾ ਝੋਲੀ ਪਾਈਆ । ਅੱਗੋਂ ਦੇ ਨਾ ਸਕੇ ਕੋਇ ਜਵਾਬ, ਜਵਾਬਤਲਬੀ ਵਿਚ ਸਾਰੇ ਸੀਸ ਨਿਵਾਈਆ । ਬਿਨਾ ਸੱਜਦਿਉਂ ਸਾਰੇ ਕਰਨ ਆਦਾਬ, ਬਿਨਾ ਕਦਮਾਂ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਗੁਰ ਦਸ ਲਾਹੋ ਪੜਦਾ, ਓਹਲਾ ਰਹਿਣ ਕੋਇ ਨਾ ਪਾਈਆ । ਵੇਖੋ ਖੇਲ ਚੋਟੀ ਜੜ੍ਹ ਦਾ, ਚੇਤਨ ਸਭ ਨੂੰ ਦੇਣਾ ਕਰਾਈਆ । ਰੂਪ ਤਕੋ ਨਰਾਇਣ ਨਰ ਦਾ, ਨਰ ਹਰਿ ਅਗੰਮ ਅਥਾਹੀਆ । ਜੋ ਭੇਵ ਖੁਲ੍ਹਾਏ ਸਾਚੇ ਘਰ ਦਾ, ਪੜਦਾ ਪੜਦਿਆਂ ਵਿਚੋਂ ਉਠਾਈਆ । ਨਾ ਜਨਮੇ ਨਾ ਕਦੇ ਮਰਦਾ, ਗੋਰ ਮੜ੍ਹੀ ਨਾ ਕਦੇ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਇਕੋ ਸ਼ਬਦ ਰਹੇ ਦੱਸ, ਪ੍ਰਭ ਨਾਮ ਨਾਮ ਵਡਿਆਈਆ । ਇਕੋ ਨੇਤਰ ਇਕੋ ਅੱਖ, ਇਕੋ ਨੈਣ ਜੋਤ ਰੁਸ਼ਨਾਈਆ । ਇਕੋ ਰੂਪ ਸਦਾ ਪ੍ਰਤਖ, ਜੁਗ ਜੁਗ ਆਪਣਾ ਵੇਸ ਵਟਾਈਆ । ਇਕੋ ਸਭ ਦਾ ਸਾਂਝਾ ਹੱਕ, ਵੱਖਰਾ ਜੁਜ਼ ਨਾ ਕੋਇ ਵੰਡਾਈਆ । ਇਕੋ ਮਾਰਗ ਲੈਣਾ ਤਕ, ਰਹਿਬਰ ਇਕੋ ਨਜ਼ਰੀ ਆਈਆ । ਇਕੋ ਖੇਲ ਪੁਰਖ ਸਮਰਥ, ਦੂਜਾ ਰੂਪ ਨਾ ਕੋਇ ਦਰਸਾਈਆ । ਅਵਤਾਰ ਪੈਗ਼ੰਬਰ ਸਾਰੇ ਪਉ ਨੱਠ, ਭੱਜੇ ਵਾਹੋ ਦਾਹੀਆ ।

ਮੇਲ ਮਿਲਾਵਾ ਹੋਵੇ ਮਾਲਵੇ ਦੇਸ਼ ਇਕੱਠ, ਪੁਰੀਆਂ ਲੋਆਂ ਚਰਨਾਂ ਹੇਠ ਦਬਾਈਆ । ਇਕੋ ਇਕ ਇਕ ਦਾ ਵੇਖਣਾ ਹੱਟ, ਵਣਜਾਰਾ ਵਣਜ ਦਏ ਕਰਾਈਆ । ਜਿਸ ਦਾ ਸਚ ਕਿਨਾਰਾ ਅਗੰਮੀ ਤਟ, ਨਈਆ ਨੌਕਾ ਨਾਮ ਚਲਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਰਾਮ ਬੇਟੇ ਦਸਰਥ, ਸੀਤਾ ਸਤਿ ਧਾਰ ਨਾਲ ਵਖਾਈਆ । ਧਰਮ ਦੇ ਸਾਥੀ ਜਿਨ੍ਹਾਂ ਦੇ ਡਾਂਗਾਂ ਫੜਾਈਆ ਹੱਥ, ਮੇਲ ਮਿਲਾਇਆ ਥਾਉਂ ਥਾਈਆ । ਜਿਨ੍ਹਾਂ ਤਿੰਨ ਵਾਰ ਰਾਮ ਦਾ ਰੋਕਿਆ ਸੀ ਰਥ, ਕੈਕਈ ਅੱਗੇ ਵਾਸਤਾ ਪਾਈਆ । ਨੌ ਵਾਰ ਜੋੜੇ ਸੀ ਹੱਥ, ਮਸਤਕ ਤਿਲਕ ਲਗਾ ਕੇ ਪਾਣੀ ਹੱਥਾਂ ਵਿਚ ਉਠਾਈਆ । ਨਾਲੇ ਗਾਇਆ ਪ੍ਰਭੂ ਦਾ ਜਸ, ਸਿਫ਼ਤਾਂ ਵਿਚ ਸਾਲਾਹੀਆ । ਨੌਂ ਕੋਸ ਰਾਮ ਦੇ ਨਾਲ ਗਏ ਸੀ ਨੱਸ, ਕਦਮ ਕਦਮ ਨਾਲ ਬਦਲਾਈਆ । ਫੇਰ ਸੀਤਾ ਬਦਲ ਕੇ ਅੱਖ, ਮਿਹਰ ਨਿਗਾਹ ਟਿਕਾਈਆ । ਰਾਮ ਨੂੰ ਕਿਹਾ ਝਟ, ਹਲੂਣੇ ਨਾਲ ਹਿਲਾਈਆ । ਇਹ ਕੀ ਕਹਿੰਦੇ ਸਚ, ਦਰ ਤੇਰੇ ਸੀਸ ਨਿਵਾਈਆ । ਝਟ ਰਾਮ ਉਨ੍ਹਾਂ ਦੇ ਸੀਸ ਹੱਥ ਦਿਤਾ ਰੱਖ, ਨੇਤਰ ਨੈਣ ਬੰਦ ਕਰਾਈਆ । ਔਹ ਕਲਜੁਗ ਤਕੋ ਪੁਰਖ ਅਕਾਲ ਦਾ ਰੂਪ ਤਕੋ ਪ੍ਰਤਖ, ਜੋ ਰਾਮ ਦਾ ਰਾਮ ਨਜ਼ਰੀ ਆਈਆ । ਤੁਹਾਡਾ ਲਹਿਣਾ ਦੇਣਾ ਗੋਬਿੰਦ ਨਾਲ ਪੂਰਾ ਕਰੇ ਝਟ, ਚਾਰ ਜੁਗ ਦਾ ਮਾਲਕ ਭੁੱਲ ਕਦੇ ਨਾ ਜਾਈਆ । ਵਸਤ ਧੁਰ ਦੀ ਦੇ ਕੇ ਵਥ, ਰਾਮ ਰਾਮ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਸੀਤਾ ਦੇ ਧਰਮ ਦੇ ਸਾਥੀ ਤਿੰਨੇ ਮੋੜੇ, ਘਰਾਂ ਵੱਲ ਘਲਾਈਆ । ਉਸ ਵੇਲੇ ਰਾਮ ਨੇ ਹੱਥ ਰੱਖਿਆ ਸੀ ਕਾਇਆ ਦੇ ਭਾਂਡੇ ਮਾਟੀ ਕੋਰੇ, ਘੜਾ ਕੁੰਭ ਖ਼ਾਕ ਵਾਲਾ ਨਜ਼ਰੀ ਆਈਆ । ਮਿਸਰੀ ਦਾ ਕੁੱਜਾ ਰੱਖ ਕੇ ਧੁਰ ਦੇ ਰਾਮ ਅੱਗੇ ਹੱਥ ਜੋੜੇ, ਜਨ ਭਗਤਾਂ ਦਾ ਸਗਣ ਤੇਰੀ ਝੋਲੀ ਪਾਈਆ । ਅੱਗੇ ਸਾਥ ਰਹਿਣ ਨਹੀਂ ਦੇਣਾ ਰਥ ਹਾਥੀ ਘੋੜੇ, ਸ਼ਾਹੀ ਲਸ਼ਕਰ ਨਾ ਸੰਗ ਨਿਭਾਈਆ । ਤੇਰਾ ਖਾਣਾ ਦਿਤਾ ਭੋਰੇ ਭੋਰੇ, ਪਹਿਲੇ ਦਿਨ ਰਾਮ ਨੇ ਸਵਾ ਸੇਰ ਆਟਾ ਗੁੰਨ੍ਹ ਕੇ ਸਭ ਨੂੰ ਦਿਤਾ ਖਵਾਈਆ । ਫੇਰ ਹੱਸ ਕੇ ਕਿਹਾ ਕਲਜੁਗ ਅੰਤਮ ਸਭ ਨੂੰ ਪੈਣੀ ਲੋੜੇ, ਚਾਰੋਂ ਕੁੰਟ ਵੇਖ ਵਖਾਈਆ । ਜਿਸ ਵੇਲੇ ਸੱਸੇ ਉਪਰ ਲੱਗੇ ਹੋੜੇ, ਹਾਹੇ ਟਿੱਪੀ ਹੰ ਰੂਪ ਜਣਾਈਆ । ਕੋਟਾਂ ਵਿਚੋਂ ਭਗਤ ਸੁਹੇਲੇ ਦਿਸਣੇ ਥੋੜੇ, ਗਿਣਤੀ ਗਣਤ ਨਾ ਕੋਇ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਆਟਾ ਕਹੇ ਮੇਰੀ ਸਵਾ ਸੇਰ ਦੀ ਧਾਰ, ਸੰਮਤ ਸੋਲਾਂ ਤੋਂ ਚਲੀ ਆਈਆ । ਹੁਣ ਸ੍ਰਿਸ਼ਟੀ ਹੋਣੀ ਖੁਆਰ, ਨੌਂ ਖੰਡ ਪ੍ਰਿਥਮੀ ਸਾਰ ਕੋਇ ਨਾ ਪਾਈਆ । ਚਾਰੋਂ ਕੁੰਟ ਹਾਹਾਕਾਰ, ਧੀਰਜ ਧੀਰ ਨਾ ਕੋਇ ਰਖਾਈਆ । ਕਿਸੇ ਮਿਲੇ ਨਾ ਕੋਇ ਸਹਾਰ, ਭੁੱਖੀ ਮਰੇ ਖ਼ਲਕ ਖ਼ੁਦਾਈਆ । ਮੈਨੂੰ ਪ੍ਰਭ ਨੇ ਤੁਹਾਡੇ ਦਰ ਤੇ ਕੀਤਾ ਤਿਆਰ, ਪਾਣੀ ਵਿਚ ਮਿਲਾ ਕੇ ਦਿਤੀ ਵਡਿਆਈਆ । ਮੈਂ ਹੋਇਆ ਖ਼ਬਰਦਾਰ, ਸੁੱਤੇ ਲਈ ਅੰਗੜਾਈਆ । ਤੱਕਿਆ ਖੇਲ ਸੱਚੀ ਸਰਕਾਰ, ਜੋ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਸਵਾ ਸੇਰ ਕਹੇ ਮੈਂ ਭੰਡਾਰਾ ਵੱਡਾ, ਵੱਡਿਆਂ ਨਿੱਕਿਆਂ ਦਿਆਂ ਜਣਾਈਆ । ਜਨ ਭਗਤਾਂ ਸੰਗ ਕਦੇ ਨਾ ਛੱਡਾਂ, ਇਕ ਇਕ ਨੂੰ ਮਿਲਾਂ ਚਾਈਂ ਚਾਈਂਆ । ਹੁਕਮੇ ਅੰਦਰ ਫਿਰਾਂ ਬੱਧਾ, ਜੰਗਲ ਜੂਹ ਭੱਜਾਂ ਵਾਹੋ ਦਾਹੀਆ । ਜਿਧਰੋਂ ਮੇਰੇ ਸਾਹਿਬ ਦਾ ਆਵੇ ਸੱਦਾ, ਸੁਣ ਕੇ ਆਪਣੀ ਖ਼ੁਸ਼ੀ ਬਣਾਈਆ । ਜਿਸ ਦੀ ਸਮਝੇ ਕੋਇ ਨਾ

੧੫੭੨ ੨੨

ਵਜਹ, ਵਜੂਹਾਤ ਨਾ ਕੋਇ ਦ੍ਰਿੜਾਈਆ । ਸਵਾ ਸੇਰ ਕਹੇ ਜਿਸ ਵੇਲੇ ਮਾਛੂਵਾੜੇ ਗੋਬਿੰਦ ਨੇ ਪਹਿਲੇ ਦਿਨ ਖਾਧਾ, ਪਰਸਾਦਾ ਸਵਾ ਸੇਰ ਗੁੰਨ੍ਹ ਕੇ ਅਤੁਟ ਲੰਗਰ ਦਿਤਾ ਬਣਾਈਆ । ਮੇਰਾ ਉਸੇ ਦਿਨ ਤੋਂ ਹੋਇਆ ਵਾਧਾ, ਵਾਇਦੇ ਨਾਲ ਦਿਆਂ ਦ੍ਰਿੜਾਈਆ । ਬਿਨਾ ਭਗਤਾਂ ਤੋਂ ਸਚ ਘਰ ਲਏ ਕੋਇ ਨਾ ਫ਼ਾਇਦਾ, ਨੁਕਸਾਨ ਵਿਚ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਸੇਵਾ ਇਕ ਲਗਾਈਆ । ਘੜਾ ਕਹੇ ਮੈਂ ਮਾਟੀ ਦਾ ਭਾਂਡਾ ਕੱਚਾ, ਜਗਤ ਕੱਚਿਆਂ ਦਿਆਂ ਜਣਾਈਆ । ਬਿਨਾ ਪੁਰਖ ਅਕਾਲ ਤੋਂ ਹੋਰ ਕੋਈ ਨਹੀਂ ਸੱਚਾ, ਸਤਿਗੁਰ ਸ਼ਬਦ ਕਰੇ ਪੜ੍ਹਾਈਆ । ਜਿਸ ਦਾ ਆਦਿ ਅੰਤ ਦਾ ਇਕੋ ਟੱਪਾ, ਜਗਤ ਟਾਪੂਆਂ ਡੇਰਾ ਢਾਹੀਆ । ਜਿਸ ਦੀ ਜਾਣੇ ਕੋਇ ਨਾ ਸੱਤਾ, ਸਤਹ ਬੁਲੰਦੀ ਵੇਖਣ ਕੋਇ ਨਾ ਪਾਈਆ । ਉਸ ਦਾ ਪੜਦਾ ਲਾਹੇ ਕੋਇ ਨਾ ਰਤਾ, ਰੱਤੀ ਰਤ ਸਮਝ ਕਿਸੇ ਨਾ ਆਈਆ । ਉਹ ਕਲਜੁਗ ਅੰਤਮ ਖੇਲ ਕਰੇ ਯਥਾਰਥ ਯਥਾ, ਯਦੀ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਘੜਾ ਕਹੇ ਮੇਰਾ ਹਾਕਮ ਏਕੰਕਾਰ, ਦੂਜਾ ਅਵਰ ਨਾ ਕੋਇ ਜਣਾਈਆ । ਮੈਂ ਸੇਵਾ ਕਰਨੀ ਵਿਚ ਸੰਸਾਰ, ਭੱਜਾਂ ਵਾਹੋ ਦਾਹੀਆ । ਭਗਤਾਂ ਨਾਲ ਕਰਾਂ ਪਿਆਰ, ਨਾਤਾ ਮੁਹੱਬਤ ਵਾਲਾ ਜੁੜਾਈਆ । ਜਿਥੇ ਆਬ ਨਾ ਮਿਲੇ ਹੋਵੇ ਹਾਹਾਕਾਰ, ਉਥੇ ਗੁਰਮੁਖਾਂ ਦਿਆਂ ਰਜਾਈਆ । ਮੈਂ ਓਸ ਪ੍ਰਭੂ ਦਾ ਬਰਖ਼ੁਰਦਾਰ ਜਿਸ ਦਿਤੀ ਮਾਣ ਵਡਿਆਈਆ । ਮੇਰੀ ਪੁਨਹ ਪੁਨਹ ਨਿਮਸਕਾਰ, ਨਿਉਂ ਨਿਉਂ ਲਾਗਾ ਪਾਈਆ । ਮੈਂ ਯਾਰਾਂ ਦਿਨ ਵਖਰੀ ਵੱਖਰੀ ਕਰਦਾ ਰਿਹਾ ਕਾਰ, ਜੋ ਕਰਨੀ ਕਰਤਾ ਰਿਹਾ ਕਰਾਈਆ । ਅੰਤਮ ਮਾਲਵੇ

੧੫੭੩ ੧੫੭੩

ਵਾਲਿਓ ਤੁਹਾਨੂੰ ਕਰਾਂ ਨਿਮਸਕਾਰ, ਜਨ ਭਗਤੋ ਨਿਉਂ ਨਿਉਂ ਲਾਗਾਂ ਪਾਈਆ । ਮੇਰੇ ਮਿਹਰਵਾਨ ਮਹਿਬੂਬ ਜਿਨ੍ਹਾਂ ਦੇ ਸੀਸ ਰੱਖੀ ਗੁਰੂਆਂ ਦਸਤਾਰ,

੨੨ ੨੨

ਸਿਰ ਸਿਰ ਆਪਣਾ ਹੱਥ ਟਿਕਾਈਆ । ਅਵਤਾਰ ਪੈਗ਼ੰਬਰ ਗੁਰੂਆਂ ਹੋਣਾ ਖ਼ਬਰਦਾਰ, ਹਰਿ ਕਰਤਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਮਨਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਅਵੱਲਾ, ਜਗਤ ਸ਼ਾਸਤਰ ਕਹਿਣ ਕੋਇ ਨਾ ਪਾਈਆ । ਦੂਈ ਦਵੈਤੀ ਅੰਤ ਮੇਟਣਾ ਸੱਲਾ, ਸਲਲ ਹੋ ਕੇ ਵੇਖਾਂ ਚਾਈਂ ਚਾਈਂਆ । ਜਨ ਭਗਤਾਂ ਮੇਲ ਮਿਲਾਉਣਾ ਨਿਹਚਲ ਧਾਮ ਅਟੱਲਾ, ਸਚਖੰਡ ਸਾਚੇ ਜੋੜ ਜੁੜਾਈਆ । ਸ਼ਬਦ ਦੀ ਧਾਰ ਨਾਮ ਫੜਾ ਪੱਲਾ, ਪਲਕਾਂ ਦੇ ਪਿਛੇ ਆਪਣੀ ਗੰਢ ਪਵਾਈਆ । ਸਦੀ ਚੌਧਵੀਂ ਕਰਾਂ ਨਾ ਵਲ ਛਲਾ, ਅਛਲ ਛਲ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਇਕ ਇਕ ਦਾ ਪੂਰਾ ਹੋਇਆ ਵਕਤ, ਯਾਰਾਂ ਦਿਵਸ ਵੱਜੀ ਵਧਾਈਆ । ਹੁਣ ਖੇਲ ਵੇਖਣਾ ਜਗਤ, ਜਾਗਰਤ ਜੋਤ ਕਰ ਰੁਸ਼ਨਾਈਆ । ਲੇਖੇ ਲਾਉਣੇ ਧੁਰ ਦੇ ਭਗਤ, ਭਗਵਨ ਆਪਣੀ ਦਇਆ ਕਮਾਈਆ । ਜੋ ਮਾਲਕ ਖ਼ਾਲਕ ਵਾਲੀ ਅਰਸ਼ ਫ਼ਰਸ਼, ਲਹਿਣੇ ਦਏ ਚੁਕਾਈਆ । ਅੰਮ੍ਰਿਤ ਮੇਘ ਅਗੰਮਾ ਬਰਸ, ਅਗਨੀ ਤਤ ਤਤ ਬੁਝਾਈਆ । ਨਿਰਗੁਣ ਧਾਰ ਸਰਗੁਣ ਕਰ ਕੇ ਤਰਸ, ਰਹਿਮਤ ਸਚ ਕਮਾਈਆ । ਜੋਤੀ ਜਾਤਾ ਹੋ ਕੇ ਆਇਆ ਪਰਤ, ਪਤਿਪਰਮੇਸ਼ਵਰ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਹੁਕਮ ਆਪ ਵਰਤਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤਾਂ ਸੋਹੇ ਸੀਸ, ਸਿਰ ਸਰ ਮਿਲੇ ਵਡਿਆਈਆ ।

ਕਿਰਪਾ ਕਰੇ ਇਕ ਜਗਦੀਸ, ਜਾਗਰਤ ਜੋਤ ਡਗਮਗਾਈਆ । ਭਗਤ ਭਗਵਾਨ ਚਲਾਈ ਰੀਤ, ਧਰਮ ਦੀ ਭੇਟਾ ਭਗਤਾਂ ਅੱਗੇ ਰਖਾਈਆ । ਝਗੜਾ ਮੁਕਾ ਕੇ ਮੰਦਰ ਮਸੀਤ, ਕਾਇਆ ਕਾਅਬੇ ਕਰੀ ਰੁਸ਼ਨਾਈਆ । ਜਗਤ ਧਾਰੋਂ ਕਰ ਅਤੀਤ, ਤ੍ਰੈਭਵਨ ਧਨੀ ਆਪਣਾ ਰੰਗ ਰੰਗਾਈਆ । ਗੁਰਮੁਖਾਂ ਸਦਾ ਬਣੀ ਰਹੇ ਪ੍ਰੀਤ, ਪ੍ਰੀਤਮ ਮਿਲ ਕੇ ਵੱਜੇ ਵਧਾਈਆ । ਮਾਨਸ ਜਨਮ ਲੈਣਾ ਜਗ ਜੀਤ, ਚੁਰਾਸੀ ਫਾਸੀ ਲੇਖਾ ਰਹੇ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਸੁਹਾਗੀ ਗਾਉਣਾ ਗੀਤ, ਗੋਬਿੰਦ ਮੇਲਾ ਸਹਿਜ ਸੁਭਾਈਆ । ਪੁਰਖ ਅਕਾਲਾ ਵਸੇ ਚੀਤ, ਚਿਤਵਿਤ ਠਗੌਰੀ ਕੋਇ ਨਾ ਪਾਈਆ । ਸਦੀ ਚੌਧਵੀਂ ਜਾਣਾ ਬੀਤ, ਚਾਰ ਯਾਰ ਮੁਹੰਮਦ ਹੋਏ ਸਫ਼ਾਈਆ । ਈਸਾ ਲੇਖਾ ਰਹੇ ਨਾ ਬੀਚ, ਮੂਸਾ ਵੰਡ ਨਾ ਕੋਇ ਕਰਾਈਆ । ਪਰਵਰਦਿਗਾਰ ਸਾਂਝਾ ਯਾਰ ਸਾਚੀ ਦਏ ਕਰ ਤਰਤੀਬ, ਤਰਾ ਤਰਾ ਆਪ ਦ੍ਰਿੜਾਈਆ । ਸਭ ਦਾ ਵਕਤ ਪਹੁੰਚਿਆ ਕਰੀਬ, ਦੂਰ ਦੁਰਾਡਾ ਪੰਧ ਮੁਕਾਈਆ । ਕਲਜੁਗ ਅੰਤਮ ਖੇਲ ਵਰਤਣਾਂ ਅਜੀਬ, ਅਜਬ ਨਿਰਾਲਾ ਆਪ ਵਰਤਾਈਆ । ਜਿਸ ਲੇਖਾ ਮੁਕਾਉਣਾ ਸ਼ਾਹ ਗ਼ਰੀਬ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਹਿੰਦੂ ਮੁਸਲਿਮ ਸਿਖ ਈਸਾਈ ਬਚਿਆ ਰਹਿਣ ਕੋਇ ਨਾ ਪਾਈਆ । ਜਨ ਭਗਤ ਸੁਹੇਲੇ ਉਧਾਰਨੇ ਆਪਣੇ ਅਜ਼ੀਜ਼, ਆਜਜ਼ਾਂ ਹੋਏ ਸਹਾਈਆ । ਸਭ ਦੀ ਪੂਰੀ ਕਰੇ ਰੀਝ, ਮਨਸਾ ਮਨਸਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨਾਂ ਕਰੇ ਇਕ ਤਾਕੀਦ, ਤਾਈਦ ਸ਼ਬਦ ਗੁਰੂ ਜਣਾਈਆ ।



੧੫੭੪ ੨੨

### ੧ ਮੱਘਰ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ

ਮੁਹੰਮਦ ਕਹੇ ਨੀ ਚੌਧਵੀਂ ਸਦੀ, ਸਦਾ ਦੇਵਾਂ ਧੁਰਦਰਗਾਹੀਆ । ਕਮਲੀ ਆਵੀਂ ਪੈਰ ਦੱਬੀ, ਕਦਮ ਆਹਟ ਨਾ ਕੋਇ ਸੁਣਾਈਆ । ਸ਼ਰਅ ਦੀ ਮੂਲ ਰਹੀਂ ਨਾ ਲਬੀ, ਲਾਲਚ ਮੋਹ ਦੇਣਾ ਤਜਾਈਆ । ਪਲੂ ਛੁਡਾਉਂਦੇ ਜਾਂਦੇ ਨਬੀ, ਰਸੂਲ ਰਸਮ ਪੂਰ ਕਰਾਈਆ । ਉਹ ਤਕ ਨੂਰ ਨੁਰਾਨਾ ਜੋਤ ਰੱਬੀ, ਪਰਵਰਦਿਗਾਰ ਬੇਪਰਵਾਹੀਆ । ਜਿਹੜਾ ਪ੍ਰਗਟ ਹੁੰਦਾ ਕਦੀ ਕਦੀ, ਕਦੀਮ ਦਾ ਮਾਲਕ ਇਕ ਅਖਵਾਈਆ । ਜਿਸ ਦਾ ਕਲਮਾ ਵਹਿਣ ਨੂਹ ਨਦੀ, ਵਹਿਣਾਂ ਤੋਂ ਬਾਹਰ ਧਾਰ ਵਹਾਈਆ । ਸੋ ਸੰਦੇਸ਼ਾ ਦੇਵਣ ਵਾਲਾ ਅਭੀ, ਧੁਰ ਫਰਮਾਣਾ ਆਪ ਜਣਾਈਆ । ਜਗਤ ਜਹਾਨ ਉਮਤ ਲੜਾਉਣੀ ਨਹੀਂ ਲੱਡੀ, ਮੁਹੱਬਤ ਕੂੜ ਨਾ ਕੋਇ ਬਣਾਈਆ । ਮਕਬਰਿਆਂ ਵਿਚ ਤਕ ਰੋਵੇ ਸਭ ਦੀ ਪਸਲੀ ਹੱਡੀ, ਨਾੜੀ ਨਾੜੀ ਰਹੀ ਕੁਰਲਾਈਆ । ਜਾਗਰਤ ਜੋਤ ਬਿਨ ਵਰਨ ਗੋਤ ਇਕੋ ਜਗੀ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੁਹੰਮਦਾ ਮੇਰੇ ਨਾਲ ਹੋ ਜਾ ਸਹਿਮਤ, ਸਹਿਮ ਰਹੇ ਨਾ ਰਾਈਆ । ਪਰਵਰਦਿਗਾਰ ਕਰੇ ਰਹਿਮਤ, ਰਹੀਮ ਵੇਖ ਵਖਾਈਆ । ਮੇਰੀ ਕਾਲੀ ਧਾਰ ਵੇਖੇ ਤਹਿਮਤ, ਤੁਹਮਤ ਅਵਰ ਨਾ ਕੋਇ ਜਣਾਈਆ । ਮੇਰੀ ਲੇਖੇ ਲਾਵੇ ਮਿਹਨਤ, ਜੋ ਦਰ ਦਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਮੁਹੰਮਦ ਕਹੇ ਸਦੀ ਚੌਧਵੀਂ ਬਿਨ ਨੈਣਾ ਮਾਰ ਝਾਤ, ਨੈਣ ਅੱਖ ਨਾ ਕੋਇ ਉਠਾਈਆ । ਕੀ ਖੇਲ ਵਖਾਵੇ

ਕਾਇਨਾਤ, ਦੀਨ ਦੁਨੀ ਭੇਵ ਚੁਕਾਈਆ । ਸ਼ਰਅ ਦਾ ਸ਼ਰਅ ਨਾਲੋਂ ਲੇਖਾ ਮੁਕੇ ਮਿਲੇ ਨਜਾਤ, ਨਿਜ ਆਪਣੀ ਕਾਰ ਕਮਾਈਆ । ਉਮਤ ਉਮਤੀ ਹੋਵੇ ਵਫ਼ਾਤ, ਵਫ਼ਾਦਾਰ ਨਜ਼ਰ ਕੋਇ ਨਾ ਆਈਆ । ਦਰੋਹੀ ਦਰੋਹੀ ਦਰੋਹੀ ਸਾਡਾ ਲੇਖਾ ਲਿਖਿਆ ਜਾਂਦਾ ਨਾਲ ਕਲਮ ਦਵਾਤ, ਕਾਗਜ਼ ਧਾਰ ਦਏ ਗਵਾਹੀਆ । ਚਾਰ ਯਾਰੀ ਰਹੇ ਨਾ ਸਾਥ, ਸਗਲਾ ਸੰਗ ਨਾ ਕੋਇ ਨਿਭਾਈਆ । ਆਹ ਤਕ ਓਹ ਤਕ ਨੂਰ ਜੋਤ ਪ੍ਰਕਾਸ਼, ਦੋ ਜਹਾਨਾਂ ਕਰੇ ਰੁਸ਼ਨਾਈਆ । ਮੇਰਾ ਗ਼ਰੂਬ ਹੋਣ ਵਾਲਾ ਆਫਤਾਬ, ਆਫ਼ਤ ਆਵੇ ਜਗਤ ਲੋਕਾਈਆ । ਜਿਸ ਮਹਿਬੂਬ ਨੇ ਬਖ਼ਸ਼ਿਆ ਖ਼ਤਾਬ, ਖ਼ਤੂਤ ਖ਼ਤ ਕਲਮੇ ਵਾਲੇ ਲਿਖਾਈਆ । ਦੱਸ ਮਹਿਬੂਬ ਵਿਚ ਇਕ ਮਹਿਰਾਬ, ਪਰਦਾ ਓਹਲਾ ਦਿਤਾ ਉਠਾਈਆ । ਸੱਯਦਾ ਦੱਸ ਰੋਜ਼ਾ ਨਿਮਾਜ਼, ਬਾਂਗ ਅਜ਼ਾਂ ਦਿਤੀ ਜਣਾਈਆ । ਉਹ ਬਦਲ ਕੇ ਆਪਣਾ ਸਵਾਂਗ, ਅਮਾਮ ਅਮਾਮਾ ਵੇਸ ਵਟਾਈਆ । ਸੋਈ ਸੋਈ ਉਠ ਉਠ ਜਾਗ, ਆਲਸ ਨਿੰਦਰਾ ਰਹੇ ਨਾ ਰਾਈਆ । ਜਿਸ ਨੇ ਦੀਨ ਦੁਨੀ ਦਾ ਬਦਲ ਦੇਣਾ ਸਮਾਜ, ਸਮਗਰੀ ਧੁਰ ਦੀ ਇਕ ਵਰਤਾਈਆ । ਸਭ ਨੂੰ ਦੇਣਾ ਪੈਣਾ ਪੱਤਰ ਤਿਆਗ, ਅੱਗੇ ਸੀਸ ਨਾ ਕੋਇ ਉਠਾਈਆ । ਹੁਕਮ ਸੰਦੇਸਾ ਸੁਣ ਲੈ ਜੋ ਦਰਗਾਹ ਸਾਚੀ ਵਿਚੋਂ ਆਵੇ ਆਜ, ਆਜਜ਼ ਹੋ ਕੇ ਸੀਸ ਨਿਵਾਈਆ । ਉਮਤ ਉਮਤੀ ਹੋ ਜਾਣਾ ਮੁਹਤਾਜ, ਸੀਸ ਹੱਥ ਨਾ ਕੋਇ ਰਖਾਈਆ । ਤੇਰੇ ਅੰਤ ਕੰਤ ਭਗਵੰਤ ਵੇਖਣਾ ਧੁਰ ਦਾ ਕਾਜ, ਕਰਨੀ ਕਰਤਾ ਕਾਰ ਕਮਾਈਆ । ਛੇਤੀ ਸੁਣ ਕੀ ਕਹੇ ਨਾਨਕ ਦੀ ਰਬਾਬ, ਜੋ ਤੂੰਹੀ ਤੂੰਹੀ ਰਾਗ ਸੁਣਾਈਆ । ਅੰਤ ਲੇਖਾ ਮੰਗੇ ਜਿਨ੍ਹਾਂ ਭੁੰਨ ਖਾਧਾ ਕਬਾਬ, ਕਬਰਾਂ ਵਿਚੋਂ ਮੁਰਦੇ ਦਏ ਹਿਲਾਈਆ । ਦੁਹਾਈ ਉਸ ਅੱਗੇ ਹੋਣਾ ਪਏ ਲਾਜਵਾਬ, ਨੇਤਰ ਨੈਣ ਅੱਖ ਸ਼ਰਮਾਈਆ । ਸਦੀ ਚੌਧਵੀਂ ਕਹੇ ਹਜ਼ਰਤਾ ਬਿਨ ਅੱਖਰਾਂ ਵਾਲੀ ਫੋਲ ਕਿਤਾਬ, ਜੋ ਬਿਨਾ ਕੁਤਬਖ਼ਾਨਿਆਂ ਟਿਕਾਈਆ । ਜਿਸ ਵਿਚ ਇਕੋ ਮਿੱਤਰ ਇਕ ਅਹਿਬਾਬ, ਸੱਜਣ ਸੈਣ ਇਕ ਹੋ ਆਈਆ । ਇਕੋ ਮਿੰਬਰ ਇਕ ਮਹਿਰਾਬ, ਮਹਿਬੂਬ ਇਕੋ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੁਹੰਮਦ ਪਿਛਲਾ ਲੇਖਾ ਵੇਖ ਕਦੀਮ, ਕੁਦਰਤ ਕਾਦਰ ਆਪ ਜਣਾਈਆ । ਜਿਸ ਦੀ ਕਰੇ ਨਾ ਕੋਇ ਤਰਮੀਮ, ਧਾਰਾ ਸਕੇ ਨਾ ਕੋਇ ਬਦਲਾਈਆ । ਜਿਸ ਦਾ ਮਾਲਕ ਆਲੀਸ਼ਾਨ ਅਜ਼ੀਮ, ਅਰਸ਼ ਫ਼ਰਸ਼ ਵੇਖ ਵਖਾਈਆ । ਜਿਸ ਨੇ ਅਲਿਫ਼ ਯੇ ਦੀ ਦਿਤੀ ਤਾਲੀਮ, ਤੁਲਬੇ ਪੈਗ਼ੰਬਰ ਲਏ ਪੜ੍ਹਾਈਆ । ਮਾਨਵ ਮਾਨਸ ਮਾਨੁਖ ਕਰ ਤਕਸੀਮ, ਹਿੱਸੇ ਜਗਤ ਵਾਲੇ ਵਖਾਈਆ । ਉਹ ਖੇਲ ਕਰੇ ਰਹੀਮ, ਰਹਿਮਤ ਹੱਕ ਕਮਾਈਆ । ਪ੍ਰਗਟ ਹੋ ਕੇ ਉਤੇ ਜ਼ਮੀਨ, ਜ਼ਿਮੀਂ ਜਮਾਂ ਵੇਖ ਵਖਾਈਆ । ਜਿਸ ਦੀ ਧਾਰ ਸਦਾ ਮਹੀਨ, ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵਡਾ ਵਡ ਵਡਿਆਈਆ । ਮੁਹੰਮਦ ਕਹੇ ਸਦੀ ਚੌਧਵੀਂ ਖੋਲ੍ਹ ਲੈ ਅੱਖਾਂ, ਆਖ਼ਰ ਦਿਆਂ ਦ੍ਰਿੜ੍ਹਾਈਆ । ਮਿੱਤਰ ਦਿਸੇ ਕੋਇ ਨਾ ਸਖ਼ਾ, ਸਗਲਾ ਸੰਗ ਨਾ ਕੋਇ ਨਿਭਾਈਆ । ਸੂਫ਼ੀ ਨਜ਼ਰ ਨਾ ਆਵੇ ਵਿਚੋਂ ਕੋਈ ਲੱਖਾਂ, ਮੁਰੀਦ ਮੁਰਸ਼ਦ ਮਿਲਣ ਕੋਇ ਨਾ ਪਾਈਆ । ਮੈਂ ਹੈਰਾਨ ਹੋ ਗਿਆ ਮੇਰੇ ਮਹਿਬੂਬ ਨੇ ਕਿਉਂ ਮਹਿੰਦੀ ਲਾਈ ਹੱਥਾਂ, ਰੰਗ ਲਾਲ ਗੁਲਾਲ ਚੜ੍ਹਾਈਆ । ਉਸ ਦੇ ਕਦਮ ਕਦਮਾਂ ਢੱਠਾਂ, ਕਦਮਬੋਸੀ ਕਰ ਕੇ ਖ਼ੁਸ਼ੀ ਮਨਾਈਆ । ਚਾਰੋਂ ਕੁੰਟ ਉਠ ਉਠ ਨੱਠਾਂ, ਭੱਜਾਂ ਵਾਹੋ ਦਾਹੀਆ । ਨੂਰ ਇਲਾਹੀ ਇਕੋ ਤਕਾਂ, ਤਕਵਾ ਆਪਣਾ ਇਕ ਸਮਝਾਈਆ । ਦੁਹਾਈ ਫਿਰਨੀ ਵਿਚ ਮਦੀਨਾ ਮੱਕਾ, ਕਾਅਬੇ

ਰਹੇ ਕੁਰਲਾਈਆ । ਉਹ ਵੇਖ ਮੂਸਾ ਮਾਰਦਾ ਧੱਕਾ, ਈਸਾ ਇਸ਼ਾਰੇ ਰਿਹਾ ਜਣਾਈਆ । ਮੇਰਾ ਵਾਅਦਾ ਕੌਲ ਇਕਰਾਰ ਹੋਇਆ ਪੱਕਾ, ਪਾਕ ਦਿਆਂ ਦ੍ਰਿੜਾਈਆ । ਸਭ ਦਾ ਲੇਖਾ ਮੁਕਣਾ ਇਕੱਠਾ, ਜੁਜ਼ ਵੰਡ ਨਾ ਕੋਇ ਵੰਡਾਈਆ । ਦੀਨ ਦੁਨੀ ਦੀ ਉਲਟੀ ਗਿੜਨੀ ਲੱਠਾ, ਚਾਰੋਂ ਕੁੰਟ ਕੁੰਟ ਭਵਾਈਆ । ਕਿਸੇ ਦਾ ਧੀਰਜ ਰਹੇ ਨਾ ਹੱਠਾ, ਸਤਿ ਵਿਚ ਨਾ ਕੋਇ ਸਮਾਈਆ । ਮੇਰਾ ਅੰਤਮ ਪੂਰਾ ਹੋਇਆ ਪਟਾ, ਸਦੀ ਚੌਧਵੀਂ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੁਹੰਮਦ ਮੇਰਾ ਤੇਰਾ ਪੂਰਾ ਹੋਵੇ ਅਰਸਾ, ਅਰਸ਼ੀ ਮਾਲਕ ਰਿਹਾ ਜਣਾਈਆ । ਤੇਰਾ ਲੇਖਾ ਲਿਖਿਆ ਸੀ ਗੋਬਿੰਦ ਕੰਢੇ ਉਤੇ ਸਰਸਾ, ਜਿਸ ਦੀ ਸਾਰ ਕੋਇ ਨਾ ਪਾਈਆ । ਅੰਤ ਖੇਲ ਹੋਣਾ ਅਰਸ਼ਾ ਫ਼ਰਸ਼ਾ, ਦੋ ਜਹਾਨਾਂ ਵੱਜੇ ਵਧਾਈਆ । ਸ਼ਹਿਨਸ਼ਾਹੀ ਸੰਮਤ ਹੋਵੇ ਬਰਸਾ, ਸੱਤ ਸਤਿ ਨਾਲ ਮਿਲਾਈਆ । ਤੇਰਾ ਪੂਰਬ ਲਾਹੁਣਾ ਕਰਜ਼ਾ, ਲੇਖਾ ਅਵਰ ਨਾ ਕੋਇ ਜਣਾਈਆ । ਪੈਗ਼ੰਬਰਾਂ ਪੂਰੀਆਂ ਹੋਣੀਆਂ ਗ਼ਰਜ਼ਾਂ, ਗ਼ਰਜ਼ ਸਭ ਦੀ ਵੇਖ ਵਖਾਈਆ । ਲੇਖੇ ਲਾਉਣੀਆਂ ਪਿਛਲੀਆਂ ਕੀਤੀਆਂ ਅਰਜ਼ਾਂ, ਹਰਫ਼ ਹਰੂਫ਼ ਵੇਖ ਵਖਾਈਆ । ਓਹਲਾ ਰਹਿਣ ਦੇਵੇ ਨਾ ਪਰਦਾ, ਪਰਦਾਨਸ਼ੀਂ ਖੇਲ ਖਿਲਾਈਆ । ਤੂੰ ਮਾਲਕ ਰਹਿਣਾ ਨਹੀਂ ਉਮਤ ਵਾਲੇ ਘਰ ਦਾ, ਗ੍ਰਿਹਿ ਵੰਡ ਨਾ ਕੋਇ ਵੰਡਾਈਆ । ਝਗੜਾ ਪੈਣਾ ਲਹਿੰਦਾ ਚੜ੍ਹਦਾ, ਮਸ਼ਰਕ ਮਗ਼ਰਬ ਖੇਲ ਖਿਲਾਈਆ । ਉਹ ਵੇਖ ਹਜ਼ਰਤ ਈਸਾ ਵਿਚ ਵੜਦਾ, ਹੁਕਮ ਆਪਣਾ ਰਿਹਾ ਜਣਾਈਆ । ਮੂਸਾ ਮੂਲ ਰਹੇ ਨਾ ਡਰਦਾ, ਨਿਰਗੁਣ ਧਾਰ ਲਏ ਅੰਗੜਾਈਆ । ਝਗੜਾ ਛਿੜਨਾ ਚੋਟੀ ਜੜ੍ਹ ਦਾ, ਚੇਤਨ ਵੇਖੇ ਥਾਉਂ ਥਾਈਂਆ । ਦੀਨ ਮੁਜ਼ਬ ਤਕਣਾ ਮਰਦਾ, ਮਰਜੀਵਤ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਮਾਲਕ ਖੇਲ ਖਿਲਾਈਆ । ਸਦੀ ਚੌਧਵੀਂ ਕਹੇ ਮੁਹੰਮਦ ਮੈਨੂੰ ਆਉਂਦਾ ਹਾਸਾ, ਹਸਤੀ ਤਕਾਂ ਬੇਪਰਵਾਹੀਆ । ਜਿਸ ਦਾ ਅਜਬ ਖੇਲ ਤਮਾਸ਼ਾ, ਤਮਾਸ਼ਬੀਨ ਹੋ ਕੇ ਵੇਖੇ ਚਾਈਂ ਚਾਈਂਆ । ਜੋ ਸਭ ਦੀਆਂ ਪੂਰੀਆਂ ਕਰੇ ਖ਼ਾਹਿਸ਼ਾਂ, ਨਿਰਾਸਾ ਰਹਿਣ ਕੋਇ ਨਾ ਪਾਈਆ । ਖੇਡਾਂ ਖੇਡੇ ਉਪਰ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਵੇਖ ਵਖਾਈਆ । ਬਿਨਾ ਗੋਪੀ ਕਾਹਨ ਤੋਂ ਪਾਵੇ ਰਾਸਾ, ਸ਼ਬਦੀ ਜੋਤੀ ਧਾਰ ਧਾਰ ਜਣਾਈਆ । ਜਿਹਦੀਆਂ ਚਾਰ ਜੁਗ ਦੀਨਾਂ ਮਜ਼੍ਹਬਾਂ ਵਾਲੀਆਂ ਸ਼ਾਖ਼ਾਂ, ਸ਼ਨਾਖ਼ਤ ਆਪਣੀ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮੁਹੰਮਦ ਮੇਰੇ ਕੋਲ ਕਾਲਾ ਕਫ਼ਨ, ਕਫ਼ਨੀ ਵਾਲਿਆ ਦਿਆਂ ਜਣਾਈਆ । ਪਰਵਰਦਿਗਾਰ ਸਭ ਨੂੰ ਆਵੇ ਮਥਣ, ਜਗਤ ਜਹਾਨ ਵੇਖ ਵਖਾਈਆ । ਦੀਨ ਦੁਨੀ ਦਿਸਦੀ ਖ਼ਾਲੀ ਹੱਥਣ, ਵਸਤ ਸਚ ਨਾ ਕੋਇ ਉਠਾਈਆ । ਚਾਰੋਂ ਕੁੰਟ ਦਿਸੇ ਰੱਟਣ, ਰੱਟਾ ਕੂੜ ਨਾ ਕੋਇ ਮੁਕਾਈਆ । ਪਰਵਰਦਿਗਾਰ ਸਾਂਝਾ ਯਾਰ ਸਭ ਦੀ ਜੜ੍ਹ ਆਵੇ ਪੱਟਣ, ਪਟਨੇ ਵਾਲਾ ਨਾਲ ਮਿਲਾਈਆ । ਜ਼ਿਮੀਂ ਅਸਮਾਨ ਲੱਗੇ ਫੱਟਣ, ਅੱਗੇ ਹੋ ਨਾ ਕੋਇ ਅਟਕਾਈਆ । ਜੋ ਵਸੇ ਘਟ ਘਟਣ, ਹਰਿ ਕਰਤਾ ਨੂਰ ਇਲਾਹੀਆ । ਉਹ ਸਭ ਦੀ ਨਈਆ ਸ਼ੌਹ ਦਰਿਆ ਲੱਗਾ ਸੱਟਣ, ਨੌਕਾ ਪਾਰ ਨਾ ਕੋਇ ਕਰਾਈਆ । ਜਿਸ ਨੇ ਸਭ ਨੂੰ ਕੀਤਾ ਬੇਵਤਨ, ਵਤਨਾਂ ਵਾਲਿਆਂ ਕਰੇ ਜੁਦਾਈਆ । ਮੇਰਾ ਅੰਤਮ ਅੰਤ ਅਖ਼ੀਰੀ ਪੱਤਨ, ਘਾਟ ਇਕੋ ਇਕ ਸਮਝਾਈਆ । ਮੈਨੂੰ ਮੁੱਲਾ ਸ਼ੇਖ਼ ਮੁਸਾਇਕ ਨਬੀ ਰਸੂਲ ਮੂਲ ਨਾ ਰੱਖਣ, ਸਗਲੀ ਗੰਢ ਨਾ ਕੋਇ ਪਵਾਈਆ । ਮੈਂ ਸਚ ਸੁਨੇਹੜਾ

ਆਈ ਦੱਸਣ, ਹੱਸ ਕੇ ਦਿਆਂ ਸੁਣਾਈਆ । ਕਿਸੇ ਦਾ ਚਲਣਾ ਨਹੀਂ ਕੋਈ ਯਤਨ, ਯਥਾਰਥ ਪਰਵਰਦਿਗਾਰ ਆਪਣਾ ਹੁਕਮ ਵਰਤਾਈਆ । ਸ਼ਰਅ ਦੀ ਡੋਰੀ ਆਇਆ ਕਟਣ, ਕਟਾਕਸ਼ ਆਪਣਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੁਹੰਮਦ ਕਹੇ ਮੇਰੇ ਬੇਪਰਵਾਹ, ਤੇਰੀ ਬੇਪਰਵਾਹੀਆ । ਸਦੀ ਚੌਧਵੀਂ ਕਹੇ ਨੂਰੀ ਹੱਕ ਖ਼ੁਦਾ, ਖ਼ੁਦ ਤੇਰੀ ਵਡ ਵਡਿਆਈਆ । ਕਿਉਂ ਕਰਨ ਲੱਗਾ ਜੁਦਾ, ਜੁਜ਼ ਹਿੱਸੇ ਵੰਡ ਵੰਡਾਈਆ । ਸਭ ਨੂੰ ਬਦਲਣ ਦੀ ਤੇਰੀ ਅਦਾ, ਆਦਿ ਜੁਗਾਦਿ ਜੁਗ ਚੌਕੜੀ ਚਲੀ ਆਈਆ । ਅੰਤ ਇਕ ਵਾਰੀ ਹੋ ਸਹਾ, ਸਿਰ ਆਪਣਾ ਹੱਥ ਟਿਕਾਈਆ । ਤਾਰਾ ਚੰਦ ਬਣੇ ਗਵਾਹ, ਸ਼ਹਾਦਤ ਇਕੋ ਇਕ ਭੁਗਤਾਈਆ । ਸਦੀ ਚੌਧਵੀਂ ਪੈਂਡਾ ਨਾ ਮੁਕਾ, ਮੁਕੰਮਲ ਆਪਣੀ ਦਇਆ ਕਮਾਈਆ । ਤੂੰ ਰੱਬੀ ਨੂਰ ਅਲਾਹ, ਆਲਮੀਨ ਤੇਰੀ ਸਰਨਾਈਆ । ਅੰਤ ਅਖ਼ੀਰ ਫੜ ਲੈ ਬਾਂਹ, ਬਾਜ਼ੂ ਆਪਣੇ ਨਾਲ ਬੰਧਾਈਆ । ਨਿਰਗੁਣ ਧਾਰ ਕਰ ਦੇ ਹਾਂ, ਹਾਂ ਹਾਂ ਵਿਚ ਮਿਲਾਈਆ । ਮੈਂ ਪੈਗ਼ੰਬਰਾਂ ਦਿਆਂ ਸੁਣਾ, ਸੰਦੇਸ਼ਾ ਧੁਰਦਰਗਾਹੀਆ । ਈਸਾ ਮੂਸਾ ਮੁਹੰਮਦ ਸਿਰ ਦਿਓ ਝੁਕਾ, ਨੇਤਰ ਨੈਣਾਂ ਨੀਰ ਵਹਾਈਆ । ਰਹਿਮਤ ਵਿਚ ਮੰਗੋ ਦੁਆ, ਦੋਏ ਦਸਤ ਖ਼ਾਲੀ ਆਪ ਵਖਾਈਆ । ਤੇਰੀ ਰਹਿਮਤ ਹੋਵੇ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਪਰਦਾ ਆਪ ਚੁਕਾਈਆ । ਪਰਵਰਦਿਗਾਰ ਕਹੇ ਸੁਣ ਮੁਹੰਮਦ ਰਸੂਲਾ, ਰਸਮ ਦਿਆਂ ਜਣਾਈਆ । ਸਦੀ ਚੌਧਵੀਂ ਸਭ ਕੁਛ ਕਰਨਾ ਪਏ ਕਬੂਲਾ, ਕਾਮਲ ਮੁਰਸ਼ਦ ਰਿਹਾ ਦ੍ਰਿੜਾਈਆ । ਮੇਰਾ ਬਦਲੇ ਨਾ ਕਦੇ ਅਸੂਲਾ, ਅਸਲੀਅਤ ਅਸਲ ਨਾਲ ਮਿਲਾਈਆ । ਚੌਦਾਂ ਸਦੀਆਂ ਦੋਹਾਂ ਨੂੰ ਦਿਤਾ ਝੂਲਾ, ਹੁਲਾਰਾ ਜਗਤ ਵਾਲਾ ਜਣਾਈਆ । ਅੱਗੇ ਹੁਕਮ ਮਿਲੇ ਮਾਕੂਲਾ, ਨਾ ਕੋਈ ਮੇਟੇ ਮੇਟ ਮਿਟਾਈਆ । ਤੁਹਾਡਾ ਮਹਿਬੂਬ ਇਕੋ ਇਕ ਦੂਲ੍ਹਾ, ਦੋ ਜਹਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੁਹੰਮਦ ਸੁਣ ਇਕ ਪੈਗ਼ਾਮ, ਕੀ ਪੈਗ਼ੰਬਰਾਂ ਰਿਹਾ ਜਣਾਈਆ । ਤੁਹਾਡੇ ਕਲਮੇ ਦੇ ਹੁੰਦਿਆਂ ਕਿਉਂ ਹੋਈ ਅੰਧੇਰੀ ਸ਼ਾਮ, ਸ਼ਮਾ ਨੂਰ ਜੋਤ ਨਾ ਕੋਇ ਰੁਸ਼ਨਾਈਆ । ਕਿਉਂ ਨਾ ਮੇਲ ਮਿਲਿਆ ਧੁਰ ਅਮਾਮ, ਅਮਾਮ ਅਮਾਮਾ ਵੇਖ ਵਖਾਈਆ । ਭਾਗ ਲੱਗਾ ਨਾ ਕਿਸੇ ਗਰਾਮ, ਨਗਰ ਖੇੜੇ ਵੱਜੇ ਨਾ ਕੋਇ ਵਧਾਈਆ । ਕੀ ਸ਼ਰਅ ਬਣਾਈ ਕੱਟ ਕੇ ਚਾਮ, ਚੰਮ ਦ੍ਰਿਸ਼ਟੀ ਨਾ ਕੋਇ ਭਵਾਈਆ । ਹੁਣ ਖੇਲ ਵੇਖੋ ਵਿਚ ਮੈਦਾਨ, ਮਕਬਰਿਆਂ ਦਾ ਡੇਰਾ ਢਾਹੀਆ । ਸ਼ਰਅ ਦੇ ਤਕੋ ਨਿਸ਼ਾਨ, ਤਾਰਾ ਚੰਦ ਨਾਲ ਮਿਲਾਈਆ । ਕੀ ਹੁਕਮ ਦੇਵੇ ਰਹਿਮਾਨ, ਰਹਿਮਤ ਆਪ ਕਮਾਈਆ । ਸਭ ਦਾ ਲੇਖਾ ਹੋਣਾ ਵਿਚ ਬੀਆਬਾਨ, ਜੰਗਲ ਜੂਹ ਵੇਖ ਕੁਰਲਾਈਆ । ਜਿਸ ਦੇ ਹੁਕਮ ਵਿਚ ਲਿਖਿਆ ਮਜੀਦ ਕੁਰਾਨ, ਕੁਰਹ ਕਾਇਆ ਧਿਆਨ ਲਗਾਈਆ । ਉਹ ਵੇਸ ਵਟਾਏ ਹੁਕਮਰਾਨ, ਧੁਰ ਦਾ ਮਾਲਕ ਰੂਪ ਇਲਾਹੀਆ । ਜਿਸ ਨੇ ਕਲਮੇ ਦਾ ਚੜ੍ਹਾਉਣਾ ਇਕ ਤੂਫ਼ਾਨ, ਤੋਬਾ ਤੋਬਾ ਕਰੇ ਲੋਕਾਈਆ । ਮੇਟ ਦੇਵੇ ਬੇਈਮਾਨ, ਕੂੜੀ ਕਿਰਿਆ ਡੇਰਾ ਢਾਹੀਆ । ਚਲ ਉਸ ਦੀ ਤਕੀਏ ਸ਼ਾਨ, ਜੋ ਸ਼ਹਿਨਸ਼ਾਹ ਇਕ ਇਲਾਹੀਆ । ਜਿਸ ਦਾ ਹੁਕਮ ਹੋਣਾ ਪਰਵਾਨ, ਪਰਵਾਨੇ ਬਣ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਇਕ ਅਖਵਾਈਆ । ਮੁਹੰਮਦ ਕਹੇ ਮੇਰੀ ਇਕੋ ਸੱਧਰ,

੧੫੭੮
੨੨

ਸਦ ਸਦ ਸਦ ਦਿਆਂ ਜਣਾਈਆ । ਸਭ ਦਾ ਲੇਖਾ ਹੋਵੇ ਪੱਧਰ, ਵੱਡਾ ਛੋਟਾ ਨਾ ਕੋਇ ਵਡਿਆਈਆ । ਮੇਰੀ ਅੰਤ ਖ਼ਾਹਿਸ਼ ਸਦੀ ਚੌਧਵੀਂ ਤੇਰੇ ਅੰਤ ਜ਼ਰੂਰ ਹੋਵੇ ਗ਼ਦਰ, ਝਗੜਾ ਤਕਾਂ ਥਾਉਂ ਥਾਈਂਆ । ਮੈਂ ਕਲਮਾ ਸੁਣਾਂ ਨਾਲ ਧੁਨ ਮਧੁਰ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਜਗਤ ਜਗਿਆਸੂ ਧਰਨੀ ਧਰਤ ਧਵਲ ਉਤੋਂ ਲੱਦਣ, ਭਾਰ ਆਪਣਾ (ਆਪ) ਉਠਾਈਆ । ਮੇਰਾ ਮਹਿਬੂਬ ਸਭ ਦੀ ਇਕੋ ਕਰ ਦੇਵੇ ਬੰਦਨ, ਬੰਦਗੀ ਬੰਦਿਆਂ ਬੰਦਿਆਂ ਵਾਲੀ ਸਮਝਾਈਆ । ਆਤਮ ਧਾਰ ਦਏ ਅਨੰਦਨ, ਅਨੰਦ ਅਨੰਦ ਵਿਚੋਂ ਪਰਗਟਾਈਆ । ਦੀਪਕ ਜੋਤੀ ਜੋਤ ਜਗਣ, ਨੂਰ ਨੂਰ ਕਰੇ ਰੁਸ਼ਨਾਈਆ । ਬਹੁੜੀ ਸਭ ਦੀ ਪਿੱਠ ਅੰਤਮ ਹੋਣੀ ਨਗਨ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਜਿਧਰ ਤਕਾਂ ਓਧਰ ਦਿਸੇ ਅਗਨ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮੇਰੇ ਪਰਵਰਦਿਗਾਰ ਸਾਂਝੇ ਯਾਰ ਸ਼ਰਅ ਵਾਲੇ ਰਹਿਣ ਨਹੀਂ ਦੇਣੇ ਬੰਧਨ, ਤਤ ਤਤਾਂ ਨਾਲ ਟਕਰਾਈਆ । ਜ਼ਰੂਰ ਹਜ਼ੂਰ ਸਭ ਦਾ ਕਰੇ ਆਪੇ ਵਜ਼ਨ, ਤੋਲ ਤੋਲੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਧੁਰ ਕਲਮਾ ਕਹੇ ਈਸਾ ਮੂਸਾ ਮੁਹੰਮਦ ਸਾਰੇ ਕਰੋ ਆਮੀਨਾ, ਮਿਲ ਕੇ ਦਿਓ ਜਣਾਈਆ । ਨਿਗਹ ਮਾਰੋ ਉਤੇ ਜ਼ਮੀਨਾ, ਧਰਨੀ ਧਰਤ ਧਵਲ ਧੌਲ ਖੋਜ ਖੁਜਾਈਆ । ਕਿਸੇ ਦਾ ਹੱਕ ਜਾਏ ਨਾ ਛੀਨਾ, ਹਕੂਕ ਸਭ ਦੇ ਵੇਖ ਵਖਾਈਆ । ਭਰੋਸੇ ਵਿਚ ਕਰੋ ਇਤਮੀਨਾਨ ਤਕੋ ਮੱਘਰ ਮਹੀਨਾ, ਜਗਤ ਜੁਗਤ ਜਣਾਈਆ । ਲੇਖਾ ਰਹੇ ਨਾ ਦੀਨ ਦੀਨਾ, ਦੀਨ ਦੁਨੀ ਖੋਜ ਖੁਜਾਈਆ । ਝਗੜਾ ਪੈਣਾ ਰੂਸਾ ਚੀਨਾ, ਰੁੱਸਿਆਂ ਸਕੇ ਨਾ ਕੋਇ ਮਨਾਈਆ । ਉਮਤ ਉਮਤੀ ਆਵੇ ਪਸੀਨਾ, ਹਵਾ ਪਵਣ ਠੰਡੀ ਨਾ ਕੋਇ ਵਖਾਈਆ । ਨਾਤਾ ਤੁਟਣਾ ਨਰ ਮਦੀਨਾ, ਸਗਲਾ ਸੰਗ ਨਾ ਕੋਇ ਰਖਾਈਆ । ਦੁਲਦੁਲ ਐਲੀ ਤਕੇ ਆਪਣੀ ਜ਼ੀਨਾ, ਪਾਖਰ ਤੰਗ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਧੁਰ ਦਾ ਹੁਕਮ ਅਗੰਮ ਅਥਾਹ, ਹਰਿ ਕਰਤਾ ਆਪ ਸੁਣਾਇੰਦਾ । ਸੰਦੇਸ਼ਾ ਦੇਵੇ ਬੇਪਰਵਾਹ, ਪਰਮ ਪੁਰਖ ਆਪ ਪਰਗਟਾਇੰਦਾ । ਅਵਤਾਰ ਪੈਗ਼ੰਬਰ ਕੱਠੇ ਹੋਵੋ ਆ, ਆਨਨ ਫ਼ਾਨਨ ਖੇਲ ਖਿਲਾਇੰਦਾ । ਸੰਦੇਸ਼ਾ ਸੁਣੋ ਨਾਲ ਚਾਅ, ਚਾਉ ਘਨੇਰਾ ਇਕ ਵਖਾਇੰਦਾ । ਸਚ ਦੱਸੋ ਕਿਸ ਦੀ ਫੜੋਗੇ ਬਾਂਹ, ਕਵਣ ਪਿਠ ਹੱਥ ਰਖਾਇੰਦਾ । ਸਾਰੇ ਬੈਠਣ ਸੀਸ ਨਿਵਾ, ਨੇਤਰ ਨੈਣ ਸ਼ਰਮਾਇੰਦਾ । ਜਿਉਂ ਭਾਵੇ ਤਿਉਂ ਚਲਾਉਣਾ ਆਪਣੀ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਤੇਰਾ ਅੰਤ ਕੋਇ ਨਾ ਆਇੰਦਾ । ਸਭ ਦਾ ਲੇਖਾ ਮੁਕਾ ਦੇ ਜਿਨ੍ਹਾਂ ਨੇ ਖਾਧਾ ਸੂਰ ਗਾਂ, ਗ਼ਰੀਬ ਨਿਮਾਣਿਆਂ ਵੇਖ ਵਖਾਈਆ । ਜਿਨ੍ਹਾਂ ਭੁੱਲਿਆ ਤੇਰਾ ਨਾਂ, ਦੋਜ਼ਖ਼ ਵਿਚ ਦੇਣੇ ਸੁਟਾਈਆ । ਧੁਰ ਦੇ ਮਾਲਕ ਡੇਰ ਮੂਲ ਨਾ ਲਾ, ਅੱਗੇ ਪੰਧ ਨਾ ਕੋਇ ਵਧਾਈਆ । ਸਭ ਦਾ ਲੇਖਾ ਪੂਰਾ ਦੇ ਕਰਾ, ਜੋ ਭਵਿਖਤਾਂ ਵਿਚ ਗਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸੁਣੋ ਹੁਕਮ ਹੁਕਮਰਾਨ, ਸੋ ਪੁਰਖ ਨਿਰੰਜਣ ਆਪ ਦ੍ਰਿੜਾਈਆ । ਜਿਸ ਨੂੰ ਝੁਕੇ ਦੋ ਜਹਾਨ, ਹਰਿ ਪੁਰਖ ਨਿਰੰਜਣ ਰਿਹਾ ਸੁਣਾਈਆ । ਜਿਸ ਦਾ ਇਕੋ ਇਕ ਨਿਸ਼ਾਨ, ਏਕੰਕਾਰ ਨੂਰ ਇਲਾਹੀਆ । ਜਿਸ ਦੀ ਕਰੇ ਨਾ ਕੋਇ ਪਹਿਚਾਨ, ਆਦਿ ਨਿਰੰਜਣ ਡਗਮਗਾਈਆ । ਜੋ ਮਾਲਕ ਖ਼ਾਲਕ ਦੋ ਜਹਾਨ, ਅਬਿਨਾਸ਼ੀ ਕਰਤਾ ਵਡ ਵਡਿਆਈਆ । ਜਿਸ ਦਾ ਖੇਲ ਸਦਾ ਮਹਾਨ, ਸ੍ਰੀ ਭਗਵਾਨ ਇਕ ਅਖਵਾਈਆ । ਜਿਸ ਨੂੰ ਝੁਕਦੇ

ਜ਼ਿਮੀਂ ਅਸਮਾਨ, ਪਾਰਬ੍ਰਹਮ ਪ੍ਰਭ ਆਪਣੀ ਕਾਰ ਭੁਗਤਾਈਆ । ਸੋ ਲੇਖਾ ਜਾਣੇ ਜੀਵ ਜਹਾਨ, ਜਾਗਰਤ ਜੋਤ ਕਰੇ ਰੁਸ਼ਨਾਈਆ । ਕਲਜੁਗ ਦੇਵੇ ਅੰਤਮ ਦਾਨ, ਦਾਤਾ ਦਾਨੀ ਦਇਆ ਕਮਾਈਆ । ਉਠ ਵੇਖ ਲੈ ਧੁਰ ਦੇ ਰਾਮ, ਸੀਤਾ ਰਾਮ ਨਾਲ ਮਿਲਾਈਆ । ਨਿਗਹ ਮਾਰ ਅਗੰਮੇ ਕਾਹਨ, ਕਾਹਨ ਬੰਸਰੀ ਕਰ ਸ਼ਨਵਾਈਆ । ਪਰਦਾ ਲਾਹ ਧੁਰ ਅਮਾਮ, ਪੈਗ਼ੰਬਰਾਂ ਨੂਰੇ ਚਸ਼ਮ ਕਰ ਰੁਸ਼ਨਾਈਆ । ਕਲਜੁਗ ਵੇਖ ਅੰਧੇਰੀ ਸ਼ਾਮ, ਸਤਿਗੁਰ ਸਤਿ ਰੂਪ ਦਰਸਾਈਆ । ਤੇਰੇ ਪਿਆਰ ਦਾ ਹਕੀਕੀ ਪੀਏ ਕੋਇ ਨਾ ਜਾਮ, ਆਬੇਹਯਾਤ ਕੰਮ ਕਿਸੇ ਨਾ ਆਈਆ । ਕੂੜੀ (ਤ੍ਰਿਸਨਾ) ਹੋਏ ਤਾਮ, ਤ੍ਰਿਸ਼ਨਾ ਜਗਤ ਨਾ ਕੋਇ ਬੁਝਾਈਆ । ਮੁਸ਼ਕਲ ਹੋਵੇ ਨਾ ਅੰਤ ਆਸਾਨ, ਅਹਿਸਾਨ ਸਿਰ ਨਾ ਕੋਇ ਚੜ੍ਹਾਈਆ । ਸ਼ਰਅ ਦੇ ਰਹਿਣ ਨਾ ਦਈਂ ਗ਼ੁਲਾਮ, ਗ਼ੁਰਬਤ ਬਾਹਰ ਦੇਣੀ ਕਢਾਈਆ । ਤੇਰਾ ਇਸ਼ਟ ਮੰਨਣ ਤਮਾਮ, ਤੁਖ਼ਮ ਤਾਸੀਰ ਦੇਣਾ ਬਦਲਾਈਆ । ਤੂੰ ਸੂਰਬੀਰ ਨੌਜਵਾਨ, ਯੋਧਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਪਰਵਰਦਿਗਾਰ ਕਹੇ ਸੁਣ ਸਦੀ ਚੌਧਵੀਂ ਗੋਬਿੰਦ ਵੇਖ ਧੁਰਦਾ ਚੰਨਾ, ਚੰਨ ਦਿਆਂ ਜਣਾਈਆ । ਫੇਰ ਤਕ ਚੌਦਾਂ ਸੌ ਤੀਹ ਅੰਕ ਅੰਕ ਦਾ ਪੰਨਾ, ਅੱਖਰ ਅੱਖਰਾਂ ਖੋਜ ਖੁਜਾਈਆ । ਉਹ ਨਿਗਹ ਮਾਰ ਗੋਬਿੰਦ ਵਾਲਾ ਕੰਨਾ, ਜੋ ਕਾਇਨਾਤ ਰਿਹਾ ਦ੍ਰਿੜ੍ਹਾਈਆ । ਦੀਨ ਮਜ਼੍ਹਬ ਦੀ ਸਭ ਨੇ ਛਡਣੀ ਤਮਾਂ, ਲਾਲਚੀ ਰਹਿਣ ਕੋਇ ਨਾ ਪਾਈਆ । ਮਕਬਰਿਆਂ ਉਤੇ ਜਗਦੇ ਰਹਿਣੇ ਨਹੀਂ ਦਾਨਸ਼ਮਾਂ, ਚਰਾਗ਼ ਗੁੱਲ ਦਏ ਕਰਾਈਆ । ਉਹ ਵੇਖ ਚੀਕ ਪੁਕਾਰੇ ਬਾਬਾ ਆਦਮ ਮਾਈ ਹੱਵਾ, ਹੋਸ਼ੋ ਹਵਾਸ ਵਿਚ ਸਮਝ ਕਿਸੇ ਨਾ ਆਈਆ । ਪਰਵਰਦਿਗਾਰ ਦਾ ਖੇਲ ਹੋਣ ਲੱਗਾ ਰਵਾਂ, ਰਵਾਨਗੀ ਸਭ ਦੇ ਹੱਥ ਫੜਾਈਆ । ਜੋ ਰੋਟੀ ਖਾਂਦਾ ਜਗਤ ਵਿਚ ਜਵਾਂ, ਜਵਾਨੀ ਸਭ ਦੀ ਦਏ ਬਦਲਾਈਆ । ਨਾਤਾ ਤੁਟਣਾ ਯਾਰ ਚਵ੍ਹਾਂ, ਚੌਥਾ ਜੁਗ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਦਇਆ ਕਮਾਈਆ । ਪਹਿਲੀ ਮੱਘਰ ਕਹੇ ਮੇਰੀ ਸੁਹੰਜਣੀ ਰਾਤ, ਰੁਤੜੀ ਹੱਕ ਮਹਿਕਾਈਆ । ਝਟ ਨਾਰਦ ਕਹੇ ਸੁਣ ਮੇਰੀ ਇਕ ਬਾਤ, ਤੈਨੂੰ ਦਿਆਂ ਸੁਣਾਈਆ । ਪਹਿਲੋਂ ਹੋ ਜਾ ਇਕ ਇਕਾਂਤ, ਅਕਲ ਬੁੱਧੀ ਤੋਂ ਬਾਹਰ ਧਿਆਨ ਲਗਾਈਆ । ਮੇਰਾ ਦਰਸ਼ਨ ਕਰਕੇ ਹੋ ਸ਼ਾਂਤ, ਅਗਨੀ ਅੱਗ ਰਹੇ ਨਾ ਰਾਈਆ । ਸ਼ਰਅ ਵਾਲੀਏ ਭਿੰਨੜੀਏ ਰੈਣੇ ਪਰਵਰਦਿਗਾਰ ਨੇ ਮਜ਼੍ਹਬ ਵਾਲੇ ਰਹਿਣ ਨਹੀਂ ਦੇਣੇ ਪਰਾਂਤ, ਹਿੱਸੇ ਜਗਤ ਨਾ ਕੋਇ ਵਖਾਈਆ । ਸਭ ਦੇ ਤੁਟਣੇ ਨਾਤ, ਨਾਤਾ ਬਿਧਾਤਾ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਓ ਮੇਰੇ ਪ੍ਰਭੂ, ਪ੍ਰਭ ਦਿਆਂ ਜਣਾਈਆ । ਤੈਨੂੰ ਕਿਹੜਾ ਲੱਭੂ, ਖੋਜਿਆਂ ਹੱਥ ਕਿਸੇ ਨਾ ਆਈਆ । ਮੈਨੂੰ ਇਉਂ ਜਾਪਦਾ ਤੇਰਾ ਪ੍ਰਕਾਸ਼ ਹੋਣਾ ਦੇਸ ਜੰਬੂ, ਜਿਸ ਦੀ ਚਾਰ ਜੁਗ ਦੇਣ ਗਵਾਹੀਆ । ਤੇਰਾ ਰੂਪ ਹੋਣਾ ਨੇਤਰਹੀਣ ਅੰਧੂ, ਜਗਤ ਅੱਖ ਨਾ ਕੋਇ ਖੁਲ੍ਹਾਈਆ । ਸਭ ਦਾ ਬਣ ਕੇ ਦੀਨਾਂ ਬੰਧੂ, ਬੰਧਨ ਸ਼ਰਅ ਵਾਲੇ ਤੁੜਾਈਆ । ਸੂਰਬੀਰ ਬਹਾਦਰ ਹੋ ਕੇ ਜੰਗੂ, ਜਗਤ ਜੁਗਤ ਲਏ ਲੜਾਈਆ । ਲੇਖਾ ਜਾਣੇ ਜੇਰਜ ਅੰਡੂ, ਉਤਭੁਜ ਸੇਤਜ ਫੋਲ ਫੁਲਾਈਆ । ਪਰਦਾ ਲਾਹੇ ਲੋਆਂ ਪੁਰੀਆਂ ਬ੍ਰਹਿਮੰਡੂ, ਬ੍ਰਹਿਮਾਂਡ ਖੋਜ ਖੁਜਾਈਆ । ਤੇਰੀ ਮੰਜ਼ਲ ਕੋਟਾਂ ਵਿਚੋਂ ਕੋਈ ਲੰਘੂ, ਹੱਦ ਪਾਰ ਨਾ ਕੋਇ ਵਖਾਈਆ । ਤੇਰਾ ਅੰਮ੍ਰਿਤ ਰਸ ਸਾਗਰ ਸਿੰਧ ਸੰਧੂ, ਬੇਅੰਤ ਬੇਪਰਵਾਹੀਆ । ਮੈਨੂੰ ਇਉਂ ਦਿਸਦਾ

੧੫੭੯ ੨੨

ਤੂੰ ਘਰ ਘਰ ਲਾਉਣਾ ਲੰਬੂ, ਲੰਮਾਂ ਪਿਆ ਮੁਹੰਮਦ ਮਕਬਰੇ ਵਿਚ ਰਿਹਾ ਜਣਾਈਆ । ਇਹ ਇਸ਼ਾਰਾ ਕੀਤਾ ਸੀ ਜਿਸ ਵੇਲੇ ਅਰਜਨ ਰੇਤ ਸੀਸ ਪਵਾਈ ਚੰਦੂ, ਚੰਦ ਸਿਤਾਰਾ ਰੋ ਰੋ ਮਾਰਨ ਧਾਹੀਆ ਮਾਤਾ ਗੁਜਰੀ ਆਖਿਆ ਸੀ ਸਹਿਜ ਨਾਲ ਗੰਗੂ, ਪਿਆਰ ਨਾਲ ਦ੍ਰਿੜਾਈਆ । ਮੇਰੇ ਸੀਨੇ ਪਾ ਦੇ ਠੰਡੂ, ਅਗਨੀ ਤਤ ਨਾ ਕੋਇ ਤਪਾਈਆ । ਯਾਦ ਕਰ ਲੈ ਬਿਨਾ ਗੋਬਿੰਦ ਤੋਂ ਆਤਮ ਧਾਰ ਕੋਇ ਨਾ ਗੰਢੂ, ਵਿਛੜਿਆਂ ਮੇਲ ਨਾ ਕੋਇ ਮਿਲਾਈਆ । ਪੁੱਠੇ ਹੱਥ ਮਾਰ ਕੇ ਗੁਜਰੀ ਕਿਹਾ ਔਹ ਤਕ ਲੈ ਸਦੀ ਚੌਧਵੀਂ ਅੰਤਮ ਹੁੰਦਾ ਜੰਗੂ, ਸੀਸ ਧੜ ਰਹੇ ਕੁਰਲਾਈਆ । ਦੁਹਾਈ ਪੈਣੀ ਵਿਚ ਦਰਿਆਵਾਂ ਪੰਜੂ, ਪੰਜ ਪਿਆਰੇ ਗੋਬਿੰਦ ਦੇ ਦੇਣ ਗਵਾਹੀਆ । ਸਦੀ ਚੌਧਵੀਂ ਅੱਗੇ ਮੂਲ ਨਾ ਲੰਘੂ, ਕਦਮ ਅਵਰ ਨਾ ਕੋਇ ਟਿਕਾਈਆ । ਸਰ ਅੰਮ੍ਰਿਤ ਨਿਸ਼ਾਨਾ ਰਹਿਣਾ ਪਿੱਪਲ ਲੰਡੂ, ਲੁੱਚਾ ਲੰਡਾ ਰਹਿਣ ਕੋਇ ਨਾ ਪਾਈਆ । ਸਤਿਗੁਰ ਸ਼ਬਦ ਪੁਰਖ ਅਕਾਲ ਕੀ ਧਾਰੋਂ ਜੰਮੂ, ਜੰਮਣ ਵਾਲੀ ਦਿਸੇ ਕੋਇ ਨਾ ਮਾਈਆ । ਜੋ ਝਗੜਾ ਮੇਟੇ ਕਾਇਆ ਮਾਟੀ ਚੰਮੂ, ਚੰਮ ਦ੍ਰਿਸ਼ਟੀ ਸਭ ਦੀ ਦਏ ਬਦਲਾਈਆ । ਸੂਰਬੀਰ ਬਹਾਦਰ ਹੋ ਕੇ ਕੱਲੂ, ਕਲਾ ਸਭ ਦੀ ਦਏ ਬਦਲਾਈਆ । ਰਾਮ ਰੂਪ ਧਰ ਕੇ ਅੱਲਾਹੂ ਅੱਲੂ, ਆਲਸ ਵੇਖੇ ਖ਼ਲਕ ਖ਼ੁਦਾਈਆ । ਜਗਤ ਜਹਾਨ ਦੁਫਾੜੇ ਦਲੂ, ਦੋ ਧੜ ਕਰੇ ਲੋਕਾਈਆ । ਸਾਹਿਬ ਦਾ ਭਾਣਾ ਕਦੇ ਨਾ ਟਲੂ, ਟਾਲ ਮਟੋਲ ਵਿਚ ਸਾਰੇ ਦਏ ਭੁਲਾਈਆ । ਸਦੀ ਚੌਧਵੀਂ ਹੁਕਮ ਕੋਇ ਨਾ ਠੱਲੂ, ਅੱਗੇ ਹੋ ਨਾ ਕੋਇ ਅਟਕਾਈਆ । ਖੇਲ ਤਕਣਾ ਘਾਰਾ ਘਲੂ, ਘਾਇਲ ਹੋਣਾ ਥਾਉਂ ਥਾਈਂਆ । ਸਭ ਦੇ ਵੇਂਹਦਿਆਂ ਸਭ ਦੇ ਸਾਮਣੇ ਸਭ ਦਾ ਮਾਲਕ ਹੋ ਕੇ ਛਲੂ, ਅਛਲ ਛਲ ਆਪਣੀ ਕਾਰ ਕਮਾਈਆ । ਕੋਟਾਂ ਵਿਚੋਂ ਵਿਰਲੇ ਗੁਰਮੁਖ ਫੜਾਉ ਆਪਣਾ ਪਲੂ, ਪਲਕਾਂ ਦੇ ਪਿਛੇ ਬਹਿ ਕੇ ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਆਪਣੀ ਕਾਰ ਭੁਗਤਾਈਆ । ਨਾਰਦ ਕਹੇ ਸਦੀ ਚੌਧਵੀਂ ਵੇਖ ਲੈ ਮੇਰੇ ਮਸਤਕ ਤਿਲਕ, ਤਿਲਕਣ ਬਾਜ਼ੀ ਦਿਆਂ ਜਣਾਈਆ । ਤੁਹਾਡਾ ਮਹਿਬੂਬ ਤੁਹਾਡੇ ਨਾਲ ਕਰਨ ਵਾਲਾ ਇੱਲਤ, ਸ਼ਰਾਰਤੀ ਸ਼ਰਅ ਸ਼ਰਅ ਨਾਲ ਟਕਰਾਈਆ । ਮੁਹੰਮਦਾ ਸ਼ਾਨ ਰਹਿਣ ਨਹੀਂ ਦੇਣੀ ਜਗਤ ਵਾਲੀ ਖ਼ਿੱਲਤ, ਖਤਾਬ ਨਜ਼ਰ ਕੋਇ ਨਾ ਆਈਆ । ਪੀਰਾਂ ਦੀ ਰਹੇ ਕੋਇ ਨਾ ਹਿੰਮਤ, ਹੌਸਲੇ ਸਾਰੇ ਦੇਣੇ ਢਾਹੀਆ । ਅਗਲੇ ਸਾਲ ਨੂੰ ਵੇਖਣਾ ਕੀ ਹਾਲਤ ਹੁੰਦੀ ਲਹਿੰਦੀ ਸਿੰਮਤ, ਸਿੰਮਲ ਰੁੱਖ ਵਾਂਗ ਸਾਰੇ ਖ਼ਾਲੀ ਨਜ਼ਰੀ ਆਈਆ । ਕਿਸੇ ਨੇ ਮੰਨਣੀ ਨਹੀਂ ਦਰਗਾਹ ਸਾਚੀ ਮਿੰਨਤ, ਸਜਦਿਆਂ ਵਿਚ ਸੀਸ ਨਜ਼ਰ ਕੋਇ ਨਾ ਆਈਆ । ਹੁਣ ਗ਼ਮੀ ਕਾਹਦੀ ਰਹੇ ਕੋਇ ਨਾ ਚਿੰਨਤ, ਸੋਗ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਪੰਡਤਾ, ਵੇ ਮੈਨੂੰ ਆਉਂਦਾ ਹਾਸਾ, ਹੱਸ ਕੇ ਦਿਆਂ ਜਣਾਈਆ । ਮੈਂ ਵੇਖਾਂ ਪ੍ਰਿਥਮੀ ਆਕਾਸ਼ਾ, ਚੌਦਾਂ ਤਬਕਾਂ ਖੋਜ ਖੁਜਾਈਆ । ਕਿਹੜੀ ਕੂਟੇ ਨੂਰ ਪ੍ਰਕਾਸ਼ਾ, ਕਵਣ ਗ੍ਰਹਿ ਡਗਮਗਾਈਆ । ਕਿਸ ਬਿਧ ਸਾਡੀ ਪੂਰੀ ਕਰੇ ਆਸਾ, ਨਿਰਾਸਾ ਨਜ਼ਰ ਕੋਇ ਨਾ ਆਈਆ । ਮੈਨੂੰ ਮੁਹੰਮਦ ਦੇ ਕੇ ਗਿਆ ਦਿਲਾਸਾ, ਸਚ ਸਚ ਸਮਝਾਈਆ । ਪਰਵਰਦਿਗਾਰ ਹੋਵੇ ਸਗਲਾ ਸਾਥਾ, ਸਗਲਾ ਸੰਗ ਨਿਭਾਈਆ । ਮੇਰਾ ਜ਼ਰੂਰ ਮੰਨੇ ਆਖਾ, ਆਖ਼ਰ ਆਵੇ ਧੁਰ ਦਾ ਮਾਹੀਆ । ਜਿਸ ਨੇ ਸ਼ਰਅ ਦਾ ਰਹਿਣ ਨਹੀਂ ਦੇਣਾ ਕੋਇ ਇਲਾਕਾ, ਮਜ਼੍ਹਬਾਂ ਵੰਡ ਨਾ ਕੋਇ ਵਖਾਈਆ । ਇਕੋ ਧਰਮ ਦਾ ਖੋਲ੍ਹ ਕੇ ਤਾਕਾ, ਪਰਦਾ ਜਗਤ ਜਹਾਨ ਉਠਾਈਆ । ਸੰਦੇਸ਼ਾ

ਹੁਕਮ ਦੇਵੇ ਸਾਚਾ, ਸਚ ਸਚ ਜਣਾਈਆ । ਭੰਨ ਵਖਾਏ ਕਾਇਆ ਮਾਟੀ ਕਾਚਾ, ਤਤਵ ਤਤ ਨਾ ਕੋਇ ਵਡਿਆਈਆ । ਪਿਛੋਂ ਕਥਾ ਕਹਾਣੀਆਂ ਰਹਿ ਜਾਣ ਬਾਤਾਂ, ਕਥਨੀ ਨਾਲ ਕਥ ਕੇ ਜਗਤ ਜੀਵ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਭੁਗਤਾਈਆ । ਸਦੀ ਚੌਧਵੀਂ ਕਹੇ ਮੈਨੂੰ ਆ ਗਈ ਧੁਰ ਦੀ ਖ਼ਬਰ, ਬੇਖ਼ਬਰਾਂ ਦਿਆਂ ਜਣਾਈਆ । ਮੇਰਾ ਟੁੱਟ ਗਿਆ ਸਬਰ, ਬੇਸਬਰੀ ਹੋ ਕੇ ਮਾਰਾਂ ਧਾਹੀਆ । ਕੀ ਕਰਨੀ ਕਰੇ ਕਰਤਾ ਜਬਰ, ਜਾਬਰ ਇਕ ਅਖਵਾਈਆ । ਮੈਨੂੰ ਕੂਕਦੀ ਦਿਸੇ ਮੁਹੰਮਦ ਦੀ ਕਬਰ, ਪੈਗ਼ਾਮ ਇਕ ਪਹੁੰਚਾਈਆ । ਸੁਣ ਕਲਮਾ ਵਿਚ ਧੁਨ ਮਧੁਰ, ਮਧੁਰ ਧੁਨ ਵਿਚ ਸ਼ਨਵਾਈਆ । ਤੇਰੀ ਆਸਾ ਪੂਰੀ ਹੋਵੇ ਸੱਧਰ, ਸਦ ਸਦ ਆਪਣਾ ਰੰਗ ਰੰਗਾਈਆ । ਮੇਰਾ ਤਨ ਵਜੂਦ ਦਿਸਦਾ ਨਹੀਂ ਬਦਨ, ਬੰਦਨਾ ਵਾਲਿਉ ਦਿਆਂ ਸੁਣਾਈਆ । ਝਗੜਾ ਛੇੜਨਾ ਜ਼ਰੂਰ ਵਿਚ ਅਦਨ, ਅਦਾਲਤ ਹੱਕ ਹੱਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੇਰੇ ਬੀਤਦੇ ਜਾਂਦੇ ਬਰਸ, ਦਿਵਸ ਰੈਣ ਪੰਧ ਮੁਕਾਈਆ । ਮੇਰੇ ਮੌਲਾ ਮੇਰੇ ਉਤੇ ਕਰ ਤਰਸ, ਰਹਿਮਤ ਹੱਕ ਕਮਾਈਆ । ਤ੍ਰਿਸ਼ਨਾ ਮੇਟ ਹਰਸ, ਹਵਸ ਦੇ ਗਵਾਈਆ । ਅਗੇ ਪਲੇ ਨਾ ਰਿਹਾ ਖ਼ਰਚ, ਦਾਮ ਹੱਥ ਨਾ ਕੋਇ ਫੜਾਈਆ । ਮੈਂ ਮਸਜਿਦ ਵਿਚੋਂ ਨਿਕਲ ਕੇ ਵੜ ਗਈ ਵਿਚ ਚਰਚ, ਗਿਰਜਿਆਂ ਫੋਲ ਫੁਲਾਈਆ । ਉਥੇ ਹੋਰ ਤਕੀ ਸ਼ਰਤ, ਸ਼ਰਅ ਸ਼ਰਅ ਵਿਚੋਂ ਵੇਖ ਵਖਾਈਆ । ਮੂਸਾ ਨੇ ਵਖਾਈ ਅਗੰਮੀ ਫ਼ਰਦ, ਜੋ ਫ਼ੈਸਲੇ ਰਹੀ ਸੁਣਾਈਆ । ਬੀਸ ਬੀਸਾ ਪਰਗਟ ਹੋਵੇ ਯੋਧਾ ਮਰਦਾਨਾ ਮਰਦ, ਬੇਐਬ ਨੂਰ ਇਲਾਹੀਆ । ਜੋ ਸ਼ਰਅ ਛੁਰੀ ਮੇਟੇ ਕਰਦ, ਕਾਤਲ ਮਕਤੂਲ ਦਾ ਡੇਰਾ ਢਾਹੀਆ । ਪੈਗ਼ੰਬਰਾਂ ਦੀ ਲੇਖੇ ਲਾਵੇ ਅਰਜ਼, ਬੇਨੰਤੀ ਅਵਤਾਰਾਂ ਝੋਲੀ ਪਾਈਆ । ਆਪਣਾ ਖੇਲ ਕਰੇ ਅਸਚਰਜ, ਅਚਰਜ ਲੀਲਾ ਦਏ ਵਰਤਾਈਆ । ਕਲਜੁਗ ਮੇਟੇ ਅੰਧੇਰ ਗਰਦ, ਨੂਰੀ ਚੰਦ ਕਰ ਰੁਸ਼ਨਾਈਆ । ਇਕ ਨਾਲ ਚੁਰਾਸੀ ਨੂੰ ਦੇ ਕੇ ਜ਼ਰਬ, ਹਾਸਲ ਜਮਾਂ ਅੰਤ ਨਾ ਕੋਇ ਬਣਾਈਆ । ਮਿੱਟੀ ਖ਼ਾਕ ਮਿਲ ਜਾਣ ਅਰਬ ਖਰਬ, ਅਸੰਖ ਅਸੰਖਾਂ ਗਣਤ ਨਾ ਕੋਇ ਗਿਣਾਈਆ । ਫਿਰ ਵੀ ਪਰਵਰਦਿਗਾਰ ਦਾ ਹੋਣਾ ਨਹੀਂ ਕੋਇ ਹਰਜ, ਹਰਜਾਨੇ ਵਿਚ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੇਰੇ ਉਤੇ ਆਉਂਦਾ ਜਾਏ ਬੁਢਾਪਾ, ਹੱਥ ਕਮਰ ਉਤੇ ਟਿਕਾਈਆ । ਮੈਨੂੰ ਕਲਮੇ ਦਾ ਚੜ੍ਹਿਆ ਤਾਪਾ, ਅਗਨੀ ਰਹੀ ਜਲਾਈਆ । ਮੇਰੇ ਨਾਲ ਗ਼ੁੱਸੇ ਹੋ ਗਿਆ ਮੇਰਾ ਪਾਪਾ, ਨਿਗਹ ਪਾਪੀਆਂ ਵੱਲ ਉਠਾਈਆ । ਜਿਨ੍ਹੇ ਪੈਗ਼ੰਬਰਾਂ ਸੁਤਿਆਂ ਨੂੰ ਮਾਰਿਆ ਛਾਪਾ, ਫੜ ਕੇ ਲਏ ਉਠਾਈਆ । ਹਾਏ ਇਕ ਹੋਰ ਮਾਰਨਾ ਉਸ ਨੇ ਡਾਕਾ, ਡਕੈਤ ਬਣਿਆ ਧੁਰਦਰਗਾਹੀਆ । ਜਿਸ ਦੀਨਾਂ ਮਜ਼੍ਹਬਾਂ ਦੀਆਂ ਵੰਡੀਆਂ ਲਾਟਾਂ, ਇਕੋ ਵਾਰ ਮਨਸੂਖ਼ ਸਭ ਨੂੰ ਦਏ ਕਰਾਈਆ । ਜਿਸ ਦੇ ਪਿਛੇ ਨਾਮ ਕਲਮੇ ਦੀਆਂ ਭੰਨਦੇ ਰਹੇ ਫਾਟਾਂ, ਫਾਟਕ ਸਭ ਦੇ ਬੰਦ ਕਰਾਈਆ । ਪੈਗ਼ੰਬਰਾਂ ਨੂੰ ਇਕੋ ਵਾਰ ਕਰ ਕੇ ਟਾਟਾ, ਟੱਪਾ ਅਗਲਾ ਦਏ ਸੁਣਾਈਆ । ਮੇਰੀਆਂ ਮੁਕ ਜਾਣੀਆਂ ਵਾਟਾਂ, ਵਟਣਾ ਮਲਣ ਵਾਲਾ ਨਜ਼ਰ ਕੋਇ ਨਾ ਆਈਆ । ਓਹ ਬਹੁੜੀ ਦਰੋਹੀ ਗੋਬਿੰਦ ਨੇ ਅੰਮ੍ਰਿਤ ਦਾ ਬਣਾ ਲਿਆ ਇਕੋ ਬਾਟਾ, ਜੋ ਸਭ ਨੂੰ ਰਿਹਾ ਪਿਆਈਆ । ਏਸੇ ਕਾਰਨ ਆਉਣਾ ਘਾਟਾ, ਵਾਧਾ ਨਾਲ ਨਾ ਕੋਇ ਵਧਾਈਆ । ਸਦੀ ਚੌਧਵੀਂ ਕਹੇ ਛੱਬੀ ਪੋਹ ਨੂੰ ਮੇਰਾ ਖੁਲ੍ਹਾ ਹੋਣਾ ਝਾਟਾ,

੧੫੮੧ ੨੨

ਨੇਤਰ ਨੀਲੇ ਰੰਗ ਨਾਲ ਰੰਗਾਈਆ । ਪਰ ਇਕ ਗੱਲ ਮੈਂ ਅਸ਼ਟਭੁਜ ਜ਼ਰੂਰ ਨਾਲ ਤਕਣੀ ਵਾਲੀ ਲਾਟਾ, ਦੀਪਕ ਹੱਥਾਂ ਵਿਚ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸਦੀ ਚੌਧਵੀਂ ਕਹੇ ਮੇਰੀ ਉਮਰ ਗਈ ਲੰਘ, ਵੇ ਉਮਰਾ ਤੈਨੂੰ ਦਿਆਂ ਜਣਾਈਆ । ਰਾਤੀ ਸੁੱਤੀ ਨੂੰ ਆਵੇ ਖੰਘ, ਦਿਨੇ ਅਗਨ ਰਹੀ ਤਪਾਈਆ । ਮੈਨੂੰ ਕੋਈ ਨਾ ਲਾਵੇ ਅੰਗ, ਉਮਤੀ ਭੱਜਣ ਵਾਹੋ ਦਾਹੀਆ । ਮੈਂ ਪਰਵਰਦਿਗਾਰ ਤੋਂ ਮੰਗਾਂ ਮੰਗ, ਖ਼ਾਲੀ ਝੋਲੀ ਅੱਗੇ ਡਾਹੀਆ । ਮੇਰਿਆ ਮਾਲਕਾ ਖ਼ਾਲਕਾ ਜੇ ਹੋਰ ਕੁਛ ਨਹੀਂ ਦੇਣਾ ਮੈਨੂੰ ਉਹ ਬਖ਼ਸ਼ ਦੇ ਜਿਸ ਨੇ ਸੂਲਾਂ ਦਾ ਵਿਛਾਇਆ ਪਲੰਘ, ਸੱਥਰ ਯਾਰੜੇ ਵਾਲਾ ਹੰਢਾਈਆ । ਅੱਗੇ ਉਸ ਨੂੰ ਕਹਿੰਦੇ ਸੀ ਗੁਜਰੀ ਚੰਦ, ਹੁਣ ਨੂਰ ਨੁਰਾਨਾ ਸੋਭਾ ਪਾਈਆ । ਮੈਂ ਫੇਰ ਬਣ ਜਾਵਾਂ ਜੋਬਨਵੰਤੀ ਮੇਰਾ ਖ਼ੁਸ਼ੀ ਹੋ ਜਾਏ ਬੰਦ ਬੰਦ, ਬੰਦਨਾ ਕਰਕੇ ਆਪਣਾ ਝਟ ਲੰਘਾਈਆ । ਮੈਂ ਦੰਦਾਸਾ ਮਲਾਂ ਉਤੇ ਦੰਦ, ਰੂਪ ਰੂਪ ਵਿਚੋਂ ਵਟਾਈਆ । ਪਰ ਇਕ ਡਰ ਲੱਗਦਾ ਜਦੋਂ ਮੈਂ ਉਹਦਾ ਖੰਡਾ ਵੇਖਦੀ ਚੰਡ ਪਰਚੰਡ, ਦੋ ਜਹਾਨਾਂ ਨਜ਼ਰੀ ਆਈਆ । ਜਦ ਉਸ ਦਾ ਨੂਰ ਤਕਾਂ ਮੇਰੇ ਅੰਤਰ ਪਏ ਠੰਡ, ਅਗਨੀ ਉਮਤ ਵਾਲੀ ਲਾਗੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਵੇ ਐਲੀ, ਸੁਣ ਹੁਕਮ ਹੱਕ ਖ਼ੁਦਾ । ਕਿੱਥੇ ਤੇਰੇ ਸੱਜਣ ਬੇਲੀ, ਮੈਨੂੰ ਦੇ ਸਮਝਾ । ਤੁਸੀਂ ਸਾਰੇ ਮੈਨੂੰ ਛਡ ਚਲੇ ਅਕੇਲੀ, ਪਲੂ ਰਹੇ ਛੁਡਾ । ਯਾਦ ਕਰ ਲਉ ਮੈਂ ਸਭ ਨਾਲੋਂ ਹੋ ਜਾਣਾ ਵੇਹਲੀ, ਉਮਤ ਦਾ ਲੇਖਾ ਦੇਣਾ ਮੁਕਾ । ਮੈਂ ਉਸ ਦੀ ਬਣਨਾ ਸਹੇਲੀ, ਜਿਸ ਨੂੰ ਪੈਗ਼ੰਬਰ ਕਹਿਣ ਖ਼ੁਦਾ । ਮੈਂ ਜੋਬਨਵੰਤੀ ਅਲਬੇਲੀ, ਨੂਰ ਨੂਰ ਨੂਰ ਰੁਸ਼ਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਕਰਾਈਆ । ਸਦੀ ਚੌਧਵੀਂ ਕਹੇ ਮੁਹੰਮਦਾ ਆਪਣਾ ਆਪ ਇਕ ਵੇਰਾਂ ਫੇਰ ਰਤੀ, ਰੱਤੀ ਦਾਹੜੀ ਵਾਲੇ ਪੰਜ ਮੁੱਲਾਂ ਲੈਣੇ ਬਣਾਈਆ । ਉਹਨਾਂ ਦੇ ਪਿਛੇ ਗੁਰਮੁਖ ਕਿਰਪਾਨਾ ਵਾਲੇ ਹੋਣਗੇ ਛੱਤੀ, ਛੱਤੀ ਰਾਗ ਜਿਨ੍ਹਾਂ ਦੀ ਦੇਣ ਗਵਾਹੀਆ । ਛੱਤੀਆਂ ਦੇ ਕੋਲ ਹੋਰ ਫੜੀ ਹੋਵੇਗੀ ਮੋਮਬੱਤੀ, ਦਿਨ ਦਿਹਾੜ ਕਰਨ ਰੁਸ਼ਨਾਈਆ । ਛੱਤੀਆਂ ਦੇ ਕੋਲ ਫੜੀ ਹੋਵੇਗੀ ਸਾਢੇ ਤਿੰਨ ਹੱਥ ਦੀ ਰੱਸੀ, ਰੱਸੀ ਰੱਸੀ ਨਾਲ ਬੰਧਾਈਆ । ਛੱਤੀਆਂ ਦੇ ਪਿਛੇ ਛੱਤੀਆਂ ਬੀਬੀਆਂ ਨੇ ਸਿਰ ਤੇ ਚੁੱਕੀ ਹੋਵੇਗੀ ਲੱਸੀ, ਆਵਣ ਚਾਈਂ ਚਾਈਂਆ । ਛੱਤੀਆਂ ਨੇ ਸ਼ੱਕਰ ਘਿਉ ਵਿਚ ਹੋਵੇ ਮੱਸੀ, ਮੁੱਠੀ ਆਪਣੀ ਵਿਚ ਟਿਕਾਈਆ । ਛੱਤੀਆਂ ਦੀ ਜ਼ਾਤ ਹੋਵੇ ਇਕੱਠੀ, ਦੂਜੀ ਵੰਡ ਨਾ ਕੋਇ ਵੰਡਾਈਆ । ਛੱਤੀਆਂ ਦੀ ਕੌਮ ਹੋਵੇ ਜੱਟੀ, ਕਿਰਸਾਣੇ ਕਰਕੇ ਝਟ ਲੰਘਾਈਆ । ਛੱਤੀਆਂ ਦੇ ਗਲ ਵਿਚ ਹੋਵੇਗੀ ਮੌਲੀ ਦੀ ਅੱਟੀ, ਤੰਦ ਨੌਂ ਨੌਂ ਵਖਾਈਆ । ਛੱਤੀਆਂ ਦੇ ਕੋਲ ਲਿਖੀ ਹੋਵੇਗੀ ਪੱਟੀ, ਪੂਰਨ ਗੋਬਿੰਦ ਤੇ ਗੋਬਿੰਦ ਪੂਰਨ ਮਾਹੀਆ । ਛੱਤੀਆਂ ਦੇ ਕੋਲ ਲਿਖੀ ਹੋਵੇਗੀ ਫੱਟੀ, ਮਿਲਿਆ ਮੇਲ ਧੁਰਦਰਗਾਹੀਆ । ਛੱਤੀ ਗੁਰਮੁਖਾਂ ਦੀ ਪੰਜਾਹ ਸਾਲ ਤੋਂ ਆਯੂ ਹੋਵੇਗੀ ਟੱਪੀ, ਮਿਲ ਕੇ ਆਵਣ ਚਾਈਂ ਚਾਈਆ । ਛੱਤੀਆਂ ਨੇ ਮੁੱਛ ਹੋਵੇਗੀ ਵੱਟੀ, ਸੰਧੂਰੀ ਤਿਲਕ ਮਸਤਕ ਵਿਚ ਛੁਹਾਈਆ । ਛੱਤੀਆਂ ਦੀ ਡੋਰ ਪ੍ਰਭੂ ਦੇ ਉਤੇ ਹੋਵੇ ਸੱਟੀ, ਆਸਾ ਇਕੋ ਇਕ ਬਣਾਈਆ । ਸਦੀ ਚੌਧਵੀਂ ਕਹੇ ਫੇਰ ਮੈਂ ਖ਼ੁਸ਼ੀਆਂ ਦੇ ਵਿਚ ਫਿਰਾਂ ਨੱਠੀ, ਨੌਂ ਬਰਸਾਂ ਦਾ ਪੰਧ ਛੇਤੀ ਛੇਤੀ ਮੁਕਾਈਆ । ਮੇਰੇ ਮਹਿਬੂਬ ਨੇ ਮੈਨੂੰ ਲੇਖਾ ਲਿਖਣਾ ਖ਼ੁਸ਼ਖ਼ਤੀ, ਹਰਫ਼ ਬਿਨਾ ਹਰਫ਼ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੁਹੰਮਦਾ ਮੈਂ ਸੁਣਾਉਣ ਵਾਲੀ ਰਾਗ, ਰਾਗ ਰਾਗਣੀਆਂ ਤੋਂ ਬਾਹਰ ਜਣਾਈਆ । ਮੈਂ ਵੇਖਣ ਵਾਲੀ ਉਹ ਕੰਤ ਸੁਹਾਗ, ਜੋ ਲੱਖ ਚੁਰਾਸੀ ਦਾ ਮਾਲਕ ਸੋਭਾ ਪਾਈਆ । ਮੈਂ ਬੋਲਾਂ ਨਾਲ ਵੈਰਾਗ, ਉਫ਼ ਹਾਏ ਕਰ ਸੁਣਾਈਆ । ਸਭ ਦੇ ਕੋਲੋਂ ਹੁਣ ਫੜ ਲੈਣੀ ਵਾਗ, ਵਾਗ ਸਭ ਦੀ ਦਏ ਭੁਆਈਆ । ਅੰਤਮ ਗੁਲ ਹੋਣਾ ਚਰਾਗ਼, ਚਰਾਗ਼ਗਹਾਂ ਨਾ ਕੋਇ ਰੁਸ਼ਨਾਈਆ । ਜਨ ਭਗਤਾਂ ਦਾ ਬਣਾਉਣਾ ਸਮਾਜ, ਇਕ ਸੌ ਇਕ ਭਗਤ ਮਸਤਕ ਵਿਚ ਲਿਖ ਕੇ ਭਗਤ, ਭਗਤੀ ਦਾ ਮੂਲ ਦੇਣ ਵਖਾਈਆ । ਇਕ ਸੌ ਇਕ ਦੇ ਕੋਲ ਲਿਖਿਆ ਹੋਵੇ ਪੁਰਖ ਅਕਾਲਾ ਇਕੋ ਫ਼ਕਤ, ਜੋ ਫ਼ਿਕਰੇ ਨਾਮ ਵਾਲੇ ਜੁਗ ਜੁਗ ਦਏ ਬਦਲਾਈਆ । ਉਸ ਦੀ ਵੇਖਣੀ ਸ਼ਕਤ, ਜੋ ਸ਼ਰਅ ਦੇ ਜ਼ੰਜੀਰ ਦਏ ਕਟਾਈਆ । ਵੇਸ ਵਟਾ ਕੇ ਉਤੇ ਧਰਤ, ਧਰਨੀ ਧਵਲ ਧੌਲ ਆਪਣਾ ਹੁਕਮ ਵਰਤਾਈਆ । ਪੈਗ਼ੰਬਰੋ ਤਕੋ ਉਹ ਨੂਰ ਨੁਰਾਨਾ ਸ਼ਾਹ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਆਇਆ ਪਰਤ, ਜਿਸ ਨੂੰ ਪਤਿਪਰਮੇਸ਼ਵਰ ਕਹਿ ਕੇ ਸਾਰੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੈਂ ਖ਼ੁਸ਼ੀ ਵਿਚ ਜਨ ਭਗਤਾਂ ਦੇਣਾ ਇਜ਼ਾਜ਼, ਜੋ ਪ੍ਰਭ ਨੂੰ ਸੀਸ ਨਿਵਾਈਆ । ਖ਼ੁਸ਼ੀ ਨਾਲ ਵੰਡਣੀ ਨਿਆਜ਼, ਇਕ ਸੌ ਇਕ ਬੀਬੀਆਂ ਥਾਲੀਆਂ ਵਿਚ ਟਿਕਾਈਆ । ਛੱਬੀ ਪੋਹ ਤੇ ਖੋਲ੍ਹਣਾ ਰਾਜ਼, ਪਰਦਾ ਰਹੇ ਨਾ ਰਾਈਆ । ਮੈਂ ਤਾੜੀ ਮਾਰ ਕੇ ਕਹਿਣਾ ਉਹ ਵੇਖੋ ਸ਼ਬਦ ਗੁਰੂ ਦਾ ਸ਼ਬਦੀ ਉਡਦਾ ਬਾਜ਼, ਬਾਜਾਂਵਾਲਾ ਜਗਤ ਜਗਿਆਸੂਆਂ ਨਜ਼ਰ ਕੋਇ ਨਾ ਆਈਆ । ਜਿਸ ਦਾ ਦੋ ਜਹਾਨਾਂ ਰਾਜ, ਰਈਅਤ ਵੇਖੇ ਖ਼ਲਕ ਖ਼ੁਦਾਈਆ । ਸਦੀ ਚੌਧਵੀਂ ਕਹੇ ਮੁਹੰਮਦਾ ਉਸ ਤੋਂ ਮੰਗ ਲੈ ਇਮਦਾਦ, ਉਸ ਦੀ ਆਮਦ ਆਪਣੀ ਖ਼ੁਸ਼ਾਮੰਦ ਕਰਕੇ ਖ਼ਾਲੀ ਝੋਲੀਆਂ ਲੈ ਭਰਾਈਆ । ਮੁਹੰਮਦ ਕਹੇ ਸਦੀ ਚੌਧਵੀਂ ਮੈਂ ਉਸ ਦੇ ਅੱਗੇ ਲਾਜਵਾਬ, ਜੋ ਮੇਰਾ ਲਿਖਿਆ ਹੋਇਆ ਲੇਖਾ ਮੈਨੂੰ ਰਿਹਾ ਵਖਾਈਆ । ਤੇਰਾ ਹੁਕਮ ਨਹੀਂ ਰਹਿਣਾ ਚੌਦਾਂ ਸਦ ਤੋਂ ਬਾਦ, ਏਸੇ ਕਰਕੇ ਅੱਖ ਨਾ ਸਕਾਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੈਂ ਬੁੱਢੀ ਮੈਨੂੰ ਪੈ ਗਈ ਖੁਰਕ, ਮਲ ਮਲ ਕੇ ਮੁਹੰਮਦਾ ਦਿਆਂ ਵਖਾਈਆ । ਕਮਲਿਆ ਉਹ ਵੇਖ ਝਗੜਾ ਪੈਣਾ ਵਿਚ ਤੁਰਕ, ਤੁਰਕੀ ਵਾਲੇ ਰੋਵਣ ਮਾਰਨ ਧਾਹੀਆ । ਕਿਸੇ ਨੂੰ ਆਉਣ ਨਹੀਂ ਦੇਣੀ ਮੇਰੇ ਮਾਲਕ ਨੇ ਸੁਰਤ, ਸੁਰਤੀਆਂ ਸਭ ਦੀਆਂ ਦਏ ਬਦਲਾਈਆ । ਕਿਉਂ ਉਹ ਰੂਪ ਅਕਾਲ ਮੂਰਤ, ਮੂਰਤੀ ਵਿਚ ਧਿਆਨ ਨਾ ਕੋਇ ਜਣਾਈਆ । ਬਿਨਾ ਭਗਤਾਂ ਤੋਂ ਉਸ ਦੀ ਲੱਭੀ ਨਹੀਂ ਕਿਸੇ ਨੂੰ ਸੂਰਤ, ਕੋਟਨ ਕੋਟ ਸੂਰਤਾਂ ਵਾਲੇ ਮਿੱਟੀ ਖ਼ਾਕ ਵਿਚ ਆਪਣਾ ਆਪ ਗਏ ਮਿਲਾਈਆ । ਉਸ ਦਾ ਇਕੋ ਨਾਦ ਤੇ ਇਕੋ ਤੂਰਤ, ਤੁਰੀਆ ਤੋਂ ਪਰੇ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਮੁਹੰਮਦ ਕਹੇ ਸਦੀ ਚੌਧਵੀਂ ਕਿਹੜੀ ਬੋਲੀ ਬੋਲੀ, ਅਨਬੋਲਤ ਦੇ ਜਣਾਈਆ । ਸਦੀ ਚੌਧਵੀਂ ਕਿਹਾ ਸਹਿਜ ਨਾਲ ਹੌਲੀ, ਪ੍ਰੇਮ ਨਾਲ ਦ੍ਰਿੜਾਈਆ । ਹੁਣ ਖੇਲ ਹੋਣਾ ਤੌਲੀ ਤੌਲੀ, ਛੰਭ ਵਾਲੇ ਲੈਣ ਅੰਗੜਾਈਆ । ਉਹ ਵੇਖ ਲਹਿੰਦੇ ਚੜ੍ਹਦੇ ਪੈਂਦੀ ਰੌਲੀ, ਰੌਣਕ ਵੇਖ ਜਗਤ ਲੋਕਾਈਆ । ਪਰ ਇਕ ਗੱਲ ਪੜਦਾ ਦੇਵਾਂ ਖੋਲ੍ਹੀ, ਖੋਲ੍ਹ ਕੇ ਦਿਆਂ ਸੁਣਾਈਆ । ਛੱਬੀ ਪੋਹ ਨੂੰ ਜਿਸ ਵੇਲੇ ਸੋਹਣਾ ਲਬਾਸ ਪਾਇਆ

ਮੇਰੀ ਗੋਲੀ, ਗੋਲਕਾਂ ਸਭ ਦੀਆਂ ਦਿਆਂ ਖੁਹਾਈਆ । ਸ਼ਰਅ ਦੀ ਰਹਿਣ ਨਾ ਦੇਵਾਂ ਕੋਇ ਟੋਲੀ, ਟੱਲੀਆਂ ਵਜਾਵਣ ਵਾਲੇ ਵੇਖਾਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੇਰਾ ਵਜੂਦ ਹੋ ਗਿਆ ਮਾੜਾ, ਹਿੰਮਤ ਰਹੀ ਨਾ ਰਾਈਆ । ਮੈਂ ਤਕਣਾ ਅਗੰਮੀ ਲਾੜਾ, ਜੋ ਮਾਲਕ ਧੁਰਦਰਗਾਹੀਆ । ਜਿਸ ਚੌਦਾਂ ਤਬਕ ਲਗਾਉਣਾ ਅਖਾੜਾ, ਚੌਦਾਂ ਲੋਕ ਖੋਜ ਖੁਜਾਈਆ । ਧਰਤੀ ਉਤੇ ਰੰਗ ਚਾੜ੍ਹਨਾ ਗਾੜ੍ਹਾ, ਲਹੂ ਮਿਝ ਨਾਲ ਰੰਗਾਈਆ । ਮਜ਼੍ਹਬਾਂ ਦਾ ਮਿਟਾਉਣਾ ਸਾੜਾ, ਸੌਕਣਾਂ ਵਾਲੀ ਕਰੇ ਨਾ ਕੋਇ ਲੜਾਈਆ । ਪ੍ਰਭ ਦੇ ਨਾਮ ਦਾ ਕਿਸੇ ਨੂੰ ਲੈਣ ਨਹੀਂ ਦੇਣਾ ਭਾੜਾ, ਸਚ ਰੀਤੀ ਦੇਣੀ ਜਣਾਈਆ । ਜਨ ਭਗਤੋ ਤੁਸਾਂ ਹੱਸਣਾ ਕੀ ਖੇਲ ਹੋਣਾ ਸਤਾਰਾਂ ਹਾੜ੍ਹਾ, ਹਾੜਾ ਕਢ ਕੇ ਦਿਆਂ ਦ੍ਰਿੜਾਈਆ । ਮੇਰਾ ਬੁੱਢੀ ਦਾ ਹੁਣ ਵਿੰਗਾ ਹੋ ਗਿਆ ਚਬਾੜਾ, ਹੱਡੀਆਂ ਚੱਬ ਚੱਬ ਕੇ ਆਪਣਾ ਆਪ ਗਵਾਈਆ । ਹੁਣ ਮੇਰੇ ਮਾਲਕ ਨੇ ਮਾਰਨਾ ਧਾੜਾ, ਧਾੜਵੀ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੈਂ ਬੁਢਾਪੇ ਵਿਚ ਤੁਰਦੀ, ਕਦਮ ਮੁਸ਼ਕਲ ਨਾਲ ਉਠਾਈਆ । ਮੈਂ ਉਮਤ ਵੇਖਾਂ ਮੁੜਦੀ, ਵੇ ਮੁਹੰਮਦਾ ਲੈ ਬਚਾਈਆ । ਮੁਹੰਮਦ ਕਹੇ ਮੈਂ ਖ਼ਬਰ ਸੁਣਾਂ ਧੁਰ ਦੀ, ਧੁਰ ਮਾਲਕ ਕੀ ਜਣਾਈਆ । ਜਿਸ ਨੇ ਨਗਰੀ ਛੱਡੀ ਅਨੰਦ ਪੁਰ ਦੀ, ਉਹ ਮੇਰੇ ਅਨੰਦ ਵਿਚ ਆਪਣਾ ਡੇਰਾ ਲਾਈਆ । ਉਹਦੇ ਹੁਕਮ ਅੰਦਰ ਦੀਨ ਦੁਨੀ ਜਾਏ ਰੁੜ੍ਹਦੀ, ਅੱਗੇ ਹੋ ਨਾ ਕੋਇ ਅਟਕਾਈਆ । ਉਹ ਆਤਮਾ ਰਹਿਣੀ ਜਿਸ ਨੇ ਸਾਰ ਪਾਈ ਸੱਚੇ ਸਤਿਗੁਰ ਦੀ, ਦੂਜੀ ਰਹਿਣ ਕੋਇ ਨਾ ਪਾਈਆ । ਮੈਂ ਏਸੇ ਕਰਕੇ ਝੁਰਦੀ, ਹੌਕਿਆਂ ਵਿਚ ਹਾਏ ਹਾਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਦੇਣਾ ਉਠਾਈਆ । ਸਦੀ ਚੌਧਵੀਂ ਕਹੇ ਮੇਰਾ ਪੁਰਾਣਾ ਹੋਇਆ ਲਬਾਸ, ਬਸਤਰ ਤਨ ਨਾ ਕੋਇ ਵਡਿਆਈਆ । ਮੈਂ ਭੱਜੀ ਗਈ ਵਿਚ ਆਕਾਸ਼, ਆਪਣਾ ਪੰਧ ਮੁਕਾਈਆ । ਅੱਗੋਂ ਹੁਕਮ ਮਿਲਿਆ ਸਰਬ ਗੁਣਤਾਸ, ਸੰਦੇਸ਼ਾ ਦਿਤਾ ਦ੍ਰਿੜਾਈਆ । ਜਾਹ ਵੇਖ ਵਿਚ ਮਾਤ, ਧਰਨੀ ਧਰਤ ਧਵਲ ਖੋਜ ਖੁਜਾਈਆ । ਉਹ ਆ ਗਿਆ ਜਿਸ ਨੂੰ ਈਸਾ ਨੇ ਕਿਹਾ ਬਾਪ, ਖ਼ੁਦ ਮਾਲਕ ਨੂਰ ਇਲਾਹੀਆ । ਪਰਗਟ ਕਰਕੇ ਆਪਾ ਆਪ, ਆਪਣੀ ਕਲ ਰਿਹਾ ਵਰਤਾਈਆ । ਜਿਸ ਦੀ ਪੈਗ਼ੰਬਰਾਂ ਰੱਖੀ ਤਾਕ, ਝਰੋਖਿਆਂ ਵਿਚ ਦੀ ਬੈਠੇ ਅੱਖ ਉਠਾਈਆ । ਉਹ ਪਰਗਟ ਹੋ ਕੇ ਸਾਖਿਆਤ, ਸਹੀ ਸਲਾਮਤ ਆਪਣਾ ਨੂਰ ਕਰੇ ਰੁਸ਼ਨਾਈਆ । ਸੂਫ਼ੀਆਂ ਨੂੰ ਦੇਵੇ ਆਬੇਹਯਾਤ, ਅੰਮ੍ਰਿਤ ਜਾਮ ਰਿਹਾ ਪਿਆਈਆ । ਜਿਸ ਨੇ ਸ਼ਰਅ ਸ਼ਰੀਅਤ ਦਾ ਰਹਿਣ ਦੇਣਾ ਨਹੀਂ ਕੋਇ ਨਵਾਬ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਜਾਹ ਉਸ ਨੂੰ ਕਰ ਆਦਾਬ, ਅਦਬ ਨਾਲ ਕਦਮਬੋਸੀ ਕਰਕੇ ਆਪਣੀ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਛੱਤੀ ਬਣਿਉ ਮੁਰਸ਼ਦ, ਪਟਕੇ ਹਰੇ ਸੀਸ ਟਿਕਾਈਆ । ਦੀਨ ਮਜ਼੍ਹਬ ਨਾਲੋਂ ਕਰਕੇ ਫ਼ੁਰਸਤ, ਵਿਹਲੇ ਹੋ ਕੇ ਆਉਣਾ ਚਾਈਂ ਚਾਈਂਆ । ਇਕ ਮਹਿਬੂਬ ਦੀ ਕਰਨੀ ਉਲਫ਼ਤ, ਸਿਫ਼ਤ ਵਿਚ ਸਾਲਾਹੀਆ । ਅੱਗੇ ਰਹੇ ਕੋਇ ਨਾ ਮੁਸ਼ਕਲ, ਦਰਗਹ ਸਾਚੀ ਸਚ ਟਿਕਾਈਆ । ਸਭ ਨੇ ਆਉਣਾ ਬਣ ਕੇ ਖ਼ੁਸ਼ਦਿਲ, ਗ਼ਮੀ ਸੰਗ ਨਾ ਕੋਇ ਰਲਾਈਆ । ਯਾਦ ਰੱਖਿਉ ਬਣਿਉ ਕੋਇ ਨਾ ਬੁਜ਼ਦਿਲ, ਸੂਰਬੀਰ ਹੋ ਲੈਣੀ ਅੰਗੜਾਈਆ ।

੧੫੮੪
੨੨

ਫੇਰ ਲੇਖਾ ਦੱਸਾਂਗੀ ਉਸ ਦਿਨ, ਜਿਸ ਨੂੰ ਛੱਬੀ ਪੋਹ ਕਹਿ ਕੇ ਸਾਰੇ ਗਾਈਆ । ਚੌਦਾਂ ਤਬਕਾਂ ਦੱਸਾਂ ਮਿਣ ਮਿਣ, ਕਿਉਂ ਮੁਹੰਮਦ ਵੰਡ ਵੰਡਾਈਆ ।
ਖ਼ੁਦਾ ਨੇ ਇਸ਼ਾਰਾ ਕੀਤਾ ਜਿਨ ਜਿਨ, ਜਿਸਮ ਜ਼ਮੀਰ ਤੋਂ ਬਾਹਰ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੇਰਾ ਹੋਣਾ ਇਕ ਮਹਿਬੂਬ, ਮੁਹੱਬਤਾਂ ਵਾਲਿਓ ਦਿਆਂ ਜਣਾਈਆ ।
ਜਿਹੜਾ ਸਦਾ ਰਹੇ ਮੌਜੂਦ, ਵਿਛੋੜੇ ਵਿਚ ਕਦੇ ਨਾ ਆਈਆ । ਜਿਸ ਦਾ ਆਲੀਸ਼ਾਨ ਅਰੂਜ, ਅਰਸ਼ ਫ਼ਰਸ਼ ਤੋਂ ਪਰੇ ਡੇਰਾ ਲਾਈਆ । ਚੌਦਾਂ
ਸੌ ਸਾਲ ਮੈਨੂੰ ਰੱਖਿਆ ਮਹਿਫ਼ੂਜ਼, ਸਿਰ ਮੇਰੇ ਹੱਥ ਰਖਾਈਆ । ਹੁਣ ਕਰ ਦੇਣਾ ਉਸ ਨੇ ਨੇਸਤੋ ਨਾਬੂਦ, ਜੜ੍ਹ ਉਮਤ ਵਾਲੀ ਉਖੜਾਈਆ ।
ਮਜ਼੍ਹਬ ਦੀ ਰਹਿਣ ਨਹੀਂ ਦੇਣੀ ਹਦੂਦ, ਹਜ਼ਰਤਾਂ ਦਾ ਪੰਧ ਮੁਕਾਈਆ । ਮੈਂ ਜ਼ਰੂਰ ਛੱਬੀ ਪੋਹ ਤੇ ਦੇ ਕੇ ਜਾਵਾਂਗੀ ਸਬੂਤ, ਸਬਰ ਨਾਲ ਸਮਝਾਈਆ ।
ਮੇਰਾ ਰੂਪ ਬਣਿਆ ਹੋਵੇਗਾ ਇਹ ਕਲਬੂਤ, ਕਲਮਾ ਉਹ (ਦੱਸਾਂਗੀ) ਜਿਸ ਨੂੰ ਮੁਹੰਮਦ ਕਹਿ ਸਕੇ ਨਾ ਰਾਈਆ । ਫੇਰ ਗਠੜੀ ਬੰਨ੍ਹ ਕੇ ਕਰ ਜਾਵਾਂਗੀ
ਕੂਚ, ਜਗਤ ਦਾ ਕੂਚਾ ਗਲੀ ਦੇਣਾ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ
ਪਰਦਾ ਆਪ ਉਠਾਈਆ । ਸਦੀ ਚੌਧਵੀਂ ਕਹੇ ਮੈਂ ਵੇਖਣਾ ਆਪਣਾ ਅੰਤ ਅਖ਼ੀਰੀ, ਬਿਨਾ ਅੱਖਰਾਂ ਦਿਆਂ ਜਣਾਈਆ । ਮੈਂ ਵੇਖਣੀ ਆਪਣੀ ਸ਼ਰਅ
ਜ਼ੰਜੀਰੀ, ਜੋ ਅਲਿਫ਼ ਯੇ ਨਾਲ ਦਿਤੀ ਬੰਧਾਈਆ । ਮੈਂ ਤਕਣੀ ਕਾਇਨਾਤ ਜ਼ਮੀਰੀ, ਅੰਦਰ ਵੜ ਕੇ ਖੋਜ ਖੁਜਾਈਆ । ਮੈਂ ਤਕਣੀ ਅੰਤ ਫ਼ਕੀਰੀ,
 ਫੱਕਰਾਂ ਦੇ ਅੰਦਰ ਵੜ ਕੇ ਫੋਲਾਂ ਥਾਉਂ ਥਾਈਆ । ਪਰ ਇਕ ਦੁੱਖ ਮੁਹੰਮਦ ਦੀ ਬਦਲ ਜਾਣੀ ਪੀੜ੍ਹੀ, ਮੈਂ ਪੀੜ੍ਹਾ ਡਾਹ ਕੇ ਸਭ ਨੂੰ ਦਿਆਂ ਵਖਾਈਆ । ੧੫੮੫
ਨਾਲੇ ਵਕਤ ਚੁਕ ਜਾਣਾ ਨਾ ਕੋਈ ਸਿਗਰਟ ਪੀਏ ਨਾ ਬੀੜੀ, ਪਾਨ ਖਾਣ ਵਾਲਾ ਨਜ਼ਰ ਕੋਇ ਨਾ ਆਈਆ । ਮੈਨੂੰ ਇਹੋ ਇਕੋ ਇਕ ਦਿਲਗੀਰੀ,
 ਸੂਰ ਗਾਂ ਖਾਣ ਵਾਲਿਆਂ ਸਭ ਨੂੰ ਮਿਲੇ ਸਜ਼ਾਈਆ । ਕਿਉਂ ਅੱਗੇ ਗਲੀ ਦਿਸੇ ਭੀੜੀ, ਬਿਨਾ ਸਤਿਗੁਰ ਸ਼ਬਦ ਤੋਂ ਪਾਰ ਨਾ ਕੋਇ ਕਰਾਈਆ । ੨੨
ਏਸੇ ਕਰਕੇ ਹਰਿਗੋਬਿੰਦ ਨੇ ਪਹਿਨੀ ਸੀ ਮੀਰੀ ਪੀਰੀ, ਦੋ ਜਹਾਨਾਂ ਬਣ ਕੇ ਪਿਤਾ ਮਾਈਆ । ਏਸੇ ਕਰਕੇ ਗੋਬਿੰਦ ਨੇ ਅੰਮ੍ਰਿਤ ਬਖ਼ਸ਼ਿਆ ਸੀ ਸੀਰੀ,
ਸ਼ਰਅ ਦਾ ਡੇਰਾ ਢਾਹੀਆ । ਏਸੇ ਕਰਕੇ ਕ੍ਰਿਸ਼ਨ ਨੇ ਅਰਜਨ ਗਿਆਨ ਦਿਤਾ ਸੀ ਤਦਬੀਰੀ, ਤਰੀਕਾ ਆਪਣੇ ਹੱਥ ਰਖਾਈਆ । ਏਸੇ ਕਰਕੇ
ਰਾਮ ਨੇ ਸੀਤਾ ਨੂੰ ਬਖ਼ਸ਼ੀ ਫ਼ਕੀਰੀ, ਜੰਗਲਾਂ ਵਿਚ ਭਵਾਈਆ । ਜਿਸ ਦੀ ਸ਼ਹਾਦਤ ਦੇਵੇ ਭਗਤਾਂ ਦਾ ਭਗਤ ਕਬੀਰੀ, ਕਬਰਾਂ ਤੋਂ ਬਾਹਰ ਰਿਹਾ
ਸੁਣਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਨੇ ਭਵਿਖਤ ਲਿਖਿਆ ਤਹਿਰੀਰੀ, ਅੱਖਰ ਅੱਖਰਾਂ ਜੋੜ ਜੁੜਾਈਆ । ਕਲਜੁਗ ਅੰਤਮ ਸ਼ਹਿਨਸ਼ਾਹ ਸ਼ਾਹ
ਪਾਤਸ਼ਾਹ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਝਗੜਾ ਮੇਟੇ ਸ਼ਾਹ ਹਕੀਰੀ, ਹਕੀਰ ਹਕੀਰਾਂ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਭਗਤੋ ਇਕ ਸੌ ਇਕ
ਨੇ ਲਾ ਕੇ ਆਉਣੀ ਮਹਿੰਦੀ, ਪੁੱਠੇ ਹੱਥ ਰੰਗਾਈਆ । ਮੈਂ ਸਭ ਨੂੰ ਵਾਸਤਾ ਪਾ ਕੇ ਕਹਿੰਦੀ, ਸੱਯਦੇ ਵਿਚ ਸੀਸ ਝੁਕਾਈਆ । ਮੇਰੀ ਉਚ ਅਟਾਰੀ
ਜਾਏ ਢਹਿੰਦੀ, ਮੰਜ਼ਲ ਬਾਮੰਜ਼ਲ ਡਿੱਗੇ ਵਾਹੋ ਦਾਹੀਆ । ਦੁਹਾਈ ਪੈਣੀ ਦਿਸ਼ਾ ਲਹਿੰਦੀ, ਲਹਿੰਦਾ ਚੜ੍ਹਦਾ ਸਮਝ ਕੋਇ ਨਾ ਆਈਆ । ਮੈਨੂੰ
ਐਂ ਦਿਸਦਾ ਉਮਤ ਮੁਹੰਮਦ ਦੀ ਈਸਾ ਮੂਸਾ ਵਾਲਿਆਂ ਨਾਲ ਖਹਿੰਦੀ, ਵਿਚ ਵਿਚੋਲਾ ਹੋ ਨਾ ਕੋਇ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੇਰੇ ਸੀਸ ਤੇ ਲਾਇਓ ਨੌਂ ਫੁੱਲ, ਨੌਂ ਖੰਡ ਦਾ ਹਾਲ ਸੁਣਾਈਆ । ਕਿਸ ਬਿਧ ਉਮਤ ਦਾ ਦੀਵਾ ਹੋਣਾ ਗੁਲ, ਗੁਲਸ਼ਨ ਮਹਿਕ ਨਾ ਕੋਇ ਮਹਿਕਾਈਆ । ਮੇਰਾ ਅੰਤਮ ਹੋਣਾ ਕੋਇ ਨਾ ਪੈਣਾ ਮੁੱਲ, ਮੁੱਲ ਅਮੁੱਲ ਰਿਹਾ ਦ੍ਰਿੜਾਈਆ । ਸਾਚਾ ਰਸ ਗਿਆ ਡੁੱਲ੍ਹ, ਆਬ ਹੱਥ ਨਾ ਕੋਇ ਫੜਾਈਆ । ਜਗਤ ਅੰਧੇਰ ਰਿਹਾ ਝੁੱਲ, ਚਾਰੋਂ ਕੁੰਟ ਵਾਹੋ ਦਾਹੀਆ । ਖੇਲ ਕਰੇ ਸੁਲਹਕੁਲ, ਕੁਲ ਮਾਲਕ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਮੇਰੀ ਮਿੱਟੀ ਦੀ ਲਿਆਉਣੀ ਕਨਾਲੀ, ਵੱਡੀ ਛੋਟੀ ਨਾ ਵੰਡ ਵੰਡਾਈਆ । ਵਿਚੋਂ ਹੋਵੇ ਖ਼ਾਲੀ, ਆਟਾ ਪਾਣੀ ਨਾ ਕੋਇ ਰਲਾਈਆ । ਵਿਚ ਰੱਖੀ ਹੋਵੇ ਬੇਰੀ ਦੀ ਡਾਲੀ, ਕੰਡਿਆਂ ਵਾਲੀ ਸੋਭਾ ਪਾਈਆ । ਨਾਲ ਲੀਰ ਹੋਵੇ ਕਾਲੀ, ਸਵਾ ਹੱਥ ਲੰਬਾਈ ਚੌੜਾਈਆ । ਉਸ ਦੇ ਉਤੇ ਪਹਿਰਾ ਹੋਵੇ ਬੰਦੂਕ ਦੋਨਾਲੀ, ਦੋਹਾਂ ਧਿਰਾਂ ਦਾ ਲੇਖਾ ਦਿਆਂ ਸਮਝਾਈਆ । ਗੁਰਮੁਖਾਂ ਚੜ੍ਹੀ ਹੋਵੇ ਮਸਤਕ ਲਾਲੀ, ਲਾਲ ਗੁਲਾਲਾ ਰੰਗ ਬਦਲਾਈਆ । ਇਕ ਸੌ ਇਕ ਗੁਰਸਿਖ ਮਾਰਦੇ ਆਵਣ ਤਾਲੀ, ਤਾਲ ਧੁਰ ਦਾ ਆਪ ਜਣਾਈਆ । ਮੈਂ ਖ਼ੁਸ਼ੀਆਂ ਨਾਲ ਵੇਖਾਂ ਸ਼ਾਲੀ, ਕੀ ਸ਼ਾਲਾ ਆਪਣਾ ਹੁਕਮ ਵਰਤਾਈਆ । ਮੈਂ ਸਚ ਦੱਸਾਂ ਖ਼ੁਦਾ ਨੇ ਉਹ ਨਹੀਂ ਬਖ਼ਸ਼ਣਾ ਜਿਨ੍ਹਾਂ ਨੇ ਝਟਕਾ ਖਾਧਾ ਤੇ ਹਲਾਲੀ, ਹਾਲਤ ਬੁਰੀ ਹੋਵੇ ਲੋਕਾਈਆ । ਬਿਨਾ ਪੁਰਖ ਅਕਾਲ ਤੋਂ ਏਸ ਦੁਨੀਆ ਦਾ ਰਹਿਣਾ ਨਹੀਂ ਕੋਈ ਮਾਲੀ, ਜੋ ਲੱਖ ਚੁਰਾਸੀ ਬੂਟੇ ਪਾਲੇ ਚਾਈਂ ਚਾਈਂਆ । ਹੁਣ ਕੋਈ ਮੇਰੀ ਉਮਰ ਨਹੀਂ ਰਹਿ ਗਈ ਬਾਹਲੀ, ਥੋੜਾ ਸਮਾਂ ਬਾਕੀ ਨਜ਼ਰੀ ਆਈਆ । ਮੈਨੂੰ ਇਉਂ ਜਾਪਦਾ ਮੇਰੇ ਖ਼ੁਦਾ ਨੇ ਦੁਨੀਆ ਨੂੰ ਐਂ ਵਾਹੁਣਾ ਜਿਉਂ ਕਿਰਸਾਨ ਹੱਲ ਚਲਾਉਂਦਾ ਰਾਹਲੀ, ਸਾਰੀ ਸ੍ਰਿਸ਼ਟੀ ਦੀਆਂ ਰਹਿਲਾਂ ਚਾਰੇ ਦਏ ਬਣਾਈਆ । ਕੋਇ ਹੁਕਮਰਾਨ ਰਹਿਣ ਨਹੀਂ ਦੇਣਾ ਜਾਹਲੀ, ਜਿਹੜਾ ਧੋਖਾ ਰਈਅਤ ਨਾਲ ਕਮਾਈਆ । ਸਦੀ ਚੌਧਵੀਂ ਕਹੇ ਮੈਂ ਅਜੇ ਤਕ ਬਣੀ ਨਹੀਂ ਕਿਸੇ ਦੀ ਸਾਲੀ, ਜੀਜਾ ਮੇਰਾ ਰੂਪ ਨਾ ਕੋਇ ਪਰਗਟਾਈਆ । ਮੈਂ ਆਦਿ ਤੋਂ ਅੰਤ ਤਕ ਇਕੋ ਪ੍ਰਭ ਦੀ ਜੋਤ ਤੇ ਜੋਤ ਅਕਾਲੀ, ਜੋ ਜੁਗ ਜੁਗ ਆਪਣਾ ਰੂਪ ਬਦਲਾਈਆ । ਜਿਸ ਦੇ ਅੱਗੇ ਮੁਹੰਮਦ ਹੋਇਆ ਸਵਾਲੀ, ਖ਼ਾਲੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਫ਼ਰਮਾਨਾ ਇਕ ਸੁਣਾਈਆ । ਸਦੀ ਚੌਧਵੀਂ ਕਹੇ ਪ੍ਰਭੂ ਤੇਰਾ ਫ਼ਰਮਾਨਾ ਕਿ ਫੁਰਨਾ, ਓਹ ਫੁਰਨੇ ਵਾਲਿਆ ਦੇ ਜਣਾਈਆ । ਸਚ ਦੱਸ ਤੂੰ ਪਹਿਲੋਂ ਕਿਹੜੀ ਕੂਟੇ ਤੁਰਨਾ, ਉੱਤਰ ਪੂਰਬ ਪੱਛਮ ਦੱਖਣ ਚਾਰੇ ਦੇ ਸਮਝਾਈਆ । ਫੇਰ ਕਦੋਂ ਵਾਪਸ ਮੁੜਨਾ, ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਕਰ ਸਫ਼ਾਈਆ । ਦੱਸ ਕਿਹੜੇ ਵੇਲੇ ਆਤਮ ਪਰਮਾਤਮ ਮੇਲ ਜੁੜਨਾ, ਜਗਤ ਵਿਛੋੜਾ ਰਹੇ ਨਾ ਰਾਈਆ । ਕਿਸ ਬਿਧ ਇਕੋ ਤੇਰਾ ਨਾਮ ਪੜ੍ਹਨਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਸਚ ਦੱਸ ਦੇ ਕਿਸ ਤਰੀਕੇ ਨਾਲ ਤੇਰੇ ਪੌੜੇ ਚੜ੍ਹਨਾ, ਦੋ ਜਹਾਨਾਂ ਸਕੇ ਨਾ ਕੋਇ ਅਟਕਾਈਆ । ਪਰਵਰਦਿਗਾਰ ਮਿਹਰਵਾਨ ਮਹਿਬੂਬ ਬੇਪਰਵਾਹ ਨੂਰ ਅਲਾਹ ਭੇਵ ਖੋਲ੍ਹ ਦੇ ਸ਼ਬਦ ਬੋਲ ਦੇ ਤੇਰਿਆਂ ਪਿਆਰਿਆਂ ਕਿਸ ਵੇਲੇ ਤੇਰੇ ਘਰ ਵੜਨਾ, ਜਿਨ੍ਹਾਂ ਨੂੰ ਵਿਸ਼ਨ ਬ੍ਰਹਮਾ ਸ਼ਿਵ ਸਾਰੇ ਸੀਸ ਨਿਵਾਈਆ । ਉਹਨਾਂ ਦਾ ਮਰਨ ਦੇ ਪਿਛੋਂ ਫੇਰ ਨਾ ਹੋਵੇ ਮਰਨਾ, ਮਰ ਕੇ ਜੀਵਤ ਰੂਪ ਬਦਲਾਈਆ । ਮੈਂ ਚਾਹੁੰਦੀ ਜਿਸ ਨੇ ਇਕ ਵਾਰ ਸੀਸ ਨਿਵਾਇਆ ਤੇਰਿਆਂ ਚਰਨਾਂ, ਚੁਰਾਸੀ ਵਿਚ ਕਦੇ ਨਾ ਆਈਆ । ਤੂੰ ਝਗੜਾ ਮੇਟ

ਦੇ ਵਰਨਾ ਬਰਨਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਤੇਰੇ ਹੱਥ ਸਭ ਨੂੰ ਭੰਨਣਾ ਤੇ ਘੜਨਾ, ਘੜਨ ਭੰਨਣਹਾਰ ਤੇਰੀ ਬੇਪਰਵਾਹੀਆ । ਇਕੋ ਨਾਮ ਦੱਸ ਦੇ ਜਿਸ ਨਾਲ ਸਾਰੀ ਸ੍ਰਿਸ਼ਟੀ ਨੇ ਤਰਨਾ, ਤਾਰਨਹਾਰ ਆਪਣੀ ਦਇਆ ਕਮਾਈਆ । ਉਹ ਆਪਣੇ ਕਲਮੇ ਸਾਂਭ ਲੈ ਜਿਨ੍ਹਾਂ ਪਿਛੇ ਸ੍ਰਿਸ਼ਟੀ ਨੂੰ ਪਏ ਲੜਨਾ, ਨਾਮ ਨਾਮ ਨਾਲ ਟਕਰਾਈਆ । ਜ਼ਰਾ ਭੇਤ ਖੋਲ੍ਹ ਦੇ ਆਪਣੇ ਘਰਨਾ, ਗ੍ਰਹਿ ਮੰਦਰ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੈਂ ਅੰਤਮ ਅੰਤ ਨਿਮਾਣੀ, ਨਿਮਾਣੀ ਹੋ ਕੇ ਸੀਸ ਨਿਵਾਈਆ । ਮਿਹਰਵਾਨ ਕਰ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਤੂੰ ਦਇਆਵਾਨ ਦਾਨੀ, ਦਾਤਾ ਧੁਰਦਰਗਾਹੀਆ । ਜੋਤੀ ਜੋਤ ਨੂਰ ਨੁਰਾਨੀ, ਨੂਰ ਨੁਰਾਨਾ ਡਗਮਗਾਈਆ । ਕਿਉਂ ਝਗੜਾ ਪਾਇਆ ਜਿਸਮ ਜਿਸਮਾਨੀ, ਤਤ ਜ਼ਮੀਰ ਦੇ ਬਦਲਾਈਆ । ਤੇਰਾ ਕਲਮਾ ਹੋਵੇ ਕਲਾਮੀ, ਕਲਮਾ ਕਾਇਨਾਤ ਕਰ ਸ਼ਨਵਾਈਆ । ਮੇਰਾ ਦਿਲ ਕਰਦਾ ਮੈਂ ਚੁਰਾਸੀ ਲੱਖ ਦੀ ਤੈਨੂੰ ਦਿਆਂ ਇਕੋ ਵਾਰ ਸਲਾਮੀ, ਸਭ ਕੁਛ ਤੇਰੀ ਝੋਲੀ ਪਾਈਆ । ਮੈਂ ਆਪਣੇ ਵਕਤ ਪਿਛੋਂ ਆਪਣੀ ਹੋਣ ਨਹੀਂ ਦੇਣੀ ਬਦਨਾਮੀ, ਬਦਨਾਮ ਕਰਨ ਵਾਲਾ ਨਜ਼ਰ ਕੋਇ ਨਾ ਆਈਆ । ਮੇਰਾ ਵਾਅਦਾ ਕੌਲ ਇਕਰਾਰ ਪੂਰਾ ਕਰ ਦੇ ਸ਼ਰਅ ਦੀ ਰਹੇ ਨਾ ਕਿਸੇ ਗ਼ੁਲਾਮੀ, ਜ਼ੰਜੀਰ ਦੇਣਾ ਤੁੜਾਈਆ । ਤੇਰਾ ਹੁਕਮ ਇਕ ਅਨਾਮੀ, ਧੁਰ ਫ਼ਰਮਾਨਾ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਧਰਮ ਆਪ ਸਮਝਾਈਆ । ਧੁਰ ਦਾ ਧਰਮ ਦੱਸ ਦੇ ਇਕਾ, ਏਕੰਕਾਰ ਦਇਆ ਕਮਾਈਆ । ਕਲਜੁਗ ਕੂੜਾ ਮੇਟ ਦੇ ਸਿੱਕਾ, ਸਿਕਮ ਦੇ ਕੋਲ ਪਏ ਦੁਹਾਈਆ । ਰੂਸਾ ਚੀਨਾ ਤਾਣ ਦੇ ਹਿੱਕਾਂ, ਹਿਕਮਤ ਆਪਣੀ ਨਾਲ ਟਕਰਾਈਆ । ਪੂਜਾ ਹਟਾ ਦੇ ਪੱਥਰ ਇੱਟਾਂ, ਪਾਹਨ ਸੀਸ ਨਾ ਕੋਇ ਝੁਕਾਈਆ । ਕਲਜੁਗ ਅੰਤਮ ਕਢਦੇ ਸਿੱਟਾ, ਸਿਟੇ ਬਾਜ਼ੀ ਵੇਖ ਖ਼ਲਕ ਖ਼ੁਦਾਈਆ । ਮੈਂ ਦੋ ਹੱਥੜ ਮਾਰ ਕੇ ਪਿੱਟਾਂ, ਬਿਨ ਨੈਣਾਂ ਨੀਰ ਵਹਾਈਆ । ਤੇਰਾ ਨੂਰ ਕਿਸੇ ਨਜ਼ਰ ਨਾ ਆਏ ਚਿੱਟਾ, ਕਲਜੁਗ ਰੈਣ ਅੰਧੇਰੀ ਛਾਈਆ । ਤੇਰਾ ਭਾਣਾ ਮੰਨੇ ਕੋਇ ਨਾ ਮਿੱਠਾ, ਦੀਨ ਦੁਨੀ ਰਹੀ ਕੁਰਲਾਈਆ । ਪੁਰਖ ਅਕਾਲ ਦੀਨ ਦਿਆਲ ਮਿਹਰਵਾਨ ਮੇਰੇ ਨਾਲ ਕਰ ਹਿਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਤੂੰ ਆਦਿ ਜੁਗਾਦਿ ਇਕੋ ਪਿਤਾ, ਪਤਿਪਰਮੇਸ਼ਵਰ ਸੀਸ ਨਿਵਾਈਆ । ਤੇਰਾ ਖੇਲ ਨਿਤ ਨਵਿਤਾ, ਜੁਗ ਜੁਗ ਆਪਣੀ ਕਾਰ ਭੁਗਤਾਈਆ । ਮੇਰਾ ਨਿਸ਼ਾਨਾ ਇਕੋ ਟਿਕਾ, ਟਿਕਟਿਕੀ ਤੇਰੇ ਵਿਚ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਅਨਾਦੀ ਸ਼ਬਦ ਮੇਰੀ ਪੂਰੀ ਕਰ ਦੇ ਇੱਛਾ, ਨਿਰਇੱਛਤ ਤੇਰੇ ਅੱਗੇ ਝੋਲੀ ਡਾਹੀਆ ।

### ✪ ੨ ਮੱਘਰ ਸ਼ਹਿਨਸ਼ਾਹੀ ਸੰਮਤ ੭ ਹਰਚਰਨ ਸਿੰਘ ਧੂਤਾ ਖ਼ੁਰਦ ਹੁਸ਼ਿਆਰ ਪੁਰ, ਰਣਜੀਤ ਕੌਰ ਬਰਦਬਾਨ ਸਵੇਰੇ ਵਿਹਾਰ ਹੋਇਆ ਹਰਿ ਭਗਤ ਦਵਾਰ ਜੇਠੂਵਾਲ ✪

ਮੱਘਰ ਕਹੇ ਮੇਰਾ ਪਰਵਿਸ਼ਟਾ ਦੂਜਾ, ਦੋ ਜਹਾਨ ਪ੍ਰਭ ਦਾ ਖੇਲ ਵਖਾਈਆ । ਜਿਸ ਦਾ ਭੇਵ ਆਦਿ ਜੁਗਾਦਿ ਗੂਝਾ, ਗੁੱਝੀ ਰਮਜ਼ ਇਕ

੧੫੮੭
੨੨

ਰਖਾਈਆ । ਅੰਤਰ ਨਿਰੰਤਰ ਭਵਿਖਤ ਸੁਝਾ, ਸਚ ਦਿਆਂ ਦ੍ਰਿੜਾਈਆ । ਜਿਸ ਰਹਿਣ ਨਹੀਂ ਦੇਣੀ ਕੋਈ ਪੂਜਾ, ਸਿਲ ਪਾਹਨ ਰਹੇ ਕੁਰਲਾਈਆ । ਮਾਟੀ ਦਾ ਘੜਾ ਮਾਰ ਕੇ ਮੂਧਾ, ਮੁੱਦਤਾਂ ਦਾ ਲੇਖਾ ਰਿਹਾ ਮੁਕਾਈਆ । ਲਹਿਣਾ ਪੂਰਾ ਕਰਨਾ ਕ੍ਰਿਸ਼ਨਾ ਯਾਦਵ ਨਾਲ ਊਧਾ, ਊਧੋ ਨੈਣ ਨੈਣ ਉਠਾਈਆ । ਨਿਰਾਸੀ ਰਹੇ ਮੂਲ ਨਾ ਬਸੁਧਾ, ਕਲਜੁਗ ਝੋਲੀ ਦੇ ਭਰਾਈਆ । ਯੁਧਿਸ਼ਟਰ ਦੀ ਧਾਰ ਨਾਲੋਂ ਪਰੇ ਹੋਣਾ ਯੁਧਾ, ਯੋਧਾ ਉਠਿਆ ਬੇਪਰਵਾਹੀਆ । ਜਿਹੜੀ ਮਮਤਾ ਰੱਖੀ ਬੁੱਧਾ, ਬਿਨਾ ਬੁੱਧੀ ਤੋਂ ਆਸ ਪਰਗਟਾਈਆ । ਉਸ ਦਾ ਅੰਤਮ ਵੇਖਣਾ ਮੁੱਦਾ, ਮੁਤਾਲਿਆ ਕਰੇ ਖ਼ਲਕ ਖ਼ੁਦਾਈਆ । ਇਕੋ ਨੂਰ ਕਰਨਾ ਉਘਾ, ਉਗਣ ਆਥਣ ਕਰੇ ਰੁਸ਼ਨਾਈਆ । ਨਿਸ਼ਾਨ ਰਹਿਣ ਨਹੀਂ ਦੇਣਾ ਕਲਜੁਗਾ, ਕੂੜੀ ਕਿਰਿਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਮੱਘਰ ਕਹੇ ਮੇਰਾ ਦਿਵਸ ਦੂਜਾ ਚੜ੍ਹਿਆ, ਚੜ੍ਹਦੀ ਕਲਾ ਤਕਾਂ ਬੇਪਰਵਾਹੀਆ । ਜਿਸ ਦੀਨ ਦੁਨੀ ਦਾ ਲੇਖਾ ਅਵਤਾਰ ਪੈਗ਼ੰਬਰਾਂ ਗੁਰੂਆਂ ਦੇ ਸਿਰ ਮੜ੍ਹਿਆ, ਲੇਖਾ ਮੰਗੇ ਥਾਉਂ ਥਾਈਂਆ । ਸਦੀ ਚੌਧਵੀਂ ਬੀਸਵੀਂ ਆ ਕੇ ਅੜਿਆ, ਅੜਿੱਕਾ ਹੁਕਮ ਵਾਲਾ ਰਖਾਈਆ । ਜਗਤ ਜਹਾਨ ਜੋ ਝੇੜਾ ਛਿੜਿਆ, ਝਗੜਾ ਤਕੇ ਬੇਪਰਵਾਹੀਆ । ਦੀਨ ਦੁਨੀ ਨਾਲ ਲੜਿਆ, ਮਜ਼੍ਹਬ ਮਜ਼੍ਹਬ ਨਾਲ ਟਕਰਾਈਆ । ਮੈਂ ਜਿਧਰ ਤਕਾਂ ਉਧਰ ਦਿਸੇ ਖੜਿਆ, ਹਾਜ਼ਰ ਹਜ਼ੂਰ ਨਜ਼ਰੀ ਆਈਆ । ਜਿਸ ਨੇ ਚੁਰਾਸੀ ਘਾੜਨ ਘੜਿਆ, ਭੰਨਣਹਾਰ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਮੱਘਰ ਕਹੇ ਮੇਰਾ ਪਰਵਿਸ਼ਟਾ ਬੜਾ ਖ਼ਤਰਨਾਕ, ਖ਼ਤਰਾ ਬੇਖ਼ਤਰਾ ਦਿਆਂ ਜਣਾਈਆ । ਮੁਹੰਮਦ ਦਾ ਲੇਖਾ ਮੁਕੇ ਨਾਲ ਇਤਫ਼ਾਕ, ਸਦੀ ਸਦੀਵੀ ਸੰਗ ਰਲਾਈਆ । ਅਧੂਰਾ ਰਹੇ ਮੂਲ ਨਾ ਵਾਕ, ਵਾਕਿਆ ਵੇਖੇ ਚਾਈਂ ਚਾਈਂਆ । ਪੁਰਖ ਅਕਾਲ ਖੋਲ੍ਹ ਕੇ ਤਾਕ, ਪਰਦਾ ਪਰਦਿਆਂ ਵਿਚੋਂ ਉਠਾਈਆ । ਸਦੀ ਚੌਧਵੀਂ ਲਹਿਣਾ ਕਰੇ ਬੇਬਾਕ, ਪਿਛਲਾ ਲੇਖਾ ਰਹੇ ਨਾ ਰਾਈਆ । ਜਨ ਭਗਤਾਂ ਬਖ਼ਸ਼ ਕੇ ਆਪਣਾ ਸਾਥ, ਸਿਰ ਸਿਰ ਆਪਣਾ ਹੱਥ ਟਿਕਾਈਆ । ਮਿਹਰਵਾਨ ਪੁਰਖ ਸਮਰਾਥ, ਨਜ਼ਰ ਮਿਹਰ ਨਾਲ ਤਰਾਈਆ । ਹਰਿਜਨ ਬਣਾ ਕੇ ਧਰਮ ਦੇ ਸੱਜਣ ਸਾਕ, ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਗੁਰਸਿਖਾਂ ਸਤਿ ਸਚ ਦੀ ਦੇਵੇ ਦਾਤ, ਦਾਤਾ ਦਾਨੀ ਕਰ ਮਿਹਰਵਾਨੀ ਆਪਣੀ ਆਪ ਵਰਤਾਈਆ ।


੧੫੮੮ ੨੨

### ੨ ਮੱਘਰ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ

ਦੋ ਮੱਘਰ ਕਹੇ ਘੋੜੀ ਚੜ੍ਹਿਆ ਧੁਰ ਦਾ ਲਾੜਾ, ਛੈਲ ਛਬੀਲਾ ਬੇਪਰਵਾਹੀਆ । ਜਿਸ ਦਾ ਗੁਰਸਿਖ ਲਾਗੀ ਮੰਗਣ ਆਏ ਵਾੜਾ, ਖ਼ਾਲੀ ਝੋਲੀਆਂ ਅੱਗੇ ਡਾਹੀਆ । ਸੇਹਰੇ ਵਾਲਿਆ ਸਾਨੂੰ ਦੇ ਦੇ ਧੁਰ ਦਾ ਭਾੜਾ, ਪਿਛਲਾ ਪੰਧ ਦੇਣਾ ਮੁਕਾਈਆ । ਸਾਡਾ ਅੱਗੇ ਕਰਮ ਰਹੇ ਨਾ ਮਾੜਾ, ਕੁਕਰਮ ਦਾ ਲੇਖਾ ਦੇਣਾ ਚੁਕਾਈਆ । ਤੇਰਾ ਖ਼ੁਸ਼ੀਆਂ ਵਾਲਾ ਦਿਹਾੜਾ, ਜੁਗ ਚੌਕੜੀ ਪਿਛੋਂ ਸੋਭਾ ਪਾਈਆ । ਤੇਰੀਆਂ ਸਖੀਆਂ ਦਾ ਅਖਾੜਾ,

ਸੋਹਣਿਆਂ ਸੋਹਣਾ ਰੰਗ ਬਣਾਈਆ । ਨੱਚਣ ਟੱਪਣ ਜੰਗਲ ਜੂਹ ਪਹਾੜਾ, ਉਜਾੜਾਂ ਵੱਜੇ ਵਧਾਈਆ । ਬਖ਼ਸ਼ਿਸ਼ ਦਾ ਰੰਗ ਚਾੜ੍ਹ ਦੇ ਗਾੜ੍ਹਾ, ਰਹਿਮਤ ਦੇ ਮਾਲਕ ਉਤਰ ਕਦੇ ਨਾ ਜਾਈਆ । ਤੈਨੂੰ ਵੇਖਣ ਉਹ ਅਗੰਮੀ ਨਾਰਾਂ, ਜਿਨ੍ਹਾਂ ਨੂੰ ਨਰ ਨਰਾਇਣ ਸੁਹਾਗਣ ਦਿਤਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਖਿਲਾਈਆ । ਘੋੜੀ ਚੜ੍ਹਿਆ ਸਚ ਦਾ ਦੂਲ੍ਹਾ, ਦੋ ਜਹਾਨਾਂ ਵੱਜੀ ਵਧਾਈਆ । ਜਿਸ ਦੇ ਚਰਨ ਮਿਲੇ ਧੂਲਾ, ਧੂੜੀ ਖ਼ਾਕ ਖ਼ਾਕ ਰਮਾਈਆ । ਸਭ ਦਾ ਪਿਛਲਾ ਚੁਕਾਏ ਮੂਲਾ, ਲੇਖਾ ਅਵਰ ਰਹੇ ਨਾ ਰਾਈਆ । ਇਕ ਇਕ ਦੱਸੇ ਅਸੂਲਾ, ਅਸਲ ਆਪਣਾ ਆਪ ਸਮਝਾਈਆ । ਸਚ ਨਾਮ ਦਾ ਦੇ ਕੇ ਤੁਲ੍ਹਾ, ਬੇੜਾ ਬੰਨੇ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਦੋ ਮੱਘਰ ਕਹੇ ਦੂਲ੍ਹੇ ਮਾਰੀ ਇਕ ਪਲਾਕੀ, ਆਸਣ ਧਰਮ ਦਾ ਇਕ ਸਮਝਾਈਆ । ਜਿਸ ਵੇਖਣੇ ਬੰਦੇ ਖ਼ਾਕੀ, ਚਾਰੋਂ ਕੁੰਟ ਅੱਖ ਉਠਾਈਆ । ਝਗੜਾ ਮੇਟਣਾ ਅੰਧੇਰੀ ਰਾਤੀ, ਸਾਚਾ ਚੰਦ ਚਮਕਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰਾ ਕਰਨਾ ਭਵਿਖਤ ਵਾਕੀ, ਲੇਖਾ ਸਭ ਦਾ ਵੇਖ ਵਖਾਈਆ । ਪਰਗਟ ਹੋ ਕੇ ਲੋਕਮਾਤੀ, ਪਰਲੋਕ ਆਪਣਾ ਹੁਕਮ ਜਣਾਈਆ । ਖੇਲ ਖੇਲੇ ਬਹੁ ਬਿਧ ਭਾਂਤੀ, ਅਨਕ ਕਲਧਾਰੀ ਆਪਣੀ ਕਲ ਵਰਤਾਈਆ । ਜਿਸ ਦੇ ਸੰਗੀ ਜਨ ਭਗਤ ਹੋਣੇ ਬਰਾਤੀ, ਸੰਗ ਚਲਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਦੂਲ੍ਹਾ ਕਹੇ ਮੈਂ ਲਾੜਾ ਇਕ ਅਪਾਰ, ਅਪਰੰਪਰ ਹੋ ਕੇ ਦਿਆਂ ਜਣਾਈਆ । ਨਾ ਕੋਈ ਮੇਰੀ ਮਾਂ ਤੇ ਨਾ ਕੋਈ ਮੇਰੀ ਮਾਂ ਦਾ ਯਾਰ, ਯਰਾਨੇ ਵਾਲਾ ਨਜ਼ਰ ਕੋਇ ਨਾ ਆਈਆ । ਭੈਣ ਭਰਾ ਦੀ ਨਹੀਂ ਕੋਇ ਧਾਰ, ਚਾਚਾ ਤਾਇਆ ਨਾ ਕੋਇ ਵਖਾਈਆ । ਵਾਗ ਗੁੰਦੇ ਨਾ ਕੋਇ ਵਿਚ ਸੰਸਾਰ, ਸਗਨ ਜਗਤ ਨਾ ਕੋਇ ਵਖਾਈਆ । ਮੇਰਾ ਖੇਲ ਆਪਣੀ ਕਾਰ, ਕਰਤਾ ਪੁਰਖ ਹੋ ਕੇ ਵੇਖ ਵਖਾਈਆ । ਮੇਰਾ ਮੇਰੀ ਹੋਵੇ ਨਾਰ, ਦੂਜਾ ਰੂਪ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਦੂਲ੍ਹਾ ਕਹੇ ਮੇਰੇ ਹੇਠ ਅਗੰਮੀ ਘੋੜੀ, ਹਿਣਕ ਕੇ ਰਹੀ ਵਖਾਈਆ । ਮੇਰੇ ਪ੍ਰਭ ਨੇ ਜਗਤ ਵਿਚ ਰਹਿਣ ਨਹੀਂ ਦੇਣੀ ਕੋਟਾਂ ਵਾਲੀ ਜੋੜੀ, ਕੋਈ ਵਿਰਲਾ ਗੁਰਮੁਖ ਜੋੜਾ ਨਜ਼ਰੀ ਆਈਆ । ਕਿਉਂ ਸਭ ਦੀ ਔਧ ਰਹਿ ਗਈ ਥੋੜੀ, ਸੁਹਾਗ ਕੰਤ ਨਾ ਕੋਇ ਹੰਢਾਈਆ । ਦੁੱਖਾਂ ਵਿਚ ਸਭ ਨੇ ਕਰਨਾ ਬਹੁੜੀ ਬਹੁੜੀ, ਨੇਤਰ ਰੋਵਣ ਮਾਰਨ ਧਾਹੀਆ । ਮੈਂ ਦੋ ਜਹਾਨ ਦੋ ਹੱਥਾਂ ਦੀ ਮਾਰੀ ਤਾੜੀ (ਦੋਹਰੀ), ਤਾਲ ਆਪਣਾ ਇਕ ਜਣਾਈਆ । ਕਿਸੇ ਆਬ ਹੱਥ ਨਹੀਂ ਆਉਣਾ ਜੌਹੜੀ, ਸਰੋਵਰ ਰਸ ਨਾ ਕੋਇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਆਪਣੇ ਹੱਥ ਰਖਾਈਆ । ਘੋੜੀ ਕਹੇ ਇਹ ਲਾੜਾ ਬੜਾ ਚੰਗਾ, ਜੋ ਮੇਰੇ ਉਤੇ ਆਸਣ ਲਾਈਆ । ਜਿਸ ਦੇ ਪਿਛੇ ਭੱਜੀ ਫਿਰੇ ਜਮਨਾ ਸੁਰਸਤੀ ਗੰਗਾ, ਗੋਦਾਵਰੀ ਵਾਹੋ ਦਾਹੀਆ । ਲਛਮੀ ਮੰਗੇ ਮੰਗਾਂ, ਆਪਣੀ ਝੋਲੀ ਡਾਹੀਆ । ਸੁਰਸਤੀ ਮੁਖ ਨੈਣ ਕਰਕੇ ਨੰਗਾ, ਨੈਣ ਰਹੀ ਬਦਲਾਈਆ । ਫੜ ਕੇ ਸਚ ਸਤਿ ਸੁਰੰਗਾ, ਰਾਗ ਰਾਗਣੀਆਂ ਰਹੀ ਸੁਣਾਈਆ । ਪਾਰਬਤੀ ਛਡ ਕੇ ਧੰਦਾ, ਧੁੰਦੂਕਾਰ ਤੋਂ ਪਰੇ ਵੇਖ ਵਖਾਈਆ । ਦੇਵਤ ਸੁਰ ਸਰਬ ਕੰਬਾ, ਅਪੱਛਰਾਂ ਭੱਜਣ ਵਾਹੋ ਦਾਹੀਆ । ਬਿਹਬਲ ਹੋਣੀ ਜਿਹੜੀ ਚੌਦਾਂ

ਰਤਨਾਂ ਵਿਚੋਂ ਨਿਕਲੀ ਅਰੰਭਾ, ਮੋਹਣੀ ਆਪਣੀ ਕਲ ਵਰਤਾਈਆ । ਫ਼ਾਤਮਾ ਕਹੇ ਪੈਂਡਾ ਨਹੀਂ ਲੰਬਾ, ਲੰਮੀ ਪੈ ਕੇ ਦਿਆਂ ਸੁਣਾਈਆ । ਨੀ ਇਹ ਉਹ ਲਾੜਾ ਜਿਸ ਦੇ ਕੋਲ ਨਾ ਤਹਿਮਤ ਧੋਤੀ ਤੰਬਾ, ਬਸਤਰ ਜਗਤ ਨਾ ਕੋਇ ਵਖਾਈਆ । ਜਿਸ ਨੂੰ ਮੁਹੰਮਦ ਨੇ ਯਾਦ ਕੀਤਾ ਸੀ ਵਿਚ ਯਕ ਸ਼ੰਬਾ, ਯਕ ਧਿਆਨ ਲਗਾਈਆ । ਉਹ ਵੇਸ ਕਰ ਅਚੰਭਾ, ਪਰਵਰਦਿਗਾਰ ਆਇਆ ਰੂਪ ਬਦਲਾਈਆ । ਜਿਸ ਨੇ ਮਾਣ ਬਖ਼ਸ਼ਿਆ ਪੰਜਾ, ਪੰਜ ਦਿਤੀ ਵਡਿਆਈਆ । ਮੇਟਿਆ ਗ਼ਮ ਰੰਜਾ, ਦੁੱਖ ਦਰਦ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਲਾੜਾ ਕਹੇ ਮੈਨੂੰ ਸੁਰਮਾ ਪਾਇਆ ਨਹੀਂ ਕਦੀ ਭਾਬੀ, ਪਾਣੀ ਸੀਸ ਉਤੇ ਛੁਹਾਈਆ । ਜਗਤ ਸੁਣੀ ਨਹੀਂ ਕਦੇ ਆਵਾਜ਼ੀ, ਰਸਨਾ ਨਾਲ ਦ੍ਰਿੜਾਈਆ । ਘੋੜੀ ਕਹੇ ਇਹ ਲਾੜਾ ਆਦਿ ਦਾ ਆਦਿ ਪੂਰਬ ਦਾ ਮਾਜ਼ੀ, ਹਾਲ ਦਾ ਹਾਲ ਨਜ਼ਰੀ ਆਈਆ । ਜਿਹੜਾ ਸਦ ਖ਼ੁਸ਼ੀ ਵਿਚ ਰਹੇ ਰਾਜ਼ੀ, ਰਾਜ਼ਕ ਰਿਜ਼ਕ ਰਹੀਮ ਆਪ ਅਖਵਾਈਆ । ਉਹ ਖੇਲ ਖੇਲੇ ਜਗਤ ਸਮਾਜੀ, ਸਮਗਰੀ ਆਪਣੀ ਆਪ ਵਰਤਾਈਆ । ਜਿਸ ਦੀ ਦੋਹਰੀ ਧਾਰ ਹੋਵੇ ਦੋਆਬੀ, ਨਿਰਗੁਣ ਸਰਗੁਣ ਖੇਲ ਖਿਲਾਈਆ । ਏਸੇ ਕਾਰਨ ਦੋਆਬੇ ਵਾਲਿਆਂ ਤੋਂ ਸੁਣਿਆ ਗੀਤ ਸ਼ਤਾਬੀ, ਰਸ ਰਸਨਾ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਮਾਜ ਰਾਜ ਰਾਜ ਸਮਾਜ ਆਪਣੇ ਨਾਮ ਦੀ ਬਖ਼ਸ਼ੇ ਆਜ਼ਾਦੀ, ਸ਼ਰਅ ਜ਼ੰਜੀਰ ਨਜ਼ਰ ਕੋਇ ਨਾ ਆਈਆ ।



੧੫੯੦ ੨੨

### ✪ ੩ ਮੱਘਰ ਸ਼ਹਿਨਸ਼ਾਹੀ ਸੰਮਤ ੭ ਰਾਮ ਸਿੰਘ ਦੇ ਗ੍ਰਿਹਿ ਗਵਾਲ ਟੋਲੀ ਫ਼ਿਰੋਜ਼ਪੁਰ ਛਾਉਣੀ ✪

ਤੇਗ਼ ਬਹਾਦਰ ਧਿਆਨ ਧਰਿਆ ਵਿਚੋਂ ਸੀਖਾਂ, ਚੌਕ ਚਾਂਦਨੀ ਅੱਖ ਖੁਲ੍ਹਾਈਆ । ਫੇਰ ਪੰਜਾਂ ਉਗਲਾਂ ਨਾਲ ਮਾਰੀਆਂ ਲੀਕਾਂ, ਪੰਚਮ ਵੇਖ ਵਖਾਈਆ । ਜਿਸ ਸਾਹਿਬ ਦੀਆਂ ਕਰਦੇ ਉਡੀਕਾਂ, ਜੁਗ ਚੌਕੜੀ ਧਿਆਨ ਰਖਾਈਆ । ਉਹ ਜਦ ਆਵੇ ਬਦਲ ਦੇਵੇ ਪਿਛਲੀਆਂ ਸਰਬ ਤਵਾਰੀਖ਼ਾਂ, ਤਾਰੀਖ ਆਪਣੀ ਇਕ ਦ੍ਰਿੜਾਈਆ । ਦੀਨ ਦੁਨੀ ਬਖ਼ਸ਼ੇ ਹਦੀਸਾ, ਹਜ਼ਰਤਾਂ ਤੋਂ ਬਾਹਰ ਕਰੇ ਪੜ੍ਹਾਈਆ । ਜਨ ਭਗਤਾਂ ਰਹਿਮਤ ਦੇਵੇ ਬਖ਼ਸ਼ੀਸ਼ਾਂ, ਮਿਹਰ ਨਜ਼ਰ ਉਠਾਈਆ । ਛਤਰ ਝੁਲਾ ਇਕੋ ਸੀਸਾ, ਜਗਦੀਸ਼ਰ ਆਪਣੀ ਕਾਰ ਭੁਗਤਾਈਆ । ਲੇਖਾ ਵੇਖ ਰਾਗ ਛਤੀਸਾ, ਤੀਸ ਬਤੀਸਾ ਪਰਦਾ ਆਪ ਫੁਲਾਈਆ । ਦੀਨ ਮਜ਼੍ਹਬ ਦਾ ਖ਼ਾਲੀ ਕਰੇ ਖ਼ੀਸਾ, ਜਗਤ ਵਣਜਾਰਾ ਨਜ਼ਰ ਕੋਇ ਨਾ ਆਈਆ । ਈਸਾ ਦੀ ਆਸਾ ਪੂਰੀ ਕਰੇ ਬੀਸ ਬੀਸਾ, ਬਿਸਮਿਲ ਸਭ ਦੀ ਧਾਰ ਜਣਾਈਆ । ਮੁਹੰਮਦ ਦੀ ਖ਼ਾਹਿਸ਼ ਵੇਖੇ ਤਬੀਅਤਾ, ਤਬੀਬ ਹੋ ਕੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਉਸ ਖੇਲ ਤੱਕਿਆ ਨਾ ਸੰਝ ਨਾ ਫ਼ਜਰ, ਦੋਵੇਂ ਰੂਪ ਗਏ ਬਦਲਾਈਆ । ਚਾਰੋਂ ਕੁੰਟ ਤਕੀ ਅਜ਼ਲ, ਭੱਜੇ ਵਾਹੋ ਦਾਹੀਆ । ਮੇਰਾ ਸਦੀ ਚੌਧਵੀਂ ਜ਼ਮਾਨਾ ਰਿਹਾ ਬਦਲ, ਬਦਲੀ ਕਰੇ ਖ਼ਲਕ ਖ਼ੁਦਾਈਆ । ਮੇਰੇ ਸੀਸ ਦੀ ਧਾਰ ਉਮਤ ਉਮਤੀ ਕਰੇ ਕਤਲ, ਕਤਲਗਾਹ ਬਣੇ ਲੋਕਾਈਆ । ਮੇਰਾ ਸਾਹਿਬ ਆਵੇ ਆਪਣੇ ਪੱਤਨ, ਗੋਬਿੰਦ

ਗੜ੍ਹ ਇਕ ਸੁਹਾਈਆ । ਸੰਬਲ ਸੁਹਾ ਕੇ ਧੁਰ ਦਾ ਵਤਨ, ਸਚਖੰਡ ਨਿਵਾਸੀ ਰੰਗ ਰੰਗਾਈਆ । ਉਸ ਵੇਲੇ ਕਿਸੇ ਦਾ ਚਲੇ ਕੋਇ ਨਾ ਯਤਨ, ਯਥਾਰਥ ਆਪਣਾ ਹੁਕਮ ਵਰਤਾਈਆ । ਭਗਤ ਸੁਹੇਲੇ ਵੇਖ ਕੇ ਰਤਨ, ਰਤਨ ਅਮੋਲਕ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਤੇਗ਼ ਬਹਾਦਰ ਤਕੇ ਆਪਣੀ ਨੈਣੀ, ਨੇਤਰ ਅੱਖ ਉਠਾਈਆ । ਝਟ ਮੁਸਲਿਮ ਕੰਨਿਆ ਲੰਘੀ ਜਿਸ ਦਾ ਨਾਮ ਸੀ ਹੁਸੈਨੀ, ਹੁਸਨ ਜੋਬਨ ਨਾਲ ਹੰਢਾਈਆ । ਉਸ ਦੀ ਆਸਾ ਅੰਦਰੋਂ ਲੱਗੀ ਕਹਿਣੀ, ਕਹਿ ਕਹਿ ਦ੍ਰਿੜਾਈਆ । ਤੂੰ ਮੇਰਾ ਸਾਕ ਸੈਣੀ, ਸਤਿਗੁਰ ਬੇਪਰਵਾਹੀਆ । ਮੇਰੀ ਆਸਾ ਤੇਰੇ ਚਰਨ ਢਹਿਣੀ, ਸੱਯਦਾ ਸੀਸ ਨਿਵਾਈਆ । ਮੈਨੂੰ ਇਉਂ ਦਿਸਦਾ ਉਮਤ ਅੰਤ ਅੰਤ ਨਹੀਂ ਰਹਿਣੀ, ਮੁਹੰਮਦ ਬੈਠੇ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਉਹਦੇ ਉਤੇ ਸੀ ਬਸਤਰ ਕਾਲਾ, ਮੁਖ ਗੋਰੇ ਰੰਗ ਛੁਹਾਈਆ । ਤੇਗ਼ ਬਹਾਦਰ ਵੱਲ ਨਿਗਹ ਉਠਾਈ ਅੱਗੇ ਲੱਗਾ ਸੀ ਤਾਲਾ, ਦਰਸ਼ਨ ਕਰ ਸਕੀ ਨਾ ਰਾਈਆ । ਅੰਦਰੇ ਅੰਦਰ ਆਪਣਾ ਆਪ ਸੰਭਾਲਾ, ਅਨਡਿਠਿਆਂ ਸੀਸ ਨਿਵਾਈਆ । ਸੱਚੇ ਸਤਿਗੁਰ ਤੂੰ ਮੇਰਾ ਹੋਈਂ ਰਖਵਾਲਾ, ਰੱਖਕ ਹੋ ਕੇ ਹੋਣਾ ਸਹਾਈਆ । ਉਮਤ ਦਾ ਵਕਤ ਰਹਿਣਾ ਨਹੀਂ ਬਾਹਲਾ, ਸਮਾਂ ਭੱਜੇ ਵਾਹੋ ਦਾਹੀਆ । ਨਾਲੇ ਕੰਨੋਂ ਲਾਹ ਕੇ ਇਕ ਬਾਲਾ, ਦੂਰੋਂ ਸੁੱਟ ਕੇ ਭੇਟ ਚੜ੍ਹਾਈਆ । ਫੇਰ ਅੰਤਰ ਅੰਤਰ ਆਪਣੇ ਮਨ ਦੀ ਫੇਰੀ ਮਾਲਾ, ਮਨਕਾ ਮਨ ਹੀ ਮਨ ਭਵਾਈਆ । ਝਟ ਤੇਗ਼ ਬਹਾਦਰ ਨਿਗਹ ਮਾਰੀ ਉਸ ਦੀ ਵੇਖੀ ਕਰਨੀ ਦੀ ਘਾਲਾ, ਘਾਲ ਆਪਣੇ ਲੇਖੇ ਪਾਈਆ । ਸ਼ਬਦੀ ਧਾਰ ਦੱਸਿਆ ਰਾਹ ਸੁਖਾਲਾ, ਸਹਿਜ ਨਾਲ ਸੁਣਾਈਆ । ਹੁਸੈਨੀ ਤੇਰੇ ਹੁਸਨ ਦਾ ਵਸਦਾ ਰਹੇ ਹੁਸੈਨੀ ਵਾਲਾ, ਹਜ਼ਰਤ ਆਪਣਾ ਰੰਗ ਰੰਗਾਈਆ । ਪਰ ਯਾਦ ਰੱਖੀਂ ਤੇਰੀ ਨਿਸ਼ਾਨੀ ਉਮਤ ਦੀ ਕਨਾਲੀ ਵਿਚ ਹੋਵੇਗਾ ਬੇਰੀ ਦਾ ਡਾਲਾ, ਜਿਸ ਨੂੰ ਟਹਿਣੀ ਕਹੇ ਲੋਕਾਈਆ । ਤੇਰਾ ਲਹਿਣਾ ਉਸ ਨਾਲ ਜਿਨ ਕ੍ਰਿਸ਼ਨ ਨੂੰ ਮਾਰਿਆ ਤੀਰ ਨਿਸ਼ਾਨਾ, ਨਿਸ਼ਾਨ ਭਗਵਾਨ ਵਿੰਨ੍ਹ ਵਖਾਈਆ । ਫੇਰ ਖੇਲ ਵੇਖਣਾ ਜਿਥੇ ਵਸਦੇ ਹੋਣ ਗਵਾਲਾ, ਗਵਾਲੇ ਪਿਛਲਾ ਭੇਵ ਖੁਲ੍ਹਾਈਆ । ਬਾਕੀ ਲੇਖਾ ਛੱਬੀ ਪੋਹ ਤੇ ਬਾਹਲਾ, ਤਿੰਨ ਮੱਘਰ ਨੂੰ ਇਸ਼ਾਰਾ ਦਿਤਾ ਕਰਾਈਆ । ਜਿਸ ਨੇ ਦੀਨ ਦੁਨੀ ਵਾਹੁਣੀ ਵਿਚ ਚੌਹ ਰਾਹਲਾ, ਪਹਿਲੀ ਰਾਹਲ ਦਾ ਹਿੱਸਾ ਦੇਵੇ ਪਾਈਆ । ਏਸੇ ਕਾਰਨ ਆਇਆ ਸ਼ਬਦ ਦਾ ਤਿੱਖਾ ਕਰਕੇ ਫਾਲਾ, ਭੱਜਿਆ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਹੱਲ ਕਰੇ ਸਵਾਲਾ, ਭਿਖਾਰੀ ਖ਼ਾਲੀ ਰਹਿਣ ਕੋਇ ਨਾ ਪਾਈਆ ।

੧੫੯੧
੨੨

✪ ੫ ਮੱਘਰ ਸ਼ਹਿਨਸ਼ਾਹੀ ਸੰਮਤ ੭ ਅਜੀਤ ਸਿੰਘ ਬਟਾਲਾ, ਸੁਰਜੀਤ ਸਿੰਘ, ਹੁਕਮ ਸਿੰਘ, ਦਲੀਪ ਸਿੰਘ ਤੇ ਜਸਵੰਤ ਸਿੰਘ ਫ਼ੈਜ਼ਪੁਰ,
ਕਾਸ਼ੀ ਰਾਮ, ਜੀਤ ਸਿੰਘ, ਚਰਨ ਸਿੰਘ ਤੇ ਭਜਨ ਕੌਰ ਸੁਨੱਯੀਆ, ਬੰਤਾ ਸਿੰਘ ਤੇ ਕਰਤਾਰ ਕੌਰ ਪੰਜ ਗਰਾਈਂ,
ਮੋਹਣ ਸਿੰਘ ਤਾਰਾ ਚੱਕ, ਵਿਰਸਾ ਸਿੰਘ ਸ੍ਰੀ ਹਰਿ ਗੋਬਿੰਦ ਪੁਰਾ, ਅਵਤਾਰ ਸਿੰਘ ਮਾੜੀ ਪਨੂਆ,
ਜਸਬੀਰ ਸਿੰਘ, ਜਗੀਰ ਸਿੰਘ ਤੇ ਸੋਹਣ ਸਿੰਘ ਭੋਲੇ ਕੇ, ਚੰਨਨ ਸਿੰਘ ਠੀਕਰੀ,
ਕਸ਼ਮੀਰ ਸਿੰਘ ਮਾਨ ਖੈਰੇ, ਕਰਤਾਰ ਸਿੰਘ ਵਹੀਲਾ, ਅਜੀਤ ਕੌਰ ਬਰਦਬਾਨ,
ਹਰਚਰਨ ਸਿੰਘ ਗੁਜਰਾਤ, ਬਟਾਲਾ ਸ਼ਹਿਰ ਜ਼ਿਲਾ ਗੁਰਦਾਸ ਪੁਰ ✪

ਪੰਜ ਮੱਘਰ ਕਹੇ ਦੋ ਜਹਾਨਾਂ ਸੁਣੇ ਜੈਕਾਰੇ ਪੰਜ, ਪੰਚਮ ਪੰਚਮ ਪੰਚਮ ਧਿਆਨ ਲਗਾਈਆ । ਦੀਨ ਮਜ਼੍ਹਬ ਸ਼ਰਅ ਨੂੰ ਹੋਇਆ ਰੰਜ, ਰੰਜਸ਼ ਵਿਚ ਵੇਖਣ ਨੈਣ ਉਠਾਈਆ । ਕਿਹੜਾ ਜਗਤ ਅਵਰ ਮੁਹਾਣਾ ਵੰਝ, ਖੇਵਟ ਖੇਟਾ ਕਵਣ ਅਖਵਾਈਆ । ਕਵਣ ਲੇਖਾ ਜਾਣੇ ਸਵੇਰ ਸੰਝ, ਘੜੀ ਪਲ ਖੋਜ ਖੁਜਾਈਆ । ਜਾਂ ਨਿਗਹ ਮਾਰੀ ਪੁਰਖ ਅਕਾਲਾ ਦੀਨ ਦਿਆਲਾ ਧੁਰ ਦਾ ਦੂਲ੍ਹਾ ਭਗਤਨ ਲੈ ਕੇ ਜੰਞ, ਲੱਖ ਚੁਰਾਸੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੰਜ ਮੱਘਰ ਕਹੇ ਹਜ਼ਰਤੋ
੧੫੯੨ ਵੇਖੋ ਖ਼ਾਵੰਦ, ਖ਼ਸਮ ਖ਼ਸਮਾਨਾ ਇਕ ਅਖਵਾਈਆ । ਜਿਸ ਦੇ ਹੁਕਮ ਕਲਮੇ ਦੇ ਹੋਏ ਪਾਬੰਦ, ਬੰਧਨ ਸ਼ਰਅ ਵਾਲੇ ਰਖਾਈਆ । ਉਹ ਨੂਰ ੧੫੯੨
੨੨ ਨੁਰਾਨਾ ਚਾੜ੍ਹ ਅਗੰਮੀ ਚੰਦ, ਗੋਬਿੰਦ ਰੂਪ ਧੁਰਦਰਗਾਹੀਆ । ਜਿਸ ਨੇ ਕਲਜੁਗ ਮੇਟਣਾ ਪੰਧ, ਸਦੀ ਚੌਧਵੀਂ ਲੇਖੇ ਲਾਈਆ । ਆਤਮ ਪਰਮਾਤਮ ੨੨
ਦੱਸਣਾ ਛੰਦ, ਢੋਲਾ ਅਗੰਮ ਅਥਾਹੀਆ । ਕਲਜੁਗ ਕੂੜੀ ਕਿਰਿਆ ਭੰਨਣੀ ਕਾਚੀ ਵੰਗ, ਧਰਨੀ ਧਰਤ ਧਵਲ ਰਹਿਣ ਨਾ ਪਾਈਆ । ਜਨ ਭਗਤ ਸੁਹੇਲੇ ਲਾਉਣੇ ਅੰਗ, ਅੰਗੀਕਾਰ ਇਕ ਅਖਵਾਈਆ । ਸ਼ਾਹ ਪਾਤਸ਼ਾਹ ਸੂਰਾ ਸਰਬੰਗ, ਹਰਿ ਵੱਡਾ ਵਡ ਵਡਿਆਈਆ । ਜਿਸ ਦੀ ਇਕੋ ਸੇਜ ਇਕ ਪਲੰਘ, ਸਚ ਸਿੰਘਾਸਣ ਸੋਭਾ ਪਾਈਆ । ਉਹਦਾ ਨਾਮ ਡੰਕਾ ਵੱਜੇ ਮਰਦੰਗ, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਆਪ ਸੁਣਾਈਆ । ਜਿਸ ਨੇ ਸਭ ਦਾ ਦੇਣਾ ਸੰਗ, ਸਾਥੀ ਇਕ ਅਖਵਾਈਆ । ਦਰੋਹੀ ਸਦੀ ਚੌਧਵੀਂ ਅੰਤਮ ਰਹੀ ਲੰਘ, ਆਪਣਾ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਸਦੀ ਚੌਧਵੀਂ ਕਹੇ ਮੇਰੇ ਮੁਹੰਮਦ ਮੀਤ, ਮਿੱਤਰਾ ਦਿਆਂ ਜਣਾਈਆ । ਉਹ ਤਕ ਜਿਨ੍ਹਾਂ ਨਾਲ ਚਲਾਈ ਰੀਤ, ਸੱਜਣ ਪਿਛਲੇ ਨਜ਼ਰੀ ਆਈਆ । ਬਿਨਾ ਹੁਜਰੇ ਤੋਂ ਵੇਖ ਮਸੀਤ, ਬਿਨਾ ਮੁਸੱਲੇ ਧਿਆਨ ਲਗਾਈਆ । ਨਿਗਹ ਕਰ ਪਰੇ ਹਸਤ ਕੀਟ, ਜਗਤ ਵੰਡ ਨਾ ਕੋਇ ਵੰਡਾਈਆ । ਜਿਸ ਦੇ ਨਾਲ ਪੁਰਾਣੀ ਪ੍ਰੀਤ, ਕਦੀਮ ਦਾ ਲੇਖਾ ਫੋਲ ਫੁਲਾਈਆ । ਜੇ ਕੋਈ ਸਚ ਦੀ ਕੀਤੀ ਵਸੀਅਤ, ਵੇਖ ਬਿਨ ਨੈਣਾਂ ਨੈਣ ਉਠਾਈਆ । ਜੇ ਮਿਲਦੀ ਹੋਵੇ ਨਾਲ ਤਬੀਅਤ, ਖ਼ੁਸ਼ੀ ਖ਼ੁਸ਼ੀ ਲੈਣੀ ਬਣਾਈਆ । ਇਕ ਗੱਲ ਯਾਦ ਕਰ ਜਿਹੜੀ ਕੀਤੀ ਹੱਕ ਨਸੀਅਤ, ਨਸਰ ਵਿਚ ਦ੍ਰਿੜਾਈਆ । ਉਹਦਾ ਲੇਖਾ ਪੂਰਾ ਕਰ ਲੈ ਕੋਲੋਂ ਸਿੰਘ ਅਜੀਤ, ਬਕਾਇਆ ਅਵਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ

ਮਾਲਕ ਅਗੰਮ ਅਥਾਹੀਆ । ਸਦੀ ਚੌਧਵੀਂ ਕਹੇ ਆਪਣਾ ਵੇਖ ਇਕ ਅਹਿਬਾਬ, ਮਿੱਤਰ ਮਿੱਤਰਾ ਧਿਆਨ ਲਗਾਈਆ । ਜਿਸ ਨੂੰ ਹਰਫ਼ ਦੱਸਿਆ ਸੀ ਇਕ ਸਵਾਦ, ਸਬਰ ਨਾਲ ਦ੍ਰਿੜਾਈਆ । ਫੇਰ ਜਣਾ ਆਦਾਬ, ਸਿਰ ਸਰ ਝੁਕਾਈਆ । ਫਿਰ ਲੈ ਕੇ ਕਲਮੇ ਵਾਲੀ ਕਿਤਾਬ, ਨੈਣ ਅੱਖ ਦਰਸਾਈਆ । ਫੇਰ ਬੁੱਲਾਂ ਤੇ ਲਾ ਲਵਾਬ, ਲਬਰੇਜ਼ ਦਿਤਾ ਬਣਾਈਆ । ਹੁਣ ਉਸ ਦਾ ਉਸ ਤੋਂ ਲੈ ਜਵਾਬ, ਦਰ ਸਾਚੇ ਮੰਗ ਮੰਗਾਈਆ । ਜਿਸ ਦੇ ਮਾਲਕ ਦਾ ਧੁਰ ਦੇ ਖ਼ਾਲਕ ਦਾ ਸਭ ਤੋਂ ਵੱਖਰਾ ਦਿਸੇ ਸਮਾਜ, ਸਮਗਰੀ ਅਗੰਮ ਅਥਾਹ ਵਰਤਾਈਆ । ਸ਼ਹਿਨਸ਼ਾਹ ਭੂਪ ਬਣ ਨਵਾਬ, ਪਾਤਸ਼ਾਹ ਇਕ ਅਖਵਾਈਆ । ਸੰਦੇਸ਼ਾ ਦੇਵੇ ਵਾਹਿਦ, ਕਲਮਾ ਹੱਕ ਯਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਭੇਵ ਆਪ ਖੁਲ੍ਹਾਈਆ । ਸਦੀ ਚੌਧਵੀਂ ਕਹੇ ਯਾਰ ਯਾਰ ਦਾ ਲੈ ਸਦਕਾ, ਘੋਲੀ ਘੋਲ ਘੁਮਾਈਆ । ਇਹ ਲਹਿਣਾ ਪਿਛਲਾ ਕਦ ਦਾ, ਕਦੀਮ ਪੜਦਾ ਦੇ ਉਠਾਈਆ । ਹੁਣ ਮੇਲਾ ਉਸ ਅਲਾਹੀ ਰੱਬ ਦਾ, ਜੋ ਅਮਾਮ ਅਮਾਮਾ ਵੇਸ ਵਟਾਈਆ । ਇਹ ਸਮਾਂ ਧੁਰ ਸਬੱਬ ਦਾ, ਗਿਆ ਫੇਰ ਹੱਥ ਨਾ ਆਈਆ । ਅੱਗੇ ਲੇਖਾ ਹੋਰ ਨਹੀਂ ਵਧਦਾ, ਆਯੂ ਉਮਤ ਨਾ ਕੋਇ ਜਣਾਈਆ । ਜੋ ਆਇਆ ਸੋ ਗਿਆ ਲਦ ਦਾ, ਥਿਰ ਰਹਿਣ ਕੋਇ ਨਾ ਪਾਈਆ । ਮੇਰਾ ਅਰਸਾ ਚੌਦਾਂ ਸਦ ਹੱਦ ਦਾ, ਅੱਗੇ ਗੰਢ ਨਾ ਕੋਇ ਪਵਾਈਆ । ਫੇਰ ਲੇਖਾ ਹੋਣਾ ਅਲਗ ਦਾ, ਧੁਰ ਮੇਲ ਨਾ ਕੋਇ ਮਿਲਾਈਆ । ਪਰਵਰਦਿਗਾਰ ਦਾ ਇਕੋ ਡੌਰੂ ਡੰਕਾ ਵੱਜਦਾ, ਵਜਹ ਨਾਲ ਰਿਹਾ ਖੜਕਾਈਆ । ਸ਼ਰਅ ਜ਼ੰਜੀਰ ਸਭ ਦਾ ਵੇਖ ਕਟਦਾ, ਕਟਾਕਸ਼ ਆਪਣਾ ਨਾਮ ਰਖਾਈਆ । ਰੂਪ ਤਕ ਪੰਜ ਤਤ ਜੱਟ ਦਾ, ਜੋਤੀ ਜਾਤਾ ਡਗਮਗਾਈਆ । ਉਹ ਵਣਜਾਰਾ ਬਣ ਗਿਆ ਇਕੋ ਹੱਟ ਦਾ, ਸੰਬਲ ਇਕੋ ਦਰ ਖੁਲ੍ਹਾਈਆ । ਜਿਥੇ ਝਗੜਾ ਨਹੀਂ ਮਾਟੀ ਰਤ ਦਾ, ਰਤਨ ਅਮੋਲਕ ਗੁਰਮੁਖ ਹੀਰੇ ਲਏ ਬਣਾਈਆ । ਰੂਪ ਧਰ ਪਰਮੇਸ਼ਵਰ ਪਤਿ ਦਾ, ਪਾਰਬ੍ਰਹਮ ਪ੍ਰਭ ਆਪਣੀ ਕਲ ਵਰਤਾਈਆ । ਪਿਛਲਾ ਲੇਖਾ ਮੁਕਾ ਦੇ ਨਤ ਦਾ, ਨਿਰਗੁਣ ਨਿਰਗੁਣ ਨਿਰਗੁਣ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਮੁਹੰਮਦ ਕਹੇ ਮੇਰੇ ਅਹਿਬਾਬ ਮਿੱਤਰ ਸਲਾਮੀ, ਇਸਮ ਵੇਖ ਵਖਾਈਆ । ਤੇਰਾ ਮਾਲਕ ਸ਼ਰਅ ਇਨਾਮੀ, ਸ਼ਹਿਨਸ਼ਾਹ ਬੇਪਰਵਾਹੀਆ । ਜਿਸ ਦੇ ਨਾਲ ਮੇਰੀ ਜਵਾਨੀ, ਜੋਬਨ ਜਗਤ ਹੰਢਾਈਆ । ਕਲਮਿਆਂ ਦੱਸੀ ਕਲਾਮੀ, ਕਾਇਨਾਤ ਸੁਣਾਈਆ । ਖੇਲ ਖੇਲਿਆ ਅਵਾਮੀ, ਭੱਜਿਆ ਵਾਹੋ ਦਾਹੀਆ । ਅੰਤ ਮੇਰੇ ਅੰਤਰ ਆਈ ਹੈਰਾਨੀ, ਪਰੇਸ਼ਾਨੀ ਵਿਚ ਸੁਣਾਈਆ । ਸਦੀ ਚੌਧਵੀਂ ਮੇਰੀ ਸ਼ਰਅ ਦੀ ਹੋਈ ਬਦਨਾਮੀ, ਸ਼ਰੀਅਤ ਸੰਗ ਨਾ ਕੋਇ ਰਖਾਈਆ । ਮੇਰਾ ਮਿਹਰਵਾਨ ਮਹਿਬੂਬ ਕਟਣ ਆਇਆ ਗ਼ੁਲਾਮੀ, ਜ਼ੰਜੀਰ ਬੇਨਜ਼ੀਰ ਤੁੜਾਈਆ । ਯਾਰ ਯਾਰਾਂ ਦੀ ਹੋਣ ਨਹੀਂ ਦੇਂਦਾ ਬਦਨਾਮੀ, ਸਾਥ ਦੇਵੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਇਕ ਅਖਵਾਈਆ । ਮੁਹੰਮਦ ਕਹੇ ਮੇਰੇ ਰਫ਼ੀਕ, ਸਿੰਘ ਅਜੀਤ ਜਣਾਈਆ । ਮਾਲਕ ਵਿਚ ਹੱਕ ਤੌਫ਼ੀਕ, ਬੇਪਰਵਾਹ ਵਡ ਵਡਿਆਈਆ । ਮੇਰਾ ਲਹਿਣਾ ਉਸ ਦੇ ਕੋਲੋਂ ਕਰਾ ਤਸਦੀਕ, ਸ਼ਹਾਦਤ ਭਗਤਾਂ ਵਾਲੀ ਭੁਗਤਾਈਆ । ਮਿਹਰਵਾਨ ਹੋਵੇ ਲਾਸ਼ਰੀਕ, ਨਜ਼ਰ ਮਿਹਰ ਇਕ ਉਠਾਈਆ । ਮੇਰਾ ਪੰਧ ਪਹੁੰਚਿਆ ਨਜ਼ਦੀਕ, ਅੱਗੇ ਸਫ਼ਰ ਨਾ ਕੋਇ ਵਖਾਈਆ । ਜਿਸ ਨੇ ਨਵੀਂ ਦੇਣੀ ਤਰਤੀਬ, ਤਰੀਕਾ ਆਪਣਾ ਇਕ ਦ੍ਰਿੜਾਈਆ । ਜਿਸ

ਨੇ ਆਸ਼ਾ ਪੂਰੀ ਕਰਨੀ ਜਗਤ ਗ਼ਰੀਬ, ਨਿਮਾਣਿਆਂ ਹੋਏ ਸਹਾਈਆ । ਪਿਛਲੀ ਕੀਤੀ ਤੇ ਫੇਰਨੀ ਲੀਕ, ਲਾਈਨ ਅੱਗੇ ਦੇਣੀ ਵਖਾਈਆ । ਝਗੜਾ ਮੇਟਣਾ ਊਚ ਨੀਚ, ਵਰਨ ਬਰਨ ਦਾ ਪੰਧ ਮੁਕਾਈਆ । ਲੇਖਾ ਰਹੇ ਨਾ ਮੰਦਰ ਮਸੀਤ, ਕਾਇਆ ਕਾਅਬਾ ਦਏ ਸਮਝਾਈਆ । ਇਕੋ ਕਲਮੇ ਦੀ ਸਭ ਨੂੰ ਕਰੇ ਤਬਲੀਕ, ਨਾਮ ਨਿਧਾਨਾ ਸਭ ਨੂੰ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪਰਵਾਹੀਆ । ਅਜੀਤ ਸਿੰਘ ਕਹੇ ਸੁਣ ਯਾਰ ਯਾਰਾ, ਸਹਿਜ ਨਾਲ ਸੁਣਾਈਆ । ਮੇਰਾ ਮਿਹਰਵਾਨ ਪਰਵਰਦਿਗਾਰਾ, ਨੂਰ ਨੁਰਾਨਾ ਨੂਰ ਇਲਾਹੀਆ । ਜਿਸ ਦਾ ਖੇਲ ਸਦਾ ਜੁਗ ਚਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਨੇ ਭਗਤਾਂ ਨਾਲ ਲਾਈ ਬਹਾਰਾ, ਰਹਿਮਤ ਆਪਣੀ ਆਪ ਕਮਾਈਆ । ਤੂੰ ਇਕੋ ਇਕ ਸਭ ਦਾ ਕਬੂਲ ਕਰ ਜੈਕਾਰਾ, ਜੋ ਢੋਲਾ ਅਗੰਮ ਅਥਾਹੀਆ । ਮਜ਼੍ਹਬ ਦੀ ਸ਼ਰਅ ਤੋਂ ਹੋ ਜਾ ਬਾਹਰਾ, ਸ਼ਰੀਅਤ ਦੀ ਲੋੜ ਰਹੇ ਨਾ ਰਾਈਆ । ਉਹ ਤਕ ਕੀ ਖੇਲ ਹੁੰਦਾ ਵਿਚ ਕਾਹਿਰਾ, ਕਹਿਰ ਵਰਤੇ ਵਿਚ ਲੋਕਾਈਆ । ਮਿੱਤਰਾ ਮਿਲ ਕੇ ਦੋਵੇਂ ਕਰੀਏ ਮੁਜ਼ਾਹਿਰਾ, ਭਗਤ ਸੁਹੇਲੇ ਨਾਲ ਮਿਲਾਈਆ । ਮੇਰਾ ਮਾਲਕ ਹੋਇਆ ਜ਼ਾਹਿਰਾ, ਜ਼ਾਹਰ ਜ਼ਹੂਰ ਡਗਮਗਾਈਆ । ਜਿਸ ਦਾ ਸ਼ਬਦੀ ਦੋ ਜਹਾਨਾਂ ਪਾਹਿਰਾ, ਬਾਹਰ ਨਿਕਲ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਮੁਹੰਮਦ ਕਹੇ ਮੈਨੂੰ ਕਬੂਲ, ਕਦਮ ਕਦਮ ਸੀਸ ਝੁਕਾਈਆ । ਮੈਂ ਪਿਛਲਾ ਛਡਾਂ ਅਸੂਲ, ਅਸਲ ਅਸਲ ਵਿਚ ਸਮਾਈਆ । ਕਦਮਾਂ ਦੀ ਲੈ ਕੇ ਧੂਲ, ਟਿੱਕਾ ਖ਼ਾਕ ਰਮਾਈਆ । ਕਲਮਾ ਸੁਣ ਮਾਕੂਲ, ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਹੁਕਮ ਕਹੇ ਮੈਂ ਆਦਿ ਜੁਗਾਦੀ ਸੱਚਾ, ਨਾ ਕੋਈ ਮੇਟੇ ਮੇਟ ਮਿਟਾਈਆ । ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਮੇਰਾ ਬੱਚਾ, ਜੁਗ ਜੁਗ ਮਾਤ ਪਰਗਟਾਈਆ । ਭਾਗ ਲਗਾ ਕੇ ਕਾਇਆ ਮਾਟੀ ਭਾਂਡਾ ਕੱਚਾ, ਕੰਚਨ ਗੜ੍ਹ ਦਿਆਂ ਵਖਾਈਆ । ਧੁਰ ਸੰਦੇਸ਼ਾ ਦੇਵਾਂ ਅਗੰਮੀ ਪਤਾ, ਪਤਿਪਰਮੇਸ਼ਵਰ ਭੇਵ ਖੁਲ੍ਹਾਈਆ । ਜਿਸ ਵਿਚ ਫ਼ਰਕ ਰਹੇ ਨਾ ਰਤਾ, ਦੁਤੀਆ ਵੰਡ ਨਾ ਕੋਇ ਵੰਡਾਈਆ । ਮੇਲ ਮਿਲਾ ਪੁਰਖ ਸਮਰਥਾ, ਘਰ ਸਾਚੇ ਰੰਗ ਰੰਗਾਈਆ । ਜਿਥੇ ਇਕੋ ਸ਼ਬਦ ਦੀ ਸ਼ਬਦੀ ਹੋਵੇ ਕਥਾ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਜੋਤੀ ਮੇਲਾ ਯਥਾਰਥ ਯਥਾ, ਦੂਸਰ ਸੰਗ ਨਾ ਕੋਇ ਰਖਾਈਆ । ਝਗੜਾ ਮਿਟ ਜਾਏ ਮੰਦਰ ਮੱਠਾ, ਮਸੀਤਾਂ ਲੋੜ ਰਹੇ ਨਾ ਰਾਈਆ । ਸ਼ਰਅ ਦਾ ਨਾ ਹੋਵੇ ਰੱਟਾ, ਕਲਮਾ ਵੰਡ ਨਾ ਕੋਇ ਵਖਾਈਆ । ਇਕੋ ਮੇਲਾ ਹੋਵੇ ਪੁਰਖ ਅਕਾਲ ਸਮਰਥਾ, ਪਾਰਬ੍ਰਹਮ ਬ੍ਰਹਮ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਹੁਕਮ ਕਹੇ ਵੇਖ ਅਗੰਮੀ ਧਾਰ, ਸਚ ਸਚ ਸੁਣਾਈਆ । ਸਾਰੇ ਹੋਵੋ ਖ਼ਬਰਦਾਰ, ਅਵਤਾਰ ਪੈਗ਼ੰਬਰ ਆਪਣੀ ਲਉ ਅੰਗੜਾਈਆ । ਪੁਰਖ ਅਕਾਲ ਬਦਲਣ ਵਾਲਾ ਬਹਾਰ, ਜਗਤ ਰੁਤ ਨਾ ਵੇਖ ਵਖਾਈਆ । ਸੰਦੇਸ਼ਾ ਦੇਵੇ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਧੁਰ ਫ਼ਰਮਾਨਾ ਆਪ ਦ੍ਰਿੜਾਈਆ । ਸਦੀ ਚੌਧਵੀਂ ਆਉਣੀ ਹਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਤਖ਼ਤੋਂ ਦੇਵੇ ਉਤਾਰ, ਉੱਤਰ ਪੂਰਬ ਪੱਛਮ ਦੱਖਣ ਸੀਸ ਤਾਜ ਨਾ ਕੋਇ ਟਿਕਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਜਨ ਭਗਤਾਂ ਸੀਸ

੧੫੬੪ ੨੨

ਰੱਖਣੀ ਦਸਤਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਇਹ ਚਾਰ ਜੁਗ ਵਸਦੇ ਰਹਿਣ ਘਰਬਾਰ, ਜੋ ਘਰਾਨੇ ਗੁਰਮੁਖਾਂ ਲਏ ਬਣਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਲੋਕਮਾਤ ਇਹ ਆਉਂਦੀ ਵਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੱਥ ਕਿਸੇ ਨਾ ਆਈਆ । ਜਿਸ ਦਾ ਰਾਹ ਤਕਦੇ ਪੈਗ਼ੰਬਰ ਗੁਰ ਅਵਤਾਰ, ਸੂਫ਼ੀ ਸੰਤ ਫ਼ਕੀਰ ਧਿਆਨ ਲਗਾਈਆ । ਉਹ ਆਦਿ ਜੁਗਾਦੀ ਕਰੇ ਆਪਣੀ ਕਾਰ, ਹਰਿ ਕਰਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਇਕੋ ਇਕ ਅਖਵਾਈਆ ।

✪ ੧੧ ਮੱਘਰ ਸ਼ਹਿਨਸ਼ਾਹੀ ਸੰਮਤ ੭ ਸੈਦਪੁਰ ਦੇ ਸੰਤ ਰਸੀਲਾ ਰਾਮ ਦੇ ਆਉਣ ਤੇ ਪਿੰਡ ਵਿਚ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਸ਼ਬਦ ਕਦੇ ਨਾ ਹੋਵੇ ਬੁੱਢਾ, ਬਾਲ ਜਵਾਨੀ ਵੇਸ ਨਾ ਕੋਇ ਵਟਾਈਆ । ਜਿਸ ਦਾ ਖੇਲ ਆਦਿ ਜੁਗਾਦਿ ਚੌਕੜੀ ਜੁਗਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਕਲ ਪਰਗਟਾਈਆ । ਨਿਰਗੁਣ ਸਰਗੁਣ ਖੇਲ ਕਰੇ ਉਤੇ ਬਸੁਧਾ, ਧਰਨੀ ਧਰਤ ਧਵਲ ਧੌਲ ਆਪਣਾ ਰੰਗ ਰੰਗਾਈਆ । ਪੰਜ ਤਤ ਤਨ ਵਜੂਦ ਮਾਟੀ ਖ਼ਾਕ ਬਣਾ ਕੇ ਮੁੱਦਾ, ਜੋਤੀ ਜਾਤਾ ਆਪਣੀ ਕਲ ਰਖਾਈਆ । ਤੇਈ ਅਵਤਾਰਾਂ ਕਰ ਕੇ ਉਘਾ, ਲੋਕਮਾਤ ਖੇਲ ਖਿਲਾਈਆ । ਹਜ਼ਰਤ ਈਸਾ ਮੂਸਾ ਕਲਮਾ ਦੇ ਅਗੰਮਾ ਭੇਵ ਖੁਲ੍ਹਾਇਆ ਉਚਾ, ਅਗੰਮ ਅਥਾਹ ਬੇਪਰਵਾਹ ਪਰਵਰਦਿਗਾਰ ਆਪਣਾ ਪੜਦਾ ਲਾਹੀਆ । ਨਾਨਕ ਨਿਰਗੁਣ ਜੋਤੀ ਧਾਰ ਬਖ਼ਸ਼ ਕੇ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਗਗਨ ਗਗਨੰਤਰਾਂ ਜ਼ਿਮੀਂ ਅਸਮਾਨਾਂ ਦੇ ਕੇ ਨਾਮ ਭੰਡਾਰਾ ਸੁੱਚਾ, ਸੰਜਮ ਇਕੋ ਇਕ ਸਮਝਾਈਆ । ਮਨ ਮਨਸਾ ਕੂੜ ਕਿਰਿਆ ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸ਼ਨਾ ਜਗਤ ਹੰਕਾਰ ਕਰੋਧ ਰਹੇ ਨਾ ਗ਼ੁੱਸਾ, ਕਲਪਨਾ ਚੰਡਾਲ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਇਕੋ ਰੰਗ ਸਮਾਈਆ । ਜਿਸ ਦਾ ਅੰਗਦ ਮੰਨਿਆ ਆਖਾ, ਨਾਨਕ ਜੋਤੀ ਸ਼ਬਦ ਧਾਰ ਸਮਝਾਈਆ । ਅੰਗਦ ਦਾ ਅਮਰਦਾਸ ਬਣਿਆ ਦਾਸਾ, ਬਿਰਧ ਅਵਸਥਾ ਜਲ ਧਾਰਾ ਸੇਵ ਕਮਾਈਆ । ਅਮਰਦਾਸ ਨੇ ਭੇਦ ਖੋਲ੍ਹਿਆ ਆਪਾ, ਰਾਮਦਾਸ ਦਾਸ ਬਣਾ ਦਿਤੀ ਵਡਿਆਈਆ । ਰਾਮਦਾਸ ਗੁਰ ਅਰਜਨ ਸ਼ਬਦੀ ਦੱਸਿਆ ਬੋਧ ਅਗਾਧਾ, ਧੁਨ ਅਨਾਦੀ ਨਾਦ ਪਰਗਟਾਈਆ । ਜਿਸ ਦਾ ਛੱਤੀ ਰਾਗ ਗਾ ਨਾ ਸਕਣ ਪੁੰਨ ਸਵਾਬਾ, ਭੇਵ ਅਭੇਦ ਨਾ ਕੋਇ ਜਣਾਈਆ । ਇਹ ਖੇਲ ਉਸ ਦਾ ਜਿਸ ਨੂੰ ਨਿਰਗੁਣ ਧਾਰ ਕਹੇ ਸਭ ਦਾ ਮਾਈ ਬਾਪਾ, ਪਿਤਾ ਪੁਰਖ ਅਕਾਲ ਬੇਪਰਵਾਹੀਆ । ਜਿਸ ਦਾ ਕੋਟਨ ਕੋਟ ਸਿਫ਼ਤੀ ਨਾਮ ਰਸਨਾ ਜਿਹਵਾ ਜਪਦੇ ਜਾਪਾ, ਸਾਧ ਸੰਤ ਸੂਫ਼ੀ ਫ਼ਕੀਰ ਭਗਤ ਜਗਤ ਜਗਿਆਸੂ ਆਪਣੀ ਸੇਵ ਕਮਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰਾ ਏਕੰਕਾਰਾ ਆਪਣੇ ਨਾਮ ਦੀ ਜੁਗ ਜੁਗ ਆਪੇ ਦੇਵੇ ਦਾਤਾ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਆਪ ਵਰਤਾਈਆ । ਜਿਹੜਾ ਨਿਰਗੁਣ ਨਿਰਗੁਣ ਆਤਮ ਪਰਮਾਤਮ ਪਰਮਾਤਮ ਆਤਮ ਨਾਤਾ, ਤਤਾਂ ਤੋਂ ਬਾਹਰਾ ਸ਼ਬਦੀ ਸ਼ਬਦ ਮੇਲਾ ਮੇਲੇ ਸਹਿਜ ਸੁਭਾਈਆ । ਜਿਸ ਦੇ ਚਾਰ ਜੁਗ ਦੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਬਾਈਬਲ ਤੁਰੈਤ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਿੱਕੀਆਂ ਨਿੱਕੀਆਂ ਗਾਵੇ ਗਾਥਾ,

ਅੰਤ ਕਹਿਣ ਕੋਇ ਨਾ ਪਾਈਆ । ਜਿਸ ਨੇ ਅੱਲਾ ਵਾਹਿਗੁਰੂ ਰਾਮ ਓਮ ਤਤ ਸਤਿ ਦੀਆਂ ਵੰਡੀਆਂ ਲਾਟਾਂ, ਹਿੱਸੇ ਜੁਗ ਜੁਗ ਆਪ ਰਖਾਈਆ । ਸੋ ਸਵਾਮੀ ਅੰਤਰਜਾਮੀ ਘਟਨਿਵਾਸੀ ਪੁਰਖ ਅਬਿਨਾਸ਼ੀ ਪਾਰਬ੍ਰਹਮ ਪਤਿਪਰਮੇਸ਼ਵਰ ਜੋਧਾ ਸੂਰਬੀਰ ਨੌਜਵਾਨ ਮਰਦ ਮਰਦਾਨ ਇਕੋ ਰਾਠਾ, ਦੂਜਾ ਨਜ਼ਰ ਕੋਇ ਨਾ ਆਈਆ । ਸਤਿਗੁਰ ਸ਼ਬਦ ਕਦੇ ਨਾ ਹੋਵੇ ਬਿਰਧ ਅਵਸਥਾ, ਲੰਗੜਾ ਲੂਲ੍ਹਾ ਰੂਪ ਨਾ ਕੋਇ ਜਣਾਈਆ । ਜਿਸ ਦਾ ਨਾਮ ਜੁਗ ਚੌਕੜੀ ਕਦੇ ਨਾ ਹੋਵੇ ਸਸਤਾ, ਕੌਡੀਆਂ ਵਿਚ ਨਾ ਹੱਟ ਵਿਕਾਈਆ । ਜਦ ਦੇਵੇ ਸਤਿਗੁਰ ਸ਼ਬਦ ਹੋ ਕੇ ਸ਼ਬਦੀ ਧਾਰ ਦਾ ਰਸਤਾ, ਬਰਾਸਤਾ ਅਵਤਾਰ ਪੈਗ਼ੰਬਰ ਗੁਰੂ ਨਾਲ ਰਲਾਈਆ । ਉਹ ਮਾਲਕ ਖ਼ਾਲਕ ਸਚਖੰਡ ਦਵਾਰ ਦਰਗਾਹ ਸਾਚੀ ਹੋਵੇ ਵਸਦਾ, ਧਾਮ ਅਵੱਲੜਾ ਇਕ ਇਕੱਲੜਾ ਆਪਣਾ ਇਕ ਜਣਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਅੰਦਰ ਫਿਰੇ ਨੱਸਦਾ, ਦਿਵਸ ਰੈਣ ਵੰਡ ਨਾ ਕੋਇ ਵੰਡਾਈਆ । ਜਨ ਭਗਤਾਂ ਸਾਚੇ ਸੰਤਾਂ ਭੇਵ ਖੋਲ੍ਹ ਕੇ ਨਿਰਗੁਣ ਜੋਤ ਨਿਜ ਨੇਤਰ ਆਪਣੀ ਅੱਖ ਦਾ, ਆਖ਼ਰ ਮੇਲਾ ਲਏ ਮਿਲਾਈਆ । ਜਿਸ ਦਾ ਪਿਆਰ ਮੁਹੱਬਤ ਦਾ ਨਾਤਾ ਸਦਾ ਸਚ ਦਾ, ਸਚ ਦਾ ਮਾਲਕ ਸਚ ਨਾਲ ਜੁੜਾਈਆ । ਜੋ ਜੁਗ ਜੁਗ ਜਨ ਭਗਤਾਂ ਪੈਜ ਰੱਖਦਾ, ਰੱਖਣਹਾਰ ਵਡ ਵਡਿਆਈਆ । ਉਹ ਏਥੇ ਓਥੇ ਦੋ ਜਹਾਨਾਂ ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਗਗਨ ਗਗਨੰਤਰਾਂ ਜ਼ਿਮੀਂ ਅਸਮਾਨਾਂ ਫਿਰੇ ਨੱਚਦਾ, ਬਿਨ ਨਿਜ ਨੇਤਰ ਜਗਤ ਅਖ਼ੀਰ ਦਿਸਦਾ ਨਜ਼ਰ ਕਿਸੇ ਨਾ ਆਈਆ । ਜੋ ਜਾਗਰਤ ਜੋਤ ਬਿਨ ਵਰਨ ਗੋਤ ਆਪਣਾ ਖੇਲ ਦੱਸਦਾ, ਦਹਿ ਦਿਸ਼ਾ ਮਨ ਮਨੂਆ ਉਠ ਕਦੇ ਨਾ ਧਾਈਆ । ਸਤਿਗੁਰ

ਸ਼ਬਦ ਭੰਡਾਰਾ ਅੰਤਰ ਦੇਵੇ ਅੰਮ੍ਰਿਤ ਰਸ ਦਾ, ਨਿਜਰ ਝਿਰਨਾ ਆਪ ਝਿਰਾਈਆ । ਉਹ ਜਗਤ ਕਥਨੀ ਕਦੇ ਨਾ ਕਥਦਾ, ਸਿਫ਼ਤੀ ਢੋਲੇ ਨਾ ਕਦੇ ਵਡਿਆਈਆ । ਉਸ ਕੋਲ ਨਾਮ ਭੰਡਾਰਾ ਅਗੰਮ ਵਥ ਦਾ, ਜੋ ਕਾਇਆ ਮੰਦਰ ਅੰਦਰ ਡੂੰਘੀ ਕੰਦਰ ਦਏ ਟਿਕਾਈਆ । ਜਿਸ ਦਾ ਨਾਮ ਆਦਿ ਜੁਗਾਦਿ ਪੰਜਾਂ ਤਤਾਂ ਵਾਲਾ ਸਰੀਰ ਸਾਧ ਸੰਤ ਮੁਨੀ ਮੁਨੀਸ਼ਰ ਜਗਤ ਤਪੀਸ਼ਰ ਔਲੀਏ ਪੀਰ ਸ਼ੇਖ਼ ਮੁੱਲਾਂ ਮੁਸਾਇਕ ਅਵਤਾਰ ਪੈਗ਼ੰਬਰ ਗੁਰ ਵਿਸ਼ਨ ਬ੍ਰਹਮਾ ਸ਼ਿਵ ਜਪਦਾ, ਬਿਨਾ ਜਪਣ ਤੋਂ ਮੰਜ਼ਲ ਪਾਰ ਨਾ ਕੋਇ ਕਰਾਈਆ । ਉਹ ਸਤਿਗੁਰ ਸ਼ਬਦ ਬੁੱਢਾ ਹੋਵੇ ਕਦੇ ਨਾ ਖੇਲ ਕਰੇ ਪੁਰਖ ਸਮਰਥ ਦਾ, ਸਮਰਥ ਆਪਣਾ ਵੇਸ ਵਟਾਈਆ । ਕੀ ਹੋਇਆ ਜੇ ਹੁਣ ਭੇਸ ਧਰ ਲਿਆ ਜੱਟ ਦਾ, ਜਟਾ ਜੂਟ ਸਾਰੇ ਲਏ ਨਿਵਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਮਾਰਗ ਵਖਾਉਣਾ ਇਕੋ ਧੁਰ ਦੇ ਹੱਟ ਦਾ, ਜਿਥੇ ਪਰਮਾਤਮ ਆਤਮ ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਪਾਰਬ੍ਰਹਮ ਬ੍ਰਹਮ ਮੇਲ ਮਿਲਾਏ ਹਕੀਕਤ ਹੱਕ ਦਾ, ਵਿਛੋੜਾ ਰਹਿਣ ਕੋਇ ਨਾ ਪਾਈਆ । ਲੇਖਾ ਪੂਰਾ ਕਰੇ ਈਸ਼ ਜੀਵ ਰਤਨ ਰਤ ਦਾ, ਅਮੋਲਕ ਆਪਣਾ ਨਾਮ ਦਰਸਾਈਆ । ਸਤਿਗੁਰ ਚਰਨ ਦਵਾਰੇ ਝਗੜਾ ਨਹੀਂ ਮਨੱਤ ਦਾ, ਮਨ ਕਾ ਮਣਕਾ ਦਏ ਭਵਾਈਆ । ਹੁਲਾਰਾ ਦੇਵੇ ਇਕੋ ਸ਼ਬਦ ਅਨਾਦੀ ਅਨਹਦ ਦਾ, ਧੁਨ ਆਤਮਕ ਰਾਗ ਉਪਜਾਈਆ । ਈੜਾ ਪਿੰਗਲ ਸੁਖਮਨ ਗੁਰਮੁਖ ਪਿਆਰਾ ਐਵੇਂ ਟੱਪਦਾ, ਅੱਗੇ ਹੋ ਨਾ ਕੋਇ ਅਟਕਾਈਆ । ਉਹ ਸਤਿਗੁਰ ਸ਼ਬਦ ਸ਼ਬਦ ਸਤਿਗੁਰ ਜਿਸ ਤਨ ਵਜੂਦ ਵਿਚ ਵਸਦਾ, ਵਾਸਤਾ ਪੁਰਖ ਅਕਾਲ ਨਾਲ ਦਏ ਜੁੜਾਈਆ । ਉਹ ਆਦਿ ਜੁਗਾਦਿ ਨਾ ਥੱਕਦਾ ਨਾ ਅੱਕਦਾ, ਮਰਨ ਜੰਮਣ ਵਿਚ ਕਦੇ ਨਾ ਆਈਆ । ਬਿਨ ਕਿਰਪਾ ਤੋਂ ਜਗਤ ਜਹਾਨ ਕਿਸੇ ਨਾ ਲੱਭਦਾ, ਬਨਖੰਡ ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਖੋਜਣ ਥਾਉਂ ਥਾਈਆ । ਸੋ ਸਾਹਿਬ ਸੁਲਤਾਨਾ ਸ੍ਰੀ ਭਗਵਾਨਾ ਮਰਦ ਮਰਦਾਨਾ ਇਕੋ ਲੇਖਾ ਜਾਣੇ ਆਪਣੇ ਆਪ ਦਾ,


੧੫੯੬
੨੨

੧੫੬੭
੨੨

ਆਪ ਆਪਣੀ ਦਇਆ ਕਮਾਈਆ । ਸਤਿਗੁਰ ਦੇ ਦਰਸ ਨਾਲ ਕੋਟ ਜਨਮ ਦਾ ਪਾਪ ਨੱਸਦਾ, ਅੰਤ ਦੁਰਮਤ ਮੈਲ ਰਹੇ ਨਾ ਰਾਈਆ । ਮੇਲਾ ਹੋ ਜਾਏ ਰੂਹ ਬੁਤ ਬੁਤਖ਼ਾਨੇ ਵਿਚੋਂ ਪਾਕ ਦਾ, ਪਤਤ ਪੁਨੀਤ ਦਏ ਕਰਾਈਆ । ਝਗੜਾ ਰਹੇ ਨਾ ਤਤਾਂ ਵਾਲੀ ਜ਼ਾਤ ਦਾ, ਆਤਮ ਬ੍ਰਹਮ ਦਏ ਦ੍ਰਿੜਾਈਆ । ਇਹ ਖੇਲ ਜੁਗ ਜੁਗ ਪੁਰਖ ਅਬਿਨਾਸ਼ ਦਾ, ਅਬਿਨਾਸ਼ੀ ਕਰਤਾ ਨਿਤ ਨਵਿਤ ਆਪ ਕਰਾਈਆ । ਧੰਨਭਾਗ ਦਿਹਾੜਾ ਆਜ ਦਾ, ਸੁਲੱਖਣੀ ਘੜੀ ਵੱਜੇ ਵਧਾਈਆ । ਸਤਿਗੁਰ ਸ਼ਬਦ ਬੁਢਾਪੇ ਵਿਚੋਂ ਸਦਾ ਜਾਗਦਾ, ਜਾਗਣ ਵਾਲਿਆਂ ਅੱਖ ਦਏ ਖੁਲ੍ਹਾਈਆ । ਅੰਦਰ ਮੰਜ਼ਲ ਤਕੋ ਕਿਹੜਾ ਗ੍ਰਿਹਿ ਜਿਥੇ ਮਨੂਆ ਮਨਸਾ ਤਿਆਗ ਦਾ, ਨੌ ਦਰ ਨੌ ਰਸ ਰਹਿਣ ਨਾ ਪਾਈਆ । ਹੰਸ ਰੂਪ ਬਣੇ ਕਾਗ ਦਾ, ਕਾਗ ਹੰਸ ਰੂਪ ਬਦਲਾਈਆ । ਖੇਲ ਦਿਸੇ ਇਹ ਵੈਰਾਗ ਦਾ, ਵੈਰੀ ਅੰਦਰੋਂ ਬਾਹਰ ਕਢਾਈਆ । ਸੁਣੇ ਸ਼ਬਦ ਅਗੰਮੀ ਰਾਗ ਦਾ, ਜਗਤ ਸਰਵਣ ਦੀ ਲੋੜ ਰਹੇ ਨਾ ਰਾਈਆ । ਖੇਲ ਵੇਖੇ ਜੋਤ ਪ੍ਰਕਾਸ਼ ਦਾ, ਨਿਜ ਨੇਤਰ ਲੋਚਣ ਨੈਣ ਰੁਸ਼ਨਾਈਆ । ਮੇਲਾ ਹੋਵੇ ਪ੍ਰਭੂ ਕੰਤ ਸੁਹਾਗ ਦਾ, ਦੁਹਾਗਣ ਨਜ਼ਰ ਕੋਇ ਨਾ ਆਈਆ । ਇਹ ਬੁੱਢਾ ਮਾਲਕ ਅੰਤ ਲੇਖਾ ਜਾਣੇ ਜੁਗਾਦਿ ਦਾ, ਜੁਗ ਜੁਗ ਆਪਣਾ ਰੂਪ ਬਦਲਾਈਆ । ਜਿਸ ਖੇਲ ਕਰਨਾ ਕਲਜੁਗ ਅੰਤ ਲੇਖਾ ਮੁਕਾਉਣਾ ਦੀਨ ਮਜ਼੍ਹਬ ਦੇ ਸਮਾਜ ਦਾ, ਸਮਗਰੀ ਸਚ ਇਕੋ ਨਾਮ ਵਾਲੀ ਵਰਤਾਈਆ । ਗੁਲਸ਼ਨ ਮਹਿਕਣਾ ਲੱਖ ਚੁਰਾਸੀ ਬੂਟਾ ਪਰਵਰਦਿਗਾਰ ਦੇ ਬਾਗ਼ ਦਾ, ਅਕਲ ਕਲਧਾਰੀ ਅਕਾਲ ਆਪਣੀ ਦਇਆ ਕਮਾਈਆ । ਝਗੜਾ ਮੁਕਣਾ ਸ਼ਰਅ ਵਾਲੇ ਚਰਾਗ਼ ਦਾ, ਗੁਲਸ਼ਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਲਕ ਖ਼ਾਲਕ ਪ੍ਰਿਤਪਾਲਕ ਦੋ ਜਹਾਨਾਂ ਰਸਮ ਰਿਵਾਜ ਦਾ, ਅਵਤਾਰ ਪੈਗ਼ੰਬਰ ਗੁਰੂ ਸੰਤ ਭਗਤ ਸੂਫ਼ੀ ਫ਼ਕੀਰ ਜੁਗ ਜੁਗ ਨਿਤ ਨਵਿਤ ਨਿਰਗੁਣ ਸਰਗੁਣ ਆਪਣੇ ਹੁਕਮ ਵਿਚ ਚਲਾਈਆ ।

### ✪ ੧੨ ਮੱਘਰ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ✪

ਸਤਿਗੁਰ ਸ਼ਬਦ ਕਹੇ ਮੇਰੀ ਵੱਖਰੀ ਸਾਖੀ, ਸਖ਼ਾਵਤ ਆਪਣੀ ਇਕ ਰਖਾਇੰਦਾ । ਜਨ ਭਗਤਾਂ ਗ੍ਰਿਹਿ ਗ੍ਰਿਹਿ ਕਰਾਂਗਾ ਰਾਖੀ, ਦੂਰ ਨੇੜਾ ਪੰਧ ਨਾ ਕੋਇ ਜਣਾਇੰਦਾ । ਪੁਸ਼ਤ ਪਨਾਹ ਦਿਆਂਗਾ ਥਾਪੀ, ਥਪਕ ਥਪਕ ਕੇ ਗੋਦ ਟਿਕਾਇੰਦਾ । ਨੌ ਸੌ ਨੜਿੰਨਵੇਂ ਗੁਰਮੁਖਾਂ ਦਰਸ ਹੋਵੇਗਾ ਅੱਜ ਦੀ ਰਾਤੀ, ਨੌਂ ਦਵਾਰ ਨਵ ਖੰਡ ਦਾ ਪੰਧ ਮੁਕਾਈਆ । ਮਿਹਰਵਾਨ ਹੋ ਕੇ ਵੇਖਾਂ ਲੋਕਮਾਤੀ, ਮਤਾ ਆਪਣਾ ਇਕ ਪਕਾਈਆ । ਦਿਵਸ ਰੈਣ ਮਾਰਾਂ ਝਾਤੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਸਦਾ ਸੁਹੇਲਾ ਬਣ ਕੇ ਸਾਥੀ, ਸਗਲਾ ਸੰਗ ਨਿਭਾਈਆ । ਸੀਨਾ ਨਾਲ ਲਗਾਵਾਂ ਛਾਤੀ, ਛਤਰਧਾਰੀ ਹੋ ਕੇ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਕੋਲੋਂ ਕਰਾਂ ਖ਼ੁਲਾਸੀ, ਖ਼ੁਲਾਸਾ ਆਪਣਾ ਆਪ ਸਮਝਾਈਆ । ਮਮਤਾ ਰਹੇ ਨਾ ਮੂਲ ਪਿਆਸੀ, ਤ੍ਰਿਸ਼ਨਾ ਤ੍ਰਿਖਾ ਮਿਟਾਈਆ । ਭਗਤਾਂ ਦੀ ਬਣਕੇ ਦਾਸੀ, ਸੇਵਕ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਲ ਆਪ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਸੱਚਾ ਦੇਵਾਂ ਸੰਗ, ਸਗਲਾ ਸੰਗ ਬਣਾਈਆ । ਪਿਆਰ ਦਾ ਚਾੜ੍ਹਾਂ ਰੰਗ, ਰੰਗਤ ਬੇਪਰਵਾਹੀਆ । ਜਨ ਭਗਤਾਂ ਲਾਵਾਂ ਅੰਗ, ਅੰਗੀਕਾਰ ਇਕ ਅਖਵਾਈਆ । ਯੋਧਾ

ਸੂਰਾ ਬਣ ਸਰਬੰਗ, ਜੋਬਨਵੰਤਾ ਬੇਪਰਵਾਹੀਆ । ਧਰਮ ਦਾ ਧਰਮ ਵਜਾ ਮਰਦੰਗ, ਧਰਨੀ ਧਰਤ ਧਵਲ ਸੁਹਾਈਆ । ਜ਼ਰੂਰ ਜਨ ਭਗਤਾਂ ਦੀ ਰਛਿਆਂ ਕਰਾਂ ਏਸ ਵਿਚ ਜੰਗ, ਜਗਹ ਜਗਹ ਆਪਣਾ ਫੇਰਾ ਪਾਈਆ । ਛੇੜ ਛਿੜਨੀ ਧਾਮ ਪੰਜ, ਪੰਜਾਂ ਦਾ ਖੇਲ ਤਕਾਂ ਹੋ ਕੇ ਬੇਪਰਵਾਹੀਆ । ਦੀਨ ਦੁਨੀ ਹੋਣਾ ਰੰਜ, ਰੰਜਸ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੇਰਾ ਲਾਲਚ ਨਹੀਂ ਜਗ, ਜਗਤ ਤ੍ਰਿਸ਼ਨਾ ਨਾ ਕੋਇ ਵਖਾਈਆ । ਮੇਰਾ ਖੇਲ ਉਪਰ ਸ਼ਾਹ ਰਗ, ਨੌ ਦਵਾਰ ਦਾ ਡੇਰਾ ਢਾਹੀਆ । ਨਾਦ ਸ਼ਬਦ ਸੁਣਾ ਕੇ ਸਦ, ਸੋਈ ਸੁਰਤ ਉਠਾਈਆ । ਜਗਤ ਵਿਕਾਰਾ (ਕਰਕੇ ਬੱਧ), ਘਰ ਪੜਦਾ ਦਿਆਂ ਚੁਕਾਈਆ । ਮੈਨੂੰ ਕੋਈ ਨਾ ਸਕੇ ਲੱਭ, ਖੋਜਿਆਂ ਹੱਥ ਕਿਸੇ ਨਾ ਆਈਆ । ਕਿਰਪਾ ਕਰਾਂ ਜੁਗੋ ਜੁਗ ਝੱਬ, ਜਨ ਭਗਤਾਂ ਹੋਵਾਂ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਭਗਤਾਂ ਰੱਖਾਂ ਨਾ ਕਦੇ ਉਤੇ ਕਰਾਇਆ, ਕੀਮਤ ਜਗਤ ਵਾਲੀ ਰਖਾਈਆ । ਮੇਰਾ ਲੇਖਾ ਨਹੀਂ ਕੂੜ ਕੁੜਿਆਰੀ ਮਾਇਆ, ਮਮਤਾ ਧੁਰ ਦੀ ਇਕ ਬਣਾਈਆ । ਜਨਮ ਜਨਮ ਦਾ ਲੇਖਾ ਆਪਣੇ ਹੱਥ ਰਖਾਇਆ, ਕਰਮ ਕਰਮ ਦਾ ਸੰਗ ਬਣਾਈਆ । ਏਥੇ ਉਥੇ ਦੇਵਾਂ ਠੰਡੀ ਛਾਇਆ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਤਿਗੁਰ ਹੋ ਕੇ ਸਤਿਗੁਰ ਸ਼ਬਦ ਨਾ ਕਦੇ ਮੁਖ ਭਵਾਇਆ, ਜੁਗ ਜੁਗ ਭਗਤਾਂ ਆਪਣੇ ਲੇਖੇ ਲਾਈਆ । ਸਚਖੰਡ ਨਿਵਾਸੀ ਸਚਖੰਡ ਦਵਾਰ ਸੁਹਾਇਆ, ਦਰਗਹ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਆਦਿ ਅੰਤ ਪ੍ਰਭ ਦੀ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਬਣਕੇ ਆਦਿ ਅੰਤ ਦਾ ਜਾਨ ਜਾਨੀ, ਜੁਗ ਜੁਗ ਵੇਖ ਵਖਾਈਆ । ਕਲਜੁਗ ਅੰਤਮ ਜੋਤ ਨੂਰ ਨੁਰਾਨੀ, ਨੂਰ ਨੁਰਾਨਾ ਡਗਮਗਾਈਆ । ਜਨ ਭਗਤਾਂ ਧਾਰ ਸਮਝੇ ਨਾ ਕਦੇ ਬੇਗਾਨੀ, ਬੇਗਾਨਾ ਮਨ ਮਨਸਾ ਵਿਚ ਕੁਰਲਾਈਆ । ਜਿਨ੍ਹਾਂ ਦੀ ਮੰਜ਼ਲ ਇਕ ਰੁਹਾਨੀ, ਰਹਿਬਰ ਨਾਲ ਮਿਲ ਕੇ ਵੱਜੇ ਵਧਾਈਆ । ਉਹਨਾਂ ਸਦੀ ਚੌਧਵੀਂ ਆਉਣ ਨਹੀਂ ਦੇਣੀ ਪਰੇਸ਼ਾਨੀ, ਪਰੇ ਤੋਂ ਪਰੇ ਹੋ ਕੇ ਵੇਖੇ ਚਾਈਂ ਚਾਈਆ । ਹੁਣ ਕਥਾ ਕਥਨੀ ਨਾ ਜ਼ਬਾਨੀ, ਅਕਥ ਆਪਣਾ ਹੁਕਮ ਵਰਤਾਈਆ । ਜਗਤ ਜਹਾਨ ਸ੍ਰਿਸ਼ਟੀ ਦਿਸੇ ਫ਼ਾਨੀ, ਅੰਤ ਰਹਿਣ ਕੋਇ ਨਾ ਪਾਈਆ । ਇਕ ਨਿਸ਼ਾਨਾ ਰਹੇ ਭਗਤ ਭਗਵਾਨੀ, ਭਗਵਨ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਜ਼ਿਮੀਂ ਅਸਮਾਨੀ, ਹਰ ਘਟ ਅੰਤਰ ਆਪਣਾ ਹੁਕਮ ਵਰਤਾਈਆ ।

ਮੁਹੰਮਦ ਦਾ ਮਕਬਰਾ ਕਰੇ ਸੱਯਦਾ, ਚੜ੍ਹਦਿਉ ਲਹਿੰਦੇ ਸੀਸ ਨਿਵਾਈਆ । ਖੇਲ ਤਕੇ ਅਗੰਮ ਵਜਦ ਦਾ, ਕੀ ਵਾਜਬ ਆਪਣੀ ਕਾਰ ਕਮਾਈਆ । ਕੀ ਲੇਖਾ ਨੂਰ ਇਲਾਹੀ ਰੱਬ ਦਾ, ਲਹਿਣਾ ਸਭ ਦਾ ਝੋਲੀ ਪਾਈਆ । ਵੇਲਾ ਵਕਤ ਸੋਹਣਾ ਸਬੱਬ ਦਾ, ਰੁਤੜੀ ਰੁਤ ਨਾਲ ਮਹਿਕਾਈਆ । ਜਿਸ ਦਾ ਦੀਪਕ ਇਕੋ ਜਗਦਾ, ਪ੍ਰਕਾਸ਼ ਕਰੇ ਥਾਉਂ ਥਾਈਆ । ਉਹ ਲੇਖਾ ਪੂਰ ਕਰੇ ਜਗਤ ਹੱਜ ਦਾ, ਹੁਜਰਾ ਨਿਉਂ ਕੇ

ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਮਕਬਰਾ ਕਹੇ ਮੈਂ ਤੱਕਿਆ ਨੂਰੀ ਮੌਲਾ, ਜਿਸ ਨੂੰ ਮੌਲਾਨਾ ਸਮਝ ਕੋਇ ਨਾ ਪਾਈਆ । ਜਿਸ ਨੇ ਵਾਅਦਾ ਪੂਰਾ ਕੀਤਾ ਕੌਲਾ, ਇਕਰਾਰ ਪਿਛਲਾ ਵੇਖ ਵਖਾਈਆ । ਵੇਸ ਵਟਾ ਕੇ ਉਪਰ ਧੌਲਾ, ਧਰਨੀ ਰੰਗ ਰੰਗਾਈਆ । ਸਭ ਦਾ ਭਾਰ ਕਰੇ ਹੌਲਾ, ਗੱਠੜੀ ਸੀਸ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਮਕਬਰਾ ਕਹੇ ਮੈਂ ਵੇਖਿਆ ਮਿਹਰਵਾਨ, ਜੋ ਮਿਹਰਵਾਨ ਅਖਵਾਈਆ । ਮੁਹੰਮਦ ਦੀ ਖ਼ਾਹਿਸ਼ ਦਾ ਕਰ ਇਸ਼ਨਾਨ, ਲੇਖਾ ਅੰਤ ਵਾਲਾ ਸਮਝਾਈਆ । ਇਹ ਮੰਗ ਮੰਗੀ ਸੀ ਮਹੀਨੇ ਵਿਚ ਰਮਜ਼ਾਨ, ਸ਼ੱਬੇਰੋਜ਼ ਵਾਸਤਾ ਪਾਈਆ । ਜਿਸ ਵੇਲੇ ਆਏ ਮੇਰੇ ਅਮਾਮ, ਨਿਜ਼ਾਮ ਦੀਨ ਦੁਨੀ ਬਦਲਾਈਆ । ਮੇਰੀ ਮੁਸ਼ਕਲ ਹੋਏ ਆਸਾਨ, ਇਨਸਾਨੀਅਤ ਦਾ ਲਹਿਣਾ ਦੇਣਾ ਵਖਾਈਆ । ਕੋਈ ਅੰਕੜਿਆਂ ਵਾਲੀ ਲਾ ਨਾ ਸਕੇ ਮੀਜ਼ਾਨ, ਗਿਣਤ ਗਣਤ ਨਾ ਕੋਇ ਗਿਣਾਈਆ । ਸੋ ਵੇਲਾ ਪਹੁੰਚਿਆ ਆਣ, ਘੜੀ ਪਲ ਦਏ ਗਵਾਹੀਆ । ਮੁਹੰਮਦ ਦਾ ਮਕਬਰਾ ਕਹੇ ਮੇਰੇ ਮਹਿਬੂਬ ਨੂੰ ਕੋਈ ਨਾ ਕਿਹੋ ਪੰਜਾਂ ਤਤਾਂ ਵਾਲਾ ਇਨਸਾਨ, ਜੋਤੀ ਜਾਤਾ ਨੂਰ ਇਲਾਹੀਆ । ਜੂਠ ਝੂਠ ਲੋਭ ਲਾਲਚ ਕੂੜੀ ਕਿਰਿਆ ਦਾ ਆਦਿ ਜੁਗਾਦਿ ਕਦੇ ਨਾ ਦੇਵੇ ਦਾਨ, ਸਚ ਨਾਮ ਸਚ ਦਾ ਕਲਮਾ ਸਚ ਆਪ ਵਰਤਾਈਆ । ਜੋ ਲੇਖਾ ਚੁਕਾਵੇ ਸ਼ਰਅ ਸ਼ੈਤਾਨ, ਛੁਰੀਆਂ ਵੰਡ ਨਾ ਕੋਇ ਵੰਡਾਈਆ । ਮੈਂ ਉਸ ਦੀ ਨਿਗਹ ਨਾਲ ਕਰਾਂ ਪਹਿਚਾਨ, ਬਿਨ ਅੱਖਾਂ ਅੱਖ ਖੁਲ੍ਹਾਈਆ । ਉਹ ਮਾਲਕ ਰਹੀਮ ਰਹਿਮਾਨ, ਰਹਿਮਤ ਸਚ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਮਕਬਰਾ ਕਹੇ ਮੇਰੇ ਵਿਚ ਵਜੂਦ ਦਾ ਕਿਆਮ, ਕਿਆਮਗਾਹ ਇਕ ਅਖਵਾਈਆ । ਜਿਸ ਵਿਚ ਛੁਪ ਗਏ ਗੌਂਸ ਔਲੀਏ ਤਮਾਮ, ਮੁੱਲਾ ਨਜ਼ਰ ਕੋਇ ਨਾ ਆਈਆ । ਮਿੱਟੀ ਖ਼ਾਕ ਹੋਇਆ ਚਾਮ, ਤਨ ਹਾਡੀ ਨਾਲ ਮਿਲਾਈਆ । ਮੈਂ ਵੇਖ ਕੇ ਹੋਇਆ ਹੈਰਾਨ, ਹੈਰਾਨੀ ਵਿਚ ਸੁਣਾਈਆ । ਕੀ ਖੇਲ ਕਰੇ ਅਮਾਮ, ਅਮਾਮ ਅਮਾਮਾਂ ਬੇਪਰਵਾਹੀਆ । ਜਿਸ ਦੀ ਸਭ ਤੋਂ ਵੱਖਰੀ ਕਲਾਮ, ਕਲਮਾ ਕਾਇਨਾਤ ਪੜ੍ਹਾਈਆ । ਸੂਫ਼ੀਆਂ ਦਏ ਪੈਗ਼ਾਮ, ਭਗਤਾਂ ਕਰੇ ਸ਼ਨਵਾਈਆ । ਅੰਧੇਰਾ ਮੇਟ ਸ਼ਾਮ, ਸ਼ਮਾਂ ਨੂਰ ਜੋਤ ਕਰੇ ਰੁਸ਼ਨਾਈਆ । ਧੁਰ ਦਾ ਮਾਲਕ ਹੋ ਕੇ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਉਸ ਦੀ ਦੋ ਚਾਰ ਸਾਲ ਦੀ ਨਹੀਂ ਗੁਜ਼ਰਾਨ, ਅਨੰਤ ਜੁਗ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮਕਬਰਾ ਕਹੇ ਮੇਰੇ ਵਿਚ ਲੁਕ ਗਏ ਪੈਗ਼ੰਬਰ ਪੀਰ, ਪੀਰ ਪੀਰਾ ਖੇਲ ਖਿਲਾਈਆ । ਜਿਨ੍ਹਾਂ ਨਿਸ਼ਾਨ ਦਿਤਾ ਸਦੀ ਚੌਧਵੀਂ ਅਖ਼ੀਰ, ਆਖ਼ਰ ਗਿਆ ਦ੍ਰਿੜਾਈਆ । ਜਨ ਭਗਤੋ ਤੁਸਾਂ ਹੋਣਾ ਨਹੀਂ ਦਿਲਗੀਰ, ਚਿੰਤਾ ਗ਼ਮ ਨਾ ਕੋਇ ਰਖਾਈਆ । ਜਿਸ ਨੂੰ ਲੱਭਦੇ ਕੋਟਨ ਫ਼ਕੀਰ, ਫ਼ਿਕਰੇ ਢੋਲੇ ਰਹੇ ਸੁਣਾਈਆ । ਉਹ ਬਣਾ ਆਪਣੀ ਤਦਬੀਰ, ਤਕਦੀਰ ਗੁਰਮੁਖਾਂ ਰਿਹਾ ਬਦਲਾਈਆ । ਲੋਕਮਾਤ ਬਾਲਕ ਸਦਾ ਚੁੰਘਦਾ ਨਹੀਂ ਮਾਤਾ ਦਾ ਸੀਰ, ਬਿਨਾ ਪਰਵਰਦਿਗਾਰ ਤੋਂ ਰਿਜ਼ਕ ਨਾ ਕੋਇ ਸਬਾਈਆ । ਕੂਕ ਕੇ ਕਾਇਨਾਤ ਕਿਹਾ ਕਬੀਰ, ਕਾਇਦਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮਕਬਰਾ ਕਹੇ ਮੇਰਾ ਅੰਤ ਅੰਤ ਇਕ ਸੱਯਦਾ, ਸੱਯਦਾ ਸੀਸ ਨਿਵਾਈਆ ।

੧੫੯੯ ੨੨

੧੬੦੦ ੨੨

ਜਿਸ ਨੂੰ ਰਿਹਾ ਲੱਭਦਾ, ਬਿਨ ਅੱਖਾਂ ਅੱਖ ਉਠਾਈਆ । ਉਹਦਾ ਮੇਲਾ ਮੇਰਾ ਹੋ ਗਿਆ ਸਬਬ ਦਾ, ਪਰਦਾ ਦਿਤਾ ਚੁਕਾਈਆ । ਮਾਲਕ ਬਣਿਆ ਜਗ ਦਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਉਹ ਵਣਜਾਰਾ ਨਹੀਂ ਮਾਸ ਨਾੜੀ ਹੱਡ ਦਾ, ਆਤਮ ਆਪਣੇ ਰੰਗ ਰੰਗਾਈਆ । ਰੂਹ ਬੁਤ ਵਿਚੋਂ ਕਢਦਾ, ਇਹ ਉਹਦੀ ਬੇਪਰਵਾਹੀਆ । ਬੇਸ਼ਕ ਜਗਤ ਜਹਾਨ ਪਿਆਰਾ ਜਗ ਦਾ, ਮਾਤ ਪਿਤ ਨਾਰ ਕੰਤ ਜਗਤ ਖ਼ੁਸ਼ੀ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਮਕਬਰਾ ਕਹੇ ਮੁਹੰਮਦ ਤਕ ਅੱਖਾਂ, ਅੱਖਾਂ ਵਾਲਿਆ ਅੱਖ ਉਠਾਈਆ । ਮੁਹੰਮਦ ਕਹੇ ਮੇਰੇ ਕੋਲ ਕੋਟ ਕਿ ਲੱਖਾਂ, ਕੀ ਦਿਆਂ ਦ੍ਰਿੜਾਈਆ । ਮੇਰੀ ਮਾਟੀ ਖ਼ਾਕ ਬਣ ਗਈ ਕੱਖਾਂ, ਕੀਮਤ ਨਾ ਜਗਤ ਜਣਾਈਆ । ਸੰਦੇਸ਼ਾ ਦੇਵਾਂ ਸੱਚਾ, ਸਚ ਇਕ ਸੁਣਾਈਆ । ਮੇਰਾ ਢਹਿਣਾ ਮਦੀਨਾ ਮੱਕਾ, ਦਰੋਹੀ ਨਾਮ ਖ਼ੁਦਾਈਆ । ਮੇਰੀ ਚਾਰ ਯਾਰੀ ਹਰ ਚਾਰ ਸਾਲ (ਬਾਅਦ) ਮੈਨੂੰ ਇਕ ਵੇਰਾਂ ਦੇਂਦੀ ਸੀ ਧੱਕਾ, ਆਪਣਾ ਮਨ ਬਦਲਾਈਆ । ਸਾਨੂੰ ਪਾਇਆ ਕਿਹੜੇ ਵਿਚ ਰੱਟਾ, ਮਾਤ ਪਿਤਾ ਛਡ ਕੇ ਤੇਰੀ ਸੇਵ ਕਮਾਈਆ । ਮੈਂ ਸੁਣਾਉਂਦਾ ਸਾਂ ਕਲਮੇ ਦਾ ਇਕ ਟੱਪਾ, ਹੱਥ ਮਸਤਕ ਉਤੇ ਛੁਹਾਈਆ । ਚਾਰ ਯਾਰੀ ਚਾਰ ਸਾਲ ਦਾ ਵੱਟਾ, ਇਹ ਵਟਾਂਦਰਾ ਕਰੇ ਬੇਪਰਵਾਹੀਆ । ਜਿਸ ਵੇਲੇ ਤੁਹਾਡਾ ਤਨ ਸ਼ਰੀਰ ਚੀਥੜ ਹੋਣਾ ਪੁਰਾਣਾ ਫਟਾ, ਜੋਬਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਮੁਹੰਮਦ ਕਹੇ ਮੈਂ ਸੁਣਾਉਂਦਾ ਰਿਹਾ ਕਲਾਮਾ, ਕਲਮਾ ਕਲਮੇ ਨਾਲ ਜਣਾਈਆ । ਇਕ ਦਿਨ ਹੱਸ ਕੇ ਕਿਹਾ ਚਾਰ ਯਾਰਾਂ ਤੈਨੂੰ ਫੇਰ ਵੀ ਮਿਲਦਾ ਰਹਿਣਾ ਇਹ ਉਲਾਹਮਾ, ਚਾਰ ਜੁਗ ਦੇ ਮਾਲਕ ਆਪਣਾ ਖੇਲ ਲੈਣਾ ਖਿਲਾਈਆ । ਜਿਸ ਦੇ ਭਗਤ ਹੋਣੇ ਗ਼ੁਲਾਮਾ, ਗ਼ੁਲਾਮੀ ਦੀਨ ਦੁਨੀ ਦਏ ਤੁੜਾਈਆ । ਸੰਦੇਸ਼ਾ ਦੇਵੇ ਇਕੋ ਇਕ ਪੈਗ਼ਾਮਾ, ਪੈਗ਼ੰਬਰਾਂ ਪਰੇ ਪੜ੍ਹਾਈਆ । ਮੁਹੰਮਦ ਹੱਸ ਕੇ ਕਿਹਾ ਉਹ ਮੇਰਾ ਅਮਾਮਾ, ਨੂਰ ਨੁਰਾਨਾ ਨੂਰ ਇਲਾਹੀਆ । ਜਿਸ ਦੀ ਚੌਧਵੀਂ ਸਦੀ ਮੇਰਾ ਲੇਖਾ ਪੂਰ ਕਰਾਨਾ, ਲਹਿਣਾ ਦੇਵੇ ਚਾਈਂ ਚਾਈਂਆ । ਪੰਜ ਆਬ ਕਰੇ ਪਰਵਾਨਾ, ਬੇਆਬ ਹੋਵੇ ਲੋਕਾਈਆ । ਚੌਦਾਂ ਸੌ ਕੋਸ ਯੁਧ ਹੋਵੇ ਘਮਸਾਨਾ, ਹਦੂਦ ਹੱਦ ਇਕ ਵਖਾਈਆ । ਨਾਮ ਕਲਮਾ ਜਿਸ ਜਗਤ ਰਹਿਣ ਨਹੀਂ ਦੇਣਾ ਕਰਿਆਨਾ, ਧੁਰ ਦਾ ਹੁਕਮ ਇਕ ਵਰਤਾਈਆ । ਇਹ ਖੇਲ ਕਰਨਾ ਉਸ ਮਿਹਰਵਾਨਾ, ਜਿਸ ਦਾ ਆਦਿ ਅੰਤ ਸਮਾਂ ਦਰਮਿਆਨਾ, ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਚਾਰ ਯਾਰਾਂ ਕਿਹਾ ਹਜ਼ਰਤ ਕੀ ਹੋਵੇਗਾ ਬੰਦਾ, ਬੰਦਗੀ ਕੀ ਦ੍ਰਿੜਾਈਆ । ਮੁਹੰਮਦ ਕਿਹਾ ਮੈਂ ਨੇਤਰਹੀਣ ਅੰਧਾ, ਅੰਤ ਕਹਿਣ ਕੁਛ ਨਾ ਪਾਈਆ । ਕੀ ਦੱਸਾਂ ਮਾੜਾ ਹੋਵੇ ਕਿ ਚੰਗਾ, ਵੱਡਾ ਛੋਟਾ ਵੰਡ ਨਾ ਕੋਇ ਵੰਡਾਈਆ । ਮੈਨੂੰ ਇਉਂ ਜਾਪਦਾ ਜਿਸ ਨੇ ਸਾਰੇ ਅਵਤਾਰ ਪੈਗ਼ੰਬਰ ਗੁਰ ਚੁੱਕ ਕੇ ਆਪਣੇ ਕੰਧਾ, ਕੰਢੀ ਘਾਟ ਪੱਤਨ ਇਕੋ ਦੇਣੇ ਟਿਕਾਈਆ । ਸਭ ਦਾ ਸੀਨਾ ਕਰ ਕੇ ਠੰਡਾ, ਅਗਨੀ ਤਤ ਬੁਝਾਈਆ । ਜਗਤ ਜਹਾਨ ਇਕੋ ਦੇ ਕੇ ਸਚ ਅਨੰਦਾ, ਅਨੰਦਪੁਰ ਵਾਸੀ ਦਾ ਲੇਖਾ ਪੂਰ ਕਰਾਈਆ । ਪਰ ਯਾਦ ਰੱਖਿਓ ਇਕ ਵੇਰਾਂ ਉਸ ਨੂੰ ਸਭ ਨੇ ਕਹਿਣਾ ਗੰਦਾ, ਕਿਉਂ ਗੰਦਗੀ ਦੇ ਕੀੜੇ ਸਾਰੇ ਦੇਣੇ ਖਪਾਈਆ । ਚਾਰ ਯਾਰੋ ਉਹਦਿਆਂ ਯਾਰਾਂ ਨੇ ਉਹਨੂੰ ਕਹਿਣਾ ਮੁਸ਼ਟੰਡਾ, ਧੋਖੇਬਾਜ਼ ਅਖਵਾਈਆ । ਪਰ ਯਾਦ ਰੱਖਿਓ ਉਸ ਦੀਨ ਦੁਨੀ ਨੂੰ ਕਰਨਾ ਰੰਡਾ, ਸਿਰ ਸਕੇ

ਨਾ ਕੋਇ ਉਠਾਈਆ । ਇਕੋ ਸਤਿ ਦਾ ਝੁਲਾਉਣਾ ਝੰਡਾ, ਸਤਿ ਧਰਮ ਦੀ ਧਾਰ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਮੁਹੰਮਦ ਕਹੇ ਚਾਰ ਯਾਰੋ ਦੱਸਾਂ ਗੱਲ ਇਕ ਹਰਫ਼ੀ, ਇਕੋ ਵਾਰ ਜਣਾਈਆ । ਸੰਮਤ ਸ਼ਹਿਨਸ਼ਾਹੀ ਸੱਤ ਬਾਰਾਂ ਮੱਘਰ ਦਿਵਸ ਹੋਵੇ ਸ਼ਰਫ਼ੀ, ਸ਼ਰਾਫ਼ਤ ਸਭ ਦੀ ਵੇਖ ਵਖਾਈਆ । ਤੇਰਾਂ ਮੱਘਰ ਤੋਂ ਪੰਜ ਦਿਨ ਗਲ ਵਿਚ ਪਾਵੇ ਚੌਦਾਂ ਤਬਕਾਂ ਵਾਲੀ ਅਲਫ਼ੀ, ਆਪਣਾ ਹੁਕਮ ਵਰਤਾਈਆ । ਜਗਤ ਅੰਨ ਨਾ ਖਾਵੇ ਸ਼ਰਤੀ, ਇਹ ਉਸ ਦੀ ਬੇਪਰਵਾਹੀਆ । ਫੇਰ ਖੇਲ ਵੇਖਣਾ ਉਤੇ ਧਰਤੀ, ਕੀ ਲੇਖਾ ਜਗਤ ਲੋਕਾਈਆ । ਭਗਤਾਂ ਦੀ ਆਸ਼ਾ ਚਾਰ ਜੁਗ ਚਾਰ ਸਾਲ ਵਿਚ ਨਹੀਂ ਸੜਦੀ, ਦੁਖੀ ਹੋ ਨਾ ਦੁੱਖ ਬਣਾਈਆ । ਆਤਮਾ ਦੀ ਧਾਰ ਪਰਮਾਤਮਾ ਦੇ ਘਰ ਦੀ, ਜਿਸ ਵੇਲੇ ਚਾਹੇ ਉਸ ਵੇਲੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਤੇਰਾਂ ਮੱਘਰ ਕਹੇ ਪੀਰਾਂ ਦੇ ਪੀਰ ਨੂੰ ਦਿਉ ਕੋਈ ਨਾ ਰੋਟੀ, ਅੱਗੇ ਅੰਨ ਨਾ ਕੋਇ ਟਿਕਾਈਆ । ਜਿਸ ਨੇ ਸਭ ਦੀ ਲੇਖੇ ਲਾਉਣੀ ਗੋਸ਼ਤ ਬੋਟੀ, ਕੋਨਾ ਕੋਨਾ ਖੋਜ ਖੁਜਾਈਆ । ਉਸ ਦੀ ਜਗਦੀ ਰਹੇ ਜੋਤੀ, ਜੋਤੀ ਜਾਤਾ ਨਜ਼ਰੀ ਆਈਆ । ਉਸ ਦੀ ਇਕੋ ਕਲਾ ਬਹੁਤੀ, ਅਕਲ ਕਲ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਗੇ ਆਯੂ ਦਿਸੇ ਕਿਸੇ ਨਾ ਬਹੁਤੀ, ਬਹੁ ਗੁਣਾ ਆਪਣਾ ਹੁਕਮ ਵਰਤਾਈਆ ।



## ੧੪ ਮੱਘਰ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ਜ਼ਿਲਾ ਅੰਮ੍ਰਿਤਸਰ

ਮਕਬਰਾ ਕਹੇ ਜਿਸ ਵੇਲੇ ਮੇਰੇ ਅੰਦਰ ਰੱਖੀ ਲਾਸ਼, ਮੁਹੰਮਦ ਮੂੰਹ ਦੇ ਭਾਰ ਟਿਕਾਈਆ । ਉਹ ਖ਼ੁਦ ਖ਼ੁਦਾ ਨੇ ਕਿਹਾ ਸ਼ਾਬਾਸ਼, ਮਿਹਰਵਾਨ ਮਿਹਰ ਨਿਗਹ ਉਠਾਈਆ । ਤੇਰਾ ਲੇਖਾ ਪੂਰਾ ਹੋਵੇ ਖ਼ਾਸ, ਖ਼ਾਲਸ ਆਪਣਾ ਹੁਕਮ ਵਰਤਾਈਆ । ਤੂੰ ਪਾਤਾਲਾਂ ਵਿਚ ਕਰੀਂ ਤਲਾਸ਼, ਬਿਨ ਨੈਣਾਂ ਨੈਣ ਉਠਾਈਆ । ਮੈਂ ਆਵਾਂ ਉਤੋਂ ਆਕਾਸ਼, ਬਿਨ ਤਨ ਵਜੂਦ ਵੇਸ ਵਟਾਈਆ । ਕਰਾਂ ਖੇਲ ਤਮਾਸ਼, ਅਗੰਮ ਅਥਾਹ ਬੇਪਰਵਾਹੀਆ । ਸਚ ਕਰੀਂ ਵਿਸ਼ਵਾਸ, ਵਿਸ਼ਵ ਦਾ ਭੇਵ ਖੁਲ੍ਹਾਈਆ । ਰਾਹ ਤਕੇ ਸ਼ੰਕਰ ਉਤੇ ਕੈਲਾਸ਼, ਬ੍ਰਹਮਾ ਅੱਖ ਉਠਾਈਆ । ਵਿਸ਼ਨ ਪੂਰੀ ਹੋਵੇ ਆਸ, ਆਪਣੀ ਕਲ ਪਰਗਟਾਈਆ । ਸਚ ਦੱਸਾਂ ਤੇਰੀ ਉਮਤ ਦੀ ਅੰਤ ਰਹਿਣੀ ਨਹੀਂ ਸ਼ਾਖ਼, ਸ਼ਨਾਖ਼ਤ ਨਜ਼ਰ ਕੋਇ ਨਾ ਆਈਆ । ਝਟ ਫ਼ਰਮਾਨਾ ਦਿਤਾ ਆਖ, ਵਾਹਿਦ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਮਕਬਰਾ ਕਹੇ ਮੁਹੰਮਦ ਦੇ ਹੱਥ ਸੀ ਉਪਰ ਛਾਤੀ, ਪੁਸ਼ਤ ਪਨਾਹ ਟਿਕਾਈਆ । ਲੇਖ ਲਿਖਿਆ ਸੀ ਨਾਲ ਕਲਮ ਦਵਾਤੀ, ਹਰਫ਼ ਸਮਝ ਕਿਸੇ ਨਾ ਆਈਆ । ਜਗਤ ਜ਼ਿੰਦਗੀ ਜਗਤ ਹਯਾਤੀ, ਜਗਤ ਜੀਵਣ ਜਗਤ ਵਡਿਆਈਆ । ਜਿਸ ਉਮਤ ਦੀ ਕਰੇਂ ਰਾਖੀ, ਰਾਖਾ ਹੋ ਕੇ ਵੇਖ ਵਖਾਈਆ । ਤੂੰ ਬਣ ਕੇ ਮਿੱਟੀ ਖ਼ਾਕੀ, ਮਕਬਰਿਆਂ ਵਿਚ ਡੇਰਾ ਲਾਈਆ । ਔਹ ਤਕ ਖੇਲ ਅਬਿਨਾਸ਼ੀ, ਹਰਿ ਕਰਤਾ ਕੀ ਕਾਰ

ਕਮਾਈਆ । ਜਿਸ ਤੇਰੀ ਬਣਾਈ ਰਾਸੀ, ਰਸਤਾ ਦਿਤਾ ਵਖਾਈਆ । ਉਮਤ ਜਣਾ ਦਾਸੀ, ਸੇਵਾ ਸਚ ਸਮਝਾਈਆ । ਅੰਤ ਹੋਣੀ ਵਿਨਾਸੀ, ਮਿੱਟੀ ਖ਼ਾਕ ਵਿਚ ਸਮਾਈਆ । ਖ਼ੁਸ਼ੀ ਵਿਚ ਆਉਂਦੀ ਹਾਸੀ, ਹੱਸ ਕੇ ਰਹੀ ਸੁਣਾਈਆ । ਸਦੀ ਚੌਧਵੀਂ ਲੇਖਾ ਪੂਰਾ ਹੋਵੇ ਬਾਤਨ ਬਾਤੀ, ਬੇਵਤਨਾ ਲੇਖ ਰਹੇ ਨਾ ਰਾਈਆ । ਤੇਰੇ ਹੱਥਾਂ ਦੀ ਪਾਤੀ, ਪੱਤਰਾ ਦਏ ਗਵਾਹੀਆ । ਚਾਰ ਯਾਰ ਸ਼ਰਅ ਦੇ ਰਹਿਣੇ ਨਹੀਂ ਜਮਾਤੀ, ਸੰਗੀ ਸੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਮਕਬਰਾ ਕਹੇ ਮੈਂ ਖ਼ੁਦਾ ਦਾ ਸੁਣਿਆ ਕਲਾਮ, ਮੁਹੰਮਦ ਪਾਸਾ ਨਾ ਸਕਿਆ ਬਦਲਾਈਆ । ਤੈਨੂੰ ਸ਼ਰਅ ਦਾ ਬਣਾਇਆ ਗ਼ੁਲਾਮ, ਜ਼ੰਜੀਰ ਕਲਮੇ ਦਾ ਪਾਈਆ । ਅੱਖਰਾਂ ਨਾਲ ਇਤਲਾਹ ਦਿਤੀ ਆਮ, ਬੇਖ਼ਬਰਾਂ ਖ਼ਬਰ ਸੁਣਾਈਆ । ਮੋਮਨ ਹੋ ਤਮਾਮ, ਕਾਫ਼ਰ ਰਹਿਣ ਕੋਇ ਨਾ ਪਾਈਆ । ਬੰਦਾ ਖ਼ਾਕੀ ਇਨਸਾਨ, ਖ਼ਾਕੀ ਖ਼ਾਕ ਨਾਲ ਵਡਿਆਈਆ । ਮੁਹੱਬਤ ਦੇ ਨੌਜਵਾਨ, ਪਿਆਰ ਵਿਚ ਵਡਿਆਈਆ । ਕਲਮਾ ਕਰੇ ਕਲਿਆਨ, ਦਰਗਹ ਸਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਮਕਬਰਾ ਕਹੇ ਖ਼ੁਦ ਖ਼ੁਦਾ ਨੇ ਕੀਤਾ ਮੁਖ਼ਾਤਬ, ਮੁਖ਼ਬਰ ਕਲਮਾ ਦਿਤਾ ਬਣਾਈਆ । ਮੈਂ ਅੰਤ ਸਭ ਦਾ ਕਰਨਾ ਤੁਆਕਬ, ਪਿਛੇ ਲੱਗਾ ਥਾਉਂ ਥਾਈਂਆ । ਮੁਹੰਮਦ ਤੇਰੀ ਮੱਕੇ ਕਾਅਬੇ ਵਾਲੀ ਜਾਨਬ, ਗੋਸ਼ਾ ਕੋਨਾ ਫੋਲ ਫੁਲਾਈਆ । ਉਸ ਵੇਲੇ ਪਿਆਰ ਰਹਿਣਾ ਨਹੀਂ ਮਾਨਸ ਮਾਨਵ, ਮਾਨਵਤਾ ਵਿਚ ਨਾ ਕੋਇ ਵਡਿਆਈਆ । ਨਾਮ ਕਲਮੇ ਵਾਲੇ ਰਾਕਸ਼ ਬਣਨੇ ਦਾਨਵ, ਦੈਂਤ ਕੂੜ ਵਾਲੇ ਅਖਵਾਈਆ । ਅਵਤਾਰ ਪੈਗ਼ੰਬਰਾਂ ਹੁਕਮ ਮੂਲ ਨਾ ਮਾਨਣ, ਮਨਸਾ ਮਨ ਨਾਲ ਰਲਾਈਆ । ਮੇਰਾ ਜ਼ਹੂਰ ਨੂਰ ਮੂਲ ਨਾ ਜਾਨਣ, ਜਾਣਕਾਰੀ ਨਾ ਕੋਇ ਦਰਸਾਈਆ । ਜੂਠ ਝੂਠ ਖ਼ਾਕ ਛਾਨਣ, ਮੁਹੰਮਦਾ ਤੇਰੇ ਮਕਬਰੇ ਦੀ ਮਿੱਟੀ ਖ਼ਾਕ ਦਏ ਗਵਾਹੀਆ । ਫੇਰ ਮੇਰਾ ਖੇਲ ਹੋਵੇ ਜ਼ਿਮੀ ਅਸਮਾਨਣ, ਚੌਦਾਂ ਤਬਕਾਂ ਹੁਕਮ ਵਰਤਾਈਆ । ਚਾਰੋਂ ਕੁੰਟ ਅੰਧੇਰੀ ਸ਼ਾਮਨ, ਸਾਚਾ ਚੰਦ ਨਾ ਕੋਇ ਚਮਕਾਈਆ । ਤੇਰੀ ਲਾਸ਼ ਨੇ ਕਿਸੇ ਦਾ ਬਣਨਾ ਨਹੀਂ ਜ਼ਾਮਨ, ਅੱਗੇ ਹੋ ਨਾ ਕੋਇ ਛੁਡਾਈਆ । ਪ੍ਰਭ ਲੇਖਾ ਪੂਰਾ ਕਰਨਾ ਜੋ ਲਹਿਣਾ ਨਾਲ ਬਾਵਨ, ਸ਼ੁਕਰ ਪੁਰੋਹਤ ਵੰਡ ਵੰਡਾਈਆ । ਚਾਰੋਂ ਕੁੰਟ ਹੋਵੇ ਤ੍ਰਿਸ਼ਨਾ ਤਾਮਨ, ਸਾਂਤਕ ਸਤਿ ਨਾ ਕੋਇ ਕਰਾਈਆ । ਸੁਣ ਮੇਰਾ ਅਗੰਮਾ ਪੈਗ਼ਾਮਨ, ਫ਼ਰਮਾਨਾ ਧੁਰਦਰਗਾਹੀਆ । ਸਾਬਤ ਰਹਿਣਾ ਨਹੀਂ ਕਿਸੇ ਈਮਾਨਣ, ਅਮਲ ਸਚ ਨਾ ਕੋਇ ਕਮਾਈਆ । ਬ੍ਰਹਮ ਵਿਦਿਆ ਵਾਲਾ ਦਿਸੇ ਨਾ ਕੋਇ ਬ੍ਰਾਹਮਣ, ਸ਼ੱਤਰੀ ਸ਼ੂਦਰ ਵੈਸ਼ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਮਕਬਰਾ ਕਹੇ ਮੁਹੰਮਦ ਦੀ ਛਾਤੀ ਉਤੇ ਦਬਾਏ ਪੰਜੇ, ਪੰਜ ਵਾਰ ਹਿਲਾਈਆ । ਮੇਰੇ ਪਰਵਰਦਿਗਾਰ ਮੈਨੂੰ ਨਹੀਂ ਕੋਈ ਰੰਜੇ, ਰੰਜਸ਼ ਵਿਚ ਕਦੇ ਨਾ ਆਈਆ । ਮੇਰੀ ਲਾਸ਼ ਪਈ ਬਿਨਾ ਮੰਜੇ, ਮਾਟੀ ਖ਼ਾਕ ਡੇਰਾ ਲਾਈਆ । ਤੇਰੀ ਬਾਵਨ ਧਾਰ ਧਾਰ ਬਵੰਜੇ, ਪੰਜ ਦੋ ਨਾਲ ਦਰਸਾਈਆ । ਮੇਰੇ ਨੇਤਰ ਮੂਲ ਵਹੇ ਨਾ ਹੰਝੇ, ਪਾਣੀ ਜਲ ਨਾ ਕੋਇ ਵਹਾਈਆ । ਤੇਰੇ ਹੁਕਮ ਸਦਾ ਚੰਗੇ, ਨਾ ਕੋਈ ਮੇਟੇ ਮੇਟ ਮਿਟਾਈਆ । ਮੈਨੂੰ ਇਉਂ ਜਾਪਦਾ ਤੇਰੇ ਹੁਕਮ ਨਾਲ ਸਦੀ ਚੌਧਵੀਂ ਅੰਤ ਯੁਧ ਛਿੜਨਾ ਧਾਮ ਪੰਜੇ, ਪੰਜ ਧਾਰ ਨਾਲ ਮਿਲਾਈਆ । ਮੇਰੀ ਉਮਤ ਸਾਰੀ ਵੰਵੇ, ਵੰਝ ਮੁਹਾਣਾ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੧੬੦੨
੨੨

ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਮਕਬਰਾ ਕਹੇ ਮੁਹੰਮਦ ਦੀ ਬਿਨਾ ਸਵਾਸ ਤੋਂ ਇਬਾਦਤ, ਮਕਬਰੇ ਵਿਚ ਸੀਸ ਨਿਵਾਈਆ । ਸਦੀ ਚੌਧਵੀਂ ਅੰਤ ਮੇਰੀ ਉਮਤ ਦੀ ਹੋਵੇ ਸ਼ਹਾਦਤ, ਸ਼ਹਾਦਤ ਜਗਤ ਨਾਲ ਰਲਾਈਆ । ਮੂਸਾ ਈਸਾ ਮੇਲ ਹੋਵੇ ਨਾਲ ਰਫ਼ਾਕਤ, ਸਦਾਕਤ ਸਮਝ ਕਿਸੇ ਨਾ ਆਈਆ । ਬੁੱਧੀ ਜਾਣੇ ਨਾ ਕੋਇ ਲਿਆਕਤ, ਅਕਲ ਚਲੇ ਨਾ ਕੋਇ ਚਤੁਰਾਈਆ । ਤੇਰੀ ਮਿਹਰ ਦੀ ਹੋਵੇ ਹਮਾਕਤ, ਹਮਸਾਜਣ ਤੇਰੀ ਵਡਿਆਈਆ । ਪਰ ਇਕ ਖੇਲ ਦਿਸਦਾ ਸਭ ਨੂੰ ਤੇਰੇ ਕਲਮੇ ਦੀ ਹੋਣੀ ਲਾਅਨਤ, ਬਿਨਾ ਤੇਰੀ ਕਿਰਪਾ ਤੋਂ ਤੇਰੀ ਸਮਝ ਕੋਇ ਨਾ ਪਾਈਆ । ਉਮਤ ਦੀ ਉਮਤ ਨੇ ਕਰਨੀ ਮਜ਼ਾਹਮਤ, ਮਸਲਾ ਦੀਨ ਦੁਨੀ ਵਖਾਈਆ । ਚਾਰੋਂ ਕੁੰਟ ਆਉਣੀ ਸ਼ਾਮਤ, ਸ਼ਮਾਦਾਨ ਨਾ ਕੋਇ ਰੁਸ਼ਨਾਈਆ । ਤੇਰਾ ਲੋਕਮਾਤੀ ਕਿਆਮ ਕਾਇਨਾਤ ਦੀ ਆਵੇ ਕਿਆਮਤ, ਕਰੀਮ ਕਾਦਰ ਤੇਰੀ ਬੇਪਰਵਾਹੀਆ । ਉਸ ਵੇਲੇ ਮੈਨੂੰ ਵੀ ਬਖ਼ਸ਼ੀਂ ਨਿਆਮਤ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮਕਬਰਾ ਕਹੇ ਕਲਮੇ ਦੀ ਧਾਰ ਲਾਇਆ ਨੁਕਤਾ, ਪੰਜ ਵੰਡ ਵੰਡਾਈਆ । ਜਿਥੇ ਪੰਜ ਪੰਜਾਂ ਦਾ ਪੈਂਡਾ ਮੁਕਦਾ, ਅੱਗੇ ਪੰਧ ਨਾ ਕੋਇ ਰਖਾਈਆ । ਸੱਤ ਸਮੁੰਦਰਾਂ ਵਹਿਣ ਰੁਕਦਾ, ਲਹਿਰ ਲਹਿਰ ਨਾਲ ਬਦਲਾਈਆ । ਜ਼ਿਮੀਂ ਅਸਮਾਨ ਝੁਕਦਾ, ਨਿਉਂ ਨਿਉਂ ਸੀਸ ਨਿਵਾਈਆ । ਖੇਲ ਵੇਖਿਆ ਭਿਆਨਕ ਦੁੱਖ ਦਾ, ਦੁਖੀ ਹੋ ਕੇ ਨੈਣ ਦਬਾਈਆ । ਕਿਸੇ ਨੂੰ ਸਵਾਸ ਨਹੀਂ ਆਉਣਾ ਸੁਖ ਦਾ, ਹੌਕਿਆਂ ਵਿਚ ਦੁਹਾਈਆ । ਨਾਤਾ ਰਹਿਣਾ ਨਹੀਂ ਮਾਤ ਪੁਤ ਦਾ, ਪਿਤਾ ਗੋਦ ਨਾ ਕੋਇ ਸੁਹਾਈਆ । ਕਲਮਾ ਕਲਮੇ ਤੋਂ ਫਿਰੇ ਲੁਕਦਾ, ਨਾਮ ਨਾਮ ਕੋਲੋਂ ਮੁਖ ਛੁਪਾਈਆ । ਕਲਜੁਗ ਘਰ ਘਰ ਫਿਰੇ ਬੁੱਕਦਾ, ਭੱਜੇ ਵਾਹੋ ਦਾਹੀਆ । ਸਚ ਦੱਸੇ ਕਿਸ ਦੇ ਕੋਲ ਜਾਪ ਇਕ ਤੁਕ ਦਾ, ਜੋ ਇਕੋ ਨੂੰ ਰਿਹਾ ਧਿਆਈਆ । ਫੇਰ ਖੇਲ ਹੋਣਾ ਜਗਤ ਜਹਾਨ ਲੁੱਟ ਦਾ, ਸ਼ਾਹ ਸੁਲਤਾਨ ਲੁਟੇਰਾ ਰਹਿਣ ਕੋਇ ਨਾ ਪਾਈਆ । ਮਾਣ ਰਹਿਣਾ ਨਹੀਂ ਕਿਸੇ ਟੋਪੀ ਟੋਪ ਦਾ, ਸੀਸ ਦਸਤਾਰ ਨਾ ਕੋਇ ਚਤੁਰਾਈਆ । ਡੰਕਾ ਵੱਜਣਾ ਇਕੋ ਚੋਟ ਦਾ, ਚੋਟੇ ਸਾਰੇ ਦੇਣੇ ਖਪਾਈਆ । ਪ੍ਰਕਾਸ਼ ਹੋਣਾ ਅਗੰਮੀ ਜੋਤ ਦਾ, ਨਿਰਗੁਣ ਧਾਰ ਕਰੇ ਰੁਸ਼ਨਾਈਆ । ਵਿਵਾਹ ਹੋਣਾ ਲੱਖ ਚੁਰਾਸੀ ਨਾਲ ਲਾੜੀ ਮੌਤ ਦਾ, ਗਾਨੇ ਘਰ ਘਰ ਸ਼ਗਨ ਮਨਾਈਆ । ਮੁਹੰਮਦ ਕਿਹਾ ਮੈਂ ਅੰਤਮ ਕਲਮਾ ਪੜ੍ਹਨਾ ਫ਼ੌਤ ਦਾ, ਫ਼ਤਵਾ ਖ਼ੁਦ ਖ਼ੁਦਾ ਦੇਣਾ ਲਗਾਈਆ । ਫੇਰ ਹੁਕਮ ਇਕੋ ਹੋਣਾ ਬਹੁਤ ਦਾ, ਬਹੁਤੀ ਵੰਡ ਨਾ ਕੋਇ ਵੰਡਾਈਆ । ਪਰਵਰਦਿਗਾਰ ਦਾ ਵਾਰ ਨਹੀਂ ਕੋਈ ਤੋਪ ਦਾ, ਹੁਕਮ ਨਾਲ ਆਪਣਾ ਖੇਲ ਖਿਲਾਈਆ । ਜਿਸ ਦਾ ਦਰਮਿਆਨ ਪੰਜ ਥਾਂ ਬਣਨਾ ਚੌਦਾਂ ਚੌਦਾਂ ਸੌ ਕੋਸ ਦਾ, ਜਗਤ ਜਹਾਨ ਬਚਿਆ ਰਹਿਣ ਕੋਇ ਨਾ ਪਾਈਆ । ਸ਼ੰਕਰ ਉਹ ਥਾਂ ਫਿਰੇ ਖੋਜਦਾ, ਭੱਜੇ ਵਾਹੋ ਦਾਹੀਆ । ਜਿਥੇ ਦੀਨ ਮਜ਼੍ਹਬ ਝਗੜਾ ਮੁਕਾਉਣਾ ਰੋਜ਼ ਦਾ, ਰੋਜ਼ਾ ਨਿਮਾਜ਼ ਦਾ ਲੇਖਾ ਰਹੇ ਨਾ ਰਾਈਆ । ਅੰਤਮ ਅਰਦਾਸਾ ਹੋਣਾ ਇਕੋ ਭੋਗ ਦਾ, ਦੂਜੀ ਵੰਡ ਨਾ ਕੋਇ ਵੰਡਾਈਆ । ਫੇਰ ਖੇਲ ਤਕਣਾ ਪ੍ਰਭੂ ਦੀ ਮੌਜ ਦਾ, ਜੋ ਮੌਜੂਦਾ ਹੋ ਕੇ ਆਪਣਾ ਹੁਕਮ ਵਰਤਾਈਆ । ਘਮਸਾਨਾ ਵੇਖਣਾ ਨੌਂ ਖੰਡ ਪ੍ਰਿਥਮੀ ਫ਼ੌਜ ਦਾ, ਫ਼ੌਜਦਾਰ ਧੁਰ ਦਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜਹਾਨ ਇੱਛਿਆ ਵਿਚ ਕਦੇ ਨਾ ਸੋਚਦਾ, ਧੁਰ ਦਾ ਹੁਕਮ ਹੁਕਮ ਨਾਲ ਵਰਤਾਈਆ ।

੧੬੦੩
੨੨

✪ ੧੭ ਮੱਘਰ ਸ਼ਹਿਨਸ਼ਾਹੀ ਸੰਮਤ ੭ ਦਲੀਪ ਸਿੰਘ, ਰਤਨ ਸਿੰਘ, ਸੁੱਚਾ ਸਿੰਘ, ਜਰਨੈਲ ਸਿੰਘ, ਭਾਨ ਸਿੰਘ, ਸੁਲੱਖਣ ਸਿੰਘ, ਜਗਜੀਤ ਸਿੰਘ, ਪ੍ਰੀਤਮ ਸਿੰਘ ਤੇ ਹਰਜੀਤ ਸਿੰਘ, ਦਰਬਾਰ ਦੇ ਖੇਤਾਂ ਵਿਚ ਕੰਮ ਕਰਨ ਵਾਲਿਆਂ ਨਵਿਤ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ਜ਼ਿਲਾ ਅੰਮ੍ਰਿਤਸਰ ✪

ਪੁਰਖ ਅਕਾਲ ਕਹੇ ਮੇਰੀ ਸ਼ਬਦ ਧਾਰ ਦੀ ਗਾਥਾ, ਜਗਤ ਰਸਨਾ ਨਾ ਕੋਇ ਵਡਿਆਈਆ । ਮੇਰਾ ਹੁਕਮ ਹੁਕਮ ਸਮਰਾਥਾ, ਆਦਿ ਅੰਤ ਜੁਗਾ ਜੁਗੰਤ ਚਲਿਆ ਆਈਆ । ਧਰਮ ਦੀ ਧਾਰ ਚਲਦਾ ਰਾਥਾ, ਨਿਤ ਨਵਿਤ ਆਪਣੀ ਸੇਵ ਕਮਾਈਆ । ਜਿਸ ਵੇਲੇ ਵਿਸ਼ਨੂੰ ਨੂੰ ਬਖ਼ਸ਼ੀਆਂ ਦਾਤਾਂ, ਭੰਡਾਰਾ ਹੱਕ ਹੱਕ ਵਰਤਾਈਆ । ਚਰਨ ਧੂਲ ਦਾ ਦੇ ਕੇ ਆਟਾ, ਭੰਡਾਰਾ ਭਰਪੂਰ ਦਿਤਾ ਵਖਾਈਆ । ਦੋ ਜਹਾਨ ਵਖਾ ਕੇ ਅਹਾਤਾ, ਲੱਖ ਚੁਰਾਸੀ ਭੇਵ ਖੁਲ੍ਹਾਈਆ । ਮੈਂ ਸਭ ਦਾ ਪਿਤਾ ਮਾਤਾ, ਤੂੰ ਵੰਡਣਹਾਰ ਰਿਜ਼ਕ ਸਬਾਈਆ । ਮੇਰਾ ਅਗੰਮ ਅਥਾਹ ਖਾਤਾ, ਨਿਖੁਟ ਕਦੇ ਨਾ ਜਾਈਆ । ਤੇਰਾ ਨਿਰਗੁਣ ਰੂਪ ਜੋਤੀ ਜਾਤਾ, ਜਾਗਰਤ ਜੋਤ ਇਕ ਰੁਸ਼ਨਾਈਆ । ਹੁਕਮ ਦੇਵੇ ਇਕੋ ਸਰਬ ਕਲਾ ਸਮਰਾਥਾ, ਭੇਵ ਅਭੇਦਾ ਆਪ ਖੁਲ੍ਹਾਈਆ । ਵਿਸ਼ਨੂੰ ਮੇਰੀ ਯਾਦ ਵਿਚ ਪੰਜ ਦਿਨ ਕਟਣਾ ਫ਼ਾਕਾ, ਫ਼ਿਕਰ ਅਗਲਾ ਲੈਣਾ ਬਣਾਈਆ । ਇਕੋ ਲੇਖਾ ਬ੍ਰਹਮੇ ਨਾਲ ਵਰਤਣਾ ਬਣਕੇ ਸਾਕਾ, ਸਾਕਾਰ ਆਪਣੀ ਖੇਲ ਖਿਲਾਈਆ । ਸ਼ੰਕਰ ਪੰਜ ਦਿਨ ਕੁਛ ਨਹੀਂ ਆਉਣਾ ਹਾਥਾ, ਇਕੋ ਮੇਰਾ ਧਿਆਨ ਲਗਾਈਆ । ਸੂਰੀਆ ਚੰਨ ਰੱਖਣ ਆਸਾ, ਦੇਵਤ ਸੁਰ ਸੀਸ ਝੁਕਾਈਆ । ਮੇਰਾ ਹੁਕਮ ਬਹੁ ਬਿਧ ਭਾਂਤਾ, ਸਿਰ ਸਿਰ ਆਪ ਭੁਗਤਾਈਆ । ਨਿਰਗੁਣ ਸਰਗੁਣ ਵੇਖ ਖੇਲ ਤਮਾਸ਼ਾ, ਸਦ ਆਪਣੀ ਜੋਤ ਪਰਗਟਾਈਆ । ਮੰਡਲ ਮੰਡਪ ਪਾਵਾਂ ਰਾਸਾ, ਬ੍ਰਹਿਮੰਡਾਂ ਖੰਡਾਂ ਵੇਖਾਂ ਚਾਈਂ ਚਾਈਆ । ਫਿਰਾਂ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰਾਂ ਫੋਲ ਫੁਲਾਈਆ । ਪੰਜਾਂ ਤਤਾਂ ਪੂਰੀ ਕਰਾਂ ਆਸਾ, ਤ੍ਰਿਸ਼ਨਾ ਤ੍ਰਿਖਾ ਆਪ ਬੁਝਾਈਆ । ਸਰਗੁਣ ਰੂਪ ਬਣਾ ਸ਼ਾਹੋ ਸ਼ਾਬਾਸ਼ਾ, ਜੋਤੀ ਸ਼ਬਦ ਧਾਰ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਪੁਰਖ ਅਕਾਲ ਕਿਰਪਾ ਕੀਤੀ ਅਪਾਰ, ਅਪਰੰਪਰ ਦਇਆ ਕਮਾਈਆ । ਜੋ ਸਰਗੁਣ ਭੇਜਦਾ ਰਿਹਾ ਅਵਤਾਰ, ਨਿਰਗੁਣ ਆਪਣਾ ਹੁਕਮ ਵਰਤਾਈਆ । ਪੰਜ ਦਿਨ ਹਰ ਇਕ ਵਰਤ ਰੱਖਦਾ ਰਿਹਾ ਵਿਚ ਸੰਸਾਰ, ਅੰਨ ਨਾ ਮੁਖ ਛੁਹਾਈਆ । ਜਗਤ ਰੀਤੀ ਦੇ ਅਧਾਰ, ਸਬਰ ਸਬੂਰੀ ਨਾਲ ਸਮਝਾਈਆ । ਇਹ ਖੇਲ ਅਗੰਮ ਨਿਰੰਕਾਰ, ਨਿਰਵੈਰ ਆਪਣੇ ਹੱਥ ਰਖਾਈਆ । ਪੈਗ਼ੰਬਰਾਂ ਦੇ ਸਹਾਰ, ਪੁਸ਼ਤ ਪਨਾਹ ਹੋਏ ਸਹਾਈਆ । ਪੰਜ ਦਿਨ ਖਾਣਾ ਨਹੀਂ ਅਹਾਰ, ਈਸਾ ਮੂਸਾ ਮੁਹੰਮਦ ਹੁਕਮ ਦ੍ਰਿੜਾਈਆ । ਸਾਰੇ ਝੁਕ ਕੇ ਕਰਨ ਨਿਮਸਕਾਰ, ਸਿਰ ਸਕੇ ਨਾ ਕੋਇ ਉਠਾਈਆ । ਇਹ ਲੇਖਾ ਵਰਤਦਾ ਰਹੇ ਜੁਗ ਚਾਰ, ਗੁਰ ਦਸ ਨਾਲ ਮਿਲਾਈਆ । ਜਿਸ ਵੇਲੇ ਨਾਨਕ ਨੇ ਮਾਰੀ ਪਹਿਲੀ ਉਡਾਰ, ਪੰਜ ਦਿਨ ਅੰਨ ਨਾ ਮੁਖ ਲਗਾਈਆ । ਗੁਰ ਅਰਜਨ ਨੇ ਤਤੀ ਲੋਹ ਤੇ ਬਹਿਣ ਤੋਂ ਪਹਿਲਾਂ ਪੰਜ ਦਿਨ ਕੀਤਾ ਨਹੀਂ ਅਹਾਰ, ਧੁਰ ਧਿਆਨ ਵਿਚ ਵਿਚ ਆਪ ਟਿਕਾਈਆ । ਹਰਿ ਗੋਬਿੰਦ ਪਹਿਨ ਮੀਰੀ ਪੀਰੀ ਕਟਾਰ, ਪਿਛੋਂ ਪੰਜ ਦਿਨ ਪੁਰਖ ਅਕਾਲ ਵਿਚ ਧਿਆਨ ਲਗਾਈਆ । ਤੇਗ਼ ਬਹਾਦਰ ਪੁੱਜ ਦਿਲੀ ਦਰਬਾਰ, ਦਿਵਸ ਪੰਜ ਅੰਨ ਦਾਣਾ ਰਸਨ ਨਾ ਕੋਇ ਛੁਹਾਈਆ । ਗੋਬਿੰਦ ਜਿਸ ਵੇਲੇ ਮਾਛੂਵਾੜੇ ਸੁੱਤਾ ਪੈਰ ਪਸਾਰ, ਕੀੜੀ ਆਪਣਾ ਧੰਨ ਭੇਟ ਕਰਾਈਆ । ਰੋ ਕੇ

ਕੀਤੀ ਨਿਮਸਕਾਰ, ਬਿਨ ਨੈਣਾਂ ਨੀਰ ਵਹਾਈਆ । ਉਠ ਖਾ ਮੇਰੀ ਸਰਕਾਰ, ਬਿਨਾ ਪੀਹਣ ਪਕਾਉਣ ਤੋਂ ਤੇਰੇ ਅੱਗੇ ਟਿਕਾਈਆ । ਗੋਬਿੰਦ ਕਰ ਪਿਆਰ, ਸਹਿਜ ਨਾਲ ਸਮਝਾਈਆ । ਉਹ ਤਕ ਖੇਲ ਅਗੰਮ ਅਪਾਰ, ਅਲੱਖ ਅਗੋਚਰ ਕੀ ਕਾਰ ਕਮਾਈਆ । ਜਿਸ ਨੇ ਸਭ ਦਾ ਲਹਿਣਾ ਦੇਣਾ ਪੂਰਬ ਕਰਜ਼ ਦੇਣਾ ਉਤਾਰ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਜਿਸ ਵੇਲੇ ਸਦੀ ਚੌਧਵੀਂ ਆਈ ਹਾਰ, ਚੌਦਾਂ ਤਬਕ ਚੌਦਾਂ ਲੋਕ ਰੋਵਣ ਮਾਰਨ ਧਾਹੀਆ । ਉਸ ਵੇਲੇ ਕਲ ਕਲਕੀ ਲਏ ਅਵਤਾਰ, ਪੁਰਖ ਅਕਾਲਾ ਦੀਨ ਦਿਆਲਾ ਆਵੇ ਵਾਹੋ ਦਾਹੀਆ । ਜਨ ਭਗਤਾਂ ਪੈਜ ਦੇਵੇ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਨਾਲੇ ਲਹਿਣਾ ਦੇਣਾ ਪੂਰਾ ਕਰੇ ਜੋ ਰਾਮ ਦੇ ਸਾਥੀ ਅਯੁਧਿਆ ਤੋਂ ਗਏ ਬਾਹਰ, ਨਾਲ ਭੱਜੇ ਵਾਹੋ ਦਾਹੀਆ । ਰੋ ਰੋ ਕੇ ਕਰਦੇ ਗਿਰਿਆਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਅਯੁਧਿਆ ਆਓ ਮੇਰੀ ਸੱਚੀ ਸਰਕਾਰ, ਸਿਰ ਸਭ ਦੇ ਹੱਥ ਟਿਕਾਈਆ । ਰਾਮ ਨੇ ਹੱਸ ਕੇ ਕਿਹਾ ਮਿੱਤਰੋ ਤੁਸੀਂ ਮੇਰੇ ਸੱਜਣ ਯਾਰ, ਸੰਦੇਸ਼ਾ ਦੇਵਾਂ ਚਾਈਂ ਚਾਈਆ । ਝਟ ਸੀਤਾ ਬਾਂਹ ਲਈ ਉਲਾਰ, ਹੱਥ ਜੋੜ ਕੇ ਸੀਸ ਨਿਵਾਈਆ । ਤੁਸੀਂ ਵੇਖੋ ਆਪਣਾ ਘਰ ਬਾਹਰ, ਅੱਗੇ ਪੰਧ ਨਾ ਕੋਇ ਵਧਾਈਆ । ਜਿਨ੍ਹਾਂ ਵਿਚੋਂ ਨੌਂ ਰੋ ਪਏ ਜ਼ਾਰੋ ਜ਼ਾਰ, ਉਚੀ ਕੂਕ ਕੂਕ ਸੁਣਾਈਆ । ਅਸੀਂ ਤੇਰੇ ਸੇਵਕ ਬਰਖ਼ੁਰਦਾਰ, ਸੇਵਾ ਕਰਕੇ ਝਟ ਲੰਘਾਈਆ । ਸਾਨੂੰ ਲੋੜ ਨਹੀਂ ਰਾਜ ਦਰਬਾਰ, ਅਸੀਂ ਕਿਰਸਾਣੇ ਕਿਰਸਾਣੀ ਕਰ ਕੇ ਤੇਰੇ ਅੱਗੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਾਮ ਹੱਸ ਕੇ ਕਿਹਾ ਮੇਰਾ ਹੁਕਮ ਕਰੋ ਪ੍ਰਵਾਨਾ, ਪਰਵਾਨਗੀ ਨਾਲ ਜਣਾਈਆ । ਮੇਰਾ ਰਾਮ ਰਾਮ ਮਿਹਰਵਾਨਾ, ਮਿਹਰ ਨਜ਼ਰ ਉਠਾਈਆ । ਉਹ ਤਕੋ ਤਰੇਤਾ ਦੁਆਪਰ ਬਦਲ ਜਾਣਾ ਜ਼ਮਾਨਾ, ਕਲਜੁਗ ਅੰਤਮ ਆਈਆ । ਤੁਹਾਡਾ ਫੇਰ ਜਨਮ ਹੋਵੇ ਜਗਤ ਵਿਚ ਇਨਸਾਨਾ, ਚੁਰਾਸੀ ਵਿਚ ਨਾ ਕੋਇ ਭਵਾਈਆ । ਮਿਲੇ ਮੇਲ ਸ੍ਰੀ ਭਗਵਾਨਾ, ਜੋ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਤੁਹਾਡਾ ਲੇਖੇ ਲਾਵੇ ਜਨਮ ਕਰਮ ਦਾ ਕਿਰਸਾਣਾ, ਕਿਰਸਾਣੀ ਕਰ ਕੇ ਆਪਣੀ ਖ਼ੁਸ਼ੀ ਬਣਾਈਆ । ਤੁਹਾਨੂੰ ਮਾਣ ਦੇਣ ਦਾ ਮੇਰਾ ਬਹਾਨਾ, ਸਹਿਜ ਨਾਲ ਸੁਣਾਈਆ । ਝਟ ਸੀਤਾ ਗਾਇਆ ਖ਼ੁਸ਼ੀ ਵਿਚ ਗਾਣਾ, ਧੁਰ ਦੇ ਰਾਮ ਤੇਰੀ ਬੇਪਰਵਾਹੀਆ । ਤੇਰਾ ਤੈਥੋਂ ਨਾ ਹੋਏ ਕਦੇ ਬੇਗਾਨਾ, ਦੂਸਰ ਵੰਡ ਨਾ ਕੋਇ ਵੰਡਾਈਆ । ਇਨ੍ਹਾਂ ਨੌਆਂ ਨੂੰ ਜ਼ਰੂਰ ਕਰੀਂ ਪਰਵਾਨਾ, ਸਿਰ ਆਪਣਾ ਹੱਥ ਰਖਾਈਆ । ਸੋ ਲੇਖਾ ਪੂਰਾ ਕਰੇ ਵਾਲੀ ਦੋ ਜਹਾਨਾਂ, ਦੋਹਰਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਇਹ ਵਕਤ ਸੁਹੰਜਣਾ ਸੁਹਾਵਾ, ਸਚ ਸਚ ਜਣਾਈਆ । ਜਿਨ੍ਹਾਂ ਨੌਵਾਂ ਨੇ ਕੀਤਾ ਦਾਅਵਾ, ਪ੍ਰੇਮ ਪਿਆਰ ਵਿਚ ਸੀਸ ਝੁਕਾਈਆ । ਦਲੀਪ ਸਿੰਘ ਰਤਨ ਸਿੰਘ ਪ੍ਰੀਤਮ ਸਿੰਘ ਸੁਚਾ ਸਿੰਘ ਨਾਲ ਸਾਂਵਾ, ਜਰਨੈਲ ਸਿੰਘ ਜ਼ਰਾ ਜ਼ਰਾ ਜੋੜ ਜੁੜਾਈਆ । ਸੁਲੱਖਣ ਸਿੰਘ ਲੇਖੇ ਲੱਗਣ ਦੋਵੇਂ ਬਾਹਵਾਂ, ਭਾਨ ਸਿੰਘ ਆਪਣਾ ਰੰਗ ਰੰਗਾਈਆ । ਜਗਜੀਤ ਸਿੰਘ ਨਾਲ ਰਲਾਇਆ ਨਾਵਾਂ, ਨਾਮ ਨਾਮ ਨਾਮ ਸਮਝਾਈਆ । ਹਰਜੀਤ ਹੋਇਆ ਨਹੀਂ ਵਿਛੋੜਾ ਨਾਲ ਭਰਾਵਾਂ, ਦਰ ਠਾਂਡੇ ਮਿਲ ਕੇ ਵੱਜੇ ਵਧਾਈਆ । ਜਿਨ੍ਹਾਂ ਦੇ ਅੰਤਰ ਆਤਮ ਸਤਿਗੁਰ ਸ਼ਬਦ ਕਹੇ ਮੈਂ ਪ੍ਰੇਮ ਦਾ ਹੱਲ ਚਲਾਵਾਂ, ਕਰਮ ਧਰਮ ਬੈਲ ਨਾਲ ਮਿਲਾਈਆ । ਜਿਨ੍ਹਾਂ ਆਪਣਾ ਛੱਡਿਆ ਦੇਸ ਗਰਾਵਾਂ, ਸਚ ਘਰ ਬੈਠੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ



੧੬੦੫
੨੨

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਪੰਜ ਦਿਨ ਦਿਵਸ ਦਾ ਵਿਹਾਰ, ਅਵਤਾਰ ਪੈਗ਼ੰਬਰ ਗੁਰੂ ਪੂਰ ਕਰਾਈਆ । ਇਹ ਖੇਲ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜਿਸ ਦੀ ਆਦਿ ਜੁਗਾਦਿ ਅਗੰਮ ਕਾਰ, ਧੁਰ ਦੀ ਕਰਨੀ ਕਾਰ ਕਮਾਈਆ । ਸੋ ਵੇਖੇ ਵਿਗਸੇ ਪਾਵੇ ਸਾਰ, ਮਹਾਂਸਾਰਥੀ ਆਪਣਾ ਪੜਦਾ ਆਪ ਉਠਾਈਆ । ਏਥੇ ਓਥੇ ਦੇਵੇ ਅਧਾਰ, ਉਦਰ ਦਾ ਲੇਖਾ ਦਏ ਚੁਕਾਈਆ । ਜਿਸ ਵੇਲੇ ਅਠਾਰਾਂ ਮੱਘਰ ਦਾ ਪਹਿਲੇ ਮਿੰਟ ਦਾ ਚੜ੍ਹੇ ਦਿਹਾੜ, ਦਿਵਸ ਆਪਣਾ ਪੰਧ ਮੁਕਾਈਆ । ਨੌ ਗੁਰਮੁਖ ਆਟਾ ਲੈਣਗੇ ਛਾਣ, ਸ਼ਾਂਤੀ ਨਾਲ ਸੀਸ ਝੁਕਾਈਆ । ਪ੍ਰਸ਼ਾਦਾ ਕਰੇਗੀ ਤ੍ਰਿਪਤ ਨਾਲ ਧਿਆਨ, ਚਰਨੀ ਪਾਣੀ ਆਟੇ ਵਿਚ ਪਾਈਆ । ਫੁਲਕਾ ਪਕਾਵੇਗੀ ਜੁਗਿੰਦਰ ਨੌਜਵਾਨ, ਦਵਿੰਦਰ ਥੱਲੇ ਲਾਹਵੇ ਚਾਈਂ ਚਾਈਆ । ਗੁਰਦਰਸ਼ਨ ਉਤੇ ਚਿੱਟੀ ਚਾਦਰ ਦੇਵੇਗੀ ਤਾਣ, ਸੁਰਜੀਤ ਕੌਰ ਮਨਜੀਤ ਕੌਰ ਅਮੀਰ ਚੰਦ ਗੁਲਾਟੀ ਮਿਲ ਕੇ ਸ਼ਬਦ ਗਾਵਣ ਚਾਈਂ ਚਾਈਆ । ਵਰਿਆਮ ਕੌਰ ਪੰਜ ਦਾਣੇ ਲੈ ਕੇ ਧਾਨ, ਚੁਲ੍ਹ ਵਿਚ ਦਏ ਟਿਕਾਈਆ । ਬਲਵਿੰਦਰ ਬਲਜਿੰਦਰ ਗੁਰਮੀਤ ਤਿੰਨੇ ਕਰ ਇਸ਼ਨਾਨ, ਚਿੱਟੇ ਬਸਤਰ ਪਾ ਕੇ ਮਸਤਕ ਕਾਲਾ ਟਿੱਕਾ ਲੈਣ ਲਗਾਈਆ । ਬਾਕੀ ਸਾਰੀ ਸੰਗਤ ਹੱਥ ਰੱਖ ਕੇ ਉਤੇ ਕਾਨ, ਬਾਰਾਂ ਵਜੇ ਭਗਤ ਦਵਾਰੇ ਬੈਠਣ ਚਾਈਂ ਚਾਈਆਂ । ਪ੍ਰੀਤਮ ਸਿੰਘ ਅਮਰਜੀਤ ਸਿੰਘ ਖਿੱਚ ਨੰਗੀ ਕਿਰਪਾਨ, ਪਹਿਰੇਦਾਰ ਹੋ ਕੇ ਧੁਰ ਦੀ ਸੇਵ ਕਮਾਈਆ । ਲਿਖਾਰੀ ਹੋਣੇ ਸਵਾਧਾਨ, ਸਵਾ ਸਵਾ ਸੇਰ ਆਟਾ ਸਿਰ ਦੇ ਉਤੇ ਟਿਕਾਈਆ । ਇਹ ਲੇਖਾ ਚਾਰ ਜੁਗ ਦਾ
੧੬੦੬ ਗੁਰ ਅਵਤਾਰ ਪੈਗ਼ੰਬਰਾਂ ਦਾ ਹੋਵੇ ਪਰਵਾਨ, ਪ੍ਰਵਾਨੇ ਗੁਰਮੁਖਾਂ ਹੱਥ ਫੜਾਈਆ । ਜਗੀਰ ਕੌਰ ਜਗੀਰ ਕੌਰ ਬਲਵੰਤ ਕੌਰ ਤੇ ਪਿਆਰੋ ਚਾਰੇ ਜਗਾ ੧੬੦੬
ਕੇ ਸ਼ਮਾਦਾਨ, ਬਿਸ਼ਨ ਕੌਰ ਦੇ ਕੋਲ ਦੇਣ ਟਿਕਾਈਆ । ਪ੍ਰਭ ਨੇ ਬਦਲ ਦੇਣਾ ਵਿਧਾਨ, ਵਿਦਿਆ ਦਾ ਲੇਖਾ ਰਹੇ ਨਾ ਰਾਈਆ । ਜੋਤੀ ਜੋਤ
੨੨ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਧੁਰ ਦਾ ਹੁਕਮ ਹੁਕਮ ਯਥਾਰਥ, ੨੨
ਨਾ ਕੋਈ ਮੇਟੇ ਮੇਟ ਮਿਟਾਈਆ । ਹਰਜੀਤ ਸਿੰਘ ਹਾਜ਼ਰ ਕਰੇ ਰਾਤ ਦੇ ਬਾਰਾਂ ਵਜੇ ਛੱਤੀ ਪਦਾਰਥ, ਜਿਹੜੇ ਇਸ਼ਾਰੇ ਨਾਲ ਅੰਦਰ ਦਿਤੇ ਸਮਝਾਈਆ । ਇਸ ਵਿਚ ਪ੍ਰਭ ਦਾ ਨਹੀਂ ਕੋਇ ਸਵਾਰਥ, ਜਨ ਭਗਤਾਂ ਦੀ ਭੁੱਖ ਨੰਗ ਦਏ ਕਟਾਈਆ । ਗੁਰਮੁਖੋ ਤੁਹਾਡੀ ਆਤਮ ਪਰਮਾਤਮ ਬਣ ਜਾਏ ਪਰਮਾਰਥ, ਪਰਮ ਪੁਰਖ ਧੁਰ ਦਾ ਲੇਖਾ ਲਏ ਲਗਾਈਆ । ਉਹ ਵੇਖੋ ਤੁਹਾਡੇ ਕੋਲ ਆ ਗਿਆ ਨਾਰਦ, ਕੰਨ ਖੁਰਕ ਕੇ ਰਿਹਾ ਵਖਾਈਆ । ਜਨ ਭਗਤੋ ਕਿਉਂ ਪ੍ਰਭ ਉਤੇ ਲਾਉਣ ਲੱਗੇ ਗਾਰਦ, ਮੈਨੂੰ ਦਿਉ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਮੈਂ ਵੇਖਿਆ ਤੁਹਾਡਾ ਸਾਹਿਬ ਭੁੱਖਾ, ਭੁੱਖਿਆਂ ਭੁੱਖ ਗਵਾਈਆ । ਜਿਹੜਾ ਜਵਾਂ ਦਾ ਟੁੱਕਰ ਖਾਵੇ ਸੁੱਕਾ, ਸੁਖਮਨ ਟੇਢੀ ਬੰਕ ਤੁਹਾਡੀ ਪਾਰ ਕਰਾਈਆ । ਮੈਂ ਨਿਸ਼ਾਨਿਉਂ ਕਦੇ ਨਾ ਉਕਾ, ਜੁਗ ਜੁਗ ਭੱਜਾਂ ਵਾਹੋ ਦਾਹੀਆ । ਹੁਣ ਅਵਤਾਰ ਪੈਗ਼ੰਬਰ ਗੁਰੂਆਂ ਪੈਂਡਾ ਮੁਕਾ, ਮੁਕੰਮਲ ਦਿਆਂ ਜਣਾਈਆ । ਜਿਧਰ ਵੇਖਾਂ ਓਧਰ ਪੈਣੀਆਂ ਲੁੱਟਾਂ, ਲੁਟੇਰਾ ਬਣਿਆ ਬੇਪਰਵਾਹੀਆ । ਜਿਸ ਨੇ ਲੇਖੇ ਲਾਇਆ ਗੋਬਿੰਦ ਦੇ ਨੀਹਾਂ ਹੇਠ ਦੁਲਾਰੇ ਸੁੱਤਾ, ਸਤਿ ਦਾ ਮਾਲਕ ਖੇਲ ਖਿਲਾਈਆ । ਉਹਦੀਆਂ ਮੌਲਣ ਲੱਗੀਆਂ ਰੁਤਾਂ, ਰੁਤੜੀ ਆਪਣੇ ਨਾਲ ਮਹਿਕਾਈਆ । ਮੈਂ ਜ਼ਰੂਰ ਬਾਰਾਂ ਵਜੇ ਤੁਹਾਡੇ ਕੋਲ ਪੁੱਜਾਂ, ਆਵਾਂ ਚਾਈਂ ਚਾਈਆ । ਪਰ ਯਾਦ ਰੱਖਿਉ ਗ਼ੁੱਸੇ ਗ਼ਮ ਵਿਚ ਕਿਸੇ

ਦਾ ਮੂੰਹ ਹੋਵੇ ਨਾ ਸੁੱਜਾ, ਅਧੀ ਰਾਤੀਂ ਖ਼ੁਸ਼ੀਆਂ ਵਿਚ ਖ਼ੁਸ਼ੀ ਦੇ ਢੋਲੇ ਗਾਈਆ । ਜਿਹੜਾ ਮਾਲਵੇ ਵਾਲਿਆਂ ਭੇਟਾ ਕੀਤਾ ਮਿਸ਼ਰੀ ਦਾ ਕੁੱਜਾ, ਘਰ ਘਰ ਸੇਵ ਕਮਾਈਆ । ਉਹ ਰੱਖਣਾ ਭਗਤ ਦਵਾਰ ਹਰਿ ਸਿੰਘਾਸਣ ਥੱਲੇ ਉਤੇ ਬਸੁਧਾ, ਧਰਨੀ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਆਦਿ ਅੰਤ ਕਿਸੇ ਨਾ ਬੁੱਝਾ, ਭੇਵ ਅਭੇਦਾ ਸਮਝ ਕਿਸੇ ਨਾ ਪਾਈਆ ।

✪ ੧੮ ਮੱਘਰ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਬਾਰਾਂ ਵਜੇ ਦਿਨ ਦੇ ਪਹਿਲੇ ਮਿੰਟ ਹੀ ਸਮਾਂ ੦੦,੦੧ ✪

ਅਠਾਰਾਂ ਮੱਘਰ ਦੇ ਬੀਤੇ ਦੋ ਪਲ, ਪਹਿਲੀ ਘੜੀ ਪੂਰਨ ਹੋਣ ਤੇ ਆਈਆ । ਇਹ ਪੂਰਬ ਲੇਖਾ ਪੂਰਾ ਕੀਤਾ ਬਲ, ਜੋ ਸਮਗਰੀ ਅਸ਼ਵਮੇਧ ਜਗ ਟਿਕਾਈਆ । ਭੁੱਖਾ ਬਣ ਅਛਲ ਅਛੱਲ, ਬਾਵਨ ਲਹਿਣਾ ਦਿਤਾ ਚੁਕਾਈਆ । ਜਿਸ ਦਾ ਲੇਖਾ ਜਲ ਥਲ, ਮਹੀਅਲ ਰਿਹਾ ਸਮਾਈਆ । ਆਪਣਾ ਹੁਕਮ ਰੱਖੇ ਅਟਲ, ਨਾ ਕੋਈ ਮੇਟੇ ਮੇਟ ਮਿਟਾਈਆ । ਸਿੱਧਾ ਹੋ ਕੇ ਭਗਤਾਂ ਵੱਲ, ਵਲਵਲੇ ਸਾਰੇ ਦਏ ਕਢਾਈਆ । ਆਤਮ ਪਰਮਾਤਮ ਧਾਰ ਰਲ, ਜੋਤੀ ਜਾਤਾ ਡਗਮਗਾਈਆ । ਜਿਸ ਲੇਖਾ ਮੇਟਣਾ ਕਲਜੁਗ ਕਲ, ਕਲਕਾਤੀ ਦਏ ਖਪਾਈਆ । ਜਿਸ ਦੀ ਸਮਝੇ ਕੋਇ ਨਾ ਗੱਲ, ਭੇਵ ਅਭੇਦ ਨਾ ਕੋਇ ਜਣਾਈਆ । ਉਹ ਸਭ ਦਾ ਲੇਖੇ ਲਾਵੇ ਪ੍ਰੇਮ ਪਿਆਰ ਦਾ ਹਲ, ਹੌਲਾ ਭਾਰ ਸਰਬ ਵਖਾਈਆ । ਛੱਤੀ ਪਦਾਰਥ ਦੇਵੇ ਫਲ, ਫਲੀਭੂਤ ਦਏ ਬਣਾਈਆ । ਜਗਤ ਦਵੈਤ ਮੇਟ ਕੇ ਸਲ, ਪ੍ਰੇਮ ਪ੍ਰੀਤੀ ਇਕ ਬੰਧਾਈਆ । ਭਾਗ ਲਗਾ ਕੇ ਕਾਇਆ ਮਾਟੀ ਖੱਲ, ਖ਼ਲਕ ਤੋਂ ਬਾਹਰ ਕਰੇ ਰੁਸ਼ਨਾਈਆ । ਲਹਿਣਾ ਪੂਰਾ ਕਰੇ ਡੂੰਘੀ ਡੱਲ, ਅੰਧ ਅੰਧੇਰ ਦਏ ਚੁਕਾਈਆ । ਸਤਾਰਾਂ ਮੱਘਰ ਦੀ ਰੈਣ ਗਈ ਢਲ, ਅਠਾਰਾਂ ਆਪਣੀ ਲਏ ਅੰਗੜਾਈਆ । ਧੁਰ ਦਾ ਹੁਕਮ ਰਿਹਾ ਘੱਲ, ਸੰਦੇਸਾ ਅਗੰਮ ਅਥਾਹੀਆ । ਅਠਾਰਾਂ ਮੱਘਰ ਕਹੇ ਜੋ ਲੇਖਾ ਹੋਇਆ ਆਜ, ਅਜਬ ਦਿਆਂ ਜਣਾਈਆ । ਇਹ ਲਹਿਣਾ ਪੂਰਾ ਹੋਇਆ ਬਲ ਜਿਸ ਸੀਸ ਤੋਂ ਲਾਹ ਕੇ ਤਾਜ, ਆਪ ਆਪਣਾ ਮਾਣ ਗਵਾਈਆ । ਮਾਣ ਛਡ ਕੇ ਤਖ਼ਤ ਰਾਜ, ਰਈਅਤ ਸੇਵ ਕਮਾਈਆ । ਧਰਮ ਦੀ ਧਾਰ ਜਾਣ ਕੇ ਕਾਜ, ਸੱਚੀ ਕਰਨੀ ਕਾਰ ਕਮਾਈਆ । ਝਗੜਾ ਛਡ ਕੂੜ ਸਮਾਜ, ਸਮਗਰੀ ਸਚ ਟਿਕਾਈਆ । ਜਿਸ ਦਾ ਰਸਨਾ ਨਾਲ ਨਾ ਵੇਖਿਆ ਸਵਾਦ, ਜਿਹਵਾ ਰਸ ਨਾ ਕੋਇ ਚਖਾਈਆ । ਭੋਗ ਲਗਾਇਆ ਰਿਸ਼ੀਆਂ ਵਰਤਾਇਆ ਬਾਦ, ਪਰੋਸ ਕੇ ਦਿਤਾ ਵਖਾਈਆ । ਸੀਸ ਝੁਕਾਇਆ ਤੂੰ ਮਾਲਕ ਇਕ ਆਦਿ, ਅੰਤ ਤੇਰੀ ਵਡਿਆਈਆ । ਤੂੰ ਵਸੇਂ ਜੁਗ ਜੁਗਾਦਿ, ਚੌਕੜੀ ਸੋਭਾ ਪਾਈਆ । ਮੇਰੀ ਰੱਖਣੀ ਲਾਜ, ਦਰ ਠਾਂਡੇ ਮੰਗ ਮੰਗਾਈਆ । ਜਿਸ ਕਾਰਨ ਬ੍ਰਾਹਮਣ ਬੁੱਢਾ ਬਣਿਆ ਅਪਾਹਜ, ਬਾਵਨ ਵੇਖ ਵਖਾਈਆ । ਸ਼ਬਦ ਸੁਣਾ ਕੇ ਬੋਧ ਅਗਾਧ, ਚਾਰ ਵੇਦਾਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਛੱਤੀ ਭੋਜਨ ਕਹਿਣ ਸਾਡੀ ਸਿਫ਼ਤ ਗਾਈ ਰਾਗ ਛੱਤੀ, ਛੱਤੀ ਜੁਗ ਅੰਧ ਗੁਬਾਰ ਜਣਾਈਆ । ਸਾਨੂੰ

ਖਾਂਦੇ ਰਹੇ ਦੰਦ ਬੱਤੀ, ਬੱਤੀ ਸਪਾਰੇ ਕੂਕ ਕੂਕ ਸੁਣਾਈਆ । ਸਾਡਾ ਤਰਸ ਨਾ ਆਇਆ ਕਿਸੇ ਰੱਤੀ, ਅਵਤਾਰ ਪੈਗ਼ੰਬਰ ਗੁਰ ਸਿਰ ਹੱਥ ਨਾ ਕੋਇ ਟਿਕਾਈਆ । ਅਸੀਂ ਸੜਦੇ ਰਹੇ ਅਗਨੀ ਤੱਤੀ, ਸੜ ਸੜ ਆਪਣਾ ਆਪ ਬਦਲਾਈਆ । ਹੁਕਮ ਮੰਨਦੇ ਰਹੇ ਕਮਲਾਪਾਤੀ, ਜੋ ਪਤਿਪਰਮੇਸ਼ਵਰ ਬੇਪਰਵਾਹੀਆ । ਤਨ ਵਜੂਦ ਕਰਦੇ ਰਹੇ ਸਤੀ, ਸਤਿ ਦੇ ਅੱਗੇ ਭੇਟ ਚੜ੍ਹਾਈਆ । ਸਾਡੀ ਫੇਰ ਹੋਈ ਨਾ ਗਤੀ, ਜੁਗ ਜੁਗ ਆਸਾ ਗਏ ਰਖਾਈਆ । ਸਾਨੂੰ ਬਾਵਨ ਨੇ ਸਹਿਜ ਨਾਲ ਇਕ ਗੱਲ ਸੀ ਦੱਸੀ, ਹੌਲੀ ਹੌਲੀ ਦ੍ਰਿੜਾਈਆ । ਜਿਸ ਵੇਲੇ ਸਭ ਦਾ ਮਾਲਕ ਆਇਆ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਤੁਹਾਡਾ ਲਹਿਣਾ ਦੇਣਾ ਪੂਰਾ ਕਰੇ ਹੱਥੋ ਹੱਥੀ, ਹਥੇਲੀ ਉਤੇ ਟਿਕਾਈਆ । ਜਿਸ ਦੀ ਕਹਾਣੀ ਜਾਏ ਨਾ ਕਥੀ, ਅਗੰਮ ਅਥਾਹ ਵਡਿਆਈਆ । ਤੁਹਾਡੀ ਪੈਜ ਜਾਏ ਰੱਖੀ, ਸਿਰ ਆਪਣਾ ਹੱਥ ਰਖਾਈਆ । ਭਗਤ ਸੁਹੇਲੇ ਬਣਾ ਕੇ ਸਖ਼ੀ, ਸੁਖ਼ਨ ਮੇਰਾ ਪੂਰ ਕਰਾਈਆ । ਇਹ ਖੇਲ ਵਖਾਏ ਅੱਖੀਂ, ਪਰਦਾ ਅੱਖੀਆਂ ਉਤੋਂ ਉਠਾਈਆ । ਜਿਸ ਵੇਲੇ ਧੰਨ ਦੌਲਤ ਲੁੱਟੀ ਜਾਣੀ ਕਰੋੜੀ ਲੱਖੀ, ਗ਼ਰੀਬਾਂ ਮਿਲੇ ਵਡਿਆਈਆ । ਸ਼ਾਹ ਸੁਲਤਾਨਾ ਹੋਵੇ ਕੋਇ ਨਾ ਪੱਖੀ, ਸਗਲਾ ਸੰਗ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪਦਾਰਥ ਕਹਿਣ ਹੁਕਮ ਸੁਣਿਆ ਸੱਚੀ ਸਰਕਾਰ, ਜੋ ਬਾਵਨ ਦਿਤਾ ਦ੍ਰਿੜਾਈਆ । ਨਿਰਗੁਣ ਆਵੇ ਆਪਣੀ ਧਾਰ, ਪੁਰਖ ਅਕਾਲਾ ਬੇਪਰਵਾਹੀਆ । ਜਿਸ ਨੂੰ ਕਹਿੰਦੇ ਸਾਂਝਾ ਯਾਰ, ਮਿੱਤਰ ਪਿਆਰਾ ਇਕ ਅਖਵਾਈਆ । ਜਿਸ ਭਗਤਾਂ ਕਰਨਾ ਉਧਾਰ, ਕਲਜੁਗ ਅੰਤ ਲਏ ਤਰਾਈਆ । ਛੱਤੀ ਛੱਤੀ ਬਣਾ ਕੇ ਭਗਤ ਦਵਾਰ, ਭਗਵਨ ਆਪਣੇ ਰੰਗ ਰੰਗਾਈਆ । ਸਾਨੂੰ ਕਦੇ ਨਾ ਦਏ ਵਿਸਾਰ, ਵਿਸਰਿਆਂ ਗਲੇ ਲਗਾਈਆ । ਸਾਡਾ ਗ੍ਰਿਹਿ ਕਰੇ ਉਜਿਆਰ, ਜਗ ਦੇਵੇ ਮਾਣ ਵਡਿਆਈਆ । ਫੇਰ ਸਾਰੇ ਕਰੀਏ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਬੇਨੰਤੀ ਸੁਣੇ ਆਪ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਛੱਤੀ ਪਦਾਰਥ ਕਹਿਣ ਜਨ ਭਗਤੋ ਸਾਡੀ ਫੜ ਲਓ ਬਾਂਹ, ਹੱਥ ਉਪਰ ਦਿਉ ਉਠਾਈਆ । ਸਭ ਦਾ ਇਕੋ ਪਿਤਾ ਤੇ ਇਕੋ ਮਾਂ, ਦੂਜੀ ਜੰਮਣ ਵਾਲੀ ਕੋਇ ਨਾ ਮਾਈਆ । ਸਾਡੀ ਹਾਂ ਵਿਚ ਕਰੋ ਹਾਂ, ਨਾਂਹ ਸਕੇ ਨਾ ਕੋਇ ਸੁਣਾਈਆ । ਜਿਸ ਤਰਾ ਤੁਹਾਡਾ ਭਗਤ ਦਵਾਰੇ ਦਾ ਥਾਂ, ਛੱਤੀ ਛੱਤੀ ਲੰਬਾਈ ਚੌੜਾਈਆ । ਏਸੇ ਤਰਾ ਸਾਡਾ ਲੰਗਰਖਾਨਾ ਦਿਉ ਬਣਾ, ਜਿਸ ਵਿਚ ਵਸੀਏ ਚਾਈਂ ਚਾਈਂਆ । ਫੇਰ ਤੁਹਾਨੂੰ ਰੱਜ ਕੇ ਦਈਏ ਖਵਾ, ਭੁੱਖ ਨੰਗ ਰਹਿਣ ਨਾ ਪਾਈਆ । ਦੀਨ ਮਜ਼੍ਹਬ ਦਾ ਵੇਰਵਾ ਦਈਏ ਮਿਟਾ, ਜ਼ਾਤ ਪਾਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਛੱਤੀ ਪਦਾਰਥ ਕਹਿਣ ਸਾਡਾ ਦਵਾਰਾ ਉਚਾ ਹੋਵੇ ਤੇਰਾਂ ਫੁੱਟ, ਬਹੁਤੀ ਮੰਗ ਨਾ ਕੋਇ ਮੰਗਾਈਆ । ਇੱਟਾਂ ਲਾਉਣੀਆਂ ਘੁੱਟ ਘੁੱਟ, ਇਕ ਦੂਜੀ ਨਾਲ ਛੁਹਾਈਆ । ਫੇਰ ਚਾਰੋਂ ਕੁੰਟ ਪਏ ਲੁੱਟ, ਲੁਟੇਰਾ ਨਜ਼ਰ ਕਿਸੇ ਨਾ ਆਈਆ । ਮਾਂਵਾਂ ਵਿਛੜਨੇ ਪੁੱਤ, ਪਿਤਾ ਗੋਦ ਨਾ ਕੋਇ ਸੁਹਾਈਆ । ਜਨ ਭਗਤਾਂ ਮੌਲਣੀ ਰੁਤ, ਰੁਤੜੀ ਪ੍ਰਭ ਨਾਲ ਮਹਿਕਾਈਆ । ਸੇਵਾ ਕਰਨੀ ਸਭ ਨੇ ਹੋ ਕੇ ਖ਼ੁਸ਼, ਖ਼ੁਸ਼ੀਆਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਛੱਤੀ ਪਦਾਰਥੋ

੧੬੦੮ ੨੨

ਮੈਂ ਆ ਗਿਆ ਜੁਗ ਜੁਗ ਦਾ ਪਾਂਧਾ, ਨਾਰਦ ਰਿਹਾ ਸੁਣਾਈਆ । ਮੇਰੇ ਬਿਨਾ ਤੁਹਾਨੂੰ ਕੋਈ ਨਾ ਖਾਂਦਾ, ਖਾਵਣ ਵਾਲਾ ਇਕੋ ਪੰਡਤ ਬੋਦੀ ਵਾਲਾ ਸੋਭਾ ਪਾਈਆ । ਕਿਉਂ ਮੈਂ ਦੁੱਧ ਨਹੀਂ ਚੁੰਘਿਆ ਕਿਸੇ ਮਾਂ ਦਾ, ਮੰਮਾ ਸੀਰ ਨਾ ਮੁਖ ਚੁਆਈਆ । ਮੈਂ ਮਾਸ ਨਹੀਂ ਖਾਂਦਾ ਸੂਰ ਗਾਂ ਦਾ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਮੈਂ ਵਣਜਾਰਾ ਬਣਿਆ ਨਹੀਂ ਕਿਸੇ ਬਦਲਣ ਵਾਲੇ ਨਾਂ ਦਾ, ਨਾਉ ਨਿਰੰਕਾਰਾ ਇਕੋ ਗਾਈਆ । ਮੈਂ ਇਸ਼ਾਰਾ ਕੀਤਾ ਨਹੀਂ ਵਾਹਵਾ ਦਾ, ਵਾਹਵਾ ਵਿਚ ਸਿਫ਼ਤ ਸਾਲਾਹੀਆ । ਮੈਂ ਬਲ ਤੱਕਿਆ ਨਹੀਂ ਕਦੇ ਕਿਸੇ ਦੀ ਬਾਂਹ ਦਾ, ਝਗੜੇ ਵਿਚ ਕਦੇ ਨਾ ਆਈਆ । ਮੇਰਾ ਅੱਜ ਦਿਹਾੜਾ ਸੋਹਣਾ ਹੋਇਆ ਚਾਅ ਦਾ, ਚਾਉ ਘਨੇਰਾ ਇਕ ਵਖਾਈਆ । ਮੇਰਾ ਸਮਾਂ ਹੋਇਆ ਲਾਹ ਦਾ, ਲਹਿਣੇਦਾਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਜਨ ਭਗਤੋ ਤੁਸੀਂ ਬੜੇ ਚਲਾਕ, ਚਲਾਕੀ ਆਪਣੀ ਦਿਤੀ ਵਖਾਈਆ । ਦੁਨੀਆ ਸੁੱਤੀ ਅਧੀ ਰਾਤ, ਸੁਤਿਆਂ ਕੋਇ ਨਾ ਲਏ ਅੰਗੜਾਈਆ । ਤੁਸਾਂ ਬਣਾ ਕੇ ਸੋਹਣੀ ਭਾਤ, ਭਾਂਤ ਭਾਂਤ ਦੇ ਖਾਣੇ ਭਗਤ ਦਵਾਰੇ ਲਏ ਟਿਕਾਈਆ । ਮੇਰੀ ਕਿਸੇ ਨਾ ਪੁਛੀ ਵਾਤ, ਸੱਦਾ ਦੇ ਨਾ ਕੋਇ ਮੰਗਵਾਈਆ । ਮੈਂ ਛੇਤੀ ਪਹੁੰਚਿਆ ਪੰਧ ਮੁਕਾਇਆ ਭਾਜ, ਧਰਤੀ ਕਦਮ ਨਾ ਕੋਇ ਟਿਕਾਈਆ । ਮੈਂ ਖੇਲ ਤੱਕਿਆ ਜਿਸ ਵੇਲੇ ਜਲਾਈ ਆਗ, ਅਗਨੀ ਅੱਗ ਅੱਗ ਤਪਾਈਆ । ਮੈਂ ਫਿਰਦਾ ਰਿਹਾ ਜਿਸ ਵੇਲੇ ਆਟਾ ਛਾਣਿਆ ਵਿਚ ਪਰਾਤ, ਹੇਠਾਂ ਵੜ ਕੇ ਵੇਖ ਵਖਾਈਆ । ਗੁੰਨ੍ਹਣ ਲੱਗਿਆਂ ਉਤੋਂ ਦਿਤੀ ਦਾਬ, ਮੇਰੀ ਹੱਡੀ ਪਸਲੀ ਦਿਤੀ ਦਬਾਈਆ । ਮੈਂ ਫੇਰ ਵਜਾਇਆ ਨਾਦ, ਕੁਬੇਰ ਦਿਤਾ ਸੁਣਾਈਆ । ਵਿਸ਼ਨੂੰ ਦਿਤਾ ਆਖ, ਪਰਦਾ ਨਾ ਰੱਖਿਆ ਰਾਈਆ । ਕੁਛ ਮੇਰੀ ਗੱਲ ਭਾਖ, ਭਾਸ਼ਾ ਜਗਤ ਨਾ ਕੋਇ ਜਣਾਈਆ । ਉਠ ਵੇਖ ਕੀ ਖੇਲ ਹੁੰਦਾ ਅਧੀ ਰਾਤ, ਰੈਣ ਭਿੰਨੜੀ ਨਾਲ ਰਲਾਈਆ । ਲੇਖਾ ਲਿਖਿਆ ਜਾਂਦਾ ਨਾਲ ਕਲਮ ਦਵਾਤ, ਲਿਖਾਰੀ ਲਿਖਣ ਚਾਈਂ ਚਾਈਂਆ । ਜਿਨ੍ਹਾਂ ਸਵਾ ਸੇਰ ਦੀ ਗਠੜੀ ਚੁੱਕੀ ਸਾਥ, ਬਲ ਤੇਰਾ ਭੰਡਾਰਾ ਪਿਛਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਏਸੇ ਤਰਾ ਬਲ ਚਾਰ ਜੁਗ ਦੇ ਜਗਾਏ ਸੀ ਚਰਾਗ਼, ਚਰਾਗ਼ਾਹਾਂ ਹੋਈ ਰੁਸ਼ਨਾਈਆ । ਕਲਜੁਗ ਅੰਤ ਜਨ ਭਗਤਾਂ ਅੰਧੇਰਾ ਮੇਟੇ ਦਾਗ਼, ਦੁਰਮਤ ਮੈਲ ਧਵਾਈਆ । ਆਪਣੇ ਹੱਥ ਪਕੜੇ ਵਾਗ, ਦੂਸਰ ਡੋਰੀ ਨਾ ਕੋਇ ਬੰਧਾਈਆ । ਹਰਿਜਨ ਸਾਰੇ ਗਏ ਜਾਗ, ਸੋਇਆ ਰਹਿਣ ਕੋਇ ਨਾ ਪਾਈਆ । ਜਿਸ ਦਿਨ ਗੋਬਿੰਦ ਪਹਿਲੀ ਵਾਰ ਆਪਣੀ ਉਂਗਲ ਬਿਠਾਇਆ ਬਾਜ, ਦੀਪਕ ਚਾਰ ਕਰ ਰੁਸ਼ਨਾਈਆ । ਚੌਥੇ ਜੁਗ ਬਦਲ ਦੇਣਾ ਸਮਾਜ, ਸਮਿਗਰੀ ਸਚ ਵਰਤਾਈਆ । ਮਾਤਾ ਗੁਜਰੀ ਦਿਤਾ ਆਖ, ਸਹਿਜ ਨਾਲ ਸੁਣਾਈਆ । ਇਹ ਕਦੋਂ ਪੂਰੀ ਹੋਵੇ ਆਸ, ਪਰਦਾ ਦੇ ਉਠਾਈਆ । ਗੋਬਿੰਦ ਹੱਸ ਕੇ ਕਿਹਾ ਜਿਸ ਵੇਲੇ ਨਿਰਗੁਣ ਨੂਰ ਜੋਤ ਹੋਵੇ ਪ੍ਰਕਾਸ਼, ਪੁਰਖ ਅਕਾਲਾ ਬੇਪਰਵਾਹੀਆ । ਉਸ ਵੇਲੇ ਸਭ ਦਾ ਲੇਖਾ ਲਏ ਵਾਚ, ਵਾਚਕ ਹੋ ਕੇ ਖੋਜ ਖੁਜਾਈਆ । ਤੇਰਾ ਲਹਿਣਾ ਦੇਣਾ ਹੋਵੇ ਸਾਥ, ਸਗਲਾ ਸੰਗ ਬਣਾਈਆ । ਤੇਰੇ ਨੂਰ ਵਿਚੋਂ ਨੂਰ ਹੋਵੇ ਪ੍ਰਕਾਸ਼, ਪੂਰਨ ਪੁਰਖ ਬੇਪਰਵਾਹੀਆ । ਜੋ ਸਭ ਦੀ ਪੁਛੇ ਵਾਤ, ਬੇਵਤਨਾਂ ਲਏ ਮਿਲਾਈਆ । ਏਸੇ ਕਾਰਨ ਚਾਰ ਦੀਪਕ ਬਿਸ਼ਨ ਕੌਰ ਨੂੰ ਦਿਤੇ ਦਾਤ, ਦਇਆਵਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ ।



੧੯੦੯
੨੨

ਨਾਰਦ ਕਹੇ ਜਨ ਭਗਤੋ ਜਿਨ੍ਹ ਨੇਤਰਹੀਣ ਬਣਾਇਆ ਅੰਨ੍ਹਿਆ, ਅਧੀ ਰਾਤ ਅੰਨ ਹੱਥ ਕਿਸੇ ਨਾ ਆਈਆ । ਪਿਛੇ ਜੋਤਾਂ ਜਗਾਉਦੀਆਂ ਸੀ ਕਵਾਰੀਆਂ ਕੰਨਿਆਂ, ਲਾਟਾਂ ਵਾਲੀ ਸੀਸ ਨਿਵਾਈਆ । ਅੱਗੇ ਸਭ ਦਾ ਠੀਕਰ ਭੰਨਿਆ, ਲੇਖਾ ਅਵਰ ਰਹੇ ਨਾ ਰਾਈਆ । ਏਸੇ ਕਰਕੇ ਤਿਨ੍ਹਾਂ ਕਰਾਇਆ ਇਸ਼ਨਾਨਿਆਂ, ਸ਼ੰਕਰ ਦੀ ਮਨਸਾ ਪੂਰ ਕਰਾਈਆ । ਲੇਖਾ ਪੂਰਾ ਹੋਇਆ ਬਾਰਾਂ ਸੌ ਸਤਾਸੀ ਅੰਕ ਨਾਲ ਪੰਨਿਆ, ਭੇਵ ਅਭੇਦ ਰਿਹਾ ਨਾ ਰਾਈਆ । ਸਚ ਪ੍ਰਕਾਸ਼ ਦੀਪਕ ਇਕੋ ਚੰਨਿਆ, ਚੰਦ ਸਿਤਾਰ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਜਨ ਭਗਤੋ ਖਾਣ ਲਈ ਰੱਖਿਆ ਬਹੁਤ ਕੁਛ, ਕੁਛ ਮੈਨੂੰ ਦਿਉ ਖਵਾਈਆ । ਮੈਂ ਵੇਖੋ ਤਾਜ਼ੀ ਕਟਾ ਕੇ ਆਇਆ ਦਾੜ੍ਹੀ ਮੁੱਛ, ਮੁਸ਼ਕਲ ਮੂੰਹ ਦੇ ਨਾਲ ਖਾਣ ਲੱਗਿਆਂ ਰਹੇ ਨਾ ਰਾਈਆ । ਕਿਉਂ ਸਾਰੇ ਹੋ ਗਏ ਚੁੱਪ, ਉਚੀ ਕੂਕ ਕੇ ਦਿਉ ਦ੍ਰਿੜਾਈਆ । ਸਾਰੇ ਕਹੋ ਪੰਡਤਾ ਚਾਰੋਂ ਕੁੰਟ ਪੈਣੀ ਲੁੱਟ, ਤੂੰ ਵੀ ਜਾ ਥਾਉਂ ਥਾਈਆ । ਨਾਰਦ ਪੁੱਠਾ ਕਰ ਕੇ ਠੁੱਠ, ਠੂਠਾ ਰਿਹਾ ਵਖਾਈਆ । ਮੈਂ ਫਿਰ ਕੇ ਆਇਆ ਲਹਿੰਦੀ ਚੜ੍ਹਦੀ ਗੁੱਠ, ਕੋਨਾ ਕੋਨਾ ਪੰਧ ਮੁਕਾਈਆ । ਇਉਂ ਦਿਸਦਾ ਕਿਸੇ ਨੂੰ ਪਾਣੀ ਨਹੀਂ ਮਿਲਣਾ ਘੁਟ, ਆਬ ਹੱਥ ਕਿਸੇ ਨਹੀਂ ਆਈਆ । ਮੈਂ ਰਾਹ ਵਿਚ ਆਉਂਦੇ ਵੇਖਿਆ ਤਾਰਾ ਚੰਦ ਰਿਹਾ ਟੁੱਟ, ਟੁੱਟਿਆਂ ਫੇਰ ਨਾ ਕੋਇ ਜੁੜਾਈਆ । ਸਦੀ ਚੌਧਵੀਂ ਨਾਤਾ ਰਿਹਾ ਛੁੱਟ, ਮੇਲਾ ਅੱਗੇ ਨਾ ਕੋਇ ਮਿਲਾਈਆ । ਮੈਂ ਜਗਤ ਜਹਾਨ ਤੱਕਿਆ ਖ਼ਾਲੀ ਦਿਸੇ ਬੁਤ, ਬੁਤਖਾਨੇ ਰੋਵਣ ਮਾਰਨ ਧਾਹੀਆ । ਮੈਂ ਹੋਰ ਵੇਖਿਆ ਜਨ ਭਗਤ ਚੋਰੀ ਕਰਦੇ ਲੁਕ, ਲੁਕ ਲੁਕ ਆਪਣੀ ਖ਼ੁਸ਼ੀ ਬਣਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਉਂਦੇ ਅਗੰਮੀ ਤੁਕ, ਆਤਮ

੧੬੧੦ ੨੨

ਪਰਮਾਤਮ ਵੱਜੇ ਵਧਾਈਆ । ਬਾਹਰੋਂ ਛੱਤੀ ਪਦਾਰਥ ਲਏ ਚੁੱਕ, ਭਗਤ ਦਵਾਰੇ ਵਿਚ ਟਿਕਾਈਆ । ਜਿਥੇ ਬਿਨਾ ਭਗਤਾਂ ਤੋਂ ਕੋਇ ਨਾ ਸਕੇ ਪੁੱਜ, ਖ਼ਾਲੀ ਹੱਥ ਨਾ ਕੋਇ ਉਠਾਈਆ । ਮੈਂ ਆਉਂਦਾ ਆਉਂਦਾ ਵਿਸ਼ਨੂੰ ਨੂੰ ਮਾਰ ਕੇ ਆਇਆ ਹੁੱਝ, ਹਲੂਣਾ ਦਿਤਾ ਲਗਾਈਆ । ਬ੍ਰਹਮੇ ਨੂੰ ਕਿਹਾ ਮੇਰੀ ਬਾਤ ਬੁੱਝ, ਕੀ ਏਹ ਖੇਲ ਕੀ ਲੋਕਮਾਤ ਖੇਲ ਖਿਲਾਈਆ । ਸ਼ੰਕਰ ਨੂੰ ਦੱਸ ਕੇ ਆਇਆ ਐਵੇਂ ਨਾ ਬਹਵੀਂ ਰੁੱਠ, ਰੁੱਸਿਆਂ ਹੱਥ ਕਿਛ ਨਾ ਆਈਆ । ਫੇਰ ਸਭ ਦਾ ਬਿਨਾ ਹੱਥਾਂ ਤੋਂ ਹੱਥ ਲਿਆ ਘੁੱਟ, ਜ਼ੋਰ ਨਾਲ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮਿਹਰ ਨਜ਼ਰ ਉਠਾਈਆ । ਨਾਰਦ ਕਹੇ ਜਨ ਭਗਤੋ ਇਹ ਖ਼ੁਸ਼ੀਆਂ ਵਾਲਾ ਸੱਤਵਾਂ ਬਰਸ, ਮੈਂ ਭਗਤ ਦਵਾਰੇ ਵਿਚ ਖ਼ੁਸ਼ੀ ਬਣਾਈਆ । ਅਰਸ਼ ਤੋਂ ਆਇਆ ਉਤੇ ਫ਼ਰਸ਼, ਭੱਜਿਆ ਵਾਹੋ ਦਾਹੀਆ । ਇਹ ਛੱਤੀ ਪਦਾਰਥ ਤੁਹਾਡਾ ਬ੍ਰਾਹਮਣ ਹੋ ਕੇ ਖਾਵਾਂ ਵੇਖਿਓ ਤੁਸੀਂ ਨਾ ਪਇਓ ਤਰਸ, ਮਨ ਵਿਚ ਧਿਆਨ ਲਗਾਈਆ । ਤੁਸੀਂ ਮੇਰੀ ਬੋਦੀ ਦਾ ਕਰੋ ਦਰਸ, ਮੈਂ ਤੁਹਾਡਾ ਪਕਵਾਨ ਖਾ ਕੇ ਆਪਣਾ ਝਟ ਲੰਘਾਈਆ । ਪਰ ਇਕ ਦੁੱਖ ਕਿਸੇ ਦੇ ਕੋਲ ਹੱਥ ਵਿਚ ਫੜਨ ਵਾਲਾ ਨਹੀਂ ਪਰਸ, ਨਹੀਂ ਤੇ ਇਹ ਲੇਖਾ ਪੈਰਿਸ ਵਿਚ ਦੇਣਾ ਸੀ ਪਹੁੰਚਾਈਆ । ਉਹ ਵੇਖੋ ਅਮਰੀਕਾ ਵਾਲਿਆਂ ਨੂੰ ਇਹਦੀ ਗ਼ਰਜ਼, ਬਰਤਾਨੀਆ ਅੱਖਾਂ ਰਿਹਾ ਉਠਾਈਆ । ਰਸ਼ੀਆ ਵਾਲੇ ਕਰਨ ਅਰਜ਼, ਨਮੋ ਨਮੋ ਸੀਸ ਝੁਕਾਈਆ । ਉਹ ਤੜਫਦੇ ਜਿਨ੍ਹਾਂ ਛੁਰੀ ਬਣਾਈ ਸ਼ਰਅ ਕਰਦ, ਕਤਲਗਾਹ ਵੇਖਣ ਜਗਤ ਲੋਕਾਈਆ । ਪਰ ਤੁਸੀਂ ਮੇਰਾ ਵੰਡਿਓ ਦਰਦ, ਦਰਦੀ ਹੋ ਕੇ ਲਹਿਣਾ ਦੇਵਾਂ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਨਾਰਦ ਕਹੇ ਪ੍ਰਭੂ ਤੂੰ ਆਦਿ

੧੬੧੦ ੨੨

ਜੁਗਾਦਿ ਜੋਤ ਰੱਬੀ, ਨੂਰ ਨੁਰਾਨਾ ਇਕ ਅਖਵਾਈਆ । ਹੁਣ ਕਿਉਂ ਛੱਤੀ ਪਦਾਰਥਾਂ ਦਾ ਬਣ ਗਿਉਂ ਲਬੀ, ਲਾਲਚ ਖਾਣ ਪੀਣ ਵਾਲਾ ਰਖਾਈਆ । ਝਟ ਸੰਦੇਸ਼ਾ ਮਿਲਿਆ ਯਦੀ, ਨਾਰਦਾ ਅੱਖਾਂ ਲੈ ਉਠਾਈਆ । ਉਹ ਵੇਖ ਭੁੱਖੀ ਤਿਹਾਈ ਰੋਂਦੀ ਚੌਧਵੀਂ ਸਦੀ, ਸਦਾ ਅਜ਼ਾਂ ਸਚ ਨਾ ਕੋਇ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਜਾਂਦੇ ਲੱਦੀ, ਪਿਛਲਾ ਪੰਧ ਪੰਧ ਮੁਕਾਈਆ । ਹੁਣ ਇਕੋ ਜੋਤ ਅਗੰਮੀ ਜਗੀ, ਜਾਗਰਤ ਜੋਤ ਕਰ ਰੁਸ਼ਨਾਈਆ । ਜਿਸ ਨੇ ਪਿਛਲੀ ਮੇਟੀ ਹੱਦੀ, ਹਦੂਦ ਇਕ ਦਿਤੀ ਵਖਾਈਆ । ਦੋ ਜਹਾਨ ਦੀ ਸਾਂਭ ਕੇ ਗੱਦੀ, ਗਦਾਗਰ ਕਰੇ ਲੋਕਾਈਆ । ਤੂੰ ਵੀ ਏਸ ਦਵਾਰੇ ਤੋਂ ਰੱਜੀ, ਜਿਥੇ ਭਗਤ ਜਨ ਰੱਜ ਕੇ ਆਪਣੀ ਖ਼ੁਸ਼ੀ ਬਣਾਈਆ । ਫੇਰ ਚਾਰੋਂ ਕੁੰਟ ਉਠ ਕੇ ਭੱਜੀਂ, ਬਲ ਭੁਜਾਂ ਵਾਲਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਭਗਤੋ ਪੰਜ ਦਿਨ ਮੈਂ ਫਿਰਦਾ ਰਿਹਾ ਭਗਤ ਦਵਾਰੇ ਗਿਰਦ, ਨੌ ਨੌ ਕਦਮ ਪਿਛੇ ਆਸਣ ਲਾਈਆ । ਵੇਖਦਾ ਰਿਹਾ ਅੰਤਸ਼ਕਰਨ ਇਰਦ, ਬਿਨ ਅੱਖਾਂ ਅੱਖ ਉਠਾਈਆ । ਮੇਰੇ ਨਾਲ ਸੀ ਸੀਤਾ ਨੂੰ ਹਰਨ ਵਾਲਾ ਮਿਰਗ, ਜੋ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਮੈਂ ਦੱਸਾਂ ਸਭ ਨੂੰ ਸਾਫ਼, ਸਚ ਸਚ ਸੁਣਾਈਆ । ਕੁਛ ਲੇਖਾ ਦੇਵਾਂ ਆਖ, ਅੱਖਰਾਂ ਨਾਲ ਵਡਿਆਈਆ । ਸੀਤਾ ਦਾ ਸੁਭਾਓ ਅੱਠ ਵਾਰ ਚੌਵੀ ਘੰਟਿਆਂ ਵਿਚ ਹੁੰਦਾ ਸੀ ਗੁਸਤਾਖ਼, ਸੋਲਾਂ ਘੰਟੇ ਆਪਣਾ ਰੰਗ ਰੰਗਾਈਆ । ਮੈਂ ਇਕ ਦਿਨ ਉਹਨੂੰ ਕਿਹਾ ਸਾਚ, ਸਚ ਦਿਤਾ ਦ੍ਰਿੜਾਈਆ । ਉਹਦੇ ਕੋਲ ਭੰਨ ਕੇ ਕੱਚੀ ਵਾਂਗ, ਵੰਗ ਦਿਤੀ ਤੁੜਾਈਆ । ਏਥੇ ਕੋਟਨ ਜੁਗ ਚੌਕੜੀ ਗਏ ਲੰਘ, ਅੱਗੇ ਹਾਥ ਕਿਸੇ ਨਾ ਆਈਆ । ਕੀ ਹੋਇਆ ਜੇ ਬਿਸਤਰ ਛਡੇ ਪਲੰਘ, ਬਨਬਾਸੀ ਹੋ ਕੇ ਰਾਮ ਨਾਲ ਜੰਗਲਾਂ ਪੰਧ ਮੁਕਾਈਆ । ਉਹ ਵੇਖ ਧਾਰਾ ਅਗੰਮੀ ਗੰਗ, ਲਹਿਰ ਲਹਿਰ ਨਾਲ ਬਦਲਾਈਆ । ਜਿਸ ਦੇ ਨਾਲ ਹੋਣਾ ਸੰਗ, ਸਗਲਾ ਸੰਗ ਰਖਾਈਆ । ਬਿਨਾ ਪਿਆਰ ਤੋਂ ਦਏ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਿਸ ਨਿਸ਼ਾਨਾ ਮੇਟਣਾ ਤਾਰਾ ਚੰਦ, ਸਦੀ ਚੌਧਵੀਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਜਨ ਭਗਤੋ ਆਪਣੀ ਆਪਣੀ ਦੱਸੋ ਵੰਡ, ਪ੍ਰੇਮ ਵਿਚ ਜਣਾਈਆ । ਮੈਂ ਚਾਹੁੰਦਾ ਛੱਤੀ ਪਦਾਰਥਾਂ ਦੀ ਧਾਰ ਨਾ ਹੋਵੇ ਖੰਡ ਖੰਡ, ਹਿੱਸਾ ਹਿੱਸਾ ਨਾ ਕੋਇ ਬਣਾਈਆ । ਮੈਂ ਇਕੋ ਬ੍ਰਾਹਮਣ ਪੰਡਤ ਪੰਡ, ਪੂਜਣਯੋਗ ਅਖਵਾਈਆ । ਜੇ ਕਹੋ ਮੈਂ ਇਕੱਲਾ ਖਾ ਕੇ ਹੋਵਾਂ ਅਨੰਦ, ਆਪਣੇ ਅਨੰਦ ਦਾ ਰਸ ਤੁਹਾਡੇ ਵੱਲ ਘਲਾਈਆ । ਤੁਸੀਂ ਗਾਉਂਦੇ ਰਹੋ ਪ੍ਰਭੂ ਦੇ ਛੰਦ, ਮੈਂ ਆਪਣਾ ਪੇਟ ਭਰ ਕੇ ਤੁਹਾਨੂੰ ਦਿਆਂ ਵਧਾਈਆ । ਪਰ ਇਕ ਗੱਲ ਮੇਰਾ ਅੰਤਰ ਰਿਹਾ ਕੰਬ, ਹਲੂਣੇ ਦੇ ਦੇ ਰਿਹਾ ਹਿਲਾਈਆ । ਉਹ ਵੇਖ ਜਿਹੜੇ ਬਲ ਦਵਾਰੇ ਦੇ ਰਿਸ਼ੀ ਵਸੇ ਵਿਚ ਛੰਭ, ਛੰਬ ਕੇ ਸਭ ਨੂੰ ਦੇਣ ਵਖਾਈਆ । ਕਿਸੇ ਨੇ ਕਿਸੇ ਨੂੰ ਲਾਉਣਾ ਨਹੀਂ ਅੰਗ, ਬਿਨਾ ਪੁਰਖ ਅਕਾਲ ਤੋਂ ਅੰਗੀਕਾਰ ਨਾ ਕੋਇ ਬਣਾਈਆ । ਤੂੰ ਪੰਡਤਾ ਜਾਹ ਉਤੇ ਗੰਗ, ਗੰਗਾ ਮਾਤਾ ਤੇਰਾ ਰਾਹ ਤਕਾਈਆ । ਇਹ ਪਕਵਾਨ ਭਗਤਾਂ ਦਾ ਖ਼ੁਸ਼ੀ ਕਰੇ ਬੰਦ ਬੰਦ, ਹਰਿਜਨ ਖਾ ਕੇ ਪ੍ਰਭ ਦੇ ਵਿਚ ਸਮਾਈਆ । ਕਿਸੇ ਦਾ ਹੱਥ ਨਾ ਹੋਵੇ ਤੰਗ, ਤੰਗਦਸਤੀ ਦਏ ਕਟਾਈਆ । ਜਿਸ ਵੇਲੇ ਦੀਨ ਦੁਨੀ ਦਾ ਛਿੜਿਆ ਜੰਗ, ਚਾਰੋਂ ਕੁੰਟ ਪਏ ਦੁਹਾਈਆ । ਉਸ ਵੇਲੇ ਜਨ ਭਗਤਾਂ ਦੀ ਪੂਰੀ ਹੋਵੇ ਮੰਗ, ਘਰ

ਘਰ ਦੇਵੇ ਰਿਜ਼ਕ ਸਬਾਈਆ । ਪੰਜਾਂ ਦਿਨਾਂ ਵਿਚ ਪੰਜਾਂ ਤਤਾਂ ਦਾ ਮੁਕਾਇਆ ਪੰਧ, ਗੁਰਮੁਖਾਂ ਪੈਂਡਾ ਰਹੇ ਨਾ ਰਾਈਆ । ਝਗੜਾ ਮੇਟਿਆ ਜੇਰਜ ਅੰਡ, ਉਤਭੁਜ ਸੇਤਜ ਡੇਰਾ ਢਾਹੀਆ । ਇਹ ਛੱਤੀ ਭੋਜਨ ਭਗਵਾਨ ਭਗਤਾਂ ਦੇਵੇ ਵੰਡ, ਬ੍ਰਾਹਮਣਾਂ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਤਾਰਾ ਚੰਨ, ਚੰਦ ਸਿਤਾਰ ਹੁਕਮੇ ਵਿਚ ਭਵਾਈਆ ।

੧੯ ਮੱਘਰ ਸ਼ਹਿਨਸ਼ਾਹੀ ਸੰਮਤ ੭ ਸੋਹਣ ਸਿੰਘ ਦੇ ਗ੍ਰਿਹਿ ਪਿੰਡ ਸ਼ਾਹ ਬੁੱਕਰ ਜ਼ਿਲਾ ਫ਼ਿਰੋਜ਼ਪੁਰ

ਸਦੀ ਚੌਧਵੀਂ ਕਹੇ ਮੁਹੰਮਦ ਮੈਨੂੰ ਦੇ ਮੁਬਾਰਕ, ਖ਼ੁਸ਼ੀਆਂ ਨਾਲ ਵੱਜੇ ਵਧਾਈਆ । ਉਮਤ ਉਮਤੀ ਕਰੇ ਤੁਆਰਫ਼, ਸਨਮੁਖ ਹੋ ਕੇ ਦੇ ਸਮਝਾਈਆ । ਸਾਡਾ ਲੇਖਾ ਸਮਝੇ ਕੋਇ ਨਾ ਆਰਫ਼, ਆਲਮ ਭੇਵ ਨਾ ਕੋਇ ਚੁਕਾਈਆ । ਤੂੰ ਮੇਰੀ ਕਰੀਂ ਸਫ਼ਾਰਸ਼, ਖ਼ੁਦ ਮਾਲਕ ਅੱਗੇ ਸੀਸ ਨਿਵਾਈਆ । ਮੈਂ ਤੇਰੀ ਪੂਰੀ ਕਰਾਂ ਇਬਾਰਤ, ਜੋ ਅਲਿਫ਼ ਯੇ ਨਾਲ ਲਿਖਾਈਆ । ਦੋਵੇਂ ਖੇਲ ਤਕੀਏ ਪਾਕ ਭਾਰਤ, ਪਾਕੀਜ਼ਾ ਹੋ ਕੇ ਅੱਖ ਉਠਾਈਆ । ਕਲਮੇ ਨਾਮ ਦੀ ਕਿਸੇ ਉਤੇ ਰਹੇ ਕੋਇ ਨਾ ਗਾਰਦ, ਹਿਫ਼ਾਜ਼ਤ ਨਜ਼ਰ ਕੋਇ ਨਾ ਆਈਆ । ਅੱਗੇ ਤਕੀਏ ਕਿਹੜਾ ਬਣੇ ਵਾਰਸ, ਜ਼ੁੰਮੇਵਾਰ ਕਵਣ ਅਖਵਾਈਆ । ਪਿਛਲਾ ਲਹਿਣਾ ਸਭ ਦਾ ਹੋਵੇ ਖਾਰਜ, ਅੱਗੇ ਗੰਢ ਨਾ ਕੋਇ ਪਵਾਈਆ । ਜਿਹੜੇ ਪੈਗ਼ੰਬਰ ਖ਼ੁਦਾ ਦੇ ਬਣੇ ਜਾਰਜ, ਕਿੰਗ ਜਗਤ ਅਖਵਾਈਆ । ੧੬੧੨ ਸਭ ਦੀ ਪੂਰੀ ਹੋਈ ਆਰਜ, ਆਰਜ਼ੂ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੁਹੰਮਦ ਕਹੇ ਸਦੀ ਚੌਧਵੀਂ ਮੇਰਾ ਖ਼ੁਸ਼ ਹੋਇਆ ਆਕਾ, ਮਾਲਕ ਧੁਰਦਰਗਾਹੀਆ । ਜਿਸ ਨੇ ਚੌਦਾਂ ਤਬਕਾਂ ਉਲੀਕਿਆ ਖ਼ਾਕਾ, ਮਿੱਟੀ ਖ਼ਾਕ ਤੋਂ ਬਾਹਰ ਦ੍ਰਿੜਾਈਆ । ਉਹ ਖੋਲ੍ਹ ਅਗੰਮਾ ਤਾਕਾ, ਤਕਦੀਰ ਸਭ ਦੀ ਵੇਖ ਵਖਾਈਆ । ਤੇਰਾ ਅੰਤ ਮੇਰਾ ਲਹਿਣਾ ਪੂਰਾ ਕਰੇ ਬਾਕਾ, ਹਿਸਾਬ ਅਵਰ ਨਾ ਕੋਇ ਜਣਾਈਆ । ਕਿਤੇ ਤੈਨੂੰ ਨਾ ਆਵੇ ਘਾਟਾ, ਸਚ ਦੇਣਾ ਸੁਣਾਈਆ । ਸਦੀ ਚੌਧਵੀਂ ਕਹੇ ਮੈਂ ਤੇ ਅੰਤਮ ਖੁਲ੍ਹਾ ਕਰ ਕੇ ਝਾਟਾ, ਮੇਂਢੀ ਸੀਸ ਦੇਣੀ ਖੁਲ੍ਹਾਈਆ । ਮੰਜ਼ਲ ਪੂਰੀ ਕਰਨੀ ਵਾਟਾ, ਵਟਣਾ ਘਰ ਘਰ ਦੇਣਾ ਲਗਾਈਆ । ਸੁਖ ਮਿਲੇ ਨਾ ਕਿਸੇ ਸੁਹਾਗਣ ਉਤੇ ਖਾਟਾ, ਗੂੜ੍ਹੀ ਨੀਂਦ ਨਾ ਕੋਇ ਸਵਾਈਆ । ਮੈਂ ਪਰਵਰਦਿਗਾਰ ਦਾ ਅਗੰਮੀ ਵੇਖਣਾ ਵੱਜਦਾ ਛਾਪਾ, ਜੋ ਛੁਪਿਆ ਨਜ਼ਰ ਕਿਸੇ ਨਾ ਆਈਆ । ਜਿਸ ਨੂੰ ਪੈਗ਼ੰਬਰਾਂ ਕਿਹਾ ਪਾਪਾ, ਪਤਿਤ ਪੁਨੀਤ ਨੂਰ ਇਲਾਹੀਆ । ਉਹ ਸਭ ਦਾ ਬਦਲਣ ਆਇਆ ਜਾਪਾ, ਜਗਜੀਵਣ ਦਾਤਾ ਆਪਣਾ ਹੁਕਮ ਸੁਣਾਈਆ । ਤੇਰੀ ਪੂਰੀ ਕਰੇ ਆਸਾ, ਨਿਰਾਸਾ ਰੂਪ ਨਾ ਕੋਇ ਦਰਸਾਈਆ । ਮੈਨੂੰ ਯਕੀਨ ਹੱਕ ਭਰਵਾਸਾ, ਇਤਮਾਦ ਵਿਚ ਦਿਆਂ ਦ੍ਰਿੜਾਈਆ । ਜਿਸ ਦਾ ਖ਼ੁਸ਼ੀਆਂ ਵਾਲਾ ਫ਼ਾਕਾ, ਫ਼ਾਕੇ ਮਾਰੇ ਜਗਤ ਲੋਕਾਈਆ । ਨੌਂ ਧਾਰ ਦਾ ਲੇਖਾ ਮੁਕਣਾ ਵਿਚ ਢਾਕਾ, ਢੁਕਵਾਂ ਆਪਣਾ ਹੁਕਮ ਵਰਤਾਈਆ । ਕਲਜੁਗ ਕੂੜੀ ਕਿਰਿਆ ਭੰਨਣਾ ਗਾਟਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੁਹੰਮਦ ਹੱਥ ਰੱਖ

ਲੈ ਉਪਰ ਛਾਤੀ, ਫ਼ਿਕਰ ਰਹੇ ਨਾ ਰਾਈਆ । ਆਪਣੀ ਪਤਰਕਾ ਲੈਣੀ ਵਾਚੀ, ਜੋ ਭਵਿਖਤਾਂ ਵਿਚ ਸੁਣਾਈਆ । ਬਿਨਾ ਪਰਵਰਦਿਗਾਰ ਤੋਂ ਕਿਸੇ ਦੀ ਕਰੇ ਕੋਇ ਨਾ ਰਾਖੀ, ਉਮਤੀ ਉਮਤ ਨਾ ਕੋਇ ਵਡਿਆਈਆ । ਸੋ ਲਹਿਣਾ ਦੇਣਾ ਵੇਖੇ ਸਾਹਿਬ ਅਬਿਨਾਸ਼ੀ, ਅਬਿਨਾਸ਼ੀ ਆਪਣੀ ਕਲ ਵਰਤਾਈਆ । ਕਿਸੇ ਦੀ ਰਹਿਣ ਨਹੀਂ ਦੇਣੀ ਅਕਲ ਬੁੱਧੀ ਫ਼ਾਹਿਸ਼ੀ, ਫ਼ੈਸਲਾ ਹੱਕ ਸੁਣਾਈਆ । ਸਭ ਦੇ ਅੰਦਰ ਵੜ ਕੇ ਕਰੇ ਤਲਾਸ਼ੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਉਸ ਨੇ ਸਭ ਨਾਲ ਖੇਲ ਕਰਾ ਦੇਣੀ ਜਗਤ ਵਾਲੀ ਬਦਮਾਸ਼ੀ, ਬਦਲਾ ਸਭ ਦੇ ਹੱਥ ਫੜਾਈਆ । ਅੰਤ ਲਹਿਣਾ ਦੇਣਾ ਮੁਰੀਦਾਂ ਮੁਰਸ਼ਦਾਂ ਪੂਰਾ ਕਰੇ ਲਾਸ਼ੀ, ਲਸ਼ਕਰ ਤਨ ਖ਼ਾਕ ਮਿਲਾਈਆ । ਸ਼ਰਅ ਰਹਿਣ ਨਹੀਂ ਦੇਣੀ ਪੁਰਾਣੀ ਛਾਛੀ, ਸਤਿ ਜੋਤ ਜੋਤ ਰੁਸ਼ਨਾਈਆ । ਜਿਸ ਉਮਤ ਦੀ ਚੌਦਾਂ ਸਦੀਆਂ ਕਰਦਾ ਰਿਹਾ ਆਬਪਾਸ਼ੀ, ਉਸ ਦੀ ਜੜ੍ਹ ਦਏ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਮੁਹੰਮਦ ਕਹੇ ਸਦੀ ਚੌਧਵੀਂ ਉਹ ਮੇਰਾ ਹੱਕ ਅਹਿਬਾਬ, ਸਾਹਿਬ ਵਡ ਵਡਿਆਈਆ । ਸਭ ਨੂੰ ਦੇਵੇ ਖ਼ਿਤਾਬ, ਮਿਹਰ ਨਜ਼ਰ ਉਠਾਈਆ । ਜਿਸ ਦਾ ਲੇਖਾ ਕੋਇ ਅਦਦ ਨਹੀਂ ਆਦਾਦ, ਗਣਤੀ ਗਣਿਤ ਨਾ ਕੋਇ ਗਿਣਾਈਆ । ਉਸ ਨੇ ਦੀਨ ਮਜ਼੍ਹਬ ਰਹਿਣ ਦੇਣੀ ਨਹੀਂ ਕਿਸੇ ਦੀ ਕੋਇ ਜਾਇਦਾਦ, ਹੱਕ ਸਭ ਦੇ ਦਏ ਮਿਟਾਈਆ । ਇਕੋ ਕਲਮਾ ਦੱਸ ਕੇ ਵਾਹਿਦ, ਲਾਸ਼ਰੀਕ ਕਰੇ ਸ਼ਨਵਾਈਆ । ਮਾਲਕ ਖ਼ਾਲਕ ਬਣ ਕੇ ਸਾਹਿਬ, ਸਭ ਦਾ ਪਰਦਾ ਦਏ ਚੁਕਾਈਆ । ਇਕੋ ਹੁਕਮ ਕਰਕੇ ਅਹਿਦ, ਅਹਿਦਨਾਮੇ ਸਭ ਦੇ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੁਹੰਮਦਾ ਨਿਗਹ ਮਾਰੀਏ ਛੇਤੀ ਛੇਤੀ, ਚਾਰ ਕੁੰਟ ਧਿਆਨ ਰਖਾਈਆ । ਕਿੱਥੇ ਬਦੀ ਤੇ ਕਿੱਥੇ ਨੇਕੀ, ਧਰਨੀ ਧਰਤ ਵੇਖ ਵਖਾਈਆ । ਮੁਹੰਮਦ ਕਿਹਾ ਉਹ ਵੇਖ ਮੇਰੇ ਕੋਲ ਉਸ ਦੀ ਲੇਖੀ, ਜਿਸ ਦਾ ਲੇਖ ਨਾ ਕੋਇ ਲਿਖਾਈਆ । ਜੋ ਅਮਾਮ ਅਮਾਮਾ ਆਏ ਵਟਾ ਕੇ ਵੇਸੀ, ਭੇਖ ਅਵੱਲੜਾ ਇਕ ਜਣਾਈਆ । ਸਾਨੂੰ ਕਰ ਦੇਵੇ ਪਰਦੇਸੀ, ਮਾਤਲੋਕ ਵਿਚ ਦੇਸ ਰਹਿਣ ਕੋਇ ਨਾ ਪਾਈਆ । ਪਿਛਲੀ ਰੇਖ ਦੇਵੇ ਮੇਟੀ, ਅਗਲੀ ਕਰਨੀ ਕਾਰ ਕਮਾਈਆ । ਮੈਂ ਉਸ ਸਾਹਿਬ ਦੀ ਬੇਟੀ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਆਦਿ ਜੁਗਾਦਿ ਉਸ ਧਾਰ ਵਿਚ ਲਪੇਟੀ, ਜਿਥੋਂ ਬਾਹਰ ਨਾ ਕੋਇ ਕਢਾਈਆ । ਜਗਤ ਜਹਾਨ ਦੀ ਖੇਵਟ ਖੇਟੀ, ਜੁਗ ਜੁਗ ਖੇਲ ਖਿਲਾਈਆ । ਮੈਂ ਸਾਹਿਬ ਤਕਾਂ ਨੇਤ ਨੇਤੀ, ਜੋ ਨਿਤ ਨਵਿਤ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਮੁਹੰਮਦ ਕਹੇ ਸਦੀ ਚੌਧਵੀਂ ਉਹ ਵੇਖ ਹੁਕਮ ਨੂਰੀ, ਨੂਰਾਨਾ ਰਿਹਾ ਜਣਾਈਆ । ਸਭ ਦਾ ਲੇਖਾ ਮੁਕਣਾ ਜਿਨ੍ਹਾਂ ਖਾਧੀ ਗਾਂ ਤੇ ਸੂਰੀ, ਸੂਰਮਾ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰਾਂ ਹੋਈ ਮਜਬੂਰੀ, ਸਿਰ ਸਕੇ ਨਾ ਕੋਇ ਉਠਾਈਆ । ਅਸੀਂ ਸਾਰੇ ਚਾਰ ਜੁਗ ਦੇ ਹਜ਼ੂਰੀ, ਹਜ਼ੂਰ ਦੀ ਹਜ਼ੂਰੀ ਖੜ੍ਹ ਕੇ ਆਪਣਾ ਝਟ ਲੰਘਾਈਆ । ਨਾਮ ਕਲਮਾ ਵੰਡਣਾ ਇਕ ਸਾਡੀ ਮਜਦੂਰੀ, ਜੁਗ ਜੁਗ ਸੇਵ ਕਮਾਈਆ । ਹੁਣ ਆਸਾ ਹੋਣ ਲੱਗੀ ਪੂਰੀ, ਪੂਰਨ ਪੁਰਖ ਦਏ ਵਡਿਆਈਆ । ਉਹਦੀ ਮਸਤਕ ਲਾਈਏ ਧੂੜੀ, ਟਿੱਕੇ ਖ਼ਾਕ ਰਮਾਈਆ । ਏਸੇ ਖ਼ੁਸ਼ੀ ਵਿਚ ਸਦੀ ਚੌਧਵੀਂ ਪਹਿਲੀ ਪੋਹ ਨੂੰ ਢਾਈ ਪਾ ਨਿਆਜ਼ ਦੀ ਬਣਾਉਣੀ ਚੂਰੀ, ਚੂਰਮਾਂ ਜਗਤ ਵਾਲਾ ਸਮਝਾਈਆ । ਫੇਰ ਲੇਖਾ ਦੱਸਾਂ ਚੌਦਾਂ ਤਬਕ ਨੇੜੇ ਕਿ ਦੂਰੀ,

ਪੰਧ ਮਾਤ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਬਖ਼ਸ਼ੇ ਨਾਮ ਸਰੂਰੀ, ਸਰੂਰ ਧੁਰ ਦਾ ਇਕ ਜਣਾਈਆ ।

### ✪ ੨੨ ਮੱਘਰ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਹੱਸ ਕੇ ਕਹੇ ਲਾੜੀ ਮੌਤ, ਸਦੀ ਚੌਧਵੀਂ ਰਹੀ ਸੁਣਾਈਆ । ਨੀ ਧੁਰ ਦੀਏ ਸਵਾਣੀਏ ਕੀ ਕਹੇ ਤੇਰਾ ਖੌਂਤ, ਖ਼ਸਮਾਨਾ ਕੀ ਹੁਕਮ ਵਰਤਾਈਆ । ਮੈਂ ਤੇਰੇ ਪਿਆਰ ਵਿਚ ਪਾਵਾਂ ਸੀਸ ਫੁਲ ਚੌਂਕ, ਚੁਕੰਨੀ ਉਮਤ ਦੇਣੀ ਕਰਾਈਆ । ਜਿਥੋਂ ਤਕ ਮੁਹੰਮਦ ਦੀ ਪਹੁੰਚ, ਪੌਚੇ ਫੜ ਕੇ ਸਭ ਨੂੰ ਦੇਣਾ ਹਿਲਾਈਆ । ਕੀ ਸੰਦੇਸ਼ਾ ਦੇਵੇ ਧੁਰ ਦਾ ਗ਼ੌਸ, ਮਾਲਕ ਧੁਰਦਰਗਾਹੀਆ । ਮੇਰਾ ਜੀਅ ਕਰਦਾ ਮੈਂ ਨਵੀਂ ਚਲਾਵਾਂ ਰੌਂਸ, ਰਸਤੇ ਪਿਛਲੇ ਦਿਆਂ ਬਦਲਾਈਆ । ਮੈਨੂੰ ਚੁਰਾਸੀ ਵਰਨ ਦਾ ਬੜਾ ਆਇਆ ਸ਼ੌਂਕ, ਸ਼ੌਕੀਨ ਹੋ ਕੇ ਦਿਆਂ ਦ੍ਰਿੜਾਈਆ । ਪਰਨਾਵਾਂ ਚੌਦਾਂ ਤਬਕ ਤੌਂਕ, ਤਬਹ ਸਭ ਦੀ ਆਪਣੇ ਨਾਲ ਮਿਲਾਈਆ । ਕਿਤੇ ਤੇਰਾ ਅੰਤ ਸਮਾਂ ਜਾਏ ਨਾ ਔਂਤ, ਔਂਤਰੀ ਕਹੇ ਨਾ ਮੂਲ ਲੋਕਾਈਆ । ਮੈਂ ਇਕ ਦੀ ਮਨਾਉਣੀ ਮਨੌਤ, ਮਾਨਵ ਸਾਰੇ ਲੈਣੇ ਖਾਈਆ । ਕਿਉਂ ਆਦਿ ਦਾ ਆਦਿ ਅੰਤ ਦਾ ਅੰਤ ਇਕੋ ਬਹੁਤ, ਬਹੁਤੀ ਵੰਡ ਨਾ ਕੋਇ ਵੰਡਾਈਆ । ਮੈਂ ਚੌਦਾਂ ਸਦ ਰੱਖ ਕੇ ਓਟ, ਬੈਠੀ ਧਿਆਨ ਲਗਾਈਆ । ਮੈਨੂੰ ਸਾਰੇ ਰਹੇ ਟੋਕ, ਗੱਲਾਂ ਗੱਲਾਂ ਨਾਲ ਠੁਕਰਾਈਆ । ਪਰ ਮੈਂ ਕੀ ਕਰਾਂ ਮੈਨੂੰ ਸੰਦੇਸ਼ਾ ਦੇਵੇ ਇਕੋ ਜਿਸ ਦੀ ਨਿਰਮਲ ਜੋਤ, ਸ਼ਬਦੀ ਧਾਰ ਸ਼ਬਦ ਸ਼ਨਵਾਈਆ । ਤੇਰੀ ਮੇਰੀ ਰਹੇ ਕੋਈ ਨਾ ਸੋਚ, ਸੋਚਣ ਦਾ ਪੰਧ ਦਿਤਾ ਮੁਕਾਈਆ । ਮੇਰੀ ਇਕੋ ਆਸਾ ਇਕੋ ਲੋਚ, ਸੋ ਲੋਚਾ ਪੂਰੀ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਲਾੜੀ ਮੌਤ ਕਹੇ ਸਦੀ ਚੌਧਵੀਂ ਮੇਰੀ ਵੇਖ ਜਵਾਨੀ, ਜੋਬਨਵੰਤੀ ਹੋ ਕੇ ਲਵਾਂ ਅੰਗੜਾਈਆ । ਮੇਰਾ ਸਰੀਰ ਸਿੱਧਾ ਵਾਂਗ ਸਰੂ ਦੀ ਕਾਨੀ, ਸਰੋਵਰ ਨਹਾ ਕੇ ਪਿਛਲੀ ਮੈਲ ਧਵਾਈਆ ।ਇਕੋ ਪੜ੍ਹਾਂ ਧੁਰ ਦੀ ਬਾਣੀ, ਜੋ ਬਾਣ ਅਣਿਆਲਾ ਤੀਰ ਚਲਾਈਆ । ਮੈਂ ਫਿਰਨਾ ਜੰਗਲ ਜੂਹ ਪਹਾੜ ਜਲ ਥਲ ਪਾਣੀ, ਅਸਮਾਨਾਂ ਵਾਹੋ ਦਾਹੀਆ । ਬਣੀ ਧੁਰ ਦੀ ਸੁਘੜ ਸਵਾਣੀ, ਸੋਹਣਾ ਰੂਪ ਵਟਾਈਆ । ਮੇਰਾ ਜੀਅ ਕਰਦਾ ਮੈਂ ਪਰਨਾਵਾਂ ਚਾਰੇ ਖਾਣੀ, ਦੂਹਲਾ ਦੁਹਲਨ ਆਪਣਾ ਰੂਪ ਦਰਸਾਈਆ । ਜਗਤ ਜਹਾਨ ਕੋਈ ਰਹਿਣ ਨਾ ਦੇਵਾਂ ਕਾਣੀ, ਜਿਹੜੀ ਪ੍ਰਭ ਨੂੰ ਗਈ ਭੁਲਾਈਆ । ਸਦੀ ਚੌਧਵੀਂ ਤੇਰੇ ਅੰਤ ਮੇਰਾ ਹਿੱਸਾ ਇਕੋ ਜੀਵ ਪ੍ਰਾਣੀ, ਪ੍ਰਾਣਅਧਾਰੀ ਦਏ ਵਡਿਆਈਆ । ਜਿਹੜਾ ਬਣੇ ਵੱਡਾ ਦਾਨੀ, ਦਾਤਾ ਹੋ ਕੇ ਦਇਆ ਕਮਾਈਆ । ਮਿਹਰਵਾਨ ਹੋ ਕੇ ਕਰੇ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਜਗਤ ਜਹਾਨ ਅੰਤਮ ਅੰਤ ਇਕੋ ਇਕ ਭਗਤ ਦੀ ਰੱਖੇ ਨਿਸ਼ਾਨੀ, ਨਿਸ਼ਾਨੇ ਸਾਰੇ ਦਏ ਮੁਕਾਈਆ । ਜਿਨ੍ਹਾਂ ਇਕੋ ਤੁਕ ਗਾਣੀ, ਗਾ ਗਾ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਲਾੜੀ ਮੌਤ ਕਹੇ ਸਦੀ ਚੌਧਵੀਂ ਮੇਰੇ ਵੇਖ ਸੋਹਣੇ ਨੈਣ, ਨੇਤਰ ਅੱਖ ਅੱਖ ਬਦਲਾਈਆ । ਮੈਂ ਤੈਨੂੰ ਆਈ ਕਹਿਣ, ਕਹਿ ਕੇ ਦਿਆਂ ਸੁਣਾਈਆ । ਮੈਨੂੰ ਸਾਰੀ ਦੁਨੀਆ ਕਹੇ ਲਾੜੀ

ਮੌਤ ਡੈਣ, ਮੇਰਾ ਦਿਲ ਕਰਦਾ ਮੈਂ ਡੈਣ ਬਣ ਕੇ ਦਿਆਂ ਵਖਾਈਆ । ਨਾਤਾ ਇਕੱਠਾ ਰਹਿਣ ਨਾ ਦੇਵਾਂ ਭਾਈ ਭੈਣ, ਨਾਰ ਕੰਤ ਵਿਛੋੜਾ ਦੇਵਾਂ ਥਾਉਂ ਥਾਈਆ । ਸ਼ਾਹ ਸੁਲਤਾਨਾਂ ਲੈਣ ਨਾ ਦੇਵਾਂ ਚੈਨ, ਸੁਖਆਸਣ ਸੌਣ ਕੋਇ ਨਾ ਪਾਈਆ । ਸਭ ਨੂੰ ਇਕ ਦੂਜੇ ਨਾਲੋਂ ਕਰ ਦੇਵਾਂ ਤਰਫ਼ੈਣ, ਤਰਫ਼ਦਾਰੀ ਦੀ ਵੰਡ ਨਾ ਕੋਇ ਰਖਾਈਆ । ਨੁਕਤਾ ਵੇਖਾਂ ਉਪਰ ਗ਼ੈਨ, ਗ਼ਮਾਂ ਦੀ ਗਠੜੀ ਫੋਲ ਫੁਲਾਈਆ । ਜਿਧਰ ਵੇਖਾਂ ਓਧਰ ਉਚ ਮੁਨਾਰੇ ਢਹਿਣ, ਸੂਰਬੀਰ ਬਹਾਦਰ ਗਾਜ਼ੀ ਨਜ਼ਰ ਕੋਇ ਨਾ ਆਈਆ । ਸਭ ਨੂੰ ਪਰਨਾ ਕੇ ਲਵਾਂ ਚੈਨ, ਚੀਨਾ ਰੂਸਾ ਗੰਢ ਰਖਾਈਆ । ਸਭ ਦਾ ਲੇਖਾ ਪੂਰਾ ਕਰਾਂ ਐਨ ਦਾ ਐਨ, ਤੂੰ ਅਨੁਲਹੱਕ ਦਾ ਨਾਅਰਾ ਦੇਣਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਲਾੜੀ ਮੌਤ ਕਹੇ ਮੇਰੇ ਮੁਖ ਵੇਖ ਦੰਦਾਸਾ, ਸੋਹਣਾ ਰੰਗ ਰੰਗਾਈਆ । ਮੈਂ ਭਰਾਉਣਾ ਇਕੋ ਆਪਣਾ ਕਾਸਾ, ਕਸਮ ਵਾਲੇ ਕਸਮ ਖਾ ਕੇ ਆਪਣੀ ਖ਼ੁਸ਼ੀ ਬਣਾਈਆ । ਇਹ ਮੇਰਾ ਛੋਟਾ ਜਿਹਾ ਖੁਲਾਸਾ, ਖੁਲ੍ਹੀ ਗੱਲ ਦਿਤੀ ਦ੍ਰਿੜਾਈਆ । ਮੈਂ ਦੀਨ ਦੁਨੀ ਅੰਦਰ ਵੇਖਣਾ ਤਮਾਸ਼ਾ, ਚਾਰੋਂ ਕੁੰਟ ਭੱਜਾਂ ਵਾਹੋ ਦਾਹੀਆ । ਮੈਨੂੰ ਇਸ਼ਾਰਾ ਦੇਵੇ ਸ਼ੰਕਰ ਉਤੇ ਕੈਲਾਸ਼ਾ, ਕਲਾਧਾਰੀ ਹੁਕਮ ਵਰਤਾਈਆ । ਮੈਂ ਚਾਰੋਂ ਕੁੰਟ ਹਰ ਥਾਂ ਕਰਾਂ ਵਾਸਾ, ਵਿਸਰ ਕਦੇ ਨਾ ਜਾਈਆ । ਪਰ ਤੂੰ ਇਕ ਗੱਲ ਯਾਦ ਰੱਖੀਂ ਆਪਣੇ ਅੰਤ ਸਦੀ ਚੌਧਵੀਂ, ਮੈਨੂੰ ਦੇਵੀਂ ਪਾਣੀ ਦਾ ਇਕ ਗਿਲਾਸਾ, ਚੌਦਾਂ ਵਾਰ ਵਾਰ ਕੇ ਪ੍ਰਭ ਦੀ ਭੇਟ ਕਰਾਈਆ । ਫੇਰ ਸਭ ਦੀ ਬਦਲ ਜਾਣੀ ਭਾਸ਼ਾ, ਲਫ਼ਜ਼ ਤਲੱਫ਼ਜ਼ ਦੇਣੇ ਬਦਲਾਈਆ । ਮੇਰੀ ਪੂਰੀ ਹੋਵੇ ਆਸ਼ਾ, ਐਸ਼ ਕਰਨ ਵਾਲੇ ਸਾਰੇ ਲੈਣੇ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦੀ ਧਾਰ ਦੇਵੇ ਭਰਵਾਸਾ, ਸਚ ਦਾ ਹੁਕਮ ਇਕ ਵਰਤਾਈਆ ।


੧੬੧੫
੨੨

## ੨੪ ਮੱਘਰ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ

ਮੁਹੰਮਦ ਕਹੇ ਮੇਰੇ ਪਰਵਰਦਿਗਾਰ, ਬੇਐਬ ਨੂਰ ਇਲਾਹੀਆ । ਨਾਤਾ ਤੁਟਣ ਲੱਗਾ ਚਾਰ ਯਾਰ, ਸਾਚਾ ਸੰਗ ਨਾ ਕੋਇ ਨਿਭਾਈਆ । ਸਦੀ ਚੌਧਵੀਂ ਆਉਣ ਲੱਗੀ ਹਾਰ, ਚਾਰੋਂ ਕੁੰਟ ਵੇਖ ਵਖਾਈਆ । ਉਮਤ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਮੈਂ ਤੇਰਾ ਖ਼ਿਦਮਤਗਾਰ, ਖ਼ਾਦਮ ਇਕ ਅਖਵਾਈਆ । ਮੇਰਾ ਆਦਾਬ ਤੇਰੇ ਦਰਬਾਰ, ਦਰਗਹ ਸਾਚੀ ਸਿਰ ਸਰ ਝੁਕਾਈਆ । ਮੇਰੀ ਅਰਜ਼ ਆਰਜ਼ੂ ਤਮੰਨਾ ਅੰਤਮ ਵਾਰ, ਬੇਪਰਵਾਹ ਦਿਆਂ ਸੁਣਾਈਆ । ਉਹ ਤਕ ਚੰਦ ਸਿਤਾਰਾ ਕਰਦੇ ਗਿਰਿਆਜ਼ਾਰ, ਛਹਿਬਰ ਆਪਣੀ ਧਾਰ ਲਗਾਈਆ । ਮੇਰੇ ਮੌਲਾ ਅੱਲਾ ਤੂੰ ਸਭ ਦਾ ਸਾਂਝਾ ਯਾਰ, ਖ਼ੁਦ ਖ਼ੁਦਾ ਇਕ ਅਖਵਾਈਆ । ਨੂਰੀ ਨਜ਼ਰ ਕਰ ਮਿਹਰਵਾਨ ਮਹਿਬਾਨ ਬਖ਼ਸ਼ ਇਕ ਸਹਾਰ, ਮਿਹਰ ਨਜ਼ਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪਰਵਰਦਿਗਾਰ ਕਹੇ ਮੁਹੰਮਦ ਸੁਣ ਮੇਰੇ ਰਸੂਲ, ਰਸਮ ਤੈਨੂੰ ਦਿਆਂ ਜਣਾਈਆ । ਜਿਸ ਮੇਰਾ ਕਲਮਾ ਕੀਤਾ ਕਬੂਲ, ਕਾਇਨਾਤ ਦਿਤਾ ਦ੍ਰਿੜਾਈਆ । ਅਗਲਾ ਹੁਕਮ ਇਕ ਮਾਕੂਲ, ਚੌਦਾਂ ਤਬਕ ਨਾ ਕੋਈ ਮੇਟੇ ਮੇਟ ਮਿਟਾਈਆ । ਦੀਨ ਦੁਨੀ ਦਾ ਜਾਣਾਂ ਅਰਜ਼ ਤੂਲ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ ।

ਜੁਗ ਜੁਗ ਬਦਲਣਾ ਮੇਰਾ ਰੂਲ, ਜੁਗ ਚੌਕੜੀ ਖੇਲ ਚਲੀ ਆਈਆ । ਮੈਂ ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਕੰਤ ਕੰਤੂਹਲ, ਗੁਰ ਅਵਤਾਰ ਪੈਗ਼ੰਬਰ ਸਾਰੇ ਮੇਰਾ ਨੂਰ ਇਲਾਹੀਆ । ਤੂੰ ਚੌਦਾਂ ਸਦ ਸ਼ਰਅ ਦਾ ਪੰਘੂੜਾ ਲਿਆ ਝੂਲ, ਸ਼ਰੀਅਤ ਜਗਤ ਵਿਚ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਮੁਹੰਮਦ ਕਹੇ ਮੇਰੇ ਮਹਿਬੂਬ, ਆਲੀਜਾਹ ਤੇਰੀ ਸਰਨਾਈਆ । ਤੇਰਾ ਆਲੀਸ਼ਾਨ ਉਚ ਅਰੂਜ, ਸ਼ਹਿਨਸ਼ਾਹ ਧੁਰਦਰਗਾਹੀਆ । ਸਦੀ ਚੌਧਵੀਂ ਮੇਰੀ ਉਮਤ ਕਰ ਮਹਿਫ਼ੂਜ਼, ਹਿਫ਼ਾਜ਼ਤ ਕਰਨੀ ਥਾਉਂ ਥਾਈਂਆ । ਤੂੰ ਮੇਰਾ ਮੈਂ ਤੇਰਾ ਮਕਰੂਜ਼, ਕਰਜ਼ਾ ਚੁਕਾਉਣਾ ਨੂਰ ਇਲਾਹੀਆ । ਤੇਰਾ ਨੂਰ ਮੇਰਾ ਵਜੂਦ, ਤਨ ਮਾਟੀ ਖ਼ਾਕ ਸੋਭਾ ਪਾਈਆ । ਮੇਰੀ ਮੰਜ਼ਲ ਹੱਕ ਮਕਸੂਦ, ਰਹਿਬਰ ਤੇਰਾ ਲੇਖਾ ਸਮਝ ਕੋਇ ਨਾ ਆਈਆ । ਤੇਰੇ ਹੁਕਮੇ ਅੰਦਰ ਸ਼ਰਅ ਬਣਾਈ ਹਦੂਦ, ਕਲਮਾ ਕਲਾਮ ਵਾਲਾ ਦ੍ਰਿੜਾਈਆ । ਹੁਣ ਲੇਖਾ ਹੁਕਮ ਨਾਲ ਨਾ ਕਰ ਨੇਸਤੋ ਨਾਬੂਦ, ਜੜ੍ਹ ਉਮਤ ਵਾਲੀ ਉਖੜਾਈਆ । ਤੂੰ ਮਿਹਰਵਾਨ ਹਰ ਜਗਹ ਮੌਜੂਦ, ਚੌਦਾਂ ਤਬਕ ਦੇਣ ਗਵਾਹੀਆ । ਤੇਰੀ ਸਿਫ਼ਤ ਕਰੇ ਕੁਰਾਨ ਮਜੀਦ ਹਜ਼ਾਰਾ ਦਰੂਦ, ਤੀਸ ਬਤੀਸ ਢੋਲੇ ਗਾਈਆ । ਕਿਉਂ ਸਦੀ ਚੌਧਵੀਂ ਕਰਨ ਲੱਗਾ ਕੂਚ, ਕੂਚਾ ਗਲੀ ਮੱਕਾ ਕਾਅਬਾ ਰਿਹਾ ਕੁਰਲਾਈਆ । ਤੂੰ ਮੇਰਾ ਮੈਂ ਤੇਰਾ ਸਾਹਿਬ ਸੁਲਤਾਨਾ ਮਰਦ ਮਰਦਾਨਾ ਊਚੋ ਊਚ, ਬੇਐਬ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਹ ਸਾਚੀ ਦਰ ਤੇਰੇ ਅਲਖ ਜਗਾਈਆ । ਮੁਹੰਮਦ
੧੬੧੯ ਕਹੇ ਸਦੀ ਚੌਧਵੀਂ ਉਠ ਵੇਖ ਮਾਰ ਝਾਤੀ, ਚਾਰੋਂ ਕੁੰਟ ਨੈਣ ਉਠਾਈਆ । ਦੀਨ ਦੁਨੀ ਆਈ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ੧੬੧੯
੨੨ ਰਹਿਮਤ ਬਖ਼ਸ਼ਿਸ਼ ਦੇਵੇ ਕੋਇ ਨਾ ਦਾਤੀ, ਹਕੀਕਤ ਹੱਕ ਨਜ਼ਰ ਕੋਇ ਨਾ ਆਈਆ । ਨਾਤਾ ਤੁਟਿਆ ਬਾਹਮੀ ਇਖ਼ਲਾਕੀ, ਇਕਤਸਾਦੀ ਕਾਰ ਨਾ ਕੋਇ ਕਮਾਈਆ । ਤੇਰਾ ਮੇਰਾ ਖ਼ੁਦਾ ਕਰਾਉਣ ਲੱਗਾ ਤਲਾਕੀ, ਬੇਇਤਫ਼ਾਕੀ ਉਮਤ ਵਿਚ ਰਖਾਈਆ । ਅਲਿਫ਼ ਯੇ ਤੋਂ ਪਰੇ ਤਕੇ ਬਿਨ ਅੱਖਰਾਂ ਵਾਲੀ ਪਾਤੀ, ਜਿਸ ਪਤ੍ਰਕਾ ਦਾ ਮਜ਼ਮੂਨ ਕਾਤਬ ਲਿਖ ਨਾ ਕੋਇ ਸਮਝਾਈਆ । ਆਪਣਾ ਪੂਰਾ ਕਰਨ ਲੱਗਾ ਪੇਸ਼ੀਨਗੋਈਆਂ ਵਾਲਾ ਭਵਿਖਤ ਵਾਕੀ, ਚੌਦਾਂ ਸਦ ਲੇਖਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੁਹੰਮਦ ਮੈਂ ਗਈ ਮਦੀਨਾ ਮੱਕਾ, ਨਿਰਗੁਣ ਧਾਰ ਭੱਜੀ ਵਾਹੋ ਦਾਹੀਆ । ਮੈਨੂੰ ਮੁੱਲਾ ਸ਼ੇਖ਼ ਮੁਸਾਇਕ ਪੀਰ ਦਸਤਗੀਰ ਮਿਲਿਆ ਕੋਇ ਨਾ ਸਕਾ, ਸਖ਼ੀ ਸਰਵਰ ਨਜ਼ਰ ਕੋਇ ਨਾ ਆਈਆ । ਪੂਰਬ ਪੱਛਮ ਦਰੋਹੀ ਖ਼ੁਦਾ ਦੀ ਮੈਨੂੰ ਪਿਆ ਧੱਕਾ, ਨਬੀ ਰਸੂਲ ਬੈਠੇ ਮੁਖ ਛੁਪਾਈਆ । ਮੇਰਾ ਵਾਅਦਾ ਪਰਵਰਦਿਗਾਰ ਨਾਲ ਪੱਕਾ, ਚੌਦਾਂ ਸਦ ਸੰਗ ਤੇਰਾ ਸਾਥ ਨਿਭਾਈਆ । ਉਹ ਤਕ ਨੂਰ ਨੁਰਾਨਾ ਸ਼ਾਹ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਪਰਵਰਦਿਗਾਰ ਹੱਟਾ ਕੱਟਾ, ਕਟਾਕਸ਼ ਆਪਣਾ ਹੁਕਮ ਲਗਾਈਆ । ਜਿਸ ਨੇ ਨੌਂ ਖੰਡ ਪ੍ਰਿਥਮੀ ਸੱਤ ਦੀਪ ਚੌਦਾਂ ਲੋਕ ਚੌਦਾਂ ਤਬਕ ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾ ਪਾਇਆ ਰੱਟਾ, ਆਕਾਸ਼ ਪਾਤਾਲ ਗਗਨ ਗਗਨੰਤਰ ਆਪਣਾ ਖੇਲ ਵਰਤਾਈਆ । ਦਰੋਹੀ ਸਾਡੀ ਕੀਮਤ ਰਹੀ ਨਾ ਟਕਾ, ਜਗਤ ਮਿਲੇ ਨਾ ਮਾਣ ਵਡਿਆਈਆ । ਧੁਰ ਦਾ ਹੁਕਮ ਹੋਣ ਲੱਗਾ ਸੱਚਾ, ਜੋ ਸੰਦੇਸ਼ੇ ਦਿਤੇ ਧੁਰਦਰਗਾਹੀਆ । ਅੰਤਮ ਭਾਂਡਾ ਤੁਟਣਾ ਕਾਇਆ ਕੱਚਾ, ਕੰਚਨ ਗੜ੍ਹ ਨਜ਼ਰ ਕੋਇ ਨਾ ਆਈਆ । ਬੇਪਰਵਾਹ ਪਰਵਰਦਿਗਾਰ ਸਾਂਝੇ ਯਾਰ ਆਪਣਾ ਖੇਲ ਰਚਾ, ਰਚਨਾ

ਰਚ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸਦੀ ਚੌਧਵੀਂ ਕਹੇ ਚੌਦਾਂ ਦਿਨ ਵਿਚ ਆਉਣੀ ਹਾਨੀ, ਹਾਣੀਆਂ ਹਾਣ ਨਾ ਕੋਇ ਮਿਲਾਈਆ । ਲੇਖ ਲਿਖੇ ਨਾ ਕੋਇ ਕਾਤਬ ਕਾਨੀ, ਕਾਇਨਾਤ ਸਮਝ ਕੋਇ ਨਾ ਪਾਈਆ । ਸ਼ਰਅ ਦੀ ਸ਼ਰਅ ਨੇ ਕਰਨੀ ਗ਼ੁਲਾਮੀ, ਸ਼ਰੀਅਤ ਸ਼ਰੀਅਤ ਸੀਸ ਝੁਕਾਈਆ । ਕਲਮੇ ਦੀ ਹੋਣੀ ਬਦਨਾਮੀ, ਬਦੀ ਦਾ ਡੇਰਾ ਕੋਇ ਨਾ ਢਾਹੀਆ । ਧੁਰ ਦਾ ਹੁਕਮ ਖੇਲ ਆਮ ਅਵਾਮੀ, ਅਮਲ ਹਰ ਥਾਂ ਦਏ ਕਰਾਈਆ । ਨਜ਼ਾਰਾ ਤਕਣਾ ਇਨਸਾਨ ਇਨਸਾਨੀ, ਇਨਸਾਨੀਅਤ ਦਾ ਪੈਂਡਾ ਦਏ ਮੁਕਾਈਆ । ਕੁਛ ਹਲੂਣਾ ਦੇਣਾ ਸ਼ਾਹ ਈਰਾਨੀ, ਤੁਰਕੀ ਤੁਰਤ ਦੇਣਾ ਉਠਾਈਆ । ਚਾਰੋਂ ਕੁੰਟ ਹੋਣੀ ਬੇਇੰਤਜ਼ਾਮੀ, ਇੰਤਜ਼ਾਮ ਵਾਲਾ ਨਜ਼ਰ ਕੋਇ ਨਾ ਆਈਆ । ਹਜ਼ਰਤ ਮੁਹੰਮਦ, ਸਦੀ ਚੌਧਵੀਂ ਕਹੇ ਹੋਵੇ ਨਾ ਕੋਇ ਪਰੇਸ਼ਾਨੀ, ਪਰੇਸ਼ਾਨੀ ਤੋਂ ਬਾਹਰ ਖੇਲ ਵੇਖਣਾ ਚਾਈਂ ਚਾਈਆ । ਉਮਤੀ ਲੇਖਾ ਕਤਲੇਆਮੀ, ਕਾਤਲ ਮਕਤੂਲ ਦੋਵੇਂ ਰੂਪ ਬਣਾਈਆ । ਅੰਗੜਾਈ ਲਏ ਸ਼ਾਹ ਅਫ਼ਗ਼ਾਨੀ, ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਪਹਿਲੀ ਪੋਹ ਨੂੰ ਸਦੀ ਚੌਧਵੀਂ ਕਹੇ ਮੇਰੇ ਵਾਸਤੇ ਲਿਆਉਣੀ ਇਕ ਦਵਾਨੀ, ਮੁਹੰਮਦ ਪੰਜ ਪੈਸੇ ਨਾਲ ਮਿਲਾਈਆ । ਮੈਂ ਲੇਖਾ ਦੱਸਾਂਗੀ ਜ਼ਬਾਨ ਵਿਚ ਖੁਰਾਸਾਨੀ, ਲਬਲਾਨੀ ਬੋਲੀ ਸਹਿਜ ਸੁਭਾਈਆ । ਭੇਵ ਖੋਲ੍ਹਾਂਗੀ ਕੀ ਲੇਖਾ ਆਲਮੇ ਜਾਵਿਦਾਨੀ, ਦਰਗਹ ਸਾਚੀ ਵੰਡ ਵੰਡਾਈਆ । ਸਵਾ ਅੱਠ ਵਕਤ ਹੋਵੇਗਾ ਸ਼ਾਹਾਨੀ, ਸ਼ਹਿਨਸ਼ਾਹ ਕਾਲੇ ਲਬਾਸ ਰੰਗ ਰੰਗਾਈਆ । ਨਾਲ ਚੌਦਾਂ ਗ੍ਰੰਥਾਂ ਦੀ ਲਿਖਤ ਹੋਵੇਗੀ ਪੁਰਾਨੀ, ਚੌਦਾਂ ਤਬਕਾਂ ਪੜਦਾ ਲਾਹੀਆ । ਲਿਖਾਰੀਆਂ ਇਕ ਇਕ ਅੱਖ ਤੇ ਪੱਟੀ ਬੰਨ੍ਹ ਕੇ ਕੀਤੀ ਹੋਵੇਗੀ ਕਾਨੀ, ਹਰਫ਼ ਹਰੂਫ਼ ਨਜ਼ਰ ਕੋਇ ਨਾ ਆਈਆ । ਉਤੇ ਨੀਲੀ ਚਾਦਰ ਹੋਵੇਗੀ ਤਾਣੀ, ਚੰਦ ਸਿਤਾਰਾ ਨਿਸ਼ਾਨ ਦੇਣਾ ਚਮਕਾਈਆ । ਪਹਿਲਾ ਲੇਖ ਲਿਖਣਾ ਨਾਲ ਕਲਮ ਕਾਨੀ, ਸ਼ਾਹੀ ਕਾਲੀ ਰੰਗ ਰੰਗਾਈਆ । ਹਰਿ ਸੰਗਤ ਨੇ ਬਿਰਤੀ ਬਣਾ ਕੇ ਰੱਖਣੀ ਦਾਨੀ, ਹੱਥ ਛਾਤੀ ਉਤੇ ਟਿਕਾਈਆ । ਸਦੀ ਚੌਧਵੀਂ ਕਹੇ ਮੈਂ ਧੁਰ ਦੇ ਖ਼ੁਦਾ ਦੀ ਦੱਸਾਂਗੀ ਨਿਸ਼ਾਨੀ, ਕੀ ਨਿਸ਼ਾਨਾ ਤੀਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੇਰਾ ਇਕ ਸੰਦੇਸ਼, ਖ਼ੁਸ਼ੀਆਂ ਨਾਲ ਜਣਾਈਆ । ਮੇਰੀ ਗੋਲੀ ਦੇ ਖੁਲ੍ਹੇ ਹੋਣਗੇ ਕੇਸ, ਲਿਟਾਂ ਗਲ ਵਿਚ ਲਟਕਾਈਆ । ਸਿੰਘਾਸਣ ਉਤੇ ਖੰਡਾ ਰੱਖਿਆ ਹੋਵੇਗਾ ਦਸ਼ਮੇਸ਼, ਚੜ੍ਹਦੀ ਦਿਸ਼ਾ ਨੋਕ ਧਰਾਈਆ । ਅਸ਼ਟਭੁਜ ਆਪਣੀ ਬਦਲ ਕੇ ਰੇਖ, ਰੇਖਾ ਸਭ ਨੂੰ ਦਏ ਵਖਾਈਆ । ਇਕ ਗੁਰਮੁਖ ਬਣਿਆ ਹੋਵੇਗਾ ਸ਼ੇਖ਼, ਗਾਨੀ ਮਣਕਿਆਂ ਵਾਲੀ ਗਲ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੈਂ ਨੌਂ ਸੌ ਚੁਰਾਨਮੇ ਚੌਕੜੀ ਜੁਗ ਪਿਛੋਂ ਕੂਕੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅਵਤਾਰ ਪੈਗ਼ੰਬਰ ਗੁਰੂਆਂ ਨਾਲ ਅੱਖ ਨਾ ਕਦੇ ਮਿਲਾਈਆ । ਛੱਬੀ ਪੋਹ ਨੂੰ ਮੇਰੇ ਵਾਸਤੇ ਲਿਆਉਣੀ ਇਕ ਤੂੰਬੀ, ਜਿਹੜੀ ਗੋਲੀ ਨਹੀਂ ਵਜਾਈ, ਮੈਂ ਵਜਾ ਕੇ ਦਿਆਂ ਸੁਣਾਈਆ । ਇਕ ਬੇੜੀ ਲਿਆਉਣੀ ਨਬੀ ਨੂਹ ਦੀ, ਖਵਾਜਾ ਆਸਾ ਰਿਹਾ ਵਖਾਈਆ । ਇਕ ਤਸਵੀਰ ਤਸੱਵਰ ਕਰਨੀ ਸ਼ਬਦ ਗੁਰੂ ਦੀ, ਗੁਰਦੇਵ ਦੇਵਾ ਰੂਪ ਬਦਲਾਈਆ । ਇਕ ਧਾਰ ਦਰਸਾਉਣੀ ਰੂਹ ਦੀ, ਬੁਤਾਂ ਤੋਂ ਬਾਹਰ ਸੋਭਾ ਪਾਈਆ । ਫੇਰ ਖੇਲ ਦੱਸਾਂਗੀ ਸਤਿਜੁਗ ਦੇ ਸ਼ੁਰੂ ਦੀ, ਕਿਸ ਬਿਧ ਧਰਨੀ ਧਵਲ ਧੌਲ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ

ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਛੱਬੀ ਪੋਹ ਨੂੰ ਉਡੀਕਾਂ, ਚੌਦਾਂ ਸਦ ਦੀ ਧਿਆਨ ਲਗਾਈਆ । ਮੈਂ ਛਡਣੀਆਂ ਸ਼ਰਅ ਵਾਲੀਆਂ ਮਸੀਤਾਂ, ਮਸੱਲੇ ਮਸਲਿਆਂ ਦਾ ਪੰਧ ਮੁਕਾਈਆ । ਧਰਮ ਧਾਰ ਦੀਆਂ ਦੱਸਣੀਆਂ ਰੀਤਾਂ, ਅੱਲਾ ਹੂ ਅੱਨਾ ਹੂ ਇਕੋ ਰੰਗ ਰੰਗਾਈਆ । ਰਹਿਮਾਨ ਦੀਆਂ ਰਹਿਮਤ ਵਾਲੀਆਂ ਦਸਣੀਆਂ ਪ੍ਰੀਤਾਂ, ਮੁਹੱਬਤ ਵਿਚ ਮਹਿਬੂਬ ਦੇਣੇ ਮਿਲਾਈਆ । ਮੁਹੰਮਦ ਦੀ ਆਸਾ ਦੀਆਂ ਕਰਾਂ ਤਸਦੀਕਾਂ, ਸ਼ਹਾਦਤ ਦੇਣੀ ਭੁਗਤਾਈਆ । ਕਿਉਂ ਮੇਰੇ ਮਾਲਕ ਵਿਚ ਹੱਕ ਤੌਫ਼ੀਕਾਂ, ਧੁਰਦਰਗਾਹੀ ਆਪਣਾ ਹੁਕਮ ਵਰਤਾਈਆ । ਜੋ ਚੁਰਾਸੀ ਦੀਆਂ ਬਦਲ ਦੇਵੇ ਨੀਤਾਂ, ਮਾਨਵ ਮਾਨਸ ਮਾਨੁਖ ਆਪਣੇ ਰੰਗ ਰੰਗਾਈਆ । ਪਰ ਦੁਹਾਈ ਆਪਣਾ ਅੰਤ ਵੇਖ ਕੇ ਮੇਰੀਆਂ ਨਿਕਲਦੀਆਂ ਚੀਕਾਂ, ਚੀਕ ਚਿਹਾੜਾ ਚੌਦਾਂ ਲੋਕ ਦਿਆਂ ਸੁਣਾਈਆ । ਕਿਉਂ ਅਵਤਾਰ ਪੈਗ਼ੰਬਰਾਂ ਚਿੱਟੇ ਉਤੇ ਮਾਰੀਆਂ ਕਾਲੀਆਂ ਲੀਕਾਂ, ਸ਼ਬਦ ਨਾਦ ਕਲਮੇ ਵਿਚ ਕੀਤੀ ਸ਼ਨਵਾਈਆ । ਸੋ ਵਕਤ ਵੇਲਾ ਵੇਖੇ ਬੀਸ ਬੀਸਾ, ਮੂਸਾ ਈਸਾ ਸੰਗ ਮਿਲਾਈਆ । ਜਿਸ ਨੇ ਬਦਲ ਦੇਣੀਆਂ ਵਲਦੀਅਤਾਂ, ਵਲਦ ਵਾਲਦਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਮੁਹੰਮਦ ਕਹੇ ਸਦੀ ਚੌਧਵੀਂ ਕੀ ਅਸੀਂ ਹੋ ਗਏ ਜ਼ਈਫ਼, ਆਪਣਾ ਆਪ ਬਦਲਾਈਆ । ਕੀ ਅਸੀਂ ਕਰ ਨਹੀਂ ਸਕਦੇ ਤਾਰੀਫ਼, ਸਿਫ਼ਤਾਂ ਵਾਲੇ ਢੋਲੇ ਗਾਈਆ । ਕੀ ਮੇਰੀ ਭੁੱਲ ਗਈ ਹਦੀਸ, ਜੋ ਹਜ਼ਰਤ ਹੋ ਕੇ ਕੀਤੀ ਪੜ੍ਹਾਈਆ । ਸਦੀ ਚੌਧਵੀਂ ਕਹੇ ਮੁਹੰਮਦ ਸਾਡਾ ਵਕਤ ਗਿਆ ਬੀਤ, ਵਾਅਦਾ ਪਰਵਰਦਿਗਾਰ ਪੂਰ ਕਰਾਈਆ । ਅਸੀਂ ਉਸ ਦੇ ਅੱਗੇ ਨਾਚੀਜ਼, ਕਲਮਿਆਂ ਦੀ ਚਲੇ ਨਾ ਕੋਇ ਚਤੁਰਾਈਆ । ਜਿਸ ਨੇ ਸਾਨੂੰ ਆਪਣੀ ਦਿਤੀ ੧੬੧੮
ਤਮੀਜ਼, ਤਰੀਕੇ ਨਾਲ ਦਿਤਾ ਜਣਾਈਆ । ਬਣਾ ਕੇ ਬਰਖ਼ੁਰਦਾਰ ਅਜ਼ੀਜ਼, ਅਜ਼ਮਤੇ ਕਸਮਤੇ ਅਜ਼ਿਬਵਾ ਅਤਿਲਹੇ ਤਾਲੀਮ ਦਿਤੀ ਪੜ੍ਹਾਈਆ । ਸੋ ਸਭ ਦੀ ਪੂਰੀ ਕਰੇ ਰੀਝ, ਲਹਿਣਾ ਦੇਣਾ ਜੁਗ ਚੌਕੜੀ ਰਿਹਾ ਚੁਕਾਈਆ । ਮੈਂ ਫੇਰ ਸੌਂ ਜਾਣਾ ਗੂੜ੍ਹੀ ਨੀਂਦ, ਅੱਖ ਸਕੇ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਆਸਾ ਮਨਸਾ ਪੂਰੀ ਕਰੇ ਉਮੀਦ, ਜੁਗ ਚੌਕੜੀ ਆਮਦ ਸਭ ਦੀ ਲੇਖੇ ਲਾਈਆ ।



### ✪ ਪਹਿਲੀ ਪੋਹ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ਜ਼ਿਲਾ ਅੰਮ੍ਰਿਤਸਰ ✪

ਤਾਨਾਈਜ਼ੀਲੇਵਜ ਜਮਜ਼ੇ ਜ਼ਹੰ ਨਫਰੇਜ਼ਿਗੀ ਬੰਦੇਸ਼ੀ ਸ਼ੇਸ਼ਬ ਸ਼ੋਨੇ ਨਵਿਸਤਹੀ ਨਫ਼ਰੇ ਜੂਹਾ, ਕੰਮਸਨੇ ਨਵ ਜ਼ਨਹੂ ਬਾਨੀਜ਼ੇ ਆਵੀਜ਼ੇ ਤਾਕੀਜ਼ੇ ਜ਼ਨਹੋ ਆਮੂਜੇ ਮੁਜਿਸਤੇ, ਮੁਹਮੰਦੇ ਫ਼ਰਿਸ਼ਤੇ ਫ਼ਰਸ਼ੇ ਕੋਜ਼ਾ, ਨੂਰੇ ਅਜ਼ਾ ਜ਼ਗਮੋ ਜ਼ੈਦੇ, ਜੋਸ਼ੇ ਜ਼ਵਸੇ, ਮਸਤੇ ਅਸਤੇ ਸ਼ਾਜੰਦ ਅਖਤਾ ਹੂੰ ਲਿਬਨਾਨੇ ਮਜ਼ੁਲ ਅਜ਼ੀਮੇ ਕਸ਼ੋ ਪਰਵਰਦਿਗਾਰੇ ਬੇਯਸ਼ ਤਾਜ਼ੀਫੇ ਤਾਹਸ਼ ਤਾਹਸ਼ੇ ਸ਼ਾਹਕੀਨੇ ਸ਼ਨੀਰੇ ਮੁਹੰਮਦੇ ਪੀਰੇ ਨਜ਼ਵੇ ਬੇਨਜ਼ੀਰੇ ਨਾਜਿਸਤਾ ਲਾਇਸਤਾ ਬਾਹਿਸਤਾ ਮਨਜ਼ੂ ਅਜ਼ਹੂ ਕਸਤੂ ਸ਼ਵੀਨੇ ਸ਼ਵਾ, ਮਹੀਜ਼ੇ ਅੱਬਾ, ਵਹੀਦੇ ਖ਼ੁਦਾ ਮੋਜ਼ੀਬੇ ਰਜ਼ਾ, ਕੰਨੋਰੇ ਕਵੀਨੇ, ਕਜ਼ੀਲੇ ਜਸਤੇ, ਮਹਵ ਮੁਹੰਮਦੇ, ਕਲਵ ਕੁਰਾਨੇ, ਕਜ਼ੂ ਮੋਜ਼ੀਦੇ ਰਜ਼ੂ, ਤੋਹਫ਼ਾ ਤਰੀਹ, ਖ਼ੁਦਾਏ ਨਜ਼ੀ, ਰਹਮਤੋ ਅਜ਼ਾ, ਬਖ਼ਸ਼ਸ਼ੇ ਜ਼ਮਾ, ਸੀਤੇ ਸਬੂ, ਹਜ਼ਰਤੇ ਕਜ਼ੂ, ਜ਼ਹੀਵੇ ਸ਼ਊ, ਸ਼ਹਿਨਸ਼ਾਹੇ ਮਾਮੂਵ ਜਿਸਮੇ,

ਤਾਮੂ ਇਸਮੇ, ਹਾਜ਼ੂਰ ਪੈਗ਼ੰਬਰੇ, ਬੇਕਸੂਰ ਖਦੂਨੋ ਖਦੀਲੇ, ਸ਼ਰੀਅਤ ਕਬੀਲੇ ਕਮਸਮ ਨਾਕੋਜ਼ੂ, ਰੂਹੇ ਰੋਜ਼ਾਨਾ, ਸ਼ੇਰੇ ਨਿਵਾਨਾ, ਆਲੀਸ਼ਾਨੇ ਵਜ਼ੀ, ਚੌਦਾਂ ਤਬਕੇ ਤਰਜ਼ੀਹ, ਤਵਨਜ਼ੀ, ਅਵਨਜ਼ੀ, ਚਸ਼ਮੇ ਨਾਦੀਦ, ਰਹਿਮਤੇ ਅਜ਼ੀਦ, ਉਸ ਕਿਸ ਮੀਸਾਨਾ ਬੇਪਰਵਾਹ ਨੂਰ ਇਲਾਹੀਆ । ਸਦੀ ਚੌਧਵੀਂ ਕਹੇ, ਵੇ ਮੁਹੰਮਦਾ ਚੜ੍ਹ ਗਿਆ ਪੋਹ, ਸੰਮਤ ਸ਼ਹਿਨਸ਼ਾਹੀ ਸੱਤ ਨਾਲ ਮਿਲਾਈਆ । ਉਠ ਵੇਖ ਮਾਲਕ ਇਕ ਕਿ ਦੋ, ਦੋ ਦਾ ਏਕਾ ਧਿਆਨ ਲਗਾਈਆ । ਕਿਹੜੀ ਦਿਸ਼ਾ ਹੋਈ ਲੋਅ, ਬਿਨ ਨੈਣ ਲੋਇਣ ਅੱਖ ਉਠਾਈਆ । ਸੁਣ ਨਾਅਰਾ ਹੱਕ ਦਾ ਸੋ, ਸੋ ਪੁਰਖ ਨਿਰੰਜਣ ਰਿਹਾ ਦ੍ਰਿੜਾਈਆ । ਵੇ ਕਮਲਿਆ ਜਿਸ ਮੈਥੋਂ ਤੈਥੋਂ ਸਭ ਕੁਛ ਲੈਣਾ ਖੋਹ, ਰੋ ਕੇ ਹੰਝ ਨਾ ਕੋਇ ਵਹਾਈਆ । ਮੈਨੂੰ ਇਕ ਦਰਦ ਮੇਰਾ ਜਗਤ ਵਾਲਾ ਮੋਹ, ਤੋੜਨ ਨੂੰ ਦਿਲ ਕਰੇ ਨਾ ਰਾਈਆ । ਜਿਸ ਵੇਲੇ ਮੈਂ ਹੋਕਾ ਸੁਣਦੀ ਹੋ, ਜੋ ਹੌਲੀ ਹੌਲੀ ਰਿਹਾ ਸੁਣਾਈਆ । ਤੇਰਾ ਭੁੱਲ ਜਾਂਦਾ ਚਾਰ ਯਾਰੀ ਦਾ ਗਰੋਹ, ਸੰਗੀ ਸੰਗ ਨਾ ਕੋਇ ਵਖਾਈਆ । ਮੈਂ ਚਾਹੁੰਦੀ ਉਹ ਨੀਲੇ ਅੰਬਰ ਨੂੰ ਕਿਸ਼ਨ ਸਿੰਘ ਦਲੀਪ ਸਿੰਘ ਫੜਨ ਦੋ, ਨਰਾਇਣ ਸਿੰਘ ਕੁੰਦਨ ਸਿੰਘ ਦੋ ਦੂਜੇ ਨਾਲ ਮਿਲਾਈਆ । ਸਭ ਦੇ ਹੱਥ ਛਾਤੀ ਉਤੇ ਜਾਣ ਛੋਹ, ਜਨ ਭਗਤੋ ਛੋਹਰ ਬਾਂਕੇ ਬਣ ਕੇ ਦਿਉ ਵਖਾਈਆ । ਤੁਹਾਨੂੰ ਢੋਆ ਦਿਤਾ ਧੁਰ ਦਾ ਢੋਅ, ਲੈ ਕੇ ਆਇਆ ਧੁਰ ਦਾ ਮਾਹੀਆ । ਮੈਂ ਚੌਦਾਂ ਸੌ ਸਾਲ ਦੀ ਅੱਜ ਹੋਣ ਲੱਗੀ ਨਿਰਮੋਹ, ਨਾਤਾ ਉਮਤ ਨਾਲੋਂ ਤੁੜਾਈਆ । ਮੈਂ ਕਹਿੰਦੀ ਨੀ ਗੋਲੀਏ ਜਗਤ ਦੀਏ ਵਿਚੋਲੀਏ ਇਕ ਵਾਰੀ ਜ਼ੋਰ ਦੀ ਉਚੀ ਮੇਰੇ ਸਾਹਮਣੇ ਰੋ, ਚੀਕ ਚਿਹਾੜਾ ਦੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਆ ਓਏ ਮੁਹੰਮਦ ਦਿਆ ਮਲੰਗਾ, ਤੇਰੀ ਤਸਬੀ ਵੇਖ ਵਖਾਈਆ । ਓ ਤੇਰੀਆਂ ਭੰਨ ਦੇਵਾਂ ਟੰਗਾਂ, ਜਿਨ੍ਹਾਂ ਨਾਲ ਭੱਜੇਂ ਵਾਹੋ ਦਾਹੀਆ । ਨੀਂ ਤੂੰ ਪਾਈਆਂ ਕਿੱਥੋਂ ਵੰਗਾਂ, ਆਪਣਾ ਵੇਸ ਵਟਾਈਆ । ਮੈਂ ਸਭ ਦੇ ਕੋਲੋਂ ਅੰਤਮ ਝੋਲੀ ਡਾਹ ਕੇ ਮੰਗਾਂ, ਵਾਸਤਾ ਧੁਰ ਦਾ ਨਾਮ ਰਖਾਈਆ । ਮੈਂ ਵੇਖੇ ਚੜ੍ਹ ਕੇ ਕੋਠੇ ਕੰਧਾਂ, ਉਚੇ ਟਿੱਲਿਆਂ ਧਿਆਨ ਰਖਾਈਆ । ਮੈਂ ਆਪਣਾ ਪੈਂਡਾ ਮੁਕਾਇਆ ਲੰਮਾਂ, ਭੱਜੀ ਵਾਹੋ ਦਾਹੀਆ । ਮੇਰਾ ਸਿਰ ਹੋ ਗਿਆ ਨੰਗਾ, ਓਢਣ ਸੀਸ ਨਾ ਕੋਇ ਟਿਕਾਈਆ । ਮੈਨੂੰ ਡਰ ਲੱਗਦਾ ਜਿਸ ਵੇਲੇ ਮੈਂ ਆਪਣੇ ਮਹਿਬੂਬ ਦਾ ਵੇਂਹਦੀ ਸੱਤ ਰੰਗ ਦਾ ਡੰਡਾ, ਜੋ ਡੰਡਾਵਤ ਸਭ ਦੀ ਰਿਹਾ ਬਦਲਾਈਆ । ਮੈਨੂੰ ਇਕ ਦੁੱਖ ਮੈਨੂੰ ਗੋਲੀ ਨਹੀਂ ਦੱਸਿਆ ਉਹ ਪਾਰਬ੍ਰਹਮ ਕਿ ਤਤਾਂ ਵਾਲਾ ਬੰਦਾ, ਜੋ ਬਿਨਾ ਬੰਦਗੀਉਂ ਆਪਣਾ ਖੇਲ ਖਿਲਾਈਆ । ਬਹੁੜੀ ਮੈਨੂੰ ਮਾਰ ਦਿਤਾ ਸਾੜ ਦਿਤਾ ਆਪ ਹੌਲੀ ਹੌਲੀ ਖੰਘਦਾ ਰਿਹਾ ਖੰਘਾ, ਖੰਘ ਖੰਘ ਕੇ ਮੇਰਾ ਅੰਦਰ ਦਿਤਾ ਹਿਲਾਈਆ । ਹੁਣ ਮੈਂ ਕਿਹੜੇ ਦੇਸ ਵੰਞਾ, ਵੰਝ ਮੁਹਾਣਾ ਨਜ਼ਰ ਕੋਇ ਨਾ ਆਈਆ । ਜਨ ਭਗਤੋ ਮੈਨੂੰ ਆਪਣੇ ਸੱਜੇ ਹੱਥ ਦਾ ਵਖਾ ਦਿਓ ਪੰਜਾ, ਪੰਜਾਂ ਦਾ ਮਾਲਕ ਇਕੋ ਨਜ਼ਰੀ ਆਈਆ । ਮੇਰਾ ਰੋ ਪਿਆ ਤਾਰਾ ਚੰਦਾ, ਬਿਨ ਨੈਣਾਂ ਨੀਰ ਵਹਾਈਆ । ਮੈਨੂੰ ਡਰ ਲੱਗਦਾ ਆਹ ਵੇਖੋ ਚੜ੍ਹਦੀ ਦਿਸ਼ਾ ਗੋਬਿੰਦ ਦਾ ਖੰਡਾ, ਨੋਕ ਤਿੱਖੀ ਰਿਹਾ ਵਖਾਈਆ । ਇਹ ਤੇਗ਼ ਬਹਾਦਰ ਮੰਗ ਗਿਆ ਸੀ ਮੰਗਾ, ਜਿਸ ਵੇਲੇ ਢਾਕੇ ਚਰਨ ਟਿਕਾਈਆ । ਅੱਜ ਉਸ ਦਾ ਲੇਖਾ ਪੂਰਾ ਕੀਤਾ ਸੰਦਾ, ਸੰਧੀ ਵਾਲਾ ਦਿਨ ਪਹਿਲੀ ਪੋਹ ਦਿਤਾ ਲਿਖਾਈਆ । ਬਿਨਾ ਗੋਬਿੰਦ ਦੇ ਸਿਖ ਤੋਂ ਮਿਲੇ ਕਿਸੇ ਨਾ ਸੁਖ ਅਨੰਦਾ, ਅਨੰਦ ਵਿਚ ਰਹਿਣ ਕੋਇ ਨਾ ਪਾਈਆ । ਓ ਜਨ ਭਗਤੋ ਤੁਹਾਡਾ ਆਤਮਾ ਕਦੇ ਹੋਣ ਨਹੀਂ ਦੇਣਾ ਰੰਡਾ, ਰੰਡੀਓ ਤੁਹਾਨੂੰ ਸੁਹਾਗਣ

ਦੇਣਾ ਬਣਾਈਆ । ਸਦਾ ਰਖਿਓ ਆਪਣੇ ਆਪ ਨੂੰ ਠੰਡਾ, ਅਗਨੀ ਤਤ ਨਾ ਕੋਇ ਜਲਾਈਆ । ਤੁਹਾਡੇ ਪਿਛੇ ਆਪਣੇ ਸੀਸ ਤੇ ਰੱਖਾਂ ਖੰਡਾ, ਧਾਰ ਤਿਖੀ ਨਾਲ ਚਲਾਈਆ । ਤੁਹਾਡੇ ਪ੍ਰੇਮ ਨਾਲ ਸਦੀ ਚੌਧਵੀਂ ਦੇ ਹੱਥ ਰੰਗਾਂ, ਖ਼ੂਨ ਦੀ ਧਾਰਾ ਉਮਤ ਵਿਚ ਡੁਬਾਈਆ । ਪਰ ਯਾਦ ਰੱਖਿਓ ਛੱਬੀ ਪੋਹ ਤੇ ਹੋਰ ਖੇਲ ਚੰਗਾ, ਚੰਚਲ ਮਤ ਸਭ ਦੀ ਦੇਣੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਸੁੱਟ ਦਿਓ ਤਾਰਾ ਚੰਦ, ਧਰਨੀ ਦਿਓ ਲਿਟਾਈਆ । ਓ ਲਿਖਾਰੀਓ ਤੁਸਾਂ ਕਿਉਂ ਕੀਤੀ ਇਕ ਇਕ ਅੱਖ ਬੰਦ, ਭੇਤ ਦਿਓ ਖੁਲ੍ਹਾਈਆ । ਸ਼ਰਾਰਤੀਓ ਤੁਸੀਂ ਕਲਮ ਨਾਲ ਲਿਖ ਕੇ ਤੇ ਸ਼ਰਅ ਦਾ ਵੇਂਹਦੇ ਉਹ ਜੰਗ, ਜੰਗਜੂ ਬਹਾਦਰ ਇਕੋ ਮੰਨ ਕੇ ਸਾਰੀ ਸ੍ਰਿਸ਼ਟੀ ਦਿਤੀ ਤਜਾਈਆ । ਜਿਸ ਅੰਨ ਨਹੀਂ ਖਾਧਾ ਦਸ ਡੰਗ, ਡਾਵਾਂਡੋਲ ਕਰੇ ਲੋਕਾਈਆ । ਧਰਤੀ ਨਹੀਂ, ਉਹ ਫਿਰਨਾ ਵਿਚ ਬ੍ਰਹਿਮੰਡ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਗੁਰਮੁਖੋ ਤੁਹਾਨੂੰ ਇਉਂ ਰੱਖਣਾ ਜਿਸ ਤਰਾਂ ਪ੍ਰਭੂ ਦੀ ਚੜ੍ਹੇ ਜੰਞ, ਲਾੜੇ ਨਾਲ ਮਿਲ ਕੇ ਇਕੋ ਘਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨੀ ਗੋਲੀਏ ਪ੍ਰਭ ਦਾ ਕਿਸ ਨਾਲ ਪਿਆਰ, ਸਚ ਦੇ ਸਮਝਾਈਆ । ਸਦੀ ਚੌਧਵੀਂ ਉਹਦਾ ਰੂਪ ਕਿ ਉਹਦੀ ਨਾਰ, ਪੜਦਾ ਦੇਣਾ ਉਠਾਈਆ । ਕੀ ਉਹ ਚੰਗਾ ਲੱਗੇ ਪਹਿਨ ਕੇ ਸਲਵਾਰ, ਆਪਣਾ ਵੇਸ ਵਟਾਈਆ । ਕੀ ਕਮਲੀਏ ਉਹ ਫਬੇ ਹੱਥ ਫੜ ਕਟਾਰ, ਖੰਡਾ ਨਾਮ ਵਾਲਾ ਖੜਕਾਈਆ । ਸਚ ਦੱਸ ਉਹ ਚੁਰਾਸੀ ਵਿਚੋਂ ਕੀਹਦਾ ਯਾਰ, ਯਰਾਨਾ ਕਿਸ ਨਾਲ ਤੋੜ ਨਿਭਾਈਆ । ਤੁਸੀਂ ਵੀ ਆਪਣਾ ਕਰੋ ਵਿਚਾਰ, ਤਸਬੀਆਂ ਜਿਸ ਦੇ ਵਾਸਤੇ ਰਹੇ ਭਵਾਈਆ । ਉਹ ਸੂਰਬੀਰ ਕਿ ਗ਼ਦਾਰ, ਕਿ ਗਦਾਗਰ ਅਖਵਾਈਆ । ਜਨ ਭਗਤੋ ਸਾਰੇ ਵੇਖੋ ਨੈਣ ਉਘਾੜ, ਇਕ ਪੁਰਖ ਜਿਸ ਨੂੰ ਗੋਬਿੰਦ ਨੇ ਕਿਹਾ ਅਕਾਲ, ਅਕਾਲ ਦਾ ਦਿਆਲ ਨਜ਼ਰੀ ਆਈਆ । ਜਿਸ ਦੇ ਮੁਖ ਵਿਚ ਗੁਰਮੁਖ ਸਾਰੇ ਲਾਲ, ਉਹ ਲਾਲਾਂ ਦੀ ਧਾਰਾ ਨਾਲ ਆਪਣਾ ਆਪ ਲਏ ਚਿਰਾਈਆ । ਓ ਤੁਸੀਂ ਵੇਖਿਆ ਏਸ ਦਾ ਜਮਾਲ, ਜੋ ਜੁਮੇਂ ਵਾਲਿਆਂ ਦੀ ਕਰੇ ਸਫ਼ਾਈਆ । ਕਿਉਂ ਇਸ ਸੁਣਿਆ ਮੁਰੀਦਾਂ ਹਾਲ, ਜੋ ਯਾਰੜਾ ਸੱਥਰ ਹੰਢਾਈਆ । ਉਹਦੀ ਝੱਲੇ ਕੋਇ ਨਾ ਝਾਲ, ਝੱਲਿਆਂ ਨੂੰ ਝਲਕ ਦਏ ਵਖਾਈਆ । ਜਨ ਭਗਤੋ ਤੁਹਾਨੂੰ ਭਗਤੀ ਵਿਚੋਂ ਵੀ ਕੀਤਾ ਬਹਾਲ, ਬਿਨਾ ਭਗਤੀਉਂ ਪਾਰ ਕਰਾਈਆ । ਜਿਥੇ ਹੋਵੋਗੇ ਉਥੇ ਕਰਾਂਗਾ ਸੰਭਾਲ, ਇਹ ਮੇਰੀ ਬੇਪਰਵਾਹੀਆ । ਤੁਹਾਡੇ ਪਿਛੇ ਹੋਵਾਂਗਾ ਬੇਹਾਲ, ਖੁਲ੍ਹੜੇ ਕੇਸ ਗਲ ਲਟਕਾਈਆ । ਤੁਹਾਡਾ ਹੱਲ ਕਰਾਂਗਾ ਸਵਾਲ, ਜਵਾਬ ਇਕੋ ਵਾਰ ਸਭ ਦੀ ਝੋਲੀ ਪਾਈਆ । ਸਤਿਗੁਰ ਸ਼ਬਦ ਅੱਗੇ ਕਿਸੇ ਦੀ ਨਹੀਂ ਕੋਈ ਮਜਾਲ, ਮਜ਼੍ਹਬਾਂ ਦੀਆਂ ਮਜਲਸਾਂ ਵਾਲੇ ਸਾਰੇ ਸੀਸ ਨਿਵਾਈਆ । ਸਦੀ ਚੌਧਵੀਂ ਕਹੇ ਗੋਲੀਏ ਨੀ ਤੂੰ ਕਿਉਂ ਖੋਲ੍ਹ ਲਿਆ ਝਾਟਾ, ਲਿਟਾਂ ਗਲ ਵਿਚ ਲਟਕਾਈਆ । ਓ ਤੈਨੂੰ ਨਹੀਂ ਲੱਭਾ ਗੋਬਿੰਦ ਵਾਲਾ ਬਾਟਾ, ਮੁੱਲਾਂ ਮੁਲਾਣਿਆਂ ਆਪਣਾ ਮਨ ਬਦਲਾਈਆ । ਇਹ ਪਹਿਲੀ ਪੋਹ ਦਾ ਲੇਖਾ ਗੁਰ ਤੇਗ ਬਹਾਦਰ ਲਿਖਿਆ ਸੀ ਆਪਣੇ ਉਪਰ ਮਾਥਾ, ਧੂੜੀ ਖ਼ਾਕ ਵਾਲੀ ਰਮਾਈਆ । ਖ਼ੁਦਾ ਨੇ ਕਿਹਾ ਸ਼ਰਅ ਦਾ ਲੇਖਾ ਪਹਿਲੋਂ ਚੁੱਕਣਾ ਵਿਚ ਢਾਕਾ, ਚੜ੍ਹਦੇ ਵੱਜੇ ਵਧਾਈਆ । ਮੇਰਾ ਮਹਿਬੂਬ ਜ਼ਰੂਰ ਮੰਨੇਗਾ ਮੇਰਾ ਆਖਾ, ਆਖ਼ਰ ਆਪਣੀ ਕਾਰ ਭੁਗਤਾਈਆ । ਗੋਬਿੰਦ ਨੇ ਇਹੋ ਭਵਿਖਤ ਪੁੱਠੇ ਪੈ ਕੇ ਮਾਛੂਵਾੜੇ ਲਿਖਿਆ ਸੀ ਸਾਕਾ, ਸਾਕੀ ਧੁਰ ਦਾ ਜਾਮ

ਦੇਣਾ ਪਿਆਈਆ । ਤੇਰਾ ਖੇਲ ਹੋਣਾ ਹਿੰਦ ਤੇ ਪਾਕਾ, ਪਾਕ ਆਪਣਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪਣੇ ਹੱਥ ਰਖਾਈਆ । ਸਦੀ ਚੌਧਵੀਂ ਕਹੇ ਗੋਲੀਏ ਕੀ ਹੁਣ ਮਜਬੂਰੀ, ਸਚ ਦੇ ਸੁਣਾਈਆ । ਕੀ ਹੁਕਮ ਸੁਣਿਆ ਜ਼ਰੂਰੀ, ਜ਼ਰੂਰਤ ਦੱਸ ਖ਼ੁਦ ਖ਼ੁਦਾਈਆ । ਜਿਸ ਦੀ ਕਰਦੀ ਰਹੀ ਮਜ਼ਦੂਰੀ, ਚੌਦਾਂ ਸਦ ਸੇਵ ਕਮਾਈਆ । ਮਲਦੇ ਰਹੇ ਮਸਤਕ ਖ਼ਾਕ ਧੂੜੀ, ਟਿੱਕੇ ਜਗਤ ਰਮਾਈਆ । ਤੂੰ ਉਸ ਦੀ ਵਿਚ ਹਜ਼ੂਰੀ, ਕੀ ਹਜ਼ਰਤ ਰਿਹਾ ਸੁਣਾਈਆ । ਮੈਂ ਪੰਧ ਮਾਰ ਕੇ ਆਈ ਦੂਰੀ, ਭੱਜੀ ਵਾਹੋ ਦਾਹੀਆ । ਨੀ ਕਮਲੀਏ ਮੈਨੂੰ ਭੁੱਖ ਲੱਗੀ ਜੇ ਕੋਈ ਤੇਰੇ ਘਰ ਤੇ ਮੈਨੂੰ ਖਵਾ ਦੇ ਚੂਰੀ, ਮੁਹੰਮਦ ਚੂਰਮੇ ਖਵਾਉਣ ਵਾਲਾ ਨਜ਼ਰ ਕੋਇ ਨਾ ਆਈਆ । ਜਨ ਭਗਤੋ ਇਹ ਢਾਈ ਪਾ ਮੁਹੰਮਦ ਦੇ ਕੋਲ ਸੀ ਜਿਸ ਵੇਲੇ ਮੱਕੇ ਵਿਚੋਂ ਕੱਢਿਆ ਤੇ ਬਗ਼ਲ ਵਿਚ ਦਿਤੀ ਸੀ ਭੂੜੀ, ਹਿਜਰ ਕਰ ਕੇ ਚਲਿਆ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਦੇ ਉਠਾਈਆ । ਚੂਰੀ ਕਹੇ ਤੂੰ ਪ੍ਰਭੂ ਮੈਨੂੰ ਕਿਉਂ ਖਾਦਾ, ਭੇਵ ਦੇ ਜਣਾਈਆ । ਮੈਂ ਸਚ ਦੱਸਾਂ ਮੈਂ ਉਹ ਸਤਿਗੁਰੂ ਨਹੀਂ ਮੰਨਦੀ ਜਿਹੜਾ ਭੁੱਖਿਆਂ ਨੂੰ ਨਹੀਂ ਰਜਾਂਦਾ, ਭੁੱਖਿਆਂ ਭੁੱਖ ਮਿਟਾਈਆ । ਉਹ ਸਤਿਗੁਰੂ ਨਹੀਂ ਜਿਹੜਾ ਪਿਆਰ ਨਾ ਕਰੇ ਪਿਆਰ ਦੇਵੇ ਨਾ ਨਾਲੋਂ ਵੱਧ ਮਾਂ ਦਾ, ਗੋਦੀ ਗੋਦ ਨਾ ਸਦਾ ਟਿਕਾਈਆ । ਉਹ ਸਤਿਗੁਰੂ ਕਦੇ ਨਹੀਂ ਮੰਨਣਾ ਜਿਹੜਾ ਵੇਰਵਾ ਰੱਖੇ ਸੂਰ ਗਾਂ ਦਾ, ਸੂਰਮਾਂ ਜਗਤ ਨਾ ਕਦੇ ਅਖਵਾਈਆ । ਉਹ ਸਤਿਗੁਰੂ ਜਿਹੜਾ ਮਾਲਕ ਹਰ ਘਰ ਤੇ ਹਰ ਥਾਂ ਦਾ, ਬ੍ਰਹਿਮੰਡਾਂ ਖੰਡਾਂ ਆਪਣੀ ਕਾਰ ਭੁਗਤਾਈਆ । ਉਹ ਮਾਲਕ ਹੋਵੇ ਇਕੋ ਨਾਂ ਦਾ, ਦੂਜੀ ਵੰਡ ਨਾ ਕੋਇ ਵੰਡਾਈਆ । ਉਹ ਸਹਾਰਾ ਬਣ ਜਾਏ ਗ਼ਰੀਬ ਨਿਮਾਣਿਆਂ ਦੀ ਬਾਂਹ ਦਾ, ਫੜ ਬਾਹੋਂ ਪਾਰ ਕਰਾਈਆ । ਉਹ ਲੇਖਾ ਨਾ ਜਾਣੇ ਬਗ ਬਪੜੇ ਕਾਂ ਦਾ, ਜਿਧਰ ਵੇਖੇ ਮਿਹਰ ਨਜ਼ਰ ਨਾਲ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਗੋਲੀਏ ਮੈਨੂੰ ਇਉਂ ਜਾਪਦਾ ਤੂੰ ਬੜੀ ਭੁੱਖੀ, ਭੁੱਖ ਨਾਲ ਰਹੀ ਕੁਰਲਾਈਆ । ਤੂੰ ਖ਼ੂਨ ਕਢ ਕੇ ਵਿਚੋਂ ਆਪਣੇ ਮੁਖੀ, ਧਰਨੀ ਉਤੇ ਖ਼ੂਨ ਦਿਤਾ ਡੁਲ੍ਹਾਈਆ । ਹਲੂਣਾ ਦੇ ਦਿਤਾ ਜਗਤ ਵਾਲੀ ਕੁੱਖੀ, ਸੁਖ ਵਿਚ ਨਾ ਕੋਇ ਸਮਾਈਆ । ਬਿਨਾ ਭਗਤਾਂ ਤੋਂ ਝਗੜਾ ਮਿਟਣਾ ਨਹੀਂ ਭਾਗ ਲੱਗਣਾ ਨਹੀਂ ਦੁਲਾਰੇ ਸੁਤੀਂ, ਅਪਰਾਧੀਆਂ ਪਾਰ ਨਾ ਕੋਇ ਕਰਾਈਆ । ਤੂੰ ਜਿਹੜਾ ਭਾਰ ਫਿਰਦੀ ਚੁੱਕੀ, ਚਾਰ ਯਾਰੀ ਰਹੀ ਤਰਸਾਈਆ । ਵੇਖੀਂ ਕਿਤੇ ਆਪਣੀ ਲਾ ਨਾ ਲਵੀਂ ਰੁਚੀ, ਖਾਣ ਵਿਚ ਨਾ ਮਨ ਬਦਲਾਈਆ । ਜਿਸ ਵੇਲੇ ਪ੍ਰਭ ਦੀ ਮੌਲੇ ਰੁਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਜਨ ਭਗਤਾਂ ਦੀ ਆਤਮਾ ਰਹਿਣ ਨਾ ਦੇਵੀਂ ਸੁੱਤੀ, ਸੁਤਿਆਂ ਲੈ ਉਠਾਈਆ । ਉਮਤ ਦੀ ਧਾਰ ਵੇਖਣੀ ਖੁਲ੍ਹੀ ਗੁੱਤੀ, ਮੇਂਢੀ ਸੁਹਾਗ ਨਜ਼ਰ ਕੋਇ ਨਾ ਆਈਆ । ਭਾਵੇਂ ਮੈਨੂੰ ਮੁਸ਼ਟੰਡੀ ਕਹਿੰਦੇ ਤੇ ਜੋਤ ਅਕਾਲਣ ਬੜੀ ਲੁੱਚੀ, ਜੁਗ ਜੁਗ ਦੀਨ ਦੁਨੀ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੇਰੇ ਉਤੇ ਨਹੀਂ ਕੋਈ ਬੁਰਕਾ, ਬੁਰਕੇ ਸਭ ਦੇ ਦੇਣੇ ਲੁਹਾਈਆ । ਹੁਕਮ ਮੰਨਣਾ ਇਕੋ ਸ਼ਬਦ ਸਤਿਗੁਰੂ ਕਾ, ਦੂਜਾ ਮੰਨਣ ਕਦੇ ਨਾ ਪਾਈਆ । ਜਨ ਭਗਤੋ ਵੇਖੋ ਮੈਨੂੰ ਡਰਦੀ ਨੂੰ ਆ ਗਿਆ ਮੁੜ੍ਹਕਾ, ਆਪਣੀਆਂ ਧਾਰਾਂ ਰਿਹਾ ਵਗਾਈਆ । ਨੀ ਗੋਲੀਏ ਤੈਨੂੰ ਉਹ ਵਖਾਇਆ ਗੁਟਕਾ, ਜਿਸ ਦੇ

੧੬੨੧
੨੨

੧੬੨੨
੨੨

ਅੱਖਰ ਗਣਿਤ ਨਾ ਕੋਇ ਗਿਣਾਈਆ । ਓਏ ਮੁਲਾਣਿਆਂ ਹੁਣ ਵੇਲਾ ਆਉਣਾ ਲੁੱਟ ਦਾ, ਲੁਟੇਰਾ ਬਣੇ ਧੁਰਦਰਗਾਹੀਆ । ਉਮਤ ਦਾ ਬੂਟਾ ਜਾਣਾ ਸੁੱਕਦਾ, ਸੁੱਕਿਆਂ ਹਰੇ ਨਾ ਕੋਇ ਕਰਾਈਆ । ਸਭ ਦਾ ਪੈਂਡਾ ਵੇਖੋ ਮੁਕਦਾ, ਅੱਗੇ ਲੇਖ ਨਾ ਕੋਇ ਲਿਖਾਈਆ । ਜਿੰਨਾਂ ਚਿਰ ਜਾਪ ਨਾ ਹੋਇਆ ਇਕ ਤੁਕ ਦਾ, ਓਨਾਂ ਚਿਰ ਮਿਲੇ ਨਾ ਧੁਰ ਦਾ ਮਾਹੀਆ । ਸਦੀ ਚੌਧਵੀਂ ਕਹੇ ਜਨ ਭਗਤੋ ਨੌਂ ਸਾਲ ਪਿਛੋਂ ਆਹ ਤੁਹਾਡਾ ਦਵਾਰ ਬਣ ਜਾਣਾ ਪੁਛ ਗਿਛ ਦਾ, ਦੂਰ ਦੁਰਾਡੇ ਸਾਰੇ ਨੈਣ ਉਠਾਈਆ । ਕਿਸੇ ਨੂੰ ਪਤਾ ਨਹੀਂ ਲੱਗਣਾ ਸੂਰਜ ਕਿੱਥੋਂ ਚੜ੍ਹਦਾ ਤੇ ਕਿੱਥੇ ਛੁਪਦਾ, ਉਗਣ ਆਥਣ ਇਕੋ ਦੇਣਾ ਕਰਾਈਆ । ਕੋਈ ਵਣਜਾਰਾ ਰਹਿਣ ਨਹੀਂ ਦੇਣਾ ਟੁੱਕ ਦਾ, ਭੁੱਖਿਆਂ ਭੁੱਖ ਦੇਣੀ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਖਿਲਾਈਆ । ਸਦੀ ਚੌਧਵੀਂ ਕਹੇ ਨੀ ਗੋਲੀਏ ਮੇਰੇ ਨਾਲ ਬਹਿ ਕੇ ਲਾਹ ਮੁਕਾਣਾ, ਹਾਏ ਉਫ ਤੇਰੀ ਦੁਹਾਈਆ । ਵੇ ਨਾਨਕਾ ਤੂੰ ਕਿਉਂ ਕਹਿ ਕੇ ਗਿਉਂ ਹਿੰਦੂ ਅੰਨ੍ਹਾ ਤੇ ਤੁਰਕੂ ਕਾਣਾ, ਓਹ ਵੇਖ ਕਾਣੇ ਲਿਖਾਰੀ ਸਾਰੇ ਦੇਣ ਗਵਾਹੀਆ । ਤੇਰੇ ਸਾਹਿਬ ਨੇ ਆਪਣਾ ਵਕਤ ਪਛਾਣਾ, ਅਭੁਲ ਭੁੱਲ ਕਦੇ ਨਾ ਜਾਈਆ । ਜਿਸ ਨੇ ਧੁਰ ਦਾ ਹੁਕਮ ਚਲਾਣਾ, ਪਿਛਲਾ ਲੇਖਾ ਦਏ ਮੁਕਾਈਆ । ਸਭ ਨੇ ਮਿਲ ਕੇ ਇਕੋ ਰਾਗ ਗਾਣਾ, ਗਾ ਗਾ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਨੀ ਗੋਲੀਏ ਉਠ ਪਾ ਲਈਏ ਵੈਣ, ਚਾਰੇ ਨੈਣ ਗਵਾਈਆ । ਨਾਤਾ ਛਡ ਦਈਏ ਭਾਈ ਭੈਣ, ਸਾਕ ਸੈਣ ਨਾ ਕੋਇ ਅਖਵਾਈਆ । ਨੀ ਜਿਹੜਾ ਕਮਲਾਪਤਿ ਵਹਾਉਣ ਆ ਗਿਆ ਵਹਿਣ, ਬੁੱਢੇ ਸ਼ੇਖ਼ ਸਾਰੇ ਦਏ ਰੁੜ੍ਹਾਈਆ । ਫੇਰ ਆਪ ਹੋ ਜਾਣਾ ਤਰਫ਼ੈਣ, ਤਰਫ਼ਦਾਰੀ ਵਿਚ ਕਦੇ ਨਾ ਆਈਆ । ਨੀ ਓਨ ਨੁਕਤਾ ਮੇਟ ਦੇਣਾ ਉਤੋਂ ਗ਼ੈਨ, ਗ਼ਮਾਂ ਦਾ ਡੇਰਾ ਢਾਹੀਆ । ਸਚ ਦੱਸ ਉਸ ਨੇ ਕਿਥੇ ਜਾ ਕੇ ਲੈਣਾ ਚੈਨ, ਕਵਣ ਸਿੰਘਾਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪਣੇ ਹੱਥ ਰਖਾਈਆ । ਗੋਲੀ ਕਹੇ ਸੁਣ ਚੌਧਵੀਂ ਸਦੀ ਮੇਰੀ ਰਾਣੀ, ਰਾਜਾ ਤੇਰਾ ਨੂਰ ਨਜ਼ਰੀ ਆਈਆ । ਤੂੰ ਉਸੇ ਦੀ ਧਾਰ ਪੁਰਾਣੀ, ਜਿਸ ਨੂੰ ਪੁਨਹ ਪੁਨਹ ਸਾਰੇ ਸੀਸ ਨਿਵਾਈਆ । ਉਹ ਇਹਨੂੰ ਯਾਦ ਕਰਦੇ ਮੜ੍ਹੀਆਂ ਵਿਚ ਮਸਾਣੀ, ਮਕਬਰੇ ਮਾਰਨ ਧਾਈਆ । ਇਹਦੀ ਸਿਫ਼ਤ ਕਰੇ ਚਾਰੇ ਬਾਣੀ, ਚਾਰੇ ਖਾਣੀ ਢੋਲੇ ਗਾਈਆ । ਮੈਂ ਤੇ ਨਿੱਕੀ ਜੇਹੀ ਨੱਢੀ ਬਾਲ ਅੰਞਾਣੀ, ਬੁੱਧਹੀਣ ਅਖਵਾਈਆ । ਮੈਨੂੰ ਜਗਤ ਸਮਝੇ ਜੀਵ ਪੁਰਾਣੀ, ਮੇਰੀ ਆਤਮਾ ਪਰਮਾਤਮਾ ਵਿਚ ਸਮਾਈਆ । ਇਕੋ ਹੁਕਮ ਧੁਰ ਫ਼ਰਮਾਨੀ, ਜਿਸ ਨੂੰ ਮੰਨ ਕੇ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨੀ ਗੋਲੀਏ ਕਰ ਲੈ ਮੂੰਹ ਮਿੱਠਾ, ਚੂਰੀ ਚੂਰਮੇ ਵਾਲੀ ਖਾਈਆ । ਉਹ ਤੈਨੂੰ ਪਤਾ ਨਹੀਂ ਤੂੰ ਦੱਸਿਆ ਨਹੀਂ ਮੇਰੇ ਸਾਹਿਬ ਨੇ ਪਲੰਘ ਕਰਕੇ ਪੁੱਠਾ, ਪੁੱਠੀ ਉਮਤ ਦਿਤੀ ਕਰਾਈਆ । ਮਿਹਰਵਾਨ ਹੋ ਕੇ ਤੁੱਠਾ, ਭਗਤ ਨਿਮਾਣੇ ਗਲੇ ਲਗਾਈਆ । ਜਿਨ੍ਹਾਂ ਦੇ ਹੱਥ ਪਾਇਆ ਗੁੱਟਾ, ਦੋ ਜਹਾਨਾਂ ਨਾ ਕੋਇ ਛੁਡਾਈਆ । ਤਾਰਾ ਚੰਦ ਕਹੇ ਮੈਂ ਨੀਲੇ ਅੰਬਰੋਂ ਤੁਟਾ, ਤੁਟ ਕੇ ਭਗਤ ਦਵਾਰੇ ਆਪਣਾ ਆਸਣ ਲਾਈਆ । ਹੁਣ ਸਭ ਦਾ ਖ਼ਾਲੀ ਹੋਣਾ ਠੂਠਾ, ਓ ਗੋਲੀਏ ਅੰਦਰ ਦੀਏ ਪੋਲੀਏ, ਦੋ ਠੂਠੀਆਂ ਮੇਰੇ ਹੱਥ ਦੇ ਫੜਾਈਆ । ਇਨ੍ਹਾਂ ਦੋਹਾਂ ਨੂੰ ਗੋਬਿੰਦ ਨੇ ਦਿਤਾ ਸੀ ਝੂਟਾ, ਦੋ ਤੋਂ

ਤੀਜਾ ਦਿਤਾ ਵਖਾਈਆ । ਉਹ ਭਾਂਡਾ ਇਥੇ ਫੁੱਟਾ, ਫੁਟਕਲ ਦਾ ਡੇਰਾ ਢਾਹੀਆ । ਗੁਰਮੁਖ ਰਹੇ ਕੋਇ ਨਾ ਰੁੱਠਾ, ਰੁਠਿਆਂ ਲਵਾਂ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਮਿੱਟੀ ਕਹੇ ਮੈਂ ਪੇੜੇ ਪਈ ਘੁਮਿਆਰ, ਘੁੰਮਰ ਘੇਰੀ ਵਿਚ ਘੁਮਾਈਆ । ਮੈਨੂੰ ਮਾਣ ਨਹੀਂ ਦਿਤਾ ਕਿਸੇ ਪੈਗ਼ੰਬਰ ਗੁਰ ਅਵਤਾਰ, ਕ੍ਰਿਸ਼ਨ ਵਰਗੇ ਭੰਨ ਕੇ ਆਪਣੀ ਖ਼ੁਸ਼ੀ ਗਏ ਬਣਾਈਆ । ਸਖ਼ੀਆਂ ਨਾਲ ਕਰ ਬਹਾਰ, ਨੱਚ ਟੱਪ ਕੇ ਆਪਣਾ ਝਟ ਲੰਘਾਈਆ । ਮੈਂ ਕੋਝੀ ਕਮਲੀ ਸਭ ਨਾਲ ਕਰਾਂ ਪਿਆਰ, ਪਿਆਸਿਆਂ ਦਿਆਂ ਰਜਾਈਆ । ਨਾਨਕ ਨੇ ਕਿਹਾ ਮੇਰਾ ਰੂਪ ਕੁੰਭ ਤੇ ਕੁੰਭ ਦਾ ਦਿਤਾ ਅਧਾਰ, ਸ਼ਹਾਦਤ ਜਗਤ ਵਾਲੀ ਰਖਾਈਆ । ਮੈਂ ਵੀ ਚਾਹੁੰਦੀ ਸਾਂ ਮੇਰਾ ਵੀ ਮਿਲੇ ਪਰਵਰਦਿਗਾਰ, ਮੇਰਾ ਮਾਲਕ ਧੁਰਦਰਗਾਹੀਆ । ਜੋ ਜੁਗ ਜੁਗ ਕੋਝਿਆਂ ਕਮਲਿਆਂ ਨੂੰ ਲਾਵੇ ਛਾਤੀ ਨਾਲ, ਅਗਨੀ ਤਤ ਬੁਝਾਈਆ । ਮੇਰੀ ਟਕਿਆਂ ਵਾਲੀ ਕੀਮਤ ਮੈਂ ਕਰਨੀ ਵਿਚ ਕੰਗਾਲ, ਬਹੁ ਮੁੱਲ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਮਿੱਟੀ ਕਹੇ ਮੈਂ ਮਿੱਟੀ ਦਾ ਭਾਂਡਾ, ਪ੍ਰਭ ਸਿੰਘਾਸਣ ਸੀਸ ਨਿਵਾਈਆ । ਮੇਰਾ ਅੰਤਰ ਉਸੇ ਨੂੰ ਗਾਂਦਾ, ਜੋ ਸਭ ਦਾ ਪਿਤਾ ਮਾਈਆ । ਮੈਂ ਜੁਗ ਚੌਕੜੀ ਰਾਹ ਤਕਾਂਦਾ, ਬਿਨ ਨੈਣਾਂ ਨੈਣ ਉਠਾਈਆ । ੳ ਭਗਤੋ ਆਪ ਪਿਆਸਾ ਰਿਹਾ ਤੇ ਤੁਹਾਨੂੰ ਰਿਹਾ ਰਜਾਂਦਾ, ਅੱਠੇ ਪਹਿਰ ਤੁਹਾਡੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵਡਾ ਵਡ ਵਡਿਆਈਆ । ਉਹ ਮਿੱਟੀ ਕਹੇ ਗੋਲੀ ਸਿਰ ਤੇ ਲੈਣਾ ਚੁੱਕ, ਦੋਵੇਂ ਹੱਥ ਨਾਲ ਟਿਕਾਈਆ । ਸਾਡਾ ਪੈਂਡਾ ਜਾਵੇ ਮੁਕ, ਜੇ ਸਾਹਿਬ ਦੇਵੇ ਮਾਣ ਵਡਿਆਈਆ । ਸਾਡਾ ਭਾਗ ਨਾ ਜਾਵੇ ਨਿਖੁੱਟ, ਭਗਤ ਦਵਾਰ ਫਿਰੀਏ ਚਾਈਂ ਚਾਈਆ । ਜਗਤ ਜਹਾਨ ਨੂੰ ਹੱਥ ਨਹੀਂ ਆਉਣਾ ਘੁਟ, ਪਿਆਸੀ ਮਰੇ ਲੋਕਾਈਆ । ਜਨ ਭਗਤੋ ਜਿਥੇ ਪੜ੍ਹੋਗੇ ਸੋਹੰ ਤੁਕ, ਉਥੇ ਜਲ ਦੇ ਵਹਿਣ ਦਿਆਂ ਵਹਾਈਆ । ਹੁਣ ਹੋਣਾ ਅੰਧੇਰਾ ਘੁਪ, ਸਾਚਾ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਦੇਸ਼ਾ ਰਿਹਾ ਸੁਣਾਈਆ । ਠੀਕਰ ਕਹੇ ਮੈਂ ਏਥੇ ਵੱਜਾ, ਸੋਹਣਾ ਰੰਗ ਰੰਗਾਈਆ । ਉਹ ਮੈਂ ਇਥੇ ਸਜਾ, ਜਿਥੇ ਮਿਲੇ ਬੇਪਰਵਾਹੀਆ । ਮੈਂ ਭਗਤਾਂ ਦੇ ਪਿਆਰ ਵਿਚ ਬੱਝਾ, ਆਪਣੀ ਗੰਢ ਰਖਾਈਆ । ਪਰ ਭਗਤੋ ਤੁਹਾਨੂੰ ਪ੍ਰਭ ਨੇ ਮਾਣ ਦਿਤਾ ਕਿਹੜੀ ਵਜਹ, ਪੜਦਾ ਦਿਉ ਖੁਲ੍ਹਾਈਆ । ਮੈਂ ਬੜਾ ਫਿਰਿਆ ਦੋ ਜਹਾਨਾਂ ਜਗਹ, ਸਤਿਜੁਗ ਤ੍ਰੇਤਾ ਦੁਆਪਰ ਆਪਣਾ ਪੰਧ ਮੁਕਾਈਆ । ਮੈਂ ਜਗਤ ਜਹਾਨ ਦੀਆਂ ਬੁਝਾਉਂਦਾ ਰਿਹਾ ਅੱਗਾਂ, ਸਾਂਤਕ ਸਤਿ ਕਰਾਈਆ । ਪਰ ਦੁਹਾਈ ਮੇਰੀ ਮੇਰਾ ਯਰਾਨਾ ਇਕ ਨਾਲ ਨਹੀਂ ਲੱਗਾ, ਯਾਰੀ ਤੋੜ ਨਾ ਕੋਇ ਨਿਭਾਈਆ । ਮੈਨੂੰ ਲੱਦਦੇ ਰਹੇ ਉਤੇ ਗਧਾ, ਘਰੋ ਘਰ ਵਿਕਾਈਆ । ਪਹਿਲੋਂ ਮੇਰੇ ਵਿਚ ਪੀਣ ਪਾਣੀ ਫੇਰ ਬਾਹਰ ਸੁੱਟ ਕੇ ਦੇਣ ਦਗ਼ਾ, ਘਰ ਵਿਚ ਨਾ ਕੋਇ ਟਿਕਾਈਆ । ਮੈਂ ਵੀ ਲੱਭਦਾ ਸਾਂ ਕਦੇ ਮੈਨੂੰ ਵੀ ਮਿਲੇਗਾ ਕੋਈ ਅੱਡਾ, ਜਿਥੇ ਅੱਡੀਆਂ ਮਾਰਨ ਵਿਚ ਸਖ਼ੀ ਰੂਪ ਨਾ ਕੋਇ ਬਦਲਾਈਆ । ਜਿਸ ਦਾ ਇਕੋ ਨਿਸ਼ਾਨਾ ਹੋਵੇਗਾ ਗੱਡਾ, ਗਾਡ ਇਕੋ ਹੋਵੇ ਬੇਪਰਵਾਹੀਆ । ਉਹ ਜੋ ਕੁਛ ਕਰੇ ਤੇ ਕਰੇ ਬੇਵਜਹ, ਜਿਸ ਦੀ ਵਜਹ ਸਮਝ ਕਦੇ ਨਾ ਆਈਆ । ਉਨ ਲੇਖਾ ਪੂਰਾ ਕਰ ਦੇਣਾ ਜਿਨ ਮੁਹੰਮਦ ਦੀਆਂ ਕਟਾਈਆਂ ਲਬਾਂ, ਲਹਿਣਾ ਸਭ ਦਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ


੧੬੨੩
੨੨

ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਓ ਮੈਨੂੰ ਕਹਿੰਦੇ ਇਕ ਬਬਰੀ, ਓ ਬਬਰੋ ਦਿਆਂ ਜਣਾਈਆ । ਓ ਮੈਂ ਵੜ ਗਿਆ ਵਿਚ ਕਬਰੀਂ, ਕਬਰਸਤਾਨਾਂ ਵਿਚ ਰੱਖ ਕੇ ਮੁਰਦਿਆਂ ਕੋਲ ਮੇਰਾ ਆਸਣ ਲਾਈਆ । ਮੈਂ ਚੌਦਾਂ ਸੌ ਸਾਲ ਕੀਤੀ ਬੜੀ ਸਬਰੀ, ਹੁਣ ਬੇਸਬਰੀ ਵਿਚ ਭੱਜਾਂ ਵਾਹੋ ਦਾਹੀਆ । ਮੈਂ ਭਗਤ ਦਵਾਰੇ ਵੜਿਆ ਜਬਰੀ, ਮੈਨੂੰ ਪਿਆਰ ਨਾਲ ਚੁੱਕ ਨਾ ਕੋਇ ਲਿਆਈਆ । ਮੇਰੀ ਅਕਲ ਸ਼ਕਲ ਨਾ ਲੰਮੀ ਨਾ ਮਧਰੀ, ਵਡਾ ਛੋਟਾ ਰੂਪ ਨਾ ਕੋਇ ਬਣਾਈਆ । ਪਰ ਯਾਦ ਰੱਖੋ ਮੈਂ ਅੱਜ ਦੀ ਗੱਲ ਸੁਣਾਵਾਂ ਸੱਜਰੀ, ਸੱਜਣੋ ਦਿਆਂ ਸੁਣਾਈਆ । ਗੋਬਿੰਦ ਨੇ ਦੋਹਾਂ ਹੱਥਾਂ ਨੂੰ ਦੋਹਾਂ ਹੱਥਾਂ ਵਿਚ ਕੀਤਾ ਸੀ ਬਦਲੀ, ਫੇਰ ਘੁੱਟ ਕੇ ਲਿਆ ਦਬਾਈਆ । ਨਾਲੇ ਇਸ਼ਾਰਾ ਕੀਤਾ ਜਿਸ ਵੇਲੇ ਆਇਆ ਅਦਲੀ, ਇਨਸਾਫ਼ ਹੱਕ ਕਮਾਈਆ । ਪਿਛਲੀ ਮੁਕਾ ਦੇਵੇਗਾ ਮਜ਼ਲੀ, ਅਗਲੀ ਮੰਜ਼ਲ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਦਰਸਾਈਆ । ਸਦੀ ਚੌਧਵੀਂ ਕਹੇ ਓ ਪ੍ਰਭੂ ਓ ਮਾਲਕਾ, ਨਾ ਮਾਰ ਓਏ ਖੰਘੂਰਾ, ਕਿਉਂ ਖੰਘ ਕੇ ਰਿਹਾ ਡਰਾਈਆ । ਅਵਤਾਰ ਪੈਗ਼ੰਬਰ ਗੁਰੂ ਤੇਰਾ ਮਜ਼ਦੂਰਾ, ਮਜ਼ਦੂਰੀ ਕਰਕੇ ਝਟ ਲੰਘਾਈਆ । ਓਹ ਮੈਨੂੰ ਕਰਕੇ ਗਏ ਮਸ਼ਹੂਰਾ, ਮਸ਼ਵਰੇ ਤੇਰੇ ਨਾਲ ਰਖਾਈਆ । ਉਨ੍ਹਾਂ ਦਾ ਲੇਖਾ ਤੂੰ ਰਹਿਣ ਨਾ ਦਈਂ ਅਧੂਰਾ, ਭਵਿਖਤ ਸਭ ਦੇ ਪੂਰ ਕਰਾਈਆ । ਮੈਂ ਚਾਹੁੰਦੀ ਨਹੀਂ ਸਾਂ ਅੱਜੇ ਕੂਣਾ, ਕੂਕ ਕੂਕ ਦਿਆਂ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਆਪਣੀ ਖੇਲ ਖਿਲਾਈਆ । ਪ੍ਰਭੂ ਸੁਣਿਆ ਤੇਰਾ ਸ਼ਹਿਨਸ਼ਾਹੀ ਸੰਮਤ ਦਾ ਸੱਤਵਾਂ ਬਰਸ, ਬਰਸੀ ਮਨਾਉਣ ਵਾਲੇ ਸਾਰੇ ਰਹੇ ਕੁਰਲਾਈਆ । ਕਹਿਣ ਸਾਡੇ ਉਤੇ ਕਰ ਕੁਝ ਤਰਸ, ਦੁਖੀ ਹੋ ਕੇ ਦਈਏ ਦੁਹਾਈਆ । ਜੇ ਤੂੰ ਆ ਗਿਆ ਉਤੇ ਫ਼ਰਸ਼, ਅਰਸ਼ਾਂ ਦਾ ਮਾਲਕ ਨੂਰ ਇਲਾਹੀਆ । ਤੇਰੇ ਕੋਲ ਵਡਾ ਖ਼ਜ਼ਾਨਾ ਤੇ ਦੋ ਜਹਾਨਾਂ ਦਾ ਪਰਸ, ਬੇਅੰਤ ਬੇਪਰਵਾਹੀਆ । ਸਾਡੀ ਸਭ ਦੀ ਮੇਟ ਦੇ ਹਰਸ, ਹਵਸ ਅਗਲੀ ਰਹੇ ਨਾ ਰਾਈਆ । ਪੁਰਖ ਅਕਾਲ ਕਹੇ ਓਏ ਅਵਤਾਰ ਪੈਗ਼ੰਬਰੋ ਗੁਰੂਓ ਮੈਂ ਕੋਈ ਤੁਹਾਡਾ ਦੇਣਾ ਨਹੀਂ ਕਰਜ਼, ਤੁਸੀਂ ਖ਼ਾਲੀ ਹੱਥ ਲਏ ਅੰਤ ਖ਼ਾਲੀ ਹੱਥ ਸਭ ਦੇ ਇਸ ਦੇ ਵਿਚ ਰਖਾਈਆ । ਇਹ ਰੀਤੀ ਨਹੀਂ ਮੰਦਰ ਮਸੀਤੀ ਸ਼ਿਵਦਵਾਲੇ ਚਰਚ, ਚਰਾਗ਼ਾਹਾਂ ਰੋਵਣ ਮਾਰਨ ਧਾਹੀਆ । ਮੈਨੂੰ ਇਉਂ ਦਿਸਦਾ ਸਦੀ ਚੌਧਵੀਂ ਤੇਰਾ ਮੂਲ ਰਹਿ ਜਾਏ ਇਕ ਦਵਾਨੀ ਜਿਸ ਨਾਲ ਪੂਰਾ ਹੋਵੇ ਖਰਚ, ਰੁਪਈਆ ਹੱਥ ਕਿਸੇ ਨਾ ਆਈਆ । ਕਿਉਂ ਰੁਪਈਏ ਵਾਲੇ ਪ੍ਰਭੂ ਦੇ ਪਿਆਰ ਵਿਚ ਹੋ ਗਏ ਦਰਜ, ਚਾਰ ਜੁਗ ਨਾਮ ਨਾ ਕੋਇ ਮਿਟਾਈਆ । ਪੰਜਾਂ ਪੈਸਿਆਂ ਨਾਲ ਲੈਣ ਦੇਣ ਦਾ ਚਲਦਾ ਰਹੇ ਖਰਚ, ਖ਼ਜ਼ਾਨੇ ਭਰਪੂਰ ਨਾ ਕੋਇ ਵਖਾਈਆ । ਮੇਰਾ ਕੁਛ ਨਹੀਂ ਹੋਣਾ ਹਰਜ, ਹਰਜਾਨੇ ਵਿਚ ਦਿਸੇ ਲੋਕਾਈਆ । ਸਦੀ ਚੌਧਵੀਂ ਇਕ ਵਾਰ ਇਕ ਹੁਕਮ ਸੁਣਾ ਦੇ ਨਾਲ ਤਰਜ਼, ਤਰਜ਼ ਧੁਰ ਦੀ ਰਾਗ ਅਲਾਈਆ । ਜਿਸ ਨਾਲ ਮੁਰੀਦਾਂ ਦੀ ਰਹੇ ਕੋਇ ਨਾ ਮਰਜ਼, ਦੁਖੀਆਂ ਦੁੱਖ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮੈਂ ਗੀਤ ਸੁਹਾਗੀ ਗਾਵਾਂ, ਤੇਰਾ ਨਾਮ ਵਡ ਵਡਿਆਈਆ । ਪ੍ਰਭੂ ਦੇ ਪਿਆਰ ਵਿਚ ਜਨ ਭਗਤੋ ਉਠਾ ਲਉ ਬਾਹਵਾਂ, ਦੋਵੇਂ ਹੱਥ ਹੱਥ ਵਖਾਈਆ । ਭਗਤ ਭਗਵਾਨ ਕੰਡਾ ਤਰਾਜੂ ਹੋ ਜਾਵੇ ਸਾਵਾਂ, ਊਣਤਾ ਰਹਿਣ ਕੋਇ ਨਾ ਪਾਈਆ । ਸਤਿਗੁਰੂ ਤੇਰੇ ਪਿਆਰ ਵਿਚ ਭੁੱਲ ਗਈਆਂ ਮਾਵਾਂ, ਮਾਤ ਪਿਤ ਤੂੰ ਹੀ ਨਜ਼ਰੀ

ਆਈਆ । ਸਚਖੰਡ ਨਾਲ ਲੈ ਕੇ ਜਾਈਂ ਚਾਵਾਂ, ਦਰ ਤੇਰੇ ਮੰਗ ਮੰਗਾਈਆ । ਕਿਉਂ ਓ ਤੇਰੇ ਨਾਲ ਲੈ ਲਈਆਂ ਲਾਵਾਂ, ਚੌਥੇ ਜੁਗ ਦਾ ਡੇਰਾ ਢਾਹੀਆ । ਅਸੀਂ ਤਕਣਾ ਨਹੀਂ ਚੁਰਾਸੀ ਵਾਲੇ ਰਾਹਵਾਂ, ਖਾਣੀਆਂ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੇਰੇ ਕੋਲ ਅੰਤ ਦਵਾਨੀ, ਜਗਤ ਦਿਵਾਨਿਆਂ ਦਿਆਂ ਜਣਾਈਆ । ਪਰਵਰਦਿਗਾਰ ਬਿਨਾ ਕਿਸੇ ਦਾ ਅੰਤ ਨਹੀਂ ਕੋਈ ਬਾਨੀ, ਧੁਰ ਦਾ ਸੰਗ ਨਾ ਕੋਇ ਰਖਾਈਆ । ਜਿਹੜੇ ਅਵਤਾਰ ਪੈਗ਼ੰਬਰ ਗੁਰੂ ਹੋ ਗਏ ਫ਼ਾਨੀ, ਤਨ ਵਜੂਦ ਨਾ ਸਕੇ ਰਖਾਈਆ । ਉਹ ਮਿਲ ਗਏ ਵਿਚ ਜੋਤ ਜੋਤ ਅਸਮਾਨੀ, ਇਸਮ ਵਿਚ ਜਗਤ ਤਜਾਈਆ । ਤੁਸੀਂ ਉਹਦੇ ਦਵਾਰੇ ਲੋਕਮਾਤ ਖਾਣ ਆਏ ਮਹਿਮਾਨੀ, ਮਹਿਮਾਨੋ ਨਾਮ ਭੰਡਾਰਾ ਤੁਹਾਨੂੰ ਦਏ ਵਰਤਾਈਆ । ਅੱਗੇ ਪ੍ਰਭੂ ਦਾ ਨਾਮ ਸੁਣਦੇ ਸੋ ਕੰਨਾਂ ਨਾਲ ਜ਼ਬਾਨੀ, ਹੁਣ ਅੱਖਾਂ ਨਾਲ ਵੇਖ ਕੇ ਅੱਖੀਆਂ ਲਉ ਰਜਾਈਆ । ਜਿਸ ਦੀ ਆਦਿ ਅੰਤ ਜੁਗਾ ਜੁਗੰਤ ਇਕੋ ਜੇਹੀ ਜਵਾਨੀ, ਜੋਬਨਵੰਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਲਉ ਉਠਾਈਆ । ਸਦੀ ਚੌਧਵੀਂ ਕਹੇ ਮੁਹੰਮਦ ਉਠ ਕਰੀਏ ਸਲਾਹ, ਮਸ਼ਵਰਾ ਇਕ ਬਣਾਈਆ । ਮੁਹੰਮਦ ਕਹੇ ਕਿਹੜਾ ਬਣੇ ਗਵਾਹ, ਸ਼ਹਾਦਤ ਕਵਣ ਭੁਗਤਾਈਆ । ਸਦੀ ਚੌਧਵੀਂ ਕਹੇ ਚਾਰ ਯਾਰੀ ਲੈ ਬੁਲਾ, ਬੁੱਲ੍ਹੇ ਨੂੰ ਨਾਲ ਮਿਲਾਈਆ । ਮੁਹੰਮਦ ਕਹੇ ਮੇਰੇ ਮਾਲਕ ਦੀ ਇਕ ਅਦਾ, ਆਦਤ ਸਭ ਦੀ ਦਏ ਬਦਲਾਈਆ । ਜਦੋਂ ਚਾਹੇ ਮੇਲ ਕਰੇ ਤੇ ਜਦੋਂ ਚਾਹੇ ਕਰੇ ਜੁਦਾ, ਜੁਜ਼ ਆਪਣੇ ਵੰਡ ਵੰਡਾਈਆ । ਸਦੀ ਚੌਧਵੀਂ ਰਲ ਮਿਲ ਕੇ ਉਸ ਨੂੰ ਸੱਜਦੇ ਵਿਚ ਦਈਏ ਸੀਸ ਝੁਕਾ, ਆਪਣਾ ਆਪ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸਦੀ ਚੌਧਵੀਂ ਕਹੇ ਮੁਹੰਮਦ ਆ ਜਾ ਝੱਬ, ਛੇਤੀ ਪੰਧ ਮੁਕਾਈਆ । ਆਪਣੀ ਉਮਤ ਦੀ ਵੇਖ ਯੱਦ, ਯਦੀ ਅੱਖ ਉਠਾਈਆ । ਮੇਰੀ ਅੰਤਮ ਹੋਈ ਹੱਦ, ਹਦੂਦ ਰਹਿਣ ਕੋਇ ਨਾ ਪਾਈਆ । ਧੁਰ ਦਾ ਨੂਰ ਕਿਹੜੇ ਰੂਪ ਵਿਚ ਰਿਹਾ ਫੱਬ, ਕੀ ਆਪਣਾ ਵੇਸ ਵਟਾਈਆ । ਸਚ ਦੱਸ ਏਸ ਲਬਾਸ ਵਿਚ ਤੈਨੂੰ ਕਿਹੜਾ ਲਊਗਾ ਲੱਭ, ਕਮਲੀ ਕਹਿ ਕੇ ਸਾਰੇ ਤਾਲੀਆਂ ਲਾਈਆ । ਕਿਉਂ ਇਹਦਾ ਵੇਸ ਸਭ ਤੋਂ ਵੱਖਰਾ ਤੇ ਸਭ ਤੋਂ ਅੱਡ, ਅੱਡਰੀ ਆਪਣੀ ਕਾਰ ਭੁਗਤਾਈਆ । ਜਿਸ ਨੇ ਚੌਦਾਂ ਤਬਕਾਂ ਤੋਂ ਬਾਹਰ ਹੋ ਕੇ ਜ਼ਾਹਰ ਇਕੋ ਨਿਸ਼ਾਨਾ ਦੇਣਾ ਗੱਡ, ਦੂਜਾ ਰਹਿਣ ਕੋਇ ਨਾ ਪਾਈਆ । ਉਹ ਵੇਖ ਤਾਰਾ ਚੰਦ ਨਿਸ਼ਾਨ ਸਾਨੂੰ ਰਹੇ ਛਡ, ਅੰਬਰਾਂ ਤੋਂ ਉਤੇ ਪਲੂ ਰਹੇ ਛੁਡਾਈਆ । ਹੁਣ ਕਿਧਰ ਚੱਲੀਏ ਭੱਜ, ਰਾਹ ਰਸਤਾ ਦੇ ਵਖਾਈਆ । ਮੁਹੰਮਦ ਕਹੇ ਸਦੀ ਚੌਧਵੀਂ ਮੇਰੇ ਮਾਲਕ ਦੇ ਹੁਕਮ ਨਾਲ ਲੱਗਣੀ ਅੱਗ, ਆਗੂ ਇਕੋ ਨਜ਼ਰੀ ਆਈਆ । ਜਿਸ ਸ਼ਰਅ ਦੀ ਧਾਰ ਕਰਨੀ ਬਧ, ਬਦਲਾ ਸਭ ਦਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪਰਸ ਕਹੇ ਨੀ ਸਦੀ ਚੌਧਵੀਂ ਕਿੱਥੇ ਤੇਰਾ ਖ਼ਜ਼ਾਨਾ, ਖ਼ਸਮ ਨੂੰ ਖਾਣੀਏ ਦੇ ਜਣਾਈਆ । ਮੁਹੰਮਦ ਨਾਲ ਚੌਦਾਂ ਸੌ ਸਾਲ ਕੀਤਾ (ਬਿਸਰਾਮਾ), ਆਪਣਾ ਭੇਵ ਨਾ ਦਿਤਾ ਖੁਲ੍ਹਾਈਆ । ਲਾਰੇ ਲੱਪੇ ਦਾ ਦੇ ਕੇ ਬਹਾਨਾ, ਆਪਣਾ ਵਕਤ ਲਿਆ ਲੰਘਾਈਆ । ਹੁਣ ਆਵਾਜ਼ਾਂ ਮਾਰੇਂ ਆ ਮੇਰੇ ਪਰਵਰਦਿਗਾਰ ਨੌਜਵਾਨਾ, ਬਿਨਾ ਤੇਰੇ ਮੈਨੂੰ ਅੰਗ ਨਾ ਕੋਇ ਲਗਾਈਆ । ਤੂੰ ਸ਼ਹਿਨਸ਼ਾਹ ਸ਼ਾਹ ਸੁਲਤਾਨਾ, ਦੋ


੧੬੨੫
੨੨

ਜਹਾਨਾਂ ਇਕ ਅਖਵਾਈਆ । ਤੇਰੇ ਨਾਮ ਦਾ ਇਕ ਦਮਾਮਾ, ਵੱਜੇ ਥਾਉਂ ਥਾਈਂਆ । ਮੈਂ ਸੁਣਨੀ ਉਹ ਕਲਾਮਾ, ਜਿਸ ਨੂੰ ਕਲਮੇ ਵਾਲੇ ਗਾ ਸਕਣ ਨਾ ਰਾਈਆ । ਤੂੰ ਮਾਲਕ ਗੁਣ ਨਿਧਾਨਾ, ਬੇਅੰਤ ਇਕ ਅਖਵਾਈਆ । ਮੈਂ ਚਾਹੁੰਦੀ ਸ਼ਰਅ ਦਾ ਲੇਖਾ ਮੁਕੇ ਸ਼ੈਤਾਨਾ, ਛੁਰੀ ਕਰਦ ਬਗ਼ਲ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੇਰੇ ਅੰਦਰ ਰੱਖ ਦਿਉ ਦਵਾਨੀ, ਪੰਜ ਪੈਸੇ ਨਾਲ ਟਿਕਾਈਆ । ਪ੍ਰਭੂ ਨੇ ਘਰ ਬੈਠਿਆਂ ਭਗਤਾਂ ਉਤੇ ਕਰ ਦੇਣੀ ਮਿਹਰਵਾਨੀ, ਸਿਰ ਆਪਣਾ ਹੱਥ ਰਖਾਈਆ । ਜਨ ਭਗਤੋ ਤੁਹਾਡੇ ਪਿਆਰ ਵਿਚ ਵੈਰਾਗ ਵਿਚ ਖੁਲ੍ਹੜੇ ਕੇਸ ਤੇ ਕੇਸਾਂ ਦੀ ਨਿਸ਼ਾਨੀ, ਨਿਸ਼ਾਨਾ ਅਗਲਾ ਦਏ ਬਦਲਾਈਆ । ਤੁਹਾਡੀ ਹੋਣ ਨਹੀਂ ਦੇਂਦਾ ਬਦਨਾਮੀ, ਬਦਲਾ ਚੁਕਣਾ ਥਾਉਂ ਥਾਈਂਆ । ਕਿਸੇ ਦੀ ਕਰਨ ਨਹੀਂ ਦੇਣੀ ਗ਼ੁਲਾਮੀ, ਸ਼ਰਅ ਜ਼ੰਜੀਰ ਦੇਣੇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਇਕ ਖੁਲ੍ਹਾਈਆ । ਜਨ ਭਗਤੋ ਤੁਹਾਡਾ ਮਾਲਕ ਸ਼ਾਹ ਨਵਾਬ, ਘੁਟਨੇ ਬੰਨ੍ਹ ਕੇ ਆਸਣ ਲਾਈਆ । ਇਸ ਦੀ ਸਭ ਤੋਂ ਵੱਖਰੀ ਮਜ਼ਾਜ, ਆਕੜ ਵਾਲਾ ਰੂਪ ਬਦਲਾਈਆ । ਜਿਸ ਦੀ ਨਾਨਕ ਵਜਾਈ ਰਬਾਬ, ਤੂ ਹੀ ਤੂ ਹੀ ਰਾਗ ਅਲਾਹੀਆ । ਇਹੋ ਵੇਸ ਕੀਤਾ ਸੀ ਵਿਚ ਬਗ਼ਦਾਦ, ਹੱਥ ਕੰਨ ਉਤੇ ਰਖਾਈਆ । ਇਧਰੋਂ ਸਵਾਲ ਤੇ ਓਧਰੋਂ ਜਵਾਬ ਬਿਨਾ ਮੁਖ ਤੋਂ ਸ਼ਬਦ ਦਿਤਾ ਸੁਣਾਈਆ । ਇਹੋ ਉਨ੍ਹਾਂ ਮੁੱਲਾਂ ਨੂੰ ਆਇਆ ਸੀ ਸਵਾਦ, ਜਿਸ ਨੂੰ ਸੁਣ ਕੇ ਸੀਸ ਝੁਕਾਈਆ । ਬਿਨਾ ਅੱਖਰਾਂ ਤੋਂ ਬਗ਼ਲ ਵਿਚ ਮਾਰੀ ਸੀ ਕਿਤਾਬ, ਜਿਸ ਦੇ ਹਰਫ਼ ਪੜ੍ਹਨ ਕੋਇ ਨਾ ਆਈਆ । ਨਾਲੇ ਹੱਸ ਕੇ ਕਿਹਾ ਨਾਨਕ ਜਿਸ ਵੇਲੇ ਮੁਹੰਮਦ ਦਾ ਮਾਲਕ ਕਰਨ ਆਇਆ ਜਹਾਦ, ਜਹਾਦੀਓ ਤੁਹਾਡਾ ਲੇਖਾ ਦਏ ਮੁਕਾਈਆ । ਉਸ ਨੇ ਸ਼ਰਅ ਤੋਂ ਸਭ ਨੂੰ ਕਰ ਦੇਣਾ ਆਜ਼ਾਦ, ਅਸਲ ਦਾ ਅਸਲ ਦਏ ਵਖਾਈਆ । ਕਿਸੇ ਮਜ਼੍ਹਬ ਦੀ ਕਿਸੇ ਕਰਨੀ ਨਹੀਂ ਇਮਦਾਦ, ਲਾ ਮਜ਼੍ਹਬ ਹੋਵੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸਦੀ ਚੌਧਵੀਂ ਕਹੇ ਮੇਰਾ ਮਹਿਬੂਬ ਬੰਨ੍ਹ ਕੇ ਦੋਵੇਂ ਗੋਡੇ, ਆਪਣੀ ਖੇਲ ਖਿਲਾਈਆ । ਜਿਸ ਵੇਲੇ ਮੁਹੰਮਦ ਨੇ ਰੱਖੇ ਸੀ ਰੋਜ਼ੇ, ਇਸੇ ਤਰਾਂ ਸਵਾ ਪਹਿਰ ਬਹਿ ਕੇ ਆਪਣਾ ਝਟ ਲੰਘਾਈਆ । ਜਿਸ ਵੇਲੇ ਭੀਲਣੀ ਨੂੰ ਰਾਮ ਨੇ ਪਾਇਆ ਸੀ ਗੋਦੇ, ਗੋਡੇ ਬੰਨ੍ਹ ਕੇ ਸਿਰ ਛਾਤੀ ਨਾਲ ਲਗਾਈਆ । ਏਸੇ ਰੂਪ ਵਿਚ ਕ੍ਰਿਸ਼ਨ ਨੇ ਤਕੇ ਸੀ ਚੌਦਾਂ ਲੋਕੇ, ਚੌਦਾਂ ਲੋਕ ਖੋਜ ਖੁਜਾਈਆ । ਉਸ ਸਾਹਿਬ ਦਾ ਹੁਕਮ ਕਿਹੜਾ ਰੋਕੇ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਨੇ ਪਰਖਣੇ ਖਰੇ ਖੋਟੇ, ਖੋਟੇ ਖਰੇ ਵੇਖ ਵਖਾਈਆ । ਸਦੀ ਚੌਧਵੀਂ ਕਹੇ ਸਾਡੇ ਮੂਧੇ ਹੋ ਜਾਣੇ ਵੁਜ਼ੂ ਵਾਲੇ ਲੋਟੇ, ਸਿੱਧੇ ਫੇਰ ਨਾ ਕੋਇ ਕਰਾਈਆ । ਮੈਂ ਵਕਤ ਲੰਘਾਇਆ ਗਿਣ ਗਿਣ ਹਿਸਾਬ ਉਤੇ ਪੋਟੇ, ਦਿਵਸ ਰੈਣ ਆਪਣੀ ਗਣਤ ਗਿਣਾਈਆ । ਮੈਂ ਵੇਂਹਦੀ ਰਹੀ ਚੜ੍ਹ ਕੇ ਚੌਦਾਂ ਤਬਕ ਉਤੇ ਕੋਠੇ, ਮੁਨਾਰਿਆਂ ਉਤੇ ਅੱਖ ਉਠਾਈਆ । ਕਵਣ ਵੇਲਾ ਮੇਰਾ ਮਹਿਬੂਬ ਸਭ ਨੂੰ ਇਕੋ ਲਾਵੇ ਚੋਟੇ, ਨਗਾਰਾ ਨਾਮ ਇਕ ਲਗਾਈਆ । ਇਕੋ ਪ੍ਰਕਾਸ਼ ਕਰੇ ਜੋਤੇ, ਅੰਧ ਅੰਧੇਰ ਮਿਟਾਈਆ । ਜਿਸ ਦੀ ਸੋਚ ਕੋਈ ਨਾ ਸੋਚੇ, ਬਿਨਾ ਸੋਚ ਸਮਝ ਤੋਂ ਆਪਣਾ ਖੇਲ ਖਿਲਾਈਆ । ਮੇਰਾ ਅੰਤਰ ਓਸੇ ਨੂੰ ਲੋਚੇ, ਜਿਸ ਦੀ ਜਗਤ ਲੋਚਣਾਂ ਵਾਲਾ ਤਸਵੀਰ ਤਸੱਵਰ ਕਰ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ


੧੬੨੯
੨੨

ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੇਰੀ ਗੋਲੀ ਦੀਆਂ ਖੁੱਲ੍ਹ ਗਈਆਂ ਲਿਟਾਂ, ਮੇਂਢੀ ਸੀਸ ਨਾ ਕੋਇ ਗੁੰਦਾਈਆ । ਖ਼ੁਦਾ ਨੇ ਝਗੜਾ ਮੁਕਾਉਣਾ ਪੱਥਰ ਇੱਟਾਂ, ਪਾਹਨ ਪੂਜਨ ਕੋਇ ਨਾ ਪਾਈਆ । ਕਲਜੁਗ ਅੰਤਮ ਨਿਕਲਣਾ ਇਕੋ ਸਿੱਟਾ, ਸਿੱਟੇ ਬਾਜ਼ੀ ਮਿਟੇ ਲੋਕਾਈਆ । ਸਭ ਦਾ ਮਨ ਹੋਵੇ ਟਿਕਾ, ਟਿਕਟਿਕੀ ਇਕੋ ਇਸ਼ਟ ਪਰਗਟਾਈਆ । ਨਾਮ ਰਸ ਮਿਲੇ ਮਿੱਠਾ, ਅਨਰਸ ਦਏ ਚਖਾਈਆ । ਸਦੀ ਚੌਧਵੀਂ ਕਹੇ ਮੈਂ ਧੁਰ ਫ਼ਰਮਾਨ ਦਾ ਮਿਹਰਵਾਨ ਨੌਜਵਾਨ ਦਾ ਛੱਬੀ ਪੋਹ ਨੂੰ ਲੈ ਕੇ ਆਵਾਂਗੀ ਚਿੱਠਾ, ਜਿਸ ਨੂੰ ਚਾਰ ਜੁਗ ਦੇ ਗੁਰੂ ਅਵਤਾਰ ਚਿੱਠੀ ਰਸੈਣ ਲਿਆ ਕੇ ਸਕਿਆ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਪੂਰੀ ਕਰੇ ਇੱਛਾ, ਨਿਰਇੱਛਤ ਆਪਣਾ ਹੁਕਮ ਵਰਤਾਈਆ ।

ਪਰਸ਼ਾਦ ਕਹੇ ਚੌਦਾਂ ਗ੍ਰੰਥਾਂ ਦਾ ਵੇਖੇ ਲੇਖ, ਮੈਂ ਸਤਿ ਸਚ ਸੁਣਾਈਆ । ਜਨ ਭਗਤੋ ਤੁਸੀਂ ਮੈਨੂੰ ਪਾਉਂਦੇ ਗਏ ਤੁਹਾਡੀ ਬਦਲਦੀ ਗਈ ਰੇਖ, ਅੱਖਰ ਅੱਖਰ ਦੇਣ ਗਵਾਹੀਆ । ਤੁਸੀਂ ਪੇਟ ਭਰਦੇ ਰਹੇ ਅੱਗੇ ਮਿਟ ਜਾਣੇ ਮੁੱਲਾ ਸ਼ੇਖ਼, ਮੁਸਾਇਕ ਰਹਿਣ ਕੋਇ ਨਾ ਪਾਈਆ । ਤੁਹਾਡਾ ਨਾਂ ਰਹਿਣਾ ਹਮੇਸ਼, ਹਮਸਾਜਣ ਹੋ ਕੇ ਦਿਆਂ ਸੁਣਾਈਆ । ਜਿਸ ਨੂੰ ਝੁੱਕਦੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਸੁਰਪਤ ਸੀਸ ਨਿਵਾਈਆ । ਉਹ ਤੁਹਾਨੂੰ ਦੇਵੇ ਆਪਣਾ ਅਗੰਮ ਸੰਦੇਸ਼, ਸ਼ਬਦੀ ਸ਼ਬਦ ਰਾਗ ਦ੍ਰਿੜਾਈਆ । ਤੁਹਾਡੀ ਸਿਫ਼ਤ ਕਰਨ ਵਾਲੇ ਚੌਦਾਂ ਤਬਕ ਤੋਂ ਬਾਹਰ ਤੁਹਾਡੇ ਹੋਏ ਪੇਸ਼, ਭਗਤ ਦਵਾਰੇ ਸੋਭਾ ਪਾਈਆ । ਦੋਹਾਂ ਦਾ ਬਣਿਆ ਰਹੇ ਹੇਤ, ਹਿਤਕਾਰੀ ਪ੍ਰਭੂ ਦਏ ਬਣਾਈਆ । ਸ਼ਬਦ ਦੀ ਧਾਰ ਬਦਲ ਜਾਣੀ ਪਹਿਲੀ ਚੇਤ, ਚੌਦਾਂ ਤਬਕ ਵੇਖਣ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਖੁਲ੍ਹਾਏ ਕੀ ਸਹਿੰਸਰ ਮੁਖ ਗਾਏ ਸ਼ੇਸ਼, ਦੋ ਜਿਹਵਾ ਕੀ ਸਿਫ਼ਤ ਸਾਲਾਹੀਆ ।

✪ ੭ ਪੋਹ ਸ਼ਹਿਨਸ਼ਾਹੀ ਸੰਮਤ ੭ ਪ੍ਰੀਤਮ ਸਿੰਘ ਰਤਨ ਸਿੰਘ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ✪

ਤਿੰਨ ਪੋਹ ਕਹੇ ਮੇਰੀ ਬੰਦਨਾ, ਬੰਦਗੀ ਵਿਚ ਸੀਸ ਨਿਵਾਈਆ । ਮੈਂ ਧੁਰ ਦਾ ਲੇਖਾ ਮੰਗਣਾ, ਮਾਂਗਤ ਹੋ ਕੇ ਝੋਲੀ ਡਾਹੀਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਵੰਞਣਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਸੋ ਸਵਾਮੀ ਲਾਵੇ ਆਪਣੇ ਅੰਗਣਾ, ਅੰਗੀਕਾਰ ਇਕ ਅਖਵਾਈਆ । ਧੁਰ ਦਾ ਦੇਵੇ ਸੁਖ ਅਨੰਦਨਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਤਿੰਨ ਪੋਹ ਕਹੇ ਮੈਂ ਦੱਸਾਂ ਕਥਾ ਪੁਰਾਣੀ, ਪੁਨਹ ਪੁਨਹ ਸੀਸ ਨਿਵਾਈਆ । ਮੈਂ ਬੋਲਾਂ ਬਿਨਾ ਜ਼ਬਾਨੀ, ਬਿਨ ਬੱਤੀ ਦੰਦ ਵਡਿਆਈਆ । ਇਹ ਲੇਖਾ ਸੀਤਾ ਰਾਮ ਰਾਣੀ, ਮੇਰੀ ਰਾਮ ਰਾਮ ਦੁਹਾਈਆ । ਜਿਸ ਨੂੰ ਸਮਝੇ ਨਾ ਕੋਇ ਸ਼ਾਸਤਰ ਬਾਣੀ, ਗ੍ਰੰਥ ਕਹਿਣ ਕੋਇ ਨਾ ਪਾਈਆ । ਜਿਸ ਦਾ ਹੁਕਮ ਦੋ ਜਹਾਨੀ, ਵਰਤੇ ਵਰਤਾਵੇ ਧੁਰਦਰਗਾਹੀਆ । ਰਾਮ ਫਿਰਦਾ

੧੬੨੮
੨੨

ਬੀਆਬਾਨੀ, ਅਯੁਧਿਆ ਛਡੀ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਤਿੰਨ ਪੋਹ ਕਹੇ ਮੇਰਾ ਵਕਤ ਚੰਗਾ, ਚੰਗੀ ਤਰਾਂ ਜਣਾਈਆ । ਜਿਸ ਵੇਲੇ ਸੀਤਾ ਰਾਮ ਦਾ ਰਥ ਲੰਘਾ, ਅਯੁਧਿਆ ਵਾਸੀ ਪਰਤੇ ਥਾਉਂ ਥਾਈਂਆ । ਰਾਮ ਨੇ ਹੱਸ ਕੇ ਕਿਹਾ ਮੇਰਾ ਪੈਂਡਾ ਲੰਬਾ, ਸਚ ਪ੍ਰੇਮੀਓ ਘਰ ਜਾਣਾ ਚਾਈਂ ਚਾਈਂਆ । ਹਰਖ਼ ਸੋਗ ਕਰਿਓ ਕੋਇ ਨਾ ਗ਼ਮਾਂ, ਚਿੰਤਾ ਵਿਚ ਮਨ ਨਾ ਕੋਇ ਤਪਾਈਆ । ਮੇਰਾ ਛੇਤੀ ਬੀਤ ਜਾਣਾ ਸਮਾਂ, ਸਾਲ ਬਸਾਲਾ ਪੰਧ ਮੁਕਾਈਆ । ਜਿਸ ਵੇਲੇ ਹੋਣ ਲੱਗਾ ਰਵਾਂ, ਨਵਾਂ ਵਿਚੋਂ ਦੋ ਬੈਠੇ ਸੀਸ ਝੁਕਾਈਆ । ਕੀ ਤੇਰਾ ਲੇਖਾ ਹੋਵੇ ਜੁਗ ਚਵ੍ਹਾਂ, ਕਲਜੁਗ ਅੰਤਮ ਭੇਵ ਚੁਕਾਈਆ । ਕਿਸ ਬਿਧ ਲਹਿਣਾ ਦੇਣਾ ਰੱਖੇਂ ਜਮਾਂ, ਹਿਸਾਬ ਕਿਤਾਬ ਕਿਸ ਦੇ ਹੱਥ ਫੜਾਈਆ । ਕਿਹੜੀ ਹੱਦ ਕਿਹੜਾ ਬੰਨਾਂ, ਅੰਤ ਕੀ ਬੇਪਰਵਾਹੀਆ । ਰਾਮ ਹੱਸ ਕੇ ਕਿਹਾ ਪ੍ਰੇਮੀਓ ਜਿਸ ਵੇਲੇ ਲੇਖਾ ਮੁਕਾਉਣਾ ਤਾਰਾ ਚੰਨਾ, ਸਦੀ ਚੌਧਵੀਂ ਪੰਧ ਮੁਕਾਈਆ । ਜਗਤ ਜਹਾਨ ਹੋਣਾ ਅੰਨ੍ਹਾ, ਨੇਤਰ ਲੋਚਣ ਨੈਣ ਅੱਖ ਨਾ ਕੋਇ ਖੁਲ੍ਹਾਈਆ । ਗੋਬਿੰਦ ਦਾ ਲੇਖਾ ਪੂਰਾ ਹੋਣਾ ਇਕ ਕੰਨਾ, ਚੌਂਦਾਂ ਸੌ ਤੀਹ ਪੰਨਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਦੋਹਾਂ ਕਿਹਾ ਰਾਮ ਮੇਰੇ ਰਘੁਬੰਸ, ਰਘੁਪਤ ਦੇ ਜਣਾਈਆ । ਸਾਲ ਬੀਤਣ ਕਿ ਸਹੰਸ, ਕੀ ਸਹੰਸਰ ਗਣਤ ਗਿਣਾਈਆ । ਰਾਮ ਹੱਸ ਕੇ ਕਿਹਾ ਮੇਰੇ ਤੋਂ ਬਾਦ ਕਾਹਨ ਲੇਖਾ ਮੁਕਾਉਣਾ ਕੰਸ, ਦੁਆਪਰ ਦੋਹਰੀ ਧਾਰ ਚਲਾਈਆ । ਫੇਰ ਕਲਜੁਗ ਹੋਣਾ ਅੰਤ, ਅੰਤਮ ਆਵੇ ਧੁਰ ਦਾ ਰਾਮ ਦੁਹਾਈਆ । ਜਿਸ ਨੂੰ ਸਾਰੇ ਕਹਿੰਦੇ ਭਗਵੰਤ, ਭਗਵਨ ਨੂਰ ਇਲਾਹੀਆ । ਸੀਤਾ ਹੱਸ ਕੇ ਕਿਹਾ ਉਹ ਅਵਤਾਰ ਪੈਗ਼ੰਬਰ ਗੁਰੂ ਹੋਵੇ ਕਿ ਧੁਰ ਦਾ ਕੰਤ, ਕੀ ਕੰਤੂਹਲ ਰੂਪ ਵਟਾਈਆ । ਰਾਮ ਹੱਸ ਕੇ ਕਿਹਾ ਜਿਸ ਰਾਮ ਦਾ ਆਦਿ ਅੰਤ ਇਕੋ ਮੰਤ, ਮੰਤਰ ਆਪਣਾ ਇਕ ਜਣਾਈਆ । ਇਹਨਾਂ ਦੋਹਾਂ ਦੀ ਬਣਾਵੇ ਫੇਰ ਬਣਤ, ਜਨਮ ਜਨਮ ਵਿਚੋਂ ਬਦਲਾਈਆ । ਜਿਸ ਦਾ ਢੋਲਾ ਹੋਵੇ ਸੋਹੰ ਛੰਤ, ਅੱਖਰ ਅੱਖਰ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸੀਤਾ ਹੱਸ ਕੇ ਕਿਹਾ ਮੇਰੇ ਰਾਮਾ ਉਸ ਵੇਲੇ ਦੀ ਕੀ ਨਿਸ਼ਾਨੀ, ਸਤਿ ਦੇ ਸਮਝਾਈਆ । ਕਿਸ ਬਿਧ ਰਾਮ ਕਰੇ ਮਿਹਰਵਾਨੀ, ਰਾਮ ਰਾਮ ਦਇਆ ਕਮਾਈਆ । ਰਾਮ ਹੱਸ ਕੇ ਕਿਹਾ ਮੇਰਾ ਲੇਖਾ ਜਾਣੇ ਨਾ ਕੋਇ ਪੁਰਾਣੀ, ਸ਼ਾਸਤਰ ਕਹਿਣ ਕੋਇ ਨਾ ਪਾਈਆ । ਇਹਨਾਂ ਦੋਹਾਂ ਦੀ ਜਗਤ ਵਾਲੀ ਜਵਾਨੀ, ਜੋਬਨ ਧਰਨੀ ਧਰਤ ਸੁਹਾਈਆ । ਝਟ ਲਾੜੀ ਮੌਤ ਕੋਲ ਆ ਕੇ ਕਿਹਾ ਤੂੰ ਬੜਾ ਦਾਨੀ, ਦਰ ਤੇਰੇ ਮੰਗ ਮੰਗਾਈਆ । ਮੈਂ ਚਾਹੁੰਦੀ ਇਹਨਾਂ ਨੂੰ ਮਾਰਾਂ ਉਸ ਵੇਲੇ ਤੀਰ ਕਾਨੀ, ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਉਠਾਈਆ । ਲਾੜੀ ਮੌਤ ਕਹੇ ਮੇਰੇ ਰਾਮ ਮੇਰਾ ਯਤਨ, ਦਰ ਤੇਰੇ ਮੰਗ ਮੰਗਾਈਆ । ਜਿਸ ਵੇਲੇ ਕਲਜੁਗ ਦਾ ਅੰਤਮ ਆਵੇ ਪਤਨ, ਲੇਖਾ ਚੁਕਾਉਣਾ ਚਾਈਂ ਚਾਈਂਆ । ਮੈਨੂੰ ਖ਼ਾਲੀ ਨਾ ਮੋੜੀਂ ਸੱਖਣ, ਮੇਰੀ ਤੇਰੇ ਅੱਗੇ ਦੁਹਾਈਆ । ਰਾਮ ਨੇ ਹੱਸ ਕੇ ਕਿਹਾ ਕਮਲੀਏ ਮੇਰਾ ਰਾਮ ਆਵੇ ਰੱਖਣ, ਜੋ ਮਾਲਕ ਧੁਰਦਰਗਾਹੀਆ । ਜਿਸ ਦਾ ਆਦਿ ਅੰਤ ਦਾ ਇਕੋ ਪੱਤਨ, ਪਤਿਪਰਮੇਸ਼ਵਰ ਬੇਪਰਵਾਹੀਆ । ਸੀਤਾ ਉਠ ਕੇ ਕਿਹਾ ਮੌਤ ਲਾੜੀਏ ਨੀ ਇਹ ਦੋਵੇਂ ਪ੍ਰਭੂ ਦਾ ਪਿਆਰ ਪ੍ਰੀਤਮ ਤੇ ਰਤਨ,

ਰਤਨ ਅਨਮੁਲੇ ਨਜ਼ਰੀ ਆਈਆ । ਇਹ ਸਭ ਕੁਝ ਤੂੰ ਵੇਖੀਂ ਆਪ ਅੱਖਣ, ਤੇਰੇ ਵੇਂਹਦਿਆਂ ਲਏ ਬਚਾਈਆ । ਉਹ ਵਾਲ ਲੱਗੀ ਪੱਟਣ, ਰੋ ਕੇ ਰਹੀ ਸੁਣਾਈਆ । ਮੈਂ ਤਾਂ ਆਈ ਸਾਂ ਲਾਹਾ ਖੱਟਣ, ਸੀਤਾ ਤੂੰ ਕੀ ਸੁਖ਼ਨ ਦਿਤਾ ਸੁਣਾਈਆ । ਰਾਮ ਹੱਸ ਕੇ ਕਿਹਾ ਜਾ ਤੇਰੇ ਸੀਸ ਵਿਚ ਪਏ ਘੱਟਣ, ਖ਼ਾਕ ਜਗਤ ਵਾਲੀ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਤਿੰਨ ਪੋਹ ਕਹੇ ਮੇਰਾ ਅਗੰਮ ਇਕ ਵਿਚਾਰ, ਵਿਚਰ ਕੇ ਦਿਆਂ ਸੁਣਾਈਆ । ਇਨ੍ਹਾਂ ਕੋਲ ਇਕ ਨਿੱਕਾ ਜਿਹਾ ਬੱਚਾ ਸੀ ਸੁਨਿਆਰ, ਬਾਲ ਅਵਸਥਾ ਸੋਭਾ ਪਾਈਆ । ਓਨ ਰਾਮ ਨੂੰ ਕੀਤੀ ਨਿਮਸਕਾਰ, ਸੀਤਾ ਦੇ ਗੋਡਿਆਂ ਉਪਰ ਮਸਤਕ ਛੁਹਾਈਆ । ਝਟ ਰਾਮ ਨੇ ਨਿਗਹ ਲਈ ਮਾਰ, ਅੰਤਰ ਅੰਤਰ ਵੇਖ ਵਖਾਈਆ । ਇਹਦੀ ਜ਼ਿੰਦਗੀ ਦੇ ਦਿਨ ਦੋ ਚਾਰ, ਦੋਹਾਂ ਨੂੰ ਦਿਤਾ ਸੁਣਾਈਆ । ਤੁਹਾਡਾ ਨਾਤਾ ਛੁੱਟ ਜਾਣਾ ਇਹਦੇ ਨਾਲੋਂ ਉਜਾੜ, ਅੱਗੇ ਸੰਗ ਨਾ ਕੋਇ ਰਖਾਈਆ । ਝਟ ਦੋਹਾਂ ਨੇ ਹੱਥ ਜੋੜੇ ਕੀਤੀ ਪੁਕਾਰ, ਰਾਮ ਅੱਗੇ ਸੀਸ ਨਿਵਾਈਆ । ਆਪਣੀ ਕਿਰਪਾ ਕਰ ਸੱਚੀ ਸਰਕਾਰ, ਸਿਰ ਇਸ ਦੇ ਹੱਥ ਟਿਕਾਈਆ । ਰਾਮ ਹੱਸ ਕੇ ਕਿਹਾ ਹੁਣ ਇਹਨੂੰ ਜ਼ਰੂਰ ਛਡਣਾ ਪਏ ਸੰਸਾਰ, ਨਾਤਾ ਤਨ ਰਹੇ ਨਾ ਰਾਈਆ । ਫੇਰ ਜਨਮ ਦਵਾਵਾਂ ਦੂਜੀ ਵਾਰ, ਮੇਲ ਮਿਲਾਵਾਂ ਸਹਿਜ ਸੁਭਾਈਆ । ਫੇਰ ਮਾਰੀ ਜ਼ਿਮੀਂ ਉਤੇ ਲਕਾਰ, ਲਾਈਨ ਦਿਤੀ ਵਖਾਈਆ । ਨਾਲੇ ਹੱਸ ਕੇ ਕਿਹਾ ਫੇਰ ਜਨਮੇ ਥੋੜੇ ਦਿਨ ਰਹਿ ਕੇ ਸੋਲਾਂ ਪੋਹ ਨੂੰ ਛਡ ਜਾਏ ਸੰਸਾਰ, ਲੋਕਮਾਤ ਰਹਿਣ ਕੋਇ ਨਾ ਪਾਈਆ । ਝਟ ਸੀਤਾ ਨੈਣ ਲਿਆ ਉਘਾੜ, ਰਾਮ ਵਲ ਵੇਖਿਆ ਨੇਤਰ ਲਿਆ ਬਦਲਾਈਆ । ਕਿਹੜਾ ਵਰ ਦਿਤਾ ਉਜਾੜ, ਘਰ ਬਾਰ ਨਜ਼ਰ ਕੋਇ ਨਾ ਆਈਆ । ਮੇਰੇ ਰਾਮ ਉਸ ਦਾ ਲੇਖਾ ਪਾੜ, ਕਰਮ ਕਾਂਡ ਬਦਲਾਈਆ । ਰਾਮ ਨੇ ਕਿਹਾ ਇਹ ਮੇਰੇ ਰਾਮ ਦਾ ਵਿਵਹਾਰ, ਕਲਜੁਗ ਅੰਤਮ ਵੇਖ ਵਖਾਈਆ । ਜਿਸ ਵੇਲੇ ਪਰਗਟ ਹੋਵੇ ਕਲ ਕਲਕੀ ਅਵਤਾਰ, ਅਵਤਰ ਆਪਣਾ ਨੂਰ ਕਰੇ ਰੁਸ਼ਨਾਈਆ । ਇਸ ਦਾ ਲਹਿਣਾ ਦੇਣਾ ਮੇਰਾ ਲੇਖਾ ਪੂਰਾ ਕਰੇ ਇਕਰਾਰ, ਕੌਲ ਗੁਰਮੁਖਾਂ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਤਿੰਨ ਪੋਹ ਕਹੇ ਮੈਨੂੰ ਯਾਦ ਪਿਛਲਾ ਵਕਤ, ਵਕਤ ਨਾਲ ਜਣਾਈਆ । ਜਿਹੜਾ ਰਾਮ ਕਿਹਾ ਬਚਨ ਸਖ਼ਤ, ਸਖ਼ਤੀ ਨਾਲ ਸੁਣਾਈਆ । ਉਸੇ ਬਾਲੇ ਦਾ ਜਨਮ ਘਰ ਹੋਇਆ ਸਿੰਘ ਤਖ਼ਤ, ਧੁਰ ਦੀ ਤਖ਼ਤੀ ਦਾ ਲੇਖ ਨਾ ਕੋਇ ਬਣਾਈਆ । ਜਿਸ ਦੀ ਆਯੂ ਖ਼ਤਮ ਹੋਣੀ ਸੀ ਸੋਲਾਂ ਪੋਹ ਵਿਚ ਜਗਤ, ਅੱਗੇ ਸਵਾਸ ਨਾ ਕੋਇ ਚਲਾਈਆ । ਉਸ ਦੀ ਬੇਨੰਤੀ ਰਤਨ ਸਿੰਘ ਪ੍ਰੀਤਮ ਸਿੰਘ ਦੋਵੇਂ ਉਠ ਕੇ ਕਰਨ ਭਗਤ, ਫੇਰ ਬਖ਼ਸ਼ਿਸ਼ ਕਰੇ ਬੇਪਰਵਾਹੀਆ । ਬਲਬੀਰ ਦਾ ਨਾਂ ਲਿਖੇ ਕਲਮ ਸ਼ਾਹੀ ਨਾਲ ਤ੍ਰਿਪਤ, ਤਿੰਨ ਤਿੰਨ ਤਿੰਨ ਵਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਪੰਦਰਾਂ ਪੋਹ ਨੂੰ ਲੈ ਕੇ ਜਾਣਾ ਸਵਾ ਗਜ਼ ਦਾ ਲਾਲ ਦੁਪੱਟਾ, ਚਾਰੇ ਕੰਨੀਆਂ ਤ੍ਰਿਪਤ ਗੰਢ ਪਵਾਈਆ । ਨਾਲ ਰੁਮਾਲ ਹੋਵੇ ਖੱਟਾ ਚਿੱਟਾ, ਆਪਣਾ ਸੰਗ ਵਖਾਈਆ । ਇਕ ਚੂੰਢੀ ਰੱਖਿਆ ਹੋਵੇ ਭਗਤ ਦਵਾਰ ਦਾ ਘੱਟਾ, ਜੋ ਮਸਤਕ ਦੇਣਾ ਲਾਈਆ । ਉਸ ਦੇ ਸੀਸ ਉਤੇ ਰੱਖਣਾ ਨੌਂ ਟਕਾ, ਕੀਮਤ ਪਿਛਲੀ ਦਏ ਚੁਕਾਈਆ । ਫੇਰ ਵੀ ਬੇਨੰਤੀ ਕਰਨੀ ਪਹਿਲੋਂ ਮਹੀਨੇ ਅੱਠਾ, ਧੁਰ ਦਾ ਲੇਖ ਭੁੱਲ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਤਿੰਨ ਪੋਹ ਕਹੇ ਇਹ ਧੁਰ ਦੀ ਬਣਾਈ ਬਣਤ, ਪ੍ਰਭ ਆਪਣੀ ਖੇਲ ਖਿਲਾਈਆ । ਜਿਸ ਦੀ ਕੋਈ ਗਣ ਨਾ ਸਕੇ ਗਣਤ, ਲੇਖਾ ਲੇਖ ਨਾ ਕੋਇ ਚਤੁਰਾਈਆ । ਉਹ ਮਾਲਕ ਬੇਪਰਵਾਹ ਬੇਅੰਤ, ਜੁਗ ਜੁਗ ਸਭ ਦਾ ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਰੰਗ ਕਹੇ ਮੇਰਾ ਸਤਿਗੁਰ ਰੰਗੀਲਾ, ਪਰਮ ਪੁਰਖ ਬੇਪਰਵਾਹੀਆ । ਜੋ ਭਗਤਾਂ ਸਦਾ ਵਸੀਲਾ, ਵੇਖਣਹਾਰਾ ਥਾਉਂ ਥਾਈਆ । ਜਿਸ ਦਾ ਵੱਡੇ ਛੋਟੇ ਸਰਬ ਕਬੀਲਾ, ਕਿਬਲੇਅਜ਼ ਇਕ ਅਖਵਾਈਆ । ਉਹ ਸਭ ਦਾ ਠਾਂਡਾ ਰੱਖੇ ਸੀਨਾ, ਅਗਨੀ ਤਤ ਬੁਝਾਈਆ । ਸਤਿਗੁਰ ਮਾਇਆ ਵਿਚ ਹੋਵੇ ਨਾ ਕਦੇ ਕਮੀਨਾ, ਜੋ ਜਨਮ ਦਾ ਮਾਲਕ ਜਨਮ ਦਏ ਬਦਲਾਈਆ । ਜਿਸ ਦਾ ਭੇਵ ਭੇਤ ਕਿਸੇ ਨਾ ਚੀਨਾ, ਰਸਨਾ ਕਹਿਣ ਕੋਇ ਨਾ ਪਾਈਆ । ਉਹ ਮਾਲਕ ਸਭ ਦਾ ਦਾਨਾ ਬੀਨਾ, ਦੇਵਣਹਾਰ ਰਿਜ਼ਕ ਸਬਾਈਆ । ਜਿਸਦੇ ਹੱਥ ਮਰਨਾ ਜੀਣਾ, ਉਹ ਗੁਰਮੁਖਾਂ ਹੋਏ ਸਦਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਜਨਮ ਕਰਮ ਕਰੇ ਤਸਲੀਮਾ, ਮਿਹਰਵਾਨ ਆਪਣੀ ਦਇਆ ਕਮਾਈਆ ।



## ✪ ੮ ਪੋਹ ਸ਼ਹਿਨਸ਼ਾਹੀ ਸੰਮਤ ੭ ਚੇਲਾ ਸਿੰਘ ਦੇ ਗ੍ਰਹਿ ਜੰਮੂ ਸ਼ਹਿਰ ✪

੧੬੩੦ ੨੨

ਸਦੀ ਚੌਧਵੀਂ ਕਹੇ ਮੁਹੰਮਦ ਮੈਨੂੰ ਧਰਨੀ ਕਰੇ ਹਾਸੀ, ਮਿੱਟੀ ਖ਼ਾਕ ਰਹੀ ਸੁਣਾਈਆ । ਨੀ ਮੈਂ ਨੌਂ ਸੌ ਚੁਰਾਨਮੇ ਚੌਕੜੀ ਜੁਗ ਦੀ ਪਿਆਸੀ, ਮੇਰੀ ਤ੍ਰਿਖਾ ਨਾ ਕੋਇ ਬੁਝਾਈਆ । ਅਵਤਾਰ ਪੈਗ਼ੰਬਰ ਗੁਰੂ ਜਗਤ ਦੇ ਬਣ ਕੇ ਗਏ ਵਾਸੀ, ਵਾਸਤਾ ਪ੍ਰਭ ਦੇ ਨਾਲ ਰਖਾਈਆ । ਮੇਰੀ ਪੂਰੀ ਕੀਤੀ ਕਿਸੇ ਨਾ ਆਸੀ, ਇਸ਼ਾਰਿਆਂ ਵਿਚ ਸਾਰੇ ਗਏ ਸਮਝਾਈਆ । ਸਦੀ ਚੌਧਵੀਂ ਕਹੇ ਮੈਂ ਵੀ ਉਸ ਦੀ ਦਾਸੀ, ਸੇਵਕ ਹੋ ਕੇ ਸੇਵ ਕਮਾਈਆ । ਜਿਸ ਨੇ ਲੱਖ ਚੁਰਾਸੀ ਕਰਨੀ ਬੰਦ ਖੁਲਾਸੀ, ਖੁਲਾਸਾ ਆਪਣਾ ਦਏ ਖੁਲ੍ਹਾਈਆ । ਚੌਦਾਂ ਤਬਕਾਂ ਕਰੇ ਤਲਾਸ਼ੀ, ਚੌਦਾਂ ਲੋਕਾਂ ਓਹਲਾ ਰਹੇ ਨਾ ਰਾਈਆ । ਜਿਸ ਦਾ ਇਕੋ ਨੂਰ ਜੋਤ ਪ੍ਰਕਾਸ਼ੀ, ਪ੍ਰਕਾਸ਼ਵਾਨ ਬੇਪਰਵਾਹੀਆ । ਸਭ ਦਾ ਲੇਖਾ ਪੂਰਾ ਕਰੇ ਸਵਾਸੀ, ਸਾਹ ਸਾਹ ਖੋਜ ਖੁਜਾਈਆ । ਮੰਡਲਾਂ ਵੇਖੇ ਰਾਸੀ, ਰਸਤਾ ਬ੍ਰਹਿਮੰਡਾਂ ਦਏ ਜਣਾਈਆ । ਪਰਦਾ ਲਾਹਵੇ ਉਤੇ ਆਕਾਸ਼ੀ, ਜ਼ਿਮੀਂ ਜ਼ਮਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸਦੀ ਚੌਧਵੀਂ ਕਹੇ ਮੁਹੰਮਦ ਮੈਨੂੰ ਧਰਨੀ ਮਾਰੇ ਤਾਅਨਾ, ਮੇਹਣੇ ਰਹੀ ਸੁਣਾਈਆ । ਕਿਉਂ ਨਹੀਂ ਘਰ ਘਰ ਬੱਧਾ ਉਮਤੀ ਅੰਤਮ ਗਾਨਾ, ਸ਼ਹਾਦਤ ਸ਼ਰਅ ਵਾਲੀ ਵਖਾਈਆ । ਨੇਤਰ ਰੋਵੇ ਸਾਢੇ ਤਿੰਨ ਹੱਥ ਦਾ ਕਾਨਾ, ਜੋ ਚਾਰ ਜੁਗ ਦੇ ਕਾਹਨੀ ਰਹੇ ਦ੍ਰਿੜਾਈਆ । ਕੀ ਲੇਖਾ ਹੋਵੇ ਕਲਮੇ ਵਾਲਾ ਕਲਾਮਾ, ਕਾਇਨਾਤ ਕੀ ਵਡਿਆਈਆ । ਕਿਸ ਬਿਧ ਤੇਰਾ ਪਰਗਟ ਹੋਵੇ ਅਮਾਮਾ, ਅਮਾਮ ਅਮਾਮਾ ਵੇਸ ਵਟਾਈਆ । ਮੇਰੀ ਮੇਟੇ ਅੰਧੇਰੀ ਸ਼ਾਮਾ, ਸ਼ਮਾਂ ਨੂਰ ਜੋਤ ਕਰੇ ਰੁਸ਼ਨਾਈਆ । ਮੈਂ ਝੁਕ ਝੁਕ ਉਸ ਨੂੰ ਕਰਾਂ ਸਲਾਮਾਂ, ਨਿਵ ਨਿਵ ਖ਼ਾਕ ਰਮਾਈਆ । ਨੂਰੀ ਨੂਰ ਤਕਾਂ ਜ਼ਿਮੀਂ ਅਸਮਾਨਾ, ਇਸਮ ਆਜ਼ਮ ਵੇਖਾਂ ਧੁਰਦਰਗਾਹੀਆ ।

ਜਿਸ ਨੇ ਚੀਥੜ ਸਭ ਦਾ ਲਾਹੁਣਾ ਪੁਰਾਣਾ, ਨਵਾਂ ਰੰਗ ਦਏ ਰੰਗਾਈਆ । ਧਰਨੀ ਧਵਲ ਲਹੂ ਮਿਝ ਨਾਲ ਰੰਗ ਰੰਗਾਉਣਾ, ਰੰਗਤ ਚਾੜ੍ਹੇ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਦਾਤਾ ਇਕ ਅਖਵਾਈਆ । ਮੁਹੰਮਦ ਕਹੇ ਸਦੀ ਚੌਧਵੀਂ ਮੈਂ ਦੱਸਾਂ ਨਾਲ ਸ਼ਰਤ, ਸ਼ਰਤੀਆ ਦਿਆਂ ਜਣਾਈਆ । ਨਿਰਗੁਣ ਧਾਰ ਆਇਆ ਪਰਤ, ਪਤਿਪਰਮੇਸ਼ਵਰ ਬੇਪਰਵਾਹੀਆ । ਜੋ ਪਿਆਸ ਬੁਝਾਵੇ ਧਰਤ, ਧਰਨੀ ਧਵਲ ਤ੍ਰਿਖਾ ਰਹੇ ਨਾ ਰਾਈਆ । ਉਹ ਲੇਖਾ ਵੇਖੇ ਉਪਰ ਅਰਸ਼, ਅਰਸ਼ੀ ਪ੍ਰੀਤਮ ਵਡ ਵਡਿਆਈਆ । ਆਹ ਤਕ ਔਹ ਤਕ ਉਤੇ ਫ਼ਰਸ਼, ਦੋ ਜਹਾਨਾਂ ਡੇਰਾ ਢਾਹੀਆ । ਜਿਸ ਲੇਖਾ ਮੇਟਣਾ ਮੰਦਰ ਮਸਜਿਦ ਸ਼ਿਵਦਵਾਲੇ ਚਰਚ, ਚਰਾਗ਼ਾਹਾਂ ਖੋਜ ਖੁਜਾਈਆ । ਉਸ ਦਾ ਖ਼ੁਸ਼ੀਆਂ ਵਾਲਾ ਸੰਮਤ ਸ਼ਹਿਨਸ਼ਾਹ ਬਰਸ, ਸੱਤ ਦੀ ਸਤਿ ਕਾਰ ਕਮਾਈਆ । ਸਭ ਦੀ ਪੂਰੀ ਕਰੇ ਹਰਸ, ਪਿਛਲੀ ਹਵਸ ਦਏ ਮਿਟਾਈਆ । ਅੱਗੇ ਭਗਤਾਂ ਉਤੇ ਕਰੇ ਤਰਸ, ਰਹਿਮਤ ਆਪਣੀ ਸਚ ਜਣਾਈਆ । ਨਿਜ ਨੇਤਰ ਦੇ ਕੇ ਦਰਸ, ਲੋਇਨ ਅੱਖ ਦਏ ਖੁਲ੍ਹਾਈਆ । ਆਪਣਾ ਪੂਰਾ ਕਰੇ ਫ਼ਰਜ਼, ਫ਼ਜ਼ਲ ਨਾਲ ਤਾਰੇ ਬੇਪਰਵਾਹੀਆ । ਸਾਡੀ ਉਸੇ ਅੱਗੇ ਅਰਜ਼, ਆਰਜ਼ੂ ਵਿਚ ਸੀਸ ਨਿਵਾਈਆ । ਜਿਸ ਨੇ ਪੂਰਾ ਕਰਨਾ ਲਹਿਣਾ ਦੇਣਾ ਕਰਜ਼, ਲੇਖਾ ਮੁਕਾਵੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਮੁਹੰਮਦ ਕਹੇ ਸਦੀ ਚੌਧਵੀਂ ਉਹ ਵੇਖ ਅਗੰਮੀ ਨੂਰਾ, ਜੋਤ ਨੂਰ ਕਰੇ ਰੁਸ਼ਨਾਈਆ । ਸੁਣ ਅਨਾਦੀ ਤੂਰਾ, ਤੁਰੀਆ ਤੋਂ ਬਾਹਰ ਸ਼ਨਵਾਈਆ । ਜਿਸ ਦਾ ਹੁਕਮ ਨਾ ਹੋਏ ਅਧੂਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਉਸ ਧਰਨੀ ਚਾੜ੍ਹਨਾ ਰੰਗ ਗੂੜ੍ਹਾ, ਲਾਲ ਗੁਲਾਲਾ ਆਪ ਰੰਗਾਈਆ । ਲੇਖੇ ਲਾਉਣੇ ਮੂਰਖ ਮੂੜ੍ਹਾ, ਮੁਗਧਾਂ ਪੰਧ ਚੁਕਾਈਆ । ਜਿਸ ਦੀ ਵੰਡ ਨਾ ਕੋਈ ਚੋਟੀ ਜੂੜਾ, ਮੂੰਡ ਮੁੰਡਾਇਆ ਹਿੱਸਾ ਨਾ ਕੋਇ ਰਖਾਈਆ । ਸੋ ਮਾਲਕ ਬਖ਼ਸ਼ਣਹਾਰਾ ਧੁਰ ਦੀ ਧੂੜਾ, ਮਸਤਕ ਟਿੱਕਾ ਨਾਮ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਮੁਹੰਮਦ ਕਹੇ ਸਦੀ ਚੌਧਵੀਂ ਮੈਨੂੰ ਕਰ ਲੈਣ ਦੇ ਪੂਰਾ ਇਕ ਚਾਲੀਸਾ, ਸ਼ਬੇ ਰੋਜ਼ ਧਿਆਨ ਲਗਾਈਆ । ਫੇਰ ਹੁਕਮ ਮਿਲੇ ਸ਼ਰਅ ਦੇ ਅਬਲੀਸਾ, ਸੰਦੇਸ਼ਾ ਕਲਮਾ ਨੂਰ ਇਲਾਹੀਆ । ਦੈਂਤ ਤਕਣੇ ਖ਼ਬੀਸਾ, ਖ਼ੁਸ਼ਖ਼ਬਰੀ ਵਿਚ ਸਮਝਾਈਆ । ਜਿਸ ਸਾਹਿਬ ਦਾ ਰਾਜ ਪੋਸ਼ੀਦਾ, ਪਰਦਾ ਸਕਿਆ ਨਾ ਕੋਇ ਉਠਾਈਆ । ਉਹ ਸਭ ਤੋਂ ਲੇਖਾ ਮੰਗੇ ਦਾਨਿਸਤਾ ਦੀਦਾ, ਸਨਮੁਖ ਹੋ ਕੇ ਵੇਖ ਵਖਾਈਆ । ਜਿਸ ਦੀ ਜ਼ਿਬਹ ਵਾਲੀ ਇਕੋ ਈਦਾ, ਈਦੁਲਫ਼ਿਤਰ ਸੀਸ ਨਿਵਾਈਆ । ਜਿਸ ਦੀ ਤਸਦੀਕ ਕਰੇ ਕੁਰਾਨ ਮਜੀਦਾ, ਹਜਾਰਾ ਦਰੂਦ ਨਾਲ ਵਡਿਆਈਆ । ਸੋ ਸਭ ਦੀ ਗ਼ਫ਼ਲਤ ਲਾਹਵੇ ਨੀਂਦਾ, ਸੋਇਆ ਰਹਿਣ ਕੋਇ ਨਾ ਪਾਈਆ । ਬਿਨਾ ਮਹਿਬੂਬ ਤੋਂ ਤੇਰੇ ਅੰਤ ਤਕ ਰਹੇ ਕੋਇ ਨਾ ਜੀਂਦਾ, ਜਗਤ ਜੀਵਣ ਕੰਮ ਕਿਸੇ ਨਾ ਆਈਆ । ਲੇਖਾ ਪੂਰਾ ਕਰਨਾ ਕਲਜੁਗ ਅੰਤਮ ਸਾਢੇ ਤਿੰਨ ਹੱਥ ਸੀਂਅ ਦਾ, ਧਰਨੀ ਧਵਲ ਧਰਤ ਦੇਣੀ ਵਡਿਆਈਆ । ਆਪ ਮਾਲਕ ਬਣਕੇ ਜੰਤ ਜੀਵ ਕਾ, ਖੇਲ ਵੇਖੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੁਹੰਮਦ ਸੁਣ ਸੰਦੇਸ਼ਾ ਅੱਲਾ, ਆਲਮੀਨ ਜਣਾਈਆ । ਜਿਸ ਨੇ ਖੇਲ ਕਰਨਾ ਹੋ ਕੇ ਇਕੱਲਾ, ਵਾਹਿਦ ਆਪਣਾ ਹੁਕਮ ਵਰਤਾਈਆ । ਸਭ ਤੋਂ ਛੁਡਾਉਣ ਲੱਗਾ ਪੱਲਾ, ਪਲੂ

੧੬੩੧
੨੨

ਗੰਢ ਨਾ ਕੋਇ ਵਖਾਈਆ । ਜਿਸ ਦਰੋਹੀ ਫੇਰਨੀ ਜਲਾ ਬਲਾ, ਬਲ ਅਸਗਾਹ ਰੋਵਣ ਮਾਰਨ ਧਾਹੀਆ । ਭੇੜ ਭੇੜਨਾ ਜਗਤ ਵਾਲੇ ਦੋ ਦਲਾ, ਦਲਿਦਰੀ ਰਹਿਣ ਕੋਇ ਨਾ ਪਾਈਆ । ਜਿਸ ਦੀ ਯਾਦ ਵਿਚ ਚੌਦਾਂ ਸੌ ਸਾਲ ਫਿਰਦਿਆਂ ਘਸ ਗਿਆ ਚੰਮੜੀ ਦਾ ਤਲਾ, ਮਾਟੀ ਚੰਮ ਰੋਵੇ ਮਾਰੇ ਧਾਹੀਆ । ਉਹ ਖੇਲ ਕਰੇ ਅਛਲ ਅਛਲਾ, ਵਲ ਛਲ ਆਪਣੀ ਕਾਰ ਭੁਗਤਾਈਆ । ਮੈਨੂੰ ਇਉਂ ਜਾਪਦਾ ਜਿਸ ਨੇ ਅਵਤਾਰ ਪੈਗ਼ੰਬਰ ਗੁਰੂ ਘੱਲਾ, ਸੰਦੇਸ਼ੇ ਨਾਮ ਵਾਲੇ ਜਣਾਈਆ । ਉਸ ਦਾ ਇਕ ਹੋਰ ਹੋਵਣ ਵਾਲਾ ਹੱਲਾ, ਹੱਲਾ ਸ਼ੇਰੀ ਸ਼ਬਦ ਗੁਰੂ ਸੁਣਾਈਆ । ਜਿਸ ਨੇ ਜਗਤ ਅਕਲ ਬੁੱਧੀ ਨੂੰ ਕਰਨਾ ਝੱਲਾ, ਝਲਕ ਆਪਣੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਇਕੋ ਮੱਲਾ, ਜਿਥੇ ਮਲੇਛਾਂ ਕਰੇ ਸਫ਼ਾਈਆ ।

### ੯ ਪੋਹ ਸ਼ਹਿਨਸ਼ਾਹੀ ਸੰਮਤ ੭ ਰਾਮ ਰੱਖੀ ਕੌਰ ਦੇ ਗ੍ਰਿਹ ਜੰਮੂ ਸ਼ਹਿਰ ਵਿਚ

ਧਰਨੀ ਕਹੇ ਸਦੀ ਚੌਧਵੀਂ ਕਿੱਥੇ ਧੁਰ ਦਾ ਅੱਬਾ, ਜੋ ਅੰਮੀਜਾਨ ਇਕ ਅਖਵਾਈਆ । ਮੈਨੂੰ ਚਾਰੋਂ ਕੁੰਟ ਕਿਤੇ ਨਾ ਲੱਭਾ, ਲਬਾਂ ਕਟਾਵਣ ਵਾਲੇ ਰੋਵਣ ਮਾਰਨ ਧਾਹੀਆ । ਜਿਸ ਮੇਟਣੀ ਮਲੇਛਾਂ ਸਭਾ, ਕੂੜ ਕੁੜਿਆਰਾਂ ਡੇਰਾ ਢਾਹੀਆ । ਉਹ ਮਾਲਕ ਨੂਰ ਅਲਾਹੀ ਰੱਬਾ, ਜੋ ਰਹਿਮਤ ਹੱਕ ਕਮਾਈਆ । ਕੀ ਸੰਦੇਸ਼ਾ ਮੁਹੰਮਦ ਦੇਵੇ ਸੱਦਾ, ਸੁਨੇਹੁੜਾ ਕੀ ਦ੍ਰਿੜਾਈਆ । ਤੇਰਾ ਵਕਤ ਜਾਂਦਾ ਲੱਦਾ, ਮੇਰੇ ਉਤੇ ਰਹਿਣ ਨਾ ਪਾਈਆ ।
ਦੋ ਜਹਾਨ ਜਿਸ ਦੇ ਹੁਕਮ ਬੱਧਾ, ਬੰਦਨਾ ਵਿਚ ਅਵਤਾਰ ਪੈਗ਼ੰਬਰ ਗੁਰੂ ਨਜ਼ਰੀ ਆਈਆ । ਉਸ ਦਾ ਨੂਰ ਨੁਰਾਨਾ ਕਿਹੜੀ ਧਾਰ ਜਗਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਕੀ ਖੇਲ ਹੋਣਾ ਅੱਗਾ, ਕੀ ਅਗਲੀ ਕਾਰ ਭੁਗਤਾਈਆ । ਮੈਨੂੰ ਇਉਂ ਦਿਸਦਾ ਜਿਸ ਨੇ ਸਭ ਕਲਮਿਆਂ ਨੂੰ ਦੇਣਾ ਦਗ਼ਾ, ਫਰੇਬ ਵਾਲਾ ਨਾਮ ਰਹਿਣ ਨਾ ਪਾਈਆ । ਮਜ਼੍ਹਬਾਂ ਦਾ ਨਜ਼ਰ ਨਾ ਆਵੇ ਅੱਡਾ, ਅੱਡੀ ਚੋਟੀ ਸਭ ਦੀ ਦਏ ਹਿਲਾਈਆ । ਸ਼ਰਅ ਦਾ ਰਹਿਣ ਦੇਵੇ ਕੋਇ ਨਾ ਖੱਡਾ, ਡੂੰਘੀ ਗ਼ਾਰ ਨਾ ਕੋਇ ਸੁਟਾਈਆ । ਜਨ ਭਗਤਾਂ ਰੱਖੇ ਲੱਜਾ, ਭਗਤ ਸੁਹੇਲਾ ਬੇਪਰਵਾਹੀਆ । ਆਤਮ ਰਸ ਦਾ ਦੇਵੇ ਮਜ਼ਾ, ਮਜ਼ਾਕ ਤਕੇ ਖ਼ਲਕ ਖ਼ੁਦਾਈਆ । ਜਿਸ ਦੇ ਹੁਕਮੇ ਅੰਦਰ ਆਦਿ ਜੁਗਾਦਿ ਸੇਵਾ ਕਰੇ ਕਜ਼ਾ, ਜੁਗ ਚੌਕੜੀ ਭੱਜੇ ਵਾਹੋ ਦਾਹੀਆ । ਸਭ ਨੇ ਮੰਨਣੀ ਉਸ ਦੀ ਰਜ਼ਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੇਰੇ ਦੁੱਖ ਲੱਗਾ ਸੀਨੇ, ਸਚ ਸਚ ਦਿਆਂ ਸੁਣਾਈਆ । ਜਿਸ ਖੇਲ ਖੇਲਣਾ ਲੋਕ ਤੀਨੇ, ਤ੍ਰੈਭਵਣ ਧਨੀ ਬੇਪਰਵਾਹੀਆ । ਲੇਖਾ ਜਾਨਣਾ ਰੂਸੇ ਚੀਨੇ, ਚਿੰਤਾ ਜਗਤ ਰਹੇ ਨਾ ਰਾਈਆ । ਇਹ ਧਾਰ ਬਦਲਣੀ ਮਹੀਨੇ ਤੋਂ ਬਾਦ ਮਹੀਨੇ, ਤ੍ਰੈ ਤ੍ਰੈ ਦੀ ਬਦਲੀ ਆਪ ਕਰਾਈਆ । ਮੈਨੂੰ ਮਿੱਟੀ ਖ਼ਾਕ ਕਹਿੰਦੇ ਜ਼ਮੀਨੇ, ਧਰਨੀ ਧਵਲ ਕਹਿ ਸੁਣਾਈਆ । ਪਰ ਯਾਦ ਰੱਖੀਂ ਸਦੀ ਚੌਧਵੀਂ ਮੈਂ ਆਪਣੇ ਉਤੇ ਰਹਿਣ ਨਹੀਂ ਦੇਣੇ ਕਮੀਨੇ, ਕੂੜ ਕੁਟੰਬ ਦੇਵਾਂ ਖਪਾਈਆ । ਸਭ ਦੇ ਹੱਕ ਹਕੂਕ ਜਾਣੇ ਛੀਨੇ, ਬਿਨਾ ਪਰਵਰਦਿਗਾਰ ਤੋਂ ਮੇਰਾ ਮਾਲਕ ਨਾ ਕੋਇ ਅਖਵਾਈਆ । ਮੈਂ ਰਹਿਣਾ ਨਹੀਂ ਕਿਸੇ ਦੇ ਅਧੀਨੇ, ਅਵਤਾਰ ਪੈਗ਼ੰਬਰ ਗੁਰੂ ਵੰਡ ਨਾ ਕੋਇ ਵੰਡਾਈਆ । ਜਿਸ


੧੬੩੨ ੨੨

ਦੇ ਹੁਕਮ ਅੰਦਰ ਮਰਨੇ ਜੀਣੇ, ਚੁਰਾਸੀ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਅਗੰਮ ਅਥਾਹੀਆ । ਧਰਨੀ ਕਹੇ ਮੇਰਾ ਸੀਨਾ ਵੇਖ ਫਟਦਾ, ਮੁਹੰਮਦ ਦੇ ਜਣਾਈਆ । ਲੇਖਾ ਰਹਿਣਾ ਨਹੀਂ ਚੌਦਾਂ ਹੱਟ ਦਾ, ਚੌਦਾਂ ਤਬਕ ਮਾਰਨ ਧਾਹੀਆ । ਖੇਲ ਹੋਣਾ ਲਹੂ ਮਿਝ ਰੱਤ ਦਾ, ਰੱਤੀ ਦਾੜ੍ਹੀ ਵਾਲੇ ਦੇਣ ਗਵਾਹੀਆ । ਨਿਸ਼ਾਨਾ ਮਿਟਣਾ ਕੂੜ ਮਤ ਦਾ, ਮਤ ਮਤਾਂਤਰ ਡੇਰਾ ਢਾਹੀਆ । ਇਕੋ ਹੁਕਮ ਵਰਤਣਾ ਪਰਮੇਸ਼ਵਰ ਪਤਿ ਦਾ, ਜੋ ਪਰਵਰਦਿਗਾਰ ਨੂਰ ਇਲਾਹੀਆ । ਮੇਰਾ ਅਖਾੜਾ ਹੋਣਾ ਸੱਥਰ ਸਥ ਦਾ, ਜਿਥੇ ਯਾਰੜਾ ਸੱਥਰ ਗੋਬਿੰਦ ਗਿਆ ਹੰਢਾਈਆ । ਇਹ ਖੇਲ ਅਨੋਖਾ ਜਿਸ ਮਾਣ ਗਵਾਉਣਾ ਕ੍ਰਿਸ਼ਨ ਵਾਲੇ ਰਥ ਦਾ, ਰਥਵਾਹੀ ਦੋ ਜਹਾਨਾਂ ਸ਼ਬਦ ਬਲਵਾਨਾ ਇਕ ਅਖਵਾਈਆ । ਲਹਿਣਾ ਮੁਕਾਉਣਾ ਹੱਥੋ ਹੱਥ ਦਾ, ਅੱਗੇ ਉਧਾਰ ਨਾ ਕੋਇ ਵਖਾਈਆ । ਹੁਕਮ ਵਰਤਣਾ ਪੁਰਖ ਸਮਰਥ ਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਬਿਨ ਪਰਵਰਦਿਗਾਰ ਕੋਈ ਹੋਵੇ ਕਿਸੇ ਨਾ ਰੱਖਦਾ, ਰੱਖਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਕਹੇ ਜੋ ਨਵਖੰਡ ਹਰ ਘਟ ਅੰਤਰ ਵਸਦਾ, ਵਾਸਤਾ ਆਪਣੇ ਨਾਲ ਰਖਾਈਆ ।



✪ ੯ ਪੋਹ ਸ਼ਹਿਨਸ਼ਾਹੀ ਸੰਮਤ ੭ ਗੁਰਦਿਤ ਸਿੰਘ, ਫੁੱਮਣ ਸਿੰਘ, ਭਾਗ ਸਿੰਘ, ਪੂਰਨ ਸਿੰਘ, ਗਿਆਨ ਚੰਦ ਪਿੰਡ ਛੰਭ ਜ਼ਿਲਾ ਜੰਮੂ ✪

੧੬੩੩



ਧਰਨੀ ਕਹੇ ਮੇਰੇ ਉਤੇ ਕਲਜੁਗ ਕੀਤਾ ਅੰਧੇਰਾ, ਸਦੀ ਚੌਧਵੀਂ ਤੈਨੂੰ ਦਿਆਂ ਸੁਣਾਈਆ । ਚਾਰੋਂ ਕੁੰਟ ਕੂੜ ਕੁੜਿਆਰ ਪਾਇਆ ਘੇਰਾ, ਸਚ ਦਾ ਸਾਥੀ ਨਜ਼ਰ ਕੋਇ ਨਾ ਆਈਆ । ਮਾਇਆ ਮਮਤਾ ਲੱਗਾ ਡੇਰਾ, ਜੂਠਾ ਝੂਠਾ ਮੋਹ ਲਏ ਅੰਗੜਾਈਆ । ਕਲਜੁਗ ਸੁਣ ਕੇ ਕਹੇ ਮੇਰਾ ਨਾਂ ਲਏ ਕਿਹੜਾ, ਕਵਣ ਮੇਰੀ ਕਰੇ ਵਡਿਆਈਆ । ਧਰਨੀ ਥੋੜਾ ਹੋਰ ਕਰ ਜੇਰਾ, ਤੈਨੂੰ ਜੇਰਜ ਅੰਡ ਦਾ ਲੇਖਾ ਦਿਆਂ ਵਖਾਈਆ । ਸਦੀ ਚੌਧਵੀਂ ਦਾ ਵਕਤ ਆ ਗਿਆ ਨੇੜਾ, ਦੂਰ ਦੁਰਾਡਾ ਪੰਧ ਮੁਕਾਈਆ । ਮੁਹੰਮਦ ਦਾ ਅਮਾਮ ਮਾਲਕ ਆ ਗਿਆ ਮੇਰਾ, ਮਿਹਰਵਾਨ ਆਪਣੀ ਖੇਲ ਖਿਲਾਈਆ । ਜਿਸ ਦਾ ਨੌ ਸੌ ਚੁਰਾਨਮੇ ਚੌਕੜੀ ਜੁਗ ਪਿਛੋਂ ਪੈਂਦਾ ਫੇਰਾ, ਚਾਰ ਜੁਗ ਅੱਖ ਨਾ ਕਿਸੇ ਮਿਲਾਈਆ । ਉਹ ਤੇਰਾ ਖੁਲ੍ਹਾ ਕਰੇ ਵਿਹੜਾ, ਕੂੜ ਕੁੜਿਆਰਾਂ ਡੇਰਾ ਢਾਹੀਆ । ਫੇਰ ਸਤਿ ਦਾ ਬੰਨ੍ਹੇ ਬੇੜਾ, ਧਰਮ ਦੀ ਧਾਰ ਨਾਲ ਚਲਾਈਆ । ਇਕੋ ਇਕ ਸੁਹਾਏ ਖੇੜਾ, ਗ੍ਰਿਹ ਇਕੋ ਵੱਜੇ ਵਧਾਈਆ । ਹਕੀਕਤ ਵਿਚ ਹੱਕ ਦਾ ਕਰੇ ਨਬੇੜਾ, ਨਹੱਕੀ ਖੇਲ ਨਾ ਕੋਇ ਖਿਲਾਈਆ । ਜੋ ਹੌਲੀ ਹੌਲੀ ਸ਼ਬਦੀ ਧਾਰ ਛੇੜੇ ਛੇੜਾ, ਛੇਕੜ ਆਪਣਾ ਹੁਕਮ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਕਲਜੁਗ ਕਹੇ ਧਰਨੀ ਕਿਤੇ ਐਵੇਂ ਨਾ ਜਾਈਂ ਝੁਕ, ਭੈ ਵਿਚ ਸੀਸ ਨਿਵਾਈਆ । ਡਰਦੀ ਨਾ ਜਾਈਂ ਲੁਕ, ਆਪਣਾ ਆਪ ਛੁਪਾਈਆ । ਤੇਰੇ ਉਤੇ ਚੁਰਾਸੀ ਨੂੰ ਆਉਣਾ ਦੁੱਖ, ਦੁਖੀ ਰੋਵਣ ਮਾਰਨ ਧਾਹੀਆ । ਸ਼ਾਂਤ ਰਹਿਣੀ ਨਹੀਂ ਕੋਈ ਕੁੱਖ, ਜਨਣੀ ਜਨ ਮਿਲੇ ਨਾ ਕੋਇ ਵਡਿਆਈਆ । ਲੇਖਾ ਮਿਟਣਾ ਮਾਨਸ ਦੇਹੀ ਉਲਟੇ ਰੁੱਖ, ਰੁਖਸਤ ਦੀਨ ਦੁਨੀ ਵਿਚੋਂ ਦਵਾਈਆ । ਤੂੰ ਆਪਣਾ ਫੇਰ ਕਰੀਂ ਮਿੱਠਾ ਮੁਖ, ਜਿਸ ਵੇਲੇ ਪ੍ਰਭ ਸਤਿਜੁਗ

੨੨

ਦਾ ਰਸ ਚੁਆਈਆ । ਹੁਣ ਕਰ ਜਾ ਚੁਪ, ਬਹੁੜੀ ਬਹੁੜੀ ਕਰ ਨਾ ਕੋਇ ਕੁਰਲਾਈਆ । ਜਗਤ ਜਹਾਨ ਬਦਲ ਜਾਣਾ ਰੁਖ਼, ਰਾਹ ਸਮਝ ਕੋਇ ਨਾ ਪਾਈਆ । ਤੇਰੇ ਉਤੇ ਕਲਜੁਗ ਪਾਉਣੀ ਲੁੱਟ, ਲੁਟੇਰਾ ਇਕੋ ਹੁਕਮ ਸੁਣਾਈਆ । ਜਿਹੜੇ ਜਾਪ ਕਰਦੇ ਬੁੱਲਾਂ ਬੁੱਟ, ਰਸਨਾ ਸਿਫ਼ਤੀ ਢੋਲੇ ਗਾਈਆ । ਉਨ੍ਹਾਂ ਦੇ ਭਾਗ ਜਾਣੇ ਨਿਖੁੱਟ, ਖੋਟੇ ਖਰੇ ਨਾ ਕੋਇ ਬਣਾਈਆ । ਜੋ ਆਤਮ ਪਰਮਾਤਮ ਗਾਉਂਦੇ ਤੁੱਕ ਧੁਰ ਦਾ ਢੋਲਾ ਸਹਿਜ ਸੁਭਾਈਆ । ਉਨ੍ਹਾਂ ਗੋਦੀ ਲਏ ਚੁੱਕ, ਚੁਕੰਨਾ ਹੋ ਕੇ ਵੇਖੇ ਥਾਉਂ ਥਾਈਂਆ । ਸਾਹਿਬ ਦਾ ਭਾਣਾ ਜਾਏ ਨਾ ਰੁਕ, ਅੱਗੇ ਹੋ ਨਾ ਕੋਇ ਅਟਕਾਈਆ । ਸਦੀ ਚੌਧਵੀਂ ਪੈਂਡਾ ਜਾਏ ਮੁਕ, ਮੁਹੰਮਦ ਬੈਠੇ ਸੀਸ ਝੁਕਾਈਆ । ਕਲਜੁਗ ਕਹੇ ਪ੍ਰਭ ਦਾ ਖੇਲ ਨਾ ਮਾਨਸ ਨਾ ਮਾਨੁੱਖ, ਤਤਵ ਰੰਗ ਨਾ ਕੋਇ ਰੰਗਾਈਆ । ਉਹ ਮਾਲਕ ਅਗੰਮ ਅਥਾਹ ਉਚ, ਊਚੋ ਊਚ ਨਜ਼ਰੀ ਆਈਆ । ਜਿਸ ਨੇ ਜਗਤ ਦੀ ਧਾਰ ਬਦਲਣੀ ਸੰਜਮ ਸੁਚ, ਕੂੜੀ ਕਿਰਿਆ ਪੰਧ ਮੁਕਾਈਆ । ਲੇਖਾ ਰਹਿਣ ਨਹੀਂ ਦੇਣਾ ਕਿਸੇ ਬੁਤ, ਬੁਤਾਂ ਸੀਸ ਨਾ ਕੋਇ ਝੁਕਾਈਆ । ਇਕੋ ਮਾਣ ਦੇਣਾ ਸ਼ਬਦ ਗੁਰੂ ਗੁਰ ਸ਼ਬਦ ਦੁਲਾਰੇ ਸੁਤ, ਸੂਤਰਧਾਰੀ ਵੰਡ ਨਾ ਕੋਇ ਵੰਡਾਈਆ । ਤੇਰੇ ਉਤੇ ਫੇਰ ਮੌਲਣੀ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਨਿਸ਼ਾਨਿਉਂ ਸ਼ਬਦੀ ਧਾਰ ਨਾ ਜਾਏ ਉਕ, ਉਕਾ ਸਭ ਦਾ ਲੇਖਾ ਦਏ ਮੁਕਾਈਆ ।

੧੬੩੪ ੯ ਪੋਹ ਸ਼ਹਿਨਸ਼ਾਹੀ ਸੰਮਤ ੭ ਈਸ਼ਰ ਸਿੰਘ, ਪਰਤਾਪ ਸਿੰਘ ਦੇ ਗ੍ਰਿਹ ਪਿੰਡ ਦੜ ਜ਼ਿਲਾ ਜੰਮੂ ੧੬੩੪

ਕਲਜੁਗ ਕਹੇ ਮੁਹੰਮਦ ਫੜਾ ਤਸਬੀ, ਮਣਕਾ ਮਣਕੇ ਨਾਲ ਮਿਲਾਈਆ । ਫੇਰ ਤਕੀਏ ਸਾਡਾ ਖ਼ੁਦਾ ਬੜਾ ਕਸਬੀ, ਜਿਸ ਦੀਨ ਮਜ਼੍ਹਬ ਦੇ ਕਸਬੇ ਦੇਣੇ ਬਦਲਾਈਆ । ਜਿਨ ਸਾਨੂੰ ਬਣਾਇਆ ਮੁਤੱਸਬੀ, ਮੁਤੱਲਾ ਕਰ ਕੇ ਦਈਏ ਦ੍ਰਿੜਾਈਆ । ਵੰਡ ਵੰਡਾ ਕੇ ਸ਼ਰਅ ਵਿਚ ਮਜ਼੍ਹਬੀ, ਮਜ਼ਮੂਨ ਆਪਣਾ ਦਿਤਾ ਸਮਝਾਈਆ । ਅੱਲਾ ਦੀ ਜ਼ਾਤ ਤੈਨੂੰ ਆਪਣਾ ਨਾਮ ਦੱਸਿਆ ਵਿਚ ਅਰਬੀ, ਅਰਬਾਂ ਦਾ ਲੇਖਾ ਦਿਤਾ ਦ੍ਰਿੜਾਈਆ । ਸੂਰਤ ਦੱਸ ਅਗੰਮੀ ਨਰ ਦੀ, ਮਦੀਨ ਦਾ ਝਗੜਾ ਦਿਤਾ ਚੁਕਾਈਆ । ਸ਼ਰਅ ਦਾਤ ਦਿਤੀ ਜ਼ਰ ਦੀ, ਦੌਲਤ ਝੋਲੀ ਪਾਈਆ । ਜਿਸ ਦੀ ਨਿਸ਼ਾਨੀ ਅੰਤ ਚੜ੍ਹਦੀ, ਚੜ੍ਹਦੀ ਦਿਸ਼ਾ ਵੰਡ ਵੰਡਾਈਆ । ਅੱਗੇ ਖੇਲ ਹੋਣੀ ਚੋਟੀ ਜੜ੍ਹ ਦੀ, ਚੇਤਨ ਹੋ ਕੇ ਵੇਖ ਵਖਾਈਆ । ਸ਼ਰਅ ਸ਼ਰਅ ਨਾਲ ਹੋਣੀ ਲੜਦੀ, ਟੱਕਰ ਲਵੇ ਥਾਉਂ ਥਾਈਂਆ । ਤੇਰੀ ਮੇਰੀ ਆਸ਼ਾ ਹੋਵੇ ਸੜਦੀ, ਅਗਨੀ ਤਤ ਨਾ ਕੋਇ ਬੁਝਾਈਆ । ਕਲਜੁਗ ਕਹੇ ਮੁਹੰਮਦ ਹੁਣ ਗੱਲ ਕਰੀਏ ਅਗਲੇ ਘਰ ਦੀ, ਪਿਛਲਾ ਝਗੜਾ ਰਹੇ ਨਾ ਰਾਈਆ । ਤੇਰੀ ਆਸਾ ਜਿਹੜਾ ਕਲਮਾ ਰਹੀ ਪੜ੍ਹਦੀ, ਉਹ ਵਿਦਿਆ ਆਪਣੀ ਝੋਲੀ ਪਾਈਆ । ਅੱਗੇ ਪੂਜਾ ਨਹੀਂ ਰਹਿਣੀ ਪਿੱਪਲ ਬੜ ਦੀ, ਪਾਹਨ ਸੀਸ ਨਾ ਕੋਇ ਨਿਵਾਈਆ । ਮੁਹੰਮਦ ਕਹੇ ਕਲਜੁਗਾ ਇਹ ਖੇਲ ਅਛਲ ਅਛੱਲ ਦੀ, ਜਿਸ ਦੀ ਸਮਝ ਕੋਇ ਨਾ ਆਈਆ । ਜਿਸ ਪੂਜਾ ਕਰਾਈ ਜਲ ਦੀ, ਫੇਰ ਥਲਾਂ ਦਿਤੀ ਵਡਿਆਈਆ । ਹੁਣ ਸਾਰ ਨਹੀਂ ਘੜੀ ਪਲ ਦੀ, ਕੀ ਆਪਣਾ ਹੁਕਮ ਵਰਤਾਈਆ । ਜਿਸ ਆਸ਼ਾ ਪੂਰੀ ਕੀਤੀ ਬਲ ਦਵਾਰੇ ਬਾਵਨ ਬਲ ਦੀ, ਰਿਸ਼ੀਆਂ ਗੰਢ ਪਵਾਈਆ । ਉਹਦੀ ਕਲਾ ਕੁਦਰਤ ਨਾਲੋਂ ਕਦੇ ਨਾ

ਟਲਦੀ, ਟਾਲ ਮਟੋਲ ਵਿਚ ਸਭ ਨੂੰ ਦਏ ਭੁਲਾਈਆ । ਹੁਣ ਖੇਲ ਵੇਖਣੀ ਕਲਜੁਗ ਕਲ ਦੀ, ਕੀ ਕਲਕਾਤੀ ਕਾਰ ਕਮਾਈਆ । ਉਸ ਖੇਲ ਪੂਰ ਕਰਾਉਣੀ ਨਾਨਕ ਵਾਲੀ ਇਕ ਗੱਲ ਦੀ, ਜਿਸ ਗੱਲ ਨੂੰ ਸਮਝ ਸਕਿਆ ਕੋਇ ਨਾ ਰਾਈਆ । ਸਭ ਦੀ ਜਵਾਨੀ ਗਈ ਢਲਦੀ, ਅੰਤ ਬੁਢੇਪਾ ਵੇਖ ਵਖਾਈਆ । ਅੱਗੇ ਖੇਲ ਹੋਣੀ ਸ਼ਬਦ ਅਗੰਮੀ ਦਲ ਦੀ, ਜੋ ਦਲਿਦਰੀਆਂ ਡੇਰਾ ਢਾਹੀਆ । ਇਹ ਧਾਰ ਅਗੰਮੀ ਅਟਲ ਦੀ, ਅਟਲ ਹੋ ਕੇ ਵੇਖ ਵਖਾਈਆ । ਸ੍ਰਿਸ਼ਟੀ ਖੇਲ ਡੂੰਘੀ ਡਲ ਦੀ, ਡੂੰਘੇ ਵਹਿਣਾਂ ਵਿਚ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਾਰ ਵਰਤੇ ਆਪਣੇ ਹੱਲ ਦੀ, ਦੂਸਰ ਸੰਗ ਨਾ ਕੋਇ ਰਖਾਈਆ ।

## ੯ ਪੋਹ ਸ਼ਹਿਨਸ਼ਾਹੀ ਸੰਮਤ ੭ ਤੇਜਭਾਨ ਦੇ ਗ੍ਰਿਹ ਪਿੰਡ ਸਈ ਖ਼ੁਰਦ ਜ਼ਿਲਾ ਜੰਮੂ

ਕਲਜੁਗ ਕਹੇ ਸੁਣ ਨੀ ਧਰਤੀ ਮਾਤਾ, ਜਗਤ ਮੰਮੀਏਂ ਤੈਨੂੰ ਦਿਆਂ ਜਣਾਈਆ । ਕੀ ਹੁਕਮ ਦੇਵੇ ਧੁਰ ਦਾ ਦਾਤਾ, ਦਇਆਵਾਨ ਦਇਆ ਕਮਾਈਆ । ਜਿਸ ਨੇ ਮੇਰਾ ਵਕਤ ਪਛਾਤਾ, ਘੜੀ ਪਲ ਭੁੱਲ ਕਦੇ ਨਾ ਜਾਈਆ । ਚਾਰੋਂ ਕੁੰਟ ਕਰੇ ਅੰਧੇਰੀ ਰਾਤਾ, ਸਾਚਾ ਨੂਰ ਨਾ ਕੋਇ ਰੁਸ਼ਨਾਈਆ । ਕਿਸੇ ਦੀ ਪੁਛੇ ਕੋਈ ਨਾ ਵਾਤਾ, ਵਾਤਾਵਰਨ ਬਦਲੇ ਜਗਤ ਲੋਕਾਈਆ । ਧਰਮ ਰਾਏ ਦਾ ਇਕੋ ਵਾਰ ਪੂਰਾ ਕਰੇ ਖਾਤਾ, ਚਿਤ੍ਰਗੁਪਤ
੧੬੩੫ ਦਾ ਲੇਖਾ ਰਹੇ ਨਾ ਰਾਈਆ । ਚਾਰੇ ਖਾਣੀ ਬਦਲ ਬਦਲ ਕੇ ਜੋੜੇ ਨਾਤਾ, ਅਦਲ ਆਪਣਾ ਇਕ ਸਮਝਾਈਆ । ਬਿਨਾ ਭਗਤਾਂ ਪੁਛੇ ਕਿਸੇ ੧੬੩੫
ਨਾ ਵਾਤਾ, ਵਾਰਸ ਨਜ਼ਰ ਕੋਇ ਨਾ ਆਈਆ । ਇਹ ਖੇਲ ਤਕਣਾ ਅਲੱਖਣਾ ਅਲਾਖਾ, ਅਲਖ ਅਗੋਚਰ ਕੀ ਆਪਣੀ ਕਾਰ ਭੁਗਤਾਈਆ । ਮੇਰੇ ਅੰਤਰ ਇਕੋ ਕਲਮਾ ਭਾਖਾ, ਕਲਜੁਗ ਕਹੇ ਖ਼ੁਸ਼ੀਆਂ ਨਾਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਬੇਪਰਵਾਹੀਆ । ਕਲਜੁਗ ਕਹੇ ਨੀ ਧਰਤੀ ਜਗਤ ਦੀ ਮੰਮੀ, ਅੰਮੀਜਾਨ ਦਿਆਂ ਜਣਾਈਆ । ਤੂੰ ਪਿਆਰ ਕਰੀਂ ਕਿਸੇ ਨਾ ਚੰਮੀ, ਚੰਮ ਦ੍ਰਿਸ਼ਟੀ ਦੇਣੀ ਤਜਾਈਆ । ਨੇਤਰ ਨੀਰ ਵਹਾਈਂ ਨਾ ਛਮ ਛਮੀ, ਵੈਰਾਗਣ ਆਪਣਾ ਆਪ ਕਰਾਈਆ । ਮੇਰੇ ਅੰਤ ਹੋਵੇ ਕੋਇ ਨਾ ਗ਼ਮੀ, ਚਿੰਤਾ ਚਿਖਾ ਨਾ ਕੋਇ ਸਤਾਈਆ । ਤੂੰ ਗੂਹੜੀ ਨੀਂਦ ਸਵੀਂ, ਬਾਂਹ ਸਰਹਾਣੇ ਹੇਠ ਟਿਕਾਈਆ । ਇਕੋ ਪ੍ਰਭ ਦਾ ਗੀਤ ਗਵੀਂ, ਤੂੰ ਮੇਰਾ ਮਾਲਕ ਧੁਰਦਰਗਾਹੀਆ । ਜਿਸ ਨੇ ਧਾਰ ਚਲਾਉਣੀ ਨਵੀਂ, ਨਵ ਨੌਂ ਚਾਰ ਦਾ ਪੰਧ ਮੁਕਾਈਆ । ਜਿਸ ਰੂਪ ਪਰਗਟਾਉਣਾ ਅਵਤਾਰ ਚਵ੍ਹੀ, ਚੌਬੀਸਵਾਂ ਆਪਣਾ ਖੇਲ ਖਿਲਾਈਆ । ਮਨਸਾ ਪੂਰੀ ਕਰਨੀ ਰਵਦਾਸ ਰਵੀ, ਰਵ ਸਸ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵਡਾ ਵਡ ਵਡਿਆਈਆ । ਕਲਜੁਗ ਕਹੇ ਨੀ ਜਗਤ ਦੀਏ ਅੰਮਾ, ਧਰਨੀ ਧਵਲ ਦਿਆਂ ਸੁਣਾਈਆ । ਧੁਰ ਦੇ ਮਾਲਕ ਦੇਣਾ ਸਮਾਂ, ਸਮਝ ਬੁੱਧੀ ਅਕਲ ਚਲੇ ਨਾ ਕੋਇ ਚਤੁਰਾਈਆ । ਝਗੜਾ ਮੇਟਣਾ ਕਾਇਆ ਮਾਟੀ ਚੰਮਾ, ਸ਼ਰਅ ਦਾ ਲੇਖ ਰਹੇ ਨਾ ਰਾਈਆ । ਕਲਮਾ ਦੱਸਣਾ ਇਕੋ ਦਮਾ, ਨਾਮ ਨਿਧਾਨਾ ਇਕ ਦ੍ਰਿੜਾਈਆ । ਦੀਨ ਦੀ ਰਹਿਣ ਨਹੀਂ ਦੇਣੀ ਤਮਾ, ਲਾਲਚ ਕੂੜ ਨਾ ਕੋਇ ਬਣਾਈਆ । ਇਕੋ ਨੂਰ ਚਮਕਾਉਣਾ ਅਗੰਮੀ ਚੰਨਾ, ਚੰਦ ਸਿਤਾਰ ਜਿਸ ਨੂੰ ਸੀਸ ਝੁਕਾਈਆ । ਲੇਖੇ ਲਾਉਣਾ

ਗੋਬਿੰਦ ਵਾਲਾ ਕੰਨਾ, ਪੰਨਾ ਚੌਦਾਂ ਸੌ ਤੀਹ ਅੰਕ ਅੰਕ ਸਮਝਾਈਆ । ਅੱਗੇ ਲੇਖਾ ਰਹਿਣ ਨਹੀਂ ਦੇਣਾ ਲੰਮਾ, ਲਮਹ ਲਮਹ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਬੇਪਰਵਾਹੀਆ । ਕਲਜੁਗ ਕਹੇ ਧਰਨੀ ਤੈਨੂੰ ਕਹਿੰਦੇ ਸਾਰੇ ਮਾਂ, ਮਮਤਾ ਵਿਚ ਜਗਤ ਹਲਕਾਈਆ । ਤੇਰੇ ਉਤੇ ਵੰਡ ਪੈ ਗਈ ਸੂਰ ਤੇ ਗਾਂ, ਗਊ ਗ਼ਰੀਬ ਨਿਮਾਣਿਆਂ ਹੋਏ ਨਾ ਕੋਇ ਸਹਾਈਆ । ਸਚ ਦੱਸ ਕਿਹੜਾ ਪਵਿਤਰ ਤੇਰਾ ਥਾਂ, ਕਵਣ ਮਿੱਟੀ ਖ਼ਾਕ ਮਿਲੇ ਵਡਿਆਈਆ । ਕਿਹੜਾ ਸੋਹਣਾ ਨਗਰ ਗਰਾਂ, ਖੇੜੇ ਕਿਸ ਵੱਜੇ ਵਧਾਈਆ । ਕਿਥੇ ਖ਼ੁਸ਼ੀ ਗ਼ਮੀ ਕਿਥੇ ਹੋਵੇ ਚਾਅ, ਚਾਉ ਘਨੇਰਾ ਕਵਣ ਜਣਾਈਆ । ਕਿਥੇ ਸਿਫ਼ਤ ਸਾਲਾਹ ਹੋਵੇ ਵਾਹ ਵਾ, ਵਾਹਵਾ ਤੇਰੀ ਬੇਪਰਵਾਹੀਆ । ਕਮਲੀਏ ਜੇ ਤੂੰ ਇਕ ਤੇ ਕਿਉਂ ਮਜ਼੍ਹਬਾਂ ਵਾਲੇ ਬਣਾਏ ਰਾਹ, ਡੰਡੀਆਂ ਆਪਣੇ ਉਤੇ ਰਖਾਈਆ । ਕਿਉਂ ਤੇਰੇ ਸਪੂਤ ਰੂਪ ਬਣੇ ਕਾਂ, ਬਗ ਬਪੜੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦੀ ਕਰਨੀ ਆਪਣੇ ਹੱਥ ਰਖਾਈਆ । ਧਰਨੀ ਕਹੇ ਸੁਣ ਕਲਜੁਗ ਚੌਥੇ ਜੁਗ, ਜੁਗਤੀ ਤੈਨੂੰ ਦਿਆਂ ਜਣਾਈਆ । ਤੇਰੀ ਔਧ ਰਹੀ ਪੁਗ, ਪੂਜਾ ਮਿਟੇ ਕੂੜ ਲੋਕਾਈਆ । ਹੀਣੀ ਰਹੇ ਕਿਸੇ ਨਾ ਬੁਧ, ਬੁਧ ਬਿਬੇਕ ਆਪ ਕਰਾਈਆ । ਹੁਣ ਚਾਰੋਂ ਕੁੰਟ ਮੇਰੇ ਉਤੇ ਖ਼ੁਸ਼ੀਆਂ ਨਾਲ ਵੇਖ ਯੁਧ, ਯੁਧਿਸ਼ਟਰ ਦੀ ਆਸ਼ਾ ਰਹੇ ਨਾ ਰਾਈਆ । ਮੈਂ ਦੁਸ਼ਟ ਦੁਰਾਚਾਰ ਮੁਕਾਉਣੇ ਚੁਗ ਚੁਗ, ਚੁਗਲੀ ਨਿੰਦਿਆ ਵਾਲੇ ਸਾਰੇ ਦੇਣੇ ਖਪਾਈਆ । ਮੇਰੇ ਸਾਹਿਬ ਦੀ ਬੁਝਾਰਤ ਸਕੇ ਕੋਇ ਨਾ ਬੁਝ, ਭਵਿਖਤਾਂ ਵਾਲੇ ਇਸ਼ਾਰੇ ਨਾਲ ਗਏ ਜਣਾਈਆ । ਮੈਂ ਨੌਂ ਸੌ ਚੁਰਾਨਮੇ ਜੁਗ ਚੌਕੜੀ ਰਹੀ ਚੁਪ, ਚੁਪ ਵੱਟ ਕੇ ਆਪਣਾ ਝਟ ਲੰਘਾਈਆ । ਹੁਣ ਮੇਰਾ ਪਿਆਰ ਹੋਇਆ ਬਿਨਾ ਤਤਾਂ ਤੋਂ ਪ੍ਰਭ ਦੇ ਸ਼ਬਦ ਦੁਲਾਰੇ ਨਾਲ ਸੁਤ, ਪਿਤਾ ਪੂਤ ਵੇਖ ਕੇ ਵੱਜੇ ਵਧਾਈਆ । ਜਿਸ ਦੀ ਮੇਰੇ ਉਤੇ ਮੌਲਣੀ ਰੁਤ, ਰੁਤੜੀ ਇਕੋ ਰੰਗ ਰੰਗਾਈਆ । ਮਜ਼੍ਹਬ ਦਾ ਰਹੇ ਕੋਇ ਨਾ ਦੁੱਖ, ਸ਼ਰਅ ਕਰੇ ਨਾ ਕੋਇ ਲੜਾਈਆ । ਆਤਮ ਪਰਮਾਤਮ ਸਭ ਨੂੰ ਮਿਲਣਾ ਸੁਖ, ਪਾਰਬ੍ਰਹਮ ਬ੍ਰਹਮ ਮਿਲ ਕੇ ਵੱਜੇ ਵਧਾਈਆ । ਤੂੰ ਮੇਰਾ ਮੈਂ ਤੇਰਾ ਪੜ੍ਹਨੀ ਤੁਕ, ਤੁਖ਼ਮ ਤਾਅਸੀਰ ਸਭ ਦੀ ਦੇਣੀ ਬਦਲਾਈਆ । ਕਲਜੁਗ ਤੇਰਾ ਮੇਟਣਾ ਅੰਧੇਰਾ ਘੁਪ, ਕੂੜੀ ਕਿਰਿਆ ਰਹਿਣ ਨਾ ਪਾਈਆ । ਖੁਲ੍ਹੀ ਰਹੇ ਕਿਸੇ ਨਾ ਗੁੱਤ, ਮੇਂਢੀ ਸੁਹਾਗ ਦੇਣੀ ਗੁੰਦਾਈਆ । ਹੁਣ ਮੇਰੇ ਤੋਂ ਮੂਰਖਾ ਆਪਣਾ ਬਿਸਤਰਾ ਚੁੱਕ, ਅੱਗੇ ਵਕਤ ਰਹੇ ਨਾ ਰਾਈਆ । ਉਹ ਵੇਖ ਚੰਦ ਸਿਤਾਰਾ ਰਹੇ ਟੁੱਟ, ਟੁੱਟਿਆਂ ਗੰਢ ਨਾ ਕੋਇ ਪਵਾਈਆ । ਸਦੀ ਚੌਧਵੀਂ ਦਸਤ ਨਾਲੋਂ ਦਸਤ ਮੁਹੰਮਦ ਛੁਡਾਵੇ ਗੁਟ, ਬਾਜ਼ੂ ਬੰਧਨ ਨਾ ਕੋਇ ਪਵਾਈਆ । ਤੇਰਾ ਭਾਗ ਰਿਹਾ ਨਿਖੁਟ, ਭੰਡਾਰ ਅਤੁਟ ਨਾ ਕੋਇ ਵਰਤਾਈਆ । ਇਕੋ ਵਾਰ ਮੇਰੇ ਸਾਹਿਬ ਨੇ ਦੀਨ ਦੁਨੀ ਵਿਚ ਪਾਉਣੀ ਫੁੱਟ, ਫੁਟਕਲ ਕਰੇ ਖ਼ਲਕ ਖ਼ੁਦਾਈਆ । ਸ਼ਬਦ ਧਾਰ ਨਾਲ ਕਰੇ ਦੋ ਟੁੱਕ, ਹਿੱਸੇ ਦੋਵੇਂ ਵੰਡ ਵੰਡਾਈਆ । ਦੋਵੇਂ ਧਾਰਾਂ ਪੈਣ ਜੁਟ, ਅੱਗੇ ਹੋ ਨਾ ਕੋਇ ਛੁਡਾਈਆ । ਕਲਜੁਗਾ ਤੇਰੇ ਨੀਲੇ ਹੋਣੇ ਬੁੱਟ, ਨੀਲਾ ਅੰਬਰ ਦਏ ਗਵਾਹੀਆ । ਸਭ ਦਾ ਲੇਖਾ ਸਭ ਦੇ ਕੋਲੋਂ ਜਾਣਾ ਖ਼ੁਸ, ਮਾਲਕ ਰਹਿਣ ਕੋਇ ਨਾ ਪਾਈਆ । ਇਹ ਖੇਲ ਖੇਲਣੀ ਮਾਲਕ ਉਸ, ਜਿਸ ਦੀ ਉਸਤਤ ਕਰਕੇ ਸਾਰੇ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਮ ਪੁਰਖ ਅਬਿਨਾਸ਼ੀ ਅਚੁਤ, ਚੇਤਨ ਸਭ ਨੂੰ ਰਿਹਾ ਕਰਾਈਆ ।


੧੬੩੬
੨੨

### ੧੦ ਪੋਹ ਸ਼ਹਿਨਸ਼ਾਹੀ ਸੰਮਤ ੭ ਭਗਤ ਸਿੰਘ ਦੇ ਨਵਿਤ ਕੀਰ ਪਿੰਡ ਜ਼ਿਲਾ ਜੰਮੂ

ਨਾਰਦ ਕਹੇ ਸਤਿਗੁਰ ਸ਼ਬਦ ਮੇਰਾ ਤੇਰੇ ਨਾਲ ਇਸ਼ਕ, ਆਸ਼ਕਾਂ ਦੇ ਆਸ਼ਕਾ ਮਾਸ਼ੂਕ ਬਣਕੇ ਦੇ ਵਖਾਈਆ । ਤੇਰਾ ਸੋਹਣਾ ਸਤਿ ਸਰੂਪ ਰਿਹਾ ਲਿਸ਼ਕ, ਬਿਨ ਰੰਗ ਰੂਪ ਸੋਭਾ ਪਾਈਆ । ਕੋਟਨ ਕੋਟ ਜੁਗ ਤੇਰੇ ਉਤੇ ਸਾਰੇ ਲਾਉਂਦੇ ਰਹੇ ਸ਼ਿਸਤ, ਨਿਸ਼ਾਨਾ ਅੰਤ ਨਾ ਕੋਇ ਕਰਾਈਆ । ਮੈਂ ਏਸੇ ਕਾਰਨ ਤੇਰੇ ਪਿਆਰ ਵਿਚ ਭੋਗਿਆ ਨਹੀਂ ਕੋਇ ਗ੍ਰਿਹਸਤ, ਤਨ ਵਜੂਦ ਨਾ ਖ਼ੁਸ਼ੀ ਬਣਾਈਆ । ਮੈਂ ਫਿਰ ਕੇ ਆਇਆ ਜਿਸ ਨੂੰ ਅਵਤਾਰ ਪੈਗ਼ੰਬਰ ਗੁਰੂ ਕਹਿੰਦੇ ਸਵਰਗ ਤੇ ਬਹਿਸ਼ਤ, ਵੇਖਿਆ ਚਾਈਂ ਚਾਈਂਆ । ਦੋਜ਼ਖਾਂ ਵਿਚ ਦੇਖੀ ਦ੍ਰਿਸ਼ਟ, ਤੇਰਾ ਧਿਆਨ ਰਖਾਈਆ । ਮੈਂ ਸਮਝ ਨਾ ਸਕਿਆ ਤੇਰਾ ਖੇਲ ਟਾਂਕ ਕੇ ਜਿਸਤ, ਕਿ ਬਿਨਾ ਇਕ ਦੋ ਤੋਂ ਆਪਣਾ ਹੁਕਮ ਵਰਤਾਈਆ । ਤੇਰਾ ਆਕਾਰ ਤੱਕਿਆ ਨਿਰਾਕਾਰ ਕੋਟਨ ਕੋਟ ਬ੍ਰਹਿਮੰਡ ਖੰਡ ਤੇਰੇ ਪੈਮਾਨੇ ਵਾਲੀ ਇਕ ਨਾ ਪੂਰੀ ਹੋਈ ਬਾਲਿਸ਼ਤ, ਪੂਰਵਾ ਵੰਡ ਨਾ ਕੋਇ ਵੰਡਾਈਆ । ਮੇਰੀ ਉਚੀ ਨਿਕਲ ਗਈ ਕਿਲਕ, ਕੂਕ ਕੇ ਦਿਆਂ ਸੁਣਾਈਆ । ਬਹੁੜੀ ਦਰੋਹੀ ਦੁਹਾਈ ਤੇਰੀ ਮੰਜ਼ਲ ਤੋਂ ਬਿਨਾ ਤੇਰੀ ਕਿਰਪਾ ਅਵਤਾਰ ਪੈਗ਼ੰਬਰ ਗੁਰੂ ਸਾਰੇ ਗਏ ਖਿਸਕ, ਥਿਰ ਨਜ਼ਰ ਕੋਇ ਨਾ ਆਈਆ । ਹੁਣ ਸਦੀ ਚੌਧਵੀਂ ਤੂੰ ਸਭ ਨੂੰ ਲਿਆ ਝਿੜਕ, ਭੈ ਵਿਚ ਰਿਹਾ ਡਰਾਈਆ । ਤੁਹਾਡੇ ਦੀਨ ਮਜ਼੍ਹਬ ਮੈਂ ਦੇਣੇ ਰਿੜਕ, ਰੇੜਕਾ ਪਾਉਣਾ ਕੂੜ ਲੋਕਾਈਆ । ਮੈਂ ਵੀ ਡਰਦਾ ਨਾਰਦ ਕਹੇ ਦੂਰੋਂ ਦੂਰੋਂ ਲੈਂਦਾ ਬਿੜਕ, ਕੰਨ ਦੋ ਜਹਾਨਾਂ ਵੱਲ ਰਖਾਈਆ । ਨਿਗਹ ਰੱਖਦਾ ਕਿਤੇ ਮਿਹਰ ਦਾ ਅੰਮ੍ਰਿਤ ਦੇਵੇ ਛਿੜਕ, ਜਿਸ ਨੂੰ ਕਲਸਾਂ ਵਿਚ ਨਾ ਕੋਇ ਭਰਾਈਆ । ਮੇਰੀ ਪੂਰਬਲੀ ਮਿਟੇ ਹਿਰਸ, ਹਵਸ ਰਹੇ ਨਾ ਰਾਈਆ । ਤੇਰੇ ਨੂਰੀ ਨੂਰ ਦਾ ਹੋਵੇ ਦਰਸ, ਸਨਮੁਖ ਹੋ ਕੇ ਖ਼ੁਸ਼ੀ ਬਣਾਈਆ । ਵਿਛੋੜੇ ਵਿਚ ਕਿਸੇ ਨੂੰ ਦਿਵਸ ਮਹੀਨੇ ਬੀਤਦੇ ਬਰਸ, ਮੈਂ ਜੁਗ ਜੁਗ ਤੇਰਾ ਰਾਹ ਤਕਾਈਆ । ਧੰਨ ਭਾਗ ਓਏ ਧਨਾਢਾ ਜੇ ਤੂੰ ਆਇਉਂ ਉਤੇ ਫ਼ਰਸ਼, ਮਿੱਟੀ ਖ਼ਾਕ ਦਏਂ ਵਡਿਆਈਆ । ਮੈਂ ਵੀ ਛੱਡਿਆ ਆਸਣ ਅਰਸ਼, ਅਰਸ਼ੀ ਪ੍ਰੀਤਮ ਭੱਜਿਆ ਵਾਹੋ ਦਾਹੀਆ । ਮਹਿਬੂਬ ਮੇਰੀ ਮੰਨ ਲੈ ਅਰਜ਼, ਆਰਜ਼ੂ ਤੇਰੇ ਅੱਗੇ ਰਖਾਈਆ । ਮੈਨੂੰ ਤੇਰੇ ਪਿਆਰ ਦੀ ਗ਼ਰਜ਼, ਦੂਸਰ ਅੰਗ ਨਾ ਕਦੇ ਛੁਹਾਈਆ । ਮੇਰਾ ਇਕੋ ਤਾਲ ਰਾਗ ਨਾਦ ਤੇ ਇਕੋ ਤਰਜ਼, ਤਰਹ ਤਰਹ ਦਾ ਗਾਣ ਕੋਇ ਨਾ ਗਾਈਆ । ਮੈਨੂੰ ਇਉਂ ਦਿਸਿਆ ਤੇਰੇ ਬਿਨਾ ਸੱਚਾ ਨਹੀਂ ਕੋਈ ਮਰਦ, ਅਵਤਾਰ ਪੈਗ਼ੰਬਰ ਗੁਰੂ ਨਾਰੀ ਪ੍ਰਭ ਦੀ ਨਜ਼ਰੀ ਆਈਆ । ਤੇਰੇ ਕੋਲ ਆਦਿ ਅੰਤ ਦੀ ਫ਼ਰਦ, ਹੱਕ ਹਕੀਕ ਵੇਖ ਚਾਈਂ ਚਾਈਂਆ । ਮੇਰੇ ਸਾਹਿਬ ਸਭ ਦੇ ਕੋਲੋਂ ਖੋਹ ਲੈ ਛੁਰੀ ਸ਼ਰਅ ਵਾਲੀ ਕਰਦ, ਕਤਲਗਾਹ ਰਹਿਣ ਨਾ ਪਾਈਆ । ਮੇਰਾ ਦਿਲ ਕਰਦਾ ਮੈਂ ਤੇਰਾ ਰੂਪ ਤਕਾਂ ਨਪੜਦ, ਸਤਿ ਦਾ ਸਤਿ ਨਜ਼ਰੀ ਆਈਆ । ਕਿਸੇ ਨਾਮ ਕਲਮੇ ਦਾ ਵਿਚ ਨਾ ਹੋਵੇ ਧੜਤ, ਹਿੱਸਾ ਵੰਡ ਨਾ ਕੋਇ ਵੰਡਾਈਆ । ਬਿਨਾ ਅੱਖਰਾਂ ਤੋਂ ਮੇਰੇ ਨਾਲ ਕਰ ਲਿਖਤ ਪੜ੍ਹਤ, ਧੁਰ ਦੀ ਗੰਢ ਆਪ ਬੰਧਾਈਆ । ਮੇਰੀ ਪੂਰੀ ਕਰ ਦੇ ਸ਼ਰਤ, ਸ਼ਰਮ ਹਯਾ ਦਾ ਲੇਖਾ ਦੇ ਮੁਕਾਈਆ । ਤੇਰੇ ਬਿਨਾ ਮੇਰੀ ਸਿੱਧੀ ਕਰੇ ਕੋਇ ਨਾ ਨਰਦ, ਨਾਰਦ ਰੋ ਕੇ ਰਿਹਾ ਸੁਣਾਈਆ । ਮੈਂ ਕੋਈ ਲੈਣਾ ਨਹੀਂ ਕਰਜ਼, ਖ਼ਾਲੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਤੇਰੇ ਹੱਥ ਵਡਿਆਈਆ । ਨਾਰਦ ਕਹੇ ਸਤਿਗੁਰ ਸ਼ਬਦ ਮੈਂ ਤੈਨੂੰ ਚਾਹੁੰਦਾ, ਚਾਰੇ ਜੁਗ ਹੱਥ ਉਠਾਈਆ । ਦਿਵਸ ਰੈਣ ਤੇਰਾ ਰਾਗ ਅਲਾਉਂਦਾ, ਢੋਲੇ ਪ੍ਰੇਮ ਵਾਲੇ ਗਾਈਆ । ਅਸੁਣਤ

੧੬੩੭ ੨੨

ਤੈਨੂੰ ਆਪਣੀ ਆਸ਼ਾ ਸੁਣਾਉਂਦਾ, ਬਿਰਹੋਂ ਵਿਚ ਵਡਿਆਈਆ । ਤੂੰ ਕਿਉਂ ਨਹੀਂ ਨੈਣ ਉਠਾਉਂਦਾ, ਨੈਣਾਂ ਵਾਲਿਆ ਨੈਣ ਮਟਕਾਈਆ । ਮਾਸ਼ੂਕ ਹੋ ਕੇ ਆਸ਼ਕ ਇਸ਼ਕ ਦੀ ਕਿਉਂ ਨਹੀਂ ਗੰਢ ਪਵਾਉਂਦਾ, ਪ੍ਰੇਮ ਤੰਦ ਜੁੜਾਈਆ । ਸਚ ਸਿੰਘਾਸਣ ਕਿਉਂ ਨਹੀਂ ਸੋਭਾ ਪਾਉਂਦਾ, ਸੁਖਆਸਣ ਡੇਰਾ ਲਾਈਆ । ਫੂਲਨ ਸੇਜ ਕਿਉਂ ਨਹੀਂ ਵਡਿਆਉਂਦਾ, ਅੰਮ੍ਰਿਤ ਮੇਘ ਬਰਸਾਈਆ । ਤੂੰ ਜੁਗ ਚੌਕੜੀ ਰਿਹੋਂ ਤਰਸਾਉਂਦਾ, ਬੇਤਰਸਾ ਤੈਨੂੰ ਤਰਸ ਜ਼ਰਾ ਨਾ ਆਈਆ । ਹੁਣ ਮੈਂ ਉਚੀ ਕੂਕ ਜਣਾਉਂਦਾ, ਦਰੋਹੀ ਤੇਰੀ ਬੇਪਰਵਾਹੀਆ । ਕਿਉਂ ਨਹੀਂ ਪ੍ਰੇਮੀਆ ਪ੍ਰੇਮੀਆਂ ਗਲੇ ਲਗਾਉਂਦਾ, ਗਲਵਕੜੀ ਧੁਰ ਦੀ ਪਾਈਆ । ਉਹ ਤਕ ਅਵਤਾਰ ਪੈਗ਼ੰਬਰ ਗੁਰੂ ਮੇਰੇ ਵੱਲ ਉਂਗਲ ਸਰਬ ਉਠਾਉਂਦਾ, ਇਸ਼ਾਰੇ ਰਿਹਾ ਕਰਾਈਆ । ਮੈਂ ਵੀ ਤਾੜੀ ਅੱਗੋਂ ਵਜਾਉਂਦਾ, ਦੋ ਹੱਥਾਂ ਤਾਲ ਬਣਾਈਆ । ਨਾਲੇ ਧੁਰ ਦਾ ਬਚਨ ਜਣਾਉਂਦਾ, ਜਨਣੀ ਨੂੰ ਜੰਮਣ ਵਾਲਿਓ ਤੁਹਾਨੂੰ ਦਿਆਂ ਸੁਣਾਈਆ । ਨਿਗਹ ਧਰਤੀ ਵੱਲ ਰਖਾਉਂਦਾ, ਚਾਰੋਂ ਕੁੰਟ ਕੁੰਟ ਭਵਾਈਆ । ਉਹ ਵੇਖੋ ਆਹ ਵੇਖੋ ਤੁਹਾਡਾ ਦੀਨ ਮਜ਼੍ਹਬ ਕੁਰਲਾਉਂਦਾ, ਕਰਬਲੇ ਵਾਲੇ ਬਿਨਾ ਕਰਬਲੇ ਤੋਂ ਰੋਵਣ ਮਾਰਨ ਧਾਹੀਆ । ਤੁਹਾਡਾ ਕਲਮਾ ਕਿਹੜੀ ਵੰਡ ਵੰਡਾਉਂਦਾ, ਸੂਰ ਗਾਂ ਦੇ ਹਿੱਸੇ ਪਾਈਆ । ਤੁਹਾਡਾ ਪਿਆਰ ਮੁਹੱਬਤ ਕਿਹੜੇ ਨਾਉਂ ਦਾ, ਜਿਸ ਨਾਮ ਨਾਲ ਜੀਵ ਜਹਾਨਾਂ ਰਹੇ ਘਾਈਆ । ਤੁਹਾਡਾ ਨਾਤਾ ਕਿਹੜੇ ਥਾਉਂ ਦਾ, ਦੋਜ਼ਖ਼ ਬਹਿਸ਼ਤ ਦੋਵੇਂ ਰੋਵਣ ਮਾਰਨ ਧਾਈਆ । ਕਿਉਂ ਕਲਜੁਗ ਰੂਪ ਬਣਿਆ ਕਾਉਂ ਦਾ, ਹੰਸ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।

੧੬੩੮ ੧੬੩੮

੨੨ ੨੨

## ੧੦ ਪੋਹ ਸ਼ਹਿਨਸ਼ਾਹੀ ਸੰਮਤ ੭ ਪ੍ਰਕਾਸ਼ ਸਿੰਘ ਪਿੰਡ ਦੜ ਜ਼ਿਲਾ ਜੰਮੂ

ਨਾਰਦ ਕਹੇ ਸਤਿਗੁਰ ਸ਼ਬਦ ਤੂੰ ਕਿੱਡਾ ਸੋਹਣਾ ਸੁਨੱਖਾ, ਸੋਹਣਿਆਂ ਤੇਰੀ ਕੀ ਵਡਿਆਈਆ । ਦੁਨੀਆ ਜਗਤ ਸੰਸਾਰ ਐਵੇਂ ਤਤਾਂ ਨੂੰ ਝਲਦੀ ਰਹੀ ਪੱਖਾ, ਕਲਬੂਤਾਂ ਸੇਵ ਕਮਾਈਆ । ਹੱਡੀਆਂ ਨੂੰ ਟੇਕਦੀ ਰਹੀ ਮੱਥਾ, ਚੰਮੜੀਆਂ ਰੰਗ ਰੰਗਾਈਆ । ਮੈਂ ਵੀ ਚਾਰ ਜੁਗ ਫਿਰਦਾ ਰਿਹਾ ਨੱਠਾ, ਭੱਜਿਆ ਵਾਹੋ ਦਾਹੀਆ । ਫਿਰਿਆ ਤੀਰਥ ਤੱਟਾ, ਅੱਠ ਸੱਠ ਪੰਧ ਮੁਕਾਈਆ । ਅਵਤਾਰ ਪੈਗ਼ੰਬਰ ਗੁਰੂਆਂ ਖੁਲ੍ਹੀਆਂ ਵੇਖੀਆਂ ਲਟਾਂ, ਬੈਰਾਗੀ ਰੂਪ ਅੰਤਰ ਧਿਆਨ ਲਗਾਈਆ । ਜਗਤ ਸਖ਼ੀਆਂ ਵੇਖੀਆਂ ਹੱਥ ਮਾਰਦੀਆਂ ਉਤੇ ਪੱਟਾਂ, ਪਟਨੇ ਵਾਲਾ ਦਏ ਗਵਾਹੀਆ । ਜੁਗ ਜੁਗ ਗਿੜਦੀਆਂ ਵੇਖੀਆਂ ਉਲਟੀਆਂ ਲੱਠਾਂ, ਵਹਿਣਾਂ ਵਹਿਣ ਵਹਾਈਆ । ਨਾਮ ਕਲਮੇ ਦਾ ਸੁਣਦਾ ਰਿਹਾ ਟੱਪਾ, ਅੱਖਰਾਂ ਨਾਲ ਪੜ੍ਹਾਈਆ । ਸਤਿਗੁਰੂ ਸ਼ਬਦ ਤੂੰ ਦੱਸ ਤੇਰਾ ਕਿਹਦੇ ਨਾਲ ਯਰਾਨਾ ਪੱਕਾ, ਜਿਸ ਦੇ ਨਾਲੋਂ ਨਾ ਸਕਿਆ ਤੁੜਾਈਆ । ਜਿਸ ਨੂੰ ਕਦੇ ਨਾ ਦਿਤਾ ਧੱਕਾ, ਪਿਠ ਨਾ ਸਕਿਆ ਬਦਲਾਈਆ । ਸਭ ਨੂੰ ਆਪਣਾ ਭੰਡਾਰਾ ਦੇ ਕੇ ਫੱਕਾ ਫੱਕਾ, ਜਿਸ ਫੱਕੇ ਵਿਚੋਂ ਫਾਕੇ ਮਰੇ ਸਰਬ ਲੋਕਾਈਆ । ਆਪਣਾ ਰੂਪ ਨਹੀਂ ਦੱਸਿਆ ਹੱਟਾ ਕੱਟਾ, ਯੋਧਾ ਅਗੰਮ ਅਥਾਹੀਆ । ਸਚ ਦੇ ਥਾਂ ਸਿਫ਼ਤ ਦਾ ਦੇ ਕੇ ਵੱਟਾ, ਵਟਣੇ ਜਗਤ ਵਾਲੇ ਮਲਾਈਆ । ਉਹਨਾਂ ਅਵਤਾਰ ਪੈਗ਼ੰਬਰ ਗੁਰੂਆਂ ਨੂੰ ਪਾ ਕੇ ਉਤੇ ਫੱਟਾ, ਫਿਰ ਘਰਾਂ ਵਿਚੋਂ ਬਾਹਰ ਕਢਾਈਆ । ਸਿਰਫ਼ ਇਸ਼ਾਰਾ ਦਿਤਾ ਹੁਕਮ ਵਿਚ ਦੱਸਿਆ ਆਪਣਾ ਪਤਾ, ਪਤਿਪਰਮੇਸ਼ਵਰ

੧੬੩੯
੨੨

ਕਹਿ ਕੇ ਸਾਰੇ ਗਾਈਆ । ਫਿਰ ਸਭ ਦੇ ਉਤੇ ਪਾ ਕੇ ਆਪਣੀ ਫੜ੍ਹਾ, ਫ਼ਾਤਿਆ ਦਾ ਡੰਕ ਦਏ ਵਜਾਈਆ । ਕਿਸੇ ਦਾ ਬੋਦਾ ਕਿਸੇ ਦਾ ਸੀਸ ਉਤੇ ਰਖਾਇਆ ਛੱਤਾ, ਕਿਸੇ ਨੂੰ ਕੇਸਾਂ ਨਾਲ ਵਡਿਆਈਆ । ਕਿਸੇ ਨੂੰ ਗੋਰ ਸਵਾਇਆ ਕਿਸੇ ਨੂੰ ਟਿਕਾਇਆ ਵਿਚ ਚਿਤਾ, ਲੇਖਾ ਸਭ ਦਾ ਆਪਣੇ ਹੱਥ ਰਖਾਈਆ । ਓਏ ਸਤਿਗੁਰ ਸ਼ਬਦ ਨਾਲੇ ਤੂੰ ਸਭ ਦਾ ਬਣਿਆ ਰਿਹੋਂ ਪਿਤਾ, ਕਿਉਂ ਪਿਤਾ ਹੋ ਕੇ ਆਪਣੇ ਪੁਤ ਲਏ ਮਰਾਈਆ । ਦੱਸ ਚਹੁ ਜੁਗਾਂ ਵਿਚੋਂ ਨਾਰਦ ਨੂੰ ਕੀ ਦਿਤਾ, ਨਾ ਰੰਨ ਨਾ ਕੰਨ ਬਿਨਾ ਬੋਦੀ ਤੋਂ ਹੋਰ ਚੀਜ਼ ਨਜ਼ਰ ਕੋਇ ਨਾ ਆਈਆ । ਮੈਨੂੰ ਅੱਜ ਸਾਰੀ ਰਾਤ ਨਾਰਦ ਕਹੇ ਨੌ ਸੌ ਨੜ੍ਹਿਨਵੇ ਵਾਰ ਆਈਆਂ ਛਿੱਕਾਂ, ਮੈਂ ਯਾਦ ਕਰ ਕਰ ਕੇ ਤੇਰਾ ਰਾਹ ਤਕਾਈਆ । ਮੇਰਾ ਜੀਅ ਕਰੇ ਮੈਂ ਕਿਹੜੇ ਵੇਲੇ ਤੇਰੇ ਪਿਆਰ ਵਿਚ ਵਿਕਾਂ, ਆਪਣਾ ਆਪ ਤੇਰੀ ਝੋਲੀ ਪਾਈਆ । ਪਰ ਤੂੰ ਵੀ ਮੇਰੇ ਅੰਦਰ ਮਾਰ ਖਿੱਚਾ, ਖਿੱਚ ਕੇ ਆਪਣੇ ਨਾਲ ਮਿਲਾਈਆ । ਸਤਿਗੁਰ ਸ਼ਬਦ ਕਹੇ ਓਏ ਨਾਰਦਾ ਤੈਨੂੰ ਭੇਤ ਨਹੀਂ ਸ਼ਬਦ ਸਾਰ ਦਾ, ਭਾਵੇਂ ਕੋਟਨ ਜੁਗ ਬੀਤ ਜਾਣ ਤੂੰ ਫੇਰ ਵੀ ਨਿੱਕੇ ਦਾ ਨਿੱਕਾ, ਮੇਰੀ ਸਮਝ ਫੇਰ ਕਿਸੇ ਨਾ ਆਈਆ । ਹੁਣ ਛੇਤੀ ਵੇਖ ਲਈਂ ਪਿਛਲਾ ਸਾਰਾ ਬਦਲ ਦੇਣਾ ਸਿੱਕਾ, ਸਖ਼ੀਆਂ ਵਾਲੇ ਕਾਹਨ ਬੈਠਣ ਸੀਸ ਨਿਵਾਈਆ । ਛੱਬੀ ਪੋਹ ਨੂੰ ਸਦੀ ਚੌਧਵੀਂ ਦੇ ਕੋਲ ਢਾਈ ਹੋਣੀਆਂ ਇੱਟਾਂ, ਇੱਟ ਇੱਟ ਨਾਲ ਖੜਕਾਈਆ । ਗੋਲੀ ਦੇ ਬਸਤਰਾਂ ਨਾਲ ਮਸਤਕ ਹੋਣਾ ਟਿੱਕਾ, ਜਿਸ ਵਿਚ ਅੱਲਾਹ ਅੱਲਾਹ ਅੱਲਾਹ ਦੇਣਾ ਲਿਖਾਈਆ । ਫੇਰ ਦੱਸਾਂਗਾਂ ਤੇਰਾ ਕਿਸ ਬਿਧ ਹੋਵੇ ਹਿਤਾ, ਪਿਆਰ ਪਿਆਰ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਸਤਿਗੁਰ ਸ਼ਬਦ ਤੇਰਾ ਨੈਣ ਬੜਾ ਮਟਕੀਲਾ, ਮਟਕਾਂ ਵਾਲਿਆ ਨਜ਼ਰੀ ਆਈਆ । ਮੇਰਾ ਬਣਿਆ ਕੋਈ ਨਾ ਹੀਲਾ, ਹਿੰਮਤ ਦਿਤੀ ਨਾ ਕੋਇ ਵਡਿਆਈਆ । ਮੈਂ ਬਥੇਰਾ ਫਿਰਿਆ ਉਤੇ ਅੰਬਰ ਨੀਲਾ, ਭੱਜਿਆ ਵਾਹੋ ਦਾਹੀਆ । ਅਵਤਾਰ ਪੈਗ਼ੰਬਰ ਗੁਰੂ ਬਣੇ ਨਾ ਕੋਇ ਵਸੀਲਾ, ਜੋ ਵਿਚੋਲਾ ਬਣ ਕੇ ਮੇਲ ਮਿਲਾਈਆ । ਮੈਂ ਰੂਪ ਧਰਿਆ ਸੂਹਾ ਲਾਲ ਪੀਲਾ, ਕਾਲਾ ਰੰਗ ਰੰਗਾਈਆ । ਫਿਰ ਵੀ ਰਿਹਾ ਢੀਲਾ, ਤੇਰਾ ਸੰਗ ਨਾ ਕੋਇ ਬਣਾਈਆ । ਮੈਂ ਫਿਰਿਆ ਜਗਤ ਸਰੋਵਰ ਝੀਲਾ, ਨਵ ਖੰਡ ਕੰਢੀ ਡੇਰਾ ਲਾਈਆ । ਕਿਤੋਂ ਮਹਿਬੂਬ ਮਿਲ ਜਾਏ ਛੈਲ ਛਬੀਲਾ, ਸਤਿ ਸਰੂਪੀ ਨਜ਼ਰੀ ਆਈਆ । ਮੈਂ ਲੱਖ ਚੁਰਾਸੀ ਤੱਕਿਆ ਤੇਰਾ ਕਬੀਲਾ, ਚਾਰੇ ਖਾਣੀ ਫੋਲ ਫੁਲਾਈਆ । ਮੈਨੂੰ ਕਰੇ ਨਾ ਕੋਇ ਤਸਲੀਮਾ, ਤਸਬੀਆਂ ਮਾਲਾ ਵਾਲੇ ਸਾਰੇ ਮੁਖ ਭਵਾਈਆ । ਤੂੰ ਮਾਲਕ ਇਕ ਕਰੀਮਾ, ਰਹਿਮਤ ਵਾਲਾ ਬੇਪਰਵਾਹੀਆ । ਤੂੰ ਆਲੀਸ਼ਾਨ ਅਜ਼ੀਮਾ, ਆਲੀਜਾਹ ਤੇਰੀ ਵਡਿਆਈਆ । ਪਰ ਮੈਂ ਇਕੋ ਤੇਰੇ ਵਰਗੀ ਮੰਗਦਾ ਹੁਸੀਨਾ, ਜਿਸ ਦਾ ਹੁਸਨ ਹੱਸਣ ਰੋਵਣ ਵਿਚ ਕਦੇ ਨਾ ਆਈਆ । ਜਿਥੇ ਹੋਏ ਨਾ ਕੋਇ ਕਦੇ ਗ਼ਮਗੀਨਾ, ਚਿੰਤਾ ਚਿਖਾ ਦਾ ਡੇਰਾ ਢਾਹੀਆ । ਮੇਲ ਹੋਵੇ ਉਤੇ ਤੇਰਾ ਮੇਰਾ ਧਰਨੀ ਧਵਲ ਜ਼ਮੀਨਾ, ਧੌਲ ਵੱਜੇ ਵਧਾਈਆ । ਮੈਂ ਤੈਨੂੰ ਕਿਹਾ ਆਮੀਨਾ, ਆ ਮਿਲ ਕੇ ਖ਼ੁਸ਼ੀ ਬਣਾਈਆ । ਮੇਰੀ ਮਨਸਾ ਬੜੀ ਪੁਰਾਣੀ ਕਦੀਮਾ, ਕੁਦਰਤ ਦੇ ਮਾਲਕ ਦਇਆ ਦੇਣੀ ਕਮਾਈਆ । ਮੈਨੂੰ ਇਕੋ ਭਰੋਸਾ ਇਕੋ ਯਕੀਨਾ, ਇਤਮਾਦ ਨਾਲ ਜਣਾਈਆ । ਤੇਰਾ ਪਿਆਰ ਕਿਸੇ ਕੋਲੋਂ ਨਾ ਜਾਏ ਛੀਨਾ, ਤੇਰਾ ਤੇਰਾ ਸੰਗ ਨਿਭਾਈਆ । ਹੁਣ ਪਤਾ ਨਹੀਂ ਕਿਸ ਨੇ ਮਰਨਾ ਕਿਸ ਨੇ ਜੀਣਾ, ਕਿਸ ਨੂੰ ਦੇਵੇ ਕਵਣ ਵਡਿਆਈਆ । ਫਿਰੇ ਦਰੋਹੀ ਲੋਕ ਤੀਨਾਂ, ਤ੍ਰੈਗੁਣ ਰਹੀ ਕੁਰਲਾਈਆ । ਮੇਰੇ ਪਿਆਰ ਦੀ ਸ਼ਹਾਦਤ

ਨਹੀਂ ਜਲ ਮੀਨਾ, ਚੰਦ ਚਕੋਰ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਤੇਰੇ ਰਹਾਂ ਅਧੀਨਾ, ਆਅਲਾ ਅਦਨਾ ਰੂਪ ਨਾ ਕੋਇ ਬਣਾਈਆ ।

## ✪ ੧੦ ਪੋਹ ਸ਼ਹਿਨਸ਼ਾਹੀ ਸੰਮਤ ੭ ਸ਼ਿਵ ਸਿੰਘ ਦੇ ਗ੍ਰਿਹਿ ਪਿੰਡ ਸਈ ਖ਼ੁਰਦ ਜ਼ਿਲਾ ਜੰਮੂ ✪

ਨਾਰਦ ਕਹੇ ਸਤਿਗੁਰ ਸ਼ਬਦ ਤੂੰ ਛੈਲ ਛਬੀਲਾ ਉਚਾ, ਉਚ ਅਗੰਮ ਅਥਾਹ ਨਜ਼ਰੀ ਆਈਆ । ਤੂੰ ਸਤਿ ਸਰੂਪ ਸੁੱਚਾ, ਸਚ ਸਤਿ ਤੇਰੀ ਵਡਿਆਈਆ । ਤੂੰ ਇਕ ਇਕ ਦਾ ਪੁੱਤਾ, ਜਿਥੇ ਬੂੰਦ ਰਕਤ ਦੀ ਲੋੜ ਰਹੇ ਨਾ ਰਾਈਆ । ਤੂੰ ਉਸ ਗ੍ਰਿਹਿ ਸੁੱਤਾ, ਜਿਥੇ ਸੋਵਤ ਜਾਗਤ ਵੰਡ ਨਾ ਕੋਇ ਵੰਡਾਈਆ । ਤੂੰ ਉਸ ਦਵਾਰੇ ਲੁਕਾ, ਜਿਥੇ ਦੋ ਜਹਾਨ ਵੇਖਣ ਕੋਇ ਨਾ ਪਾਈਆ । ਤੇਰਾ ਰੂਪ ਤੇਰੇ ਉਤੇ ਤੁਠਾ, ਮਿਹਰ ਆਪਣੀ ਇਕ ਰਖਾਈਆ । ਤੈਨੂੰ ਕੋਈ ਫੜ ਨਾ ਸਕੇ ਗੁੱਟਾ, ਤਤ ਨਜ਼ਰ ਕੋਇ ਨਾ ਆਈਆ । ਤੇਰਾ ਜਾਪ ਨਹੀਂ ਕੋਈ ਬੁੱਲਾਂ ਬੁੱਟਾ, ਸਿਫ਼ਤੀ ਸਿਫ਼ਤ ਨਾ ਢੋਲਾ ਗਾਈਆ । ਤੂੰ ਆਪਣੀ ਧਾਰੋਂ ਆਪੇ ਉਠਾ, ਆਪਣੀ ਲਈ ਅੰਗੜਾਈਆ । ਲੋਕਮਾਤ ਸਭ ਨੂੰ ਫੜਾਉਂਦਾ ਰਿਹੋਂ ਠੂਠਾ, ਨਾਮ ਭੰਡਾਰਾ ਵਿਚ ਟਿਕਾਈਆ । ਜਗਤ ਜਹਾਨ ਲਾਉਂਦਾ ਰਿਹੋਂ ਬੂਟਾ, ਤਤਵ ਤਤ ਗੰਢ ਪਵਾਈਆ । ਹੁਲਾਰਾ ਦੇਂਦਾ ਰਿਹੋਂ ਝੂਟਾ, ਪਵਣ ਪਵਣਾਂ ਵਿਚ ਰਖਾਈਆ । ਅੰਤਮ ਮਾਰ ਕੇ ਇਕੋ ਸੂਟਾ, ਸਭ ਦਾ ਲੇਖਾ ਦਿਤਾ ਮੁਕਾਈਆ । ਆਪਣਾ ਆਪ ਕਰ ਮਜ਼ਬੂਤਾ, ਸ਼ਰਅ ਵਿਚ ਕਦੇ ਨਾ ਆਈਆ । ਹਿੱਸਾ ਕਰ ਕੇ ਪੰਜ ਭੂਤਾ, ਪੰਚਮ ਪੰਚਮ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ ।



## ✪ ੧੦ ਪੋਹ ਸ਼ਹਿਨਸ਼ਾਹੀ ਸੰਮਤ ੭ ਰਾਜ ਸਿੰਘ ਦੇ ਗ੍ਰਿਹਿ ਵਿਖੇ ਜੰਮੂ ਸ਼ਹਿਰ ਵਿਚ ✪

ਨਾਰਦ ਕਹੇ ਸਤਿਗੁਰ ਸ਼ਬਦ ਤੇਰਾ ਨੂਰ ਨੁਰਾਨੀ ਨੂਰਤ, ਨੂਰੀ ਨਜ਼ਰੀ ਆਈਆ । ਤੇਰੀ ਅਨੋਖੀ ਵੱਖਰੀ ਸੂਰਤ, ਜਿਸ ਦਾ ਸੂਰੀਆ ਚੰਦ ਤੇਜ ਝੱਲੇ ਨਾ ਰਾਈਆ । ਤੇਰੀ ਆਵਾਜ਼ ਅਗੰਮੀ ਤੂਰਤ, ਬਿਨਾ ਰਸਨਾ ਰਸ ਵਖਾਈਆ । ਤੇਰਾ ਪਿਆਰ ਸਭ ਦੀ ਆਸ਼ਾ ਪੂਰਤ, ਪੂਰ ਰਿਹਾ ਸਰਬ ਠਾਈਆ । ਤੇਰਾ ਲੇਖਾ ਨਾ ਨੇੜੇ ਨਾ ਦੂਰਤ, ਦੋ ਜਹਾਨਾਂ ਵੇਖ ਵਖਾਈਆ । ਤੂੰ ਸਦਾ ਹਾਜ਼ਰ ਹਜ਼ੂਰਤ, ਹਜ਼ਰਤ ਕਹਿ ਕੇ ਗਏ ਸੁਣਾਈਆ । ਮੇਰੀ ਆਸਾ ਮਨਸਾ ਕਰ ਦੇ ਪੂਰਤ, ਤ੍ਰਿਸਨਾ ਤ੍ਰਿਖਾ ਦੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਦਇਆ ਕਮਾਈਆ । ਸਤਿਗੁਰ ਸ਼ਬਦ ਤੂੰ ਆਦਿ ਅੰਤ ਦੀ ਰਾਣੀ, ਰਈਅਤ ਤੇਰੀ ਸਮਝ ਕਿਸੇ ਨਾ ਆਈਆ । ਤੇਰੀ ਸਿਫ਼ਤ ਚਾਰ ਜੁਗ ਦੇ ਸ਼ਾਸਤਰ ਬਾਣੀ, ਅੱਖਰ ਅੱਖਰ ਢੋਲੇ ਗਾਈਆ । ਤੇਰਾ ਲੇਖ ਜੁਗ ਚੌਕੜੀ ਪੁਰਾਣੀ, ਪੂਰਵ ਸਮਝ ਨਾ ਕੋਇ ਸਮਝਾਈਆ । ਤੈਨੂੰ ਮਿਲਣਾ ਨਹੀਂ ਆਸਾਨੀ, ਮੰਜ਼ਲ ਸਮਝ ਕਿਸੇ ਨਾ ਆਈਆ । ਕੋਟਨ ਕੋਟ ਦੇ ਕੇ ਗਏ ਕੁਰਬਾਨੀ, ਆਪਣਾ ਆਪ ਭੇਟ ਕਰਾਈਆ । ਜਗਤ

ਜਹਾਨ ਹੋ ਕੇ ਗਏ ਦਾਨੀ, ਦਾਤੇ ਤੇਰਾ ਰੂਪ ਸਕੇ ਨਾ ਕੋਇ ਸਮਝਾਈਆ । ਕਬੀਰ ਜੁਲਾਹੇ ਵਰਗੇ ਉਣ ਕੇ ਗਏ ਤਾਣੀ, ਤੰਦ ਤੰਦ ਨਾਲ ਬੰਧਾਈਆ । ਤੇਰੀ ਸਮਝ ਨਾ ਆਈ ਕਿਸੇ ਜਵਾਨੀ, ਜੋਬਨਵੰਤੇ ਕੀ ਤੇਰੀ ਵਡਿਆਈਆ । ਤੂੰ ਸਭ ਨੂੰ ਕੀਤਾ ਫ਼ਾਨੀ, ਅੰਤ ਰਹਿਣ ਕੋਇ ਨਾ ਪਾਈਆ । ਝਗੜੇ ਮੁਕਾ ਦਿਤੇ ਚਾਰੇ ਖਾਣੀ, ਖ਼ਾਨੇ ਆਪਣੇ ਵਿਚ ਟਿਕਾਈਆ । ਤੇਰਾ ਲੇਖ ਲਿਖਿਆ ਗਿਆ ਨਾਲ ਕਲਮ ਕਾਨੀ, ਨਾਮ ਕਲਮੇ ਬੈਠੇ ਸੀਸ ਨਿਵਾਈਆ । ਮੇਰੇ ਅੰਤਰ ਆਈ ਹੈਰਾਨੀ, ਹੈਰਤ ਵਿਚ ਸੁਣਾਈਆ । ਮੇਰੀ ਇਕ ਬੇਨੰਤੀ ਮਾਨੀਂ, ਮਿਹਰ ਨਜ਼ਰ ਇਕ ਉਠਾਈਆ । ਮੈਨੂੰ ਆਪਣਾ ਬਣਾ ਜਾਨੀ, ਜਾਨਣਹਾਰ ਤੇਰੀ ਸਰਨਾਈਆ । ਤੇਰਾ ਨੂਰ ਜ਼ਹੂਰ ਲਾਸਾਨੀ, ਜ਼ਾਹਰ ਜ਼ਹੂਰ ਤੇਰੀ ਵਡਿਆਈਆ । ਮੇਰੀ ਆਸਾ ਮਨਸਾ ਅੰਤ ਨਾ ਹੋਏ ਵੈਰਾਨੀ, ਮੇਲ ਮਿਲਾਵਾ ਕਰਨਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੀ ਧਾਰ ਵੇਖ ਵਖਾਈਆ । ਸਤਿਗੁਰ ਸ਼ਬਦ ਤੇਰੀ ਕਿੱਡੀ ਸੋਹਣੀ ਮਟਕ, ਮਤਵਾਲੇ ਆਪਣਾ ਰੰਗ ਰੰਗਾਈਆ । ਰਾਹ ਵਿਚ ਨਾ ਜਾਵਾਂ ਅਟਕ, ਔਕੜ ਰਹਿਣ ਕੋਇ ਨਾ ਪਾਈਆ । ਤੇਰਾ ਦਰ ਮੱਲਾਂ ਬੇਖਟਕ, ਖਟਕਾ ਜਗਤ ਦੇਣਾ ਗਵਾਈਆ । ਤੇਰੇ ਪਿਆਰ ਦੀ ਮੇਰੇ ਅੰਦਰ ਆਵੇ ਸ਼ਕਤ, ਸ਼ਕਤੀਵਾਨ ਤੇਰੀ ਸਰਨਾਈਆ । ਕਿਤੇ ਆਪਣਾ ਸੁਭਾ ਨਾ ਕਰੀਂ ਸਖ਼ਤ, ਕਰਵਟ ਮੇਰੇ ਵੱਲੋਂ ਬਦਲਾਈਆ । ਨੌਂ ਸੌ ਚੁਰਾਨਮੇ ਚੌਕੜੀ ਜੁਗ ਪਿਛੋਂ ਤੇਰੇ ਨਾਲ ਮਿਲਣ ਦਾ ਆਇਆ ਵਕਤ, ਜੁਗ ਚੌਕੜੀ ਗਿਣ ਗਿਣ ਝਟ ਲੰਘਾਈਆ । ਮੈਂ ਪਿਆਰ ਕਰਾਂ ਇਕੋ ਤੈਨੂੰ ਫ਼ਕਤ, ਦੂਜਾ ਫ਼ਿਕਰਾ ਕੋਇ ਨਾ ਗਾਈਆ । ਮੈਂ ਨਾਤਾ ਜੋੜਨਾ ਨਹੀਂ ਨਾਲ ਰਕਤ, ਬੂੰਦ ਕੰਮ ਕਿਸੇ ਨਾ ਆਈਆ । ਮੈਂ ਆਦਿ ਦਾ ਆਦਿ ਅੰਤ ਦਾ ਅੰਤ ਤੇਰਾ ਭਗਤ, ਤੇਰੀ ਆਸ ਰਖਾਈਆ । ਨਾਤਾ ਛੋੜਿਆ ਦੂਨੀ ਜਗਤ, ਜਗਜੀਵਣ ਦਾਤੇ ਤੇਰਾ ਰਾਹ ਤਕਾਈਆ । ਤੇਰੇ ਪਿਆਰ ਦੀ ਆਵੇ ਲਜ਼ਤ, ਰਸ ਭੋਗਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਪੂਰਾ ਕਰਨਾ ਅਰਸ਼ ਫ਼ਰਸ਼, ਫ਼ਰਸ਼ੀ ਪ੍ਰੀਤਮ ਤੇਰੀ ਓਟ ਤਕਾਈਆ ।



### ✪ ੧੦ ਪੋਹ ਸ਼ਹਿਨਸ਼ਹਾਹੀ ਸੰਮਤ ੭ ਕੇਸਰੀ ਦੇਵੀ ਦੇ ਗ੍ਰਿਹ ਰਾਣੀ ਬਾਗ ਜ਼ਿਲਾ ਜੰਮੂ ✪

ਸਤਿਗੁਰ ਸ਼ਬਦ ਤੇਰਾ ਰੂਪ ਅਗੰਮਾ ਅੱਛਾ, ਨਿਰਇੱਛਤ ਆਦਿ ਜੁਗਾਦਿ ਨਜ਼ਰੀ ਆਈਆ । ਜੁਗ ਚੌਕੜੀ ਕਰਦਾ ਆਏਂ ਸਭ ਦੀ ਰੱਛਾ, ਰੱਛਕ ਹੋ ਕੇ ਦੋ ਜਹਾਨਾਂ ਵੇਖ ਵਖਾਈਆ । ਅਵਤਾਰ ਪੈਗ਼ੰਬਰਾਂ ਪਾਵੇਂ ਨਾਮ ਕਲਮੇ ਦੀ ਭਿੱਛਾ, ਵਸਤ ਅਮੋਲਕ ਅਗੰਮ ਅਥਾਹ ਵਰਤਾਈਆ । ਜੁਗ ਚੌਕੜੀ ਤੇਰਾ ਸਿਫ਼ਤ ਸਾਲਾਹੀ ਨਾਮ ਜਾਵੇ ਲਿਖਾ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਤੇਰੀ ਸਿਫ਼ਤ ਸਾਲਾਹੀਆ । ਬਿਨ ਤੇਰੇ ਤੋਂ ਸ੍ਰਿਸ਼ਟੀ ਸਾਰੀ ਦਿਸਦੀ ਮਿਥਾ, ਸਦ ਰਹਿਣ ਕੋਇ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਭਾਣਾ ਸਭ ਨੇ ਮੰਨਿਆ ਮਿੱਠਾ, ਸਿਰ ਸਕਿਆ ਨਾ ਕੋਇ ਉਠਾਈਆ । ਕਲਜੁਗ ਅੰਤਮ ਧੁਰ ਸ਼ਬਦ ਕਲਮੇ ਦਾ ਦੇਵੇ ਚਿੱਠਾ, ਸੰਦੇਸ਼ਾ ਧੁਰਦਰਗਾਹੀਆ । ਅੰਤ ਇਸ਼ਟ ਰਹਿਣਾ ਇਕਾ, ਏਕੰਕਾਰ ਆਪਣੀ ਕਲ ਵਰਤਾਈਆ । ਸਦੀ ਚੌਧਵੀਂ ਮੁਹੰਮਦ ਦੀ ਧਾਰ ਮੇਟਣਾ ਸਿੱਕਾ, ਉਮਤ ਉਮਤੀ ਡੇਰਾ ਢਾਹੀਆ ।

ਕੂੜ ਕੁੜਿਆਰਾ ਪਾਉਣਾ ਵਿਚ ਚਿਤਾ, ਚਿਖਾ ਕਾਮ ਕਰੋਧ ਲੋਭ ਮੋਹ ਹੰਕਾਰ ਵਾਲੀ ਤਪਾਈਆ । ਭਗਤ ਭਗਵਾਨ ਬਣਾਉਣਾ ਸਾਚਾ ਹਿਤਾ, ਹਿਤਕਾਰੀ ਹੋ ਕੇ ਦਇਆ ਕਮਾਈਆ । ਤੇਰਾ ਖੇਲ ਨਿਤ ਨਵਿਤਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਹੁਕਮ ਵਰਤਾਈਆ । ਤੂੰ ਆਦਿ ਜੁਗਾਦੀ ਇਕੋ ਪਿਤਾ, ਪਤਿਪਰਮੇਸ਼ਵਰ ਤੇਰਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਸਤਿਗੁਰ ਸ਼ਬਦ ਤੂੰ ਆਦਿ ਜੁਗਾਦੀ ਇਕੋ ਸ਼ਾਹ, ਸ਼ਹਿਨਸ਼ਾਹ ਅਖਵਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੇ ਗਵਾਹ, ਸ਼ਹਾਦਤ ਨਾਮ ਵਾਲੀ ਭੁਗਤਾਈਆ । ਅਵਤਾਰ ਪੈਗ਼ੰਬਰ ਗੁਰੂ ਦੱਸਣ ਰਾਹ, ਸ਼ਾਸਤਰ ਸਿਮਰਤ ਨਾਲ ਮਿਲਾਈਆ । ਅੱਖਰਾਂ ਵਾਲਾ ਸਿਫ਼ਤੀ ਤੇਰਾ ਨਾਂ, ਢੋਲੇ ਰਾਗਾਂ ਨਾਦਾਂ ਵਿਚ ਵਡਿਆਈਆ । ਜੁਗ ਚੌਕੜੀ ਬੀਤੇ ਅੰਤ ਰਿਹਾ ਨਾ ਕੋਇ ਨਿਸ਼ਾਂ, ਨਿਸ਼ਾਨੇ ਸਾਰੇ ਮੇਟ ਮਿਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਖੇਲ ਮਹਾਂ, ਮਹਿਮਾ ਕਥ ਕਥ ਵਡਿਆਈਆ । ਭਵਿਖਤਾਂ ਵਿਚ ਤੇਰੇ ਢੋਲੇ ਗਏ ਗਾ, ਪੇਸ਼ੀਨਗੋਈਆਂ ਵਿਚ ਸੁਣਾਈਆ । ਅੰਤਮ ਆਵੇ ਬੇਪਰਵਾਹ, ਪਾਰਬ੍ਰਹਮ ਪਤਿਪਰਮੇਸ਼ਵਰ ਨੂਰ ਇਲਾਹੀਆ । ਜਿਸ ਨੂੰ ਪੈਗ਼ੰਬਰਾਂ ਕਿਹਾ ਖ਼ੁਦਾ, ਹਜ਼ਰਤ ਬੈਠੇ ਸੀਸ ਨਿਵਾਈਆ । ਉਹ ਵੇਸ ਅਵੇਸਾ ਅਮਾਮ ਅਮਾਮਾ ਆਪਣਾ ਰੂਪ ਵਟਾ, ਜੋਤੀ ਜਾਤਾ ਡਗਮਗਾਈਆ । ਸ਼ਬਦੀ ਡੰਕਾ ਦਏ ਸੁਣਾ, ਏਥੇ ਓਥੇ ਦੋ ਜਹਾਨ ਕਰੇ ਸ਼ਨਵਾਈਆ । ਜਿਸ ਨੂੰ ਬ੍ਰਹਿਮੰਡ ਖੰਡ ਪੁਰੀ ਲੋਅ ਜ਼ਿਮੀਂ ਅਸਮਾਨ ਗਗਨ ਗਗਨੰਤਰ ਬੈਠੇ ਸੀਸ ਨਿਵਾ, ਸਿਰ ਸਕੇ ਨਾ ਕੋਇ ਉਠਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਪਾਰਬ੍ਰਹਮ ਪਤਿਪਰਮੇਸ਼ਵਰ ਲੇਖਾ ਜਾਣੇ ਥਾਂਉਂ ਥਾਂ, ਥਾਨ ਥਨੰਤਰ ਵੇਖ ਵਖਾਈਆ । ਜਿਸ ਦੇ ਦਵਾਰੇ ਝਗੜਾ ਨਹੀਂ ਸੂਰ ਤੇ ਗਾਂ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਆਤਮ ਬ੍ਰਹਮ ਪੜਦਾ ਦਏ ਖੁਲ੍ਹਾ, ਨੂਰ ਨੁਰਾਨਾ ਨਜ਼ਰੀ ਆਈਆ । ਜਿਸ ਦਾ ਇਕੋ ਸ਼ਬਦ ਇਕੋ ਕਲਮਾ ਇਕੋ ਨਾਂ, ਨਾਉਂ ਨਿਰੰਕਾਰਾ ਇਕੋ ਅਖਵਾਈਆ । ਸੋ ਲਹਿਣਾ ਦੇਣਾ ਸਭ ਦਾ ਦਏ ਚੁਕਾ, ਚੁਕੰਨੀ ਚਾਰ ਯਾਰੀ ਦਏ ਕਰਾਈਆ । ਕੂੜ ਕੁੜਿਆਰ ਮਿੱਟੀ ਖ਼ਾਕ ਦਏ ਦਫ਼ਨਾ, ਧੁਰ ਦੀ ਦਫ਼ਾ ਆਪਣਾ ਹੁਕਮ ਲਗਾਈਆ । ਜਿਸ ਨੂੰ ਅਕਲ ਬੁੱਧੀ ਸਮਝੇ ਕੋਇ ਨਾ, ਜਗਤ ਵਿਦਿਆ ਕੰਮ ਕਿਸੇ ਨਾ ਆਈਆ । ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਸਵਾਮੀ ਸਾਰੇ ਕਰਨ ਦੁਆ, ਡੰਡਾਵਤ ਵਿਚ ਸੀਸ ਝੁਕਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਸਭ ਦਾ ਲੇਖਾ ਦਏ ਮੁਕਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਸ਼ਬਦ ਸਤਿਗੁਰ ਦੂਸਰ ਕੋਇ ਨਾ, ਆਦਿ ਅੰਤ ਜੁਗਾ ਜੁਗੰਤ ਇਕੋ ਪਿਤਾ ਇਕੋ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਲਹਿਣਾ ਦੇਣਾ ਦੋ ਜਹਾਂ, ਜਹਾਲਤ ਕਲਜੁਗ ਕੂੜੀ ਕਿਰਿਆ ਦਏ ਮਿਟਾਈਆ ।

### ✪ ੧੦ ਪੋਹ ਸ਼ਹਿਨਸ਼ਾਹੀ ਸੰਮਤ ੭ ਸਰਦਾਰ ਸਿੰਘ ਗੁਰਨਾਮ ਸਿੰਘ ਦੇ ਗ੍ਰਹਿ ਪਿੰਡ ਸੀੜ ਜ਼ਿਲਾ ਜੰਮੂ ✪

ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਏਕ, ਸੋ ਪੁਰਖ ਨਿਰੰਜਣ ਦਿਤੀ ਵਡਿਆਈਆ । ਹਰਿ ਪੁਰਖ ਨਿਰੰਜਣ ਸਾਚੀ ਟੇਕ, ਏਕੰਕਾਰ

ਆਪਣਾ ਰੰਗ ਰੰਗਾਈਆ । ਆਦਿ ਨਿਰੰਜਣ ਕਰੇ ਹੇਤ, ਸ੍ਰੀ ਭਗਵਾਨ ਹੋਏ ਸਹਾਈਆ । ਅਬਿਨਾਸ਼ੀ ਕਰਤਾ ਨੇਤਨ ਨੇਤ, ਵਿਸ਼ਨ ਬ੍ਰਹਮਾ ਸ਼ਿਵ ਕਰਦੇ ਹੇਤ, ਜੁਗ ਜੁਗ ਆਪਣਾ ਸੰਗ ਨਿਭਾਈਆ । ਨਿਰਗੁਣ ਸਰਗੁਣ ਪ੍ਰਭ ਦਾ ਅਗੰਮਾ ਭੇਖ, ਜੋ ਦੇਵੇ ਧੁਰ ਸੰਦੇਸ਼, ਨਾਮ ਨਿਧਾਨਾ ਇਕ ਦ੍ਰਿੜਾਈਆ । ਅਵਤਾਰ ਪੈਗ਼ੰਬਰ ਗੁਰੂ ਰੂਪ ਧਰੇ ਹਮੇਸ਼, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਅੰਤ ਦਾ ਸੂਰਬੀਰ, ਬੇਅੰਤ ਦਿਤੀ ਵਡਿਆਈਆ । ਮੇਰਾ ਲੇਖਾ ਕੋਈ ਜਾਣ ਨਾ ਸਕੇ ਸ਼ਾਹ ਹਕੀਰ, ਫ਼ਕੀਰ ਪੜਦਾ ਨਾ ਕੋਇ ਉਠਾਈਆ । ਮੈਂ ਸਭ ਦੀ ਬਦਲਣ ਵਾਲਾ ਤਕਦੀਰ, ਤਦਬੀਰ ਪ੍ਰਭ ਦੀ ਨਾਲ ਮਿਲਾਈਆ । ਮੈਂ ਨਿਤ ਨਵਿਤ ਸ਼ਰਅ ਦੇ ਪਾਏ ਜ਼ੰਜੀਰ, ਸ਼ਰੀਅਤ ਸੰਗ ਰਲਾਈਆ । ਅੰਤਮ ਲਹਿਣਾ ਦੇਣਾ ਪੂਰਾ ਕਰਨਾ ਅਖ਼ੀਰ, ਆਖ਼ਰ ਦਿਆਂ ਸੁਣਾਈਆ । ਜੋ ਆਸਾ ਰੱਖ ਕੇ ਗਿਆ ਕਬੀਰ, ਕਾਅਬਿਆਂ ਪਰੇ ਪਰੇ ਜਣਾਈਆ । ਜੋ ਸੰਦੇਸ਼ਾ ਦਿਤਾ ਨਿਰਗੁਣ ਸਰਗੁਣ ਨਾਨਕ ਦੀਨ ਦੁਨੀ ਬਦਲ ਜਾਵੇ ਜ਼ਮੀਰ, ਗੋਬਿੰਦ ਮੇਲਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਨਜ਼ਰੀ ਆਈਆ । ਸਤਿਗੁਰ ਸ਼ਬਦ ਕਹੇ ਮੇਰਾ ਸਾਹਿਬ ਇਕ ਸੁਲਤਾਨਾ, ਹਰਿ ਵੱਡਾ ਵਡ ਵਡਿਆਈਆ । ਜੋ ਜੁਗ ਜੁਗ ਖੇਲੇ ਖੇਲ ਮਹਾਨਾ, ਰੂਪ ਅਨੂਪ ਲਏ ਪਰਗਟਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੇਵੇ ਨਾਮ ਨਿਧਾਨਾ, ਆਪਣਾ ਰੰਗ ਰੰਗਾਈਆ । ਅੰਮ੍ਰਿਤ ਰਸ ਬਖ਼ਸ਼ੇ ਨੌਜਵਾਨਾ, ਨਿਜਰ ਧਾਰਾ ਆਪ ਝਿਰਾਈਆ । ਸਾਚਾ ਦੱਸੇ ਕਲਮਾ ਧੁਰ ਕਲਾਮਾ, ਕਾਇਨਾਤ ਪੜ੍ਹਾਈਆ । ਜਿਸ ਨੂੰ ਪੈਗ਼ੰਬਰ ਕਰਨ ਸਲਾਮਾ, ਸੱਜਦਿਆਂ ਵਿਚ ਸੀਸ ਝੁਕਾਈਆ । ਸੋ ਸਤਿ ਸਰੂਪ ਧੁਰ ਦਾ ਰਾਮਾ, ਕਾਹਨਾ ਦਾ ਕਾਹਨ ਇਕ ਅਖਵਾਈਆ । ਜਿਸ ਦਾ ਡੰਕਾ ਇਕ ਦਮਾਮਾ, ਗੋਬਿੰਦ ਸੂਰਾ ਰਿਹਾ ਵਜਾਈਆ । ਉਸ ਕਲਜੁਗ ਮੇਟਣੀ ਅੰਧੇਰੀ ਸ਼ਾਮਾ, ਸ਼ਮਾਂ ਨੂਰ ਜੋਤ ਕਰੇ ਰੁਸ਼ਨਾਈਆ । ਸਦੀ ਚੌਧਵੀਂ ਦੇਵੇ ਹੱਕ ਪੈਗ਼ਾਮਾ, ਪੈਗ਼ੰਬਰਾਂ ਤੋਂ ਪਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਕਰਤਾ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਮੇਰਾ ਮਾਲਕ ਹਰਿ ਭਗਵੰਤ, ਹਰਿ ਕਰਤਾ ਵਡ ਵਡਿਆਈਆ । ਜਿਸ ਨੂੰ ਗਾਉਂਦੇ ਚਾਰ ਜੁਗ ਦੇ ਸੰਤ, ਜੀਵ ਜੰਤ ਧਿਆਨ ਲਗਾਈਆ । ਉਸ ਦਾ ਇਕੋ ਨਾਮ ਤੇ ਇਕੋ ਮੰਤ, ਮੰਤਰ ਇਕੋ ਦਏ ਦ੍ਰਿੜਾਈਆ । ਜਿਸ ਕਲਜੁਗ ਕਰਨਾ ਅੰਤ, ਅੰਤਸ਼ਕਰਨ ਵੇਖੇ ਖ਼ਲਕ ਖ਼ੁਦਾਈਆ । ਗੜ੍ਹ ਤੋੜਨਾ ਹਉਮੇਂ ਹੰਗਤ, ਹੰ ਬ੍ਰਹਮ ਇਕ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ, ਪੰਚਮ ਸ਼ਬਦ ਧੁਨ ਕਰੇ ਸ਼ਨਵਾਈਆ । ਲੇਖਾ ਮੁਕਾ ਕੇ ਦੋਜ਼ਖ਼ ਬਹਿਸ਼ਤ ਜੱਨਤ, ਸਚਖੰਡ ਦਵਾਰਾ ਇਕ ਸਮਝਾਈਆ । ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਮੇਲਾ ਹੋਵੇ ਨਾਰ ਕੰਤ, ਕੰਤੂਹਲ ਆਪਣੀ ਖ਼ੁਸ਼ੀ ਬਣਾਈਆ । ਗੁਰਮੁਖਾਂ ਚੋਲੀ ਚਾੜ੍ਹੇ ਨਾਮ ਅਗੰਮੀ ਰੰਗਤ, ਰੰਗ ਰੰਗੀਲਾ ਦਇਆ ਕਮਾਈਆ । ਚਾਰ ਵਰਨ ਅਠਾਰਾਂ ਬਰਨ ਬਣਾਏ ਇਕੋ ਸੰਗਤ, ਦੀਨ ਮਜ਼੍ਹਬ ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰਾ ਪਰਮ ਪੁਰਖ ਅਬਿਨਾਸ਼ੀ, ਹਰਿ ਕਰਤਾ ਬੇਪਰਵਾਹੀਆ । ਜੋ ਹਰ ਘਟ ਅੰਦਰ ਰੱਖੇ ਵਾਸੀ, ਪਰਮਾਤਮ ਆਤਮ ਰੂਪ ਬਣਾਈਆ । ਗ੍ਰਿਹਿ ਮੰਦਰ ਮੰਡਲ


੧੬੪੩
੨੨

ਪਾਵੇ ਰਾਸੀ, ਸਾਚੀ ਖ਼ੁਸ਼ੀਆਂ ਨਾਚ ਨਚਾਈਆ । ਜਨ ਭਗਤਾਂ ਪੜਦਾ ਖੋਲ੍ਹ ਕੇ ਪ੍ਰਿਥਮੀ ਆਕਾਸ਼ੀ, ਗਗਨ ਗਗਨੰਤਰ ਡੇਰਾ ਢਾਹੀਆ । ਅੰਤਰ ਮੇਟ ਅੰਧੇਰੀ ਰਾਤੀ, ਨਿਰਗੁਣ ਜੋਤੀ ਜੋਤ ਦਏ ਚਮਕਾਈਆ । ਅੱਠੇ ਪਹਿਰ ਰਹੇ ਪਰਭਾਤੀ, ਸੁਬਹ ਸ਼ਾਮ ਵੰਡ ਨਾ ਕੋਇ ਵੰਡਾਈਆ । ਨਿਜਰ ਅੰਮ੍ਰਿਤ ਰਸ ਦੇਵੇ ਬੂੰਦ ਸਵਾਂਤੀ, ਕੂੜੀ ਤ੍ਰਿਸ਼ਨਾ ਤ੍ਰਿਖਾ ਦਏ ਬੁਝਾਈਆ । ਤ੍ਰੈਗੁਣ ਅਗਨੀ ਨਾ ਲਾਵੇ ਚਵਾਤੀ, ਜਗਤ ਵਿਕਾਰਾਂ ਡੇਰਾ ਢਾਹੀਆ । ਦੇਵੇ ਦਰਸ ਬਹੁ ਬਿਧ ਭਾਂਤੀ, ਸ੍ਰੀ ਭਗਵਨ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਨਿਵਾਸੀ ਆਪਣਾ ਭੇਵ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਮੇਰਾ ਪ੍ਰੀਤਮ ਆਦਿ ਨਿਰੰਜਣ, ਜੋਤ ਨਿਰੰਜਣ ਰੰਗ ਰੰਗਾਈਆ । ਪੁਰਖ ਅਕਾਲਾ ਦੀਨ ਦਰਦ ਦੁੱਖ ਭੈ ਭੰਜਣ, ਭਵ ਸਾਗਰ ਪਾਰ ਕਰਾਈਆ । ਨੇਤਰ ਦੇਵੇ ਨਾਮ ਨਿਧਾਨਾ ਅੰਜਣ, ਅੰਧ ਅੰਧੇਰਾ ਦਏ ਮਿਟਾਈਆ । ਧੁਰ ਦੀ ਧੂੜ ਕਰਾਏ ਮਜਨ, ਦੁਰਮਤ ਮੈਲ ਧਵਾਈਆ । ਆਤਮ ਪਰਮਾਤਮ ਬਣ ਕੇ ਸੱਜਣ, ਸਗਲਾ ਸੰਗ ਵਖਾਈਆ । ਲੋਕਮਾਤ ਸੰਤ ਸੁਹੇਲੇ ਆਵੇ ਲੱਭਣ, ਗੁਰ ਚੇਲੇ ਜੋੜ ਜੁੜਾਈਆ । ਪ੍ਰਭੂ ਪਿਆਰ ਦੀ ਦੇ ਕੇ ਰੰਗਣ, ਰੰਗਤ ਇਕੋ ਇਕ ਵਖਾਈਆ । ਲੇਖੇ ਲਾਵੇ ਸਾਢੇ ਤਿੰਨ ਹੱਥ ਕਾਇਆ ਬਦਨ, ਬਦੀ ਦਾ ਝਗੜਾ ਰਹੇ ਨਾ ਰਾਈਆ । ਗ੍ਰਿਹਿ ਪ੍ਰਕਾਸ਼ ਦੀਪਕ ਜੋਤੀ ਜਗਣ, ਨਿਰਗੁਣ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਸ਼ਬਦ ਸ਼ਬਦ ਸਤਿਗੁਰ ਇਕੋ ਬੂਝ ਬੁਝਾਈਆ । ਸਤਿਗੁਰ ਸ਼ਬਦ ਕਹੇ ਮੇਰਾ ਪ੍ਰੀਤਮ ਪਾਰਬ੍ਰਹਮ, ਬ੍ਰਹਮ ਮੇਲਾ ਸਹਿਜ ਸੁਭਾਈਆ । ਜਿਸ ਦਾ ਆਦਿ ਜੁਗਾਦਿ ਇਕੋ ਧਰਮ, ਅਧਰਮੀ ਰੂਪ ਨਾ ਕੋਇ ਦਰਸਾਈਆ । ਜਿਸ ਦਾ ਜੁਗ ਚੌਕੜੀ ਸਾਚਾ ਕਰਮ, ਨਿਹਕਰਮੀ ਆਪਣਾ ਹੁਕਮ ਵਰਤਾਈਆ । ਜਿਸ ਦੀ ਧਾਰੋਂ ਸ਼ਬਦੀ ਸ਼ਬਦ ਨੇ ਲਿਆ ਜਰਮ, ਵਿਸ਼ਨ ਬ੍ਰਹਮਾ ਸ਼ਿਵ ਲਿਆ ਪਰਗਟਾਈਆ । ਨਿਰਗੁਣ ਧਾਰ ਬਖ਼ਸ਼ ਕੇ ਸਰਨ, ਸਰਨਗਤ ਇਕ ਦ੍ਰਿੜਾਈਆ । ਜਿਸ ਦੀ ਮਹਿਮਾ ਚਾਰ ਜੁਗ ਦੇ ਸ਼ਾਸਤਰ ਪੜ੍ਹਨ, ਅਵਤਾਰ ਪੈਗ਼ੰਬਰ ਗੁਰ ਧੁਰ ਦੇ ਢੋਲੇ ਗੀਤ ਗਾਈਆ । ਜਿਸ ਦਾ ਇਕੋ ਇਕ ਸੱਚਾ ਨਾਤਾ ਸੱਚਾ ਲੜਨ, ਪਲੂ ਸਕੇ ਨਾ ਕੋਇ ਛੁਡਾਈਆ । ਉਸ ਦੀ ਮੰਜ਼ਲ ਹਰਿਜਨ ਹਰਿ ਭਗਤ ਸੁਹੇਲੇ ਸੂਫ਼ੀ ਚੜ੍ਹਨ, ਦੂਸਰ ਹੱਥ ਕਿਸੇ ਨਾ ਆਈਆ । ਜਿਥੇ ਨਾ ਕੋਈ ਜਰਮ ਨਾ ਮਰਨ, ਚੁਰਾਸੀ ਗੇੜ ਨਾ ਕੋਇ ਭਵਾਈਆ । ਉਹ ਮਾਲਕ ਖ਼ਾਲਕ ਪ੍ਰਿਤਪਾਲਕ ਹਰਿ ਦਾਤਾ ਤਰਨੀ ਤਰਨ, ਤਾਰਨਹਾਰ ਇਕ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਮੇਰਾ ਮਾਲਕ ਇਕ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਜੋ ਧੁਰ ਦਾ ਦੇਵੇ ਦਾਨ, ਦਾਤਾ ਦਾਨੀ ਅਗੰਮ ਅਥਾਹੀਆ । ਜਿਸ ਦੀ ਸਿਫ਼ਤ ਸਾਰੇ ਗਾਣ, ਢੋਲਿਆਂ ਗੀਤ ਸੁਣਾਈਆ । ਉਹ ਜੁਗ ਚੌਕੜੀ ਖੇਲੇ ਖੇਲ ਮਹਾਨ, ਸਤਿਜੁਗ ਤ੍ਰੇਤਾ ਦੁਆਪਰ ਆਪਣਾ ਵੇਸ ਵਟਾਈਆ । ਕਲਜੁਗ ਅੰਤਮ ਮੇਟੇ ਕੂੜ ਨਿਸ਼ਾਨ, ਕਿਰਿਆ ਕੂੜ ਰਹੇ ਨਾ ਰਾਈਆ । ਯੋਧਾ ਸੂਰਬੀਰ ਬਲੀ ਬਲਵਾਨ, ਬਲਧਾਰੀ ਲਏ ਅੰਗੜਾਈਆ । ਸ਼ਰਅ ਦਾ ਰਹਿਣ ਨਾ ਦਏ ਕੋਇ ਸ਼ੈਤਾਨ, ਛੁਰੀ ਕਰਦ ਹੱਥ ਨਾ ਕੋਇ ਉਠਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਦੇਵੇ ਦਾਨ, ਮਿਹਰਵਾਨ ਮਹਿਬੂਬ ਆਪਣੀ ਮੁਹੱਬਤ ਹੱਕ ਵਰਤਾਈਆ । ਆਤਮ ਪਰਮਾਤਮ ਬਖ਼ਸ਼ ਗਿਆਨ, ਅੰਧ ਅੰਧੇਰਾ ਦੇ ਚੁਕਾਈਆ । ਤੂੰ ਮੇਰਾ ਮੈਂ ਤੇਰਾ ਸਾਰੇ ਗਾਣ, ਨਿਰਗੁਣ ਨਿਰਗੁਣ ਮਿਲ ਕੇ ਵੱਜੇ ਵਧਾਈਆ । ਜਨ ਭਗਤ

ਸੰਤ ਕੰਤ ਕਰ ਪਰਵਾਨ, ਹਰਿਜਨ ਗੁਰਸਿਖ ਆਪਣੇ ਰੰਗ ਰੰਗਾਈਆ । ਚੁਰਾਸੀ ਵਿਚੋਂ ਕਰ ਪਹਿਚਾਨ, ਜਗਤ ਵਿਛੜੇ ਮੇਲ ਮਿਲਾਈਆ । ਸਦੀ ਚੌਧਵੀਂ ਹੋਵੇ ਹੈਰਾਨ, ਹੈਰਤ ਵਿਚ ਦੁਹਾਈਆ । ਜਿਸ ਸ਼ਰਅ ਬਣਾਈ ਇਸਲਾਮ, ਇਸਮ ਆਜ਼ਮ ਇਕ ਵਖਾਈਆ । ਜਿਨ ਤੀਸ ਬਤੀਸਾ ਹਦੀਸਾ ਦੱਸੀ ਕੁਰਾਨ, ਹੈਰਤ ਵਿਚ ਦੁਹਾਈਆ । ਉਹ ਸਭ ਦਾ ਲੇਖਾ ਅੰਤ ਲੱਗਾ ਚੁਕਾਉਣ, ਬਚਿਆ ਰਹਿਣ ਕੋਇ ਨਾ ਪਾਈਆ । ਜਿਸ ਦਾ ਨਾਮ ਖੰਡਾ ਗੋਬਿੰਦ ਸੂਰਾ ਉਠਾਏ ਨੌਜਵਾਨ, ਦੋ ਜਹਾਨਾਂ ਆਪ ਵਖਾਈਆ । ਉਸ ਦਾ ਹੁਕਮ ਤੇਈ ਅਵਤਾਰਾਂ ਕਰਨਾ ਪਏ ਪਰਵਾਨ, ਈਸਾ ਮੂਸਾ ਮੁਹੰਮਦ ਸਯਦਿਆਂ ਵਿਚ ਸੀਸ ਝੁਕਾਈਆ । ਜਿਸ ਦਾ ਧਰਮ ਝੁੱਲੇ ਨਿਸ਼ਾਨ, ਇਕ ਦਸ ਵੱਜੇ ਵਧਾਈਆ । ਸੋ ਲੇਖਾ ਜਾਣੇ ਜੀਵ ਜਹਾਨ, ਜਾਗਰਤ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਲੇਖਾ ਵਾਚਣ ਵਾਲਾ ਨਹੀਂ ਕੋਈ ਇਨਸਾਨ, ਅਕਲ ਬੁੱਧੀ ਵਿਚ ਸਕੇ ਨਾ ਕੋਇ ਸਮਝਾਈਆ ।

### ✪ ੧੧ ਪੋਹ ਸ਼ਹਿਨਸ਼ਾਹੀ ਸੰਮਤ ੭ ਧਰਮ ਕੌਰ ਦੇ ਗ੍ਰਹਿ ਪਿੰਡ ਡਿਗਿਆਣਾ ਜ਼ਿਲਾ ਜੰਮੂ ✪

ਸਤਿਗੁਰ ਸ਼ਬਦ ਸ਼ਬਦ ਸਤਿਗੁਰ ਮੀਤਾ, ਮਿੱਤਰ ਪਿਆਰਾ ਇਕ ਅਖਵਾਈਆ । ਜਿਸ ਦੀ ਆਦਿ ਜੁਗਾਦੀ ਰੀਤਾ, ਜੁਗ ਜੁਗ ਵੇਸ ਵਟਾਈਆ । ਲੱਖ ਚੁਰਾਸੀ ਪਰਖੇ ਨੀਤਾ, ਚਾਰੇ ਖਾਣੀ ਪੜਦਾ ਲਾਹੀਆ । ਵੇਸ ਵਟਾਏ ਅਗੰਮ ਅਨਡੀਠਾ, ਅਗੰਮੜੀ ਕਾਰ ਕਮਾਈਆ । ਜਿਸ ਦੇ ਹੁਕਮੇ ਅੰਦਰ ਸਤਿਜੁਗ ਤ੍ਰੇਤਾ ਦੁਆਪਰ ਬੀਤਾ, ਆਪਣਾ ਪੰਧ ਮੁਕਾਈਆ । ਸੋ ਕਲਜੁਗ ਖੇਲ ਕਰੇ ਜਗਜੀਤਾ, ਜਗਜੀਵਣ ਦਾਤਾ ਅਗੰਮ ਅਥਾਹੀਆ । ਜਿਸ ਨੇ ਪਿਛਲੀਆਂ ਮੇਟਣੀਆਂ ਲੀਕਾਂ, ਮਾਰਗ ਇਕੋ ਇਕ ਦਰਸਾਈਆ । ਅਵਤਾਰ ਪੈਗ਼ੰਬਰ ਗੁਰੂਆਂ ਕੋਲੋਂ ਕਰਾਏ ਤਸਦੀਕਾ, ਸ਼ਹਾਦਤ ਨਾਮ ਕਲਮੇ ਵਾਲੀ ਭੁਗਤਾਈਆ । ਧਰਨੀ ਧਰਤ ਧੌਲ ਦੀਆਂ ਪੂਰੀਆਂ ਕਰੇ ਉਮੀਦਾਂ, ਆਸਾ ਕਲਜੁਗ ਨਾਲ ਰਖਾਈਆ । ਚਾਰ ਜੁਗ ਦੇ ਸ਼ਾਸਤਰ ਵੇਖੇ ਰਸੀਦਾਂ, ਜੋ ਅੱਖਰਾਂ ਦਿਤੀ ਵਡਿਆਈਆ । ਅਗਲਾ ਭੇਵ ਦੱਸੇ ਪੋਸ਼ੀਦਾ, ਪੋਸ਼ੀਦਾ ਸਮਝ ਕੋਇ ਨਾ ਪਾਈਆ । ਜਿਸ ਨੂੰ ਦੇਵੇ ਹੱਕ ਤਰਤੀਬਾ, ਤਰਕੀਬ ਆਪਣੀ ਇਕ ਦ੍ਰਿੜਾਈਆ । ਦੀਨਾਂ ਮਜ਼੍ਹਬਾਂ ਰਹਿਣ ਨਾ ਦੇਵੇ ਹਦੀਸਾ, ਹਜ਼ਰਤਾਂ ਤੋਂ ਪਰੇ ਕਰੇ ਪੜ੍ਹਾਈਆ । ਲੇਖਾ ਪੂਰਾ ਕਰੇ ਬੀਸ ਬੀਸਾ, ਈਸਾ ਲਹਿਣਾ ਝੋਲੀ ਪਾਈਆ । ਸਦੀ ਚੌਧਵੀਂ ਲਾ ਕੇ ਬੈਠੀ ਨੀਝਾ, ਨੇਤਰ ਨੈਣ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਖੇਲ ਹੋਣਾ ਅਨਡੀਠਾ, ਸ਼ਾਸਤਰ ਕਹਿਣ ਕੋਇ ਨਾ ਪਾਈਆ । ਸਭ ਨੇ ਭਾਣਾ ਮੰਨਣਾ ਮੀਠਾ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਦਾ ਲੇਖਾ ਆਦਿ ਜੁਗਾਦੀ ਚਿੱਟਾ, ਕਾਲੀ ਧਾਰ ਨਾ ਕੋਇ ਬਣਾਈਆ । ਉਹ ਮਾਲਕ ਸਭ ਦਾ ਪਿਤਾ, ਪਤਿਪਰਮੇਸ਼ਵਰ ਬੇਪਰਵਾਹੀਆ । ਜੋ ਵੇਸ ਵਟਾਏ ਨਿਤ ਨਵਿਤਾ, ਕਲਜੁਗ ਅੰਤਮ ਲਏ ਅੰਗੜਾਈਆ । ਨੌਂ ਖੰਡ ਪ੍ਰਿਥਮੀ ਵੇਖੇ ਖਿੱਤਾ, ਚਾਰੋਂ ਕੁੰਟ ਖੋਜ ਖੁਜਾਈਆ । ਜਿਸ ਨੇ ਦੀਨ ਮਜ਼੍ਹਬ ਦਾ ਬਦਲ ਦੇਣਾ ਸਿੱਕਾ, ਹੁਕਮ ਧੁਰ ਦਾ ਇਕ ਵਰਤਾਈਆ । ਚੁਰਾਸੀ ਪੂਰੀ ਕਰੇ ਇੱਛਾ, ਨਿਰਇੱਛਤ ਆਪਣਾ ਹੁਕਮ ਸੁਣਾਈਆ । ਜਨ ਭਗਤਾਂ ਪਾ ਕੇ ਧਰਮ ਧਾਰ ਦੀ ਭਿੱਛਾ,

ਭਗਤਾਂ ਝੋਲੀ ਦਏ ਭਰਾਈਆ । ਜਿਸ ਦਾ ਇਕੋ ਮਾਰਗ ਤੇ ਇਕੋ ਵਿਸ਼ਾ, ਵਿਸ਼ੇਸ਼ ਆਪਣਾ ਰੰਗ ਰੰਗਾਈਆ । ਜਿਸ ਦਾ ਕਿਸੇ ਨੂੰ ਯਾਦ ਨਹੀਂ ਪਿਛਾ, ਅੱਗੇ ਕਹਿਣ ਕੋਇ ਨਾ ਪਾਈਆ । ਦੋ ਜਹਾਨਾਂ ਵੰਡੇ ਕੋਈ ਨਾ ਹਿੱਸਾ, ਲਾਸ਼ਰੀਕ ਦਾ ਸ਼ਰੀਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਸਿਫ਼ਤ ਸਲਾਹੀ ਲੇਖ ਜੁਗ ਚੌਕੜੀ ਲਿਖਾ, ਆਦਿ ਕਹਿਣ ਕੋਇ ਨਾ ਪਾਈਆ ।

### ✪ ੧੧ ਪੋਹ ਸ਼ਹਿਨਸ਼ਾਹੀ ਸੰਮਤ ੭ ਮਨਿਸਟਰ ਛੱਜੂ ਰਾਮ ਦੀ ਬੇਨਤੀ ਤੇ ਵਿਹਾਰ ਹੋਇਆ ਪਿੰਡ ਡਿਗਿਆਣਾ ਜ਼ਿਲਾ ਜੰਮੂ ✪

ਪਰਮ ਪੁਰਖ ਪਰਮਾਤਮ ਬੇਪਰਵਾਹ, ਬੇਅੰਤ ਸ੍ਰੀ ਭਗਵੰਤ ਵਡ ਵਡਿਆਈਆ । ਜਨ ਭਗਤਾਂ ਦੇਂਦਾ ਰਹੇ ਸੱਚੀ ਸਲਾਹ, ਧਰਮ ਦੀ ਧਾਰ ਧਰਮ ਜਣਾਈਆ । ਆਤਮ ਪਰਮਾਤਮ ਦੱਸਦਾ ਰਹੇ ਰਾਹ ਪਾਰਬ੍ਰਹਮ ਬ੍ਰਹਮ ਮਿਲ ਕੇ ਵੱਜੇ ਵਧਾਈਆ । ਧੁਰ ਸੰਦੇਸ਼ਾ ਦੇਵੇ ਅਗੰਮੀ ਨਾਂ, ਨਾਉਂ ਨਿਰੰਕਾਰਾ ਆਪ ਦ੍ਰਿੜਾਈਆ । ਨਾਤਾ ਤੋੜ ਕੇ ਪਿਤਾ ਮਾਂ, ਚਰਨ ਪ੍ਰੀਤੀ ਸਚ ਸਮਝਾਈਆ । ਚਰਨ ਕਵਲ ਬਖ਼ਸ਼ ਕੇ ਥਾਂ, ਥਨੰਤਰ ਇਕੋ ਇਕ ਦਰਸਾਈਆ । ਲੇਖਾ ਮੁਕਾ ਥਲ ਅਸਗਾਹ, ਟਿੱਲੇ ਪਰਬਤ ਪੰਧ ਚੁਕਾਈਆ । ਨਿਰਗੁਣ ਧਾਰ ਪਕੜ ਕੇ ਬਾਂਹ, ਸਰਗੁਣ ਮਾਰਗ ਇਕ ਵਖਾਈਆ । ਧੁਰ ਦਾ ਹੁਕਮ ਮੰਨਣਾ ਕਰਨਾ ਵਾਹ ਵਾਹ, ਵਾਹਵਾ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਪਾਰਬ੍ਰਹਮ ਪ੍ਰਭ ਦੇਵਣਹਾਰਾ ਦਾਤ, ਜਨ ਭਗਤਾਂ ਦਇਆ ਕਮਾਈਆ । ਅੰਮ੍ਰਿਤ ਬਖ਼ਸ਼ ਬੂੰਦ ਸਵਾਂਤ, ਜਗਤ ਤ੍ਰਿਸ਼ਨਾ ਤ੍ਰਿਪਤ ਕਰਾਈਆ । ਤ੍ਰੈਗੁਣ ਮਾਇਆ ਮੇਟ ਕੇ ਆਂਚ, ਅਗਨੀ ਤਤ ਦਏ ਗਵਾਈਆ । ਸਚ ਪ੍ਰੀਤ ਬਖ਼ਸ਼ ਕੇ ਨਾਤ, ਦਰ ਘਰ ਦੇਵੇ ਮਾਣ ਵਡਿਆਈਆ । ਕਾਇਆ ਅੰਦਰੋਂ ਮੇਟ ਅੰਧੇਰੀ ਰਾਤ, ਸਾਚਾ ਚੰਦ ਇਕ ਚਮਕਾਈਆ । ਸੰਦੇਸ਼ਾ ਦੇਵੇ ਸ਼ਬਦ ਬਹੁ ਭਾਂਤ, ਮਨ ਮਨਸਾ ਦੂਰ ਕਰਾਈਆ । ਘਰ ਸਵਾਮੀ ਪੁੱਛੇ ਵਾਤ, ਗ੍ਰਹਿ ਮੰਦਰ ਖੋਜ ਖੁਜਾਈਆ । ਨਿਰਗੁਣ ਧਾਰ ਮਾਰ ਕੇ ਝਾਤ, ਪੜਦਾ ਅੰਤਰ ਦਏ ਉਠਾਈਆ । ਸਤਿ ਧਰਮ ਦੀ ਵਖਾ ਪਰਭਾਤ, ਪਰਭਾਤੀ ਆਪਣਾ ਰਾਗ ਸੁਣਾਈਆ । ਝਗੜਾ ਮੇਟੇ ਜ਼ਾਤ ਪਾਤ, ਖ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਧਰਮ ਧਾਰ ਦੀ ਦੱਸੇ ਰਾਸ, ਗੋਪੀ ਕਾਹਨ ਖੇਲ ਖਿਲਾਈਆ । ਸੀਤਾ ਰਾਮ ਹੋ ਕੇ ਵਸੇ ਪਾਸ, ਬਨਖੰਡ ਦਾ ਡੇਰਾ ਢਾਹੀਆ । ਲੇਖੇ ਲਾਵੇ ਪਵਣ ਸਵਾਸ, ਜੋ ਸਾਹ ਸਾਹ ਸਮਾਈਆ । ਸਾਚੇ ਭਗਤਾਂ ਪੂਰੀ ਕਰੇ ਆਸ, ਹਰਿ ਵੱਡਾ ਵਡ ਵਡਿਆਈਆ । ਜਿਸ ਦਾ ਸਤਿ ਸਰੂਪ ਕਦੇ ਨਾ ਹੋਵੇ ਨਾਸ, ਨਾਸਤਕ ਵੇਖੇ ਜਗਤ ਲੋਕਾਈਆ । ਉਹ ਦੇਵੇ ਮਾਣ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਹੋਏ ਸਹਾਈਆ । ਜਿਸ ਦਾ ਸਭ ਤੋਂ ਵਡਾ ਡੂੰਘਾ ਖਾਤ, ਲੇਖਾ ਗਣਤ ਨਾ ਕੋਇ ਗਿਣਾਈਆ । ਉਹ ਹਰ ਹਿਰਦੇ ਅੰਦਰ ਰਿਹਾ ਵਾਚ, ਵਾਚਕ ਹੋ ਕੇ ਵੇਖ ਵਖਾਈਆ । ਜਿਨ੍ਹਾਂ ਨੂੰ ਸਚ ਧਰਮ ਦੀ ਬਖ਼ਸ਼ੀ ਜਾਚ, ਜਾਚਕ ਆਪਣੇ ਲਏ ਬਣਾਈਆ । ਉਨ੍ਹਾਂ ਦਾ ਜਨਮ ਕਰਮ ਲੇਖੇ ਵਿਚ ਲਾਵੇ ਆਪ, ਆਪਣੀ ਦਇਆ ਕਮਾਈਆ । ਚੁਰਾਸੀ ਵਿਚੋਂ ਕਰੇ ਬੰਦ ਖੁਲਾਸ, ਬੰਧਨ ਬੰਧ ਨਾ ਕੋਇ ਬੰਧਾਈਆ । ਮੰਜ਼ਲ ਬਾਮੰਜ਼ਲ ਪੂਰੀ ਕਰੇ ਆਸ, ਮਿਹਰਵਾਨ ਮਿਹਰ

ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਪਰਮ ਪੁਰਖ ਸਭ ਦਾ ਸੱਜਣ ਮੀਤਾ, ਮਿੱਤਰ ਪਿਆਰਾ ਬੇਪਰਵਾਹੀਆ । ਜੋ ਭਗਤਾਂ ਸੰਤਾਂ ਜਗਿਆਸੂਆਂ ਪਰਖੇ ਨੀਤਾ, ਸਨਿਆਸੀਆਂ ਵੈਰਾਗੀਆਂ ਤਿਆਗੀਆਂ ਵੇਖ ਵਖਾਈਆ । ਲੇਖਾ ਜਾਣੇ ਚਾਰ ਜੁਗ ਗ੍ਰੰਥ ਸ਼ਾਸਤਰ ਮੰਦਰ ਸ਼ਿਵਦਵਾਲੇ ਮੱਠ ਮਸੀਤਾ, ਕਾਅਬਿਆਂ ਫੋਲ ਫੁਲਾਈਆ । ਉਹ ਮਾਲਕ ਖ਼ਾਲਕ ਪ੍ਰਿਤਪਾਲਕ ਬਣੇ ਜੀਵ ਜੀਅ ਕਾ, ਜੰਤ ਆਪਣੇ ਲੇਖੇ ਲਾਈਆ । ਜਿਸ ਦੀਆਂ ਨਾਮ ਕਲਮੇ ਕਰਨ ਤਸਦੀਕਾਂ, ਸ਼ਹਾਦਤ ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਭੁਗਤਾਈਆ । ਸੋ ਸਾਚੇ ਭਗਤਾਂ ਆਸਾ ਮਨਸਾ ਪੂਰੀਆਂ ਕਰੇ ਉਮੀਦਾਂ, ਜੋ ਪ੍ਰਭ ਦੇ ਮਾਰਗ ਚਲਣ ਚਾਈਂ ਚਾਈਂਆ । ਉਹਨਾਂ ਦੀ ਇਕੋ ਮੰਜ਼ਲ ਇਕੋ ਸਾਚੀ ਸੀਧਾ, ਜਗਤ ਵਿਕਾਰ ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਜ਼ਿੰਦਗੀ ਵਿਚ ਪਿਛੇ ਔਖਾ ਤਿੰਨ ਵਾਰ ਆਇਆ ਸਮਾਂ, ਮਨ ਕਲਪਣਾ ਕਲਪਣਾ ਨਾਲ ਮਿਲਾਈਆ । ਫੇਰ ਮਿਟ ਗਈ ਜਗਤ ਵਾਲੀ ਗ਼ਮੀ ਰਿਹਾ ਕੋਇ ਨਾ ਗ਼ਮਾ, ਚਿੰਤਾ ਚਿਖਾ ਨਾ ਕੋਇ ਜਲਾਈਆ । ਕੂੜ ਕਿਰਿਆ ਦੀ ਅੰਦਰੋਂ ਛਡੀ ਤਮਾਂ, ਤ੍ਰਿਸ਼ਨਾ ਵਿਕਾਰ ਨਾ ਕੋਇ ਵਧਾਈਆ । ਪ੍ਰਭੂ ਦਾ ਪਿਆਰ ਆਦਿ ਜੁਗਾਦਿ ਨਿਤ ਨਵਾਂ, ਨਵਿਤ ਆਪਣਾ ਰੰਗ ਰੰਗਾਈਆ । ਜੋ ਲੇਖੇ ਲਾਵੇ ਪਵਣ ਸਵਾਸ ਦਮਾਂ, ਦਾਮਨਗੀਰ ਇਕ ਅਖਵਾਈਆ । ਜਿਸ ਨੇ ਲੇਖਾ ਪੂਰਾ ਕਰਨਾ ਕਲਜੁਗ ਅੰਤਮ ਚੌਥੇ ਜੁਗ ਚਵ੍ਹਾਂ, ਚਾਰੋਂ ਕੁੰਟ ਫੋਲ ਫੁਲਾਈਆ । ਉਸ ਦਾ ਮਾਰਗ ਹੋਣਾ ਰਵਾਂ, ਨੌਂ ਖੰਡ ਪ੍ਰਿਥਮੀ ਸੱਤ ਦੀਪ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਜ਼ਿੰਦਗੀ ਵਿਚ ਜ਼ਿੰਦਗੀ ਖੇਲ ਅਵੱਲਾ, ਮਨ ਬੁਧੀ ਸਮਝ ਸਕੇ ਨਾ ਰਾਈਆ । ਜਿਸ ਉਤੇ ਕਿਰਪਾ ਕਰੇ ਪਰਮਾਤਮ ਆਤਮ ਫੜਾਏ ਆਪਣਾ ਪੱਲਾ, ਨਾਮ ਧੁਰ ਦੀ ਗੰਢ ਪਵਾਈਆ । ਦੋ ਸਾਲ ਚਾਰ ਮਹੀਨੇ ਬਾਦ ਜ਼ਿੰਦਗੀ ਵਿਚ ਫੇਰ ਪੈਣਾ ਇਕ ਛੋਟਾ ਜਿਹਾ ਹੱਲਾ, ਉਹ ਹੱਲ ਲੈਣਾ ਕਰਾਈਆ । ਤੁਹਾਡਾ ਅੰਤਰ ਸਭ ਨਾਲੋਂ ਹੋਣਾ ਅਕੱਲਾ, ਜਗਤ ਵਾਸਨਾ ਵਾਲੇ ਸਾਥੀ ਸੰਗ ਨਾ ਕੋਇ ਰਖਾਈਆ । ਇਹ ਵਕਤ ਰਹਿਣਾ ਘੜੀ ਪਲਾ, ਸਾਢੇ ਸੱਤ ਸੱਤ ਸਮਝਾਈਆ । ਤੁਹਾਡਾ ਹਿਰਦਾ ਫੇਰ ਨਿਹਚਲ ਹੋਵੇ ਅਟਲਾ, ਅਣਡੋਲਤ ਰੂਪ ਬਣਾਈਆ । ਪਿਛਲੇ ਜੀਵਣ ਦਾ ਇਸ ਜ਼ਿੰਦਗੀ ਦਾ ਪ੍ਰਭੂ ਦੇ ਪਿਆਰ ਵਿਚ ਮਿਲੇ ਫਲਾ, ਫਲੀਭੂਤ ਦਏ ਕਰਾਈਆ । ਦੂਈ ਦਵੈਤੀ ਮੇਟੇ ਸੱਲਾ, ਅੰਤਰ ਨਿਰੰਤਰ ਇਕੋ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਜਗਤ ਜੀਵਣ ਦਾ ਧਰਮ ਧਾਰ ਨਿਸ਼ਾਨਾ, ਜੁਗ ਜੁਗ ਭਗਤਾਂ ਮਿਲੇ ਚਾਈਂ ਚਾਈਂਆ । ਤੂੰ ਮੇਰਾ ਮੈਂ ਤੇਰਾ ਇਕੋ ਹੋਵੇ ਗਾਣਾ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਹਉਮੇ ਹੰਗਤਾ ਤੁਟੇ ਹੰਕਾਰ ਮਾਣਾ, ਨਿਰਮਾਣਤਾ ਹਲੀਮੀ ਵਿਚ ਆਪਣਾ ਆਪ ਸਮਾਈਆ । ਪਰਮ ਪੁਰਖ ਦਾ ਸਦਾ ਮੰਨੇ ਸਿਰ ਤੇ ਭਾਣਾ, ਭੈ ਵਿਚ ਆਪਣਾ ਝਟ ਲੰਘਾਈਆ । ਤਿਸ ਉਤੇ ਕਿਰਪਾ ਕਰੇ ਪਤਿਪਰਮੇਸ਼ਵਰ ਸ੍ਰੀ ਭਗਵਾਨਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋ ਸੀਤਾ ਸੁਰਤੀ ਦਾ ਰਾਮਾ, ਰਾਮ ਰਾਮਾ ਇਕ ਅਖਵਾਈਆ । ਜੋ ਆਤਮ ਧਾਰ ਰਾਧਾ ਦਾ ਕਾਹਨਾ, ਘਨਈਆ ਅਗੰਮ ਅਥਾਹੀਆ । ਜੋ ਨਿਰਗੁਣ ਨਿਰਗੁਣ ਪਹਿਰੇ ਬਾਣਾ, ਵੇਸ ਅਵੱਲੜਾ ਆਪ ਵਟਾਈਆ । ਸੋ ਜੀਵਣ ਵਿਚੋਂ



੧੬੪੭ ੨੨

ਜੀਵਣ ਦੇਵੇ ਸਚ ਮਹਾਨਾ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਜਨ ਭਗਤਾਂ ਭਗਤੀ ਕਰ ਪਰਵਾਨਾ, ਪਰਮ ਪੁਰਖ ਪਰਮਾਤਮ ਆਪਣੇ ਲੇਖੇ ਲਾਈਆ । ਉਹਨਾਂ ਚਿਤ੍ਰਗੁਪਤ ਨਾ ਲੇਖ ਵਖਾਉਣਾ, ਧਰਮ ਰਾਏ ਨਾ ਦਏ ਸਜ਼ਾਈਆ । ਲੋਕਮਾਤ ਮਾਨਸ ਜਨਮ ਨਾ ਆਵੇ ਹਾਨਾ, ਮਨੁਖ ਮਨੁਖਤਾ ਸਾਚਾ ਸੰਗ ਨਿਭਾਈਆ । ਮਮਤਾ ਵਿਚ ਹੋਏ ਨਾ ਕਦੇ ਦੀਵਾਨਾ, ਮਸਤੀ ਕੂੜ ਨਾ ਕੋਇ ਹਲਕਾਈਆ । ਅੱਠੇ ਪਹਿਰ ਦਿਵਸ ਰੈਣ ਘੜੀ ਪਲ ਜਿਨ੍ਹਾਂ ਦਾ ਪ੍ਰਭ ਚਰਨ ਧਿਆਨਾ, ਸੋ ਭਗਤ ਸੰਤ ਜਗਤ ਮਾਰਗ ਸਹਿਜੇ ਪਾਰ ਕਰਾਈਆ । ਉਹਨਾਂ ਦਰਗਹ ਸਾਚੀ ਸਚਖੰਡ ਦਵਾਰ ਮਿਲੇ ਮਹੱਲ ਅਟਲ ਮਕਾਨਾ, ਜਿਥੇ ਸੂਰੀਆ ਚੰਦ ਦੀ ਲੋੜ ਰਹੇ ਨਾ ਰਾਈਆ । ਇਕੋ ਜੋਤ ਤੇਜ ਪ੍ਰਕਾਸ਼ ਪਰਮ ਪੁਰਖ ਸੁਲਤਾਨਾ, ਸੋ ਪੁਰਖ ਨਿਰੰਜਣ ਆਪਣਾ ਨੂਰ ਜ਼ਹੂਰ ਦਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਇਕ ਅਖਵਾਈਆ । ਜਗਤ ਜੀਵਣ ਸੰਸਾਰ ਦਾ ਸੰਗ, ਤਨ ਵਜੂਦ ਵੱਜੇ ਵਧਾਈਆ । ਜਗਤ ਵਿਰਾਸਤ ਜਗਤ ਦਾ ਰੰਗ, ਮਨ ਮਨਸਾ ਨਾਲ ਮਿਲਾਈਆ । ਆਤਮ ਅੰਤਰ ਪਰਮਾਤਮ ਦਾ ਅਨੰਦ, ਅਨੰਦ ਅਨੰਦ ਵਿਚੋਂ ਜਣਾਈਆ । ਜੋ ਜਗਤ ਜਗਿਆਸੂ ਕੂੜ ਕਿਰਿਆ ਦੀ ਮੰਜ਼ਲ ਜਾਏ ਲੰਘ, ਮਾਰਗ ਧਰਮ ਵਾਲਾ ਅਪਨਾਈਆ । ਉਹ ਅੰਤਰ ਨਿਰੰਤਰ ਵੇਖੇ ਪਰਮ ਪੁਰਖ ਦਾ ਨੂਰੀ ਚੰਦ, ਜੋ ਜੋਤੀ ਜਾਤਾ ਹੋ ਕੇ ਡਗਮਗਾਈਆ । ਜਿਥੇ ਜਗਤ ਵਾਸਨਾ ਹਉਮੇ ਹੰਗਤਾ ਜਗਤ ਵਿਕਾਰ ਵਿਭਚਾਰ ਹੋਵੇ ਖੰਡ ਖੰਡ, ਕੂੜ ਕਿਰਿਆ ਅੰਤ ਰਹਿਣ ਕੋਇ ਨਾ ਪਾਈਆ । ਮਨੂਆ ਦਹਿ ਦਿਸ਼ਾ ਨਾ ਉਠ ਪਾਵੇ ਡੰਡ, ਕਲਪਣਾ ਭੱਜੇ ਨਾ ਵਾਹੋ ਦਾਹੀਆ । ਤਿਸ ਉਪਰ ਕਿਰਪਾ ਕਰੇ ਪ੍ਰਭ ਆਪ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਭਾਗ ਲਗਾਵੇ ਭਗਤਾਂ ਦੀ ਆਤਮ ਸੇਜ ਪਲੰਘ, ਸਚ ਸਿੰਘਾਸਣ ਸੋਭਾ ਪਾਈਆ । ਉਹਨਾਂ ਦਾ ਜਨਮ ਮਰਨ ਦਾ ਆਵਣ ਜਾਵਣ ਦਾ ਲੇਖਾ ਹੋ ਜਾਏ ਬੰਦ, ਪ੍ਰਭ ਜੋਤ ਮਿਲ ਕੇ ਜੋਤ ਵਿਚ ਸਮਾਈਆ । ਕਿਉਂ ਉਨ੍ਹਾਂ ਦੇ ਅੰਤਰ ਪ੍ਰਭ ਦੇ ਪਿਆਰ ਦੀ ਪੈ ਜਾਂਦੀ ਗੰਢ, ਜਿਸ ਗੰਢ ਨੂੰ ਜਗਤ ਵਾਸਨਾ ਸਕੇ ਨਾ ਕਦੇ ਖੁਲ੍ਹਾਈਆ । ਭਗਤ ਭਗਵਾਨ ਭਗਵਾਨ ਭਗਤ ਇਕ ਦੂਜੇ ਦੇ ਪਿਆਰ ਵਿਚ ਸਦਾ ਪਾਬੰਦ, ਪਾਬੰਦੀ ਵਿਚ ਮਾਰਗ ਚਲਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਹਰਿਜਨ ਸਾਚੇ ਸਦਾ ਸਦਾ ਸਦਾ ਆਪ ਰੰਗਾਈਆ ।

### ✪ ੧੧ ਪੋਹ ਸ਼ਹਿਨਸ਼ਾਹੀ ਸੰਮਤ ੭ ਲਛਮਣ ਸਿੰਘ ਦੇ ਗ੍ਰਿਹ ਪਿੰਡ ਸਈ ਕਲਾਂ ਜ਼ਿਲਾ ਜੰਮੂ ✪

ਜਨ ਭਗਤਾਂ ਪੂਰੀ ਹੋਵੇ ਭਾਵਨਾ, ਭਾਂਡਾ ਭਰਮ ਭੌ ਭੰਨਾਈਆ । ਮਨ ਹੰਕਾਰੀ ਮਾਰੇ ਕੰਸਾ ਰਾਵਣਾ, ਰਾਮ ਰਾਮਾ ਧੁਰਦਰਗਾਹੀਆ । ਜੀਵਣ ਜ਼ਿੰਦਗੀ ਦਾ ਬਣੇ ਜ਼ਾਮਨਾ, ਜ਼ਾਮਨੀ ਸ਼ਬਦ ਵਾਲੀ ਭੁਗਤਾਈਆ । ਆਤਮ ਪਰਮਾਤਮ ਪਕੜੇ ਦਾਮਨਾ, ਦਾਮਨਗੀਰ ਇਕ ਅਖਵਾਈਆ । ਕਲਜੁਗ ਕੂੜੀ ਕਿਰਿਆ ਮੇਟੇ ਅੰਧੇਰੀ ਸ਼ਾਮਨਾ, ਸ਼ਮਾਂ ਨੂਰ ਜੋਤ ਕਰੇ ਰੁਸ਼ਨਾਈਆ । ਸਚ ਸਤਿ ਦਾ ਦੇ ਗਿਆਨਨਾ, ਕੂੜ ਕੁਟੰਭ ਦਾ ਪੰਧ ਮੁਕਾਈਆ । ਭਾਗ ਲਗਾ ਕੇ ਕਾਇਆ ਨਗਰ ਖੇੜਾ ਗਰਾਮਨਾ, ਸਾਢੇ ਤਿੰਨ ਹੱਥ ਵੇਖ ਵਖਾਈਆ । ਅੰਮ੍ਰਿਤ ਰਸ ਪਿਆਏ ਨਿਜਰ ਜਾਮਨਾ, ਜਗਤ ਤ੍ਰਿਸ਼ਨਾ

੧੬੪੯ ੨੨

ਕੂੜ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਸੱਜਣ ਬੇਪਰਵਾਹੀਆ । ਹਰਿ ਸਾਜਣ ਦਾਤਾ ਗਹਿਰ ਗੰਭੀਰ, ਗਵਰ ਇਕ ਅਖਵਾਈਆ । ਜੋ ਜੁਗ ਚੌਕੜੀ ਬਦਲਣ ਵਾਲਾ ਤਕਦੀਰ ਤਦਬੀਰ ਆਪਣੇ ਹੱਥ ਰਖਾਈਆ । ਜਿਸ ਦੇ ਹੁਕਮ ਦੀ ਹੱਕ ਅਕਸੀਰ, ਵੇਖਣਹਾਰਾ ਚਾਈਂ ਚਾਈਂਆ । ਜੋ ਸ਼ਰਅ ਦੇ ਕਟਣਵਾਲਾ ਜ਼ੰਜੀਰ, ਭਗਤਾਂ ਬੰਧਨ ਦਏ ਤੁੜਾਈਆ । ਝਗੜਾ ਮੇਟੇ ਗ਼ਰੀਬ ਅਮੀਰ, ਆਅਲਾ ਅਦਨਾ ਇਕੋ ਰੰਗ ਵਖਾਈਆ । ਜਿਸ ਦੀ ਆਸਾ ਰੱਖੀ ਕਬੀਰ, ਪੁਨਹ ਪੁਨਹ ਸੀਸ ਨਿਵਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਸਾਚੀ ਕਰਨੀ ਕਰੇ ਤਾਮੀਰ, ਕਲਜੁਗ ਕੂੜੀ ਕਿਰਿਆ ਜੜ੍ਹ ਉਖੜਾਈਆ । ਜਗਤ ਜਹਾਨ ਦੀ ਬਦਲ ਦੇਵੇ ਤਸਵੀਰ, ਤਸੱਵਰ ਇਕੋ ਇਕ ਸਮਝਾਈਆ । ਹਉਮੇ ਹੰਗਤਾ ਰਹਿਣ ਨਾ ਦੇਵੇ ਖ਼ਮੀਰ, ਖ਼ੁਮਾਰੀ ਨਾਮ ਵਾਲੀ ਚੜ੍ਹਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਬਖ਼ਸ਼ਣਹਾਰਾ ਧੀਰ, ਧੀਰਜ ਧਰਮ ਧਾਰ ਦ੍ਰਿੜਾਈਆ । ਵੇਖ ਵਖਾਣੇ ਪੀਰਨ ਪੀਰ, ਅਮਾਮ ਅਮਾਮਾ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਲਏ ਮਿਲਾਈਆ । ਹਰਿਜਨ ਮੇਲਣਹਾਰਾ ਆਪ, ਹਰਿ ਕਰਤਾ ਧੁਰਦਰਗਾਹੀਆ । ਜਗਤ ਵਾਸਨਾ ਮੇਟ ਕੂੜ ਸੰਤਾਪ, ਮਾਇਆ ਮਮਤਾ ਮੋਹ ਮਿਟਾਈਆ । ਅੰਧੇਰਾ ਰਹੇ ਨਾ ਕੂੜੀ ਰਾਤ, ਧਰਮ ਦਾ ਸਚ ਚੰਦ ਚਮਕਾਈਆ । ਸਚ ਪ੍ਰੀਤੀ ਬਖ਼ਸ਼ ਕੇ ਦਾਤ, ਪ੍ਰੀਤਮ ਆਪਣਾ ਰੰਗ ਰੰਗਾਈਆ । ਅੰਮ੍ਰਿਤ ਦੇਵੇ ਬੂੰਦ ਸਵਾਂਤ, ਝਿਰਨਾ ਨਿਜਰ ਇਕ ਝਿਰਾਈਆ । ਨੇਤਰ ਖੋਲ੍ਹ ਕੇ ਨਿਜ ਨੈਣ ਆਂਖ, ਲੋਚਣ ਲੋਇਣ ਦਏ ਬਦਲਾਈਆ । ਘਰ ਸਵਾਮੀ ਠਾਕਰ ਮੀਤਾ ਦਰਸ਼ਨ ਦੇਵੇ ਸਾਖਿਆਤ, ਸੱਜਣ ਸੁਹੇਲਾ ਪੜਦਾ ਆਪ ਉਠਾਈਆ । ਜਨ ਭਗਤਾਂ ਪੁਛੇ ਵਾਤ, ਕਾਇਆ ਮੰਦਰ ਅੰਦਰ ਲੇਖਾ ਜਾਣੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਰਮ ਪੁਰਖ ਪ੍ਰਭ ਆਪਣਾ ਰੰਗ ਰੰਗਾਈਆ । ਆਪਣਾ ਰੰਗ ਰੰਗਾਏ ਚਲੂਲ, ਹਰਿ ਕਰਤਾ ਦਇਆ ਕਮਾਈਆ । ਜਨ ਭਗਤਾਂ ਕਦੇ ਨਾ ਜਾਏ ਭੂਲ, ਅਭੁੱਲ ਆਪ ਅਖਵਾਈਆ । ਜਿਸ ਦਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਦਲੇ ਨਾ ਕਦੇ ਅਸੂਲ, ਅਸਲੀਅਤ ਵਿਚ ਮਲਕੀਅਤ ਸਭ ਦੀ ਵੇਖ ਵਖਾਈਆ । ਜੋ ਚਰਨ ਪ੍ਰੀਤੀ ਬਖ਼ਸ਼ਣਹਾਰਾ ਧੁਰ ਦੀ ਧੂਲ, ਧੂੜੀ ਟਿੱਕੇ ਮਸਤਕ ਖ਼ਾਕ ਰਮਾਈਆ । ਉਹ ਸਭ ਦਾ ਜਾਣੇ ਆਦਿ ਅੰਤ ਦਾ ਮੂਲ, ਜਨਮ ਕਰਮ ਵੇਖੇ ਚਾਈਂ ਚਾਈਂਆ । ਕੂੜੀ ਕਿਰਿਆ ਜਗਤ ਚਿੰਤਾ ਚਿਖਾ ਨੂੰ ਮਾਰੇ ਸ਼ੰਕਰ ਵਾਲੀ ਤ੍ਰਿਸ਼ੂਲ, ਤ੍ਰੈਗੁਣ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਚ ਦਾ ਰੰਗ ਪ੍ਰਭ ਸਦ ਰੰਗਦਾ, ਰੰਗਤ ਨਾਮ ਵਾਲੀ ਚੜ੍ਹਾਈਆ । ਜਨ ਭਗਤਾਂ ਬੇੜਾ ਬੰਨ੍ਹਦਾ, ਜੁਗ ਜੁਗ ਹੋਏ ਸਹਾਈਆ । ਵਿਛੋੜਾ ਹੋਣ ਨਾ ਦੇਵੇ ਤਨ ਦਾ, ਤਨ ਮਾਟੀ ਵੱਜੇ ਵਧਾਈਆ । ਲੇਖਾ ਪੂਰਾ ਕਰੇ ਹਰਿਜਨ ਜਨ ਦਾ, ਬਣ ਜਣੇਂਦੀ ਮਾਈਆ । ਪ੍ਰਕਾਸ਼ ਵੇਖੇ ਨੂਰੀ ਚੰਦ ਦਾ, ਚੰਨ ਚੰਦ ਕਰੇ ਰੁਸ਼ਨਾਈਆ । ਜਨ ਭਗਤਾਂ ਸਦਾ ਵਕਤ ਸੁਹੰਜਣਾ ਹੋਵੇ ਧੰਨ ਧੰਨ ਦਾ, ਧੰਨ ਪ੍ਰਭੂ ਤੇਰੀ ਬੇਪਰਵਾਹੀਆ । ਝਗੜਾ ਮੇਟੇ ਮਨਸਾ ਮਨ ਦਾ, ਮਮਤਾ ਮੋਹ ਦਏ ਗਵਾਈਆ । ਹਰਿ ਸੰਤ ਸੁਹੇਲਾ ਜਨ ਭਗਤ ਸੂਫ਼ੀ ਫ਼ਕੀਰ ਵਣਜਾਰਾ ਨਹੀਂ ਜਗਤ ਛੱਪਰੀ ਛੰਨ ਦਾ, ਸਤਿ ਵਿਚ ਸਤਿ ਸਚ ਵਿਚ ਸਚ ਸਚ ਆਪਣਾ ਆਪ ਮਿਲਾਈਆ ।

## ੧੧ ਪੋਹ ਸ਼ਹਿਨਸ਼ਾਹੀ ਸੰਮਤ ੭ ਦੇਵਾ ਸਿੰਘ ਦੇ ਗ੍ਰਿਹ ਸਈ ਕੈਂਪ ਵਾਲੇ ਪਿੰਡ ਬਾੜੀਆਂ ਵਿਖੇ ਜ਼ਿਲਾ ਜੰਮੂ

ਰਿਸ਼ੀਆਂ ਲਹਿਣਾ ਪੂਰਾ ਹੋਵੇ ਪਿਛਲਾ ਤਿੰਨ ਜੁਗਾ, ਜੁਗ ਚੌਕੜੀ ਹਰਿ ਵੇਖ ਵਖਾਈਆ । ਜਿਨ੍ਹਾਂ ਕਾਰਨ ਕਲਜੁਗ ਅੰਤਮ ਪੈਂਡਾ ਮੁਕਾ, ਭੱਜ ਭੱਜ ਆਪਣਾ ਪੰਧ ਮੁਕਾਈਆ । ਅੱਗੇ ਸਭ ਦਾ ਨਾਮ ਹੋਵੇ ਉਘਾ, ਉਗਣ ਆਥਣ ਮਿਲੇ ਵਡਿਆਈਆ । ਜਨ ਭਗਤਾਂ ਫੇਰ ਉਜੜੇ ਕਦੇ ਨਾ ਝੁੱਗਾ, ਝੁੱਗੀਆਂ ਦਾ ਪੰਧ ਚੁਕਾਈਆ । ਕਲਜੁਗ ਦਾ ਅੰਤਮ ਧਾਰ ਦਿਤਾ ਭੁੱਗਾ, ਭੌਂਏ ਧਰਨੀ ਸੀਸ ਨਿਵਾਈਆ । ਜਿਸ ਦਾ ਸ਼ਾਸਤਰ ਸਮਝ ਸਕਣ ਨਾ ਮੁੱਦਾ, ਆਦਿ ਅੰਤ ਕਹਿਣ ਕੋਇ ਨਾ ਪਾਈਆ । ਸੋ ਪੁਰਖ ਅਕਾਲਾ ਖੇਲ ਕਰੇ ਉਤੇ ਬਸੁਧਾ, ਨਿਰਗੁਣ ਆਪਣਾ ਹੁਕਮ ਜਣਾਈਆ । ਸਭ ਦਾ ਲੇਖਾ ਪੂਰਾ ਕਰੇ ਗੁੱਝਾ, ਗੋਬਿੰਦ ਮੇਲਾ ਧੁਰ ਦੇ ਮਾਹੀਆ । ਸਤਿ ਧਰਮ ਦੀ ਸਚ ਚੜ੍ਹਾਏ ਸੁਬਹ, ਕਲਜੁਗ ਰੈਣ ਅੰਧੇਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਹੁਕਮ ਕਹੇ ਮੈਂ ਮਿਲਦਾ ਕਦੀ ਕਦੀ, ਕਦੀਮ ਦਾ ਮਾਲਕ ਦਇਆ ਕਮਾਈਆ । ਹੁਣ ਸੇਵਾ ਲੱਗੀ ਚੌਧਵੀਂ ਸਦੀ, ਸਦਮਾ ਵੇਖਣਾ ਥਾਉਂ ਥਾਈਂਆ । ਸ਼ਰਅ ਉਮਤ ਦੀ ਮੇਟਣੀ ਬਦੀ, ਬਦਕਾਰੀ ਰਹਿਣ ਕੋਇ ਨਾ ਪਾਈਆ । ਚਾਰੋਂ ਕੁੰਟ ਕੂੜ ਕੁੜਿਆਰੀ ਅੱਗ ਲੱਗੀ, ਬਿਨਾ ਪ੍ਰਭੂ ਤੋਂ ਸਕੇ ਨਾ ਕੋਇ ਬੁਝਾਈਆ । ਕਿਸੇ ਲੇਖਾ ਸਮਝ ਨਾ ਆਵੇ ਵਦੀ ਸੁਦੀ, ਨਛੱਤਰ ਗ੍ਰਿਹ ਪੜਦਾ ਨਾ ਕੋਇ ਉਠਾਈਆ । ਦੀਨ ਦੁਨੀ ਮਨ ਕਲਪਣਾ ਹੋਈ ਲਬੀ, ਲੋਭ ਹੰਕਾਰ ਵਿਚ ਤੜਫਾਈਆ । ਕਿਸੇ ਮੇਲਾ ਹੋਣਾ ਨਾ ਜੋਤ ਰੱਬੀ, ਨੂਰ ਵਿਚ ਨੂਰ ਨਾ ਕੋਇ ਸਮਾਈਆ । ਸ੍ਰਿਸ਼ਟੀ ਮਨ ਵਾਸਨਾ ਫਿਰੇ ਭੱਜੀ, ਭਜਨ ਬੰਦਗੀ ਸਚ ਨਾ ਕੋਇ ਕਮਾਈਆ । ਮਮਤਾ ਮੋਹ ਤ੍ਰਿਸ਼ਨਾ ਨੱਚੀ, ਸਾਂਤਕ ਸਤਿ ਨਾ ਕੋਇ ਕਰਾਈਆ । ਦਰਸ਼ਨ ਹੋਵੇ ਨਾ ਕਿਸੇ ਉਪਰ ਸ਼ਾਹ ਰਗੀ, ਨੌਂ ਦਵਾਰੇ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਰਿਸ਼ੀਆਂ ਲੇਖਾ ਹੋਇਆ ਪੂਰਾ, ਤੇਰਾਂ ਸੌ ਸਤਾਸੀ ਸੀਸ ਨਿਵਾਈਆ । ਬਾਵਨ ਧਾਰ ਤੱਕਿਆ ਇਕ ਹਾਜ਼ਰ ਹਜ਼ੂਰਾ, ਬਲ ਦਵਾਰ ਦਾ ਪੰਧ ਚੁਕਾਈਆ । ਜਿਸ ਦਾ ਜੋਤ ਅਗੰਮੀ ਨੂਰਾ, ਨੂਰ ਨੁਰਾਨਾ ਡਗਮਗਾਈਆ । ਕਲਜੁਗ ਕੂੜੀ ਕਿਰਿਆ ਮੇਟੇ ਕੂੜਾ, ਕੂੜ ਕੁਟੰਭ ਦਏ ਗਵਾਈਆ । ਜਨ ਭਗਤਾਂ ਬਖ਼ਸ਼ ਕੇ ਚਰਨ ਕਵਲ ਦੀ ਧੂੜਾ, ਟਿੱਕੇ ਮਸਤਕ ਖ਼ਾਕ ਰਮਾਈਆ । ਪ੍ਰੇਮ ਪ੍ਰੀਤੀ ਚਾੜ੍ਹ ਕੇ ਰੰਗ ਗੂੜ੍ਹਾ, ਜਗਤ ਜਹਾਨ ਦਏ ਵਡਿਆਈਆ । ਕਿਰਪਾ ਨਿਧਾਨ ਬਣ ਕੇ ਜੋਬਨਵੰਤਾ ਸੂਰਨ ਸੂਰਾ, ਸੂਰਬੀਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵੇ ਮਾਣ ਵਡਿਆਈਆ । ਜਨ ਰਿਸ਼ੀਆਂ ਵਸਣਾ ਜਗਤ ਘਰਾਣਾ, ਘਰ ਘਰ ਵੱਜੇ ਵਧਾਈਆ । ਮਿਲਣਾ ਜੀਵਣ ਜੁਗਤ ਦਾ ਮਾਣਾ, ਸਿਰ ਸਿਰ ਹੱਥ ਟਿਕਾਈਆ । ਆਤਮ ਬ੍ਰਹਮ ਦਾ ਸਾਚਾ ਮਿਲੇ ਖਾਣਾ, ਜਿਸ ਨੂੰ ਚਾਰੇ ਖਾਣੀ ਸੀਸ ਨਿਵਾਈਆ । ਇਕੋ ਵਾਰ ਸਿਹਾ ਪ੍ਰਭ ਦਾ ਭਾਣਾ, ਦੂਜੀ ਲੋੜ ਰਹੀ ਨਾ ਰਾਈਆ । ਲੇਖਾ ਟੁੱਟਿਆ ਕੂੜ ਜਹਾਨਾਂ, ਜਹਾਲਤ ਜਗਤ ਵਾਲੀ ਚੁਕਾਈਆ । ਸਚ ਦਵਾਰ ਕਰ ਪਰਵਾਨਾ, ਪਰਵਾਨਾ ਨਾਮ ਦੇਵੇ ਬੇਪਰਵਾਹੀਆ । ਜਨ ਭਗਤਾਂ ਗ੍ਰਿਹ ਵਸਦਾ ਰਹੇ ਮਕਾਨਾ, ਮੁਕਾਣ ਦੀਨ ਦੁਨੀਆ ਦੀ ਦੇਵੇ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਹੋਵੇ ਸਹਾਈਆ । ਤੇਰਾਂ ਸੌ ਸਤਾਸੀ ਰਿਸ਼ੀਆਂ

ਲੇਖਾ ਰਿਹਾ ਚੁੱਕ, ਚਾਰ ਕੁੰਟ ਖੋਜ ਖੁਜਾਈਆ । ਜਗਤ ਦੁੱਖੜਾ ਰਿਹਾ ਮੁਕ, ਦਰਦੀ ਹੋ ਕੇ ਦਰਦ ਵੰਡਾਈਆ । ਸਚ ਦੁਲਾਰੇ ਬਣਾ ਕੇ ਸੁਤ, ਸੁਤ ਦੁਲਾਰੇ ਗੋਦ ਉਠਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਪਰਮ ਪੁਰਖ ਦੇਵੇ ਵਡਿਆਈਆ । ਸੀਨੇ ਨਾਲ ਲਗਾਏ ਘੁੱਟ, ਵਿਛੋੜਾ ਜਗਤ ਰਹਿਣ ਨਾ ਪਾਈਆ । ਆਵਣ ਜਾਵਣ ਜਾਏ ਛੁਟ, ਦਰਗਹ ਸਾਚੀ ਵੱਜੇ ਵਧਾਈਆ । ਪ੍ਰੇਮ ਪਿਆਰ ਵਿਚ ਦੇਵੇ ਸਭ ਕੁਛ, ਵਸਤ ਅਗੰਮ ਨਾਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਹਰ ਘਟ ਹਰਿ ਪ੍ਰਭ ਤਨ ਮਾਟੀ ਅੰਦਰ ਜਾਏ ਘੁਸ, ਰਾਹੋਂ ਘੁਸਿਆਂ ਆਪਣੇ ਨਾਲ ਮਿਲਾਈਆ ।

### ✪ ੧੧ ਪੋਹ ਸ਼ਹਿਨਸ਼ਾਹ ਸੰਮਤ ੭ ਬਿਸ਼ਨ ਸਿੰਘ ਦੇ ਗ੍ਰਿਹ ਪਿੰਡ ਬਾੜੀਆ ਜ਼ਿਲਾ ਜੰਮੂ ✪

ਰਿਸ਼ੀਆਂ ਮਿਲੇ ਨਾਮ ਸੰਤੋਖ, ਧੀਰਜ ਧਰਮ ਧਾਰ ਦ੍ਰਿੜਾਈਆ । ਜਨਮ ਦੀ ਕਰਨੀ ਜਨਮ ਦਾ ਮੋਖ, ਮੁਕਤੀ ਚਰਨਾਂ ਹੇਠ ਦਬਾਈਆ । ਕੂੜੀ ਕਿਰਿਆ ਮੇਟ ਕੇ ਸੋਚ, ਸੰਜਮ ਇਕੋ ਇਕ ਦ੍ਰਿੜਾਈਆ । ਪ੍ਰਭ ਦਰਸ਼ਨ ਨੂੰ ਸਭੇ ਲੋਚਨ ਲੋਚ, ਨਿਜ ਨੇਤਰ ਅੱਖ ਖੁਲ੍ਹਾਈਆ । ਜਿਸ ਨੂੰ ਝੁਕਦੇ ਚੌਦਾਂ ਲੋਕ, ਚੌਦਾਂ ਤਬਕ ਸੀਸ ਨਿਵਾਈਆ । ਉਸ ਪ੍ਰਭੂ ਦਾ ਆਦਿ ਅੰਤ ਦਾ ਇਕ ਸਲੋਕ, ਨਿਰਗੁਣ ਨਿਰਗੁਣ ਵੱਜੇ ਵਧਾਈਆ । ਕਰੇ ਪ੍ਰਕਾਸ਼ ਨਿਰਮਲ ਜੋਤ, ਜੋਤੀ ਜਾਤਾ ਇਕ ਅਖਵਾਈਆ । ਜਿਸ ਦੀ ਕੋਈ ਨਾ ਵਰਨ ਗੋਤ, ਦੀਨਾਂ ਮਜ਼੍ਹਬਾਂ ਨਾ ਵੰਡ ਵੰਡਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਬਖ਼ਸ਼ੇ ਆਪਣੀ ਓਟ, ਓੜਕ ਮਾਲਕ ਇਕ ਅਖਵਾਈਆ । ਸੋ ਸ਼ਬਦ ਨਗਾਰੇ ਲਾ ਕੇ ਚੋਟ, ਚੋਟੀ ਚੜ੍ਹ ਕੇ ਗੁਰਮੁਖਾਂ ਵੇਖ ਵਖਾਈਆ ਕੂੜੀ ਕਿਰਿਆ ਅੰਦਰੋਂ ਕਢ ਕੇ ਖੋਟ, ਖੋਟੇ ਖਰੇ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਲੇਖਾ ਕਦੇ ਨਾ ਜਾਏ ਔਤ, ਅਵਤਰ ਆਪਣਾ ਹੁਕਮ ਵਰਤਾਈਆ ।

### ✪ ੧੧ ਪੋਹ ਸ਼ਹਿਨਸ਼ਾਹੀ ਸੰਮਤ ੭ ਕਿਰਪਾਲ ਸਿੰਘ ਦੇ ਗ੍ਰਿਹ ਪਿੰਡ ਬਾੜੀਆਂ ਜ਼ਿਲਾ ਜੰਮੂ ✪

ਜਨ ਭਗਤ ਕਦੇ ਨਾ ਵਿਨਸੇ, ਵਿਨਸੇ ਸਰਬ ਲੋਕਾਈਆ । ਪ੍ਰਭ ਪਰਗਟ ਹੋਏ ਕਿਰਪਾ ਜਿਨਸੇ, ਜਨ ਵੱਜਦੀ ਰਹੇ ਵਧਾਈਆ । ਲੇਖਾ ਧਵਲ ਬਣੇ ਤਿਨ੍ਹਸੇ, ਤਿੰਨ ਲੋਕ ਖ਼ੁਸ਼ੀ ਬਣਾਈਆ । ਜਿਸ ਪੰਧ ਮੁਕਾਏ ਮਿਣ ਮਿਣ ਕੇ, ਮਿੰਨਤਾਂ ਅਵਤਾਰ ਪੈਗ਼ੰਬਰ ਗੁਰੂਆਂ ਮੰਨੀਆਂ ਚਾਈਂ ਚਾਈਆ । ਉਹ ਲੇਖੇ ਪੂਰੇ ਕਰੇ ਰਾਤ ਦਿਨ ਕੇ, ਦਿਨ ਦਿਹਾੜੇ ਆਪਣੇ ਖੇਲ ਖਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕੋਲੋਂ ਸਭ ਕੁਛ ਛਿੰਨ ਕੇ, ਛਿਨ ਵਿਚ ਲਹਿਣਾ ਦਏ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਜਨ ਭਗਤਾਂ ਸਦਾ ਸੁਖ ਦਿਵਸ ਰੈਣ, ਦੁੱਖ ਨੇੜ ਕੋਇ ਨਾ ਆਈਆ । ਜਿਨ੍ਹਾਂ ਦਾ ਮਾਲਕ ਮਾਤ ਪਿਤ ਤੇ ਇਕੋ ਸਾਕ ਸੈਣ, ਜਗਤ ਤ੍ਰਿਸ਼ਨਾ

ਨਾਤਾ ਕੂੜ ਗਏ ਤੁੜਾਈਆ । ਉਨ੍ਹਾਂ ਨਾਮ ਪਦਾਰਥ ਦੇਵੇ ਅਗੰਮੀ ਰਸਾਇਣ, ਜੋ ਜਗਤ ਨਿਖੁਟ ਕਦੇ ਨਾ ਜਾਈਆ । ਜਨਮ ਕਰਮ ਦਾ ਪੂਰਾ ਕਰੇ ਲਹਿਣ ਦੇਣ, ਦੇਵਣਹਾਰ ਵਡ ਵਡਿਆਈਆ । ਏਕੰਕਾਰ ਕਦੇ ਨਾ ਬਣੇ ਤਰਫ਼ੈਣ, ਤਰਫ਼ਦਾਰੀ ਦੀ ਵੰਡ ਨਾ ਕੋਇ ਵਖਾਈਆ । ਜਿਸ ਦਾ ਸੰਤ ਸੁਹੇਲਾ ਸਚ ਪਰਿਵਾਰ ਤੇ ਇਕ ਮਹੈਣ, ਬੰਸ ਸਰਬੰਸ ਆਪ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਸੰਦੇਸ਼ਾ ਧੁਰ ਦੀ ਧਾਰ ਧੁਰ ਸ਼ਬਦ ਆਇਆ ਕਹਿਣ, ਹੁਕਮ ਧੁਰ ਇਕ ਮਨਾਈਆ ।

✪ ੧੧ ਪੋਹ ਸ਼ਹਿਨਸ਼ਾਹੀ ਸੰਮਤ ੭ ਜੰਮੂ ਸੰਗਤ ਦੇ ਨਵਿਤ ਜੰਮੂ ਤੋਂ ਗੁਰਦਾਸ ਪੁਰ ਦੇ ਰਸਤੇ ਵਿਚ ਜ਼ਿਲਾ ਜੰਮੂ ✪

ਜਨ ਭਗਤੋ ਤੁਹਾਡਾ ਪਿਛਲਾ ਕੱਟਿਆ ਕਸ਼ਟ, ਕੁਸ਼ਟ ਅੱਗੇ ਰਹੇ ਨਾ ਰਾਈਆ । ਜਗਤ ਕਰਮ ਦਾ ਲੇਖਾ ਕੀਤਾ ਨਸ਼ਟ, ਨਸ਼ਾ ਇਕੋ ਨਾਮ ਚੜ੍ਹਾਈਆ । ਤੁਹਾਨੂੰ ਚੁੱਕਾਂ ਧੁਰ ਦੇ ਦਸਤ, ਹਥੇਲੀ ਨਾਮ ਵਾਲੀ ਟਿਕਾਈਆ । ਬਖ਼ਸ਼ਿਸ਼ ਕਰਾਂ ਉਹ ਵਸਤ, ਜਿਹੜੀ ਲੱਭਿਆਂ ਹੱਥ ਨਾ ਆਈਆ । ਇਹ ਬਾਵਨ ਦੀ ਬਲ ਦਵਾਰੇ ਖੇਲ ਸੀ ਅਸਚਰਜ, ਜੋ ਬਿਰਧ ਹੋ ਕੇ ਆਪਣੀ ਕਾਰ ਭੁਗਤਾਈਆ । ਤੁਹਾਨੂੰ ਹੱਸਦਿਆਂ ਹੱਸਦਿਆਂ ਬਖ਼ਸ਼ੀ ਸੀ
੧੬੫੨ ਕਲਜੁਗ ਦੀ ਗ਼ਰਜ਼, ਗ਼ਰਜ਼ ਆਪਣੀ ਨਾਲ ਮਿਲਾਈਆ । ਹੁਣ ਖੇਲ ਇਹ ਅਸਚਰਜ, ਅਚਰਜ ਲੀਲਾ ਰਿਹਾ ਵਰਤਾਈਆ । ਤੁਸੀਂ ਸੂਰਮੇ ੧੬੫੨
ਬਹਾਦਰ ਬਣੇ ਮਰਦ, ਹੱਸ ਹੱਸ ਕੇ ਦਿਤਾ ਵਖਾਈਆ । ਤੁਹਾਡਾ ਚੇਹਰਾ ਨਹੀਂ ਹੋਇਆ ਜ਼ਰਦ, ਗ਼ਮੀ ਚਿੰਤਾ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਜਨ ਭਗਤੋ ਤੁਹਾਡੀ ਟੁੱਟੀ ਗੰਢੀ, ਗੰਢ ਆਪਣੇ ਨਾਲ ਪਵਾਈਆ । ਲੇਖਾ ਮੁਕਾਇਆ ਬਾਵਨ ਪਖੰਡੀ, ਜੋ ਭੇਖਾਧਾਰੀ ਰੂਪ ਬਦਲਾਈਆ । ਆਪਣੀ ਪੂਰੀ ਕੀਤੀ ਸੰਧੀ, ਜੋ ਬਿਨਾ ਅੱਖਰਾਂ ਦਿਤੀ ਪਾਈਆ । ਹੁਣ ਪਿਛਲੀ ਘੜੀ ਲੰਘੀ, ਔਖੀ ਘਾਟੀ ਨਾ ਕੋਇ ਚੜ੍ਹਾਈਆ । ਤੁਸਾਂ ਗਾਇਆ ਰਸਨਾ ਦੰਦੀ, ਸਿਫ਼ਤਾਂ ਨਾਲ ਸ਼ਨਵਾਈਆ । ਪੁਰਖ ਅਕਾਲ ਛਡ ਸਿੰਘਾਸਣ ਜਗਤ ਮੰਜੀ, ਡੇਰਾ ਭਗਤਾਂ ਚਰਨਾਂ ਵਿਚ ਰਖਾਈਆ । ਤੁਹਾਨੂੰ ਆਰਜ਼ੂ ਭੋਗਣੀ ਪਈ ਲੰਬੀ, ਲੰਮਾ ਪੈ ਕੇ ਤੁਹਾਡਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ ।

ਬਾਵਨ ਤਕ ਲੈ ਆਪਣੀ ਅੱਖੀਂ, ਬਿਨ ਨੈਣਾਂ ਨੈਣ ਉਠਾਈਆ । ਜਨ ਭਗਤਾਂ ਲਾਜ ਰੱਖੀ, ਸਿਰ ਆਪਣਾ ਹੱਥ ਟਿਕਾਈਆ । ਰੁਲਣਾ ਪਏ ਨਾ ਇਨ੍ਹਾਂ ਕੱਖੀਂ, ਕੱਖਾਂ ਵਿਚ ਨਾ ਕੋਇ ਸੁਟਾਈਆ । ਜਿਨ੍ਹਾਂ ਦੀ ਕੀਮਤ ਨਹੀਂ ਕੋਈ ਜਗਤ ਜਹਾਨ ਲੱਖੀ, ਕੋਟਨ ਕੋਟ ਵੰਡ ਨਾ ਕੋਇ ਵੰਡਾਈਆ । ਉਨ੍ਹਾਂ ਦੀ ਧਰਮ ਦੀ ਧਾਰ ਵੇਖ ਪੱਟੀ, ਕੀ ਲੇਖ ਰਹੀ ਜਣਾਈਆ । ਜਿਨ੍ਹਾਂ ਦੀ ਅੰਤਰ ਆਸ਼ਾ ਫੱਟੀ, ਤ੍ਰਿਸ਼ਨਾ ਰਹੀ ਕੁਰਲਾਈਆ । ਉਹ ਬਣ ਕੇ

ਸੂਰੇ ਹੱਠੀ, ਬਲ ਰਹੇ ਵਧਾਈਆ । ਉਨ੍ਹਾਂ ਦੀ ਕਸ਼ਟਣੀ ਕਟ ਇਕੱਠੀ, ਏਕਾ ਦੂਜਾ ਨਾਲ ਮਿਲਾਈਆ । ਪੈਣਾ ਪਏ ਨਾ ਕਲਜੁਗ ਭੱਠੀ, ਤਤੀ ਵਾ ਨਾ ਲਾਗੇ ਰਾਈਆ । ਤੂੰ ਸਾਹਿਬ ਸਵਾਮੀ ਕਮਲਾਪਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਹੁਣ ਪਿੱਛਾ ਦੇ ਨਾ ਨੱਸੀਂ, ਕਰਵਟ ਮਾਤ ਬਦਲਾਈਆ । ਜਿਹੜੇ ਬੱਝੇ ਤੇਰੇ ਹੁਕਮ ਦੀ ਵਿਚ ਰੱਸੀ, ਰਸਤਾ ਉਨ੍ਹਾਂ ਇਕੋ ਇਕ ਵਖਾਈਆ । ਉਹਨਾਂ ਦੀ ਉਜੜੀ ਫੇਰ ਵਸੇ ਬਸੀ, ਸਾਚੀ ਬਸਤੀ ਦੇਣੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇਵਣਹਾਰ ਆਪ ਅਖਵਾਈਆ ।

ਬਾਵਨ ਕਹੇ ਮੈਂ ਭਗਤਾਂ ਦਾ ਪੁਜਾਰੀ, ਧੂੜੀ ਭਗਤਾਂ ਖ਼ਾਕ ਰਮਾਈਆ । ਮੇਰੀ ਕੋਟਨ ਕੋਟ ਵਾਰ ਨਿਮਸਕਾਰੀ, ਨਿਵ ਨਿਵ ਆਪਣਾ ਆਪ ਝੁਕਾਈਆ । ਜੁਗ ਜੁਗ ਜਾਵਾਂ ਬਲਿਹਾਰੀ, ਬਲਿਹਾਰ ਆਪਣਾ ਆਪ ਕਰਾਈਆ । ਜਿਨ੍ਹਾਂ ਦੀ ਧਰਮ ਦੀ ਸੱਚੀ ਯਾਰੀ, ਨਾਤਾ ਪ੍ਰੇਮ ਵਾਲਾ ਵਧਾਈਆ । ਸਚ ਖ਼ੂਨ ਦੀ ਪ੍ਰੀਤੀ ਗਾੜ੍ਹੀ, ਗੜ ਕੂੜਾ ਜਗਤ ਤਜਾਈਆ । ਆਪ ਫਿਰ ਕੇ ਵਿਚ ਉਜਾੜੀ, ਢੋਲੇ ਪ੍ਰਭ ਦੇ ਰਹੇ ਗਾਈਆ । ਖ਼ੁਸ਼ੀ ਵਿਚ ਕਿਸੇ ਨਹੀਂ ਕਿਹਾ ਸਾਡੀ ਕਿਸਮਤ ਮਾੜੀ, ਹੱਸ ਹੱਸ ਆਪਣਾ ਆਪ ਝਟ ਲੰਘਾਈਆ । ਇਕੋ ਜਿਹਾ ਮਾਣ ਪੁਰਸ਼ ਤੇ ਨਾਰੀ, ਬਾਲਾਂ ਬਿਰਧਾਂ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਬਾਵਨ ਕਹੇ ਮੇਰੇ ਲਾਲ ਭਰੇ ਮੂਲ ਨਾ ਕਲਜੁਗ ਚਿੱਕੜ, ਕੂੜ ਨਜ਼ਰ ਕੋਇ ਨਾ ਆਈਆ । ਸਭ ਦਾ ਲੇਖਾ ਪੂਰਾ ਹੋਵੇ ਜੇ ਲਾਲੋ ਨਾਨਕ ਧਾਰ ਖਵਾਏ ਖਿੱਚੜ, ਮੰਡਾ ਹਲਵਾ ਨਾ ਕੋਇ ਬਣਾਈਆ । ਨਾਲ ਗੰਡੇ ਦੇ ਦੇਵੇ ਸਿਕੜ, ਬਾਹਰਲੀ ਖੱਲ ਲੁਹਾਈਆ । ਕੱਪੜੇ ਲਾਹ ਕੇ ਬਣੇ ਮਿੱਤਰ, ਤਨ ਲਾਂਗੜ ਇਕ ਸੁਹਾਈਆ । ਸਤਿਗੁਰੂ ਦਾ ਹੱਥ ਵਿਚ ਫੜ ਕੇ ਛਿੱਤਰ, ਸੀਸ ਨੌਂ ਵਾਰ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਬਾਵਨ ਕਹੇ ਧੁਰ ਦਾ ਖੇਲ ਸੁੰਦਰ ਸਾਵਲ, ਸਾਵਰੀਆ ਆਪਣੀ ਖੇਲ ਖਿਲਾਈਆ । ਜੋ ਆਦਿ ਜੁਗਾਦੀ ਬਾਬਲ, ਬਾਬਲ ਬੇਪਰਵਾਹੀਆ । ਜਿਸ ਖੇਲ ਖਿਲਾਉਣਾ ਵਿਚ ਕਾਬਲ, ਕਾਬਲੀਅਤ ਸਭ ਦੀ ਦਏ ਗਵਾਈਆ । ਇਨਸਾਫ਼ ਨਾਲ ਕਰੇ ਆਦਲ, ਅਗਲੀ ਆਪਣੀ ਕਾਰ ਭੁਗਤਾਈਆ । ਕਲਜੁਗ ਅੰਧੇਰਾ ਵੇਖੇ ਬਾਦਲ, ਨਵ ਸੱਤ ਖੋਜ ਖੁਜਾਈਆ । ਲਾਲੋ ਦੇ ਗ੍ਰਿਹ ਖਾਵੇ ਮੋਠ ਤੇ ਚਾਵਲ, ਦੋਹਾਂ ਸਾਂਝੀ ਗੰਢ ਪਵਾਈਆ । ਫੇਰ ਹੁਕਮ ਦੱਸੇ ਮੁਰਸ਼ਦ ਕਾਮਲ, ਕੀ ਆਪਣੀ ਕਾਰ ਭੁਗਤਾਈਆ । ਆਹ ਵੇਖੋ ਹੁਕਮ ਦਾ ਬੱਧਾ ਪਿਆ ਬਾਵਨ, ਬ੍ਰਾਹਮਣ ਆਪਣਾ ਬਲ ਗਵਾਈਆ । ਜਿਸ ਪਲੂ ਬੰਨ੍ਹਾਇਆ ਭਗਤਾਂ ਭਗਵਨ ਨਾਲ ਦਾਮਨ, ਦਾਮਨਗੀਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਓ ਬ੍ਰਾਹਮਣਾ ਬਾਵਨਾ ਜਨ ਭਗਤਾਂ ਦੀ ਧੂੜੀ ਪਾ ਲੈ ਵਿਚ ਮੁਖ, ਚਰਨਾਂ ਵਾਲੀ ਦੰਦਾਂ ਨਾਲ ਘਸਾਈਆ । ਫੇਰ ਉਨ੍ਹਾਂ ਦੇ ਪ੍ਰੇਮ ਦੀ ਗਾ ਤੁਕ, ਨਾਤਾ ਆਪਣੇ ਨਾਲ ਜੁੜਾਈਆ । ਭਾਰ ਖ਼ੁਸ਼ੀਆਂ ਨਾਲ ਚੁੱਕ, ਸਿਰ ਸਰ ਟਿਕਾਈਆ । ਜਿਨ੍ਹਾਂ ਦਾ ਦੁੱਖ ਕਲੇਸ਼ ਦਾ ਪੈਂਡਾ ਜਾਏ ਮੁਕ, ਅੱਗੇ ਰੋਗ ਨਾ ਕੋਇ ਸਤਾਈਆ । ਜਗਤ ਤ੍ਰਿਸ਼ਨਾ ਮੇਟ ਕੇ ਭੁੱਖ, ਭੁਖਿਆਂ ਦੇ ਰਜਾਈਆ । ਨਾ ਰਹੇ ਅੰਧੇਰਾ ਘੁਪ, ਸਚ ਕਰ ਰੁਸ਼ਨਾਈਆ । ਤੂੰ ਭਗਤਾਂ

ਦਾ ਬੱਧਾ ਸਕੇਂ ਨਾ ਛੁਟ, ਪ੍ਰੇਮ ਦੀ ਗੰਢ ਰਹੇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਖਿਚੜੀ ਕਹੇ ਮੈਂ ਵੀ ਬਲ ਦੇ ਦਵਾਰੇ ਦਾ ਪਦਾਰਥ, ਜਿਸ ਨੂੰ ਬਾਵਨ ਗ਼ੌਰ ਨਾਲ ਤਕਾਈਆ । ਏਸੇ ਨੂੰ ਵਡਿਆਈ ਦਿਤੀ ਨਾਨਕ ਯਥਾਰਥ, ਯਥਾ ਯੋਗ ਸਿਫ਼ਤ ਸਾਲਾਹੀਆ । ਜਿਸ ਵਿਚ ਲਾਲਚ ਦਾ ਨਹੀਂ ਕਿਸੇ ਸੁਆਰਥ, ਲੋਭ ਮੋਹ ਨਾ ਕੋਇ ਹਲਕਾਈਆ । ਇਹ ਉਹ ਗੁਰਮੁਖ ਖਾਂਦੇ ਜਿਹੜੇ ਭਗਤ ਬਣਦੇ ਪਾਰਸ, ਭਗਵਨ ਵਿਚ ਸਮਾਈਆ । ਏਸ ਨੂੰ ਤੜਫਦੇ ਗਏ ਆਰਫ਼, ਲੱਭਿਆਂ ਹੱਥ ਕਿਸੇ ਨਾ ਆਈਆ । ਜਾਣ ਸਕਿਆ ਨਾ ਕੋਈ ਵਿਚ ਮਾਰਫਤ, ਮਾਹਿਰ ਰੋਵਨ ਮਾਰਨ ਧਾਹੀਆ । ਇਹ ਇਕੋ ਦਾਤ ਜਨ ਭਗਤਾਂ ਮਿਲੇ ਵਾਸਤਕ, ਜੋ ਵਾਸਤਾ ਪ੍ਰਭ ਦੇ ਨਾਲ ਜੁੜਾਈਆ । ਇਹ ਲਛਮੀ ਵਿਸ਼ਨੂੰ ਨੂੰ ਦੇਂਦੀ ਸੀ ਉਤੇ ਸੇਜ ਬਾਸ਼ਕ, ਉਂਗਲਾਂ ਨਾਲ ਚਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਨ੍ਹਾਂ ਭਗਤਾਂ ਦੀ ਆਪੇ ਕਰ ਸਫ਼ਾਰਸ਼, ਜਗਤ ਸਫ਼ਾਰਸ਼ ਤੋਂ ਬਿਨਾ ਬਾਹਰ ਕਢਾਈਆ ।

## ✪ ੧੧ ਪੋਹ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪



ਖਿਚੜੀ ਕਹੇ ਮੈਂ ਸੁਣਾਵਾਂ ਅਗੰਮੀ ਨਾਦਾ, ਨਾਦ ਧੁਰਦਰਗਾਹੀਆ । ਬਾਵਨ ਬਲ ਦਵਾਰੇ ਸਿਰਫ਼ ਮੈਨੂੰ ਸੀ ਖਾਧਾ, ਅਸਵਮੇਧ ਜਗ ਦਾ ਹਿੱਸਾ ਮੇਰੀ ਝੋਲੀ ਪਾਈਆ । ਨਾਲੇ ਇਸ਼ਾਰਾ ਕੀਤਾ ਭਗਤ ਭਗਵਾਨ ਦਾ ਮਿਲ ਕੇ ਹੋਵੇ ਵਾਧਾ, ਜੁਗ ਜੁਗ ਵੱਜਦੀ ਰਹੇ ਵਧਾਈਆ । ਸਪਤਸ ਰਿਖੀਆਂ ਮੇਰਾ ਅਰਾਧਨਾ ਅਰਾਧਾ, ਅੰਤਰ ਅੰਤਰ ਧਿਆਨ ਲਗਾਈਆ । ਰਾਮ ਸੀਤਾ ਪਹਿਲੇ ਦਿਨ ਬਨਬਾਸ ਵਿਚ ਮੇਰਾ ਲਿਆ ਸਵਾਦਾ, ਰਸਨਾ ਰਸ ਰਸ ਨਾਲ ਚਖਾਈਆ । ਧਰਮ ਪਿਆਰ ਕੀਤਾ ਮੇਰੇ ਨਾਲ ਕ੍ਰਿਸ਼ਨਾ ਰਾਧਾ, ਜਿਸ ਵੇਲੇ ਰਾਧਾ ਕ੍ਰਿਸ਼ਨ ਪਹਿਲੀ ਵਾਰ ਇਕ ਦੂਜੇ ਨੂੰ ਮਿਲ ਕੇ ਖ਼ੁਸ਼ੀ ਬਣਾਈਆ । ਮੂਸਾ ਮੇਰੇ ਪਿਆਰ ਵਿਚ ਜਾਗਾ, ਮੁਹੱਬਤ ਵਿਚ ਮੁਖ ਆਪਣੇ ਲਿਆ ਲਗਾਈਆ । ਹਜ਼ਰਤ ਈਸਾ ਨੂੰ ਜਿਸ ਦਿਨ ਨੂਰ ਇਲਾਹੀ ਲਾਧਾ, ਉਸ ਦਿਨ ਮੈਨੂੰ ਖਾ ਕੇ ਖ਼ੁਸ਼ੀ ਬਣਾਈਆ । ਮੁਹੰਮਦ ਚਾਰ ਯਾਰੀ ਵਿਚ ਜਿਸ ਵੇਲੇ ਕੀਤਾ ਵਾਧਾ, ਮੈਨੂੰ ਰਿੰਨ ਕੇ ਨਿਆਜ਼ ਦਿਤੀ ਵਰਤਾਈਆ । ਨਾਨਕ ਨੇ ਲਾਲੋ ਦਵਾਰੇ ਮੈਨੂੰ ਮਾਰੀ ਆਵਾਜ਼ਾ, ਕੋਦਰੇ ਨਾਲੋਂ ਪਰੇ ਧਿਆਨ ਲਗਾਈਆ । ਤੇਗ਼ ਬਹਾਦਰ ਨੇ ਦਿੱਲੀ ਜਾਣ ਲੱਗਿਆ ਮੈਨੂੰ ਖਾਧਾ, ਖਾ ਕੇ ਖ਼ੁਸ਼ੀ ਮਨਾਈਆ । ਗੋਬਿੰਦ ਨੇ ਮੇਰਾ ਸਾਧਨ ਸਾਧਾ, ਸਾਧਨਾ ਦਿਤੀ ਦ੍ਰਿੜਾਈਆ । ਜਿਸ ਵੇਲੇ ਪੁਰੀ ਅਨੰਦ ਤਿਆਗਾ, ਖਿਚੜੀ ਰਿੰਨ ਕੇ ਸਭ ਨੂੰ ਦਿਤੀ ਖਵਾਈਆ । ਮੈਂ ਕੂਕ ਕੇ ਮਾਰੀ ਆਵਾਜ਼ਾ, ਜ਼ੋਰ ਜ਼ੋਰ ਸੁਣਾਈਆ । ਅਗਲਾ ਖੇਲ ਦੱਸ ਵਾਲੇ ਬਾਜ਼ਾ, ਬਾਜ਼ਾਂ ਵਾਲੇ ਦੇ ਦ੍ਰਿੜਾਈਆ । ਗੋਬਿੰਦ ਹੱਸ ਕੇ ਕਿਹਾ ਜਿਸ ਵੇਲੇ ਆਵੇ ਸ਼ਹਿਨਸ਼ਾਹ ਧੁਰ ਦਾ ਰਾਜਾ, ਪਾਤਸ਼ਾਹ ਬੇਪਰਵਾਹੀਆ । ਦੀਨ ਦੁਨੀ ਦਾ ਬਦਲੇ ਸਮਾਜਾ, ਮਜ਼੍ਹਬਾਂ ਡੇਰਾ ਢਾਹੀਆ । ਲੇਖਾ ਦੇਵੇ ਖਿਜਰ ਖਵਾਜਾ, ਨੀਰ ਦੇ ਪੀਰ ਰੰਗ ਰੰਗਾਈਆ । ਧਰਨੀ ਧਵਲ ਧੌਲ ਉਤੇ ਕਰੇ ਵਾਧਾ, ਵਾਹਵਾ ਆਪਣਾ ਹੁਕਮ ਵਰਤਾਈਆ । ਸਭ ਦਾ ਇਸ਼ਟ ਕਰੇ ਸਾਂਝਾ, ਵਖਰੀ ਵੰਡ ਨਾ ਕੋਇ ਵੰਡਾਈਆ । ਜਨ ਭਗਤਾਂ ਰੱਖੇ ਲਾਜਾ, ਨਿਰਗੁਣ ਧਾਰ ਹੋਏ ਸਹਾਈਆ ।

ਸਭ ਦੀਆਂ ਆਪਣੇ ਹੱਥ ਰੱਖੇ ਵਾਗਾਂ, ਨਵ ਸੱਤ ਡੋਰੀ ਆਪ ਉਠਾਈਆ । ਫੇਰ ਤੇਰੇ ਖਿਚੜੀਏ ਵਡ ਵਡ ਹੋਵਣ ਭਾਗਾ, ਭਾਗਵਾਨ ਤੈਨੂੰ ਦਏ ਬਣਾਈਆ । ਸੰਤ ਸੁਹੇਲਾ ਸੋਇਆ ਉਠੇ ਜਾਗਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਵੇਸ ਵਟਾਏ ਪ੍ਰਗਟ ਹੋ ਕੇ ਦੇਸ ਮਾਝਾ, ਮਿਹਰਵਾਨ ਆਪਣਾ ਰੰਗ ਰੰਗਾਈਆ । ਲਹਿਣਾ ਦੇਣਾ ਪੂਰਾ ਕਰੇ ਲੰਗੜਾ ਲੂਲ੍ਹਾ ਅਪਹਾਜਾ, ਭੁੱਖਿਆਂ ਗੋਦ ਉਠਾਈਆ । ਗੁਰਮੁਖਾਂ ਸੋਇਆਂ ਮਾਰ ਆਵਾਜ਼ਾ, ਸੁਤਿਆਂ ਲਏ ਜਗਾਈਆ । ਉਸ ਵੇਲੇ ਜ਼ਰੂਰ ਕਲਜੁਗ ਦਾ ਝੱਖੜ ਝੁੱਲੇ ਝਾਂਜਾ, ਜਗਤ ਅੰਧੇਰਾ ਧੂੜ ਉਡਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਇਸ਼ਟ ਦ੍ਰਿਸ਼ਟ ਵਿਚ ਕਰੇ ਸਾਂਝਾ, ਸਾਂਝੀਵਾਲ ਮਾਨਵ ਮਾਨੁਖ ਮਾਨਸ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਖਿਚੜੀ ਕਹੇ ਮੇਰਾ ਪਕਵਾਨ, ਪੱਕੀ ਤਰਾ ਦਿਆਂ ਸਮਝਾਈਆ । ਜਿਸ ਨੂੰ ਭੋਗ ਲਗਾਏ ਸ੍ਰੀ ਭਗਵਾਨ, ਹਰਿ ਕਰਤਾ ਧੁਰਦਰਗਾਹੀਆ । ਸਤਿ ਧਰਮ ਦਾ ਬਣਾਏ ਵਿਧਾਨ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਗੁਰੂ ਕਰਨ ਪ੍ਰਵਾਨ, ਸੀਸ ਜਗਦੀਸ਼ ਇਕ ਝੁਕਾਈਆ । ਜਿਸ ਸਭ ਦਾ ਸਾਂਝਾ ਕਰਨਾ ਪੀਣ ਖਾਣ, ਸੂਰ ਗਾਂ ਦੀ ਵੰਡ ਨਾ ਕੋਇ ਵੰਡਾਈਆ । ਧਰਮ ਦੀ ਧਾਰ ਬਖ਼ਸ਼ੇ ਦਾਨ, ਦਾਤਾ ਦਾਨੀ ਦਇਆ ਕਮਾਈਆ । ਖਿਚੜੀ ਕਹੇ ਮੇਰੀ ਸੇਵਾ ਮੇਰਾ ਸਾਹਿਬ ਕਰੇ ਪਰਵਾਨ, ਪਰਮ ਪੁਰਖ ਪ੍ਰਭ ਆਪਣੇ ਰੰਗ ਰੰਗਾਈਆ । ਜਿਸ ਦਾ ਲਾਲੋ ਦਾ ਲਾਲੋ ਨਾਲ ਨਿਸ਼ਾਨ, ਨਿਰਗੁਣ ਸਰਗੁਣ ਵੇਸ ਵਟਾਈਆ । ਜੋਤੀ ਜੋਤ ਸਰੂਪ

੧੬੫੫ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਖਿਚੜੀ ਕਹੇ ਜਨ ਭਗਤੋ ਮੈਂ ਸਭ ਨੂੰ ਖਿਚਦੀ, ੧੬੫੫

੨੨ ਏਕਾ ਦੂਆ ਨਜ਼ਰ ਕੋਇ ਨਾ ਆਈਆ । ਆਪਣੀ ਧਾਰ ਵੇਖੇ ਅੰਦਰ ਵਿਚ ਦੀ, ਪੜਦਾ ਪੜਦਿਆਂ ਵਿਚੋਂ ਉਠਾਈਆ । ਤੁਹਾਡੀ ਆਤਮ ਰੂਪ ਸਾਚੇ ਸਿਖ ਦੀ, ਜੋ ਸਤਿਗੁਰ ਸਿਖਿਆ ਵਿਚ ਸਮਾਈਆ । ਜਿਸ ਦੀ ਮਹਿਮਾ ਚਾਰ ਜੁਗ ਦੀ ਬਾਣੀ ਲਿਖਦੀ, ਕਲਮ ਸ਼ਾਹੀ ਨਾਲ ਵਡਿਆਈਆ । ਤੁਸਾਂ ਸਦਾ ਪੂਜਾ ਕਰਨੀ ਇਕ ਦੀ, ਇਸ਼ਟ ਇਕੋ ਦਏ ਮਨਾਈਆ । ਆਸਾ ਤੋੜਨੀ ਪੱਥਰ ਇੱਟ ਦੀ, ਪਾਹਨ ਪੂਜਣ ਕੋਇ ਨਾ ਜਾਈਆ । ਤੁਹਾਡੀ ਆਸਾ ਪੂਰੀ ਹੋ ਜਾਏ ਨਿਤ ਦੀ, ਅੱਗੇ ਹਵਸ ਰਹੇ ਨਾ ਰਾਈਆ । ਧਾਰ ਮਿਲਣਾ ਉਸ ਪਰਮੇਸ਼ਵਰ ਪਿਤ ਦੀ, ਜੋ ਪਾਰਬ੍ਰਹਮ ਅਖਵਾਈਆ । ਇਹ ਵਡਿਆਈ ਗਿਆਰਾਂ ਪੋਹ ਵਾਰ ਥਿਤ ਦੀ, ਘੜੀ ਪਲ ਨਾਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੁਹੱਬਤ ਦੇਵੇ ਸਾਚੇ ਹਿਤ ਦੀ, ਹਿਤਕਾਰੀ ਹੋ ਕੇ ਆਪਣੇ ਰੰਗ ਰੰਗਾਈਆ ।

### ✪ ੨੧ ਪੋਹ ਸ਼ਹਿਨਸ਼ਾਹੀ ਸੰਮਤ ੭ ਰਤਨ ਕੌਰ ਫਰਾਲਾ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਰਤਨ ਕੌਰ ਸੀਤਾ ਦੀ ਦਾਸੀ, ਸੀਨਾ ਪਿਛਲਾ ਨਾਮ ਸੋਭਾ ਪਾਈਆ । ਨਿਤ ਕਰਦੀ ਹੁੰਦੀ ਸੀ ਨਾਲ ਹਾਸੀ, ਖ਼ੁਸ਼ੀਆਂ ਨਾਲ ਦਿਲ ਪਰਚਾਈਆ । ਕਟੋਰਾ ਭਰ ਕੇ ਦੇਂਦੀ ਸੀ ਛਾਛੀ, ਨਿਮਕ ਸੰਗ ਛੁਹਾਈਆ । ਨਿਤ ਨਿਤ ਨਿਤ ਰੱਖਦੀ ਸੀ ਆਸੀ, ਆਸਾ ਅੰਦਰ ਇਕ ਬਣਾਈਆ । ਇਕ

ਦਿਨ ਖ਼ੁਸ਼ੀਆਂ ਦੀ ਆਈ ਰਾਤੀ, ਰੈਣ ਭਿੰਨੜੀ ਵਡ ਵਡਿਆਈਆ । ਪ੍ਰੇਮ ਪਿਆਰ ਨਾਲ ਕੀਤੀ ਬਾਤੀ, ਬਚਨ ਕਹਿ ਕੇ ਦਿਤਾ ਸੁਣਾਈਆ । ਸੀਆ ਮੇਰਾ ਦਿਲ ਕਰਦਾ ਮੈਂ ਲੱਗਾਂ ਤੇਰੀ ਨਾਲ ਛਾਤੀ, ਗਲਵਕੜੀ ਏਕਾ ਪਾਈਆ । ਝਟ ਸੀਤਾ ਨੇ ਕਿਹਾ ਆਹ ਲੈ ਮੇਰੀ ਪਾਤੀ, ਪਤ੍ਰਕਾ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਦ੍ਰਿੜਾਈਆ । ਦਾਸੀ ਹੱਸ ਕੇ ਕੀਤਾ ਮਖੌਲ, ਸੀਆ ਦਿਤਾ ਦ੍ਰਿੜਾਈਆ । ਨੀ ਮੈਂ ਪੰਡਤ ਬਣਾਂ ਕਿ ਰੌਲ, ਪਾਂਧਾ ਰੂਪ ਬਦਲਾਈਆ । ਨਿਗਹ ਮਾਰਾਂ ਉਪਰ ਧੌਲ, ਧਰਨੀ ਖੋਜ ਖੁਜਾਈਆ । ਤੇਰੀ ਰੁਤੜੀ ਜਾਏ ਮੌਲ, ਖ਼ੁਸ਼ੀਆਂ ਰੰਗ ਰੰਗਾਈਆ । ਜਨਕ ਸਪੁੱਤਰੀ ਨਾ ਰਹੀਂ ਅਨਭੋਲ, ਸਤਿ ਸਚ ਨਾਲ ਲੈ ਅੰਗੜਾਈਆ । ਤੇਰਾ ਵਰ ਸਾਰੇ ਰਹੇ ਟਟੋਲ, ਭੱਜਣ ਵਾਹੋ ਦਾਹੀਆ । ਮੈਂ ਏਸੇ ਕਰਕੇ ਆਈ ਤੇਰੇ ਕੋਲ, ਕਹਿ ਕੇ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਦਾਸੀ ਕਹੇ ਮੈਨੂੰ ਦੇ ਕੁਛ ਇਨਾਮ, ਮੈਂ ਸਚ ਦਿਤਾ ਜਣਾਈਆ । ਸੀਤਾ ਹੱਸ ਕੇ ਕਿਹਾ ਮੈਨੂੰ ਵਰੇ ਤੇ ਵਰੇ ਮੇਰਾ ਰਾਮ, ਦੂਜਾ ਨਜ਼ਰ ਕੋਇ ਨਾ ਆਈਆ । ਪ੍ਰੇਮ ਪਿਆਰ ਦਾ ਦੇਵੇ ਜਾਮ, ਖ਼ੁਸ਼ੀਆਂ ਰੰਗ ਰੰਗਾਈਆ । ਪੱਲੂ ਨਾਲ ਬੰਨ੍ਹੇ ਦਾਮ, ਗੰਢ ਇਕ ਰਖਾਈਆ । ਲੇਖੇ ਲਾਵੇ ਮਾਟੀ ਚਾਮ, ਚੰਮ ਦ੍ਰਿਸ਼ਟੀ ਰਹੇ ਨਾ ਰਾਈਆ । ਜਿਸ ਫੇਰ ਬਣਨਾ ਘਨਈਆ ਸ਼ਾਮ, ਸ਼ਾਮ ਸ਼ਾਮਾ ਬੇਪਰਵਾਹੀਆ । ਸੂਰਬੀਰ ਹੋ ਜਵਾਨ, ਆਪਣੀ ਕਰਨੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਦਾਸੀ ਕਹੇ ਸੀਤਾ ਮੇਰੀ ਸਚ ਦੱਸ ਦਾਸਤਾਨ, ਸਚ ਸਚ ਸੁਣਾਈਆ । ਕਿਸ ਬਿਧ ਨਾਤਾ ਮਿਲੇ ਨਾਲ ਭਗਵਾਨ, ਭਗਵਨ ਮੇਲਾ ਸਹਿਜ ਸੁਭਾਈਆ । ਸੀਤਾ ਅੰਤਰ ਮਾਰਿਆ ਧਿਆਨ, ਨਿਗਹ ਨਿਗਹ ਵਿਚੋਂ ਬਦਲਾਈਆ । ਤੂੰ ਹੁਣ ਛਡ ਜਾਣਾ ਜਹਾਨ, ਮੇਰੇ ਸਵੰਬਰ ਦੇ ਨੌਂ ਦਿਨ ਪਿਛੋਂ ਜਗਤ ਵਿਚ ਲੰਘਾਈਆ । ਫੇਰ ਦੁਆਪਰ ਪਿਛੋਂ ਕਲਜੁਗ ਹੋਵੇ ਪ੍ਰਧਾਨ, ਆਪਣਾ ਬਲ ਪ੍ਰਗਟਾਈਆ । ਪ੍ਰਗਟ ਹੋਵੇ ਰਾਮ ਦਾ ਰਾਮ, ਰਮਈਆ ਇਕ ਅਖਵਾਈਆ । ਤੇਰੇ ਤਤ ਦਾ ਤਤ ਬਣਾਏ ਨਿਸ਼ਾਨ, ਪੰਚਮ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਸੀਤਾ ਕਹੇ ਮੇਰੇ ਅੰਤਰ ਆਈ ਵਿਚਾਰ, ਸਚ ਦਿਆਂ ਸੁਣਾਈਆ । ਤੇਰਾ ਜਨਮ ਹੋਣਾ ਦੂਜੀ ਵਾਰ, ਲੋਕਮਾਤ ਵੱਜੇ ਵਧਾਈਆ । ਕਲ ਕਲਕੀ ਲਏ ਅਵਤਾਰ, ਨਿਹਕਲੰਕਾ ਅਗੰਮ ਅਥਾਹੀਆ । ਫੇਰ ਛਡਣਾ ਪਏ ਸੰਸਾਰ, ਨਾਤਾ ਦੂਨੀ ਨਾਲੋਂ ਤੁੜਾਈਆ । ਦਾਸੀ ਰੋ ਪਈ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਉਸ ਵੇਲੇ ਮੇਰਾ ਹੋਵੇ ਕੌਣ ਸਹਾਰ, ਲੋਕਮਾਤ ਸੰਗ ਬਣਾਈਆ । ਗਲ ਗਲਵਕੜੀ ਲਈ ਡਾਰ, ਘੁੱਟ ਕੇ ਗਲੇ ਲਗਾਈਆ । ਸਚ ਦੱਸ ਮੇਰੀ ਸਰਕਾਰ, ਸਤਿ ਨਾਲ ਸਮਝਾਈਆ । ਮੇਰਾ ਤੇਰੇ ਨਾਲ ਪਿਆਰ, ਵਿਛੋੜਾ ਅੱਗੇ ਰਹੇ ਨਾ ਰਾਈਆ । ਤੂੰ ਮੇਰੀ ਮਦਦਗਾਰ, ਮੈਂ ਤੇਰੀ ਸੇਵ ਕਰਕੇ ਝਟ ਲੰਘਾਈਆ । ਸੀਤਾ ਹੱਸ ਕੇ ਕਿਹਾ ਕਮਲੀਏ ਉਹ ਖੇਲ ਅਪਰ ਅਪਾਰ, ਅਪਰੰਪਰ ਆਪ ਕਰਾਈਆ । ਤੇਰਾ ਮੇਰੇ ਨਾਲੋਂ ਵੱਖਰਾ ਹੋਣਾ ਘਰ ਬਾਹਰ, ਧੀਆਂ ਪੁਤ ਪਤੀ ਨਾਲ ਸੁਹਾਈਆ । ਤੇਰਾ ਬੰਸ ਹੋਵੇ ਪਰਿਵਾਰ, ਸਰਬੰਸ ਰੰਗ ਰੰਗਾਈਆ । ਮੈਂ ਇਕ ਦੀ ਹੋਣਾ ਖ਼ਿਦਮਤਗਾਰ, ਖ਼ਾਦਮ ਹੋ ਕੇ ਨਿਉਂ ਨਿਉਂ ਸੀਸ ਝੁਕਾਈਆ । ਪਰ ਤੇਰਾ ਭੁੱਲ ਨਾ ਜਾਵਾਂ ਇਕਰਾਰ,

ਕੌਲ ਤੇਰੇ ਨਾਲ ਰਖਾਈਆ । ਜਿਸ ਵੇਲੇ ਤੇਰਾ ਅੰਤਮ ਸਮਾਂ ਆਵੇ ਵਿਚ ਸੰਸਾਰ, ਸਖਾ ਸੰਗ ਨਾ ਕੋਇ ਨਿਭਾਈਆ । ਮਾਤ ਪਿਤ ਦਏ ਨਾ ਕੋਇ ਅਧਾਰ, ਪੁੱਤਰ ਧੀਆਂ ਨਾ ਗੰਢ ਪਵਾਈਆ । ਗ੍ਰਿਹਿ ਦਿਸੇ ਨਾ ਕੋਇ ਦਵਾਰ, ਘਰਬਾਰ ਬੰਕ ਤਜਾਈਆ । ਮੈਂ ਤੇਰਾ ਲਹਿਣਾ ਜ਼ਰੂਰ ਪੂਰਾ ਕਰਾਂ ਪੂਰਬ ਕਰਮ ਵਿਚਾਰ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਮੇਰੇ ਅੰਤਰ ਸੁਰਤੀ ਦੇਵੇ ਆਪ ਨਿਰੰਕਾਰ, ਸੂਝ ਪਿਛਲੀ ਦਏ ਸਮਝਾਈਆ । ਮੈਂ ਖ਼ੁਸ਼ੀ ਵਿਚ ਖ਼ੁਸ਼ੀ ਦੀ ਕਰਾਂ ਨਿਮਸਕਾਰ, ਹੱਸ ਹੱਸ ਕੇ ਸੀਸ ਨਿਵਾਈਆ । ਤੇਰੇ ਪਤੀ ਨੂੰ ਲਵਾਂ ਸੰਗ ਉਠਾਰ, ਸਾਚਾ ਸੰਗ ਜਣਾਈਆ । ਪ੍ਰਭੂ ਮੋਈ ਨੂੰ ਫੇਰ ਜੁਆਲ, ਮਰਨ ਦਾ ਲੇਖਾ ਰਹੇ ਨਾ ਰਾਈਆ । ਇਹ ਮੇਰੀ ਕਲਜੁਗ ਦੀ ਵਖਰੀ ਚਾਲ, ਚਲ ਕੇ ਦਿਆਂ ਸਮਝਾਈਆ । ਮੇਰੇ ਸਾਹਿਬ ਦਾ ਹੱਲ ਕਰੇ ਨਾ ਕੋਇ ਸਵਾਲ, ਅੰਤ ਕਹਿਣ ਕੋਇ ਨਾ ਪਾਈਆ । ਪਰ ਦਾਸੀ ਮੇਰੇ ਵੀ ਗ਼ੁੱਸੇ ਦੀ ਝਲ ਸਕੇ ਕੋਇ ਨਾ ਝਾਲ, ਝਲਕ ਆਪਣੀ ਦਿਆਂ ਜਣਾਈਆ । ਜਿਤਨਾਂ ਪ੍ਰੇਮ ਮਾਰੇ ਉਛਾਲ, ਉਤਨਾ ਗ਼ੁੱਸਾ ਵੀ ਕੁੱਦੇ ਚਾਈਂ ਚਾਈਂਆ । ਮੈਂ ਵੀ ਜ਼ਰੂਰ ਰੱਖਾਂਗੀ ਤੇਰਾ ਖ਼ਿਆਲ, ਭੁੱਲ ਵਿਚ ਕਦੇ ਨਾ ਆਈਆ । ਉਸ ਦਿਨ ਸੀਤਾ ਨੇ ਆਪਣੀ ਦਾਸੀ ਨੂੰ ਆਪਣੇ ਘਰ ਲਿਆ ਸੁਆਲ, ਪ੍ਰੇਮ ਪਿਆਰ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸੀਤਾ ਦੀ ਧਾਰ ਰਤਨੋ ਦੀ ਰਤ, ਸਤਿਗੁਰ ਰੱਤ ਨਾਲ ਰਤਨ ਨਿਸ਼ਾਨ ਦੇਣਾ ਲਗਾਈਆ । ਜਿਸ ਦੀ ਲੱਜ ਰੱਖੇ ਕਮਲਾਪਤ, ਪਤਿਪਰਮੇਸ਼ਵਰ ਬੇਪਰਵਾਹੀਆ । ਤ੍ਰਿਪਤ ਸੱਜੀ ਉਂਗਲ ਵਿਚੋਂ ਖ਼ੂਨ ਕਢ ਲੈ ਨਾਲ ਆਪਣੇ ਹੱਥ, ਨੋਕ ਕਲਮ ਨਾਲ ਛੁਹਾਈਆ । ਇਹ ਵੇਲਾ ਫੇਰ ਨਹੀਂ ਆਉਣਾ ਵੱਤ, ਬੇਵਤਨਾ ਵਤਨ ਵਾਲਾ ਨਾ ਕੋਇ ਬਣਾਈਆ । ਧਰਮ ਦੀ ਧਾਰ ਇਕ ਵਾਰ ਰਸਨਾ ਨਾਲ ਚੱਟ, ਮੁਖ ਪੰਜ ਵਾਰ ਛੁਹਾਈਆ । ਤੇਰੇ ਉਧਾਰ ਪਿਛੇ ਰਤਨ ਕੌਰ ਦੇ ਪੰਜ ਤਤ ਲਏ ਰੱਖ, ਰੱਖਿਆ ਕੀਤੀ ਚਾਈਂ ਚਾਈਂਆ । ਅੱਗੇ ਤੁਹਾਡੇ ਪਿਆਰ ਨੂੰ ਹੋਣ ਨਹੀਂ ਦੇਣਾ ਵੱਖ, ਵੱਖਰੀ ਗੰਢ ਨਾ ਕੋਇ ਬੰਧਾਈਆ । ਏਸੇ ਕਾਰਨ ਤੇਰੀ ਧਰਮ ਦੀ ਕੁਟੀਆ ਵਿਚ ਦਿਤਾ ਰੱਖ, ਪਿਛਲੇ ਜਨਮ ਦਾ ਲੇਖਾ ਪੂਰ ਕਰਾਈਆ । ਪਿਛਲੇ ਲਹਿਣੇ ਤੋਂ ਕਿਹੜਾ ਜਾਏ ਨਠ, ਭੱਜਿਆਂ ਪੱਲੂ ਨਾ ਕੋਇ ਛੁਡਾਈਆ । ਭਗਤਾਂ ਦਾ ਗ਼ੁੱਸਾ ਪ੍ਰਭ ਦਾ ਪ੍ਰੇਮ ਵਾਲਾ ਪੱਟ, ਰੇਸ਼ਮ ਰੇਸ਼ਿਆਂ ਤੋਂ ਬਾਹਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਅੰਦਰ ਵੜ ਕੇ ਬੇਨੰਤੀ ਕਰਨ ਦੀ ਦਿਤੀ ਮਤ, ਉਹ ਮਤ ਨੂੰ ਗੁਰਮਤ ਦਏ ਬਣਾਈਆ ।

ਤਰਿਪਤ ਗੁਰਮੀਤ ਤੇਰਾ ਇਕ ਪੈਸਾ, ਪੈਸੇ ਦੀ ਮੁਹਤਾਜਗੀ ਦਏ ਗਵਾਈਆ । ਤੇਰਾ ਘਰ ਵਸਦਾ ਰਹੇ ਐਸੇ ਦਾ ਐਸਾ, ਜੈਸਾ ਤਰਿਪਤ ਨੇ ਦਿਤਾ ਵਸਾਈਆ । ਲੇਖਾ ਚੁੱਕਿਆ ਜਨਮ ਜਨਮ ਸਹਿਸਾ, ਸਹਸ ਗੁਣ ਅੱਗੇ ਮਿਲੇ ਵਡਿਆਈਆ । ਜਨ ਭਗਤੋ ਤੁਸੀਂ ਪ੍ਰਭੂ ਦਾ ਬਣ ਗਏ ਉਹ ਬੰਸਾ, ਜਿਸ ਬੰਸ ਦਾ ਨਾਤਾ ਸਕੇ ਨਾ ਕੋਇ ਤੁੜਾਈਆ । ਬੇਸ਼ਕ ਪੁਰਖ ਅਕਾਲ ਭੁੱਖਾ ਨੰਗਤਾ, ਭਗਤਾਂ ਦੇ ਪੈਸਿਆਂ ਨਾਲ ਆਪਣਾ ਝਟ ਲੰਘਾਈਆ । ਕੁਛ ਲੇਖਾ ਏਸ ਕਾਪੀ ਤੋਂ ਕਢ ਕੇ ਮੰਗਦਾ, ਹਿਸਾਬ ਕਰਕੇ ਦੇਣਾ ਸਮਝਾਈਆ । ਇਸ ਤੋਂ ਵੱਧ ਜਿਹੜਾ ਹਿਸਾਬ ਸਤਿਗੁਰੂ ਦਾ

੧੬੫੭ ੨੨

ਲੰਘਦਾ, ਲੇਖਾ ਕਰਕੇ ਸਤਿਗੁਰੁ ਖ਼ਜ਼ਾਨੇ ਵਿਚ ਟਿਕਾਈਆ । ਭਗਤ ਭਗਵਾਨ ਲਹਿਣਾ ਕਦੇ ਨਾ ਹੋਵੇ ਅੱਡ ਦਾ, ਜਿਨ੍ਹਾਂ ਦਾ ਜਨਮ ਮਰਨ ਮਰਨ ਜਨਮ ਪ੍ਰਭ ਦੇ ਵਿਚ ਸਮਾਈਆ । ਸਦਾ ਸਦਾ ਸਦਾ ਬੱਚਿਓ ਤੁਹਾਡੇ ਪਿਆਰ ਦਾ ਨਗ਼ਾਰਾ ਰਹਿਣਾ ਵੱਜਦਾ, ਜਿਥੇ ਦੁਨੀਆ ਦੀ ਮਾਇਆ ਵਾਲਾ ਪੁੱਜ ਸਕੇ ਨਾ ਰਾਈਆ । ਜਨ ਭਗਤ ਪ੍ਰਭੂ ਦਾ ਦੀਪਕ ਜਗਦਾ, ਜੁਗੋ ਜੁਗ ਹੋਏ ਰੁਸ਼ਨਾਈਆ । ਸਦਾ ਯਾਦ ਰੱਖਣਾ ਦਿਹਾੜਾ ਅੱਜ ਦਾ, ਇੱਕੀ ਪੋਹ ਗੰਢ ਪਵਾਈਆ । ਤੁਹਾਡਾ ਇਕ ਪੈਸਾ ਪ੍ਰਭੂ ਦੇ ਸੀਸ ਉਤੇ ਸਜਦਾ, ਜਿਸ ਦੇ ਨਾਲ ਖੁਲ੍ਹੇ ਗੱਫੇ ਤੁਹਾਨੂੰ ਦਏ ਵਰਤਾਈਆ । ਬੱਚਿਓ ਤੁਹਾਨੂੰ ਚਾਰ ਜੁਗ ਫਿਰੇ ਲੱਭਦਾ, ਸਚਖੰਡ ਵਿਚੋਂ ਲਿਆ ਕੇ ਮਾਤਲੋਕ ਆਪਣੇ ਨਾਲ ਮਿਲਾਈਆ । ਦੋ ਜਹਾਨਾਂ ਵਿਚੋਂ ਅਵਾਜ਼ਾ ਮਾਰ ਕੇ ਸੱਦ ਦਾ, ਆਉ ਰੁਸਿਓ ਤੁਹਾਨੂੰ ਲਵਾਂ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੁਹਾਡਾ ਲੇਖਾ ਰੱਖਿਆ ਸਦਾ ਆਪਣੀ ਯੱਦ ਦਾ, ਰਾਜਾ ਬਲ ਸਚਖੰਡ ਦਵਾਰ ਧਰਮ ਦੀ ਧਾਰ ਦਏ ਗਵਾਹੀਆ ।

### ✪ ੨੪ ਪੋਹ ਸ਼ਹਿਨਸ਼ਾਹੀ ਸੰਮਤ ੭ ਸਾਧੂ ਸਿੰਘ ਬਸਤੀ ਤੇਗ਼ਾ ਸਿੰਘ ਵਾਲੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਸਦੀ ਚੌਧਵੀਂ ਕਹੇ ਮੁਹੰਮਦ ਸੁਣ ਸੰਗ ਚਾਰ ਯਾਰ, ਯਾਰ ਯਾਰਾਂ ਦਿਆਂ ਜਣਾਈਆ । ਹੁਕਮ ਸੁਣ ਅਗੰਮੀ ਪਰਵਰਦਿਗਾਰ, ਕੀ ਖ਼ਾਲਕ ਰਿਹਾ ਸੁਣਾਈਆ । ਲਹਿਣਾ ਦੇਣਾ ਜਾਣੇ ਜਗਤ ਸੰਸਾਰ, ਭੇਵ ਅਭੇਦ ਰਹੇ ਨਾ ਰਾਈਆ । ਹਾਜ਼ਰ ਹੋਣਾ ਧਰਨੀ ਉਤੇ ਹਰਿ ਭਗਤ ਦਵਾਰ, ਭੱਜਣਾ ਚਾਈਂ ਚਾਈਂਆ । ਨਿਉਂ ਕੇ ਬਿਨਾ ਸੱਜਦੇ ਕਰਨੀ ਨਿਮਸਕਾਰ, ਸੀਸ ਜਗਦੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਮੁਹੰਮਦ ਕਹੇ ਸਦੀ ਚੌਧਵੀਂ ਮੈਂ ਫਿਰਾ ਵਾਂਗ ਫ਼ਕੀਰਾਂ, ਫ਼ਿਕਰਾ ਅੱਲਾ ਅੱਲਾ ਅੱਲਾ ਗਾਈਆ । ਮੈਂ ਖੇਲ ਵੇਖਣਾ ਬੇਨਜ਼ੀਰਾ, ਜੋ ਨਜ਼ਰਾਂ ਤੋਂ ਉਹਲੇ ਬੈਠਾ ਡੇਰਾ ਲਾਈਆ । ਉਸ ਦਾ ਹੁਕਮ ਅਨੋਖਾ ਜੋ ਸਾਹਿਬ ਪੀਰਾਂ ਦਾ ਪੀਰਾ, ਪੀਰ ਬੇਪਰਵਾਹੀਆ । ਚਾਰ ਯਾਰੀ ਤੋਂ ਪਰੇ ਪੰਜਾਂ ਪਿਆਰਿਆਂ ਮਸਤਕ ਵਿਚ ਲਗਾਵੇ ਪੰਜ ਪੰਜ ਲਕੀਰਾਂ, ਪੰਜਾਂ ਰੰਗਾਂ ਨਾਲ ਵਡਿਆਈਆ । ਪੰਜਾਂ ਦਰਬਾਰੀਆਂ ਕੋਲ ਹੋਵਣ ਪੂਰਨ ਦੀਆਂ ਤਸਵੀਰਾਂ, ਸਿੰਘ ਪੂਰਨ ਹੱਥ ਉਠਾਈਆ । ਪੰਜਾਂ ਲਿਖਾਰੀਆਂ ਕੋਲ ਹੱਥਕੜੀਆਂ ਹੋਣ ਜ਼ੰਜੀਰਾਂ, ਸੰਗਲ ਸ਼ਰਅ ਵਾਲੇ ਫੜਾਈਆ । ਦੋ ਗੁਰਮੁਖਾਂ ਰੂਪ ਧਰਿਆ ਹੋਵੇ ਅਮੀਰਾਂ, ਦੋ ਫ਼ਕੀਰਾਂ ਹਾਲ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੁਹੰਮਦ ਵੇਖ ਛੱਬੀ ਪੋਹ ਦੀ ਰਾਤੀ, ਰਾਤਰੀ ਵੇਖ ਵਖਾਈਆ । ਕੀ ਖੇਲ ਪੁਰਖ ਬਿਧਾਤੀ, ਪਾਰਬ੍ਰਹਮ ਵਡ ਵਡਿਆਈਆ । ਇਕ ਸੰਦੇਸ਼ਾ ਬੇਖ਼ਬਰਾਂ ਦੱਸਾਂ ਹੁਕਮ ਧੁਰ ਦੇ ਕਮਲਾਪਾਤੀ, ਜੋ ਬਿਨ ਪਤ੍ਰਕਾ ਰਿਹਾ ਦ੍ਰਿੜਾਈਆ । ਪੰਜ ਗੁਰਮੁਖਾਂ ਪੂਰਨ ਲਿਖਿਆ ਹੋਵੇ ਉਪਰ ਛਾਤੀ, ਪੰਜੇ ਮਾਲਵੇ ਵਾਲੇ ਨਜ਼ਰੀ ਆਈਆ ।



੧੬੫੮
੨੨

ਮਲ ਸਿੰਘ ਸਾਧੂ ਸਿੰਘ ਦਾ ਹੋਵੇ ਸਾਥੀ, ਰਾਮ ਸਿੰਘ ਨਾਲ ਮਿਲਾਈਆ । ਹਰਬੰਸ ਸਿੰਘ ਜੱਟ ਦੀ ਹੋਵੇ ਜ਼ਾਤੀ, ਸੁਦਾਗਰ ਸਿੰਘ ਧੁਰ ਦੀ ਗੰਢ ਪਵਾਈਆ । ਜਿਨ੍ਹਾਂ ਦੇ ਹੱਥ ਵਿਚ ਹੋਵੇ ਇਕ ਇਕ ਲਾਠੀ, ਜੋ ਗੋਬਿੰਦ ਅੰਤ ਮਾਲਵੇ ਗਿਆ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੇਰਾ ਸੱਯਦਾ ਮਾਲਕ ਅਮੀਨ, ਸੀਸ ਜਗਦੀਸ ਝੁਕਾਈਆ । ਜਿਸ ਦੀ ਪੈਗ਼ਬਰਾਂ ਪੜ੍ਹੀ ਤਾਲੀਮ, ਤੁਲਬੇ ਜਗਤ ਅਖਵਾਈਆ । ਮਜ਼੍ਹਬਾਂ ਕੀਤੀ ਤਕਸੀਮ, ਜਿਸਮਾਂ ਵੰਡ ਵੰਡਾਈਆ । ਉਹ ਸ਼ਹਿਨਸ਼ਾਹ ਅਜ਼ੀਮ, ਆਲੀਜਾਹ ਬੇਪਰਵਾਹੀਆ । ਜੋ ਆਦਿ ਦਾ ਆਦਿ ਕਦੀਮ, ਕੁਦਰਤ ਦਾ ਮਾਲਕ ਇਕ ਅਖਵਾਈਆ । ਕਿਸੇ ਦੇ ਹੋਇਆ ਨਾ ਕਦੇ ਅਧੀਨ, ਸਦਾ ਸਦਾ ਸਦ ਆਪਣਾ ਹੁਕਮ ਵਰਤਾਈਆ । ਕੋਈ ਸਮਝੇ ਨਾ ਨਰ ਮਦੀਨ, ਮੁੱਦਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਖਿਲਾਈਆ । ਸਦੀ ਚੌਧਵੀਂ ਕਹੇ ਮੈਂ ਲਾਵਾਂ ਮੂਲ ਨਾ ਡੇਰੀ, ਡੇਰੇ ਵਾਲਿਆਂ ਦਿਆਂ ਸੁਣਾਈਆ । ਮੇਰੇ ਮਹਿਬੂਬ ਨੇ ਪਾਈ ਫੇਰੀ, ਆਪਣਾ ਰੂਪ ਅਨੂਪ ਪਰਗਟਾਈਆ । ਮਿੱਟੀ ਦੀ ਕਨਾਲੀ ਵਿਚ ਮੇਰੀ ਗੋਲੀ ਧਰੇਗੀ ਟਾਹਣੀ ਬੇਰੀ, ਆਪਣੇ ਹੱਥਾਂ ਨਾਲ ਰਖਾਈਆ । ਮੁਖ ਲਾਲ ਰੁਮਾਲ ਲੈ ਕੇ ਦੁਰਗਾ ਵੱਲ ਤਕੇਗੀ ਨਾਲ ਦਲੇਰੀ, ਨੇਤਰ ਲਾਲ ਲਾਲ ਉਠਾਈਆ । ਫੇਰ ਹੱਥ ਵਿਚ ਫੜ ਕੇ ਨੂਹ ਦੀ ਬੇੜੀ, ਮੇਰੇ ਅੱਗੇ ਦਏ ਟਿਕਾਈਆ । ਫੇਰ ਪੰਜ ਵਾਰ ਚਾਰ ਕੁੰਟ ਲਏ ਫੇਰੀ, ਤਾਲੀ ਮਾਰ ਕੇ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੇਰਾ ਹੋਵੇ ਇਕ ਚੋਬਦਾਰ, ਨੌਜਵਾਨ ਸੋਭਾ ਪਾਈਆ । ਅਮਰਜੀਤ ਹੋਵੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਦ੍ਰਿੜਾਈਆ । ਬਸਤਰ ਤਨ ਕਰੇ ਸ਼ਿੰਗਾਰ, ਸੋਹਣਾ ਰੰਗ ਚੜ੍ਹਾਈਆ । ਪਿੱਠ ਤੇ ਪੁੱਠੀ ਹੋਵੇ ਤਲਵਾਰ, ਨੋਕ ਅਸਮਾਨ ਵੱਲ ਵਖਾਈਆ । ਰਣਜੀਤ ਸਿੰਘ ਮਾਝੇ ਵਾਲਾ ਹੋ ਹੁਸ਼ਿਆਰ, ਕਾਲੀ ਪਗੜੀ ਸੀਸ ਟਿਕਾਈਆ । ਕਰਕੇ ਨਿਮਸਕਾਰ, ਨੌਂ ਕਦਮ ਤੇ ਸਾਹਮਣੇ ਬੈਠੇ ਚਾਈਂ ਚਾਈਆ । ਮੋਤਾ ਸਿੰਘ ਆਪਣੀ ਪਗੜੀ ਪਾੜ, ਦੋ ਟੁਕੜੇ ਕਰ ਨਾਜ਼ਰ ਸਿੰਘ ਹੱਥ ਫੜਾਈਆ । ਇਹ ਖੇਲ ਸੱਚੀ ਸਰਕਾਰ, ਹਰਿ ਕਰਤਾ ਆਪਣੇ ਹੁਕਮ ਵਿਚ ਭੁਗਤਾਈਆ । ਸਦੀ ਚੌਧਵੀਂ ਕਹੇ ਮੇਰਾ ਖੇਲ ਤੱਕਿਓ ਖ਼ੁਸ਼ੀ ਨਾਲ ਪਿਆਰ, ਪ੍ਰੇਮ ਪ੍ਰੀਤੀ ਵਿਚ ਜਣਾਈਆ । ਮੇਰਾ ਰੂਪ ਨਹੀਂ ਕੋਈ ਜਗਤ ਇਸਤਰੀ ਨਾਰ, ਬੀਵੀ ਵੰਡ ਨਾ ਕੋਇ ਵੰਡਾਈਆ । ਇਕੋ ਨੂਰ ਨੂਰ ਉਜਿਆਰ, ਜੋਤ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾ ਹੁਕਮ ਸਤਿ ਦਾ ਮਾਲਕ ਆਪਣੇ ਹੱਥ ਰਖਾਈਆ ।

**✪ ੨੫ ਪੋਹ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ਜ਼ਿਲਾ ਅੰਮ੍ਰਿਤਸਰ ✪**

ਪੋਹ ਕਹੇ ਮੇਰਾ ਦਿਵਸ ਦਿਹਾੜਾ ਪਰਵਿਸ਼ਟਾ ਪੰਝੀ, ਦੋ ਪੰਜ ਨਿਰਗੁਣ ਸਰਗੁਣ ਤਤ ਨਾਲ ਵਡਿਆਈਆ । ਜਗਤ ਜਹਾਨ ਨੇਤਰ ਰੋਂਦਾ ਵੇਖਾਂ ਅੰਝੀ, ਜਲਧਾਰਾ ਆਂਸੂ ਵਹਿਣ ਵਹਾਈਆ । ਪ੍ਰਕਾਸ਼ ਦਿਸੇ ਨਾ ਸਵੇਰ ਸੰਝੀ, ਅੰਧਕੂਪ ਕੂੜ ਲੋਕਾਈਆ । ਜਗਤ ਜਗਿਆਸੂਆਂ ਅੰਤਰ

ਹੋਵੇ ਰੰਜੀ, ਸਾਂਤਕ ਸਤਿ ਨਾ ਕੋਇ ਵਰਤਾਈਆ । ਨੇਤਰਹੀਣ ਲੋਕਾਈ ਦਿਸੇ ਅੰਧੀ, ਨਿਜ ਨੇਤਰ ਲੋਚਨ ਅੱਖ ਨਾ ਕੋਇ ਖੁਲ੍ਹਾਈਆ । ਮਨ ਕਲਪਣਾ ਵਾਸਨਾ ਦਿਸੇ ਗੰਦੀ, ਸੁਗੰਧ ਮਹਿਕ ਨਾ ਕੋਇ ਮਹਿਕਾਈਆ । ਕਲਜੁਗ ਆਯੂ ਰਹੇ ਨਾ ਲੰਬੀ, ਵੱਡੀ ਵਡ ਨਾ ਕੋਇ ਚਤੁਰਾਈਆ । ਧਰਨੀ ਧਵਲ ਸ਼ਰਅ ਕੋਲੋਂ ਕੰਬੀ, ਹਿਲ ਹਿਲ ਕੇ ਰਹੀ ਵਖਾਈਆ । ਪ੍ਰਭੂ ਝਗੜਾ ਮੇਟ ਦੇ ਕਾਇਆ ਮਾਟੀ ਚੰਮੀ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਅੱਗੇ ਧਾਰ ਦੱਸਣੀ ਨਵੀਂ, ਨਵ ਨੌਂ ਚਾਰ ਦਾ ਪੰਧ ਮੁਕਾਈਆ । ਤੂੰ ਨਿਰਵੈਰ ਪੁਰਖ ਅਵਤਾਰ ਚਵ੍ਹੀ, ਚੌਬੀਸਾ ਜਗਦੀਸਾ ਹਰਿ ਅਖਵਾਈਆ । ਧੁਰ ਸ਼ਬਦ ਸੰਦੇਸ਼ਾ ਅਗੰਮਾ ਕਵ੍ਹੀਂ, ਜਿਸ ਨੂੰ ਸ਼ਾਸਤਰ ਸਿਮਰਤ ਕਹਿਣ ਕੋਇ ਨਾ ਪਾਈਆ । ਜਨ ਭਗਤਾਂ ਅੰਤਰ ਨਿਰੰਤਰ ਰਵ੍ਹੀਂ, ਕਾਇਆ ਮੰਦਰ ਅੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਵੱਡੇ ਵਡ ਵਡਿਆਈਆ । ਪੋਹ ਕਹੇ ਮੇਰਾ ਪੰਝੀ ਦਿਵਸ ਦਿਹਾੜਾ, ਖ਼ੁਸ਼ੀਆਂ ਨਾਲ ਜਣਾਈਆ । ਖੇਲ ਕਰੇ ਅਗੰਮੀ ਲਾੜਾ, ਹਰਿ ਕਰਤਾ ਬੇਪਰਵਾਹੀਆ । ਜਿਸ ਨੇ ਅਵਤਾਰ ਪੈਗ਼ੰਬਰ ਗੁਰੂਆਂ ਮੰਨਿਆ ਹਾੜਾ, ਰਹਿਮਤ ਰਹੀਮ ਰਹਿਮਾਨ ਕਮਾਈਆ । ਫਿਰੇ ਦਰੋਹੀ ਵਿਚ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਵੇਖ ਵਖਾਈਆ । ਮਾਣ ਰਹੇ ਨਾ ਜੰਗਲ ਝਾੜਾ, ਚੋਟੀਆਂ ਰੋਵਣ ਮਾਰਨ ਧਾਹੀਆ । ਧਰਨੀ ਧਵਲ ਧੌਲ ਤਕੇ ਅਖਾੜਾ, ਚਾਰੋਂ ਕੁੰਟ ਖ਼ੁਸ਼ੀ ਬਣਾਈਆ । ਲੱਗੇ ਅੱਗ ਬਹੱਤਰ ਨਾੜਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੰਝੀ ਪੋਹ ਕਹੇ ਮੈਂ ਤਕਾਂ ਪੋਹ ਛੱਬੀ, ਸ਼ਬੇਰੋਜ਼ ਧਿਆਨ ਲਗਾਈਆ । ਨੂਰ ਵੇਖਾਂ ਅਗੰਮਾਂ ਰੱਬੀ, ਜੋਤੀ ਜਾਤਾ ਡਗਮਗਾਈਆ । ਜਿਸ ਲਹਿਣਾ ਮੁਕਾਉਣਾ ਚੌਧਵੀਂ ਸਦੀ, ਸਦਕੇ ਵਾਰੀ ਘੋਲ ਘੁਮਾਈਆ । ਜਿਸ ਵੇਲੇ ਦਿਹਾੜੀ ਲੰਘੀ ਅੱਧੀ, ਇਕ ਇਕ ਮਿਲੇ ਵਡਿਆਈਆ । ਪੰਜਾਂ ਲਿਖਾਰੀਆਂ ਪੱਗ ਸੀਸ ਹੋਵੇ ਬੱਧੀ, ਹੱਥ ਕਲਮ ਨਾਲ ਸੁਹਾਈਆ । ਗੋਲੀ ਨੇ ਫਿਰਨਾ ਸੱਜੀ ਚੁੱਕ ਕੇ ਅੱਡੀ, ਪੱਬ ਜ਼ਿਮੀਂ ਨਾਲ ਟਕਾਈਆ । ਕੋਲ ਮਾਚਸ ਰੱਖਣੀ ਡੱਬੀ, ਤੀਲਾਂ ਨੌਂ ਨੌਂ ਸੁਹਾਈਆ । ਹਰਿ ਸੰਗਤ ਇਕੱਠੀ ਹੋਣੀ ਸਭੀ, ਵਕਤ ਦਿਨ ਦਾ ਢਾਈ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਛੱਬੀ ਪੋਹ ਕਹੇ ਮੇਰੇ ਪ੍ਰੇਮ ਦੀ ਤਕਣੀ ਛਹਿਬਰ, ਸਤਿ ਸਚ ਲਗਾਈਆ । ਇਕੋ ਮਾਲਕ ਤਕਣਾ ਰਹਿਬਰ, ਜੋ ਰਹਿਮਤ ਹੱਕ ਕਮਾਈਆ । ਜਿਸ ਦਾ ਨਿਸ਼ਾਨ ਹੋਣਾ ਖੈਬਰ, ਦਰਦੀ ਹੋ ਕੇ ਦਰਦ ਵੰਡਾਈਆ । ਜਿਸ ਨੂੰ ਯਾਦ ਕੀਤਾ ਅਲੀ ਹੈਦਰ, ਨਾਅਰਾ ਹੱਕ ਹੱਕ ਸੁਣਾਈਆ । ਉਸ ਦਾ ਖੇਲ ਹੋਵੇ ਨੰਗੀ ਪੈਰੀਂ ਚਲੇ ਪੈਦਲ, ਪੰਧ ਦੀਨ ਦੁਨੀ ਮੁਕਾਈਆ । ਜਿਸਦੇ ਚਰਨਾਂ ਹੇਠ ਗੋਲੀ ਨੇ ਲਿਖ ਕੇ ਰੱਖਣਾ ਅੱਖਰ ਬੈਤੁਲ, ਮੁਕੱਦਸ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦੀ ਕਰਨੀ ਧੁਰ ਦਾ ਕਰਤਾ ਧੁਰ ਹੁਕਮ ਨਾਲ ਆਪ ਵਰਤਾਈਆ ।

੧੯੯੦
੨੨

## ੨੯ ਪੋਹ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਦਿਨ ਦੇ ਢਾਈ ਵਜੇ ਅੰਮ੍ਰਿਤਸਰ

ਸਤਿਗੁਰ ਸ਼ਬਦ ਕਹੇ ਮੇਰੇ ਪ੍ਰਭ ਦਾ ਖੇਲ ਨਿਆਰਾ, ਨਿਰਾਕਾਰ ਨਿਰੰਕਾਰ ਆਪ ਚਲਾਈਆ । ਆਦਿ ਪੁਰਖ ਬਣ ਕੇ ਆਪਣੀ ਧਾਰਾ, ਸੋ ਪੁਰਖ ਨਿਰੰਜਨ ਆਪ ਚਲਾਈਆ । ਵਿਸ਼ਨੂੰ ਵਿਸ਼ਵ ਦੇ ਭੰਡਾਰਾ, ਅਤੋਟ ਅਤੁਟ ਆਪ ਰਖਾਈਆ । ਨਿਰਗੁਣ ਸਰਗੁਣ ਹੋ ਜ਼ਾਹਰਾ, ਪਰਮਾਤਮ ਆਤਮ ਖੇਲ ਖਿਲਾਈਆ । ਚਾਰੇ ਖਾਣੀ ਕਰ ਤਿਆਰਾ, ਵਿਸ਼ਨ ਬ੍ਰਹਮਾ ਸ਼ਿਵ ਸੇਵ ਸਮਝਾਈਆ । ਰੂਪ ਧਰ ਆਪ ਅਵਤਾਰਾ, ਅਵਤਰ ਆਪਣਾ ਰਾਹ ਸਮਝਾਈਆ । ਧੁਰ ਦਾ ਨਾਮ ਕਰ ਉਜਿਆਰਾ, ਬਿਨ ਉਜਰਤ ਮਾਤ ਪਰਗਟਾਈਆ । ਲੇਖਾ ਜਾਣ ਸੱਚੀ ਸਰਕਾਰਾ, ਸਚ ਸਤਿ ਦਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਮੇਰਾ ਸਾਹਿਬ ਇਕ ਅਟਲ, ਹਰਿ ਵਡਾ ਵਡ ਵਡਿਆਈਆ । ਜਿਸ ਮਾਣ ਦਵਾਇਆ ਰਾਜੇ ਬਲ, ਬਲ ਆਪਣਾ ਵਿਚ ਰਖਾਈਆ । ਬਾਵਨ ਹੋ ਕੇ ਆਇਆ ਚਲ, ਭੇਖਾਧਾਰੀ ਭੇਖ ਵਟਾਈਆ । ਨੇਤਰ ਨੈਣ ਨਾ ਖੋਲ੍ਹਿਆ ਪਲ, ਮੂੰਦ ਕੇ ਬੈਠਾ ਆਸਣ ਲਾਈਆ । ਉਹਦੇ ਕੋਈ ਨਾ ਤਕੇ ਵਲ, ਗ਼ਰੀਬ ਨਿਮਾਣਾ ਹੋ ਕੇ ਆਸਣ ਲਾਈਆ । ਕਿਸੇ ਪੁੱਛਿਆ ਨਹੀਂ ਅੰਨ ਜਲ, ਅੱਗੇ ਹੋ ਨਾ ਕੋਇ ਉਠਾਈਆ । ਉਸ ਝਟ ਸ਼ਬਦੀ ਧਾਰ ਮਾਰਿਆ ਸੱਲ, ਰਾਜ ਰਾਜਾਨ ਦਿਤਾ ਹਿਲਾਈਆ । ਕਿਸੇ ਲੇਖੇ ਨਹੀਂ ਲੱਗਣਾ ਚੁਰਾਸੀ ਜੂਨ ਅੰਨ ਖਵਾਇਆ ਦਲ, ਦਲਿਦ੍ਰੀ ਸਾਰੇ ਨਜ਼ਰੀ ਆਈਆ । ਤੇਰੇ ਨਾਲ ਹੁੰਦਾ ਛਲ, ਛਲਧਾਰੀ ਆਪਣੀ ਕਾਰ ਭੁਗਤਾਈਆ । ਓਨੇ ਚਿਰ ਨੂੰ ਝਟ ਬਲ ਦਾ ਸੁਤ ਲੈ ਕੇ ਆ ਗਿਆ ਫਲ, ਬਾਲ ਅਵਸਥਾ ਨੰਨ੍ਹੀ ਸੋਭਾ ਪਾਈਆ । ਹੱਸ ਕੇ ਕਿਹਾ ਇਹ ਬੁੱਢਾ ਬ੍ਰਾਹਮਣ ਬੈਠਾ ਦਵਾਰਾ ਮੱਲ, ਕਰਵਟ ਆਪਣੀ ਨਾ ਕੋਇ ਬਦਲਾਈਆ । ਮੈਨੂੰ ਉਸ ਦੇ ਵੱਲ ਘੱਲ, ਹੁਕਮੇ ਅੰਦਰ ਜਾਵਾਂ ਚਾਈਂ ਚਾਈਂਆ । ਮੇਰਾ ਦਿਲ ਕਰਦਾ ਉਸੇ ਦੇ ਨਾਲ ਜਾਵਾਂ ਰਲ, ਮਿਲ ਕੇ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਬਲ ਕਿਹਾ ਸੁਣ ਨੰਨ੍ਹੇ ਬੱਚੇ, ਸਚ ਦਿਆਂ ਦ੍ਰਿੜਾਈਆ । ਤੈਨੂੰ ਨਹੀਂ ਜਗਤ ਜਹਾਨ ਦੇ ਪਤੇ, ਕੀ ਪਤਿਪਰਮੇਸ਼ਵਰ ਆਪਣੀ ਖੇਲ ਖਿਲਾਈਆ । ਉਹ ਵੇਖ ਮੇਰੇ ਅਸਵਮੇਧ ਜਗ ਦੇ ਭੰਡਾਰੇ ਪਦਾਰਥ ਸਾਰੇ ਤੱਤੇ, ਰਿਸ਼ੀ ਮੁਨੀ ਖਾ ਕੇ ਖ਼ੁਸ਼ੀ ਮਨਾਈਆ । ਚਾਰੋਂ ਕੁੰਟ ਆਉਂਦੇ ਨੱਠੇ, ਭੱਜਣ ਵਾਹੋ ਦਾਹੀਆ । ਪ੍ਰੇਮ ਵਿਚ ਗਾਉਂਦੇ ਸਭੇ, ਆਤਮ ਧਾਰ ਸੋਭਾ ਸਚ ਸੁਣਾਈਆ । ਛੋਟਾ ਬਾਲਾ ਖਿੜ ਖਿੜਾ ਕੇ ਹੱਸੇ, ਤਾਲੀ ਹੱਥਾਂ ਨਾਲ ਵਜਾਈਆ । ਐ ਰਾਜਨ ਜਗਤ ਪਿਤਾ, ਮੈਨੂੰ ਇਨ੍ਹਾਂ ਵਿਚੋਂ ਮੇਰਾ ਸਾਹਿਬ ਮੂਲ ਨਾ ਲੱਭੇ, ਨੇਤਰ ਰੋ ਕੇ ਦਿਤਾ ਵਖਾਈਆ । ਤੇਰਾ ਕਿਸ ਬਿਧ ਸੰਪੂਰਨ ਹੋਵੇ ਯੱਗੇ, ਜਿਸ ਨੂੰ ਭੋਗ ਲਗਾਉਣ ਵਾਲਾ ਨਜ਼ਰ ਕੋਇ ਨਾ ਆਈਆ । ਜੇ ਪ੍ਰਭੂ ਦੇ ਭਗਤ, ਕਿਉਂ ਨਹੀਂ ਇਨ੍ਹਾਂ ਦਾ ਸਾਹਿਬ ਇਨ੍ਹਾਂ ਵਿਚ ਫਬੇ, ਰਲ ਮਿਲ ਕੇ ਖ਼ੁਸ਼ੀ ਮਨਾਈਆ । ਮੇਰੇ ਅੰਦਰ ਲੱਗੀ ਅੱਗੇ, ਮੈਂ ਕੂਕ ਕੂਕ ਸੁਣਾਈਆ । ਮੈਨੂੰ ਦੱਸ ਸਚ ਦੀ ਵਜ੍ਹੇ, ਵਜੂਹਾਤ ਦੇ ਸਮਝਾਈਆ । ਮੈਂ ਤੇਰੇ ਅੱਗੇ ਦੋਵੇਂ ਹੱਥ ਬੱਧੇ, ਬਾਲਾ ਰੋ ਕੇ ਮਾਰੇ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਛੋਟਾ ਬਾਲਾ ਖਿੜ ਖਿੜਾ ਕੇ ਹੱਸਾ, ਹੱਸ ਕੇ ਦਿਤਾ ਜਣਾਈਆ । ਰਾਜਨ ਕੋਲੋਂ ਜ਼ੋਰ ਦੀ ਨੱਸਾ, ਭੱਜਿਆ ਵਾਹੋ ਦਾਹੀਆ । ਜਾ ਕੇ ਬਾਵਨ ਨੂੰ

ਮਾਰਿਆ ਜੱਫਾ, ਗਲਵਕੜੀ ਲਈ ਪਾਈਆ । ਮੇਰੇ ਪ੍ਰਭੂ ਮੈਨੂੰ ਹੋਈਂ ਨਾ ਖ਼ਫ਼ਾ, ਗ਼ੁੱਸਾ ਗਿਲਾ ਨਾ ਕੋਇ ਰਖਾਈਆ । ਮੈਨੂੰ ਇਉਂ ਦਿਸਿਆ ਬਿਨਾ ਤੇਰੀ ਕਿਰਪਾ ਬਲ ਨੂੰ ਹੋਣਾ ਨਹੀਂ ਕੋਈ ਨਫ਼ਾ, ਖਾ ਪੀ ਕੇ ਸਾਰੇ ਜਾਵਣ ਵਾਹੋ ਦਾਹੀਆ । ਓਸੇ ਵੇਲੇ ਬਾਵਨ ਨੇ ਉਹਦਾ ਹੱਥ ਪਕੜਿਆ ਪੱਕਾ, ਘੁੱਟ ਕੇ ਦਿਤਾ ਵਖਾਈਆ । ਤੇਰਾ ਲੇਖਾ ਲਿਖਾਂ ਰਤਾ, ਰਤਨ ਅਮੋਲਕ ਦਿਆਂ ਬਣਾਈਆ । ਜਿਸ ਵੇਲੇ ਕਲਜੁਗ ਅੰਤ ਲੇਖਾ ਚੁਕਾਏ ਕੋਇ ਨਾ ਹੱਥੋ ਹੱਥਾ, ਝੋਲੀ ਸਕੇ ਨਾ ਕੋਇ ਭਰਾਈਆ । ਤੂੰ ਬਲ ਦੇ ਬੇਟੇ ਮੇਰੀ ਲਿਖਣੀ ਫੇਰ ਕਥਾ, ਜਿਸ ਨੂੰ ਕਥ ਸਕੇ ਕੋਇ ਨਾ ਰਾਈਆ । ਸਚ ਪ੍ਰੇਮ ਦਾ ਲੈਣਾ ਰਸਾ, ਬਿਨ ਰਸਨਾ ਰਸ ਚਖਾਈਆ । ਉਠ ਵੇਖ ਲੈ ਖੇਲ ਅੱਖਾਂ, ਅੱਖੀਆਂ ਤੋਂ ਪਰੇ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਛੋਟੇ ਬਾਲੇ ਕਿਹਾ ਬਾਬਾ ਕਦੋਂ ਬੀਤਣੇ ਜੁਗ ਤ੍ਰੈ, ਤ੍ਰੇਤਾ ਦੁਆਪਰ ਕਲਜੁਗ ਅੰਤ ਨਜ਼ਰੀ ਆਈਆ । ਉਨਾਂ ਚਿਰ ਪਤਾ ਨਹੀਂ ਕੌਣ ਰਹੇ, ਜੰਮਣ ਵਾਲਾ ਨਜ਼ਰ ਕੋਇ ਨਾ ਆਈਆ । ਪਤਾ ਨਹੀਂ ਖਾਣ ਪੀਣ ਨੂੰ ਮਿਲੇ ਕੋਈ ਨਾ ਸ਼ੈ, ਵਸਤ ਹੱਥ ਨਾ ਕੋਇ ਫੜਾਈਆ । ਕਿਸ ਬਿਧ ਸ਼੍ਰਿਸਟੀ ਹੋਵੇ ਖੈ, ਤ੍ਰੇਤਾ ਦੁਆਪਰ ਕਲਜੁਗ ਪੰਧ ਮੁਕਾਈਆ । ਝਟ ਬਾਵਨ ਨੇ ਥਪਕੀ ਮਾਰੀ ਬੱਚੂ ਉਸ ਵੇਲੇ ਇਕੋ ਪ੍ਰਭੂ ਦੀ ਹੋਣੀ ਜੈ, ਦੂਜਾ ਨਜ਼ਰ ਕੋਇ ਨਾ ਆਈਆ । ਆਹ ਤਕ ਭੱਜੇ ਜਾਂਦੇ ਜੁਗ ਤ੍ਰੈ, ਤਿੰਨਾਂ ਦਾ ਲੇਖਾ ਛੇਤੀ ਦੇਣਾ ਮੁਕਾਈਆ । ਭਗਤਾਂ ਅੰਦਰ ਰਹਿਣ ਦੇਣਾ ਨਹੀਂ ਕਿਸੇ ਦਾ ਭੈ, ਡਰ ਅੰਦਰੋਂ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਬਾਵਨ ਕਿਹਾ ਸੁਣ ਲੈ ਅਭੀ, ਅਭੀ ਦਿਆਂ ਜਣਾਈਆ । ਜਿਹੜੀ ਵਸਤ ਕਿਸੇ ਨਹੀਂ ਲੱਭੀ, ਖੋਜਣ ਸਾਰੇ ਥਾਉਂ ਥਾਈਆ । ਉਸ ਦਾ ਲੇਖਾ ਪੂਰਾ ਕਰਨਾ ਚੌਧਵੀਂ ਸਦੀ, ਸਦਕੇ ਵਾਰੀ ਘੋਲ ਘੁਮਾਈਆ । ਜਿਸ ਵੇਲੇ ਜਗਤ ਸੰਸਾਰ ਨੇ ਅਸਵਮੇਧ ਜਗ ਦੀ ਮਰਿਆਦਾ ਜਾਣੀ ਛਡੀ, ਜਗ ਨਜ਼ਰ ਕੋਇ ਨਾ ਆਈਆ । ਪੰਡਤਾਂ ਬ੍ਰਾਹਮਣਾਂ ਖਾਣੀ ਮੱਛੀ ਡੱਡੀ, ਹੱਡੀਆਂ ਮੁਖ ਚਬਾਈਆ । ਚਾਰ ਜੁਗ ਦੀ ਪਿਛਲੀ ਰਹਿਣੀ ਨਹੀਂ ਗੱਦੀ, ਗਦਾਗਰ ਹੋਵੇ ਲੋਕਾਈਆ । ਇਕੋ ਵੇਖਣਾ ਨੂਰ ਰੱਬੀ, ਨੂਰ ਨੁਰਾਨਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਬਾਲੇ ਕਿਹਾ ਮੈਨੂੰ ਪਤਾ ਨਹੀਂ ਰਹਿਣਾ ਨਾ ਰਹਿਣੀ ਯਾਦ, ਸਮਝ ਕਿਛ ਨਾ ਆਈਆ । ਕਵਣ ਭੇਵ ਖੋਲ੍ਹੇ ਰਾਜ਼, ਪੜਦਾ ਅਗੰਮ ਅਥਾਹੀਆ । ਝਟ ਪ੍ਰੇਮ ਦੀ ਦਿਤੀ ਆਵਾਜ਼, ਸਹਿਜ ਨਾਲ ਸੁਣਾਈਆ । ਤੇਰਾ ਪਰਮਾਤਮ ਮੇਰਾ ਰੂਪ ਖੋਲ੍ਹੇ ਜਾਗ, ਜਾਗਰਤ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਬਾਲੇ ਕਿਹਾ ਕਿਸ ਤਰਾ ਤਿੰਨ ਜੁਗ ਜਾਣ ਲੰਘ, ਕਵਣ ਯਾਦ ਕਰਾਈਆ । ਬਾਵਨ ਕਿਹਾ ਮੇਰੇ ਰੂਪ ਦਾ ਖੇਲ ਹੋਣਾ ਵਰਭੰਡ, ਬ੍ਰਹਿਮੰਡ ਹੁਕਮ ਚਲਾਈਆ । ਉਹਦਾ ਜੋਤੀ ਜਾਮਾ ਤੇ ਸ਼ਬਦੀ ਧਾਰ ਖੇਲ ਸਵੇਰ ਸੰਝ, ਹਿੱਸਾ ਵੰਡ ਨਾ ਕੋਇ ਵੰਡਾਈਆ । ਪਿਛਲਾ ਲੇਖਾ ਯਾਦ ਕਰਾਉਣਾ ਤ੍ਰੇਤੇ ਦੀ ਧਾਰ ਵਾਲਾ ਪਹਿਲੋਂ ਆਪਣਾ ਚੁਕਾਉਣਾ ਪਲੰਘ, ਜਿਸ ਨੂੰ ਦੋ ਸੱਤ ਦੀ ਵੰਡ ਨਾਲ ਵੰਡਾਈਆ । ਫੇਰ ਅਗਲੀ ਮੰਜ਼ਲ ਜਾਣੀ ਲੰਘ, ਪੁਰੀ ਘਨਕ ਕਰੇ ਸਫ਼ਾਈਆ । ਫੇਰ ਖੇਲ ਕਰੇ ਸੂਰਾ ਸਰਬੰਗ, ਆਪਣਾ ਪੜਦਾ ਆਪ ਉਠਾਈਆ । ਕਲਜੁਗ ਅੰਤਮ ਕਰਕੇ ਨੰਗ, ਆਪਣਾ ਘਰ ਬਾਰ ਸਾਰਾ ਦਏ ਲੁਟਾਈਆ । ਨਿਸ਼ਾਨ ਵੇਖੇ ਤਾਰਾ ਚੰਦ, ਚੰਦ ਸਿਤਾਰ


੧੬੬੨
੨੨

ਖੋਜ ਖੁਜਾਈਆ । ਝਟ ਬਾਲੇ ਮੰਗੀ ਮੰਗ, ਚਰਨੀਂ ਢਹਿ ਕੇ ਸੀਸ ਨਿਵਾਈਆ । ਬਖ਼ਸ਼ਿਸ਼ ਕਰ ਸੂਰੇ ਸਰਬੰਗ, ਤੇਰੇ ਹੱਥ ਵਡਿਆਈਆ । ਬਾਵਨ ਹੱਸ ਕੇ ਕਿਹਾ ਇਹ ਸਾਰਾ ਸਮਾਂ ਵੇਹਦਿਆਂ ਜਾਏ ਲੰਘ, ਅੰਤਮ ਅੰਤ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਤੀਜੀ ਧਾਰ ਖੇਲ ਅਪਾਰਾ, ਹਰਿ ਕਰਤਾ ਆਪ ਕਰਾਈਆ । ਬਿਨਾ ਭਗਤ ਦਵਾਰ ਤੋਂ ਪ੍ਰਭ ਦਾ ਸਿੰਘਾਸਣ ਰਹੇ ਨਾ ਵਿਚ ਸੰਸਾਰਾ, ਗ੍ਰਿਹਿ ਗ੍ਰਿਹਿ ਅਲਖ ਨਾ ਕੋਇ ਜਗਾਈਆ । ਇਹੋ ਖੇਲ ਸੱਚੀ ਸਰਕਾਰਾ, ਹਰਿ ਕਰਤਾ ਆਪ ਕਰਾਈਆ । ਜਿਸ ਕਾਰਨ ਤੀਜੀ ਧਾਰ ਕਲਸੀਆਂ ਪਾਇਆ ਉਜਾੜਾ, ਜਗਤ ਨਿਸ਼ਾਨ ਨਿਸ਼ਾਨੇ ਵਾਲਾ ਗਵਾਈਆ । ਅੱਗੇ ਖੇਲ ਕਰੇ ਨਿਰੰਕਾਰਾ, ਹਰਿ ਕਰਤਾ ਬੇਪਰਵਾਹੀਆ । ਜਨ ਭਗਤਾਂ ਦਾ ਖ਼ਾਲੀ ਭਰੇ ਭੰਡਾਰਾ, ਭੁਖਿਆਂ ਭੁੱਖ ਦਏ ਗਵਾਈਆ । ਸ੍ਰਿਸ਼ਟੀ ਦੇ ਲੰਗਰ ਦਾ ਇਕ ਬਣੇ ਵਰਤਾਰਾ, ਦੂਜਾ ਨਜ਼ਰ ਕੋਇ ਨਾ ਆਈਆ । ਕਲਸੀਆਂ ਵਾਲਿਆਂ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਰਿਸ਼ੀਆਂ ਦਾ ਉਧਾਰਾ, ਲੇਖਾ ਸਭ ਦੀ ਝੋਲੀ ਪਾਈਆ । ਜਿਸ ਦਾ ਬਲ ਕੀਤਾ ਇਸ਼ਾਰਾ, ਨੰਨ੍ਹੇ ਬਾਲੇ ਦਿਤਾ ਦ੍ਰਿੜਾਈਆ । ਜਿਸ ਵੇਲੇ ਆਇਆ ਕਲ ਕਲਕੀ ਅਵਤਾਰਾ, ਚੌਬੀਸਾ ਆਪਣਾ ਹੁਕਮ ਵਰਤਾਈਆ । ਤੇਰਾ ਰੂਪ ਹੋਣਾ ਪੁਰਖ ਤੋਂ ਨਾਰਾ, ਨਾਰੀ ਨਰ ਨਰਾਇਣ ਪਰਨਾਈਆ । ਜੋਗਿੰਦਰ ਕੌਰ ਰੂਪ ਧਰਿਆ ਸੁਤ ਬਲ ਦਵਾਰਾ, ਧਰਮ ਦੀ ਧਾਰ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਕਰਨੀ ਕਹੇ ਮੇਰਾ ਕਰਤਾਰ, ਹਰਿ ਵਡਾ ਵਡ ਵਡਿਆਈਆ । ਜਿਸਨੇ ਪੂਰਬ ਲੇਖਾ ਕਰਨਾ ਪਾਰ, ਲਹਿਣਾ ਰਹਿਣ ਕੋਇ ਨਾ ਪਾਈਆ । ਕਲ ਕਲਕੀ ਲਏ ਅਵਤਾਰ, ਨੂਰ ਨੁਰਾਨਾ ਡਗਮਗਾਈਆ । ਜਿਸ ਭਗਤਾਂ ਦਾ ਬਣਾਇਆ ਭਗਤ ਦਵਾਰ, ਭਗਤਾਂ ਦਾ ਲੰਗਰ ਦਏ ਸੁਹਾਈਆ । ਜਿਸ ਦੀ ਛੱਬੀ ਪੋਹ ਨੂੰ ਨੀਂਹ ਰੱਖਣੀ ਵਿਚ ਸੰਸਾਰ, ਕਲਸੀਆਂ ਵਾਲੇ ਸਾਰੇ ਸੀਸ ਨਿਵਾਈਆ । ਉਸ ਇੱਟ ਦੇ ਥੱਲੇ ਜੋਗਿੰਦਰ ਕੌਰ ਨੇ ਅਗਨੀ ਦੇਣੀ ਬਾਲ, ਤੀਲੀਆਂ ਨੌਂ ਨੌਂ ਲਗਾਈਆ । ਬਾਲਣ ਇਕੱਠਾ ਕਰਨਗੇ ਜੰਮੂ ਵਾਲੇ ਰਿਸ਼ੀ ਪੰਜ ਲਾਲ, ਪੰਚਮ ਪੰਚਮ ਰੰਗ ਰੰਗਾਈਆ । ਚੇਲਾ ਸਿੰਘ, ਸ਼ਿਵ ਸਿੰਘ, ਗੁਰਨਾਮ ਸਿੰਘ, ਲਛਮਣ ਸਿੰਘ, ਪਰਤਾਪ ਸਿੰਘ ਹੋਵੇਗਾ ਨਾਲ, ਨਾਲਸ਼ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਛੱਬੀ ਪੋਹ ਕਹੇ ਮੇਰੇ ਜੁਗ ਚੌਕੜੀ ਗਏ ਬੀਤ, ਬੀਤੀ ਕੀ ਸੁਣਾਈਆ । ਧੰਨਭਾਗ ਜੇ ਪੁਰਖ ਅਕਾਲ ਚਲਾਈ ਆਪਣੀ ਰੀਤ, ਦੂਸਰ ਵੰਡ ਨਾ ਕੋਇ ਵੰਡਾਈਆ । ਇਕੋ ਮਾਰਗ ਦੱਸ ਕੇ ਹਸਤ ਕੀਟ, ਊਚਾਂ ਨੀਚਾਂ ਰੰਗ ਰੰਗਾਈਆ । ਜਨ ਭਗਤੋ ਭਗਤਾਂ ਦੇ ਲੰਗਰ ਕੋਲ ਸਭ ਨੇ ਗਾਉਣਾ ਸੋਹੰ ਗੀਤ, ਖੁਸ਼ੀਆਂ ਨਾਲ ਖੁਸ਼ੀ ਬਣਾਈਆ । ਸਭ ਦੀ ਆਸਾ ਮਨਸਾ ਪੂਰੀ ਕੀਤੀ ਉਮੀਦ, ਤ੍ਰਿਸ਼ਨਾ ਤ੍ਰਿਖਾ ਗਵਾਈਆ । ਹਰਿ ਸੰਗਤ ਸਾਰੀ ਇਕੋ ਵਾਰ ਨਿਮਸਕਾਰ ਕਰਨੀ ਨਾਲ ਪ੍ਰੀਤ, ਸਿਰ ਸਰ ਪ੍ਰਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ ।

✪ ੨੬ ਪੋਹ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਲੰਗਰ ਦੀ ਨੀਂਹ ਰੱਖਣ ਸਮੇਂ ਜ਼ਿਲਾ ਅੰਮ੍ਰਿਤਸਰ ✪

ਵਿਸ਼ਨੂੰ ਕਹੇ ਪ੍ਰਭੂ ਤੇਰਿਆਂ ਭਗਤਾਂ ਭਰਿਆ ਰਹੇ ਭੰਡਾਰਾ, ਭੰਡਾਰੀ ਹੋ ਕੇ ਸੇਵ ਕਮਾਈਆ । ਸਾਹਿਬ ਤੂੰ ਵੀ ਬਣਿਆ ਰਹੀਂ ਵਰਤਾਰਾ, ਸਦ ਸਦ ਆਪਣੀ ਸੇਵ ਕਮਾਈਆ । ਸਭ ਨੂੰ ਬਖ਼ਸ਼ਣਾ ਸਾਂਝਾ ਇਕ ਪਿਆਰਾ, ਦਵੈਤ ਨਜ਼ਰ ਕੋਇ ਨਾ ਆਈਆ । ਨੌਂ ਖੰਡ ਪ੍ਰਿਥਮੀ ਕਰਨਾ ਉਜਿਆਰਾ, ਸੱਤ ਦੀਪ ਹੋਏ ਰੁਸ਼ਨਾਈਆ । ਦੀਨ ਮਜ਼੍ਹਬ ਸਾਰੇ ਕਰਨ ਨਿਮਸਕਾਰਾ, ਡੰਡਾਵਤ ਬੰਦਨਾ ਸੱਯਦੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਲੰਗਰ ਕਹੇ ਮੈਂ ਪ੍ਰਭੂ ਦਵਾਰਿਉਂ ਮੰਗਾਂ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰਾ ਪਿਛਲਾ ਵਕਤ ਪਿਛੇ ਲੰਘਾ, ਅੱਗੇ ਝੋਲੀ ਰਿਹਾ ਟਿਕਾਈਆ । ਮੈਂ ਚਾਹੁੰਦਾ ਕਲਜੁਗ ਕੂੜੀ ਕਿਰਿਆ ਮੇਟ ਦੇ ਦੰਗਾ, ਝਗੜਾ ਕੂੜ ਨਾ ਰਹੇ ਲੋਕਾਈਆ । ਆਤਮ ਪਰਮਾਤਮ ਸਭ ਨੂੰ ਬਖ਼ਸ਼ ਦੇ ਸੰਗਾ, ਸਗਲਾ ਸੰਗ ਬਣਾਈਆ । ਤੇਰਾ ਭਗਤ ਸੁਹੇਲਾ ਰਹੇ ਕੋਇ ਨਾ ਭੁੱਖਾ ਨੰਗਾ, ਖ਼ਾਲੀ ਭੰਡਾਰੇ ਦੇਣੇ ਭਰਾਈਆ । ਲੇਖੇ ਲਾਉਣਾ ਮੰਦਾ ਚੰਗਾ, ਕਰਮ ਕਾਂਡ ਦਾ ਡੇਰਾ ਢਾਹੀਆ । ਅੱਗੇ ਸਫ਼ਰ ਰਹੇ ਨਾ ਲੰਬਾ, ਨੇਰਨ ਨੇਰ ਦੇਣਾ ਵਖਾਈਆ । ਜਿਸ ਵੇਲੇ ਦੀਨ ਦੁਨੀ ਤੇ ਹੋਵੇ ਜੰਗਾ, ਚਾਰੋਂ ਕੁੰਟ ਕੂਕ ਕੂਕ ਦੁਹਾਈਆ । ਤੇਰਿਆਂ ਭਗਤਾਂ ਹਾਲ ਹੋਵੇ ਮੂਲ ਨਾ ਮੰਦਾ, ਹਰ ਥਾਂ ਹੋਣਾ ਆਪ ਸਹਾਈਆ । ਭਾਵੇਂ ਕਿਸੇ ਨੇ ਚੋਟੀ ਮੁਨਾਈ ਭਾਵੇਂ ਸੀਸ ਰਖਾਇਆ ਕੰਘਾ, ਸਭ ਨੂੰ ਦੇਣੀ ਮਾਣ ਵਡਿਆਈਆ । ਸੀਨਾ ਗੁਰਮੁਖਾਂ ਰੱਖਣਾ ਠੰਡਾ, ਅਗਨੀ ਤਤ ਨਾ ਲਾਗੇ ਰਾਈਆ । ਵਿਸ਼ਨੂੰ ਕਹੇ ਮੈਂ ਵੀ ਪ੍ਰਭੂ ਆਪਣੇ ਦਵਾਰੇ ਦਾ ਖੋਲ੍ਹ ਕੇ ਜਿੰਦਾ, ਸਾਚੇ ਭਗਤਾਂ ਹੱਥ ਫੜਾਈਆ । ਕਿਸੇ ਨੂੰ ਰਹਿਣ ਨਾ ਦੇਵੀਂ ਚਿੰਦਾ, ਚਿੰਤਾ ਚਿਖਾ ਨਾ ਕੋਇ ਜਲਾਈਆ । ਤੂੰ ਸਾਹਿਬ ਸਦਾ ਬਖ਼ਸ਼ਿੰਦਾ, ਬਖ਼ਸ਼ਣਹਾਰ ਤੇਰੀ ਵਡਿਆਈਆ । ਬੇਸ਼ਕ ਸ੍ਰਿਸ਼ਟੀ ਤੇਰੀ ਕਰਦੀ ਨਿੰਦਾ, ਤੂੰ ਦਇਆਵਾਨ ਦਇਆਵਾਨ ਬੇਪਰਵਾਹੀਆ । ਤੇਰਾ ਖੇਲ ਵਿਚ ਭਾਰਤ ਖੰਡ ਹਿੰਦਾ, ਨਵ ਖੰਡ ਰਾਹ ਤਕਾਈਆ । ਦੀਨ ਦੁਨੀ ਦਾ ਮਾਰਗ ਰਹਿਣ ਦੇਵੀਂ ਨਾ ਵਿੰਗਾ, ਰਸਤਾ ਰਹਿਬਰ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਵਰ, ਸਚ ਤੇਰੀ ਸਰਨਾਈਆ । ਲੰਗਰ ਕਹੇ ਮੇਰੀ ਬਲਦੀ ਰਹੇ ਅੱਗ, ਪਕਵਾਨ ਪੱਕੇ ਚਾਈਂ ਚਾਈਆ । ਭਗਤਾਂ ਚੋਗ ਨਾ ਨਿਖੁਟੇ ਵਿਚ ਜਗ, ਜਗਜੀਵਣ ਦਾਤਾ ਦਏ ਵਡਿਆਈਆ । ਜੋਗਿੰਦਰ ਕੌਰ ਤੀਲੀ ਲਾ ਦੇ ਝਬ, ਮਾਚਸ ਅਗਨੀ ਰੂਪ ਬਦਲਾਈਆ । ਕਲਸੀਆਂ ਵਾਲੇ ਉਤੇ ਇੱਟ ਰੱਖਣ ਤਦ, ਜਿਸ ਵੇਲੇ ਲਾਟ ਆਪਣਾ ਰੂਪ ਬਦਲਾਈਆ । ਇਹ ਮੇਲਾ ਨੌਂ ਸੌ ਚੁਰਾਨਮੇ ਜੁਗ ਚੌਕੜੀ ਪਿਛੋਂ ਹੁੰਦਾ ਨਾਲ ਸਬਬ, ਜੁਗ ਜੁਗ ਹੱਥ ਕਿਸੇ ਨਾ ਆਈਆ । ਜਨ ਭਗਤੋ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈਕਾਰਾ ਗਾਓ ਗੱਜ, ਸਿਫ਼ਤਾਂ ਨਾਲ ਸਾਲਾਹੀਆ । ਸਭ ਨੂੰ ਮਾਣ ਮਿਲਿਆ ਅੱਜ, ਛੱਬੀ ਪੋਹ ਸੰਮਤ ਸ਼ਹਿਨਸ਼ਾਹੀ ਸੱਤ ਵੱਜੀ ਵਧਾਈਆ । ਏਸ ਸਮੇਂ ਨੂੰ ਸਾਰਿਆਂ ਖੋਜਣਾ ਭੱਜਣਾ ਲੱਭ ਲੱਭ, ਲੱਭਿਆਂ ਹੱਥ ਕਿਸੇ ਨਾ ਆਈਆ । ਹੁਣ ਜਨ ਭਗਤੋ ਜਦੋਂ ਵੇਖੋਗੇ ਤੇ ਵੇਖੋਗੇ ਉਪਰ ਆਪਣੀ ਸ਼ਾਹ ਰਗ, ਨੌਂ ਦਵਾਰੇ ਤੋਂ ਉਪਰ ਦਰਸ ਦਿਖਾਈਆ । ਤੁਹਾਡੀ ਆਤਮਾ ਨਾਲ ਪਰਮਾਤਮਾ ਹੋ ਕੇ ਜਾਣਾ ਬੱਝ, ਅੰਦਰੋਂ ਨਾਤਾ ਸਕੇ ਨਾ ਕੋਇ ਤੁੜਾਈਆ । ਬਥੇਰਾ ਚਿਰ ਠੱਗੀ ਮਾਰੀ ਤੇ ਤੁਸਾਂ ਕਿਹਾ ਠੱਗ, ਠਗੋਰੀ ਵਾਲਾ ਸਭ ਦੇ ਲੇਖੇ ਪੂਰੇ ਦਏ ਕਰਾਈਆ । ਅੱਜ ਤੋਂ ਤੁਹਾਡਾ ਤੇ ਪ੍ਰਭੂ ਦਾ ਹਿੱਸਾ ਹੋ ਗਿਆ ਅੱਧੋ ਅਧ, ਵੱਖਰੀ ਵੰਡ ਨਾ ਕੋਇ ਵੰਡਾਈਆ ।

ਤੁਹਾਡੀ ਸਾਂਝੀ ਹੋ ਗਈ ਯੱਦ, ਆਤਮਾ ਪਰਮਾਤਮਾ ਬੰਸ ਸਰਬੰਸ ਇਕੋ ਨਜ਼ਰੀ ਆਈਆ । ਸਚ ਪੁਛੋ ਖ਼ੁਸ਼ੀਆਂ ਨਾਲ ਚੁਰਾਸੀ ਵਿਚੋਂ ਤੁਹਾਨੂੰ ਲਿਆ ਕਢ, ਫੜ ਬਾਹੋਂ ਆਪਣੇ ਨਾਲ ਮਿਲਾਈਆ । ਕਦੇ ਵੀ ਤੁਹਾਨੂੰ ਪਿਛੇ ਨਹੀਂ ਜਾਣਾ ਛਡ, ਸਿਰ ਸਭ ਦੇ ਹੱਥ ਟਿਕਾਈਆ । ਤੁਹਾਡਾ ਧਰਮ ਦਾ ਨਿਸ਼ਾਨਾ ਜਗਤ ਜਹਾਨ ਦਿਤਾ ਗੱਡ, ਜਿਸ ਦੀ ਮਰਿਯਾਦਾ ਚਾਰ ਜੁਗ ਦੇ ਸ਼ਾਸਤਰ ਸਕਣ ਨਾ ਕੋਇ ਸਮਝਾਈਆ । ਤੁਸੀਂ ਹੁਣ ਬਘੜੇ ਨਹੀਂ ਰਹਿ ਗਏ ਬਗ, ਹੰਸ ਸੋਹਣੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅਗਨੀ ਕਹੇ ਮੈਨੂੰ ਇੱਟ ਦੇ ਥੱਲੇ ਦਿਤਾ ਬਾਲ, ਲਾਲ ਰੰਗ ਚੜ੍ਹਾਈਆ । ਮੈਨੂੰ ਯਾਦ ਮੈਂ ਦੱਸਣਾ ਭਗਤੋ ਤੁਹਾਡਾ ਉਹ ਹਾਲ, ਜਿਸ ਹਾਲਤ ਵਿਚ ਪ੍ਰਭ ਨੂੰ ਰਹੇ ਮਨਾਈਆ । ਤੁਸੀਂ ਮੈਨੂੰ ਗੂੜ੍ਹੀ ਨੀਂਦ ਰਹੇ ਸੁਆਲ, ਧਰਨੀ ਦੀ ਗੋਦ ਵਿਚ ਟਿਕਾਈਆ । ਮੈਂ ਵੀ ਪ੍ਰਭ ਨੂੰ ਕਹਿਣਾ ਤੇਰਿਆਂ ਭਗਤਾਂ ਦਾ ਕਦੇ ਨਾ ਹੋਵੇ ਜ਼ਵਾਲ, ਕਾਲ ਮਹਾਂਕਾਲ ਦੂਰੋਂ ਸੀਸ ਨਿਵਾਈਆ । ਜਿਥੇ ਹੋਵੋਗੇ ਉਥੇ ਕਰੇ ਸੰਭਾਲ, ਸੰਬਲ ਬੈਠਾ ਧੁਰ ਦਾ ਮਾਹੀਆ । ਇੱਟ ਨੂੰ ਗੁਰਮੁਖ ਸਿੰਘ ਨੀਂਹ ਵਿਚ ਰੱਖ ਦੇਣ ਦੋਵੇਂ ਪਾਲ, ਖੱਬਾ ਹੱਥ ਪਲਕਾਂ ਉਤੇ ਟਿਕਾਈਆ । ਬਾਵਨ ਦਾ ਪੂਰਾ ਹੋਇਆ ਸਵਾਲ, ਲੇਖਾ ਅਵਰ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਲੇਖੇ ਪਾਏ ਘਾਲੀ ਘਾਲ, ਘਾਲਣਾ ਜਨਮ ਕਰਮ ਦੀ ਰਹਿਣ ਕੋਇ ਨਾ ਪਾਈਆ ।



੧੬੬੫ ੨੨

## ੨੬ ਪੋਹ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ਜ਼ਿਲਾ ਅੰਮ੍ਰਿਤਸਰ

ਨਵ ਨੌਂ ਚਾਰ ਪਿਛੋਂ ਸਮਾਂ ਆਇਆ ਚਿਰ ਦਾ, ਸੰਮਤ ਸ਼ਹਿਨਸ਼ਾਹੀ ਸੱਤ ਛੱਬੀ ਪੋਹ ਵੱਜੇ ਵਧਾਈਆ । ਜਿਸ ਨੂੰ ਵੇਖ ਕੇ ਅਵਤਾਰ ਪੈਗ਼ੰਬਰ ਗੁਰੂਆਂ ਹਿਰਦਾ ਘਿਰਦਾ, ਘੁੰਮਣ ਘੇਰ ਤੱਕਣ ਜਗਤ ਲੋਕਾਈਆ । ਕੀ ਖੇਲ ਹੋਣਾ ਨਿਰਵੈਰ ਨਿਰ ਦਾ, ਨਿਰਾਕਾਰ ਕੀ ਆਪਣੀ ਕਾਰ ਭੁਗਤਾਈਆ । ਜਿਸ ਦਾ ਰੂਪ ਅਗੰਮੇ ਪਿਰ ਦਾ, ਪਿਤਾ ਪੁਰਖ ਅਕਾਲ ਅਗੰਮ ਅਥਾਹੀਆ । ਜਿਸ ਦਾ ਜਗਤ ਜਹਾਨ ਗੁਲਸ਼ਨ ਖਿੜਦਾ, ਮਹਿਕ ਸਚ ਵਾਲੀ ਮਹਿਕਾਈਆ । ਜੁਗ ਚੌਕੜੀ ਗੇੜਾ ਗਿੜਦਾ, ਚੁਰਾਸੀ ਰਿਹਾ ਭਵਾਈਆ । ਸੋ ਖੇਲ ਕਰੇ ਆਪਣੇ ਘਰ ਥਿਰ ਦਾ, ਥਿਰ ਘਰ ਵਾਸੀ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਅਗੰਮ ਅਥਾਹੀਆ । ਛੱਬੀ ਪੋਹ ਕਹੇ ਮੇਰਾ ਆਇਆ ਦਿਵਸ ਸੁਹਾਉਣਾ, ਧਰਮ ਦੀ ਧਾਰ ਵੱਜੇ ਵਧਾਈਆ । ਖੇਲ ਕਰੇ ਸ੍ਰੀ ਭਗਵਾਨਾ, ਹਰਿ ਭਗਵਨ ਬੇਪਰਵਾਹੀਆ । ਜਿਸ ਦੀ ਸਿਫ਼ਤ ਗਾਈ ਸ਼ਾਸਤਰ ਸਿਮਰਤ ਵੇਦ ਪੁਰਾਨਾ, ਖਾਣੀ ਬਾਣੀ ਢੋਲੇ ਗਾਈਆ । ਸੋ ਪਹਿਰ ਅਗੰਮੀ ਬਾਣਾ, ਜੋਤੀ ਜਾਤਾ ਕਰੇ ਰੁਸ਼ਨਾਈਆ । ਜਿਸ ਦਾ ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਕਰਨ ਧਿਆਨਾ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਸੋ ਸ਼ਾਹੋ ਭੂਪ ਬਣ ਸੁਲਤਾਨਾ, ਬੇਪਰਵਾਹ ਆਪਣੀ ਕਾਰ ਭੁਗਤਾਈਆ । ਦੋ ਜਹਾਨਾਂ ਬਣ ਕੇ ਰਾਜ ਰਾਜਾਨਾ, ਭੂਪਤ ਭੂਪ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਛੱਬੀ ਪੋਹ ਕਹੇ ਮੈਂ ਵੇਖਿਆ ਨੂਰ ਅੱਲਾ, ਜੋਤੀ ਜਾਤਾ ਨਜ਼ਰੀ ਆਈਆ ।

ਜਿਸ ਨੇ ਸਭ ਨੂੰ ਫੜਾਇਆ ਪੱਲਾ, ਗੰਢ ਨਾਮ ਵਾਲੀ ਪਵਾਈਆ । ਵਸਿਆ ਜਲਾ ਬਲਾ, ਮਹੀਅਲ ਰਿਹਾ ਸਮਾਈਆ । ਭਾਗ ਲਗਾਵੇ ਉਚ ਅਟੱਲਾ, ਸਚ ਦਵਾਰ ਸੋਭਾ ਪਾਈਆ । ਹੋ ਕੇ ਇਕ ਇਕੱਲਾ, ਅਕਲ ਕਲਧਾਰੀ ਆਪਣੀ ਖੇਲ ਖਿਲਾਈਆ । ਦੀਨ ਦੁਨੀ ਦਾ ਮੇਟੇ ਸੱਲਾ, ਦਵੈਤੀ ਰਹਿਣ ਕੋਇ ਨਾ ਪਾਈਆ । ਬਣਕੇ ਅਛਲ ਅਛਲਾ, ਵਲ ਛਲ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਛੱਬੀ ਪੋਹ ਕਹੇ ਮੈਨੂੰ ਘੜੀ ਸੁਹੰਜਣੀ ਲੱਭੀ, ਖ਼ੁਸ਼ੀਆਂ ਵਿਚ ਜਣਾਈਆ । ਡੋਰ ਪ੍ਰੇਮ ਪਿਆਰ ਨਾਲ ਬੱਧੀ, ਮੁਹੱਬਤ ਪ੍ਰਭ ਦੇ ਨਾਲ ਰਖਾਈਆ । ਜਿਸ ਦੀ ਜਾਗਰਤ ਜੋਤ ਜਗੀ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਲੇਖਾ ਚੁਕਾਵੇ ਪੈਗ਼ੰਬਰ ਨਬੀ, ਰਸੂਲਾਂ ਵੇਖ ਵਖਾਈਆ । ਲੇਖਾ ਜਾਣੇ ਚੌਧਵੀਂ ਸਦੀ, ਸਦਕੇ ਵਾਰੀ ਘੋਲ ਘੁਮਾਈਆ । ਜਿਸ ਰਹਿਣ ਨਹੀਂ ਦੇਣੀ ਕਿਸੇ ਦੀ ਗੱਦੀ, ਗਦਾਗਰ ਕਰੇ ਲੋਕਾਈਆ । ਉਹ ਨਿਰਗੁਣ ਧਾਰ ਫਿਰੇ ਭੱਜੀ, ਦੋ ਜਹਾਨ ਪੰਧ ਮੁਕਾਈਆ । ਕਲਜੁਗ ਅੰਤ ਭਗਤ ਦਵਾਰ ਸਜੀ, ਸਾਜਣ ਆਪਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਛੱਬੀ ਪੋਹ ਕਹੇ ਮੇਰਾ ਖ਼ੁਸ਼ੀ ਬੰਦ ਬੰਦ, ਬੰਦਨਾ ਵਿਚ ਸੀਸ ਨਿਵਾਈਆ । ਜਿਸ ਖੇਲ ਕਰਨਾ ਵਿਚ ਨਵ ਖੰਡ, ਨਵ ਨਵ ਦਾ ਰੰਗ ਰੰਗਾਈਆ । ਪ੍ਰਕਾਸ਼ ਕਰੇ ਆਪ ਬ੍ਰਹਿਮੰਡ, ਬ੍ਰਹਿਮਾਂਡ ਨੂਰ ਰੁਸ਼ਨਾਈਆ । ਜਿਸ ਨੇ ਖੇਲ ਕਰਾਉਣਾ ਤਾਰਾ ਚੰਦ, ਚੰਦ ਸਿਤਾਰ ਵੇਖ ਵਖਾਈਆ । ਉਹ ਲੇਖਾ ਜਾਣੇ ਆਪਣੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਿਸ ਦੀ ਜਵਾਨੀ ਕਦੇ ਨਾ ਜਾਏ ਹੰਢ, ਕੋਟਨ ਕੋਟ ਜੁਗ ਭੱਜਣ ਵਾਹੋ ਦਾਹੀਆ । ਸੋ ਪਰਗਟ ਹੋ ਸੂਰਾ ਸਰਬੰਗ, ਅਕਲ ਕਲਧਾਰੀ ਆਪਣੀ ਕਲ ਵਖਾਈਆ । ਜਿਸ ਦਾ ਸ਼ਬਦੀ ਧਾਰ ਸ਼ਬਦ ਦਾ ਜੰਗ, ਦੋ ਜਹਾਨਾਂ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਛੱਬੀ ਪੋਹ ਕਹੇ ਮੇਰਾ ਸਾਹਿਬ ਸਾਹਿਬ ਸੁਲਤਾਨਾ, ਹਰਿ ਵੱਡਾ ਵਡ ਵਡਿਆਈਆ । ਜਿਸ ਦਾ ਜੋਤੀ ਨੂਰ ਮਹਾਨਾ, ਨੂਰ ਨੁਰਾਨਾ ਇਕ ਅਖਵਾਈਆ । ਜਿਸ ਦਾ ਰੂਪ ਨਾ ਮਰਦ ਨਾ ਜ਼ਨਾਨਾ, ਦੋਹਾਂ ਤੋਂ ਬਾਹਰ ਆਪਣੀ ਕਾਰ ਭੁਗਤਾਈਆ । ਕਲਜੁਗ ਵੇਖੇ ਕਲ ਨਿਸ਼ਾਨਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਜਿਸ ਅਵਤਾਰ ਪੈਗ਼ੰਬਰਾਂ ਗੁਰੂਆਂ ਦਿਤਾ ਦਾਨਾ, ਦਾਨਸ਼ਮੰਦ, ਦਿਤੇ ਬਣਾਈਆ । ਨਾਮ ਕਲਮੇ ਦਾ ਦੇ ਤਰਾਨਾ, ਤੁਰੀਆ ਤੋਂ ਪਰੇ ਦਿਤਾ ਸਮਝਾਈਆ । ਅੱਖਰਾਂ ਵਾਲਾ ਦੱਸ ਕੇ ਗਾਣਾ, ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਜਿਸ ਲੇਖਾ ਲਾਇਆ ਰਾਮ ਕ੍ਰਿਸ਼ਨ ਕਾਹਨਾ, ਤ੍ਰੇਤਾ ਦੁਆਪਰ ਪੰਧ ਚੁਕਾਈਆ । ਸੋ ਕਲਜੁਗ ਅੰਤ ਕਰੇ ਧਿਆਨਾ, ਦੋ ਜਹਾਨਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਛੱਬੀ ਪੋਹ ਕਹੇ ਮੈਂ ਸਾਹਿਬ ਨੂੰ ਤਕਾਂ ਪਾਸ, ਗ੍ਰਹਿ ਸਾਚੇ ਨਜ਼ਰੀ ਆਈਆ । ਜਿਸ ਦਾ ਦੋ ਜਹਾਨਾਂ ਵਾਸ, ਘਟ ਘਟ ਰਿਹਾ ਸਮਾਈਆ । ਨਿਰਗੁਣ ਨੂਰ ਜੋਤ ਪ੍ਰਕਾਸ਼, ਤਤਾਂ ਕਰੇ ਰੁਸ਼ਨਾਈਆ । ਉਸਦਾ ਵੇਖ ਅਨੋਖਾ ਲਬਾਸ, ਹੈਰਾਨੀ ਵਿਚ ਦੁਹਾਈਆ । ਜਿਸ ਨੇ ਹੁਕਮ ਕਰਨਾ ਖ਼ਾਸ, ਖ਼ਾਲਸ ਆਪਣੀ ਕਾਰ ਭੁਗਤਾਈਆ । ਮੁਹੰਮਦ ਦੀ ਆਸ਼ਾ ਕਰਨੀ ਰਾਸ, ਰਸਤਾ ਦੀਨ ਦੁਨੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਛੱਬੀ ਪੋਹ ਕਹੇ ਮੈਂ ਦੱਸਾਂ ਬਚਨ


੧੬੬੬
੨੨

ਅਖ਼ੀਰੀ, ਜੋ ਅੱਖਰਾਂ ਬਾਹਰ ਸੁਣਾਈਆ । ਪ੍ਰਭ ਖੇਲ ਮੀਰੀ ਪੀਰੀ, ਪੀਰ ਪੀਰਾ ਬੇਪਰਵਾਹੀਆ । ਜਿਸ ਦੀ ਦੋ ਜਹਾਨ ਮਿਲਖ ਜਾਗੀਰੀ, ਜਗਹ ਜਗਹ ਹੋਏ ਸਹਾਈਆ । ਜਿਸ ਦਾ ਨੂਰ ਬੇਨਜ਼ੀਰੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਉਹਦਾ ਖੇਲ ਹੋਣ ਲੱਗਾ ਤਕਦੀਰੀ, ਤਦਬੀਰ ਆਪਣੇ ਵਿਚ ਛੁਪਾਈਆ । ਜਿਸ ਦੀਨ ਦੁਨੀ ਦੀ ਬਦਲ ਦੇਣੀ ਜ਼ਮੀਰੀ, ਅੰਤਸ਼ਕਰਨ ਦਾ ਲੇਖਾ ਦਏ ਮੁਕਾਈਆ । ਉਹ ਮਾਲਕ ਗਹਿਰ ਗੰਭੀਰੀ, ਗਵਰ ਇਕ ਅਖਵਾਈਆ । ਜਿਸ ਪੰਜਾਂ ਪਿਆਰਿਆਂ ਦੇ ਮਸਤਕ ਲਗਾਈ ਪੰਜ ਪੰਜ ਲਕੀਰੀ, ਪੰਜਾਂ ਤੱਤਾਂ ਡੇਰਾ ਢਾਹੀਆ । ਜਿਸ ਪੰਜਾਂ ਦਰਬਾਰੀਆਂ ਹੱਥ ਬਖ਼ਸ਼ੀ ਪੂਰਨ ਤਸਵੀਰੀ, ਤਸੱਵਰ ਆਪਣਾ ਆਪ ਕਰਾਈਆ । ਲਿਖਾਰੀਆਂ ਹੱਥ ਫੜਾ ਜ਼ੰਜੀਰੀ, ਹੱਥਕੜੀ ਜਗਤ ਜਹਾਨ ਲਗਾਈਆ । ਲਾੜੀ ਮੌਤ ਫਿਰਨਾ ਬ੍ਰਹਿਮੰਡ ਖੰਡ ਗਲੀ ਭੀੜੀ, ਉਠ ਕੇ ਸਭ ਨੂੰ ਦੇ ਵਖਾਈਆ । ਪਰਵਰਦਿਗਾਰ ਸਦੀ ਚੌਧਵੀਂ ਰੂਪ ਬਦਲ ਕੇ ਬਹਿ ਜਾਏ ਉਤੇ ਲਾਲ ਪੀੜ੍ਹੀ, ਪੀੜ੍ਹਾ ਡਾਹੁਣ ਵਾਲੀ ਨਜ਼ਰ ਕੋਇ ਨਾ ਆਈਆ । ਸਭ ਦਾ ਰਾਹ ਤਕੇ ਮੜ੍ਹੀ ਗੋਰ ਤੇ ਸੀੜ੍ਹੀ, ਚਾਰੋਂ ਕੁੰਟ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਨੀ ਤੂੰ ਹੋਣੀਏ ਕਿੱਥੋਂ ਆ ਗਈ ਲਾੜੀ ਮੌਤ, ਬੇਦਰਦੇ ਫੇਰਾ ਪਾਈਆ । ਕਿਉਂ ਨਾਰੀਆਂ ਦੇ ਵਿਛੋੜਨ ਲੱਗੀ ਖੌਂਤ, ਸੁੰਞੀ ਸੇਜ ਕਰਾਈਆ । ਕਲਜੁਗ ਅੰਤਮ ਜਾਣਾ ਔਂਤ, ਸਾਚਾ ਸੰਗ ਨਾ ਕੋਇ ਨਿਭਾਈਆ । ਤੂੰ ਨੌ ਖੰਡ ਪ੍ਰਿਥਮੀ ਜਾਣਾ ਪਹੁੰਚ, ਭੱਜਣਾ ਵਾਹੋ ਦਾਹੀਆ । ਨੀ ਸੁਹਾਗਣੇ ਤੈਨੂੰ ਸਭ ਨੂੰ ਪਰਨਾਉਣ ਦਾ ਬੜਾ ਸ਼ੌਂਕ, ਸ਼ੌਕੀਨਣੇ ਗੁਰ ਅਵਤਾਰ ਪੈਗ਼ੰਬਰ ਤੱਤਾਂ ਵਾਲਾ ਨਜ਼ਰ ਕੋਇ ਨਾ ਆਈਆ । ਹੁਣ ਫਿਰਨਾ ਚੌਦਾਂ ਤਬਕ ਤੇ ਚੌਦਾਂ ਤੌਂਕ, ੧੬੬੭
੧੬੬੭ ਚੌਦਾਂ ਲੋਕ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ ।
੨੨ ਨੀ ਲਾੜੀ ਮੌਤ ਤੂੰ ਮਲਕੇ ਆ ਗਈਉਂ ਦੰਦਾਸਾ, ਸੋਹਣਾ ਰੂਪ ਬਣਾਈਆ । ਕਲਜੁਗ ਜੀਵਾਂ ਵੱਲ ਵੇਖ ਕੇ ਕਰੇਂ ਹਾਸਾ, ਮਸਤੀ ਵਿਚ ਲੈ ਅੰਗੜਾਈਆ । ੨੨
ਨੀ ਤੇਰਾ ਖ਼ਾਲੀ ਭਰ ਦੇਣਾ ਕਾਸਾ, ਕੋਟਨ ਕੋਟ ਜੀਵ ਤੇਰੇ ਵਿਚ ਟਿਕਾਈਆ । ਨੌ ਸੌ ਚੁਰਾਨਮੇ ਚੌਕੜੀ ਜੁਗ ਪਿਛੋਂ ਰਹਿਣ ਨਹੀਂ ਦੇਣਾ ਘਾਟਾ, ਘਾਟਾ ਖਾਤੇ ਵਿਚ ਨਾ ਕੋਇ ਵਖਾਈਆ । ਤੂੰ ਕਿੱਥੋਂ ਗੁੰਦ ਕੇ ਆਈਉਂ ਝਾਟਾ, ਆਪਣਾ ਰੂਪ ਬਦਲਾਈਆ । ਕਲਜੁਗ ਦੇ ਜੀਵਾਂ ਦਾ ਦਿਸੇ ਕੋਇ ਨਾ ਰਾਖਾ, ਸਿਰ ਹੱਥ ਨਾ ਕੋਇ ਟਿਕਾਈਆ । ਭਾਗ ਨਿਖੁਟਿਆ ਮਾਥਾ, ਮਸਤਕ ਰੇਖ ਨਾ ਕੋਇ ਚਤੁਰਾਈਆ । ਬਿਨਾ ਪਰਵਰਦਿਗਾਰ ਤੋਂ ਦਿਸੇ ਕੋਇ ਨਾ ਰਾਖਾ, ਰਾਖੀ ਕਰਨ ਵਾਲਾ ਹੱਥ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਨੀ ਲਾੜੀ ਮੌਤ ਤੂੰ ਬੜੀ ਮੋਟੀ ਤਾਜ਼ੀ, ਤਾਜਾਂ ਵਾਲੇ ਦੇਣੇ ਖਪਾਈਆ । ਮੇਰਾ ਸਾਹਿਬ ਹੋਵੇ ਰਾਜ਼ੀ, ਜੋ ਰਾਜ਼ਕ ਰਿਜ਼ਕ ਰਹੀਮ ਇਕ ਅਖਵਾਈਆ । ਕਮਲੀਏ ਪਹਿਲੋਂ ਖਾਵੀਂ ਮੁੱਲਾ ਤੇ ਕਾਜ਼ੀ, ਕਜ਼ਾ ਦਾ ਰੂਪ ਬਣਨਾ ਚਾਈਂ ਚਾਈਂਆ । ਲੇਖਾ ਮੁਕਾਉਣਾ ਅੰਤਮ ਬਾਜ਼ੀ, ਬਾਜਾਂ ਵਾਲਾ ਸੰਦੇਸ਼ਾ ਰਿਹਾ ਸੁਣਾਈਆ । ਕਿਸੇ ਦਾ ਦੁਲਦੁਲ ਰਹੇ ਨਾ ਤਾਜੀ, ਅਸਵ ਭੱਜੇ ਨਾ ਕੋਇ ਵਾਹੋ ਦਾਹੀਆ । ਕਮਲੀਏ ਮੇਰੀ ਮੁਹੰਮਦ ਦੀ ਉਮਤ ਹੋ ਗਈ ਬਾਗ਼ੀ, ਕਲਮਾ ਹੱਕ ਕੋਇ ਨਾ ਗਾਈਆ । ਜਿਧਰ ਤਕਾਂ ਤਨ ਵਜੂਦ ਦਿਸਣ ਦਾਗ਼ੀ, ਮਾਟੀ ਖ਼ਾਕ ਨਾ ਕੋਇ ਸਫ਼ਾਈਆ । ਕਾਅਬਿਆਂ ਨਜ਼ਰ ਆਏ ਕੋਇ ਨਾ ਹਾਜੀ, ਹੁਜਰਾ ਹੱਕ ਨਾ ਕੋਇ ਸੁਹਾਈਆ । ਮੈਂ ਹਾਲ

ਕੀ ਦੱਸਾਂ ਮਾਜ਼ੀ, ਪਿਛਲਾ ਫੋਲ ਫੁਲਾਈਆ । ਜਿਹੜੇ ਜਗਤ ਜਹਾਨ ਬਣੇ ਗ਼ਾਜ਼ੀ, ਜਹਾਦ ਵਾਲੇ ਦੇਣੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਾਚਾ ਇਕ ਅਖਵਾਈਆ । ਲਾੜੀ ਮੌਤ ਤੂੰ ਵੇਖ ਲੈ ਚਾਰੋਂ ਕੁੰਟ ਕਾਇਨਾਤ, ਨੈਣ ਇਕੋ ਵਾਰ ਉਠਾਈਆ । ਯਾਦ ਕਰਕੇ ਛੱਬੀ ਪੋਹ ਦੀ ਰਾਤ, ਸੁਹਾਗਣੇ ਭਾਗਣੇ ਤੈਨੂੰ ਦਿਆਂ ਜਣਾਈਆ । ਕਿਸੇ ਦਾ ਰਾਹ ਰਹਿਣ ਨਹੀਂ ਦੇਣਾ ਰਾਜ, ਰਈਅਤ ਸੰਗ ਨਾ ਕੋਇ ਨਿਭਾਈਆ । ਸਾਰੀ ਦੁਨੀਆ ਲੇਖੇ ਲਾਉਣੀ ਲੰਗੜੇ ਲੂਲ੍ਹੇ ਅਪਹਾਜ, ਸੂਰਬੀਰਾਂ ਖ਼ਾਕ ਮਿਲਾਈਆ । ਤੇਰੇ ਕੋਲੋਂ ਜ਼ਰੂਰ ਮੰਗਣਾ ਜਵਾਬ, ਹੁਕਮ ਸੁਣਨਾ ਚਾਈਂ ਚਾਈਂਆ । ਕੋਈ ਛਡਣਾ ਨਹੀਂ ਸੰਤ ਸਾਧ, ਜਿਹੜੇ ਰਸਨਾ ਨਾਲ ਜਪ ਕੇ ਆਪਣਾ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਲਾੜੀ ਮੌਤ ਨੀ ਤੇਰਾ ਕਿਹੋ ਜਿਹਾ ਇਰਾਦਾ, ਮੈਨੂੰ ਦੇ ਸੁਣਾਈਆ । ਪਹਿਲੋਂ ਤੂੰ ਉਨ੍ਹਾਂ ਨੂੰ ਖਾਵੀਂ ਜਿਨ੍ਹਾਂ ਨੇ ਖਾਧਾ ਭੁੰਨ ਕਬਾਬਾ, ਗਊਆਂ ਖੱਲ ਲੁਹਾਈਆ । ਫੇਰ ਉਨ੍ਹਾਂ ਨੂੰ ਫੜੀਂ ਜਿਨ੍ਹਾਂ ਨੂੰ ਭੁੱਲ ਗਿਆ ਕ੍ਰਿਸ਼ਨ ਤੇ ਰਾਧਾ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਫੇਰ ਉਥੇ ਜਾਵੀਂ ਜਿਨ੍ਹਾਂ ਸੀਤਾ ਰਾਮ ਨਹੀਂ ਅਰਾਧਾ, ਮਾਇਆ ਮਮਤਾ ਵਿਚ ਹਲਕਾਈਆ । ਕਮਲੀਏ ਫੇਰ ਉਹ ਨਾ ਛਡੀਂ ਜਿਨ੍ਹਾਂ ਨੂੰ ਭੁੱਲ ਗਿਆ ਨਾਨਕ ਬਾਬਾ, ਜੋ ਬਾਬਲ ਧੁਰ ਦੇ ਨਾਲ ਮਿਲਾਈਆ । ਫੇਰ ਉਹ ਨਾ ਰਹਿਣ ਦੇਵੀਂ ਜਿਨ੍ਹਾਂ ਨੂੰ ਯਾਦ ਨਹੀਂ ਆਇਆ ਵਾਲਾ ਬਾਜਾਂ, ਬਾਜ਼ੀ, ਸਭ ਦੀ ਦੇਣੀ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਲਾੜੀ ਮੌਤ ਨੀ ਤੂੰ ਸੋਹਣੀ ਸੁਨੱਖੀ ਲਾੜੀ, ਘੁੰਗਟ ਆਪਣੇ ਮੁਖ ਤੇ ਪਾਈਆ । ਤੂੰ ਫਿਰਨਾ ਜੰਗਲ ਜੂਹ ਉਜਾੜ ਪਹਾੜੀ, ਉਚੇ ਟਿੱਲੇ ਪਰਬਤ ਥਾਉਂ ਥਾਈਂਆ । ਤੂੰ ਛਡਣਾ ਨਹੀਂ ਜਿਨ੍ਹਾਂ ਦਾ ਲੇਖਾ ਨਾਲ ਚਾਰ ਯਾਰੀ, ਚਾਰ ਚਾਰ ਨਾਲ ਚਤੁਰਾਈਆ । ਜੋ ਪਰਵਰਦਿਗਾਰ ਨਾਲ ਕਰਨ ਗ਼ਦਾਰੀ, ਲੇਖਾ ਸਭ ਦਾ ਦੇਣਾ ਮੁਕਾਈਆ । ਲਹਿੰਦੀ ਦਿਸ਼ਾ ਨੂੰ ਕਮਲੀਏ ਕਰ ਲੈ ਅੱਜ ਤੋਂ ਤਿਆਰੀ, ਤ੍ਰੈਗੁਣ ਅਤੀਤਾ ਰਿਹਾ ਸੁਣਾਈਆ । ਕੁਛ ਆਪਣਾ ਦੱਸ ਵਿਚਾਰੀ, ਵਿਚਰਕੇ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਲਾੜੀ ਮੌਤ ਕਹੇ ਮੇਰੇ ਅਹਿਬਾਬ, ਮਿਹਰਵਾਨ ਤੇਰੀ ਸਰਨਾਈਆ । ਮੈਂ ਸਦਾ ਤੈਨੂੰ ਕਰਦੀ ਯਾਦ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੇਰੀ ਕਿਰਪਾ ਨਾਲ ਜੋ ਉਪਜਿਆ ਮੈਂ ਕੀਤਾ ਬਰਬਾਦ, ਲੋਕਮਾਤ ਰਹਿਣ ਕੋਇ ਨਾ ਪਾਈਆ । ਪਰ ਮੈਨੂੰ ਰੱਜ ਕੇ ਅਜੇ ਨਹੀਂ ਆਇਆ ਸਵਾਦ, ਸਤਿਜੁਗ ਤ੍ਰੇਤਾ ਦੁਆਪਰ ਮੇਰੀ ਤ੍ਰਿਖਾ ਨਾ ਕੋਇ ਮਿਟਾਈਆ । ਗੁਰ ਅਵਤਾਰ ਪੈਗ਼ੰਬਰਾਂ ਕੋਲੋਂ ਸੁਣਦੀ ਸਾਂ ਇਕ ਆਵਾਜ਼, ਜੋ ਨਾਮ ਸ਼ਬਦ ਕਲਮਾ ਤਰਾਨਿਆਂ ਵਿਚ ਗਾਈਆ । ਅੰਤਮ ਕਲ ਖੇਲ ਹੋਣਾ ਪਰਗਟ ਹੋਵੇ ਆਪ, ਆਪ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਲਾੜੀ ਮੌਤ ਹੱਥ ਮਾਰ ਲੈ ਉਪਰ ਪੱਟਾਂ, ਪਟਨੇ ਵਾਲਾ ਰਿਹਾ ਸੁਣਾਈਆ । ਤੂੰ ਫਿਰਨਾ ਵਿਚ ਚੌਦਾਂ ਹੱਟਾਂ, ਭੱਜਣਾ ਵਾਹੋ ਦਾਹੀਆ । ਆਪਣੀਆਂ ਖੁਲ੍ਹੀਆਂ ਵਖਾ ਦੇ ਲਟਾਂ, ਭੁੱਲ ਰਹੇ ਨਾ ਰਾਈਆ । ਪਰਵਰਦਿਗਾਰ ਨੂੰ ਕਹਿ ਦੇ ਮੇਰਿਆ ਮਾਲਕਾ ਤੇਰੇ ਹੁਕਮ ਵਿਚ ਸਮੁੰਦ ਸਾਗਰ ਮੈਂ ਸਾਰੇ ਟੱਪਾਂ, ਟਾਪੂਆਂ ਤੋਂ ਪਰੇ ਫੇਰਾ ਪਾਈਆ । ਮੈਂ ਭੰਨਾਂ ਕਾਇਆ ਮੱਟਾਂ, ਜੋ

੧੬੬੮ ੨੨

ਤੈਨੂੰ ਗਏ ਭੁਲਾਈਆ । ਪਰ ਇਕ ਡਰ ਲੱਗਦਾ ਮੈਂ ਵਸ ਪੈ ਗਈ ਜੱਟਾਂ, ਜਿਥੇ ਮੇਰੀ ਚਲੇ ਨਾ ਕੋਇ ਚਤੁਰਾਈਆ । ਨੇਤਰ ਨੀਰ ਵਹਾ ਕੇ ਸੱਟਾਂ, ਹੰਝੂਆਂ ਹਾਰ ਬਣਾਈਆ । ਨਾਲੇ ਰੋਵਾਂ ਨਾਲੇ ਹੱਸਾਂ, ਦੋਵੇਂ ਖੇਲ ਖਿਲਾਈਆ । ਮੈਨੂੰ ਵਕਤ ਆਇਆ ਮਸਾਂ, ਨੌਂ ਸੌ ਚੁਰਾਨਮੇ ਚੌਕੜੀ ਜੁਗ ਧਿਆਨ ਰਖਾਈਆ । ਮੈਂ ਇਧਰ ਵੇਖਾਂ ਓਧਰ ਵੇਖਾਂ ਕੋਟਾਂ ਵਿਚੋਂ ਮੈਨੂੰ ਵਿਰਲਾ ਭਗਤ ਲੱਭਦਾ ਜਿਸ ਦਾ ਦਰਸ਼ਨ ਕਰਦੀਆਂ ਅੱਖਾਂ, ਦੂਸਰ ਅੱਖ ਨਾ ਕਦੇ ਮਿਲਾਈਆ । ਮੈਂ ਏਸੇ ਕਰਕੇ ਸਾਰੇ ਭਗਤਾਂ ਨੂੰ ਟੇਕਣ ਆਈ ਮੱਥਾ, ਨਿਉਂ ਕੇ ਸੀਸ ਨਿਵਾਈਆ । ਜਿਨ੍ਹਾਂ ਦੇ ਮੁਖ ਵਿਚੋਂ ਨਿਕਲੀ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਕਥਾ, ਉਨ੍ਹਾਂ ਤੋਂ ਭੱਜਾਂ ਵਾਹੋ ਦਾਹੀਆ । ਸੇਵਾ ਕਰਾਂ ਯਥਾਰਥ ਯਥਾ, ਨਿਉਂ ਨਿਉਂ ਲਾਗਾਂ ਪਾਈਆ । ਬਾਕੀ ਸ੍ਰਿਸ਼ਟੀ ਦਾ ਜ਼ਰੂਰ ਮੇਟਾਂਗੀ ਰੱਟਾ, ਰੱਟਾ ਰਹਿਣ ਕੋਇ ਨਾ ਪਾਈਆ । ਸਭ ਦੇ ਸੀਨੇ ਫੱਟਾਂ, ਫੱਟੜ ਕਰਾਂ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਲਾੜੀ ਮੌਤ ਤੇਰੀ ਪੂਰੀ ਹੋਵੇ ਆਸ, ਪ੍ਰਭ ਖ਼ੁਸ਼ੀ ਨਾਲ ਕਰਾਈਆ । ਤੂੰ ਪਾਣੀ ਦਾ ਵਾਰ ਦੇ ਗਿਲਾਸ, ਹੁਕਮ ਧੁਰ ਦੀ ਸੇਵ ਕਮਾਈਆ । ਜਿਹੜਾ ਵਸੇ ਉਤੇ ਆਕਾਸ਼, ਉਹ ਧਰਨੀ ਉਤੇ ਡੇਰਾ ਲਾਈਆ । ਭਗਤਾਂ ਦੇ ਸਦਾ ਵਸੇ ਪਾਸ, ਘਰ ਘਰ ਹੋਏ ਸਹਾਈਆ । ਨਾ ਵੇਖੇ ਜ਼ਾਤ ਪਾਤ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਵੱਡਾ ਛੋਟਾ ਨਾ ਹਿੱਸਾ ਪਾਵੇ ਆਪ, ਆਪ ਆਪਣਾ ਰੰਗ ਰੰਗਾਈਆ । ਜਨ ਭਗਤਾਂ ਬਣ ਕੇ ਮਾਈ ਬਾਪ, ਧੁਰ ਦੀ ਗੋਦੀ ਲਏ ਟਿਕਾਈਆ । ਜਿਥੇ ਨਾ ਦਿਵਸ ਨਾ
੧੬੬੯ ਰਾਤ, ਸੂਰੀਆ ਚੰਦ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਮੇਰੇ ੧੬੬੯
ਹੱਥ ਟਿਕਾਈਆ । ਲਾੜੀ ਮੌਤ ਕਹੇ ਪ੍ਰਭੂ ਤੇਰਾ ਰੂਪ ਸਦੀ ਚੌਧਵੀਂ ਧਾਰ, ਧਰਨੀ ਧਵਲ ਵੇਖ ਵਖਾਈਆ । ਮੇਰੀ ਸੁਣੀਂ ਇਕ ਪੁਕਾਰ, ਪੁਨਹ ਪੁਨਹ ਪੁਨਹ ਸੀਸ ਨਿਵਾਈਆ । ਰਾਏ ਧਰਮ ਨਾਲ ਬਹਾਰ, ਚਿਤ੍ਰਗੁਪਤ ਖ਼ੁਸ਼ੀ ਵਖਾਈਆ । ਪਰ ਮੈਂ ਇਕ ਗੱਲ ਦੱਸਾਂ ਚਰਨ ਕਵਲ ਕਰ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਮੈਂ ਜ਼ਰੂਰ ਮਾਰਾਂਗੀ ਮਾਰ, ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਲਾੜੀ ਮੌਤ ਕਹੇ ਪ੍ਰਭੂ ਤੂੰ ਇਕ ਵਾਰ ਸੁਣਾ ਦੇ ਰਬਾਬੀ, ਤਾਰ ਮੇਰੇ ਅੰਤਰ ਹਿਲਾਈਆ । ਮੈਂ ਉਹ ਨਾ ਛਡਾਂ ਜਿਨ੍ਹਾਂ ਖਾਧਾ ਭੁੰਨ ਕਬਾਬੀ, ਕਾਅਬਿਆਂ ਧਿਆਨ ਲਗਾਈਆ । ਛੇਤੀ ਖ਼ਤਮ ਕਰਾਂ ਸਭ ਦੀ ਬਾਜ਼ੀ, ਬਾਜ਼ੀਗਰ ਸਵਾਂਗ ਰਚਾਈਆ । ਤੂੰ ਮੇਰੀ ਸੇਹਤ ਏਸੇ ਤਰਾ ਰੱਖੀਂ ਰਾਜ਼ੀ, ਜੋਬਨਵੰਤੀ ਲਵਾਂ ਅੰਗੜਾਈਆ । ਕੋਈ ਰਹਿਣ ਨਾ ਦੇਵਾਂ ਧਰਤੀਏ ਤੇਰੇ ਉਤੇ ਲਾਉਂਦਾ ਬਾਜੀ, ਮਿੱਟੀ ਖ਼ਾਕ ਵਿਚ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਲਾੜੀ ਮੌਤ ਕਹੇ ਮੈਨੂੰ ਅੰਦਰ ਪੈਂਦੀਆਂ ਚੀਸਾਂ, ਉਫ਼ ਮੇਰੀ ਦੁਹਾਈਆ । ਮੈਨੂੰ ਇਸ਼ਾਰਾ ਕਰੇ ਈਸਾ, ਮੁਹੰਮਦ ਨਾਲ ਰਲਾਈਆ । ਮੂਸਾ ਪੜ੍ਹੇ ਹਦੀਸਾ, ਸਿਫ਼ਤਾਂ ਵਿਚ ਸੁਣਾਈਆ । ਕੀ ਤੇਰੀਆਂ ਮਕਬਰਿਆਂ ਵਿਚ ਉਡੀਕਾਂ, ਕਬਰਾਂ ਅੱਖ ਖੁਲ੍ਹਾਈਆ । ਵੇਖੀਂ ਕਿਤੇ ਸਦੀ ਚੌਧਵੀਂ ਦੇ ਅੰਤ ਦੀਆਂ ਬਦਲ ਨਾ ਜਾਣ ਤਰੀਕਾਂ, ਤਵਾਰੀਖਾਂ ਰੋਵਣ ਮਾਰਨ ਧਾਹੀਆ । ਦੀਨ ਮਜ਼੍ਹਬ ਦਾ ਝਗੜਾ ਕਰਾਉਣਾ ਵਾਂਗ ਸ਼ਰੀਕਾਂ, ਲਾਸ਼ਰੀਕ ਆਪਣੀ ਕਾਰ ਭੁਗਤਾਈਆ । ਜਿਸ ਦੇ ਵਿਚ ਹੱਕ ਤੌਫ਼ੀਕਾਂ, ਤੋਹਫਾ ਸਭ ਨੂੰ ਦੇਵੇ ਥਾਉਂ ਥਾਈਆ । ਉਸ ਦੇ ਉਤੇ ਇਹੋ ਉਮੀਦਾਂ, ਜੋ ਸਦ ਚਲੇ ਆਪਣੀ ਰਜ਼ਾਈਆ । ਮੈਂ

੧੬੭੦ ੨੨

ਤਕਾਂ ਲਾ ਕੇ ਨੀਝਾਂ, ਬਿਨ ਨੈਣਾਂ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਲਾੜੀ ਮੌਤ ਕਹੇ ਮੇਰੀ ਡੰਡਾਵਤ ਬੰਦਨਾ, ਸਭ ਨੂੰ ਸੀਸ ਨਿਵਾਈਆ । ਜਨ ਭਗਤੋ ਤੁਹਾਡਾ ਦਰ ਕਦੇ ਨਹੀਂ ਲੰਘਣਾ, ਸਤਿਗੁਰ ਸ਼ਬਦ ਆਵੇ ਤੇ ਤੁਹਾਨੂੰ ਲੈ ਕੇ ਜਾਏ ਚਾਈਂ ਚਾਈਂਆ । ਮੈਂ ਤੇ ਤੁਹਾਡੇ ਚਰਨ ਧੂੜ ਦਾ ਕਰਨ ਆਈ ਮਜਨਾ, ਆਪਣਾ ਸੋਹਣਾ ਰੂਪ ਬਦਲਾਈਆ । ਜਿਨ੍ਹਾਂ ਨੂੰ ਮਾਹੀ ਮਿਲ ਗਿਆ ਧੁਰ ਦਾ ਸੱਜਣਾ, ਮਹਿਬੂਬ ਨੂਰ ਇਲਾਹੀਆ । ਉਨ੍ਹਾਂ ਦਾ ਠੀਕਰ ਕੂੜਾ ਤਨ ਜ਼ਰੂਰ ਭੱਜਣਾ, ਆਤਮ ਪਰਮਾਤਮ ਵਿਚ ਸਮਾਈਆ । ਜਿਨ੍ਹਾਂ ਨੂੰ ਚੜ੍ਹਨੀ ਸਚ ਦੀ ਰੰਗਣਾ, ਰੰਗਤ ਇਕੋ ਇਕ ਵਖਾਈਆ । ਜਿਸ ਦਾ ਸਚ ਦਾ ਦੀਪਕ ਜਗਣਾ, ਦੁਰਗਾ ਅਸ਼ਟਭੁਜ ਲਾਟਾਂ ਵਾਲੀ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਆਪਣੀ ਕਾਰ ਭੁਗਤਾਈਆ । ਤੂੰਬੀ ਕਹੇ ਮੇਰੀ ਵੱਜਣ ਲੱਗੀ ਸਤਾਰ, ਸਤਹ ਬੁਲੰਦੀ ਦਿਆਂ ਜਣਾਈਆ । ਆਜਾ ਮੁਹੰਮਦ ਨਾਲ ਲੈ ਕੇ ਚਾਰ ਯਾਰ, ਯਰਾਨਾ ਤੋੜ ਨਿਭਾਈਆ । ਮਜਲਸ ਤਕ ਲੈ ਪਰਵਰਦਿਗਾਰ, ਜੋ ਨੂਰ ਅਲਾਹ ਅਲਾਹੀ ਨੂਰ ਅਖਵਾਈਆ । ਜਿਸ ਦੇ ਸਾਰੇ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਉਹ ਸਭ ਦਾ ਲੇਖਾ ਦੇਵੇ ਵਿਚ ਸੰਸਾਰ, ਬਚਿਆ ਰਹਿਣ ਕੋਇ ਨਾ ਪਾਈਆ । ਜਿਸ ਨੇ ਸਦੀ ਚੌਧਵੀਂ ਦੀ ਗੋਲੀ ਦੇ ਤਨ ਦਾ ਕਰ ਸ਼ਿੰਗਾਰ, ਤਾਰਾ ਚੰਦ ਦਿਤੇ ਚਮਕਾਈਆ । ਗੋਲੀ ਉਠ ਕੇ ਹੋਵੇ ਖ਼ਬਰਦਾਰ, ਧਰਮ ਦੀ ਧਾਰ ਲਵੇ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਹੁਕਮ ਸੁਣਾਈਆ । ਅਸ਼ਟਭੁਜ ਆਜਾ ਖੱਬੇ, ਦੀਪਕ ਹੱਥਾਂ ਵਿਚ ਰਖਾਈਆ । ਗੋਲੀ ਖੱਬੀ ਹੋ ਜਾ ਸੱਜੇ, ਪਰਦਾ ਤਨ ਨਾ ਕੋਇ ਰਖਾਈਆ । ਤੇਰਾ ਤਾਰਾ ਚੰਦ ਸਭ ਨੂੰ ਲੱਭੇ, ਜ਼ਿਮੀਂ ਅਸਮਾਨ ਦੇਣ ਦੁਹਾਈਆ । ਪੈਗ਼ੰਬਰ ਫਿਰਨ ਭੱਜੇ, ਭੱਜਣ ਵਾਹੋ ਦਾਹੀਆ । ਦਰੋਹੀ ਮਜ਼੍ਹਬਾਂ ਦੇ ਰਹਿਣੇ ਨਹੀਂ ਅੱਡੇ, ਅੱਡੀ ਚੋਟੀ ਦੋਵੇਂ ਦੇਣ ਗਵਾਹੀਆ । ਇਕੋ ਪਰਵਰਦਿਗਾਰ ਗੱਜੇ, ਸੂਰਬੀਰ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਅਸ਼ਟਭੁਜ ਥੱਲੇ ਰੱਖ ਦੇ ਚਰਾਗ਼, ਦੀਪਕ ਮਾਤ ਸੁਹਾਈਆ । ਸੁਣ ਅਗੰਮੀ ਆਵਾਜ਼, ਸ਼ਬਦੀ ਸ਼ਬਦ ਸੁਣਾਈਆ । ਪਿਛਲਾ ਰਹਿਣਾ ਨਹੀਂ ਸਮਾਜ, ਇਕੋ ਨੂਰ ਜੋਤ ਰੁਸ਼ਨਾਈਆ । ਕਲਮਾ ਮੰਨਣਾ ਪੈਣਾ ਵਾਹਿਦ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਸੁਣਾਈਆ । ਸਦੀ ਚੌਧਵੀਂ ਕਹੇ ਗੋਲੀ ਆਜਾ ਥੱਲੇ, ਘੁਟਨਾ ਜ਼ਿਮੀਂ ਨਾਲ ਲਗਾਈਆ । ਆਹ ਵੇਖ ਦੀਪਕ ਬਲੇ, ਬਲ ਦਾ ਲੇਖਾ ਪੂਰ ਕਰਾਈਆ । ਜਿਹੜਾ ਲਾੜੀ ਮੌਤ ਨੇ ਵਾਰਿਆ ਜਲੇ, ਪਾਣੀ ਹੱਥ ਦੇਣਾ ਫੜਾਈਆ । ਫਿਰੀ ਦਰੋਹੀ ਵਿਚ ਥਲੇ, ਥਲ ਰਹੇ ਕੁਰਲਾਈਆ । ਸਚ ਖ਼ੁਦਾ ਹੁਕਮ ਘੱਲੇ, ਸੰਦੇਸ਼ਾ ਇਕ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਅਸ਼ਟਭੁਜ ਕਹੇ ਪ੍ਰਭੂ ਤੇਰਾ ਨੂਰ ਨੁਰਾਨਾ, ਸਚ ਸਚ ਸੁਣਾਈਆ । ਸਦੀ ਚੌਧਵੀਂ ਤੇਰਾ ਖੇਲ ਮਹਾਨਾ, ਮਹਿੰਮਾ ਕਥ ਕਥ ਵਡਿਆਈਆ । ਧਰਮ ਦੀ ਗੋਲੀ ਦਾ ਇਕੋ ਇਕ ਨਿਸ਼ਾਨਾ, ਤਾਰਾ ਚੰਦ ਦੇਣ ਗਵਾਹੀਆ । ਜਿਨ੍ਹਾਂ ਦਾ ਲੇਖਾ ਮੁਕਣਾ ਵਿਚ ਜਹਾਨਾ, ਲੋਕਮਾਤ ਰਹਿਣ ਨਾ ਪਾਈਆ । ਉਮਤ ਨੂੰ ਮੇਟਣ ਦਾ

ਤੂੰ ਕੀਤਾ ਇਕ ਬਹਾਨਾ, ਵੇਸ ਜਗਤ ਵਾਲੇ ਕਰਾਈਆ । ਇਹ ਸੰਦੇਸ਼ਾ ਦਿਤਾ ਸੀ ਕ੍ਰਿਸ਼ਨਾ ਸ਼ਾਮਾ, ਭੇਵ ਅਭੇਦ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੇਰੇ ਹਜ਼ੂਰ, ਹਜ਼ੂਰ ਦਿਆਂ ਸੁਣਾਈਆ । ਤੇਰਾ ਇਕੋ ਚਮਕੇ ਨੂਰ, ਨੂਰ ਨੁਰਾਨਾ ਸੋਭਾ ਪਾਈਆ । ਸ਼ਰਅ ਦਾ ਪਾਏ ਨਾ ਕੋਇ ਫ਼ਤੂਰ, ਕਲਮਾ ਦਏ ਨਾ ਕੋਇ ਦੁਹਾਈਆ । ਸਭ ਦਾ ਤੋੜਨਾ ਮਾਣ ਗ਼ਰੂਰ, ਹੰਕਾਰ ਦਾ ਡੇਰਾ ਢਾਹੀਆ । ਆਦਿ ਅੰਤ ਤੇਰਾ ਦਸਤੂਰ, ਜ਼ੱਰਾ ਜ਼ੱਰਾ ਆਪਣਾ ਹੁਕਮ ਵਰਤਾਈਆ । ਮੇਰੀ ਬੇਨੰਤੀ ਕਰ ਮਨਜ਼ੂਰ, ਦਰ ਠਾਂਡੇ ਸੀਸ ਝੁਕਾਈਆ । ਉਹ ਵੇਖ ਮੂਸਾ ਤੇਰਾ ਨੂਰ ਤਕੇ ਬਿਨਾ ਕੋਹਤੂਰ, ਈਸਾ ਬਿਨ ਨੈਣਾਂ ਨੈਣ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਅਸ਼ਟਭੁਜ ਕਹੇ ਮੇਰੇ ਮਿਹਰਵਾਨਾ, ਮਿਹਰ ਨਜ਼ਰ ਉਠਾਈਆ । ਮੇਰਾ ਪਿਛਲਾ ਖੇਲ ਮਹਾਨਾ, ਖੇਲ ਕੇ ਦਿਆਂ ਜਣਾਈਆ । ਸਦੀ ਚੌਧਵੀਂ ਦੀ ਗੋਲੀ ਦਾ ਇਕ ਨਿਸ਼ਾਨਾ, ਖ਼ੂਨ ਖ਼ੂਨ ਨਾਲ ਦੇਣਾ ਮਿਲਾਈਆ । ਨਦੀਆਂ ਵਹਿਣ ਵਹੇ ਵਿਚ ਜਹਾਨਾ, ਜਹਾਲਤ ਮੇਟਣੀ ਵਿਚ ਲੋਕਾਈਆ । ਦੂਸਰ ਰਹਿਣ ਦੇਣਾ ਨਹੀਂ ਕੋਇ ਬੇਗਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੇਰੇ ਮਾਲਕ ਨੇ ਦੱਸਣਾ ਰਾਹ ਅਪਾਰਾ, ਅਪਰੰਪਰ ਹੋ ਕੇ ਆਪਣਾ ਹੁਕਮ ਸੁਣਾਈਆ । ਨਾ ਰਹੇ ਚੰਦ ਤੇ ਨਾ ਰਹੇ ਸਿਤਾਰਾ, ਤਾਰਾ ਚੰਦ ਦੋਵੇਂ ਦੇਣ ਗਵਾਹੀਆ । ਓਹ ਨਾ ਰਹੇ ਅਸ਼ਟਭੁਜ ਦਾ ਦੀਪਕ ਉਜਿਆਰਾ, ਲਾਟਾਂ ਵਾਲੀ ਦੀ ਲਾਟ ਆਪਣੇ ਵਿਚ ਮਿਲਾਈਆ । ਸਭ ਦਾ ਸਾਂਝਾ ਇਕੋ ਹੋਵੇ ਪਰਵਰਦਿਗਾਰਾ, ਪਰਮ ਪੁਰਖ ਅਗੰਮ ਅਥਾਹੀਆ । ਜਿਸ ਦੇ ਨਾਲ ਮੌਲਣੀਆਂ ਸਤਿਜੁਗ ਦੀਆਂ ਬਹਾਰਾਂ, ਲੋਕਮਾਤ ਮਹਿਕ ਮਹਿਕਾਈਆ । ਉਨ ਕਟ ਦੇਣੀਆਂ ਸ਼ਰਅ ਵਾਲੀਆਂ ਤਾਰਾਂ, ਪੰਜ ਮੁਲਾਣੇ ਉਠ ਕੇ ਦਿਉ ਵਖਾਈਆ । ਓਹ ਇਨ੍ਹਾਂ ਦੇ ਪਿਛੇ ਖਿੱਚ ਦਿਓ ਛੱਤੀ ਤਲਵਾਰਾਂ, ਜਨ ਭਗਤੋ ਸ਼ਰਅ ਦੇ ਲੇਖੇ ਦੇਣੇ ਕਟਾਈਆ । ਰੱਸੀਆਂ ਵਾਲਿਓ ਗੰਢਾਂ ਬੰਨ੍ਹੋ ਨਾਲ ਪਿਆਰਾ, ਪ੍ਰਭ ਨੇ ਇਕੋ ਗੰਢ ਦੇਣੀ ਜਣਾਈਆ । ਮੋਮਬੱਤੀਆਂ ਵਾਲਿਓ ਦਿਨੇ ਕਰੋ ਉਜਿਆਰਾ, ਅੰਧੇਰਾ ਜਗਤ ਰਹਿਣ ਨਾ ਪਾਈਆ । ਬੁਢਾਪੇ ਵਾਲਿਓ ਖ਼ੁਸ਼ੀਆਂ ਨਾਲ ਮਾਰਨੀਆਂ ਟਾਹਰਾ, ਜਨਮ ਮਰਨ ਦਾ ਰੋਗ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਸਦੀ ਚੌਧਵੀਂ ਕਹੇ ਇਕੋ ਪ੍ਰਭ ਦੀ ਹੋਣੀ ਸ਼ਕਤ, ਸ਼ਕਤੀਸ਼ਾਲੀ ਇਕ ਅਖਵਾਈਆ । ਉਹਦੀ ਗਵਾਹੀ ਦੇ ਦਿਉ ਇਕ ਸੌ ਇਕ ਭਗਤ, ਜੋ ਮਸਤਕ ਨਾਲ ਛੁਹਾਈਆ । ਨੀਲੇ ਪਟਕਿਆਂ ਵਾਲਿਓ ਰਹਿਣ ਨਹੀਂ ਦੇਣਾ ਫ਼ਰਕ, ਸਾਰੇ ਇਕੋ ਰੰਗ ਰੰਗਾਈਆ । ਜੋ ਮਾਲਕ ਵਾਲੀ ਅਰਸ਼, ਫ਼ਰਸ਼ ਸੋਭਾ ਪਾਈਆ । ਉਹ ਧੁਰਦਰਗਾਹੀ ਆਇਆ ਪਰਤ, ਪਤਿਪਰਮੇਸ਼ਵਰ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੈਂ ਖੇਲ ਵੇਖਾਂ ਸਮਰਥਾ, ਜੋ ਸਮਰਥ ਰਿਹਾ ਕਰਾਈਆ । ਜਿਸ ਦਾ ਰੂਪ ਅਲੱਖਣਾ ਅਲੱਖਾ, ਲਖ ਕੇ ਸਕੇ ਨਾ ਕੋਇ ਸਮਝਾਈਆ । ਜਿਸ ਦੀਆਂ ਜਗਤ ਜਹਾਨ ਤੋਂ ਵੱਖਰੀਆਂ ਅੱਖਾਂ, ਅੱਖੀਆਂ ਵਾਲਿਓ ਅੱਖੀਆਂ ਆਪ ਖੁਲ੍ਹਾਈਆ । ਜਿਸ ਨੇ ਫਿਰਨਾ ਨਹੀਂ ਵਾਂਗ ਕ੍ਰਿਸ਼ਨ ਉਤੇ ਰਥਾ, ਕੌਰਵ ਪਾਂਡਵ ਖੇਲ ਖਿਲਾਈਆ । ਉਸਨੇ ਇਕੋ ਹੋੜਾ ਲਾ ਕੇ

ਉਪਰ ਸੱਸਾ, ਹਾਹੇ ਟਿੱਪੀ ਨਾਲ ਰਲਾਈਆ । ਛੱਤੀ ਫੁੱਟ ਦਾ ਮੰਗਾ ਕੇ ਰੱਸਾ, ਸਭ ਨੂੰ ਦਿਤਾ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੇਰੀ ਗੋਲੀ ਖ਼ੁਸ਼ੀਆਂ ਨਾਲ ਹੱਸੀ, ਮੁਖ ਆਪਣਾ ਆਪ ਖੁਲ੍ਹਾਈਆ । ਲੇਖੇ ਲਾਉਣਾ ਜਿਨ੍ਹਾਂ ਦੇ ਕੋਲ ਚੁੱਕੀ ਲੱਸੀ, ਰਿੜਕਣਾ ਜਗਤ ਵਾਲਾ ਪਾਈਆ । ਜਿਨ੍ਹਾਂ ਨੇ ਸ਼ੱਕਰ ਘਿਉ ਮਸੀ, ਖ਼ੁਸ਼ੀਆਂ ਨਾਲ ਖਾਈਆ । ਜਿਨ੍ਹਾਂ ਨੇ ਨਿਆਜ਼ ਤਲੀਆਂ ਉਤੇ ਰੱਖੀ, ਮੁਹੰਮਦ ਦੀ ਆਸ਼ਾ ਪੂਰ ਕਰਾਈਆ । ਜਿਨ੍ਹਾਂ ਨੇ ਮਸਤਕ ਬੰਨ੍ਹੀ ਪੱਟੀ, ਪੂਰਨ ਗੋਬਿੰਦ ਗੋਬਿੰਦ ਪੂਰਨ ਧੁਰ ਦਾ ਮਾਹੀਆ । ਉਹਨਾਂ ਦੋ ਜਹਾਨਾਂ ਖੱਟੀ ਖੱਟੀ, ਖਟਕਾ ਅਵਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਦੀ ਚੌਧਵੀਂ ਕਹੇ ਕਿਥੇ ਮੇਰਾ ਚੋਬਦਾਰ, ਹੋਕਾ ਹੱਕ ਦਏ ਸੁਣਾਈਆ । ਸਭ ਨੂੰ ਕਰੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਦ੍ਰਿੜਾਈਆ । ਹੋ ਜਾਵੇ ਹੁਸ਼ਿਆਰ, ਆਲਸ ਨਿੰਦਰਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੇਰੀ ਤੂੰਬੀ ਵੱਜਦੀ, ਧੁਰ ਦੀ ਸਤਾਰ ਹਿਲਾਈਆ । ਅੱਗੇ ਲੋੜ ਰਹਿਣੀ ਨਹੀਂ ਕਿਸੇ ਹਜ ਦੀ, ਕਾਅਬਿਆਂ ਪੰਧ ਮੁਕਾਈਆ । ਇਕੋ ਮਰਿਯਾਦਾ ਹੋਣੀ ਜਗ ਦੀ, ਜਗਜੀਵਣ ਦਾਤਾ ਸਾਰੇ ਮੰਨਣ ਥਾਉਂ ਥਾਈਂਆ । ਪੂਜਾ ਰਹਿਣੀ ਨਹੀਂ ਅੱਗ ਦੀ, ਜਲ ਸੀਸ ਨਾ ਕੋਇ ਨਿਵਾਈਆ । ਖੇਲ ਮੁਕ ਜਾਣੀ ਮੰਦਰ
੧੬੭੨ ਮਸੀਤਾਂ ਮਠ ਦੀ, ਗੁਰੂਦਵਾਰ ਵੇਖਣ ਚਾਈਂ ਚਾਈਂਆ । ਰੀਤੀ ਬਦਲਣੀ ਚਾਰ ਵਰਨਾਂ ਦੇ ਇਕੱਠ ਦੀ, ਮਜ਼੍ਹਬੀ ਵੰਡ ਨਾ ਕੋਇ ਵੰਡਾਈਆ । ੧੬੭੨
ਪ੍ਰਭ ਧਾਰ ਪਰਗਟਾਉਣੀ ਘਟ ਘਟ ਦੀ, ਪਰਦਾ ਓਹਲਾ ਆਪ ਚੁਕਾਈਆ । ਖੇਲ ਵੇਖਣਾ ਜਿਨ੍ਹਾਂ ਰੂਪ ਧਰਿਆ ਇਕ ਜ਼ਾਤ ਜੱਟ ਦੀ, ਇਕ ਜ਼ਾਤੀ
੨੨ ਵਾਲੀਆਂ ਇਕੱਠੀਆਂ ਹੋ ਕੇ ਦੇਣ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ੨੨
ਇਕ ਵਰਤਾਈਆ । ਸਦੀ ਚੌਧਵੀਂ ਕਹੇ ਜਿਨ੍ਹਾਂ ਮਸਤਕ ਬੱਧੀਆਂ ਪੱਟੀਆਂ, ਮਿਲਿਆ ਮੇਲ ਧੁਰਦਰਗਾਹੀਆ । ਲੇਖਾ ਮੁਕਣਾ ਉਹਨਾਂ ਛੱਤੀਆਂ, ਜੋ ਛੱਤੀ ਪ੍ਰਭ ਦੀ ਓਟ ਤਕਾਈਆ । ਜਿਨ੍ਹਾਂ ਪੁੱਠਿਆਂ ਹੱਥਾਂ ਦੀਆਂ ਉਂਗਲਾਂ ਰੱਤੀਆਂ, ਰੰਗ ਧੁਰ ਦੇ ਨਾਲ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਸਦੀ ਚੌਧਵੀਂ ਕਹੇ ਮੈਂ ਵੇਖਣੇ ਉਹ ਜਵਾਨ ਸ਼ੌਕੀਨ, ਸੋਹਣੇ ਬਾਂਕੇ ਨਜ਼ਰੀ ਆਈਆ । ਜਿਨ੍ਹਾਂ ਨੂੰ ਮਾਰਗ ਮਿਲਿਆ ਇਕ ਮਹੀਨ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸੁਣੀ ਪੜ੍ਹੀ ਇਕ ਤਾਲੀਮ, ਧੁਰ ਸੰਦੇਸ਼ਾ ਰਾਗ ਅਲਾਹੀਆ । ਗ੍ਰਿਹਿ ਪਾਇਆ ਆਲੀਸ਼ਾਨ ਅਜ਼ੀਮ, ਦਰਗਹ ਸਚ ਵੱਜੀ ਵਧਾਈਆ । ਗੁਰਮੁਖ ਗ਼ਰੀਬੋ ਅੱਗੇ ਆਵੋ ਦੋਵੇਂ ਤੇ ਸਭ ਦੀ ਕਰ ਦੇਣੀ ਤਰਮੀਮ, ਬਦਲਾ ਹੋਵੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਗੁਰਮੁਖ ਕੋਇ ਨਾ ਹੋਵੇ ਗ਼ਰੀਬ ਮਾੜਾ, ਭੁੱਖਾ ਨੰਗਾ ਨਾ ਕੋਇ ਅਖਵਾਈਆ । ਜਿਨ੍ਹਾਂ ਨੂੰ ਮਿਲ ਗਿਆ ਧੁਰ ਦਾ ਲਾੜਾ, ਸਚਖੰਡ ਦਾ ਮਾਲਕ ਨੂਰ ਇਲਾਹੀਆ । ਉਹ ਦੋ ਜਹਾਨਾਂ ਪਾਰ ਕਰੇ ਕਿਨਾਰਾ, ਅਧਵਿਚਕਾਰ ਨਾ ਕੋਇ ਲਟਕਾਈਆ । ਜਿਥੇ ਪਹੁੰਚ ਸਕੇ ਨਾ ਕੋਇ ਸ਼ਾਹ ਦਾਰਾ, ਮਾਇਆਧਾਰੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ

ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਗ਼ਰੀਬੋ ਵੇਖੋ ਦਿਸ਼ਾ ਲਹਿੰਦੀ, ਕੀ ਆਪਣੀ ਕਾਰ ਭੁਗਤਾਈਆ । ਜਿਨ੍ਹਾਂ ਦੇ ਨਾਲ ਕੂੜ ਕੁੜਿਆਰੀ ਧਾਰ ਖਹਿੰਦੀ, ਟੱਕਰ ਹਉਮੇ ਵਾਲੀ ਰਖਾਈਆ । ਧੁਰ ਦਾ ਹੁਕਮ ਹੁਕਮ ਸਹਿੰਦੀ, ਸਿਰ ਸਕੇ ਨਾ ਕੋਇ ਉਠਾਈਆ । ਮੁਹੰਮਦ ਦੀ ਆਸ਼ਾ ਜਾਏ ਢਹਿੰਦੀ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਆਪਣੀ ਕਾਰ ਭੁਗਤਾਈਆ । ਸਦੀ ਚੌਧਵੀਂ ਕਹੇ ਸੁਣੋ ਹੁਕਮ ਹੌਲੀ ਹੌਲੀ, ਮੇਰਾ ਸਾਹਿਬ ਰਿਹਾ ਸੁਣਾਈਆ । ਜਿਨ੍ਹਾਂ ਦੇ ਗਲ ਤੰਦ ਮੌਲੀ, ਮੌਲਾ ਮਿਲਿਆ ਬੇਪਰਵਾਹੀਆ । ਛੇਤੀ ਮੂਲ ਨਾ ਕਰੇ ਤੌਲੀ, ਜੁਗ ਜੁਗ ਆਪਣਾ ਖੇਲ ਖਿਲਾਈਆ । ਜਨ ਭਗਤੋ ਸੰਮਤ ਸ਼ਹਿਨਸ਼ਾਹੀ ਸੱਤ ਉਮਤ ਦੀ ਕੀਤੀ ਬਹੁਣੀ, ਪਹਿਲੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਪੀਹੜਾ ਕਹੇ ਮੈਂ ਬੜਾ ਰੰਗਲਾ, ਚੜ੍ਹਿਆ ਰੰਗ ਲਾਲ । ਮੈਨੂੰ ਭਗਤਾਂ ਦਾ ਸੋਹਣਾ ਲੱਗਾ ਬੰਗਲਾ, ਜਿਥੇ ਮਿਲੇ ਹਰਿ ਗੋਪਾਲ । ਸ਼ਰਅ ਦੇ ਟੁੱਟਣ ਸੰਗਲਾ, ਵੇਖਿਆ ਖੇਲ ਕਮਾਲ । ਚਾਰ ਵਰਨਾਂ ਲਾਵੇ ਅੰਗਣਾ, ਭੇਵ ਖੋਲ੍ਹੇ ਬੇਮਿਸਾਲ । ਦੀਨ ਦਿਆਲ ਬਣ ਬਖ਼ਸ਼ੰਦਨਾ, ਜਨਮ ਕਰਮ ਦੀ ਲੇਖੇ ਲਾਵੇ ਘਾਲ ਸਚ ਸੁਣਾ ਕੇ ਇਕੋ ਛੰਦਨਾ, ਲੈ ਜਾਏ ਸਚਖੰਡ ਸੱਚੀ ਧਰਮਸਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਜਿਸ ਦੀ ਪਿੱਠ ਉਤੇ ਪੁੱਠੀ ਕਿਰਪਾਨ, ਬਸਤਰ ਜਗਤ ਰੰਗ ਰੰਗਾਈਆ । ਉਹ ਆਵੇ ਵਿਚ ਮੈਦਾਨ, ਆਪਣੀ ਲਏ ਅੰਗੜਾਈਆ । ਉਚੀ ਕਹੇ ਪ੍ਰਭੂ ਨੇ ਮੇਟਣੇ ਸ਼ਰਅ ਵਾਲੇ ਸ਼ੈਤਾਨ, ਉਲਟੀ ਸਭ ਦੀ ਮਤ ਕਰਾਈਆ । ਕਿਸੇ ਦਾ ਰਹਿਣਾ ਨਹੀਂ ਹੱਕ ਈਮਾਨ, ਅਮਲ ਕੂੜ ਵਿਚ ਦੁਹਾਈਆ । ਅਵਤਾਰ ਪੈਗ਼ੰਬਰ ਸਾਰੇ ਅੰਤ ਤਕਾਣ, ਬਿਨ ਨੈਣਾਂ ਨੈਣ ਉਠਾਈਆ । ਸਦੀ ਚੌਧਵੀਂ ਅੰਤ ਯੁੱਧ ਹੋਣਾ ਘਮਸਾਨ, ਘੁੰਮਣ ਘੇਰੀ ਵਿਚ ਜਗਤ ਲੋਕਾਈਆ । ਸ਼ਾਹ ਕੰਗਾਲਾਂ ਕੋਇ ਨਾ ਰਹੇ ਪਹਿਚਾਨ, ਵੱਖਰੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਪੀੜ੍ਹਾ ਕਹੇ ਮੈਂ ਆਇਆ ਬਣ ਕੇ, ਆਪਣਾ ਪੰਧ ਚੁਕਾ । ਮੇਰੇ ਉਤੇ ਗ੍ਰੰਥ ਸ਼ਾਸਤਰ ਅਣਗਿਣਤ ਗਏ ਧਰ ਕੇ, ਅੱਖਰਾਂ ਵਾਲਾ ਲੇਖ ਲਿਖਾ । ਜਿਨ੍ਹਾਂ ਨੂੰ ਜਗਤ ਗੁਜ਼ਾਰਾ ਰਿਹਾ ਕਰਦਾ ਪੜ੍ਹ ਕੇ, ਇਕ ਦੂਜੇ ਸਰਵਣ ਜਗਤ ਸੁਣਾ । ਮਜ਼੍ਹਬਾਂ ਪਿਛੇ ਮਰਦੇ ਰਹੇ ਲੜ ਕੇ, ਭਾਣਾ ਵਰਤਾਉਂਦਾ ਰਿਹਾ ਬੇਪਰਵਾਹ । ਸਚ ਦੀ ਮੰਜ਼ਲ ਅਵਤਾਰ ਪੈਗ਼ੰਬਰ ਗੁਰੂ ਚੜ੍ਹ ਕੇ, ਫਿਰ ਵੀ ਨਾਮ ਕਲਮੇ ਦੀਆਂ ਵੰਡਾਂ ਗਏ ਪਾ । ਸਦੀ ਚੌਧਵੀਂ ਕਹੇ ਜਿਨ੍ਹਾਂ ਨੂੰ ਵੇਖ ਕੇ ਮੇਰਾ ਸੀਨਾ ਧੜਕੇ, ਤੇ ਮੇਰਾ ਅੰਤਮ ਬਣੇ ਗਵਾਹ । ਪ੍ਰਭ ਦੀ ਰੀਤ ਕੋਈ ਜਾਏ ਅੱਗ ਵਿਚ ਸੜ ਕੇ, ਕੋਈ ਮਾਟੀ ਖ਼ਾਕ ਦਿਤੇ ਦਫ਼ਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਚ ਹੁਕਮ ਵਰਤਾ । ਤਲਵਾਰ ਕਹੇ ਮੇਰੀ ਪੁੱਠੀ ਨੋਕ, ਜਗਤ ਧਾਰ ਸਮਝਾਈਆ । ਲੇਖਾ ਮੁਕਣਾ ਚੌਦਾਂ ਲੋਕ, ਪਰਲੋਕ ਰਹੇ ਕੁਰਲਾਈਆ । ਪ੍ਰਭ ਦਾ ਭਾਣਾ ਸਕੇ ਨਾ ਕੋਇ ਰੋਕ, ਅੱਗੇ ਹੋ ਨਾ ਕੋਇ ਅਟਕਾਈਆ । ਜਿਸ ਦਾ ਪ੍ਰਕਾਸ਼ ਇਕੋ ਨਿਰਮਲ ਜੋਤ, ਜੋਤੀ ਜਾਤਾ ਡਗਮਗਾਈਆ । ਉਥੇ ਪਹੁੰਚੇ ਕਿਸੇ ਨਾ ਸੋਚ, ਬੁੱਧੀ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਆਪਣੀ

ਖੇਲ ਖਿਲਾਈਆ । ਸਦੀ ਚੌਧਵੀਂ ਕਹੇ ਖੇਲ ਹੋਣਾ ਪ੍ਰਭੂ ਦਾ ਜਗਤ, ਜਗਤ ਜਗਿਆਸੂਆਂ ਦਿਆਂ ਜਣਾਈਆ । ਜਿਨ੍ਹਾਂ ਮਸਤਕ ਲੇਖ ਲਿਖ ਕੇ ਲਾਇਆ ਇਕੋ ਪ੍ਰਭੂ ਫ਼ਕਤ, ਫ਼ਿਕਰਾ ਇਕੋ ਪੜ੍ਹਾਈਆ । ਉਹਨਾਂ ਦਾ ਖ਼ੁਸ਼ੀਆਂ ਵਾਲਾ ਬਰਸ, ਸੰਮਤ ਸ਼ਹਿਨਸ਼ਾਹੀ ਨਾਲ ਵਡਿਆਈਆ । ਮਿਹਰਵਾਨ ਰਹਿਮਤ ਕਰੇ ਤਰਸ, ਅੰਮ੍ਰਿਤ ਮੇਘ ਮੇਘ ਬਰਸਾਈਆ । ਜੋ ਨਿਰਗੁਣ ਧਾਰੋਂ ਆਇਆ ਪਰਤ, ਪਤਿਪਰਮੇਸ਼ਵਰ ਇਕ ਅਖਵਾਈਆ । ਦੁਰਗਾ ਦੀ ਪੂਰੀ ਕਰੇ ਸ਼ਰਤ, ਸ਼ਰਅ ਦਾ ਲੇਖਾ ਨਾਲ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਦੀਪਕ ਕਹਿਣ ਅਸੀਂ ਜਗਦੇ ਰਹੇ ਮਾਤ, ਜੁਗ ਜੁਗ ਸੇਵ ਕਮਾਈਆ । ਸਾਨੂੰ ਬਾਲਦੇ ਰਹੇ ਰਾਤ, ਦਿਵਸ ਰੰਗ ਨਾ ਕੋਇ ਰੰਗਾਈਆ । ਅਸੀਂ ਖੜ੍ਹੇ ਰਹੇ ਇਕਾਂਤ, ਆਪਣਾ ਆਪ ਨਾ ਕੋਇ ਬਦਲਾਈਆ । ਵੇਖਦੇ ਰਹੇ ਕਿਸ ਵੇਲੇ ਆਵੇ ਕਮਲਾਪਾਤ, ਪਤਿਪਰਮੇਸ਼ਵਰ ਬੇਪਰਵਾਹੀਆ । ਸਾਨੂੰ ਦੇਵੇ ਸਚ ਸੌਗਾਤ, ਧੁਰ ਦਾ ਨਾਮ ਵਡ ਵਡਿਆਈਆ । ਸਾਡੀ ਪੂਰੀ ਹੋਵੇ ਆਸ, ਤ੍ਰਿਸ਼ਨਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਸਦੀ ਚੌਧਵੀਂ ਕਹੇ ਜਿਹੜਾ ਖਲੋਤਾ ਉਤੇ ਨੌਂ ਕਦਮ, ਕਦਮਾਂ ਵਿਚ ਸੀਸ ਨਿਵਾਈਆ । ਸ੍ਰਿਸ਼ਟੀ ਦਾ ਚਲਣਾ ਨਹੀਂ ਕੋਇ ਯਤਨ, ਯਥਾਰਥ ਪ੍ਰਭ ਆਪਣਾ ਹੁਕਮ ਵਰਤਾਈਆ । ਅੰਤਮ ਪੈਂਡਾ ਮੁਕਾ ਅਖ਼ੀਰੀ ਪੱਤਨ, ਪਾਂਧੀ ਰੋਵਣ ਮਾਰਨ ਧਾਹੀਆ । ਪੈਗ਼ੰਬਰ ਅਵਤਾਰ ਰਾਹ ਤਕਣ, ਗੁਰੂ ਗੁਰਦੇਵ ਅੱਖ ਖੁਲ੍ਹਾਈਆ । ਕੀ ਖੇਲ ਕਰੇ ਪੁਰਖ ਸਮਰਥਣ, ਹਰਿ ਵਡਾ ਵਡ ਵਡਿਆਈਆ । ਕਿਸ ਬਿਧ ਭਗਤਾਂ ਆਵੇ ਪੈਜ ਰੱਖਣ, ਹੋਵੇ ਮਾਤ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਉਮਤ ਦੀ ਦੇ ਦਿਓ ਕੁਨਾਲੀ, ਮਾਟੀ ਕਾਚੀ ਸੋਭਾ ਪਾਈਆ । ਵਿਚ ਰੱਖਣੀ ਬੇਰੀ ਦੀ ਡਾਲੀ, ਗੋਲੀ ਜੋਗਿੰਦਰ ਦਏ ਟਿਕਾਈਆ । ਅੱਗੇ ਆਉਣੀ ਰੈਣ ਅੰਧੇਰੀ ਕਾਲੀ, ਕਾਲਾ ਸੂਸਾ ਦਏ ਗਵਾਹੀਆ । ਜਨ ਭਗਤੋ ਉਮਤ ਦੀ ਉਮਰ ਰਹੀ ਨਹੀਂ ਬਾਹਲੀ, ਥੋੜਾ ਸਮਾਂ ਆਪਣਾ ਝਟ ਲੰਘਾਈਆ । ਕੋਈ ਜੀਉਂਦਾ ਰਿਹਾ ਸ਼ਾਲੀ, ਕੋਈ ਸ਼ਹਿਨਸ਼ਾਹ ਨਾਲ ਮਿਲ ਕੇ ਆਪਣੀ ਖ਼ੁਸ਼ੀ ਬਣਾਈਆ । ਅੰਤਮ ਸਭ ਦਾ ਇਕੋ ਹੋਣਾ ਪਾਲੀ, ਪਾਲਣਹਾਰ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਡਾਲੀ ਕਹੇ ਨੀ ਗੋਲੀਏ ਮੈਂ ਤੇਰੇ ਨਾਲ ਲੱਗ ਗਈ ਛਾਪੀ, ਕੰਡਾ ਖਾਰ ਜਗਤ ਨਜ਼ਰੀ ਆਈਆ । ਜਿਧਰ ਤਕਾਂ ਭਗਤਾਂ ਨਾਲੋਂ ਬਹੁਤੇ ਪਾਪੀ, ਵੇਖ ਕੇ ਦਿਆਂ ਦੁਹਾਈਆ । ਮੇਰੀ ਆਸ਼ਾ ਅੰਦਰੋਂ ਕਾਂਪੀ, ਹਿਲ ਹਿਲ ਕੇ ਰਹੀ ਡਰਾਈਆ । ਪਤਾ ਨਹੀਂ ਪ੍ਰਭੂ ਕਿਉਂ ਨਹੀਂ ਮਿਲਿਆ ਧੁਰ ਦਾ ਸਾਕੀ, ਜੋ ਸਚ ਦਾ ਜਾਮ ਪਿਆਈਆ । ਉਹ ਤਕ ਅਵਤਾਰ ਪੈਗ਼ੰਬਰ ਗੁਰੂ ਉਤੋਂ ਵੇਖਦੇ ਸਚਖੰਡ ਦੀ ਖੋਲ੍ਹ ਕੇ ਨਿੱਕੀ ਤਾਕੀ, ਬਿਨਾ ਨਿਗਹ ਤੋਂ ਨਿਗਹ ਟਿਕਾਈਆ । ਮਿਹਰਵਾਨ ਮਹਿਬੂਬ ਚੜ੍ਹਿਆ ਸ਼ਬਦ ਅਸਵ ਅਗੰਮੇ ਰਾਕੀ, ਰਕਾਬਾਂ ਵਿਚ ਚਰਨ ਨਾ ਕੋਇ ਟਿਕਾਈਆ । ਉਸ ਦਾ ਹੁਕਮ ਵਰਤਣਾ ਸ਼ਤਾਬੀ, ਸ਼ਰਅ ਦਾ ਲੇਖਾ ਰਹੇ ਨਾ ਰਾਈਆ । ਫਿਰੇ ਘਰ ਘਰ ਵਿਚ ਮਹਿਰਾਬੀ, ਆਪਣੀ ਸਿਤਾਰ ਵਜਾਈਆ । ਉਹ ਮਾਝੇ ਦਾ ਵਾਸੀ ਤੇ ਲੋਕ ਕਹਿੰਦੇ ਉਹਨੂੰ ਪੰਜਾਬੀ, ਪੰਜਾਂ ਦਾ ਮਾਲਕ ਸ਼ਾਹ ਪਾਤਸ਼ਾਹ ਸ਼ਹਿਨਸ਼ਾਹੀਆ । ਪਰ ਉਹਨੂੰ ਵੇਸ ਬਦਲਣ ਦੀ ਵਾਦੀ, ਜੁਗ ਜੁਗ ਆਪਣੀ

ਖੇਲ ਖਿਲਾਈਆ । ਹੁਣ ਖੇਲ ਵੇਖ ਲਓ, ਕੀ ਸਵਾਂਗ ਵਰਤਿਆ ਤੇ ਬਣਿਆ ਸਭ ਦਾ ਗਾਡੀ, ਗਹਿਰ ਗੰਭੀਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਕੁਨਾਲੀ ਕਹੇ ਮੈਂ ਖ਼ਾਲੀ, ਵੇ ਮੁਹੰਮਦਾ ਮੇਰੀ ਦੁਹਾਈਆ । ਚਾਰੋਂ ਕੁੰਟ ਰੈਣ ਕਾਲੀ, ਚੰਦ ਸਿਤਾਰ ਨਜ਼ਰ ਕੋਇ ਨਾ ਆਈਆ । ਮੈਂ ਜਿਧਰ ਜਾਵਾਂ ਮੈਨੂੰ ਚੰਬੜਦੀ ਕੰਡਿਆਂ ਵਾਲੀ ਡਾਲੀ, ਤੇਰੀ ਸ਼ਰਅ ਆਪਣਾ ਰੂਪ ਗਈ ਬਦਲਾਈਆ । ਕਲਮੇ ਦੀ ਰਹੀ ਨਾ ਹੱਕ ਹਲਾਲੀ, ਛੁਰੀ ਹਲਾਲ ਜ਼ਿਬਹ ਕਰ ਕੇ ਜੀਵਾਂ ਰਹੀ ਤੜਫਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਕਨਾਲੀ ਕਹੇ ਮੈਂ ਰਹਿਣਾ ਨਹੀਂ ਮਾਤ, ਮੇਰੇ ਮਾਲਕ ਮੇਰੀ ਦੁਹਾਈਆ । ਮੇਰੇ ਥਾਂ ਬਦਲ ਜਾਏ ਭਗਤਾਂ ਦੀ ਸੌਗ਼ਾਤ, ਨੌਂ ਖੰਡ ਵਿਚ ਨੌਂ ਬਰਤਣ ਆਪਣਾ ਰੂਪ ਲੈਣ ਬਦਲਾਈਆ । ਮੇਰੀ ਮਿੱਟੀ ਉਡਣੀ ਰਾਖ, ਖ਼ਾਕੀ ਖ਼ਾਕ ਰੋਵੇ ਮਾਰੇ ਧਾਹੀਆ । ਮੇਰਾ ਨਾਤਾ ਰਹਿਣਾ ਨਹੀਂ ਸੱਜਣ ਸਾਕ, ਨਬੀ ਰਸੂਲਾਂ ਪਲੂ ਲੈਣੇ ਛੁਡਾਈਆ । ਮੇਰੀ ਅੰਤ ਡੰਡਾਵਤ ਬੰਦਨਾ ਜੋੜ ਕੇ ਹਾਥ, ਸੱਯਦੇ ਵਿਚ ਸੀਸ ਝੁਕਾਈਆ । ਜਿਸ ਨੇ ਸ਼ਰਅ ਦਾ ਲੇਖਾ ਬਣਾਇਆ ਲਿਖ ਕੇ ਕਾਗ਼ਜ਼ਾਤ, ਉਹ ਲੇਖ ਲਿਖਾ ਕੇ ਕਾਗ਼ਜ਼ਾਂ ਉਤੇ ਫੇਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਸਦੀ ਚੌਧਵੀਂ ਕਹੇ ਮੇਰਾ ਇਕ ਇਸ਼ਾਰਾ, ਸੈਨਤ ਨਾਲ ਸਮਝਾਈਆ । ਜਨ ਭਗਤੋ ਵੇਖੋ ਸਾਹਿਬ ਦਾ ਖੇਲ ਨਿਆਰਾ, ਜੋ ਨਿਰਗੁਣ ਹੋ ਕੇ ਸਰਗੁਣ ਆਪਣਾ ਹੁਕਮ ਵਰਤਾਈਆ । ਜਿਸ ਦਾ ਕਰਦੇ ਆਏ ਇਜ਼ਹਾਰਾ, ਸਿਫ਼ਤਾਂ ਵਿਚ ਸਾਲਾਹੀਆ । ਉਹ ਪੀਰ ਬਣ ਕੇ ਜ਼ਾਹਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਪ੍ਰਗਟ ਹੋ ਕੇ ਚੌਵੀਆਂ ਅਵਤਾਰਾ, ਚੌਬੀਸਵਾਂ ਕਲ ਕਲਕੀ ਨਾਉਂ ਧਰਾਈਆ । ਜਿਸ ਦੀਆਂ ਨੌਂ ਖੰਡ ਪ੍ਰਿਥਮੀ ਪੁਜ ਜਾਣੀਆਂ ਸ਼ਬਦ ਵਾਲੀਆਂ ਤਾਰਾਂ, ਅੱਖਰਾਂ ਲੇਖ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਦੀ ਚੌਧਵੀਂ ਕਹੇ ਗੋਲੀਏ ਲਾ ਦੇ ਪੰਜ ਚੱਕਰ, ਚੱਕਰਵਰਤੀ ਦੇਣੇ ਹਿਲਾਈਆ । ਧੁਰਦਰਗਾਹੀ ਬਣ ਗਿਆ ਆਪ ਫੱਕਰ, ਫ਼ਕੀਰਾਂ ਸਮਝ ਕੋਇ ਨਾ ਆਈਆ । ਪਹਿਚਾਣ ਕਰੇ ਕੋਇ ਨਾ ਸੁਘੜ ਚਤੁਰ, ਅਕਲ ਬੁੱਧੀ ਭੇਵ ਕੋਇ ਨਾ ਪਾਈਆ । ਕਿਸੇ ਸੀਸ ਰਹਿਣ ਦੇਣਾ ਨਹੀਂ ਛਤਰ, ਛਤਰਧਾਰੀ ਦੇਣੇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੈਨੂੰ ਆਈ ਅਗੰਮ ਦੀ ਆਵਾਜ਼, ਭਗਤੋ ਦਿਆਂ ਸੁਣਾਈਆ । ਕੁਛ ਪਿਛਲਾ ਖੋਲ੍ਹਾਂ ਰਾਜ਼, ਪਰਦਾ ਪਰਦਿਆਂ ਵਿਚੋਂ ਉਠਾਈਆ । ਮੈਨੂੰ ਉਸ ਸਾਹਿਬ ਤੇ ਨਾਜ਼, ਜੋ ਨਜ਼ਾਕਤ ਵਿਚ ਆਪਣੀ ਕਾਰ ਭੁਗਤਾਈਆ । ਜਿਸ ਦੀ ਚਾਰ ਜੁਗ ਦੇ ਸ਼ਾਸਤਰ ਸਮਝ ਨਾ ਸਕੇ ਮਜ਼ਾਜ, ਅੰਤ ਕਹਿਣ ਕੋਇ ਨਾ ਆਈਆ । ਉਹਨੂੰ ਸਾਰੇ ਝੁਕ ਝੁਕ ਕਰਨ ਆਦਾਬ, ਸੱਯਦਿਆਂ ਵਿਚ ਸੀਸ ਝੁਕਾਈਆ । ਅੰਤ ਕਹਿ ਕੇ ਸਤਿਗੁਰੂ ਮਹਾਰਾਜ, ਆਪਣਾ ਪਲੂ ਲੈਣ ਛੁਡਾਈਆ । ਲੇਖੇ ਲਾ ਕਲਮੇ ਦੀ ਯਾਦ, ਦੀਨ ਦੁਨੀ ਵਿਚ ਵਰਤਾਈਆ । ਅੰਤ ਸਭ ਤੋਂ ਮੰਗਣ ਆ ਗਿਆ ਜਵਾਬ, ਲਾਜਵਾਬ ਸਭ ਨੂੰ ਦਏ ਕਰਾਈਆ । ਸਭ ਨੇ ਉਸ ਦਾ ਹੋਣਾ ਮੁਹਤਾਜ, ਮੰਗਣ ਸਾਰੇ ਥਾਉਂ ਥਾਈਂਆ । ਜੋ ਮਾਲਕ ਅੰਤ ਦਾ ਆਦਿ, ਮਧ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ,

੧੯੭੫ ੨੨

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਚ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਨੀ ਵੇਖ ਮੇਰੇ ਮਹਿਬੂਬ ਦਾ ਰਿਵਾਜ, ਸਿਰ ਫੁੱਲਾਂ ਨਾਲ ਸੁਹਾਈਆ । ਜਿਸ ਵੇਲੇ ਮਸੀਹ ਨੂੰ ਕੰਡਿਆਂ ਦਾ ਸੀ ਪਹਿਨਾਇਆ ਤਾਜ, ਫਾਸੀ ਜਗਤ ਵਾਲੀ ਲਟਕਾਈਆ । ਉਸ ਨੇ ਉਸ ਵੇਲੇ ਮੰਗੀ ਸੀ ਇਮਦਾਦ, ਹੱਥ ਦੋਵੇਂ ਉਪਰ ਉਠਾਈਆ । ਐ ਮੇਰੇ ਖ਼ੁਦਾ ਤੇ ਮੇਰੇ ਬਾਪ, ਤੇਰੀ ਬੇਪਰਵਾਹੀਆ । ਮੇਰਾ ਕੋਈ ਨਹੀਂ ਸੱਜਣ ਸਾਕ, ਸਾਥੀ ਸੰਗ ਨਾ ਕੋਇ ਨਿਭਾਈਆ । ਸਾਰੇ ਦੇ ਗਏ ਜਵਾਬ, ਪਲੂ ਪਲੂ ਨਾ ਕੋਇ ਬੰਧਾਈਆ । ਮੈਂ ਚਾਹੁੰਦਾ ਮੇਰੇ ਸੀਸ ਦੇ ਤਾਜ ਦਾ ਜੇ ਲੇਖਾ ਪੂਰਾ ਕਰਾਵੇਂ ਆਪ, ਲੋਕਮਾਤ ਫੇਰਾ ਪਾਈਆ । ਮੈਂ ਜ਼ਰੂਰ ਅਰਸ਼ਾਂ ਤੋਂ ਤੇਰਾ ਵੇਖਣ ਆਵਾਂਗਾ ਪ੍ਰਤਾਪ, ਫ਼ਰਸ਼ਾਂ ਉਤੇ ਫੇਰਾ ਪਾਈਆ । ਨੌ ਖੰਡ ਤੇਰੇ ਕਲਮੇ ਦੀ ਹੋਵੇ ਇਕੋ ਦਾਤ, ਨੌ ਫੁੱਲ ਦੇਣ ਗਵਾਹੀਆ । ਤੇਰੀ ਪੈਗ਼ੰਬਰ ਵਾਲੀ ਨਹੀਂ ਕੋਇ ਕਰਾਮਾਤ, ਜਗਤ ਵੰਡ ਨਾ ਕੋਇ ਵੰਡਾਈਆ । ਐ ਮੇਰੇ ਮਾਲਕ ਐ ਮੇਰੇ ਖ਼ੁਦਾ ਤੂੰ ਬੜਾ ਉਸਤਾਦ, ਤੇਰੀ ਉਸਤਾਦੀ ਸ਼ਗਿਰਦੀ ਸਮਝ ਕਿਸੇ ਨਾ ਆਈਆ । ਅਵਤਾਰਾਂ ਨੂੰ ਪੈਗ਼ੰਬਰਾਂ ਨੂੰ ਪੜ੍ਹਾ ਕੇ ਨਿੱਕੀ ਜੇਹੀ ਕਿਤਾਬ, ਅੱਖਰਾਂ ਨਾਲ ਪਰਚਾਈਆ । ਕਿਸੇ ਨੂੰ ਕਿਹਾ ਤੈਨੂੰ ਨਿਆਜ਼ ਦਿਤੀ ਕਿਸੇ ਨੂੰ ਕਿਹਾ ਤੈਨੂੰ ਖਵਾਇਆ ਪ੍ਰਸਾਦ, ਪ੍ਰਸਾਦ ਨੂੰ ਕਿਰਪਾ ਕਹਿ ਕੇ ਸਾਰੇ ਦਿਤੇ ਪਰਚਾਈਆ । ਪਰ ਤੇਰੀ ਕਿਰਪਾ ਨੇ ਦੀਨ ਮਜ਼੍ਹਬ ਬਣਾ ਕੇ ਪਵਾ ਦਿਤੇ ਫ਼ਸਾਦ, ਝਗੜਾ ਸਕੇ ਨਾ ਕੋਇ ਮਿਟਾਈਆ । ਭਾਵੇਂ ਮੈਂ ਤੈਨੂੰ ਕਹਿੰਦਾ ਗਾਡ, ਗਾਈਡ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਦੀ ਚੌਧਵੀਂ ਕਹੇ ਈਸਾ ਨੇ ਅੰਤ ਵੇਖਿਆ ਅਗੰਮਾ ਰੰਗ, ਮੇਰੇ ਤੋਂ ਪਹਿਲੋਂ ਧਿਆਨ ਲਗਾਈਆ । ਜਿਸ

੧੯੭੯ ਦਾ ਇਹੋ ਰੂਪ ਸੀ ਬਣਿਆ ਵਾਂਗ ਮਲੰਗ, ਕੱਪੜਾ ਮੋਢੇ ਉਤੇ ਸੁਟਾਈਆ । ਤਨ ਤੋਂ ਹੋਇਆ ਫੇਰ ਨੰਗ, ਖੁਲ੍ਹੜੇ ਕੇਸ ਦੇਣ ਗਵਾਹੀਆ । ਜਿਸ ੧੯੭੯

੨੨ ਦੇ ਸੀਸ ਤੇ ਕੰਡਿਆਂ ਦਾ ਤਾਜ ਦਿਤਾ ਟੰਗ, ਪੋਸ਼ਾਕ ਸੂਲਾਂ ਵਾਲੀ ਪਾਈਆ । ਉਸ ਵੇਲੇ ਮੰਗੀ ਉਸ ਨੇ ਮੰਗ, ਅੰਤਰ ਅੰਤਰ ਧਿਆਨ ਰਖਾਈਆ । ੨੨

ਮੈਂ ਤੇਰਾ ਚਾਹੁੰਦਾ ਇਕ ਅਨੰਦ, ਮੇਰਾ ਸੱਜਣ ਬੇਪਰਵਾਹੀਆ । ਸਦੀ ਵੀਹਵੀਂ ਜਾਏ ਮੂਲ ਨਾ ਲੰਘ, ਬੀਸ ਬੀਸੇ ਤੇਰੀ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਕੰਡੇ ਕਹਿਣ ਇਹ ਸੂਲਾਂ ਫੂਲ, ਤੇਰੇ ਅੱਗੇ ਵਾਸਤਾ ਪਾਈਆ । ਜਿਸ ਵੇਲੇ ਤੇਰਾ ਮਾਲਕ ਆਵੇ ਕੰਤ ਕੰਤੂਲ, ਹਰਿ ਕਰਤਾ ਧੁਰਦਰਗਾਹੀਆ । ਉਹ ਡੰਡੇ ਖਾ ਕੇ ਬਣਾਏ ਫੂਲ, ਫੂਲ ਫੂਲਨ ਰੰਗ ਰੰਗਾਈਆ । ਤੇਰਾ ਲਹਿਣਾ ਚੁਕਾਏ ਮੂਲ, ਬਾਕੀ ਰਹਿਣ ਕੋਇ ਨਾ ਪਾਈਆ । ਖ਼ੁਸ਼ੀਆਂ ਵਿਚ ਖ਼ੁਸ਼ੀ ਲਏ ਝੂਲ, ਝੂਲਿਆਂ ਦਾ ਡੇਰਾ ਢਾਹੀਆ । ਜਿਸ ਦਾ ਨਾ ਕੋਈ ਅਰਜ਼ ਤੇ ਨਾ ਕੋਇ ਤੂਲ, ਲੰਬਾਈ ਚੌੜਾਈ ਨਾ ਕੋਇ ਸਮਝਾਈਆ । ਉਸ ਦਾ ਇਕੋ ਹੋਵੇ ਅਸੂਲ, ਅਸਲ ਦਾ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਦੀ ਚੌਧਵੀਂ ਕਹੇ ਇਕ ਦਿਨ ਮੁਹੰਮਦ ਨੂੰ ਦੱਸਿਆ ਨਜ਼ਾਰਾ, ਮੇਰੇ ਪਰਵਰਦਿਗਾਰ ਦਿਤਾ ਜਣਾਈਆ । ਉਠ ਮੇਰਿਆ ਬਰਖ਼ੁਰਦਾਰਾ, ਪਰਦਾ ਪਰਦਿਆਂ ਵਿਚੋਂ ਹਟਾਈਆ । ਔਹ ਵੇਖ ਮੇਰਾ ਨੂਰ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਜਿਸ ਨੇ ਤੇਰਾ ਕਰਨਾ ਪਾਰ ਕਨਾਰਾ, ਨਈਆ ਮੇਰੇ ਘਾਟ ਪਹੁੰਚਾਈਆ । ਮੁਹੰਮਦ ਰੋ ਪਿਆ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਓਹਨੂੰ ਖ਼ੁਦਾ ਨੇ

੧੬੭੭ ੨੨

ਕੀਤਾ ਇਸ਼ਾਰਾ, ਬਿਨ ਸੈਨਤ ਦਿਤਾ ਸਮਝਾਈਆ । ਜਿਸ ਵੇਲੇ ਆਪ ਆਇਆ ਅਮਾਮ ਅਮਾਮਾ ਬਣ ਸਿਕਦਾਰਾ, ਸੂਰਬੀਰ ਵਡ ਵਡਿਆਈਆ । ਤੇਰਾ ਲੇਖੇ ਲਾਵੇ ਚੰਦ ਸਿਤਾਰਾ, ਧੁਰ ਦੀ ਸਿਤਾਰ ਨਾਲ ਵਜਾਈਆ । ਉਹਦਾ ਇਕੋ ਨਾਮ ਦਾ ਹੋਵੇ ਮੁਜ਼ਾਹਿਰਾ, ਚੌਦਾਂ ਤਬਕ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਰੰਗ ਆਪ ਰੰਗਾਈਆ । ਸਦੀ ਚੌਧਵੀਂ ਕਹੇ ਮੇਰੀਆਂ ਅੰਤ ਨਿਕਲਦੀਆਂ ਚਾਂਗਾ, ਚੀਕ ਚਿਹਾੜਾ ਦੇਵਾਂ ਪਾਈਆ । ਮੇਰੀਆਂ ਅੰਤ ਅੰਤ ਦੀਆਂ ਤਾਂਘਾਂ, ਖ਼ਾਹਿਸ਼ ਇਕੋ ਇਕ ਰਖਾਈਆ । ਪੈਗ਼ੰਬਰਾਂ ਦੀਆਂ ਦੱਸੀਆਂ ਹੋਈਆਂ ਭੁੱਲ ਜਾਣਾ ਬਾਂਗਾਂ, ਅਜ਼ਾਂ ਇਕੋ ਵਾਰ ਨਾ ਕੋਇ ਸੁਣਾਈਆ । ਕਿਉਂ ਪ੍ਰਭੂ ਨੇ ਆਪਣਿਆਂ ਭਗਤਾਂ ਪੰਜਾਂ ਨੂੰ ਫੜਾ ਦੇਣੀਆਂ ਹੱਥ ਵਿਚ ਡਾਂਗਾਂ, ਪੂਰਨ ਛਾਤੀ ਛਾਤੀ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੇਰੇ ਪਰਵਰਦਿਗਾਰ, ਤੇਰੀ ਇਕ ਸਰਨਾਈਆ । ਤੇਰਾ ਲੇਖਾ ਵਿਚ ਸੰਸਾਰ, ਸਾਹਿਬ ਤੇਰੀ ਵਡ ਵਡਿਆਈਆ । ਤੇਰੇ ਨੂਰ ਦਾ ਨੂਰ ਉਜਿਆਰ, ਨੂਰ ਨੁਰਾਨਾ ਨਜ਼ਰੀ ਆਈਆ । ਤੂੰ ਇਕ ਤੇ ਇਕ ਦਾ ਯਾਰ, ਇਕ ਇਕ ਨਾਲ ਵਡਿਆਈਆ । ਤੇਰਾ ਕਲਮਾ ਬੇਐਬ ਪਰਵਰਦਿਗਾਰ, ਬੇਐਬ ਇਕ ਅਖਵਾਈਆ । ਮੇਰੀ ਕਦਮਬੋਸੀ ਨਾਲ ਨਿਮਸਕਾਰ, ਸੱਯਦੇ ਵਿਚ ਸੀਸ ਝੁਕਾਈਆ । ਅੰਤਮ ਮੈਨੂੰ ਆਈ ਹਾਰ, ਰੋ ਕੇ ਮਾਰਾਂ ਧਾਹੀਆ । ਨਾਤਾ ਤੁਟਣਾ ਸੰਗ ਮੁਹੰਮਦ ਚਾਰ ਯਾਰ, ਯਾਰੀ ਤੋੜ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕ ਪ੍ਰਗਟਾਈਆ । ਸਦੀ ਚੌਧਵੀਂ ਕਹੇ ਮੈਨੂੰ ਲੈ ਲੈਣ ਦਿਉ ਸਾਹ, ਥੱਕੀ ਟੁੱਟੀ ਦਿਆਂ ਸੁਣਾਈਆ । ਮੈਂ ਭੁੱਲ ਗਈ ਮੱਕੇ ਮਦੀਨੇ ਦਾ ਰਾਹ, ਔਜੜ ਰਾਹ ਗਈ ਆਈਆ । ਏਥੇ ਖ਼ੁਦਾ ਨੂੰ ਕਹਿਣ ਸਚੇ ਪਾਤਸ਼ਾਹ, ਕੀ ਤੇਰੀ ਬੇਪਰਵਾਹੀਆ । ਮੈਂ ਕਿਸ ਨਾਲੋਂ ਹੋਈ ਜੁਦਾ, ਕਿਸ ਵਿਚ ਸਮਾਈਆ । ਮੈਨੂੰ ਛੋਟੀ ਜੇਹੀ ਗੱਲ ਸੁਣਾ, ਬਿਨ ਅੱਖਰਾਂ ਦੇਣੀ ਦ੍ਰਿੜਾਈਆ । ਮੇਰਿਆ ਮਾਲਕਾ ਖ਼ਲਕ ਦਿਆ ਖ਼ਾਲਕਾ ਕਿਹਨੂੰ ਕਹਿੰਦੇ ਗੁਨਾਹ, ਪਾਕ ਕਵਣ ਅਖਵਾਈਆ । ਮੈਂ ਤੇ ਜਿਧਰ ਤੱਕਿਆ ਜਿਧਰ ਵੇਖਿਆ ਤੇਰੇ ਮੁੱਲਾ ਸ਼ੇਖ਼ ਮੁਸਾਇਕ ਜੀਵਾਂ ਕਰਨ ਜ਼ਿਬਹ, ਛੁਰੀ ਕਰਦ ਹੱਥ ਉਠਾਈਆ । ਮੇਰੀ ਗੋਲੀ ਕਹਿੰਦੀ ਹਾਏ ਮੇਰਿਆ ਰੱਬਾ,

ਚੰਦ ਸਿਤਾਰਾ ਕਹੇ ਜਿਨ੍ਹਾਂ ਕਟਾਈਆਂ ਲਬਾਂ, ਲੇਖਾ ਦੇਣਾ ਮੁਕਾਈਆ । ਸ਼ਰੀਅਤ ਦੀਆਂ ਰਹਿਣ ਮੂਲ ਨਾ ਹੱਦਾਂ, ਇਕੋ ਤੇਰਾ ਨੂਰ ਹੋਵੇ ਰੁਸ਼ਨਾਈਆ । ਤੂੰ ਸਭ ਦਾ ਪਿਤਾ ਤੇ ਸਭ ਦਾ ਅੱਬਾ, ਅੰਮੀਜਾਨ ਇਕ ਅਖਵਾਈਆ । ਮੇਰੀ ਦੁਹਾਈ ਤੇ ਮੇਰਾ ਸੱਦਾ, ਆਉਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੀ ਧਾਰ ਆਪ ਸਮਝਾਈਆ । ਪਰਵਰਦਿਗਾਰ ਕਹੇ ਸੁਣ ਨੀ ਚੌਧਵੀਂ ਸਦੀ ਛੋਟੀ, ਆਯੂ ਨਿੱਕੀ ਵਾਲੀਏ ਦਿਆਂ ਜਣਾਈਆ । ਔਹ ਵੇਖ ਮੇਰੇ ਸ਼ਬਦ ਦੀ ਧਾਰ ਅਗੰਮੀ ਸੋਟੀ, ਜੋ ਦੋ ਜਹਾਨਾਂ ਰਹੀ ਡਰਾਈਆ । ਜਿਨ੍ਹਾਂ ਖਾਧੀ ਗੋਸ਼ਤ ਬੋਟੀ, ਉਹਨਾਂ ਦੀ ਕਰਾਂ ਸਫ਼ਾਈਆ । ਜਗਤ ਉਤੇ ਇਕ ਅਹਾਰ ਰਹਿਣਾ ਅੰਨ ਤੇ ਰੋਟੀ, ਦੂਜਾ ਰਸਨਾ ਰਸ ਚੱਖਣ ਕੋਇ ਨਾ ਪਾਈਆ । ਦੀਨ ਦੁਨੀ ਵੇਖ ਰੋਤੀ, ਬਿਨ ਨੈਣਾਂ ਨੀਰ ਵਹਾਈਆ । ਬਿਨਾ ਭਗਤਾਂ ਤੋਂ ਆਤਮਾ ਸਭ ਦੀ ਸੋਤੀ, ਸੁੱਤੀ ਲਏ ਨਾ ਕੋਇ ਅੰਗੜਾਈਆ । ਸਦੀ ਚੌਧਵੀਂ ਤੇਰੀ ਖੁਲ੍ਹੀ ਗੁੱਤੀ, ਮੇਂਢੀ ਸੀਸ ਨਾ ਕੋਇ ਗੁੰਦਾਈਆ ।

੧੯੭੮ ੨੨

ਡੋਰੀ ਚੰਦ ਸਿਤਾਰੇ ਦੀ ਟੁੱਟੀ, ਟੁੱਟਿਆਂ ਗੰਢ ਨਾ ਕੋਇ ਪਵਾਈਆ । ਨੀ ਤੂੰ ਨੌਂ ਬਰਸਾਂ ਵਿਚ ਜਾਣਾ ਲੁੱਟੀ, ਅੱਗੇ ਹੋਵੇ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੈਂ ਕੀ ਰਹੀ ਪੜ੍ਹ, ਅਲਿਫ਼ ਯੇ ਤੋਂ ਬਾਹਰ ਪੜ੍ਹਾਈਆ । ਮੈਨੂੰ ਇਉਂ ਜਾਪਦਾ ਪਰਵਰਦਿਗਾਰ ਨੇ ਸ੍ਰਿਸ਼ਟੀ ਕਰਨੀ ਦੋ ਧੜ, ਧਰਮ ਦੀ ਵੰਡ ਵੰਡਾਈਆ । ਫਿਰ ਭਰਨਾ ਅੰਦਰ ਹੰਕਾਰ ਦਾ ਗੜ੍ਹ, ਹਉਮੇ ਨਾਲ ਰਲਾਈਆ । ਫੇਰ ਝਗੜਾ ਪਾਉਣਾ ਚੇਤਨ ਤੇ ਜੜ੍ਹ, ਚੋਟੀ ਬਹਿ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਰੰਗ ਆਪ ਰੰਗਾਈਆ । ਸਦੀ ਚੌਧਵੀਂ ਕਹੇ ਮੇਰੇ ਅੰਤ ਖੇਲ ਹੋਣਾ ਅਫ਼ਸੋਸਨਾਕ, ਅਫ਼ਜ਼ਲ ਦਿਆਂ ਦ੍ਰਿੜਾਈਆ । ਬੰਦੇ ਖ਼ਾਕੀ ਰਲਣੇ ਵਿਚ ਖ਼ਾਕ, ਖ਼ਾਕ ਖ਼ਾਕ ਨਾਲ ਉਡਾਈਆ । ਅਗਲੇ ਸਾਲ ਨੂੰ ਖੁਲ੍ਹਣਾ ਤਾਕ, ਖਿੜਕੀ ਹੁਕਮ ਵਾਲੀ ਖੁਲ੍ਹਾਈਆ । ਝਗੜਾ ਪੈਣਾ ਕਾਗ਼ਜ਼ਾਤ, ਅੱਖਰਾਂ ਨਾਲ ਰਲਾਈਆ । ਦੂਜੇ ਸਾਲ ਹੋਵੇ ਫ਼ਸਾਦ, ਫ਼ੈਸਲਾ ਵਿਚ ਹੋ ਨਾ ਕੋਇ ਕਰਾਈਆ । ਤੀਜੇ ਸਾਲ ਨੂੰ ਲੱਭਣੀ ਸਭ ਨੇ ਇਮਦਾਦ, ਸਿਰ ਹੱਥ ਨਾ ਕੋਇ ਰਖਾਈਆ । ਚੌਥੇ ਸਾਲ ਘਰ ਘਰ ਪੈਣੀ ਭਾਜ, ਭੱਜਣ ਵਾਹੋ ਦਾਹੀਆ । ਪੰਜਵੇ ਸਾਲ ਬਵਿੰਜਾ ਦੇਸ਼ਾਂ ਦਾ ਖੁਸਣਾ ਰਾਜ, ਸ਼ਾਹ ਨਜ਼ਰ ਕੋਇ ਨਾ ਆਈਆ । ਅਗਲੀ ਫੇਰ ਦੱਸਣੀ ਅਗੰਮ ਆਵਾਜ਼, ਪਰਦਾ ਪਰਦਿਆਂ ਵਿਚੋਂ ਉਠਾਈਆ । ਸਦੀ ਚੌਧਵੀਂ ਕਹੇ ਮੁਹੰਮਦਾ ਫੇਰ ਪੜ੍ਹਨੀ ਨਹੀਂ ਕਿਸੇ ਨਿਮਾਜ਼, ਰੋਜ਼ਾ ਬਾਂਗ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਰੰਗ ਇਕ ਰੰਗਾਈਆ । ਛੱਬੀ ਪੋਹ ਕਹੇ ਸਦੀ ਚੌਧਵੀਂ ਕੀ ਸੁਣਿਆ ਈ ਸ਼ਬਦ, ਕਲਮਾ ਕੀ ਦ੍ਰਿੜਾਈਆ । ਕਿਉਂ ਹੈਰਾਨ ਹੋ ਗਈਉਂ ਅਜਬ, ਕੀ ਲੀਲ੍ਹਾ ਰਿਹਾ ਵਰਤਾਈਆ । ਕਿਉਂ ਡਰ ਗਈ ਜਿਸ ਮੇਟਣੇ ਮਜ਼੍ਹਬ, ਦੀਨਾਂ ਕਰੇ ਸਫ਼ਾਈਆ । ਵੇਖੀਂ ਹੋਵੀਂ ਮੂਲ ਨਾ ਤੁਅਜਬ, ਹੈਰਾਨੀ ਵਿਚ ਨਾ ਆਈਆ । ਇਹਦਾ ਇਕੋ ਨੂਰ ਤੇ ਇਕੋ ਵਜਦ, ਵਜ਼ਾਹਤ ਇਕੋ ਨਾਮ ਸੁਣਾਈਆ । ਉਸੇ ਦਾ ਸਾਰੇ ਕਰਦੇ ਅਦਬ, ਡੰਡਾਵਤ ਬੰਦਨਾ ਸੱਯਦਿਆਂ ਵਿਚ ਸੀਸ ਨਿਵਾਈਆ । ਉਸੇ ਦੇ ਚੁੰਮਣੇ ਸਭ ਨੇ ਕਦਮ, ਕਦਮਬੋਸੀ ਕਰਕੇ ਖ਼ੁਸ਼ੀ ਬਣਾਈਆ । ਜਿਸ ਦਾ ਤਨ ਵਜੂਦ ਨਹੀਂ ਬਦਨ, ਨੂਰ ਨੁਰਾਨਾ ਡਗਮਗਾਈਆ । ਉਹ ਸੂਫ਼ੀਆਂ ਸੰਤਾਂ ਆਇਆ ਸੱਦਣ, ਭਗਤਾਂ ਜੋੜ ਜੁੜਾਈਆ । ਜਿਸ ਨੇ ਖੇਲ ਵੇਖਣਾ ਵਿਚ ਅਦਨ, ਆਅਲਾ ਅਦਨਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਦੀ ਚੌਧਵੀਂ ਕਹੇ ਮੇਰਾ ਫਿਰ ਹੋਣਾ ਠਾਂਡਾ ਸੀਨਾ, ਸੀਤਲ ਧਾਰ ਵਹਾਈਆ । ਜਿਸ ਵੇਲੇ ਰੁਖ਼ ਬਦਲ ਦਿਤਾ ਰੂਸਾ ਚੀਨਾ, ਪ੍ਰਭ ਆਪਣਾ ਹੁਕਮ ਵਰਤਾਈਆ । ਉਹ ਵਕਤ ਜ਼ਰੂਰ ਹੋਵੇਗਾ ਜੇਠ ਮਹੀਨਾ, ਭੁੱਲ ਰਹੇ ਨਾ ਰਾਈਆ । ਫੇਰ ਪਤਾ ਨਹੀਂ ਕਿਸ ਨੇ ਮਰਨਾ ਕਿਸ ਨੇ ਜੀਣਾ, ਜੀਵਣ ਹੱਥ ਕਿਸੇ ਨਾ ਆਈਆ । ਸਭ ਦਾ ਹੱਕ ਹਕੂਕ ਜਾਣਾ ਛੀਨਾ, ਮਾਲਕ ਮੁਲਕ ਨਾ ਕੋਇ ਅਖਵਾਈਆ । ਦੀਨ ਦੁਨੀ ਦੀ ਬਦਲਣੀ ਤਾਲੀਮਾ, ਮਜ਼੍ਹਬੀ ਰੰਗ ਨਾ ਕੋਇ ਰੰਗਾਈਆ । ਇਹ ਖੇਲ ਹੋਣਾ ਉਤੇ ਜ਼ਮੀਨਾ, ਧਰਨੀ ਧਵਲ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲ ਆਪ ਮਿਲਾਈਆ । ਛੱਬੀ ਪੋਹ ਕਹੇ ਜਨ ਭਗਤੋ ਤੁਹਾਡੀ ਜਨਣੀ ਇਕੋ ਮਾਂ, ਪਿਤਾ ਪੁਰਖ ਅਕਾਲ ਅਖਵਾਈਆ । ਜਿਸ ਨੇ ਅੰਤਰ

ਆਤਮ ਪਕੜੀ ਬਾਂਹ, ਬਾਹਰੋਂ ਨਜ਼ਰ ਕੋਇ ਨਾ ਆਈਆ । ਸਦਾ ਸੁਹੇਲਾ ਦੇਵੇ ਠੰਡੀ ਛਾਂ, ਅਗਨੀ ਤਤ ਨਾ ਕੋਇ ਤਪਾਈਆ । ਜਿਸ ਝਗੜਾ ਮੇਟਣਾ ਸੂਰ ਤੇ ਗਾਂ, ਢੋਰਾਂ ਸ਼ਰਅ ਨਾ ਕੋਇ ਰਖਾਈਆ । ਹੰਸ ਬੁੱਧੀ ਬਣਾਏ ਕਾਂ, ਕੂੜੀ ਕਿਰਿਆ ਬਾਹਰ ਕਢਾਈਆ । ਨਿਥਾਵਿਆਂ ਦੇਵੇ ਧੁਰ ਦਾ ਥਾਂ, ਦਰਗਹ ਸਾਚੀ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਭਿੰਨੀ ਰੈਣ ਕਹੇ ਮੈਂ ਆਈ ਜਗ, ਮਿਲੀ ਮਾਤ ਵਡਿਆਈਆ । ਦਰਸ਼ਨ ਕਰ ਸੂਰੇ ਸਰਬਗ, ਆਪਣੀ ਤ੍ਰਿਖਾ ਲਈ ਬੁਝਾਈਆ । ਮੈਂ ਸੰਦੇਸ਼ਾ ਦੇਵਾ ਝਬ, ਸੁਨੇਹੜਾ ਇਕ ਪੁਚਾਈਆ । ਦੀਨ ਦਿਆਲਾ ਲੈਣਾ ਲੱਭ, ਜੋ ਸਭ ਦਾ ਪਿਤਾ ਮਾਈਆ । ਅੰਤਮ ਸਭ ਨੇ ਜਾਣਾ ਲਦ, ਜਗ ਰਹਿਣ ਕੋਇ ਨਾ ਪਾਈਆ । ਚੁਰਾਸੀ ਵਿਚੋਂ ਮਾਨਸ ਜਨਮ ਇਕੋ ਅਖ਼ੀਰੀ ਹੱਦ, ਹਰਿਜੂ ਮਿਲਣਾ ਚਾਈਂ ਚਾਈਆ । ਸਾਕ ਸੱਜਣ ਸੈਣ ਜਾਣੇ ਛਡ, ਅੰਤ ਸੰਗ ਨਾ ਕੋਇ ਨਿਭਾਈਆ । ਅੰਤ ਕਿਉਂ ਉਸ ਪ੍ਰਭੂ ਤੋਂ ਹੋਏ ਅੱਡ, ਜੋ ਆਤਮ ਪਰਮਾਤਮ ਨਜ਼ਰੀ ਆਈਆ । ਜਿਸ ਦਾ ਆਦਿ ਅੰਤ ਇਕੋ ਨਦ, ਸੰਦੇਸ਼ਾ ਇਕੋ ਇਕ ਸੁਣਾਈਆ । ਜਨ ਭਗਤਾਂ ਉਪਜਾਏ ਯਦ, ਯਦੀ ਆਪਣਾ ਖੇਲ ਖਿਲਾਈਆ । ਜਿਸ ਨੂੰ ਮਜ਼੍ਹਬ ਦਾ ਨਹੀਂ ਕੋਇ ਲਬ, ਦੀਨਾਂ ਹਰਸ ਨਾ ਕੋਇ ਰਖਾਈਆ । ਉਸ ਦਾ ਮੇਲ ਹੁੰਦਾ ਨਾਲ ਸਬਬ, ਸਭ ਦਾ ਮਾਲਕ ਹੋਏ ਸਹਾਈਆ । ਜਿਸ ਦੀ ਸਾਰੇ ਮੰਗਦੇ ਮਦਦ, ਮਦਦਗਾਰ ਇਕ ਅਖਵਾਈਆ । ਉਹ ਇਕੋ ਨੂਰ ਤੇ ਇਕੋ ਅਦਦ, ਬਹੁ ਵੰਡ ਨਾ ਕੋਇ ਰਖਾਈਆ । ਜਿਸ ਨੇ ਕਲਜੁਗ ਅੰਤ ਮੇਟਣਾ ਤਸ਼ੱਦਦ, ਕਲਜੁਗ ਕੂੜ ਕੁਟੰਬ ਚੁਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਇਕੋ ਦਰਸਾਉਣਾ ਮਜ਼੍ਹਬ, ਦੂਜੀ ਜ਼ਾਤ ਨਾ ਕੋਇ ਬਣਾਈਆ । ਜਿਸ ਦਾ ਇਕੋ ਨਾਮ ਕਲਮਾ ਹੋਣਾ ਸ਼ਬਦ, ਸ਼ਬਦੀ ਸ਼ਬਦ ਡੰਕ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਘਰ ਸਮਝਾਈਆ । ਭਿੰਨੜੀ ਰੈਣ ਕਹੇ ਮੇਰਾ ਵਕਤ ਸੁਹੇਲਾ, ਸੁਹੰਜਣਾ ਦਿਆਂ ਜਣਾਈਆ । ਮੇਰੇ ਸਾਹਿਬ ਸੁਹਾਇਆ ਵੇਲਾ, ਘੜੀ ਪਲ ਨਾਲ ਵਡਿਆਈਆ । ਜਿਹੜਾ ਫਿਰਦਾ ਇਕ ਅਕੇਲਾ, ਇਕ ਏਕੰਕਾਰ ਨੂਰ ਇਲਾਹੀਆ । ਲੇਖਾ ਪੂਰਾ ਕਰੇ ਗੁਰੂ ਗੁਰ ਚੇਲਾ, ਚੇਲਾ ਗੁਰ ਆਪ ਹੋ ਜਾਈਆ । ਜਨ ਭਗਤਾਂ ਬਣਕੇ ਸੱਜਣ ਸੁਹੇਲਾ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਸਭ ਦੇ ਹੱਥ ਟਿਕਾਈਆ । ਭਿੰਨੜੀ ਰੈਣ ਕਹੇ ਮੇਰਾ ਪਰਮ ਪੁਰਖ ਕਰਤਾਰ, ਹਰਿ ਵਡਾ ਵਡ ਵਡਿਆਈਆ । ਜਿਸ ਕਲਜੁਗ ਵਿਚ ਸਤਿਜੁਗ ਦਿਤਾ ਉਸਾਰ, ਨੀਂਹ ਭਗਤਾਂ ਵਾਲੀ ਰਖਾਈਆ । ਗ਼ਰੀਬ ਨਿਮਾਣਿਆਂ ਪਾਵੇ ਸਾਰ, ਕੋੜ੍ਹਿਆਂ ਕਮਲਿਆਂ ਲਏ ਤਰਾਈਆ । ਮੌਤਾ ਸਿੰਘ ਪਾੜ ਆਪਣੀ ਦਸਤਾਰ, ਨਾਜ਼ਰ ਸਿੰਘ ਹੱਥ ਫੜਾਈਆ । ਨਾਜ਼ਰ ਸਿੰਘ ਸਚ ਸਿੰਘਾਸਣ ਥੱਲੇ ਦੇਵੇ ਵਾੜ, ਜਗਤ ਗ਼ਰੀਬੀ ਭਗਤਾਂ ਵਿਚੋਂ ਬਾਹਰ ਕਢਾਈਆ । ਸਭ ਦਾ ਖਾਣ ਪੀਣ ਦਾ ਚਲਦਾ ਰਹੇ ਵਿਹਾਰ, ਭੁੱਖਿਆਂ ਭੁੱਖ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਜਗਤ ਪੱਗ ਪਾਟੀ ਸ਼ਤਾਬੀ, ਜਿਸ ਸ਼ਰਅ ਦਿਤੀ ਗਵਾਈਆ । ਉਸ ਦੇ ਬਦਲੇ ਬੰਨ੍ਹ ਲੈ ਰੰਗ ਅਨਾਬੀ, ਰੰਗਤ ਰੰਗ ਵਿਚੋਂ ਬਦਲਾਈਆ । ਇਹ ਲੇਖ ਨਹੀਂ ਕੋਈ ਪਿਛਲਾ ਕਿਤਾਬੀ, ਪੜ੍ਹਿਆਂ ਹੱਥ ਕਿਸੇ ਨਾ ਆਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਸਾਹਿਬ ਸਤਿਗੁਰ ਹੋਇਆ ਰਾਜ਼ੀ, ਸਿਰ ਆਪਣਾ ਹੱਥ ਟਿਕਾਈਆ ।


੧੬੭੯ ੨੨

ਜਿਸ ਸ਼ਰਅ ਮੇਟਣੀ ਮੁੱਲਾ ਕਾਜ਼ੀ, ਝਗੜਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਦ ਆਪਣਾ ਹੁਕਮ ਵਰਤਾਈਆ । ਭਿੰਨੜੀ ਰੈਣ ਕਹੇ ਮੈਂ ਖੇਲ ਵੇਖਣੀ ਥਲ ਜਲ ਦੀ, ਜਲਦੀ ਜਲਦੀ ਧਿਆਨ ਲਗਾਈਆ । ਜਨ ਭਗਤੋ ਭਗਤ ਭੰਡਾਰੇ ਅੱਗ ਬਲਦੀ, ਦੋ ਜਹਾਨ ਕਰੇ ਰੁਸ਼ਨਾਈਆ । ਜਿਸ ਦੇ ਵਾਸਤੇ ਆ ਗਏ ਖੰਡ ਘਿਉ ਤੇ ਹਲਦੀ, ਬਰਤਨ ਨੌਂ ਰੰਗ ਰੰਗਾਈਆ । ਨੌ ਰੁਪਈਏ ਲੇਖਾ ਮੁਕਾਵਣ ਜਲਦੀ, ਮਾਇਆ ਕੂੜ ਵਾਲੀ ਚੁਕਾਈਆ । ਨੌਂ ਪੈਸੇ ਖੇਲ ਦੱਸਣ ਅਟਲ ਦੀ, ਨਵ ਦਵਾਰ ਦਾ ਡੇਰਾ ਢਾਹੀਆ । ਮੇਖਾ ਧਾਰ ਜਗਤ ਅਛੱਲ ਦੀ, ਜੜ੍ਹ ਕੂੜ ਵਾਲੀ ਪੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਭਿੰਨੜੀ ਰੈਣ ਕਹੇ ਗੋਲੀਏ ਮੁਖ ਵਿਚ ਲੈ ਲੈ ਲਾਲ ਰੁਮਾਲ, ਅੱਖਾਂ ਲਾਲ ਦੁਰਗਾ ਵੱਲ ਉਠਾਈਆ । ਉਠ ਕੇ ਕਹੋ ਸਭ ਦੇ ਸਿਰ ਤੇ ਕੂਕਦਾ ਕਾਲ, ਨਗਾਰਾ ਜਗਤ ਵਾਲਾ ਵਜਾਈਆ । ਜਨ ਭਗਤੋ ਵਕਤ ਲੈਣਾ ਸੰਭਾਲ, ਸੰਬਲ ਬੈਠਾ ਧੁਰ ਦਾ ਮਾਹੀਆ । ਜਿਸ ਨੇ ਇਕੋ ਰੰਗ ਰੰਗਾਉਣਾ ਸ਼ਾਹ ਕੰਗਾਲ, ਵੱਡਾ ਛੋਟਾ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਿਥੇ ਹੋਵੇਗੇ ਉਥੇ ਕਰੇਗਾ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਜਿਸ ਸੁਣਿਆ ਮੁਰੀਦਾਂ ਹਾਲ, ਮੁਰਸ਼ਦ ਅਗੰਮ ਅਥਾਹੀਆ । ਉਸ ਨੇ ਕੰਡਿਆਂ ਵਾਲੀ ਬੇਰੀ ਦਾ ਫੜ ਕੇ ਡਾਲ, ਕਲਜੁਗ ਕੰਡੇ ਗੁਰਮੁਖਾਂ ਨਾਲੋਂ ਲਾਹੀਆ । ਮੁਹੰਮਦ ਦੀ ਉਮਤ ਦੀ ਮੂਧੀ ਕਰ ਕੁਨਾਲ, ਕੁਨਾਲੀ ਖ਼ਾਲੀ ਦਿਤੀ ਵਖਾਈਆ । ਤੁਹਾਡੀ ਲੇਖੇ ਪਾਵੇ ਘਾਲ, ਜੋ ਚਲ ਕੇ ਆਏ ਆਪਣਾ ਪੰਧ ਮੁਕਾਈਆ । ਇਹ ਸੰਦੇਸਾ ਗੁਰ ਗੋਬਿੰਦ ਦਿਤਾ ਸੀ ਸਰ ਰਵਾਲ, ਸਹਿਜ ਸਹਿਜ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਭਿੰਨੜੀ ਰੈਣ ਕਹੇ ਜਨ ਭਗਤੋ ਗਾਉਣਾ ਢੋਲਾ, ਬਿਨ ਢੋਲਕ ਛੈਣੇ ਤਾਲ ਜਣਾਈਆ । ਤੁਹਾਡਾ ਸਤਿਗੁਰ ਸ਼ਬਦ ਬਣਿਆ ਵਿਚੋਲਾ, ਵਿਚਲਾ ਭੇਵ ਰਿਹਾ ਨਾ ਰਾਈਆ । ਨਾ ਕੋਇ ਪੜਦਾ ਨਾ ਕੋਇ ਓਹਲਾ, ਸਨਮੁਖ ਹੋ ਕੇ ਸੋਭਾ ਪਾਈਆ । ਨਾ ਕੋਇ ਮਾਸਾ ਨਾ ਕੋਇ ਤੋਲਾ, ਵਜ਼ਨ ਵਿਚ ਵਜ਼ਨ ਨਾ ਕੋਇ ਜਣਾਈਆ । ਤੁਸਾਂ ਖ਼ੁਸ਼ੀਆਂ ਵਿਚ ਰਹਿਣਾ ਦੀਨ ਦੁਨੀ ਦਾ ਵੇਖਣਾ ਰੌਲਾ, ਜਿਸ ਨੂੰ ਰੌਲ ਪੰਡਤ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕ ਵਖਾਈਆ । ਲਾੜੀ ਮੌਤ ਕਹੇ ਪ੍ਰਭੂ ਮੈਂ ਸੁੱਤੀ ਉਠੀ, ਆਪਣੀ ਲਈ ਅੰਗੜਾਈਆ । ਮੈਂ ਭੱਜੀ ਆਈ ਪੈਰੀਂ ਪੁੱਠੀ, ਪੁੱਠੇ ਪੈਰੀਂ ਪੰਧ ਚੁਕਾਈਆ । ਜਿਧਰ ਵੇਖਿਆ ਤੇਰੀ ਸ੍ਰਿਸ਼ਟੀ ਤੇਰੇ ਨਾਲ ਰੁੱਠੀ, ਸਾਚਾ ਸੰਗ ਨਾ ਕੋਇ ਜਣਾਈਆ । ਤੈਨੂੰ ਲੱਭਦੇ ਅੰਦਰ ਵੜ ਕੇ ਗੁੱਠੀ, ਭੱਜਣ ਵਾਹੋ ਦਾਹੀਆ । ਮੇਰੇ ਸਾਹਿਬ ਸਚ ਦੀ ਲੱਗੀ ਕਿਸੇ ਨਾ ਰੁਚੀ, ਮਨਸਾ ਮਨ ਨਾ ਦੂਰ ਕਰਾਈਆ । ਅੰਤਰ ਕਲਪਣਾ ਕੂੜ ਕੁੱਦੀ, ਦਿਵਸ ਰੈਣ ਹੋਈ ਹਲਕਾਈਆ । ਮੈਂ ਚਾਰੋਂ ਕੁੰਟ ਤਕਾਂ ਪੰਜ ਤਤ ਬੁਤੀ, ਬੁਤਖ਼ਾਨਿਆਂ ਧਿਆਨ ਲਗਾਈਆ । ਦੁਨੀਆ ਦਾ ਲਾਲਚ ਤੱਕਿਆ ਧੀਆਂ ਪੁੱਤੀਂ, ਨਾਰ ਕੰਤ ਮਿਲ ਕੇ ਖ਼ੁਸ਼ੀ ਬਣਾਈਆ । ਮੈਂ ਅੰਤ ਗੱਲ ਕਰਨੀ ਦੋ ਤੁਕੀ, ਸਹਿਜ ਨਾਲ ਸਮਝਾਈਆ । ਜਨ ਭਗਤੋ ਜਿਨ੍ਹਾਂ ਨੇ ਵਟ ਚਾੜ੍ਹੇ ਸੀ ਮੁੱਛੀਂ, ਸੰਧੂਰ ਮਸਤਕ ਵਿਚ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਦਇਆ ਕਮਾਈਆ । ਲਾੜੀ ਮੌਤ ਕਹੇ ਮੇਰੇ ਪਾਪਾ,

ਪਤਿਤ ਪਾਵਨ ਦਿਆਂ ਜਣਾਈਆ । ਮੈਂ ਚਾਹੁੰਦੀ ਤੇਰੇ ਚਰਨਾਂ ਵਿਚ ਬਹਿ ਕੇ ਮੈਂ ਤੇ ਦੁਰਗਾ ਸਦੀ ਚੌਧਵੀਂ ਦੀ ਗੋਲੀ ਤਿੰਨੇ ਕਰੀਏ ਸਿਆਪਾ, ਹਾਏ ਹਾਏ ਤਿੰਨ ਵਾਰ ਸੁਣਾਈਆ । ਨੀ ਦੁਰਗਾ ਤੂੰ ਕਿਉਂ ਕਰੇਂ ਹਾਏ, ਐਵੇਂ ਰਹੀ ਕੁਰਲਾਈਆ । ਤੂੰ ਤੇ ਸੁੰਭ ਨਿਸੁੰਭ ਵਰਗੇ ਦੈਂਤ ਖਪਾਏ, ਅਠਾਈ ਪਦਮ ਜੋ ਦਲ ਰਖਾਈਆ । ਤੇਰੀਆਂ ਅਸ਼ਟ ਭੁਜਾਂ ਤੇ ਅੱਠ ਬਾਹੇਂ, ਅੱਠੇ ਸ਼ਸਤਰ ਨਾਲ ਸੁਹਾਈਆ । ਵਿਸ਼ਨ ਬ੍ਰਹਮਾ ਸ਼ਿਵ ਤੈਨੂੰ ਰਹੇ ਧਿਆਏ, ਦੇਵ ਦੇਵਾ ਕਹਿ ਕੇ ਸੀਸ ਨਿਵਾਈਆ । ਤੇਰਾ ਇਕੋ ਰੂਪ ਜੋਤ ਰੁਸ਼ਨਾਏ, ਤੈਨੂੰ ਜੰਮਣ ਵਾਲੀ ਕੋਇ ਨਾ ਮਾਈਆ । ਧਰਨੀ ਉਤੇ ਨਹੀਂ ਕੋਇ ਥਾਏ, ਸਿੰਘ ਅਸਵਾਰ ਦੇਣਾ ਸਮਝਾਈਆ । ਤੂੰ ਹੰਕਾਰੀ ਬੁਰਜ ਸਾਰੇ ਢਾਹੇ, ਦੈਂਤਾ ਕਰੀ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨੀ ਦੁਰਗਾ ਤੈਨੂੰ ਕਾਹਦਾ ਦੁੱਖ, ਕਿਉਂ ਰਹੀ ਕੁਰਲਾਈਆ । ਤੇਰੀ ਕਾਲੀ ਦੀ ਉਤਰੀ ਅਜੇ ਨਾ ਭੁੱਖ, ਖੱਪਰ ਹੱਥਾਂ ਵਿਚ ਉਠਾਈਆ । ਜਿਸ ਨੇ ਕੋਟਨ ਕੋਟਾਂ ਦਾ ਖ਼ੂਨ ਪੀਤਾ ਚੁੱਕ, ਲਾਲ ਰੰਗ ਨਾਲ ਰੰਗਾਈਆ । ਤੇਰੀ ਆਸਾ ਅਜੇ ਗਈ ਨਾ ਮੁਕ, ਫੇਰ ਆਈ ਭੱਜੀ ਵਾਹੋ ਦਾਹੀਆ । ਪ੍ਰਭੂ ਦੇ ਸਿੰਘਾਸਣ ਥੱਲੇ ਬੈਠੀਉਂ ਲੁਕ, ਸੰਮਤ ਸ਼ਹਿਨਸ਼ਾਹੀ ਦਏ ਗਵਾਹੀਆ । ਜਿਸ ਨੇ ਸਿੰਘਾਸਣ ਕੀਤਾ ਪੁੱਠ, ਪੁੱਠੀ ਉਮਤ ਦਿਤੀ ਕਰਾਈਆ । ਨੀ ਗੋਲੀਏ ਤੈਨੂੰ ਕਾਹਦੀ ਲੁੱਟ, ਕਿਉਂ ਹਾਏ ਹਾਏ ਕਰ ਕੁਰਲਾਈਆ । ਤੂੰ ਮਰਦੇ ਵੇਖ ਉਮਤੀ ਪੁੱਤ, ਚਾਰ ਯਾਰੀ ਨਾਲ ਰਲਾਈਆ । ਪ੍ਰਭ ਦਾ ਭਾਣਾ ਜਾਏ ਨਾ ਰੁਕ, ਅੱਗੇ ਹੋ ਨਾ ਕੋਇ ਅਟਕਾਈਆ । ਤੇਰੇ ਮੁਖ ਵਿਚੋਂ ਖ਼ੂਨ ਨਿਕਲਿਆਂ ਥਾਂ ਥੁੱਕ, ਖ਼ੂਨ ਦੀ ਧਾਰ ਦਿਤੀ ਵਹਾਈਆ । ਛੱਬੀ ਪੋਹ ਨੂੰ ਹੋ ਕੇ ਚੁਪ, ਕਿਉਂ ਬੈਠੀ ਮੁਖ ਬਦਲਾਈਆ । ਉਹ ਤਕ ਲੈ ਉਮਤ ਨੇ ਤਰਸਣਾ ਇਕ ਇਕ ਟੁੱਕੜਾ ਤੇ ਇਕ ਇਕ ਟੁੱਕ, ਅੰਨ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਹੋਏ ਸਹਾਈਆ । ਲਾੜ੍ਹੀ ਮੌਤ ਤੂੰ ਕਿਉਂ ਐਵੇਂ ਹਾਏ ਹਾਏ ਕਰਦੀ, ਚਾਰ ਜੁਗ ਦੇ ਮਾਨਸ ਗਈ ਖਾਈਆ । ਤੈਥੋਂ ਤਤਾਂ ਵਾਲੀ ਧਾਰ ਸਾਰੀ ਡਰਦੀ, ਨੇਤਰ ਰੋਵਣ ਮਾਰਨ ਧਾਹੀਆ । ਤੂੰ ਹੋਣੀਏਂ ਜਿਸ ਘਰ ਵਿਚ ਵੜਦੀ, ਉਸ ਘਰਾਨੇ ਦੀ ਕਰੇ ਸਫ਼ਾਈਆ । ਤੇਰੀ ਆਸਾ ਕਦੇ ਨਾ ਭਰਦੀ, ਤ੍ਰਿਸਨਾ ਪੂਰ ਨਾ ਕੋਇ ਕਰਾਈਆ । ਤੂੰ ਚੌਥੇ ਜੁਗ ਦਾ ਰਾਹ ਤਕਦੀ, ਬੈਠੀ ਨੈਣ ਉਠਾਈਆ । ਸੋਹਣੀ ਸ਼ਿੰਗਾਰ ਕਰ ਕੇ ਫਬਦੀ, ਫੁੱਲ ਸੱਗੀ ਰਹੀ ਸੁਹਾਈਆ । ਤੈਨੂੰ ਪਤਾ ਨਹੀਂ ਇਹ ਉਮਤ ਉਸ ਰੱਬ ਦੀ, ਜਿਸ ਮੁਹੰਮਦ ਦਿਤੀ ਵਡਿਆਈਆ । ਉਹ ਵੇਖ ਸਦੀ ਚੌਧਵੀਂ ਭੱਜਦੀ, ਹਾਜ਼ਰ ਹੋ ਕੇ ਸੀਸ ਨਿਵਾਈਆ । ਗੋਲੀ ਨੇ ਚਵਾਤੀ ਲਾਈ ਅੱਗ ਦੀ, ਨੌਂ ਖੰਡ ਅਗਨੀ ਦੇਣੀ ਤਪਾਈਆ । ਧਾਰ ਰਹਿਣੀ ਨਹੀਂ ਬਗੜੇ ਬਪ ਦੀ, ਸਭ ਦੀ ਕਰਨੀ ਸਫ਼ਾਈਆ । ਤੂੰ ਵੀ ਉਸੇ ਪ੍ਰਭੂ ਨੂੰ ਜਪਦੀ, ਜਿਸ ਨੂੰ ਜਪੇ ਲੋਕਾਈਆ । ਪਰ ਦੁਨੀਆ ਨੂੰ ਮਾਇਆ ਸੱਪਣੀ ਹੋ ਕੇ ਡੱਸਦੀ, ਜਿਸ ਤੋਂ ਆਪਣਾ ਆਪ ਸਕੇ ਨਾ ਕੋਇ ਬਚਾਈਆ । ਤੂੰ ਪ੍ਰਭ ਦੇ ਹੁਕਮ ਵਿਚ ਨੱਸਦੀ, ਰਾਜਿਆਂ ਰਾਣਿਆਂ ਲਵੀਂ ਖਾਈਆ । ਸੂਰਬੀਰਾਂ ਦੀਆਂ ਤਾਰਾਂ ਕੱਟਦੀ, ਅੱਗੇ ਬਲ ਨਾ ਕੋਇ ਵਖਾਈਆ । ਹੁਣ ਖੇਲ ਕਰਨੀ ਝਟ ਦੀ, ਝਟਕੇ ਹਲਾਲੀ ਵਾਲੇ ਸਾਰੇ ਦੇਣੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਵਰਤਾਈਆ । ਲਾੜ੍ਹੀ ਮੌਤ ਇਕ ਵਾਰ ਵੇਖ ਲੈ ਆਪਣੇ ਨੈਣ, ਨੈਣ ਮੁੰਧਾਰੀ ਰਿਹਾ ਜਣਾਈਆ । ਤੈਨੂੰ ਫੇਰ ਨਾ ਪਏ ਕਹਿਣ, ਕਹਿਣ ਦੀ ਲੋੜ ਰਹੇ ਨਾ ਰਾਈਆ ।

ਨੀ ਅੰਤ ਜਗਤ ਜਹਾਨ ਵਿਚ ਰੂਪ ਧਾਰ ਲੈ ਡੈਣ, ਭੈ ਵਿਚ ਸਾਰੇ ਦੇਣੇ ਡਰਾਈਆ । ਨਾਤਾ ਤੋੜਨਾ ਭਾਈ ਭੈਣ, ;ਸਗਲਾ ਸੰਗ ਨਾ ਕੋਇ ਰਖਾਈਆ । ਤੇਰੇ ਕੋਲ ਇਕੋ ਇਕ ਹੁਕਮ ਦੀ ਰਸਾਇਣ, ਜੁਗ ਚੌਕੜੀ ਨਿਖੁਟ ਕਦੇ ਨਾ ਜਾਈਆ । ਕਿਸੇ ਨੂੰ ਲੈਣ ਨਾ ਦੇਵੀਂ ਚੈਨ, ਮਾਵਾਂ ਪੁੱਤਰ ਕਰੀਂ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਭੁਗਤਾਈਆ । ਲਾੜੀ ਮੌਤ ਕਹੇ ਮੇਰੀ ਨਮਸਤੇ, ਨਮੋ ਨਮੋ ਸਰਨਾਈਆ । ਮੈਨੂੰ ਕਲਜੁਗ ਜੀਵ ਲੱਭ ਗਏ ਬੜੇ ਸਸਤੇ, ਕੀਮਤ ਦਾਮ ਨਾ ਕੋਇ ਚੁਕਾਈਆ । ਕਿਉਂ ਇਹ ਜਗਤ ਦੀ ਕੂੜ ਕਿਰਿਆ ਵਿਚ ਮਸਤੇ, ਮਧ ਨਾਮ ਦੀ ਪੀਵਣ ਵਾਲਾ ਨਜ਼ਰ ਕੋਇ ਨਾ ਆਈਆ । ਭੁੱਲ ਗਏ ਅਵਤਾਰ ਪੈਗ਼ੰਬਰ ਗੁਰੂਆਂ ਦੇ ਰਸਤੇ, ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਇਹ ਵਣਜਾਰੇ ਰਹਿ ਗਏ ਆਪਣੇ ਜਸ ਦੇ, ਸਾਧ ਸੰਤ ਆਪਣੀ ਕਰਨ ਵਡਿਆਈਆ । ਕਿਸੇ ਨੂੰ ਨਜ਼ਾਰੇ ਮਿਲਦੇ ਨਹੀਂ ਨਿਜ ਨੇਤਰ ਅੱਖ ਦੇ, ਪ੍ਰਤਖ ਮਿਲੇ ਨਾ ਕੋਇ ਗੁਸਾਈਆ । ਇਹ ਪਿਆਸੇ ਹੋ ਗਏ ਲਹੂ ਮਿਝ ਰਤ ਦੇ, ਮਾਣਸ ਮਾਣਸਾਂ ਤਾਈਂ ਖਾਈਆ । ਇਨ੍ਹਾਂ ਨੂੰ ਪਤੇ ਨਹੀਂ ਪਰਮੇਸ਼ਵਰ ਪਤਿ ਦੇ, ਜੋ ਪਾਰਬ੍ਰਹਮ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੇਰੀ ਤੂੰਬੀ ਦੀ ਹਿਲਾ ਦਿਉ ਤਾਰ, ਤਰਾ ਤਰਾ ਜਣਾਈਆ । ਮੇਰੇ ਕੁਦਰਤ ਦੇ ਕਾਦਰ ਯਾਰ, ਕਦੀਮ ਦੇ ਮਾਲਕ ਬੇਪਰਵਾਹੀਆ । ਸਭ ਦਾ ਕਰਜ਼ਾ ਦੇ ਉਤਾਰ, ਲਹਿਣਾ ਰਹਿਣ ਕੋਇ ਨਾ ਪਾਈਆ । ਆਹ ਤਕ ਮੰਗਦੇ ਤੇਰਾ ਦਵਾਰ, ਸਾਰੇ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦੀ ਆਸਾ ਇਕ ਜਣਾਈਆ । ਸਦੀ ਚੌਧਵੀਂ ਕਹੇ ਮੇਰਾ ਰੰਗ ਦੇ ਇਕੋ ਕਫ਼ਨ, ਕਫ਼ਨੀ ਵਾਲੇ ਬੇਪਰਵਾਹੀਆ । ਕੂੜੇ ਕਲਮੇ ਵਾਲੇ ਕਰ ਦੇ ਦਫ਼ਨ, ਦਫ਼ਾ ਆਪਣਾ ਹੁਕਮ ਸੁਣਾਈਆ । ਮੇਰਾ ਕਿਨਾਰਾ ਆਇਆ ਪੱਤਣ, ਪਤਿਪਰਮੇਸ਼ਵਰ ਦਿਆਂ ਜਣਾਈਆ । ਤੁਧ ਬਿਨ ਕੋਇ ਨਾ ਆਵੇ ਰੱਖਣ, ਕਲਜੁਗ ਅੰਤ ਨਾ ਕੋਇ ਸਹਾਈਆ । ਤੈਨੂੰ ਬੁੱਲਾਂ ਨਾਲ ਸਾਰੇ ਰਟਣ, ਹਿਰਦੇ ਸਕੇ ਨਾ ਕੋਇ ਵਸਾਈਆ । ਕੋਟਾਂ ਵਿਚੋਂ ਤੇਰੇ ਭਗਤ ਸੁਹੇਲੇ ਥੋੜੇ ਰਤਨ, ਰਤਨ ਅਮੋਲਕ ਨਜ਼ਰੀ ਆਈਆ । ਜਿਹੜੇ ਤੂੰ ਮੇਰਾ ਮੈਂ ਤੇਰਾ ਨਾਮ ਜਪਣ, ਆਤਮ ਪਰਮਾਤਮ ਪਰਮਾਤਮ ਆਤਮ ਇਕੋ ਰੂਪ ਇਕੋ ਸਰੂਪ ਸਮਾਈਆ । ਤੇਰੇ ਸ਼ਬਦ ਦਾ ਸੁਣ ਕੇ ਬਚਨ, ਬੱਚੇ ਬੁੱਢੇ ਜਵਾਨ ਖ਼ੁਸ਼ੀਆਂ ਵਿਚ ਟੱਪਣ ਚਾਈਂ ਚਾਈਆ । ਸਚਖੰਡ ਦਵਾਰੇ ਸਦਾ ਵਸਣ, ਜਿਥੇ ਵਸੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਰੰਗਾਈਆ । ਛੱਬੀ ਪੋਹ ਕਹੇ ਮੇਰੀ ਸੁਹੰਜਣੀ ਸੁਹਾਵੀ ਰਾਤੀ, ਰਾਤਰੀ ਦਏ ਗਵਾਹੀਆ । ਜਨ ਭਗਤੋ ਤੁਹਾਡੇ ਅੰਦਰ ਪ੍ਰਭੂ ਦੀ ਇਕੋ ਜੇਹੀ ਪ੍ਰਭਾਤੀ, ਸੁਬਹ ਸ਼ਾਮ ਵੰਡ ਨਾ ਕੋਇ ਵੰਡਾਈਆ । ਤੁਹਾਡੇ ਅੰਤਰ ਦਾ ਅੰਤਰ ਨਾਤੀ, ਨਿਰੰਤਰ ਦਾ ਮੇਲਾ ਧੁਰਦਰਗਾਹੀਆ । ਸਤਿ ਦਾ ਸਚ ਬਣ ਕੇ ਸਾਥੀ, ਸਗਲਾ ਸੰਗ ਨਿਭਾਈਆ । ਅੱਜ ਦਾ ਸੁਨੇਹੜਾ ਧੁਰ ਦਾ ਸ਼ਬਦ ਤੇ ਪ੍ਰਭੂ ਦੇ ਪ੍ਰੇਮ ਦੀ ਪਾਤੀ, ਤੁਹਾਡੇ ਹਿਰਦੇ ਅੰਦਰ ਬਿਨਾ ਅੱਖਰਾਂ ਦਏ ਲਿਖਾਈਆ । ਇਹ ਚਿੱਠੀ ਕਿਸੇ ਤੋਂ ਨਾ ਜਾਏ ਵਾਚੀ, ਅੱਖਾਂ ਨਾਲ ਪੜ੍ਹਨ ਕੋਇ ਨਾ ਆਈਆ । ਤੁਹਾਨੂੰ ਸਾਹਿਬ ਨੇ ਆਪਣੀ ਕਿਰਪਾ ਨਾਲ ਚਾੜ੍ਹਿਆ ਘਾਟੀ, ਮੰਜ਼ਲ ਇਕੋ ਦਿਤੀ ਵਖਾਈਆ । ਤੁਸੀਂ ਉਹਦੇ ਬਣੇ ਜਮਾਤੀ, ਜੋ ਜੁਗ ਜੁਗ ਸਭ ਨੂੰ ਰਿਹਾ ਪੜ੍ਹਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨਾਂ ਦੀ ਨਿਰਗੁਣ ਧਾਰ ਕਰੇ ਤਲਾਸ਼ੀ, ਘਟ ਘਟ ਅੰਤਰ ਵੇਖੇ ਥਾਉਂ ਥਾਈਆ ।

✪ ੨੭ ਪੋਹ ਸ਼ਹਿਨਸ਼ਾਹੀ ਸੰਮਤ ੭ ਮਹਿੰਦਰ ਕੌਰ ਭੁਲਰ ਹਾਂਸ, ਮੇਹਰ ਸਿੰਘ ਜਗਰਾਉਂ, ਆਸਾ ਸਿੰਘ ਖਾਂਘ, ਪਾਲ ਸਿੰਘ ਲੱਲੀਆਂ,
ਸਵਰਨ ਸਿੰਘ ਨੰਦਾਪੁਰ, ਹਜ਼ਾਰਾ ਸਿੰਘ ਮਨਿਆਲਾ, ਕੁੰਦਨ ਸਿੰਘ ਸ਼ਾਹਪੁਰ ਥੇੜੀ, ਸੁੰਦਰ ਸਿੰਘ ਰੋਸੇ, ਜੋਗਿੰਦਰ ਸਿੰਘ ਮਹਿਰਮ ਪੁਰਾ,
ਸੁਰਿੰਦਰ ਕੌਰ ਕਮੇਜਹਰਾ, ਸਵਰਨ ਕੌਰ ਸੈਦ ਪੁਰ, ਗੁਰਮੀਤ ਕੌਰ ਕਰਾਲਾ, ਜੋਗਿੰਦਰ ਕੌਰ ਗੋਲੇਵਾਲ, ਮਾਧੋ ਸਿੰਘ ਚੀਮਾ,
ਅਰਜਨ ਸਿੰਘ ਮਾਣਕ ਪੁਰਾ, ਚੰਦਾ ਸਿੰਘ ਦਿੱਲੀ, ਜੀਤੋ ਬਾਬੇਵਾਲ, ਰਜਵੰਤ ਅਟਾਰੀ, ਤਾਰੋ ਛਾਪਾ,
ਰਾਮ ਸਿੰਘ ਗੁਰਭੇਜ ਕੌਰ ਕਹੋਰੂ, ਸ਼ਿੰਦਰੋ ਮਲੂਵਾਲ, ਸ਼ਾਂਤੀ ਅੰਮ੍ਰਿਤਸਰ, ਗੁਰਬਚਨ ਸਿੰਘ
ਅਹਿਮਦਪੁਰ, ਬਲਜੀਤ ਸਿੰਘ ਜੇਤੇਅਲੀ, ਦਲੀਪ ਸਿੰਘ ਟਾਂਗਰਾ, ਰਮੇਸ਼ ਚੰਦਰ
ਫ਼ਿਰੋਜ਼ਪੁਰ, ਈਸ਼ਰ ਸਿੰਘ ਡਡਹੇਰੀ, ਬਗੀਚਾ ਸਿੰਘ ਮੁੰਡੀ ਜਮਾਲ,
ਹਰਿ ਭਗਤ ਦਵਾਰ ਜੇਠੂਵਾਲ ਸਵੇਰ ਦੇ ਵੇਲੇ ਜ਼ਿਲਾ ਅੰਮ੍ਰਿਤਸਰ ✪



ਸਤਿਗੁਰ ਸ਼ਬਦ ਕਹੇ ਮੈਂ ਭਗਤਾਂ ਮੀਤਾ, ਮਿੱਤਰ ਪਿਆਰਾ ਇਕ ਅਖਵਾਈਆ । ਮੇਰੀ ਧਰਮ ਧਾਰ ਦੀ ਜੁਗ ਜੁਗ ਰੀਤਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਕਾਰ ਭੁਗਤਾਈਆ । ਇਕੋ ਮਾਣ ਬਖ਼ਸ਼ਣਾ ਊਚਾ ਨੀਚਾ, ਵੱਡਾ ਛੋਟਾ ਨਾ ਕੋਇ ਅਖਵਾਈਆ । ਜਨ ਭਗਤਾਂ ਸੀਨਾ ਕਰਾਂ ਠਾਂਡਾ ਸੀਤਾ, ਅਗਨੀ ਤਤ ਬੁਝਾਈਆ । ਜਿਨ੍ਹਾਂ ਦਾ ਨਾਮ ਸਦਾ ਰਹੇ ਜਗ ਜੀਤਾ, ਜਗਜੀਵਣ ਦਾਤਾ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਆਦਿ ਅੰਤ ਪਿਆਰ, ਪਿਆਰ ਮੁਹੱਬਤ ਵਿਚ ਸਮਾਈਆ । ਮੈਨੂੰ ਜੁਗ ਚੌਕੜੀ ਅਖਤਿਆਰ, ਪ੍ਰਭ ਦਾ ਹੁਕਮ ਦੋ ਜਹਾਨ ਮਨਾਈਆ । ਜਨ ਭਗਤਾਂ ਪਾਵਾਂ ਸਾਰ, ਚੁਰਾਸੀ ਵਿਚੋਂ ਆਪ ਉਠਾਈਆ । ਨਿਰਗੁਣ ਸਰਗੁਣ ਦੇਂਦਾ ਆਵਾਂ ਅਧਾਰ, ਨਿਤ ਨਵਿਤ ਆਪਣੀ ਕਾਰ ਕਮਾਈਆ । ਅੰਤਮ ਲੇਖਾ ਪੂਰਾ ਕਰਾਂ ਵਿਚ ਸੰਸਾਰ, ਸਹਿਸਾ ਰੋਗ ਜਗਤ ਮਿਟਾਈਆ । ਜਨਮ ਮਰਨ ਦਾ ਗੇੜ ਨਿਵਾਰ, ਆਵਣ ਜਾਵਣ ਪੰਧ ਮੁਕਾਈਆ । ਧਰਮ ਦੀ ਧਾਰ ਸੀਸ ਬੰਨ੍ਹ ਦਸਤਾਰ, ਸਿਰ ਸਰ ਧੁਰ ਦੇ ਲੇਖੇ ਪਾਈਆ । ਉਨ੍ਹਾਂ ਜਨਮ ਲੈਣਾ ਪਏ ਨਾ ਦੂਜੀ ਵਾਰ, ਅਗਨੀ ਅੱਗ ਨਾ ਕੋਇ ਤਪਾਈਆ । ਮਿਲੇ ਮੇਲ ਸੱਚੀ ਸਰਕਾਰ, ਦਰਗਹ ਸਚ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਚ ਦੀ ਬੰਨ੍ਹੇ ਧਾਰ, ਧਰਨੀ ਧਰਤ ਧਵਲ ਧੌਲ ਧੁਰ ਦਾ ਹੁਕਮ ਇਕ ਵਰਤਾਈਆ ।

੧੬੮੩ ੨੨

## ੨੭ ਪੋਹ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਰਾਤ ਵੇਲੇ ਜ਼ਿਲਾ ਅੰਮ੍ਰਿਤਸਰ

ਸਤਾਈ ਪੋਹ ਕਹੇ ਜਨ ਭਗਤੋ ਹੱਥ ਜੋੜ ਲਉ ਪੁੱਠੇ, ਪੁੱਠੇ ਲਟਕਣ ਵਾਲਿਓ ਮਹਿੰਦੀ ਲਾਲ ਰੰਗ ਰੰਗਾਈਆ । ਤੁਹਾਡਾ ਸਾਹਿਬ ਤੁਹਾਡੇ ਉਤੇ ਤੁੱਠੇ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੁਸਾਂ ਜਗਤ ਜਹਾਨ ਨਹੀਂ ਜਾਣਾ ਲੁੱਟੇ, ਠੱਗਾਂ ਚੋਰਾਂ ਕੋਲੋਂ ਲਏ ਬਚਾਈਆ । ਤੁਹਾਡੀ ਸੁਹੰਜਣੀ ਹੋਈ ਇਕੋ ਰੁਤੇ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਲੇਖੇ ਲਾਏ ਕਾਇਆ ਬੁਤੇ, ਤਨ ਵਜੂਦ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਸਤਾਈ ਪੋਹ ਕਹੇ ਮੇਰੀ ਖੁਲ੍ਹ ਗਈ ਅੱਖ, ਅੱਖੀਆਂ ਵਾਲਿਓ ਦਿਆਂ ਜਣਾਈਆ । ਮੇਰਾ ਮਹਿਬੂਬ ਫਿਰੇ ਪ੍ਰਤਖ, ਪਾਰਬ੍ਰਹਮ ਬੇਪਰਵਾਹੀਆ । ਜਿਸ ਸਭ ਦਾ ਝੋਲੀ ਪਾਉਣਾ ਹੱਕ, ਹਕੀਕਤ ਖੋਜ ਖੁਜਾਈਆ । ਉਸ ਦੇ ਉਤੇ ਸਭ ਨੂੰ ਪੈਣਾ ਸ਼ੱਕ, ਭਰਮੇ ਭੁੱਲੇ ਸਰਬ ਲੋਕਾਈਆ । ਜਿਸ ਦੇ ਕੋਲੋਂ ਧਰਤੀ ਨੇ ਆਪਣਾ ਸੀਨਾ ਰੰਗਣਾ ਨਾਲ ਰੱਤ, ਰੰਗ ਲਾਲ ਚੜ੍ਹਾਈਆ । ਸ਼ਸਤਰਧਾਰੀ ਦੁਰਗਾ ਜੋੜੇ ਹੱਥ, ਦਰ ਠਾਂਡੇ ਸੀਸ ਨਿਵਾਈਆ । ਜਿਸ ਦਾ ਨੂਰ ਹੋਇਆ ਪ੍ਰਗਟ, ਜਗਤ ਪਰਗਨਿਆਂ ਤੋਂ ਬਾਹਰ ਕਰੇ ਰੁਸ਼ਨਾਈਆ । ਉਹ ਲੇਖਾ ਜਾਣੇ ਚੌਦਾਂ ਹੱਟ, ਚੌਦਾਂ ਲੋਕ ਚੌਦਾਂ ਤਬਕ ਪੰਧ ਮੁਕਾਈਆ । ਜਿਸ ਨੂੰ ਸਾਰੇ ਨਾਮ ਕਲਮਿਆਂ ਵਿਚ ਰਹੇ ਰਟ, ਸਿਫ਼ਤਾਂ ਵਿਚ ਸਾਲਾਹੀਆ । ਉਹਦਾ ਰੂਪ ਅਨੋਖਾ ਬਣਿਆ ਜੱਟ, ਜਟਾ ਜੂਟਧਾਰੀ ਸਮਝ ਕੋਇ ਨਾ ਪਾਈਆ । ਜਿਸ ਦੀਨ ਮਜ਼੍ਹਬ ਦੀ ਮੇਟਣੀ ਵੱਟ, ਸ਼ਰਅ ਹਦੂਦ ਦਏ ਗਵਾਈਆ । ਸਦੀ ਚੌਧਵੀਂ ਲੇਖਾ ਪੂਰਾ ਕਰੇ ਹੱਕ, ਹਕੂਕ ਸਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਚੜ੍ਹਾਈਆ । ਸਤਾਈ ਪੋਹ ਕਹੇ ਮੈਂ ਉਠਿਆ ਸੁੱਤਾ, ਮਾਤ ਲਈ ਅੰਗੜਾਈਆ । ਨੂਰ ਤੱਕਿਆ ਅਬਿਨਾਸ਼ੀ ਅਚੁਤਾ, ਜੋ ਚੇਤਨ ਸਭ ਨੂੰ ਰਿਹਾ ਕਰਾਈਆ । ਉਹਦਾ ਸੰਗ ਵੇਖਿਆ ਸ਼ਬਦ ਦੁਲਾਰੇ ਸੁਤਾ, ਜੋ ਡੰਕਾ ਇਕ ਕਰੇ ਸ਼ਨਵਾਈਆ । ਜਿਸ ਦੇ ਹੁਕਮ ਨਾਲ ਸਭ ਦਾ ਪੈਂਡਾ ਮੁਕਾ, ਪਾਂਧੀ ਆਪਣਾ ਪੰਧ ਮੁਕਾਈਆ । ਦੀਨ ਦੁਨੀ ਦਾ ਬਦਲੇ ਰੁਖ਼ਾ, ਮਾਰਗ ਇਕੋ ਇਕ ਸੁਣਾਈਆ । ਲੇਖਾ ਦੱਸ ਕੇ ਅਗੰਮ ਅਥਾਹ ਉਚਾ, ਊਚੋ ਊਚ ਦਏ ਵਡਿਆਈਆ । ਜਨ ਭਗਤਾਂ ਉਜਲ ਕਰੇ ਮੁਖਾ, ਦੁਰਮਤ ਮੈਲ ਧਵਾਈਆ । ਅੰਤ ਨਿਸ਼ਾਨਾ ਮੇਟੇ ਨੜੀ ਹੁੱਕਾ, ਹੁਕਮ ਧੁਰ ਦਾ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਾਈ ਪੋਹ ਕਹੇ ਪਤਾ ਨਹੀਂ ਏਸ ਦੀ ਕਿੱਥੋਂ ਲੱਗੀ ਸੂਹ, ਜਗਤ ਜਹਾਨ ਖੋਜ ਖੁਜਾਈਆ । ਬੇੜਾ ਲੈ ਕੇ ਪੁੱਜਿਆ ਨਬੀ ਨੂਹ, ਨਿਵ ਨਿਵ ਸੀਸ ਨਿਵਾਈਆ । ਮੇਰੇ ਕਲਮੇ ਨੇ ਦੱਸਿਆ ਕਲਮੇ ਦਾ ਮਾਲਕ ਕਲਮਾ ਗੁਰੂ, ਮੁਰੀਦ ਮੁਰਸ਼ਦ ਰੂਪ ਬਣਾਈਆ । ਅਵਤਾਰਾਂ ਪੈਗ਼ੰਬਰਾਂ ਦੇ ਨਾਮ ਕਲਮੇ ਉਨ੍ਹਾਂ ਦੀ ਅੰਤ ਚੋਟੀ ਤੇ ਤੇਰਾ ਮਾਰਗ ਹੁੰਦਾ ਸ਼ੁਰੂ, ਸ਼ਰਅ ਦਾ ਲੇਖ ਨਾ ਕੋਇ ਬਣਾਈਆ । ਮਿਹਰਵਾਨ ਬਿਨ ਤੇਰੀ ਕਿਰਪਾ ਉਸ ਮੰਜ਼ਲ ਤੇ ਕਿਹੜਾ ਤੁਰੂ, ਤੁਰਨ ਵਾਲਾ ਨਜ਼ਰ ਕੋਇ ਨਾ ਆਈਆ । ਬਿਨ ਤੇਰੀ ਕਿਰਪਾ ਅੰਤਮ ਸਭ ਦਾ ਬੇੜਾ ਰੁੜ੍ਹੂ, ਨਈਆ ਨੌਕਾ ਜਗਤ ਨਾ ਕੋਇ ਬਚਾਈਆ । ਤੇਰੇ ਹੁਕਮ ਨਾਲ ਹੁਕਮ ਦਾ ਯੁੱਧ ਛਿੜੂ, ਯੁਧਿਸ਼ਟਰ ਬੈਠਾ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਦਰ ਤੇਰੇ ਆ ਗਿਆ, ਛੱਡਿਆ ਆਪਾ ਆਪ । ਬਿਨ


੧੬੮੪
੨੨

ਲੱਤਾਂ ਬਾਹਵਾਂ ਭਾਜਿਆ, ਪੰਧ ਸਕਿਆ ਕੋਇ ਨਾ ਨਾਪ । ਮੇਰੇ ਸ਼ਹਿਨਸ਼ਾਹ ਰਾਜਨ ਰਾਜਿਆ, ਤੇਰੇ ਚਰਨ ਰਹੇ ਸਚ ਨਾਤ । ਮੈਨੂੰ ਪਤਾ ਲੱਗਾ ਤੇਰੇ ਸ਼ਬਦ ਕਲਮੇ ਦੱਸਿਆ ਉਹ ਪ੍ਰਗਟ ਹੋਇਆ ਦੇਸ ਮਾਝਿਆ, ਜਿਥੇ ਨਾ ਕੋਇ ਸਵਾਲ ਨਾ ਜਵਾਬ । ਸਭ ਦਾ ਪੀਰ ਬਣ ਕੇ ਸਾਜਿਆ, ਜਗਤ ਮੇਟੇ ਕੂੜ ਸੰਤਾਪ । ਕਲਜੁਗ ਕੂੜੀ ਕਿਰਿਆ ਫੇਰੇ ਮਾਂਜਿਆ, ਤਨ ਕਾਇਆ ਮਾਟੀ ਭਾਂਡੇ ਕਰੇ ਸਾਫ਼ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਬੀ ਕਹੇ ਮੇਰਾ ਆ ਗਿਆ ਬੇੜਾ, ਬੇਪਰਵਾਹ ਤੇਰੀ ਸਰਨਾਈਆ । ਏਸ ਨੂੰ ਚੱਪੂ ਲਾਵੇ ਕਿਹੜਾ, ਕਿਉਂ ਗੁਰ ਅਵਤਾਰ ਪੈਗ਼ੰਬਰ ਚੱਪਾ ਚੱਪਾ ਜ਼ਿਮੀਂ ਦੇ ਮਾਲਕ ਤੂੰ ਦਿਤੇ ਬਣਾਈਆ । ਉਹ ਤੇਰੇ ਨਾਮ ਕਲਮੇ ਦੀਆਂ ਛੇੜ ਕੇ ਗਏ ਛੇੜਾਂ, ਛੇਕੜ ਤੇਰਾ ਅੰਤ ਕਹਿਣ ਕੋਇ ਨਾ ਪਾਈਆ । ਕਹਿੰਦੇ ਗਏ ਧਰਨੀ ਧਰਤ ਧਵਲ ਦਾ ਖੁਲ੍ਹਾ ਵਿਹੜਾ, ਉਹ ਧਰਨੀ ਜਿਹੜੇ ਤੇਰੇ ਚਰਨਾਂ ਦੀ ਧੂੜ ਬਣ ਕੇ ਨੌਂ ਖੰਡ ਵੰਡ ਵੰਡਾਈਆ । ਓ ਪ੍ਰਭੂ ਤੇਰਾ ਕਿੱਡਾ ਵਡਾ ਜੇਰਾ, ਜੇਰਜ ਅੰਡ ਵਿਚ ਵੜ ਕੇ ਆਪਣਾ ਆਪ ਛੁਪਾਈਆ । ਜਿਸ ਨੂੰ ਤੂੰ ਭੇਜਿਆ ਉਹ ਸੀਨੇ ਤੇ ਹੱਥ ਮਾਰ ਕੇ ਕਹਿੰਦਾ ਗਿਆ ਸਭ ਕੁਛ ਮੇਰਾ, ਮੁਰੀਦੋ ਸਿੱਖੋ ਮੈਂ ਹੀ ਤੁਹਾਡਾ ਪਿਤਾ ਮਾਈਆ । ਉਹ ਪਿਤਾ ਨਾ ਮੰਨਣਾ ਜੋ ਗੁਰੂ ਅਵਤਾਰ ਪੈਗ਼ੰਬਰ ਅੰਤ ਹੋ ਗਿਆ ਖ਼ਾਕ ਦਾ ਢੇਰਾ, ਤਨ ਵਜੂਦ ਵੇਖ ਕੇ ਸਾਰੇ ਰੋਵਣ ਮਾਰਨ ਧਾਹੀਆ । ਏਸੇ ਕਰ ਕੇ ਓਹ ਪਰਗਟਿਆ ਸਿੰਘ ਸ਼ੇਰ ਦਲੇਰਾ, ਜਿਸ ਸ਼ੇਰ ਦੇ ਭੈ ਵਿਚ ਸਾਰੀ ਫਿਰੇ ਲੋਕਾਈਆ । ਏਸ ਦਾ ਹੁਕਮ ਤੇ ਇਕੋ ਉਖੇੜਾ, ਜੜ੍ਹ ਸਭ ਦੀ ਦਏ ਉਖੜਾਈਆ । ਪਿਆਰ ਮੁਹੱਬਤ ਦਾ ਦੇਵੇ ਗੇੜਾ, ਚੁਰਾਸੀ ਚੁਰਾਹਿਆਂ ਵਿਚ ਭਵਾਈਆ । ਸਭ ਦੇ ਕੋਲੋਂ ਛਿੜਾਉਂਦਾ ਰਿਹਾ ਛੇੜਾਂ, ਛੇਕੜ ਆਪਣੀ ਕਾਰ ਭੁਗਤਾਈਆ । ਹੁਕਮ ਸੰਦੇਸ਼ਾ ਦੇਂਦਾ ਰਿਹਾ ਬਥੇਰਾ, ਬਹੁ ਗਿਣਤ ਵਿਚ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਬੇੜੀ ਕਹੇ ਮੇਰਿਆ ਮਾਲਕਾ ਮੈਨੂੰ ਕਿਹੜਾ ਲਾਵੇ ਚੱਪੂ, ਮੇਰੀ ਚਾਰੋਂ ਕੁੰਟ ਦੁਹਾਈਆ । ਅਵਤਾਰ ਪੈਗ਼ੰਬਰ ਤੇਰੇ ਨਿੱਕੇ ਬਾਲੇ ਮਾਤਲੋਕ ਦੇ ਪੱਪੂ, ਤੈਨੂੰ ਅੱਬਾ ਪਿਤਾ ਪੁਰਖ ਅਕਾਲ ਕਹਿ ਕੇ ਆਪਣਾ ਝਟ ਲੰਘਾਈਆ । ਓ ਦੱਸ ਦੋ ਜਹਾਨਾਂ ਕਿਹੜਾ ਟੱਪੂ, ਜਗਤ ਦੇ ਟਾਪੂਆਂ ਵਿਚ ਰਹਿਣ ਵਾਲੇ ਤੇਰਾ ਅੰਤ ਕੋਇ ਨਾ ਪਾਈਆ । ਤੂੰ ਕਿਸੇ ਨੂੰ ਮਾਣ ਦਿਤਾ ਮੇਰਾ ਰਾਮ ਕ੍ਰਿਸ਼ਨ ਤੇ ਮੇਰਾ ਮੁਹੰਮਦ ਕੁੱਦੂ ਨੱਚੂ, ਨੱਚ ਨੱਚ ਕੇ ਆਪਣਾ ਝਟ ਲੰਘਾਈਆ । ਮੂਸਾ ਈਸਾ ਵਡਿਆ ਕੇ ਕਿਹਾ ਤੁਹਾਨੂੰ ਆਪਣਾ ਨਾਮ ਕਲਮਾ ਦੱਸੂੰ, ਬਿਨ ਰਸਨਾ ਜਿਹਵਾ ਜਣਾਈਆ । ਨਾਨਕ ਨੂੰ ਕਿਹਾ ਮੈਂ ਤੇਰੀ ਪਤ ਰੱਖੂੰ, ਇਹ ਮੇਰੀ ਬੇਪਰਵਾਹੀਆ । ਗੋਬਿੰਦ ਨੂੰ ਬਣਾ ਕੇ ਆਪਣਾ ਬੱਚੂ, ਬੱਚੇ ਨੀਹਾਂ ਹੇਠ ਦਬਾਈਆ । ਫੇਰ ਵੀ ਸਭ ਨੂੰ ਕਿਹਾ ਅੰਗੀਠਿਆਂ ਵਿਚ ਰੱਖੂੰ, ਮਕਬਰਿਆਂ ਵਿਚ ਸਵਾਈਆ । ਓਹ ਜਗਤ ਕਿਸੇ ਨਾ ਲੱਭੂ, ਲਬਾਂ ਕਟਾਵਣ ਵਾਲਿਓ ਹੱਥ ਨਾ ਕੋਇ ਫੜਾਈਆ । ਮੇਰਾ ਜਦੋਂ ਖੇਲ ਹੋਇਆ ਤੇ ਭਗਤਾਂ ਦੇ ਵਿਚ ਫੱਬੂੰ, ਫ਼ੈਸਲਾ ਧੁਰ ਦਾ ਇਕ ਸੁਣਾਈਆ । ਜਿਥੇ ਹੋਣਗੇ ਉਥੇ ਉਹਨਾਂ ਨੂੰ ਲੱਭੂੰ, ਅੰਦਰ ਵੜ ਕੇ ਲਵਾਂ ਉਠਾਈਆ । ਮੁਹੱਬਤ ਪਿਆਰ ਦਾ ਦੇ ਕੇ ਲੱਡੂ, ਲਾਡਲੇ ਆਪਣੇ ਦਿਆਂ ਜਣਾਈਆ । ਸਭ ਤੋਂ ਅਖ਼ੀਰ ਭਗਤਾਂ ਦਾ ਭਗਤ ਦਵਾਰ ਨਿਸ਼ਾਨਾ ਗੱਡੂੰ, ਗਾਡ ਹੋ ਕੇ ਦਿਆਂ ਦ੍ਰਿੜਾਈਆ । ਸ਼ਰਅ ਦੀਆਂ ਜ਼ੰਜੀਰੀਆਂ ਸਾਰੀਆਂ ਵੱਢੂੰ, ਫ਼ੈਸਲਾ ਆਪਣੇ ਹੱਥ ਰਖਾਈਆ । ਸਭ ਦੇ ਖਾਤੇ ਵੇਖਾਂ ਡੂੰਘੀ ਖੱਡੂ, ਖੰਡਾਂ ਬ੍ਰਹਿਮੰਡਾਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ,

੧੬੮੫
੨੨

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਓਹ ਬੇੜੀ ਕਹੇ ਮੇਰਾ ਕਿਹੜਾ ਵੰਝ ਮੁਹਾਣਾ, ਤੇਰੀ ਵੰਝੀ ਹਾਥ ਨਾ ਆਈਆ । ਜਿਹੜੇ ਗਾਉਂਦੇ ਗਏ ਤੇਰਾ ਗਾਣਾ, ਖ਼ੁਸ਼ੀਆਂ ਵਿਚ ਢੋਲੇ ਗਾਈਆ । ਉਹਨਾਂ ਦਾ ਜੁਗ ਜੁਗ ਚੀਥੜ ਕਰ ਕੇ ਪੁਰਾਣਾ, ਤਨ ਵਜੂਦ ਦਿਤਾ ਬਦਲਾਈਆ । ਫੇਰ ਦੇ ਕੇ ਧੁਰ ਫ਼ਰਮਾਨਾ, ਕੀਤੀ ਸਚ ਪੜ੍ਹਾਈਆ । ਹੁਕਮ ਸੰਦੇਸ਼ਾ ਦਿਤਾ ਤੁਸਾਂ ਮਾਤਲੋਕ ਛਡ ਜਾਣਾ, ਭੱਜਣਾ ਵਾਹੋ ਦਾਹੀਆ । ਤੁਹਾਨੂੰ ਇਕੋ ਬੇੜੇ ਉਤੇ ਚੜ੍ਹਾਉਣਾ, ਜਿਸ ਬੇੜੇ ਨੂੰ ਜਗਤ ਮਲਾਹ ਹੱਥ ਕੋਇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਬੇੜਾ ਕਹੇ ਮੈਂ ਜਾਣਾ ਕਿਹੜੇ ਡੂੰਘੇ ਸਾਗਰ, ਮੇਰੇ ਸਾਹਿਬ ਦੇਣਾ ਸਮਝਾਈਆ । ਗੁਰੂਆਂ ਅਵਤਾਰਾਂ ਪੈਗ਼ੰਬਰਾਂ ਨੂੰ ਤੂੰ ਦੱਸਿਆ ਮੇਰਾ ਬ੍ਰਹਿਮੰਡ ਖੰਡ ਵਿਚ ਕਾਇਆ ਗਾਗਰ, ਪਿੰਡ ਬ੍ਰਹਿਮੰਡ ਸਭ ਕੁਛ ਦਿਤਾ ਸਮਝਾਈਆ । ਫੇਰ ਕਿਉਂ ਆਪਣੇ ਆਪ ਨੂੰ ਕੀਤਾ ਸਭ ਤੋਂ ਬਾਹਰ ਉਜਾਗਰ, ਪਰਦਾ ਦਿਤਾ ਖੁਲ੍ਹਾਈਆ । ਨਾਲੇ ਕਰੀਮ ਬਣਿਆ ਰਹੀਮ ਬਣਿਆ ਅਖਵਾਇਆ ਇਕ ਕਾਦਰ, ਕੁਦਰਤ ਦਾ ਮਾਲਕ ਧੁਰਦਰਗਾਹੀਆ । ਜੇ ਤੂੰ ਅੰਤ ਕਰਨ ਆਇਆ ਆਦਲ, ਅਦਲ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਓਹ ਬੇੜੀ ਕਹੇ ਮੇਰਾ ਨਾਮ ਰੱਖਿਆ ਜਗਤ ਵਿਚ ਨੌਕਾ, ਚੜ੍ਹੇ ਜਗਤ ਲੋਕਾਈਆ । ਓ ਮੇਰਾ ਨਿਕਲੇ ਹੌਕਾ, ਹਾਏ ਹਾਏ ਕਰ ਸੁਣਾਈਆ । ਤੇਰਾ ਪਿਆਰ ਭੁੱਲਿਆ ਸਭ ਨੂੰ ਜਗਤ ਨਾਤਾ ਪਿਤਾ ਮਾਉਂ ਕਾ, ਭੈਣ ਭਈਆ ਸੰਗ ਰਲਾਈਆ । ਤੇਰੇ ਦਰ ਪੁਜਣਾ ਘਨੇਰਾ ਖੇਲ ਚਾਉ ਕਾ, ਬਿਨ ਭਗਤਾਂ ਨਜ਼ਰ ਕੋਇ ਨਾ ਆਈਆ । ਪ੍ਰਭ ਤੇਰਾ ਵੀ ਖੇਲ ਸਦਾ ਦਾਉ ਕਾ, ਜੁਗ ਜੁਗ ਆਪਣਾ ਦਾਅ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਬੇੜੀ ਕਹੇ ਮੈਂ ਆਈ ਉਸ ਦੇ ਕੰਢੇ, ਜੋ ਕੰਡਾ ਟਾਹਣੀ ਵੇਖ ਵਖਾਈਆ । ਜੋ ਮਾਲਕ ਰਹਿਮਤ ਦਾਤ ਵੰਡੇ, ਰਹਿਮਤ ਸਭ ਦੀ ਝੋਲੀ ਪਾਈਆ । ਜਿਸ ਨੇ ਹੁਕਮ ਸੁਣਾਇਆ ਦੋ ਜਹਾਨ ਲਿਆਉਣੇ ਇਕ ਹੇਠਾਂ ਝੰਡੇ, ਝੰਡਾ ਧਰਮ ਧਾਰ ਝੁਲਾਈਆ । ਜਿਹੜੇ ਇਕ ਪ੍ਰਭੂ ਦੇ ਸਾਰੇ ਬੰਦੇ, ਕਿਉਂ ਨਾ ਇਕੇ ਪ੍ਰਭ ਨੂੰ ਇਕੋ ਵਾਰ ਸੀਸ ਨਿਵਾਈਆ । ਮਜ਼੍ਹਬਾਂ ਦੇ ਫੱਟਿਆਂ ਉਤੇ ਰਹਿਣ ਨਹੀਂ ਦੇਣੇ ਟੰਗੇ, ਪੁੱਠੇ ਸਾਰੇ ਦੇਣੇ ਕਰਾਈਆ । ਲੇਖੇ ਲਾਉਣੇ ਮਾੜੇ ਚੰਗੇ, ਭੇਵ ਅਭੇਦਾ ਆਪ ਖੁਲ੍ਹਾਈਆ । ਜਿਸ ਨੇ ਮਾਣ ਦੇਣਾ ਤਤ ਪੰਜੇ, ਪੰਚਮ ਆਪਣਾ ਹੁਕਮ ਵਰਤਾਈਆ । ਅੱਗੇ ਪੈਂਡੇ ਰਹਿਣ ਨਹੀਂ ਦੇਣੇ ਲੰਬੇ, ਸਫ਼ਰਾਂ ਵਿਚ ਨਾ ਕੋਇ ਭਵਾਈਆ । ਧਰਨੀ ਧਰਤ ਧਵਲ ਹੇਠੋਂ ਕੰਬੇ, ਥਰਥਰਾਹਟ ਵਿਚ ਕੁਰਲਾਈਆ । ਮੇਰੇ ਉਤੇ ਕੋਟਨ ਜੁਗ ਚੌਕੜੀ ਲੰਘੇ, ਆਪਣਾ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਬੇੜੀ ਕਹੇ ਮੈਂ ਨਬੀ ਦੀ ਉਹ ਨਈਆ, ਜਿਸ ਨੂੰ ਨਬੀ ਸੀਸ ਨਿਵਾਈਆ । ਜਿਸ ਦਾ ਨਾਤਾ ਨਹੀਂ ਕਿਸੇ ਨਾਲ ਭੈਣਾਂ ਭਈਆ, ਆਰ ਪਾਰ ਕਿਨਾਰੇ ਚਲਣਾ ਆਪਣੀ ਖ਼ੁਸ਼ੀ ਬਣਾਈਆ । ਪਰ ਮੈਨੂੰ ਯਾਦ ਆ ਗਿਆ ਗੋਬਿੰਦ ਇਕ ਵੇਰਾਂ ਮੇਰੇ ਵਿਚ ਚੜ੍ਹਿਆ ਤੇ ਮੈਨੂੰ ਹੌਲੀ ਜੇਹੀ ਪੈਰ ਮਾਰ ਕੇ ਕਿਹਾ ਕਮਲੀਏ ਜਿਸ ਵੇਲੇ ਮੇਰਾ ਬੀਤਿਆ ਢਈਆ, ਢੌਂਕਾ ਜਗਤ ਵਾਲਾ ਲਗਾਈਆ । ਫੇਰ ਮਾਲਕ ਆਵੇਗਾ ਧੁਰ ਦਾ ਸਈਆ, ਸਿਆਣਾ ਤੈਨੂੰ ਦਏ ਕਰਾਈਆ । ਉਹਦੇ ਕੋਲ ਇਕੋ ਹੋਵੇਗਾ ਸ਼ਬਦ

ਗੁਰੂ ਜੋ ਦੋ ਜਹਾਨ ਦਾ ਗਵਈਆ, ਦੂਜੀ ਸੁਰ ਤਾਲ ਸੁਣਨ ਕੋਇ ਨਾ ਪਾਈਆ । ਉਹਨੇ ਕਿਸੇ ਨੂੰ ਨਹੀਂ ਕਹਿਣਾ ਮੇਰੀ ਮਈਆ, ਅੰਮੀਜਾਨ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਬੇੜੀ ਕਹੇ ਮੈਂ ਵੜਦੀ ਵਿਚ ਜਲਾਂ, ਜਲਧਾਰਾ ਆਸਣ ਲਾਈਆ । ਮੈਂ ਪਾਰ ਕਿਨਾਰੇ ਖੜ੍ਹਦੀ ਵਿਚ ਪਲਾਂ, ਭੱਜਾਂ ਵਾਹੋ ਦਾਹੀਆ । ਪਰ ਮੈਂ ਪੈਗ਼ੰਬਰਾਂ ਤੋਂ ਸੁਣੀਆਂ ਗੱਲਾਂ, ਉਨ੍ਹਾਂ ਦੇ ਅੰਦਰ ਧਿਆਨ ਰਖਾਈਆ । ਨਬੀ ਵੀ ਕਹਿੰਦੇ ਰਹੇ ਬੇਪਰਵਾਹ ਮੇਰਿਆ ਅੱਲਾ, ਤੇਰੀ ਵਡ ਵਡਿਆਈਆ । ਮੇਰੇ ਸਹਾਰੇ ਨਾਲ ਪਹਿਲੋਂ ਉਸ ਦਾ ਫੜਦੇ ਪੱਲਾ, ਫੇਰ ਮੇਰੇ ਵਿਚ ਕਦਮ ਟਿਕਾਈਆ । ਮੈਂ ਚਲਦੀ ਵਿਚ ਲਹਿਰਾਂ ਤੇ ਛੱਲਾਂ, ਝਕੋਲਿਆਂ ਵਿਚ ਦੁਹਾਈਆ । ਉਪਰ ਨੀਚੇ ਰਲਾਂ, ਧੀਰਜ ਧੀਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਬੇੜੀ ਕਹੇ ਮੈਨੂੰ ਜਦੋਂ ਚਲਾਉਂਦੇ ਮਲਾਹ, ਬਦੋਬਦੀ ਮੱਲੋ ਮੱਲੀ ਪਾਣੀ ਵਿਚ ਧਕਾਈਆ । ਮੇਰੀ ਕਿਸੇ ਨੇ ਕਦੀ ਨਹੀਂ ਲਈ ਸਲਾਹ, ਮਸ਼ਵਰਾ ਕਰਨ ਕੋਇ ਨਾ ਪਾਈਆ । ਜਗਤ ਮਾਇਆ ਕਾਰਨ ਮੈਨੂੰ ਧੱਕਾ ਦੇਂਦੇ ਲਾ, ਪਿਛੋਂ ਵੰਞ ਜ਼ੋਰ ਨਾਲ ਦਬਾਈਆ । ਮੈਂ ਭੱਜਾਂ ਵਾਹੋ ਦਾਹ, ਆਪਣਾ ਪੰਧ ਮੁਕਾਈਆ । ਪਰ ਮੈਨੂੰ ਵੀ ਯਾਦ ਆ ਗਿਆ ਨਬੀ ਦਾ ਉਹ ਖ਼ੁਦਾ, ਜੋ ਖ਼ੁਦ ਮਾਲਕ ਅਖਵਾਈਆ । ਜਿਸ ਨੇ ਆਪਣੇ ਹੁਕਮ ਦੇ ਬੇੜੇ ਵਿਚ ਚੜ੍ਹਾ, ਲੋਕਮਾਤ ਦਿਤੀ ਪੁਚਾਈਆ । ਜਲਾਂ ਥਲਾਂ ਵਿਚ ਰਖਾ, ਫੇਰ ਆਪਣੇ ਬੇੜੇ ਨੂੰ ਉਸ ਬੇੜਾ ਗਰਕਣੇ ਨੇ ਆਪਣੇ ਅੰਦਰ ਲਿਆ ਲੁਕਾ, ਗੁਰ ਅਵਤਾਰ ਸਾਰੇ ਲੱਭਦੇ ਗਏ ਹੱਥ ਕਿਸੇ ਨਾ ਆਈਆ । ਇਕ ਦਿਨ ਮੁਹੰਮਦ ਨੂੰ ਏਸੇ ਵਿਚ ਹੋ ਗਿਆ ਸ਼ੁਦਾ, ਬਹੁੜੀ ਮੇਰਿਆ ਅੱਲਾ ਮੇਰੀ ਉਮਤ ਨੂੰ ਅੰਤ ਕੌਣ ਬੇੜੇ ਲਵੇ ਚੜ੍ਹਾਈਆ । ਨਾਲੇ ਹੱਥ ਮਾਰੇ ਆਪਣੀਆਂ ਉਤੇ ਦੋਵੇਂ ਗੱਲ੍ਹਾਂ, ਹੱਥ ਪੇਸ਼ਾਨੀ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਦਾਤਾ ਇਕ ਅਖਵਾਈਆ । ਬੇੜੀ ਕਹੇ ਧੁਰ ਦੇ ਬੇੜੇ ਕੋਇ ਨਾ ਚੜ੍ਹਦਾ, ਚੜਦਾ ਲਹਿੰਦਾ ਵੇਖ ਵਖਾਈਆ । ਭਾਵੇਂ ਕੋਇ ਰਸਨਾ ਜਿਹਵਾ ਕੋਟਨ ਕੋਟ ਕਲਮੇ ਪੜ੍ਹਦਾ, ਅੱਖਰ ਸਿਫ਼ਤਾਂ ਨਾਲ ਸਾਲਾਹੀਆ । ਜਿੰਨਾ ਚਿਰ ਮੇਰਾ ਮਹਿਬੂਬ ਮੁਹੱਬਤ ਵਿਚ ਕਿਸੇ ਭਗਤ ਸੂਫ਼ੀ ਨੂੰ ਨਹੀਂ ਫੜਦਾ, ਓਨਾ ਚਿਰ ਧਰਮ ਦੇ ਬੇੜੇ ਵਿਚ ਕਦਮ ਨਾ ਕੋਇ ਰਖਾਈਆ । ਕਿਉਂ ਜਗਤ ਮਲਾਹਾਂ ਨੂੰ ਪਤਾ ਨਹੀਂ ਓਸ ਪ੍ਰਭੂ ਦੇ ਘਰ ਦਾ, ਵਹਿਣਾਂ ਵਿਚ ਵਹਿਣ ਵਾਲੇ ਦਰਗਹ ਸਾਚੀ ਨਾ ਕੋਇ ਟਿਕਾਈਆ । ਜਨ ਭਗਤੋ ਉਸ ਦਾ ਦਵਾਰਾ ਇਕੋ ਸਰੋਵਰ ਸਰ ਦਾ, ਜਿਸ ਸਰ ਵਿਚੋਂ ਨਹਾ ਕੇ ਗੁਰ ਅਵਤਾਰ ਪੈਗ਼ੰਬਰ ਆਪਣਾ ਰੂਪ ਲੈਣ ਬਦਲਾਈਆ । ਨਾ ਕੋਇ ਜੰਮਦਾ ਨਾ ਕੋਇ ਮਰਦਾ, ਲੱਖ ਚੁਰਾਸੀ ਦਾ ਗੇੜਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਵਰਤਾਈਆ । ਬੇੜੀ ਕਹੇ ਮੈਂ ਛੱਡਿਆ ਜਗਤ, ਓ ਜਗਿਆਸੂਓ ਦਿਆਂ ਦ੍ਰਿੜ੍ਹਾਈਆ । ਮੈਂ ਆ ਗਈ ਦਵਾਰੇ ਭਗਤ, ਭਗਤਾਂ ਨੂੰ ਸੀਸ ਨਿਵਾਈਆ । ਮੇਰੇ ਵਿਚ ਉਹ ਬਹਿਣਾ ਫ਼ਕਤ, ਜੋ ਫ਼ਿਕਰਾ ਢੋਲਾ ਸੋਹਲਾ ਗਾਈਆ । ਹੁਣ ਆ ਗਿਆ ਉਹ ਵਕਤ, ਜਿਸ ਦਾ ਸਾਰੇ ਰਾਹ ਤਕਾਈਆ । ਜਿਸ ਦੇ ਚਰਨਾਂ ਦੇ ਹੇਠ ਅਸ਼ਟਭੁਜ ਲੇਟੀ ਆਪਣੀ ਲੈ ਕੇ ਸ਼ਕਤ, ਸ਼ਕਤੀਸ਼ਾਲੀ ਆਪਣੀ ਕਾਰ ਭੁਗਤਾਈਆ । ਜਿਨ ਸਦੀ ਚੌਧਵੀਂ ਹੁਕਮ ਦਿਤਾ ਸਖ਼ਤ, ਸਖ਼ਤੀ ਨਾਲ ਦ੍ਰਿੜ੍ਹਾਈਆ । ਗੋਲੀ ਦੇ ਮੁਖ ਵਿਚੋਂ ਕਢ ਕੇ ਰਕਤ, ਧਰਨੀ

੧੬੮੭
੨੨

ਲਾਲ ਰੰਗ ਰੰਗਾਈਆ । ਸਭ ਦੀ ਪੁੱਠੀ ਕਰਨੀ ਨਰਦ, ਸਾਰ ਪਾਸ਼ਾ ਦਰਬਾਰੀਆਂ ਦਾ ਦਏ ਗਵਾਹੀਆ । ਸ਼ਰਅ ਛੁਰੀ ਰਹਿਣ ਨਹੀਂ ਦੇਣੀ ਕਰਦ, ਕਤਲਗਾਹ ਦਾ ਡੇਰਾ ਢਾਹੀਆ । ਏਸੇ ਕਰ ਕੇ ਭਗਤੋ ਬੇੜੀ ਕਹੇ ਤੁਹਾਡੇ ਸਾਹਮਣੇ ਮੇਰੀ ਹੁੰਦੀ ਲਿਖਤ ਪੜ੍ਹਤ, ਬਿਨਾ ਲੇਖ ਤੋਂ ਜਗਤ ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਵਾਅਦਾ ਕਰਨਾ ਤੇ ਪੂਰੀ ਕਰਨੀ ਸ਼ਰਤ, ਸ਼ਰਅ ਵਾਲਿਆਂ ਦਿਆਂ ਸੁਣਾਈਆ । ਮੈਨੂੰ ਹੱਥ ਨਾ ਲਾ ਸਕੇ ਉਤੇ ਕੋਇ ਫ਼ਰਸ਼, ਫ਼ਰਿਸ਼ਤੇ ਚਾਰੇ ਰੋਵਣ ਮਾਰਨ ਧਾਹੀਆ । ਮੈਂ ਉਸ ਦੀ ਦਾਸੀ ਜਿਸ ਨੂੰ ਕਹਿੰਦੇ ਵਾਲੀ ਅਰਸ਼, ਅਰਸ਼ਾਂ ਦਾ ਮਾਲਕ ਬੇਪਰਵਾਹੀਆ । ਮੈਂ ਆਪਣਾ ਪੂਰਾ ਕਰਨ ਆਈ ਫ਼ਰਜ਼, ਭੱਜੀ ਵਾਹੋ ਦਾਹੀਆ । ਓਏ ਜਨ ਭਗਤੋ, ਬੇੜੀ ਕਹੇ, ਮੇਰੀ ਮੰਨ ਲਿਓ ਅਰਜ਼, ਬੇਨੰਤੀ ਕਰ ਕੇ ਸੀਸ ਨਿਵਾਈਆ । ਤੁਹਾਨੂੰ ਲੋੜ ਨਹੀਂ ਰਹੀ ਜਗਤ ਕਿਰਿਆ ਦੀ, ਤੁਸਾਂ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਇਕੋ ਗਾਉਣੀ ਤਰਜ਼, ਤਰੀਕਾ ਪ੍ਰਭ ਨੇ ਦਿਤਾ ਸਮਝਾਈਆ । ਉਹ ਤੁਹਾਡਾ ਆਪੇ ਵੰਡ ਕੇ ਦਰਦ, ਬੇਦਰਦੀ ਹੋ ਕੇ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਬੇੜੀ ਕਹੇ ਮੈਂ ਤਕਾਂ ਮੇਰਾ ਕਿਹੜਾ ਕਿਨਾਰਾ, ਚਾਰੋਂ ਕੁੰਟ ਧਿਆਨ ਲਗਾਈਆ । ਓਧਰੋਂ ਮੁਹੰਮਦ ਕਰੇ ਇਸ਼ਾਰਾ, ਸਲਾਮ ਪੁੱਠੇ ਹੱਥ ਵਖਾਈਆ । ਨੀ ਤੂੰ ਆਜਾ ਮੇਰੇ ਦਵਾਰਾ, ਹੱਥ ਸੀਨੇ ਉਤੇ ਛੁਹਾਈਆ । ਮੈਂ ਹੱਸ ਕੇ ਕਿਹਾ ਵੇ ਸੱਦ ਲੈ ਚਾਰ ਯਾਰਾਂ, ਜੋ ਯਾਰੀ ਤੇਰੇ ਨਾਲ ਰਖਾਈਆ । ਫੇਰ ਸਦੀ ਚੌਧਵੀਂ ਨੂੰ ਆਵਾਜ਼ ਮਾਰਾਂ, ਕੂਕ ਕੂਕ ਦ੍ਰਿੜਾਈਆ । ਉਹ ਵੇਖ ਉਮਤ ਹੋਈ ਅਵਾਰਾ, ਕਲਮਾ ਬੰਧ ਨਾ ਕੋਇ ਬੰਧਾਈਆ । ਅੱਲਾ ਹੂ ਦਾ ਭੁੱਲਿਆ ਨਾਅਰਾ, ਹੱਕ ਹੱਕ ਨਾ ਕੋਇ ਸੁਣਾਈਆ । ਪਰ ਇਕ ਗੱਲ ਕਿ ਪੈਗ਼ੰਬਰ ਗੁਰੂ ਅਵਤਾਰ ਕੋਈ ਪ੍ਰਭ ਨੇ ਆਉਣ ਨਹੀਂ ਦਿਤਾ ਦੁਬਾਰਾ, ਜੋ ਜਾ ਕੇ ਫਿਰ ਆ ਕੇ ਆਪਣਾ ਨਾਮ ਸੁਣਾਈਆ । ਏਸੇ ਕਰ ਕੇ ਤਰਲੇ ਕਰਦੇ ਗਏ ਹਾਏ ਉਹ ਆਏ ਕਲਕੀ ਅਵਤਾਰ ਤੇ ਚਵ੍ਹੀਆਂ ਅਵਤਾਰਾ, ਅਮਾਮ ਅਮਾਮਾ ਵੇਸ ਵਟਾਈਆ । ਜਿਸ ਦਾ ਹੱਕ ਦਾ ਸਚ ਦਾ ਇਕੋ ਹੋਏ ਦਰਬਾਰਾ, ਦਰਗਹ ਸਾਚੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਬੇੜੀ ਕਹੇ ਜਨ ਭਗਤੋ ਮੈਨੂੰ ਮੂਲ ਨਾ ਜਾਣਿਓ ਬੇੜੀ, ਮੈਂ ਬੇੜੇ ਸਭ ਦੇ ਗ਼ਰਕ ਕਰਾਈਆ । ਜਿਹੜੀ ਪਿਛੇ ਖੇਲ ਕੀਤੀ ਬਥੇਰੀ, ਬਹੁਤੀ ਆਪਣੀ ਸੇਵ ਕਮਾਈਆ । ਮੈਂ ਅਵਤਾਰ ਪੈਗ਼ੰਬਰ ਗੁਰੂਆਂ ਨੂੰ ਮਜ਼੍ਹਬਾਂ ਦੇ ਪਹੁੰਚਾ ਦਿਤਾ ਉਤੇ ਡੇਰੀਂ, ਦੂਰੋਂ ਲਿਆ ਕੇ ਹਜ਼ੂਰੋਂ ਲਿਆ ਕੇ ਧਰਤੀ ਉਤੇ ਟਿਕਾਈਆ । ਫੇਰ ਹੱਸ ਕੇ ਕਿਹਾ ਮੈਂ ਬਣਨਾ ਨਹੀਂ ਕਿਸੇ ਦੀ ਚੇਰੀ, ਚਰਨਾਂ ਉਤੇ ਸੀਸ ਨਾ ਕਿਸੇ ਨਿਵਾਈਆ । ਮੈਂ ਉਹ ਸਤਿਗੁਰੂ ਨਹੀਂ ਮੰਨਣਾ ਜਿਹੜਾ ਹੋ ਜਾਏ ਖ਼ਾਕ ਦੀ ਢੇਰੀ, ਅਗਨੀ ਤਤ ਅਗਨੀ ਨਾਲ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਬੇੜੀ ਕਹੇ ਮੈਂ ਆ ਗਈ ਓਸ ਘਾਟ, ਜਿਥੇ ਘਾਟਾ ਨਜ਼ਰ ਕੋਇ ਨਾ ਆਈਆ । ਓ ਮੇਰੀ ਮੁਕ ਗਈ ਵਾਟ, ਪੰਧ ਦਿਤਾ ਚੁਕਾਈਆ । ਓ ਮੇਰੀ ਪੂਰੀ ਹੋ ਗਈ ਖ਼ਾਹਿਸ਼, ਮੈਂ ਖ਼ੁਸ਼ੀਆਂ ਵਿਚ ਦਿਆਂ ਦੁਹਾਈਆ । ਓ ਭਗਤੋ ਉਸ ਨੂੰ ਕਿਤੋਂ ਨਾ ਕਰਿਓ ਤਲਾਸ਼, ਉਹ ਖ਼ਾਸ ਤੁਹਾਡਾ ਮਾਲਕ ਤੁਹਾਡੇ ਅੱਗੇ ਆਪਣਾ ਆਪ ਰਖਾਈਆ । ਮੈਂ ਅੱਗੇ ਚੁਕਦੀ ਸਾਂ ਅਵਤਾਰ ਪੈਗ਼ੰਬਰ ਗੁਰੂਆਂ ਦੀ ਲਾਸ਼, ਤਨ ਵਜੂਦ ਆਪਣੇ ਵਿਚ ਟਿਕਾਈਆ । ਮੈਂ ਬੜੀ ਹੋਈ ਅਯਾਸ਼, ਜਗਤ ਵਿਚ ਆਪਣਾ ਖੇਲ ਕਰਾਈਆ । ਪਰ

੧੬੮੯ ੨੨

ਹਾਏ ਉਫ਼ ਕਾਸ਼, ਮੇਰੇ ਮਾਹੀ ਨੇ ਮੈਨੂੰ ਹੁਣ ਆਪਣੀ ਰਮਜ਼ ਲਗਾਈਆ । ਤੇ ਨਾਲੇ ਕਿਹਾ ਸ਼ਾਬਾਸ਼ ਸ਼ਾਬਾਸ਼ ਸ਼ਾਬਾਸ਼, ਸਿਰ ਮੇਰੇ ਹੱਥ ਟਿਕਾਈਆ । ਮੈਂ ਸਭ ਦੇ ਕੋਲੋਂ ਕਰ ਲਈ ਆਪਣੀ ਬੰਦ ਖੁਲਾਸ, ਬੰਧਨ ਦਿਤੇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਉਹ ਬੇੜੀ ਕਹੇ ਸੂਫ਼ੀਓ ਇਕ ਦਿਨ ਨੂਹ ਨੇ ਤਕੀ ਉਹ ਹਸਤੀ, ਹੱਸ ਹੱਸ ਕੇ ਵੇਖ ਵਖਾਈਆ । ਖ਼ੁਸ਼ੀ ਵਿਚ ਚੜ੍ਹ ਗਈ ਮਸਤੀ, ਮਸਤ ਦੀਵਾਨਾ ਹੋ ਕੇ ਪੁੱਠਾ ਆਪਣਾ ਆਪ ਟਿਕਾਈਆ । ਫੇਰ ਕਿਹਾ ਓ ਬੇੜੀਏ ਓ ਛੇਤੀ ਕਰ ਮੈਨੂੰ ਲੈ ਜਾ ਉਸ ਦੀ ਬਸਤੀ, ਜਿਥੇ ਵਸੇ ਬੇਪਰਵਾਹੀਆ । ਨੀ ਤੂੰ ਰੋਜ਼ ਰੋਜ਼ ਨੱਸਦੀ, ਭੱਜੇਂ ਵਾਹੋ ਦਾਹੀਆ । ਮੈਨੂੰ ਵੀ ਕਿਉਂ ਨਹੀਂ ਰਹੀ ਦੱਸਦੀ, ਉਹ ਮਾਲਕ ਨੂਰ ਖ਼ੁਦਾਈਆ । ਉਸ ਨੇ ਮੈਨੂੰ ਅੰਦਰੋਂ ਸੈਨਤ ਮਾਰੀ ਆਪਣੀ ਅੱਖ ਦੀ, ਓ ਮੇਰੀਆਂ ਅੱਖੀਆਂ ਦਿਤੀਆਂ ਖੁਲ੍ਹਾਈਆ । ਮੈਨੂੰ ਸਮਝ ਨਹੀਂ ਓਸ ਕਮਲਾਪਤ ਦੀ, ਕੀ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਬੇੜੀ ਕਹੇ ਨੂਹ ਹੋ ਗਿਆ ਮਸਤਾਨਾ, ਵਾਹ ਤੇਰੀ ਬੇਪਰਵਾਹੀਆ । ਓ ਮੈਂ ਦੀਵਾਨਿਆਂ ਦਾ ਦੀਵਾਨਾ, ਦੀਵਾਨਖ਼ਾਨੇ ਦਿਤੇ ਤਜਾਈਆ । ਓ ਤੇਰੇ ਸ਼ਬਦ ਦਾ ਤਰਾਨਾ, ਤੇਰੇ ਕਲਮੇ ਦੀ ਸ਼ਨਵਾਈਆ । ਓ ਮੇਰੇ ਚਰਨਾਂ ਹੇਠ ਜ਼ਿਮੀਂ ਅਸਮਾਨਾ, ਅਸਮਾਨਾਂ ਤੋਂ ਪਰੇ ਤੇਰਾ ਨੂਰ ਰੁਸ਼ਨਾਈਆ । ਓ ਮੇਰਾ ਲਬਰੇਜ਼ ਹੋ ਗਿਆ ਪੈਮਾਨਾ, ਆਬੇਹਯਾਤ ਬਿਨਾ ਮੁਖ ਤੋਂ ਮੁਖ ਦੇਣਾ ਟਪਕਾਈਆ । ਤੂੰ ਮੇਰਾ ਸੱਜਣ ਨੌਜਵਾਨਾ, ਓ ਸੱਜਣਾ ਘੁੱਟ ਕੇ ਗਲਵਕੜੀ ਲੈਣੀ ਪਾਈਆ । ਮੈਂ ਛਡ ਜਾਣਾ ਜੀਵ ਜਹਾਨਾ, ਤੇਰੀ ਦਰਗਹ ਨੂੰ ਭੱਜਾਂ ਚਾਈਂ ਚਾਈਂਆ । ਮੈਂ ਸਦਾ ਰਹਵਾਂ ਗ਼ੁਲਾਮਾ, ਗ਼ੁਲਾਮ ਬਣ ਕੇ ਤੇਰੀ ਸੇਵ ਕਮਾਈਆ । ਝਟ ਖ਼ੁਦਾ ਨੇ ਰਿਹਾ ਐ ਮੇਰੇ ਨਬੀ ਐ ਮੇਰੇ ਨੂਹ ਜਿਸ ਵੇਲੇ ਮੈਂ ਬਣ ਕੇ ਆਇਆ ਅਮਾਮ ਅਮਾਮਾ, ਅਮਲਾਂ ਤੋਂ ਰਹਿਤ ਬੇਪਰਵਾਹੀਆ । ਫੇਰ ਤੇਰਾ ਲੇਖਾ ਜ਼ਰੂਰ ਕਰਾਂ ਪਰਵਾਨਾ, ਪਰਵਾਨਗੀ ਆਪਣੇ ਹੱਥ ਫੜਾਈਆ । ਉਸ ਵੇਲੇ ਸਭ ਦਾ ਲੇਖਾ ਹੋਣਾ ਬੇਗਾਨਾ, ਸ਼ਰਅ ਦਾ ਮਾਲਕ ਨਜ਼ਰ ਕੋਇ ਨਾ ਆਈਆ । ਇਕੋ ਸ਼ਹਿਨਸ਼ਾਹ ਜਿਸ ਨੇ ਸਭ ਤੋਂ ਵਸੂਲ ਕਰਨਾ ਜੁਰਮਾਨਾ, ਜਰਾਇਮ ਮਜ਼੍ਹਬਾਂ ਵਾਲਾ ਸਮਝਾਈਆ । ਕਿਉਂ ਉਹ ਬੜਾ ਖ਼ਸਮ ਧੁਰ ਦਾ ਖ਼ਸਮਾਨਾ, ਖ਼ਾਵੰਦ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਮੁਹੰਮਦ ਕਹੇ ਮੈਂ ਤੇਰਾ ਰਸੂਲ ਨਬੀ, ਸਚ ਤੇਰੀ ਸਰਨਾਈਆ । ਮਾਣ ਦਿਤਾ ਚੌਧਵੀਂ ਸਦੀ, ਸਦਕੇ ਵਾਰੀ ਘੋਲ ਘੁਮਾਈਆ । ਮੇਰੀ ਮੁਹੱਬਤ ਤੇਰੇ ਨਾਲ ਲੱਗੀ, ਲਗ ਮਾਤਰ ਦਾ ਡੇਰਾ ਢਾਹੀਆ । ਮੈਂ ਬਹੁਤਾ ਨਹੀਂ ਬਣਨਾ ਲਬੀ, ਲਬਾਂ ਕਟਾ ਕੇ ਦਿਤਾ ਵਖਾਈਆ । ਜਿਸ ਵੇਲੇ ਤੇਰੇ ਨੂਰ ਦੀ ਜੋਤ ਜਗੀ, ਤੇਰਾ ਜ਼ਹੂਰ ਕਰੇ ਰੁਸ਼ਨਾਈਆ । ਸਦੀ ਚੌਧਵੀਂ ਆਵੇ ਭੱਜੀ, ਤੇਰੇ ਦਰ ਤੇ ਸੀਸ ਨਿਵਾਈਆ । ਪ੍ਰੀਤ ਇਕੋ ਹੋਵੇ ਲੱਗੀ, ਦੂਜਾ ਰੰਗ ਨਾ ਕੋਇ ਰੰਗਾਈਆ । ਉਸ ਦੀ ਗੋਲੀ ਸੋਹਣੇ ਲਬਾਸ ਵਿਚ ਹੋਵੇ ਫਬੀ, ਪੋਹ ਛੱਬੀ ਦੀ ਰੁਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਰੰਗ ਆਪ ਰੰਗਾਈਆ । ਬੇੜੀ ਕਹੇ ਨਬੀ ਨੂਹ ਨੂੰ ਚੜ੍ਹ ਗਈ ਖ਼ੁਮਾਰੀ, ਖਾਹਮਖਾਹ ਆਪਣਾ ਆਪ ਬਦਲਾਈਆ । ਓ ਪ੍ਰਭੂ ਓ ਖ਼ੁਦਾ ਓ ਮੈਂ ਹੁਣ ਨਹੀਂ ਰਹੀ ਕਵਾਰੀ, ਤੇਰੇ ਨਾਲ ਮਿਲ ਕੇ ਤੇਰਾ ਰੂਪ ਸਮਾਈਆ । ਤੂੰ ਦੱਸ ਪੁਰਖ ਕਿ ਨਾਰੀ, ਪਰਦਾ ਓਹਲਾ ਦੇ ਚੁਕਾਈਆ । ਮੈਂ ਤੈਨੂੰ ਸੱਜਦਾ ਕਰਾਂ ਕਰਾਂ ਨਿਮਸਕਾਰੀ,

ਨਿਉਂ ਨਿਉਂ ਲਾਗਾਂ ਪਾਈਆ । ਪਰਵਰਦਿਗਾਰ ਨੇ ਦਿਤਾ ਇਕ ਇਸ਼ਾਰੀ, ਇਸ਼ਾਰੇ ਨਾਲ ਦ੍ਰਿੜਾਈਆ । ਮੇਰਾ ਇਕੋ ਨੂਰ ਉਹ ਨੂਰ ਮੇਰਾ ਅਪਾਰੀ, ਅਪਰੰਪਰ ਹੋ ਕੇ ਪੜਦਾ ਦਿਤਾ ਚੁਕਾਈਆ । ਮੇਰੀ ਜਦੋਂ ਲੱਗੇ ਤੇ ਲੱਗੇ ਭਗਤਾਂ ਨਾਲ ਯਾਰੀ, ਯਰਾਨਾ ਧੁਰ ਦਾ ਦਿਤਾ ਵਖਾਈਆ । ਕਲਜੁਗ ਅੰਤਮ ਆਈ ਮੇਰੀ ਵਾਰੀ, ਵਾਰਤਾ ਪਿਛਲੀ ਸਭ ਦੀ ਵੇਖ ਵਖਾਈਆ । ਨਬੀ ਨੇ ਕਿਹਾ ਮੇਰੇ ਪਰਵਰਦਿਗਾਰ ਤੇਰੀ ਕੀ ਨਿਸ਼ਾਨੀ ਹੋਵੇ ਜ਼ਾਹਰੀ, ਜ਼ਾਹਰ ਜ਼ਹੂਰ ਦੇਣਾ ਸਮਝਾਈਆ । ਖ਼ੁਦ ਖ਼ੁਦਾ ਨੇ ਕਿਹਾ ਮੇਰਾ ਕਲਮਾ ਮੇਰਾ ਨਾਮ ਇਕੋ ਹੋਵੇ ਜੈਕਾਰੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਸ਼ਾਹ ਪਾਤਸ਼ਾਹ ਬਣ ਸਿਕਦਾਰੀ, ਆਪਣਾ ਹੁਕਮ ਵਰਤਾਈਆ । ਭਗਤ ਦਵਾਰੇ ਦੀ ਕਰ ਉਸਾਰੀ, ਦੀਨ ਦੁਨੀ ਦਾ ਪਿਛਲਾ ਪੰਧ ਮੁਕਾਈਆ । ਫੇਰ ਲੰਗਰ ਦੀ ਕਰਾਂ ਤਿਆਰੀ, ਤ੍ਰੈਗੁਣ ਅਤੀਤਾ ਹੋ ਕੇ ਆਪਣਾ ਰੂਪ ਜਣਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਨੂੰ ਨਬੀ ਨੂਹ ਤੇਰੇ ਬੇੜੇ ਤੇ ਲਿਆਵਾਂ ਚਾੜ੍ਹੀ, ਪਰ ਤੇਰੇ ਕੋਲੋਂ ਖੋਹ ਕੇ ਆਪਣੇ ਹੱਥ ਵਿਚ ਰਖਾਈਆ । ਫੇਰ ਦੱਸਾਂ ਆਉ ਵੇਖੋ ਕਿਸ ਤਰਹ ਮੇਰੇ ਭਗਤ ਸਿਰ ਤੇ ਚੁੱਕਦੇ ਤਗਾਰੀ, ਜਗਤ ਜਹਾਨ ਦੀ ਸਾਂਝੀ ਸੇਵ ਕਮਾਈਆ । ਜਿਨ੍ਹਾਂ ਨੂੰ ਸਾਰੀ ਸ੍ਰਿਸ਼ਟੀ ਨੇ ਕਹਿਣਾ ਇਨ੍ਹਾਂ ਦੀ ਕਿਸਮਤ ਮਾੜੀ, ਗੁਰੂਆਂ ਅਵਤਾਰਾਂ ਨੂੰ ਭੁੱਲ ਕੇ ਉਲਟੇ ਰਾਹ ਆਪਣੀ ਮੱਤ ਗਵਾਈਆ । ਪਰ ਮੇਰੀ ਮਿਹਰਵਾਨੀ, ਜਿਸ ਇਕ ਵਾਰ ਚਰਨ ਛੁਹਾ ਲਈ ਦਾੜ੍ਹੀ, ਲਾੜੀ ਮੌਤ ਦਾਹੜਾਂ ਹੇਠ ਨਾ ਕਦੇ ਚਬਾਈਆ । ਇਕੇ ਵਾਰ ਸਾਰਿਆਂ ਭਗਤਾਂ ਦੀ ਪਕਾ ਦੇਵਾਂ ਹਾੜ੍ਹੀ, ਫੇਰ ਹਾੜ੍ਹਾ ਕਢਣ ਦੀ ਲੋੜ ਰਹੇ ਨਾ ਰਾਈਆ । ਜਨ ਭਗਤੋ ਭਗਵਨ ਹੋ ਕੇ ਰੱਖਾਂ ਯਾਰੀ, ਯਰਾਨਾ ਸਕੇ ਨਾ ਕੋਇ ਤੁੜਾਈਆ । ਤੁਹਾਡੀ ਆਤਮਾ ਜਗਤ ਵਿਆਹੀ ਤੇ ਬਿਨਾ ਪ੍ਰਭੂ ਤੋਂ ਕਵਾਰੀ, ਬਿਨਾ ਸਾਹਿਬ ਤੋਂ ਸਾਚੀ ਸੇਜ ਨਾ ਕੋਇ ਟਿਕਾਈਆ । ਜਿਸ ਵੇਲੇ ਸਾਹਿਬ ਦੀ ਸੇਜੇ ਸੁੱਤੇ ਫੇਰ ਸੌਣਾ ਪੈਰ ਪਸਾਰੀ, ਦੋ ਜਹਾਨ ਨਾ ਕੋਇ ਉਠਾਈਆ । ਜਦੋਂ ਤਕੋ ਤੇ ਤਕੋ ਨੂਰ ਜੋਤ ਉਜਿਆਰੀ, ਜੋਤੀ ਜਾਤਾ ਡਗਮਗਾਈਆ । ਪੂਰਨ ਪੂਰਨ ਪਰਮੇਸ਼ਵਰ ਤਕੋ ਤੇ ਪਰਮੇਸ਼ਵਰ ਪੂਰਨ ਰੂਪ ਅਪਾਰੀ, ਅਪਰੰਪਰ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਬੇੜੀ ਕਹੇ ਗੋਲੀਏ ਮੈਨੂੰ ਫੇਰ ਕਰ ਤਿਆਰ, ਦੂਜੀ ਵਾਰ ਬਣਤ ਬਣਾਈਆ । ਮੈਂ ਓਨਾਂ ਚਿਰ ਵੇਖ ਕੇ ਆਵਾਂ ਸੰਸਾਰ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਪਾਈਆ । ਲੱਭਾਂ ਉਹ ਆਪਣੇ ਯਾਰ, ਜਿਹੜੇ ਯਰਾਨੇ ਧੁਰ ਦੇ ਰਹੇ ਲਗਾਈਆ । ਦੇ ਕੇ ਆਵਾਂ ਦੀਦਾਰ, ਮਸਤ ਮਸਤਾਨਾ ਆਪਣਾ ਰੂਪ ਦਰਸਾਈਆ । ਕਰਾਂ ਖੇਲ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸਾਰੇ ਸੀਸ ਨਿਵਾਈਆ । ਇਕ ਸੁਹਾਵਾਂ ਤੇ ਸੁਹਾਵਾਂ ਭਗਤ ਦਵਾਰ, ਭਗਵਨ ਹੋ ਕੇ ਫਿਰਾਂ ਚਾਈਂ ਚਾਈਆ । ਓ ਅੱਜ ਦੀ ਖ਼ੁਸ਼ੀਆਂ ਵਾਲੀ ਬਹਾਰ, ਸੋਹਣਾ ਰੰਗ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਬੇੜੀ ਕਹੇ ਮੇਰੇ ਤੇ ਆ ਗਿਆ ਬੁਢਾਪਾ, ਬੁੱਢੀ ਹੋ ਕੇ ਦਿਆਂ ਸੁਣਾਈਆ । ਮੈਨੂੰ ਸਦੀ ਚੌਧਵੀਂ ਦਾ ਅੰਤ ਵੇਖ ਕੇ ਚੜ੍ਹ ਗਿਆ ਤਾਪਾ, ਹਾਏ ਹਾਏ ਕਰ ਕੁਰਲਾਈਆ । ਮੇਰਾ ਕੰਬ ਗਿਆ ਪਾਪਾ, ਪਾਪੀਆਂ ਨੂੰ ਵੇਖ ਕੇ ਮੇਰਾ ਨੈਣ ਰਿਹਾ ਸ਼ਰਮਾਈਆ । ਮੈਨੂੰ ਭੈ ਆਉਂਦਾ ਕਿਤੇ ਮੇਰਾ ਮਹਿਬੂਬ ਸਭ ਦਾ ਕਢ ਨਾ ਲਏ ਖਾਤਾ, ਕਿਉਂ ਖ਼ਤਾ ਵਾਲੇ ਸਾਰੇ ਨਜ਼ਰੀ ਆਈਆ । ਉਹ ਵੇਖੋ ਲੁਕ ਗਿਆ ਪੈਗ਼ੰਬਰ ਗੁਰ ਅਵਤਾਰ ਜਗਤ ਦਾ ਚਾਚਾ, ਚਚਾ ਚਚਾ ਚਚਾ ਕਰਨ ਵਾਲਾ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਦਾ ਭੱਜ ਗਿਆ

੧੬੯੦
੨੨

ਠੀਕਰ ਕਾਚਾ, ਕਾਚੀ ਗਗਰੀਆ ਰਹਿਣ ਕੋਇ ਨਾ ਪਾਈਆ । ਤਨ ਵਜੂਦ ਵਿਚ ਅੱਖਰ ਵਾਚਾ, ਸਿਫ਼ਤਾਂ ਢੋਲੇ ਗਾਈਆ । ਮੰਨ ਕੇ ਧੁਰ ਦਾ ਆਕਾ, ਸੱਜਦਿਆਂ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਚ ਕਹੇ ਬੇੜੀ ਫੜਾ ਦੇ ਉਠ ਕੇ ਗੋਲੀ, ਹੱਥ ਹੱਥ ਨਾਲ ਮਿਲਾਈਆ । ਪਾ ਲੈ ਓਸ ਪ੍ਰਭੂ ਦੀ ਬੋਲੀ, ਜੋ ਅਨਬੋਲਤ ਰਾਗ ਸੁਣਾਈਆ । ਜਿਸ ਨੇ ਰੰਗਣੀ ਭਗਤਾਂ ਚੋਲੀ, ਚੋਹਲ ਕਰ ਕੇ ਆਪਣੀ ਗੋਦ ਟਿਕਾਈਆ । ਹੁਣ ਖੇਲ ਕਰਨਾ ਉਪਰ ਧੌਲੀ, ਧਰਮ ਦੀ ਧਾਰ ਵਖਾਈਆ । ਜੋ ਸਚ ਦਵਾਰ ਰਿਹਾ ਖੋਲ੍ਹੀ, ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਬੇੜੀ ਕਹੇ ਮੇਰਾ ਬਣਿਆ ਦੂਜਾ ਰੂਪ, ਮੈਂ ਦੂਤੀਏ ਦਿਤੇ ਤਜਾਈਆ । ਮੰਨ ਕੇ ਇਕੋ ਭੂਪ, ਬੈਠੀ ਸੀਸ ਝੁਕਾਈਆ । ਜਾਂ ਮੈਂ ਨਿਗਹ ਮਾਰੀ ਸਾਰੇ ਦਿਸਦੇ ਇਕੋ ਪਿਤਾ ਦੇ ਪੂਤ, ਤੇ ਇਕੋ ਸਭ ਦੀ ਮਾਈਆ । ਜਿਨ੍ਹਾਂ ਦਾ ਇਕੋ ਤਾਣਾ ਪੇਟਾ ਤੇ ਇਕੋ ਸੂਤ, ਦੂਜੀ ਵੰਡ ਨਾ ਕੋਇ ਵੰਡਾਈਆ । ਮੈਂ ਹੁਣ ਫਿਰਨਾ ਚਾਰੇ ਕੂਟ, ਭੱਜਣਾ ਵਾਹੋ ਦਾਹੀਆ । ਲੇਖਾ ਵੇਖਣਾ ਜੂਠ ਝੂਠ, ਸਤਿ ਸਚ ਫੋਲ ਫੁਲਾਈਆ । ਤੁਹਾਡੀ ਸ਼ਹਾਦਤ ਤੇ ਤੁਹਾਡੀ ਗਵਾਹੀ ਤੇ ਏਸ ਲਿਖਤ ਨੇ ਦੇਣਾ ਸਬੂਤ, ਜੋ ਪੰਜ ਲਿਖਾਰੀ ਲਿਖ ਕੇ ਲੇਖਾ ਰਹੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਬੇੜੀ ਕਹੇ ਨਬੀ ਨੂਹ ਨੇ ਇਕ ਗੱਲ ਸੀ ਆਖੀ, ਮੇਰੇ ਵਿਚ ਸੱਜਦਾ ਕਰਕੇ ਅੰਦਰੇ ਅੰਦਰ ਜਣਾਈਆ । ਜਗਤ ਵਹਿਣਾਂ ਵਿਚੋਂ ਮੇਰਾ ਪਰਵਰਦਿਗਾਰ ਕਰੇ ਰਾਖੀ, ਰੱਖਕ ਹੋ ਕੇ ਵੇਖ ਵਖਾਈਆ । ਮੈਨੂੰ ਵੰਞ ਲਾਉਣ ਲੱਗਿਆਂ ਕਿਹਾ ਇਹ ਵੀ ਮੇਰੀ ਗੁਸਤਾਖ਼ੀ, ਕਿਉਂ ਆਪਣਾ ਬਲ ਪਰਗਟਾਈਆ । ਫੇਰ ਪਰ੍ਹਾਂ ਸੁੱਟਿਆ ਜੇ ਮੇਰਾ ਹੋਵੇਗਾ ਤੇ ਮੇਰੀ ਬਚਾ ਲਵੇਗਾ ਹਯਾਤੀ, ਬਿਨਾ ਚੱਪੂ ਦਿਤੀ ਚਲਾਈਆ । ਇਕ ਰੱਖ ਕੇ ਓਟ ਆਸੀ, ਨਿਗਹ ਨਿਗਹ ਵਿਚੋਂ ਬਦਲਾਈਆ । ਮੇਰੇ ਮਾਲਕ ਕੁਝ ਸੰਦੇਸ਼ਾ ਦੇ ਬਿਨਾ ਪਾਤੀ, ਬਿਨ ਅੱਖਰਾਂ ਲੇਖ ਲਿਖਾਈਆ । ਪਰਵਰਦਿਗਾਰ ਖੋਲ੍ਹ ਕੇ ਅੰਦਰ ਦੀ ਤਾਕੀ, ਸੰਦੇਸ਼ਾ ਦਿਤਾ ਜਣਾਈਆ । ਓਹ ਤਕ ਪੁਰਖ ਅਬਿਨਾਸ਼ੀ, ਕਰਤਾ ਧੁਰਦਰਗਾਹੀਆ । ਉਸ ਦਾ ਖੇਲ ਹੋਣਾ ਸਤਿਜੁਗ ਵਾਲੀ ਪਰਭਾਤੀ, ਭਾਂਡਾ ਭਰਮ ਭੰਨਾਈਆ । ਉਹ ਲੇਖਾ ਮੁਕਾਵੇ ਕਲਜੁਗ ਅੰਧੇਰੀ ਰਾਤੀ, ਸਦੀ ਚੌਧਵੀਂ ਅੰਤ ਝੋਲੀ ਦਏ ਭਰਾਈਆ । ਆਪ ਬਣ ਕੇ ਪਾਕ ਪਾਕੀ, ਪਤਿਤ ਪਾਵਨ ਇਕ ਅਖਵਾਈਆ । ਐ ਨੂਹ ਤੇਰੀ ਹਾਜ਼ਰ ਕਰੇਗਾ ਰੂਹ ਲਹਿਣਾ ਦੇਵੇ ਹਾਥੋ ਹਾਥੀ, ਬਾਕੀ ਨਜ਼ਰ ਕੋਇ ਨਾ ਆਈਆ । ਨਾ ਉਹ ਆਪ ਹੋਵੇਗਾ ਬੰਦਾ ਖ਼ਾਕੀ, ਸਭ ਦੀ ਕਰੇਗਾ ਰਾਖੀ, ਰੱਖਕ ਹੋ ਕੇ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਬੇੜੀ ਕਹੇ ਮੇਰੀ ਅੰਤ ਭਗਤੋ ਪਰਨਾਮ, ਸਭ ਦੇ ਕਦਮਾਂ ਸੀਸ ਨਿਵਾਈਆ । ਤੁਹਾਨੂੰ ਮੇਰੀ ਲੋੜ ਨਹੀਂ ਤੇ ਤੁਹਾਨੂੰ ਲੈਣ ਆਵੇ ਆਪ ਭਗਵਾਨ, ਤੁਹਾਡਾ ਵਿਚੋਲਾ ਸ਼ਬਦ ਗੁਰੂ ਬਣਾਈਆ । ਤੁਹਾਡਾ ਸਦਾ ਨਾਂ ਰਹੇ ਵਿਚ ਜਹਾਨ, ਜੁਗ ਜੁਗ ਵੱਜਦੀ ਰਹੇ ਵਧਾਈਆ । ਮੈਂ ਏਸੇ ਕਰਕੇ ਤੁਹਾਨੂੰ ਸੰਦੇਸ਼ਾ ਆਈ ਸਾਂ ਸੁਣਾਉਣ, ਭੱਜੀ ਵਾਹੋ ਦਾਹੀਆ । ਤੁਸੀਂ ਸੁਣਿਆ ਚੰਗੀ ਤਰਾ ਨਾਲ ਕਾਨ, ਘਰ ਜਾ ਕੇ ਭੁੱਲ ਕੋਇ ਨਾ ਜਾਈਆ । ਮੇਰੇ ਪਰਵਰਦਿਗਾਰ ਇਕ ਵਾਰ ਅੱਗੇ ਇਕੋ ਸੋਹਣਾ ਬਣਾ ਦੇਣਾ ਵਿਧਾਨ, ਵਾਅਦੇ ਸਭ ਦੇ ਪੂਰ


੧੬੯੧
੨੨

ਕਰਾਈਆ । ਤੇ ਸਤਿਗੁਰੂ ਸ਼ਬਦ ਨੇ ਕਰਾ ਦੇਣਾ ਇਤਮੀਨਾਨ, ਭਰੋਸਾ ਤਸੱਲੀ ਨਾਲ ਕਰਾਈਆ । ਮੈਂ ਸਭ ਦੇ ਸਾਹਮਣੇ ਦੇ ਕੇ ਚਲੀ ਬਿਆਨ, ਨਬੀ ਨੂਹ ਨਾਲ ਮਿਲਾਈਆ । ਸਦੀ ਚੌਧਵੀਂ ਇਕ ਬੜਾ ਚੜ੍ਹਨ ਵਾਲਾ ਤੂਫਾਨ, ਜਿਸ ਨੂੰ ਅੱਗੇ ਹੋ ਨਾ ਕੋਇ ਅਟਕਾਈਆ । ਇਕੋ ਹੁਕਮ ਤੇ ਇਕ ਹੋਣਾ ਫ਼ਰਮਾਨ, ਫ਼ਰਮਾਂਬਰਦਾਰ ਗੁਰ ਅਵਤਾਰ ਪੈਗ਼ੰਬਰ ਸਾਰੇ ਕੰਬਣ ਥਾਉਂ ਥਾਈਂਆ । ਜਨ ਭਗਤ ਖ਼ੁਸ਼ੀ ਵਿਚ ਖ਼ੁਸ਼ੀ ਦਾ ਝਟ ਲੰਘਾਉਣ, ਜਗਤ ਦੁੱਖਾਂ ਦਾ ਡੇਰਾ ਢਾਹੀਆ । ਮੈਂ ਦੱਸਣ ਆਈ ਪੀਰਾਂ ਦਾ ਪੀਰ ਪੈਗ਼ੰਬਰਾਂ ਦਾ ਪੈਗ਼ੰਬਰ ਰਸੂਲਾਂ ਦਾ ਰਸੂਲ ਇਹੋ ਮੁਹੰਮਦ ਦਾ ਅਮਾਮ, ਮਾਲਕ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਦਰ ਆਈ ਕਰੇ ਪਰਵਾਨ, ਪਰਵਾਨਾ ਨਾਮ ਵਾਲਾ ਦੇ ਕੇ ਖ਼ੁਸ਼ੀ ਘਰ ਘਰ ਦਏ ਵਖਾਈਆ ।

### ੨੮ ਪੋਹ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਸਵੇਰੇ ਸ਼ਾਦੀਆਂ ਸਮੇਂ ਜ਼ਿਲਾ ਅੰਮ੍ਰਿਤਸਰ



ਸੰਮਤ ਸ਼ਹਿਨਸ਼ਾਹੀ ਸੱਤ ਕਹੇ ਸਤਿਜੁਗ ਸਤਿ ਹੋਵੇ ਵਰਤਾਰਾ, ਸਤਿ ਦਾ ਸਤਿ ਹੁਕਮ ਸੁਣਾਈਆ । ਮਾਨਵ ਜ਼ਾਤੀ ਇਕੋ ਹੋਵੇ ਅਧਾਰਾ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਇਕੋ ਜੇਹਾ ਮਾਣ ਪੁਰਖ ਨਾਰਾ, ਨਰ ਨਰਾਇਣ ਆਪ ਦਵਾਈਆ । ਲੇਖਾ ਇਕੋ ਰੰਗ ਹੋਵੇ ਜੰਗਲ ਜੂਹ ਪਹਾੜਾ, ਸਾਗਰਾਂ ਵਿਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸੰਮਤ ਸੱਤ ਕਹੇ ਸਤਿਜੁਗ ਹੋਇਆ ਕਰਨਗੇ ਕਾਰਜ ਅਨੰਦ, ਸ਼ਰਅ ਮਾਨਵ ਜ਼ਾਤੀ ਇਕ ਸਮਝਾਈਆ । ਨਿਸ਼ਾਨ ਮਿਟਣੇ ਤਾਰਾ ਚੰਦ, ਜਗਤ ਨਿਸ਼ਾਨੇ ਨਾ ਕੋਇ ਵਡਿਆਈਆ । ਸ਼ਰੀਅਤ ਦੇ ਟੁਟਣੇ ਫੰਦ, ਮਜ਼੍ਹਬੀ ਵੰਡ ਨਾ ਕੋਇ ਵੰਡਾਈਆ । ਲੇਖਾ ਰਹੇ ਨਾ ਪਾਣੀ ਵਾਲੇ ਗੰਗ, ਗੋਦਾਵਰੀ ਸਰ ਨਾ ਕੋਇ ਚੁਤਰਾਈਆ । ਅੱਠ ਸੱਠ ਹੋਵੇ ਭੰਗ, ਪਿਛਲਾ ਭਰਮ ਮਿਟਾਈਆ । ਮੰਦਰ ਮਸਜਿਦ ਕਰੇ ਕੋਇ ਨਾ ਵੰਡ, ਹਿੱਸਾ ਨਜ਼ਰ ਕੋਇ ਨਾ ਆਈਆ । ਇਹ ਖੇਲ ਸੂਰੇ ਸਰਬੰਗ, ਹਰਿ ਕਰਤਾ ਆਪ ਕਰਾਈਆ । ਜਿਸ ਨੌ ਸੌ ਚੁਰਾਨਵੇ ਚੌਕੜੀ ਮੇਟਿਆ ਪੰਧ, ਮੁਸਾਫ਼ਰ ਸਫ਼ਰ ਨਾ ਕੋਇ ਭਵਾਈਆ । ਦੀਨ ਦੁਨੀ ਦੀ ਮੰਜ਼ਲ ਆਪੇ ਲੰਘ, ਪੜਦਾ ਸਤਿ ਦਾ ਸਚ ਉਠਾਈਆ । ਨਿਰਗੁਣ ਧਾਰ ਹੋ ਕੇ ਸੰਗ, ਸਰਗੁਣ ਰੂਪ ਆਪ ਸਮਝਾਈਆ । ਜੋ ਅਵਤਾਰ ਪੈਗ਼ੰਬਰਾਂ ਗੁਰੂਆਂ ਮੰਗੀ ਮੰਗ, ਨਿਰਗੁਣ ਆਸਾ ਇਕ ਰਖਾਈਆ । ਉਨ੍ਹਾਂ ਦਾ ਖ਼ੁਸ਼ੀ ਕਰੇ ਬੰਦ ਬੰਦ, ਬੰਦਗੀ ਧੁਰ ਦੀ ਆਪ ਪਰਗਟਾਈਆ । ਜਨ ਭਗਤ ਦੀਨ ਦੁਨੀ ਮਾਨਵ ਜ਼ਾਤੀ ਇਕੋ ਗਾਏਗੀ ਛੰਦ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਗਾਈਆ । ਸੰਮਤ ਸੱਤ ਕਹੇ ਸਤਿ ਦੀ ਬੰਨ੍ਹਣੀ ਸਾਚੀ ਧਾਰਾ, ਸਤਿ ਸਚ ਨਾਲ ਮਿਲਾਈਆ । ਖੇਲ ਵਰਤਣਾ ਵਿਚ ਸੰਸਾਰਾ, ਵਰਤਾਵੇ ਬੇਪਰਵਾਹੀਆ । ਜੋ ਆਦਿ ਅੰਤ ਦਾ ਕਰਨੇਹਾਰਾ, ਕੁਦਰਤ ਦਾ ਮਾਲਕ ਇਕ ਅਖਵਾਈਆ । ਉਸ ਦੀ ਮਰਿਆਦਾ ਠੀਕ ਚਲੇ ਸਤਾਰਾਂ ਹਾੜ੍ਹਾ, ਸੰਮਤ ਅੱਠ ਅੱਠ ਵਡਿਆਈਆ । ਅਨੰਦ ਕਾਰਜ ਦੇ ਸਮੇਂ ਸਾਰੇ ਭਗਤ ਸਿਰਫ਼ ਲਾਇਆ ਕਰਨਗੇ ਪੰਜ ਜੈਕਾਰਾ, ਦੂਜੀ ਲਿਖਤ ਨਾ ਕੋਇ ਲਿਖਾਈਆ । ਇਹ ਹੁਕਮ

ਮਿਲਣਾ ਨਹੀਂ ਦੋਬਾਰਾ, ਏਕਾ ਇਕੋ ਵਾਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਬਣਾਏ ਇਕ ਵਿਹਾਰਾ, ਵਿਵਹਾਰੀ ਆਪਣੀ ਕਾਰ ਭੁਗਤਾਈਆ ।

✪ ੨੮ ਪੋਹ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ਜ਼ਿਲਾ ਅੰਮ੍ਰਿਤਸਰ ✪

ਅਠਾਈ ਪੋਹ ਕਹੇ ਪ੍ਰਭ ਭਰਨੇ ਕੁੰਡ ਅਠਾਈ, ਧੁਰ ਦਾ ਸ਼ਬਦ ਹੁਕਮ ਵਰਤਾਈਆ । ਪਿਛਲੇ ਅਠਾਰਾਂ ਰੋਵਣ ਮਾਰਨ ਧਾਰੀ, ਕੁੰਭੀ ਨਰਕ ਰਹੇ ਕੁਰਲਾਈਆ । ਕਿਉਂ ਵਾਧਾ ਦਸ ਦਿਤਾ ਵਧਾਈ, ਕੀ ਤੇਰੀ ਬੇਪਰਵਾਹੀਆ । ਏਥੇ ਅਗਨੀ ਅੱਗੇ ਬੜੀ ਤਪਾਈ, ਸਾਂਤਕ ਸਤਿ ਨਜ਼ਰ ਕੋਇ ਨਾ ਆਈਆ । ਸਾਰੇ ਰੋਵਣ ਮਾਰਨ ਧਾਹੀਂ, ਨੈਣਾਂ ਨੀਰ ਵਹਾਈਆ । ਜਿਨ੍ਹਾਂ ਭੁੱਲਿਆ ਪ੍ਰਭ ਗੁਸਾਈਂ, ਰਾਏ ਧਰਮ ਦਏ ਸਜ਼ਾਈਆ । ਉਨ੍ਹਾਂ ਗਲ ਵਿਚ ਪਈ ਫਾਹੀ, ਫਾਸੀ ਸਕੇ ਨਾ ਕੋਇ ਕਟਾਈਆ । ਪ੍ਰਭੂ ਤੇਰੇ ਨਾਲੋਂ ਹੋਈ ਜੁਦਾਈ, ਵਿਛੜਿਆਂ ਮੇਲ ਨਾ ਕੋਇ ਮਿਲਾਈਆ । ਸਚ ਦੇਵੇ ਨਾ ਕੋਇ ਸਰਨਾਈ, ਸਿਰ ਹੱਥ ਨਾ ਕੋਇ ਟਿਕਾਈਆ । ਧੁਰ ਦਾ ਸ਼ਬਦ ਕਹੇ ਅਠਾਰਾਂ ਨਰਕ ਹੁਣ ਤੁਹਾਡਾ ਲੇਖਾ ਬਣਿਆ ਅਠਾਈ, ਵਾਧਾ ਹੁਕਮ ਨਾਲ ਕਰਾਈਆ । ਕਿਉਂ ਸ਼ਰਅ ਵਿਚ ਆ ਕੇ ਬਹੁਤਿਆਂ ਖਾਧਾ ਸੂਰ ਗਾਈਂ, ਉਹ ਖਾਣ ਵਾਲੇ ਸਾਰੇ ਤੁਹਾਡੇ ਵਿਚ ਟਿਕਾਈਆ । ਇਹ ਖੇਲ ਬੇਪਰਵਾਹੀ, ਹਰਿ ਕਰਤਾ ਆਪ ਕਰਾਈਆ । ਤੁਸਾਂ ਖ਼ੁਸ਼ੀ ਮਨਾਉਣੀ ਚਾਈਂ ਚਾਈਂ, ਚਾਓ ਘਨੇਰਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਅਠਾਰਾਂ ਕਹਿਣ ਪ੍ਰਭ ਕਿਉਂ ਕੀਤਾ ਵਾਧਾ ਦਸ, ਸਾਹਿਬ ਤੇਰੀ ਸਰਨਾਈਆ । ਸਤਿਗੁਰ ਸ਼ਬਦ ਪਿਆ ਹੱਸ, ਤਾਲੀ ਧੁਰ ਦੀ ਧਾਰ ਵਜਾਈਆ । ਕਮਲਿਆ ਸਤਿਜੁਗ ਤ੍ਰੇਤਾ ਦੁਆਪਰ ਗਿਆ ਨੱਸ, ਆਪਣਾ ਪੰਧ ਮੁਕਾਈਆ । ਕ੍ਰਿਸ਼ਨ ਨੇ ਆਸਾ ਰੱਖੀ ਯਕ, ਜਿਸ ਵੇਲੇ ਅਠਾਰਾਂ ਕਸ਼ੂਣੀਆਂ ਗ਼ਰਕ ਕਰਾਈਆ । ਚਲਾ ਕੇ ਰਥ, ਯੁਧ ਬੁਧ ਨਾਲ ਕਰਾਈਆ । ਫੇਰ ਆਪਣੀ ਉਘੇੜੀ ਨਿਜ ਅੱਖ, ਨੇਤਰ ਲਿਆ ਉਠਾਈਆ । ਮੇਰਾ ਲਹਿਣਾ ਪੂਰਾ ਹੋਇਆ ਸਚ, ਸਚ ਪ੍ਰਭ ਦੀ ਕਾਰ ਕਮਾਈਆ । ਫੇਰ ਹੁਕਮ ਸੁਣਿਆ ਸਮਰਥ, ਹਰਿ ਕਰਤਾ ਆਪ ਦ੍ਰਿੜਾਈਆ । ਤ੍ਰੇਤਾ ਦੁਆਪਰ ਗਿਆ ਨੱਠ, ਕਲਜੁਗ ਕਲ ਲਏ ਅੰਗੜਾਈਆ । ਫੇਰ ਉਸਨੇ ਬੀਤਣਾ ਝਟ, ਝਟਕੇ ਹਲਾਲੀ ਦੀਆਂ ਵੰਡਾਂ ਦਏ ਕਰਾਈਆ । ਪਿਛਲੀ ਡੋਰੀ ਦੇਵੇ ਕਟ, ਕਟਾਕਸ਼ ਹੁਕਮ ਵਾਲਾ ਲਗਾਈਆ । ਧੁਰ ਦਾ ਨਾਮ ਮਿਲਣਾ ਕਿਸੇ ਨਹੀਂ ਹੱਟ, ਹਟਵਾਣਾ ਨਜ਼ਰ ਕੋਇ ਨਾ ਆਈਆ । ਜਗਤ ਤ੍ਰਿਸ਼ਨਾ ਪੈਣੀ ਨੱਠ, ਕਾਮਨਾ ਭੱਜੇ ਵਾਹੋ ਦਾਹੀਆ । ਭਾਗ ਲੱਗੇ ਨਾ ਕਾਇਆ ਮੱਟ, ਮਠ ਸ਼ਿਵਦਵਾਲੇ ਰੋਵਣ ਮਾਰਨ ਧਾਹੀਆ । ਉਸ ਵੇਲੇ ਹੋਣਾ ਆਪ ਪਰਗਟ, ਪਰਮ ਪੁਰਖ ਪ੍ਰਭ ਆਪਣੀ ਦਇਆ ਕਮਾਈਆ । ਖੇਲ ਖੇਲਣਾ ਬਾਜ਼ੀਗਰ ਨਟ, ਸਵਾਂਗੀ ਆਪਣਾ ਸਵਾਂਗ ਰਚਾਈਆ । ਧਰਮ ਦੀ ਧਾਰ ਕਲਜੁਗ ਜੀਵ ਜਾਣ ਛਡ, ਸਗਲਾ ਸੰਗ ਨਾ ਕੋਇ ਵਖਾਈਆ । ਕਾਇਆ ਮਾਟੀ ਖ਼ਾਲੀ ਹੋਏ ਹੱਡ, ਪੰਚਮ ਤਤ ਵੱਜੇ ਨਾ ਕੋਇ ਵਧਾਈਆ । ਫੇਰ ਖੇਲ ਕਰੇ ਸੂਰਾ ਸਰਬਗ, ਹਰਿ ਕਰਤਾ ਧੁਰਦਰਗਾਹੀਆ । ਕਲਜੁਗ ਜੀਵ ਧਰਮ ਰਾਏ ਦਾ ਬਣਾਏ ਵੱਗ, ਦੂਸਰ ਹੱਥ ਨਾ ਕਿਸੇ ਫੜਾਈਆ । ਉਹ ਫੜ ਕੇ

੧੬੯੪ ੨੨

ਝੇਕੇ ਅਠਾਰਾਂ ਦੀ ਬਜਾਏ ਅਠਾਈ ਕੁੰਡਾਂ ਦੀ ਅੱਗ, ਵਾਧਾ ਕਲਜੁਗ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਹੁਕਮ ਵਰਤੇ ਪ੍ਰਭ ਦਾ ਸ਼ਰਤੀ, ਸ਼ਰਅ ਸਕੇ ਨਾ ਕੋਇ ਮਿਟਾਈਆ । ਮਾਲਕ ਆਉਣਾ ਇਕੋ ਨਿਧਪਰਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਨੂਰ ਉਜਿਆਰਾ ਕਰਨਾ ਅਰਸ਼ੀ, ਅਰਸ਼ੀ ਪ੍ਰੀਤਮ ਹੋ ਕੇ ਵੇਖ ਵਖਾਈਆ । ਲਹਿਣਾ ਦੇਣਾ ਪੂਰਾ ਕਰਨਾ ਜ਼ਿਮੀਂ ਜ਼ਮਾਂ ਫ਼ਰਸ਼ੀ, ਮਾਟੀ ਖ਼ਾਕ ਲੇਖੇ ਲਾਈਆ । ਉਸ ਨੇ ਅਵਤਾਰ ਪੈਗ਼ੰਬਰ ਗੁਰੂਆਂ ਦੀ ਮਨਜ਼ੂਰ ਕਰਨੀ ਅਰਜ਼ੀ, ਜੋ ਆਰਜ਼ੂ ਆਪਣੀ ਅੱਗੇ ਗਏ ਟਿਕਾਈਆ । ਫੇਰ ਉਨ੍ਹਾਂ ਤੋਂ ਬਾਦ ਵਰਤਾਉਣੀ ਆਪਣੀ ਮਰਜ਼ੀ, ਮਸ਼ਵਰਾ ਕਰਨ ਕੋਇ ਨਾ ਪਾਈਆ । ਜਨ ਭਗਤਾਂ ਭਗਵਾਨ ਆਪ ਕਰੇ ਹਮਦਰਦੀ, ਦੁਖੀਆਂ ਦੁੱਖ ਆਪ ਗਵਾਈਆ । ਇਹ ਖੇਲ ਹੋਣੀ ਨਰਾਇਣ ਨਰ ਦੀ, ਨਰ ਹਰਿ ਆਪਣਾ ਹੁਕਮ ਸੁਣਾਈਆ । ਸ੍ਰਿਸ਼ਟੀ ਡੂੰਘੇ ਵਹਿਣ ਹੋਣੀ ਹੜ੍ਹਦੀ, ਚੱਪੂ ਨਾਮ ਨਾ ਕੋਇ ਲਗਾਈਆ । ਕਿਸੇ ਖ਼ਬਰ ਨਹੀਂ ਦੇਣੀ ਚੋਟੀ ਜੜ੍ਹ ਦੀ, ਚੇਤਨ ਸਾਰ ਕੋਇ ਨਾ ਪਾਈਆ । ਬਿਨਾ ਭਗਤਾਂ ਤੋਂ ਆਤਮ ਪਰਮਾਤਮ ਢੋਲਾ ਕੋਈ ਨਹੀਂ ਹੋਣੀ ਪੜ੍ਹਦੀ, ਪੜਦਿਆਂ ਅੰਦਰ ਮਿਲੇ ਮੇਲ ਨਾ ਧੁਰ ਦੇ ਮਾਹੀਆ । ਪਹਿਲੋਂ ਅੱਗ ਲੱਗਣੀ ਦਿਸ਼ਾ ਚੜ੍ਹਦੀ, ਫੇਰ ਲਹਿੰਦੀ ਦਏ ਮਚਾਈਆ । ਮਾਣ ਤਾਣ ਵੇਖੇ ਹੰਕਾਰ ਗੜ੍ਹ ਦੀ, ਚਾਰੋਂ ਕੁੰਟ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਨੇ ਆਪਣੀ ਕਰਨੀ ਕਰਨੀ, ਕਰਤਾ ਪੁਰਖ ਹੁਕਮ ਵਰਤਾਈਆ । ਕਲਜੁਗ ਅੰਤ ਸ੍ਰਿਸ਼ਟੀ ਬਥੇਰੀ ਮਰਨੀ, ਮਰ ਜੀਵਤ ਰੂਪ ਨਾ ਕੋਇ ਵਟਾਈਆ । ਅਠਾਈ ਕੁੰਡਾਂ ਖ਼ੁਸ਼ੀਆਂ ਨਾਲ ਭਰਨੀ, ਭਾਂਡਾ ਭਰਮ ਭੌ ਭੰਨਾਈਆ । ਰਾਏ ਧਰਮ ਕੋਲੋਂ ਉਹ ਬਚਣੇ ਜਿਨ੍ਹਾਂ ਨੂੰ ਆਪ ਲਗਾਵੇ ਆਪਣੀ ਚਰਨੀ, ਚਰਨੋਦਕ ਨਾਮ ਵਾਲਾ ਪਿਆਈਆ । ਖ਼ੁਸ਼ੀਆਂ ਨਾਲ ਤੁਕ ਅਗੰਮੀ ਪੜ੍ਹਨੀ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਨੇ ਨਵੀਂ ਘਾੜਤ ਘੜਨੀ, ਘੜਨ ਭੰਨਣਹਾਰ ਖੇਲ ਖਿਲਾਈਆ । ਉਸ ਦੇ ਅੱਗੇ ਸ਼ਰਅ ਦੀ ਤਾਕਤ ਕੋਇ ਨਾ ਅੜਨੀ, ਸ਼ਰੀਅਤ ਦੇ ਲੇਖੇ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅਠਾਰਾਂ ਕੁੰਡ ਕਹਿਣ ਸਾਡੇ ਨਾਲ ਮਿਲਣੇ ਦਸ ਹੋਰ, ਵਾਧਾ ਪ੍ਰਭ ਨੇ ਦਿਤਾ ਕਰਾਈਆ । ਕਿਉਂ ਕਲਜੁਗ ਦਿਸੇ ਅੰਧੇਰਾ ਘੋਰ, ਸਾਚਾ ਚੰਦ ਨਾ ਕੋਇ ਚਮਕਾਈਆ । ਜਗਤ ਸੰਤ ਸਾਧ ਹੋਏ ਚੋਰ, ਠੱਗੀ ਪ੍ਰਭ ਦੇ ਨਾਲ ਕਮਾਈਆ । ਜਗਤ ਵਾਸਨਾ ਹੋਏ ਹਰਾਮਖੋਰ, ਕਾਮ ਕਾਮਨੀ ਨਾਲ ਹਲਕਾਈਆ । ਆਤਮ ਪਰਮਾਤਮ ਬੱਧੀ ਕਿਸੇ ਨਾ ਡੋਰ, ਡੌਰੂ ਕੂੜਾ ਡੰਕ ਵਜਾਈਆ । ਜਗਤ ਵਿਦਿਆ ਮਚਾਉਂਦੇ ਸ਼ੋਰ, ਅਨੁਰਾਗੀ ਰਾਗ ਨਾ ਕੋਇ ਸੁਣਾਈਆ । ਆਪਣੇ ਅੰਦਰ ਦਾ ਕੁੰਡਾ ਸਕੇ ਕੋਇ ਨਾ ਖੋਲ੍ਹ, ਬੰਦ ਕਿਵਾੜੀ ਪਰਦਾ ਨਾ ਕੋਇ ਉਠਾਈਆ । ਨਾਦ ਸ਼ਬਦ ਧੁਨ ਦਾ ਸੁਣੇ ਕੋਇ ਨਾ ਢੋਲ, ਧੁਨ ਅਗੰਮ ਨਾ ਕੋਇ ਜਣਾਈਆ । ਮਾਨਸ ਜਨਮ ਮਾਇਆ ਮਮਤਾ ਵਿਚ ਲਿਆ ਵਰੋਲ, ਮੋਹ ਹੰਕਾਰ ਨਾਲ ਰਖਾਈਆ । ਬਿਨ ਹਰਿ ਕਿਰਪਾ ਕੋਇ ਨਾ ਉਤਰੇ ਪੂਰੇ ਤੋਲ, ਜਗਤ ਤਰਾਜ਼ੂ ਕੰਮ ਕਿਸੇ ਨਾ ਆਈਆ । ਧੰਨ ਵਡਿਆਈ ਜਿਨ੍ਹਾਂ ਪ੍ਰਭ ਮਿਲਿਆ ਉਪਰ ਧੌਲ, ਧਰਨੀ ਸੀਸ ਝੁਕਾਈਆ । ਜਨ ਭਗਤ ਭਗਤੀ ਵਿਚ ਸਦਾ ਅਡੋਲ, ਮਨਸਾ ਮਨ ਨਾ ਕੋਇ ਕੁਰਲਾਈਆ । ਜਿਨ੍ਹਾਂ ਨੇ ਸੁਣਿਆ ਇਕੋ ਬੋਲ, ਅਗੰਮ ਅਗੰਮੜਾ ਰਾਗ ਜਣਾਈਆ । ਸੋ

ਮਾਲਕ ਖ਼ਾਲਕ ਸਦ ਵਸੇ ਭਗਤਾਂ ਕੋਲ, ਕੌਲ ਇਕਰਾਰ ਪੂਰਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾ ਹੁਕਮ ਸਚ ਸਤਿ ਦਾ ਮਾਲਕ ਆਪ ਵਰਤਾਈਆ ।

✪ ੨੯ ਪੋਹ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦੁਆਰ ਜੇਠੂਵਾਲ ਰਾਤ ਦੇ ਸਮੇਂ ਜ਼ਿਲਾ ਅੰਮ੍ਰਿਤਸਰ ✪

ਮੋਹਿ ਮਾਈ ਦੇਵੇ ਲੋਹੜੀ, ਲੋੜੀਂਦੀ ਆਸਾ ਪੂਰ ਕਰਾਈਆ । ਭਗਤ ਭਗਵਾਨ ਬਣੀ ਰਹੇ ਜੋੜੀ, ਵਿਛੋੜਾ ਦੋ ਜਹਾਨ ਨਾ ਕੋਇ ਕਰਾਈਆ । ਪਿਆਰ ਮੁਹੱਬਤ ਦੀ ਚੜ੍ਹੇ ਰਹਿਣ ਘੋੜੀ, ਹਰਿਜਨ ਸਾਚੇ ਆਸਣ ਲਾਈਆ । ਕਿਸੇ ਦੀ ਆਸ਼ਾ ਰਹੇ ਨਾ ਥੋੜ੍ਹੀ, ਬਹੁ ਗੁਣ ਆਪੇ ਦਏ ਕਰਾਈਆ । ਸੰਤ ਸੁਹੇਲੇ ਬਣਾਏ ਮੋਹਰੀ, ਲੋਕਮਾਤ ਦਏ ਵਡਿਆਈਆ । ਰੈਣ ਮੇਟੇ ਅੰਧੇਰ ਘੋਰੀ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਚਰਨ ਲਿਆਏ ਖਿੱਚ ਜ਼ੋਰੀ, ਜ਼ਬਰਦਸਤੀ ਆਪਣਾ ਰੰਗ ਰੰਗਾਈਆ । ਨਾਮ ਨਿਧਾਨ ਨਾਲ ਬੰਨ੍ਹ ਕੇ ਡੋਰੀ, ਆਤਮ ਪਰਮਾਤਮ ਰਿਹਾ ਜੁੜਾਈਆ । ਜਗਤ ਵਿਕਾਰ ਰਿਹਾ ਹੋੜੀ, ਕੂੜੀ ਕਿਰਿਆ ਬਾਹਰ ਕਢਾਈਆ । ਹੱਥ ਰੱਖੇ ਪੁਸ਼ਤ ਪਨਾਹ ਮੋਰੀ, ਸੀਸ ਜਗਦੀਸ ਆਪ ਟਿਕਾਈਆ । ਲੋਹੜੀ ਕਹੇ ਕੁਛ ਖੇਲ ਵਖਾਉਣਾ ਸ਼ਾਹ ਅਫਗਾਨ ਨਾਲ ਪਸ਼ੌਰੀ, ਪਸ਼ਾਵਰ ਪੜਦਾ ਲਾਹੀਆ । ਖੇਲ ਵੇਖਣਾ ਦੋ ਧਾਰ ਦਸੌਰੀ, ਦੋਹਰੀ ਆਪਣੀ ਕਾਰ ਭੁਗਤਾਈਆ । ਦੀਨ ਦੁਨੀ ਤਕੇ ਬਣ ਕੇ ਜੌਹਰੀ, ਜੌਹਰ ਆਪਣਾ ਇਕ ਪਰਗਟਾਈਆ । ਸ੍ਰਿਸ਼ਟੀ ਨਾਤਾ ਤੁਟੇ ਖੌਂਤ ਸ਼ੌਹਰੀ, ਸ਼ੌਹਰ ਨਜ਼ਰ ਕਿਸੇ ਨਾ ਆਈਆ । ਦੀਨ ਦੁਨੀ ਕਰੇ ਬਹੁੜੀ ਬਹੁੜੀ, ਦਰੋਹੀ ਤੇਰਾ ਨਾਮ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਲੋਹੜੀ ਕਹੇ ਮੈਂ ਪਾਉਣ ਆਈ ਲੋਹੜਾ, ਲੋੜ ਅਵਤਾਰ ਪੈਗ਼ੰਬਰ ਗੁਰੂਆਂ ਪੂਰ ਕਰਾਈਆ । ਇਕੋ ਸੰਦੇਸ ਦੇਵਾਂ ਗਾਵਾਂ ਧੁਰ ਦਾ ਦੋਹਰਾ, ਦੋਹਰੀ ਆਪਣੀ ਸੇਵ ਕਮਾਈਆ । ਜਿਸ ਪ੍ਰਭੂ ਦਾ ਨਾਮ ਖਾਂਦੇ ਰਹੇ ਭੋਰਾ ਭੋਰਾ, ਮਸਤੀ ਵਿਚ ਮਸਤਾਨੇ ਹੋ ਕੇ ਖ਼ੁਸ਼ੀ ਬਣਾਈਆ । ਉਹ ਸਾਹਿਬ ਖੇਲ ਕਰੇ ਹੋਰ ਦਾ ਹੋਰਾ, ਅਵਰ ਅਵਰਾ ਆਪਣੀ ਕਾਰ ਭੁਗਤਾਈਆ । ਜਨ ਭਗਤਾਂ ਕਰਨ ਆਇਆ ਭਾਗ ਮਥੋਰਾ, ਮਿਥਿਆ ਦੱਸੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਲੋਹੜੀ ਕਹੇ ਮੈਂ ਕੀ ਦੱਸਾਂ ਆਪ, ਸਪਤ ਰਿਖੀ ਮੇਰੀ ਦੇਣ ਗਵਾਹੀਆ । ਜਿਨ੍ਹਾਂ ਰੁਤ ਬਦਲਣ ਤੇ ਕੀਤਾ ਸੀ ਜਾਪ, ਮਾਘੀ ਤੋਂ ਪਹਿਲਾਂ ਪਿਛਲੀ ਰੁਤ ਬਦਲਾਈਆ । ਨਾਲੇ ਰੋ ਕੇ ਕਿਹਾ ਪ੍ਰਭੂ ਤੋੜ ਜਗਤ ਸੰਤਾਪ, ਸਹਿਸਾ ਪਿਛਲਾ ਰਹੇ ਨਾ ਰਾਈਆ । ਆਤਮ ਬ੍ਰਹਮ ਆਪਣਾ ਜੋੜ ਨਾਤ, ਪਾਰਬ੍ਰਹਮ ਆਪਣਾ ਰੰਗ ਰੰਗਾਈਆ । ਲੇਖਾ ਰਹੇ ਨਾ ਫੇਰ ਮਾਤ, ਮਾਤਰ ਵੰਡ ਨਾ ਕੋਇ ਵੰਡਾਈਆ । ਧੁਰ ਦੇ ਮਾਲਕ ਬਖ਼ਸ਼ ਦੇ ਦਾਤ, ਦਇਆਵਾਨ ਹੋਣਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਲੋਹੜੀ ਕਹੇ ਮੈਨੂੰ ਸਦਾ ਮੰਗਦੇ ਗਏ ਭਗਤ, ਪ੍ਰਭ ਅੱਗੇ ਆਸ ਰਖਾਈਆ । ਦੁਨੀ ਖਾਣ ਪੀਣ ਦਾ ਨਸ਼ਾ ਜਗਤ, ਕੂੜ ਕਿਰਿਆ ਵਿਚ ਹਲਕਾਈਆ । ਸਿਰਫ਼ ਸਚ ਦਾਤ ਲੱਭਦੇ ਗੁਰਮੁਖ ਫ਼ਕਤ, ਜੋ ਫ਼ਿਕਰਾ ਇਕੋ ਗਾਈਆ । ਇਕੋ ਸੁਹਾਵਣਾ ਸਮਾਂ ਸੁਹਾਉਣ

ਵਕਤ, ਰੁਤੜੀ ਆਪਣੇ ਨਾਲ ਮਹਿਕਾਈਆ । ਨਾਤਾ ਤੋੜ ਕੇ ਬੂੰਦ ਰਕਤ, ਆਤਮ ਬ੍ਰਹਮ ਵੇਖ ਵਖਾਈਆ । ਨਿਗਹ ਮਾਰ ਉਪਰ ਧਰਤ, ਧਰਨੀ ਧਵਲ ਵੇਖ ਵਖਾਈਆ । ਸਚ ਦਾਤ ਕਿਹੜਾ ਦੇਵੇ ਉਤੋਂ ਅਰਸ਼, ਅਰਸ਼ੀ ਪ੍ਰੀਤਮ ਝੋਲੀ ਪਾਈਆ । ਖ਼ੁਸ਼ੀਆਂ ਵਾਲਾ ਨਵਾਂ ਸਾਲ ਚੜ੍ਹੇ ਬਰਸ, ਚਰਨ ਧੂੜ ਪੁਰਖ ਅਕਾਲ ਨਹਾਵਣ ਨਹਾਈਆ । ਮਿਟੇ ਦੋ ਜਹਾਨਾਂ ਹਰਸ, ਮਜਨ ਮਾਘ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਲੋਹੜੀ ਕਹੇ ਇਕ ਦਿਨ ਸੀਤਾ ਨੇ ਮੰਗ ਲਈ ਮੰਗ, ਰਾਮ ਅੱਗੇ ਝੋਲੀ ਡਾਹੀਆ । ਮੈਨੂੰ ਉਹ ਲੋਹੜੀ ਬਖ਼ਸ਼ ਲੋੜੀਂਦੇ ਸਾਜਣ ਤੇਰਾ ਸਦਾ ਰਹਵੇ ਸੰਗ, ਸਗਲਾ ਸੰਗ ਰਖਾਈਆ । ਭਾਵੇਂ ਦੁੱਖ ਝੱਲਣੇ ਪੈਣ ਹੋਵਾਂ ਤੰਗ, ਸੋਗ ਜਗਤ ਵਾਲਾ ਜਣਾਈਆ । ਪਰ ਮੇਰੇ ਅੰਤਰ ਤੇਰੇ ਪਿਆਰ ਦਾ ਨਿਕਲੇ ਛੰਦ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਬੇਸ਼ਕ ਮੁਖ ਨਾ ਉਘੜੇ ਬੋਲਣ ਨਾ ਬੱਤੀ ਦੰਦ, ਅਜਪਾ ਜਾਪ ਤੇਰਾ ਨਾਮ ਧਿਆਈਆ । ਮੇਰੇ ਅੰਤਰ ਨਿਰੰਤਰ ਨਿਜ ਆਤਮ ਦੇਣਾ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਇਕੋ ਮੰਗ ਰਹੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਤੂੰ ਦੀਨ ਦਿਆਲ ਬਖ਼ਸ਼ੰਦ, ਰਹਿਮਤ ਸਚ ਦੇਣੀ ਕਮਾਈਆ । ਤੇਰੀ ਯਾਦ ਵਿਚ ਖ਼ੁਸ਼ੀਆਂ ਵਾਲਾ ਸਾਲ ਜਾਏ ਲੰਘ, ਗ਼ਮੀ ਨੇੜ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਲੋਹੜੀ ਕਹੇ ਇਕ ਦਿਨ ਕ੍ਰਿਸ਼ਨ ਤੋਂ ਮੰਗਣ ਚਲਾ ਗਿਆ ਸੁਦਾਮਾ, ਜਾ ਕੇ ਢੋਲਾ ਦਿਤਾ ਸੁਣਾਈਆ । ਮੈਨੂੰ ਲੋਹੜੀ ਦੇ ਦੇ ਓਏ ਬੰਸਰੀ ਵਾਲਿਆ ਕਾਹਨਾ, ਮੁਕਟ ਨੈਣ ਵਾਲੇ ਆਪਣਾ ਨੈਣ ਬਦਲਾਈਆ । ਛੇਤੀ ਝੋਲੀ ਪਾ ਦੇ ਆਪਣਾ ਦਾਨਾ, ਦਾਤ ਧੁਰ ਦੀ ਇਕ ਵਰਤਾਈਆ । ਝਟ ਕ੍ਰਿਸ਼ਨ ਨੇ ਪਕੜ ਕੇ ਕਾਨਾ, ਉਹਦੇ ਹੱਥ ਦਿਤਾ ਫੜਾਈਆ । ਸੁਦਾਮੇ ਹੱਸ ਕੇ ਕਿਹਾ ਇਹਦਾ ਕੀ ਨਿਸ਼ਾਨਾ, ਨਿਸ਼ਾਨੀ ਦੇ ਸਮਝਾਈਆ । ਕ੍ਰਿਸ਼ਨ ਕਿਹਾ ਜਿਸ ਵੇਲੇ ਕਲਜੁਗ ਰਿਹਾ ਨਾ ਕੋਇ ਸਿਆਣਾ, ਬੁਧ ਬਿਬੇਕ ਨਾ ਕੋਇ ਕਰਾਈਆ । ਉਸ ਵੇਲੇ ਪਰਗਟ ਹੋਵੇ ਕਲ ਕਲਕੀ ਮਿਹਰਵਾਨਾ, ਮਹਿਬੂਬ ਧੁਰਦਰਗਾਹੀਆ । ਜਿਸ ਨੇ ਨੌ ਸੌ ਚੁਰਾਨਮੇ ਚੌਕੜੀ ਜੁਗ ਦਾ ਲੇਖ ਲਿਖਾਣਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਚਾਈਂ ਚਾਈਂਆ । ਉਹਦੇ ਧਰਮ ਗ੍ਰੰਥਾਂ ਉਤੇ ਇਸ ਕਾਨੇ ਦੀ ਕਲਮ ਦਾ ਹੋਏ ਨਿਸ਼ਾਨਾ, ਪਹਿਲਾ ਅੱਖਸ਼ਰ ਏਸੇ ਕਾਨੇ ਦੀ ਕਾਨੀ ਨਾਲ ਬਣਾਈਆ । ਖ਼ੁਸ਼ੀ ਹੋ ਗਿਆ ਬ੍ਰਾਹਮਣ ਨਿਵ ਨਿਵ ਸੀਸ ਝੁਕਾਣਾ, ਨਮੋ ਨਮੋ ਸੁਣਾਈਆ । ਵਾਹ ਮੇਰੇ ਤ੍ਰੈਲੋਕੀ ਨਾਥ ਭਗਵਾਨਾ, ਤੇਰੀ ਬੇਪਰਵਾਹੀਆ । ਮੈਂ ਤੇ ਭੁੱਖਾ ਮੰਗਣ ਆਇਆ ਸਾਂ ਕੋਈ ਦੇ ਦੇਵੇ ਅੰਨ ਦਾਣਾ, ਤੂੰ ਭੁੱਖੇ ਦੇ ਹੱਥ ਵਿਚ ਸੜਨ ਵਾਲਾ ਕਾਨਾ ਦਿਤਾ ਫੜਾਈਆ । ਪਰ ਮੈਨੂੰ ਫੇਰ ਵੀ ਤੇਰੇ ਉਤੇ ਮਾਣਾ, ਭਰੋਸਾ ਰੱਖ ਕੇ ਸੀਸ ਝੁਕਾਈਆ । ਜੇ ਏਸ ਜੁਗ ਨਹੀਂ ਤੇ ਅਗਲੇ ਜੁਗ ਜ਼ਰੂਰ ਦੇਵੇਗਾ ਖ਼ਜ਼ਾਨਾ, ਅਤੋਟ ਅਤੁੱਟ ਵਰਤਾਈਆ । ਤੇਰੇ ਦਰ ਦੀ ਮੰਗੀ ਲੋਹੜੀ ਮੇਰੇ ਅੰਤਰ ਹੋਈ ਪਰਵਾਨਾ, ਪਰਮ ਪੁਰਖ ਮਿਲੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲਿਆਂ ਲੇਖਿਆਂ ਦਾ ਲੇਖਾ ਪੂਰ ਕਰ ਕੇ ਜਨ ਭਗਤੋ ਤੁਹਾਡੇ ਨਾਲ ਲਗਾਇਆ ਯਾਰਾਨਾ, ਯਾਰਾਨੇ ਦੀ ਯਾਰੀ ਪਿਛੇ ਧੁਰ ਦਾ ਪਿਆਰ ਲੋੜੀਂਦਾ ਸੱਜਣ ਲੋਹੜੀ ਵਾਲੇ ਦਿਵਸ ਤੁਹਾਡੀ ਝੋਲੀ ਪਾਈਆ ।

## ✪ ਪਹਿਲੀ ਮਾਘ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਰਾਤ ਵੇਲੇ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਚਰਨ ਧੂੜ ਸੁਖ ਸਾਗਰ, ਮਜਨ ਬੇਪਰਵਾਹੀਆ । ਦੁਰਮਤ ਰਹੇ ਨਾ ਕਾਇਆ ਗਾਗਰ, ਪੰਚ ਵਿਕਾਰ ਦਏ ਮਿਟਾਈਆ । ਨਿਰਮਲ ਕਰਮ ਹੋਵੇ ਉਜਾਗਰ ਮਿਲੇ ਮਾਣ ਵਡਿਆਈਆ । ਸਚ ਦਵਾਰੇ ਇਕੋ ਆਦਰ, ਆਦਿ ਪੁਰਖ ਦਏ ਸਰਨਾਈਆ । ਨਾਮ ਵਣਜਾਰੇ ਬਣਾਏ ਸੁਦਾਗਰ, ਵਸਤ ਇਕੋ ਹੱਟ ਵਿਕਾਈਆ । ਜਨ ਭਗਤ ਸੁਹੇਲਾ ਖ਼ਰੀਦੇ ਬਣ ਬਹਾਦਰ, ਸੂਰਬੀਰ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਚਰਨ ਧੂੜ ਇਸ਼ਨਾਨਾ, ਆਦਿ ਅੰਤ ਵਡਿਆਈਆ । ਮਿਲੇ ਮੇਲ ਸ੍ਰੀ ਭਗਵਾਨਾ, ਜਗਤ ਜਹਾਨ ਡੇਰਾ ਢਾਹੀਆ । ਦਰਗਹ ਸਚ ਹੋਵੇ ਪਰਵਾਨਾ, ਸਚਖੰਡ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਨੂਰ ਸਮਾਉਣਾ, ਤਤਵ ਤਤ ਦਾ ਡੇਰਾ ਢਾਹੀਆ । ਲੇਖਾ ਮੁਕੇ ਆਵਣ ਜਾਣਾ, ਚੁਰਾਸੀ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਸਤਿਗੁਰ ਚਰਨ ਅਗੰਮੀ ਧੂੜੀ, ਪਤਿਤ ਪੁਨੀਤ ਬਣਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹੀ, ਦਰ ਘਰ ਦੇਵੇ ਮਾਣ ਵਡਿਆਈਆ । ਸ਼ਬਦ ਨਾਦ ਸੁਣਾ ਕੇ ਤੂਰੀ, ਤੁਰੀਆ ਤੋਂ ਪਰੇ ਪੜ੍ਹਾਈਆ । ਜੋਤੀ ਦੀਪ ਜਗਾ ਕੇ ਨੂਰੀ, ਅੰਧ ਅੰਧੇਰ ਦਏ ਮਿਟਾਈਆ । ਦਰਸ਼ਨ ਬਖ਼ਸ਼ੇ ਹਾਜ਼ਰ ਹਜ਼ੂਰੀ, ਹਰਿ ਹਜ਼ਰਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਸਤਿਗੁਰ ਚਰਨ ਇਸ਼ਨਾਨ ਜੋ ਜਨ ਕਰਦਾ, ਕਰਮ ਕਾਂਡ ਦਾ ਡੇਰਾ ਢਾਹੀਆ । ਪੁਰਖ ਅਕਾਲਾ ਦੀਨ ਦਿਆਲਾ ਇਕੋ ਵਰਦਾ, ਦੂਸਰ ਓਟ ਨਾ ਕੋਇ ਰਖਾਈਆ । ਆਤਮ ਪਰਮਾਤਮ ਮੰਜ਼ਲ ਚੜ੍ਹਦਾ, ਕੂੜੀ ਕਿਰਿਆ ਪੰਧ ਮੁਕਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਦਾ, ਸੋਹੰ ਸ਼ਬਦ ਅਗੰਮ ਅਥਾਹੀਆ । ਨਜ਼ਾਰਾ ਤਕੇ ਨਿਹਚਲ ਧਾਮ ਅਟਲ ਦਾ, ਅਟਲ ਮਿਲੇ ਬੇਪਰਵਾਹੀਆ । ਝਗੜਾ ਮੁਕ ਜਾਏ ਜਲ ਥਲ ਦਾ, ਮਹੀਅਲ ਪੰਧ ਮੁਕਾਈਆ । ਲੇਖਾ ਰਹੇ ਨਾ ਜਨਮ ਮਰਨ ਦਾ, ਚੁਰਾਸੀ ਵੰਡ ਨਾ ਕੋਇ ਵੰਡਾਈਆ । ਇਹੋ ਲਹਿਣਾ ਸਤਿਗੁਰ ਸਰਨ ਦਾ, ਜੋ ਸੰਸਾਰ ਸਾਗਰ ਵਿਚੋਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸਰਨ ਮਜਨ ਏਕ, ਏਕੰਕਾਰ ਵਡ ਵਡਿਆਈਆ । ਆਤਮ ਬ੍ਰਹਮ ਪਾਰਬ੍ਰਹਮ ਦੀ ਟੇਕ, ਦੂਜੀ ਅਵਰ ਨਾ ਕੋਇ ਸਰਨਾਈਆ । ਤ੍ਰੈਗੁਣ ਮਾਇਆ ਲਾਏ ਨਾ ਸੇਕ, ਅਗਨੀ ਤਤ ਨਾ ਕੋਇ ਤਪਾਈਆ । ਨਿਜ ਗ੍ਰਹਿ ਖੋਲ੍ਹੇ ਆਪਣਾ ਭੇਤ, ਪਰਦਾ ਓਹਲਾ ਦਏ ਉਠਾਈਆ । ਹਰਿ ਸੱਜਣ ਸੁਹੇਲਾ ਲਏ ਵੇਖ, ਮਿੱਤਰ ਪਿਆਰਾ ਮੀਤ ਨਜ਼ਰੀ ਆਈਆ । ਜੋ ਜੁਗ ਜੁਗ ਬਦਲਣਹਾਰਾ ਸਭ ਦੇ ਲੇਖ, ਰੇਖ ਕਰਮ ਕਾਂਡ ਬਦਲਾਈਆ । ਸੋ ਵਸਿਆ ਸਾਚੇ ਦੇਸ, ਸੰਬਲ ਇਕ ਸੁਹਾਈਆ । ਜੋਤੀ ਧਾਰ ਅਵੱਲੜਾ ਵੇਸ, ਬਿਨ ਰੂਪ ਰੰਗ ਕਰੇ ਰੁਸ਼ਨਾਈਆ । ਜਿਸ ਦੀ ਆਸ਼ਾ ਰੱਖੀ ਗੋਬਿੰਦ ਦਸ ਦਸਮੇਸ, ਦਹਿ ਦਿਸ਼ਾ ਧਿਆਨ ਉਠਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਖੇਲ ਕਰੇ ਨੇਤਨ ਨੇਤ, ਨਿਰਗੁਣ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਮਜਨ ਕਹੇ ਮੈਂ ਹੱਥ ਕਿਸੇ ਨਾ ਆਵਾਂ, ਖੋਜੇ ਜਗਤ ਲੋਕਾਈਆ । ਮੈਨੂੰ ਫੜੇ ਕੋਇ ਨਾ ਹੱਥਾਂ ਬਾਹਵਾਂ, ਨੇਤਰ

ਵੇਖਣ ਕੋਇ ਨਾ ਪਾਈਆ । ਮੈਂ ਕਦੀ ਫਿਰਾਂ ਨਾ ਅੱਠ ਸੱਠ ਤੀਰਥ ਰਾਹਵਾਂ, ਤਟਾਂ ਵੰਡ ਵੰਡਾਈਆ । ਮੈਂ ਦੋ ਜਹਾਨਾਂ ਬਣਿਆ ਰਹਾਂ ਨਿਥਾਵਾਂ, ਗ੍ਰਿਹਿ ਵੰਡ ਨਾ ਕੋਇ ਵੰਡਾਈਆ । ਦਿਵਸ ਰੈਣ ਇਕੋ ਢੋਲਾ ਗਾਵਾਂ, ਪਰਮ ਪੁਰਖ ਤੇਰੀ ਸਰਨਾਈਆ । ਜਿਸ ਵੇਲੇ ਪ੍ਰਭੂ ਆਵੇ ਮੈਂ ਫਿਰਾਂ ਨਾਲ ਚਾਵਾਂ, ਭੱਜਾਂ ਵਾਹੋ ਦਾਹੀਆ । ਤੇਰੇ ਭਗਤਾਂ ਦਾ ਧਰਮ ਦਵਾਰਿਉਂ ਵੇਖ ਕੇ ਨਾਵਾਂ, ਲੇਖਾ ਆਪਣੇ ਵਿਚ ਟਿਕਾਈਆ । ਮੈਂ ਉਨ੍ਹਾਂ ਨੂੰ ਤੇਰੇ ਚਰਨ ਧੂੜ ਇਸ਼ਨਾਨ ਕਰਾਵਾਂ, ਜਗਤ ਮਜਨ ਦੀ ਲੋੜ ਰਹੇ ਨਾ ਰਾਈਆ । ਉਨ੍ਹਾਂ ਨੂੰ ਨਹਾਉਣਾ ਪਏ ਨਾ ਅੱਠਾਂ ਸੱਠਾਂ ਵਾਲਿਆਂ ਤਾਲਾਬਾਂ, ਜਲਾਂ ਵਿਚ ਨਾ ਸੀਸ ਡੁਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਸਤਿਗੁਰ ਕਹੇ ਮੇਰਾ ਮਜਨ ਅਗੰਮ ਇਸ਼ਨਾਨ, ਜਲਧਾਰਾ ਨਜ਼ਰ ਕਿਸੇ ਨਾ ਆਈਆ । ਅਵਤਾਰ ਪੈਗ਼ੰਬਰ ਗੁਰ ਮੇਰੇ ਸਰੋਵਰ ਵਿਚੋਂ ਨਹਾਉਣ, ਦੂਸਰ ਹੱਥ ਨਾ ਕਦੇ ਫੜਾਈਆ । ਨਹਾ ਕੇ ਫਿਰ ਧੁਰ ਦਾ ਢੋਲਾ ਗਾਣ, ਜੋ ਸੁਣਾਵਾਂ ਚਾਈਂ ਚਾਈਂਆ । ਫਿਰ ਖੇਲ ਖਿਲਾਵਾਂ ਜ਼ਿਮੀਂ ਅਸਮਾਨ, ਆਪਣੀ ਵੰਡ ਵੰਡਾਈਆ । ਦਾਤਾ ਹੋ ਕੇ ਮਿਹਰਵਾਨ, ਮਿਹਰ ਨਜ਼ਰ ਟਿਕਾਈਆ । ਜੁਗ ਚੌਕੜੀ ਵੇਖਾਂ ਮਾਰ ਧਿਆਨ, ਬਿਨ ਅੱਖਾਂ ਅੱਖ ਖੁਲ੍ਹਾਈਆ । ਕਲਜੁਗ ਅੰਤ ਕਰਾਂ ਪਰਵਾਨ, ਪਰਮ ਪੁਰਖ ਹੋ ਕੇ ਵੇਖ ਵਖਾਈਆ । ਜਨ ਭਗਤਾਂ ਦੇਵਾਂ ਧੁਰ ਦਾ ਦਾਨ, ਵਸਤ ਆਪ ਵਰਤਾਈਆ । ਮਿਹਰ ਮੁਹੱਬਤ ਦਾ ਇਕੋ ਅੰਤਰ ਨਿਰੰਤਰ ਇਸ਼ਨਾਨ, ਦੁਰਮਤ ਮੈਲ ਧਵਾਈਆ । ਆਤਮ ਪਰਮਾਤਮ ਮਿਲ ਕੇ ਢੋਲਾ ਗਾਣ, ਇਕੋ ਨਾਮ ਸ਼ਬਦ ਸ਼ਨਵਾਈਆ । ਸੰਤ ਸੁਹੇਲੇ ਗੁਰਮੁਖ ਹਰਿਜਨ ਮੇਲ ਮਿਲਾਇਆ ਆਣ, ਆਪਣਾ ਜੋੜ ਜੁੜਾਈਆ । ਮਾਘ ਕਹੇ ਜਨ ਭਗਤੋ ਤੁਹਾਨੂੰ ਦੇਣਾ ਪਏ ਨਾ ਬਲੀਦਾਨ, ਬਲਦੀ ਅਗਨ ਵਿਚੋਂ ਸ਼ਾਂਤ ਕਰਾਈਆ । ਮੇਰੀ ਇਹੋ ਆਸਾ ਇਹੋ ਮੰਗ ਅੱਗੇ ਸ੍ਰੀ ਭਗਵਾਨ, ਭਗਵਨ ਅੱਗੇ ਸੀਸ ਨਿਵਾਈਆ । ਜਿਹੜੇ ਗੁਰਮੁਖ ਛਡ ਕੇ ਦੀਨ ਦੁਨੀ ਜਹਾਨ, ਦਰ ਤੇਰੇ ਓਟ ਤਕਾਈਆ । ਉਨ੍ਹਾਂ ਨੂੰ ਜ਼ਰੂਰ ਕਰੀਂ ਪਰਵਾਨ, ਆਪਣੇ ਗ੍ਰਿਹਿ ਆਪਣੇ ਰੰਗ ਰੰਗਾਈਆ । ਪਹਿਲੀ ਮਾਘ ਕਹੇ ਸਭ ਨੇ ਹੋਣਾ ਚਤੁਰ ਸੁਜਾਨ, ਸੁਘੜ ਸੁਚੱਜੇ ਰੂਪ ਬਣਾਈਆ । ਜਨ ਭਗਤੋ ਤੁਹਾਡਾ ਇਕੋ ਘਰ ਹੋਇਆ ਇਸ਼ਨਾਨ, ਦੂਜੇ ਦਰ ਨਹਾਵਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਆਪਣਾ ਹੁਕਮ ਵਰਤਾਈਆ ।

### ੭ ਮਾਘ ਸ਼ਹਿਨਸ਼ਾਹੀ ਸੰਮਤ ੭ ਰਾਮ ਸਿੰਘ ਦੇ ਗ੍ਰਿਹਿ ਗਵਾਲ ਟੋਲੀ ਫ਼ਿਰੋਜ਼ਪੁਰ ਛਾਉਣੀ

ਸਤਿਗੁਰ ਸ਼ਬਦ ਕਹੇ ਪ੍ਰਭੂ ਮੈਂ ਤੇਰਾ ਮੰਗਤਾ, ਮਾਂਗਤ ਹੋ ਕੇ ਝੋਲੀ ਡਾਹੀਆ । ਅਵਤਾਰ ਪੈਗ਼ੰਬਰ ਗੁਰ ਇਕੋ ਬਣਾ ਕੇ ਸੰਗਤਾ, ਵਿਸ਼ਨ ਬ੍ਰਹਮਾ ਸ਼ਿਵ ਖ਼ੁਸ਼ੀ ਵਿਚ ਵੇਖਣ ਚਾਈਂ ਚਾਈਂਆ । ਚਾਰ ਜੁਗ ਦੀ ਪਿਛਲੀ ਦੀਨ ਮਜ਼੍ਹਬ ਦੀ ਮੇਟ ਕੇ ਹੰਗਤਾ, ਹੰ ਬ੍ਰਹਮ ਆਤਮ ਪਰਮਾਤਮ ਪੜਦਾ ਦੇਣਾ ਚੁਕਾਈਆ । ਨਵ ਖੰਡ ਚਾਰ ਵਰਨ ਅਠਾਰਾਂ ਬਰਨ ਤੇਰੀ ਸਾਚੀ ਹੋਵੇ ਸੰਗਤਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਤੇਰਾ ਨਾਮ ਨਿਧਾਨਾ ਸਭ ਦਾ ਕਾਇਆ ਚੋਲਾ ਹੋਵੇ ਰੰਗਦਾ, ਰੰਗਤ ਅਨਡੀਠੀ ਨਾਮ ਮਜੀਠੀ ਦੇਣੀ ਚੜ੍ਹਾਈਆ । ਕਲਜੁਗ ਅੰਤਮ ਜਾਏ ਲੰਘਦਾ,

ਦਿਵਸ ਰੈਣ ਭੱਜੇ ਵਾਹੋ ਦਾਹੀਆ । ਤੇਰੇ ਹੁਕਮ ਦਾ ਖੇਲ ਜਗਤ ਜਹਾਨ ਜੰਗ ਦਾ, ਸ਼ਰਅ ਸ਼ਰਅ ਨਾਲ ਟਕਰਾਈਆ । ਧਰਨੀ ਧਰਤ ਧਵਲ ਧੌਲ ਸੁਖ ਰਹਿਣਾ ਨਹੀਂ ਅਨੰਦ ਦਾ, ਅਨੰਦ ਪੁਰ ਵਾਲਾ ਸ਼ਬਦ ਸ਼ਬਦੀ ਹੁਕਮ ਸੁਣਾਈਆ । ਨਿਸ਼ਾਨਾ ਮਿਟਣਾ ਤਾਰਾ ਚੰਦ ਦਾ, ਸਦੀ ਚੌਧਵੀਂ ਰੋਵੇ ਮਾਰੇ ਧਾਹੀਆ । ਤੇਰਾ ਨਾਦ ਵੱਜਣਾ ਇਕੋ ਢੋਲੇ ਛੰਦ ਦਾ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਝਗੜਾ ਮੇਟਣਾ ਦੀਨ ਮਜ਼੍ਹਬ ਬੰਧਨ ਬੰਧ ਦਾ, ਬੰਦਗੀ ਬੰਦਗੀ ਵਿਚੋਂ ਬਦਲਾਈਆ । ਓਹਲਾ ਰਹਿਣਾ ਨਹੀਂ ਭਰਮ ਭੁਲੇਖੇ ਕੰਧ ਦਾ, ਕੰਢੀ ਬੈਠੇ ਸਾਰੇ ਧਿਆਨ ਲਗਾਈਆ । ਜਨ ਭਗਤਾਂ ਲੇਖਾ ਹੋਵੇ ਨਾ ਭਾਗ ਮੰਦ ਦਾ, ਮੰਦਭਾਗੀ ਵਡਭਾਗੀ ਦੇਣੇ ਬਣਾਈਆ । ਤੇਰਾ ਖੇਲ ਤਕਣਾ ਸੂਰੇ ਸਰਬੰਗ ਦਾ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਲੇਖਾ ਮੁਕਾਉਣਾ ਕੂੜੀ ਕਿਰਿਆ ਪੰਧ ਦਾ, ਮੋਹ ਵਿਕਾਰ ਪਾਂਧੀ ਮੁਸਾਫ਼ਿਰ ਜਗਤ ਰਹਿਣ ਕੋਇ ਨਾ ਪਾਈਆ ।

## ✪ ੧੦ ਮਾਘ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਧੀਰਪੁਰ ਦਿਲੀ ਸੰਗਤ ਦੇ ਨਵਿਤ ✪

ਸਤਿਗੁਰ ਸ਼ਬਦ ਕਹੇ ਧੁਰ ਦਾ ਅਗੰਮ ਪੈਗ਼ਾਮ, ਪੈਗ਼ੰਬਰਾਂ ਤੋਂ ਪਰੇ ਹੁਕਮ ਸੁਣਾਈਆ । ਫ਼ਰਮਾਨਾ ਸੰਦੇਸ਼ਾ ਚੌਦਾਂ ਤਬਕ ਤਮਾਮ, ਨੂਰ ਨੁਰਾਨਾ ਆਪ ਜਣਾਈਆ । ਹੁਕਮ ਵਰਤਣਾ ਇਕ ਅਮਾਮ, ਜਿਸ ਦੀ ਆਮਦ ਵਿਚ ਸਾਰੇ ਰਾਹ ਤਕਾਈਆ । ਧੁਰ ਸੰਦੇਸ਼ਾ ਦੇਵੇ ਕਲਾਮ, ਕਲਮਾ ਕਾਇਨਾਤ ਸਮਝਾਈਆ । ਦੀਨ ਮਜ਼੍ਹਬ ਦਾ ਬਦਲ ਦੇਵੇ ਨਿਜ਼ਾਮ, ਨੌਬਤ ਇਕੋ ਹੱਕ ਵਜਾਈਆ । ਜਗਤ ਅੰਧੇਰਾ ਮੇਟੇ ਸ਼ਾਮ, ਸ਼ਮਾਂ ਨੂਰ ਜੋਤ ਕਰੇ ਰੁਸ਼ਨਾਈਆ । ਸ਼ਰਅ ਦਾ ਰਹਿਣ ਨਾ ਦੇਵੇ ਕੋਇ ਗ਼ੁਲਾਮ, ਜ਼ੰਜੀਰ ਬੇਨਜ਼ੀਰ ਆਪ ਤੁੜਾਈਆ । ਲੱਖ ਚੁਰਾਸੀ ਲੇਖੇ ਕਰਮ ਦੀ ਲਾਵੇ ਮੀਜ਼ਾਨ, ਧੁਰ ਦੀ ਗਣਤ ਵਿਚ ਗਿਣਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰਾ ਕਰੇ ਜੋ ਨਾਮ ਕਲਮੇ ਵਿਚ ਦਿਤਾ ਦਾਨ, ਭੇਵ ਭਵਿਖ ਜਣਾਈਆ । ਨੂਰ ਨੁਰਾਨਾ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਲਹਿਣਾ ਦੇਣਾ ਪੂਰਾ ਕਰੇ ਜਗਤ ਜਹਾਨ, ਜਹਾਲਤ ਮੇਟੇ ਕੂੜ ਲੋਕਾਈਆ । ਧਰਨੀ ਧਰਤ ਧਵਲ ਯੁੱਧ ਤਕ ਘਮਸਾਨ, ਘੁਮਣ ਘੇਰ ਵਿਚ ਲੋਕਾਈਆ । ਕਾਤਲ ਮਕਤੂਲ ਰੂਪ ਧਰੇ ਇਨਸਾਨ, ਇਨਸਾਨੀਅਤ ਨਜ਼ਰ ਕੋਇ ਨਾ ਆਈਆ । ਜਗਤ ਮੱਠਾਂ ਹੋਏ ਹਰਾਮ, ਕਾਅਬੇ ਰੋਵਣ ਮਾਰਨ ਧਾਈਆ । ਧੁਰ ਦੀ ਸਮਝੇ ਨਾ ਕੋਇ ਕਲਾਮ, ਪਰਦਾ ਸਕੇ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧੁਰ ਸ਼ਬਦ ਕਹੇ ਧੁਰ ਦਾ ਹੁਕਮ ਅਪਾਰ, ਧੁਰ ਕਲਮਾ ਆਪ ਦ੍ਰਿੜਾਈਆ । ਵੇਖੇ ਖੇਲ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਜੋਤੀ ਧਾਰ ਕਰ ਉਜਿਆਰ, ਅਵਤਾਰ ਪੈਗ਼ੰਬਰ ਗੁਰ ਅੱਖ ਖੁਲ੍ਹਾਈਆ । ਦੀਨਾਂ ਮਜ਼੍ਹਬਾਂ ਪਾਵੇ ਸਾਰ, ਮਹਾਂਸਾਰਥੀ ਬੇਪਰਵਾਹੀਆ । ਚੌਦਾਂ ਤਬਕਾਂ ਦਏ ਹੁਲਾਰ, ਹਲੂਣਾ ਇਕੋ ਇਕ ਲਗਾਈਆ । ਉਮਤੀ ਉਮਤ ਕਰਾਂ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਵੇਲਾ ਮੁਕਾਉਣਾ ਚਾਰ ਯਾਰ, ਮੁਹੰਮਦ ਪੜਦਾ ਰਹੇ ਨਾ ਰਾਈਆ । ਨਬੀ ਰਸੂਲਾਂ ਹੋਣਾਂ ਖ਼ਬਰਦਾਰ, ਪੈਗ਼ੰਬਰ ਲੈਣ ਅੰਗੜਾਈਆ । ਸਦੀ ਚੌਧਵੀਂ ਹੋਵੇ ਬੇਦਾਰ, ਗ਼ਫ਼ਲਤ ਨਜ਼ਰ ਕੋਇ ਨਾ ਆਈਆ ।

ਲੇਖਾ ਜਾਣੇ ਆਪ ਸ਼ਾਕਾਰ, ਨਿਰਾਕਾਰ ਆਪਣੀ ਕਲ ਵਰਤਾਈਆ । ਚਾਰ ਕੁੰਟ ਹਾਹਾਕਾਰ, ਸਾਂਤਕ ਸਤਿ ਨਾ ਕੋਇ ਕਰਾਈਆ । ਕਰੇ ਖੇਲ ਆਪ ਕਰਤਾਰ, ਕੁਦਰਤ ਕਰਤਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਧੁਰ ਦਾ ਇਕੋ ਹੋਵੇ ਬੰਦੋਬਸਤ, ਬਸਤੀ ਜਗਤ ਜਹਾਨ ਵੇਖ ਵਖਾਈਆ । ਇਕੋ ਰੰਗ ਕੀਟ ਹਸਤ, ਹਸਤ ਕੀਟ ਭੇਵ ਚੁਕਾਈਆ । ਲਹਿਣਾ ਦੇਣਾ ਦੇਵੇ ਦਸਤ, ਬਦਸਤ ਕਾਰ ਭੁਗਤਾਈਆ । ਸੂਫ਼ੀ ਫ਼ਕੀਰ ਕਰਨੇ ਮਸਤ, ਨਾਮ ਖ਼ੁਮਾਰੀ ਇਕ ਚੜ੍ਹਾਈਆ । ਖੇਲੇ ਖੇਲ ਉਪਰ ਧਰਤ, ਧਰਨੀ ਧਵਲ ਆਪ ਚੁਕਾਈਆ । ਨਿਰਗੁਣ ਧਾਰ ਆਇਆ ਪਰਤ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦਾ ਖੇਲ ਉਪਰ ਅਰਸ਼, ਅਰਸ਼ੀ ਪ੍ਰੀਤਮ ਵਡ ਵਡਿਆਈਆ । ਸੋ ਸ੍ਰਿਸ਼ਟੀ ਵੇਖੇ ਉਪਰ ਫ਼ਰਸ਼, ਦੀਨ ਦੁਨੀ ਖੋਜ ਖੁਜਾਈਆ । ਲੇਖੇ ਲਾਏ ਮੰਦਰ ਮਸਜਿਦ ਚਰਚ, ਚਰਾਗ਼ਾਹਾਂ ਖੋਜ ਖੁਜਾਈਆ । ਸਭ ਦਾ ਲਹਿਣਾ ਅਵਤਾਰ ਪੈਗ਼ੰਬਰ ਗੁਰੂਆਂ ਕਰੇ ਦਰਜ, ਦਰਜਾ ਆਪਣਾ ਇਕ ਸਮਝਾਈਆ । ਆਸ਼ਾ ਮਨਸਾ ਪੂਰੀ ਕਰੇ ਅਰਜ਼, ਲੇਖਾ ਪਿਛਲਾ ਦਏ ਚੁਕਾਈਆ । ਯੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਮਿਹਰਵਾਨ ਲਏ ਅੰਗੜਾਈਆ । ਧੁਰ ਦੇ ਹੁਕਮ ਦੀ ਸਭ ਨੂੰ ਗ਼ਰਜ਼, ਗ਼ਰਜ਼ ਸਭ ਦੀ ਫੋਲ ਫੁਲਾਈਆ । ਯੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਮੁੱਦਾ ਆਪਣਾ ਦਏ ਦ੍ਰਿੜਾਈਆ । ਸ਼ਰਅ ਛੁਰੀ ਰਹਿਣ ਨਹੀਂ ਦੇਣੀ ਕਰਦ, ਕਤਲਗਾਹ ਨਾ ਕੋਇ ਵਖਾਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦ, ਪ੍ਰੀਤਮ ਬਣ ਕੇ ਬੇਪਰਵਾਹੀਆ । ਪੁਰਖ ਅਕਾਲਾ ਦੀਨ ਦਿਆਲਾ ਸਦੀ ਚੌਧਵੀਂ ਪੂਰਾ ਕਰੇ ਫ਼ਰਜ਼, ਫ਼ਰਾਇਜ਼ ਸਭ ਦੇ ਲੇਖੇ ਲਾਈਆ । ਮਕਰੂਜ਼ ਰਹਿਣ ਨਾ ਦੇਵੇ ਕੋਇ ਕਰਜ਼, ਲੇਖਾ ਸਭ ਦਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਪੁੱਠੀ ਕਰੇ ਨਰਦ, ਨਦੀਆਂ ਵਹਿਣ ਆਪ ਵਹਾਈਆ ।



੧੭੦੦ ੨੨

## ੧੧ ਮਾਘ ਸ਼ਹਿਨਸ਼ਾਹੀ ਸੰਮਤ ੭ ਸੇਵਾ ਸਿੰਘ ਦੇ ਗ੍ਰਿਹਿ ਵਿਖੇ ਗੁੜਗਾਉਂ ਸ਼ਹਿਰ

ਸਤਿਗੁਰ ਸ਼ਬਦ ਕਹੇ ਪ੍ਰਭ ਤੇਰਾ ਖੇਲ ਅਪਾਰਾ, ਅਪਰੰਪਰ ਤੇਰੀ ਬੇਪਰਵਾਹੀਆ । ਆਦਿ ਅੰਤ ਨਾ ਕਿਸੇ ਵਿਚਾਰਾ, ਮਧ ਪੜਦਾ ਨਾ ਕੋਇ ਉਠਾਈਆ । ਸਮਝ ਆਈ ਨਾ ਕਿਸੇ ਪੈਗ਼ੰਬਰ ਗੁਰ ਅਵਤਾਰਾ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਤੇਰੇ ਨਾਮ ਕਲਮੇ ਦੀ ਗਾ ਕੇ ਗਏ ਵਾਰਾ, ਢੋਲੇ ਰਾਗਾਂ ਨਾਦਾਂ ਵਿਚ ਗਾਈਆ । ਨੂਰੀ ਜੋਤ ਦਾ ਤਕ ਕੇ ਗਏ ਚਮਤਕਾਰਾ, ਨੂਰ ਨੁਰਾਨਾ ਵੇਖ ਵਖਾਈਆ । ਡੰਡਾਵਤ ਬੰਦਨਾ ਸੱਯਦਿਆਂ ਵਿਚ ਕਰਦੇ ਗਏ ਨਿਮਸਕਾਰਾ, ਚਰਨ ਧੂੜੀ ਖ਼ਾਕ ਰਮਾਈਆ । ਰਾਹ ਤਕਦੇ ਗਏ ਤੇਰਾ ਪਰਵਰਦਿਗਾਰਾ, ਪਾਰਬ੍ਰਹਮ ਪ੍ਰਭ ਤੇਰੀ ਓਟ ਤਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਉਂਦੇ ਰਹੇ ਵਾਰੋ ਵਾਰਾ, ਤਨ ਵਜੂਦ ਮਾਟੀ ਸੋਭਾ ਪਾਈਆ । ਤੇਰੇ ਹੁਕਮੇ ਅੰਦਰ ਦੱਸਦੇ ਗਏ ਇਸ਼ਾਰਾ, ਸੈਨਤ ਨਾਮ ਵਾਲੀ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਸਤਿਗੁਰ ਸ਼ਬਦ ਕਹੇ ਤੂੰ ਬੇਅੰਤ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜੁਗ ਚੌਕੜੀ ਬਦਲਦਾ ਆਇਉਂ ਰਾਹ, ਰਹਿਬਰ ਹੋ ਕੇ ਖੇਲ ਖਿਲਾਈਆ ।

ਜੋਤੀ ਜਾਤਾ ਬਣਦਾ ਰਿਹੋਂ ਮਲਾਹ, ਆਤਮ ਪਰਮਾਤਮ ਗੇੜਾ ਆਪ ਚਲਾਈਆ । ਸਿਫ਼ਤਾਂ ਵਿਚ ਕਰਦਾ ਰਿਹੋਂ ਵਾਹ ਵਾਹ, ਵਾਹਵਾ ਵਡੀ ਵਡ ਵਡਿਆਈਆ । ਖੇਲ ਖੇਲਦਾ ਰਿਹੋਂ ਥਲ ਅਸਗਾਹ, ਪੁਰੀ ਲੋਆਂ ਸੋਭਾ ਪਾਈਆ । ਜੁਗ ਚੌਕੜੀ ਆਪਣਾ ਬਦਲਦਾ ਰਿਹੋਂ ਨਾਂ, ਨਰ ਨਰਾਇਣ ਆਪਣੀ ਕਾਰ ਭੁਗਤਾਈਆ । ਭਗਵਨ ਹੋ ਕੇ ਭਗਤਾਂ ਫੜਦਾ ਰਿਹੋਂ ਬਾਂਹ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਦੇਂਦਾ ਰਿਹੋਂ ਠੰਡੀ ਛਾਂ, ਸਦਾ ਸੁਹੇਲਾ ਆਪਣਾ ਰੰਗ ਰੰਗਾਈਆ । ਭਾਗ ਲਗਾਉਂਦਾ ਰਿਹੋਂ ਪੰਜ ਤਤ ਆਪਣੇ ਗਰਾਂ, ਹੱਡ ਨਾੜੀ ਸੋਭਾ ਪਾਈਆ । ਕਲਜੁਗ ਅੰਤ ਧਰਨੀ ਧਰਤ ਧਵਲ ਵੇਖ ਥਾਂ, ਚਾਰੋਂ ਕੁੰਟ ਖੋਜ ਖੁਜਾਈਆ । ਨੇਤਰ ਨੈਣ ਰੋਵੇ ਜਿਸ ਨੂੰ ਜਗਿਆਸੂ ਕਹਿੰਦੇ ਮਾਂ, ਨੀਰ ਵਹਿਣਾਂ ਵਹਿਣ ਵਹਾਈਆ । ਦਰੋਹੀ ਮਾਨਸ ਬੁੱਧੀ ਹੋਈ ਕਾਂ, ਕਾਗ ਵਾਂਗ ਸਰਬ ਕੁਰਲਾਈਆ । ਕਿਸੇ ਨੇ ਸੂਰ ਖਾਧਾ ਕਿਸੇ ਨੇ ਖਾਧੀ ਗਾਂ, ਆਤਮ ਬ੍ਰਹਮ ਸਮਝ ਕੋਇ ਨਾ ਪਾਈਆ । ਤੇਰੇ ਮਿਲਣ ਦਾ ਰਿਹਾ ਕਿਸੇ ਨਾ ਚਾਅ, ਚਾਓ ਘਨੇਰਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲੇ ਦੀਨ ਦਿਆਲੇ ਗੁਰ ਅਵਤਾਰ ਪੈਗ਼ੰਬਰ ਤੇਰਾ ਸਮਝ ਨਾ ਸਕੇ ਦਾਅ, ਭੇਵ ਅਭੇਦ ਨਾ ਕੋਇ ਜਣਾਈਆ । ਤੂੰ ਦੀਨਾਂ ਮਜ਼੍ਹਬਾਂ ਹਿੱਸੇ ਦਿਤੇ ਪਾ, ਮਾਨਵ ਮਾਨਸ ਮਾਨੁਖ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਤੂੰ ਆਦਿ ਅੰਤ ਬੇਅੰਤ, ਅੰਤ ਕਹਿਣ ਕੋਇ ਨਾ ਪਾਈਆ । ਤੇਰਾ ਸਮਝੇ ਕੋਇ ਨਾ ਮੰਤ, ਮੰਤਵ ਹਲ ਨਾ ਕੋਇ ਕਰਾਈਆ । ਕੋਟਨ ਕੋਟ ਉਪਜਾ ਕੇ ਸੰਤ, ਇਸ਼ਾਰੇ ਸਤਿ ਵਾਲੇ ਸਮਝਾਈਆ । ਤਨ ਵਜੂਦ ਬਣਾ ਕੇ ਬਣਤ, ਭਾਂਡੇ ਕਾਇਆ ਗੜ੍ਹ ਵਡਿਆਈਆ । ਆਪਣਾ ਖੇਲ ਦੱਸ ਅਨੰਤ, ਭੇਵ ਅਭੇਦ ਛੁਪਾਈਆ । ਚੁਰਾਸੀ ਲੱਖ ਉਪਜਾ ਜੰਤ, ਜੀਵ ਆਤਮਾ ਨਾਲ ਵਡਿਆਈਆ । ਸਵਾਮੀ ਠਾਕਰ ਬਣ ਕੇ ਕੰਤ, ਕੰਤੂਹਲ ਇਕ ਅਖਵਾਈਆ । ਬੋਧ ਅਗਾਧਾ ਹੋ ਕੇ ਪੰਡਤ, ਨਿਰਅੱਖਰ ਅੱਖਰ ਧਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਤੇਰੇ ਹੱਥ ਵਡਿਆਈਆ । ਸਤਿਗੁਰ ਸ਼ਬਦ ਕਹੇ ਮੇਰੀ ਇਕ ਨਮਸਤੇ, ਨਮੋ ਨਮੋ ਸੀਸ ਝੁਕਾਈਆ । ਕੋਟਨ ਕੋਟ ਤੇਰੇ ਵਿਚ ਰਸਤੇ, ਰਾਹ ਖਹਿੜਾ ਅੰਤ ਨਜ਼ਰ ਕਿਸੇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਬੱਧੇ ਬਸਤੇ, ਜਗਤ ਗ੍ਰੰਥਾਂ ਵੰਡ ਵੰਡਾਈਆ । ਗੁਰ ਅਵਤਾਰ ਪੈਗ਼ੰਬਰਾਂ ਰਹੇ ਦੱਸਦੇ, ਸਿਫ਼ਤ ਸਾਲਾਹੀ ਢੋਲੇ ਗਾਈਆ । ਮਾਣ ਵਡਿਆਈ ਰਹੇ ਰੱਖਦੇ, ਮਿਹਰਵਾਨ ਤੇਰੀ ਦਇਆ ਕਮਾਈਆ । ਜਿਨ੍ਹਾਂ ਵਿਚ ਮਾਰਗ ਵੱਖ ਵੱਖ ਦੇ, ਸਾਚੀ ਗੰਢ ਨਾ ਕੋਇ ਪਵਾਈਆ । ਵਣਜਾਰੇ ਬਣੇ ਰਹੇ ਮਾਨਸ ਮਾਨਸ ਰੱਤ ਦੇ, ਦੀਨ ਮਜ਼੍ਹਬ ਵੰਡ ਵੰਡਾਈਆ । ਲੇਖੇ ਮੁਕ ਗਏ ਬ੍ਰਹਮ ਤਤ ਦੇ, ਪਾਰਬ੍ਰਹਮ ਰੰਗ ਨਾ ਕੋਇ ਰੰਗਾਈਆ । ਅੰਤਮ ਝਗੜੇ ਵੇਖੇ ਮਨਮਤ ਦੇ, ਧਰਮ ਦੀ ਧਾਰ ਨਾ ਕੋਇ ਸਮਝਾਈਆ । ਪ੍ਰਕਾਸ਼ ਤਕੇ ਨਹੀਂ ਕਿਸੇ ਨਿਜ ਨੇਤਰ ਅੱਖ ਦੇ, ਲੋਇਣ ਜਗਤ ਨਜ਼ਰ ਕਿਸੇ ਨਾ ਆਈਆ । ਮਿਹਰਵਾਨ ਮਹਿਬੂਬ ਕਲਜੁਗ ਅੰਤਮ ਆਇਆ ਭਗਤਾਂ ਆਪਣੀ ਵਥ ਦੇ, ਨਾਮ ਅਮੋਲਕ ਝੋਲੀ ਪਾਈਆ । ਪੂਰਬ ਲਹਿਣਾ ਹੱਥੋ ਹੱਥ ਦੇ, ਜਗਤ ਜਨਮ ਉਧਾਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਦੇ ਮਾਲਕ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਤੇਰਾ ਲੇਖਾ ਅਗੰਮ ਅਥਾਹ, ਨਿਤ ਨਵਿਤ ਆਪਣਾ ਖੇਲ ਖਿਲਾਈਆ । ਕਲਜੁਗ ਅੰਤਮ ਲਹਿਣਾ ਦੇਣਾ ਦੇ ਮੁਕਾ, ਮੁਕੰਮਲ

ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਪੜਦਾ ਓਹਲਾ ਨਾ ਰਹੇ ਲੁਕਾ, ਅੰਤਰ ਨਿਰੰਤਰ ਭੇਵ ਦੇਣਾ ਖੁਲ੍ਹਾਈਆ । ਤੈਨੂੰ ਸਭ ਨੇ ਵਾਹਿਦ ਮੰਨਿਆਂ ਇਕ ਖ਼ੁਦਾ, ਖ਼ਾਲਕ ਖ਼ਲਕ ਇਕ ਅਖਵਾਈਆ । ਸ਼ਰਅ ਬਦਲਣ ਦੀ ਤੈਨੂੰ ਅਦਾ, ਅਦਲ ਇਨਸਾਫ਼ ਆਪਣੀ ਆਦਤ ਨਾਲ ਰਖਾਈਆ । ਮਾਇਆ ਮਮਤਾ ਮੋਹ ਵਿਕਾਰ ਮੇਟ ਵਬਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਸਦੀ ਚੌਧਵੀਂ ਸਭ ਨੂੰ ਦੇ ਸਜ਼ਾ, ਜੋ ਸਾਜ਼ਸ਼ ਵਿਚ ਤੇਰਾ ਨਾਮ ਭੁਲਾਈਆ । ਦੀਨ ਦੁਨੀ ਚਲਾ ਆਪਣੀ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਇਕ ਅਖਵਾਈਆ । ਤੇਰੇ ਹੁਕਮ ਨਾਲ ਸਭ ਦੇ ਸਿਰ ਤੇ ਕੂਕੇ ਕਜ਼ਾ, ਕਾਜ਼ੀ ਮੁੱਲਾਂ ਸ਼ੇਖ਼ ਮੁਸਾਇਕਾਂ ਡੇਰਾ ਦੇਣਾ ਢਾਹੀਆ । ਦੋ ਜਹਾਨਾਂ ਸ੍ਰੀ ਭਗਵਾਨਾ ਤੇਰਾ ਇਕੋ ਹੋਵੇ ਨਾਂ, ਦੂਜਾ ਢੋਲਾ ਸੋਹਲਾ ਨਾ ਕੋਇ ਗਾਈਆ । ਤੂੰ ਆਦਿ ਅੰਤ ਸਭ ਦਾ ਪਿਤਾ ਮਾਂ, ਪੁਰਖ ਅਕਾਲ ਦੀਨ ਦਿਆਲ ਇਕ ਅਖਵਾਈਆ । ਜਨ ਭਗਤਾਂ ਪਕੜ ਅੰਤਮ ਬਾਂਹ, ਬਿਨਾ ਦਸਤ ਦਸਤ ਉਠਾਈਆ । ਤੇਰੇ ਚਰਨ ਕਵਲਾਂ ਬਲ ਬਲ ਜਾਂ, ਬਲਿਹਾਰੀ ਸੀਸ ਨਿਵਾਈਆ । ਮਿਹਰਵਾਨ ਮਹਿਬੂਬ ਦੇਣੀ ਠੰਡੀ ਛਾਂ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਚਖੰਡ ਬਖ਼ਸ਼ਣਾ ਇਕੋ ਥਾਂ, ਦੂਸਰ ਓਟ ਨਾ ਕੋਇ ਤਕਾਈਆ ।



### ✪ ੧੨ ਮਾਘ ਸ਼ਹਿਨਸ਼ਾਹੀ ਸੰਮਤ ੭ ਹਰਬੰਸ ਸਿੰਘ ਦੇ ਗ੍ਰਿਹ ਗੁੜਗਾਉਂ ਸ਼ਹਿਰ ✪

ਸਤਿਗੁਰ ਸ਼ਬਦ ਕਹੇ ਪ੍ਰਭ ਤੇਰਾ ਰੂਪ ਅਪਾਰਾ, ਪਾਰਬ੍ਰਹਮ ਪਤਿਪਰਮੇਸ਼ਵਰ ਸਮਝ ਕੋਇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਵਸੇਂ ਬਾਹਰਾ, ਅੰਜੀਲ ਕੁਰਾਨ ਖਾਣੀ ਬਾਣੀ ਕਹਿਣ ਕੁਛ ਨਾ ਪਾਈਆ । ਤੇਰਾ ਨਾਮ ਕਲਮਾ ਸਿਫ਼ਤਾਂ ਵਾਲੀ ਧਾਰਾ, ਨਿਰਗੁਣ ਸਰਗੁਣ ਮਿਲ ਕੇ ਵੱਜੇ ਵਧਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਖੇਲ ਸਦਾ ਜੁਗ ਚਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਵੰਡ ਵੰਡਾਈਆ । ਧੁਰ ਸੰਦੇਸ਼ਾ ਦੇ ਗੁਰ ਅਵਤਾਰਾ, ਪੈਗ਼ੰਬਰਾਂ ਕਰੀ ਅਗੰਮ ਪੜ੍ਹਾਈਆ । ਕਲਜੁਗ ਅੰਤਮ ਹੋਵੇ ਧੁੰਦੂਕਾਰਾ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਕੂੜੀ ਕਿਰਿਆ ਗੜ੍ਹ ਬਣੇ ਹੰਕਾਰਾ, ਹਉਮੇ ਹੰਗਤਾ ਨਾਲ ਲੜਾਈਆ । ਸਾਧ ਸੰਤ ਕਰਨਾ ਵਿਭਚਾਰਾ, ਸਚ ਵਿਚ ਨਾ ਕੋਇ ਸਮਾਈਆ । ਮਾਇਆ ਮਮਤਾ ਹੋਵੇ ਪਸਾਰਾ, ਹਿਰਦੇ ਹਰਿ ਨਾ ਕੋਇ ਵਸਾਈਆ । ਝਗੜਾ ਦਿਸੇ ਪੁਰਖ ਨਾਰਾ, ਕੰਤ ਸੁਹਾਗ ਨਾ ਕੋਇ ਹੰਢਾਈਆ । ਆਤਮ ਪਰਮਾਤਮ ਲਾਏ ਨਾ ਕੋਇ ਜੈਕਾਰਾ, ਨਾਅਰਾ ਹੱਕ ਨਾ ਕੋਇ ਸੁਣਾਈਆ । ਮਾਨਵ ਮਾਨਸ ਮਾਨੁਖ ਹੋਵੇ ਦੁਖਿਆਰਾ, ਦੁਖੀਆਂ ਦਰਦ ਨਾ ਕੋਇ ਮਿਟਾਈਆ । ਸਦੀ ਚੌਧਵੀਂ ਅਗਨੀ ਤਤ ਤਪੇ ਅੰਗਿਆਰਾ, ਮੁਹੰਮਦ ਆਸ਼ਾ ਨਾਲ ਵਖਾਈਆ । ਧਰਨੀ ਧਰਤ ਧਵਲ ਰੋਵੇ ਜ਼ਾਰੋ ਜ਼ਾਰਾ, ਬਿਨ ਨੈਣਾਂ ਨੀਰ ਵਹਾਈਆ । ਮਿਹਰਵਾਨ ਮਹਿਬੂਬ ਕਿਰਪਾ ਕਰ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਬੈਠੇ ਸੀਸ ਨਿਵਾਈਆ । ਤੁਧ ਬਿਨ ਕੋਈ ਨਾ ਪਾਵੇ ਸਾਰਾ, ਮਹਾਂਸਾਰਥੀ ਤੇਰੀ ਬੇਪਰਵਾਹੀਆ । ਤੂੰ ਏਕਾ ਏਕ ਕਲ ਕਲਕੀ ਅਵਤਾਰਾ, ਚੌਬੀਸਵਾਂ ਆਪ ਅਖਵਾਈਆ । ਨਵ ਸੱਤ ਮੇਟ ਧੂੰਆਂਧਾਰਾ, ਅੰਧ ਗੁਬਾਰ ਰਹੇ ਨਾ ਰਾਈਆ । ਜਨ ਭਗਤਾਂ ਦੇ ਦੀਦਾਰਾ, ਦਰਸ ਅਮੋਘ ਆਪ ਦਰਸਾਈਆ । ਨਾਮ ਸ਼ਬਦ ਬਖ਼ਸ਼ ਧੁਨਕਾਰਾ, ਅਨਹਦ ਨਾਦੀ ਧੁਨ ਉਪਜਾਈਆ ।

ਦੀਪਕ ਜੋਤ ਕਰ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਤੇਰੇ ਚਰਨ ਸਰਨ ਨਿਮਸਕਾਰਾ, ਨਿਵ ਨਿਵ ਲਾਗਾਂ ਪਾਈਆ । ਸਤਿਗੁਰ ਸ਼ਬਦ ਕਹੇ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਆਦਿ ਅੰਤ ਗੁਪਤ ਜ਼ਾਹਰਾ, ਜ਼ਾਹਰ ਜ਼ਹੂਰ ਪੜਦਾ ਦੇਣਾ ਉਠਾਈਆ ।

### ✪ ੧੨ ਮਾਘ ਸ਼ਹਿਨਸ਼ਾਹੀ ਸੰਮਤ ੭ ਰਤਨ ਸਿੰਘ ਦੇ ਗ੍ਰਹਿ ਦਿੱਲੀ ਸ਼ਹਿਰ ✪

ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰ ਰਹੇ ਵਿਚਾਰ, ਦਰਗਹ ਸਾਚੀ ਸਚਖੰਡ ਦਵਾਰ ਨਿਰਗੁਣ ਧਾਰ ਧਿਆਨ ਲਗਾਈਆ । ਕਿਉਂ ਧਰਨੀ ਧਰਤ ਧਵਲ ਧੌਲ ਹੋਇਆ ਧੂੰਆਂਧਾਰ, ਚਾਰੋਂ ਕੁੰਟ ਸਚ ਚੰਦ ਨਾ ਕੋਇ ਰੁਸ਼ਨਾਈਆ । ਆਤਮ ਪਰਮਾਤਮ ਕਰੇ ਨਾ ਕੋਇ ਵਿਚਾਰ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਚਾਰ ਜੁਗ ਦੇ ਸ਼ਾਸਤਰ ਕੂਕ ਕੂਕ ਕਰਨ ਪੁਕਾਰ, ਦਰੋਹੀ ਇਕੋ ਨਾਮ ਖ਼ੁਦਾਈਆ । ਕਲਜੁਗ ਜੀਵਾਂ ਅੰਤਮ ਆਈ ਹਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਅਵਤਾਰ ਪੈਗ਼ੰਬਰ ਗੁਰੂ ਰਹੇ ਤਕ, ਬਿਨ ਨੈਣਾਂ ਨੈਣ ਉਠਾਈਆ । ਚਾਰ ਵਰਨ ਰਿਹਾ ਨਾ ਸਤਿ, ਸਤਿ ਧਰਮ ਵਿਚ ਨਾ ਕੋਇ ਸਮਾਈਆ । ਫਿਰੀ ਦੁਹਾਈ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਗੁਰੂਦਵਾਰ ਗੁਰ ਗੁਰ ਭੇਵ ਨਾ ਕੋਇ ਚੁਕਾਈਆ । ਨੇਤਰ ਰੋਵਣ ਅੱਠ ਸੱਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਸਾਚਾ ਦਿਸੇ ਨਾ ਕੋਇ ਹੱਟ, ਨਾਮ ਭੰਡਾਰਾ ਨਾ ਕੋਇ ਵਰਤਾਈਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀ ਨਾਮ ਕਲਮੇ ਰਹੇ ਰਟ, ਅਨਹਦ ਨਾਦੀ ਧੁਨ ਸ਼ਬਦ ਨਾ ਕੋਇ ਸ਼ਨਵਾਈਆ । ਨਿਜ ਨੇਤਰ ਲੋਚਨ ਖੁਲ੍ਹੇ ਕਿਸੇ ਨਾ ਅੱਖ, ਸਾਧ ਸੰਤ ਬੈਠੇ ਧੂਣੀਆਂ ਤਾਈਆ । ਮਿਹਰਵਾਨ ਮਹਿਬੂਬ ਦਰਸ ਦੇਵੇ ਨਾ ਕੋਇ ਪ੍ਰਤਖ, ਸਨਮੁਖ ਸਚ ਸਵਾਮੀ ਨਜ਼ਰ ਕੋਇ ਨਾ ਆਈਆ । ਮਨ ਵਾਸਨਾ ਜਗਤ ਤ੍ਰਿਸ਼ਨਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਰਹੀ ਨੱਠ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਤਨ ਵਜੂਦ ਕਾਇਆ ਮਾਟੀ ਜੋਤ ਜਗੇ ਨਾ ਲਟ ਲਟ, ਅੰਧ ਅੰਧੇਰ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਵਡਿਆਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਕਲਜੁਗ ਅੰਤਮ ਹੋਇਆ ਗ਼ਜ਼ਬ, ਚਾਰ ਕੁੰਟ ਰੈਣ ਅੰਧੇਰਾ ਛਾਈਆ । ਝਗੜਾ ਦਿਸੇ ਦੀਨ ਮਜ਼੍ਹਬ, ਜ਼ਾਤ ਪਾਤ ਰਹੀ ਕੁਰਲਾਈਆ । ਸਾਡਾ ਰਿਹਾ ਨਾ ਕੋਈ ਅਦਬ, ਅੱਖਰਾਂ ਮਿਲੇ ਨਾ ਕੋਇ ਵਡਿਆਈਆ । ਸਦੀ ਚੌਧਵੀਂ ਸਾਰੇ ਹੋਏ ਤਅਜੁਬ, ਹੈਰਾਨੀ ਵਿਚ ਆਪਣਾ ਆਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅਸੀਂ ਵੇਖੀਏ ਉਪਰ ਧਰਤੀ, ਧਰਤ ਧਵਲ ਧਿਆਨ ਲਗਾਈਆ । ਸਦੀ ਚੌਧਵੀਂ ਸਭ ਦਾ ਲਹਿਣਾ ਦੇਣਾ ਲੇਖਾ ਪੂਰਾ ਹੋਵੇ ਸ਼ਰਤੀ, ਸ਼ਰਅ ਦਾ ਸੰਗਲ ਦੇਣਾ ਤੁੜਾਈਆ । ਤੂੰ ਮਾਲਕ ਖ਼ਾਲਕ ਬੇਪਰਵਾਹ ਅਰਸ਼ੀ, ਪ੍ਰੀਤਮ ਤੇਰੇ ਹੱਥ ਵਡਿਆਈਆ । ਸਭ ਦੇ ਉਤੇ ਕਰਨਾ ਤਰਸੀ, ਰਹਿਮਤ ਆਪਣੀ ਹੱਕ ਵਰਤਾਈਆ । ਨਾਮ ਕਲਮੇ

ਦਾ ਮੇਘ ਬਰਸੀ, ਅਗਨੀ ਤਤ ਦੇਣਾ ਬੁਝਾਈਆ । ਦੀਨ ਦੁਨੀ ਉਤੇ ਅਗਲਾ ਭਿਅੰਕਰ ਹੋਣਾ ਬਰਸੀ, ਬਰਸੀ ਮਾਇਆ ਮਮਤਾ ਰਹੀ ਮਨਾਈਆ । ਸਾਧਾਂ ਸੰਤਾਂ ਤੇਰਾ ਮਿਲੇ ਕਿਸੇ ਨਾ ਦਰਸੀ, ਰਿਖ ਮੁਨ ਬੈਠੇ ਤੇਰਾ ਰਾਹ ਤਕਾਈਆ । ਨਿਰਵੈਰ ਨਿਰਾਕਾਰ ਨਿਰੰਕਾਰ ਜੋਤੀ ਜਾਤਾ ਵੇਖ ਨਿਧਪਰਤੀ, ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਤੇਰੇ ਅੱਗੇ ਕਰਦੇ ਆਏ ਅਰਜ਼ੀ, ਅਰਜ਼ ਵਿਚ ਸੀਸ ਨਿਵਾਈਆ । ਤੇਰਾ ਖੇਲ ਤਕੀਏ ਅਸਚਰਜੀ, ਅਚਰਜ ਲੀਲਾ ਦੇਣੀ ਵਰਤਾਈਆ । ਨਰ ਨਰਾਇਣ ਤੇਰਾ ਰੂਪ ਪਰਗਟ ਦਿਸੇ ਨਾ ਨਾਰੀ ਨਾ ਮਰਦੀ, ਜੋਤੀ ਜਾਤਾ ਪੁਰਖ ਬਿਧਾਤਾ ਸੋਭਾ ਪਾਈਆ । ਸੰਬਲ ਬੈਠ ਕੇ ਵੰਡ ਦਰਦੀ, ਦੀਨ ਦਿਆਲ ਦਇਆ ਕਮਾਈਆ । ਤੇਰੇ ਕੋਲ ਸਭ ਦੀ ਭਵਿਖਤਾਂ ਵਾਲੀ ਫ਼ਰਦੀ, ਪੇਸ਼ੀਨਗੋਈਆਂ ਤੇਰੇ ਚਰਨਾਂ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡੇ ਅੰਤਰ ਆਈ ਹੈਰਾਨੀ, ਹੈਰਤ ਵਿਚ ਦੁਹਾਈਆ । ਪੁਰਖ ਅਕਾਲ ਪਰਵਰਦਿਗਾਰ ਸਾਂਝੇ ਯਾਰ ਚਾਰੋਂ ਕੁੰਟ ਸ਼ਰਅ ਸ਼ੈਤਾਨੀ, ਸ਼ਰੀਅਤ ਸਮਝ ਕੋਇ ਨਾ ਪਾਈਆ । ਤੇਰੀ ਮੁਹੱਬਤ ਪਾਰਬ੍ਰਹਮ ਪਤਿਪਰਮੇਸ਼ਵਰ ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਕਰੇ ਨਾ ਕੋਇ ਪੜ੍ਹਾਈਆ । ਹਕੀਕਤ ਹੱਕ ਨਾ ਰਹੀ ਇਨਸਾਨੀ, ਇਨਸਾਨੀਅਤ ਬੈਠੀ ਮੁਖ ਛੁਪਾਈਆ । ਕਲਜੁਗ ਕੂੜੀ ਕਿਰਿਆ ਚਾਰੋਂ ਕੁੰਟ ਕਰੇ ਵੈਰਾਨੀ, ਮਾਇਆ ਮਮਤਾ ਨਾਲ ਮਿਲਾਈਆ । ਸਾਚੀ ਮੰਜ਼ਲ ਚੜ੍ਹੇ ਨਾ ਕੋਇ ਰੁਹਾਨੀ, ਅਕਲ ਬੁੱਧੀ ਕੰਮ ਕਿਸੇ ਨਾ ਆਈਆ । ਨੇਤਰ ਰੋਵੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਰਹੀ ਕੁਰਲਾਈਆ । ਪਰਦਾ ਲਾਹੇ ਨਾ ਕੋਇ ਆਤਮ ਬ੍ਰਹਮ ਗਿਆਨੀ, ਪਾਰਬ੍ਰਹਮ ਮੇਲ ਨਾ ਕੋਇ ਮਿਲਾਈਆ । ਸ਼ਬਦ ਅਣਿਆਲਾ ਤੀਰ ਮਾਰੇ ਨਾ ਕੋਇ ਕਾਨੀ, ਕਾਇਨਾਤ ਸੋਈ ਨਾ ਕੋਇ ਉਠਾਈਆ । ਦੀਨ ਦੁਨੀ ਦ੍ਰਿਸ਼ਟੀ ਵਿਚ ਹੋਈ ਨਿਧਾਨੀ, ਸੋਈ ਸੁਰਤ ਨਾ ਕੋਇ ਜਗਾਈਆ । ਸ਼ਰਅ ਦੀ ਕਟੇ ਨਾ ਕੋਇ ਗ਼ੁਲਾਮੀ, ਜ਼ੰਜੀਰ ਬੰਧਨ ਨਾ ਕੋਇ ਤੁੜਾਈਆ । ਜਿਧਰ ਤਕੀਏ ਤੇਰੇ ਨਾਮ ਦੀ ਹੋਈ ਬਦਨਾਮੀ, ਬਦੀ ਵਿਚ ਵੇਖੀ ਖ਼ਲਕ ਖ਼ੁਦਾਈਆ । ਸਾਚਾ ਨਾਮ ਜਾਣੇ ਨਾ ਕੋਇ ਕਲਾਮੀ, ਕਾਇਆ ਕਾਅਬਾ ਤੇਰਾ ਦਰਸ਼ਨ ਕੋਇ ਨਾ ਪਾਈਆ । ਸਚੇ ਮੰਦਰ ਦਿਸੇ ਨਾ ਕਿਸੇ ਨਿਸ਼ਾਨੀ, ਨਰ ਹਰਿ ਤੇਰਾ ਨੂਰ ਜੋਤ ਨਾ ਕੋਇ ਰੁਸ਼ਨਾਈਆ । ਅੰਮ੍ਰਿਤ ਰਸ ਨਿਜਰ ਝਿਰਨਾ ਬੂੰਦ ਸਵਾਂਤੀ ਦੇਵੇ ਕੋਇ ਨਾ ਪਾਣੀ, ਜਨਮ ਮਰਨ ਦੀ ਤ੍ਰਿਸ਼ਨਾ ਨਾ ਕੋਇ ਬੁਝਾਈਆ । ਕਿਰਪਾ ਕਰ ਪਾਰਬ੍ਰਹਮ ਸ਼ਾਹ ਸੁਲਤਾਨੀ, ਪਰਮ ਪੁਰਖ ਪਰਮਾਤਮ ਤੇਰੀ ਓਟ ਤਕਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਹਉਂ ਵਿਟੋਂ ਸਦ ਸਦ ਤੇਰੇ ਚਰਨ ਚਰਨ ਕੁਰਬਾਨੀ, ਸਰਨ ਇਕੋ ਇਕ ਰਖਾਈਆ । ਤੇਰਾ ਸਚਖੰਡ ਦਵਾਰ ਏਕੰਕਾਰ ਦਰਗਹ ਸਾਚੀ ਮੁਕਾਮੇ ਹੱਕ ਕਦੇ ਨਾ ਹੋਵੇ ਫ਼ਾਨੀ, ਸਦ ਵੱਜਦੀ ਰਹੇ ਇਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਜ਼ਿਮੀਂ ਅਸਮਾਨੀ, ਮੰਡਲ ਮੰਡਪ ਪਾਤਾਲ ਆਕਾਸ਼ ਗਗਨ ਗਗਨੰਤਰ ਰਵ ਸਸ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਅਵਤਾਰ ਪੈਗ਼ੰਬਰ ਗੁਰ ਸਾਰੇ ਸੀਸ ਨਿਵਾਈਆ ।

### ✪ ੧੨ ਮਾਘ ਸ਼ਹਿਨਸ਼ਾਹੀ ਸੰਮਤ ੭ ਪੂਰਨ ਸਿੰਘ ਦੇ ਗ੍ਰਹਿ ਦਿੱਲੀ ਸ਼ਹਿਰ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭੂ ਸਾਡੀ ਅਰਜ਼ੋਈ, ਬੇਨੰਤੀ ਵਿਚ ਸੀਸ ਨਿਵਾਈਆ । ਚਾਰੋਂ ਕੁੰਟ ਰੈਣ ਅੰਧੇਰੀ ਹੋਈ, ਸਾਚਾ ਚੰਦ ਨਾ ਕੋਇ ਚਮਕਾਈਆ । ਸੁਰਤੀ ਸੁੱਤੀ ਨਾ ਉਠੇ ਕੋਈ, ਆਲਸ ਨਿੰਦਰਾ ਗ਼ਫ਼ਲਤ ਵਿਚ ਲੋਕਾਈਆ । ਮਾਇਆ ਮਮਤਾ ਆਤਮ ਸਭ ਦੀ ਮੋਹੀ, ਲੋਭ ਮੋਹ ਹੰਕਾਰ ਵਿਚ ਕੁਰਲਾਈਆ । ਚਾਰ ਕੁੰਟ ਦਹਿ ਦਿਸ਼ਾ ਮਿਲੇ ਨਾ ਢੋਈ, ਸਚ ਪਿਆਰ ਮੁਹੱਬਤ ਨਜ਼ਰ ਕੋਇ ਨਾ ਆਈਆ । ਪੈਗ਼ੰਬਰ ਕਹਿਣ ਸਾਡੀ ਦਰੋਹੀ, ਤੋਬਾ ਤੋਬਾ ਸੀਸ ਝੁਕਾਈਆ । ਸੁਰਤ ਸ਼ਬਦ ਮਿਲੇ ਨਾ ਕੋਈ, ਸਾਧ ਸੰਤ ਰੋਵਣ ਮਾਰਨ ਧਾਹੀਆ । ਪੰਚ ਵਿਕਾਰ ਨਾ ਮਿਟੇ ਗਰੋਹੀ, ਪੰਚਮ ਰੰਗ ਨਾ ਕੋਇ ਚੜ੍ਹਾਈਆ । ਸਚ ਵਸਤ ਸਭ ਤੋਂ ਗਈ ਖੋਹੀ, ਨਾਮ ਨਿਧਾਨਾ ਝੋਲੀ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਅਵਤਾਰ ਪੈਗ਼ੰਬਰ ਕਹਿਣ ਚਾਰੋਂ ਕੁੰਟ ਅੰਧੇਰਾ ਅੰਧ, ਗੁਰ ਗਿਆਨ ਨਾ ਕੋਇ ਦ੍ਰਿੜਾਈਆ । ਆਤਮ ਪਰਮਾਤਮ ਗਾਏ ਕੋਈ ਨਾ ਛੰਦ, ਤੂੰ ਮੇਰਾ ਮੈਂ ਤੇਰਾ ਰਾਗ ਨਾ ਕੋਇ ਅਲਾਈਆ । ਭਰਮਾਂ ਢਾਹੇ ਕੋਈ ਨਾ ਕੰਧ, ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਅੰਤਰ ਮਿਲੇ ਨਾ ਕਿਸੇ ਅਨੰਦ, ਪਰਮਾਨੰਦ ਵਿਚ ਨਾ ਕੋਇ ਸਮਾਈਆ । ਸੁਰਤੀ ਸਕੇ ਕੋਇ ਨਾ ਗੰਢ, ਸ਼ਬਦੀ ਜੋੜ ਨਾ ਕੋਇ ਜੁੜਾਈਆ । ਤਨ ਵਜੂਦ ਪਏ ਕਿਸੇ ਨਾ ਠੰਡ, ਅਗਨੀ ਤਤ ਨਾ ਕੋਇ ਬੁਝਾਈਆ । ਆਵਣ ਜਾਵਣ ਲੱਖ ਚੁਰਾਸੀ ਮੁਕੇ ਕਿਸੇ ਨਾ ਪੰਧ, ਜਮ ਕੀ ਫਾਸੀ ਨਾ ਕੋਇ ਕਟਾਈਆ । ਕਲਜੁਗ ਕੂੜੀ ਕਿਰਿਆ ਮਨ ਮਤ ਬੁਧ ਕੀਤੀ ਖੰਡ ਖੰਡ, ਮਨ ਕਲਪਨਾ ਨਾਲ ਮਿਲਾਈਆ । ਲੇਖਾ ਮੁਕੇ ਨਾ ਜੇਰਜ ਅੰਡ, ਉਤਭੁਜ ਸੇਤਜ ਪਾਰ ਨਾ ਕੋਇ ਕਰਾਈਆ । ਕਲਜੁਗ ਅੰਤ ਫਿਰੀ ਦਰੋਹੀ ਵਿਚ ਵਰਭੰਡ, ਬ੍ਰਹਿਮੰਡ ਰਹੇ ਕੁਰਲਾਈਆ । ਕਿਸੇ ਲਾਏ ਕੋਈ ਨਾ ਅੰਗ, ਅੰਗੀਕਾਰ ਨਾ ਕੋਇ ਅਖਵਾਈਆ । ਸਦੀ ਚੌਧਵੀਂ ਅਸੀਂ ਸਾਰੇ ਹੋਏ ਦੰਗ, ਹੈਰਤ ਵਿਚ ਸਮਾਈਆ । ਪਰਮ ਪੁਰਖ ਪਰਮਾਤਮ ਧੁਨ ਆਤਮਕ ਤੇਰਾ ਵੱਜੇ ਨਾ ਕੋਇ ਮਰਦੰਗ, ਢੋਲਕ ਛੈਣੇ ਸਾਰੇ ਰਹੇ ਖੜਕਾਈਆ । ਨਵ ਦਵਾਰ ਏਕੰਕਾਰ ਪਾਰ ਸਕੇ ਕੋਇ ਨਾ ਲੰਘ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤੀ ਢੋਲੇ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਇਕ ਚੜ੍ਹਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡੇ ਨਾਮ ਕਲਮਿਆਂ ਪਾਇਆ ਰੌਲਾ, ਹਕੀਕਤ ਹੱਥ ਕਿਸੇ ਨਾ ਆਈਆ । ਫਿਰੀ ਦਰੋਹੀ ਉਪਰ ਧੌਲਾ, ਧਰਨੀ ਧਰਤ ਰਹੀ ਕੁਰਲਾਈਆ । ਸਾਚੇ ਮਾਰਗ ਕੋਈ ਨਾ ਮੌਲਾ, ਮੌਲਾ ਤੇਰੀ ਬੇਪਰਵਾਹੀਆ । ਤੂੰ ਨੂਰ ਅਲਾਹੀ ਅੱਵਲਾ, ਆਲਮੀਨ ਅਖਵਾਈਆ । ਤੂੰ ਸਾਚਾ ਮਾਲਕ ਸਭ ਦਾ ਪੂਰਾ ਕਰਦੇ ਕੌਲਾ, ਜੋ ਅਵਤਾਰ ਪੈਗ਼ੰਬਰ ਗੁਰ ਤੇਰੇ ਨਾਲ ਰਖਾਈਆ । ਸਦੀ ਚੌਧਵੀਂ ਕਲਜੁਗ ਅੰਤਮ ਕੂੜ ਕੁੜਿਆਰ ਕਰਦੇ ਰੌਲਾ, ਦੁਸ਼ਟ ਦੁਰਾਚਾਰ ਨਜ਼ਰੀ ਆਈਆ । ਆਤਮ ਪਰਮਾਤਮ ਤੇਰਾ ਸਾਰੇ ਗਾਵਣ ਢੋਲਾ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਤੇਰਾ ਰੂਪ ਆਦਿ ਪੁਰਖ ਅਪਰੰਪਰ ਸਵਾਮੀ ਰਾਮਾ ਕ੍ਰਿਸ਼ਨਾ ਸਾਵਲ ਸੌਲਾ, ਈਸਾ ਮੂਸਾ ਮੁਹੰਮਦ ਤੇਰਾ ਨੂਰ ਨਜ਼ਰੀ ਆਈਆ । ਨਾਨਕ ਗੋਬਿੰਦ ਅੰਮ੍ਰਿਤ ਰਸ ਦਿਤਾ ਪੌਹਲਾ, ਪਾਰਬ੍ਰਹਮ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰੇ ਮੰਗ ਮੰਗਾਈਆ । ਅਵਤਾਰ ਪੈਗ਼ੰਬਰ ਗੁਰ

ਕਹਿਣ ਪ੍ਰਭੂ ਇਕੋ ਦੇ ਦੇ ਨਾਮ ਅਧਾਰ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਇਕੋ ਨੂਰ ਤੇਰਾ ਉਜਿਆਰ, ਨੂਰ ਨੁਰਾਨਾ ਸੋਭਾ ਪਾਈਆ । ਇਕੋ ਸ਼ਬਦ ਤੇਰਾ ਜੈਕਾਰ, ਨਾਅਰਾ ਹੱਕ ਹੱਕ ਸੁਣਾਈਆ । ਇਕੋ ਮੰਦਰ ਤੇਰਾ ਗੁਰਦਵਾਰ, ਕਾਅਬਾ ਇਕੋ ਦੇਣਾ ਵਖਾਈਆ । ਇਕੋ ਤੀਰਥ ਤਟ ਕਿਨਾਰ, ਸਰ ਸਰੋਵਰ ਇਕ ਸਮਝਾਈਆ । ਇਕੋ ਮੰਜ਼ਲ ਚਾਰ ਵਰਨ ਅਠਾਰਾਂ ਬਰਨ ਬਖ਼ਸ਼ੀ ਸੱਚੀ ਸਰਕਾਰ, ਸਚ ਤੇਰੀ ਸਰਨਾਈਆ । ਕਲਜੁਗ ਕੂੜੀ ਕਿਰਿਆ ਵੇਖ ਅੰਧ ਅੰਧਿਆਰ, ਸਤਿਜੁਗ ਸਾਚਾ ਚੰਦ ਚਮਕਾਈਆ । ਚਾਰ ਲੱਖ ਬੱਤੀ ਹਜ਼ਾਰ ਕਰ ਪਰਵਾਨ, ਬਰਸ ਬਰਸੀ ਦੇ ਬਦਲਾਈਆ । ਅਸੀਂ ਸਾਰੇ ਤੇਰੇ ਤਾਬਿਆਦਾਰ, ਹੁਕਮ ਵਿਚ ਕਿਉਂ ਨਾ ਸੀਸ ਨਿਵਾਈਆ । ਸ਼ਰਅ ਸ਼ਰੀਅਤ ਰਹੇ ਨਾ ਕੋਇ ਸੰਸਾਰ, ਮਾਨਵ ਜ਼ਾਤੀ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਅੰਤ ਨਾ ਪਾਰਾਵਾਰ, ਬੇਅੰਤ ਕੰਤ ਭਗਵੰਤ ਤੇਰੀ ਵਡ ਵਡਿਆਈਆ ।

### ✪ ੧੨ ਮਾਘ ਸ਼ਹਿਨਸ਼ਾਹੀ ਸੰਮਤ ੭ ਸਤਿੰਦਰ ਪਾਲ ਸਿੰਘ ਦੇ ਗ੍ਰਿਹ ਦਿੱਲੀ ਛਾਉਣੀ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਕਲਜੁਗ ਬੜਾ ਚਾਲਾਕ, ਜਿਸ ਚਾਲਾਕੀ ਸਭ ਦੀ ਦਿਤੀ ਮਿਟਾਈਆ । ਸਾਧਾਂ ਸੰਤਾਂ ਅੰਦਰੋਂ ਖੁਲ੍ਹਣ ਨਾ ਦੇਵੇ ਤਾਕ, ਬੰਦ ਕਿਵਾੜੀ ਪਰਦਾ ਕੋਇ ਨਾ ਲਾਹੀਆ । ਆਤਮ ਪਰਮਾਤਮ ਬਣਨ ਨਾ ਦੇਵੇ ਸਾਕ, ਸੁਰਤ ਸ਼ਬਦ ਨਾ ਕੋਇ ਸਮਾਈਆ । ਜਿਧਰ ਤਕੀਏ ਹੋਈ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਚਮਕਾਈਆ । ਸਤਿ ਧਰਮ ਦਾ ਕੀਤਾ ਘਾਤ, ਘਾਓ ਕੂੜ ਕੁੜਿਆਰ ਲਗਾਈਆ । ਕਿਸੇ ਕੋਲ ਰਹਿਣ ਨਾ ਦਿਤੀ ਨਾਮ ਵਸਤ ਦਾਤ, ਹਿਰਦੇ ਹਰਿ ਨਾ ਕੋਇ ਵਸਾਈਆ । ਜਿਧਰ ਤਕੀਏ ਉਡਦੀ ਖ਼ਾਕ, ਧੁਰ ਦੀ ਧੂੜ ਨਾ ਕੋਇ ਰਮਾਈਆ । ਰੂਹ ਬੁਤ ਰਹਿਣ ਨਹੀਂ ਦਿਤੇ ਪਾਕ, ਪਤਿਤ ਹੋਈ ਲੋਕਾਈਆ । ਸਾਡੀ ਤੇਰੇ ਉਤੇ ਇਕੋ ਆਸ, ਪੁਰਖ ਅਕਾਲ ਤੇਰੀ ਸਰਨਾਈਆ । ਭਵਿਖਤਾਂ ਵਿਚ ਆਏ ਆਖ, ਪੇਸ਼ੀਨਗੋਈਆਂ ਵਿਚ ਕੀਤੀ ਸ਼ਨਵਾਈਆ । ਕਲਜੁਗ ਅੰਤਮ ਪਰਗਟ ਹੋਵੇ ਆਪ, ਪਾਰਬ੍ਰਹਮ ਪ੍ਰਭ ਆਪਣੀ ਕਲ ਪਰਗਟਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਬਦਲੇ ਜਾਪ, ਤੂੰ ਮੇਰਾ ਮੈਂ ਤੇਰਾ ਰਾਗ ਸੁਣਾਈਆ । ਧਰਨੀ ਧਰਤ ਧਵਲ ਧੌਲ ਉਤੋਂ ਮੇਟੇ ਪਾਪ, ਦੁਸ਼ਟ ਦੁਰਾਚਾਰਾਂ ਕਰੇ ਸਫ਼ਾਈਆ । ਨਾਮ ਕਲਮਾ ਸਭ ਨੂੰ ਇਕੋ ਬਖ਼ਸ਼ ਦਾਤ, ਦਾਤਾ ਦਾਨੀ ਧੁਰਦਰਗਾਹੀਆ । ਲੱਖ ਚੁਰਾਸੀ ਜਨਮ ਕਰਮ ਦਾ ਲੇਖਾ ਲਏ ਵਾਚ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਫੋਲ ਫੁਲਾਈਆ । ਧੁਰ ਦੀ ਕਰਨੀ ਕਰੇ ਕਰਤਾ ਵਿਚ ਲੋਕਮਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਕਲਜੁਗ ਬੜਾ ਬਲਵਾਨ, ਬਲਧਾਰੀ ਇਕ ਅਖਵਾਈਆ । ਜਿਸ ਨੇ ਸਤਿ ਧਰਮ ਦਾ ਰਹਿਣ ਨਹੀਂ ਦਿਤਾ ਨਿਸ਼ਾਨ, ਕੂੜੀ ਕਿਰਿਆ ਜਗਤ ਡੰਕ ਵਜਾਈਆ । ਸ਼ਰਅ ਛੁਰੀ ਕੀਤੀ ਸ਼ੈਤਾਨ, ਦਿਵਸ ਰੈਣ ਜ਼ਿਬਹ ਕਰੇ ਲੋਕਾਈਆ । ਅੰਤਰ ਆਤਮ ਨਾ ਮਿਲੇ ਕਿਸੇ ਗਿਆਨ, ਜਗਤ ਵਿਦਿਆ ਹੋਈ ਹਲਕਾਈਆ । ਸਤਿ ਸਵਾਮੀ ਤੇਰਾ ਦਰਸ ਮੂਲ ਨਾ ਪਾਣ, ਚਾਰ ਵਰਨ ਅਠਾਰਾਂ ਬਰਨ ਰੋਵਣ ਮਾਰਨ ਧਾਹੀਆ । ਕਾਇਆ ਮੰਦਰ ਅੰਦਰ ਮਿਲੇ ਨਾ ਕਿਸੇ ਸ੍ਰੀ

ਭਗਵਾਨ, ਮੰਦਰ ਮਸਜਿਦ ਸ਼ਿਵਦਵਾਲੇ ਗੁਰੂਦਵਾਰ ਰਹੇ ਕੁਰਲਾਈਆ । ਸੁਰਤੀ ਸ਼ਬਦ ਮਿਲੇ ਮੇਲ ਨਾ ਧੁਰ ਦੇ ਕਾਹਨ, ਬੰਸਰੀ ਧੁਨ ਨਾ ਕੋਇ ਸ਼ਨਵਾਈਆ । ਪੈਗ਼ੰਬਰਾਂ ਦੇਵੇ ਨਾ ਕੋਇ ਪੈਗ਼ਾਮ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਗੁਰੂ ਗੁਰਦੇਵ ਸਾਰੇ ਹੋਏ ਹੈਰਾਨ, ਹੈਰਤ ਵਿਚ ਸੀਸ ਨਿਵਾਈਆ । ਪੁਰਖ ਅਕਾਲ ਦੀਨ ਦਿਆਲ ਤੇਰਾ ਦਰਸ ਮਿਲੇ ਨਾ ਵਿਚ ਜਹਾਨ, ਦੀਦਾ ਦਾਨਿਸਤਾ ਨਜ਼ਰ ਕਿਸੇ ਨਾ ਆਈਆ । ਸਾਰੇ ਝੁਕ ਝੁਕ ਕਰਨ ਸਲਾਮ, ਪੈਗ਼ੰਬਰ ਨੇਤਰ ਨੈਣਾਂ ਨੀਰ ਵਹਾਈਆ । ਦਰੋਹੀ ਸਾਡੇ ਕਲਮੇ ਹੋਏ ਬਦਨਾਮ, ਬਦੀ ਦਾ ਡੇਰਾ ਕੋਇ ਨਾ ਢਾਹੀਆ । ਜਿਧਰ ਤਕੀਏ ਹੋਏ ਹਰਾਮ, ਸਤਿ ਵਿਚ ਨਾ ਕੋਇ ਸਮਾਈਆ । ਕਾਇਆ ਤਤ ਕੀਤਾ ਗ਼ੁਲਾਮ, ਬੰਧਨ ਬੰਧ ਨਾ ਕੋਇ ਕਟਾਈਆ । ਚਾਰੋਂ ਕੁੰਟ ਅੰਧੇਰਾ ਸ਼ਾਮ, ਸ਼ਮਾਂ ਨੂਰ ਜੋਤ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਕਲਜੁਗ ਪਾਉਂਦਾ ਸ਼ੋਰ, ਚਾਰੋਂ ਕੁੰਟ ਰਿਹਾ ਡਰਾਈਆ । ਦੀਨ ਦੁਨੀ ਹੋਇਆ ਅੰਧ ਘੋਰ, ਸਚ ਚੰਦ ਨਾ ਕੋਇ ਚਮਕਾਈਆ । ਕਲਜੁਗ ਅੰਤਮ ਤੇਰੀ ਲੋੜ, ਮਿਹਰਵਾਨ ਤੇਰੀ ਓਟ ਤਕਾਈਆ । ਤੈਨੂੰ ਕਿਹਾ ਆਵੇ ਬ੍ਰਾਹਮਣ ਗੌੜ, ਵੇਦ ਵਿਆਸਾ ਸਿਫ਼ਤ ਸਾਲਾਹੀਆ । ਕਲ ਕਲਕੀ ਹੋ ਕੇ ਜਾਏ ਬੌਹੜ, ਅਮਾਮ ਅਮਾਮਾ ਨੂਰ ਇਲਾਹੀਆ । ਜੋ ਸਦੀ ਚੌਧਵੀਂ ਅੰਤਮ ਕਰੇ ਗ਼ੌਰ, ਗਹਿਰ ਗੰਭੀਰ ਹੋ ਕੇ ਫੋਲ ਫੁਲਾਈਆ । ਅੰਤਮ ਤੇਰੇ ਉਤੇ ਰੱਖੀ ਸਭ ਨੇ ਡੋਰ, ਡੋਰੀ ਤੇਰੇ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੁਰਖ ਅਕਾਲ ਤੇਰੀ ਬੇਪਰਵਾਹੀਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਕਲਜੁਗ ਬੜਾ ਬਲੀ, ਬਲਧਾਰੀ ਇਕ ਅਖਵਾਈਆ । ਜਿਸ ਮਾਣ ਰਹਿਣ ਨਹੀਂ ਦਿਤਾ ਪੈਗ਼ੰਬਰ ਵਲੀ, ਮੁੱਲਾਂ ਸ਼ੇਖ਼ ਮੁਸਾਇਕ ਸਾਰੇ ਰੋਵਣ ਮਾਰਨ ਧਾਹੀਆ । ਜਿਸ ਨੇ ਗੋਬਿੰਦ ਦੀ ਧਾਰ ਸੀਸ ਧਰਿਆ ਤਲੀ, ਧਰਮ ਦੀ ਧਾਰ ਧਾਰ ਵਖਾਈਆ । ਉਹ ਚੌਦਾਂ ਲੋਕ ਚੌਦਾਂ ਤਬਕ ਹੋਕਾ ਦੇਂਦਾ ਗਲੀਓ ਗਲੀ, ਉਚੀ ਕੂਕ ਕੂਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲਾ ਬੜਾ ਛਲੀ, ਵਲ ਛਲ ਆਪਣੀ ਖੇਲ ਖਿਲਾਈਆ । ਜਿਸ ਨੇ ਸ਼ਰਅ ਦੱਸੀ ਮੁਹੰਮਦ ਐਲੀ, ਹੁਕਮ ਧੁਰ ਦਾ ਇਕ ਸੁਣਾਈਆ । ਉਹ ਵਸੇ ਨਿਹਚਲ ਧਾਮ ਅਟਲੀ, ਦਰਗਹ ਸਾਚੀ ਸੋਭਾ ਪਾਈਆ । ਜਿਸ ਦੀ ਖੇਲ ਜਲੀ ਥਲੀ, ਮਹੀਅਲ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਕਲਜੁਗ ਬੜਾ ਸ਼ੈਤਾਨ, ਸ਼ੈਤਾਨੀ ਵਿਚ ਵਡਿਆਈਆ । ਜਿਸ ਨੇ ਮੰਨੀ ਨਹੀਂ ਕਿਸੇ ਦੀ ਆਣ, ਅਵਤਾਰ ਪੈਗ਼ੰਬਰ ਗੁਰੂ ਸੀਸ ਨਾ ਕਿਸੇ ਨਿਵਾਈਆ । ਚਾਰੋਂ ਕੁੰਟ ਹੋਇਆ ਹੁਕਮਰਾਨ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਰਿਹਾ ਭੁਲਾਈਆ । ਅੰਮ੍ਰਿਤ ਰਸ ਦੇਵੇ ਨਾ ਕਿਸੇ ਪੀਣ ਖਾਣ, ਕੂੜ ਕਿਰਿਆ ਵਿਚ ਹਲਕਾਈਆ । ਆਤਮ ਬ੍ਰਹਮ ਹੋਣ ਨਾ ਦੇਵੇ ਕੋਇ ਗਿਆਨ, ਅੰਧ ਅਗਿਆਨ ਵਿਚ ਰੱਖੇ ਕੂੜ ਲੋਕਾਈਆ । ਕਿਸੇ ਅੰਤਰ ਵੱਜੇ ਨਾ ਸ਼ਬਦ ਸੱਚੀ ਧੁਨਕਾਨ, ਅਨਾਦੀ ਧੁਨ ਨਾ ਕੋਇ ਸ਼ਨਵਾਈਆ । ਜਿਧਰ ਤਕੀਏ ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਸਾਰੇ ਹੋਏ ਹੈਰਾਨ, ਧੀਰਜ ਧੀਰ ਨਾ ਕੋਇ ਧਰਾਈਆ । ਬਿਨ ਤੇਰੀ ਕਿਰਪਾ ਕਿਸੇ ਦੀ ਕਰੇ ਨਾ ਕੋਇ ਕਲਿਆਣ, ਕਾਇਨਾਤ ਸਿਰ ਹੱਥ ਨਾ ਕੋਇ ਟਿਕਾਈਆ । ਕਿਰਪਾ ਕਰ ਸ੍ਰੀ ਭਗਵਾਨ, ਭਗਵਨ ਤੇਰੀ ਓਟ ਰਖਾਈਆ । ਸਾਚੇ

ਭਗਤਾਂ ਕਰ ਪਰਵਾਨ, ਗੁਰਮੁਖ ਆਪਣੇ ਰੰਗ ਰੰਗਾਈਆ । ਲੇਖਾ ਰਹੇ ਨਾ ਬਿਰਧ ਬਾਲ ਜਵਾਨ, ਵੱਡਾ ਛੋਟਾ ਨਜ਼ਰ ਕੋਇ ਨਾ ਆਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਵਾਲੀ ਦੋ ਜਹਾਨ, ਬ੍ਰਹਿਮੰਡ ਖੰਡ ਸਾਰੇ ਤੇਰੇ ਚਰਨ ਕਵਲ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਗੁਰਮੁਖ ਸੰਤ ਸੁਹੇਲੇ ਕਰ ਪਰਵਾਨ, ਪਰਮ ਪੁਰਖ ਪਰਮਾਤਮ ਗੁਰਮੁਖਾਂ ਆਤਮ ਮੇਲਾ ਦੇਣਾ ਮਿਲਾਈਆ ।

## ੧੩ ਮਾਘ ਸ਼ਹਿਨਸ਼ਾਹੀ ਸੰਮਤ ੭ ਸਰਮੈਲ ਸਿੰਘ ਦੇ ਗ੍ਰਹਿ ਮੇਰਠ ਛਾਉਣੀ

ਜਗਤ ਦੁੱਖ ਦੂਰ ਕਰ ਪ੍ਰਭ ਸਾਗਰ, ਜਨ ਭਗਤਾਂ ਦਇਆ ਕਮਾਈਆ । ਨਿਰਮਲ ਕਰ ਕਾਇਆ ਗਾਗਰ, ਸਾਢੇ ਤਿੰਨ ਹੱਥ ਰੰਗ ਰੰਗਾਈਆ । ਨਿਰਮਲ ਕਰਮ ਹੋਏ ਉਜਾਗਰ, ਦੁਰਮਤ ਮੈਲ ਦੇਣੀ ਧਵਾਈਆ । ਦਰ ਆਇਆਂ ਦੇਣਾ ਆਦਰ, ਅਦਲ ਇਨਸਾਫ਼ ਆਪਣਾ ਇਕ ਕਮਾਈਆ । ਤੂੰ ਮਾਲਕ ਕਰੀਮ ਕਾਦਰ, ਕਰਤਾ ਇਕ ਅਖਵਾਈਆ । ਜੋਧੇ ਸੂਰਬੀਰ ਬਹਾਦਰ, ਸਤਿਗੁਰ ਸ਼ਬਦ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਦੁੱਖ ਦਲਿਦ੍ਰ ਹੋਵੇ ਦੂਰ, ਤਨ ਵਜੂਦ ਮਾਟੀ ਖ਼ਾਕ ਰਹਿਣ ਨਾ ਪਾਈਆ । ਕਿਰਪਾ ਕਰ ਸਾਹਿਬ ਹਾਜ਼ਰ ਹਜ਼ੂਰ, ਹਜ਼ਰਤ ਮਾਲਕ ਨੂਰ ਇਲਾਹੀਆ । ਨਾਤਾ ਤੋੜ ਕੇ ਕੂੜੋ ਕੂੜ, ਸਤਿ ਸਚ ਨਾਲ ਮਿਲਾਈਆ । ਤ੍ਰੈਗੁਣ ਮਾਇਆ ਰਹੇ ਨਾ ਜੂੜ, ਜੋੜੀ ਆਤਮ ਪਰਮਾਤਮ ਲੈ ਬਣਾਈਆ । ਧਰਮ ਪ੍ਰੀਤੀ ਬਖ਼ਸ਼ ਧੂੜ, ਚਰਨੀ ਖ਼ਾਕ ਰਮਾਈਆ । ਮਾਨਸ ਜਨਮ ਲੇਖੇ ਲਾਉਣਾ ਜ਼ਰੂਰ, ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਜਗਤ ਦੁੱਖ ਤਨ ਜਾਏ ਲਥ, ਵਸੂਰਾ ਰਹੇ ਨਾ ਰਾਈਆ । ਕਿਰਪਾ ਕਰੇ ਪੁਰਖ ਸਮਰਥ, ਹਰਿ ਵੱਡਾ ਵਡ ਵਡਿਆਈਆ । ਜਗਤ ਵਿਕਾਰਾ ਪਾਵੇ ਨੱਥ, ਨਾਮ ਡੋਰੀ ਤੰਦ ਬੰਧਾਈਆ । ਸ਼ਬਦ ਜਣਾਏ ਅਕਥਨਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਝਗੜਾ ਮੇਟੇ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਭੇਵ ਖੁਲ੍ਹਾਈਆ । ਕਾਇਆ ਮੰਦਰ ਅੰਦਰ ਖੋਲ੍ਹ ਕੇ ਹੱਟ, ਸਚ ਦਵਾਰ ਇਕ ਸਮਝਾਈਆ । ਮਨੂਆ ਲੇਖਾ ਰਹੇ ਨਾ ਬਾਜ਼ੀਗਰ ਨਟ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਬਹੱਤਰ ਨਾੜੀ ਨਾ ਉਬਲੇ ਰੱਤ, ਤਿੰਨ ਸੌ ਸੱਠ ਹਾਡੀ ਰਹੀ ਕੁਰਲਾਈਆ । ਦੀਨ ਦਿਆਲਾ ਜਾਣੇ ਮਿਤ ਗਤ, ਪਰਦਾ ਪਰਦਿਆਂ ਵਿਚੋਂ ਉਠਾਈਆ । ਦੁੱਖ ਦਲਿਦ੍ਰ ਜਾਣ ਨੱਸ, ਜੋ ਸਤਿਗੁਰ ਸਰਨ ਰਹੇ ਸਰਨਾਈਆ । ਅੰਮ੍ਰਿਤ ਬਰਸੇ ਨਿਜਰ ਰਸ, ਝਿਰਨਾ ਕਵਲ ਨਾਭ ਝਿਰਾਈਆ । ਜਗਤ ਤ੍ਰਿਸ਼ਨਾ ਹੋਵੇ ਵਸ, ਮਨੂਆ ਉਠ ਨਾ ਦਹਿ ਦਿਸ਼ ਧਾਈਆ । ਸ਼ਬਦ ਤੀਰ ਅਣਿਆਲਾ ਮਾਰੇ ਕਸ, ਅੱਗੇ ਹੋ ਨਾ ਕੋਇ ਅਟਕਾਈਆ । ਤੂੰ ਮੇਰਾ ਮੈਂ ਤੇਰਾ ਦੱਸੇ ਜਸ, ਆਤਮ ਪਰਮਾਤਮ ਢੋਲਾ ਸਹਿਜ ਸੁਭਾਈਆ । ਜਿਉਂ ਭਾਵੇ ਤਿਉਂ ਲਏ ਰੱਖ, ਇਹ ਸਤਿਗੁਰ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਇਕ ਅਖਵਾਈਆ । ਦੁਖ ਦਲਿਦ੍ਰ ਨਾ ਰਹੇ ਤਨ, ਅਗਨੀ ਤਤ ਨਾ ਕੋਇ ਤਪਾਈਆ ।

ਸਤਿਗੁਰ ਬੇੜਾ ਦੇਵੇ ਬੰਨ੍ਹ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਧੁਰ ਦਾ ਰਾਗ ਸੁਣਾਵੇ ਕੰਨ, ਨਾਦ ਅਨਾਦੀ ਆਪ ਜਣਾਈਆ । ਕਰੇ ਪ੍ਰਕਾਸ਼ ਚਾੜ੍ਹ ਕੇ ਚੰਨ, ਅੰਧ ਅੰਧੇਰਾ ਦਏ ਗਵਾਈਆ । ਹਰਖ਼ ਸੋਗ਼ ਮੇਟ ਕੇ ਗ਼ਮ, ਚਿੰਤਾ ਚਿਖਾ ਵਿਚ ਨਾ ਕੋਇ ਰਖਾਈਆ । ਲੇਖੇ ਲਾਵੇ ਪਵਣ ਸਵਾਸੀ ਦਮ, ਦਾਮਨਗੀਰ ਆਪ ਹੋ ਜਾਈਆ । ਵੇਖ ਵਖਾਉਣੇ ਕਾਇਆ ਮਾਟੀ ਚੰਮ, ਚੰਮਦ੍ਰਿਸ਼ਟੀ ਫੋਲ ਫੁਲਾਈਆ । ਗੁਰਸਿਖ ਗੁਰਮੁਖ ਹਰਿਜਨ ਸਤਿਗੁਰ ਘਰ ਪਏ ਜੰਮ, ਤਿਸ ਤਨ ਦੁੱਖ ਨਾ ਲਾਗੇ ਰਾਈਆ । ਸਤਿਗੁਰ ਭੇਵ ਖੋਲ੍ਹੇ ਬ੍ਰਹਮ, ਪਾਰਬ੍ਰਹਮ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਰੋਗ ਸੋਗ ਜਾਣ ਨੱਠ, ਤਤਵ ਤਤ ਰਹਿਣ ਨਾ ਪਾਈਆ । ਜੋ ਏਕਾ ਨਾਮ ਲਏ ਰਟ, ਰੱਟਾ ਦੀਨ ਦੁਨੀ ਚੁਕਾਈਆ । ਸਗਲ ਵਸੂਰੇ ਜਾਣ ਲੱਥ, ਗ਼ਮ ਸੰਤਾਪ ਨਾ ਕੋਇ ਸਤਾਈਆ । ਲਹਿਣਾ ਦੇਣਾ ਹੱਥੋ ਹੱਥ, ਪਰਮ ਪੁਰਖ ਪ੍ਰਭ ਝੋਲੀ ਪਾਈਆ । ਸਚ ਸਰੋਵਰ ਚਰਨ ਧੂੜੀ ਅੱਠ ਸੱਠ, ਮਜਨ ਇਕੋ ਵਾਰ ਵਖਾਈਆ । ਜਗਤ ਜਹਾਨ ਲੇਖਾ ਹੋਵੇ ਭੱਠ, ਅਗਨੀ ਅੱਗ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਦੁੱਖ ਰੋਗ ਸਤਿਗੁਰ ਸਰਨ, ਨਿਰਗੁਣ ਸਰਗੁਣ ਦਇਆ ਕਮਾਈਆ । ਲੇਖਾ ਚੁੱਕੇ ਮਰਨ ਡਰਨ, ਚੁਰਾਸੀ ਵਿਚ ਨਾ ਕੋਇ ਭਵਾਈਆ । ਹਰਿਜਨ ਮੰਜ਼ਲ ਸਾਚੀ ਚੜ੍ਹਨ, ਜਿਥੇ ਕਬੀਰ ਜੁਲਾਹਾ ਆਸਣ ਲਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਨ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਸਚ ਦਵਾਰੇ ਸਾਚੇ ਘਰ ਖੜ੍ਹਨ, ਜਿਥੇ ਮਿਲੇ ਮੇਲ ਧੁਰਦਰਗਾਹੀਆ । ਝਗੜਾ ਮੇਟੇ ਚੋਟੀ ਜੜ੍ਹਨ, ਚੇਤਨ ਆਪਣੇ ਰੰਗ ਸਮਾਈਆ । ਆਪੇ ਹੋਏ ਹਾਰ ਭੰਨਣ ਘੜਨ, ਘੜਨ ਭੰਨਣਹਾਰ ਆਪ ਅਖਵਾਈਆ । ਗੁਰਮੁਖ ਦੁੱਖ ਹੰਗਤਾ ਵਿਚ ਕਦੇ ਨਾ ਸੜਨ, ਅਗਨੀ ਤਤ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਗੁਰਮੁਖ ਦੁੱਖ ਰੋਗ ਨਾ ਕੋਇ ਵਿਆਪੇ, ਸਹਿਸਾ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਖੁਲ੍ਹੇ ਬੰਦ ਕਿਵਾੜੀ ਤਾਕੇ, ਬਜਰ ਕਪਾਟੀ ਡੇਰਾ ਢਾਹੀਆ । ਸ਼ਬਦ ਸੁਣਾਏ ਧੁਰ ਦਾ ਨਾਦੇ, ਨਾਦੀ ਧੁਨ ਸ਼ਨਵਾਈਆ । ਉਨ੍ਹਾਂ ਦਾ ਤਨ ਵਜੂਦ ਸਾਧੇ, ਮਾਟੀ ਖ਼ਾਕ ਸੋਭਾ ਪਾਈਆ । ਨਿਰਗੁਣ ਨੂਰ ਜੋਤ ਕਰੇ ਪ੍ਰਕਾਸ਼ੇ, ਅੰਧ ਅੰਧੇਰਾ ਦਏ ਚੁਕਾਈਆ । ਮਾਤਲੋਕ ਵਿਚੋਂ ਕਰੇ ਬੰਦ ਖਲਾਸੇ, ਖਲਾਸਾ ਆਪਣਾ ਇਕ ਦ੍ਰਿੜਾਈਆ । ਅੱਠੇ ਪਹਿਰ ਰੱਖੇ ਭਰਵਾਸੇ, ਦਿਵਸ ਰੈਣ ਵੰਡ ਨਾ ਕੋਇ ਵੰਡਾਈਆ । ਆਤਮ ਪਰਮਾਤਮ ਜੋੜੇ ਨਾਤੇ, ਸਾਕ ਸੱਜਣ ਸੈਣ ਇਕ ਅਖਵਾਈਆ । ਏਥੇ ਓਥੇ ਦੋ ਜਹਾਨਾਂ ਸਦਾ ਬਖ਼ਸ਼ੇ ਸਾਥੇ, ਆਪਣੀ ਗੋਦ ਆਪ ਬਿਠਾਈਆ । ਆਤਮ ਬ੍ਰਹਮ ਲਾਡਲੇ ਕਾਕੇ, ਤਨ ਖ਼ੁਸ਼ੀਆਂ ਰੰਗ ਰੰਗਾਈਆ । ਜਗਤ ਵਾਸ਼ਨਾ ਰੋਗ ਨਾ ਕੋਇ ਸੰਤਾਪੇ, ਚਿੰਤਾ ਨਜ਼ਰ ਕੋਇ ਨਾ ਆਈਆ । ਸਤਿਗੁਰ ਪੂਰਾ ਕਿਲਵਿਖ ਪਾਪ ਜਨਮ ਜਨਮ ਦੇ ਕਾਟੇ, ਕਟਾਕਸ਼ ਆਪਣਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਗੁਰਮੁਖਾਂ ਸਦ ਰੱਖੇ ਦੇ ਕਰ ਹਾਥੇ ਮਿਹਰਵਾਨ ਮਹਿਬੂਬ ਮਿਹਰ ਨਜ਼ਰ ਆਪਣੀ ਅਗੰਮ ਉਠਾਈਆ ।

✪ ੨੩ ਮਾਘ ਸ਼ਹਿਨਸ਼ਾਹੀ ਸੰਮਤ ੭ ਕਰਮ ਸਿੰਘ ਦੇ ਗ੍ਰਿਹ ਗੁਰਬਚਨ ਸਿੰਘ ਦਰਸ਼ਨ ਸਿੰਘ ਨਯਾਸ਼ਾਲਾ, ਜੋਗਿੰਦਰ ਸਿੰਘ ਡਡਵਾਂ, ਕਰਤਾਰ ਸਿੰਘ ਭੂਮਲੀ, ਪ੍ਰਸਿੰਨ ਕੌਰ ਫ਼ਤਹਿ ਨੰਗਲ, ਬੀਰੋ ਫ਼ਤਹਿ ਨੰਗਲ, ਜਗੀਰ ਸਿੰਘ ਸੋਹਲ, ਸਰੂਪ ਸਿੰਘ ਗੁਰਦਾਸਪੁਰ, ਚਰਨ ਸਿੰਘ ਨਵਾਂ ਪਿੰਡ ਜਵੰਦ ਸਿੰਘ ਨਵਾਂ ਪਿੰਡ, ਦੁਰਗੀ ਨਵਾਂ ਪਿੰਡ, ਗੁਰਚਰਨ ਕੌਰ ਨਯਾਸ਼ਾਲਾ, ਪਿੰਡ ਨਯਾਸ਼ਾਲਾ ਜ਼ਿਲਾ ਗੁਰਦਾਸਪੁਰ

ਸਤਿਗੁਰ ਸ਼ਬਦ ਕਹੇ ਵਕਤ ਸੁਹੰਜਣਾ ਤੇਈ ਮਾਘ, ਮਗਨ ਭਗਤਾਂ ਦਏ ਕਰਾਈਆ । ਗੁਰਮੁਖਾਂ ਦੀਪਕ ਜੋਤੀ ਜਗੇ ਚਰਾਗ਼, ਚਰਾਗ਼ਗਾਹਾਂ ਹੋਏ ਰੁਸ਼ਨਾਈਆ । ਨਿਰਗੁਣ ਧਾਰ ਆਪਣੇ ਹੱਥ ਪਕੜੇ ਵਾਗ, ਆਤਮ ਪਰਮਾਤਮ ਡੋਰੀ ਆਪ ਉਠਾਈਆ । ਹਰਿਜਨ ਹੰਸ ਬਣਾਵੇ ਕਾਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਸੰਤ ਸੁਹੇਲਾ ਜਾਏ ਜਾਗ, ਗੁਰ ਚੇਲਾ ਨੈਣ ਉਠਾਈਆ । ਰਾਵੀ ਕਹੇ ਮੇਰੇ ਹੋਣੇ ਵਡ ਵਡ ਭਾਗ, ਭਾਗਵਾਨ ਹੋ ਕੇ ਸੀਸ ਨਿਵਾਈਆ । ਮੇਰਾ ਲੇਖਾ ਪੂਰਾ ਹੋਣਾ ਆਦਿ, ਆਦਿ ਨਿਰੰਜਣ ਦਇਆ ਕਮਾਈਆ । ਮੈਨੂੰ ਆ ਗਈ ਅਰਜਨ ਵਾਲੀ ਯਾਦ, ਭੇਵ ਦੇਣਾ ਖੁਲ੍ਹਾਈਆ । ਮੁਹੰਮਦ ਦੀ ਫ਼ਰਿਆਦ, ਪੜਦਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਰਾਵੀ ਕਹੇ ਮੇਰੀ ਆਸਾ ਮਨਸਾ ਪੂਰੀ ਹੋਈ ਉਮੀਦ, ਸਤਿ ਸਚ ਜਣਾਈਆ । ਸਦੀ ਚੌਧਵੀਂ ਕਹੇ ਮੇਰੀ ਖ਼ੁਸ਼ੀਆਂ ਵਾਲੀ ਈਦ, ਈਦੁਲਫਿਤਰ ਨਾਲ ਮਿਲਾਈਆ । ਮੁਹੰਮਦ ਕਹੇ ਮੇਰੇ ਕਲਮੇ ਵਾਲੀ ਤਾਕੀਦ, ਫ਼ੈਸਲਾ ਹੱਕ ਹੱਕ ਸੁਣਾਈਆ । ਚਾਰ ਯਾਰੀ ਕਹੇ ਪੂਰੀ ਹੋਵੇ ਸਾਡੀ ਰੀਝ, ਮਨਸਾ ਪੂਰਬ ਵੇਖ ਵਖਾਈਆ । ਜੋ ਨਾਮ ਕਲਮੇ ਦਾ ਬੀਜਿਆ ਬੀਜ, ਪੱਤ ਟਹਿਣੀ ਨਾਲ ਮਹਿਕਾਈਆ । ਸੁਣਨਾ ਹੁਕਮ ਧੁਰ ਹਦੀਸ, ਕਲਮਾ ਹੱਕ ਸ਼ਨਵਾਈਆ । ਕਰੇ ਖੇਲ ਜਗਤ ਜਗਦੀਸ, ਜਗਦੀਸ਼ਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੇਰੀ ਆਸਾ ਅਗੰਮੀ ਡੰਡਾ, ਡੰਡਾਵਤ ਦਏ ਬਦਲਾਈਆ । ਜਿਸ ਦਾ ਖੇਲ ਵਿਚ ਬ੍ਰਹਿਮੰਡਾ, ਬ੍ਰਹਿਮੰਡ ਰਿਹਾ ਉਠਾਈਆ । ਉਹਦਾ ਹੁਕਮ ਵਰਤੇ ਵਿਚ ਵਰਭੰਡਾ, ਕਾਇਨਾਤ ਸੀਸ ਨਿਵਾਈਆ । ਪਰਦਾ ਰਹੇ ਨਾ ਕੋਇ ਨਵ ਖੰਡਾ, ਨਵ ਨਵ ਧਾਰ ਨਾਲ ਜਣਾਈਆ । ਜਿਸ ਝਗੜਾ ਮੇਟਣਾ ਜੇਰਜ ਅੰਡਾ, ਉਤਭੁਜ ਸੇਤਜ ਕਰੇ ਸਫ਼ਾਈਆ । ਉਸ ਦਾ ਲੇਖਾ ਨਾਲ ਨਾਰਦ ਪੰਡਾ, ਨਰ ਨਰਾਇਣ ਹੁਕਮ ਵਰਤਾਈਆ । ਜਿਸ ਨੇ ਸੁਹਾਉਣਾ ਕਲਜੁਗ ਅੰਤਮ ਕੰਢਾ, ਕੰਢੀ ਘਾਟ ਫੋਲ ਫੁਲਾਈਆ । ਅੰਮ੍ਰਿਤ ਜਲ ਸੀਸ ਵਹਾਉਣਾ ਠੰਡਾ, ਛੱਬੀ ਮਾਘ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੇਰੀ ਇਕੋ ਇਕ ਮਨਸਾ, ਮਨੁੱਸ਼ਾਂ ਤੋਂ ਬਾਹਰ ਦਿਆਂ ਜਣਾਈਆ । ਜੋ ਆਸਾ ਰੱਖ ਕੇ ਗਿਆ ਅਵਤਾਰ ਚੌਦਵਾਂ ਹੰਸਾ, ਚੌਧਵੀਂ ਸਦੀ ਅੱਖ ਉਠਾਈਆ । ਜਿਸ ਨੇ ਦੀਨ ਦੁਨੀ ਦਾ ਇਕੋ ਕਰਨਾ ਬੰਸਾ, ਬੰਸਰੀ ਵਾਲਾ ਨਾਲ ਮਿਲਾਈਆ । ਕਲਜੁਗ ਕੂੜੀ ਕਿਰਿਆ ਤੋੜੇ ਗੜ੍ਹ ਹੰਗਤਾ, ਹੰ ਬ੍ਰਹਮ ਇਕ ਸਮਝਾਈਆ । ਹੁਕਮ ਦੇਵੇ ਨਾਰਦ ਪੰਡਤਾ, ਮੁਨ ਆਪ ਸਮਝਾਈਆ । ਜਿਸ ਝਗੜਾ ਮੇਟਣਾ ਕਾਇਆ ਮਾਟੀ ਤਨ ਦਾ, ਤਤਵ ਤਤ ਇਕ ਸਮਝਾਈਆ । ਭੇਵ ਖੋਲ੍ਹਣਾ ਆਤਮ ਬ੍ਰਹਮ ਦਾ,

ਪੜਦਾ ਰਹੇ ਨਾ ਰਾਈਆ । ਝਗੜਾ ਮੇਟਣਾ ਖ਼ੁਸ਼ੀ ਗ਼ਮ ਦਾ, ਗ਼ਮਖਾਰ ਆਪਣਾ ਹੁਕਮ ਸੁਣਾਈਆ । ਲਹਿਣਾ ਰਹੇ ਨਾ ਸਰਵਨ ਕੰਨ ਦਾ, ਧੁਨ ਆਤਮਕ ਰਾਗ ਉਪਜਾਈਆ । ਛੱਬੀ ਮਾਘ ਨਿਸ਼ਾਨ ਬਣਾਉਣਾ ਤਾਰਾ ਚੰਦ ਦਾ, ਤ੍ਰਿਪਤ ਦੋ ਹੱਥਾਂ ਨਾਲ ਉਠਾਈਆ । ਇਹ ਲੇਖਾ ਬਲ ਬਾਵਨ ਵਾਲੇ ਛਲ ਦਾ, ਅਛਲ ਛਲ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਰਾਵੀ ਕਹੇ ਮੇਰੀ ਪਿਛਲੀ ਪੂਰਬ ਪ੍ਰੀਤ, ਪਰਮ ਪੁਰਖ ਬਣਾਈਆ । ਤ੍ਰੈਗੁਣ ਤੋਂ ਕਰ ਅਤੀਤ, ਤ੍ਰੈਭਵਣ ਧਨੀ ਦਿਤੀ ਵਡਿਆਈਆ । ਧਾਰ ਬਖ਼ਸ਼ ਕੇ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਦੱਸ ਅਗੰਮਾ ਗੀਤ, ਢੋਲਾ ਦਿਤਾ ਸੁਣਾਈਆ । ਮੇਰੇ ਉਤੇ ਸਤਿਗੁਰ ਅਰਜਨ ਹੋਇਆ ਸ਼ਹੀਦ, ਸ਼ਹਾਦਤ ਧਰਮ ਵਾਲੀ ਭੁਗਤਾਈਆ । ਮੈਂ ਉਸ ਦੀ ਕਰਨੀ ਦੀਦ, ਦੀਦਾ ਦਾਨਿਸਤਾ ਦਰਸ਼ਨ ਪਾਈਆ । ਸਦੀ ਚੌਧਵੀਂ ਤੇਰੇ ਤਨ ਨਾ ਹੋਵੇ ਕਮੀਜ਼, ਹੁਕਮ ਬੇਪਰਵਾਹੀਆ । ਛੱਬੀ ਮਾਘ ਨੂੰ ਗੋਲੀ ਦੇ ਗਲ ਵਿਚ ਹੋਵੇ ਉਹ ਤਵੀਤ, ਜਿਹੜਾ ਮੇਰੇ ਕੰਢੇ ਪਾਰ ਗਲ ਵਿਚ ਛੁਹਾਈਆ । ਮੈਂ ਉਸ ਦੀ ਰੱਖ ਕੇ ਬੈਠੀ ਉਡੀਕ, ਸਾਲ ਬਸਾਲਾ ਧਿਆਨ ਲਗਾਈਆ । ਉਧਰੋਂ ਮੁਹੰਮਦ ਦੀ ਨਿਕਲਣੀ ਚੀਕ, ਚੀਕ ਚਿਹਾੜਾ ਦੇਵੇ ਪਾਈਆ । ਖ਼ੁਦ ਖ਼ੁਦਾ ਨੇ ਕਰਨਾ ਤਸਦੀਕ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਨੌਂ ਸਪਾਰੇ ਉਹ ਦੱਸਣੇ ਜਿਹੜੇ ਲਿਖੇ ਨਹੀਂ ਵਿਚ ਕੁਰਾਨ ਮਜੀਦ, ਨੌਂ ਫੁੱਲ ਸਦੀ ਚੌਧਵੀਂ ਵਾਲੇ ਗੋਲੀ ਸਿਰ ਤੇ ਲਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਰਾਵੀ ਕਹੇ ਮੈਂ ਨਾਰਦ ਦੇਣਾ ਇਸ਼ਾਰਾ, ਸੈਨਤ ਇਕ ਲਗਾਈਆ । ਆਜਾ ਮੇਰੇ ਕਿਨਾਰਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਾਲ ਮਿਲਾਈਆ । ਖੇਲ ਵੇਖ ਲੈ ਦੋਬਾਰਾ, ਦੋਹਰੀ ਕਲ ਵਰਤਾਈਆ । ਜਿਸ ਪਹਿਲਾਂ ਦਿਤਾ ਹੁਲਾਰਾ, ਮੇਰਾ ਤਟ ਦਿਤਾ ਸੁਹਾਈਆ । ਫੇਰ ਖੇਲ ਕਰੇ ਇਸਤਿਗਫ਼ਾਰਾ, ਹਰਿ ਕਰਤਾ ਨੂਰ ਇਲਾਹੀਆ । ਜਿਸ ਦਾ ਨੂਰ ਹੋਵੇ ਉਜਿਆਰਾ, ਚੰਦ ਸਿਤਾਰਾ ਸੀਸ ਝੁਕਾਈਆ । ਮੈਂ ਹੋਰ ਦੱਸਾਂ ਨਰ ਨਿਰੰਕਾਰਾ, ਕੀ ਆਪਣੀ ਕਾਰ ਭੁਗਤਾਈਆ । ਇੱਕੀ ਗੁਰਸਿਖਾਂ ਨੰਗੀਆਂ ਕਢੀਆਂ ਹੋਣ ਤਲਵਾਰਾਂ, ਮੁੱਠੀ ਅਸਮਾਨ ਵੱਲ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੈਂ ਸੁਣਿਆ ਹੁਕਮ ਸ਼ਹਿਨਸ਼ਾਹੀ, ਸ਼ਾਹ ਸੁਲਤਾਨਾ ਕਿਸ ਬਿਧ ਰਿਹਾ ਸੁਣਾਈਆ । ਮੈਂ ਬਣ ਜਾਣਾ ਅੱਜੇ ਰਾਹੀ, ਪੁਰੀਆਂ ਲੋਆਂ ਪੈਂਡਾ ਲੈਣਾ ਮੁਕਾਈਆ । ਜਿਧਰ ਜਾਵਾਂ ਪੈਂਦੀ ਜਾਏ ਦੁਹਾਈ, ਬਹੁੜੀ ਬਹੁੜੀ ਕਰ ਕੁਰਲਾਈਆ । ਇਕ ਸੰਦੇਸ਼ਾ ਦੇਵਾਂ ਸੁਣਾਈ, ਸਚ ਸਚ ਸਮਝਾਈਆ । ਚੌਵੀ ਮਾਘ ਨੂੰ ਸਿੰਘਾਸਣ ਥੱਲੇ ਨੌਂ ਤਿਨਕੇ ਰੱਖਣੇ ਕਾਹੀ, ਗੋਬਿੰਦ ਲਿਖਣਾ ਨਾਲ ਕਾਲੀ ਸ਼ਾਹੀਆ । ਫੇਰ ਲੇਖਾ ਦੱਸਾਂ ਧੁਰ ਦੇ ਮਾਹੀ, ਕੀ ਮਹਿਬੂਬ ਹੁਕਮ ਵਰਤਾਈਆ । ਮੇਰੀ ਸਭ ਤੋਂ ਵੱਖਰੀ ਪੜ੍ਹਾਈ, ਵਿਦਿਆ ਜਗਤ ਨਾ ਕੋਇ ਜਣਾਈਆ । ਨਾਲੇ ਦੱਸਾਂਗਾ ਮੇਰੀ ਬੋਦੀ ਦੀ ਕਿੰਨੀ ਲੰਬਾਈ, ਕਿਸ ਬਿਧ ਜਗਤ ਜਹਾਨ ਲਈ ਵਧਾਈਆ । ਓਧਰੋਂ ਸਦੀ ਚੌਧਵੀਂ ਰਹੀ ਕੁਰਲਾਈ, ਕੂਕ ਕੂਕ ਸੁਣਾਈਆ । ਰਾਵੀ ਭੱਜੇ ਵਾਹੋ ਦਾਹੀ, ਆਪਣਾ ਪੰਧ ਮੁਕਾਈਆ । ਮੈਂ ਬਲ ਨੂੰ ਪੁਛ ਕੇ ਆਉਣਾ ਕਿਥੋਂ ਤਕ ਬਾਵਨ ਦੀਆਂ ਹੋਈਆਂ ਕਰਮਾਂ ਢਾਈ, ਗੋਬਿੰਦ ਦਾ ਢਈਆ ਦੇਵੇ ਕੀ ਗਵਾਹੀਆ । ਮੇਰੀਆਂ ਬੱਧੀਆਂ ਹੋਵਣ ਦੋਵੇਂ ਬਾਹੀਂ, ਅੱਗਾ ਪਿਛਾ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੈਂ ਆਉਣਾ ਦੂਰ ਦੁਰਾਡਾ, ਭੱਜਣਾ ਚਾਈਂ ਚਾਈਆ । ਪ੍ਰਭੂ ਨਾਲ ਲਡਾਉਣਾ ਲਾਡਾ, ਪ੍ਰੇਮ ਪ੍ਰੀਤੀ ਇਕ ਰਖਾਈਆ । ਜਿਸ ਦਾ ਹੁਕਮ ਵਰਤਣਾ ਡਾਢਾ, ਨਾ ਕੋਈ ਮੇਟੇ ਮੇਟ ਮਿਟਾਈਆ । ਫੇਰ ਇਸ਼ਾਰਾ ਦੇਣਾ ਕੀ ਸੰਦੇਸ਼ਾ ਦੇਵੇ ਵਾਲਾ ਬਾਜਾਂ, ਬਾਜ਼ੀ ਜਗਤ ਵਾਲੀ ਉਲਟਾਈਆ । ਕੀ ਖੇਲ ਕਰੇ ਧੁਰ ਦਾ ਰਾਜਾ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਇਹ ਖੇਲ ਅਗੰਮੀ ਕਾਰ, ਹਰਿ ਕਰਤਾ ਆਪ ਕਰਾਈਆ । ਪੰਝੀ ਮਾਘ ਦਿਵਸ ਵਿਚਾਰ, ਪੰਚਮ ਪੰਚ ਦਏ ਵਡਿਆਈਆ । ਖੇਲ ਕਰੇ ਸੱਚੀ ਸਰਕਾਰ, ਹਰਿ ਕਰਤਾ ਧੁਰਦਰਗਾਹੀਆ । ਸਿਰੋਂ ਨੰਗੇ ਪੰਜ ਗੁਰਸਿਖ ਸੀਸ ਬੱਧੀ ਨਾ ਹੋਵੇ ਦਸਤਾਰ, ਬੈਠਣ ਚਾਈਂ ਚਾਈਆ । ਧੂੜੀ ਮਸਤਕ ਲਾਈ ਹੋਵੇ ਛਾਰ, ਲਾਇਨਾਂ ਤਿੰਨ ਤਿੰਨ ਖਿਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਇਕ ਕਿਨਾਰਾ ਤਕਾਂ, ਰਾਵੀ ਤੇਰਾ ਲੇਖਾ ਰਵੀਦਾਸ ਦਿਆਂ ਜਣਾਈਆ । ਮੇਰਾ ਕੌਲ ਇਕਰਾਰ ਪੱਕਾ, ਮੁਹੰਮਦ ਸੰਧੀ ਦਿਤੀ ਲਿਖਾਈਆ । ਸਤਾਈ ਮਾਘ ਨੂੰ ਗੁਰਮੁਖ ਸਿੰਘ ਭੇਟਾ ਚੜ੍ਹਾਉਣਾ ਇਕ ਟਕਾ, ਕੀਮਤ ਟਕਿਆਂ ਵਾਲੀ ਪਾਈਆ । ਕਿਸ਼ਨ ਸਿੰਘ ਨੇ ਕੋਰਾ ਸਵਾ ਗਜ਼ ਲਿਆਉਣਾ ਲੱਠਾ, ਕੰਨੀਆਂ ਚਾਰੇ ਲੈਣੀਆਂ ਕਤਰਾਈਆ । ਜਿਥੇ ਅਵਤਾਰ ਪੈਗ਼ੰਬਰ ਗੁਰੂ ਹੋਣਾ ਇਕੱਠਾ, ਭਗਤ ਬੈਠਣ ਚਾਂਈਂ ਚਾਈਆ । ਨਾਰਦ ਨੇ ਸਭ ਨੂੰ ਮਖ਼ੌਲ ਕਰਨਾ ਠੱਠਾ, ਹਾਸੇ ਵਾਲੀ ਖ਼ੁਸ਼ੀ ਬਣਾਈਆ । ਵੇਖੋ ਰੱਬ ਦਾ ਵੇਸ ਧਰਿਆ ਵਿਚ ਜੱਟਾਂ, ਜਟਾ ਜੂਟ ਸਮਝ ਕੋਇ ਨਾ ਆਈਆ । ਸੰਤਾ ਸਿੰਘ ਦੋ ਤਲਵਾਰਾਂ ਬੱਧੀਆਂ ਹੋਵਣ ਦੋਵੀਂ ਪੱਟਾ, ਹੱਥ ਗਰਦਨ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਰਾਵੀ ਕਹੇ ਤੇਈ ਮਾਘ ਦਿਹਾੜਾ ਚੰਗਾ, ਸੂਰੀਆ ਚੰਦ ਸੀਸ ਨਿਵਾਈਆ । ਭਗਤਾਂ ਦਾ ਚਰਨੋਦਕ ਮੰਗੇ ਗੰਗਾ, ਗੋਦਾਵਰੀ ਜਮਨਾ ਸੁਰਸਤੀ ਸੀਸ ਨਿਵਾਈਆ । ਜਿਨ੍ਹਾਂ ਦਾ ਪ੍ਰਭ ਨਾਲ ਪਿਆਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਇਆ ਲੰਬਾ, ਜੁਗ ਚੌਕੜੀ ਗੰਢ ਪਵਾਈਆ । ਜਿਨ੍ਹਾਂ ਦਾ ਸਦਾ ਤੂੰ ਮੇਰਾ ਮੈਂ ਤੇਰਾ ਰਿਹਾ ਛੰਦਾ, ਸੋਹੰ ਢੋਲਾ ਗੀਤ ਅਲਾਹੀਆ । ਉਹ ਕੂੜੀ ਕਿਰਿਆ ਮੇਟ ਕੇ ਧੰਦਾ, ਧਰਮ ਦੀ ਧਾਰ ਵਿਚ ਸਮਾਈਆ । ਜਿਨ੍ਹਾਂ ਨੂੰ ਸਾਹਿਬ ਲਾਏ ਅੰਗਾ, ਅੰਗੀਕਾਰ ਇਕ ਅਖਵਾਈਆ । ਉਨ੍ਹਾਂ ਦਾ ਸੀਸ ਨਾ ਹੋਵੇ ਨੰਗਾ, ਦਸਤਾਰ ਆਪਣੇ ਦਸਤ ਬੰਧਾਈਆ । ਉਲਟਾ ਕਰ ਪਲੰਘਾ, ਦੀਨ ਦੁਨੀ ਦਏ ਉਲਟਾਈਆ । ਲੇਖਾ ਜਾਣੇ ਜੇਰਜ ਅੰਡਾ, ਉਤਭੁਜ ਸੇਤਜ ਫੋਲ ਫੁਲਾਈਆ । ਸਤਿਗੁਰ ਸ਼ਬਦ ਸ਼ਬਦ ਸਤਿਗੁਰ ਮਾਣ ਦਵਾਏ ਮਾੜਾ ਚੰਗਾ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਹਰਿਜਨ ਹਰਿ ਭਗਤ ਨਾ ਹੋਵੇ ਅੰਧਾ, ਅਗਿਆਨ ਅੰਧੇਰਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਤਾਈ ਮਾਘ ਕਹੇ ਲਿਖਾਰੀਆਂ ਅੱਗੇ ਹੋਣ ਪੰਜ ਪੰਜ ਜੋਤਾਂ, ਜੋਤੀ ਧਾਰ ਮਿਲੇ ਵਡਿਆਈਆ । ਸਭ ਦੀਆਂ ਸਾਂਝੀਆਂ ਕਰਨੀਆਂ ਗੋਤਾਂ, ਵਰਨ ਬਰਨ ਦਾ ਡੇਰਾ ਢਾਹੀਆ । ਕਲਜੁਗ ਜੀਵਾਂ ਹੋਣੀਆਂ ਮੌਤਾਂ, ਮਲਕੁਲਮੌਤ ਭੱਜੇ ਵਾਹੋ ਦਾਹੀਆ । ਉੱਤਰ ਪੂਰਬ ਪੱਛਮ ਦੱਖਣ ਫਿਰੇ ਨਾਲ ਸ਼ੌਕਾ, ਸ਼ੌਕੀਨ ਹੋ ਕੇ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ


੧੭੭੨
੨੨

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਾਵੀ ਕਹੇ ਮੈਂ ਆਪਣਾ ਸੁਣਾਉਣਾ ਦੁੱਖ, ਪਿਛਲੇ ਚਾਰ ਜੁਗ ਨਾਲ ਰਲਾਈਆ । ਮੈਂ ਆਪਣੀ ਦੱਸਣੀ ਭੁੱਖ, ਜੋ ਫ਼ਾਕੇ ਕਟ ਕੇ ਵਕਤ ਲੰਘਾਈਆ । ਮੈਂ ਆਪਣਾ ਦੱਸਣਾ ਰੁਖ਼, ਕਿਸ ਬਿਧ ਬਦਲ ਕੇ ਭੱਜੀ ਵਾਹੋ ਦਾਹੀਆ । ਮੈਂ ਆਪਣੀ ਦੱਸਣੀ ਕੁੱਖ, ਜੀਵ ਜੰਤੂ ਕਿਤਨੇ ਵਿਚ ਟਿਕਾਈਆ । ਫੇਰ ਅੰਗੜਾਈ ਲੈ ਕੇ ਪੈਣਾ ਉਠ, ਬਲਹੀਣ ਬਲ ਪ੍ਰਗਟਾਈਆ । ਫੇਰ ਦੱਸਣਾ ਕਿਉਂ ਸੋਹੰ ਮੇਰੇ ਉਤੇ ਆ ਕੇ ਪੜ੍ਹੀ ਤੁਕ, ਚਾਰ ਜੁਗ ਕਵਣ ਪ੍ਰਭ ਦੇ ਢੋਲੇ ਗਾਈਆ । ਸਦੀ ਚੌਧਵੀਂ ਦੀ ਗੋਲੀ ਦੀ ਖੁਲ੍ਹੀ ਹੋਵੇ ਗੁੱਤ, ਪਟਕਾ ਮਸਤਕ ਉਤੇ ਟਿਕਾਈਆ । ਹਰਿ ਸੰਗਤ ਸਾਢੇ ਦਸ ਵਜੇ ਰਾਤ ਦੇ ਖੋਹ ਖੋਹ ਦੀ ਪਾਉਣੀ ਲੁੱਟ, ਉਚੀ ਕੂਕ ਕੂਕ ਸੁਣਾਈਆ । ਏਸੇ ਖੇਲ ਨਾਲ ਜਗਤ ਜਹਾਨ ਹੋਣਾ ਦੋ ਟੁਕ, ਟੁਕੜੇ ਧਰਨੀ ਧਰਤ ਧਵਲ ਵੰਡ ਵੰਡਾਈਆ । ਉਸ ਵੇਲੇ ਸਦੀ ਚੌਧਵੀਂ ਤੇ ਚੌਧਵੀਂ ਸਦੀ ਦੀ ਗੋਲੀ ਦੋਵੇਂ ਇਕ ਦੂਜੇ ਤੋਂ ਜਾਣ ਰੁੱਠ, ਮੂੰਹ ਚੜ੍ਹਦੇ ਲਹਿੰਦੇ ਵੱਲ ਰਖਾਈਆ । ਕਿਸ਼ਨ ਸਿੰਘ ਨੇ ਫੜਨਾ ਗੁੱਟ, ਦਲੀਪ ਸਿੰਘ ਨਾਲ ਮਿਲਾਈਆ । ਮਹਿੰਦਰ ਸਿੰਘ ਪੜ੍ਹਨੀ ਤੁਕ, ਤੂੰ ਮੇਰਾ ਮੈਂ ਤੇਰਾ ਰਾਗ ਸੁਣਾਈਆ । ਫੇਰ ਕਰਨਾ ਅੰਧੇਰਾ ਘੁੱਪ, ਸ਼ਮਾਦਾਨ ਦੇਣੇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਜਣਾਈਆ । ਸਚ ਕਹੇ ਮੈਂ ਜ਼ਰੂਰ ਸੱਚਾ, ਪ੍ਰਭ ਸਚ ਦਿਤੀ ਵਡਿਆਈਆ । ਜੁਗ ਚੌਕੜੀ ਮੈਂ ਬਣਿਆ ਰਿਹਾ ਪ੍ਰਭੂ ਦਾ ਬੱਚਾ, ਵੱਡਾ ਛੋਟਾ ਨਾ ਰੂਪ ਬਦਲਾਈਆ । ਮੈਨੂੰ ਅਵਤਾਰ ਗੁਰੂ ਮਾਰਦੇ ਰਹੇ ਜੱਫਾ, ਗਲਵਕੜੀ ਲੈਣ ਪਾਈਆ । ਮੈਂ ਪਰਮਾਤਮਾ ਨੂੰ ਕਿਹਾ ਇਨ੍ਹਾਂ ਨੂੰ ਥੋੜਾ ਥੋੜਾ ਦੇਵੀਂ ਗੱਫਾ, ਝੋਲੀ ਖ਼ੁਸ਼ੀ ਨਾਲ ਭਰਾਈਆ । ਨਾਲ ਵੰਡ ਜਗਤ ਉਂਗਲਾਂ ਚੱਪਾ, ਚੱਪਾ ਚੱਪਾ ਟੁਕੜਾ ਸਭ ਦੇ ਹੱਥ ਫੜਾਈਆ । ਏਸੇ ਵਿਚੋਂ ਸਭ ਨੂੰ ਹੋਵੇ ਨਫ਼ਾ, ਨੁਕਸਾਨ ਨਜ਼ਰ ਕੋਇ ਨਾ ਆਈਆ । ਫੇਰ ਮੈਂ ਖਿੜ ਖਿੜਾ ਕੇ ਹੱਸਾ, ਹੱਸ ਕੇ ਦਿਤਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਤੇਈ ਮਾਘ ਕਹੇ ਮੇਰੇ ਅੰਤਰ ਆਇਆ ਧਮਾਕਾ, ਭੈ ਵਿਚ ਦਿਆਂ ਜਣਾਈਆ । ਜਗਤ ਟੁੱਟਣ ਲੱਗਾ ਸਾਕਾ, ਸੱਜਣ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਦਾ ਤੱਕਿਆ ਖ਼ਾਕਾ, ਬਰੀ ਤਰੀ ਫੋਲ ਫੁਲਾਈਆ । ਮਾਲਕ ਬਣ ਕੇ ਇਕੋ ਆਕਾ, ਅਕਲ ਬੁੱਧੀ ਤੋਂ ਪਰੇ ਰਿਹਾ ਜਣਾਈਆ । ਜਿਸ ਨੇ ਤੇਗ਼ ਬਹਾਦਰ ਦਾ ਲੇਖਾ ਪੂਰਾ ਕਰਾਇਆ ਵਿਚ ਢਾਕਾ, ਆਸ਼ਾ ਗੋਬਿੰਦ ਮਾਛੂਵਾੜੇ ਪੂਰ ਕਰਾਈਆ । ਅਗਲੇ ਸਾਲ ਬਦਲ ਦੇਣਾ ਸਾਕਾ, ਸਾਖ਼ੀ ਨਵੀਂ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਰਾਵੀ ਕਹੇ ਮੈਂ ਖੇਲ ਤਕਣਾ ਹਜ਼ੂਰ, ਹਜ਼ਰਤਾਂ ਤੋਂ ਪਰੇ ਦਏ ਜਣਾਈਆ । ਮੈਂ ਚਰਨ ਕਵਲਾਂ ਹੋਣਾ ਮਸ਼ਕੂਰ, ਨਿਉਂ ਨਿਉਂ ਲਾਗਾਂ ਪਾਈਆ । ਅਠਾਈ ਮਾਘ ਜਿਸ ਨੇ ਥੋੜਾ ਚਲੇ ਜਾਣਾ ਦੂਰ, ਆਪਣਾ ਪੰਧ ਮੁਕਾਈਆ । ਮੈਂ ਮਸਤਕ ਲਾਉਣੀ ਧੂੜ, ਟਿੱਕੇ ਖ਼ਾਕ ਰਮਾਈਆ । ਸੇਵਕ ਬਣਾਂ ਮਜ਼ਦੂਰ, ਚਾਕਰ ਨਾਉਂ ਧਰਾਈਆ । ਸਚ ਦੱਸਾਂਗਾ ਸਦੀ ਚੌਧਵੀਂ ਅੰਤ ਕਿਸ ਦੇ ਵਿਚ ਕਸੂਰ, ਕਿਉਂ ਉਮਤ ਕਸਰ ਲੱਗੇ ਥਾਉਂ ਥਾਈਆ । ਮੇਰੇ ਮਾਲਕ ਦਾ ਇਕੋ ਨੂਰ, ਨੂਰ ਨੁਰਾਨਾ ਨੂਰ ਇਲਾਹੀਆ । ਜੋ ਪੂਰਨ ਸਰਬ ਕਲਾ ਭਰਪੂਰ, ਭਰਪੂਰ ਆਪਣਾ ਹੁਕਮ ਵਰਤਾਈਆ । ਨੌਵਾਂ ਸਾਲਾਂ ਨੌਵਾਂ ਖੰਡਾਂ ਦੇ ਨੌ ਲੱਥਣੇ ਪੂਰ, ਨੌ ਦਵਾਰੇ ਸਮਝ ਕਿਸੇ ਨਾ ਆਈਆ ।

ਦੀਨ ਦੁਨੀ ਚਤੁਰ ਸੁਘੜ ਹੋਏ ਮੂਰਖ ਮੂੜ੍ਹ, ਬੁੱਧੀ ਕੰਮ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਮੁਹੰਮਦ ਕਹੇ ਮੇਰੀ ਆਸ਼ਾ ਖਰਬਾਂ ਖਰਬ, ਗਿਣਤੀ ਗਣਿਤ ਨਾ ਕੋਇ ਗਿਣਾਈਆ । ਸਦੀ ਚੌਧਵੀਂ ਦਾ ਫੇਰ ਹੋਣਾ ਅੰਤ ਜਿਸ ਨੂੰ ਦੇਵੇ ਕੋਇ ਨਾ ਜ਼ਰਬ, ਹਾਸਲ ਸਮਝ ਕਿਸੇ ਨਾ ਆਈਆ । ਮੇਰਾ ਮਹਿਬੂਬ ਜਿੰਨਾਂ ਚਿਰ ਕਦਮ ਰੱਖੇ ਨਾ ਵਿਚ ਅਰਬ, ਅਰੇਬੀਆ ਲੇਖਾ ਨਾ ਦਏ ਮੁਕਾਈਆ । ਮੇਰੀ ਮਨਜ਼ੂਰ ਹੋਵੇ ਨਾ ਅਰਜ਼, ਜਿੰਨਾਂ ਚਿਰ ਸਾਹਿਬ ਸੁਣੇ ਨਾ ਚਾਈਂ ਚਾਈਂਆ । ਮਸ਼ਰਕ ਵਿਚੋਂ ਆਏ ਮਗ਼ਰਬ, ਗ਼ਰਬਨ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਪੂਰਬ ਖਾਤਾ ਵੇਖੇ ਦਰਬ, ਦਾਇਨਜ਼ਾ ਲੂ ਜ਼ੋਮੋ ਇਜ਼ੂ ਬੇਪਰਵਾਹੀਆ ।

ਨਾਰਦ ਕਹੇ ਗੁਰਮੁਖੋ ਇਹ ਗੁਰਦਾਸ ਪੁਰਾ, ਗੁਰਦੇ ਵਾਲਿਓ ਲਓ ਅੰਗੜਾਈਆ । ਏਥੋਂ ਬਦਲਣਾ ਦੀਨ ਦੁਨੀ ਦਾ ਧੁਰਾ, ਧੁਰ ਦਾ ਲੇਖਾ ਨਾ ਕੋਇ ਮਿਟਾਈਆ । ਮੈਂ ਦੱਸਣ ਆਇਆ ਰਾਮ ਸਿੰਘ ਨੇ ਚਵ੍ਹੀ ਮਾਘ ਨੂੰ ਸਤਿਗੁਰ ਦੀ ਗਰਦਨ ਤੇ ਰੱਖਣਾ ਛੁਰਾ, ਨੌਂ ਮਿੰਟ ਟਿਕਾਈਆ । ਕੋਈ ਨਾ ਸਮਝਿਓ ਬੁਰਾ, ਮੈਂ ਬ੍ਰਾਹਮਣ ਪੰਡਤ ਜੁਗ ਜੁਗ ਉਲਟੀ ਗੱਲ ਸਮਝਾਈਆ । ਮੈਨੂੰ ਸਾਰੇ ਮਾਰਦੇ ਗਏ ਮੇਰਾ ਬੇੜਾ ਨਾ ਰੁੜ੍ਹਾ, ਪ੍ਰਭ ਦੀ ਨਿਤ ਨਿਤ ਸੇਵ ਕਮਾਈਆ । ਨਾ ਮੈਂ ਬਾਲ ਬਣਿਆ ਤੇ ਨਾ ਮੈਂ ਹੋਇਆ ਬੁੜ੍ਹਾ, ਜਵਾਨੀ ਮੇਰੀ ਲਏ ਅੰਗੜਾਈਆ । ਮੇਰੀ ਬੋਦੀ ਦਾ ਸਦਕਾ ਮੈਨੂੰ ਕੋਈ ਨਹੀਂ ਬੁੜਾ, ਬੁੜੇ ਥਿੜਕਿਆਂ ਸਭ ਨੂੰ ਪ੍ਰਭ ਨਾਲ ਦਿਆਂ ਮਿਲਾਈਆ । ਮੇਰਾ ਜੋੜਾ ਆਦਿ ਤੋਂ ਜੁੜਾ, ਜੋੜੀ ਸਕੇ ਨਾ ਕੋਇ ਤੁੜਾਈਆ । ਵੇਖਿਓ ਕਲਜੁਗ ਅੰਤ ਰਹਿਉ ਨਾ ਕੋਇ ਨਿਗੁਰਾ, ਬਿਨਾ ਸਤਿਗੁਰ ਤੋਂ ਪਾਰ ਨਾ ਕੋਇ ਲੰਘਾਈਆ । ਜ਼ਰੂਰ ਕੱਲ ਨੂੰ ਮੇਰੇ ਵਾਸਤੇ ਨਾਰਦ ਕਹੇ ਇਕ ਭੇਲੀ ਲਿਆਉਣੀ ਗੁੜਾ, ਫੇਰ ਸਗਣ ਭਗਤਾਂ ਦਿਆਂ ਸਮਝਾਈਆ । ਜਿਹੜੀ ਆਸ਼ਾ ਰੱਖੀ ਸੀ ਗੋਬਿੰਦ ਅਨੰਦਪੁਰਾ, ਉਸ ਦਾ ਭੇਵ ਦਿਆਂ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਆਪਣੀ ਕਾਰ ਕਮਾਈਆ । ਨਾਰਦ ਕਹੇ ਤੇਈ ਮਾਘ ਨੂੰ ਮੈਂ ਦੇਵਾਂ ਪਿਛਲੀ ਵਧਾਈ, ਜਿਸ ਦਿਨ ਰਾਮ ਭੀਲਣੀ ਦਿਤੀ ਵਡਿਆਈਆ । ਏਸੇ ਦਿਨ ਬ੍ਰਾਹਮਣ ਨੇ ਬਲ ਤੋਂ ਕਰਮਾਂ ਮੰਗੀਆਂ ਸੀ ਢਾਈ, ਢਾਈ ਸੌ ਸਾਲ ਦੀ ਆਸ਼ਾ ਗੋਬਿੰਦ ਨੇ ਏਸੇ ਦਿਨ ਉਪਜਾਈਆ । ਜਿਨ੍ਹਾਂ ਗੁਰਮੁਖਾਂ ਦਾ ਵਿਵਹਾਰ ਹੋਇਆ ਇਹ ਗੋਬਿੰਦ ਦੇ ਪਿਛਲੇ ਸਿੱਖ ਉਹ ਇਨ੍ਹਾਂ ਦਾ ਸਾਂਈਂ, ਲਹਿਣਾ ਪੂਰਬ ਲੇਖੇ ਪਾਈਆ । ਸਤਿਗੁਰ ਸ਼ਬਦ ਦਾ ਹੁਕਮ ਕਦੇ ਨਾ ਸਮਝੋ ਅਜਾਈਂ, ਬਿਨਾ ਵਿਹਾਰ ਤੋਂ ਕਾਰ ਨਾ ਕੋਇ ਭੁਗਤਾਈਆ । ਜਨ ਭਗਤੋ ਜਦੋਂ ਵੇਲਾ ਲਦ ਗਿਆ ਦੁਨੀਆ ਰੋਵੇਗੀ ਮਾਰ ਕੇ ਧਾਹੀ, ਓ ਧਾਹੀ ਮਾਰਨ ਵਾਲਿਓ ਧਵਲ ਤੇ ਬੈਠਾ ਮਾਹੀ ਨਜ਼ਰ ਕਿਸੇ ਨਾ ਆਈਆ । ਅੱਜ ਤੁਹਾਡਾ ਮਾਲਕ ਭਾਵੇਂ ਇਹਦੇ ਮਸਤਕ ਲਾ ਦਿਓ ਸ਼ਾਹੀ, ਫੇਰ ਵੀ ਤੁਹਾਡੀ ਸੇਵ ਕਮਾਈਆ । ਤੁਹਾਡੇ ਪਿਛੇ ਬਣ ਕੇ ਆਇਆ ਰਾਹੀ, ਦੋ ਜਹਾਨਾਂ ਪੈਂਡਾ ਆਇਆ ਮੁਕਾਈਆ । ਇਹਦਾ ਪ੍ਰੇਮ ਤੇ ਮੁਹੱਬਤ ਵਾਲਾ ਨਾਤਾ ਤੁਹਾਡੇ ਗਲ ਦੀ ਫਾਹੀ, ਜਿਸਨੇ ਫਾਂਸੀ ਜਮ ਦੀ ਦਿਤੀ ਕਟਾਈਆ । ਇਹਨੇ ਚਾਰ ਜੁਗ ਨਹੀਂ ਨੌਂ ਸੌ ਚੁਰਾਨਮੇ ਚੌਕੜੀ ਜੁਗ ਪਿਛਲੀ ਕੀਤੀ ਕਿਰਸਾਣੀ ਤੇ ਵਾਹੀ, ਜਿਸ ਵਾਹੀ

੧੭੧੪
੨੨

ਵਿਚੋਂ ਗੁਰਮੁਖ ਬੂਟੇ ਲਏ ਉਗਾਈਆ । ਇਹ ਧੁਰ ਦੀ ਖੇਲ ਖੇਲ ਨਹੀਂ ਪਰਾਈ, ਕਿਸੇ ਅਵਤਾਰ ਪੈਗ਼ੰਬਰ ਗੁਰੂ ਦੇ ਹੱਥ ਨਾ ਕਦੇ ਫੜਾਈਆ । ਜਦੋਂ ਆਵੇ ਤੇ ਆਵੇ ਚੁੱਕ ਕੇ ਬਾਹੀਂ, ਜਨ ਭਗਤਾਂ ਆਪਣੀਆਂ ਭੁਜਾਂ ਉਤੇ ਟਿਕਾਈਆ । ਇਹੋ ਬਾਬਲ ਤੇ ਇਹੋ ਮਾਹੀ, ਜਿਹੜਾ ਮਹੱਲ ਵਿਚ ਰਹਿ ਕੇ ਅਟਲ ਆਪਣਾ ਹੁਕਮ ਵਰਤਾਈਆ । ਕਰਮਾਂ ਦਾ ਬੂਟਾ ਤੇ ਕਰਮਾਂ ਦਾ ਫਲ ਕਰਮ ਸਿੰਘ ਰਿਹਾ ਖਾਈ, ਜਿਸਦੇ ਘਰ ਵੱਜ ਰਹੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸਦਾ ਲਾਵਾਰਿਸ, ਵਾਰਿਸ ਭਗਤਾਂ ਦਾ ਆਪ ਅਖਵਾਈਆ ।

✪ ੨੪ ਮਾਘ ਸ਼ਹਿਨਸ਼ਾਹੀ ਸੰਮਤ ੭ ਗੁਰਬਚਨ ਸਿੰਘ ਤੇ ਦਰਸ਼ਨ ਸਿੰਘ ਦੇ ਨਵਿਤ ਪਿੰਡ ਨਯਾਸ਼ਾਲਾ ਜ਼ਿਲਾ ਗੁਰਦਾਸਪੁਰ ✪

ਨਾਰਦ ਕਹੇ ਸੁਭਾਗਾ ਚੜ੍ਹਿਆ ਮਾਘ ਚਵ੍ਹੀ, ਚੌਬੀਸਵਾਂ ਅਵਤਾਰ ਦਇਆ ਕਮਾਈਆ । ਜਿਸ ਮਨਸਾ ਪੂਰੀ ਕਰਨੀ ਰਵੀਦਾਸ ਰਵੀ, ਰਾਵੀ ਦੀ ਆਸਾ ਪੂਰ ਕਰਾਈਆ । ਜਿਸ ਦਾ ਲੇਖਾ ਗਾਇਆ ਬਾਲਮੀਕ ਬਣਕੇ ਕਵੀ, ਕਾਵਯ ਕਰਮ ਕਾਂਡ ਤੋਂ ਬਾਹਰ ਜਣਾਈਆ । ਅਰਜਨ ਨੇ ਆਸ਼ਾ ਰੱਖੀ ਬੈਠ ਕੇ ਤਤੀ ਤਵੀ, ਤਵ ਪ੍ਰਸਾਦ ਕਹਿ ਕੇ ਸੀਸ ਨਿਵਾਈਆ । ਕਲਜੁਗ ਅੰਤਮ ਖੇਲ ਕਰੇ ਪ੍ਰਭ ਨਵੀਂ, ਨਵ ਨੌਂ ਆਪਣਾ ਹੁਕਮ ਵਰਤਾਈਆ । ਧੁਰ ਦੀ ਕਾਰ ਕਦੇ ਨਾ ਭਵੀ, ਭਵ ਸਾਗਰ ਵੇਖੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਨਾਰਦ ਕਹੇ ਮੇਰੀ ਪੂਰੀ ਹੋਵੇ ਸੱਧਰ, ਸੱਧਰਾਂ ਵਿਚ ਖ਼ੁਸ਼ੀ ਮਨਾਈਆ । ਪਰਮ ਪੁਰਖ ਕਰੇ ਕਦਰ, ਕੁਦਰਤ ਦਾ ਕਾਦਰ ਦਇਆ ਕਮਾਈਆ । ਮਿਹਰਵਾਨ ਮਿਹਰ ਦੀ ਕਰੇ ਨਦਰ, ਨਜ਼ਰ ਆਪਣੀ ਇਕ ਉਠਾਈਆ । ਮੇਰਾ ਲੇਖਾ ਦੇਵੇ ਬਦਲ, ਬਦਲੀ ਕਰੇ ਥਾਉਂ ਥਾਈਆ । ਕੂੜੀ ਕਿਰਿਆ ਕਰਕੇ ਕਤਲ, ਕਾਤਲ ਆਪਣਾ ਹੁਕਮ ਵਰਤਾਈਆ । ਜਗਤ ਜਹਾਨ ਵੇਖੇ ਬੇਵਤਨ, ਵਤਨਾਂ ਵਾਲਿਆਂ ਲਏ ਮਿਲਾਈਆ । ਜਿਸ ਸੁਹਾਉਣਾ ਰਾਵੀ ਦਾ ਕੰਢਾ ਪਤਣ, ਪਤ੍ਰਕਾ ਸੀਤਾ ਰਾਮ ਵਾਲੀ ਫੋਲ ਫੁਲਾਈਆ । ਜਿਹੜੀ ਆਸ਼ਾ ਰੱਖੀ ਮੁਹੰਮਦ ਜਿਸ ਵੇਲੇ ਕੀਤਾ ਦਫ਼ਨ, ਪਰਵਰਦਿਗਾਰ ਸੀਸ ਨਿਵਾਈਆ । ਮੇਰਾ ਕਾਅਬਿਆਂ ਤੋਂ ਬਾਹਰ ਹੋਵੇ ਕੱਫ਼ਨ, ਕੋਹਕਾਫ਼ ਤੋਂ ਪਰੇ ਤੇਰੀ ਰੁਸ਼ਨਾਈਆ । ਮੇਰੀ ਲਾਜ ਆਵੀਂ ਰੱਖਣ, ਸਦੀ ਚੌਧਵੀਂ ਅੱਖ ਉਠਾਈਆ । ਤੂੰ ਮਾਲਕ ਅਲੱਖਣਾ ਅਲਖਣ, ਪਰਵਰਦਿਗਾਰ ਨੂਰ ਇਲਾਹੀਆ । ਅਵਤਾਰ ਪੈਗ਼ੰਬਰ ਤੇਰੀ ਮਹਿਮਾ ਦੱਸਣ, ਪੈਗ਼ੰਬਰ ਸਿਫ਼ਤਾਂ ਨਾਲ ਸਾਲਾਹੀਆ । ਜਿਸ ਵੇਲੇ ਦੀਨ ਦੁਨੀ ਲੱਗੇ ਮੱਚਣ, ਆਂਚ ਅਗਨੀ ਅੱਗ ਨਾ ਕੋਇ ਬੁਝਾਈਆ । ਫੇਰ ਨਵੀਂ ਰਚਣੀ ਰਚਨ, ਰਚਣਾ ਆਪਣੀ ਦੇਣੀ ਜਣਾਈਆ । ਭਾਗ ਲਗਾਉਣਾ ਕਾਇਆ ਕੰਚਨ, ਸਾਢੇ ਤਿੰਨ ਹੱਥ ਸੋਭਾ ਪਾਈਆ । ਬਿਨਾ ਰੂਹ ਤੋਂ ਬੁਤ ਲੱਗਾ ਹੱਸਣ, ਮਕਬਰੇ ਵਿਚ ਖ਼ੁਸ਼ੀ ਮਨਾਈਆ । ਮੇਰੇ ਪਰਵਰਦਿਗਾਰ ਮਿਹਰਵਾਨ ਮਹਿਬੂਬ ਜਿਸ ਵੇਲੇ ਆਵੇਂ ਵਿਚ ਪੱਛਮ, ਪਿਛਲਾ ਲੇਖਾ ਪੂਰ ਦੇਣਾ ਕਰਾਈਆ । ਮੈਂ ਵੇਖਾਂ ਖੇਲ ਤੇਰੀ ਅਗੰਮੀ ਨੂਰੀ ਅੱਖਣ, ਜਗਤ ਨੇਤਰ ਕੰਮ ਕਿਸੇ ਨਾ ਆਈਆ । ਤੂੰ ਵਸੇਂ ਘਟ ਘਟਣ, ਘਟ ਘਟ ਅੰਤਰ ਰਿਹਾ ਸਮਾਈਆ । ਨਾਲ ਹੋਵੇ ਗੋਬਿੰਦ ਪਾਟਲ ਪਟਣ, ਪਟਣੇ ਵਾਲਾ ਸੰਗ ਮਿਲਾਈਆ । ਜਗਤ


੧੭੧੫ ੨੨

ਜਹਾਨ ਮੇਟੇ ਰੱਟਣ, ਰੱਟਾ ਕੂੜ ਰਹੇ ਨਾ ਰਾਈਆ । ਤੇਰਾ ਸਤਿ ਸਰੂਪ ਧਾਰ ਜੱਟਣ, ਸਤਿ ਸਤਿਵਾਦੀ ਨੂਰ ਇਲਾਹੀਆ । ਮੈਂ ਦੀਨ ਦੁਨੀ ਲੱਗਾ ਛਡਣ, ਤਨ ਵਜੂਦ ਨਾਤਾ ਉਮਤ ਨਾਲੋਂ ਤੁੜਾਈਆ । ਮੇਰਾ ਪੁਕਾਰੇ ਮਾਸ ਹੱਡਣ, ਨਾੜੀ ਨਾੜੀ ਕੂਕ ਜਣਾਈਆ । ਤੇਰੇ ਨਾਲ ਲੱਗੀ ਰਹੇ ਲਗਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਝਟ ਮਕਬਰੇ ਵਿਚ ਦੀਪਕ ਲੱਗਾ ਜਗਣ, ਪ੍ਰਕਾਸ਼ ਹੋਇਆ ਨੂਰ ਇਲਾਹੀਆ । ਮੁਹੰਮਦਾ ਮੇਰੇ ਲੇਖੇ ਲੱਗਾ ਤੇਰਾ ਬਦਨ, ਬਦਲਾ ਸਹਿਜ ਦਿਆਂ ਚੁਕਾਈਆ । ਜਿਸ ਵੇਲੇ ਸਦੀ ਚੌਧਵੀਂ ਲੱਗੀ ਲੰਘਣ, ਆਪਣਾ ਪੰਧ ਮੁਕਾਈਆ । ਦੀਨ ਦੁਨੀ ਲੱਗੇ ਦਗਣ, ਅਗਨੀ ਤਤ ਨਾ ਕੋਇ ਬੁਝਾਈਆ । ਤੇਰਾ ਸਵਾ ਪਾ ਨਿਆਜ਼ ਹੋਵੇ ਸਗਣ, ਮਕਬਰਾ ਤੇਰਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਇਕੋ ਵਾਰ ਲਓ ਅੰਗੜਾਈ, ਅੰਗੀ ਤਨ ਨਾਲ ਛੁਹਾਈਆ । ਨੇਤਰ ਕਜਲਾ ਪਾਉਣਾ ਚਾਈਂ ਚਾਈਂ, ਨੈਣ ਅੱਖ ਅੱਖ ਬਦਲਾਈਆ । ਰਾਹ ਤਕਣਾ ਧੁਰ ਦੇ ਮਾਹੀ, ਭੱਜਣਾ ਵਾਹੋ ਦਾਹੀਆ । ਟਪਦਿਆਂ ਜਾਣਾ ਬੇਲੇ ਕਾਹੀ, ਅੱਗੇ ਹੋ ਨਾ ਕੋਇ ਅਟਕਾਈਆ । ਆਪਣਾ ਲਹਿੰਗਾ ਲੈਣਾ ਉਠਾਈ, ਸੱਜੇ ਬਾਜ਼ੂ ਉਤੇ ਟਿਕਾਈਆ । ਮੇਰਾ ਲੇਖਾ ਪਿਛਲਾ ਰਿਹਾ ਸਮਝਾਈ, ਪੂਰਬ ਰਿਹਾ ਜਣਾਈਆ । ਰਾਵੀ ਕੰਢੇ ਇੰਜ ਪਹੁੰਚਣਾ ਜਿਵੇਂ ਸੌਹਰਿਆਂ ਘਰ ਜਵਾਈ, ਮੇਰੀ ਬੋਦੀ ਦਏ ਗਵਾਹੀਆ । ਪਰ ਯਾਦ ਰੱਖਿਓ ਸਭ ਦੇ ਕੋਲ ਪਿਆਰ ਦੀਆਂ ਮੁੱਠਾਂ ਹੋਵਣ ਢਾਈ, ਢਈਆ ਗੋਬਿੰਦ ਵਾਲਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਨਾਰਦ ਕਹੇ ਮੈਨੂੰ ਦਿਸੇ ਰਾਹ ਪੱਧਰਾ, ਜੰਗਲ ਜੂਹ ਨਾ ਕੋਇ ਵਡਿਆਈਆ । ਤੁਸਾਂ ਸੰਭਾਲਣਾ ਆਪਣਾ ਘੱਗਰਾ, ਘੱਗਰ ਦੇ ਕੰਢੇ ਗੋਬਿੰਦ ਨਿਸ਼ਾਨਾ ਗਿਆ ਲਗਾਈਆ । ਫੇਰ ਲੇਖਾ ਦੱਸਾਂ ਅਗਲਾ, ਕੀ ਕਰਤਾ ਹੁਕਮ ਸੁਣਾਈਆ । ਜਗਤ ਜਹਾਨ ਤਕਣਾ ਬਗ ਬਪੜਾ ਬਗ਼ਲਾ, ਬਗ਼ਲਗੀਰ ਨਜ਼ਰ ਕੋਇ ਨਾ ਆਈਆ । ਤੁਹਾਨੂੰ ਰਾਹ ਵਿਚ ਜ਼ਰੂਰ ਮੇਰਾ ਪਵੇਗਾ ਝਪਲਾ, ਪਲਕ ਵਿਚ ਝਲਕ ਦਿਆਂ ਵਖਾਈਆ । ਮੇਰਾ ਰੂਪ ਮੁਨ ਕਪਲਾ, ਕਪਲ ਮੁਨ ਮੇਰੇ ਵਰਗਾ ਜਗਤ ਗੁਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਨਿਰਗੁਣ ਧਾਰ ਨਿਰਗੁਣ ਰੂਪ ਵਿਚ ਰਤਲਾ, ਦੂਸਰ ਰੰਗ ਨਜ਼ਰ ਕੋਇ ਨਾ ਆਈਆ ।



੧੭੭੬ ੨੨

✪ ੨੪ ਮਾਘ ਸ਼ਹਿਨਸ਼ਾਹੀ ਸੰਮਤ ੭ ਮਹਿੰਗਾ ਸਿੰਘ, ਕਰਮ ਸਿੰਘ, ਜਰਨੈਲ ਸਿੰਘ ਦੇਵਾਂ, ਗੁਰੋ ਰਾਮ ਕੌਰ ਚਤੁਰ ਕੌਰ ਸੱਦਾ,
ਅਜੀਤ ਸਿੰਘ, ਹਮਰਾਜ ਬੰਸੋ ਗਜ਼ਨੀ ਪੁਰ, ਸੁਲੱਖਣੀ ਗਜ਼ਨੀ ਪੁਰ, ਦਾਰਾ ਸਿੰਘ ਗਜ਼ਨੀ ਪੁਰ, ਛਿੰਦੋ ਮਦੀਪੁਰ,
ਗੁਰਮੇਜ ਕੌਰ ਕਠਿਆਲੀ, ਕਰਤਾਰੀ ਦੋਰਾਂਗਲਾ, ਮਹਿੰਦਰ ਕੌਰ ਕਾਲਾ ਨੰਗਲ,
ਪਿੰਡ ਸੱਦਾ ਜ਼ਿਲਾ ਗੁਰਦਾਸ ਪੁਰ ✪

ਚੌਵੀ ਮਾਘ ਕਹੇ ਮੇਰੀ ਖ਼ੁਸ਼ੀਆਂ ਭਰੀ ਰੈਣ, ਭਿੰਨੜੀ ਲੋਕਮਾਤ ਵਡਿਆਈਆ । ਸਚ ਸੰਦੇਸ਼ਾ ਆਈ ਕਹਿਣ, ਬਿਨ ਰਸਨਾ ਜਿਹਵਾ ਸ਼ਬਦ

ਅਗੰਮੀ ਢੋਲਾ ਗਾਈਆ । ਸਭ ਦਾ ਮਾਲਕ ਇਕੋ ਨਰ ਨਰਾਇਣ, ਨਰ ਹਰਿ ਇਕ ਅਖਵਾਈਆ । ਜੋ ਆਤਮ ਪਰਮਾਤਮ ਸਾਕ ਸੱਜਣ ਸੈਣ, ਸਖ਼ੀ ਸੁਲਤਾਨ ਇਕ ਅਖਵਾਈਆ । ਜਿਸ ਦੇ ਹੁਕਮ ਦਾ ਦੋ ਜਹਾਨਾਂ ਵਗਦਾ ਵਹਿਣ, ਨਾਮ ਕਲਮਾ ਅਗੰਮ ਦ੍ਰਿੜਾਈਆ । ਉਹ ਸਭ ਦਾ ਲੇਖਾ ਲਹਿਣਾ ਦੇਣਾ ਆਇਆ ਦੇਣ, ਦੋ ਜਹਾਨਾਂ ਭਰਮ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਚ ਸਚ ਦ੍ਰਿੜਾਈਆ । ਮਾਘ ਕਹੇ ਮੈਂ ਆਇਆ ਲੋਕਮਾਤ ਭੱਜਾ, ਭਜਨ ਬੰਦਗੀ ਵਾਲਿਆਂ ਦਿਆਂ ਜਣਾਈਆ । ਸਚ ਧਰਮ ਦੀ ਸਾਚੀ ਜਗਹ, ਜਿਥੇ ਜਗੇ ਜੋਤ ਨੂਰ ਇਲਾਹੀਆ । ਆਤਮ ਪਰਮਾਤਮ ਧਾਰ ਮਿਲੇ ਮਜ਼ਾ, ਅੰਮ੍ਰਿਤ ਰਸ ਆਬੇਹਯਾਤ ਮੁਖ ਚੁਆਈਆ । ਨੇੜ ਨਾ ਆਵੇ ਕੂੜ ਕਜ਼ਾ, ਕਲਜੁਗ ਕੂੜੀ ਕਿਰਿਆ ਡੇਰਾ ਢਾਹੀਆ । ਧੁਰ ਦਾ ਹੁਕਮ ਚਲਾਵੇ ਮਨਾਵੇ ਆਪਣੀ ਇਕ ਰਜ਼ਾ, ਰਾਜ਼ਕ ਰਿਜ਼ਕ ਰਹੀਮ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵਡਾ ਵਡ ਵਡਿਆਈਆ । ਚੌਵ੍ਹੀ ਮਾਘ ਕਹੇ ਮੇਰੀ ਨਮੋ ਨਮੋ ਨਿਮਸਕਾਰ, ਪੁਰਖ ਅਕਾਲ ਸੀਸ ਨਿਵਾਈਆ । ਦੀਨਾਂ ਬੰਧਪ ਮੇਰੇ ਦਿਆਲ, ਠਾਕਰ ਸਵਾਮੀ ਤੇਰੀ ਬੇਪਰਵਾਹੀਆ । ਉਠ ਵੇਖ ਮੁਰੀਦਾਂ ਹਾਲ, ਮੁਰਸ਼ਦ ਆਪਣੀ ਲੈਣ ਅੰਗੜਾਈਆ । ਸਦੀ ਚੌਧਵੀਂ ਕਰ ਖ਼ਿਆਲ, ਖ਼ਿਆਲਾਤ ਤਕ ਖ਼ਲਕ ਖ਼ੁਦਾਈਆ । ਚਾਰ ਕੁੰਟ ਹੋਇਆ ਬੇਹਾਲ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਨਵ ਸੱਤ ਸਿਰ ਤੇ ਕੂਕੇ ਕਾਲ, ਮਹਾਂਕਾਲ ਭੇਵ ਨਾ ਕੋਇ ਖੁਲ੍ਹਾਈਆ । ਤ੍ਰੈਗੁਣ ਮਾਇਆ ਪਿਆ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਫਲ ਨਾਮ ਦਿਸੇ ਨਾ ਕਾਇਆ ਡਾਲ, ਸਾਢੇ ਤਿੰਨ ਹੱਥ ਖ਼ਾਲੀ ਸਿੰਮਲ ਰਿਹਾ ਲਹਿਰਾਈਆ । ਅੰਮ੍ਰਿਤ ਸੁਹਾਏ ਕੋਇ ਨਾ ਤਾਲ, ਨਿਜਰ ਝਿਰਨਾ ਨਾ ਕੋਇ ਝਿਰਾਈਆ । ਚੁਰਾਸੀ ਵਿਚੋਂ ਹੋਏ ਨਾ ਕੋਇ ਬਹਾਲ, ਫਾਸੀ ਜਮ ਨਾ ਕੋਇ ਤੁੜਾਈਆ । ਮਿਹਰਵਾਨ ਮਹਿਬੂਬ ਕਰ ਪ੍ਰਿਤਪਾਲ, ਪ੍ਰਿਤਪਾਲਕ ਤੇਰੀ ਓਟ ਤਕਾਈਆ । ਸੰਬਲ ਬਹਿ ਕੇ ਕਰ ਸੰਭਾਲ, ਗੋਬਿੰਦ ਲੇਖਾ ਵੇਖ ਵਖਾਈਆ । ਤੇਰੀ ਹੋਵੇ ਅਗੰਮੜੀ ਚਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਈਆ । ਚੌਵ੍ਹੀ ਮਾਘ ਕਹੇ ਮੇਰਾ ਇਕੋ ਇਕ ਸੱਜਦਾ, ਕਦਮਬੋਸੀ ਵਿਚ ਵਡਿਆਈਆ । ਨੂਰ ਤਕ ਅਗੰਮੀ ਰੱਬ ਦਾ, ਆਲਮੀਨ ਭੇਵ ਖੁਲ੍ਹਾਈਆ । ਜਿਸ ਨੂੰ ਜਗਤ ਜਹਾਨ ਗਿਆ ਲੱਭਦਾ, ਗੁਪਤ ਜ਼ਾਹਰ ਅੱਖ ਉਠਾਈਆ । ਜਗਤ ਜਗਿਆਸੂ ਗਿਆ ਸੱਦਦਾ, ਭਗਤ ਭਗਵਨ ਰਾਹ ਤਕਾਈਆ । ਉਹਦਾ ਖੇਲ ਜਗਤ ਜਹਾਨ ਸਬੱਬ ਦਾ, ਸੁਬਹ ਸ਼ਾਮ ਵੰਡ ਨਾ ਕੋਇ ਵੰਡਾਈਆ । ਉਸ ਦਾ ਨਗਾਰਾ ਇਕੋ ਨਦ ਦਾ, ਅਨਹਦ ਨਾਦੀ ਧੁਨ ਸ਼ਨਵਾਈਆ । ਦੀਪਕ ਦੋ ਜਹਾਨਾਂ ਜਗਦਾ, ਨੂਰੀ ਜੋਤ ਡਗਮਗਾਈਆ । ਜੋ ਸੰਤ ਸੁਹੇਲੇ ਜੁਗ ਜੁਗ ਲੱਭਦਾ, ਹਰਿਜਨ ਮੇਲੇ ਚਾਈਂ ਚਾਈਂਆ । ਜੋ ਭੇਵ ਖੋਲ੍ਹੇ ਆਦਿ ਅੰਤ ਮਧ ਦਾ, ਪੂਰਬ ਪੜਦਾ ਰਹੇ ਨਾ ਰਾਈਆ । ਕਲਜੁਗ ਰੂਪ ਤਕੇ ਬਗੜੇ ਬਪ ਦਾ, ਨਵ ਸੱਤ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਚੌਵ੍ਹੀ ਮਾਘ ਕਹੇ ਉਹ ਆ ਗਿਆ ਨਾਰਦ ਪੰਡਾ, ਬ੍ਰਹਿਮੰਡ ਆਪਣਾ ਪੰਧ ਮੁਕਾਈਆ । ਹੱਥ ਫੜ ਕੇ ਕਲਜੁਗ ਵਾਲਾ ਡੰਡਾ, ਡੰਡਾਵਤ ਪੁੱਠੇ ਹੱਥ ਕਰਾਈਆ । ਬੋਦੀ ਦਾ ਵਾਲ ਕਰ ਕੇ ਲੰਬਾ, ਸਾਡੇ ਤਿੰਨ ਹੱਥ ਰਿਹਾ ਵਖਾਈਆ । ਅੱਗੇ ਖੇਲ ਕਰੇ ਅਚੰਭਾ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਕੁਝ

੧੭੧੮
੨੨

ਲੇਖਾ ਦੱਸੇ ਗੁਰ ਤੇਗ ਬਹਾਦਰ ਜਿਸ ਜਹਾਜ਼ ਪਾਰ ਕਰਾਇਆ ਲਾ ਕੇ ਕੰਧਾ, ਕੰਢੀ ਆਪਣਾ ਭੇਵ ਚੁਕਾਈਆ । ਕਿਸ ਬਿਧ ਜਗਤ ਜਹਾਨ ਆਇਆ ਲੰਘਾ, ਪਾਂਧੀ ਬਣ ਕੇ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਇਕ ਵਖਾਈਆ । ਨਾਰਦ ਕਹੇ ਪ੍ਰਭੂ ਮੇਰੀ ਨਮੋ ਨਮਸਤੇ, ਡੰਡਾਵਤ ਕਰਵਾਉਣ ਵਾਲਿਆ ਕਿਉਂ ਡੰਡਾ ਰਿਹਾ ਵਖਾਈਆ । ਮੈਨੂੰ ਵਿਸ਼ਨ ਬ੍ਰਹਮਾ ਸ਼ਿਵ ਮਿਲੇ ਵਿਚ ਰਸਤੇ, ਬਿਨ ਅੱਖਾਂ ਅੱਖ ਉਠਾਈਆ । ਮੈਂ ਸੰਦੇਸ਼ਾ ਦਿਤਾ ਨੱਸਦੇ ਨੱਸਦੇ, ਸਹਿਜ ਸਹਿਜ ਨਾਲ ਜਣਾਈਆ । ਆਉ ਤਕੋ ਧਰਤੀ ਉਤੇ ਖੇੜੇ ਰਹਿਣੇ ਨਹੀਂ ਵਸਦੇ, ਬਸਤੀ ਨਜ਼ਰ ਕੋਇ ਨਾ ਆਈਆ । ਹੁਕਮ ਵਰਤਣੇ ਇਕ ਅਲੱਖ ਦੇ, ਜਿਸ ਨੂੰ ਨਾ ਕੋਈ ਮੇਟੇ ਮੇਟ ਮਿਟਾਈਆ । ਵੈਅਦੇ ਕੌਲ ਇਕਰਾਰ ਪੂਰੇ ਹੋਣੇ ਪੱਕ ਦੇ, ਜੋ ਪੇਸ਼ੀਨਗੋਈਆਂ ਅਵਤਾਰ ਪੈਗ਼ੰਬਰ ਗੁਰੂ ਆਏ ਜਣਾਈਆ । ਓਹ ਵੇਖੋ ਚਾਰ ਕੁੰਟ ਅੰਗਿਆਰੇ ਤਪਦੇ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮਾਇਆ ਰੂਪ ਧਰ ਲਏ ਡੱਸਣ ਵਾਲੇ ਸੱਪ ਦੇ, ਸ਼ਾਹ ਸੁਲਤਾਨ ਡੰਗ ਚਲਾਈਆ । ਸਦੀ ਚੌਧਵੀਂ ਬੇੜੇ ਪੂਰ ਭਰ ਗਏ ਪੱਪ ਦੇ, ਪਤਿਤਾਂ ਪੁਨੀਤ ਨਾ ਕੋਇ ਬਣਾਈਆ । ਨਾਰਦ ਕਹੇ ਮੈਂ ਸਚ ਦੱਸਾਂ ਜਿਹੜੇ ਪ੍ਰਭੂ ਨੂੰ ਨਹੀਂ ਜਪਦੇ, ਹਿਰਦੇ ਹਰਿ ਨਾ ਕੋਇ ਵਸਾਈਆ । ਉਨ੍ਹਾਂ ਦੇ ਲੇਖੇ ਅੰਤਮ ਹੋਣੇ ਕੱਖ ਦੇ, ਕੀਮਤ ਜਗਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਨਾਰਦ ਕਹੇ ਮੈਂ ਦੇਂਦਾ ਆਇਆ ਹੋਕਾ, ਹੁਕਮ ਧੁਰ ਦਾ ਇਕ ਸੁਣਾਈਆ । ਸੁਣ ਲਓ ਚੌਦਾਂ ਤਬਕ ਤੇ ਚੌਦਾਂ ਲੋਕਾ, ਚੌਦਸ ਚੰਦ ਨਾ ਕੋਇ ਰੁਸ਼ਨਾਈਆ । ਪ੍ਰਭ ਆਪਣੇ ਹੱਥ ਵਿਚ ਦੀਨ ਦੁਨੀ ਦਾ ਰੱਖੇ ਮੌਕਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਜਿਹੜਾ ਸੰਦੇਸ਼ਾ ਦਿਤਾ ਸੀ ਗੋਬਿੰਦ ਵਿਚ ਪੌਂਟਾ, ਪਟਨੇ ਵਾਲਾ ਆਪਣੀ ਕਾਰ ਭੁਗਤਾਈਆ । ਜਿਸ ਨੇ ਨਾਮ ਦੀ ਚਲਾਈ ਇਕੋ ਨੌਕਾ, ਨਈਆ ਜਗਤ ਜਹਾਨ ਗਿਆ ਵਖਾਈਆ । ਉਸ ਦਾ ਲੇਖਾ ਪੂਰਾ ਕਰਨਾ ਪੁਰਖ ਅਕਾਲ ਨਾਲ ਸ਼ੌਂਕਾ, ਸ਼ੱਕ ਸ਼ਕੂਕ ਰਹਿਣ ਕੋਇ ਨਾ ਪਾਈਆ । ਨਾਲੇ ਨਾਰਦ ਨੇ ਆਹ ਕਰ ਕੇ ਭਰਿਆ ਹੌਕਾ, ਹਾਏ ਉਫ਼ ਕਰ ਸੁਣਾਈਆ । ਮੇਰੇ ਸਾਹਿਬ ਦਾ ਇਕੋ ਢੌਂਕਾ, ਢਈਏ ਵਾਲਾ ਪੰਧ ਚੁਕਾਈਆ । ਅੱਗੇ ਸਮਾਂ ਨਹੀਂ ਰਹਿਣਾ ਬਹੁਤਾ, ਸਦੀ ਚੌਧਵੀਂ ਨੇਤਰ ਰੋਵੇ ਮਾਰੇ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਮੈਂ ਆਇਆ ਥੱਕਾ ਟੁੱਟਾ, ਪਿਛਲਾ ਪੰਧ ਮੁਕਾਈਆ । ਮੇਰੇ ਰੂਪ ਨੂੰ ਸਤਿਗੁਰ ਧਾਰ ਸਮਝ ਕੇ ਬੰਨ੍ਹ ਲਓ ਦੋਵੇਂ ਗੁਟਾ, ਹੱਥਕੜੀ ਜਗਤ ਵਾਲੀ ਲਗਾਈਆ । ਮੇਰਾ ਰੂਪ ਅਗੰਮੀ ਅਸਮਾਨ ਤੋਂ ਪਰੇ ਟੁੱਟਾ, ਧਰਨੀ ਧਰਤ ਧਵਲ ਉਤੇ ਸੋਭਾ ਪਾਈਆ । ਮੇਰਾ ਵੈਰਾਗ ਮੇਰੇ ਅੰਦਰੋਂ ਫੁੱਟਾ, ਫੁਟਕਲ ਦਾ ਝਗੜਾ ਰਹੇ ਨਾ ਰਾਈਆ । ਖੇਲ ਕਰੇ ਅਬਿਨਾਸ਼ੀ ਅਚੁਤਾ, ਪਾਰਬ੍ਰਹਮ ਪ੍ਰਭ ਆਪਣੀ ਕਾਰ ਭੁਗਤਾਈਆ । ਮੈਂ ਜ਼ਰੂਰ ਦੱਸਾਂਗਾ ਸਤਿਜੁਗ ਵਿਚ ਇਕੋ ਸ਼ਬਦ ਤੇ ਇਕੋ ਤੁਕਾ, ਤੁਖ਼ਮਤਾਸੀਰ ਪ੍ਰਭ ਨੇ ਸਭ ਦਾ ਦੇਣਾ ਬਦਲਾਈਆ । ਕਿਸੇ ਦੇ ਮੁਖ ਨਹੀਂ ਲੱਗਣਾ ਨੜੀ ਹੁੱਕਾ, ਹੁਕਮ ਵਰਤੇ ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਮੇਰਾ ਇਕੇ ਨੂੰ ਸੀਸ ਝੁਕਾ, ਦੂਸਰ ਸਿਰ ਨਾ ਕਦੇ ਨਿਵਾਈਆ । ਮੈਂ ਉਸ ਦਰ ਤੇ ਪੁੱਜਾ, ਜਿਸ ਨੂੰ ਦੋ ਜਹਾਨ ਪੂਜ ਕੇ ਆਪਣਾ ਝਟ ਲੰਘਾਈਆ । ਮੈਂ ਭੇਵ ਖੁਲ੍ਹਾਉਣਾ ਗੁੱਝਾ, ਪਰਦਾ ਅੰਦਰੋਂ ਦੇਣਾ ਉਠਾਈਆ । ਇਕੋ ਆਦਿ ਇਕੋ ਅੰਤ ਤੇ ਇਕੋ ਸਾਹਿਬ ਦਾ ਮੁੱਦਾ, ਜੋ ਮੁੱਦਤ ਦੇ ਵਿਛੜਿਆਂ ਲਏ ਮਿਲਾਈਆ । ਉਹ

ਭਾਗ ਲਗਾਵੇ ਧਰਨੀ ਉਤੇ ਬਸੁਧਾ, ਸੁਧ ਸਭ ਦੀ ਦਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਮੈਂ ਤਕਾਂ ਇਕ ਸਾਹਿਬ ਦੀ ਹਸਤੀ, ਹਸਤ ਕੀਟਾਂ ਦਿਆਂ ਜਣਾਈਆ । ਮੇਰੇ ਨਾਲ ਗੰਗਾ ਗੋਦਾਵਰੀ ਜਮਨਾ ਸੁਰਸਤੀ, ਭੱਜੀਆਂ ਆਈਆਂ ਵਾਹੋ ਦਾਹੀਆ । ਬਿਨਾ ਕਦਮਾਂ ਤੋਂ ਵੜ ਗਈਆਂ ਓਸ ਪ੍ਰਭੂ ਦੀ ਬਸਤੀ, ਜਿਸ ਬਸਤੇ ਸਭ ਦੇ ਦੇਣੇ ਬੰਧਾਈਆ । ਨੂਰ ਜ਼ਹੂਰ ਤਕ ਕੇ ਚੜ੍ਹੀ ਮਸਤੀ, ਮਸਤ ਖ਼ੁਮਾਰੀ ਵਿਚ ਜਗਤ ਕਰਮ ਦੀ ਬੀਮਾਰੀ ਰਹੇ ਨਾ ਰਾਈਆ । ਨਾਲ ਮੈਂ ਵੀ ਕੀਤਾ ਦਰਸੀ, ਦਰਸ ਕਰਕੇ ਆਪਣੀ ਬੋਦੀ ਦਿਤੀ ਹਿਲਾਈਆ । ਖ਼ੁਸ਼ੀਆਂ ਨਾਲ ਰੱਖਾਂ ਅੱਗੇ ਇਕ ਅਰਜ਼ੀ, ਆਰਜ਼ੂ ਦੇਣੀ ਦ੍ਰਿੜਾਈਆ । ਮੇਰੇ ਮਾਲਕ ਖ਼ਾਲਕ ਪ੍ਰਿਤਪਾਲਕ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਤੇਰੀ ਕਿਹੜੀ ਮਰਜ਼ੀ, ਕਿਸ ਬਿਧ ਆਪਣਾ ਹੁਕਮ ਵਰਤਾਈਆ । ਮੈਂ ਖੇਲ ਤਕਣੀ ਨਰਾਇਣ ਨਰ ਦੀ, ਨਰ ਹਰਿ ਪੜਦਾ ਦੇਣਾ ਚੁਕਾਈਆ । ਮੈਂ ਕੋਈ ਅਵਤਾਰ ਪੈਗ਼ੰਬਰ ਗੁਰੂ ਲੋਕਮਾਤ ਨਹੀਂ ਮੰਨਣਾ ਫ਼ਰਜ਼ੀ, ਬਿਨਾ ਤੇਰੇ ਤੋਂ ਦੂਜਾ ਨਜ਼ਰ ਕੋਇ ਨਾ ਆਈਆ । ਸਚ ਦੱਸ ਕਿਸ ਬਿਧ ਗ਼ਰੀਬ ਨਿਮਾਣਿਆਂ ਬਣੇਂ ਦਰਦੀ, ਦੁਖੀਆਂ ਦੁੱਖ ਆਪਣੀ ਝੋਲੀ ਪਾਈਆ । ਕਿਉਂ ਸ਼ਰਅ ਛੁਰੀ ਬਣੀ ਕਰਦੀ, ਦੀਨ ਮਜ਼੍ਹਬ ਕਾਤਲ ਮਕਤੂਲ ਦੋਵੇਂ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਗੰਗਾ ਗੋਦਾਵਰੀ ਨੀ ਸੁਰਸਤੀ ਜਮਨਾ, ਜ਼ਾਮਨ ਇਕ ਲਓ ਬਣਾਈਆ । ਉਹ ਤਕੋ ਜਿਸ ਨੇ ਕਿਸੇ ਨੂੰ ਰਹਿਣ ਨਹੀਂ ਦੇਣਾ ਨਾਲ ਅਮਨਾ, ਜਿਸ ਦਾ ਲੇਖਾ ਐਮਨਾਬਾਦ ਵਿਚ ਨਾਨਕ ਗਿਆ ਲਿਖਾਈਆ । ਉਹ ਸਭ ਦੇ ਦੋ ਜਹਾਨਾਂ ਵਿਚ ਕਢੇ ਸੰਮਣਾ, ਸੰਮਤ ਸ਼ਹਿਨਸ਼ਾਹੀ ਅੱਠ ਪਹਿਲੀ ਚੇਤਰ ਦੇਵੇ ਗਵਾਹੀਆ । ਜਿਸ ਦਾ ਇਕੋ ਗੁਲਸ਼ਨ ਤੇ ਇਕੋ ਚਮਨਾ, ਦੋ ਜਹਾਨ ਵੇਖੇ ਥਾਉਂ ਥਾਈਂਆ । ਜਿਸ ਨੇ ਰੂਪ ਬਦਲਾਇਆ ਗੋਬਿੰਦ ਦੁਸ਼ਟ ਦਮਨਾ, ਦੋਹਰੀ ਆਪਣੀ ਕਲ ਵਰਤਾਈਆ । ਓਸ ਦਾ ਹੁਕਮ ਸੰਦੇਸ਼ ਫ਼ਰਮਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਨੇ ਮੰਨਣਾ, ਸਿਰ ਅੱਗੇ ਨਾ ਕੋਇ ਉਠਾਈਆ । ਜਿਸ ਜਗਤ ਜਹਾਨ ਦਾ ਬੇੜਾ ਬੰਨ੍ਹਣਾ, ਸ਼ਬਦ ਡੋਰੀ ਹੱਥ ਉਠਾਈਆ । ਸਦੀ ਚੌਧਵੀਂ ਮੇਟਣਾ ਪੰਧਨਾ, ਮੁਹੰਮਦ ਪਾਂਧੀ ਦਾ ਲੇਖਾ ਰਹੇ ਨਾ ਰਾਈਆ । ਜਿਸ ਨੂੰ ਵੇਖ ਕੇ ਈਸਾ ਮੂਸਾ ਕੰਬਣਾ, ਸਦੀ ਬੀਸਵੀਂ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਮੈਂ ਆਇਆ ਭੱਜਾ ਨੱਠਾ, ਪਿਛਲਾ ਪੰਧ ਮੁਕਾਈਆ । ਮੈਨੂੰ ਦੋ ਜਹਾਨ ਕਰਦੇ ਰਹੇ ਠੱਠਾ, ਹਾਸੀ ਕਰ ਕੇ ਤਾੜੀ ਲਾਈਆ । ਵੇਖੋ ਜਾਂਦਾ ਪ੍ਰਭੂ ਦਾ ਪੱਠਾ, ਭਗਤ ਆਪਣਾ ਰੂਪ ਬਦਲਾਈਆ । ਮੈਨੂੰ ਯਾਦ ਇਕੋ ਟੱਪਾ, ਤੂੰ ਮੇਰਾ ਮੈਂ ਤੇਰਾ ਇਕੋ ਢੋਲਾ ਗਾਈਆ । ਮੈਂ ਸੁਣ ਕੇ ਹੋ ਗਿਆ ਹੱਕਾ ਬੱਕਾ, ਹੈਰਾਨੀ ਵਿਚ ਆਪਣੀ ਕਰਵਟ ਲਈ ਬਦਲਾਈਆ । ਮੈਂ ਫਿਰ ਪੈਗ਼ੰਬਰਾਂ ਨੂੰ ਤਾੜੀ ਮਾਰ ਕੇ ਕਿਹਾ ਅਗਲੇ ਸਾਲ ਮੇਰਾ ਮਾਲਕ ਜ਼ਰੂਰ ਜਾਏਗਾ ਵਿਚ ਮੱਕਾ, ਮੁਹੰਮਦ ਦਾ ਮਕਬਰਾ ਵੇਖ ਵਖਾਈਆ । ਫੇਰ ਈਸਾ ਮੂਸਾ ਨੂੰ ਲੱਗੇ ਧੱਕਾ, ਅੱਗੇ ਹੋ ਨਾ ਕੋਇ ਅਟਕਾਈਆ । ਲਹਿਣਾ ਦੇਣਾ ਮਿਟਣਾ ਬੂਰਾ ਕੱਕਾ, ਕਾਲਖ ਟਿੱਕੇ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਮੇਰੀ ਬਹੁੜੀ ਬਹੁੜੀ, ਦਰੋਹੀ ਦਰੋਹੀ ਕਰ ਸੁਣਾਈਆ ।

ਇਕ ਹੁਕਮ ਸੰਦੇਸ਼ਾ ਜਾਣਾ ਸੱਖਰ ਰੋੜੀ, ਹੁਕਮ ਦੇਵੇ ਨੂਰ ਇਲਾਹੀਆ । ਜਿਸ ਦੇ ਹੱਥ ਚੌਦਾਂ ਤਬਕ ਦੀ ਡੋਰੀ, ਚੌਦਾਂ ਸਦੀਆਂ ਗੰਢ ਪਵਾਈਆ । ਉਸ ਦੀ ਖੇਲ ਵਰਤਣੀ ਥੋੜੀ ਥੋੜੀ, ਨਵ ਨਵ ਵੰਡ ਵੰਡਾਈਆ । ਜਗਤ ਜਹਾਨ ਕਰਨਾ ਜੋੜੀ ਜੋੜੀ, ਤੀਜਾ ਹਿੱਸਾ ਕੋਇ ਨਾ ਪਾਈਆ । ਬਾਜਾਂ ਵਾਲਾ ਆਵੇ ਵਾਗਾਂ ਮੋੜੀ, ਨੀਲੇ ਵਾਲਾ ਨੀਲੀ ਧਾਰ ਤੋਂ ਪਰੇ ਆਪਣੀ ਕਰੇ ਜੋਤ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੈਂ ਵੇਖਣਾ ਖੇਲ ਵਿਚ ਹਿੰਦ, ਹਿੰਦੀ ਅਰਬੀ ਫ਼ਾਰਸੀ ਸਮਝ ਕੋਇ ਨਾ ਪਾਈਆ । ਜਿਸ ਸਾਹਿਬ ਦੀ ਸਾਰੇ ਕਰਦੇ ਨਿੰਦ, ਨਿੰਦਿਆ ਵਿਚ ਜਗਤ ਲੋਕਾਈਆ । ਉਸ ਦਾ ਇਕੋ ਨੂਰ ਤੇ ਇਕੋ ਬਿੰਦ, ਜਿਸ ਨੂੰ ਬਿੰਦਰਾਬਨ ਵਾਲੇ ਕਾਹਨ ਬੈਠੇ ਸੀਸ ਝੁਕਾਈਆ । ਉਹ ਮੇਰਾ ਦਾਤਾ ਸੂਰਬੀਰ ਮਰਗਿੰਦ, ਬਿਨਾ ਮਿਰਗਸ਼ਾਲਾ ਤੋਂ ਬੈਠਾ ਆਸਣ ਲਾਈਆ । ਜਿਸ ਦਾ ਲੇਖਾ ਜੀਉ ਪਿੰਡ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਈਆ । ਜਿਸ ਦਾ ਹੁਕਮ ਸਾਗਰ ਸਿੰਧ, ਦੋ ਜਹਾਨ ਨਾ ਕੋਇ ਅਟਕਾਈਆ । ਉਹ ਦਾਤਾ ਗੰਭੀਰ ਗਹਿਰ ਗੁਣੀ ਗਹਿੰਦ, ਗਵਰ ਨੂਰ ਇਲਾਹੀਆ । ਜਿਸ ਨੇ ਸਭ ਦੀ ਮੇਟਣੀ ਚਿੰਦ, ਚਿੰਤਾ ਚਿਖਾ ਦਏ ਗਵਾਈਆ । ਪੂਜਾ ਰਹਿਣ ਨਹੀਂ ਦੇਣੀ ਕਿਸੇ ਲਿੰਗ, ਏਕਾ ਇਸ਼ਟ ਹੋਵੇ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਨਾਰਦ ਕਹੇ ਮੈਂ ਵੇਖਾਂ ਗੁੜ ਦੀ ਰੋੜੀ, ਜੋ ਰਾਮ ਰਾਮ ਭੇਟ ਚੜ੍ਹਾਈਆ । ਰਾਮ ਦੀ ਰਾਮ ਨਾਲ ਬਣੀ ਰਹੇ ਜੋੜੀ, ਵਿਛੋੜਾ ਨਜ਼ਰ ਕੋਇ ਨਾ ਆਈਆ । ਜੁਗਾਂ ਦੀ ਆਯੂ ਬੀਤੇ ਥੋੜੀ ਥੋੜੀ, ਕਲਜੁਗ ਦੀ ਚਾਰ ਲੱਖ ਬੱਤੀ ਹਜ਼ਾਰ ਪੂਰ ਨਾ ਕੋਇ ਕਰਾਈਆ । ਸਤਿਗੁਰ ਸ਼ਬਦ ਸ਼ਬਦ ਸਤਿਗੁਰ ਸਦਾ ਚੜ੍ਹੇ ਅਗੰਮੀ ਘੋੜੀ, ਜਿਸ ਦੀ ਜ਼ੀਨ ਪਾਖਰ ਵੇਖਣ ਕੋਇ ਨਾ ਆਈਆ । ਉਸ ਦੀ ਖੇਲ ਹੋਵੇ ਦੋਹਰੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਨਿਰਗੁਣ ਹੋ ਕੇ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਦਾਤ ਦੇਵੇ ਨਾਮ ਭੰਡਾਰੇ ਦੀ ਜਗਤ ਜਹਾਨ ਨਾਲੋਂ ਚੋਰੀ, ਰਾਤੀਂ ਸੁਤਿਆਂ ਦਿਨੇ ਜਾਗਦਿਆਂ ਉਨ੍ਹਾਂ ਦੇ ਕਾਇਆ ਮੰਦਰ ਅੰਦਰ ਦਏ ਟਿਕਾਈਆ । ਅੰਮ੍ਰਿਤ ਰਸ ਮਿੱਠਾ ਨਿਜਰ ਝਿਰਨਾ ਭੋਰਾ ਭੋਰਾ ਦੇਵੇ ਭੋਰੀ, ਭਰਮਾਂ ਦਾ ਡੇਰਾ ਦੇਵੇ ਢਾਹੀਆ । ਜਗਤ ਵਿਕਾਰਾਂ ਕਾਇਆ ਮੰਦਰ ਦੇਵੇ ਹੋੜੀ, ਹੋੜਾ ਸੱਸੇ ਉਤੇ ਲਗਾਈਆ । ਹੰ ਬ੍ਰਹਮ ਆਤਮ ਪਰਮਾਤਮ ਖੇਲ ਦੱਸੇ ਤੇਰੀ ਮੇਰੀ, ਮਿਹਰਵਾਨ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਨਾਰਦ ਕਹੇ ਓਏ ਚਵ੍ਹੀਏਂ ਮਾਘਾ, ਮਾਘਾ ਮਾਰ ਕੇ ਦੇ ਵਖਾਈਆ । ਕਿਉਂ ਤੇਰੇ ਹੋਏ ਵਡ ਭਾਗਾ, ਲੋਕਮਾਤ ਮਿਲੀ ਵਡਿਆਈਆ । ਮਾਘ ਕਹੇ ਮੈਂ ਨਿਗਹ ਮਾਰੀ ਉਤੇ ਢਾਬਾ, ਕੰਢੀ ਬੈਠਾ ਵੇਖ ਵਖਾਈਆ । ਜਿਥੇ ਹੁੰਦੀ ਸੀ ਕਾਹੀ ਤੇ ਦਾਭਾ, ਕਾਨੇ ਆਪਣਾ ਰੰਗ ਵਖਾਈਆ । ਮਿਲਦਾ ਇਕੋ ਪ੍ਰੇਮ ਦਾ ਆਬਾ, ਆਬੇਹਯਾਤ ਰੂਪ ਬਦਲਾਈਆ । ਜਿਥੇ ਗੋਬਿੰਦ ਨੇ ਗੁਰਸਿਖਾਂ ਦਾ ਕੀਤਾ ਹਿਸਾਬਾ, ਲਹਿਣਾ ਦੇਣਾ ਜਨਮ ਕਰਮ ਦਾ ਫੋਲ ਫੁਲਾਈਆ । ਫਿਰ ਇਸ਼ਾਰਾ ਕੀਤਾ ਵੱਲ ਕਾਅਬਾ, ਮੁਖੀ ਤੀਰ ਵਾਲੀ ਉਠਾਈਆ । ਫਿਰ ਪੁਰਖ ਅਕਾਲ ਨੂੰ ਕਰ ਕੇ ਅਦਾਬਾ, ਸੀਸ ਜਗਦੀਸ਼ ਦਿਤਾ ਝੁਕਾਈਆ । ਫਿਰ ਨੂਰ ਤੱਕਿਆ ਨਿਰਗੁਣ ਨੂਰ ਬਾਬਾ, ਜੋ ਸਰਗੁਣ ਦਸਾਂ ਜਾਮਿਆਂ ਵਿਚ ਸਮਾਈਆ । ਫਿਰ ਖ਼ੁਸ਼ੀ ਵਿਚ ਹੋਇਆ ਬਾਗੋ ਬਾਗਾ, ਬਗ਼ੀਚਾ ਤਕ ਖ਼ਲਕ ਖ਼ੁਦਾਈਆ । ਨਾਲੇ ਇਸ਼ਾਰਾ ਕੀਤਾ

ਮੇਰਾ ਪੁਰਖ ਅਕਾਲ ਦੀਨ ਦਿਆਲ ਜਦੋਂ ਆਵੇ ਤੇ ਆਵੇ ਵਿਚ ਮਾਝਾ, ਜਿਸ ਵਿਚ ਗੋਬਿੰਦ ਕਦਮ ਨਾ ਗਿਆ ਟਿਕਾਈਆ । ਨੌ ਵਾਰ ਕਾਹੀ ਉਤੇ ਗੋਬਿੰਦ ਗੋਬਿੰਦ ਲਿਖ ਕੇ ਆਖਾ, ਕਾਲਾ ਅੱਖਰ ਗਿਆ ਟਿਕਾਈਆ । ਜਿਸ ਵੇਲੇ ਅਵਤਾਰ ਪੈਗ਼ੰਬਰ ਗੁਰੂਆਂ ਦੀਆਂ ਵਧ ਗਈਆਂ ਸ਼ਾਖ਼ਾਂ, ਸ਼ਨਾਖ਼ਤ ਵਾਲਾ ਨਜ਼ਰ ਕੋਇ ਨਾ ਆਈਆ । ਉਸ ਵੇਲੇ ਬਿਨਾ ਪੁਰਖ ਅਕਾਲ ਤੋਂ ਹੋਵੇ ਕੋਇ ਨਾ ਰਾਖਾ, ਨੌਂ ਤਿੰਨਕੇ ਕਾਹੀ ਦੇ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨੌ ਤਿੰਨਕੇ ਕਹਿਣ ਗੋਬਿੰਦ ਦਾ ਨਾਉਂ ਚਲਣਾ ਨੌ ਖੰਡ, ਗੋਬਿੰਦ ਨਵਾਂ ਰੂਪ ਬਦਲਾਈਆ । ਪਿਛਲੀ ਪਿਛੇ ਗਈ ਹੰਢ, ਅੱਗੇ ਹੁਕਮ ਵਰਤੇ ਬੇਪਰਵਾਹੀਆ । ਜਿਸ ਨੇ ਲੇਖਾ ਪੂਰਾ ਕਰਨਾ ਤਾਰਾ ਚੰਦ, ਚੰਦ ਸਿਤਾਰ ਬੈਠਣ ਸੀਸ ਨਿਵਾਈਆ । ਚੌਦਾਂ ਤਬਕਾਂ ਮੁਹੰਮਦ ਦੀ ਪੂਰੀ ਹੋਵੇ ਮੰਗ, ਸਦੀ ਚੌਧਵੀਂ ਸੀਸ ਝੁਕਾਈਆ । ਇਹ ਖੇਲ ਸੂਰਾ ਸਰਬੰਗ, ਹਰਿ ਕਰਤਾ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਹੋ ਆਈਆ । ਨਾਰਦ ਕਹੇ ਮੈਂ ਰਾਵੀ ਦਾ ਤਕਾਂ ਕਿਨਾਰਾ, ਦੂਰ ਦੁਰਾਡਾ ਧਿਆਨ ਲਗਾਈਆ । ਮੇਰੇ ਨਾਲ ਚਾਰ ਨੂਰ ਦੀਆਂ ਮੁਟਿਆਰਾਂ, ਗੰਗਾ ਗੋਦਾਵਰੀ ਜਮਨਾ ਸੁਰਸਤੀ ਸੋਭਾ ਪਾਈਆ । ਜਿਨ੍ਹਾਂ ਦੀਆਂ ਅੰਤਰ ਨਿਰੰਤਰ ਖਿੱਚੀਆਂ ਤਾਰਾਂ, ਸਿਤਾਰ ਇਕ ਰਿਹਾ ਹਿਲਾਈਆ । ਵਹਿਣਾਂ ਦੀਆਂ ਤਕਾਂ ਧਾਰਾਂ, ਜਲ ਧਾਰ ਰੂਪ ਦਰਸਾਈਆ । ਜਿਨ੍ਹਾਂ ਦੀਆਂ ਜੁਗ ਜੁਗ ਲੱਗੀਆਂ ਰਹੀਆਂ ਬਹਾਰਾਂ, ਖ਼ੁਸ਼ੀਆਂ ਰੰਗ ਰੰਗਾਈਆ । ਉਨ੍ਹਾਂ ਦੇ ਲਬਾਸ ਨਾ ਜਗਤ ਸਾੜੀਆਂ ਤੇ ਸਲਵਾਰਾਂ, ਬਸਤਰ ਭੂਸ਼ਨ ਸਮਝ ਕੋਇ ਨਾ ਪਾਈਆ । ਇਕੋ ਪੁਰਖ ਅਕਾਲ ਅੱਗੇ ਕਰਨ ਪੁਕਾਰਾਂ, ਪੁਨਹ ਪੁਨਹ ਸੀਸ ਨਿਵਾਈਆ । ਦਰੋਹੀ ਸਦੀ ਚੌਧਵੀਂ ਵਕਤ ਚੁਕਾ ਦੇ ਚਾਰ ਯਾਰਾਂ, ਨਾਤਾ ਜਗਤ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਦਇਆ ਕਮਾਈਆ । ਨਾਰਦ ਕਹੇ ਮੇਰਾ ਸਾਹਿਬ ਪੁਰਖ ਸਮਰਥ, ਹਰਿ ਵੱਡਾ ਵਡ ਵਡਿਆਈਆ । ਜਿਸ ਦੀ ਕਥਾ ਸਾਰੇ ਗਏ ਕਥ, ਕਥਨੀ ਰਸਨਾ ਜਿਹਵਾ ਰੂਪ ਬਣਾਈਆ । ਜਗਤ ਜਹਾਨ ਚਲਦਾ ਰਿਹਾ ਰਥ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਜਿਸ ਨੇ ਲਹਿਣਾ ਪੂਰਾ ਕੀਤਾ ਰਾਮ ਬੇਟਾ ਦਸਰਥ, ਬਨ ਜੰਗਲਾਂ ਵਿਚ ਭਵਾਈਆ । ਰਾਵਣ ਲਾਹ ਕੇ ਸੱਥਰ ਸਥ, ਪੈਂਡਾ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਮਾਰਗ ਇਕ ਦਰਸਾਈਆ । ਨਾਰਦ ਕਹੇ ਮੈਂ ਕੀ ਕਰਾਂ ਬਿਆਨ, ਕਹਿਣ ਕਿਛ ਨਾ ਪਾਈਆ । ਜਿਸ ਨੇ ਕ੍ਰਿਸ਼ਨ ਨੂੰ ਮਾਰਿਆ ਬਾਣ, ਬੱਧਕ ਰੂਪ ਬਦਲਾਈਆ । ਉਸ ਦਾ ਲੇਖਾ ਵਿਚ ਜਹਾਨ, ਕਲਜੁਗ ਨਾਤਾ ਨਾਲ ਜੁੜਾਈਆ । ਜਨਮ ਦਿਤਾ ਸ੍ਰੀ ਭਗਵਾਨ, ਮਾਨਸ ਦੇਹੀ ਮਿਲੀ ਵਡਿਆਈਆ । ਕਲਜੁਗ ਦਾ ਲੇਖਾ ਅੰਤ ਪੂਰਾ ਹੋਵੇ ਵਿਚ ਜਹਾਨ, ਜਹਾਲਤ ਕੂੜ ਰਹੇ ਨਾ ਰਾਈਆ । ਉਹ ਛੁਰਾ ਗਰਦਨ ਉਤੇ ਧਰੇ ਆਣ, ਖ਼ੁਸ਼ੀਆਂ ਨਾਲ ਟਿਕਾਈਆ । ਸ਼ਰਅ ਵਿਚ ਜ਼ਿਬ੍ਹਾ ਹੋ ਜਾਣੇ ਇਨਸਾਨ, ਇਨਸਾਨੀਅਤ ਆਪਣਾ ਪੰਧ ਮੁਕਾਈਆ । ਕਲਮਾ ਕਰੇ ਨਾ ਕੋਇ ਕਲਿਆਣ, ਕਾਇਨਾਤ ਰੋਵੇ ਮਾਰੇ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਆਪ ਚੁਕਾਈਆ । ਛੁਰਾ ਕਹੇ ਮੇਰਾ ਰੂਪ ਤਿੱਖਾ, ਤਿੱਖੀ ਧਾਰ ਜਣਾਈਆ । ਜਿਸ ਦਾ ਲੇਖ ਪਰਵਰਦਿਗਾਰ ਨੇ ਲਿਖਾ, ਅੱਗੇ ਹੋ ਨਾ ਕੋਇ ਅਟਕਾਈਆ । ਜਿਹੜਾ

ਧਰਮ ਦੀ ਧਾਰ ਵਿਚ ਪੂਰਾ ਦਿਸੇ ਨਾ ਸਿੱਖਾ, ਸਿੱਖ ਸਤਿਗੁਰ ਵਿਚ ਨਾ ਕੋਇ ਸਮਾਈਆ । ਉਸ ਦਾ ਸਦੀ ਚੌਧਵੀਂ ਅੰਤਮ ਨਿਕਲੇ ਸਿੱਟਾ, ਸਿੱਟੇਬਾਜੀ ਵੇਖੇ ਖ਼ਲਕ ਖ਼ੁਦਾਈਆ । ਕੀਮਤ ਪੈਣੀ ਨਹੀਂ ਪੱਥਰ ਇੱਟਾਂ, ਮੜ੍ਹੀ ਗੋਰ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਖਿਲਾਈਆ । ਛੁਰਾ ਕਹੇ ਮੈਂ ਸ਼ਰਅ ਸ਼ਰੀਅਤ ਕਰਨੀ ਜ਼ਿਬਹ, ਬੇਜ਼ਬਾਨ ਹੋ ਕੇ ਦਿਆਂ ਸੁਣਾਈਆ । ਫ਼ਰਮਾਨ ਦੇਵੇ ਮੇਰਾ ਅੱਬਾ, ਜੋ ਮਾਲਕ ਨੂਰ ਖ਼ੁਦਾਈਆ । ਇਹ ਸਦੀ ਚੌਧਵੀਂ ਦਾ ਅੰਤਮ ਸੱਦਾ, ਸੰਦੇਸ਼ੇ ਵਿਚ ਸੁਣਾਈਆ । ਕਹਿਰ ਵਰਤਣਾ ਨੌਂ ਖੰਡ ਪ੍ਰਿਥਮੀ ਜਗ੍ਹਾ ਜਗ੍ਹਾ, ਖ਼ਾਲੀ ਨਜ਼ਰ ਕੋਇ ਨਾ ਆਈਆ । ਉਮਤ ਦਾ ਰਹਿਣਾ ਨਹੀਂ ਅੱਗਾ, ਅਗਲੀ ਗੰਢ ਨਾ ਕੋਇ ਪਵਾਈਆ । ਜਿਨ੍ਹਾ ਨੇ ਖਾਧਾ ਕੱਟਾ ਵੱਛਾ ਢੱਗਾ, ਢੋਰਾਂ ਖੱਲ ਲੁਹਾਈਆ । ਅੰਤਮ ਸਭ ਨੇ ਚੱਖਣਾ ਮਜ਼ਾ, ਜੋ ਮਜ਼ਾਕ ਪ੍ਰਭ ਦਾ ਰਹੇ ਉਡਾਈਆ । ਛੁਰਾ ਕਹੇ ਮੈਂ ਸਚ ਦੱਸਾਂ ਸਭ ਦੇ ਸਿਰ ਤੇ ਕੂਕਦੀ ਕਜ਼ਾ, ਮੁੱਲਾ ਸ਼ੇਖ਼ ਮੁਸਾਇਕ ਪੰਡਤ ਪਾਂਧਾ ਗ੍ਰੰਥੀ ਪੰਥੀ ਬਚਿਆ ਰਹਿਣ ਕੋਇ ਪਾਈਆ । ਜਿਸ ਕਾਰਨ ਮੁਹੰਮਦ ਨੇ ਕਟਾਈਆਂ ਲਬਾਂ, ਗੁਰ ਗੋਬਿੰਦ ਮੁੱਛ ਦਾੜ੍ਹੀ ਕੇਸ ਗਿਆ ਵਧਾਈਆ । ਇਹ ਸਾਰੀਆਂ ਧੁਰ ਦੇ ਮਾਲਕ ਨੂੰ ਇਕੋ ਰੂਪ ਬਣਾਉਣੀ ਹੱਦਾ, ਜਗਤ ਹਦੂਦ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪਣੇ ਹੱਥ ਰਖਾਈਆ । ਛੁਰਾ ਕਹੇ ਮੈਂ ਸ਼ਰਅ ਦਾ ਕਰਨਾ ਟੁਕੜਾ, ਟੁਕੜੇ ਟੁਕੜੇ ਹੋਏ ਲੋਕਾਈਆ । ਹੁਕਮ ਮੰਨਣਾ ਸੱਚੇ ਸਤਿਗੁਰ ਦਾ, ਜੋ ਸਾਹਿਬ ਸਤਿਗੁਰ ਇਕ ਸੁਣਾਈਆ । ਭਾਣਾ ਮੰਨਣਾ ਅਗੰਮਾ ਧੁਰ ਦਾ, ਜੋ ਧੁਰ ਦਾ ਮਾਲਕ ਰਿਹਾ ਸੁਣਾਈਆ । ਇਹ ਲੇਖਾ ਅਨੰਦਪੁਰ ਦਾ, ਪੁਰੀ ਅਨੰਦ ਦਾ ਵਾਸੀ ਗੋਬਿੰਦ ਅੰਤ ਸਰਸੇ ਕੰਢੇ ਖੇਲ ਖਿਲਾਈਆ । ਜਿਸ ਵੇਲੇ ਕਲਜੁਗ ਅੰਤਮ ਬੇੜਾ ਹੋਇਆ ਰੁੜ੍ਹਦਾ, ਕੂੜੀ ਕਿਰਿਆ ਵਹਿਣ ਵਹਾਈਆ । ਉਸ ਵੇਲੇ ਜਗਤ ਵਿਚ ਨਾਮ ਭੰਡਾਰਾ ਹੋਣਾ ਥੁੜ ਦਾ, ਖ਼ਾਲੀ ਝੋਲੀ ਨਾ ਕੋਇ ਭਰਾਈਆ । ਕਲਜੁਗ ਰੂਪ ਧਰਨਾ ਕਲਜੁਗ ਰੈਣ ਅੰਧੇਰ ਘੋਰ ਦਾ, ਸਾਚਾ ਚੰਦ ਨਾ ਕੋਇ ਚਮਕਾਈਆ । ਤੇਜ ਵਧਣਾ ਠੱਗ ਚੋਰ ਯਾਰ ਦਾ, ਭਗਤ ਸੰਤ ਬੈਠਣ ਮੁਖ ਛੁਪਾਈਆ । ਉਸ ਵੇਲੇ ਨਿਰਗੁਣ ਨੂਰ ਪ੍ਰਗਟ ਹੋਵੇ ਰੂਪ ਨਿਰੰਕਾਰ ਦਾ, ਜੋਤੀ ਜੋਤ ਜੋਤ ਰੁਸ਼ਨਾਈਆ । ਜਿਹੜਾ ਜੁਗ ਜੁਗ ਸਤਿਜੁਗ ਤ੍ਰੇਤਾ ਦੁਆਪਰ ਪਾਰ ਰਿਹਾ ਉਤਾਰ ਦਾ, ਕਲਜੁਗ ਅੰਤਮ ਲੇਖਾ ਦਏ ਚੁਕਾਈਆ । ਖੇਲ ਵਰਤਣਾ ਨਿਹਕਲੰਕ ਕਲਕੀ ਅਵਤਾਰ ਦਾ, ਅਮਾਮ ਅਮਾਮਾ ਆਪਣਾ ਹੁਕਮ ਸੁਣਾਈਆ । ਜਨ ਭਗਤਾਂ ਵਿਹਾਰ ਕਰਨਾ ਇਕ ਦਸਤਾਰ ਦਾ, ਸੀਸ ਜਗਦੀਸ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੂਪ ਅਨੂਪ ਬੇਪਰਵਾਹ ਪਰਵਰਦਿਗਾਰ ਦਾ, ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਨੂਰ ਕਰੇ ਰੁਸ਼ਨਾਈਆ ।

✪ ੨੫ ਮਾਘ ਸ਼ਹਿਨਸ਼ਾਹੀ ਸੰਮਤ ੭ ਚਤਰ ਸਿੰਘ, ਗਿਆਨ ਸਿੰਘ, ਅਤਰ ਸਿੰਘ, ਲੱਖਾ ਸਿੰਘ, ਹਰਦੀਪ ਸਿੰਘ, ਤਰਲੋਕ ਸਿੰਘ ਓਗਰਾ, ਚਰਨ ਸਿੰਘ, ਪ੍ਰੀਤਮ ਕੌਰ ਅੰਤੋਰ, ਬਚਨ ਸਿੰਘ, ਚਰਨ ਸਿੰਘ ਸੰਤੋਖ ਸਿੰਘ ਸੋਹਣ ਸਿੰਘ ਗਿਆਨੋ ਸਿਮਲ ਸਕੋਰ, ਉਜਾਗਰ ਸਿੰਘ ਚੇਬੇ, ਗੁਰਬਖ਼ਸ਼ ਸਿੰਘ, ਰਤਨ ਕੌਰ, ਨੁਸ਼ਹਿਰਾ ਬਿਸ਼ਨ ਸਿੰਘ ਓਗਰਾ, ਦੀਪੋ ਉਚਾ ਪਿੰਡ, ਅਵਤਾਰ ਸਿੰਘ ਸਿਮਲ ਸਕੋਰ, ਲਾਲ ਸਿੰਘ, ਮਹਿੰਦਰ ਸਿੰਘ ਧੀਰਾ ਦਈਆ, ਲਾਲਚੰਦ ਭੀਮਪੁਰ, ਪ੍ਰਕਾਸ਼ ਕੌਰ ਪੁੰਨੀ ਸਾਲੋਵਾਲ, ਸੰਸਾਰ ਸਿੰਘ ਹਮਰਾਜ ਪੁਰ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ✪

ਪੰਝੀ ਮਾਘ ਕਹੇ ਮੇਰਾ ਖੇਲ ਵਿਚ ਸੰਸਾਰੇ, ਸੰਸਾਰੀ ਭੰਡਾਰੀ ਸੰਘਾਰੀ ਸਾਰੇ ਪ੍ਰਭ ਨੂੰ ਸੀਸ ਨਿਵਾਈਆ । ਹੁਣ ਸੰਦੇਸ਼ਾ ਧੁਰ ਦਾ ਸੁਣਿਆ ਨਾਰਦ ਮੁਨ ਅਪਾਰੇ, ਅਪਰੰਪਰ ਸਵਾਮੀ ਅੰਤਰਜਾਮੀ ਦਿਤਾ ਦ੍ਰਿੜਾਈਆ । ਨਾਰਦ ਕਹੇ ਮੈਂ ਝਟ ਹੋਇਆ ਹੁਸ਼ਿਆਰੇ, ਹੋਸ਼ ਪ੍ਰਭ ਨੇ ਦਿਤੀ ਕਰਾਈਆ । ਝਟ ਪਹੁੰਚਿਆ ਸਚਖੰਡ ਦਵਾਰੇ, ਪ੍ਰਭ ਚਰਨ ਕਵਲ ਸੀਸ ਨਿਵਾਈਆ । ਨੂਰ ਤੱਕਿਆ ਤੇਈ ਅਵਤਾਰੇ, ਅਵਤਰ ਬੈਠੇ ਡਗਮਗਾਈਆ । ਈਸਾ ਮੂਸਾ ਮੁਹੰਮਦ ਨੂਰ ਤੱਕਿਆ ਉਜਿਆਰੇ, ਜ਼ਹੂਰ ਇਕੋ ਇਕ ਵਖਾਈਆ । ਨਾਨਕ ਨਿਰਗੁਣ ਨੂਰ ਜੋਤ ਤਕੀ ਅਗੰਮ ਅਪਾਰੇ, ਅਲਖ ਅਗੋਚਰ ਦਿਤੀ ਵਡਿਆਈਆ । ਮੈਂ ਖ਼ੁਸ਼ੀਆਂ ਵਿਚ ਬੁਲਾਏ ਜੈਕਾਰੇ, ਢੋਲਾ ਸੋਹਲਾ ਇਕੋ ਦਿਤਾ ਵਡਿਆਈਆ । ਮਿਹਰਵਾਨੋ ਮਰਦ ਮਰਦਾਨੋ ਨੌਜਵਾਨੋ ਜੀਵ
੧੭੨੩ ਜੰਤ ਤੁਹਾਡੇ ਸਹਾਰੇ, ਨਵ ਸੱਤ ਬੈਠੇ ਧਿਆਨ ਲਗਾਈਆ । ਉਠੋ ਤਕੋ ਕੀ ਕਲਜੁਗ ਕਰੇ ਕਾਰੇ, ਕਰਨੀ ਆਪਣੀ ਕਾਰ ਭੁਗਤਾਈਆ । ਚਾਰੋਂ ੧੭੨੩
ਕੁੰਟ ਹੋਏ ਵਿਭਚਾਰੇ, ਸ਼ਬਦ ਨਾਦ ਧੁੰਨ ਨਾ ਕੋਇ ਸ਼ਨਵਾਈਆ । ਮਨੂਆ ਮਨ ਹੋਇਆ ਹੰਕਾਰੇ, ਕੂੜ ਕਿਰਿਆ ਕਰੇ ਲੜਾਈਆ । ਜੀਵ ਜੰਤ ਹੋਏ ਦੁਖਿਆਰੇ, ਸਾਧ ਸੰਤ ਰੋਵਣ ਮਾਰਨ ਧਾਹੀਆ । ਜੋ ਨਾਮ ਕਲਮੇ ਦੇ ਵੰਡੇ ਭੰਡਾਰੇ, ਅੱਖਰਾਂ ਵਾਲੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਮੈਂ ਅਵਤਾਰ ਪੈਗ਼ੰਬਰ ਗੁਰੂਆਂ ਕੀਤਾ ਹਾਸਾ, ਹੱਸ ਹੱਸ ਕੇ ਸੀਸ ਨਿਵਾਈਆ । ਆਓ ਤਕੋ ਵੇਖੋ ਜਗਤ ਤਮਾਸ਼ਾ, ਕੀ ਕਲਜੁਗ ਕਲ ਵਰਤਾਈਆ । ਸਾਚੇ ਮੰਡਲ ਪਾਵੇ ਕੋਈ ਨਾ ਰਾਸਾ, ਸੁਰਤੀ ਸ਼ਬਦੀ ਗੋਪੀ ਕਾਹਨ ਰੰਗ ਨਾ ਕੋਇ ਰੰਗਾਈਆ । ਚੇਲਾ ਗੁਰੂ ਉਤੇ ਕਰੇ ਨਾ ਕੋਇ ਭਰਵਾਸਾ, ਮੁਰੀਦ ਮੁਰਸ਼ਦ ਮਿਲਣ ਕੋਇ ਨਾ ਪਾਈਆ । ਸਭ ਦਾ ਖ਼ਾਲੀ ਦਿਸੇ ਕਾਇਆ ਕਾਸਾ, ਹੱਕ ਭੰਡਾਰਾ ਨਾ ਕੋਇ ਭਰਾਈਆ । ਫਿਰੀ ਦਰੋਹੀ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਰਹੇ ਕੁਰਲਾਈਆ । ਦਰਗਹ ਸਾਚੀ ਸਚਖੰਡ ਦਾ ਖੋਲ੍ਹੋ ਤਾਕਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਨੌਂ ਖੰਡ ਪ੍ਰਿਥਮੀ ਕਿਸੇ ਦਾ ਦਿਸੇ ਕੋਇ ਨਾ ਰਾਖਾ, ਸੀਸ ਹੱਥ ਨਾ ਕੋਇ ਟਿਕਾਈਆ । ਝਗੜਾ ਪਿਆ ਜ਼ਾਤਾ ਪਾਤਾ, ਦੀਨ ਮਜ੍ਹਬ ਕਰੇ ਲੜਾਈਆ । ਸਤਿ ਸਚ ਦਾ ਟੁੱਟਿਆ ਨਾਤਾ, ਕੂੜ ਕਿਰਿਆ ਵੱਜੇ ਵਧਾਈਆ । ਜਿਹੜੀ ਧਰਨੀ ਧਰਤ ਧਵਲ ਮਾਤਲੋਕ ਦੱਸ ਕੇ ਆਏ ਗਾਥਾ, ਸਿਫ਼ਤਾਂ ਵਾਲੀ ਸਿਫ਼ਤ ਸਾਲਾਹੀਆ । ਉਸ ਦਾ ਲੇਖਾ ਲਹਿਣਾ ਮੰਗੇ ਪੁਰਖ ਸਮਰਾਥਾ, ਪੁਰਖ ਅਕਾਲਾ ਧੁਰਦਰਗਾਹੀਆ । ਕਿਉਂ ਤੁਹਾਡੇ ਹੁੰਦਿਆਂ ਕਲਜੁਗ ਹੋਈ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚਮਕਾਈਆ । ਨਿਰਗੁਣ ਨੂਰ ਨਾ ਕੋਇ ਪ੍ਰਕਾਸ਼ਾ, ਸ਼ਬਦੀ ਧੁਨ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਮੈਂ ਅਵਤਾਰ ਪੈਗ਼ੰਬਰ ਗੁਰੂਆਂ ਸੀਸ ਝੁਕਾ ਕੇ ਦਿਤਾ ਇਸ਼ਾਰਾ, ਨਮੋ ਨਮੋ ਕਹਿ ਕੇ ਖ਼ੁਸ਼ੀ ਬਣਾਈਆ । ਵੇਖੋ ਖੇਲ ਪਰਵਰਦਿਗਾਰਾ, ਨਰ ਨਿਰੰਕਾਰਾ ਕੀ ਆਪਣੀ ਕਾਰ ਭੁਗਤਾਈਆ । ਜਿਸ ਦਾ ਖੇਲ ਵੇਖਦੇ ਰਹੇ ਜੁਗ ਚਾਰਾ, ਚੌਕੜੀ ਬਿਨ ਨੈਣਾਂ ਨੈਣ ਉਠਾਈਆ । ਸੋ ਰੂਪ ਅਨੂਪ ਤਕੋ ਅਗੰਮ ਅਪਾਰਾ, ਅਲਖ ਅਗੋਚਰ ਵੇਖ ਵਖਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਸਦੀ ਚੌਧਵੀਂ ਵਿਚ ਸੰਸਾਰਾ, ਬੀਸ ਬੀਸਾ ਨਾਲ ਮਿਲਾਈਆ । ਆਸਾ ਮਨਸਾ ਵੇਖੇ ਵੇਖਣਹਾਰਾ, ਅਗੰਮ ਅਥਾਹ ਪਰਦਾ ਆਪ ਉਠਾਈਆ । ਜਿਸ ਦੀ ਯਾਦ ਵਿਚ ਤਤੀ ਲੋਹ ਅਰਜਨ ਸਤਿਗੁਰ ਰਸ ਮਾਣਿਆ ਰਾਵੀ ਕਿਨਾਰਾ, ਰਵ ਸਸ ਸੀਸ ਨਿਵਾਈਆ । ਉਹ ਨੂਰ ਨੁਰਾਨਾ ਹੋ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਵੇਖੇ ਵਿਗਸੇ ਪਾਵੇ ਸਾਰਾ, ਪਤਿਪਰਮੇਸ਼ਵਰ ਬੇਪਰਵਾਹੀਆ । ਸਭ ਦਾ ਕਰਜ਼ ਲਾਹੇ ਉਧਾਰਾ, ਮਕਰੂਜ਼ ਲੇਖਾ ਦਏ ਚੁਕਾਈਆ । ਜਿਸ ਦਾ ਪੇਸ਼ੀਨਗੋਈਆਂ ਵਿਚ ਦੇਂਦੇ ਆਏ ਇਸ਼ਾਰਾ, ਭਵਿਖਤਾਂ ਵਿਚ ਦ੍ਰਿੜਾਈਆ । ਕਲ ਕਲਕੀ ਲਏ ਅਵਤਾਰਾ, ਅਮਾਮ ਅਮਾਮਾ ਖੇਲ ਖਿਲਾਈਆ । ਜਿਸ ਮੁਹੰਮਦ ਦਾ ਲਾਹੁਣਾ ਭਾਰਾ, ਉਮਤ ਉਮਤੀ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਗੁਰ ਅਵਤਾਰ ਪੈਗ਼ੰਬਰ ਲੋਕਮਾਤ ਵੇਖੋ ਜਲਦੀ, ਬਿਨ ਨੈਣਾਂ ਨੈਣ ਉਠਾਈਆ । ਕੀ ਖੇਲ ਕਲਜੁਗ ਕਲ ਦੀ, ਕਲਕਾਤੀ ਕੀ ਕਾਰ ਭੁਗਤਾਈਆ ।
੧੭੨੪ ਧਾਰ ਤਕੋ ਜਗਤ ਵਿਕਾਰੇ ਦਲ ਦੀ, ਚਾਰ ਕੁੰਟ ਭੱਜੋ ਵਾਹੋ ਦਾਹੀਆ । ਖੇਲ ਵੇਖੋ ਕਪਟ ਕੂੜ ਛਲ ਦੀ, ਸਤਿ ਸਚ ਨਜ਼ਰ ਕੋਇ ਨਾ ਆਈਆ । ੧੭੨੪
ਕੀਮਤ ਪਾਓ ਨਾਨਕ ਵਾਲੀ ਇਕ ਗੱਲ ਦੀ, "ਨਾਨਕ ਲੇਖੇ ਇਕ ਗੱਲ" ਜੋ ਨਾਨਕ ਆਇਆ ਸੁਣਾਈਆ । ਆਸਾ ਤਕੋ ਰਾਜੇ ਬਲ ਦੀ, ਕੀ
੨੨ ਬਾਵਨ ਦਿਤਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ੨੨
ਨਾਰਦ ਕਹੇ ਤੇਈ ਅਵਤਾਰ ਮਾਰੋ ਉਠ ਕੇ ਝਾਤੀ, ਬਿਨ ਨੈਣਾ ਨੈਣ ਉਠਾਈਆ । ਪੈਗ਼ੰਬਰ ਖੋਲ੍ਹ ਕੇ ਵੇਖੋ ਤਾਕੀ, ਪਰਦਾ ਅਵਰ ਰਹੇ ਨਾ ਰਾਈਆ । ਗੁਰੂ ਗੁਰਦੇਵ ਸਤਿਗੁਰੂ ਵੇਖੋ ਜਗਤ ਤਮਾਸ਼ੀ, ਚਾਰੋਂ ਕੁੰਟ ਧਿਆਨ ਲਗਾਈਆ । ਮਾਨਵ ਦਿਸੇ ਨਾ ਕੋਇ ਸ਼ਬਦ ਸਵਾਸੀ, ਪ੍ਰਿਥਮੀ ਆਕਾਸ਼ੀ ਪੰਧ ਨਾ ਕੋਇ ਮੁਕਾਈਆ । ਸਾਚੀ ਮੰਜ਼ਲ ਚੜ੍ਹੇ ਕੋਇ ਨਾ ਘਾਟੀ, ਪੈਂਡਾ ਪੰਧ ਨਾ ਕੋਇ ਮੁਕਾਈਆ । ਕਲਜੁਗ ਖੇਲ ਬਾਜ਼ੀਗਰ ਨਾਟੀ, ਸਵਾਂਗੀ ਆਪਣਾ ਸਵਾਂਗ ਰਚਾਈਆ । ਜੋਤ ਜਗੇ ਨਾ ਕਿਸੇ ਲਲਾਟੀ, ਨੂਰ ਨੂਰ ਨਾ ਕੋਇ ਰੁਸ਼ਨਾਈਆ । ਅੰਮ੍ਰਿਤ ਰਸ ਮਿਲੇ ਨਾ ਕਾਇਆ ਮਾਟੀ, ਨਿਜਰ ਝਿਰਨਾ ਨਾ ਕੋਇ ਝਿਰਾਈਆ । ਨਾਰਦ ਕਹੇ ਸਚ ਪੁਛੋ ਕਲਜੁਗ ਅੰਤਮ ਸਭ ਦੀ ਨੇੜੇ ਆਈ ਵਾਟੀ, ਪਿਛਲਾ ਪੰਧ ਨਾ ਕੋਇ ਮੁਕਾਈਆ । ਅਵਤਾਰ ਪੈਗ਼ੰਬਰ ਗੁਰੂ ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਲੇਖਾ ਮੰਗੇ ਬਾਕੀ, ਬਚਿਆ ਰਹਿਣ ਕੋਇ ਨਾ ਪਾਈਆ । ਪਹਿਲੀ ਚੇਤਰ ਸਭ ਨੇ ਲਿਖ ਕੇ ਦੇਣਾ ਸ਼ਬਦੀ ਧਾਰ ਕਿੰਨੇ ਸਿਖ ਮੁਰੀਦ ਸਚਖੰਡ ਦੇ ਸਾਡੇ ਸਾਥੀ, ਬਾਕੀ ਰਾਏ ਧਰਮ ਦੇ ਹੱਥ ਫੜਾਈਆ । ਸੰਮਤ ਸ਼ਹਿਨਸ਼ਾਹੀ ਅੱਠ, ਸ਼ਬਦ ਗੁਰੂ ਨੇ ਸ਼ਬਦ ਅਸਵ ਉਤੇ ਮਾਰਨੀ ਪਲਾਕੀ, ਪਲਾਂ ਵਿਚ ਬ੍ਰਹਿਮੰਡ ਖੰਡ ਆਪਣੇ ਚਰਨਾਂ ਹੇਠ ਦਬਾਈਆ । ਝਟ ਮੁਹੰਮਦ ਕੂਕ ਕੇ ਕਿਹਾ ਮੇਰਾ ਨਾ ਕੋਈ ਲੇਖਾ ਨਾ ਕੋਇ ਹਿਸਾਬੀ, ਗਣਤੀ ਗਣਤ ਨਾ ਕੋਇ ਗਿਣਾਈਆ । ਮੇਰਾ ਇਕੋ ਹੁਜਰਾ ਤੇ ਇਕੋ ਮਹਿਰਾਬੀ, ਮਹਿਬੂਬ ਇਕੋ ਸੀਸ

ਨਿਵਾਈਆ । ਇਕੋ ਕਲਮਾ ਤੇ ਇਕੋ ਅਹਲਾਦੀ, ਅਸਲ ਵਸਲ ਇਕੋ ਇਕ ਸਮਝਾਈਆ । ਇਕੋ ਹੁਕਮ ਤੇ ਇਕੋ ਨਮਾਜ਼ੀ, ਸੱਜਦਾ ਇਕੋ ਇਕ ਰਖਾਈਆ । ਮੈਂ ਸਚ ਦੱਸਾਂ ਮੇਰੇ ਪਰਵਰਦਿਗਾਰ ਨੇ ਮੇਰਾ ਲੇਖਾ ਮੁਕਾਉਣਾ ਸ਼ਤਾਬੀ, ਸ਼ਰਅ ਦਾ ਡੇਰਾ ਦੇਣਾ ਢਾਹੀਆ । ਮੇਰੀ ਉਮਤ ਦਾ ਨਾਤਾ ਤੁਟਣਾ ਪੰਜ ਆਬੀ, ਪੰਚਮ ਪੰਚਮ ਰੰਗ ਰੰਗਾਈਆ । ਖੇਲ ਵੇਖਣਾ ਨਰ ਮਾਦੀ, ਮਦੀਨਾ ਮੱਕਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰਦਾ ਹਰਿ, ਹਰਿ ਕਰਤਾ ਕਾਰ ਕਮਾਈਆ । ਮੁਹੰਮਦ ਕਹੇ ਮੋਜ਼ਾਨਾ ਇਲਲ ਜ਼ੁਅ ਜਾਖੇ ਵਿਜ਼ੀ, ਨਾਜਿਸਤੇ ਉਜ਼ੀਅ ਪੇਸ਼ਾਨੇ ਨਬੀ, ਨੂਰੇ ਨਵੇ ਪਰਵਰਦਿਗਾਰੇ ਜ਼ਾਹਿਕ ਜ਼ਾਹਰ ਜ਼ਹੂਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਪਰਦਾ ਆਪ ਚੁਕਾਈਆ । ਨਾਰਦ ਕਹੇ ਮੈਂ ਸਭ ਨੂੰ ਜੋੜਾਂ ਹੱਥ, ਬਿਨ ਹੱਥਾਂ ਹੱਥ ਵਖਾਈਆ । ਵੇਖੇ ਖੇਲ ਪੁਰਖ ਸਮਰਥ, ਜੋ ਕਰਤਾ ਧੁਰਦਰਗਾਹੀਆ । ਜਿਸ ਤੁਹਾਡਾ ਚਲਾਇਆ ਕਾਇਆ ਰਥ, ਜੋਤ ਸ਼ਬਦ ਨਾਲ ਵਡਿਆਈਆ । ਭੰਡਾਰਾ ਦਿਤਾ ਸਤਿ, ਸਚ ਨਾਮ ਅਗੰਮ ਵਰਤਾਈਆ । ਜਿਸ ਦੀ ਸਿਫ਼ਤ ਦੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਆਏ ਰਚ, ਰਚਨਾ ਜਗਤ ਵਿਚ ਰਚਾਈਆ । ਅੰਤ ਆਪਣਾ ਭੰਨ ਕੇ ਕਾਇਆ ਮਾਟੀ ਕੱਚ, ਤਨ ਮਾਟੀ ਖ਼ਾਕ ਮਿਲਾਈਆ । ਹੱਡ ਮਾਸ ਨਾੜੀ ਰਹੀ ਕਿਸੇ ਨਾ ਰਤ, ਵਜੂਦ ਨਜ਼ਰ ਕੋਇ ਨਾ ਪਾਈਆ । ਮੇਲ ਮਿਲੇ ਕਮਲਾਪਤਿ, ਪਤਿਪਰਮੇਸ਼ਵਰ ਵਿਚ ਸਮਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਏ ਦੱਸ, ਸ਼ਬਦ ਸੰਦੇਸ਼ਾ ਇਕ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵਾਨ ਆਵੇ ਵਤ, ਬੇਵਤਨ ਵਤਨ ਦੋਵੇਂ ਵੇਖ ਵਖਾਈਆ । ਜਨ ਭਗਤਾਂ ਰੱਖੇ ਪਤ, ਪਤਿਪਰਮੇਸ਼ਵਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੁਹੰਮਦ ਕਹੇ ਮੇਰੀ ਇਕੋ ਇਕ ਆਸ਼ਾ ਅਖ਼ੀਰ, ਬਿਨ ਅੱਖਰਾਂ ਦਿਆਂ ਦ੍ਰਿੜਾਈਆ । ਜਿਸ ਮੇਰਾ ਮਹੱਲ ਕੀਤਾ ਤਾਮੀਰ, ਜ਼ਮੀਰ ਦਿਤੀ ਬਦਲਾਈਆ । ਦਰਸ਼ਨ ਦੇ ਬੇਨਜ਼ੀਰ, ਨੂਰ ਜ਼ਹੂਰ ਦਿਤਾ ਚਮਕਾਈਆ । ਬਦਲ ਕੇ ਤਕਦੀਰ, ਤਦਬੀਰ ਆਪਣੀ ਇਕ ਸਮਝਾਈਆ । ਸ਼ਰਅ ਦੀ ਸ਼ਰਅ ਨਾਲ ਵਖਾ ਕੇ ਲਕੀਰ, ਲੈਨ ਐਨ ਦਿਤੀ ਸਮਝਾਈਆ । ਨਾਮ ਕਲਮੇ ਦਾ ਪਾ ਕੇ ਜ਼ੰਜੀਰ, ਬੰਧਨ ਧੁਰ ਦਾ ਦਿਤਾ ਬੰਧਾਈਆ । ਨਿਰਗੁਣ ਨੂਰ ਲਾ ਦੱਸ ਤਸਵੀਰ, ਤਸੱਵਰ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਮੁਹੰਮਦ ਜ਼ਰਾ ਵੇਖ ਆਪਣੀ ਪੁਸ਼ਤ, ਕਰਵਟ ਲੈ ਬਦਲਾਈਆ । ਮਾਲਕ ਦਾ ਹੁਕਮ ਸੁਣ ਦਰੁਸਤ, ਜੋ ਦੋ ਜਹਾਨਾਂ ਰਿਹਾ ਦ੍ਰਿੜਾਈਆ । ਚਾਰ ਯਾਰੀ ਕਰ ਚੁਸਤ, ਉਮਤ ਉਮਤੀ ਨਾਲ ਮਿਲਾਈਆ । ਤੇਰਾ ਲਹਿਣਾ ਦੇਣਾ ਮੁਕਣਾ ਅੰਤ ਮੁਫ਼ਤ, ਮੁਫ਼ਤੀ ਸਾਰੇ ਰੋਵਣ ਮਾਰਨ ਧਾਹੀਆ । ਪ੍ਰਕਾਸ਼ ਰਹਿਣਾ ਨਹੀਂ ਕੋਈ ਅੰਗੁਸ਼ਤ, ਨੂਰ ਨਜ਼ਰ ਕੋਇ ਨਾ ਆਈਆ । ਮੱਕਾ ਕਾਅਬਾ ਹੋਵੇ ਖ਼ੁਸ਼ਕ, ਖੁਸ਼ਹਾਲੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਮੁਹੰਮਦ ਕਹੇ ਮੈਂ ਵੇਖਿਆ ਬਿਨਾ ਅੱਖਰਾਂ, ਅਲਿਫ਼ ਯੇ ਦੀ ਲੋੜ ਰਹੀ ਨਾ ਰਾਈਆ । ਮੇਰੇ ਅੰਤਰ ਉਹ ਸਤਰਾਂ, ਜਿਸ ਨੂੰ ਕਲਮ ਸ਼ਾਹੀ ਕਾਗ਼ਜ਼ ਨਾ ਜਾਣੇ ਰਾਈਆ । ਉਹ ਲੇਖ ਅਗੰਮਾ ਅਗੰਮੀ ਪੱਤਰਾ, ਬਿਨਾ ਮਾਲਕ ਤੋਂ ਵਾਚਣ ਵਾਲਾ ਨਜ਼ਰ ਕੋਇ ਨਾ ਆਈਆ । ਮੇਰੀ ਧਾਰ ਵਿਚ ਜਗਤ

ਧਾਰ ਦਾ ਖ਼ਤਰਾ, ਖ਼ਤਰਨਾਕ ਦਿਆਂ ਸਮਝਾਈਆ । ਸਦੀ ਚੌਧਵੀਂ ਮੇਰੇ ਕਲਮੇ ਦਾ ਹੱਕ ਰਹਿਣਾ ਨਹੀਂ ਕੋਈ ਕਦਰਾ, ਕੰਨੀ ਸਭ ਨੇ ਜਾਣੀ ਕਤਰਾਈਆ । ਜ਼ਿਬਹ ਜੋ ਹੁੰਦਾ ਰਿਹਾ ਭੇਡੂ ਬੱਕਰਾ, ਸ਼ਰਅ ਛੁਰੀ ਨਾਲ ਟਕਰਾਈਆ । ਇਹ ਸਭ ਦਾ ਲੇਖਾ ਪੂਰਾ ਹੋਣਾ ਧਰਨੀ ਧਰਤ ਧਵਲ ਲੱਭਣਾ ਸੱਥਰਾ, ਯਾਰੜੇ ਵਾਲਾ ਸੱਥਰ ਦਏ ਗਵਾਹੀਆ । ਮੇਰੇ ਪਰਵਰਦਿਗਾਰ ਹੁਕਮ ਕਿਸੇ ਨਾ ਕਥਣਾ, ਕਥਨੀ ਕਥ ਨਾ ਕੋਇ ਸੁਣਾਈਆ । ਸਦੀ ਚੌਧਵੀਂ ਮੇਰਾ ਅੰਤ ਅਖ਼ੀਰ ਬੁਰਜ ਢੱਠਣਾ, ਚਾਰ ਯਾਰੀ ਸੰਗ ਨਾ ਕੋਇ ਨਿਭਾਈਆ । ਇਜ਼ਰਾਈਲ ਜ਼ਬਰਾਈਲ ਇਸਰਾਫ਼ੀਲ ਮੇਕਾਈਲ ਚਾਰੋਂ ਉਠ ਉਠ ਭੱਜਣਾ, ਬਰੀ ਤਰੀ ਪੰਧ ਮੁਕਾਈਆ । ਮੇਰੇ ਮਾਲਕ ਖ਼ਾਲਕ ਦਾ ਇਕੋ ਡੋਰੂ ਵੱਜਣਾ, ਡੰਕਾ ਨਾਮ ਕਰੇ ਸ਼ਨਵਾਈਆ । ਮੱਕਾ ਮਦੀਨਾ ਪੈਣਾ ਤਜਣਾ, ਆਫ਼ਤਾਬ ਨਜ਼ਰ ਕੋਇ ਨਾ ਆਈਆ । ਮਹਿਬੂਬ ਦਾ ਇਕੋ ਵਾਰ ਹੋਵੇ ਹੱਜਣਾ, ਹਾਜਤ ਅਵਰ ਰਹੇ ਨਾ ਰਾਈਆ । ਜਿਸ ਦਾ ਨੂਰੀ ਦੀਪਕ ਜਗਣਾ, ਦੋ ਜਹਾਨਾਂ ਕਰੇ ਰੁਸ਼ਨਾਈਆ । ਉਸ ਨੇ ਝਗੜਾ ਮੇਟਣਾ ਆਅਲਾ ਅਦਨਾ, ਅਦਨ ਵਾਲੇ ਰੋਵਣ ਮਾਰਨ ਧਾਹੀਆ । ਮੂਸਾ ਈਸਾ ਨਾਲ ਦਗਣਾ, ਅਗਨੀ ਤਤ ਤਤ ਤਪਾਈਆ । ਹੁਕਮ ਅੰਧੇਰ ਇਕੋ ਵਗਣਾ, ਜੜ੍ਹ ਸਭ ਦੀ ਦਏ ਉਖੜਾਈਆ । ਸਦੀ ਚੌਧਵੀਂ ਦਾ ਵੇਲਾ ਅੰਤਮ ਮੁਸ਼ਕਲ ਲੰਘਣਾ, ਲਹਿੰਗੇ ਸਭ ਦੇ ਦਏ ਬਦਲਾਈਆ । ਨਿਸ਼ਾਨ ਮਿਟਣਾ ਤਾਰਾ ਚੰਦਨਾ, ਚੰਦ ਸਿਤਾਰ ਨੀਰ ਵਹਾਈਆ । ਅੱਗੇ ਪਰਵਰਦਿਗਾਰ ਦੀ ਇਕੋ ਹੋਣੀ ਬੰਦਨਾ, ਸੱਯਦੇ ਸਭ ਦੇ ਲੇਖੇ ਪਾਈਆ । ਸ਼ਰਅ ਦਾ ਰਹੇ ਕੋਇ ਨਾ ਬੰਧਨਾ, ਜ਼ੰਜੀਰ ਬੇਨਜ਼ੀਰ ਦਏ ਕਟਾਈਆ । ਜਿਸ ਦਾ ਖੇਲ ਤਕਣਾ ਉਤੇ ਰਾਵੀ ਕੰਢਣਾ, ਕੰਢੀ ਬੈਠੇ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਮੈਂ ਹੁਕਮ ਦੱਸਾਂ ਚੰਗੇ, ਚੰਗੀ ਤਰਹ ਜਣਾਈਆ । ਜਿਸ ਵੇਲੇ ਗੋਬਿੰਦ ਨੇ ਮਾਣ ਦਿਤਾ ਸੀ ਮਾਧੋ ਬੈਰਾਗੀ ਬੰਦੇ, ਬੰਦਗੀ ਧੁਰ ਦੀ ਇਕ ਸਮਝਾਈਆ । ਆਤਮ ਬਖ਼ਸ਼ ਕੇ ਪਰਮਾਨੰਦੇ, ਅਨੰਦ ਅਨੰਦ ਵਿਚੋਂ ਵਖਾਈਆ । ਸ਼ਸਤਰ ਧਾਰ ਬਖ਼ਸ਼ ਕੇ ਖੰਡੇ, ਖੰਡਾ ਖੜਗ ਦਿਤਾ ਚਮਕਾਈਆ । ਚਾੜ੍ਹ ਕੇ ਆਪਣੇ ਡੰਡੇ, ਡੰਡਾਵਤ ਪਿਛਲੀ ਦਿਤੀ ਬਦਲਾਈਆ । ਫੇਰ ਹੱਸ ਕੇ ਕਿਹਾ ਇਸ਼ਾਰਾ ਦਿਤਾ ਓਹ ਤਕ ਜਿਸ ਵੇਲੇ ਮੇਰੇ ਪਿਛੋਂ ਢਾਈ ਸੌ ਸਾਲ ਲੰਘੇ, ਸਾਲ ਬਸਾਲਾ ਪੰਧ ਮੁਕਾਈਆ । ਮੈਂ ਮੇਲ ਮਿਲਾਉਣਾ ਜੋ ਸਰਸਾ ਧਾਰ ਲੰਘੇ, ਸਿਰ ਸਿਰ ਆਪਣੇ ਲੇਖੇ ਪਾਈਆ । ਓਸ ਵੇਲੇ ਦੀਨ ਦੁਨੀ ਦੇ ਭਾਗ ਹੋਣੇ ਮੰਦੇ, ਮੰਦ ਭਾਗ ਦਿਸੇ ਲੋਕਾਈਆ । ਕਿਸੇ ਸਮਝ ਨਹੀਂ ਆਉਣੀ ਜ਼ੇਰਜ ਅੰਡੇ, ਉਤਭੁਜ ਸੇਤਜ ਪਰਦਾ ਨਾ ਕੋਇ ਚੁਕਾਈਆ । ਯਾਦ ਰੱਖੀਂ ਧੁਰ ਦੇ ਸ਼ਬਦ ਦਾ ਖੇਲ ਹੋਣਾ ਰਾਵੀ ਕੰਢੇ, ਅਰਜਨ ਦੀ ਧਾਰ ਨਾਲ ਮਿਲਾਈਆ । ਸਤਿਗੁਰ ਸ਼ਬਦ ਦੀ ਨਿਸ਼ਾਨੀ ਪੰਜਾਂ ਗੁਰਮਖਾਂ ਦੇ ਸੀਸ ਹੋਣੇ ਨੰਗੇ, ਨੰਗੀ ਹੋਵੇ ਜਗਤ ਲੋਕਾਈਆ । ਅੱਗੇ ਕਲਜੁਗ ਦੇ ਪੈਂਡੇ ਰਹਿਣ ਨਹੀਂ ਦੇਣੇ ਲੰਬੇ, ਪਾਂਧੀ ਪੰਧ ਨਾ ਕੋਇ ਭਵਾਈਆ । ਪੁਰਖ ਅਕਾਲ ਦੀ ਧਾਰੋਂ ਸਤਿਗੁਰ ਸ਼ਬਦ ਇਕੋ ਜੰਮੇ, ਦੂਜੀ ਜੰਮਣ ਵਾਲੀ ਕੋਇ ਨਾ ਮਾਈਆ । ਜਿਸ ਲੇਖੇ ਪੂਰੇ ਕਰਨੇ ਚੌਦਾਂ ਸੌ ਤੀਹ ਅੰਕ ਦੇ ਪੰਨੇ, ਪਨਿਸ਼ਮੈਂਟ ਦੇਵੇ ਸਰਬ ਲੋਕਾਈਆ । ਤੋੜਨੇ ਸ਼ਰਅ ਦੇ ਹੱਦ ਬੰਨੇ, ਸਭ ਦਾ ਲੇਖਾ ਦੇਣਾ ਚੁਕਾਈਆ । ਗੋਬਿੰਦ ਦਾ ਲਹਿਣਾ ਪੂਰਾ ਹੋਵੇ ਜੋ ਮਾਣ ਦਵਾਇਆ ਇਕੋ ਕੰਨੇ, ਕੰਨਾ ਗੋਬਿੰਦ ਦਿਤਾ ਪਰਗਟਾਈਆ । ਫੇਰ ਨਿਸ਼ਾਨ ਮੇਟਣਾ ਤਾਰਾ ਚੰਨੇ, ਚੰਦ ਚਾਂਦਨਾ ਇਕੋ ਡਗਮਗਾਈਆ । ਇਹ ਖੇਲ ਸ੍ਰੀ ਭਗਵੰਨੇ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ

੧੭੨੬ ੨੨

ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਨੂਰ ਇਲਾਹੀਆ । ਧੁਰ ਨੂਰ ਕਹੇ ਇਕੋ ਇਕ ਅਲਾਹ, ਆਲਮੀਨ ਇਕੋ ਅਖਵਾਇੰਦਾ । ਇਕੋ ਇਕ ਸਤਿਗੁਰ ਸ਼ਬਦ ਮਲਾਹ, ਜੋ ਜੁਗ ਜੁਗ ਬੇੜਾ ਮਾਤ ਚਲਾਇੰਦਾ । ਇਕੋ ਇਕ ਮਾਲਕ ਹੱਕ ਖ਼ੁਦਾ, ਖ਼ੁਦ ਮਾਲਕ ਇਕੋ ਨਜ਼ਰੀ ਆਇੰਦਾ । ਜਿਸ ਸਤਿਜੁਗ ਤ੍ਰੇਤਾ ਦੁਆਪਰ ਕੀਤਾ ਜੁਦਾ, ਕਲਜੁਗ ਅੰਤਮ ਪੰਧ ਮੁਕਾਇੰਦਾ । ਸਦੀ ਚੌਧਵੀਂ ਸਭ ਨੂੰ ਅੰਤਮ ਕਰੇ ਵਿਦਾ, ਦਰਗਹ ਸਾਚੀ ਸਚ ਘਰ ਬਹਾਇੰਦਾ । ਆਪਣੇ ਹੱਥ ਰੱਖੇ ਬਿਧਾ, ਵਿਧੀ ਅਵਰ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਇੰਦਾ । ਨਾਰਦ ਕਹੇ ਨੀ ਸਦੀ ਚੌਧਵੀਂ ਜਗਤ ਚੌਧਰਾਣੀ, ਆਪਣੀ ਅੱਖ ਉਠਾਈਆ । ਓਹ ਤਕ ਖੇਲ ਨੂਰ ਨੁਰਾਨੀ, ਨਰ ਹਰਿ ਕੀ ਆਪਣਾ ਹੁਕਮ ਵਰਤਾਈਆ । ਵੇਖੀਂ ਅਗਲੇ ਸਾਲ ਮੁਹੰਮਦ ਦੀ ਉਮਤ ਵਿਚ ਆਵੇ ਪ੍ਰੇਸ਼ਾਨੀ, ਪ੍ਰੇਸ਼ਾਨੀ ਵਿਚ ਸਾਰੇ ਦੇਣੇ ਕਰਾਈਆ । ਅਵਤਾਰ ਪੈਗ਼ੰਬਰ ਗੁਰੂਆਂ ਨੇ ਤਕਣਾ ਖੇਲ ਮਹਾਨੀ, ਮਹਾਂਯੁਧ ਦਾ ਲੇਖਾ ਦੇਣਾ ਬਣਾਈਆ । ਜਿਹੜਾ ਖੰਡਾ ਆਦਿ ਸ਼ਕਤ ਤੇ ਰੱਖਿਆ ਆਦਿ ਭਵਾਨੀ, ਦੁਰਗਾ ਭਵਾਨੀ ਸਿੰਘ ਸ਼ੇਰ ਸਵਾਰੀ ਆਪਣਾ ਸੀਸ ਨਿਵਾਈਆ । ਜਗਤ ਭੁੱਲ ਜਾਵੇ ਰਾਮ ਰਾਵਣ ਦੀ ਕਹਾਣੀ, ਕੌਰਵਾਂ ਪਾਂਡਵਾਂ ਕੀ ਨਿਸ਼ਾਨੀ, ਕਲਜੁਗ ਦਾ ਤੀਰ ਤੇ ਗੋਬਿੰਦ ਦੀ ਤਿੱਖੀ ਕਾਨੀ, ਅਣਿਆਲਾ ਇਕੋ ਇਕ ਵਖਾਈਆ । ਸਭ ਦੀ ਜੂਹ ਹੋ ਜਾਣੀ ਬੇਗਾਨੀ, ਮਾਲਕ ਖ਼ਾਲਕ ਆਪਣਾ ਹੁਕਮ ਵਰਤਾਈਆ । ਕਿਉਂ ਕਲਜੁਗ ਕਹੇ ਮੇਰੇ ਮਾਲਕ ਜ਼ਰੂਰ ਕਰੀਂ ਮਿਹਰਵਾਨੀ, ਮਿਹਰਵਾਨ ਦਇਆ ਕਮਾਈਆ । ਮੈਂ ਚਾਹੁੰਦਾ ਤੇਰੇ ਨਾਮ ਕਲਮੇ ਦੀ ਪੜ੍ਹੇ ਕੋਇ ਨਾ ਬਾਣੀ, ਤੇਰੇ ਦਰ ਤੇ ਸੀਸ ਨਾ ਕੋਇ ਝੁਕਾਈਆ । ਸਭ ਦੇ ਘਰ ਨਾਚ ਨੱਚੇ ਮਾਇਆ ਰਾਣੀ, ਘੁੰਗਟ ਆਪਣਾ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਪ੍ਰਭੂ ਚਲਾਕ ਬੜਾ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਕਲਜੁਗ ਅੰਤ ਸ੍ਰਿਸ਼ਟੀ ਨੂੰ ਬਣਾ ਦੇਵੇ ਦੋ ਧੜਾ, ਧੜੀ ਸੇਰ ਆਪਣੇ ਹੱਥ ਵੰਡਾਈਆ । ਸਮੁੰਦ ਸਾਗਰ ਹੋਵੇ ਗੜ੍ਹਾ, ਡੂੰਘੀ ਖਾਈ ਦਏ ਵਖਾਈਆ । ਹੁਕਮ ਦੇਵੇ ਜਿਹੜਾ ਨਾ ਕਿਸੇ ਲਿਖਿਆ ਤੇ ਨਾ ਕਿਸੇ ਪੜ੍ਹਾ, ਚਾਰ ਜੁਗ ਦੇ ਸ਼ਾਸਤਰ ਸਮਝ ਕੋਇ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਨੇ ਵਲ ਛਲ ਵਿਚ ਸਭ ਨਾਲ ਕਰ ਜਾਣਾ ਕੜਾ, ਕੜਾ ਗੋਬਿੰਦ ਵਾਲਾ ਦਏ ਗਵਾਹੀਆ । ਮੁਹੰਮਦ ਦਾ ਲੇਖੇ ਲੱਗਣਾ ਮਕਬਰੇ ਵਾਲਾ ਪਾਣੀ ਦਾ ਉਹ ਘੜਾ, ਜਿਸ ਨੂੰ ਨਾਨਕ ਕੁੰਭ ਕਹਿ ਕੇ ਗਿਆ ਸੁਣਾਈਆ । ਕਲਜੁਗ ਕੂੜੀ ਕਿਰਿਆ ਵਹਿਣ ਵਹਿਣਾ ਹੜ੍ਹਾ, ਅੱਗੇ ਹੋ ਨਾ ਕੋਇ ਅਟਕਾਈਆ । ਪੁਰਖ ਅਕਾਲ ਦੀਨ ਦਿਆਲ ਪ੍ਰਕਾਸ਼ ਨੂਰ ਜੋਤ ਕਰੇ ਨਰਾਇਣ ਨਰਾ, ਨਰ ਹਰਿ ਆਪਣੀ ਕਲ ਵਖਾਈਆ, ਜਿਸ ਦੀ ਭੇਵ ਨਾ ਪਾਏ ਮਧਮ ਬੈਖਰੀ ਪਸੰਤੀ ਪਰਾ, ਬਾਣੀ ਚਾਰੇ ਸਿਫ਼ਤ ਸਾਲਾਹੀਆ । ਉਸ ਨੇ ਖੇਲ ਖਿਲਾਉਣਾ ਜਗਤ ਸ਼ਰਅ ਨਾਲ ਸ਼ਰਅ, ਸ਼ਰੀਅਤ ਸਭ ਦੀ ਵੇਖ ਵਖਾਈਆ । ਉਸ ਦਾ ਫ਼ਰਮਾਨ ਦੋ ਜਹਾਨ ਹੁਕਮ ਵਾਲਾ ਇਕੋ ਜ਼ਰਾ, ਜ਼ੱਰੇ ਜ਼ੱਰੇ ਵਿਚ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਨਾਰਦਾ ਕੀ ਦੱਸਿਆ, ਪੰਡਤ ਪਾਂਧੇ ਦੇ ਜਣਾਈਆ । ਨਾਰਦ ਖਿੜ ਖਿੜਾ ਕੇ ਹੱਸਿਆ, ਆਪਣੀ ਬੋਦੀ ਰਿਹਾ ਹਿਲਾਈਆ । ਮੈਂ ਨੌ ਖੰਡ ਪ੍ਰਿਥਮੀ ਨੱਸਿਆ, ਭੱਜਿਆ ਵਾਹੋ ਦਾਹੀਆ ।

ਜਿਧਰ ਵੇਖਾਂ ਓਧਰ ਅੰਧੇਰੀ ਮੱਸਿਆ, ਨੂਰੀ ਚੰਦ ਨਾ ਕੋਇ ਚਮਕਾਈਆ । ਮੈਂ ਰਸਨਾ ਜਿਹਵਾ ਬੱਤੀ ਦੰਦਾਂ ਨਾਲ ਗ੍ਰੰਥਾਂ ਸ਼ਾਸਤਰਾਂ ਦਾ ਸੁਣਿਆ ਜੱਸਿਆ, ਹਿਰਦੇ ਹਰਿ ਨਾ ਕੋਇ ਵਸਾਈਆ । ਤੁਹਾਡਾ ਨਾਮ ਕਲਮਾ ਵਿਕਦਾ ਵਿਚ ਟਕਿਆ, ਤੁਹਾਡੇ ਸਿੱਖ ਮੁਰੀਦ ਟਕਿਆਂ ਵਾਲੀ ਕੀਮਤ ਪਾਈਆ । ਫੇਰ ਦੱਸਾਂ ਤੁਹਾਡੇ ਨਾਮ ਕਲਮਿਆਂ ਪਾਇਆ ਰੱਟਿਆ, ਰੱਟਾ ਦੀਨ ਦੁਨੀ ਵਖਾਈਆ । ਸਚ ਪੁਛੋ ਅਵਤਾਰ ਪੈਗ਼ੰਬਰ ਗੁਰੂ ਸਾਹਿਬਾਨੋ ਗੁਰ ਗੋਬਿੰਦ ਦਾ ਢਈਆ ਟੱਪਿਆ, ਟੱਪਾ ਟੱਪਾ ਸਭ ਨੇ ਦੇਣਾ ਸੁਣਾਈਆ । ਮੁਹੰਮਦਾ ਤੇਰੀ ਉਮਤ ਦਾ ਬੂਟਾ ਪੱਕਿਆ, ਫਲ ਅੰਤਮ ਵਾਰ ਤੇਰੀ ਝੋਲੀ ਦੇਣਾ ਰਖਾਈਆ । ਨਾਤਾ ਟੁੱਟ ਜਾਣਾ ਚਾਰ ਯਾਰੀ ਸਕਿਆ, ਸਗਲਾ ਸੰਗ ਨਾ ਕੋਇ ਰਖਾਈਆ । ਸਦੀ ਚੌਧਵੀਂ ਤੇਰਾ ਅੰਤ ਅੰਗੀਠਾ ਤਪਿਆ, ਅਗਨੀ ਤਤ ਨਾ ਕੋਇ ਬੁਝਾਈਆ । ਪਤਾ ਨਹੀਂ ਪਰਵਰਦਿਗਾਰ ਸਾਂਝਾ ਯਾਰ ਕਿਉਂ ਸ਼ਬਦੀ ਧਾਰ ਸਖ਼ਤ ਕਰਨ ਲੱਗਾ ਹੱਦਿਆ, ਹਾਲਤ ਸਮਝ ਕਿਸੇ ਨਾ ਆਈਆ । ਸੱਚਾ ਨੂਰ ਜ਼ਹੂਰ ਨਹੀਂ ਅਗੰਮਾ ਤੱਕਿਆ, ਜਿਸ ਦੀ ਦੋ ਜਹਾਨ ਰੁਸ਼ਨਾਈਆ । ਓਸ ਨੇ ਝਗੜਾ ਮੇਟਣਾ ਮਦੀਨਾ ਮੱਕਿਆ, ਕਾਅਬਿਆਂ ਪਏ ਦੁਹਾਈਆ । ਓਹ ਵੇਖੇ ਮੂਸਾ ਈਸਾ ਦਾ ਸੀਨਾ ਫਟਿਆ, ਪੱਟੀ ਪ੍ਰੇਮ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਪੰਝੀ ਮਾਘ ਕਹੇ ਮੇਰਾ ਦਿਵਸ ਸੁਹੰਜਣਾ, ਪ੍ਰਭ ਦੇਵੇ ਮਾਣ ਵਡਿਆਈਆ । ਪ੍ਰਕਾਸ਼ ਤਕਾਂ ਆਦਿ ਨਿਰੰਜਣਾ, ਨਰ ਨਰਾਇਣ ਨੂਰ ਇਲਾਹੀਆ । ਜੋ ਗ਼ਰੀਬ ਨਿਮਾਣਿਆਂ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਉਸ ਦੇ ਚਰਨ ਧੂੜੀ ਨਹਾਵਾਂ ਮਜਨਾ, ਮਸਤਕ ਟਿੱਕੇ ਖ਼ਾਕ ਰਮਾਈਆ । ਜਿਸ ਦਾ ਚਰਨੋਦਕ ਅੰਮ੍ਰਿਤ ਰਸ ਲੈ ਬਿਨ ਪੀਤਿਆਂ ਰੱਜਣਾ, ਰਜੋ ਤਮੋ ਸਤੋ ਤਿੰਨਾਂ ਗੁਣਾਂ ਦਾ ਡੇਰਾ ਢਾਹੀਆ । ਜਿਸ ਦਾ ਛੱਬੀ ਮਾਘ ਨੂੰ ਦੀਪਕ ਜਗਣਾ, ਜੋਤੀ ਜੋਤ ਜੋਤ ਰੁਸ਼ਨਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਨਾਲ ਨਿਸ਼ੰਗ ਸਾਰੀਆਂ ਉਠ ਕੇ ਭੱਜਣਾ, ਰਾਵੀ ਨੂੰ ਇਸ਼ਾਰਾ ਕਰ ਕੇ ਲੈਣਾ ਬੁਲਾਈਆ । ਆਹ ਤਕ ਵੇਖ ਖੇਲ ਗੋਪਾਲ ਮੂਰਤ ਮਦਨਾ, ਕਵਲ ਨੈਣ ਕੀ ਆਪਣੀ ਕਾਰ ਭੁਗਤਾਈਆ । ਜਿਉਂ ਸਤਿਗੁਰ ਅਰਜਨ ਦਾ ਬਣਿਆ ਸੱਜਣਾ, ਪੁਰਖ ਅਕਾਲਾ ਦੀਨ ਦਿਆਲਾ ਤਤੀ ਤਵੀ ਸੋਭਾ ਪਾਈਆ । ਉਸ ਨੇ ਜ਼ਰੂਰ ਕੱਲ ਨੂੰ ਸਦੀ ਚੌਧਵੀਂ ਦਾ ਲੇਖਾ ਦੱਸਣਾ, ਕਿਸ ਬਿਧ ਮੁਹੰਮਦ ਦੀ ਹੋਵੇ ਅੰਤ ਸਫ਼ਾਈਆ । ਇਹ ਖੇਲ ਸੂਰੇ ਸਰਬੰਗਣਾ, ਕਰਨਹਾਰ ਕਰਤਾ ਜਿਸ ਦੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਖੋਜਿਆਂ ਕਿਸੇ ਨਾ ਲੱਭਣਾ, ਦੋ ਨੈਣਾਂ ਨਜ਼ਰ ਕਿਸੇ ਨਾ ਆਈਆ ।



੧੭੨੮ ੨੨

✪ ੨੯ ਮਾਘ ਸ਼ਹਿਨਸ਼ਾਹੀ ਸੰਮਤ ੭ ਦਲੀਪ ਸਿੰਘ, ਪਿਆਰੀ, ਦਲੀਪ ਸਿੰਘ, ਦੀਦਾਰ ਸਿੰਘ, ਸੰਤਾ ਸਿੰਘ, ਮੇਲਾ ਸਿੰਘ ਹਜ਼ਾਰਾ ਸਿੰਘ, ਮਣਸ਼ਾ ਸਿੰਘ, ਆਸਾ ਸਿੰਘ, ਬਲਾਕਾ ਸਿੰਘ, ਪਿਆਰਾ ਸਿੰਘ, ਰਵੇਲ ਕੌਰ, ਕਰਤਾਰ ਕੌਰ, ਮੱਖਣ ਸਿੰਘ, ਭਾਗ ਸਿੰਘ, ਦਰਸ਼ਨ ਕੌਰ, ਨੰਤੀ ਗੰਡਾ ਸਿੰਘ, ਹਜ਼ਾਰਾ ਸਿੰਘਬਾਬੂਪੁਰ, ਬੂੜ ਸਿੰਘ, ਮਹਿੰਦਰ ਕੌਰ ਵਜ਼ੀਰ ਪੁਰ, ਵਰਖਾ ਸਿੰਘ ਬਾਬੂਪੁਰ, ਪ੍ਰੀਤੋ ਤਲਵੰਡੀ, ਅਜੀਤ ਸਿੰਘ ਕਤੋਵਾਲ, ਸਵਰਨੀ ਸੇਖਵਾਂ, ਗੁਰਚਰਨ ਸਿੰਘ ਕਤੋਵਾਲ, ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ ✪

ਨਾਰਦ ਕਹੇ ਮੈਂ ਆ ਗਿਆ ਤੁਰਦਾ ਤੁਰਦਾ, ਤੁਰੀਆ ਤੋਂ ਪਰੇ ਵੇਖਣ ਵਾਲਿਓ ਧਿਆਨ ਲਗਾਈਆ । ਅਵਤਾਰ ਪੈਗ਼ੰਬਰ ਗੁਰ ਖੇਲ ਵੇਖੋ ਸੱਚੇ ਸਤਿਗੁਰ ਦਾ, ਜਿਸ ਸਤਿਗੁਰ ਨੂੰ ਸਾਰ ਸ਼ਬਦ ਕਹਿ ਕੇ ਸਾਰੇ ਗਾਈਆ । ਜਿਸ ਦਾ ਖੇਲ ਅਗੰਮ ਅਥਾਹ ਧੁਰ ਦਾ, ਸਚਖੰਡ ਸਾਚਾ ਖੇਲ ਖਿਲਾਈਆ । ਉਸ ਦਾ ਰੂਪ ਅਗੰਮਾ ਅਗੰਮੇ ਨੂਰ ਦਾ ਨਾ ਫਿਰਦਾ ਨਾ ਤੁਰਦਾ, ਤੁਰਤ ਆਪਣੀ ਖੇਲ ਖਿਲਾਈਆ । ਜਿਸ ਮੁਹੰਮਦ ਦਾ ਵਜੂਦ ਕੀਤਾ ਮੁਰਦਾ, ਮਾਟੀ ਖ਼ਾਕ ਨਾਲ ਮਿਲਾਈਆ । ਉਹ ਰੂਪ ਧਰ ਅਗਲੇ ਹਜ਼ੂਰ ਦਾ, ਹਜ਼ਰਤਾਂ ਤੋਂ ਪਰੇ ਕਰੇ ਪੜ੍ਹਾਈਆ । ਸਭ ਦਾ ਵੇਲਾ ਵਕਤ ਆਇਆ ਮਸ਼ਕੂਰ ਦਾ, ਸ਼ੁਕਰੀਏ ਵਿਚ ਸੀਸ ਨਿਵਾਈਆ । ਜਿਸ ਦਾ ਖੇਲ ਸਦਾ ਭਰਪੂਰ ਦਾ, ਭਰਪੂਰ ਰਿਹਾ ਸਰਬ ਠਾਈਂਆ । ਪੰਧ ਮੇਟ ਕੇ ਨੇੜੇ ਦੂਰ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਵੇਖੋ ਖੇਲ ਅਗੰਮ ਅਪਾਰਾ, ਪੈਗ਼ੰਬਰਾਂ ਦਿਆਂ ਜਣਾਈਆ । ਮੁਹੰਮਦਾ ਲੈ ਹੁਲਾਰਾ, ਮਹਿਬੂਬ ਦਿਆਂ ਵਖਾਈਆ । ਤਕ ਲੈ ਰਾਵੀ ਕਿਨਾਰਾ, ਕੰਢਾ ਘਾਟ ਸੋਭਾ ਪਾਈਆ । ਜੋ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਕਰੇ ਦੋਬਾਰਾ, ਦੋ ਜਹਾਨਾਂ ਵੇਖ ਵਖਾਈਆ । ਲਹਿਣਾ ਦੇਣਾ ਲੇਖੇ ਲਾਵੇ ਚਾਰ ਯਾਰਾ, ਯਾਰੀ ਯਾਰਾਂ ਨਾਲ ਮਿਲਾਈਆ । ਸਦੀ ਚੌਧਵੀਂ ਦੀਆਂ ਤਕ ਬਹਾਰਾਂ, ਖ਼ੁਸ਼ੀਆਂ ਨਾਲ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਨਾਰਦ ਕਹੇ ਮੁਹੰਮਦ ਖੇਲ ਵੇਖ ਪਰਵਰਦਿਗਾਰ, ਬੇਪਰਵਾਹ ਰਿਹਾ ਜਣਾਈਆ । ਜਿਸ ਦੇ ਬਣੇ ਰਹੇ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਉਹ ਰੂਪ ਅਗੰਮਾ ਬੈਠਾ ਧਾਰ, ਸਦੀ ਚੌਧਵੀਂ ਆਪਣੀ ਵੰਡ ਵੰਡਾਈਆ । ਪੁਰਖ ਦਿਸੇ ਨਾ ਨਾਰ, ਨਰ ਨਰਾਇਣ ਸੋਭਾ ਪਾਈਆ । ਤਨ ਕਮੀਜ਼ ਦਿਤਾ ਉਤਾਰ, ਪੂਰਬ ਪੱਛਮ ਵੇਖੇ ਚਾਈਂ ਚਾਈਂਆ । ਉਸ ਦਾ ਕਰ ਦੀਦਾਰ, ਜਿਸ ਦੀਦ ਨੂਰ ਦਿਤਾ ਚਮਕਾਈਆ । ਸੁਣ ਅਗੰਮ ਇਜ਼ਹਾਰ, ਭੇਵ ਅਭੇਦਾ ਦਏ ਖੁਲ੍ਹਾਈਆ । ਜਿਹੜੇ ਸਪਾਰੇ ਸਕਿਆ ਨਾ ਮੂਲ ਉਚਾਰ, ਰਸਨਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਮੁਹੰਮਦ ਕਹੇ ਓਏ ਨਾਰਦਾ ਸ਼ੈਤਾਨਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੇਖ ਵਖਾਈਆ । ਮੇਰਾ ਸਭ ਤੋਂ ਵੱਖਰਾ ਫ਼ਰਮਾਨਾ, ਹੁਕਮ ਹੱਕ ਦਿਤਾ ਖ਼ੁਦਾਈਆ । ਅਲਾਹੀ ਅਲਹਾਮ ਵਾਲਾ ਪੈਗ਼ਾਮਾ, ਪੈਗ਼ੰਬਰ ਬਣ ਕੇ ਦਿਆਂ ਦ੍ਰਿੜਾਈਆ । ਡੰਡਾਵਤ ਦੀ ਜਗਹ ਸੱਯਦੇ ਵਿਚ ਕਰ ਸਲਾਮਾ, ਨਿਵ ਨਿਵ ਸੀਸ ਨਿਵਾਈਆ । ਝਟ ਨਾਰਦ ਕਿਹਾ ਮੈਂ ਪੈਗ਼ੰਬਰ ਕੋਈ ਨਾ ਮਾਨਾਂ, ਵਲੀ ਅੱਲਾ ਨਾ ਕੋਇ

ਵਡਿਆਈਆ । ਮੈਂ ਜਦ ਝੁਕਾਂ ਤੇ ਝੁਕਾਂ ਇਕ ਅਮਾਮਾ, ਜਿਸ ਨੂੰ ਪੈਗ਼ੰਬਰ ਸਾਰੇ ਸੀਸ ਨਿਵਾਈਆ । ਸੁਣ ਅਗੰਮ ਹੋਰ ਹੁਕਮ ਫ਼ਰਮਾਨਾ, ਕੀ ਮਿਹਰਵਾਨ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਦ੍ਰਿੜ੍ਹਾਈਆ । ਮੁਹੰਮਦ ਕਹੇ ਪੰਡਤਾ ਮੇਰਾ ਬਣ ਅਜ਼ੀਜ਼, ਪਿਆਰ ਨਾਲ ਸਮਝਾਈਆ । ਦੱਸਾਂ ਸਚ ਤਮੀਜ਼, ਤ੍ਰਿਸ਼ਨਾ ਜਗਤ ਗਵਾਈਆ । ਪੂਰੀ ਕਰ ਰੀਝ, ਸਿਰ ਤੇਰੇ ਹੱਥ ਟਿਕਾਈਆ । ਖ਼ੁਸ਼ੀਆਂ ਵਾਲੀ ਵਖਾਵਾਂ ਈਦ, ਦੁੱਖ ਰੋਗ ਦਾ ਡੇਰਾ ਢਾਹੀਆ । ਕਾਅਬਿਆਂ ਵਾਲੀ ਤਕ ਮਸੀਤ, ਮਸਲਾ ਇਕੋ ਇਕ ਸਮਝਾਈਆ । ਝਟ ਮੁਹੰਮਦ ਨੇ ਬਿਸਮਿੱਲਾ ਲਿਖ ਕੇ ਨਾਰਦ ਨੂੰ ਕਿਹਾ ਆਹ ਗਲ ਵਿਚ ਪਾ ਲੈ ਮੇਰਾ ਤਾਵੀਜ਼, ਪਿਛਲੀ ਰੀਤੀ ਦੇਣੀ ਤਜਾਈਆ । ਨਾਲੇ ਧਰਨੀ ਉਤੇ ਮਾਰੀ ਲੀਕ, ਲਾਈਨ ਦਿਤੀ ਬਣਾਈਆ । ਟੱਪ ਕੇ ਅੱਗੇ ਆ ਜਾ ਠੀਕ, ਠਾਕਰ ਪਿਛਲੇ ਦੇਣੇ ਭੁਲਾਈਆ । ਆਪਣੇ ਖ਼ੁਦਾ ਦੀ ਮੈਂ ਖ਼ੁਦ ਕਰਾਂ ਤਸਦੀਕ, ਸ਼ਹਾਦਤ ਇਕੋ ਇਕ ਭੁਗਤਾਈਆ । ਪਿਛਲੀ ਗ਼ਫ਼ਲਤ ਰਹਿਣ ਨਾ ਦੇਵਾਂ ਨੀਂਦ, ਆਲਸ ਦਿਆਂ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕ ਸਮਝਾਈਆ । ਨਾਰਦ ਕਹੇ ਮੁਹੰਮਦ ਮੈਨੂੰ ਪੁਛ ਲੈਣ ਦੇ ਕੋਲੋਂ ਆਪਣੇ ਭਗਵੰਤ, ਕੀ ਹੁਕਮ ਦ੍ਰਿੜ੍ਹਾਈਆ । ਕਿਹੜਾ ਚੰਗਾ ਮੰਤ, ਕਿਸ ਦੀ ਕਰਾਂ ਪੜ੍ਹਾਈਆ । ਕਿਸ ਨੇ ਰਹਿਣਾ ਅੰਤ, ਜੋ ਜੰਮਣ ਮਰਨ ਵਿਚ ਨਾ ਆਈਆ । ਪੈਗ਼ੰਬਰ ਚੰਗਾ ਕਿ ਪੰਡਤ, ਪ੍ਰਭ ਕਿਸ ਨੂੰ ਦੇਵੇ ਵਡਿਆਈਆ । ਕਿਸ ਦੀ ਮਹਿੰਮਾ ਅਗਣਤ, ਗਿਣਤੀ ਗਿਣੀ ਨਾ ਜਾਈਆ । ਕਿਸ ਦਾ ਪਿਆਰ ਨਾਲ ਜੀਵ ਜੰਤ, ਜਗਤ ਜਹਾਨ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਾਰਦ ਨਿਉਂ ਕੇ ਸੀਸ ਨਿਵਾਈਆ । ਨਾਰਦ ਕਿਹਾ ਓ ਲੁਕਣ ਛੁਪਣ ਵਾਲੇ ਪ੍ਰਭੂ, ਪ੍ਰਭਾ ਕੁਛ ਮੈਨੂੰ ਦੇ ਜਣਾਈਆ । ਓ ਤੈਨੂੰ ਕਿਹੜਾ ਲੱਭੂ, ਲਬਾਂ ਕੱਟਣ ਵਾਲਾ ਕੀ ਮੈਨੂੰ ਰਿਹਾ ਸਮਝਾਈਆ । ਮੇਰਾ ਕਿਸ ਨਾਲ ਯਰਾਨਾ ਲੱਗੂ, ਕਵਣ ਮੇਰਾ ਪੀਰ ਗੁਸਾਈਆਂ । ਕਵਣ ਮੈਨੂੰ ਮਕਬਰਿਆਂ ਵਿਚ ਦੱਬੂ, ਕਵਣ ਅਗਨੀ ਤਤ ਜਲਾਈਆ । ਦੱਸ ਸਾਡੇ ਦੋਹਾਂ ਵਿਚੋਂ ਪਹਿਲਾ ਕਿਹੜਾ ਲੱਦੂ, ਜਗਤ ਜਹਾਨ ਜਾਏ ਤਜਾਈਆ । ਕਿਸ ਦਾ ਦੀਪਕ ਜਗੂ, ਦੋ ਜਹਾਨ ਕਰੇ ਰੁਸ਼ਨਾਈਆ । ਕਿਸ ਦਾ ਪ੍ਰਕਾਸ਼ ਮਘੂ, ਮਗ਼ਰਬ ਮਸ਼ਰਕ ਕਰੇ ਰੁਸ਼ਨਾਈਆ । ਕਿਹੜਾ ਤੇਰੀ ਬਣੇ ਯੱਦੂ, ਯਦੀ ਦੇਣਾ ਸਮਝਾਈਆ । ਕਿਹੜਾ ਵੰਡੂ ਹੱਦੂ, ਹੱਦ ਦੇਣੀ ਵਖਾਈਆ । ਕਿਹੜਾ ਮਾਤਲੋਕ ਵਿਚੋਂ ਵੰਞੂ, ਵੰਞ ਮੁਹਾਣਾ ਨਜ਼ਰ ਕੋਇ ਨਾ ਆਈਆ । ਕਿਉਂ ਮੇਰਾ ਲਹਾਉਂਦਾ ਜੰਞੂ, ਬੋਦੀ ਰਿਹਾ ਕਟਾਈਆ । ਕੀ ਇਹਦਾ ਚੰਗਾ ਪੰਜ ਤਤ ਤਨੂ, ਸਚ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਦੇਣਾ ਖੁਲ੍ਹਾਈਆ । ਪੁਰਖ ਅਕਾਲ ਕਿਹਾ ਸੁਣ ਨਾਰਦ ਮੇਰੇ ਪਾਂਡੇ, ਜੀਉ ਪਿੰਡ ਦਿਆਂ ਜਣਾਈਆ । ਮੁਹੰਮਦ ਵਰਗੇ ਮੇਰੇ ਢੋਲੇ ਗਾਂਦੇ, ਗਾ ਗਾ ਖ਼ੁਸ਼ੀ ਮਨਾਈਆ । ਲੋਕਮਾਤ ਆਉਂਦੇ ਜਾਂਦੇ, ਭੱਜਣ ਵਾਹੋ ਦਾਹੀਆ । ਹੁਕਮੇ ਅੰਦਰ ਬਾਂਧੇ, ਪਲੂ ਸਕੇ ਨਾ ਕੋਇ ਛੁਡਾਈਆ । ਏਸ ਦੀ ਉਮਤ ਨੇ ਖਾਣੇ ਪਸ਼ੂ ਤੇ ਢਾਂਡੇ, ਢੋਰਾਂ ਖੱਲ ਲੁਹਾਈਆ । ਸਪੂਤ ਰਹਿਣੇ ਨਹੀਂ ਧਰਨੀ ਤੇਰੀ ਮਾਂ ਦੇ, ਜਣਨੀ ਕੁੱਖ ਨਾ ਕੋਇ ਵਡਿਆਈਆ । ਅੰਤ ਰੂਪ ਬਣਨੇ ਕਾਂ ਦੇ, ਕਾਗੋਂ ਹੰਸ ਨਾ ਕੋਇ ਵਖਾਈਆ । ਜਿਨ੍ਹਾਂ ਨੇ ਬੱਚੇ ਜ਼ਿਬਹ ਕਰਨੇ ਗਾਂ ਦੇ, ਕ੍ਰਿਸ਼ਨ ਗਵਾਲਾ ਅੱਖ ਉਠਾਈਆ । ਝਗੜੇ ਪਾਉਣੇ ਮੇਰੇ ਨਾਂ ਦੇ, ਨਾਮ ਨਾਮ ਨਾਲ ਟਕਰਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਹੁਕਮ ਵਿਚ ਜਣਾਈਆ । ਨਾਰਦ ਕਹੇ ਮੁਹੰਮਦਾ ਮੈਂ ਸੁਣਿਆ ਧੁਰ ਦਾ ਕਹਿਣਾ, ਧੁਰ ਮਾਲਕ ਦਿਤਾ ਸੁਣਾਈਆ । ਤੂੰ ਮਾਤਲੋਕ ਨਹੀਂ ਰਹਿਣਾ, ਤਨ ਨਜ਼ਰ ਕੋਇ ਨਾ ਆਈਆ । ਤੇਰੀ ਉਮਤ ਬੈਠ ਨਹੀਂ ਰਹਿਣਾ, ਕਲਮਾ ਸੰਗ ਨਾ ਕੋਇ ਬਣਾਈਆ । ਆਹ ਤਕ ਔਹ ਤਕ ਚੌਦਾਂ ਤਬਕ ਦਾ ਬੁਰਜ ਢਹਿਣਾ, ਮਹੱਲ ਅਟਲ ਨਾ ਕੋਇ ਸੁਹਾਈਆ । ਉਹ ਵੇਖ ਭੱਜੀ ਫਿਰਦੀ ਤੇਰੀ ਸਦੀ ਚੌਧਵੀਂ ਜਿਸ ਦਾ ਨੀਰ ਨੈਣਾਂ ਚੋਂ ਵਹਿਣਾ, ਵਹਿਣ ਜਗਤ ਵਾਲਾ ਬਣਾਈਆ । ਉਸ ਵੇਲੇ ਪਰਵਰਦਿਗਾਰ ਦਾ ਸਭ ਨੇ ਭਾਣਾ ਸਹਿਣਾ, ਜਿਸ ਦੇ ਭਾਣੇ ਨੂੰ ਮੰਨ ਕੇ ਅਰਜਨ ਰਾਵੀ ਉਤੇ ਆਪਣਾ ਆਪ ਜਾਏ ਤਜਾਈਆ । ਉਸ ਸਾਹਿਬ ਨੇ ਚੈਨ ਨਹੀਂ ਲੈਣਾ, ਲਹਿਣਾ ਦੇਣਾ ਸਭ ਦਾ ਦਏ ਤਜਾਈਆ । ਉਹ ਵੇਖੇ ਖੇਲ ਹੋ ਕੇ ਤ੍ਰਫ਼ੈਣਾ, ਤਰਫ਼ਦਾਰੀ ਵਿਚ ਆਪਣੀ ਕਾਰ ਕਮਾਈਆ । ਨਾਤਾ ਤੁਟਣਾ ਭਾਈ ਭੈਣਾ, ਸਾਕ ਸੈਣਾ ਨਜ਼ਰ ਕੋਇ ਨਾ ਆਈਆ । ਪਰ ਯਾਦ ਰੱਖੀਂ ਨਾਰਦ ਕਿਹਾ ਇਕ ਵੇਰਾਂ ਮੈਨੂੰ ਵੀ ਮੇਰੇ ਮਾਲਕ ਨੇ ਚੜ੍ਹਾ ਦੇਣਾ ਉਤੇ ਬੋਹੜ ਦਿਆਂ ਟਹਿਣਾਂ, ਕੂਕ ਕੂਕ ਕੇ ਦੇਣਾ ਸੁਣਾਈਆ । ਪਰ ਯਾਦ ਰੱਖ ਲਈਂ ਜਿਸ ਵੇਲੇ ਸਦੀ ਚੌਧਵੀਂ ਦੀ ਗੋਲੀ ਨੇ ਪਾਇਆ ਗਲ ਵਿਚ ਗਹਿਣਾ, ਮੇਰੇ ਤਾਵੀਜ਼ ਦਾ ਤਵੀਤ ਜਗਤ ਵਾਲਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਮੈਨੂੰ ਆਵੇ ਪੈਗ਼ਾਮ, ਧੁਰ ਮਾਲਕ ਰਿਹਾ ਜਣਾਈਆ । ਜਿਸ ਦੇ ਬਰਦੇ ਤੁਸੀਂ ਗ਼ੁਲਾਮ, ਬੈਠੇ ਸੀਸ ਨਿਵਾਈਆ । ਜਿਸ ਸ਼ਰਅ ਦਾ ਇਸਮ ਦੱਸਿਆ ਇਸਲਾਮ, ਆਜ਼ਮ ਨੂਰ ਇਲਾਹੀਆ । ਉਹ ਵੇਸ ਵਟਾਏ ਅਮਾਮ, ਨੂਰ ਨੁਰਾਨਾ ਬੇਪਰਵਾਹੀਆ । ਜਿਸ ਨੇ ਤੇਰੀ ਸ਼ਰਅ ਦਾ ਝਗੜਾ ਮੇਟਣਾ ਤਮਾਮ, ਤਮੰਨਾ ਅਵਰ ਰਹੇ ਨਾ ਰਾਈਆ । ਉਸ ਵੇਲੇ ਯਾਦ ਰੱਖੀਂ ਰਾਵੀ ਦੇ ਕੰਢੇ ਤੇ ਮੇਰੇ ਮਿਹਰਵਾਨ ਦੇ ਸਿਰ ਉਤੇ ਤਾਰੇ ਚੰਦ ਦਾ ਉਠਣਾ ਨਿਸ਼ਾਨ, ਤੇਰਾ ਨਿਸ਼ਾਨਾ ਪ੍ਰਭ ਆਪਣੇ ਸੰਗ ਰਖਾਈਆ । ਇਹ ਬਲ ਨੇ ਬਾਵਨ ਕੋਲੋਂ ਮੰਗ ਮੰਗੀ ਸੀ ਵਿਚ ਜਹਾਨ, ਜਿਸ ਵੇਲੇ ਰਾਵੀ ਦੇ ਕੰਢੇ ਬਲਖ ਵਿਚੋਂ ਆਪਣਾ ਫੇਰਾ ਪਾਈਆ । ਇਹ ਤਿੰਨ ਖੋਪਰੇ ਉਸ ਵੇਲੇ ਰਾਵੀ ਦੇ ਕੰਢੇ ਕਰਕੇ ਗਿਆ ਸੀ ਦਾਨ, ਮਿੱਟੀ ਖ਼ਾਕ ਵਿਚ ਦਬਾਈਆ । ਏਸੇ ਕਰਕੇ ਪਹਿਲੋਂ ਧੁੱਸੀ ਦੇ ਕੰਢੇ ਲਾਇਆ ਸੀ ਨਿਸ਼ਾਨ, ਲੇਖਾ ਬਾਵਨ ਵਾਲਾ ਜਣਾਈਆ । ਬਲ ਦੀ ਗੋਲੀ ਦਾ ਸੁਰਤੀ ਵਾਲਾ ਗਿਆਨ, ਸ਼ਬਦ ਸ਼ਬਦ ਧਾਰ ਭੁਗਤਾਈਆ । ਤ੍ਰਿਪਤ ਦਾ ਲੇਖਾ ਚੁੱਕੇ ਆਣ, ਲਹਿਣਾ ਅਵਰ ਰਹੇ ਨਾ ਰਾਈਆ । ਨਾਰਦ ਕਿਹਾ ਉਸ ਵੇਲੇ ਬਲ ਦਿਆਂ ਇੱਕੀਆਂ ਯੋਧਿਆਂ ਪੁੱਠੀ ਕੀਤੀ ਸੀ ਕਿਰਪਾਨ, ਮੁੱਠਾਂ ਅਸਮਾਨ ਵੱਲ ਟਿਕਾਈਆ । ਜਿਸ ਵੇਲੇ ਪਰਗਟ ਹੋਵੇਗਾ ਕਲਜੁਗ ਅੰਤ ਸ੍ਰੀ ਭਗਵਾਨ, ਉਲਟੀ ਜਗਤ ਰੀਤ ਚਲਾਈਆ । ਉਸ ਵੇਲੇ ਸਿਰ ਝੁਕਾਉਣਗੇ ਅਵਤਾਰ ਪੈਗ਼ੰਬਰ ਗੁਰੂ ਸਾਰੇ ਬਲਵਾਨ, ਨਿਉਂ ਨਿਉਂ ਸੀਸ ਨਿਵਾਈਆ । ਫੇਰ ਉਸ ਸਾਹਿਬ ਨੇ ਕੀ ਕਰਨਾ ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਨੂੰ ਰੂਪ ਬਖ਼ਸ਼ ਦੇਣਾ ਕਾਹਨ, ਗ਼ੁਲਾਮਾ ਦੀ ਗ਼ੁਲਾਮੀ ਦੂਰ ਕਰਾਈਆ । ਮੁਹੰਮਦ ਦਾ ਲਹਿਣਾ ਮੁਕਾਉਣਾ ਕਰ ਧਿਆਨ, ਪਰਦਾ ਪਰਦਿਆਂ ਵਿਚੋਂ ਉਠਾਈਆ । ਸਦੀ ਚੌਧਵੀਂ ਦਾ ਪੂਰਾ ਕਰਨਾ ਬਿਆਨ, ਅੱਖਰ ਅੱਖਰਾਂ ਨਾਲ ਟਕਰਾਈਆ । ਗੋਲੀ ਦੇ ਸੀਸ ਦੀ ਵੇਖਣੀ ਸ਼ਾਨ, ਨੌਂ ਖੰਡ ਫੂਲਨ ਬਰਖਾ ਇਕ ਵਖਾਈਆ । ਫੇਰ ਇਕ ਰੂਪ ਹੋ ਜਾਣਾ ਭਗਤ ਤੇ ਭਗਵਾਨ, ਵਡਾ ਛੋਟਾ ਰਹਿਣ ਕੋਇ ਨਾ ਪਾਈਆ । ਦੀਨ ਦਿਆਲ ਅੱਗੇ ਬਦਲ ਦੇਣਾ ਵਿਧਾਨ,

ਵਾਅਦੇ ਸਭ ਦੇ ਵੇਖ ਵਖਾਈਆ । ਉਸ ਵੇਲੇ ਮੁਹੰਮਦਾ ਤੇਰੇ ਉਹ ਨੌ ਸਪਾਰੇ ਦੱਸਣੇ ਜਿਹੜੇ ਲਿਖੇ ਨਹੀਂ ਗਏ ਵਿਚ ਕੁਰਾਨ, ਕੁਰ੍ਹਾ ਕੁਦਰਤ ਦਾ ਵੇਖ ਵਖਾਈਆ । ਪਹਿਲਾ ਗੁੱਲੇਅਜ਼ ਦੂਜਾ ਮਵੀਵੇਜ਼ਜ਼ ਤੀਜਾ ਨੋਖੇਜ਼ਾਬੇਵਵਿਜ਼ ਚੌਥਾ ਜ਼ਵਾਵਾਵਲਹਿਸਵਮਮ ਪੰਜਵਾਂ ਨਾਗਮਹਿਸਵਿਲਇਜ਼ੂ ਛੇਵਾਂ ਕੋਫੇਨਜਿਤ ਕਲੀਅਲਯਤ ਸੱਤਵਾਂ ਸੋਵਲਹਹਸਤਹਮ ਅੱਠਵਾਂ ਨਾਕੋਵਲਜ਼ਵਲ ਨਾਜ਼ੂਲੋਜਗੀ ਨਾ ਅਰਸ਼ੇ ਫ਼ਗੀ ਖਾਨੂਸੇ ਅਦਾ ਅਦਿਲਹਿਜ਼ਾ ਨੌਵਾਂ ਪਾਨਾਹਵਦਹੀ ਈਸਾ ਸਵਦਜ਼ੀ ਮੁਹੰਮਦ ਅਲਹਦਵੀ ਖ਼ੁਦਾਏ ਖੁਲੋ ਖਨਮੇ ਖਿਰੇ । ਨਾਰਦ ਕਹੇ ਓਏ ਨੌ ਖੰਡੋ, ਸਭ ਨੂੰ ਦਿਆਂ ਜਣਾਈਆ । ਖ਼ੁਸ਼ੀਆਂ ਵਿਚ ਕੁਛ ਵੰਡੋ, ਵੰਡੀਆਂ ਪਾਉਣ ਵਾਲਿਉ ਤੁਹਾਡੇ ਹਿੱਸੇ ਰਿਹਾ ਮਿਟਾਈਆ । ਆਪਣੀ ਟੁੱਟੀ ਸਾਰੇ ਗੰਢੋ, ਡੋਰੀ ਇਕੋ ਤੰਦ ਉਠਾਈਆ । ਬੋਲੋ ਧੁਰ ਦਾ ਛੰਦੋ, ਸੰਸਾ ਰੋਗ ਰਹੇ ਨਾ ਰਾਈਆ । ਮੰਜ਼ਲ ਪਿਛਲੀ ਅੱਗੇ ਲੰਘੋ, ਪੈਂਡਾ ਪੰਧ ਲੈਣਾ ਮੁਕਾਈਆ । ਝਗੜਾ ਮੁਕਿਆ ਤਾਰਾ ਚੰਦੋ, ਚੰਦ ਸਿਤਾਰੇ ਸਾਰੇ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਸੁਣੋ ਲਾ ਕੇ ਧਿਆਨ, ਸਚ ਸਚ ਸਮਝਾਈਆ । ਕਮਲੀਓ ਰਾਵੀ ਦਾ ਕੰਢਾ ਲਉ ਪਹਿਚਾਨ, ਪਰਦੇ ਅੱਖਾਂ ਵਾਲੇ ਉਠਾਈਆ । ਪਿਛੇ ਤੇ ਖੇਲ ਤੱਕਿਆ ਸਖ਼ੀਆਂ ਨਾਲ ਕਾਹਨ, ਜਮਨਾ ਹੱਸ ਕੇ ਦੇਣਾ ਸੁਣਾਈਆ । ਗੰਗਾ ਤੂੰ ਵੀ ਸੁਣਦੀ ਰਹੀਉਂ ਸੰਤਾਂ ਦਾ ਗਿਆਨ, ਦਾਨ ਪੰਡਤਾਂ ਦੀ ਝੋਲੀ ਪਾਈਆ । ਸੁਰਸਤੀ ਤੂੰ ਫਿਰਦੀ ਰਹੀਉਂ ਦੋਹਾਂ ਦੇ ਦਰਮਿਆਨ, ਭੱਜੀ ਵਾਹੋ ਦਾਹੀਆ । ਗੋਦਾਵਰੀ ਤੂੰ ਗੋਬਿੰਦ ਦਾ ਚਰਨ ਛੋਹਿਆ ਆਣ, ਆਪਣਾ ਸੀਸ ਨਿਵਾਈਆ । ਹੁਣ ਕਲਜੁਗ ਅੰਤਮ ਖੇਲ ਨੌਜਵਾਨ, ਮਰਦ ਮਰਦਾਨਾ ਆਪਣੀ ਕਾਰ ਭੁਗਤਾਈਆ ।



ਜਿਸ ਛੱਬੀ ਪੋਹ ਸਦੀ ਚੌਧਵੀਂ ਦਾ ਰੂਪ ਧਰਿਆ ਮਹਾਨ, ਸੀਸ ਤਾਜ ਨੌਂ ਫੁੱਲਾਂ ਵਾਲਾ ਟਿਕਾਈਆ । ਈਸਾ ਦੀ ਆਸ਼ਾ ਕਰ ਪਰਵਾਨ, ਪਰਮ ਪੁਰਖ ਭਗਤਾਂ ਦੇ ਕਲਜੁਗ ਦੇ ਕਾਂਟੇ ਦਿਤੇ ਹਟਾਈਆ । ਓਹੋ ਸੀਸ ਦਾ ਤਾਜ ਗ਼ਰੀਬਾਂ ਨੂੰ ਬਖ਼ਸ਼ ਕੇ ਦਾਨ, ਗੋਲੀਆਂ ਗ਼ੁਲਾਮਾਂ ਨੂੰ ਦਿਤੀ ਵਡਿਆਈਆ । ਜਨ ਭਗਤੋ ਤੁਸੀਂ ਪ੍ਰਭੂ ਦੇ ਦਰ ਤੇ ਹੋ ਗਏ ਪਰਵਾਨ, ਨੌਂ ਫੁੱਲ ਦੇਣ ਗਵਾਈਆ । ਇਹੋ ਦਰਜਾ ਦੋਹਾਂ ਦਾ ਵਿਚ ਜਹਾਨ, ਵੱਡਾ ਛੋਟਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਕਹੇ ਨਾਰਦਾ ਆਹ ਕਿਹੋ ਜੇਹਾ ਲਬਾਸ, ਲਬਾਂ ਕਟਾਉਣ ਵਾਲੇ ਨੂਰ ਦੇ ਵਖਾਈਆ । ਉਹ ਉਤਰ ਕੇ ਵੇਖ ਥੱਲੇ ਆਕਾਸ਼, ਧਰਨੀ ਉਤੇ ਧਿਆਨ ਲਗਾਈਆ । ਓਏ ਤੇਰੀ ਸਦੀ ਚੌਧਵੀਂ ਦਾ ਚੌਦਾਂ ਤਬਕਾਂ ਵਾਲਿਆ ਹੋਣ ਲੱਗਾ ਨਾਸ, ਨਾਸਤਕ ਹੋਈ ਕੂੜ ਲੋਕਾਈਆ । ਇਸ਼ਾਰਾ ਦੇਂਦਾ ਭੱਜਾ ਆਵੇ ਸ਼ੰਕਰ ਉਤੋਂ ਕੈਲਾਸ਼, ਆਪਣਾ ਪੰਧ ਮੁਕਾਈਆ । ਪਰਮ ਪੁਰਖ ਦੇ ਘਰ ਪੈਂਦੀ ਵੇਖ ਰਾਸ, ਸੁਰਤ ਸ਼ਬਦ ਗੋਪੀ ਕਾਹਨ ਨਾਚ ਨਚਾਈਆ । ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਦਾ ਹੋਇਆ ਦਾਸ, ਸੇਵਕ ਹੋ ਕੇ ਸਾਚੀ ਸੇਵ ਕਮਾਈਆ । ਆਪ ਖ਼ਾਲੀ ਹੱਥ ਭੁੱਖਾ ਨੰਗਾ ਤੇ ਭਗਤਾਂ ਦੇ ਅੰਦਰ ਰੱਖਿਆ ਇਕੋ ਸ਼ਬਦ ਦਾ ਵਾਸ, ਜਿਸ ਸ਼ਬਦ ਨਾਲ ਅਦਬ ਸਾਰੇ ਰਹੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਨਾਰਦ ਕਹੇ ਪ੍ਰਭੂ ਕਿਉਂ ਪੁੱਠੀਆਂ ਕੀਤੀਆਂ ਨੋਕਾਂ, ਤਲਵਾਰਾਂ ਰੁਖ਼ ਦਿਤੇ ਬਦਲਾਈਆ । ਮੇਰਾ ਜੀ ਨਹੀਂ ਕਰਦਾ ਤੇਰੇ ਹੁਕਮ ਵਿਚ ਟੋਕਾਂ, ਫੇਰ ਵੀ ਟੁੱਕ ਖਾਣ ਵਾਲਾ ਬੋਲਣੋ ਰਹਿ ਸਕੇ ਨਾ ਰਾਈਆ ।

ਮੈਨੂੰ ਹੋਰ ਦੱਸ ਦੇ ਕਿਉਂ ਸਾਮਹਣੇ ਜਗਾਈਆਂ ਜੋਤਾਂ, ਜੋਤਾਂ ਵਾਲੀ ਨੂੰ ਸਿੰਘਾਸਣ ਹੇਠ ਦਬਾਈਆ । ਕੀ ਲੇਖਾ ਤੇਰਾ ਚੌਦਾਂ ਲੋਕਾ, ਚੌਦਾਂ ਤਬਕ ਕੀ ਵਡਿਆਈਆ । ਮੈਂ ਫਿਰ ਕੇ ਆਇਆ ਪੋਟਾ ਪੋਟਾ, ਭੱਜਿਆ ਵਾਹੋ ਦਾਹੀਆ । ਮੈਂ ਚਾਰ ਜੁਗ ਦੇ ਤੇਰੇ ਭਗਤ ਤਕੇ ਭੁੱਖੇ ਨੰਗੇ ਜਿਨ੍ਹਾਂ ਦੇ ਤੇੜ ਇਕ ਲੰਗੋਟਾ, ਓਢਣ ਨਜ਼ਰ ਕੋਇ ਨਾ ਆਈਆ । ਠੱਗਾਂ ਚੋਰਾਂ ਡਾਕੂਆਂ ਨੂੰ ਦੇਵੇਂ ਬਹੁਤਾ, ਧਨ ਕੰਜਰਾਂ ਘਰੀਂ ਭਰਾਈਆ । ਮੈਂ ਹੁਣ ਸਾਰੀ ਦੁਨੀਆ ਵਿਚ ਦੇ ਦੇਣਾ ਹੋਕਾ, ਕੂਕ ਕੂਕ ਦੇਣਾ ਜਣਾਈਆ । ਆਓ ਭੁੱਖਿਓ ਨੰਗਿਓ ਦਲਿਦਰੀਓ ਉਸ ਪ੍ਰਭੂ ਦਾ ਦਰਸ਼ਨ ਕਰੋ ਸਦੀ ਚੌਧਵੀਂ ਦਾ ਅੰਤਮ ਮੌਕਾ, ਜਿਹੜਾ ਆਪ ਭੁੱਖਾ ਨੰਗਾ ਹੋ ਕੇ ਤਾਜ ਭਗਤਾਂ ਸਿਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਉਠੋ ਲਉ ਹੁਲਾਰੇ, ਮਟਕ ਜੋਬਨ ਵਾਲੀ ਵਖਾਈਆ । ਤੁਸੀਂ ਆਈਆਂ ਰਾਵੀ ਦੇ ਕਿਨਾਰੇ, ਰਵੀਦਾਸ ਦਏ ਗਵਾਹੀਆ । ਵੇਖੋ ਭਗਤ ਪ੍ਰਭੂ ਦੇ ਪਿਆਰੇ, ਆਸਣ ਬੈਠੇ ਲਾਈਆ । ਨੀ ਤੁਸੀਂ ਵਸਦੀਆਂ ਰਹੀਆਂ ਵਿਚ ਉਚੇ ਚੁਬਾਰੇ, ਮਹੱਲਾਂ ਵਿਚ ਸੋਭਾ ਪਾਈਆ । ਅੱਜ ਤੁਹਾਨੂੰ ਕੱਖਾਂ ਕਾਨਿਆਂ ਕਾਹੀਆਂ ਉਤੇ ਠਾਰੇ, ਛੱਬੀ ਮਾਘ ਵੰਡ ਵੰਡਾਈਆ । ਪਰ ਇਹੋ ਜੇਹੇ ਪਿਛੇ ਨੌ ਸੌ ਨੜਿੰਨਵੇ ਚੌਕੜੀ ਜੁਗ ਨਹੀਂ ਆਏ ਨਜ਼ਾਰੇ, ਜ਼ਰਾ ਨਜ਼ਰ ਮਾਰ ਕੇ ਪਿਛਲਾ ਲੇਖਾ ਵੇਖ ਵਖਾਈਆ । ਤੁਹਾਨੂੰ ਫੇਰ ਯਾਦ ਰੱਖਿਓ ਕੋਟਨ ਵਾਰ ਕਢਣੇ ਪੈਣੇ ਹਾੜੇ, ਪਰ ਇਹੋ ਜਹੇ ਸਤਿਗੁਰ ਦਾ ਦਰਸ ਕਦੇ ਨਾ ਪਾਈਆ । ਜਿਸ ਨੇ ਲੇਖੇ ਲਾਏ ਚੰਗੇ ਮਾੜੇ, ਗ਼ਰੀਬਾਂ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਗਲੇ ਲਗਾਈਆ । ਉਨ੍ਹਾਂ ਦੇ ਸੀਸ ਤੇ ਬੰਨ੍ਹ ਕੇ ਜਾਏ ਦਸਤਾਰੇ, ਜਿਸ ਦਸਤਾਰ ਨੂੰ ਵੇਖ ਕੇ ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਖ਼ੁਸ਼ ਹੋਣ ਤੇਈ ਅਵਤਾਰੇ, ਬਿਨ ਹੱਥਾਂ ਤਾਲੀ ਦੇਣ ਵਜਾਈਆ । ਪੈਗ਼ੰਬਰ ਸੱਜਦਿਆਂ ਵਿਚ ਝੁਕਣ ਸਾਰੇ, ਨਿਉਂ ਨਿਉਂ ਵੇਖਣ ਥਾਉਂ ਥਾਈਆ । ਦਸ ਗੁਰੂ ਜਾਣ ਬਲਿਹਾਰੇ, ਜੋ ਬਲਿਹਾਰ ਆਪਣਾ ਆਪ ਪੁਰਖ ਅਕਾਲ ਤੋਂ ਗਏ ਕਰਾਈਆ । ਜਨ ਭਗਤੋ ਇੱਕੀ ਕਿਰਪਾਨਾਂ ਗੋਬਿੰਦ ਨੇ ਚੌਵੀ ਮਾਘ ਨੂੰ ਇੱਕੀਆਂ ਗੁਰਸਿਖਾਂ ਦੇ ਹੱਥ ਫੜਾਈਆਂ ਸੀ ਵਿਚ ਸੰਸਾਰੇ, ਸਤਾਰਾਂ ਸੌ ਸੱਠ ਬਿਕਰਮੀ ਦਏ ਗਵਾਹੀਆ । ਜਿਸ ਵੇਲੇ ਮੇਰਾ ਪੁਰਖ ਅਕਾਲ ਆਇਆ ਤੇ ਮੈਂ ਆਵਾਂਗਾ ਨਾਲ ਦੁਬਾਰੇ, ਦੋਹਰਾ ਆਪਣਾ ਰੂਪ ਬਦਲਾਈਆ । ਮੇਰੇ ਆਉਣ ਦੇ ਨਿਸ਼ਾਨੇ ਤੇ ਇਹੋ ਹੋਣਗੇ ਇਸ਼ਾਰੇ, ਖੰਡੇ ਸਿੱਧੇ ਤੋਂ ਪੁੱਠੇ ਕਰ ਵਖਾਈਆ । ਕਿਉਂ ਰਾਵੀ ਦੇ ਕੰਢੇ ਜਿਸ ਵੇਲੇ ਗੁਰੂ ਅਰਜਨ ਨੇ ਸਵਾਸ ਕੀਤੇ ਸੀ ਬਾਹਿਰੇ, ਮੂਧੇ ਪੈ ਕੇ ਪੁੱਠੇ ਪੈ ਕੇ ਆਪਣਾ ਲੇਖਾ ਦਿਤਾ ਚੁਕਾਈਆ । ਨਾਲੇ ਹੱਸ ਕੇ ਕਿਹਾ ਮੇਰੇ ਕੰਢੇ ਉਤੇ ਮੇਰਾ ਸਾਹਿਬ ਗੁਰਮੁਖਾਂ ਨੂੰ ਤਾਰੇ, ਚਾਰ ਜੁਗ ਦੇ ਵਿਛੜੇ ਫੇਰ ਲਏ ਮਿਲਾਈਆ । ਉਨ੍ਹਾਂ ਨੂੰ ਰੱਖੇ ਆਪਣੀ ਪ੍ਰੀਤ ਦੇ ਸਹਾਰੇ, ਜਿਸ ਪ੍ਰੀਤ ਦੀ ਸ਼ਹਾਦਤ ਬਚਨ ਸਿੰਘ ਦਾ ਤਵੀਤ ਗੋਲੀ ਦੇ ਗੱਲ ਵਿਚ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਝਟ ਮੁਹੰਮਦ ਮਾਰੀਆਂ ਚੀਕਾਂ, ਕੂਕ ਕੂਕ ਸੁਣਾਈਆ । ਮੇਰੀਆਂ ਨੇੜੇ ਆਉਂਦੀਆਂ ਤਾਰੀਕਾਂ, ਬਿਨਾਹਰਫ਼ ਹਰੂਫ਼ ਵੇਖ ਵਖਾਈਆ । ਨਾ ਰਹਿਣੇ ਮੰਦਰ ਤੇ ਨਾ ਰਹਿਣੀਆਂ ਮਸੀਤਾਂ, ਮੇਰੇ ਮਸਲੇ ਪਲੂ ਜਾਣ ਛੁਡਾਈਆ । ਕਿਉਂ ਮੇਰੇ ਮਹਿਬੂਬ ਵਿਚ ਹੱਕ ਤੌਫ਼ੀਕਾਂ, ਜੋ ਕੁਦਰਤ ਦਾ ਮਾਲਕ ਇਕ ਅਖਵਾਈਆ । ਮੈਂ ਓਸ ਨੂੰ ਸਦਾ ਉਡੀਕਾਂ, ਬਿਨ ਨੈਣਾਂ ਨੈਣ ਉਠਾਈਆ । ਸੱਯਦਾ ਕਰਾਂ ਬਰਦਾ ਬਣਾਂ ਜੇ ਮੇਰੀਆਂ ਪੂਰੀਆਂ ਹੋਣ ਉਮੀਦਾਂ, ਉਸ ਦੀ ਆਮਦ

ਵਿਚ ਖ਼ੁਸ਼ਾਮੰਦ ਕਰਕੇ ਆਪਣਾ ਝਟ ਲੰਘਾਈਆ । ਕਿਉਂ ਸਾਡੇ ਅਹਿਦਨਾਮੇ ਦੀਆਂ ਸਾਨੂੰ ਹੁਕਮੀ ਕਟ ਦਿਤੀਆਂ ਰਸੀਦਾਂ, ਬਿਨਾ ਅੱਖਰਾਂ ਅੱਖਰ ਦਿਤੇ ਟਿਕਾਈਆ । ਇਹ ਮਸਲਾ ਬੜਾ ਪੇਚੀਦਾ, ਅੰਜੀਲ ਕੁਰਾਨ ਸਮਝ ਕੁਛ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਰਾਵੀ ਕਹੇ ਮੈਂ ਭਾਲੀ ਭੋਲੀ, ਭੁੱਲਿਆਂ ਭਟਕਿਆਂ ਦਿਆਂ ਜਣਾਈਆ । ਮੈਂ ਇਕੋ ਸ਼ਬਦ ਦੀ ਸਮਝਾਂ ਬੋਲੀ, ਦੂਜੀ ਵਿਦਿਆ ਸੁਣਨ ਕਦੇ ਨਾ ਆਈਆ । ਇਕੋ ਸਾਹਿਬ ਨੂੰ ਰਹੀ ਟੋਲੀ, ਟੋਲੇ ਅਵਤਾਰ ਪੈਗ਼ੰਬਰ ਗੁਰੂਆਂ ਦੇ ਮੈਨੂੰ ਗਏ ਸਮਝਾਈਆ । ਅਸੀਂ ਸਾਰੇ ਉਸ ਦੇ ਨਾਮ ਕਲਮੇ ਦੀ ਪਾਉਂਦੇ ਰੌਲੀ, ਉਚੀ ਕੂਕ ਕੂਕ ਦ੍ਰਿੜਾਈਆ । ਜਿਸ ਵੇਲੇ ਉਸ ਸਾਹਿਬ ਦੀ ਆਪਣੀ ਰੁਤ ਮੌਲੀ, ਮੌਲਾ ਹੋ ਕੇ ਦੋ ਜਹਾਨ ਵੇਖ ਵਖਾਈਆ । ਉਹ ਪਰਗਟ ਹੋਣਾ ਅਮਾਮਾਂ ਦਾ ਅਮਾਮ ਉਪਰ ਧੌਲੀ, ਕਲ ਕਲਕੀ ਫੇਰਾ ਪਾਈਆ । ਉਸ ਦੀ ਸ਼ਕਲ ਨਾ ਸੁੰਦਰ ਨਾ ਸੌਲੀ, ਕਾਲਾ ਪੀਲਾ ਰੂਪ ਨਾ ਕੋਇ ਬਦਲਾਈਆ । ਉਹ ਆਦਿ ਦਾ ਆਦਿ ਅੰਤ ਦਾ ਅੰਤ ਅਵਲ ਦਾ ਔਲੀ, ਆਲਮੀਨ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨੌ ਫੁੱਲ ਕਹਿਣ ਅਸੀਂ ਜਾਣਾ ਵਿਚ ਨਵ ਖੰਡਾਂ, ਖੰਡਾ ਖੜਗ ਧਾਰ ਚਮਕਾਈਆ । ਜਿਸ ਸਾਹਿਬ ਨੇ ਵੱਖ ਵੱਖ ਪਾਈਆਂ ਵੰਡਾਂ, ਦੀਨ ਦੁਨੀ ਗੁਲਸ਼ਨ ਦਿਤਾ ਮਹਿਕਾਈਆ । ਉਹ ਖੇਲ ਵੇਖਣ ਆਇਆ ਕੋਟਨ ਕੋਟ ਬ੍ਰਹਿਮੰਡਾਂ, ਪੁਰੀਆਂ ਲੋਆਂ ਪਰਦਾ ਰਿਹਾ ਉਠਾਈਆ । ਜਿਸ ਦਾ ਸ਼ਬਦੀ ਧਾਰ ਸੱਤ ਰੰਗ ਦਾ ਡੰਡਾ, ਡੰਡਾਵਤ ਸਭ ਦੀ ਰਿਹਾ ਬਦਲਾਈਆ । ਚਰਨ ਛੁਹਾ ਕੇ ਰਾਵੀ ਕੰਢਾ, ਕੰਢੀ ਘਾਟ ਕਰੇ ਰੁਸ਼ਨਾਈਆ । ਸਭ ਦਾ ਪਿਛਲਾ ਵਕਤ ਲੰਘਾ, ਅੱਗੇ ਹੁਕਮ ਬੇਪਰਵਾਹੀਆ । ਜਿਸ ਨੇ ਪੁੱਠਾ ਕਰ ਪਲੰਘਾ, ਦੀਨ ਦੁਨੀ ਦਿਤੀ ਉਲਟਾਈਆ । ਸੱਤ ਰੰਗ ਝੁਲਾਏ ਝੰਡਾ, ਸੱਤ ਦੀਪ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨੌ ਫੁੱਲ ਕਹਿਣ ਨੌ ਖੰਡ ਦੀ ਦੱਸੀਏ ਬਾਤ, ਬਾਤਨ ਭੇਵ ਖੁਲ੍ਹਾਈਆ । ਜਿਸ ਪ੍ਰਭੂ ਨੇ ਹਿੱਸਿਆਂ ਵਾਲੀ ਦਿਤੀ ਦਾਤ, ਦਾਤਾ ਦਾਨੀ ਹੋ ਕੇ ਆਪ ਵਰਤਾਈਆ । ਉਹ ਅੰਤ ਕਰਨ ਆਇਆ ਇਨਸਾਫ਼, ਅਦਲ ਆਪਣੇ ਹੱਥ ਵਖਾਈਆ । ਦੀਨ ਮਜ਼੍ਹਬ ਦਾ ਲੇਖਾ ਕਰੇ ਸਾਫ਼, ਸਫ਼ਾ ਮਲੇਛਾਂ ਦਏ ਉਠਾਈਆ । ਕਲਜੁਗ ਕੂੜੀ ਕਿਰਿਆ ਕਰੇ ਨਾਸ, ਨਾਸਤਕ ਰਹਿਣ ਕੋਇ ਨਾ ਪਾਈਆ । ਸਤਿ ਜੋਤ ਕਰੇ ਪ੍ਰਕਾਸ਼, ਨੂਰ ਨੁਰਾਨਾ ਡਗਮਗਾਈਆ । ਜਨ ਭਗਤੋ ਨੌ ਫੁੱਲ ਕਹਿਣ ਤੁਹਾਡੀ ਖੁਸ਼ਬੂ ਦੀ ਨਵਾਂ ਖੰਡਾਂ ਵਿਚ ਜ਼ਰੂਰ ਆਵੇਗੀ ਬਾਸ, ਵਾਸਨਾ ਵੇਖੇ ਖ਼ਲਕ ਖ਼ੁਦਾਈਆ । ਇਹ ਸੁਗੰਧੀ ਪੁਜਣੀ ਉਤੇ ਕੈਲਾਸ਼, ਬ੍ਰਹਮਾ ਦੇ ਜਾਣੀ ਪਾਸ, ਵਿਸ਼ਨੂੰ ਦੀ ਪੂਰੀ ਕਰਨੀ ਆਸ, ਆਸਾ ਆਸਾ ਨਾਲ ਮਿਲਾਈਆ । ਤੁਹਾਨੂੰ ਸਭ ਨੇ ਦੇਣੀ ਸ਼ਾਬਾਸ਼, ਅਵਤਾਰ ਪੈਗ਼ੰਬਰ ਗੁਰ ਇਕੱਠੇ ਮਿਲ ਕੇ ਸਾਥ, ਕਿਉਂ ਤੁਸਾਂ ਇਕ ਪ੍ਰਭੂ ਦੀ ਗਾਈ ਗਾਥ, ਦੂਜਾ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਸਦੀ ਚੌਧਵੀਂ ਗਲੋਂ ਹੋ ਗਈ ਨੰਗੀ, ਪੁਸ਼ਤ ਹੱਥ ਨਾ ਕੋਇ ਰਖਾਈਆ । ਉਮਤ ਨਬੀ ਰਸੂਲਾਂ ਆਉਣੀ ਤੰਗੀ, ਤੰਗਦਸਤੀ ਨਾ ਕੋਇ ਕਟਾਈਆ । ਸਭ ਨੇ ਪੈਣਾ ਔਝੜ ਡੰਡੀ, ਮਾਰਗ ਕਦਮ ਨਾ ਕੋਇ ਟਿਕਾਈਆ । ਚਾਰੋਂ ਕੁੰਟ ਪੈਣੀ ਭੰਡੀ, ਵਰਭੰਡ ਦਏ ਦੁਹਾਈਆ । ਸਤਾਈ ਮਾਘ ਨੂੰ ਰਣਜੀਤ

ਸਿੰਘ ਨੇ ਪੁੱਠੀ ਪਾਈ ਹੋਵੇ ਤੰਬੀ, ਨਾਲਾ ਪਿਛੇ ਗੰਢ ਰਖਾਈਆ । ਮੋਢੇ ਰੱਖੀ ਹੋਵੇ ਟਾਹਣੀ ਜੰਡੀ, ਕੰਡਿਆਂ ਨਾਲ ਸੁਹਾਈਆ । ਨਾਜ਼ਰ ਸਿੰਘ ਸੀਸ ਵਿਚ ਵਾਹੁਣੀ ਕੰਘੀ, ਚੀਰ ਸਿੱਧਾ ਲੈਣਾ ਕਢਾਈਆ । ਹੱਥ ਜੋੜ ਕੇ ਬੈਠਣਗੇ ਸਿੱਖ ਪੰਝੀ, ਮੁਖ ਦੇ ਸਾਹਮਣੇ ਲੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਧਾ ਸੂਰਬੀਰ ਬਹਾਦਰ ਇਕੋ ਨੌਜਵਾਨਾ ਜੰਗੀ, ਫਰੰਗੀ ਲੇਖਾ ਵੇਖ ਵਖਾਈਆ ।

## ✪ ੨੭ ਮਾਘ ਸ਼ਹਿਨਸ਼ਾਹੀ ਸੰਮਤ ੭ ਦੀਦਾਰ ਸਿੰਘ ਦੇ ਘਰ ਦੁਪਹਿਰ ਨੂੰ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ ✪

ਸਤਿਗੁਰ ਸ਼ਬਦ ਕਹੇ ਬੜਾ ਆਇਆ ਅਨੰਦ, ਅਨੰਦ ਸਤਿਗੁਰ ਸਤਿਗੁਰ ਵਿਚੋਂ ਪਰਗਟਾਈਆ । ਨਾਰਦ ਕਹੇ ਮੈਂ ਵੀ ਸੁਣਿਆ ਛੰਦ, ਨੀਵਾਂ ਹੋ ਕੇ ਸੀਸ ਝੁਕਾਈਆ । ਸੰਦੇਸ਼ਾ ਦੇਵਾਂ ਜਨ ਭਗਤੋ ਜਿਸ ਵੇਲੇ ਸਾਹਿਬ ਸਤਿਗੁਰ ਬੈਠੇ ਉਤੇ ਪਲੰਘ, ਸਿੰਘਾਸਣ ਉਤੇ ਆਸਣ ਲਾਈਆ । ਹਰਿ ਸੰਗਤ ਮੁਖ ਵਿਚੋਂ ਬਚਨ ਕਰੇ ਨਾ ਕੋਇ ਬੱਤੀ ਦੰਦ, ਰਸਨਾ ਜਿਹਵਾ ਜਗਤ ਨਾ ਕੋਇ ਹਿਲਾਈਆ । ਭਗਤ ਦਵਾਰੇ ਭਗਤਾਂ ਦੇ ਅੰਦਰ ਮਨ ਦਾ ਹੋਣ ਨਹੀਂ ਦੇਣਾ ਜੰਗ, ਕਲਪਣਾ ਜਗਤ ਨਾ ਕੋਇ ਰਖਾਈਆ । ਜੋ ਬੋਲੇ ਸੇਵਾਦਾਰ ਉਸ ਨੂੰ ਖੜ੍ਹਾ ਕਰ ਦੇਣਗੇ ਇਕ ਟੰਗ, ਬੈਠ ਕੇ ਦਰਸ ਮੂਲ ਨਾ ਪਾਈਆ । ਪਿਛੇ ਦੀ ਪਿਛੇ ਗਈ ਹੰਢ, ਅੱਗੇ ਹੁਕਮ ਵਰਤੇ ਬੇਪਰਵਾਹੀਆ । ਏਸੇ ਕਰਕੇ ਨਿਸ਼ਾਨ ਵਖਾਇਆ ਤਾਰਾ ਚੰਦ, ਭੁੱਲ ਰਹੇ ਨਾ ਰਾਈਆ । ਜਿਸ ਮੁਹੰਮਦ ਨੂੰ ਜ਼ਿਮੀਂ ਅਸਮਾਨਾਂ ਦਿਤਾ ਟੰਗ, ਸੋ ਲੇਖਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਸਤਿਗੁਰ ਸ਼ਬਦ ਕਹੇ ਮੈਂ ਦੱਸਾਂ ਖੇਲ ਅਪਾਰਾ, ਅਪਰੰਪਰ ਇਕ ਦ੍ਰਿੜਾਈਆ । ਚੜ੍ਹਦੀ ਕੂਟੇ ਬੈਠੇ ਆਪ ਨਿਰੰਕਾਰਾ, ਨਿਰਵੈਰ ਨੂਰ ਇਲਾਹੀਆ । ਲਹਿੰਦੀ ਦਿਸ਼ਾ ਗੁਰਮੁਖ ਸਿੰਘ ਸਨਮੁਖ ਬਹੇ ਦੁਲਾਰਾ, ਮੁਖ ਸਤਿਗੁਰ ਵੱਲ ਰਖਾਈਆ । ਦੱਖਣ ਦਿਸ਼ਾ ਸਦੀ ਚੌਧਵੀਂ ਦੀ ਗੋਲੀ ਦਾ ਹੋਵੇ ਇਸ਼ਾਰਾ, ਕੌਰ ਜੋਗਿੰਦਰ ਸੋਭਾ ਪਾਈਆ । ਪਹਾੜ ਵੇਖੇ ਨੈਣ ਉਘਾੜਾ, ਉਚੀ ਚੋਟੀ ਕੈਲਾਸ਼ ਤੋਂ ਪਰੇ ਧਿਆਨ ਲਗਾਈਆ । ਜਿਸ ਨੇ ਹੱਥ ਵਿਚ ਫੜਿਆ ਸੀ ਚੰਦ ਸਿਤਾਰਾ, ਸੋ ਤ੍ਰਿਪਤ ਮੇਰੀ ਦਿਸ਼ਾ ਸੋਭਾ ਪਾਈਆ । ਸਤਿਗੁਰ ਦਾ ਚਰਨ ਜੋੜਾ ਸ੍ਰਿਸ਼ਟੀ ਦਾ ਹਿੱਸਾ ਅਧਵਿਚਕਾਰਾ, ਸਚ ਸਿੰਘਾਸਣ ਨਜ਼ਰੀ ਆਈਆ । ਜਿਸ ਦੀਆਂ ਚਾਰੋਂ ਕੁੰਟ ਸ਼ਬਦੀ ਧਾਰ ਵੱਜਣੀਆਂ ਲਕਾਰਾ, ਲਾਇਨਾਂ ਐਨ ਦੇਣੀਆਂ ਬਣਾਈਆ । ਜਿਸ ਚਰਨ ਨੂੰ ਪੂਜੇ ਸਰਬ ਸੰਸਾਰਾ, ਸਹਿਸਾ ਦੋ ਜਹਾਨ ਰਹੇ ਨਾ ਰਾਈਆ । ਉਹ ਬਖ਼ਸ਼ਿਸ਼ ਕਰੇ ਬਖ਼ਸ਼ਣਹਾਰਾ, ਬਖ਼ਸ਼ਿਸ਼ ਆਪਣੀ ਇਕ ਵਰਤਾਈਆ । ਜੋ ਨਿਰਗੁਣ ਨਿਰਗੁਣ ਲਏ ਅਵਤਾਰਾ, ਸਰਗੁਣ ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਮੈਂ ਲਵਾਂ ਉਭੇ ਸਾਹ, ਹੌਕਿਆਂ ਵਿਚ ਸੁਣਾਈਆ । ਚਾਰ ਕੁੰਟ ਦਿਸੇ ਕੋਈ ਨਾ ਰਾਹ, ਗੁਰ ਅਵਤਾਰ ਪੈਗ਼ੰਬਰ ਭੱਜਣ ਵਾਹੋ ਦਾਹੀਆ । ਬਿਨ ਨੈਣਾਂ ਨੈਣ ਰਹੇ ਉਠਾ, ਬਿਨ ਅੱਖਾਂ ਅੱਖ ਖੁਲ੍ਹਾਈਆ । ਪੁਰਖ ਅਕਾਲਾ ਦੀਨ ਦਿਆਲਾ ਕਿਹੜੀ ਕੂਟੇ ਤੁੱਠਾ, ਮਿਹਰਵਾਨ ਆਪਣੀ ਦਇਆ ਕਮਾਈਆ ।

ਜਿਸ ਨੇ ਜਗਤ ਜਹਾਨ ਪਾਉਣੀਆਂ ਲੁੱਟਾਂ, ਲੁਟੇਰਾ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਸੁਹਾਉਣੀਆਂ ਸਾਚੀਆਂ ਰੁਤਾਂ, ਰੁਤੜੀ ਆਪਣੇ ਨਾਲ ਮਹਿਕਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਚਰਨ ਭੇਟ ਕਰੋ ਪਿਆਰ ਦੀਆਂ ਢਾਈ ਢਾਈ ਮੁੱਠਾਂ, ਜੋ ਲੈ ਕੇ ਆਈਆਂ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀਆਂ ਝਾਕ, ਚਾਰੋਂ ਕੁੰਟ ਧਿਆਨ ਲਗਾਈਆ । ਕੀ ਖੇਲ ਕੀਤਾ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣਾ ਹੁਕਮ ਵਰਤਾਈਆ । ਜਿਸ ਦੇ ਚਾਰੋਂ ਕੁੰਟ ਭਗਤ ਸੁਹੇਲੇ ਬੈਠੇ ਪਾਸ, ਖ਼ਾਲੀ ਦਿਸ਼ਾ ਨਜ਼ਰ ਕੋਇ ਨਾ ਆਈਆ । ਸਭ ਦੀ ਪੂਰੀ ਕਰੇ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਕਿਧਰ ਕਰੀਏ ਤਲਾਸ਼, ਲੱਭੀਏ ਕਿਹੜੀ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਨੀ ਕਮਲੀਓ ਅੱਗੇ ਗੁਰ ਅਵਤਾਰ ਪੈਗ਼ੰਬਰਾਂ ਦੇ ਘਰਾਂ ਦੇ ਮਾਲਕ ਹੁੰਦੇ ਪੁਜਾਰੀ, ਪੂਜਾ ਖਾ ਕੇ ਝਟ ਲੰਘਾਈਆ । ਹੁਣ ਪੁਰਖ ਅਕਾਲ ਦੇ ਸ਼ਬਦੀ ਧਾਰ ਸੋਂਹਦੇ ਲਿਖਾਰੀ, ਪ੍ਰਭ ਨਾਲ ਮਿਲ ਕੇ ਚਾਰੇ ਕੂਟਾਂ ਰੰਗ ਰੰਗਾਈਆ । ਜਿਥੇ ਕੋਈ ਨਿਮਸਕਾਰ ਕਰ ਨਾ ਸਕੇ ਜੁਆਰੀ, ਠੱਗ ਚੋਰ ਯਾਰ ਚਰਨ ਛੋਹਣ ਕੋਇ ਨਾ ਪਾਈਆ । ਏਸ ਦਰ ਤੇ ਉਹ ਪੁੱਜੇ ਜਿਹੜਾ ਭਗਤ ਜੋਤ ਨਿਰੰਕਾਰੀ, ਦੂਜਾ ਨਜ਼ਰ ਕੋਇ ਨਾ ਆਈਆ । ਨੀ ਸਮਾਂ ਆਉਣਾ ਪ੍ਰਭ ਦੇ ਚਰਨਾਂ ਦੀ ਧੂੜ ਨਹੀਂ ਮਿਲਣੀ ਛਾਰੀ, ਟਿੱਕੇ ਮਸਤਕ ਨਾ ਕੋਇ ਰਮਾਈਆ । ਸ੍ਰਿਸ਼ਟੀ ਨੇ ਤਰਸਣਾ ਤੜਫਣਾ ਕਿਤੇ ਪ੍ਰਭ ਦੇ ਚਰਨਾਂ ਦੇ ਜੋੜੇ ਦੇ ਬਣੀਏ ਪੁਜਾਰੀ, ਪੁਜਾਰੀਆਂ ਵਾਲਾ ਲੇਖਾ ਫੇਰ ਵੀ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਨਾਰਦ ਕਹੇ ਮੁਹੰਮਦਾ ਆਹ ਤਕ ਲੈ ਨਜ਼ਾਰਾ, ਸੋਹਣਿਆਂ ਆਪਣੀ ਅੱਖ ਉਠਾਈਆ । ਵੇਖ ਲੈ ਆਪਣੇ ਅਮਾਮ ਦਾ ਨੂਰ ਜ਼ਾਹਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਦਾ ਸਭ ਤੋਂ ਵਸੀਹ ਦਾਇਰਾ, ਹੱਦ ਹਦੂਦ ਨਜ਼ਰ ਕੋਇ ਨਾ ਆਈਆ । ਜਿਸ ਝਗੜਾ ਪਾਉਣਾ ਵਿਚ ਕਾਹਿਰਾ, ਮਿਸਰ ਦੀ ਮਿਸਲ ਰਿਹਾ ਬਣਾਈਆ । ਚਾਰ ਯਾਰੀ ਦਾ ਰਹਿਣਾ ਨਹੀਂ ਪਹਿਰਾ, ਪਾਰਬ੍ਰਹਮ ਭੈ ਰਿਹਾ ਵਖਾਈਆ । ਅੰਤਮ ਕਿਤੇ ਹੋ ਨਾ ਜਾਣਾ ਬਹਿਰਾ, ਅਨਸੁਣਤ ਰਿਹਾ ਸੁਣਾਈਆ । ਜਿਸ ਨੇ ਨਾਮ ਕਲਮੇ ਦਾ ਕਰਨਾ ਮੁਸ਼ਾਹਿਰਾ, ਬਿਨਾ ਮਸ਼ਵਰੇ ਸਲਾਹ ਬਣਾਈਆ । ਜਿਸ ਦਾ ਖੇਲ ਅਗੰਮਾ ਗਹਿਰਾ, ਸਮਝ ਕਿਸੇ ਨਾ ਆਈਆ । ਇਕ ਵਾਰ ਦੀਨ ਦੁਨੀਆ ਨੇ ਉਸ ਨੂੰ ਕਹਿਣਾ ਭੈੜਾ, ਕੀ ਜ਼ੁਲਮ ਰਿਹਾ ਕਮਾਈਆ । ਪਰ ਉਸ ਨੇ ਪਿਛਲੀ ਰੀਤੀ ਦਾ ਸਭ ਤੋਂ ਛੁਡਾ ਦੇਣਾ ਖਹਿੜਾ, ਖੇੜਾ ਅਗਲਾ ਦੇਣਾ ਵਸਾਈਆ । ਮਜ਼੍ਹਬੀ ਰਹਿਣ ਨਾ ਦੇਵੇ ਝੇੜਾ, ਝਗੜਾ ਮੇਟੇ ਕੂੜ ਲੋਕਾਈਆ । ਅਵਤਾਰ ਪੈਗ਼ੰਬਰ ਗੁਰੂਆਂ ਬੰਨ੍ਹ ਕੇ ਬੇੜਾ, ਨਈਆ ਇਕੋ ਨਾਮ ਵਾਲੀ ਚੜ੍ਹਾਈਆ । ਜੋ ਖੇਲ ਅਨੋਖੀ ਧਾਰ ਛੇੜਦਾ ਛੇੜਾ, ਛੇਕੜ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਪਿਛਲੀ ਦੱਸਾਂ ਧਾਰ, ਆਦਿ ਦੀ ਆਦਿ ਸਮਝਾਈਆ । ਜਿਸ ਵੇਲੇ ਸਤਿ ਸਰੂਪ ਆਪਣਾ ਪਰਗਟ ਕੀਤਾ ਸੀ ਨਿਰੰਕਾਰ, ਨਿਰਗੁਣ ਨਿਰਗੁਣ ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋਤ ਵਿਚੋਂ ਸ਼ਬਦ ਦੀ ਧਾਰ ਕਰ ਤਿਆਰ, ਆਸ਼ਾ ਆਪਣੀ ਆਪਣੇ ਨਾਲ ਮਿਲਾਈਆ । ਸ਼ਬਦ ਦੀ ਆਸ਼ਾ ਵਿਸ਼ਨ ਬ੍ਰਹਮਾ ਸ਼ਿਵ ਕਰ ਉਜਿਆਰ, ਜੋਤੀ

ਜੋਤ ਜੋਤ ਰੁਸ਼ਨਾਈਆ । ਫੇਰ ਲਾਇਆ ਇਕੱਠਾ ਇਕ ਦਰਬਾਰ, ਵਿਸ਼ਨ ਬ੍ਰਹਮਾ ਸ਼ਿਵ ਏਸੇ ਤਰਾ ਲਿਆ ਬਹਾਈਆ । ਓਨ੍ਹਾਂ ਨੂੰ ਹੁਕਮ ਦਿਤਾ ਮੇਰਾ ਨਿਰਗੁਣ ਧਾਰ ਚਰਨ ਚਰਨ ਧੂੜ ਦਾ ਜੋੜਾ ਅਪਰ ਅਪਾਰ, ਜਿਸ ਨੂੰ ਚਾਰ ਜੁਗ ਨਾ ਕੋਇ ਮਿਟਾਈਆ । ਜਿਸ ਦੀ ਪੂਜਾ ਰਹੇ ਅਪਰ ਅਪਾਰ, ਅਪਰੰਪਰ ਸਵਾਮੀ ਦਿਤਾ ਸੁਣਾਈਆ । ਵਿਸ਼ਨੂੰ ਨੂੰ ਕੀਤਾ ਖ਼ਬਰਦਾਰ, ਭੈ ਨਾਲ ਡਰਾਈਆ । ਬ੍ਰਹਮੇ ਨੂੰ ਕੀਤਾ ਹੁਸ਼ਿਆਰ, ਇਸ਼ਾਰਾ ਦਿਤਾ ਲਗਾਈਆ । ਸ਼ੰਕਰ ਨੂੰ ਦੇ ਹੁਲਾਰ, ਹਲੂਣੇ ਨਾਲ ਉਠਾਈਆ । ਤਿੰਨੇ ਇਕੱਠੀ ਕਰੋ ਨਿਮਸਕਾਰ, ਪੁਰਖ ਅਕਾਲ ਦਿਤਾ ਦ੍ਰਿੜਾਈਆ । ਫੇਰ ਨਿਗਹ ਲਓ ਉਠਾਲ, ਨੈਣ ਨੈਣ ਨਾਲ ਮਿਲਾਈਆ । ਤੁਸੀਂ ਮੇਰੇ ਦੀਨ ਮੈਂ ਤੁਹਾਡਾ ਦਿਆਲ, ਦੋ ਜਹਾਨ ਆਪਣਾ ਹੁਕਮ ਵਰਤਾਈਆ । ਮੈਂ ਪਾਤਸ਼ਾਹ ਤੁਸੀਂ ਕੰਗਾਲ, ਸ਼ਾਹ ਸੁਲਤਾਨ ਹੋ ਕੇ ਤੁਹਾਡੀ ਝੋਲੀ ਦਿਆਂ ਭਰਾਈਆ । ਮੈਂ ਰਾਜਨ ਰਾਜਾ ਤੁਸੀਂ ਮੇਰੇ ਜੀਅ ਪਰਾਨ, ਮਿਹਰਵਾਨ ਹੋ ਕੇ ਦਿਆਂ ਦ੍ਰਿੜਾਈਆ । ਆਪਣੇ ਚਰਨ ਜੋੜੇ ਦਾ ਕਰ ਧਿਆਨ, ਦ੍ਰਿਸ਼ਟੀ ਦ੍ਰਿਸ਼ਟ ਨਾਲ ਮਿਲਾਈਆ । ਧੂੜੀ ਦਾ ਇਕ ਇਕ ਕਤਰਾ ਸਭ ਨੂੰ ਦਿਤਾ ਦਾਨ, ਤਿੰਨਾਂ ਦੀ ਮਨਸਾ ਵਿਚ ਟਿਕਾਈਆ । ਵਿਸ਼ਨੂੰ ਨੂੰ ਕਿਹਾ ਤੂੰ ਸਭ ਨੂੰ ਦੇਣਾ ਪੀਣ ਖਾਣ, ਭੰਡਾਰਾ ਮੇਰਾ ਬੇਪਰਵਾਹੀਆ । ਬ੍ਰਹਮੇ ਤੂੰ ਉਤਪਤ ਕਰਨਾ ਜਹਾਨ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਸ਼ੰਕਰਾ ਜੋ ਉਪਜਿਆ ਤੂੰ ਉਸ ਦਾ ਰਹਿਣ ਨਹੀਂ ਦੇਣਾ ਨਿਸ਼ਾਨ, ਅੰਤ ਲੇਖਾ ਦੇਣਾ ਮੁਕਾਈਆ । ਸਭ ਨੇ ਇਕੋ ਹੁਕਮ ਕਰਨਾ ਪਰਵਾਨ, ਸਿਰ ਸਕੇ ਨਾ ਕੋਇ ਉਠਾਈਆ । ਤਿੰਨੇ ਇਕੱਠੇ ਝੁਕੇ ਆਣ, ਨਿਵ ਨਿਵ ਲਾਗੇ ਪਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਰਿਹਾ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਆਦਿ ਦਾ ਖੇਲ ਵਿਚ ਸਚਖੰਡ, ਹਰਿ ਕਰਤਾ ਆਪ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਨੇ ਮੰਗੀ ਮੰਗ, ਖ਼ਾਲੀ ਝੋਲੀ ਅੱਗੇ ਡਾਹੀਆ । ਜੇ ਅਸੀਂ ਸ੍ਰਿਸ਼ਟੀ ਰਚੀ ਕੌਣ ਹੋਵੇਗਾ ਸੰਗ, ਸਗਲਾ ਸੰਗ ਬਣਾਈਆ । ਪੁਰਖ ਅਕਾਲ ਕਿਹਾ ਮੇਰੇ ਨਾਮ ਦਾ ਵੱਜੇ ਮਰਦੰਗ, ਸ਼ਬਦੀ ਸ਼ਬਦ ਖੇਲ ਖਿਲਾਈਆ । ਤਨ ਵਜੂਦ ਸੁਹਾਵਾਂ ਵਿਚ ਵਰਭੰਡ, ਅਵਤਾਰ ਪੈਗ਼ੰਬਰ ਗੁਰੂ ਨਾਉਂ ਪਰਗਟਾਈਆ । ਪਰ ਯਾਦ ਰੱਖਿਓ ਜਿਸ ਵੇਲੇ ਨੌਂ ਸੌ ਚੁਰਾਨਮੇ ਚੌਕੜੀ ਜੁਗ ਗਏ ਲੰਘ, ਫਿਰ ਆਪ ਆਵਾਂ ਚਾਈਂ ਚਾਈਂਆ । ਉਸ ਵੇਲੇ ਜਨ ਭਗਤਾਂ ਦੇ ਬੈਠ ਸਿੰਘਾਸਣ ਉਤੇ ਪਲੰਘ, ਆਸਣ ਏਸੇ ਤਰਹ ਸੁਹਾਈਆ । ਵਿਸ਼ਨ ਬ੍ਰਹਮਾ ਸ਼ਿਵ ਉਸ ਵੇਲੇ ਚਰਨ ਭੇਟ ਹੋਣਗੇ ਤਾਰਾ ਚੰਦ, ਸੂਰਜ ਸੂਰੀਆ ਸੀਸ ਨਿਵਾਈਆ । ਤੁਹਾਨੂੰ ਦੇਵਾਂਗਾ ਉਹ ਅਨੰਦ, ਜੋ ਅਨੰਦ ਮੇਰੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਪਿਛਲਾ ਵਕਤ ਸੁਹਾਇਆ, ਦਿਤੀ ਮਾਣ ਵਡਿਆਈਆ । ਸਚ ਦਰਬਾਰ ਲਗਾਇਆ, ਵੱਜੀ ਹੱਕ ਵਧਾਈਆ । ਵਿਸ਼ਨ ਬ੍ਰਹਮਾ ਸ਼ਿਵ ਲੇਖਾ ਪੂਰ ਕਰਾਇਆ, ਗੁਰਮੁਖ ਆਪਣੇ ਰੰਗ ਰੰਗਾਈਆ । ਗੁਰ ਚੇਲੇ ਵਾਲਾ ਪਿਛਲਾ ਭੇਵ ਚੁਕਾਇਆ, ਗੋਬਿੰਦ ਦਏ ਗਵਾਹੀਆ । ਹਰਿਜਨ ਜਨ ਹਰਿ ਆਪਣੇ ਰੰਗ ਰੰਗਾਇਆ, ਦਿਤੀ ਮਾਣ ਵਡਿਆਈਆ । ਸਤਿਗੁਰੂ ਦੇ ਘਰ ਕੋਈ ਨਹੀਂ ਪਰਾਇਆ, ਭਗਤਾਂ ਬੰਸ ਸਰਬੰਸ ਇਕੋ ਇਕ ਵਖਾਈਆ । ਕਰੇ ਖੇਲ ਬੇਪਰਵਾਹਿਆ, ਬੇਪਰਵਾਹ ਆਪਣਾ ਹੁਕਮ ਵਰਤਾਈਆ । ਜਿਸ ਨੂੰ ਕਹਿੰਦੇ ਦਾਈ ਦਾਇਆ, ਦਾਤਾ ਹੋ ਕੇ ਵੇਖਣ ਆਈਆ । ਭਾਵੇਂ ਜਨ ਭਗਤੋ ਤੁਹਾਡੀ ਪੰਜ ਤਤ ਦੀ ਕਾਇਆ, ਕਾਇਆ ਦਾ ਮਾਲਕ ਇਕੋ ਇਕ ਨੂਰ ਇਲਾਹੀਆ ।

ਏਸੇ ਕਰਕੇ ਅੱਜ ਪਹਿਲੋਂ ਪਰਸਾਦਿ ਵਰਤਾਇਆ, ਫੇਰ ਆਪਣਾ ਹੁਕਮ ਵਰਤਾਈਆ । ਕਿਉਂ ਜਿਸ ਵੇਲੇ ਵਿਸ਼ਨ ਬ੍ਰਹਮਾ ਸ਼ਿਵ ਨੂੰ ਦਿਤੀ ਸੀ ਦਾਤ ਉਸ ਵੇਲੇ ਦੂਜਾ ਨਜ਼ਰ ਕੋਇ ਨਾ ਆਇਆ, ਬਿਨਾ ਚਾਰ ਤੋਂ ਚਾਰ ਕੁੰਟ ਰੂਪ ਨਾ ਕੋਇ ਦਰਸਾਈਆ । ਸਤਾਈ ਮਾਘ ਦਾ ਦਿਵਸ ਵਡਿਆਇਆ, ਸਦ ਵੱਜਦੀ ਰਹੇ ਵਧਾਈਆ । ਨਵੀਂ ਰੀਤੀ ਦਾ ਹੁਕਮ ਰਿਹਾ ਸੁਣਾਇਆ, ਜਨ ਭਗਤਾਂ ਸੁਣਨਾ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਖੇਲ ਰਚਾਇਆ, ਰਚਣਹਾਰ ਏਕੰਕਾਰ ਇਕੋ ਇਕ ਅਖਵਾਈਆ ।

✪ ੨੭ ਮਾਘ ਸ਼ਹਿਨਸ਼ਾਹੀ ਸੰਮਤ ੭ ਮੇਲਾ ਸਿੰਘ ਦੀ ਬੰਬੀ ਉਤੇ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ ✪

ਸੁਣ ਹੁਕਮ ਕੰਧਾਰੀ ਵਲੀ, ਵਲੀਅੱਲਾ ਅੱਲਾਹ ਆਪ ਜਣਾਈਆ । ਸਤਾਈ ਮਾਘ ਰਾਤ ਨੂੰ ਲਿਆਉਣੀ ਤੇਲ ਦੀ ਪਲੀ, ਮੁਹੰਮਦ ਦੇ ਚਰਾਗ਼ ਰਹੇ ਕੁਰਲਾਈਆ । ਰਾਹ ਤਕਦਾ ਸ਼ਾਹ ਐਲੀ, ਹਸਨ ਹੁਸੈਨ ਅੱਖ ਉਠਾਈਆ । ਲੇਖਾ ਪੂਰਾ ਕਰਨਾ ਕਰਬਲੇ ਵਾਲਾ ਜਿਨ੍ਹਾਂ ਦਿਤੀ ਬਲੀ, ਬਲਧਾਰ ਵੇਖ ਵਖਾਈਆ । ਇਕ ਲਿਆਉਣੀ ਨਾਲ ਲੂਣ ਦੀ ਡਲੀ, ਉਮਤ ਹਾਂਡੀ ਖੋਜ ਖੋਜਾਈਆ । ਹੋਕਾ ਮਿਲਣਾ ਗਲੀਓ ਗਲੀ, ਜਗਤ ਜਹਾਨ
੧੭੩੮ ਆਪ ਸੁਣਾਈਆ । ਝਗੜਾ ਪੈਣਾ ਜਲੀ ਥਲੀ, ਥਲ ਅਸਗਾਹ ਰੋਵਣ ਮਾਰਨ ਧਾਹੀਆ । ਮੁਹੰਮਦ ਦੀ ਆਸ਼ਾ ਕਲਪਣੀ ਇਕੱਲੀ, ਚਾਰ ਯਾਰੀ ੧੭੩੮
ਸੰਗ ਨਾ ਕੋਇ ਨਿਭਾਈਆ । ਪੰਜ ਦਾਣੇ ਨਾਲ ਲਿਆਉਣੇ ਮੂੰਗਫਲੀ, ਜਿਸ ਨੂੰ ਨਾਨਕ ਭੋਗ ਲਗਾ ਕੇ ਮਰਦਾਨੇ ਦਿਤਾ ਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਿੰਘ ਮੇਲਾ ਜਗਤ ਕੰਧਾਰੀ, ਹਰਿ ਸ਼ਬਦ ਨਾਲ ਸਮਝਾਈਆ । ਇਕ ਵਾਲ ਪ੍ਰਭ ਦੀ ਭੇਟ ਚੜ੍ਹਾਉਣਾ ਵਿਚੋਂ ਦਾੜ੍ਹੀ, ਭੁੱਲ ਕੋਇ ਨਾ ਜਾਈਆ । ਕਿਰਪਾ ਕਰੇ ਆਪ ਨਿਰੰਕਾਰੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਨ ਭਗਤਾਂ ਦੀ ਸਦਾ ਪੱਕੀ ਰਹੇ ਸਾਉਣੀ ਹਾੜ੍ਹੀ, ਗ਼ਰੀਬ ਨਿਮਾਣਿਆਂ ਰਿਹਾ ਸੁਣਾਈਆ । ਜੁਗ ਚੌਕੜੀਆਂ ਪਿਛੋਂ ਆਈ ਤੁਹਾਡੀ ਵਾਰੀ, ਵਾਰਿਸ ਹੋ ਕੇ ਵੇਖੇ ਚਾਈਂ ਚਾਈਆ । ਜਿਸ ਨਾਤਾ ਤੋੜਿਆ ਚਾਰ ਯਾਰੀ, ਯਰਾਨਾ ਭਗਤਾਂ ਨਾਲ ਰਖਾਈਆ । ਤੁਹਾਡੇ ਪਿਆਰ ਦਾ ਪ੍ਰਭੂ ਬਣਿਆ ਵਪਾਰੀ, ਘਰ ਘਰ ਵਿਚੋਂ ਖਰੀਦੇ ਚਾਈਂ ਚਾਈਆ । ਇਕੋ ਮਾਣ ਦੇਵੇ ਪੁਰਖ ਨਾਰੀ, ਬਿਰਧ ਬਾਲਾਂ ਹੋਏ ਸਹਾਈਆ । ਜਿਹੜਾ ਟਕਾ ਭੇਟ ਕਰਨਾ ਉਸ ਤੇ ਲਾਈਨ ਹੋਵੇ ਕਾਲੀ, ਆਰ ਪਾਰ ਦੇਣੀ ਲਗਾਈਆ । ਉਸ ਨੂੰ ਰੱਖਿਆ ਹੋਵੇ ਵਿਚ ਥਾਲੀ, ਜਿਹੜੀ ਥਾਲੀ ਗੁਰਮੁਖ ਭੇਟ ਚੜ੍ਹਾਈਆ । ਵਿਚ ਤਿੰਨ ਤਿਨਕੇ ਹੋਣ ਪਰਾਲੀ, ਜਿਹੜੀ ਭਗਤਾਂ ਹੇਠ ਬਿਛ ਕੇ ਆਪਣੀ ਸੇਵ ਕਮਾਈਆ । ਇਕ ਦੀਪਕ ਜੋਤ ਹੋਵੇ ਬਾਲੀ, ਮੁਖ ਨੌ ਸੋਭਾ ਪਾਈਆ । ਫੇਰ ਲਿਖਾਰੀਆਂ ਬਣਨਾ ਸਵਾਲੀ, ਨਿਵ ਨਿਵ ਕੇ ਸੀਸ ਝੁਕਾਈਆ । ਪ੍ਰਭੂ ਸਤਿਗੁਰ ਜਨ ਭਗਤਾਂ ਗੁਰਮੁਖਾਂ ਦਾ ਨਾਤਾ ਰਵ੍ਹੇ ਨਾ ਜਾਹਲੀ, ਆਤਮ ਗੰਢ ਦੇਣੀ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਜਨਮ ਕਰਮ ਦੀ ਮੇਟੇ ਕੰਗਾਲੀ, ਸ਼ਾਹ ਕੰਗਾਲ ਆਪਣੇ ਰੰਗ ਰੰਗਾਈਆ ।

✪ ੨੭ ਮਾਘ ਸ਼ਹਿਨਸ਼ਾਹੀ ਸੰਮਤ ੭ ਕਿਸ਼ਨ ਸਿੰਘ, ਪ੍ਰਕਾਸ਼ ਕੌਰ, ਵਕੀਲ ਸਿੰਘ, ਵਸਣ ਸਿੰਘ, ਆਸ਼ਾ ਸਿੰਘ, ਲਾਜ ਕੌਰ, ਹਜ਼ਾਰਾ ਸਿੰਘ, ਸਰੂਪ ਸਿੰਘ, ਸਾਂਝੀ ਰਾਮ ਗੰਡਾ ਸਿੰਘ, ਧਿਆਨੋ ਚਨੋ ਧੰਨੀ ਪੂਰੇ, ਗੁਲਜ਼ਾਰ ਸਿੰਘ, ਬੰਤੀ ਅੱਲੜਪਿੰਡੀ, ਦੀਪੋ ਦੋਸਤਪੁਰ, ਬਾਵੀ ਦੋਸਤ ਪੁਰ, ਗੁਰਮੁਖ ਸਿੰਘ ਸੋਹਣ, ਗੁਰਦੇਵ ਸਿੰਘ ਸੋਹਣ, ਅਮਰੋ ਰੜਿਆਣਾ, ਦੀਪੋ ਛੋੜ, ਚਰਨ ਕੌਰ ਖ਼ੁਸ਼ੀਪੁਰ ਪਿੰਡ ਅੱਲੜਪਿੰਡੀ ਜ਼ਿਲਾ ਗੁਰਦਾਸ ਪੁਰ ✪

ਸਤਾਈ ਮਾਘ ਕਹੇ ਸ਼ਰਅ ਦੀ ਕੀਮਤ ਪੈ ਗਈ ਟਕਾ, ਗੁਰਮੁਖ ਲੇਖਾ ਰਿਹਾ ਚੁਕਾਈਆ । ਪਰਵਰਦਿਗਾਰ ਨੇ ਖੇਲ ਵੇਖਣਾ ਮਦੀਨਾ ਮੱਕਾ, ਕਾਅਬਿਆਂ ਅੱਖ ਉਠਾਈਆ । ਚਾਰ ਯਾਰੀ ਨਾਤਾ ਤਕਣਾ ਸਕਾ, ਉਮਤ ਉਮਤੀ ਖੋਜ ਖੁਜਾਈਆ । ਜੋ ਇਸ਼ਾਰਾ ਦੇ ਕੇ ਆਇਆ ਨਾਨਕ ਤਪਾ, ਬਗ਼ਦਾਦ ਵਿਚ ਦ੍ਰਿੜਾਈਆ । ਹੁਕਮੀ ਧਾਰ ਲਿਖਿਆ ਪਟਾ, ਸ਼ਬਦੀ ਸ਼ਬਦ ਸ਼ਬਦ ਸਮਝਾਈਆ । ਸਦੀ ਚੌਧਵੀਂ ਪੈਣਾ ਰੱਟਾ, ਨਾ ਕੋਈ ਮੇਟੇ ਜਗਤ ਲੋਕਾਈਆ । ਧਰਨੀ ਉਤੇ ਉਡਣਾ ਘੱਟਾ, ਧੂੰਆਂਧਾਰ ਸੋਭਾ ਪਾਈਆ । ਖੇਲ ਕਰੇ ਪੁਰਖ ਸਮਰਥਾ, ਹਰਿ ਵੱਡਾ ਵਡ ਵਡਿਆਈਆ । ਜਿਸ ਲੇਖੇ ਲਾਉਣਾ ਲਾਲੋ ਦਾ ਸਵਾ ਗਜ ਦਾ ਲੱਠਾ, ਚਾਰੇ ਕੰਨੀਆਂ ਕਟ ਕੇ ਚਾਰੋਂ ਕੁੰਟ ਆਪਣਾ ਹੁਕਮ ਵਰਤਾਈਆ । ਜਿਸ ਨੇ ਹੁਕਮ ਲਿਖਾਇਆ ਯਥਾਰਥ ਯਥਾ, ਯਦੀ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਸਤਾਈ ਮਾਘ ਕਹੇ ਮੇਰੀਆਂ ਖ਼ੁਸ਼ੀਆਂ ਵਾਲੀਆਂ ਬਹਾਰਾਂ, ਬਹਿਸ਼ਤਾਂ ਵਾਲਿਓ ਦਿਆਂ ਜਣਾਈਆ । ਦੇਵਤਿਓ ਵੇਖੋ ਨੇਤਰਾਂ ਨਾਲ ਨਜ਼ਾਰਾ, ਅਪੱਛਰਾਂ ਵਾਲਿਓ ਲਓ ਅੰਗੜਾਈਆ । ਖੇਲ ਤਕੋ ਤੇਈ ਅਵਤਾਰਾ, ਈਸਾ ਮੂਸਾ ਮੁਹੰਮਦ ਸੰਗ ਬਣਾਈਆ । ਗੁਰ ਦਸ ਪਾਓ ਸਾਰਾ, ਮਹਾਂਸਾਰਥੀ ਕੀ ਆਪਣੀ ਕਾਰ ਕਮਾਈਆ । ਜਿਸ ਦਾ ਦੀਪਕ ਹੋਇਆ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਕਲਜੁਗ ਅੰਤਮ ਕਰਨਾ ਪਾਰ ਕਿਨਾਰਾ, ਲੇਖਾ ਮਾਤ ਰਹਿਣ ਨਾ ਪਾਈਆ । ਪਰਗਟ ਹੋ ਚਵ੍ਹੀਆਂ ਅਵਤਾਰਾ, ਚੌਬੀਸਾ ਆਪਣਾ ਖੇਲ ਖਿਲਾਈਆ । ਪੂਰਬ ਰਹਿਣ ਨਾ ਦਏ ਉਧਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਸਤਾਈ ਮਾਘ ਕਹੇ ਲਾਲੋ ਦਾ ਸਵਾ ਗਜ਼ ਦਾ ਲੱਠਾ, ਜਗਤ ਸਿੰਘਾਸਣ ਸੋਭਾ ਪਾਈਆ । ਸਤਿਗੁਰ ਚਰਨਾਂ ਵਿਚ ਢੱਠਾ, ਪ੍ਰਭ ਤੇਰੀ ਬੇਪਰਵਾਹੀਆ । ਸਦੀ ਚੌਧਵੀਂ ਵਕਤ ਟੱਪਾ, ਟਾਪੂਆਂ ਪਰੇ ਪਏ ਦੁਹਾਈਆ । ਆਪਣਾ ਵੇਖ ਪੁਰਾਣਾ ਪਟਾ, ਜੋ ਬਿਨ ਅੱਖਰਾਂ ਦਿਤਾ ਲਿਖਾਈਆ । ਜਿਸ ਦੇ ਉਤੇ ਅਗੰਮੀ ਠੱਪਾ, ਠਾਕਰ ਤੇਰਾ ਨਾਮ ਨਜ਼ਰੀ ਆਈਆ । ਹੁਣ ਮੇਟ ਦੇ ਦੀਨ ਦੁਨੀ ਦਾ ਰੱਟਾ, ਲੇਖਾ ਅਵਰ ਨਾ ਕੋਇ ਬਣਾਈਆ । ਗੁਰ ਅਵਤਾਰ ਪੈਗ਼ੰਬਰ ਕਰ ਲੈ ਇਕੱਠਾ, ਵਖਰੀ ਵੰਡ ਨਾ ਕੋਇ ਵੰਡਾਈਆ । ਸਭ ਨੂੰ ਕਰ ਦੇ ਜ਼ੀਰੋ ਨਾਲ ਬਟਾ, ਹਿੰਦਸਾ ਅੰਕ ਨਾ ਕੋਇ ਜਣਾਈਆ । ਤੇਰਾ ਨੂਰ ਜਗੇ ਲਟ ਲਟਾ, ਦੋ ਜਹਾਨਾਂ ਸੋਭਾ ਪਾਈਆ । ਤੇਰਾ ਕਿਸੇ ਨੂੰ ਲੱਗਾ ਨਹੀਂ ਪਤਾ, ਪਤਿਪਰਮੇਸ਼ਵਰ ਬੇਪਰਵਾਹੀਆ । ਮੈਂ ਖੇਲ ਵੇਖਾਂ ਅੱਖਾਂ, ਬਿਨ ਅੱਖਾਂ ਅੱਖ ਉਠਾਈਆ । ਤੇਰੇ ਦਰਸ਼ਨ ਨੂੰ ਤਰਸਣ ਕਰੋੜਾਂ ਤੇ ਲੱਖਾਂ, ਕੋਟਨ ਕੋਟ ਧਿਆਨ ਲਗਾਈਆ । ਪੂਜਦੇ ਪੱਥਰ ਵੱਟਾ, ਇੱਟਾਂ ਸੀਸ ਨਿਵਾਈਆ । ਉਹ ਬੁੱਢਾ ਬ੍ਰਾਹਮਣ ਜਿਸ ਨੇ ਦੋ ਤਲਵਾਰਾਂ ਬੱਧੀਆਂ ਪੱਟਾਂ, ਜੋ ਨਾਮੇਂ ਨੂੰ ਠਾਕਰ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਾਰ ਆਪ ਕਮਾਈਆ । ਸਤਾਈ ਮਾਘ ਕਹੇ ਸਿੰਘਾਸਣ ਵੇਖੋ ਲੱਠਾ ਕੋਰਾ, ਮੈਂ ਕੋਰੀ ਗੱਲ ਸੁਣਾਈਆ । ਪ੍ਰਭੂ ਦੇ ਅੱਗੇ ਨਹੀਂ ਕਿਸੇ ਦਾ ਜ਼ੋਰਾ, ਜਿਸ ਜ਼ੋਰਾਵਰ ਫ਼ਤਹਿ ਸਿੰਘ ਨੀਹਾਂ ਹੇਠਾਂ ਦਿਤੇ ਦਬਾਈਆ । ਉਹ ਬਣ ਕੇ ਹੋਰ ਦਾ ਹੋਰਾ, ਅਵਰ ਅਵਰਾ ਰੂਪ ਵਟਾਈਆ । ਭਗਤ ਭਗਵਾਨ ਬਣਾ ਕੇ ਜੋੜਾ, ਸੋਹਣੀ ਆਪਣੀ ਖੇਲ ਖਿਲਾਈਆ । ਅੱਗੇ ਵਕਤ ਦੱਸ ਕੇ ਥੋੜਾ, ਕਲਜੁਗ ਕੂੜਾ ਪੰਧ ਮੁਕਾਈਆ । ਜਿਸ ਸਦੀ ਚੌਧਵੀਂ ਮੋੜਨਾ ਮੋੜਾ, ਪਾਸਾ ਦੀਨ ਦੁਨੀ ਉਲਟਾਈਆ । ਦੋ ਜਹਾਨ ਪਕੜ ਕੇ ਡੋਰਾ, ਡੌਰੂ ਡੰਕਾ ਇਕ ਸੁਣਾਈਆ । ਵਕਤ ਰਹਿਣਾ ਨਹੀਂ ਠੱਗਾਂ ਚੋਰਾਂ, ਹਉਮੇ ਹੰਗਤਾ ਗੜ੍ਹ ਤੁੜਾਈਆ । ਭੇਵ ਖੁਲ੍ਹਾ ਕੇ ਤੇਰਾ ਮੇਰਾ, ਏਕਾ ਬ੍ਰਹਮ ਦਏ ਸਮਝਾਈਆ । ਜਨ ਭਗਤਾਂ ਹੋਣ ਨਾ ਦਏ ਵਿਛੋੜਾ, ਵਿਛੜਿਆਂ ਜੋੜ ਜੁੜਾਈਆ । ਕਲਜੁਗ ਮੇਟੇ ਅੰਧ ਘੋਰਾ, ਨੂਰੀ ਚੰਦ ਕਰ ਰੁਸ਼ਨਾਈਆ । ਇਕ ਸੁਣਾਏ ਧੁਰ ਦਾ ਦੋਹਰਾ, ਢੋਲਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਾਈ ਮਾਘ ਕਹੇ ਮੈਂ ਸਭ ਕੁਛ ਕੀਤਾ ਸਤਿਗੁਰ ਸ਼ਬਦ ਹਵਾਲੇ, ਉਸੇ ਨੂੰ ਸੀਸ ਨਿਵਾਈਆ । ਜਿਸ ਲਿਖਾਰੀਆਂ ਅੱਗੇ ਪੰਜ ਪੰਜ ਦੀਪਕ ਬਾਲੇ ਜੋਤੀ ਜੋਤ ਜੋਤ ਰੁਸ਼ਨਾਈਆ । ਗੁਰਮੁਖਾਂ ਦੇ ਇਹੋ ਠਾਕਰ ਮੰਦਰ ਸ਼ਿਵਦਵਾਲੇ, ਕਾਅਬੇ ਧੁਰ ਦੇ ਨਜ਼ਰੀ ਆਈਆ । ਅੰਦਰ ਰਹਿਣ ਕਿਸੇ ਨਾ ਕਾਲੇ, ਕਾਲਖ ਟਿੱਕੇ ਦੇਣੇ ਮਿਟਾਈਆ । ਫਲ ਲਗਾਉਣੇ ਸਾਚੇ ਡਾਲੇ, ਪਤਿ ਟਹਿਣੀ ਆਪ ਮਹਿਕਾਈਆ । ਗੁਰਮੁਖ ਵੇਖੇ ਆਪਣੇ ਬਾਲੇ, ਬਾਲ ਅੰਞਾਣੇ ਗੋਦ ਟਿਕਾਈਆ । ਸਰਬ ਜੀਆਂ ਦੀਆਂ ਹਰ ਘਟ ਜਾਣੇ, ਜਾਣਨਹਾਰ ਆਪ ਹੋ ਜਾਈਆ । ਚੁਰਾਸੀ ਵਿਚੋਂ ਪੁਣੇ ਛਾਣੇ, ਦਾਤਾ ਦਾਨੀ ਖੋਜ ਖੁਜਾਈਆ । ਫੜ ਚਲਾਏ ਆਪਣੇ ਭਾਣੇ, ਭਾਵੀ ਨੇੜ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰੇ ਸਭ ਕੁਛ ਅਖਤਿਆਰ, ਹੁਕਮ ਧੁਰਦਰਗਾਹੀਆ । ਮੈਂ ਰਹਿਣ ਨਹੀਂ ਦੇਣਾ ਕੋਈ ਮੁਖਤਿਆਰ, ਮੁਖਤਿਆਰੇ ਆਮ ਨਜ਼ਰ ਕੋਇ ਨਾ ਆਈਆ । ਸਭ ਨੂੰ ਸੱਦ ਸੱਚੇ ਦਰਬਾਰ, ਸੰਦੇਸ਼ਾ ਦੇਣਾ ਚਾਈਂ ਚਾਈਂਆ । ਅੱਗੇ ਹੁਕਮ ਮੰਨਣਾ ਪਏ ਇਕ ਨਿਰੰਕਾਰ, ਆਪਣੀ ਵੰਡ ਨਾ ਕੋਇ ਰਖਾਈਆ । ਇਕੋ ਇਸ਼ਟ ਹੋਵੇ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਇਕੋ ਗ੍ਰਹਿ ਹੋਵੇ ਨਿਮਸਕਾਰ, ਦੂਸਰ ਵੰਡ ਨਾ ਕੋਇ ਵੰਡਾਈਆ । ਇਕੋ ਦਰਸ ਪਰਵਰਦਿਗਾਰ, ਜੋਤੀ ਜਾਤਾ ਨਜ਼ਰੀ ਆਈਆ । ਪਿਛਲੀ ਰਸਮ ਰਹੇ ਨਾ ਵਿਚ ਸੰਸਾਰ, ਕਸਮ ਇਕੋ ਇਕ ਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰੇ ਭੈ ਵਿਚ ਦੋ ਜਹਾਨ ਰਹੇ ਕੰਬੀ, ਥਰਥਰਾਹਟ ਵਿਚ ਦੁਹਾਈਆ । ਓਧਰੋਂ ਸਦੀ ਚੌਧਵੀਂ ਜਾਏ ਲੰਘੀ, ਆਪਣਾ ਪੰਧ ਮੁਕਾਈਆ । ਓਧਰੋਂ ਡੱਲੇ ਦੇ ਸਿਰ ਵਿਚ ਵਾਹੀ ਕੰਘੀ, ਸਿੱਧਾ ਚੀਰ ਦਿਤਾ ਕਢਾਈਆ । ਜਿਸ ਦੇ ਸਿਰ ਤੇ ਗੋਬਿੰਦ ਨੇ ਖੰਡੇ ਦੀ ਧਾਰ ਰੱਖੀ ਸੀ ਨੰਗੀ, ਸਹਿਜ ਸਹਿਜ ਫਿਰਾਈਆ । ਹੁਕਮ ਦਿਤਾ ਹੁਣ ਜਾਣੇ ਫ਼ਰੰਗੀ, ਆਪਣਾ ਪੰਧ ਮੁਕਾਈਆ । ਫੇਰ ਵਾਟ ਰਹੇ ਨਾ ਲੰਬੀ, ਪਾਂਧੀ ਪੰਧ ਨਾ ਕੋਇ ਭਵਾਈਆ । ਸਦੀ ਚੌਧਵੀਂ ਅੰਤਮ ਸ੍ਰਿਸ਼ਟੀ ਹੋਣੀ ਅੰਧੀ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਤੇਰਿਆਂ ਕੇਸਾਂ ਵਾਂਗਰ ਦੁਨੀਆ ਦੋ ਧੜ ਜਾਣੀ ਵੰਡੀ, ਗੋਬਿੰਦ ਹੱਸ ਕੇ ਗਿਆ ਦ੍ਰਿੜਾਈਆ । ਪਰ ਇਹ ਗੱਲ

ਯਾਦ ਰੱਖੀਂ ਇਹ ਖੇਲ ਕਰਨਾ ਮੇਰੇ ਸਾਹਿਬ ਸੂਰੇ ਸਰਬੰਗੀ, ਪੁਰਖ ਅਕਾਲ ਦਇਆ ਕਮਾਈਆ । ਉਸ ਵੇਲੇ ਚੜ੍ਹਨਾ ਚੰਦ ਨਹੀਂ ਕੋਈ ਨੌਚੰਦੀ, ਚੰਦ ਸਿਤਾਰਾ ਦਰ ਤੇ ਸੀਸ ਨਿਵਾਈਆ । ਖੇਲ ਵੇਖਣਾ ਵਿਚ ਵਰਭੰਡੀ, ਬ੍ਰਹਿਮੰਡ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਖੰਡਾ ਕਹੇ ਜਿਸ ਵੇਲੇ ਡੱਲੇ ਦੇ ਸਿਰ ਤੇ ਦਿਤਾ ਰੱਖ, ਤਿੱਖੀ ਧਾਰ ਰਖਾਈਆ । ਗੋਬਿੰਦ ਪਿਆ ਹੱਸ, ਖ਼ੁਸ਼ੀਆਂ ਵਿਚ ਸੁਣਾਈਆ । ਗੁਰਮੁਖੇ ਪੰਝੀ ਜੋੜੇ ਹੱਥ, ਮੁਖ ਦੇ ਅੱਗੇ ਟਿਕਾਈਆ । ਸਤਿਗੁਰ ਕਿਹਾ ਉਸ ਵੇਲੇ ਮੇਰੇ ਪੁਰਖ ਅਕਾਲ ਦੀ ਜੋਤ ਜਗੇ ਲਟ ਲਟ, ਦੁਰਗਾ ਲਾਟਾਂ ਵਾਲੀ ਸਿੰਘਾਸਣ ਹੇਠ ਰਖਾਈਆ । ਜਿਸ ਚੰਡੀ ਨੂੰ ਮੈਂ ਕੀਤਾ ਪਰਗਟ, ਉਹ ਚੰਡੀ ਪ੍ਰਭ ਦਾ ਸ਼ਬਦ ਰੂਪ ਜਾਏ ਬਦਲਾਈਆ । ਇਹ ਖੇਲ ਵੇਖਣਾ ਨਾਲ ਪੁਰਖ ਸਮਰਥ, ਸਮਰਥ ਆਪਣੀ ਕਾਰ ਭੁਗਤਾਈਆ । ਜਿਸ ਦੋ ਜਹਾਨ ਚਲਾਉਣਾ ਰਥ, ਰਥਵਾਹੀ ਆਪਣਾ ਹੁਕਮ ਵਰਤਾਈਆ । ਜਗਤ ਜਹਾਨ ਦੇਵੇ ਮਥ, ਨਾਮ ਮਧਾਣਾ ਇਕ ਉਠਾਈਆ । ਸ੍ਰਿਸ਼ਟੀ ਸਾਰੀ ਲੱਭੇ ਸਥ, ਸੱਥਰ ਯਾਰ ਨਾ ਕੋਇ ਹੰਢਾਈਆ । ਉਲਟੀ ਗਿੜੇ ਲੱਠ, ਭਵਰ ਵਿਚ ਖ਼ਲਕ ਖ਼ੁਦਾਈਆ । ਝਗੜਾ ਮਿਟਣਾ ਮੰਦਰ ਮੱਠ, ਸ਼ਿਵਦਵਾਲੇ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਲੱਠਾ ਕਹੇ ਮੈਂ ਲੰਮਾ ਗਜ਼ ਸਵਾ, ਸਵਾਰਥ ਆਪਣਾ ਨਾ ਕੋਇ ਰਖਾਈਆ । ਮੈਂ ਹੁਕਮ ਸੰਦੇਸ਼ਾ ਕਹਵਾਂ, ਕਹਿ ਕੇ ਦਿਆਂ ਦ੍ਰਿੜਾਈਆ । ਪ੍ਰਭ ਨੇ ਖੇਲ ਖਿਲਾਉਣਾ ਨਵਾਂ, ਨਵ ਖੰਡ ਵੱਜੇ ਵਧਾਈਆ । ਮੈਂ ਫਿਰਨਾ ਨਾਲ ਚਵਾਂ, ਚਾਰੋਂ ਕੁੰਟ ਵਾਹੋ ਦਾਹੀਆ । ਚੈਨ ਨਾਲ ਕਿਤੇ ਨਾ ਬਹਵਾਂ, ਭੱਜਾਂ ਵਾਹੋ ਦਾਹੀਆ । ਬਿਨ ਭਗਤਾਂ ਪਿਆਰ ਕਿਤੇ ਨਾ ਸਵਾਂ, ਆਲਸ ਨਿੰਦਰਾ ਨਾ ਕੋਇ ਰਖਾਈਆ । ਮੈਨੂੰ ਕਹੇ ਨਾ ਕੋਇ ਨਿਥਾਵਾਂ, ਨਿਥਾਵਿਆਂ ਦਿਆਂ ਸੁਣਾਈਆ । ਆਓ ਪ੍ਰਭੂ ਪਿਆਰ ਕਰਦਾ ਵੱਧ ਨਾਲੋਂ ਮਾਵਾਂ, ਹਰਿਜਨ ਆਪਣੀ ਗੋਦ ਟਿਕਾਈਆ । ਮੈਂ ਬਲਿਹਾਰ ਉਸੇ ਦੇ ਚਰਨਾਂ ਤੋਂ ਜਾਵਾਂ, ਜੋ ਜਵਾਂ ਦੀ ਰੋਟੀ ਖਾ ਕੇ ਗੁਰਮੁਖਾਂ ਰਿਹਾ ਰਜਾਈਆ । ਓਸੇ ਦੀ ਚਰਨ ਧੂੜੀ ਨਹਾਵਾਂ, ਦੁਰਮਤ ਮੈਲ ਧਵਾਈਆ । ਉਹੋ ਕੰਤ ਸੁਹਾਗੀ ਇਕੋ ਰਾਵਾਂ, ਜਿਸ ਦੀ ਸੇਜ ਸੁਹੰਜਣੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਲੱਠਾ ਕਹੇ ਮੈਂ ਸਵਾ ਗਜ਼ ਚੌੜਾ, ਸਚ ਦਿਆਂ ਸੁਣਾਈਆ । ਮੈਨੂੰ ਚਰਨ ਛੁਹਾਇਆ ਬ੍ਰਾਹਮਣ ਗੌੜਾ, ਬ੍ਰਹਮ ਦਾ ਪੜਦਾ ਦਿਤਾ ਉਠਾਈਆ । ਜੋ ਮਿਹਰਵਾਨ ਹੋ ਕੇ ਬਹੁੜਾ, ਬਹੁੜੀ ਬਹੁੜੀ ਕਰਦਿਆਂ ਲਏ ਬਚਾਈਆ । ਜੋ ਮਿੱਠਾ ਕਰੇ ਰੀਠਾ ਕੌੜਾ, ਅੰਮ੍ਰਿਤ ਰਸ ਚਖਾਈਆ । ਜਿਸ ਨੇ ਝਗੜਾ ਮਿਟਾਇਆ ਤਲਾਬਾਂ ਜੌਹੜਾ, ਅੱਠਾਂ ਸੱਠਾਂ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਵਾ ਗਜ਼ ਕਹੇ ਮੈਂ ਯਸੂਹ ਦੀ ਨਿਸ਼ਾਨੀ, ਮੈਨੂੰ ਮਸੀਹ ਦਿਤੀ ਵਡਿਆਈਆ । ਜਿਸ ਵੇਲੇ ਜਾਂਦਾ ਸੀ ਵਿਚ ਜੂਹ ਬੇਗਾਨੀ, ਮੈਨੂੰ ਗਲ ਵਿਚ ਲਟਕਾਈਆ । ਹੱਥ ਫੜਦਾ ਸੀ ਕਾਨੀ, ਸਾਢੇ ਤਿੰਨ ਹੱਥ ਲੰਬਾਈਆ । ਜਿਸ ਨੇ ਅੰਤ ਕੀਤੀ ਕੁਰਬਾਨੀ, ਆਪਣਾ ਆਪ ਮਿਟਾਈਆ । ਸਵਾ ਗਜ਼ ਸਲੀਵ ਉਸ ਦੇ ਗਲ ਵਿਚ ਅੰਤ ਬੱਧੀ ਗਾਨੀ, ਗਾਨਾ ਸਗਨ ਵਾਲਾ ਜਣਾਈਆ । ਜਿਸ ਨੂੰ ਗਲ ਵਿਚ ਪਾ ਕੇ ਉਹਨੂੰ ਮਿਲ ਗਿਆ ਜਾਨ ਜਾਨੀ, ਹਰਿ ਕਰਤਾ ਸ਼ਾਹ ਪਾਤਸ਼ਾਹ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਵਾ ਗਜ਼ ਕਹੇ ਕਿਉਂ ਮੇਰੀ ਕੰਨੀ ਕਤਰੀ, ਕਤਰਾ ਕਤਰਾ ਦਿਤਾ ਕਰਾਈਆ । ਮੈਂ ਸਚ ਦੱਸਾਂ ਜਿਸ ਵੇਲੇ ਗੋਬਿੰਦ ਨੇ ਇਕੱਠੇ ਕੀਤੇ ਸੀ ਸ਼ੂਦਰ ਵੈਸ਼ ਬ੍ਰਾਹਮਣ ਸ਼ੱਤਰੀ, ਛਤਰ ਇਕੋ ਨਾਮ ਝੁਲਾਈਆ । ਕਿਸੇ ਪਾਂਡੇ ਤੋਂ ਫੁਲਾਈ ਨਹੀਂ ਸੀ ਪੱਤਰੀ, ਗ੍ਰਹਿ ਨਛੱਤਰ ਨਾ ਕੋਇ ਦ੍ਰਿੜਾਈਆ । ਫੇਰ ਬਣਾ ਕੇ ਹੱਥਾਂ ਨਾਲ ਮੇਰੀ ਦੋਹਰੀ ਚੌਹਰੀ ਪਟੜੀ, ਕਮਰਕਸੇ ਨਾਲ ਟਿਕਾਈਆ । ਫੇਰ ਮੈਨੂੰ ਤੋਲਿਆ ਬਿਨਾ ਤਕੜੀ, ਵਜ਼ਨ ਬੇਵਜ਼ਨ ਦਿਤਾ ਦ੍ਰਿੜਾਈਆ । ਨਾਲੇ ਹੱਸ ਕੇ ਕਿਹਾ ਜਿਸ ਵੇਲੇ ਦੁਨੀਆ ਸ਼ਰਅ ਵਿਚ ਜਾਣੀ ਜਕੜੀ, ਜ਼ੰਜੀਰ ਸਕੇ ਨਾ ਕੋਇ ਤੁੜਾਈਆ । ਕਿਸੇ ਨੇ ਗਾਂ ਖਾਣੀ ਕਿਸੇ ਨੇ ਸੂਰ ਖਾਣਾ ਕਿਸੇ ਨੇ ਖਾਣੀ ਬੱਕਰੀ, ਬਕਰੀਦਾਂ ਵਾਲੇ ਰੋਵਣ ਮਾਰਨ ਧਾਹੀਂਆ । ਉਸ ਵੇਲੇ ਦੁਨੀਆ ਦੀ ਭੱਠੀ ਤਪਣੀ, ਕਲਜੁਗ ਭਠਿਆਲੇ ਅਗਨੀ ਦੇਣੀ ਡਾਹੀਆ । ਸਦੀ ਚੌਧਵੀਂ ਅੰਤਮ ਹੋਣੀ ਟੱਪਣੀ, ਭੱਜੇ ਵਾਹੋ ਦਾਹੀਆ । ਸ਼ਰਅ ਦੀ ਸ਼ਰੀਅਤ ਛਪਣੀ, ਛੱਪਾ ਮਾਰੇ ਬੇਪਰਵਾਹੀਆ । ਪਿਆਰ ਰਹਿਣਾ ਨਹੀਂ ਪਤਿ ਪਤਨੀ, ਨਾਰ ਕੰਤ ਕਰੇ ਲੜਾਈਆ । ਚੇਲਿਆਂ ਗੁਰੂਆਂ ਧਾਰ ਛਡਣੀ, ਮੁਰੀਦ ਮੁਰਸ਼ਦ ਜਾਣ ਤਜਾਈਆ । ਮੰਜ਼ਲ ਮਿਲੇ ਕਿਸੇ ਨਾ ਭੱਜਣੀ, ਪੂਜਾ ਪਾਰ ਨਾ ਕੋਇ ਕਰਾਈਆ । ਪ੍ਰਭੂ ਦੀ ਹਾਥ ਆਵੇ ਨਾ ਵੰਝਣੀ, ਜਗਤ ਮੁਹਾਣਾ ਸਾਰ ਕੋਇ ਨਾ ਪਾਈਆ । ਚਾਰੋਂ ਕੁੰਟ ਕਲਜੁਗ ਅੱਗ ਲੱਗਣੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਝਗੜਾ ਪੈਣਾ ਮਾਨਸ ਬਦਨੀਂ, ਬਦੀ ਦਾ ਡੇਰਾ ਕੋਇ ਨਾ ਢਾਹੀਆ । ਦੁਨੀਆ ਰੋਵੇ ਆਅਲਾ ਅਦਨੀ, ਸ਼ਾਹ ਕੰਗਾਲਾਂ ਧੀਰ ਨਾ ਕੋਇ ਧਰਾਈਆ । ਪ੍ਰਭੂ ਦੀ ਧਾਰ ਕਿਸੇ ਨਾ ਲੱਭਣੀ, ਖੋਜਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਉਠਾਈਆ । ਟਕਾ ਕਹੇ ਮੇਰੀ ਕੋਈ ਨਾ ਜਾਣੇ ਕੀਮਤ, ਕਲਜੁਗ ਕੁੜਿਆਰ ਦਿਤਾ ਤੁਲਾਈਆ । ਪ੍ਰਭ ਦਾ ਖੇਲ ਸਮਝਣਾ ਗ਼ਨੀਮਤ, ਜੋ ਗ਼ਮਾਂ ਦਾ ਡੇਰਾ ਢਾਹੀਆ । ਜਿਸ ਨੇ ਜਗਤ ਦੀ ਧਾਰ ਵੇਖਣੀ ਤ੍ਰੀਮਤ, ਤ੍ਰੀਆ ਤ੍ਰੈਗੁਣ ਖੋਜ ਖੁਜਾਈਆ । ਸਾਚੀ ਸ਼ਾਨ ਵੇਖਣੀ ਜ਼ੀਨਤ, ਕੀ ਜ਼ੇਬ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਾਰ ਆਪ ਭੁਗਤਾਈਆ । ਸਵਾ ਗਜ਼ ਕਹੇ ਮੈਨੂੰ ਚਾਰ ਕੁੰਟ ਦਿਤਾ ਕਟ, ਘੇਰਾ ਸੋਹਣਾ ਦਿਤਾ ਬਣਾਈਆ । ਮੈਂ ਵਿਕ ਗਿਆ ਪ੍ਰਭੂ ਦੇ ਹੱਟ, ਜਗਤ ਵਣਜਾਰੇ ਦਿਤੇ ਤਜਾਈਆ । ਕੂੜੀਆਂ ਹੱਦਾਂ ਗਿਆ ਟੱਪ, ਭੱਜਿਆ ਵਾਹੋ ਦਾਹੀਆ । ਪ੍ਰਭ ਸਿੰਘਾਸਣ ਚੜ੍ਹਿਆ ਝਟ, ਝਟਕੇ ਹਲਾਲੀ ਵਾਲਾ ਮੈਨੂੰ ਹੱਥ ਕੋਇ ਨਾ ਲਾਈਆ । ਮੈਂ ਵੇਖਣਾ ਨੂਰ ਇਲਾਹੀ ਸਤਿ, ਜੋ ਸਤਿ ਸਤਿ ਅਖਵਾਈਆ । ਜਿਸ ਨੂੰ ਕਹਿੰਦੇ ਕਮਲਾਪਤ, ਪਤਿਪਰਮੇਸ਼ਵਰ ਨੂਰ ਇਲਾਹੀਆ । ਆਦਿ ਅੰਤ ਸਮਰਥ, ਸਮਰਥ ਕਲ ਵਡਿਆਈਆ । ਨੂਰ ਜੋਤ ਅਲਖ, ਅਗੋਚਰ ਇਕ ਅਖਵਾਈਆ । ਜਿਸ ਚਲਾਉਣਾ ਸਤਿਜੁਗ ਰਥ, ਧੁਰ ਦਾ ਹੁਕਮ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਜਨ ਭਗਤੋ ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀਆਂ ਹੱਸੀਆਂ, ਹੱਸ ਹੱਸ ਸੀਸ ਨਿਵਾਈਆ । ਅਸੀਂ ਦੂਰੋਂ ਦੁਰਾਡਿਉਂ ਆਈਆਂ ਨੱਸੀਆਂ, ਪਿਛਲਾ ਪੰਧ ਮੁਕਾਈਆ । ਸ਼ਰਅ ਦੀਆਂ ਤਕਦੀਆਂ ਆਈਆਂ ਰੱਸੀਆਂ, ਰਸਤੇ ਵੇਖੇ ਥਾਉਂ ਥਾਈਆ । ਛੁਰੀਆਂ ਸਭ ਨੇ ਹੱਥਾਂ ਵਿਚ ਕਸੀਆਂ, ਬਾਹੂ ਬਲ ਰਹੇ ਪਰਗਟਾਈਆ । ਨਾਲ ਰਲੀਆਂ ਮਨ ਮਤੀਆਂ, ਗੁਰਮਤ ਬੈਠੀ ਮੁਖ ਛੁਪਾਈਆ । ਰਾਵੀ

੧੭੪੨ ੨੨

ਦੇ ਕੰਢੇ ਪਹੁੰਚੀਆਂ ਜਿਥੇ ਅਰਜਨ ਨੇ ਮੌਜਾਂ ਮਾਣੀਆਂ ਲੋਹਾਂ ਤਪੀਆਂ, ਤਪੀਸ਼ਰਾਂ ਡੇਰਾ ਢਾਹੀਆ । ਜਿਸ ਦੇ ਉਤੇ ਆਸ਼ਾ ਰੱਖੀ ਛੇ ਜਤੀਆਂ, ਆਪਣੀ ਅੱਖ ਖੁਲ੍ਹਾਈਆ । ਬਾਲਮੀਕ ਕਰ ਕੇ ਗਿਆ ਪੱਕੀਆਂ, ਬਜਵਾੜਾ ਆਪ ਸੁਣਾਈਆ । ਜਿਸ ਵੇਲੇ ਕਲਜੁਗ ਮਾਣ ਰਹਿਣਾ ਨਹੀਂ ਰਾਗਾਂ ਛੱਤੀਆਂ, ਦੰਦਾਂ ਬੱਤੀਆਂ ਨਾ ਕੋਇ ਵਡਿਆਈਆ । ਪ੍ਰਭ ਦੇ ਨਾਮ ਦੀਆਂ ਦੀਨ ਦੁਨੀ ਵਿਚ ਹੋਣੀਆਂ ਹਿੱਸੇ ਪੱਤੀਆਂ, ਗੁਰ ਅਵਤਾਰ ਪੈਗ਼ੰਬਰ ਵੰਡਾਂ ਦੇਣ ਵਖਾਈਆ । ਸਾਹਿਬ ਨਜ਼ਰ ਆਉਣਾ ਨਹੀਂ ਕਿਸੇ ਦੀਆਂ ਅੱਖੀਆਂ, ਸਨਮੁਖ ਦਰਸ ਕੋਇ ਨਾ ਪਾਈਆ । ਜਗਤ ਜਗਿਆਸੂਆਂ ਖਾਣੀਆਂ ਡੱਡੀਆਂ ਮੱਛੀਆਂ, ਪੰਛੀਆਂ ਖੱਲ ਲੁਹਾਈਆ । ਜਗਤ ਧਾਰਾਂ ਰਹਿਣੀਆਂ ਨਹੀਂ ਅੱਛੀਆਂ, ਅੱਛੀ ਤਰਾ ਸੁਣਾਈਆ । ਅੰਤ ਸਭ ਨੂੰ ਪੈਣੀਆਂ ਗਸ਼ੀਆਂ, ਸਿਰ ਸਕੇ ਨਾ ਕੋਇ ਉਠਾਈਆ । ਸਚ ਦਵਾਰੇ ਪੁਕਾਰਨ ਗਊਆਂ ਵੱਛੀਆਂ, ਬਛੜੇ ਰੋਵਣ ਮਾਰਨ ਧਾਹੀਆ । ਜਿਹੜੀਆਂ ਕ੍ਰਿਸ਼ਨ ਦੀ ਬੰਸਰੀ ਉਤੇ ਨੱਚੀਆਂ, ਆਪਣੀ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਦਾਤਾ ਇਕ ਅਖਵਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਰਾਵੀ ਰਹੀਆਂ ਦੱਸ, ਸਹਿਜ ਸਹਿਜ ਸੁਣਾਈਆ । ਨੀ ਪਹਿਲੋਂ ਸਾਡੇ ਨਾਲ ਹੱਸ, ਮੁਸਕਰਾਹਟ ਵਿਚ ਵਡਿਆਈਆ । ਫੇਰ ਪਿਆਰ ਨਾਲ ਨੱਸ, ਭੱਜੀਏ ਵਾਹੋ ਦਾਹੀਆ । ਸਾਡਾ ਲੱਥੇ ਝੱਕ, ਓਹਲਾ ਰਹੇ ਨਾ ਰਾਈਆ । ਸਾਡਾ ਮਿਟੇ ਸ਼ਕ, ਭਰਮ ਦੇਣਾ ਚੁਕਾਈਆ । ਕੀ ਤੇਰੇ ਕੰਢੇ ਵਸੇ ਪੁਰਖ ਸਮਰਥ, ਹਰਿ ਦਾਤਾ ਬੇਪਰਵਾਹੀਆ । ਰਾਵੀ ਅੰਗੜਾਈ ਲਈ ਝਟ, ਨੇਤਰ ਨੈਣ ਉਠਾਈਆ । ਨੀ ਪਤਾ ਨਹੀਂ ਉਹ ਪਰਮ ਪੁਰਖ ਕਿ ਜੱਟ, ਤਤਾਂ ਵਾਲਾ ਕਿ ਨੂਰ ਇਲਾਹੀਆ । ਝਟ ਨਾਰਦ ਹੋ ਪਰਗਟ, ਤਾਲੀ ਰਿਹਾ ਵਜਾਈਆ । ਨੀ ਤੁਸੀਂ ਕੀ ਜਾਣੋ ਤੁਹਾਡੇ ਉਤੇ ਪਿਛੇ ਵੀ ਰਿਖੀਆਂ ਪਾਈ ਛੱਟ, ਭਾਰ ਜਗਤ ਦੇ ਕਰਮਾਂ ਵਾਲਾ ਚੁਕਾਈਆ । ਤੁਹਾਡੇ ਵਿਚੋਂ ਨਿਕਲਿਆ ਨਾ ਆਪਣਾ ਵਟ, ਲਹਿਰ ਲਹਿਰ ਨਾਲ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਖਿਲਾਈਆ । ਚਾਰੇ ਕਹਿਣ ਤੂੰ ਨਾਰਦ ਕੀ ਦੇਵੇਂ ਧੋਖਾ, ਭਰਮ ਰਿਹਾ ਭੁਲਾਈਆ । ਨਾਰਦ ਕਹੇ ਨੀ ਕਮਲੀਓ ਮੈਂ ਤੁਹਾਡਾ ਜਨਮ ਕਰਮ ਦਾ ਪੜ੍ਹਨ ਵਾਲਾ ਪੋਥਾ, ਤੁਹਾਡੀ ਕਿਸਮਤ ਆਪਣੀ ਬੋਦੀ ਵਿਚ ਲੁਕਾਈਆ । ਨੀ ਤੁਹਾਨੂੰ ਖਾ ਗਈਆਂ ਮੱਛੀਆਂ ਡੱਡੀਆਂ ਤੇ ਜੋਕਾਂ, ਜਲ ਹੋੜੇ ਤੁਹਾਨੂੰ ਰਹੇ ਸਤਾਈਆ । ਮੈਂ ਤੁਹਾਡੇ ਕੰਢੇ ਕਿਨਾਰੇ ਤਟ ਵੇਖੇ ਪੋਟਾ ਪੋਟਾ, ਅੱਗਾ ਪਿੱਛਾ ਤੱਕਿਆ ਚਾਈਂ ਚਾਈਂਆ । ਤੁਹਾਡੇ ਵਿਚ ਨਹਾਉਣ ਲੱਗਿਆਂ ਸਾਧਾਂ ਸੰਤਾਂ ਦੇ ਤੇੜ ਨਹੀਂ ਹੁੰਦਾ ਲੰਗੋਟਾ, ਧੋਤੀ ਕੰਮ ਕਿਸੇ ਨਾ ਆਈਆ । ਕਮਲੀਓ ਮੈਂ ਪ੍ਰਭੂ ਦਾ ਭਗਤ ਬੜਾ ਚੋਟਾ, ਚੁਟਕੀ ਵਿਚ ਪ੍ਰਭ ਨੂੰ ਦਿਆਂ ਮਿਲਾਈਆ । ਤੁਸੀਂ ਮੇਰੇ ਨਾਲ ਚਲੋ ਸ਼ੌਂਕਾ, ਸ਼ੌਕੀਨਣੋ ਤੁਹਾਨੂੰ ਦਿਆਂ ਸੁਣਾਈਆ । ਤੁਸੀਂ ਪਿਛੇ ਬਹਿੰਦੀਆਂ ਆਈਆਂ ਉਤੇ ਕੌਂਚਾਂ, ਤੁਹਾਨੂੰ ਕਾਨਿਆਂ ਕਾਹੀਆਂ ਵਿਚ ਦੇਣਾ ਭਵਾਈਆ । ਓਹ ਵੇਖੋ ਸਦੀ ਚੌਧਵੀਂ ਦਾ ਮੁਹੰਮਦ ਦੀ ਆਸ਼ਾ ਕੂੜ ਦਾ ਕੂਕਰ ਭੌਂਕਾ, ਭੌਂਕ ਕੇ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਨੀ ਮੇਰੀ ਸੁਣੋ ਬਾਤ, ਸਚ ਦਿਆਂ ਸੁਣਾਈਆ । ਅੱਜ ਕਿੱਡੀ ਸੋਹਣੀ ਰਾਤ, ਭਿੰਨੜੀ ਵੱਜੇ ਵਧਾਈਆ । ਤੁਸੀਂ ਮੇਰੀ ਗਾਓ ਗਾਥ, ਮੈਂ ਤੁਹਾਡਾ ਬਣਾਂ ਮਾਹੀਆ । ਮੇਰੇ ਦਰਸ਼ਨ ਨਾਲ ਤੁਹਾਡੀ ਮੁਕ ਜਾਏ ਵਾਟ, ਅੱਗੇ ਦਾ ਪੰਧ ਰਹੇ ਨਾ ਰਾਈਆ । ਤੁਸੀਂ ਪਿਛੇ ਸੌਂਦੀਆਂ ਆਈਆਂ ਉਤੇ ਖਾਟ, ਅੱਜ ਠੰਡੀ ਰੇਤਾ

੧੭੪੩ ੨੨

ਉਤੇ ਦੇਵਾਂ ਲਿਟਾਈਆ । ਇਹ ਰਾਵੀ ਦਾ ਕੰਢਾ ਤੇ ਰਾਵੀ ਦਾ ਘਾਟ, ਰਵੀਦਾਸ ਦਏ ਗਵਾਹੀਆ । ਮੈਂ ਆਦਿ ਜੁਗਾਦਿ ਦਾ ਪ੍ਰਭੂ ਦਾ ਭਗਤ ਜੇਂਟਲਮੈਨ ਤੇ ਮੇਰੇ ਨਾਲ ਉਸ ਪ੍ਰਭੂ ਦੀ ਕਰੋ ਟਾਕ, ਜੋ ਟਕ ਟਕ ਈਸਾ ਆਪਣੀ ਅਵਾਜ਼ ਗਿਆ ਸੁਣਾਈਆ । ਮੈਂ ਕਿੱਡਾ ਸੋਹਣਾ ਪੰਡਤ ਤੇ ਪ੍ਰੀਤੀ ਵਾਲਾ ਨਾਥ, ਅਨਾਥਾਂ ਹੋਵਾਂ ਸਹਾਈਆ । ਗੰਗਾ ਤੂੰ ਮੇਰਾ ਕਰ ਲੈ ਸਾਥ, ਇਨ੍ਹਾਂ ਨੂੰ ਦੇ ਤਜਾਈਆ । ਤੇਰੀ ਮੇਰੀ ਇਕੋ ਬਣ ਜਾਏ ਜ਼ਾਤ, ਦੂਜਾ ਨਜ਼ਰ ਕੋਇ ਨਾ ਆਈਆ । ਝਟ ਜਮਨਾ ਨੇ ਨਾਰਦ ਦੇ ਮੂੰਹ ਤੇ ਮਾਰੀ ਚਾਂਟ, ਪੰਡਤਾ ਇਹ ਕੀ ਦਿਤਾ ਸੁਣਾਈਆ । ਨਾਰਦ ਓਅੰ ਸੋਹੰ ਰਿਹਾ ਆਖ, ਇਹ ਮੇਰੇ ਸਾਹਿਬ ਦੀ ਪੜ੍ਹਾਈਆ । ਕਮਲੀਏ ਭਗਤਾਂ ਕੋਲ ਆ ਕੇ ਕਦੀ ਨਾ ਹੋਈਏ ਗੁਸਤਾਖ਼, ਨਿਊਂ ਨਿਊਂ ਕੇ ਸੀਸ ਝੁਕਾਈਆ । ਜ਼ਰਾ ਮੇਰੇ ਵੱਲ ਝਾਕ, ਬਿਨ ਅੱਖਾਂ ਅੱਖ ਉਠਾਈਆ । ਮੇਰੀ ਬੋਦੀ ਦਾ ਵੇਖ ਪਰਤਾਪ, ਜੋ ਲਹਿੰਦਿਉਂ ਚੜ੍ਹਦੇ ਚੜ੍ਹਦਿਉਂ ਲਹਿੰਦੇ ਭੱਜੇ ਵਾਹੋ ਦਾਹੀਆ । ਨੀ ਤੁਹਾਡੇ ਵਿਚ ਠੱਗਾਂ ਚੋਰਾਂ ਨੇ ਲਾਹ ਕੇ ਸੁੱਟੇ ਪਾਪ, ਨੀ ਪਾਪਣੇ ਤੁਹਾਡਾ ਤਨ ਵਜੂਦ ਪਵਿੱਤਰ ਨਾ ਕੋਇ ਕਰਾਈਆ । ਝਟ ਸੁਰਸਤੀ ਨੇ ਨਾਰਦ ਦਾ ਪਕੜ ਲਿਆ ਨਾਕ, ਹਲੂਣਾ ਦਿਤਾ ਜ਼ੋਰ ਨਾਲ ਹਿਲਾਈਆ । ਜੀ ਕਰਦਾ ਤੇਰੇ ਕੰਨ ਦੇਵਾਂ ਕਾਟ, ਬ੍ਰਾਹਮਣਾ ਤੈਨੂੰ ਬਦਸ਼ਕਲ ਦਿਆਂ ਬਣਾਈਆ । ਨਾਰਦ ਕਹੇ ਨੀ ਤੁਹਾਨੂੰ ਪਤਾ ਨਹੀਂ ਮੇਰਾ ਪੁਰਖ ਅਕਾਲ ਕਿੱਡਾ ਵਡਾ ਬਾਪ, ਪਤਿਪਰਮੇਸ਼ਵਰ ਇਕ ਅਖਵਾਈਆ । ਤੁਸੀਂ ਉਹਦੀ ਤੇ ਨਿੱਕੀ ਨਿੱਕੀ ਸ਼ਾਖ਼, ਬਿਨਾ ਮੇਰੇ ਤੋਂ ਤੁਹਾਡੀ ਸ਼ਨਾਖ਼ਤ ਕਰਨ ਵਾਲਾ ਦੂਜਾ ਨਜ਼ਰ ਕੋਇ ਨਾ ਆਈਆ । ਤੁਸੀਂ ਆਪਣੇ ਧੰਨਭਾਗ ਕਹੋ ਮੈਂ ਤੁਹਾਡੀ ਪੂਰੀ ਕਰਾਂ ਆਸ, ਚਾਰ ਜੁਗ ਦੀਓ ਕਵਾਰੀਓ ਤੁਹਾਨੂੰ ਲੋਕਮਾਤ ਨਾ ਕੋਇ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਮੈਨੂੰ ਐਂ ਜਾਪਦਾ ਤੁਹਾਡੇ ਨਾਲ ਬੜੀ ਚੰਗੀ ਸੁਰਸਤੀ, ਸੁਰਸਤੀ ਅੱਗੋਂ ਅੱਖਾਂ ਕਢ ਕੇ ਰਹੀ ਡਰਾਈਆ । ਜਾਹ ਪੰਡਤਾ ਮੂਰਖਾ ਵੜ ਕਲਜੁਗ ਦੀ ਬਸਤੀ, ਆਪਣਾ ਮੁਖ ਭਵਾਈਆ । ਨਾਰਦ ਕਹੇ ਨੀ ਜੇ ਤੇਰੀ ਹਕੂਮਤ ਮੈਨੂੰ ਹੁਕਮ ਦੇ ਦੇ ਦਸਤੀ, ਕੁਛ ਲਿਖ ਕੇ ਹੱਥ ਫੜਾਈਆ । ਕਿਉਂ ਮੈਂ ਆਦਿ ਜੁਗਾਦਿ ਦਾ ਗਸ਼ਤੀ, ਜੁਗ ਚੌਕੜੀ ਭੱਜਾਂ ਵਾਹੋ ਦਾਹੀਆ । ਨੀ ਕਮਲੀਏ ਤੈਨੂੰ ਨਹੀਂ ਪਤਾ ਸੰਮਤ ਸ਼ਹਿਨਸ਼ਾਹੀ ਸੱਤ ਤੇ ਭਗਤਾਂ ਦੀ ਬਰਸੀ, ਇਹ ਬਰਸ ਨੌਂ ਸੌ ਚੁਰਾਨਮੇ ਚੌਕੜੀ ਜੁਗ ਤਕ ਫੇਰ ਕਦੇ ਨਾ ਆਈਆ । ਉਨ੍ਹਾਂ ਦਾ ਮੇਲ ਹੋਇਆ ਨਾਲ ਪ੍ਰੀਤਮ ਅਰਸ਼ੀ, ਅਰਸ਼ਾਂ ਦਾ ਵਾਲੀ ਆਪਣਾ ਰੰਗ ਰੰਗਾਈਆ । ਉਸ ਨੇ ਸਭ ਦਾ ਲੇਖਾ ਪੂਰਾ ਕਰਨਾ ਸ਼ਰਤੀ, ਸ਼ਰਤੀਆ ਆਪਣਾ ਹੁਕਮ ਵਰਤਾਈਆ । ਪਤਾ ਨਹੀਂ ਉਹ ਕਿਸ ਕਾਰਨ ਰਾਵੀ ਦੇ ਕੰਢੇ ਭਗਤਾਂ ਨੂੰ ਕਰਨ ਆ ਗਿਆ ਭਰਤੀ, ਭਾਰਤ ਵਿਚ ਧਰਤੀ ਮਾਤਾ ਜਿਸ ਨੂੰ ਸੀਸ ਨਿਵਾਈਆ । ਮੈਂ ਏਸੇ ਕਰ ਕੇ ਤੁਹਾਡਾ ਬਣਿਆ ਦਰਦੀ, ਦਰਦ ਰਿਹਾ ਵੰਡਾਈਆ । ਜੇ ਤੂੰ ਮਾਲਕਣ ਬਣ ਜਾਏਂ ਮੇਰੇ ਘਰ ਦੀ, ਸਭ ਕੁਛ ਤੇਰੇ ਉਤੋਂ ਲੁਟਾਈਆ । ਇਹ ਮੇਰੀ ਸੂਰਤ ਬਣ ਜਾਏ ਨਰਾਇਣ ਨਰ ਦੀ, ਤੈਨੂੰ ਪਰਮ ਪੁਰਖ ਦੀ ਲੋੜ ਰਹੇ ਨਾ ਰਾਈਆ । ਅੱਗੇ ਤੇ ਸ੍ਰਿਸ਼ਟੀ ਤੇਰੇ ਕੰਢੇ ਕਿਨਾਰਿਆਂ ਉਤੇ ਜਾ ਕੇ ਨਾਮ ਪੜ੍ਹਦੀ, ਤੂੰ ਸੁਣ ਕੇ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੋਦਾਵਰੀ ਬੋਲੀ ਬ੍ਰਾਹਮਣਾ ਕਿਉਂ ਪਾਉਂਦਾ ਏਂ ਡੰਡ, ਡੰਡਾ ਹੱਥ ਵਿਚ ਰਹੀ ਉਠਾਈਆ । ਤੇਰਾ ਤੋੜ ਦੇਵਾਂ ਘਮੰਡ, ਆਕੜ ਦਿਆਂ ਗਵਾਈਆ । ਤੇਰੀ ਭੰਨ ਦੇਵਾਂ ਕੰਡ, ਹੱਡੀ ਪਸਲੀ ਨਜ਼ਰ ਕੋਇ ਨਾ ਆਈਆ ।

੧੭੪੪ ੨੨

ਨਾਰਦ ਕਹੇ ਗੋਦਾਵਰੀ ਮੇਰੇ ਵਾਸਤੇ ਤੂੰ ਉਹ ਚੰਦ, ਜਿਸ ਚੰਦ ਦੀ ਸੀਤਲਤਾ ਵਿਚ ਸਾਰੇ ਖ਼ੁਸ਼ੀ ਮਨਾਈਆ । ਮੈਂ ਤੇ ਪ੍ਰਭੂ ਤੋਂ ਇਕੋ ਤੇਰੀ ਮੰਗਣੀ ਮੰਗ, ਹੋਰ ਸਭ ਕੁਛ ਦੇਣਾ ਤਜਾਈਆ । ਜੇ ਇਕ ਵਾਰ ਮੇਰੇ ਗ੍ਰਿਹਿ ਆਵੇਂ ਲੰਘ, ਕਦਮ ਕਦਮ ਨਾਲ ਬਦਲਾਈਆ । ਤੈਨੂੰ ਮਿਲੇ ਉਹ ਅਨੰਦ, ਜਿਸ ਅਨੰਦ ਨੂੰ ਸਾਰੇ ਗਏ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਜਨ ਭਗਤੋ ਤੁਹਾਡੀ ਕੁੜੀ ਕਿਰਿਆ ਜਾਏ ਖੁੱਸ, ਖੋਹਣ ਵਾਲਾ ਬੇਪਰਵਾਹੀਆ । ਜਿਸ ਮੁਹੰਮਦ ਦੀ ਕਟਾਈ ਮੁੱਛ, ਲਬਾਂ ਦਿਤੀਆਂ ਬਣਾਈਆ । ਉਹ ਸਦੀ ਚੌਧਵੀਂ ਨੂੰ ਰਿਹਾ ਪੁਛ, ਕੀ ਤੇਰਾ ਅੰਤ ਦਏ ਗਵਾਹੀਆ । ਸਦੀ ਚੌਧਵੀਂ ਕਹੇ ਮੁਹੰਮਦਾ ਵੇ ਮੇਰੀ ਗੋਲੀ ਗਈ ਰੁੱਸ, ਰੁੱਸੀ ਨੂੰ ਕੌਣ ਮਨਾਈਆ । ਉਹਦੀ ਵੇਖ ਖੁਲ੍ਹੀ ਗੁੱਤ, ਵੈਰਾਗਣ ਹੋ ਕੇ ਮੁਖ ਭਵਾਈਆ । ਉਸ ਨੇ ਸਿਰ ਤੇ ਪਟਕਾ ਬੱਧਾ ਘੁੱਟ, ਜਿਹੜਾ ਅੰਤ ਸਮੇਂ ਤੇਰੇ ਮਸਤਕ ਤੇ ਦਿਤਾ ਬੰਧਾਈਆ । ਬਹੱਤਰ ਦਿਨ ਪਈ ਫੁੱਟ, ਸ਼ਰਅ ਦੀ ਅੰਦਰੇ ਅੰਦਰ ਚਲਦੀ ਰਹੀ ਲੜਾਈਆ । ਉਹ ਛਡ ਗਈ ਖਾਣਾ ਪੀਣਾ ਤੇ ਟੁਕ, ਭੁੱਖੀ ਝਟ ਲੰਘਾਈਆ । ਝਲਦੀ ਰਹੀ ਦੁੱਖ, ਖੁਸ਼ੀਆਂ ਸੀਸ ਨਿਵਾਈਆ । ਅੱਜ ਪੈਂਡਾ ਰਿਹਾ ਮੁਕ, ਚੌਦਾਂ ਤਬਕ ਰੋਵਣ ਮਾਰਨ ਧਾਹੀਆ । ਲਾਲੋ ਨੇ ਫੜ ਲਿਆ ਗੁਟ, ਘੁੱਟੇ ਚਾਈਂ ਚਾਈਂਆ । ਦਲੀਪ ਸਿੰਘ ਨੂੰ ਪੁਛ, ਕੀ ਕਰਤਾ ਕਾਰ ਕਮਾਈਆ । ਜਿਸ ਦੇ ਕੋਲ ਸਭ ਕੁਛ, ਬੇਪਰਵਾਹ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਵੇ ਮੁਹੰਮਦਾ ਕੁਛ ਆਖ ਆਪਣੇ ਹਜ਼ੂਰ, ਸੱਯਦਾ ਸੀਸ ਝੁਕਾਈਆ । ਮੈਂ ਹੋ ਗਈ ਮਜਬੂਰ, ਮਜਬੂਰਨ ਦਿਆਂ ਸੁਣਾਈਆ । ਵੇਖ ਤੇਰਾ ਭਰ ਗਿਆ ਅੰਤ ਦਾ ਪੂਰ, ਬੇੜਾ ਨੂਹ ਰਿਹਾ ਜਣਾਈਆ । ਮੂਸਾ ਤਕੇ ਉਤੇ ਕੋਹਤੂਰ, ਬਿਨ ਅੱਖਾਂ ਅੱਖ ਖੁਲ੍ਹਾਈਆ । ਈਸਾ ਕਹੇ ਜ਼ਰੂਰ, ਕੂਕ ਕੂਕ ਸੁਣਾਈਆ । ਹਾਏ ਉਫ਼ ਸਦੀ ਚੌਧਵੀਂ ਦਾ ਅੰਤਮ ਸਮਾਂ ਕਲਜੁਗ ਨੇ ਬੜਾ ਲਾਇਆ ਦੁੱਖ, ਦੁਖੀ ਹੋ ਕੇ ਦਿਆਂ ਸੁਣਾਈਆ । ਚਾਰੋਂ ਕੁੰਟ ਪਿਆਰ ਰਿਹਾ ਨਹੀਂ ਕਿਸੇ ਇਸਤਰੀ ਮਨੁੱਖ, ਘਰ ਘਰ ਪਈ ਦੁਹਾਈਆ । ਪੁਤਰਾਂ ਨੂੰ ਪਿਓ ਤੇ ਪਿਉਆਂ ਨੂੰ ਮਾਰਨ ਪੁੱਤ, ਚਾਰ ਕੁੰਟ ਰਹੇ ਕੁਰਲਾਈਆ । ਸਦੀ ਚੌਧਵੀਂ ਕਹੇ ਭਗਤੋ ਮੇਰੀ ਗੋਲੀ ਨੂੰ ਮੇਰੇ ਨਾਲ ਕਰ ਦਿਉ ਖ਼ੁਸ਼, ਖ਼ੁਸ਼ੀਆਂ ਹਾਲ ਬਣਾਈਆ । ਉਹ ਵੇਖੋ ਹੋ ਗਿਆ ਅੰਧੇਰਾ ਘੁਪ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਜਨ ਭਗਤ ਕਹਿਣ ਕੀ ਦਈਏ ਅਸੀਂ ਸਲਾਹ, ਮਸ਼ਵਰਾ ਨਜ਼ਰ ਕੋਇ ਨਾ ਆਈਆ । ਤੂੰ ਦਾਤਾ ਬੇਪਰਵਾਹ, ਬੇਅੰਤ ਤੇਰੀ ਵਡਿਆਈਆ । ਤੂੰ ਮਾਲਕ ਇਕ ਖ਼ੁਦਾ, ਖ਼ੁਦੀ ਤਕੱਬਰੀ ਦਾ ਡੇਰਾ ਢਾਹੀਆ । ਤੈਨੂੰ ਝੁਕਦੇ ਥਲ ਅਸਗਾਹ, ਦੋ ਜਹਾਨ ਸੀਸ ਨਿਵਾਈਆ । ਅਸੀਂ ਤੇ ਤੇਰੇ ਹੁਕਮ ਨਾਲ ਪਕੜੀ ਤੇਰੀ ਬਾਂਹ, ਬਾਹੂ ਬਲ ਨਾ ਕੋਇ ਵਖਾਈਆ । ਤੂੰ ਸਭ ਦਾ ਪਿਤਾ ਮਾਂ, ਪਤਿਪਰਮੇਸ਼ਵਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਗੋਲੀ ਕਹੇ ਸਦੀ ਚੌਧਵੀਂ ਮੈਂ ਨਹੀਂ ਮੰਨਦੀ, ਮੈਨੂੰ ਕੌਣ ਮਨਾਈਆ । ਮੈਨੂੰ ਪਤਾ ਲਗ ਗਿਆ ਹੁਣ ਧਾਰ ਰਹਿਣੀ ਨਹੀਂ ਤਾਰੇ ਚੰਦ ਦੀ, ਮੁਹੰਮਦ ਦੀ ਚਲੇ ਨਾ ਕੋਇ ਚਤੁਰਾਈਆ । ਮੈਂ ਅੱਡੀਆਂ ਨਾਲ ਕੱਚੇ ਭਾਂਡੇ ਆਈ ਭੰਨਦੀ, ਭੱਜੀ ਵਾਹੋ ਦਾਹੀਆ । ਮੈਂ ਉਹ ਗੋਲੀ ਨਹੀਂ ਜਿਹੜੀ ਕੱਚੀ ਹੋਵਾਂ

ਕੰਨ ਦੀ, ਦੁਨੀਆ ਦੀਆਂ ਗੱਲਾਂ ਸੁਣ ਕੇ ਆਪਣਾ ਮਨ ਬਦਲਾਈਆ । ਮੈਂ ਬਣੀ ਨਹੀਂ ਕੋਈ ਪੰਜਾਂ ਤਤਾਂ ਵਾਲੇ ਚੰਮ ਦੀ, ਮੇਰਾ ਆਤਮਾ ਮੇਰਾ ਨੂਰ ਪ੍ਰਭ ਦੀ ਸੇਵ ਕਮਾਈਆ । ਕਿਉਂ ਸਦੀ ਚੌਧਵੀਂ ਤੇਰਾ ਅੰਤ ਵੇਲਾ ਤੇ ਤੇਰੀ ਘੜੀ ਗ਼ਮ ਦੀ, ਮੈਂ ਗ਼ਮੀ ਵਿਚ ਤੇਰਾ ਦੁੱਖ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੇਰਾ ਉਸ ਗੋਲੀ ਨਾਲ ਗ਼ੁੱਸਾ, ਜਿਸ ਦਾ ਗ਼ੁੱਸਾ ਨਜ਼ਰ ਕਿਸੇ ਨਾ ਆਈਆ । ਜਿਹੜੀ ਵਸੇ ਵਿਚ ਪੰਜਾਂ ਤਤਾਂ ਵਾਲੇ ਜੁੱਸਾ, ਆਤਮਾ ਦਾ ਨੂਰ ਨੂਰ ਨੂਰ ਸੋਭਾ ਪਾਈਆ । ਜਿਸ ਦੇ ਨਾਲ ਪਰਵਰਦਿਗਾਰ ਦੀ ਸੁਹੰਜਣੀ ਹੋਣੀ ਰੁਤਾ, ਰੁਤੜੀ ਜਗਤ ਵਾਲੀ ਮਹਿਕਾਈਆ । ਭਗਤਾਂ ਨੇ ਪਾਈ ਲੁੱਟਾ, ਖੋਹ ਖੋਹ ਕਰੇ ਲੋਕਾਈਆ । ਸਦੀ ਚੌਧਵੀਂ ਕਹੇ ਮੇਰੇ ਵਿਚ ਉਹ ਪਿਆਰ ਉਹ ਧਾਰ ਜਿਸ ਦਾ ਭੇਵ ਸਦਾ ਲੁਕਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੈਂ ਆਪਣੀ ਗੋਲੀ ਨੂੰ ਭਗਤਾਂ ਦੇ ਰਸ ਦਾ ਜਿਸ ਵੇਲੇ ਪਿਆਇਆ ਘੁਟਾ, ਸਾਂਤਕ ਸਤਿ ਦੇਣਾ ਕਰਾਈਆ । ਜਨ ਭਗਤੋ ਫੇਰ ਤੁਹਾਡੇ ਭਾਗ ਲਗਾਵਾਂ ਸਭ ਦੇ ਪੰਜ ਤਤ ਕਾਇਆ ਬੁਤਾ, ਬੁਤਖ਼ਾਨੇ ਆਪਣੀ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਗੋਲੀ ਕਹੇ ਮੇਰਾ ਅੰਦਰੋਂ ਬਦਲ ਗਿਆ ਇਰਾਦਾ, ਸਦੀ ਚੌਧਵੀਂ ਸੀਸ ਨਿਵਾਈਆ । ਮੇਰਾ ਉਹੋ ਪਿਤਾ ਉਹੋ ਦਾਦਾ, ਉਹੋ ਜੰਮਣ ਵਾਲੀ ਮਾਈਆ । ਜਿਸ ਨੂੰ ਸੀਸ ਨਿਵਾਉਂਦੇ ਕ੍ਰਿਸ਼ਨ ਤੇ ਰਾਧਾ, ਰਾਮ ਸੀਤਾ ਧੂੜੀ ਖ਼ਾਕ ਰਮਾਈਆ । ਜਿਸ ਨੂੰ ਭਗਤਾਂ ਨੇ ਆਪਣੇ ਅੰਦਰੋਂ ਲਾਧਾ, ਘਰ ਘਰ ਵੱਜੇ ਵਧਾਈਆ । ਉਹ ਮੇਰਾ ਮਾਲਕ ਮਾਧਵ ਮਾਧਾ, ਮੋਹਣ ਨੂਰ ਇਲਾਹੀਆ । ਜਿਸ ਦੇ ਨਾਲ ਮਿਲ ਕੇ ਜਗਤ ਜਹਾਨ ਹੋਣਾ ਵਾਧਾ, ਘਾਟਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਗੋਲੀ ਕਹੇ ਜਨ ਭਗਤੋ ਮੇਰੇ ਨਾਲ ਸਾਰੇ ਕਰ ਦਿਉ ਸਿਰ ਨੀਵੇਂ, ਹਰਿ ਸੰਗਤ ਇਕ ਦੂਜੇ ਨਾਲ ਗ਼ੁੱਸਾ ਰਹੇ ਨਾ ਰਾਈਆ । ਉਹ ਵੇਖੋ ਭਗਤ ਦੇ ਥਾਲ ਵਿਚ ਜਗਦੇ ਨੌਂ ਚਰਾਗ਼ ਤੇ ਇਕੋ ਰੂਪ ਬਣਿਆ ਦੀਵੇ, ਘਿਰਤ ਇਕੋ ਨਜ਼ਰੀ ਆਈਆ । ਮੈਂ ਚਾਹੁੰਦੀ ਜਨ ਭਗਤ ਸਦਾ ਸਦਾ ਸਦ ਜਗ ਜੀਵੇ, ਦੋ ਜਹਾਨ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੋਲੀ ਕਹੇ ਵੇਖੋ ਪਲੀ ਆ ਗਈ ਤੇਲ, ਆਪਣਾ ਪੰਧ ਮੁਕਾਈਆ । ਪ੍ਰਭ ਵਿਛੜਿਆਂ ਮਿਲਾਇਆ ਮੇਲ, ਪੂਰਬ ਗੰਢ ਪਵਾਈਆ । ਬਣ ਕੇ ਸੱਜਣ ਸੁਹੇਲ, ਨਾਤਾ ਗਿਆ ਜੁੜਾਈਆ । ਨਾਲ ਰੱਖ ਕੇ ਨਿਮਕ ਦਾ ਢੇਲ, ਨਿਮਕਹਰਾਮ ਹੋਣ ਤੋਂ ਸਭ ਨੂੰ ਲਿਆ ਬਚਾਈਆ । ਇਹ ਜਗਤ ਜਹਾਨ ਨਾਲੋਂ ਵੱਖਰੀ ਹਾਂਡੀ ਜਿਸ ਨੇ ਮੁਹੰਮਦ ਦੀ ਚਾਰ ਯਾਰੀ ਕਰਨੀ ਫ਼ੇਲ, ਅੰਤ ਲੇਖਾ ਦਏ ਮੁਕਾਈਆ । ਸੁੱਕੇ ਤਿਨਕੇ ਤੁਹਾਡੇ ਥੱਲੇ ਰਹੇ ਖੇਲ, ਤਿੰਨਾਂ ਗੁਣਾਂ ਦਾ ਡੇਰਾ ਗਏ ਢਾਹੀਆ । ਇਕ ਟਕਾ ਗੁਰਮੁਖ ਸਿੰਘ ਇਸ ਥਾਲੀ ਵਿਚ ਦਏ ਧਕੇਲ, ਦੋਹਾਂ ਹੱਥਾਂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਟਕਾ ਕਹੇ ਮੈਂ ਸਾਹਿਬ ਦੇ ਹੱਥ ਵਿਚ ਗਿਆ ਟਿਕ, ਜਨ ਭਗਤਾਂ ਸੀਸ ਨਿਵਾਈਆ । ਗੁਰਮੁਖ ਹੱਥ ਮਾਰੇ ਉਤੇ ਹਿੱਕ, ਖ਼ੁਸ਼ੀ ਨਾਲ ਲਓ ਅੰਗੜਾਈਆ । ਪ੍ਰਭ ਦਾ ਦਰਸ਼ਨ ਹੋਵੇ ਨਿਤ, ਘਰ ਬੈਠਿਆਂ ਚਾਈਂ ਚਾਈਆ । ਮਾਨਸ ਜਨਮ ਲਿਆ

੧੭੪੬
੨੨

ਜਿੱਤ, ਚੁਰਾਸੀ ਰਹੀ ਨਾ ਰਾਈਆ । ਤੁਸਾਂ ਸੁਲਾਹ ਕਰਾਈ ਹੋ ਕੇ ਵਿਚ, ਸਦੀ ਚੌਧਵੀਂ ਤੇ ਗੋਲੀ ਦਾ ਮਸ਼ਰਕ ਮਗ਼ਰਬ ਵੱਲੋਂ ਮੁਖ ਦਿਤੇ ਭਵਾਈਆ । ਜਨ ਭਗਤੋ ਤੁਹਾਡੇ ਅੰਦਰ ਮਾਰਨੀ ਖਿੱਚ, ਖਿੱਚ ਕੇ ਆਪਣੇ ਨਾਲ ਮਿਲਾਈਆ । ਤੁਹਾਡਾ ਮਾਲਕ ਹੋ ਕੇ ਪਿਤ, ਪਤਿਪਰਮੇਸ਼ਵਰ ਹੋ ਕੇ ਹੋਵਾਂ ਸਹਾਈਆ । ਲਿਖਾਰੀਓ ਪ੍ਰੇਮ ਨਾਲ ਦਿਓ ਲਿਖ, ਪ੍ਰਭ ਦਾ ਲਿਖਿਆ ਨਾ ਕੋਇ ਮਿਟਾਈਆ । ਅੱਗੇ ਗੋਬਿੰਦ ਨੇ ਬਣਾਏ ਸਿੱਖ, ਹੁਣ ਸਿੱਖਾਂ ਤੋਂ ਭਗਤ ਦਿਤੇ ਬਣਾਈਆ । ਉਹ ਵੇਖੋ ਸਾਰੇ ਗੁਰੂ ਅਵਤਾਰ ਪੈਗ਼ੰਬਰ ਰਹੇ ਪਿੱਟ, ਬਹੁੜੀ ਬਹੁੜੀ ਰਹੇ ਸੁਣਾਈਆ । ਕਿਸੇ ਨੂੰ ਨਾਮ ਕਲਮੇ ਦੀ ਹੱਥ ਨਹੀਂ ਫੜਾਈ ਚਿਟ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਸਾਡੇ ਹੁੰਦਿਆਂ ਖਹਿੜਾ ਛੁਡਾ ਕੇ ਪੱਥਰ ਇੱਟ, ਇਕੋ ਸੋਹੰ ਢੋਲਾ ਦਿਤਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਗੋਲੀ ਕਹੇ ਮੈਂ ਬੜੀ ਲੜਾਕੀ, ਜਗਤ ਲੜਾਕਿਆਂ ਦੇਣਾ ਲੜਾਈਆ । ਮੈਂ ਲਹਿੰਦੇ ਨੂੰ ਮੁਖ ਕਰ ਕੇ ਪ੍ਰਭ ਤੋਂ ਖੁਲ੍ਹਾ ਦਿਤੀ ਤਾਕੀ, ਤਾਕਤਵਰ ਸਾਰੇ ਲੈਣੇ ਉਠਾਈਆ । ਇਹ ਚਾਰ ਜੁਗ ਦੀ ਕਥਾ ਯਾਦ ਰਹੇਗੀ ਅੱਜ ਦੀ ਰਾਤੀ, ਸਤਾਈ ਮਾਘ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਟਕਾ ਕਹੇ ਜਨ ਭਗਤੋ ਮੇਰੇ ਉਤੇ ਕਾਲੀ ਲਕੀਰ, ਸਭ ਨੂੰ ਨਜ਼ਰੀ ਆਈਆ । ਤੁਹਾਡਾ ਕੱਟਿਆ ਗਿਆ ਸ਼ਰਅ ਦਾ ਜ਼ੰਜੀਰ, ਬੰਧਨ ਬੰਧ ਨਾ ਕੋਇ ਰਖਾਈਆ । ਤੁਸੀਂ ਓਸ ਪ੍ਰਭੂ ਦੇ ਫ਼ਕੀਰ, ਜੋ ਫ਼ਿਕਰਾ ਇਕੋ ਰਿਹਾ ਪੜ੍ਹਾਈਆ । ਤੁਹਾਡੀ ਸਭ ਦੀ ਬਿਨਾ ਟਕਿਆਂ ਤੋਂ ਬਦਲ ਗਈ ਤਕਦੀਰ, ਤਦਬੀਰ ਪ੍ਰਭ ਨੇ ਦਿਤੀ ਬਣਾਈਆ । ਵੇਖੋ ਡੱਲੇ ਦੇ ਸਿਰ ਵਿਚ ਕੱਢਿਆ ਚੀਰ, ਨਾਜ਼ਰ ਸਿੰਘ ਸਭ ਨੂੰ ਦਏ ਵਖਾਈਆ । ਇਹ ਓਸੇ ਦੀ ਮਿਲਖ ਤੇ ਓਸੇ ਦੀ ਜਗੀਰ, ਜੋ ਮਾਲਕ ਦੋ ਜਹਾਨ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਓਹ ਪ੍ਰਭੂ ਕੀ ਵੰਡੀ ਜਾਏ ਵੰਡਾਂ, ਵੰਡਣ ਵਾਲਿਆ ਦੇ ਸਮਝਾਈਆ । ਪਹਿਲੋਂ ਆਪਣਾ ਰਸ ਪਿਆ ਕੇ ਗੋਲੀ ਨੂੰ ਠੰਡਾ, ਕਤਰਾ ਬਚਿਆ ਰਹਿਣ ਕੋਇ ਨਾ ਪਾਈਆ । ਉਹ ਵੇਖ ਰਣਜੀਤ ਸਿੰਘ ਨੇ ਪਿਛੇ ਨਾਲੇ ਦੀਆਂ ਦਿਤੀਆਂ ਗੰਢਾਂ, ਆਇਆ ਵੇਸ ਵਟਾਈਆ । ਮੋਢੇ ਤੇ ਰੱਖ ਕੇ ਟਾਹਣੀ ਜੰਡਾ, ਕੰਡਿਆਂ ਵਾਲੀ ਦਏ ਗਵਾਹੀਆ । ਜਨ ਭਗਤੋ ਤੁਹਾਡੇ ਸਿਰ ਤੋਂ ਲਾਹ ਦਿਤੀਆਂ ਕੂੜ ਦੀਆਂ ਪੰਡਾਂ, ਪੰਡਤਾਂ ਪਾਂਧਿਆਂ ਨੂੰ ਸੀਸ ਨਾ ਕੋਇ ਨਿਵਾਈਆ । ਜਿਸ ਦਾ ਹੁਕਮ ਚਲਣਾ ਵਿਚ ਨਵ ਖੰਡਾਂ, ਬ੍ਰਹਿਮੰਡ ਵੱਜਣੀ ਵਧਾਈਆ । ਜਗਤ ਨਿਸ਼ਾਨੀ ਰਹਿਣੀ ਪਿਪਲ ਲੰਡਾ, ਏਹ ਏਸੇ ਦੀ ਬੇਪਰਵਾਹੀਆ । ਵਕਤ ਗਿਆ ਰੋਵੋਗੇ ਸਿਰ ਮਾਰ ਕੇ ਵਿਚ ਕੰਧਾ, ਕੰਢੀ ਬੈਠਾ ਨਜ਼ਰ ਕਿਸੇ ਨਾ ਆਈਆ । ਫੇਰ ਪੁੱਛੋਗੇ ਕੋਲੋਂ ਤਾਰੇ ਚੰਦਾ, ਓਏ ਕਿਤੇ ਵੇਖਿਆ ਈ ਸਾਡਾ ਮਾਹੀਆ । ਰਣਜੀਤ ਸਿੰਘ ਕਹੇ ਓਏ ਗੁਰਮੁਖੋ ਵੇਖੋ ਜਿਸ ਨੇ ਉਲਟਾ ਡਾਹਿਆ ਪਲੰਘਾ, ਜਗਤ ਰੀਤੀ ਰਿਹਾ ਬਦਲਾਈਆ । ਜਿਸ ਦੇ ਚਰਨਾਂ ਨੂੰ ਤਰਸਣ ਜਮਨਾ ਸੁਰਸਤੀ ਗੋਦਾਵਰੀ ਤੇ ਗੰਗਾ, ਰਾਵੀ ਬੈਠੀ ਅੱਖ ਉਠਾਈਆ । ਭੱਜਾ ਫਿਰੇ ਨਾਰਦ ਪੰਡਾ, ਅੱਗੇ ਪਿਛੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪਣੇ ਹੱਥ ਰਖਾਈਆ । ਨਾਲਾ ਕਹੇ ਜਨ ਭਗਤੋ ਸੁਣੋ ਲਾ ਕੇ ਕੰਨ, ਕੰਨਾਂ ਵਾਲਿਓ ਦਿਆਂ ਸੁਣਾਈਆ । ਕਿਉਂ ਮੈਨੂੰ ਪਿਛੇ ਦਿਤਾ ਬੰਨ੍ਹ, ਕੀ ਪ੍ਰਭ ਨੇ ਖੇਲ ਰਚਾਈਆ । ਸਚ ਪੁਛੋ ਜਿਸ ਵੇਲੇ ਮੁਹੰਮਦ ਨਿਸ਼ਾਨ ਬਣਾਇਆ

ਸੀ ਤਾਰਾ ਚੰਨ, ਉਸ ਵੇਲੇ ਚਾਰ ਯਾਰੀ ਦਾ ਇਹ ਰੂਪ ਦਿਤਾ ਸਮਝਾਈਆ । ਇਹ ਸਚ ਲੈਣਾ ਮੰਨ, ਮਨਸਾ ਜਗਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਧਾਰ ਆਪ ਪਰਗਟਾਈਆ । ਕਿਉਂ ਹੱਥ ਉਠਾਈ ਕੰਡਿਆਂ ਟਾਹਣੀ, ਕੰਡਾ ਕੰਡਾ ਦਏ ਦੁਹਾਈਆ । ਜਿਸ ਵੇਲੇ ਮੁਹੰਮਦ ਨੂੰ ਪਹਿਲੇ ਦਿਨ ਆਈ ਸੀ ਬਾਣੀ, ਧੁਰ ਕਲਮਾ ਨਗ਼ਮਾ ਹੁਕਮ ਨੂਰ ਇਲਾਹੀਆ । ਉਸ ਵੇਲੇ ਮੁਹੰਮਦ ਨੂੰ ਇਹ ਦੱਸੀ ਸੀ ਨਿਸ਼ਾਨੀ, ਨਿਸ਼ਾਨਾ ਜਗਤ ਵਾਲਾ ਸਮਝਾਈਆ । ਤੂੰ ਮੇਰਾ ਨੂਰ ਜ਼ਹੂਰ ਅੱਲਾ ਅਲਾਹ ਮੇਰੀ ਧਾਰ ਅੱਲਾ ਰਾਣੀ, ਰਾਹ ਜਗਤ ਵਾਲਾ ਜਣਾਈਆ । ਮੇਰਾ ਪਿਆਰ ਆਬੇਹਯਾਤ ਰਸ ਵਾਲਾ ਪਾਣੀ, ਰਸਤਾ ਤੇਰਾ ਦਏ ਖੁਲ੍ਹਾਈਆ । ਪਰ ਯਾਦ ਰੱਖ ਜਿਸ ਵੇਲੇ ਤੇਰਾ ਅੰਤ ਹੋਣਾ ਤੇ ਤੇਰੀ ਉਮਤ ਦੀ ਹੋਣੀ ਵੈਰਾਨੀ, ਵੈਰੀ ਘਰ ਘਰ ਨਜ਼ਰੀ ਆਈਆ । ਉਸ ਵੇਲੇ ਆਪਣੇ ਅਮਾਮ ਨੂੰ ਅਮਾਮ ਕਰ ਕੇ ਪਛਾਣੀ, ਪਸ਼ਚਾਤਾਪ ਦਾ ਡੇਰਾ ਢਾਹੀਆ । ਇਹ ਖੇਲ ਹੋਣਾ ਵਿਚ ਜਗਤ ਜਹਾਨੀ, ਦੀਨ ਦੁਨੀ ਰਿਹਾ ਵਖਾਈਆ । ਭਗਤਾਂ ਉਤੇ ਕਰ ਕੇ ਮਿਹਰਵਾਨੀ, ਤੇਰਾ ਲੇਖਾ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਾਰ ਆਪ ਭੁਗਤਾਈਆ । ਨੌਂ ਜੋਤਾਂ ਕਹਿਣ ਅਸੀਂ ਜਗੀਏ ਇਕ ਦੀਪ, ਦੀਪ ਦੀਪ ਰੁਸ਼ਨਾਈਆ । ਸਾਡਾ ਮਾਲਕ ਇਕ ਮਹੀਪ, ਜੋ ਮਹੀਅਲ ਖੇਲ ਖਿਲਾਈਆ । ਜਿਸ ਦੀ ਭਗਤਾਂ ਨਾਲ ਪ੍ਰੀਤ, ਪ੍ਰੀਤਮ ਬਣ ਕੇ ਵੇਖ ਵਖਾਈਆ । ਜਿਸ ਨੇ ਲੇਖਾ ਪੂਰਾ ਕੀਤਾ ਸਿੰਘ ਬਚਨ ਵਾਲੇ ਤਵੀਤ, ਕੌਰ ਜੋਗਿੰਦਰ ਗੋਲੀ ਤਨ ਛੁਹਾਈਆ । ਓ ਗੁਰਮੁਖੋ ਤੁਸੀਂ ਰਹੇ ਨਾ ਨੀਚਾਂ ਤੋਂ ਨੀਚ, ਊਚੋ ਊਚ ਦਿਤੀ ਵਡਿਆਈਆ । ਪ੍ਰਭੂ ਵਸਿਆ ਤੁਹਾਡੇ ਬੀਚ, ਵਿਚਲਾ ਭੇਵ ਦਿਤਾ ਖੁਲ੍ਹਾਈਆ । ਇਕ ਟਕੇ ਦੀ ਕਾਲੀ ਲੀਕ, ਕਾਲਾ ਲੇਖਾ ਸਭ ਦਾ ਗਈ ਗਵਾਈਆ । ਥੋੜਾ ਸਮਾਂ ਵੱਟ ਲਓ ਕਸੀਸ, ਪੁਰਖ ਅਕਾਲ ਨੂੰ ਤੁਹਾਡੀ ਕਸਮ, ਭਸਮ ਸਭ ਦੀ ਦਏ ਕਰਾਈਆ । ਤੁਸੀਂ ਵੇਖਣਾ ਨੂਰੀ ਅੱਖਾਂ ਤੇ ਨਾਲ ਚਸ਼ਮ ਦੀਦ, ਦੀਦਾ ਦਾਨਿਸਤਾ ਦਏ ਦ੍ਰਿੜਾਈਆ । ਹੁਕਮ ਵਰਤਣਾ ਵਿਚ ਪੱਛਮ , ਫੇਰ ਦੱਖਣ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਮੇਰੀ ਕਿਸੇ ਨਹੀਂ ਕੀਤੀ ਤਲਾਸ਼, ਮੈਂ ਚਾਰ ਦਿਨ ਦਾ ਧਿਆਨ ਲਗਾਈਆ । ਜੇ ਸਤਿਗੁਰ ਦੇ ਸਰੂਪ ਨੂੰ ਮੇਰੀ ਸਮਝਣਾ ਨਹੀਂ ਲਾਸ਼, ਫੇਰ ਰਣਜੀਤ ਸਿੰਘ ਦੀਆਂ ਦੋਵੇਂ ਬਾਹਵਾਂ ਲਓ ਬੰਧਾਈਆ । ਹਰਬੰਸ ਕੌਰ ਕਲਸੀਆਂ ਵਾਲੀ ਬੰਨ੍ਹੇਗੀ ਇਹਦੇ ਹਾਥ, ਲੀੜਾ ਆਪਣੇ ਸਿਰ ਤੋਂ ਲਾਹੀਆ । ਤ੍ਰਿਪਤ ਕੌਰ ਸਿਰ ਵਿਚ ਪਾਏਗੀ ਪਾਣੀ ਦਾ ਠੰਡਾ ਗਿਲਾਸ, ਨਾਤਾ ਭੈਣ ਭਰਾ ਸਮਝਾਈਆ । ਇਹ ਵੀ ਰਾਜੇ ਬਲ ਦਾ ਹੁੰਦਾ ਸੀ ਦਾਸ, ਸੇਵਾ ਕਰਕੇ ਖ਼ੁਸ਼ੀ ਬਣਾਈਆ । ਏਸੇ ਤਰਹ ਇਕ ਦਿਨ ਸਤਾਈ ਮਾਘ ਦੀ ਸੀ ਰਾਤ, ਬਲ ਪ੍ਰਭ ਵਿਚ ਆਪਣਾ ਆਪ ਟਿਕਾਈਆ । ਉਸ ਵੇਲੇ ਰਣਜੀਤ ਦਾ ਨਾਂ ਸੀ ਗੁਲਾਬ ਦਾਸ, ਨੱਥੂ ਪਿਤਾ ਤੇ ਤਰਹਣੀ ਨਾਮ ਮਾਈਆ । ਗਰੜ ਪੁਰਾਣ ਇਸ ਦੇ ਜਨਮ ਦਾ ਲਿਖਿਆ ਹੋਇਆ ਇਤਹਾਸ, ਸਲੋਕ ਅੱਠ ਸੌ ਸਤਾਰਵਾਂ ਦਏ ਗਵਾਹੀਆ । ਨਾਰਦ ਕਹੇ ਇਹ ਮੇਰੀ ਬ੍ਰਾਹਮਣ ਦੀ ਨਿੱਕੀ ਜੇਹੀ ਬਾਤ, ਪਿਛਲੀ ਯਾਦ ਚਲਿਆ ਕਰਾਈਆ । ਜਨ ਭਗਤੋ ਤੁਹਾਡਾ ਖੇੜਾ ਵਸਦਾ ਰਹੇ ਤੁਸੀਂ ਵਿਚ ਰਹੋ ਆਬਾਦ, ਪ੍ਰਭ ਨਾਲ ਮਿਲ ਕੇ ਤੁਹਾਡੀ ਵੱਜਦੀ ਰਹੇ ਵਧਾਈਆ । ਅੱਜ ਸੁਲਹ ਦਾ ਦਿਨ ਸਦੀ ਚੌਧਵੀਂ ਦੀ ਗੋਲੀ ਨੂੰ ਮਿਲੀ ਦਾਦ, ਟਕਾ ਰਵੀਦਾਸ ਦਾ

ਭਗਤਾਂ ਭੁੱਖ ਮਿਟਾਈਆ । ਪੁਰਖ ਅਕਾਲਾ ਦੀਨ ਦਿਆਲਾ ਸਦਾ ਵਸੇ ਤੁਹਾਡੇ ਪਾਸ, ਵਿਛੋੜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਨਾਰਦ ਕਹੇ ਲਿਖਾਰੀਉ ਤੁਸੀਂ ਬੜੇ ਲਿਖਾਰੀ, ਲਿਖ ਲਿਖ ਰਹੇ ਵਖਾਈਆ । ਦੱਸੋ ਤੁਸਾਂ ਲਾਈ ਕਿ ਤੁਹਾਡੇ ਨਾਲ ਪ੍ਰਭ ਨੇ ਲਾਈ ਯਾਰੀ, ਪਹਿਲ ਕਿਸ ਕਮਾਈਆ । ਮੇਰਾ ਦਿਲ ਕਰਦਾ ਜੇ ਤੁਸੀਂ ਚਾਰੇ ਉਠ ਕੇ ਇਕ ਸ਼ਬਦ ਪੜ੍ਹੋ ਜ਼ੋਰਦਾਰੀ, ਗਾਓ ਚਾਈਂ ਚਾਈਆ । ਫੇਰ ਮੈਂ ਸਾਰਿਆਂ ਭਗਤਾਂ ਤੋਂ ਜਾਵਾਂ ਬਲਿਹਾਰੀ, ਬਲ ਬਲ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਡੰਕ ਇਕ ਵਜਾਈਆ । ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਸੰਗ ਰਾਵੀ ਸੁਣੋ ਨਾਲ ਗ਼ੌਰ, ਗ਼ੌਰ ਨਾਲ ਸੁਣਾਈਆ । ਅਠਾਈ ਮਾਘ ਸਭ ਨੇ ਪਹੁੰਚਣਾ ਇਕੱਠੀਆਂ ਹੋ ਕੇ ਕਲਾਨੌਰ, ਕਲਾ ਪ੍ਰਭ ਦੀ ਦਿਆਂ ਦ੍ਰਿੜਾਈਆ । ਅੱਗੇ ਪਿਛੇ ਨਹੀਂ ਆਉਣਾ ਦੌੜ, ਇਕੱਠੀਆਂ ਲੈਣਾ ਪੰਧ ਮੁਕਾਈਆ । ਖੜੀਆਂ ਰਹਿਣਾ ਜਿਥੇ ਲੱਗਾ ਹੋਵੇ ਪੌੜ, ਪੌੜੀ ਥੱਲੇ ਆਪਣਾ ਝਟ ਲੰਘਾਈਆ । ਜਿਸ ਵੇਲੇ ਆਵਾਜ਼ ਮਾਰੇ ਬ੍ਰਾਹਮਣ ਗੌੜ, ਹੁਕਮ ਸ਼ਬਦ ਵਾਲਾ ਸੁਣਾਈਆ । ਉਸ ਵੇਲੇ ਪ੍ਰਭ ਦੇ ਸੀਸ ਤੇ ਚਾਰ ਸਿੱਖ ਕਰਦੇ ਹੋਣਗੇ ਚੌਰ, ਚਵਰ ਪ੍ਰੇਮ ਨਾਲ ਝੁਲਾਈਆ । ਤੁਸਾਂ ਪਾਉਣਾ ਨਹੀਂ ਮੂਲ ਸ਼ੋਰ, ਉਚੀ ਸਾਹ ਨਾ ਕੋਇ ਕਢਾਈਆ । ਇਕੋ ਕਹਿਣਾ ਪ੍ਰਭੂ ਕਲਜੁਗ ਤੇਰੀ ਅੰਤਮ ਲੋੜ, ਦੂਜੀ ਲੋੜ ਰਹੇ ਨਾ ਰਾਈਆ । ਦਰ ਆਈਆਂ ਚਰਨਾਂ ਨਾਲ ਜੋੜ, ਜੋੜੀ ਧੁਰ ਦੀ ਆਪ ਬਣਾਈਆ । ਕਲਜੁਗ ਕੂੜੀ ਕਿਰਿਆ ਬੇੜਾ ਸਾਡੇ ਵਿਚ ਰੋੜ੍ਹ, ਸਾਡੇ ਤੋਂ ਪਰੇ ਫੇਰ ਸ਼ੌਹ ਦਰਿਆ ਡੁਬਾਈਆ । ਸਾਡਾ ਸਭ ਦਾ ਇਕੋ ਇਕ ਬੋਲ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜੇ ਤੂੰ ਪ੍ਰਗਟ ਹੋਇਆ ਉਪਰ ਧੌਲ, ਧਰਮ ਦਾ ਰਾਹ ਦੇਣਾ ਵਖਾਈਆ । ਅਵਤਾਰ ਪੈਗ਼ੰਬਰ ਗੁਰੂਆਂ ਪੂਰਾ ਕਰਨਾ ਕੌਲ, ਵਾਅਦਾ ਪਿਛਲਾ ਵੇਖ ਵਖਾਈਆ । ਪਰ ਸਾਡੀ ਇਕ ਬੇਨੰਤੀ ਅਠਾਈ ਮਾਘ ਨੂੰ ਸਦੀ ਚੌਧਵੀਂ ਦੀ ਗੋਲੀ ਆਪਣੀ ਹੱਥੀਂ ਰਿੰਨ੍ਹ ਕੇ ਖਵਾਏ ਤੈਨੂੰ ਚੌਲ, ਵਜ਼ਨ ਸਵਾ ਪਾ ਸੁਹਾਈਆ । ਕੋਲ ਨਾਰਦ ਪੰਡਤ ਹੋਵੇ ਰੌਲ, ਹਿਸਾਬ ਆਪਣਾ ਦਏ ਲਗਾਈਆ । ਅਸੀਂ ਆਪਾ ਆਪ ਸਭ ਕੁਛ ਦਈਏ ਘੋਲ, ਘੋਲੀ ਘੋਲ ਘੁਮਾਈਆ । ਨਾਰਦ ਕਹੇ ਜਨ ਭਗਤੋ ਜੇ ਰਣਜੀਤ ਸਿੰਘ ਦੀਆਂ ਬਾਹਵਾਂ ਬੱਧੀਆਂ ਤੇ ਬੱਧੀਆਂ ਦੇਵੇ ਖੋਲ੍ਹ, ਮੇਰੀ ਖ਼ੁਲਾਸੀ ਲੈਣੀ ਕਰਾਈਆ । ਜਗਤ ਅੰਧੇਰ ਝੁਲਣਾ ਤੁਸਾਂ ਮੂਲ ਨਾ ਜਾਣਾ ਡੋਲ, ਅਡੁਲ ਲਏ ਬਚਾਈਆ । ਹੁਣ ਚੜ੍ਹਦਿਉਂ ਲਹਿੰਦੇ ਤੇ ਲਹਿੰਦਿਉਂ ਚੜ੍ਹਦੇ ਪ੍ਰਭ ਦਾ ਵੱਜਣਾ ਢੋਲ, ਢੋਲਕੀਆਂ ਛੈਣੇ ਵਾਲੇ ਸਾਰੇ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਵਾਮੀ ਸਦਾ ਵਸੇ ਕੋਲ, ਕੁਲ ਮਾਲਕ ਆਪਣੀ ਦਇਆ ਕਮਾਈਆ ।

੨੮ ਮਾਘ ਸ਼ਹਿਨਸ਼ਾਹੀ ਸੰਮਤ ੭ ਧਿਰਤਾ ਸਿੰਘ, ਸੁਖਰਾਜ ਕੌਰ, ਸਰਦਾਰਾ ਸਿੰਘ, ਮੰਗਲ ਸਿੰਘ ਫਤੂਪੁਰ, ਜੀਤੋ ਸਰਜਾ ਚਕ, ਗੁਲਜ਼ਾਰ ਸਿੰਘ, ਸਮਾਂ ਸਿੰਘ ਫਤੂਪੁਰ, ਰਤਨ ਸਿੰਘ ਕਲਾਨੌਰ, ਸੁਰਿੰਦਰ ਸਿੰਘ ਡੇਢ ਗਵਾੜ, ਗੁਰਮੀਤੋ ਰਸੂਲਪੁਰਾ, ਜੋਗਿੰਦਰ ਕੌਰ ਬਲਵੰਤ ਜਟਾ, ਸੁਰਜੀਤ ਕੌਰ ਸ਼ਿਕਾਰਮਾਸ਼ੀਆ, ਸਵਿੰਦਰ ਕੌਰ, ਦਿਆਲ ਕੌਰ ਬੋਹੜ ਵਾਲਾ ਭੁਗਟਾਣਾ, ਦਿਆਲ ਸਿੰਘ ਡੇਢ ਗਵਾੜ, ਦਲੀਪ ਸਿੰਘ, ਬਲਵੰਤ ਕੌਰ ਦਾਲਮ ਨੰਗਲ, ਪੂਰਨ ਕੌਰ ਨਵਾਂ ਪਿੰਡ, ਸੁਖਰਾਜ ਸਿੰਘ ਰਹਿਮਗੜ੍ਹ, ਪਿੰਡ ਕਲਾਨੌਰ ਜ਼ਿਲਾ ਗੁਰਦਾਸ ਪੁਰ

ਰਾਵੀ ਕਹੇ ਮੈਂ ਮਸਤਕ ਲਾਵਾਂ ਚਰਨ ਧੂੜੀ, ਸਤਿਗੁਰ ਸ਼ਬਦ ਸੱਚੀ ਸਰਨਾਈਆ । ਮੇਰੀ ਆਸ਼ਾ ਰਹੇ ਮੁਗਧ ਨਾ ਮੂੜ੍ਹੀ, ਤ੍ਰਿਸਨਾ ਮਿਲੇ ਵਡਿਆਈਆ । ਜਗਤ ਜਹਾਨ ਤਕਾਂ ਧਾਰ ਕੂੜੀ, ਕੂੜ ਕੁਟੰਬ ਲੋਕਾਈਆ । ਜੋ ਮੈਨੂੰ ਸੰਦੇਸ਼ਾ ਦੇ ਕੇ ਗਿਆ ਸਤਿਗੁਰ ਅਰਜਨ ਜ਼ਰੂਰੀ, ਸਹਿਜ ਸਹਿਜ ਸੁਣਾਈਆ । ਜਿਸ ਵੇਲੇ ਮੇਰਾ ਮਾਲਕ ਆਇਆ ਹਜ਼ੂਰੀ, ਹਜ਼ਰਤਾਂ ਤੋਂ ਪਰੇ ਅਗੰਮ ਅਥਾਹੀਆ । ਤੂੰ ਵੀ ਪੰਧ ਕਟਣਾ ਦੂਰੀ, ਭੱਜਣਾ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਰਾਵੀ ਕਹੇ ਮੇਰੇ ਮਸਤਕ ਲੱਗੀ ਅਗੰਮੀ ਖ਼ਾਕ, ਖ਼ਾਲਕ ਖ਼ਲਕ ਦਿਤੀ ਵਡਿਆਈਆ । ਮੇਰਾ ਅੰਦਰੋਂ ਖੁਲ੍ਹਿਆ ਤਾਕ, ਪੜਦਾ ਮੂਲ ਰਿਹਾ ਨਾ ਰਾਈਆ । ਮੈਂ ਚਰਨ ਕਵਲ ਰਗੜ ਕੇ ਨਾਕ, ਨਿਵ ਨਿਵ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਬਖ਼ਸ਼ ਦੇ ਦਾਤ, ਦਾਤੇ ਦਾਨੀ ਦਇਆ ਕਮਾਈਆ । ਚਾਰੋਂ ਕੁੰਟ ਵੇਖ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਦੀਨ ਦੁਨੀ ਹੋਈ ਗੁਸਤਾਖ਼, ਸਾਂਤਕ ਸਤਿ ਨਾ ਕੋਇ ਵਰਤਾਈਆ । ਮੇਰੀ ਪੁਰਾਣੀ ਪਿਛਲੀ ਆਸ, ਆਸਾਵੰਦ ਰਹੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਰਾਵੀ ਕਹੇ ਮੈਂ ਦੱਸਾਂ ਸ਼ਬਦੀ ਭੇਵ, ਅਗੰਮ ਅਗੰਮ ਜਣਾਈਆ । ਮੈਂ ਉਸ ਦੀ ਕਰੀ ਸੇਵ, ਜੋ ਸੇਵਾ ਦੀਨ ਦੁਨੀ ਕਮਾਈਆ । ਜਿਹੜਾ ਵਸਿਆ ਨਿਹਚਲ ਧਾਮ ਨਿਹਕੇਵ, ਨਿਹਕਰਮੀ ਬੇਪਰਵਾਹੀਆ । ਜਿਸ ਦੀ ਸਿਫ਼ਤ ਕਰ ਨਾ ਸਕੇ ਰਸਨਾ ਜਿਹਵ, ਬੱਤੀ ਦੰਦ ਨਾ ਕੋਇ ਚਤੁਰਾਈਆ । ਉਹ ਮੈਨੂੰ ਦੇ ਕੇ ਗਿਆ ਅਗੰਮਾ ਮੇਵ, ਅਨਰਸ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਰਾਵੀ ਕਹੇ ਗੁਰ ਅਰਜਨ ਮੇਰੇ ਉਤੇ ਮਾਰੀ ਹਥੇਲੀ, ਜਲ ਧਾਰਾ ਖ਼ੁਸ਼ੀ ਬਣਾਈਆ । ਨੀ ਤੂੰ ਜੁਗ ਚੌਕੜੀ ਖੇਲ ਖੇਲੀ, ਭੱਜੀ ਵਾਹੋ ਦਾਹੀਆ । ਤੇਰੀ ਦਿਸੇ ਨਾ ਕੋਇ ਸਹੇਲੀ, ਸਗਲਾ ਸੰਗ ਨਾ ਕੋਇ ਬਣਾਈਆ । ਤੂੰ ਫਿਰੇਂ ਜਗਤ ਨਵੇਲੀ, ਭੱਜੇਂ ਵਾਹੋ ਦਾਹੀਆ । ਔਹ ਤਕ ਸਦੀ ਚੌਧਵੀਂ ਅੰਤ ਸਭ ਦਾ ਮਾਲਕ ਆਉਣਾ ਬੇਲੀ, ਜੋ ਬੇਲਿਆਂ ਜੰਗਲਾਂ ਵਿਚ ਆਪਣੀ ਕਾਰ ਭੁਗਤਾਈਆ । ਜਿਸ ਲੇਖੇ ਲਾਉਣੀ ਨਾਨਕ ਦੀ ਟੋਪੀ ਸੇਲੀ, ਸਿਲ ਪਾਹਨ ਪੱਥਰ ਪੂਜਣ ਕੋਇ ਨਾ ਪਾਈਆ । ਜਨ ਭਗਤਾਂ ਧਰਮ ਰਾਏ ਦੀ ਕਟਣੀ ਜੇਲੀ, ਚੁਰਾਸੀ ਫਾਸੀ ਦਏ ਕਟਾਈਆ । ਅਚਰਜ ਖੇਲ ਉਸ ਆਪਣੀ ਆਪੇ ਖੇਲੀ, ਖ਼ਾਲਕ ਖ਼ਲਕ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਰਾਵੀ ਕਹੇ ਮੈਨੂੰ ਅਰਜਨ ਨੇ ਦਿਤਾ ਧੱਕਾ,

ਸਹਿਜ ਨਾਲ ਹਿਲਾਈਆ । ਮੈ ਪਿਛਲਾ ਪੈਰ ਚੱਕਾ, ਅੱਡੀ ਚੋਟੀ ਜ਼ੋਰ ਲਗਾਈਆ । ਨਿਗਾਹ ਮਾਰੀ ਦਰੋਹੀ ਫਿਰੀ ਮਦੀਨਾ ਮੱਕਾ, ਕਾਅਬੇ ਰਹੇ ਕੁਰਲਾਈਆ । ਨਾਤਾ ਤੁੱਟਿਆ ਬੂਰਾ ਕੱਕਾ, ਸੰਗੀ ਸੰਗ ਨਾ ਕੋਇ ਵਖਾਈਆ । ਕਿਸੇ ਦੀ ਕੀਮਤ ਪਏ ਨਾ ਟਕਾ, ਲੱਖੋਂ ਕੱਖ ਰਿਹਾ ਵਖਾਈਆ । ਜੋਤ ਜਗਦੀ ਲਟ ਲਟਾ, ਨੂਰ ਨੁਰਾਨਾ ਨਜ਼ਰੀ ਆਈਆ । ਜੋ ਵਸੇ ਘਟ ਘਟਾ, ਉਹ ਗੋਬਿੰਦ ਤੱਕਿਆ ਮਾਹੀਆ । ਜਿਸ ਨੇ ਰੂਪ ਬਦਲਣਾ ਤਤਾਂ ਬਦਲੇ ਸ਼ਬਦੀ ਧਾਰ ਵੱਟਾ, ਵੱਟ ਬੰਨਾ ਰਹਿਣ ਕੋਇ ਨਾ ਪਾਈਆ । ਦੋ ਜਹਾਨ ਫਿਰੇ ਨੱਠਾ, ਕੋਟਨ ਕੋਟ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਚਰਨਾਂ ਹੇਠ ਦਬਾਈਆ । ਆਪਣਾ ਭੇਵ ਦੱਸੇ ਕਿਸੇ ਨਾ ਰਤਾ, ਰਤਨ ਅਮੋਲਕ ਗੁਰਮੁਖ ਲਏ ਉਪਜਾਈਆ । ਸਚ ਪ੍ਰੀਤ ਜੋੜ ਕੇ ਨਤਾ, ਰੰਗ ਇਕੋ ਇਕ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਾਵੀ ਕਹੇ ਸਤਿਗੁਰ ਅਰਜਨ ਮੇਰੇ ਨਾਲ ਛੁਹਾਈ ਛਾਤੀ, ਸਾਂਤਕ ਸਤਿ ਰਿਹਾ ਕਰਾਈਆ । ਇਸ਼ਾਰਾ ਕੀਤਾ ਉਹ ਤਕ ਕਮਲਾਪਾਤੀ, ਜੋ ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੇ ਲੇਖੇ ਲੱਗੀ ਹਯਾਤੀ, ਜੀਵਣ ਉਸੇ ਦੀ ਝੋਲੀ ਪਾਈਆ । ਉਸੇ ਦਾ ਦੀਪਕ ਉਸੇ ਦੀ ਵੇਖੇ ਬਾਤੀ, ਉਸੇ ਦਾ ਨੂਰ ਡਗਮਗਾਈਆ । ਜਿਸ ਕਲਜੁਗ ਕਲ ਮੇਟਣਾ ਕਾਤੀ, ਕਲਕੀ ਆਪਣਾ ਫੇਰਾ ਪਾਈਆ । ਲੱਖ ਚੁਰਾਸੀ ਪੁਛੇ ਵਾਤੀ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਈਆ । ਚਾਰ ਜੁਗ ਦੀ ਪਿਛਲੀ ਸਭ ਦੀ ਵੇਖੇ ਪਾਤੀ, ਪਤ੍ਰਿਕਾ ਭਵਿਖਤਾਂ ਵਾਲੀ ਫੋਲ ਫੁਲਾਈਆ । ਝਗੜਾ ਮੇਟੇ ਜ਼ਾਤ ਜ਼ਾਤੀ, ਆਤਮ ਬ੍ਰਹਮ ਇਕ ਸਮਝਾਈਆ । ਖੇਲ ਕਰੇ ਬਹੁ ਬਿਧ ਭਾਂਤੀ, ਭੇਵ ਆਪਣਾ ਆਪ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਰਾਵੀ ਕਹੇ ਮੇਰੇ ਅੰਦਰ ਆਈ ਆਹ, ਹੌਕਾ ਭਰ ਕੇ ਦਿਤਾ ਸੁਣਾਈਆ । ਕਿਹੋ ਜੇਹਾ ਬੇਪਰਵਾਹ, ਮੈਨੂੰ ਦੇ ਵਖਾਈਆ । ਜਿਸ ਦੇ ਪਿਛੇ ਆਪਣਾ ਤਨ ਚਲਿਆ ਤਜਾ, ਨਿਰਗੁਣ ਨੂਰ ਕਰ ਰੁਸ਼ਨਾਈਆ । ਸਤਿਗੁਰ ਹੱਸ ਕੇ ਕਿਹਾ ਉਹ ਜਲਵਾਗਰ ਖ਼ੁਦਾ, ਨੂਰ ਨੁਰਾਨਾ ਡਗਮਗਾਈਆ । ਜਿਸ ਨੇ ਕਲਜੁਗ ਅੰਤਮ ਤੇਰਾ ਕੰਢਾ ਮੇਰਾ ਘਾਟ ਹੱਦ ਦੇਣੀ ਬਣਾ, ਉਮਤ ਉਮਤੀ ਵੰਡ ਵੰਡਾਈਆ । ਸਦੀ ਚੌਧਵੀਂ ਲੇਖਾ ਦਏ ਚੁਕਾ, ਚੁਕੰਨੀ ਕਰੇ ਲੋਕਾਈਆ । ਮੁਹੰਮਦ ਨੂੰ ਦੇਣਾ ਸੁਣਾ, ਕਲਮਾ ਨੂਰ ਇਲਾਹੀਆ । ਉਸ ਦਾ ਪੰਧ ਦੇਣਾ ਮੁਕਾ, ਅੱਗੇ ਆਯੂ ਨਾ ਕੋਇ ਵਧਾਈਆ । ਸ਼ਰਅ ਦਾ ਸ਼ਰਅ ਨਾਲ ਹੋਵੇ ਟਕਰਾ, ਸ਼ਰੀਅਤ ਸ਼ਰੀਅਤ ਨਾਲ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਰਾਵੀ ਕਹੇ ਮੈਂ ਰੱਖੀ ਇਕੋ ਆਸ, ਆਸਾ ਦਿਆਂ ਜਣਾਈਆ । ਜਿਸ ਵੇਲੇ ਆਵੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਨਿਰਗੁਣ ਨੂਰ ਜੋਤ ਕਰੇ ਪ੍ਰਕਾਸ਼, ਜੋਤੀ ਜਾਤਾ ਡਗਮਗਾਈਆ । ਜਨ ਭਗਤਾਂ ਵਸੇ ਪਾਸ, ਸਗਲਾ ਸੰਗ ਬਣਾਈਆ । ਨਿਜ ਗ੍ਰਿਹ ਰੱਖੇ ਵਾਸ, ਵਾਸਤਾ ਆਤਮ ਪਰਮਾਤਮ ਆਪ ਜੁੜਾਈਆ । ਸ਼ਬਦ ਸੰਦੇਸ਼ਾ ਦੇਵੇ ਆਖ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਜੋਤੀ ਜਾਤਾ ਪਰਗਟ ਹੋ ਕੇ ਸਾਖਿਆਤ, ਸਨਮੁਖ ਹੋ ਕੇ ਸੋਭਾ ਪਾਈਆ । ਚਾਰ ਜੁਗ ਦੇ ਪਿਛਲੇ ਲੇਖੇ ਵੇਖੇ ਕਾਗਜ਼ਾਤ, ਪੜਦਾ ਓਹਲਾ ਰਹਿਣ ਕੋਇ ਨਾ ਪਾਈਆ । ਮੇਰੀ ਮਨਸਾ ਪੂਰੀ ਕਰੇ ਵਿਚ ਲੋਕਮਾਤ, ਧਰਨੀ ਧਰਤ ਧਵਲ ਪੂਰੀ ਆਸ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ


੧੭੫੧
੨੨

੧੭੫੨
੨੨

ਦਾ ਹਰਿ, ਧੁਰ ਮਾਲਕ ਅਗੰਮ ਅਥਾਹੀਆ । ਰਾਵੀ ਕਹੇ ਮੈਂ ਦੱਸਾਂ ਆਵੇ ਇਕ ਹਜ਼ੂਰ, ਨੂਰ ਨੁਰਾਨਾ ਬੇਪਰਵਾਹੀਆ । ਜਿਸ ਨੇ ਸਭ ਦੇ ਤਕਣੇ ਕਸੂਰ, ਵੇਖਣਹਾਰਾ ਥਾਉਂ ਥਾਈਆ । ਮੇਰੀ ਬੇਨੰਤੀ ਕਰੇ ਮਨਜ਼ੂਰ, ਨਿਉਂ ਨਿਉਂ ਲਾਗਾਂ ਪਾਈਆ । ਪ੍ਰਭੂ ਭੇਵ ਖੋਲ੍ਹ ਜ਼ਰੂਰ, ਪਰਦਾ ਦੇ ਚੁਕਾਈਆ । ਮੂਸਾ ਦੀ ਵਾਟ ਰਹੇ ਨਾ ਦੂਰ, ਈਸਾ ਲੇਖੇ ਲੈਣਾ ਲਗਾਈਆ । ਮੁਹੰਮਦ ਦਾ ਤਕਣਾ ਆਪਣਾ ਨੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਾਵੀ ਕਹੇ ਸਤਿਗੁਰ ਅਰਜਨ ਮੇਰੇ ਉਤੇ ਮਾਰੀਆਂ ਪੰਜ ਲੀਕਾਂ, ਉਂਗਲੀ ਉਂਗਲੀ ਨਾਲ ਬਦਲਾਈਆ । ਮੇਰੀਆਂ ਨਿਕਲ ਗਈਆਂ ਚੀਕਾਂ, ਬਹੁੜੀ ਬਹੁੜੀ ਕਰ ਕੁਰਲਾਈਆ । ਉਸ ਹੱਸ ਕੇ ਕਿਹਾ ਕਮਲੀਏ ਉਹ ਤਕ ਸਦੀ ਚੌਧਵੀਂ ਦੀਆਂ ਅੰਤ ਤਰੀਕਾਂ, ਜੋ ਤਵਾਰੀਖਾਂ ਸਭ ਦੀਆਂ ਦਏ ਬਦਲਾਈਆ । ਉਸ ਵੇਲੇ ਮੰਦਰ ਮੱਠ ਕੁਰਲਾਵਣ ਸ਼ਿਵਦਵਾਲੇ ਮਸੀਤਾਂ, ਚਰਚ ਮਾਰਨ ਧਾਹੀਆ । ਦੀਨ ਦੁਨੀ ਦੀਆਂ ਬਦਲ ਜਾਣੀਆਂ ਨੀਤਾਂ, ਨੀਤੀਵਾਨ ਨਜ਼ਰ ਕੋਇ ਨਾ ਆਈਆ । ਕਲਮੇ ਦੀਆਂ ਭੁੱਲੀਆਂ ਹੋਣ ਸਰਬ ਹਦੀਸਾਂ, ਹਜ਼ਰਤਾਂ ਸੀਸ ਨਾ ਕੋਇ ਝੁਕਾਈਆ । ਸ਼ਾਸਤਰਾਂ ਕਾਇਮ ਨਹੀਂ ਰਹਿਣੀਆਂ: ਰੀਤਾਂ, ਗ੍ਰੰਥਾਂ ਰੰਗ ਨਾ ਕੋਇ ਰੰਗਾਈਆ । ਸਭ ਦੀਆਂ ਨੰਗੀਆਂ ਹੋਣੀਆਂ ਪੀਠਾਂ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਨੌਂ ਖੰਡ ਪ੍ਰਿਥਮੀ ਤਪਣਾ ਅੰਗੀਠਾ, ਅੰਮ੍ਰਿਤ ਮੇਘ ਨਾਂ ਕੋਇ ਬਰਸਾਈਆ । ਕਲਜੁਗ ਜੀਵ ਹੋਣਾ ਅੰਤਰ ਕੌੜਾ ਰੀਠਾ, ਮਿੱਠਾ ਰਸ ਨਾ ਕੋਇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਰਾਵੀ ਕਹੇ ਸਤਿਗੁਰ ਅਰਜਨ ਅਗੰਮ ਜਣਾਉਂਦਾ ਏ । ਭੇਵ ਅਭੇਦ ਆਪ ਖੁਲ੍ਹਾਉਂਦਾ ਏ । ਧੁਰ ਦਾ ਸ਼ਬਦ ਚਾਰ ਵੇਦ ਤੋਂ ਪਰੇ ਆਪ ਦ੍ਰਿੜਾਉਂਦਾ ਏ । ਪਰਮ ਪੁਰਖ ਅਛਲ ਅਛੇਦ, ਜਿਸ ਦਾ ਅੰਤ ਕੋਇ ਨਾ ਪਾਉਂਦਾ ਏ । ਕਲਜੁਗ ਅੰਤਮ ਆਪਣਾ ਹੁਕਮ ਦੇਵੇ ਭੇਜ, ਦੂਜੀ ਕਾਰ ਨਾ ਕੋਇ ਕਮਾਉਂਦਾ ਏ । ਜਿਸ ਦਾ ਜੋਤੀ ਨੂਰ ਤੇਜ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਖਿਲਾਉਂਦਾ ਏ । ਜਿਸ ਦੀ ਅੰਤਮ ਗੋਬਿੰਦ ਮਾਨਣੀ ਸੇਜ, ਸੋ ਗੋਬਿੰਦ ਸ਼ਬਦੀ ਵੇਸ ਵਟਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣੀ ਖੇਲ ਖਿਲਾਉਂਦਾ ਏ । ਪ੍ਰਭ ਆਪਣੀ ਖੇਲ ਖਿਲਾਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਸੋ ਪੁਰਖ ਨਿਰੰਜਣ ਡਗਮਗਾਵੇਗਾ । ਹਰਿ ਪੁਰਖ ਨਿਰੰਜਣ ਨੂਰ ਰੁਸ਼ਨਾਵੇਗਾ । ਆਦਿ ਨਿਰੰਜਣ ਜੋਤ ਚਮਕਾਵੇਗਾ । ਏਕੰਕਾਰ ਵੇਖ ਵਖਾਵੇਗਾ । ਅਬਿਨਾਸ਼ੀ ਕਰਤਾ ਪੜਦਾ ਲਾਹਵੇਗਾ । ਸ੍ਰੀ ਭਗਵਾਨ ਆਪਣੀ ਕਾਰ ਕਮਾਵੇਗਾ । ਪਾਰਬ੍ਰਹਮ ਧੁਰ ਦਾ ਹੁਕਮ ਵਰਤਾਵੇਗਾ । ਸ਼ਬਦੀ ਸ਼ਬਦ ਸ਼ਬਦ ਉਠਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਆਪ ਹਿਲਾਵੇਗਾ । ਅਵਤਾਰ ਪੈਗ਼ੰਬਰ ਗੁਰ ਸਵਾਧਾਨ ਕਰਾਵੇਗਾ । ਜੋ ਲਹਿਣਾ ਦੇਣਾ ਲੇਖਾ ਗੋਬਿੰਦ ਦੱਸਿਆ ਅਨੰਦਪੁਰ, ਸੋ ਪੁਰੀਆਂ ਲੋਆਂ ਝੋਲੀ ਆਪ ਭਰਾਵੇਗਾ । ਜਿਸ ਦੇ ਅੱਗੇ ਨਹੀਂ ਕਿਸੇ ਦਾ ਜ਼ੋਰ, ਸੋ ਜੋਰੂ ਜ਼ਰ ਵੇਖ ਵੇਖਾਵੇਗਾ । ਕਲਜੁਗ ਅੰਤਮ ਆਵੇ ਵਾਗਾਂ ਮੋੜ, ਜੋਤੀ ਜਾਤਾ ਫੇਰਾ ਪਾਵੇਗਾ । ਜਨ ਭਗਤ ਸੁਹੇਲੇ ਵਿਛੜੇ ਲਏ ਜੋੜ, ਜੋੜੀ ਆਤਮ ਪਰਮਾਤਮ ਆਪ ਦਰਸਾਵੇਗਾ । ਸ੍ਰਿਸ਼ਟੀ ਦ੍ਰਿਸ਼ਟੀ ਵੇਖੇ ਵਿਚੋਂ ਅੰਧਘੋਰ, ਘੋਰੀ ਹੋ ਕੇ ਫੋਲ ਫੁਲਾਵੇਗਾ । ਜਿਸ ਦੇ ਹੱਥ ਪੈਗ਼ੰਬਰਾਂ ਫੜਾਈ ਡੋਰ, ਡੌਰੂ ਡੰਕਾ ਇਕ ਵਜਾਵੇਗਾ । ਨੌਂ ਖੰਡ ਪ੍ਰਿਥਮੀ ਤਕੇ ਕਲਜੁਗ ਚੋਰ, ਸੱਤਾਂ ਦੀਪਾਂ ਪੰਧ ਮੁਕਾਵੇਗਾ । ਮਨ ਕਲਪਣਾ ਵੇਖੇ ਸ਼ੋਰ, ਅੰਦਰ ਵੜ ਵੜ ਪੜਦੇ ਲਾਹਵੇਗਾ । ਜੋ ਅਰਜਨ

ਸਤਿਗੁਰ ਰਾਵੀ ਕੰਢੇ ਗਿਆ ਬੋਲ, ਬਚਨ ਪੂਰਾ ਆਪ ਕਰਾਵੇਗਾ । ਪੁਰਖ ਅਕਾਲਾ ਹੋ ਕੇ ਤੋਲੇ ਤੋਲ, ਤੋਲਣਹਾਰਾ ਇਕ ਅਖਵਾਵੇਗਾ । ਜਿਸ ਨੂੰ ਝੁਕਣੇ ਕ੍ਰਿਸ਼ਨ ਕਾਹਨ ਕਲਾ ਸੋਲ, ਰਾਮ ਰਾਮਾ ਧੂੜੀ ਖ਼ਾਕ ਰਮਾਵੇਗਾ । ਜਿਸ ਦਾ ਪੈਗ਼ੰਬਰਾਂ ਵਜਾਇਆ ਢੋਲ, ਹੋਕਾ ਹੱਕ ਇਕ ਦ੍ਰਿੜਾਵੇਗਾ । ਰਾਵੀ ਤੇਰਾ ਅੰਤਮ ਕੰਢਾ ਜਾਵੇ ਮੌਲ, ਮੌਲਾ ਹੋ ਕੇ ਆਪਣਾ ਫੇਰਾ ਪਾਵੇਗਾ । ਭਾਗ ਲਗਾਵੇ ਉਪਰ ਧਰਨੀ ਧੌਲ, ਧਵਲ ਚਰਨਾਂ ਹੇਠ ਦਬਾਵੇਗਾ । ਪਰ ਯਾਦ ਰੱਖੀਂ ਸਦੀ ਚੌਧਵੀਂ ਦੀ ਗੋਲੀ ਕੋਲੋਂ ਖਾ ਕੇ ਚੌਲ, ਨਿਆਜ਼ ਸਭ ਦੀ ਬੰਦ ਕਰਾਵੇਗਾ । ਜਿਸ ਦਾ ਭੇਵ ਮੁੱਲਾਂ ਸ਼ੇਖ਼ ਪੰਡਤ ਪਾਂਧਾ ਜਾਣੇ ਕੋਇ ਨਾ ਰੌਲ, ਰੌਣਕ ਆਪਣੀ ਆਪ ਵਖਾਵੇਗਾ । ਸਚ ਦਵਾਰਾ ਇਕੋ ਖੋਲ੍ਹ, ਖ਼ਾਲਕ ਖ਼ਲਕ ਨਾਮ ਵਰਤਾਵੇਗਾ । ਜਨ ਭਗਤ ਸੁਹੇਲੇ ਚੁਰਾਸੀ ਵਿਚੋਂ ਲਏ ਟਟੋਲ, ਫੜ ਬਾਂਹੋ ਗੋਦ ਬਿਠਾਵੇਗਾ । ਆਪ ਰਹੇ ਸਦਾ ਅਡੋਲ, ਦੀਨ ਦੁਨੀ ਆਪ ਡੁਲਾਵੇਗਾ । ਦੀਨਾਂ ਮਜ਼੍ਹਬਾਂ ਕਰਾਏ ਘੋਲ, ਦੋ ਧੜ ਵੰਡ ਵੰਡਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਵੇਗਾ । ਸਚ ਦਾ ਰੰਗ ਆਪ ਰੰਗਾਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਪਰਮ ਪੁਰਖ ਵੇਸ ਵਟਾਵੇਗਾ । ਜੋਤੀ ਜਾਤਾ ਡਗਮਗਾਏਗਾ । ਨਰ ਨਰੇਸ਼ ਇਕ ਅਖਵਾਏਗਾ । ਦੇਸ ਪਰਦੇਸ ਫੇਰਾ ਪਾਏਗਾ । ਕਲ ਕਲੇਸ਼ ਜਗਤ ਮਿਟਾਏਗਾ । ਗੁਰ ਦਸ ਦਸਮੇਸ ਜੋਤ ਜਗਾਏਗਾ । ਜਿਸ ਦੇ ਭਵਿਖਤਾਂ ਵਿਚ ਲਿਖੇ ਲੇਖ, ਸੋ ਲੇਖਾ ਪੂਰ ਕਰਾਏਗਾ । ਜਿਸ ਦੇ ਪਿਛੇ ਸੀਸ ਵਿਚ ਤਤੀ ਪਵਾਈ ਰੇਤ, ਉਹ ਥਲ ਮਾਰੂ ਫੋਲ ਫੁਲਾਏਗਾ । ਉਹਦਾ ਅੰਤ ਪਾਏ ਕੋਈ ਨਾ ਭੇਤ, ਭੇਵ ਆਪਣੇ ਵਿਚ ਛੁਪਾਏਗਾ । ਜਿਸ ਨੂੰ ਲੱਭਦੇ ਸਾਧ ਸੰਤ ਅਨੇਕ, ਕੋਟਨ ਕੋਟੀ ਵੇਖ ਵਖਾਏਗਾ । ਜਨ ਭਗਤਾਂ ਬਖ਼ਸ਼ ਕੇ ਆਪਣੀ ਟੇਕ, ਮਸਤਕ ਧੂੜੀ ਖ਼ਾਕ ਰਮਾਏਗਾ । ਕਰਕੇ ਬੁਧ ਬਿਬੇਕ, ਨੂਰੀ ਜੋਤ ਜੋਤ ਚਮਕਾਏਗਾ । ਤ੍ਰੈਗੁਣ ਮਾਇਆ ਲਾਏ ਨਾ ਸੇਕ, ਕਾਇਆ ਵਿਚ ਮੰਦਰ ਅੰਦਰ ਅਗਨੀ ਤਤ ਬੁਝਾਏਗਾ । ਕੂੜੀ ਕਿਰਿਆ ਮੇਟ ਕੇ ਭੇਖ, ਭਾਂਡਾ ਭਰਮ ਭਉ ਭੰਨਾਏਗਾ । ਲੇਖਾ ਮੇਟੇ ਮੁੱਲਾਂ ਸ਼ੇਖ਼, ਪੀਰ ਗੌਂਸ ਔਲੀਆ ਨਜ਼ਰ ਕੋਇ ਨਾ ਆਏਗਾ । ਜੋ ਪੁਰਖ ਅਕਾਲਾ ਦੀਨ ਦਿਆਲਾ ਸਦਾ ਰਹੇ ਹਮੇਸ਼, ਸੋ ਸਾਜਣ ਆਪਣੀ ਕਾਰ ਭੁਗਤਾਏਗਾ । ਰਾਵੀ ਕਹੇ ਮੈਂ ਉਸ ਪ੍ਰਭੂ ਨੂੰ ਕਰਾਂ ਆਦੇਸ, ਜੋ ਕਲਜੁਗ ਅੰਤਮ ਆਪਣਾ ਹੁਕਮ ਵਰਤਾਏਗਾ । ਧਰਨੀ ਕਹੇ ਮੇਰੇ ਉਤੋਂ ਮੇਟੇ ਕਲੇਸ਼, ਕੂੜ ਕਲਪਨਾ; ਦੂਰ ਕਰਾਏਗਾ । ਧਵਲ ਕਹੇ ਮੇਰੇ ਉਤੇ ਰਹਿਣ ਦੇਵੇ ਨਾ ਕੋਇ ਮਲੇਛ, ਹਰਿਜਨ ਸਾਚੇ ਮਾਤ ਪਰਗਟਾਏਗਾ । ਕਿਸੇ ਦੇ ਅੱਗੇ ਕਿਸੇ ਦੀ ਚਲਣੀ ਨਹੀਂ ਕੋਈ ਪੇਸ਼, ਪੇਸ਼ਵਾ ਸਾਰੇ ਆਪਣੇ ਵਿਚ ਮਿਲਾਏਗਾ । ਜਿਸ ਦਾ ਇਕੋ ਕਲਮਾ ਨਾਮ ਸੰਦੇਸ਼, ਸੰਧਿਆ ਸਰਘੀ ਵੰਡ ਨਾ ਕੋਇ ਵੰਡਾਏਗਾ । ਨਵ ਸੱਤ ਬਖ਼ਸ਼ ਕੇ ਟੇਕ, ਓਟ ਇਕੋ ਇਕ ਜਣਾਏਗਾ । ਜਿਸ ਦੇ ਪਿਛੇ ਗੋਬਿੰਦ ਬੱਚੇ ਕੀਤੇ ਭੇਟ, ਉਹ ਭੇਟਾ ਕੂੜੀ ਸਰਬ ਚੁਕਾਏਗਾ । ਮਾਲਕ ਬਣ ਕੇ ਖੇਵਟ ਖੇਟ, ਬੇੜਾ ਇਕੋ ਨਾਮ ਤਰਾਏਗਾ । ਜਨ ਭਗਤਾਂ ਕਰੇ ਹੇਤ, ਗੁਰਮੁਖ ਸਾਚੇ ਮੇਲ ਮਿਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਏਗਾ । ਸਚ ਦਾ ਪੜਦਾ ਆਪੇ ਲਾਹਵੇਗਾ । ਪੁਰਖ ਅਕਾਲ ਭੇਵ ਚੁਕਾਵੇਗਾ । ਦੁੱਖ ਦਰਦ ਸਰਬ ਮਿਟਾਵੇਗਾ । ਗੁਰ ਅਵਤਾਰ ਪੈਗ਼ੰਬਰਾਂ ਅਰਜ਼ ਲੇਖੇ ਲਾਵੇਗਾ । ਕਲਜੁਗ ਅੰਤਮ ਪੂਰਾ ਫ਼ਰਜ਼ ਆਪ ਕਮਾਵੇਗਾ । ਭਗਤਾਂ ਪੂਰੀ ਕਰਕੇ ਗ਼ਰਜ਼, ਗ਼ਰੀਬ ਨਿਮਾਣੇ ਗੋਦ ਟਿਕਾਵੇਗਾ । ਕਿਸੇ ਦਾ ਹੋਣ ਨਾ ਦੇਵੇ ਹਰਜ, ਹਰਿਜਨ ਹਰਜਾਨੇ ਵਿਚ ਕਦੇ ਨਾ ਆਵੇਗਾ ।

੧੭੫੩ ੨੨

ਛੁਰੀ ਸ਼ਰਅ ਖੋਹ ਕੇ ਕਰਦ, ਖ਼ਾਲੀ ਹੱਥ ਸਰਬ ਫਿਰਾਵੇਗਾ । ਪ੍ਰਗਟ ਹੋ ਕੇ ਜੋਧਾ ਸੂਰਬੀਰ ਮਰਦਾਨਾ ਮਰਦ, ਮੁੱਦਾ ਆਪਣਾ ਇਕ ਸਮਝਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਘਰ ਇਕ ਵਸਾਵੇਗਾ । ਸਚ ਦਾ ਘਰ ਇਕੋ ਵਸੇਗਾ । ਜਿਥੇ ਦੀਪਕ ਜੋਤੀ ਜਗੇਗਾ । ਅਨਹਦ ਸ਼ਬਦ ਅਨਾਦੀ ਵੱਜੇਗਾ । ਭਗਤ ਸੁਹੇਲੇ ਸਾਚੇ ਲੱਭੇਗਾ । ਗੁਰ ਚੇਲੇ ਸੰਤ ਫ਼ਕੀਰ ਧੁਰ ਦੇ ਸੱਦੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਏਕਾ ਫੱਬੇਗਾ । ਰਾਵੀ ਕਹੇ ਮੈਂ ਦੱਸਾਂ ਸਦੀ ਚੌਧਵੀਂ ਅੰਤ ਕਿਹਦੀ ਸ਼ਰਾਰਤ, ਸ਼ਰਅ ਸ਼ਰਅ ਨਾਲ ਟਕਰਾਈਆ । ਜਿਸ ਨੂੰ ਸਮਝੇ ਨਾ ਕੋਈ ਇਬਾਰਤ, ਬੁੱਧੀ ਅਕਲ ਚਲੇ ਨਾ ਕੋਇ ਚਤੁਰਾਈਆ । ਪਰਮ ਪੁਰਖ ਸਭ ਨੂੰ ਲੈਣਾ ਵਿਚ ਹਿਰਾਸਤ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਨੇ ਨਾਮ ਕਲਮੇ ਦੀ ਦਿਤੀ ਵਿਰਾਸਤ, ਜੁਗ ਜੁਗ ਝੋਲੀ ਪਾਈਆ । ਕਰਦਾ ਆਇਆ ਸਦਾ ਹਿਫਾਜਤ, ਸਿਰ ਸਿਰ ਹੱਥ ਟਿਕਾਈਆ । ਜਿਸ ਦੇ ਕੋਲੋਂ ਲੈਂਦੇ ਰਹੇ ਇਜਾਜ਼ਤ, ਨਿਉਂ ਨਿਉਂ ਸੀਸ ਝੁਕਾਈਆ । ਉਹ ਸਦੀ ਚੌਧਵੀਂ ਅੰਤ ਖ਼ੁਦ ਕਰਾਉਣ ਲੱਗਾ ਬਗ਼ਾਵਤ, ਬਗ਼ਲਗੀਰ ਰਹਿਣ ਕੋਇ ਨਾ ਪਾਈਆ । ਜਿਸ ਕਲਜੁਗ ਕੂੜੀ ਕਿਰਿਆ ਕੀਤੀ ਸ਼ਖ਼ਾਵਤ, ਮਾਇਆ ਮਮਤਾ ਝੋਲੀ ਨਾਲ ਭਰਾਈਆ । ਹਉਮੇ ਹੰਗਤਾ ਦਿਤੀ ਨਿਆਮਤ, ਘਰ ਘਰ ਜਗਤ ਵਰਤਾਈਆ । ਸੋ ਖੇਲ ਕਰੇ ਸਹੀ ਸਲਾਮਤ, ਪੁਰਖ ਪੁਰਖੋਤਮ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਅਵਤਾਰ ਪੈਗ਼ੰਬਰ ਗੁਰ ਕਿਸੇ ਦਾ ਨਹੀਂ ਕੋਈ ਚਾਰਾ, ਚਾਰੋਂ ਕੁੰਟ ਧਿਆਨ ਲਗਾਈਆ । ਹੁਕਮ ਵਰਤੇ ਹਰਿ ਨਿਰੰਕਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਵੇਸ ਵਟਾਏ ਚਵ੍ਹੀਆਂ ਅਵਤਾਰਾ, ਜਗਤ ਜਗਦੀਸਾ ਬੇਪਰਵਾਹੀਆ । ਜਿਸ ਨੇ ਕਲਜੁਗ ਅੰਤਮ ਕਰਨਾ ਪਾਰ ਕਿਨਾਰਾ, ਨਈਆ ਅਧਵਿਚਕਾਰ ਨਾ ਕੋਇ ਅਟਕਾਈਆ । ਸ਼ਾਹੋ ਭੂਪ ਬਣ ਸਿਕਦਾਰਾ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਰਾਵੀ ਬਖ਼ਸ਼ ਕੇ ਚਰਨ ਧੂੜੀ ਛਾਰਾ, ਟਿੱਕਾ ਧਰਮ ਧਾਰ ਲਗਾਈਆ । ਨਾਰਦ ਦਾ ਲਹਿਣਾ ਅਪਰ ਅਪਾਰਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਾਲ ਮਿਲਾਈਆ । ਭੱਜੀਆਂ ਆਈਆਂ ਕਰਕੇ ਚਾਰਾ, ਸੀੜੀਆਂ ਹੇਠਾਂ ਆਸਣ ਲਾਈਆ । ਕੀ ਹੁਕਮ ਮਿਲੇ ਸੱਚੀ ਸਰਕਾਰਾ, ਕੀ ਸੰਦੇਸ਼ਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਮਾਲਕ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਨਾਰਦ ਆ ਅੱਗੇ, ਨਰ ਨਰਾਇਣ ਜਣਾਈਆ । ਨਾਰਦ ਦੋਵੇਂ ਹੱਥ ਬੱਧੇ, ਨਿਵ ਨਿਵ ਲਾਗੇ ਪਾਈਆ । ਪ੍ਰਭੂ ਗੰਗਾ ਗੋਦਾਵਰੀ ਜਮਨਾ ਸੁਰਸਤੀ ਲੈ ਸੱਦੇ, ਹੁਕਮ ਫ਼ਰਮਾਨਾ ਇਕ ਦ੍ਰਿੜਾਈਆ । ਇਨ੍ਹਾਂ ਦਾ ਆਉਣਾ ਜਾਣਾ ਲੇਖੇ ਲੱਗੇ, ਮਿਹਰ ਨਜ਼ਰ ਨਾਲ ਤਰਾਈਆ । ਤੇਰਾ ਇਕੋ ਦੀਪਕ ਜਗੇ, ਦੋ ਜਹਾਨ ਹੋਵੇ ਰੁਸ਼ਨਾਈਆ । ਇਨ੍ਹਾਂ ਵਿਚਾਰੀਆਂ ਨੇ ਸਾਧੂ ਸੰਤ ਛੱਡੇ, ਰਿਖੀਆਂ ਪਲੂ ਆਈਆਂ ਛੁਡਾਈਆ । ਨਾਤੇ ਤੋੜੇ ਬੁੱਢੇ ਨੱਢੇ, ਜਵਾਨਾ ਅੱਖ ਨਾ ਕੋਇ ਮਿਲਾਈਆ । ਕਿਉਂ ਤਟਾਂ ਉਤੇ ਠੱਗਾਂ ਚੋਰਾਂ ਯਾਰਾਂ ਬਣਾਏ ਅੱਡੇ, ਸਤਿ ਧਰਮ ਨਜ਼ਰ ਕੋਇ ਨਾ ਆਈਆ । ਕੂੜ ਨਿਸ਼ਾਨੇ ਬੈਠੇ ਗੱਡੇ, ਛੱਤਰੀ ਬ੍ਰਾਹਮਣ ਸ਼ੂਦਰ ਵੈਸ਼ ਧਰਮ ਵਿਚ ਨਾ ਕੋਇ ਸਮਾਈਆ । ਪਾਰ ਕਰਦੀਆਂ ਆਈਆਂ ਡੂੰਘੇ ਖੱਡੇ, ਭੱਜੀਆਂ ਆਈਆਂ ਵਾਹੋ ਦਾਹੀਆ । ਵੇਂਹਦੀਆਂ ਆਈਆਂ ਜਿਨ੍ਹਾਂ ਖਾਧੇ ਢੱਗੇ ਵੱਛੇ ਕਟੇ, ਢੋਰਾਂ ਖੱਲ ਲੁਹਾਈਆ । ਉਹ ਮਾਨਸ ਮਾਨਵ ਮਾਨੁਖ ਧਰਮ ਰਾਏ ਦਾ

੧੭੫੪ ੨੨

ਦਿਸੇ ਵੱਗੇ, ਵਾਗੀ ਪਾਲੀ ਹੋ ਨਾ ਕੋਇ ਬਚਾਈਆ । ਰਾਵੀ ਕੰਢੇ ਤੇਰੀ ਪਹੁੰਚੀਆਂ ਹੱਦੇ, ਹੱਦ ਇਕੋ ਵੇਖ ਵਖਾਈਆ । ਅੱਗੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗਏ ਲੱਦੇ, ਆਪਣਾ ਪੰਧ ਮੁਕਾਈਆ । ਕਲਜੁਗ ਬਿਨ ਤੇਰੇ ਨੂਰ ਕੋਇ ਨਾ ਲੱਭੇ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਆਹ ਵੇਖ ਸੱਜੇ ਖੱਬੇ, ਅੱਗੇ ਪਿਛੇ ਅੱਖ ਉਠਾਈਆ । ਸੰਤ ਮੰਜ਼ਲ ਚੜ੍ਹੇ ਨਾ ਕੋਇ ਸ਼ਾਹ ਰਗੇ, ਨੌਂ ਦਵਾਰੇ ਪੰਧ ਨਾ ਕੋਇ ਮੁਕਾਈਆ । ਜਿਧਰ ਤਕੀਏ ਹੁੰਦੇ ਦਗੇ, ਭੇਵ ਸਚ ਨਾ ਕੋਇ ਖੁਲ੍ਹਾਈਆ । ਨੇਤਰ ਰੋਵਣ ਬੁੱਢੇ ਨੱਢੇ, ਜੋਬਨਵੰਤੇ ਮਾਰਨ ਧਾਹੀਆ । ਇਨ੍ਹਾਂ ਵਿਚਾਰੀਆਂ ਨੇ ਪਿਛਲੇ ਸਾਕ ਸੱਜਣ ਛੱਡੇ, ਨਾਤਾ ਆਈਆਂ ਤੁੜਾਈਆ । ਤੇਰੇ ਨਾਮ ਦੇ ਪਿਆਰ ਦੇ ਚਾਹੁੰਦੀਆਂ ਮਜ਼ੇ, ਰਸ ਇਕੋ ਦੇਣਾ ਵਖਾਈਆ । ਸਦੀ ਚੌਧਵੀਂ ਕੁਛ ਵਿਗੜਿਆ ਨਹੀਂ ਅਜੇ, ਅਜ਼ਲ ਸਭ ਦੇ ਸਿਰ ਤੇ ਕੂਕ ਕੂਕ ਸੁਣਾਈਆ । ਮਿਹਰਵਾਨ ਤੇਰਾ ਦਰਸ਼ਨ ਪਾਈਏ ਯਦੇ, ਯਦੀ ਆਪਣਾ ਪੜਦਾ ਦੇਣਾ ਉਠਾਈਆ । ਸਭ ਦੇ ਨਿਰਗੁਣ ਧਾਰ ਹੱਥ ਬੱਧੇ, ਸਰਗੁਣ ਨਜ਼ਰ ਕੋਇ ਨਾ ਆਈਆ । ਤੇਰੀ ਸਰਨ ਸਰਨਾਈ ਲੱਗੇ, ਲਗ ਮਾਤਰ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਦਇਆ ਕਮਾਈਆ । ਪੁਰਖ ਅਕਾਲ ਕਹੇ ਸੁਣ ਨਾਰਦ ਮੁਨੀ, ਮੁਨ ਸੁੰਨ ਤੋਂ ਬਾਹਰ ਜਣਾਈਆ । ਮੇਰੀ ਸ਼ਬਦ ਧਾਰ ਦੀ ਧੁਨੀ, ਧੁਨ ਆਤਮਕ ਰਾਗ ਦ੍ਰਿੜਾਈਆ । ਧੁਰ ਦਾ ਹੁਕਮ ਵਡ ਗੁਣ ਗੁਣੀ, ਗਹਿਰ ਗੰਭੀਰ ਆਪ ਸਮਝਾਈਆ । ਜਿਸ ਸਾਹਿਬ ਨੇ ਜਨ ਭਗਤਾਂ ਦੀ ਲੇਖੇ ਲਾਈ ਪਗੜੀ ਚੁੰਨੀ, ਸਿਰ ਸਿਰ ਆਪਣਾ ਹੱਥ ਰਖਾਈਆ । ਉਹ ਲੱਜਿਆ ਰੱਖੇ ਵਿਚ ਦੀਨ ਦੁਨੀ, ਦੋ ਜਹਾਨਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਭ ਦੀ ਪੁਕਾਰ ਰਿਹਾ ਸੁਣੀ, ਅਨਸੁਣਤ ਆਪਣੀ ਦਇਆ ਕਮਾਈਆ ।



੧੭੫੫
੨੨

✪ ੨੯ ਮਾਘ ਸ਼ਹਿਨਸ਼ਾਹੀ ਸੰਮਤ ੭ ਰਣਜੀਤ ਸਿੰਘ ਕਲਸੀਆਂ, ਤਰਿਪਤ ਕੌਰ ਦੇ ਪ੍ਰਸਾਦ ਕਰਾਉਣ ਤੇ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਮਾਘ ਕਹੇ ਮੇਰਾ ਦਿਵਸ ਉਨੱਤੀ ਲੰਘਦਾ, ਖ਼ੁਸ਼ੀਆਂ ਨਾਲ ਰਿਹਾ ਜਣਾਈਆ । ਪਰਮ ਪੁਰਖ ਤੋਂ ਇਕੋ ਵਸਤ ਮੰਗਦਾ, ਦਰ ਠਾਂਡੇ ਝੋਲੀ ਡਾਹੀਆ । ਪ੍ਰਭ ਜਨ ਭਗਤਾਂ ਲੇਖਾ ਮੁਕਾ ਦੇ ਭੁੱਖ ਨੰਗ ਦਾ, ਤੋਟ ਰਹੇ ਨਾ ਰਾਈਆ । ਸੁਖ ਦੇ ਦੇ ਆਪਣੇ ਅਨੰਦ ਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਤੇਰਾ ਖੇਲ ਸੂਰੇ ਸਰਬੰਗ ਦਾ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਨਿਸ਼ਾਨ ਰਹਿਣਾ ਨਹੀਂ ਤਾਰੇ ਚੰਨ ਦਾ, ਭਗਤ ਨਿਸ਼ਾਨੇ ਦੇਣੇ ਝੁਲਾਈਆ । ਜੇ ਤੇਰਾ ਸਮਾਂ ਹੋਣਾ ਕਲਜੁਗ ਅੰਤਮ ਜੰਗ ਦਾ, ਚਾਰ ਕੁੰਟ ਦੁਹਾਈਆ । ਗੁਰਮਖਾਂ ਪੈਂਡਾ ਮੇਟਣਾ ਕੂੜੇ ਪੰਧ ਦਾ, ਪਾਂਧੀ ਰੂਪ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਉਨੱਤੀ ਮਾਘ ਕਹੇ ਮੈਂ ਦੇਂਦਾ ਜਾਵਾਂ ਅਸੀਸ, ਪ੍ਰਭ ਸਚ ਦਇਆ ਕਮਾਈਆ । ਜਨ ਭਗਤੋ ਤੁਹਾਡਾ ਮਾਲਕ ਇਕ ਜਗਦੀਸ, ਜਿਸ ਨੂੰ ਜਗਦੀਸਰ

ਕਹਿ ਕੇ ਸਾਰੇ ਸੀਸ ਨਿਵਾਈਆ । ਜਿਸ ਨੂੰ ਝੁਕਦੇ ਮੁਹੰਮਦ ਮੂਸ ਈਸ, ਪੈਗੰਬਰ ਨਿਉਂ ਨਿਉਂ ਲਾਗਣ ਪਾਈਆ । ਛਤਰ ਝੁਲਣਾ ਉਸ ਦੇ ਸੀਸ, ਛਤਰਧਾਰੀ ਸਾਰੇ ਸੀਸ ਨਿਵਾਈਆ । ਜਿਸ ਲੇਖਾ ਪੂਰਾ ਕਰਨਾ ਬੀਸ ਅਕੀਸ, ਏਕੰਕਾਰਾ ਵਡ ਵਡਿਆਈਆ । ਸਾਚਾ ਕਲਮਾ ਦੱਸ ਹਦੀਸ, ਨਾਮ ਨਿਧਾਨ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਹਿਬ ਇਕ ਅਖਵਾਈਆ । ਮਾਘ ਕਹੇ ਮੇਰੀ ਅੰਤ ਨਮੋਂ ਨਮੋਂ ਨਿਮਸਕਾਰ, ਡੰਡਾਵਤ ਵਿਚ ਸੀਸ ਝੁਕਾਈਆ । ਖੇਲ ਵੇਖੇ ਪਰਵਰਦਿਗਾਰ, ਕੀ ਕਰਤਾ ਕਾਰ ਕਮਾਈਆ । ਜਿਸ ਨੂੰ ਝੁਕਦੇ ਪੈਗੰਬਰ ਗੁਰ ਅਵਤਾਰ, ਨਿਰਗੁਣ ਸਰਗੁਣ ਸੀਸ ਝੁਕਾਈਆ । ਸੋ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜਨ ਭਗਤ ਸੁਹੇਲੇ ਦੇਵੇ ਤਾਰ, ਤਾਰਨਹਾਰ ਆਪ ਹੋ ਜਾਈਆ । ਸਭ ਦਾ ਲਹਿਣਾ ਦੇਣਾ ਦੇਵੇ ਕਰਜ਼ ਉਤਾਰ, ਵਸਤ ਅਮੋਲਕ ਅਗੰਮ ਆਪ ਵਰਤਾਈਆ । ਜਨ ਭਗਤੋ ਜੀਵਤ ਰਹੋ ਸਦਾ ਜੁਗ ਚਾਰ, ਚੌਕੜੀ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਆਦਿ ਅੰਤ ਨਾ ਪਾਰਾਵਾਰ, ਬੇਅੰਤ ਬੇਪਰਵਾਹ ਆਪਣਾ ਹੁਕਮ ਵਰਤਾਈਆ ।



## ✪ ਪਹਿਲੀ ਫੱਗਣ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ਜ਼ਿਲਾ ਅੰਮ੍ਰਿਤਸਰ ✪

੧੭੫੬



ਨਾਰਦ ਕਹੇ ਓਏ ਆ ਗਿਆ ਏਂ ਭਰਾਵਾ ਫੱਗਣਾ, ਫੱਗੂ ਸੀਸ ਉਤੇ ਟਿਕਾਈਆ । ਤੈਨੂੰ ਕਿਹੜੀ ਚੜ੍ਹੀ ਰੰਗਣਾ, ਰੰਗ ਰਤੜੇ ਦੇਣਾ ਸਮਝਾਈਆ । ਦੱਸ ਖੈਰ ਕਿਸ ਦੇ ਕੋਲੋਂ ਮੰਗਣਾ, ਝੋਲੀ ਕਿਸ ਦੇ ਅੱਗੇ ਡਾਹੀਆ । ਕਿਹੜਾ ਲੈਣਾ ਸੁਖ ਅਨੰਦਨਾ, ਅਨੰਦ ਦੇਣਾ ਸਮਝਾਈਆ । ਕਿ ਲੇਖਾ ਲੈਣ ਆਇਉਂ ਤਾਰਾ ਚੰਦਨਾ, ਚੰਦ ਸਿਤਾਰ ਵੇਖ ਵਖਾਈਆ । ਦੱਸ ਕਿਹੜੇ ਪ੍ਰਭੂ ਨੂੰ ਕਿਹੜੀ ਬੰਦਨਾ, ਬੰਦਗੀ ਵਿਚ ਸੀਸ ਝੁਕਾਈਆ । ਹੁਣ ਕਿਸ ਦਵਾਰੇ ਲੰਘਣਾ, ਖਿੜਕੀ ਕੁੰਡਾ ਖੁਲ੍ਹਾਈਆ । ਕਿਧਰ ਲਾਉਣੀ ਅੱਗਨਾ, ਅਗਨੀ ਤਤ ਬੁਝਾਈਆ । ਸਚ ਦੱਸ ਤੇਰੇ ਮਾਲਕ ਦਾ ਕਿਥੇ ਦੀਪਕ ਜਗਣਾ, ਕਿਧਰ ਕਿਧਰ ਹੋਵੇ ਰੁਸ਼ਨਾਈਆ । ਮੇਰੇ ਮਿੱਤਰ ਪਿਆਰੇ ਸੱਜਣਾ, ਸਚ ਸਚ ਦੇਣਾ ਸੁਣਾਈਆ । ਕੀ ਖੇਲ ਵੇਖੇ ਆਅਲਾ ਅਦਨਾ, ਉਚਾਂ ਨੀਚਾਂ ਭੇਵ ਚੁਕਾਈਆ । ਝਗੜਾ ਮੇਟੇ ਕਾਇਆ ਮਾਟੀ ਬਦਨਾ, ਬਦੀ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਫਲਗੁਣ ਕਹੇ ਨਾਰਦ ਪਹਿਲੋਂ ਆਪਣੀ ਟਿਕਾ ਸੁਰਤ, ਸੁਰਤੀ ਵਿਚ ਲੈ ਅੰਗੜਾਈਆ । ਫੇਰ ਨੇਤਰ ਖੋਲ੍ਹ ਤੁਰਤ, ਨਿਜ ਨੇਤਰ ਲੋਚਣ ਅੱਖ ਉਠਾਈਆ । ਆਹ ਵੇਖ ਅਕਾਲ ਮੂਰਤ, ਅਜੂਨੀ ਆਪਣਾ ਵੇਸ ਵਟਾਈਆ । ਜਿਸ ਦਾ ਨਾਮ ਕਲਮਾ ਤੂਰਤ, ਤੁਰੀਆ ਤੋਂ ਬਾਹਰ ਸਮਝਾਈਆ । ਉਸ ਨੇ ਸੰਮਤ ਸ਼ਹਿਨਸ਼ਾਹੀ ਅੱਠ ਮੱਕੇ ਕਾਅਬਿਆਂ ਕਰਨਾ ਮਹੂਰਤ, ਮੋਹਰੀ ਆਪਣੀ ਕਾਰ ਭੁਗਤਾਈਆ । ਜਿਸ ਦੀ ਸਭ ਨੂੰ ਪੈਣੀ ਜ਼ਰੂਰਤ, ਜ਼ਰੂਰ ਖੋਜਣ ਥਾਉਂ ਥਾਈਆ । ਉਹ ਨੂਰ ਨੁਰਾਨਾ ਨੂਰਤ, ਨੂਰ ਨੂਰ ਕਰੇ ਰੁਸ਼ਨਾਈਆ । ਝਗੜਾ ਮੇਟੇ ਕੂੜ ਕੂੜਤ, ਸਚ ਸਚ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੨੨

ਕਰੇ ਖੇਲ ਸਾਚਾ ਹਰਿ, ਸਚ ਦੀ ਵੰਡਣ ਵੰਡ ਵੰਡਾਈਆ । ਨਾਰਦ ਕਹੇ ਫੱਗਣਾ ਐਵੇਂ ਨਾ ਮਾਰ ਨਾਅਰੇ, ਕੂਕ ਕੂਕ ਸੁਣਾਈਆ । ਤੂੰ ਨਹੀਂ ਜਾਣਦਾ ਕਿੱਡੇ ਵੱਡੇ ਏਸ ਪ੍ਰਭੂ ਦੇ ਲਾਰੇ, ਲਾਰਿਆਂ ਵਿਚ ਜੁਗ ਚੌਕੜੀ ਦਏ ਲੰਘਾਈਆ । ਸਚ ਪੁਛੇਂ ਮੇਰੇ ਵਰਗੇ ਵੇਖ ਲੈ ਭਗਤ ਕਵਾਰੇ, ਚਾਰ ਜੁਗ ਸਗਣ ਨਾ ਮੁਖ ਲਗਾਈਆ । ਕਈ ਮੈਥੋਂ ਵੀ ਮਾੜੇ ਏਸ ਨੇ ਤਾਰੇ, ਤਾਰਨਹਾਰ ਵਡ ਵਡਿਆਈਆ । ਪਰ ਇਹਦੇ ਵਿਚ ਇਕ ਗੁਣ ਜੁਗ ਜੁਗ ਜ਼ਰੂਰ ਧਰਤੀ ਉਤੇ ਲਾਉਂਦਾ ਅਖਾੜੇ, ਖੰਡਾ ਖੜਗ ਦਏ ਖੜਕਾਈਆ । ਲਾੜੀ ਮੌਤ ਨਾਲ ਵਿਆਹੇ ਜਗਤ ਦੇ ਲਾੜੇ, ਜਿਨ੍ਹਾਂ ਦੀਆਂ ਲਾੜੀਆਂ ਰੋਵਣ ਮਾਰਨ ਧਾਹੀਆ । ਇਹ ਦਿਨ ਦਿਹਾੜੇ ਮਾਰੇ ਧਾੜੇ, ਡਾਕੂ ਆਪਣੀ ਕਾਰ ਭੁਗਤਾਈਆ । ਅੱਗ ਲਾਵੇ ਬਹੱਤਰ ਨਾੜੇ, ਅਗਨੀ ਤਤ ਤਤ ਤਪਾਈਆ । ਜਿਸ ਨੇ ਅਣਗਿਣਤ ਅਵਤਾਰ ਪੈਗ਼ੰਬਰ ਗੁਰੂ ਆਪਣੇ ਵਿਚ ਵਾੜੇ, ਵਾੜ ਸ਼ਬਦ ਵਾਲੀ ਕਰਾਈਆ । ਜਦੋਂ ਦਿਲ ਚਾਹੇ ਉਹਨਾਂ ਨੂੰ ਲੋਕਮਾਤ ਵਾਹੇ ਉਤੇ ਭਾੜੇ, ਨਾਮ ਕਲਮੇ ਦੀ ਕੀਮਤ ਹੱਥ ਫੜਾਈਆ । ਉਹ ਏਸੇ ਵਿਚ ਮੁੱਛਾਂ ਨੂੰ ਵੱਟ ਗਏ ਚਾੜ੍ਹੇ, ਲਬਾਂ ਕਟ ਕੇ ਖ਼ੁਸ਼ੀ ਬਣਾਈਆ । ਪਰ ਪਤਾ ਨਹੀਂ ਲੱਗਣ ਦਿਤਾ ਸਭ ਨੂੰ ਕਰਦਾ ਰਿਹਾ ਦੁਫਾੜੇ, ਹਿੱਸੇ ਵੰਡਾਂ ਮਜ਼੍ਹਬਾਂ ਵਾਲੀਆਂ ਪਾਈਆ । ਜਿਸ ਨੇ ਜੁਗ ਜੁਗ ਵਸਦੇ ਜਗਤ ਉਜਾੜੇ, ਉਜਾੜ ਕੇ ਫੇਰ ਦਏ ਵਸਾਈਆ । ਉਹ ਵੇਖ ਅਵਤਾਰ ਪੈਗ਼ੰਬਰ ਗੁਰੂ ਕਢਦੇ ਹਾੜੇ, ਨਿਉਂ ਨਿਉਂ ਸੀਸ ਝੁਕਾਈਆ । ਕਿਰਪਾ ਕਰ ਪਰਵਰਦਿਗਾਰੇ, ਮਿਹਰਵਾਨ ਤੇਰੀ ਸਰਨਾਈਆ । ਸਾਡੀ ਰੁਤ ਮੌਲੀ ਰਹੇ ਵਿਚ ਸੰਸਾਰੇ, ਪੱਤ ਟਹਿਣੀ ਨਾਲ ਮਹਿਕਾਈਆ । ਪਰ ਫਲਗੁਣਾ ਧੁਰ ਦਾ ਹੁਕਮ ਅੰਤ ਜ਼ਰੂਰ ਕਰੇ ਪੱਤ ਝਾੜੇ, ਚਾਰ ਕੁੰਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਫਲਗੁਣ ਕਹੇ ਮੈਂ ਕੀ ਦੱਸਾਂ, ਦੱਸਣ ਦੀ ਲੋੜ ਰਹੀ ਨਾ ਰਾਈਆ । ਮੈਂ ਖ਼ੁਸ਼ੀਆਂ ਵਿਚ ਹੱਸਾਂ, ਹਸਤੀ ਤਕ ਬੇਪਰਵਾਹੀਆ । ਮੈਨੂੰ ਵਕਤ ਮਿਲਿਆ ਮਸਾਂ, ਮਸਲ ਮਲ ਕੇ ਦਿਆਂ ਜਣਾਈਆ । ਮੈਂ ਉਸ ਦੇ ਦਵਾਰੇ ਵਸਾਂ, ਜਿਥੇ ਵਸਲ ਮਿਲੇ ਬੇਪਰਵਾਹੀਆ । ਜਿਸਨੂੰ ਲੱਭਦੇ ਕੋਟਨ ਤੇ ਲੱਖਾਂ, ਅਣਗਿਣਤ ਧਿਆਨ ਲਗਾਈਆ । ਮੇਰੀਆਂ ਉਸ ਦੇ ਚਰਨ ਲੱਗੀਆਂ ਅੱਖਾਂ, ਨੇਤਰ ਨੈਣ ਰਹੇ ਬਿਘਸਾਈਆ । ਨਿਰਗੁਣ ਧਾਰ ਟੇਕਾਂ ਮੱਥਾ, ਮਸਤਕ ਖ਼ਾਕ ਰਮਾਈਆ । ਸੇਵਾ ਕਰਾਂ ਬਿਨ ਹੱਥਾਂ, ਭੱਜਾਂ ਵਾਹੋ ਦਾਹੀਆ । ਉਸ ਦੇ ਸੱਥਰ ਲੱਥਾ, ਜੋ ਯਾਰੜਾ ਇਕ ਅਖਵਾਈਆ । ਜਿਸ ਲਹਿਣਾ ਮੁਕਾਉਣਾ ਤਤਾਂ ਅੱਠਾਂ, ਨਵਾਂ ਖੰਡਾਂ ਖੋਜ ਖੁਜਾਈਆ । ਮੈਂ ਉਸ ਤੇ ਡੋਰੀ ਸੱਟਾਂ, ਜੋ ਸਿੱਟਾ ਜਾਣੇ ਖ਼ਲਕ ਖ਼ੁਦਾਈਆ । ਝਗੜਾ ਮੇਟਣਾ ਪੱਥਰ ਇੱਟਾਂ, ਸਿਲ ਪਾਹਨ ਪੂਜਣ ਪੰਧ ਮੁਕਾਈਆ । ਜਿਸ ਦੇ ਨਾਮ ਦੀਆਂ ਚਾਰ ਜੁਗ ਦੇ ਸ਼ਾਸਤਰ ਚਿਟਾਂ, ਨਿਸ਼ਾਨੇ ਜਗਤ ਵਿਚ ਝੁਲਾਈਆ । ਉਸ ਦਿਆਂ ਚਰਨਾਂ ਵਿਚ ਲਿਟਾਂ, ਜੋ ਮੇਰੀ ਮਹਿਕ ਰਿਹਾ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਫਲਗੁਣ ਕਹੇ ਮੇਰੀ ਰੁਤ ਸੁਹਾਵੀ, ਸੁਹੰਜਣੀ ਨਜ਼ਰੀ ਆਈਆ । ਮੇਰਾ ਰਾਹ ਤਕੇ ਜਗਤ ਦੀ ਭਾਵੀ, ਦੂਰ ਦੁਰਾਡੀ ਅੱਖ ਉਠਾਈਆ । ਜਿਸ ਦੀ ਤੁਕ ਅਰਜਨ ਨੇ ਗਾਵੀ, ਗਾ ਗਾ ਸ਼ੁਕਰ ਮਨਾਈਆ । ਉਹ ਚਰਨ ਛੁਹਾ ਕੇ ਆਇਆ ਉਤੇ ਰਾਵੀ, ਰਾਮ ਰਾਮਾ ਬੇਪਰਵਾਹੀਆ । ਉਸ ਨੇ ਦੀਨ ਮਜ਼੍ਹਬ ਦੀ ਧਾਰ ਰਹਿਣ ਨਹੀਂ ਦੇਣੀ ਲਾਵੀਂ, ਇਕੋ ਰੰਗ ਦੇਣਾ ਰੰਗਾਈਆ । ਨਾਰਦਾ ਉਸ ਪ੍ਰਭੂ ਦੇ ਦਰ ਤੇ ਜਾਵੀਂ, ਜਾ ਕੇ ਸੀਸ ਨਿਵਾਈਆ । ਜਿਸ ਨੇ ਸਾਰੀ ਸ੍ਰਿਸ਼ਟੀ

ਕਰਨੀ ਨਿਥਾਵੀਂ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਮੇਰਾ ਸੰਦੇਸ਼ਾ ਇਕ ਸੁਣਾਵੀਂ, ਸਹਿਜ ਨਾਲ ਸਮਝਾਈਆ । ਪੁੱਤਰਾਂ ਪਿਆਰ ਨਹੀਂ ਰਹਿਣਾ ਮਾਵੀਂ, ਪਿਤਾ ਪੂਤ ਨਾ ਕੋਇ ਵਡਿਆਈਆ । ਜਗਤ ਦਾ ਬਲ ਤਕਣਾ ਬਾਹਵੀਂ, ਬਾਹੂ ਬਲ ਇਕ ਪਰਗਟਾਈਆ । ਜਿਸ ਦੇ ਹੁਕਮ ਨਾਲ ਚਿੱਟੇ ਤੇ ਕਾਲੀ ਲੱਗ ਗਈ ਸ਼ਾਹੀ, ਸ਼ਹਿਨਸ਼ਾਹ ਆਪਣੀ ਕਾਰ ਭੁਗਤਾਈਆ । ਜਿਸ ਚਾਰ ਜੁਗ ਦੇ ਵੇਖਣੇ ਰਾਹੀ, ਗੁਰ ਅਵਤਾਰ ਪੈਗ਼ੰਬਰ ਆਪ ਉਠਾਈਆ । ਉਹ ਬੜਾ ਚਲਾਕ ਤੇ ਬੜਾ ਦਾਈ, ਦਾਇਰਾ ਆਪਣਾ ਨਾ ਕਿਸੇ ਸਮਝਾਈਆ । ਸਭ ਨੂੰ ਕਹਿੰਦਾ ਰਿਹਾ ਅਵਤਾਰ ਪੈਗ਼ੰਬਰ ਗੁਰੂਓ ਮੈਨੂੰ ਲਓ ਧਿਆਈ, ਚਰਨ ਕਵਲ ਸੀਸ ਨਿਵਾਈਆ । ਅਣਗਿਣਤ ਨਾਮ ਭੰਡਾਰੇ ਵਿਚੋਂ ਚਹੁੰ ਯੁਗਾਂ ਦੇ ਅਵਤਾਰ ਪੈਗ਼ੰਬਰ ਗੁਰੂਆਂ ਨੂੰ ਸਿਰਫ਼ ਲਾਈਨਾਂ ਦੱਸੀਆਂ ਢਾਈ, ਜਿਨ੍ਹਾਂ ਢਾਈਆਂ ਵਿਚੋਂ ਚਾਰ ਜੁਗ ਦੇ ਸ਼ਾਸਤਰ ਦਿਤੇ ਲਿਖਾਈਆ । ਅੰਤ ਸਭ ਨੂੰ ਰਿਹਾ ਰੁਵਾਈ, ਰੋਹਬ ਆਪਣਾ ਰਿਹਾ ਜਣਾਈਆ । ਮੈਂ ਹੈਰਾਨ ਓਸ ਨੇ ਅਵਤਾਰ ਪੈਗ਼ੰਬਰਾਂ ਗੁਰੂਆਂ ਨੂੰ ਬਣਨ ਨਹੀਂ ਦਿਤਾ ਭਾਈ ਭਾਈ, ਵੈਰੀ ਵੈਰੀ ਕਰ ਕੇ ਦਿਤੇ ਟਕਰਾਈਆ । ਅੱਖਰਾਂ ਵਾਲੇ ਨਾਮ ਨਾਲ ਕਰ ਦਿਤੇ ਸ਼ੁਦਾਈ, ਸ਼ੌਹਰ ਛੋਹਰ ਨੇ ਆਪਣੇ ਹਿੱਸੇ ਦਿਤੇ ਸਮਝਾਈਆ । ਜਾਓ ਲੋਕਮਾਤ ਬਣੋ ਰਸਤਿਆਂ ਦੇ ਚੁਰਾਹੀ, ਚਾਰੇ ਜੁਗ ਵੰਡ ਵੰਡਾਈਆ । ਇਕ ਦਾ ਹਿੰਦਸਾ ਦੱਸ ਕੇ ਇਕਾਈ, ਨਾਲ ਲਾ ਦਿਤੀ ਦਹਾਈ, ਜਿਸ ਦਹਾਈ ਨੇ ਦੁਹਾਈ ਨਿਰਗੁਣ ਸਰਗੁਣ ਦਿਤੀ ਪਾਈਆ । ਫਿਰ ਉਹ ਦਹਾਈ ਹੁਕਮ ਨਾਲ ਦਿਤੀ ਮਿਟਾਈ, ਫਿਰ ਨਿਰਗੁਣ ਦਾ ਨਿਰਗੁਣ ਨਜ਼ਰੀ ਆਈਆ । ਨਿਰਗੁਣ ਨੂਰ ਜੋਤ ਕਰ ਰੁਸ਼ਨਾਈ, ਦੀਪਕ ਇਕੋ ਡਗਮਗਾਈਆ । ਫੱਗਣ ਕਹੇ ਨਾਰਦਾ ਓਹ ਮੇਰਾ ਮਾਲਕ ਇਕ ਗੁਸਾਈਂ, ਗਹਿਰ ਗੰਭੀਰ ਬੇਪਰਵਾਹੀਆ । ਨਾਰਦ ਕਹੇ ਫੱਗਣਾ ਐਵੇਂ ਨਾ ਜਾ ਵਡਿਆਈ, ਸਿਫ਼ਤਾਂ ਵਿਚ ਸਾਲਾਹੀਆ । ਮੈਨੂੰ ਤੇ ਐਂ ਜਾਪਦਾ ਭੋਲਾ ਭਾਲਾ ਜੱਟ ਤੇ ਕਰਦਾ ਵਾਹੀ, ਵਹਿਦੇ ਪਿਛਲੇ ਪੂਰ ਕਰਾਈਆ । ਫਲਗੁਣ ਕਹੇ ਨਹੀਂ ਓਏ ਨਾਰਦਾ ਇਹ ਸ਼ਬਦ ਸਤਿਗੁਰ ਜਿਨ੍ਹ ਗੋਬਿੰਦ ਤੋਂ ਇਕੱਠੇ ਕਰਾਏ ਛੀਂਬੇ ਨਾਈ, ਝੀਵਰ ਜੱਟਾਂ ਗੰਢ ਪਵਾਈਆ । ਨਾਰਦ ਕਹੇ ਫੱਗਣਾ ਇਹ ਬੜਾ ਕਸਾਈ, ਜੁਗ ਜੁਗ ਦੀਨਾਂ ਮਜ਼੍ਹਬਾਂ ਵਾਲੀ ਛੁਰੀ ਬਣਾ ਕੇ ਗੁਰੂਆਂ ਹੱਥ ਫੜਾਈਆ । ਹੁਣ ਐਵੇਂ ਸਭ ਨੂੰ ਜਾਂਦਾ ਦਬਾਈ, ਦਬਦਬੇ ਨਾਲ ਡਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਫਲਗੁਣਾ ਤੇਰਾ ਮਾਲਕ ਬੜਾ ਉਸਤਾਦ, ਉਸਤਾਦੀ ਵਿਚ ਵਡਿਆਈਆ । ਜੇ ਮੈਨੂੰ ਜਾਵੇ ਲਾਧ, ਮਿਲ ਕੇ ਖ਼ੁਸ਼ੀ ਬਣਾਈਆ । ਮੈਂ ਵੀ ਲਵਾਂ ਅਰਾਧ, ਵੱਜੇ ਸਚ ਵਧਾਈਆ । ਪਰ ਮੈਂ ਸੁਣਿਆਂ ਨਹੀਂ ਕਦੇ ਉਸਦਾ ਨਾਦ, ਕੀ ਧੁਨ ਕਰੇ ਸ਼ਨਵਾਈਆ । ਜੁਗ ਚੌਕੜੀ ਰਿਹਾ ਜਾਗ, ਜਗਰਾਤੇ ਕਟ ਕੇ ਆਪਣੇ ਝਟ ਲੰਘਾਈਆ । ਦੀਨ ਦੁਨੀ ਦਾ ਕੀਤਾ ਤਿਆਗ, ਤਿਆਰੀ ਹੋ ਕੇ ਨਿਉਂ ਨਿਉਂ ਲਾਗਾਂ ਪਾਈਆਂ । ਬਿਨਾ ਉਸ ਦੀ ਕਿਰਪਾ ਤੋਂ ਪੂਰਨ ਹੋਏ ਕਿਸੇ ਨਾ ਭਾਗ, ਭਾਗਹੀਣ ਸਰਬ ਅਖਵਾਈਆ । ਤ੍ਰੈਗੁਣ ਬੁਝੇ ਕਦੇ ਨਾ ਆਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮੈਂ ਨਿਵ ਨਿਵ ਨਿਮਸਕਾਰਾਂ ਕਰਾਂ ਉਸ ਮਹਾਰਾਜ, ਜੋ ਸ਼ਹਿਨਸ਼ਾਹ ਅਖਵਾਈਆ । ਜਿਸ ਪਿਛੇ ਦੀਨ ਦੁਨੀ ਤਜਿਆ ਜਾਏ ਰਾਜ, ਸ਼ਹਿਨਸ਼ਾਹੀ ਕੰਮ ਕਿਸੇ ਨਾ ਆਈਆ । ਉਸ ਦਾ ਅਨੋਖਾ ਵੇਖਿਆ ਸਮਾਜ, ਸਮਗਰੀ ਕੰਮ ਕਿਸੇ ਨਾ ਆਈਆ । ਜਿਸ ਭਗਤਾਂ ਦਾ ਖੇੜਾ ਕੀਤਾ ਆਬਾਦ, ਹਰਿਜਨ ਸਾਚੇ ਵਿਚ ਟਿਕਾਈਆ । ਦੇਣ ਆਇਆ ਆਪ ਇਮਦਾਦ, ਬਖ਼ਸ਼ਿਸ਼ ਰਹਿਮਤ ਸਚ ਟਿਕਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਰਖਾਈਆ । ਫਲਗੁਣ ਕਹੇ ਨਾਰਦਾ ਮੇਰਾ ਸਾਹਿਬ ਸੱਚਾ ਸਵਾਮੀ, ਮੇਰੀ ਰੁਤ ਸੁਹਾਈਆ । ਜੋ ਹਰ ਘਟ ਅੰਤਰਜਾਮੀ, ਅੰਤਰ ਨਿਰੰਤਰ ਵੇਖ ਵਖਾਈਆ । ਮੇਰੀ ਹੋਣ ਨਾ ਦੇਵੇ ਬਦਨਾਮੀ, ਬਦੀ ਦਾ ਡੇਰਾ ਢਾਹੀਆ । ਮਾਲਕ ਬਣ ਅਗੰਮ ਅਨਾਮੀ, ਨਾਮ ਨਾਮ ਦੇਵੇ ਚਾਈਂ ਚਾਈਂਆ । ਜਿਸ ਦੀ ਸਿਫ਼ਤ ਵਡਿਆਈ ਅੱਖਰਾਂ ਵਾਲੀ ਬਾਣੀ, ਬੋਧ ਅਗਾਧਾ ਇਕ ਜਣਾਈਆ । ਅੰਮ੍ਰਿਤ ਰਸ ਬਖ਼ਸ਼ੇ ਪਾਣੀ, ਬੂੰਦ ਸਵਾਂਤੀ ਨਿਜਰ ਝਿਰਨਾ ਇਕ ਝਿਰਾਈਆ । ਜਿਸ ਨੇ ਰੀਤੀ ਰਹਿਣ ਨਹੀਂ ਦੇਣੀ ਪੁਰਾਣੀ, ਮਾਰਗ ਇਕੋ ਇਕ ਪਰਗਟਾਈਆ । ਧਰਮ ਧਾਰ ਉਪਜਾਉਣੀ ਨਿਸ਼ਾਨੀ, ਨਿਸ਼ਾਨਾ ਇਕੋ ਇਕ ਜਣਾਈਆ । ਜਿਥੇ ਭਗਤਾਂ ਨੂੰ ਦੇਣੀ ਨਾ ਪਏ ਕੁਰਬਾਨੀ, ਸੀਸ ਧੜ ਨਾ ਕੋਇ ਵੰਡ ਵੰਡਾਈਆ । ਉਹ ਸ਼ਹਿਨਸ਼ਾਹ ਸ਼ਾਹ ਸੁਲਤਾਨੀ, ਪਾਤਸ਼ਾਹ ਇਕ ਅਖਵਾਈਆ । ਉਸ ਦਾ ਹੁਕਮ ਸੰਦੇਸ਼ਾ ਨਹੀਂ ਹੈਜਬਾਨੀ, ਲਿਖ ਲਿਖ ਕੇ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਫਲਗੁਣ ਕਹੇ ਮੇਰਾ ਸਾਹਿਬ ਸੂਰਾ ਸਰਬੰਗ, ਮਿਹਰਵਾਨ ਅਖਵਾਈਆ । ਉਹ ਸਮੁੰਦ ਸਾਗਰਾਂ ਜਾਏ ਪਾਰ ਲੰਘ, ਚਰਨ ਕਵਲ ਆਪ ਟਿਕਾਈਆ । ਜਿਸ ਦੇ ਨਾਲ ਨਿਸ਼ਾਨ ਹੋਵੇਗਾ ਤਾਰਾ ਚੰਦ, ਅੰਬਰ ਨੀਲੇ ਨਾਲ ਵਡਿਆਈਆ । ਤੀਰ ਕਮਾਨ ਨਾਲ ਲਏ ਟੰਗ, ਭੱਥਾ ਗੋਬਿੰਦ ਵਾਲਾ ਮਾਹੀਆ । ਗਾਡ ਲਿਖਿਆ ਹੋਵੇ ਨਾਲ ਪ੍ਰੇਮ ਅਨੰਦ, ਅੱਖਰ ਸਿਫ਼ਤਾਂ ਵਿਚ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਫਲਗੁਣ ਕਹੇ ਸੰਮਤ ਅੱਠ ਖੇਲ ਮਹਾਨਾ, ਸਾਹਿਬ ਮੇਰੇ ਵਡਿਆਈਆ । ਪ੍ਰਗਟ ਹੋ ਕੇ ਨੌਜਵਾਨਾ, ਮਰਦ ਮਰਦਾਨਾ ਲਏ ਅੰਗੜਾਈਆ । ਜਿਸ ਨੇ ਦੇਸ ਪਰਦੇਸ ਜਾਣਾ, ਸਾਲ ਬਸਾਲ ਸਾਲ ਤਿੰਨ ਵੰਡਾਈਆ । ਜ਼ਰੂਰ ਗੁਰਮੁਖਾਂ ਹੱਥੀਂ ਬੱਧਾ ਹੋਵੇਗਾ ਗਾਨਾ, ਲਾਲ ਤੰਦ ਰੰਗ ਰੰਗਾਈਆ । ਸਾਢੇ ਤਿੰਨ ਹੱਥ ਨਾਲ ਰੱਖਿਆ ਹੋਵੇਗਾ ਕਾਨਾ, ਕਸੀਰਾ ਰਵਦਾਸ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਹੁਕਮ ਆਪ ਵਰਤਾਈਆ । ਫਲਗੁਣ ਕਹੇ ਨਾਰਦਾ ਮੈਂ ਹੱਸ ਕੇ ਮਾਰਾਂ ਤਾਲੀ, ਤਲੀਆਂ ਜ਼ਮੀਨ ਉਤੇ ਘਸਾਈਆ । ਪ੍ਰਭੂ ਦਾ ਖੇਲ ਤਕਣਾ ਹਾਲੀ, ਜੋ ਮਿਹਰ ਨਜ਼ਰ ਰਿਹਾ ਉਠਾਈਆ । ਜਿਹੜਾ ਜੁਗ ਚੌਕੜੀ ਕਦੇ ਨਹੀਂ ਕਰਦਾ ਕਾਹਲੀ, ਸਹਿਜ ਸਹਿਜ ਆਪਣਾ ਰੰਗ ਰੰਗਾਈਆ । ਸੰਮਤ ਸ਼ਹਿਨਸ਼ਾਹੀ ਨੌਂ ਵਿਚ ਗੁਰਮੁਖ ਸਿੰਘ ਦੇ ਸੀਸ ਪੱਗ ਹੋਵੇਗੀ ਕਾਲੀ, ਪਰਦੇਸ ਪ੍ਰਭ ਦੇ ਨਾਲ ਜਾਣਾ ਥਾਉਂ ਥਾਈਂਆ । ਹਰਿ ਸੰਗਤ ਪ੍ਰੇਮ ਪ੍ਰੀਤੀ ਕਰਨੀ ਬਾਹਲੀ, ਪਿਆਰ ਮੁਹੱਬਤ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਵੰਡ ਆਪ ਵੰਡਾਈਆ । ਫਲਗੁਣ ਕਹੇ ਮੈਨੂੰ ਆਉਂਦੀ ਜਾਂਦੀ ਧਾਰ, ਧੁਰ ਦਾ ਹੁਕਮ ਆਪ ਸੁਣਾਈਆ । ਸੰਮਤ ਦਸ ਵਿਚ ਖੇਲ ਅਪਾਰ, ਅਪਰੰਪਰ ਸਵਾਮੀ ਦੇਣਾ ਕਰਾਈਆ । ਸ਼ਹਿਨਸ਼ਾਹੀ ਸੰਮਤ ਦਸ ਨਿਉਂ ਕੇ ਕਰੇ ਸਵਾਲ, ਝੋਲੀ ਅੱਗੇ ਡਾਹੀਆ । ਬਖ਼ਸ਼ ਦੇ ਧਨ ਮਾਲ, ਵਸਤ ਅਗੰਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਵੰਡ ਆਪਣੇ ਹੱਥ ਰਖਾਈਆ । ਸੰਮਤ ਦਸ ਕਹੇ ਮੇਰੀ ਇਹ ਨੀਤ, ਨੀਤੀਵਾਨ ਹੋ ਕੇ ਦਿਆਂ ਜਣਾਈਆ । ਮੇਰੀ ਸਾਹਿਬ ਨਾਲ ਪ੍ਰੀਤ, ਪ੍ਰਭੂ ਪ੍ਰੀਤਮ ਦੇਵੇ ਮਾਣ ਵਡਿਆਈਆ । ਮੇਰੇ ਵਿਚ ਪ੍ਰਭ ਦੇ ਨਾਲ ਲਿਖਾਰੀ

ਹੋਵੇਗਾ ਸਿੰਘ ਸੁਰਜੀਤ, ਸਿਰ ਸਿਰ ਮਾਣ ਵਡਿਆਈਆ । ਦਵਿੰਦਰ ਕੌਰ ਨਾਲ ਗਾਏਗੀ ਨੌ ਗੀਤ, ਨਵਾਂ ਦੇਸਾਂ ਸੋਭਾ ਪਾਈਆ । ਪੰਜ ਗੁਰਮੁਖ ਹੋਰ ਨਾਲ ਹੋਣਗੇ ਠੀਕ, ਜਿਨ੍ਹਾਂ ਨੂੰ ਪੁਰਖ ਅਕਾਲ ਚਰਨ ਪ੍ਰੀਤ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਫਲਗੁਣ ਕਹੇ ਮੈਨੂੰ ਕਹਿੰਦੇ ਫੱਗਣ, ਦੀਨ ਦੁਨੀ ਸੁਣਾਈਆ । ਪ੍ਰਭ ਦਾ ਦੀਪਕ ਲੱਗਾ ਜਗਣ, ਜਗਤ ਜਹਾਨ ਹੋਏ ਰੁਸ਼ਨਾਈਆ । ਜਨ ਭਗਤਾਂ ਦਾ ਡੰਕਾ ਡੌਰੂ ਲੱਗਾ ਵੱਜਣ, ਨਿਵ ਨਿਵ ਕਰੇ ਸ਼ਨਵਾਈਆ । ਜੁਗ ਚੌਕੜੀ ਵਿਛੜਿਆਂ ਲੱਗਾ ਸੱਦਣ, ਹੋਕਾ ਹੱਕ ਦ੍ਰਿੜਾਈਆ । ਆਓ ਸਭ ਦਾ ਝਗੜਾ ਮਿਟਿਆ ਕਾਇਆ ਬਦਨ, ਤਨ ਵਜੂਦ ਕਲਬੂਤ ਕਰਾਂ ਸਫ਼ਾਈਆ । ਪਿਛਲੀ ਕਿਰਿਆ ਲੱਗਾ ਦੱਬਣ, ਕੂੜ ਮਲੇਛ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਗੰਢ ਆਪ ਪਵਾਈਆ । ਫਲਗੁਣ ਕਹੇ ਮੈਂ ਦੱਸਾਂ ਖੇਲ ਗਹਿਰ ਗੰਭੀਰਾ, ਭੇਵ ਅਭੇਦ ਜਣਾਈਆ । ਪ੍ਰਭ ਪਰਗਟ ਹੋਵੇ ਪੀਰਨ ਪੀਰਾ, ਪਤਿਪਰਮੇਸ਼ਵਰ ਨੂਰ ਇਲਾਹੀਆ । ਜਿਸ ਦੀ ਸਭ ਤੋਂ ਵੱਖਰੀ ਤਸਵੀਰਾ, ਤਸੱਵਰ ਕਰ ਨਾ ਕੋਇ ਦ੍ਰਿੜਾਈਆ । ਜਨ ਭਗਤੋ ਪਹਿਲੀ ਚੇਤਰ ਖ਼ੁਸ਼ੀਆਂ ਨਾਲ ਆਉਣਾ ਘੱਤ ਵਹੀਰਾ, ਦਰ ਠਾਂਡੇ ਵੱਜੇ ਵਧਾਈਆ । ਸਵਾ ਸੇਰ ਦਾ ਵਰਤੀਰਾ, ਸੰਮਤ ਸੋਲਾਂ ਲਾਲੋ ਵਾਲਾ ਨਾਲ ਲਿਆਈਆ । ਭਗਤਾਂ ਦਾ ਭੰਡਾਰਾ ਇਕ ਹੋਣਾ ਗ਼ਰੀਬਾਂ ਅਮੀਰਾਂ, ਅਮਰਾਪਦ ਦਏ ਜਣਾਈਆ । ਸਭ ਨੇ ਸੀਸ ਤੇ ਚਿੱਟਾ ਬੰਨ੍ਹ ਕੇ ਆਉਣਾ ਚੀਰਾ, ਬਿੰਦੀ ਲਾਲ ਮਸਤਕ ਵਿਚ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਫਲਗੁਣ ਕਹੇ ਪ੍ਰਭੂ ਦਾ ਖੇਲ ਜਗਤ ਜਗ ਆਬਾ, ਮੱਤਸ ਕੱਛਪ ਲੇਖਾ ਦਏ ਮੁਕਾਈਆ । ਰਾਹ ਤਕੇ ਖਵਾਜਾ ਖਿਜ਼ਰ ਬਾਬਾ, ਦੂਰੋਂ ਬੈਠਾ ਸੀਸ ਨਿਵਾਈਆ । ਖੇਲ ਵੇਖਣਾ ਨਾਲ ਸਬਾਬਾ, ਖ਼ਾਲਕ ਖ਼ਲਕ ਕੀ ਵਰਤਾਈਆ । ਕੀ ਜਨ ਭਗਤਾਂ ਹੋਵੇ ਲਾਭਾ, ਸਚ ਦਰ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਸੁਣਾਈਆ । ਪਹਿਲੀ ਚੇਤ ਕਹੇ ਮੇਰਾ ਦਿਵਸ ਸਭ ਨੇ ਯਾਦ ਰੱਖਣਾ, ਸੰਮਤ ਸ਼ਹਿਨਸ਼ਾਹੀ ਅੱਠ ਨਾਲ ਵਡਿਆਈਆ । ਹਰਿ ਸੰਗਤ ਸਤਿਗੁਰ ਚਰਨ ਇੱਕੀ ਕਰਨੀਆਂ ਪ੍ਰਦਖਣਾ, ਸੱਜੇ ਹੱਥ ਭਵਾਈਆ । ਗੁਰਸਿਖ ਨਿਮਸਕਾਰ ਕਰੇ ਨਾ ਕੋਇ ਹੱਥ ਸੱਖਣਾ, ਸਿਰ ਸਰ ਨਿਉਂ ਨਿਉਂ ਲਾਗੇ ਪਾਈਆ । ਜਿਹੜਾ ਕੌਲ ਇਕਰਾਰ ਕੀਤਾ ਸੀ ਗੋਬਿੰਦ ਨਾਲ ਪਟਨਾ, ਜਨਮ ਲੈਣ ਸਮੇਂ ਸ਼ਬਦ ਜਣਾਈਆ । ਤੈਨੂੰ ਇਕੋ ਰੰਗ ਰੰਗਣਾ, ਰੰਗ ਅਨਮੋਲ ਦੇਣਾ ਵਖਾਈਆ । ਤੈਨੂੰ ਲੈ ਕੇ ਜਾਣਾ ਪਾਰ ਕਿਨਾਰੇ ਪਤਣਾ, ਘਾਟ ਦਿਤਾ ਸਮਝਾਈਆ । ਵੇਖਣਾ ਜਗਤ ਦਾ ਵਤਨਾ, ਬੇਵਤਨਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਫੱਗਣ ਕਹੇ ਮੇਰਾ ਪਰਵਿਸ਼ਟਾ ਪਹਿਲਾ, ਪਰਮ ਪੁਰਖ ਮਿਲੀ ਸਰਨਾਈਆ । ਮੈਂ ਕਦੇ ਨਾ ਹੋਵਾਂ ਅਨਗਹਿਲਾ, ਸਵਾਧਾਨ ਹੋ ਕੇ ਸੀਸ ਨਿਵਾਈਆ । ਜਨ ਭਗਤਾਂ ਵਿਚ ਖ਼ੁਸ਼ੀਆਂ ਨਾਲ ਟਹਿਲਾਂ, ਫਿਰਾਂ ਚਾਈਂ ਚਾਈਂਆ । ਨਾਲੇ ਦੱਸਾਂ ਗੁਰਮੁਖੋ ਤੁਸਾਂ ਵੜਨਾ ਵਿਚ ਸਚਖੰਡ ਦੇ ਮਹਿਲਾਂ, ਜਿਸ ਦਾ ਮੁਹੱਲਾ ਨਜ਼ਰ ਕਿਸੇ ਨਾ ਆਈਆ । ਕਿਉਂ ਤੁਹਾਡੇ ਸਾਹਿਬ ਨੇ ਤੁਹਾਡਾ ਮਾਰਗ ਕੀਤਾ ਸਹਿਲਾ, ਮਿਹਰ ਨਜ਼ਰ ਨਾਲ ਤਰਾਈਆ । ਜਿਥੇ ਹੁੰਦੀਆਂ ਪ੍ਰੇਮ ਦੀਆਂ ਪਹਿਲ ਚਹਿਲਾਂ, ਖ਼ੁਸ਼ੀਆਂ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ,

੧੭੬੦
੨੨

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਫੱਗਣ ਕਹੇ ਮੇਰੀ ਨਿਮਸਕਾਰ ਡੰਡਾਵਤ, ਨਿਵ ਨਿਵ ਲਾਗਾਂ ਪਾਈਆ । ਪ੍ਰਭੂ ਪ੍ਰੇਮ ਦੀ ਕਰ ਸਖ਼ਾਵਤ, ਬਖਸ਼ਿਸ਼ ਵਿਚ ਨਾਮ ਵਰਤਾਈਆ । ਭਗਤਾਂ ਵਿਚ ਨਾ ਰਹੇ ਅਦਾਵਤ, ਕੂੜੀ ਕਿਰਿਆ ਦੇਣੀ ਗਵਾਈਆ । ਸਤਿ ਧਰਮ ਦੀ ਦੇਣੀ ਨਿਆਮਤ, ਵਸਤ ਅਗੰਮ ਵਰਤਾਈਆ । ਮਨੂਆ ਕਰੇ ਨਾ ਕਿਸੇ ਬਗ਼ਾਵਤ, ਬਗ਼ਲਗੀਰ ਲੈਣਾ ਬਣਾਈਆ । ਬੱਚੇ ਤੇਰੇ ਅਣਜਾਣਤ, ਸਿਰ ਤੇਰਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਸਚ ਨਾਲ ਚਤੁਰਾਈਆ । ਫਲਗੁਣ ਕਹੇ ਜਨ ਭਗਤਾਂ ਫਲ ਫੁੱਲ ਮੌਲੇ, ਫੁਲਵਾੜੀ ਸੋਭਾ ਪਾਈਆ । ਪੂਰਾ ਹੋਏ ਵਾਅਦਾ ਕੌਲੇ, ਇਕਰਾਰ ਵੇਖ ਵਖਾਈਆ । ਮਿਲੇ ਵਡਿਆਈ ਉਪਰ ਧੌਲੇ, ਧਰਮ ਦੀ ਵੱਜੇ ਵਧਾਈਆ । ਪੁਰਖ ਅਕਾਲਾ ਸਚ ਦਵਾਰਾ ਇਕੋ ਖੋਲ੍ਹੇ, ਖ਼ਾਲਕ ਖ਼ਲਕ ਦਏ ਵਖਾਈਆ । ਨਿਰਗੁਣ ਧਾਰ ਤੋਲ ਤੋਲੇ, ਸਰਗੁਣ ਆਪਣੇ ਕੰਡੇ ਟਿਕਾਈਆ । ਜਨ ਭਗਤੋ ਖ਼ੁਸ਼ੀਆਂ ਨਾਲ ਗਾਉਣੇ ਢੋਲੇ, ਤੂੰ ਮੇਰਾ ਮੈਂ ਤੇਰਾ ਚਾਈਂ ਚਾਈਂਆ । ਤੁਹਾਡਾ ਮਾਲਕ ਹੁਣ ਨਿਕਲਣ ਲੱਗਾ ਵਿਚੋਂ ਪੜਦੇ ਉਹਲੇ, ਕਰਵਟ ਆਪਣੀ ਰਿਹਾ ਬਦਲਾਈਆ । ਜਿਸ ਨੇ ਪਹਿਲੀ ਵਾਰ ਭਾਰਤ ਤੋਂ ਬਾਹਰ ਪੰਜ ਰੰਗ ਦੇ ਖੜਨੇ ਚੋਲੇ, ਚੋਲੀ ਆਪਣੀ ਰਿਹਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਫਲਗੁਣ ਕਹੇ ਮੈਂ ਦੱਸਾਂ ਨਾਲ ਪਿਆਰ, ਪ੍ਰੇਮ ਵਿਚ ਜਣਾਈਆ । ਜੋ ਗੁਰਮੁਖ ਨਾਲ ਜਾਣਗੇ ਪਾਰ, ਸੰਮੁਦ ਸਾਗਰਾਂ ਪੰਧ ਮੁਕਾਈਆ । ਸੀਸ ਤੇ ਪੱਟੀਆਂ ਬੰਨ੍ਹਣਗੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਲਿਖ ਕੇ ਲਿਖਾਰ, ਸਾਚਾ ਸਗਨ ਮਨਾਈਆ । ਤਿੰਨ ਰੰਗ ਦੇ ਗਲ ਵਿਚ ਹੋਣਗੇ ਹਾਰ, ਸੂਹਾ ਪੀਲਾ ਲਾਲ ਨਾਲ ਵਡਿਆਈਆ । ਸੋਹੰ ਛਾਤੀ ਉਤੇ ਲਿਖਿਆ ਹੋਵੇ ਕਮਾਲ, ਸੱਜੇ ਖੱਬੇ ਸੋਭਾ ਪਾਈਆ । ਸੱਜੇ ਗੁੱਟ ਤੇ ਹੋਵੇ ਚਿੱਟਾ ਰੁਮਾਲ, ਗੰਢ ਇਕੋ ਇਕ ਬੰਧਾਈਆ । ਇਕ ਨਾਲ ਰੱਖਣੀ ਤਲਵਾਰ ਤੇ ਢਾਲ, ਜੋ ਕ੍ਰਿਸ਼ਨ ਅਰਜਨ ਨਾਲ ਆਸਾ ਗਿਆ ਰਖਾਈਆ । ਇਕ ਭੂਰੇ ਰੰਗ ਦੀ ਰੱਖਣੀ ਦੁਸ਼ਾਲ, ਜੋ ਬਾਵਨ ਬਲ ਦਵਾਰੇ ਰੰਗ ਰੰਗਾਈਆ । ਤੇਰਾਂ ਸੌ ਸਤਾਸੀ ਰਿਸ਼ੀਆਂ ਕਰਨਾ ਧਿਆਨ, ਨੇਤਰ ਨੈਣ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਚ ਸਤਿ ਸਰਨਾਈਆ । ਫਲਗੁਣ ਕਹੇ ਬਾਵਨ ਦਾ ਇਤਹਾਸ, ਸਮਝ ਕਿਸੇ ਨਾ ਆਈਆ । ਬਲ ਦਾ ਨਿਵਾਸ, ਚਰਨ ਕਵਲ ਸਰਨਾਈਆ । ਪਿਤਾ ਪੂਤ ਜਮਾਤ, ਮਿਲੇ ਮਾਣ ਵਡਿਆਈਆ । ਪੂਰਬ ਲੇਖਾ ਖਾਤ, ਸਭ ਦਾ ਵੇਖ ਵਖਾਈਆ । ਚਰਨ ਪ੍ਰੀਤੀ ਨਾਤ, ਜੋੜਾ ਰਿਹਾ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਫਲਗੁਣ ਕਹੇ ਮੈਂ ਵੇਖਾਂ ਪਿਛਲੀ ਕਿਤਾਬ, ਪੂਰਬ ਖੋਜ ਖੁਜਾਈਆ । ਦਰਸ਼ਨ ਸਿੰਘ ਦੇ ਮੁਖ ਤੇ ਹੋਵੇਗੀ ਨਕਾਬ, ਕਾਲੇ ਬਸਤਰ ਨਾਲ ਵਡਿਆਈਆ । ਸਦੀ ਚੌਧਵੀਂ ਦੀ ਨਾਲ ਖੜਨੀ ਪੋਸ਼ਾਕ, ਭੁੱਲ ਰਹੇ ਨਾ ਰਾਈਆ । ਗੋਲੀ ਤਾਰੇ ਚੰਦ ਵਾਲਾ ਬਸਤਰ ਕਰ ਕੇ ਸਾਫ਼, ਨਾਲ ਲੈਣਾ ਬੰਧਾਈਆ । ਅਮਰਜੀਤ ਸਿੰਘ ਕੋਲ ਨੌਂ ਹੋਣਗੇ ਕਾਰਡ, ਜਿਨ੍ਹਾਂ ਨੂੰ ਕਾਟ ਕਹੇ ਲੋਕਾਈਆ । ਤ੍ਰਿਪਤ ਨੇ ਆਪਣੀ ਕੰਨੀ ਨੂੰ ਦੇ ਕੇ ਰੱਖਣੀ ਗਾਂਠ, ਚੌਦਾਂ ਦਿਨ ਨਾ ਮਾਤ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਨਾਲ ਵਡਿਆਈਆ । ਫਲਗੁਣ

ਕਹੇ ਕਪੂਰ ਸਿੰਘ ਦਾ ਕਮੀਜ਼ ਹੋਵੇਗਾ ਲਾਲ, ਲਾਲ ਰੰਗ ਰੰਗਾਈਆ । ਨਾਜ਼ਰ ਸਿੰਘ ਦੇ ਹੱਥ ਵਿਚ ਹੋਵੇਗੀ ਢਾਲ, ਖੱਬੇ ਹੱਥ ਟਿਕਾਈਆ । ਖੇਲ ਵੇਖੇ ਪੁਰਖ ਅਕਾਲ, ਗੁਣਵੰਤ ਨੂਰ ਇਲਾਹੀਆ । ਜਿਸ ਨੇ ਸਭ ਦਾ ਹੱਲ ਕਰਨਾ ਸਵਾਲ, ਸਵਾਲੀ ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਫਲਗੁਣ ਕਹੇ ਮੇਰਾ ਸਾਹਿਬ ਸੱਜਣ ਸੁਹੇਲਾ, ਦੇਵੇ ਮਾਣ ਵਡਿਆਈਆ । ਜੋ ਗੁਰਮੁਖਾਂ ਕਰਦਾ ਮੇਲਾ, ਮੇਲੇ ਚਾਈਂ ਚਾਈਂਆ । ਤੀਜੇ ਸਾਲ ਪ੍ਰੀਤਮ ਸਿੰਘ ਤੇ ਨਾਲ ਤਿਆਰ ਰਹੇ ਸਿੰਘ ਚੇਲਾ, ਚਾਰ ਕੁੰਟ ਵੱਜੇ ਵਧਾਈਆ । ਤਿੰਨ ਗੁਰਮੁਖ ਉਹ ਦੱਸਾਂਗਾ ਜਿਸ ਵੇਲੇ ਆਇਆ ਜਾਣ ਦਾ ਵੇਲਾ, ਭੇਵ ਭੇਵ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਇਕ ਅਖਵਾਈਆ । ਫਲਗੁਣ ਕਹੇ ਨਾਰਦਾ ਤਕ ਲੈ ਇਕ ਨਜ਼ਾਰਾ, ਨਜ਼ਰ ਨੈਣ ਉਠਾਈਆ । ਵੇਖ ਹਰਿ ਨਿਰੰਕਾਰਾ, ਨਿਰਗੁਣ ਨੂਰ ਇਲਾਹੀਆ । ਜਿਸ ਨੇ ਸਭ ਦਾ ਲਾਹੁਣਾ ਉਧਾਰਾ, ਬਾਕੀ ਰਹਿਣ ਕੋਇ ਨਾ ਪਾਈਆ । ਮੈਂ ਉਸ ਨੂੰ ਕਰਾਂ ਨਿਮਸਕਾਰਾ, ਨਿਉਂ ਨਿਉਂ ਸੀਸ ਝੁਕਾਈਆ । ਤੇਰਾ ਖੇਲ ਤਕਣਾ ਕਲ ਕਲਕੀ ਅਵਤਾਰਾ, ਅਮਾਮ ਅਮਾਮਾ ਪੜਦਾ ਦੇਣਾ ਉਠਾਈਆ । ਜਿਸ ਦੀਆਂ ਖ਼ੁਸ਼ੀਆਂ ਵਾਲੀਆਂ ਬਹਾਰਾਂ, ਰੰਗ ਰਤੜਾ ਬਣੇ ਬੇਪਰਵਾਹੀਆ । ਜਿਸ ਦੀਆਂ ਨੌਂ ਖੰਡ ਪ੍ਰਿਥਮੀ ਸਿਫ਼ਤਾਂ ਦੀਆਂ ਗਾਉਣੀਆਂ ਵਾਰਾਂ, ਕਲਮਾ ਨਾਮ ਵਾਲਾ ਜਣਾਈਆ । ਜਿਧਰ ਜਾਵੇ ਹਿਲਾਉਂਦਾ ਜਾਏ ਤਾਰਾਂ, ਤਾਰ ਸਿਤਾਰ ਆਪ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਅੰਤ ਨਾ ਪਾਰਾਵਾਰਾ, ਬੇਅੰਤ ਆਪਣਾ ਹੁਕਮ ਵਰਤਾਈਆ ।



✪ ੨ ਫੱਗਣ ਸ਼ਹਿਨਸ਼ਾਹੀ ਸੰਮਤ ੭ ਜੋਗਿੰਦਰ ਸਿੰਘ ਡੇਢ ਗਵਾੜ, ਮੁਣਸ਼ਾ ਸਿੰਘ ਬਾਬੂਪੁਰ, ਪਰਸਿੰਨ ਕੌਰ ਵਰਪਾਲ, ਪ੍ਰੀਤਮ ਸਿੰਘ ਮਦੀ ਪੁਰ, ਸੁਰਜੀਤ ਕੌਰ ਧਰਮ ਕੋਟ, ਸੰਸਾਰ ਸਿੰਘ ਜਜ਼ਾਖ਼ੁਰਦ, ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਫਲਗੁਣ ਕਹੇ ਮੇਰੀ ਮੌਲੀ ਰੁਤ, ਰੁਤੜੀ ਪ੍ਰਭ ਆਪ ਮਹਿਕਾਈਆ । ਸੰਗ ਰਲਾਏ ਭਗਤ ਸੁਹੇਲੇ ਸੁਤ , ਦੁਲਾਰੇ ਧੁਰ ਦੇ ਜੋੜ ਜੁੜਾਈਆ । ਕਿਰਪਾ ਕਰੀ ਅਬਿਨਾਸ਼ੀ ਅਚੁਤ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਜਿਨ੍ਹਾਂ ਦਾ ਜਨਮ ਮਰਨ ਦਾ ਮਿਟਿਆ ਦੁੱਖ, ਕਰਮ ਕਾਂਡ ਦਾ ਡੇਰਾ ਢਾਹੀਆ । ਆਤਮ ਪਰਮਾਤਮ ਦਏ ਸੁਖ, ਕਲਪਣਾ ਕੂੜ ਦਏ ਮਿਟਾਈਆ । ਉਜਲ ਕਰੇ ਦੋ ਜਹਾਨਾਂ ਮੁਖ, ਏਥੇ ਓਥੇ ਹੋਏ ਸਹਾਈਆ । ਉਲਟਾ ਗਰਭ ਨਾ ਹੋਣਾ ਪਏ ਰੁਖ, ਰਾਏ ਧਰਮ ਨਾ ਦਏ ਸਜ਼ਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਤੁਕ, ਸੋਹੰ ਢੋਲਾ ਦਿਤਾ ਦ੍ਰਿੜ੍ਹਾਈਆ । ਸ਼ਬਦੀ ਸਤਿਗੁਰ ਹੋ ਕੇ ਗੋਦੀ ਲਏ ਚੁੱਕ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਹਿਬ ਵਡ ਵਡਿਆਈਆ । ਫੱਗਣ ਕਹੇ ਮੇਰਾ ਭਾਗ ਚੰਗੇਰਾ, ਮਿਲੀ ਮਾਣ ਵਡਿਆਈਆ । ਪੁਰਖ ਅਬਿਨਾਸ਼ੀ ਕੀਤੀ ਮਿਹਰਾ,

ਮਿਹਰ ਨਜ਼ਰ ਉਠਾਈਆ । ਰੂਪ ਪਰਗਟ ਅਗੰਮੀ ਸ਼ੇਰਾ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਇਕੋ ਰੰਗ ਰੰਗਾ ਕੇ ਗੁਰੂ ਗੁਰ ਚੇਰਾ, ਨਿਰਗੁਣ ਨਿਰਗੁਣ ਵੱਜੇ ਵਧਾਈਆ । ਜਨ ਭਗਤ ਸੁਹਾਏ ਖੇੜਾ, ਕਾਇਆ ਮੰਦਰ ਸੋਭਾ ਪਾਈਆ । ਸਦੀ ਚੌਧਵੀਂ ਬੰਨ੍ਹੇ ਬੇੜਾ, ਕਲਜੁਗ ਅੰਤਮ ਆਪ ਤਰਾਈਆ । ਦਰਸ਼ਨ ਦੇਵੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਆਵਣ ਜਾਵਣ ਲੇਖਾ ਮੁਕੇ ਅੰਡਜ ਜੇਰਾ, ਉਤਭੁਜ ਸੇਤਜ ਰਹੇ ਨਾ ਰਾਈਆ । ਨਵ ਨੌ ਚਾਰ ਪਿਛੋਂ ਪਾਇਆ ਫੇਰਾ, ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਫੱਗਣ ਕਹੇ ਮੇਰੀ ਆਸ਼ਾ ਪੁੰਨੀ, ਪੁਨਹ ਪੁਨਹ ਸੀਸ ਨਿਵਾਈਆ । ਸੁਣਿਆ ਨਾਦ ਸ਼ਬਦ ਦੀ ਧੁਨੀ, ਅਨਹਦ ਨਾਦੀ ਰਾਗ ਜਣਾਈਆ । ਕਿਰਪਾ ਕਰੇ ਮਿਹਰਵਾਨ ਪ੍ਰਭ ਗੁਨੀ, ਗਹਿਰ ਗੰਭੀਰ ਦਇਆ ਕਮਾਈਆ । ਜਿਸ ਭਗਤਾਂ ਪੁਕਾਰ ਸੁਣੀ, ਸਚਖੰਡ ਨਿਵਾਸੀ ਪੜਦਾ ਦਏ ਉਠਾਈਆ । ਗ਼ਰੀਬ ਨਿਮਾਣਿਆਂ ਸੀਸ ਦਸਤਾਰ ਬਖ਼ਸ਼ ਕੇ ਚੁੰਨੀ, ਚਾਰੇ ਕੂਟਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਦਸਤਾਰ ਕਹੇ ਮੇਰੀ ਨਿਮਸਕਾਰ, ਪ੍ਰਭ ਸਾਚੇ ਸੀਸ ਨਿਵਾਈਆ । ਜਨ ਭਗਤਾਂ ਉਤੋਂ ਮੈਨੂੰ ਦਿਤਾ ਵਾਰ, ਵਾਰਨਾ ਕਰਕੇ ਸੀਸ ਟਿਕਾਈਆ । ਚਰਨ ਕਵਲ ਜਾਵਾਂ ਬਲਿਹਾਰ, ਨਿਵ ਨਿਵ ਲਾਗਾਂ ਪਾਈਂਆ । ਮਾਣ ਦਿਤਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵੇਖ ਵਖਾਈਆ । ਸਚਖੰਡ ਬੈਠੇ ਤਕਣ ਪੈਗ਼ੰਬਰ ਗੁਰ ਅਵਤਾਰ, ਬਿਨ ਨੈਣਾਂ ਨੈਣ ਤਕਾਈਆ । ਕੀ ਖੇਲ ਪਰਵਰਦਿਗਾਰ, ਕੀ ਕਰਤਾ ਕਾਰ ਕਮਾਈਆ । ਜਿਸ ਲੱਖ ਚੁਰਾਸੀ ਵਿਚੋਂ ਭਗਤ ਸੁਹੇਲੇ ਲਏ ਉਭਾਰ, ਫੜ ਬਾਹੋਂ ਬਾਹਰ ਕਢਾਈਆ । ਅੰਤਮ ਉਨ੍ਹਾਂ ਦੀ ਰੁਤ ਮੌਲੇ ਖ਼ੁਸ਼ੀ ਬਸੰਤ ਹੋਵੇ ਬਹਾਰ, ਪਵਣ ਠੰਡੀ ਠਾਰ ਚਲਾਈਆ । ਨਿਜ ਨੇਤਰ ਸਦਾ ਸਦ ਦੇਂਦਾ ਰਹੇ ਦੀਦਾਰ, ਦਿੱਬ ਨੇਤਰ ਆਪ ਖੁਲ੍ਹਾਈਆ । ਫੱਗਣ ਕਹੇ ਮੈਂ ਆਪਾ ਜਾਵਾਂ ਵਾਰ, ਧੂੜੀ ਧੂੜ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਇਕੋ ਘਰ ਆਪਣੇ ਦਏ ਵਡਿਆਈਆ ।



੧੭੬੩ ੨੨

### ✪ ੨ ਫੱਗਣ ਸ਼ਹਿਨਸ਼ਾਹੀ ਸੰਮਤ ੭ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ਜ਼ਿਲਾ ਅੰਮ੍ਰਿਤਸਰ ✪

ਹੱਸ ਕੇ ਕਹੇ ਅੱਬੂ ਬੱਕਰ, ਮੁਹੰਮਦ ਸੀਸ ਨਿਵਾਈਆ । ਜਗਤ ਨਿਆਜ਼ ਆਉਣੀ ਚਾਵਲ ਸ਼ੱਕਰ, ਸ਼ੁਕਰਾਨੇ ਵਿਚ ਖ਼ੁਸ਼ੀ ਬਣਾਈਆ । ਉਹ ਤੋਲੀ ਹੋਏ ਨਾਲ ਅਗੰਮੀ ਤਕੜ, ਸੇਰ ਧੜੀ ਵੰਡ ਨਾ ਕੋਇ ਵੰਡਾਈਆ । ਜਿਸ ਨੂੰ ਗ਼ੌਰ ਨਾਲ ਵੇਖਣਗੇ ਸਵਾ ਲੱਖ ਫ਼ੱਕਰ, ਫ਼ਕੀਰ ਫ਼ਿਕਰਾ ਇਕੋ ਗਾਈਆ । ਜਿਸ ਦਾ ਲੇਖ ਲਿਖਿਆ ਨਹੀਂ ਕਿਸੇ ਉਤੇ ਪੱਤਰ, ਕਲਮ ਸ਼ਾਹੀ ਕਾਗਦ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਦਾਤਾ ਧੁਰਦਰਗਾਹੀਆ । ਹੱਸ ਕੇ ਕਹੇ ਐਲੀ ਅੱਲਾਹ, ਅਲੀ ਖ਼ੁਸ਼ੀ ਨਾਲ ਜਣਾਈਆ । ਪਰਵਰਦਿਗਾਰ ਬੇਪਰਵਾਹ, ਬੇਐਬ ਨੂਰ ਅਲਾਹੀਆ । ਵਾਲੀ ਬਣ ਕੇ ਧੁਰਦਰਗਾਹ, ਦੋ ਜਹਾਨਾਂ ਖੋਜ ਖੁਜਾਈਆ । ਚੌਦਾਂ ਤਬਕਾਂ ਪੜਦਾ ਰਿਹਾ

ਉਠਾ, ਭੇਵ ਅਭੇਦਾ ਦਏ ਖੁਲ੍ਹਾਈਆ । ਜਿਸ ਦਾ ਸਦੀ ਚੌਧਵੀਂ ਤਕੇ ਰਾਹ, ਜੋ ਰਹਿਬਰ ਨੂਰ ਇਲਾਹੀਆ । ਜਿਸ ਨੂੰ ਹਜ਼ਰਤ ਕਹਿ ਕੇ ਆਏ ਖ਼ੁਦਾ, ਖ਼ੁਦ ਮਾਲਕ ਵਡ ਵਡਿਆਈਆ । ਉਹ ਜੋਤੀ ਨੂਰ ਕਰ ਰੁਸ਼ਨਾ, ਨੂਰ ਨੁਰਾਨਾ ਡਗਮਗਾਈਆ । ਮਕਬਰੇ ਫੋਲੇ ਥਾਉਂ ਥਾਂ, ਮੁਕੱਰਰਾ ਵਕਤ ਦਏ ਗਵਾਹੀਆ । ਜਿਸ ਦਾ ਭੇਵ ਤੀਸ ਬਤੀਸਾ ਜਾਣੇ ਨਾ, ਕੁਰਾਨ ਕੁਰਹ ਨਾ ਖੋਜ ਖੁਜਾਈਆ । ਜੋ ਵਸੇ ਥਲ ਅਸਗਾਹ, ਜਲ ਥਲ ਮਹੀਅਲ ਰਿਹਾ ਸਮਾਈਆ । ਅਮਾਮ ਅਮਾਮਾ ਆਏ ਵੇਸ ਵਟਾ, ਨਾਮ ਦਮਾਮਾ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਨਾਰਦ ਕਹੇ ਮੈਂ ਸ਼ਾਹ ਐਲੀ ਦੱਸਾਂ, ਕਲਮੇ ਕਲਮਾ ਦਾ ਰੂਪ ਬਦਲਾਈਆ । ਖ਼ੁਸ਼ੀਆਂ ਵਿਚ ਨੱਸਾਂ, ਭੱਜਾਂ ਵਾਹੋ ਦਾਹੀਆ । ਤੁਹਾਡੇ ਪਿਆਰ ਦਾ ਵੇਖੇ ਰਸਾ, ਰਸਤਾ ਅੰਦਰੋਂ ਖੋਜ ਖੁਜਾਈਆ । ਜਿਸ ਨੇ ਚੌਦਾਂ ਤਬਕ ਕੱਛਾ, ਪਾਧੀਆਂ ਪੰਧ ਵੇਖ ਵਖਾਈਆ । ਜਿਸ ਨੂੰ ਕਹਿੰਦੇ ਆਏ ਨੂਰ ਇਲਾਹੀ ਅੱਛਾ, ਪਰਵਰਦਿਗਾਰ ਵਡ ਵਡਿਆਈਆ । ਜਿਸ ਦਾ ਕੌਲ ਇਕਰਾਰ ਵਾਅਦਾ ਸੱਚਾ, ਸਦੀ ਚੌਧਵੀਂ ਪੜਦਾ ਲਾਹੀਆ । ਉਸ ਦਾ ਲਹਿਣਾ ਦੇਣਾ ਹੋਏ ਮਦੀਨਾ ਮੱਕਾ, ਕਾਅਬਿਆਂ ਰੰਗ ਰੰਗਾਈਆ । ਫੇਰ ਉਮਤ ਉਮਤੀ ਦੇਣਾ ਧੱਕਾ, ਦਰਦੀ ਦਰਦ ਨਾ ਕੋਇ ਵੰਡਾਈਆ । ਹਲੂਣਾ ਮਾਰੇ ਬੂਰਾ ਕੱਕਾ, ਮੂਸਾ ਈਸਾ ਨਾਲ ਜੁੜਾਈਆ । ਸਦੀ ਚੌਧਵੀਂ ਪਵੇਗਾ ਅੰਤਮ ਰੱਟਾ, ਰਾਈਟ ਰਿਟਨ ਲਿਖ ਕੇ ਦਏ ਵਖਾਈਆ । ਮੁਹੰਮਦ ਦਾ ਬਿਨ ਅੱਖਰਾਂ ਵੇਖੇ ਪਟਾ, ਪਟਨੇ ਵਾਲਾ ਨਾਲ ਮਿਲਾਈਆ । ਯਸੂਹ ਦੀ ਯਾਦ ਦਿਲਾਏ ਸਲੀਵ ਵਾਲਾ ਫੱਟਾ, ਸਦੀ ਬੀਸਵੀਂ ਅੱਖ ਉਠਾਈਆ । ਮੂਸਾ ਫਿਰੇ ਨੱਠਾ, ਭੱਜੇ ਵਾਹੋ ਦਾਹੀਆ । ਕਿਸੇ ਨੂੰ ਸਮਝ ਨਾ ਆਵੇ ਰਤਾ, ਕੀ ਕਰਤਾ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਮੁਹੰਮਦ ਕਹੇ ਮੇਰੀ ਉਡੀਕੇ ਕਬਰ, ਮਕਬਰਾ ਧਿਆਨ ਲਗਾਈਆ । ਜੋ ਕਰਕੇ ਬੈਠੀ ਰਹੀ ਸਬਰ, ਸਬੂਰੀ ਵਿਚ ਝਟ ਲੰਘਾਈਆ । ਕਵਣ ਵੇਲਾ ਪ੍ਰਭ ਆਏ ਸ਼ੇਰ ਬੱਬਰ, ਭਬਕ ਆਪਣਾ ਨਾਮ ਲਗਾਈਆ । ਦੀਨ ਦੁਨੀ ਦਾ ਲੇਖਾ ਕਰੇ ਪੱਧਰ, ਟਿੱਲੇ ਪਰਬਤ ਖੋਜ ਖੁਜਾਈਆ । ਪੈਗ਼ੰਬਰਾਂ ਪੂਰੀ ਕਰੇ ਸੱਧਰ, ਤ੍ਰਿਸ਼ਨਾ ਨਾਲ ਮਿਲਾਈਆ । ਚਾਰ ਕੁੰਟ ਵਖਾਵੇ ਗ਼ਦਰ, ਗਦਾਗਰ ਹੋਏ ਲੋਕਾਈਆ । ਸੂਫ਼ੀ ਸੰਤਾਂ ਭਗਤਾਂ ਤਾਰੇ ਨਾਲ ਨਦਰ, ਮਿਹਰ ਨਜ਼ਰ ਆਪ ਉਠਾਈਆ । ਦਰਗਹ ਸਾਚੀ ਦੋ ਜਹਾਨਾਂ ਕਰੇ ਅਦਲ, ਇਨਸਾਫ਼ ਆਪਣਾ ਆਪ ਪਰਗਟਾਈਆ । ਝਗੜਾ ਮੇਟੇ ਮਕਤੂਲ ਕਾਤਲ, ਕਤਲਗਾਹ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵਖਾਏ ਇਕੋ ਹੁੱਬੇਵਤਨ, ਬੇਵਤਨਾ ਆਪ ਜਣਾਈਆ । ਜਨ ਭਗਤ ਸੁਹੇਲੇ ਚੁਰਾਸੀ ਵਿਚੋਂ ਕਢ ਕੇ ਰਤਨ, ਅਮੋਲਕ ਆਪਣੇ ਰੰਗ ਰੰਗਾਈਆ । ਕਲਜੁਗ ਦਾ ਘਾਟ ਕੰਢਾ ਵੇਖੇ ਪੱਤਨ, ਤੱਟ ਕਿਨਾਰੇ ਫੋਲ ਫੁਲਾਈਆ । ਕਰੇ ਖੇਲ ਸੂਰਾ ਸਮਰਥਨ, ਸਮਰਥ ਆਪਣਾ ਹੁਕਮ ਵਰਤਾਈਆ । ਸਭ ਦਾ ਵਾਅਦਾ ਪੂਰਾ ਕਰੇ ਬਚਨ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਮੁਹੰਮਦ ਆਸ਼ਾ ਕਹੇ ਮੇਰੀ ਤੜਫਦੀ ਲਾਸ਼, ਮੁਰਦਾ ਮੁਰੀਦ ਮੁਰਸ਼ਦ ਰਾਹ ਤਕਾਈਆ । ਚੌਦਾਂ ਸਦੀਆਂ ਕਰਦੀ ਰਹੀ ਤਲਾਸ਼, ਤਬਕ ਤਬਕਾਂ ਪਰੇ ਧਿਆਨ ਲਗਾਈਆ । ਪਿੰਜਰ ਰਹਿ ਨਾ ਗਿਆ ਹੱਡ ਨਾੜੀ ਮਾਸ, ਰੱਤੀ ਰਤ ਨਾ ਕੋਇ ਜਣਾਈਆ । ਮੇਰੀ ਅੰਤਰ ਨਿਰੰਤਰ ਇਕੋ ਖ਼ਾਹਿਸ਼,

ਖ਼ਾਲਸ ਤੇਰੀ ਓਟ ਤਕਾਈਆ । ਮਿਹਰਵਾਨ ਮਹਿਬੂਬ ਪੂਰੀ ਕਰਨੀ ਆਸ, ਤ੍ਰਿਸ਼ਨਾ ਤ੍ਰਿਖਾ ਦੂਰ ਕਰਾਈਆ । ਸਚ ਦਵਾਰੇ ਦੇਣਾ ਸਾਥ, ਸਗਲਾ ਸੰਗ ਬਣਾਈਆ । ਜੋ ਮੈਂ ਅੰਤਮ ਆਇਆ ਆਖ, ਬਿਨ ਕਲਮਿਆਂ ਬਿਨ ਕਲਮ ਹੁਕਮ ਸੁਣਾਈਆ । ਤੂੰ ਮਾਲਕ ਨੂਰ ਬਖ਼ਸ਼ਣਾ ਸਾਖਿਆਤ, ਜ਼ਹੂਰ ਤੇਰਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮਕਬਰਾ ਕਹੇ ਮੈਂ ਹੋਇਆ ਰਿਹਾ ਚੁੱਪ, ਕਲਮਾ ਧੁਰ ਨਾ ਕੋਇ ਜਣਾਈਆ । ਮੇਰੇ ਮੁਹੰਮਦ ਦਾ ਆਫ਼ਤਾਬ ਗਿਆ ਛੁਪ, ਨੂਰ ਨੂਰ ਵਿਚ ਸਮਾਈਆ । ਮੇਰੇ ਅੰਤਰ ਆਉਂਦਾ ਰਿਹਾ ਦੁੱਖ, ਦੁੱਖ ਦੁੱਖ ਵਿਚ ਟਿਕਾਈਆ । ਪਰ ਮੈਂ ਵੀ ਮੰਗਦਾ ਰਿਹਾ ਸੁੱਖ, ਸਦ ਸਦ ਇਕੋ ਮੰਗ ਮੰਗਾਈਆ । ਮੇਰੇ ਮਾਲਕਾ ਖ਼ਾਲਕਾ ਜਦੋਂ ਆਵੇਂ ਤੇ ਕਦੇ ਜਨਮੀਂ ਨਾ ਕਿਸੇ ਜਨਣੀ ਦੀ ਵਿਚੋਂ ਕੁੱਖ, ਨੂਰ ਨੁਰਾਨੇ ਨੂਰ ਲੈਣਾ ਪਰਗਟਾਈਆ । ਮੁਹੰਮਦ ਤੇਰਾ ਫ਼ਰਜ਼ੰਦ ਤੇਰਾ ਦੁਲਾਰਾ ਤੇਰਾ ਸੁਤ , ਜੋ ਤੇਰੀ ਗੋਦ ਵਿਚ ਸੁੱਤਾ ਨਜ਼ਰੀ ਆਈਆ । ਜਿਸ ਨੂੰ ਜ਼ਿਮੀਂ ਅਸਮਾਨਾਂ ਤੋਂ ਬਾਹਰ ਰਿਹਾ ਚੁੱਕ, ਚੌਦਾਂ ਤਬਕ ਜੋ ਕਰਦਾ ਰਿਹਾ ਰਹਿਨੁਮਾਈਆ । ਅੰਤਮ ਤੇਰੀ ਓਟ, ਓੜਕ ਬਿਨ ਸਜਦੇ ਸੀਸ ਨਿਵਾਈਆ । ਤੇਰਾ ਤਕਣਾ ਪ੍ਰਕਾਸ਼ ਨੂਰੀ ਅਲਾਹ ਇਕੋ ਜੋਤ, ਜੋਤੀ ਜਾਤੇ ਤੇਰੀ ਸਰਨਾਈਆ । ਕੀ ਹੋ ਗਿਆ ਜੇ ਮੁਹੰਮਦ ਦੇ ਵਜੂਦ ਦਾ ਲੇਖਾ ਮੁਕਾਇਆ ਤੇਰੀ ਮੌਤ, ਮਲਕੁਲਮੌਤ ਸੇਵ ਕਮਾਈਆ । ਤੇਰੀ ਉਸ ਦੇ ਨਾਲ ਨਹੀਂ ਅਦੌਤ, ਝਗੜਾ ਨਜ਼ਰ ਕੋਇ ਨਾ ਆਈਆ । ਖ਼ਾਕੀ ਪੁਤਲਾ ਰੋਇਆ ਫ਼ੌਤ, ਫ਼ਾਤਿਆ ਅੰਤਮ ਦਿਤਾ ਪੜ੍ਹਾਈਆ । ਪਰ ਤੇਰਾ ਨੂਰ ਤੇਰੇ ਵਿਚ ਗਿਆ ਪਹੁੰਚ, ਦਰਗਹ ਸਾਚੀ ਤੇਰੇ ਸਚ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਸੁਣਾਈਆ । ਮਕਬਰਾ ਕਹੇ ਤੇਰਾ ਮੁਹੰਮਦ ਅਲਜਸ, ਇਜ ਇਲਹਾ ਲੈਜ਼ੂਹ ਨੂਰ ਇਲਾਹੀਆ । ਧੁਰ ਦੇ ਮੁਰਸ਼ਦ ਬੇਨਿਆਜ਼, ਨੋਜ਼ੀ ਅਜ਼ੀ ਅਜ਼ਮੇ ਵਵਸ ਸਖ਼ੀਨੋ ਗ਼ਮੀ ਤਜ਼ ਜ਼ਿਕੇਜ਼ਾ ਜ਼ਾਹਰ ਜ਼ਹੂਰ ਤੇਰੀ ਰੁਸ਼ਨਾਈਆ । ਨੂਰੀ ਅਲਾਹ ਨਵਜ਼ਨੋ ਖ਼ੁਦਾ, ਮਹਿਬੂਬੇ ਮੁਹਬਤੇ ਦਿਲ ਰੁਬਾ, ਜ਼ਾਨੀ ਅਮੂ ਕਵਿਸਤੇ ਇਜ਼ਲਾਹ ਨੂਰੇ ਨਿਜ਼ਾ ਨਿਰਗੁਣ ਨਿਰਵੈਰ ਤੇਰੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਮਾਲਕ ਦਇਆ ਕਮਾਈਆ । ਮਕਬਰਾ ਕਹੇ ਮੇਰੇ ਮਿਹਰਵਾਨ ਮਹਿਬਾਨ ਬੀਦੋ, ਬੀ ਖ਼ੈਰ ਯਾ ਅਲਾਹ ਤੇਰੀ ਸਰਨਾਈਆ । ਮੇਰੀ ਆਸਾ ਮਨਸਾ ਪੂਰੀ ਕਰ ਉਮੀਦੋ, ਆਮਦ ਵਿਚ ਤੇਰਾ ਧਿਆਨ ਲਗਾਈਆ । ਤੇਰਾ ਰੂਪ ਅਨੂਪ ਸਰੂਪ ਅਜੀਬੋ, ਨੂਰ ਨੁਰਾਨੇ ਸ਼ਾਹ ਸੁਲਤਾਨੇ ਡਗਮਗਾਈਆ । ਮੇਰੀ ਗ਼ਫ਼ਲਤ ਵਿਚੋਂ ਖੋਲ੍ਹ ਨੀਂਦੋ, ਆਲਸ ਰਹਿਣ ਕੋਇ ਨਾ ਪਾਈਆ । ਸਦੀ ਚੌਧਵੀਂ ਅੰਤ ਤੇਰੀ ਉਡੀਕੋ, ਪੂਰਬ ਪੱਛਮ ਤੇਰਾ ਰਾਹ ਤਕਾਈਆ । ਵੇਖੀਂ ਕਿਤੇ ਬਦਲ ਨਾ ਦੇਵੀਂ ਤਰੀਕੋ, ਤਾਰੀਖ ਤਵਾਰੀਖ ਆਪਣੀ ਨਾਲ ਮਿਲਾਈਆ । ਤੇਰੇ ਹੁਕਮ ਦੀ ਨਾਮ ਦੀ ਕਲਮੇ ਦੀ ਸੁਣਨੀ ਇਕ ਤਮਹੀਦੋ, ਬਿਨਾ ਤਹਿਰੀਰ ਤਕਰੀਰ ਬੇਨਜ਼ੀਰ ਆਪਣਾ ਹੁਕਮ ਦੇਣਾ ਸੁਣਾਈਆ । ਪੈਗ਼ੰਬਰ ਤੇਰੇ ਸਭ ਅਜ਼ੀਜ਼ੋ, ਆਲੀਸ਼ਾਨ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਪਰਮ ਪੁਰਖ ਪਰਮਾਤਮ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਮੁਹੰਮਦ ਕਹੇ ਮੇਰੀ ਜੋਤੀ ਧਾਰ ਤਮੰਨਾ, ਤ੍ਰਿਸ਼ਨਾ ਤਾਮਸ ਨਾ ਕੋਇ ਜਣਾਈਆ । ਮੇਰਾ ਪਰਵਰਦਿਗਾਰ ਆਵੇ ਭੰਨਾ, ਦੂਰ ਦੁਰਾਡਾ ਪੰਧ ਮੁਕਾਈਆ । ਮੇਰਾ ਨਿਸ਼ਾਨ ਨਾਲ ਲਿਆਵੇ ਤਾਰਾ ਚੰਨਾ, ਚੰਦ ਸਿਤਾਰ ਜਿਸ ਦੀ ਨਿਉਂ

ਨਿਉਂ ਲਾਗਣ ਪਾਈਆ । ਨਾਲ ਇਕ ਸਾਢੇ ਤਿੰਨ ਇੰਚ ਸੁਨਿਹਰੀ ਗੋਬਿੰਦ ਵਾਲਾ ਬਣਾਇਆ ਹੋਵੇ ਕੰਨਾ, ਜਿਸ ਦੀ ਪੌਣਾ ਇੰਚ ਚੌੜਾਈਆ । ਫੇਰ ਓਸ ਸਾਹਿਬ ਨੂੰ ਮੰਨਾਂ, ਜੋ ਮਾਨਵ ਮਾਨਸ ਮਾਨੁਖ ਸਾਰੇ ਰਿਹਾ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦੀ ਧਾਰ ਆਪ ਪਰਗਟਾਈਆ । ਕੰਨਾ ਕਹੇ ਮੈਂ ਗੋਬਿੰਦ ਦਾ ਨਿਸ਼ਾਨ, ਚੌਦਾਂ ਸੌ ਤੀਹ ਅੰਕ ਦੇਣ ਗਵਾਹੀਆ । ਮੇਰਾ ਸਭ ਤੋਂ ਪਰੇ ਗਿਆਨ, ਅਲਿਫ਼ ਯੇ ਸਮਝ ਕੋਇ ਨਾ ਪਾਈਆ । ਜਿੰਨਾ ਚਿਰ ਅਵਤਾਰ ਪੈਗ਼ੰਬਰ ਗੁਰੂ ਮੈਨੂੰ ਸਾਰੇ ਨਾ ਕਰਨ ਪਰਵਾਨ, ਪੁਰਖ ਅਕਾਲ ਅੱਗੇ ਸੀਸ ਨਿਵਾਈਆ । ਖ਼ਾਲੀ ਝੋਲੀ ਡਾਹ ਕੇ ਮੰਗਣ ਦਾਨ, ਪਰਵਰਦਿਗਾਰ ਸਾਡੀ ਝੋਲੀ ਦੇ ਭਰਾਈਆ । ਅਸੀਂ ਸ਼ਰਅ ਦਾ ਝਗੜਾ ਮੇਟਿਆ ਤਮਾਮ, ਕਲਮਾ ਨਾਮ ਨਾ ਕਰੇ ਕੋਇ ਲੜਾਈਆ । ਤੇਰੇ ਬਰਦੇ ਹੋਈਏ ਗ਼ੁਲਾਮ, ਗ਼ੁਰਬਤ ਅੰਦਰੋਂ ਬਾਹਰ ਕਢਾਈਆ । ਇਕੋ ਵਾਰ ਸਾਚੇ ਸੱਜਦੇ ਵਿਚ ਕਰੀਏ ਸਲਾਮ, ਅਸਲਾਮਾ ਅਲੈਕਮ ਕਹਿ ਕੇ ਸੀਸ ਨਿਵਾਈਆ । ਤੂੰ ਬਣਨਾ ਮਿਹਰਵਾਨ, ਮਹਿਬੂਬ ਆਪਣੀ ਦਇਆ ਕਮਾਈਆ । ਪੁਰਖ ਅਕਾਲਾ ਦੀਨ ਦਿਆਲਾ ਦੇਵੇ ਫੇਰ ਅਗੰਮ ਫ਼ਰਮਾਨ, ਫ਼ੁਰਨਿਆਂ ਤੋਂ ਬਾਹਰ ਜਣਾਈਆ । ਜਿੰਨਾਂ ਚਿਰ ਅਵਤਾਰ ਪੈਗ਼ੰਬਰੋ ਗੁਰੂਓ ਸਾਰੇ ਇਕੱਠੇ ਨਾ ਗਾਓ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਓਨਾ ਚਿਰ ਪੈਗ਼ੰਬਰੋ ਗੋਬਿੰਦ ਵਾਲਾ ਕੰਨਾ ਹੱਥ ਕਿਸੇ ਨਾ ਆਈਆ । ਝਟ ਮੁਹੰਮਦ ਕਹੇ ਮੈਨੂੰ ਪਰਵਾਨ, ਪਰਮ ਪੁਰਖ ਤੇਰੀ ਸਰਨਾਈਆ । ਤੂੰ ਸਾਡਾ ਇਕ ਅਮਾਮ, ਅਮਾਮ ਅਮਾਮਾ ਨੂਰ ਇਲਾਹੀਆ । ਅਸੀਂ ਖ਼ਾਦਮ ਤੇਰੇ ਤਮਾਮ, ਤਮੰਨਾ ਅਵਰ ਨਾ ਕੋਇ ਜਣਾਈਆ । ਸਾਡਾ ਤੇਰੇ ਕਦਮਾਂ ਉਤੇ ਈਮਾਨ, ਅਮਲਾਂ ਤੋਂ ਰਹਿਤ ਤੇਰੀ ਸਰਨਾਈਆ । ਕਿਰਪਾ ਕਰ ਕਰ ਮਿਹਰਵਾਨ, ਕਰ ਖ਼ਾਲੀ ਤੇਰੇ ਅੱਗੇ ਡਾਹੀਆ । ਝਟ ਸ਼ਬਦ ਗੁਰੂ ਸਤਿਗੁਰੂ ਦਿਤਾ ਫ਼ਰਮਾਨ, ਫ਼ੁਰਨਿਆਂ ਬਾਹਰ ਸੁਣਾਈਆ । ਮੁਹੰਮਦਾ ਜਿਸ ਵੇਲੇ ਗੋਬਿੰਦ ਦਾ ਕੰਨਾ ਆਉਣਾ ਤੇਰੇ ਮੁਕਾਮ, ਮੁਕਾਮੇ ਹੱਕ ਖੋਜ ਖੁਜਾਈਆ । ਫੇਰ ਧਰਨੀ ਉਤੇ ਯੁੱਧ ਹੋਣਾ ਘਮਸਾਣ, ਘੁੰਮਣ ਘੇਰੀ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਕਰੇ ਵਾਲੀ ਦੋ ਜਹਾਨ, ਦੋਹਰੀ ਆਪਣੀ ਕਾਰ ਭੁਗਤਾਈਆ ।



### ✪ ੩ ਫੱਗਣ ਸ਼ਹਿਨਸ਼ਾਹੀ ਸੰਮਤ ੭ ਹੀਰਾ ਸਿੰਘ ਦੇ ਗ੍ਰਿਹ ਅੰਮ੍ਰਿਤਸਰ ਸ਼ਹਿਰ ✪

ਸਤਿਗੁਰ ਕਿਰਪਾ ਫ਼ੁਰਨਾ ਹੋਵੇ ਬੰਦ, ਬੰਦਗੀ ਧੁਰ ਦੇ ਨਾਮ ਵਿਚ ਸਮਾਈਆ । ਰਸਨਾ ਜਿਹਵਾ ਬੋਲ ਸਕੇ ਨਾ ਬੱਤੀ ਦੰਦ, ਪਰਾ ਪਸੰਤੀ ਮਧਮ ਬੈਖਰੀ ਇਕੋ ਰੂਪ ਦਰਸਾਈਆ । ਘਰ ਪ੍ਰਕਾਸ਼ ਕਰੇ ਨੂਰ ਨੁਰਾਨਾ ਚੰਦ, ਜੋਤੀ ਜਾਤਾ ਪੁਰਖ ਬਿਧਾਤਾ ਡਗਮਗਾਈਆ । ਧੁਨ ਆਤਮਕ ਸੁਣਾਏ ਅਗੰਮੀ ਛੰਦ, ਜਿਸ ਦੀ ਸਾਰ ਸ਼ਬਦ ਆਪਣੀ ਖੇਲ ਖਿਲਾਈਆ । ਨਿਜ ਘਰ ਨਿਜ ਗ੍ਰਿਹ ਆਤਮ ਪਰਮਾਤਮ ਆਵੇ ਅਨੰਦ, ਰਸ ਅਨਰਸ ਆਪ ਚਖਾਈਆ । ਜਿਨ੍ਹਾਂ ਬਖ਼ਸ਼ੇ ਪ੍ਰਭੂ ਪਰਮਾਨੰਦ, ਪਰਮ ਪੁਰਖ ਦੇਵੇ ਮਾਣ ਵਡਿਆਈਆ । ਸੋ ਜਗਤ ਜਹਾਨ ਮੰਜ਼ਲ ਜਾਣ ਲੰਘ, ਤ੍ਰੈਗੁਣ ਮਾਇਆ ਅਗਨੀ ਤਤ ਨਾ ਕੋਇ ਤਪਾਈਆ । ਦਰਗਹ ਸਾਚੀ ਸਚਖੰਡ ਦਵਾਰੇ ਮਿਲੇ ਸਾਹਿਬ ਸੂਰਾ ਸਰਬੰਗ, ਪਤਿਪਰਮੇਸ਼ਵਰ ਨੂਰ ਇਲਾਹੀਆ । ਆਵਣ

ਜਾਵਣ ਲੱਖ ਚੁਰਾਸੀ ਜਮ ਕੀ ਫਾਸੀ ਤੁੱਟੇ ਫੰਦ, ਰਾਏ ਧਰਮ ਚਿਤ੍ਰਗੁਪਤ ਲੇਖਾ ਰਹੇ ਨਾ ਰਾਈਆ । ਜਗਤ ਜਹਾਨ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਫੁਰਨੇ ਦਾ ਮਿਟੇ ਪੰਧ, ਜਿਸ ਨੂੰ ਫੁਰੇ ਮੰਤਰ ਪ੍ਰਭ ਆਪਣਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਫੁਰਨੇ ਅੰਦਰ ਜਗਤ ਜੀਵ ਜਹਾਨ, ਜੀਵ ਜੰਤ ਸਾਧ ਸੰਤ ਭੱਜਣ ਵਾਹੋ ਦਾਹੀਆ । ਫੁਰਨੇ ਅੰਦਰ ਅਵਤਾਰ ਪੈਗ਼ੰਬਰ ਗੁਰੂ ਮਿਲਿਆ ਅਗੰਮੀ ਦਾਨ, ਨਾਮ ਭੰਡਾਰਾ ਕਲਮਾ ਹਰਿ ਵਰਤਾਈਆ । ਫੁਰਨੇ ਅੰਦਰ ਸ਼ਬਦੀ ਨਾਦ ਧੁਨਕਾਨ, ਅਨਹਦ ਨਾਦੀ ਨਾਦ ਵਜਾਈਆ । ਫੁਰਨੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਖੇਲਣ ਖੇਲ ਮਹਾਨ, ਸੰਸਾਰੀ ਭੰਡਾਰੀ ਸੰਘਾਰੀ ਆਪਣੀ ਕਾਰ ਕਮਾਈਆ । ਫੁਰਨੇ ਅੰਦਰ ਆਦਿ ਜੁਗਾਦਿ ਜੁਗ ਚੌਕੜੀ ਪ੍ਰਭ ਪਰਗਟ ਹੋਵੇ ਵਿਚ ਜਹਾਨ, ਜੋਤੀ ਜਾਤਾ ਪੁਰਖ ਬਿਧਾਤਾ ਆਪਣੀ ਖੇਲ ਖਿਲਾਈਆ । ਧੁਰ ਦਾ ਫੁਰਨਾ ਕੋਈ ਗਾ ਨਾ ਸਕੇ ਪੰਜ ਤਤ ਇਨਸਾਨ, ਅਕਲ ਬੁੱਧੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਫੁਰਨਾ ਬੰਦ ਹੋਵੇ ਨਾ ਜਗ, ਜਗਜੀਵਣ ਦਾਤਾ ਵੇਖ ਵਖਾਈਆ । ਕਲਜੁਗ ਅੰਤਮ ਚਾਰੋਂ ਕੁੰਟ ਲੱਗੀ ਅੱਗ, ਨੌਂ ਖੰਡ ਸੱਤ ਦੀਪ ਰਹੇ ਕੁਰਲਾਈਆ । ਸਾਚੀ ਮੰਜ਼ਲ ਜਗਤ ਦਵਾਰ ਕੋਈ ਸਕੇ ਨਾ ਲੰਘ, ਬਜਰ ਕਪਾਟ ਪੜਦਾ ਨਾ ਕੋਇ ਖੁਲ੍ਹਾਈਆ । ਸੁਖਮਨ ਈੜਾ ਪਿੰਗਲ ਸੁਣੇ ਕੋਇ ਨਾ ਛੰਦ, ਬਿਨ ਸਰਵਣ ਰਾਗ ਅਨਾਦ ਅਖਵਾਈਆ । ਅੰਮ੍ਰਿਤ ਝਿਰਨਾ ਦੇਵੇ ਨਾ ਕਿਸੇ ਅਨੰਦ, ਬੂੰਦ ਸਵਾਂਤੀ ਕਵਲ ਨਾਭੀ ਨਾ ਕੋਇ ਟਿਕਾਈਆ । ਨਿਰਗੁਣ ਜੋਤ ਚੜ੍ਹੇ ਨਾ ਚੰਦ, ਅੰਧ ਅੰਧੇਰ ਨਾ ਕੋਇ ਗਵਾਈਆ । ਫਿਰੀ ਦਰੋਹੀ ਵਿਚ ਵਰਭੰਡ, ਬ੍ਰਹਿਮੰਡ ਰਹੇ ਕੁਰਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਨਾਰ ਦੁਹਾਗਣ ਹੋਏ ਰੰਡ, ਹਰਿ ਕੰਤ ਕੰਤੂਹਲ ਨਾ ਕੋਇ ਹੰਢਾਈਆ । ਆਤਮ ਧਾਰ ਪਰਮਾਤਮ ਲਾਏ ਕੋਇ ਨਾ ਅੰਗ, ਸੁਰਤ ਸ਼ਬਦ ਨਾ ਕੋਇ ਮਿਲਾਈਆ । ਤੂੰ ਮੇਰਾ ਮੈਂ ਤੇਰਾ ਗਾਏ ਕੋਇ ਨਾ ਛੰਦ, ਭਾਂਡਾ ਭਰਮ ਨਾ ਕੋਇ ਭੰਨਾਈਆ । ਬਿਨ ਸਤਿਗੁਰ ਕਿਰਪਾ ਫੁਰਨਾ ਹੋਏ ਕਿਸੇ ਨਾ ਬੰਦ, ਫੁਰਨੇ ਵਿਚ ਜੀਵ ਜੰਤ ਚਾਰੇ ਖਾਣੀ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਫੁਰਨੇ ਅੰਦਰ ਖੇਲ ਸ੍ਰੀ ਭਗਵੰਤ, ਹਰਿ ਕਰਤਾ ਆਪ ਕਰਾਈਆ । ਫੁਰਨੇ ਅੰਦਰ ਸਾਧ ਸੰਤ, ਸੂਫ਼ੀ ਫ਼ਕੀਰ ਲਏ ਬਣਾਈਆ । ਫੁਰਨੇ ਅੰਦਰ ਦੇ ਕੇ ਧੁਰ ਦਾ ਮੰਤ, ਅੰਤਰ ਨਿਰੰਤਰ ਕਰੇ ਪੜ੍ਹਾਈਆ । ਫੁਰਨੇ ਅੰਦਰ ਮਾਲਕ ਹੋ ਕੇ ਸਾਚਾ ਕੰਤ, ਕੰਤੂਹਲ ਇਕ ਅਖਵਾਈਆ । ਫੁਰਨੇ ਅੰਦਰ ਖੇਲ ਖੇਲੇ ਖ਼ੁਸ਼ੀਆਂ ਵਾਲੀ ਰੁਤ ਬਸੰਤ, ਖਿਜਾਂ ਪਤਝੜ ਆਪ ਕਰਾਈਆ । ਫੁਰਨੇ ਅੰਦਰ ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਬਿਨ ਫੁਰਨੇ ਕੋਈ ਨਾ ਦਿਸੇ ਜੀਵ ਜੰਤ, ਗੁਰ ਅਵਤਾਰ ਪੈਗ਼ੰਬਰ ਫੁਰਨੇ ਅੰਦਰ ਦੀਨ ਮਜ਼੍ਹਬ ਨਾਮ ਕਲਮੇ ਵੰਡਾਂ ਗਏ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਫੁਰਨੇ ਅੰਦਰ ਚੌਕੜੀ ਜੁਗ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜਣ ਵਾਹੋ ਦਾਹੀਆ । ਫੁਰਨੇ ਅੰਦਰ ਅਵਤਾਰ ਪੈਗ਼ੰਬਰ ਗੁਰੂਆਂ ਕੀਤਾ ਯੁਧ, ਖੰਡਾ ਖੜਗ ਤੀਰ ਕਮਾਨ ਤਰਕਸ਼ ਹੱਥ ਉਠਾਈਆ । ਫੁਰਨੇ ਅੰਦਰ ਜਨ ਭਗਤਾਂ ਬਿਬੇਕ ਕੀਤੀ ਬੁੱਧ, ਕੂੜ ਕਿਰਿਆ ਮਨ ਕਲਪਣਾ ਕਰ ਸਫ਼ਾਈਆ । ਫੁਰਨੇ ਅੰਦਰ ਮਨ ਵਾਸਨਾ ਹੋਏ ਸ਼ੁਧ, ਮਨ ਕਾ ਮਣਕਾ ਦਏ

ਭਵਾਈਆ । ਫੁਰਨੇ ਅੰਦਰ ਪ੍ਰਭੂ ਦਾ ਭੇਵ ਖੁਲ੍ਹੇ ਗੁੱਝ, ਪਾਰਬ੍ਰਹਮ ਬ੍ਰਹਮ ਪੜਦਾ ਦਏ ਉਠਾਈਆ । ਫੁਰਨੇ ਅੰਦਰ ਸਭ ਦੀ ਔਧ ਜਾਏ ਪੁੱਗ, ਅੰਤ ਪੈਂਡਾ ਰਹੇ ਨਾ ਰਾਈਆ । ਫੁਰਨੇ ਅੰਦਰ ਓਅੰ ਤਤ ਸਤਿ ਜੈ ਸੀਤਾ ਰਾਮ ਰਾਧੇ ਕ੍ਰਿਸ਼ਨ ਦੀ ਜਣਾਈ ਤੁਕ, ਅੱਲਾ ਵਾਹਿਗੁਰੂ ਨਾਮ ਸਤਿ ਫੁਰਨੇ ਵਿਚ ਦ੍ਰਿੜਾਈਆ । ਫੁਰਨੇ ਅੰਦਰ ਖੇਲ ਅਬਿਨਾਸ਼ੀ ਅਚੁਤ, ਬੇਅੰਤ ਬੇਪਰਵਾਹ ਖੇਲ ਖੇਲੇ ਥਾਉਂ ਥਾਈਆ । ਨਵ ਨੌਂ ਚਾਰ ਫੁਰਨਾ ਕਦੇ ਨਾ ਜਾਏ ਮੁਕ, ਮੁਕਤੀ ਵਾਲੇ ਫੁਰਨੇ ਵਿਚ ਫਿਰ ਪ੍ਰਭ ਜੋਤ ਦਰਸ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਫੁਰਨਾ ਪੁਰਖ ਅਕਾਲ ਅਗੰਮ, ਚਾਰ ਜੁਗ ਦੇ ਸ਼ਾਸਤਰ ਕਹਿਣ ਨਾ ਪਾਈਆ । ਫੁਰਨਾ ਪਰਮ ਪੁਰਖ ਦਾ ਸਚ ਧਰਮ, ਜਿਸ ਵਿਚ ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਫੁਰਨਾ ਪਰਮ ਪੁਰਖ ਦਾ ਨਿਹਕਰਮੀ ਵਾਲਾ ਕਰਮ, ਕਰਮ ਕਾਂਡ ਦਾ ਲੇਖਾ ਰਹੇ ਨਾ ਰਾਈਆ । ਫੁਰਨੇ ਅੰਦਰ ਅਵਤਾਰ ਪੈਗ਼ੰਬਰ ਗੁਰੂ ਪੰਜ ਤਤ ਲੈਂਦੇ ਜਰਮ, ਜਨਮ ਜਨਮ ਵਿਚੋਂ ਬਦਲਾਈਆ । ਫੁਰਨੇ ਅੰਦਰ ਬਣ ਗਏ ਵਰਨ ਬਰਨ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਵੰਡਾਈਆ । ਫੁਰਨੇ ਅੰਦਰ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜ਼ੀਲ ਕੁਰਾਨ ਬਾਈਬਲ ਤੁਰੈਤ ਖਾਣੀ ਬਾਣੀ ਰਹਿ ਗਏ ਪੜ੍ਹਨ, ਅੱਖਰਾਂ ਵਾਲੀ ਸਿਫ਼ਤ ਪੜ੍ਹਾਈਆ । ਫੁਰਨੇ ਅੰਦਰ ਜਗਤ ਜਗਿਆਸੂ ਜਗਤ ਧਾਰ ਮੰਜ਼ਲ ਚੜ੍ਹਨ, ਦਿਵਸ ਰੈਣ ਭੱਜਣ ਵਾਹੋ ਦਾਹੀਆ । ਫੁਰਨੇ ਅੰਦਰ ਭਗਤ ਜਨਾਂ ਆਉਣਾ ਪ੍ਰਭ ਦੀ ਸਰਨ, ਭਗਵਨ ਭੱਜੇ ਵਾਹੋ ਦਾਹੀਆ ।
੧੭੬੮ ਫੁਰਨੇ ਅੰਦਰ ਸਤਿਗੁਰ ਮੇਟੇ ਮਰਨ ਜਨਮ, ਜਨਮ ਮਰਨ ਦਾ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ੧੭੬੮
੨੨ ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਫੁਰਨਾ ਕਹੇ ਮੈਂ ਬੜਾ ਚਲਾਕ, ਮੇਰੀ ਚਾਰ ਜੁਗ ਵਡਿਆਈਆ । ਜਿਸ ਸਤਿਜੁਗ ਤ੍ਰੇਤਾ ਦੁਆਪਰ ਕੀਤਾ ਖ਼ਾਕ, ਕਲਜੁਗ ਅੰਤਮ ਵੇਖ ਵਖਾਈਆ । ਕਿਸੇ ਦਾ ਰੂਹ ਬੁਤ ਰਹਿਣ ਨਾ ਦੇਵਾਂ ਪਾਕ, ਪੁਨੀਤਾਂ ਪਤਿਤ ਬਣਾਈਆ । ੨੨
ਖੁਲ੍ਹਣ ਨਾ ਦੇਵਾਂ ਅੰਦਰੋਂ ਤਾਕ, ਪੜਦਾ ਸਕੇ ਨਾ ਕੋਇ ਉਠਾਈਆ । ਕੂੜ ਚਲਾਵਾਂ ਹਾਟ, ਵਸਤ ਝੂਠ ਵਰਤਾਈਆ । ਦੀਪਕ ਜੋਤ ਜਗੇ ਨਾ ਕੋਇ ਲਲਾਟ, ਮਸਤਕ ਨੂਰ ਨਾ ਕੋਇ ਰੁਸ਼ਨਾਈਆ । ਫੁਰਨਾ ਕਹੇ ਮੈਂ ਸਭ ਦੀ ਜੜ੍ਹ ਦੇਵਾਂ ਕਾਟ, ਜਗਤ ਜਹਾਨ ਬਚਿਆ ਰਹਿਣ ਕੋਇ ਨਾ ਪਾਈਆ । ਫੁਰਨਾ ਕਹੇ ਮੇਰੀ ਅੰਤ ਸਮਝੇ ਕੋਇ ਨਾ ਵਾਟ, ਵਟਣਾ ਮਲਣ ਵਾਲਿਆਂ ਸਾਰ ਕੋਇ ਨਾ ਆਈਆ । ਫੁਰਨੇ ਅੰਦਰ ਖੇਲ ਤਮਾਸ਼, ਹਰਿ ਦੋ ਜਹਾਨਾਂ ਆਪ ਕਰਾਈਆ । ਫੁਰਨੇ ਅੰਦਰ ਸੀਤਾ ਰਾਮ ਲਿਆ ਬਨਬਾਸ, ਫੁਰਨੇ ਅੰਦਰ ਰਾਵਣ ਦਹਿਸਰ ਘਾਈਆ । ਫੁਰਨੇ ਅੰਦਰ ਕਾਹਨ ਘਨਈਆ ਨਾਥ ਤ੍ਰੈਲੋਕੀ ਪਾਵੇ ਰਾਸ, ਮੁਕੰਦ ਮਨੋਹਰ ਲੱਖਮੀ ਨਰਾਇਣ ਆਪਣੀ ਕਾਰ ਭੁਗਤਾਈਆ । ਫੁਰਨੇ ਅੰਦਰ ਕੌਰਵ ਪਾਂਡੋ ਕੀਤਾ ਘਾਤ, ਘਾਉ ਹੁਕਮ ਵਾਲਾ ਲਗਾਈਆ । ਫੁਰਨੇ ਅੰਦਰ ਪੈਗ਼ੰਬਰਾਂ ਦੇ ਕੇ ਦਾਤ, ਕਲਮਾ ਕਾਇਨਾਤ ਦਿਤਾ ਸੁਣਾਈਆ । ਫੁਰਨੇ ਅੰਦਰ ਨਾਨਕ ਗੋਬਿੰਦ ਗਾਈ ਗਾਥ, ਧੁਰ ਸੰਦੇਸ਼ਾ ਅਗੰਮ ਅਥਾਹੀਆ । ਸਤਿਗੁਰ ਫੁਰਨਾ ਜੋ ਸਭ ਦੀ ਪੁੱਛੇ ਵਾਤ, ਘਟ ਘਟ ਅੰਤਰ ਵੇਖ ਵਖਾਈਆ । ਜਿਸ ਫੁਰਨੇ ਅੰਦਰ ਕਲਜੁਗ ਅੰਤ ਕੀਤਾ ਨਾਸ, ਮਾਨਵ ਮਾਨਸ ਮਾਨੁਖ ਫੁਰਨਾ ਬੰਦ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਤਿਸ ਹੋਏ ਆਪ ਸਹਾਈਆ । ਸਾਚਾ ਫੁਰਨਾ ਸਤਿਗੁਰ ਹੱਥ, ਜੁਗ ਚੌਕੜੀ ਦੇਵੇ ਵਡਿਆਈਆ ।

ਜਿਨ੍ਹਾਂ ਬਖ਼ਸ਼ੇ ਨਾਮ ਅਮੋਲਕ ਵੱਥ, ਵਾਸਤਕ ਆਪ ਵਰਤਾਈਆ । ਸਗਲ ਵਸੂਰੇ ਜਾਣ ਲੱਥ, ਦੁਰਮਤ ਮੈਲ ਧਵਾਈਆ । ਜਨਮ ਕਰਮ ਦੀ ਮੈਲ ਦੇਵੇ ਕਟ, ਪਾਪਾਂ ਕਰੇ ਸਫ਼ਾਈਆ । ਲੇਖੇ ਲਾਵੇ ਨਾੜ ਬਹੱਤਰ ਰਤ, ਰਤਨ ਅਮੋਲਕ ਹੀਰੇ ਲਏ ਬਣਾਈਆ । ਆਤਮ ਬ੍ਰਹਮ ਬਖ਼ਸ਼ ਕੇ ਸਤਿ, ਸਤਿ ਸਤਿਵਾਦੀ ਵੇਖ ਵਖਾਈਆ । ਨਾਮ ਦੱਸ ਜੈਕਾਰਾ ਅਲੱਖ, ਅਲਖ ਅਗੋਚਰ ਦਏ ਦ੍ਰਿੜਾਈਆ । ਜਨ ਭਗਤ ਸੁਹੇਲੇ ਰੱਖੇ ਦੇ ਕਰ ਹੱਥ, ਸਿਰ ਸਿਰ ਆਪਣਾ ਹੱਥ ਟਿਕਾਈਆ । ਕੂੜ ਕੁੜਿਆਰਾ ਫੁਰਨਾ ਗੁਰਮੁਖਾਂ ਕੋਲੋਂ ਜਾਏ ਨੱਸ, ਸਤਿਗੁਰ ਸ਼ਬਦ ਖੰਡਾ ਖੜਗ ਇਕ ਵਖਾਈਆ । ਜੋ ਜਨ ਸਚ ਦਵਾਰੇ ਪੁਰਖ ਅਕਾਲ ਸਰਨਾਈ ਜਾਏ ਢੱਠ, ਪਰਮ ਪੁਰਖ ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਜਨ ਭਗਤਾਂ ਦੇਵੇ ਦਰਸ ਹੋ ਪਰਗਟ, ਸਾਖਿਆਤ ਨੂਰ ਨੁਰਾਨਾ ਨਜ਼ਰੀ ਆਈਆ ।

### ✪ ੫ ਫੱਗਣ ਸ਼ਹਿਨਸ਼ਾਹੀ ਸੰਮਤ ੭ ਤਾਰਾ ਸਿੰਘ ਦੇ ਗ੍ਰਿਹਿ ਪੱਚੀ ਬੀ੦ ਬੀ੦ ਜ਼ਿਲਾ ਗੰਗਾ ਨਗਰ ✪

ਫਲਗੁਣ ਕਹੇ ਮੇਰਾ ਪਰਵਿਸ਼ਟਾ ਸੁਹਾਵਾ ਪੰਜ, ਪੰਚਮ ਪੰਚ ਤਤ ਦਿਆਂ ਵਡਿਆਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਵੇਖੋ ਰੰਜ, ਰੰਜਸ਼ ਵਿਚ ਕੂੜ ਲੋਕਾਈਆ । ਕਿਸੇ ਸਹਾਰਾ ਮਿਲੇ ਨਾ ਨਾਮ ਨਿਧਾਨਾ ਵੰਝ, ਵਹਿੰਦੇ ਵਹਿਣ ਪਾਰ ਨਾ ਕੋਇ ਕਰਾਈਆ । ਕਲਜੁਗ ਕੂੜੀ ਕਿਰਿਆ ਹਰ ਘਟ ਅੰਦਰ ਗਈ ਲੰਘ, ਨੌਂ ਦਵਾਰੇ ਆਪਣਾ ਆਸਣ ਲਾਈਆ । ਸਤਿ ਸਚ ਕੀਤਾ ਖੰਡ ਖੰਡ, ਧਰਮ ਦੀ ਧਾਰ ਦਿਤੀ ਗਵਾਈਆ । ਸੁਰਤ ਦੁਹਾਗਣ ਹੋਈ ਰੰਡ, ਸ਼ਬਦੀ ਕੰਤ ਮੇਲ ਨਾ ਕੋਇ ਮਿਲਾਈਆ । ਵਡਿਆਈ ਰਹਿਣ ਦਿਤੀ ਨਹੀਂ ਬੱਤੀ ਦੰਦ, ਰਸਨਾ ਜਿਹਵਾ ਜਗਤ ਹਲਕਾਈਆ । ਨਿਸ਼ਾਨਾ ਮਿਟਦਾ ਜਾਂਦਾ ਤਾਰਾ ਚੰਦ, ਸਦੀ ਚੌਧਵੀਂ ਰੋਵੇ ਮਾਰੇ ਧਾਹੀਆ । ਖ਼ੁਸ਼ੀ ਦਿਸੇ ਕਿਸੇ ਨਾ ਬੰਦ ਬੰਦ, ਬੰਦਗੀ ਦੀਨ ਦੁਨੀ ਗਈ ਭੁਲਾਈਆ । ਭਰਮਾਂ ਢਾਏ ਕੋਈ ਨਾ ਕੰਧ, ਕਿਰਿਆ ਕੂੜ ਨਾ ਕੋਇ ਮਿਟਾਈਆ । ਝਗੜਾ ਪਿਆ ਜੇਰਜ ਅੰਡ, ਉਤਭੁਜ ਸੇਤਜ ਰਹੀ ਕੁਰਲਾਈਆ । ਤੂੰ ਮੇਰਾ ਮੈਂ ਤੇਰਾ ਗਾਏ ਕੋਈ ਨਾ ਛੰਦ, ਆਤਮ ਪਰਮਾਤਮ ਵਿਚ ਨਾ ਕੋਇ ਸਮਾਈਆ । ਤਨ ਵਜੂਦ ਸਾਂਤਕ ਦਿਸੇ ਕਿਸੇ ਨਾ ਠੰਡ, ਅਗਨੀ ਅੱਗ ਨਾ ਕੋਇ ਬੁਝਾਈਆ । ਜਨਮ ਕਰਮ ਦੀ ਡੋਰੀ ਸਕੇ ਕੋਇ ਨਾ ਗੰਢ, ਤੰਦਵ ਤੰਦ ਨਾਮ ਬੰਧਾਈਆ । ਫਿਰੀ ਦਰੋਹੀ ਵਿਚ ਵਰਭੰਡ, ਬ੍ਰਹਿਮੰਡ ਵੇਖ ਵਖਾਈਆ । ਧੁਰ ਦਾ ਨਾਮ ਬਿਨ ਪੁਰਖ ਅਕਾਲ ਸਕੇ ਕੋਇ ਨਾ ਵੰਡ, ਏਕਾ ਵਸਤ ਝੋਲੀ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਪੰਜ ਫੱਗਣ ਕਹੇ ਮੈਂ ਤਕਾਂ ਖੇਲ ਸੱਚੀ ਸਰਕਾਰ, ਕੀ ਕਰਤਾ ਕਾਰ ਕਮਾਈਆ । ਸੋ ਪੁਰਖ ਨਿਰੰਜਣ ਹੋ ਉਜਿਆਰ, ਜੋਤੀ ਜਾਤਾ ਡਗਮਗਾਈਆ । ਹਰਿ ਪੁਰਖ ਨਿਰੰਜਣ ਪਾਵੇ ਸਾਰ, ਵੇਖਣਹਾਰਾ ਥਾਉਂ ਥਾਈਆ । ਏਕੰਕਾਰਾ ਖੇਲ ਨਿਰਾਕਾਰ, ਨਿਰਵੈਰ ਆਪਣੀ ਕਾਰ ਭੁਗਤਾਈਆ । ਆਦਿ ਨਿਰੰਜਨ ਵੇਖੇ ਵਿਗਸੇ ਵੇਖਣਹਾਰ, ਬਿਨ ਨੈਣਾਂ ਨੈਣ ਉਠਾਈਆ । ਅਬਿਨਾਸ਼ੀ ਕਰਤਾ ਯੋਧਾ ਸੂਰਬੀਰ ਬਲਕਾਰ, ਬਲਧਾਰੀ ਵਡ ਵਡਿਆਈਆ । ਸ੍ਰੀ ਭਗਵਾਨ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਲੇਖਾ

ਜਾਣੇ ਸਰਬ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵੇਖ ਵਖਾਈਆ । ਪਾਰਬ੍ਰਹਮ ਬ੍ਰਹਮ ਪਾਵਣਹਾਰਾ ਸਾਰ, ਲੱਖ ਚੁਰਾਸੀ ਅੰਤਰ ਨਿਰੰਤਰ ਫੋਲ ਫੁਲਾਈਆ । ਸਤਿਗੁਰ ਸ਼ਬਦ ਹੁਕਮ ਦੇਵੇ ਏਕਾ ਇਕੋ ਵਾਰ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਸਵਾਧਾਨ ਹੋ ਤੇਈ ਅਵਤਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਲ ਮਿਲਾਈਆ । ਪੈਗ਼ੰਬਰ ਨੂਰੀ ਜੋਤ ਕਰ ਉਜਿਆਰ, ਨੂਰ ਨੁਰਾਨਾ ਨੂਰ ਇਲਾਹੀਆ । ਗੁਰੂ ਗੁਰਦੇਵ ਖੇਲ ਅਗੰਮ ਅਪਾਰ, ਅਲਖ ਅਗੋਚਰ ਆਪ ਜਣਾਈਆ । ਸਦੀ ਚੌਧਵੀਂ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕਰੋ ਵਿਚਾਰ, ਨਵ ਸੱਤ ਧਿਆਨ ਲਗਾਈਆ । ਕਿਉਂ ਦੀਨ ਦੁਨੀ ਹੋਇਆ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਸ਼ਬਦੀ ਸ਼ਬਦ ਨਾ ਕੋਇ ਧੁਨਕਾਰ, ਅਨਹਦ ਨਾਦੀ ਨਾਦ ਨਾ ਕੋਇ ਵਜਾਈਆ । ਕਾਇਆ ਮੰਦਰ ਅੰਦਰ ਦੀਆ ਬਾਤੀ ਹੋਏ ਨਾ ਕੋਇ ਉਜਿਆਰ, ਨੂਰ ਨੁਰਾਨਾ ਨੂਰ ਨਜ਼ਰ ਕੋਇ ਨਾ ਆਈਆ । ਦੀਨਾਂ ਮਜ਼੍ਹਬਾਂ ਵੇਖ ਵੇਖਣਹਾਰ, ਚਾਰੋਂ ਕੁੰਟ ਧਿਆਨ ਲਗਾਈਆ । ਆਪਣਾ ਆਪਣਾ ਭਵਿਖਤ ਲਓ ਵਿਚਾਰ, ਪੇਸ਼ੀਨਗੋਈਆਂ ਨਾਲ ਮਿਲਾਈਆ । ਕਵਣ ਵੇਲਾ ਕਲ ਕਲਕੀ ਲਏ ਅਵਤਾਰ, ਜੋਤੀ ਜਾਤਾ ਪੁਰਖ ਬਿਧਾਤਾ ਡਗਮਗਾਈਆ । ਕਵਣ ਵਕਤ ਅਮਾਮ ਅਮਾਮਾ ਪਾਵੇ ਸਾਰ, ਪਰਵਰਦਿਗਾਰ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੰਚਮ ਕਹੇ ਮੇਰਾ ਇਕੋ ਇਕ ਸੱਯਦਾ, ਸਾਹਿਬ ਸੁਲਤਾਨ ਸੀਸ ਨਿਵਾਈਆ । ਜਿਸ ਦਾ ਜੁਗ ਚੌਕੜੀ ਤਤਵ ਤਤ ਸਭ ਬਰਦਾ, ਸਿਰ ਸਕੇ ਨਾ ਕੋਇ ਉਠਾਈਆ । ਉਹ ਲੇਖਾ ਜਾਣੇ ਦੋ ਜਹਾਨਾਂ ਆਪਣੇ ਘਰ ਦਾ, ਗ੍ਰਿਹਿ ਮੰਦਰ ਵੇਖ ਵਖਾਈਆ । ਨੂਰ ਧਰ ਨਰਾਇਣ ਨਰ ਦਾ, ਨਰ ਨਿਰੰਕਾਰ ਕਰੇ ਰੁਸ਼ਨਾਈਆ । ਜਿਹੜਾ ਅੱਖਰਾਂ ਵਾਲੀ ਵਿਦਿਆ ਕਦੇ ਨਾ ਪੜ੍ਹਦਾ, ਨਿਰਅੱਖਰ ਧਾਰ ਸਭ ਨੂੰ ਦਏ ਸਮਝਾਈਆ । ਨਾ ਜਨਮੇ ਨਾ ਮਰਦਾ, ਜਨਮ ਮਰਨ ਰੂਪ ਨਾ ਕੋਇ ਬਦਲਾਈਆ । ਉਹ ਲੇਖਾ ਜਾਣੇ ਕਲਜੁਗ ਕਲ ਦਾ, ਕਲ ਕਲਕੀ ਆਪਣਾ ਰੰਗ ਰੰਗਾਈਆ । ਨਿਰਭੈ ਹੋ ਕਦੇ ਨਾ ਡਰਦਾ, ਭੈ ਵਿਚ ਰੱਖੇ ਸਰਬ ਲੋਕਾਈਆ । ਗੜ੍ਹ ਤੋੜ ਹੰਕਾਰੀ ਕਿਲੇ ਗੜ੍ਹ ਦਾ, ਧਰਮ ਦੀ ਧਾਰ ਇਕ ਸਮਝਾਈਆ । ਲੇਖਾ ਮੁਕਾਵੇ ਚੋਟੀ ਜੜ੍ਹ ਦਾ, ਚੇਤਨ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਸਤਕ ਆਪ ਬਣਾਈਆ । ਪੰਜ ਫੱਗਣ ਕਹੇ ਮੇਰੀ ਇਕੋ ਇਕ ਡੰਡਾਵਤ, ਪਰਮ ਪੁਰਖ ਸੀਸ ਨਿਵਾਈਆ । ਜਿਸ ਨੇ ਕੂੜੀ ਕਿਰਿਆ ਮੇਟਣੀ ਅਦਾਵਤ, ਅਦਲ ਇਨਸਾਫ਼ ਹੱਕ ਕਮਾਈਆ । ਸ਼ਰਅ ਛੁਰੀ ਤਕਣੀ ਬਗ਼ਾਵਤ, ਨਵ ਸੱਤ ਧਿਆਨ ਲਗਾਈਆ । ਸਾਚੇ ਨਾਮ ਕਲਮੇ ਦੀ ਇਕੋ ਕਰਨੀ ਸਫ਼ਾਵਤ, ਮਿਹਰਵਾਨ ਮਹਿਬੂਬ ਆਪ ਵਰਤਾਈਆ । ਜਿਸ ਨੂੰ ਚੁਰਾਸੀ ਲੱਖ ਜਾਣੇ ਨਿਆਮਤ, ਦੋ ਜਹਾਨ ਰਸ ਖ਼ੁਸ਼ੀਆਂ ਨਾਲ ਚਖਾਈਆ । ਕਲਜੁਗ ਅੰਤ ਖੇਲ ਵੇਖੇ ਕੂੜ ਕਿਆਮਤ, ਕਤਲਗਾਹ ਦਾ ਡੇਰਾ ਢਾਹੀਆ । ਪਰਮ ਪੁਰਖ ਪਰਵਰਦਿਗਾਰ ਇਕੋ ਰਹੇ ਸਲਾਮਤ, ਸਾਂਝਾ ਯਾਰ ਅਗੰਮ ਅਥਾਹੀਆ । ਜਿਸ ਦਾ ਭੇਵ ਜਾਣੇ ਕੋਇ ਨਾ ਮਾਨਸ, ਮਾਨੁਖ ਮਾਨਵ ਸਮਝ ਕਿਸੇ ਨਾ ਆਈਆ । ਸਦੀ ਚੌਧਵੀਂ ਸਭ ਦੀ ਲਾਹੇ ਨਿੰਦਰਾ ਆਲਸ, ਦਲਿਦਰੀਆਂ ਦਲਿਦ੍ਰ ਗਵਾਈਆ । ਨੌ ਖੰਡ ਪ੍ਰਿਥਮੀ ਵਿਚੋਂ ਹਰਿਜਨ ਭਗਤ ਸੁਹੇਲੇ ਕਢੇ ਖ਼ਾਲਸ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਜਿਨ੍ਹਾਂ ਦੀ ਨਿਰਗੁਣ ਧਾਰ ਸਰਗੁਣ ਕਰੇ ਪ੍ਰਿਤਪਾਲਕ, ਪਾਰਬ੍ਰਹਮ ਪ੍ਰਭ ਸਿਰ ਆਪਣਾ ਹੱਥ ਟਿਕਾਈਆ । ਨੂਰ ਜਣਾਏ ਖ਼ਲਕ ਖ਼ਾਲਕ, ਮਖ਼ਲੂਕ ਪੜਦਾ ਆਪ ਉਠਾਈਆ ।

ਸੰਤ ਸੁਹੇਲੇ ਬਣਾ ਕੇ ਤਾਲਬ, ਸੰਦੇਸ਼ਾ ਦੇਵੇ ਅਗੰਮ ਅਥਾਹੀਆ । ਜਿਸ ਦਾ ਲਹਿਣਾ ਦੇਣਾ ਲੇਖਾ ਦਿਸੇ ਲਹਿੰਦੀ ਜਾਨਬ, ਦਿਸ਼ਾ ਮਗ਼ਰਬ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਪਰਦਾ ਆਪ ਚੁਕਾਈਆ । ਪੰਜ ਫੱਗਣ ਕਹੇ ਮੈਂ ਹੱਸ ਕੇ ਦੱਸਾਂ, ਦੋ ਜਹਾਨ ਸੁਣਾਈਆ । ਸਾਰੇ ਬਿਨ ਨੇਤਰ ਖੋਲ੍ਹੋ ਅੱਖਾਂ, ਲੋਚਣ ਅੰਦਰੇ ਅੰਦਰ ਖੁਲ੍ਹਾਈਆ । ਜਿਸ ਦਾ ਰੂਪ ਅਨੂਪ ਸਰੂਪ ਕੋਟਨ ਲੱਖਾਂ, ਗਣਤੀ ਗਣਤ ਨਾ ਕੋਇ ਗਿਣਾਈਆ । ਉਸ ਸਾਹਿਬ ਦੀ ਸਰਨ ਸਰਨਾਈ ਢੱਠਾਂ, ਜੋ ਕੋੜ੍ਹਿਆਂ ਕਮਲਿਆਂ ਹੋਏ ਸਹਾਈਆ । ਫੇਰ ਉੱਤਰ ਪੂਰਬ ਪੱਛਮ ਦੱਖਣ ਨੱਠਾਂ, ਭੱਜਾਂ ਵਾਹੋ ਦਾਹੀਆ । ਨੌਂ ਖੰਡ ਪ੍ਰਿਥਮੀ ਇਕੋ ਗਾਵਾਂ ਟੱਪਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਨਾਤਾ ਜੋੜਾਂ ਪੱਕਾ, ਪੱਕੀ ਗੰਢ ਨਾ ਕੋਇ ਖੁਲ੍ਹਾਈਆ । ਖ਼ੁਸ਼ੀਆਂ ਵਿਚ ਫਿਰਾਂ ਰੱਤਾ, ਰਤਨ ਅਮੋਲਕ ਹੀਰਾ ਰੂਪ ਬਦਲਾਈਆ । ਪ੍ਰਭੂ ਦਾ ਖੇਲ ਵੇਖਣਾ ਜਿਸ ਫੜ ਹਲਾਉਣਾ ਬੂਰਾ ਕੱਕਾ, ਕਾਅਬਿਆਂ ਪਰੇ ਕਰੇ ਰੁਸ਼ਨਾਈਆ । ਮੂਸਾ ਈਸਾ ਕਰੇ ਵੱਟਾ, ਸਦੀ ਬੀਸਵੀਂ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਫਲਗੁਣ ਕਹੇ ਮੇਰਾ ਮਾਲਕ ਇਕ ਜਗਦੀਸ, ਜਗਦੀਸ਼ਰ ਹਰਿ ਅਖਵਾਈਆ । ਜਿਸ ਦੇ ਛਤਰ ਝੁਲਣਾ ਸੀਸ, ਸਿਰ ਸਰ ਦੋਵੇਂ ਧੁਰ ਦੇ ਲੇਖੇ ਪਾਈਆ । ਲਹਿਣਾ ਦੇਣਾ ਪੂਰਾ ਕਰਨਾ ਬੀਸ ਇਕੀਸ, ਬੀਸ ਬੀਸਾ ਵਡ ਵਡਿਆਈਆ । ਤ੍ਰਿਸ਼ਨਾ ਪੂਰੀ ਹੋਣੀ ਮੂਸਾ ਈਸ, ਮੁਹੰਮਦ ਲੇਖਾ ਰਹੇ ਨਾ ਰਾਈਆ । ਕਰੇ ਖੇਲ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਵਡ ਵਡਿਆਈਆ । ਜਿਸ ਝਗੜਾ ਮੇਟਣਾ ਮੰਦਰ ਮਸੀਤ, ਕਾਇਆ ਕਾਅਬਾ ਹੱਕ ਜਣਾਈਆ । ਝਗੜਾ ਰਹਿਣ ਨਾ ਦੇਵੇ ਊਚ ਨੀਚ, ਦੀਨਾਂ ਮਜ਼੍ਹਬਾਂ ਲੇਖੇ ਲਾਈਆ । ਆਤਮ ਪਰਮਾਤਮ ਦੱਸੇ ਸਚ ਪ੍ਰੀਤ, ਬੁੱਧੀ ਤੋਂ ਪਰੇ ਬੋਧ ਦਏ ਕਰਾਈਆ । ਅਵਤਾਰ ਪੈਗ਼ੰਬਰ ਗੁਰੂਆਂ ਆਸਾ ਮਨਸਾ ਪੂਰੀ ਕਰੇ ਉਮੀਦ, ਜੋ ਆਮਦ ਵਿਚ ਗਏ ਜਣਾਈਆ । ਸਦੀ ਚੌਧਵੀਂ ਦੀਨ ਦੁਨੀ ਦਾ ਝਗੜਾ ਹੋਏ ਸ਼ਦੀਦ, ਸ਼ਿੱਦਤ ਸਕੇ ਨਾ ਕੋਇ ਮਿਟਾਈਆ । ਜਿਸ ਦੀ ਨਾਨਕ ਗੋਬਿੰਦ ਕਰੇ ਤਸਦੀਕ, ਤਾਕੀਦ ਸ਼ਬਦ ਗੁਰੂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਫੱਗਣ ਕਹੇ ਮੇਰਾ ਖੇਲ ਸੁਹੰਜਣਾ, ਪ੍ਰਭੂ ਦੇਵੇ ਮਾਣ ਵਡਿਆਈਆ । ਲੇਖਾ ਜਾਣੇ ਆਦਿ ਨਿਰੰਜਣਾ, ਨਰ ਨਰਾਇਣ ਬੇਪਰਵਾਹੀਆ । ਜੋ ਮਾਲਕ ਦੀਨ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਜਿਸ ਦੇ ਕੋਲੋਂ ਦੋ ਜਹਾਨਾਂ ਦਾਨ ਮੰਗਣਾ, ਨਿਵ ਨਿਵ ਲਾਗਣ ਪਾਈਆ । ਉਹ ਸਾਚੇ ਨਾਮ ਦੀ ਚਾੜ੍ਹੇ ਰੰਗਣਾ, ਰੰਗਤ ਇਕੋ ਇਕ ਵਖਾਈਆ । ਜਿਸ ਦੇ ਹੁਕਮ ਨਾਲ ਕਲਜੁਗ ਅੰਤਮ ਵੰਞਣਾ, ਵੰਞ ਮੁਹਾਣਾ ਨਾ ਕੋਇ ਅਟਕਾਈਆ । ਦੀਨ ਦੁਨੀ ਦੀ ਇਕੋ ਕਰਨੀ ਬੰਦਨਾ, ਬੰਧਨ ਸ਼ਰਅ ਵਾਲੇ ਕਟਾਈਆ । ਆਤਮ ਬ੍ਰਹਮ ਦਾ ਦੇਣਾ ਅਨੰਦਨਾ, ਨਿਜਾਨੰਦ ਆਪ ਜਣਾਈਆ । ਨਿਸ਼ਾਨ ਰਹੇ ਨਾ ਤਾਰਾ ਚੰਦਨਾ, ਚੰਦ ਸਿਤਾਰ ਨਾਤਾ ਮੁਹੰਮਦ ਨਾਲੋਂ ਤੁੜਾਈਆ । ਫਿਰੇ ਦਰੋਹੀ ਵਿਚ ਵਰਭੰਡਣਾ, ਚਾਰ ਕੁੰਟ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੂਰਾ ਸਰਬੰਗਣਾ, ਸੂਰਬੀਰ ਵਡ ਗੁਣੀ ਗਹੀਰ, ਗਹਿਰ ਗਵਰ ਇਕ ਅਖਵਾਈਆ ।


੧੭੭੧ ੨੨

## ✪ ੬ ਫੱਗਣ ਸ਼ਹਿਨਸ਼ਾਹੀ ਸੰਮਤ ੭ ਰਤਨ ਸਿੰਘ, ਸੁਖਨਿੰਦਰ ਸਿੰਘ, ਮਾਂਹ ਸਿੰਘ, ਤਾਰਾ ਸਿੰਘ, ਗੁਰਦਿਆਲ ਸਿੰਘ ਪੱਚੀ ਬੀ ਬੀ, ਜਗੀਰ ਸਿੰਘ ਰਤੇਵਾਲ, ਮਲਕੀਅਤ ਸਿੰਘ ਬਣ ਵਾਲੀ, ਸੰਤੋਖ ਸਿੰਘ ਵੀਹ ਜੈਡ, ਅਜਮੇਰ ਸਿੰਘ, ਲਾਭ ਸਿੰਘ ਸਜਾਵਾਲ ਪੁਰ, ਸੁਰਜੀਤ ਸਿੰਘ ਬਣਵਾਲੀ ਪ੍ਰਕਾਸ਼ ਸਿੰਘ ਪੱਚੀ ਬੀ ਬੀ ਜ਼ਿਲਾ ਗੰਗਾ ਨਗਰ ✪

ਪਗੜੀ ਕਹੇ ਮੈਂ ਗੁਰਸਿਖਾਂ ਸੀਸ ਚੜ੍ਹੀ, ਚੜ੍ਹਦਾ ਲਹਿੰਦਾ ਵੇਖ ਵਖਾਈਆ । ਜਿਨ੍ਹਾਂ ਨੇ ਆਤਮ ਪਰਮਾਤਮ ਤੁਕ ਪੜ੍ਹੀ, ਸੋਹੰ ਢੋਲਾ ਅਗੰਮ ਅਥਾਹੀਆ । ਉਨ੍ਹਾਂ ਦਾ ਲਹਿਣਾ ਦੇਣਾ ਚਮਕੌਰ ਗੜ੍ਹੀ, ਗੜ੍ਹ ਹੰਕਾਰ ਵਾਲਾ ਤੁੜਾਈਆ । ਕਾਇਆ ਤਤ ਕਲਜੁਗ ਅਗਨੀ ਮੂਲ ਨਾ ਸੜੀ, ਅੰਮ੍ਰਿਤ ਮੇਘ ਇਕ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਪਗੜੀ ਕਹੇ ਮੈਨੂੰ ਜਗਤ ਜਹਾਨ ਕਹਿੰਦਾ ਪੱਗ, ਅੱਖਰਾਂ ਵਿਚ ਸਿਫ਼ਤ ਸਾਲਾਹੀਆ । ਜਨ ਭਗਤਾਂ ਮੇਲ ਮਿਲਾਵਾ ਹੋਵੇ ਹੋਵੇ ਉਪਰ ਸ਼ਾਹ ਰਗ, ਨਵ ਨਵ ਦਾ ਡੇਰਾ ਢਾਹੀਆ । ਤ੍ਰੈਗੁਣ ਤਤਵ ਤਤ ਬੁਝੇ ਅੱਗ, ਸਾਂਤਕ ਸਤਿ ਸਤਿ ਕਰਾਈਆ । ਸ਼ਬਦ ਅਨਾਦੀ ਵੱਜੇ ਨਦ, ਅਨਹਦ ਰਾਗੀ ਰਾਗ ਸੁਣਾਈਆ । ਨਾਮ ਖ਼ੁਮਾਰੀ ਪਿਆਏ ਮਦਿ, ਮਧੁਰ ਧੁਨ ਇਕ ਸ਼ਨਵਾਈਆ । ਦੀਪਕ ਜੋਤੀ ਜਾਏ ਜਗ, ਅੰਧ ਅੰਧੇਰ ਕੂੜ ਮਿਟਾਈਆ । ਮਮਤਾ ਮੋਹ ਵਿਕਾਰ ਹੰਕਾਰ ਦੀ ਮਿਟੇ ਹੱਦ, ਹਦੂਦ ਇਕੋ ਇਕ ਦਰਸਾਈਆ । ਜਿਥੇ ਸਾਹਿਬ ਸਵਾਮੀ ਅੰਤਰਜਾਮੀ ਰਿਹਾ ਵਸ, ਜੋਤੀ ਜਾਤਾ ਪੁਰਖ ਬਿਧਾਤਾ ਡੇਰਾ
੧੭੭੨ ਲਾਈਆ । ਨਿਜ ਨੇਤਰ ਲੋਚਣ ਨੈਣ ਖੋਲ੍ਹ ਕੇ ਅੱਖ, ਪ੍ਰਤਖ ਆਪਣਾ ਦਰਸ ਦਏ ਵਖਾਈਆ । ਆਤਮ ਪਰਮਾਤਮ ਰਹਿਣ ਨਾ ਦੇਵੇ ਵੱਖ, ਪਾਰਬ੍ਰਹਮ ੧੭੭੨
ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਮਿਲੇ ਮੇਲ ਸਾਹਿਬ ਪ੍ਰਤਖ, ਅਕਲ ਕਲਧਾਰੀ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ
੨੨ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਪਗੜੀ ਕਹੇ ਮੈਂ ਸੋਹਵਾਂ ਜਨ ਭਗਤਾਂ ਸੀਸ, ਸੁਹੰਜਣੀ ੨੨
ਮਿਲੇ ਵਡਿਆਈਆ । ਕਿਰਪਾ ਕਰੇ ਜਗਤ ਜਗਦੀਸ਼, ਜਗਦੀਸ਼ਰ ਦਾਤਾ ਧੁਰਦਰਗਾਹੀਆ । ਜਿਸ ਦਾ ਇਕੋ ਨਾਮ ਕਲਮਾ ਹਦੀਸ, ਹਜ਼ਰਤਾਂ ਤੋਂ ਪਰੇ ਕਰੇ ਪੜ੍ਹਾਈਆ । ਲੱਖ ਚੁਰਾਸੀ ਅੰਤਰ ਨਿਰੰਤਰ ਪਰਖੇ ਨੀਤ, ਘਟ ਘਟ ਅੰਦਰ ਫੋਲ ਫੁਲਾਈਆ । ਤ੍ਰੈਗੁਣ ਤੋਂ ਹੋ ਅਤੀਤ, ਤ੍ਰੈਭਵਣ ਧਨੀ ਆਪਣੀ ਕਾਰ ਕਮਾਈਆ । ਜਨ ਭਗਤਾਂ ਕਾਇਆ ਕਰੇ ਠੰਡੀ ਸੀਤ, ਕਲਜੁਗ ਅਗਨੀ ਅੱਗ ਬੁਝਾਈਆ । ਸਾਚੀ ਬਖ਼ਸ਼ ਕੇ ਚਰਨ ਪ੍ਰੀਤ, ਪ੍ਰੀਤਮ ਮਿਲੇ ਚਾਈਂ ਚਾਈਂਆ । ਝਗੜਾ ਮੁਕਾਏ ਹਸਤ ਕੀਟ, ਊਚਾਂ ਨੀਚਾਂ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਪਗੜੀ ਕਹੇ ਮੇਰਾ ਵਕਤ ਹੋਇਆ ਸੁਹੰਜਣਾ, ਪ੍ਰਭ ਦਿਤੀ ਮਾਣ ਵਡਿਆਈਆ । ਠਾਕਰ ਮਿਲਿਆ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਸਰੂਪ ਤੱਕਿਆ ਅਕਾਲ ਮੂਰਤ ਮੋਹਣ ਮਾਧਵ ਮਦ ਮਦਨਾ, ਨੂਰ ਨੁਰਾਨਾ ਡਗਮਗਾਈਆ । ਜਿਸ ਲੇਖੇ ਲਾਇਆ ਆਅਲਾ ਅਦਨਾ, ਗ਼ਰੀਬ ਨਿਮਾਣਿਆਂ ਦੇਵੇ ਠੰਡੀ ਛਾਈਂਆ । ਝਗੜਾ ਮੇਟਣਾ ਕਾਇਆ ਬਦਨਾ, ਤਨ ਵਜੂਦ ਕਰੇ ਸਫ਼ਾਈਆ । ਸ੍ਰਿਸ਼ਟੀ ਅੰਦਰ ਇਕੋ ਦੱਸਣੀ ਬੰਦਨਾ, ਇਸ਼ਟ ਦੇਵ ਸਵਾਮੀ ਇਕੋ ਨਜ਼ਰੀ ਆਈਆ । ਜਿਸ ਨੂੰ ਕਹਿੰਦੇ ਹਾਰ ਘੜਨ ਭੰਨਣਾ, ਸਮਰਥ ਪੁਰਖ ਵਡ ਵਡਿਆਈਆ । ਉਸ ਦੇ ਚਰਨ ਧੂੜ ਸਾਚਾ ਮਜਨਾ, ਦੁਰਮਤ ਮੈਲ ਰਹੇ ਨਾ ਰਾਈਆ । ਮਿਹਰਵਾਨ ਮਹਿਬੂਬ ਮੁਹੱਬਤ

ਵਿਚ ਰੰਗੇ ਰੰਗਣਾ, ਰੰਗਤ ਇਕੋ ਇਕ ਵਖਾਈਆ । ਘਰ ਪ੍ਰਕਾਸ਼ ਕਰੇ ਅਗੰਮੀ ਚੰਦਨਾ, ਅੰਧ ਅੰਧੇਰ ਦਏ ਮਿਟਾਈਆ । ਜਿਸ ਦਾ ਖੇਲ ਹੋਵੇ ਵਿਚ ਬ੍ਰਹਿਮੰਡਨਾ, ਵਰਭੰਡ ਵੱਜੇ ਵਧਾਈਆ । ਉਸ ਨੇ ਕਲਜੁਗ ਅੰਤਮ ਦੰਡਨਾ, ਡੰਡਾਵਤ ਸਭ ਦੀ ਦਏ ਬਦਲਾਈਆ । ਜਿਸ ਦਾ ਇਕੋ ਸ਼ਬਦੀ ਧਾਰ ਚਮਕੇ ਖੰਡਨਾ, ਖੰਡਾ ਖੜਗ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਬੇਪਰਵਾਹੀਆ । ਪਗੜੀ ਕਹੇ ਮੇਰੇ ਪ੍ਰਭ ਠਾਕਰ, ਪੁਰਖ ਅਕਾਲ ਤੇਰੀ ਸਰਨਾਈਆ । ਦੀਨ ਦਿਆਲ ਗਹਿਰ ਗੰਭੀਰ ਗੁਣ ਸਾਗਰ, ਸ਼ਾਹ ਪਾਤਸ਼ਾਹ ਤੇਰੀ ਬੇਪਰਵਾਹੀਆ । ਆਦਿ ਜੁਗਾਦੀ ਯੋਧੇ ਸੂਰਬੀਰ ਬਹਾਦਰ, ਜੋਬਨਵੰਤੇ ਨੂਰ ਇਲਾਹੀਆ । ਕਲਜੁਗ ਕੂੜੀ ਕਿਰਿਆ ਮੇਟ ਅੰਧੇਰਾ ਬਾਦਲ, ਚਾਰ ਵਰਨ ਅਠਾਰਾਂ ਬਰਨ ਰਹਿਣ ਨਾ ਪਾਈਆ । ਸ਼ਰਅ ਛੁਰੀ ਦੀਨ ਮਜ਼੍ਹਬ ਬਣੇ ਕੋਇ ਨਾ ਕਾਤਲ, ਕਾਤਲ ਮਕਤੂਲ ਦਾ ਲੇਖਾ ਦੇ ਮੁਕਾਈਆ । ਭੇਵ ਅਭੇਦਾ ਖੋਲ੍ਹ ਅੰਦਰੋਂ ਬਾਤਨ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਸਚ ਪ੍ਰੀਤੀ ਤੇਰਾ ਨਾਤਨ, ਨਰ ਨਰਾਇਣ ਇਕ ਅਖਵਾਈਆ । ਖੇਲ ਤਕ ਪ੍ਰਿਥਮੀ ਆਕਾਸ਼ਨ, ਗਗਨ ਗਗਨੰਤਰ ਫੋਲ ਫੁਲਾਈਆ । ਤੇਰਾ ਹਰ ਘਟ ਦਿਸੇ ਵਾਸਣ, ਲੱਖ ਚੁਰਾਸੀ ਰਿਹਾ ਸਮਾਈਆ । ਭਗਤ ਸੁਹੇਲੇ ਤੇਰੇ ਦਾਸੀ ਦਾਸਨ, ਗੁਰਮੁਖ ਸਾਚੇ ਹਰਿਜਨ ਮੇਲਾ ਸਹਿਜ ਸੁਭਾਈਆ । ਇਕੋ ਮੰਜ਼ਲ ਬਖ਼ਸ਼ ਘਾਟਨ, ਦਰਗਹ ਇਕੋ ਇਕ ਵਡਿਆਈਆ । ਝਗੜਾ ਮੁਕਾ ਦੇ ਕਲਜੁਗ ਖੇਲ ਬਾਜ਼ੀਗਰ ਨਾਟਣ, ਮਾਇਆ ਮਮਤਾ ਡੇਰਾ ਢਾਹੀਆ । ਹੋ ਸਹਾਈ ਨਾਥ ਅਨਾਥਣ, ਗ਼ਰੀਬ ਨਿਮਾਣਿਆਂ ਗੋਦ ਟਿਕਾਈਆ । ਸਾਚੇ ਮੰਡਲ ਤੇਰੇ ਪਵੇ ਇਕੋ ਰਾਸਣ, ਗੋਪੀ ਕਾਹਨ ਸੁਰਤੀ ਸ਼ਬਦ ਮੇਲਾ ਮੇਲਣਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਪਗੜੀ ਕਹੇ ਜਨ ਭਗਤੋ ਮੇਰੀ ਨਮੋ ਨਮੋ ਬੰਦਨਾ, ਦਸਤ ਬਦਸਤ ਸੀਸ ਨਿਵਾਈਆ । ਪਰਮ ਪੁਰਖ ਪਰਮਾਤਮ ਤੁਹਾਡੀ ਆਤਮ ਲਾਏ ਅੰਗਣਾ, ਅੰਗੀਕਾਰ ਇਕ ਅਖਵਾਈਆ । ਗੁਰਮੁਖੋ ਦੂਜਾ ਦਰ ਕਦੇ ਨਾ ਮੰਗਣਾ, ਮਾਂਗਤ ਹੋ ਕੇ ਝੋਲੀ ਡਾਹੀਆ । ਨਿਜ ਘਰ ਨਿਜ ਗ੍ਰਿਹਿ ਮਾਨਣਾ ਸਚ ਅਨੰਦਨਾ, ਅਨੰਦ ਅਨੰਦ ਵਿਚੋਂ ਵਖਾਈਆ । ਨੂਰੀ ਪ੍ਰਕਾਸ਼ ਜੋਤ ਕਰੇ ਚੰਦਨਾ, ਚੰਦ ਚਾਂਦਨਾ ਡਗਮਗਾਈਆ । ਝਗੜਾ ਮੁਕ ਜਾਏ ਤੁਹਾਡਾ ਜੇਰਜ ਅੰਡਨਾ, ਉਤਭੁਜ ਸੇਤਜ ਲੇਖਾ ਰਹੇ ਨਾ ਰਾਈਆ । ਸਚਖੰਡ ਦਵਾਰੇ ਖ਼ੁਸ਼ੀਆਂ ਨਾਲ ਵੰਞਣਾ, ਵੰਞ ਮੁਹਾਣਿਆਂ ਲੋੜ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਪਗੜੀ ਕਹੇ ਜਨ ਭਗਤੋ ਮੇਰਾ ਇਕ ਸੰਦੇਸ਼ਾ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਸਭ ਨੇ ਮੰਨਣਾ ਇਕੋ ਨਰ ਨਰੇਸ਼ਾ, ਜਿਸ ਨੂੰ ਨਰ ਨਰਾਇਣ ਕਹਿ ਕੇ ਸਾਰੇ ਗਾਈਆ । ਜੋ ਵਸੇ ਸਚਖੰਡ ਸਾਚੇ ਦੇਸਾ, ਦਰਗਹ ਸਾਚੀ ਮੁਕਾਮੇ ਹੱਕ ਡੇਰਾ ਲਾਈਆ । ਭਗਤ ਉਧਾਰਨਾ ਜੁਗ ਜੁਗ ਉਸ ਦਾ ਪੇਸ਼ਾ, ਪੇਸ਼ੀਨਗੋਈਆਂ ਅਵਤਾਰ ਪੈਗ਼ੰਬਰ ਗੁਰੂਆਂ ਵੇਖ ਵਖਾਈਆ । ਸਦੀ ਚੌਧਵੀਂ ਅੰਤਮ ਕਲਜੁਗ ਪੂਰਾ ਕਰੇ ਲੇਖਾ, ਲਿਖਿਆ ਲੇਖ ਨਾ ਕੋਇ ਮਿਟਾਈਆ । ਸੋ ਮਾਲਕ ਖ਼ਾਲਕ ਇਕੋ ਨੂਰ ਇਲਾਹੀ ਬਣਕੇ ਨੇਤਾ, ਨਿਰਗੁਣ ਧਾਰ ਹਰਿ ਨਿਰੰਕਾਰ ਲਹਿਣਾ ਦੇਣਾ ਦਏ ਚੁਕਾਈਆ । ਜੁਗ ਚੌਕੜੀ ਵਿਛੜਿਆਂ ਭੁੱਲੇ ਮੂਲ ਨਾ ਚੇਤਾ, ਚੇਤਨ ਸਭ ਨੂੰ ਰਿਹਾ ਕਰਾਈਆ । ਅੰਤਮ ਨਾਤਾ ਤੁਟਣਾ ਪੀਰ ਪੈਗ਼ੰਬਰ ਮੁਸਾਇਕ ਮੁੱਲਾਂ ਸ਼ੇਖ਼ਾ, ਸ਼ਰਅ ਜ਼ੰਜੀਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਖੇਲੇ ਖੇਲ ਖ਼ਲਕ ਦਾ ਖ਼ਾਲਕ, ਪਾਰਬ੍ਰਹਮ ਵੱਡੀ ਵਡਿਆਈਆ । ਕਲਜੁਗ ਅੰਤਮ ਨਿਰਗੁਣ ਧਾਰ ਬਣ ਕੇ ਸਾਲਸ, ਵੇਖਣਹਾਰਾ ਥਾਉਂ ਥਾਈਆ । ਸਦੀ ਚੌਧਵੀਂ ਸਭ ਦੀ ਨਿੰਦਰਾ ਲਾਹੇ ਆਲਸ, ਗਫ਼ਲਤ ਰਹਿਣ ਕੋਇ ਨਾ ਪਾਈਆ । ਸੁਤ ਦੁਲਾਰਾ ਗੁਰਮੁਖ ਵੇਖੇ ਬਾਲਕ, ਚਾਰ ਵਰਨ ਅਠਾਰਾਂ ਬਰਨ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਰੰਗ ਕਹੇ ਮੇਰਾ ਰੰਗ ਅਪਾਰਾ, ਅਪਰੰਪਰ ਆਪ ਰੰਗਾਈਆ । ਮੇਰਾ ਖੇਲ ਜਗਤ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਵੇਖਣ ਨੈਣ ਉਠਾਈਆ । ਕੀ ਖੇਲ ਕਰੇ ਪਰਵਰਦਿਗਾਰਾ, ਈਸਾ ਮੂਸਾ ਮੁਹੰਮਦ ਚਾਰ ਯਾਰ ਧਿਆਨ ਲਗਾਈਆ । ਜਿਸ ਚਾਰੋਂ ਕੁੰਟ ਕੀਤਾ ਧੂੰਆਂਧਾਰਾ, ਉੱਤਰ ਪੂਰਬ ਪੱਛਮ ਦੱਖਣ ਹੋਏ ਨਾ ਕੋਇ ਰੁਸ਼ਨਾਈਆ । ਉਹ ਸਭ ਦਾ ਲਹਿਣਾ ਦੇਣਾ ਪਿਛਲਾ ਕਰਜ਼ ਰਿਹਾ ਉਤਾਰਾ, ਮਕਰੂਜ਼ ਆਪਣਾ ਫ਼ਰਜ਼ ਪੂਰ ਕਰਾਈਆ । ਪਰਗਟ ਹੋ ਕਲ ਕਲਕੀ ਅਵਤਾਰਾ, ਨਿਹਕਲੰਕਾ ਰਾਓ ਰੰਕਾਂ ਇਕੋ ਡੰਕ ਰਿਹਾ ਵਜਾਈਆ । ਜਿਸ ਦਾ ਆਦਿ ਅੰਤ ਨਾ ਪਾਰਾਵਾਰਾ, ਬੇਅੰਤ ਕਹਿ ਕੇ ਸਾਰੇ ਗਏ ਗਾਈਆ । ਸੋ ਭਗਤ ਸੁਹੇਲਾ ਇਕ ਅਕੇਲਾ ਦੀਨ ਦੁਨੀ ਦੀ ਪਾਵੇ ਸਾਰਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਖੋਜ ਖੁਜਾਈਆ । ਜਿਸ ਦਾ ਖੇਲ ਦਰਗਹ ਸਾਚੀ ਸਚਖੰਡ ਵਸੇ ਧਾਮ ਨਿਆਰਾ, ਨਿਰਾਕਾਰ ਨਿਰੰਕਾਰ ਨਿਰਵੈਰ ਆਪਣੀ ਕਲ ਵਰਤਾਈਆ । ਕਲਜੁਗ ਦਾ ਅੰਤ ਵੇਖੇ ਪਾਰ ਕਿਨਾਰਾ, ਨਈਆ ਨੌਕਾ ਡੋਲੇ ਥਾਉਂ ਥਾਈਂਆ । ਸੰਗ ਮੁਹੰਮਦ ਰੋਵੇ ਚਾਰ ਯਾਰਾ, ਸਦੀ ਚੌਧਵੀਂ ਚੌਦਾਂ ਤਬਕ ਰਹੇ ਕੁਰਲਾਈਆ । ਕੀ ਖੇਲ ਕਰੇ ਕੁਦਰਤ ਦਾ ਕਾਦਰ ਪਰਵਰਦਿਗਾਰਾ, ਨੂਰੀ ਅੱਲਾ ਅਲਾਹ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪਗੜੀ ਕਹੇ ਜਨ ਭਗਤੋ ਸਦੀ ਚੌਧਵੀਂ ਵੇਖੋ ਅੰਤ, ਅੰਤਸ਼ਕਰਨ ਪਰਦਾ ਲੈਣਾ ਚੁਕਾਈਆ । ਕੀ ਖੇਲ ਕਰੇ ਸ੍ਰੀ ਭਗਵੰਤ, ਭਗਵਨ ਆਪਣਾ ਹੁਕਮ ਸੁਣਾਈਆ । ਕਿਸ ਬਿਧ ਲਹਿਣਾ ਦੇਣਾ ਮੁਕੇ ਜੀਵ ਜੰਤ, ਸਾਧ ਸੰਤ ਬਚਿਆ ਰਹਿਣ ਕੋਇ ਨਾ ਪਾਈਆ । ਜਿਸ ਨੇ ਇਕੋ ਨਾਮ ਦ੍ਰਿੜਾਉਣਾ ਮੰਤ, ਮੰਤਵ ਦੀਨ ਦੁਨੀ ਹੱਲ ਕਰਾਈਆ । ਜਿਸ ਦੀ ਮਹਿਮਾ ਸਦਾ ਅਗਣਤ, ਪਤਿਪਰਮੇਸ਼ਵਰ ਨੂਰ ਇਲਾਹੀਆ । ਉਹ ਕਲਜੁਗ ਤੋੜਨ ਵਾਲਾ ਗੜ੍ਹ ਹੰਗਤ, ਹਉਮੇ ਡੇਰਾ ਢਾਹੀਆ । ਲੇਖਾ ਮੁਕਾਏ ਪੰਜ ਪੰਕਜ, ਪੰਚ ਭਰਮ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਪਗੜੀ ਕਹੇ ਜਨ ਭਗਤੋ ਮੇਰਾ ਲੇਖਾ ਅੰਤ ਅਖ਼ੀਰੀ, ਬਿਨ ਅੱਖਰਾਂ ਦਿਆਂ ਜਣਾਈਆ । ਜਿਸ ਸ਼ਰਅ ਦੀ ਤੋੜਨੀ ਜ਼ੰਜੀਰੀ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਗਤ ਜਹਾਨ ਮੇਟਣੀ ਦਿਲਗੀਰੀ, ਦੀਨ ਦੁਨੀ ਦਾ ਪੰਧ ਮੁਕਾਈਆ । ਸੂਫ਼ੀਆਂ ਲੇਖੇ ਲਾਉਣੀ ਫ਼ਕੀਰੀ, ਫ਼ਿਕਰਾ ਇਕੋ ਇਕ ਦ੍ਰਿੜਾਈਆ । ਕਲਜੁਗ ਗਲੀ ਰਹਿਣ ਨਹੀਂ ਦੇਣੀ ਭੀੜੀ, ਸਤਿਜੁਗ ਸਚ ਚੰਦ ਚਮਕਾਈਆ । ਸਾਚੀ ਧਾਰ ਦੀ ਇਕੋ ਚਲਣੀ ਪੀੜ੍ਹੀ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਇਕੋ ਰੰਗ ਰੰਗਾਉਣਾ ਹਸਤ ਕੀੜੀ, ਊਚਾਂ ਨੀਚਾਂ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਪਗੜੀ ਕਹੇ ਅਸ਼ਟਭੁਜ ਰਹੀ ਲਲਕਾਰ, ਨੇਤਰ ਨੈਣ ਉਠਾਈਆ । ਹੁੰਦੀ ਸਾਂ ਸਿੰਘ ਅਸਵਾਰ, ਅਸ਼ਟਭੁਜਾਂ ਨਾਲ ਵਡਿਆਈਆ । ਸੁੰਭ ਨਿਸੁੰਭ ਦਿਤੇ ਸੰਘਾਰ, ਦੈਂਤਾ ਡੇਰਾ

ਢਾਹੀਆ । ਚਾਰ ਕੁੰਟ ਫਿਰੀ ਵਿਚ ਸੰਸਾਰ, ਭੱਜੀ ਵਾਹੋ ਦਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੁੰਦੀ ਰਹੀ ਨਿਮਸਕਾਰ, ਇਸ਼ਟ ਦੇਵ ਜਗਤ ਮਨਾਈਆ । ਅੰਤ ਖੇਲ ਕੀਤਾ ਆਪ ਨਿਰੰਕਾਰ, ਨਿਰਵੈਰ ਆਪਣੀ ਕਲ ਵਰਤਾਈਆ । ਸ਼ਬਦੀ ਸ਼ਬਦ ਸ਼ਬਦ ਹੋ ਅਸਵਾਰ, ਭੱਜਿਆ ਵਾਹੋ ਦਾਹੀਆ । ਤੇਈ ਅਵਤਾਰ ਲਏ ਉਠਾਲ, ਸੋਇਆ ਰਹਿਣ ਕੋਇ ਨਾ ਪਾਈਆ । ਈਸਾ ਮੂਸਾ ਮੁਹੰਮਦ ਸੁਰਤ ਸੰਭਾਲ, ਸੰਬਲ ਬਹਿ ਕੇ ਕਾਰ ਕਮਾਈਆ । ਗੁਰੂ ਗੁਰਦੇਵ ਦਸ ਉਪਜਾਏ ਆਪਣੀ ਧਾਰ, ਧਰਨੀ ਧਰਤ ਧਵਲ ਧੌਲ ਵੱਜੇ ਵਧਾਈਆ । ਸ਼ਾਹ ਪਾਤਸ਼ਾਹ ਬਣ ਸੱਚੀ ਸਰਕਾਰ, ਦੋ ਜਹਾਨਾਂ ਹੁਕਮ ਸੁਣਾਈਆ । ਕਲਜੁਗ ਕੂੜੀ ਕਿਰਿਆ ਕਰੇ ਖੁਆਰ, ਸਤਿਜੁਗ ਸਚ ਚੰਦ ਚਮਕਾਈਆ । ਸਦੀ ਚੌਧਵੀਂ ਮਾਰੇ ਮਾਰ, ਮਿਹਰਵਾਨ ਆਪਣਾ ਹੁਕਮ ਸੁਣਾਈਆ । ਮੁਹੰਮਦ ਲਹਿਣਾ ਦੇਣਾ ਝੋਲੀ ਦੇਵੇ ਡਾਰ, ਲੇਖਾ ਅਵਰ ਰਹੇ ਨਾ ਰਾਈਆ । ਅਮਾਮ ਅਮਾਮਾ ਸ਼ਾਹ ਸੁਲਤਾਨਾ ਕਲ ਕਲਕੀ ਅਵਤਾਰ, ਨਿਹਕਲੰਕਾ ਇਕ ਅਖਵਾਈਆ । ਜਿਸਨੇ ਅਸ਼ਟਭੁਜ ਕਹੇ ਮੈਨੂੰ ਸਿੰਘਾਸਣ ਥੱਲੇ ਦਿਤਾ ਵਾੜ, ਉਤੇ ਆਪਣਾ ਆਸਣ ਲਾਈਆ । ਜਨ ਭਗਤਾਂ ਸੀਸ ਬਖ਼ਸ਼ ਦਸਤਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਆਪਣਾ ਖੇਲ ਖਿਲਾਈਆ । ਅਸ਼ਟਭੁਜ ਕਹੇ ਮੇਰੀ ਨਮੋ ਨਮੋ ਧੁਰ ਦੇ ਦੇਵਾ, ਦੇਵ ਆਤਮਾ ਸੀਸ ਨਿਵਾਈਆ । ਮੇਰੀ ਚਾਰ ਜੁਗ ਦੀ ਲੇਖੇ ਲਾਈ ਸੇਵਾ, ਮਹਾਂਸਾਰਥੀ ਤੇਰੀ ਇਕ ਸਰਨਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਅਲਖ ਅਭੇਵਾ, ਅਗੋਚਰ ਤੇਰੀ ਵਡ ਵਡਿਆਈਆ । ਤੂੰ ਵਸਣਹਾਰਾ ਨਿਹਚਲ ਧਾਮ ਨਿਹਕੇਵਾ, ਸਚਖੰਡ ਸਾਚੇ ਸੋਭਾ ਪਾਈਆ । ਤੇਰੀ ਸਿਫ਼ਤ ਕਰੇ ਨਾ ਕੋਇ ਰਸਨਾ ਜਿਹਵਾ, ਬੱਤੀ ਦੰਦ ਨਾ ਕੋਇ ਵਡਿਆਈਆ । ਤੇਰੇ ਨਾਮ ਦਾ ਰਸ ਅਵਤਾਰ ਪੈਗ਼ੰਬਰ ਗੁਰੂਆਂ ਖਾਧਾ ਮੇਵਾ, ਅਨਰਸ ਆਪਣਾ ਦਿਤਾ ਚਖਾਈਆ । ਜਨ ਭਗਤਾਂ ਧੂੜੀ ਕੌਸਤਕ ਮਨੀਆ ਲਾਵੇ ਥੇਵਾ, ਥਾਨ ਥਨੰਤਰ ਤੇਰੀ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਅਸ਼ਟਭੁਜ ਕਹੇ ਮੈਂ ਵੇਖਾਂ ਤੇਰੇ ਨਾਮ ਦਾ ਖੜਗ ਖੰਡਾ, ਤਿੱਖੀ ਧਾਰ ਬੇਪਰਵਾਹੀਆ । ਤੇਰਾ ਹੁਕਮ ਚੰਡ ਪਰਚੰਡਾ, ਦੋ ਜਹਾਨਾਂ ਭੈ ਵਖਾਈਆ । ਜਿਸ ਨਿਸ਼ਾਨ ਮੇਟਣਾ ਤਾਰਾ ਚੰਦਾ, ਸੂਰੀਆ ਨਿਉਂ ਨਿਉਂ ਲਾਗੇ ਪਾਈਆ । ਕਲਜੁਗ ਪੈਂਡਾ ਰਹਿਣ ਨਹੀਂ ਦੇਣਾ ਲੰਮਾ, ਸਦੀ ਚੌਧਵੀਂ ਡੇਰਾ ਢਾਹੀਆ । ਮੁਹੰਮਦ ਦਾ ਲੇਖੇ ਲਾਉਣਾ ਯਕ ਸ਼ੰਬਾ, ਦਰਗਹ ਸਾਚੀ ਵੇਖ ਵਖਾਈਆ । ਉਮਤ ਉਮਤੀ ਹਾਲ ਹੋਣਾ ਮੰਦਾ, ਸਿਰ ਹੱਥ ਨਾ ਕੋਇ ਟਿਕਾਈਆ । ਆਤਮ ਪਰਮਾਤਮ ਮਿਲੇ ਨਾ ਕਿਸੇ ਅਨੰਦਾ, ਅਨੰਦ ਵਿਚ ਨਾ ਕੋਇ ਸਮਾਈਆ । ਕਲਜੁਗ ਅੰਤਮ ਵੇਲਾ ਲੰਘਾ, ਪਾਂਧੀ ਆਪਣਾ ਪੰਧ ਮੁਕਾਈਆ । ਭੁਲੇਖੇ ਵਿਚ ਰਹੇ ਕੋਈ ਨਾ ਬੰਦਾ, ਬੰਦਗੀ ਵਾਲੇ ਦੇਣੇ ਸਮਝਾਈਆ । ਜਿਸ ਝਗੜਾ ਮੇਟਣਾ ਜੇਰਜ ਅੰਡਾ, ਉਤਭੁਜ ਸੇਤਜ ਕਰੇ ਸਫ਼ਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਸ਼ਬਦੀ ਧਾਰ ਵਖਾਏ ਸੱਤ ਰੰਗ ਦਾ ਡੰਡਾ, ਡੰਡਾਵਤ ਸਭ ਦੀ ਦਏ ਬਦਲਾਈਆ । ਜਨ ਭਗਤਾਂ ਦਾ ਭਗਤੀ ਧਾਰ ਖਾ ਕੇ ਗੰਢਾ, ਗੰਢ ਜਨਮ ਜਨਮ ਦੀ ਦਏ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਪਰਮਾਤਮ ਆਤਮ ਸੁਣਾ ਕੇ ਛੰਦਾ, ਬੰਧਨ ਦੀਨ ਦੁਨੀ ਕਟਾਈਆ ।

## ੭ ਫੱਗਣ ਸ਼ਹਿਨਸ਼ਾਹੀ ਸੰਮਤ ੭ ਰਤਨ ਸਿੰਘ ਦੇ ਗ੍ਰਿਹ ਪੱਚੀ ਬੀ ਬੀ ਜ਼ਿਲਾ ਗੰਗਾ ਨਗਰ

ਕਲਜੁਗ ਕਹੇ ਪਰਮ ਪੁਰਖ ਮੇਰੀ ਅਰਦਾਸ, ਸਚਖੰਡ ਨਿਵਾਸੀ ਦਰ ਤੇਰੇ ਸੀਸ ਨਿਵਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਸਤਿ ਵਸਤ ਮੈਂ ਰਹਿਣ ਨਾ ਦੇਵਾਂ ਕਿਸੇ ਪਾਸ, ਸਚ ਧਰਮ ਵਿਚ ਨਾ ਕੋਇ ਸਮਾਈਆ । ਜੋ ਭਵਿਖਤਾਂ ਵਿਚ ਲਿਖਤਾਂ ਵਿਚ ਇਸ਼ਟਾਂ ਵਿਚ ਦ੍ਰਿਸ਼ਟਾਂ ਵਿਚ ਅਵਤਾਰ ਪੈਗ਼ੰਬਰ ਗੁਰੂ ਗੁਰ ਗਏ ਆਖ, ਅੱਖਰਾਂ ਨਾਲ ਢੋਲੇ ਸੋਹਲੇ ਤੇਰੇ ਗੀਤ ਸੁਣਾਈਆ । ਸੋ ਸਮਾਂ ਸੁਹੰਜਣਾ ਤਕਾਂ ਅੰਧੇਰੀ ਰਾਤ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਸਾਚਾ ਚੰਦ ਨਾ ਕੋਇ ਚਮਕਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਪਰਮ ਪੁਰਖ ਤੇਰੀ ਗਾਏ ਕੋਈ ਨਾ ਗਾਥ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤੀ ਸਿਫ਼ਤ ਨਾ ਕੋਇ ਵਡਿਆਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਪਤਿਪਰਮੇਸ਼ਵਰ ਦੇ ਦੇ ਦਾਤ, ਦਾਤੇ ਦਾਨੀ ਦਇਆ ਕਮਾਈਆ । ਮੈਂ ਭੱਜਾਂ ਨੱਠਾਂ ਵਿਚ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਆਪਣਾ ਪੰਧ ਮੁਕਾਈਆ । ਮੇਰਾ ਦਿਲ ਕਰਦਾ ਕਿਸੇ ਸਾਧ ਸੰਤ ਦਾ ਅੰਦਰੋਂ ਖੁਲ੍ਹਣ ਨਾ ਦੇਵਾਂ ਤਾਕ, ਬਜਰ ਕਪਾਟੀ ਪੜਦਾ ਨਾ ਕੋਇ ਖੁਲ੍ਹਾਈਆ । ਦੀਨ ਦੁਨੀ ਦੇ ਸਿਰ ਵਿਚ ਪਾਵਾਂ ਖ਼ਾਕ, ਖ਼ਾਲਕ ਖ਼ਲਕ ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਰੂਹ ਬੁਤ ਰਹਿਣ ਨਾ ਦੇਵਾਂ ਪਾਕ, ਪੁਨੀਤ ਪਤਿਤ ਕਰਾਂ ਲੋਕਾਈਆ । ਨਾਮ ਭੰਡਾਰਾ ਵਿਕੇ ਕਿਸੇ ਨਾ ਹਾਟ, ਵਸਤ ਸਚ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਸੁਣ ਕਲਜੁਗ ਕਲਕਾਤੀ, ਕਲ ਕਲਕੀ ਵੇਖ ਵਖਾਈਆ । ਜਿਸ ਜੀਵਣ ਜ਼ਿੰਦਗੀ ਦੀਨ ਦੁਨੀ ਬਦਲਣੀ ਹਯਾਤੀ, ਚਾਰੇ ਖਾਣੀ ਫੋਲ ਫੁਲਾਈਆ । ਪੈਗ਼ੰਬਰਾਂ ਨਬੀਆਂ ਸੁਣੇ ਬਾਤੀ, ਬਾਤਨ ਪੜਦਾ ਆਪ ਉਠਾਈਆ । ਉਹ ਤਕ ਗੋਬਿੰਦ ਵਾਲੀ ਪਾਤੀ, ਜੋ ਮਾਛੂਵਾੜੇ ਬਿਨ ਅੱਖਰਾਂ ਦਿਤੀ ਲਿਖਾਈਆ । ਤੇਰਾ ਸਵਾਂਗ ਕੂੜੀ ਕਿਰਿਆ ਬਾਜ਼ੀਗਰ ਨਾਟੀ, ਨਟੂਆ ਆਪਣੀ ਕਾਰ ਭੁਗਤਾਈਆ । ਉਹ ਤਕ ਸਦੀ ਚੌਧਵੀਂ ਅੰਤਮ ਵਾਟੀ, ਪੈਂਡਾ ਪੰਧ ਰਿਹਾ ਨਾ ਰਾਈਆ । ਤੇਰਾ ਲੇਖਾ ਰਹੇ ਨਾ ਜ਼ਾਤ ਅਜ਼ਾਤੀ, ਕੂੜ ਕਿਰਿਆ ਕਰਮ ਕਾਂਡ ਚਲੇ ਨਾ ਕੋਇ ਚਤੁਰਾਈਆ । ਇਕੋ ਤਕ ਨਿਰਗੁਣ ਜੋਤ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪਰਵਾਹੀਆ । ਕਲਜੁਗ ਕਹੇ ਪ੍ਰਭੂ ਮੈਂ ਤੇਰਾ ਸੁਤ ਦੁਲਾਰਾ, ਦੂਲ੍ਹਾ ਇਕੋ ਨਜ਼ਰੀ ਆਈਆ । ਮੈਂ ਨੌਂ ਖੰਡਾਂ ਦਿਆਂ ਹੁਲਾਰਾ, ਸਮੁੰਦ ਸਾਗਰਾਂ ਦਿਆਂ ਹਿਲਾਈਆ । ਤੇਰਾ ਨੂਰ ਨਜ਼ਰ ਆਏ ਨਾ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਬੈਠੇ ਮੁਖ ਛੁਪਾਈਆ । ਧੁਰ ਦੇ ਸ਼ਬਦ ਦੀ ਸੁਣੇ ਨਾ ਕੋਇ ਧੁਨਕਾਰਾ, ਅਨਹਦ ਨਾਦ ਨਾਦ ਨਾ ਕੋਇ ਸ਼ਨਵਾਈਆ । ਦੀਆ ਬਾਤੀ ਜੋਤੀ ਜੋਤ ਨਾ ਕੋਇ ਉਜਿਆਰਾ, ਸਾਢੇ ਤਿੰਨ ਹੱਥ ਸਰੀਰ ਨਾ ਕੋਇ ਰੁਸ਼ਨਾਈਆ । ਆਤਮ ਰਸ ਨਿਜਰ ਝਿਰਨਾ ਬੂੰਦ ਸਵਾਂਤੀ ਮਿਲੇ ਨਾ ਠੰਡਾ ਠਾਰਾ, ਅਗਨੀ ਤਤ ਨਾ ਕੋਇ ਬੁਝਾਈਆ । ਦਰਗਹ ਸਾਚੀ ਸਚ ਘਰ ਮਿਲੇ ਨਾ ਕਿਸੇ ਦਵਾਰਾ, ਦੂਰ ਦੁਰਾਡੇ ਸਾਰੇ ਰੋਵਣ ਮਾਰਨ ਧਾਹੀਆ । ਮੇਰੀ ਨਮੋ ਨਮੋ ਸਤਿਗੁਰ ਗੁਰਦੇਵ ਨਿਮਸਕਾਰਾ, ਡੰਡਾਵਤ ਬੰਦਨਾ ਸੱਜਦੇ ਵਿਚ ਸੀਸ ਨਿਵਾਈਆ । ਤੇਰਾ ਅੰਤ ਨਾ ਪਾਰਾਵਾਰਾ, ਬੇਅੰਤ ਤੇਰੇ ਹੱਥ ਵਡਿਆਈਆ । ਚਾਰੋਂ ਕੁੰਟ ਵੇਖ ਧੂੰਆਂਧਾਰਾ, ਧਰਨੀ ਧਰਤ ਧਵਲ ਧੌਲ ਰਹੀ ਕੁਰਲਾਈਆ । ਦੀਨਾਂ ਮਜ਼੍ਹਬਾਂ ਜ਼ਾਤਾਂ ਪਾਤਾਂ ਲੱਗਾ ਅਖਾੜਾ, ਸ਼ਰਅ

ਸ਼ਰੀਅਤ ਖੜਗ ਖੰਡਾ ਰਹੀ ਖੜਕਾਈਆ । ਪੂਰਬ ਲੇਖਾ ਪਾਰਬ੍ਰਹਮ ਤੇਰਾ ਨਾ ਕਿਸੇ ਵਿਚਾਰਾ, ਵਿਚਰ ਕੇ ਸਕੇ ਨਾ ਕੋਇ ਸਮਝਾਈਆ । ਤੂੰ ਕਲਜੁਗ ਕਲ ਕਲਕੀ ਚਵ੍ਹੀਆਂ ਅਵਤਾਰਾ, ਅਵਤਰ ਆਪਣਾ ਭੇਵ ਦੇਣਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਤਿਗੁਰ ਸ਼ਬਦ ਕਹੇ ਸੁਣ ਕਲਜੁਗ ਨੌਜਵਾਨ, ਨਵ ਜੋਬਨ ਤੇਰੀ ਵਡਿਆਈਆ । ਜਗਤ ਦੀਨ ਦੁਨੀ ਕਰ ਧਿਆਨ, ਮਾਨਸ ਮਾਨਵ ਮਾਨੁਖ ਖੋਜ ਖੁਜਾਈਆ । ਚਾਰ ਜੁਗ ਦੇ ਸ਼ਾਸਤਰ ਦੇਵਣ ਕੀ ਗਿਆਨ, ਅੱਖਰਾਂ ਵਾਲੀ ਅੱਖਰਾਂ ਨਾਲ ਪੜ੍ਹਾਈਆ । ਆਤਮ ਬ੍ਰਹਮ ਸਕੇ ਨਾ ਕੋਇ ਪਹਿਚਾਨ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਚਾਰ ਵਰਨ ਅਠਾਰਾਂ ਬਰਨ ਹੋਏ ਅਣਜਾਣ, ਬੁਧ ਬਿਬੇਕ ਨਾ ਕੋਇ ਕਰਾਈਆ । ਸਭ ਦੇ ਹੁੰਦਿਆਂ ਤੂੰ ਹੁਣ ਪਰਧਾਨ, ਚਾਰ ਕੁੰਟ ਭੱਜਿਆ ਵਾਹੋ ਦਾਹੀਆ । ਤੇਰੇ ਨਾਲ ਜਗਤ ਸ਼ਰਅ ਸ਼ੈਤਾਨ, ਛੁਰੀ ਸ਼ਰੀਅਤ ਵਾਲੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰਾ ਇਕੋ ਸੁਤ ਬਾਲ, ਨਿਧਾਨਾ ਨਜ਼ਰੀ ਆਈਆ । ਪਾਰਬ੍ਰਹਮ ਅਬਿਨਾਸ਼ੀ ਅਚੁਤ, ਚੇਤਨ ਤੇਰੇ ਹੱਥ ਵਡਿਆਈਆ । ਮੇਰਾ ਲੇਖਾ ਜਗਤ ਨਾਲ ਕਾਇਆ ਬੁਤ, ਬੁਤਖ਼ਾਨਿਆਂ ਵੇਖਾਂ ਥਾਉਂ ਥਾਈਂਆ । ਸੁਹੰਜਣੀ ਹੋਣ ਨਾ ਦੇਵਾਂ ਰੁਤ, ਰੁਤੜੀ ਤੇਰੇ ਨਾਲ ਨਾ ਕੋਇ ਮਹਿਕਾਈਆ । ਪੰਚ ਵਿਕਾਰ ਭਰਿਆ ਕੁੱਟ ਕੁੱਟ, ਗ੍ਰਿਹ ਗ੍ਰਿਹ ਦਿਤਾ ਟਿਕਾਈਆ । ਸੁਰਤੀ ਸ਼ਬਦ ਨਾਲੋਂ ਸਭ ਦੀ ਗਈ ਛੁਟ, ਛੁਟਕੀ ਲਿਵ ਨਾ ਕੋਇ ਲਗਾਈਆ । ਆਤਮ ਪਰਮਾਤਮ ਧਾਰ ਗਈ ਟੁੱਟ, ਟੁੱਟਿਆਂ ਗੰਢ ਨਾ ਕੋਇ ਪਵਾਈਆ । ਚਾਰ ਕੁੰਟ ਪਾਈ ਲੁੱਟ, ਲੁਟੇਰਾ ਬਣ ਕੇ ਭੱਜਾਂ ਵਾਹੋ ਦਾਹੀਆ । ਦੀਨ ਦੁਨੀ ਦੇ ਭਾਗ ਗਏ ਨਿਖੁਟ, ਪਰਮ ਪੁਰਖ ਤੇਰਾ ਮੇਲ ਨਾ ਕੋਇ ਮਿਲਾਈਆ । ਮੇਰੇ ਦੀਨ ਦਿਆਲੇ ਪੁਰਖ ਅਕਾਲੇ ਮੈਨੂੰ ਗੋਦੀ ਵਿਚ ਚੁੱਕ, ਸਿਰ ਮੇਰੇ ਹੱਥ ਰਖਾਈਆ । ਮੈਂ ਪੜਦਾ ਓਹਲਾ ਰਹਿਣ ਨਹੀਂ ਦਿਤਾ ਲੁਕ, ਕੂਕ ਕੂਕ ਰਿਹਾ ਜਣਾਈਆ । ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਹਿਰਦਿਉਂ ਤੈਨੂੰ ਕੋਈ ਨਾ ਜਾਵੇ ਝੁਕ, ਭਗਤ ਭਗਵਾਨ ਤੇਰਾ ਸੰਗ ਨਾ ਕੋਇ ਨਿਭਾਈਆ । ਆਤਮ ਪਰਮਾਤਮ ਪੜ੍ਹੇ ਕੋਈ ਨਾ ਤੁਕ, ਤੁਖ਼ਮ ਤਾਸੀਰ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਕਲਜੁਗ ਵੇਖ ਅੰਧੇਰਾ ਅੰਧ, ਚੰਦ ਚਾਂਦਨਾ ਨਜ਼ਰ ਕੋਇ ਨਾ ਆਈਆ । ਤੇਰਾ ਅੰਤਮ ਮੁਕਣਾ ਪੰਧ, ਪਾਂਧੀ ਹੋ ਕੇ ਭੱਜਣਾ ਵਾਹੋ ਦਾਹੀਆ । ਨਿਸ਼ਾਨ ਰਹਿਣਾ ਨਹੀਂ ਤਾਰਾ ਚੰਦ, ਮੁਹੰਮਦ ਰੋਵੇ ਮਾਰੇ ਧਾਹੀਆ । ਝਗੜਾ ਪੈਣਾ ਜੇਰਜ ਅੰਡ, ਉਤਭੁਜ ਸੇਤਜ ਰਹੀ ਕੁਰਲਾਈਆ । ਫਿਰਨੀ ਦਰੋਹੀ ਵਿਚ ਵਰਭੰਡ, ਬ੍ਰਹਿਮੰਡ ਹੋਏ ਨਾ ਕੋਇ ਸਹਾਈਆ । ਪੈਗ਼ੰਬਰਾਂ ਗੁਰੂਆਂ ਅਵਤਾਰਾਂ ਦਿਤੀ ਕੰਡ, ਕਰਵਟ ਸਕੇ ਨਾ ਕੋਇ ਬਦਲਾਈਆ । ਨੌਂ ਖੰਡ ਪ੍ਰਿਥਮੀ ਪਾਵੇ ਕੋਈ ਨਾ ਠੰਡ, ਅਗਨੀ ਤਤ ਨਾ ਕੋਇ ਬੁਝਾਈਆ । ਸਦੀ ਚੌਧਵੀਂ ਰਹੀ ਲੰਘ, ਹੁਕਮ ਵਰਤੇ ਬੇਪਰਵਾਹੀਆ । ਪਰਗਟ ਹੋ ਸੂਰਾ ਸਰਬੰਗ, ਧੁਰ ਫ਼ਰਮਾਨਾ ਇਕ ਸੁਣਾਈਆ । ਮੈਂ ਹੱਸ ਕੇ ਕਿਹਾ ਅਗਲੇ ਸੰਮਤ ਵਿਚ ਨੌਂਵਾਂ ਦੇਸਾਂ ਵਿਚ ਜ਼ਰੂਰ ਹੋਵੇਗਾ ਜੰਗ, ਨਾ ਕੋਈ ਮੇਟੇ ਮੇਟ ਮਿਟਾਈਆ । ਇਹ ਪਰਮ ਪੁਰਖ ਦੀ ਵੰਡ, ਵੰਡਣਹਾਰਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ,

ਸਚ ਦਾ ਭੇਵ ਆਪ ਚੁਕਾਈਆ । ਕਲਜੁਗ ਕਹੇ ਪ੍ਰਭੂ ਮੈਂ ਕੂਕ ਕੂਕ ਕੇ ਪਾਵਾਂ ਰੌਲਾ, ਹੁਕਮ ਤੇਰਾ ਇਕ ਸੁਣਾਈਆ । ਤੂੰ ਮਾਲਕ ਖ਼ਾਲਕ ਧੁਰ ਦਾ ਮੌਲਾ, ਮੁੱਲਾਂ ਸ਼ੇਖ਼ ਮੁਲਾਣੇ ਸਾਰੇ ਰੋਵਣ ਮਾਰਨ ਧਾਹੀਆ । ਸਦੀ ਚੌਧਵੀਂ ਤੇਰਾ ਪੂਰਾ ਹੋਣਾ ਕੌਲਾ, ਇਕਰਾਰ ਤੇਰਾ ਮੁਹੰਮਦ ਨਾਲ ਦਏ ਗਵਾਹੀਆ । ਝਗੜਾ ਪੈਣਾ ਉਤੇ ਧੌਲਾ, ਧਰਨੀ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਕਲਜੁਗ ਕਹੇ ਮੈਂ ਪ੍ਰਭੂ ਤੇਰਾ ਖ਼ਾਦਮ, ਖ਼ਿਦਮਤਗਾਰ ਇਕ ਅਖਵਾਈਆ । ਮੈਂ ਖੂੰਖਾਰ ਬਣਾਂ ਆਦਮ, ਅਦਲ ਇਨਸਾਫ਼ ਤੇਰੇ ਹੱਥ ਫੜਾਈਆ । ਕੀ ਹੋਇਆ ਜੇ ਕ੍ਰਿਸ਼ਨ ਖੇਲ ਕੀਤਾ ਬਣ ਕੇ ਯਾਦਵ, ਅਠਾਰਾਂ ਕਸ਼ੂਣੀਆਂ ਰੰਗ ਰੰਗਾਈਆ । ਮੈਂ ਜਗਤ ਜਹਾਨ ਕਰਨਾ ਤਸਾਦਮ, ਤਥਾ ਤੇਰਾ ਹੁਕਮ ਇਕ ਵਰਤਾਈਆ । ਜਿਸ ਦਾ ਹੱਲ ਹੋਵੇ ਨਾ ਕੋਲੋਂ ਕਿਸੇ ਸਾਧਨ, ਸਦੀ ਚੌਧਵੀਂ ਨਾਲ ਮਿਲਾਈਆ । ਜਿਸ ਪਰਵਰਦਿਗਾਰ ਨੂੰ ਉਮਤ ਉਮਤੀ ਸਾਰੇ ਅਰਾਧਣ, ਕਲਮੇ ਚਾਰ ਕੁੰਟ ਸੁਣਾਈਆ । ਉਹ ਨੂਰ ਨੁਰਾਨਾ ਖੇਲ ਕਰੇ ਬਾਤਨ, ਜ਼ਾਹਰ ਜ਼ਹੂਰ ਆਪਣੀ ਕਲ ਪਰਗਟਾਈਆ । ਸ਼ਮਾ ਨੂਰ ਦਿਸੇ ਕਿਸੇ ਨਾ ਰਾਤਨ, ਨੂਰੀ ਚੰਦ ਨਾ ਕੋਇ ਚਮਕਾਈਆ । ਧੂੰਆਂਧਾਰ ਪ੍ਰਿਥਮੀ ਆਕਾਸ਼ਣ, ਗਗਨ ਗਗਨੰਤਰ ਪੜਦਾ ਨਾ ਕੋਇ ਉਠਾਈਆ । ਅਵਤਾਰ ਪੈਗ਼ੰਬਰ ਗੁਰੂ ਤੇਰਾ ਭਵਿਖਤ ਸਾਰੇ ਵਾਚਣ, ਪੇਸ਼ੀਨਗੋਈਆਂ ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਧੁਰ ਦਾ ਸ਼ਬਦ ਕਹੇ ਸੁਣ ਕੇ ਹੁਕਮ ਅਗੰਮ, ਕਲ ਕਲੂਆ ਇਕ ਜਣਾਈਆ । ਕਰੇ ਖੇਲ ਸ੍ਰੀ ਭਗਵਨ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦਾ ਹੁਕਮ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਰਹੇ ਮੰਨ, ਕਰੋੜ ਤੇਤੀਸਾ ਸੀਸ ਨਿਵਾਈਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਧੰਨ ਧੰਨ, ਧੰਨ ਤੇਰੀ ਬੇਪਰਵਾਹੀਆ । ਜਿਸ ਨਿਸ਼ਾਨ ਮੇਟਣਾ ਤਾਰਾ ਚੰਨ, ਚੌਦਾਂ ਤਬਕ ਰੋਵਣ ਮਾਰਨ ਧਾਹੀਆ । ਚੌਦਾਂ ਲੋਕ ਸੰਦੇਸ਼ਾ ਸੁਣਨ ਬਿਨਾ ਕੰਨ, ਬਿਨ ਸਰਵਣ ਬੈਠੇ ਰਾਹ ਤਕਾਈਆ । ਜਿਸ ਨੇ ਜੋ ਘੜਿਆ ਸੋ ਦੇਣਾ ਭੰਨ, ਘੜਨ ਭੰਨਣਹਾਰ ਆਪਣੇ ਹੱਥ ਰੱਖੇ ਵਡਿਆਈਆ । ਅੰਤ ਅਖ਼ੀਰ ਬੇਨਜ਼ੀਰ ਦਾ ਕਹਿਣਾ ਸਭ ਨੇ ਲੈਣਾ ਮੰਨ, ਮਾਨਵ ਮਾਨਸ ਮਾਨੁਖ ਸਿਰ ਸਕੇ ਨਾ ਕੋਇ ਉਠਾਈਆ । ਸਦੀ ਚੌਧਵੀਂ ਸਭ ਨੂੰ ਦੇਣਾ ਡੰਨ, ਡੌਰੂ ਡੰਕਾ ਇਕੋ ਨਾਮ ਸੁਣਾਈਆ । ਜਿਸ ਨੇ ਭੇਵ ਖੁਲ੍ਹਾਉਣਾ ਹੰ ਬ੍ਰਹਮ, ਆਤਮ ਪਰਮਾਤਮ ਪਰਮਾਤਮ ਆਤਮ ਇਕੋ ਰੰਗ ਰੰਗਾਈਆ । ਸੰਤ ਸੁਹੇਲੇ ਪਰਗਟ ਕਰੇ ਧੁਰ ਦੇ ਜਨ, ਆਪ ਬਣੇ ਜਣੇਂਦੀ ਮਾਈਆ । ਜਨ ਭਗਤਾਂ ਬੇੜਾ ਦੇਵੇ ਬੰਨ੍ਹ, ਸਿਰ ਸਿਰ ਆਪਣਾ ਹੱਥ ਰਖਾਈਆ । ਭਾਗ ਲਗਾਏ ਕਾਇਆ ਮਾਟੀ ਤਨ, ਤਤਵ ਤਤ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਕਲਜੁਗ ਕੀ ਰਿਹਾ ਬਕ, ਬਿਨਾ ਮੁਖ ਰਿਹਾ ਸੁਣਾਈਆ । ਹਕੀਕਤ ਵੇਖ ਹੱਕ, ਹਕੂਕ ਫੋਲ ਫੁਲਾਈਆ । ਸਾਹਿਬ ਵੱਲ ਤਕ, ਜੋ ਮਾਲਕ ਨੂਰ ਇਲਾਹੀਆ । ਜਿਸ ਦਾ ਇਕੋ ਹੁਕਮ ਯੱਕ, ਯਦੀ ਰਿਹਾ ਸੁਣਾਈਆ । ਜਿਸ ਦਾ ਆਦਿ ਜੁਗਾਦਿ ਚਲੇ ਰਥ, ਰਥਵਾਹੀ ਦੋ ਜਹਾਨ ਅਖਵਾਈਆ । ਸੋ ਸਗਲ ਸ੍ਰਿਸ਼ਟੀ ਦੇਵੇ ਮਥ, ਨਾਮ ਮਧਾਣਾ ਹੱਥ ਰਖਾਈਆ । ਕੂੜ ਕੁੜਿਆਰਿਆਂ ਪਾਵੇ ਨੱਥ, ਸ਼ਬਦ ਡੋਰੀ ਤੰਦ ਬੰਧਾਈਆ । ਤੇਰੇ ਖ਼ਾਲੀ ਹੱਥ, ਵਸਤ ਮਿਲੇ ਕੋਇ ਨਾ ਥਾਈਂਆ । ਓਹ ਪ੍ਰਭੂ ਸਰਬ ਕਲਾ ਸਮਰਥ, ਪਤਿਪਰਮੇਸ਼ਵਰ ਇਕ ਅਖਵਾਈਆ । ਜਿਸ ਦੀ ਸਰਨ

ਸਰਨਾਈ ਸਾਰੇ ਰਹੇ ਢੱਠ, ਸਿਰ ਸਕੇ ਨਾ ਕੋਇ ਉਠਾਈਆ । ਅਵਤਾਰ ਪੈਗ਼ੰਬਰ ਗੁਰੂ ਕਰ ਇਕੱਠ, ਨਾਮ ਸੰਦੇਸ਼ਾ ਰਿਹਾ ਜਣਾਈਆ । ਮਾਤਲੋਕ ਧਰਨੀ ਉਤੇ ਵੇਖੇ ਝਟ, ਝਟਕੇ ਹਲਾਲੀ ਵਾਲੇ ਫੋਲ ਫੁਲਾਈਆ । ਕਿਸ ਦੇ ਅੰਦਰ ਨਾਮ ਨਿਧਾਨਾ ਵੱਜੇ ਸੱਟ, ਸੋਈ ਸੁਰਤ ਰਿਹਾ ਉਠਾਈਆ । ਕਲਜੁਗ ਤੇਰਾ ਕੰਢਾ ਘਾਟ ਅਖ਼ੀਰੀ ਤਟ, ਕਿਨਾਰਾ ਇਕੋ ਨਜ਼ਰੀ ਆਈਆ । ਸਭ ਦਾ ਖੇੜਾ ਹੋਣਾ ਭੱਠ, ਭਠਿਆਲਾ ਹੋ ਕੇ ਅਗਨੀ ਦੇਣੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਮੈਂ ਦੱਸਾਂ ਤੇਈ ਅਵਤਾਰਾ, ਖ਼ੁਸ਼ੀਆਂ ਨਾਲ ਜਣਾਈਆ । ਪੈਗ਼ੰਬਰਾਂ ਸੁਣਾਵਾਂ ਨਾਅਰਾ, ਭੇਵ ਅਭੇਦ ਖੁਲ੍ਹਾਈਆ । ਗੁਰੂਆਂ ਜਣਾਵਾਂ ਜੈਕਾਰਾ, ਡੰਕਾ ਬੇਪਰਵਾਹੀਆ । ਕੀ ਵਰਤੇ ਖੇਲ ਵਿਚ ਸੰਸਾਰਾ, ਵਿਸ਼ਨ ਬ੍ਰਹਮਾ ਸ਼ਿਵ ਨੈਣ ਉਠਾਈਆ । ਚਾਰੋਂ ਕੁੰਟ ਧੂੰਆਂਧਾਰਾ, ਨੂਰੀ ਚੰਦ ਨਾ ਕੋਇ ਚਮਕਾਈਆ । ਪਰਗਟ ਹੋਵੇ ਇਕ ਅਵਤਾਰਾ, ਕਲ ਕਲਕੀ ਅਗੰਮ ਅਥਾਹੀਆ । ਜਿਸ ਦੀ ਪਾਵੇ ਕੋਇ ਨਾ ਸਾਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਤ ਕਹਿਣ ਕੋਇ ਨਾ ਪਾਈਆ । ਸੋ ਲਹਿਣਾ ਦੇਣਾ ਕਲਜੁਗ ਉਤਾਰੇ ਸਾਰਾ, ਪੂਰਬ ਲੇਖਾ ਵੇਖ ਵਖਾਈਆ । ਸਤਿਜੁਗ ਧਰਨੀ ਧਰਤ ਧਵਲ ਧੌਲ ਉਤੇ ਪਰਗਟ ਕਰੇ ਆਪ ਦੋਬਾਰਾ, ਦੋਹਰੀ ਆਪਣੀ ਕਲ ਵਰਤਾਈਆ । ਨਿਰਗੁਣ ਸਰਗੁਣ ਪਾਵੇ ਸਾਰਾ, ਸਰਗੁਣ ਨਿਰਗੁਣ ਇਕੋ ਹੁਕਮ ਦੇਵੇ ਸਮਝਾਈਆ । ਪਾਰਬ੍ਰਹਮ ਪ੍ਰਭ ਕਰਨੀ ਕਰਤਾ ਕਰਨੇਹਾਰਾ, ਕਰਤਾ ਪੁਰਖ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਦੋ ਜਹਾਨਾਂ ਸ੍ਰੀ ਭਗਵਾਨਾ ਮਰਦ ਮਰਦਾਨਾ ਨੌਜਵਾਨਾ ਨਿਰਵੈਰ ਨਿਰਾਕਾਰ ਨਿਰੰਕਾਰ ਆਪਣਾ ਹੁਕਮ ਇਕ ਵਰਤਾਈਆ ।



## ✪ ੮ ਫੱਗਣ ਸ਼ਹਿਨਸ਼ਾਹੀ ਸੰਮਤ ੭ ਸੁਲੱਖਣ ਸਿੰਘ ਦੇ ਗ੍ਰਹਿ ਪਿੰਡ ਮੂੰਗਲਾ ਜ਼ਿਲਾ ਫ਼ਿਰੋਜ਼ਪੁਰ ✪

ਸਤਿਗੁਰ ਸ਼ਬਦ ਕਹੇ ਮੈਂ ਧਰਮ ਧਾਰ ਦਾ ਤਕਾਂ ਗੋਲਾ, ਗੋਲਕ ਤਨ ਵਜੂਦ ਕਲਜੁਗ ਜੀਵਾਂ ਵੇਖ ਵਖਾਈਆ । ਕਿਸ ਦੇ ਅੰਦਰ ਆਤਮ ਪਰਮਾਤਮ ਪਰਮਾਤਮ ਆਤਮ ਸਾਚਾ ਬੋਲਾ, ਅਨਬੋਲਤ ਕਿਸ ਉਪਰ ਦਇਆ ਕਮਾਈਆ । ਕਵਣ ਗੁਰਮੁਖ ਜਿਸ ਨੇ ਅੰਤਰ ਨਿਰੰਤਰ ਆਪਣਾ ਪੜਦਾ ਖੋਲ੍ਹਾ, ਖ਼ਾਲਕ ਮਾਲਕ ਪ੍ਰਿਤਪਾਲਕ ਵੇਖੇ ਚਾਈਂ ਚਾਈਆ । ਕਵਣ ਕਾਇਆ ਮਾਟੀ ਤਨ ਪਾਏ ਰੌਲਾ, ਮਨ ਮਨਸਾ ਨਾਲ ਮਿਲਾਈਆ । ਜਾਂ ਨਿਗਾਹ ਮਾਰੀ ਸਭ ਦਾ ਮਿਟਣਾ ਸਦੀ ਚੌਧਵੀਂ ਕੌਲ ਇਕਰਾਰ ਕੌਲਾ, ਵਾਅਦਾ ਪੂਰਬ ਵੇਖ ਵਖਾਈਆ । ਚਾਰ ਕੁੰਟ ਲੇਖ ਮੁਕਾਉਣਾ ਧਰਨੀ ਧੌਲਾ, ਧਵਲ ਪੜਦਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਮੈਂ ਦੱਸਣਾ ਹੁਕਮ ਹਜ਼ੂਰੀ, ਹਜ਼ਰਤਾਂ ਤੋਂ ਬਾਹਰ ਜਣਾਈਆ । ਲੇਖਾ ਰਹਿਣ ਨਹੀਂ ਦੇਣਾ ਬਾਕੀ ਕੋਹਤੂਰੀ, ਤੁਰੀਆ ਤੋਂ ਬਾਹਰ ਦੇਣਾ ਜਣਾਈਆ । ਜਨ ਭਗਤਾਂ ਪੰਧ ਮੁਕਾਉਣਾ ਨੇੜ ਦੂਰੀ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਜਨਮ ਕਰਮ ਦੀ ਸਭ ਦੀ ਲੇਖੇ ਪਾਉਣੀ ਮਜ਼ਦੂਰੀ, ਜੋ ਅੰਤਰ ਨਿਰੰਤਰ ਪ੍ਰਭ ਦੀ ਸੇਵ ਕਮਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਸਭ ਦੀ ਕਰਨੀ ਮਸ਼ਹੂਰੀ, ਮਸ਼ਰਕ ਮਗ਼ਰਬ ਵੱਜੇ ਵਧਾਈਆ । ਖੇਲ

ਖੇਲਣਾ ਲੋਕਮਾਤ ਜ਼ਰੂਰੀ, ਜ਼ਰੂਰਤ ਧੁਰ ਦੀ ਪੂਰ ਕਰਾਈਆ । ਇਕੋ ਪ੍ਰਕਾਸ਼ ਬਖ਼ਸ਼ਣਾ ਨੂਰੀ, ਨੂਰ ਨੁਰਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਮੈਂ ਕਰਨਾ ਵਕਤ ਸੁਹਾਵਾ, ਜਨ ਭਗਤ ਦਿਆਂ ਵਡਿਆਈਆ । ਕਲਜੁਗ ਕੂੜੀ ਕਿਰਿਆ ਰਹਿਣ ਨਹੀਂ ਦੇਣਾ ਦਾਵਾ, ਦਾਵੇਦਾਰ ਨਾ ਕੋਇ ਅਖਵਾਈਆ । ਚਾਰ ਜੁਗ ਦਾ ਪਿਛਲਾ ਪੂਰਾ ਕਰਨਾ ਨਾਵਾਂ, ਲਹਿਣਾ ਦੇਣਾ ਸਭ ਦੀ ਝੋਲੀ ਦੇਣਾ ਟਿਕਾਈਆ । ਸਦੀ ਚੌਧਵੀਂ ਕਲਜੁਗ ਰਲਾਉਣਾ ਨਾਲ ਭਰਾਵਾਂ, ਸਤਿਜੁਗ ਤ੍ਰੇਤਾ ਦੁਆਪਰ ਬੈਠੇ ਰਾਹ ਤਕਾਈਆ । ਕੂੜੀ ਕਿਰਿਆ ਗਲ ਫਾਸ ਨਾ ਰਹੇ ਗਲਾਵਾਂ, ਡੋਰੀ ਤੰਦ ਦੇਣਾ ਕਟਾਈਆ । ਸਤਿ ਧਰਮ ਦੀ ਸਾਚੀ ਖੇਲ ਖਿਲਾਵਾਂ, ਖ਼ਾਲਕ ਖ਼ਲਕ ਨਾਲ ਮਿਲਾਈਆ । ਭਾਗ ਲਗਾਵਾਂ ਗੁਰਮੁਖਾਂ ਤਨ ਗਰਾਵਾਂ, ਗ੍ਰਿਹਿ ਗ੍ਰਿਹਿ ਅੰਤਰ ਵੇਖ ਵਖਾਈਆ । ਪਿਆਰ ਮੁਹੱਬਤ ਨਾਲ ਪਰਚਾਵਾਂ, ਪਰਚਾਨੀ ਦਾ ਡੇਰਾ ਢਾਹੀਆ । ਧੁਰ ਦਾ ਢੋਲਾ ਇਕ ਸੁਣਾਵਾਂ, ਆਤਮ ਪਰਮਾਤਮ ਰਾਗ ਅਲਾਈਆ । ਪਿਆਰ ਬਖ਼ਸ਼ਾਂ ਵੱਧ ਮਾਵਾਂ, ਪਿਤਾ ਪੂਤ ਗੋਦ ਸੁਹਾਈਆ । ਕੂੜੀ ਕਿਰਿਆ ਨਾਤਾ ਤੋੜਾਂ ਕਾਵਾਂ, ਹੰਸਾਂ ਮਾਣਕ ਮੋਤੀ ਚੋਗ ਚੁਗਾਈਆ । ਚਾਰੋਂ ਕੁੰਟ ਕਰਾਵਾਂ ਵਾਹਵਾ, ਵਾਹ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੈਂ ਭਗਤਾਂ ਦੇਵਾਂ ਦਾਤ, ਧਰਮ ਦੀ ਧਾਰ ਇਕ ਵਰਤਾਈਆ । ਅਗੰਮ ਅਥਾਹ ਬਖ਼ਸ਼ ਕੇ ਦਾਤ, ਦਇਆਵਾਨ ਨਾਲ ਮਿਲਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਸਚ ਚੰਦ ਚਮਕਾਈਆ । ਨੌਂ ਖੰਡ ਪ੍ਰਿਥਮੀ ਬਣਾ ਕੇ ਇਕ ਜਮਾਤ, ਏਕਾ ਰੰਗ ਦਿਆਂ ਰੰਗਾਈਆ । ਧੁਰ ਦੀ ਵਸਤ ਕਰ ਇਨਾਇਤ, ਖ਼ਾਲੀ ਝੋਲੀ ਮਾਤ ਭਰਾਈਆ । ਇਕ ਦੇ ਸਭ ਨੇ ਹੋਣਾ ਮਤਾਹਿਤ, ਦੂਜਾ ਨਜ਼ਰ ਕੋਇ ਨਾ ਆਈਆ । ਨੌਂ ਖੰਡ ਪ੍ਰਿਥਮੀ ਕਰਕੇ ਆਵਾਂ ਹਦਾਇਤ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤ ਕਰਾਂ ਤਾਮੀਰੀ, ਲੋਕਮਾਤ ਮਾਤ ਵਡਿਆਈਆ । ਖੇਲ ਕਰਾਂ ਬੇਨਜ਼ੀਰੀ, ਜਗਤ ਨੇਤਰ ਸਮਝ ਕਿਸੇ ਨਾ ਆਈਆ । ਸ਼ਰਅ ਦੀ ਤੋੜ ਜ਼ੰਜੀਰੀ, ਸ਼ਰੀਅਤ ਇਕੋ ਇਕ ਸਮਝਾਈਆ । ਰੰਗ ਰੰਗਾ ਕੇ ਹਸਤ ਕੀੜੀ, ਕੀਟਾਂ ਦੇਵਾਂ ਮਾਣ ਵਡਿਆਈਆ । ਰਹਿਣ ਦੇਣੀ ਨਹੀਂ ਕਿਸੇ ਦੀ ਪੀਰੀ, ਪੀਰ ਫ਼ਕੀਰਾਂ ਕਰਾਂ ਸਫ਼ਾਈਆ । ਧੁਰ ਦਾ ਖੇਲ ਵਰਤੇ ਤਕਦੀਰੀ, ਤਦਬੀਰ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤਾਂ ਕਰਾਂ ਜ਼ਾਹਰ, ਜ਼ਾਹਰ ਜ਼ਹੂਰ ਨੂਰ ਚਮਕਾਈਆ । ਖੇਲ ਕਰਾਂ ਭਾਰਤ ਵਿਚੋਂ ਬਾਹਰ, ਬੈਰੂਨੀ ਪੜਦਾ ਆਪ ਚੁਕਾਈਆ । ਬਹੱਤਰ ਜ਼ਬਾਨਾਂ ਦਾ ਬਣਕੇ ਸ਼ਾਇਰ, ਸ਼ਰਅ ਤੋਂ ਪਰੇ ਹੁਕਮ ਸੁਣਾਈਆ । ਜਿਸ ਨੂੰ ਸਮਝੇ ਕੋਈ ਨਾ ਐਰ ਗ਼ੈਰ, ਮੁਹੰਮਦ ਈਸਾ ਮੂਸਾ ਧਿਆਨ ਲਗਾਈਆ । ਕਲਜੁਗ ਕੂੜ ਦੀ ਵੇਖਣੀ ਦੁਪਿਹਰ, ਘੜੀ ਪਲ ਖੋਜ ਖੁਜਾਈਆ । ਜਿਥੇ ਮੁਹੰਮਦ ਨੂੰ ਦਿਤਾ ਸੀ ਜ਼ਹਿਰ, ਸੋ ਜਗਹ ਲੇਖੇ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੇਰਾ ਲੇਖਾ ਸ਼ਰਕੀ ਗ਼ਰਬੀ, ਸ਼ਹਿਨਸ਼ਾਹ ਦਏ ਵਡਿਆਈਆ । ਫ਼ਾਰਸ ਆਰਸ


੧੭੮੦ ੨੨

ਵੇਖਾਂ ਅਰਬੀ, ਅਰਬਾਨੀਆਂ ਪੜਦਾ ਲਾਹੀਆ । ਨਬੀ ਰਸੂਲਾਂ ਬਣ ਕੇ ਦਰਦੀ, ਦੁਆ ਸਭ ਦੀ ਫੋਲ ਫੁਲਾਈਆ । ਫਿਰ ਕਰਾਂਗਾ ਆਪਣੀ ਮਰਜ਼ੀ, ਮਜ਼ਾ ਸਭ ਨੂੰ ਦਿਆਂ ਚਖਾਈਆ । ਸਦੀ ਚੌਧਵੀਂ ਸਭ ਦੇ ਮੁਖ ਤੇ ਆਉਣੀ ਜ਼ਰਦੀ, ਜ਼ੱਰਾ ਜ਼ੱਰਾ ਦਏ ਦੁਹਾਈਆ । ਭੇਵ ਖੋਲ੍ਹਾਗਾ ਕੀ ਮੁਹੰਮਦ ਨੇ ਦਿਤੀ ਅਰਜ਼ੀ, ਮਦੀਨੇ ਵਾਲਿਆਂ ਮੁੱਦਾ ਇਕ ਸਮਝਾਈਆ । ਕੀ ਧਾਰ ਹੋਣੀ ਚੋਟੀ ਜੜ੍ਹ ਦੀ, ਜੜ੍ਹ ਚੇਤਨ ਕੀ ਚਤੁਰਾਈਆ । ਕਿਸ ਕਾਰਨ ਉਮਤ ਉਮਤ ਨਾਲ ਲੜਦੀ, ਸ਼ਰਅ ਸ਼ਰਅ ਨਾਲ ਟਕਰਾਈਆ । ਕਿਉਂ ਅਗਨੀ ਹਵਸ ਸੜਦੀ, ਸ਼ੱਮਸ ਤਬਰੇਜ਼ ਕੀ ਗਿਆ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਪੜਦਾ ਉਤੋਂ ਲਾਹਵੇ ਫ਼ਰਜ਼ੀ, ਸਚ ਦਾ ਸਚ ਹੱਕ ਦਾ ਹੱਕ ਨਜ਼ਰੀ ਆਈਆ ।

### ✪ ੯ ਫੱਗਣ ਸ਼ਹਿਨਸ਼ਾਹੀ ਸੰਮਤ ੭ ਪ੍ਰੀਤਮ ਸਿੰਘ ਦੇ ਗ੍ਰਿਹ ਪਿੰਡ ਜੰਡਿਆਲਾ ਜ਼ਿਲਾ ਜਲੰਧਰ ✪

ਮੁਹੰਮਦ ਕਹੇ ਮਕਬਰੇ ਦਾ ਪਰਦਾ ਜਾਂਦਾ ਖੁਲ੍ਹਦਾ, ਮਿੱਟੀ ਖ਼ਾਕ ਖ਼ਾਕ ਸੀਸ ਨਿਵਾਈਆ । ਮੈਂ ਦਰਸ਼ਨ ਕਰਨਾ ਮਾਲਕ ਕੁੱਲ ਦਾ, ਕੁੱਲ ਮਾਲਕ ਜਿਸ ਨੂੰ ਸੀਸ ਨਿਵਾਈਆ । ਮੇਰਾ ਲਹਿਣਾ ਹੋਣਾ ਧੁਰ ਦੇ ਮੁੱਲ ਦਾ, ਕੀਮਤ ਕਰਤਾ ਕਰੀਮ ਆਪੇ ਪਾਈਆ । ਜਿਸ ਸੁਆਦ ਬਦਲ ਦੇਣਾ ਬੁੱਲ ਦਾ, ਰਸਨਾ ਜਿਹਵਾ ਵੰਡ ਨਾ ਕੋਇ ਵੰਡਾਈਆ । ਮੇਰਾ ਅੰਤਮ ਲੇਖਾ ਦੀਪਕ ਗੁਲ ਦਾ, ਗੁਲਸ਼ਨ ਆਪਣਾ ਇਕ ਮਹਿਕਾਈਆ । ਉਮਤ ਬੂਟਾ ਸਦੀ ਚੌਧਵੀਂ ਹੁੱਲਦਾ, ਹਾਲਤ ਬਦਲੇ ਕੂੜ ਲੋਕਾਈਆ । ਆਬੇਹਯਾਤ ਹਯਾਤੀਆਂ ਵਿਚੋਂ ਵੇਖੇ ਡੁਲ੍ਹਦਾ, ਜੀਵਣ ਜਗਤ ਨਾ ਕੋਇ ਵਡਿਆਈਆ । ਹੁਕਮ ਵਰਤਣਾ ਅਗੰਮ ਅਟੱਲ ਦਾ, ਬੇਪਰਵਾਹ ਆਪਣੀ ਕਾਰ ਭੁਗਤਾਈਆ । ਅੰਤਮ ਲੇਖਾ ਹੋਣਾ ਪੱਤ ਟਹਿਣੀ ਫਲ ਫੁੱਲ ਦਾ, ਫੁਲਵਾੜੀ ਦੀਨ ਦੁਨੀ ਮਹਿਕੇ ਚਾਈਂ ਚਾਈਂਆ । ਜਗਤ ਜਹਾਨ ਵੇਖਣਾ ਰੁਲਦਾ, ਗੋਦੀ ਗੋਦ ਨਾ ਕੋਇ ਸੁਹਾਈਆ । ਮੈਂ ਉਸ ਦੇ ਕਦਮਾਂ ਘੋਲ ਘੁਲਦਾ, ਆਪ ਆਪਾ ਘੋਲ ਘੁਮਾਈਆ । ਜੋ ਮਾਲਕ ਖ਼ਾਲਕ ਪ੍ਰਿਤਪਾਲਕ ਵੇਸ ਵਟਾਏ ਸੁਲਹਕੁਲ ਦਾ, ਅਮਾਮ ਅਮਾਮਾ ਨੂਰ ਇਲਾਹੀਆ । ਜਿਸ ਝਗੜਾ ਮੁਕਾਉਣਾ ਸ਼ਰਅ ਅਗਨੀ ਵਾਲੀ ਚੁਲ੍ਹ ਦਾ, ਸਾਂਤਕ ਸਤਿ ਸਤਿ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੁਹੰਮਦ ਕਹੇ ਮੇਰਾ ਮਕਬਰਾ ਪਾਉਂਦਾ ਜਾਏ ਸ਼ੋਰ, ਸ਼ੌਹਰ ਬਾਂਕੇ ਧਿਆਨ ਲਗਾਈਆ । ਜਿਸ ਭਾਗ ਲਗਾਉਣਾ ਮੇਰੀ ਗੋਰ, ਗ਼ੌਰ ਨਾਲ ਧਿਆਨ ਲਗਾਈਆ । ਜਿਸ ਦੇ ਅੱਗੇ ਚਲੇ ਕੋਈ ਨਾ ਜ਼ੋਰ, ਤਾਕਤਵਰ ਨਾ ਕੋਇ ਅਖਵਾਈਆ । ਸਦੀ ਚੌਧਵੀਂ ਧੁਰ ਦੇ ਕਲਮੇ ਹੱਥ ਫੜ ਕੇ ਡੋਰ, ਡੋਰੀ ਆਪਣੇ ਤੰਦ ਬੰਧਾਈਆ । ਵੇਖ ਵਖਾਣੇ ਅੰਧੇਰਾ ਘੋਰ, ਘੋਰੀ ਹੋ ਕੇ ਨੂਰ ਇਲਾਹੀਆ । ਦਰ ਦਵਾਰੇ ਅੰਤਮ ਪਏ ਬੌਹੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਮਕਬਰਾ ਕਹੇ ਮੈਂ ਬਿਨ ਸਜਦਿਆਂ ਕਰਾਂ ਸਲਾਮ, ਕਦਮ ਬੋਸੀ ਕਦੀਮ ਦੇ ਮਾਲਕ ਇਕ ਜਣਾਈਆ । ਮੇਰਾ ਸਾਹਿਬ ਆਵੇ ਅਮਾਮ, ਅਮਲਾਂ ਤੋਂ ਰਹਿਤ ਨੂਰ ਇਲਾਹੀਆ । ਜਿਸ ਦੇ ਪੈਗ਼ੰਬਰ ਬਣੇ ਗ਼ੁਲਾਮ, ਖ਼ਾਦਮ ਬਣ ਕੇ ਝਟ ਲੰਘਾਈਆ । ਉਹ ਲੇਖਾ ਜਾਣੇ ਤਮਾਮ, ਦੋ ਜਹਾਨਾਂ ਵੇਖ

ਵਖਾਈਆ । ਦੀਨ ਦੁਨੀ ਦੀ ਬਦਲ ਦੇਵੇ ਕਲਾਮ, ਕਾਇਨਾਤ ਕਰੇ ਪੜ੍ਹਾਈਆ । ਜਿਸ ਨੇ ਕੂੜ ਕਿਰਿਆ ਮੇਟਣੀ ਹਰਾਮ, ਸ਼ਰਅ ਸ਼ਰੀਅਤ ਦਏ ਬਦਲਾਈਆ । ਸਤਿ ਸਚ ਦਾ ਕਰੇ ਇੰਤਜਾਮ, ਬੰਦੋਬਸਤ ਆਪਣੇ ਹੱਥ ਰਖਾਈਆ । ਇਕੋ ਹੁਕਮ ਸੰਦੇਸ਼ਾ ਦੇਵੇ ਅਵਾਮ, ਆਮ ਆਪਣੀ ਕਾਰ ਭੁਗਤਾਈਆ । ਮਿਹਰਵਾਨ ਬਣ ਰਹਿਮਾਨ, ਰਹਿਮਤ ਹੱਕ ਹੱਕ ਪੜ੍ਹਾਈਆ । ਮੇਰਾ ਪਿਛਲਾ ਲੇਖਾ ਲਾਏ ਨਿਸ਼ਾਨ, ਨਿਸ਼ਾਨ ਤਾਰਾ ਚੰਦ ਮੇਰੇ ਵਿਚ ਟਿਕਾਈਆ । ਉਸ ਵੇਲੇ ਉਹਨੂੰ ਝੁਕ ਜਾਣ ਜ਼ਿਮੀ ਅਸਮਾਨ, ਚੌਦਾਂ ਤਬਕ ਸੀਸ ਨਿਵਾਈਆ । ਫੇਰ ਆਇਤ ਬੋਲੇ ਜਿਹੜੀ ਲਿਖੀ ਗਈ ਨਹੀਂ ਵਿਚ ਕੁਰਾਨ, ਮਜੀਦ ਮਸਲਾ ਨਾ ਕੋਇ ਸਮਝਾਈਆ । ਧੁਰ ਦੇ ਹੁਕਮ ਦਾ ਕਰੇ ਐਲਾਨ, ਐਲਾਨੀਆਂ ਆਪਣਾ ਹੁਕਮ ਵਰਤਾਈਆ । ਫੇਰ ਲੇਖਾ ਪੂਰਾ ਕਰੇ ਵਿਚ ਤਹਿਰਾਨ, ਤਰਾ ਤਰਾ ਨਾਲ ਜਣਾਈਆ । ਕਿਸੇ ਭੁੱਲ ਨਾ ਰਹੇ ਅਨਜਾਣ, ਅਨਜਾਣਤ ਆਪਣਾ ਹੁਕਮ ਜਣਾਈਆ । ਪਰਗਟ ਹੋ ਕੇ ਨੌਜਵਾਨ, ਨਵ ਨਵ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਖੇਲ ਆਪ ਖਿਲਾਈਆ । ਜਿਸ ਵੇਲੇ ਜਾਣਾ ਵਿਚ ਤਹਿਰਾਨ, ਤਾਰਾ ਚੰਦ ਸੀਸ ਨਿਵਾਈਆ । ਨੀਲੇ ਬਸਤਰ ਪਹਿਰੇ ਆਪ ਅਮਾਮ, ਆਪ ਆਪਣਾ ਵੇਸ ਵਖਾਈਆ । ਜ਼ਰੂਰ ਸੰਦੇਸ਼ਾ ਦੇਵੇ ਖੇਲ ਕਰੇ ਮਹਾਨ, ਮਹਿਮਾ ਅਕਥ ਕਥ ਦ੍ਰਿੜਾਈਆ । ਸਦੀ ਚੌਧਵੀਂ ਜਿਸ ਨੇ ਅੰਤ ਕਰਨੀ ਪਰਵਾਨ, ਪਰਮ ਪੁਰਖ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਮਕਬਰਾ ਕਹੇ ਮੇਰੀ ਆਸ਼ਾ ਇਕ ਅਵੱਲੀ, ਹਾਸ਼ਮ ਧਿਆਨ ਲਗਾਈਆ । ਜਿਸ ਨੂੰ ਸਮਝੇ ਨਾ ਕੋਈ ਅੱਲਾਹ ਵਲੀ, ੧੭੮੨
੧੭੮੨ ਵਲੀ ਅੱਲਾ ਕਹਿਣ ਕੋਇ ਨਾ ਪਾਈਆ । ਮੇਰੇ ਦਰ ਪਹੁੰਚਾਉਣੀ ਤੇਲ ਦੀ ਪਲੀ, ਪਲ ਵਿਚ ਮੇਰਾ ਲੇਖਾ ਪੂਰ ਕਰਾਈਆ । ਜਿਸ ਦੇ ਪਿਛੇ
੨੨ ਦੇਂਦਾ ਆਇਆ ਬਲੀ, ਬਲ ਆਪਣਾ ਆਪ ਮਿਟਾਈਆ । ਉਸ ਨੇ ਚਸ਼ਮ ਚਰਾਗ਼ ਵੇਖਣਾ ਹਜ਼ਰਤ ਅਲੀ, ਆਲੀਜ਼ਾਹ ਆਪਣਾ ਹੁਕਮ ਵਰਤਾਈਆ । ੨੨
ਹੋਕਾ ਦੇ ਕੇ ਆਉਣਾ ਗਲੀਓ ਗਲੀ, ਗ਼ੁਲਾਮੋਂ ਗਲੋਂ ਜ਼ੰਜੀਰਾਂ ਦਿਓ ਕਟਾਈਆ । ਇਕੋ ਅੱਲਾ ਇਲਾਹੀ ਨੂਰ ਜਿਸ ਦੀ ਜੋਤ ਅਗੰਮੀ ਬਲੀ, ਚੌਦਾਂ ਤਬਕਾਂ ਤੋਂ ਬਾਹਰ ਕਰੇ ਰੁਸ਼ਨਾਈਆ । ਜਿਸ ਨੇ ਲੇਖੇ ਲਾ ਕੇ ਆਉਣੀ ਲੂਣ ਦੀ ਡਲੀ, ਨਿਮਕ ਹਰਾਮ ਖ਼ੁਦ ਮਾਲਕ ਨਾ ਕੋਇ ਅਖਵਾਈਆ । ਆਪ ਬਣ ਕੇ ਵੱਡਾ ਛਲੀ, ਛਲ ਸਭ ਦੇ ਨਾਲ ਕਮਾਈਆ । ਫਿਰੇ ਦਰੋਹੀ ਵਿਚ ਥਲੀਂ, ਜਲ ਬੈਠਣ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫਿਰੇ ਦੋ ਜਹਾਨਾਂ ਬਿਨਾ ਦੁਲਦੁਲ ਤੋਂ ਵਿਚ ਦਲੀਂ, ਦਲਾਂ ਦਾ ਮਾਲਕ ਇਕੋ ਨੂਰ ਇਲਾਹੀਆ ।

### ੧੧ ਫੱਗਣ ਸ਼ਹਿਨਸ਼ਾਹੀ ਸੰਮਤ ੭ ਸੁਰਜੀਤ ਸਿੰਘ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ

ਨਾਰਦ ਕਹੇ ਪ੍ਰਭੂ ਅਬਿਨਾਸ਼ੀ ਅਚੁਤ, ਪਰਮ ਪੁਰਖ ਤੇਰੀ ਸਰਨਾਈਆ । ਮੈਂ ਵੇਖਣ ਆਇਆ ਤੇਰੀ ਸੁਹੰਜਣੀ ਰੁਤ, ਰੁਤੜੀ ਤੇਰੀ ਵੇਖ ਵਖਾਈਆ । ਮੈਂ ਤਕੇ ਭਗਤ ਸੁਹੇਲੇ ਤੇਰੇ ਸੁਤ , ਹਰਿਜਨ ਸਾਚੇ ਸੋਭਾ ਪਾਈਆ । ਜਿਨ੍ਹਾਂ ਦਾ ਪਿਆਰ ਤੇਰੇ ਨਾਲ ਸਦਾ ਵੱਧ ਪੁੱਤ, ਪਿਤਾ

ਪੁਰਖ ਅਕਾਲ ਤੇਰੀ ਸਰਨਾਈਆ । ਸਦੀ ਚੌਧਵੀਂ ਮੌਲੀ ਰੁਤ, ਰੁਤੜੀ ਆਪਣਾ ਰੰਗ ਰੰਗਾਈਆ । ਮੇਰਾ ਸੀਸ ਰਿਹਾ ਝੁਕ, ਕਦਮਾਂ ਵਿਚ ਟਿਕਾਈਆ । ਤੇਰਾ ਨਿਸ਼ਾਨਾ ਨਿਸ਼ਾਨਿਉਂ ਜਾਏ ਨਾ ਉਕ, ਤੀਰ ਨਿਰਾਲਾ ਅਗੰਮ ਅਥਾਹੀਆ । ਮੈਂ ਹੈਰਾਨ ਹੋ ਗਿਆ ਜਿਹੜੇ ਗਾਉਂਦੇ ਸੋਹੰ ਤੁਕ, ਆਤਮ ਪਰਮਾਤਮ ਖ਼ੁਸ਼ੀ ਬਣਾਈਆ । ਇਹੋ ਜੇਹੀ ਕਦੇ ਜਗਤ ਜਹਾਨ ਮਿਲੀ ਨਹੀਂ ਲੁੱਟ, ਲੁਟੇਰਿਓ ਕਿਉਂ ਆਪਣਾ ਨਾਮ ਦਿਤਾ ਲੁਟਾਈਆ । ਭਾਗ ਲਗਾਉਂਦਾ ਜਾਏ ਕਾਇਆ ਬੁਤ, ਬੁਤਖ਼ਾਨਿਆਂ ਕਰੇ ਸਫ਼ਾਈਆ । ਮੇਰੇ ਸਾਹਿਬ ਕੁਛ ਮੈਨੂੰ ਵੀ ਪੁਛ, ਮੈਂ ਖ਼ੁਸ਼ੀ ਨਾਲ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਨਾਰਦ ਕਹੇ ਪ੍ਰਭੂ ਤੇਰਿਆਂ ਭਗਤਾਂ ਦਾ ਤਕਾਂ ਜਨਮ, ਜਨਮ ਤੇਰੇ ਦਰ ਸੋਭਾ ਪਾਈਆ । ਤੂੰ ਮਾਲਕ ਤਰਨੀ ਤਰਨ, ਤਾਰਨਹਾਰ ਇਕ ਅਖਵਾਈਆ । ਤੇਰੇ ਕੋਲੋਂ ਅਵਤਾਰ ਪੈਗ਼ੰਬਰ ਗੁਰੂ ਡਰਨ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਭਗਤ ਸੁਹੇਲੇ ਤੇਰੀ ਮੰਜ਼ਲ ਚੜ੍ਹਨ, ਪਾਂਧੀ ਪਿਛਲਾ ਪੰਧ ਮੁਕਾਈਆ । ਮੈਂ ਕੁਛ ਅਗਲੀ ਸਿਖਿਆ ਆਇਆ ਪੜ੍ਹਨ, ਪੜਦਾ ਅੰਦਰੋਂ ਦੇਣਾ ਉਠਾਈਆ । ਕੀ ਘਾੜਨ ਲੱਗਾ ਘੜਨ, ਘੜਨ ਭੰਨਣਹਾਰ ਕੀ ਆਪਣੀ ਖੇਲ ਖਿਲਾਈਆ । ਮੈਂ ਫੜ ਕੇ ਤੇਰੇ ਚਰਨ, ਧੂੜੀ ਖ਼ਾਕ ਲਵਾਂ ਰਮਾਈਆ । ਕਿਉਂ ਝਗੜਾ ਮੇਟਣ ਲੱਗਾ ਵਰਨ ਬਰਨ, ਜ਼ਾਤ ਪਾਤ ਪੰਧ ਮੁਕਾਈਆ । ਕਿਸ ਬਿਧ ਭਗਤਾਂ ਖੋਲ੍ਹ ਕੇ ਨੇਤਰ ਹਰਨ ਫਰਨ, ਰਾਤੀਂ ਸੁਤਿਆਂ ਦਰਸ ਦਏਂ ਦਿਖਾਈਆ । ਮੈਂ ਤੇਰੇ ਨਾਲ ਆਇਆ ਲੜਨ, ਲੜਾਕਾ ਹੋ ਕੇ ਦਿਆਂ ਜਣਾਈਆ । ਤੇਰਾ ਖੇਲ ਚੋਟੀ ਚੇਤਨ ਜੜ੍ਹਨ, ਜੜ੍ਹ ਚੇਤਨ ਕੀ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਨਾਰਦ ਕਹੇ ਪ੍ਰਭੂ ਤੇਰਿਆਂ ਭਗਤਾਂ ਦਾ ਦਿਵਸ ਦਿਹਾੜਾ, ਸਦਾ ਵੱਜਦੀ ਰਹੇ ਵਧਾਈਆ । ਪਰ ਮੇਰੀ ਇਕੋ ਬੇਨੰਤੀ ਇਕੋ ਹਾੜਾ, ਨਿਵ ਨਿਵ ਕੇ ਸੀਸ ਝੁਕਾਈਆ । ਤੂੰ ਜੁਗ ਚੌਕੜੀ ਕਿਉਂ ਧਰਨੀ ਉਤੇ ਵੇਖੇਂ ਅਖਾੜਾ, ਖੰਡੇ ਖੜਗ ਜਗਤ ਚਮਕਾਈਆ । ਕਿਉਂ ਸਦੀ ਚੌਧਵੀਂ ਅੰਤਮ ਮਾਰਨ ਆ ਗਿਉਂ ਧਾੜਾ, ਧਾੜਵੀ ਹੋ ਕੇ ਆਪਣਾ ਬਲ ਪਰਗਟਾਈਆ । ਤੇਰਾ ਸ਼ਬਦ ਅਗੰਮੀ ਦੋ ਜਹਾਨ ਇਸ਼ਾਰਾ, ਸੈਨਤ ਇਕੋ ਨਾਮ ਰਖਾਈਆ । ਕਲਜੁਗ ਅੰਤਮ ਨਾ ਦਿਸੇ ਕਿਨਾਰਾ, ਨਈਆ ਡੋਲੇ ਥਾਉਂ ਥਾਈਂਆ । ਤੂੰ ਮਾਲਕ ਖ਼ਾਲਕ ਕੰਤ ਭਤਾਰਾ, ਖ਼ਾਵੰਦ ਖ਼ਸਮ ਇਕ ਅਖਵਾਈਆ । ਤੇਰੇ ਚਰਨ ਕਵਲ ਨਿਮਸਕਾਰਾ, ਨਿਵ ਨਿਵ ਲਾਗਾਂ ਪਾਈਆ । ਮੈਂ ਹੈਰਾਨ ਹੋ ਗਿਆ ਜਨ ਭਗਤਾਂ ਅੰਦਰ ਤੇਰੇ ਪ੍ਰੇਮ ਦੀਆਂ ਬਹਾਰਾਂ, ਖ਼ੁਸ਼ੀਆਂ ਫਲ ਫੁੱਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਪ੍ਰਭੂ ਤੂੰ ਤ੍ਰੈਭਵਣ ਅਤੀਤ, ਤ੍ਰੈਗੁਣ ਡੇਰਾ ਢਾਹੀਆ । ਆਦਿ ਜੁਗਾਦੀ ਠਾਂਡਾ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਦਲਣੀ ਰੀਤ, ਰੀਤੀਵਾਨ ਆਪਣੇ ਹੱਥ ਰਖਾਈਆ । ਕਲਜੁਗ ਅੰਤਮ ਸਮਾਂ ਰਿਹਾ ਬੀਤ, ਬੀਤੀ ਕਹਾਣੀ ਕਹਿਣ ਕੋਇ ਨਾ ਪਾਈਆ । ਤੂੰ ਮਾਲਕ ਪ੍ਰਿਤਪਾਲਕ ਏਕੰਕਾਰ ਅਤੀਤ, ਤ੍ਰੈਭਵਣ ਤੇਰੀ ਸਰਨਾਈਆ । ਜਨ ਭਗਤਾਂ ਚਲਾਈ ਸਾਚੀ ਰੀਤ, ਰੀਤੀਵਾਨ ਆਪਣਾ ਰੰਗ ਰੰਗਾਈਆ । ਤੇਰਾ ਭਗਤ ਤੇਰੀ ਧਰਮ ਦੀ ਹੋਵੇ ਨੀਤ, ਨੀਤੀਵਾਨ ਤੇਰੀ ਵਡਿਆਈਆ । ਝਗੜਾ ਰਹੇ ਨਾ ਮੰਦਰ ਮਸੀਤ, ਕਾਇਆ ਕਾਅਬਾ ਇਕ ਦਰਸਾਈਆ । ਲੇਖੇ ਲਾਉਣਾ ਜਨਮ ਜਨਮ ਜਨਮ ਸਿੰਘ ਸੁਰਜੀਤ, ਜੁਝਾਰ ਝੂਜਣ ਦਾ

੧੭੮੩
੨੨

ਲੇਖਾ ਆਪਣੇ ਹੱਥ ਰਖਾਈਆ । ਭਗਤਾਂ ਭਗਵਨ ਬਖ਼ਸ਼ ਅਗੰਮ ਪ੍ਰੀਤ, ਪ੍ਰੀਤਮ ਮੇਲ ਮਿਲਾਉਣਾ ਚਾਈਂ ਚਾਈਂਆ । ਤੇਰੀ ਸਾਰੇ ਕਰਦੇ ਗਏ ਉਡੀਕ, ਚਾਰ ਕੁੰਟ ਬਿਨ ਅੱਖਾਂ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਸਦਾ ਵਸਣਾ ਚੀਤ, ਚਿਤ ਠਗੌਰੀ ਰਹਿਣ ਕੋਇ ਨਾ ਪਾਈਆ ।

✪ ੧੪ ਫੱਗਣ ਸ਼ਹਿਨਸ਼ਾਹੀ ਸੰਮਤ ੭ ਰਣਜੀਤ ਸਿੰਘ, ਮੌਤਾ ਸਿੰਘ ਕਲਸੀਆਂ ਨਵਿਤ, ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਕਹੇ ਪ੍ਰਭੂ ਕਿਉਂ ਮੇਰਾ ਰੂਪ ਬਣਾਇਆ ਵਾਂਗ ਠੱਗਾਂ, ਠਗੌਰੀ ਜਗਤ ਨਾਲ ਰਖਾਈਆ । ਸਦੀ ਚੌਧਵੀਂ ਘਰ ਘਰ ਲਾਉਂਦਾ ਫਿਰੇਂ ਅੱਗਾਂ, ਕਲਜੁਗ ਕੂੜੀ ਕਿਰਿਆ ਨਾਲ ਮਿਲਾਈਆ । ਜਨ ਭਗਤਾਂ ਸੀਸ ਬੰਨ੍ਹਾ ਕੇ ਪੱਗਾਂ, ਪਗਡੰਡੀਆਂ ਵਿਚੋਂ ਬਾਹਰ ਕਢਾਈਆ । ਦਰਸ਼ਨ ਦੇ ਕੇ ਉਪਰ ਸ਼ਾਹਰਗਾ, ਰਘੁਪਤ ਮੇਲ ਮੇਲਿਆ ਚਾਈਂ ਚਾਈਂਆ । ਕੂੜ ਕਿਰਿਆ ਦੀਆਂ ਮੇਟ ਕੇ ਹੱਦਾਂ, ਹਦੂਦ ਇਕੋ ਦਿਤੀ ਵਖਾਈਆ । ਮੈਂ ਦੋ ਜਹਾਨ ਦੇਵਾਂ ਸੱਦਾ, ਹੋਕਾ ਹੱਕ ਹੱਕ ਦ੍ਰਿੜਾਈਆ । ਪੁਰਖ ਅਕਾਲਾ ਦਿਆਲਾ ਬਿਨਾ ਭਗਤਾਂ ਕਿਸੇ ਨਾ ਲੱਧਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਪਿਆਰ ਮੁਹੱਬਤ ਵਿਚ ਕਿਸੇ ਨਾ ਬੱਧਾ, ਡੋਰੀ ਨਾਮ ਤੰਦ ਨਾ ਕੋਇ ਵਖਾਈਆ । ਦੀਪਕ ਪ੍ਰਕਾਸ਼ ਧਰਨੀ ਧਰਤ ਧਵਲ ਧੌਲ ਉਤੇ ਜਗਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਿਸ ਦੀ ਅਕਲ ਬੁੱਧੀ ਵਿਚ ਕੋਈ ਜਾਣ ਨਾ ਸਕੇ ਵਜਹ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਜਿਸ ਨੌਂ ਖੰਡ ਪ੍ਰਿਥਮੀ ਸੱਤ ਦੀਪ ਦੀ ਬਦਲ ਦੇਣੀ ਤਬਾ, ਤਬੀਅਤ ਦਾ ਤਬੀਬ ਇਕੋ ਨੂਰ ਇਲਾਹੀਆ । ਕੂੜੀ ਕਿਰਿਆ ਸਫ਼ਾ ਮੇਟਣੀ ਸਭਾ, ਮਲੇਛਾਂ ਡੇਰਾ ਢਾਹੀਆ । ਪੀਰ ਪੈਗ਼ੰਬਰਾਂ ਇਕੋ ਤਕਣਾ ਅੱਬਾ, ਅੰਮੀਜਾਨ ਇਕੋ ਨੂਰ ਇਲਾਹੀਆ । ਸਚ ਨਾਮ ਦੀ ਖ਼ੁਮਾਰੀ ਬਖ਼ਸ਼ਣੀ ਮਧਾ, ਮਧੁਰ ਧੁੰਨ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਕੀ ਹਾਲ ਵੇਖੇਂ ਮੁਰੀਦਾਂ, ਮੁਰਸ਼ਦ ਆਪਣੀ ਦਇਆ ਕਮਾਈਆ । ਤੇਰੇ ਪਿਆਰ ਵਿਚ ਮੁਹੱਬਤ ਵਾਲੀਆਂ ਈਦਾਂ, ਈਦੁਲਫ਼ਿਤਰ ਵਾਲੇ ਸਾਰੇ ਸੀਸ ਨਿਵਾਈਆ । ਜਿਨ੍ਹਾਂ ਨੂੰ ਤੇਰੇ ਕਲਮੇ ਕੀਤੀਆਂ ਤਾਕੀਦਾਂ, ਤਾਈਦ ਵਿਚ ਧੁਰ ਦਾ ਹੁਕਮ ਜਣਾਈਆ । ਉਨ੍ਹਾਂ ਦੀਆਂ ਮਨਸਾ ਆਸਾ ਪੂਰੀਆਂ ਕਰ ਉਮੀਦਾਂ, ਤ੍ਰਿਸ਼ਨਾ ਜਗਤ ਵਾਲੀ ਗਵਾਈਆ । ਲੇਖੇ ਲਾਵੀਂ ਜਗਤ ਕੁਰਬਾਨੀਆਂ ਪਾਵੀਂ ਸਾਰ ਸ਼ਹੀਦਾਂ, ਸ਼ਰਅ ਦਾ ਲੇਖਾ ਦੇਣਾ ਮੁਕਾਈਆ । ਮੈਂ ਚਾਰ ਕੁੰਟ ਤਕਾਂ ਲਾ ਕੇ ਨੀਝਾਂ, ਨਿਜ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਮੇਰਾ ਅੰਤਰ ਬਿਨ ਤੇਰੇ ਚਰਨ ਨਾ ਕਦੇ ਪਤੀਜਾ, ਪਤਿਪਰਮੇਸ਼ਵਰ ਤੁਧ ਬਿਨ ਸੀਸ ਨਾ ਕਦੇ ਨਿਵਾਈਆ । ਮੇਰੀ ਆਸ਼ਾ ਸਾਚੇ ਭਗਤਾਂ ਦੀਆਂ ਪੂਰੀਆਂ ਕਰ ਰੀਝਾਂ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਲੋਚਨ ਨੈਣ ਅੱਖ ਪ੍ਰਤਖ ਸਾਹਮਣੇ ਰੱਖ ਦੀਦਾ, ਦਾਨਿਸਤਾ ਦਰਸ ਦੇਣਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਹੋਣਾ ਸਹਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਤੇਰੇ ਵੇਖੇ ਰੰਗ ਅਨੋਖੇ, ਅਚਰਜ ਤੇਰੀ ਵਡ ਵਡਿਆਈਆ । ਚਾਰ ਕੁੰਟ ਚਾਰ ਵਰਨ ਹੋਏ ਧੋਖੇ, ਧਰਮ ਦੀ ਧਾਰ ਨਾ ਕੋਇ ਅਪਨਾਈਆ । ਅੱਖਰਾਂ ਵਾਲੇ ਸ਼ਾਸਤਰ ਸਿਮਰਤ ਪੜ੍ਹੇ

ਪੋਥੇ, ਵੇਦ ਪੁਰਾਨਾਂ ਅੰਜੀਲ ਕੁਰਾਨਾਂ ਧਿਆਨ ਲਗਾਈਆ । ਸਾਚੀ ਮੰਜ਼ਲ ਚੜ੍ਹੇ ਕੋਇ ਨਾ ਤੇਰੇ ਕੋਠੇ, ਕਿਵਾੜੀ ਬੰਦ ਨਾ ਪੜਦਾ ਕੋਇ ਚੁਕਾਈਆ । ਕਾਇਆ ਮਾਟੀ ਖ਼ਾਲੀ ਦਿਸੇ ਲੋਥੇ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਸਦੀ ਚੌਧਵੀਂ ਜੀਵ ਜੰਤ ਹੋ ਗਏ ਥੋਥੇ, ਹੋਛੀ ਮਨਸਾ ਮਨ ਬਣਾਈਆ । ਮੁੱਹਬਤ ਹੋ ਗਈ ਦੋਹਤੇ ਪੋਤੇ, ਪਰਮ ਪੁਰਖ ਤੇਰੀ ਸਾਰ ਕਿਸੇ ਨਾ ਆਈਆ । ਕਲਜੁਗ ਜੀਵ ਜਹਾਨ ਦਿਸਦੇ ਰੋਤੇ, ਰੁੱਸਿਆਂ ਸਕੇ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਤੇਰਾ ਖੇਲ ਆਪਣੇ ਘਰ ਦਾ, ਗ੍ਰਿਹ ਮੰਦਰ ਵੇਖ ਵਖਾਈਆ । ਅਵਤਾਰ ਪੈਗ਼ੰਬਰ ਗੁਰੂ ਫਿਰੇ ਡਰਦਾ, ਸਿਰ ਸਕੇ ਨਾ ਕੋਇ ਉਠਾਈਆ । ਪੈਗ਼ੰਬਰ ਹੋਇਆ ਤੇਰਾ ਬਰਦਾ, ਬੰਧਨ ਪ੍ਰੇਮ ਨਾਲ ਰਖਾਈਆ । ਕਿਉਂ ਨਹੀਂ ਆਪਣੀ ਕਿਰਪਾ ਕਰਦਾ, ਕਰਨਹਾਰ ਤੇਰੇ ਹੱਥ ਵਡਿਆਈਆ । ਤੇਰਾ ਭਗਤ ਸੁਹੇਲਾ ਜਗਤ ਜਹਾਨ ਹੋਵੇ ਤਰਦਾ, ਬੇੜਾ ਅਧਵਿਚਕਾਰ ਨਾ ਕੋਇ ਅਟਕਾਈਆ । ਲੇਖਾ ਪੂਰਾ ਕਰਦੇ ਲਹਿੰਦਾ ਚੜ੍ਹਦਾ, ਚੜ੍ਹਦਿਉਂ ਲਹਿੰਦੇ ਪਏ ਦੁਹਾਈਆ । ਖੇਲ ਤਕਣਾ ਚੋਟੀ ਜੜ੍ਹ ਦਾ, ਚੇਤਨ ਤੇਰੇ ਹੱਥ ਵਡਿਆਈਆ । ਕਿਲਾ ਤੋੜ ਦੇ ਹੰਕਾਰੀ ਗੜ੍ਹ ਦਾ, ਹਉਮੇ ਹੰਗਤਾ ਦੇ ਮਿਟਾਈਆ । ਤੇਰਾ ਪ੍ਰੇਮੀ ਪਿਆਰਾ ਭਗਤ ਗੁਰਮੁਖ ਸੰਤ ਸੂਫ਼ੀ ਤ੍ਰੈਗੁਣ ਵਿਚ ਰਹੇ ਨਾ ਸੜਦਾ, ਅੰਮ੍ਰਿਤ ਮੇਘ ਦੇਣਾ ਬਰਸਾਈਆ । ਜਿਧਰ ਵੇਖਾਂ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੋਹੰ ਢੋਲਾ ਮਾਨਸ ਮਾਨਵ ਮਾਨੁਖ ਹੋਵੇ ਪੜ੍ਹਦਾ, ਜ਼ਨੋ ਮਰਦ ਦਰ ਤੇਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਭੈ ਵਿਚ ਦੋ ਜਹਾਨ ਡਰਦਾ, ਭੈ ਭਿਆਨਕ ਹੋਣਾ ਆਪ ਸਹਾਈਆ ।



### ੧੫ ਫੱਗਣ ਸ਼ਹਿਨਸ਼ਾਹੀ ਸੰਮਤ ੭ ਕੱਲਾ ਹਰਿ ਸੰਗਤ ਨਵਿਤ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ

ਮੁਹੰਮਦ ਕਹੇ ਵਾਹ ਮੇਰੇ ਅਮਾਮ, ਅਮਾਮ ਅਮਾਮਾ ਸੱਜਦਾ ਸੀਸ ਝੁਕਾਈਆ । ਤੇਰਾ ਸੁਣਾਂ ਅਗੰਮ ਪੈਗ਼ਾਮ, ਪੈਗ਼ੰਬਰਾਂ ਤੋਂ ਪਰੇ ਤੇਰੀ ਪੜ੍ਹਾਈਆ । ਸ਼ਰਅ ਦਾ ਰਹਿਣਾ ਨਹੀਂ ਕੋਈ ਗ਼ੁਲਾਮ, ਜ਼ੰਜੀਰ ਬੇਨਜ਼ੀਰ ਦੇਣਾ ਤੁੜਵਾਈਆ । ਸਦੀ ਚੌਧਵੀਂ ਕੂੜੀ ਕਿਰਿਆ ਮੇਟਣੀ ਹਰਾਮ, ਹਰਸ ਹਵਸ ਦੇਣੀ ਗਵਾਈਆ । ਕਲਮੇ ਨੂੰ ਕਰੇ ਨਾ ਕੋਇ ਬਦਨਾਮ, ਕਾਇਨਾਤ ਪੜਦਾ ਦੇਣਾ ਚੁਕਾਈਆ । ਅੰਤ ਸ਼ਰਅ ਸ਼ਰੀਅਤ ਦਾ ਕਰਨਾ ਕਤਲੇਆਮ, ਕਾਤਲ ਮਕਤੂਲ ਪੰਧ ਮੁਕਾਈਆ । ਤੇਰਾ ਖੇਲ ਵੇਖਣਾ ਮਿਹਰਵਾਨ, ਮਹਿਬੂਬ ਤੇਰੀ ਸਰਨਾਈਆ । ਮੈਂ ਦਸਤ ਬਦਸਤ ਮੰਗਾਂ ਦਾਨ, ਚਰਨ ਝੁਕ ਕੇ ਸੱਯਦਾ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਹ ਸਾਚੀ ਮੰਗ ਮੰਗਾਈਆ । ਮੁਹੰਮਦ ਕਹੇ ਮੇਰੇ ਪਰਵਰਦਿਗਾਰ ਤੇਰੀ ਦਰਗਾਹ ਸਾਚੀ, ਸਚ ਤੇਰੀ ਸਰਨਾਈਆ । ਚਾਰੋਂ ਕੁੰਟ ਅੰਧੇਰੀ ਰਾਤੀ, ਨੂਰੀ ਚੰਦ ਨਾ ਕੋਇ ਚਮਕਾਈਆ । ਕਲਮਾ ਪੜ੍ਹੇ ਨਾ ਕੋਇ ਸਫ਼ਾਤੀ, ਪਰਦਾਨਸ਼ੀਂ ਪਰਦਾ ਸਕੇ ਨਾ ਕੋਇ ਉਠਾਈਆ । ਖ਼ਾਲਕ ਮਖ਼ਲੂਕ ਸਭ ਦਾ ਬਦਲਿਆ ਅਖਲਾਕੀ, ਖ਼ਾਲਸ ਨਜ਼ਰ ਕੋਇ ਨਾ ਆਈਆ । ਮੈਂ ਤੇਰਾ ਖੇਲ ਤਕਣਾ ਇਤਫ਼ਾਕੀ, ਇਤਫ਼ਾਕੀਆਂ ਆਪਣਾ ਹੁਕਮ ਵਰਤਾਈਆ । ਲਹਿਣਾ ਦੇਣਾ ਪੂਰਾ ਕਰਾ ਬਾਕੀ, ਬਾਕਾਇਦਾ

ਝੋਲੀ ਦੇਣੀ ਭਰਾਈਆ । ਤੂੰ ਮਾਲਕ ਖ਼ਾਲਕ ਚੌਦਾਂ ਤਬਕਾਂ ਸਾਕੀ, ਸਾਖਿਆਤ ਕਰਨੀ ਅਗੰਮ ਰੁਸ਼ਨਾਈਆ । ਨੂਰ ਨੁਰਾਨੇ ਖੋਲ੍ਹਣੀ ਤਾਕੀ, ਤਕਵਾ ਤੇਰੇ ਉਤੇ ਰਖਾਈਆ । ਮੇਰਾ ਵਜੂਦ ਨਾ ਰਿਹਾ ਪੰਜ ਤਤ ਖ਼ਾਕੀ, ਖ਼ਾਕ ਖ਼ਾਕ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਮੁਹੰਮਦ ਕਹੇ ਮੇਰੇ ਮਹਿਬੂਬ, ਮਿਹਰਵਾਨ ਤੇਰੀ ਸਰਨਾਈਆ । ਮੈਂ ਤੇਰਾ ਤਕਾਂ ਇਕ ਆਰੂਜ, ਆਲੀਜਾਹ ਆਲੀਸ਼ਾਨ ਤੇਰੀ ਵਡਿਆਈਆ । ਸਦੀ ਚੌਧਵੀਂ ਮੇਰੀ ਉਮਤ ਕਰ ਮਹਿਫੂਜ਼, ਸਿਰ ਸਿਰ ਆਪਣਾ ਹੱਥ ਰਖਾਈਆ । ਭੇਵ ਰਹੇ ਨਾ ਏਕਾ ਦੂਜ, ਦੁਤੀਆ ਲੇਖਾ ਦੇਣਾ ਚੁਕਾਈਆ । ਇਕੋ ਦੱਸ ਮੰਜ਼ਲ ਹੱਕ ਮਕਸੂਦ, ਦਰ ਦਵਾਰਾ ਇਕ ਦ੍ਰਿੜਾਈਆ । ਜਿਧਰ ਤਕਾਂ ਚਾਰੋਂ ਕੁੰਟ ਦਿਸੇਂ ਮੌਜੂਦ, ਮੌਜੂਦਾ ਲੇਖਾ ਦੇਣਾ ਚੁਕਾਈਆ । ਮੇਰੀ ਸ਼ਰਅ ਦੀ ਸ਼ਰੀਅਤ ਵਿਚ ਹਦੂਦ, ਚੌਦਾਂ ਤਬਕ ਵੰਡ ਵੰਡਾਈਆ । ਸਦੀ ਚੌਧਵੀਂ ਅੰਤਮ ਹੋਣਾ ਕੂਚ, ਕੂਚਾ ਗਲੀ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਹੋਣਾ ਸਹਾਈਆ । ਪਰਵਰਦਿਗਾਰ ਕਹੇ ਸੁਣ ਮੁਹੰਮਦ ਰਸੂਲ, ਰਸੂਲਲੱਲਾ ਦਿਆਂ ਜਣਾਈਆ । ਧੁਰ ਪੈਗ਼ਾਮ ਕਰ ਕਬੂਲ, ਮਕਬਰਿਆਂ ਬਾਹਰ ਦਿਆਂ ਦ੍ਰਿੜਾਈਆ । ਕਿਸੇ ਦਾ ਲੇਖਾ ਰਹਿਣ ਨਹੀਂ ਦੇਣਾ ਅਰਜ਼ ਤੂਲ, ਹਿੱਸਾ ਵੰਡ ਨਾ ਕੋਇ ਵੰਡਾਈਆ । ਪੇਸ਼ੀਨਗੋਈ ਨਾ ਜਾਣਾ ਭੁਲ, ਅਭੁੱਲ ਰਿਹਾ ਸਮਝਾਈਆ । ਜੋ ਮਦੀਨੇ ਵਿਚ ਕੌਲ ਇਕਰਾਰ ਕੀਤਾ ਮਾਕੂਲ, ਮੁਕੰਮਲ ਦਿਤਾ ਸਮਝਾਈਆ । ਸਦੀ ਚੌਧਵੀਂ ਧਰਨੀ ਉਤੇ ਉਡਣੀ ਧੂਲ, ਧੂੜੀ ਖ਼ਾਕ ਨਾਲ ਮਿਲਾਈਆ । ਗੁਲਸ਼ਨ ਵਿਚ ਨਹੀਂ ਰਹਿਣੇ ਫੂਲ, ਫੁਲਵਾੜੀ ਨਬੀ ਨਾ ਕੋਇ ਮਹਿਕਾਈਆ । ਹੁਕਮ ਵਰਤਣਾ ਇਕੋ ਕੰਤ ਕੰਤੂਹਲ, ਦੋ ਜਹਾਨ ਕਰੇ ਸ਼ਨਵਾਈਆ । ਉਮਤ ਉਮਤੀ ਰਹੇ ਨਾ ਕੋਇ ਮਸ਼ਗ਼ੂਲ, ਮਸ਼ਵਰਾ ਜਗਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪਰਵਰਦਿਗਾਰ ਕਹੇ ਸੁਣ ਮੇਰੇ ਨਬੀ, ਨਬੀ ਨੂਹ ਧਿਆਨ ਲਗਾਈਆ । ਆਪਣਾ ਲੇਖਾ ਤਕ ਸਭੀ, ਸਭਾ ਮਲੇਛਾਂ ਦੇ ਮਿਟਾਈਆ । ਦੋ ਜਹਾਨਾਂ ਬਣ ਕੇ ਤਬੀ, ਤਬੀਅਤ ਸਭ ਦੀ ਫੋਲ ਫੁਲਾਈਆ । ਪਰਗਟ ਹੋ ਕੇ ਨੂਰ ਇਲਾਹੀ ਰੱਬੀ, ਰਹਿਮਤ ਆਪਣੀ ਹੱਕ ਕਮਾਈਆ । ਸ਼ਰਅ ਦਾ ਮੂਲ ਨਾ ਰਹਿਣਾ ਲਬੀ, ਲਾਲਚ ਵਿਚ ਕਦੇ ਨਾ ਆਈਆ । ਪਰਮ ਪੁਰਖ ਦਾ ਹੁਕਮ ਮਿਲਣਾ ਯਦੀ, ਯਥਾਰਥ ਆਪਣਾ ਹੁਕਮ ਸੁਣਾਈਆ । ਜਿਸ ਨੇ ਤੇਰੀ ਜੜ੍ਹ ਲੋਕਮਾਤ ਗੜੀ, ਧਰਨੀ ਧਰਤ ਧਵਲ ਦਿਤੀ ਵਡਿਆਈਆ । ਉਹ ਉਮਤ ਅੰਤਮ ਜਾਣਾ ਛੱਡੀ, ਨਾਤਾ ਤੋੜ ਕੂੜ ਲੋਕਾਈਆ । ਮਕਬਰਿਆਂ ਵਿਚ ਰੋਵੇ ਪਸਲੀ ਹੱਡੀ, ਨਾੜੀ ਨਾੜੀ ਦਏ ਦੁਹਾਈਆ । ਕਵਣ ਵੇਲਾ ਬੀਤੇ ਚੌਧਵੀਂ ਸਦੀ, ਸਦਮੇ ਮਿਟੇ ਜਗਤ ਲੋਕਾਈਆ । ਲੇਖਾ ਰਹੇ ਨਾ ਕੂੜ ਕੁੜਿਆਰ ਬਦੀ, ਮੁਹੰਮਦ ਦਾ ਮੋਹ ਨਾ ਕੋਇ ਹਲਕਾਈਆ । ਇਕੋ ਜੋਤ ਦੋ ਜਹਾਨ ਹੋਵੇ ਜਗੀ, ਨੂਰ ਨੁਰਾਨਾ ਡਗਮਗਾਈਆ । ਜੋ ਸ਼ਾਹ ਪਾਤਸ਼ਾਹ ਸੂਰਾ ਸਰਬਗੀ, ਸ਼ਹਿਨਸ਼ਾਹ ਇਕ ਅਖਵਾਈਆ । ਜੀਵ ਜਗਤ ਵੇਖੇ ਅਲਪਗੀ, ਚਾਰੋਂ ਕੁੰਟ ਖੋਜ ਖੁਜਾਈਆ । ਉਸ ਦਾ ਖੇਲ ਹੋਣਾ ਸਬੱਬੀ, ਭੇਵ ਅਭੇਦ ਸਕੇ ਨਾ ਕੋਇ ਖੁਲ੍ਹਾਈਆ । ਉਸ ਦੀ ਧੁਨ ਹੋਣੀ ਮਧੀ, ਮਧੁਰ ਧੁਨ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਪਰਵਰਦਿਗਾਰ ਕਹੇ ਸੁਣ ਮੁਹੰਮਦ ਮੇਰੇ ਬੱਚੇ ਨੰਨ੍ਹੇ, ਬਿਨ ਨੈਣਾਂ ਦਿਆਂ

੧੭੮੬ ੨੨

ਜਣਾਈਆ । ਸਭ ਨੇ ਮੇਰੇ ਹੁਕਮ ਮੰਨੇ, ਨਾ ਕੋਈ ਮੇਟੇ ਮੇਟ ਮਿਟਾਈਆ । ਤੇਰਾ ਅੰਤ ਕਰਨਾ ਗੋਬਿੰਦ ਵਾਲੇ ਇਕੋ ਕੰਨੇ, ਚੌਦਾਂ ਸੌ ਤੀਹ ਅੰਕ ਸੀਸ ਝੁਕਾਈਆ । ਲੇਖਾ ਪੂਰਾ ਹੋਵੇ ਜੱਟ ਧੰਨੇ, ਜੱਟ ਜੱਟਾਂ ਦਏ ਵਡਿਆਈਆ । ਜਿਸ ਚੁਰਾਸੀ ਦੇਣਾ ਡੰਨੇ, ਚਾਰੇ ਖਾਣੀ ਫੋਲ ਫੁਲਾਈਆ । ਉਸ ਦਾ ਵਸੇਰਾ ਕਦੇ ਨਾ ਛੱਪਰ ਛੰਨੇ, ਮਹੱਲ ਅਟਲ ਨਾ ਡੇਰਾ ਲਾਈਆ । ਇਕੋ ਨੂਰ ਪ੍ਰਕਾਸ਼ ਅਗੰਮੇ ਚੰਨੇ, ਚੰਨ ਸੂਰੀਆ ਸਾਰੇ ਸੀਸ ਨਿਵਾਈਆ । ਉਸ ਦੇ ਗਿਣ ਸਕਿਆ ਕੋਇ ਨਾ ਲਮਹੇ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਜੁਗ ਜੁਗ ਬਦਲਦਾ ਆਇਆ ਸਮੇਂ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਜਿਸ ਨੂੰ ਹਰਖ਼ ਸੋਗ ਨਾ ਕੋਇ ਗ਼ਮੇ, ਚਿੰਤਾ ਚਿਖਾ ਨਾ ਕੋਇ ਤਪਾਈਆ । ਓਹ ਲੱਖ ਚੁਰਾਸੀ ਲੇਖਾ ਜਾਣੇ ਦਮੇ, ਸਵਾਸ ਸਵਾਸਾਂ ਖੋਜ ਖੁਜਾਈਆ । ਜਿਸ ਦੇ ਖੇਲ ਹੋਣੇ ਘਨੇ, ਗਹਿਰ ਗੰਭੀਰ ਆਪਣਾ ਹੁਕਮ ਵਰਤਾਈਆ । ਜੋ ਘੜਿਆ ਸੋ ਅੰਤਮ ਭੰਨੇ, ਘੜਨ ਭੰਨਣਹਾਰ ਬੇਪਰਵਾਹੀਆ । ਜਿਸ ਨੇ ਸੂਫ਼ੀ ਸੰਤ ਫ਼ਕੀਰ ਵੇਖਣੇ ਪੰਜ ਤਤ ਤਨੇ, ਤਤ ਕਾਇਆ ਖੋਜ ਖੁਜਾਈਆ । ਹਰਿਜਨ ਨੇਤਰਹੀਣ ਰਹਿਣ ਨਹੀਂ ਦੇਣੇ ਅੰਨ੍ਹੇ, ਨਿਜ ਲੋਚਨ ਨੈਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਮੁਹੰਮਦ ਕਹੇ ਮੇਰੇ ਸਾਹਿਬ ਸੁਲਤਾਨਾ, ਦਰ ਠਾਂਡੇ ਸੀਸ ਨਿਵਾਈਆ । ਕੀ ਖੇਲ ਤੇਰਾ ਵਿਚ ਜਹਾਨਾ, ਜਾਗਰਤ ਜੋਤ ਦੇਣਾ ਦ੍ਰਿੜਾਈਆ । ਕਿਸ ਬਿਧ ਵਰਤੇਂ ਆਪਣਾ ਭਾਣਾ, ਹੁਕਮੇ ਅੰਦਰ ਕਾਰ ਕਮਾਈਆ । ਕੀ ਖੇਲ ਤੇਰਾ ਹੋਣਾ ਧੁਰ ਦੇ ਕਾਹਨਾ, ਰਾਮ



ਰਾਮਾ ਕੀ ਚਤੁਰਾਈਆ । ਕਵਣ ਰੂਪ ਹੋਵੇ ਅਮਾਮਾ, ਅਮਲਾਂ ਤੋਂ ਰਹਿਤ ਨੂਰ ਇਲਾਹੀਆ । ਤੇਰੇ ਕਦਮਾਂ ਮੇਰਾ ਸਲਾਮਾ, ਸੱਯਦਾ ਸੀਸ ਝੁਕਾਈਆ । ਤੇਰਾ ਨੂਰ ਜ਼ਹੂਰ ਹੋਵੇ ਬੇਪਹਿਚਾਨਾ, ਪਰਦਾ ਓਹਲਾ ਕਵਣ ਉਠਾਈਆ । ਮੈਂ ਦਰਵੇਸ਼ ਤੇਰਾ ਗ਼ੁਲਾਮਾ, ਦਰ ਠਾਂਡੇ ਮੰਗ ਮੰਗਾਈਆ । ਤੇਰੇ ਕਿਹੜੇ ਗ੍ਰਿਹਿ ਹੋਵੇ ਕਿਆਮਾ, ਕਵਣ ਕਾਅਬੇ ਕਰੇਂ ਰੁਸ਼ਨਾਈਆ । ਕਵਣ ਨੂਰੇ ਚਸ਼ਮ ਤੇਰਾ ਹੋਵੇ ਨਜ਼ਰਾਨਾ, ਵਾਹਿਦ ਆਪਣਾ ਭੇਵ ਦੇਣਾ ਚੁਕਾਈਆ । ਭੇਵ ਖੋਲ੍ਹ ਮੇਰੇ ਮਿਹਰਵਾਨਾ, ਮਿਹਰ ਤੇਰੀ ਓਟ ਰਖਾਈਆ । ਮੁਹੰਮਦ ਕਹੇ ਮੈਂ ਕਦਮਬੋਸੀ ਕਰਾਂ ਸ਼ਾਹ ਸੁਲਤਾਨਾ, ਬਿਨ ਸੱਯਦੇ ਸੀਸ ਨਿਵਾਈਆ । ਤੇਰਾ ਭੇਵ ਜਾਣੇ ਨਾ ਕੋਇ ਆਲਮ ਉਲਮਾਨਾ, ਉਲਮਾ ਸਮਝ ਸਕੇ ਨਾ ਰਾਈਆ । ਤੁਰੀਆ ਤੋਂ ਪਰੇ ਤੇਰਾ ਤਰਾਨਾ, ਅੱਨਾ ਹੂ ਅੱਲਾ ਹੂ ਤੇਰਾ ਭੇਵ ਕੋਇ ਨਾ ਪਾਈਆ । ਕਿਸ ਬਿਧ ਸਦੀ ਚੌਧਵੀਂ ਅੰਤਮ ਪਹਿਰੇ ਬਾਨਾ, ਵੇਸ ਅਵੇਸਾ ਆਪ ਵਟਾਈਆ । ਜਗਤ ਅੰਧੇਰਾ ਮੇਟੇਂ ਸ਼ਾਮਾਂ, ਸ਼ਮਾਂ ਜੋਤ ਨੂਰ ਕਰੇ ਰੁਸ਼ਨਾਈਆ । ਤੇਰਾ ਗੋਬਿੰਦ ਵਾਲਾ ਵੱਜੇ ਇਕ ਦਮਾਮਾ, ਡੰਕਾ ਦੋ ਜਹਾਨ ਸੁਣਾਈਆ । ਤੂੰ ਹਰ ਘਟ ਅੰਤਰ ਹੋਵੇਂ ਜਾਣੀ ਜਾਣਾ, ਜਾਨਣਹਾਰ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਹ ਸਾਚੀ ਦਰ ਠਾਂਡੇ ਮੰਗ ਮੰਗਾਈਆ । ਮੁਹੰਮਦ ਕਹੇ ਮੇਰੇ ਪਰਵਰਦਿਗਾਰ ਤੇਰੇ ਵਿਚ ਹੱਕ ਤੌਫ਼ੀਕਾ, ਤੇਰੀ ਤਾਰੀਫ਼ ਦੀ ਲੋੜ ਰਹੇ ਨਾ ਰਾਈਆ । ਤੇਰੀ ਆਮਦ ਦੀਆਂ ਉਮੀਦਾਂ, ਸਾਰੇ ਬੈਠੇ ਨੈਣ ਉਠਾਈਆ । ਅਵਤਾਰ ਪੈਗ਼ੰਬਰ ਗੁਰੂ ਕਰਨ ਤਸਦੀਕਾਂ, ਸ਼ਹਾਦਤ ਤੇਰੇ ਨਾਮ ਵਾਲੀ ਭੁਗਤਾਈਆ । ਮਿਹਰਵਾਨਾ ਨੌਜਵਾਨਾ ਮਰਦ ਮਰਦਾਨਾ ਆਪਣਾ ਭੇਵ ਦੱਸ ਪੋਸ਼ੀਦਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਪੈਗ਼ੰਬਰ ਰਸੂਲ ਤੇਰੇ ਅਜ਼ੀਜ਼ਾ, ਤਮੀਜ਼ ਇਕੋ ਇਕ ਦੇਣੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੇ ਹੱਥ ਵਡਿਆਈਆ ।

ਪਰਵਰਦਿਗਾਰ ਕਹੇ ਮੁਹੰਮਦ ਸਦੀ ਚੌਧਵੀਂ ਤਕ, ਤਕਵਾ ਇਕ ਰਖਾਈਆ । ਸਭ ਦਾ ਪੂਰਾ ਕਰਾਂ ਹੱਕ, ਹਕੀਕਤ ਵੇਖਾਂ ਥਾਉਂ ਥਾਈਆ । ਸ਼ਕੂਕ ਰਹੇ ਨਾ ਸ਼ਿਕਵਾ ਸ਼ੱਕ, ਸ਼ਿਕਵੇ ਸਾਰੇ ਦੇਣੇ ਗਵਾਈਆ । ਨਿਰਗੁਣ ਧਾਰ ਹੋ ਪਰਗਟ, ਪਰਗਣੇ ਵੇਖਾਂ ਚਾਈਂ ਚਾਈਆ । ਜੋ ਨਾਮ ਕਲਮੇ ਦੀਨ ਦੁਨੀ ਰਹੀ ਰਟ, ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਇਹ ਖੇਲ ਪੁਰਖ ਸਮਰਥ, ਸਮਰਥ ਸਵਾਮੀ ਰਿਹਾ ਕਰਾਈਆ । ਜਿਸ ਨੇ ਸਭ ਕੁਛ ਲੈਣਾ ਅੱਗੇ ਆਪਣੇ ਹੱਥ, ਹੁਕਮ ਧੁਰ ਦਾ ਇਕ ਵਰਤਾਈਆ । ਕੂੜੀ ਕਿਰਿਆ ਦੇਵੇ ਮਥ, ਨਾਮ ਮਧਾਣਾ ਇਕ ਹਿਲਾਈਆ । ਝਗੜਾ ਮੇਟ ਕੇ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਕਰੇ ਸਫ਼ਾਈਆ । ਨੌਂ ਦਵਾਰੇ ਉਬਲਣ ਨਾ ਦੇਵੇ ਰੱਤ, ਰੱਤੀ ਰੱਤ ਨਾ ਕੋਇ ਤਪਾਈਆ । ਸਤਿ ਸਚ ਦਾ ਬਖ਼ਸ਼ ਕੇ ਤਤ, ਤਤਵ ਤਤ ਦਏ ਸਮਝਾਈਆ । ਚਰਨ ਪ੍ਰੀਤ ਬਖ਼ਸ਼ ਕੇ ਨਤ, ਮੇਲ ਮਿਲਾਏ ਸਹਿਜ ਸੁਭਾਈਆ । ਸਭ ਦੀ ਪੂਰੀ ਕਰੇ ਆਸ, ਤ੍ਰਿਸ਼ਨਾ ਜਗਤ ਰਹੇ ਨਾ ਰਾਈਆ । ਨਿਰਗੁਣ ਨੂਰ ਕਰ ਪ੍ਰਕਾਸ਼, ਜੋਤੀ ਜਾਤਾ ਡਗਮਗਾਈਆ । ਸੰਬਲ ਕਰਕੇ ਆਪਣਾ ਵਾਸ, ਕਾਅਬਾ ਇਕੋ ਇਕ ਜਣਾਈਆ । ਜਿਥੇ ਬਿਨਾ ਪ੍ਰਭੂ ਦੀ ਕਿਰਪਾ ਤੋਂ ਕਰ ਸਕੇ ਨਾ ਕੋਇ ਤਲਾਸ਼, ਖੋਜਿਆਂ ਹੱਥ ਕਿਸੇ ਨਾ ਆਈਆ । ਜਿਸ ਨੇ ਮੁਹੰਮਦਾ ਤੇਰੀ ਮਿੱਟੀ ਵਿਚ ਰੁਲਾਈ ਲਾਸ਼, ਵਜੂਦ ਕਬਰਾਂ ਵਿਚ ਦਬਾਈਆ । ਉਸ ਦਾ ਖੇਲ ਅਗੰਮ ਤਮਾਸ਼, ਚੌਦਾਂ ਤਬਕਾਂ ਤੋਂ ਪਰੇ ਹੁਕਮ ਵਰਤਾਈਆ । ਉਹ ਤਕ ਸ਼ੰਕਰ ਭੱਜਾ ਫਿਰੇ ਉਤੇ ਕੈਲਾਸ਼, ਚਾਰੋਂ ਕੁੰਟ ਵਾਹੋ ਦਾਹੀਆ । ਬ੍ਰਹਮਾ ਤਕੇ ਕੀ ਖੇਲ ਸਰਬ ਗੁਣਤਾਸ, ਕੀ ਕਰਤਾ ਕਾਰ ਕਮਾਈਆ । ਵਿਸ਼ਨੂੰ ਕਹੇ ਮੇਰਾ ਸਾਹਿਬ ਇਕ ਅਬਿਨਾਸ਼, ਅਬਿਨਾਸ਼ੀ ਕਰਤਾ ਇਕ ਅਖਵਾਈਆ । ਜੋ ਕਲਜੁਗ ਅੰਤਮ ਮੇਟੇ ਅੰਧੇਰੀ ਰਾਤ, ਸਤਿਜੁਗ ਸਚ ਚੰਦ ਚਮਕਾਈਆ । ਸ੍ਰਿਸ਼ਟ ਸਬਾਈ ਬਣਾਏ ਇਕ ਜਮਾਤ, ਇਕੋ ਅੱਖਰ ਨਾਮ ਪੜ੍ਹਾਈਆ । ਗੁਪਤ ਜ਼ਾਹਰ ਬਾਤਨ ਕਰੇ ਬਾਤ, ਪਰਦਾ ਓਹਲਾ ਰਹੇ ਨਾ ਰਾਈਆ । ਜਨ ਭਗਤਾਂ ਦਰਸ਼ਨ ਦੇਵੇ ਸਾਖਿਆਤ, ਸ਼ਖ਼ੀ ਸੁਲਤਾਨ ਨੂਰ ਇਲਾਹੀਆ । ਝਗੜਾ ਮੇਟ ਕੇ ਜ਼ਾਤ ਪਾਤ, ਕੂੜੀ ਕਿਰਿਆ ਦਏ ਗਵਾਈਆ । ਬੰਦ ਕਵਾੜੀ ਖੋਲ੍ਹ ਕੇ ਤਾਕ, ਕਾਇਆ ਮੰਦਰ ਅੰਦਰ ਕਰੀ ਰੁਸ਼ਨਾਈਆ । ਸ਼ਬਦੀ ਅਗੰਮ ਸੁਣਾਏ ਨਾਦ, ਅਨਾਦੀ ਧੁਨ ਸ਼ਨਵਾਈਆ । ਪਰਦਾ ਲਾਹ ਕੇ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਦਾ ਡੇਰਾ ਢਾਹੀਆ । ਜਿਸ ਨੂੰ ਜੁਗ ਜੁਗ ਗਾਉਂਦੇ ਸੰਤ ਸਾਧ, ਸੂਫ਼ੀ ਸਿਫ਼ਤਾਂ ਵਿਚ ਸਾਲਾਹੀਆ । ਓਹ ਜਨ ਭਗਤਾਂ ਖੋਲ੍ਹੇ ਜਾਗ, ਆਲਸ ਨਿੰਦਰਾ ਵਿਚੋਂ ਬਾਹਰ ਕਢਾਈਆ । ਅੰਤਰ ਪ੍ਰੇਮ ਦਾ ਦੇ ਕੇ ਵੈਰਾਗ, ਪ੍ਰੀਤੀ ਇਕੋ ਇਕ ਸਮਝਾਈਆ । ਦੀਪਕ ਜੋਤ ਜਗਾ ਚਰਾਗ਼, ਚਰਾਗ਼ਾਹਾਂ ਕਰੇ ਰੁਸ਼ਨਾਈਆ । ਧਰਨੀ ਧਰਤ ਧਵਲ ਧੌਲ ਉਤੇ ਰੱਖੇ ਲਾਜ, ਗੁਰਮੁਖਾਂ ਹੋਏ ਆਪ ਸਹਾਈਆ । ਰਾਤੀ ਸੁਤਿਆਂ ਦਿਨੇ ਜਾਗਦਿਆਂ ਦਰਸ਼ਨ ਦੇਵੇ ਆਪ, ਆਪ ਆਪਣਾ ਹੁਕਮ ਵਰਤਾਈਆ । ਜਨਮ ਜਨਮ ਦੇ ਮੇਟ ਕੇ ਪਾਪ, ਪਤਿਤ ਪੁਨੀਤ ਦਏ ਬਣਾਈਆ । ਸਭ ਦੀ ਪੁਛੇ ਵਾਤ, ਵਾਸਤਾ ਆਪਣੇ ਨਾਲ ਰਖਾਈਆ । ਜਨ ਭਗਤੋ ਤੁਹਾਡੀ ਸੁਹੰਜਣੀ ਹੋਵੇ ਪੰਦਰਾਂ ਫੱਗਣ ਦੀ ਰਾਤ, ਰੈਣ ਭਿੰਨੜੀ ਵੱਜਦੀ ਰਹੇ ਵਧਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਪਰਮਾਤਮ ਆਤਮ ਰਹੇ ਸਾਥ, ਸਗਲਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਪੂਰੀ ਕਰੇ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ ।


੧੭੮੮
੨੨

## ✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੭ ਗੁਰਦਿਆਲ ਸਿੰਘ ਦੇ ਗ੍ਰਿਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਖ਼ੁਸ਼ੀਆਂ ਵਾਲੀ ਪਰਭਾਤੀ, ਪ੍ਰਭ ਭਰਮ ਰਿਹਾ ਮਿਟਾਈਆ । ਕਿਰਪਾ ਕਰੇ ਕਮਲਾਪਾਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਨ ਭਗਤਾਂ ਬਖ਼ਸ਼ੇ ਦਾਤੀ, ਦਇਆਵਾਨ ਦਇਆ ਕਮਾਈਆ । ਗੁਰਮੁਖਾਂ ਮਿਲੇ ਅੰਮ੍ਰਿਤ ਬੂੰਦ ਸਵਾਂਤੀ, ਸਾਂਤਕ ਸਤਿ ਸਤਿ ਕਰਾਈਆ । ਮੈਨੂੰ ਖ਼ੁਸ਼ੀ ਹੁੰਦੀ ਜਿਸ ਵੇਲੇ ਹਰਿਜਨ ਚਰਨ ਰੱਖਦੇ ਮੇਰੀ ਉਪਰ ਛਾਤੀ, ਛਤਰਧਾਰੀ ਨਜ਼ਰ ਕੋਇ ਨਾ ਆਈਆ । ਦੀਨ ਦੁਨੀ ਦੀ ਬਦਲਦੀ ਜਾਂਦੀ ਜਾਤੀ, ਜ਼ਾਤ ਪਾਤ ਦਾ ਡੇਰਾ ਢਾਹੀਆ । ਹੁਕਮ ਸੰਦੇਸ਼ਾ ਸੁਣਦੀ ਲੋਕਮਾਤੀ, ਚਾਰ ਕੁੰਟ ਬਿਨ ਸਰਵਣਾਂ ਹੋਏ ਸ਼ਨਵਾਈਆ । ਕਰੇ ਖੇਲ ਸਾਹਿਬ ਅਬਿਨਾਸ਼ੀ, ਅਬਿਨਾਸ਼ੀ ਕਰਤਾ ਵਡ ਵਡਿਆਈਆ । ਜਿਸ ਦੀ ਦੋ ਜਹਾਨ ਖ਼ੁਸ਼ੀਆਂ ਵਾਲੀ ਰਹਿਰਾਸੀ, ਰਸਤਾ ਇਕੋ ਇਕ ਦਰਸਾਈਆ । ਝਗੜਾ ਮੇਟੇ ਮਦਿਰਾ ਮਾਸੀ, ਮਧੁਰ ਧੁਨ ਇਕ ਸੁਣਾਈਆ । ਮਾਣ ਗਵਾ ਕੇ ਪੰਡਤ ਕਾਸੀ, ਜਨ ਭਗਤਾਂ ਸੋਹੰ ਤੁਕ ਦਿਤੀ ਪੜ੍ਹਾਈਆ । ਜੀਵਣ ਵਿਚੋਂ ਬਦਲ ਗਈ ਹਯਾਤੀ, ਹਰ ਹਿਰਦੇ ਵਿਚ ਟਿਕਾਈਆ । ਜਨਮ ਕਰਮ ਦਾ ਲਹਿਣਾ ਮੁਕਾਇਆ ਖਾਤੀ, ਲੇਖਾ ਅਵਰ ਨਾ ਕੋਇ ਜਣਾਈਆ । ਦਰਸ਼ਨ ਦੇਵੇ ਹੋ ਕੇ ਸਾਖਿਆਤੀ, ਸਨਮੁਖ ਸੋਭਾ ਪਾਈਆ । ਨੌਂ ਖੰਡ ਪ੍ਰਿਥਮੀ ਪੂਰੀ ਕਰੇ ਆਸੀ, ਦੀਪ ਲੋਅ ਵੇਖ ਵਖਾਈਆ । ਮੈਂ ਖ਼ੁਸ਼ੀਆਂ ਵਿਚ ਕਰਾਂ ਹਾਸੀ, ਧਰਨੀ ਧਰਤ ਹੱਸ ਕੇ ਰਹੀ ਸੁਣਾਈਆ । ਸ਼ੰਕਰ ਦਾ ਲਹਿਣਾ ਮੁਕਾਉਣਾ ਉਤੋਂ ਕੈਲਾਸ਼ੀ, ਬ੍ਰਹਮਾ ਬ੍ਰਹਮ ਦਾ ਭੇਵ ਚੁਕਾਈਆ । ਵਿਸ਼ਨ ਰਹੇ ਨਾ ਕੋਇ ਉਦਾਸੀ, ਲੇਖਾ ਜਾਣੇ ਅਗੰਮ ਅਥਾਹੀਆ । ਜਿਸ ਸਾਹਿਬ ਭਗਤਾਂ ਦੀ ਮੁਕਾਈ ਵਾਟੀ, ਆਵਣ ਜਾਵਣ ਪੰਧ ਮੁਕਾਈਆ । ਧਰਮ ਦਵਾਰਾ ਖੋਲ੍ਹ ਕੇ ਹਾਟੀ, ਨਾਮ ਭੰਡਾਰਾ ਝੋਲੀ ਪਾਈਆ । ਦੀਨ ਦੁਨੀ ਤਕੇ ਖੇਲ ਬਾਜ਼ੀਗਰ ਨਾਟੀ, ਸਵਾਂਗੀ ਆਪਣਾ ਸਵਾਂਗ ਰਚਾਈਆ । ਧਰਨੀ ਕਹੇ ਜਨ ਭਗਤੋ ਮੈਂ ਪ੍ਰਭੂ ਦੇ ਚਰਨ ਕਵਲ ਰਹੀ ਚਾਟੀ, ਬਿਨ ਰਸਨਾ ਰਸ ਆਪਣੇ ਵਿਚ ਰਖਾਈਆ । ਤੁਹਾਡੀ ਜੋਤ ਜਗੇ ਵਿਚ ਲਲਾਟੀ, ਲਾਟਾਂ ਵਾਲੀ ਜਿਸ ਦੇ ਸਿੰਘਾਸਣ ਥੱਲੇ ਬਹਿ ਕੇ ਆਪਣਾ ਝਟ ਲੰਘਾਈਆ । ਸੰਮਤ ਸ਼ਹਿਨਸ਼ਾਹੀ ਸੱਤ ਦੀ ਮੁਕਦੀ ਜਾਂਦੀ ਵਾਟੀ, ਅੱਠਵਾਂ ਆਪਣੀ ਲਏ ਅੰਗੜਾਈਆ । ਲੇਖਾ ਪੂਰਾ ਕਰਨਾ ਜੋ ਸੰਦੇਸ਼ਾ ਦਿਤਾ ਗੋਬਿੰਦ ਜਿਸ ਵੇਲੇ ਅੰਮ੍ਰਿਤ ਪਾਇਆ ਸੀ ਵਿਚ ਬਾਟੀ, ਦ੍ਰਿਸ਼ਟ ਇਸ਼ਟ ਵਾਲੀ ਟਿਕਾਈਆ । ਉਸ ਦਿਨ ਸੁੱਤਾ ਨਹੀਂ ਸੀ ਉਤੇ ਖਾਟੀ, ਸਿੰਘਾਸਣ ਧਰਤੀ ਉਤੇ ਲਗਾਈਆ । ਖ਼ੁਸ਼ੀਆਂ ਵਿਚ ਇਕੋ ਗੱਲ ਆਖੀ, ਆਖ ਕੇ ਗਿਆ ਸੁਣਾਈਆ । ਮੇਰਾ ਸਾਹਿਬ ਪੁਰਖ ਅਕਾਲ ਮੇਰੇ ਪਿਆਰ ਦੀ ਕਰੇਗਾ ਰਾਖੀ, ਮੁਹੱਬਤ ਹੁਕਮ ਵਾਲੀ ਜਣਾਈਆ । ਜਿਸ ਦਾ ਦਿਵਸ ਇਕ ਸੱਤ ਪੰਜ ਛੇ ਦੀ ਵਿਸਾਖੀ, ਵਸਾਹ ਕੇ ਸਭ ਨੂੰ ਗਿਆ ਸੁਣਾਈਆ । ਸੋ ਲੇਖਾ ਪੂਰਾ ਕਰੇ ਅਲੱਖਣਾ ਅਲਾਖੀ, ਅਲਖ ਅਗੋਚਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਆਦਿ ਜੁਗਾਦਿ ਦਾਤੀ, ਦਾਤਾ ਦਾਨੀ ਦਇਆਵਾਨ ਇਕ ਅਖਵਾਈਆ ।

### ✪ ੧੬ ਫੱਗਣ ਸ਼ਹਿਨਸ਼ਾਹੀ ਸੰਮਤ ੭ ਕੁੰਦਨ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਗੋਬਿੰਦ ਕਿਹਾ ਜਿਸ ਵੇਲੇ ਮੇਰਾ ਸਾਹਿਬ, ਸਾਬਤ ਆਪਣਾ ਸਤਿ ਸਰੂਪ ਪਰਗਟਾਈਆ । ਮੈਂ ਨਿਰਗੁਣ ਧਾਰ ਉਸ ਦਾ ਹੋਵਾਂ ਨਾਇਬ, ਸਤਿਗੁਰ ਸ਼ਬਦ ਰੂਪ ਬਦਲਾਈਆ । ਖੇਲ ਕਰਾਂ ਅਗੰਮ ਅਜ਼ਾਇਬ, ਅਗੰਮੜੀ ਕਾਰ ਕਮਾਈਆ । ਸਭ ਦਾ ਪਿਛਲਾ ਪੂਰਾ ਕਰਾਂ ਅਹਿਦ, ਅਹਿਦਨਾਮਾ ਆਪਣੇ ਹੱਥ ਰਖਾਈਆ । ਇਕੋ ਹੁਕਮ ਵਰਤਾਂ ਵਾਹਿਦ, ਲਾਸ਼ਰੀਕ ਹੋ ਕੇ ਆਪਣੀ ਕਾਰ ਭੁਗਤਾਈਆ । ਬਿਨਾ ਭਗਤਾਂ ਤੋਂ ਲੱਭ ਸਕੇ ਨਾ ਕੋਇ ਸ਼ਾਇਦ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਦੀਨਾਂ ਮਜ਼੍ਹਬਾਂ ਨਾਲੋਂ ਹੋ ਕੇ ਅਲਾਹਿਦ, ਵੱਖਰੀ ਖੇਲ ਖਿਲਾਈਆ । ਧੁਰ ਦਾ ਹੁਕਮ ਕਰ ਕੇ ਰਾਇਜ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਨਵ ਨੌ ਚਾਰ ਦਾ ਕਢ ਨਤਾਇਜ, ਅਸਲ ਸਭ ਨੂੰ ਦਿਆਂ ਵਖਾਈਆ । ਧੁਰ ਦਾ ਹੁਕਮ ਦੇਣਾ ਜਾਇਜ਼, ਜਾਇਜ਼ਾ ਲੈ ਕੇ ਖ਼ਲਕ ਖ਼ੁਦਾਈਆ । ਆਪਣਾ ਪੂਰਾ ਕਰਾਂ ਫ਼ਰਾਇਜ਼, ਫ਼ੈਸਲਾ ਹੱਕ ਹੱਕ ਸੁਣਾਈਆ । ਕਲਜੁਗ ਅੰਤ ਆਵਾਂ ਮਹਿਜ਼, ਮਹਿਵ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਧਾਰ ਨਿਰਗੁਣ ਹੋਇਆ ਰਹਾਂ ਗ਼ਾਇਬ, ਗ਼ੈਬੀ ਆਪਣਾ ਹੁਕਮ ਵਰਤਾਈਆ ।

### ✪ ੧੬ ਫੱਗਣ ਸ਼ਹਿਨਸ਼ਾਹੀ ਸੰਮਤ ੭ ਸੁਖਦੇਵ ਰਾਜ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਗੋਬਿੰਦ ਨੇ ਢੋਲਾ ਗਾਇਆ ਦੋ ਤੁਕੀ, ਤੂੰ ਮੇਰਾ ਮੈਂ ਤੇਰਾ ਦਿਤਾ ਜਣਾਈਆ । ਫੇਰ ਪਿਆਰ ਵਿਚ ਮੇਰੇ ਸੀਨੇ ਤੇ ਮਾਰੀ ਮੁੱਕੀ, ਮੁਕੰਮਲ ਦਿਤਾ ਦ੍ਰਿੜਾਈਆ । ਤੂੰ ਕਲਜੁਗ ਜੀਵਾਂ ਭਾਰ ਫਿਰੀਂ ਚੁੱਕੀ, ਚੁਕੰਨੀ ਹੋ ਕੇ ਆਪਣੀ ਸੇਵ ਕਮਾਈਆ । ਆਪਣੀ ਮੰਜ਼ਲ ਤੋਂ ਨਾ ਰੁਕੀਂ, ਭੱਜੀ ਜਾਣਾ ਵਾਹੋ ਦਾਹੀਆ । ਘੁਪ ਅੰਧੇਰੇ ਵਿਚ ਨਾ ਲੁੱਕੀਂ, ਚਾਰੋਂ ਕੁੰਟ ਅੰਧੇਰਾ ਛਾਈਆ । ਇਕੋ ਸਾਹਿਬ ਸਤਿਗੁਰ ਝੁਕੀਂ, ਜੋ ਪੁਰਖ ਅਕਾਲਾ ਬੇਪਰਵਾਹੀਆ । ਜਿਸ ਨੇ ਖੇਲ ਕਰਨੀ ਦੋ ਟੁੱਕੀ, ਟੁਕੜੇ ਦੋ ਕਰੇ ਲੋਕਾਈਆ । ਕੂੜੀ ਕਿਰਿਆ ਜਾਣੀ ਕੁੱਟੀ, ਕਟਾਕਸ਼ ਆਪਣਾ ਨਾਮ ਲਗਾਈਆ । ਫੇਰ ਧਰਮ ਦੀ ਪੋਹ ਜਾਣੀ ਫੁੱਟੀ, ਫੁਟਕਲ ਦਾ ਲੇਖਾ ਰਹੇ ਨਾ ਰਾਈਆ । ਜਨ ਭਗਤਾਂ ਆਤਮ ਪਰਮਾਤਮ ਮੇਲੇ ਟੁੱਟੀ, ਟੁੱਟਿਆਂ ਗੰਢ ਪਵਾਈਆ । ਦੀਨਾਂ ਮਜ਼੍ਹਬਾਂ ਨੂੰ ਦੇ ਕੇ ਛੁੱਟੀ, ਸ਼ਰਅ ਜ਼ੰਜੀਰ ਦਏ ਕਟਾਈਆ । ਤੂੰ ਧਰਨੀ ਉਸ ਵੇਲੇ ਸੁੱਤੀ ਉਠੀਂ, ਉਠ ਕੇ ਲੈ ਅੰਗੜਾਈਆ । ਪ੍ਰਭ ਦੇ ਚਰਨਾਂ ਦੀ ਧੂੜ ਇਕੋ ਰੱਖੀਂ ਮੁੱਠੀ, ਮੁੱਠੀ ਆਪਣੀ ਗੰਢ ਬੰਧਾਈਆ । ਜਿਸ ਵੇਲੇ ਦੀਨ ਦੁਨੀ ਜਾਏ ਲੁੱਟੀ, ਫੇਰ ਲੁਟੇਰਾ ਵੇਖਣਾ ਬੇਪਰਵਾਹੀਆ । ਉਸ ਵੇਲੇ ਕਿਸੇ ਸਾਧ ਸੰਤ ਦੀ ਮੰਜ਼ਲ ਹੋਣੀ ਨਹੀਂ ਉਤੇ ਤ੍ਰੈਕੁਟੀ, ਤ੍ਰੈਗੁਣ ਦਾ ਡੇਰਾ ਕੋਇ ਨਾ ਢਾਹੀਆ । ਮੇਰੇ ਸਾਹਿਬ ਨੇ ਜਗਤ ਜਹਾਨ ਤੋਂ ਮੰਜ਼ਲ ਕਰਨੀ ਉਚੀ, ਉਚ ਅਗੰਮ ਆਪਣਾ ਖੇਲ ਖਿਲਾਈਆ । ਜਨ ਭਗਤਾਂ ਪਿਆਰ ਵਿਚ ਤੈਨੂੰ ਕਰੇ ਸੁੱਚੀ, ਸੰਜਮ ਇਕੋ ਇਕ ਜਣਾਈਆ । ਜੁਗ ਚੌਕੜੀ ਦੀ ਤੇਰੇ ਲੇਖੇ ਲਾਵੇ ਬੁਤੀ, ਜੋ ਬੁਤਖ਼ਾਨਿਆਂ ਬੈਠੀ ਭਾਰ ਉਠਾਈਆ । ਆਪਣੇ ਨਾਲ ਸੁਹਾਏ ਰੁਤੀ, ਰੁਤੜੀ ਧਰਮ ਧਾਰ ਮਹਿਕਾਈਆ ।

ਸਦੀ ਚੌਧਵੀਂ ਆਪਣਾ ਲਹਿਣਾ ਦੇਣਾ ਪੁਛੀਂ, ਪੂਰਬ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਣਾਵੇ ਵਕਤ ਉਸੀ, ਜਿਸ ਦੀ ਉਸਤਤ ਕਰਕੇ ਅਵਤਾਰ ਪੈਗ਼ੰਬਰ ਗੁਰੂ ਆਪਣਾ ਲੇਖਾ ਗਏ ਜਣਾਈਆ ।

### ✪ ੧੬ ਫੱਗਣ ਸ਼ਹਿਨਸ਼ਾਹੀ ਸੰਮਤ ੭ ਪ੍ਰੀਤਮ ਸਿੰਘ ਦੇ ਗ੍ਰਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੈਂ ਨਿਮਾਣੀ ਧਰਤ, ਧਵਲ ਧੌਲ ਬਣਕੇ ਮਿਲੇ ਵਡਿਆਈਆ । ਮੇਰੇ ਉਤੇ ਗੋਬਿੰਦ ਨੇ ਪਾਸਾ ਲਿਆ ਪਰਤ, ਸਤਿ ਸਚ ਦੀ ਲੈ ਅੰਗੜਾਈਆ । ਵਾਅਦਾ ਕੌਲ ਕੀਤਾ ਸ਼ਬਦੀ ਲਾਈ ਸ਼ਰਤ, ਸ਼ਰਅ ਦਿਤੀ ਸਮਝਾਈਆ । ਉਹ ਵੇਖ ਉਤੇ ਅਰਸ਼, ਫ਼ਰਸ਼ਾਂ ਵਾਲੀਏ ਆਪਣੀ ਅੱਖ ਉਠਾਈਆ । ਜਿਸ ਨੇ ਸਭ ਦੇ ਉਤੇ ਕਰਨਾ ਤਰਸ, ਰਹਿਮਤਾਂ ਦਾ ਮਾਲਕ ਬੇਪਰਵਾਹੀਆ । ਮੇਘ ਅਗੰਮਾ ਦੇਵੇ ਬਰਸ, ਬੂੰਦ ਸਵਾਂਤੀ ਅੰਮ੍ਰਿਤ ਜਾਮ ਪਿਆਈਆ । ਜੁਗ ਜਨਮ ਦੀ ਮੇਟੇ ਹਰਸ, ਹਰਸ ਕੂੜੀ ਦਏ ਗਵਾਈਆ । ਜਿਸ ਨੇ ਭਗਤਾਂ ਨੂੰ ਦੇਣਾ ਦਰਸ, ਦਰਸ਼ਨ ਭਗਤਾਂ ਆਪ ਪਾਈਆ । ਉਸ ਦੇ ਸਿਰ ਮੇਰਾ ਅਹਿਸਾਨ ਤੇ ਮੇਰਾ ਕਰਜ਼, ਮਕਰੂਜ਼ ਉਸ ਨੂੰ ਰਿਹਾ ਬਣਾਈਆ । ਫੇਰ ਕਰਾਂਗਾਂ ਅਰਜ਼, ਬੇਨੰਤੀ ਵਿਚ ਸੀਸ ਝੁਕਾਈਆ । ਯੋਧਾ ਸੂਰਬੀਰ ਮਰਦਾਨਾ ਬਣ ਮਰਦ, ਮਦਦ ਦੇਣੀ ਥਾਉਂ ਥਾਈਆ । ਗ਼ਰੀਬ ਨਿਮਾਣਿਆਂ ਵੰਡਣੀ ਦਰਦ, ਦੁਖੀਆਂ ਦੁੱਖ ਆਪਣੀ ਝੋਲੀ ਪਾਈਆ । ਸ਼ਰਅ ਛੁਰੀ ਰਹਿਣ ਨਾ ਦੇਵੀਂ ਕਰਦ, ਕਸਾਈ ਰੂਪ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤਮ ਉਸ ਜ਼ਰੂਰ ਮੇਟਣਾ ਅੰਧੇਰ ਗਰਦ, ਗਰਦ ਗੁਬਾਰ ਤਕੇ ਖ਼ਲਕ ਖ਼ੁਦਾਈਆ । ਜਿਸ ਦੇ ਕੋਲ ਗੁਰ ਅਵਤਾਰ ਪੈਗ਼ੰਬਰਾਂ ਦੀ ਫ਼ਰਦ, ਫ਼ੈਸਲੇ ਹੱਕ ਹੱਕ ਸੁਣਾਈਆ । ਉਸ ਦਾ ਰੂਪ ਅਨੂਪ ਹੋਣਾ ਅਸਚਰਜ, ਸਤਿ ਸਰੂਪ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਦਾ ਹੋਣ ਨਾ ਦੇਵੇ ਹਰਜ, ਹਰਜਾਨੇ ਗੁਰਮੁਖਾਂ ਪੂਰ ਕਰਾਈਆ ।

### ✪ ੧੬ ਫੱਗਣ ਸ਼ਹਿਨਸ਼ਾਹੀ ਸੰਮਤ ੭ ਗੁਰਬਖ਼ਸ਼ ਸਿੰਘ ਦੇ ਗ੍ਰਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੈਨੂੰ ਖ਼ਬਰ ਸੁਣਾਈ ਸੱਜਰੀ, ਗੋਬਿੰਦ ਸ਼ਬਦ ਧਾਰ ਪਰਗਟਾਈਆ । ਮੇਰਾ ਸਾਹਿਬ ਆਵੇ ਸੰਬਲ ਨਗਰੀ, ਨਗਰਾਂ ਵਾਲਿਆਂ ਨਜ਼ਰ ਕੋਇ ਨਾ ਆਈਆ । ਨਿਰਮਲ ਜੋਤ ਕਰੇ ਉਜਗਰੀ, ਜੋਤੀ ਜਾਤਾ ਡਗਮਗਾਈਆ । ਜਿਸ ਨੇ ਸ੍ਰਿਸ਼ਟੀ ਦੀ ਦ੍ਰਿਸ਼ਟੀ ਕਰਨੀ ਪੱਧਰੀ, ਉਚਾਂ ਨੀਚਾਂ ਪੰਧ ਮੁਕਾਈਆ । ਜਨ ਭਗਤਾਂ ਪੂਰੀਆਂ ਕਰੇ ਸਧਰੀ, ਸਧਰ ਵੇਖੇ ਥਾਉਂ ਥਾਈਆ । ਦੀਨ ਦੁਨੀ ਝਗੜਾ ਤਕੇ ਗ਼ਦਰੀ, ਵਰਨ ਬਰਨ ਪਏ ਦੁਹਾਈਆ । ਗੁਰਮੁਖਾਂ ਮਿਹਰ ਕਰੇ ਨਦਰੀ, ਨਦਰ ਨਿਹਾਲ ਆਪ ਅਖਵਾਈਆ । ਕਲਜੁਗ ਦੀ ਸਤਿਜੁਗ ਨਾਲ ਕਰੇ ਬਦਲੀ, ਬਦਲਾ ਚੁਕਾਏ ਥਾਉਂ ਥਾਈਆ । ਇਨਸਾਫ਼ ਕਰੇ ਧੁਰ ਦਾ ਅਦਲੀ, ਅਦਾਲਤ ਇਕੋ ਇਕ ਪਰਗਟਾਈਆ । ਆਤਮ ਪਰਮਾਤਮ ਨਾਤਾ ਜੋੜੇ ਪਤਿ ਪਤਨੀ,

ਪਤਿਪਰਮੇਸ਼ਵਰ ਬੇਪਰਵਾਹੀਆ । ਸੰਤ ਸੁਹੇਲੇ ਬਣਾਏ ਧੁਰ ਦੇ ਵਤਨੀ, ਬੇਵਤਨ ਲੋਕਮਾਤ ਤਜਾਈਆ । ਨਾਮ ਖ਼ੁਮਾਰੀ ਦੇਵੇ ਰਤਨੀ, ਰਤਨ ਅਮੋਲਕ ਹੀਰੇ ਲਏ ਪਰਗਟਾਈਆ । ਸਦੀ ਚੌਧਵੀਂ ਲੇਖਾ ਜਾਣਾਂ ਕੰਢਾ ਪੱਤਨੀ, ਤਟ ਕਿਨਾਰੇ ਖੋਜ ਖੁਜਾਈਆ । ਪਰਗਟ ਹੋ ਕੇ ਅਲਖ ਅਲੱਖਣੀ, ਲੇਖਾ ਸਭ ਦਾ ਦਏ ਮੁਕਾਈਆ । ਜਿਸ ਨੇ ਪਤ ਤੇਰੀ ਰੱਖਣੀ, ਪਤਿਪਰਮੇਸ਼ਵਰ ਬੇਪਰਵਾਹੀਆ । ਉਸ ਦੀ ਇਕੋ ਜੋਤ ਪੂਰਨ ਧਾਰ ਵਿਚ ਜਗਣੀ, ਜੋਤੀ ਜਾਤਾ ਡਗਮਗਾਈਆ । ਦੀਨ ਦੁਨੀ ਜਲੇ ਵਿਚ ਅਗਨੀ, ਅਗਨੀ ਤਤ ਨਾ ਕੋਇ ਬੁਝਾਈਆ । ਜਨ ਭਗਤਾਂ ਮੇਲ ਮਿਲਾਏ ਸੋਹੰ ਮੁਖ ਲਗਾਏ ਸਗਨੀ, ਸਗਲਾ ਸਾਥੀ ਆਪ ਅਖਵਾਈਆ । ਨਿਸ਼ਾਨ ਮੇਟੇ ਤਾਰਾ ਚੰਦਨੀ, ਚੰਦ ਸਿਤਾਰ ਲੇਖਾ ਅੰਤ ਰਹੇ ਨਾ ਰਾਈਆ । ਝਗੜਾ ਮੇਟੇ ਕਾਇਆ ਬਦਨੀ, ਤਨ ਵਜੂਦ ਮਾਟੀ ਖ਼ਾਕ ਨਾ ਕੋਇ ਲੜਾਈਆ । ਇਕੋ ਬਖ਼ਸ਼ੇ ਨਿਰਬਾਣ ਪਦਨੀ, ਗ੍ਰਿਹਿ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੋਪਾਲ ਮੂਰਤ ਮੋਹਣ ਮਾਧਵ ਮਦਨੀ, ਮਧੁਰ ਧੁਨ ਇਕ ਸੁਣਾਈਆ ।

✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੭ ਸਰਦਾਰਾ ਸਿੰਘ ਦੇ ਗ੍ਰਿਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪



ਧਰਨੀ ਕਹੇ ਗੋਬਿੰਦ ਮੇਰੇ ਵੱਲ ਤੱਕਿਆ, ਨਿਗਾਹ ਪ੍ਰੇਮ ਵਾਲੀ ਬਦਲਾਈਆ । ਫਿਰ ਖਿੜ ਖਿੜਾ ਕੇ ਹੱਸਿਆ, ਹੱਸਤੀ ਦੱਸੀ ਬੇਪਰਵਾਹੀਆ । ਜਿਹੜਾ ਇਕੋ ਧਾਰ ਵਿਚ ਰੱਤਿਆ, ਰਤਨ ਅਮੋਲਕ ਹੀਰੇ ਗੁਰਮੁਖ ਲਏ ਪਰਗਟਾਈਆ । ਜਿਸ ਦਾ ਇਕੋ ਆਦਿ ਜੁਗਾਦੀ ਮਤਿਆ, ਮਤ ਮਤਾਂਤਰ ਵਿਚ ਕਦੇ ਨਾ ਆਈਆ । ਲੱਖ ਚੁਰਾਸੀ ਆਤਮ ਪਰਮਾਤਮ ਨਾਤਾ ਰੱਖੇ ਸਕਿਆ, ਸੱਜਣ ਸੁਹੇਲ ਇਕ ਅਖਵਾਈਆ । ਜਿਸ ਸਦੀ ਚੌਧਵੀਂ ਮੁਹੰਮਦ ਦਾ ਫਲ ਵੇਖਣਾ ਪੱਕਿਆ, ਉਮਤ ਉਮਤੀ ਖੋਜ ਖੁਜਾਈਆ । ਲਹਿਣਾ ਦੇਣਾ ਪੂਰਾ ਕਰੇ ਮਦੀਨਾ ਮੱਕਿਆ, ਕਾਅਬਿਆਂ ਆਪਣੀ ਕਾਰ ਭੁਗਤਾਈਆ । ਕਲਜੁਗ ਕੂੜੀ ਕਿਰਿਆ ਮਾਰੇ ਧੱਕਿਆ, ਅੱਗੇ ਹੋ ਨਾ ਕੋਇ ਅਟਕਾਈਆ । ਕਿਸੇ ਦੀ ਕੀਮਤ ਰਹਿਣ ਨਹੀਂ ਦੇਣੀ ਟਕਿਆ, ਮਾਇਆ ਮਮਤਾ ਨਾ ਕੋਇ ਚਤੁਰਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਦਾ ਪੂਰਾ ਕਰਨਾ ਪਟਿਆ, ਪਟਨੇ ਵਾਲਾ ਸੰਗ ਰਖਾਈਆ । ਸ੍ਰਿਸ਼ਟੀ ਨੂੰ ਜ਼ੀਰੋ ਨਾਲ ਕਰ ਕੇ ਬਟਿਆ, ਬਟਾ ਸਿਫ਼ਰ ਨਾਲ ਬਦਲਾਈਆ । ਜਗਤ ਜਹਾਨ ਦਾ ਚੀਥੜ ਹੋਣਾ ਫਟਿਆ, ਓਢਣ ਸੀਸ ਨਾ ਕੋਇ ਟਿਕਾਈਆ । ਚਾਰੋਂ ਕੁੰਟ ਉਡਣਾ ਗੁਬਾਰ ਘੱਟਿਆ, ਅੰਧ ਅੰਧੇਰਾ ਜਾਵੇ ਛਾਈਆ । ਜਿਸ ਵੇਲੇ ਸੰਮਤ ਸ਼ਹਿਨਸ਼ਾਹੀ ਸੱਤ ਟੱਪਿਆ, ਟਾਪੂਆਂ ਤੋਂ ਪਰੇ ਪ੍ਰਭ ਆਪਣਾ ਹੁਕਮ ਵਰਤਾਈਆ । ਕਰੇ ਪ੍ਰਕਾਸ਼ ਜੋਤ ਲਟ ਲਟਿਆ, ਨੂਰ ਨੁਰਾਨਾ ਡਗਮਗਾਈਆ । ਜਿਧਰ ਜਾਵੇ ਪੈਂਦੇ ਜਾਣ ਰੱਟਿਆ, ਰੱਟਾ ਸਕੇ ਨਾ ਕੋਇ ਮਿਟਾਈਆ । ਲਹਿਣਾ ਦੇਣਾ ਪੂਰਾ ਕਰੇ ਸਭ ਦਾ ਹੱਥੋ ਹੱਥਿਆ, ਪੂਰਬ ਉਧਾਰ ਰਹੇ ਨਾ ਰਾਈਆ । ਜਗਤ ਜਹਾਨ ਜਾਏ ਮੱਥਿਆ, ਮੱਥਣ ਵਾਲਾ ਇਕੋ ਬੇਪਰਵਾਹੀਆ । ਕਰੇ ਖੇਲ ਪੁਰਖ ਸਮਰੱਥਿਆ, ਹਰਿ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਹਰ ਘਟ ਅੰਦਰ ਵਸਿਆ, ਵੇਖਣਹਾਰਾ ਚਾਈਂ ਚਾਈਆ ।

## ✪ ੧੬ ਫੱਗਣ ਸ਼ਹਿਨਸ਼ਾਹੀ ਸੰਮਤ ੭ ਸਵਰਨ ਸਿੰਘ ਦੇ ਗ੍ਰਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੈਨੂੰ ਗੋਬਿੰਦ ਦਿਤਾ ਸੰਦੇਸ਼ਾ, ਸੰਧਿਆ ਸਰਘੀ ਵੰਡ ਨਾ ਕੋਇ ਵੰਡਾਈਆ । ਤੇਰਾ ਮੇਰਾ ਮਾਲਕ ਇਕ ਨਰ ਨਰੇਸ਼ਾ, ਨਰ ਨਰਾਇਣ ਧੁਰਦਰਗਾਹੀਆ । ਜੋ ਆਦਿ ਜੁਗਾਦਿ ਰਹੇ ਹਮੇਸ਼ਾ, ਜੁਗ ਚੌਕੜੀ ਆਪਣਾ ਖੇਲ ਖਿਲਾਈਆ । ਜੋ ਲੇਖਾ ਜਾਣੇ ਦੇਸ ਪਰਦੇਸ਼ਾ, ਦੋ ਜਹਾਨਾਂ ਵੇਖ ਵਖਾਈਆ । ਉਹ ਲੱਜਿਆ ਰੱਖੇ ਮੁੱਛ ਦਾੜ੍ਹੀ ਕੇਸਾ, ਕੇਸਗੜ੍ਹ ਦਾ ਵਕਤ ਸੁਹਾਈਆ । ਖ਼ੁਸ਼ੀ ਨਾਲ ਕਿਹਾ ਦਸ ਦਸਮੇਸ਼ਾ, ਦਹਿ ਦਿਸ਼ਾ ਦਾ ਪੰਧ ਮੁਕਾਈਆ । ਜਿਸ ਝਗੜਾ ਮੇਟਣਾ ਮੁੱਲਾਂ ਸ਼ੇਖ਼ਾ, ਪੈਗ਼ੰਬਰਾਂ ਲਹਿਣਾ ਦਏ ਚੁਕਾਈਆ । ਭਗਤ ਉਧਾਰਨਾ ਉਸ ਦਾ ਪੇਸ਼ਾ, ਪੇਸ਼ੀਨਗੋਈ ਵਿਚ ਸੁਣਾਈਆ । ਉਸ ਦਾ ਰੂਪ ਅਨੂਪ ਦਰ ਦਰਵੇਸਾ, ਗ੍ਰਹਿ ਗ੍ਰਹਿ ਆਪਣੀ ਅਲਖ ਜਗਾਈਆ । ਜਿਸ ਦਾ ਕੋਈ ਨਾ ਜਾਣੇ ਭੇਤਾ, ਪੜਦਾ ਸਕੇ ਨਾ ਕੋਇ ਉਠਾਈਆ । ਜਿਸ ਲਹਿਣਾ ਪੂਰਾ ਕਰਨਾ ਜਿਸ ਸੀਸ ਪਵਾਈ ਰੇਤਾ, ਗੁਰ ਅਰਜਨ ਰਾਵੀ ਕੰਢਾ ਸੁਹਾਈਆ । ਗ਼ਰੀਬ ਨਿਮਾਣਿਆਂ ਕਰਨਾ ਹੇਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਗੁਰੂਆਂ ਮੰਨਣਾ ਨੇਤਾ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਈਆ । ਉਸ ਨੇ ਦੀਨਾਂ ਮਜ਼੍ਹਬਾਂ ਪੂਰਾ ਕਰਨਾ ਠੇਕਾ, ਠੇਕੇਦਾਰੀ ਸਭ ਦੀ ਆਪਣੇ ਵਿਚ ਛੁਪਾਈਆ । ਇਕੋ ਦੇਣਾ ਧੁਰ ਸੰਦੇਸ਼ਾ, ਆਤਮ ਪਰਮਾਤਮ ਨਾਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਏਕੰਕਾਰ ਇਕ ਏਕਾ, ਇਕ ਇਕੱਲਾ ਆਪਣਾ ਹੁਕਮ ਵਰਤਾਈਆ ।



## ✪ ੧੬ ਫੱਗਣ ਸ਼ਹਿਨਸ਼ਾਹੀ ਸੰਮਤ ੭ ਪ੍ਰੀਤਮ ਸਿੰਘ ਦੇ ਗ੍ਰਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਗੋਬਿੰਦ ਨੇ ਅੰਮ੍ਰਿਤ ਦਾ ਬਖ਼ਸ਼ਿਆ ਸਰੂਰ, ਸੁਰਤ ਸ਼ਬਦ ਮੇਲਾ ਮੇਲਿਆ ਸਹਿਜ ਸੁਭਾਈਆ । ਪੁਰਖ ਅਕਾਲ ਦਾ ਦਰਸਾਇਆ ਨੂਰ, ਨੂਰ ਨੁਰਾਨਾ ਡਗਮਗਾਈਆ । ਜੋ ਆਦਿ ਜੁਗਾਦਿ ਜ਼ਾਹਰ ਜ਼ਹੂਰ, ਜ਼ੱਰਾ ਜ਼ੱਰਾ ਰਿਹਾ ਸਮਝਾਈਆ । ਸ਼ਬਦੀ ਸ਼ਬਦ ਸ਼ਬਦ ਪਰਗਟਾਏ ਤੂਰ, ਤੁਰੀਆ ਤੋਂ ਪਰੇ ਆਪਣਾ ਗ੍ਰਹਿ ਵਖਾਈਆ । ਜਿਥੇ ਵਸੇ ਸਰਬ ਕਲਾ ਭਰਪੂਰ, ਪਾਰਬ੍ਰਹਮ ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦੀ ਅਵਤਾਰ ਪੈਗ਼ੰਬਰ ਗੁਰ ਬਿਨਾ ਚਰਨਾਂ ਲਾਉਂਦੇ ਧੂੜ, ਮਸਤਕ ਖ਼ਾਕ ਰਮਾਈਆ । ਉਹ ਕਲਜੁਗ ਅੰਤਮ ਸਦੀ ਚੌਧਵੀਂ ਮੇਟੇ ਕੂੜ, ਕੂੜੀ ਕਿਰਿਆ ਡੇਰਾ ਢਾਹੀਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਗੁਰਮੁਖ ਗੁਰ ਗੁਰ ਆਪਣੇ ਰੰਗ ਰੰਗਾਈਆ । ਪਰਗਟ ਹੋਵੇ ਜੋਧਾ ਦਾਤਾ ਸੂਰ, ਮਹਾਂਬਲੀ ਇਕ ਅਖਵਾਈਆ । ਜੋ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਤੋੜੇ ਗੜ੍ਹ ਗ਼ਰੂਰ, ਹੰਕਾਰ ਵਿਕਾਰ ਦਏ ਮਿਟਾਈਆ । ਇਕੋ ਨਾਮ ਧੁਰ ਦਾ ਕਲਮਾ ਨੌਂ ਖੰਡ ਪ੍ਰਿਥਮੀ ਕਰੇ ਮਸ਼ਹੂਰ, ਮਸ਼ਵਰਾ ਨਾਲ ਨਾ ਕੋਇ ਰਖਾਈਆ । ਪੰਧ ਮੁਕਾ ਕੇ ਨੇੜਾ ਦੂਰ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਜਗਤ ਵਿਕਾਰਾਂ ਕਰਕੇ ਚੂਰੋ ਚੂਰ, ਚਰਨ ਚਰਨੋਦਕ ਜਾਮ ਦਏ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਧਰਨੀ ਕਹੇ ਗੋਬਿੰਦ ਦਿਤਾ ਅਗੰਮ ਇਸ਼ਾਰਾ, ਸੈਨਤ ਨਾਮ ਵਾਲੀ ਲਗਾਈਆ । ਉਠ ਵੇਖ

ਨਰ ਨਿਰੰਕਾਰਾ, ਨਿਰਵੈਰ ਅਗੰਮ ਅਥਾਹੀਆ । ਜਿਸ ਨੂੰ ਪੈਗ਼ੰਬਰਾਂ ਕਿਹਾ ਪਰਵਰਦਿਗਾਰਾ, ਵਾਹਿਦ ਕਰਤਾ ਨੂਰ ਇਲਾਹੀਆ । ਸੋ ਖੇਲ ਕਰੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਜਿਸ ਨੂੰ ਸੀਸ ਨਿਵਾਈਆ । ਪਰਗਟ ਹੋਵੇ ਚਵ੍ਹੀਆਂ ਅਵਤਾਰਾ, ਨਿਹਕਲੰਕਾ ਕਲ ਕਲਕੀ ਵੇਸ ਵਟਾਈਆ । ਅਮਾਮ ਅਮਾਮਾ ਹੋਵੇ ਜ਼ਾਹਿਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਸਦੀ ਚੌਧਵੀਂ ਪਾਵੇ ਸਾਰਾ, ਬੀਸਵੀਂ ਲੇਖਾ ਰਹੇ ਨਾ ਰਾਈਆ । ਮੁਹੰਮਦ ਦਾ ਲਹਿਣਾ ਦੇਣਾ ਪੂਰਾ ਕਰੇ ਉਧਾਰਾ, ਚੌਦਾਂ ਤਬਕਾਂ ਖੋਜ ਖੁਜਾਈਆ । ਮੂਸਾ ਜਣਾਏ ਅੰਤ ਨਜ਼ਾਰਾ, ਕੋਹਤੂਰ ਦਾ ਡੇਰਾ ਢਾਹੀਆ । ਈਸਾ ਪੜਦਾ ਦਏ ਉਤਾਰਾ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਜਿਸ ਦਾ ਗੋਬਿੰਦ ਬੋਲਿਆ ਫ਼ਤਹਿ ਜੈਕਾਰਾ, ਦੋ ਜਹਾਨ ਸ਼ਬਦ ਸ਼ਨਵਾਈਆ । ਸੋ ਕਲਜੁਗ ਅੰਤਮ ਕੂੜੀ ਕਿਰਿਆ ਕਰੇ ਪਾਰ ਕਿਨਾਰਾ, ਨਈਆ ਸ਼ੌਹ ਦਰਿਆ ਰੁੜ੍ਹਾਈਆ । ਸਤਿ ਧਰਮ ਦਾ ਸਤਿ ਸਤਿ ਕਰੇ ਵਰਤਾਰਾ, ਸਤਿਜੁਗ ਸਚ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਨਿਰਗੁਣ ਜੋਤੀ ਜਾਤਾ ਇਕ ਅਵਤਾਰਾ, ਪੁਰਖ ਬਿਧਾਤਾ ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਈਆ ।



੧੭੯੪ ੨੨

## ✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੭ ਹਰਦੀਪ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੇਰੇ ਉਤੇ ਲੱਗਾ ਭਾਗ, ਭਗਵਨ ਦਿਤੀ ਮਾਣ ਵਡਿਆਈਆ । ਦੀਪਕ ਜੋਤ ਜਗਾ ਅਗੰਮੀ ਚਰਾਗ਼, ਚਰਾਗ਼ਾਹਾਂ ਕਰੇ ਰੁਸ਼ਨਾਈਆ । ਮੇਰਾ ਧੋ ਕੇ ਪਿਛਲਾ ਦਾਗ਼, ਕੀਤੀ ਹੱਕ ਸਫ਼ਾਈਆ । ਕਲਜੁਗ ਅੰਤਮ ਰੱਖੀ ਲਾਜ, ਸਿਰ ਸਵਾਮੀ ਹੱਥ ਟਿਕਾਈਆ । ਜਿਸ ਦੇ ਅੱਗੇ ਨਾ ਕੋਇ ਸਵਾਲ ਨਾ ਕੋਇ ਜਵਾਬ, ਜਵਾਬ ਤਲਬੀ ਵਿਚ ਸਾਰੇ ਸੀਸ ਨਿਵਾਈਆ । ਉਹ ਭਗਤਾਂ ਦੇਵੇ ਖਿਤਾਬ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤਨ ਮੰਦਰ ਵਜਾ ਰਬਾਬ, ਸਿਤਾਰ ਅਪਾਰ ਆਪ ਹਿਲਾਈਆ । ਨਿਰਗੁਣ ਧਾਰ ਦੇ ਇਮਦਾਦ, ਸਰਗੁਣ ਝੋਲੀ ਦਏ ਭਰਾਈਆ । ਹਰਿਜਨ ਹੋਏ ਨਾ ਕਿਸੇ ਮੁਹਤਾਜ, ਲੋੜੀਂਦਾ ਸੱਜਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਅੰਤਰ ਨਿਰੰਤਰ ਰਹੇ ਅਰਾਧ, ਅਰਾਧਨਾ ਸਭ ਦੀ ਲੇਖੇ ਪਾਈਆ ।

## ✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੭ ਕੁੰਦਨ ਸਿੰਘ ਦੇ ਗ੍ਰਿਹ ਪਿੰਡ ਮਾਲਚੱਕ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੈਂ ਗੋਬਿੰਦ ਦੀ ਤਕੀ ਦ੍ਰਿਸ਼ਟੀ, ਜਿਸ ਦਾ ਦ੍ਰਿਸ਼ਟਾਂਤ ਜਗਤ ਬੁੱਧੀ ਨਾ ਕੋਇ ਸਮਝਾਈਆ । ਜਿਸ ਦਾ ਆਦਿ ਪੁਰਖ ਅਪਰੰਪਰ ਸਵਾਮੀ ਇਕੋ ਇਸ਼ਟੀ, ਜੋਤੀ ਜਾਤਾ ਪੁਰਖ ਬਿਧਾਤਾ ਇਕੋ ਨੂਰ ਇਲਾਹੀਆ । ਜੋ ਨਿਤ ਨਵਿਤ ਨਿਰਗੁਣ ਸਰਗੁਣ ਖੇਲੇ ਖੇਲ ਵਿਚ ਸ੍ਰਿਸ਼ਟੀ, ਦੀਨ ਦੁਨੀ ਲੱਖ ਚੁਰਾਸੀ ਆਪਣਾ ਰੰਗ ਰੰਗਾਈਆ । ਜੋ ਆਤਮ ਪਰਮਾਤਮ ਧਾਰ ਬਣੇ ਗ੍ਰਿਸਤੀ, ਬਿਨ ਤਨ ਵਜੂਦ ਮਾਟੀ ਖ਼ਾਕ ਆਪਣੀ ਕਲ ਵਰਤਾਈਆ ।

ਜਿਸ ਦਾ ਭੇਵ ਪਾਏ ਕੋਇ ਨਾ ਸੁਰਤੀ ਨਿਰਤੀ, ਨਿਰਗੁਣ ਨਿਰਵੈਰ ਨਿਰਾਕਾਰ ਆਪਣਾ ਹੁਕਮ ਵਰਤਾਈਆ । ਦੇਵੇ ਮਾਣ ਵਡਿਆਈ ਧੌਲ ਪ੍ਰਿਥਮੀ ਪ੍ਰਿਥੀ, ਪ੍ਰਿਥਮ ਆਪਣਾ ਹੁਕਮ ਵਰਤਾਈਆ । ਜਿਸ ਦੀ ਆਸ਼ਾ ਕਦੀ ਨਾ ਜੁਗ ਚੌਕੜੀ ਜਾਏ ਬਿਰਥੀ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਖੇਲ ਖਿਲਾਈਆ । ਜਿਸ ਨੂੰ ਕੋਟਨ ਕੋਟ ਲੱਭਦੇ ਕਾਇਆ ਮੰਦਰ ਅੰਦਰ ਆਪਣੀ ਬਿਰਤੀ, ਬਿਰਹੋਂ ਵੈਰਾਗੀ ਹੋ ਕੇ ਧਿਆਨ ਲਗਾਈਆ । ਸਾਰ ਪਾਏ ਨਾ ਕੋਇ ਘਰ ਥਿਰ ਦੀ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਕੀ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੈਨੂੰ ਗੋਬਿੰਦ ਦਿਤਾ ਇਸ਼ਾਰਾ, ਧੁਰ ਦਾ ਹੁਕਮ ਇਕ ਸੁਣਾਈਆ । ਵੇਖ ਖੇਲ ਪਰਵਰਦਿਗਾਰਾ, ਦੋ ਜਹਾਨ ਬਿਨ ਨੈਣਾਂ ਨੈਣ ਅੱਖ ਉਠਾਈਆ । ਜਿਸ ਨੂੰ ਝੁਕਣ ਪੈਗ਼ੰਬਰ ਅਵਤਾਰਾ, ਸਰਗੁਣ ਨਿਉਂ ਨਿਉਂ ਸੀਸ ਨਿਵਾਈਆ । ਜਿਸ ਦਾ ਨੂਰ ਨੁਰਾਨਾ ਦੋ ਜਹਾਨਾਂ ਹੋਏ ਉਜਿਆਰਾ, ਜਾਗਰਤ ਜੋਤ ਬਿਨ ਵਰਨ ਗੋਤ ਏਕੰਕਾਰ ਕਰੇ ਰੁਸ਼ਨਾਈਆ । ਜਿਸ ਦਾ ਆਦਿ ਅੰਤ ਜੁਗਾ ਜੁਗੰਤ ਕੋਇ ਸਮਝ ਨਾ ਸਕੇ ਦਾਇਰਾ, ਬੇਅੰਤ ਕਹਿ ਕੇ ਸਾਰੇ ਝਟ ਲੰਘਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਖੇਲ ਖੇਲੇ ਗੁਪਤ ਜ਼ਾਹਰਾ, ਜ਼ਾਹਰ ਜ਼ਹੂਰ ਆਪਣਾ ਰੰਗ ਰੰਗਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀ ਅਸਮਾਨ ਪਾਵੇ ਸਾਰਾ, ਬ੍ਰਹਿਮੰਡ ਖੰਡ ਖੋਜੇ ਚਾਈਂ ਚਾਈਂਆ । ਜਿਸ ਨੇ ਲਹਿਣਾ ਦੇਣਾ ਪੂਰਾ ਕਰਨਾ ਸਦੀ ਚੌਧਵੀਂ ਅੰਤਮ ਵਾਰਾ, ਚੌਦਾਂ ਤਬਕ ਨੇਤਰ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪਣੇ ਹੱਥ ਰਖਾਈਆ । ਧਰਨੀ ਕਹੇ ਮੈਨੂੰ ਗੋਬਿੰਦ ਪੁਸ਼ਤ ਪਨਾਹ ਲਾਈ ਥਾਪੀ, ਪ੍ਰੇਮ ਪਿਆਰ ਨਾਲ ਜਣਾਈਆ । ਉਹ ਤਕ ਕਲਜੁਗ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਧਰਮ ਦੀ ਧਾਰ ਬਣੇ ਕੋਇ ਨਾ ਸਾਥੀ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਬੇਸ਼ਕ ਕੁੰਦਨ ਸਿੰਘ ਦੇ ਕੁੰਦਨ ਸਿੰਘ ਵਰਗੇ ਹੋਣਗੇ ਜਮਾਤੀ, ਜਗਤ ਵਿਦਿਆ ਅੱਖਰਾਂ ਨਾਲ ਸਮਝਾਈਆ । ਪਾਰਬ੍ਰਹਮ ਬ੍ਰਹਮ ਬਣੇ ਨਾ ਕੋਇ ਸਾਥੀ, ਸਗਲਾ ਸੰਗ ਨਾ ਕੋਇ ਰਖਾਈਆ । ਜੀਵਣ ਵਿਚੋਂ ਬਦਲੇ ਨਾ ਕਿਸੇ ਦੀ ਹਯਾਤੀ, ਤਨ ਵਜੂਦ ਮਾਟੀ ਖ਼ਾਕ ਵੱਜੇ ਨਾ ਹੱਕ ਵਧਾਈਆ । ਦਿਵਸ ਰੈਣ ਅੱਠੇ ਪਹਿਰ ਸੁਹੰਜਣਾ ਵਕਤ ਨਾ ਹੋਏ ਪਰਭਾਤੀ, ਅਨਹਦ ਧੁਨ ਅਨਾਦੀ ਵੱਜਦੀ ਰਹੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਧਰਨੀ ਕਹੇ ਮੈਨੂੰ ਗੋਬਿੰਦ ਸੰਦੇਸ਼ਾ ਦਿਤਾ ਅਖ਼ੀਰੀ, ਬਿਨ ਅੱਖਰਾਂ ਗਿਆ ਦ੍ਰਿੜਾਈਆ । ਉਹ ਤਕ ਸ਼ਹਿਨਸ਼ਾਹ ਬੇਨਜ਼ੀਰੀ, ਜਿਸ ਨੂੰ ਜਗ ਨੇਤਰ ਵੇਖਣ ਕੋਇ ਨਾ ਪਾਈਆ । ਜਿਸ ਦਾ ਹੁਕਮ ਵਰਤਣਾ ਤਕਦੀਰੀ, ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਅੰਤ ਨਾ ਕੋਇ ਦਰਸਾਈਆ । ਉਸ ਲਹਿਣਾ ਦੇਣਾ ਚੁਕਾਉਣਾ ਸ਼ਾਹ ਹਕੀਰੀ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਇਕੋ ਬੇਪਰਵਾਹੀਆ । ਸਦੀ ਚੌਧਵੀਂ ਸਭ ਦਾ ਲੇਖਾ ਅੰਤਮ ਮੁਹੰਮਦ ਨੂੰ ਦਿਸੇ ਗਲੀ ਭੀੜੀ, ਅੱਗੇ ਪੈਂਡਾ ਪੰਧ ਨਜ਼ਰ ਕੋਇ ਨਾ ਆਈਆ । ਜਿਸ ਨੇ ਜਗਤ ਜਹਾਨ ਕਲਜੁਗ ਅੰਦਰ ਸਤਿਜੁਗ ਬਦਲ ਦੇਣੀ ਪੀੜ੍ਹੀ, ਧਰਮ ਦੀ ਧਾਰ ਇਕ ਪਰਗਟਾਈਆ । ਕਿਸੇ ਦੀ ਰਹਿਣ ਨਹੀਂ ਦੇਣੀ ਅਮੀਰੀ ਵਜ਼ੀਰੀ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਅੰਤ ਸ਼ਰਅ ਦੀ ਤੋੜੇ ਜ਼ੰਜੀਰੀ, ਸ਼ਰੀਅਤ ਦਾ ਲੇਖਾ ਦਏ ਮੁਕਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਭੇਵ ਅਭੇਦ ਆਪ ਖੁਲ੍ਹਾਈਆ । ਧਰਨੀ ਕਹੇ ਮੈਂ ਹੱਸ ਕੇ ਕੀਤਾ ਪਰਨਾਮ, ਨਮੋ ਨਮੋ ਗੋਬਿੰਦ ਸੀਸ ਨਿਵਾਈਆ । ਮੇਰੇ ਸਾਹਿਬ ਸਤਿਗੁਰ ਕਿਉਂ ਨਾਨਕ ਮੰਤਰ ਚਲਾਇਆ ਸਤਿਨਾਮ, ਸਤਿ ਸਤਿ ਸਤਿ ਸਮਝਾਈਆ । ਕਿਉਂ ਵਾਹਿਗੁਰੂ ਫ਼ਤਹਿ ਡੰਕ ਵਜਾਇਆ ਵਿਚ ਜਹਾਨ, ਗੋਬਿੰਦ ਸੂਰੇ ਦੇਣਾ ਸਮਝਾਈਆ । ਚਾਰੋਂ ਕੁੰਟ ਮੈਂ ਵੇਖਾਂ ਮਾਰ ਧਿਆਨ, ਉੱਤਰ ਪੂਰਬ ਪੱਛਮ ਦੱਖਣ ਖੋਜ ਖੁਜਾਈਆ । ਜਿਸ ਪਰਮ ਪੁਰਖ ਨੂੰ ਝੁਕਦੇ ਜ਼ਿਮੀ ਅਸਮਾਨ, ਗੁਰੂ ਅਵਤਾਰ ਪੈਗ਼ੰਬਰ ਬੈਠੇ ਖ਼ਾਲੀ ਝੋਲੀਆਂ ਢਾਹੀਆ । ਉਹ ਨਾਮ ਕਲਮੇ ਦਾ ਦੇਵਣਹਾਰਾ ਦਾਨ, ਦਾਤਾ ਦਾਨੀ ਇਕ ਅਖਵਾਈਆ । ਜਿਸ ਨੂੰ ਸਾਰੇ ਕਹਿੰਦੇ ਧੁਰ ਦਾ ਰਾਮ, ਧੁਰ ਦਾ ਕਾਹਨ ਕਹਿ ਕੇ ਆਪਣਾ ਝਟ ਲੰਘਾਈਆ । ਪੈਗ਼ੰਬਰ ਮੰਨਣ ਇਕ ਅਮਾਮ, ਅਮਲਾਂ ਤੋਂ ਰਹਿਤ ਨੂਰ ਖ਼ੁਦਾਈਆ । ਜਿਸ ਨੂੰ ਨਾਨਕ ਨਿਰਗੁਣ ਕੀਤਾ ਪਰਵਾਨ, ਪਰਮ ਪੁਰਖ ਵਡ ਵਡਿਆਈਆ । ਜਿਸ ਦਾ ਗੋਬਿੰਦ ਧਰੇ ਧਿਆਨ, ਪੁਰਖ ਅਕਾਲਾ ਦੀਨ ਦਿਆਲਾ ਏਕੰਕਾਰਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਝਟ ਗੋਬਿੰਦ ਖ਼ੁਸ਼ੀ ਦੇ ਵਿਚ ਹੱਸਿਆ, ਹਸਤੀ ਤਕ ਬੇਪਰਵਾਹੀਆ । ਧਰਨੀ ਜਿਸ ਵੇਲੇ ਤੇਰੇ ਉਤੇ ਹੋਈ ਅੰਧੇਰੀ ਮੱਸਿਆ ਕਲਜੁਗ ਕਾਲਾ ਆਪਣਾ ਰੰਗ ਰੰਗਾਈਆ । ਸਤਿ ਧਰਮ ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰੋਂ ਨੱਸਿਆ, ਕਾਇਆ ਕਾਮ ਕਰੋਧ ਲੋਭ ਮੋਹ ਹੰਕਾਰ ਹੋਏ ਲੋਕਾਈਆ । ਪ੍ਰਭ ਦਾ ਨਾਮ ਹਿਰਦੇ ਹੋਏ ਨਾ ਵਸਿਆ, ਰਸਨਾ

੧੭੯੬ ੨੨ ਜਿਹਵਾ ਬੱਤੀ ਦੰਦ ਢੋਲੇ ਸਾਰੇ ਗਾਈਆ । ਕਿਸੇ ਦਾ ਧੀਰਜ ਰਹੇ ਨਾ ਹੱਠਿਆ, ਸਤਿ ਸੰਤੋਖ ਰੂਪ ਨਾ ਕੋਇ ਦਰਸਾਈਆ । ਸਦੀ ਚੌਧਵੀਂ ਉਲਟੀ ਗਿੜੇ ਲੱਠਿਆ, ਸ਼ਰਅ ਸ਼ਰਅ ਨਾਲ ਟਕਰਾਈਆ । ਸਭ ਦਾ ਪੂਰਾ ਕੌਲ ਇਕਰਾਰ ਹੋਵੇ ਜੋ ਲਿਖਿਆ ਪਟਿਆ, ਪਟਨੇ ਵਾਲਾ ਰਿਹਾ ਜਣਾਈਆ । ਉਸ ਵੇਲੇ ਦੀਨ ਦਿਆਲ ਸਾਹਿਬ ਸਵਾਮੀ ਨਿਰਗੁਣ ਧਾਰ ਆਵੇ ਨੱਠਿਆ, ਜੋਤੀ ਜਾਤਾ ਪੁਰਖ ਬਿਧਾਤਾ ਸ਼ਬਦੀ ਸ਼ਬਦ ਖੇਲ ਖਿਲਾਈਆ । ਜੋ ਪ੍ਰਕਾਸ਼ ਕਰੇ ਲਟ ਲਟਿਆ, ਦੋ ਜਹਾਨਾਂ ਡਗਮਗਾਈਆ । ਕਲਜੁਗ ਕੂੜੀ ਕਿਰਿਆ ਕਰੇ ਮਿਥਿਆ, ਮਥਣਹਾਰ ਇਕ ਅਖਵਾਈਆ । ਸਤਿ ਧਰਮ ਚਲਾਵੇ ਰਥਿਆ, ਰਥਵਾਹੀ ਇਕੋ ਨਜ਼ਰੀ ਆਈਆ । ਜਿਸ ਦੀ ਚਾਰ ਜੁਗ ਦੇ ਸ਼ਾਸਤਰ ਗਾਉਂਦੇ ਗਥਿਆ, ਅੱਖਰਾਂ ਵਾਲੀ ਸਿਫ਼ਤ ਸਾਲਾਹੀਆ । ਉਹ ਸਾਹਿਬ ਸਤਿਗੁਰੂ ਆਦਿ ਜੁਗਾਦਿ ਪੁਰਖ ਸਮਰੱਥਿਆ, ਸਰਬ ਘਟ ਵਾਸੀ ਆਪਣਾ ਹੁਕਮ ਵਰਤਾਈਆ । ਜਿਸ ਦਾ ਨਾਮ ਇਕੋ ਹੋਵੇ ਜਸਿਆ, ਜੈ ਜੈਕਾਰ ਕਰੇ ਲੋਕਾਈਆ । ਜੋ ਸਚਖੰਡ ਦਵਾਰ ਦਰਗਹ ਸਾਚੀ ਮੁਕਾਮੇ ਹੱਕ ਵਸਿਆ, ਬਿਨ ਰੰਗ ਰੇਖ ਰੂਪ ਦਰ ਆਪਣੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਗੋਬਿੰਦ ਮੈਂ ਕਿਸ ਦੀ ਕਰਾਂ ਉਡੀਕ, ਬਿਨ ਅੱਖਾਂ ਅੱਖ ਉਠਾਈਆ । ਮੈਨੂੰ ਸਚ ਦੱਸ ਤਾਰੀਖ, ਜਿਸ ਤਵਾਰੀਖ ਦੇਣੀ ਬਦਲਾਈਆ । ਮੈਂ ਉਸ ਦੇ ਕੋਲੋਂ ਮੰਗਾਂ ਭੀਖ, ਭਿੱਖਕ ਹੋ ਕੇ ਝੋਲੀ ਡਾਹੀਆ । ਜਿਸ ਦੇ ਛਤਰ ਝੁਲਣਾ ਸੀਸ, ਦੋ ਜਹਾਨਾਂ ਹੁਕਮ ਮਨਾਈਆ । ਮਿਹਰਵਾਨ ਜਗਦੀਸ਼, ਜਗਦੀਸ਼ਰ ਵਡ ਵਡਿਆਈਆ । ਜਿਸ ਦਾ ਇਕੋ ਨਾਮ ਕਲਮਾ ਹੋਣੀ ਹਦੀਸ, ਹਜ਼ਰਤਾਂ ਤੋਂ ਬਾਹਰ ਕਰੇ ਪੜ੍ਹਾਈਆ । ਜਿਸ ਨੇ ਆਤਮ ਪਰਮਾਤਮ ਚਲਾਉਣੀ ਰੀਤ, ਮੰਦਰ ਮਸੀਤ ਪੈਂਡਾ ਦੇਣਾ ਮੁਕਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਬਦਲਣੀ ਨੀਤ, ਨੀਤੀਵਾਨ ਇਕ ਅਖਵਾਈਆ । ਤੂੰ ਮੇਰਾ

ਮੈਂ ਤੇਰਾ ਸਭ ਨੇ ਗਾਉਣਾ ਗੀਤ, ਗੋਬਿੰਦ ਮੇਲਾ ਮਿਲਣਾ ਸਾਚੇ ਮਾਹੀਆ । ਪਾਰਬ੍ਰਹਮ ਬ੍ਰਹਮ ਦੱਸਣੀ ਇਕ ਪ੍ਰੀਤ, ਪ੍ਰੀਤਮ ਆਪਣਾ ਪੜਦਾ ਦੇਣਾ ਉਠਾਈਆ । ਝਗੜਾ ਰਹੇ ਨਾ ਊਚ ਨੀਚ ਜ਼ਾਤ ਪਾਤ ਦਾ ਲੇਖਾ ਦਏ ਗਵਾਈਆ । ਇਕੋ ਰੰਗ ਰੰਗੇ ਹਸਤ ਕੀਟ, ਅਨਡੀਠ ਆਪਣੀ ਖੇਲ ਖਿਲਾਈਆ । ਜਨ ਭਗਤਾਂ ਵਸੇ ਕਾਇਆ ਮੰਦਰ ਬੀਚ, ਪੜਦਾ ਅੰਦਰੋਂ ਦਏ ਚੁਕਾਈਆ । ਅੰਮ੍ਰਿਤ ਬਖ਼ਸ਼ੇ ਨਿਜਰ ਧਾਰ ਬੂੰਦ ਸਵਾਂਤੀ ਕਵਲ ਨਾਭੀ ਠਾਂਡਾ ਸੀਤ, ਅਗਨੀ ਤਤ ਬੁਝਾਈਆ । ਸ਼ਬਦ ਅਨਾਦਿ ਧੁਨ ਆਤਮਕ ਸੁਣਾਏ ਗੀਤ, ਅਨਹਦ ਨਾਦੀ ਨਾਦ ਵਜਾਈਆ । ਸਚ ਪ੍ਰਕਾਸ਼ ਕਰੇ ਅਤੀਤ, ਤ੍ਰੈਗੁਣ ਦਾ ਡੇਰਾ ਢਾਹੀਆ । ਸੋ ਸਾਹਿਬ ਸਵਾਮੀ ਨਿਰਗੁਣ ਧਾਰ ਬਣੇ ਧੁਰ ਦਾ ਮੀਤ, ਮਿੱਤਰ ਪਿਆਰਾ ਇਕ ਅਖਵਾਈਆ । ਜੋ ਦਰਗਹ ਸਾਚੀ ਸਚਖੰਡ ਦਾ ਵਸਨੀਕ, ਛੱਪਰ ਛੰਨਾ ਛੰਨ ਨਾ ਕੋਇ ਛੁਹਾਈਆ । ਉਹ ਆਦਿ ਜੁਗਾਦੀ ਲਾਸ਼ਰੀਕ, ਪਰਵਰਦਿਗਾਰ ਨੂਰ ਇਲਾਹੀਆ । ਜਿਸ ਦੀ ਅਵਤਾਰ ਪੈਗ਼ੰਬਰ ਗੁਰੂਆਂ ਕੀਤੀ ਤਸਦੀਕ, ਸ਼ਹਾਦਤ ਗ੍ਰੰਥਾਂ ਵਾਲੀ ਭੁਗਤਾਈਆ । ਉਹ ਸਭ ਦੀ ਆਸਾ ਮਨਸਾ ਪੂਰੀ ਕਰੇ ਉਮੀਦ, ਤ੍ਰਿਸ਼ਨਾ ਤ੍ਰਿਖਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੇ ਹੁਕਮ ਵਿਚ ਨਵ ਨੌਂ ਚਾਰ ਰਹੇ ਬੀਤ, ਜੁਗ ਚੌਕੜੀ ਆਪਣਾ ਪੰਧ ਗਏ ਮੁਕਾਈਆ ।



**✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੭ ਮਾਨ ਸਿੰਘ ਦੇ ਗ੍ਰਿਹਿ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ ✪**

੧੭੬੭ ੨੨

ਧਰਨੀ ਕਹੇ ਗੋਬਿੰਦ ਨੇ ਗਣੀ ਗਣਤ, ਅਣਗਿਣਤ ਅੰਕ ਜਣਾਈਆ । ਕਲਜੁਗ ਕਿਨਾਰਾ ਦੱਸਿਆ ਅੰਤ, ਅੰਤਸ਼ਕਰਨ ਵੇਖ ਖ਼ਲਕ ਖ਼ੁਦਾਈਆ । ਧਰਮ ਦਾ ਰਹਿਣਾ ਨਹੀਂ ਕੋਇ ਸੰਤ, ਸੱਜਣ ਸਚ ਵਿਚ ਨਾ ਕੋਇ ਸਮਾਈਆ । ਪਰਮਾਤਮਾ ਮਿਲਣਾ ਨਹੀਂ ਕਿਸੇ ਕੰਤ, ਕੰਤੂਹਲ ਸੇਜ ਨਾ ਕੋਇ ਸੁਹਾਈਆ । ਗੜ੍ਹ ਬਣਨਾ ਹਉਮੇ ਹੰਗਤ, ਹੰ ਬ੍ਰਹਮ ਭੇਵ ਨਾ ਕੋਇ ਚੁਕਾਈਆ । ਮਾਨਵ ਜਾਤੀ ਪ੍ਰੇਮ ਦੀ ਰਹਿਣੀ ਨਹੀਂ ਸੰਗਤ, ਗੁਰ ਚੇਲਾ ਕਰੇ ਲੜਾਈਆ । ਬ੍ਰਹਮ ਦੀ ਧਾਰ ਦਿਸਣਾ ਨਹੀਂ ਕੋਈ ਪੰਡਤ, ਪਾਰਬ੍ਰਹਮ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪਰਵਾਹੀਆ । ਧਰਨੀ ਕਹੇ ਗੋਬਿੰਦ ਮੈਨੂੰ ਮਾਰਿਆ ਮੁੱਕਾ, ਮੁਕੰਮਲ ਦਿਤਾ ਜਣਾਈਆ । ਮੇਰਾ ਸ਼ਬਦ ਨਿਸ਼ਾਨਾ ਕਦੇ ਨਾ ਉਕਾ, ਤੀਰ ਅਣਿਆਲਾ ਦਿਤਾ ਚਲਾਈਆ । ਜਿਸ ਨੇ ਮੈਨੂੰ ਬਣਾਇਆ ਸੁਤਾ, ਪਰਮ ਪੁਰਖ ਵਡ ਵਡਿਆਈਆ । ਉਹ ਕਰੇ ਖੇਲ ਅਬਿਨਾਸ਼ੀ ਅਚੁਤਾ, ਚੇਤਨ ਸਭ ਨੂੰ ਦਏ ਕਰਾਈਆ । ਭਗਤਾਂ ਸੁਹਾਏ ਰੁਤਾ, ਰੁਤੜੀ ਆਪਣੇ ਨਾਲ ਮਹਿਕਾਈਆ । ਭਾਗ ਲਗਾਏ ਕਾਇਆ ਬੁਤਾ, ਬੁਤਖ਼ਾਨਿਆਂ ਕਰੇ ਸਫ਼ਾਈਆ । ਜੋ ਜਨਮ ਜਨਮ ਦਾ ਹੋਵੇ ਘੁੱਥਾ, ਫੜ ਬਾਹੋਂ ਲਏ ਮਿਲਾਈਆ । ਅਬਿਨਾਸ਼ੀ ਕਰਤਾ ਕਦੇ ਨਾ ਰੁੱਸਾ, ਰੋਸ ਮਨ ਦਾ ਦਏ ਮਿਟਾਈਆ । ਜਿਸ ਦਾ ਜਗਤ ਜਹਾਨ ਵਾਲਾ ਨਹੀਂ ਜੁੱਸਾ, ਜਿਸਮ ਜ਼ਮੀਰ ਦਏ ਬਦਲਾਈਆ । ਉਹਦਾ ਭੇਵ ਰਹੇ ਨਾ ਲੁਕਾ, ਪੜਦਾ ਅੰਤਰ ਨਿਰੰਤਰ ਉਠਾਈਆ । ਜਿਸ ਦਾ ਸੀਸ ਇਕ ਵਾਰ ਝੁਕਾ, ਦੋ ਜਹਾਨ ਦਏ ਵਡਿਆਈਆ । ਜਗਤ ਜਹਾਨ ਜਾਏ ਨਾ ਲੁੱਟਾ, ਲੁਟੇਰਾ ਕੂੜ ਨੇੜ ਨਾ ਆਈਆ । ਸਤਿਗੁਰ ਸ਼ਬਦ ਦਾ ਨਾਤਾ ਕਦੇ ਨਹੀਂ ਟੁੱਟਾ, ਆਦਿ ਜੁਗਾਦਿ ਜੁਗ ਚੌਕੜੀ ਬੰਧਨ ਆਪਣਾ

ਪਾਈਆ । ਪ੍ਰਭੂ ਦਾ ਪਿਆਰ ਨਹੀਂ ਕਦੇ ਟੁੱਟਾ, ਅਤੋਟ ਅਤੁਟ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲ ਆਪ ਕਰਾਈਆ । ਧਰਨੀ ਕਹੇ ਮੈਨੂੰ ਗੋਬਿੰਦ ਮਾਰਿਆ ਧੱਪਾ, ਥਪਕੀ ਦਿਤੀ ਲਗਾਈਆ । ਉਹ ਤਕ ਅਗੰਮੀ ਧੱਪਾ, ਪਤਿਪਰਮੇਸ਼ਵਰ ਨੂਰ ਇਲਾਹੀਆ । ਜਿਸ ਨੂੰ ਪੁਰਖ ਅਕਾਲ ਕਹਿ ਕੇ ਜਪਾ, ਨਾਮ ਨਿਧਾਨਾ ਢੋਲਾ ਗਾਈਆ । ਉਸ ਦਾ ਅੰਤ ਅਖ਼ੀਰੀ ਇਕੋ ਪਤਾ, ਸਚ ਸੰਦੇਸ਼ਾ ਦਿਆਂ ਦ੍ਰਿੜਾਈਆ । ਜਿਸ ਵਿਚ ਫ਼ਰਕ ਰਹੇ ਨਾ ਰਤਾ, ਭੇਵ ਅਭੇਦ ਨਾ ਕੋਇ ਛੁਪਾਈਆ । ਜਿਸ ਦਾ ਸਤਿਗੁਰ ਸ਼ਬਦੀ ਧਾਰ ਬੱਚਾ, ਪਿਤਾ ਪੁਰਖ ਅਕਾਲ ਵਡ ਵਡਿਆਈਆ । ਉਹ ਸਾਢੇ ਤਿੰਨ ਹੱਥ ਭਾਂਡਾ ਵੇਖੇ ਕੱਚਾ, ਕੰਚਨ ਗੜ੍ਹ ਫੋਲ ਫੁਲਾਈਆ । ਜਨ ਭਗਤਾਂ ਲੂੰ ਲੂੰ ਅੰਦਰ ਰਚਾ, ਰਚਨਾ ਆਪਣੀ ਦਏ ਵਖਾਈਆ । ਜਿਸ ਨੇ ਮੁਹੰਮਦ ਦਾ ਲਹਿਣਾ ਦੇਣਾ ਪੂਰਾ ਕਰਨਾ ਮਦੀਨਾ ਮੱਕਾ, ਕਾਅਬਿਆਂ ਹੋਏ ਸਹਾਈਆ । ਲੇਖੇ ਲਾਉਣਾ ਬੂਰਾ ਕੱਕਾ, ਈਸਾ ਆਸਾ ਪੂਰ ਕਰਾਈਆ । ਉਸ ਦਾ ਪਿਆਰ ਹੋਵੇ ਨਾ ਤੱਤਾ, ਅਗਨੀ ਤਤ ਨਾ ਕੋਇ ਤਪਾਈਆ । ਉਹ ਝਗੜਾ ਮੇਟੇ ਮਨ ਮਤਾ, ਮਤ ਮਤਾਂਤਰ ਡੇਰਾ ਢਾਹੀਆ । ਪੜਦਾ ਲਾਹੇ ਚੇਤਨ ਸੱਤਾ, ਸਤਿ ਸਤਿਵਾਦੀ ਰੰਗ ਰੰਗਾਈਆ । ਜਿਸ ਦਾ ਗੋਬਿੰਦ ਜੈਕਾਰਾ ਲਾਇਆ ਫ਼ਤਹ, ਫ਼ਤਿਹ ਡੰਕ ਇਕ ਸ਼ਨਵਾਈਆ । ਉਹ ਗੁਰਮੁਖਾਂ ਜਣਾਏ ਮਿਤ ਗਤਾ, ਅੰਤਰਜਾਮੀ ਅਗੰਮ ਅਥਾਹੀਆ । ਬੀਜ ਬੀਜੇ ਆਪਣੇ ਵੱਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਨੂੰ ਗੋਬਿੰਦ ਦਿਤਾ ਦਾਨ, ਚਰਨ ਧੂੜੀ ਮੇਰੇ ਉਤੇ ਟਿਕਾਈਆ । ਧਵਲ ਕਹੇ ਮੈਨੂੰ ਬਖਸ਼ਿਆਂ ਮਾਨ, ਮਾਨਵ ਜਾਤੀ ਰੰਗ ਰੰਗਾਈਆ । ਕਿਰਪਾ ਕੀਤੀ ਮਹਾਨ, ਧਵਲ ਕਹੇ ਮੇਰੇ ਅੰਦਰ ਵੱਜੀ ਵਧਾਈਆ । ਸਾਚੇ ਦਰ ਕੀਤੇ ਪਰਵਾਨ, ਧੌਲ ਨਿਉਂ ਨਿਉਂ ਸੀਸ ਝੁਕਾਈਆ । ਖੇਲ ਵੇਖਣਾ ਸ੍ਰੀ ਭਗਵਾਨ, ਜੋ ਕਰਤਾ ਅਗਮ ਅਥਾਹੀਆ । ਜਿਸ ਕਲਜੁਗ ਲੇਖਾ ਪੂਰਾ ਕਰਨਾ ਵਿਚ ਜਹਾਨ, ਜਹਾਲਤ ਕੂੜ ਦਏ ਮਿਟਾਈਆ । ਨਾਮ ਅਣਿਆਲਾ ਮਾਰਨਾ ਬਾਣ, ਤੀਰ ਤੁਰੀਆ ਤੋਂ ਬਾਹਰ ਲਗਾਈਆ । ਖੇਲ ਖੇਲੇ ਹੋ ਕੇ ਧੁਰ ਦਾ ਰਾਮ, ਕਾਹਨ ਕਾਹਨਾ ਵੇਸ ਵਟਾਈਆ । ਪ੍ਰਗਟ ਹੋ ਕੇ ਇਕ ਅਮਾਮ, ਅਮਾਮ ਅਮਾਮਾ ਆਪਣਾ ਹੁਕਮ ਜਣਾਈਆ । ਝਗੜਾ ਸ਼ਰਅ ਮੇਟੇ ਤਮਾਮ, ਤਮੰਨਾ ਸਭ ਦੀ ਖੋਜ ਖੁਜਾਈਆ । ਜਿਸ ਦਾ ਦਸ ਗੁਰ ਨਿਸ਼ਾਨ, ਨਿਸ਼ਾਨੇ ਦੀਨ ਦੁਨੀ ਬਦਲਾਈਆ । ਇਕੋ ਕਲਮਾ ਦੱਸ ਕਲਾਮ, ਕਾਇਨਾਤ ਕਰੇ ਪੜ੍ਹਾਈਆ । ਜਨ ਭਗਤ ਸੁਹੇਲੇ ਕਰ ਪ੍ਰਵਾਨ, ਪਰਮ ਪੁਰਖ ਆਪਣਾ ਰੰਗ ਰੰਗਾਈਆ । ਜੁਗ ਜਨਮ ਦੇ ਵਿਛੜੇ ਮੇਲੇ ਆਣ, ਵਿਛੋੜਾ ਮਾਤ ਰਹੇ ਨਾ ਰਾਈਆ । ਕੀ ਹੋਇਆ ਜੇ ਗੁਰਸਿਖ ਭੁੱਲ ਜਾਏ ਬਾਲ ਅੰਞਾਣ, ਬਾਲੀ ਬੁੱਧ ਜਗਤ ਵਡਿਆਈਆ । ਸੋ ਪੁਰਖ ਨਿਰੰਜਣ ਸਦਾ ਮਿਹਰਵਾਨ, ਹਰਿ ਪੁਰਖ ਨਿਰੰਜਣ ਆਪ ਅਖਵਾਈਆ । ਦਰ ਘਰ ਸਾਚੇ ਕਰ ਪ੍ਰਵਾਨ, ਪਰਮ ਪੁਰਖ ਦੇਵੇ ਮਾਣ ਵਡਿਆਈਆ । ਗੜ੍ਹ ਤੋੜ ਕੂੜ ਅਭਿਮਾਨ, ਹੰਗਤਾ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨਿਰਗੁਣ ਹੋ ਕੇ ਜਾਣੀ ਜਾਣ, ਸਰਗੁਣ ਲੇਖਾ ਆਪਣੇ ਹੱਥ ਰਖਾਈਆ ।



੧੭੯੮
੨੨

## ✪ ੧੬ ਫੱਗਣ ਸ਼ਹਿਨਸ਼ਾਹੀ ਸੰਮਤ ੭ ਕਰਨੈਲ ਸਿੰਘ ਦੇ ਗ੍ਰਿਹ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੈਂ ਗੋਬਿੰਦ ਦਾ ਖੇਲ ਤੱਕਿਆ ਨੈਣਾਂ, ਨਿਜ ਨੇਤਰ ਲੋਚਣ ਨੈਣ ਨੈਣ ਖੁਲ੍ਹਾਈਆ । ਜਿਸ ਨੇ ਪੁਰਖ ਅਕਾਲ ਦਾ ਮੰਨਿਆ ਕਹਿਣਾ, ਪਰਮ ਪੁਰਖ ਸੀਸ ਝੁਕਾਈਆ । ਮੈਂ ਹੱਸ ਕੇ ਕਿਹਾ ਕਲਜੁਗ ਅੰਤਮ ਉਸ ਦਾ ਭਾਣਾ ਸਹਿਣਾ, ਭਾਵੀ ਭੈ ਭੌ ਜਗਤ ਡਰਾਈਆ । ਨੌਂ ਖੰਡ ਪ੍ਰਿਥਮੀ ਕੂੜੀ ਕਿਰਿਆ ਵਹਿਣ ਵਹਿਣਾ, ਚਾਰ ਕੁੰਟ ਹੋਏ ਹਲਕਾਈਆ । ਸਦੀ ਚੌਧਵੀਂ ਅੰਤਮ ਬੁਰਜ ਹੰਕਾਰੀ ਢਹਿਣਾ, ਮੁਹੰਮਦ ਲੇਖਾ ਰਹੇ ਨਾ ਰਾਈਆ । ਈਸਾ ਨੂੰ ਲੇਖਾ ਦੇਣਾ ਪੈਣਾ, ਮੂਸਾ ਭੱਜੇ ਵਾਹੋ ਦਾਹੀਆ । ਪੁਰਖ ਅਕਾਲ ਬਣ ਤ੍ਰਫ਼ੈਣਾ, ਤ੍ਰੈਗੁਣ ਅਤੀਤਾ ਆਪਣੀ ਕਾਰ ਕਮਾਈਆ । ਦੀਨ ਮਜ਼੍ਹਬ ਲੈਣ ਨਾ ਦੇਵੇ ਚੈਣਾਂ, ਸਾਂਤਕ ਸਤਿ ਨਾ ਕੋਇ ਕਰਾਈਆ । ਕਲਮਾ ਨਾਮ ਇਕ ਦੂਜੇ ਨਾਲ ਖਹਿਣਾ, ਪਰਵਰਦਿਗਾਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਕਰਨਹਾਰ ਇਕ ਅਖਵਾਈਆ । ਧਰਨੀ ਕਹੇ ਮੈਨੂੰ ਗੋਬਿੰਦ ਸੁਣਾਇਆ ਸ਼ਬਦ ਅਗੰਮਾ ਸਚ, ਧੁਰ ਦਾ ਹੁਕਮ ਇਕ ਸੁਣਾਈਆ । ਦੀਨ ਦੁਨੀ ਅਗਨੀ ਜਾਏ ਮੱਚ, ਅਗਨੀ ਤਤ ਨਾ ਕੋਇ ਬੁਝਾਈਆ । ਮਨੂਆ ਘਰ ਘਰ ਕਾਇਆ ਮੰਦਰ ਅੰਦਰ ਪਏ ਨੱਚ, ਦਹਿ ਦਿਸ਼ਾ ਉਠ ਉਠ ਧਾਈਆ । ਭਾਗ ਲੱਗੇ ਨਾ ਕਾਇਆ ਕੱਚ, ਕੰਚਨ ਗੜ੍ਹ ਨਾ ਕੋਇ ਸੁਹਾਈਆ । ਨਾੜ ਬਹੱਤਰ ਉਬਲੇ ਰੱਤ, ਰੱਤੀ ਰੱਤ ਕੰਮ ਕਿਸੇ ਨਾ ਆਈਆ । ਕਿਸੇ ਮੇਲ ਨਹੀਂ ਹੋਣਾ ਕਮਲਾਪਤ, ਪਤਿਪਰਮੇਸ਼ਵਰ ਦਰਸ ਕੋਇ ਨਾ ਪਾਈਆ । ਜਿਸ ਯਾਰੜੇ ਦਾ ਮੈਂ ਸੱਥਰ ਬੈਠਾ ਘਤ, ਸੋ ਪੁਰਖ ਅਕਾਲਾ ਆਪਣਾ ਹੁਕਮ ਵਰਤਾਈਆ । ਜਿਸ ਨੇ ਕਲਜੁਗ ਅਗਨ ਦਾ ਮੇਟਣਾ ਰਥ, ਸਤਿਜੁਗ ਸਤਿ ਸਤਿ ਵਰਤਾਈਆ । ਪਰਗਟ ਹੋ ਪੁਰਖ ਸਮਰਥ, ਦੋ ਜਹਾਨਾਂ ਮਰਦ ਮਰਦਾਨਾ ਵੇਖ ਵਖਾਈਆ । ਦੀਨ ਮਜ਼੍ਹਬ ਕਰੇ ਕਿਸੇ ਨਾ ਪੱਖ, ਮਾਨਵ ਜ਼ਾਤੀ ਵੇਖੇ ਥਾਉਂ ਥਾਈਂਆ । ਸੰਬਲ ਧਾਰ ਹੋ ਪਰਗਟ, ਪਰਗਣਾ ਆਪਣਾ ਇਕ ਸੁਹਾਈਆ । ਜੋਤ ਪ੍ਰਕਾਸ਼ ਕਰੇ ਲਟ ਲਟ, ਅੰਧ ਅੰਧੇਰਾ ਦਏ ਗਵਾਈਆ । ਸ਼ਬਦ ਨਾਦ ਸੁਣਾਏ ਅਨਹਦ, ਧੁਨ ਆਤਮਕ ਰਾਗ ਅਲਾਈਆ । ਜਿਸ ਦੇ ਹੁਕਮ ਅੰਦਰ ਸਤਿਜੁਗ ਤ੍ਰੇਤਾ ਦੁਆਪਰ ਗਏ ਲਦ, ਕਲਜੁਗ ਲੇਖਾ ਦਏ ਮੁਕਾਈਆ । ਜ਼ਾਤ ਪਾਤ ਦੀ ਰਹਿਣ ਨਾ ਦੇਵੇ ਹੱਦ, ਸ਼ਰਅ ਸ਼ਰੀਅਤ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਦੱਸੇ ਇਕੋ ਯੱਦ, ਪਾਰਬ੍ਰਹਮ ਬ੍ਰਹਮ ਪੜਦਾ ਆਪ ਉਠਾਈਆ । ਧਰਨੀ ਕਹੇ ਮੇਰਾ ਗੋਬਿੰਦ ਖੋਲ੍ਹਿਆ ਤਾਕਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਸਭ ਦਾ ਮਾਲਕ ਇਕੋ ਆਕਾ, ਅਕਲ ਕਲਧਾਰੀ ਨੂਰ ਅਲਾਹੀਆ । ਜਿਸ ਦਾ ਸੁਤ ਦੁਲਾਰਾ ਮੈਂ ਕਾਕਾ, ਕਲੂ ਕਾਲ ਦਾ ਲੇਖਾ ਦਿਆਂ ਮੁਕਾਈਆ । ਸਦੀ ਚੌਧਵੀਂ ਅੰਤਮ ਤਕਾਂ ਵਾਟਾ, ਚਾਰ ਯਾਰੀ ਪੜਦਾ ਦਿਆਂ ਉਠਾਈਆ । ਜਿਹੜਾ ਅੰਮ੍ਰਿਤ ਪਿਆਇਆ ਇਕੋ ਬਾਟਾ, ਰਸ ਗੁਰਮੁਖਾਂ ਮੁਖ ਲਗਾਈਆ । ਉਸ ਦਾ ਅੰਤਮ ਪੂਰਾ ਕਰਾਂ ਘਾਟਾ, ਲਹਿਣਾ ਦੇਣਾ ਵੇਖਾਂ ਥਾਉਂ ਥਾਈਂਆ । ਝਗੜਾ ਮੇਟ ਕੇ ਜ਼ਾਤਾ ਪਾਤਾ, ਦੀਨ ਦੁਨੀ ਇਕੋ ਰੰਗ ਰੰਗਾਈਆ । ਭੇਵ ਖੁਲ੍ਹਾ ਕੇ ਕਮਲਾਪਾਤਾ, ਪਤਿਪਰਮੇਸ਼ਵਰ ਦਿਆਂ ਮਿਲਾਈਆ । ਦਰਸ ਕਰਾਵਾਂ ਸਾਖਿਆਤਾ, ਸਨਮੁਖ ਹੋ ਕੇ ਸੋਭਾ ਪਾਈਆ । ਕਲਜੁਗ ਮੇਟ ਅੰਧੇਰੀ ਰਾਤਾ, ਸਤਿਜੁਗ ਸਚ ਚੰਦ ਚਮਕਾਈਆ । ਗ਼ਰੀਬ ਨਿਮਾਣਿਆਂ ਪੁਛਾਂ ਵਾਤਾ, ਕੋੜ੍ਹਿਆਂ ਕਮਲਿਆਂ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੈਂ ਨਿਵ ਨਿਵ ਕੀਤੀ ਡੰਡਾਵਤ, ਬੰਦਨਾ ਸੀਸ ਝੁਕਾਈਆ । ਮੇਰੇ ਸਤਿਗੁਰ ਸਹੀ ਸਲਾਮਤ, ਤੇਰੀ ਬੇਪਰਵਾਹੀਆ । ਸਚ ਦੱਸ ਕਿਸ ਬਿਧ ਮੁਹੰਮਦ ਦੀ ਆਵੇ ਅੰਤ ਕਿਆਮਤ, ਕਿਆਮਗਾਹ ਨਜ਼ਰ ਕੋਇ ਨਾ ਆਈਆ । ਸ਼ਰਅ ਦੀ ਸ਼ਰਅ ਨਾਲ ਹੋਵੇ ਬਗ਼ਾਵਤ, ਬਗ਼ਲਗੀਰ ਨਾ ਕੋਇ ਅਖਵਾਈਆ । ਨਾਮ ਕਲਮੇ ਦੀ ਹੋਵੇ ਅਦਾਵਤ, ਅਦਲ ਇਨਸਾਫ਼ ਨਾ ਕੋਇ ਜਣਾਈਆ । ਸਚ ਨਾਮ ਦੀ ਕਿਸੇ ਕੋਲ ਰਹੇ ਨਾ ਹੱਕ ਅਮਾਨਤ, ਅਮਲ ਛਡੇ ਕੂੜ ਲੋਕਾਈਆ । ਗੁਰ ਪੀਰ ਦੇਵੇ ਨਾ ਕੋਇ ਜ਼ਮਾਨਤ, ਅੱਗੇ ਹੋ ਨਾ ਕੋਇ ਬਚਾਈਆ । ਕਿਉਂ ਸਦੀ ਚੌਧਵੀਂ ਹੋਵੇ ਰੈਣ ਅੰਧੇਰੀ ਸ਼ਾਮਤ, ਸ਼ਮਾ ਜੋਤ ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨਾਉਂ ਨਿਰੰਕਾਰਾ ਏਕੰਕਾਰਾ ਅਗੰਮ ਨਿਆਮਤ, ਵਸਤ ਅਮੋਲਕ ਬੇਪਰਵਾਹ ਦੇਣੀ ਵਰਤਾਈਆ ।

## ✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੭ ਮੱਖਣ ਸਿੰਘ ਦੇ ਗ੍ਰਿਹ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ✪

ਫਲਗੁਣ ਕਹੇ ਮੇਰਾ ਪਰਵਿਸ਼ਟਾ ਸੋਲਾ, ਸੋਲਾਂ ਕਲਧਾਰੀ ਪ੍ਰਭ ਨੂੰ ਸੀਸ ਨਿਵਾਈਆ । ਜਿਸ ਦਾ ਆਦਿ ਜੁਗਾਦਿ ਇਕੋ ਨਾਮ ਸ਼ਬਦ ਦਾ ਬੋਲਾ, ਅਨਬੋਲਤ ਆਪਣਾ ਰਾਗ ਸੁਣਾਈਆ । ਨਿਰਗੁਣ ਸਰਗੁਣ ਲੱਖ ਚੁਰਾਸੀ ਬਣਿਆ ਰਹੇ ਤੋਲਾ, ਨਾਮ ਕੰਡਾ ਆਪਣੇ ਹੱਥ ਉਠਾਈਆ । ਕਲਜੁਗ ਅੰਤਮ ਸਦੀ ਚੌਧਵੀਂ ਪੀਰ ਪੀਰਾ ਖੇਲੇ ਹੋਲਾ, ਚਾਰ ਯਾਰੀ ਸੰਗ ਮਿਲਾਈਆ । ਚਾਰ ਕੁੰਟ ਪਏ ਰੌਲਾ, ਪੰਡਤ ਪਾਂਧਾ ਰੌਲ ਸਮਝ ਸਕੇ ਕਿਛ ਨਾ ਰਾਈਆ । ਖੇਲ ਕਰੇ ਅਗੰਮੀ ਮੌਲਾ, ਮਾਲਕ ਹੋ ਕੇ ਧੁਰਦਰਗਾਹੀਆ । ਅਵਤਾਰ ਪੈਗ਼ੰਬਰ ਗੁਰੂਆਂ ਪੂਰਾ ਕਰੇ ਇਕਰਾਰ ਕੌਲਾ, ਪੇਸ਼ੀਨਗੋਈਆਂ ਆਪਣੇ ਲੇਖੇ ਲਾਈਆ । ਧਰਨੀ ਉਤੇ ਭਾਰ ਕਰੇ ਹੌਲਾ, ਕੂੜੀ ਕਿਰਿਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਫਲਗੁਣ ਕਹੇ ਮੇਰਾ ਪਰਵਿਸ਼ਟਾ ਸੋਹਣਾ ਸੁਹੰਜਣਾ, ਲੋਕਮਾਤ ਮਿਲੇ ਵਡਿਆਈਆ । ਕਿਰਪਾ ਕਰੇ ਪ੍ਰਭ ਆਦਿ ਨਿਰੰਜਣਾ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਨ ਭਗਤਾਂ ਬਣੇ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਚਰਨ ਧੂੜ ਕਰਾਏ ਮਜਨਾ, ਦੁਰਮਤ ਮੈਲ ਧਵਾਈਆ । ਨੇਤਰ ਨਾਮ ਪਾਵੇ ਅੰਜਣਾ, ਅਗਿਆਨ ਅੰਧੇਰ ਰਹੇ ਨਾ ਰਾਈਆ । ਸਤਿਗੁਰ ਸਾਚਾ ਬਣ ਕੇ ਸੱਜਣਾ, ਜੁਗ ਜਨਮ ਦੇ ਵਿਛੜੇ ਮੇਲ ਮਿਲਾਈਆ । ਆਤਮ ਪਰਮਾਤਮ ਦੱਸੇ ਬੰਦਨਾ, ਸੁਰਤ ਸ਼ਬਦ ਨਾਲ ਜੁੜਾਈਆ । ਕਿਰਪਾ ਕਰੇ ਸੂਰਾ ਸਰਬੰਗਣਾ, ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਜਿਸ ਦਾ ਦੀਪ ਇਕੋ ਦੋ ਜਹਾਨ ਜਗਣਾ, ਜਾਗਰਤ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਘਟ ਘਟ ਵੇਖਣਹਾਰ ਆਪ ਹੋ ਜਾਈਆ । ਸੋਲਾਂ ਫੱਗਣ ਕਹੇ ਮੇਰੀ ਸੁਹੰਜਣੀ ਹੋਈ ਰੁਤ, ਪਰਮ ਪੁਰਖ ਦਿਤੀ ਵਡਿਆਈਆ । ਮੇਰਾ ਬੂਟਾ ਨਾ ਜਾਏ ਸੁੱਕ, ਪੱਤ ਟਹਿਣੀ ਨਾਲ ਮਹਿਕਾਈਆ । ਮੈਂ ਜਨ ਭਗਤਾਂ ਮੰਗਾਂ ਸੁੱਖ, ਪ੍ਰਭ ਅੱਗੇ ਝੋਲੀ ਡਾਹੀਆ । ਇਨ੍ਹਾਂ ਆਵੇ ਕੋਈ ਨਾ ਦੁੱਖ, ਦੁਖੀਆਂ ਦਰਦ ਲੈਣਾ ਵੰਡਾਈਆ । ਫੇਰ ਆਉਣਾ

ਪਏ ਨਾ ਜਨਣੀ ਕੁੱਖ, ਚੁਰਾਸੀ ਵਿਚ ਨਾ ਕੋਇ ਭਵਾਈਆ । ਦਰਗਹ ਤੇਰੀ ਜਾਇਣ ਪੁੱਜ, ਸਚਖੰਡ ਮਿਲ ਕੇ ਵੱਜੇ ਵਧਾਈਆ । ਆਪਣਾ ਭੇਵ ਖੁਲ੍ਹਾਉਣਾ ਗੁੱਝ, ਬਜਰ ਕਪਾਟੀ ਪੜਦਾ ਦੇਣਾ ਚੁਕਾਈਆ । ਕਲਜੁਗ ਪੰਚ ਵਿਕਾਰ ਅਗਨੀ ਜਾਏ ਬੁੱਝ, ਦੀਪਕ ਜੋਤ ਹੋਏ ਰੁਸ਼ਨਾਈਆ । ਤੇਰਾ ਦਵਾਰਾ ਜਾਏ ਸੁਝ, ਸਾਚਾ ਮੰਦਰ ਦੇਣਾ ਵਖਾਈਆ । ਤੇਰਾ ਧਾਮ ਅਗੰਮ ਅਥਾਹ ਉਚ, ਊਚ ਅਪਾਰ ਬੇਅੰਤ ਦੇਣਾ ਦਰਸਾਈਆ । ਤੇਰੇ ਕੋਲ ਸਭ ਕੁਝ, ਪਾਰਬ੍ਰਹਮ ਪਤਿਪਰਮੇਸ਼ਵਰ ਦਰ ਤੇਰੇ ਮੰਗ ਮੰਗਾਈਆ । ਜਿਨ੍ਹਾਂ ਭਗਤਾਂ ਤੂੰ ਮੇਰਾ ਮੈਂ ਤੇਰਾ ਗਾਈ ਤੁਕ, ਤੁਖ਼ਮ ਤਾਸੀਰ ਦੇਣੀ ਬਦਲਾਈਆ । ਅੰਤ ਅਖ਼ੀਰ ਬੇਨਜ਼ੀਰ ਬਖ਼ਸ਼ਣੀ ਆਪਣੀ ਓਟ, ਓੜਕ ਹੋਣਾ ਆਪ ਸਹਾਈਆ । ਤੇਰੇ ਦਰਸ਼ਨ ਨੂੰ ਲੋਚਨ ਕੋਟਨ ਕੋਟ, ਬਿਨ ਨੈਣਾਂ ਨੈਣ ਉਠਾਈਆ । ਮਿਹਰਵਾਨ ਮਹਿਬੂਬ ਤੇਰੀ ਮੁਹੱਬਤ ਇਕੋ ਬਹੁਤ, ਦੂਜਾ ਰਾਹ ਕੰਮ ਕਿਸੇ ਨਾਂ ਆਈਆ । ਪਾਰਬ੍ਰਹਮ ਬ੍ਰਹਮ ਆਤਮ ਪਰਮਾਤਮ ਤੇਰੀ ਇਕੋ ਜੋਤ, ਦੂਜਾ ਨਜ਼ਰ ਕੋਇ ਨਾ ਆਈਆ । ਤੇਰਾ ਨਾਮ ਸੰਦੇਸਾ ਧੁਰ ਦਾ ਕਲਮਾ ਗਾਇਣ ਚੌਦਾਂ ਲੋਕ, ਚੌਦਾਂ ਤਬਕ ਪੜ੍ਹ ਪੜ੍ਹ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਵੇਖਣ ਪੁਸ਼ਕਰ ਦੀਪ ਕਰੋਚ, ਲੱਖਣ ਆਪਣਾ ਪੜਦਾ ਦੇਣਾ ਉਠਾਈਆ ।



### ✪ ੧੭ ਫੱਗਣ ਸ਼ਹਿਨਸ਼ਾਹੀ ਸੰਮਤ ੭ ਹਰਜੀਤ ਸਿੰਘ ਦੇ ਨਵਿਤ ਹਰਿ ਭਗਤ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

੧੮੦੧



੨੨

ਧਰਨੀ ਕਹੇ ਮੈਨੂੰ ਗੋਬਿੰਦ ਬਚਨ ਅਗੰਮਾ ਆਖਿਆ, ਬਿਨ ਅੱਖਰਾਂ ਦਿਤਾ ਸੁਣਾਈਆ । ਕਰੇ ਖੇਲ ਪ੍ਰਭ ਅਲੱਖਣਾ ਅਲਾਖਿਆ, ਅਲਖ ਅਗੋਚਰ ਬੇਪਰਵਾਹੀਆ । ਪਰਗਟ ਹੋਵੇ ਸਾਖਿਆਤ ਸਾਖਿਆ, ਸਖ਼ੀ ਸਰਵਰ ਨੂਰ ਇਲਾਹੀਆ । ਜਿਸ ਦੀ ਚਾਰ ਜੁਗ ਦੇ ਸ਼ਾਸਤਰ ਕਰਦੇ ਭਾਖਿਆ, ਭਵਿਖਤਾਂ ਲੇਖਾ ਪੂਰ ਕਰਾਈਆ । ਜਨ ਭਗਤਾਂ ਹੋਵੇ ਰਾਖਿਆ, ਰੱਖਕ ਹੋ ਕੇ ਸੇਵ ਕਮਾਈਆ । ਜਿਸ ਦਾ ਅੰਤ ਨਾ ਜਾਏ ਲਾਖਿਆ, ਬੇਅੰਤ ਵਡ ਵਡਿਆਈਆ । ਉਹ ਖੇਲ ਕਰੇ ਸ਼ਾਹੋ ਸ਼ਾਬਾਸਿਆ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਬ੍ਰਹਿਮੰਡਾਂ ਖੰਡਾਂ ਪਾਵੇ ਰਾਸਿਆ, ਪੁਰੀਆਂ ਲੋਆਂ ਨਾਚ ਨਚਾਈਆ । ਲੇਖਾ ਜਾਣੇ ਪ੍ਰਿਥਮੀ ਆਕਾਸਿਆ, ਗਗਨ ਗਗਨੰਤਰ ਫੇਲ ਫੁਲਾਈਆ । ਜਨ ਭਗਤਾਂ ਅੰਦਰ ਕਰੇ ਵਾਸਿਆ, ਵਾਸਤਾ ਆਪਣੇ ਨਾਲ ਜੁੜਾਈਆ । ਸੇਵਕ ਬਣੇ ਅਗੰਮਾ ਦਾਸਿਆ, ਦਾਸੀ ਨੂਰ ਜੋਤ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੈਂ ਸੁਣਿਆ ਅਗੰਮ ਗਾਉਣਾ, ਗੋਬਿੰਦ ਸਹਿਜ ਨਾਲ ਸੁਣਾਈਆ । ਮੇਰਾ ਪੁਰਖ ਅਕਾਲ ਆਉਣਾ, ਅਕਲ ਕਲਧਾਰੀ ਆਪਣਾ ਫੇਰਾ ਪਾਈਆ । ਜਿਸ ਨੇ ਕੂੜ ਅੰਧੇਰ ਮਿਟਾਉਣਾ, ਸਤਿ ਸਚ ਕਰੇ ਰੁਸ਼ਨਾਈਆ । ਦੀਨਾਂ ਮਜ਼੍ਹਬਾਂ ਪੰਧ ਮੁਕਾਉਣਾ, ਅੱਗੇ ਵਾਟ ਰਹੇ ਨਾ ਰਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਤਖ਼ਤੋਂ ਲਾਹੁਣਾ, ਤਖ਼ਤ ਨਿਵਾਸੀ ਆਪਣੀ ਕਾਰ ਭੁਗਤਾਈਆ । ਸ਼ਬਦੀ ਸ਼ਬਦ ਦਾ ਡੰਕ ਵਜਾਉਣਾ, ਦੋ ਜਹਾਨ ਕਰੇ ਸ਼ਨਵਾਈਆ । ਰਾਓ ਰੰਕਾਂ ਇਕ ਕਰਾਉਣਾ, ਊਚ ਨੀਚ ਦਾ ਪੰਧ ਮੁਕਾਈਆ । ਦਵਾਰ ਬੰਕਾ ਇਕ ਸੁਹਾਉਣਾ, ਸਾਢੇ ਤਿੰਨ ਹੱਥ ਸੰਬਲ ਡੇਰਾ ਲਾਈਆ । ਅੰਮ੍ਰਿਤ ਮੇਘ ਇਕ ਬਰਸਾਉਣਾ, ਬੂੰਦ ਅਗੰਮੀ ਆਪ ਟਪਕਾਈਆ । ਸ਼ਬਦ ਅਨਾਦੀ

ਨਾਦ ਵਜਾਉਣਾ, ਲੇਖਾ ਮੇਟੇ ਜਣੇਂਦੀ ਮਾਈਆ । ਦੀਪਕ ਜੋਤੀ ਜੋਤ ਜਗਾਉਣਾ, ਜਾਗਰਤ ਜੋਤ ਇਕ ਰੁਸ਼ਨਾਈਆ । ਵਰਨ ਬਰਨ ਦਾ ਡੇਰਾ ਢਾਹੁਣਾ, ਸ਼ੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਸਾਚਾ ਰੰਗ ਇਕ ਰੰਗਾਉਣਾ, ਜਿਸ ਦੀ ਰੰਗਤ ਨਾ ਕੋਇ ਮੁਕਾਈਆ । ਧੁਰ ਦਾ ਸੰਗ ਇਕ ਵਖਾਉਣਾ, ਸੰਗੀ ਸਾਥੀ ਬਣੇ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਪੜਦਾ ਓਹਲਾ ਆਪ ਚੁਕਾਉਣਾ, ਭੇਵ ਅਭੇਦ ਰਹੇ ਨਾ ਰਾਈਆ । ਕੌਲ ਇਕਰਾਰ ਪੂਰ ਕਰਾਉਣਾ, ਕਵਲ ਨੈਣ ਆਪਣਾ ਰੰਗ ਰੰਗਾਈਆ । ਧਰਨੀ ਤੇਰਾ ਬੰਕ ਦਵਾਰ ਸੁਹਾਉਣਾ, ਬਖ਼ਸ਼ੇ ਚਰਨ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕ ਲਗਾਈਆ । ਧਰਨੀ ਕਹੇ ਮੈਨੂੰ ਗੋਬਿੰਦ ਦਿਤਾ ਕਹਿ, ਖ਼ੁਸ਼ੀ ਨਾਲ ਜਣਾਈਆ । ਮੇਰਾ ਮਾਲਕ ਆਉਣਾ ਤੇਰੇ ਗ੍ਰਿਹ, ਗ੍ਰਿਹ ਮੰਦਰ ਵੱਜੇ ਵਧਾਈਆ । ਸਾਢੇ ਤਿੰਨ ਹੱਥ ਅੰਦਰ ਜਾਏ ਬਹਿ, ਦੂਸਰ ਵੰਡ ਨਾ ਕੋਇ ਵੰਡਾਈਆ । ਜਿਸ ਨੇ ਕਾਇਨਾਤ ਕਰਨੀ ਲੈ, ਲਹਿਣਾ ਦੇਣਾ ਦਏ ਮੁਕਾਈਆ । ਜਿਸ ਦੀ ਯਾਦ ਵਿਚ ਜੁਗ ਬੀਤੇ ਕੈ, ਆਪਣਾ ਪੰਧ ਮੁਕਾਈਆ । ਉਸ ਦਾ ਰੂਪ ਨਾ ਦੋ ਨਾ ਤ੍ਰੈ, ਤ੍ਰੈਗੁਣ ਅਤੀਤਾ ਆਪ ਖੇਲ ਖਿਲਾਈਆ । ਆਪ ਹੋ ਕੇ ਸਦਾ ਨਿਰਭੈ, ਭੌ ਸਭ ਨੂੰ ਆਪ ਜਣਾਈਆ । ਜਿਸ ਦੇ ਨਾਮ ਦਾ ਇਕੋ ਵਹਿਣ ਵਹੈ, ਅੱਗੇ ਹੋ ਨਾ ਕੋਇ ਅਟਕਾਈਆ । ਜੋ ਆਦਿ ਅੰਤ ਸਭ ਦਾ ਮਾਲਕ ਹੈ, ਹਰ ਹਿਰਦਾ ਵੇਖੇ ਚਾਈਂ ਚਾਈਂਆ । ਅੰਤ ਉਸ ਦੀ ਚਾਰ ਕੁੰਟ ਹੋਣੀ ਜੈ, ਜੈ ਜੈ ਕਾਰ ਕਰੇ ਲੋਕਾਈਆ । ਭਗਤ ਭਗਵਾਨ ਇਕੋ ਆਤਮ ਪਰਮਾਤਮ ਕਰਕੇ ਰੈਅ, ਰਹਿਮਤ ਹੱਕ ਵਾਲੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਆਦਿ ਜੁਗਾਦਿ ਜਨ ਭਗਤਾਂ ਸਭ ਕੁਛ ਦਏ, ਦੇਵਣਹਾਰ ਇਕ ਅਖਵਾਈਆ ।

### ✪ ੩੦ ਫੱਗਣ ਸ਼ਹਿਨਸ਼ਾਹੀ ਸੰਮਤ ੭ ਲੀਲਾ ਵੰਤੀ ਸ੍ਰੀ ਨਗਰ ਨਵਿਤ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਸੰਮਤ ਸ਼ਹਿਨਸ਼ਾਹੀ ਸੱਤ ਕਹੇ ਮੇਰਾ ਪੈਂਡਾ ਜਾਂਦਾ ਮੁਕਦਾ, ਫਲਗੁਣ ਪਰਵਿਸ਼ਟਾ ਤੀਹ ਸੀਸ ਨਿਵਾਈਆ । ਪਰਮ ਪੁਰਖ ਪਰਮਾਤਮ ਭੇਵ ਚੁਕਾਉਣਾ ਮਨੁੱਖ ਮਨੁੱਖ ਦਾ, ਮਾਨਵ ਮਾਨਸ ਆਪਣਾ ਰੰਗ ਰੰਗਾਈਆ । ਪਿਆਰ ਦੱਸਣਾ ਆਤਮ ਪਰਮਾਤਮ ਤੁਕ ਦਾ, ਤੂੰ ਮੇਰਾ ਮੈਂ ਤੇਰਾ ਨਾਦ ਸ਼ਨਵਾਈਆ । ਖੇਲ ਕਰਨਾ ਅਬਿਨਾਸ਼ੀ ਅਚੁਤ ਦਾ, ਪਾਰਬ੍ਰਹਮ ਪ੍ਰਭ ਆਪਣੀ ਕਾਰ ਕਮਾਈਆ । ਜਿਧਰ ਜਾਏ ਦਇਆ ਕਮਾਏ ਪੀਰ ਪੈਗ਼ੰਬਰ ਔਲੀਆ ਜਾਏ ਝੁਕਦਾ, ਸੀਸ ਪੋਪ ਨਾ ਕੋਇ ਉਠਾਈਆ । ਪਰਦਾ ਓਹਲਾ ਰਹੇ ਕੋਇ ਨਾ ਲੁਕਦਾ, ਬੇਨਜ਼ੀਰ ਨਜ਼ਰ ਸਭ ਦੀ ਦਏ ਬਦਲਾਈਆ । ਲੇਖਾ ਪੂਰਾ ਕਰਨਾ ਮਸੀਹ ਵਾਲੇ ਪੁਤ ਦਾ, ਯਸੂਹ ਯਕਸਾਂ ਰੰਗ ਰੰਗਾਈਆ । ਮੁਹੰਮਦ ਲੇਖਾ ਜਾਣੇ ਦੁੱਖ ਦਾ, ਸਦੀ ਚੌਧਵੀਂ ਵੰਡ ਵੰਡਾਈਆ । ਅੰਤ ਫ਼ੈਸਲਾ ਦੇਵੇ ਦੋ ਟੁਕ ਦਾ, ਅਧਵਿਚਕਾਰ ਨਾ ਕੋਇ ਰਖਾਈਆ । ਵਕਤ ਸੁਹੰਜਣਾ ਹੋਣਾ ਪਰਮ ਪੁਰਖ ਦੀ ਰੁਤ ਦਾ, ਰੁਤੜੀ ਆਪਣੇ ਨਾਲ ਮਹਿਕਾਈਆ । ਜਿਸ ਝਗੜਾ ਮੇਟਣਾ ਪੰਜ ਤਤ ਕਾਇਆ ਬੁਤ ਦਾ, ਬੁਤਖ਼ਾਨਿਆਂ ਕਰੇ ਸਫ਼ਾਈਆ । ਇਹ ਖੇਲ ਸਾਹਿਬ ਉਸ ਦਾ, ਜਿਸ ਦੀ ਉਸਤਤ ਚਾਰ ਜੁਗ ਦੇ ਸ਼ਾਸਤਰ ਰਹੇ ਗਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਆਪਣੇ ਨਿਸ਼ਾਨਿਉਂ ਕਦੇ ਨਾ ਉਕਦਾ, ਸਤਿਜੁਗ ਤ੍ਰੇਤਾ ਦੁਆਪਰ

ਕਲਜੁਗ ਅਵਤਾਰ ਪੈਗ਼ੰਬਰ ਗੁਰ ਹੁਕਮ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਫਲਗੁਣ ਕਹੇ ਮੇਰੀ ਰੁਤ ਅਖ਼ੀਰੀ, ਬਿਨ ਅੱਖਰਾਂ ਦਿਆਂ ਜਣਾਈਆ । ਮੇਰਾ ਮਾਲਕ ਸ਼ਾਹ ਪਾਤਸ਼ਾਹ ਪੀਰ ਪੀਰੀ, ਪਾਰਬ੍ਰਹਮ ਪ੍ਰਭ ਨੂਰ ਇਲਾਹੀਆ । ਜਿਸ ਦਾ ਹੁਕਮ ਵਰਤਣਾ ਤਕਦੀਰੀ, ਤਕਦੀਰ ਸਭ ਦੀ ਦਏ ਬਦਲਾਈਆ । ਖੇਲ ਖਿਲਾਉਣਾ ਮੌਲਾਨਾ ਸ਼ਾਹ ਫ਼ਕੀਰੀ, ਫ਼ਿਕਰਾ ਫ਼ਿਕਰਾਂ ਦੇ ਫ਼ਿਕਰ ਤੋਂ ਪਰੇ ਸੁਣਾਈਆ । ਜਗਤ ਜਹਾਨ ਵੇਖੇ ਦਿਲਗੀਰੀ, ਉਮਤ ਉਮਤੀ ਖੋਜ ਖੁਜਾਈਆ । ਨੂਰ ਨੂਰਾਨਾ ਪ੍ਰਭ ਹੋ ਬੇਨਜ਼ੀਰੀ, ਨਜ਼ਰੀਆ ਸਭ ਦਾ ਦਏ ਬਦਲਾਈਆ । ਲੇਖਾ ਜਾਣੇ ਸ਼ਹਿਨਸ਼ਾਹ ਹਕੀਰੀ, ਰਾਓ ਰੰਕਾਂ ਫੋਲ ਫੁਲਾਈਆ । ਜਿਸ ਦੇ ਹੱਥ ਲੱਖ ਚੁਰਾਸੀ ਤਦਬੀਰੀ, ਪਰਦਾ ਓਹਲਾ ਦਏ ਉਠਾਈਆ । ਜੋ ਦੀਨ ਦੁਨੀ ਬਦਲ ਦੇਵੇ ਜ਼ਮੀਰੀ, ਜ਼ਾਹਰ ਜ਼ਹੂਰ ਆਪਣਾ ਆਪ ਕਰਾਈਆ । ਝਗੜਾ ਵੇਖੇ ਹਸਤ ਕੀੜੀ, ਕੀਟ ਹਸਤਾਂ ਫੋਲ ਫੁਲਾਈਆ । ਜਿਸ ਕਲਜੁਗ ਵਿਚ ਸਤਿ ਧਰਮ ਦੀ ਬਦਲ ਦੇਣੀ ਪੀੜ੍ਹੀ, ਮਾਰਗ ਨਾਮ ਕਲਮਾ ਇਕ ਸਮਝਾਈਆ । ਦੀਨ ਦੁਨੀ ਸੰਮਤ ਸ਼ਹਿਨਸ਼ਾਹੀ ਅੱਠ ਗਲੀ ਜਗਤ ਜਹਾਨ ਦਿਸੇ ਭੀੜੀ, ਜਨ ਭਗਤਾਂ ਔਖੀ ਮੰਜ਼ਲ ਪੰਧ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਫਲਗੁਣ ਕਹੇ ਮੇਰਾ ਅੰਤ ਰਿਹਾ ਬੀਤ, ਪਰਮ ਪੁਰਖ ਸੀਸ ਨਿਵਾਈਆ । ਅਗਲਾ ਖੇਲ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਆਪਣੇ ਹੱਥ ਰੱਖੇ ਵਡਿਆਈਆ । ਆਤਮ ਪਰਮਾਤਮ ਰਹੇ ਮੀਤ, ਸੱਜਣ ਸੁਹੇਲਾ ਸ਼ਹਿਨਸ਼ਾਹੀਆ । ਜਨ ਭਗਤਾਂ ਕਾਇਆ ਰੱਖੇ ਠਾਂਡੀ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਦੀਨ ਦੁਨੀ ਵਿਚੋਂ ਬਦਲ ਦੇਵੇ ਨੀਤ, ਨੀਤੀਵਾਨ ਇਕ ਅਖਵਾਈਆ । ਪਤਿਤਾਂ ਕਰੇ ਪੁਨੀਤ, ਪਤਿਤ ਪਾਵਨ ਆਪਣੀ ਦਇਆ ਕਮਾਈਆ । ਜਨ ਹਰਿ ਹਰਿਜਨ ਦਰਸ਼ਨ ਦੇਵੇ ਠੀਕ, ਠਾਕਰ ਹੋ ਕੇ ਸਨਮੁਖ ਸੋਭਾ ਪਾਈਆ । ਸਤਿਗੁਰ ਸ਼ਬਦ ਸ਼ਬਦੀ ਧਾਰ ਕਰੇ ਤਸਦੀਕ, ਸ਼ਹਾਦਤ ਅਵਰ ਨਾ ਕੋਇ ਭੁਗਤਾਈਆ । ਦੂਰ ਦੁਰਾਡਾ ਵਸੇ ਹੋ ਕੇ ਨਜ਼ਦੀਕ, ਨੇਰਨ ਨੇਰਾ ਨਿਜ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਕਿਰਪਾ ਕਰੇ ਲਾਸ਼ਰੀਕ, ਸ਼ਰਕਤ ਦੀਨ ਮਜ਼੍ਹਬ ਨਾ ਕੋਇ ਵਖਾਈਆ । ਜਿਸ ਦੇ ਕੋਲ ਹੱਕ ਤੌਫ਼ੀਕ, ਤੋਹਫਾ ਨਾਮ ਭਗਤਾਂ ਘਰ ਘਰ ਦਏ ਪਹੁੰਚਾਈਆ । ਤੀਹ ਫੱਗਣ ਕਹੇ ਜਨ ਭਗਤਾਂ ਸਾਚੇ ਗੁਰਮੁਖਾਂ ਪੂਰੀ ਮਨਸਾ ਆਸਾ ਕਰੇ ਉਮੀਦ, ਲੀਲਾ ਵੰਤੀ ਲੀਲਾ ਰਾਮ ਵਿਚ ਸਮਾਈਆ । ਪਰਮ ਪੁਰਖ ਦੀ ਆਤਮ ਪਰਮਾਤਮ ਇਕ ਪ੍ਰੀਤ, ਸ਼ਰਮਾ ਸ਼ਰਅ ਤੋਂ ਬਾਹਰ ਕਢਾਈਆ । ਸਭ ਦਾ ਲੇਖਾ ਇਕੋ ਗ੍ਰਿਹਿ ਇਕੋ ਦਰ ਇਕੋ ਮੰਦਰ ਸਦ ਵਸਨੀਕ, ਵਸਣਹਾਰਾ ਵਾਸਤਾ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਜੋਤੀ ਜਾਤਾ ਸਦਾ ਵਸੇ ਚੀਤ, ਮਨਚਿਤ ਜਗਤ ਠਗੌਰੀ ਰਹਿਣ ਕੋਇ ਨਾ ਪਾਈਆ ।

ਮੁਹੰਮਦ ਦਿਤੀ ਇਕ ਦਰਖ਼ਾਸਤ, ਪਰਵਰਦਿਗਾਰ ਅੱਗੇ ਸੀਸ ਝੁਕਾਈਆ । ਮੇਰਾ ਵਜੂਦ ਤੇਰਾ ਕਲਮਾ ਤੇਰਾ ਨੂਰ ਆਸਤਕ, ਅੱਲਾ ਅਲਾਹ ਆਲਮੀਨ ਤੇਰੀ ਸਰਨਾਈਆ । ਜਲਵਾਗਰ ਜਲਵਾ ਪ੍ਰਕਾਸ਼ਤ, ਚੌਦਾਂ ਤਬਕ ਤਬਕ ਰੁਸ਼ਨਾਈਆ । ਉਮਤ ਦੀ ਅਮਨ ਵਾਲੀ ਬਖ਼ਸ਼ੀ ਰਿਆਸਤ, ਰਈਅਤ ਤਤਾਂ ਵਾਲੀ ਬਣਾਈਆ । ਵਜੂਦ ਤਨ ਦੱਸ ਕੇ ਨਾਸਤਕ, ਨਸਰ ਨਜ਼ਮ ਵਿਚ ਸਮਝਾਈਆ । ਬੇਪਰਵਾਹ ਮੈਂ ਤੇਰੀ ਤੇਰਾ ਹੋ ਕੇ ਕਰਾਂ

ਕਾਸ਼ਤ, ਬੀਜ ਜਗਤ ਵਾਲਾ ਬਿਜਾਈਆ । ਮੈਨੂੰ ਇਉਂ ਦਿਸਦਾ ਮੇਰੀ ਅੰਤ ਰਹਿਣੀ ਨਹੀਂ ਵਿਰਾਸਤ, ਮਾਲਕ ਨਜ਼ਰ ਕੋਇ ਨਾ ਆਈਆ । ਮੇਰੀ ਇਕ ਅਰਜ਼ ਬੇਨੰਤੀ ਜਿਸ ਵੇਲੇ ਮੇਰਾ ਲੇਖਾ ਧਰਨੀ ਉਤੋਂ ਕਰਨ ਲੱਗਾ ਬਰਖ਼ਾਸਤ, ਬਰਖ਼ੁਰਦਾਰ ਮੈਨੂੰ ਆਪਣਾ ਲੈਣਾਂ ਬਣਾਈਆ । ਮੇਰਾ ਕਲਮਾ; ਕਲਾਮ ਅਮਾਮ ਟੱਕਰ ਜਾਏ ਨਾਲ ਸਿਆਸਤ, ਸ਼ਰਅ ਸ਼ਰਅ ਨਾਲ ਠੁਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਮੁਹੰਮਦ ਕਹੇ ਮੇਰੇ ਅਲਾਵਿਲ ਲਿਜ਼ਹਾ ਸਰ ਕਦਮੇ ਨੂਰ ਚਸ਼ਮੇ ਜ਼ੀਨਾ ਜ਼ਗਾ ਅਸਮਾਨੇ ਨਿਗਹ ਜ਼ਾਹੂਰੇ ਵਜ਼ੀ ਜ਼ਾ ਇਨ ਵਹਿਤੋ ਵਜ਼ਹਿਕ ਜ਼ਬਾਨੇ ਨਸ ਜ਼ਹੀਨੇ ਵਜਸ, ਵਸਲੇ ਮਹਿਬੂਬ ਅਸਲੇ ਅਰੂਜ ਆਲੀਸ਼ਾਨੇ ਅਲੀਅਲ ਆਲੀਜਾਹ ਤੇਰੀ ਸਰਨਾਈਆ । ਮੇਰੀ ਬੇਨੰਤੀ ਮੇਰੀ ਅਰਦਾਸ ਮੇਰੀ ਅਰਜ਼ ਆਰਜ਼ੂ ਅਜਿਸ ਅਜਾਜੇ ਖੁਨਿਸ ਮਿਜ਼ਾਜੇ ਸਲਿਸ਼ ਸ਼ਾਨੂਜ਼ੂ ਵਜ਼ਾ, ਨੂਰੇ ਅੱਲਾਹ ਅਮਾਮੇ ਨਿਜ਼ਾ ਜ਼ਹੂਰੋ ਜ਼ਹਕ ਹਕੀਕਤੇ ਹੱਕ ਹਕੂਕ ਮਖ਼ਲੂਕ ਬਾਰਸੂਖ ਰਿਸਵੇਜ਼ੂ ਜ਼ਿਮੀ ਅਸਮਾਨੇ ਫ਼ਲਕੇ ਚਾਕਸ਼ ਸਿਤਾਰਾ ਚੰਦ ਅਲਸ਼ ਤਖ਼ਤੇ ਨਜ਼ੀ ਨੂਰ ਨੁਰਾਨੇ ਦਰ ਤੇਰੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਮੁਹੰਮਦ ਅਰਜ਼ ਪੇਸ਼ੀਨਗੋਈ, ਪੁਸ਼ਤ ਦਰ ਪੁਸ਼ਤ ਸਮਝ ਕਿਸੇ ਨਾ ਆਈਆ । ਨੂਰ ਨੁਰਾਹ ਖ਼ਲਕੇ ਖ਼ੁਦਾ ਤੇਰੀ ਦਰੋਹੀ, ਦੋ ਜਹਾਨਾਂ ਮਰਦ ਮਰਦਾਨਾ ਸਿਰ ਸਰ ਸੀਸ ਨਾ ਕੋਇ ਉਠਾਈਆ । ਤੁਧ ਬਿਨ ਅੰਤ ਕੰਤ ਨਾ ਕੋਈ, ਗਹਿਰ ਗਵਰ ਭਵਰ ਸੰਸਾਰ ਪਾਰ ਨਾ ਕੋਇ ਕਰਾਈਆ । ਜਿਸ ਵੇਲੇ ਸਦੀ ਚੌਧਵੀਂ ਅੰਤ ਹੋਈ, ਉਮਤ ਉਮਤੀ ਮਿਲੇ ਨਾ ਢੋਈ, ਢੋਆ ਨਜ਼ਰ ਕੋਇ ਨਾ ਆਈਆ । ਉਸ ਵੇਲੇ ਮੇਰੀ ਤਮੰਨਾ ਆਸ਼ਾ ਖ਼ਾਹਿਸ਼ ਉਠਾਵੀਂ ਸੋਈ, ਜੋ ਤੇਰੇ ਵਿਚ ਸਮਾਈਆ । ਆਪਣੀ ਮੁਹੱਬਤ ਵਿਚ ਨੂਰ ਨੂਰ ਨਾਲ ਮੋਹੀ, ਨਾਤਾ ਦੀਨ ਦੁਨੀ ਤੁੜਾਈਆ । ਜਿਸ ਦਾ ਭੇਵ ਅਭੇਵ ਪਰਦਾ ਪਰਦਾਨਸ਼ੀਂ ਉਠਾ ਸਕੇ ਨਾ ਕੋਈ, ਲੇਖਾ ਲੇਖ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਤੇਰੀ ਧਾਰ ਪੈਗ਼ੰਬਰ ਅਵਤਾਰ ਗੁਰੂ ਗੁਰਦੇਵ ਹੋਈ, ਸਤਿਗੁਰ ਸਤਿ ਅਮਾਮ ਅਮਾਮਾ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।



✪ ੩੦ ਫੱਗਣ ਸ਼ਹਿਨਸ਼ਾਹੀ ਸੰਮਤ ੭ ਅਮੀਰ ਸਿੰਘ, ਭਾਨ ਸਿੰਘ, ਈਸ਼ਰ ਸਿੰਘ, ਵਰਿਆਮ ਕੌਰ, ਇੰਦਰ ਸਿੰਘ ਸੁਲੱਖਣ ਸਿੰਘ, ਦਲੀਪ ਸਿੰਘ, ਰਤਨ ਸਿੰਘ, ਜਰਨੈਲ ਸਿੰਘ, ਹਰਜੀਤ ਸਿੰਘ, ਕਸ਼ਮੀਰ ਸਿੰਘ, ਗੁਰਚਰਨ ਸਿੰਘ, ਨਾਜ਼ਰ ਸਿੰਘ, ਨਾਜ਼ਰ ਸਿੰਘ ਜੇਠੂਵਾਲ, ਅਮਰੀਕ ਕੌਰ ਬਲੋਵਾਲ, ਚਰਨ ਕੌਰ, ਤ੍ਰਿਪਤ ਕੌਰ, ਜੁਗਿੰਦਰ ਕੌਰ, ਬੰਨਤੀ, ਬਲਵਿੰਦਰ ਕੌਰ ਜੇਠੂਵਾਲ, ਹਰਬੰਸ ਕੌਰ ਅੱਲੜਪਿੰਡੀ, ਸੁਰਜੀਤ ਕੌਰ ਸੈਦਪੁਰ, ਬਚਨੀ ਬਾਉਪੁਰ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਸੰਮਤ ਸ਼ਹਿਨਸ਼ਾਹੀ ਸੱਤ ਕਹੇ ਮੇਰੀ ਅੰਤ ਅਖ਼ੀਰੀ ਰੈਣ, ਨਵ ਨੌ ਚਾਰ ਦਾ ਖੇਲ ਵਖਾਈਆ । ਧੁਰ ਫ਼ਰਮਾਨਾ ਸਚ ਸੰਦੇਸ਼ਾ ਆਇਆ ਕਹਿਣ,

ਅਵਤਾਰ ਪੈਗ਼ੰਬਰ ਗੁਰ ਵਿਸ਼ਨ ਬ੍ਰਹਮਾ ਸ਼ਿਵ ਵੇਖ ਵਖਾਈਆ । ਪਰਮ ਪੁਰਖ ਪਰਮਾਤਮ ਦਾ ਦਰਸ਼ਨ ਤਕੋ ਨੈਣ, ਨੈਣ ਨੈਣਾਂ ਅੱਖ ਖੁਲ੍ਹਾਈਆ । ਜਿਸ ਨੇ ਜੁਗ ਚੌਕੜੀ ਭਗਤਾਂ ਚੁਕਾਇਆ ਲਹਿਣ ਦੇਣ, ਪੂਰਬ ਲੇਖਾ ਪੂਰ ਕਰਾਈਆ । ਬਾਹਰ ਕੱਢਿਆ ਵਿਚੋਂ ਕਲਜੁਗ ਵਹਿੰਦੇ ਵਹਿਣ, ਕੂੜੀ ਧਾਰ ਨਾ ਕੋਇ ਵਹਾਈਆ । ਹਰਿ ਸੰਗਤ ਨਾਤਾ ਜੋੜ ਕੇ ਭਾਈ ਭੈਣ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਕੂੜ ਕੁੜਿਆਰੀ ਮਤ ਰਹਿਣ ਨਾ ਦੇਵੇ ਨਾਮ ਨਰਾਇਣ, ਨਰ ਹਰਿ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸੰਮਤ ਸੱਤ ਕਹੇ ਮੈਂ ਜਨ ਭਗਤਾਂ ਸੀਸ ਦਸਤਾਰ ਧਰਿਆ, ਧਰਮ ਦੀ ਧਾਰ ਧਰਨੀ ਦਿਤੀ ਜਣਾਈਆ । ਪੁਰਖ ਅਬਿਨਾਸ਼ੀ ਇਕੋ ਸਭ ਨੇ ਵਰਿਆ, ਜੋ ਵਾਰਿਸ ਦੋ ਜਹਾਨ ਅਖਵਾਈਆ । ਜਿਸ ਦੀ ਸਰਨ ਚੁਰਾਸੀ ਲਾਹਵੇ ਡਰਿਆ, ਜੂਨੀ ਲੱਖ ਅਲਖ ਨਾ ਕਦੇ ਭਵਾਈਆ । ਸੰਤ ਸੁਹੇਲਾ ਸਾਜਣ ਤਰਿਆ, ਤਾਰਨਹਾਰ ਦਇਆ ਕਮਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਿਆ, ਨਿਰਅੱਖਰ ਪਰਮਾਤਮ ਆਤਮ ਦਿਤਾ ਸਮਝਾਈਆ । ਮੰਜ਼ਲ ਹਕੀਕੀ ਮਹਿਬੂਬ ਦੀ ਚੜ੍ਹਿਆ, ਚਾਰ ਕੁੰਟ ਦਾ ਪੰਧ ਮੁਕਾਈਆ । ਸਚ ਦਵਾਰੇ ਸਾਚੇ ਖੜਿਆ, ਦਰਗਾਹ ਸਾਚੀ ਸੋਭਾ ਪਾਈਆ । ਨਿਰਗੁਣ ਧਾਰ ਫੜਾਇਆ ਲੜਿਆ, ਪਲੂ ਆਪਣੀ ਗੰਢ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸੰਮਤ ਸ਼ਹਿਨਸ਼ਾਹੀ ਸੱਤ ਕਹੇ ਅਸ਼ਟਭੁਜ ਨੇ ਮਾਣੀ ਮੌਜ, ਸਿੰਘ ਸਿੰਘਾਸਣ ਹੇਠਾਂ ਡੇਰਾ ਲਾਈਆ । ਜਿਸ ਦੀ ਸਮਝੇ ਕੋਇ ਨਾ ਔਧ, ਆਯੂ ਜਗਤ ਨਾ ਕੋਇ ਜਣਾਈਆ । ਜਿਸ ਅਠਾਸੀ ਪਦਮ ਸੁੰਭ ਨਿਸੁੰਭ ਦੀ ਮਾਰੀ ਫ਼ੌਜ, ਸ਼ਸਤਰ ਆਪਣੇ ਹੱਥ ਉਠਾਈਆ । ਉਸ ਦਾ ਪੂਰਾ ਹੋਇਆ ਜੋਗ, ਜਗਤ ਰੀਤੀ ਨਾਲ ਮਿਲਾਈਆ । ਜਿਹੜਾ ਬੁੱਧੀ ਤੋਂ ਪਰੇ ਕੀਤਾ ਸੀ ਬੋਧ, ਨਾਮ ਸੰਦੇਸ਼ੇ ਵਿਚ ਜਣਾਈਆ । ਉਸ ਦੀ ਰਹਿਣ ਨਾ ਦਿਤੀ ਸੋਚ, ਸਮਝ ਤੋਂ ਪਰੇ ਵੇਖ ਵਖਾਈਆ । ਜਨ ਭਗਤਾਂ ਗ੍ਰਹਿ ਸਿੰਘਾਸਣ ਥੱਲੇ ਰੱਖ ਕੇ ਰੋਜ਼, ਰੋਜ਼ਾ ਬਾਂਗ ਦਾ ਡੇਰਾ ਢਾਹੀਆ । ਜਿਸ ਪ੍ਰੇਮ ਪਿਆਰ ਵਿਚ ਕੀਤਾ ਚੋਜ, ਚੋਜੀ ਪ੍ਰੀਤਮ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਅਸ਼ਟਭੁਜ ਕਹੇ ਮੇਰਾ ਨੂਰ ਨੁਰਾਨਾ ਤੁਠਾ, ਜੋਤੀ ਜੋਤ ਦਿਤੀ ਵਡਿਆਈਆ । ਜਿਸ ਨੇ ਪਲੰਘ ਡਾਹਿਆ ਪੁੱਠਾ, ਜਨ ਭਗਤਾਂ ਘਰ ਘਰ ਡੇਰਾ ਲਾਈਆ । ਜਾਪ ਜਣਾਇਆ ਬਿਨ ਬੁੱਲਾਂ ਬੁੱਟਾਂ, ਹਰ ਹਿਰਦੇ ਡੇਰਾ ਲਾਈਆ । ਜਿਸ ਅੰਤ ਜਗਤ ਜਹਾਨ ਪਾਉਣੀਆਂ ਲੁੱਟਾਂ, ਲੁਟੇਰਾ ਬਣ ਕੇ ਬੇਪਰਵਾਹੀਆ । ਮਾਣ ਦੇਣਾ ਇਕੋ ਸ਼ਬਦ ਦੁਲਾਰੇ ਸੁੱਤਾ, ਸਿਰ ਸਰ ਆਪਣਾ ਹੱਥ ਟਿਕਾਈਆ । ਕਲਜੁਗ ਅੰਤ ਸੁਹਾਉਣੀ ਰੁਤਾ, ਰੁਤੜੀ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਰੰਗ ਆਪ ਰੰਗਾਈਆ । ਪਲੰਘ ਕਹੇ ਮੈਨੂੰ ਯਾਦ ਚੇਤ ਤਿੰਨ ਦਾ ਦਿਹਾੜਾ, ਜਨ ਭਗਤ ਗ੍ਰਹਿ ਵੱਜੀ ਵਧਾਈਆ । ਖੇਲ ਕੀਤਾ ਅਪਰ ਅਪਾਰਾ, ਅਪਰੰਪਰ ਸਵਾਮੀ ਹੋਇਆ ਸਹਾਈਆ । ਜਨ ਭਗਤਾਂ ਸੀਸ ਬੰਧਾਇਆ ਦਸਤਾਰਾ, ਰਵਦਾਸ ਚਮਾਰਾ ਗੰਢ ਪਵਾਈਆ । ਨੌਂ ਸੌ ਚੁਰਾਨਮੇ ਚੌਕੜੀ ਜੁਗ ਦਾ ਲਾਹਿਆ ਭਾਰਾ, ਪੂਰਬ ਲਹਿਣਾ ਦਿਤਾ ਵਰਤਾਈਆ । ਜਿਸ ਨਿਸ਼ਾਨ ਮੇਟਣਾ ਚੰਦ ਸਿਤਾਰਾ, ਸਤਹ ਬੁਲੰਦੀ ਵੇਖ ਵਖਾਈਆ । ਜਨ ਭਗਤਾਂ ਦੇਵੇ ਨਾਮ ਅਧਾਰਾ, ਉਦਰ ਦੇ ਅੰਦਰ ਹੋਏ ਸਹਾਈਆ । ਚੁਰਾਸੀ ਫਾਸੀ


੧੮੦੫ ੨੨

ਪਾਰ ਕਿਨਾਰਾ ਮੰਡਲ ਰਾਸੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਪਲੰਘ ਕਹੇ ਮੇਰੇ ਪੁੱਠੇ ਕੀਤੇ ਚਾਰ ਪਾਵੇ, ਪਾਰਬ੍ਰਹਮ ਪ੍ਰਭ ਆਪਣਾ ਆਸਣ ਲਾਈਆ । ਜਿਸ ਨੂੰ ਬ੍ਰਹਮਾ ਚਾਰੇ ਮੁਖ ਗਾਵੇ, ਚਾਰੇ ਵੇਦਾਂ ਸਿਫ਼ਤ ਸਾਲਾਹੀਆ । ਜਿਸ ਦੀ ਜੁਗ ਚੌਕੜੀ ਮਾਣਦੇ ਛਾਂਵੇ, ਸ਼ਹਿਨਸ਼ਾਹ ਸਿਰ ਆਪਣਾ ਹੱਥ ਟਿਕਾਈਆ । ਜਿਸ ਦੇ ਅਵਤਾਰ ਪੈਗ਼ੰਬਰ ਗੁਰੂਆਂ ਕੀਤੇ ਦਾਅਵੇ, ਮਾਣ ਤਾਣ ਨਾਲ ਗਏ ਜਣਾਈਆ । ਕਲਜੁਗ ਅੰਤਮ ਕਲ ਕਲਕੀ ਨਿਹਕਲੰਕ ਆਵੇ, ਅਮਾਮ ਅਮਾਮਾ ਨੂਰ ਇਲਾਹੀਆ । ਸਾਚਾ ਮਾਰਗ ਇਕ ਚਲਾਵੇ, ਚਾਰ ਜੁਗ ਦਾ ਡੇਰਾ ਢਾਹੀਆ । ਆਤਮ ਪਰਮਾਤਮ ਭੇਵ ਖੁਲ੍ਹਾਵੇ ਪਾਰਬ੍ਰਹਮ ਬ੍ਰਹਮ ਮੇਲਾ ਲਏ ਮਿਲਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਵੇ, ਸੋਹੰ ਸ਼ਬਦ ਅਗੰਮ ਅਥਾਹੀਆ । ਭਗਤ ਸੁਹੇਲੇ ਫੜ ਉਠਾਵੇ, ਚਾਰੋਂ ਕੁੰਟ ਲਏ ਜਗਾਈਆ । ਪਗੜੀ ਸੀਸ ਆਪ ਬੰਨ੍ਹਾਵੇ, ਜੋ ਸਿਰ ਆਪਣੇ ਲੇਖੇ ਲਾਈਆ । ਦਰਗਾਹ ਸਾਚੀ ਸਾਚਾ ਮਾਣ ਦਵਾਵੇ, ਅੱਗੇ ਹੋ ਨਾ ਕੋਇ ਅਟਕਾਈਆ । ਨਾਰੀ ਪੁਰਸ਼ ਇਕੋ ਰੰਗ ਰੰਗਾਵੇ, ਚੁੰਨੀ ਸੀਸ ਉਤੇ ਟਿਕਾਈਆ । ਹਰਿਜਨ ਰਹਿਣ ਨਾ ਦੇਵੇ ਨਿਥਾਵੇਂ, ਦਰਗਾਹ ਸਾਚੀ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਦੀਪਕ ਕਹਿਣ ਜਨ ਭਗਤਾਂ ਜਗਦੀ ਰਹੇ ਜੋਤੀ, ਜੋਤੀ ਜਾਤਾ ਵੇਖ ਵਖਾਈਆ । ਇਕੋ ਹੋਵੇ ਗੋਤੀ, ਦੂਜੀ ਵੰਡ ਨਾ ਕੋਇ ਵੰਡਾਈਆ । ਸੁਰਤੀ ਰਹੇ ਕਿਸੇ ਨਾ ਸੋਤੀ, ਸ਼ਬਦੀ ਸਤਿਗੁਰ ਲਏ ਉਠਾਈਆ । ਦੁਰਮਤ ਮੈਲ ਜਾਏ ਧੋਤੀ, ਪਾਪਾਂ ਕਰੇ ਸਫ਼ਾਈਆ । ਨਾਮ ਦੱਸੇ ਅਗੰਮ ਸਲੋਕੀ, ਸੋਹਲਾ ਇਕੋ ਇਕ ਜਣਾਈਆ । ਜਿਸ ਦੀ ਆਸ਼ਾ ਰੱਖ ਕੇ ਗਿਆ ਨਾਥ ਤ੍ਰੈਲੋਕੀ, ਰਾਮ ਰਾਮ ਅੱਖ ਖੁਲ੍ਹਾਈਆ । ਜਿਸ ਦੇ ਨਾਮ ਦੀ ਚਾਰ ਜੁਗ ਪੜ੍ਹਦੇ ਪੋਥੀ, ਅੱਖਰ ਅੱਖਰ ਨਾਲ ਟਕਰਾਈਆ । ਉਹ ਖੇਲ ਕਰੇ ਲੋਕ ਪਰਲੋਕੀ, ਚੌਦਾਂ ਤਬਕ ਸਬਕ ਸਮਝਾਈਆ । ਜਿਸ ਦਾ ਲੇਖੇ ਲਾਵੇ ਲੇਖਾ ਰਵਦਾਸ ਚਮਾਰਾ ਮੋਚੀ, ਗੁਰਮੁਖ ਗੁਰ ਗੁਰ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪਿਆਜ਼ ਕਹੇ ਮੈਂ ਗੁਰਮੁਖਾਂ ਪਾਈਆਂ ਗੰਢਾਂ, ਗੰਢ ਆਪਣੀ ਦਿਤੀ ਪਵਾਈਆ । ਚਾਰ ਜੁਗ ਦੀਆਂ ਪਿਛਲੀਆਂ ਮੇਟੀਆਂ ਵੰਡਾਂ, ਸ਼ਰਅ ਸ਼ਰਅ ਦਾ ਡੇਰਾ ਢਾਹੀਆ । ਕਲਜੁਗ ਅੰਤਮ ਜਣਾਇਆ ਕੰਢਾ, ਕੰਢੀ ਬਹਿ ਕੇ ਵੇਖ ਵਖਾਈਆ । ਆਪ ਬਣ ਕੇ ਸਭ ਤੋਂ ਮਾੜਾ ਗੰਦਾ, ਨਿਉਂ ਨਿਉਂ ਸੀਸ ਝੁਕਾਈਆ । ਮੈਂ ਨੌਂ ਸੌ ਚੁਰਾਨਵੇ ਚੌਕੜੀ ਜੁਗ ਸਫ਼ਰ ਕੀਤਾ ਲੰਬਾ, ਗਿਣਤੀ ਗਣਤ ਨਾ ਕੋਇ ਗਿਣਾਈਆ । ਮੈਂ ਹੈਰਾਨ ਹੋ ਗਿਆ ਪ੍ਰਭ ਨੇ ਖੇਲ ਕੀਤਾ ਅਚੰਭਾ, ਅਚਰਜ ਲੀਲਾ ਆਪ ਵਰਤਾਈਆ । ਮੈਨੂੰ ਲਾ ਕੇ ਆਪਣੇ ਦੰਦਾ, ਮੇਰਾ ਦਲਿਦਰ ਦਿਤਾ ਗਵਾਈਆ । ਜਿਸ ਨੇ ਨਿਸ਼ਾਨ ਮੇਟਣਾ ਤਾਰਾ ਚੰਦਾ, ਚੰਦ ਸਿਤਾਰੇ ਗੁਰਮੁਖ ਲੈਣੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਪਾਣੀ ਜਲ ਕਹੇ ਮੈਂ ਸਚ ਪ੍ਰੇਮ ਵਿਚ ਰੱਤਾ, ਰਤਨ ਅਮੋਲਕ ਹੀਰੇ ਗੁਰਮੁਖ ਵੇਖ ਵਖਾਈਆ । ਯਾਦ ਰੱਖਣਾ ਇਹ ਖੇਲ ਪੁਰਖ ਸਮਰਥਾ, ਸਮਰਥ ਆਪਣੀ ਕਾਰ ਭੁਗਤਾਈਆ । ਜਿਸ ਵੇਲੇ ਗੋਬਿੰਦ ਯਾਰੜੇ ਸੱਥਰ ਲੱਥਾ, ਸੂਲਾਂ ਸੇਜ ਹੰਢਾਈਆ । ਸਰਹਾਣੇ ਰੱਖ ਕੇ ਭੱਥਾ, ਧੁਰ ਦੀ ਧਾਰ ਲਏ ਅੰਗੜਾਈਆ । ਫੇਰ ਮੀਟ ਕੇ ਆਪਣੀਆਂ ਅੱਖਾਂ, ਕਲਜੁਗ ਅੰਤਮ ਤੱਕਿਆ ਚਾਈਂ ਚਾਈਂਆ । ਜਿਸ ਵੇਲੇ

ਸ਼ਰਅ ਦੀਆਂ ਸਭ ਨੂੰ ਪੈਣੀਆਂ ਨੱਥਾਂ, ਪਾਸਾ ਸਕੇ ਨਾ ਕੋਇ ਬਦਲਾਈਆ । ਜਗਤ ਜਹਾਨ ਅੰਮ੍ਰਿਤ ਰਸ ਜਲ ਪਾਣੀ ਹੋਣਾ ਤਤਾ, ਸਾਂਤਕ ਸਤਿ ਨਾ ਕੋਇ ਕਰਾਈਆ । ਏਸੇ ਕਰਕੇ ਜਲ ਕਹੇ ਮੈਨੂੰ ਪੀ ਕੇ ਮੇਰਾ ਨਾਤਾ ਜੋੜਿਆ ਪੱਕਾ, ਪੱਕੀ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਜੌਂ ਕਹਿਣ ਪ੍ਰਭ ਹੋਇਆ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਸਾਡਾ ਖ਼ੁਸ਼ੀਆਂ ਨਾਲ ਕੀਤਾ ਪਕਵਾਨ, ਪਰਮ ਪੁਰਖ ਦਿਤੀ ਮਾਣ ਵਡਿਆਈਆ । ਇਹ ਬਲ ਦਵਾਰੇ ਬਾਵਨ ਨੇ ਬਲ ਨੂੰ ਦਿਤਾ ਸੀ ਦਾਨ, ਦਾਣਾ ਦਾਣਾ ਝੋਲੀ ਵਿਚ ਟਿਕਾਈਆ । ਬਲ ਨਿਉਂ ਕੇ ਸੀਸ ਲੱਗਾ ਝੁਕਾਉਣ, ਨੇਤਰ ਨੈਣਾਂ ਨੀਰ ਵਹਾਈਆ । ਨਾ ਬੋਲਿਆ ਵਿਚੋਂ ਜ਼ਬਾਨ, ਅੰਦਰੇ ਅੰਦਰ ਦਿਤਾ ਸੁਣਾਈਆ । ਤੂੰ ਮੇਰੇ ਗ੍ਰਿਹਿ ਦਾ ਕੁਛ ਖਾਧਾ ਨਹੀਂ ਅੰਨ ਦਾਨ, ਰਸਨਾ ਰਸ ਨਾ ਕੋਇ ਚਖਾਈਆ । ਬਾਵਨ ਹੱਸ ਕੇ ਕਿਹਾ ਇਹ ਖੇਲ ਸ੍ਰੀ ਭਗਵਾਨ, ਭਗਵਨ ਆਪਣੇ ਹੱਥ ਰੱਖੇ ਵਡਿਆਈਆ । ਤੇਰਾ ਲਹਿਣਾ ਦੇਣਾ ਲੇਖਾ ਪੂਰਾ ਕਰੇ ਆਣ, ਆਪ ਆਪਣਾ ਪੜਦਾ ਲਾਹੀਆ । ਜਨ ਭਗਤਾਂ ਗ੍ਰਿਹਿ ਕਰੇ ਪਰਵਾਨ, ਖਾ ਖਾ ਆਪਣੀ ਖ਼ੁਸ਼ੀ ਬਣਾਈਆ । ਤੇਰਾ ਲਹਿਣਾ ਫੇਰ ਕਰੇ ਸਵਾਧਾਨ, ਸਤਿ ਸਚ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਜੌਂ ਕਹਿਣ ਸਾਡਾ ਲੇਖਾ ਹੋਇਆ ਪੂਰਾ, ਪ੍ਰਭ ਦਿਤੀ ਮਾਣ ਵਡਿਆਈਆ । ਪਰਗਟ ਹੋ ਜੋਧਨ ਸੂਰਾ, ਸਿਰ ਆਪਣਾ ਹੱਥ ਟਿਕਾਈਆ । ਪੰਧ ਮੁਕਾ ਕੇ ਨੇੜੇ ਦੂਰਾ, ਦੂਰ ਦੁਰਾਡਾ ਮਿਲਿਆ ਮਾਹੀਆ । ਗ੍ਰਿਹਿ ਹੋ ਹਾਜ਼ਰ ਹਜ਼ੂਰਾ, ਘਰ ਮੰਦਰ ਵੱਜੀ ਵਧਾਈਆ । ਆਪਣਾ ਕੌਲ ਇਕਰਾਰ ਕਰੇ ਪੂਰਾ, ਪਰਮ ਪੁਰਖ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੀ ਕਰਨੀ ਕਾਰ ਕਮਾਈਆ । ਸੰਮਤ ਸੱਤ ਕਹੇ ਮੇਰਾ ਅਖ਼ੀਰੀ ਪਰਵਿਸ਼ਟਾ ਤੀਹ, ਤੀਸ ਬੱਤੀਸ ਸਿਫ਼ਤ ਵਡਿਆਈਆ । ਲੇਖਾ ਪੂਰਾ ਹੋਵੇ ਸਦੀ ਵੀਹ, ਬੀਸਵੀਂ ਆਪਣਾ ਰੰਗ ਰੰਗਾਈਆ । ਜਨ ਭਗਤਾਂ ਧਰਮ ਦੀ ਧਾਰ ਰੱਖੀ ਨੀਂਹ, ਮੰਦਰ ਸਚ ਦਏ ਸੁਹਾਈਆ । ਸੰਤ ਸੁਹੇਲੇ ਨਿਰਮਲ ਕਰਕੇ ਜੀਅ, ਜੀਵ ਜੰਤ ਵਿਚੋਂ ਦਿਤੀ ਵਡਿਆਈਆ । ਨਾਤਾ ਬਣਾ ਕੇ ਪੁੱਤਰ ਧੀ, ਪਿਤਾ ਪਰਮ ਪੁਰਖ ਹੋਏ ਸਹਾਈਆ । ਝਗੜਾ ਮੁਕਾ ਕੇ ਸਾਢੇ ਤਿੰਨ ਹੱਥ ਸੀਅ, ਸਿੰਘਾਸਣ ਆਪਣੇ ਉਪਰ ਰਖਾਈਆ । ਸਤਿ ਸਚ ਦੀ ਚਲਾ ਕੇ ਲੀਹ, ਰਸਤਾ ਇਕੋ ਇਕ ਪਰਗਟਾਈਆ । ਖ਼ੁਸ਼ੀਆਂ ਨਾਲ ਦੀਪਕਾਂ ਵਿਚ ਟੱਪੇ ਘੀ, ਘਿਰਤ ਆਪਣਾ ਹਾਲ ਸੁਣਾਈਆ । ਮੈਂ ਸੜ ਕੇ ਮੂਲ ਨਾ ਕੀਤਾ ਸੀ, ਸਤਿਗੁਰ ਤੇਰੇ ਚਰਨ ਸੀਸ ਨਿਵਾਈਆ । ਅਗਲਾ ਲੇਖਾ ਦੱਸ ਕੀ, ਕਰਨਹਾਰ ਤੇਰੀ ਕੀ ਬੇਪਰਵਾਹੀਆ । ਜਗਤ ਅੱਗ ਬਰਸੇ ਕਿ ਮੀਂਹ, ਕਵਣ ਕਵਣ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਦੀਵਾ ਕਹੇ ਮੇਰੇ ਵਿਚ ਹੱਸ ਪਈ ਵੱਟੀ, ਮੁਖ ਲਾਲ ਲਾਲ ਵਖਾਈਆ । ਮੈਂ ਨਵ ਨੌਂ ਚਾਰ ਕੀ ਖੱਟੀ ਖੱਟੀ, ਖਟਕਾ ਅੱਗੇ ਰਿਹਾ ਨਾ ਰਾਈਆ । ਜਨ ਭਗਤਾਂ ਪ੍ਰਭ ਦੀ ਜੋਤ ਬਿਨਾ ਜ਼ਿੰਦਗੀ ਨਾ ਜਾਵੇ ਕਟੀ, ਵਿਛੋੜਾ ਕੰਮ ਕਿਸੇ ਨਾ ਆਈਆ । ਵਣਜ ਵਪਾਰ ਕਰੋ ਸਾਹਿਬ ਦੀ ਹੱਟੀ, ਖ਼ਾਲੀ ਝੋਲੀਆਂ ਮਾਤ ਭਰਾਈਆ । ਸੰਮਤ ਸ਼ਹਿਨਸ਼ਾਹੀ ਸੱਤ ਦੀ ਹੱਦ ਟੱਪੀ, ਸੱਤਵਾਂ ਆਪਣਾ ਪੰਧ ਮੁਕਾਈਆ । ਅੱਗੇ ਅੱਠਵਾਂ ਆਏ ਨੱਠੀ, ਅੱਠਾਂ ਤਤਾਂ ਤਕੇ ਚਾਈਂ ਚਾਈਆ । ਜਨ ਭਗਤੋ ਸਿਰ ਤੇ ਚੁੰਨੀ ਪੱਗ ਸਭ ਨੇ ਰੱਖਣੀ ਇਕੱਠੀ, ਦੋਹਾਂ ਹੱਥਾਂ ਨਾਲ

ਇਕੋ ਵਾਰ ਰਖਾਈਆ । ਸਭ ਦੀ ਆਵਣ ਜਾਵਣ ਚੁਰਾਸੀ ਗਈ ਕਟੀ, ਲੇਖਾ ਰਾਏ ਧਰਮ ਰਿਹਾ ਨਾ ਰਾਈਆ । ਸਚ ਦਵਾਰੇ ਸਭ ਨੇ ਜਾਣਾ ਵਸੀ, ਵਸੇਰਾ ਇਕੋ ਘਰ ਰਖਾਈਆ । ਜਨ ਭਗਤ ਆਤਮ ਭਗਵਨ ਦਵਾਰੇ ਹੱਸੀ, ਹੱਸ ਹੱਸ ਪ੍ਰਭ ਦੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪਤ ਰਿਹਾ ਰੱਖੀ, ਰੱਖਕ ਹੋ ਕੇ ਸਿਰ ਆਪਣਾ ਹੱਥ ਟਿਕਾਈਆ ।

✪ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦਵਾਰ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਸਤਿਗੁਰ ਸ਼ਬਦ ਕਹੇ ਸੰਮਤ ਸ਼ਹਿਨਸ਼ਾਹੀ ਚੜ੍ਹਿਆ ਅੱਠ, ਪਹਿਲੀ ਚੇਤ ਚੇਤਨ ਦੋ ਜਹਾਨ ਕਰਾਈਆ । ਦਰਗਹ ਸਾਚੀ ਸਾਚੇ ਧਾਮ ਹੁਕਮ ਸੁਣੇ ਪੁਰਖ ਸਮਰਥ, ਸੋ ਪੁਰਖ ਨਿਰੰਜਣ ਏਕਾ ਏਕ ਰਿਹਾ ਜਣਾਈਆ । ਨਿਰਗੁਣ ਨਿਰਾਕਾਰ ਨਿਜ ਨੇਤਰ ਖੋਲ੍ਹੋ ਨੈਣ ਅੱਖ, ਜਗਤ ਲੋਚਣ ਰਾਹ ਨਾ ਕੋਇ ਜਣਾਈਆ । ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਪਓ ਨੱਠ, ਬਿਨ ਕਦਮਾਂ ਕਦਮ ਉਠਾਈਆ । ਵੇਖੋ ਖੇਲ ਪੁਰਖ ਅਕਾਲਾ ਦੀਨ ਦਿਆਲਾ ਅਲੱਖਣਾ ਅਲਖ, ਕਰਨੀ ਦਾ ਕਰਤਾ ਕੀ ਕਾਰ ਕਮਾਈਆ । ਜਿਸ ਦਾ ਨਾਮ ਸੰਦੇਸ਼ਾ ਕਲਮਾ ਹਕੀਕਤ ਹੱਕ, ਲਾਸ਼ਰੀਕ ਆਪਣੀ ਕਾਰ ਭੁਗਤਾਈਆ । ਜੋ ਏਥੇ ਓਥੇ ਦੋ ਜਹਾਨਾਂ ਸਭ ਦੀ ਰੱਖੇ ਪਤ, ਪਤਿਪਰਮੇਸ਼ਵਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਸੁਣੋ ਅਗੰਮ ਫ਼ਰਮਾਨਾ, ਫੁਰਨਿਆਂ ਤੋਂ ਬਾਹਰ ਜਣਾਈਆ । ਜੋਤੀ ਨੂਰ ਤਕੋ ਮਹਾਨਾ, ਮਹਿਮਾ ਅਕਥ ਕਥ ਸਮਝਾਈਆ । ਜਿਸ ਦਾ ਖੇਲ ਨਿਰਗੁਣ ਧਾਰ ਸ੍ਰੀ ਭਗਵਾਨਾ, ਭਗਵਨ ਆਪਣੀ ਕਾਰ ਭੁਗਤਾਈਆ । ਸ਼ਾਹੋ ਭੂਪ ਬਣ ਕੇ ਧੁਰ ਦਾ ਰਾਣਾ, ਰਈਅਤ ਦੋ ਜਹਾਨ ਵੇਖੇ ਚਾਈਂ ਚਾਈਂਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨਾ, ਵਿਸ਼ਨ ਬ੍ਰਹਮਾ ਸ਼ਿਵ ਨਿਉਂ ਨਿਉਂ ਲਾਗਣ ਪਾਈਂਆ । ਸੋ ਪਰਗਟ ਹੋ ਕੇ ਸਾਹਿਬ ਸੁਲਤਾਨਾ, ਮਿਹਰਵਾਨਾ ਆਪਣੀ ਕਾਰ ਭੁਗਤਾਈਆ । ਨੀਲੀ ਧਾਰ ਪਹਿਰ ਕੇ ਬਾਣਾ, ਬਾਣ ਅਣਿਆਲਾ ਤੀਰ ਚਲਾਈਆ । ਜੋ ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਅੰਤਰਯਾਮਾ, ਅੰਤਰਜਾਮੀ ਇਕ ਅਖਵਾਈਆ । ਜਿਸ ਨੇ ਅਵਤਾਰ ਪੈਗ਼ੰਬਰ ਗੁਰੂਆਂ ਦਿਤਾ ਪੈਗ਼ਾਮਾ, ਸੰਦੇਸ਼ਾ ਕਲਮਾ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਵੇਖੋ ਪੁਰਖ ਅਕਾਲਾ, ਅਕਲ ਕਲਧਾਰੀ ਬੇਪਰਵਾਹੀਆ । ਜਿਸ ਨੂੰ ਕਹਿੰਦੇ ਦੀਨ ਦਿਆਲਾ, ਦਇਆਨਿਧ ਵਡ ਵਡਿਆਈਆ । ਜੋ ਵਸੇ ਸਚਖੰਡ ਸੱਚੀ ਧਰਮਸਾਲਾ, ਦਰਗਹ ਸਾਚੀ ਸੋਭਾ ਪਾਈਆ । ਸੋ ਰੂਪ ਅਨੂਪ ਕਰੇ ਨਿਰਾਲਾ, ਨਿਰਗੁਣ ਆਪਣੀ ਕਾਰ ਕਮਾਈਆ । ਜਿਸ ਨੇ ਅਵਤਾਰ ਪੈਗ਼ੰਬਰ ਗੁਰੂਆਂ ਵਕਤ ਸੰਭਾਲਾ, ਸੰਬਲ ਬਹਿ ਕੇ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਚੜ੍ਹਿਆ ਚੇਤ ਮਹੀਨਾ, ਮਾਨਸ ਮਾਨਵ ਮਾਨੁਖ ਰਿਹਾ ਦ੍ਰਿੜਾਈਆ । ਪ੍ਰਭ ਦਾ ਹੁਕਮ ਤ੍ਰੈਲੋਕ ਪਰੇ ਤੀਨਾ, ਤ੍ਰੈਭਵਨ ਧਨੀ ਆਪਣੀ ਖੇਲ ਖਿਲਾਈਆ । ਜਿਸ

ਦਾ ਲੇਖਾ ਸਮੁੰਦ ਸਾਗਰ ਜਲ ਮੀਨਾ, ਮੱਛ ਕੱਛ ਲਹਿਣਾ ਪੂਰ ਕਰਾਈਆ । ਜਿਸ ਦਾ ਨਾਮ ਲਿਖਿਆ ਤੇਈ ਅਵਤਾਰਾਂ ਦਿਤੀ ਤਾਲੀਮਾ, ਪੈਗ਼ੰਬਰਾਂ ਕਲਮਾ ਕਾਇਨਾਤ ਸੁਣਾਈਆ । ਗੁਰੂਆਂ ਠਾਂਡਾ ਕਰ ਕੇ ਸੀਨਾ, ਨਾਮ ਸਤਿ ਸਤਿ ਸਮਝਾਈਆ । ਸੋ ਸਾਹਿਬ ਲੇਖਾ ਜਾਣੇ ਨਰ ਮਦੀਨਾ, ਲੱਖ ਚੁਰਾਸੀ ਖੋਜ ਖੁਜਾਈਆ । ਜਿਸ ਦੇ ਹੱਥ ਦੋ ਜਹਾਨਾਂ ਮਰਨਾ ਜੀਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਚੇਤ ਕਹੇ ਮਾਲਕ ਪੁਰਖ ਅਗੰਮ, ਤੇਰੀ ਇਕ ਸਰਨਾਈਆ । ਤੂੰ ਮੇਰਾ ਬੇੜਾ ਬੰਨ੍ਹ, ਦਰ ਠਾਂਡੇ ਸੀਸ ਨਿਵਾਈਆ । ਮੇਰਾ ਨਾ ਕੋਈ ਵਜੂਦ ਨਾ ਕੋਈ ਤਨ, ਮਾਟੀ ਖ਼ਾਕ ਨਾ ਗੰਢ ਪਵਾਈਆ । ਤੇਰੇ ਹੁਕਮ ਵਿਚ ਤੇਰਾ ਪੂਰਾ ਕਰਨਾ ਕੰਮ, ਨਿਹਕਰਮੀ ਤੇਰੀ ਇਕ ਸਰਨਾਈਆ । ਮੈਂ ਯਾਦ ਕਰਾਂ ਬਿਨਾ ਪਵਣ ਸਵਾਸੀ ਦਮ, ਦਾਮਨਗੀਰ ਦਾਮਨ ਤੇਰੇ ਨਾਲ ਬੰਧਾਈਆ । ਮੈਨੂੰ ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਚਿੰਤਾ ਜਗਤ ਨਾ ਕੋਇ ਜਣਾਈਆ । ਮੈਂ ਤੇ ਲੇਖਾ ਤਕਣਾ ਕੀ ਧਾਰ ਤੇਰੀ ਮਾਨਸ ਮਾਨੁਸ਼ ਬ੍ਰਹਮ, ਕੀ ਆਤਮ ਖੇਲ ਖਿਲਾਈਆ । ਮੇਰਾ ਸੁਣਨਵਾਲਾ ਸਰਵਣ ਨਹੀਂ ਕੋਈ ਕੰਨ, ਕਾਇਨਾਤ ਤੋਂ ਬਾਹਰ ਦੇਣਾ ਪੜ੍ਹਾਈਆ । ਮੈਂ ਆਦਿ ਦਾ ਆਦਿ ਅੰਤ ਦਾ ਅੰਤ ਤੇਰਾ ਜਨ, ਦਰ ਤੇਰੇ ਸੀਸ ਨਿਵਾਈਆ । ਮੇਰੇ ਪਰਵਰਦਿਗਾਰ ਸਾਂਝੇ ਯਾਰ ਇਕ ਬੇਨੰਤੀ ਮੇਰੀ ਮੰਨ, ਆਰਜ਼ੂ ਤੇਰੇ ਅੱਗੇ ਰਖਾਈਆ । ਸਦੀ ਚੌਧਵੀਂ ਬੇਨਜ਼ੀਰ ਸ਼ਾਹ ਹਕੀਰ ਕੂੜ ਕੁੜਿਆਰਿਆਂ ਡੰਨ, ਖੰਡਾਂ ਨਾਮ ਵਾਲਾ ਉਠਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਤੇਰਾ ਇਕੋ ਚਮਕੇ ਨੂਰੀ ਚੰਨ, ਚੰਦ ਸਿਤਾਰ ਮੁਹੰਮਦ ਵਾਲੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਚੇਤ ਕਹੇ ਮੇਰੇ ਮਾਲਕ ਮੇਰਾ ਜੈਕਾਰਾ ਇਕ ਅਲਖ, ਅਗੋਚਰ ਦਿਆਂ ਜਣਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਹੋ ਪ੍ਰਤਖ, ਪਾਰਬ੍ਰਹਮ ਪ੍ਰਭ ਆਪਣਾ ਪੜਦਾ ਲਾਹੀਆ । ਕਲਜੁਗ ਕੂੜੀ ਕਿਰਿਆ ਕਾਇਆ ਮਾਟੀ ਵਿਚੋਂ ਕਰਦੇ ਵਖ, ਤਨ ਵਜੂਦ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਨਿਜ ਨੇਤਰ ਅੰਤਰ ਖੋਲ੍ਹ ਦੇ ਅੱਖ, ਨੈਣ ਨੈਣ ਕਰ ਰੁਸ਼ਨਾਈਆ । ਅੰਮ੍ਰਿਤ ਝਿਰਨਾ ਨਿਜਰ ਦੇ ਰਸ, ਬਿਨ ਰਸਨਾ ਰਸ ਚਖਾਈਆ । ਗੁਰਮੁਖ ਆਪਣੇ ਘਰ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਜਿਉਂ ਭਾਵੇ ਤਿਉਂ ਰੱਖ, ਰੱਖਕ ਹੋ ਕੇ ਵੇਖ ਵਖਾਈਆ । ਚਾਰ ਕੁੰਟ ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਭੌਂਦੇ ਭੱਖ, ਅਗਨੀ ਤਤ ਤਤ ਤਪਾਈਆ । ਮਨ ਕਲਪਣਾ ਸਾਰੇ ਰਹੇ ਭੱਜ, ਭਜਨ ਬੰਦਗੀ ਵਿਚ ਨਾ ਕੋਇ ਸਮਾਈਆ । ਮਿਹਰਵਾਨ ਮੇਰੇ ਕਿਰਪਾ ਕਰਦੇ ਅੱਜ, ਆਜਜ਼ ਹੋ ਕੇ ਸੀਸ ਨਿਵਾਈਆ । ਧੁਰ ਦਾ ਹੁਕਮ ਦੇ ਦੇ ਇਕੋ ਗੱਜ, ਗਜ ਦਾ ਲੇਖਾ ਰਹੇ ਨਾ ਰਾਈਆ । ਮੇਰੀ ਆਸਾ ਮਨਸਾ ਵਿਚ ਦੀਨ ਦੁਨੀ ਜਗ, ਜਾਗਰਤ ਜੋਤ ਕਰ ਰੁਸ਼ਨਾਈਆ । ਤੂੰ ਸਾਹਿਬ ਸੂਰਾ ਸਰਬਗ, ਪਤਿਪਰਮੇਸ਼ਵਰ ਇਕ ਅਖਵਾਈਆ । ਨੌਂ ਖੰਡ ਪ੍ਰਿਥਮੀ ਤੇਰਾ ਸੰਦੇਸ਼ਾ ਸਤਿਗੁਰ ਸ਼ਬਦ ਦੇਵੇ ਗੱਜ, ਚਾਰ ਕੁੰਟ ਸ਼ਨਵਾਈਆ । ਸਦੀ ਚੌਧਵੀਂ ਅੰਤ ਜੋ ਘੜਿਆ ਸੋ ਜਾਣਾ ਭੱਜ, ਕਾਇਆ ਮਾਟੀ ਕੱਚ ਨਾ ਕੋਇ ਵਡਿਆਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਆਪਣੀ ਵੇਖ ਲੈ ਅੰਤਮ ਹੱਦ, ਹਦੂਦ ਧੁਰ ਦੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਚੇਤ ਕਹੇ ਮੇਰੇ ਧੁਰ ਦੇ ਮਾਲਕ ਇਕ ਅਮਾਮ, ਅਮਲਾਂ ਤੋਂ ਰਹਿਤ ਨੂਰ ਇਲਾਹੀਆ । ਮੈਂ ਸੁਣਨਾ ਚਾਹੁੰਦਾ ਤੇਰਾ ਇਕ ਕਲਾਮ, ਮੁਹੰਮਦ ਦੇ ਕਲਮਿਆਂ ਤੋਂ ਬਾਹਰ ਕਰਨੀ ਪੜ੍ਹਾਈਆ । ਸ਼ਰਅ


੧੮੦੯
੨੨

ਰਹਿਣ ਨਹੀਂ ਦੇਣੀ ਇਸਲਾਮ, ਇਸਮ ਆਜ਼ਮ ਇਕੋ ਦੇਣਾ ਵਖਾਈਆ । ਮਜ਼੍ਹਬਾਂ ਦਾ ਰਹੇ ਨਾ ਕੋਇ ਗ਼ੁਲਾਮ, ਗ਼ੁਰਬਤ ਅੰਦਰੋਂ ਦੇਣੀ ਕਢਾਈਆ । ਸਾਰੀ ਸ੍ਰਿਸ਼ਟੀ ਦਾ ਇਕੋ ਹੱਥ ਕਰਨਾ ਇੰਤਜਾਮ, ਦੂਜਾ ਬੰਧਨ ਕੋਇ ਨਾ ਪਾਈਆ । ਕਲਜੁਗ ਅੰਧੇਰੀ ਮੇਟਣੀ ਸ਼ਾਮ, ਸ਼ਮਾਂ ਨੂਰ ਕਰ ਰੁਸ਼ਨਾਈਆ । ਤੂੰ ਮਾਲਕ ਧੁਰ ਦਾ ਇਕੋ ਨੂਰੀ ਅੱਲਾਹ ਅਮਾਮ, ਮਿਹਰਵਾਨ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਤੇਰੀ ਬੇਪਰਵਾਹੀਆ । ਪਹਿਲੀ ਚੇਤ ਕਹੇ ਮੈਂ ਅਜੇ ਨਹੀਂ ਭੁੱਲਿਆ ਚੇਤਾ, ਤੇਈ ਅਵਤਾਰ ਗਵਾਹ ਬਣਾਈਆ । ਲੇਖਾ ਪੁਛ ਲੈ ਕੋਲੋਂ ਮੂਸਾ, ਜੋ ਮੂੰਹ ਦੇ ਭਾਰ ਸੁਟਾਈਆ । ਜਿਸ ਨੇ ਅੰਤ ਅਖ਼ੀਰ ਬਿਨ ਨੈਣਾਂ ਤੇਰਾ ਤੱਕਿਆ ਇਕੋ ਸੂਸਾ, ਸੂਲੀ ਚੜ੍ਹਦਾ ਈਸਾ ਗਿਆ ਸਮਝਾਈਆ । ਮੁਹੰਮਦ ਨੇ ਦਰੋਹੀ ਦੁਹਾਈ ਦਿਤੀ ਸਦੀ ਚੌਧਵੀਂ ਮੇਰਾ ਖ਼ਾਲੀ ਹੋਣਾ ਖ਼ੀਸਾ, ਕਲਮਾ ਸੰਗ ਨਾ ਕੋਇ ਨਿਭਾਈਆ । ਗੋਬਿੰਦ ਨੇ ਕਿਹਾ ਬਿਨਾ ਪੁਰਖ ਅਕਾਲ ਤੋਂ ਦੂਜੀ ਰਹਿਣੀ ਕੋਈ ਨਹੀਂ ਰੀਤਾ, ਮੰਦਰ ਮਸੀਤਾਂ ਡੇਰਾ ਢਾਹੀਆ । ਤੇਰੇ ਵਿਚ ਬੇਪਰਵਾਹ ਹੱਕ ਤੌਫ਼ੀਕਾ, ਪਰਵਰਦਿਗਾਰ ਤੇਰੀ ਸਰਨਾਈਆ । ਨੌਂ ਸੌ ਚੁਰਾਨਮੇ ਚੌਕੜੀ ਜੁਗ ਬੀਤ ਗਏ ਸਭ ਤੇਰੀਆਂ ਕਰਨ ਉਡੀਕਾਂ, ਚਾਰ ਜੁਗ ਦੇ ਸ਼ਾਸਤਰ ਨਿਉਂ ਨਿਉਂ ਸੀਸ ਨਿਵਾਈਆ । ਧੁਰ ਦੇ ਮਾਲਕਾ, ਜਗਤ ਦੇ ਖ਼ਾਲਕਾ, ਹੁਣ ਬਦਲ ਦੇ ਪਿਛਲੀਆਂ ਰੀਤਾਂ, ਰੀਤੀ ਆਪਣੀ ਇਕ ਸਮਝਾਈਆ । ਚੇਤ ਕਹੇ ਮੇਰੀਆਂ ਤੇਰੇ ਵਿਛੋੜੇ ਵਿਚ ਨਿਕਲਦੀਆਂ ਚੀਕਾਂ, ਉਚੀ ਕੂਕ ਕੂਕ ਸੁਣਾਈਆ । ਝਗੜਾ ਰਹਿਣ ਦੇਵੀਂ ਨਾ ਹਸਤ ਕੀਟਾਂ, ਜ਼ਾਤ ਪਾਤ ਨਜ਼ਰ ਕੋਇ ਨਾ ਆਈਆ । ਕੂੜ ਕਿਰਿਆ ਦੀਆਂ ਮੇਟ ਦੇਵੀਂ ਲੀਕਾਂ, ਲਾਈਨ ਐਨ ਇਕੋ ਦੇਣੀ ਵਖਾਈਆ । ਮੈਂ ਚਾਹੁੰਦਾ ਸਦੀ ਚੌਧਵੀਂ ਅੰਤ ਸਭ ਦੀਆਂ ਬਦਲ ਜਾਣ ਤਬੀਅਤਾਂ, ਤਬੀਬ ਇਕੋ ਨਜ਼ਰੀ ਆਈਆ । ਜੋ ਗੁਰ ਅਵਤਾਰ ਪੈਗ਼ੰਬਰ ਤੇਰੇ ਹੁਕਮ ਦੀਆਂ ਕਰਕੇ ਗਏ ਵਸੀਯਤਾ, ਸਭ ਦਾ ਲੇਖਾ ਪੂਰਾ ਦੇਣਾ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਨੂੰ ਨਵੀਆਂ ਦੇ ਨਸੀਹਤਾਂ, ਹੁਕਮ ਧੁਰ ਦਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋ ਸਹਾਈਆ । ਚੇਤ ਕਹੇ ਪ੍ਰਭੂ ਮੈਨੂੰ ਚਾੜ੍ਹ ਦੇ ਰੰਗ, ਰੰਗਤ ਬੇਪਰਵਾਹੀਆ । ਦਰ ਠਾਂਡੇ ਮੰਗਾਂ ਮੰਗ, ਖ਼ਾਲੀ ਝੋਲੀ ਅੱਗੇ ਡਾਹੀਆ । ਤੇਰੇ ਨਾਮ ਦਾ ਵੱਜੇ ਇਕ ਮਰਦੰਗ, ਮਰਦ ਮਰਦਾਨੇ ਕਰ ਸ਼ਨਵਾਈਆ । ਕਲਜੁਗ ਅੰਤਮ ਰਿਹਾ ਲੰਘ, ਭੱਜੇ ਵਾਹੋ ਦਾਹੀਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋਈ ਨੰਗ, ਪਰਦਾ ਨਾਮ ਕੋਇ ਨਾ ਪਾਈਆ । ਜਗਤ ਆਤਮਾ ਦੁਹਾਗਣ ਨਾਰ ਹੋਈ ਰੰਡ, ਕੰਤ ਸੁਹਾਗ ਨਾ ਕੋਇ ਹੰਢਾਈਆ । ਫਿਰੀ ਦਰੋਹੀ ਵਿਚ ਨਵ ਖੰਡ, ਸੱਤ ਦੀਪ ਰਹੇ ਕੁਰਲਾਈਆ । ਪਿਆਰ ਰਿਹਾ ਨਾ ਜੇਰਜ ਅੰਡ, ਉਤਭੁਜ ਸੇਤਜ ਨਾਤਾ ਰਹੀ ਤੁੜਾਈਆ । ਆਤਮ ਪਰਮਾਤਮ ਤੁਧ ਬਿਨ ਲਾਏ ਕੋਇ ਨਾ ਅੰਗ, ਅੰਗੀਕਾਰ ਨਾ ਕੋਇ ਅਖਵਾਈਆ । ਨੇਤਰ ਰੋਵੇ ਜਮਨਾ ਸੁਰਸਤੀ ਗੋਦਾਵਰੀ ਗੰਗ, ਅੱਠ ਸੱਠ ਰੋਵਣ ਮਾਰਨ ਧਾਹੀਆ । ਚਾਰ ਜੁਗ ਦੇ ਸ਼ਾਸਤਰ ਤੋੜ ਨਾ ਸਕੇ ਘਮੰਡ, ਹੰਕਾਰ ਵਿਕਾਰ ਨਾ ਕੋਇ ਮਿਟਾਈਆ । ਅੱਖਰਾਂ ਨਾਲ ਪਵੇ ਕਿਸੇ ਨਾ ਠੰਡ, ਸਾਂਤਕ ਸਤਿ ਨਾ ਕੋਇ ਕਰਾਈਆ । ਸਦੀ ਚੌਧਵੀਂ ਨਿਸ਼ਾਨ ਮੇਟ ਕੇ ਤਾਰਾ ਚੰਦ, ਮੁਹੰਮਦ ਦਾ ਲੇਖਾ ਝੋਲੀ ਪਾਈਆ । ਅੱਗੇ ਦੂਰ ਰਹੇ ਨਾ ਪੰਧ, ਪਾਂਧੀ ਅਵਤਾਰ ਪੈਗ਼ੰਬਰ ਗੁਰੂ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਝੋਲੀ ਡਾਹੀਆ । ਪੁਰਖ ਅਕਾਲ ਕਹੇ ਓਏ ਚੇਤਾ ਚੇਤਰਾ ਤੇਰਾ, ਸ਼ਬਦੀ ਧਾਰ ਦਿਆਂ ਗਵਾਹੀਆ । ਤੇਰੇ ਅੰਤਰ

ਹੋਏ ਚਾਉ ਘਨੇਰਾ, ਬਿਨਾ ਮਨ ਤੋਂ ਵੱਜੇ ਵਧਾਈਆ । ਧਰਮ ਦੀ ਧਾਰ ਬੰਨ੍ਹੇ ਪ੍ਰਭ ਬੇੜਾ, ਬੇੜੀ ਨਈਆ ਜਗਤ ਵਾਲੀ ਵਖਾਈਆ । ਸੋਹਣਿਆ ਪਹਿਲਾਂ ਮੈਨੂੰ ਵਸਾ ਲੈਣ ਦੇ ਸੰਬਲ ਖੇੜਾ, ਜਿਸ ਵਿਚ ਵਸੇ ਗੋਬਿੰਦ ਤੇਰਾ ਮਾਹੀਆ । ਫੇਰ ਵੇਖੀਂ ਚਾਰ ਕੁੰਟ ਪਾਉਂਦਾ ਝੇੜਾ, ਝਗੜੇ ਵਿਚ ਜਗਤ ਲੋਕਾਈਆ । ਕਿਸੇ ਦਾ ਬਣਿਆ ਰਹਿਣ ਨਹੀਂ ਦੇਣਾ ਡੇਰਾ, ਧਰਨੀ ਧਰਤ ਧਵਲ ਨਾ ਕੋਇ ਸੁਹਾਈਆ । ਚਾਰ ਕੁੰਟ ਇਕੋ ਦੇਣਾ ਗੇੜਾ, ਕਲਜੁਗ ਉਲਟੀ ਲੱਠ ਭਵਾਈਆ । ਧੁਰ ਦੇ ਹੁਕਮ ਦਾ ਮਾਰਨਾ ਉਖੇੜਾ, ਪਾਤਾਲਾਂ ਜੜ੍ਹ ਨਾ ਰਹੇ ਲਗਾਈਆ । ਨਵ ਸੱਤ ਹੋਏ ਅੰਧੇਰਾ, ਨੂਰੀ ਚੰਦ ਨਾ ਕੋਇ ਚਮਕਾਈਆ । ਇਕੋ ਬੁੱਕੇਗਾ ਸਤਿਗੁਰ ਸ਼ਬਦ ਸ਼ਬਦ ਸ਼ੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਸ਼ਾਹ ਸੁਲਤਾਨਾਂ ਕਰੇ ਭੇੜਾ, ਰੂਸਾ ਚੀਨਾ ਲਏ ਅੰਗੜਾਈਆ । ਮੁਹੰਮਦ ਦੀ ਉਮਤ ਦਾ ਖੁਲ੍ਹਾ ਕਰੇ ਵਿਹੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਚੇਤ ਕਹੇ ਪ੍ਰਭੂ ਮੇਰੀ ਨਮੋਂ ਨਮੋਂ ਡੰਡਾਵਤ, ਸਚਖੰਡ ਨਿਵਾਸੀ ਸੀਸ ਨਿਵਾਈਆ । ਤੂੰ ਮਾਲਕ ਇਕੋ ਸਹੀ ਸਲਾਮਤ, ਦੂਜਾ ਸਾਬਤ ਨਜ਼ਰ ਕੋਇ ਨਾ ਆਈਆ । ਚਾਰ ਜੁਗ ਗੁਰੂ ਅਵਤਾਰ ਪੈਗ਼ੰਬਰਾਂ ਤੇਰੇ ਨਾਮ ਕਲਮੇ ਦੀ ਦਿਤੀ ਜ਼ਮਾਨਤ, ਨਾਤਾ ਜਗਤ ਵਿਚ ਰਖਾਈਆ । ਅੱਖਰਾਂ ਦੀ ਰੱਖ ਕੇ ਅਮਾਨਤ, ਝੋਲੀ ਜਗਤ ਵਾਲੀ ਟਿਕਾਈਆ । ਮਿਹਰਵਾਨ ਵੇਖ ਤੇਰੇ ਨਾਮ ਤੋਂ ਪਈ ਬਗ਼ਾਵਤ, ਦੀਨ ਮਜ਼੍ਹਬ ਕਰਨ ਲੜਾਈਆ । ਤੇਰੇ ਸ਼ਾਸਤਰ ਗ੍ਰੰਥਾਂ ਦੀ ਦਿਸੇ ਅਦਾਵਤ, ਅਦਲ ਇਨਸਾਫ਼ ਨਾ ਕੋਇ ਕਮਾਈਆ । ਮੇਰੀ ਇਕੋ ਮੰਗ ਸਭ ਦੇ ਉਤੇ ਆਪਣੀ ਕਰ ਸਖ਼ਾਵਤ, ਧੁਰ ਦੀ ਵਸਤ ਇਕ ਵਰਤਾਈਆ । ਇਕੋ ਨਾਮ ਦੇ ਨਿਆਮਤ, ਨਿਰਗੁਣ ਨਿਰਵੈਰ ਆਪਣਾ ਰੰਗ ਰੰਗਾਈਆ । ਦਵੈਤ ਦੀ ਰਹੇ ਨਾ ਕੋਇ ਅਲਾਮਤ, ਬਿਨਾ ਇਲਮ ਤੋਂ ਆਲਮ ਦੇਣੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਦੇਣਾ ਜਣਾਈਆ । ਪੁਰਖ ਅਕਾਲ ਕਹੇ ਚੇਤ ਵੇਖੀਂ ਬਣੀਂ ਨਾ ਚਤੁਰ, ਜਗਤ ਜੁਗਤ ਨਾ ਕੋਇ ਵਡਿਆਈਆ । ਉਹ ਵੇਖ ਗੋਬਿੰਦ ਦਾ ਸੰਦੇਸਾ ਪੱਤਰ, ਜੋ ਬਿਨਾ ਅੱਖਰਾਂ ਪਾਤੀ ਮਾਛੂਵਾੜੇ ਲਿਖਾਈਆ । ਜਿਸ ਦੀਆਂ ਅੱਗੇ ਪਿਛੇ ਦੋ ਜਹਾਨਾਂ ਵਾਸਤੇ ਢਾਈ ਸਤਰ, ਅੱਖਰਾਂ ਗਣਤ ਨਾ ਕੋਇ ਗਿਣਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਸਾਰੇ ਤਕਣ, ਬਿਨ ਨੈਣਾਂ ਨੈਣ ਉਠਾਈਆ । ਜਿਸ ਦਾ ਲੇਖਾ ਸੰਮਤ ਸ਼ਹਿਨਸ਼ਾਹੀ ਅੱਠ ਵਿਚ ਦੱਸਣਾ ਮਦੀਨੇ ਮੱਕਣ, ਕਾਅਬਿਆਂ ਦਏ ਸੁਣਾਈਆ । ਤੁਹਾਡਾ ਅਮਾਮ ਆਇਆ ਸਦੀ ਚੌਧਵੀਂ ਅੰਤ ਉਨ੍ਹਾਂ ਨੂੰ ਰੱਖਣ, ਜਿਨ੍ਹਾਂ ਦਾ ਲੇਖਾ ਆਪਣੇ ਹੱਥ ਰਖਾਈਆ । ਅੰਤ ਸਭ ਦੀ ਜੜ੍ਹ ਆਇਆ ਪੱਟਣ, ਪਟਣੇਵਾਲਾ ਸ਼ਬਦ ਗੋਬਿੰਦ ਸੰਗ ਮਿਲਾਈਆ । ਜਿਸਨੇ ਝਗੜਾ ਮਿਟਾਉਣਾ ਚੌਦਾਂ ਤਬਕਾਂ ਹੱਟਣ, ਗ੍ਰਿਹਿ ਇਕੋ ਇਕ ਖੁਲ੍ਹਾਈਆ । ਉਹ ਨਾਮ ਅਣਿਆਲੇ ਤੀਰ ਨਾਲ ਸਭ ਦੇ ਸੀਨੇ ਆਇਆ ਫੱਟਣ, ਫੱਟੜ ਕਰੇ ਲੋਕਾਈਆ । ਸਮੁੰਦ ਸਾਗਰਾਂ ਆਇਆ ਟੱਪਣ, ਟਾਪੂਆਂ ਪਰੇ ਡੇਰਾ ਲਾਈਆ । ਜਿਸ ਦਾ ਈਸਾ ਮੂਸਾ ਰਾਹ ਤਕਣ, ਮੁਹੰਮਦ ਬਿਨ ਨੈਣਾਂ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਪਰਦਾ ਆਪ ਚੁਕਾਈਆ । ਚੇਤ ਕਹੇ ਮੇਰੇ ਸ਼ਬਦ ਗੁਰੂ ਸੁਲਤਾਨਾ, ਮੈਨੂੰ ਤੇਰੀ ਇਕ ਸਰਨਾਈਆ । ਤੂੰ ਮਿਹਰਵਾਨ ਮਿਹਰਵਾਨਾ, ਮਿਹਰ ਨਿਗਾਹ ਲੈਣੀ ਉਠਾਈਆ । ਪਸ਼ੀਨਗੋਈਆਂ ਵੱਲ ਮਾਰ ਧਿਆਨਾ, ਭਵਿਖਤਾਂ ਲੇਖਾ ਰਹੇ ਨਾ ਰਾਈਆ । ਤੇਰਾ ਨਾਮ ਕਲਮਾ ਜੋ ਜਣਾਇਆ ਨਾਲ ਬੱਤੀ ਦੰਦ ਜ਼ਬਾਨਾ, ਰਸਨਾ ਜਿਹਵਾ ਸਿਫ਼ਤ ਸਾਲਾਹੀਆ ।

ਤੇਰਾ ਸੁਣਿਆ ਧੁਰ ਪੈਗ਼ਾਮਾ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਤੇਰੀ ਪੜ੍ਹਾਈਆ । ਤੇਰਾ ਜਲਵਾ ਨੂਰ ਨੁਰਾਨਾ, ਨੂਰੇ ਨਜ਼ਰ ਇਕ ਅਖਵਾਈਆ । ਉਠ ਖੇਲ ਤਕ ਜਗਤ ਜਹਾਨਾ, ਚਾਰੋਂ ਕੁੰਟ ਪੜਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਹਾਜ਼ਰ ਹਜ਼ੂਰਾ, ਹਜ਼ਰਤਾਂ: ਤੋਂ ਬਾਹਰ ਮੇਰੀ ਪੜ੍ਹਾਈਆ । ਓਏ ਚੇਤਰਾ ਮੈਂ ਸਦਾ ਸਦ ਸਤਿ ਬਚਨ ਦਾ ਪੂਰਾ, ਪੂਰਨ ਬ੍ਰਹਮ ਵੇਖ ਵਖਾਈਆ । ਮੈਨੂੰ ਯਾਦ ਜੋ ਲੇਖਾ ਦੱਸਿਆ ਮੂਸਾ ਉਤੇ ਕੋਹਤੂਰਾ, ਕਲਮਾ ਕਲਮੇ ਵਿਚੋਂ ਪ੍ਰਗਟਾਈਆ । ਮੂਸੇ ਨੇ ਯਾਦ ਕੀਤਾ ਨਾ ਨੇੜ ਰਿਹਾ ਨਾ ਦੂਰਾ, ਪਾਂਧੀ ਪੰਧ ਨਾ ਕੋਇ ਜਣਾਈਆ । ਜਿਸ ਨੇ ਅੰਤ ਕੂੜੀ ਕਿਰਿਆ ਮੇਟਣਾ ਕੂੜਾ, ਕੂੜ ਕੁਟੰਬ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਚੇਤ, ਧੁਰ ਦਾ ਹੁਕਮ ਇਕ ਖ਼ਾਸ, ਜਿਸ ਦੀ ਖ਼ਸੂਸੀਅਤ ਨਾ ਕੋਇ ਜਣਾਈਆ । ਧੁਰ ਦੇ ਮਾਲਕ ਦਾ ਇਕ ਇਜਲਾਸ, ਬੇਪਰਵਾਹ ਆਪਣਾ ਹੁਕਮ ਵਰਤਾਈਆ । ਜਿਸ ਨੇ ਅਵਤਾਰ ਪੈਗ਼ੰਬਰ ਗੁਰੂ ਇਕੋ ਧਾਮ ਰੱਖੇ ਖ਼ਾਸ, ਖ਼ਾਲਸ ਇਕੋ ਨੂਰ ਨਜ਼ਰੀ ਆਈਆ । ਜਿਸ ਦੀ ਮਹਿਮਾ ਵਾਲੀ ਪੈਂਦੀ ਰਹੀ ਰਾਸ, ਗੋਪੀ ਕਾਹਨ ਨਾਚ ਨਚਾਈਆ । ਜਿਸ ਦੇ ਕਲਮੇ ਦਾ ਕਰਦੇ ਰਹੇ ਖਿਤਾਬ, ਖ਼ਤਾ ਮੁਖਾਤਬ ਹੋ ਕੇ ਨਿਰਗੁਣ ਸਰਗੁਣ ਕਰ ਪੜ੍ਹਾਈਆ । ਜਿਸ ਦੇ ਨਾਮ ਨੂੰ ਹੁੰਦਾ ਰਿਹਾ ਆਦਾਬ, ਸੀਸ ਜਗਦੀਸ ਝੁਕਾਈਆ । ਜਿਸ ਦਾ ਮੁਹੱਬਤ ਵਾਲਾ ਪ੍ਰੇਮ ਵਾਲਾ ਸੀਸ ਤੇ ਟਿਕਦਾ ਰਿਹਾ ਤਾਜ, ਤਖ਼ਤ ਨਿਵਾਸੀ ਸੋਭਾ ਪਾਈਆ । ਜਿਸ ਨੇ ਦੀਨ ਦੁਨੀ ਆਪਣੀ ਕੀਤੀ ਮੁਹਤਾਜ, ਲੋੜਵੰਦ ਰੱਖੀ ਖਲਕ ਖ਼ੁਦਾਈਆ । ਨਾਮ ਦੀ ਕਲਮੇ ਦੀ ਦੇ ਕੇ ਛੋਟੀ ਛੋਟੀ ਦਾਤ, ਦਾਤਾ ਦਾਨੀ ਆਪ ਅਖਵਾਈਆ । ਆਪਣੀ ਕਿਰਪਾ ਦੀ ਬਖ਼ਸ਼ਿਸ਼ ਨੂੰ ਦੱਸ ਕੇ ਕਰਾਮਾਤ, ਅਵਤਾਰ ਪੈਗ਼ੰਬਰ ਗੁਰ ਦਿਤੇ ਵਡਿਆਈਆ । ਮਜ਼੍ਹਬਾਂ ਦੀ ਬਣਾ ਕੇ ਜਮਾਤ, ਮਾਨਸ ਮਾਨਸ ਮਾਨਸ ਵੰਡ ਵੰਡਾਈਆ । ਚਾਰ ਜੁਗ ਦੇ ਸ਼ਾਸਤਰ ਗ੍ਰੰਥ ਲਿਖਾ ਕੇ ਨਾਲ ਕਲਮ ਦਵਾਤ, ਕਾਗਜ਼ਾਂ ਉਤੇ ਰੰਗ ਚੜ੍ਹਾਈਆ । ਆਪ ਬੈਠਾ ਰਿਹਾ ਬਣ ਕੇ ਵੱਡਾ ਜਨਾਬ, ਸ਼ਹਿਨਸ਼ਾਹ ਸਚਖੰਡ ਡੇਰਾ ਲਾਈਆ । ਕਿਸੇ ਮਹਿਬੂਬ ਕਿਹਾ ਕਿਸੇ ਕਿਹਾ ਮਹਾਰਾਜ, ਦੋ ਜਹਾਨਾਂ ਮਾਲਕ ਕਹਿ ਕੇ ਕੋਈ ਆਪਣਾ ਝਟ ਲੰਘਾਈਆ । ਉਹ ਮਿਹਰਵਾਨ ਅੰਤ ਕਲਜੁਗ ਸਭ ਤੋਂ ਲੈਣ ਲੱਗਾ ਹਿਸਾਬ, ਅੰਕੜੇ ਚਾਰ ਜੁਗ ਦੇ ਵੇਖ ਵਖਾਈਆ । ਕਿਸੇ ਦੀ ਕਿਸੇ ਕਰਨੀ ਨਹੀਂ ਇਮਦਾਦ, ਅਵਤਾਰ ਪੈਗ਼ੰਬਰ ਗੁਰੂ ਲੇਖਾ ਦਿਓ ਥਾਉਂ ਥਾਈਂਆ । ਜੋ ਸੰਦੇਸਾ ਦੇ ਕੇ ਆਇਆ ਨਾਨਕ ਨਿਰਗੁਣ ਸਰਗੁਣ ਵਿਚ ਬਗ਼ਦਾਦ, ਉਹ ਬਗ਼ਲਗੀਰ ਹੋ ਕੇ ਲੇਖਾ ਉਸ ਦਾ ਪੂਰ ਕਰਾਈਆ । ਕਿਸੇ ਦੀ ਸਮਝ ਨਹੀਂ ਆਉਣੀ ਕੀ ਖੇਲ ਹੋਣਾ ਵਿਚ ਪਾਣੀ ਆਬ, ਸਮੁੰਦ ਸਾਗਰ ਸਾਰੇ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਓਏ ਚੇਤ ਵੇਖ ਖੇਲ ਪੁਰਖ ਸਮਰਥ, ਕੀ ਕਰਤਾ ਕਾਰ ਕਮਾਈਆ । ਓ ਜਿਸ ਦਾ ਸਤਿਜੁਗ ਤ੍ਰੇਤਾ ਦਵਾਪਰ ਚਲਦਾ ਆਇਆ ਰਥ, ਕਲਜੁਗ ਆਪਣਾ ਹੁਕਮ ਵਰਤਾਈਆ । ਜਿਸ ਨੇ ਸਭ ਦੇ ਅੰਤਰ ਨਿਰੰਤਰ ਇਕੋ ਹੁਕਮ ਦੀ ਪਾਉਣੀ ਰੱਖ, ਡੋਰੀ ਨਾਮ ਕਲਮੇ ਵਾਲੀ ਜਣਾਈਆ । ਉਹ ਆਪਣਾ ਖੇਲ ਕਰੇ ਸਚ, ਸਤਿ ਸਚ ਦੀ ਕਾਰ ਕਮਾਈਆ । ਜਿਸ ਵੇਖਣੇ ਕਾਇਆ ਮਾਟੀ ਭਾਂਡੇ ਕੱਚ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਫੋਲ ਫੁਲਾਈਆ । ਉਸ ਦੇ ਹੁਕਮ ਵਿਚੋਂ

੧੮੧੨ ੨੨

ਕੋਈ ਨਾ ਸਕੇ ਬਚ, ਬਚਿਆ ਰਹਿਣ ਕੋਇ ਨਾ ਪਾਈਆ । ਬਣ ਕੇ ਪਰਮੇਸ਼ਵਰ ਪਤ, ਪਾਰਬ੍ਰਹਮ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰ ਜੋਤੀ ਧਾਰ, ਧਾਰ ਪ੍ਰਭ ਦੀ ਨਜ਼ਰੀ ਆਈਆ । ਓ ਨਿਰਗੁਣ ਆਓ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਸਭ ਦੀ ਇਕੋ ਹੋਵੇ ਕਤਾਰ, ਕਤਰਾ ਬੂੰਦ ਵੱਖ ਨਾ ਕੋਇ ਕਰਾਈਆ । ਸਭ ਦਾ ਇਕ ਹੋਵੇ ਜੈਕਾਰ, ਪ੍ਰਭੂ ਤੂੰ ਮੇਰਾ ਮੈਂ ਤੇਰਾ ਦੂਜਾ ਢੋਲਾ ਕੋਇ ਨਾ ਗਾਈਆ । ਇਕੋ ਨੂਰ ਹੋਵੇ ਉਜਿਆਰ, ਤਨ ਵਜੂਦ ਮਾਟੀ ਖ਼ਾਕ ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਤੁਹਾਡਾ ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਨੂਰੀ ਅੱਲਾ ਤੇ ਇਕੋ ਨਿਰੰਕਾਰ, ਪਰਵਰਦਿਗਾਰ ਇਕ ਅਖਵਾਈਆ । ਜਿਸ ਦਾ ਤੁਸੀਂ ਕਰਕੇ ਆਏ ਉਧਾਰ, ਤੁਹਾਡੇ ਲਹਿਣੇ ਤੁਹਾਡੀ ਝੋਲੀ ਪਾਈਆ । ਸਭ ਨੇ ਸਤਿ ਸਰੂਪ ਦੀ ਕਰਨੀ ਵਿਚਾਰ, ਸਤਿ ਸਚ ਦਾ ਪੜਦਾ ਉਠਾਈਆ । ਸ੍ਰਿਸ਼ਟੀ ਵਿਚ ਆ ਕੇ ਨਿਗਾਹ ਮਾਰੋ ਨਾਲ ਪਿਆਰ, ਉੱਤਰ ਪੂਰਬ ਪੱਛਮ ਦੱਖਣ ਚਾਰੋਂ ਕੁੰਟ ਵੇਖ ਵਖਾਈਆ । ਤੁਹਾਡੇ ਸ਼ਿਸ਼ ਸਿਖ ਮੁਰੀਦ ਅੰਤਰ ਆਤਮ ਪਰਮਾਤਮ ਨਾਲ ਕਿਸ ਬਿਧ ਕਰਦੇ ਗੁਫ਼ਤਾਰ, ਗੁਫ਼ਤ ਸ਼ਨੀਦ ਵੇਖਣਾ ਚਾਈਂ ਚਾਈਂਆ । ਤੁਹਾਡੇ ਵੇਂਹਦਿਆਂ ਵੇਂਹਦਿਆਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਦਾ ਰਿਹਾ ਨਾਲ ਆਪਣੀ ਰਫ਼ਤਾਰ, ਰਫ਼ਤਾ ਰਫ਼ਤਾ ਆਪਣਾ ਪੰਧ ਮੁਕਾਈਆ । ਤੁਹਾਡੀ ਛੋਟਿਆਂ ਛੋਟਿਆਂ ਦੀਨਾਂ ਮਜ਼੍ਹਬਾਂ ਦੀ ਮੇਰੇ ਨਾਮ ਕਲਮੇ ਦੀ ਹਿੱਸਿਆਂ ਵਾਲੀ ਸਰਕਾਰ, ਜਗਤ ਜਹਾਨ ਨਜ਼ਰੀ ਆਈਆ । ਕੋਟਨ ਕੋਟ ਨਾਮਾਂ ਵਿਚੋਂ ਕਲਮਿਆਂ ਵਿਚੋਂ ਤੁਸਾਂ ਮੇਰੀ ਸਿਫ਼ਤ ਦੇ ਅੱਖਰ ਦੱਸੇ ਦੋ ਚਾਰ, ਓਮ, ਹਰੀ ਓਮ, ਤਤ ਸਤਿ, ਜੈ ਰਾਧੇ, ਸੀਤਾ ਰਾਮ, ਰਾਧੇ ਕ੍ਰਿਸ਼ਨ, ਅੱਲਾ, ਵਾਹਿਗੁਰੂ, ਸਤਿਨਾਮ, ਕਹਿ ਕੇ ਆਏ ਗਾਈਆ । ਤੁਹਾਨੂੰ ਪਤਾ ਨਹੀਂ ਇਸ ਤੋਂ ਪਰੇ ਕੀ ਮੇਰਾ ਵਿਹਾਰ, ਜਿਸ ਨੂੰ ਜਾਣੇ ਨਾ ਕੋਇ ਵਿਚ ਸੰਸਾਰ, ਰਸਨਾ ਸਕੇ ਨਾ ਕੋਇ ਉਚਾਰ, ਅੱਖਰਾਂ ਵਿਚ ਲਿਖੀ ਨਾ ਜਾਏ ਕੋਇ ਕਤਾਰ, ਸਰਗੁਣ ਵੰਡ ਨਾ ਕੋਇ ਵੰਡਾਈਆ । ਬਿਨ ਨੈਣਾਂ ਤੋਂ ਨੈਣ ਲਓ ਉਘਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਚੇਤ, ਪੁਰਖ ਅਕਾਲ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜਿਸ ਦੀ ਮੈਂ ਸ਼ਹਾਦਤ ਦੇਵਾਂ ਤੇ ਇਕੋ ਧੁਰ ਦਾ ਬਣਾਂ ਗਵਾਹ, ਦੂਜੀ ਲੋੜ ਰਹੇ ਨਾ ਰਾਈਆ । ਜਿਸ ਨੇ ਅਵਤਾਰ ਪੈਗ਼ੰਬਰ ਗੁਰੂ ਨਿਰਗੁਣ ਜੋਤ ਸਚ ਦਵਾਰੇ ਲੈਣੇ ਬੁਲਾ, ਬਿਨਾ ਬੁੱਲਾਂ ਜ਼ਬਾਨਾਂ ਤੋਂ ਆਪਣਾ ਹੁਕਮ ਸੁਣਾਈਆ । ਮਾਲਕ ਬਣ ਕੇ ਦਰਗਾਹ ਸਾਚੀ ਦਾ ਇਕ ਖ਼ੁਦਾ, ਖ਼ੁਦ ਆਪਣੀ ਕਾਰ ਭੁਗਤਾਈਆ । ਤੇਰਾ ਲੇਖਾ ਹੋਣ ਨਾ ਦੇਵੇ ਜੁਦਾ, ਵੱਖਰੀ ਵੰਡ ਨਾ ਕੋਇ ਰਖਾਈਆ । ਜਿਸ ਨੂੰ ਜੁਗ ਬਦਲਣ ਦੀ ਸਦਾ ਅਦਾ, ਓਹ ਕਲਜੁਗ ਅੰਤਮ ਲੇਖਾ ਦਏ ਚੁਕਾਈਆ । ਉਸ ਦੇ ਇਕੋ ਨਾਮ ਦੀ ਹੋਣੀ ਸਦਾ, ਇਕੋ ਨਾਅਰਾ ਹੱਕ ਦੇਣਾ ਸੁਣਾਈਆ । ਉਸ ਨੇ ਉਹ ਧੁਰ ਦੀ ਰਬਾਬ ਦੇਣੀ ਵਜਾ, ਜਿਸ ਰਬਾਬ ਨੇ ਅਹਿਬਾਬ ਨਾਨਕ ਨੂੰ ਨਾਨਕ ਦਾ ਨਾਨਕ ਦਿਤਾ ਮਿਲਾਈਆ । ਜਿਸ ਦੇ ਅੱਗੇ ਸਾਰੇ ਹੋਣੇ ਲਾਜਵਾਬ, ਸਿਰ ਸਕੇ ਨਾ ਕੋਇ ਉਠਾਈਆ । ਉਸ ਦਾ ਭੇਵ ਜਾਣ ਸਕੇ ਨਾ ਕੋਇ ਕਿਤਾਬ, ਚਾਰ ਜੁਗ ਦੇ ਸ਼ਾਸਤਰ ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਚੇਤ ਕਹੇ

ਸਤਿਗੁਰ ਸ਼ਬਦ ਮੈਂ ਕੀ ਦੱਸਾਂ, ਦੱਸਣ ਦੀ ਲੋੜ ਰਹੀ ਨਾ ਰਾਈਆ । ਮੈਂ ਖ਼ੁਸ਼ੀਆਂ ਦੇ ਵਿਚ ਹੱਸਾਂ, ਹਸਤੀ ਤਕਾਂ ਬੇਪਰਵਾਹੀਆ । ਉਹ ਮੇਰਾ ਸਮਾਂ ਆਇਆ ਮਸਾਂ, ਮਸਾਂ ਮਸਾਂ ਵੇਖਾਂ ਕਲਜੁਗ ਰੈਣ ਅੰਧੇਰੀ ਕਾਲੀ ਸ਼ਾਹੀਆ । ਮੈਂ ਤੇ ਦੁਨੀਆ ਵਿਚੋਂ ਦੂਰ ਦੁਰਾਡਾ ਹੋ ਕੇ ਨੱਸਾਂ, ਭੱਜਾਂ ਵਾਹੋ ਦਾਹੀਆ । ਨਾਲੇ ਦੋਹੱਥੜ ਮਾਰਾਂ ਉਤੇ ਪੱਟਾਂ, ਪਟਨੇ ਵਾਲਿਆ ਇਕ ਤੇਰੀ ਓਟ ਰਖਾਈਆ । ਹੁਣ ਲੇਖਾ ਮੁਕਾ ਦੇ ਤੀਰਥ ਤਟਾਂ, ਜਲਾਂ ਥਲਾਂ ਦਾ ਝਗੜਾ ਦੇਣਾ ਚੁਕਾਈਆ । ਕੋਈ ਪੂਜੇ ਨਾ ਪੱਥਰ ਇੱਟਾਂ, ਬਿਨਾ ਪੁਰਖ ਅਕਾਲ ਤੋਂ ਸੀਸ ਨਾ ਕੋਇ ਨਿਵਾਈਆ । ਇਕੋ ਡੋਰੀ ਉਸ ਦੇ ਉਤੇ ਸਿੱਟਾਂ ਜੋ ਸਿੱਟਾ ਵੇਖੇ ਖ਼ਲਕ ਖ਼ੁਦਾਈਆ । ਇਕੋ ਸਾਹਿਬ ਦੇ ਚਰਨਾਂ ਵਿਚ ਲਿਟਾਂ, ਜਿਸ ਲਿਟਾਂ ਵਾਲੇ ਸਾਰੇ ਦੇਣੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪਣੇ ਹੱਥ ਰਖਾਈਆ । ਸਤਿਗੁਰ ਸ਼ਬਦ ਕਹੇ ਚੇਤ ਤੇਰਾ ਕਿਹੜਾ ਵਕਤ, ਓ ਧੁਰ ਦੇ ਲਾਲ ਦੇਣਾ ਜਣਾਈਆ । ਚੇਤ ਕਹੇ ਓ ਸਤਿਗੁਰੂ ਮੈਂ ਵੇਖਿਆ ਉਸ ਪ੍ਰਭੂ ਦਾ ਜਗਤ, ਜੋ ਜੁਗ ਚੌਕੜੀ ਆਪਣੀ ਖੇਲ ਖਿਲਾਈਆ । ਜਿਸ ਦਾ ਲੇਖਾ ਬੂੰਦ ਰਕਤ, ਤਨ ਵਜੂਦ ਦਏ ਵਡਿਆਈਆ । ਜਿਸ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਨੂੰ ਦੱਸਿਆ ਮੈਂ ਸਦੀ ਚੌਧਵੀਂ ਅੰਤਮ ਆਵਾਂਗਾ ਇਕੋ ਫ਼ਕਤ, ਫ਼ਿਕਰਾ ਧੁਰ ਦਾ ਇਕ ਸੁਣਾਈਆ । ਨੌਂ ਖੰਡ ਪ੍ਰਿਥਮੀ ਵਿਚੋਂ ਸੰਤ ਸੁਹੇਲੇ ਮੇਲਾਂਗਾ ਭਗਤ, ਸੂਫ਼ੀਆਂ ਆਪਣੇ ਨਾਲ ਜੁੜਾਈਆ । ਮੁਹੰਮਦ ਦੀ ਸਦੀ ਚੌਧਵੀਂ ਦਾ ਅੰਤ ਕਰਨਾ ਇਹ ਮੇਰੀ ਸੱਚੀ ਸ਼ਰਤ, ਸ਼ਰਅ ਦਾ ਲੇਖਾ ਦੇਣਾ ਮੁਕਾਈਆ । ਜੋਤੀ ਨੂਰ ਨੁਰਾਨਾ ਹੋ ਕੇ ਆਵਾਂ ਪਰਤ, ਪਤਿਪਰਮੇਸ਼ਵਰ ਕਹਿ ਕੇ ਸਾਰੇ ਲੈਣ ਗਾਈਆ । ਮਾਲਕ ਹੋ ਕੇ ਫ਼ਰਸ਼ ਤੇ ਅਰਸ਼, ਅਰਸ਼ੀ ਪ੍ਰੀਤਮ ਹੋ ਕੇ ਆਪਣਾ ਰੰਗ ਰੰਗਾਈਆ । ਕਿਸੇ ਦਾ ਬਕਾਇਆ ਰਹਿਣ ਨਹੀਂ ਦੇਣਾ ਕਰਜ਼, ਮਕਰੂਜ਼ ਹੋ ਕੇ ਲੇਖਾ ਦਿਆਂ ਚੁਕਾਈਆ । ਗ਼ਰੀਬਾਂ ਨਿਮਾਣਿਆਂ ਵੰਡਾਂ ਦਰਦ, ਦੁਖੀਆਂ ਦੁੱਖ ਆਪਣੀ ਝੋਲੀ ਪਾਈਆ । ਕਲਜੁਗ ਕੂੜੀ ਕਿਰਿਆ ਕਰ ਕੇ ਗ਼ਰਕ, ਸ਼ੌਹ ਦਰਿਆਏ ਦੇਣਾ ਰੁੜ੍ਹਾਈਆ । ਚਾਰ ਜੁਗ ਦਾ ਲੇਖਾ ਕਰ ਕੇ ਤਰਕ, ਤੁਰਤ ਆਪਣਾ ਹੁਕਮ ਵਰਤਾਈਆ । ਫੇਰ ਫਿਰਾਂਗਾ ਉਤੇ ਧਰਤ, ਧਰਨੀ ਧਵਲ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਚ ਇਕ ਪਰਗਟਾਈਆ । ਚੇਤ ਕਹੇ ਸਤਿਗੁਰ ਸ਼ਬਦ ਸੰਦੇਸ਼ਾ ਦੇ ਦੇ ਪਰਵਰਦਿਗਾਰ, ਬੇਪਰਵਾਹ ਦੇ ਸੁਣਾਈਆ । ਓਏ ਆ ਸਭਨਾਂ ਦੇ ਸਾਂਝੇ ਯਾਰ, ਜੋ ਯਰਾਨੇ ਸਭ ਦੇ ਵੇਖ ਵਖਾਈਆ । ਤੇਰੀ ਦੀਨ ਤੇਰੀ ਦੁਨੀ ਤੇਰੇ ਮਾਨਸ ਤੇਰੇ ਮਨੁੱਖ ਕਾਇਨਾਤ ਵਿਚੋਂ ਤੇਰੇ ਨਾਲੋਂ ਹੋਏ ਗ਼ਦਾਰ, ਓਏ ਗਦਾਗਰ ਹੋ ਕੇ ਘਰ ਘਰ ਫੇਰਾ ਲੈ ਪਾਈਆ । ਗ਼ਫ਼ਲਤ ਵਿਚੋਂ ਕਢ ਦੇ ਬਾਹਰ, ਨੇਤਰ ਨੀਂਦ ਰਹੇ ਨਾ ਰਾਈਆ । ਸਦੀ ਚੌਧਵੀਂ ਦੇ ਦੀਦਾਰ, ਦੀਦਾ ਦਾਨਿਸਤਾ ਆਪਣਾ ਆਪ ਪਰਗਟਾਈਆ । ਬੇਖ਼ਬਰਾਂ ਕਰਦੇ ਖ਼ਬਰਦਾਰ, ਧੁਰ ਦਾ ਹੁਕਮ ਇਕ ਸਮਝਾਈਆ । ਦਵੈਤ ਦਾ ਪੜਦਾ ਦੇ ਪਾੜ, ਦੂਈ ਦਾ ਲੇਖਾ ਰਹੇ ਨਾ ਰਾਈਆ । ਉਸ ਧਾਮ ਜਾਣਾ ਜਿਥੇ ਮੁਹੰਮਦ ਸੁੱਤਾ ਸੀ ਵਿਚ ਉਜਾੜ, ਪੁੱਠਾ ਪੈ ਕੇ ਪਰਵਰਦਿਗਾਰ ਨੂੰ ਇਕ ਧਿਆਈਆ । ਆਸ਼ਾ ਰੱਖੀ ਸੀ ਨਾੜ ਨਾੜ, ਕਾਇਆ ਕਰਬਲੇ ਤੋਂ ਬਾਹਰ ਵਖਾਈਆ । ਜਿਸ ਵੇਲੇ ਮੇਰੇ ਮਾਲਕ ਨੇ ਲੇਖਾ ਮੁਕਾਉਣਾ ਚੰਦ ਤੇ ਸਿਤਾਰ, ਸਤਹ ਬੁਲੰਦੀ ਦੇ ਉਤੇ ਧਿਆਨ ਲਗਾਈਆ । ਉਸ ਦਾ ਵੇਸ ਹੋਣਾ ਨਾ ਪੁਰਖ ਤੇ ਨਾ ਨਾਰ, ਤਤਾਂ ਵਾਲੀ ਵੰਡ ਨਾ ਕੋਇ ਵੰਡਾਈਆ । ਧੁਰ ਦੇ ਕਲਮੇ ਦੀ ਕਰੇਗਾ ਗੁਫ਼ਤਾਰ, ਜਿਸ ਦਾ ਅੱਖਰ ਅਲਿਫ਼ ਯੇ ਅੱਗੇ ਨਾ ਕੋਇ ਬਣਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਇਕ ਸਮਝਾਈਆ । ਪੁਰਖ ਅਕਾਲ ਕਹੇ ਸ਼ਬਦ ਸਤਿਗੁਰ ਚੇਤ ਦੋਵੇਂ ਹੋ ਗਏ ਇੱਕਠੇ, ਸਾਂਝਾ ਮਤਾ ਪਕਾਈਆ । ਤੇਈ ਅਵਤਾਰ ਆਉਣ ਨੱਠੇ, ਭੱਜਣ ਵਾਹੋ ਦਾਹੀਆ । ਈਸਾ ਮੂਸਾ ਮੁਹੰਮਦ ਤਬਕਾਂ ਨੂੰ ਆਉਣ ਟੱਪੇ, ਬਿਨਾ ਕਦਮਾਂ ਤੋਂ ਕਦਮ ਟਿਕਾਈਆ । ਦਸ ਗੁਰੂਆਂ ਦੀ ਇਕੋ ਜੋਤ ਜਗੇ, ਦੂਜਾ ਨਜ਼ਰ ਕੋਇ ਨਾ ਆਈਆ । ਮੇਲ ਮਿਲਿਆ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੂਰੇ ਸਰਬਗੇ, ਦੂਜੀ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲ ਕਹੇ ਪਰਵਰਦਿਗਾਰ ਕਹੇ ਸਾਂਝਾ ਯਾਰ ਕਹੇ ਆਓ ਚਾਰ ਜੁਗ ਦੇ ਮਿਹਰਵਾਨੋ ਨੌਜਵਾਨੋ ਧਰਤੀ ਉਤੇ ਚਾਰ ਕੁੰਟ ਵੇਖ ਪੈਂਦੇ ਧੱਕੇ, ਸਾਂਤਕ ਸਤਿ ਨਾ ਕੋਇ ਕਰਾਈਆ । ਤੁਹਾਡੇ ਲੇਖੇ ਮੇਰੇ ਹੁਕਮ ਵਾਲੇ ਕਿਥੇ ਸਾਂਭ ਕੇ ਰੱਖੇ, ਪਰਦਿਆਂ ਵਿਚੋਂ ਦਿਉ ਕਢਾਈਆ । ਮੁਹੰਮਦ ਕਹੇ ਮੇਰੇ ਮਿਹਰਵਾਨ ਮਹਿਬੂਬ ਮੇਰੇ ਹੱਥ ਬੱਧੇ, ਦਰੋਹੀ ਤੇਰਾ ਨਾਮ ਖ਼ੁਦਾਈਆ । ਮੈਂ ਪਹਿਲੋਂ ਚਲਾਂ ਸਭ ਦੇ ਅੱਗੇ, ਭੱਜਾਂ ਵਾਹੋ ਦਾਹੀਆ । ਜਿਹੜੇ ਲੇਖੇ ਮੇਰੇ ਮਕਬਰੇ ਵਿਚ ਦੱਬੇ, ਉਨ੍ਹਾਂ ਦਾ ਲਹਿਣਾ ਪੂਰਾ ਦੇਣਾ ਕਰਾਈਆ । ਉਮਤ ਮੇਰਾ ਕਰਦੀ ਹੱਜੇ, ਮੈਂ ਹੱਜ ਤੇਰੇ ਕਰਕੇ ਸੀਸ ਨਿਵਾਈਆ । ਓ ਸੱਯਦਿਆਂ ਵਿਚ ਮਾਲਕ ਮੇਰਾ ਨੂਰੀ ਅੱਲਾ ਲੱਭੇ, ਬੇਪਰਵਾਹ ਅਲਾਹ ਇਕੋ ਨਜ਼ਰੀ ਆਈਆ । ਏਸੇ ਕਰਕੇ ਗੁਰਮੁਖਾਂ ਦੇ ਸੋਹੰ ਲਿਖਿਆ ਛਾਤੀ ਦੇ ਸੱਜੇ ਤੇ ਖੱਬੇ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਓਏ ਚੇਤ ਉਠ ਵੱਡਿਆ ਬਲੀ, ਬਲਧਾਰੀ ਲੈ ਅੰਗੜਾਈਆ । ਪੁਕਾਰ ਕਰਦਾ ਮੁਹੰਮਦ ਦੇ ਨਾਲ ਹਜ਼ਰਤ ਅਲੀ, ਕੂਕ ਕੂਕ ਸੁਣਾਈਆ । ਨੈਣ ਉਠਾਵੇ ਇਕ ਲੱਖ ਤੇ ਇਕ ਘਟ ਚੁਰਾਸੀ ਹਜ਼ਾਰ ਵਲੀ, ਵਲੀ ਅੱਲਾ ਧਿਆਨ ਲਗਾਈਆ । ਏਸੇ ਕਰਕੇ ਨਾਲ ਖੜਨੀ ਇਕ ਤੇਲ ਦੀ ਪਲੀ, ਪਲਕ ਦੇ ਵਿਛੜੇ ਸਾਰੇ ਲੈਣੇ ਮਿਲਾਈਆ । ਨਿਮਕ ਹਰਾਮ ਕੋਈ ਹੋਣ ਨਹੀਂ ਦੇਣਾ ਸਭ ਦੇ ਮੁਖ ਲਗਾਉਣੀ ਨਮਕ ਦੀ ਡਲੀ, ਡਾਲੀ ਪੱਤ ਫੋਲ ਫੁਲਾਈਆ । ਇਹ ਖੇਲ ਪ੍ਰਭੂ ਦੀ ਸਦੀ ਚੌਧਵੀਂ ਚਲੀ, ਚਾਲੀਸਾ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਚੇਤ ਕਹੇ ਮੇਰਾ ਦਿਹਾੜਾ ਪਹਿਲਾ ਹੋਇਆ ਸ਼ੁਰੂ, ਸ਼ਰਅ ਵਾਲਿਆਂ ਦੇਣਾ ਜਣਾਈਆ । ਸਭ ਦਾ ਇਕੋ ਮਾਲਕ ਇਕੋ ਹੋਣਾ ਸ਼ਬਦ ਗੁਰੂ, ਦੂਜਾ ਇਸ਼ਟ ਨਜ਼ਰ ਕੋਇ ਨਾ ਆਈਆ । ਨਿਰਗੁਣ ਧਾਰ ਨਿਰਵੈਰ ਹੋ ਕੇ ਸਭ ਦੇ ਅੰਤਰ ਮੰਤਰ ਹੋ ਕੇ ਫੁਰੂ, ਫੁਰਨੇ ਮਨ ਦੇ ਬੰਦ ਕਰਾਈਆ । ਉਮਤ ਕਹੇ ਉਫ਼ ਹਾਏ ਦਰੋਹੀ ਮੇਰੇ ਖ਼ੁਦਾ ਸਦੀ ਚੌਧਵੀਂ ਕਿਸ ਬਿਧ ਨਈਆ ਤੇ ਬੇੜਾ ਰੁੜ੍ਹੂ, ਨੌਕਾ ਪਾਰ ਨਾ ਕੋਇ ਕਰਾਈਆ । ਪਰਵਰਦਿਗਾਰ ਕਹੇ ਮੁਹੰਮਦ ਹਮਦ ਵਿਚ ਇਕੋ ਨੂਰ ਤੇ ਨੂਰ ਅਲਾਹੀ ਜੁੜੂ, ਅੱਲਾ ਹੂ ਅੱਨਾ ਹੂ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਨੂੰ ਹੁਕਮ ਆਉਂਦਾ ਬਿਨਾ ਲਿਖੀ ਹੋਈ ਕਲਾਮ, ਕਾਤਬਾਂ ਤੋਂ ਬਾਹਰ ਰਿਹਾ ਜਣਾਈਆ । ਵੇਖ ਖੇਲ ਅਗੰਮ ਅਮਾਮ, ਜਿਸ ਅਮਾਮ ਨੂੰ ਸਲਾਮ ਸਾਰੇ ਕਰਕੇ ਸੀਸ ਨਿਵਾਈਆ । ਜਿਸ ਨੂੰ ਕਹਿੰਦੇ ਧੁਰ ਦਾ ਰਾਮ, ਜਨਮ ਮਰਨ ਵਿਚ ਵੰਡ ਨਾ ਕੋਇ ਵੰਡਾਈਆ । ਜਿਸ ਨੂੰ ਕਹਿੰਦੇ ਧੁਰ ਦਾ ਕਾਹਨ, ਜਨਣੀ ਕੁੱਖ ਨਾ ਰੰਗ ਰੰਗਾਈਆ । ਜਿਸ ਨੇ ਸਭ ਨੂੰ ਦਿਤਾ ਦਾਨ, ਦਾਤਾ ਦਾਨੀ ਬੇਪਰਵਾਹੀਆ । ਉਹ ਖੇਲ ਕਰੇ ਮਹਾਨ, ਮਹਿਮਾ ਅਕਥ


੧੮੧੫
੨੨

ਕਥ ਸੁਣਾਈਆ । ਉਸ ਨੇ ਲੇਖਾ ਮੁਕਾ ਦੇਣਾ ਅਸਲ ਦਾ ਅਸਲ ਵਿਚੋਂ ਇਸਲਾਮ, ਇਸਮ ਆਜ਼ਮ ਇਕ ਆਪਣਾ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰ ਪ੍ਰਭ ਦੀ ਖੜੇ ਹਜ਼ੂਰੀ, ਹਾਜ਼ਰ ਹਜ਼ੂਰ ਸੋਭਾ ਪਾਈਆ । ਹੁਕਮ ਸੁਣਨ ਇਕ ਜ਼ਰੂਰੀ, ਜਿਸ ਦੀ ਜ਼ਰੂਰਤ ਚਾਰ ਜੁਗ ਦੇ ਗ੍ਰੰਥ ਨਾ ਸਕਣ ਸਮਝਾਈਆ । ਖੇਲ ਤਕਣਾ ਇਕੋ ਨੂਰੀ, ਨੂਰ ਨੁਰਾਨਾ ਡਗਮਗਾਈਆ । ਜਿਸ ਨੇ ਸ਼ਰਅ ਸ਼ਰੀਅਤ ਮੇਟਣੀ ਕੂੜੀ, ਕੂੜ ਕੁੜਿਆਰਾ ਡੇਰਾ ਢਾਹੀਆ । ਮਨ ਕਲਪਣਾ ਰਹਿਣ ਨਹੀਂ ਦੇਣੀ ਮੂੜ੍ਹੀ, ਮਮਤਾ ਮੋਹ ਨਾ ਕੋਇ ਹਲਕਾਈਆ । ਸਾਚੇ ਪਿਆਰ ਦੀ ਬਖ਼ਸ਼ ਕੇ ਧੂੜੀ, ਟਿੱਕੇ ਨਾਮ ਦੇ ਦੇਣੇ ਰਮਾਈਆ । ਇਕੋ ਰੰਗਤ ਚਾੜ੍ਹਨੀ ਗੂੜ੍ਹੀ, ਰੰਗ ਦੋ ਜਹਾਨ ਕੋਇ ਨਾ ਲਾਹੀਆ । ਸਤਿ ਸਚ ਦੀ ਦੇ ਕੇ ਸਰੂਰੀ, ਸੁਰਤ ਸ਼ਬਦ ਦੇਣੀ ਮਿਲਾਈਆ । ਪਰ ਇਕ ਸਦੀ ਚੌਧਵੀਂ ਅੰਤ ਪੈਗ਼ੰਬਰੋ ਸਭ ਨੂੰ ਘੜੀ ਵੇਖਣੀ ਪੈਣੀ ਮਜ਼ਬੂਰੀ, ਜਿਸ ਦੀ ਮਜਬੂਰੀ ਸਕੇ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਧੁਰ ਦਾ ਕਲਮਾ ਕਹੇ ਸੁਣ ਯਾਰ ਪਿਆਰੇ ਈਸਾ, ਮਸੀਹ ਅੱਖ ਉਠਾਈਆ । ਆਪਣਾ ਵਕਤ ਵੇਖ ਲੈ ਬੀਸਾ, ਬੀਸਵੀਂ ਸਦੀ ਨਾਲ ਮਿਲਾਈਆ । ਖ਼ਾਲੀ ਸਭ ਦਾ ਹੋਇਆ ਖ਼ੀਸਾ, ਪਾਕਟ ਸਭ ਦੀ ਦਏ ਦੁਹਾਈਆ । ਪਰਵਰਦਿਗਾਰ ਨੂੰ ਝੁਕੇ ਕੋਇ ਨਾ ਸੀਸਾ, ਸਿਰ ਸਰ ਨਾ ਕੋਇ ਨਿਵਾਈਆ । ਅੰਤਮ ਸਭ ਨੇ ਪਾਉਣਾ ਆਪਣਾ ਕੀਤਾ, ਕਤਲਗਾਹ ਤਕ ਜਗਤ ਲੋਕਾਈਆ । ਤੇਰਾ ਪਿਆਰ ਵਰਤਣਾ ਠੀਕਾ, ਜੋ ਪ੍ਰੇਮ ਵਿਚ ਆਸਾ ਗਿਆ ਬੰਧਾਈਆ । ਦੀਨ ਦੁਨੀ ਅੰਦਰੋਂ

੧੮੧੬ ੨੨ ੧੮੧੬ ੨੨

ਬਦਲੀ ਨੀਤਾ, ਨੀਤੀਵਾਨ ਨਜ਼ਰ ਕੋਇ ਨਾ ਆਈਆ । ਹੁਣ ਪੈਗ਼ੰਬਰੋ ਤੁਹਾਡਾ ਸਮਾਂ ਬੀਤਾ, ਅੱਗੇ ਹੋ ਨਾ ਕੋਇ ਵਧਾਈਆ । ਵੇਖੋ ਆਪਣੇ ਨਾਮ ਕਲਮੇ ਦੀਆਂ ਲੀਕਾਂ, ਜੋ ਅੱਖਰਾਂ ਵਿਚ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਚ ਆਪਣੇ ਹੱਥ ਰਖਾਈਆ । ਧੁਰ ਕਲਮਾ ਕਹੇ ਮੁਹੰਮਦੇ ਵਜ਼ੀ ਲਾਹਿਜ਼, ਨੋਜ਼ਜ਼ ਵੀਜ਼ਿਸ, ਕੋਲਾਜ਼ੇ ਮੋਜ਼ੂ ਜਲਵੇ ਨਿਜ਼ਾਂ, ਨੂਰੇ ਨਿਹਾਂ ਸ਼ੌਹਰੇ ਸ਼ਬੀ, ਖ਼ਾਲਕੇ ਤਬੀ ਮਾਜ਼ੂਨੇ ਮਾਵਿਜ਼, ਅਰਸ਼ਾਨੇ, ਖ਼ਵਿਜ਼ ਖ਼ਾਕੇ ਨਜ਼ੂ ਅਲੀਆਨੇ ਤਲੂ ਜ਼ੇਬੋ ਜ਼ਿਵਹਾ ਨੂਰੇ ਖ਼ੁਦਾ, ਅਰਸ਼ੇ ਵਜ਼ਿਗ, ਫ਼ਰਸ਼ੇ ਸ਼ੌਨਿਜ਼, ਦੀਨੇ ਅਖ਼ਦਾਮ, ਮੁਕਾਮੇ ਨਿਜ਼ਾਮ ਦਰਗੇ ਦੁਹਿਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਰੰਗ ਆਪ ਰੰਗਾਈਆ । ਮੁਹੰਮਦੇ ਮਿਜ਼ਾਂ ਨੂਰੇ ਨਿਜ਼ਾਂ ਅਰਸ਼ੇ ਪਿਨਾਂ ਚਸ਼ਮੇ ਰੁਸ਼ਨਾ ਖ਼ੌਨੇ ਜ਼ਵੀ ਲਾਏ ਜ਼ਵੀ ਤਾਲਬੇ ਨਦੀ ਸੱਯਦਾ ਅਬੀ ਦਸਤੇ ਬੁਲੰਦ ਖ਼ਾਕੀ ਫ਼ਰਜੰਦ ਫ਼ਜ਼ਲ ਰਹਿਮਤ ਤੇਰੀ ਨਜ਼ਰੀ ਆਈਆ । ਖ਼ੁਦਾਏ ਖ਼ੁਦੀਸ ਲਾਹਵੀ ਬੇਹਵੀ ਤਜ਼ਗਰੇ ਤਾਵੀਦ, ਹਰਫ਼ੇ ਨਿਸ਼ਾਂ ਨੋਸ਼ੇ ਕੁਸ਼ਾਂ ਕੁਰਾਨੇ ਮਜੀਦ ਮੁਜ਼ਮਾਏ ਹਰੂਫ਼ ਹਰਫ਼ ਹਰਫ਼ ਨਾਲ ਵਡਿਆਈਆ । ਅੰਤਮ ਇਕ ਹੱਦ ਤੇ ਇਕ ਮੰਜ਼ਲ ਇਕ ਮਕਸੂਦ, ਦੂਜਾ ਮਸਲਾ ਨਾ ਕੋਇ ਰਖਾਈਆ । ਜਿਸ ਦਾ ਪੈਗ਼ੰਬਰੋ ਦੇਣਾ ਪੈਣਾ ਸਬੂਤ, ਸਬਰ ਸਬੂਰੀ ਵਾਲਿਉ ਵੇਲਾ ਵਕਤ ਨੇੜੇ ਆਈਆ । ਜਿਧਰ ਤਕੋਗੇ ਓਧਰ ਨਜ਼ਰ ਆਏਗਾ ਮੌਜੂਦ, ਮੁਫਲਸਾਂ ਦਾ ਮੁਫਲਸ ਗ਼ਰੀਬਾਂ ਦਾ ਗ਼ਰੀਬ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਪਾਤਸ਼ਾਹ ਬੇਪਰਵਾਹੀਆ । ਜਿਸ ਦਾ ਇਕੋ ਗ੍ਰਿਹਿ ਤੇ ਇਕੋ ਅਰੂਜ, ਅਰਸ਼ ਫ਼ਰਸ਼ ਦਾ ਮਾਲਕ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਦਰਸਾਈਆ ।

ਸੰਮਤ ਅੱਠ ਕਹੇ ਓਏ ਚੇਤਾ ਕਮਲਿਆ ਐਵੇਂ ਨਾ ਪਾ ਰੌਲਾ, ਦੀਨ ਦੁਨੀ ਸੁਣਾਈਆ । ਕੁਛ ਭੇਵ ਦੱਸ ਕੀ ਖੇਲ ਕਰੇਗਾ ਮੌਲਾ, ਕੀ ਮਲਕੁਲਮੌਤ ਹੁਕਮ ਸੁਣਾਈਆ । ਮੇਰਾ ਲੇਖਾ ਹਿੱਸਾ ਕਿਸ ਬਿਧ ਪੂਰਾ ਕਰੇਗਾ ਇਕਰਾਰ ਕੌਲਾ, ਕਲਮੇ ਲੇਖੇ ਦਏ ਗਿਣਾਈਆ । ਚੇਤ ਕਹੇ ਓਏ ਸੰਮਤਾ ਪ੍ਰਗਟ ਹੋ ਕੇ ਉਪਰ ਧੌਲਾ, ਧਰਨੀ ਧਰਤ ਧਵਲ ਆਪਣਾ ਨੂਰ ਕਰੇ ਰੁਸ਼ਨਾਈਆ । ਜਿਸ ਦਾ ਰੰਗ ਨਾ ਕੋਈ ਸਮਝੇ ਕਾਲਾ ਗੋਰਾ ਸੱਵਲਾ, ਨੂਰ ਨੁਰਾਨਾ ਡਗਮਗਾਈਆ । ਉਸ ਨੂੰ ਸ਼ਰਅ ਵਾਲੇ ਕਹਿਣਗੇ ਕਮਲਾ, ਉਹ ਕਮਲੀ ਪਾ ਕੇ ਅਲਫ਼ੀ ਪਾ ਕੇ ਅਲਿਫ਼ ਯੇ ਵਾਲਿਆਂ ਦੀ ਅੰਤ ਕਰੇ ਸਫ਼ਾਈਆ । ਉਸ ਨੇ ਫਿਰਨਾ ਸ਼ਰਅ ਦੀਆਂ ਹੱਦਾਂ ਵਿਚ ਬਣ ਕੇ ਯਮਲਾ, ਬਿਨਾ ਅਮਲਾਂ ਤੋਂ ਆਪਣੀ ਕਾਰ ਕਮਾਈਆ । ਕਿਉਂ ਇਹ ਦੀਨ ਇਹ ਦੁਨੀ ਉਸ ਦਾ ਬਗੀਚਾ ਤੇ ਬਾਗ਼ ਉਸੇ ਦਾ ਚਮਨਾ, ਏਸ ਚਮਨ ਵਿਚੋਂ ਜਨ ਭਗਤ ਸੁਹੇਲੇ ਗੁਲ ਆਪੇ ਲਏ ਤੁੜਾਈਆ । ਉਸ ਨੇ ਖੇਲ ਵੇਖਣਾ ਤ੍ਰੈਭਵਣਾ, ਤ੍ਰੈਭਵਣ ਧਨੀ ਆਪਣਾ ਪੜਦਾ ਆਪ ਚੁਕਾਈਆ । ਪਰ ਸੰਮਤਾ ਯਾਦ ਰੱਖ ਉਸ ਅਮਾਮ ਨੇ ਉਸ ਮਿਹਰਵਾਨ ਨੇ ਕਿਸੇ ਦੀ ਕੁੱਖੋਂ ਨਹੀਉਂ ਜੰਮਣਾ, ਤੇ ਜੰਮਣ ਵਾਲੀ ਹੋਏ ਕੋਇ ਨਾ ਮਾਈਆ । ਪਰ ਇਕ ਗੱਲ ਉਸ ਨੇ ਅਵਤਾਰ ਪੈਗ਼ੰਬਰ ਗੁਰੂਆਂ ਦੇ ਕਢਣੇ ਸੰਮਣਾ, ਸਮੇਂ ਨਾਲ ਸਭ ਨੂੰ ਆਪਣੇ ਦਰ ਤੇ ਲਏ ਬੁਲਾਈਆ । ਜਿਸ ਦੇ ਹੁਕਮ ਵਿਚ ਦੋ ਜਹਾਨ ਕੰਬਣਾ, ਸਿਰ ਸਕੇ ਨਾ ਕੋਇ ਉਠਾਈਆ । ਜੋ ਘੜਿਆ ਸੋ ਉਸ ਨੇ ਭੰਨਣਾ, ਵਿਸ਼ਨ ਬ੍ਰਹਮਾ ਸ਼ਿਵ ਚਲੇ ਨਾ ਕੋਇ ਚਤੁਰਾਈਆ । ਉਸ ਨੇ ਦੀਨ ਦੁਨੀ ਦਾ ਵੇਖਣਾ ਜੰਗਣਾ, ਜੰਗਜੂ ਬਹਾਦਰ ਹੋ ਕੇ ਨਿਰਗੁਣ ਧਾਰ ਨਿਰਗੁਣ
੧੮੧੭ ਨਿਰਵੈਰ ਨਿਰਾਕਾਰ ਨਿਰੰਕਾਰ ਪਰਵਰਦਿਗਾਰ ਸਾਂਝਾ ਯਾਰ ਹੋ ਕੇ, ਨੌਂ ਖੰਡ ਪ੍ਰਿਥਮੀ ਸੱਤ ਦੀਪ ਦੀਨ ਮਜ਼੍ਹਬ ਜ਼ਾਤ ਪਾਤ ਖੇਲ ਤਮਾਸ਼, ਪੁਰਖ ਅਬਿਨਾਸ਼ ੧੮੧੭
ਕਰ ਕੇ ਘਟ ਘਟ ਵਾਸ, ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਤਸਵੀਰ ਗੁਣੀ ਗਹੀਰ ਲੋਕਮਾਤ ਆਪਣਾ ਹੁਕਮ ਵਰਤਾਈਆ । ਓਹ ਭੱਜਾ
੨੨ ਆ ਜਾਏ ਕਬੀਰ, ਬਿਨ ਸਰੀਰ ਵੇਖੇ ਭਗਤਾਂ ਦੀ ਤਕਦੀਰ, ਕੀ ਪ੍ਰਭ ਨੇ ਬਣਾਈ ਤਦਬੀਰ, ਕਿਸ ਬਿਧ ਕਲਜੁਗ ਦਾ ਅੰਤ ਕਰੇ ਅਖ਼ੀਰ, ਪੈਗ਼ੰਬਰ ੨੨
ਨੇਤਰ ਵਹਾਵਣ ਨੀਰ, ਉਫ ਹਾਏ ਦਰੋਹੀ ਸਭ ਦੇ ਲਾਹੁਣ ਲੱਗਾ ਚੀਰ, ਚੀਰੇ ਵਾਲਾ ਨਜ਼ਰ ਕੋਇ ਨਾ ਆਈਆ । ਸਾਡੀ ਮਜ਼੍ਹਬਾਂ ਦੀ ਰਹਿਣੀ ਨਹੀਂ ਮਿਲਖ ਜਾਗੀਰ, ਜਾਗਰਤ ਜੋਤ ਬਿਨ ਵਰਨ ਗੋਤ ਇਕੋ ਨੂਰ ਕਰੇ ਰੁਸ਼ਨਾਈਆ । ਜਿਸ ਦੇ ਹੱਥ ਨਾਮ ਖੰਡਾ ਤੇ ਸ਼ਬਦ ਦੀ ਸ਼ਮਸ਼ੀਰ, ਸ਼ਰਅ ਦੇ ਝਗੜੇ ਦਏ ਮੁਕਾਈਆ । ਇਹੋ ਆਸ਼ਾ ਰੱਖੀ ਸੀ ਗੁਰ ਅਰਜਨ ਨੇ ਜਿਸ ਵੇਲੇ ਚੌਦਾਂ ਸੌ ਤੀਹ ਪੰਨੇ ਦੀ ਬੱਧੀ ਬੀੜ, ਬੀੜਾ ਪ੍ਰਭ ਦੇ ਹੱਥ ਰਖਾਈਆ । ਮੁਹੰਮਦ ਨੇ ਕਿਹਾ ਜਿਸ ਵੇਲੇ ਸਦੀ ਚੌਧਵੀਂ ਅੰਤ ਪਈ ਭੀੜ, ਭੀੜੀ ਗਲੀ ਪਾਰ ਨਾ ਕੋਇ ਕਰਾਈਆ । ਉਸ ਵੇਲੇ ਝਗੜਾ ਪੈਣਾ ਗ਼ਰੀਬ ਅਮੀਰ, ਅਮੀਰ ਗ਼ਰੀਬ ਗ਼ਰੀਬ ਅਮੀਰ ਕਰਨ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੈਨੂੰ ਕਸ ਲੈਣ ਦਿਓ ਕਮਰਕਸਾ, ਕਸਮ ਨਾਲ ਦਿਆਂ ਜਣਾਈਆ । ਕਿਸੇ ਮਨੁੱਸ਼ ਦੇ ਗਲ ਵਿਚ ਰਹਿਣ ਨਹੀਂ ਦੇਣਾ ਰੱਸਾ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਓਹ ਵੇਖੇ ਚਾਰੋਂ ਕੁੰਟ ਪੈਂਦੀਆਂ ਗ਼ਸ਼ਾਂ, ਸੁਰਤੀ ਸੰਭਲ ਕੇ ਸੰਬਲ ਵਾਲੇ ਦਾ ਦਰਸ ਕੋਇ ਨਾ ਪਾਈਆ । ਮਾਇਆ ਮਮਤਾ ਕੂੜ ਕਿਰਿਆ ਦਾ ਚੜ੍ਹਿਆ ਨਸ਼ਾ, ਨਸ਼ੇ ਵਿਚ ਭੁੱਲੀ ਜਗਤ ਲੋਕਾਈਆ । ਜਿਸ ਨੇ ਆਦਿ ਤੋਂ ਹੋੜਾ ਲਾਇਆ ਉਪਰ ਸੱਸਾ, ਸੋ ਪੁਰਖ ਨਿਰੰਜਨ ਬੇਪਰਵਾਹੀਆ । ਹਰਿ ਪੁਰਖ ਨਿਰੰਜਨ ਹੋ ਕੇ ਖੇਲ ਕਰੇ ਪੁਰਖ ਸਮਰਥਾ, ਏਕੰਕਾਰ ਆਪਣੀ

ਵੰਡ ਵੰਡਾਈਆ । ਜੋ ਆਦਿ ਨਿਰੰਜਨ ਹੋ ਕੇ ਜਗਾ, ਜੋਤੀ ਜਾਤਾ ਨੂਰ ਇਲਾਹੀਆ । ਸ੍ਰੀ ਭਗਵਾਨ ਹੋ ਕੇ ਆਪਣਾ ਆਪ ਕਰ ਪਰਗਟਾ, ਆਪ ਆਪਣੇ ਵਿਚੋਂ ਪ੍ਰਗਟਾਈਆ । ਅਬਿਨਾਸ਼ੀ ਕਰਤਾ ਹੋ ਕੇ ਆਪਣੇ ਗ੍ਰਹਿ ਵਸਾ, ਦੂਜਾ ਮੰਦਰ ਨਾ ਕੋਇ ਸੁਹਾਈਆ । ਪਾਰਬ੍ਰਹਮ ਹੋ ਕੇ ਆਪਣਾ ਰੱਖੇ ਆਪੇ ਪਤਾ, ਸਿਰ ਆਪਣੇ ਹੱਥ ਰਖਾਈਆ । ਫੇਰ ਆਪਣੇ ਵਿਚੋਂ ਕਢ ਕੇ ਆਪਣਾ ਸ਼ਬਦੀ ਬੱਚਾ, ਹੁਕਮ ਧੁਰ ਦਾ ਦਿਤਾ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਪ੍ਰਗਟ ਕਰਕੇ ਰਤਾ ਰਤਾ, ਇਸ਼ਾਰੇ ਹੁਕਮ ਵਾਲੇ ਦ੍ਰਿੜਾਈਆ । ਚਾਰ ਜੁਗ ਖੇਲ ਕਰਦਾ ਰਿਹਾ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਧਾਰ ਸਤਾ, ਅਵਤਾਰ ਪੈਗ਼ੰਬਰ ਗੁਰੂ ਮਾਤ ਵਡਿਆਈਆ । ਅੰਤ ਅਖ਼ੀਰ ਬੇਨਜ਼ੀਰ ਗੋਬਿੰਦ ਨੂੰ ਦੱਸਿਆ ਬਿਨਾ ਪੁਰਖ ਅਕਾਲ ਤੋਂ ਕਿਸੇ ਦਾ ਵੱਜਣਾ ਨਹੀਂ ਡੰਕਾ, ਫ਼ਤਿਹ ਡੰਕ ਨਾ ਕੋਇ ਵਜਾਈਆ । ਜਿਸ ਨੇ ਇਕੋ ਜਿਹਾ ਮਾਣ ਦੇਣਾ ਰਾਓ ਰੰਕਾ, ਦੀਨ ਮਜ਼੍ਹਬ ਵੰਡ ਨਾ ਕੋਇ ਵਖਾਈਆ । ਗੜ੍ਹ ਤੋੜ ਕੇ ਹਉਮੇ ਹੰਗਤਾ, ਹਾਹੇ ਦੇ ਉਤੇ ਟਿੱਪੀ ਹੰ ਬ੍ਰਹਮ ਦੇਣਾ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤਾ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਰਸ ਦੇਵਾਂ ਆਤਮ ਅਨੰਦ ਦਾ, ਅਨੰਦ ਅਨੰਦ ਵਿਚੋਂ ਜਣਾਈਆ । ਜਿਸ ਨਿਸ਼ਾਨ ਮੇਟਣਾ ਤਾਰੇ ਚੰਦ ਦਾ, ਚੰਦ ਸਿਤਾਰ ਨਿਉਂ ਨਿਉਂ ਸੀਸ ਝੁਕਾਈਆ । ਉਹ ਸਮੁੰਦ ਸਾਗਰਾਂ ਫਿਰੇ ਲੰਘਦਾ, ਭੱਜੇ ਵਾਹੋ ਦਾਹੀਆ । ਕਿਸੇ ਨੂੰ ਪਤਾ ਨਹੀਂ ਉਸ ਦੇ ਢੰਗ ਦਾ, ਕਿਸ ਬਿਧ ਆਪਣਾ ਖੇਲ ਖਿਲਾਈਆ । ਸ਼ਬਦ ਦੇ ਨਾਲ ਸ਼ਬਦ ਦੀਆਂ ਜੋ ਹੱਦਾਂ ਆਇਆ ਵੰਡਦਾ, ਸੋ ਸ਼ਬਦ ਦੇ ਨਾਲ ਸ਼ਬਦ ਦੀ ਕਰੇ ਸਫ਼ਾਈਆ । ਜੋ ਜੁਗ ਜੁਗ ਜਨ ਭਗਤਾਂ ਦੀਆਂ
੧੮੧੮ ਟੁੱਟੀਆਂ ਆਇਆ ਗੰਢਦਾ, ਗੰਢਣਹਾਰ ਇਕ ਗੁਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ੧੮੧੮
੨੨ ਸਚ ਸਚ ਸਚ ਆਪ ਹੁਕਮ ਸੁਣਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰੂ ਆਪਣੀ ਦੱਸਣ ਰਾਏ, ਇਕੋ ਵਾਰ ਜਣਾਈਆ । ਕੀ ੨੨
ਭਵਿਖਤਾਂ ਵਿਚ ਆਏ ਕਹਿ, ਰਸਨਾ ਜਿਹਵਾ ਢੋਲੇ ਗਾਈਆ । ਕਿਸ ਬਿਧ ਸੋਹਣਿਉਂ ਸ੍ਰਿਸ਼ਟੀ ਹੋਣੀ ਲਯ, ਲਾਇਕ ਹੋ ਕੇ ਭੇਵ ਦੇਣਾ ਜਣਾਈਆ । ਧੁਰ ਦੇ ਮਾਲਕ ਦਾ ਕਿਹੜਾ ਹੁਕਮ ਵਹੈ, ਵਹਿਣ ਕੂੜ ਦੇ ਦੇਣੇ ਰੁੜ੍ਹਾਈਆ । ਕਿਸ ਨਾਮ ਦੀ ਕਿਸ ਕਲਮੇ ਦੀ ਕਿਸ ਫ਼ਰਮਾਨ ਦੀ ਹੋਵੇ ਜੈ, ਕਿਸ ਦਾ ਡੰਕ ਕਰੇ ਸ਼ਨਵਾਈਆ । ਸਚ ਦੱਸੋ ਉਸ ਮਹਿਬੂਬ ਦਾ ਕਿਹੜਾ ਮੰਦਰ ਕਿਹੜਾ ਕਾਅਬਾ ਕਿਹੜਾ ਗੁਰਦਵਾਰਾ ਕਿਹੜਾ ਮੱਠ ਤੇ ਕਿਹੜਾ ਗ੍ਰਹਿ, ਕਿਸ ਆਸਣ ਸਿੰਘਾਸਣ ਡੇਰਾ ਲਾਈਆ । ਕਿਸ ਦਵਾਰੇ ਸਤਿ ਸਰੂਪ ਹੋ ਕੇ ਬਹੇ, ਜੋਤੀ ਜਾਤਾ ਡਗਮਗਾਈਆ । ਕਿਹੜੀ ਵਸਤ ਅਗੰਮੀ ਦਏ ਸ਼ੈ, ਸ਼ਹਿਨਸ਼ਾਹ ਕੀ ਵਰਤਾਈਆ । ਸਚ ਦੱਸੋ ਤੁਸਾਂ ਉਸ ਨੂੰ ਕਿਉਂ ਕਿਹਾ ਨਿਰਭੈ, ਤੇ ਭੈ ਵਿਚ ਸਾਰੇ ਸੀਸ ਨਿਵਾਈਆ । ਜੇ ਕਿਸੇ ਨੂੰ ਤ੍ਰੈਲੋਕੀ ਦਿਤੀ ਤੇ ਉਸ ਕਿਹਾ, ਮੈਂ, ਤ੍ਰੈਲੋਕੀ ਦਾ ਨਾਥ ਹੋ ਕੇ ਤ੍ਰੈਲੋਕੀ ਵਿਚ ਆਪਣਾ ਆਪ ਗਿਆ ਸਮਾਈਆ । ਸਭ ਦੇ ਕਾਇਆ ਦੇ ਬੁਰਜ਼ ਗਏ ਢਹਿ, ਅਵਤਾਰ ਪੈਗ਼ੰਬਰ ਗੁਰੂ ਸਹਿਬਾਨੋਂ ਤੁਸੀਂ ਆਪਣਾ ਸਰੀਰ ਜਗਤ ਵਿਚ ਰੱਖਿਆ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਾਂ ਦਿਸ਼ਾ ਚੜ੍ਹਦੀ, ਕੀ ਪ੍ਰਭ ਦੀ ਚੜ੍ਹਦੀ ਕਲਾ ਨਜ਼ਰੀ ਆਈਆ । ਜਿਸ ਖੇਲ ਵੇਖਣੀ ਚੋਟੀ ਜੜ੍ਹ ਦੀ, ਜੜ੍ਹ ਸਭ ਦੀ ਰਿਹਾ ਉਖੜਾਈਆ । ਜਿਸ ਦੀ ਧਾਰ ਇਕੋ ਨਾਮ ਪੜ੍ਹਦੀ, ਜਿਹੜਾ ਨਾਮ ਲਿਖਣ ਪੜ੍ਹਨ ਵਿਚ ਕਦੇ ਨਾ ਆਈਆ । ਜਿਹੜੀ ਆਤਮਾ ਇਕ ਪਰਮਾਤਮਾ ਵਰਦੀ, ਕੰਤ ਕੰਤੂਹਲ ਧੁਰਦਰਗਾਹੀਆ । ਉਹ

ਨਾ ਕਦੇ ਜੰਮਦੀ ਨਾ ਕਦੇ ਮਰਦੀ, ਜੰਮਣ ਮਰਨ ਵੇਸ ਨਾ ਕੋਇ ਵਖਾਈਆ । ਇਹੋ ਖੇਲ ਉਸ ਦੇ ਘਰ ਦੀ, ਜਿਸ ਘਰਾਨੇ ਦਾ ਮਾਲਕ ਬੇਪਰਵਾਹੀਆ । ਹਾਏ ਉਸ ਦੇ ਕੋਲੋਂ ਸਭ ਦੀ ਆਸ਼ਾ ਰਹੀ ਡਰਦੀ, ਸਿਰ ਸਕਿਆ ਨਾ ਕੋਇ ਉਠਾਈਆ । ਗੁਰ ਅਵਤਾਰ ਪੈਗ਼ੰਬਰਾਂ ਦੀ ਧਾਰ ਹੋ ਕੇ ਜੋ ਖੰਡੇ ਤੀਰ ਤਲਵਾਰਾਂ ਰਹੀ ਫੜਦੀ, ਤੇ ਤਰਕਸ਼ਾਂ ਭੱਥਿਆਂ ਕੰਧਿਆਂ ਨਾਲ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਮੈਂ ਵੇਖਾਂ ਦਿਸ਼ਾ ਲਹਿੰਦੀ, ਮਗ਼ਰਬ ਅੱਖ ਉਠਾਈਆ । ਮੁਹੰਮਦ ਦੀ ਆਸ਼ਾ ਕੀ ਕਹਿੰਦੀ, ਕਹਿ ਕਹਿ ਰਹੀ ਸੁਣਾਈਆ । ਮੇਰੀ ਉਮਤ ਦੀ ਮੰਜ਼ਲ ਜਾਂਦੀ ਢਹਿੰਦੀ, ਢਹਿ ਢਹਿ ਆਪਣਾ ਆਪ ਗਵਾਈਆ । ਸ਼ਰਅ ਸ਼ਰਅ ਦੇ ਨਾਲ ਖਹਿੰਦੀ, ਸ਼ਰੀਅਤ ਦਾ ਝਗੜਾ ਨਾ ਕੋਇ ਚੁਕਾਈਆ । ਹੋਰ ਅੱਗੇ ਤਕਾਂ ਈਸਾ ਮੂਸਾ ਦੀ ਧਾਰ ਇਕੱਠੀ ਹੋ ਹੋ ਬਹਿੰਦੀ, ਮਸਲਾ ਮਸਲਾ ਮਿਲ ਕੇ ਰਹੇ ਬਣਾਈਆ । ਪਰ ਇਕ ਗੱਲ ਯਾਦ ਰੱਖਿਓ ਜਿਸ ਵੇਲੇ ਧੁਰ ਦੇ ਅਮਾਮ ਨੇ ਸੰਮਤ ਸ਼ਹਿਨਸ਼ਾਹੀ ਅੱਠ ਵਿਚ ਸਮੁੰਦਰ ਦੇ ਪਾਰ ਜਾ ਕੇ ਹੱਥਾਂ ਨੂੰ ਲਾਈ ਮਹਿੰਦੀ, ਮਹਿੰਦੀ ਲਾਣ ਵਾਲੇ ਇਕ ਦੂਜੇ ਦੇ ਨਾਲ ਦੇਵੇ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਵਖਾਈਆ । ਸਤਿਗੁਰ ਸ਼ਬਦ ਕਹੇ ਮੈਨੂੰ ਵੇਖ ਲੈਣ ਦਿਓ ਦਿਸ਼ਾ ਪਹਾੜ, ਪਹਾੜਾਂ ਤੋਂ ਪਰੇ ਧਿਆਨ ਲਗਾਈਆ । ਕੁਝ ਹਲੂਣਾ ਦੇ ਦੇਣਾ ਵਿਚ ਮਹੀਨੇ ਹਾੜ੍ਹ, ਹਾੜਾ ਕਢਣ ਥਾਉਂ ਥਾਈਂਆਂ । ਅੱਗ ਲਗਾ ਦੇਣੀ ਨਾੜ ਨਾੜ, ਨਾੜੀ ਨਾੜੀ ਦੇਣੀ ਤਪਾਈਆ । ਇਕ ਦਾ ਇਕ ਨਾਲ ਲਾਉਣਾ ਅਖਾੜ, ਖੰਡਾ ਖੜਗ ਦੇਣਾ ਚਮਕਾਈਆ । ਫੇਰ ਸਾਰਿਆਂ ਨੇ ਪੁਛਣਾ ਉਹ ਕਿੱਥੇ ਕਮਲੀ ਵਾਲਾ ਯਾਰ, ਜਿਹੜਾ ਯਰਾਨੇ ਪੈਗ਼ੰਬਰਾਂ ਨਾਲੋਂ ਰਿਹਾ ਤੁੜਾਈਆ । ਉਹ ਸਭ ਨੂੰ ਕਰਨ ਵਾਲਾ ਬੇਦਾਰ, ਜਿਸ ਨੇ ਬੇਦੀਆਂ ਸੋਢੀਆਂ ਦਿਤੀ ਵਡਿਆਈਆ । ਉਸ ਦਾ ਨੂਰ ਕਿਹੜੀ ਕੂਟੇ ਹੋਇਆ ਉਜਿਆਰ, ਤਨ ਕੁਟੀਅ ਤੋਂ ਬਾਹਰ ਕਰੇ ਰੁਸ਼ਨਾਈਆ । ਉਹ ਮਾਲਕ ਦੋ ਜਹਾਨਾਂ ਤੇ ਸਭ ਦਾ ਸਾਂਝਾ ਯਾਰ, ਯਰਾਨੇ ਪਿਛਲੇ ਵੇਖ ਵਖਾਈਆ । ਜੋ ਮਕਬਰਿਆਂ ਵਿਚ ਪਾਵੇ ਪੈਗ਼ੰਬਰਾਂ ਦੀ ਸਾਰ, ਮਹਾਂਸਾਰਥੀ ਭੱਜੇ ਵਾਹੋ ਦਾਹੀਆ । ਉਸ ਦਾ ਖੇਲ ਅਪਰ ਅਪਾਰ, ਅਪਰੰਪਰ ਸਵਾਮੀ ਆਪਣੀ ਕਾਰ ਭੁਗਤਾਈਆ । ਜਿਸ ਦਾ ਮੂਸਾ ਈਸਾ ਸਿਫ਼ਤਾਂ ਵਿਚ ਕੀਤਾ ਇਜ਼ਹਾਰ, ਲਫ਼ਜ਼ਾਂ ਵਿਚ ਤਲੱਫ਼ਜ਼ਾਂ ਵਿਚ ਹਰਫ਼ਾਂ ਵਿਚ ਹਰੂਫ਼ਾਂ ਵਿਚ ਢੋਲੇ ਗਏ ਗਾਈਆ । ਉਹ ਕੁਦਰਤ ਦਾ ਕਾਦਰ ਕਲਮਿਆਂ ਕਲਾਮਾਂ ਇਸਲਾਮਾਂ ਤੋਂ ਵਸੇ ਬਾਹਰ, ਅਮਾਮਾਂ ਦਾ ਅਮਾਮ ਨੂਰ ਇਕ ਖ਼ੁਦਾਈਆ । ਉਸ ਦੀ ਕਦਮਬੋਸੀ ਵਿਚ ਝੁਕ ਜਾਏ ਸਾਰਾ ਸੰਸਾਰ, ਨਿਉਂ ਨਿਉਂ ਮਾਟੀ ਖ਼ਾਕ ਰਮਾਈਆ । ਅਸੀਂ ਸਾਰੇ, ਪੈਗ਼ੰਬਰ ਕਹਿਣ, ਉਸ ਦੇ ਤਲਬਗਾਰ, ਤਾਬਿਆ ਵਿਚ ਆਪਣਾ ਆਪ ਰਖਾਈਆ । ਜਿਸ ਦਾ ਪਹਾੜ ਤੋਂ ਪਰੇ ਨੂਰ ਉਜਿਆਰ, ਕੋਹਤੂਰ ਤੋਂ ਪਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਕਰਾਈਆ । ਸਤਿਗੁਰ ਸ਼ਬਦ ਕਹੇ ਮੈਨੂੰ ਵੇਖ ਲੈਣ ਦਿਉ ਵੱਲ ਦੱਖਣ, ਦੱਖਣ ਦਿਸ਼ਾ ਗੋਬਿੰਦ ਦੀ ਦਏ ਗਵਾਹੀਆ । ਕਿਹੜਾ ਐਸ ਵੇਲੇ ਦੀਨ ਦੁਨੀ ਦੀ ਮਾਤਲੋਕ ਵਿਚ ਆਇਆ ਪੈਜ ਰੱਖਣ, ਰੱਖਿਆ ਕਰੇ ਥਾਉਂ ਥਾਈਂਆ । ਕੂੜ ਕਿਰਿਆ ਨੂੰ ਆਇਆ ਮੱਥਣ, ਨਾਮ ਮਧਾਣਾ ਹੱਥ ਉਠਾਈਆ । ਉਹ ਭਗਤਾਂ ਦੇ ਅੰਦਰ ਆਇਆ ਵਸਣ, ਨੂਰ ਨੁਰਾਨਾ ਹੋ ਕੇ ਘਰ ਘਰ ਡੇਰਾ ਲਾਈਆ । ਨਿਜ ਨੇਤਰ ਖੋਲ੍ਹੇ ਅੱਖਣ, ਸਚ ਲੋਚਨ ਕਰੇ ਰੁਸ਼ਨਾਈਆ । ਇਕੋ

ਲਿਆ ਕੇ ਆਪਣੇ ਪਤਣ, ਘਾਟ ਧੁਰ ਦਾ ਦਏ ਵਖਾਈਆ । ਜਗਤ ਸ਼ਰਅ ਦਾ ਮੇਟ ਕੇ ਰੱਟਣ, ਰੱਟਿਆਂ ਵਿਚੋਂ ਬਾਹਰ ਕਢਾਈਆ । ਇਕੋ ਜੋਤ ਜਗਾਏ ਲਟ ਲਟਣ, ਨੂਰ ਨੁਰਾਨਾ ਕਰੇ ਰੁਸ਼ਨਾਈਆ । ਸਭ ਨੂੰ ਮਾਰਗ ਇਕੋ ਆਇਆ ਦੱਸਣ, ਦਹਿ ਦਿਸ਼ਾ ਕਰੇ ਪੜ੍ਹਾਈਆ । ਜਗਿਆਸੂਓ ਸਚਖੰਡ ਵਿਚ ਅਵਤਾਰ ਪੈਗ਼ੰਬਰ ਗੁਰੂ ਇਕੋ ਘਰ ਵਿਚ ਵਸਣ, ਦਰਗਹ ਸਾਚੀ ਸੋਭਾ ਪਾਈਆ । ਜਿਹੜਾ ਆਦਿ ਦਾ ਆਦਿ ਅੰਤ ਦਾ ਅੰਤ ਤੁਹਾਡਾ ਵਤਨ, ਬੇਵਤਨੋ ਆਪਣਾ ਮਾਰਗ ਲੈਣਾ ਅਪਣਾਈਆ । ਤੂੰ ਮੇਰਾ ਮੈਂ ਤੇਰਾ ਆਤਮਾ ਪਰਮਾਤਮਾ ਇਕੋ ਕਰਨਾ ਯਤਨ, ਯਥਾਰਥ ਤੁਹਾਡੇ ਜੀਵਨ ਦਾ ਲੇਖਾ ਦਏ ਮੁਕਾਈਆ । ਤੁਹਾਡਾ ਰਾਹ ਨਿਰਗੁਣ ਧਾਰ ਪੈਗ਼ੰਬਰ ਗੁਰ ਅਵਤਾਰ ਤੱਕਣ, ਬਿਨ ਅੱਖਾਂ ਅੱਖ ਉਠਾਈਆ । ਸਭ ਨੇ ਕਿਹਾ ਪੁਰਖ ਅਕਾਲਾ ਦੀਨ ਦਿਆਲਾ ਸਾਡਾ ਭਵਿਖਤਾਂ ਦਾ ਪੂਰਾ ਕਰੇ ਬਚਨ, ਅਧੂਰਾ ਰਹਿਣ ਕੋਇ ਨਾ ਪਾਈਆ । ਬਿਨਾ ਪ੍ਰਭੂ ਦਿਆਂ ਭਗਤਾਂ ਤੋਂ ਕੋਈ ਸੱਚਾ ਬਣਿਆ ਨਹੀਂ ਰਤਨ, ਜਗਤ ਰਤਨ ਹੀਰੇ ਕੰਮ ਕਿਸੇ ਨਾ ਆਈਆ । ਤੁਹਾਡੇ ਪਿਆਰ ਵਿਚ ਸੰਸਾਰ ਦੀਆਂ ਹੁਣ ਹੱਦਾਂ ਲੱਗਾ ਜੇ ਟੱਪਣ, ਟਾਪੂਆਂ ਤੋਂ ਪਰੇ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਮੈਂ ਚੜ੍ਹਦਾ ਲਹਿੰਦਾ ਦੱਖਣ ਪਹਾੜ ਵੇਖਿਆ ਹੁਣ ਵੇਖਣਾ ਵਿਚਕਾਰ, ਦੋ ਜਹਾਨਾਂ ਫੋਲ ਫੋਲਾਈਆ । ਕਿਸ ਦਾ ਜੋਤ ਨੂਰ ਉਜਿਆਰ, ਨੂਰ ਨੁਰਾਨਾ ਕਵਣ ਡਗਮਗਾਈਆ । ਕਿਸ ਦਾ ਸ਼ਬਦ ਨਾਦ ਧੁੰਨਕਾਰ, ਪੁਰੀਆਂ ਲੋਆਂ ਕਰੇ ਸ਼ਨਵਾਈਆ । ਕਿਸ ਦਾ ਰੂਪ ਪੈਗ਼ੰਬਰ ਗੁਰ ਅਵਤਾਰ, ਪੰਜ ਤਤ ਕਾਇਆ ਵੱਜਦੀ ਰਹੀ ਵਧਾਈਆ । ਕਿਸ ਦਾ ਨਾਮ ਕਲਮਾ ਰਸਨਾ ਜਿਹਵਾ ਬੱਤੀ ਦੰਦ ਗਏ ਉਚਾਰ, ਅੱਖਰਾਂ ਨਾਲ ਸਿਫ਼ਤ ਸਾਲਾਹੀਆ । ਸੋ ਮਾਲਕ ਖ਼ਾਲਕ ਕਿਉਂ ਜੁਗ ਜੁਗ ਆਪਣੀ ਬਦਲਦਾ ਰਿਹਾ ਚਾਲ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਵੇਸ ਵਟਾਈਆ । ਓ ਕੀ ਸਚ ਕਿਹਾ, ਗੁਰ ਗੋਬਿੰਦ, ਉਹ ਵੇਖਣਹਾਰਾ ਮੁਰੀਦਾਂ ਹਾਲ, ਮੁਰਸ਼ਦ ਬੇਪਰਵਾਹੀਆ । ਜਿਸ ਨੂੰ ਪੋਹ ਨਾ ਸਕੇ ਕਾਲ, ਮਹਾਂਕਾਲ ਸਾਰੇ ਬੈਠੇ ਸੀਸ ਨਿਵਾਈਆ । ਉਹ ਖੇਲ ਕਰੇ ਕਮਾਲ, ਕਲਕਾਤੀ ਮੇਟ ਮਿਟਾਈਆ । ਫਲ ਰਹਿਣ ਨਾ ਦੇਵੇ ਕਲਜੁਗ ਕੂੜ ਦਾ ਕਿਸੇ ਡਾਲ, ਪੱਤ ਟਹਿਣੀ ਦਏ ਹਿਲਾਈਆ । ਸੰਬਲ ਵਿਚ ਬਹਿ ਕੇ ਸਭ ਦੀ ਕਰੇ ਸੰਭਾਲ, ਸਭਾ ਮਲੇਛਾਂ ਦਏ ਚੁਕਾਈਆ । ਤ੍ਰੈਗੁਣ ਮਾਇਆ ਜੋ ਤੋੜਨਹਾਰ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਅਵਤਾਰੋ ਪੈਗ਼ੰਬਰੋ ਗੁਰੂ ਸਾਹਿਬਾਨੋ ਤੁਹਾਡਾ ਹੱਲ ਕਰੇ ਸਵਾਲ, ਸਵਾਲੀ ਫ਼ਿਕਰਾ ਬਿਨਾ ਜਵਾਬ ਤੋਂ ਆਪਣੇ ਵਿਚ ਟਿਕਾਈਆ । ਦੀਨਾਂ ਮਜ਼੍ਹਬਾਂ ਤੋਂ ਸਭ ਨੂੰ ਕਰ ਦੇਵੇ ਬਹਾਲ, ਬੰਧਨ ਰਹਿਣ ਕੋਇ ਨਾ ਪਾਈਆ । ਇਕ ਆਤਮਾ ਇਕ ਪਰਮਾਤਮਾ ਸਾਰੀ ਸ੍ਰਿਸ਼ਟੀ ਦਾ ਇਕੋ ਵਜੇਗਾ ਤਾਲ, ਤਾਲ ਤਲਵਾੜਾ ਸ਼ਬਦ ਗੁਰੂ ਜਣਾਈਆ । ਇਕੋ ਮੰਦਰ ਇਕੋ ਕਾਅਬਾ ਇਕੋ ਹੋਵੇਗੀ ਧਰਮਸਾਲ, ਧਰਮ ਦਵਾਰਾ ਇਕੋ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਚੇਤ ਨਾ ਭੱਜ ਨਾ ਦੌੜ, ਕੁੰਟ ਚਾਰ ਵਾਹੋ ਦਾਹੀਆ । ਪੁਰਖ ਅਕਾਲ ਦੀ ਇਕੋ ਮੰਜ਼ਲ ਇਕੋ ਪੌੜ, ਦੂਜਾ ਡੰਡਾ ਨਜ਼ਰ ਕੋਇ ਨਾ ਆਈਆ । ਸਾਹਿਬ ਸਤਿਗੁਰ ਵੇਖ ਨਾਲ ਗ਼ੌਰ, ਗਹਿਰ ਗੰਭੀਰ ਧਿਆਨ ਲਗਾਈਆ । ਜਿਸ ਦੇ ਸੀਸ ਅਗੰਮੀ ਚੌਰ, ਪਵਣ ਉਨੰਜਾ ਰਹੀ ਝੁਲਾਈਆ । ਜਿਸ ਦਾ ਮੰਤਰ ਨਾਮ ਇਕੋ ਫੋਰ, ਫੁਰਨੇ ਪਿਛਲੇ ਬੰਦ ਕਰਾਈਆ । ਜਿਸ ਦਾ ਰੂਪ

ਅਵਰ ਕਾ ਔਰ, ਨੂਰ ਨੁਰਾਨਾ ਡਗਮਗਾਈਆ । ਜੋਤ ਖੇਲ ਕਰੇ ਕਲਜੁਗ ਅੰਧ ਅੰਧੇਰੇ ਘੋਰ, ਅੰਧ ਅਗਿਆਨ ਮੇਟ ਮਿਟਾਈਆ । ਸਦੀ ਚੌਧਵੀਂ ਆਪਣੇ ਹੱਥ ਵਿਚ ਪਕੜੀ ਡੋਰ, ਤੰਦੀ ਤੰਦ ਨਾ ਕੋਇ ਛੁਡਾਈਆ । ਜਿਸ ਦੀ ਨਵਾਂ ਸਾਲਾਂ ਵਿਚ ਸਭ ਨੂੰ ਪੈਣੀ ਲੋੜ, ਦੂਰ ਦੁਰਾਡੇ ਤੱਕਣ ਨੈਣ ਉਠਾਈਆ । ਉਸ ਨੇ ਦਿਨੇ ਜਾਗਦਿਆਂ ਰਾਤੀ ਸੁੱਤਿਆਂ ਸਭ ਦੇ ਜਾਣਾ ਕੋਲ, ਦੂਰ ਦੁਰਾਡਾ ਪੰਧ ਮੁਕਾਈਆ । ਇਕ ਵਾਰ ਚਰਨਾਂ ਥੱਲੇ ਰੱਖਣੀ ਧਰਨੀ ਧਰਤ ਧਵਲ ਧੌਲ, ਧਰਮ ਦੀ ਧਾਰ ਰਖਾਈਆ । ਫੇਰ ਸਾਰੀ ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਜਾਣਾ ਮੌਲ, ਮੌਲਾ ਹੋ ਕੇ ਆਪਣਾ ਹੁਕਮ ਵਰਤਾਈਆ । ਨਿਜਰ ਝਿਰਨੇ ਦੀ ਅੰਮ੍ਰਿਤ ਬੂੰਦ ਸਵਾਂਤੀ ਦੇਣੀ ਪਹੁਲ, ਰਸ ਇਕੋ ਇਕ ਚਖਾਈਆ । ਆਪ ਬੈਠ ਕੇ ਸ਼ਬਦ ਸਿੰਘਾਸਣ ਅਡੋਲ, ਸਤਿ ਸਤਿਵਾਦੀ ਆਪਣੀ ਕਾਰ ਦੇਣੀ ਭੁਗਤਾਈਆ । ਜਿਸ ਦਾ ਭੇਵ ਕੋਈ ਨਾ ਜਾਣੇ ਪੰਡਤ ਪਾਂਧਾ ਰੌਲ, ਨਛੱਤਰ ਗ੍ਰਿਹਾਂ ਵਿਚ ਨਾ ਕੋਇ ਜਣਾਈਆ । ਜਿਸ ਦਾ ਅੰਤ ਪਾ ਸਕੇ ਨਾ ਕਲਾ ਸੋਲ੍ਹ, ਸੋਲਾਂ ਕਲਧਾਰੀ ਜਿਸ ਨੂੰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੈਂ ਹੋਕਾ ਦੇਵਾਂ ਹੱਕ, ਹਕੀਕਤ ਵਾਲਿਉ ਦਿਆਂ ਜਣਾਈਆ । ਇਕ ਦਾ ਨੂਰ ਨੂਰ ਲੈਣਾ ਤਕ, ਤਕਵਾ ਤਕਦੀਰ ਵਾਲਾ ਰਖਾਈਆ । ਜਿਸ ਨੇ ਸਭ ਦੇ ਸ਼ਕੂਕ ਮੇਟਣੇ ਸ਼ੱਕ, ਸ਼ਿਕਵੇ ਦੇਣੇ ਗਵਾਈਆ । ਸੋ ਸਾਹਿਬ ਮਹਿਬੂਬ ਹੋਣ ਲੱਗਾ ਪ੍ਰਤਖ, ਪਰਮ ਪੁਰਖ ਪਰਦਾ ਆਪ ਚੁਕਾਈਆ । ਜਿਸ ਦੀ ਧਾਰ ਨਾਲੋਂ ਜਗਤ ਜਹਾਨ ਹੋਇਆ ਵੱਖ, ਮਨ ਮਨਸਾ ਸੰਗ ਰਖਾਈਆ । ਉਸ ਨੇ ਸ਼ਾਹ ਸੁਲਤਾਨਾਂ ਕੀਮਤ ਰਹਿਣ ਨਹੀਂ ਦੇਣੀ ਕੱਖ, ਕੌਡੀ ਕੌਡੀ ਹੱਟ ਵਿਕਾਈਆ । ਸਭ ਨੂੰ ਭੁਲੇਖਾ ਪਾਉਣਾ ਸੰਬਲ ਦਾ ਮਾਲਕ ਤੇ ਨਜ਼ਰੀ ਆਵੇ ਤਤਾਂ ਵਾਲਾ ਜੱਟ, ਸਰੀਰ ਬੇਨਜ਼ਰ ਆਪਣੀ ਕਾਰ ਭੁਗਤਾਈਆ । ਜਿਸ ਨੇ ਸਭ ਦਾ ਇਕੋ ਖੋਲ੍ਹਣਾ ਹੱਟ, ਵਣਜਾਰਾ ਜਗਤ ਜਹਾਨ ਲੈਣਾ ਬਣਾਈਆ । ਕੂੜ ਕੁੜਿਆਰ ਦਾ ਲੇਖਾ ਕਰਨਾ ਠੱਪ, ਠੱਪਾ ਇਕੋ ਨਾਮ ਮੋਹਰ ਲਗਾਈਆ । ਜਨ ਭਗਤਾਂ ਮੇਲ ਮਿਲਾਉਣਾ ਪਰਮੇਸ਼ਵਰ ਪਤਿ, ਪਤਿ ਪਤਵੰਤਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਧੁਰ ਦਾ ਹਰਿ, ਧੁਰ ਦੀ ਕਰਨੀ ਕਾਰ ਕਮਾਈਆ । ਸੰਮਤ ਸ਼ਹਿਨਸ਼ਾਹੀ ਅੱਠ ਕਹੇ ਮੇਰਾ ਕੀ ਇਰਾਦਾ, ਇਕ ਇਕੱਲਾ ਦਿਆਂ ਜਣਾਈਆ । ਕੀ ਸੰਦੇਸਾ ਦੇਵੇ ਗੋਬਿੰਦ ਪਿਤਾ ਤੇ ਪੁਰਖ ਅਕਾਲ ਦਾਦਾ, ਦੋ ਜਹਾਨਾਂ ਰਿਹਾ ਜਣਾਈਆ । ਜਿਸ ਦਾ ਇਕੋ ਨਾਮ ਸ਼ਬਦ ਅਗੰਮੀ ਅਵਾਜ਼ਾ, ਅਨਹਦ ਧੁਨ ਕਰੇ ਸ਼ਨਵਾਈਆ । ਬਿਨਾ ਸੁਰਤੀ ਤੋਂ ਸ਼ਬਦ ਸਰੂਪੀ ਜਾਗਾ, ਜਾਗਰਤ ਜੋਤ ਡਗਮਗਾਈਆ । ਜਿਸ ਨੇ ਲੱਖ ਚੁਰਾਸੀ ਕਲਜੁਗ ਜੀਆਂ ਵੇਖਣੇ ਭਾਗਾ, ਘਟ ਘਟ ਅੰਦਰ ਫੋਲ ਫੁਲਾਈਆ । ਕਿਉਂ ਪੰਜਾਂ ਤਤਾਂ ਲੱਗੀ ਆਗਾ, ਮਨ ਮਨਸਾ ਰਹੀ ਜਲਾਈਆ । ਹੰਸ ਬੁੱਧੀ ਹੋਏ ਕਾਗਾ, ਕਾਗ ਵਾਂਗ ਕੁਰਲਾਈਆ । ਕਿਸੇ ਨੂੰ ਸਮਝ ਨਹੀਂ ਆਈ ਕਿਉਂ ਸਤਿਗੁਰ ਗੋਬਿੰਦ ਨੇ ਉਡਾਇਆ ਬਾਜ਼ਾ, ਕੀ ਬਾਜਾਂ ਵਾਲਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਪੜਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਗੋਬਿੰਦ ਨੇ ਬਾਜ਼ ਤੋਂ ਲਵਾਈ ਉਡਾਰੀ, ਉਗਣ ਆਥਣ ਦਿਤਾ ਸਮਝਾਈਆ । ਜਿਸ ਵੇਲੇ ਪ੍ਰਭ ਦੀ ਆਈ ਜੋਤ ਨਿਰੰਕਾਰੀ, ਨਿਰਵੈਰ ਆਪਣਾ ਫੇਰਾ ਪਾਈਆ । ਉਸ ਨੂੰ ਸਮਝੇ ਨਾ ਕੋਇ ਸੰਸਾਰੀ, ਬੁੱਧੀ ਅਕਲ ਚਲੇ ਨਾ ਕੋਇ ਚਤੁਰਾਈਆ । ਉਹ ਦੋ ਜਹਾਨਾਂ ਪਾਵੇ ਸਾਰੀ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾ ਜੇਰਜ ਅੰਡਾਂ ਵੇਖ ਵਖਾਈਆ ।


੧੮੨੧
੨੨

ਉਹਦੀ ਖੇਲ ਹੋਵੇ ਦੋ ਧਾਰੀ, ਸਰਗੁਣ ਨਿਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਉਹਦੀ ਕਲਾ ਵਰਤਣੀ ਜ਼ਾਹਰੀ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਪੈਗ਼ੰਬਰੋ ਕਿਉਂ ਕਰਦੇ ਸਲਾਮ, ਸੱਯਦੇ ਵਾਲਿਉ ਦਿਉ ਜਣਾਈਆ । ਮੁਹੰਮਦ ਕਹੇ ਪਰਗਟ ਹੋਇਆ ਮੇਰਾ ਅਮਾਮ, ਮਿਹਰਵਾਨ ਨੂਰ ਇਲਾਹੀਆ । ਮੇਰਾ ਵਿਗੜ ਗਿਆ ਨਿਜ਼ਾਮ, ਨੌਬਤ ਹੱਕ ਨਾ ਕੋਇ ਵਜਾਈਆ । ਸ਼ਰਅ ਸ਼ਰਅ ਨੂੰ ਕਰੇ ਕਤਲੇਆਮ, ਕਾਤਲ ਮਕਤੂਲ ਦਾ ਰੂਪ ਬਣਾਈਆ । ਮੇਰੇ ਕਲਮੇ ਤੇ ਲੱਗਾ ਇਲਜ਼ਾਮ, ਸਤਿ ਰੰਗ ਨਾ ਕੋਇ ਰੰਗਾਈਆ । ਮੇਰੇ ਹੁੰਦਿਆਂ ਹੋਈ ਅੰਧੇਰੀ ਸ਼ਾਮ, ਸ਼ਮਾਂ ਨੂਰ ਨਾ ਕੋਇ ਰੁਸ਼ਨਾਈਆ । ਆਪਣੇ ਵਕਤ ਨਾਲ ਮੈਂ ਹੋ ਚਲਿਆ ਬਦਨਾਮ, ਬਦੀ ਦਾ ਡੇਰਾ ਕੋਇ ਨਾ ਢਾਈਆ । ਜਿਹੜਾ ਮੇਰੇ ਮਹਿਬੂਬ ਨੇ ਮਦੀਨੇ ਵਿਚ ਮੈਨੂੰ ਦਿਤਾ ਪੈਗ਼ਾਮ, ਧੁਰ ਪੈਗ਼ਾਮ ਇਕ ਦ੍ਰਿੜਾਈਆ । ਨਿਗਹ ਮਾਰ ਸੁਰਤੀ ਤੋਂ ਬਾਹਰ ਕਰ ਧਿਆਨ, ਜਗਤ ਜੁਗਤ ਨਾ ਕੋਇ ਵਡਿਆਈਆ । ਜਿਸ ਵੇਲੇ ਆਪ ਆਇਆ ਤੇਰਾ ਅਮਾਮ, ਆਮਦ ਵਿਚ ਆਪਣਾ ਪੜਦਾ ਦਏ ਉਠਾਈਆ । ਉਸ ਵੇਲੇ ਝਗੜਾ ਪੈਣਾ ਸ੍ਰਿਸ਼ਟੀ ਵਿਚ ਤਮਾਮ, ਤਮਾ ਹੋਵੇ ਕੂੜ ਲੋਕਾਈਆ । ਹਕੀਕਤ ਦਾ ਹੱਕ ਆਬੇਹਯਾਤ ਦਾ ਮਿਲੇ ਨਾ ਕਿਸੇ ਜਾਮ, ਰਸ ਸਚ ਨਾ ਕੋਇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ, ਤੇਰੇ ਅੱਗੇ ਇਕ ਅਰਜ਼ੋਈ, ਅਰਜ਼ੀ ਤੇਰੇ ਅੱਗੇ ਟਿਕਾਈਆ । ਜਿਸ ਦਾ ਭੇਵ ਜਾਣੇ ਨਾ ਕੋਈ, ਅਭੇਦ ਸਕੇ ਨਾ ਕੋਇ ਖੁਲ੍ਹਾਈਆ । ਪੈਗ਼ੰਬਰ ਕਰਦੇ ਦਰੋਹੀ ਦਰੋਹੀ, ਯਾ ਮੁਬੀਨ ਯਾ ਅਮੀਨ ਦਰ ਠਾਂਡੇ ਸੀਸ ਝੁਕਾਈਆ । ਉਮਤ ਆਸਾ ਰਹੀ ਰੋਈ, ਬਿਨ ਅੱਖਾਂ ਨੀਰ ਵਹਾਈਆ । ਸਦੀ ਚੌਧਵੀਂ ਪਿਆਰ ਵਿਚ ਗਈ ਮੋਹੀ, ਤੇਰੀ ਮੁਹੱਬਤ ਨਾ ਕੋਇ ਬਣਾਈਆ । ਸਭ ਦੀ ਪਤ ਗਈ ਖੋਹੀ, ਸਿਰ ਹੱਥ ਨਾ ਕੋਇ ਟਿਕਾਈਆ । ਦਰਗਹ ਸਾਚੀ ਮਿਲੇ ਨਾ ਕੋਈ ਢੋਈ, ਤੇਰਾ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਦਰ ਤੇਰੇ ਸਵਾਲੀ ਮੰਗਤਾ, ਭਿੱਖਕ ਇਕ ਭਿਖਾਰ । ਗੜ੍ਹ ਤੋੜ ਹਉਮੇ ਹੰਗਤਾ, ਕਿਰਪਾ ਕਰ ਪਰਵਰਦਿਗਾਰ । ਜਗਤ ਜਹਾਨ ਦਿਸੇ ਭੁੱਖਾ ਨੰਗਤਾ, ਓਢਣ ਸੀਸ ਨਾ ਕੋਇ ਸਹਾਰ । ਝਗੜਾ ਪਿਆ ਮਮਤਾ ਮਨ ਦਾ, ਕਾਮ ਕਰੋਧ ਨਾਲ ਰਲਿਆ ਹੰਕਾਰ । ਮੇਰਾ ਨਿਸ਼ਾਨ ਮੇਟਣਾ ਤਾਰੇ ਚੰਦ ਦਾ, ਚੰਦ ਸਿਤਾਰ ਕਰੇ ਇਜ਼ਹਾਰ । ਤੁਧ ਬਿਨ ਬੇੜਾ ਕੋਇ ਨਾ ਬੰਨ੍ਹਦਾ, ਸਦੀ ਚੌਧਵੀਂ ਹੋਏ ਨਾ ਕੋਇ ਸਹਾਰ । ਪਰਵਰਦਿਗਾਰ ਤੂੰ ਵਣਜਾਰਾ ਨਹੀਂ ਸਰਵਣ ਕੰਨ ਦਾ, ਅਗੰਮੀ ਤੇਰਾ ਕਲਮਾ ਕਰੇ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਰਜ਼ ਰਿਹਾ ਗੁਜ਼ਾਰ । ਮੁਹੰਮਦ ਕਹੇ ਮੇਰੀ ਗੁਜ਼ਾਰਿਸ਼, ਦਸਤ ਬੰਨ੍ਹ ਕੇ ਸੀਸ ਨਿਵਾਈਆ । ਚਾਰ ਯਾਰ ਕਰਨ ਸਫ਼ਾਰਿਸ਼, ਸਫ਼ਾ ਸਫ਼ੇ ਨਾਲ ਉਲਟਾਈਆ । ਦੁਹਾਈ ਦੇਵੇ ਮੇਰੀ ਜ਼ਿਆਰਤ, ਕੂਕ ਕੂਕ ਜਣਾਈਆ । ਸ਼ਹਾਦਤ ਭੁਗਤੇ ਮੇਰੀ ਇਬਾਰਤ, ਲੇਖਾ ਲਿਖਤ ਨਾਲ ਮਿਲਾਈਆ । ਮੈਂ ਕਲਮੇ ਵਿਚ ਬਿਨਾ ਕਲਮ ਦੇ ਲਿਖਿਆ ਦੱਸਿਆ ਮੇਰਾ ਅਮਾਮ ਜ਼ਰੂਰ ਪ੍ਰਗਟ ਹੋਵੇ ਵਿਚ ਭਾਰਤ, ਭਰਮ ਦਾ ਡੇਰਾ ਢਾਹੀਆ । ਫੇਰ ਹੁਕਮ ਦੀ ਕਰੇ ਸ਼ਰਾਰਤ, ਸ਼ਰਅ ਸ਼ਰਅ ਨਾਲ ਟਕਰਾਈਆ । ਜਿਸ ਨੇ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੀ ਬਦਲ ਦੇਣੀ ਵਜ਼ਾਰਤ,

ਵੁਜ਼ਰਾ ਰਹਿਣ ਕੋਇ ਨਾ ਪਾਈਆ । ਇਕੋ ਹੁਕਮ ਦੇਣਾ ਖ਼ਾਲਸ, ਧੁਰ ਦਾ ਨਾਮ ਇਕ ਜਣਾਈਆ । ਸਤਿਗੁਰ ਸ਼ਬਦ ਨੂੰ ਸਭ ਦਾ ਕਰਨਾ ਸਾਲਸ, ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜੀ ਕਿਰਿਆ ਟਿੱਕਾ ਮੇਟਣਾ ਕਾਲਖ, ਕਲਮਾ ਨਾਮ ਇਕ ਜਣਾਈਆ । ਜਿਸ ਦਾ ਇਕੋ ਸਤਿਗੁਰੂ ਸ਼ਬਦ ਸਤਿ ਸਰੂਪ ਹੋਣਾ ਬਾਲਕ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਨਾ ਉਹ ਬੁੱਢਾ ਨਾ ਉਹ ਬਾਲ ਨਾ ਉਹ ਜਵਾਨ ਸਭ ਦੀ ਕਰੇ ਪ੍ਰਿਤਪਾਲਕ, ਪਾਲਣਹਾਰ ਇਕ ਅਖਵਾਈਆ । ਉਹ ਖ਼ਲਕ ਦਾ ਖ਼ਾਲਕ ਮਖ਼ਲੂਕ ਦਾ ਮਾਲਕ, ਨੂਰ ਨੁਰਾਨਾ ਨਜ਼ਰੀ ਆਈਆ । ਜਿਸ ਨੇ ਸਭ ਦੇ ਅੰਦਰੋਂ ਕਢਣੀ ਜਹਾਲਤ, ਕੂੜ ਕੁੜਿਆਰਾ ਦੇਣਾ ਮਿਟਾਈਆ । ਸਚ ਪੁਛੋ ਸਚ ਤਖ਼ਤ ਉਤੇ ਦੋ ਜਹਾਨਾਂ ਦੀ ਕਰਨੀ ਇਕ ਅਦਾਲਤ, ਅਦਲ ਇਨਸਾਫ਼ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਸਤਿਗੁਰ ਸ਼ਬਦ ਕਹੇ ਮੇਰਾ ਇਕੋ ਇਕ ਮਸ਼ਵਰਾ, ਮਸ਼ਕੂਰ ਸਭ ਨੂੰ ਦਿਆਂ ਕਰਾਈਆ । ਜਿਸ ਦੇ ਉਤੇ ਕਰੇ ਨਾ ਕੋਈ ਤਬਸਰਾ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਕੁਛ ਲੇਖਾ ਦੱਸਣਾ ਜਿਸ ਵੇਲੇ ਜੋਤੀ ਤੇ ਨੂਰੀ ਅੱਲਾ ਗਿਆ ਵਿਚ ਬਸਰਾ, ਪਰਦਾ ਅਗਲਾ ਪਿਛਲਾ ਪਿਛਲਾ ਅਗਲਾ ਤੇ ਵਿਚਲਾ ਆਪ ਖੁਲ੍ਹਾਈਆ । ਦੱਸ ਦੇਣਾ ਮੁਹੰਮਦਾ ਤੇਰੀ ਉਮਤ ਦਾ ਕਿਹੜਾ ਨੰਬਰ ਤੇ ਕਿਹੜਾ ਖ਼ਸਰਾ, ਜਿਸ ਖਤੌਨੀ ਵਿਚ ਬੈਠਾ ਡੇਰਾ ਲਾਈਆ । ਕੀ ਅੰਤਮ ਹੋਣਾ ਹਸ਼ਰਾ, ਓ ਤੁਹਾਡਾ ਹਾਸ਼ਮ ਕੀ ਆਪਣਾ ਹੁਕਮ ਵਰਤਾਈਆ । ਤੇ ਕੀ ਹੁਕਮ ਵਰਤਣਾ ਉੱਤਰ ਪੂਰਬ ਪੱਛਮਾ, ਦੱਖਣ ਕੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਹੁਕਮ ਹੁਕਮ ਆਪ ਵਰਤਾਈਆ । ਚੇਤ ਕਹੇ ਸਤਿਗੁਰ ਸ਼ਬਦ ਕੋਈ ਖੇਲ ਦੱਸ ਨਿੱਕੀ, ਸਹਿਜ ਨਾਲ ਸਮਝਾਈਆ । ਸਤਿਗੁਰ ਸ਼ਬਦ ਕਹੇ ਆਹ ਵੇਖ ਚਾਰ ਜੁਗ ਦੀ ਚਿੱਠੀ, ਅਵਤਾਰ ਪੈਗ਼ੰਬਰ ਗੁਰੂ ਬਿਨ ਅੱਖਰਾਂ ਗਏ ਲਿਖਾਈਆ । ਜਿਸ ਵਿਚ ਪਰਮ ਪੁਰਖ ਦੀ ਲਿਖੀ ਸਿੱਖੀ, ਦੀਨਾਂ ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਜਿਸ ਦੀ ਗੋਬਿੰਦ ਨੇ ਧਾਰ ਜਣਾਈ ਤਿੱਖੀ, ਖੰਡਾ ਰੰਗ ਨਾ ਕੋਇ ਰੰਗਾਈਆ । ਉਨ੍ਹਾਂ ਦਾ ਲਹਿਣਾ ਦੇਣਾ ਠਾਂਡੇ ਘਰ ਪਹਿਲੀ ਚੇਤ ਤੇ ਸੰਮਤ ਸ਼ਹਿਨਸ਼ਾਹੀ ਅੱਠ ਦੀ ਮਿਤੀ, ਓ ਮਿੱਤਰਾ ਤੈਨੂੰ ਦਿਆਂ ਜਣਾਈਆ । ਜਿਸ ਵਿਚ ਅੰਦਰੋਂ ਬਦਲ ਜਾਣੀ ਨੀਤੀ, ਨੀਤੀਵਾਨ ਆਪਣਾ ਰੰਗ ਰੰਗਾਈਆ । ਇਹ ਮੈਂ ਦੱਸੀ ਪਿਛਲੀ ਕਹਾਣੀ ਬੀਤੀ, ਪੂਰਬਲਾ ਲੇਖ ਦ੍ਰਿੜਾਈਆ । ਅੱਗੇ ਪਰਮ ਪੁਰਖ ਦੀ ਮੌਲਣੀ ਬਗ਼ੀਚੀ, ਹਿੰਦੂ ਮੁਸਲਿਮ ਸਿਖ ਈਸਾਈ ਇਕੋ ਰੰਗ ਰੰਗਾਈਆ । ਆਤਮ ਪਰਮਾਤਮ ਲਗਣੀ ਪ੍ਰੀਤੀ, ਪ੍ਰੀਤਮ ਹੋ ਕੇ ਮੇਲਾ ਮੇਲੇ ਚਾਈਂ ਚਾਈਆ । ਜਿਸ ਦੀ ਧਾਰ ਨੀਕਣ ਨੀਕੀ, ਨਿਰਾਕਾਰ ਨਿਰੰਕਾਰ ਆਪਣੀ ਖੇਲ ਖਿਲਾਈਆ । ਕਾਇਆ ਕਰਨੀ ਠੰਡੀ ਸੀਤੀ, ਅਗਨੀ ਤਤ ਬੁਝਾਈਆ । ਸਾਰ ਜਾਣਨੀ ਜੀਵ ਜੀਅ ਕੀ, ਆਤਮ ਪਰਮਾਤਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਚੇਤ ਕਹੇ ਮੈਂ ਜਾਵਾਂ ਬਲਿਹਾਰ, ਬਲਿਹਾਰੀ ਪੁਰਖ ਅਕਾਲ ਸੀਸ ਨਿਵਾਈਆ । ਜਿਸ ਦਾ ਖੇਲ ਜੁਗ ਚੌਕੜੀ ਚਾਰ, ਨਿਰਗੁਣ ਸਰਗੁਣ ਆਪਣਾ ਵੇਸ ਵਟਾਈਆ । ਨਾਮ ਕਲਮੇ ਦਏ ਉਚਾਰ, ਢੋਲੇ ਸਿਫ਼ਤਾਂ ਵਾਲੇ ਗਾਈਆ । ਦੀਨ ਦੁਨੀ ਪਾਵੇ ਸਾਰ, ਲੱਖ ਚੁਰਾਸੀ ਖੋਜੇ ਥਾਉਂ ਥਾਈਂਆ । ਭਗਤਾਂ ਦਏ ਅਧਾਰ, ਆਪਣੇ ਰੰਗ ਰੰਗਾਈਆ । ਮੇਰੀ ਉਸ ਪਰਮ ਪੁਰਖ ਨੂੰ ਨਿਮਸਕਾਰ, ਡੰਡਾਵਤ ਬੰਦਨਾ ਸੱਜਦੇ ਵਿਚ ਸੀਸ ਝੁਕਾਈਆ । ਜਿਸ ਕਲਜੁਗ ਅੰਤਮ ਜੋਤੀ

੧੮੨੩ ੨੨

੧੮੨੪
੨੨

ਨੂਰ ਕੀਤਾ ਉਜਿਆਰ, ਉਜਾਲਾ ਕਰੇ ਥਾਉਂ ਥਾਈਆ । ਪੂਰਬ ਕਰਜ਼ਾ ਸਭ ਦਾ ਲਾਹੇ ਉਧਾਰ, ਲੇਖਾ ਰਹਿਣ ਕੋਇ ਨਾ ਪਾਈਆ । ਆਓ ਇਕੱਠੇ ਹੋ ਜਾਓ ਪੈਗੰਬਰ ਗੁਰ ਅਵਤਾਰ, ਦਰ ਠਾਂਡੇ ਸੋਭਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਜ਼ ਆਓ ਰਫ਼ਤਾਰ, ਪਿਛਲਾ ਪੰਧ ਮੁਕਾਈਆ । ਦੇਵਤ ਸੁਰ ਦਰ ਠਾਂਡੇ ਕਰੋ ਨਿਮਸਕਾਰ, ਧੂੜੀ ਚਰਨਾਂ ਖ਼ਾਕ ਰਮਾਈਆ । ਗਣ ਗੰਧਰਵ ਗਾਓ ਅਗੰਮੀ ਵਾਰ, ਬਿਨ ਅੱਖਰਾਂ ਢੋਲੇ ਧੁਰ ਦੇ ਨਾਮ ਜਣਾਈਆ । ਭਗਤ ਸੰਤ ਆਪਣੀ ਪੈਜ ਲਓ ਸਵਾਰ, ਪੰਜਾਂ ਤਤਾਂ ਰੰਗ ਰੰਗਾਈਆ । ਕਲਜੁਗ ਜੀਵੋ ਹੋ ਜਾਓ ਹੁਸ਼ਿਆਰ, ਆਲਸ ਨਿੰਦਰਾ ਦਿਓ ਗਵਾਈਆ । ਚਾਰ ਕੁੰਟ ਹੋਈ ਹਾਹਾਕਾਰ, ਧੀਰਜ ਧੀਰ ਨਾ ਕੋਇ ਰਖਾਈਆ । ਸਦੀ ਚੌਧਵੀਂ ਮੁਹੰਮਦ ਦੀ ਮੌਲਣ ਲੱਗੀ ਬਹਾਰ, ਕੂੜੀ ਕਿਰਿਆ ਆਪਣਾ ਰੰਗ ਰੰਗਾਈਆ । ਸਤਿਗੁਰ ਸ਼ਬਦ ਕਹੇ ਮੇਰਾ ਕਮਰਕੱਸਾ ਬਿਨ ਬਸਤਰਾਂ ਤੋਂ ਹੋ ਰਿਹਾ ਤਿਆਰ, ਮੇਰਾ ਸ਼ਸਤਰ ਲੁਹਾਰ ਤਰਖਾਣ ਨਾ ਕੋਇ ਘੜਾਈਆ । ਮੇਰੇ ਨਾਮ ਖੰਡੇ ਦੀ ਖੇਲ ਅਪਾਰ, ਅਪਰੰਪਰ ਸਵਾਮੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਚੇਤ ਕਹੇ ਮੇਰਾ ਦਿਨ ਬੜਾ ਸੁਹਾਵਾ, ਸਭ ਨੂੰ ਦਿਆਂ ਸੁਣਾਈਆ । ਮੈਂ ਪ੍ਰਭੂ ਨੂੰ ਗਾਵਾਂ, ਜੋ ਰਹਿਬਰ ਦੋ ਜਹਾਨ ਅਖਵਾਈਆ । ਉਸੇ ਦੇ ਗੁਣ ਗਾਵਾਂ, ਗਾ ਗਾ ਝਟ ਲੰਘਾਈਆ । ਜਿਸ ਨੇ ਜਗਤ ਜਹਾਨ ਸਾਰਾ ਕਰ ਦੇਣਾ ਨਿਥਾਵਾਂ, ਧਰਨੀ ਉਤੇ ਰਾਜਿਆਂ ਰਾਣਿਆਂ ਖ਼ਾਕ ਮਿਲਾਈਆ । ਕਿਸੇ ਦਾ ਬਲ ਰਹਿਣ ਨਹੀਂ ਦੇਣਾ ਵਿਚ ਬਾਹਵਾਂ, ਬਾਹੂ ਬਲ ਸਾਰੇ ਦੇਣੇ ਮਿਟਾਈਆ । ਮੈਂ ਅੱਜ ਖ਼ੁਸ਼ੀਆਂ ਨਾਲ, ਪਹਿਲੀ ਚੇਤ ਕਹੇ, ਜਨ ਭਗਤੋ ਤੁਹਾਨੂੰ ਸੰਦੇਸ਼ਾ ਸੁਣਾਵਾਂ, ਧੁਰ ਦਾ ਹੁਕਮ ਦ੍ਰਿੜਾਈਆ । ਨਾਤਾ ਜੁੜਿਆ ਨਹੀਂ ਰਹਿਣਾ ਪੁੱਤਰਾਂ ਮਾਵਾਂ, ਭੈਣਾਂ ਭਾਈ ਜਾਣੇ ਤਜਾਈਆ । ਸਾਧਾਂ ਸੰਤਾਂ ਕਿਸੇ ਦੇ ਸਿਰ ਤੇ ਨਹੀਂ ਦੇਣੀਆਂ ਠੰਡੀਆਂ ਛਾਵਾਂ, ਸਿਰ ਹੱਥ ਨਾ ਕੋਇ ਰਖਾਈਆ । ਚੇਤ ਕਹੇ ਓਏ, ਦੁਨੀਆ ਵਾਲਿਓ, ਮੈਂ ਕੂਕਾਂ ਤੇ ਕੁਰਲਾਵਾਂ, ਕੂਕ ਕੂਕ ਸੁਣਾਈਆ । ਇਕੋ ਪਰਮ ਪੁਰਖ ਪਰਮਾਤਮ ਜਿਸ ਦਾ ਤਰਾਜ਼ੂ ਸਭ ਦੇ ਵਾਸਤੇ ਸਾਂਵਾਂ, ਝੂਠੀ ਵੰਡ ਨਾ ਕੋਇ ਵੰਡਾਈਆ । ਮੇਰਾ ਦਿਲ ਕਰਦਾ ਓ ਤੁਸੀਂ ਦੋ ਇਕ ਦੀ ਧਾਰ, ਜਨ ਭਗਤੋ ਤੁਸੀਂ ਸਰਗੁਣ ਜੋਤ ਸਰੂਪੀ ਤੁਹਾਡਾ ਇਕ ਨਿਰੰਕਾਰ, ਨਿਰਗੁਣ ਨਿਰਵੈਰ ਨਜ਼ਰੀ ਆਈਆ । ਜੇ ਉਸ ਦੇ ਨਾਲ ਪ੍ਰੇਮ ਨਾਲ ਪ੍ਰੇਮ ਦਾ ਕਰੋ ਪਿਆਰ, ਦੂਜਾ ਵਣਜ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਚ ਨਾਲ ਲੇਖਾ ਪੂਰ ਕਰਾਈਆ । ਚੇਤ ਕਹੇ ਮੇਰੀ ਡੰਡਾਵਤ ਇਕੋ ਬੰਦਨਾ, ਹਰਿ ਸਤਿਗੁਰ ਬੇਪਰਵਾਹ । ਜਿਸ ਦਾ ਆਦਿ ਅੰਤ ਇਕ ਅਨੰਦਨਾ, ਸੁਖ ਸਾਗਰ ਅਗੰਮ ਅਥਾਹ । ਜੋ ਨੂਰ ਨੁਰਾਨਾ ਦੋ ਜਹਾਨਾ ਚੰਦਨਾ, ਜੋਤੀ ਜਾਤਾ ਨੂਰ ਕਰੇ ਰੁਸ਼ਨਾ । ਸਚ ਸਵਾਮੀ ਬਣੇ ਸਜਣਾ, ਮਾਲਕ ਖ਼ਾਲਕ ਇਕ ਅਲਾਹ । ਜਿਸ ਦੀ ਧੂੜ ਕਰਨਾ ਮਜਨਾ, ਦੁਰਮਤ ਮੈਲ ਦਏ ਗਵਾ । ਉਸ ਦਾ ਦਰਸ਼ਨ ਕਰ ਕਰ ਰੱਜਣਾ, ਨਿਜ ਨੇਤਰ ਲੋਚਣ ਨੈਣ ਅੱਖ ਖੁਲ੍ਹਾ । ਜਿਸ ਝਗੜਾ ਮੇਟਣਾ ਕਾਇਆ ਮਾਟੀ ਬਦਨਾ, ਤਤਵ ਤਤ ਦਾ ਡੇਰਾ ਢਾਹ । ਜਿਸ ਦਾ ਇਕੋ ਦੀਪਕ ਜੋਤੀ ਜਗਣਾ, ਅੰਧ ਅੰਧੇਰਾ ਦਏ ਮਿਟਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾ । ਸਚ ਦਾ ਮਾਲਕ ਇਕ ਅਖਵਾਉਂਦਾ ਏ । ਦੀਨ ਦਿਆਲਾ ਦਇਆ ਕਮਾਉਂਦਾ ਏ । ਜੁਗ ਜੁਗ ਆਪਣਾ ਵੇਸ ਵਟਾਉਂਦਾ ਏ । ਜੋਤੀ ਜਾਤਾ ਆਪ ਅਖਵਾਉਂਦਾ ਏ । ਸ਼ਬਦੀ ਨਾਤਾ ਜੋੜ ਜੜਾਉਂਦਾ ਏ ।

ਪੁਰਖ ਬਿਧਾਤਾ ਆਪਣਾ ਹੁਕਮ ਵਰਤਾਉਂਦਾ ਏ । ਜਿਸ ਦਾ ਸਭ ਨੇ ਮੰਨਿਆ ਆਖਾ, ਸਿਰ ਅੱਗੇ ਨਾ ਕੋਇ ਉਠਾਉਂਦਾ ਏ । ਉਹ ਕਲਜੁਗ ਮੇਟੇ ਅੰਧੇਰੀ ਰਾਤਾ, ਰੁਤੜੀ ਆਪਣੀ ਇਕ ਮਹਿਕਾਉਂਦਾ ਏ । ਝਗੜੇ ਮੇਟੇ ਜ਼ਾਤਾਂ ਪਾਤਾਂ, ਆਤਮ ਬ੍ਰਹਮ ਇਕ ਸਮਝਾਉਂਦਾ ਏ । ਸਾਚੇ ਮੰਡਲ ਪਾਵੇ ਰਾਸਾਂ, ਗੋਪੀ ਕਾਹਨ ਸੁਰਤੀ ਸ਼ਬਦ ਨਚਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਉਂਦਾ ਏ । ਸਚ ਦਾ ਭੇਵ ਆਪ ਚੁਕਾਵੇਗਾ । ਦੀਨ ਦਿਆਲ ਖੇਲ ਖਿਲਾਵੇਗਾ । ਸੰਤ ਸੁਹੇਲੇ ਮੇਲ ਮਿਲਾਵੇਗਾ । ਬਿਨ ਤੇਲ ਬਾਤੀ ਜੋਤ ਜਗਾਵੇਗਾ । ਅੰਮ੍ਰਿਤ ਬੂੰਦ ਸਵਾਂਤੀ, ਨਿਜਰ ਝਿਰਨਾ ਆਪ ਝਿਰਾਵੇਗਾ । ਸ਼ਬਦ ਧੁੰਨ ਸੁਣਾਏ ਅਨਾਦੀ, ਅਨਹਦ ਨਾਦ ਵਜਾਏਗਾ । ਅੰਧੇਰਾ ਮੇਟ ਅੰਦਰੋਂ ਰੈਣ ਰਾਤੀ, ਨੂਰੀ ਚੰਦ ਇਕ ਚਮਕਾਵੇਗਾ । ਆਤਮ ਪਰਮਾਤਮ ਬਣਾ ਕੇ ਸਾਥੀ, ਸਗਲਾ ਸੰਗ ਨਿਭਾਵੇਗਾ । ਲੇਖੇ ਲਾ ਕੇ ਮਾਨਸ ਜਨਮ ਲੋਕਮਾਤੀ, ਜਨਮ ਜਨਮ ਦਾ ਗੇੜ ਮਿਟਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਆਪਣਾ ਇਕ ਵਖਾਵੇਗਾ । ਗ੍ਰਿਹ ਆਪਣਾ ਇਕ ਸੁਹਾਏਗਾ । ਨਿਰਗੁਣ ਨੂਰ ਜੋਤ ਰੁਸ਼ਨਾਏਗਾ । ਸਚ ਦਵਾਰ ਬੰਕ ਵਡਿਆਏਗਾ । ਪਰਵਰਦਿਗਾਰ ਸੋਭਾ ਪਾਏਗਾ । ਬਰਖ਼ੁਰਦਾਰ ਸੂਫ਼ੀ ਫ਼ਕੀਰ ਆਪ ਉਠਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਏਗਾ । ਚੇਤ ਕਹੇ ਜਨ ਭਗਤੋ ਮੇਰੀ ਇਕ ਅਰਦਾਸ, ਬਿਨੈ ਬੇਨੰਤੀ ਦਿਆਂ ਜਣਾਈਆ । ਤੁਹਾਡਾ ਮੰਡਲ ਤੁਹਾਡੀ ਰਾਸ,
੧੮੨੫ ਤੁਹਾਡਾ ਕਾਹਨ ਤੁਹਾਡਾ ਰੂਪ ਗੋਪੀ ਸੋਭਾ ਪਾਈਆ । ਤੁਹਾਡਾ ਖੇਲ ਤੁਹਾਡਾ ਤਮਾਸ਼, ਤਮਾਸ਼ਬੀਨ ਤੁਹਾਡਾ ਮਾਲਕ ਧੁਰਦਰਗਾਹੀਆ । ਤੁਹਾਡਾ ੧੮੨੫
੨੨ ਨੂਰ ਤੁਹਾਡੀ ਜੋਤ ਪ੍ਰਕਾਸ਼, ਦੀਪਕ ਤੁਹਾਡਾ ਕਰੇ ਰੁਸ਼ਨਾਈਆ । ਉਹ ਵੇਖੋ ਸ਼ੰਕਰ ਭੱਜਾ ਆਉਂਦਾ ਉਤੋਂ ਕੈਲਾਸ਼, ਸਾਥੀ ਸੰਗ ਨਾ ਕੋਇ ਬਣਾਈਆ । ੨੨
ਬ੍ਰਹਮਾ ਪੁੱਜ ਗਿਆ ਬਿਨਾ ਲਾਸ਼, ਤਨ ਵਜੂਦ ਨਾ ਵੰਡ ਵੰਡਾਈਆ । ਵਿਸ਼ਨੂੰ ਤੁਹਾਡੇ ਖੜਾ ਪਾਸ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਸੰਸਾਰੀ ਭੰਡਾਰੀ ਸੰਘਾਰੀ ਤਿੰਨੇ ਕਹਿਣ ਇਹ ਖੇਲ ਕਰੇ ਪ੍ਰਭ ਆਪ, ਆਪ ਆਪਣੀ ਦਇਆ ਕਮਾਈਆ । ਜਿਸ ਨੇ ਆਦਿ ਦਾ ਆਦਿ ਤੂੰ ਮੇਰਾ ਮੈਂ ਤੇਰਾ ਦੱਸਿਆ ਜਾਪ, ਸੋ ਕਲਜੁਗ ਦੇ ਅੰਤ ਨਿਰਗੁਣ ਨਿਰਗੁਣ ਮੇਲਾ ਲਏ ਮਿਲਾਈਆ । ਸਚ ਦਵਾਰ ਦਾ ਖੋਲ੍ਹ ਕੇ ਤਾਕ, ਪੜਦਾ ਕੂੜ ਦਾ ਦਿਤਾ ਉਠਾਈਆ । ਸਭ ਦਾ ਪੂਰਾ ਕਰੇ ਭਵਿਖਤ ਵਾਕ, ਪੇਸ਼ੀਨਗੋਈਆਂ ਆਪਣੇ ਵਿਚ ਸਮਾਈਆ । ਆਪ ਚੜ੍ਹ ਕੇ ਸ਼ਬਦ ਘੋੜੇ ਅਗੰਮੀ ਰਾਕ, ਦੋ ਜਹਾਨਾਂ ਭੱਜਿਆ ਵਾਹੋ ਦਾਹੀਆ । ਪਹਿਲੀ ਚੇਤ ਕਹੇ ਗੁਰਮੁਖੋ ਤੁਹਾਡੇ ਨਾਲ ਮਿਲਣ ਦਾ ਹੋ ਗਿਆ ਇਤਫ਼ਾਕ, ਇਤਫ਼ਾਕੀਆ ਮੇਲਾ ਮੇਲਿਆ ਸਹਿਜ ਸੁਭਾਈਆ । ਤੁਹਾਡਾ ਦੀਨ ਮਜ਼੍ਹਬ ਦਾ ਰਹੇ ਨਾ ਕੋਇ ਨਿਫ਼ਾਕ, ਝਗੜਾ ਅੰਦਰੋਂ ਦੇਣਾ ਕਢਾਈਆ । ਤੁਹਾਡਾ ਆਤਮਾ ਸਦਾ ਪਾਕ, ਪਤਿਤ ਰੂਪ ਨਾ ਕੋਇ ਜਣਾਈਆ । ਤੁਹਾਡਾ ਓਸ ਪਰਮ ਪੁਰਖ ਨਾਲ ਸਾਕ, ਜਿਸ ਦਾ ਨਾਤਾ ਨਾ ਕੋਇ ਤੁੜਾਈਆ । ਜਿਨ੍ਹਾਂ ਨੇ ਅੱਜ ਦੀ ਰੈਣ, ਪਹਿਲੀ ਚੇਤ ਕਹੇ, ਮੇਰੇ ਸਾਹਿਬ ਦਾ ਸੁਣਿਆ ਵਾਕ, ਜੋ ਸ਼ਬਦੀ ਸ਼ਬਦ ਸ਼ਬਦ ਸਤਿਗੁਰ ਰਿਹਾ ਜਣਾਈਆ । ਉਹਨਾਂ ਦਾ ਜਨਮ ਮਰਨ ਦਾ ਲਹਿਣਾ ਦੇਣਾ ਪਿਛਲਾ ਹੋਇਆ ਬੇਬਾਕ, ਅੱਗੇ ਰਾਏ ਧਰਮ ਨਾ ਦਏ ਸਜ਼ਾਈਆ । ਸਭ ਦਾ ਚੁਰਾਸੀ ਦਾ ਗੇੜਾ ਹੋਇਆ ਸਾਫ਼, ਪਿਛਲਾ ਕੁਕਰਮ ਹੋਇਆ ਮੁਆਫ਼, ਜਨਮ ਦਾ ਝਗੜਾ ਰਹੇ ਨਾ ਰਾਈਆ । ਤੁਹਾਡੀ ਆਤਮਾ ਪਰਮਾਤਮਾ ਦੀ ਜ਼ਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਹਿੰਦੂ ਮੁਸਲਿਮ ਸਿੱਖ ਈਸਾਈ ਦਰਗਾਹ

ਸਾਚੀ ਵੰਡ ਨਾ ਕੋਇ ਵੰਡਾਈਆ । ਮੇਰੀ ਇਕੋ ਪੂਰੀ ਕਰਨੀ ਆਸ, ਆਸਾਵੰਦ ਹੋ ਕੇ ਪਹਿਲੀ ਚੇਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਜਨ ਭਗਤੋ ਕੀ ਆਸਾ ਰੱਖੀ ਬ੍ਰਹਮਾ, ਆਦਿ ਬ੍ਰਹਮ ਧਿਆਨ ਲਗਾਈਆ । ਬਿਨਾ ਪ੍ਰਭੂ ਤੋਂ ਸੁਖ ਮਿਲੇ ਨਾ ਅਨੰਦ ਪਰਮਾ, ਪਰਮਾਨੰਦ ਵਿਚ ਨਾ ਕੋਇ ਸਮਾਈਆ । ਚੁਰਾਸੀ ਲੇਖੇ ਨਾ ਲੱਗੇ ਜਰਮਾ, ਜਨਮ ਜਨਮ ਦਾ ਗੇੜ ਨਾ ਕੋਇ ਮਿਟਾਈਆ । ਹੱਸ ਕੇ ਚਾਰ ਮੁਖ ਦਾ ਬਕਤਾ ਕਹੇ ਮੈਨੂੰ ਉਸ ਦੀ ਸਰਨਾ, ਸਰਨਗਤ ਇਕ ਅਖਵਾਈਆ । ਜਿਸ ਨੇ ਨੌ ਸੌ ਚੁਰਾਨਮੇ ਚੌਕੜੀ ਜੁਗ ਖੇਲ ਕਰਨਾ, ਅਵਤਾਰ ਪੈਗ਼ੰਬਰ ਗੁਰੂਆਂ ਦੇਵੇ ਮਾਣ ਵਡਿਆਈਆ । ਅੰਤਮ ਨਿਰਗੁਣ ਧਾਰ ਆਪਣਾ ਰੂਪ ਧਰਨਾ, ਜੋਤੀ ਜੋਤ ਕਰੇ ਰੁਸ਼ਨਾਈਆ । ਭਗਤ ਸੁਹੇਲੇ ਚਾਰ ਜੁਗ ਦੇ ਵਿਛੜੇ ਵਰਨਾ, ਵਰਨ ਗੋਤ ਦਾ ਡੇਰਾ ਢਾਹੀਆ । ਸਤਿਜੁਗ ਦੀ ਰੀਤੀ ਵਾਸਤੇ ਇੱਕੀ ਉਹਨਾਂ ਤੋਂ ਕਰਾਉਣੀਆਂ ਪਰਕਰਮਾ, ਸੱਜੇ ਹੱਥ ਭਵਾਈਆ । ਅੱਗੇ ਮਾਨਸ ਜ਼ਾਤੀ ਦਾ ਇਕੋ ਹੋਣਾ ਧਰਮਾ, ਦੂਜੀ ਸ਼ਰਅ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਸਚ ਦੀ ਖੇਲ ਆਪ ਖਿਲਾਈਆ । ਪਹਿਲੀ ਚੇਤ ਕਹੇ, ਜਨ ਭਗਤੋ, ਲਓ ਪਰਦੱਖਣਾ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਕਿਰਪਾ ਕਰੇ ਅਲਖ ਅਲੱਖਣਾ, ਹਰਿ ਵਡਾ ਵਡ ਵਡਿਆਈਆ । ਹਰਿਜਨ ਰਹੇ ਕੋਇ ਨਾ ਸੱਖਣਾ, ਖ਼ਾਲੀ ਭੰਡਾਰੇ ਦੇਣੇ ਭਰਾਈਆ । ਧੁਰ ਦੇ ਨਾਮ ਵਿਚ ਰੱਤਣਾ, ਰੰਗਣ ਇਕੋ ਇਕ ਚੜ੍ਹਾਈਆ । ਧਰਮ ਦੀ ਧਾਰ ਮਾਰਗ ਦੱਸਣਾ, ਦਹਿ ਦਿਸ਼ਾ ਆਪ ਸਮਝਾਈਆ । ਕਲਜੁਗ ਮੇਟੇ ਅੰਧੇਰੀ ਮੱਸਣਾ, ਸਤਿਜੁਗ ਸਚ ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਲੇਖਾ ਤਕਣਾ ਮੁਹੰਮਦ ਅਜ਼ੀਜ਼, ਆਜਜ਼ਾਂ ਧਿਆਨ ਲਗਾਈਆ । ਕਾਲਾ ਚਿੱਟਾ ਪਹਿਨ ਕਮੀਜ਼, ਕਲਜੁਗ ਸਤਿਜੁਗ ਵੇਸ ਵਟਾਈਆ । ਸਦੀ ਚੌਧਵੀਂ ਪੂਰੀ ਕਰਨੀ ਰੀਝ, ਪੂਰਬ ਤ੍ਰਿਖਾ ਦਏ ਮਿਟਾਈਆ । ਧਰਮ ਦੀ ਧਾਰ ਕਰ ਕੇ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪਣੇ ਹੱਥ ਰਖਾਈਆ । ਸਤਿਗੁਰ ਸ਼ਬਦ ਕਹੇ ਨੀਲੀ ਧਾਰ ਦਾ ਅੰਤਰ ਪੜਦਾ, ਬੇਪਰਵਾਹ ਆਪ ਰਖਾਈਆ । ਲੇਖਾ ਜਾਣ ਚੋਟੀ ਜੜ੍ਹ ਦਾ, ਜੜ੍ਹ ਚੇਤਨ ਪੜਦਾ ਲਾਹੀਆ । ਲੇਖਾ ਰਹੇ ਨਾ ਸੀਸ ਧੜ ਦਾ, ਧੜ ਸੀਸ ਨਾ ਵੰਡ ਵੰਡਾਈਆ । ਸਦੀ ਚੌਧਵੀਂ ਆਪਣੀ ਮਰਜ਼ੀ ਕਰਦਾ, ਮਰੀਜ਼ ਵੇਖੇ ਖ਼ਲਕ ਖ਼ੁਦਾਈਆ । ਜਿਸ ਦਾ ਮੁਹੰਮਦ ਬਣਿਆ ਬਰਦਾ, ਬਰਖ਼ੁਰਦਾਰ ਹੋ ਕੇ ਸੇਵ ਕਮਾਈਆ । ਉਹ ਲੇਖਾ ਜਾਣੇ ਚੌਦਾਂ ਤਬਕ ਘਰ ਦਾ, ਗ੍ਰਿਹ ਮੰਦਰ ਕੁੰਡਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਮੇਰੀ ਏਕਾ ਖ਼ਬਰ ਅਜੀਬ, ਅਜਬ ਦਿਆਂ ਜਣਾਈਆ । ਪਰਮ ਪੁਰਖ ਦੇਣ ਵਾਲਾ ਤਰਤੀਬ, ਤਰੀਕਾ ਆਪਣੇ ਹੱਥ ਰਖਾਈਆ । ਕਿਰਪਾ ਕਰੇ ਗ਼ਰੀਬ ਨਿਵਾਜ ਗ਼ਰੀਬ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਜਿਸ ਦਾ ਵਕਤ ਪਹੁੰਚਿਆਂ ਕਰੀਬ, ਪਿਛਲਾ ਪਿਛਲਾ ਪੰਧ ਮੁਕਾਈਆ । ਸਾਚਾ ਦੱਸੇ ਕਲਮਾ ਨਾਮ ਹਦੀਸ, ਹਜ਼ਰਤਾਂ ਤੋਂ ਬਾਹਰ ਪੜ੍ਹਾਈਆ । ਜਿਸ ਜਨ ਭਗਤਾਂ ਆਸਾ ਮਨਸਾ ਪੂਰੀ ਕਰਨੀ ਰੀਝ, ਤਮੰਨਾ ਅਵਤਾਰ ਪੈਗ਼ੰਬਰ ਗੁਰੂਆਂ

ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਰੰਗ ਆਪ ਰੰਗਾਈਆ । ਰੰਗ ਕਹੇ ਮੈਂ ਜਨ ਭਗਤਾਂ ਮਸਤਕ ਲੱਗਾ, ਜੋਤ ਨੂਰ ਜਣਾਈਆ । ਸਭ ਦਾ ਸਵਾਰਨਾ ਅੱਗਾ, ਅਗਲੀ ਗੰਢ ਪਵਾਈਆ । ਵਾਸਨਾ ਰਹਿਣ ਨਾ ਦੇਵੇ ਕੱਗਾ, ਹੰਸ ਹੰਸਾ ਰੰਗ ਚੜ੍ਹਾਈਆ । ਦੇਵੇ ਦਰਸ ਉਪਰ ਸ਼ਾਹਰਗਾ, ਸ਼ਹਿਨਸ਼ਾਹ ਆਪਣਾ ਪੜਦਾ ਲਾਹੀਆ । ਤ੍ਰੈਗੁਣ ਕੂੜ ਬੁਝਾਏ ਅੱਗਾ, ਅਗਨੀ ਤਤ ਗਵਾਈਆ । ਸਚ ਦਵਾਰ ਬਖ਼ਸ਼ੇ ਜਗਹ, ਧਾਮ ਇਕੋ ਇਕ ਵਡਿਆਈਆ । ਜਿਨ੍ਹਾਂ ਭਗਤਾਂ ਪ੍ਰੇਮ ਪ੍ਰਭੂ ਨਾਲ ਲੱਗਾ, ਲਗ ਮਾਤਰ ਰਹਿਣ ਕੋਇ ਨਾ ਪਾਈਆ । ਕਿਰਪਾ ਕਰੇ ਪਰਮ ਪੁਰਖ ਸਿੰਘ ਸ਼ੇਰ ਬੱਗਾ, ਬਗ਼ਲਗੀਰ ਆਪ ਹੋ ਜਾਈਆ । ਜਿਸ ਨੇ ਭਗਤ ਜਗਤ ਆਣ ਕੇ ਲੱਭਾ, ਖੋਜਿਆ ਥਾਉਂ ਥਾਈਂਆ । ਸਭ ਦੀ ਇਕੋ ਲਗਾ ਕੇ ਸਭਾ, ਸੁਬਹ ਸ਼ਾਮ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਹੁਕਮ ਸੁਣਾਏ ਧੁਰ ਦੀ ਸਦਾ, ਨਾਮ ਕਲਮਾ ਕਲਮਾ ਨਾਮ ਇਕ ਜਣਾਈਆ ।

### ✪ ੨ ਚੇਤ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਸਵੇਰੇ ਊਧਮ ਸਿੰਘ ਜਲਾਲਾਬਾਦ ਲਾਲ ਸਿੰਘ ਹੇਰਾਂ ਦੇ ਪਰਸ਼ਾਦ ਕਰਾਉਣ ਤੇ ✪



ਸਚਖੰਡ ਕਹੇ ਪ੍ਰਭੂ ਮੈਂ ਤੇਰਾ ਧਾਮ ਸੱਚਾ, ਆਦਿ ਅੰਤ ਸਤਿ ਸਚ ਤੇਰੀ ਸਰਨਾਈਆ । ਤੇਰਾ ਨੂਰ ਜੋਤ ਧਾਰ ਮੇਰਾ ਪ੍ਰੇਮ ਰਤਾ, ਰੰਗ ਅਗੰਮ ਅਥਾਹ ਬੇਪਰਵਾਹੀਆ । ਜਿਸ ਦਾ ਅਵਤਾਰ ਪੈਗ਼ੰਬਰ ਗੁਰੂਆਂ ਦਿਤਾ ਪਤਾ, ਅੱਖਰਾਂ ਵਾਲੀ ਕਰ ਕਰ ਸਿਫ਼ਤ ਸਾਲਾਹੀਆ । ਮਿਹਰਵਾਨ ਮਹਿਬੂਬ ਤੇਰਾ ਗ੍ਰਿਹ ਇਕੋ ਯਥਾਰਥ ਯਥਾ, ਦੂਜਾ ਨਜ਼ਰ ਕੋਇ ਨਾ ਆਈਆ । ਜਿਥੇ ਸਿਫ਼ਤਾਂ ਵਾਲੀ ਨਹੀਂ ਕੋਈ ਕਥਾ, ਅੱਖਰਾਂ ਰਾਗ ਨਾ ਕੋਇ ਸੁਣਾਈਆ । ਸਾਚੇ ਗ੍ਰਿਹ ਤੇਰਾ ਇਕੋ ਇਕ ਸ਼ਬਦ ਦੁਲਾਰਾ ਬੱਚਾ, ਦੂਲ੍ਹਾ ਤੇਰਾ ਨਜ਼ਰੀ ਆਈਆ । ਜਿਸ ਖੇਲ ਖਿਲਾਇਆ ਲੱਖ ਚੁਰਾਸੀ ਕਾਇਆ ਭਾਂਡਾ ਕੱਚਾ, ਪੰਜ ਤਤ ਤਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਸਚਖੰਡ ਕਹੇ ਪ੍ਰਭੂ ਮੈਂ ਤੇਰਾ ਇਕ ਦਵਾਰਾ, ਛੱਪਰ ਛੰਨ ਨਾ ਕੋਇ ਬਣਾਈਆ । ਜ਼ਿਮੀਂ ਅਸਮਾਨ ਨਾ ਕੋਇ ਸਹਾਰਾ, ਮੰਡਲਾਂ ਵੰਡ ਨਾ ਕੋਇ ਵੰਡਾਈਆ । ਸੂਰੀਆ ਚੰਦ ਨਾ ਕੋਇ ਸਿਤਾਰਾ, ਸਤਹ ਬੁਲੰਦੀ ਨਾ ਕੋਇ ਸਮਝਾਈਆ । ਅੰਤ ਪਾਏ ਨਾ ਕੋਇ ਗੁਰ ਅਵਤਾਰਾ, ਵਿਸ਼ਨ ਬ੍ਰਹਮਾ ਸ਼ਿਵ ਕਹਿਣ ਕਿਛ ਨਾ ਪਾਈਆ । ਤੇਰਾ ਰੂਪ ਇਕ ਅਪਾਰਾ, ਅਪਰੰਪਰ ਤੇਰੀ ਵਡ ਵਡਿਆਈਆ । ਤੇਰਾ ਨੂਰ ਜੋਤ ਉਜਿਆਰਾ, ਜੋਤੀ ਜਾਤੇ ਡਗਮਗਾਈਆ । ਤੇਰੇ ਹੁਕਮ ਦਾ ਸੁਣਦਾ ਰਿਹਾ ਇਸ਼ਾਰਾ, ਜੋ ਸ਼ਹਿਨਸ਼ਾਹ ਅਗੰਮ ਦ੍ਰਿੜਾਈਆ । ਲੋਕਮਾਤ ਦੇਂਦਾ ਰਿਹਾ ਅਧਾਰਾ, ਉਦਰ ਵਿਚ ਹੋਏ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਸਚਖੰਡ ਕਹੇ ਮੈਂ ਤੇਰਾ ਸਦ ਸਚ ਅਸਥਾਨ, ਭੂਮਿਕਾ ਨਜ਼ਰ ਕੋਇ ਨਾ ਆਈਆ । ਜਿਥੇ ਰਾਸ ਪਾਏ ਨਾ ਕੋਇ ਗੋਪੀਆਂ ਵਾਲਾ ਕਾਹਨ, ਸੀਤਾ ਰਾਮ ਵੰਡ ਨਾ ਕੋਇ ਵੰਡਾਈਆ ।

ਕਲਮਾ ਦੱਸੇ ਨਾ ਕੋਇ ਪੈਗ਼ਾਮ, ਸ਼ਰਅ ਸ਼ਰੀਅਤ ਨਾ ਕੋਇ ਰਖਾਈਆ । ਫੁਰਨਾ ਫੁਰੇ ਨਾ ਕੋਇ ਸਤਿਨਾਮ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਤਨ ਵਜੂਦ ਨਾ ਕੋਇ ਨਿਸ਼ਾਨ, ਗੁਰੂ ਗੁਰਦੇਵ ਨਾ ਕੋਇ ਅਖਵਾਈਆ । ਬ੍ਰਹਮਾ ਕਰੇ ਨਾ ਕੋਇ ਧਿਆਨ, ਆਤਮ ਰੰਗ ਨਾ ਕੋਇ ਰੰਗਾਈਆ । ਇਕੋ ਤੇਰਾ ਨੂਰ ਮਹਾਨ, ਜੋਤੀ ਜਾਤੇ ਸੋਭਾ ਪਾਈਆ । ਤੇਰਾ ਮੰਦਰ ਤੇਰਾ ਗ੍ਰਿਹ ਤੇਰਾ ਘਰ ਸ੍ਰੀ ਭਗਵਾਨ, ਭਗਵਨ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਇਕੋ ਭਾਈਆ । ਸਚਖੰਡ ਕਹੇ ਪ੍ਰਭੂ ਮੈਂ ਤੇਰਾ ਘਰ ਸੁਹੰਜਣਾ, ਗਹਿਰ ਗੰਭੀਰ ਇਕੋ ਨਜ਼ਰੀ ਆਈਆ । ਇਕੋ ਧੂੜੀ ਕਰਾਂ ਮਜਨਾ, ਇਸ਼ਨਾਨ ਇਕੋ ਸੋਭਾ ਪਾਈਆ । ਮੈਂ ਹੈਰਾਨ ਤੂੰ ਨਿਰਗੁਣ ਧਾਰ ਸਰਗੁਣ ਲੋਕਮਾਤ ਵੰਞਣਾ, ਵੰਝ ਮੁਹਾਣਾ ਨਜ਼ਰ ਕੋਇ ਨਾ ਆਈਆ । ਦਾਤਾ ਬਣੇ ਦਰਦ ਦੁੱਖ ਭੈ ਭੰਜਣਾ, ਪਰਮ ਪੁਰਖ ਆਪਣੇ ਹੱਥ ਰੱਖੇ ਵਡਿਆਈਆ । ਦੇਵੇ ਨਾਮ ਸ਼ਬਦ ਸਚ ਅਨੰਦਨਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਜੋ ਘੱਲਿਆ ਸੋ ਉਸ ਨੂੰ ਸੱਦਣਾ, ਸੱਦਾ ਦੇਵੇ ਬਿਨ ਅੱਖਰਾਂ ਹੁਕਮ ਦ੍ਰਿੜਾਈਆ । ਜੁਗ ਜੁਗ ਕੋਟਾਂ ਵਿਚੋਂ ਭਗਤ ਸੁਹੇਲਾ ਤੇਰੇ ਚਰਨ ਲੱਗਣਾ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦਾ ਪਿਆਰ ਨਗਾਰਾ ਮੇਰੇ ਗ੍ਰਿਹ ਵੱਜਣਾ, ਸਦ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਸਚਖੰਡ ਕਹੇ ਪ੍ਰਭੂ ਤੇਰਾ ਹੁਕਮ ਅਗੰਮ ਅਪਾਰਾ, ਜੁਗ ਜੁਗ ਵੇਖ ਵਖਾਈਆ । ਜਨ ਭਗਤਾਂ ਦਏ ਸਹਾਰਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਨੂਰ ਕਰੇ ਉਜਿਆਰਾ, ਆਤਮ ਪੰਜ ਤਤ ਟਿਕਾਈਆ । ਸ਼ਬਦ ਨਾਦ ਦੇ ਧੁਨਕਾਰਾ, ਸੰਦੇਸ਼ਾ ਇਕ ਦ੍ਰਿੜਾਈਆ । ਜਿਨ੍ਹਾਂ ਦੇ ਅੰਤਰ ਨਿਰੰਤਰ ਤੇਰਾ ਹੱਕ ਦਾ ਹੋਏ ਜੈਕਾਰਾ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਸੋ ਸਾਹਿਬ ਸੁਲਤਾਨ ਤੇਰਾ ਮਾਤ ਬਣੇ ਦੁਲਾਰਾ, ਦੂਲ੍ਹਾ ਹਰਿਜਨ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਚਖੰਡ ਕਹੇ ਪ੍ਰਭੂ ਤੇਰੇ ਭਗਤ ਆਉਂਦੇ ਜਾਂਦੇ, ਜੁਗ ਜੁਗ ਖੇਲ ਖਿਲਾਈਆ । ਮਾਨਸ ਵਿਚੋਂ ਮਾਨਸ ਦੇਹੀ ਪਾਉਂਦੇ, ਚੁਰਾਸੀ ਵਿਚ ਨਾ ਕੋਇ ਭਵਾਈਆ । ਤੇਰੇ ਚਰਨ ਸਰੋਵਰ ਨਹਾਂਦੇ, ਦੁਰਮਤ ਮੈਲ ਰਹੇ ਨਾ ਰਾਈਆ । ਇਕੋ ਤੇਰਾ ਗੀਤ ਗਾਉਂਦੇ, ਆਤਮ ਪਰਮਾਤਮ ਵੱਜੇ ਵਧਾਈਆ । ਸਾਚਾ ਨਾਮ ਪੀਂਦੇ ਖਾਂਦੇ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਗ੍ਰਿਹ ਮੰਦਰ ਬੈਠ ਕੇ ਠਾਂਡੇ, ਅਗਨੀ ਤਤ ਗਵਾਈਆ । ਜਿਨ੍ਹਾਂ ਦਾ ਲੇਖਾ ਜਾਣ ਸਕਣ ਨਾ ਪੰਡਤ ਪਾਂਧੇ, ਪਰਦਾ ਭੇਵ ਨਾ ਕੋਇ ਜਣਾਈਆ । ਉਹ ਦੁਲਾਰੇ ਬਣਦੇ ਜਨਣੀ ਉਸ ਮਾਂ ਦੇ, ਜਿਨ੍ਹਾਂ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਕਹੇ ਮੇਰੇ ਲੇਖੇ ਪੂਰੇ ਕਰਦੇ ਧੁਰ ਦੇ ਥਾਂ ਦੇ, ਸਚ ਥਨੰਤਰ ਵੱਜੇ ਵਧਾਈਆ ।

## ੨ ਚੇਤ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ

ਸਤਿਗੁਰ ਸ਼ਬਦ ਕਹੇ ਮੈਂ ਤੱਕਿਆ ਦੇਸ਼ ਅਨਾਮੀ, ਜਿਥੇ ਨਾਮ ਕਲਮੇ ਦਾ ਨਾਮ ਲੈਣ ਵਾਲਾ ਨਜ਼ਰ ਕੋਇ ਨਾ ਆਈਆ । ਨਾ ਕੋਈ ਧਾਰ

੧੮੨੮
੨੨

ਬੋਲੇ ਨਾਦ ਸ਼ਬਦ ਧੁਨ ਬਾਣੀ, ਅਵਾਜ਼ ਰਾਜ਼ ਨਾ ਕੋਇ ਖੁਲ੍ਹਾਈਆ । ਨਾ ਕੋਈ ਅੰਮ੍ਰਿਤ ਰਸ ਹਯਾਤੇ ਆਬ ਦਿਸੇ ਪਾਣੀ, ਸਾਂਤਕ ਸਤਿ ਨਾ ਕੋਇ ਵਰਤਾਈਆ । ਨਾ ਕੋਈ ਚਾਰ ਜੁਗ ਦੀ ਜੋਤ ਅਵਤਾਰ ਪੈਗ਼ੰਬਰ ਗੁਰੂਆਂ ਦਿਸੇ ਨੂਰਾਨੀ, ਆਪਣਾ ਆਪਣਾ ਦੀਪਕ ਨਾ ਕੋਇ ਡਗਮਗਾਈਆ । ਨਾ ਕੋਈ ਸ਼ਹਿਨਸ਼ਾਹ ਨਾ ਕੋਈ ਰਈਅਤ ਨਾ ਕੋਈ ਹਕੂਮਤ ਹੁਕਮਰਾਨੀ, ਹਾਕਮ ਲਏ ਨਾ ਕੋਇ ਅੰਗੜਾਈਆ । ਨਾ ਕੋਈ ਦਰਵੇਸ਼ ਦਰ ਦਰਬਾਨੀ, ਸੇਵਕ ਚਾਕਰ ਰੂਪ ਨਾ ਕੋਇ ਦਰਸਾਈਆ । ਓਥੇ ਓਸ ਓਸ ਦੀ ਮਿਹਰਵਾਨੀ, ਜਿਸ ਦੀ ਉਸਤਤ ਸਿਫ਼ਤਾਂ ਨਾਲ ਸਾਲਾਹੀਆ । ਲੇਖਾ ਤਕੇ ਪਰੇ ਦੋ ਜਹਾਨੀ, ਹਿੱਸਾ ਵੰਡ ਨਾ ਕੋਇ ਵੰਡਾਈਆ । ਨਾ ਕੋਈ ਜ਼ਿਮੀਂ ਨਾ ਅਸਮਾਨੀ, ਮੰਡਲ ਨੂਰ ਨਾ ਕੋਇ ਰੁਸ਼ਨਾਈਆ । ਨਾ ਕੋਈ ਨਿਰਗੁਣ ਸਰਗੁਣ ਨਾਤਾ ਜੁੜਿਆ ਵੇਖਿਆ ਬਾਹਮੀ, ਸਾਥੀ ਸੰਗੀ ਸੰਗ ਨਾ ਕੋਇ ਵਖਾਈਆ । ਨਾ ਕੋਈ ਨਗਰ ਖੇੜਾ ਦਿਸੇ ਗਰਾਮੀ, ਗ੍ਰਿਹ ਵੱਜੇ ਨਾ ਕੋਇ ਵਧਾਈਆ । ਜਿਸ ਘਰ ਇਕੋ ਸ਼ਾਹ ਸ਼ਹਾਨੀ, ਸ਼ਹਿਨਸ਼ਾਹ ਨੂਰ ਰਿਹਾ ਰੁਸ਼ਨਾਈਆ । ਉਸ ਦਾ ਭੇਦ ਲਿਖਿਆ ਨਾ ਕਿਸੇ ਕਲਮ ਕਾਨੀ, ਪਰਦਾ ਸਕਿਆ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਦਰ ਇਕ ਸੁਹਾਈਆ । ਸਤਿਗੁਰ ਸ਼ਬਦ ਕਹੇ ਦੇਸ਼ ਅਨਾਮੀ ਜਿਥੇ ਮਿਲੇ ਅਗੰਮ ਅਨਾਮ, ਜਗਤ ਦੇ ਸਿਫ਼ਤਾਂ ਵਾਲੇ ਨਾਮ ਭੇਵ ਕਹਿਣ ਕਿਛ ਨਾ ਪਾਈਆ । ਜਿਸ ਦਾ ਖੇਲ ਖ਼ਲਕ ਤੋਂ ਬਾਹਰ ਤਮਾਮ, ਤਮਾ ਦੀ ਧਾਰ ਵੰਡ ਨਾ ਕੋਇ ਵੰਡਾਈਆ । ਓਥੇ ਤਤਾਂ ਵਾਲਾ ਦਿਸੇ ਕੋਈ ਨਾ ਰਾਮ, ਗੋਪੀਆਂ ਵਾਲਾ ਕਾਹਨ ਵੇਸ ਨਾ ਕੋਇ ਵਟਾਈਆ । ਪੈਗ਼ੰਬਰ ਕਰੇ ਨਾ ਕੋਇ ਸਲਾਮ, ਸੱਜਦਿਆਂ ਵਿਚ ਸੀਸ ਨਾ ਕੋਇ ਨਿਵਾਈਆ । ਫੁਰਨਾ ਮੰਤਰ ਨਹੀਂ ਕੋਈ ਸਤਿਨਾਮ, ਡੰਕਾ ਫ਼ਤਹਿ ਨਾ ਕੋਇ ਸੁਣਾਈਆ । ਨਿਰਗੁਣ ਸਰਗੁਣ ਦਿਸੇ ਨਾ ਕੋਇ ਗ਼ੁਲਾਮ, ਸ਼ਰਅ ਜ਼ੰਜੀਰ ਨਾ ਕੋਇ ਰਖਾਈਆ । ਇਕੋ ਖੇਲ ਖੇਲ ਮਿਹਰਵਾਨ, ਮਿਹਰਵਾਨ ਇਕੋ ਨਜ਼ਰੀ ਆਈਆ । ਜਿਸ ਦੀ ਜੋਤ ਵਿਚ ਆਦਿ ਅੰਤ ਸਾਰੇ ਮਿਲ ਜਾਣ, ਵੱਖਰੀ ਵੰਡ ਨਾ ਕੋਇ ਵੰਡਾਈਆ । ਜਿਸ ਦਾ ਖੇਲ ਵਿਚ ਜਹਾਨ, ਦੋ ਜਹਾਨਾਂ ਪਰੇ ਆਪਣਾ ਹੁਕਮ ਸੁਣਾਈਆ । ਸੋ ਸਚ ਦਵਾਰੇ ਕਰੇ ਆਪ ਆਰਾਮ, ਦੂਸਰ ਹੱਥ ਨਾ ਕਿਸੇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਦੇਸ ਦਾ ਜਾਣੀ ਜਾਣ, ਜਾਨਣਹਾਰ ਇਕੋ ਬੇਪਰਵਾਹੀਆ ।



## ✪ ੧੫ ਚੇਤ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦਵਾਰ ਧੀਰ ਪੁਰ ਦਿੱਲੀ ✪

ਸਤਿਗੁਰ ਸ਼ਬਦ ਕਹੇ ਪ੍ਰਭ ਦੀ ਧਰਮ ਧਾਰ ਦੀ ਚੁਟਕੀ, ਚੁਟਕਲਾ ਦੋ ਜਹਾਨ ਦਏ ਵਖਾਈਆ । ਖੇਲ ਤਕਣੀ ਅਬਿਨਾਸ਼ੀ ਅਚੁਤ ਦੀ, ਚੇਤਰ ਚੇਤਨ ਸਭ ਨੂੰ ਰਿਹਾ ਕਰਾਈਆ । ਫੁੱਲ ਫੁਲਵਾੜੀ ਮੌਲਣੀ ਸਾਚੀ ਰੁਤ ਦੀ, ਰੁਤੜੀ ਆਪਣੇ ਰੰਗ ਰੰਗਾਈਆ । ਰਾਸ ਵਖਾਉਣੀ ਨਿਰਗੁਣ ਸਰਗੁਣ ਸ਼ਬਦੀ ਧਾਰ ਸੁਤ ਦੀ, ਸੁਰਤੀ ਸੋਈ ਸਰਬ ਉਠਾਈਆ । ਜਿਸ ਖੇਲ ਮਿਟਾਉਣੀ ਕਾਇਆ ਮਾਟੀ ਬੁਤ ਦੀ, ਬੁਤਖ਼ਾਨਿਆਂ ਖੋਜ ਖੁਜਾਈਆ । ਧਾਰ ਰਹਿਣ ਨਾ ਦੇਵੇ ਪੜਦੇ ਉਹਲੇ ਲੁਕ ਦੀ, ਲੁਕਮਾਨ ਦਾ ਲੇਖਾ ਵੇਖ ਵਖਾਈਆ । ਜਗਤ ਜਹਾਨ ਚੋਗ ਜਾਏ ਨਿਖੁੱਟਦੀ, ਖ਼ਾਲੀ ਭਾਂਡੇ ਨਾ

੧੮੨੯ ੨੨

ਕੋਇ ਭਰਾਈਆ । ਜਿਸ ਪੂਜਾ ਚੁਕਾਉਣੀ ਰਸਨਾ ਜਿਹਵਾ ਬੁੱਟ ਦੀ, ਬੁੱਲਾਂ ਚਲੇ ਨਾ ਕੋਇ ਚਤੁਰਾਈਆ । ਆਸਾ ਪੂਰ ਕਰਾਉਣੀ ਧਰਨੀ ਧਰਤ ਧਵਲ ਧੁਰ ਦੀ, ਤੁਰਤ ਆਪਣੀ ਕਾਰ ਭੁਗਤਾਈਆ । ਜਿਥੇ ਜੂਠੀ ਸੁੱਟ ਕੇ ਆਉਣੀ ਇਕ ਬੁਰਕੀ, ਬੁਰਕੇ ਸਭ ਦੇ ਦਏ ਉਠਾਈਆ । ਖੇਲ ਵਰਤਣੀ ਪੁਰਖ ਅਕਾਲ ਧੁਰ ਦੀ, ਧੁਰ ਦਾ ਹੁਕਮ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਦਾ ਲੇਖਾ ਅਗੰਮਾ ਭਾਰਤ, ਭਾਰਦਵਾਜ ਸੀਸ ਨਿਵਾਈਆ । ਜਿਸ ਪੂਰੀ ਕਰਨੀ ਗੁਰੂ ਅਵਤਾਰਾਂ ਪੈਗ਼ੰਬਰਾਂ ਇਬਾਰਤ, ਲੇਖਾ ਲੇਖਨੀ ਨਾਲ ਵਡਿਆਈਆ । ਨਿਰਗੁਣ ਸਰਗੁਣ ਕਰਾਉਣਾ ਤੁਆਰਫ਼, ਦੋ ਤਰਫ਼ੀ ਆਪਣਾ ਖੇਲ ਵਖਾਈਆ । ਮਾਣ ਰਹਿਣ ਨਹੀਂ ਦੇਣਾ ਕਿਸੇ ਆਰਫ਼, ਉਲਮਾ ਚਲੇ ਨਾ ਕੋਇ ਚਤੁਰਾਈਆ । ਨਾਮ ਕਲਮੇ ਦੀ ਕਰੇ ਨਾ ਕੋਇ ਸਿਫ਼ਾਰਸ਼ ਸਫ਼ਾਰਤਖਾਨੇ ਜਗਤ ਜਗਿਆਸੂਆਂ ਖੋਜ ਖੁਜਾਈਆ । ਪਰਮ ਪੁਰਖ ਪਰਮਾਤਮ ਧੁਰ ਦੇ ਹੁਕਮ ਦੀ ਬਰਖੇ ਇਕੋ ਬਾਰਸ਼, ਮੇਘਲਾ ਮੇਘ ਅਗੰਮ ਬਰਸਾਈਆ । ਲਹਿਣੇ ਦੇਣੇ ਪੂਰੇ ਕਰਨੇ ਵਿਚ ਫ਼ਾਰਸ, ਫ਼ੈਸਲਾ ਆਪਣਾ ਹੱਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਦਾ ਇਕੋ ਇਕ ਸੁਣਨਾ ਨਗ਼ਮਾ, ਕਲਮਾ ਕਾਇਨਾਤ ਬਾਹਰ ਦ੍ਰਿੜਾਈਆ । ਜਿਸ ਨੂੰ ਮੁਹੰਮਦ ਕਿਹਾ ਮੇਰਾ ਇਲਾਹੀ ਅੱਲਾ ਦੇਵੇ ਤਗ਼ਮਾ, ਤਾਰੀਫ਼ ਸਿਫ਼ਤ ਨਾ ਕੋਇ ਵਡਿਆਈਆ । ਜਿਸ ਦੀ ਧਾਰ ਈਸਾ ਭਰੇ ਮੁਜੱਸਮਾ, ਤਬੱਸਮ ਆਪਣਾ ਖੇਲ ਖਿਲਾਈਆ । ਉਹ ਮਾਲਕ ਪੂਰਬ ਤੋਂ ਆਵੇ ਪੱਛਮਾ, ਪੱਛਮ ਆਪਣਾ ਰੰਗ ਰੰਗਾਈਆ । ਜਿਸ ਦਾ ਸਭ ਨੇ ਨਾਮ ਜਪਣਾ, ਚਾਰ ਕੁੰਟ ਵੱਜੇ ਵਧਾਈਆ । ਉਹ ਲੇਖਾ ਜਾਣੇ ਦੋ ਜਹਾਨ ਪਤਨਾ, ਪਤਣਾਂ ਦਾ ਮਾਲਕ ਨੂਰ ਇਲਾਹੀਆ । ਜਿਸ ਨੇ ਅੰਤਮ ਪੀਰ ਪੈਗ਼ੰਬਰ ਕਰਨਾ ਸੱਖਣਾ, ਸਖ਼ਾਵਤ ਨਜ਼ਰ ਕੋਇ ਨਾ ਆਈਆ । ਫੇਰ ਇਸ਼ਾਰਾ ਕਰਨਾ ਵੱਲ ਦੱਖਣਾ, ਪਹਾੜ ਪਰਬਤ ਅੱਖ ਉਠਾਈਆ । ਜਿਸ ਦੇ ਹੁਕਮ ਵਿਚ ਅਵਤਾਰ ਪੈਗ਼ੰਬਰ ਗੁਰੂ ਨੱਚਣਾ, ਵਿਸ਼ਨ ਬ੍ਰਹਮਾ ਸ਼ਿਵ ਭੱਜਣ ਵਾਹੋ ਦਾਹੀਆ । ਇਕੋ ਦੀਪਕ ਅਗੰਮੀ ਜਗਣਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਦੀ ਚੌਧਵੀਂ ਅੰਤ ਜਿਸ ਨੂੰ ਸਭ ਨੇ ਲੱਭਣਾ, ਖੋਜਣ ਥਾਉਂ ਥਾਈਂਆ । ਜੋਸ਼ ਪਿਆ ਪੰਜ ਤਤ ਸਰੀਰ ਕਾਇਆ ਮਾਟੀ ਬਦਨਾ, ਤਤਵ ਤਤ ਆਪਣੇ ਰੰਗ ਰੰਗਾਈਆ । ਜਿਸ ਲੇਖੇ ਲਾਉਣਾ ਆਅਲਾ ਅਦਨਾ, ਅਦਲ ਆਪਣਾ ਇਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਸਤਿਗੁਰ ਸ਼ਬਦ ਕਹੇ ਖੇਲ ਤਕਣਾ ਬੇਨਜ਼ੀਰ, ਜਗਤ ਨਜ਼ਰੀਆ ਨਜ਼ਰ ਕਿਸੇ ਨਾ ਆਈਆ । ਸ਼ਬਦ ਦੀ ਧਾਰ ਮਾਰ ਕੇ ਆਏ ਲਕੀਰ, ਲਾਈਨ ਆਪਣੀ ਆਪ ਬਣਾਈਆ । ਦਰਸ਼ਨ ਦੇਵੇ ਨਿਰਗੁਣ ਧਾਰ ਨੌਂ ਸੌ ਨੜਿਨਵੇਂ ਫ਼ਕੀਰ, ਖ਼ੁਆਬ ਖ਼ੁਆਬਾਂ ਰੰਗ ਰੰਗਾਈਆ । ਤਤ ਦੀ ਧਾਰ ਜਣਾ ਤਸਵੀਰ, ਤਸੱਵਰ ਆਪਣਾ ਆਪ ਕਰਾਈਆ । ਜਿਨ੍ਹਾਂ ਸਾਢੇ ਤਿੰਨ ਸਾਲ ਰਹਿਣਾ ਦਿਲਗੀਰ, ਦਿਵਸ ਰੈਣ ਅੰਤਰ ਨਿਰੰਤਰ ਭੱਜਣ ਵਾਹੋ ਦਾਹੀਆ । ਸ਼ਬਦੀ ਧਾਰ ਦਸਾਉਣਾ ਕਾਲੀ ਅਲਫ਼ੀ ਵਾਲਾ ਪੀਰ, ਕਫ਼ਨੀ ਕਫ਼ਨਾਂ ਦਾ ਡੇਰਾ ਢਾਹੀਆ । ਜਿਸ ਸ਼ਰਅ ਦਾ ਤੋੜਨਾ ਜ਼ੰਜੀਰ, ਸ਼ਰੀਅਤ ਦਾ ਲੇਖਾ ਦਏ ਮੁਕਾਈਆ । ਜਗਤ ਜਹਾਨ ਨਵੀਂ ਕਰਨੀ ਤਾਮੀਰ, ਮਾਨਵ ਇਕੋ ਗੰਢ ਪਵਾਈਆ । ਚੌਦਾਂ ਤਬਕਾਂ ਤੋਂ ਬਾਹਰ ਜਿਸ ਦੀ ਜਾਗੀਰ, ਚੌਦਾਂ ਲੋਕ ਸੀਸ ਨਿਵਾਈਆ । ਜਿਸ ਦਾ ਲੇਖਾ ਲਹਿਣਾ ਦੇਣਾ ਹੋਣਾ



੧੮੩੦ ੨੨

ਵਿਚ ਕਸ਼ਮੀਰ, ਕੱਛ ਮੱਛ ਦੀ ਆਸ਼ਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਦਰਸ ਤੜਪਦੀ ਭੂਮੀ, ਭੂਮਿਕਾ ਆਪਣਾ ਧਿਆਨ ਲਗਾਈਆ । ਜਿਸ ਦਾ ਲੇਖਾ ਲਾ ਸਕੇ ਨਾ ਕੋਇ ਨਜੂਮੀ, ਨਿਗਾਹ ਵਿਚ ਨਜ਼ਰ ਕਿਸੇ ਨਾ ਆਈਆ । ਉਸ ਦਾ ਲਹਿਣਾ ਦੇਣਾ ਪੂਰਾ ਕਰੇ ਸ਼ਾਹ ਪਾਤਸ਼ਾਹ ਅੰਦਰੂਨੀ, ਬਾਤਨ ਬੈਤੁਲ ਆਪਣਾ ਰੰਗ ਰੰਗਾਈਆ । ਜਿਥੇ ਸ਼ਰਅ ਦੀ ਸ਼ਰਤ ਲਿਖਣੀ ਕਾਨੂੰਨੀ, ਕਾਇਦਾ ਕਰਮ ਕਾਂਡ ਤੋਂ ਬਾਹਰ ਸਮਝਾਈਆ । ਉਹ ਧਾਮ ਜਗਤ ਬੁੱਧੀ ਨਾਮਲੂਮੀ, ਇਸ਼ਾਰਾ ਦੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੇਰੇ ਉਤੇ ਧਰਮ ਦਾ ਦਾਇਰਾ, ਨੁਕਤਾ ਨੂੰਨ ਤੋਂ ਬਾਹਰ ਜਣਾਈਆ । ਜਿਸ ਦਾ ਇਸ਼ਾਰਾ ਦੇਵੇ ਪੈਗ਼ੰਬਰ ਸੁਲੇਮਾਨ ਬਾਹਰ ਕਾਹਿਰਾ, ਨਿਧਾਨਾ ਕਲਮਾ ਨਾਮ ਜਣਾਈਆ । ਜਿਥੇ ਨੂਰ ਅਬਤਰ ਹੋਵੇ ਜ਼ਾਹਿਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਗਤ ਜਹਾਨ ਹੋਵੇ ਬਹਿਰਾ, ਬਹਰਹਾਲ ਸਮਝ ਕੋਇ ਨਾ ਪਾਈਆ । ਜਨ ਭਗਤਾਂ ਲੱਗੇ ਉਤੇ ਪਹਿਰਾ, ਪਹਿਰ ਸਵਾ ਵੰਡ ਵੰਡਾਈਆ । ਜਿਥੇ ਮੁਹੰਮਦ ਦਾ ਬੂਟਾ ਉਗਿਆ ਜਿਸ ਦਾ ਬਣਿਆ ਜ਼ਹਿਰਾ, ਵਿਖ ਆਪਣਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰੇ ਗੰਭੀਰ ਗਹਿਰਾ, ਗਹਿਰ ਗਵਰ
੧੮੩੧ ਆਪਣਾ ਹੁਕਮ ਵਰਤਾਈਆ । ੧੮੩੧

੨੨ ✪ ੧੯ ਚੇਤ ਸ਼ਹਿਨਸ਼ਾਹੀ ਸੰਮਤ ੮ ਗੁਰਮੀਤ ਕੌਰ ਰਾਮਦਵਾਲੀ ਨਵਿਤ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪ ੨੨

ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਅਗੰਮਾ ਦੂਤ, ਦੋ ਜਹਾਨਾਂ ਧੁਰ ਦੀ ਸੇਵ ਕਮਾਈਆ । ਪਰਮ ਪੁਰਖ ਦਾ ਨਾਦ ਅਨਾਦੀ ਸਪੂਤ, ਦੂਸਰ ਅਵਰ ਨਾ ਕੋਇ ਜਣੇਂਦੀ ਮਾਈਆ । ਮੇਰਾ ਨਜ਼ਰ ਨਾ ਆਏ ਰੇਖ ਰੰਗ ਰੂਪ, ਤਤਵ ਤਤ ਨਾ ਕੋਇ ਜਣਾਈਆ । ਮੈਂ ਫਿਰਾਂ ਚਾਰੇ ਕੂਟ, ਦਹਿ ਦਿਸ਼ਾ ਵਾਹੋ ਦਾਹੀਆ । ਜਨ ਭਗਤਾਂ ਕਾਇਆ ਵੇਖਾਂ ਪੰਜ ਭੂਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਫੋਲ ਫੁਲਾਈਆ । ਨਾਤਾ ਤੁੜਾ ਤਨ ਕਲਬੂਤ, ਮਾਟੀ ਖ਼ਾਕ ਖ਼ਾਕ ਮਿਲਾਈਆ । ਆਤਮਾ ਨਿਰਗੁਣ ਧਾਰ ਕਰ ਮਹਿਫ਼ੂਜ਼, ਮਿਹਰਵਾਨ ਹੋ ਕੇ ਵੇਖ ਵਖਾਈਆ । ਦਰਗਾਹ ਸਾਚੀ ਲੈ ਕੇ ਜਾਵਾਂ ਧੁਰ ਅਰੂਜ, ਸਚਖੰਡ ਸਾਚੇ ਆਪ ਟਿਕਾਈਆ । ਜਿਥੇ ਇਸਤਰੀ ਮਰਦ ਵੰਡ ਨਹੀਂ ਕੋਈ ਦੂਜ, ਬਿਰਧ ਬਾਲ ਨਜ਼ਰ ਕੋਇ ਨਾ ਆਈਆ । ਇਕੋ ਮੇਲ ਮਿਲਾ ਕੇ ਧੁਰ ਮਹਿਬੂਬ, ਨਾਤਾ ਚੁਰਾਸੀ ਵਾਲਾ ਤੁੜਾਈਆ । ਮੰਜ਼ਲ ਦੇ ਕੇ ਹੱਕ ਮਕਸੂਦ, ਧਰਮ ਦਵਾਰੇ ਆਪ ਬਹਾਈਆ । ਜਿਥੇ ਸਾਹਿਬ ਸਵਾਮੀ ਸਦਾ ਮਾਜੂਦ, ਅੰਤਰਜਾਮੀ ਨਜ਼ਰੀ ਆਈਆ । ਉਥੇ ਜਗਤ ਸਮਝ ਨਾ ਸਕੇ ਬੂਝ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਮੈਂ ਮਿਹਰਵਾਨ ਹੋ ਕੇ ਹਰਿ ਸੰਤ ਸੁਹੇਲੇ ਲਵਾਂ ਬੂਝ, ਨੌਂ ਖੰਡ ਪ੍ਰਿਥਮੀ ਵੇਖ ਵਖਾਈਆ । ਕਲਜੁਗ ਸਾਗਰ ਤਕਾਂ ਡੂੰਘ, ਗਹਿਰ ਗਵਰ ਹੋ ਕੇ ਵੇਖ ਵਖਾਈਆ । ਆਤਮਾ ਪਰਮਾਤਮਾ ਦੀ ਉਹ ਨਿਰਾਲੀ ਬੂੰਦ, ਜੋ ਅੰਤ ਭਗਵੰਤ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨੈਣ ਮੂੰਦ, ਬਿਨ ਨੈਣਾਂ ਦੋ ਜਹਾਨਾਂ ਸ੍ਰੀ ਭਗਵਾਨਾ ਵੇਖ ਵਖਾਈਆ ।

### ੨੭ ਚੇਤ ਸ਼ਹਿਨਸ਼ਾਹੀ ਸੰਮਤ ੮ ਅਜੀਤ ਸਿੰਘ ਬਟਾਲਾ ਨਵਿਤ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ

ਮੁਹੰਮਦ ਕਹੇ ਮੇਰਾ ਰਿਹਾ ਨਾ ਕੋਇ ਵਜੂਦ, ਬੁਤਖ਼ਾਨਾ ਨਜ਼ਰ ਕੋਇ ਨਾ ਆਈਆ । ਧਰਨੀ ਧਰਤ ਧਵਲ ਨਾ ਦਿਸੇ ਹਦੂਦ, ਧੌਲ ਵੰਡ ਨਾ ਕੋਇ ਵੰਡਾਈਆ । ਕਲਮਾ ਦਿਸੇ ਨਾ ਕੋਇ ਹਜ਼ਾਰਾ ਦਰੂਦ, ਇਸਮੇ ਬਸਰੀ ਨਾ ਕੋਇ ਵਡਿਆਈਆ । ਇਕੋ ਮੇਰੇ ਮਾਲਕ ਦਾ ਅਰਸ਼ ਅਰੂਜ, ਆਲੀਸ਼ਾਨ ਸੋਭਾ ਪਾਈਆ । ਜਿਹੜਾ ਹੱਕ ਦਾ ਹੱਕ ਮਹਿਬੂਬ, ਮੁਹੱਬਤ ਵਿਚ ਆਪਣਾ ਖੇਲ ਖਿਲਾਈਆ । ਦਰੋਹੀ ਮੇਰੀ ਉਮਤ ਉਸ ਨੇ ਕਰਨੀ ਨੇਸਤੋ ਨਾਬੂਦ, ਚੋਟੀ ਜੜ੍ਹ ਰਹਿਣ ਕੋਇ ਨਾ ਪਾਈਆ । ਜਿਸ ਦਾ ਕਲਮਿਆਂ ਕਲਾਮਾਂ ਵਿਚ ਦੇ ਕੇ ਆਇਆ ਸਬੂਤ, ਸਬਰ ਸਬੂਰੀ ਵਿਚ ਸਯਦਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਮੁਹੰਮਦ ਕਹੇ ਮੈਂ ਦੇਖੀ ਅਗੰਮੀ ਮਹਿਰਾਬ, ਮਹਿਖਾਨਿਆਂ ਬਾਹਰ ਧਿਆਨ ਲਗਾਈਆ । ਜਿਥੇ ਪਰਵਰਦਿਗਾਰ ਨਜ਼ਰੀ ਆਏ ਇਕ ਅਹਿਬਾਬ, ਅਹਿਮਦ ਮੁਹੰਮਦ ਦੀ ਚਲੇ ਨਾ ਕੋਇ ਚਤੁਰਾਈਆ । ਜੋ ਅਵਤਾਰ ਪੈਗ਼ੰਬਰ ਗੁਰੂਆਂ ਤੋਂ ਮੰਗੇ ਹਿਸਾਬ, ਚਾਰ ਜੁਗ ਦਾ ਲੇਖਾ ਤਕੇ ਥਾਉਂ ਥਾਈਆ । ਚਾਰ ਕੁੰਟ ਨੌਂ ਖੰਡ ਪ੍ਰਿਥਮੀ ਕਿਸੇ ਦੀ ਕਰੇ ਨਾ ਕੋਇ ਇਮਦਾਦ, ਸਗਲਾ ਸੰਗ ਨਾ ਕੋਇ ਨਿਭਾਈਆ । ਖੇਲੇ ਖੇਲ ਨੂਰ ਇਲਾਹੀ ਵਾਹਿਦ, ਵਾਹਵਾ ਆਪਣਾ ਹੁਕਮ ਵਰਤਾਈਆ । ਜਿਸ ਕਲਜੁਗ ਸਦੀ ਚੌਧਵੀਂ ਅੰਤ ਕਢਣਾ ਨਤਾਇਜ, ਨਤੀਜਾ ਆਪਣੇ ਹੱਥ ਰਖਾਈਆ । ਸਤਿ ਧਰਮ ਦਾ ਸਾਚਾ ਜੁਗ ਕਰੇ ਰਾਇਜ, ਰਈਅਤ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਅਗਲਾ ਹੁਕਮ ਵਰਤੇ ਜਾਇਜ਼, ਜਾਇਜ਼ਾ ਚੌਦਾਂ ਤਬਕਾਂ ਲਏ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਮੁਹੰਮਦ ਕਹੇ ਮੇਰਾ ਆਲਮੀਨ ਅਲਾਹ, ਮੈਂ ਵਲੀ ਅੱਲਾ ਹੋ ਕੇ ਸੀਸ ਨਿਵਾਈਆ । ਜੋ ਜ਼ੱਰੇ ਜ਼ੱਰੇ ਮਲਾਹ, ਸੂਫ਼ੀਆਂ ਪੈਗ਼ੰਬਰਾਂ ਬੇੜਾ ਰਿਹਾ ਚਲਾਈਆ । ਨੂਰ ਨੁਰਾਨਾ ਹੱਕ ਖ਼ੁਦਾ, ਖ਼ੁਦੀ ਤਕੱਬਰ ਵਿਚ ਕਦੇ ਨਾ ਆਈਆ । ਮੇਰੀ ਉਸ ਦੇ ਅੱਗੇ ਦੁਆ, ਬਿਨ ਸੱਯਦਿਆਂ ਸੀਸ ਝੁਕਾਈਆ । ਮੇਰੇ ਮਾਲਕ ਦਿਲਰੁਬਾ, ਮਿਹਰਵਾਨ ਤੇਰੀ ਸਰਨਾਈਆ । ਮੇਰਾ ਮਕਬਰਾ ਮਾਰੇ ਧਾਹ, ਮਦੀਨਾ ਨੈਣਾਂ ਨੀਰ ਵਹਾਈਆ । ਮੱਕੇ ਦਿਸੇ ਨਾ ਕੋਇ ਸਹਾ, ਸਿਰ ਸਕੇ ਨਾ ਕੋਇ ਟਿਕਾਈਆ । ਕਾਅਬੇ ਰਹੇ ਕੁਰਲਾ, ਕੂਕ ਕੂਕ ਸੁਣਾਈਆ । ਕਰਬਲਾ ਨੇਤਰ ਨੈਣਾਂ ਨੀਰ ਰਿਹਾ ਵਹਾ, ਹਸਨ ਹੁਸੈਨ ਮਿੱਟੀ ਖ਼ਾਕ ਵਿਚ ਸਮਾਈਆ । ਅਲੀ ਦੇ ਅੱਲਾ ਬੇਪਰਵਾਹ, ਪਰਵਰਦਿਗਾਰ ਤੇਰੀ ਵਡਿਆਈਆ । ਹਮਦ ਵਿਚ ਬੇਨੰਤੀ ਰਿਹਾ ਸੁਣਾ, ਬਿਨਾ ਅੱਖਰਾਂ ਅਲਿਫ਼ ਯੇ ਵੰਡ ਨਾ ਕੋਇ ਵੰਡਾਈਆ । ਤੁਧ ਬਿਨ ਬਖ਼ਸ਼ੇ ਨਾ ਕੋਇ ਗੁਨਾਹ, ਪਾਕੀਜ਼ਾ ਪਾਕ ਨਾ ਕੋਇ ਕਰਾਈਆ । ਤੇਰਾ ਲੇਖਾ ਸਮਝੇ ਨਾ ਕੋਇ ਬਾਵਾ ਆਦਮ ਹੱਵਾ, ਨੂਰੇ ਚਸ਼ਮ ਨਜ਼ਰ ਕਿਸੇ ਨਾ ਆਈਆ । ਤੂੰ ਆਲਮੇ ਜ਼ਾਹਰੇ ਜ਼ਵਾ, ਨੌਜ਼ੀਨੇ ਨੂਰ ਇਕ ਇਲਾਹੀਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਦੇਣਾ ਵਖਾਈਆ । ਮੁਹੰਮਦ ਕਹੇ ਮੇਰੇ ਹਜ਼ੂਰ, ਅਮਾਮ ਬੇਪਰਵਾਹੀਆ । ਕਰਬਲੇ ਤੇਰਾ ਦੀਦ ਕਰਾਂ ਜ਼ਰੂਰ, ਬਿਨ ਨੈਣਾਂ ਨੈਣ ਉਠਾਈਆ । ਤੁਧ ਬਿਨ ਉਮਤ ਦਾ ਬਖ਼ਸ਼ੇ ਨਾ ਕੋਇ ਕਸੂਰ, ਕਸਮ ਖਾ ਕੇ ਦਿਆਂ ਜਣਾਈਆ । ਮੈਂ ਸਦੀ ਚੌਧਵੀਂ ਹੋਇਆ ਮਜਬੂਰ, ਮਜਬੂਰੀ ਤੇਰੇ ਅੱਗੇ ਟਿਕਾਈਆ । ਪੰਧ ਮੁਕਾਉਣਾ ਨੇੜੇ ਦੂਰ, ਦੂਰ ਦੁਰਾਡੇ ਧੁਰ ਦੇ ਮਾਹੀਆ । ਤੁਧ ਬਿਨ ਗੜ੍ਹ ਤੋੜੇ ਨਾ ਕੋਇ ਗ਼ੁਰੂਰ, ਹੰਗਤਾ ਹਉਮੇ ਨਾ ਕੋਇ ਮਿਟਾਈਆ । ਮੈਂ ਤੇਰਾ ਸੱਜਦੇ ਵਿਚ ਮਸ਼ਕੂਰ, ਮੁਸ਼ਕਲ ਮੇਰੀ ਹੱਲ ਕਰਾਈਆ । ਤੇਰੀ ਕਦਮਬੋਸੀ ਪਿਛੋਂ ਸ਼ਰਅ ਦੇ ਫ਼ਤਵੇ ਦਾ ਪੈ ਜਾਏ ਫ਼ਤੂਰ, ਫ਼ਾਤਿਆ ਅੰਤ ਕਰਨ ਵਾਲਾ ਨਜ਼ਰ ਕੋਇ ਨਾ ਆਈਆ । ਮੈਂ ਤੇਰਾ ਬਰਦਾ ਬਾਦਸਤੂਰ, ਗ਼ੁਲਾਮ ਸ਼ਰਅ ਦਾ ਸੀਸ ਨਿਵਾਈਆ । ਤੇਰੇ ਕਦਮਾ ਦੀ ਲਾਵਾਂ ਧੂੜ, ਟਿੱਕਾ ਖ਼ਾਕ ਵਾਲਾ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪਣੇ ਹੱਥ ਰਖਾਈਆ । ਮੁਹੰਮਦ ਕਹੇ ਮੇਰੇ ਸ਼ਾਹੋ ਸ਼ਾਬਾਸਾ, ਸ਼ਹਿਨਸ਼ਾਹ ਤੇਰੀ ਸਰਨਾਈਆ । ਕਰਬਲਾ ਪੁਕਾਰੇ ਪਿਆਸਾ, ਹੁਸੈਨ ਹਸਨ ਧਿਆਨ ਲਗਾਈਆ । ਫ਼ਾਤਮਾ ਪੂਰਾ ਕਰਦੇ ਵਾਅਦਾ, ਐਲੀ ਦੀ ਅਲਫ਼ ਸੀਨੇ ਵਾਲੀ ਵੇਖ ਵਖਾਈਆ । ਤੂੰ ਆਦਿ ਦਾ ਅੰਤ ਦਾ ਜੁਗ ਜੁਗਾਦਿ ਦਾ ਪਿਉ ਦਾਦਾ, ਦਾਸਤਾਨ ਤੇਰੀ ਸਕੇ ਨਾ ਕੋਇ ਸਮਝਾਈਆ । ਮੈਂ ਮੰਬਰਾਂ ਤੋਂ ਪਰੇ ਮੁਨਾਰਿਆਂ ਤੋਂ ਦੂਰ ਮਾਰਾਂ ਆਵਾਜ਼ਾਂ, ਸ਼ਰਅ ਦੇ ਸ਼ਹਿਨਸ਼ਾਹ ਆਪਣਾ ਦਰਸ ਦੇਣਾ ਚਾਈਂ ਚਾਈਆ । ਮੇਰੀਆਂ ਲੇਖੇ ਲਾਉਣੀਆਂ ਕਲਮਿਆਂ ਵਾਲੀਆਂ ਨਿਮਾਜ਼ਾਂ, ਕਲਾਮ ਤੇਰੇ ਅੱਗੇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਭੇਵ ਖੋਲ੍ਹੇ ਕੋਇ ਨਾ ਰਾਜ਼ਾ, ਰਾਜ਼ਕ ਰਿਜ਼ਕ ਰਹੀਮ ਤੇਰੀ ਵਡ ਵਡਿਆਈਆ ।

## ✪ ਪਹਿਲੀ ਵਿਸਾਖ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦਵਾਰ ਜੇਠੂਵਾਲ ਸਵੇਰ ਦੇ ਸਮੇਂ ਜ਼ਿਲਾ ਅੰਮ੍ਰਿਤਸਰ ✪

ਵਿਸਾਖ ਕਹੇ ਮੇਰੀ ਪੁਰਾਣੀ ਮੰਗ, ਸੰਮਤ ਸ਼ਹਿਨਸ਼ਾਹੀ ਅੱਠ ਝੋਲੀ ਡਾਹੀਆ । ਗੋਬਿੰਦ ਵਿਸਾਖੀ ਦੇ ਦੋ ਸੌ ਬਹੱਤਰ ਸਾਲ ਗਏ ਲੰਘ, ਲੇਖਾ ਪੂਰਬ ਪਟਨੇ ਵਾਲਾ ਰਿਹਾ ਵਖਾਈਆ । ਧਰਮ ਸਿੱਖੀ ਦਾ ਚੜ੍ਹਿਆ ਕਿਸੇ ਨਾ ਰੰਗ, ਗੁਰੂ ਚੇਲੇ ਰਹੇ ਸੁਣਾਈਆ । ਅੰਤਰ ਤ੍ਰਿਸ਼ਨਾ ਬਾਹਰ ਨੰਗ, ਧੀਰਜ ਧੀਰ ਨਾ ਕੋਇ ਧਰਾਈਆ । ਸਤਿਗੁਰ ਦਿਸੇ ਕਿਸੇ ਨਾ ਸੰਗ, ਸਗਲਾ ਸੰਗ ਨਾ ਕੋਇ ਵਖਾਈਆ । ਮੇਰੀ ਇਕ ਬੇਨੰਤੀ ਸਿੰਘ ਮਨਜੀਤ ਦੀ ਸਮਾਧ ਪਿਛੇ ਤੇਰਾ ਡੱਠਾ ਹੋਵੇ ਪਲੰਘ, ਮੁਖ ਲਹਿੰਦੀ ਦਿਸ਼ਾ ਰਖਾਈਆ । ਭਗਤ ਦਵਾਰ ਦਰਵਾਜ਼ੇ ਨਾਲ ਟੰਗਿਆ ਹੋਵੇ ਤਾਰਾ ਚੰਦ, ਪੁੱਠਾ ਕਰ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਵਿਸਾਖ ਕਹੇ ਮੈਂ ਆਇਆ ਫਿਰਦਾ ਤੁਰਦਾ, ਦਰ ਠਾਂਡੇ ਸੀਸ ਨਿਵਾਈਆ । ਤੇਰੇ ਚਰਨਾਂ ਹਾਜ਼ਰ ਹੋਵੇ ਇਕ ਮੁਰਗਾ, ਕਲਗੀ ਸੋਹਣੀ ਸੀਸ ਸੁਹਾਈਆ । ਇਹ ਲਹਿਣਾ ਅਨੰਦ ਪੁਰ ਦਾ, ਪੁਰੀਆਂ ਲੋਆਂ ਤੋਂ ਬਾਹਰ ਸਮਝਾਈਆ । ਹੁਕਮ ਸੁਣਨਾ ਅਗੰਮੇ ਸ਼ੌਹਰ ਦਾ, ਕੀ ਸ਼ੌਹਰ ਆਪਣੀ ਖੇਲ ਖਿਲਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਵਿਸਾਖ ਕਹੇ ਤੇਰਾ ਜਲਵਾ ਤਕਣਾ ਨੂਰ, ਨੂਰ ਨੁਰਾਨੇ ਬੇਪਰਵਾਹੀਆ । ਇਕ ਬੱਚਾ ਹਾਜ਼ਰ ਕਰਨਾ ਸੂਰ, ਮੇਰੀ ਆਸਾ ਮੰਗ ਮੰਗਾਈਆ । ਵੱਛਾ ਕੱਟਾ ਨਾਲ ਹੋਵੇ ਜ਼ਰੂਰ, ਬਾਲੀ ਬੁਧ ਦੁਹਾਈਆ । ਲੇਖਾ ਲਿਖਿਆ ਹੋਵੇ ਅੰਗਦ ਨਾਲ ਖਡੂਰ, ਅੰਗੀਕਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਦਇਆ ਕਮਾਈਆ । ਵਿਸਾਖ ਕਹੇ ਮੈਂ ਵੇਖਦਾ ਰਿਹਾ ਜਗਤ ਸ਼ਰੀਣੀ ਸ਼ੱਕਰਾ, ਰਸ ਰਸਨਾ ਨਾਲ ਵਡਿਆਈਆ । ਮੇਰੀ ਆਸ਼ਾ ਮੇਰੇ ਹਜ਼ੂਰ ਹਾਜ਼ਰ ਹੋਵੇ ਇਕ ਬੱਕਰਾ, ਆਯੂ ਵੰਡ ਨਾ ਕੋਇ ਵੰਡਾਈਆ । ਪੰਜਾਂ ਗੁਰਮੁਖਾਂ ਹੋਵੇ ਪਕੜਾ, ਪਗੜੀ ਸੀਸ ਨਾ ਕੋਇ ਟਿਕਾਈਆ । ਸੂਰ ਤਿੰਨਾਂ ਲੱਤਾਂ ਤੋਂ ਹੋਵੇ ਜਕੜਾ, ਅਗਲੀ ਖ਼ਾਲੀ ਇਕ ਰਖਾਈਆ । ਮੁਰਗਾ ਗਰਦਨ ਤੋਂ ਹੋਵੇ ਪਕੜਾ, ਸੱਜਾ ਹੱਥ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਹੋਣਾ ਸਹਾਈਆ । ਵਿਸਾਖ ਕਹੇ ਤੂੰ ਮੁਰਸ਼ਦ ਮਲੰਗ ਬਣਨਾ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਮੁਖ ਤੇ ਲਾਉਣੀ ਕਾਲੀ ਸ਼ਾਹ, ਸੁਆਹ ਜਗਤ ਵਾਲੀ ਰਮਾਈਆ । ਮਸਤਕ ਤਰਸੂਲ ਲੈਣੀ ਬਣਾ, ਸ਼ੰਕਰ ਲੇਖਾ ਰਹੇ ਨਾ ਰਾਈਆ । ਜ਼ਬਾਨ ਲਾਲ ਲੈਣੀ ਕਰਾ, ਦੁਰਗਾ ਬੈਠੀ ਅੱਖ ਉਠਾਈਆ । ਨੇਤਰ ਸੰਧੂਰ ਲੈਣਾ ਛੁਹਾ, ਸੀਤਾ ਰਾਮ ਸੀਸ ਨਿਵਾਈਆ । ਬੁੱਲ ਨੀਲੇ ਲੈਣੇ ਬਣਾ, ਰਾਧੇ ਕ੍ਰਿਸ਼ਨ ਵੱਜੇ ਵਧਾਈਆ । ਕਾਲਾ ਲਬਾਸ ਲੈਣਾ ਸੁਹਾ, ਮੂਸਾ ਈਸਾ ਮੁਹੰਮਦ ਵੇਖਣ ਚਾਈਂ ਚਾਈਆ । ਗਲ ਸਲੀਵ ਲੈਣੀ ਲਟਕਾ, ਸਾਢੇ ਤਿੰਨ ਹੱਥ ਲੰਬਾਈਆ । ਗੋਬਿੰਦ ਦਾ ਖੰਡਾ ਲੈਣਾ ਚਮਕਾ, ਦਮਕ ਦਾਮਨੀ ਵਾਲੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਵਿਸਾਖ ਕਹੇ ਤੇਰਾ ਸਿੰਘਾਸਣ ਹੋਵੇ ਦਿਸ਼ਾ ਲਹਿੰਦੀ, ਚੜ੍ਹਦੀ ਵੰਡ ਨਾ ਕੋਇ ਵੰਡਾਈਆ । ਪੈਗ਼ੰਬਰਾਂ ਆਸਾ ਕਹਿੰਦੀ, ਕਹਿ ਕਹਿ ਰਹੀ ਸੁਣਾਈਆ । ਤੇਰੇ ਪੈਰਾਂ ਹੋਵੇ ਮਹਿੰਦੀ, ਮਹਿੰਦੀ ਅਮਾਮ ਤੇਰੀ ਵਡਿਆਈਆ । ਸਭ ਦੀ ਕਲਾ ਜਾਏ ਢਹਿੰਦੀ, ਬਲਹੀਣ ਦਿਸੇ ਲੋਕਾਈਆ । ਤੇਰਾ ਭਾਣਾ ਦੀਨ ਦੁਨੀ ਹੋਵੇ ਸਹਿੰਦੀ, ਹੁਕਮੇ ਅੰਦਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਵਿਸਾਖੀ ਕਹੇ ਸਾਹਿਬ ਸਤਿਗੁਰ ਮੇਰੀ ਮੰਨ, ਮਨਸਾ ਤੇਰੇ ਅੱਗੇ ਰਖਾਈਆ । ਸੁਣਨਾ ਬਿਨਾ ਕੰਨ, ਸਰਵਣਾਂ ਬਾਹਰ ਸ਼ਨਵਾਈਆ । ਮੈਂ ਕਹਿਵਾਂ ਧੰਨ ਧੰਨ, ਧੰਨ ਤੇਰੀ ਵਡਿਆਈਆ । ਮੇਰੇ ਸਾਹਿਬ ਸਤਿਗੁਰ ਅੱਜ ਮੇਰੇ ਪਿਆਰ ਵਿਚ ਮੁਖ ਨਾ ਲਾਵੀਂ ਅੰਨ, ਰਸਨਾ ਰਸ ਨਾ ਕੋਇ ਬਣਾਈਆ । ਗ਼ਰੀਬ ਨਿਮਾਣਿਆਂ ਬੇੜਾ ਦੇਵੀਂ ਬੰਨ੍ਹ, ਸਿਰ ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਕੂੜ ਕੁੜਿਆਰ ਦੇਵੀਂ ਡੰਨ, ਡੰਕਾ ਆਪਣਾ ਨਾਮ ਸ਼ਬਦ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਵਿਸਾਖ ਕਹੇ ਪ੍ਰਭੂ ਤੇਰਾ ਲੇਖਾ ਬਿਨਾ ਛੰਨ ਛੱਪਰ, ਮੰਦਰ ਜਗਤ ਨਾ ਕੋਇ ਵਡਿਆਈਆ । ਤੇਰੇ ਕੋਲ ਹੋਵੇ ਇਕ ਖੱਪਰ, ਕਾਲੀ ਰੋਵੇ ਮਾਰੇ ਧਾਹੀਆ । ਸਿੰਘਾਸਣ ਹੇਠਾਂ ਧਰਿਆ ਹੋਵੇ ਪੱਥਰ, ਜਿਸ ਨੂੰ ਜਗਤ ਠਾਕਰ ਕਹੇ ਲੋਕਾਈਆ । ਲੇਖ ਲਿਖਿਆ ਹੋਵੇ ਪੱਤਰ, ਪਤਿਪਰਮੇਸ਼ਵਰ ਬੇਪਰਵਾਹੀਆ । ਹਰਿ ਸੰਗਤ ਸਾਰੀ ਕਹੇ ਅਸੀਂ ਸਤਿਗੁਰ ਨਾਲੋਂ ਚਤੁਰ, ਸਤਿਗੁਰੂ ਦੀ ਬੁੱਧੀ ਕੰਮ ਕਿਸੇ ਨਾ ਆਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਖਿਲਾਈਆ । ਵਿਸਾਖ ਕਹੇ ਮੇਰੇ ਗੁਰੂ ਮਹਾਰਾਜ, ਦਰ ਤੇਰੇ ਸੀਸ ਝੁਕਾਈਆ । ਤੇਰੇ ਸੀਸ ਤੇ ਹੋਵੇ ਸੂਲਾਂ ਕੰਡਿਆਂ ਵਾਲਾ ਤਾਜ, ਮੁਖ ਕਾਲੇ ਨਾਲ ਸੋਭਾ ਪਾਈਆ । ਕੱਚੇ ਦੁਧ ਨੂੰ ਲੱਗੀ ਹੋਵੇ ਜਾਗ, ਸਵਾ ਸੇਰ ਸੰਗ ਰਖਾਈਆ । ਕੁਠਾਲੀ ਵਿਚ ਤਪਦੀ ਹੋਵੇ ਆਗ, ਮਾਟੀ ਭਾਂਡੇ ਵਿਚ ਰਖਾਈਆ । ਲਿਖ ਕੇ ਰੱਖਿਆ ਹੋਵੇ ਕਾਸ਼ੀ ਪਰਾਗ, ਅਯੁੱਧਿਆ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਚ ਰੰਗ ਰੰਗਾਈਆ । ਵਿਸਾਖੀ ਕਹੇ ਗੋਬਿੰਦ ਨੇ ਢਾਈ ਪਾ ਪੀਤਾ ਸੀ ਦੁੱਧ, ਅੰਨ ਮੁਖ ਨਾ ਮੂਲ ਲਗਾਈਆ । ਧਰਮ ਦੇ ਸ਼ਸਤਰ ਕੀਤਾ ਯੁਧ, ਲਾਲਨ ਦਾ ਲਾਲ ਰੰਗ ਚੜ੍ਹਾਈਆ । ਨਾਲੇ ਇਸ਼ਾਰਾ ਕੀਤਾ ਜਿਸ ਵੇਲੇ ਪੁਰਖ ਅਕਾਲ ਬਦਲੇ ਯੁਗ, ਯੁਗਤੀ ਆਪਣੇ ਹੱਥ ਰਖਾਈਆ । ਸਭ ਦੀ ਔਧ ਜਾਏ ਪੁਗ, ਪੂਜਾ ਪਾਹਨ ਰਹੇ ਨਾ ਰਾਈਆ । ਸਤਿ ਧਰਮ ਦਾ ਦੀਪਕ ਜਾਏ ਬੁਝ, ਜਗਤ ਨੂਰ ਨਾ ਕੋਇ ਚਮਕਾਈਆ । ਕਿਸੇ ਕਿਛ ਨਾ ਸਕੇ ਸੁਝ, ਸੂਝ ਸਮਝ ਨਾ ਕੋਇ ਵਡਿਆਈਆ । ਦੀਨ ਮਜ਼੍ਹਬ ਮਾਇਆ ਮਮਤਾ ਵਿਚ ਜਾਣ ਰੁਝ, ਹਿਰਦੇ ਹਰਿ ਨਾ ਕੋਇ ਵਸਾਈਆ । ਨਿਰਮਲ ਹੋਵੇ ਕੋਇ ਨਾ ਬੁਧ, ਬੁੱਧੀਵਾਨ ਰੋਵਣ ਮਾਰਨ ਧਾਹੀਂਆ । ਕੂੜੀ ਕਿਰਿਆ ਆਕਾਸ਼ਾਂ ਜਾਏ ਉਡ, ਧਵਲ ਧਰਨੀ ਰੰਗ ਰੰਗਾਈਆ । ਫੇਰ ਆਸ਼ਾ ਕਰਨੀ ਪੂਰੀ ਜੋ ਮਨਸਾ ਰੱਖੀ ਕਾਗ ਭਸੁੰਡ, ਕਾਗ ਵੇਖ ਜਗਤ ਲੋਕਾਈਆ । ਲਹਿਣਾ ਦੇਣਾ ਝੋਲੀ ਪਾਉਣਾ ਗਜ ਦੀ ਜਲਧਾਰਾ ਵਾਲਾ ਸੁੰਡ, ਤੰਦੂਆ ਤੰਦ ਨਾਲ ਮਿਲਾਈਆ । ਲੇਖਾ ਰਹਿਣ ਨਹੀਂ ਦੇਣਾ ਕਿਸੇ ਕੁੰਡ, ਤੀਰਥ ਤਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜਹਾਨ ਜਗਤ ਵਾਸਨਾ ਵੇਖੇ ਢੂੰਡ, ਪਰਦਾ ਪਰਦਿਆਂ ਵਿਚੋਂ ਚੁਕਾਈਆ ।

### ਪਹਿਲੀ ਵਿਸਾਖ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ਜ਼ਿਲਾ ਅੰਮ੍ਰਿਤਸਰ

ਸੰਮਤ ਸ਼ਹਿਨਸ਼ਾਹੀ ਅੱਠ ਕਹੇ ਵਿਸਾਖ ਕਰ ਲੈ ਬੰਦਨਾ, ਚਾਰ ਜੁਗ ਦੇ ਬੰਦਗੀ ਵਾਲੇ ਆਪਣੇ ਨਾਲ ਮਿਲਾਈਆ । ਜਿਸ ਸਾਹਿਬ ਦੇ ਕੋਲੋਂ ਆਦਿ ਜੁਗਾਦਿ ਸਭ ਕੁਛ ਮੰਗਣਾ, ਜੁਗ ਚੌਕੜੀ ਖ਼ਾਲੀ ਝੋਲੀਆਂ ਡਾਹੀਆ । ਜਿਸ ਦੀ ਏਥੇ ਓਥੇ ਦੋ ਜਹਾਨ ਅਗੰਮੀ ਰੰਗਣਾ, ਜਗਤ ਜਹਾਨ ਜਗ ਨੇਤਰ ਵੇਖਣ ਕੋਇ ਨਾ ਪਾਈਆ । ਉਸ ਦੇ ਅੰਗੀਕਾਰ ਹੋ ਜਾ ਅੰਗਣਾ, ਦੂਸਰ ਵੰਡ ਨਾ ਕੋਇ ਵੰਡਾਈਆ । ਖੇਲ ਤਕ ਸੂਰਾ ਸਰਬੰਗਣਾ, ਹਰਿ ਕਰਤਾ ਕੀ ਹੁਕਮ ਵਰਤਾਈਆ । ਜਿਸ ਦੇ ਹੁਕਮ ਨਾਲ ਸਭ ਨੇ ਵੰਞਣਾ, ਵੰਞ ਮੁਹਾਣਾ ਸਕੇ ਨਾ ਕੋਇ ਅਟਕਾਈਆ । ਉਹ ਮਾਲਕ ਖ਼ਾਲਕ ਦਰਦ ਦੁੱਖ ਭੈ ਭੰਜਣਾ, ਪਾਰਬ੍ਰਹਮ ਬੇਪਰਵਾਹੀਆ । ਜੋਤੀ ਜਾਤਾ ਹੋ ਕੇ ਆਦਿ ਨਿਰੰਜਣਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜਿਸ ਨੇ ਕੂੜ ਕੁੜਿਆਰਾ ਦੰਡਣਾ, ਡੰਡਾਵਤ ਸਭ ਦੀ ਦਏ ਬਦਲਾਈਆ । ਪ੍ਰਗਟ ਹੋ ਵਿਚ ਵਰਭੰਡਣਾ, ਬ੍ਰਹਿਮੰਡ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸੰਮਤ ਸ਼ਹਿਨਸ਼ਾਹੀ ਅੱਠ ਕਹੇ ਵਿਸਾਖ ਸੱਜਣਾ ਮਾਰ

ਲੈ ਝਾਤੀ, ਝਾਕੀ ਅੰਤਰ ਨਿਰੰਤਰ ਪਾਈਆ । ਕਲਜੁਗ ਵੇਖ ਲੈ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਰੱਬ ਦਾ ਖੇਲ ਬਹੁ ਬਿਧ ਭਾਂਤੀ, ਭਰਮ ਭਰਾਂਤ ਵਿਚ ਰੱਖੀ ਸ੍ਰਿਸ਼ਟ ਸਬਾਈਆ । ਆਪਣੀ ਖੇਲ ਕਰੇ ਅਲੱਖਣਾ ਅਲਾਖੀ, ਅਲਖ ਅਗੋਚਰ ਵਡ ਵਡਿਆਈਆ । ਜਿਸ ਧਾਰ ਉਤੇ ਗੋਬਿੰਦ ਨੇ ਖੇਲ ਕੀਤੀ ਵਿਸਾਖੀ, ਸੋ ਖ਼ਾਲਕ ਦਏ ਦ੍ਰਿੜਾਈਆ । ਜਗਤ ਖੰਡਾ ਕਰ ਸਕੇ ਮੂਲ ਨਾ ਰਾਖੀ, ਰੱਖਕ ਦੋ ਜਹਾਨ ਨਾ ਕੋਇ ਬਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਮਨੂਆ ਹੋ ਗਿਆ ਆਕੀ, ਭੈ ਭੌ ਨਾ ਕੋਇ ਰਖਾਈਆ । ਲਹਿਣਾ ਮੁਕੇ ਕਿਸੇ ਨਾ ਬਾਕੀ, ਅੰਤ ਕਰਨ ਕੋਇ ਨਾ ਪਾਈਆ । ਧੁਰ ਦੇ ਸ਼ਬਦ ਚੜ੍ਹੇ ਕੋਇ ਨਾ ਰਾਕੀ, ਸ਼ਾਹ ਸਵਾਰਾ ਭੇਵ ਨਾ ਕੋਇ ਚੁਕਾਈਆ । ਆਹ ਤਕ ਲੈ ਬਿਨਾ ਅੱਖਰਾਂ ਤੋਂ ਉਸ ਸਾਹਿਬ ਦੀ ਪਾਤੀ, ਜੋ ਪਤਿਤ ਪੁਨੀਤ ਇਕ ਅਖਵਾਈਆ । ਜਿਸ ਨੇ ਅਵਤਾਰ ਪੈਗ਼ੰਬਰ ਗੁਰੂ ਇਕ ਸ਼ਬਦ ਦੇ ਬਣਨ ਨਹੀਂ ਦਿਤੇ ਜਮਾਤੀ, ਅੱਖਰਾਂ ਵਿਚ ਸਭ ਦੀ ਵੰਡ ਵੰਡਾਈਆ । ਇਕ ਰਮਜ਼ ਅਗੰਮੀ ਗੋਬਿੰਦ ਗੋਬਿੰਦ ਤਾਂਈ ਆਖੀ, ਗਹਿਰ ਗੰਭੀਰ ਦਿਤਾ ਦ੍ਰਿੜਾਈਆ । ਕਲਜੁਗ ਅੰਤ ਅੰਤ ਦੀ ਘਾਟੀ, ਘਾਟਾ ਪੂਰ ਨਾ ਕੋਇ ਕਰਾਈਆ । ਪੰਧ ਮੁਕੇ ਕਿਸੇ ਨਾ ਵਾਟੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਸੰਮਤ ਕਹੇ ਵਿਸਾਖ ਸੁਣ ਹੁਕਮ ਅਪਾਰਾ, ਅਪਰੰਪਰ ਰਿਹਾ ਜਣਾਈਆ । ਗੋਬਿੰਦ ਦਾ ਤਕ ਇਸ਼ਾਰਾ, ਸੈਨਤ ਨਾਮ ਲਗਾਈਆ । ਕਲਜੁਗ ਦਾ ਵੇਖ ਕਿਨਾਰਾ, ਗੁਰ ਅਵਤਾਰ ਪੈਗ਼ੰਬਰ ਦੇਣ ਗਵਾਹੀਆ । ਸ਼ਾਸਤਰ ਰੋਵਣ ਜ਼ਾਰੋ ਜ਼ਾਰਾ, ਬਿਨ ਨੈਣਾਂ ਨੀਰ ਵਹਾਈਆ । ਜਿਸ ਦਾ ਸਭ ਨੇ ਦਿਤਾ ਉਦਾਹਰਾ, ਅੱਖਰਾਂ ਨਾਲ ਜੋੜ ਜੁੜਾਈਆ । ਉਹ ਆਵੇ ਨਿਰਗੁਣ ਧਾਰ ਧਾਰ ਸਰਗੁਣ ਵਿਚੋਂ ਦੁਬਾਰਾ, ਦੂਹਰੀ ਆਪਣੀ ਖੇਲ ਖਿਲਾਈਆ । ਜਿਸ ਨੂੰ ਕਹਿਣਾ ਚਵ੍ਹੀਆਂ ਅਵਤਾਰਾ, ਅਵਤਰ ਆਪਣਾ ਵੇਸ ਵਟਾਈਆ । ਨਿਹਕਲੰਕ ਜੋਤ ਨਿਰੰਕਾਰਾ, ਕਲ ਕਲਕੀ ਬੇਪਰਵਾਹੀਆ । ਅਮਾਮ ਅਮਾਮਾ ਨੂਰ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਉਸ ਦਾ ਖੇਲ ਅੰਤਮ ਵਾਰਾ, ਵਾਰਤਾ ਪਿਛਲੀ ਵੇਖ ਵਖਾਈਆ । ਜਿਸ ਦਾ ਹੁਕਮ ਸਭ ਤੋਂ ਨਿਆਰਾ, ਸ਼ਬਦੀ ਸ਼ਬਦ ਸ਼ਬਦ ਜਣਾਈਆ । ਕਾਤਬ ਲਿਖੇ ਨਾ ਕੋਇ ਲਿਖਾਰਾ, ਕਲਮ ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਵਿਸਾਖ ਕਹੇ ਸੰਮਤ ਮੇਰੀ ਅੰਤ ਇਕ ਡੰਡਾਵਤ, ਬਿਨ ਸੀਸ ਸੀਸ ਨਿਵਾਈਆ । ਮੇਰਾ ਸਾਹਿਬ ਸਹੀ ਸਲਾਮਤ, ਜੁਗ ਜੁਗ ਇਕੋ ਰੰਗ ਵਖਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਅਮਾਨਤ, ਸ਼ਬਦ ਝੋਲੀ ਵਿਚ ਟਿਕਾਈਆ । ਸਿਫ਼ਤੀ ਬਖ਼ਸ਼ ਨਾਮ ਨਿਆਮਤ, ਕਲਮਿਆਂ ਕਰੇ ਪੜ੍ਹਾਈਆ । ਬਾਲੇ ਬੱਚੇ ਰੱਖ ਅਨਜਾਨਤ, ਅੰਤ ਆਪਣਾ ਆਪ ਨਾ ਕਿਸੇ ਦ੍ਰਿੜਾਈਆ । ਜੋਤੀ ਧਾਰਾ ਦੀ ਦੱਸ ਸਿਆਣਪ, ਚਮਕ ਚਮਕ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਹੁਕਮ ਵਰਤਾਈਆ । ਵਿਸਾਖ ਕਹੇ ਸੰਮਤਾ ਮੇਰੇ ਅੰਦਰ ਆਉਂਦਾ ਹਾਸਾ, ਹੱਸ ਕੇ ਦਿਆਂ ਜਣਾਈਆ । ਖੇਲ ਤਕ ਪੁਰਖ ਅਬਿਨਾਸ਼ਾ, ਮੇਰੇ ਅੰਤਰ ਵੱਜੀ ਵਧਾਈਆ । ਜਿਸ ਦਾ ਨੂਰ ਜੋਤ ਪ੍ਰਕਾਸ਼ਾ, ਨੂਰ ਨੁਰਾਨਾ ਡਗਮਗਾਈਆ । ਨਿਰਗੁਣ ਸਰਗੁਣ ਪਾਵੇ ਰਾਸਾ, ਦੋ ਜਹਾਨ ਵੇਖ ਵਖਾਈਆ । ਲੇਖਾ ਜਾਣੇ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰਾਂ ਫੋਲ ਫੁਲਾਈਆ । ਜਾਂ ਮੈਂ ਨਿਗਹ ਮਾਰੀ ਸੰਬਲ ਉਸ ਦਾ ਵਾਸਾ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਜਿਸ


੧੮੩੬ ੨੨

ਭੇਵ ਖੋਲ੍ਹਿਆ ਖ਼ੁਲਾਸਾ, ਪਰਦਾ ਓਹਲਾ ਦਿਤਾ ਮਿਟਾਈਆ । ਸ਼ਾਹੋ ਭੂਪ ਬਣ ਸ਼ਾਬਾਸ਼ਾ, ਸ਼ਹਿਨਸ਼ਾਹ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਸੁਣਾਈਆ । ਵਿਸਾਖ ਕਹੇ ਸੰਮਤ ਮੇਰੀ ਬੇਨੰਤੀ ਅੱਗੇ ਹਜ਼ੂਰ, ਹਾਜ਼ਰ ਹੋ ਕੇ ਸੀਸ ਨਿਵਾਈਆ । ਮੇਰੇ ਸਾਹਿਬ ਕਰੀਂ ਮਨਜ਼ੂਰ, ਨਿਵ ਨਿਵ ਲਾਗਾ ਪਾਈਆ । ਤੇਰਾ ਆਦਿ ਅੰਤ ਦਾ ਇਕ ਦਸਤੂਰ, ਨਾ ਕੋਈ ਮੇਟੇ ਮੇਟ ਮਿਟਾਈਆ । ਮੈਂ ਹੋ ਗਿਆ ਮਜਬੂਰ ਮਜਬੂਰੀ ਵਿਚ ਦਰ ਠਾਂਡੇ ਮੰਗ ਮੰਗਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਤਕ ਮੂੜ੍ਹ, ਮੁਗਧ ਆਪਣਾ ਆਪ ਗਏ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਵਿਸਾਖ ਕਹੇ ਮੇਰੇ ਪ੍ਰਭੂ ਮੈਂ ਤੇਰੇ ਅਗੰਮੀ ਚਰਨੀ ਢੱਠਾ, ਤਤਾਂ ਸੀਸ ਨਾ ਕੋਇ ਨਿਵਾਈਆ । ਨੂਰੀ ਧਾਰ ਵਿਚ ਨੱਠਾ, ਦੋ ਜਹਾਨਾਂ ਪੰਧ ਮੁਕਾਈਆ । ਮੈਂ ਤੇਰਾ ਦੁਲਾਰਾ ਸੂਰਬੀਰ ਹੱਟਾ ਕੱਟਾ, ਜੋਧਾ ਇਕ ਅਖਵਾਈਆ । ਮੇਰਾ ਗੋਬਿੰਦ ਨਾਲ ਪਟਾ, ਪਟਨੇਵਾਲਾ ਰਿਹਾ ਜਣਾਈਆ । ਜਿਸ ਵੇਲੇ ਮੇਰਾ ਦੋ ਸੱਤ ਦਾ ਦੂਆ ਨਾਲ ਟੱਪਾ, ਅੰਕ ਅੰਕ ਨਾਲ ਜੁੜਾਈਆ । ਕਿਸੇ ਦੀ ਕੀਮਤ ਰਹਿਣੀ ਨਹੀਂ ਟਕਾ, ਕੌਡੀ ਖ਼ਾਕ ਵਿਚ ਮਿਲਾਈਆ । ਚਾਰੋਂ ਕੁੰਟ ਪੈਣਾ ਰੱਟਾ, ਝਗੜਾ ਸਕੇ ਨਾ ਕੋਇ ਚੁਕਾਈਆ । ਮੇਰੇ ਰੂਪ ਨੂੰ ਸਭ ਨੇ ਕਰਨਾ ਠੱਠਾ, ਮਖ਼ੌਲ ਜਗਤ ਉਡਾਈਆ । ਫੇਰ ਮੇਰਾ ਖੇਲ ਹੋਣਾਂ ਵਿਚ ਜੱਟਾਂ, ਜਟਾਂ ਜੂਟਾਂ ਕਰਾਂ ਸਫ਼ਾਈਆ । ਇਕੋ ਵਾਰ ਪੁਰਖ ਅਕਾਲ ਆਪਣੇ ਨਾਲ ਰੱਖਾਂ, ਫੇਰ ਰੱਖਣ ਦੀ ਲੋੜ ਰਹੇ ਨਾ ਰਾਈਆ । ਸ਼ਬਦ ਸੰਦੇਸ਼ਾ ਦੇਵਾਂ ਸੱਚਾ, ਸਚ ਦਿਆਂ ਸੁਣਾਈਆ । ਅਵਤਾਰ ਪੈਗ਼ੰਬਰ ਗੁਰੂ ਕਰਾਂ ਇਕੱਠਾ, ਦੇਵਤ ਸੁਰ ਨਾਲ ਮਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਚਰਨਾਂ ਵਿਚ ਸੁੱਟਾਂ, ਸਿਰ ਸਕੇ ਨਾ ਕੋਇ ਉਠਾਈਆ । ਪਿਛਲੀਆਂ ਰਹਿਣ ਨਾ ਦੇਵਾਂ ਲੁੱਟਾਂ, ਚਾਰ ਜੁਗ ਦਾ ਝਗੜਾ ਦਿਆਂ ਗਵਾਈਆ । ਨਿਰਗੁਣ ਧਾਰ ਹੋ ਕੇ ਉਠਾਂ, ਜੋਤੀ ਜਾਤਾ ਲੈ ਅੰਗੜਾਈਆ । ਜਗਤ ਨਿਸ਼ਾਨਾਂ ਕਰਾਂ ਪੁੱਠਾ, ਪੁੱਠੀ ਆਪਣੀ ਕਲ ਵਰਤਾਈਆ । ਨਾਤਾ ਕੂੜ ਕਿਰਿਆ ਜਾਵੇ ਤੁਟਾ, ਟੁੱਟੀ ਗੰਢ ਨਾ ਕੋਇ ਪਵਾਈਆ । ਇਕੋ ਸੁਤ ਦੁਲਾਰਾ ਹੋ ਕੇ ਲੱਖ ਚੁਰਾਸੀ ਪੁਛਾਂ, ਦੋ ਜਹਾਨਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਆਪਣੇ ਹੱਥ ਰਖਾਈਆ । ਵਿਸਾਖ ਕਹੇ ਗੋਬਿੰਦ ਨੇ ਨੌਂ ਮਾਰੀਆਂ ਲੀਕਾਂ, ਧਰਨੀ ਖੰਡੇ ਧਾਰ ਛੁਹਾਈਆ । ਸਤਿਗੁਰ ਸ਼ਬਦ ਕੀਤੀਆਂ ਤਸਦੀਕਾਂ, ਸ਼ਹਾਦਤ ਇਕ ਭੁਗਤਾਈਆ । ਪੁਰਖ ਅਕਾਲ ਦੀਆਂ ਉਡੀਕਾਂ, ਰੱਖਣੀਆਂ ਚਾਈਂ ਚਾਈਆ । ਜਿਸ ਬਦਲ ਦੇਣੀਆਂ ਤਵਾਰੀਖ਼ਾਂ, ਤਾਰੀਖ਼ ਸਮਝ ਕੋਇ ਨਾ ਪਾਈਆ । ਦੀਨ ਦੁਨੀ ਬਦਲਣੀਆਂ ਨੀਤਾਂ, ਨੀਤੀਵਾਨ ਧੁਰਦਰਗਾਹੀਆ । ਇਕੋ ਚਰਨ ਸਰਨ ਦੱਸ ਪ੍ਰੀਤਾਂ, ਪ੍ਰੀਤਮ ਧੁਰ ਦਾ ਦੇਣਾ ਮਿਲਾਈਆ । ਉਸ ਵੇਲੇ ਸਭ ਦੀਆਂ ਨਿਕਲੀਆਂ ਚੀਕਾਂ, ਚੀਕ ਚਿਹਾੜਾ ਦਿਤਾ ਪਾਈਆ । ਲੇਖਾ ਜਾਣੇ ਜੀਵ ਜੀਅ ਕਾ, ਚਾਰੇ ਖਾਣੀ ਖੋਜ ਖੁਜਾਈਆ । ਪਿਛਲਾ ਲੇਖਾ ਜਾਣੇ ਬੀਤਾ, ਨੌਂ ਸੌ ਚੁਰਾਨਮੇ ਚੌਕੜੀ ਜੁਗ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਹੁਕਮ ਸੁਣਾਈਆ । ਧਰਨੀ ਕਹੇ ਮੈਂ ਗੋਬਿੰਦ ਅੱਗੇ ਕੀਤੀ ਅਰਦਾਸ, ਸਹਿਜ ਨਾਲ ਸੀਸ ਨਿਵਾਈਆ । ਮੇਰੇ ਸਾਹਿਬ ਭੇਵ ਖੋਲ੍ਹ ਦੇ ਖ਼ਾਸ, ਪਰਦਾ ਦੇ ਚੁਕਾਈਆ । ਤੇਰੀ ਅੱਗੇ ਕਿਹੜੀ ਆਸ, ਆਸਾਵੰਦ ਦੇ ਜਣਾਈਆ । ਗੋਬਿੰਦ ਹੱਸ ਕੇ ਕਿਹਾ ਸ਼ਾਬਾਸ਼, ਸੋਹਣੀ ਮੰਗ ਮੰਗਾਈਆ । ਮੇਰਾ

ਸਾਹਿਬ ਵੇਖੇ ਖੇਲ ਤਮਾਸ਼, ਕਲਜੁਗ ਅੰਤਮ ਫੇਰਾ ਪਾਈਆ । ਜਿਸ ਦੇ ਤਨ ਦਾ ਸਭ ਤੋਂ ਵੱਖਰਾ ਹੋਏ ਲਬਾਸ, ਰੂਪ ਰੰਗ ਵੰਡ ਨਾ ਕੋਇ ਵੰਡਾਈਆ । ਸ਼ੰਕਰ ਸੀਸ ਨਿਵਾਵੇ ਉਤੇ ਕੈਲਾਸ਼, ਵਿਸ਼ਨ ਬ੍ਰਹਮਾ ਨਿਵ ਨਿਵ ਲਾਗਣ ਪਾਈਆ । ਅਵਤਾਰ ਪੈਗ਼ੰਬਰ ਗੁਰ ਹੋਵਣ ਦਾਸ, ਦਾਸੀ ਦਾਸ ਸੇਵ ਕਮਾਈਆ । ਉਸ ਨੇ ਸਭ ਦਾ ਲਹਿਣਾ ਦੇਣਾ ਪੂਰਾ ਕਰਨਾ ਖ਼ਾਸ, ਖ਼ਾਲਸ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਪਰਦਾ ਆਪ ਚੁਕਾਈਆ । ਵਿਸਾਖ ਕਹੇ ਗੋਬਿੰਦ ਨੇ ਧਰਨੀ ਨੂੰ ਦਿਤਾ ਦਾਨ, ਚਰਨ ਧੂੜੀ ਝੋਲੀ ਪਾਈਆ । ਪਰਮ ਪੁਰਖ ਦੇ ਪ੍ਰੇਮ ਵਿਚ ਰੰਗ ਕਿਰਪਾਨ, ਲਾਲ ਗੁਲਾਲਾ ਰੰਗ ਚੜ੍ਹਾਈਆ । ਇਕੋ ਇਕ ਧਰਮ ਦਾ ਧਰਮ ਦੱਸ ਨਿਸ਼ਾਨ, ਨਿਸ਼ਾਨਾ ਜਗਤ ਵਾਲਾ ਬਦਲਾਈਆ । ਚਾਰ ਵਰਨ ਕਰ ਅਹਿਸਾਨ, ਸਿਰ ਸਿਰ ਆਪਣਾ ਹੱਥ ਰਖਾਈਆ । ਨਾਲੇ ਹੱਸ ਕੇ ਕਿਹਾ ਬਿਨਾ ਸ਼ੱਤਰੂ ਤੋਂ ਕਿਸੇ ਨੂੰ ਕਰੇ ਨਾ ਕੋਇ ਕੁਰਬਾਨ, ਭੇਟਾ ਲੈਣ ਵਾਲਾ ਨਜ਼ਰ ਕੋਇ ਨਾ ਆਈਆ । ਕੂੜ ਕਿਰਿਆ ਚਲੇ ਨਾ ਕੋਇ ਦੁਕਾਨ, ਸ਼ਰਅ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਵਿਸਾਖ ਕਹੇ ਮੈਂ ਦੱਸਾਂ ਬਚਨ ਸੱਚੇ ਸਤਿਗੁਰ ਦਾ, ਸਤਿਗੁਰ ਸ਼ਬਦੀ ਸ਼ਬਦ ਜਣਾਈਆ । ਜਿਸ ਦਾ ਹੁਕਮ ਕੋਇ ਨਾ ਮੁੜਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦੇ ਨਾਲ ਆਤਮ ਪਰਮਾਤਮ ਜੁੜਦਾ, ਮੇਲਾ ਮੇਲੇ ਸਹਿਜ ਸੁਭਾਈਆ । ਉਹ ਲੇਖਾ ਜਾਣੇ ਅਗੰਮੇ ਅਨੰਦ ਪੁਰ ਦਾ, ਜਿਥੇ ਪੁਰੀਆਂ ਲੋਆਂ ਵੰਡ ਨਾ ਕੋਇ ਵੰਡਾਈਆ । ਉਥੇ ਲੇਖਾ ਨਹੀਂ ਕਿਸੇ ਦੇਵਤ ਸੁਰ ਦਾ, ਵਿਸ਼ਨ ਬ੍ਰਹਮਾ ਸ਼ਿਵ ਸਾਰੇ ਦੂਰੋਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਵਿਸਾਖ ਕਹੇ ਜਿਸ ਵੇਲੇ ਗੋਬਿੰਦ ਵਰਤਿਆ ਸਵਾਂਗ, ਸਵਾਂਗੀ ਖੇਲ ਕਰਾਈਆ । ਉਸ ਵੇਲੇ ਮੁਰਗੇ ਨੇ ਦਿਤੀ ਬਾਂਗ, ਕਲਗੀ ਹਿਲਾ ਕੇ ਕਲਗੀਆਂ ਵਾਲੇ ਸੀਸ ਨਿਵਾਈਆ । ਅੰਤਰ ਆਸ਼ਾ ਰੱਖੀ ਤਾਂਘ, ਮਨਸਾ ਮਨਸਾ ਨਾਲ ਵਧਾਈਆ । ਜੇ ਗੋਬਿੰਦ ਤੂੰ ਨਿਸ਼ਾਨ ਬਦਲਣ ਆਇਉਂ ਤਾਰਾ ਚਾਂਦ, ਜ਼ਿਮੀਂ ਅਸਮਾਨ ਉਲਟਾ ਦਏਂ ਕਰਾਈਆ । ਮੈਨੂੰ ਅੰਗਣ ਲਾ ਆਗ, ਅੰਗੀਕਾਰ ਆਪਣਾ ਲੈ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਪਣਾ ਖੇਲ ਖਿਲਾਈਆ । ਗੋਬਿੰਦ ਨੇ ਝਟ ਆਪਣੇ ਖੰਡੇ ਦੀ ਸੀਨੇ ਉਤੇ ਰੱਖੀ ਨੋਕ, ਸਹਿਜ ਨਾਲ ਦਬਾਈਆ । ਮੇਰੇ ਸਾਹਿਬ ਦਾ ਭਾਣਾ ਸਕੇ ਕੋਈ ਨਾ ਰੋਕ, ਜਗਤ ਜਹਾਨ ਨਾ ਕੋਇ ਅਟਕਾਈਆ । ਜਿਸ ਦੇ ਕੋਲ ਸਭ ਦੀ ਚੋਗ, ਰਾਜਕ ਰਿਜ਼ਕ ਰਹੀਮ ਬੇਪਰਵਾਹੀਆ । ਸੋਹਣਿਆਂ ਤੁਹਾਡਾ ਲੇਖੇ ਲਾਵੇ ਜੋਗ, ਜੁਗੀਸ਼ਰਾਂ ਤੋਂ ਪਰੇ ਦਏ ਵਡਿਆਈਆ । ਆਪਣੇ ਦਰ ਦੀ ਬਖ਼ਸ਼ ਕੇ ਮੌਜ, ਮਜਲਸ ਭਗਤਾਂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਵਿਸਾਖ ਕਹੇ ਮੁਰਗੇ ਨੇ ਮਾਰੀ ਇਕ ਚੀਕ, ਕੂਕ ਕੂਕ ਸੁਣਾਈਆ । ਗੋਬਿੰਦ ਦੇ ਕੋਲ ਆਇਆ ਨਜ਼ਦੀਕ, ਆਪਣਾ ਪੰਧ ਮੁਕਾਈਆ । ਕਿਹਾ ਮੇਰੀ ਤੇਰੇ ਨਾਲ ਪ੍ਰੀਤ, ਤੂੰ ਪ੍ਰੀਤਮ ਬੇਪਰਵਾਹੀਆ । ਮੇਰੀ ਕਰਨੀ ਤੇ ਮਾਰ ਦੇ ਲੀਕ, ਜਨਮ ਜਨਮ ਦਾ ਲੇਖਾ ਰਹੇ ਨਾ ਰਾਈਆ । ਤੂੰ ਮਾਲਕ ਲਾਸ਼ਰੀਕ, ਹਿੰਦੂ ਮੁਸਲਿਮ ਵੰਡ ਨਾ ਕੋਇ ਵੰਡਾਈਆ । ਮੈਨੂੰ ਜ਼ਿਬਹ ਕਰਦੇ ਸ਼ਰਅ ਵਾਲੇ ਠੀਕ, ਛੁਰੀਆਂ ਖੱਲ ਲੁਹਾਈਆ । ਮੇਰੀ ਜਗਤ ਦੇ ਪੈਗ਼ੰਬਰਾਂ ਤੋਂ ਕਰਾ ਤਸਦੀਕ,

ਸ਼ਹਾਦਤ ਆਪ ਭੁਗਤਾਈਆ । ਗੋਬਿੰਦ ਇਸ਼ਾਰਾ ਦਿਤਾ ਉਂਗਲੀ ਬਿਚਲੀ ਬੀਚ, ਖ਼ੁਸ਼ੀ ਨਾਲ ਉਠਾਈਆ । ਪੁਰਖ ਅਕਾਲ ਦੀ ਰੱਖ ਉਡੀਕ, ਆਵੇ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਗੋਬਿੰਦ ਕਿਹਾ ਮੁਰਗੇ ਸੁਣ ਲੈ ਆਪਣੀ ਪਿਛਲੀ ਕਹਾਣੀ, ਕਹਾਵਤ ਦਿਆਂ ਜਣਾਈਆ । ਤੇਰੀ ਖੇਲ ਜਗਤ ਜੁਗ ਪੁਰਾਣੀ, ਪੂਰਬ ਪਰਦਾ ਦਿਆਂ ਉਠਾਈਆ । ਤੇਰਾ ਆਪਣਾ ਆਪ ਆਪ ਨਿਸ਼ਾਨੀ, ਬੁੱਧੀ ਸਮਝ ਨਾ ਕੋਇ ਸਮਝਾਈਆ । ਤੂੰ ਭਟਕਿਆ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵਾਹੋ ਦਾਹੀਆ । ਤੇਰਾ ਲੇਖਾ ਲਿਖਿਆ ਵੇਦ ਪੁਰਾਨੀ, ਸਾਸ਼ਤਰ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਗੋਬਿੰਦ ਕਿਹਾ ਸੁਣ ਆਤਮ ਦਰਸੀ, ਤੇਰੀ ਆਤਮਾ ਦਿਆਂ ਜਣਾਈਆ । ਜਿਸ ਵੇਲੇ ਅੱਠਾਂ ਤਤਾਂ ਵਾਲਿਆਂ ਵਾਸਤੇ ਮੇਰੇ ਸਾਹਿਬ ਦੀ ਆਵੇ ਅੱਠਵੀਂ ਬਰਸੀ, ਬਰਸ ਬਰਸਾਂ ਪੰਧ ਮੁਕਾਈਆ । ਨੂਰ ਉਜਾਲਾ ਹੋਵੇ ਉਤੇ ਫ਼ਰਸ਼ੀ, ਜ਼ਿਮੀਂ ਅਸਮਾਨਾਂ ਵੱਜੇ ਵਧਾਈਆ । ਪਰਗਟ ਹੋਵੇ ਉਤੇ ਧਰਤੀ, ਧਵਲ ਸੋਭਾ ਪਾਈਆ । ਸਾਰ ਪਾਵੇ ਆਪਣੇ ਘਰ ਦੀ, ਲੱਖ ਚੁਰਾਸੀ ਵੇਖ ਵਖਾਈਆ । ਜਿਨ੍ਹਾਂ ਦੀ ਜ਼ਿੰਦਗੀ ਦੇਵਤਿਆਂ ਅੱਗੇ ਭੇਟਾ ਰਹੀ ਚੜ੍ਹਦੀ, ਦੇਵੀਆਂ ਫੋਲ ਫੁਲਾਈਆ । ਜਿਨ੍ਹਾਂ ਦੇ ਸੀਸ ਉਤੇ ਸ਼ਰਅ ਤਕਬੀਰ ਰਹੀ ਪੜ੍ਹਦੀ, ਉਨ੍ਹਾਂ ਤਕਦੀਰ ਦਏ ਬਦਲਾਈਆ । ਉਸ ਵੇਲੇ ਖੇਲ ਹੋਣੀ ਚੋਟੀ ਜੜ੍ਹ ਦੀ, ਜੜ੍ਹ ਚੇਤਨ ਸਮਝ ਕਿਸੇ ਨਾ ਆਈਆ । ਜਿਸ ਨੇ ਸਾਢੇ ਤਿੰਨ ਹੱਥ ਨਿਸ਼ਾਨੇ ਦੀ ਧਾਰ ਰੱਖਣੀ ਦਿਸ਼ਾ ਚੜ੍ਹਦੀ, ਚੜ੍ਹਦਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੋਬਿੰਦ ਕਿਹਾ ਮੇਰਾ ਸਾਹਿਬ ਸੁਲਤਾਨਾ, ਪੁਰਖ ਅਕਾਲ ਬੇਪਰਵਾਹੀਆ । ਜਿਹੜਾ ਜੁਗ ਜੁਗ ਬਦਲੇ ਜ਼ਮਾਨਾ, ਦੀਨ ਦੁਨੀ ਦਏ ਬਦਲਾਈਆ । ਜਿਸ ਦਾ ਰੂਪ ਅਨੂਪ ਹੋਵੇ ਮਹਾਨਾ, ਮਹਿਮਾ ਅਕਥ ਕਥਨ ਨਾ ਪਾਈਆ । ਉਹ ਆਵੇ ਆਪਣਾ ਪਹਿਰ ਕੇ ਬਾਣਾ, ਜੋਤੀ ਜਾਤਾ ਡਗਮਗਾਈਆ । ਸੰਬਲ ਹੋਵੇ ਅੰਗਮ ਟਿਕਾਣਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਨੇ ਆਪਣਾ ਸਰੂਪ ਕਰਨਾ ਮਹਾਨਾ, ਸ਼ੰਕਰ ਤਰਸੂਲ ਦਏ ਗਵਾਹੀਆ । ਸੰਧੂਰ ਲੇਖਾ ਜਾਣੇ ਸੀਤਾ ਰਾਮਾ, ਰਾਮ ਸੀਤਾ ਹਾਜ਼ਰ ਹੋ ਕੇ ਸੀਸ ਨਿਵਾਈਆ । ਨੀਲਾ ਰੰਗ ਨੀਲ ਬਸਨ ਬਨਵਾਰੀ ਕਾਹਨਾ, ਰਾਧਾ ਰਾਧਕੇ ਵੰਡ ਵੰਡਾਈਆ । ਈਸਾ ਮੂਸਾ ਮੁਹੰਮਦ ਕਾਲਾ ਸੂਸਾ ਇਕ ਨਿਸ਼ਾਨਾ, ਕਾਲੀ ਕੰਬਲੀ ਵਾਲਾ ਦਏ ਵਖਾਈਆ । ਗੋਬਿੰਦ ਦਾ ਖੰਡਾ ਖਿੱਚ ਕਿਰਪਾਨਾ, ਧਾਰ ਧਾਰ ਵਿਚੋਂ ਜਣਾਈਆ । ਕਲਜੁਗ ਦਾ ਵੇਸ ਮੁਖ ਕਾਲਾ ਇਕ ਰਖਾਨਾ, ਕਲ ਕਲਕੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਵਿਸਾਖ ਕਹੇ ਮੈਂ ਵੇਖਿਆ ਅਗੰਮੀ ਨੂਰ, ਨੂਰ ਨੁਰਾਨਾ ਨਜ਼ਰੀ ਆਈਆ । ਇਹੋ ਵੇਸ ਨਾਨਕ ਨੇ ਅੰਗਦ ਨੂੰ ਵਖਾਇਆ ਸੀ ਵਿਚ ਖਡੂਰ, ਜਿਸ ਵੇਲੇ ਖ਼ੁਦ ਮਾਲਕ ਦੀ ਦਾਤ ਝੋਲੀ ਪਾਈਆ । ਆਪ ਬਣ ਕੇ ਅਗੰਮ ਮਜ਼ਦੂਰ, ਸੇਵਾ ਚਾਕਰੀ ਵਾਲੀ ਕਮਾਈਆ । ਨਾਲੇ ਹੱਸ ਕੇ ਕਿਹਾ ਕਲਜੁਗ ਦਾ ਤਪੇ ਤੰਦੂਰ, ਚਾਰੋਂ ਕੁੰਟ ਅਗਨ ਤਪਾਈਆ । ਆਤਮ ਲਏ ਨਾ ਕੋਇ ਸਰੂਰ, ਸਤਿ ਵਿਚ ਨਾ ਕੋਇ ਸਮਾਈਆ । ਜਗਤ ਦਾ ਨਾਤਾ ਕਿਰਿਆ ਕੂੜ, ਬੰਧਨ ਕੂੜ ਨਾ ਕੋਇ ਤੁੜਾਈਆ । ਮਨਸਾ ਬੁੱਧੀ ਹੋਈ ਮੂੜ੍ਹ, ਮਨ ਕਾ ਮਣਕਾ ਨਾ ਕੋਇ ਭਵਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਵਿਸਾਖ ਕਹੇ ਗੋਬਿੰਦ ਨੇ ਕੱਟਿਆ ਨਹੀਂ ਕੋਈ ਬੱਕਰਾ, ਨਿਗਹ ਮਿਹਰ ਵਾਲੀ ਟਿਕਾਈਆ । ਸਭ ਨੂੰ ਇਕੋ ਕਿਨਾਰਾ ਦੱਸ ਕੇ ਪੱਤਨਾ, ਘਾਟ ਧੁਰ ਦਾ ਦਿਤਾ ਦ੍ਰਿੜਾਈਆ । ਮੇਰੇ ਦਰ ਤੇ ਜੋ ਆਇਆ ਸੋ ਬਣ ਗਿਆ ਹੀਰਾ ਰਤਨਾ, ਅਮੋਲਕ ਅਮੁਲ ਅਖਵਾਈਆ । ਸਚ ਪ੍ਰੀਤੀ ਜੁੜ ਗਿਆ ਨਤਨਾ, ਨਾਤਾ ਸਕੇ ਨਾ ਕੋਇ ਤੁੜਾਈਆ । ਮੇਰਾ ਤਨ ਪਰਗਟਿਆ ਵਿਚ ਪਟਨਾ, ਮੇਰਾ ਨੂਰ ਘਰ ਘਰ ਕਰੇ ਰੁਸ਼ਨਾਈਆ । ਮੈਂ ਲੱਖ ਚੁਰਾਸੀ ਜੀਵ ਜੰਤ ਨੂੰ ਤਕਣਾ, ਬਿਨ ਅੱਖਾਂ ਅੱਖ ਖੁਲ੍ਹਾਈਆ । ਝਟ ਪੁਰਖ ਅਕਾਲ ਨੇ ਛਾਤੀ ਉਤੇ ਮਾਰਿਆ ਥੱਪਨਾ, ਥਪਕੀ ਪ੍ਰੇਮ ਵਾਲੀ ਟਿਕਾਈਆ । ਜਗਤ ਜਹਾਨ ਵੇਖ ਲੈ ਸੱਖਣਾ, ਵਸਤ ਸਚ ਨਾ ਕੋਇ ਰਖਾਈਆ । ਜਿਸ ਵੇਲੇ ਗੋਬਿੰਦ ਤੇਰਾ ਢਈਆ ਟੱਪਣਾ, ਚਾਰੋਂ ਕੁੰਟ ਅੰਧੇਰਾ ਛਾਈਆ । ਤੇਰਿਆਂ ਸਿੱਖਾਂ ਇਹੋ ਬੱਕਰਾ ਛਕਣਾ, ਸ਼ੁਕਰ ਕਰ ਕੇ ਤੇਰੇ ਅੱਗੇ ਸੀਸ ਨਿਵਾਈਆ । ਗੋਬਿੰਦ ਕਿਹਾ ਮੈਂ ਉਸ ਵੇਲੇ ਜ਼ਰੂਰ ਸਚਖੰਡ ਵਿਚੋਂ ਨੱਠਣਾ, ਭੱਜਾਂ ਵਾਹੋ ਦਾਹੀਆ । ਸ਼ਰਅ ਦਾ ਰਹਿਣ ਦੇਣਾ ਨਹੀਂ ਕੋਈ ਰੱਟਣਾ, ਰੱਟਾ ਕੂੜ ਦੇਣਾ ਮਿਟਾਈਆ । ਮੈਂ ਚਹੁੰ ਜੁਗਾਂ ਦੇ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦਾ ਲੇਖਾ ਪੂਰਾ ਕਰਾਂ ਇਕੋ ਵਾਰ ਸਚ ਸਰੂਪ ਦਾ ਮਲ ਕੇ ਵਟਣਾ, ਵੱਟਾ ਸਭ ਦਾ ਦਿਆਂ ਚੁਕਾਈਆ । ਪਿਛਲਾ ਲੇਖਾ ਛਪਣਾ, ਅੱਗੇ ਠੱਪਾ ਨਾਮ ਮੋਹਰ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਿਹਾ ਗੋਬਿੰਦ ਬੱਚਾ, ਸੁਤ ਦੁਲਾਰੇ ਸੀਸ ਹੱਥ ਰਖਾਈਆ । ਓ ਵੇਖੇ ਤੇਰੇ ਹੁੰਦਿਆਂ ਖਾਧਾ ਜਾਏ ਕੱਟਾ ਤੇ ਵੱਛਾ, ਪੰਖੇਰੂ ਰੋਵਣ ਮਾਰਨ ਧਾਹੀਆ । ਗੋਬਿੰਦ ਸਚ ਪੁੱਛੇਂ ਮੈਂ ਲੂੰ ਲੂੰ ਦੇ ਵਿਚ ਰਚਾ, ਘਟ ਘਟ ਰਿਹਾ ਸਮਾਈਆ । ਜਿਨ੍ਹਾਂ ਪੰਛੀਆਂ ਮੇਰਾ ਨਾਮ ਜਪਾ, ਉਹ ਮੇਰਾ ਰੂਪ ਨਜ਼ਰੀ ਆਈਆ । ਕੀ ਇਸ਼ਾਰਾ ਦੇ ਕੇ ਗਿਆ ਨਾਨਕ ਤਪਾ, ਤਾਰ ਸਿਤਾਰ ਸ਼ਬਦ ਵਾਲੀ ਹਿਲਾਈਆ । ਮੇਰਾ ਤੇਰਾ ਵਹਿਦਾ ਕੌਲ ਇਕਰਾਰ ਪੱਕਾ, ਸਤਿ ਸਚ ਦਿਆਂ ਸੁਣਾਈਆ । ਇਕ ਵੇਰਾਂ ਮੇਰੇ ਕੋਲ ਆਵੀਂ ਜਗਤ ਦਾ ਕਰਕੇ ਅੱਛਾ, ਡੰਡਾਵਤ ਸੀਸ ਜਗਦੀਸ਼ ਝੁਕਾਈਆ । ਅੱਗੇ ਫੇਰ ਰਹਿਣ ਦੇਵਾਂ ਨਾ ਕਿਸੇ ਦੀ ਹੱਤਾ, ਹੱਤਿਆ ਕਰਨ ਵਾਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਬੱਕਰਾ ਕਹੇ ਗੋਬਿੰਦ ਮੈਂ ਤੇਰੇ ਹਾਜ਼ਰ ਹਜ਼ੂਰ, ਹਜ਼ਰਤਾਂ ਦੇ ਹਜ਼ਰਤ ਸੀਸ ਨਿਵਾਈਆ । ਦੱਸ ਮੇਰਾ ਕੀ ਕਸੂਰ, ਕਿਉਂ ਛੁਰੀ ਮੇਰੇ ਸੀਸ ਰਖਾਈਆ । ਤੇਰਾ ਪੁਰਖ ਅਕਾਲ ਦਾ ਕੀ ਦਸਤੂਰ, ਕੀ ਹੁਕਮ ਦਿਤਾ ਦ੍ਰਿੜਾਈਆ । ਮੈਂ ਵੀ ਉਸ ਪ੍ਰਭੂ ਦਾ ਨੂਰ, ਜੋ ਨੂਰ ਨੁਰਾਨਾ ਅਗੰਮ ਅਥਾਹੀਆ । ਤੇਰੇ ਚਰਨਾਂ ਲਾਵਾਂ ਧੂੜ, ਟਿੱਕਾ ਖ਼ਾਕ ਰਮਾਈਆ । ਮੇਰੀ ਮਨਸਾ ਕਰ ਪੂਰ, ਪੁਰੀ ਅਨੰਦ ਦੇ ਮਾਲਕ ਤੇਰੇ ਅੱਗੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਗੋਬਿੰਦ ਕਹੇ ਮੈਂ ਨਿਗਹ ਨਾਲ ਤੱਕਿਆ ਦੂਰ, ਦੁਰਾਡਾ ਧਿਆਨ ਲਗਾਈਆ । ਬਰਾਹ ਦਾ ਬੱਚਾ ਰੋਵੇ ਸੂਰ, ਜਿਸ ਬਰਾਹ ਨੂੰ ਸਾਰੇ ਸੀਸ ਨਿਵਾਈਆ । ਉਹ ਬਣਿਆ ਮੂਰਖ ਮੂੜ੍ਹ, ਜਗਤ ਚਲੇ ਨਾ ਕੋਇ ਚਤੁਰਾਈਆ । ਜਿਸ ਨੂੰ ਸਤਿਜੁਗ ਤ੍ਰੇਤਾ ਦੁਆਪਰ ਪ੍ਰਭੂ ਦੇ ਪ੍ਰੇਮ ਦਾ ਰਿਹਾ ਜੂੜ, ਤਿੰਨਾਂ ਟੰਗਾਂ ਬੰਧ ਬੰਧਾਈਆ । ਕਲਜੁਗ ਅੰਤਮ ਹੋਇਆ ਚੂਰੋ ਚੂਰ, ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੧੮੪੦
੨੨

੧੮੪੧
੨੨

ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਵਿਸਾਖ ਕਹੇ ਮੈਂ ਬੜਾ ਸੁਣਿਆ ਝੇੜਾ, ਝਗੜਾ ਜਗਤ ਲੋਕਾਈਆ । ਮੇਰੇ ਸਾਹਿਬ ਬੰਨ੍ਹ ਦੇ ਬੇੜਾ, ਬੇੜੀ ਨਈਆ ਨੌਕਾ ਆਪਣਾ ਨਾਮ ਵਖਾਈਆ । ਤੇਰਾ ਵਸੇ ਇਕੋ ਖੇੜਾ, ਦਰ ਸਾਚੇ ਵੱਜੇ ਵਧਾਈਆ । ਪਤਾ ਨਹੀਂ ਤੂੰ ਜੁਗ ਚੌਕੜੀ ਕਿੱਡਾ ਵੱਡਾ ਕੀਤਾ ਜੇਰਾ, ਹੱਠ ਆਪਣਾ ਆਪ ਕਮਾਈਆ । ਤੇਰਾ ਰੂਪ ਅਗੰਮਾ ਸ਼ਹਿਨਸ਼ਾਹ ਸ਼ੇਰਾ, ਤੂੰ ਪਾਤਸ਼ਾਹ ਬੇਪਰਵਾਹੀਆ । ਕਲਜੁਗ ਅੰਤ ਵੇਖ ਲੈ ਚਾਰੋਂ ਕੁੰਟ ਅੰਧੇਰਾ, ਸਾਚਾ ਚੰਦ ਨਾ ਕੋਇ ਚਮਕਾਈਆ । ਨਾਤਾ ਜੁੜਿਆ ਨਾ ਤੇਰਾ ਮੇਰਾ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਮੇਰੇ ਦੀਨ ਦਿਆਲੇ ਪੁਰਖ ਅਕਾਲੇ ਕਰ ਦੇ ਮਿਹਰਾ, ਮਿਹਰਵਾਨ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਤੇਰੇ ਹੱਥ ਵਡਿਆਈਆ । ਪੁਰਖ ਅਕਾਲ ਕਹੇ ਸੁਣੋ ਸ਼ਬਦ ਸ਼ਬਦ ਸਵਾਸੀ, ਸਭ ਨੂੰ ਦਿਆਂ ਜਣਾਈਆ । ਮੇਰਾ ਰੂਪ ਅਨੂਪ ਅਬਿਨਾਸ਼ੀ, ਜਨਮ ਮਰਨ ਵਿਚ ਕਦੇ ਨਾ ਆਈਆ । ਮੇਰੀ ਮੰਡਲ ਮੰਡਪ ਰਾਸੀ, ਦੋ ਜਹਾਨਾਂ ਖੇਲ ਖਿਲਾਈਆ । ਮੈਂ ਕਿਸੇ ਹੱਥ ਨਾ ਆਇਆ ਅਯੁੱਧਿਆ ਪਰਾਗ ਕਾਸ਼ੀ, ਖੋਜਣ ਥਾਉਂ ਥਾਈਂਆ । ਮੈਂ ਹਰ ਘਟ ਅੰਤਰ ਵਾਸੀ, ਗ੍ਰਿਹਿ ਗ੍ਰਿਹਿ ਸੋਭਾ ਪਾਈਆ । ਪਰ ਯਾਦ ਕਰ ਲਉ ਮੇਰਾ ਭੇਵ ਕੋਇ ਨਾ ਪਾਸੀ, ਚਾਰ ਜੁਗ ਦੇ ਅਵਤਾਰ ਪੈਗ਼ੰਬਰ ਗੁਰੂ ਸੀਸ ਨਿਵਾਈਆ । ਕਲਜੁਗ ਦੀ ਕਲਾ ਵਾਸਤੇ ਈਸਾ ਨੂੰ ਦਿਤਾ ਸੀ ਫਾਂਸੀ, ਸਲੀਬ ਸਾਢੇ ਤਿੰਨ ਹੱਥ ਗਲ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਗੋਬਿੰਦ ਕਹੇ ਜਿਸ ਵੇਲੇ ਈਸਾ ਨੂੰ ਦਿਤਾ ਫਾਹ, ਫਾਂਸੀ ਗਲ ਲਟਕਾਈਆ । ਸੀਸ ਕੰਡਿਆ ਦਾ ਤਾਜ ਦਿਤਾ ਸੁਹਾ, ਸੋਹਣੀ ਵੰਡ ਵੰਡਾਈਆ । ਈਸਾ ਖ਼ੁਸ਼ੀ ਵਿਚ ਮਾਰੀ ਧਾਹ, ਕੂਕ ਕੂਕ ਸੁਣਾਈਆ । ਮੇਰਾ ਤਨ ਤੇ ਮੇਰੀ ਲਾਸ਼ ਮੇਰਾ ਗਵਾਹ, ਦੂਜਾ ਨਜ਼ਰ ਕੋਇ ਨਾ ਆਈਆ । ਸਦੀ ਬੀਸਵੀਂ ਮੇਰੇ ਮਾਲਕਾ ਤੇਰਾ ਰਾਹ ਰਿਹਾ ਤਕਾ, ਤਕਵਾ ਇਕੋ ਇਕ ਵਖਾਈਆ । ਜੋ ਮੇਰਾ ਹੱਕ ਦਾ ਖ਼ੁਦਾ, ਖ਼ੁਦ ਮਾਲਕ ਨਜ਼ਰੀ ਆਈਆ । ਜਿਹੜੇ ਤੈਨੂੰ ਭੁੱਲੇ ਉਨ੍ਹਾਂ ਨੂੰ ਸੂਲਾਂ ਦੀ ਸੇਜ ਦਈਂ ਸੁਆ, ਮੇਰੇ ਸੀਸ ਦਾ ਸੀਸ ਆਪਣੇ ਲੇਖੇ ਲਾਈਆ । ਵੇਖੀਂ ਕਿਤੇ ਮੇਰੀ ਵਸੀਅਤ ਨਾ ਦੇਵੀਂ ਗਵਾ, ਦੂਸਰ ਹੱਥ ਫੜਾਈਆ । ਕਿਤੇ ਲੇਖਾ ਲਿਖੀਂ ਨਾ ਨਾਲ ਕਲਮ ਸ਼ਾਹ, ਕਾਗ਼ਜ਼ਾਂ ਚਲੇ ਨਾ ਕੋਇ ਚਤੁਰਾਈਆ । ਮੇਰੀ ਦਰਗਹ ਸਾਚੀ ਸਚਖੰਡ ਤੇਰੇ ਅੱਗੇ ਦੁਆ, ਦੋਏ ਜੋੜ ਵਾਸਤਾ ਪਾਈਆ । ਅੱਗੋਂ ਖ਼ੁਸ਼ੀ ਵਿਚ ਧੁਰ ਦਾ ਕਲਮਾ ਦਿਤਾ ਸੁਣਾ, ਅਣਸੁਣਤ ਆਪ ਜਣਾਈਆ । ਮਸੀਹ ਵਸੀਹ ਹੋ ਕੇ ਜਾਵਾਂ ਆ, ਆਮਦ ਦੂਸਰ ਨਾ ਕਿਸੇ ਦ੍ਰਿੜਾਈਆ । ਤੇਰਾ ਲਹਿਣਾ ਦੇਣਾ ਦੇਵਾਂ ਚੁਕਾ, ਚਾਰੋਂ ਕੁੰਟ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਈਸਾ ਕਿਹਾ ਮੇਰੇ ਨੂਰੀ ਮਾਲਕਾ, ਨੂਰਾਨੇ ਦੇ ਜਣਾਈਆ । ਕੀ ਮੇਰਾ ਲੇਖਾ ਯਾਦ ਰਖੇਂਗਾ ਸਾਬਕਾ, ਪਿਛਲਾ ਭੇਵ ਖੁਲ੍ਹਾਈਆ । ਮੇਰਾ ਨਾਤਾ ਕਾਇਮ ਰਖੇਂਗਾ ਬਾਪ ਦਾ, ਪਿਤਾ ਪੁਰਖ ਅਕਾਲ ਦੇ ਦ੍ਰਿੜਾਈਆ । ਲਹਿਣਾ ਝੋਲੀ ਪਾਏਂਗਾ ਆਪਣੇ ਜਾਪ ਦਾ, ਜੋ ਤੇਰਾ ਨਾਮ ਧਿਆਈਆ । ਕੀ ਤੇਰਾ ਰੂਪ ਹੋਵੇਗਾ ਇਲਾਹੀ ਪਾਕ ਦਾ, ਪਰਵਰਦਿਗਾਰ ਦੇ ਸਮਝਾਈਆ । ਕਿ ਬੁਤ ਹੋਵੇਗਾ ਮਿੱਟੀ ਖ਼ਾਕ ਦਾ, ਪੰਜਾਂ ਤਤਾਂ ਗੰਢ ਪਵਾਈਆ । ਮੇਰਾ ਲਹਿਣਾ ਪੂਰਾ ਕਰੀਂ ਭਵਿਖਤ ਵਾਕ ਦਾ, ਬੀਸ ਬੀਸੇ ਸੀਸ ਨਿਵਾਈਆ । ਤੂੰ ਪਿਆਰਾ ਹੋਵੇਂਗਾ ਕਿਹੜੀ ਜਮਾਤ ਦਾ, ਕੀ ਮਜ਼੍ਹਬਾਂ ਰੰਗ ਰੰਗਾਈਆ ।

ਤੇਰਾ ਧਾਮ ਕਿਹੜਾ ਹੋਵੇ ਨਿਵਾਸ ਦਾ, ਸਚ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦੀ ਧਾਰ ਇਕ ਵਖਾਈਆ । ਜਿਸ ਵੇਲੇ ਈਸਾ ਦਾ ਅੰਤ ਅਖ਼ੀਰੀ ਸਵਾਸ, ਆਕਾਸ਼ ਆਕਾਸ਼ਾਂ ਧਿਆਨ ਲਗਾਈਆ । ਐਸੇ ਰੂਪ ਵਿਚ ਨਿਰਗੁਣ ਧਾਰ ਆਇਆ ਪਾਸ, ਖੰਡਾ ਮੁਖ ਵਿਚ ਟਿਕਾਈਆ । ਯਾਦ ਰੱਖੀਂ ਮੈਂ ਫੇਰ ਆਵਾਂਗਾ ਆਪ, ਆਪਣਾ ਫੇਰਾ ਪਾਈਆ । ਸਭ ਦਾ ਸਾਂਝਾ ਬਣਾਂਗਾ ਬਾਪ, ਪੁਰਖ ਅਕਾਲ ਇਕ ਅਖਵਾਈਆ । ਜ਼ਰੂਰ ਹਜ਼ੂਰ ਹੋ ਕੇ ਕਰਾਂਗਾ ਟਾਕ, ਸ਼ਬਦ ਸ਼ਬਦੀ ਨਾਦ ਸੁਣਾਈਆ । ਪੱਥਰਾਂ ਦਾ ਰਹਿਣ ਨਹੀਂ ਦੇਣਾ ਕੋਈ ਠਾਕਰ ਠਾਕ, ਠੋਕਰ ਇਕੋ ਦਿਆਂ ਲਗਾਈਆ । ਔਹ ਵੇਖ ਕੀ ਕਹਿੰਦਾ ਭਸੁੰਡ ਕਾਗ, ਮੁਖ ਦੋ ਜਹਾਨ ਉਠਾਈਆ । ਕਿਸ ਬਿਧ ਅੰਤਮ ਮੁਕੇ ਵਾਟ, ਰਾਹ ਬਿਨ ਨੈਣਾਂ ਨੈਣ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਧਾਰ ਇਕ ਵਖਾਈਆ । ਸੰਮਤ ਅੱਠ ਕਹੇ ਈਸਾ ਮੂਸਾ ਮੁਹੰਮਦ ਸਾਰੇ ਮਾਰਦੇ ਤਾਲੀ, ਖ਼ੁਦਾ ਤਆਲਾ ਸੀਸ ਨਿਵਾਈਆ । ਜਿਸ ਦਾ ਖੇਲ ਤਕਣਾ ਹਾਲੀ, ਜੋ ਹਾਲਤ ਵੇਖੇ ਖ਼ਲਕ ਖ਼ੁਦਾਈਆ । ਜਿਸ ਨੇ ਆਪਣਾ ਨਾਮ ਕਲਮਾ ਰਹਿਣ ਨਹੀਂ ਦੇਣਾ ਜਾਹਲੀ, ਜੋ ਸਿਫ਼ਤ ਕਰਕੇ ਸਿਫ਼ਤ ਸਿਫ਼ਤ ਵਾਲਿਆਂ ਨਾਲ ਲੜਾਈਆ । ਕਲਜੁਗ ਮੇਟੇ ਰੈਣ ਅੰਧੇਰੀ ਕਾਲੀ, ਕਲਾ ਆਪਣੀ ਆਪ ਵਰਤਾਈਆ । ਕਿਉਂ ਚਾਰ ਜੁਗ ਧੁਰ ਦੀ ਤਾਕਤ ਬਿਨਾ ਪੁਰਖ ਅਕਾਲ ਤੋਂ ਕਿਸੇ ਕੋਲੋਂ ਨਾ ਜਾਏ ਸੰਭਾਲੀ, ਏਸੇ ਕਰ ਕੇ ਗੋਬਿੰਦ ਸੰਬਲ ਦਾ ਲੇਖਾ ਗਿਆ ਸਮਝਾਈਆ । ਜੋ ਆਦਿ ਅੰਤ ਸਭ ਦਾ ਮਾਲੀ, ਮਾਲਕ ਖ਼ਾਲਕ ਨੂਰ ਇਲਾਹੀਆ । ਅੰਤ ਜਗਤ ਦੀ ਮੇਟੇ ਦਲਾਲੀ, ਵਿਚੋਲਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪਣੇ ਹੱਥ ਰਖਾਈਆ । ਵਿਸਾਖ ਕਹੇ ਵਾਹ ਪ੍ਰਭੂ ਮੇਰੇ ਦਾਤੇ, ਦਇਆਵਾਨ ਤੇਰੀ ਸਰਨਾਈਆ । ਓ ਪੁਰਖਾਂ ਦੇ ਪੁਰਖ ਬਿਧਾਤੇ, ਪਤਿਪਰਮੇਸ਼ਵਰ ਨੂਰ ਇਲਾਹੀਆ । ਉਠ ਵੇਖ ਆਪਣੀ ਅੰਧੇਰੀ ਰਾਤੇ, ਚਾਰੋਂ ਕੁੰਟ ਅੰਧੇਰਾ ਛਾਈਆ । ਬੇਸ਼ਕ ਦੀਨਾਂ ਮਜ਼੍ਹਬਾਂ ਵਾਲੇ ਤੈਨੂੰ ਅੱਖਰਾਂ ਵਿਚ ਗਾਤੇ, ਗਾ ਗਾ ਆਪਣਾ ਝਟ ਲੰਘਾਈਆ । ਜ਼ਰਾ ਨਿਗਾਹ ਮਾਰ ਅੰਤਰ ਆਤਮ ਤੈਨੂੰ ਮੂਲ ਨਾ ਪਾਤੇ, ਪਤਿਪਰਮੇਸ਼ਵਰ ਤੇਰਾ ਮੇਲ ਨਾ ਕੋਇ ਮਿਲਾਈਆ । ਤੇਰੇ ਲੱਗੇ ਕੋਇ ਨਾ ਆਖੇ, ਤੈਨੂੰ ਭੁੱਲੀ ਸਰਬ ਲੋਕਾਈਆ । ਨਾਮ ਦਾ ਤਿਲਕ ਦਿਸੇ ਕਿਸੇ ਨਾ ਮਾਥੇ, ਮਸਤਕ ਨੂਰ ਜੋਤ ਨਾ ਕੋਇ ਰੁਸ਼ਨਾਈਆ । ਜਿਧਰ ਤਕਾਂ ਓਧਰ ਘਾਟੇ, ਖ਼ਾਲੀ ਭੰਡਾਰੇ ਨਾ ਕੋਇ ਭਰਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅੰਤਮ ਆ ਗਈ ਤੇਰੀ ਵਾਟੇ, ਸਾਡਾ ਪੰਧ ਮੁਕਿਆ ਚਾਈਂ ਚਾਈਂਆ । ਦਰ ਤੇਰੇ ਸਾਰੇ ਆਏ ਨਾਠੇ, ਭੱਜੇ ਵਾਹੋ ਦਾਹੀਆ । ਤੁਧ ਬਿਨ ਜੋਤ ਜਗੇ ਨਾ ਕਿਸੇ ਵਾਲੀ ਲਾਟੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਸੀਸ ਨਿਵਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਸਾਰੇ ਤਕੋ ਇਕ ਦਮ, ਸਵਾਸ ਲੈਣ ਕੋਇ ਨਾ ਪਾਈਆ । ਸ਼ਬਦੀ ਧਾਰ ਵਿਚ ਕਹੋ ਝਗੜਾ ਮੇਟਿਆ ਕਾਇਆ ਚੰਮ, ਚੰਮ ਦ੍ਰਿਸ਼ਟੀ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲ ਤੇਰੀ ਧਾਰੋਂ ਪਏ ਜੰਮ, ਨੂਰ ਤੇਰਾ ਨਜ਼ਰੀ ਆਈਆ । ਨਾ ਕੋਈ ਹਰਖ ਨਾ ਕੋਈ ਗ਼ਮ, ਚਿੰਤਾ ਚਿਖਾ ਨਾ ਕੋਇ ਸਤਾਈਆ । ਤੇਰਾ ਨੂਰ ਸ੍ਰਿਸ਼ਟੀ ਸਾਰੀ ਬ੍ਰਹਮ, ਪਾਰਬ੍ਰਹਮ ਤੂੰਹੀ ਬੇਪਰਵਾਹੀਆ । ਅੰਤਮ ਸਭ ਦਾ ਬੇੜਾ ਬੰਨ੍ਹ, ਬੰਨ੍ਹਣਹਾਰ ਇਕ ਅਖਵਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਸਾਰੇ ਫੜ ਲਓ

ਆਪਣੇ ਕੰਨ, ਬਿਨ ਹੱਥਾਂ ਹੱਥ ਲਗਾਈਆ । ਇਕ ਦੇ ਦੁਲਾਰੇ ਬਣੇ ਜਨ, ਮਾਣ ਚਲੇ ਨਾ ਕੋਇ ਚਤੁਰਾਈਆ । ਸਾਰੇ ਰੋ ਪਓ ਨੇਤਰ ਛੰਮ ਛੰਮ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਆਉ ਵੇਖੋ ਜਗਤ ਜਹਾਨ, ਜੋਬਨ ਵੰਞਿਓ ਦਿਆਂ ਜਣਾਈਆ । ਭੱਜੇ ਸੀਤਾ ਰਾਮ, ਰਾਮ ਰਾਮ ਦੁਹਾਈਆ । ਉਠ ਵੇਖ ਗੋਪੀ ਕਾਹਨ, ਬਿਨ ਨੈਣਾਂ ਨੈਣ ਉਠਾਈਆ । ਮੁਹੰਮਦ ਈਸਾ ਸੁਣੇ ਪੈਗ਼ਾਮ, ਮੂਸਾ ਨੈਣ ਮਿਲਾਈਆ । ਕਿਉਂ ਚਾਰੋਂ ਕੁੰਟ ਹੋਵੇ ਕਤਲੇਆਮ, ਕਤਲਗਾਹ ਖ਼ਲਕ ਖ਼ੁਦਾਈਆ । ਕਿਉਂ ਪੰਖੇਰੂਆਂ ਪਸ਼ੂਆਂ ਬਣਿਆ ਤੁਆਮ, ਖੱਲਾਂ ਰਹੇ ਲੁਹਾਈਆ । ਕਿਉਂ ਸ਼ਰਅ ਬਣੀ ਗ਼ੁਲਾਮ, ਜ਼ੰਜੀਰ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਤੋਂ ਲੇਖਾ ਮੰਗੇ ਤਮਾਮ, ਮਜ਼੍ਹਬ ਦੀ ਤਮਾ ਵਾਲਿਓ ਭੇਵ ਦਿਉ ਚੁਕਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਹੋ ਗਏ ਜਮਾਂ, ਜ਼ਾਮਨੀ ਨਜ਼ਰ ਕੋਇ ਨਾ ਆਈਆ । ਨਾ ਕੋਈ ਮਾਟੀ ਨਾ ਕੋਈ ਚੰਮਾ, ਤਨ ਵਜੂਦ ਨਾ ਕੋਇ ਵਖਾਈਆ । ਨਾ ਕੋਈ ਨੂਰ ਜੋਤ ਨਾ ਕੋਈ ਸ਼ਮਾ, ਦੀਪਕ ਨਜ਼ਰ ਕੋਇ ਨਾ ਆਈਆ । ਨਾ ਕੋਈ ਅੱਖਰ ਨਾ ਕੋਈ ਇਬਾਰਤ ਨਾ ਕੋਈ ਪੰਨਾ, ਸਿਫ਼ਤਾਂ ਸਿਫ਼ਤ ਨਾ ਕੋਇ ਵਡਿਆਈਆ । ਦੁਹਾਈ ਦੇਵੇ ਕਹੇ ਤਾਰਾ ਚੰਨਾ, ਪ੍ਰਭ ਨੇ ਉਲਟੀ ਕਰਨੀ ਲੋਕਾਈਆ । ਮਜ਼੍ਹਬ ਦਾ ਰਹਿਣ ਦੇਣਾ ਨਹੀਂ ਕੋਈ ਬੰਨਾ, ਹਦ ਹਦੂਦ ਦੇਣੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਰੰਗ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਦਾ ਦਰਸ ਪਾਇਆ ਅਨੋਖਾ, ਅਨੋਖਾ ਨਜ਼ਰੀ ਆਈਆ । ਭਗਵਨ ਕਿਹੜਾ ਕਰਨ ਲੱਗਾ ਧੋਖਾ, ਧੋਖਾ ਸਮਝ ਕੋਇ ਨਾ ਪਾਈਆ । ਕਿਹੜੇ ਵੜ ਗਿਆ ਵਿਚ ਕੋਠਾ, ਸਚ ਸਿੰਘਾਸਣ ਡੇਰਾ ਲਾਈਆ । ਨਾ ਕੋਈ ਹੱਥ ਵਿਚ ਕਲਸ ਤੇ ਨਾ ਕੋਈ ਲੋਟਾ, ਨਾ ਕੋਈ ਵੇਸ ਅਵੇਸ ਜਣਾਈਆ । ਸਾਰੇ ਕਹਿਣ ਵੇਖੋ ਇਕੋ ਨੂਰ ਤੇ ਇਕੋ ਜੋਤਾ, ਦੂਜਾ ਨਜ਼ਰ ਕੋਇ ਨਾ ਆਈਆ । ਉਫ਼ ਹਾਏ ਕਿਸ ਦੀਆਂ ਕਰੀਏ ਸੋਚਾਂ, ਸੋਚ ਸਮਝ ਰਹੀ ਨਾ ਰਾਈਆ । ਜਿਸ ਦੇ ਪਿਆਰ ਵਿਚ ਮਾਣੀਆਂ ਮੌਜਾਂ, ਮਜਲਸ ਨਾਮ ਕਲਮੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਆਪਣੀ ਵੰਡ ਵੰਡਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਭ ਦੇ ਹੱਥ ਬੱਧੇ, ਬੰਦਨਾ ਸੀਸ ਨਿਵਾਈਆ । ਤੇਰਾ ਨੂਰ ਕਿਤੋਂ ਨਾ ਲੱਭੇ, ਬਹੁੜੀ ਤੇਰਾ ਨਾਮ ਦੁਹਾਈਆ । ਅਸੀਂ ਪਿਛਲੇ ਲੇਖੇ ਛਡੇ, ਛਡੀ ਕੂੜ ਲੋਕਾਈਆ । ਤੇਰੇ ਨਾਮ ਨਿਸ਼ਾਨੇ ਗੱਡੇ, ਦੋ ਜਹਾਨ ਵਡਿਆਈਆ । ਤੇਰਾ ਪਿਆਰ ਲਡਾਈਏ ਲੱਡੇ, ਦੂਜੀ ਗੋਦ ਨਾ ਕੋਇ ਵਖਾਈਆ । ਤੇਰੇ ਨਾਮ ਰਸ ਦੇ ਸਦਾ ਮਧੇ, ਮਧੁਰ ਤੇਰੀ ਧੁਨ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਤੇਰੇ ਅੱਗੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੋਲ ਦੇ ਆਪਣੀ ਤਕੜੀ, ਤੋਲਣਹਾਰੇ ਤੇਰੇ ਹੱਥ ਵਡਿਆਈਆ । ਅਸੀਂ ਇਕੋ ਨੂਰ ਇਕੋ ਜੋਤ ਇਕੋ ਪਾਈ ਗਲਵਕੜੀ, ਦੂਜਾ ਰੂਪ ਨਾ ਕੋਇ ਬਣਾਈਆ । ਨਾ ਕੋਈ ਬ੍ਰਾਹਮਣ ਨਾ ਕੋਈ ਸ਼ੂਦਰ ਨਾ ਕੋਈ ਵੈਸ਼ ਤੇ ਨਾ ਕੋਈ ਸ਼ੱਤਰੀ, ਛਤਰਧਾਰੀ ਨਜ਼ਰ ਕੋਇ ਨਾ ਆਈਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਸਾਡਾ ਵਾਸਤਾ ਕਲਜੁਗ ਅੰਤ ਰਹਿਣ ਨਾ ਦੇਵੀਂ ਜਿਨ੍ਹਾਂ ਵੱਛਾ ਕੱਟਾ ਖਾਧਾ ਬੱਕਰਾ ਬੱਕਰੀ, ਸੂਰਾਂ ਵਾਲਿਆਂ ਸਿਰ

ਨਾ ਕੋਇ ਕਟਾਈਆ । ਤੇਰਾ ਗੋਬਿੰਦ ਸਾਲ ਚੜ੍ਹ ਗਿਆ ਦੋ ਸੌ ਬਹੱਤਰ ਤੋਂ ਤਿਹੱਤਰੀ, ਤਿੰਨਾਂ ਗੁਣਾਂ ਦਾ ਲੇਖਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਬੇਪਰਵਾਹੀਆ । ਕੱਟੇ ਵੱਛੇ ਕਰਨ ਆਏ ਬੇਨੰਤੀ, ਸੂਰ ਮੁਰਗੇ ਨਾਲ ਮਿਲਾਈਆ । ਪ੍ਰਭੂ ਸਾਡੀ ਇਕੋ ਲਿਖ ਦੇ ਪੰਗਤੀ, ਪੰਜਾਂ ਤਤਾਂ ਦਾ ਡੇਰਾ ਢਾਹੀਆ । ਹੁਕਮ ਸੁਣਾ ਦੇ ਦੋ ਜਹਾਨ ਨਿਰਗੁਣ ਧਾਰ ਸੰਗਤੀ, ਤੇਰੇ ਸੰਗੀ ਗੁਰ ਅਵਤਾਰ ਪੈਗ਼ੰਬਰ ਸੋਭਾ ਪਾਈਆ । ਜਿਨ੍ਹਾਂ ਦੀ ਤਾਕਤ ਸਾਨੂੰ ਨਹੀਂ ਜੰਮਦੀ, ਮਾਰਨ ਵਾਲਾ ਨਜ਼ਰ ਕੋਇ ਨਾ ਆਈਆ । ਸਭ ਦੀ ਮਨਸਾ ਮੇਟ ਦੇ ਮਨ ਦੀ, ਤ੍ਰਿਸ਼ਾ ਤ੍ਰਿਖਾ ਤ੍ਰਿਸ਼ਨਾ ਦੇ ਗਵਾਈਆ । ਸ਼ਹਾਦਤ ਦੇ ਦੇ ਤਾਰੇ ਚੰਨ ਦੀ, ਜਿਨ੍ਹ ਸਦੀ ਚੌਧਵੀਂ ਦੇਣੀ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਪਣਾ ਖੇਲ ਖਿਲਾਈਆ । ਦੁਰਗਾ ਕਹੇ ਮੇਰੀ ਗਾ ਗਾ ਪ੍ਰਭੂ ਜੀਭਾ ਹੋਈ ਲਾਲ, ਓ ਧੁਰ ਦੇ ਲਾਲ ਦਿਆਂ ਜਣਾਈਆ । ਮੈਂ ਤੇਰਾ ਅਗੰਮਾ ਉਹ ਬਾਲ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਅੱਠਾਂ ਤਤਾਂ ਵਾਲਿਓ ਜਿਸ ਨੇ ਅੱਠਾਂ ਸ਼ਸਤਰਾਂ ਦੀ ਕੀਤੀ ਸੰਭਾਲ, ਉਹ ਸੰਬਲ ਵਾਲੇ ਦੇ ਅੱਗੇ ਆਪਣਾ ਸੀਸ ਨਿਵਾਈਆ । ਜਿਸ ਨੂੰ ਝੁਕਦੇ ਕਾਲ ਮਹਾਂਕਾਲ, ਰਾਏ ਧਰਮ ਚਿਤ੍ਰਗੁਪਤ ਸਿਰ ਸਕੇ ਨਾ ਕੋਇ ਉਠਾਈਆ । ਉਸ ਦਾ ਨਾ ਕੋਈ ਜਵਾਬ ਰਿਹਾ ਤੇ ਨਾ ਕੋਈ ਸਵਾਲ, ਲੇਖਾ ਅੱਗੇ ਨਾ ਕੋਇ ਬਣਾਈਆ । ਇਕੋ ਮੰਗ ਸੂਰੇ ਸਰਬੰਗ ਮੇਰੀ ਪੂਰੀ ਪਾ ਲੈ ਕੀਤੀ ਘਾਲ, ਘੋਲੀ ਘੋਲ ਘੋਲ ਘੁਮਾਈਆ । ਤੇਰੀ ਵੇਖ ਕੇ ਅਵੱਲੜੀ ਚਾਲ, ਹੈਰਾਨੀ ਮੇਰੇ ਅੰਦਰ ਆਈਆ । ਮੈਂ ਕਿਹਾ ਨੀ ਕਾਲਕਾ ਕਮਲੀਏ ਆਪਣਾ ਖੱਪਰ ਲੈ ਸੰਭਾਲ, ਜਿਸ ਵਿਚ ਅੱਠਾਸੀ ਲੱਖ ਪਦਮ ਸੁੰਭ ਨਿਸੁੰਭ ਪੀ ਕੇ ਆਪਣਾ ਝਟ ਲੰਘਾਈਆ । ਨੀ ਉਸ ਦਾ ਹੁਣ ਵੇਸ ਕਮਾਲ, ਕਮਲੀਏ ਤੈਨੂੰ ਦਿਆਂ ਦ੍ਰਿੜਾਈਆ । ਨਾ ਉਹ ਬੁੱਢਾ ਤੇ ਨਾ ਉਹ ਬਾਲ, ਜਵਾਨੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਖੱਪਰ ਕਹੇ ਮੈਂ ਕਦੇ ਨਹੀਂ ਭਰਦਾ, ਭਰਮਾਂ ਵਾਲਿਓ ਦਿਆਂ ਜਣਾਈਆ । ਮੈਂ ਸਭ ਨੂੰ ਚੇਤਾ ਕਰਾਵਾਂ ਪਿਛਲੇ ਸਾਲ ਪਰ ਦਾ, ਪੂਰਬ ਦਿਆਂ ਜਣਾਈਆ । ਕਿਉਂ ਵਿਸਾਖੀ ਦਾ ਦਿਨ ਇਕ ਸੀ ਵੱਧਦਾ, ਵਾਧਾ ਸਮਝ ਕਿਸੇ ਨਾ ਆਈਆ । ਹੁਣ ਭਾਂਡਾ ਭੱਜਣਾ ਜਗ ਦਾ, ਜਗਤ ਵਾਲਿਓ ਪੈਣੀ ਦੁਹਾਈਆ । ਉਹ ਜਿਹੜਾ ਕਿਤੇ ਨਹੀਂ ਲੱਭਦਾ, ਪਰਵੇਸ਼ ਇਕੋ ਨੂਰ ਇਲਾਹੀਆ । ਉਸ ਦਾ ਪਿਆਲਾ ਸਚ ਦੀ ਮਦਿ ਦਾ, ਸਾਚਾ ਰਸ ਦਏ ਚਖਾਈਆ । ਨੌਂ ਸੌ ਚੁਰਾਨਮੇ ਚੌਕੜੀ ਜੁਗ ਅੱਗੇ ਯਾਦ ਰਹਿਣਾ ਦਿਹਾੜਾ ਅੱਜ ਦਾ, ਚਾਰ ਜੁਗ ਚਰਨਾਂ ਹੇਠ ਦਬਾਈਆ । ਜਿਹੜਾ ਪੁਰਖ ਅਕਾਲ ਬਿਨਾ ਲੱਤਾਂ ਬਾਹਵਾਂ ਤੋਂ ਭੱਜਦਾ, ਭਜਨ ਬੰਦਗੀ ਵਾਲੇ ਵੇਖੇ ਥਾਉਂ ਥਾਈਂਆ । ਜਿਸ ਨੂੰ ਨੂਰ ਇਲਾਹੀ ਕਿਹਾ ਰੱਬ ਦਾ, ਆਲਮੀਨ ਬੇਪਰਵਾਹੀਆ । ਭਗਤੋ ਤੁਹਾਡੇ ਭਗਤ ਦਵਾਰੇ ਵਿਚ ਉਸ ਅੰਗਿਆਰਾ ਲਾਇਆ ਅੱਗ ਦਾ, ਅਗਨੀ ਜਗਤ ਵਿਚ ਜਲਾਈਆ । ਜੁਗ ਜਨਮ ਦੇ ਵਿਛੜਿਓ ਤੁਹਾਨੂੰ ਪ੍ਰੇਮ ਵਿਚ ਸੱਦ ਦਾ, ਸੰਦੇਸ਼ਾ ਸ਼ਬਦ ਨਾਮ ਸ਼ਨਵਾਈਆ । ਤੁਹਾਡਾ ਰੂਪ ਰਹਿਣ ਨਹੀਂ ਦੇਣਾ ਬਗ਼ਲੇ ਬਪੜੇ ਬਪ ਦਾ, ਹੰਸ ਦੇਣੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਓ ਈਸਾ ਕਹੇ ਆ ਜਾ ਮੂਸਾ, ਓ ਮੁਸਲਸਲ ਹਾਲ ਸੁਣਾਈਆ । ਵੇਖ ਪ੍ਰਭੂ ਦਾ ਅਗੰਮੀ ਸੂਸਾ, ਸਾਂਵਲ ਸੁੰਦਰ ਕੀ ਆਪਣੀ ਕਾਰ ਕਮਾਈਆ । ਜਿਸ ਦਾ ਰੂਪ ਸਮਝ ਸਕੇ

ਕੋਇ ਨਾ ਦੂਜਾ, ਪੜਦਾ ਪੜਦਾ ਨਾ ਕੋਇ ਉਠਾਈਆ । ਜਿਸ ਨੇ ਸਭ ਦਾ ਦੀਨ ਮਜ਼੍ਹਬ ਦਾ ਭਾਂਡਾ ਕਰਨਾ ਮੂਧਾ, ਮੁੱਦਾ ਸਭ ਦਾ ਵੇਖ ਵਖਾਈਆ । ਹਾਏ ਦੁਹਾਈ ਪੈਣੀ ਉਤੇ ਬਸੁਧਾ, ਸੁਧ ਰਹੇ ਕਿਸੇ ਨਾ ਰਾਈਆ । ਓ ਜਿਸਨੇ ਬਦਲ ਦੇਣਾ ਜੁਗਾ, ਜੁਗ ਚੌਕੜੀ ਰੋਵੇ ਮਾਰੇ ਧਾਹੀਆ । ਉਸ ਦਾ ਨਿਸ਼ਾਨਾ ਕਦੇ ਨਾ ਉਕਾ, ਉਘਣ ਆਥਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਮੁਹੰਮਦ ਕਹੇ ਮੂਸਾ ਵੇਖ ਲੈ ਮੁਸਾਹਿਬ, ਹਜ਼ਰਤ ਈਸਾ ਨਾਲ ਮਿਲਾਈਆ । ਤਿੰਨੇ ਕਹਿਣ ਕਿਧਰ ਹੋ ਗਿਆ ਗ਼ਾਇਬ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਜਿਸ ਦਾ ਖੇਲ ਵੇਖੋ ਅਜਾਇਬ, ਅਜਬ ਲੀਲਾ ਰਿਹਾ ਵਰਤਾਈਆ । ਅਸੀਂ ਸਾਰੇ ਉਸ ਦੇ ਨਾਇਬ, ਹੁਕਮ ਵਿਚ ਸਾਰੇ ਬੈਠੇ ਸੀਸ ਨਿਵਾਈਆ । ਜਿਸ ਦਾ ਖੇਲ ਹੋਣਾ ਜ਼ਾਇਜ਼, ਜ਼ਾਇਜ਼ਾ ਲਵੇ ਥਾਉਂ ਥਾਈਆ । ਮੁਹੰਮਦ ਕਹੇ ਮੇਰਾ ਅਮਾਮ ਇਹੋ ਹੋਵੇ ਸ਼ਾਇਦ, ਸ਼ਹਿਨਸ਼ਾਹ ਬੇਪਰਵਾਹੀਆ । ਜਿਸ ਨੂੰ ਕਿਹਾ ਵਾਹਿਦ ਵਾਹਿਦ, ਨੂਰੀ ਅੱਲਾ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਈਸਾ ਕਹੇ ਮੇਰੀਆਂ ਬੜੀਆਂ ਪੁਰਾਣੀਆਂ ਉਡੀਕਾਂ, ਪੈਗ਼ੰਬਰੋ ਦਿਆਂ ਜਣਾਈਆ । ਮੈਂ ਨੌਂ ਸੌ ਨੜਿਨਵੇ ਵਾਰ ਕਢੀਆਂ ਨੱਕ ਨਾਲ ਲੀਕਾਂ, ਲਾਈਨ ਲਾਈਨ ਨਾਲ ਮਿਲਾਈਆ । ਮੁਹੰਮਦ ਕਹੇ ਮੈਂ ਨੌਂ ਸੌ ਨੜਿਨਵੇ ਵਾਰ ਰੱਖੀਆਂ ਉਮੀਦਾਂ, ਅੰਤਰ ਆਪਣੇ ਧਿਆਨ ਰਖਾਈਆ । ਮੈਨੂੰ ਨੌਂ ਸੌ ਨੜਿਨਵੇ ਹੁਕਮ ਦੀਆਂ ਮਿਲੀਆਂ ਰਸੀਦਾਂ, ਬਿਨਾ ਅੱਖਰਾਂ ਹਰਫ਼ਾਂ ਖ਼ੁਦਾਈਆ । ਮੈਂ ਉਨ੍ਹਾਂ ਨੂੰ ਤਕਾਂ ਲਾ ਕੇ ਨੀਝਾਂ, ਨੈਣ ਨੈਣਾਂ ਨਾਲ ਮਿਲਾਈਆ । ਕਵਣ ਵੇਲਾ ਮੇਰਾ ਅਮਾਮ ਮੇਰੀਆਂ ਪੂਰੀਆਂ ਕਰੇ ਰੀਝਾਂ, ਗ੍ਰਿਹ ਮੇਰੇ ਫੇਰਾ ਪਾਈਆ । ਸਭ ਨੂੰ ਦੇ ਦੇਵੇ ਤਮੀਜ਼ਾਂ, ਕੂੜੀ ਮਤ ਦਏ ਮਿਟਾਈਆ । ਜਿਸ ਦੀਆਂ ਸਿਫ਼ਤਾਂ ਗਾ ਨਾ ਸਕਦੀਆਂ ਜੀਭਾਂ, ਰਸਨਾ ਨਾ ਕੋਇ ਵਡਿਆਈਆ । ਮੇਰੀ ਕਰੇ ਕੀ ਕੁਰਾਨ ਮਜੀਦਾ, ਜਿਸ ਕੁਰਾਨ ਦਾ ਕੁਰਹ ਦੇਣਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰਖਾਈਆ । ਈਸਾ ਮੂਸਾ ਮੁਹੰਮਦ ਕਹਿਣ ਅਸਾਂ ਤਿੰਨਾਂ ਬਣਾਉਣੀ ਤਿਕੋਨੀ, ਤੀਰ ਨਿਸ਼ਾਨ ਸੁਹਾਈਆ । ਜਿਸ ਦੀ ਖੇਲ ਗਮਸਾ ਅਜ਼ੂਹ ਗੌਨੀ, ਲਵਜ਼ੇ ਨਜ਼ੀਜ਼ ਨਜ਼ਰ ਕਿਸੇ ਨਾ ਆਈਆ । ਉਸ ਦੀ ਜੋਤ ਧਾਰ ਨਾ ਕਿਸੇ ਛਪਾਉਣੀ, ਬੰਦਾ ਬੰਦ ਨਾ ਕੋਇ ਕਰਾਈਆ । ਸੰਮਤ ਸ਼ਹਿਨਸ਼ਾਹੀ ਅੱਠ ਉਸ ਨੇ ਸਭ ਦੀ ਕਰਾਉਣ ਆਉਣਾ ਬੌਹਣੀ, ਬਹੁਮਤ ਦਾ ਡੇਰਾ ਢਾਹੀਆ । ਸਾਡੀ ਉਮਤ ਉਸ ਦੀ ਪਰਾਹੁਣੀ, ਬੈਠੀ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਚ ਆਪ ਬਣਾਈਆ । ਵਿਸਾਖ ਕਹੇ ਮੈਂ ਕਿਧਰੋਂ ਚੜ੍ਹਿਆ, ਅਰਸ਼ਾਂ ਤੇ ਚੜ੍ਹਨ ਵਾਲਿਓ ਦਿਉ ਸਮਝਾਈਆ । ਮੇਰਾ ਕਿਸ ਨੇ ਘਾੜਨ ਘੜਿਆ, ਘੜਨ ਵਾਲੇ ਬ੍ਰਹਮੇ ਦੇ ਦ੍ਰਿੜਾਈਆ । ਮੈਂ ਕਿਹੜੀ ਵਿਦਿਆ ਪੜ੍ਹਿਆ, ਕਵਣ ਨਾਮ ਸਿਫ਼ਤ ਸਾਲਾਹੀਆ । ਕਿਸ ਦਵਾਰੇ ਖੜ੍ਹਿਆ, ਕਵਣ ਦਵਾਰੇ ਵੱਜੇ ਵਧਾਈਆ । ਕਿਸ ਮਿਹਰਵਾਨ ਮਹਿਬੂਬ ਮੈਨੂੰ ਵਰਿਆ, ਕਵਣ ਕੰਤ ਸੁਹਾਗ ਸੋਭਾ ਪਾਈਆ । ਕਿਹੜਾ ਰੂਪ ਨਰਾਇਣ ਨਰਿਆ, ਨਰ ਹਰਿ ਦਿਉ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਵਡ ਵਡਿਆਈਆ । ਵਿਸਾਖ ਕਹੇ ਪ੍ਰਭੂ ਬਦਲ ਦੇ ਆਪਣਾ ਵਰਕਾ, ਜਗਤ ਵਰਕਿਆਂ ਦੀ ਲੋੜ ਰਹੇ ਨਾ ਰਾਈਆ । ਭੇਵ ਖੋਲ੍ਹ

੧੮੪੫ ੨੨

ਦੇ ਆਪਣੇ ਘਰ ਕਾ, ਘਰਾਨਾ ਇਕੋ ਦੇਣਾ ਵਖਾਈਆ । ਜਿਥੇ ਰੂਪ ਨਜ਼ਰ ਆਵੇ ਤੇਰਾ ਨਰਾਇਣ ਨਰ ਦਾ, ਦੂਜਾ ਰੰਗ ਨਾ ਕੋਇ ਰੰਗਾਈਆ । ਤੁਧ ਬਿਨ ਕਲਜੁਗ ਅੰਤਮ ਕਾਜ ਮੂਲ ਨਾ ਸਰਦਾ, ਸਰੇਸਰ ਸਾਰੇ ਸੀਸ ਨਿਵਾਈਆ । ਲੇਖਾ ਮੁਕਾ ਦੇ ਕਾਇਆ ਮਾਟੀ ਧੜ ਦਾ, ਧੜਤ ਮਜ਼੍ਹਬਾਂ ਵਾਲੇ ਆਪਣੀ ਝੋਲੀ ਪਾਈਆ । ਕਿਲਾ ਤੋੜ ਦੇ ਹੰਕਾਰੀ ਗੜ੍ਹ ਦਾ, ਨਿਵਣ ਸੁ ਅੱਖਰ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖ਼ੁਸ਼ੀ ਆਪ ਬਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਆਉ ਤਕੀਏ ਧੁਰ ਦਾ ਮਲੰਗ, ਜੋ ਮਲੰਗ ਇਕੋ ਇਕ ਅਖਵਾਈਆ । ਜਿਸ ਨੇ ਸਭ ਦੇ ਕਾਰਨਾਮੇ ਕੀਤੇ ਬੈਰੰਗ, ਉਤੇ ਮੋਹਰ ਨਾ ਕੋਇ ਲਗਾਈਆ । ਸਚ ਦਾ ਰਹਿਣ ਨਹੀਂ ਦਿਤਾ ਅਨੰਦ, ਅਨੰਦ ਅਨੰਦ ਵਿਚੋਂ ਖਿਚਾਈਆ । ਨੇਤਰ ਰੋਵੇ ਤਾਰਾ ਚੰਦ, ਚੰਦ ਸਿਤਾਰ ਰੋਵੇ ਮਾਰੇ ਧਾਹੀਆ । ਬਹੁੜੀ ਮੁਹੰਮਦ ਦਾ ਅੰਤਮ ਮੁਕਿਆ ਪੰਧ, ਪਾਂਧੀ ਪੰਧ ਨਾ ਕੋਇ ਭਵਾਈਆ । ਜਿਸ ਦੀ ਯਾਦ ਵਿਚ ਮੁਹੰਮਦ ਨੇ ਨਿਮਾਜ਼ਾਂ ਗੁਜ਼ਾਰੀਆਂ ਪੰਜ, ਪੰਜੇ ਉਂਗਲਾਂ ਮੁਖ ਕੰਨਾਂ ਨਾਲ ਛੁਹਾਈਆ । ਉਸ ਨੇ ਜਗਤ ਦਵਾਰੇ ਆਉਣੇ ਲੰਘ, ਪੰਧ ਆਪਣਾ ਆਪ ਮੁਕਾਈਆ । ਜਿਸ ਦਾ ਸਿੰਘਾਸਣ ਲਹਿੰਦੀ ਦਿਸ਼ਾ ਡਹਿ ਗਿਆ ਪਲੰਘ, ਚੜ੍ਹਦਿਉ ਲਹਿੰਦੇ ਜਾਵੇ ਚਾਈਂ ਚਾਈਂਆ । ਸੂਫ਼ੀਆਂ ਨੂੰ ਪਾਉਂਦਾ ਜਾਏ ਠੰਡ, ਬਿਨ ਹਰਫ਼ ਹਰੂਫ਼ ਕਰੇ ਪੜ੍ਹਾਈਆ । ਜਗਿਆਸੂਆਂ ਜਗਤ ਮਨ ਮਨੂਏ ਦਾ ਲੱਗੇ ਜੰਗ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਮੁਹੰਮਦ ਕਹੇ ਮੈਂ ਖੋਲ੍ਹ ਕੇ ਬੈਠਾ ਬਸਤਾ, ਬਸਤੀ ਆਪਣੀ ਧਿਆਨ ਲਗਾਈਆ । ਈਸਾ ਕਹੇ ਮੈਂ ਸਾਫ਼ ਕੀਤਾ ਰਸਤਾ, ਰੁਸਤਮ ਆਉਣਾ ਬੇਪਰਵਾਹੀਆ । ਮੂਸਾ ਕਹੇ ਮੈਂ ਖ਼ੁਸ਼ੀ ਵਿਚ ਹੋਇਆ ਮਸਤਾ, ਕੋਹਤੂਰ ਮੇਰੀ ਆਸਾ ਪੂਰ ਕਰਾਈਆ । ਮੇਰਾ ਮਹਿਬੂਬ ਆਵੇ ਨੱਸਦਾ, ਭੱਜੇ ਵਾਹੋ ਦਾਹੀਆ । ਜਿਸ ਦਾ ਨਿਸ਼ਾਨਾ ਇਕੋ ਜਗਦਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਉਹ ਸਭ ਨੂੰ ਆਵੇ ਸੱਦ ਦਾ, ਹੋਕਾ ਦੇਵੇ ਧੁਰਦਰਗਾਹੀਆ । ਆਓ ਦਰਸ ਕਰੋ ਨੂਰ ਇਲਾਹੀ ਰੱਬ ਦਾ, ਜੋ ਯਾਮੁਬੀਨ ਅਖਵਾਈਆ । ਆਪਣੇ ਲਿਬਾਸ ਵਿਚ ਸ਼ਾਹ ਨਵਾਬ ਹੋਵੇ ਫਬਦਾ, ਫ਼ਜ਼ਲ ਰਹਿਮਤ ਸਭ ਦੇ ਉਤੇ ਇਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੁਹੰਮਦ ਕਹੇ ਮੇਰੇ ਮਕਬਰੇ ਵਿਚ ਸਵਾ ਸੇਰ ਦੁੱਧ ਕੱਚਾ, ਕੱਚੀ ਮਿੱਟੀ ਵਾਲਿਓ ਦਿਆਂ ਜਣਾਈਆ । ਜਿਸ ਨੇ ਨਾਮ ਦਾ ਨਿਸ਼ਾਨਾ ਵਿਚ ਲਾਉਣਾ ਪੱਕਾ, ਜਿਸ ਨੂੰ ਜਾਗ ਕਹੇ ਲੋਕਾਈਆ । ਇਸ਼ਾਰੇ ਨਾਲ ਕਿਨਾਰੇ ਤੇ ਆਣ ਕੇ ਦੇਣਾ ਧੱਕਾ, ਧਕੇਲੇ ਥਾਉਂ ਥਾਈਂਆ । ਉਸ ਦੀ ਵਹਦਤ ਵਿਚ ਝੁਕੇ ਮੱਕਾ, ਮਦੀਨਾ ਸੀਸ ਨਿਵਾਈਆ । ਕਿਸੇ ਨੂੰ ਲੱਗੇ ਮੂਲ ਨਾ ਪਤਾ, ਲਾਪਤੇ ਵਾਲਾ ਲਾਸ਼ਰੀਕ ਆਪਣਾ ਖੇਲ ਖਿਲਾਈਆ । ਉਸ ਨੇ ਸਭ ਦਾ ਲੇਖਾ ਕਰ ਦੇਣਾ ਰਫ਼ਾ, ਰਫ਼ਾਕਤ ਵਾਲਾ ਨਜ਼ਰ ਕੋਇ ਨਾ ਆਈਆ । ਫੇਰ ਵੀ ਪਿਆਰਿਆਂ ਨੂੰ ਦੁਲਾਰਿਆਂ ਨੂੰ ਰਾਹ ਵਿਚ ਦੇਂਦੇ ਜਾਣਾ ਗੱਫਾ, ਗ਼ਫ਼ਲਤ ਵਾਲੇ ਸੁਤੇ ਲੈਣੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਹੁਕਮ ਵਰਤਾਈਆ । ਸਿੰਘਾਸਣ ਕਹੇ ਭਗਤੋ ਤੁਹਾਡੀ ਕਿਹੜੀ ਵਿਸਾਖੀ, ਆਖ ਕੇ ਦਿਉ ਸੁਣਾਈਆ । ਤੁਹਾਡੀ ਕਿਹੜਾ ਕਰੇ ਰਾਖੀ, ਉਸ ਰਾਖੇ ਨੂੰ ਦਿਉ ਵਧਾਈਆ । ਲੇਖਾ ਮੁਕਾਵੇ ਬਾਕੀ, ਲਹਿਣਾ ਰਹੇ ਨਾ ਰਾਈਆ । ਦੇਸਾਂ ਪਰਦੇਸ਼ਾਂ ਵਿਚ ਤੁਹਾਡੀ

੧੯੪੬
੨੨

ਸੁਣਾਵੇ ਸਾਖੀ, ਸਾਖਿਆਤ ਆਪਣਾ ਹੁਕਮ ਵਰਤਾਈਆ । ਸ਼ਾਹ ਸੁਲਤਾਨਾ ਦੇਂਦਾ ਜਾਏ ਪਾਤੀ, ਪਤ੍ਰਿਕਾ ਜਗਤ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਹੇ ਲੱਖ ਚੁਰਾਸੀ ਜੀਵ ਜੰਤ ਮੇਰੇ, ਮੇਰਾ ਨੂਰ ਨਜ਼ਰੀ ਆਈਆ । ਕੁੱਕੜ ਸੂਰ ਗਾਂ ਤੇ ਵੱਛੇ ਕੱਟੇ ਲਿਆਉ ਨੇੜੇ, ਬੱਕਰਾ ਅਗਲਾ ਸੰਗ ਬਣਾਈਆ । ਸਤਿਜੁਗ ਵਿਚ ਸ਼ਰਅ ਦੇ ਰਹਿਣ ਮੂਲ ਨਾ ਝੇੜੇ, ਛੁਰੀ ਫੜੇ ਨਾ ਕੋਇ ਕਸਾਈਆ । ਸਾਰੇ ਚੜ੍ਹ ਗਏ ਉਸ ਪ੍ਰਭੂ ਦੇ ਬੇੜੇ, ਜਿਸ ਬੇੜੇ ਵਿਚੋਂ ਬਾਹਰ ਨਾ ਕੋਇ ਕਢਾਈਆ । ਜ਼ਰੂਰ ਪੰਖੀਆਂ ਪੰਛੀਆਂ ਚੌਪਾਇਆਂ ਉਤੇ ਕਰੇਗਾ ਮਿਹਰੇ, ਮਿਹਰਵਾਨ ਦਇਆ ਕਮਾਈਆ । ਜਨ ਭਗਤੋ ਵੇਖੋ ਇਨ੍ਹਾਂ ਦੇ ਕਿੱਡੇ ਵਡੇ ਜੇਰੇ, ਜੁਗ ਜੁਗ ਗੁਰੂਆਂ ਪੈਗ਼ੰਬਰਾਂ ਦੇ ਤਸੀਹੇ ਸਹਿੰਦੇ ਫੇਰ ਵੀ ਪ੍ਰਭੂ ਦੀ ਆਸ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਉਹ ਵੇਖੋ ਖੰਜੀਰ ਪਾਉਂਦਾ ਰੌਲਾ, ਖ਼ੁਦਾ ਖ਼ੁਦਾ ਤੇਰੀ ਦੁਹਾਈਆ । ਬਹੁੜ ਜਾ ਮੇਰੇ ਮੌਲਾ, ਮਲਕੁਲਮੌਤ ਤੋਂ ਲੈ ਛੁਡਾਈਆ । ਅਸੀਂ ਆ ਗਏ ਤੇਰੇ ਵਿਹੜਾ, ਵਿਹੜੇ ਵੜਦਿਆਂ ਪਾਰ ਲੈ ਲੰਘਾਈਆ । ਭਗਤਾਂ ਨਾਲ ਮਿਲ ਕੇ ਬਣ ਗਏ ਤੇਰੇ ਚੇਰੇ, ਚਿਰੀ ਵਿਛੁੰਨਿਆਂ ਆਪਣਾ ਰੰਗ ਰੰਗਾਈਆ । ਤੂੰ ਸਿੰਘ ਸ਼ੇਰ ਸ਼ੇਰੇ, ਸ਼ੇਰ ਸ਼ਬਦ ਸ਼ਬਦ ਅਖਵਾਈਆ । ਓ ਮਾਲਕਾ ਖ਼ਾਲਕਾ ਹੁਣ ਤੇ ਲੰਘ ਗਏ ਜੁਗ ਬਥੇਰੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਸਾਡੇ ਕਟ ਦੇ ਚੁਰਾਸੀ ਗੇੜੇ,
੧੮੪੭ ਗੇੜੇ ਵਿਚ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਖੇਲ ਆਪ ੧੮੪੭
ਖਿਲਾਈਆ । ਖੰਜੀਰ ਕਹੇ ਮੁਹੰਮਦਾ ਸੁਣ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਸਦੀ ਚੌਧਵੀਂ ਅੰਤਮ ਘੜੀ ਆਈ ਦੁਸ਼ਵਾਰ, ਦੁਸ਼ਮਣ ਸੱਜਣ ਸਮਝ ਕੋਇ ਨਾ ਪਾਈਆ । ਪਰ ਇਕ ਖ਼ੁਸ਼ੀ ਮੇਰੇ ਮਾਲਕ ਜੇ ਸਾਰੀ ਸ੍ਰਿਸ਼ਟੀ ਕਰ ਦੇਣੀ ਹਮਵਾਰ, ਊਚਾਂ ਨੀਚਾਂ ਡੇਰਾ ਢਾਹੀਆ । ਸਾਰੀ ਆਤਮਾ ਦਾ ਬਣ ਜਾਣਾ ਮੁਖ਼ਤਿਆਰ, ਮੁਖ਼ਤਿਆਰਨਾਮੇ ਦੀਨਾਂ ਮਜ਼੍ਹਬਾਂ ਦੇ ਹੱਥੋ ਹੱਥ ਲੈਣੇ ਮੰਗਾਈਆ । ਕਿਸੇ ਨਾਲ ਰਹਿਣ ਨਹੀਂ ਦੇਣਾ ਉਧਾਰ, ਉਦਰ ਵਿਚੋਂ ਜੰਮੇ ਹੋਏ ਅਵਤਾਰ ਪੈਗ਼ੰਬਰ ਗੁਰੂ ਅੰਤ ਅੰਤ ਨਾ ਕੋਇ ਅਖਵਾਈਆ । ਉਹ ਹੁਕਮ ਵਿਚ ਆਏ ਵਿਚ ਸੰਸਾਰ, ਹੁਕਮ ਅੰਦਰ ਭੱਜੇ ਵਾਹੋ ਦਾਹੀਆ । ਨਾਮ ਕਲਮੇ ਗਏ ਉਚਾਰ, ਸਿਫ਼ਤਾਂ ਵਾਲੀ ਸਿਫ਼ਤ ਸਾਲਾਹੀਆ । ਅੰਤ ਕਰ ਕੇ ਗਏ ਪੁਕਾਰ, ਕਲਜੁਗ ਅੰਤਮ ਧਿਆਨ ਲਗਾਈਆ । ਕਲ ਕਲਕੀ ਆਵੇ ਅਵਤਾਰ, ਅਮਾਮ ਅਮਾਮਾ ਧੁਰਦਰਗਾਹੀਆ । ਜਿਸ ਦਾ ਰੂਪ ਵੱਖਰਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸਮਝ ਸਕੇ ਨਾ ਰਾਈਆ । ਉਸ ਦਾ ਲਹਿਣਾ ਉਸ ਦਾ ਦੇਣਾ ਓਸੇ ਦੀ ਕਰਨੀ ਕਾਰ, ਜੋ ਕੁਦਰਤ ਦਾ ਕਰਤਾ ਇਕ ਅਖਵਾਈਆ । ਸਾਰੇ ਡੰਡਾਵਤ ਵਿਚ ਬੰਦਨਾ ਵਿਚ ਸਜਦਿਆਂ ਵਿਚ ਕਰੋ ਨਿਮਸਕਾਰ, ਨਿਉਂ ਨਿਉਂ ਸੀਸ ਨਿਵਾਈਆ । ਜਿਸ ਵਿਸਾਖੀ ਦਾ ਦਿਹਾੜਾ ਗੋਬਿੰਦ ਦਾ ਲਿਆ ਵਿਚਾਰ, ਦੋ ਸੌ ਬਹੱਤਰ ਸਾਲ ਪਿਛੋਂ ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਮਲੰਗ ਸੱਚੀ ਸਰਕਾਰ, ਸਿਰ ਸਿਰ ਆਪਣਾ ਹੁਕਮ ਮਨਾਈਆ ।

## ✪ ੮ ਵਿਸਾਖ ਸ਼ਹਿਨਸ਼ਾਹੀ ਸੰਮਤ ੮ ਮਾਲਵਾ ਦੁਆਬਾ ਸੰਗਤ ਨਵਿਤ ਪਿੰਡ ਲਾਡੋਵਾਲ ਜ਼ਿਲਾ ਲੁਧਿਆਣਾ ✪

ਵਿਸਾਖ ਕਹੇ ਮੈਂ ਵੇਖੀ ਅਗੰਮੀ ਹਸਤੀ, ਜੋ ਹਸਤ ਕੀਟਾਂ ਵਿਚ ਸਮਾਈਆ । ਜਿਸ ਦੀ ਭਗਤ ਪਿਆਰ ਬਸਤੀ, ਨਗਰ ਖੇੜਾ ਆਪ ਸੁਹਾਈਆ । ਆਤਮ ਧਾਰ ਉਸ ਦੀ ਵਸਦੀ, ਵਸੇ ਚਾਈਂ ਚਾਈਂਆ । ਸਤਿਗੁਰ ਦਰਸ ਨੂੰ ਸਦਾ ਨੱਸਦੀ, ਭੱਜੇ ਵਾਹੋ ਦਾਹੀਆ । ਉਹ ਮੇਲਣ ਨਿਜ ਨੇਤਰ ਲੋਚਣ ਅੱਖ ਦੀ, ਨੈਣ ਕਵਲ ਨੈਣ ਨਾਲ ਮਿਲਾਈਆ । ਪ੍ਰੀਆ ਪ੍ਰੀਤਮ ਪਿਆਰ ਵਿਚ ਹੱਸਦੀ, ਹੰਸ ਮੁਖ ਸੋਹੰ ਹੰਸਾ ਰੂਪ ਬਣਾਈਆ । ਧਾਰ ਲਵੇ ਅੰਮ੍ਰਿਤ ਨਿਜਰ ਰਸ ਦੀ, ਜਗਤ ਰਸਨਾ ਰਸ ਤਜਾਈਆ । ਖੇਲ ਤਕੇ ਪੁਰਖ ਅਲੱਖ ਦੀ, ਅਲਖ ਅਗੋਚਰ ਜੋ ਦ੍ਰਿੜਾਈਆ । ਪ੍ਰੀਤੀ ਪਿਆਰ ਬੰਧਾਏ ਨਤ ਦੀ, ਚਰਨ ਕਵਲ ਕਵਲ ਸਰਨਾਈਆ । ਤ੍ਰਿਸ਼ਨਾ ਪੂਰੀ ਕਰੇ ਪੰਜ ਤਤ ਦੀ, ਸਨਮੁਖ ਸਤਿਗੁਰ ਦਰਸ਼ਨ ਪਾਈਆ । ਆਸ਼ਾ ਰਹੇ ਨਾ ਮਨਮਤ ਦੀ, ਗੁਰਮਤ ਮੇਲਾ ਸਹਿਜ ਸੁਭਾਈਆ । ਇਹ ਖੇਲ ਪਰਮੇਸ਼ਵਰ ਪਤਿ ਦੀ, ਪਾਰਬ੍ਰਹਮ ਜੋ ਨੂਰ ਇਲਾਹੀਆ । ਜਿਸ ਦੀ ਕਲਾ ਕਲਜੁਗ ਧਾਰ ਅੰਤਮ ਜੱਟ ਦੀ, ਕਿਰਸਾਣਾ ਆਪਣੀ ਕਿਰਸ ਕਮਾਈਆ । ਉਹਦੀ ਜੋਤ ਪ੍ਰਕਾਸ਼ ਲਟ ਲਟ ਦੀ, ਨੂਰ ਨੁਰਾਨਾ ਡਗਮਗਾਈਆ । ਉਹਦੀ ਵਸਤੀ ਸ਼ਬਦੀ ਧੁਰ ਦੇ ਹੱਟ ਦੀ, ਹਟਵਾਣਾ ਇਕੋ ਇਕ ਅਖਵਾਈਆ । ਜਿਸ ਦੇ ਯਾਦ ਵਿਚ ਜਨ ਭਗਤਾਂ ਤ੍ਰਿਸ਼ਨਾ ਨੱਠਦੀ, ਭੱਜੇ ਵਾਹੋ ਦਾਹੀਆ । ਖ਼ੁਸ਼ੀ ਤਕੇ ਵਿਸਾਖ ਅੱਠ ਦੀ, ਅੱਠਾਂ ਤਤਾਂ ਵੱਜੇ ਵਧਾਈਆ । ਜਨ ਭਗਤੋ ਤੁਹਾਡੀ ਮਿਲਣੀ ਪ੍ਰਭੂ ਪਿਆਰ ਇਕੱਠ ਦੀ, ਇਕੱਠਿਆਂ
੧੮੪੮ ਸਭ ਦਾ ਲੇਖਾ ਪੂਰ ਕਰਾਈਆ । ਜਨਮ ਜਨਮ ਦੀ ਮੈਲ ਸਤਿਗੁਰ ਸੇਵਾ ਵਿਚ ਲੱਥਦੀ, ਕਰਮ ਕਰਮ ਦਾ ਪੰਧ ਮੁਕਾਈਆ । ਕਲਜੁਗ ਅੰਤਮ ੧੮੪੮
ਇਹ ਭਗਤੀ ਰੱਖੀ ਹੱਕ ਦੀ, ਕੰਮ ਕਾਜ ਕਰਦਿਆਂ ਪਾਰ ਕਰਾਈਆ । ਤੁਹਾਡੀ ਲਾਜ ਰੱਖਣੀ ਦੋ ਜਹਾਨ ਨੱਕ ਦੀ, ਜਗਤ ਨਿਸ਼ਾਨੇ ਨਾਲ ਝੁਲਾਈਆ । ਤੁਹਾਡੀ ਲੇਖੇ ਲਾਉਣੀ ਇਕ ਇਕ ਬੂੰਦ ਰੱਤ ਦੀ, ਜੋ ਬਿਰਧ ਬਾਲ ਜਵਾਨ ਪਸੀਨਾ ਰਹੇ ਵਗਾਈਆ । ਇਸ ਤੋਂ ਪਰੇ ਹੋਰ ਖੇਲ ਨਹੀਂ ਕੋਈ ਤਪ ਦੀ, ਜਗਤ ਤਪੀਸ਼ਰ ਹੱਥ ਕਦੇ ਨਾ ਆਈਆ । ਜਨ ਭਗਤੋ ਤੁਹਾਡੇ ਕਰਮਾਂ ਦੀ ਫ਼ਸਲ ਪਕਦੀ, ਕੁਕਰਮਾਂ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਾਰ ਇਕ ਪੁਰਖ ਸਮਰਥ ਦੀ, ਸਮਰਥ ਆਪਣੀ ਦਇਆ ਕਮਾਈਆ ।

## ✪ ੧੫ ਵਿਸਾਖ ਹਰਿ ਭਗਤ ਦਵਾਰ ਜੇਠੂਵਾਲ ਗੁਰਦਾਸ ਪੁਰ ਦੀ ਸੰਗਤ ਨਵਿਤ ਜ਼ਿਲਾ ਅੰਮ੍ਰਿਤਸਰ ✪

ਵਿਸਾਖ ਕਹੇ ਮੇਰਾ ਸਮਾਂ ਬੀਤਿਆ ਅੱਧਾ, ਅਧਵਾਟੇ ਵੇਖਾਂ ਜਗਤ ਲੋਕਾਈਆ । ਕੋਟਾਂ ਵਿਚੋਂ ਕਿਸੇ ਵਿਰਲੇ ਗੁਰਮੁਖ ਮਿਲਿਆ ਸੱਦਾ, ਸ਼ਬਦੀ ਨਾਮ ਸ਼ਬਦ ਸ਼ਨਵਾਈਆ । ਜੋ ਪਰਮ ਪੁਰਖ ਸਰਨਾਈ ਲੱਗਾ, ਲਗ ਮਾਤਰ ਦਾ ਡੇਰਾ ਢਾਈਆ । ਉਹਦਾ ਜਗਤ ਜਹਾਨ ਵਧਿਆ ਅੱਗਾ, ਆਗਮਨ ਵਿਚ ਅਵਤਾਰ ਪੈਗ਼ੰਬਰ ਗੁਰੂ ਰਾਹ ਤਕਾਈਆ । ਹੰਸ ਰੂਪ ਨਾ ਹੋਇਆ ਕੱਗਾ, ਹੰਸ ਗੁਰਮੁਖ ਸੋਭਾ ਪਾਈਆ । ਸਚ ਦਵਾਰ ਦੀ ਮਿਲੀ ਜਗਹ, ਘਰ ਸਾਚੇ ਵੱਜੇ ਵਧਾਈਆ । ਇਕੋ ਨਾਮ ਖ਼ੁਮਾਰੀ ਪੀਤੀ ਮਧਾ, ਮਧੁਰ ਧੁਨ ਸੁਣ ਕੇ ਆਪਣਾ ਆਪ ਬਦਲਾਈਆ । ਸਚ ਮੰਜ਼ਲ ਦਾ ਸਾਚਾ

ਪਤਾ, ਸਚਖੰਡ ਸਾਚੇ ਵੱਜੇ ਵਧਾਈਆ । ਜਿਸ ਦਾ ਇਕੋ ਦੀਪਕ ਜੋਤ ਪ੍ਰਕਾਸ਼ ਜਗਾ, ਦੋ ਜਹਾਨ ਕਰੇ ਰੁਸ਼ਨਾਈਆ । ਜਿਸ ਨੇ ਧਰਮ ਦੀ ਧਾਰ ਨਿਸ਼ਾਨਾ ਗੱਡਾ, ਗਾਈਡ ਹੋ ਕੇ ਵੇਖ ਵਖਾਈਆ । ਜਨ ਭਗਤਾਂ ਲਡਾਏ ਆਪਣਾ ਲੱਡਾ, ਗੋਦੀ ਧੁਰ ਦੀ ਇਕ ਟਿਕਾਈਆ । ਜਿਨ੍ਹਾਂ ਸੇਵਾ ਵਿਚ ਜਗਤ ਵਿਕਾਰ ਵੱਢਾ, ਪਿਆਰ ਧੁਰ ਦਾ ਨਾਲ ਰਖਾਈਆ । ਉਨ੍ਹਾਂ ਲੇਖਾ ਮੁੱਕਿਆ ਚੁਰਾਸੀ ਖੱਡਾ, ਮਾਤ ਗਰਭ ਨਾ ਵੰਡ ਵੰਡਾਈਆ । ਜਗਤ ਜਹਾਨ ਹੋਇਆ ਵੱਡਾ, ਅਨਮੁੱਲ ਮਿਲੀ ਦਾਤ ਬੇਪਰਵਾਹੀਆ । ਕੂੜ ਕਿਰਿਆ ਨਾਤਾ ਛਡਾ, ਛੁਟਕੀ ਜਗਤ ਲੋਕਾਈਆ । ਲੇਖੇ ਲੱਗੇ ਬੁੱਢਾ ਨੱਢਾ, ਨੌਜਵਾਨਾ ਵੱਜੇ ਵਧਾਈਆ । ਝਗੜਾ ਰਹੇ ਨਾ ਮਾਸ ਨਾੜੀ ਹੱਡਾ, ਪੰਜ ਤਤ ਆਪਣੇ ਤਨ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਵਿਸਾਖ ਕਹੇ ਮੈਂ ਅੱਧਾ ਬੀਤਾ, ਬੀਤੀ ਕਹਾਣੀ ਦਿਆਂ ਜਣਾਈਆ । ਮੇਰੇ ਦਿਨ ਰਾਮ ਬਚਨ ਦਿਤਾ ਸੀਤਾ, ਸੀਤਾ ਸਤਿ ਹੁਕਮ ਦ੍ਰਿੜਾਈਆ । ਔਹ ਵੇਖ ਤ੍ਰੈਗੁਣ ਅਤੀਤਾ, ਕੀ ਆਪਣਾ ਖੇਲ ਖਿਲਾਈਆ । ਜੋ ਲੱਖ ਚੁਰਾਸੀ ਪਰਖੇ ਨੀਤਾ, ਘਟ ਘਟ ਵੇਖੇ ਥਾਉਂ ਥਾਈਂਆ । ਜੋ ਆਦਿ ਅੰਤ ਪਤਿਤ ਪੁਨੀਤਾ, ਪਤਿਤ ਪਾਵਨ ਇਕ ਅਖਵਾਈਆ । ਉਹ ਕਲਜੁਗ ਅੰਤਮ ਬਦਲ ਰਿਹਾ ਰੀਤਾ, ਰੀਤੀਵਾਨ ਆਪਣਾ ਹੁਕਮ ਸੁਣਾਈਆ । ਜਿਸ ਲੇਖਾ ਮੁਕਾਉਣਾ ਮੰਦਰ ਮਸੀਤਾ, ਸ਼ਿਵਦਵਾਲੇ ਵੰਡ ਨਾ ਕੋਇ ਵੰਡਾਈਆ । ਇਕੋ ਦੱਸੇ ਸਚ ਚਰਨ ਪ੍ਰੀਤਾ, ਪ੍ਰੀਤਮ ਹੋ ਕੇ ਧੁਰ ਦਾ ਮਾਹੀਆ । ਪਿਛਲੀਆਂ ਬਦਲ ਦੇਵੇ ਤਵਾਰੀਖਾਂ, ਚਾਰ ਜੁਗ ਦਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਵਿਸਾਖ ਕਹੇ ਮੈਂ ਅੱਧਾ ਗਿਆ ਲੰਘ, ਭੱਜਿਆ ਵਾਹੋ ਦਾਹੀਆ । ਮੇਰੇ ਦਿਵਸ ਗੋਬਿੰਦ ਬਚਨ ਦਿਤਾ ਪੁਰੀ ਅਨੰਦ, ਪ੍ਰਭ ਅਨੰਦ ਵਿਚ ਆਪਣਾ ਆਪ ਟਿਕਾਈਆ । ਨਾਲੇ ਹੱਸ ਕੇ ਤੂੰ ਮੇਰਾ ਮੈਂ ਤੇਰਾ ਗਾਇਆ ਛੰਦ, ਸੋਹੰ ਢੋਲਾ ਧੁਰਦਰਗਾਹੀਆ । ਫੇਰ ਨਿਸ਼ਾਨ ਵੇਖਿਆ ਤਾਰਾ ਚੰਦ, ਚੰਦ ਸਿਤਾਰ ਵੇਖ ਵਖਾਈਆ । ਫੇਰ ਨਿਗਾਹ ਮਾਰੀ ਮੇਰਾ ਸ਼ਸਤਰਾਂ ਵਾਲਾ ਜੰਗ, ਜਗਤ ਜਗਤ ਨਾਲ ਲੜਾਈਆ । ਗੁਰਮੁਖ ਵਿਰਲੇ ਲਾਉਣੇ ਅੰਗ, ਅੰਗੀਕਾਰ ਇਕ ਅਖਵਾਈਆ । ਫੇਰ ਵੇਖਣਾ ਕਲਜੁਗ ਅੰਤਮ ਪੰਧ, ਪਾਂਧੀ ਹੋ ਕੇ ਫੇਰਾ ਪਾਈਆ । ਸ਼ਬਦ ਬੋਲਿਆ ਉਚੀ ਬੱਤੀ ਦੰਦ, ਰਸਨਾ ਜਿਹਵਾ ਨਾਲ ਮਿਲਾਈਆ । ਜਿਸ ਵੇਲੇ ਆਵੇ ਸਾਹਿਬ ਸੂਰਾ ਸਰਬੰਗ, ਹਰਿ ਕਰਤਾ ਧੁਰਦਰਗਾਹੀਆ । ਉਸ ਵੇਲੇ ਸ੍ਰਿਸ਼ਟੀ ਹੋਵੇ ਦੰਗ, ਹੈਰਾਨੀ ਵਿਚ ਪ੍ਰੇਸ਼ਾਨੀ ਨਾਲ ਮਿਲਾਈਆ । ਸਾਚਾ ਚਾੜ੍ਹੇ ਕੋਇ ਨਾ ਰੰਗ, ਰੰਗਤ ਰੰਗ ਨਾ ਕੋਇ ਰੰਗਾਈਆ । ਮੇਰੀ ਆਸ਼ਾ ਮਨਸਾ ਪੂਰੀ ਕਰੇ ਉਮੰਗ, ਮੇਰਾ ਦਾਤਾ ਧੁਰਦਰਗਾਹੀਆ । ਆਪ ਬੈਠ ਕੇ ਉਪਰ ਪਲੰਘ, ਹਰਿਜਨ ਸਾਚੇ ਲਏ ਤਰਾਈਆ । ਜਿਨ੍ਹਾਂ ਦਾ ਲੇਖਾ ਪੂਰਾ ਕਰੇ ਖਾਧਾ ਪੀਤਾ ਜਗਤ ਡੰਗ, ਡੰਕਾ ਨਾਮ ਵਾਲਾ ਵਜਾਈਆ । ਜਿਸ ਦੇ ਕੋਲ ਭਗਤ ਉਧਾਰਨ ਦਾ ਵੱਖਰਾ ਹੋਵੇ ਢੰਗ, ਮਾਲਾ ਮਣਕੇ ਨਾ ਕੋਇ ਰਖਾਈਆ । ਕੋਝਿਆਂ ਕਮਲਿਆਂ ਗ਼ਰੀਬ ਨਿਮਾਣਿਆਂ ਸਚਖੰਡ ਦੇਵੇ ਟੰਗ, ਜਿਥੇ ਟੰਗਾਂ ਵਾਲਾ ਕੋਈ ਪੁੱਜ ਸਕੇ ਨਾ ਰਾਈਆ । ਝਗੜਾ ਮੇਟ ਦੇਵੇ ਜੇਰਜ ਅੰਡ, ਉਤਭੁਜ ਸੇਤਜ ਦਾ ਪੰਧ ਮੁਕਾਈਆ । ਚਰਨ ਪ੍ਰੀਤੀ ਖ਼ੁਸ਼ੀ ਨਾਲ ਦੇਵੇ ਵੰਡ, ਖ਼ੁਸ਼ੀ ਬੰਦ ਬੰਦ ਰਖਾਈਆ । ਦਰ ਆਇਆਂ ਸੀਨੇ ਪਾਵੇ ਠੰਡ, ਅਗਨੀ ਤਤ ਤਤ ਗਵਾਈਆ । ਪੰਦਰਾਂ ਵਿਸਾਖ ਕਹੇ ਗੋਬਿੰਦ ਤਿੰਨ ਦਿਨ ਨੀਲੇ ਉਤੇ ਕਸਦਾ ਰਿਹਾ ਸੀ ਤੰਗ, ਤਨ ਸ਼ਸਤਰ ਨਾਲ ਸੁਹਾਈਆ । ਫੇਰ ਵੇਖਦਾ ਰਿਹਾ ਵੱਲ ਪੁਰੀ ਅਨੰਦ, ਬਿਨ

ਅੱਖਾਂ ਅੱਖ ਉਠਾਈਆ । ਫੇਰ ਤਕਦਾ ਰਿਹਾ ਬ੍ਰਹਿਮੰਡ, ਲੋਆਂ ਪੁਰੀਆਂ ਪਰੇ ਨਿਗਾਹ ਟਿਕਾਈਆ । ਫੇਰ ਚਰਨ ਕਵਲ ਨਾਲ ਕੀਤੀ ਵੰਡ, ਸੱਜਾ ਖੱਬੇ ਨਾਲ ਬਦਲਾਈਆ । ਜਿਸ ਵੇਲੇ ਮੇਰਾ ਸਾਹਿਬ ਆਵੇ ਸੂਰਾ ਸਰਬੰਗ, ਸਤਿਗੁਰ ਨੂਰ ਇਲਾਹੀਆ । ਜਨ ਭਗਤਾਂ ਅੰਤਰ ਆਤਮ ਦੇਵੇ ਪਰਮਾਨੰਦ, ਪਰਮ ਪੁਰਖ ਵਡ ਵਡਿਆਈਆ । ਉਸ ਵੇਲੇ ਸੰਮਤ ਸ਼ਹਿਨਸ਼ਾਹੀ ਅੱਠ ਦਾ ਹੋਵੇ ਚੰਦ, ਚੰਦ ਸਿਤਾਰ ਸੀਸ ਨਿਵਾਈਆ । ਮੇਰੀ ਆਸ਼ਾ ਮਨਸਾ ਪੂਰੀ ਕਰੇ ਉਮੰਗ, ਹਾਜ਼ਰ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਭਾਗ ਹੋਣ ਨਾ ਦੇਵੇ ਮੰਦ, ਮੰਦਭਾਗੀ ਸਦ ਆਪਣੇ ਰੰਗ ਰੰਗਾਈਆ ।

## ੧੯ ਵਿਸਾਖ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦਵਾਰ ਜੇਠੂਵਾਲ ਮਾਝਾ ਸੰਗਤ ਨਵਿਤ ਜ਼ਿਲਾ ਅੰਮ੍ਰਿਤਸਰ



ਧਰੂ ਕਹੇ ਵੇਖ ਪ੍ਰਹਿਲਾਦ, ਪਰਲੋ ਤੋਂ ਪਰੇ ਧਿਆਨ ਲਗਾਈਆ । ਬਲ ਕਹੇ ਅਮਰੀਕ ਸੁਣ ਨਾਦ, ਦੋ ਜਹਾਨਾਂ ਬਾਹਰ ਸ਼ਨਵਾਈਆ । ਜਨਕ ਕਹੇ ਹਰੀਚੰਦ ਵੇਖ ਸਵਾਦ, ਬਿਨ ਰਸਨਾ ਰਸ ਚਖਾਈਆ । ਬਿਧਰ ਕਹੇ ਸੁਦਾਮੇ ਸੁਣ ਆਵਾਜ਼, ਕੀ ਕਰਤਾ ਰਿਹਾ ਦ੍ਰਿੜਾਈਆ । ਜੈਦਿਓ ਕਹੇ ਬੇਣੀ ਖੋਲ੍ਹ ਰਾਜ਼, ਰਾਜ਼ਕ ਰਿਜ਼ਕ ਰਹੀਮ ਕੀ ਕਾਰ ਕਮਾਈਆ । ਰਵੀਦਾਸ ਕਹੇ ਸਾਰੇ ਸੁਣੋ ਧੁਰ ਜਵਾਬ, ਧੁਰ ਸੰਦੇਸ਼ਾ ਅਗੰਮ ਅਥਾਹੀਆ । ਮਿਹਰਵਾਨ ਮਹਿਬੂਬ ਹੱਕ ਜਨਾਬ, ਧੁਰ ਕਰਤਾ ਇਕ ਅਖਵਾਈਆ । ਜੋ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਪੂਰੇ ਕਰੇ ਖ਼ੁਆਬ ਪੇਸ਼ੀਨਗੋਈਆਂ ਆਪਣੇ ਰੰਗ ਰੰਗਾਈਆ । ਧੁਰ ਦਾ ਮਿੱਤਰ ਪਿਆਰਾ ਬਣ ਅਹਿਬਾਬ, ਮਿਹਰਵਾਨ ਆਪਣਾ ਰੰਗ ਰੰਗਾਈਆ । ਜਿਸ ਨੂੰ ਵਾਹਿਦ ਖ਼ਾਲਕ ਖ਼ਲਕ ਕਿਹਾ ਨਾਲ ਆਦਾਬ, ਸੱਜਦਿਆਂ ਵਿਚ ਸੀਸ ਝੁਕਾਈਆ । ਜਿਨ ਸੂਫ਼ੀਆਂ ਇਸ਼ਕ ਹਕੀਕੀ ਬਦਲਿਆ ਵਿਚੋਂ ਮਜਾਜ, ਮਜਾਜੀ ਆਪਣਾ ਭੇਵ ਚੁਕਾਈਆ । ਸੋ ਲਹਿਣਾ ਦੇਣਾ ਪੂਰਾ ਕਰੇ ਨਿਰਗੁਣ ਧਾਰ ਸਰਗੁਣ ਨਾਨਕ ਬਗ਼ਦਾਦ, ਬਗ਼ਲਗੀਰ ਬੇਪਰਵਾਹੀਆ । ਸੋ ਸਵਾਮੀ ਅੰਤਰਜਾਮੀ ਜਨ ਭਗਤਾਂ ਕਰੇ ਇਮਦਾਦ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਕਬੀਰ ਕਹੇ ਮੈਂ ਤਕਾਂ ਅਗੰਮੀ ਕਾਅਬਾ, ਕਿਬਲ ਦਿਤਾ ਦ੍ਰਿੜਾਈਆ । ਗਨਕਾ ਪੂਤਨਾ ਸੁਣੇ ਆਵਾਜ਼ਾ, ਸ਼ਬਦ ਧੁਨ ਰਾਗ ਜਣਾਈਆ । ਖੇਲ ਕਰੇ ਗ਼ਰੀਬ ਨਿਵਾਜਾ, ਗਹਿਰ ਗੰਭੀਰ ਆਪਣਾ ਪੜਦਾ ਲਾਹੀਆ । ਜਿਸ ਨੂੰ ਚਾਰ ਜੁਗ ਦੇ ਸ਼ਾਸਤਰ ਕਹਿਣ ਸ਼ਹਿਨਸ਼ਾਹ ਮਹਾਰਾਜਾ, ਪਾਤਸ਼ਾਹ ਨੂਰ ਇਲਾਹੀਆ । ਉਹ ਵੇਸ ਅਗੰਮੀ ਕਰ ਸਾਦਾ, ਸਾਧਨਾ ਭਗਤਾਂ ਰਿਹਾ ਕਰਾਈਆ । ਜਿਸ ਨੂੰ ਸਿਰ ਝੁਕਾਉਂਦੇ ਕ੍ਰਿਸ਼ਨ ਰਾਧਾ, ਰਾਮ ਸੀਤਾ ਨਿਉਂ ਨਿਉਂ ਲਾਗਾਂ ਰਹੇ ਪਾਈਆ । ਜਿਸ ਦੀਆਂ ਪੈਗ਼ੰਬਰਾਂ ਪੜ੍ਹੀਆਂ ਨਿਮਾਜ਼ਾਂ, ਧੂੜੀ ਖ਼ਾਕ ਖ਼ਾਕ ਰਮਾਈਆ । ਜਿਸ ਨੂੰ ਪਿਤਾ ਪੁਰਖ ਅਕਾਲ ਕਹਿ ਕੇ ਗਿਆ ਗੋਬਿੰਦ ਵਾਲਾ ਬਾਜਾਂ, ਬਾਜ਼ੀ ਅੰਤਮ ਆਪਣੇ ਹੱਥ ਰਖਾਈਆ । ਦੀਨ ਦੁਨੀ ਦਾ ਬਦਲ ਕੇ ਤਖ਼ਤ ਤਾਜਾ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਮਿਹਰਵਾਨ ਹੋ ਕੇ ਮੋਹਣ ਮਾਧਵ ਮਾਧਾ, ਮਧੁਰ ਧੁਨ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਬੱਧਕ ਕਹੇ ਸੁਣ ਅਜਾਮਲ, ਆਜਜ਼ ਹੋ ਕੇ ਸੀਸ ਨਿਵਾਈਆ ।

ਜਿਸ ਪ੍ਰਭ ਦਾ ਖੇਲ ਘੜੀ ਪਲ, ਪਾਰਬ੍ਰਹਮ ਕੀ ਆਪਣਾ ਹੁਕਮ ਵਰਤਾਈਆ । ਜੋ ਹਰ ਘਟ ਵਸਿਆ ਜਲ ਥਲ, ਮਹੀਅਲ ਡੇਰਾ ਲਾਈਆ । ਉਸ ਦਾ ਇਕੋ ਹੁਕਮ ਅਟਲ, ਅਟਲ ਪਦਵੀ ਜਨ ਭਗਤਾਂ ਦੇਵੇ ਚਾਈਂ ਚਾਈਂਆ । ਨਿਰਗੁਣ ਧਾਰ ਹੋ ਕੇ ਅੰਤਰ ਗਿਆ ਰਲ, ਜੋਤੀ ਜਾਤਾ ਆਪਣਾ ਮੇਲ ਮਿਲਾਈਆ । ਜਿਸ ਨੇ ਗ਼ਰੀਬ ਨਿਮਾਣੇ ਗੁਰਮੁਖ ਤਾਰੇ ਵਾਹੁੰਦੇ ਹਲ, ਕਿਰਸ ਕਿਰਸਾਣਾ ਦੀ ਆਪਣੇ ਹੱਥ ਰਖਾਈਆ । ਲੱਖ ਚਰਾਸੀ ਵਿਚੋਂ ਭਗਤਾਂ ਦੀ ਭਗਤੀ ਵਾਲਾ ਲੱਭ ਕੇ ਦਲ, ਦਲਿਦਰੀਆਂ ਵਿਚੋਂ ਆਪਣੇ ਨਾਲ ਮਿਲਾਈਆ । ਸ੍ਰਿਸ਼ਟੀ ਨਾਲ ਸ੍ਰੇਸ਼ਟ ਕਰਕੇ ਛਲ, ਅਛਲ ਅਛੱਲ ਆਪਣਾ ਭੇਵ ਛੁਪਾਈਆ , ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਭਗਤ ਕਹਿਣ ਵੇਖੋ ਆਪਣੇ ਮਣਕੇ ਮਾਲਾ, ਸੂਫ਼ੀ ਤਸਬੀਆਂ ਹੱਥ ਉਠਾਈਆ । ਕੀ ਜਗਤ ਝਲਦੇ ਰਹੇ ਜੰਜਾਲਾ, ਕਿਸ ਬਿਧ ਕਰਨੀ ਕਾਰ ਕਮਾਈਆ । ਕਿਸ ਧਾਰ ਮਿਲਿਆ ਪੁਰਖ ਅਕਾਲਾ, ਪੁੱਠੀ ਖੱਲ ਤਨ ਲੁਹਾਈਆ । ਸਭ ਨੂੰ ਘਾਲਣੀ ਪਈ ਘਾਲਾ, ਜੀਵਣ ਜੁਗਤੀ ਦਏ ਦੁਹਾਈਆ । ਬਹੁੜੀ ਕਲਜੁਗ ਅੰਤਮ ਮਾਰਗ ਦੱਸ ਸੁਖਾਲਾ, ਸਿਰ ਸਿਰ ਆਪਣਾ ਹੱਥ ਰਖਾਈਆ । ਹਰਿਜਨ ਗੁਰਮੁਖ ਆਪਣੇ ਬੱਚੇ ਬਣਾ ਕੇ ਲਾਲਾ, ਲਾਲਨ ਆਪਣੇ ਰੰਗ ਰੰਗਾਈਆ । ਜਿਨ੍ਹਾਂ ਦੇ ਨੇੜ ਨਾ ਆਵੇ ਕਾਲ ਮਹਾਂਕਾਲਾ, ਰਾਏ ਧਰਮ ਨਾ ਦਏ ਸਜ਼ਾਈਆ । ਉਨ੍ਹਾਂ ਦੀ ਰੀਤ ਅਵੱਲੜੀ ਦੱਸ ਕੇ ਅਵੱਲੜੀ ਚਾਲਾ, ਚਾਲ ਧਰਮ ਦੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਜਨ ਭਗਤ ਕਹਿਣ ਸਾਡੇ ਅੰਤਰ ਅਗੰਮ ਵਿਚਾਰ, ਬੁੱਧੀ ਸਮਝ ਕੋਇ ਨਾ ਪਾਈਆ । ਪਿਛੇ ਬੀਤੇ ਜੁਗ ਚਾਰ, ਕਲਜੁਗ ਚੌਥਾ ਦਏ ਦੁਹਾਈਆ । ਕੀ ਭਗਤਾਂ ਖੇਲ ਕਰਦਾ ਰਿਹਾ ਕਰਤਾਰ, ਕੁਦਰਤ ਦਾ ਕਰਤਾ ਆਪਣੀ ਕਾਰ ਕਮਾਈਆ । ਜਗਤ ਤਸੀਹੇ ਦੇ ਵਿਚ ਸੰਸਾਰ, ਮਾਰਗ ਭਗਤੀ ਵਾਲਾ ਜਣਾਈਆ । ਕਲਜੁਗ ਅੰਤਮ ਕਿਰਪਾ ਕਰ ਅਪਾਰ, ਅਪਰੰਪਰ ਆਪਣੀ ਦਇਆ ਕਮਾਈਆ । ਫੜ ਫੜ ਬਾਹੋਂ ਦਏ ਤਾਰ, ਤਾਰਨਹਾਰ ਇਕ ਅਖਵਾਈਆ । ਸਾਚੀ ਭਗਤੀ ਸਤਿਗੁਰ ਹੁਕਮ ਦੀ ਕਾਰ, ਜਗਤ ਮਾਲਾ ਦੀ ਲੋੜ ਰਹੇ ਨਾ ਰਾਈਆ । ਗੁਰਮੁਖ ਸੂਰਬੀਰ ਬਣਾ ਹੁਸ਼ਿਆਰ, ਜੋਧਾ ਆਪਣਾ ਮੇਲਾ ਲਏ ਮਿਲਾਈਆ । ਸੰਤ ਸੁਹੇਲੇ ਬਣਾ ਬਰਖ਼ੁਰਦਾਰ, ਬਰਖ਼ੁਰਦਾਰੀ ਵਿਚ ਵੇਖ ਵਖਾਈਆ । ਪੂਰਬ ਜਨਮ ਦਾ ਲਹਿਣਾ ਦਏ ਉਧਾਰ, ਕਰਜ਼ਾ ਮਕਰੂਜ਼ ਆਪ ਚੁਕਾਈਆ । ਸੇਵਾ ਵਿਚ ਸੇਵਾ ਕਰਨ ਸੇਵਾਦਾਰ, ਸੇਵਾ ਸਤਿਗੁਰ ਸਤਿਗੁਰ ਸਾਚੇ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਚਾਰ ਜੁਗ ਦੇ ਭਗਤ ਕਹਿਣ ਆਓ ਖੇਲ ਤਕੀਏ ਅੱਜ ਦੀ ਰਾਤੀ, ਅਠਾਰਾਂ ਵਿਸਾਖ ਵੱਜੇ ਵਧਾਈਆ । ਸਾਰੇ ਹੱਥ ਮਾਰੋ ਉਪਰ ਆਪਣੀ ਛਾਤੀ, ਛਤਰਧਾਰੀ ਆਪਣਾ ਭੇਵ ਚੁਕਾਈਆ । ਤੁਹਾਡੀ ਬੰਦਗੀ ਵਾਲੀ ਧਰਮ ਦੀ ਦਾਤੀ, ਦਾਤਰੀ ਦਾਤਾਰ ਨਾਲ ਮਿਲ ਕੇ ਆਪਣਾ ਖੇਲ ਵਖਾਈਆ । ਜਿਹੜੀ ਚਰਨ ਧੂੜ ਨਾਲ ਤਿੰਨ ਵਾਰ ਅੱਜ ਨਹਾਤੀ, ਹਰ ਗੁਰਸਿਖ ਦੇ ਪਿਛੇ ਤਿੰਨ ਵਾਰ ਫਿਰ ਕੇ ਆਪਣਾ ਖੇਲ ਦਿਤਾ ਖਿਲਾਈਆ । ਜਨ ਭਗਤੋ ਤੁਹਾਨੂੰ ਛਕਾ ਕੇ ਲੰਗਰ ਦਾ ਪਰਸ਼ਾਦਾ ਪ੍ਰੇਮ ਦੀ ਚਪਾਤੀ, ਚੱਪਾ ਚੱਪਾ ਮੁਸ਼ਕਲਾਂ ਵਿਚੋਂ ਤੁਹਾਨੂੰ ਦਿਤਾ ਬਾਹਰ ਕਢਾਈਆ । ਤੁਹਾਡੀ ਮੰਜ਼ਲ ਅਗਲੀ ਮੁਕੀ ਤੇ ਉਸ ਤੋਂ ਅੱਗੇ ਸਤਿਗੁਰ ਘਰ ਦੀ ਬਣੀ ਵਾਟੀ, ਜਗਤ ਪੰਧ ਰਿਹਾ ਨਾ ਰਾਈਆ । ਇਹ ਆਸ਼ਾ ਸਪਤ ਰਿਖੀ ਰੱਖੀ ਜਿਸ ਦੀ ਨੇੜੇ ਆਈ ਵਾਟੀ, ਪਿਛਲਾ



੧੮੫੧ ੨੨

ਪੰਧ ਮੁਕਾਈਆ । ਸਚ ਪੁਛੋ ਗੋਬਿੰਦ ਨੇ ਅਠਾਰਾਂ ਦਿਨ ਇੱਕੀ ਬੂੰਦਾਂ ਅੰਮ੍ਰਿਤ ਦੀਆਂ ਰੱਖੀਆਂ ਸੀ ਵਿਚ ਬਾਟੀ, ਅਠਾਰਾਂ ਵਿਸਾਖ ਨੂੰ ਧਰਤੀ ਉਤੇ ਸੁਟਾਈਆ । ਫੇਰ ਆਪਣਾ ਹੱਥ ਫੇਰਿਆ ਤਨ ਸ਼ਰੀਰ ਉਤੇ ਮਾਟੀ, ਸੀਸ ਤੋਂ ਚਰਨਾਂ ਤਕ ਛੁਹਾਈਆ । ਨਾਲੇ ਰਾਹ ਤੱਕਿਆ ਕਮਲਾਪਾਤੀ, ਪਤਿਪਰਮੇਸ਼ਵਰ ਵੇਖ ਵਖਾਈਆ । ਸਚ ਪੁਛੋ ਅਠਾਰਾਂ ਵਿਸਾਖ ਨੂੰ ਗੋਬਿੰਦ ਨੇ ਅੱਧੀ ਰਾਤ ਸੀ ਰੋਟੀ ਖਾਧੀ, ਵੱਧ ਘੱਟ ਮਿੰਟ ਨਾ ਕੋਇ ਰਖਾਈਆ । ਨਾਲੇ ਹੱਸ ਕੇ ਕਿਹਾ ਮੇਰਾ ਪੁਰਖ ਅਕਾਲ ਸਭ ਦਾ ਗਾਡੀ, ਜਿਸ ਨੂੰ ਗਾਡ ਕਹਿ ਕੇ ਸਾਰੇ ਸੀਸ ਨਿਵਾਈਆ । ਉਸ ਨੇ ਮਿਹਰਵਾਨ ਹੋ ਕੇ ਜਨ ਭਗਤਾਂ ਕੋਲੋਂ ਭਗਤੀ ਦੀ ਧਾਰ ਕਰਾਉਣੀ ਵਾਢੀ, ਵੱਢੀ ਦੇਣ ਵਾਲਾ ਨਜ਼ਰ ਕੋਇ ਨਾ ਆਈਆ । ਅੱਜ ਏਸੇ ਕਰ ਕੇ ਗੁਰਮੁਖੋ ਸ਼ਾਮ ਨੂੰ ਰੋਟੀ ਰਸਨਾ ਨਾਲ ਨਹੀਂ ਲਾਗੀ, ਪੂਰਬ ਲੇਖਾ ਪੂਰ ਦਿਤਾ ਕਰਾਈਆ । ਬੇਸ਼ਕ ਤੁਹਾਡੀ ਜੀਵਣ ਜ਼ਿੰਦਗੀ ਦੁਨੀਆ ਨਾਲੋਂ ਸਾਦੀ, ਸਤਿਗੁਰ ਸਾਧਾਂ ਤੋਂ ਪਰੇ ਤੁਹਾਨੂੰ ਦਿਤੀ ਵਡਿਆਈਆ । ਕਿਉਂ ਪ੍ਰਭੂ ਦੇ ਘਰ ਸਦਾ ਭਗਤਾਂ ਦੀ ਅਬਾਦੀ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬਣੇ ਅੰਤਰ ਦਾ ਰਾਗੀ, ਰਾਗਾਂ ਵਿਚੋਂ ਆਪਣਾ ਨਾਮ ਜਣਾਈਆ ।

### ੨੨ ਵਿਸਾਖ ਸ਼ਹਿਨਸ਼ਾਹੀ ਸੰਮਤ ੮ ਕੁਲਵੰਤ ਕੌਰ ਬਸਤੀ ਖਲੀਲ ਦੇ ਪ੍ਰਸ਼ਾਦ ਕਰਾਉਣ ਤੇ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ



ਮਹਾਂਕਾਲ ਕਹੇ ਕਾਲ ਵੇਖ ਹਿਸਾਬ, ਕਲਕਾਤੀ ਧਿਆਨ ਲਗਾਈਆ । ਬਿਨ ਅੱਖਰਾਂ ਤਕ ਕਿਤਾਬ, ਜੋ ਕੁਤਬਖ਼ਾਨਿਆਂ ਬਾਹਰ ਸੋਭਾ ਪਾਈਆ । ਜਿਸ ਵਿਚ ਲੱਖ ਚੁਰਾਸੀ ਮਿਲਦਾ ਆਜ਼ਾਬ, ਚਾਰੇ ਖਾਣੀ ਸਿਰ ਨਾ ਕੋਇ ਉਠਾਈਆ । ਲੇਖਾ ਹੁੰਦਾ ਪੁੰਨ ਸਵਾਬ, ਸਵਾਸ ਸਵਾਸ ਭੇਵ ਰਹੇ ਨਾ ਰਾਈਆ । ਜੋ ਹੁਕਮ ਮਿਲਿਆ ਆਦਿ ਦਾ ਆਦਿ, ਅੰਤ ਓਸੇ ਦੀ ਚਲਣਾ ਰਜ਼ਾਈਆ । ਕੋਟਾਂ ਵਿਚੋਂ ਭਗਤਾਂ ਸੰਤਾਂ ਲਾਧ, ਖੋਜੇ ਥਾਉਂ ਥਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਤਕ ਵਿਵਾਦ, ਵਿਖ ਕੂੜ ਭਰੀ ਲੋਕਾਈਆ । ਜਿਨ੍ਹਾਂ ਅੰਤਰ ਵੱਜੇ ਨਾਦ, ਸ਼ਬਦ ਧੁਨ ਸ਼ਨਵਾਈਆ । ਓਨ੍ਹਾਂ ਲੇਖਾ ਤਕ ਵਿਚ ਬ੍ਰਹਿਮਾਦ, ਬ੍ਰਹਿਮੰਡ ਖੋਜ ਖੁਜਾਈਆ । ਕੀ ਸੰਦੇਸ਼ਾ ਦੇਵੇ ਮਾਲਕ ਵਾਹਿਦ, ਵਾਹਵਾ ਆਪਣਾ ਹੁਕਮ ਵਰਤਾਈਆ । ਜਿਸ ਨੂੰ ਸਾਰੇ ਰਹੇ ਅਰਾਧ, ਰਸਨਾ ਜਿਹਵਾ ਢੋਲੇ ਗਾਈਆ । ਸੋ ਮਾਲਕ ਜਨ ਭਗਤਾਂ ਸਦਾ ਰੱਖੇ ਯਾਦ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਕਿਸੇ ਦੀ ਮੰਗੇ ਨਾ ਕਦੇ ਇਮਦਾਦ, ਨਿਰਗੁਣ ਨਿਰਵੈਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਕਾਲ ਕਹੇ ਮਹਾਂਕਾਲ ਮੇਰੀ ਡੰਡਾਵਤ, ਬੰਦਨਾ ਵਿਚ ਸੀਸ ਨਿਵਾਈਆ । ਚਾਰ ਕੁੰਟ ਕਲਜੁਗ ਕੂੜੀ ਪਾਈ ਬਗ਼ਾਵਤ, ਝਗੜਾ ਸਕੇ ਨਾ ਕੋਇ ਮਿਟਾਈਆ । ਨਾਮ ਮਿਲੇ ਨਾ ਕਿਸੇ ਨਿਆਮਤ, ਰਸਨਾ ਰਸ ਨਾ ਕੋਇ ਚਖਾਈਆ । ਦੀਨ ਦੁਨੀ ਕਰੇ ਮਜ਼ਾਹਮਤ, ਮਜ਼੍ਹਬ ਮਜ਼੍ਹਬ ਰਿਹਾ ਟਕਰਾਈਆ । ਕਲਜੁਗ ਰੈਣ ਅੰਧੇਰਾ ਸ਼ਾਮਤ, ਸ਼ਮਾ ਨੂਰ ਨਾ ਕੋਇ ਰੁਸ਼ਨਾਈਆ । ਕੋਟਾਂ ਵਿਚੋਂ ਜਨ ਭਗਤ ਪ੍ਰਭੂ ਦੀ ਅਮਾਨਤ, ਜਿਸ ਨੂੰ ਛੋਹ ਸਕੇ ਕੋਇ ਨਾ ਰਾਈਆ । ਉਨ੍ਹਾਂ ਦਾ ਲੇਖਾ ਹੋਵੇ ਨਾ ਅੰਤ ਨਾਲ ਕਿਆਮਤ, ਕਰਮ ਕਾਂਡ ਦੀ

ਵੰਡ ਨਾ ਕੋਇ ਵੰਡਾਈਆ । ਰੋਗ ਸੋਗ ਦੀ ਸ਼ਬਦ ਦੇਵੇ ਜ਼ਮਾਨਤ, ਸਤਿਗੁਰ ਸ਼ਬਦ ਗਵਾਹ ਭੁਗਤਾਈਆ । ਜੋ ਆਦਿ ਜੁਗਾਦਿ ਸਹੀ ਸਲਾਮਤ, ਸਾਹਿਬ ਸਵਾਮੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਮਹਾਂਕਾਲ ਕਹੇ ਕਾਲ ਵੇਖ ਲੈ ਆਪਣੀ ਨਿਰਾਲੀ ਨੋਟ ਬੁਕ, ਬਿਨ ਹੱਥਾਂ ਹੱਥ ਉਠਾਈਆ । ਧਰਮ ਮਾਰਗ ਸ੍ਰਿਸ਼ਟੀ ਗਈ ਰੁਕ, ਅੱਗੇ ਕਦਮ ਨਾ ਕੋਇ ਉਠਾਈਆ । ਸਚ ਦਾ ਪੈਂਡਾ ਰਿਹਾ ਮੁਕ, ਕਿਰਿਆ ਕੂੜ ਵੱਜੇ ਵਧਾਈਆ । ਬਿਨਾ ਭਗਤਾਂ ਤੋਂ ਤੂੰ ਮੇਰਾ ਮੈਂ ਤੇਰਾ ਗਾਏ ਕੋਇ ਨਾ ਤੁਕ, ਤੁਖ਼ਮ ਤਾਸੀਰ ਸਕੇ ਨਾ ਕੋਇ ਬਦਲਾਈਆ । ਜਗਤ ਜਗਦੀਸ਼ ਸੀਸ ਜਾਏ ਕਿਸੇ ਨਾ ਝੁਕ, ਜਾਗਰਤ ਜੋਤ ਬਿਨ ਵਰਨ ਗੋਤ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪ੍ਰਕਾਸ਼ ਦੇਵੇ ਨਿਰਮਲ ਜੋਤ, ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਇਕੋ ਰੰਗ ਰੰਗਾਈਆ ।

### ੨੫ ਵਿਸਾਖ ਸ਼ਹਿਨਸ਼ਾਹੀ ਸੰਮਤ ੮ ਨਿਰੰਜਣ ਸਿੰਘ ਦੇ ਬਚਨਾਂ ਤੇ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ

ਦੀਨ ਦੁਨੀ ਬੁੱਧੀ ਹੋਈ ਭਰਿਸ਼ਟ, ਸਤਿਗੁਰ ਮਤ ਰਹਿਣ ਨਾ ਪਾਈਆ । ਇਹ ਸੰਦੇਸ਼ਾ ਦੇ ਕੇ ਗਿਆ ਸੀ ਰਾਮ ਗੁਰੂ ਵਸਿਸ਼ਟ, ਵਿਸ਼ਿਆਂ ਤੋਂ ਬਾਹਰ ਸਮਝਾਈਆ । ਕਲਜੁਗ ਅੰਤਮ ਧਰਮ ਧਾਰ ਦਾ ਰਹਿਣਾ ਨਹੀਂ ਕੋਈ ਇਸ਼ਟ, ਇਸ਼ਟ ਦੇਵ ਸਵਾਮੀ ਗੁਰੂ ਗੁਰ ਸੀਸ ਨਾ ਕੋਇ ਨਿਵਾਈਆ । ਕੂੜੀ ਕਿਰਿਆ ਕਲਜੁਗ ਵਾਸ਼ਨਾ ਭੋਗੇ ਗ੍ਰਿਹਸਤ, ਕਾਮ ਕਰੋਧ ਲੋਭ ਮੋਹ ਹਲਕਾਈਆ । ਕਿਸੇ ਭੇਵ ਖੁਲ੍ਹੇ ਨਾ ਸਵਰਗ ਬਹਿਸ਼ਤ, ਜਗਤ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਦੀਨ ਦੁਨੀ ਬੁੱਧੀ ਨਾ ਹੋਈ ਬਿਬੇਕ, ਏਕਾ ਰੰਗ ਨਾ ਕੋਇ ਰੰਗਾਈਆ । ਸਾਹਿਬ ਸਤਿਗੁਰ ਦੀ ਸਭ ਨੇ ਛਡੀ ਟੇਕ, ਟਿੱਕਾ ਮਸਤਕ ਧੂੜੀ ਖ਼ਾਕ ਨਾ ਕੋਇ ਰਮਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਨਜ਼ਰ ਨਾ ਆਏ ਏਕ, ਏਕੰਕਾਰ ਅਕਲ ਕਲਧਾਰੀ ਸੀਸ ਨਾ ਕੋਇ ਨਿਵਾਈਆ । ਨੌਂ ਖੰਡ ਸੱਤ ਦੀਪ ਤ੍ਰੈਗੁਣ ਮਾਇਆ ਲਾਏ ਸੇਕ, ਅਗਨੀ ਤਤ ਨਾ ਕੋਇ ਬੁਝਾਈਆ । ਨਿਜ ਨੇਤਰ ਪ੍ਰਭ ਦਰਸ਼ਨ ਸਕੇ ਕੋਇ ਨਾ ਪੇਖ, ਜਗਤ ਲੋਚਣ ਮਿਲੇ ਨਾ ਕੋਇ ਵਡਿਆਈਆ । ਆਤਮ ਪਰਮਾਤਮ ਪਰਮਾਤਮ ਆਤਮ ਕਰੇ ਕੋਇ ਨਾ ਹੇਤ, ਪਾਰਬ੍ਰਹਮ ਬ੍ਰਹਮ ਭੇਵ ਨਾ ਕੋਇ ਖੁਲ੍ਹਾਈਆ । ਕਲਜੁਗ ਕੂੜੀ ਕਿਰਿਆ ਚਾਰ ਕੁੰਟ ਦਹਿ ਦਿਸ਼ਾ ਮਾਨਵ ਜਾਤੀ ਭੇਖ, ਪਰਦਾ ਸਕੇ ਨਾ ਕੋਇ ਉਠਾਈਆ । ਘਰ ਵਿਚ ਘਰ ਆਪਣਾ ਦਿਸੇ ਕਿਸੇ ਨਾ ਦੇਸ, ਸਾਢੇ ਤਿੰਨ ਹੱਥ ਮੰਦਰ ਅੰਦਰ ਵੱਜੇ ਨਾ ਕੋਇ ਵਧਾਈਆ । ਰੁਤ ਬਸੰਤੀ ਨਾਮ ਫੁਲਵਾੜੀ ਮੌਲੇ ਕੋਈ ਨਾ ਚੇਤ, ਚੇਤਨ ਸੁਰਤ ਨਾ ਕੋਇ ਕਰਾਈਆ । ਕਲਜੁਗ ਜੀਵਾਂ ਕੂੜ ਕੁੜਿਆਰਾ ਬਣਿਆ ਲੇਖ, ਧਰਮ ਦੀ ਧਾਰ ਸੰਗ ਨਾ ਕੋਇ ਬਣਾਈਆ । ਸਤਿਗੁਰੂ ਦਵਾਰਾ ਸਭ ਨੂੰ ਭੁਲਿਆ ਆਪਣਾ ਸੱਚਾ ਦੇਸ, ਜਗਤ ਯਾਤਰੂ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਦੀਨ ਦੁਨੀ ਬੁੱਧੀ ਵਿਚ ਰਿਹਾ ਕਿਸੇ ਨਾ ਸਤਿ, ਸਤਿ ਵਿਚ ਨਾ ਕੋਇ

ਸਮਾਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੰਜਾਂ ਤਤਾਂ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਦੀਪਕ ਜੋਤੀ ਕਿਸੇ ਗ੍ਰਿਹਿ ਨਾ ਸਕੇ ਜਗ, ਕਾਇਆ ਮੰਦਰ ਨੂਰ ਨਾ ਕੋਇ ਰੁਸ਼ਨਾਈਆ । ਸਤਿਗੁਰ ਦਰਸ ਪਾਏ ਉਪਰ ਨਾ ਕੋਇ ਸ਼ਾਹਰਗ, ਸ਼ਹਿਨਸ਼ਾਹ ਮਿਲਣ ਕੋਇ ਨਾ ਪਾਈਆ । ਜਗਤ ਵਿਕਾਰਾ ਰਸਨ ਬਣਿਆ ਮਧ, ਅੰਮ੍ਰਿਤ ਰਸ ਗੋਬਿੰਦ ਮੁਖ ਨਾ ਕੋਇ ਚੁਆਈਆ । ਧਰਮ ਧਾਰ ਦੀ ਸਚ ਸ਼ਰੀਅਤ ਪਾਰ ਕੀਤੀ ਹੱਦ, ਨੌਂ ਦਵਾਰ ਜਗਤ ਵਾਸਨਾ ਹੋਈ ਹਲਕਾਈਆ । ਧੁਨ ਆਤਮਕ ਰਾਗ ਸੁਣੇ ਕੋਇ ਨਾ ਨਦ, ਅਨਾਦ ਨਾਦੀ ਨਾਦ ਨਾ ਕੋਇ ਸ਼ਨਵਾਈਆ । ਸਤਿਗੁਰ ਇਸ਼ਟ ਜਗਤ ਜਗਿਆਸੂ ਗਏ ਛੱਡ, ਪੁਰਖ ਅਕਾਲ ਦੀਨ ਦਿਆਲ ਸੀਸ ਨਾ ਕੋਇ ਨਿਵਾਈਆ । ਕਲਜੁਗ ਕੂੜ ਕੁੜਿਆਰੇ ਘਰ ਘਰ ਆਪਣਾ ਨਿਸ਼ਾਨਾ ਦਿਤਾ ਗੱਡ, ਚਾਰ ਵਰਨ ਅਠਾਰਾਂ ਬਰਨ ਬਚਿਆ ਰਹਿਣ ਕੋਇ ਨਾ ਪਾਈਆ । ਆਤਮ ਪਰਮਾਤਮ ਲਡਾਏ ਕੋਇ ਨਾ ਲੱਡ, ਸੁਰਤ ਸ਼ਬਦ ਮਿਲ ਕੇ ਵੱਜੇ ਨਾ ਕੋਇ ਵਧਾਈਆ । ਪਾਰਬ੍ਰਹਮ ਬ੍ਰਹਮ ਸਭ ਨੂੰ ਭੁੱਲੀ ਆਪਣੀ ਯੱਦ, ਯਦੀ ਅੰਤਰ ਨਿਰੰਤਰ ਪੜਦਾ ਨਾ ਕੋਇ ਉਠਾਈਆ । ਕੂੜੀ ਕਿਰਿਆ ਮਾਇਆ ਮਮਤਾ ਮੋਹ ਵਿਕਾਰ ਵਹਿਣ ਗਿਆ ਵਗ, ਨੌਂ ਖੰਡ ਪ੍ਰਿਥਮੀ ਦੀਨ ਦੁਨੀ ਰਿਹਾ ਰੁੜ੍ਹਾਈਆ । ਇਹ ਖੇਲ ਹੱਥ ਸੂਰੇ ਸਰਬਗ, ਜੋ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਯਾਮੀ ਇਕ ਅਖਵਾਈਆ । ਜਗਤ ਸ੍ਰਿਸ਼ਟੀ ਸਾਚਾ ਨਾਮ ਗਈ ਭੁੱਲ, ਇਸ਼ਟ ਦੇਵ ਈਸ਼ਵਰ ਨਜ਼ਰ ਕਿਸੇ ਨਾ ਆਈਆ । ਮਾਇਆ ਮਮਤਾ ਵਿਚ ਗਈ ਰੁਲ, ਕੂੜੀ ਕਿਰਿਆ ਹੋਈ ਹਲਕਾਈਆ । ਸਚ ਦੀਪਕ ਹੋਇਆ ਗੁੱਲ, ਨੂਰ ਜੋਤ ਨਾ ਕੋਇ ਰੁਸ਼ਨਾਈਆ । ਮੇਲ ਮਿਲਿਆ ਨਾ ਸੁਲਹਕੁਲ, ਜੋ ਸਵਾਮੀ ਸਭ ਦਾ ਪਿਤਾ ਮਾਈਆ । ਆਤਮ ਧਾਰ ਭਾਗ ਲੱਗਾ ਨਾ ਪਰਮਾਤਮ ਕੁੱਲ, ਕੂੜੀ ਕਿਰਿਆ ਨਾਤਾ ਸਕੇ ਨਾ ਕੋਇ ਤੁੜਾਈਆ । ਸਾਚਾ ਅੰਮ੍ਰਿਤ ਨਿਜਰ ਰਸ ਕਵਲ ਨਾਭੀ ਵਿਚੋਂ ਗਿਆ ਡੁਲ੍ਹ, ਬੂੰਦ ਸਵਾਂਤੀ ਰਸ ਨਾ ਕੋਇ ਚਖਾਈਆ । ਮਾਨਵ ਜ਼ਾਤੀ ਪ੍ਰਭ ਦਾ ਨਾਮ ਜਪਦੀ ਨਾਲ ਬੁੱਲ੍ਹ, ਹਿਰਦੇ ਹਰਿ ਨਾ ਕੋਇ ਵਸਾਈਆ । ਸ਼ਬਦ ਕੰਡੇ ਨਾਮ ਤਰਾਜ਼ੂ ਸਕੇ ਕੋਇ ਨਾ ਤੁਲ, ਕੀਮਤ ਕਰਤਾ ਨਾ ਕੋਇ ਰਖਾਈਆ । ਸਦੀ ਚੌਧਵੀਂ ਦੀਨ ਦੁਨੀ ਨਵ ਸੱਤ ਧਰਨੀ ਧਰਤ ਧਵਲ ਧੌਲ ਮਾਨਵ ਜਾਤੀ ਬੂਟਾ ਗਿਆ ਹੁਲ, ਮਾਨਸ ਮਾਨਵ ਮਾਨੁਖ ਅੰਮ੍ਰਿਤ ਫਲ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਸੁਹਾਈਆ । ਸ੍ਰਿਸ਼ਟੀ ਅੰਦਰ ਕਲਜੁਗ ਆਪਣਾ ਧਰਿਆ ਬਲ, ਬਲ ਬਾਵਨ ਦਏ ਗਵਾਹੀਆ । ਜੋ ਸਭ ਨੂੰ ਰਿਹਾ ਛਲ, ਅਛਲ ਛਲਧਾਰੀ ਹੋ ਕੇ ਵੇਖ ਵਖਾਈਆ । ਜਿਸ ਵਰੋਲੇ ਅੱਠ ਸੱਠ ਤੀਰਥ ਜਲ, ਸਮੁੰਦ ਸਾਗਰਾਂ ਫੋਲ ਫੁਲਾਈਆ । ਉਸ ਨੇ ਖੇਲ ਰਚਾਇਆ ਕਲਜੁਗ ਕਲ, ਕਲ ਕਲਕੀ ਆਪਣਾ ਹੁਕਮ ਵਰਤਾਈਆ । ਜਿਸ ਦਾ ਭਾਣਾ ਸਕੇ ਕਦੀ ਨਾ ਟਲ, ਸਤਿਜੁਗ ਤ੍ਰੇਤਾ ਦੁਆਪਰ ਦਏ ਗਵਾਹੀਆ । ਸੋ ਸਾਹਿਬ ਸਤਿਗੁਰ ਵੇਖਣਹਾਰਾ ਕੂੜ ਕੁੜਿਆਰਾ ਦਲ, ਜਗਤ ਵਿਕਾਰਾ ਨਾਲ ਮਿਲਾਈਆ । ਤਿਸ ਸਾਹਿਬ ਤੋਂ ਸਦ ਵਿਟੋ ਜਾਈਏ ਬਲ ਬਲ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਸਾਚਾ ਇਸ਼ਟ ਦਿਤਾ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਨਿਰਗੁਣ ਨਿਰਵੈਰ ਨਿਰਾਕਾਰ ਗਿਆ ਮੱਲ, ਸਤਿ ਦਾ ਮਾਲਕ ਸਤਿ ਆਪਣਾ ਖੇਲ ਖਿਲਾਈਆ ।

## ੨੯ ਵਿਸਾਖ ਸ਼ਹਿਨਸ਼ਾਹੀ ਸੰਮਤ ੮ ਜਗਜੀਤ ਸਿੰਘ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ

ਬਾਵਨ ਕਹੇ ਪੂਰਬ ਪੂਰਬ ਪੂਰਬਲੀ ਸਾਖੀ, ਸਾਖਿਆਤ ਦਏ ਪਰਗਟਾਈਆ । ਬਲ ਦਵਾਰ ਜਿਸ ਨੇ ਮੰਨੀ ਆਖੀ, ਸੀਸ ਸਤਿਕਾਰ ਨਾਲ ਝੁਕਾਈਆ । ਪੁਰਖ ਅਕਾਲ ਦੀਨ ਦਿਆਲ ਉਸ ਦੀ ਕਰੇ ਰਾਖੀ, ਰੱਖਕ ਹੋ ਕੇ ਸਿਰ ਆਪਣਾ ਹੱਥ ਟਿਕਾਈਆ । ਸੰਮਤ ਸ਼ਹਿਨਸ਼ਾਹੀ ਅੱਠ ਦੀ ਭਾਗਾਂ ਭਰੀ ਵਿਸਾਖੀ, ਜਿਸ ਨੂੰ ਚਾਰ ਜੁਗ ਵੇਖ ਵਖਾਈਆ । ਲਹਿਣਾ ਦੇਣਾ ਪੂਰਬ ਮਿਲੇ ਬਾਕੀ, ਅੱਗਾ ਆਪਣੇ ਹੱਥ ਰਖਾਈਆ । ਸਤਿਗੁਰ ਪੈਜ ਸਵਾਰੇ ਜਾਕੀ, ਜਾਗਰਤ ਜੋਤ ਕਰੇ ਰੁਸ਼ਨਾਈਆ । ਚਰਨ ਪ੍ਰੀਤੀ ਜੋੜੇ ਨਾਤੀ, ਨਰ ਨਰਾਇਣ ਆਪਣਾ ਮੇਲ ਮਿਲਾਈਆ । ਏਥੇ ਓਥੇ ਪੁਛੇ ਵਾਤੀ, ਦੂਰ ਨੇੜਾ ਪੰਧ ਨਾ ਕੋਇ ਰਖਾਈਆ । ਸਿਰ ਹੱਥ ਟਿਕਾਏ ਲੋਕਮਾਤੀ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਉਤਮ ਕਰ ਭਗਤਾਂ ਜ਼ਾਤੀ, ਦੇਵਣਹਾਰਾ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਬਾਵਨ ਕਹੇ ਧੁਰ ਦੀ ਆਦਿ ਜੁਗਾਦਿ ਰੀਤ, ਜੁਗ ਚੌਕੜੀ ਚਲੀ ਆਈਆ । ਜਿਸ ਦੇ ਸਿਫ਼ਤਾਂ ਵਾਲੇ ਗੀਤ, ਢੋਲੇ ਸ੍ਰਿਸ਼ਟੀ ਸਦਾ ਗਾਈਆ । ਸੋ ਮਾਲਕ ਇਕ ਅਤੀਤ, ਤ੍ਰੈਗੁਣ ਲੇਖਾ ਦਏ ਚੁਕਾਈਆ । ਜਨ ਭਗਤਾਂ ਵਸੇ ਸਦਾ ਚੀਤ, ਚੇਤਨ ਆਪਣਾ ਮੇਲ ਮਿਲਾਈਆ । ਜਨਮ ਕਰਮ ਦੀ ਪਰਖਣਹਾਰਾ ਨੀਤ, ਨੀਤੀਵਾਨ ਧੁਰਦਰਗਾਹੀਆ । ਗੁਰਮੁਖਾਂ ਕਾਇਆ ਰੱਖੇ ਠਾਂਡੀ ਸੀਤ, ਅਗਨੀ ਤਤ ਨਾ ਕੋਇ ਰਖਾਈਆ । ਕਵਲ ਚਰਨ ਚਰਨ ਕਵਲ ਬਖ਼ਸ਼ ਇਕ ਪ੍ਰੀਤ, ਪ੍ਰੀਤਮ ਹੋ ਕੇ ਮੇਲਾ ਮੇਲੇ ਸਹਿਜ ਸੁਭਾਈਆ । ਮਾਨਸ ਜਨਮ ਜਨਮ ਲੇਖੇ ਲੱਗੇ ਸਿੰਘ ਜਗਜੀਤ, ਜਗਤ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਬਾਵਨ ਕਹੇ ਪਰਮ ਪੁਰਖ ਪ੍ਰਭੂ ਮਿਹਰਵਾਨਾ, ਮਿਹਰਵਾਨ ਅਖਵਾਈਆ । ਜੁਗ ਜੁਗ ਜਨ ਭਗਤਾਂ ਦੇਵੇ ਦਾਨਾ, ਦਾਤਾ ਦਾਨੀ ਧੁਰਦਰਗਾਹੀਆ । ਗੁਰਸਿਖ ਉਪਜਾਏ ਜਗਤ ਨਿਸ਼ਾਨਾ, ਨਿਸ਼ਾਨਾ ਆਪਣਾ ਨਾਮ ਦ੍ਰਿੜਾਈਆ । ਦਏ ਵਡਿਆਈ ਵਿਚ ਦੋ ਜਹਾਨਾਂ, ਦੋਹਰਾ ਆਪਣਾ ਖੇਲ ਖਿਲਾਈਆ । ਹਰਿਜਨ ਕਦੇ ਨਾ ਹੋਵੇ ਬੇਗਾਨਾ, ਦੂਰ ਨੇੜਾ ਵੰਡ ਨਾ ਕੋਇ ਵੰਡਾਈਆ । ਕਿਰਪਾ ਕਰੇ ਸ਼ਾਹ ਸੁਲਤਾਨਾ, ਸਤਿਗੁਰ ਦਾਤਾ ਅਗੰਮ ਅਥਾਹੀਆ । ਚਰਨ ਧੂੜੀ ਦੇਵੇ ਧਰਮ ਦਾ ਦਾਨਾ, ਵਸਤ ਅਮੋਲਕ ਆਪ ਵਰਤਾਈਆ । ਇੱਕੀ ਗੁਰਮੁਖ ਜਗਜੀਤ ਸਿੰਘ ਨੂੰ ਹੱਥੀਂ ਬੰਨ੍ਹਣਗੇ ਗਾਨਾ, ਰੰਗ ਲਾਲ ਨਾਲ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਬਾਵਨ ਕਹੇ ਪੂਰਾ ਭਵਿਖਤ ਹੋਇਆ ਵਾਕ, ਵਾਕਿਆ ਸ਼ਬਦ ਧਾਰ ਜਣਾਈਆ । ਸਤਿਗੁਰ ਚਰਨ ਧੂੜੀ ਨਾਲ ਲੈ ਕੇ ਜਾਣੀ ਖ਼ਾਕ, ਮਸਤਕ ਮਸਤਕ ਨਾਲ ਛੁਹਾਈਆ । ਜੋ ਦਿਵਸ ਰੈਣ ਪੁਛੇ ਵਾਤ, ਘੜੀ ਪਲ ਲੇਖੇ ਲਾਏ ਥਾਉਂ ਥਾਈਂਆ । ਸਤਿ ਦਾ ਸਚ ਜੋੜੇ ਨਾਤ, ਨਾਤਾ ਬਿਧਾਤਾ ਆਪ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਬਾਵਨ ਕਹੇ ਹਰਿ ਸੰਗਤ ਸਤਿ ਸਚ ਪਿਆਰ ਮੁਹੱਬਤ ਨਾਮ ਨਾਲ ਵਡਿਆਈਆ । ਜਗਤ ਕੂੜ ਕਿਰਿਆ ਸੰਸਾਰ ਸਾਗਰ ਗਹਿਰ ਗੰਭੀਰ, ਦੋ ਜਹਾਨ ਪਾਰ ਕਰਾਈਆ । ਜਿਸ ਦੀ ਸ਼ਰਅ ਦੀ ਜਗਤ ਦੀ ਨਹੀਂ ਕੋਈ ਤਸਵੀਰ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਉਹ ਸਾਹਿਬ ਸਵਾਮੀ

ਗੁਰਮੁਖਾਂ ਹੋਣ ਨਾ ਦੇਵੇ ਦਿਲਗੀਰ, ਚਿੰਤਾ ਗ਼ਮ ਨਾ ਕੋਇ ਜਣਾਈਆ । ਵਿਛੋੜੇ ਵਿਚ ਵਹਾਏ ਕੋਇ ਨਾ ਨੀਰ, ਨੈਣਾਂ ਛਹਿਬਰ ਨਾ ਕੋਇ ਜਣਾਈਆ । ਗੁਰਸਿਖ ਸਦਾ ਸਦਾ ਭੈਣਾਂ ਦਾ ਬਣਿਆ ਰਹੇ ਵੀਰ, ਭਰਾਵਾਂ ਦਾ ਭਾਈ ਨਜ਼ਰੀ ਆਈਆ । ਜਾਣ ਲੱਗਿਆ ਸੀਸ ਤੇ ਚਿੱਟੀ ਪੱਗੜੀ ਬੰਨ੍ਹਣੀ ਚੀਰ, ਚੀਰਾ ਗੋਬਿੰਦ ਵੇਖ ਵਖਾਈਆ । ਮੁਖ ਲਗਾ ਕੇ ਜਾਣੀ ਸ਼ੱਕਰ ਖੀਰ, ਮਿੱਠਾ ਰਸ ਰਸ ਬਣਾਈਆ , ਬਾਵਨ ਕਹੇ ਮੇਰਾ ਲੇਖਾ ਪੂਰਾ ਹੋਵੇ ਲਹਿਣਾ ਚੁੱਕੇ ਰਿਸ਼ੀਆਂ ਦੀ ਤਸਵੀਰ, ਤੇਰਾਂ ਸੌ ਸਤਾਸੀ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੂੜ ਕਿਰਿਆ ਉਤੇ ਮਾਰੇ ਲਕੀਰ, ਲਾਈਨ ਆਪਣੀ ਇਕ ਜਣਾਈਆ ।

✪ ੨੮ ਵਿਸਾਖ ਸ਼ਹਿਨਸ਼ਾਹੀ ਸੰਮਤ ੮ ਬੀਬੀ ਗੁਰਦਰਸ਼ਨ ਕੌਰ ਪੱਟੀ, ਮੇਹਰ ਅੰਬਾਲਾ ਸ਼ਹਿਰ, ਦੇ ਨਵਿਤ ਦਿੱਲੀ ਸ਼ਹਿਰ ✪

ਸਤਿਗੁਰ ਸ਼ਬਦ ਭਗਤਨ ਮੀਤਾ, ਮਿੱਤਰ ਪਿਆਰਾ ਇਕ ਅਖਵਾਈਆ । ਲੱਖ ਚੁਰਾਸੀ ਪਰਖੇ ਨੀਤਾ, ਚਾਰੇ ਖਾਣੀ ਫੋਲ ਫੁਲਾਈਆ । ਗੁਰਮੁਖਾਂ ਕਾਇਆ ਕਰੇ ਠਾਂਡੀ ਸੀਤਾ, ਅਗਨੀ ਤਤ ਤਤ ਬੁਝਾਈਆ । ਅੰਤਰ ਨਿਰੰਤਰ ਵਸੇ ਹਿਰਦੇ ਚੀਤਾ, ਮਨ ਠਗੌਰੀ ਦਏ ਗਵਾਈਆ । ਸਤਿ ਸਚ ਬਖ਼ਸ਼ੇ ਚਰਨ ਪ੍ਰੀਤਾ, ਪ੍ਰੀਤਮ ਹੋ ਕੇ ਮਿਲੇ ਧੁਰ ਦਾ ਮਾਹੀਆ । ਸਾਚਾ ਨਾਮ ਦੇ ਹਦੀਸਾ, ਹਜ਼ਰਤਾਂ ਤੋਂ ਬਾਹਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਦਇਆਨਿਧ, ਦੀਨ ਦਿਆਲ ਅਖਵਾਇੰਦਾ । ਜਨ ਭਗਤਾਂ ਕਾਰਜ ਕਰੇ ਸਿਧ, ਜਨਮ ਕਰਮ ਦਾ ਲੇਖ ਮਿਟਾਇੰਦਾ । ਆਤਮ ਪਰਮਾਤਮ ਦੀ ਦੱਸੇ ਬਿਧ, ਸੋਹੰ ਹੰਸਾ ਜਾਪ ਜਪਾਇੰਦਾ । ਤਨ ਕਾਇਆ ਮਾਟੀ ਜਾਏ ਵਿਧ, ਮਨ ਮਨੂਆ ਆਪ ਭਵਾਇੰਦਾ । ਦਰਸ਼ਨ ਦੇਵੇ ਘਰ ਨਿਜ, ਗ੍ਰਹਿ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਅਪ ਰੰਗਾਇੰਦਾ । ਸਤਿਗੁਰ ਸ਼ਬਦ ਗੁਰ ਪੂਰਾ ਦੇਵਾ, ਦੇਵ ਸਵਾਮੀ ਇਕ ਅਖਵਾਇੰਦਾ । ਆਦਿ ਜੁਗਾਦੀ ਅਲਖ ਅਭੇਵਾ, ਅਗੋਚਰ ਆਪਣੀ ਕਾਰ ਕਮਾਇੰਦਾ । ਗੁਰਮੁਖਾਂ ਅੰਮ੍ਰਿਤ ਰਸ ਦੇਵੇ ਮੇਵਾ, ਵਸਤ ਅਮੋਲਕ ਝੋਲੀ ਪਾਇੰਦਾ । ਲੇਖੇ ਲਾਵੇ ਰਸਨਾ ਜਿਹਵਾ, ਬੱਤੀ ਦੰਦ ਸਿਫ਼ਤ ਸਾਲਾਹਿੰਦਾ । ਜਨਮ ਜਨਮ ਦੀ ਲੇਖੇ ਲਾਵੇ ਸੇਵਾ, ਸਾਹਿਬ ਸਤਿਗੁਰ ਦਇਆ ਕਮਾਇੰਦਾ । ਬਖ਼ਸ਼ੇ ਧਾਮ ਨਿਹਚਲ ਨਿਹਕੇਵਾ, ਨਿਹਕਰਮੀ ਆਪਣਾ ਕਰਮ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਵਡ ਦੇਵੀ ਦੇਵਾ, ਆਤਮਾ ਪਰਮਾਤਮਾ ਆਪਣਾ ਮੇਲ ਮਿਲਾਇੰਦਾ ।


੧੮੫੬ ੨੨

## ੩੧ ਵਿਸਾਖ ਸ਼ਹਿਨਸ਼ਾਹੀ ਸੰਮਤ ੮ ਜਸਬੀਰ ਕੌਰ ਇਟਾਰਸੀ, ਨਿਵਾਸੀ ਦੇ ਪਰਸ਼ਾਦ ਕਰਾਉਣ ਤੇ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ

ਵਿਸਾਖ ਕਹੇ ਮੇਰਾ ਸਮਾਂ ਟੱਪਿਆਂ, ਟਾਪੂਆਂ ਦਾ ਚੱਪਾ ਚੱਪਾ ਦਏ ਗਵਾਹੀਆ । ਮੈਂ ਖੇਲ ਤਕਾਂ ਇਕੋ ਪੱਪਿਆ, ਪਤਿਪਰਮੇਸ਼ਵਰ ਪੂਰਨ ਬੇਪਰਵਾਹੀਆ । ਜਿਸ ਦੇ ਹੁਕਮ ਨਾਲ ਦੋ ਜਹਾਨ ਅੰਗੀਠਾ ਤਪਿਆ, ਚਾਰ ਕੁੰਟ ਅਗਨ ਨਾ ਕੋਇ ਬੁਝਾਈਆ । ਜਿਸ ਸ਼ਰਅ ਦਾ ਬੂਟਾ ਕਪਿਆ, ਕਪਲ ਮੁਨ ਦਾ ਲਹਿਣਾ ਦੇਣਾ ਝੋਲੀ ਪਾਈਆ । ਜਗਤ ਵਿਕਾਰ ਹੰਕਾਰ ਕੂੜਾ ਠੱਪਿਆ, ਠੱਪਾ ਠਾਕਰ ਆਪਣਾ ਨਾਮ ਲਗਾਈਆ । ਦੀਨ ਦੁਨੀ ਦੀ ਵੇਖੇ ਹੱਤਿਆ, ਹਤਿਆਰਾ ਹੋ ਕੇ ਖੇਲ ਖਿਲਾਈਆ । ਸਤਿ ਧਰਮ ਦੀ ਦਿਸੇ ਕੋਇ ਨਾ ਸਤਿਆ, ਸਤਿ ਸੰਤੋਖ ਵਿਚ ਨਾ ਕੋਇ ਸਮਾਈਆ । ਚਾਰ ਕੁੰਟ ਲੋਭ ਮੋਹ ਹੰਕਾਰ ਰਤਿਆ, ਹਉਮੇ ਹੰਗਤਾ ਰੰਗ ਚੜ੍ਹਾਈਆ । ਮੈਂ ਅੰਤ ਨਿਗਾਹ ਮਾਰ ਕੇ ਤੱਕਿਆ, ਤਖ਼ਤ ਨਿਵਾਸੀ ਵੇਖ ਵਖਾਈਆ । ਜਿਸ ਲੇਖਾ ਪੂਰ ਕਰਾਉਣਾ ਮਦੀਨਾ ਮੱਕਿਆ, ਕਾਅਬਿਆਂ ਪੜਦਾ ਲਾਹੀਆ । ਉਸ ਦਾ ਨੂਰ ਨਾ ਰਹੇ ਛਪਿਆ, ਓਹਲਾ ਵੰਡ ਨਾ ਕੋਇ ਵੰਡਾਈਆ । ਦੀਨ ਦੁਨੀ ਜਿਸ ਨਾਮ ਮਧਾਣੇ ਨਾਲ ਮਥਿਆ, ਮਥਣ ਕਰੇ ਲੋਕਾਈਆ । ਸੋ ਪੁਰਖ ਅਕਾਲ ਸਰਬ ਸਮਰਥਿਆ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਜਿਸ ਕਲਜੁਗ ਵਿਚੋਂ ਸਤਿਜੁਗ ਚਲਾਉਣਾ ਰਥਿਆ, ਰਥਵਾਹੀ ਬਣੇ ਧੁਰ ਦਾ ਮਾਹੀਆ । ਮੇਰਾ ਦਰਸ ਕਰ ਕੇ ਸਗਲ ਵਸੂਰਾ ਲਥਿਆ, ਅਗਨੀ ਤਤ ਰਿਹਾ ਨਾ ਰਾਈਆ । ਵਿਸਾਖ ਕਹੇ ਮੈਂ ਖਿੜ ਖਿੜਾ ਕੇ ਹੱਸਿਆ, ਹੱਸ ਹੱਸ ਕੇ ਸੀਸ ਨਿਵਾਈਆ । ਪੁਰਖ ਅਕਾਲੇ ਦੀਨ ਦਿਆਲੇ ਕਲ ਰਹੇ ਨਾ ਅੰਧੇਰੀ ਮੱਸਿਆ, ਨੂਰੀ ਚੰਦ ਦੇਣਾ ਚਮਕਾਈਆ । ਤੇਰਾ ਇਕੋ ਹੋੜਾ ਬੜਾ ਉਪਰ ਸੱਸਿਆ, ਹੰ ਬ੍ਰਹਮ ਆਪਣਾ ਮੇਲ ਮਿਲਾਈਆ । ਜਿਸ ਦੀ ਖ਼ੁਸ਼ੀ ਵਿਚ ਫਿਰਾਂ ਨੱਸਿਆ, ਭੱਜਾਂ ਵਾਹੋ ਦਾਹੀਆ । ਜੋ ਖੇਲ ਕਰੇ ਅਲੱਖਣਾ ਅਲਖਿਆ, ਅਲਖ ਅਗੋਚਰ ਅਗੰਮ ਅਥਾਹੀਆ । ਜਿਸ ਦੇ ਹੁਕਮ ਨਾਲ ਜਨ ਭਗਤਾਂ ਸਗਲ ਵਸੂਰਾ ਲਥਿਆ, ਚਿੰਤਾ ਰੋਗ ਰਹੇ ਨਾ ਰਾਈਆ । ਆਤਮ ਪਰਮਾਤਮ ਗਾਵੇ ਜਸਿਆ, ਤੂੰ ਮੇਰਾ ਮੈਂ ਤੇਰਾ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਸੀਸ ਨਿਵਾਈਆ । ਵਿਸਾਖ ਕਹੇ ਮੈਂ ਜਗਤ ਜਹਾਨ ਗਿਆ ਲੰਘ, ਆਪਣਾ ਪੰਧ ਮੁਕਾਈਆ । ਸੀਸ ਨਿਵਾਵਾਂ ਸੂਰੇ ਸਰਬੰਗ, ਨਿਉਂ ਨਿਉਂ ਲਾਗਾਂ ਪਾਈਆ । ਸੋ ਸਰਨ ਲਗਾਵੇ ਅੰਗ, ਅੰਗੀਕਾਰ ਇਕ ਅਖਵਾਈਆ । ਨਾਮ ਨਿਧਾਨਾ ਚਾੜ੍ਹੇ ਰੰਗ, ਦੋ ਜਹਾਨਾਂ ਉਤਰ ਨਾ ਜਾਈਆ । ਲੇਖਾ ਵੇਖੇ ਤਾਰਾ ਚੰਦ, ਸੂਰੀਆ ਚੰਦ ਸੀਸ ਨਿਵਾਈਆ । ਜੋ ਭਗਤਾਂ ਕਰੇ ਖ਼ੁਸ਼ੀ ਬੰਦ ਬੰਦ, ਬੰਦਗੀ ਆਪਣਾ ਨਾਮ ਦ੍ਰਿੜ੍ਹਾਈਆ । ਨੇਤਰਹੀਣ ਰਹਿਣ ਨਾ ਦੇਵੇ ਅੰਧ, ਅਗਿਆਨ ਅੰਦਰੋਂ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਵਿਸਾਖ ਕਹੇ ਮੇਰਾ ਅੰਤ ਅਖ਼ੀਰੀ ਪਰਵਿਸ਼ਟਾ, ਪਰਮ ਪੁਰਖ ਸੀਸ ਨਿਵਾਈਆ । ਮੇਰੇ ਸਾਹਿਬ ਦਾ ਇਕੋ ਹੋਵੇ ਇਸ਼ਟਾ, ਇਸ਼ਟ ਦੇਵ ਸਵਾਮੀ ਧੁਰ ਦਾ ਮਾਹੀਆ । ਜਿਸ ਮੇਰਾ ਪੂਰਾ ਕੀਤਾ ਨਿਸਚਾ, ਨਿਹਚਲ ਧਾਮ ਵੇਖ ਕੇ ਖ਼ੁਸ਼ੀ ਮਨਾਈਆ । ਉਹ ਲਹਿਣਾ ਦੇਣਾ ਪੂਰਾ ਕਰੇ ਗੁਰਮੁਖ ਗੁਰਸਿਖ ਦਾ, ਹਰਿਜਨ ਭੇਵ ਰਹੇ ਨਾ ਰਾਈਆ । ਜੋ ਗ਼ਰੀਬ ਨਿਮਾਣਿਆਂ ਲੇਖਾ ਲਿਖਦਾ, ਕੋੜ੍ਹਿਆਂ ਕਮਲਿਆਂ ਗੰਢ

ਪਵਾਈਆ । ਉਹ ਰੂਪ ਆਦਿ ਅੰਤ ਇਕ ਦਾ, ਏਕੰਕਾਰਾ ਨੂਰ ਇਲਾਹੀਆ । ਜਿਸ ਦਾ ਖੇਲ ਨਿਤ ਨਵਿਤ ਦਾ, ਦੋ ਜਹਾਨਾਂ ਵੰਡ ਵੰਡਾਈਆ । ਉਹ ਲੇਖਾ ਜਾਣੇ ਵਾਰ ਥਿਤ ਦਾ, ਘੜੀ ਪਲ ਖੋਜ ਖੁਜਾਈਆ । ਝਗੜਾ ਮੇਟੇ ਕੂੜ ਕਿਰਿਆ ਨਿਤ ਦਾ, ਨਵਿਤ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਲੇਖਾ ਜਾਣੇ ਅੰਦਰ ਅੰਤਰ ਬਾਹਰ ਤਨ ਵਿਚ ਦਾ, ਵਿਚਲਾ ਭੇਵ ਆਪ ਖੁਲ੍ਹਾਈਆ ।

### ✪ ਪਹਿਲੀ ਜੇਠ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਜੇਠ ਕਹੇ ਤੇਈ ਅਵਤਾਰ ਮਿਲਾਓ ਹੱਥ, ਬਿਨਾ ਹਥੇਲੀ ਹੱਥ ਛੁਹਾਈਆ । ਕਿਰਪਾ ਕਰੀ ਪੁਰਖ ਸਮਰਥ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਜਿਸ ਦਾ ਨਿਰਗੁਣ ਸਰਗੁਣ ਰਥ, ਆਦਿ ਜੁਗਾਦਿ ਚਲਾਈਆ । ਉਹ ਦੇਵੇ ਅਗੰਮੀ ਵਥ, ਅਮੋਲਕ ਹਰਿ ਵਰਤਾਈਆ । ਜਿਸ ਨੇ ਕਲਜੁਗ ਕੂੜ ਕੁੜਿਆਰਾ ਦੇਣਾ ਮਥ, ਮਥਨ ਨਾਮ ਮਧਾਣਾ ਪਾਈਆ । ਜਨ ਭਗਤਾਂ ਦੇਵੇ ਧੁਰ ਦੀ ਵਥ, ਵਸਤ ਅਮੋਲਕ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਵਿਸਾਖ ਕਹੇ ਪੈਗ਼ੰਬਰ ਮਿਲਾਓ
੧੮੫੮ ਦਸਤ, ਦਸਤਗੀਰ ਹੁਕਮ ਸੁਣਾਈਆ । ਝਗੜਾ ਮੁਕੇ ਕੀਟ ਹਸਤ, ਊਚ ਨੀਚ ਨਾ ਕੋਇ ਵਖਾਈਆ । ਨਾਮ ਖ਼ੁਮਾਰੀ ਸਭ ਨੇ ਹੋਣਾ ਮਸਤ, ੧੮੫੮
ਮਸਤ ਦੀਵਾਨੇ ਰੂਪ ਬਣਾਈਆ । ਨਿਗਾਹ ਮਾਰੋ ਉਤੇ ਫ਼ਰਸ਼, ਜ਼ਿਮੀਂ ਖ਼ਾਕ ਧਿਆਨ ਲਗਾਈਆ । ਖੇਲ ਤਕੋ ਵਾਲੀ ਅਰਸ਼, ਅਰਸ਼ੇ ਆਜ਼ਮ
ਜਿਸ ਦਾ ਨੂਰ ਰੁਸ਼ਨਾਈਆ । ਜੋ ਰਹਿਮਤ ਰਹੀਮ ਰਿਹਾ ਬਰਸ, ਮਿਹਰਵਾਨ ਆਪਣੀ ਦਇਆ ਕਮਾਈਆ । ਸੋ ਸਭ ਦਾ ਲੇਖਾ ਪੂਰਾ ਕਰੇ ਸ਼ਰਤ, ਸ਼ਰੀਅਤ ਸ਼ਰਅ ਖੋਜ ਖੁਜਾਈਆ । ਨਿਰਗੁਣ ਨਿਰਵੈਰ ਧਾਰ ਆਇਆ ਪਰਤ, ਅਮਾਮ ਅਮਾਮਾ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਜੇਠ ਕਹੇ ਗੁਰੂ ਗੁਰਦੇਵ ਮਿਲਾਓ ਕਰ, ਕਰਨੀ ਕਰਤਾ ਆਪ ਦ੍ਰਿੜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਨਿਰੰਤਰ ਵੇਖੋ ਘਰ, ਗ੍ਰਿਹ ਮੰਦਰ ਫੋਲ ਫੁਲਾਈਆ । ਸਚ ਸਰੋਵਰ ਵੇਖੋ ਸਰ, ਅੰਮ੍ਰਿਤ ਰਸ ਪੜਦਾ ਇਕ ਉਠਾਈਆ । ਕੀ ਦੀਨ ਦੁਨੀ ਦੇ ਕੇ ਆਏ ਵਰ, ਵਾਰਸ ਹੋ ਕੇ ਸ਼ਬਦ ਜਣਾਈਆ । ਕੀ ਖੇਲ ਕਰੇ ਨਰਾਇਣ ਨਰ, ਵਡ ਵਡਾ ਅਗੰਮ ਅਥਾਹੀਆ । ਜਿਸ ਦਾ ਦੇ ਕੇ ਆਏ ਭੈ ਭੌ ਡਰ, ਹੁਕਮ ਸੰਦੇਸ਼ਾ ਨਾਮ ਦ੍ਰਿੜਾਈਆ । ਉਹ ਵੇਖਣਹਾਰਾ ਕਿਲਾ ਕੋਟ ਹੰਕਾਰੀ ਗੜ੍ਹ, ਪਰਦਾ ਪਰਦੇ ਵਿਚੋਂ ਚੁਕਾਈਆ । ਜਿਸ ਝਗੜਾ ਪਾਇਆ ਚੋਟੀ ਜੜ੍ਹ, ਚੇਤਨ ਆਪਣੀ ਕਾਰ ਕਮਾਈਆ । ਸੋ ਮਿਹਰਵਾਨ ਮਹਿਬੂਬ ਲੇਖਾ ਜਾਣੇ ਸੀਸ ਧੜ, ਤਤਵ ਤਤ ਭੇਵ ਰਹੇ ਨਾ ਰਾਈਆ । ਜਿਸ ਦੀ ਵਿਦਿਆ ਨਿਰਅੱਖਰ ਧਾਰ ਆਏ ਪੜ੍ਹ, ਅੱਖਰਾਂ ਨਾਲ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪਰਵਾਹੀਆ । ਜੇਠ ਕਹੇ ਵਿਸ਼ਨ ਬ੍ਰਹਮਾ ਸ਼ਿਵ ਮਾਰ ਲਓ ਝਾਕੀ, ਪਰਦਾ ਪਰਦੇ ਵਿਚੋਂ ਉਠਾਈਆ । ਜਿਸਮ ਇਸਮ ਤਕੋ ਖ਼ਾਕੀ, ਤਨ ਵਜੂਦ ਭੇਵ ਰਹੇ ਨਾ ਰਾਈਆ । ਲਹਿਣਾ ਦੇਣਾ ਵੇਖੋ ਬਾਕੀ,

ਜੁਗ ਚੌਕੜੀ ਫੋਲ ਫੁਲਾਈਆ । ਕੀ ਹੁਕਮ ਸੰਦੇਸ਼ਾ ਦੇਵੇ ਕਮਲਾਪਾਤੀ, ਪਤਿਪਰਮੇਸ਼ਵਰ ਨੂਰ ਇਲਾਹੀਆ । ਬਿਨ ਅੱਖਰਾਂ ਵਾਲੀ ਪੜ੍ਹੇ ਗਾਥੀ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਸਵਾਧਾਨ ਹੋ ਜਾਓ ਅੱਜ ਦੀ ਰਾਤੀ, ਰੁਤੜੀ ਰੁਤ ਰੁਤ ਬਦਲਾਈਆ । ਆਦਿ ਦੀ ਆਦਿ ਸਤਿ ਦੀ ਸਤਿ ਵੇਖੇ ਪਾਤੀ, ਕੀ ਪਤ੍ਰਿਕਾ ਰਹੀ ਸਮਝਾਈਆ । ਜਿਸ ਦਾ ਲੇਖਾ ਅੰਕ ਰਿਹਾ ਵਿਸ਼ਨ ਬ੍ਰਹਮਾ ਸ਼ਿਵ ਸ਼ਿਵ ਦੀ ਛਾਤੀ, ਛਤਰਧਾਰੀ ਸਮਝ ਕੋਇ ਨਾ ਆਈਆ । ਜਿਸ ਦਾ ਖੇਲ ਸਦਾ ਬਹੁ ਭਾਂਤੀ, ਅਨਕ ਕਲ ਆਪਣੀ ਕਲ ਵਰਤਾਈਆ । ਉਹ ਲੇਖਾ ਜਾਣੇ ਲੋਕਮਾਤੀ, ਦੋ ਜਹਾਨਾਂ ਪੜਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸੁਣ ਲੈ ਜੇਠਾ, ਸ਼ਬਦੀ ਸ਼ਬਦ ਜਣਾਈਆ । ਅਸੀਂ ਸਾਰੇ ਇਕ ਪ੍ਰਭੂ ਦੀ ਸਾਇਆ ਹੇਠਾ, ਦੂਤੀਆ ਭਾਉ ਨਾ ਕੋਇ ਜਣਾਈਆ । ਤੇਰੇ ਵਿਚ ਕਲਜੁਗ ਕਿਉਂ ਹੋਇਆ ਕੌੜਾ ਰੀਠਾ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਜੇਠ ਹੱਸ ਕੇ ਕਿਹਾ ਮੁਹੰਮਦਾ ਤੇਰਾ ਸਦੀ ਚੌਧਵੀਂ ਅੰਤਮ ਠੇਕਾ, ਠਾਕਰ ਧੁਰ ਦਾ ਰਿਹਾ ਦ੍ਰਿੜਾਈਆ । ਸ਼ਬਦੀ ਗੋਬਿੰਦ ਵੇਖ ਲੈ ਬੇਟਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਅਵਤਾਰ ਇਕੋ ਇਕ ਦੀ ਟੇਕਾ, ਟਿੱਕੇ ਮਸਤਕ ਨਾ ਕੋਇ ਰਮਾਈਆ । ਪਰਮ ਪੁਰਖ ਸਭ ਦਾ ਨੇਤਾ, ਨਿਜ ਨੇਤਰ ਕਰੇ ਰੁਸ਼ਨਾਈਆ । ਜਿਸ ਦਾ ਆਤਮ ਪਰਮਾਤਮ ਸਦਾ ਹੇਤਾ, ਪਾਰਬ੍ਰਹਮ ਬ੍ਰਹਮ ਮਿਲ ਕੇ ਵੱਜਦੀ ਰਹੇ ਵਧਾਈਆ । ਉਹ ਜੁਗ ਚੌਕੜੀ ਕਦੇ ਨਾ ਭੁੱਲੇ ਚੇਤਾ, ਅਭੁੱਲ ਮਾਲਕ ਇਕ ਅਖਵਾਈਆ । ਸਭ ਦਾ ਘਰ ਘਰ ਜਾਣੇ ਲੇਖਾ, ਬਚਿਆ ਨਜ਼ਰ ਕੋਇ ਨਾ ਆਈਆ । ਪਰਦਾ ਲਾਹੇ ਦੇਸ ਪਰਦੇਸ਼ਾ, ਦੇਸ ਦੇਸਾਂਤਰ ਖੋਜ ਖੁਜਾਈਆ । ਜੋ ਆਦਿ ਅੰਤ ਰਹੇ ਹਮੇਸ਼ਾ, ਜਨਮ ਮਰਨ ਨਾ ਰੂਪ ਬਦਲਾਈਆ । ਸੋ ਵੇਖਣਹਾਰਾ ਦਸ ਦਸਮੇਸ਼ਾ, ਦਹਿ ਦਿਸ਼ਾ ਭੇਵ ਚੁਕਾਈਆ । ਭਗਤ ਉਧਾਰਨਾ ਜਿਸ ਦਾ ਪੇਸ਼ਾ, ਪੇਸ਼ੀਨਗੋਈਆਂ ਆਪਣੇ ਲੇਖੇ ਲਾਈਆ । ਅੰਤਮ ਝਗੜਾ ਮੇਟੇ ਮੁੱਲਾਂ ਸ਼ੇਖ਼ਾਂ, ਮੁਸਾਇਕਾਂ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜੇਠ ਮਾਰ ਲੈ ਝਾਤੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਨੂਰ ਤਕ ਲੈ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜੋ ਖੇਲ ਕਰੇ ਤੇਰੇ ਪਹਿਲੇ ਦਿਵਸ ਦੀ ਰਾਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਜਗਤ ਜਹਾਨ ਤੋੜ ਕੇ ਨਾਤੀ, ਸਗਲਾ ਸੰਗ ਨਾ ਕੋਇ ਬਣਾਈਆ । ਕੀ ਹੁਕਮ ਸੰਦੇਸ਼ਾ ਦੇਵੇ ਲੋਕਮਾਤੀ, ਕਾਇਨਾਤ ਕੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਨੂਰ ਇਲਾਹੀਆ । ਜੇਠ ਕਹੇ ਅਵਤਾਰ ਪੈਗ਼ੰਬਰ ਗੁਰੂ ਸਾਹਿਬਾਨੋ ਮੈਂ ਇਕੋ ਨਾਮ ਜਪਦਾ, ਜਗਜੀਵਣ ਦਾਤੇ ਸੀਸ ਨਿਵਾਈਆ । ਜਿਹੜਾ ਪਿਆਸਾ ਨਹੀਂ ਦੀਨ ਮਜ਼੍ਹਬ ਦੀ ਰੱਤ ਦਾ, ਮਾਨਵ ਵੰਡ ਨਾ ਕੋਇ ਵੰਡਾਈਆ । ਜੋ ਪਿਆਰਾ ਤਤਵ ਤਤ ਦਾ, ਖੋਜਣਹਾਰਾ ਥਾਉਂ ਥਾਈਆ । ਉਹਦਾ ਨਜ਼ਾਰਾ ਨਿਰਗੁਣ ਸਤਿ ਦਾ, ਸਤਿ ਸਰੂਪ ਨੂਰ ਇਲਾਹੀਆ । ਉਸ ਦਾ ਖੇਲ ਅਕਥਨਾ ਅਕਥ ਦਾ, ਕਥਨੀ ਕਥ ਨਾ ਸਕੇ ਰਾਈਆ । ਜਿਸ ਦੇ ਦਰਸ਼ਨ ਸਗਲ ਵਸੂਰਾ ਲੱਥਦਾ, ਅਗਨੀ ਅੱਗ ਨਾ ਕੋਇ ਜਲਾਈਆ । ਉਹ ਮਾਲਕ ਦਿਸੇ ਘਟ ਘਟ ਦਾ, ਹਰ ਘਟ ਰਿਹਾ ਸਮਾਈਆ । ਜਿਸ ਝਗੜਾ ਮੇਟਣਾ ਦੀਨ ਮਜ਼੍ਹਬ ਦੀ ਵੱਟ ਦਾ, ਸ਼ਰਅ ਦਾ ਲੇਖਾ ਰਹੇ ਨਾ ਰਾਈਆ । ਉਹ ਕਲਜੁਗ ਕੂੜੀ ਕਿਰਿਆ ਜੜ੍ਹਾਂ ਕਟਦਾ, ਕਟਾਕਸ਼

੧੯੫੯ ੨੨

੧੮੬੦
੨੨

ਆਪਣਾ ਨਾਮ ਰਖਾਈਆ । ਜਿਸ ਦਾ ਸ਼ਹਿਨਸ਼ਾਹੀ ਸੰਮਤ ਅੱਠ ਜਾਵੇ ਟੱਪਦਾ, ਟਾਪੂਆਂ ਦੇ ਪਰੇ ਵੇਖ ਵਖਾਈਆ । ਉਸ ਝਗੜਾ ਮੇਟਣਾ ਮਨ ਮਤ ਦਾ, ਸਤਿਗੁਰ ਮਤ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਜੇਠ ਕਹੇ ਅਵਤਾਰ ਪੈਗ਼ੰਬਰ ਗੁਰੂ ਵੇਖੋ ਆਪਣੀਆਂ ਤਾਂਘਾਂ, ਚਾਰ ਜੁਗ ਦਾ ਧਿਆਨ ਲਗਾਈਆ । ਪ੍ਰੇਮ ਲਹਿਰ ਦੀਆਂ ਵੇਖੋ ਕਾਂਗਾਂ, ਤਨ ਵਜੂਦ ਤੋਂ ਬਾਹਰ ਧਿਆਨ ਲਗਾਈਆ । ਜਿਸ ਨੇ ਆਪਣੀ ਖੇਲ ਦਾ ਵਰਤਣਾ ਸਵਾਂਗਾ, ਕੀ ਸਵਾਂਗੀ ਆਪਣੀ ਕਲ ਵਖਾਈਆ । ਜਿਸ ਨੂੰ ਸਮਝੇ ਕੋਈ ਨਾ ਪਾਂਡਾ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਜਿਸ ਝਗੜਾ ਮੇਟਣਾ ਆਪਣੇ ਨਾਉਂ ਦਾ, ਨਾਉਂ ਨਿਰੰਕਾਰਾ ਇਕ ਸਮਝਾਈਆ । ਹਿੱਸਾ ਰਹਿਣ ਨਹੀਂ ਦੇਣਾ ਸੂਰ ਗਾਂ ਦਾ, ਪਸ਼ੂਆਂ ਖੱਲ ਨਾ ਕੋਇ ਲੁਹਾਈਆ । ਸਭ ਨੂੰ ਸੁਤ ਬਣਾਉਣਾ ਜੋਤੀ ਧਾਰ ਮਾਂ ਦਾ, ਪਿਤਾ ਪੁਰਖ ਅਕਾਲ ਵਡਿਆਈਆ । ਕਲਜੁਗ ਰੂਪ ਰਹਿਣ ਨਹੀਂ ਦੇਣਾ ਕਾਂ ਦਾ, ਕਾਗੋਂ ਹੰਸ ਆਪ ਉਡਾਈਆ । ਝਗੜਾ ਮੇਟਣਾ ਬਾਹੂ ਬਲ ਬਾਂਹ ਦਾ, ਹੰਗਤਾ ਗੜ੍ਹ ਦਏ ਤੁੜਾਈਆ । ਮਾਣ ਰਹਿਣ ਦੇਣਾ ਨਹੀਂ ਕਿਸੇ ਥਾਂ ਦਾ, ਨਿਥਾਵਿਆਂ ਹੋਏ ਆਪ ਸਹਾਈਆ । ਇਕੋ ਗ੍ਰਿਹ ਸੁਹਾਉਣਾ ਸਚਖੰਡ ਕਲਾਂ ਦਾ, ਖ਼ੁਰਦ ਦਾ ਡੇਰਾ ਦੇਣਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਜੇਠ ਕਹੇ ਮੈਂ ਅਵਤਾਰ ਪੈਗ਼ੰਬਰ ਗੁਰੂਓ ਬੜਾ ਤੱਤਾ, ਤਪਦਿਆਂ ਸ਼ਾਂਤ ਨਾ ਕੋਇ ਕਰਾਈਆ । ਸੁਣੋ ਧੁਰ ਦਾ ਅਗੰਮੀ ਪਤਾ, ਪਤਿਪਰਮੇਸ਼ਵਰ ਰਿਹਾ ਸੁਣਾਈਆ । ਜਿਸ ਵਿਚ ਫ਼ਰਕ ਹੋਵੇ ਨਾ ਰਤਾ, ਰਤੀ ਵੰਡ ਨਾ ਕੋਇ ਵੰਡਾਈਆ । ਇਕੋ ਡੰਕਾ ਵੱਜਣਾ ਫੜ੍ਹਾ, ਜੋ ਪ੍ਰਭ ਆਪਣੇ ਹੱਥ ਵਖਾਈਆ । ਕਲਜੁਗ ਰਹਿਣ ਨਹੀਂ ਦੇਣੀ ਬਹੁ ਮਤਾ, ਮਤ ਮਤਾਂਤਰ ਦੇਣਾ ਮੁਕਾਈਆ । ਜੋ ਇਸ਼ਾਰਾ ਦਿਤਾ ਨਾਨਕ ਤਪਾ, ਬਗ਼ਦਾਦ ਵਿਚ ਸੁਣਾਈਆ । ਤਿਸ ਦਾ ਲੇਖ ਲਿਖਾਉਣਾ ਟੱਪਾ ਟੱਪਾ, ਨੌਂ ਸੌ ਨੜਿਨਵੇ ਅੱਖਰਾਂ ਨਾਲ ਵਡਿਆਈਆ । ਇਹ ਖੇਲ ਹੱਥ ਪੁਰਖ ਸਮਰਥਾ, ਜੋ ਅਦਿ ਅੰਤ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਲ ਆਪ ਵਰਤਾਈਆ । ਜੇਠ ਕਹੇ ਮੇਰਾ ਤਨ ਵਜੂਦ ਵੇਖੋ ਸੜਦਾ, ਅਗਨੀ ਤਤ ਤਪਾਈਆ । ਜਗਤ ਜਹਾਨ ਤੱਕਿਓ ਲੜਦਾ ਅੱਗੇ ਹੋ ਨਾ ਕੋਇ ਅਟਕਾਈਆ । ਪਹਿਲੋਂ ਹਿੱਸਾ ਵੰਡਾਵੇ ਚੜਦਾ, ਫੇਰ ਲਹਿੰਦੀ ਦਿਸ਼ਾ ਪਏ ਦੁਹਾਈਆ । ਪਹਾੜ ਦੱਖਣ ਨਾਲ ਮਰਦਾ, ਅੱਗੇ ਹੋ ਨਾ ਕੋਇ ਅਟਕਾਈਆ । ਇਹ ਖੇਲ ਪ੍ਰਭੂ ਦੇ ਘਰ ਦਾ, ਧਰਨੀ ਉਤੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਉਠਾਈਆ । ਜੇਠ ਕਹੇ ਮੈਂ ਨਿਗਾਹ ਮਾਰੀ ਵਿਚ ਬ੍ਰਹਿਮੰਡਾਂ, ਬਿਨ ਅੱਖਾਂ ਅੱਖ ਉਠਾਈਆ । ਮੇਰੇ ਸਾਹਿਬ ਦੀਆਂ ਅਗੰਮੀ ਵੰਡਾਂ, ਜਿਸ ਦੀ ਸਮਝ ਨਾ ਕੋਇ ਸਮਝਾਈਆ । ਜਿਸ ਨਿਸ਼ਾਨ ਮੇਟਣਾ ਤਾਰਾ ਚੰਦਾ, ਸੂਰੀਆ ਚੰਦ ਸੀਸ ਨਿਵਾਈਆ । ਪੈਗ਼ੰਬਰਾਂ ਪੂਰੀਆਂ ਕਰਨੀਆਂ ਮੰਗਾਂ, ਮੁਹੰਮਦ ਨਿਉਂ ਨਿਉਂ ਲਾਗੇ ਪਾਈਆ । ਜਿਸ ਨੇ ਲੇਖ ਮੁਕਾਉਣਾ ਸ਼ਰਅ ਦੀਆਂ ਕੰਧਾਂ, ਕੰਢੀ ਬੈਠਾ ਵੇਖੇ ਧੁਰ ਦਾ ਮਾਹੀਆ । ਜਿਸ ਦੀ ਸਿਫ਼ਤਾਂ ਗਾਉਣੀਆਂ ਬੱਤੀ ਦੰਦਾਂ, ਰਸਨਾ ਜਿਹਵਾ ਨਾਲ ਮਿਲਾਈਆ । ਉਸ ਦਾ ਖੇਲ ਹੋਣਾ ਅਚੰਭਾ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਸਦੀ ਚੌਧਵੀਂ ਅੰਤਮ ਮੇਟਣਾ ਪੰਧਾ, ਪਾਂਧੀ ਚਾਰ ਯਾਰ ਰੋਵਣ ਮਾਰਨ ਧਾਹੀਆ । ਸਦੀ ਬੀਸਵੀਂ ਹਜ਼ਰਤ ਈਸਾ ਸਮਾਂ ਲੰਘਾ, ਮਸੀਹ ਬਿਨ ਨੈਣਾਂ

ਨੈਣ ਤਕਾਈਆ । ਮੂਸਾ ਵੇਖੇ ਆਪਣਾ ਰੰਗਾ, ਅੱਠ ਸੱਠ ਰਹੇ ਕੁਰਲਾਈਆ । ਤੇਈ ਅਵਤਾਰ ਕਹਿਣ ਸਾਡਾ ਪੰਧ ਮੁਕ ਗਿਆ ਲੰਬਾ, ਅੱਗੇ ਅਵਰ ਨਾ ਕੋਇ ਵਧਾਈਆ । ਨਾਨਕ ਗੋਬਿੰਦ ਕਹੇ ਪ੍ਰਭੂ ਦਾ ਖੇਲ ਸਭ ਤੋਂ ਚੰਗਾ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਜਿਸ ਦੇ ਹੁਕਮ ਨਾਲ ਹੋਵੇ ਦੰਗਾ, ਦੰਗਲ ਵੇਖੇ ਜਗਤ ਲੋਕਾਈਆ । ਸ਼ਬਦੀ ਸ਼ਬਦ ਖੜਕਣਾ ਖੰਡਾ, ਖੰਡਾ ਖੜਗ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਜੇਠ ਕਹੇ ਸੁਣੋ ਬਚਨ ਅਵੱਲਾ, ਸਭ ਨੂੰ ਦਿਆਂ ਸੁਣਾਈਆ । ਜਿਸ ਨੂੰ ਕਹਿੰਦੇ ਨੂਰ ਇਲਾਹੀ ਅੱਲਾ, ਆਲਮੀਨ ਬੇਪਰਵਾਹੀਆ । ਜੋ ਵਸਿਆ ਸਚਖੰਡ ਸਚ ਮਹੱਲਾ, ਦਰਗਾਹ ਸਾਚੀ ਸੋਭਾ ਪਾਈਆ । ਉਹਦਾ ਲੇਖਾ ਜਲਾ ਥਲਾ, ਮਹੀਅਲ ਆਪਣਾ ਹੁਕਮ ਵਰਤਾਈਆ । ਜਿਸ ਦਾ ਨੂਰ ਨੁਰਾਨਾ ਅਗੰਮੀ ਦੀਪਕ ਬਲਾ, ਜੋਤੀ ਜਾਤਾ ਡਗਮਗਾਈਆ । ਉਹ ਖੇਲ ਕਰੇ ਇਕ ਇਕੱਲਾ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਜਿਸ ਨੇ ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਧੁਰ ਦੇ ਕਲਮੇ ਦਾ ਬੋਲਣਾ ਹੱਲਾ, ਅਲਿਫ਼ ਯੇ ਵੰਡ ਨਾ ਕੋਇ ਵੰਡਾਈਆ । ਸੋ ਸਚ ਸਿੰਘਾਸਣ ਪੁਰਖ ਅਬਿਨਾਸ਼ਣ ਇਕੋ ਮੱਲਾ, ਤਖ਼ਤ ਨਿਵਾਸੀ ਨਜ਼ਰੀ ਆਈਆ । ਜਿਸ ਦਾ ਨਿਹਚਲ ਧਾਮ ਅਟਲਾ, ਮਹੱਲ ਅਟਲ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਜੇਠ ਨਾ ਮਾਰ ਆਪਣਾ ਦਾਬਾ, ਗ਼ੁੱਸੇ ਵਿਚ ਜਣਾਈਆ । ਜ਼ਰਾ ਤਕ ਨੂਰ ਅਗੰਮੀ ਮਹਿਰਾਬਾ, ਮਹਿਬੂਬ ਬੇਪਰਵਾਹੀਆ । ਜਿਸ ਦਾ ਸਾਰਿਆਂ ਨਾਲ ਵਾਅਦਾ, ਕੌਲ ਇਕਰਾਰ ਤੋੜ ਨਿਭਾਈਆ । ਜਿਸ ਦਾ ਹੁਕਮ ਸਦਾ ਬਾਕਾਇਦਾ, ਬੇਕਾਇਦਗੀ ਵਿਚ ਕਦੇ ਨਾ ਆਈਆ । ਉਹ ਹੋਵੇ ਨਾ ਕਦੇ ਅਲਾਹਿਦਾ, ਵੱਖਰੀ ਵੰਡ ਨਾ ਕੋਇ ਵੰਡਾਈਆ । ਜਿਸ ਦੇ ਕੋਲੋਂ ਸਾਰਿਆਂ ਲਿਆ ਫ਼ਾਇਦਾ, ਨਾਮ ਕਲਮਿਆਂ ਦੀਆਂ ਝੋਲੀਆਂ ਮਾਤ ਭਰਾਈਆ । ਉਹ ਕਲਜੁਗ ਅੰਤਮ ਲੈਣ ਆਏ ਜਾਇਜ਼ਾ, ਜਾਇਜ਼ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਆਪਣੇ ਹੱਥ ਰਖਾਈਆ । ਜੇਠ ਕਹੇ ਅਵਤਾਰ ਪੈਗ਼ੰਬਰ ਗੁਰੂ ਸਾਹਿਬਾਨੋ ਮੈਂ ਕੀ ਦੱਸਾਂ, ਦੱਸਣ ਦੀ ਲੋੜ ਰਹੀ ਨਾ ਰਾਈਆ । ਮੈਂ ਬਿਨ ਰਸਨਾ ਜਿਹਵਾ ਬੱਤੀ ਦੰਦ ਹੱਸਾਂ, ਹੱਸ ਹੱਸ ਕੇ ਦਿਆਂ ਵਖਾਈਆ । ਨਿਰਗੁਣ ਧਾਰ ਵੇਖੋ ਬਿਨਾ ਜਗਤ ਨੇਤਰ ਅੱਖਾਂ, ਲੋਇਣਾਂ ਵੰਡ ਨਾ ਕੋਇ ਵੰਡਾਈਆ । ਜਿਸ ਨੂੰ ਕਹਿੰਦੇ ਪੁਰਖ ਸਮਰਥਾ, ਮਾਲਕ ਖ਼ਾਲਕ ਨੂਰ ਇਲਾਹੀਆ । ਉਸ ਦੇ ਚਰਨ ਕਵਲਾਂ ਵਿਚ ਢੱਠਾ, ਕਦਮਾਂ ਧੂੜੀ ਖ਼ਾਕ ਰਮਾਈਆ । ਜਿਸ ਦਾ ਸਭ ਦੇ ਨਾਲ ਵਾਅਦਾ ਕੌਲ ਇਕਰਾਰ ਬਿਨਾ ਅੱਖਰਾਂ ਤੋਂ ਲਿਖਿਆ ਪਟਾ, ਪਾਟਲ ਹੋ ਕੇ ਰਿਹਾ ਸਮਝਾਈਆ । ਜਿਸ ਸ੍ਰਿਸ਼ਟੀ ਨੂੰ ਜ਼ੀਰੋ ਜ਼ੀਰੋ ਨਾਲ ਕਰਨਾ ਬਟਾ, ਇਕ ਦਾ ਅੰਕ ਹੱਥ ਨਾ ਕਿਸੇ ਫੜਾਈਆ । ਜਿਸ ਦਾ ਸ਼ਹਿਨਸ਼ਾਹੀ ਸੰਮਤ ਅੱਠ ਜਾਂਦਾ ਨੱਠਾ, ਭੱਜੇ ਵਾਹੋ ਦਾਹੀਆ । ਉਸ ਨੇ ਸ੍ਰਿਸ਼ਟੀ ਨੂੰ ਦੋ ਧੜ ਵਿਚ ਕਰਨਾ ਇਕੱਠਾ, ਇਕੱਠਾ ਆਪਣਾ ਹੁਕਮ ਸੁਣਾਈਆ । ਸ਼ਾਹ ਸੁਲਤਾਨਾਂ ਸੀਸ ਵਿਚ ਪਾਉਣਾ ਘੱਟਾ, ਤਖ਼ਤ ਤਾਜ ਨਾ ਕੋਇ ਹੰਢਾਈਆ । ਜ਼ਰੂਰ ਚਾਰ ਕੁੰਟ ਪਵੇਗਾ ਰੱਟਾ, ਰੁਟੀਨ ਵਿਚ ਲੇਖਾ ਦਏ ਲਿਖਾਈਆ । ਕਲਜੁਗ ਚੀਥੜ ਪੁਰਾਣਾ ਫਟਾ, ਅੰਤਮ ਰੋਵੇ ਮਾਰੇ ਧਾਹੀਆ । ਮੁਹੰਮਦ ਅਹਿਮਦ ਫਿਰੇ ਨੱਠਾ, ਸਦੀ ਚੌਧਵੀਂ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ,

ਧੁਰ ਹੁਕਮ ਇਕ ਵਰਤਾਈਆ । ਜੇਠ ਕਹੇ ਮੈਂ ਕੋਝਾ ਕਮਲਾ, ਕਾਮਲ ਮੁਰਸ਼ਦ ਰਿਹਾ ਜਣਾਈਆ । ਜਿਸ ਦੀਨ ਦੁਨੀ ਦੇ ਤਕਣਾ ਅਮਲਾ, ਇਲਮ ਆਲਮਾਂ ਵੇਖੇ ਥਾਉਂ ਥਾਈਂਆ । ਜਿਸ ਨੂੰ ਸਭ ਨੇ ਕਹਿਣਾ ਜੱਟ ਯਮਲਾ, ਯਾਦਵ ਕ੍ਰਿਸ਼ਨ ਦਏ ਗਵਾਹੀਆ । ਉਸ ਮਹਿਬੂਬ ਨੇ ਕਿਸੇ ਦੀ ਕੁੱਖੋਂ ਨਹੀਂ ਜੰਮਣਾ, ਜੰਮਣ ਵਾਲੀ ਕੋਇ ਨਾ ਮਾਈਆ । ਗੁਲਸ਼ਨ ਵੇਖਣਾ ਦੀਨ ਦੁਨੀ ਦਾ ਚਮਨਾ, ਚੰਮ ਦ੍ਰਿਸ਼ਟੀ ਫੋਲ ਫੁਲਾਈਆ । ਜਿਸ ਦੇ ਭੈ ਵਿਚ ਗੁਰੂ ਅਵਤਾਰ ਪੈਗ਼ੰਬਰ ਕੰਬਣਾ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਾ ਕੋਇ ਉਠਾਈਆ । ਉਸ ਦਾ ਹੁਕਮ ਦੋ ਜਹਾਨਾਂ ਮੰਨਣਾ, ਮਨ ਦੀ ਮਨਸਾ ਨਾ ਕੋਇ ਵਖਾਈਆ । ਜਿਸ ਜੋ ਘੜਿਆ ਸੋ ਭੰਨਣਾ, ਘੜਨ ਭੰਨਣਹਾਰ ਬੇਪਰਵਾਹੀਆ । ਕੂੜ ਕੁੜਿਆਰਾ ਅੰਤਮ ਦੰਡਣਾ, ਡੰਡਾਵਤ ਸਭ ਦੀ ਵੇਖ ਵਖਾਈਆ । ਨਿਸ਼ਾਨ ਮੇਟ ਕੇ ਤਾਰਾ ਚੰਦਨਾ, ਚੰਦ ਨੂਰ ਕਰੇ ਰੁਸ਼ਨਾਈਆ । ਗੋਬਿੰਦ ਲਹਿਣਾ ਪੂਰਾ ਕਰਨਾ ਪੂਰਬ ਦੁਸ਼ਟ ਦਮਨਾ, ਦਾਮਨ ਪਲੂ ਨਾਮ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਖੇਲ ਆਪ ਖਿਲਾਈਆ । ਜੇਠ ਕਹੇ ਉਫ਼ ਹਾਏ, ਦਰੋਹੀ ਹੱਕ ਖ਼ੁਦਾ । ਸਚ ਤਾਰੀਫ਼ ਰਿਹਾ ਸੁਣਾਏ, ਮਾਲਕ ਮਹਿਬੂਬ ਬੇਪਰਵਾਹ । ਸਦੀ ਚੌਧਵੀਂ ਮਿਲੇ ਸਜ਼ਾਏ, ਸਾਹਿਬ ਸੁਲਤਾਨ ਰਿਹਾ ਦ੍ਰਿੜ੍ਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾ । ਅਵਤਾਰ ਪੈਗ਼ੰਬਰ ਗੁਰ ਕਹਿਣ ਜੇਠਾ ਕੁਛ ਹੋਰ ਦੱਸ, ਦਸਤ ਦਸਤ ਨਾਲ ਮਿਲਾਈਆ । ਖ਼ੁਸ਼ੀਆਂ ਨਾਲ ਹੱਸ, ਹੱਸ ਹੱਸ ਕੇ ਦੇ ਸਮਝਾਈਆ । ਤੂੰ ਕਿਸ ਦੇ ਹੋਇਉਂ ਵਸ, ਵਾਸਤਾ ਕਿਸ ਦੇ ਨਾਲ ਜੁੜਾਈਆ । ਜੇਠ ਕਹੇ ਮੈਂ ਖ਼ੁਸ਼ੀਆਂ ਵਿਚ ਰਿਹਾ ਨੱਸ, ਭੱਜਾਂ ਵਾਹੋ ਦਾਹੀਆ । ਜਿਸ ਸਾਹਿਬ ਦਾ ਤੁਸਾਂ ਚਾਰ ਜੁਗ ਗਾਇਆ ਜਸ, ਸਿਫ਼ਤਾਂ ਵਿਚ ਸਿਫ਼ਤੀ ਢੋਲੇ ਜਗਤ ਸੁਣਾਈਆ । ਮੈਂ ਉਸ ਦੇ ਹੋਇਆ ਵਸ, ਵਾਸਤਾ ਇਕੋ ਨਾਲ ਰਖਾਈਆ । ਜਿਸ ਕਲਜੁਗ ਅੰਧੇਰ ਮੇਟਣਾ ਮਸ, ਚੰਦ ਗੋਬਿੰਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਪੈਗ਼ੰਬਰ ਕਹਿਣ ਆਹ ਲੈ ਤਨਜ਼ੀਮੋ ਵਲਜ਼ਿਸਤਾ ਮਵੀਜ਼ੇ ਨਾਚਕੁਸਤਾ ਸ਼ਹਿਜ਼ੀਨੇ ਨੂਰੇ ਨਜ਼ਹਕ, ਆਲਮੀਨੇ ਬਹਿਜ਼ਕ, ਉਲਜ਼ੀ ਅਵਜ਼ਿਦ, ਨੂਰੇ ਨਹਿਵਿਦ, ਪਰਵੀਦੇ ਪਰਵਰਦਿਗਾਰ, ਗੋਸ਼ੇ ਨੂਰ ਨੁਰਾਨਾ ਚਮਤਕਾਰ, ਆਅਲਾ ਅਜ਼ੀ ਅਲੀ ਅੱਲਾ ਇਕ ਅਖਵਾਈਆ । ਮੁਹੰਮਦ ਕਹੇ ਮੋਹਜਿਸਤਾ, ਜ਼ਵੀ ਇਕ ਅੱਲਾਹ, ਖ਼ਤ ਖ਼ਤੂਤ ਕੋਈ ਨਾ ਲਿਖਦਾ, ਕਲਮਾ ਅਗੰਮ ਦਏ ਦ੍ਰਿੜ੍ਹਾ । ਉਹ ਵਾਹਿਦ ਨੂਰ ਇਕ ਦਾ, ਨੂਰ ਨੂਰਾਨਾ ਇਕ ਰੁਸ਼ਨਾ । ਜੋ ਸਭ ਦਾ ਅੰਤਰ ਨਿਰੰਤਰ ਵਿਧ ਦਾ, ਵਿਦਿਆ ਤੋਂ ਬਾਹਰ ਬੇਪਰਵਾਹ । ਜਿਸ ਖੇਲ ਵੇਖਣਾ ਲਹੂ ਮਿਝ ਦਾ, ਮਜਲਸ ਸ਼ਤਰੂਆਂ ਵਾਲੀ ਲਗਾ । ਇਹ ਖੇਲ ਅਗੰਮੀ ਬਿਧ ਦਾ, ਨੌਂ ਖੰਡ ਪ੍ਰਿਥਮੀ ਸੱਤ ਦੀਪ ਲਏ ਉਠਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵਡਾ ਵਡ ਵਡਿਆਈਆ । ਜੇਠ ਕਹੇ ਅਵਤਾਰ ਪੈਗ਼ੰਬਰ ਗੁਰੂ ਸੁਣੋ ਹੁਕਮ ਅਗੰਮ, ਧੁਰ ਦਾ ਦਿਆਂ ਸੁਣਾਈਆ । ਝਗੜਾ ਛਡ ਦਿਉ ਚੰਮ, ਚੰਮ ਦ੍ਰਿਸ਼ਟੀ ਲਉ ਬਦਲਾਈਆ । ਇਕੋ ਧਾਰ ਸਮਝ ਲਉ ਬ੍ਰਹਮ, ਪਾਰਬ੍ਰਹਮ ਨੂਰ ਇਲਾਹੀਆ । ਨਾ ਕੋਈ ਹਰਖ ਸੋਗ ਗ਼ਮ, ਚਿੰਤਾ ਚਿਖਾ ਨਾ ਕੋਇ ਜਲਾਈਆ । ਸਾਰੇ ਪਰਮ ਪੁਰਖ ਦੀ ਧਾਰੋਂ ਪਏ ਜੰਮ, ਆਤਮਾ ਜਨਮੇ ਕੋਇ ਨਾ ਮਾਈਆ । ਸੁਣੋ ਹੁਕਮ ਬਿਨਾ ਸਰਵਣ ਕੰਨ, ਕੰਨਾ ਗੋਬਿੰਦ ਵਾਲਾ ਦਏ ਗਵਾਹੀਆ । ਜਿਸ ਉਮਤ ਨਬੀ ਰਸੂਲਾਂ ਦੇਣਾ ਡੰਨ, ਡੰਕਾ


੧੮੬੨
੨੨

ਸ਼ਬਦ ਕਰੇ ਸ਼ਨਵਾਈਆ । ਵੇਖੇ ਰੋਵੇ ਤਾਰਾ ਚੰਨ, ਚਾਰ ਯਾਰੀ ਰੋਵੇ ਮਾਰੇ ਧਾਹੀਆ । ਬਹੁੜੀ ਨੇਤਰ ਨੈਣਹੀਣ ਹੋਏ ਅੰਨ੍ਹ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਪਰਦਾ ਆਪ ਚੁਕਾਈਆ । ਜੇਠ ਕਹੇ ਪੈਗ਼ੰਬਰ ਆਵੋ ਅੱਗੇ, ਆਗਮਨ ਵਿਚ ਤਾੜੀ ਦਿਆਂ ਵਜਾਈਆ । ਆਪਣੇ ਵੇਖੋ ਘਰ ਘਰ ਦੀਪਕ ਜਗੇ, ਚਰਾਗ਼ਗਾਹਾਂ ਕੀ ਰੁਸ਼ਨਾਈਆ । ਉਮਤ ਵਿਚ ਫਿਰੋ ਭੱਜੇ, ਭੱਜੋ ਵਾਹੋ ਦਾਹੀਆ । ਤੁਹਾਡੇ ਕਲਮੇ ਵਿਚ ਕਿਹੜੇ ਮੁਰੀਦ ਬੱਝੇ, ਕਿਹੜੇ ਮੁਰਦੇ ਕਬਰਾਂ ਵਿਚੋਂ ਬਾਹਰ ਕਢਾਈਆ । ਇਕੋ ਬਿਆਨ ਦਿਉ ਸਭੇ, ਹਜ਼ਰਤ ਈਸਾ ਮੂਸਾ ਧਿਆਨ ਰਖਾਈਆ । ਮੁਹੰਮਦ ਤੇਰੀ ਸਦੀ ਚੌਧਵੀਂ ਵੰਞੇ, ਵੰਞ ਮੁਹਾਣਾ ਹੱਥ ਨਾ ਕੋਇ ਰਖਾਈਆ । ਸਚ ਦੱਸ ਕਿਹੜੇ ਮਾੜੇ ਤੇ ਕਿਹੜੇ ਚੰਗੇ, ਕਲਮੇ ਦੀ ਕਲਮਾ ਦਏ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਪੜਦਾ ਆਪ ਉਠਾਈਆ । ਮੁਹੰਮਦ ਕਹੇ ਮੇਰੇ ਮਾਲਕ ਕੁਲ ਵਜ਼ੀਹ, ਕਦਮਬੋਸੀ ਸੀਸ ਨਿਵਾਈਆ । ਤੂੰ ਆਲਮੇ ਆਲੀਸ਼ਾਨ ਤਵਜ਼ੀਹ, ਤਹਿਜ਼ੀਬ ਤੇਰੀ ਨੂਰ ਇਲਾਹੀਆ । ਤੇਰਾ ਦਾਇਰਾ ਇਕ ਵਸੀਹ, ਵਸਲ ਦੇ ਯਾਰ ਬੇਪਰਵਾਹੀਆ । ਤੂੰ ਮਾਲਕ ਹੱਕ ਤਬੀ, ਤਬੀਅਤ ਸਭ ਦੀ ਦੇ ਬਦਲਾਈਆ । ਤੂੰ ਨੂਰ ਇਲਾਹੀ ਰੱਬੀ, ਰੱਬੇ ਆਲਮੀਨ ਮਾਲਕ ਇਕ ਅਖਵਾਈਆ । ਮੇਰੀ ਲੰਘਦੀ ਜਾਂਦੀ ਚੌਧਵੀਂ ਸਦੀ, ਹਾਏ ਸਦਮੇ ਵਿਚ ਦਿਆਂ ਦੁਹਾਈਆ । ਦਸਤ ਤੇਰੇ ਅੱਗੇ ਖਲੋਤਾ ਬੱਧੀ, ਸੱਯਦਾ ਬਿਨਾ ਸੀਸ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਖ਼ੁਦਾ ਕਹੇ ਖ਼ੁਦ ਖ਼ੁਦੀ ਕਿ ਜ਼ਵੀ, ਜਾਊਲਾ ਮਹਵ, ਤਾਵਿਸਤੇ ਨਵੂ, ਜ਼ਾਨੇ ਮਜਿਦ, ਸ਼ਾਕੂਕੇ ਨਜ਼ਾ, ਵਲਹਿਸਤਾ, ਮੁਨਹਿਜੀ, ਜ਼ੂਏ ਵਜ਼ਜ਼ ਅਰਸ਼ੇ ਅਜ਼ਜ਼, ਖ਼ਾਕੇ ਤਜ਼ਿਕ ਨੂਰੇ ਜ਼ਹਿਕ, ਖ਼ਾਲਕੇ ਖ਼ਲਲ, ਖ਼ੁਦ ਮਾਲਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਮੁਹੰਮਦ ਕਹੇ ਹਜ਼ਰਤ ਈਸਾ, ਇਸਮ ਸੀਸ ਨਿਵਾਈਆ । ਈਸਾ ਕਹੇ ਸੁਣ ਮੂਸਾ, ਜਿਸਮ ਜਿਸਮ ਜਿਸਮ ਦਏ ਦੁਹਾਈਆ । ਪਰਵਰਦਿਗਾਰ ਦਾ ਨੂਰ ਇਲਾਹੀ ਤੇ ਕਾਲਾ ਸੂਸਾ, ਕਾਲੀ ਕਮਲੀ ਵਾਲਾ ਵੇਖ ਵਖਾਈਆ । ਜਿਸ ਨੇ ਖੇਲ ਖਿਲਾਉਣਾ ਚੀਨਾ ਰੂਸਾ, ਪਾਤਾਲਾਂ ਪਰਦਾ ਦਏ ਉਠਾਈਆ । ਕੀ ਹੁਕਮ ਦੇਵੇ ਸ਼ਾਹ ਅਬਨੂਸਾ, ਹਜ਼ਰਤੇ ਬੇਨਜ਼ੀਰ ਕੀ ਆਪਣੀ ਕਲ ਵਰਤਾਈਆ । ਵਾਹਦ ਕਲਮਾ ਕਲਮਾ ਕਾਇਨਾਤ ਦਾ ਦੂਤਾ, ਨੌਂ ਖੰਡ ਪ੍ਰਿਥਮੀ ਭੱਜੇ ਵਾਹੋ ਦਾਹੀਆ । ਜਿਸ ਦਾ ਸੰਮਤ ਸ਼ਹਿਨਸ਼ਾਹੀ ਅੱਠ ਵਿਚ ਮਿਲੇ ਸਬੂਤਾ, ਸਾਬਤ ਬਾਬਤ ਆਪਣੀ ਆਪ ਦਏ ਕਰਾਈਆ । ਜਿਸ ਨੂੰ ਝੁਕਣੇ ਜਗਤ ਦੇ ਤਨ ਵਜੂਦ ਕਲਬੂਤਾ, ਕਲਮਿਆਂ ਤੋਂ ਬਾਹਰ ਕਾਇਮ ਮੁਕਾਇਮ ਆਪਣਾ ਹੁਕਮ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਜੇਠ ਕਹੇ ਗੁਰ ਅਵਤਾਰ ਪੈਗ਼ੰਬਰੋ ਹੋਰ ਵੇਖੋ ਧਮਾਕਾ, ਧਰਮ ਧਰਮ ਨਾਲ ਜਣਾਈਆ । ਜਿਸ ਨੂੰ ਕਹਿੰਦੇ ਪਰਵਰਦਿਗਾਰ ਪਾਕੀ ਪਾਕਾ, ਪਾਕੀਜ਼ਾ ਕੀ ਆਪਣਾ ਹੁਕਮ ਵਰਤਾਈਆ । ਸਚ ਪੁਛੋ ਉਸ ਪੰਚਮ ਜੇਠ ਚੜ੍ਹਨਾ ਰਾਕਾ, ਰਾਕਬ ਹੋ ਕੇ ਧੁਰ ਦਾ ਮਾਹੀਆ । ਜਿਸ ਨੂੰ ਮੁਹੰਮਦ ਨੇ ਕਿਹਾ ਮੇਰਾ ਆਕਾ, ਅਕਲ ਬੁੱਧੀ ਤੋਂ ਬਾਹਰ ਡੇਰਾ ਲਾਈਆ । ਉਸ ਨੇ ਦੀਨ ਦੁਨੀ ਦਾ ਬਦਲ ਦੇਣਾ ਸਾਕਾ, ਸਾਖਿਆਤ ਆਪਣਾ ਨੂਰ ਕਰੇ ਰੁਸ਼ਨਾਈਆ । ਛੋਟੀਆਂ ਛੋਟੀਆਂ ਰਹਿਣ ਨਹੀਂ

ਦੇਣੀਆਂ ਸ਼ਾਖ਼ਾਂ, ਸ਼ਨਾਖਤ ਵਿਚ ਰਫ਼ਾਕਤ ਸਭ ਦੀ ਦਏ ਬਣਾਈਆ । ਨਾਮ ਕਲਮੇ ਦੀਆਂ ਵੱਖਰੀਆਂ ਵੱਖਰੀਆਂ ਜੋ ਚਲਦੀਆਂ ਰਹੀਆਂ ਕਲਾਸਾਂ, ਅੱਖਰ ਅੱਖਰਾਂ ਨਾਲ ਬਦਲਾਈਆ । ਤਿਸ ਸਾਹਿਬ ਨੇ ਵੇਖੀਆਂ ਗੋਪੀਆਂ ਕਾਹਨਾਂ ਵਾਲੀਆਂ ਰਾਸਾਂ, ਮੰਡਪਾਂ ਮੰਡਲਾਂ ਆਪਣਾ ਖੇਲ ਖਿਲਾਈਆ । ਮੰਜ਼ਲ ਬਾਮੰਜ਼ਲ ਕਟੀਆਂ ਵਾਟਾਂ, ਭੱਜਿਆਂ ਵਾਹੋ ਦਾਹੀਆ । ਅੰਤ ਲੇਖਾ ਵੇਖਿਆ ਸਭ ਨੂੰ ਪਿਆ ਘਾਟਾ, ਅਵਤਾਰ ਪੈਗ਼ੰਬਰ ਗੁਰੂ ਸਾਰੇ ਆਪਣਾ ਲੇਖਾ ਰਹੇ ਜਣਾਈਆ । ਸਦੀ ਚੌਧਵੀਂ ਅੰਤ ਅਖ਼ੀਰ ਮਿਟ ਜਾਣੀਆਂ ਜ਼ਾਤਾਂ ਪਾਤਾਂ, ਜਗਤ ਸ਼ਰਅ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਵਖਾਈਆ । ਜੇਠ ਕਹੇ ਸਾਰੇ ਮੈਨੂੰ ਦਿਉ ਥਾਪੀ, ਵਿਸ਼ਨ ਬ੍ਰਹਮਾ ਸ਼ਿਵ ਖ਼ੁਸ਼ੀ ਬਣਾਈਆ । ਕਿਉਂ ਮੇਰੇ ਵਿਚ ਪ੍ਰਭੂ ਦੇ ਹੁਕਮ ਦੀ ਉਹ ਹੋਣ ਲੱਗੀ ਕਾਪੀ, ਜਿਸ ਨੂੰ ਚਾਰ ਜੁਗ ਦੇ ਸ਼ਾਸਤਰ ਨਾ ਸਕਣ ਸਮਝਾਈਆ । ਕੋਈ ਗ੍ਰੰਥ ਸ਼ਾਸਤਰ ਨਹੀਂ ਕਹਿ ਸਕਦਾ ਮੈਂ ਕਿੰਨੇ ਤਾਰੇ ਪਾਪੀ, ਮੈਨੂੰ ਪੜ੍ਹਨ ਵਾਲੇ ਕਿਤਨੇ ਪਾਰ ਲੰਘਾਈਆ । ਗੁਰੂ ਅਵਤਾਰ ਪੈਗ਼ੰਬਰ ਕਿਸੇ ਸਿੱਖ ਦੀ ਲਿਖੀ ਨਹੀਂ ਸਾਖੀ, ਜੋ ਸਚਖੰਡ ਬੈਠੇ ਡੇਰਾ ਲਾਈਆ । ਸਤਿਗੁਰ ਸ਼ਬਦ ਤੋਂ ਬਿਨਾ ਤੇ ਸ਼ਬਦ ਗੋਬਿੰਦ ਤੋਂ ਬਿਨਾ ਮੰਨੀ ਕਿਸੇ ਨਹੀਂ ਆਖੀ, ਆਖ਼ਰ ਅੱਖਰਾਂ ਤੋਂ ਬਾਹਰ ਹੁਕਮ ਦਿਤਾ ਦ੍ਰਿੜਾਈਆ । ਏਸੇ ਕਰਕੇ ਕਲਜੁਗ ਦੇ ਅੰਤਮ ਸਭ ਨੇ ਔਖੀ ਦੱਸੀ ਘਾਟੀ, ਬਿਨਾ ਪਰਮ ਪੁਰਖ ਤੋਂ ਘਾਟਾ ਪੂਰ ਨਾ ਕੋਇ ਕਰਾਈਆ । ਅੰਤਮ ਅੰਤਮ ਲੰਘਦਿਆਂ ਲੰਘਦਿਆਂ ਲੰਘਦਿਆਂ ਸਭ ਦੀ ਆ ਗਈ ਵਾਟੀ, ਪਿਛਲਾ ਪੰਧ ਰਿਹਾ ਨਾ ਰਾਈਆ । ਸਾਰੇ ਅਵਤਾਰ ਪੈਗ਼ੰਬਰ ਗੁਰੂ ਹੱਥ ਮਾਰੇ ਆਪਣੀ ਛਾਤੀ, ਬਿਨਾ ਤਨ ਵਜੂਦ ਆਪਣਾ ਹੱਥ ਰਖਾਈਆ । ਕਲਜੁਗ ਅੰਤਮ ਇਕੋ ਏਕੰਕਾਰ ਕਮਲਾਪਾਤੀ, ਜਿਸ ਨੂੰ ਪਤਿਪਰਮੇਸ਼ਵਰ ਕਹਿ ਕੇ ਸਾਰੇ ਗਾਈਆ । ਉਹ ਸਦਾ ਸਦਾ ਅਬਿਨਾਸ਼ੀ, ਜਨਮ ਮਰਨ ਵਿਚ ਕਦੇ ਨਾ ਆਈਆ । ਜਾਂ ਉਹਦਾ ਖੇਲ ਤੱਕਿਆ ਹੋ ਗਿਆ ਘਨਕਪੁਰ ਦਾ ਵਾਸੀ, ਜਿਸ ਨੂੰ ਘਨਈਆ ਰਾਮ ਸ਼ਾਮ ਬੈਠੇ ਸੀਸ ਨਿਵਾਈਆ । ਫੇਰ ਵੇਖਿਆ ਉਸ ਦੀ ਜੋਤ ਜੋਤ ਪ੍ਰਕਾਸ਼ੀ, ਤਨ ਵਜੂਦ ਵਿਚੋਂ ਕਰੇ ਰੁਸ਼ਨਾਈਆ । ਪਹਿਲੀ ਜੇਠ ਕਹੇ ਮੇਰੀ ਸਭ ਨੇ ਮੰਨਣੀ ਆਖੀ, ਧੁਰ ਦੇ ਅੱਖਰਾਂ ਨਾਲ ਸੁਣਾਈਆ । ਜਨ ਭਗਤੋ ਭਗਵਨ ਨੇ ਕਰਨੀ ਤੁਹਾਡੀ ਰਾਖੀ, ਸਿਰ ਸਭ ਦੇ ਹੱਥ ਰਖਾਈਆ । ਕਿਉਂ ਪੰਚਮ ਜੇਠ ਨੂੰ ਉਮਤ ਦੀ ਬਦਲ ਜਾਣੀ ਹਯਾਤੀ, ਪਿਛਲਾ ਜੀਵਣ ਪਿਛੇ ਦਿਤਾ ਲੰਘਾਈਆ । ਹੁਣ ਪੂਰਨ ਜੋਤ ਤੇ ਪੂਰਨ ਪ੍ਰਕਾਸ਼ੀ, ਤੇ ਪੂਰਨ ਹਰ ਘਟ ਨਜ਼ਰੀ ਆਈਆ । ਕਿਸੇ ਦਾ ਲਹਿਣਾ ਰਹਿਣ ਨਹੀਂ ਦੇਣਾ ਬਾਕੀ, ਬਾਕਾਇਦਾ ਸਭ ਦਾ ਲੇਖਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਜੇਠ ਕਹੇ ਜਾਗ ਓ ਜੇਠਾ ਪੰਜਿਆ, ਜਿਸ ਦੇ ਉਤੇ ਪੰਜਾ ਨਿਸ਼ਾਨ ਨਾ ਕੋਇ ਲਗਾਈਆ । ਆਹ ਵੇਖ ਤੇ ਓਹ ਵੇਖ ਸਭ ਦਾ ਵੇਲਾ ਵੰਞਿਆ, ਵੰਞ ਮੁਹਾਣਾ ਹੱਥ ਨਾ ਕਿਸੇ ਰਖਾਈਆ । ਸਭ ਦਾ ਲੇਖਾ ਬਿਨਾ ਕਿਲੀਆਂ ਤੋਂ ਸਚਖੰਡ ਵਿਚ ਟੰਗਿਆ, ਜਿਸ ਨੂੰ ਫੜ ਕੇ ਵੇਖਣ ਕੋਇ ਨਾ ਪਾਈਆ । ਕਿਉਂ ਇਹ ਵਰ ਅਵਤਾਰ ਪੈਗ਼ੰਬਰ ਗੁਰੂਆਂ ਮੰਗਿਆ, ਪ੍ਰਭ ਦੇ ਅੱਗੇ ਖ਼ਾਲੀ ਝੋਲੀਆਂ ਡਾਹੀਆ । ਤੇਰਾ ਖੇਲ ਤਕਣਾ ਵਿਚ ਵਰਭੰਡਿਆ, ਲੋਕ ਪ੍ਰਲੋਕ ਵੇਖਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੰਚਮ ਜੇਠ ਕਹੇ ਜੇਠਾ ਮੇਰੀ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਤੂੰ ਬੜਾ ਮਿੱਤਰ ਪਿਆਰਾ ਯਾਰ, ਜੁਗ ਜੁਗ ਦਾ ਨਜ਼ਰੀ ਆਈਆ ।

ਜਿਸ ਨੇ ਸੱਦੇ ਤੇਈ ਅਵਤਾਰ, ਵਿਸ਼ਨ ਬ੍ਰਹਮਾ ਸ਼ਿਵ ਜੋੜ ਜੁੜਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਖਿੱਚ ਲਿਆਂਦਾ ਕਰ ਪਿਆਰ, ਮੁਹੱਬਤ ਵਿਚ ਮੁਹੱਬਤ ਲਈ ਅੰਗੜਾਈਆ । ਦਸ ਗੁਰ ਗੁਰ ਜੋਤ ਕਰ ਉਜਿਆਰ, ਜੋਤੀ ਜਾਤਾ ਡਗਮਗਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਕਰ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਓ ਦੁਨੀਆ ਵਾਲਿਓ ਤੁਹਾਡਾ ਸੰਬਲ ਦੇਸ ਹੋਇਆ ਤਿਆਰ, ਜਿਸ ਸੰਬਲ ਨੂੰ ਸਾਰੇ ਗਾਈਆ । ਪੰਚਮ ਜੇਠ ਤੇ ਦਿਨ ਸੀ ਮੰਗਲਵਾਰ, ਘਰ ਘਰ ਵੱਜੀ ਵਧਾਈਆ । ਸ਼ੇਰ ਸਿੰਘ ਦਾ ਸ਼ੇਰ ਰੂਪ ਅਪਾਰ, ਸ਼ਰਅ ਤੋਂ ਬਾਹਰ ਸ਼ਹਿਨਸ਼ਾਹ ਅਖਵਾਈਆ । ਪੂਰਨ ਵਿਚੋਂ ਪੂਰਨ ਹੋਇਆ ਤਿਆਰ, ਸੋ ਪੂਰ ਰਿਹਾ ਸਰਬ ਠਾਈਂਆ । ਜਨਮ ਦਾ ਜਨਮ ਤੇ ਜਨਮ ਦਾ ਉਧਾਰ, ਉਦਰ ਤੋਂ ਬਾਹਰ ਦਾ ਲੇਖਾ ਦਿਤਾ ਦ੍ਰਿੜਾਈਆ । ਨਵਾਂ ਜਾਮਾ ਪਹਿਨ ਕੇ ਹੋਵੇ ਆਪ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਫੇਰ ਜਾਏ ਜਗਤ ਸਾਗਰਾਂ ਤੋਂ ਪਾਰ, ਪਰਾ ਪਸ਼ੰਤੀ ਮਧਮ ਬੈਖਰੀ ਤੋਂ ਪਰੇ ਕਰੇ ਰੁਸ਼ਨਾਈਆ । ਸਭ ਨੂੰ ਜਗਾਉਂਦਾ ਜਾਏ ਹਿਲਾਉਂਦਾ ਜਾਏ ਉਠਾਉਂਦਾ ਜਾਏ ਗ਼ਫ਼ਲਤ ਵਿਚੋਂ ਕਰਾਉਂਦਾ ਜਾਏ ਬੇਦਾਰ, ਵੇਦੀ ਸੋਢੀ ਦਾ ਲੇਖਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਪੰਚਮ ਜੇਠ ਕਹੇ ਮੈਂ ਆਵਾਂਗਾ । ਪਰਮ ਪੁਰਖ ਦਾ ਖੇਲ ਸਮਝਾਵਾਂਗਾ । ਸ਼ਬਦੀ ਧਾਰ ਡੰਕ ਵਜਾਵਾਂਗਾ । ਰਾਓ ਰੰਕ ਆਪ ਉਠਾਵਾਂਗਾ । ਦਵਾਰ ਬੰਕ ਇਕ ਵਡਿਆਵਾਂਗਾ । ਜਿਸ ਖੇਲ ਕੀਤਾ ਪੁਰੀ ਘਨਕ, ਤਿਸ ਦਾ ਘਰ ਇਕ ਸੁਹਾਵਾਂਗਾ । ਜਿਸ ਦੀ ਆਸ਼ਾ ਰੱਖ ਕੇ ਗਿਆ ਭਗਤ ਜਨਕ, ਜਨਕ ਸਪੁਤਰੀ ਸੀਤਾ ਨਾਲ ਮਿਲਾਵਾਂਗਾ । ਅੱਗੇ ਸਚ ਬਣਾ ਕੇ ਬਣਤ, ਸੋਹਣਾ ਰਾਗ ਅਲਾਵਾਂਗਾ । ਸਭ ਦਾ ਇਕੋ ਮਾਹੀ ਤੇ ਇਕੋ ਕੰਤ, ਖ਼ਾਵੰਦ ਇਕੋ ਇਕ ਸਮਝਾਵਾਂਗਾ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਇਕ ਦ੍ਰਿੜਾਵਾਂਗਾ । ਬੋਧ ਅਗਾਧਾ ਬਣ ਕੇ ਪੰਡਤ, ਧੁਰ ਦੀ ਸਿਖਿਆ ਇਕ ਸਮਝਾਵਾਂਗਾ । ਜਨ ਭਗਤੋ ਤੁਹਾਡਾ ਨਾਤਾ ਤੋੜ ਕੇ ਸਵਰਗ ਬਹਿਸ਼ਤ ਜੰਨਤ, ਸਚਖੰਡ ਦਵਾਰ ਵਸਾਵਾਂਗਾ । ਜਿਥੇ ਨਾ ਕੋਈ ਆਦਿ ਤੇ ਨਾ ਕੋਈ ਅੰਤ, ਮਧ ਦਾ ਲੇਖਾ ਪਰੇ ਹਟਾਵਾਂਗਾ । ਜਿਸ ਦੇ ਦਰਸ਼ਨ ਨੂੰ ਲੋਚਦੇ ਸੰਤ, ਸੋ ਸ਼ਬਦ ਤੁਹਾਡੇ ਅੰਤਰ ਆਪ ਵਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਵਾਂਗਾ । ਪੰਚਮ ਜੇਠ ਕਹੇ ਮੇਰੇ ਸਾਹਿਬ ਦੇ ਕੋਲ ਹੋਵੇ ਸਤਰੰਗਾ, ਸਤਿ ਸਤਿਵਾਦੀ ਦਇਆ ਕਮਾਈਆ । ਮੁਹੰਮਦ ਸੰਭਾਲ ਨਾ ਸਕੇ ਤੰਬਾ, ਚਾਰ ਯਾਰੀ ਭੱਜੇ ਵਾਹੋ ਦਾਹੀਆ । ਈਸਾ ਫਿਰੇ ਪੈਰੀਂ ਨੰਗਾ, ਕਦਮ ਕਦਮ ਨਾਲ ਬਦਲਾਈਆ । ਮੂਸਾ ਹੈਰਾਨ ਹੋਵੇ ਅਚੰਭਾ, ਕੀ ਕੁਦਰਤ ਦਾ ਮਾਲਕ ਖੇਲ ਖਿਲਾਈਆ । ਰਾਮ ਕਹੇ ਸੀਤਾ ਵੇਖ ਲੈ ਕਲਜੁਗ ਕੰਢਾ, ਰਾਮ ਦਾ ਰਾਮ ਲਏ ਅੰਗੜਾਈਆ । ਕ੍ਰਿਸ਼ਨ ਕਹੇ ਬਿਨਾ ਰਥਵਾਹੀ ਤੋਂ ਸ਼ਬਦੀ ਧਾਰ ਕਰਾਏ ਜੰਗਾ, ਜਗਤ ਜੁਗਤ ਆਪਣੇ ਹੱਥ ਰਖਾਈਆ । ਨਾਨਕ ਕਹੇ ਸਾਹਿਬ ਸੂਰਾ ਸਰਬੰਗਾ, ਕੀ ਆਪਣੀ ਕਲ ਵਰਤਾਈਆ । ਗੋਬਿੰਦ ਕਹੇ ਸਤਿਗੁਰ ਸ਼ਬਦ ਫਿਰੇ ਵਿਚ ਬ੍ਰਹਿਮੰਡਾਂ, ਕੋਟਨ ਕੋਟ ਚਰਨਾਂ ਹੇਠ ਦਬਾਈਆ । ਜਿਸ ਨੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੀਵ ਜਹਾਨ ਪਾਈਆਂ ਵੰਡਾਂ, ਹਿੱਸੇ ਅਵਤਾਰ ਪੈਗ਼ੰਬਰ ਗੁਰੂਆਂ ਹੱਥ ਫੜਾਈਆ । ਅੰਤ ਕੰਤ ਭਗਵੰਤ ਪਰਵਰਦਿਗਾਰ ਸਾਂਝਾ ਯਾਰ ਸਭ ਦਾ ਸੀਨਾ ਕਰੇ ਠੰਡਾ, ਆਤਮ ਪਰਮਾਤਮ ਆਪਣੀ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ ।

੧੯੬੫ ੨੨

ਜੇਠ ਕਹੇ ਪ੍ਰਭੁ ਪੜਦਾ ਚੁੱਕ ਦੇ, ਚੁਕੇ ਜਗਤ ਅੰਧੇਰ । ਪੜਦੇ ਲਾਹ ਦੇ ਓਹਲੇ ਲੁਕ ਦੇ, ਕਰਦੇ ਆਪਣੀ ਮਿਹਰ । ਭੇਵ ਖੁਲ੍ਹਾ ਦੇ ਧੁਰ ਦੀ ਤੁਕ ਦੇ, ਦੁਤੀਆਂ ਰਹੇ ਨਾ ਤੇਰ ਮੇਰ । ਲੇਖੇ ਮੁਕਾ ਦੇ ਜਨਣੀ ਕੁੱਖ ਦੇ, ਚੁਰਾਸੀ ਪਏ ਫੇਰ ਨਾ ਗੇੜ । ਝਗੜੇ ਮੁਕਾ ਦੇ ਭੁੱਖ ਦੁੱਖ ਦੇ, ਨੌ ਖੰਡ ਪ੍ਰਿਥਮੀ ਆਪਣਾ ਗੇੜਾ ਗੇੜ । ਗੁਰ ਅਵਤਾਰ ਪੈਗ਼ੰਬਰ ਸੁੱਖਣਾ ਸੁੱਖਦੇ, ਕਲਜੁਗ ਅੰਤਮ ਨਾ ਲਾ ਦੇਰ । ਕੂੜੀ ਕਿਰਿਆ ਜੜ੍ਹ ਪੁੱਟ ਦੇ, ਹਉਮੇ ਹੰਗਤਾ ਦੇ ਨਬੇੜ । ਲੇਖੇ ਮੁਕਾ ਦੇ ਕਾਮ ਕਰੋਧ ਲੁੱਟ ਦੇ, ਮਾਇਆ ਮਮਤਾ ਨਾ ਰਹੇ ਅੰਧੇਰ । ਕੌਲ ਇਕਰਾਰ ਪੂਰੇ ਕਰ ਦੇ ਗੋਬਿੰਦ ਸੁਤ ਦੇ, ਕਲ ਕਲਕੀ ਇਕ ਅਵਤਾਰ । ਤੇਰੇ ਵਕਤ ਨਿਸ਼ਾਨੇ ਢੁਕ ਦੇ, ਅਮਾਮ ਅਮਾਮਾ ਪਰਵਰਦਿਗਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ਼ਾਹ ਪਾਤਸ਼ਾਹ ਸੱਚੀ ਸਰਕਾਰ । ਜੇਠ ਕਹੇ ਮੇਰੀ ਆਸਾ ਇਕ ਲੋੜੀਦੀ, ਲੋਆਂ ਪੁਰੀਆਂ ਤੋਂ ਬਾਹਰ ਜਣਾਈਆ । ਕਲਪਨਾ ਮੇਟ ਦੇ ਕਲਜੁਗ ਮਨ ਦੀ, ਮਨਸਾ ਮੂੜ੍ਹ ਰਹੇ ਨਾ ਰਾਈਆ । ਜੋਤ ਜਗਾ ਦੇ ਕਾਇਆ ਤਨ ਦੀ, ਤਨ ਵਜੂਦ ਹੋਵੇ ਰੁਸ਼ਨਾਈਆ । ਧਾਰ ਬਦਲ ਦੇ ਜੀਵ ਜਗਤ ਜਨ ਦੀ, ਜਾਗਰਤ ਜੋਤ ਡਗਮਗਾਈਆ । ਚੁਗ਼ਲੀ ਨਿੰਦਿਆ ਮਿਟਾ ਦੇ ਕੰਨ ਦੀ, ਸਰਵਣ ਸੁਣਨ ਕੋਇ ਨਾ ਪਾਈਆ । ਤ੍ਰਿਸ਼ਨਾ ਕੂੜ ਰਹੇ ਨਾ ਧਨ ਦੀ, ਨਾਮ ਭੰਡਾਰਾ ਇਕ ਵਰਤਾਈਆ । ਵੇਖ ਖੇਲ ਗੋਬਿੰਦ ਚੰਨ ਦੀ, ਜਿਸ ਨੂੰ ਚੰਨ ਸਿਤਾਰਾ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧੁਰ ਦੇ ਮਾਲਕ ਹੋਣਾ ਸਹਾਈਆ । ਪਹਿਲੀ ਜੇਠ ਕਹੇ ਪੰਚਮ ਹੋਣਾ ਸਚ ਦਿਹਾੜਾ, ਧੁਰ ਦੀ ਖ਼ੁਸ਼ੀ ਬਣਾਈਆ । ਸਤਿਗੁਰ ਹੱਥੀਂ ਰੰਗ ਲਾਉਣਾ ਗਾੜ੍ਹਾ, ਲਾਲ ਗੁਲਾਲਾ ਸੋਭਾ ਪਾਈਆ । ਪਰਗਟ ਹੋਵੇ ਧੁਰ ਦਾ ਲਾੜਾ, ਪੂਰਨ ਸਤਿਗੁਰ ਧੁਰ ਦਾ ਮਾਹੀਆ । ਜਿਸ ਨੇ ਫਿਰਨਾ ਕਰਬਲੇ ਵਾਲੀਆਂ ਵਿਚ ਉਜਾੜਾਂ, ਜੰਗਲਾਂ ਜੂਹਾਂ ਖੋਜ ਖੁਜਾਈਆ । ਜਿਸ ਦੇ ਪਿਛੇ ਲੱਗਣੀਆਂ ਧਾੜਾਂ, ਧਾੜਵੀ ਹੋ ਕੇ ਭੱਜੇ ਵਾਹੋ ਦਾਹੀਆ । ਬਿਨਾ ਨਬੀ ਰਸੂਲਾਂ ਤੋਂ ਜਿਸ ਨੇ ਗਾਉਣੀਆਂ ਵਾਰਾਂ, ਸਿਫ਼ਤਾਂ ਤੋਂ ਬਾਹਰ ਸਿਫ਼ਤ ਸਾਲਾਹੀਆ । ਜਿਸ ਦਾ ਤੀਰ ਕਮਾਨ ਖੰਡਾ ਖੜਗ ਖੜਕਣੀਆਂ ਤਲਵਾਰਾਂ, ਤਰਕਸ਼ ਨਾਲ ਜੁੜਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਪੰਚਮ ਜੇਠ ਕਹੇ ਮੇਰਾ ਦਿਵਸ ਹੋਵੇ ਸੁਹੰਜਣਾ, ਸੋਭਾਵੰਤ ਆਪ ਸੁਹਾਈਆ । ਕਰੇ ਖੇਲ ਪੁਰਖ ਨਿਰੰਜਣਾ, ਆਦਿ ਨਿਰੰਜਣ ਨੂਰ ਇਲਾਹੀਆ । ਉਸ ਨੂੰ ਕਹਿੰਦੇ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਉਸ ਨੇ ਦੁਨੀਆ ਦੇ ਵਿਚ ਫੇਰ ਜੰਮਣਾ, ਜਨਮ ਦਿਨ ਪੂਰਨ ਲਏ ਮਿਲਾਈਆ । ਚਾਰ ਕੁੰਟ ਦਹਿ ਦਿਸ਼ਾ ਜਿਸ ਦੀ ਸ਼ਬਦੀ ਧਾਰ ਕੋਲੋਂ ਕੰਬਣਾ, ਕਾਅਬੇ ਪਏ ਦੁਹਾਈਆ । ਜਿਸ ਦੇ ਹੁਕਮ ਨਾਲ ਸਭ ਦੇ ਕਢਣੇ ਸੰਮਣਾ, ਹੁਕਮ ਧੁਰ ਦਾ ਇਕ ਸੁਣਾਈਆ । ਭਾਣਾ ਜਗਤ ਜਹਾਨ ਪੈਣਾ ਮੰਨਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਮਾਲਕ ਵਡ ਵਡਿਆਈਆ । ਪੰਚਮ ਜੇਠ ਕਹੇ ਮੈਂ ਚੜ੍ਹ ਕੇ ਆਉਣਾ ਜਗ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਕਲਜੁਗ ਵੇਖ ਬਪੜਾ ਬਗ, ਪਰਦਾ ਪਰਦਿਆਂ ਵਿਚੋਂ ਉਠਾਈਆ । ਜਨ ਭਗਤ ਤਕਾਂ ਉਪਰ ਸ਼ਾਹਰਗ, ਨੌਂ ਦਰ ਦਾ ਡੇਰਾ ਢਾਹੀਆ । ਫੇਰ ਉਹ ਤਕਾਂ ਜਿਨ੍ਹਾਂ ਦੇ ਸੀਸ ਉਤੇ ਬੱਧੀ ਪੱਗ, ਜੋ ਪਰਗਣੇ ਆਪਣੇ ਵਿਚ ਵਸਾਈਆ । ਪਤਾ ਨਹੀਂ ਕਿਸ ਤਰਾ ਚਾਰ ਜੁਗ ਦੇ ਵਿਛੜੇ ਲਏ ਲੱਭ, ਖੋਜੇ ਥਾਉਂ

੧੮੬੬
੨੨

ਬਾਈਆ । ਅੰਮ੍ਰਿਤ ਝਿਰਨਾ ਝਿਰਾ ਕੇ ਵਿਚ ਕਵਲ ਨਭ, ਬੂੰਦ ਸਵਾਂਤੀ ਦਿਤੇ ਟਪਕਾਈਆ । ਜਗਤ ਦਵੈਤ ਵਿਚੋਂ ਕਢ, ਬੰਦਨਾ ਆਪਣੀ ਦਿਤੀ ਸਮਝਾਈਆ । ਜਿਸ ਨੇ ਪ੍ਰੇਮ ਪਿਆਰ ਵਿਚ ਬੰਨ੍ਹਣੇ ਸਭ, ਸਭਾ ਮਲੇਛਾਂ ਦੇਣੀ ਸਮਝਾਈਆ । ਓਸੇ ਨੂਰ ਇਲਾਹੀ ਨੂੰ ਆਲਮੀਨ ਕਹਿਣ ਰੱਬ, ਰੱਬੇ ਆਲਮੀਨ ਕਹਿ ਕੇ ਸੀਸ ਨਿਵਾਈਆ । ਉਹਦਾ ਮਿਲਣ ਦਾ ਆਦਿ ਜੁਗਾਦਿ ਜੁਗ ਚੌਕੜੀ ਆਪਣਾ ਸਬੱਬ ਆਪਣੀ ਕਰਨੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਵੰਡ ਆਪ ਵੰਡਾਈਆ । ਪੰਚਮ ਜੇਠ ਕਹੇ ਈਸਾ ਦਾ ਪੂਰਾ ਕਰਨਾ ਵਾਕ, ਹਜ਼ਰਤ ਹਜ਼ਰਤ ਹਕੀਰ ਹੋ ਕੇ ਸੀਸ ਨਿਵਾਈਆ । ਉਸ ਦਾ ਵਕਤ ਬਦਲ ਜਾਣਾ ਉਤੇ ਕਲਾਕ, ਕਲਾਕ ਘੜੀ ਦਏ ਗਵਾਹੀਆ । ਕਿਉਂ ਨਿਰਗੁਣ ਦੀ ਨਿਰਗੁਣ ਨਾਲ ਹੋਣੀ ਟਾਕ, ਹੁਕਮ ਹੁਕਮ ਨਾਲ ਟਕਰਾਈਆ । ਕਲਮੇ ਅੱਗੇ ਕਲਮਾ ਕਰੇ ਨਾ ਕੋਇ ਵਾਕ, ਭੱਜੇ ਨਾ ਵਾਹੋ ਦਾਹੀਆ । ਸਲੀਬ ਪਾਉਣ ਲੱਗਿਆ ਹਜ਼ਰਤ ਗਿਆ ਸੀ ਆਖ, ਬਿਨਾ ਅੱਖਰਾਂ ਆਖ ਸੁਣਾਈਆ । ਮੇਰਾ ਮਾਲਕ ਤੇ ਪਿਤਾ ਆਵੇ ਆਪ, ਜਿਸ ਨੂੰ ਬਾਪ ਕਹਿ ਕੇ ਸੀਸ ਨਿਵਾਈਆ । ਉਹ ਮੁਰੀਦਾਂ ਮੁਰਸ਼ਦਾਂ ਸਭ ਦਾ ਖੋਲ੍ਹੇ ਤਾਕ, ਤਕਵਾ ਆਪਣਾ ਇਕ ਸਮਝਾਈਆ । ਉਹਦੇ ਕੋਲ ਬਿਨਾ ਹਰਫ਼ਾਂ ਤੋਂ ਕਿਤਾਬ, ਜਿਹੜੀ ਕੁਤਬਖ਼ਾਨਿਆਂ ਵਿਚ ਨਾ ਕਦੇ ਟਿਕਾਈਆ । ਜਿਸ ਵੇਲੇ ਆਵੇ ਵਿਚ ਯੂਰਪ ਉਸ ਦਾ ਪਹਿਲਾ ਖੋਲ੍ਹੇ ਬਾਬ, ਜਿਸ ਬਾਬ ਵਿਚ ਬਾਬਲ ਦਾ ਭੇਵ ਦਏ ਚੁਕਾਈਆ । ਉਥੇ ਨਾ ਕੋਈ ਸਵਾਲ ਨਾ ਕੋਈ ਜਵਾਬ, ਜਵਾਬਤਲਬੀ ਵਿਚ ਸਾਰੇ ਸੀਸ ਨਿਵਾਈਆ । ਬਿਨਾ ਸੀਸ ਤੋਂ ਹੋਏ ਅਦਾਬ, ਬਿਨਾ ਕਲਮੇ ਤੋਂ ਕਲਮਾ ਰਿਹਾ ਸੁਣਾਈਆ । ਪੈਰਸ ਵਿਚ ਉਸ ਨੂੰ ਦਏ ਏਜਾਜ਼, ਜੋ ਅਜ਼ੀਜ਼ ਬਣ ਕੇ ਤਮੀਜ਼ ਵਿਚ ਈਸਾ ਦੀ ਸੇਵਾ ਪਿਛੇ ਗਿਆ ਕਮਾਈਆ । ਨਾਲੇ ਦਸਤ ਮਿਲਾਵੇ ਤੇ ਅੰਦਰੋਂ ਬਦਲ ਦੇਵੇ ਮਜ਼ਾਜ਼, ਇਹ ਆਪਣਾ ਖੇਲ ਖਿਲਾਈਆ । ਪਹਿਲੋਂ ਮੁਖ ਤੇ ਰੱਖੇ ਨਕਾਬ, ਫੇਰ ਪਰਦਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਜੇਠ ਕਹੇ ਮੈਂ ਕਰਦਾ ਰਿਹਾ ਉਡੀਕਾਂ, ਜੁਗ ਚੌਕੜੀ ਧਿਆਨ ਲਗਾਈਆ । ਰੱਖਦਾ ਰਿਹਾ ਉਮੀਦਾਂ, ਤ੍ਰਿਸਨਾ ਜਗਤ ਵਾਲੀ ਗਵਾਈਆ । ਪੈਗ਼ੰਬਰਾਂ ਦੀਆਂ ਤਕਦਾ ਰਿਹਾ ਈਦਾਂ, ਈਦਲਫਿਤਰ ਖੋਜ ਖੁਜਾਈਆ । ਵੇਖਦਾ ਰਿਹਾ ਕੀ ਵਸੀਹਤਾਂ, ਕੀ ਵਸਲ ਵਿਚ ਅਸਲ ਗਏ ਸਮਝਾਈਆ । ਤਕਦਾ ਰਿਹਾ ਨਸੀਹਤਾਂ, ਤੀਸ ਬਤੀਸਾ ਹਦੀਸਾ ਕੀ ਪੜ੍ਹਾਈਆ । ਲੱਭਦਾ ਰਿਹਾ ਅਸਲੀਅਤਾਂ, ਭੱਜਿਆ ਵਾਹੋ ਦਾਹੀਆ । ਜਿਸ ਵੇਲੇ ਸਦੀ ਚੌਧਵੀਂ ਆਈ ਸਭ ਦੀਆਂ ਅੰਦਰੋਂ ਵੇਖੀਆਂ ਤਬੀਅਤਾਂ, ਤਬਾ ਬਦਲੀ ਕੂੜ ਲੋਕਾਈਆ । ਮੈਨੂੰ ਰੋ ਕੇ ਕਿਹਾ ਕੁਰਾਨ ਮਜੀਦਾ, ਦਰੋਹੀ ਤੇਰਾ ਨਾਮ ਖ਼ੁਦਾਈਆ । ਤੇਰਾ ਦਰਸ ਹੋਵੇ ਨਾ ਕਿਸੇ ਦੀਦਾ, ਦੀਦਾ ਦਾਨਿਸਤਾ ਦਰਸ਼ਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪਣੇ ਹੱਥ ਰਖਾਈਆ । ਹੁਕਮ ਕਹੇ ਮੈਂ ਬੜਾ ਵਡਾ, ਸਤਿਗੁਰ ਸ਼ਬਦ ਹੁਕਮ ਵਡਿਆਈਆ । ਮੇਰਾ ਨਿਸ਼ਾਨ ਪੁਰਖ ਅਕਾਲ ਗੱਡਾ, ਗਾਡ ਗਾਈਡ ਹੋ ਕੇ ਸਾਨੂੰ ਦਏ ਵਖਾਈਆ । ਮੇਰਾ ਪੁਰੀਆਂ ਲੋਆਂ ਵਿਚ ਨਹੀਂ ਕੋਈ ਅੱਡਾ, ਮਾਤਲੋਕ ਵੰਡ ਨਾ ਕੋਇ ਵੰਡਾਈਆ । ਮੈਂ ਕਿਸੇ ਦੀਨ ਮਜ਼੍ਹਬ ਵਿਚ ਨਹੀਂ ਬੱਧਾ, ਸ਼ਰਅ ਜ਼ੰਜੀਰ ਨਾ ਕੋਇ ਰਖਾਈਆ । ਨੂਰੀ ਧਾਰ ਹੋ ਕੇ ਨਿਰੰਕਾਰ ਹੋ ਕੇ ਵਸਾ ਹਰ ਜਗ੍ਹਾ, ਘਟ ਘਟ ਅੰਦਰ ਆਪਣਾ ਡੇਰਾ ਲਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਵੇਖਾਂ ਮਨ ਵਾਸਨਾ ਹੋਈ ਕੱਗਾ,


੧੮੬੭ ੨੨

ਕਾਗ ਹੰਸ ਨਾ ਕੋਇ ਬਣਾਈਆ । ਧਰਮ ਦੀ ਦਿਸੇ ਕੋਇ ਨਾ ਸਭਾ, ਸਭਾ ਮਲੇਛਾਂ ਬੈਠੀ ਆਸਣ ਲਾਈਆ । ਪਿਤਾ ਪੂਤ ਕਰੇ ਦਗ਼ਾ, ਗੁਰ ਚੇਲਾ ਕਰੇ ਲੜਾਈਆ । ਘਰ ਘਰ ਲੱਗੀ ਅੱਗਾ, ਅਗਨੀ ਤਤ ਨਾ ਕੋਇ ਬੁਝਾਈਆ । ਮਧ ਵਿਕਾਰ ਦਾ ਲੈਂਦੇ ਮਜ਼ਾ, ਆਤਮ ਰਸ ਨਾ ਕੋਇ ਚਖਾਈਆ । ਕਲਜੁਗ ਅੰਤਮ ਸਭ ਦੇ ਸਿਰ ਤੇ ਕੂਕਦੀ ਕਜ਼ਾ, ਕਾਜ਼ੀ ਮੁਲਾ ਸ਼ੇਖ਼ ਮੁਸਾਇਕ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਚ ਦੀ ਕਰਨੀ ਕਾਰ ਕਮਾਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਪੁਰਖ ਅਕਾਲ ਖੇਲ ਖਿਲਾਵੇਗਾ । ਸਤਿਗੁਰ ਗੋਬਿੰਦ ਪੜਦਾ ਲਾਹਵੇਗਾ । ਜੋਤੀ ਜਾਤਾ ਡਗਮਗਾਵੇਗਾ । ਲੋਕਮਾਤੀ ਵੇਸ ਵਟਾਵੇਗਾ । ਕਲਜੁਗ ਵੇਖ ਅੰਧੇਰੀ ਰਾਤੀ, ਨੂਰੀ ਨੂਰ ਚੰਦ ਚਮਕਾਵੇਗਾ । ਸਭ ਦਾ ਲਹਿਣਾ ਦੇਣਾ ਦੇਵੇ ਬਾਕੀ, ਪਿਛਲਾ ਲੇਖਾ ਝੋਲੀ ਪਾਵੇਗਾ । ਅੱਗੇ ਦੱਸ ਕੇ ਸਾਖੀ, ਸਾਚਾ ਨਾਮ ਇਕ ਦ੍ਰਿੜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਇਕ ਰੰਗਾਵੇਗਾ । ਸਾਚਾ ਰੰਗ ਇਕੋ ਰੰਗੇਗਾ, ਰੰਗਣਹਾਰ ਗੋਪਾਲਾ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਲੰਘੇਗਾ, ਖੇਲੇ ਖੇਲ ਦੋ ਜਹਾਨਾਂ । ਵਸਤ ਅਮੋਲਕ ਨਾਮ ਵੰਡੇਗਾ, ਪਰਮ ਪੁਰਖ ਕਿਰਪਾਲਾ । ਕਲਜੁਗ ਕੂੜ ਕੁੜਿਆਰ ਦੰਡੇਗਾ, ਦੀਨਾਂ ਬੰਧਪ ਦੀਨ ਦਿਆਲਾ । ਜਨ ਭਗਤਾਂ ਜਨਮ ਜਨਮ ਦੀਆਂ ਟੁੱਟੀਆਂ ਗੰਢੇਗਾ, ਘਰ ਘਰ ਹੋਏ ਆਪ ਰਖਵਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਦੀਨ ਦਿਆਲਾ । ਦੀਨ ਦਿਆਲ ਸਾਹਿਬ ਸੁਖ ਸਾਗਰ, ਹਰਿ ਕਰਤਾ ਨੂਰ ਅਲਾਹ । ਜਨ ਭਗਤਾਂ ਨਿਰਮਲ ਕਰਮ ਕਰੇ ਉਜਾਗਰ, ਕੋਟ ਜਨਮ ਦੇ ਪੂਰਬ ਬਖ਼ਸ਼ ਗੁਨਾਹ । ਸਤਿ ਸਚ ਬਣਾਏ ਸੁਦਾਗਰ, ਵਣਜ ਇਕੋ ਇਕ ਕਰਾ । ਭਾਗ ਲਗਾਏ ਕਾਇਆ ਗਾਗਰ, ਸਾਢੇ ਤਿੰਨ ਹੱਥ ਕਰ ਰੁਸ਼ਨਾ । ਦਰ ਆਇਆਂ ਦੇਵੇ ਆਦਰ, ਸਿਰ ਆਪਣਾ ਹੱਥ ਟਿਕਾ । ਜੋ ਸੰਦੇਸ਼ਾ ਦੇ ਕੇ ਗਿਆ ਤੇਗ਼ ਬਹਾਦਰ, ਦਿੱਲੀ ਦਵਾਰੇ ਕਰ ਦੁਆ । ਪੁਰਖ ਅਕਾਲਾ ਗੁਰਮੁਖਾਂ ਬਣੇ ਚਿੱਟੀ ਚਾਦਰ, ਕਲਜੁਗ ਕਾਲਾ ਸੂਸਾ ਦਏ ਲੁਹਾ । ਮਿਹਰਵਾਨ ਹੋਵੇ ਕਰਤਾ ਕਾਦਰ, ਕੁਦਰਤ ਕਾਦਰ ਮਿਹਰਵਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿਜਨ ਬਖ਼ਸ਼ੇ ਅਗੰਮਾ ਨਾਂ । ਹਰਿ ਕਾ ਨਾਉਂ ਹਰਿ ਨਿਰੰਕਾਰ, ਨਰ ਨਰਾਇਣ ਦ੍ਰਿੜਾਈਆ । ਸੋ ਪੁਰਖ ਨਿਰੰਜਣ ਪਾਵੇ ਸਾਰ, ਹਰਿ ਪੁਰਖ ਨਿਰੰਜਣ ਹੋਏ ਸਹਾਈਆ । ਏਕੰਕਾਰਾ ਦਏ ਅਧਾਰ, ਆਦਿ ਨਿਰੰਜਣ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਕਰੇ ਪਿਆਰ, ਸ੍ਰੀ ਭਗਵਾਨ ਗੋਦ ਉਠਾਈਆ । ਪਾਰਬ੍ਰਹਮ ਲਏ ਸੰਭਾਲ, ਬ੍ਰਹਮ ਆਪਣਾ ਜੋੜ ਜੁੜਾਈਆ । ਸਚਖੰਡ ਸੁਹਾਏ ਬੰਕ ਦਵਾਰ, ਦਰਗਾਹ ਸਾਚੀ ਵੱਜੇ ਵਧਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰ, ਨਿਉਂ ਨਿਉਂ ਲਾਗਣ ਪਾਈਆ । ਦੇਵਤ ਸੁਰ ਧੂੜੀ ਮੰਗਣ ਛਾਰ, ਖ਼ਾਕੀ ਖ਼ਾਕ ਖ਼ਾਕ ਵਡਿਆਈਆ । ਚਾਰ ਜੁਗ ਦੇ ਸ਼ਾਸਤਰ ਸਿਫ਼ਤ ਰਹੇ ਉਚਾਰ, ਮਹਿਮਾ ਅਗੰਮ ਅਥਾਹੀਆ । ਸੋ ਸਾਹਿਬ ਸਵਾਮੀ ਅੰਤਰਯਾਮੀ ਜਨ ਭਗਤਾਂ ਲਹਿਣਾ ਦੇਣਾ ਦਏ ਉਤਾਰ, ਪੂਰਬ ਕਰਜ਼ਾ ਰਹੇ ਨਾ ਰਾਈਆ । ਸਚ ਪਿਆਰ ਦਾ ਬਖ਼ਸ਼ ਭੰਡਾਰ, ਅਤੋਟ ਅਤੁਟ ਆਪ ਵਰਤਾਈਆ । ਪਹਿਲੀ ਜੇਠ ਕਹੇ ਜਨ ਭਗਤੋ ਮੇਰੀ ਨਮੋ ਨਮੋ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਮੈਂ ਸਭ ਦਾ ਖ਼ਿਦਮਤਗਾਰ, ਜੋ ਖ਼ਾਦਮ ਹੋ ਕੇ ਪ੍ਰਭ ਦੇ ਲਾਗਣ ਪਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਧਰਮ ਇਕ ਅਖਵਾਈਆ । ਪਹਿਲੀ ਜੇਠ ਕਹੇ ਮੇਰੀ ਡੰਡਾਵਤ ਸਭ ਨੂੰ ਬੰਦਨਾ, ਬੰਦਗੀ ਵਾਲਿਓ ਸੀਸ ਨਿਵਾਈਆ । ਲੱਖ ਚੁਰਾਸੀ ਵਿਚੋਂ ਪਾਰ ਲੰਘਣਾ, ਅੰਡਜ ਜੇਰਜ ਉਤਭੁਜ ਸੇਤਜ ਦਾ ਡੇਰਾ ਢਾਹੀਆ । ਬਿਨਾ ਪੁਰਖ ਅਕਾਲ ਤੋਂ ਕਿਸੇ ਕੋਲੋਂ ਕੁਛ ਨਹੀਂ ਮੰਗਣਾ, ਦੇਵਣਹਾਰ ਇਕ ਅਖਵਾਈਆ । ਜੋ ਦਿਨੇ ਜਾਗਦਿਆਂ ਰਾਤੀਂ ਸੁਤਿਆਂ ਚਾੜ੍ਹੇ ਰੰਗਣਾ, ਸੁਪਨ ਸਖੋਪਤ ਜਾਗਤ ਤੁਰੀਆ ਆਪਣਾ ਰੰਗ ਰੰਗਾਈਆ । ਉਥੇ ਪੋਹ ਨਾ ਸਕੇ ਪੰਜਣਾ, ਪੰਚਮ ਲੇਖਾ ਰਹੇ ਨਾ ਰਾਈਆ । ਜਗਤ ਸਰੀਰ ਜਗਿਆਸੂਆਂ ਵਾਂਗ ਜਗਤ ਵਿਚ ਜੰਮਣਾ, ਤਤਾਂ ਨਾਲ ਤਤ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਪਰਦਾ ਆਪ ਚੁਕਾਈਆ । ਪਹਿਲੀ ਜੇਠ ਕਹੇ ਜਨ ਭਗਤੋ ਪ੍ਰਭ ਦੇ ਨਾਲ ਕਰ ਲਓ ਰਿਸ਼ਤਾ, ਨਾਤਾ ਇਕੋ ਇਕ ਜੁੜਾਈਆ । ਸੰਦੇਸ਼ਾ ਦੇਵੇ ਜਬਰਾਈਲ ਫ਼ਰਿਸ਼ਤਾ, ਇਜਰਾਈਲ ਮੇਕਾਈਲ ਇਸਰਾਫ਼ੀਲ ਨਿਉਂ ਨਿਉਂ ਸੀਸ ਨਿਵਾਈਆ । ਜਿਹੜਾ ਆਦਿ ਜੁਗਾਦੀ ਸਭ ਦੇ ਲੇਖੇ ਲਿਖਦਾ, ਜਨਮ ਕਰਮ ਦਾ ਡੇਰਾ ਢਾਹੀਆ । ਜਿਸ ਨੇ ਇਸ਼ਟ ਆਪਣਾ ਰੱਖਿਆ ਇਕ ਦਾ, ਏਕੰਕਾਰ ਵਾਹਿਦ ਨੂਰ ਇਲਾਹੀਆ । ਤੁਸਾਂ ਰੂਪ ਧਰਨਾ ਸਾਚੇ ਸਿੱਖ ਦਾ, ਜੋ ਗੋਬਿੰਦ ਸਿਖਿਆ ਗਿਆ ਸਮਝਾਈਆ । ਬਿਨਾ ਪੁਰਖ ਅਕਾਲ ਤੋਂ ਝਗੜਾ ਮਿਟਦਾ ਨਹੀਂ ਨਿਤ ਦਾ, ਆਵਣ ਜਾਵਣ ਪੰਧ ਨਾ ਕੋਇ ਮੁਕਾਈਆ । ਤੁਸਾਂ ਦਰਸ਼ਨ ਕਰਨਾ ਜੋ ਪਿਆਰਾ ਸਾਚੇ ਹਿਤ ਦਾ, ਹਿਤਕਾਰੀ ਹੋ ਕੇ ਮੇਲ ਮਿਲਾਈਆ । ਬਿਨ ਸਤਿਗੁਰ ਸ਼ਬਦ ਮਨੂਆ ਕਿਸੇ ਨਾ ਟਿਕਦਾ, ਮਸਤਕ ਟਿੱਕੇ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰੇ ਆਦਿ ਜੁਗਾਦੀ ਪਿਤ ਦਾ, ਪਤਿਪਰਮੇਸ਼ਵਰ ਬੇਪਰਵਾਹੀਆ ।

੧੮੬੯ ੨੨

ਗ੍ਰੰਥ ਕਹੇ ਮੇਰਾ ਨੰਬਰ ਅਖ਼ੀਰੀ ਬਾਈ, ਬਾਈਬਲ ਦਾ ਬਾਈਵਾਂ ਹਿੱਸਾ ਦਏ ਗਵਾਹੀਆ । ਮੁਹੰਮਦ ਦੀ ਕੁਰਾਨ ਦਏ ਦੁਹਾਈ, ਹਦੀਸ ਇਕੀਸਵੀਂ ਰਾਹ ਤਕਾਈਆ । ਰਾਮ ਬਾਂਹ ਰਿਹਾ ਉਠਾਈ, ਪੰਚਬਟੀ ਆਪਣਾ ਆਸਣ ਲਾਈਆ । ਕ੍ਰਿਸ਼ਨ ਵਾਗਾਂ ਰਿਹਾ ਭਵਾਈ, ਦੀਨ ਦੁਨੀ ਰਬ ਨਾ ਸੰਗ ਰਖਾਈਆ । ਨਾਨਕ ਕਹਿ ਕੇ ਗਿਆ ਚਾਈਂ ਚਾਈਂ, ਧੁਰ ਸੰਦੇਸ਼ਾ ਇਕ ਅਲਾਹੀਆ । ਗੋਬਿੰਦ ਨੇ ਬੂਟਾ ਪੁਟਿਆ ਕਾਹੀ, ਕਾਇਨਾਤ ਦਿਤੀ ਹਿਲਾਈਆ । ਸਤਿਗੁਰ ਸ਼ਬਦ ਨੇ ਕਿਹਾ ਸਭ ਦੀ ਅੰਤ ਦੁਹਾਈ, ਦੋ ਜਹਾਨ ਸੀਸ ਨਾ ਕੋਇ ਉਠਾਈਆ । ਜਿਸ ਵੇਲੇ ਆਵੇ ਮਾਲਕ ਖ਼ਾਲਕ ਧੁਰ ਦਾ ਮਾਹੀ, ਮਹਿਬੂਬ ਨੂਰ ਇਲਾਹੀਆ । ਜਨ ਭਗਤਾਂ ਤੋਂ ਝੱਲੀ ਨਾ ਜਾਏ ਜੁਦਾਈ, ਜੁਦਾ ਜੁਜ਼ ਵੰਡ ਨਾ ਕੋਇ ਵੰਡਾਈਆ । ਜਿਸ ਨੂੰ ਪੈਗ਼ੰਬਰਾਂ ਕਿਹਾ ਉਹ ਨੂਰ ਨੁਰਾਨਾ ਨੂਰ ਇਲਾਹੀ, ਅੱਲਾ ਪਾਕ ਰਸੂਲ ਆਪਣਾ ਖੇਲ ਖਿਲਾਈਆ । ਜਿਸ ਦੀ ਸਭ ਨੇ ਹਾਜ਼ਰ ਹੋ ਕੇ ਦੇਣੀ ਗਵਾਹੀ, ਗਵਾਹ ਖ਼ੁਦ ਆਪਣਾ ਆਪ ਬਣਾਈਆ । ਸਤਿਗੁਰ ਦੀ ਧਾਰ ਈਸਾ ਦੀ ਕਲਾਕ ਬਦਲ ਜਾਣੀ ਉਤੇ ਕਲਾਈ, ਕਲਾ ਜਗਤ ਵਿਚ ਵਰਤਾਈਆ । ਸ਼ਰਅ ਦੀ ਰਹਿਣੀ ਨਹੀਂ ਸ਼ਹਿਨਸ਼ਾਹੀ, ਸ਼ਮਾਂ ਸਭ ਦੀ ਗੁੱਲ ਦਏ ਕਰਾਈਆ । ਜੋ ਆਸ਼ਾ ਰੱਖੀ ਸੀ ਮੁਹੰਮਦ ਨੇ ਜਿਸ ਵੇਲੇ ਅਲੀ ਨੂੰ ਬਣਾਇਆ ਜਵਾਈ, ਹੱਥ ਗਰਦਨ ਪਿਛੇ ਟਿਕਾਈਆ । ਪਿਛੇ ਕਦਮ ਚਲਿਆ ਸੀ ਢਾਈ, ਢਈਆ ਗੋਬਿੰਦ ਵਾਲਾ ਵੇਖ ਵਖਾਈਆ । ਫੇਰ ਉਮਤ ਤਕੀ ਜਿਹੜੀ ਬਣ ਗਈ ਰੂਪ ਕਸਾਈ, ਕਸਮ ਖਾ ਕੇ ਕਿਸਮ ਆਪਣੀ ਗਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੧੮੬੯ ੨੨

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਵੰਡ ਆਪ ਵੰਡਾਈਆ । ਗ੍ਰੰਥ ਕਹੇ ਅਸੀਂ ਬਾਈ ਸਰਸੇ ਦੇ ਵਿਚ ਡੁੱਬੇ, ਗੋਬਿੰਦ ਦਿਤਾ ਟਿਕਾਈਆ । ਸਾਹ ਲੈਂਦੇ ਸਾ ਉਭੇ ਉਭੇ, ਹੌਕਿਆਂ ਵਿਚ ਸੁਣਾਈਆ । ਕਿਹੜੀ ਖੁਬੜੀ ਦੇ ਵਿਚ ਖੁੱਬੇ, ਬਾਹਰ ਸਕੇ ਨਾ ਕੋਇ ਕਢਾਈਆ । ਝਟ ਸ਼ਬਦ ਗੋਬਿੰਦ ਨੇ ਹੁਕਮ ਦਿਤੇ ਗੁੱਝੇ, ਸੰਦੇਸਾ ਅਗੰਮ ਅਥਾਹੀਆ । ਤੁਹਾਨੂੰ ਮਾਣ ਮਿਲਣਾ ਕਲਜੁਗ ਅੰਤਮ ਚੌਥੇ ਜੁਗੇ, ਜੁਗਾਂ ਦਾ ਮਾਲਕ ਹੋਏ ਸਹਾਈਆ । ਸਾਡੇ ਅੰਤਮ ਪੈਂਡੇ ਮੁਕੇ, ਅਗਲਾ ਪੰਧ ਰਿਹਾ ਨਾ ਰਾਈਆ । ਅੱਗੇ ਵਾਸਤੇ ਪ੍ਰਭੂ ਦੇ ਨਾਮ ਦੇ ਪ੍ਰਭੂ ਨੇ ਲੈਣ ਨਹੀਂ ਦੇਣੇ ਭੁੱਗੇ, ਹਿੱਸਾ ਵੰਡ ਨਾ ਕੋਇ ਵੰਡਾਈਆ । ਹੁਣ ਇਕੋ ਸ਼ਬਦ ਨਿਸ਼ਾਨਾ ਉਡੇ, ਉਗਣ ਆਥਣ ਸੋਭਾ ਪਾਈਆ । ਸਤਿਗੁਰ ਦੇ ਰੂਪ ਕਦੀ ਨਹੀਂ ਹੁੰਦੇ ਬੁੱਢੇ, ਸਤਿਗੁਰ ਸ਼ਬਦ ਸਦਾ ਵੱਜਦੀ ਰਹੇ ਵਧਾਈਆ । ਤਨਾਂ ਵਾਲੇ ਵਜੂਦਾਂ ਵਾਲੇ ਅੰਤਮ ਲਗ ਜਾਂਦੇ ਜਗਤ ਵਾਲੀ ਖੁੱਡੇ, ਚੁਰਾਸੀ ਵਿਚੋਂ ਬਾਹਰ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਰਮਜ਼ ਸਮਝ ਵਿਚੋਂ ਨਾ ਬੁੱਝੇ, ਅਕਲ ਬੁੱਧੀ ਚਲੇ ਨਾ ਕੋਇ ਚਤੁਰਾਈਆ ।

## ੫ ਜੇਠ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ



ਸਤਿਗੁਰ ਸ਼ਬਦ ਪਾਇਆ ਵਾਸਤਾ, ਜੋਤ ਜੋਤ ਜੋਤ ਸੀਸ ਨਿਵਾਈਆ । ਤੇਰਾ ਨਿਰਗੁਣ ਸਰਗੁਣ ਰਾਸਤਾ, ਰਸਤਾ ਮਾਰਗ ਅਗੰਮ ਅਥਾਹੀਆ । ਖੇਲ ਵੇਖਣਾ ਆਹਿਸਤਾ ਆਹਿਸਤਾ, ਜੁਗ ਚੌਕੜੀ ਧਿਆਨ ਲਗਾਈਆ । ਕਿਸੇ ਹੋਣ ਨਾ ਦੇਵੀਂ ਨਿਰਾਸਤਾ, ਸੀਸ ਜਗਦੀਸ ਹੱਥ ਟਿਕਾਈਆ । ਖੇਲ ਕਰਨਾ ਆਪਣੇ ਮੰਡਲ ਰਾਸ ਦਾ, ਰਹਿਬਰ ਹੋ ਕੇ ਵੇਖ ਵਖਾਈਆ । ਭੇਵ ਚੁਕਾਉਣਾ ਹੱਡ ਮਾਸ ਨਾੜੀ ਪਵਣ ਸਵਾਸ ਦਾ, ਸਾਹ ਸਾਹ ਪਰਦਾ ਆਪ ਉਠਾਈਆ । ਸਾਹਿਬ ਸਵਾਮੀ ਸਚ ਆਖਦਾ, ਸਤਿ ਤੇਰੀ ਵਡਿਆਈਆ । ਤੇਰਾ ਖੇਲ ਅਲੱਖਣਾ ਅਲਾਖ ਦਾ, ਅਲਖ ਅਗੋਚਰ ਲਖਿਆ ਨਾ ਜਾਈਆ । ਤੂੰ ਨੂਰ ਨੁਰਾਨਾ ਇਕੋ ਜਾਪਦਾ, ਦੂਜਾ ਨਜ਼ਰ ਕੋਇ ਨਾ ਆਈਆ । ਮੈਂ ਸਭ ਦੇ ਲੇਖੇ ਵਾਚਦਾ, ਸਚ ਮਾਲਕ ਬੇਪਰਵਾਹੀਆ । ਮੇਰਾ ਲਹਿਣਾ ਯਾਦ ਕਰ ਲੈ ਭਵਿਖਤ ਵਾਕ ਦਾ, ਵਾਕਫ਼ਕਾਰ ਹੋ ਕੇ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੇਰਾ ਇਕੋ ਤਰਲਾ, ਮਿੰਨਤ ਵਿਚ ਸੀਸ ਨਿਵਾਈਆ । ਜੁਗ ਚੌਕੜੀ ਇਕੋ ਤੈਨੂੰ ਵਰਨਾ, ਦੂਜਾ ਸੰਗ ਨਾ ਕੋਇ ਬਣਾਈਆ । ਮੈਂ ਆਦਿ ਜੁਗਾਦਿ ਕਦੇ ਨਹੀਂ ਮਰਨਾ, ਜੀਵਣ ਮਰਨ ਵਿਚ ਕਦੇ ਨਾ ਆਈਆ । ਮੈਂ ਅੱਖਰਾਂ ਵਾਲਾ ਨਾਮ ਕਦੇ ਨਹੀਂ ਪੜ੍ਹਨਾ, ਨਿਸ਼ਅੱਖਰ ਦੇਣਾ ਸਮਝਾਈਆ । ਮੇਰਾ ਭੇਵ ਰਹੇ ਨਾ ਚੋਟੀ ਜੜ੍ਹਨਾ, ਜੜ੍ਹ ਚੇਤਨ ਸੰਗ ਨਾ ਕੋਇ ਬਣਾਈਆ । ਜਲਧਾਰ ਵਹਿਣ ਨਹੀਂ ਹੜ੍ਹਨਾ, ਸਮੁੰਦ ਸਾਗਰ ਨਾ ਕੋਇ ਡੁਬਾਈਆ । ਮੈਨੂੰ ਸਚ ਦੱਸ ਕੀ ਖੇਲ ਜੁਗ ਜੁਗ ਕਰਨਾ, ਕਰਨੀ ਕਰਤੇ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਮੈਂ ਦੱਸਾਂ ਸਾਚਾ ਹਿਤ, ਹਿਤਕਾਰੀ ਹੋ ਕੇ ਸੀਸ ਨਿਵਾਈਆ । ਤੇਰਾ ਖੇਲ ਵੇਖਾਂ ਨਿਤ, ਨਿਤ ਨਿਤ ਤੇਰਾ ਸੰਗ ਬਣਾਈਆ ।

ਜਿਸ ਕਾਰਨ ਆਏਂ ਲੋਕਮਾਤ ਨਵਿਤ, ਨਰ ਨਰਾਇਣ ਫੇਰਾ ਪਾਈਆ । ਕਿਸ ਤਨ ਵਜੂਦ ਵਸੇਂ ਚਿਤ, ਮਾਟੀ ਖ਼ਾਕ ਸੋਭਾ ਪਾਈਆ । ਮੇਰੇ ਸਾਹਿਬ ਪਰਮੇਸ਼ਵਰ ਪਿਤ, ਪੜਦਾ ਓਹਲਾ ਦੇਣਾ ਉਠਾਈਆ । ਕੀ ਲੇਖਾ ਦਏਂ ਲਿਖ, ਅੱਖਰ ਅੱਖਰਾਂ ਨਾਲ ਮਿਲਾਈਆ । ਕੀ ਸਿਖਿਆ ਦੇਵੇਂ ਸਿਖ, ਸਾਖਿਆਤ ਸਮਝਾਈਆ । ਕਿ ਮਾਲਕ ਹੋਵੇਂ ਇਕ, ਏਕੰਕਾਰ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਪੁਰਖ ਅਕਾਲ ਕਹੇ ਸੁਣ ਸ਼ਬਦੀ ਸੁਤ ਦੁਲਾਰ, ਦੂਲ੍ਹੇ ਦਿਆਂ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣਨਾ ਸੇਵਾਦਾਰ, ਲੱਖ ਚੁਰਾਸੀ ਸੰਗ ਬਣਾਈਆ । ਫੇਰ ਖੇਲ ਕਰਾਂ ਅਪਾਰ, ਅਪਰੰਪਰ ਹੋ ਕੇ ਆਪ ਕਰਾਈਆ । ਪੰਜਾਂ ਤਤਾਂ ਦਿਆਂ ਆਧਾਰ, ਮਾਨਸ ਜ਼ਾਤੀ ਖੋਜ ਖੁਜਾਈਆ । ਜੋਤੀ ਨੂਰ ਕਰ ਉਜਿਆਰ, ਸ਼ਬਦੀ ਸ਼ਬਦ ਡੰਕ ਵਜਾਈਆ । ਰੂਪ ਧਰਾਂ ਵਿਚ ਸੰਸਾਰ, ਆਪ ਆਪਣਾ ਵੇਸ ਵਟਾਈਆ । ਤੇਈ ਤਤਾਂ ਵਾਲੇ ਲੈ ਅਵਤਾਰ, ਆਪਣੀ ਕਾਰ ਭੁਗਤਾਈਆ । ਸੰਦੇਸਾ ਦੇਵਾਂ ਧੁਰ ਦੀ ਧਾਰ, ਧੁਰ ਦਾ ਹੁਕਮ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਪੁਰਖ ਅਕਾਲ ਕਹੇ ਪੰਜਾਂ ਤਤਾਂ ਦੇਵਾਂ ਮਾਣ, ਤਨ ਵਜੂਦ ਵਡਿਆਈਆ । ਸ਼ਬਦੀ ਸ਼ਬਦ ਦੇ ਧੁੰਨਕਾਨ, ਅਗੰਮ ਆਵਾਜ਼ ਸੁਣਾਈਆ । ਰਸ ਅੰਮ੍ਰਿਤ ਪੀਣ ਖਾਣ, ਬਖ਼ਸ਼ਿਸ਼ ਕਰਾਂ ਚਾਈਂ ਚਾਈਂਆ । ਸੁਤ ਦੁਲਾਰੇ ਤੇਰਾ ਸੰਗ ਬਣਾਵਾਂ ਮਹਾਨ, ਸਗਲਾ ਸੰਗ ਵਖਾਈਆ । ਅਵਤਰ ਰੂਪ ਹੋ ਵਿਚ ਜਹਾਨ, ਭੱਜਾਂ ਵਾਹੋ ਦਾਹੀਆ । ਤਰਕਸ਼ ਫੜਾਂ ਕਮਾਨ, ਰਥਾਂ ਰਥ ਭਵਾਈਆ । ਜੁਗ ਜੁਗ ਖੇਲ ਮਹਾਨ, ਆਪਣੇ ਹੱਥ ਰਖਾਈਆ । ਤਤਾਂ ਤਤਵ ਦਿਆਂ ਦਾਨ, ਨੂਰ ਨੂਰ ਰੁਸ਼ਨਾਈਆ । ਪੈਗ਼ੰਬਰਾਂ ਕਰ ਇਲਹਾਮ, ਆਲਮੀਨ ਪੜਦਾ ਇਕ ਚੁਕਾਈਆ । ਕਲਮਾ ਦੱਸ ਕਲਾਮ, ਕਾਇਨਾਤ ਸੁਣਾਈਆ । ਸਾਰੇ ਕਰਨ ਪਰਨਾਮ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਪੁਰਖ ਅਕਾਲ ਖ਼ੁਸ਼ੀ ਨਾਲ ਪਿਆ ਹੱਸ, ਸਤਿਗੁਰ ਸ਼ਬਦ ਜਣਾਈਆ । ਫਿਰ ਤਨ ਵਜੂਦ ਜਾਮੇ ਧਾਰਾਂ ਦਸ, ਗੁਰ ਗੁਰ ਲੋਕਮਾਤ ਵਡਿਆਈਆ । ਅੰਮ੍ਰਿਤ ਬਖ਼ਸ਼ਾਂ ਰਸ, ਨਿਜਰ ਇਕ ਝਿਰਾਈਆ । ਆਪਣੇ ਕਰਾਂ ਵਸ, ਸਿਰ ਸਿਰ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ ਜੁਗ ਜੁਗ ਅਵਤਾਰ ਪੈਗ਼ੰਬਰ ਰੂਪ ਧਰਾਂ, ਤਤ ਤਤ ਵਡਿਆਈਆ । ਨਾ ਜਨਮਾਂ ਨਾ ਮਰਾਂ, ਚੁਰਾਸੀ ਵੰਡ ਨਾ ਕੋਇ ਵੰਡਾਈਆ । ਸਾਚੀ ਕਰਨੀ ਕਾਰ ਕਰਾਂ, ਕਰਕੇ ਦਿਆਂ ਵਖਾਈਆ । ਨਰ ਨਰਾਇਣ ਹੋ ਕੇ ਵਰਾਂ, ਆਪਣਾ ਮੇਲ ਮਿਲਾਈਆ । ਅਗਲਾ ਭੇਵ ਦੱਸਾਂ ਜ਼ਰਾ, ਜ਼ਾਹਰ ਜ਼ਹੂਰ ਰੁਸ਼ਨਾਈਆ । ਤਨ ਵਜੂਦ ਜਗਤ ਬਣਾਵਾਂ ਸ਼ਰਅ, ਸ਼ਰੀਅਤ ਸੰਗ ਰਖਾਈਆ । ਇਕੋ ਹੁਕਮ ਦੇਵਾਂ ਖਰਾ, ਖ਼ਾਲਸ ਆਪ ਦ੍ਰਿੜਾਈਆ । ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰ ਹੋ ਕੇ ਤਤਾਂ ਵਿਚ ਵੜਾਂ, ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਚ ਸਚ ਸੁਣਾਈਆ । ਪੁਰਖ ਅਕਾਲ ਕਹੇ ਸਤਿਗੁਰ ਸ਼ਬਦ ਜਿਸ ਵੇਲੇ ਅਵਤਾਰ ਪੈਗ਼ੰਬਰ ਗੁਰੂਆਂ ਬੀਤਿਆ ਸਮਾਂ, ਸਮਾਪਤ ਪਿਛਲੀ ਖੇਲ ਕਰਾਈਆ । ਅਗਲਾ ਹੁਕਮ ਦੱਸਣਾ ਨਵਾਂ, ਨਰ ਨਿਰੰਕਾਰ ਹੋ ਕੇ ਆਪ ਦ੍ਰਿੜਾਈਆ । ਬ੍ਰਹਿਮੰਡਾਂ ਖੰਡਾਂ ਫਿਰਾਂ ਵਿਚ ਚਵਾਂ, ਦੋ ਜਹਾਨਾਂ ਭੱਜਾਂ

ਵਾਹੋ ਦਾਹੀਆ । ਸਚ ਦਵਾਰੇ ਸਾਚੇ ਰਹਵਾਂ, ਸਚ ਸਿੰਘਾਸਣ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੇਰੇ ਅੰਦਰ ਉਪਜਿਆ ਇਕ ਤਰਾਨਾ, ਤੁਰੀਆ ਤੋਂ ਬਾਹਰ ਜਣਾਈਆ । ਪੁਰਖ ਅਕਾਲ ਪਹਿਰੇ ਬਾਨਾ, ਜੁਗ ਜੁਗ ਵੇਸ ਵਟਾਈਆ । ਆਹ ਕਲਮਾ ਦੱਸੇ ਕਲਾਮਾ, ਕਾਇਨਾਤ ਪੜ੍ਹਾਈਆ । ਰੂਪ ਧਰੇ ਅਮਾਮਾ, ਨੂਰ ਨੁਰਾਨਾ ਨੂਰ ਇਲਾਹੀਆ । ਵੇਸ ਵਟਾਏ ਧੁਰ ਦਾ ਕਾਹਨਾ, ਘਨਈਆ ਸੀਸ ਝੁਕਾਈਆ । ਜਿਸ ਦਾ ਵੱਜੇ ਇਕ ਦਮਾਮਾ, ਗੋਬਿੰਦ ਰਿਹਾ ਸੁਣਾਈਆ । ਉਹ ਲੇਖਾ ਵੇਖੇ ਦੋ ਜਹਾਨਾਂ, ਚਾਰੋਂ ਕੁੰਟ ਫੇਲ ਫੁਲਾਈਆ । ਕਲਜੁਗ ਅੰਤਮ ਪਹਿਰੇ ਬਾਣਾ, ਬਾਣ ਅਣਿਆਲਾ ਤੀਰ ਉਠਾਈਆ । ਸ਼ਰੀਅਤ ਵਿਚ ਨਾ ਹੋਇ ਗ਼ੁਲਾਮਾ, ਬੰਧਨ ਬੰਧ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਤੇਰਾ ਖੇਲ ਕੀ ਅਖ਼ੀਰੀ, ਆਖ਼ਰ ਦੇ ਜਣਾਈਆ । ਚਾਰ ਜੁਗ ਦੀ ਚਲਣੀ ਪੀੜ੍ਹੀ, ਭੱਜਣੀ ਵਾਹੋ ਦਾਹੀਆ । ਤੂੰ ਮਾਲਕ ਖ਼ਾਲਕ ਬੇਨਜ਼ੀਰੀ, ਬੇਨਜ਼ੀਰ ਬੇਪਰਵਾਹੀਆ । ਕੁਛ ਲੇਖਾ ਦੱਸ ਤਹਿਰੀਰੀ, ਤਹਿਰੀਰ ਵਿਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਿਹਾ ਸੁਣ ਸਤਿਗੁਰ ਸ਼ਬਦ ਮੇਰੇ ਦੂਤ, ਦੁਤੀਆ ਭੇਵ ਚੁਕਾਈਆ । ਅਵਤਾਰ ਪੈਗ਼ੰਬਰ ਗੁਰੂਆਂ ਤੋਂ ਬਾਦ ਪੰਜ ਤਤ ਧਰਾਂ ਕਲਬੂਤ, ਕਾਇਆ ਇਕ ਵਡਿਆਈਆ ।

੧੯੭੨ ਦਰੋਹੀ ਫੇਰ ਕੇ ਚਾਰੇ ਕੂਟ, ਕੁੰਟਾਂ ਦਿਆਂ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ੧੯੭੨

੨੨ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਿਹਾ ਮੈਂ ਵਜਾਵਾਂ ਇਕ ਡੰਕ, ਕਲਜੁਗ ਅੰਤ ਅੰਤ ਸੁਣਾਈਆ । ਕਿਸੇ ਰਹਿਣ ਨਾ ਦੇਵਾ ਸ਼ੰਕ, ਸਹਿਸਾ ਆਪ ਮਿਟਾਈਆ । ਸਤਿਗੁਰ ਸ਼ਬਦ ਯਾਦ ਰੱਖੀਂ ਮੇਰਾ ਖੇਲ ਹੋਣਾ ਵਿਚ ਪੁਰੀ ਘਨਕ, ਅਨਕ ਕਲ ਆਪਣੀ ਕਾਰ ਭੁਗਤਾਈਆ । ਪੰਚਮ ਜੇਠ ਰਹੇ ਨਾ ਸ਼ੰਕ, ਸਹਿਸਾ ਦੂਰ ਕਰਾਈਆ । ਉਨੀ ਸੌ ਅਠਤਾਲੀ ਬਿਕ੍ਰਮੀ ਹੋਵੇ ਅੰਕ, ਅੰਕੜਿਆਂ ਨਾਲ ਗਵਾਹੀਆ । ਜਗਤ ਬਣਾਉਣੀ ਬਣਤ, ਬਸਨ ਬਨਵਾਰੀ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਿਹਾ ਕੀ ਖੇਲ ਕਰੇਂ ਵਿਚ ਸ਼ਰੀਰ, ਸਤਿ ਸਚ ਦੇ ਜਣਾਈਆ । ਤੂੰ ਮਾਲਕ ਪੀਰਨ ਪੀਰ, ਬੇਪਰਵਾਹ ਨੂਰ ਇਲਾਹੀਆ । ਕਿਸ ਬਿਧ ਦੇਵੇਂ ਧੀਰ, ਧਰਨੀ ਧਵਲ ਧੀਰ ਧਰਾਈਆ । ਕਿਸ ਬਿਧ ਬਦਲੇਂ ਚੀਰ, ਤਨ ਵਜੂਦ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਹੇ ਸੁਣ ਸ਼ਬਦ ਹੁਕਮ ਅਧਾਰੀ, ਹੁਕਮ ਦਿਆਂ ਜਣਾਈਆ । ਜੁਗ ਚੌਕੜੀ ਖੇਲ ਅਪਾਰੀ, ਨਿਰਗੁਣ ਸਰਗੁਣ ਤੇਰੀ ਧਾਰ ਚਲਾਈਆ । ਸਤਿਜੁਗ ਤ੍ਰੇਤਾ ਦੁਆਪਰ ਖੇਲ ਹੋਵੇ ਨਿਆਰੀ, ਅਵਤਾਰ ਪੈਗ਼ੰਬਰ ਗੁਰੂ ਤੇਰਾ ਸੰਗ ਬਣਾਈਆ । ਨਾਮ ਕਲਮਾ ਤਨ ਜਾਣ ਉਚਾਰੀ, ਸਿਫ਼ਤਾਂ ਨਾਲ ਵਡਿਆਈਆ । ਫਿਰ ਮੰਗਣ ਮੰਗ ਬਣ ਭਿਖਾਰੀ, ਦਰ ਠਾਂਡੇ ਸੀਸ ਝੁਕਾਈਆ । ਕਿਰਪਾ ਕਰ ਸੱਚੀ ਸਰਕਾਰੀ, ਸ਼ਹਿਨਸ਼ਾਹ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਹੇ ਸਤਿਗੁਰ ਸ਼ਬਦ ਜਗਤ ਰਹਿਣਾ ਨਹੀਂ ਕੋਈ

੧੯੭੩ ੨੨

ਤਨ, ਗੁਰ ਅਵਤਾਰ ਪੈਗ਼ੰਬਰ ਨਜ਼ਰ ਕੋਇ ਨਾ ਆਈਆ । ਜੋ ਘੜਿਆ ਸੋ ਦੇਵਾਂ ਭੰਨ, ਭੰਨਣਹਾਰ ਆਪ ਅਖਵਾਈਆ । ਪੰਜ ਜੇਠ ਘਰ ਤਾਬੇ ਚੜ੍ਹਨਾ ਚੰਨ, ਜਵੰਦ ਸਿੰਘ ਰੁਸ਼ਨਾਈਆ । ਫੇਰ ਖੇਲ ਕਰਨਾ ਜਿਸ ਨੂੰ ਸਮਝੇ ਕੋਇ ਨਾ ਮਨ, ਬੁੱਧੀ ਭੇਵ ਕੋਇ ਨਾ ਪਾਈਆ । ਇਹ ਮਾਇਆ ਤ੍ਰੈਗੁਣ ਲੇਖਾ ਮੁਕਾਉਣਾ ਮਾਟੀ ਚੰਮ, ਚੰਮ ਦ੍ਰਿਸ਼ਟੀ ਦ੍ਰਿਸ਼ਟ ਬਦਲਾਈਆ । ਤਨ ਵਜੂਦ ਭਾਂਡਾ ਦੇਣਾ ਭੰਨ, ਲੋਕਮਾਤ ਰਹਿਣ ਨਾ ਪਾਈਆ । ਨੂਰੀ ਜੋਤ ਜੋਤ ਦਾ ਚੰਨ, ਚੰਨ ਚੰਨ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਜੇ ਤਨ ਮਾਟੀ ਭਾਂਡਾ ਦਿਤਾ ਫੋੜ, ਵਜੂਦ ਰਿਹਾ ਨਾ ਰਾਈਆ । ਫਿਰ ਕਿਧਰ ਜਾਏਂ ਦੌੜ, ਪੜਦਾ ਦੇਣਾ ਚੁਕਾਈਆ । ਤੈਨੂੰ ਤਕੀਏ ਨਾਲ ਗ਼ੌਰ, ਗਹਿਰ ਗਵਰ ਵੇਖ ਵਖਾਈਆ । ਪੁਰਖ ਅਕਾਲ ਕਿਹਾ ਮੇਰਾ ਖੇਲ ਅਵਰ ਕਾ ਔਰ, ਅਵਰ ਦਿਆਂ ਜਣਾਈਆ । ਤਨ ਵਜੂਦ ਝੁੱਲੇ ਕੋਇ ਨਾ ਚੌਰ, ਚਵਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਪਰਗਟਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਜਿਸ ਵੇਲੇ ਰਿਹਾ ਨਾ ਭਾਂਡਾ ਕੱਚਾ, ਤਨ ਨਜ਼ਰ ਕੋਇ ਨਾ ਆਈਆ । ਕੁਛ ਅਗਲਾ ਦੱਸ ਪਤਾ, ਅਵਤਾਰ ਪੈਗ਼ੰਬਰ ਗੁਰ ਸਾਰੇ ਬੈਠੇ ਰਾਹ ਤਕਾਈਆ । ਭੇਵ ਖੋਲ੍ਹ ਦੇ ਰਤਾ, ਰਤਨ ਅਮੋਲਕ ਹੀਰੇ ਆਪ ਉਪਜਾਈਆ । ਸਾਚੀ ਸਤਿਗੁਰ ਵਾਲੀ ਦੇ ਮਤਾ, ਕੂੜ ਮਤ ਰਹੇ ਨਾ ਰਾਈਆ । ਪੁਰਖ ਅਕਾਲ ਖਿੜ ਖਿੜਾ ਕੇ ਹੱਸਾ, ਖ਼ੁਸ਼ੀਆਂ ਵਿਚ ਨਚਾਈਆ । ਜਿਸ ਵੇਲੇ ਕਲਜੁਗ ਅੰਤਮ ਅੰਧੇਰੀ ਹੋਈ ਮੱਸਾ, ਸਾਚਾ ਚੰਦ ਨਾ ਕੋਇ ਚਮਕਾਈਆ । ਉਸ ਵੇਲੇ ਖੇਲ ਵੇਖੀਂ ਬਿਨਾ ਅੱਖਾਂ, ਸ਼ਬਦੀ ਸ਼ਬਦ ਸ਼ਬਦ ਸਮਝਾਈਆ । ਜਿਸ ਦੀਆਂ ਅਵਤਾਰ ਪੈਗ਼ੰਬਰਾਂ ਗੁਰੂਆਂ ਪਾਈਆ ਦੱਸਾਂ, ਉਹ ਪੜਦਾ ਦਿਆਂ ਚੁਕਾਈਆ । ਮੈਂ ਸੰਬਲ ਖੇੜੇ ਵਸਾਂ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਹੇ ਮੈਂ ਦੱਸਾਂ ਖੇਲ ਅਪਾਰਾ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਜਣਾਈਆ । ਤੂੰ ਸ਼ਬਦੀ ਸੁਤ ਦੁਲਾਰਾ, ਦੂਲ੍ਹਾ ਇਕ ਅਖਵਾਈਆ । ਮੈਂ ਆਪਣੇ ਰੰਗ ਰਵਾਂ ਨਿਰੰਕਾਰਾ, ਜੁਗ ਜੁਗ ਆਪਣੀ ਕਾਰ ਭੁਗਤਾਈਆ । ਸੰਬਲ ਨਗਰ ਮਹੱਲ ਉਸਾਰਾਂ, ਸੋਹਣੀ ਬਣਤ ਬਣਾਈਆ । ਜਿਸ ਦੀਆਂ ਜਗਤ ਦਿਸਣ ਨਾ ਚਾਰ ਦੀਵਾਰਾ, ਛੱਪਰ ਛੰਨ ਨਾ ਕੋਇ ਸੁਹਾਈਆ । ਪੱਥਰ ਇੱਟ ਨਾ ਲਾਵਾਂ ਗਾਰਾ, ਦੂਜੀ ਵੰਡ ਨਾ ਕੋਇ ਰਖਾਈਆ । ਸਾਢੇ ਤਿੰਨ ਹੱਥ ਕਰਾਂ ਤਿਆਰਾ, ਤ੍ਰੈਭਵਣ ਧਨੀ ਹੋ ਕੇ ਵੇਖ ਵਖਾਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਕਰ ਪਿਆਰਾ, ਪ੍ਰੀਤਮ ਹੋ ਕੇ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਤੇਰਾ ਸੰਬਲ ਕਿਹੜਾ ਦੇਸ, ਸੁਹੰਜਣਾ ਕਵਣ ਜਣਾਈਆ । ਪੁਰਖ ਅਕਾਲ ਕਿਹਾ ਅਗੰਮਾ ਲੇਖ, ਲਿਖਣ ਵਿਚ ਨਾ ਕੋਇ ਸਮਝਾਈਆ । ਜਿਸ ਵੇਲੇ ਆਵਾਂ ਜੋਤੀ ਧਰ ਕੇ ਭੇਸ, ਅਵੱਲੜਾ ਭੇਖ ਵਟਾਈਆ । ਦੀਨ ਦੁਨੀ ਲਵਾਂ ਵੇਖ, ਚਾਰੋਂ ਕੁੰਟ ਪੜਦਾ ਲਾਹੀਆ । ਆਪਣਾ ਧਾਮ ਟਿਕਾਣਾ ਬਣਾਵਾਂ ਏਕ, ਏਕੰਕਾਰ ਹੋ ਕੇ ਸੋਭਾ ਪਾਈਆ । ਜਿਸ ਦੀ ਆਸ਼ਾ ਰੱਖ ਕੇ ਗਿਆ ਗੁਰ ਤੇਗ਼ ਬਹਾਦਰ ਟੇਕ, ਟਿੱਕੇ ਮਸਤਕ ਖ਼ਾਕ ਰਮਾਈਆ । ਉਸ ਦਾ ਲੇਖਾ ਪੂਰਾ ਕਰਨਾ ਹੇਤ, ਹਿਤਕਾਰੀ ਹੋ ਕੇ ਮੇਲ ਮਿਲਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਿਹਾ ਮੇਰਾ ਖੇਲ ਹੋਣਾ ਅਪਾਰ, ਸਤਿਗੁਰ ਸ਼ਬਦ ਦਿਆਂ ਸਮਝਾਈਆ । ਜੋ ਆਸਾ ਰੱਖ ਕੇ ਗਏ ਤੇਈ ਅਵਤਾਰ, ਦੂਆ ਤੀਆ ਨਾਲ ਮਿਲਾਈਆ । ਸੋ ਸੰਬਲ ਗ੍ਰਿਹਿ ਕਰਾਂ ਤਿਆਰ, ਆਪ ਆਪਣੀ ਵੰਡ ਵੰਡਾਈਆ । ਨਵਾਂ ਮਹੱਲ ਦਿਆਂ ਉਸਾਰ, ਘਾੜਤ ਘੜਨ ਆਪ ਘੜਾਈਆ । ਜਿਸ ਵੇਲੇ ਤੇਈ ਸਾਲ ਜੋਬਨ ਅਵਸਥਾ ਹੋਵੇ ਸਿੰਘ ਸ਼ੇਰ ਉਜਿਆਰ, ਆਪਣਾ ਬਲ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਆਪਣਾ ਰੰਗ ਰੰਗਾਈਆ । ਪੁਰਖ ਅਕਾਲ ਕਿਹਾ ਮੇਰਾ ਖੇਲ ਅਗੰਮਾ ਖ਼ਾਸ, ਖ਼ਾਲਸ ਦਿਆਂ ਜਣਾਈਆ । ਸਤਿਗੁਰ ਸ਼ਬਦ ਕਰਨਾ ਵਿਸ਼ਵਾਸ, ਵਿਸ਼ਾ ਅਵਰ ਨਾ ਕੋਇ ਦ੍ਰਿੜਾਈਆ । ਅੰਤ ਸ਼ੇਰ ਸਿੰਘ ਦਾ ਸਰੀਰ ਹੋਣਾ ਨਾਸ, ਲੋਕਮਾਤ ਰਹਿਣ ਨਾ ਪਾਈਆ । ਮੇਰਾ ਨੂਰ ਹੋਵੇ ਪ੍ਰਕਾਸ਼, ਨੂਰ ਨੁਰਾਨਾ ਡਗਮਗਾਈਆ । ਜਿਸ ਨੂੰ ਝੁਕਣੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਸੀਸ ਝੁਕਾਈਆ । ਉਸ ਦਾ ਭੇਤ ਖੋਲ੍ਹਾਂ ਖ਼ਾਸ, ਖ਼ਾਲਸ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਖੁਲ੍ਹਾਈਆ । ਪੁਰਖ ਅਕਾਲ ਕਿਹਾ ਸਤਿਗੁਰ ਸ਼ਬਦ ਕਰ ਲੈ ਗ਼ੌਰ, ਧਿਆਨ ਵਿਚ ਧਿਆਨ ਰਖਾਈਆ । ਮੇਰਾ ਖੇਲ ਹੋਣਾ ਅਵਰ ਕਾ ਔਰ, ਔਰਤ ਮਰਦ ਸਮਝੇ ਕੋਇ ਨਾ ਰਾਈਆ । ਜਿਸ ਦੀਨ ਦੁਨੀ ਦਾ ਬਦਲਣਾ ਦੌਰ, ਦੋਹਰੀ ਆਪਣੀ ਕਲ ਪਰਗਟਾਈਆ । ਸ਼ਬਦੀ ਧਾਰ
੧੮੭੪ ਜੋਤ ਦਾ ਮੋੜ, ਅਗੰਮ ਆਪਣਾ ਰੰਗ ਰੰਗਾਈਆ । ਜਿਸ ਨੂੰ ਕਹਿੰਦੇ ਬ੍ਰਾਹਮਣ ਗੌੜ, ਅਮਾਮ ਅਮਾਮਾ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ੧੮੭੪
੨੨ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਪੁਰਖ ਅਕਾਲ ਕਹੇ ਸਤਿਗੁਰ ਸ਼ਬਦ ਉਹ ਵੇਖ ਲੈ ਆਪਣਾ ਪੱਤਰ, ਪਤਿਰਕਾ ੨੨
ਦਿਆਂ ਦ੍ਰਿੜਾਈਆ । ਬਿਕ੍ਰਮੀ ਤਕ ਲੈ ਉਨੀ ਸੌ ਇਕੱਤਰ, ਸੱਤ ਇਕ ਮੇਲ ਮਿਲਾਈਆ । ਪੰਚਮ ਜੇਠ ਹੋਵੇ ਨਛੱਤਰ, ਗ੍ਰਿਹਿ ਮਿਲੇ ਵਡਿਆਈਆ । ਸਚ ਤਨ ਹੋਵੇ ਅਗੰਮਾ ਰਤਨ, ਜਿਸ ਦੀ ਕੀਮਤ ਨਾ ਕੋਇ ਚੁਕਾਈਆ । ਧਰਨੀ ਉਤੇ ਚਲਾਉਣਾ ਰਥਨ, ਰਥਵਾਹੀ ਆਪ ਅਖਵਾਈਆ । ਜਿਸ ਸਭ ਨੂੰ ਕਰਨਾ ਮਥਨ, ਮਿਥਿਆ ਦਿਸੇ ਲੋਕਾਈਆ । ਝਗੜਾ ਮੇਟਣਾ ਰਟਨ, ਰੱਟਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ ਬਿਕ੍ਰਮੀ ਉਨੀ ਸੌ ਇਕੱਤਰ ਤੱਕ, ਉਨੀ ਸੌ ਚੌਦਾਂ, ਸੱਚੀ ਵੱਜੀ ਵਧਾਈਆ । ਤਨ ਵਜੂਦ ਸਰੀਰ ਆਇਆ ਗਾਉਂਦਾ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਜਿਸ ਨਾਮ ਵਡਿਆਇਆ ਆਪਣੀ ਮਾਂ ਦਾ, ਬਿਸ਼ਨ ਕੌਰ ਜਣੇਂਦੀ ਮਾਈਆ । ਪਾਲ ਸਿੰਘ ਦੀ ਗੋਦ ਸੁਹਾਉਂਦਾ, ਸੋਹਣਾ ਰੰਗ ਰੰਗਾਈਆ । ਹਰਿ ਕੌਰ ਦੀ ਯਦ ਨੂੰ ਭਾਗ ਲਗਾਉਂਦਾ, ਸਿੰਘ ਹੀਰਾ ਨਾਲ ਤਰਾਈਆ । ਆਤਮ ਸਿੰਘ ਸੁੰਦਰ ਸਿੰਘ ਨਾਲ ਵਡਿਆਉਂਦਾ, ਜੀਵਣ ਸਿੰਘ ਨਾਲ ਤਰਾਈਆ । ਬੰਤੋ ਤੇਜੋ ਨੂਰ ਰੁਸ਼ਨਾਉਂਦਾ, ਸੋਹਣਾ ਖੇਲ ਖਿਲਾਈਆ । ਨੌਂ ਵਾਰ ਅੱਖਾਂ ਮੀਟ ਕੇ ਬੰਦ ਕਰਾਉਂਦਾ, ਨੌਂ ਵਾਰ ਫੇਰ ਖੁਲ੍ਹਾਈਆ । ਨੌਂ ਵਾਰ ਰੋ ਕੇ ਹਾਲ ਸੁਣਾਉਂਦਾ, ਸਾਹਿਬ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਤੱਕਿਆ ਜਗਤ ਸ਼ਰੀਰ, ਤਨ ਮਾਟੀ ਵੇਖ ਵਖਾਈਆ । ਜਿਸ ਨੂੰ ਡੰਡਾਵਤ ਕੀਤੀ ਕਬੀਰ, ਨਿਉਂ ਨਿਉਂ ਸੀਸ ਝੁਕਾਈਆ । ਪੈਗ਼ੰਬਰਾਂ

ਕਿਹਾ ਦਸਤਗੀਰ, ਦਸਤ ਦਸਤ ਨਾਲ ਰਖਾਈਆ । ਅਵਤਾਰ ਕਹਿਣ ਬੇਨਜ਼ੀਰ, ਤਨ ਵਜੂਦ ਦਿਤਾ ਬਣਾਈਆ । ਗੁਰੂਆਂ ਕਿਹਾ ਅੰਮ੍ਰਿਤ ਠਾਂਡਾ ਸੀਰ, ਝਿਰਨਾ ਅਗੰਮ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਿਹਾ ਜਨਮਿਆ ਪੂਤ ਪੰਜ ਤਤ, ਘਰ ਵੱਜੀ ਵਧਾਈਆ । ਝਗੜਾ ਮਿਟਿਆ ਮਾਸ ਰਤ, ਕੂੜ ਕੁੜਿਆਰਾ ਡੇਰਾ ਢਾਈਆ । ਅੰਤਰ ਉਪਜੀ ਧਰਮ ਮਤ, ਨਾਮ ਸਤਿ ਜਣਾਈਆ । ਤੇਰਾ ਮਾਲਕ ਪਰਮੇਸ਼ਵਰ ਪਤਿ, ਪਰਮ ਪੁਰਖ ਅਖਵਾਈਆ । ਜਿਸ ਅੰਤਰ ਸਦ ਜਾਣਾ ਵਸ, ਗ੍ਰਿਹਿ ਆਪਣਾ ਡੇਰਾ ਲਾਈਆ । ਮੈਂ ਖ਼ੁਸ਼ੀ ਮਨਾਉਣੀ ਹੱਸ ਹੱਸ, ਖ਼ੁਸ਼ੀ ਨਾਲ ਹਾਲ ਸੁਣਾਈਆ । ਘਰ ਦਿਆਂ ਪੂਰਨ ਤੇਰਾ ਨਾਮ ਲੈਣਾ ਰੱਖ, ਪੂਰਨ ਜੋਤ ਵਿਚ ਸਮਾਈਆ । ਸਤਿਗੁਰ ਸ਼ਬਦ ਨਾ ਹੋਵੇ ਵੱਖ, ਸੰਬਲ ਸੋਭਾ ਪਾਈਆ । ਜਿਸ ਦਾ ਇਕੋ ਹੋਣਾ ਹੱਟ, ਹਟਵਾਣਾ ਇਕ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਆਉਣ ਨੱਠ, ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਪੰਚਮ ਜੇਠ ਕਹੇ ਮੈਂ ਤੱਕਿਆ ਤੱਕਿਆ ਜਗਤ ਸੁਤ , ਜਿਸ ਨੂੰ ਜਗਤ ਦਏ ਵਧਾਈਆ । ਝਟ ਸੰਦੇਸਾ ਦਿਤਾ ਅਬਿਨਾਸ਼ੀ ਅਚੁਤ, ਚੇਤਨ ਦਿਤਾ ਕਰਾਈਆ । ਉਹ ਵੇਖ ਤਨ ਸਰੀਰਾਂ ਪੈਂਡਾ ਰਿਹਾ ਮੁਕ, ਤਤਾਂ ਵਾਲਾ ਸਤਿਗੁਰੂ ਨਜ਼ਰ ਕਿਤੇ ਨਾ ਆਈਆ । ਸ਼ਬਦੀ ਧਾਰ ਹੋ ਕੇ ਜਾਣਾ ਉਠ, ਨੂਰ ਨੁਰਾਨਾ ਡਗਮਗਾਈਆ । ਸਾਲ ਉਨੱਤੀ ਰਹਿਣਾ ਚੁੱਪ, ਦੋ ਨੌਂ ਦਾ ਲੇਖਾ ਦੇਣਾ ਸਮਝਾਈਆ । ਜਿਸ ਵੇਲੇ ਕਲਜੁਗ ਹੋਏ ਅੰਧੇਰਾ ਘੁਪ, ਸਾਚਾ ਚੰਦ ਨਾ ਕੋਇ ਚਮਕਾਈਆ । ਸ਼ੇਰ ਸਿੰਘ ਦਾ ਸਰੀਰ ਜਾਣਾ ਛੁਪ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜੋਤੀ ਨੂਰ ਉਜਾਲਾ ਹੋ ਕੇ ਜਾਣਾ ਉਠ, ਨੂਰ ਨੂਰ ਕਰੇ ਰੁਸ਼ਨਾਈਆ । ਸੰਬਲ ਜਾਣਾ ਤੁੱਠ, ਘਰ ਆਪਣੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦੀ ਕਰਨੀ ਕਾਰ ਕਮਾਈਆ । ਪੰਚਮ ਜੇਠ ਕਹੇ ਮੈਂ ਤੱਕਿਆ ਖੇਲ ਮਹਾਨਾ, ਪ੍ਰਭ ਸਹਿਜ ਦਿਤਾ ਵਖਾਈਆ । ਪੂਰਨ ਸਿੰਘ ਜਨਮਿਆ ਜਿਸ ਦਾ ਪੂਰਨ ਬ੍ਰਹਮ ਨਿਸ਼ਾਨਾ, ਪੂਰਨ ਵੇਖੇ ਥਾਉਂ ਥਾਈਂਆ । ਪਾਲ ਸਿੰਘ ਛੱਟਾ ਦਿਤਾ ਦਾਣਾ ਦਾਣਾ, ਚਾਰੋਂ ਕੁੰਟ ਦਿਤਾ ਵਖਾਈਆ । ਮੰਗਲਵਾਰ ਸੀ ਗਾਇਆ ਗਾਣਾ, ਖ਼ੁਸ਼ੀਆਂ ਨਾਲ ਸੁਣਾਈਆ । ਨਸ਼ਾ ਚੜ੍ਹਿਆ ਜਗਤ ਜਹਾਨਾ, ਜਗਤ ਜਗਤ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਸੁਣਾਈਆ । ਪੰਚਮ ਜੇਠ ਕਹੇ ਮੈਂ ਹੋਇਆ ਹੱਕਾ ਬੱਕਾ, ਹੈਰਾਨੀ ਵਿਚ ਜਣਾਈਆ । ਮੈਨੂੰ ਅਵਤਾਰਾਂ ਸੰਦੇਸ਼ਾ ਦਿਤਾ ਪੱਕਾ, ਸਹਿਜ ਨਾਲ ਸੁਣਾਈਆ । ਪੈਗ਼ੰਬਰਾਂ ਕਿਹਾ ਹਕੀਕਤ ਹੱਕਾ, ਹੱਕ ਹੱਕ ਦ੍ਰਿੜਾਈਆ । ਗੁਰੂਆਂ ਕਿਹਾ ਫ਼ਰਕ ਨਾ ਰਤਾ, ਭੇਵ ਅਭੇਦ ਦਿਤਾ ਖੁਲ੍ਹਾਈਆ । ਇਹ ਸੰਬਲ ਦੇਸ ਸੱਚਾ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਜਿਥੇ ਪੁਰਖ ਅਕਾਲ ਆਵੇ ਨੱਸਾ, ਭੱਜੇ ਵਾਹੋ ਦਾਹੀਆ । ਕਲਜੁਗ ਰੈਣ ਅੰਧੇਰੀ ਮੇਟੇ ਮੱਸਾ, ਨੂਰੀ ਚੰਦ ਚੰਦ ਚਮਕਾਈਆ । ਵਿਸ਼ਨ ਬ੍ਰਹਮਾ ਸ਼ਿਵ ਮਾਰੀਆਂ ਕੱਛਾਂ, ਨੱਚੇ ਟੱਪੇ ਕੁੱਦੇ ਚਾਈਂ ਚਾਈਂਆ । ਕਲਜੁਗ ਕੂੜੇ ਪੈ ਗਈਆਂ ਗਸ਼ਾਂ, ਨੇਤਰ ਰੋਵੇ ਮਾਰੇ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਪੰਚਮ ਜੇਠ ਕਹੇ ਮੈਂ ਤੱਕਿਆ ਚੋਰੀ ਚੋਰੀ, ਚੁਰਾਹਿਆਂ ਵਿਚ ਧਿਆਨ ਲਗਾਈਆ । ਕੀ ਖੇਲ ਕਰੇ ਜੋ ਹਰ ਘਟ ਅੰਦਰ ਘੋਰੀ,

ਘੋਰ ਅੰਧੇਰੇ ਵੇਖ ਵਖਾਈਆ । ਜਿਸ ਦੀ ਨਿਰਗੁਣ ਧਾਰ ਡੋਰੀ, ਡੋਰੀ ਗੰਢ ਪਵਾਈਆ । ਉਹ ਬਣ ਕੇ ਬਾਂਕਾ ਸ਼ੌਹਰੀ, ਸ਼ਹਿਨਸ਼ਾਹ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਪੰਚਮ ਜੇਠ ਕਹੇ ਨੰਨ੍ਹੇ ਬਾਲ ਨੂੰ ਆਈ ਸੁਰਤੀ, ਪੂਰਨ ਪੂਰਨ ਰੂਪ ਸਮਾਈਆ । ਜਗਤ ਜਗਿਆਸੂਆਂ ਦਿਤੀ ਗੁੜ੍ਹਤੀ, ਆਪਣਾ ਸਗਨ ਬਣਾਈਆ । ਜਿਸ ਦੀ ਅੰਤਰ ਲਿਵ ਧੁਰ ਦੀ, ਧੁਰ ਸਕੇ ਨਾ ਕੋਇ ਤੁੜਾਈਆ । ਉਨ ਆਸਾ ਪੂਰੀ ਕੀਤੀ ਅਨੰਦ ਪੁਰ ਦੀ, ਪੁਰੀਆਂ ਲੋਆਂ ਤੋਂ ਬਾਹਰ ਡੇਰਾ ਲਾਈਆ । ਜਿਥੇ ਸ਼ਬਦ ਜੋਤ ਜੁੜਦੀ, ਉਸ ਧਾਮ ਦਿਤੀ ਵਡਿਆਈਆ । ਜਿਸ ਪੂਰਨ ਦੀ ਲੋਹੜੀ ਵੰਡੀ ਸੀ ਗੁੜ ਦੀ, ਉਹ ਗੁਰਮੁਖਾਂ ਨੂੰ ਮਿੱਠਾ ਰਸ ਖਵਾਈਆ । ਜਿਸ ਦੀ ਡਲੀ ਕਦੇ ਨਹੀਂ ਖ਼ੁਰਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਬੜਾ ਕਾਨੂੰਨੀ, ਜਿਸ ਦੀ ਸਮਝ ਕਿਸੇ ਨਾ ਪਾਈਆ । ਉਸ ਨੇ ਪੂਰਨ ਸਿੰਘ ਦਾ ਪਾਲ ਸਿੰਘ ਤੋਂ ਨਾਂ ਧਰਾਇਆ ਨੂਨੀ, ਜਿਸ ਨੂਨ ਨੂਨ ਵਿਚ ਨਿਰਗੁਣ ਨਿਰੰਕਾਰ ਡੇਰਾ ਲਾਈਆ । ਜਿਸ ਦੀ ਆਯੂ ਇਕ ਦੋ ਦੋ ਤੋਂ ਦੂਣੀ, ਦੋਹਰੀ ਖੇਲ ਖਿਲਾਈਆ । ਜਿਸ ਨੇ ਦੀਨ ਦੁਨੀ ਵਿਚ ਬਦਲ ਦਿਤੀ ਕੂਣੀ, ਕਾਇਆ ਕੁਰਹ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਖੇਲ ਵਖਾਈਆ । ਪੰਚਮ ਜੇਠ ਕਹੇ ਮੈਂ ਵੇਖਿਆ ਸਾਢੇ ਤਿੰਨ ਹੱਥ ਦਾ ਮੁਨਾਰਾ, ਬਿਨ ਅੱਖਾਂ ਅੱਖ ਉਠਾਈਆ । ਜਿਸ ਨੂੰ ਘੜਿਆ ਆਪ ਨਿਰੰਕਾਰਾ, ਬਾਡੀ ਅਵਰ ਨਾ ਕੋਇ ਵਖਾਈਆ । ਜਗਤ ਜਗਤ ਦਾ ਬਣਾ ਮੁਨਾਰਾ, ਤਤ ਤਤ ਨਾਲ ਚਮਕਾਈਆ । ਖੇਲ ਦੱਸਦਾ ਰਿਹਾ ਅਗੰਮ ਅਪਾਰਾ, ਅਲਖ ਅਗੋਚਰ ਆਪਣੀ ਕਾਰ ਭੁਗਤਾਈਆ । ਜਿਸ ਨੂੰ ਕਹਿਣਾ ਸਭ ਨੇ ਸਾਚਾ ਮੀਤ ਪਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵਡਾ ਵਡ ਵਡਿਆਈਆ । ਪੰਚਮ ਜੇਠ ਕਹੇ ਮੈਂ ਕੀ ਦੱਸਾਂ ਹਾਲ ਮੁਰੀਦਾਂ, ਸਿਫ਼ਤ ਨਾ ਕੋਇ ਸਾਲਾਹੀਆ । ਜਿਸ ਵੇਲੇ ਬਾਲ ਦਾ ਤੱਕਿਆ ਦੀਦਾ, ਨੇਤਰ ਨੈਣਾ ਦਰਸ਼ਨ ਪਾਈਆ । ਮੈਂ ਸਮਝਿਆ ਖੇਲ ਕੋਈ ਪੇਚੀਦਾ, ਪਹਿਚਾਨ ਸਕੇ ਕੋਇ ਨਾ ਰਾਈਆ । ਜਿਸ ਪੈਗ਼ੰਬਰਾਂ ਦੀਆਂ ਪੂਰੀਆਂ ਕਰਨੀਆਂ ਈਦਾਂ, ਆਦਤ ਇਬਾਦਤ ਵੇਖੇ ਥਾਉਂ ਥਾਈਆ । ਅਵਤਾਰ ਪੈਗ਼ੰਬਰ ਗੁਰੂਆਂ ਤਕਣੀਆਂ ਵਲਦੀਅਤਾਂ, ਪੜਦਾ ਉਹਦਾ ਆਪ ਉਠਾਈਆ । ਅੱਗੇ ਸਚ ਦੇਣੀਆਂ ਨਸੀਹਤਾਂ, ਹੁਕਮ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਜੇਠ ਕਹੇ ਮੈਂ ਰਿਹਾ ਤਾਕ, ਆਪਣਾ ਧਿਆਨ ਲਗਾਈਆ । ਮੈਨੂੰ ਸਭ ਦੇ ਯਾਦ ਭਵਿਖਤ ਪਿਛਲੇ ਵਾਕ, ਵਾਕਫ ਹੋ ਕੇ ਦਿਆਂ ਸੁਣਾਈਆ । ਜਿਸ ਵੇਲੇ ਈਸਾ ਨੇ ਸਤਿ ਸਤਿ ਦਾ ਤੱਕਿਆ ਕਲਾਕ, ਘੜੀ ਘੜੀ ਨਾਲ ਮਿਲਾਈਆ । ਝਟ ਸੰਦੇਸ਼ਾ ਦਿਤਾ ਆਖ, ਧੁਰ ਦਾ ਹੁਕਮ ਜਣਾਈਆ । ਵਸਲੇ ਵਜ਼ੀਹ ਆਉਣਾ ਮੇਰਾ ਬਾਪ, ਮਿਹਰਵਾਨ ਨੂਰ ਇਲਾਹੀਆ । ਦੀਨ ਦੁਨੀ ਬਦਲੇ ਹਾਲਾਤ, ਹਾਲਤ ਵੇਖੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਿਆ ਖੇਲ ਸੰਸਾਰੀ, ਜਗਤ ਧਿਆਨ ਲਗਾਈਆ । ਪੂਰਨ ਕਾਇਆ ਲੱਗੇ ਪਿਆਰੀ, ਵੱਡੇ ਛੋਟੇ ਵੇਖ ਵਖਾਈਆ । ਸੰਸਾਰ ਦੀ ਰੀਤੀ ਜਗਤ ਦੀ ਧਾਰੀ, ਜਗਤ ਨਾਲ ਸਮਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਜਿਸ ਵੇਲੇ ਬਾਲਾ ਹੋਇਆ ਹੁਸ਼ਿਆਰ ਆਪਣੀ ਲਈ ਅੰਗੜਾਈਆ । ਕੋਈ ਸਮਝੇ ਨਾ ਜੀਵ ਸੰਸਾਰ, ਸਮਝ ਕਿਸੇ ਨਾ ਪਾਈਆ । ਕਿਸ ਦਾ ਘਰ ਕਿਸ ਦਾ ਘਰ ਬਾਰ, ਮਾਲਕ ਕਵਣ ਅਖਵਾਈਆ । ਕਿਸ ਦਾ ਮੰਦਰ ਕਿਸ ਕੀਤਾ ਤਿਆਰ, ਕਵਣ ਦੀਪ ਜੋਤ ਕਰੇ ਰੁਸ਼ਨਾਈਆ । ਕਵਣ ਸਿੰਘਾਸਣ ਆਸਣ ਲਾਏ ਸੱਚੀ ਸਰਕਾਰ, ਸੋਭਾਵੰਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਸਤਿ ਸਤਿ ਸੁਣਾਉਂਦਾ, ਸਚ ਸਚ ਜਣਾਈਆ । ਪੂਰਨ ਸਿੰਘ ਨਿੱਕਾ ਬਾਲਾ ਮਾਤਾ ਪਿਤਾ ਖਿਡਾਉਣਿਆਂ ਨਾਲ ਵਰਚਾਉਂਦਾ, ਖਿਡੌਣੇ ਹੱਥਾਂ ਵਿਚ ਫੜਾਈਆ । ਕਦੀ ਜਗਤ ਚੂਸਣੀ ਮੁਖ ਟਿਕਾਉਂਦਾ, ਰਸ ਜਗਤ ਵਾਲਾ ਚੁਸਾਈਆ । ਕਦੀ ਛਣਕਣਾ ਹੱਥ ਛਣਕਾਉਂਦਾ, ਡੰਕਾ ਦੋ ਜਹਾਨ ਵਜਾਈਆ । ਕਦੇ ਸਚ ਪਿਆਲਾ ਹੱਥ ਉਠਾਉਂਦਾ, ਅੰਮ੍ਰਿਤ ਜਾਮ ਭਰਾਈਆ । ਕਦੇ ਡੌਰੂ ਇਕ ਵਜਾਉਂਦਾ, ਜਨ ਭਗਤਾਂ ਸੱਦਾ ਦੇਵੇ ਥਾਉਂ ਥਾਈਆ । ਕਦੇ ਜਗਤ ਭੰਬੀਰੀ ਵਾਂਗ ਭੁਆਉਂਦਾ, ਚਾਰੋਂ ਕੁੰਟ ਹਿਲਾਈਆ । ਕਦੇ ਸ਼ਬਦੀ ਗੁਰਜ ਹੱਥ ਉਠਾਉਂਦਾ, ਵਿਸ਼ਨ ਬ੍ਰਹਮਾ ਸ਼ਿਵ ਡਰਾਈਆ । ਕਦੇ ਧਰਤੀ ਮੁੱਠੀ ਵਿਚ ਦਬਾਉਂਦਾ, ਆਪਣੀ ਕਲ ਵਰਤਾਈਆ । ਕਦੇ ਦੇਵੀ ਦੇਵਤਿਆਂ ਖ਼ੁਸ਼ੀ ਵਿਚ ਜਣਾਉਂਦਾ, ਤੂੰ ਹੀ ਤੂੰ ਹੀ ਰਾਗ ਅਲਾਹੀਆ । ਕਦੀ ਮਨ ਕੇ ਮਣਕੇ ਸਰਬ ਭੁਆਉਂਦਾ, ਮਣਕਾ ਮਣਕੇ ਨਾਲ ਠੁਕਰਾਈਆ । ਕਦੇ ਜਗਤ ਜਹਾਨ ਲੜਾਉਂਦਾ, ਸੋਹਣੀਆਂ ਟੱਕਰਾਂ ਦਏ ਟਕਰਾਈਆ । ਕਦੇ ਦੀਨ ਦੁਨੀ ਭੁੱਖੀ ਤੜਫਾਉਂਦਾ, ਖ਼ਾਲੀ ਭੰਡਾਰੇ ਨਾ ਕੋਇ ਭਰਾਈਆ । ਕਦੇ ਮਧ ਦੇ ਜਾਮ ਪਿਆਉਂਦਾ, ਪਿਆਲੇ ਅਸੁਰਾਂ ਹੱਥ ਫੜਾਈਆ । ਕਦੇ ਜਲ ਪਾਣੀ ਬਿਨਾ ਤੜਫਾਉਂਦਾ, ਆਬ ਹੱਥ ਕਿਸੇ ਨਾ ਆਈਆ । ਕਦੇ ਜਗਤ ਵਹਿਣ ਵਹਾਉਂਦਾ, ਚਾਹ ਕਾਫ਼ੀਆਂ ਨਾਲ ਰੁੜ੍ਹਾਈਆ । ਕਦੇ ਆਪਣਾ ਸਵਾਂਗ ਵਰਤਾਉਂਦਾ, ਨਿਰਗੁਣ ਸਰਗੁਣ ਆਪਣੀ ਅਦਲਾ ਬਦਲੀ ਵਿਚ ਰੰਗ ਰੰਗਾਈਆ । ਕਦੇ ਇਕ ਤੋਂ ਦੋ ਦੋ ਤੋਂ ਇਕ ਆਪ ਆਪਣਾ ਵਿਚ ਛੁਪਾਉਂਦਾ, ਛੁਪਿਆ ਨਜ਼ਰ ਕਿਸੇ ਨਾ ਆਈਆ । ਕਦੇ ਮਾਨਵ ਮਾਨਸ ਮਾਨੁਖ ਮਨਮਤ ਵਿਚ ਤੜਫਾਉਂਦਾ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਪੰਚਮ ਜੇਠ ਕਹੇ ਮੈਂ ਤੱਕਿਆ ਇਕੋ ਸਾਥੀ, ਜੋ ਸੱਚਾ ਨਜ਼ਰੀ ਆਈਆ । ਜਿਸ ਲੇਖਾ ਪੂਰਾ ਕਰਨਾ ਐਰਾਪਤ ਹਾਥੀ, ਸਿਰ ਆਪਣਾ ਹੱਥ ਟਿਕਾਈਆ । ਸਭ ਦਾ ਲਹਿਣਾ ਦੇਣਾ ਪੂਰਾ ਕਰੇ ਬਾਕੀ, ਖ਼ਾਲੀ ਭੰਡਾਰੇ ਦਏ ਭਰਾਈਆ । ਜਿਸ ਦੀ ਵੱਖਰੀ ਚਾਲ ਬਾਂਕੀ, ਨਿਰਾਲੀ ਇਕ ਤਕਾਈਆ । ਸਭ ਨੂੰ ਦੇਵੇ ਥਾਪੀ, ਥਪਕ ਥਪਕ ਸੁਆਈਆ । ਉਸ ਨੇ ਕੋਟ ਕੋਟ ਕੋਟ ਜਨਮ ਦੇ ਉਧਾਰਨੇ ਪਾਪੀ, ਜਿਸ ਨੂੰ ਨਾਮ ਦਾ ਧੱਕਾ ਦੇਵੇ ਲਗਾਈਆ । ਜਿਸ ਨੇ ਸਭ ਦੀ ਪੂਰੀ ਕਰਨੀ ਵਾਟੀ, ਵਿਸ਼ਨੂੰ ਰੋਵੇ ਮਾਰੇ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਪੰਚਮ ਜੇਠ ਕਹੇ ਮੈਂ ਵੇਖਿਆ ਛਣਕਾਟ, ਸੋਹਣਾ ਖੇਲ ਖਿਲਾਈਆ । ਜਿਸ ਨੇ ਦੀਨ ਦੁਨੀ ਦਾ ਤੱਕਿਆ ਘਾਟ, ਪੱਤਣ ਬੈਠਾ ਧੁਰ ਦਾ ਮਾਹੀਆ । ਜਿਸ ਨੇ ਸ਼ਰਅ ਦੀ ਤਕੀ ਪਰਾਤ, ਪੁਰਾਤਨ ਲੇਖਾ ਫੋਲ ਫੁਲਾਈਆ । ਉਸ ਨੇ ਸਭ ਦੀ ਮੇਟਣੀ ਵਾਟ, ਅਗਲਾ ਪੰਧ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੰਚਮ ਜੇਠ ਕਹੇ ਮੈਂ ਖੇਲਦਾ ਵੇਖਿਆ ਬਾਲਾ, ਸੋਹਣੀ ਖੇਲ ਵਖਾਈਆ । ਨੱਚੇ ਟੱਪੇ ਕੁੱਦੇ ਮਾਰੇ ਛਾਲਾਂ, ਵਲੀਆ ਛਲੀਆ ਆਪਣਾ ਵੇਸ ਵਟਾਈਆ । ਕਦੇ ਹੱਸੇ ਤੇ ਕਦੇ ਰੋਵੇ ਬਾਹਲਾ, ਜਿਦ ਵਿਚ ਜਿਦ ਆਪਣੀ ਪੂਰ ਕਰਾਈਆ । ਕਦੇ ਮਾਂ ਨੂੰ ਕਢੇ ਗਾਲਾ, ਕੋਠੇ ਕੰਧਾਂ ਉਤੇ ਭੱਜੇ ਵਾਹੋ ਦਾਹੀਆ । ਕਦੇ ਰੋੜਿਆਂ ਦੀਆਂ ਬਣਾਵੇ ਮਾਲਾ, ਪੱਥਰ ਗੀਟੇ ਹੱਥਾਂ ਵਿਚ ਰਖਾਈਆ । ਕਦੇ ਹੱਥ ਮਾਰੇ ਕਰੀਰਾਂ ਡਾਲਾ, ਫਲ ਫੁੱਲ ਦਏ ਝੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਤੋਂ ਸੁਣਿਆ ਅਖ਼ੀਰ, ਸਭ ਨੇ ਦਿਤਾ ਸੁਣਾਈਆ । ਜਿਸ ਨੇ ਸੰਬਲ ਦੀ ਕੀਤੀ ਤਾਮੀਰ, ਸੋ ਸੰਬਲ ਦਾ ਮਾਲਕ ਇਕ ਅਖਵਾਈਆ । ਜਿਸ ਅਵਤਾਰ ਪੈਗ਼ੰਬਰ ਗੁਰੂਆਂ ਦਿਤੀ ਧੀਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਉਸ ਦਾ ਖੇਲ ਹੋਣਾ ਬੇਨਜ਼ੀਰ, ਨਜ਼ਰ ਵੇਖਣ ਕੋਇ ਨਾ ਪਾਈਆ । ਯਾਦ ਰੱਖਿਓ ਜਿਸ ਵੇਲੇ ਆਪਣੀ ਘੜੀ ਦਾ ਉਸ ਨੇ ਬਦਲ ਦਿਤਾ ਜ਼ੰਜੀਰ, ਸ਼ਰਅ ਦੀਆਂ ਜ਼ੰਜੀਰੀਆਂ ਦਏ ਤੁੜਾਈਆ । ਜਨ ਭਗਤਾਂ ਦੀ ਨਵੀਂ ਬਣਾਏ ਤਕਦੀਰ, ਪਿੱਤਲ ਤੋਂ ਕੰਚਨ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਪੰਚਮ ਜੇਠ ਕਹੇ ਮੇਰਾ ਦਿਵਸ ਸੁਭਾਗੀ ਚੰਗਾ, ਚੰਗੀ ਮਿਲੀ ਵਡਿਆਈਆ । ਲੇਖਾ ਪੂਰਾ ਪੁਰੀ ਅਨੰਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਸੁਣਿਆ ਸੁਹਾਗੀ ਛੰਦਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਘਰ ਘਰ ਵੱਜਿਆ ਮਰਦੰਗਾ, ਨੌਬਤ ਨਾਮ ਸੁਣਾਈਆ । ਅੱਗੇ ਦੀਨ ਦੁਨੀ ਦੀਆਂ ਜਿਸ ਨੇ ਨਵੀਆਂ ਪਾਉਣੀਆਂ ਵੰਡਾਂ, ਹਿੱਸੇ ਹੱਥੋ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਜਿਸ ਦੀ ਧਾਰ ਨੂੰ ਹੋ ਗਏ ਸਾਲ ਅਠਵੰਜਾ, ਪੰਜ ਅੱਠ ਮਿਲ ਕੇ ਵੱਜੀ ਵਧਾਈਆ । ਜਿਸ ਲੇਖਾ ਪੂਰਾ ਕਰਨਾ ਸਾਲ ਸਾਲ ਬਵੰਜਾ, ਸਿੰਘ ਸ਼ੇਰ ਸ਼ੇਰ ਜਣਾਈਆ । ਅਗਲਾ ਹੁਕਮ ਦਾ ਲਾਉਣਾ ਪੰਜਾ, ਪੰਚਮ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਭੇਟਾ ਹੋ ਗਿਆ ਲਾਲ ਚੋਲਾ, ਲਾਲਨ ਲਾਲ ਰੰਗ ਰੰਗਾਈਆ । ਦੀਨ ਦੁਨੀ ਦਾ ਵੇਖੇ ਹੋਲਾ, ਹੋਲੀ ਦਾ ਲੇਖਾ ਦਏ ਭੁਲਾਈਆ । ਕਲਜੁਗ ਕਲਜੁਗ ਦਾ ਕਰਨਾ ਗੋਲਾ, ਮਾਲਕ ਰਹਿਣ ਕੋਇ ਨਾ ਪਾਈਆ । ਨੇਤਰ ਰੋਵੇ ਧਰਨੀ ਧੌਲਾ, ਧਵਲ ਮਾਰੇ ਧਾਹੀਆ । ਕੀ ਖੇਲ ਕਰੇ ਪ੍ਰਭ ਮੌਲਾ, ਹਰਿ ਕਰਤਾ ਨੂਰ ਇਲਾਹੀਆ । ਵਾਅਦਾ ਪੂਰਾ ਕਰੇ ਕੌਲਾ, ਇਕਰਾਰ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਧੁਰ ਸ਼ਬਦ ਕਹੇ ਦਿਵਸ ਦਿਵਸ ਵਿਚੋਂ ਬਦਲਾ, ਬਦਲੀ ਹਰਿ ਕਰਾਈਆ । ਅੱਗੇ ਹੋਵੇ ਧਰਮ ਦਾ ਅਦਲਾ, ਇਨਸਾਫ਼ ਵੰਡ ਵੰਡਾਈਆ । ਸ਼ਰਅ ਸ਼ਰਅ ਨੂੰ ਕਰੇ ਕਤਲਾ, ਕਾਤਲ ਮਕਤੂਲ ਲੇਖਾ ਰਹੇ ਨਾ ਰਾਈਆ । ਜਨ ਭਗਤ ਸੁਹੇਲੇ ਤਕੇ ਰਤਨਾ, ਰਤਨ ਅਮੋਲਕ ਖੋਜ ਖੁਜਾਈਆ । ਜਿਸ ਸੰਬਲ ਬਣਾਇਆ ਆਪਣਾ ਵਤਨਾ, ਸੋ ਬੇਵਤਨਾਂ ਲਏ ਉਠਾਈਆ । ਵੀਹ ਸੌ ਉਨੱਤੀ ਬਿਕ੍ਰਮੀ ਬਣ ਗਿਆ ਪੱਤਨਾ, ਪੰਚਮ ਜੇਠ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ

੧੯੭੮
੨੨

ਸੁਣਾਈਆ । ਸਤਿਗੁਰ ਸ਼ਬਦ ਕਹੇ ਪੰਚਮ ਜੇਠ ਸੁਹਾਵਾ, ਰੁਤੜੀ ਸਚ ਸੁਹਾਈਆ । ਸਭ ਦਾ ਪੂਰਾ ਕਰੇ ਦਾਹਵਾ, ਜੋ ਦਾਹਵੇਦਾਰ ਅਖਵਾਈਆ । ਚਾਰ ਜੁਗ ਦੇ ਤਕੇ ਰਾਹਵਾਂ, ਰਹਿਬਰ ਹੋ ਕੇ ਫੋਲ ਫੁਲਾਈਆ । ਕਲਜੁਗ ਦਾ ਅੰਤਮ ਲੇਖਾ ਕਰੇ ਸਾਵਾਂ, ਸਾਵਲ ਸੁੰਦਰ ਹੋ ਕੇ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਪੰਚਮ ਜੇਠ ਕਹੇ ਮੇਰੀ ਇਕ ਵਧਾਈ, ਵਧ ਕੇ ਦਿਆਂ ਸੁਣਾਈਆ । ਇਹ ਤਨ ਉਪਜਿਆ ਵਿਚ ਸਤਾਈ, ਦੋ ਸੱਤ ਸੋਭਾ ਪਾਈਆ । ਜਿਸ ਦੀ ਅਵਤਾਰ ਪੈਗ਼ੰਬਰ ਦੇਣ ਗਵਾਹੀ, ਸ਼ਹਾਦਤ ਗੁਰ ਭੁਗਤਾਈਆ । ਇਹ ਨੂਰ ਅਗੰਮ ਇਲਾਹੀ, ਨੂਰ ਨੁਰਾਨਾ ਨਜ਼ਰੀ ਆਈਆ । ਜਿਸ ਨੇ ਕਲਜੁਗ ਕੂੜੀ ਕਿਰਿਆ ਮੇਟਣੀ ਸ਼ਾਹੀ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਸਿਰ ਰੱਖੇ ਠੰਡੀਆਂ ਛਾਈਂ, ਅਗਨੀ ਤਤ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਪੰਚਮ ਜੇਠ ਕਹੇ ਜਨ ਭਗਤੋ ਤੁਹਾਡੀਆਂ ਜੁਗ ਜਨਮ ਦੀਆਂ ਉਡੀਕਾਂ, ਤਾਰੀਖ਼ ਤਵਾਰੀਖ਼ ਦਏ ਗਵਾਹੀਆ । ਜੋ ਮੰਗਦੇ ਰਹੇ ਭੀਖਾਂ, ਭਿੱਖਕ ਹੋ ਕੇ ਝੋਲੀਆਂ ਡਾਹੀਆ । ਪੜ੍ਹਦੇ ਰਹੇ ਹਦੀਸਾਂ, ਕਲਮਾ ਨਾਮ ਅਲਾਈਆ । ਝੁਕਾਉਂਦੇ ਰਹੇ ਸੀਸਾਂ, ਡੰਡਾਵਤ ਬੰਦਨਾ ਸੱਯਦਿਆਂ ਵਿਚ ਸਮਾਈਆ । ਪ੍ਰੇਮ ਪਿਆਰ ਵਿਚ ਪੀਸਣ ਪੀਸਾ, ਚੱਕੀ ਧਰਮ ਧਾਰ ਚਲਾਈਆ । ਸਭ ਦਾ ਲਹਿਣਾ ਦੇਣਾ ਪੂਰਾ ਕਰੇ ਹਰਿ ਜਗਦੀਸਾ, ਹਰਿ ਕਰਤਾ ਵਡ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਤੱਕਣ ਲਾ ਕੇ ਨੀਝਾਂ, ਬਿਨਾ ਅੱਖਾਂ ਅੱਖ ਖੁਲ੍ਹਾਈਆ । ਜਿਨ੍ਹਾਂ ਬਾਲੇ ਦੀਆਂ ਭੇਟਾ ਕੀਤੀਆਂ ਕਮੀਜ਼ਾਂ, ਬਸਤਰਾਂ ਨਾਲ ਸੁਹਾਈਆ । ਖਿਲਾਉਣਿਆਂ ਵਾਲੀਆਂ ਚੀਜ਼ਾਂ, ਵੇਖੇ ਖ਼ਲਕ ਖ਼ੁਦਾਈਆ । ਜਿਸ ਸਭ ਦੀਆਂ ਪੂਰੀਆਂ ਕਰਨੀਆਂ ਰੀਝਾਂ, ਮਿਹਰ ਨਜ਼ਰ ਉਠਾਈਆ । ਤ੍ਰੈਗੁਣ ਦੀਆਂ ਉਮੀਦਾਂ, ਤਿੰਨ ਹਾਰ ਦੇਣ ਗਵਾਹੀਆ । ਅਕਵੰਜਾ ਅੱਖਰਾਂ ਨਾਨਕ ਮਾਰੀਆਂ ਲੀਕਾਂ, ਬਵੰਜਵਾਂ ਸ਼ਬਦ ਸ਼ਬਦ ਸ਼ਨਵਾਈਆ । ਸਾਹਿਬ ਸਾਹਿਬ ਪ੍ਰੀਤਾਂ, ਪ੍ਰੀਤਮ ਨਾਲ ਵਡਿਆਈਆ । ਆਦਿ ਜੁਗਾਦੀ ਇਕੋ ਮੀਤਾ, ਮਿੱਤਰ ਪਿਆਰਾ ਇਕ ਅਖਵਾਈਆ । ਜੋ ਸਭ ਦਾ ਸੀਨਾ ਕਰੇ ਠਾਂਡਾ ਸੀਤਾ, ਅਗਨੀ ਤਤ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਜੇਠ ਕਹੇ ਮੇਰੀ ਸਭ ਦੇ ਅੱਗੇ ਬੰਦਨਾ, ਬੰਦੀਖ਼ਾਨਾ ਲੈਣਾ ਤੁੜਾਈਆ । ਵੇਖਣਾ ਇਕ ਅਨੰਦਨਾ, ਅਨੰਦ ਅਨੰਦ ਵਿਚੋਂ ਖੋਜ ਖੁਜਾਈਆ । ਉਸੇ ਦੀ ਧੂੜੀ ਮਸਤਕ ਲਾਉਣਾ ਚੰਦਨਾ, ਜੋ ਚੰਦ ਸਿਤਾਰਿਆਂ ਕਰੇ ਰੁਸ਼ਨਾਈਆ । ਜਿਸ ਨੇ ਬ੍ਰਹਿਮੰਡਾਂ ਖੰਡਾਂ ਪਾਰ ਲੰਘਣਾ, ਅਧ ਵਿਚ ਨਾ ਕੋਇ ਲਟਕਾਈਆ । ਜੇਠ ਕਹੇ ਮੈਂ ਉਸ ਦੀ ਕਿਰਪਾ ਨਾਲ ਭਗਤੋ ਤੁਹਾਥੋਂ ਮੰਗਣਾ, ਖ਼ਾਲੀ ਝੋਲੀ ਅੱਗੇ ਡਾਹੀਆ । ਜਿਸ ਦੇ ਹੱਥ ਨੂੰ ਚੜ੍ਹ ਗਈਆਂ ਰੰਗਣਾਂ, ਉਹ ਲਾਲ ਰੰਗੀਲੇ ਤੁਹਾਨੂੰ ਦਏ ਬਣਾਈਆ । ਜਿਸ ਨੇ ਚਾਰੋਂ ਕੁੰਟ ਵੰਞਣਾ, ਵੰਞ ਮੁਹਾਣਿਆਂ ਲੋੜ ਨਾ ਕੋਇ ਰਖਾਈਆ । ਨੌਂ ਸੌ ਚੁਰਾਨਮੇ ਚੌਕੜੀ ਜੁਗ ਪਿਛੋਂ ਪੂਰਨ ਸਿੰਘ ਦਾ ਸਰੀਰ ਫੇਰ ਜੰਮਣਾ, ਜਿਸ ਨੂੰ ਸੰਬਲ ਕਹਿ ਕੇ ਅਵਤਾਰ ਪੈਗ਼ੰਬਰ ਗੁਰ ਗਏ ਗਾਈਆ । ਉਥੇ ਖੇਲ ਕਰੇ ਸੂਰਾ ਸਰਬੰਗਣਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਨੇ ਨਾਮ ਨਿਧਾਨਾ ਜਨ ਭਗਤਾਂ ਸਾਚਾ ਵੰਡਣਾ, ਅਤੋਟ ਅਤੁਟ ਆਪ ਵਰਤਾਈਆ ।

੧੮੭੯
੨੨

✪ ੧੩ ਜੇਠ ਸ਼ਹਿਨਸ਼ਾਹੀ ਸੰਮਤ ੮ ਦਰਬਾਰ ਨਿਵਾਸੀ ਦਲੀਪ ਸਿੰਘ, ਰਤਨ ਸਿੰਘ, ਪ੍ਰੀਤਮ ਸਿੰਘ, ਜਰਨੈਲ ਸਿੰਘ, ਸੁਲੱਖਣ ਸਿੰਘ, ਕਸ਼ਮੀਰ ਸਿੰਘ, ਕਸ਼ਮੀਰ ਸਿੰਘ, ਸਤਵੰਤ ਸਿੰਘ ਕਲਸੀਆਂ, ਗੁਰਚਰਨ ਸਿੰਘ, ਭਾਨ ਸਿੰਘ, ਹਰਭਜਨ ਸਿੰਘ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਸਾਚੇ ਨਾਮ ਦਾ ਸਾਚਾ ਫੱਕਾ, ਰਤਨ ਸਿੰਘ ਦਲੀਪ ਸਿੰਘ ਜਰਨੈਲ ਸਿੰਘ ਝੋਲੀ ਆਪ ਭਰਾਈਆ । ਗੁਰਚਰਨ ਸਿੰਘ ਸਤਵੰਤ ਸਿੰਘ ਨਾਤਾ ਨਾਲ ਪੱਕਾ, ਭਾਨ ਸਿੰਘ ਸੁਲੱਖਣ ਸਿੰਘ ਜੋੜ ਜੁੜਾਈਆ । ਹਰਭਜਨ ਸਿੰਘ ਫ਼ਰਕ ਰਿਹਾ ਨਾ ਰੱਤਾ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਆਤਮ ਧਾਰ ਬਖ਼ਸ਼ ਕੇ ਸੱਤਾ, ਚੇਤਨ ਸਭ ਨੂੰ ਰਿਹਾ ਕਰਾਈਆ । ਕਸ਼ਮੀਰ ਸਿੰਘ ਸਿੰਘ ਕਸ਼ਮੀਰ ਨਾਲ ਰਤਾ, ਰਤਨ ਅਮੋਲਕ ਦਏ ਵਡਿਆਈਆ । ਬੀਜ ਬੀਜੇ ਆਪਣੇ ਵੱਤਾ, ਸਚ ਕਿਆਰੀ ਤਨ ਸੁਹਾਈਆ । ਮਾਰਗ ਧੁਰ ਦਾ ਅਗੰਮ ਦੱਸਾ, ਦਹਿ ਦਿਸ਼ਾ ਕਰ ਪੜ੍ਹਾਈਆ । ਦੀਨ ਦਿਆਲ ਖ਼ੁਸ਼ੀਆਂ ਵਿਚ ਹੱਸਾ, ਹਸਤੀ ਆਪਣੀ ਨਾਲ ਮਿਲਾਈਆ । ਨਿਜਰ ਧਾਰ ਦਾ ਦੇਵੇ ਰਸਾ, ਰਸ ਅਗੰਮ ਅਥਾਹ ਹੱਟ ਵਿਕਾਈਆ । ਹਿਰਦੇ ਅੰਦਰ ਵਸਾ, ਵਾਸਤੇ ਆਪਣੇ ਨਾਲ ਰਖਾਈਆ । ਕਲਜੁਗ ਮੇਟੇ ਰੈਣ ਅੰਧੇਰੀ ਮੱਸਾ, ਨੂਰ ਚੰਦ ਕਰੇ ਰੁਸ਼ਨਾਈਆ । ਸ਼ਬਦ ਤੀਰ ਨਿਸ਼ਾਨਾ ਏਕਾ ਕਸਾ, ਦੋ ਜਹਾਨਾਂ ਰਿਹਾ ਚਲਾਈਆ । ਚਾਰ ਜੁਗ ਦਾ ਲੇਖਾ ਵੇਖੇ ਚੂੰਕਿ ਚੁਨਾਂਚਿ ਅਲਬੱਤਾ, ਭੇਵ ਅਭੇਦ ਆਪ ਖੁਲ੍ਹਾਈਆ । ਪੁਰਖ ਅਕਾਲ ਸਰਬ ਕਲਾ ਸਮਰਥਾ, ਸਤਿਗੁਰ ਦਾਤਾ ਧੁਰਦਰਗਾਹੀਆ । ਜਿਸ ਜਗਤ ਜਹਾਨ ਵੇਖਣਾ ਰੱਟਾ, ਨਵ ਸੱਤ ਰਿਹਾ ਉਠਾਈਆ । ਜ਼ੀਰੋ ਜ਼ੀਰੋ ਨਾਲ ਕਰੇ ਬਟਾ, ਸਿਫ਼ਰ ਸਿਫ਼ਰ ਨਾਲ ਉਡਾਈਆ । ਗੁਰਮੁਖੋ ਤੁਹਾਡੀ ਕਮਾਈ ਵਿਚੋਂ ਹਰਿ ਸੰਗਤ ਨੂੰ ਦੇਣਾ ਇਕ ਇਕ ਟਕਾ, ਹਾੜ੍ਹ ਸਤਾਰਾਂ ਵੰਡ ਵੰਡਾਈਆ । ਛੱਤੀ ਗੁਰਮੁਖਾਂ ਰੂਪ ਧਰਿਆ ਹੋਵੇ ਵਾਂਗ ਨਟਾਂ, ਨਟੂਆ ਆਪਣਾ ਸਵਾਂਗ ਵਖਾਈਆ । ਛੱਤੀਆਂ ਗੁਰਜਾਂ ਬੱਧੀਆਂ ਹੋਣ ਉਤੇ ਪੱਟਾਂ, ਪਟਨੇ ਵਾਲਾ ਲਿਖ ਕੇ ਛਾਤੀ ਨਾਲ ਲਗਾਈਆ । ਛੱਤੀਆਂ ਸੱਜੇ ਹੱਥ ਵਿਚ ਫੜਿਆ ਹੋਵੇ ਇਕ ਇਕ ਵੱਟਾ, ਵਟਣਾ ਖੱਬੇ ਹੱਥ ਰਖਾਈਆ । ਛੱਤੀ ਬੀਬੀਆਂ ਗਲ ਵਿਚ ਹੋਵੇ ਪਟਾ, ਪਾਰਬ੍ਰਹਮ ਲਿਖਣਾ ਚਾਈਂ ਚਾਈਂਆ । ਛੱਤੀਆਂ ਸੀਸ ਗੁੰਦਾਉਣਾ ਇਕੱਠਾ, ਮੇਢੀਆਂ ਨੌਂ ਨੌ ਗੁੰਦਾਈਆ । ਛੱਤੀਆਂ ਚੁੰਨੀਆਂ ਨੂੰ ਦੇਣੀਆਂ ਗੱਠਾਂ, ਇਕ ਦੂਜੀ ਨਾਲ ਬੰਧਾਈਆ । ਛੱਤੀਆਂ ਹੱਥ ਵਿਚ ਫੜਿਆ ਹੋਵੇ ਮੱਠਾ, ਸ਼ਗਨ ਸਤਿਗੁਰ ਘਰ ਮਨਾਈਆ । ਛੱਤੀਆਂ ਕੋਲ ਢਾਈ ਢਾਈ ਗਿਰਹਾ ਕੋਰਾ ਹੋਵੇ ਲੱਠਾ, ਪੱਟੀ ਮਸਤਕ ਉਤੇ ਬੰਧਾਈਆ । ਮਾਝੇ ਦਾ ਗੁਰਮੁਖ ਇਕ ਫਿਰੇ ਨੱਠਾ, ਮੁਕਟ ਸੀਸ ਉਤੇ ਟਿਕਾਈਆ । ਛੱਤੀ ਮਧ ਪੀਂਦੇ ਹੋਣ ਧਰਮ ਪਿਆਲੇ ਗਟ ਗਟਾ, ਬੋਤਲਾਂ ਹੱਥਾਂ ਵਿਚ ਉਠਾਈਆ । ਛੱਤੀਆਂ ਖੁਲ੍ਹੀਆਂ ਹੋਣ ਲਿਟਾਂ, ਖੁਲ੍ਹੜੇ ਕੇਸ ਗਲ ਲਟਕਾਈਆ । ਛੱਤੀਆਂ ਕੋਲ ਹੋਣੀਆਂ ਚਿਟਾਂ, ਪੂਰਨ ਪੂਰਨ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਾਰਾਂ ਹਾੜ੍ਹ ਕਹੇ ਮੇਰੇ ਪੂਰੇ ਹੋਏ ਨਿਸਚੇ, ਨਿਸਚੇ ਨਾਲ ਜਣਾਈਆ । ਜੰਮੂ ਵਾਲੇ ਚਾਰ ਬਣੇ ਹੋਣ ਫ਼ਰਿਸ਼ਤੇ, ਜਬਰਾਈਲ ਮੇਕਾਈਲ ਇਜਰਾਈਲ ਇਸਰਾਫੀਲ ਰੂਪ ਬਣਾਈਆ । ਭਿਆਨਕ ਰੂਪ ਹੋਣ ਦਿਸਦੇ, ਸ਼ਕਲ ਡਰਾਉਣੀ ਸੋਭਾ ਪਾਈਆ । ਸਭ ਨੇ ਇਸ਼ਟ ਰੱਖਣੇ ਇਕ ਦੇ, ਏਕੰਕਾਰ ਸੀਸ ਨਿਵਾਈਆ । ਦੁਲਾਰੇ ਬਣਨੇ ਛੱਤੀ ਗੁਰਮੁਖ ਪਰਮ ਪੁਰਖ ਪਿਤ ਦੇ, ਪਗੜੀ ਕੰਚਨ ਰੰਗ ਰੰਗਾਈਆ ।

੧੮੮੧ ੨੨

ਛੱਤੀਆਂ ਬੋਲਣਾ ਝਗੜੇ ਮਿਟ ਗਏ ਨਿਤ ਦੇ, ਚੁਰਾਸੀ ਗੇੜ ਰਿਹਾ ਨਾ ਰਾਈਆ । ਪੰਜ ਲਿਖਾਰੀ ਹੋਣ ਲਿਖਦੇ, ਪੱਗਾਂ ਪੁਠੀਆਂ ਸੀਸ ਟਿਕਾਈਆ । ਪੰਜਾਂ ਪਿਆਰਿਆਂ ਕਾਲੇ ਨਿਸ਼ਾਨ ਲਾਉਂਣੇ ਉਤੇ ਹਿਕ ਤੇ, ਇੰਚ ਚਾਰ ਚਾਰ ਲੰਬਾਈ ਚੌੜਾਈਆ । ਛੱਤੀ ਫੁੱਲ ਗੁਲਾਬ ਆਉਣ ਸਿਟ ਦੇ, ਪੱਤੀ ਪੱਤੀ ਨਾਲ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਾਰਾਂ ਹਾੜ ਕਹੇ ਮੇਰਾ ਬਦਲ ਜਾਣਾ ਰਿਵਾਜ, ਰਵਾਦਾਰ ਨਜ਼ਰ ਕੋਇ ਨਾ ਆਈਆ । ਛੱਤੀ ਬੀਬੀਆਂ ਦੁੱਧ ਨੂੰ ਲਾ ਕੇ ਜਾਗ, ਭਾਂਡੇ ਸੀਸ ਉਤੇ ਟਿਕਾਈਆ । ਛੱਤੀਆਂ ਕੋਲ ਹੋਣ ਚਰਾਗ਼, ਚਰਾਗ਼ਗਾਹਾਂ ਕਰੇ ਰੁਸ਼ਨਾਈਆ । ਛੱਤੀਆਂ ਸਤਿਗੁਰ ਦੇ ਘੋੜੇ ਦੀ ਗੁੰਦਣੀ ਵਾਗ, ਮੌਲੀ ਛੱਤੀ ਤੰਦ ਬੰਧਾਈਆ । ਛੱਤੀਆਂ ਦੇ ਸਿਰ ਤੇ ਸੁੱਭਰ ਹੋਵੇ ਬਾਗ, ਨੀਤੀ ਪਿਛਲੀ ਨਾਲ ਮਿਲਾਈਆ । ਛੱਤੀਆਂ ਗੁਰਮੁਖਾਂ ਹੱਥ ਵਿਚ ਫੜੇ ਹੋਣ ਕਾਗ, ਛੱਤੀ ਜੁਗ ਦਾ ਪੰਧ ਮੁਕਾਈਆ । ਛੱਤੀਆਂ ਗਾਉਣਾ ਖ਼ੁਸ਼ੀ ਦਾ ਰਾਗ, ਢੋਲਾ ਅਗੰਮ ਅਥਾਹੀਆ । ਛੱਤੀਆਂ ਨੇਤਰ ਨੀਰ ਵਹਾਉਣਾ ਵੈਰਾਗ, ਵਿਛੋੜਾ ਹੋਏ ਨਾ ਗੋਬਿੰਦ ਮਾਹੀਆ । ਛੱਤੀਆਂ ਕਾਲੀ ਚਿੱਟੀ ਬੱਧੀ ਹੋਵੇ ਪਾਗ, ਕਲਜੁਗ ਸਤਿਜੁਗ ਦੋਵੇਂ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਸਤਾਰਾਂ ਹਾੜ੍ਹ ਕਹੇ ਮੈਂ ਆਵਾਂ ਭੱਜਾ, ਭਾਜੜ ਤਕਣੀ ਜਗਤ ਲੋਕਾਈਆ । ਛੱਤੀ ਗੁਰਮੁਖਾਂ ਪਿਆਰ ਇਕ ਦੂਜੇ ਨਾਲ ਹੋਵੇ ਬੱਝਾ, ਬਾਜ਼ੂ ਬਾਜ਼ੂ ਨਾਲ ਮਿਲਾਈਆ । ਛੱਤੀਆਂ ਨੀਲਾ ਕਰਨਾ ਗਿੱਟਾ ਸੱਜਾ, ਸਤਿਜੁਗ ਸਾਚਾ ਸਗਨ ਮਨਾਈਆ । ਛੱਤੀਆਂ ਨੇਤਰ ਨੈਣ ਰੱਖਣੀ ਲੱਜਾ, ਸ਼ਰਮ ਸਾਰ ਸੋਭਾ ਪਾਈਆ । ਛੱਤੀਆਂ ਮਸਤਕ ਲਿਖ ਕੇ ਲਾਉਣਾ ਸਭ ਦੇ ਉਤੇ ਕੂਕਦੀ ਕਜ਼ਾ, ਕਿਆਮਤ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਵੰਡ ਆਪ ਵੰਡਾਈਆ । ਹਾੜ੍ਹ ਕਹੇ ਮੇਰੀ ਇਕ ਸੱਤ ਦੀ ਯਾਰੀ, ਯਰਾਨਾ ਦਿਆਂ ਜਣਾਈਆ । ਸਤਿਗੁਰ ਦੀ ਭੇਟਾ ਭੇਟ ਕਰਨਗੇ ਪੰਜ ਦਰਬਾਰੀ, ਮੁੰਦਰਾ ਗੋਰਖ ਵਾਲਾ ਸੋਭਾ ਪਾਈਆ । ਛੱਤੀ ਗੁਰਮੁਖਾਂ ਰੂਪ ਧਰਿਆ ਹੋਵੇ ਕਲਜੁਗ ਨਾਰੀ, ਸੋਹਣਾ ਹਾਰ ਸ਼ਿੰਗਾਰ ਬਣਾਈਆ । ਛੱਤੀਆਂ ਸਿਰ ਤੇ ਚੁੱਕੀ ਹੋਵੇ ਤਗਾਰੀ, ਭੱਜਣ ਵਾਹੋ ਦਾਹੀਆ । ਛੱਤੀ ਬੀਬੀਆਂ ਮੁਖ ਤੇ ਲਾਈ ਹੋਵੇ ਦਾੜ੍ਹੀ, ਰੂਪ ਅਨੂਪ ਵਖਾਈਆ । ਦੁਆਬੇ ਵਾਲਿਆਂ ਇਕ ਗੁਰਮੁਖ ਬਣਾਉਣਾ ਮੌਤ ਲਾੜੀ, ਪਰਾਂਦੇ ਨੌਂ ਨੌਂ ਸੀਸ ਗੁੰਦਾਈਆ । ਛੱਤੀ ਗੁਰਮੁਖਾਂ ਬਣਨਾ ਧਰਮ ਖਿਲਾੜੀ, ਮਾਲਵੇ ਵਾਲੇ ਸੋਭਾ ਪਾਈਆ । ਨੌਵਾਂ ਗੁਰਮੁਖਾਂ ਕੋਲ ਹੋਵੇ ਕੁਲਹਾੜੀ, ਨੌਂ ਖੰਡ ਪਰਸ ਰਾਮ ਦਾ ਲੇਖਾ ਚੁੱਕੇ ਚਾਈਂ ਚਾਈਆਂ । ਚਾਰਮੁਖੀ ਬਣਾਈ ਹੋਵੇ ਮਾੜੀ, ਮੰਡਪ ਸੋਹਣਾ ਰੂਪ ਦਰਸਾਈਆ । ਇਕ ਰੂਪ ਹੋਵੇ ਪਹਾੜੀ, ਢੋਲੇ ਮਿਗੀ ਤਿਗੀ ਸੁਣਾਈਆ । ਛੱਤੀ ਬੀਬੀਆਂ ਸਿਰ ਤੇ ਚੁਕੀ ਹੋਵੇ ਖਾਰੀ, ਖ਼ਾਲਕ ਲਿਖ ਕੇ ਲਾਉਣਾ ਚਾਈਂ ਚਾਈਆਂ । ਇਕ ਗੁਰਮੁਖ ਬਣਿਆ ਹੋਵੇ ਮਦਾਰੀ, ਹੋਕਾ ਹੱਕ ਐਲੀ ਮਦਦ ਲਗਾਈਆ । ਇਕ ਗੁਰਮੁਖ ਆਪਣੇ ਮੁਖ ਤੇ ਚਪੇੜ ਮਾਰੇ ਕਰਾਰੀ, ਇਕਰਾਰ ਮੁਹੰਮਦ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਵੇਖ ਵਖਾਈਆ । ਸਤਾਰਾਂ ਹਾੜ੍ਹ ਕਹੇ ਮੇਰਾ ਬਦਲ ਰਿਹਾ ਜ਼ਮਾਨਾ, ਜ਼ੱਰਾ ਜ਼ੱਰਾ ਖੇਲ ਖਿਲਾਈਆ । ਨੌਵਾਂ ਗੁਰਮੁਖਾਂ ਰੂਪ ਧਰਿਆ ਹੋਵੇ ਪਹਿਲਵਾਨਾਂ, ਪੱਲੇ ਇਕ ਇਕ ਟਕਾ ਗੰਢ ਬੰਨ੍ਹਾਈਆ । ਨੌਵਾਂ ਖਿੱਚੀਆਂ ਹੋਣ ਕਿਰਪਾਨਾਂ, ਕਿਰਪਾਨਿਧ ਸੀਸ ਨਿਵਾਈਆ । ਨੌਵਾਂ ਲਿਖਿਆ ਹੋਵੇ ਬਿਆਨਾ, ਤੇਰਾ ਤੇਰੀ

ਝੋਲੀ ਪਾਈਆ । ਇਕ ਗੁਰਮੁਖ ਹੱਥ ਫੜਿਆ ਹੋਵੇ ਮਜੀਦ ਕੁਰਾਨਾ, ਮਜ਼ੀਦ ਮੁਜ਼ਾਹਿਦ ਰੂਪ ਦਰਸਾਈਆ । ਇਕ ਬਣਿਆ ਹੋਵੇ ਉਲਮਾਨਾ, ਇਲਮ ਇਲਮਬਰਦਾਰ ਵਡਿਆਈਆ । ਇਕ ਸ਼ਰਅ ਦੀ ਗਾਏ ਕਲਾਮਾ, ਸ਼ਕਲ ਉਮਤ ਨਾਲ ਮਿਲਾਈਆ । ਚਾਰ ਬਣੇ ਹੋਣ ਗ਼ੁਲਾਮਾ, ਜ਼ੰਜੀਰ ਹੱਥਾਂ ਨਾਲ ਬੰਧਾਈਆ । ਚਾਰ ਕਰਦੇ ਆਉਣ ਸਲਾਮਾਂ, ਸੱਯਦਿਆਂ ਵਿਚ ਸੀਸ ਝੁਕਾਈਆ । ਸਤਾਰਾਂ ਹਾੜ੍ਹ ਕਹੇ ਮੇਰੇ ਸਾਹਿਬ ਦਾ ਰੂਪ ਹੋਵੇ ਧੁਰ ਅਮਾਮਾ, ਅਮਾਮ ਮਹਿੰਦੀ ਆਪ ਧੁਰ ਦੀ ਕਾਰ ਭੁਗਤਾਈਆ । ਪਰਗਟ ਹੋਵੇ ਵਿਚ ਮੈਦਾਨਾ, ਦੋ ਜਹਾਨਾਂ ਵੇਖ ਵਖਾਈਆ । ਜਗਤ ਸ਼ਰਅ ਦਾ ਤਕੇ ਸ਼ਾਮਿਆਨਾ, ਸ਼ੱਬੇ ਰੋਜ਼ ਵੇਖ ਵਖਾਈਆ । ਜਿਸ ਦਾ ਲੇਖਾ ਵਿਚ ਕੁਰਾਸਾਨਾ, ਕੁਰਹ ਕਾਇਨਾਤ ਵੇਖ ਵਖਾਈਆ । ਜਿਸ ਨੂੰ ਝੁਕਣ ਜ਼ਿਮੀ ਅਸਮਾਨਾ, ਇਸਮ ਆਜ਼ਮ ਇਕ ਪਰਗਟਾਈਆ । ਜਿਸ ਦੇ ਕੋਲ ਹੱਕ ਪੈਮਾਨਾ, ਪੈਮਾਇਸ਼ ਕਰੇ ਥਾਉਂ ਥਾਈਆ । ਉਹ ਰਹੀਮ ਰਹਿਮਤ ਰਹਿਮਾਨਾ, ਰਹਿਬਰ ਨੂਰ ਇਲਾਹੀਆ । ਜਿਸਦਾ ਖੇਲ ਜਗਤ ਜਿਸਮਾਨਾ, ਜਿਸਮ ਇਸਮ ਆਪਣਾ ਇਕ ਸਮਝਾਈਆ । ਉਹ ਖ਼ਾਲਕ ਖ਼ਲਕ ਖ਼ਸਮਾਨਾ, ਜਿਸ ਦੀ ਖਸਲਤ ਸਮਝ ਕਿਸੇ ਨਾ ਆਈਆ । ਉਹ ਲੇਖਾ ਅਵਰ ਕਾ ਔਰ ਬਣਾਏ ਕਲਾਮਾ, ਕੁਦਰਤ ਦਾ ਕਾਦਰ ਦਇਆ ਕਮਾਈਆ । ਜਿਸ ਦਾ ਝੁੱਲਣਾ ਇਕ ਨਿਸ਼ਾਨਾ, ਜਗਤ ਜਹਾਨ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਮੇਰੀ ਖ਼ੁਸ਼ੀਆਂ ਵਾਲੀ , ਲੋਕਮਾਤ ਵੱਜੀ ਵਧਾਈਆ । ਮੇਰਾ ਸਾਹਿਬ ਮਿਲੇ ਕਮਲਾਪਾਤੀ, ਪਤਿਪਰਮੇਸ਼ਵਰ ਨੂਰ ਇਲਾਹੀਆ । ਜੋ ਦੇਵਣਹਾਰਾ ਧੁਰ ਦੀ ਦਾਤੀ, ਦਇਆਵਾਨ ਦਇਆ ਕਮਾਈਆ । ਉਸ ਦਾ ਖੇਲ ਪ੍ਰਿਥਮੀ ਆਕਾਸ਼ੀ, ਗਗਨ ਗਗਨੰਤਰ ਵੇਖ ਵਖਾਈਆ । ਉਹ ਪੂਰਨ ਜੋਤ ਪ੍ਰਕਾਸ਼ੀ, ਪੂਰਨ ਪੂਰ ਰਿਹਾ ਸਰਬ ਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਜੇਠ ਕਹੇ ਮੇਰਾ ਪਰਵਿਸ਼ਟਾ ਤੇਰਾਂ, ਤੇਰਾਂ ਤੇਰਾਂ ਤੇਰਾਂ ਧਾਰ ਵਡਿਆਈਆ । ਜਨ ਭਗਤਾਂ ਉਤੇ ਪ੍ਰਭੂ ਕਰੇ ਮਿਹਰਾ, ਮਿਹਰ ਨਜ਼ਰ ਨੈਣ ਉਠਾਈਆ । ਜਿਨ੍ਹਾਂ ਕਾਰਨ ਪਾਇਆ ਫੇਰਾ, ਨਿਰਗੁਣ ਸਰਗੁਣ ਰੂਪ ਬਦਲਾਈਆ । ਨਾਂ ਧਰਾ ਕੇ ਸ਼ਬਦੀ ਸ਼ੇਰਾ, ਭਬਕ ਲਗਾਏ ਅਗੰਮ ਅਥਾਹੀਆ । ਝਗੜਾ ਮਿਟਾਏ ਅੰਡਜ ਜੇਰਾ, ਉਤਭੁਜ ਸੇਤਜ ਵੇਖ ਵਖਾਈਆ । ਦੂਰ ਦੁਰਾਡਾ ਆ ਗਿਆ ਨੇਰਾ, ਨੇਰਨ ਨੇਰਾ ਵੇਖ ਵਖਾਈਆ । ਜਨ ਭਗਤੋ ਤੁਹਾਡਾ ਬੰਨ੍ਹੇ ਬੇੜਾ, ਬੇੜੀ ਆਪਣੇ ਕੰਧ ਉਠਾਈਆ । ਚੁਰਾਸੀ ਫਾਸੀ ਰਹੇ ਨਾ ਗੇੜਾ, ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੁਕਮ ਦਾ ਹੁਕਮੀ ਦੇਵੇ ਗੇੜਾ, ਹੁਕਮ ਹੁਕਮ ਵਿਚ ਭਵਾਈਆ ।

**੧੫ ਜੇਠ ਸ਼ਹਿਨਸ਼ਾਹੀ ਸੰਮਤ ੮ ਦਰਬਾਰ ਨਿਵਾਸੀ ਜੁਗਿੰਦਰ ਕੌਰ ਦੇ ਨਵਿਤ**
**ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ**

ਨਿਸ਼ਅੱਖਰ ਕਹੇ ਮੇਰਾ ਸੰਦੇਸ਼ਾ ਪੱਤਰ, ਨਿਸ਼ਅੱਖਰ ਧਾਰ ਦ੍ਰਿੜਾਈਆ । ਜਿਸ ਨੂੰ ਸਤਿਗੁਰ ਸ਼ਬਦ ਕਰੇ ਇਕੱਤਰ, ਨਿਰਗੁਣ ਸਰਗੁਣ ਮੇਲਾ

ਸਹਿਜ ਸੁਭਾਈਆ । ਧਾਰ ਬਣਾ ਕੇ ਉਪਰ ਪੱਤਰ, ਪਤਿਰਕਾ ਰੰਗ ਰੰਗਾਈਆ । ਜਿਸ ਦੀ ਸਮਝੇ ਕੋਇ ਨਾ ਸਤਰ, ਨਵ ਸੱਤਰ ਨਿਰਗੁਣ ਧਾਰ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨਿਰਅੱਖਰ ਕਹੇ ਮੇਰਾ ਰੂਪ ਨਿਰਾਕਾਰ, ਸਾਕਾਰ ਸਮਝ ਕਿਸੇ ਨਾ ਪਾਈਆ । ਮੇਰੀ ਵਿਸ਼ਨ ਬ੍ਰਹਮਾ ਸ਼ਿਵ ਕਰਨ ਵਿਚਾਰ, ਬੁੱਧੀ ਤੋਂ ਪਰੇ ਧਿਆਨ ਲਗਾਈਆ । ਅਵਤਾਰ ਪੈਗ਼ੰਬਰ ਗੁਰ ਪਾਵਣ ਸਾਰ, ਮਹਾਸਾਂਰਥੀ ਜਗਤ ਅਖਵਾਈਆ । ਪੁਰਖ ਅਕਾਲ ਅੱਗੇ ਕਰ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਕਿਰਪਾ ਕਰ ਹਰਿ ਦਾਤਾਰ, ਦਾਤੇ ਦਾਨੀ ਦਇਆ ਕਮਾਈਆ । ਵਸਤ ਅਗੰਮੀ ਝੋਲੀ ਡਾਰ, ਅਮੋਲਕ ਆਪ ਵਰਤਾਈਆ । ਕਿਰਪਾ ਕਰ ਸੱਚੀ ਸਰਕਾਰ, ਬਖ਼ਸ਼ਿਸ਼ ਰਹਿਮਤ ਝੋਲੀ ਪਾਈਆ । ਸੰਦੇਸ਼ਾ ਦੇ ਕੇ ਆਪਣੀ ਧਾਰ, ਨਿਸ਼ਅੱਖਰ ਅੱਖਰ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਨਿਸ਼ਅੱਖਰ ਕਹੇ ਮੇਰਾ ਰੂਪ ਧਾਰ ਬਾਵਨ, ਬਵੰਜਾ ਅੱਖਰ ਵਡ ਵਡਿਆਈਆ । ਕਿਰਪਾ ਕੀਤੀ ਪਤਿਤ ਪਾਵਨ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਜਿਸ ਦੀ ਮਹਿਮਾ ਸਾਰੇ ਗਾਵਣ, ਅਵਤਾਰ ਪੈਗ਼ੰਬਰ ਗੁਰ ਸਿਫ਼ਤ ਸਾਲਾਹੀਆ । ਜਿਸ ਦੀ ਸਿਫ਼ਤੀ ਬਣਤ ਬਣਾਵਣ, ਗ੍ਰੰਥ ਸ਼ਾਸਤਰ ਰੰਗ ਰੰਗਾਈਆ । ਨਿਰਗੁਣ ਸਰਗੁਣ ਪਕੜੇ ਦਾਮਨ, ਦਾਮਨਗੀਰ ਇਕ ਅਖਵਾਈਆ । ਜੋ ਸੰਦੇਸ਼ਾ ਦੇਵੇ ਧੁਰ ਦਾ ਰਾਵਣ, ਰਾਮ ਰਾਮਾ ਬੇਪਰਵਾਹੀਆ । ਜਿਸ ਨੂੰ ਸੱਯਦੇ
੧੮੮੩ ਸੀਸ ਸਰਬ ਝੁਕਾਵਣ, ਸਿਰ ਸਕੇ ਨਾ ਕੋਇ ਉਠਾਈਆ । ਉਹ ਲੇਖਾ ਜਾਣੇ ਲੱਖ ਚੁਰਾਸੀ ਵਿਚੋਂ ਜੀਵ ਮਾਨਵ, ਮਾਨਸ ਮਾਨੁਖ ਭੇਵ ਰਹੇ ਨਾ ੧੮੮੩
੨੨ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਿਸ਼ਅੱਖਰ ਕਹੇ ਅਵਤਾਰ ਪੈਗ਼ੰਬਰ ਗੁਰੂਆਂ ਗਾਈ ਮੇਰੀ ਗਾਥਾ, ਅੱਖਰ ਅੱਖਰਾਂ ਨਾਲ ਬਦਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਦਿਤਾ ਸਾਥਾ, ਖਾਣੀ ਬਾਣੀ ਰੰਗ ਰੰਗਾਈਆ । ਸਭ ਨੇ ਮੰਨਿਆ ਧੁਰ ਦਾ ਆਖਾ, ਅੱਖਰਾਂ ਨਾਲ ਵਣਜ ਕਮਾਈਆ । ਕਰੇ ਖੇਲ ਅਲੱਖਣਾ ਆਲਾਖਾ, ਅਲਖ ਅਗੋਚਰ ਬੇਪਰਵਾਹੀਆ । ਜੋ ਸੰਦੇਸ਼ਾ ਅਵਤਾਰ ਪੈਗ਼ੰਬਰਾਂ ਆਖਾ, ਗੁਰੂਆਂ ਨਾਲ ਮਿਲਾਈਆ । ਕਲ ਕਲਕੀ ਪਰਗਟ ਹੋਵੇ ਪੁਰਖ ਅਬਿਨਾਸ਼ਾ, ਪਾਰਬ੍ਰਹਮ ਪ੍ਰਭ ਨੂਰ ਇਲਾਹੀਆ । ਉਹ ਦੀਨ ਦੁਨੀ ਵੇਖੇ ਜਗਤ ਤਮਾਸ਼ਾ, ਚਾਰ ਕੁੰਟ ਦਹਿ ਦਿਸ਼ਾ ਫੋਲ ਫੁਲਾਈਆ । ਸਭ ਦੀ ਪੂਰੀ ਕਰੇ ਆਸਾ, ਤ੍ਰਿਸਨਾ ਕੂੜ ਦਏ ਜਲਾਈਆ । ਜੋਤੀ ਨੂਰ ਕਰ ਪ੍ਰਕਾਸ਼ਾ, ਸ਼ਬਦੀ ਧਾਰ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ... ... ... ... ... ... ... ... । ਨਿਸ਼ਅੱਖਰ ਕਹੇ ਮੇਰੇ ਸਾਹਿਬ ਦਾ ਖੇਲ ਅਜੀਬ, ਮੈਂ ਸਚ ਦਿਆਂ ਜਣਾਈਆ । ਜੋ ਜੁਗ ਚੌਕੜੀ ਦਏ ਤਰਤੀਬ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਵਰਤਾਈਆ । ਜਿਸ ਨਿਰਗੁਣ ਸ਼ਬਦ ਜਣਾਇਆ ਗ਼ਰੀਬ, ਨਾਨਕ ਢੋਲੇ ਗਿਆ ਗਾਈਆ । ਮੁਹੰਮਦ ਲਿਖ ਕੁਰਾਨ ਮਜੀਦ, ਸੱਯਦਾ ਸੀਸ ਜਗਦੀਸ ਝੁਕਾਈਆ । ਜਿਸ ਦੇ ਹੁਕਮ ਅੰਦਰ ਜੁਗ ਚੌਕੜੀ ਗਏ ਬੀਤ, ਪੂਰਬ ਲੇਖਾ ਰਿਹਾ ਨਾ ਰਾਈਆ । ਸੋ ਮਾਲਕ ਇਕ ਅਤੀਤ, ਤ੍ਰੈਗੁਣ ਤੋਂ ਪਰੇ ਸੋਭਾ ਪਾਈਆ । ਜਿਸ ਝਗੜਾ ਮੇਟਣਾ ਮੰਦਰ ਮਸੀਤ, ਕਾਅਬਿਆਂ ਕਰੇ ਰੁਸ਼ਨਾਈਆ । ਤ੍ਰੈਗੁਣ ਤੋਂ ਹੋ ਅਤੀਤ, ਤ੍ਰੈਭਵਣ ਧਨੀ ਪਿਛਲਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਵਰਤਾਈਆ । ਨਿਰਅੱਖਰ ਕਹੇ ਪ੍ਰਭ ਦਾ ਖੇਲ ਖੇਲ ਦੋਬਾਰਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਾਰ ਕਮਾਈਆ । ਜਿਸ ਦੀ ਮੌਲੀ ਅਗੰਮੀ ਬਹਾਰਾ, ਖ਼ਿਜ਼ਾਂ ਬੈਠੀ ਮੁਖ ਛੁਪਾਈਆ । ਉਹ ਨਿਰਗੁਣ ਨੂਰ ਹੋ ਕੇ ਜ਼ਾਹਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਨੇ ਸਰਸਾ ਗੋਬਿੰਦ ਦੇ ਗ੍ਰੰਥਾਂ ਉਤੇ ਦਿਤਾ ਪਹਿਰਾ, ਪਾਹਰੂ ਹੋ ਕੇ ਵੇਖ ਵਖਾਈਆ । ਦੋ ਜਹਾਨਾਂ ਤਕੇ ਦਾਇਰਾ, ਚਾਰੋਂ ਕੁੰਟ ਖੋਜ ਖੁਜਾਈਆ । ਜਿਸ ਦਾ ਖੇਲ ਅਗੰਮੀ ਗਹਿਰਾ, ਗਹਿਰ ਗੰਭੀਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਿਰਅੱਖਰ ਕਹੇ ਅਵਤਾਰ ਪੈਗ਼ੰਬਰ ਗੁਰ ਕਰਨ ਅੱਖਰਾਂ ਗੌਰ, ਗੌਰਵ ਹੋ ਕੇ ਵੇਖ ਵਖਾਈਆ । ਕੀ ਖੇਲ ਪ੍ਰਭੂ ਕਰੇ ਅਵਰ ਕਾ ਔਰ, ਔਰਤ ਮਰਦ ਸਮਝ ਕੋਇ ਨਾ ਪਾਈਆ । ਕੀ ਆਪਣਾ ਦੱਸੇ ਜ਼ੋਰ, ਵਲੀਆ ਛਲੀਆ ਆਪਣਾ ਬਲ ਪਰਗਟਾਈਆ । ਉਹ ਲੇਖਾ ਪੂਰਾ ਕਰੇ ਜੋ ਘਨਈਆ ਮੱਖਣ ਖਾਂਦਾ ਰਿਹਾ ਚੋਰ, ਚਵਰ ਸੀਸ ਉਤੇ ਝੁਲਾਈਆ । ਜਿਸ ਦੇ ਹੁਕਮ ਦਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਿਆ ਦੌਰ, ਸ਼ਾਸਤਰ ਸਿਮਰਤ ਵੇਦ ਪੁਰਾਨ ਭੱਜਣ ਵਾਹੋ ਦਾਹੀਆ । ਸੋ ਸਾਹਿਬ ਸਵਾਮੀ ਸਭ ਦੀ ਆਪਣੇ ਹੱਥ ਰੱਖੇ ਡੋਰ, ਬੰਧਨ ਧੁਰ ਦਾ ਆਪ ਬੰਧਾਈਆ । ਸਭ ਦੀ ਪਿਛਲੀ ਪੂਰੀ ਕਰੇ ਦੌੜ, ਪਾਂਧੀ ਪੰਧ ਰਹੇ ਨਾ ਰਾਈਆ । ਨਿਰਅੱਖਰ ਕਹੇ ਮੇਰਾ ਮਾਲਕ ਮੇਰਾ ਸਾਹਿਬ ਗਿਆ ਬਹੁੜ, ਬਹੁੜੀ ਬਹੁੜੀ ਸੀਸ ਨਿਵਾਈਆ । ਜਿਸ ਨੇ ਲੇਖਾ ਪੂਰਾ ਕਰਨਾ ਅੱਠ ਸੱਠ ਜੌਹੜ, ਗੁਰਦਰ ਮੰਦਰ ਮਸਜਿਦ ਵੇਖ ਵਖਾਈਆ । ਕਲਜੁਗ ਰਸ ਵੇਖੇ ਮਿੱਠਾ ਕੌੜ, ਚੁਰਾਸੀ ਪਰਦਾ ਰਹੇ ਨਾ ਰਾਈਆ । ਜਨ ਭਗਤਾਂ ਗਿਆ ਬਹੁੜ, ਬਹੁੜੀ ਬਹੁੜੀ ਕਰੇ ਜਗਤ ਲੋਕਾਈਆ । ਦੂਹਰੀ ਧਾਰ ਨਿਰਅੱਖਰ ਕਹੇ ਮੇਰਿਆਂ ਅੱਖਰਾਂ ਦਿਤਾ ਤੋਰ, ਤੁਰੀਆ ਤੋਂ ਪਰੇ ਹੁਕਮ ਸੁਣਾਈਆ । ਸਰਗੁਣ ਦੀ ਸਰਗੁਣ ਧਾਰ ਨਿਰਗੁਣ ਦਾ ਨਿਰਗੁਣ ਰੂਪ ਅਪਾਰ ਜਿਸ ਦਾ ਜਾਣੇ ਕੋਇ ਨਾ ਜ਼ੌਹਰ, ਜ਼ਾਹਰ ਜ਼ਹੂਰ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਵੇਖ ਵਖਾਈਆ । ਨਿਰਅੱਖਰ ਕਹੇ ਅਕਸ਼ਰ ਵੇਖਣ ਵਿਸ਼ਨ ਬ੍ਰਹਮਾ ਇੰਦਰ, ਇੰਦਰਾਸਣ ਖੋਜ ਖੁਜਾਈਆ । ਅਵਤਾਰ ਪੈਗ਼ੰਬਰ ਗੁਰ ਵੇਖਣ ਫੁਨਿੰਦਰ, ਮੁਨਿੰਦਰ ਨੈਣ ਉਠਾਈਆ । ਸਭ ਦੀ ਗ਼ਫ਼ਲਤ ਲੱਥੀ ਨਿੰਦਰ, ਆਲਸ ਰਿਹਾ ਨਾ ਰਾਈਆ । ਪੁਰਖ ਅਕਾਲ ਦੀਨ ਦਿਆਲ ਜਨ ਭਗਤਾਂ ਅੰਤਰ ਖੋਲ੍ਹਿਆ ਜਿੰਦਰ, ਕੁੰਜੀ ਨਾਮ ਆਪ ਲਗਾਈਆ । ਜਿਸ ਨੂੰ ਝੁਕਦੇ ਸੂਰੀਆ ਚੰਦਰ, ਮੰਡਲ ਮੰਡਪ ਸੀਸ ਨਿਵਾਈਆ । ਉਸ ਸਾਹਿਬ ਦਾ ਨਿਰਅੱਖਰ ਕਹੇ ਅੱਖਰਾਂ ਦੀ ਧਾਰ ਸ਼ਬਦ ਦਾ ਪਿਆਰ ਲੇਖਾ ਲਿਖੇ ਕੌਰ ਜੁਗਿੰਦਰ, ਜੁਗ ਜੁਗ ਦਾ ਲਹਿਣਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਆਦਿ ਨਿਰੰਜਣ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਦਇਆ ਕਮਾਈਆ ।

੧੮੮੪
੨੨

## ੧੮ ਜੇਠ ਸ਼ਹਿਨਸ਼ਾਹੀ ਸੰਮਤ ੮ ਗੁਰਦੇਵ ਸਿੰਘ ਘੜੂਆ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ

ਗੁਰ ਮੰਤਰ ਨਾਮ ਸ਼ਬਦ ਸਚ ਦੇਵਾ, ਦੇਵ ਆਤਮਾ ਨਮੋ ਨਮੋ ਸੀਸ ਝੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਅਲਖ ਅਭੇਵਾ, ਅਗੋਚਰ ਅਗੰਮ ਅਥਾਹ ਇਕ ਅਖਵਾਈਆ । ਜਿਸ ਦਾ ਖੇਲ ਨਿਹਚਲ ਧਾਮ ਸਦਾ ਨਿਹਕੇਵਾ, ਨਿਰਵੈਰ ਨਿਰਾਕਾਰ ਨਿਰੰਕਾਰ ਆਪਣਾ ਹੁਕਮ ਵਰਤਾਈਆ । ਜਿਸ ਦੀ ਸਿਫ਼ਤ ਕਰ ਸਕੇ ਕੋਇ ਨਾ ਜਿਹਵਾ, ਮਹਿੰਮਾ ਅੱਖਰ ਧਾਰ ਕਹਿਣ ਕਿਛ ਨਾ ਪਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਜਨ ਭਗਤਾਂ ਅੰਮ੍ਰਿਤ ਰਸ ਦੇਵੇ ਮੇਵਾ, ਵਸਤ ਅਮੋਲਕ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਸ਼ਬਦ ਗੁਰ ਮੰਤਰ ਕਹੇ ਕਿਰਪਾ ਗੁਰਦੇਵ, ਗੁਰਦੇਵ ਨਾਲ ਮਿਲਾਈਆ । ਪੂਰਬ ਜਨਮ ਤੇ ਪੂਰਬ ਸੇਵ, ਗੋਬਿੰਦ ਗੁਰ ਦਏ ਗਵਾਹੀਆ । ਜਨਮ ਕਰਨ ਕਰਮ ਜਨਮ ਸਮਝੇ ਕੋਇ ਨਾ ਭੇਵ, ਭੇਦ ਸਤਿਗੁਰ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਸ਼ਬਦ ਮਿਹਰਵਾਨਾ, ਮਿਹਰਵਾਨ ਅਖਵਾਈਆ । ਜਨਮ ਜਨਮ ਦਾ ਲਹਿਣਾ ਦੇਵੇ ਦਾਨਾ, ਦਾਤਾ ਦਾਨੀ ਦਇਆ ਕਮਾਈਆ । ਆਦਿ ਜੁਗਾਦਿ ਲੇਖਾ ਜਾਣੇ ਦੋ ਜਹਾਨਾਂ, ਨਿਰਗੁਣ ਸਰਗੁਣ ਆਪਣਾ ਹੁਕਮ ਵਰਤਾਈਆ । ਬਖਸ਼ਿਸ਼ ਕਰੇ ਰਹਿਮਤ ਰਹੀਮ ਰਹਿਮਾਨਾ, ਮਹਿਬੂਬ ਨੂਰ ਇਲਾਹੀਆ । ਭਗਤਾਂ ਭਗਤ ਬਣਾਏ ਨਿਸ਼ਾਨਾ, ਭਗਵਨ
੧੮੮੫ ਆਪਣਾ ਰੰਗ ਰੰਗਾਈਆ । ਗੁਰਮੀਤ ਸਿੰਘ ਦਾ ਬਣਾ ਕੇ ਵਿਚ ਬਹਾਨਾ, ਗੁਰਦੇਵ ਸਿੰਘ ਨਾਲ ਗੁਰਦੇਵ ਦਿਤਾ ਮਿਲਾਈਆ । ਇਹ ਲੇਖਾ ਪਿਛਲਾ ੧੮੮੫
ਪੁਰਾਨਾ, ਜਿਸ ਨੂੰ ਪੁਰਾਨ ਸ਼ਾਸਤਰ ਕੋਈ ਕਹਿ ਸਕੇ ਨਾ ਰਾਈਆ । ਇਹ ਕੌਲ ਗੋਬਿੰਦ ਕੀਤਾ ਸੀ ਵਿਚ ਬੀਆਬਾਨਾ, ਜੂਹ ਪੁਰੀ ਅਨੰਦ
੨੨ ਵਡਿਆਈਆ । ਨੌਂ ਸੌ ਚੁਰਾਨਵੇ ਜਨਮ ਦਾ ਲੇਖਾ ਜਮ ਫਾਸੀ ਵਾਲਾ ਕਟਾਣਾ, ਪੁਰਖ ਅਕਾਲ ਆਪਣਾ ਰੰਗ ਰੰਗਾਈਆ । ਪੂਰਬ ਦਾ ਪੂਰਬ ੨੨
ਲੇਖਾ ਪੂਰਬਲਾ ਵਰਤਿਆ ਭਾਣਾ, ਭਾਵੀ ਸਤਿਗੁਰ ਹੁਕਮ ਸੀਸ ਨਿਵਾਈਆ । ਅੱਗੇ ਵਡਿਆਈ ਮਿਲੇ ਵਿਚ ਜਹਾਨਾ, ਚਰਨ ਕਵਲ ਕਵਲ ਚਰਨ ਬਖ਼ਸ਼ੇ ਇਕ ਸਰਨਾਈਆ । ਪਿਛਲਾ ਵਾਅਦਾ ਕੌਲ ਪੂਰ ਕਰਾਉਣਾ, ਪੂਰਨ ਬ੍ਰਹਮ ਪਾਰਬ੍ਰਹਮ ਪ੍ਰਭ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਲੇਖੇ ਲਾਏ ਦਰ ਦਵਾਰੇ ਆਣਾ, ਆਣ ਵਿਚ ਜਗਤ ਦੀ ਕਾਣ ਦਏ ਚੁਕਾਈਆ ।

## ੧੯ ਜੇਠ ਸ਼ਹਿਨਸ਼ਾਹੀ ਸੰਮਤ ੮ ਰਾਮ ਸਿੰਘ ਦੇ ਗ੍ਰਿਹਿ ਗਵਾਲ ਟੋਲੀ ਫ਼ਿਰੋਜ਼ਪੁਰ ਛਾਉਣੀ

ਸੁਣਨ ਵਾਸਤੇ ਸਵਾਧਾਨ ਕਰੋ ਕੰਨ, ਕੰਨਾ ਗੋਬਿੰਦ ਰਿਹਾ ਜਣਾਈਆ । ਜਿਸ ਦੇ ਨਾਲ ਅੰਤਸ਼ਕਰਨ ਬੱਝੇ ਮਨੂਆ ਮਨ, ਮਨਸਾ ਕੂੜ ਰਹੇ ਨਾ ਰਾਈਆ । ਮੋਹ ਵਿਕਾਰਾ ਚੁੱਕੇ ਤਤਵ ਤਨ, ਕਾਇਆ ਮੰਦਰ ਅੰਦਰ ਵੱਜੇ ਵਧਾਈਆ । ਹੋਏ ਪ੍ਰਕਾਸ਼ ਅਗੰਮੀ ਨੂਰੀ ਚੰਨ, ਅੰਧ ਅੰਧੇਰ ਰਹੇ ਨਾ ਰਾਈਆ । ਗੁਰਮੁਖ ਸੰਤ ਸੁਹੇਲੇ ਬਣੇ ਜਨ, ਜਣੇਂਦੀ ਮਿਲੇ ਮਾਣ ਵਡਿਆਈਆ । ਨਾਮ ਭੰਡਾਰਾ ਲਉ ਧੰਨ, ਮਾਇਆ ਮਮਤਾ ਮੋਹ

ਗਵਾਈਆ । ਕੂੜੀ ਕਿਰਿਆ ਕਰੇ ਖੰਨ ਖੰਨ, ਖੰਡਾ ਖੜਗ ਨਾਮ ਹੱਥ ਉਠਾਈਆ । ਪੰਚ ਵਿਕਾਰ ਨਾ ਲਾਏ ਸੰਨ੍ਹ, ਠੱਗ ਚੋਰ ਯਾਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਸੁਣਨ ਵਾਸਤੇ ਸਵਾਧਾਨ ਕਰੇ ਸੁਰਤੀ, ਸੁਤ ਗੋਬਿੰਦ ਦੁਲਾਰਾ ਰਿਹਾ ਜਣਾਈਆ । ਖੇਲ ਵੇਖੇ ਅਕਾਲ ਮੂਰਤੀ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਆਵਾਜ਼ ਸੁਣੇ ਸ਼ਬਦ ਤੂਰ ਦੀ, ਜੋ ਤੁਰੀਆ ਤੋਂ ਬਾਹਰ ਕਰੇ ਸ਼ਨਵਾਈਆ । ਖੇਲ ਤਕੇ ਜ਼ਾਹਰ ਜ਼ਹੂਰ ਦੀ, ਸ਼ਾਹ ਪਾਤਸ਼ਾਹ ਕੀ ਆਪਣੀ ਕਲ ਵਰਤਾਈਆ । ਹਾਜ਼ਰੀ ਵੇਖੇ ਹਾਜ਼ਰ ਹਜ਼ੂਰ ਦੀ, ਜੋ ਹਜ਼ਰਤਾਂ ਪਰੇ ਦਏ ਵਡਿਆਈਆ । ਮੂਸਾ ਆਸਾ ਤਕੇ ਕੋਹਤੂਰ ਦੀ, ਜੋ ਮੂੰਹ ਦੇ ਭਾਰ ਰੋਵੇ ਮਾਰੇ ਧਾਹੀਆ । ਈਸਾ ਸਲੀਵ ਤਕੇ ਜਾਹਤੂਰ ਦੀ, ਜ਼ੱਰਾ ਜ਼ੱਰਾ ਖੋਜ ਖੁਜਾਈਆ । ਮੁਹੰਮਦ ਆਸ਼ਾ ਤਕੇ ਸ਼ਾਹ ਕਲਜ਼ ਯੂਰ ਦੀ, ਚੌਦਾਂ ਤਬਕਾਂ ਬਾਹਰ ਧਿਆਨ ਲਗਾਈਆ । ਤ੍ਰਿਸ਼ਨਾ ਵੇਖੇ ਖ਼ਾਹਿਸ਼ ਮਨਸੂਰ ਦੀ, ਅਨੁਲਹੱਕ ਹੱਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸੁਣਨ ਵਾਸਤੇ ਧਰੇ ਧਿਆਨ, ਧਰਨੀ ਧਰਤ ਧਵਲ ਧੌਲ ਤੋਂ ਬਾਹਰ ਵੇਖ ਵਖਾਈਆ । ਸਤਿਗੁਰ ਸ਼ਬਦ ਸ਼ਬਦ ਦਾ ਸੁਣੇ ਗਿਆਨ, ਜਿਸ ਨੂੰ ਚਾਰ ਜੁਗ ਦੇ ਸ਼ਾਸਤਰ ਸੀਸ ਨਿਵਾਈਆ । ਸਤਿ ਸਤਿ ਆਤਮ ਤਤ ਦਾ ਵੇਖੇ ਈਮਾਨ, ਅਮਲਾਂ ਤੋਂ ਬਾਹਰ ਦੱਸੇ ਨੂਰ ਇਲਾਹੀਆ । ਧੁਰ ਦਾ ਕਲਮਾ ਸੁਣੇ ਕਲਾਮ, ਨਾਮ ਨਿਧਾਨਾ ਪੜਦਾ ਦਏ ਉਠਾਈਆ । ਮਾਲਕ ਤਕੇ ਅਗੰਮ ਅਮਾਮ, ਨੂਰ ਨੁਰਾਨਾ ਨਜ਼ਰੀ ਆਈਆ । ਜਿਸ ਨੂੰ ਝੁਕਦੇ ਰਾਧਾ ਸ਼ਾਮ, ਸੀਤਾ ਰਾਮ ਸੀਸ ਨਿਵਾਈਆ । ਪੈਗ਼ੰਬਰ ਕਰਨ ਸਲਾਮ, ਸੱਯਦਿਆਂ ਵਿਚ ਸੀਸ ਝੁਕਾਈਆ । ਦਸ ਗੁਰੂ ਕਰਨ ਪਰਨਾਮ, ਪੁਨਹ ਪੁਨਹ ਕਹਿ ਕੇ ਧੂੜੀ ਖ਼ਾਕ ਰਮਾਈਆ । ਸੋ ਸਾਹਿਬ ਸਤਿਗੁਰ ਮਿਹਰਵਾਨ, ਪਤਿਪਰਮੇਸ਼ਵਰ ਵਡ ਵਡਿਆਈਆ । ਜਨ ਭਗਤਾਂ ਅੰਤਰ ਨਿਰੰਤਰ ਸੁਣਨ ਦਾ ਦੇਵੇ ਦਾਨ, ਸੁਰਤੀ ਸ਼ਬਦ ਨਾਲ ਜੁੜਾਈਆ । ਜਗਤ ਸਰਵਣ ਸੁਣ ਸੁਣ ਥੱਕੇ ਕਾਨ, ਸਤਿਗੁਰ ਸ਼ਬਦ ਹਿਰਦੇ ਸਕਿਆ ਨਾ ਕੋਇ ਵਸਾਈਆ । ਕਲਜੁਗ ਅੰਤ ਸ੍ਰੀ ਭਗਵੰਤ ਹੋਇਆ ਆਪ ਮਿਹਰਵਾਨ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸੰਤ ਸੁਹੇਲੇ ਗੁਰਮੁਖ ਗੁਰਸਿਖ ਕਰ ਪਰਵਾਨ, ਪਰਮ ਪੁਰਖ ਪਰਮਾਤਮ ਨਾਮ ਸੰਦੇਸ਼ਾ ਦਏ ਸੁਣਾਈਆ । ਹਰਿਜਨ ਸੁਣ ਕੇ ਖ਼ੁਸ਼ੀ ਮਨਾਉਣ, ਮਨ ਮਨਸਾ ਕੂੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਜਣਾਈਆ । ਸੁਣਨ ਵਾਸਤੇ ਅੰਗੜਾਈ ਲਏ ਬੁਧ, ਮਤ ਮਨ ਨਾਲ ਮਿਲਾਈਆ । ਜਗਤ ਵਿਕਾਰ ਨਾਲ ਕਰੇ ਯੁਧ, ਸ਼ਸਤਰ ਨਾਮ ਹੱਥ ਉਠਾਈਆ । ਹੁਕਮ ਧੁਰ ਦਾ ਲਏ ਬੁੱਝ, ਭਾਂਡਾ ਭਰਮ ਭਾਉ ਭੰਨਾਈਆ । ਅੰਤਰ ਭੇਵ ਖੋਲ੍ਹੇ ਗੁਝ, ਪਰਦਾ ਓਹਲਾ ਦਏ ਚੁਕਾਈਆ । ਸਤਿਗੁਰ ਪੂਰਾ ਜਨ ਭਗਤਾਂ ਮਾਣ ਦੇਵੇ ਜੁਗ, ਜੁਗ ਜੁਗ ਨਾਲ ਮਿਲਾਈਆ । ਕਲਜੁਗ ਅੰਤਮ ਸਭ ਦਾ ਪੈਂਡਾ ਰਿਹਾ ਪੁਜ, ਪੂਜਸ ਪੂਜਾ ਵਿਚ ਦੁਹਾਈਆ । ਸਤਿਗੁਰ ਨਾਮ ਸੁਣ ਕੇ ਸੁਰਤੀ ਨਾਮ ਵਿਚ ਜਾਏ ਰੁਝ, ਰੁਝੇਵਾਂ ਜਗਤ ਵਾਲਾ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਜੁਗ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜਨ ਭਗਤਾਂ ਨਿਰਅੱਖਰ ਧਾਰ ਵਿਚੋਂ ਆਪਣਾ ਨਾਮ ਸਮਝਾਈਆ ।

## ੨੫ ਜੇਠ ਸ਼ਹਿਨਸ਼ਾਹੀ ਸੰਮਤ ੮ ਗੁਰਦੇਵ ਸਿੰਘ ਦੇ ਘਰ ਨਵਾਂ ਪਿੰਡ ਜ਼ਿਲਾ ਜਲੰਧਰ

ਸਤਿਗੁਰ ਸ਼ਬਦ ਕਹੇ ਮੇਰੇ ਸ਼ਹਿਨਸ਼ਾਹ ਪਾਤਸ਼ਾਹ ਜੋਤ ਨਿਰੰਕਾਰੀ, ਨਿਰਾਕਾਰ ਨਿਰਵੈਰ ਦਰ ਤੇਰੇ ਸੀਸ ਨਿਵਾਈਆ । ਆਦਿ ਅੰਤ ਜੁਗਾ ਜੁਗੰਤ ਤੇਰਾ ਖੇਲ ਅਗੰਮ ਅਪਾਰੀ, ਅਲਖ ਅਗੋਚਰ ਬੇਅੰਤ ਬੇਪਰਵਾਹ ਤੇਰੀ ਵਡਿਆਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਤੇਰਾ ਖੇਲ ਵਡ ਸੰਸਾਰੀ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਤੇਰਾ ਨਾਮ ਕਲਮਾ ਜਗਤ ਸੰਦੇਸ਼ਾ ਵਾਰੋ ਵਾਰੀ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਅਵਤਾਰ ਪੈਗ਼ੰਬਰ ਗੁਰ ਤੇਰੇ ਚਰਨ ਕਵਲ ਗਏ ਬਲਿਹਾਰੀ, ਆਪ ਆਪਾ ਤੇਰੀ ਭੇਟ ਕਰਾਈਆ । ਤੂੰ ਭਵਿਖਤਾਂ ਵਿਚ ਲਿਖਤਾਂ ਵਿਚ ਤੇਰਾ ਹੁਕਮ ਦੱਸਿਆ ਸਰਕਾਰੀ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੇਰਾ ਹੁਕਮ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੇਖਾ ਵੇਖ ਜੀਵ ਅਧਾਰੀ, ਲੱਖ ਚੁਰਾਸੀ ਜੂਨ ਅਜੂਨੀ ਵੇਖ ਵਖਾਈਆ । ਰਵ ਸਸ ਸੂਰੀਆ ਚੰਨ ਮੰਡਲ ਮੰਡਪ ਕਰਨ ਨਿਮਸਕਾਰੀ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਸੀਸ ਨਿਵਾਈਆ । ਨੇਤਰ ਰੋਵੇ ਕਾਗਜ਼ ਸ਼ਾਹੀ ਕਲਮ ਬਿਚਾਰੀ, ਕਾਇਨਾਤ ਦੇ ਮਾਲਕ ਪਰਦਾ ਦੇ ਚੁਕਾਈਆ । ਨੌਂ ਸੌ ਚੁਰਾਨਮੇ ਚੌਕੜੀ ਜੁਗ ਪਿਛੋਂ ਤੇਰੀ ਆਈ ਵਾਰੀ, ਨਵ ਨੌਂ ਚਾਰ ਦਾ ਭੇਵ ਰਹੇ ਨਾ ਰਾਈਆ । ਸ਼ਬਦੀ ਧਾਰ ਭਵਿਖ ਲੇਖਾ ਲਿਖਿਆ ਬਣ ਲਿਖਾਰੀ, ਗੋਬਿੰਦ ਗੋਬਿੰਦ ਗੋਬਿੰਦ ਤੇਰੀ ਸੇਵ ਕਮਾਈਆ । ਦਰਗਾਹ ਸਾਚੀ ਮੁਕਾਮੇ ਹੱਕ ਤੇਰਾ ਨੂਰ ਉਜਿਆਰੀ, ਜ਼ਾਹਰ ਜ਼ਹੂਰ ਆਪਣਾ ਭੇਵ ਦੇਣਾ ਖੁਲ੍ਹਾਈਆ । ਤੇਈ ਅਵਤਾਰ ਤੇਰੀ ਚਰਨ ਧੂੜ ਲਾਵਣ ਛਾਰੀ, ਮਸਤਕ ਖ਼ਾਕੀ ਖ਼ਾਕ ਰਮਾਈਆ । ਪੈਗ਼ੰਬਰ ਸੱਯਦਿਆਂ ਵਿਚ ਕਰਨ ਦਾਰੀ, ਦੀਦਾ ਦਾਨਿਸਤਾ ਤੇਰੇ ਅੱਗੇ ਸੀਸ ਨਿਵਾਈਆ । ਗੁਰ ਦਸ ਚਰਨ ਕਵਲ ਜਾਣ ਬਲਿਹਾਰੀ, ਬਲ ਬਲ ਤੇਰੇ ਹੱਥ ਵਡਿਆਈਆ । ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਤੇਰੀ ਸਾਂਝੀ ਯਾਰੀ, ਵਰਨ ਬਰਨ ਜ਼ਾਤ ਪਾਤ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਚੌਥੇ ਜੁਗ ਨਿਰਗੁਣ ਨੂਰ ਜੋਤ ਕਰ ਉਜਿਆਰੀ, ਅੰਧ ਅੰਧੇਰਾ ਵੇਖ ਥਾਉਂ ਥਾਈਂਆ । ਤੁਧ ਬਿਨ ਮਾਲਕ ਖ਼ਾਲਕ ਖ਼ਲਕ ਪੈਜ ਨਾ ਜਾਏ ਸਵਾਰੀ, ਸੁਆਰਥ ਯਥਾਰਥ ਅੰਦਰ ਸਮਝ ਕਿਸੇ ਨਾ ਰਾਈਆ । ਉਹ ਵੇਖ ਧਰਨੀ ਧਰਤ ਧਵਲ ਧੌਲ ਬਿਨ ਨੈਣਾਂ ਰੋਵੇ ਜ਼ਾਰੋ ਜ਼ਾਰੀ, ਜਲ ਥਲ ਮਹੀਅਲ ਸਮੁੰਦ ਸਾਗਰ ਆਪਣਾ ਵਹਿਣ ਵਹਾਈਆ । ਪ੍ਰਿਥਮੀ ਆਕਾਸ਼ ਤੱਕਣ ਚੰਦ ਸਿਤਾਰੀ, ਮੰਡਲ ਮੰਡਪ ਅੱਖ ਉਠਾਈਆ । ਸਦੀ ਚੌਧਵੀਂ ਉਚੀ ਕੂਕ ਕੂਕ ਪੁਕਾਰੀ, ਦਰੋਹੀ ਮੇਰੇ ਪਰਵਰਦਿਗਾਰ ਯਾਮੁਬੀਨ ਤੇਰੀ ਸਰਨਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਸਤਿ ਧਰਮ ਚਾਰ ਕੁੰਟ ਹਾਰੀ, ਹਿਰਦੇ ਹਰਿ ਨਾ ਕੋਇ ਵਸਾਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਸਭ ਨੂੰ ਕਰੇ ਖੁਆਰੀ, ਸਾਂਤਕ ਸਤਿ ਨਾ ਕੋਇ ਕਰਾਈਆ । ਕੂੜ ਕਲਪਣਾ ਜਗਤ ਕਰੇ ਗ਼ਦਾਰੀ, ਸਾਕ ਸੱਜਣ ਸੈਣ ਸਗਲਾ ਸੰਗ ਨਾ ਕੋਇ ਬਣਾਈਆ । ਬੁਧ ਮਤ ਸਭ ਦੀ ਹਾਰੀ, ਮਨ ਮਨਸਾ ਹੋਈ ਹਲਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਦੁਖਿਆਰੀ, ਦੁਖੀਆਂ ਦਰਦ ਨਾ ਕੋਇ ਵੰਡਾਈਆ । ਤੇਰੀ ਖੇਲ ਆਦਿ ਜੁਗਾਦਿ ਸਦਾ ਨਿਆਰੀ, ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਕਿਰਪਾ ਨਿਧਾਨ ਠਾਕਰ ਸਵਾਮੀ ਤੁਧ ਬਿਨ ਪੈਜ ਨਾ ਜਾਏ ਸਵਾਰੀ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਤਮ ਹੋਵੇ ਸਤਿ ਸਰੂਪੀ ਤੇਰੀ ਨਾਰੀ, ਨਰ ਨਰਾਇਣ ਨਰ ਹਰਿ ਹੋਣਾ ਆਪ ਸਹਾਈਆ । ਤੂੰ ਸ਼ਾਹ ਸ਼ਹਾਨਾ ਅਕਲ ਕਲਧਾਰੀ, ਅਕਲ ਕਲਾ

ਕਲਵੰਤਾ ਇਕ ਅਖਵਾਈਆ । ਤੇਰੀ ਖੇਲ ਵਿਸ਼ਨ ਬ੍ਰਹਮਾ ਸ਼ਿਵ ਨਾ ਕਿਸੇ ਵਿਚਾਰੀ, ਅਵਤਾਰ ਪੈਗ਼ੰਬਰ ਗੁਰ ਵਿਚਰਕੇ ਦੱਸੇ ਨਾ ਕੋਇ ਸਮਝਾਈਆ । ਬੇਅੰਤ ਬੇਅੰਤ ਬੇਅੰਤ ਕਹਿ ਕੇ ਸਭ ਨੇ ਚਰਨ ਛੁਹਾਈ ਤੇਰੇ ਦਾੜ੍ਹੀ, ਦਾਹਵੇਦਾਰ ਨਜ਼ਰ ਕੋਇ ਨਾ ਆਈਆ । ਸਾਹਿਬ ਸਤਿਗੁਰ ਅੰਤ ਅਖ਼ੀਰ ਬੇਨਜ਼ੀਰ ਤੇਰੀ ਵੀਹ ਸੌ ਅੱਠ ਦੀ ਆਵੇ ਹਾੜ੍ਹੀ, ਹਾਏ ਉਫ਼ ਕਹਿ ਕੇ ਦਿਆਂ ਸੁਣਾਈਆ । ਸ਼ਾਹ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਬਲ ਆਪਣਾ ਧਾਰੀ, ਧੁਰ ਦਾ ਹੁਕਮ ਇਕ ਮਨਾਈਆ । ਸਤਿਗੁਰ ਸ਼ਬਦ ਕਹੇ ਹੁਕਮ ਦੇਣਾ ਏਕੰਕਾਰ ਇਕੋ ਵਾਰੀ, ਦੂਸਰ ਲੋੜ ਰਹੇ ਨਾ ਰਾਈਆ । ਮੈਂ ਸਭ ਦੀ ਲੋਕਮਾਤ ਕਰਾਂ ਗ੍ਰਿਫ਼ਤਾਰੀ, ਬਚਿਆ ਰਹਿਣ ਕੋਇ ਨਾ ਪਾਈਆ । ਸਤਾਰਾਂ ਹਾੜ੍ਹ ਮਸਤਕ ਟਿੱਕੇ ਲਾਉਣ ਪੰਜ ਲਿਖਾਰੀ, ਪੰਜਾਂ ਪੰਜਾਂ ਉਂਗਲਾਂ ਨਾਲ ਵਡਿਆਈਆ । ਪੰਜ ਪਿਆਰੇ ਪੰਚ ਪਿਆਰ ਦੇ ਬਣਨ ਖਿਲਾੜੀ, ਖੇਡ ਧਰਮ ਧਾਰ ਸਮਝਾਈਆ । ਦੋ ਦੋ ਤਲਵਾਰਾਂ ਪਹਿਨਣ ਪੰਜ ਦਰਬਾਰੀ, ਸੱਜਾ ਖੱਬਾ ਵੰਡ ਵੰਡਾਈਆ । ਪੁਰਖ ਅਕਾਲੇ ਤੇਰਾ ਰੂਪ ਹੋਵੇ ਨਾ ਪੁਰਖ ਨਾ ਨਾਰੀ, ਵੇਸ ਅਵੱਲਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਈਆ । ਸਤਿਗੁਰ ਸ਼ਬਦ ਕਹੇ ਮੇਰੇ ਸਾਹਿਬ ਮੇਰਾ ਤੇਰੇ ਅੱਗੇ ਹਲਫ਼, ਨਿਉਂ ਨਿਉਂ ਸੀਸ ਨਿਵਾਈਆ । ਮੈਂ ਲੇਖਾ ਦੱਸਣਾ ਸਤਾਰਾਂ ਹਾੜ੍ਹ ਨੂੰ ਇਕੋ ਅਲਿਫ਼, ਜੋ ਇਲਮ ਆਲਮਾਂ ਦਏ ਬਦਲਾਈਆ । ਸ਼ਰਅ ਦੀ ਪੂਰੀ ਕਰਨੀ ਸ਼ਰਤ, ਸ਼ਰੀਅਤ ਪੰਧ ਮੁਕਾਈਆ । ਤੇਰਾ ਖੇਲ ਵੇਖਣਾ ਪਰਤ, ਪਤਿਪਰਮੇਸ਼ਵਰ ਬੇਪਰਵਾਹੀਆ । ਤੇਰਾ ਰਾਹ ਤਕਣਾ ਉਤੇ ਧਰਤ, ਧਰਨੀ ਧਵਲ ਵੇਖ ਵਖਾਈਆ । ਜਿਸ ਨੂੰ ਝੁਕਣੇ ਅਸਮਾਨ ਅਰਸ਼, ਆਲੀਜਾਹ ਤੇਰੀ ਵਡਿਆਈਆ । ਮੇਰੀ ਮਨਜ਼ੂਰ ਕਰਨੀ ਅਰਜ਼, ਆਜਜ਼ ਹੋ ਕੇ ਸੀਸ ਨਿਵਾਈਆ । ਹੱਕ ਸੰਦੇਸ਼ਾ ਦੇਣਾ ਗਰਜ, ਚੌਦਾਂ ਤਬਕ ਸੁਣਾਈਆ । ਆਪਣਾ ਪੂਰਾ ਕਰਨਾ ਫ਼ਰਜ਼, ਫ਼ਰਦ ਜੁਰਮ ਸਭ ਤੇ ਦੇਣਾ ਲਗਾਈਆ । ਮਕਰੂਜ਼ ਕਿਸੇ ਦਾ ਰਹਿਣ ਨਹੀਂ ਦੇਣਾ ਕਰਜ਼, ਕਜ਼ਾ ਕਜ਼ਾਕ ਸਭ ਦੇ ਨਾਲ ਮਿਲਾਈਆ । ਤੇਰਾ ਖੇਲ ਤਕਣਾ ਅਸਚਰਜ, ਜਿਸ ਨੂੰ ਚਾਰ ਜੁਗ ਦੇ ਸ਼ਾਸਤਰ ਨਾ ਸਕਣ ਸਮਝਾਈਆ । ਤੂੰ ਯੋਧਾ ਸੂਰਬੀਰ ਮਰਦਾਨਾ ਮਰਦ, ਬੇਪਰਵਾਹ ਇਕ ਅਖਵਾਈਆ । ਕਲਜੁਗ ਮੇਟਣਾ ਅੰਧੇਰ ਗਰਦ, ਕੂੜੀ ਕਿਰਿਆ ਰਹੇ ਨਾ ਰਾਈਆ । ਸ਼ਰਅ ਛੁਰੀ ਰਹੇ ਨਾ ਕਰਦ, ਕਾਤਲ ਮਕਤੂਲ ਦਾ ਲੇਖਾ ਦੇਣਾ ਮੁਕਾਈਆ । ਗ਼ਰੀਬ ਨਿਮਾਣਿਆ ਵੰਡਣਾ ਦਰਦ, ਕੋੜ੍ਹਿਆਂ ਕਮਲਿਆਂ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਤਿਗੁਰ ਸ਼ਬਦ ਕਹੇ ਮੇਰੇ ਮਹਿਬੂਬਾ, ਮਹਿਵ ਦਰ ਤੇਰੇ ਸੀਸ ਨਿਵਾਈਆ । ਤੂੰ ਆਦਿ ਅੰਤ ਹਰ ਜਗ੍ਹਾ ਮੌਜੂਦਾ, ਖ਼ਾਲੀ ਨਜ਼ਰ ਕੋਇ ਨਾ ਆਈਆ । ਮੈਂ ਹੈਰਾਨ ਹੋਇਆ ਕਿਉਂ ਸ਼ਰਅ ਦੀਆਂ ਵੰਡੀਆਂ ਹਦੂਦਾਂ, ਨਾਮ ਕਲਮੇ ਹਿੱਸੇ ਜਗਤ ਪਾਈਆ । ਤੇਰੀ ਮੰਜ਼ਲ ਇਕੋ ਹੱਕ ਮਕਸੂਦਾ, ਸਚਖੰਡ ਦਵਾਰਾ ਨਜ਼ਰੀ ਆਈਆ । ਤੁਧ ਬਿਨ ਅਵਰ ਨਾ ਕੋਈ ਦੂਜਾ, ਜਿਸ ਨੂੰ ਦੀਨ ਦੁਨੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਗਾਈਆ । ਤੇਰਾ ਭੇਵ ਕਿਸੇ ਨਾ ਬੂਝਾ, ਅਵਤਾਰ ਪੈਗ਼ੰਬਰ ਗੁਰ ਸ਼ਸਤਰਾਂ ਨਾਲ ਕਰਕੇ ਗਏ ਲੜਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਕਲਜੁਗ ਕੂੜੀ ਕਿਰਿਆ ਠੂਠਾ ਮਾਰ ਕੇ ਮੂਧਾ, ਮੁੱਦਤਾਂ ਦੇ ਮਾਲਕ ਮੁੱਦਾ ਸਭ ਦਾ ਦੇ ਬਦਲਾਈਆ । ਗੁਰਮੁਖ ਸੰਤ ਸੁਹੇਲਾ ਤੇਰੇ ਵਿਛੋੜੇ ਵਿਚ ਰਹੇ ਕੋਇ ਨਾ ਰੂਠਾ, ਲੱਖ ਚੁਰਾਸੀ ਵਿਚੋਂ ਮੇਲਾ ਮੇਲਣਾ ਸਹਿਜ ਸੁਭਾਈਆ । ਤੁਧ ਬਿਨ ਆਦਿ ਅੰਤ ਜੁਗਾ ਜੁਗੰਤ ਨਿਰਗੁਣ ਧਾਰ ਸਰਗੁਣ ਉਤੇ ਕੋਇ ਨਾ ਤੁੱਠਾ,


੧੮੮੮
੨੨

ਪੰਜ ਤਤ ਮਾਟੀ ਖ਼ਾਕ ਦਏ ਨਾ ਕੋਇ ਵਡਿਆਈਆ । ਮੈਂ ਤੇਰਾ ਇਕੋ ਦੁਲਾਰਾ ਸਤਿਗੁਰ ਸ਼ਬਦ ਸੁਤਾ, ਪਿਤਾ ਪੂਤ ਤੇਰੇ ਅੱਗੇ ਸੀਸ ਨਿਵਾਈਆ । ਮੈਂ ਚਾਹੁੰਦਾ ਕਲਜੁਗ ਵਿਚ ਸਤਿਜੁਗ ਬਦਲ ਦੇ ਰੁਤਾ, ਰੁਤੜੀ ਆਪਣੇ ਨਾਲ ਮਹਿਕਾਈਆ । ਭਾਗ ਲਗਾ ਦੇ ਪੰਜ ਤਤ ਕਾਇਆ ਮਾਟੀ ਬੁਤਾ, ਬੁਤਖ਼ਾਨਿਆਂ ਕਰ ਸਫ਼ਾਈਆ । ਤੇਰਾ ਨਾਮ ਭੰਡਾਰਾ ਜਗਤ ਜਹਾਨ ਨਾ ਜਾਏ ਲੁੱਟਾ, ਗ੍ਰਿਹ ਗ੍ਰਿਹ ਅੰਦਰ ਦੇਣਾ ਟਿਕਾਈਆ । ਆਤਮ ਪਰਮਾਤਮ ਨਾਤਾ ਜੋੜ ਦੇ ਟੁੱਟਾ, ਟੁੱਟਿਆਂ ਗੰਢ ਪਵਾਈਆ । ਭਾਗ ਲਗਾ ਦੇ ਕਾਇਆ ਮਾਟੀ ਬੁਤਾ, ਜਿਸਮ ਜ਼ਮੀਰ ਦੇ ਬਦਲਾਈਆ । ਗੁਰਮੁਖਾਂ ਦੇ ਅੰਦਰੋਂ ਕੂੜੀ ਕਿਰਿਆ ਕਢ ਦੇ ਗ਼ੁੱਸਾ, ਮਾਇਆ ਮਮਤਾ ਮੋਹ ਨਾ ਹੋਏ ਹਲਕਾਈਆ । ਘਰ ਸੁਹੰਜਣੀ ਗ੍ਰਿਹ ਹੋਵੇ ਰੁਤਾ, ਮੰਦਰ ਬਾਂਕੇ ਵੱਜੇ ਵਧਾਈਆ । ਤੂੰ ਮਿਹਰਵਾਨ ਅਬਿਨਾਸ਼ੀ ਅਚੁਤਾ, ਚੇਤਨ ਸੁਰਤੀ ਸਭ ਦੀ ਦੇ ਕਰਾਈਆ । ਉਜਲ ਕਰ ਗੁਰਮੁਖਾਂ ਮਾਤ ਮੁਖਾ, ਜੋ ਮੁਖ ਤੇਰਾ ਨਾਮ ਸਿਫ਼ਤ ਸਾਲਾਹੀਆ । ਜਨਮ ਕਰਮ ਵਿਚ ਰੋਗ ਰਹੇ ਨਾ ਦੁੱਖਾ, ਦਰਦ ਦੁੱਖ ਭੈ ਭੰਜਣ ਹੋਣਾ ਆਪ ਸਹਾਈਆ । ਸਫ਼ਲ ਕਰਾਉਣੀ ਮਾਤ ਕੁੱਖਾ, ਲੇਖੇ ਲਾਉਣੀ ਜਣੇਂਦੀ ਮਾਈਆ । ਸਤਿਗੁਰ ਸ਼ਬਦ ਕਹੇ ਪਰਮ ਪੁਰਖ ਪਰਮਾਤਮ ਅੰਤਮ ਤੇਰਾ ਵਕਤ ਢੁਕਾ, ਦੂਜੀ ਓਟ ਨਾ ਕੋਇ ਤਕਾਈਆ । ਤੇਰਾ ਖੇਲ ਤਕਾਂ ਚਾਰੇ ਕੂਟਾ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਭੇਵ ਰਹੇ ਨਾ ਲੁਕਾ, ਅਲੋਕਿਕ ਆਪਣਾ ਪਰਦਾ ਦੇਣਾ ਚੁਕਾਈਆ ।



✪ ੨੬ ਜੇਠ ਸ਼ਹਿਨਸ਼ਾਹੀ ਸੰਮਤ ੮ ਜਗੀਰ ਸਿੰਘ ਭੜੀ ਨਵਿਤ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਜੇਠ ਕਹੇ ਮੇਰਾ ਦਿਵਸ ਦਿਹਾੜਾ ਛੱਬੀ, ਪਰਵਿਸ਼ਟਾ ਪਰਮ ਪੁਰਖ ਜਣਾਈਆ । ਲੇਖਾ ਆਦਿ ਜੁਗਾਦਿ ਜੁਗ ਚੌਕੜੀ ਰੱਬੀ, ਪਰਮ ਪੁਰਖ ਪ੍ਰਭ ਆਪਣੇ ਹੱਥ ਰਖਾਈਆ । ਵੇਖਣਹਾਰਾ ਸਦਾ ਸਦੀਵੀ ਸਦੀ, ਘੜੀ ਪਲ ਧਿਆਨ ਲਗਾਈਆ । ਜਿਸ ਦੇ ਹੁਕਮੇ ਅੰਦਰ ਸ੍ਰਿਸ਼ਟੀ ਬੱਧੀ, ਬੰਦਨਾ ਕਰਕੇ ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਉਹ ਲੇਖਾ ਜਾਣੇ ਜਗਤ ਧਾਰ ਦੀ ਗੱਦੀ, ਗੁਰੂ ਗੁਰਦੇਵ ਸਵਾਮੀ ਪੜਦਾ ਆਪ ਉਠਾਈਆ । ਜਿਸ ਦੇ ਕੋਲ ਕਿਰਪਾ ਵਿਚ ਇਕੋ ਰੰਗ ਹੋਵੇ ਨੇਕੀ ਬਦੀ, ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਛੱਬੀ ਜੇਠ ਕਹੇ ਮੇਰੇ ਸਾਹਮਣੇ ਉਹ ਤਸਵੀਰ, ਜਿਸ ਦੀ ਗੋਬਿੰਦ ਦਏ ਗਵਾਹੀਆ । ਜਿਸ ਦਾ ਲੇਖਾ ਬੇਨਜ਼ੀਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਵਿਚ ਦੀਨ ਦੁਨੀ ਦੀ ਤਕਦੀਰ, ਤਦਬੀਰ ਸਕੇ ਨਾ ਕੋਇ ਬਣਾਈਆ । ਉਹ ਲੇਖਾ ਜਾਣੇ ਆਦਿ ਅੰਤ ਅਖ਼ੀਰ, ਅੱਖਰਾਂ ਤੋਂ ਬਾਹਰ ਜਿਸ ਦੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਛੱਬੀ ਜੇਠ ਕਹੇ ਮੇਰੇ ਅੱਗੇ ਉਹ ਨਕਸ਼ਾ, ਜਿਸ ਨੂੰ ਨਕਸ਼ ਕੇ ਸਕੇ ਨਾ ਕੋਇ ਸਮਝਾਈਆ । ਮੇਰੇ ਕੋਲ ਉਹ ਰਸਤਾ, ਜਿਸ ਉਤੇ ਗੁਰ ਅਵਤਾਰ ਪੈਗ਼ੰਬਰ ਭੱਜਣ ਵਾਹੋ ਦਾਹੀਆ । ਮੇਰੇ ਕੋਲ ਉਹ ਬਸਤਾ,

ਜਿਸ ਵਿਚ ਚਾਰ ਜੁਗ ਦੇ ਭਵਿਖਤ ਬੰਦ ਕਰਾਈਆ । ਛੱਬੀ ਜੇਠ ਕਹੇ ਮੈਂ ਸਦਾ ਸਦਾ ਸਦ ਨੱਸਦਾ, ਜੁਗ ਜੁਗ ਭੱਜਾਂ ਵਾਹੋ ਦਾਹੀਆ । ਮੇਰਾ ਪਰਵਿਸ਼ਟਾ ਮੇਰੀ ਕਥਾ ਕਹਾਣੀ ਦੱਸਦਾ, ਦਸ ਦਸਮੇਸ ਆਪਣੇ ਨਾਲ ਰਖਾਈਆ । ਜਿਸ ਦਾ ਸ਼ਬਦ ਇਸ਼ਾਰਾ ਪ੍ਰਤਖ ਦਾ, ਪਾਰਬ੍ਰਹਮ ਪ੍ਰਭ ਆਪਣੀ ਕਲ ਵਰਤਾਈਆ । ਉਹ ਖੇਲ ਕਰੇ ਨੂਰ ਇਲਾਹੀ ਯਕ ਦਾ, ਵਾਹਿਦ ਆਪਣੀ ਵੰਡ ਵੰਡਾਈਆ । ਜਿਸ ਨੂੰ ਕਲਜੁਗ ਸਮਾਂ ਤਕਦਾ, ਬਿਨ ਅੱਖਾਂ ਅੱਖ ਉਠਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਹੱਕ ਦਾ, ਕੌਲ ਇਕਰਾਰ ਪਿਛਲਾ ਵੇਖ ਵਖਾਈਆ । ਉਸ ਦਾ ਲੇਖ ਕੋਇ ਨਾ ਕਟਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਇਹ ਖੇਲ ਉਸ ਵਣਜਾਰੇ ਹੱਟ ਦਾ, ਜਿਥੋਂ ਜੁਗ ਚੌਕੜੀ (ਝੋਲੀ) ਸਰਬ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਛੱਬੀ ਜੇਠ ਕਹੇ ਮੇਰੇ ਆਇਆ ਵਿਚ ਧਿਆਨ, ਸਹਿਜ ਸਹਿਜ ਸਹਿਜ ਨਾਲ ਜਣਾਈਆ । ਮੇਰੇ ਅੰਦਰ ਪਰਗਟਿਆ ਇਕ ਗਿਆਨ, ਬਿਨ ਅੱਖਰਾਂ ਮਿਲੀ ਵਡਿਆਈਆ । ਸੰਦੇਸਾ ਸੁਣਿਆ ਬਿਨਾ ਕਾਨ, ਸਰਵਣ ਲੋੜ ਰਹੀ ਨਾ ਰਾਈਆ । ਓਹ ਤਕ ਓਹ ਪਠਾਣ, ਜਿਸ ਗੋਬਿੰਦ ਉਤੇ ਛੁਰਾ ਦਿਤਾ ਚਲਾਈਆ । ਗੋਬਿੰਦ ਸੂਰਾ ਹੋਇਆ ਮਿਹਰਵਾਨ, ਮਿਹਰ ਨਜ਼ਰ ਨਾਲ ਤਕਾਈਆ । ਉਸ ਗ਼ੁੱਸੇ ਵਿਚ ਬੋਲੀ ਮਾਰੀ ਨਿਸ਼ਾਨ, ਬੋਲ ਕਰਾਰਾ ਦਿਤਾ ਲਗਾਈਆ । ਗੋਬਿੰਦ ਹੱਸ ਕੇ ਕਿਹਾ ਤੂੰ ਬੜਾ ਸੂਰਬੀਰ ਬਲਵਾਨ, ਜਿਸ ਸੇਵਾਦਾਰ ਹੋ ਕੇ ਸ਼ਸਤਰ ਦਿਤਾ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਗੋਬਿੰਦ ਕਿਹਾ ਐ ਮੇਰੇ ਸਿੱਖ ਸ਼ਰਧਾਲੂ, ਸਿਰ ਤੇਰੇ ਹੱਥ ਟਿਕਾਈਆ । ਮੇਰਾ ਪਰਮ ਪੁਰਖ ਬੜਾ ਕਿਰਪਾਲੂ, ਕਿਰਪਾ ਨਿਧ ਵਡ ਵਡਿਆਈਆ । ਜਿਸ ਨੇ ਕੌਲ ਇਕਰਾਰ ਨਾਨਕ ਤੋਂ ਕਰਾਇਆ ਸੀ ਨਾਲ ਲਾਲੂ, ਲੇਖਾ ਕੁਕੜ ਵਾਲਾ ਮਿਲਾਈਆ । ਉਹ ਤੇਰੀ ਸੁਰਤ ਸੰਭਾਲੂ, ਸੰਬਲ ਬਹਿ ਕੇ ਵੇਖ ਵਖਾਈਆ । ਨਿਰਗੁਣ ਧਾਰ ਅਵੱਲੜੀ ਚਲੂ ਚਾਲੂ, ਚਾਰ ਵਰਨ ਤੋਂ ਬਾਹਿਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮੁਗ਼ਲ ਕਿਹਾ ਗੋਬਿੰਦ ਮੈਂ ਤੇਰੇ ਮਾਰਿਆ ਖੰਜਰ, ਲਹਿਣਾ ਹਰਿ ਗੋਬਿੰਦ ਵਾਲਾ ਚੁਕਾਈਆ । ਮੇਰੇ ਨੇਤਰ ਨਾ ਆਇਆ ਹੰਝਨ, ਨੀਰ ਨੀਰ ਨਾ ਕੋਇ ਵਗਾਈਆ । ਪਰ ਮੈਂ ਇਕ ਸੌ ਨੌਂ ਵਾਰਾ ਤੇਰੇ ਚਰਨ ਦੀ ਧੂੜੀ ਲਾਈ ਮਜਨ, ਖ਼ਾਕ ਮਸਤਕ ਉਤੇ ਛੁਹਾਈਆ । ਮੇਰਾ ਕੰਬਣ ਲੱਗਾ ਬਦਨ, ਸ਼ਰੀਰ ਥਰਥਰਾਈਆ । ਗੋਬਿੰਦ ਹੱਸ ਕੇ ਕਿਹਾ ਤਾਂ ਛੁਰਾ ਮੇਰਾ ਪ੍ਰੇਮ ਵਾਲਾ ਸਗਨ, ਤੇਰੀ ਝੋਲੀ ਪਾਈਆ । ਮੁਹੰਮਦ ਲੇਖਾ ਵੇਖ ਜਿਸ ਵੇਲੇ ਸ਼ਰਅ ਹੋਈ ਨਗਨ, ਸਿਰ ਹੱਥ ਨਾ ਕੋਇ ਟਿਕਾਈਆ । ਦੀਪਕ ਜੋਤ ਮੂਲ ਨਾ ਜਗਨ, ਘਰ ਘਰ ਅੰਧੇਰਾ ਛਾਈਆ । ਪੁਰਖ ਅਕਾਲਾ ਸਭ ਦਾ ਕਰੇ ਵਜ਼ਨ, ਲੇਖਾ ਦੇਵੇ ਬਾਉਂ ਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਸਾਚੀ ਕਾਰ ਕਮਾਈਆ । ਛੱਬੀ ਜੇਠ ਕਹੇ ਗੋਬਿੰਦ ਨੇ ਖੰਜਰ ਫੜਿਆ ਹੱਥ, ਥਾਪੀ ਪੁਸ਼ਤ ਪਨਾਹ ਲਗਾਈਆ । ਫੇਰ ਤਿੰਨ (ਵਾਰ) ਆਪੇ ਪੇਟ ਵਿਚ ਦਿਤਾ ਰੱਖ, ਸਹਿਜ ਸਹਿਜ ਨਾਲ ਦਬਾਈਆ । ਨਾਲੇ ਇਸ਼ਾਰਾ ਕੀਤਾ ਨਾਲ ਅੱਖ, ਉਹ ਤਕ ਜਲਵਾ ਨੂਰ ਇਲਾਹੀਆ । ਜਿਸ ਦਾ ਰੂਪ ਅਨੂਪ ਹੋਣਾ ਪ੍ਰਤੱਖ, ਅਮਾਮ ਅਮਾਮਾ ਵੇਸ ਵਟਾਈਆ । ਤੇਰਾ ਲਹਿਣਾ ਦੇਣਾ ਪੂਰਾ ਕਰੇ ਝਟ, ਝਟਕੇ ਹਲਾਲੀ ਵਾਲੇ ਦੋਵੇਂ ਦਏ ਲੜਾਈਆ । ਫੇਰ ਸ਼ਰਅ ਨੇ ਸ਼ਰਅ ਨੂੰ ਦੇਣਾ ਕਟ,

੧੮੯੦ ੨੨

ਕਟਾਖ਼ਸ਼ ਲਾਗੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ ।
ਮੁਗ਼ਲ ਕਿਹਾ ਤੇਰਾ ਬਚਨ ਸਿੱਧਾ ਸਾਦਾ, ਸੁਣ ਕੇ ਖ਼ੁਸ਼ੀ ਬਣਾਈਆ । ਦੱਸ ਧੁਰ ਮਾਲਕ ਦਾ ਕੀ ਇਰਾਦਾ, ਕੀ ਕਰਨੀ ਕਾਰ ਭੁਗਤਾਈਆ ।
ਕੀ ਸ਼ਬਦ ਵਜਾਏ ਨਾਦਾ, ਅਨਰਾਗੀ ਰਾਗ ਸੁਣਾਈਆ । ਗੋਬਿੰਦ ਕਿਹਾ ਓਹ ਬੇਪਰਵਾਹ ਸਾਹਿਬ ਸਾਂਝਾ, ਨਿਰਗੁਣ ਧਾਰ ਇਕ ਅਖਵਾਈਆ ।
ਜਿਸ ਨੇ ਉਮਤ ਉਮਤੀ ਸਦੀ ਚੌਧਵੀਂ ਫੇਰਨਾ ਮਾਂਜਾ, ਮਜਲਸ ਕੂੜੀ ਦਏ ਗਵਾਈਆ । ਨਿਸ਼ਾਨ ਰਹੇ ਨਾ ਤਾਰਾ ਚਾਂਦਾ, ਖ਼ਲਕ ਫ਼ਲਕ ਵੇਖ ਵਖਾਈਆ ।
ਕੂੜ ਕੁਕਰਮ ਵਗੇ ਝਾਂਜਾ, ਝੱਖੜ ਝੁਲੇ ਥਾਉਂ ਥਾਈਂਆ । ਕਲਜੁਗ ਅੰਤਮ ਹੋਵੇ ਜਾਂਦਾ, ਭੱਜੇ ਵਾਹੋ ਦਾਹੀਆ । ਉਸ ਨੇ ਖੇਲ ਕਰਨਾ ਆਪਣੇ
ਨਾਂ ਦਾ, ਨਾਉਂ ਨਿਰੰਕਾਰਾ ਇਕ ਵਡਿਆਈਆ । ਝਗੜਾ ਮੇਟਣਾ ਸੂਰ ਗਾਂ ਦਾ, ਸ਼ਰਅ ਸ਼ਰੀਅਤ ਲੇਖਾ ਰਹੇ ਨਾ ਰਾਈਆ । ਆਪਣਾ ਵਕਤ
ਸੁਹੰਜਣਾ ਕਰਨਾ ਚਾ ਦਾ, ਚਾਉ ਘਨੇਰਾ ਇਕ ਦਰਸਾਈਆ । ਬਾਹੂ ਬਲ ਰਹਿਣ ਨਹੀਂ ਦੇਣਾ ਕਿਸੇ ਬਾਂਹ ਦਾ, ਬਲਹੀਣ ਕਰੇ ਲੋਕਾਈਆ ।
ਉਸ ਵੇਲੇ ਮਾਨਸ ਰੂਪ ਹੋਵੇ ਕਾਂ ਦਾ, ਕਾਗ ਵਾਂਗ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ
ਹਰਿ, ਸਚ ਦਾ ਪਰਦਾ ਆਪ ਚੁਕਾਈਆ । ਗੋਬਿੰਦ ਕਿਹਾ ਸੁਣ ਮੇਰੇ ਪਹਿਰੇਦਾਰ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਜਣਾਈਆ । ਜਿਸ
ਵੇਲੇ ਮੇਰਾ ਆਵੇ ਪਰਵਰਦਿਗਾਰ, ਨੂਰੀ ਅਲਾਹ ਅੱਲਾ ਨੂਰ ਇਲਾਹੀਆ । ਉਸ ਦੇ ਕੋਲ ਸ਼ਬਦ ਦੀ ਹੋਵੇ ਧਾਰ, ਕਲਮਾ ਕਾਇਨਾਤ ਦ੍ਰਿੜਾਈਆ ।
੧੯੬੧ ਸ਼ਸਤਰ ਤੀਰ ਕਮਾਨ ਭੱਥਾ ਰੱਖੇ ਨਾ ਕੋਇ ਕਟਾਰ, ਖੜਗ ਸੰਗ ਨਾ ਕੋਇ ਨਿਭਾਈਆ । ਸਾਚਾ ਦਿਵਸ ਲਏ ਵਿਚਾਰ, ਛੱਬੀ ਜੇਠ ਵੀਹ ਸੌ ੧੯੬੧
ਅੱਠ ਬਿਕ੍ਰਮੀ ਅੱਠਾਂ ਤਤਾਂ ਨਾਲ ਮਿਲਾਈਆ । ਤੇਰਾ ਲਹਿਣਾ ਦੇਣਾ ਪੂਰਾ ਕਰੇ ਉਧਾਰ, ਪਿਛਲਾ ਲੇਖਾ ਰਹੇ ਨਾ ਰਾਈਆ । ਜਨਮ ਦਵਾਏ ਤੈਨੂੰ
੨੨ ਵਿਚ ਸੰਸਾਰ, ਹਰਿਜਨ ਆਪਣਾ ਲਏ ਬਣਾਈਆ । ਏਸੇ ਕਰਕੇ ਜਗੀਰ ਸਿੰਘ ਕੀਤਾ ਤਿਆਰ, ਤਨ ਵਜੂਦ ਦਿਤੀ ਵਡਿਆਈਆ । ਸਾਚੇ ਵਕਤ ੨੨
ਖਿੱਚ ਕੇ ਚਰਨ ਦਵਾਰ, ਲੇਖਾ ਪਿਛਲਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ
ਰੰਗ ਆਪ ਰੰਗਾਈਆ । ਛੱਬੀ ਜੇਠ ਕਹੇ ਮੇਰੇ ਅੰਤਰ ਆਈ ਖ਼ੁਸ਼ਹਾਲੀ, ਖ਼ੁਸ਼ੀਆਂ ਵਿਚ ਜਣਾਈਆ । ਕਿਰਪਾ ਕਰੀ ਜੋਤ ਅਕਾਲੀ, ਅਕਲ
ਕਲਧਾਰੀ ਦਿਤੀ ਵਡਿਆਈਆ । ਜਿਸ ਨੇ ਸਭ ਦੀ ਸੁਰਤ ਸੰਭਾਲੀ, ਸੰਬਲ ਬੈਠਾ ਸੋਭਾ ਪਾਈਆ । ਜਿਸ ਦੀ ਸਮਝੇ ਕੋਇ ਨਾ ਚਾਲੀ, ਕੀ
ਅਵੱਲੜੀ ਚਾਲ ਚਲਾਈਆ । ਉਹ ਖੇਲ ਕਰੇ ਬੇਮਿਸਾਲੀ, ਜਿਸ ਦੀ ਮਿਸਲ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਛੱਬੀ ਜੇਠ ਕਹੇ ਮੇਰਾ ਸਾਹਿਬ ਸਾਹਿਬ ਮਿਹਰਵਾਨ, ਮਿਹਰਵਾਨ
ਇਕ ਅਖਵਾਈਆ । ਜੋ ਵੇਖਣਹਾਰਾ ਮਾਰ ਧਿਆਨ, ਪਰਦਾ ਪੂਰਬ ਆਪ ਚੁਕਾਈਆ । ਲਹਿਣਾ ਦੇਣਾ ਚੁਕਾਏ ਆਣ, ਪੂਰਬ ਲੇਖਾ ਰਹੇ ਨਾ
ਰਾਈਆ । ਹਾਜ਼ਰ ਕਰਕੇ ਜਨਮ ਬਦਲ ਕੇ ਤਤਾਂ ਵਾਲਾ ਪਠਾਨ, ਜਾਗੀਰ ਸਿੰਘ ਜਗਤ ਵਿਚ ਸਮਝਾਈਆ । ਪੂਰਬ ਲੇਖਾ ਕਰ ਪਰਵਾਨ, ਪਰਮ
ਪੁਰਖ ਆਪਣੀ ਕਾਰ ਭੁਗਤਾਈਆ । ਤਿੰਨ ਵਾਰ ਗੋਬਿੰਦ ਦੀ ਧਾਰ ਪੇਟ ਉਤੇ ਲਾਏ ਤਿੰਨ ਨਿਸ਼ਾਨ, ਛੁਰੀ ਸ਼ਰਅ ਵਾਲੀ ਕਟਾਈਆ । ਜਿਸ
ਦੇ ਪਿਛੋਂ ਜਗਤ ਅੱਗੇ ਖੇਲ ਹੋਣਾ ਮਹਾਨ, ਭੇਵ ਸਕੇ ਨਾ ਕੋਇ ਦ੍ਰਿੜਾਈਆ । ਜਗਤ ਦਾ ਯੁਧ ਹੋਵੇ ਘਮਸਾਨ, ਘੁੰਮਣ ਘੇਰੀ ਵਿਚ ਲੋਕਾਈਆ ।

ਏਹ ਲੇਖਾ ਲਿਖਿਆ ਸਤਾਰਵੇਂ ਸਲੋਕ ਵਿਚ ਭਵਿਖ ਪੁਰਾਨ, ਗਰੜ ਦਾ ਚੌਧਵਾਂ ਕਾਂਡ ਦਏ ਗਵਾਹੀਆ । ਜਨ ਭਗਤੋ ਪੂਰਬ ਦਾ ਲਹਿਣਾ ਉਮਤ ਦਾ ਠੀਕ ਕੀਤਾ ਭੁਗਤਾਨ, ਭੁਗਤ ਜੁਗਤ ਆਪਣੇ ਹੱਥ ਰਖਾਈਆ । ਇਸ ਦਾ ਅਗਲਾ ਹਿੱਸਾ ਦੱਸਾਂਗਾ ਜਾ ਕੇ ਵਿਚ ਈਰਾਨ, ਆਨਨ ਫ਼ਾਨਨ ਆਪਣਾ ਹੁਕਮ ਵਰਤਾਈਆ । ਓਥੇ ਜੁਗਿੰਦਰ ਦੇ ਹੱਥਾਂ ਵਿਚ ਖੁਲ੍ਹੀ ਹੋਵੇਗੀ ਕੁਰਾਨ, ਸਫ਼ਾ ਸਤਾਸੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਜੇਠ ਕਹੇ ਮੈਂ ਪੁੱਛਿਆ ਅਗੰਮੀ ਨਾਦ, ਧੁਨਾਂ ਤੋਂ ਬਾਹਿਰ ਸ਼ਨਵਾਈਆ । ਆਈ ਅਗੰਮੀ ਅਵਾਜ਼, ਅਜ਼ਾਂ ਬਾਂਗ ਨਾਲ ਨਾ ਕੋਇ ਰਲਾਈਆ । ਜਿਸ ਮੇਰੇ ਅੰਤਰ ਖੋਲ੍ਹਿਆ ਰਾਜ਼, ਪਰਦਾ ਦਿਤਾ ਉਠਾਈਆ । ਮੈਂ ਸੋਇਆ ਗਿਆ ਜਾਗ, ਹੈਰਾਨੀ ਵਿਚ ਦੁਹਾਈਆ । ਦੂਰ ਦੁਰਾਡਾ ਆਇਆ ਭਾਗ, ਭੱਜਿਆ ਵਾਹੋ ਦਾਹੀਆ । ਵੇਖੇ ਜਗਤ ਵਾਲੇ ਚਰਾਗ਼, ਚਰਾਗ਼ਾਹਾਂ ਖੋਜ ਖੁਜਾਈਆ । ਮਿੱਤਰ ਤੱਕਿਆ ਐਹਬਾਬ, ਮਾਲਕ ਨੂਰ ਇਲਾਹੀਆ । ਜਿਸ ਦਾ ਹੁਕਮ ਇਕ ਅਹਿਲਾਦ, ਇਲਮ ਆਲਮਾਂ ਬਾਹਿਰ ਕਰੇ ਸ਼ਨਵਾਈਆ । ਜਿਸ ਨੇ ਝਗੜਾ ਮੇਟਿਆ ਇਸ਼ਕ ਹਕੀਕੀ ਤੇ ਮਿਜਾਜ਼, ਦੋਹਾਂ ਦੇ ਪਰੇ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਛੁਰੀ ਕਹੇ ਮੈਂ ਖੰਜਰ ਬਣ ਕੇ ਕਰਦੀ ਰਹੀ ਇੰਤਜ਼ਾਰ, ਸਦੀ ਸਦੀਵੀ ਧਿਆਨ ਲਗਾਈਆ । ਕਵਣ ਵੇਲਾ ਮੇਰਾ ਆਵੇ ਨਿਰੰਕਾਰ, ਨਿਰਭੈ ਬੇਪਰਵਾਹੀਆ । ਮੇਰੀ ਪੈਜ ਦੇਵੇ

੧੯੯੨ ਸਵਾਰ, ਗੋਬਿੰਦ ਦਾ ਲੇਖਾ ਪੂਰ ਕਰਾਈਆ । ਆਪਣੇ ਪੇਟ ਤੇ ਫੇਰੇ ਨਾਲ ਪਿਆਰ, ਪਿਆਰ ਗ਼ੁੱਸਾ ਸਮਝ ਕਿਸੇ ਨਾ ਆਈਆ । ਨਾਲ ਹਕੀਕਤ ੧੯੯੨

੨੨ ਦੀ ਕਰੇ ਗੁਫ਼ਤਾਰ, ਗੁਫ਼ਤ ਸ਼ਨੀਦ ਆਪਣਾ ਹੁਕਮ ਵਰਤਾਈਆ । ਕੁਛ ਲਹਿਣਾ ਦੇਣਾ ਲੇਖਾ ਵਿਚ ਬਗ਼ਦਾਦ, ਬਸਰੀ ਇਲਮ ਨਾਲ ਵਡਿਆਈਆ । ੨੨

ਜਿਥੇ ਖੇਲ ਨਾਨਕ ਦੇ ਨੌਂ ਸੌ ਨੜ੍ਹਿਨਵੇਂ ਅੱਖਰਾਂ ਦੀ ਤਅਦਾਦ, ਦੂਰ ਦੁਰਾਡੀ ਬੈਠੀ ਅੱਖ ਖੁਲ੍ਹਾਈਆ । ਜਿਥੇ ਸ਼ਰਅ ਦੀ ਸੁਣੀ ਆਵਾਜ਼, ਸ਼ਰੀਅਤ ਸੰਗ ਨਿਭਾਈਆ । ਓਥੇ ਏਹ ਛੁਰੀ ਖੜਨੀ ਸਾਥ, ਮੌਲੀ ਸੱਤ ਰੰਗ ਤੰਦ ਬੰਧਾਈਆ । ਜਿਸ ਨੇ ਜਗਤ ਸ਼ਰਅ ਦਾ ਪਾਉਣਾ ਫਸਾਦ, ਫ਼ੈਸਲਾ ਹੱਕ ਹੱਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਛੁਰੀ ਕਹੇ ਮੈਂ ਸੱਚਾ ਸੁਨੇਹੜਾ ਦੱਸਾਂ, ਦਸਮ ਗੋਬਿੰਦ ਨਾਲ ਮਿਲਾਈਆ । ਪ੍ਰੇਮ ਮੁਹੱਬਤ ਵਿਚ ਹੱਸਾਂ, ਹੱਸ ਕੇ ਦਿਆਂ ਦ੍ਰਿੜਾਈਆ । ਮੇਰੇ ਸਾਹਿਬ ਨੇ ਗੁਰਮੁਖ ਤਾਰੇ ਵਿਚੋਂ ਕੋਟਾਂ ਲੱਖਾਂ, ਆਪ ਆਪਣੇ ਰੰਗ ਰੰਗਾਈਆ । ਜਿਨ੍ਹਾਂ ਦਾ ਦਰਸ਼ਨ ਮੈਂ ਵੀ ਕਰਾਂ ਮਸਾਂ, ਮੱਸਿਆ ਰੈਣ ਅੰਧੇਰੀ ਕਲਜੁਗ ਵੇਖ ਵਖਾਈਆ । ਜਨ ਭਗਤੋ ਮੈਨੂੰ ਰੋਂਦੀ ਨੂੰ ਪੈਂਦੀਆਂ ਗਸ਼ਾਂ, ਹੌਕਿਆਂ ਸਿਸਕੀਆਂ ਵਿਚ ਆਪਣਾ ਸਾਹ ਬਦਲਾਈਆ । ਦਰੋਹੀ ਬੁਰਾ ਹਾਲ ਹੋਣਾ ਜਿਨ੍ਹਾਂ ਨੇ ਖਾਧਾ ਕੱਟਾ ਵੱਛਾ, ਕਟਾਖਸ਼ ਹੁਕਮ ਵਾਲਾ ਲਗਾਈਆ । ਪਰ ਯਾਦ ਰੱਖਣਾ ਸਤਿਗੁਰ ਦੇ ਨਾਲ ਜਾਣ ਵਾਲਿਆਂ ਮੇਰੇ ਨਾਲ ਖ਼ੂਨ ਕਢ ਕੇ ਲਾਉਣਾ ਸਾਹਿਬ ਦਿਆਂ ਹੱਥਾਂ, ਹੱਥਾਂ ਆਪਣਿਆਂ ਵਿਚੋਂ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਛੁਰੀ ਕਹੇ ਮੈਂ ਵੇਖਾਂ ਨਾੜ ਨਾੜ, ਨਾੜੀ ਨਾੜੀ ਫੋਲ ਫੁਲਾਈਆ । ਮੈਂ ਫਿਰਨਾਂ ਵਿਚ ਜੰਗਲ ਉਜਾੜ, ਟਿੱਲੇ ਪਹਾੜਾਂ ਵਾਹੋ ਦਾਹੀਆ । ਮੈਂ ਕਿਸੇ ਦੀ ਲੈਣੀ ਨਹੀਂ ਆੜ, ਓਟ ਅੰਤ ਨਾ ਕੋਇ ਤਕਾਈਆ । ਮੈਂ ਵਸਦੇ ਘਰ ਦੇਣੇ ਉਜਾੜ,

ਉਜਾੜੇ ਵਾਲੀ ਆਪਣੀ ਕਾਰ ਭੁਗਤਾਈਆ । ਪਰ ਯਾਦ ਰੱਖਣਾ ਜਨ ਭਗਤੋ ਮੇਰਾ ਲੇਖਾ ਕੁਛ ਹੋਣਾ ਅਠਾਰਾਂ ਹਾੜ੍ਹ, ਹਾੜਾ ਕਢ ਕੇ ਸੀਸ
ਨਿਵਾਈਆ । ਤੁਸਾਂ ਤਾੜੀ ਵਜਾਉਣੀ ਤਾੜ ਤਾੜ, ਹੱਥ ਹੱਥਾਂ ਨਾਲ ਟਕਰਾਈਆ । ਸ਼ਬਦ ਗਾਉਣਾ ਗੋਬਿੰਦ ਸਤਿਗੁਰ ਘੋੜੀ ਦਿਤਾ ਚਾੜ੍ਹ,
ਵਾਗ ਧੁਰ ਦੀ ਧਾਰ ਉਠਾਈਆ । ਜਾਵੇ ਸਮੁੰਦ ਸਾਗਰਾਂ ਪਾਰ, ਪਾਰਬ੍ਰਹਮ ਆਪਣਾ ਸੰਗ ਬਣਾਈਆ । ਪੈਗ਼ੰਬਰਾਂ ਦਾ ਲਹਿਣਾ ਦੇਣਾ ਉਤਰੇ
ਉਧਾਰ, ਈਸਾ ਮੂਸਾ ਮੁਹੰਮਦ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ
ਆਪਣੀ ਕਾਰ ਭੁਗਤਾਈਆ । ਛੁਰੀ ਕਹੇ ਮੇਰਾ ਲੇਖਾ ਸੀ ਅੱਜ ਦੀ ਰਾਤ, ਛੱਬੀ ਜੇਠ ਨਾਲ ਮਿਲਾਈਆ । ਅਗਲਾ ਲਹਿਣਾ ਉਤੇ ਦਰਿਆ
ਦਜਲਾ ਤੇ ਫ਼ਰਾਤ, ਜਿਸ ਦਾ ਪੜਦਾ ਨਾ ਕੋਇ ਖੁਲ੍ਹਾਈਆ । ਓਥੇ ਸਭ ਨੂੰ ਦੇਣੀ ਨਿਆਜ਼, ਮਿਜਾਜ ਆਪਣਾ ਆਪ ਬਦਲਾਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਛੱਬੀ ਜੇਠ ਕਹੇ ਜਨ ਭਗਤੋ ਸਾਹਿਬ
ਦਾ ਖੇਲ ਸਦਾ ਅਨੋਖਾ, ਅਕਲ ਕਲ ਆਪਣੀ ਆਪ ਵਰਤਾਈਆ । ਜਿਸ ਦਾ ਭੇਵ ਜਾਣੇ ਕੋਈ ਨਾ ਪੋਥਾ, ਪੁਸਤਕ ਬੈਠੇ ਸੀਸ ਨਿਵਾਈਆ ।
ਬੁੱਧੀ ਵਿਚ ਆਵੇ ਕਿਸੇ ਨਾ ਸੋਚਾ, ਸੋਚ ਸੋਚ ਥੱਕੀ ਜਗਤ ਲੋਕਾਈਆ । ਆਪਣੀ ਆਸਾ ਆਪੇ ਜਾਣੇ ਲੋਚਾ, ਲੋਚਣ ਨੈਣ ਆਪਣਾ ਆਪ ਖੁਲ੍ਹਾਈਆ ।
ਛੁਰੀ ਕਹੇ ਮੈਂ ਵੇਖਣਾ ਚਾਹੁੰਦੀ ਸ਼ਰਅ ਵਾਲੀਆਂ ਮੌਤਾ, ਮਲਕੁਲਮੌਤ ਨਾਲ ਮਿਲਾਈਆ । ਅੱਗੇ ਵਕਤ ਰਿਹਾ ਨਾ ਬਹੁਤਾ, ਲੇਖਾ ਦੇਣਾ ਥਾਉਂ ਥਾਈਂਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
੧੯੯੩ ਜਨ ਭਗਤਾਂ ਮਾਣ ਦੇਵੇ ਪਿਤਾ ਮਾਉਂ ਦਾ, ਪੁਰਖ ਅਕਾਲ ਦੀਨ ਦਿਆਲ ਆਪਣੀ ਦਇਆ ਕਮਾਈਆ । ੧੯੯੩
੨੨ ੨੨